ੴ ਸਤਿਗੁਰ ਪ੍ਰਸਾਦਿ ॥

Encyclopedia of Sikh Literature

GUR SHABAD RATNAKAR

# MAHAN KOSH

written by

BHAI KAHAN SINGH NABHA

ਗੁਰ ਸ਼ਬਦ ਰਤਨਾਕਰ

# ਮਹਾਨ ਕੋਸ਼

-ਕ੍ਰਿਤ-

ਭਾਈ ਕਾਨ੍ਹ ਸਿੰਘ ਨਾਭਾ

Made available for all in sweet memory of

His Holiness Sant Isher Singh ji Rara Sahib Wale

by

Bhai Baljinder Singh ji (Rara Sahib)

16914 Lassen St. Northridge CA 91343

website www.rarasahib.com For suggestions & comments email: rarasahib@rarasahib.com

Please note that photos, maps & some graphics are not included in this file. We shall try to do it in the futures.

Click here to continue

To read Mahankosh easily, please use the following links:

1. ਦੋ ਸ਼ਬਦ (ਸ੍ਰ. ਕਿਰਪਾਲ ਸਿੰਘ ਪੰਨੂ - ਟੋਰੰਟੋ)
2. ਧੰਨਵਾਦ (ਭਾਈ ਬਲਜਿੰਦਰ ਸਿੰਘ)
3. ਮਹਾਨ ਕੋਸ਼ ਵਿੱਚ ਵਰਤੇ ਗਏ ਅੱਖਰਾਂ ਦੇ ਸੰਖੇਪ ਸੰਕੇਤ
4. ਮਹਾਨ ਵਿੱਚ ਵਰਤੇ ਵਾਧੂ ਅੱਖਰਾਂ characters ਦਾ ਵੇਰਵਾ
5. ਮਹਾਨ ਕੋਸ਼ ਆਸਾਨੀ ਨਾਲ ਪੜ੍ਹਨ ਲਈ ਅੱਖਰ ਕ੍ਰਮ

# ਦੋ ਸ਼ਬਦ

(ਵਲੋਂ: ਸ੍ਰ ਕਿਰਪਾਲ ਸਿੰਘ ਪੰਨੂੰ)

ਪੰਜਾਬ ਅਤੇ ਪੰਜਾਬੀ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਨਾਂ ਤੋਂ ਕੌਣ ਜਾਣੂ ਨਹੀਂ ਹੈ। ਭਾਈ ਸਾਹਿਬ ਆਪਣੇ ਸਮੇਂ ਦੇ ਇੱਕ ਯੁਗ ਪੁਰਸ਼ ਹੋਏ ਹਨ। ਉਨ੍ਹਾਂ ਦੀ ਵਿੱਦਵਤਾ ਦਾ ਸਿੱਕਾ ਉਸ ਵੇਲੇ ਦੇ ਰਾਜੇ, ਮਹਾਰਾਜੇ, ਅੰਗਰੇਜ਼ ਅਫਸਰ, ਸਿੱਖ ਵਿਦਵਾਨ ਸਾਰੇ ਹੀ ਨਿਰਵਿਵਾਦ ਮੰਨਦੇ ਸਨ। ਕਈ ਅੰਗਰੇਜ਼ ਵਿਦਵਾਨ ਤਾਂ ਭਾਈ ਸਾਹਿਬ ਦੀ ਸ਼ਾਗਿਰਦੀ ਕਰਦੇ ਵੀ ਸੁਣੇ ਗਏ ਹਨ।ਇਹ ਤਾਂ ਪਤਾ ਨਹੀਂ ਕਿ ਭਾਈ ਸਾਹਿਬ ਨੂੰ 'ਗੁਰ ਸ਼ਬਦ ਰਤਨਾਕਰ' ਮਹਾਨਕੋਸ਼ ਨੂੰ ਤਿਆਰ ਕਰਨ ਦੇ ਵਿਚਾਰ ਦਾ ਸੰਚਾਰ ਕਿਵੇਂ ਹੋਇਆ ਪਰ **"ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ"** ਦੇ ਮਹਾਂਵਾਕ ਅਨੁਸਾਰ ਇਹ ਮਹਾਨ ਕਾਰਜ ਭਾਈ ਸਾਹਿਬ ਦੇ ਕਰਨ ਦਾ ਹੀ ਸੀ ਕਿਉਂਕਿ ਨਾ ਕੇਵਲ ਭਾਈ ਸਾਹਿਬ ਸਮੇਂ ਦੇ ਸਰਵਉੱਚ ਵਿਦਵਾਨ ਹੀ ਸਨ ਸਗੋਂ ਉਨ੍ਹਾਂ ਨੂੰ ਹੋਰ ਮੰਨੇ ਪਰਮੰਨੇ ਵਿਦਵਾਨਾਂ ਦਾ ਸਹਿਯੋਗ ਵੀ ਪ੍ਰਾਪਤ ਸੀ। ਆਪ ਜੀ ਨੂੰ ਚਾਰ ਭਾਸ਼ਾਵਾਂ ਦਾ ਉੱਤਮ ਗਿਆਨ ਸੀ। ਮਹਾਨ ਕੋਸ਼ ਵਿੱਚ ਥਾਂ-ਥਾਂ ਗੁਰਮੁਖੀ, ਹਿੰਦੀ, ਅੰਗਰੇਜ਼ੀ ਅਤੇ ਫ਼ਾਰਸੀ ਵਿੱਚ ਦਿੱਤੀਆਂ ਟਿੱਪਣੀਆਂ ਤੋਂ ਇਸ ਵਿਚਾਰ ਦਾ ਅੰਦਾਜ਼ਾ ਭਲੀ ਪ੍ਰਕਾਰ ਲਾਇਆ ਜਾ ਸਕਦਾ ਹੈ। ਤਕਰੀਬਨ ੭੦,੦੦੦ ਸ਼ਬਦਾਂ ਦੇ **ਮਹਾਨਕੋਸ਼** ਵਿੱਚ ੭,੦੦੦ ਦੇ ਕਰੀਬ ਫ਼ਾਰਸੀ ਦੇ ਸ਼ਬਦ ਹਨ। ਦਰਬਾਰ ਪਟਿਆਲਾ ਵਲੋਂ ੩੩੩੮ ਪੰਨਿਆਂ ਦੇ ਇਸ ਮਹਾਨ ਗ੍ਰੰਥ ਨੂੰ, ੧੯੩੦ ਈ: ਵਿੱਚ ਚਾਰ ਜਿਲਦਾਂ ਵਿੱਚ ਛਾਪਿਆ ਗਿਆ।

ਭਾਈ ਸਾਹਿਬ ਦੁਆਰਾ ਰਚਿਤ 'ਮਹਾਨਕੋਸ਼' ਗੁਰਬਾਣੀ, ਗੁਰਮਤਿ, ਪੰਜਾਬ ਅਤੇ ਇਸ ਦੇ ਆਲੇ ਦੁਆਲੇ ਦੇ ਦੇਸ਼ਾਂ ਵਿੱਚ ਵਰਤੇ ਗਏ ਜਾਂ ਵਰਤੇ ਜਾਂਦੇ ਸ਼ਬਦਾਂ ਦਾ ਭੰਡਾਰ ਹੀ ਨਹੀਂ, ਸਗੋਂ ਇਹ ਇਤਹਾਸ-ਮਿਥਹਾਸ ਦਾ ਇੱਕ ਵਡਮੁੱਲਾ ਖ਼ਜ਼ਾਨਾ ਹੈ। ਇਸ ਵਿੱਚ ਪੂਰਬੀ ਅਤੇ ਪੱਛਮੀ ਦਰਸ਼ਨ ਦੀ ਵਿੱਦਵਤਾ ਭਰਪੂਰ ਵਿਆਖਿਆ ਹੈ। ਅੱਜ ਇਸ ਦੀ ਜਿਲਦ ਹਰ ਸੂਝਵਾਨ ਘਰ ਵਿੱਚ ਬੜੇ ਹੀ ਸਨਮਾਨ ਨਾਲ ਰੱਖੀ ਮਿਲਦੀ ਹੈ।

ਅੱਜ ਸੂਚਨਾ ਦਾ ਯੁਗ ਹੈ, ਕੰਪਿਊਟਰ ਦਾ ਯੁਗ ਹੈ। ਈ-ਮੇਲ ਅਤੇ ਵੈੱਬ ਸਾਈਟ ਦੇ ਪਰਬੰਧ ਨੇ ਸੂਚਨਾ ਦੇ ਸੰਸਾਰ ਵਿੱਚ ਇਨਕਲਾਬ ਲੈ ਆਂਦਾ ਹੈ। ਹੁਣ ਸੰਸਾਰ ਭਰ ਦੇ ਗਿਆਨ ਦੀ ਜਾਣਕਾਰੀ ਕੰਪਿਊਟਰ ਉੱਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਕੰਪਿਊਟਰ ਉੱਤੇ ਇਹ ਮਹਾਨ ਜਾਣਕਾਰੀ ਪ੍ਰਾਪਤ ਕਰਨੀ ਜਿਤਨੀ ਸੌਖੀ ਹੈ, ਇਸਨੂੰ ਕੰਪਿਊਟਰ ਉੱਤੇ ਪਾਉਣਾ ਉਤਨਾ ਹੀ ਔਖਾ ਹੈ। ਕੰਪਿਊਟਰ ਦੇ ਕੀ-ਬੋਰਡ ਉੱਤੇ ਏਧਰ ਓਧਰ ਦੀਆਂ ਦੋ ਕੁ ਚਾਬੀਆਂ ਦੱਬ ਕੇ ਲੋੜੀਂਦੀ ਸੂਚਨਾ ਉੱਤੇ ਪਹੁੰਚਣਾ ਜਿੱਥੇ ਬੱਚਿਆਂ ਦੀ ਇੱਕ ਆਸਾਨ ਖੇਡ ਜਾਪਦਾ ਹੈ, ਉੱਥੇ ਇਸ ਸੂਚਨਾ ਨੂੰ ਇਕੱਤ੍ਰ ਕਰਨਾ, ਟਾਈਪ ਕਰਨਾ, ਉਸ ਵਿੱਚ ਢੁਕਵੀਆਂ ਕੁੰਡੀਆਂ ਪਾਉਣੀਆਂ, ਉਸਨੂੰ ਉਸ ਦੇ ਮੂਲ ਅਨੁਸਾਰ ਹੀ ਰੰਗ ਰੂਪ ਦੇਣਾ ਆਦਿ; ਨਿਸਚੇ ਹੀ ਵਿਦਵਾਨਾਂ, ਮਾਹਰਾਂ, ਸਮਰਪਿਤ ਅਤੇ ਵਰੋਸਾਏ ਵਿਅਕਤੀਆਂ ਦਾ ਹੀ ਕੰਮ ਹੈ।

ਸੋਚ ਭਵਿੱਖ ਵੱਲ ਨੂੰ ਤੁਰਦੀ ਹੋਈ ਮੁੜ ਭੂਤ ਵੱਲ ਰੁਖ ਮੋੜਦੀ ਹੈ। ਇਸ ਮਹਾਨ ਕਾਰਜ ਨੂੰ ਹੱਥ ਪਾਉਣ ਦੀ ਪ੍ਰੇਰਨਾ ਬਾਬਾ ਬਲਜਿੰਦਰ ਸਿੰਘ ਜੀ ਰਾੜੇ ਵਾਲਿਆਂ ਨੂੰ ਕਿੱਥੋਂ ਮਿਲੀ ਅਤੇ ਕਦੋਂ ਮਿਲੀ, ਇਸ ਦੀ ਜਾਣਕਾਰੀ ਅਜੇ ਪ੍ਰਾਪਤ ਨਹੀਂ ਹੋਈ ਪਰ ਪ੍ਰੇਰਨਾ ਦੇ ਉਨ੍ਹਾਂ ਸ਼ੁਭ ਪਲਾਂ ਨੂੰ ਸਦ-ਸਦ ਪਰਨਾਮ ਕਰਨ ਨੂੰ ਰੂਹ ਲੋਚਦੀ ਹੈ।

ਇਹ ਇੱਕ ਸਚਾਈ ਹੈ ਕਿ ਮਹਾਨ ਕੰਮ ਕਦੀ ਵੀ ਇਕੱਲੇ ਹੱਥ ਨਾਲ ਨਹੀਂ ਹੁੰਦੇ ਅਤੇ ਇਹ ਵੀ ਸੱਚ ਹੈ ਕਿ

ਇੱਕ ਹਿੰਮਤ ਵਾਲੀ ਹਸਤੀ ਕਦੀ ਵੀ ਇਕੱਲੀ ਨਹੀਂ ਹੁੰਦੀ। ਆਪਣੇ ਮਿਸ਼ਨ ਦੀ ਪੂਰਤੀ ਲਈ ਬਾਬਾ ਬਲਜਿੰਦਰ ਸਿੰਘ ਜੀ ਰਾੜੇ ਵਾਲਿਆਂ ਨੇ ਜੋ ਅਨੇਕ ਵਿਅਕਤੀਆਂ ਦਾ ਸਹਿਯੋਗ ਪ੍ਰਬੰਧਿਆ ਹੈ, ਇਹ ਕਿਸੇ ਵੀ ਕਰਾਮਾਤ ਤੋਂ ਘੱਟ ਨਹੀਂ ਹੈ। ਹਕੀਕਤ ਇਹ ਹੈ ਕਿ ਜਦੋਂ ਕਿਸੇ ਵਿਅਕਤੀ ਦੀ ਸੋਚ ਮਾਨਵੀ ਹੁੰਦੀ ਹੈ ਤਾਂ ਉਸ ਨੂੰ ਹਰ ਥਾਂ ਤੋਂ ਸਹਿਯੋਗ ਪ੍ਰਾਪਤ ਹੋ ਜਾਂਦਾ ਹੈ। ਰਾੜਾ ਸਾਹਿਬ ਸੰਸਥਾ ਨੂੰ ਸਿੱਖ ਜਗਤ ਦਾ ਬੱਚਾ ਬੱਚਾ ਜਾਣਦਾ ਹੈ। ਇਸ ਮਹਾਨ ਸੰਸਥਾ ਦੇ ਸ਼ਰਧਾਲੂ ਸਾਰੇ ਸੰਸਾਰ ਵਿੱਚ ਹੀ ਹਨ। ਇਸ ਸਦਕਾ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਸਾਰ ਭਰ ਦੇ ਉੱਤਮ ਵਿਦਵਾਨਾਂ, ਮਾਹਰਾਂ ਅਤੇ ਕੰਪਿਊਟਰ ਵਿਗਿਆਨੀਆਂ ਦਾ ਸਹਿਯੋਗ ਪ੍ਰਾਪਤ ਕੀਤਾ ਹੈ।

ਕਹਿੰਦੇ ਹਨ ਕਿ ਰੋਮ ਇੱਕ ਦਿਨ ਵਿੱਚ ਨਹੀਂ ਸੀ ਉਸਾਰਿਆ ਗਿਆ। ਭਾਵੇਂ ਮਹਾਨਕੋਸ਼ ਨੂੰ ਰਚਣ ਵੇਲੇ ਭਾਈ ਕਾਨ੍ਹ ਸਿੰਘ ਨਾਭਾ ਜੀ ਨੂੰ ਬਹੁਤ ਸਾਰੇ ਵਿਦਵਾਨਾਂ ਦਾ ਸਹਿਯੋਗ ਪ੍ਰਾਪਤ ਸੀ, ਰਾਜ ਦਰਬਾਰ ਵੱਲੋਂ ਉਨ੍ਹਾਂ ਦੀ ਹਰ ਪੱਖੋਂ ਭਰਪੂਰ ਮਦਦ ਸੀ, ਫਿਰ ਵੀ ਮਹਾਨਕੋਸ਼ ਦੀ ਰਚਨਾ ਦੇ ਇਸ ਮਹਾਨ ਕਾਰਜ ਨੂੰ ਸੰਪੂਰਨ ਹੋਣ ਲਈ ੧੯੧੨ ਤੋਂ ੧੯੨੬ ਈ: ਤੱਕ ਤਕਰੀਬਨ ੧੫ ਸਾਲ ਲੱਗੇ। ਅੱਜ ਦੇ ਯੁਗ ਵਿੱਚ ਵੀ ਬਾਬਾ ਬਲਜਿੰਦਰ ਸਿੰਘ ਜੀ ਵਲੋਂ ਇਸ ਮਹਾਨ ਕਾਰਜ ਨੂੰ ਇਸ ਪੜਾਅ ਤੱਕ ਪਹੁੰਚਾਣ ਨੂੰ ਤਕਰੀਬਨ ਤਿੰਨ ਸਾਲ ਲੱਗੇ। ਬਾਬਾ ਜੀ ਵਲੋਂ ਇਸ ਮਹਾਨ ਕਾਰਜ ਨੂੰ ਪੂਰਾ ਕਰਨ ਦਾ ਬੀੜਾ ਚੁੱਕ ਕੇ ਸਾਰੀ ਸਾਮੱਗਰੀ ਨੂੰ ਕੰਪਿਊਟਰ ਉੱਤੇ ਟਾਈਪ ਕਰਨਾ; (ਉਹ ਵੀ ਕੋਈ ਦੋ ਚਾਰ ਸੌ ਪੰਨੇ ਨਹੀਂ ਸਗੋਂ ਬਹੁਤ ਹੀ ਮਹੀਨ ਛਪਾਈ ਦੇ ਬਾਰਾਂ ਤੇਰਾਂ ਸੌ ਪੰਨੇ) ਚਾਰ ਭਾਸ਼ਾਵਾਂ (ਭਾਸ਼ਾਵਾਂ ਵੀ ਉਹ ਜਿਨ੍ਹਾਂ ਦਾ ਆਪਣਾ ਨਵੇਕਲਾ ਸੁਭਾਅ ਅਤੇ ਰਹੁ ਰੀਤਾਂ ਹਨ, ਜਿਨ੍ਹਾਂ ਨੂੰ ਲਿਖਣ ਲਈ ਵੱਖੋ ਵੱਖਰੀਆਂ ਲਿੱਪੀਆਂ ਚਾਹੀਦੀਆਂ ਹਨ ਅਤੇ ਜਿਨ੍ਹਾਂ ਨੂੰ ਟਾਈਪ ਕਰਨ ਲਈ ਵੱਖੋ ਵੱਖਰੇ ਪ੍ਰੋਗਰਾਮ ਚਾਹੀਦੇ ਹਨ) ਪੰਜਾਬੀ, ਹਿੰਦੀ, ਫ਼ਾਰਸੀ ਅਤੇ ਅੰਗਰੇਜ਼ੀ ਨੂੰ ਭਾਈ ਕਾਨ੍ਹ ਸਿੰਘ ਜੀ ਦੁਆਰਾ ਦਿੱਤੀ ਤਰਤੀਬ ਅਨੁਸਾਰ ਹੀ ਕੰਪਿਊਟਰ ਉੱਤੇ ਜੜਨਾ; ਫਿਰ ਸਾਰੀ ਸਾਮੱਗਰੀ ਦੀ ਸਿਖਰ ਦੀ ਸੁਧਾਈ; ਇਸ ਸਾਰੇ ਕੰਮ ਲਈ ਇਤਨਾ ਸਮਾਂ ਲੱਗ ਜਾਣਾ ਸੁਭਾਵਕ ਹੈ।

ਇਸ ਕਾਰਜ ਲਈ ਬਾਬਾ ਬਲਜਿੰਦਰ ਸਿੰਘ ਜੀ ਵੱਲੋਂ ਆਪਣੀ ਸਾਰੀ ਸਮਰੱਥਾ ਜੁਟਾ ਕੇ ਇਹ ਪ੍ਰਾਜੈਕਟ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੂੰ ਸਮਰਪਿਤ ਕੀਤਾ ਗਿਆ ਹੈ। ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਸਿੱਖ ਜਗਤ ਦੇ ਇੱਕ ਮਹਾਨ ਸੰਤ ਅਤੇ ਮਹਾਨ ਪ੍ਰਚਾਰਕ ਹੀ ਨਹੀਂ ਸਨ ਸਗੋਂ ਆਪ ਇੱਕ ਮਹਾਨ ਵਿਦਵਾਨ ਅਤੇ ਵਿਦਵਾਨਾਂ ਦੇ ਕਦਰਦਾਨ ਵੀ ਸਨ। ਇਹ ਪ੍ਰਾਜੈਕਟ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੂੰ ਸਮਰਪਿਤ ਕਰ ਕੇ ਬਾਬਾ ਜੀ ਨੇ ਜਿੱਥੇ ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਦਾ ਪ੍ਰਗਟਾਵਾ ਕੀਤਾ ਹੈ, ਉੱਥੇ ਨਾਲ ਹੀ ਉਨ੍ਹਾਂ ਨੇ ਸੰਤ ਜੀ ਮਹਾਰਾਜ ਦੁਆਰਾ ਮਾਨਵਤਾ ਅਤੇ ਸਿੱਖ ਭਾਈਚਾਰੇ ਦੀ ਕੀਤੀ ਮਹਾਨ ਸੇਵਾ ਅਤੇ ਪਰਉਕਾਰਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ।

ਇੱਥੇ ਇਹ ਵੀ ਵਰਨਣ ਕਰ ਦੇਣਾ ਜ਼ਰੂਰੀ ਹੋ ਜਾਂਦਾ ਹੈ ਕਿ ਬਾਬਾ ਜੀ ਦਾ ਮੁੱਖ ਕਾਰਜ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਰੀਤੀ ਅਨੁਸਾਰ ਕੀਰਤਨ ਕਰਨਾ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਾ ਹੈ। ਭਾਵੇਂ ਇਹ ਮਹਾਨ ਸੇਵਾ ਆਪਣੇ ਆਪ ਵਿੱਚ ਹੀ ਸੰਪੂਰਨ ਸਮੇਂ ਦੀ ਭੇਟਾ ਮੰਗਦੀ ਹੈ, ਫਿਰ ਵੀ ਇਹ ਸੋਚ ਸਮਝ ਤੋਂ ਬਾਹਰ ਦੀ ਗੱਲ ਹੀ ਹੈ ਕਿ ਬਾਬਾ ਜੀ ਨੇ ਆਪਣੇ ਰੁਝੇਵਿਆਂ ਵਿੱਚੋਂ ਹੀ ਕੁੱਝ ਸਮਾਂ ਕੱਢਕੇ ਆਪਣੇ ਮਹਾਨ ਕਾਰਜ ਨੂੰ ਕਿਵੇਂ ਪੂਰਾ ਕੀਤਾ ਹੈ? ਇਸ ਨਾਲ ਸਾਰਾ ਪੰਜਾਬੀ ਸੰਸਾਰ ਅਸ਼-ਅਸ਼ ਕਰ ਉੱਠਿਆ ਹੈ।

ਹੁਣ ਜਦੋਂ ਕਿ ਬਾਬਾ ਬਲਜਿੰਦਰ ਸਿੰਘ ਜੀ ਰਾੜੇ ਵਾਲਿਆਂ ਵਲੋਂ ਅੱਖਰ-ਅੱਖਰ ਜੋੜਦਿਆਂ ਭਾਈ ਕਾਨ੍ਹ ਸਿੰਘ 'ਨਾਭਾ' ਜੀ ਵਲੋਂ ਤਿਆਰ ਕੀਤਾ ਗਿਆ ਗੁਰ ਸ਼ਬਦ ਰਤਨਾਕਰ ਭਾਵ ਮਹਾਨਕੋਸ਼ ਕੰਪਿਊਟਰ ਯੁਗ ਦੇ ਹਾਣ ਦਾ

ਹੋ ਗਿਆ ਹੈ, ਜਿਸ ਦਾ ਅਨੰਦ ਸਾਰੇ ਹੀ ਕੰਪਿਊਟਰ ਵਰਤਾ ਮਾਣ ਰਹੇ ਹਨ, ਅਜੇ ਬਾਬਾ ਬਲਜਿੰਦਰ ਸਿੰਘ ਜੀ ਇਸ ਨੂੰ ਹੋਰ ਵੀ ਗੁਣਵੰਤਾ ਅਤੇ ਉਪਯੋਗੀ ਬਨਾਉਣ ਲਈ ਯਤਨਸ਼ੀਲ ਹਨ। ਠੀਕ ਹੈ ਕਿ 'ਹੋਰ ਪਰੇ ਹੋਰ' ਦੇ ਨਿਯਮ ਅਨੁਸਾਰ ਕਿਸੇ ਚੀਜ਼ ਦੀ ਸੁੰਦਰਤਾ, ਸ਼ੁੱਧਤਾ ਅਤੇ ਸੰਪੂਰਨਤਾ ਦਾ ਕੋਈ ਵੀ ਅੰਤ ਨਹੀਂ ਪਰ ਬਾਬਾ ਬਲਜਿੰਦਰ ਸਿੰਘ ਜੀ ਰਾੜੇ ਵਾਲੇ ਇਸ ਪਰੋਜੈਕਟ ਨੂੰ ਸੰਪੂਰਨ ਕਰਨ ਵਿੱਚ ਪੂਰੀ ਦ੍ਰਿੜ੍ਹਤਾ ਨਾਲ ਜੁਟੇ ਹੋਏ ਹਨ।

ਆਸ ਕੀਤੀ ਜਾਂਦੀ ਹੈ ਕਿ ਬਾਬਾ ਬਲਜਿੰਦਰ ਸਿੰਘ ਜੀ ਦਾ ਇਹ ਉਪਰਾਲਾ ਅੰਤਮ ਨਹੀਂ ਸਗੋਂ ਆਰੰਭਕ ਹੋਵੇਗਾ। ਉਨ੍ਹਾਂ ਕੋਲੋਂ ਮਾਨਵਤਾ ਦੀਆਂ ਹੋਰ ਵੀ ਮਹਾਨ ਸੇਵਾਵਾਂ ਦੀ ਆਸ ਕੀਤੀ ਬਣਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਦਾ ਰੋਮ-ਰੋਮ ਤੱਕ ਰਿਣੀ,

ਕਿਰਪਾਲ ਸਿੰਘ ਪੰਨੂੰ (ਕਟਾਹਰੀ)
(ਹਾਲ) ਟੋਰੰਟੋ - ਕੈਨੇਡਾ
੧ ਨਵੰਬਰ ੨੦੦੨.

# ਧੰਨਵਾਦ

ਪਰਮ ਪੂਜਨੀਕ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਪਵਿੱਤਰ ਯਾਦ ਨੂੰ ਸਮਰਪਿਤ, ਭਾਈ ਕਾਨ੍ਹ ਸਿੰਘ 'ਨਾਭਾ' ਜੀ ਦੀ ਮਹਾਨ ਕ੍ਰਿਤ ਮਹਾਨਕੋਸ਼ ਵੈੱਬਸਾਈਟ (website) ਉੱਪਰ ਪਾਉਣ ਉਪਰੰਤ ਦਾਸ ਨੂੰ ਸਿਰਫ ਇਹ ਮਹਿਸੂਸ ਹੋ ਰਿਹਾ ਹੈ ਕਿ ਇਹ ਸਭ ਕੁਝ ਸਤਿਗੁਰੂ ਜੀ ਦੀ ਕਿਰਪਾ ਸਦਕਾ ਹੀ ਸੰਭਵ ਹੋ ਸਕਿਆ ਹੈ, ਵਰਨਾ ਇਤਨਾ ਵੱਡਾ ਕਾਰਜ ਮੇਰੇ ਜਿਹੇ ਕਿਸੇ ਨਿਮਾਣੇ ਅਤੇ ਅਲਪ ਬੁੱਧੀ ਵਾਲੇ ਇਨਸਾਨ ਦੇ ਵੱਸ ਦੀ ਗੱਲ ਨਹੀਂ ਸੀ।

ਇੱਥੇ ਦਾਸ ਕਈ ਉਨ੍ਹਾਂ ਉਦਾਰ ਸੱਜਣਾਂ ਦਾ ਧੰਨਵਾਦ ਕਰਨਾ ਆਪਣਾ ਫ਼ਰਜ਼ ਸਮਝਦਾ ਹੈ, ਜਿਨ੍ਹਾਂ ਦੇ ਵਡਮੁੱਲੇ ਸਹਿਯੋਗ ਦਾ ਸਦਕਾ ਇਹ ਮਹਾਨ ਕਾਰਜ ਇਸ ਪੱਧਰ ਤੱਕ ਪਹੁੰਚ ਸਕਿਆ ਹੈ।

ਸਭ ਤੋਂ ਪਹਿਲਾਂ ਦਾਸ ਵਲੋਂ ਡਾ: ਕੁਲਬੀਰ ਸਿੰਘ 'ਥਿੰਦ' ਜੀ ਦਾ ਧੰਨਵਾਦ ਹੈ, ਜਿਨ੍ਹਾਂ ਦੁਆਰਾ ਸੰਪਾਦਤ ਗੁਰਬਾਣੀ ਸੀ. ਡੀ. ਦੇ ਰੂਪ ਵਿੱਚ ਸਿੱਖ ਜਗਤ ਵਾਸਤੇ ਕੀਤੀ ਮਹਾਨ ਸੇਵਾ ਨੇ ਮੇਰੇ ਜਿਹੇ ਨਿਗੂਣੇ ਵਿਅਕਤੀ ਦੇ ਮਨ ਵਿੱਚ ਇਹ ਤੁੱਛ ਸੇਵਾ ਕਰਨ ਦਾ ਸੰਕਲਪ ਪੈਦਾ ਕੀਤਾ। ਭਾਈ ਕਾਨ੍ਹ ਸਿੰਘ 'ਨਾਭਾ' ਜੀ ਨੇ ਮਹਾਨਕੋਸ਼ ਵਿੱਚ ਗੁਰਮੁਖੀ ਲਿੱਪੀ ਦੇ ਕਈ ਅੱਖਰ (characters) ਅਜਿਹੇ ਵਰਤੇ ਹਨ, ਜਿਹੜੇ ਕਿਸੇ ਵੀ ਗੁਰਮੁਖੀ ਫਾਂਟ (font) ਵਿੱਚ ਉਪਲਬਧ ਨਹੀਂ ਸਨ। ਡਾ: ਕੁਲਬੀਰ ਸਿੰਘ 'ਥਿੰਦ' ਜੀ ਨੇ ਆਪਣੇ ਡਾਕਟਰੀ ਕਿੱਤੇ ਦੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਆਪਣਾ ਭਰਪੂਰ ਸਹਿਯੋਗ ਦੇ ਕੇ ਮਹਾਨਕੋਸ਼ ਦੀ ਕੰਪੋਜ਼ਿੰਗ (composing) ਵਾਸਤੇ ਨਾ ਕੇਵਲ ਲੋੜੀਂਦੇ ਗੁਰਮੁਖੀ ਫਾਂਟ (fonts) ਮੁਹਈਆ ਕਰਵਾਏ, ਸਗੋਂ ਹੋਰ ਵੀ ਕਈ ਤਕਨੀਕੀ ਪਹਿਲੂਆਂ ਸੇਧ ਦਿੱਤੀ।

ਸ੍ਰ: ਕਿਰਪਾਲ ਸਿੰਘ ਜੀ 'ਪੰਨੂੰ' ਜਿਨ੍ਹਾਂ ਨੇ ਸ਼ਾਹਮੁਖੀ ਲਿੱਪੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਲਬਧ ਕਰਾਉਣ ਦੀ ਸੇਵਾ ਦਾ ਬੀੜਾ ਚੁੱਕਿਆ ਹੈ, ਦਾ ਵੀ ਦਾਸ ਦਾ ਤਹਿ ਦਿਲੋਂ ਧੰਨਵਾਦੀ ਹੈ ਜਿਨ੍ਹਾਂ ਦੇ ਵਡਮੁੱਲੇ ਸਹਿਯੋਗ ਸਦਕੇ ਹੀ ਮਹਾਨਕੋਸ਼ ਵਿੱਚ ਫ਼ਾਰਸੀ ਲਿੱਪੀ ਦੇ ਸ਼ਬਦ (words) ਪਾਉਣੇ ਸੰਭਵ ਹੋ ਸਕੇ ਹਨ। ਮਹਾਨਕੋਸ਼ ਦੀ ਮਾਲਾ ਵਿੱਚ ਦੇਵਨਾਗਿਰੀ ਅਤੇ ਰੋਮਨ (ਅੰਗ੍ਰੇਜ਼ੀ) ਲਿੱਪੀ ਦੇ ਸ਼ਬਦ ਪਰੋਣੇ ਇਤਨੀ ਵੱਡੀ ਸਮੱਸਿਆ ਨਹੀਂ ਸੀ, ਪਰ ਇਸ ਵਿੱਚ ਫ਼ਾਰਸੀ ਲਿੱਪੀ ਦੇ ਸ਼ਬਦ (words) ਪਾਉਣੇ, ਇੱਕ ਅਜਿਹੀ ਤਕਨੀਕੀ ਉਲਝਣ ਸੀ, ਜਿਹੜੀ ਕਿ ਦਾਸ ਸਮਝਦਾ ਹੈ, ਸ੍ਰ: ਕਿਰਪਾਲ ਸਿੰਘ 'ਪੰਨੂੰ' ਜੀ ਦੇ ਸਹਿਯੋਗ ਤੋਂ ਬਿਨਾਂ ਹੱਲ ਹੋ ਹੀ ਨਹੀਂ ਸੀ ਸਕਦੀ।

ਇਸ ਤੋਂ ਇਲਾਵਾ ਸ੍ਰ. ਹਰਦਿਆਲ ਸਿੰਘ (ਟੋਰੰਟੋ, ਕੈਨੇਡਾ) ਦਾ ਉਨ੍ਹਾਂ ਦੁਆਰਾ ਫਾਰਸੀ ਲਿੱਪੀ ਦੇ ਸ਼ਬਦਾਂ ਦੀ ਸੁਧਾਈ ਵਾਸਤੇ ਦਿੱਤੇ ਸਹਿਯੋਗ ਲਈ, ਸਤਪਾਲ ਸਿੰਘ (ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ) ਦਾ ਉਨ੍ਹਾਂ ਦੁਆਰਾ ਦਿੱਤੇ ਤਕਨੀਕੀ ਸਹਿਯੋਗ ਲਈ ਅਤੇ ਅਬਦੁਲ ਰਹਿਮਾਨ (ਮਾਲੇਰਕੋਟਲਾ) ਦਾ ਉਨ੍ਹਾਂ ਦੁਆਰਾ ਫ਼ਾਰਸੀ ਲਿੱਪੀ ਦੇ ਸ਼ਬਦਾਂ ਸੰਬੰਧੀ ਦਿੱਤੇ ਸਹਿਯੋਗ ਲਈ ਵੀ ਦਾਸ ਵਲੋਂ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ।

ਪਰਮ ਪੂਜਯ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਦਾਸ ਰੋਮ ਰੋਮ ਕਰ ਕੇ ਰਿਣੀ ਹੈ, ਜਿਨ੍ਹਾਂ ਦੁਆਰਾ ਸਥਾਪਿਤ ਸਰਕਾਰੀ ਕਾਲਿਜ ਕਰਮਸਰ ਵਿੱਚ ਦਾਸ ਜੈਸੇ ਉਸ ਇਲਾਕੇ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਸਾਧਾਰਣ ਪੇਂਡੂ ਵਾਤਾਵਰਣ ਵਿੱਚ ਰਹਿੰਦਿਆਂ ਹੋਇਆਂ ਵੀ ਕਾਲਿਜ ਪੱਧਰ ਤੱਕ ਦੀ ਵਿੱਦਿਆ

ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ। ਨਾਲ ਹੀ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਵੀ ਦਾਸ ਵਲੋਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਹੈ ਜਿਨ੍ਹਾਂ ਨੇ ਅੱਜ ਤੋਂ ਤਕਰੀਬਨ ੨੫ ਸਾਲ ਪਹਿਲਾਂ ਦਾਸ ਨੂੰ ਪ੍ਰੇਰਨੀ ਬਖ਼ਸ਼ੀ, "ਕਾਕਾ! ਜੇ ਰਾੜਾ ਸਾਹਿਬ ਰਹਿ ਕੇ ਵੀ ਸੇਵਾ ਕਰਨੀ ਹੈ, ਤਾਂ ਪਹਿਲਾਂ ਘੱਟ ਤੋਂ ਘੱਟ ਬੀ. ਏ. ਜ਼ਰੂਰ ਕਰ। ਅੱਜ ਦੇ ਜ਼ਮਾਨੇ ਵਿੱਚ ਭਾਵੇਂ ਪਰਮਾਰਥਕ ਜਾਂ ਵਿਵਹਾਰਕ, ਜ਼ਿੰਦਗੀ ਦੇ ਹਰ ਖੇਤਰ ਵਿੱਚ ਸਫ਼ਲਤਾ ਹਾਸਿਲ ਕਰਨ ਲਈ ਵਿੱਦਿਆ ਦੀ ਲੋੜ ਹੈ।" ਉਨ੍ਹਾ ਦੇ ਅਜਿਹੇ ਆਸ਼ੀਰਵਾਦ ਨੇ ਹੀ ਦਾਸ ਨੂੰ ਅਜਿਹਾ ਕਾਰਜ ਇੱਕ ਚੁਣੌਤੀ ਦੇ ਤੌਰ ਸਵੀਕਾਰ ਕਰਨ ਦੀ ਯੋਗਤਾ ਬਖ਼ਸ਼ੀ। ਰਾੜਾ ਸਾਹਿਬ ਸੰਪ੍ਰਦਾਇ ਦੇ ਮੌਜੂਦਾ ਸੰਚਾਲਕ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਦਾ ਵੀ ਦਾਸ ਵਲੋਂ ਉਨ੍ਹਾਂ ਦੁਆਰਾ ਬਖ਼ਸ਼ੀ ਉਦਾਰਤਾ ਲਈ ਕੋਟਾਨ ਕੋਟ ਧੰਨਵਾਦ ਹੈ।

ਅਖੀਰ ਵਿੱਚ ਗੁਰਮਤਿ ਅਤੇ ਪੰਜਾਬੀ ਸਾਹਿਤ ਨਾਲ ਪਿਆਰ ਰੱਖਣ ਵਾਲੇ ਸੁਹਿਰਦ ਪਾਠਕਾਂ ਦਾ ਵੀ ਹਾਰਦਿਕ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਇਸ ਥੋੜੇ ਜਿਹੇ ਸਮੇਂ ਵਿੱਚ ਹੀ (email) ਰਾਹੀਂ ਆਪਣੇ ਢੇਰ ਸਾਰੇ ਪ੍ਰਤੀਕਰਮ ਅਤੇ ਵਡਮੁੱਲੇ ਸੁਝਾਅ ਭੇਜੇ। ਉਨ੍ਹਾਂ ਦੁਆਰਾ ਦਿੱਤੇ ਪਿਆਰ ਅਤੇ ਉਤਸ਼ਾਹ ਲਈ ਦਾਸ ਉਨ੍ਹਾਂ ਦਾ ਵੀ ਹਾਰਦਿਕ ਧੰਨਵਾਦ ਕਰਦਾ ਹੈ।


ਦਾਸ

ਬਲਜਿੰਦਰ ਸਿੰਘ

Gurduara Karamsar, Rara Sahib.

(16914 Lassen St. Northridge CA-91343)

| | |
|---|---|
| ਉਪ. | ਉਪਸਰਗੰ. Preposition |
| ਅ: | ਅਸ਼੍ਟਪਦੀ ਅਤੇ ਅਧ੍ਯਾਯ. |
| ਅ਼. | ਅ਼ਰਬੀ ਭਾਸ਼ਾ. |
| ਅਸਫੋ. | ਸਫੋਟਕ ਕਬਿੱਤ, ਦਸਮਗ੍ਰੰਥ. |
| ਅਕਾਲ. | ਅਕਾਲ ਉਸਤਤਿ, ਦਸਮਗ੍ਰੰਥ. |
| ਅਜਰਾਜ. | ਰਾਜਾ ਅਜ ਦੀ ਕਥਾ, ਦਸਮਗ੍ਰੰਥ |
| ਅਜੈ ਸਿੰਘ. | ਅਜੈ ਸਿੰਘ ਦੀ ਕਥਾ, ਦਸਮਗ੍ਰੰਥ |
| ਅਨੁ. | ਅਨੁਕਰਣ. ਸ਼ਬਦ ਦੀ ਨਕਲ Onomatopoeia |
| ਅਰਹੰਤਾਵ. | ਅਰ੍ਹੰਤ ਅਵਤਾਰ ਦੀ ਕਥਾ, ਦਸਮਗ੍ਰੰਥ. |
| ਆਸਾ. | ਆਸਾ ਰਾਗ. |
| ਏ. ਡੀ. A.D. | ਈਸਵੀ ਸੰਨ. |
| ਅੰ. | ਅੰਗਰੇਜ਼ੀ ਭਾਸ਼ਾ. |
| ਸ. | ਸਲੋਕ. |
| ਸਹਸ. | ਸਹਸਕ੍ਰਿਤੀ ਸਲੋਕ. |
| ਸਨ. | ਈਸਵੀ ਸਨ (ਸਾਲ). |
| ਸਨਾਮਾ. | ਸ਼ਸਤ੍ਰਨਾਮਮਾਲਾ, ਦਸਮਗ੍ਰੰਥ. |
| ਸਮੁਦ੍ਰਮਥਨ. | ਸਮੁੰਦ੍ਰ ਰਿੜਕਣ ਦੀ ਕਥਾ, ਦਸਮਗ੍ਰੰਥ. |
| ਸਰਵ. | ਸਰਵਨਾਮ. ਪੜਨਾਉਂ. Pronoun |
| ਸਲੋਹ. | ਸਰਵਲੋਹ ਗ੍ਰੰਥ |
| ਸਵਾ. | ਸਲੋਕ ਵਾਰਾਂ ਤੇ ਵਧੀਕ. |
| ਸਵੈਯੇ ੩੩. | ਤੇਤੀ ਸਵੈਯੇ, ਦਸਮਗ੍ਰੰਥ. |
| ਸਾਰ. | ਸਾਰੰਗ ਰਾਗ. |
| ਸਿੰਧੀ. | ਸਿੰਧੀ ਭਾਸ਼ਾ. |
| ਸੂਹੀ. | ਸੂਹੀ ਰਾਗ. |
| ਸੂਰਜਾਵ. | ਸੂਰਯ ਅਵਤਾਰ ਦੀ ਕਥਾ, ਦਸਮਗ੍ਰੰਥ. |
| ਸੋਰ. | ਸੋਰਠ ਰਾਗ. |
| ਸੰ. | ਸੰਸਕ੍ਰਿਤ ਭਾਸ਼ਾ. |
| ਸੰਗਯਾ. | ਨਾਮ. Noun |
| ਸੰਮਤ. | ਵਿਕ੍ਰਮੀ ਸਾਲ. |

| | |
|---|---|
| ਸ੍ਰੀ. | ਸ੍ਰੀ ਰਾਗ. |
| ਹਕਾਯਤ. | ਦਸਮਗ੍ਰੰਥ ਵਿੱਚ ਜ਼ਫਰਨਾਮੇ ਪਿੱਛੇ ਲਿਖੀਆਂ ੧੧ ਹਕਾਇਤਾਂ. |
| ਹਜ਼ਾਰੇ ੧੦. | ਹਜ਼ਾਰੇ ਸ਼ਬਦ, ਦਸਮਗ੍ਰੰਥ. |
| ਹਨੂ. | ਹਨੂਮਾਨ ਨਾਟਕ, ਹ੍ਰਿਦਯਰਾਮ ਕ੍ਰਿਤ. |
| ਹਿੰ. | ਹਿੰਦੀ ਭਾਸ਼ਾ |
| ਹੀ. | ਹੀਬਰੂ (Hebrew) ਭਾਸ਼ਾ. ਇਬਰਾਨੀ |
| ਕੱਸਪਾਵ. | ਕਸ਼ਜਪ ਅਵਤਾਰ, ਦਸਮਗ੍ਰੰਥ. |
| ਕੱਛਾਵ. | ਕੱਛਪ ਅਵਤਾਰ, ਦਸਮਗ੍ਰੰਥ |
| ਕਲਕੀ. | ਕਲਕੀ ਅਵਤਾਰ, ਦਸਮਗ੍ਰੰਥ |
| ਕਲਿ. | ਕਲਿਆਨ ਰਾਗ. |
| ਕਵਿ ੫੨. | ਬਾਵਨ ਕਵੀ, ਸ਼੍ਰੀ ਦਸ਼ਮੇਸ਼ ਜੀ ਦੇ ਦਰਬਾਰੀ. |
| ਕਾਸ਼. | ਕਸ਼ਮੀਰੀ ਭਾਸ਼ਾ. |
| ਕਾਨ. | ਕਾਨੜਾ ਰਾਗ. |
| ਕੇਦਾ. | ਕੇਦਾਰਾ ਰਾਗ. |
| ਕ੍ਰਿ. | ਕ੍ਰਿਯਾ ਵਾਚਕ ਸ਼ਬਦ. Verb. |
| ਕ੍ਰਿਸਨਾਵ. | ਕ੍ਰਿਸ਼ਨ ਅਵਤਾਰ ਦੀ ਰਥਾ, ਦਸਮਗ੍ਰੰਥ |
| ਕ੍ਰਿ. | ਵਿ-ਕ੍ਰਿਯਾ ਵਿਸ਼ੇਸ਼ਣ. Adverb. |
| ਖ਼ਾ. | ਖ਼ਾਲਸੇ ਦਾ ਸੰਕੇਤ ਕੀਤਾ ਸ਼ਬਦ. |
| ਖਾਮ. | ਖਾਲਸੇ ਦੀ ਮਹਿਮਾ, ਦਸਮਗ੍ਰੰਥ. |
| ਗਉ. | ਗਉੜੀ ਰਾਗ. |
| ਗੁਜ. | ਗੁਜਰਾਤੀ ਭਾਸ਼ਾ. |
| ਗੁਪ੍ਰਸੂ. | ਗੁਰੁਪ੍ਰਤਾਪ ਸੂਰਯ (ਸੂਰਜ ਪ੍ਰਕਾਸ਼). |
| ਗੁਰੁਪਦ. | ਗੁਰੁਪਦ ਪ੍ਰੇਮ ਪ੍ਰਕਾਸ਼. |
| ਗੁਵਿ ੬. | ਗੁਰੁਵਿਲਾਸ ਛੀਵੀਂ ਪਾਤਸ਼ਾਹੀ ਦਾ. |
| ਗੁਵਿ ੧੦. | ਗੁਰੁਵਿਲਾਸ ਦਸਵੀਂ ਪਾਤਸ਼ਾਹੀ ਦਾ. |
| ਗੂਜ. | ਗੂਜਰੀ ਰਾਗ. |
| ਗੌਂਡ. | ਗੌਂਡ ਰਾਗ. |
| ਗਜਾਨ. | ਗਜਾਨ ਪ੍ਰਬੋਧ, ਦਸਮਗ੍ਰੰਥ. |
| ਚਉ. | ਚਉਬੋਲੇ. |

| | |
|---|---|
| ਚਰਿਤ੍ਰ. | ਚਰਿਤ੍ਰੋਪਾਖ੍ਯਾਨ ਦਸਮਗ੍ਰੰਥ. |
| ਚੌਪਈ. | ਬੇਨਤੀ ਚੌਪਈ, ਦਸਮਗ੍ਰੰਥ. |
| ਚੌਬੀਸਾਵ. | ਚੌਬੀਸ ਅਵਤਾਰ ਦੀ ਭੂਮਿਕਾ ਅਤੇ ਅਵਤਾਰਾਂ ਦੀ ਕਥਾ, ਦਸਮਗ੍ਰੰਥ. |
| ਚੰਡੀ ੧ | ਚੰਡੀ ਚਰਿਤ੍ਰ ਵੱਡਾ, ਦਸਮਗ੍ਰੰਥ. |
| ਚੰਡੀ ੨ | ਚੰਡੀ ਚਰਿਤ੍ਰ ਛੋਟਾ, ਦਸਮਗ੍ਰੰਥ. |
| ਚੰਡੀ ੩ | ਚੰਡੀ ਦੀ ਵਾਰ, ਦਸਮਗ੍ਰੰਥ. |
| ਚੰਦ੍ਰਾਵ. | ਚੰਦ੍ਰਮਾ ਅਵਤਾਰ ਦੀ ਕਥਾ, ਦਸਮਗ੍ਰੰਥ. |
| ਚੰਬਾ. | ਚੰਬੇ ਦੀ ਭਾਸ਼ਾ. |
| ਜ. | ਜਨਮ. |
| ਜਸਭਾਮ. | ਜਨਮਸਾਖੀ ਭਾਈ ਮਨੀ ਸਿੰਘ ਜੀ ਦੀ. |
| ਜਸਾ. | ਜਨਮਸਾਖੀ ਭਾਈ ਬਾਲੇ ਵਾਲੀ. |
| ਜਗਰਾਜ. | ਜਗ ਰਾਜੇ ਦੀ ਕਥਾ, ਦਸਮਗ੍ਰੰਥ. |
| ਜਜਾਤਿ. | ਰਾਜਾ ਯਯਾਤਿ ਦੀ ਕਥਾ, ਦਸਮਗ੍ਰੰਥ. |
| ਜਨਮੇਜਯ. | ਰਾਜਾ ਜਨਮੇਜਯ ਦੀ ਕਥਾ, ਦਸਮਗ੍ਰੰਥ. |
| ਜਫਰ. | ਜਫਰਨਾਮਹ. |
| ਜਲੰਧਰਾਵ. | ਜਲੰਧਰ ਅਵਤਾਰ ਦੀ ਕਥਾ, ਦਸਮਗ੍ਰੰਥ. |
| ਜ਼ਿੰਦਗੀ. | ਜ਼ਿੰਦਗੀਨਾਮਾ, ਕ੍ਰਿਤ ਭਾਈ ਨੰਦ ਲਾਲ ਜੀ. |
| ਜੈਜਾ. | ਜੈਜਾਵੰਤੀ ਰਾਗ. |
| ਜੈਤ. | ਜੈਤਸਰੀ ਰਾਗ. |
| ਜੰਗਨਾਮਾ. | ਵਾਰ ਗੁਰੂ ਗੋਬਿੰਦ ਸਿੰਘ ਜੀ, ਕਿਸੇ ਪ੍ਰੇਮੀ ਦੀ ਰਚਨਾ ਜਿਸ ਵਿੱਚ ਔਰੰਗਜ਼ੇਬ ਅਤੇ ਉਸ ਦੀ ਪੁੱਤ੍ਰੀ ਜ਼ੇਬੁਨਿਸ਼ਾ ਦਾ ਸਵਾਲ ਜਵਾਬ ਹੈ। |
| ਟੋਡੀ. | ਟੋਡੀ ਰਾਗ |
| ਡਿੰਗ. | ਡਿੰਗਲ ਭਾਸ਼ਾ. ਇਹ ਰਾਜਪੂਤਾਨੇ ਦੇ ਕਵੀਆਂ ਦੀ ਪੁਰਾਣੀ ਬੋਲੀ ਹੈ. |
| ਤਨਾਮਾ. | ਤਨਖਾਹ ਨਾਮਾ |
| ਤਿਲੰ. | ਤਿਲੰਗ ਰਾਗ. |
| ਤੁ. | ਤੁਰਕੀ ਭਾਸ਼ਾ. |
| ਤੁਖਾ. | ਤੁਖਾਰੀ ਰਾਗ. |
| ਥਲੀ. | ਥਲੀ ਦੇਸ਼ ਦੀ ਭਾਸ਼ਾ. |
| ਦਖ. | ਦਖਣੀ ਭਾਸ਼ਾ. |

| | |
|---|---|
| ਦੱਤਾਵ. | ਦੱਤਾਤ੍ਰੇਯ ਅਵਤਾਰ ਦੀ ਕਥਾ, ਦਸਮਗ੍ਰੰਥ. |
| ਦਲੀਪ. | ਰਾਜਾ ਦਲੀਪ ਦੀ ਕਥਾ, ਦਸਮਗ੍ਰੰਥ. |
| ਦੀਗੋ. | ਦੀਵਾਨ ਗੋਯਾ (ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ) |
| ਦੇ. | ਦੇਹਾਂਤ. |
| ਦੇਵ. | ਦੇਵਗੰਧਾਰੀ ਰਾਗ. |
| ਧਨਾ. | ਧਨਾਸਰੀ ਰਾਗ. |
| ਧਨੰਤਰਾਵ. | ਧਨੰਤਰਿ ਅਵਤਾਰ ਦੀ ਕਥਾ, ਦਸਮਗ੍ਰੰਥ. |
| ਧਾ. | ਧਾਤੁ. ਮਸਦਰ. Verbal root |
| ਨਸੀਹਤ. | ਨਸੀਹਤ ਨਾਮਾ. |
| ਨਟ. | ਨਟ ਰਾਗ. |
| ਨਰਸਿੰਘਾਵ. | ਨਰਸਿੰਘ ਅਵਤਾਰ ਦੀ ਕਥਾ, ਦਸਮਗ੍ਰੰਥ. |
| ਨਰਨਾਰਾਯਣ. | ਨਰ ਨਾਰਾਯਣ ਅਵਤਾਰ ਦੀ ਕਥਾ, ਦਸਮਗ੍ਰੰਥ. |
| ਨਰਾਵ. | ਨਰ ਅਵਤਾਰ ਦੀ ਕਥਾ, ਦਸਮਗ੍ਰੰਥ. |
| ਨਾਪ੍ਰ. | ਸ਼੍ਰੀ ਨਾਨਕ ਪ੍ਰਕਾਸ਼, ਭਾਈ ਸੰਤੋਖ ਸਿੰਘ ਜੀ ਕ੍ਰਿਤ. |
| ਪਹਾ. | ਪਹਾੜੀ ਭਾਸ਼ਾ. |
| ਪਰਸਰਾਮਾਵ. | ਪਰਸ਼ੁਰਾਮ ਅਵਤਾਰ, ਦਸਮਗ੍ਰੰਥ. |
| ਪ੍ਰੀਛਤਰਾਜ. | ਰਾਜਾ ਪਰੀਕ੍ਸ਼ਿਤ ਦੀ ਕਥਾ, ਦਸਮਗ੍ਰੰਥ. |
| ਪਾ. | ਪਾਲੀ ਭਾਸ਼ਾ. |
| ਪਾਰਸਾਵ. | ਪਾਰ੍ਸ਼੍ਵਨਾਥ ਅਵਤਾਰ, ਦਸਮਗ੍ਰੰਥ. |
| ਪੁਰਤ. | ਪੁਰਤਗਾਲੀ ਭਾਸ਼ਾ. |
| ਪੂਰ. | ਪੂਰਵੀ ਭਾਸ਼ਾ. |
| ਪੋਠੋ. | ਪੋਠੋਹਾਰੀ ਸ਼ਬਦ. |
| ਪੰਪ੍ਰ. | ਪੰਥ ਪ੍ਰਕਾਸ਼, ਗਜਾਨੀ ਗਜਾਨ ਸਿੰਘ ਕ੍ਰਿਤ |
| ਪ੍ਰਤ੍ਯ. | ਪ੍ਰਤ੍ਯਯ. Suffix. |
| ਪ੍ਰਭਾ. | ਪ੍ਰਭਾਤੀ ਰਾਗ. |
| ਪ੍ਰਾ. | ਪ੍ਰਾਕ੍ਰਿਤ ਭਾਸ਼ਾ. |
| ਪ੍ਰਾਪੰਪ੍ਰ. | ਪ੍ਰਾਚੀਨ ਪੰਥ ਪ੍ਰਕਾਸ਼, ਸਰਦਾਰ ਰਤਨ ਸਿੰਘ ਕ੍ਰਿਤ |
| ਪ੍ਰਿਥੁਰਾਜ. | ਰਾਜਾ ਪ੍ਰਿਥੁ ਦੀ ਕਥਾ, ਦਸਮਗ੍ਰੰਥ. |
| ਫ਼ਾ. | ਫ਼ਾਰਸੀ ਭਾਸ਼ਾ. |

| | |
|---|---|
| ਫ੍ਰ. | ਫ੍ਰੈਂਚ French. |
| ਬਸੰ. | ਬਸੰਤ (ਵਸੰਤ) ਰਾਗ |
| ਬਾਂਗਰ. | ਬਾਂਗਰ ਦੀ ਭਾਸ਼ਾ. |
| ਬਾਵਨ. | ਬਾਵਨ ਅਖਰੀ. |
| ਬਿਹਾ. | ਬਿਹਾਗੜਾ ਰਾਗ. |
| ਬਿਲਾ. | ਬਿਲਾਵਲ ਰਾਗ. |
| ਬੀ.ਸੀ. B.C. | ਈਸਵੀ ਸਨ ਤੋਂ ਪਹਿਲਾਂ. |
| ਬੇਨਰਾਜ. | ਰਾਜਾ ਵੇਣ ਦੀ ਕਥਾ, ਦਸਮਗ੍ਰੰਥ. |
| ਬੈਰਾ. | ਬੈਰਾੜੀ ਰਾਗ. |
| ਬੰਨੋ. | ਭਾਈ ਬੰਨੋ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ. |
| ਬ੍ਰਹਮਾਵ. | ਬ੍ਰਹਮਾ ਦੇ ਅਵਤਾਰ ਦੀ ਕਥਾ, ਦਸਮਗ੍ਰੰਥ. |
| ਭਗਤਾਵਲੀ. | ਭਗਤ ਰਤਨਾਵਲੀ: ਭਾਈ ਗੁਰਦਾਸ ਜੀ ਦੀ ੧੧ਵੀਂ ਵਾਰ ਦੀ ਵ੍ਯਾਖ੍ਯਾ ਭਾਈ ਮਨੀ ਸਿੰਘ ਜੀ ਕ੍ਰਿਤ |
| ਭਾਗੁ. | ਭਾਈ ਗੁਰਦਾਸ ਜੀ ਦੀਆਂ ਵਾਰਾਂ. |
| ਭਾਗੁਕ. | ਭਾਈ ਗੁਰਦਾਸ ਜੀ ਦੇ ਕਬਿੱਤ. |
| ਭੈਰ. | ਭੈਰਉ (ਭੈਰਵ) ਰਾਗ. |
| ਮ. | ਮਹਲਾ, ਅਰਥਾਤ ਪਾਤਿਸ਼ਾਹੀ (ਸਤਿਗੁਰੂ) |
| ਮਗੋ. | ਮੱਕੇ ਮਦੀਨੇ ਦੀ ਗੋਸਟਿ. |
| ਮੱਛਾਵ. | ਮੱਛ ਅਵਤਾਰ ਦੀ ਕਥਾ, ਦਸਮਗ੍ਰੰਥ. |
| ਮਨੁ. | ਮਨੁਸਿਮ੍ਰਿਤਿ. |
| ਮਨੁਰਾਜ. | ਮਨੁ ਦੇ ਰਾਜ ਦਾ ਪ੍ਰਸੰਗ, ਦਸਮਗ੍ਰੰਥ. |
| ਮਰਾ. | ਮਹਾਰਾਸ੍ਟ੍ਰੀ ਭਾਸ਼ਾ. |
| ਮਲਾ. | ਮਲਾਰ ਰਾਗ. |
| ਮਾ ਸੰ. | ਮਾਧਵਾਨਲ ਸੰਗੀਤ. |
| ਮਾਗਧੀ. | ਮਗਧ ਦੇਸ਼ ਦੀ ਭਾਸ਼ਾ. |
| ਮਾਝ. | ਮਾਝ ਰਾਗ. |
| ਮਾਂਧਾਤਾ. | ਮਾਂਧਾਤਾ ਦੀ ਕਥਾ, ਦਸਮਗ੍ਰੰਥ. |
| ਮਾਰ. | ਮਾਰਵਾੜੀ. |
| ਮਾਰੂ. | ਮਾਰੂ ਰਾਗ. |
| ਮਾਲੀ. | ਮਾਲੀਗੌੜਾ ਰਾਗ. |

| | |
|---|---|
| ਮੁਲ. | ਮੁਲਤਾਨੀ ਭਾਸ਼ਾ. |
| ਮੋਹਨੀ. | ਮੋਹਿਨੀ ਅਵਤਾਰ ਦੀ ਕਥਾ, ਦਸਮਗ੍ਰੰਥ. |
| ਯੁਧਿਸ਼ਟ੍ਰਰਾਜ. | ਰਾਜਾ ਯੁਧਿਸ੍ਰਿਰ ਦੀ ਕਥਾ, ਦਸਮਗ੍ਰੰਥ. |
| ਯੂ. | ਯੂਨਾਨੀ ਭਾਸ਼ਾ. |
| ਯੌ. | ਯੌਗਿਕ ਸ਼ਬਦ. Etymological. |
| ਰਹਿਤ. | ਰਹਿਤਨਾਮਾ. |
| ਰਘੁਰਾਜ. | ਰਾਜਾ ਰਘੁ ਦੀ ਕਥਾ, ਦਸਮਗ੍ਰੰਥ. |
| ਰਾਮ. | ਰਾਮਕਲੀ ਰਾਗ. |
| ਰਾਮਾਵ. | ਰਾਮ ਅਵਤਾਰ ਦੀ ਕਥਾ, ਦਸਮਗ੍ਰੰਥ. |
| ਰੁਦ੍ਰਾਵ. | ਰੁਦ੍ਰ ਅਵਤਾਰ ਦਾ ਪ੍ਰਸੰਗ, ਦਸਮਗ੍ਰੰਥ. |
| L. | Letin ਲੈਟਿਨ ਭਾਸ਼ਾ. |
| ਲੋਕੋ. | ਲੋਕੋਕ੍ਤਿ. ਲੋਕਾਂ ਦੀ ਕਹਿਨਾਵਤ. |
| ਵਡ. | ਵਡਹੰਸ ਰਾਗ. |
| ਵਰਾਹ. | ਵਰਾਹ ਅਵਤਾਰ ਦੀ ਕਥਾ, ਦਸਮਗ੍ਰੰਥ. |
| ਵਾ. | ਵਾਕ੍ਯ. |
| ਵਾਮਨਾਵ. | ਵਾਮਨ ਅਵਤਾਰ ਦੀ ਕਥਾ, ਦਸਮਗ੍ਰੰਥ. |
| ਵਾਰ ੧, ੨, ੩. | ਜਿਸ ਰਾਗ ਦੀ ਇੱਕ ਵਾਰ ਹੈ, ਉਸ ਲਈ ਕੋਈ ਅੰਗ ਨਹੀਂ. ਜਿਸ ਰਾਗ ਦੀਆਂ ਇੱਕ ਤੋਂ ਵੱਧ ਵਾਰਾਂ ਹਨ, ਉਨ੍ਹਾਂ ਲਈ ਅੰਗ ੧-੨-੩ ਵਰਤੇ ਹਨ. |
| | ਵਾਰ ੭. ਐਸੇ ਹੀ ਐਤ ਸੋਮ ਆਦਿ ਦਿਨਾਂ ਸੰਬੰਧੀ ਬਾਣੀ ਲਈ ਵਾਰ ੭ ਹੈ. |
| ਵਿ. | ਵਿਸ਼ੇਸ਼ਣ Adjective. |
| ਵਿਸਨਾਵ. | ਵਿਸ਼ਨੁ ਅਵਤਾਰ ਦੀ ਕਥਾ, ਦਸਮਗ੍ਰੰਥ. |
| ਵਿਚਿਤ੍ਰ. | ਵਿਚਿਤ੍ਰ ਨਾਟਕ. |
| ਵ੍ਯ. | ਅਵ੍ਯਯ Particle |
| ਵ੍ਰਜ. | ਵ੍ਰਜ ਭਾਸ਼ਾ. (ਮਥੁਰਾ ਵ੍ਰਿੰਦਾਵਨ ਦੀ ਬੋਲੀ) |
| ਵ੍ਰਿੰਦ. | ਵ੍ਰਿੰਦ ਕਵਿ ਦੀ ਸਤਸਈ. |

## ਦੇਵਨਾਗਿਰੀ ਅਤੇ ਫ਼ਾਰਸੀ ਅੱਖਰਾਂ ਦੀ ਥਾਂ ਵਰਤੇ ਮਹਾਨਕੋਸ਼ ਵਿੱਚ ਆਏ ਗੁਰਮੁਖੀ ਅੱਖਰ

(ਪੰਜਾਬੀ ਲਿਖਣ ਵਾਸਤੇ ਗੁਰਮੁਖੀ ਅੱਖਰ ਅਜੇਹੇ ਪੂਰਣ ਹਨ ਕਿ ਕਿਸੇ ਵਾਧੂ ਅੱਖਰ ਦੀ ਲੋੜv ਨਹੀਂ ਪਰ ਮਹਾਨਕੋਸ਼ ਵਿੱਚ ਕਈ ਭਾਸ਼ਾਵਾਂ ਦੇ ਅੱਖਰ ਆਏ ਹਨ, ਜਿਨ੍ਹਾਂ ਦੇ ਸ਼ੁੱਧ ਉਚਾਰਣ ਲਈ ਇਹ ਅੱਖਰ ਕਲਪੇ ਗਏ ਹਨ।)

| ਹਿੰਦੀ-ਸੰਸਕ੍ਰਿਤ ਦੇ ਦੇਵਨਾਗਿਰੀ ਲਿਪੀ ਅੱਖਰ | (ਦੀ ਥਾਂ) ਮਹਾਨਕੋਸ਼ ਵਿੱਚ ਆਇਆ ਅੱਖਰ | ਅ਼ਰਬੀ ਫ਼ਾਰਸੀ ਲਿਪੀ ਅੱਖਰ | (ਦੀ ਥਾਂ) ਮਹਾਨਕੋਸ਼ ਵਿੱਚ ਆਇਆ ਅੱਖਰ |
|---|---|---|---|
| श | ਸ਼ | ص ਸੋਆਦ | ਸ |
| ष | ਸ਼ | ث ਸੇ | ਸ |
| ठ ड़ | ਙ | ذ ਜ਼ਾਲ | ਜ |
| क्ष | ਕ੍ਸ਼ | ژ ਜ਼ੇ | ਜ |
| ङ | ਙ | ض ਜ਼ੋਆਦ | ਜ |
| ज्ञ | ਜ੍ਞ | ظ ਜ਼ੋਏ | ਜ |
| ऽ | ੳ | ع ਅ਼ੈਨ | ੳ਼ ਅ਼ ੲ਼ |
| ँ | ਁ | غ ਗ਼ੈਨ | ਗ਼ |
| ण | ਣ | ف ਫ਼ੇ | ਫ਼ |
| ऋ | ਰ਼ | ق ਕ਼ਾਫ਼ | ਕ਼ |
| | | خ ਖ਼ੇ | ਖ਼ |
| | | ز ਜ਼ੇ | ਜ਼ |

| | ਮੁਕਤਾ | ਕੰਨਾ (ਾ) | ਸਿਹਾਰੀ ( ਿ ) | ਬਿਹਾਰੀ ( ੀ ) | ਔਂਕੁੜ ( ੁ ) | ਦੁਲੈਂਕੜ ( ੂ ) | ਲਾਂ ( ੇ ) | ਦੁਲਾਂ ( ੈ ) | ਹੋੜਾ ( ੋ ) | ਕਨੌੜਾ ( ੌ ) | ਟਿੱਪੀ ( ੰ ) | ਅੱਧੇ ਤੇ ਪੈਰ ਦੇ ਅੱਖਰ |
|---|---|---|---|---|---|---|---|---|---|---|---|---|
| ੳ | ੳ | | | | ਉਤ<br>ਉਪ | ਊ | | | ਓ | | | |
| ਅ | ਅ<br>ਅਕ<br>ਅਟ<br>ਅਨ<br>ਅਪ<br>ਅਮ<br>ਅਲ | ਆ<br>ਆਨ | | | | | | ਐ | | ਔ | ਅੰ | |
| ੲ | ੲ | | ਇ | ਈਂ | | | ਏ | | | | | |
| ਸ | ਸ<br>ਸਚ<br>ਸਪ<br>ਸਯ | ਸਾ<br>ਸਾਤ | ਸਿ<br>ਸਿਤ | ਸੀ | ਸੁ<br>ਸੁਤ | ਸੂ | ਸੇ | ਸੈ | ਸੋ | ਸੌ | ਸੰ | ਸ੍ਖਲ |
| ਹ | ਹ<br>ਹਰ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਜਾਂ |
| ਕ | ਕ<br>ਕਤ<br>ਕਰ<br>ਕਲ | ਕਾ<br>ਕਾਪ | ਕਿ | ਕੀ | ਕੁ<br>ਕੁੰਤ | ਕੂ | ਕੇ | ਕੈ | ਕੋ | ਕੌ | ਕੰ | ਕਜਾ |
| ਖ | ਖ | ਖਾ | ਖਿਉ | ਖੀਉ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਜਤ੍ਰ |

| | | | | | | | | | | | | |
|---|---|---|---|---|---|---|---|---|---|---|---|---|
| | | | ਣਾ | | | | | | | | | ੀ |
| ਗ | ਗ<br>ਗਤ | ਗਾ | ਗਿ | ਗੀ | ਗੁ<br>ਗੁਰ | ਗੂ | ਗੇ | ਗੈ | ਗੋ | ਗੌ | ਗੰਉ | ਗਜ |
| ਘ | ਘ | ਘਾ | ਘਿਉ | ਘੀ | ਘੁ | ਘੂਸ | ਘੇਉ | ਘੈਕੈ | ਘੋਸ | | ਘੰ | ਘ੍ਰ |
| ਙ | ਙ | | | | | | | | | | | |
| ਚ | ਚ<br>ਚਤਰ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰਉਰ | ਚਜਵ<br>ਨ |
| ਛ | ਛ | ਛਾ | ਛਿ | ਛੀ | ਛੁਹ | ਛੂ | ਛੇ | ਛੈ | ਛੋਹ | ਛੌਹਨ<br>ੀ | ਛੰਗਾ | ਛ੍ਰ |
| ਜ | ਜ<br>ਜਤ<br>ਜਮ<br>ਜਲ | ਜਾ<br>ਜਾਪ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰਗ | ਜਜ<br>ਜ਼ |
| ਝ | ਝ | ਝਾਉ<br>ਲਾ | ਝਿਕ | ਝੀਕ | ਝੁਕਣ<br>ਾ | ਝੂਕ | ਝੇਪ | | ਝੋਸਾ | | ਝੰਕਾ<br>ਰ | |
| ਞ | ਞ | | | | | | | | | | | |
| ਟ | ਟ | ਟਾ | ਟਿਕ | ਟੀਸ | ਟੁਕ | ਟੂਸਾ | ਟੇਸੂ | ਟੈਂ | ਟੋਆ | ਟੌਂਕ | ਟੰਕ | |
| ਠ | ਠ | ਠਾ | ਠਿਕ<br>ਰੀ | ਠੀਸ | ਠੁਕਣ<br>ਾ | ਠੂਸਣ<br>ਾ | ਠੇਹ | ਠੈਹ | ਠੋਸ | | ਠੰਢ | |
| ਡ | ਡ | ਡਾਉ | ਡਿਉ<br>ਢ | ਡੀ | ਡੁਸਕ<br>ਣ | ਡੂ | ਡੇਉ | | ਡੋ | ਡੌਂ | ਡੰਸ | ਡਜਾਛ |
| ਢ | ਢ | ਢਾਊ | ਢਿਸ<br>ਰ | ਢੀਹ | ਢੁਕਣ<br>ਾ | ਢੂਸਰ | ਢੇਊ | ਢੈਣਾ | ਢੋ | ਢੌਕ | ਢੰਕਾ | |
| ਣ | ਣ | | | | | | | | | | | |
| ਤ | ਤ<br>ਤਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਜਕੂ |
| ਥ | ਥ | ਥਾ | ਥਿਓ | ਥੀ | ਥੁਕ | ਥੂ | ਥੇ | ਥੈ | ਥੋ | | ਥੰਧਾ | |
| ਦ | ਦ | ਦਾ | ਦਿਉ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰਸ | ਦਜਧ<br>ਨੀ |

| | | | | | | | | | | | | |
|---|---|---|---|---|---|---|---|---|---|---|---|---|
| | ਦਸ<br>ਦਟਪ<br>ਟਾ<br>ਦਰ | | | | | | | | | | | |
| ਧ | ਧ | ਧਾ | ਧਿ | ਧੀ | ਧੁੱਸ | ਧੂ | ਧੇ | ਧੈ | ਧੋ | ਧੌ | ਧੰਦਾ | ਧਜਾ<br>ਉ |
| ਨ | ਨ<br>ਨਟ<br>ਨਯ | ਨਾ<br>ਨਾਨ | ਨਿ<br>ਨਿਕ<br>ਨਿਪ<br>ਨਿਰ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨ੍ਹਾਉ<br>ਣਾ |
| ਪ | ਪ<br>ਪਕ<br>ਪਤ<br>ਪਯ<br>ਪਰਾ<br>ਪਲ | ਪਾ<br>ਪਾਤ<br>ਪਾਲ | ਪਿਉ | ਪੀ | ਪੁੰ<br>ਪੁਰ | ਪੂ | ਪੇਉ | ਪੈ | ਪੋਇ<br>ਆ | ਪੌ | ਪੰਸਾ<br>ਰੀ<br>ਪੰਚ<br>ਪੰਜ<br>ਪੰਡ | ਪਜਾ<br>ਸ<br>ਪ੍ਰਚਰ<br>ਜਾ<br>ਪ੍ਰਥ<br>ਪ੍ਰਾ |
| ਫ | ਫ<br>ਫਰ | ਫ਼ਾ | ਫਿਆ<br>ਜ | ਫ਼ੀ | ਫੁਸਲ<br>ਾਉਣਾ | ਫੂਏ | ਫੇਹਿ<br>ਰਸੁ | ਫੈਸਲ<br>ਾ | ਫੋਆ | ਫੌਹ | ਫੰਕ | ਫ੍ਰਾਂਸ |
| ਬ | ਬ<br>ਬਕ<br>ਬਟ<br>ਬਧ<br>ਬਰ<br>ਬਲ | ਬਾ<br>ਬਾਟ<br>ਬਾਯ<br>ਬਾਲ | ਬਿ<br>ਬਿਹ<br>ਬਿਚ<br>ਬਿਤ<br>ਬਿਪ<br>ਬਿਯ | ਬੀ | ਬੁਆ<br>ੜ<br>ਬੁਤ | ਬੂ | ਬੇ<br>ਬੇਤ | ਬੈ | ਬੋ | ਬੌਧਾ | ਬੰਸ | ਬਜਸ<br>ਨ<br>ਬ੍ਰਤ<br>ਬ੍ਰਾਹ |
| ਭ | ਭ<br>ਭੱਛ<br>ਭਯ<br>ਭਲ | ਭਾ<br>ਭਾਤ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰਗ | ਭਜਾਂ |

| | | | | | | | | | | | | |
|---|---|---|---|---|---|---|---|---|---|---|---|---|
| ਮ | ਮ<br>ਮਹ<br>ਮਕਏ<br>ੀ<br>ਮਜਹ<br>ਬ<br>ਮਤ<br>ਮਨ<br>ਮਪ<br>ਮਲ | ਮਾ<br>ਮਾਤ<br>ਮਾਪ | ਮਿ<br>ਮਿਤ | ਮੀਆ | ਮੁਅੱਸ<br>ਰ<br>ਮੁਹ<br>ਮੁਕੱਸ਼<br>ਰ<br>ਮੁਖ<br>ਮੁਟ<br>ਮੁਦ<br>ਮੁਰ | ਮੂ | ਮੇ<br>ਮੇਥੀ | ਮੈ | ਮੋ<br>ਮੋਟਓ | ਮੌ | ਮੰਸ<br>ਮੰਡ | ਮ੍ਹਾਨੈ |
| ਯ | ਯ | ਯਾ | | | ਯੁ | ਯੂਸ | | | ਯੋਸਿ<br>ਤਾ | ਯੌਂ | ਯੰਗੜ<br>ਾ | |
| ਰ | ਰ<br>ਰਕਸ<br>ਰਤ<br>ਰਯ | ਰਾ<br>ਰਾਚ<br>ਨ<br>ਰਾਟ<br>ਰਾਬ<br>ਰਾਯ | ਰਿ<br>ਰਿਤ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰਕ | ਰੂਸ੍ਰ |
| ਲ | ਲ<br>ਲਗ<br>ਲਪ | ਲਾ<br>ਲਾਤ | ਲਿਉ | ਲੀ | ਲੁਆ<br>ਬ | ਲੂ | ਲੇ | ਲੈ | ਲੋ | ਲੌ | ਲੰਕ | ਲ੍ਰਿ |
| ਵ | ਵ<br>ਵਚ<br>ਵਤ<br>ਵਰ<br>ਵਲ | ਵਾ<br>ਵਾਕ<br>ਵਾਤ<br>ਵਾਰ | ਵਿ<br>ਵਿਹ<br>ਵਿਚ<br>ਵਿਦ<br>ਵਿਪ<br>ਵਿਰ<br>ਸ | ਵੀ | ਵੁਸਅ<br>ਤ | | ਵੇ | ਵੈ | ਵੋਹਿ<br>ਥ | | ਵੰਸ | ਵਜਸ<br>ਨ<br>ਵ੍ਰਜ |
| ੜ | ੜ | | | | | | | | | | | |

| | | | | | | | | | | | | |
|---|---|---|---|---|---|---|---|---|---|---|---|---|
| E<br>X<br>T | ਵਾ:ੳ<br>ਵਾ:<br>ਅ<br>ਵਾ:<br>ਆ | ਵਾ:ੲ<br>ਵਾ:ਸ<br>ਵਾ:ਸ<br>ਾ | ਵਾ:ਸੁ<br>ਵਾ:ਹ<br>ਵਾ:ਕ | ਵਾ:ਖ<br>ਵਾ:ਗ<br>ਙ<br>ਵਾ:ਚ<br>ਛ | ਵਾ:ਜ<br>ਝ<br>ਵਾ:ਟ<br>ਣ<br>ਵਾ:ਤ<br>ਥ | ਵਾ:ਦ<br>ਧ<br>ਵਾ:ਨ<br>ਵਾ:ਪ<br>ਫ | ਵਾ:ਬ<br>ਭ<br>ਵਾ:ਮ<br>ਯ<br>ਵਾ:ਰ | ਵਾ:ਲ<br>ੜ | | | | |

ੳ: ਪੰਜਾਬੀ ਵਰਣਮਾਲਾ (ਪੈਂਤੀ) ਦਾ ਪਹਿਲਾ ਸ੍ਵਰ ਅੱਖਰ ਊੜਾ, ਇਸ ਦਾ ਉੱਚਾਰਣ ਹੋਠਾਂ ਦੀ ਸਹਾਇਤਾ ਤੋਂ ਹੁੰਦਾ ਹੈ. ਊੜੇ ਤੋਂ (ੁ) (ੂ) (ੋ) ਅਤੇ (ੌ) ਮਾਤ੍ਰਾ (ਲਗਾਂ) ਬਣਦੀਆਂ ਹਨ.

ਉ: ਸੰ. उ. ਸੰਗਯਾ- ਬ੍ਰਹਮਾ। ੨. ਵਿਸ਼ਨੁ। ੩. ਸ਼ਿਵ। ੪. ਵ੍ਯ- ਅਸਚਰਜ. ਵਿਸਮਯ. ਹੈਰਾਨੀ।

੫. ਸੰਬੋਧਨ। ੬. ਭੀ. ਪੁਨਹ। ੭. ਪੁਰਾਣੀ, ਪੰਜਾਬੀ ਵਿੱਚ- ਉ- ਹੋੜੇ ਕਨੌੜੇ, ਮ- ਯ- ਵ ਅਤੇ ਵਾਉ (و) ਦੀ ਥਾਂ ਭੀ ਵਰਤਿਆ ਜਾਂਦਾ ਹੈ, ਜੈਸੇ ਕਰੋ ਦੀ ਥਾਂ ਕਰਉ, ਜਪੋ- ਜਪਉ, ਔਰ- ਅਉਰ, ਹੌਮੈ- ਹਉਮੈ, ਜੌ- ਜਉ, ਕਮਲ- ਕਉਲ, ਭ੍ਰਮਰ- ਭਉਰ, ਆਯੁਸ਼ਾ- ਆਉਖਾ, ਅਵਗੁਣ- ਅਉਗਣ, ਦੇਵ- ਦੇਉ, ਵਕਰ- ਉਕਰ, ਅਤੇ ਵੁਜੂ ਦੀ ਥਾਂ ਉਜੂ ਆਦਿ.

ਉਂ: ਵ੍ਯ- ਪ੍ਰਸ਼ਨ, ਕ੍ਰੋਧ, ਵਰਜਨ (ਹਟਾਉਣਾ) ਅਤੇ ਅਸਚਰਜ ਬੋਧਕ ਸ਼ਬਦ.

ਉਅਸਤੁਆ, ਉਅਸਤ੍ਵਾ: ਵਾ- ਊੜੇ ਅੱਖਰ ਕਰਕੇ ਹੈਂ ਤੂੰ. ਤੇਰੇ ਤਾਈਂ "ਉ" ਬੋਧਨ ਕਰਦਾ ਹੈ. (ਗਯਾ- ਨ) ਦੇਖੋ, ਉਕਾਰ ਸ਼ਬਦ ਵਿੱਚ ਇਸ ਦਾ ਪੂਰਾ ਅਰਥ.

ਉਆ: ਸਰਵ- ਉਸ. ਵਿਭਕ੍ਤੀ ਸਹਿਤ ਉਹ (ਵਹ) ਸ਼ਬਦ ਦਾ ਰੂਪ ਹੈ. "ਉਆ ਅਉਸਰ ਕੈ ਹਉ ਬਲਿਜਾਈ."

(ਸਾਰ ਮ ੫) "ਉਆ ਕਾ ਅੰਤ ਨਾ ਜਾਨੈ ਕੋਊ." (ਬਾਵਨ) "ਉਆ ਤੇ ਊਤਮੁ ਗਨਉ ਚੰਡਾਲਾ." (ਬਾਵਨ)

ਉਆਹਿ: ਉਸ ਦੇ. ਉਸ ਨੂੰ "ਉਆਹਿ ਜਪੇ ਬਿਨ ਉਬਰ ਨ ਹੋਊ." (ਬਾਵਨ)

ਉਇ: ਸਰਵ- ਉਹ. ਵਹ. "ਉਇ ਸੁਖ ਕਾਸਿਉ ਬਰਨ ਸੁਨਾਵਤ." (ਸਾਰ ਮ ੫) ੨. ਦੇਖੋ, ਓਇ.

ਉਸ: ਸਰਵ- ਇਹ ਵਿਭਕ੍ਤੀ ਸਹਿਤ ਉਹ (ਵਹ) ਸ਼ਬਦ ਦਾ ਰੂਪ ਹੈ. "ਉਸ ਊਪਰਿ ਹੈ ਮਾਰਗ ਮੇਰਾ." (ਸੂਹੀ ਫਰੀਦ) ੨. ਸਿੰਧੀ ਸੰਗਯਾ- ਧੁੱਪ. ਸੂਰਯ (ਸੂਰਜ) ਦਾ ਪ੍ਰਕਾਸ਼। ੩. ਸੰ. उषू, ਉਸ਼੍. ਧਾ- ਤਪਾਉਣਾ. ਜਲਾਉਣਾ. ਮਾਰਣਾ. ਇਸੇ ਤੋਂ ਉਸ਼੍ਟ੍ਰ, ਉਸ਼੍ਣ, ਉਸ਼੍ਣੀਸ਼ ਆਦਿ ਸ਼ਬਦ ਬਣਦੇ ਹਨ.

ਉਸਕਣਾ: ਦੇਖੋ, ਉਕਸਨਾ. ੨. ਉਸਾਸ (ਉਛਾਸ)

ਉਸਕਨਾ: ਲੈਣਾ, ਲੰਮਾ ਸਾਹ ਭਰਨਾ. ਠੰਢਾ ਸਾਹ ਲੈਣਾ.

ਉਸਗਾ: ਦੇਖੋ, ਅਸਗਾ.

ਉਸਟ: ਸੰ. उष्ट्र. ਸੰਗਯਾ- उष्- ਉਸ਼੍ ਧਾਤੁ ਦਾ ਅਰਥ ਹੈ ਤਪਾਉਣਾ, ਦਾਹ ਕਰਨਾ (ਜਲਾਉਣਾ), ਜੋ ਕਾਠ ਕਵਾੜ ਖਾਕੇ ਮੇਦੇ ਦੀ ਅੱਗ ਨਾਲ ਪਚਾ ਜਾਵੇ, ਉਹ ਉਸ੍ਟ੍ਰ ਹੈ. ਉੱਠ ਊਂਟ. ਊਠ. ਦੀਰਘਗ੍ਰੀਵ. ਫ਼ਾ. اشتر ਉਸ਼ਤੁਰ ਅਤੇ ਸ਼ੁਤਰ.[1] "ਤੁਰੇ ਉਸਟ ਮਾਇਆ ਮਹਿ ਭੇਲਾ." (ਭੈਰ ਕਬੀਰ) ਦੇਖੋ, ਕਰਹਲ. ੨. ਸੰ. ਓਸ਼੍ਠ. ਹੋਠ. ਬੁਲ੍ਹ "ਫਰਕੰਤ ਉਸਟ ਰੁ ਨੈਨ." (ਦੱਤਾਵ) ਕ੍ਰੋਧ ਨਾਲ ਫਰਕਦੇ ਹਨ ਹੋਠ ਅਰ ਨੇਤ੍ਰ. ਦੇਖੋ, ਓਸਟ. ਅਤੇ ਅਧੀ.

ਉਸਟਨ: ਸੰ. उत्सर्जन- ਉਤ੍ਸਰ੍ਜਨ. ਸੰਗਯਾ- ਸਿੱਟਣਾ. ਛੱਡਣਾ. "ਇਕ ਪਾਣੀ ਵਿਚ ਉਸਟੀਅਹਿ." (ਵਾਰ ਸੋਰ ਮਃ ੩) ਪਾਣੀ ਵਿੱਚ ਸੁੱਟੀਦੇ ਹਨ.

ਉਸਟਰ: ਦੇਖੋ ਉਸਟ.

ਉਸਟਰੁ ਨੈਨ: ਓਸ੍ਠ (ਹੋਠ) ਅਰੁ ਨੈਨ ਨੇਤ੍ਰ). ਦੇਖੋ, ਉਸਟ ੨.

ਉਸਟੀਅਹਿ: ਦੇਖੋ, ਉਸਟਨ.

---

[1] ਹਿੰਦੂਸ਼ਾਸਤ੍ਰਾਂ ਵਿੱਚ ਊਂਟ ਅਪਵਿਤ੍ਰ ਜੀਵ ਹੈ ਅਤੇ ਇਸ ਦੀ ਸਵਾਰੀ ਅਪਵਿਤ੍ਰਤਾ ਦਾ ਕਾਰਣ ਹੈ. ਦੇਖੋ, ਮਨੁ ਸਿਮ੍ਰਿਤਿ ਅਃ ੧੨. ਥਃ ੨੦੧ ਅਤੇ ਅਤ੍ਰਿ ਸਿਮ੍ਰਿਤਿ ਥਃ ੨੯੩, ਇਸਲਾਮ ਮਤ ਅਨੁਸਾਰ ਊਂਟ ਪਵਿਤ੍ਰ ਜੀਵ ਅਤੇ ਕੁਰਬਾਨੀ ਯੋਗ ਹੈ. ਦੇਖੋ, ਹੱਜ.

ਉਸਟੰਡ: ਸੰ. ਤਸ਼ਿਤਾਨ੍ਧ੍ਯ- ਉਸ਼ਿਤਾਂਧਯ. ਸੰਗਯਾ- ਅੰਧੇਰੇ ਵਿੱਚ ਬੈਠਣ ਦੀ ਕ੍ਰਿਯਾ. ਭਾਵ- ਬਿਨਾ ਵਿਚਾਰੇ ਕਿਸੇ ਕਰਮ ਦੇ ਕਰਨ ਦਾ ਹਠ। ੨. ਉਪਦ੍ਰਵ। ੩. ਨਿੰਦਾ। ੪. ਝਗੜਾ। ੫. ਸੰ. ਉੱਚੰਡ. ਵਿ- ਵਡਾ ਕ੍ਰੋਧੀ। ੬. ਕਈ ਇਸ ਦਾ ਮੂਲ 'ਉਸਟ- ਅੰਡ' ਮੰਨਦੇ ਹਨ. ਜਿਸ ਤਰ੍ਹਾਂ ਉੱਠ ਦਾ ਆਂਡਾ ਅਣਹੋਣੀ ਗੱਲ ਹੈ, ਤਿਵੇਂ ਅਸੰਭਵ ਬਾਤ.

ਉਸਟ੍ਰ. ਊਂਟ. ਸ਼ੁਤਰ. ਦੇਖੋ, ਉਸਟ.

ਉਸਟ੍ਰੀ: ਵਿ- ਊਂਟ ਨਾਲ ਸੰਬੰਧਿਤ. ਸ਼ੁਤਰੀ. ਦੇਖੋ, ਉਸਟ੍ਰੀ ਦਮਾਮਾ। ੨. ਸੰ. ਤਸ਼੍ਟ੍ਰ- ਉਸ੍ਟ੍ਰੀ. ਸੰਗਯਾ- ਊਂਟ ਦੀ ਮਦੀਨ. ਊਂਟਨੀ. ਊਠਨੀ.

ਉਸਟ੍ਰੀ ਦਮਾਮਾ: ਸੰਗਯਾ- ਸ਼ੁਤਰ ਉੱਪਰ ਰੱਖਕੇ ਬਜਾਉਣ ਵਾਲਾ ਨਗਾਰਾ. ਸ਼ੁਤਰੀ ਨੌਬਤ. "ਮਚੇ ਕੋਪ ਕੈਕੈ ਸੁ ਉਸਟ੍ਰੀ ਦਮਾਮੇ." (ਚਰਿਤ੍ਰ ੪੦੫)

ਉਸਤ: ਫ਼ਾ. است ਸੰਗਯਾ- ਨਿਤੰਬ. ਚਿੱਤੜ। ੨. ਫੈਂਕਣਾ. ਵਗਾਉਣਾ.

ਉਸਤਖਾਨ, ਉਸਤਖ਼੍ਵਾਨ: ਫ਼ਾ. استخوان ਸੰਗਯਾ- ਉਹ ਵਸਤੁ, ਜੋ ਭੋਜਨ ਕਰਦੇ ਸਿੱਟ ਦਿੱਤੀ ਜਾਵੇ, ਜੈਸੇ- ਮਾਸ ਦੀ ਹੱਡੀ ਅਤੇ ਫਲ ਦੀ ਗੁਠਲੀ ਆਦਿਕ. ਖਾਦਨ (ਖਾਣ) ਤੋਂ ਬਚੀ ਹੋਈ ਅਸਿਥ (ਹੱਡੀ "ਉਸਤਖਾਨ ਗੋਸ਼ਤ ਮਗਜ਼ਹਿ ਪੁਨ." (ਨਾਪ੍ਰ)

ਉਸਤਤ, ਉਸਤਤਿ: ਸੰ. ਸ੍ਤੁਤਿ. ਸੰਗਯਾ- ਤਾਰੀਫ (ਤਅ਼ਰੀਫ) ਵਡਿਆਈ. ਸ਼ਲਾਘਾ. "ਉਸਤਤਿ ਕਹਨੁ- ਨ ਜਾਇ ਮੁਖਹੁ ਤੁਹਾਰੀਆਂ." (ਫੁਨਹੇ ਮਃ ੫) ਦੇਖੋ, ਸ੍ਤੁ

ਉਸਤਤਿਵਜਾਜ ਨਿੰਦਾ: ਸੰ. ਸ੍ਤੁਤਿਵਜਾਜ ਨਿੰਦਾ. ਸੰਗਯਾ- ਵਡਿਆਈ ਦੇ ਬਹਾਨੇ ਨਿੰਦਾ ਕਰਨੀ। ੨. ਇੱਕ ਅਰਥਾਲੰਕਾਰ. ਦੇਖੋ, ਵਜਾਜਨਿੰਦਾ.

ਉਸਤਰਾ: ਫ਼ਾ. استرا ਉਸਤਰਾ. ਉਸਤੁਰਦਨ (ਮੁੰਡਨ) ਦਾ ਸੰਦ. ਪੱਛਣਾ. ਸੰ. ਕ੍ਸ਼ੁਰ.

ਉਸਤਵਾਰ: ਫ਼ਾ. استوار ਵਿ- ਦ੍ਰਿੜ. ਮਜ਼ਬੂਤ। ੨. ਈਮਾਨਦਾਰ. ਧਰਮ ਵਿੱਚ ਪੱਕਾ.

ਉਸਤਾ: ਫ਼ਾ. استا ਉਸ੍ਤਾ. ਪਾਰਸੀਆਂ ਦੇ ਧਰਮਗ੍ਰੰਥ ਜ਼ੰਦ ਦਾ ਟੀਕਾ. ਇਸ ਨੂੰ ਅਨੇਕ ਲੇਖਕ ਅਵੇਸ੍ਤਾ ਕਹਿੰਦੇ ਹਨ, ਅਤੇ ਇਕੱਠਾ ਸ਼ਬਦ "ਜ਼ੰਦ ਉਸ੍ਤਾ" ਪਦ ਆਉਂਦਾ ਹੈ. ਦੇਖੋ. ਜੰਦ ੩। ੨. ਉਸਤਾਦ ਸ਼ਬਦ ਦਾ ਸੰਖੇਪ.

ਉਸਤਾਦ: ਫ਼ਾ. استاد ਸੰਗਯਾ- ਅਧ੍ਯਾਪਕ. ਸਿਖ੍ਯਾ ਦੇਣ ਵਾਲਾ। ੨. ਭਾਵ- ਸਤਿਗੁਰ ਨਾਨਕ. "ਤਿਨ ਉਸਤਾਦ ਪਨਾਹਿ." (ਵਾਰ ਮਾਰੂ ੨. ਮਃ ੫)

ਉਸ਼ਤਰ: ਦੇਖੋ ਉਸਟ.

ਉਸਤੋਤ੍ਰ: ਸੰ. ਸ੍ਤੋਤ੍ਰ. ਸੰਗਯਾ- ਉਸਤਤਿ. ਤਾਰੀਫ਼। ਪ੍ਰਸ਼ੰਸਾ। ੨. ਉਸਤਤਿ ਦਾ ਛੰਦ. ਦੇਖੋ, ਸ੍ਤੁ. ਪੰਜਾਬੀ ਵਿੱਚ ਇਸ ਦਾ ਉੱਚਾਰਣ ਅਸਤੋਤ੍ਰ ਭੀ ਹੈ.

ਉਸਨ: ਸੰ. ਤਸ਼੍ਣ- ਉਸ੍ਣ. ਵਿ- ਤੱਤਾ. ਗਰਮ। ੨. ਸੰਗਯਾ- ਗਰਮ ਰੁੱਤ. ਗਰਮੀ. ਗ੍ਰੀਖਮ. "ਉਸਨ ਸੀਤ ਕਰਤਾ ਕਰੈ" (ਬਿਲਾ ਮ ਃ ੫) ੩. ਗਠਾ. ਪਿਆਜ਼. ਰੁਪੱ। ੪. ਪੁਰਾਣਾਂ ਅਨੁਸਾਰ ਇੱਕ ਖ਼ਾਸ ਨਰਕ ੫. ਅਗਨਿ। ੬. ਸੂਰਜ। ੭. ਫੁਰਤੀਲਾ। ਆਲਸ ਰਹਿਤ। ਦੇਖੋ, ਉਸ ੩.

ਉਸਨਕ: ਸ. ਤਸ਼੍ਣਕ. ਵਿ- ਫਰਤੀਲਾ. ਚਾਲਾਕ। ੨. ਗਰਮ ਕਰਨ ਵਾਲਾ. ਤਾਪਕ

ਉਸਨਤਾਪ: ਸੰ. ਤਸ਼੍ਣਤਾਧ. ਉਸ਼੍ਣਤਾਪ. ਸੰਗਯਾ- ਪਿੱਤਜ਼ਰ ਗਰਮੀ ਤੋਂ ਹੋਇਆ ਤਾਪ, ਪਿੱਤ ਦੇ ਵਿਕਾਰ ਤੋਂ ਹੋਇਆ ਬੁਖਾਰ

حمی صفراوی Bilious fever ਮੇਦੇ ਅਤੇ ਜਿਗਰ ਵਿੱਚ ਵਿਕਾਰ ਹੋਣ ਤੋਂ ਸਰੀਰ ਦੀ ਕੁਦਰਤੀ ਗਰਮੀ ਆਪਣੀ ਮਰਯਾਦਾ ਤੋਂ ਲੰਘਕੇ ਲਹੂ ਵਿੱਚ ਜੋਸ਼ ਪੈਦਾ ਕਰ ਦਿੰਦੀ ਹੈ, ਜਿਸਤੋਂ ਖੂਨ ਤਪ ਜਾਂਦਾ ਹੈ, ਨੇਤ੍ਰਾਂ ਵਿੱਚ ਦਾਹ ਹੁੰਦਾ ਹੈ, ਨੀਂਦ ਨਹੀਂ ਆਉਂਦੀ, ਮੂੰਹ ਕੰਠ ਨੱਕ ਵਿੱਚ ਸੋਜ ਅਥਵਾ ਜਲਨ ਨਾਲ ਖੁਸ਼ਕੀ ਹੁੰਦੀ ਹੈ, ਜੀ ਮਤਲਾਉਂਦਾ ਹੈ, ਮੂੰਹ ਦਾ ਸੁਆਦ ਕੌੜਾ ਹੁੰਦਾ ਹੈ, ਪੇਸ਼ਾਬ ਦਾ ਰੰਗ ਬਹੁਤ ਪੀਲਾ ਹੋ ਜਾਂਦਾ ਹੈ, ਪਿਆਸ ਬਹੁਤ ਲੱਗਦੀ ਹੈ ਅਤੇ ਸਿਰ ਪੀੜ ਹੰਦੀ ਹੈ।

ਇਸ ਰੋਗ ਵਿੱਚ ਪਹਿਲਾਂ ਕਬਜ ਹਟਾਉਣ ਦਾ ਯਤਨ ਕਰਨਾ ਚਾਹੀਏ, ਫੇਰ ਕੜੂ, ਨਾਗਰਮੋਥਾ, ਇੰਦ੍ਰ ਜੌਂ, ਕਾਯਫਲ, ਪਾਠਾ, ਇਹ ਦਵਾਈਆਂ ਸਭ ਬਰੋਬਰ ਲੈ ਕੇ ਬਰੀਕ ਕੁੱਟਕੇ, ਪਾਉ ਭਰ ਪਾਣੀ ਵਿੱਚ ਇੱਕ ਤੋਲਾ ਪਾਕੇ ਉਬਾਲ ਲਈਏ, ਜਦ ਅੱਧਾ ਪਾਣੀ ਰਹਿ ਜਾਵੇ ਤਾਂ ਇਕ ਤੋਲਾ ਮਿਸ਼ਰੀ ਮਿਲਾਕੇ ਛਾਣਕੇ ਰੋਗੀ ਨੂੰ ਪਿਲਾਉਣ ਤੋਂ ਉਸਨਤਾਪ ਦੂਰ ਹੋ ਜਾਂਦਾ ਹੈ।

ਅਥਵਾ- ਪਿੱਤਪਾਪੜਾ, ਬਾਂਸਾ, ਕੜੂ, ਚਰਾਇਤਾ, ਧਨੀਆਂ, ਮਹਿੰਦੀ, ਇੱਕੋ ਜਿਤਨੀਆਂ ਕੁੱਟਕੇ ਸਵਾ ਤੋਲਾ ਲੈ ਕੇ ਪਾਉ ਪਾਣੀ ਵਿਚ ਉਬਾਲਾ ਦੇਕੇ ਅੱਧਾ ਪਾਣੀ ਰਹਿਣ ਤੋਂ ਤੋਲਾ ਮਿਸ਼ਰੀ ਮਿਲਾਕੇ ਛਾਣਕੇ ਪਿਆਉਣਾ ਗੁਣਕਾਰੀ ਹੈ.

ਉਸਨਤਾਪ ਵਿੱਚ ਸ਼ਰਬਤ ਆਲੂਬੁਖਾਰਾ, ਸ਼ਰਬਤ ਇਮਲੀ, ਸ਼ਰਬਤ ਬਨਫਸ਼ਾ ਅਤੇ ਸ਼ਰਬਤ ਨੀਲੋਫਰ ਵਰਤਣੇ ਹੱਛੇ ਹਨ. ਇਸ ਰੋਗ ਵਾਲੇ ਨੂ ਗਰਮ ਮਸਾਲੇ, ਗਰਮ ਅਚਾਰ ਅਤੇ ਸ਼ਰਾਬ ਆਦਿ ਤੋਂ ਬਚਣਾ ਚਾਹੀਏ. "ਸੀਤਲ ਜੂਰ ਅਰੁ ਉਸਨਤਾਪ ਭਨ। ਛਈ ਰੋਗ ਅਰੁ ਸੰਨਿਪਾਤ ਗਨ ॥" (ਚਰਿਤ੍ਰ ੪੦੫) ੨. ਧੁੱਪ ਅਤੇ ਗਰਮੀ ਤੋਂ ਹੋਇਆ ਤਾਪ ਭੀ ਉਸਨਤਾਪ ਸੱਦੀਦਾ ਹੈ. Sun- stroke.

ਉਸਨਾ: ਸੰ. उशना- ਉਸ਼ਨਾ. ਕ੍ਰਿ. ਵਿ- ਖੁਸ਼ੀ ਨਾਲ। ੨. ਛੇਤੀ. ਫ਼ੌਰਨ। ੩. ਸੰਗਜਾ- उशनस्. ਸ਼ੁਕ੍ਰਾਚਾਰਯ. ਦੈਤਾਂ ਦਾ ਗੁਰੂ. ਦੇਖੋ, ਸ਼ੁਕ੍ਰ.

ਉਸਨਾਕ: ਅ਼. حسنات ਹ਼ਸਨਾਤ. ਬਹੁ ਵਚਨ ਹ਼ਸਨਤ ਦਾ. ਨੇਕੀਆਂ. ਸ਼ੁਭ ਗੁਣ। ੨. ਵਿ- ਨੇਕੀਆਂ ਦੇ ਧਾਰਨ ਵਾਲਾ. ਸ਼ੁਭ ਗੁਣਾਂ ਕਰਕੇ ਭਰਪੂਰ "ਕੰਤ ਸੁਘੜ ਉਸਨਾਕ." (ਨਾਪ੍ਰ) ੩. ਫਾ. ਹੁਸਨ- ਨਾਕ. ਸੁੰਦਰ ਦੇਖੋ, ਹੁਸਨਾਕ। ੪. ਹੋਸ਼ਨਾਕ. ਚਤੁਰ. ਦਾਨਾ। ੫. ਦੇਖੋ, ਉਸਨਕ.

ਉਸਨਾਕ: ਸਿੰਘ. ਸਰਹਿੰਦ ਨਿਵਾਸੀ ਦਸ਼ਮੇਸ਼ ਦਾ ਹਜੂਰੀ ਸੇਵਕ, ਜੋ ਸਤਿਗੁਰੂ ਦਾ ਚੌਰਬਰਦਾਰ ਸੀ. ਦੇਖੋ, ਉਸਨਾਕ.

ਉਸਨੀਸ, ਉਸਨੀਕ: ਸੰ. उष्णीष ਉਸ਼ਣੀਸ਼ ਸੰਗਜਾ- ਉਸ਼ਣ (ਸੰਤਾਪ) ਈਸ਼ (ਮਿਟਾਉਣਾ), ਜੋ ਸਿਰ ਨੂੰ ਧੁੱਪ ਆਦਿ ਤੋਂ ਬਚਾਵੇ, ਤਾਜ. ਮੁਕਟ। ੨. ਪੱਗ. ਸਰਬੰਦ. "ਸਿਰ ਪੈ ਉਸਨੀਕਹਿ ਨੀਕ ਬਨਾਈ." (ਨਾਪ੍ਰ)

ਉਸਮਾਨ: عثمان ਉਸਮਾਨ. ਦੇਖੋ, ਖ਼ਲੀਫ਼ਾ

ਉਸ਼ਰ: ਅ਼. عشر ਦਸਵਾਂ ਹਿੱਸਾ. ਦਸਵੰਧ।

੨. ਜ਼ਮੀਨ ਦੀ ਆਮਦਨ ਵਿੱਚੋਂ ਰਾਜੇ ਨੂੰ ਦਿੱਤਾ ਦਸਵਾਂ ਭਾਗ.

ਉਸਰਈਆ: ਉਸਾਰਦਾ ਹੈ. ਦੇਖੋ, ਉਸਾਰਣਾ. "ਜਿਉ ਬਾਲਕ ਬਾਲੂਘਰ ਉਸਰਈਆ." (ਬਿਲਾ ਅਃ ਮਃ ੪) ੨. ਸੰਗਜਾ- ਉਸਾਰੀ. ਚਿਣਾਈ। ੩. ਵਿ- ਉਸਾਰਨ (ਚਿਣਨ) ਵਾਲਾ.

ਉਸ਼ਾ: ਦੇਖੋ, ਊਖਾ ੩.

ਉਸਾਸ, ਉਸਾਸਾ: ਸੰ. उच्छ्वास- ਉਛ੍ਵਾਸ ਸੰਗਜਾ- ਠੰਢਾ ਸਾਹ. ਲੰਮਾ ਸਾਹ. ਹਾਹੁਕਾ. "ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ." (ਸ. ਕਬੀਰ)

"ਪੰਥ ਨਿਹਾਰੈ ਕਾਮਿਨੀ ਲੋਚਨ ਭਰੀਲੇ ਉਸਾਸਾ". (ਗਉ ਕਬੀਰ)

ਉਸਾਹ: ਸੰ. उतसाह. ਉਤਸਾਹ. ਸੰਗਜਾ- ਹੌਸਲਾ. ਹਿੰਮਤ। ੨. ਉੱਦਮ.

ਉਸਾਹੀ: ਸੰ. उत्साहित ਉਤਸ਼ਾਹੀ ਵਿ- ਹੌਸਲੇ ਵਾਲਾ ਹਿੰਮਤੀ। ੨. ਉਦੱਮੀ।

ਉਸਾਣ: ਸੰ. ਅਵਸਾਨ. ਸੰਗਜਾ- ਅੰਤ। ੨. ਪਰਿਣਾਮ. ਫਲ. ਨਤੀਜਾ। ੩. ਹੋਸ਼. ਸ਼ੁਧ। ੪. ਅੰਸਾਨ. ਵੇਲੇ ਸਿਰ ਉਪਾਉ (ਉਪਾਯ) ਸੁੱਝਣਾ.

ਉਸਾਰਣਾ, ਉਸਾਰਣੁ: ਸੰ. उत- सृज़ ਉਤ- ਸ੍ਰਿਜ. उत्सर्जन. ਸੰਗਜਾ- ਬਣਾਉਣਾ. ਰਚਣਾ। ੨. ਚਿਣਨਾ. "ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ." (ਓਅੰਕਾਰ)

ਉਸਾਰੀ: ਸੰਗਜਾ- ਚਿਣਾਈ. ਇਮਾਰਤ. ਦੇਖੋ, ਉਸਾਰਣਾ.

ਉਸਾਰੂ: ਵਿ- ਉਸਾਰਣ ਵਾਲਾ, ਉਤਸ੍ਰਿਜਨ ਕਰਤਾ.

ਉਸਾਰੇਂਦੇ: ਕ੍ਰਿ. ਵਿ- ਉਸਾਰਦੇ. ਚਿਣਾਈ ਕਰਦੇ। ੨. ਵਿ- ਉਸਾਰਣ ਵਾਲੇ. "ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ." (ਸ. ਫਰੀਦ)

ਉਸਿ: ਉਸ ਨੂੰ. ਉਸ ਪ੍ਰਤਿ ਦੇਖੋ, ਉਸ. "ਤੈਸਾ ਸੁਵਰਣ ਤੈਸੀ ਉਸਿ ਮਾਟੀ." (ਸੁਖਮਨੀ)

ਉਸ਼ੀਨਰ: ਸੰ. ਸੰਗਜਾ- ਉਸ਼ੀ (ਇੱਛਾ) ਪੂਰਣ ਕਰਨ ਵਾਲੇ ਨਰ ਰਹਿੰਦੇ ਹਨ ਜਿਸ ਵਿੱਚ ਗਾਂਧਾਰ ਦੇਸ਼। ੨. ਰਾਜਾ ਮਹਾਮਨਾ ਦਾ ਪੁਤ੍ਰ ਅਤੇ ਸ਼ਿਵੀ ਦਾ ਪਿਤਾ ਇੱਕ ਚੰਦ੍ਰਵੰਸ਼ੀ ਰਾਜਾ.[2] "ਗਯੋ ਉਸੀਨਰ ਭੂਪਤਿ ਪਾਸ." (ਗੁਪ੍ਰਸੂ) ਦੇਖੋ, ਗਾਲਵ.

ਉਸ਼ੀਰ: ਸੰ. ਸੰਗਜਾ- ਖ਼ਸ. ਪੰਨ੍ਹੀ ਦੀ ਜੜ੍ਹ, ਜੋ ਸੁਗੰਧ- ਵਾਲੀ ਹੁੰਦੀ ਹੈ. ਇਸ ਦੇ ਪੱਖੇ ਅਤੇ ਟੱਟੀਆਂ ਬਣਦੀਆਂ ਹਨ. ਇਸਤੋਂ ਅਤਰ (ਇ਼ਤ਼ਰ) ਭੀ ਤਿਆਰ ਕੀਤਾ ਜਾਂਦਾ ਹੈ. ਅਨੇਕ ਦਵਾਈਆਂ ਵਿੱਚ ਭੀ ਖ਼ਸ ਵਰਤੀਦੀ ਹੈ. ਦੇਖੋ, ਖਸ.

ਉਸੁ: ਦੇਖੋ, ਉਸ. "ਉਸੁ ਅਸਥਾਨ ਕਾ ਨਹੀ ਬਿਨਾਸ." (ਸੁਖਮਨੀ)

ਉਸੂਲ: ਅ਼. اصُوُل ਅਸਲ ਦਾ ਬਹੁ ਵਚਨ. ਸੰਗਜਾ- ਨਿਯਮ. ਨੇਮ। ੨. ਸਿਧਾਂਤ. ਨਤੀਜਾ। ੩. ਜੜ. ਮੂਲ.

ਉਸੇਈ: ਦੇਖੋ, ਉਸੇਨਾ.

ਉਸੇਸ: ਸੰ. उच्छ्वास. ਉਛ੍ਵਾਸ. ਸੰਗਜਾ- ਹਾਹੁਕਾ. ਠੰਢਾ ਸਾਹ. "ਨਰੇਸ ਜੀ ਉਸੇਸ ਲੀ." (ਰਾਮਾਵ) ਰਾਜਾ ਦਸ਼ਰਥ ਨੇ ਠੰਢਾ ਸਾਹ ਲੀਤਾ.

ਉਸੇਨਾ: ਉਸ਼੍ਣ (ਤੱਤਾ) ਕਰਨਾ. ਤਪਾਉਣਾ. ਸੇਕਣਾ। ੨. ਰਿੰਨ੍ਹਣਾ. ਉਬਾਲਨਾ. "ਬਿੰਜਨਾਦਿ ਭੂਨੇ ਭੀਜੇ ਪੀਸੇ ਔ ਉਸੇਈ ਬਿਬਿਧਾਨੀਐ." (ਭਾਗੁ ਕ) ਭੁੱਜੇ, ਭਿੱਜੇ, ਪੀਠੇ, ਉਬਾਲੇ ਆਦਿਕ ਭੋਜਨ ਨਾਨਾ ਪ੍ਰਕਾਰ ਦੇ.

ਉਸ੍ਟ੍ਰ: ਦੇਖੋ, ਉਸਟ.

ਉਸ੍ਤੁਤਿ: ਦੇਖੋ, ਉਸਤਤਿ "ਕਵਨ ਬਿਧਿ ਉਸ੍ਤੁਤਿ ਕਰੀਐ?" (ਸਵੈਯੇ ਸ੍ਰੀਮੁਖਵਾਕ ਮਃ ੫)

ਉਹ: ਸਰਵ- ਵਹ. ਓਹ. "ਉਹ ਤਉ ਭੂਤ ਭੂਤ ਕਰਿ ਭਾਗੀ." (ਸੂਹੀ ਰਵਿਦਾਸ) ੨. ਵਜ- ਸ਼ੋਕ. ਅਸਚਰਜ ਅਤੇ ਭੈ ਬੋਧਕ ਸ਼ਬਦ। ੩. ਕਿਸੇ ਚੀਜ ਵੱਲ ਇਸ਼ਾਰਾ ਕਰਕੇ ਸੰਬੋਧਨ.

ਉਹਦਾ: ਅ਼. عُہدہ ਉਹਦਾ. ਸੰਗਜਾ- ਪਦਵੀ. ਅਧਿਕਾਰ. ਰੁਤਬਾ। ੨. ਜਿੱਮੇਦਾਰੀ.

ਉਹਦਾਦਾਰ, ਉਹਦੇਦਾਰ: ਫ਼ਾ. عُہدہدار ਉਹਦਹਦਾਰ. ਸੰਗਜਾ- ਅਧਿਕਾਰ (ਪਦਵੀ) ਰੱਖਣ ਵਾਲਾ. ਦੇਖੋ, ਉਹਦਾ.

---

[2] ਉਸ਼ਨਾਰ ਦਾ ਰਥ ਬਾਬਤ ਦੇਖੋ, ਮਹਾਂਭਾਰਤ ਦਾ ਵਨ ਪਰਵ ਅਃ ੧੩੧

ਊਹਾਂ: ਉਸ ਥਾਂ ਉੱਥੇ, ਦੇਖੋ, ਊਹਾਂ.

ਊਹੀ: ਸਰਵ- ਵਹੀ ਓਹੀ. "ਜਹਿ ਦੇਖੋ, ਊਹੀ ਹੈ" (ਚੰਡੀ ੧) "ਊਹੀ ਪੀਓ ਊਹੀ ਖੀਓ." (ਗਉ ਮਃ ੫)

ਊਹੀਂ: ਓਥੇ ਹੀ, ਦੇਖੋ, ਊਹਾਂ.

ਊਹੁ: ਵਹ. ਦੇਖੋ, ਉਹ. "ਊਹੁ ਸਾਕਤੁ ਬਪੁਰਾ ਮਰਿ- ਗਇਆ." (ਸ. ਕਬੀਰ)

ਉਕਸਣਾ, ਉਕਸਨਾ: ਸੰ. उत्कर्षण ਉਤਕਸ਼ੰਣ ਕ੍ਰਿ- ਉਭਰਨਾ. ਉੱਪਰ ਨੂੰ ਉੱਠਣਾ. "ਗੁਰੁ ਕੇ ਸਰ ਜਿਨ ਕੇ ਲਗੇ ਨਹਿ ਉਕਸਨ ਪਾਏ." (ਗੁਪ੍ਰਸੂ) ੨. ਭੜਕਣਾ ਚਮਕਣਾ। ੩. ਸਿਰ ਚੁੱਕਣਾ.

ਉਕਸਾਉਟ: ਸੰਗਯਾ- ਭੜਕਾਉ. ਸੀਖਤ. ਦੇਖੋ, ਉਕਸਣਾ.

ਉਕਸਾਉਣਾ: ਕ੍ਰਿ- ਉਠਾਉਣਾ, ਉਭਾਰਨਾ. ਚੁੱਕਣਾ। ੨. ਭੜਕਾਉਣਾ. ਦੇਖੋ, ਉਕਸਣਾ.

ਉਕਸਾਵਟ: ਦੇਖੋ, ਉਕਸਾਉਟ.

ਉਕਤ: ਸ. ਉਕ੍ਤ. ਵਿ- ਕਹਿਆ ਹੋਇਆ. ਕਥਿਤ. "ਸਗਲ ਉਕਤ ਉਪਾਵਾ." (ਸ੍ਰੀ ਅ:ਮਃ ੫) ਉੱਪਰ ਕਹੇ ਸਾਰੇ ਜਤਨ। ੨. ਸੰ. उक्थ- ਉਕ੍ਥ. ਸੰਗਯਾ- ਪ੍ਰਾਣ। ੩. ਕਥਨ. ਬਯਾਨ. "ਹਾਰਿਓ ਉਕਤੇ ਤਨ ਖੀਨਸੁਆ." (ਗਉ ਮਃ ੫) ਬੋਲਣੋਂ ਹਾਰ ਗਿਆ.

ਉਕਤਾ: ਸੰਗਯਾ- ਉਕ੍ਤਿ ਕਰਣ ਵਾਲਾ. ਵਕਤਾ। ੨. ਕਵਿ.

ਉਕਤਾਉਣਾ: ਕ੍ਰਿ- ਉਕਿਤ ਕਰਣ ਤੋਂ ਰਹਿ ਜਾਣਾ, ਕਹਣ ਤੋਂ ਬੰਦ ਹੋਣਾ। ੨. ਉੱਚਾਟ ਹੋਣਾ. ਮਨ ਦੀ ਲਗਨ ਨਾਰਹਿਣੀ। ੩. ਥੱਕਣਾ. "ਪਾਛੈ ਬੋਝ ਉਕਤਾਵਈ." (ਭਾਗੁ ਕ)

ਉਕਤਾਣਾ, ਉਕਤਾਨਾਂ: ਵਿ- ਤਾਣ (ਬਲ) ਰਹਿਤ, ਕਮਜ਼ੋਰ। ੨. ਘੱਟ ਨਜਰ ਵਾਲਾ. "ਕਿਤੜੇ ਰਤੀਆਂਨੇ ਉਕਤਾਣੇ" (ਭਾਗੁ) ਕਈ ਅੰਧਰਾਤੇ ਵਾਲੇ ਅਰ ਅਨੇਕ ਕਮਜ਼ੋਰ ਦ੍ਰਿਸ਼੍ਟੀ ਵਾਲੇ। ੩. ਥੱਕਿਆ ਹੋਇਆ। ੪. ਉਦਾਸੀਨ. ਉਪਰਾਮ। ੫. ਕ੍ਰਿ- ਥਕ ਜਾਣਾ। ੬. ਘਬਰਾਉਣਾ.

ਉਕਤਿ: ਸੰ. ਉਕ੍ਤਿ. ਸੰਗਯਾ- ਕਥਨ. ਵਚਨ। ੨. ਅਣੋਖਾ ਵਾਕ. "ਉਕਤਿ ਸਿਆਨਪ ਕਿਛੂ ਨ ਜਾਨਾ" (ਆਸਾ ਮਃ ੫) ੩. ਸੰ. ਯੁਕਿਤ. ਸੰਗਯਾਦਲੀਲ. ਤਜਵੀਜ਼. "ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ." (ਧਨਾ ਮਃ ੫)

ਉਕਤਿਬਿਲਾਸ, ਉਕਤਿਵਿਲਾਸ: ਦਸਮਗ੍ਰੰਥ ਵਿੱਚ ਦੁਰਗਾ ਸਪਤਸ਼ਤੀ ਦਾ ਸੁਤੰਤ੍ਰ ਉਲਥਾ ਰੂਪ ਪਹਿਲਾਂ ਚੰਡੀਚਰਿਤ੍ਰ, ਜਿਸ ਦੀ ਰਚਨਾ ਵਿੱਚ ਅਨੇਕ ਮਨੋਹਰ ਉਕਿਤ ਯੁਕਿਤ ਦਾ ਚਮਤਕਾਰ ਹੈ. ਇਸ ਦੇ ਮੁੱਢ ਪਾਠ ਹੈ:-

ਅਬ ਚੰਡੀ ਚਰਿਤ੍ਰ ਉਕਤਿ ਬਿਲਾਸ."

ਉਕਥ: ਦੇਖੋ, ਉਕਤ ੨.

ਉਕਰ: ਅ਼. وقر ਵਕਰ ਸੰਗਯਾ- ਵਜ਼ਨ, ਬੋਝ ੨. ਵਜ਼ਨਦਾਰੀ. ਭਾਵ- ਮਾਨ. "ਉਕਰ ਆਪਨੋ ਕਯੋਂ- ਕਰ ਖੋਵਹਿ." (ਗੁਪ੍ਰਸੂ) ੩. ਬਜ਼ੁਰਗੀ. ਵਡਿਆਈ। ੪. ਫੈਲਾਉਣਾ. ਪਸਾਰਣਾ। ੫. ਦੇਖੋ, ਉਕਰਣਾ.

ਉਕਰਣਾ: ਸੰ. उत्कर्त्तन ਉਤਕਰ੍ਤੰਨ. ਕ੍ਰਿ- ਵੱਢਣਾ.

ਉਕਰਨਾ: ਟੁੱਕਣਾ। ੨. ਖੋਦਣਾ. ਉੱਕਰਣਾ.

ਉਕਲੇਦ: ਸੰ. उत्क्लेद. ਉਤਕ੍ਲੇਦ. ਸੰਗਯਾ- ਵਮਨ. ਡਾਕੀ. ਕਯ. ਜਿਸ ਤੋਂ ਕਲੇਦ (ਪਸੀਨਾ) ਆ ਜਾਵੇ.

ਉਕੜਨਾ: ਕ੍ਰਿ- ਝੁਕਣਾ। ੨. ਲਪਕਨਾ, ਝਪਟਨਾ.

ਉਕਾਈ: ਸੰਗਯਾ- ਭੁੱਲ. ਚੂਕ. ਖ਼ਤਾ.

ਉਕਾਸਣਾ, ਉਕਾਸਨਾ: ਦੇਖੋ, ਉਕਸਣਾ. "ਸੀਸ ਉਕਾਸੈ ਊਪਰਿ ਜੋਇ." (ਗੁਪ੍ਰ ਸੂ)

ਉਕਾਬ: ਅ਼. عقاب ਸੰਗਯਾ- ਅ਼ਕ਼ਬ (ਪਿੱਛਾ) ਕਰਣ ਵਾਲਾ ਇੱਕ ਸ਼ਿਕਾਰੀ ਪੰਛੀ, ਜੋ ਬਾਜ ਤੋਂ ਵੱਡਾ ਅਤੇ ਗਿਰਝ ਤੋਂ ਛੋਟਾ ਕਾਲੀ ਅੱਖ ਵਾਲਾ ਹੁੰਦਾ ਹੈ। Eagle. ਇਹ ਵਿਦੇਸ਼ੀ ਪੰਛੀ ਹੈ, ਪੰਜਾਬ ਵਿੱਚ ਆਂਡੇ ਨਹੀਂ ਦਿੰਦਾ. ਇਸ ਦਾ ਸਿਰ ਵਡਾ ਅਤੇ ਪੰਜੇ ਭਾਰੀ ਹੁੰਦੇ ਹਨ. ਉਕਾਬ ਲੂੰਬੜ ਅਤੇ ਸਹੇ ਨੂੰ ਅਸਾਨੀ ਨਾਲ ਮਾਰ ਲੈਂਦਾ ਹੈ. ਜਦ ਬਾਜ਼ ਆਦਿ ਸ਼ਿਕਾਰੀ ਪੰਛੀਆਂ ਨੂੰ ਸ਼ਿਕਾਰ ਮਾਰਦਾ ਦੇਖਦਾ ਹੈ, ਤਾਂ ਉਨ੍ਹਾਂ ਉਤੇ ਝਪਟਦਾ ਅਤੇ ਸ਼ਿਕਾਰ ਖੋਹ ਲੈ ਜਾਂਦਾ ਹੈ. ਗੁਲਾਬ ਦੀ ਸੁਗੰਧ ਤੋਂ ਇਹ ਬਹੁਤ ਚਲਦਾ ਹੈ ਅਤੇ ਨੇੜੇ ਨਹੀਂ ਫਟਕਦਾ. ਜਿਸ ਥਾਂ ਇਸ ਦੇ ਖੰਭੇ ਜਲਾਏ ਜਾਣ ਉਸਥਾਂ ਸੱਪ ਨਹੀਂ ਆਉਂਦਾ. ਪੁਰਾਣੇ ਸਮੇਂ ਇਸਦੇ ਖੰਭ ਭੀ ਤੀਰਾਂ ਵਿੱਚ ਜੜੇ ਜਾਂਦੇ ਸਨ. ਦੇਖੋ, ਸ਼ਿਕਾਰੀ ਪੰਛੀ.

ਉਕਾਰ: ਸੰਗਯਾ- ਊੜਾ ਅੱਖਰ। ੨. ਊੜੇ ਅੱਖਰ ਦਾ ਉੱਚਾਰਣ। ੩. ਓਅੰਕਾਰ. "ਉਅਸਤੁਆ ਉਕਾਰੰ" (ਗਯਾਨ) ਉ- ਆਸ੍ਰਿ- ਤੂ- ਓਅੰਕਾਰ. ਉ- ਓਅੰਕਾਰ- ਤ੍ਵਮਸਿ. ਊੜੇ ਦ੍ਵਾਰਾ ਤੂੰ ਓਅੰਕਾਰ ਰੂਪ ਕਹਿਆ ਜਾਂਦਾ ਹੈ। ੪. ਪਾਰਬ੍ਰਹਮ. ਕਰਤਾਰ. "ਜੰਜਾਰ ਉਕਾਰ ਪ੍ਰਕਾਸ਼ ਮਿਟੈ" (ਨਾਪ੍ਰ) ਓਅੰਕਾਰ ਦੇ ਗਯਾਨ ਕਰਕੇ ਬੰਧਨ ਮਿਟਦਾ ਹੈ। ੫. ਸਾਕਾਰ. ਸਗੁਣ ਰੂਪ. ਦੇਖੋ, ਉਕਾਰਸ.

ਉਕਾਰਸ: ਵਾ- ਆਕਾਰ ਸਹਿਤ ਹੈ. ਸਗੁਣ ਰੂਪ ਹੈ. "ਕਿ ਉਕਾਰਸ, ਕਿ ਨਿਕਾਰਸ." (ਗਯਾਨ) ਆਕਾਰ ਸਹਿਤ ਹੈ ਅਤੇ ਨਿਰਾਕਾਰ ਹੈ.

ਉਕਾਲ: ਸੰਗਯਾ- ਦੁਕਾਲ. ਦੁਰਭਿੱਛ. ਕਹਿਤ। ੨. ਅਭਾਵ. ਨਾਸ਼. "ਤ੍ਰੇਤੈ ਚਉਥੇ ਚਰਣ ਉਕਾਲਾ." (ਭਾਗੁ)

ਉਕੇਰਾ: ਸੰਗਯਾ- ਉੱਕਰਣ ਵਾਲਾ. ਖੋਦਣਵਾਲਾ. ਟਕਾਈ ਦਾ ਕੰਮ ਕਰਨ ਵਾਲਾ। ੨. ਵਿ- ਉੱਕਰਿਆ. "ਸਿਲਪਿਨ ਚਿਤ੍ਰ ਵਿਸਾਲ ਉਕੇਰਾ." (ਗੁਪ੍ਰਸੂ) ਸੰਗ- ਤਰਾਸ਼ਾਂ ਨੇ ਵਡਾ ਵੇਲ ਬੂਟਾ ਉੱਕਰਿਆ. ਦੇਖੋ, ਸਿਲਪ ਅਤੇ ਸਿਲਪੀ.

ਉੱਕਣਾ: ਕ੍ਰਿ- ਭੁੱਲਣਾ. ਚੁੱਕਣਾ. ਖ਼ਤਾ ਕਰਨੀ.

ਉੱਕੜ: ਵਿ- ਉੱਕ ਜਾਣਾ ਵਾਲਾ. ਭੁੱਲੜ. "ਗੁਰੁ ਤੇ ਉੱਕੜ ਚੇਲਾ." (ਭਾਗੁ)

ਉੱਕਾ: ਇਕ੍ਰ. ਵਿ- ਮੂਲੋਂ ਮੁੱਢੋਂ ਬਿਲਕੁਲ। ੨. ਵਿ- ਸਮੁੱਚੇ (ਸਮੁੱਚਯ) ਇਕੱਠਾ.

ਉਕ੍ਤ: ਦੇਖੋ, ਉਕਤ.

ਉਕ੍ਤਨਿਮਿੱਤਾ: ਦੇਖੋ, ਵਿਸ਼ੇਸ਼ੋਕਿਤ (ਅ)

ਉਕ੍ਤਿ: ਦੇਖੋ, ਉਕਤਿ.

ਉਖਲ, ਉਖਲੀ: ਸੰ. ਉਲੂਖਲ. ਸੰਗਯਾ- ਆਕਾਸ਼ ਵੱਲ ਹੋਵੇ ਮੁਖ ਜਿਸ ਦਾ. ਕਾਠ ਅਥਵਾ ਪੱਥਰ ਦਾ ਇੱਕ ਡੂੰਘਾ ਬਰਤਨ, ਜਿਸ ਵਿੱਚ ਅੰਨ ਪਾ ਕੇ ਮੂਹਲੇ ਨਾਲ ਛੜੀਦਾ ਹੈ। ੨. ਇੰਦ੍ਰੀਆਂ ਦੇ ਗੋਲਕ. "ਨਉ ਉਖਲ." (ਭਾਗੁ ੨੯- ੧੦) ਨੌ ਸ਼ਰੀਰ ਦੇ ਦ੍ਵਾਰ। ੩. ਉੱਖਲ (ਗੋਲਕ) ਵਿੱਚ ਰਹਿਣ ਵਾਲੀ ਇੰਦ੍ਰੀ (ਇੰਦ੍ਰਿਯ) ਉੱਖਲੀ.[3] "ਨਉ ਉਖਲ ਵਿੱਚ ਉਖਲੀ." (ਭਾਗੁ

ਉੱਖਲਣਾ: ਕ੍ਰਿ- ਖੱਲ ਲਾਹੁਣੀ. ਚਮੜਾ ਉਤਾਰਨਾ. "ਕੁਹਿ ਕੁਹਿ ਖੱਲ ਉੱਖਲ ਵਿਣੱਸੀ." (ਭਾਗੁ)

ਉਖੜਨਾ: ਕ੍ਰਿ- ਨਿਰਮੂਲ ਹੋਣਾ। ੨. ਥਾਂਉਂ ਤੋਂ ਹਿੱਲਣਾ।

---

[3] ਨੱਕ ਕੰਨ ਅੱਖ ਆਦਿ ਜੋ ਅੰਗ ਹਨ ਇਹ ਗੋਲਕ ਹਨ, ਇਨ੍ਹਾਂ ਵਿੱਚ ਸੁੰਘਣ ਵੇਖਣ ਆਦਿ ਦੀ ਜੋ ਸ਼ਕਤਿ ਹੈ ਉਹ ਇੰਦ੍ਰੀ (ਇੰਦ੍ਰਿਯ) ਹੈ.

ਉਖਾ: ਦੇਖੋ, ਊਖਾ ੩। ੨. ਡਿੰਗ. ਰਾਤ੍ਰਿ. ਰਾਤ.

ਉੱਖਣ: ਕ੍ਰਿ- (ਉਤ- ਖਨਨ) ਪੁੱਟਣਾ. ਖੋਦਣਾ. "ਖਾਣ ਉੱਖਣ ਕਢ ਆਣ ਦੇ ਨਿਰਮੋਲਕ ਹੀਰਾ." (ਭਾਗੁ)

ਉਗਣਾ, ਉਗਨਾ: ਕ੍ਰਿ- ਅੰਕੁਰਿਤ ਹੋਣਾ. ਬੀਜ ਤੋਂ ਅੰਗੂਰ ਦਾ ਨਿਕਲਣਾ। ੨. ਉਦੇ (ਉਦਯ) ਹੋਣਾ. ਪ੍ਰਗਟ ਹੋਣਾ.

ਉਗਰ: ਦੇਖੋ, ਉਗਰਿ ਅਤੇ ਉਗ੍ਰ.

ਉਗਰਣ: ਸੰ. उद्गिरण- ਉਦ੍ਗਿਰਣ. ਕ੍ਰਿ- ਖਾਧੀ ਵਸਤੁ ਨੂੰ ਮੂੰਹ ਦੇ ਰਾਹ ਕੱਢਣਾ. ਕਯ ਕਰਨੀ।

੨. ਮਿਆਨ ਤੋਂ ਉਛਲਕੇ ਸ਼ਸਤ੍ਰ ਦਾ ਬਾਹਰ ਆਉਣਾ. ਦੇਖੋ, ਉਗਰਿ.

ਉਗਰਾਹੀ: ਸੰਗਯਾ- ਉਤ- ਗ੍ਰਹਣ ਦੀ ਕ੍ਰਿਯਾ. ਲੈਣਾ. ਕੱਠਾ ਕਰਨਾ. ਵਸੂਲੀ.

ਉਗਰਿ: ਕ੍ਰਿ ਵਿ- ਉਗਲਕੇ। ੨. ਉਛਲਕੇ. "ਉਰ ਤੇ ਉਗਰਿ ਕਟਾਰੀ ਲਾਗੀ." (ਚਰਿਤ੍ਰ ੧੧੩)

ਉਂਗਲ: ਸੰ. उङ्गलि- ਅੰਗੁਲਿ. ਦੇਖੋ, ਅੰਗੁਲਿ.

ਉਗਲਣਾ, ਉਗਲਨਾ: ਦੇਖੋ, ਉਗਰਣ. "ਬਿਖੁ ਕਢੈ ਮੁਖ ਉਗਲਾਰੇ." (ਵਾਰ ਗਉ ੧. ਮਃ ੪)

ਮੂੰਹ ਤੋਂ ਉਗਲਕੇ. "ਉਗਲ ਮਜਾਨ ਤੇ ਖੜਗ ਪਪਾਤੇ." (ਗੁਪ੍ਰਸੂ) ਮਿਆਨ ਤੋਂ ਉਛਲਕੇ ਖੜਗ ਡਿਗ ਪਿਆ.

ਉਗਲਾਰੇ: ਉਗਲਕੇ. ਦੇਖੋ, ਉਗਲਨਾ.

ਉਂਗਲੀ: ਦੇਖੋ, ਅੰਗੁਲੀ.

ਉਗਵਣ, ਉਗਵਨ: ਕ੍ਰਿ- ਉੱਗਣਾ. ਉਪਜਣਾ. ਅੰਕੁਰਿਤ ਹੋਣਾ. "ਨਾਉ ਬੀਜੇ ਨਾਉ ਉਗਵੈ." (ਵਾਰ ਰਾਮ ੧. ਮਃ ੩) ੨. ਉਦੇ (ਉਦਯ) ਹੋਣਾ. ਪ੍ਰਗਟ ਹੋਣਾ. "ਜੇ ਸਉ ਚੰਦਾ ਉਗਵਹਿ." (ਵਾਰ ਆਸਾ ਮਃ ੨) ੩. ਸੰਗਯਾ- ਪ੍ਰਾਤਹਕਾਲ. ਭੋਰ. ਤੜਕਾ। ੪. ਪੂਰਵ ਦਿਸ਼ਾ, ਜਿਸ ਪਾਸਿਓਂ ਸੂਰਜ ਉਦੇ ਹੁੰਦਾ ਹੈ. "ਉਗ- ਵਣਹੁ ਤੈ ਆਥਵਣਹੁ." (ਵਾਰ ਰਾਮ ੩)

ਉਗਵੰਦਾ: ਉਗਦਾ. ਉਦਯ ਹੁੰਦਾ। ੨. ਸੰਗਯਾ- ਚੂਹਨੀਆਂ ਦਾ ਵਸਨੀਕ ਅਰੋੜਾ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਪਰਮਪਦ ਦਾ ਅਧਿਕਾਰੀ ਹੋਇਆ. "ਸੇਠਾ ਉਗਵੰਦਾ ਦੋਊ ਅਪਰ ਸਭਾਗਾ ਤੀਨ." (ਗੁਪ੍ਰਸੂ)

ਉਗਾਹ: ਦੇਖੋ, ਉਗਾਹਣਾ। ੨. ਸੰਗਯਾ- ਗਵਾਹ. ਸਾਖੀ. ਦੇਖੋ, ਗਵਾਹ.

ਉਗਾਹਣਾ, ਉਗਾਹਨਾ: ਸੰ. उद- ग्रहण- ਉਦਗ੍ਰਹਣ. ਕ੍ਰਿ. - ਉਗਰਾਹੁਣਾ. ਵਸੂਲ ਕਰਨਾ। ੨. ਜਮਾ ਕਰਨਾ. ਕੱਠਾ ਕਰਨਾ.

ਉਗਾਹਾ: ਇੱਕ ਮਾਤ੍ਰਿਕ ਛੰਦ, ਜਿਸ ਦਾ ਲੱਛਣ ਹੈ ਦੋ ਤੁਕਾਂ. ਇੱਕ ਇੱਕ ਤੁਕ ਵਿੱਚ ੨੬ ਮਾਤ੍ਰਾ, ਪਹਿਲਾ ਵਿਸ਼੍ਰਾਮ ੧੫. ਮਾਤ੍ਰਾ ਤੇ, ਦੂਜਾ ੧੧. ਤੇ, ਅੰਤ ਗੁਰੁ ਲਘੁ.

ਉਦਾਹਰਣ

"ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ, ਅੱਠੇ ਪਹਿਰ ਲਗੰਨਿ।

ਜਨ ਨਾਨਕ ਕਿਰਪਾ ਧਾਰਿ ਪ੍ਰਭ, ਸਤਿਗੁਰ ਸੁੱਖਿ ਵਸੰਨਿ."[4] (ਵਾਰ ਗਉ ੧. ਮਃ ੪)

[4] ਇਸ ਛੰਦ ਵਿੱਚ ਦੋ ਥਾਂ ਅਧਿਕ (ਦ੍ਵਿਤ੍ਵ) ਦਾ ਚਿੰਨ੍ਹ ਪਾਠ ਦੇ ਉੱਚਾਰਣ ਅਨੁਸਾਰ ਕੇਵਲ ਮਾਤ੍ਰਾ ਦੀ ਗਿਣਤੀ ਦੱਸਣ ਲਈ ਦਿਖਾਇਆ ਗਿਆ ਹੈ. ਸਾਨੂੰ ਗੁਰਬਾਣੀ ਵਿੱਚ ਕੋਈ ਮਾਤ੍ਰਾ ਆਪਣੀ ਵੱਲੋਂ ਨਹੀਂ ਲਾਉਣੀ ਚਾਹੀਏ, ਕਿਉਂਕਿ ਪਾਠ ਕਰਨ ਵੇਲੇ ਟਕਸਾਲੀਏ ਪਾਠੀ ਦੁੱਤ ਅੱਖਰਾਂ ਦੇ ਉੱਚਾਰਣ ਦਾ ਆਪ ਹੀ ਖਿਆਲ ਰੱਖਦੇ ਹਨ. ਜੈਸੇ-"ਕੰਨਿ ਮੁਸਲਾ ਸੂਫੁ ਗਲਿ (ਸ. ਫਰੀਦ) ਵਿੱਚ "ਮੁਸੱਲਾ" ਉੱਚਾਰਣ ਕਰਦੇ ਹਨ।

ਉਗਾਹਿ: ਦੇਖੋ, ਉਗਾਹ। ੨. ਉਦ- ਗਾਹ. ਨੌਕਾ. ਬੇੜੀ. ਜਹਾਜ਼. "ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰ." (ਮਾਰੂ ਅ: ਮ: ੫) ਨੌਕਾ ਨੂ ਮੁਸਾਫਿਰ ਪੈਰਾਂ ਹੇਠ ਲੈ ਕੇ ਬੈਠਾ, ਪਰ ਉਸ ਨੇ ਬੇਅਦਬੀ ਦਾ ਖਿਆਲ (ਖ਼ਯਾਲ)ਨਹੀਂ ਕੀਤਾ, ਸਗੋਂ ਥਕੇਵਾਂ ਦੂਰ ਕੀਤਾ.

ਉਗਾਹੀ: ਸੰਗਯਾ- ਗਵਾਹੀ. ਗਵਾਹ ਦਾ ਕਥਨ. "ਲੈਕੇ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ." (ਮਾਰੂ ਸੋਲਹੇ ਮ: ੧)

ਉਗਾਣਾ ਸਰਾਇ: ਦੇਖੋ, ਉਗਾਣੀ.

ਉਗਾਣੀ: ਰਿਆਸਤ (ਰਯਾਸਤ) ਪਟਿਆਲਾ, ਤਸੀਲ ਥਾਣਾ ਰਾਜਪੁਰਾ ਵਿੱਚ ਇੱਕ ਪਿੰਡ ਹੈ. ਇੱਥੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ. ਪੰਡਿਤ ਤਾਰਾ ਸਿੰਘ ਜੀ ਨੇ ਉਗਾਣੀ ਨੂੰ ਉਗਾਣਾ ਸਰਾਇ ਲਿਖਿਆ ਹੈ.

ਇੱਕੋ ਵਲਗਣ ਅੰਦਰ ਦੋ ਦਰਬਾਰ ਬਣੇ ਹੋਏ ਹਨ, ਸੱਜੇ ਪਾਸੇ ਨੌਵੇਂ ਗੁਰੂ ਜੀ ਦਾ ਅਤੇ ਖੱਬੇ ਪਾਸੇ ਦਸਮ ਗੁਰੂ ਜੀ ਦਾ. ਇਨ੍ਹਾਂ ਦੀ ਸੇਵਾ ਮਹਾਰਾਜਾ ਕਰਮ ਸਿੰਘ ਜੀ ਪਟਿਆਲਾ ਪਤਿ ਨੇ ਕਰਾਈ ਸੀ. ਗੁਰੁਦਵਾਰੇ ਨਾਲ ੨੦. ਬਿੱਘੇ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ.

ਰੇਲਵੇ ਸਟੇਸ਼ਨ ਸਰਾਇ ਬਣਜਾਰਾ ਤੋਂ ਪੂਰਵ ਇੱਕ ਮੀਲ ਕੱਚਾ ਰਸਤਾ ਹੈ.

ਉਗਾਥਾ: ਸੰਗਯਾ- ਇਕ ਗਣਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ- ਜ, ਤ, ਰ, ਗ. ।S।, SS।, S।S, S. ਪੰਜ ਪੰਜ ਅੱਖਰਾਂ ਤੇ ਵਿਸ਼੍ਰਾਮ.

ਉਦਾਹਰਣ-

ਅਜਿੱਤ ਜਿੱਤੇ, ਅਬਾਹ ਬਾਹੇ,

ਅਖੰਡ ਖੰਡੇ, ਅਦਾਹ ਦਾਹੇ,

ਅਭੰਡ ਭੰਡੇ, ਅਡੰਗ ਡੰਗੇ,

ਅਮੁੰਨ ਮੁੰਨੇ, ਅਭੰਗ ਭੰਗੇ,[5] (ਰਾਮਾਵ)

ਉਗਾਧ: ਸੰਗਯਾ- ਇੱਕ ਵਰਣਿਕ ਛੰਦ. ਇਸ ਦਾ ਨਾਉਂ "ਤਿਲਕੜੀਆਂ" ਅਤੇ "ਯਸ਼ੋਦਾ" ਭੀ ਹੈ. ਲੱਛਣ ਚਾਰ ਚਰਣ. ਪ੍ਰਤਿ ਚਰਣ ਜ. ਗ. ਗ ।S, S, S.

ਉਦਾਹਰਣ.

ਸਬਾਰਿ ਨੈਣੰ। ਉਦਾਸ ਬੈਣੰ,

ਕਹ੍ਯੋ ਕੁਨਾਰੀ। ਕੁਵ੍ਰਿਤਿਕਾਰੀ.[6] (ਰਾਮਾਵ)

ਉਗਾਲਣਾ: ਕ੍ਰਿ- ਦੇਖੋ, ਉਗਲਣਾ। ੨. ਕਿਸੇ ਵਸਤੁ ਨੂੰ ਉਗਲਕੇ ਮੂੰਹ ਵਿੱਚ ਪਪੋਲਣਾ.

ਉਗਾਲਦਾਨ: ਸੰਗਯਾ- ਉਹ ਬਰਤਨ ਜਿਸ ਵਿੱਚ ਉਗਲੀ ਹੋਈ ਵਸਤੁ ਪਾਈਏ. ਪੀਕਦਾਨ. ਥੁੱਕਣ ਦਾ ਭਾਂਡਾ.

ਉਗਾਲੀ: ਸੰਗਯਾ- ਉਗਲੀ ਹੋਈ ਵਸਤੁ ਨੂੰ ਮੂੰਹ ਵਿੱਚ ਪਪੋਲਣ ਦੀ ਕ੍ਰਿਯਾ. ਜੈਸੇ ਗਊ ਬਕਰੀ ਆਦਿਕ ਕਰਦੇ ਹਨ. ਜੁਗਾਲੀ.

---

[5] ਕੇਕਈ ਦੇ ਪ੍ਰਸੰਗ ਵਿੱਚ ਇਸਤ੍ਰੀਆਂ ਦੀ ਪ੍ਰਬਲਤਾ ਦਿਖਾਈ ਹੈ।

[6] ਰਾਜਾ ਦਸ਼ਰਥ ਨੇ ਅੰਝੂਭਰੀ ਅੱਖਾਂ ਨਾਲ ਕੇਕਈ ਨੂੰ ਆਖਿਆ, ਕਿ ਹੇ ਖੋਟੀ ਇਸਤ੍ਰੀ ਤੇ ਬੁਰਾ ਕੰਮ ਕਰਨ ਵਾਲੀ ਹੈ.

ਉਗੂਰ: ਸੰ. ਅੰਕੁਰ. ਅੰਕੁਰ. ਸੰਗਜਾ- ਡੰਘੂਰ. ਗੋਭ. ਬੀਜ ਵਿੱਚੋਂ ਨਿਕਲਿਆ ਸ਼ਗੂਫ਼ਾ. "ਕੱਲਰ ਖੇਤ ਨ ਬੀਜ ਉਗੂਰੈ." (ਭਾਗੁ) ਬੀਜ ਅੰਕੁਰਿਤ ਨਹੀਂ ਹੁੰਦਾ.

ਉਗ੍ਰ: ਸ. ਤਗ੍ਰ. ਵਿ- ਡਰਾਉਣਾ. ਭਯੰਕਰ. ਘੋਰ. "ਉਗ੍ਰ ਪਾਪ ਸਾਕਤ ਨਰ ਕੀਨੇ." (ਕਲਿ ਅਃ ਮਃ ੪)

੨. ਤੇਜ਼. ਤਿੱਖਾ। ੩. ਕ੍ਰੋਧੀ। ੪. ਬਲਵਾਨ। ੫. ਸੰਗਜਾ- ਮਨੁ ਦੇ ਲੇਖ ਅਨੁਸਾਰ ਸ਼ੂਦ੍ਰੀ ਦੇ ਪੇਟ ਤੋਂ ਛਤ੍ਰੀ ਦੀ ਔਲਾਦ. ਔਸ਼ਨਸ ਸਿਮ੍ਰਿਤ ਅਨੁਸਾਰ ਸ਼ੂਦ੍ਰਾਣੀ ਤੋਂ ਬ੍ਰਾਹਮਣ ਦਾ ਪੁਤ੍ਰ। ੬. ਸ਼ਿਵ.

ਉਗ੍ਰਸੇਨ, ਉਗ੍ਰਸੈਣ, ਉਗ੍ਰਸੈਨ: ਸੰ. ਤਗ੍ਰਸੇਨ. ਸੰਗਜਾ- ਉਗ੍ਰ (ਜ਼ੋਰਾਵਰ) ਹੈ ਜਿਸ ਦੀ ਸੈਨਾ (ਫ਼ੌਜ). ਪਵਨਰੇਖਾ (ਅਥਵਾ ਕਾਸ਼ਜਾ) ਦੇ ਪੇਟ ਤੋਂ ਆਹੁਕ ਦਾ ਪੁਤ੍ਰ, ਜੋ ਕ੍ਰਿਸ਼ਨ ਜੀ ਦੇ ਨਾਨਾ ਦੇਵਕ ਦਾ ਵੱਡਾ ਭਾਈ ਅਤੇ ਦੇਵਕੀ ਦਾ ਤਾਇਆ ਸੀ. ਉਗ੍ਰਸੇਨ ਨੇ ਆਪਣੀ ਭਤੀਜੀ ਪੁਤ੍ਰੀ ਕਰਕੇ ਪਾਲੀ ਸੀ, ਇਸ ਲਈ ਦੇਵਕੀ ਉਗ੍ਰਸੇਨ ਦੀ ਪੁਤ੍ਰੀ ਪ੍ਰਸਿੱਧ ਹੋਈ.

ਉਗ੍ਰਸੇਨ ਨੇ ਮਥੁਰਾ ਦਾ ਰਾਜ ਬਹੁਤ ਉੱਤਮ ਰੀਤਿ ਨਾਲ ਕੀਤਾ, ਪਰ ਇਸ ਦੇ ਦੁਸ਼੍ਟ ਪੁਤ੍ਰ ਕੰਸ ਨੇ ਪਿਤਾ ਨੂੰ ਗੱਦੀਓਂ ਲਾਹਕੇ ਆਪ ਰਾਜ ਸੰਭਾਲ ਲਿਆ. ਕ੍ਰਿਸ਼ਨ ਜੀ ਨੇ ਆਪਣੇ ਮਾਮਾ ਕੰਸ ਨੂੰ ਮਾਰਕੇ ਨਾਨਾ ਉਗ੍ਰੇਸਨ ਨੂੰ ਮੁੜ ਮਥੁਰਾ ਦੀ ਗੱਦੀ ਤੇ ਬੈਠਾਇਆ. ਇਹ ਕਰਤਾਰ ਦਾ ਭਗਤ ਅਤੇ ਉਪਕਾਰੀ ਸੱਜਨ ਸੀ "ਉਗ੍ਰਸੈਣ ਕਉ ਰਾਜ ਅਭੈ ਭਗਤਹ ਜਨ ਦੀਓ." (ਸਵੈਯੇ ਮਃ ੧. ਕੇ) "ਉਗ੍ਰਸੈਨ ਕੀ ਕੰਨਿਕਾ ਨਾਮ ਦੇਵਕੀ ਤਾਸ." (ਕ੍ਰਿਸਨਾਵ) ੨. ਰਾਜਾ ਪਰੀਛਤ (ਪਰੀਕਿਤ) ਦਾ ਇੱਕ ਪੁਤ੍ਰ। ੩. ਗੁਰੂ ਅਮਰਦੇਵ ਦਾ ਇੱਕ ਸਿੱਖ, ਜਿਸ ਨੂੰ ਜਗਤਗੁਰੂ ਨੇ ਵਿਦਜਾ ਅਤੇ ਧਰਮ ਪ੍ਰਚਾਰ ਦਾ ਉਪਦੇਸ਼ ਦਿੱਤਾ. "ਉਗ੍ਰਸੈਨ ਅਰੁ ਰਾਮੂ ਦੀਪਾ." (ਗੁਪ੍ਰਸੂ)

ਉਗ੍ਰਕਰਮਾ: ਸੰ. ਤਗ੍ਰ ਕਰ੍ਮਨ ਵਿ- ਭਯੰਕਰ ਕਰਮ ਕਰਣ ਵਾਲਾ। ੨. ਬੇਰਹਮ. ਦਯਾਹੀਨ.

ਉਗ੍ਰਧਨ੍ਵਾ, ਉਗ੍ਰਧਨ੍ਵੀ, ਉਗ੍ਰਧੰਨਜਾ: ਸੰ. ਤਗ੍ਰਧਨ੍ਵਾ. ਵਿ- ਕਰੜੀ ਕਮਾਣ ਰੱਖਣ ਵਾਲਾ. ਬਲਵਾਨ ਧਨੁਖਧਾਰੀ. "ਮਹਾਂ ਉਗ੍ਰਧਨਜਾ ਬਡੀ ਫੌਜ ਲੈ ਕੇ." (ਰਾਮਾਵ)

੨. ਸੰਗਜਾ- ਇੰਦ੍ਰ। ੩. ਸ਼ਿਵ। ੪. ਗੁਰੂ ਗੋਬਿੰਦ ਸਿੰਘ ਸਾਹਿਬ.

ਉਗ੍ਰਾ: ਸੰ. ਸੰਗਜਾ- ਕਾਲੀ ਦੇਵੀ. ਕਾਲਿਕਾ। ੨. ਕ੍ਰੋਧ ਵਾਲੀ ਇਸਤ੍ਰੀ. "ਤੁਮੈ ਲੋਗ ਉਗ੍ਰਾ ਅਤਯੁਗ੍ਰਾ ਬਖਾਨੈ." (ਚਰਿਤ੍ਰ ੧) ੩. ਅਜਵਾਯਨ. ਜਵਾਇਨ.

ਉਗ੍ਰਾਯੁਧ: ਹਰਿਵੰਸ਼ ਅਨੁਸਾਰ ਇੱਕ ਪ੍ਰਤਾਪੀ ਰਾਜਾ। ੨. ਭਯਾਨਕ ਸ਼ਸਤ੍ਰ. ਤਿੱਖਾ ਹਥਿਆਰ.

ਉਗ੍ਰੂ: ਸੰਗਜਾ- ਗੁਰੂ ਅਰਜਨ ਸਾਹਿਬ ਦਾ ਪ੍ਰੇਮੀ ਸਿੱਖ, ਜਿਸ ਨੇ ਅੰਮ੍ਰਿਤਸਰ ਬਣਨ ਸਮੇਂ ਭਾਰੀ ਸੇਵਾ ਕੀਤੀ. "ਭਾਈ ਉਗ੍ਰੂ ਅਰੁ ਕਲਜਾਨਾ." (ਗੁਪ੍ਰਸੂ)

ਉਗ੍ਰੇਸ਼: ਸੰ. ਸੰਗਜਾ- ਉਗ੍ਰਾਂ ਦਾ ਈਸ਼੍ਵਰ. ਗੁਣਾਂ ਦਾ ਸ੍ਵਾਮੀ ਸ਼ਿਵ.

ਉਗ੍ਰੇਸੁਜਿਆਰਾ: ਵਾ- ਉਗ੍ਰੇਸਨ- ਈਸ਼- ਉਜਿਆਰਾ. ਪ੍ਰਤਾਪਵਾਨ ਰਾਜਾ ਉਗ੍ਰਸੇਨ। ੨. ਉਗ੍ਰਸੇਨ ਰਾਜਾ ਦਾ ਪ੍ਰਤਾਪ. "ਦ੍ਵਾਰਾਵਤਿ ਉਗ੍ਰੇਸੁਜਿਆਰਾ." (ਚਰਿਤ੍ਰ ੨੦੩)

ਉਘਟ: ਸਿੰਧੀ ਸੰਗਜਾ- ਸ੍ਵੱਛਤਾ। ੨. ਪ੍ਰਗਟ ਹੋਣ ਦਾ ਭਾਵ.

ਉਘਟਤ: ਉਪਜਦਾ ਪੈਦਾ ਹੁੰਦਾ. ਦੇਖੋ ਉਘਟਨ. "ਉਘਟਤ ਤਾਨ ਤਰੰਗ ਰੰਗ ਅਤਿ." (ਹਜਾਰੇ ੧੦)

ਉਘਟਨ, ਉਘਟਨਾ: ਸੰ. ਤਦ੍ਘਾਟਨ- ਉਦਘਾਟਨ. ਕ੍ਰਿ- ਪ੍ਰਗਟ ਕਰਣਾ. "ਨਿੰਦਾ ਕੋਇ ਨ ਸਿਝਿਓ, ਇਉਂ ਵੇਦ ਉਘਟੈ." (ਭਾਗੁ) ੨. ਰਚਣਾ. ਬਣਾਉਣਾ. ਘੜਨਾ.

ਉਘਰ, ਉਘਰਨਾ: ਕ੍ਰਿ- ਉਘੜਨਾ. ਪੜਦੇ ਤੋਂ ਬਾਹਰ ਹੋਣਾ। ੨. ਪ੍ਰਗਟ ਹੋਣਾ. "ਉਘਰਿ ਗਇਆ ਜੈਸਾ ਖੋਟਾ ਢਬੂਆ ਨਦਿਰ ਸਰਾਫਾਂ ਆਇਆ." (ਆਸਾ- ਮਃ ੫) ਦੇਖੋ, ਢਬੂਆ.

ਉਘਰਾਰਾ: ਸੰਗਜਾ- ਉਦ (ਪਾਣੀ) ਦਾ ਘਾਰਾ. ਜਲ ਦੇ ਪ੍ਰਵਾਹ ਨਾਲ ਪਿਆ ਟੋਆ। ੨. ਦਰਜ਼ ਤੇੜ.

ਉਂਘਲਾਉਣਾ: ਕ੍ਰਿ- ਊਂਘ ਸਹਿਤ ਹੋਣਾ. ਉਨੀਂਦ੍ਰੇ (ਉੱਨਿਦ੍ਰਿਤ) ਹੋਣਾ.

ਉਘਲਾਨਾ: ਵਿ- ਉੱਨਿਦ੍ਰਿਤ. ਊਂਘ ਸਹਿਤ. ਉਨੀਂਦ੍ਰਾ. "ਮੇਰਾ ਮਨੁ ਆਲਸੀਆ ਉਘਲਾਨਾ." (ਜੈਤ ਮਃ ੪)

ਉਘੜ, ਉਘੜਨਾ: ਦੇਖੋ, ਉਘਰਨਾ. "ਸੁਆਵਗੀਰ ਸਭ ਉਘੜ ਆਏ" (ਵਾਰ ਗਉ ੧. ਮਃ ੪) ਦੇਖੋ, ਸੁਆਵਗੀਰ.

ਉਘਾ: ਦੇਖੋ, ਉੱਘਾ.

ਉਘਾਨਾ: ਕ੍ਰਿ- ਊਂਘਣਾ. ਟੂਲਣਾ. ਉਨੀਂਦ੍ਰੇ ਹੋਣਾ। ੨. ਲਲਕਾਰਨਾ. ਵੰਗਾਰਨਾ. "ਮਾਰ ਮਾਰ ਚਹੁ ਓਰ ਉਘਾਏ." (ਚਰਿਤ੍ਰ ੪੦੫) ੩. ਪੁਕਾਰਨਾ. "ਜਬ ਰਾਨੀ ਹੈ ਦੀਨ ਉਘਾਯੋ." (ਚਰਿਤ੍ਰ ੧੧੩)

ਉਘਾਰਨ: ਦੇਖੋ, ਉਘਾੜਨਾ.

ਉਘਾਵਨ: ਕ੍ਰਿ- ਉੱਨਿਦ੍ਰਿਤ ਹੋਣਾ. ਊਂਘਣਾ।

੨. ਉੱਘਾ ਕਰਨਾ. ਪ੍ਰਸਿੱਧ ਕਰਨਾ। ੩. ਗਰਜਣਾ. ਲਲਕਾਰਨਾ. "ਦੋਊ ਮਾਰ ਹੀ ਮਾਰ ਉਘਾਵੈਂ." (ਕ੍ਰਿਸਨਾਵ)

ਉਘਾੜਨ, ਉਘਾੜਨਾ: ਸਿੰਧੀ. ਕ੍ਰਿ- ਪੜਦਾ ਹਟਾਉਣਾ. ਨੰਗਾ ਕਰਨਾ। ੨. ਦਿਖਾਉਣਾ.

ਉੱਘ: ਸੰਗਜਾ- ਆਗਾਹੀ. ਸੁਧ. ਸਮਾਚਾਰ. ਖ਼ਬਰ। ੨. ਪ੍ਰਸਿੱਧੀ. ਸ਼ੁਹਰਤ.

ਉੱਘਾ: ਵਿ- ਪ੍ਰਗਟ। ੨. ਪ੍ਰਸਿੱਧ. "ਪੰਚਾਂ ਵਿਚ ਉਘਾ ਕਰਿ ਵੇਖਾਲਿਆ." (ਗਉ ਵਾਰ ੧. ਮਃ ੪)

੩. ਮਿਆਨ ਤੋਂ ਕੱਢਿਆ ਹੋਇਆ ਸ਼ਸਤ੍ਰ. "ਉੱਘੇ ਜਿਨ ਨੇਜੇ." (ਰਾਮਾਵ).

ਉਚ: ਦੇਖੋ. ਉੱਚ.

ਉਚਹਦੀ: ਦੇਖੋ. ਹਦੀ.

ਉਚਕ: ਦੇਖੋ, ਉਚਕਨਾ। ੨. ਸੰਗਜਾ- ਉੱਚਾਟ. ਮਨ ਦਾ ਕਾਇਮ ਨਾ ਰਹਿਣਾ। ੩. ਅਮਲ ਦੀ ਤੋੜ. ਨਸ਼ੇ ਦੇ ਉਤਰਨ ਦੀ ਦਸ਼ਾ. "ਦਾਸ ਕਬੀਰ ਤਾਸ ਮਦ ਮਾਤਾ ਉਚਕ ਨ ਕਬਹੂ ਜਾਈ." (ਰਾਮ ਕਬੀਰ)

ਉਚਕਨਾ: ਕ੍ਰਿ- ਉੱਚਾਟ ਹੋਣਾ. ਮਨ ਦਾ ਉਖੜਨਾ। ੨. ਸੰਗਜਾ- ਉੱਪਰ ਉਠਾਉਣ ਦੀ ਕ੍ਰਿਯਾ. ਕੁਦਾਉਣਾ. "ਮਹਾਂ ਕੋਪ ਕੈ ਬੀਰ ਬਾਜੀ ਉਚੱਕੈਂ." (ਚਰਿਤ੍ਰ ੪੦੫) ੩. ਲੈਕੇ ਭੱਜ ਜਾਣਾ. ਚੁੱਕ ਲੈ ਜਾਣਾ.

ਉਚਕਾ, ਉਚੱਕਾ: ਸੰਗਜਾ- ਚੁੱਕ ਕੇ ਲੈ ਜਾਣ ਵਾਲਾ. ਚੋਰ. ਠਗ. ਗਠਕਤਰਾ. "ਹਰਿਧਨ ਕਉ ਉਚਕਾ ਨੇੜ ਨ ਆਵਈ." (ਸੂਹੀ ਮਃ ੫)

ਉਚਟ: ਦੇਖੋ, ਉਚਾਟ.

ਉਚਟਨਾ: ਉੱਚਾਟ ਹੋਣਾ. ਉਖੜਨਾ. ਕਾਇਮ ਨਾ ਰਹਿਣਾ। ੨. ਹਟਣਾ। ੩. ਵਿਰਕਤ ਹੋਣਾ.

ਉਚਰਣ, ਉਚਰਣਾ, ਉਚਰਨਾ: ਸੰ. उचारण- ਉੱਚਾਰਣ. ਕ੍ਰਿ- ਕਹਿਣਾ. ਬੋਲਣਾ. ਆਖਣਾ. "ਉਚਰਹੁ ਰਾਮ ਨਾਮ." (ਗਉ ਮਃ ੫) ੨. उत- चरण- ਉਤ- ਚਰਣ. ਖਾ ਜਾਣਾ. ਭਕ੍ਸ਼ਣ. "ਕਾਮ ਕ੍ਰੋਧ ਤ੍ਰਿਸਨਾ ਉਚਰੈ." (ਵਾਰ ਸਾਰ ਮਃ ੩)

ਉਚਵਾਉਣਾ, ਉਚਵਾਨਾ: ਕ੍ਰਿ- ਉੱਚ ਆਨਯਨ. ਨੀਵੇਂ ਥਾਂ ਤੋਂ ਉੱਪਰ ਨੂੰ ਲਿਆਉਣਾ. ਉਠਵਾਉਣਾ. "ਸਿੱਖਨ ਤੇ ਉਚਵਾਇ ਸੁ ਲੀਨਾ." (ਗੁਪ੍ਰਸੂ)

ਉਚੜਨਾ: ਦੇਖੋ, ਉਚਟਨਾ.

ਉਚੜਾ, ਉਚੜੀ: ਦੇਖੋ ਉਚਟਨਾ। ੨. ਦੇਖੋ. ਉੱਚੜਾ.

ਉਚਾਉਣਾ: ਕ੍ਰਿ- ਉਠਾਉਣਾ. ਉਭਾਰਨਾ. ਉਕਸਾਉਣਾ. "ਬੰਨਿ ਭਾਰ ਉਚਾਇਨਿ ਛਟੀਐ." (ਵਾਰ ਰਾਮ ੩)

ਉਚਾਈ: ਦੇਖੋ, ਉਚਾਉਣਾ। ੨. ਸੰਗਜਾ- ਉਚਿਆਈ. ਬਲੰਦੀ। ੩. ਬਜ਼ੁਰਗੀ. ਵਡਿਆਈ.

ਉਚਾਟ: ਸੰ. उचाट. ਸੰਗਜਾ- ਉਦਾਸੀਨਤਾ. ਉਦਾਸੀ। ੨. ਮਨ ਦੇ ਉਖੜਨ ਦੀ ਕ੍ਰਿਯਾ.

ਉਚਾਟਨ: ਸੰ. उचाटन. ਉਖੇੜਨਾ. ਪੁੱਟਣਾ। ੨. ਕਿਸੇ ਵੱਲੋਂ ਮਨ ਦੀ ਲਗਨ ਹਟਾਉਣੀ.

"ਉਚਾਟਨਾਦਿ ਕਰਮਣੰ." (ਗ੍ਯਾਨ)

ਉਚਾਣ, ਉਚਾਨ: ਸੰਗਜਾ- ਉੱਚ ਸਥਾਨ. ਉੱਚੀ ਥਾਂ. ਉੱਚ ਅਯਨ। ੨. ਬਲੰਦੀ. ਉਚਾਈ। ੩. ਕ੍ਰਿ- ਉਚਾਉਣਾ. ਚੁੱਕਣਾ. "ਭਾਰ ਕੇ ਉਚਾਨਹਾਰ ਤਜਾਰ ਭੇ ਅਪਾਰ ਹੀ." (ਨਾਪ੍ਰ)

ਉਚਾਪਤ, ਉਚਾਪਤਿ, ਉਚਾਬਤ: ਸੰਗਜਾ- ਉਧਾਰ ਸੌਦਾ. ਨਕਦੀ ਦਿੱਤੇ ਬਿਨਾ ਦੁਕਾਨ ਤੋਂ ਲਈ ਵਸਤੁ. "ਦੋਤਿ ਉਚਾਪਤਿ ਲੇਖ ਨ ਲਿਖੀਐ. (ਤੁਖਾਰੀ

ਛੰਤ ਮਃ ੧) ਦੇਖੋ, ਦੋਤਿ। ੨. ਉਠਾਉਣ ਦੀ ਕ੍ਰਿਯਾ.

ਉਚਾਰਣ, ਉਚਾਰਨ: ਦੇਖੋ, ਉਚਰਣ.

ਉਚਾਰਾ: ਸੰ. उच्चारित. ਵਿ- ਕਥਨ ਕੀਤਾ ਹੋਇਆ. ਬਿਆਨ ਕੀਤਾ। ੨. ਸੰਗਜਾ- ਗੋਤ੍ਰ ਦਾ ਉੱਚਾਰ. ਵਿਆਹ ਸਮੇਂ ਵੰਸ਼ਾਵਲੀ ਦਾ ਪਾਠ. "ਨਾਭਿਕਮਲ ਮਹਿ ਬੇਦੀ ਰਚਿਲੇ, ਬ੍ਰਹਮਗਿਆਨ ਉਚਾਰਾ." (ਆਸਾ ਕਬੀਰ)

ਉਚਾਲਾ: ਸੰ. उचालित. ਵਿ- ਚਲਾਇਮਾਨ. ਨਾਸ਼ਵੰਤ

ਉਚਾਵੱਚ: ਵਿ- ਉੱਚਾ ਨੀਂਵਾ। ੨. ਭਲਾ ਬੁਰਾ. ਦੇਖੋ, ਉੱਚਾਵਚ.

ਉਚਾਵਾ: ਵਿ- ਉੱਚਾ. ਬਲੰਦ।

੨. ਚੁੱਕਿਆ ਹੋਇਆ. ਉਠਾਇਆ ਹੋਇਆ. "ਸਤਿਗੁਰੁ ਸੱਚਾ ਸਾਹੁ ਹੈ ਹੋਰ ਸਾਹੁ ਬੇਸਾਹ ਉਚਾਵੇ." (ਭਾਗੁ) ਹੋਰ ਸ਼ਾਹੂਕਾਰਾਂ ਦਾ ਏਤਬਾਰ (ਵਿਸ਼੍ਵਾਸ) ਚੁੱਕਿਆ ਗਿਆ ਹੈ, ਭਾਵ- ਉਠ ਗਿਆ ਹੈ.

ਉਚਿਸਟ: ਦੇਖੋ, ਉਛਿਸਟ.

ਉਚਿਤ: ਸੰ. ਵਿ- ਯੋਗ੍ਯ. ਲਾਇਕ. "ਉਦਾਰ ਉਚਿਤ ਦਾਰਿਦ ਹਰਨ." (ਸਵੈਯੇ ਮਃ ੨. ਕੇ)

੨. ਮੁਨਾਸਿਬ. ਠੀਕ। ੩. ਜਾਣਿਆ ਹੋਇਆ. ਪਰਿਚਿਤ। ੪. ਜੁੜਿਆ ਹੋਇਆ। ੫. ਖੁਸ਼. ਪ੍ਰਸੰਨ.

ਉਚਿਤਾ: ਸੰਗਜਾ- ਉਚਿਤਤਾ. ਯੋਗ੍ਯਤਾ।

੨. ਉੱਚਤਾ. "ਉਚਿਤਾ ਸਿੱਖੀ ਪਰ ਚਢਜਾਇ." (ਗੁਪ੍ਰਸੂ)

ਉਚਿਤਾਨੁਚਿਤ: ਯੌ. ਉਚਿਤ- ਅਨੁਚਿਤ. ਯੋਗ੍ਯ ਅਯੋਗ੍ਯ. ਮੁਨਾਸਿਬ ਅਤੇ ਨਾਮੁਨਾਸਿਬ. "ਉਚਿਤਾ- ਨੁਚਿਤ ਨਹੀਂ ਮਨ

ਜਾਨਹਿ." (ਗਪ੍ਰਸੂ)

ਉਚੇਰਾ: ਵਿ- ਉੱਚਤਾ ਵਾਲਾ. ਬਹੁਤ ਉੱਚਾ.

ਉਚੇੜ: ਸੰਗਯਾ- ਛੇੜਖਾਨੀ. ਤਰਕ।

੨. ਦੇਖੋ, ਉਚੇੜਨਾ.

ਉਚੇੜਨਾ: ਕ੍ਰਿ- ਉਖੇੜਨਾ. ਛਿੱਲਣਾ। ੨. ਅਲਗ ਕਰਨਾ. ਦੇਖੋ, ਉਛੇਦਨ.

ਉੱਚ: ਸੰ. उच्च. ਵਿ- ਉੱਚਾ. ਬਲੰਦ। ੨. ਸ੍ਰੇਸ਼੍ਠ ਉੱਤਮ. "ਤਿਨ ਕਉ ਪਦਵੀ ਉੱਚ ਭਈ." (ਸਵੈਯੇ ਮਃ ੪. ਕੇ) ੩. ਸੰਗਯਾ- ਰਿਆਸਤ ਬਹਾਵਲਪੁਰ ਦੀ ਤਸੀਲ ਅਹਿਮਦਪੁਰ ਵਿੱਚ ਸਤਲੁਜ ਦੇ ਦੱਖਣੀ ਕਿਨਾਰੇ ਇੱਕ ਨਗਰ ਹੈ. ਇਹ ਬਹਾਵਲਪੁਰ ਤੋਂ ੩੮ ਮੀਲ[7] ਦੱਖਣ ਪੂਰਵ ਹੈ. ਇਸ ਦਾ ਪਹਿਲਾ ਨਾਂਉ ਦੇਵਗੜ੍ਹ ਸੀ ਈਸਵੀ ਬਾਰ੍ਹਵੀਂ ਸਦੀ ਦੇ ਅੰਤ ਰਾਜਾ ਦੇਵ ਸਿੰਘ ਸੈੱਯਦ ਜਲਾਲੁੱਦੀਨ ਬੁਖ਼ਾਰੀ ਤੋਂ ਹਾਰ ਖਾਕੇ ਮਾਰਵਾੜ ਨੂੰ ਭੱਜ ਗਿਆ ਸੀ.[8] ਸੈੱਯਦ ਨੇ ਦੇਵਗੜ੍ਹ ਨੂੰ ਲੁੱਟਕੇ ਰਾਜੇ ਦੀ ਪੁੱਤ੍ਰੀ "ਸੁੰਦਰਪਰੀ" ਨਾਲ ਸ਼ਾਦੀ ਕੀਤੀ ਅਤੇ ਨਗਰ ਦਾ ਨਾਂਉ ਉੱਚ ਰੱਖਿਆ. ਮੁਸਲਮਾਨ ਇਸ ਨੂੰ "ਉੱਚ ਸ਼ਰੀਫ਼" ਆਖਦੇ ਹਨ. ਇਹ ਅਨੇਕ ਪੀਰਾਂ ਦੀ ਰਿਹਾਇਸ਼ ਦਾ ਪ੍ਰਸਿੱਧ ਅਸਥਾਨ ਹੈ. ਹੁਣ ਇਹ ਪਾਸੋ- ਪਾਸੀ ਤਿੰਨ ਬਸਤੀਆਂ ਵਿੱਚ ਆਬਾਦ ਹੈ.

ਉੱਚਸੁਰ: ਦੇਖੋ, ਉੱਚਸ਼੍ਰਵਾ. ਦਸਮਗ੍ਰੰਥ ਵਿੱਚ ਕਿਸੇ ਅਜਾਣ ਲਿਖਾਰੀ ਨੇ ਉੱਚਸ਼੍ਰਵ ਦੀ ਥਾਂ ਅਸ਼ੁੱਧ ਸ਼ਬਦ ਲਿਖ ਦਿੱਤਾ ਹੈ. "ਐਰਾਵਤ ਤਰੁ ਉੱਚਸੁਰ (ਉੱਚ ਸ਼੍ਰਵ) ਹਰਿਹਿ ਦਏ ਸੁਖਪਾਇ." (ਚਰਿਤ੍ਰ ੧੧੩) ਐਰਾਵਤ ਹਾਥੀ ਕਲਪਬਿਰਛ ਅਤੇ ਉੱਚਸ਼੍ਰਵਾ ਘੋੜਾ ਹਰਿ (ਇੰਦ੍ਰ) ਨੂੰ ਦਿੱਤੇ। ੨. ਉੱਚ ਸੂਰ. ਉੱਚਾ ਸੁਰ.

ਉੱਚਸ਼੍ਰਵਾ: ਸੰ. उच्चैःश्रवस् ਉਚੈਃਸ਼੍ਰਵਸ੍. ਸੰਗਯਾ- ਉੱਚੇ ਹਨ ਸ਼੍ਰਵਸ੍ (ਕਨ) ਜਿਸ ਦੇ, ਐਸਾ ਇੰਦ੍ਰ ਦਾ ਘੋੜਾ, ਜੋ ਚਿੱਟੇ ਰੰਗ ਦਾ ਹੈ. ਪੁਰਾਣਾਂ ਅਨੁਸਾਰ ਇਹ ਦੇਵ ਦੈਤਾਂ ਕਰਕੇ ਖੀਰ ਸਮੁੰਦਰ ਰਿੜਕਣ ਮਗਰੋਂ ਨਿਕਲਿਆ ਸੀ. "ਉੱਚ ਸ੍ਰਵਾਹ ਸਮਾਨ ਨਿਰਤ ਕਰਤ." (ਪਰੀਛਤਰਾਜ) ਦੇਖੋ, ਉੱਚਸ੍ਰਵਾਇਸ। ੨. ਉੱਚੀ ਆਵਾਜ਼ ਨਾਲ ਹਿਣਕਨ ਵਾਲਾ ਸੂਰਜ ਦਾ ਸਤ- ਮੂੰਹਾਂ ਘੋੜਾ। ੩. ਬੋਲਾ. ਬਹਿਰਾ. ਡੋਰਾ. ਜਿਸ ਨੂੰ ਉੱਚਾ ਸੁਣਾਈ ਦਿੰਦਾ ਹੈ. ਖ਼ਾ. ਚੌਬਾਰੇ ਚੜ੍ਹਿਆ। ੪. ਵਿ- ਉੱਚਾ (ਮਹਾਨ) ਹੈ ਸ਼੍ਰਵਾ (ਯਸ਼) ਜਿਸ ਦਾ. ਵਡੀ ਕੀਰਤੀ ਵਾਲਾ.

ਉੱਚਸ੍ਰਵਾਇਸ, ਉੱਚਸ੍ਰਵਾਈਸ਼: ਸੰਗਯਾ- ਉੱਚੈਃਸ਼੍ਰਵਸ੍ ਘੋੜੇ ਦਾ ਸ੍ਵਾਮੀ. "ਉੱਚਸ੍ਰਵਾਇਸ ਏਸ ਏਸਣੀ ਇਸਣੀ ਅਹਿਣੀ." (ਸਨਾਮਾ) ਉੱਚਸ਼੍ਰਵਾ ਦਾ ਪਤਿ ਇੰਦ੍ਰ, ਉਸ ਦਾ ਸ੍ਵਾਮੀ ਕਸ਼ਜਪ, ਉਸ ਦੀ ਮਾਲਕੀਯਤ ਪ੍ਰਿਥਿਵੀ, ਉਸ ਦੀ ਰੱਛਕ ਰਾਜੇ ਦੀ ਸੈਨਾ, ਉਸ ਦੀ ਵੈਰਣ ਬੰਦੂਕ.

ਉੱਚ ਕਾ ਪੀਰ: ਵਿ- ਉੱਚੀ ਪਦਵੀ ਦਾ ਗੁਰੂ. ਜਗਤ- ਗੁਰੂ. ਗੁਰੂਆਂ ਦਾ ਗੁਰੂ।

੨. ਸੰਗਯਾ- ਗੁਰੂ ਗੋਬਿੰਦ ਸਿੰਘ ਸਾਹਿਬ. ਗ਼ਨੀ ਖਾਂ ਨਬੀ ਖਾਂ ਅਤੇ ਭਾਈ ਦਯਾ ਸਿੰਘ ਜੀ ਨੇ ਦਸ਼ਮੇਸ਼ ਦਾ ਇਹ ਦੋ ਅਰਥ ਬੋਧਕ ਨਾਉਂ ਮਾਛੀਵਾੜੇ ਤੋਂ ਜਾਣ ਸਮੇਂ ਸ਼ਾਹੀ ਫੌਜ਼ ਨੂੰ ਦੱਸਿਆ ਸੀ, ਜਿਸ ਦਾ ਭਾਵ ਮੁਸਲਮਾਨਾਂ ਨੇ ਸਮਝਿਆ ਕਿ ਉੱਚ ਨਗਰ ਦੇ ਰਹਿਣ ਵਾਲੇ ਇਹ ਪੀਰ ਹਨ. "ਨਗਰ ਉੱਚ ਕੋ ਬਾਸੀ ਭਾਖਤ ਦੀਰਘ ਪੀਰ ਰੀਤਿ ਲਖਯੰਤ." (ਗੁਪ੍ਰਸੂ) ਦੇਖੋ, ਉੱਚ ੩.

ਉੱਚੜਾ, ਉੱਚੜੀ, ਉੱਚਾ: ਉੱਚਤਾ ਵਾਲਾ- ਵਾਲੀ. "ਪਿਰ ਉਚੜੀਐ ਮਾੜਤੀਐ ਤਿਹੁ ਲੋਆ ਸਿਰ ਤਾਜਾ." (ਸੂਹੀ ਛੰਤ ਮਃ ੧) ਉੱਚੀ ਮਾੜੀ (ਮਹਿਲ) ਵਾਲਾ.

ਦੇਖੋ, ਉੱਚ.

---

[7] ਅੰ. Mile ਮਾਈਲ. ੧੭੬੦ ਗਜ਼ ਦੀ ਲੰਬਾਈ, ਅਤਵਾ ਅੱਠ ਫਰਲਾਂਗ (Furlong)

[8] ਜਲਾਲੁੱਦੀਨ, ਸ਼ੈਖ ਬਹਾਉੱਦੀਨ ਮੁਲਤਾਨ ਨਿਵਾਸੀ ਸੰਤ ਦਾ ਚੇਲਾ ਸੀ.

ਉੱਚਾਘਰ: ਸੰਗਯਾ- ਪਰਮਪਦ. ਨਿਰਵਾਣ।

੨. ਦਸਵਾਂ ਦ੍ਵਾਰ। ੩. ਸਤਸੰਗ। ੪. ਦੇਖੋ, ਘਰ ਉਚਾ ਅਤੇ ਨਿਰਣਉ.

ਉੱਚਾਟ: ਦੇਖੋ, ਉਚਾਟ.

ਉੱਚਾਥਲ: ਸੰ. उच्चस्थल. ਸੰਗਯਾ- ਸੱਚਖੰਡ. ਪਰਮਪਦ। ੨. ਸਤਸੰਗ। ੩. ਉਮੰਗ ਵਾਲਾ ਸ਼ੁੱਧ ਅੰਤਹਕਰਣ ਦੇਖੋ, ਊਚਾ ਥਲ.

ਉੱਚਾਵਚ: ਸੰ. उच्चावच. ਵਿ- ਉੱਚਾ ਅਤੇ ਨੀਵਾਂ। ੨. ਛੋਟਾ ਵਡਾ। ੩. ਉੱਤਮ ਮੰਦ. ਚੰਗਾ ਮੰਦਾ. "ਜਗ ਮਹਿ ਉੱਚਾਵਚ ਜੇ ਕਾਜ." (ਗੁਪ੍ਰਸੂ)

ਉਂਛ: ਸੰ. उञ्छ. ਸੰਗਯਾ- ਖੇਤ ਰਾਹ ਆਦਿ ਵਿੱਚ ਡਿਗੇ ਹੋਏ ਦਾਣੇ ਚੁਗਣ ਦੀ ਕ੍ਰਿਯਾ। ੨. ਰਾਹ ਵਿੱਚ ਪਏ ਦਾਣੇ, ਅਥਵਾ ਖੇਤ ਵੱਢਣ ਪਿੱਛੋਂ ਡਿਗਿਆ ਹੋਇਆ ਅੰਨ. ਸ਼ਿਲ.

ਉਂਛਸ਼ੀਲ: ਸੰ. उञ्छशील. ਵਿ- ਸ਼ਿਲ (ਸੀਲਾ) ਚੁਗਕੇ ਗੁਜ਼ਾਰਾ ਕਰਨ ਵਾਲਾ. ਰਾਹ ਅਥਵਾ ਖੇਤ ਵਿੱਚੋਂ ਡਿਗਿਆ ਅੰਨ ਉਠਾਕੇ ਨਿਰਵਾਹ ਕਰਨ ਵਾਲਾ.

ਉਛਕ, ਉਛਕਨ: ਸੰਗਯਾ- ਟਪੂਸੀ. ਛਾਲ. ਉੱਪਰ ਨੂੰ ਉੱਠਣ ਦੀ ਕ੍ਰਿਯਾ "ਉਛਕੰਤ ਤਾਜੀ." (ਕਲਕੀ) ਉਛਲਦੇ (ਕੁਦਦੇ) ਹਨ ਅਰਬੀ ਘੋੜੇ.

ਉਂਛਬ੍ਰਿੱਤਿ: ਸੰ. उञ्छवृत्ति ਸੰਗਯਾ- ਉਂਛ ਦੀ ਉਪਜੀਵਿਕਾ. ਖੇਤ ਵਿੱਚੋਂ ਦਾਣੇ ਚੁਗਕੇ ਨਿਰਵਾਹ. ਸ਼ਿਲੋਂਛ ਕਰਮ। ੨. ਇੱਕ ਖ਼ਾਸ ਰਿਖੀ, ਜਿਸ ਦੀ ਕਥਾ ਮਹਾਭਾਰਤ ਦੇ ਅਨੁਸ਼ਾਸ਼ਨ ਪਰਵ ਵਿੱਚ ਹੈ. ਉਸ ਦਾ ਇਹ ਨਾਂਉ ਸ਼ਿਲ ਚੁਗਣ ਤੋਂ ਹੀ ਹੋਇਆ ਸੀ.

ਉਛਰਨ, ਉਛਲਨ, ਉਛਲਨਾ: ਸੰ. उच्छलन. ਕ੍ਰਿ- ਵੇਗ ਨਾਲ ਉੱਪਰ ਨੂੰ ਉੱਠਣਾ. ਕੁੱਦਣਾ. ਟੱਪਣਾ। ੨. ਭਰਪੂਰ ਹੋਕੇ ਬਾਹਰ ਨੂੰ ਆਉਣਾ. ਡੁੱਲਣਾ. ਕਿਨਾਰਿਆਂ ਤੋਂ ਬਾਹਰ ਹੋਣਾ. "ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ." (ਸੂਹੀ ਫਰੀਦ) "ਉਛਲਿਆ ਕਾਮੁ ਕਾਲ ਮਤਿ ਲਾਗੀ." (ਬੇਣੀ ਸ੍ਰੀ)

ਉਛਲਾ: ਸੰਗਯਾ- ਇੱਕ ਵਰਣਿਕ ਛੰਦ. ਇਸ ਦਾ ਨਾਉਂ "ਉਛਾਲ" "ਹੰਸਕ" ਅਤੇ "ਪੰਕਤਿ" ਭੀ ਹੈ ਲੱਛਣ- ਚਾਰ ਚਰਣ. ਪ੍ਰਤਿ ਚਰਣ ਭ, ਗ, ਗ, SII, S, S.

ਉਦਾਹਰਣ-

ਗਾਵਤ ਨਾਰੀ। ਬਾਜਤ ਤਾਰੀ।

ਦੇਖਤ ਰਾਜਾ। ਦੇਵਤ ਸਾਜਾ. (ਅਜਰਾਜ)

ਉਛਵ: ਸੰ. उत्सव. ਉਤਸਵ. ਸੰਗਯਾ- ਆਨੰਦ ਪੈਦਾ ਕਰਨ ਵਾਲਾ ਕੰਮ. ਮੰਗਲ ਕਾਰਜ। ੨. ਖੁਸ਼ੀ.

ਉਛਾਹ: ਸੰ. उत्साह. ਉਤਸ਼ਾਹ. ਸੰਗਯਾ- ਹੌਸਲਾ. ਹਿੰਮਤ। ੨. ਉਮੰਗ। ੩. ਉੱਦਮ। ੪. ਸ਼ੌਕ। ੪. ਪਰਚਾਵਾ.

ਉਛਾਹੜ: ਸੰਗਯਾ- ਘ੍ਰਿਣਾ. ਗਿਲਾਨੀ। ੨. ਉਬਕਾਈ. ਅਵਾਕੀ. ਬੱਤ. ਮਤਲੀ.

ਉਛਾਹੜਾ: ਉਤਸਾਹ. ਦੇਖੋ, ਉਛਾਹ। ੨. ਉਤਸਾਹ ਵਾਲਾ.

ਉਛਾਹਾੜਾ: ਉਤਸਾਹ ਸਹਿਤ. ਦਿਲੇਰੀ ਨਾਲ. "ਕੂੜ ਮਾਰੇ ਕਾਲ ਉਛਾਹਾੜਾ." (ਮਾਰੂ ਸੋਲਹੇ ਮਃ ੧)

ਉਛਾਹਿ: ਉਤਸਾਹ ਨਾਲ। ੨. ਪਰਚਾਵੇ ਲਈ. ਦੇਖੋ, ਉਛਾਹ. "ਖੇਲ ਕੀਆ ਆਪਨੈ ਉਛਾਹਿ ਜੀਉ." (ਸਵੈਯੇ ਮਃ ੪. ਕੇ)

ਉਛਾਰ: ਸੰਗਯਾ- ਛਾਦਨ (ਢਕਣ) ਦਾ ਵਸਤ੍ਰ. ਉਛਾੜ. ਗਿਲਾਫ਼ "ਜਰੀ ਸੰਗ ਜਰੇ ਰਾਜੈਂ ਆਰੁਨ ਉਛਾਰ ਹੀ." (ਨਾਪ੍ਰ) ਲਾਲ ਰੰਗ ਦੇ ਉਛਾੜ। ੨. ਦੇਖੋ, ਉਛਾਲਨ.

ਉਛਾਰਨ: ਦੇਖੋ ਉਛਾਲਨ.

ਉਛਾਲ: ਦੇਖੋ, ਉਛਲਾ ਅਤੇ ਉਛਾਲਨਾ.

ਉਛਾਲਨ, ਉਛਾਲਨਾ: ਸੰ. उच्छालन. ਕ੍ਰਿ- ਟਪਾਉਣਾ. ਕੁਦਾਉਣਾ ੨. ਉੱਪਰ ਨੂੰ ਸੁੱਟਣਾ। ੩. ਉੱਪਰ ਹੇਠ ਕਰਨਾ.

ਉਛਾੜ: ਸੰਗਯਾ- ਗ਼ਿਲਾਫ਼. ਦੇਖੋ, ਉਛਾਰ। ੨. ਔੱਛਾਦਨ (ਢਕਣ) ਵਾਲਾ ਪਦਾਰਥ.

ਉਛਿਸਟ: ਸੰ. उच्छिष्ट. ਵਿ- ਖਾਧੇ ਪਿੱਛੋਂ ਬਚਿਆ ਅੰਨ. ਜੂਠ.

ਉਛੇਦਨ: ਸੰ. उच्छेदन. ਕ੍ਰਿ- ਪੁੱਟਣਾ. ਖੋਦਣਾ। ੨. ਵੱਢਣਾ. ਕੱਟਣਾ. ਟੁੱਕਣਾ। ੩. ਨਾਸ਼ ਕਰਨਾ.

ਉਛੇਰ: ਸੰਗਯਾ- ਉਦ- ਛੋਰ. ਪਾਣੀ ਦਾ ਕਿਨਾਰਾ। ੨. ਹਰਿਆਵਲਿ ਵਿੱਚ ਪਸ਼ੂਆਂ ਨੂੰ ਚਰਾਉਣ ਦੀ ਕ੍ਰਿਯਾ। ੩. ਦੇਖੋ, ਉਛੇਰ ਚਰਣਾ.

ਉਛੇਰ ਚਰਣਾ: ਸੰ. स्वैर सञ्चार- ਸ੍ਵੈਰ ਸੰਚਾਰ. ਆਪਣੀ ਇੱਛਾ ਪੂਰਬਕ ਵਿਚਰਨਾ. ਪਸ਼ੂਆਂ ਦਾ ਸ੍ਵਤੰਤ੍ਰ ਫਿਰਨਾ.

ਉਛੋਹਾੜਾ: ਦੇਖੋ, ਉਛਾਹਾੜਾ.

ਉਛੰਗ: ਸੰ. उत्सङ्ग. ਉਤਸੰਗ. ਸੰਗਯਾ- ਗੋਦੀ. ਗੋਦ. "ਸਿਰੀਚੰਦ ਧਰ ਨਾਮ ਤਿਹ ਪਾਯ ਉਛੰਗ ਭਤੀਜ."

(ਨਾਪ੍ਰ)

ਉਜੱਡ: ਵਿ- ਜਾਡਜਤਾ (ਜੜ੍ਹਤਾ) ਸਹਿਤ. ਮਹਾਂ ਮੂਰਖ.

ਉਜਬਕ: ਫ਼ਾ. اُزبک ਉਜਬਕ.[9] ਸੰਗਯਾ- ਤਾਤਾਰੀ. ਤਾਤਾਰ ਦਾ ਵਸਨੀਕ।

੨. ਤਾਤਾਰ ਦੀ ਇੱਕ ਗੰਵਾਰ (ਅਸਭ੍ਯ) ਜਾਤਿ. ਉਜਬਕ ਤੈਮੂਰ ਦੀ ਫ਼ੌਜ ਵਿੱਚ ਬਹੁਤ ਭਰਤੀ ਸਨ. ਭਾਰਤ ਦੇ ਇਤਿਹਾਸ ਵਿੱਚ ਇਸ ਜਾਤਿ ਦਾ ਜਿਕਰ ਕਈ ਥਾਂ ਦੇਖੀਦਾ ਹੈ। ੩. ਪੰਜਾਬੀ ਵਿੱਚ ਬਲਵਾਨ ਕੱਦਾਵਰ ਅਤੇ ਮੂਰਖ ਆਦਮੀ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ. "ਉਜਬਕ ਕਿਸੁ ਵਲਾਯਤ ਕੇਰਾ। ਖਾਇ ਬਹੁਤ ਅਰੁ ਓਜ ਘਨੇਰਾ." (ਗੁਪ੍ਰਸੂ)

ਉਜਰ: ਸੰਗਯਾ- ਬਲ. ਤਾਕਤ। ੨. ਵਿ- ਉਜਾੜ. ਗ਼ੈਰ ਆਬਾਦ। ੩. ਅ਼. عذر ਉਜਰ. ਸੰਗਯਾ- ਬਹਾਨਾ। ੪. ਕਾਰਣ. ਸਬਬ। ੫. ਬੇਬਸੀ ਪ੍ਰਗਟ ਕਰਨ ਦੀ ਕ੍ਰਿਯਾ।

ਉਜਰਖ਼੍ਵਾਹੀ: ਫ਼ਾ. عذرخواہی ਉ਼ਜਰਖ਼੍ਵਾਹੀ ਸੰਗਯਾ ਕਾਰਣ ਪੁੱਛਣ ਦੀ ਕ੍ਰਿਯਾ। ੨. ਮ੍ਰਿਤਕ ਦੀ ਮੌਤ ਦਾ ਕਾਰਣ ਪੁੱਛਣ ਦਾ ਕਰਮ. ਮਾਤਾਮਪੁਰਸੀ. ਪਰਚਾਉਣੀ। ੩. ਮੁਆਫੀ (ਖਿਮਾ) ਮੰਗਣ ਦੀ ਕ੍ਰਿਯਾ.

ਉਜਰਤ: ਅ਼. اُجرت ਸੰਗਯਾ- ਅਜਰ (ਬਦਲਾ) ਦੇਣ ਦੀ ਕ੍ਰਿਯਾ. ਮਜ਼ਦੂਰੀ। ੨. ਭਾੜਾ. ਕਿਰਾਇਆ.

ਉਜਲ: ਸੰ. उच्वल- ਉਜ੍ਵਲ. उद्- ज्वल. ਅਤਿ ਚਮਕੀਲਾ. ਨਿਰਮਲ. ਸਾਫ਼. "ਉਜਲ ਮੋਤੀ ਸੋਹਣੇ." (ਸੂਹੀ ਵਾਰ ਮਃ ੧) ੨. ਚਿੱਟਾ. "ਉਜਲ ਕੈਹਾਂ ਚਿਲਕਣਾ." (ਸੂਹੀ ਮਃ ੧)

---

[9] ਬਹੁਤਿਆਂ ਨੇ ਇਸ ਸ਼ਬਦ ਦਾ ਉੱਚਾਰਣ "ਉਜ਼ਬਕ" ਲਿਖਿਆ ਹੈ.

ਕਵੀਆਂ ਨੇ ਇਹ ਪਦਾਰਥ ਉੱਜਲ ਲਿਖੇ ਹਨ:-

ਅਮ੍ਰਿਤ, ਏਰਾਵਤ (ਇੰਦ੍ਰ ਦਾ ਹਾਥੀ), ਸਤਯੁਗ, ਸਤੋ ਗੁਣ, ਸਫਟਕ (ਬਿਲੌਰ), ਸਰਦਘਨ, ਸਾਰਦਾ, ਸਿੱਪ, ਸ਼ਿਵ, ਸਦਰਸ਼ਨ, ਸੂਰਜ, ਸ਼ੇਸ਼ਨਾਗ, ਸੰਖ, ਸੰਤਾਂ ਦਾ ਮਨ. ਹਾਸਾ, ਹਿਮ (ਬਰਫ), ਹਿਮਾਲਯ, ਹੰਸ, ਕਪਾਹ, ਕਪੂਰ, ਕਾਂਤਿਮਣਿ, ਕੀਰਤਿ, ਕੁੰਦ (ਬਰਦਮਾਨ ਦਾ ਫੁੱਲ), ਗੰਗਾ, ਚਾਂਦਨੀ, ਚਾਵਲ, ਚੂਨਾ, ਚੰਦਨ, ਚੰਦ੍ਰਮਾ, ਧੁੱਪ, ਨਾਰਦ, ਪਾਰਾ, ਪੁੰਨ, ਬਲਦੇਵ, ਮੋਤੀ, ਰਜਤ (ਚਾਂਦੀ), ਰਦ (ਦੰਦ), "ਵਕ (ਬਗੁਲਾ) ੩. ਕਲੰਕ ਰਹਿਤ, ਨਿਰਦੋਸ਼। ੪. ਸੁੰਦਰ। ੫. ਦੇਖੋ, ਉੱਜਲ.

ਉਂਜਲ: ਸੰ. ਅਞਜਲਿ- ਅੰਜਲਿ. ਸੰਗਯਾ- ਬੁੱਕ. ਦੋਹਾਂ ਹੱਥਾਂ ਦਾ ਸੰਪੁਟ. ਡੂੰਨੇ ਦੀ ਸ਼ਕਲ ਬਣਾਏ ਹੋਏ ਦੋਵੇਂ ਹੱਥ.

ਉਜਲਾ: ਦੇਖੋ, ਉਜਲ. "ਸੋਈ ਕੰਮ ਕਮਾਇ ਜਿਤੁ ਮੁਖ ਉਜਲਾ." (ਆਸਾ ਮਃ ੫) "ਸਾਹਿਬ ਮੇਰਾ ਉਜਲਾ." (ਵਾਰ ਰਾਮ ੧. ਮਃ ੧)

ਉਜੜ: ਵਿ- ਗ਼ੈਰ ਆਬਾਦ. "ਕੋੜੀ ਨਰਕ ਬਰਾਬਰੇ ਉਜੜ ਸੋਈ ਥਾਉ." (ਵਾਰ ਜੈਤ)

ਉਜੜਨਾ: ਕ੍ਰਿ- ਗ਼ੈਰ ਆਬਾਦ ਹੋਣਾ. ਘਰ ਬਾਰ ਛੱਡ ਜਾਣਾ। ੨. ਸਰਵ ਨਾਸ਼ ਹੋਣਾ.

ਉਜਾਸ: ਸੰਗਯਾ- ਉਜਾਲਾ. ਪ੍ਰਕਾਸ਼. ਰੌਸ਼ਨੀ. "ਬੀਜੁਰੀ ਪ੍ਰਕਾਸੈ ਜਿਮ ਤੇਜ ਕੋ ਉਜਾਸੈ." (ਗੁਪ੍ਰਸੂ) "ਬਧਯੋ ਚੰਦ ਸਮ ਚਾਰੁ ਉਜਾਸ." (ਗੁਪ੍ਰਸੂ) ੨. ਸੁਯਸ਼.

ਉਜਾਗਰ: ਵਿ- ਪ੍ਰਸਿੱਧ. ਵਿਖਜਾਤ. ਮਸ਼ਹੂਰ. "ਹਰਿ ਕੇ ਨਾਮ ਕਬੀਰ ਉਜਾਗਰ" (ਆਸਾ ਰਵਦਾਸ)

੨. ਪ੍ਰਕਾਸ਼ਿਤ. ਰੌਸ਼ਨ. "ਅਵਤਾਰ ਉਜਾਗਰ ਆਨ ਕੀਅਉ." (ਸਵੈਯੇ ਮਃ ੫. ਕੇ)

੩. ਜਾਗਿਆ ਹੋਇਆ. ਗਯਾਨੀ। ੪. ਸੰਗਯਾ- ਸੂਰਜ।

੫. ਖ਼ਾ. ਦੀਵਾ. ਚਰਾਗ.

ਉਜਾਗਰੀ: ਸੰਗਯਾ- ਪ੍ਰਸਿੱਧੀ। ੨. ਖ਼ਾ. ਲਾਲਟੈਨ.

ਉਜਾਨ: ਸੰ. उच्च- यान- ਉੱਚ- ਯਾਨ. ਸੰਗਯਾ- ਆਕਾਸ਼ ਵਿੱਚ ਜਾਣ ਵਾਲੀ ਸਵਾਰੀ. ਵਿਮਾਨ। ੨. ਵਿਮਾਨ ਤੇ ਚੜ੍ਹਨ ਵਾਲਾ ਦੇਵਤਾ.

ਉਜਾਨਾ, ਉਜਾਨੀ: ਵਿ- ਉਜਾਨ (ਉੱਚਯਾਨ) ਤੇ ਚੜ੍ਹਨ ਵਾਲਾ. ਵਿਮਾਨ ਦੀ ਸਵਾਰੀ ਕਰਨ ਵਾਲਾ। ੨. ਸੰਗਯਾ- ਦੇਵਤਾ. "ਕੋਟਿ ਤੇਤੀਸ ਉਜਾਨਾ." (ਆਸਾ ਕਬੀਰ)

ਉਜਾਰ: ਦੇਖੋ, ਉਜਾਰਾ, ਉਜਾੜ ਅਤੇ ਔਜਾਰ.

ਉਜਾਰਉ: ਸੰਗਯਾ- ਪ੍ਰਕਾਸ਼. ਰੌਸ਼ਨੀ. ਉਜਾਲਾ. "ਤਬ ਜਾਇ ਜੋਤਿ ਉਜਾਰਉ ਲਹੈ." (ਗਉ ਬਾਵਨ ਕਬੀਰ)

ਉਜਾਰਾ: ਸੰਗਯਾ- ਉਜਾੜਾ. ਬਰਬਾਦੀ।

੨. ਉਜਾੜੇ ਦਾ ਮੁੱਲ. ਹਰਜਾਨਾ. "ਸਭ ਕਿਦਾਰ ਕੋ ਭਰਹੁ ਉਜਾਰਾ." (ਨਾਪ੍ਰ) ੩. ਉਜਾਲਾ. ਪ੍ਰਕਾਸ਼. ਚਮਤਕਾਰ. "ਨਾਮ ਜਪਤ ਕੋਟਿ ਸੂਰ ਉਜਾਰਾ." (ਜੈਤ ਮਃ ੫)

ਉਜਾਰੀ: ਵਿ- ਚਮਕੀਲੀ. ਲਿਸ਼ਕਦੀ ਹੋਈ. ਉਜ੍ਵਲ. "ਸੋਭਤ ਪਾਨਿ ਕ੍ਰਿਪਾਨ ਉਜਾਰੀ." (ਪਾਰਸਾਵ)

ਉਜਾਰੋ: ਦੇਖੋ, ਉਜਾਰਾ ੩। ੨. ਜ੍ਵਲਨ ਕੀਤਾ. ਜਗਾਇਆ. "ਸਤਿਗੁਰੁ ਸਬਦਿ ਉਜਾਰੋ ਦੀਪਾ." (ਬਿਲਾ ਮਃ ੫) ਗਯਾਨ ਰੂਪ

ਦੀਵਾ ਜਗਾਇਆ.

ਉਜਾਲਾ: ਸੰਗਯਾ- ਪ੍ਰਕਾਸ਼. ਚਮਤਕਾਰ. ਚਾਨਣ. "ਪ੍ਰਗਟ ਰਹਿਓ ਪ੍ਰਭੁ ਸਰਬ ਉਜਾਲਾ." (ਮਾਰੂ ਸੋਲਹੇ ਮਃ ੫) ਦੇਖੋ, ਜ੍ਵਲ.

ਉਜਾੜ: ਸੰਗਯਾ- ਆਬਾਦੀ ਬਿਨਾ ਜਗਾ. ਨਿਰਜਨ ਅਸਥਾਨ.

ਉਜਾੜਨਾ: ਕ੍ਰਿ- ਗ਼ੈਰ ਆਬਾਦ ਕਰਨਾ. ਵਸੋਂ ਮਿਟਾਉਣੀ। ੨. ਬਰਬਾਦ ਕਰਨਾ.

ਉਜਾੜਾ: ਸੰਗਯਾ- ਉਜੜਨ ਦਾ ਭਾਵ। ੨. ਉਜਾੜਨ ਦੀ ਚੱਟੀ ਮੁੱਲ ਆਦਿ।

ਉਜਿਆਰਉ, ਉਜਿਆਰਾ, ਉਜਿਆਰੋ, ਉਜਿਆਲਾ, ਉਜੀਆਰਾ: ਪ੍ਰਕਾਸ਼, ਦੇਖੋ, ਉਜਾਲਾ. "ਹਰਿ ਕਾ ਨਾਮ ਸੰਗ ਉਜੀਆਰਾ." (ਸੁਖਮਨੀ) "ਭਇਓ ਉਜਿਆਰੋ ਭਵਨ ਸਗਲਾਰੇ (ਧਨਾ ਰਵਦਾਸ)

ਉਜੂ: ਅ਼. وُضُو ਵੁਜ਼ੂ. ਸੰਗਯਾ- ਪੰਜ ਸਨਾਨਾ. ਨਮਾਜ਼ ਪੜ੍ਹਨ ਤੋਂ ਪਹਿਲਾਂ ਹੱਥ ਪੈਰ ਅਤੇ ਮੂੰਹ ਦੀ ਸਫ਼ਾਈ.

"ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ."(ਸ. ਫਰੀਦ)

"ਕਿਆ ਉਜੂ ਪਾਕੁ ਕੀਆ ਮੁਹੁ ਧੋਇਆ?" (ਪ੍ਰਭਾ ਕਬੀਰ)

ਉਜੈਨ: ਸੰ. उज्जयिनी- ਉੱਜਯਿਨੀ. ਸੰਗਯਾ- ਗਵਾਲੀਅਰ ਰਾਜ ਵਿੱਚ ਮਾਲਵਾ ਦੇਸ਼ ਦੀ ਪੁਰਾਣੀ ਰਾਜਧਾਨੀ, ਜੋ ਸ਼ਿਪ੍ਰਾ ਨਦੀ ਦੇ ਦੱਖਣੀ ਕਿਨਾਰੇ ਹੈ. ਇਸ ਥਾ ਕੁਝ ਚਿਰ ਵਿਕ੍ਰਮਾਦਿਤ੍ਯ ਨੇ ਭੀ ਰਾਜ ਕੀਤਾ ਹੈ. ਇਸ ਦਾ ਨਾਉਂ ਸੰਸਕ੍ਰਿਤ ਗ੍ਰੰਥਾਂ ਵਿੱਚ "ਅਵੰਤੀ" ਭੀ ਦੇਖੀਦਾ ਹੈ. ਇਥੇ ਮਹਾਂਕਾਲ ਦਾ ਬਹੁਤ ਪੁਰਾਣਾ ਮੰਦਿਰ ਹੈ. "ਭੂਪ ਉਜੈਨ ਪੁਰੀ ਕੋ ਜਹਾਂ." (ਕ੍ਰਿਸਨਾਵ)

ਉੱਜਲ: ਦੇਖੋ, ਉਜਲ। ੨. ਡਿੰਗ. ਵਿ- ਕੁਲੀਨ। ੩. ਅਸਲ ਨਸਲ ਦਾ.

ਉੱਜੜ: ਦੇਖੋ, ਉਜਾੜ.

ਉਜਯਾਰਾ: ਦੇਖੋ, ਉਜਾਲਾ. "ਜਹ ਅਨਹਤ ਸੂਰ ਉਜਯਾਰਾ." (ਸੋਰ ਨਾਮਦੇਵ)

ਉਜ੍ਵਲ: ਦੇਖੋ, ਉਜਲ.

ਉਜਕਣਾ, ਉਜਕਨਾ: ਕ੍ਰਿ- ਚੌਂਕਣਾ ਚਮਕਣਾ। ੨. ਉਛਲਣਾ. ਕੁੱਦਣਾ। ੩. ਦੇਖਣ ਲਈ ਝੁਕਣਾ.

ਉਝਰ, ਉਝਰਣਾ, ਉਝਰਨ: ਕ੍ਰਿ- ਵਿਛੁੜਨਾ. ਉਜੜਨਾ. "ਖਿਨ ਪਲ ਬਾਜੀ ਦੇਖੀਐ ਉਝਰਤ ਨਹੀਂ ਬਾਰਾ." (ਆਸਾ ਅਃ ਮਃ ੧) ੨. ਨਿਰਬੰਧ ਹੋਣਾ. ਮੁਕਤ ਹੋਣਾ. "ਜਬੈ ਉਝਰ ਤੂੰ ਭਾਖ ਹੈਂ ਤੁਰਤ ਵਹੈ ਛੁਟਜਾਇ." (ਚਰਿਤ੍ਰ ੬੮) "ਰਿਸ ਜੁੱਝ ਉੱਝਰੇ ਰਾਜਪੂਤ." (ਰਾਮਾਵ) ਸੰ. ਉੱਝਨ. ਅਲਗ ਹੋਣਾ। ੩. ਸੁਲਝਣਾ. ਗੁੰਝਲ ਦਾ ਦੂਰ ਹੋਣਾ.

ਉਝੜ: ਸੰਗਯਾ- ਉਦਯਾਨ. ਜੰਗਲ। ੨. ਅਜੇਹੀ ਰੋਹੀ, ਜਿਸ ਵਿੱਚ ਰਸਤੇ ਦਾ ਕੋਈ ਥਹੁ ਪਤਾ ਨਾ ਲੱਭੇ. ਔਝੜ. "ਭਾਣੈ ਉਝੜਿ ਭਾਣੈ ਰਾਹਾ." (ਮਾਝ ਮਃ ੫)

ਉਝੜਪੰਥਿ, ਉਝੜਪੰਥੀ: ਵਿ- ਅਗਯਾਨੀ. ਗੁਮਰਾਹ ਸੰਘਣੇ ਜੰਗਲ ਵਿੱਚ ਰਾਹ ਤੋਂ ਭੁੱਲਕੇ ਵਿਚਰਣ ਵਾਲਾ. "ਉਝੜਪੰਥਿ ਭ੍ਰਮੈ ਗਾਵਾਰੀ." (ਸੂਹੀ ਛੰਤ ਮਃ ੪)

ਉਝੜਿ: ਔਝੜ ਵਿੱਚ. ਦੇਖੋ, ਉਝੜ.

ਉਝਾਰ: ਸੰਗਯਾ- ਉਜਾੜ. ਗ਼ੈਰ ਆਬਾਦ ਥਾਂ। ੨. ਦੇਖੋ, ਉਧਾਰਨ.

ਉਝਾਰਨ: ਕ੍ਰਿ- ਉਜਾੜਨਾ। ੨. ਵਿਖੇਰਨਾ. ਖਿੰਡਾ ਦੇਣਾ। ੩. ਸਮੇਟਣਾ. "ਭਨਤ ਨਾਨਕ ਜਬ ਖੇਲ ਉਝਾਰੈ ਤਬ ਏਕੈ ਏਕੰਕਾਰਾ." (ਮਾਰੂ ਮਃ ੫)

ਉਝਾੜ: ਦੇਖੋ, ਉਝਾਰ.

ਉਝੀੜ: ਵਿ- ਝਗੜੇ ਬਿਨਾ. ਨਿਰਦ੍ਵੰਦ. ਨਿਰਵਿਵਾਦ "ਗੁਰਮੁਖ ਮਾਰਗ ਚੱਲਣਾ ਆਸ ਨਿਰਾਸੀ ਝੀੜ ਉਝੀੜੀ." (ਭਾਗੁ) ੨. ਸਘਨਤਾ ਰਹਿਤ. ਵਿਰਲਾ. ਛਿੱਦਾ. "ਛਿਨ ਮੇ ਘਨ ਸੋ ਕਰਦੀਨ ਉਝੀੜਾ." (ਕ੍ਰਿਸਨਾਵ)

ਉੱਝੜ: ਦੇਖੋ, ਉਝੜ.

ਉੱਝੜਪੰਥਿ: ਦੇਖੋ, ਉਝੜਪੰਥ.

ਉਂਞ: ਕ੍ਰਿ- ਵਿ- ਉਸਤਰਾਂ. ਓਂਵੇਂ.

ਉਟ: ਦੇਖੋ, ਓਟ। ੨. ਸੰ. ਘਾਸ ਫੂਸ.

ਉਟੰਕਣ: ਸੰਗਯਾ- ਇੱਕ ਗਣਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ ਸੱਤ ਰਗਣ, ਇੱਕ ਗੁਰੁ. SIS, SIS, SIS, SIS, SIS, SIS, SIS, S. ਹਰੇਕ ਚਰਣ ਵਿੱਚ ਪਹਿਲਾ ਵਿਸ਼ਰਾਮ ੧੨. ਤੇ, ਦੂਜਾ ੧੦. ਅੱਖਰਾਂ ਤੇ.

ਉਦਾਹਰਣ-

ਸੂਰਬੀਰਾ ਸਜੇ ਘੋਰ ਬਾਜੇ ਬਜੇ,

ਭਾਜ ਕੰਤਾ! ਸੁਣੇ ਰਾਮ ਆਏ,

ਬਾਲਿ ਮਾਰਜੋ ਬਲੀ ਸਿੰਧੁ ਪਾਟਜੋ ਜਿਨੈ,

ਤਾਹਿ ਸੋ ਬੈਰ ਕੈਸੇ ਰਚਾਏ?

ਬਜਾਧ ਜੀਤਜੋ ਜਿਨੈ ਜੰਭ ਮਾਰਜੋ ਉਨੈ,

ਰਾਮ ਔਤਾਰ ਸੋਈ ਸੁਹਾਏ,

ਦੇ ਮਿਲੋ ਜਾਨਕੀ ਬਾਤ ਹੈ ਸਜਾਨ ਕੀ,

ਚਾਮ ਕੇ ਦਾਮ ਕਾਹੇ ਚਲਾਏ?[10] (ਰਾਮਾਵ)

ਉਟੰਕਨ: ਸੰ. ਰੋਕਣ ਦੀ ਕ੍ਰਿਯਾ. ਰੁਕਾਉਟ। ੨. ਹੁੱਜਤ.

ਉਟੰਗਣ: ਸੰਗਯਾ- ਕੌਂਚਫਲੀ ਦੇ ਬੀਜ, ਜੋ ਅਨੇਕ ਰੋਗਾਂ ਵਿੱਚ ਵਰਤੀਦੇ ਹਨ. Acanthodium hirtum. .

ਉਠ: ਦੇਖੋ, ਉਸਟ ਅਤੇ ਉਠਣਾ। ੨. ਸੰ. उठ. ਧਾ- ਮਾਰਨਾ. ਤਾੜਨਾ.

ਉਠਈਆ: ਵਿ- ਉਠਣ ਵਾਲਾ. ੨. ਸੰਗਯਾ- ਛਿੜਨ ਵਾਲਾ ਘੋੜਾ. ਨਟ ਵਾਂਙ ਉਛਲਣ ਵਾਲ ਤੁਰੰਗ। ੩. ਕ੍ਰਿ- ਉਠਦੀ ਹੈ. "ਸਰਧਾ ਮਨਿ ਬਹੁਤੁ ਉਠਈਆ." (ਬਿਲਾ ਅਃ ਮਃ ੪)

ਉਠ ਜਾਣਾ: ਕ੍ਰਿ- ਚਲੇ ਜਾਣਾ. ਕੂਚ ਕਰ ਜਾਣਾ। ੩. ਮਰ ਜਾਣਾ. ਦੁਨੀਆਂ ਛੱਡ ਜਾਣੀ. "ਉਠ ਜਾਣਾ ਤਾਂ ਕੇਹਾ ਮਾਣਾ?" (ਲੋਕੋ)

ਉਠਣਾ, ਉਠਨਾ: ਸੰ. उत्थान- ਉੱਥਾਨ. ਕ੍ਰਿ- ਖੜਾ ਹੋਣਾ। ੨. ਨੀਂਦ੍ਰ ਛੱਡਕੇ ਜਾਗ੍ਰਤ ਅਵਸਥਾ ਵਿੱਚ ਹੋਣਾ। ੩. ਸਾਵਧਾਨ ਹੋਣਾ. ਕਾਰਜ ਕਰਨ ਨੂੰ ਤਿਆਰ ਹੋਣਾ। ੪. ਉਪਜਣਾ. ਉਤਪੰਨ ਹੋਣਾ. "ਜਹਿ ਤੇ ਉਠਿਓ ਤਹਿ ਹੀ ਆਇਓ." (ਸਾਰ ਮਃ ੫) "ਜਿ ਓਸੁ ਮਿਲੈ ਤਿਸੁ ਕੁਸਟ ਉਠਾਹੀ." (ਵਾਰ ਗਉ ੧, ਮਃ ੪)

[10] ਮੰਦੋਦਰੀ ਦਾ ਰਾਵਣ ਨੂੰ ਉਪਦੇਸ਼.

ਉਠਵਨੀ: ਸੰਗਯਾ- ਹਮਲਾ. ਧਾਵਾ. "ਤੁਰੇ ਧਵਾਇ ਉਠਵਨੀ ਕਰੀ." (ਚਰਿਤ੍ਰ ੧੭੬)

ਉਠਵੈਯਾ: ਵਿ- ਉਠਣ ਵਾਲਾ। ੨. ਉਠਾਉਣ ਵਾਲਾ। ੩. ਸੰਗਯਾ- ਉਛਲਣ ਵਾਲਾ ਘੋੜਾ. ਚਾਲਾਕ ਅਸਪ.

ਉਠਾਉਣਾ: ਚੁੱਕਣਾ. ਦੇਖੋ, ਉਠਣਾ ਅਤੇ ਉਠਾਰਨਾ. "ਬੰਨ੍ਹਿ ਉਠਾਈ ਪੋਟਲੀ." (ਸਃ ਫਰੀਦ) ੨. ਦੂਰ ਕਰਨਾ. ਰੱਦ ਕਰਨਾ. "ਸਭ ਲੇਖਾ ਰਖਹੁ ਉਠਾਈ." (ਸੋਰ ਮਃ ੫) ੩. ਵਾਚਣਾ. ਕਿਸੇ ਲਿਖਤ ਨੂੰ ਪੜ੍ਹਨਾ.

ਉਠਾਨ: ਸੰਗਯਾ- ਉੱਥਾਨ ਹੋਣ ਦੀ ਕ੍ਰਿਯਾ। ੨. ਭੋਗ- ਇੱਛਾ. ਰਿਤੁ ਪਿੱਛੋਂ ਭੋਗ ਦੀ ਰੁਚੀ। ੩. ਹਮਲਾ. ਧਾਵਾ. "ਹਰੀ ਸਿੰਘ ਤਬ ਕਰੀ ਉਠਾਨਾ." (ਵਿਚਿਤ੍ਰ) ੪. ਪੌੜੀ ਗਾਉਣ ਤੋਂ ਪਹਿਲਾਂ ਵੀਰ ਰਸ ਉਪਜਾਉਣ ਵਾਲੇ ਗਾਏ ਹੋਏ ਛੰਦ.

ਉਠਾਰਨਾ, ਉਠਾਲਨਾ: ਕ੍ਰਿ- ਉਠਾਉਣਾ. ਖੜਾ ਕਰਨਾ. "ਪਕਰਿ ਕੇਸ ਜਮ ਉਠਾਰਿਓ." (ਆਸਾ ਮਃ ੫. ਪੜਤਾਲ) "ਇਕਨਾ ਸੁਤਿਆਂ ਦੇਇ ਉਠਾਲਿ." (ਸਃ ਫਰੀਦ) ੨. ਆਰੰਭਣਾ. "ਹਰਿ ਜਨ ਸਿਉ ਬਾਦ ਉਠਰੀਐ." (ਬਿਲਾ ਮਃ ੫) ੩. ਸਹਾਰਨਾ. ਭੋਗਣਾ. "ਦੁਖ ਬਹੁਤ ਉਠਾਯੋ." (ਗੁਪ੍ਰਸੂ) ੪. ਹਟਾਉਣਾ. ਵਰਜਣਾ। ੫. ਮਿਟਾਉਣਾ. ਖ਼ਤਮ ਕਰਨਾ. ਦੇਖੋ, ਉਠਾਉਣਾ.

ਉਠਾਲਿ: ਕ੍ਰਿ. ਵਿ- ਉਠਾ ਕੇ. ਦੇਖੋ, ਉਠਾਲਨਾ.

ਉਠਿ: ਉਠ ਕੇ. ਉੱਥਾਨ ਹੋ ਕੇ. "ਉਠਿ ਇਸਨਾਨ ਕਰਹੁ ਪਰਭਾਤੇ." (ਬਸੰ ਮਃ ੫)

ਉਡ: ਦੇਖੋ, ਉਡਣਾ. "ਉਡ ਹੁਨ ਕਾਗਾ ਕਾਰੇ." (ਗਉ ਕਬੀਰ) ਦੇਖੋ, ਕਾਉਂ ਉਡਾਉਣਾ। ੨. ਦੇਖੋ, ਉਡੁ.

ਉਡਗ: ਦੇਖੋ, ਉਡੁਗ.

ਉਡਗਿੰਦ: ਸੰਗਯਾ- ਉਡੁਗਣ (ਤਾਰਿਆਂ) ਦਾ ਇੰਦ੍ਰ ਚੰਦ੍ਰਮਾ. "ਗਯਾਨ ਵਾਨ ਸਿਖ ਯੁਤ ਉਡਗਿੰਦ." (ਗੁਪ੍ਰਸੂ)

ਉਡਛਾ: ਦੇਖੋ, ਓਡਛਾ. "ਖੋਜਤ ਉਡਛਾਨਾਥ ਕੇ." (ਚਰਿਤ੍ਰ ੨)

ਉਡਣਾ: ਸ. ਤਡੂਯਨ- ਉੱਡਯਨ. ਕ੍ਰਿ- ਹਵਾ ਵਿੱਚ ਗਮਨ ਕਰਨਾ. ਉਡਾਰੀ ਲੈਣੀ. ਪਰਵਾਜ਼ ਕਰਨੀ.

ਉਡਨਖਟੋਲਾ: ਸੰਗਯਾ- ਉਡਣ ਵਾਲਾ ਮੰਜਾ. ਵਿਮਾਨ. ਹਵਾਈ ਜਹਾਜ਼ ਆਦਿਕ. "ਉਡਨਖਟੋਲੇ ਬਹੁਤ ਸਜਾਈ." (ਪੰਪ੍ਰ)

ਉਡਨ ਪੰਖੇਰੂ: ਵਿ- ਇੱਕ ਥਾ ਇਸਥਿਤ ਨਾ ਹੋਣ ਵਾਲਾ ਪੰਛੀ। ੨. ਭਾਵ- ਜੀਵਾਤਮਾ. "ਇਹ ਮਨੁ ਉਡਨ- ਪੰਖੇਰੂ ਬਨ ਕਾ." (ਸਾਰ ਕਬੀਰ) ੩. ਸੰਗਯਾ- ਮਨ। ੪. ਲਿੰਗ ਸ਼ਰੀਰ.

ਉਡਨਾ: ਦੇਖੋ, ਉਡਣਾ.

ਉਡਰਿ: ਕ੍ਰਿ. ਵਿ- ਉੱਡੀਯਮਾਨ ਹੋਕੇ. ਉਡਕੇ. "ਹੰਸ ਉਡਰਿ ਕੋਧ੍ਰੈ ਪਇਆ." (ਸਃ ਫਰੀਦ) ੨. ਵਿ- ਉਡਾਰੂ. ਉਡਨਸ਼ੀਲ "ਪੰਖੀ ਪੰਚ ਉਡਰਿ ਨਹੀ ਧਾਵਹਿ." (ਮਾਰੂ ਸੋਲਹੇ ਮਃ ੧) ਪੰਜ ਗਯਾਨ ਇੰਦ੍ਰਯ ਰੂਪ ਪੰਖੀ.

ਉਡਰਿਆ: ਉਡ ਗਿਆ. ਲੋਪ ਹੋ ਗਿਆ. "ਧਰਮੁ ਪੰਖ ਕਰਿ ਉਡਰਿਆ" (ਵਾਰ ਮਾਝ ਮਃ ੧)

ਉਡਵਾ: ਉਡੁਗਣ. ਸਿਤਾਰੇ. ਤਾਰੇ. ਨਕਤ੍ਰ (ਨਛਤ੍ਰ) "ਹਰਿ ਜਨ ਸੋਭਾ ਸਭ ਜਗ ਊਪਰਿ, ਜਿਉ ਵਿਚਿ ਉਡਵਾ ਸਸਿਕੀਰ." (ਪ੍ਰਭਾ ਮਃ ੪) ਦੇਖੋ, ਸਸਿਕੀਰ.

ਉਡਾਊ: ਵਿ- ਵ੍ਰਿਥਾ ਧਨ ਖੋਣ ਵਾਲਾ. ਫਜੂਲਖਰਚ। ੨. ਉਡਣ ਵਾਲਾ. ਉਡਾਰੀ ਲੈਣ ਯੋਗਯ.

ਉਡਾਰੀ: ਸੰਗਯਾ- ਉਡਣ ਦੀ ਕ੍ਰਿਯਾ. ਪਰਵਾਜ਼. "ਮਿਠੈ ਮਖੁ ਮੁਆ ਕਿਉ ਲਏ ਉਡਾਰੀ." (ਆਸਾ ਛੰਤ ਮਃ ੫) ਵਿਖੈਰਸ ਲੰਪਟ ਮਨ, ਮੱਖ ਹੈ.

ਉਡਾਰੂ: ਵਿ- ਉਡਣ ਯੋਗ੍ਯ. ਉਡਣ ਲਾਇਕ.

ਉਡਿ: ਉਡਕੇ. "ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸਿ ਜਾਇ." (ਸ. ਕਬੀਰ)

ਉਡਿੰਦ: ਉਡੁ- ਇੰਦ੍ਰ. ਸੰਗ੍ਯਾ- ਤਾਰਿਆਂ ਦਾ ਸ੍ਵਾਮੀ, ਚੰਦ੍ਰਮਾ.

ਉਡੀਸਾ: ਸੰ. ਓਢ੍ਰ- ਓਡ੍ਰ. ਸੰਗ੍ਯਾ ਬੰਗਾਲ ਦਾ ਇਲਾਕਾ, ਜਿਸ ਵਿੱਚ ਜਿਲਾ ਕਟਕ, ਬਲਸੁਰ ਅਤੇ ਪੁਰੀ ਹੈ. ਇਸ ਦੇਸ਼ ਦਾ ਨਾਉਂ ਉਤਕਲ (उत्कल) ਭੀ ਹੈ. ਜਗੰਨਾਥ ਦਾ ਪ੍ਰਸਿੱਧ ਮੰਦਿਰ ਪੁਰੀ ਵਿੱਚ ਹੈ. ਦੇਖੋ, ਜਗੰਨਾਥ. "ਕਹਾ ਉਡੀਸੇ ਮਜਨੁ ਕੀਆ?" (ਪ੍ਰਭਾ ਕਬੀਰ)

ਉਡੀਕ: ਸੰਗ੍ਯਾ- ਇੰਤਜਾਰੀ. ਦੇਖੋ, ਉਡੀਕਣਾ.

ਉਡੀਕਣਾ, ਉਡੀਕਨਾ: ਸੰ. ਉਤ- ਈਕ੍ਸ਼ਣ. ਉਦੀਕ੍ਸ਼ਣ. ਉੱਪਰ ਵੱਲ ਮੂੰਹ ਉਠਾਕੇ ਦੇਖਣਾ. ਕਿਸੇ ਪਾਸੇ ਟਕ ਲਾਕੇ ਦੇਖਣਾ. ੨. ਇੰਤਜਾਰੀ ਕਰਨੀ. ਰਾਹ ਤੱਕਣਾ.

ਉਡੀਣ, ਉਡੀਣਾ, ਉਡੀਣੀ: ਸੰ. उद्दीर्ण- ਉਦੀਣੑ. ਵਿ- ਵ੍ਯਾਕੁਲ. ਘਬਰਾਇਆ ਹੋਇਆ। ੨. ਉਦਾਸ. "ਹਉ ਹਰਿ ਬਾਝ ਉਡੀਣੀਆ." (ਬਿਹਾ ਛੰਤ ਮਃ ੪) ੩. ਹੈਰਾਨ ਕਰਨ ਵਾਲੀ. "ਵਾਟ ਹਮਾਰੀ ਖਰੀ ਉਡੀਣੀ." (ਸੂਹੀ ਫਰੀਦ)

ਉਡੀਨ: ਦੇਖੋ, ਉਡੀਣ। ੨. ਸੰ. उड्डीन. ਸੰਗ੍ਯਾ- ਉਡਾਰੀ. ਪਰਵਾਜ਼.

ਉਡੀਨੀ: ਉਦੀਣ (ਉਦਾਸ) ਹੋਈ. ਦੇਖੋ, ਉਡੀਣੀ. "ਉਡੀਨੀ ਉਡੀਨੀ ਉਡੀਨੀ, ਕਬ ਘਰਿ ਆਵੈ ਰੀ."

(ਬਿਲਾ ਪੜਤਾਲ ਮਃ ੫)

ਉਡੁ: ਸੰ. उडु. ਸੰਗ੍ਯਾ- ਪੰਛੀ। ੨. ਜਲ। ੩. ਤਾਰਾ. ਨਕ੍ਸ਼ਤ੍ਰ (ਨਛਤ੍ਰ)

ਉਡੁਗ: ਉਡੁਗਣ ਦਾ ਸੰਖੇਪ. ਤਾਰੇ.

ਉਡੁਗਣ: ਸੰਗ੍ਯਾ- ਤਾਰਾ ਮੰਡਲ. ਤਾਰਿਆਂ ਦਾ ਸਮੁਦਾਯ. ਸਿਤਾਰੇ.

ਉਡਗਨਾਥ: ਸੰਗ੍ਯਾ- ਉਡੁਗਣ ਦਾ ਸ੍ਵਾਮੀ ਚੰਦ੍ਰਮਾ.

ਉਡੁਗਨਿਕੇਤ: ਉਡੁਗਣ (ਤਾਰਿਆਂ) ਦਾ ਨਿਕੇਤ (ਘਰ)- ਰਾਤ. ਰਾਤ੍ਰਿ. (ਸਨਾਮਾ)

ਉਡੁਗ ਨਿਕੇਤਿਸ: ਉਡੁਗਣ ਦਾ ਘਰ- ਰਾਤ, ਉਸ ਦਾ ਈਸ਼- ਚੰਦ੍ਰਮਾ (ਸਨਾਮਾ)

ਉਡੁਗਭੂਪ: ਤਾਰਾ ਗਣ ਦਾ ਰਾਜਾ- ਚੰਦ੍ਰਮਾ. (ਸਨਾਮਾ)

ਉਡੁਗਭੂਪਣੀ ਭੂਪ: ਤਾਰਾਗਣ ਦਾ ਸ੍ਵਾਮੀ- ਚੰਦ੍ਰਮਾ, ਤਿਸ ਨਾਲ ਸੰਬੰਧ ਵਾਲੀ ਚੰਦ੍ਰਭਾਗਾ ਨਦੀ, ਤਿਸ ਦੀ ਸ੍ਵਾਮਿਨੀ ਪ੍ਰਿਥਿਵੀ (ਸਨਾਮਾ) ਣੀ ਪ੍ਰਤ੍ਯਯ ਦੇ ਅਰਥ ਵਾਲੀ. ਭੂਪਣੀ. ਭੂਪ ਦੀ.

ਉਡੁਪ: ਸੰ. उडुप. ਸੰਗ੍ਯਾ- ਉਡੁ (ਜਲ) ਪਤਿ- ਵਰੁਣ। ੨. ਜਹਾਜ਼. ਨੌਕਾ। ੩. ਚੰਦ੍ਰਮਾ। ੪. ਗਰੁੜ. ਦੇਖੋ, ਉਡੁ.

ਉਡੁਪਤਿ: ਸੰ. उडुपति. ਸੰਗ੍ਯਾ- ਚੰਦ੍ਰਮਾ ੨. ਗਰੁੜ. ਦੇਖੋ, ਉਡੁ.

ਉਡੁਵਾ: ਦੇਖੋ, ਉਡਵਾ.

ਉਡੇਰੋਲਾਲ: ਦੇਖੋ, ਦਰਯਾਪੰਥੀ.

ਉਡੰਤ: ਸੰਗ੍ਯਾ- ਉਡਾਰੀ. ਪਰਵਾਜ਼। ੨. ਵਿ- ਉਡਿਆ। ੩. ਉੱਡੀਯਮਾਨ. ਉਡਦਾ ਹੋਇਆ. "ਪਵਣ ਉਡੰਤ ਨ ਧਾਵੈ."

(ਸਵੈਯੇ ਮਃ ੩. ਕੇ) ਦੇਖੋ, ਪਰਣਉਡੰਤ.

ਉਢ: ਦੇਖੋ, ਓਢਨ.

ਉਢਲੀਆ: ਦੇਖੋ, ਓਢਲੀਆ.

ਉਢਾਉਣਾ: ਦੇਖੋ, ਓਢਾਉਣਾ.

ਉਢੌਨੀ: ਸੰਗਯਾ- ਓਢਣੀ. ਚਾਦਰ. "ਮਨਹੁ ਸਬਿੰਦੂ ਨੀਲ ਉਢੌਨੀ." (ਗੁਪ੍ਰਸੂ) ਗੂੜ੍ਹੀ ਹਰੀ ਜਮੀਨ ਚੀਚ- ਵਹੁਟੀਆਂ ਨਾਲ, ਮਾਨੋ ਲਾਲ ਬੂਟੀਆਂ ਵਾਲੀ ਨੀਲੀ ਚਾਦਰ ਹੈ।

ਉੰਢਲ: ਵਿ- ਓਟ (ਪਨਾਹ) ਲੈਣ ਵਾਲਾ. "ਢਾਲ ਉੱਢਲੰ." (ਰਾਮਾਵ) ੨. ਓਢਣੇ ਵਾਲਾ.

ਉਣ: ਦੇਖੋ, ਉਣਨਾ ਅਤੇ ਉੱਨ।

੨. ਡਿੰਗ. ਸਰਵ- ਉਨ. ਉਨ੍ਹਾਂ.

ਉਣਤਾਲੀ: ਊਨਚਤ੍ਵਾਰਿੰਸ਼ਤ. ਇੱਕ ਘੱਟ ਚਾਲ੍ਹੀ. ੩੯.

ਉਣੱਤਰ: ਊਨਸਪ੍ਤਤਿ. ਇੱਕ ਘੱਟ ਸੱਤਰ. ੬੯.

ਉਣੱਤੀ: ਊਨਤ੍ਰਿੰਸ਼ਤ, ਇੱਕ ਘੱਟ ਤੀਹ. ੨੯. ਦੇਖੋ, ਉਨੱਤੀ.

ਉਣਨਾ: ਕ੍ਰਿ- ਬੁਣਨਾ. "ਤਨਿ ਉਣਿ ਖੁੰਬ ਚੜਾਇਕੈ." (ਭਾਗੁ) ਸਿੰਧੀ. ਉਣਣੁ.

ਉਣਮਣ: ਡਿੰਗ. ਵਿ- ਨਾਖੁਸ਼. ਅਪ੍ਰਸੰਨ. ਦੇਖੋ, ਉਨਮਨ.

ਉਣਵੰਜਾ: ਸੰ. एकोनपन्चाशत- ਏਕੋਨਪੰਚਾਸ਼ਤ. ਇੱਕ ਘੱਟ ਪੰਜਾਹ ੪੯.

ਉਣਾਸਠ: ਊਨਸ਼ਸ਼੍ਟਿ. ਸੱਠ ਤੋਂ ਇੱਕ ਘੱਟ. ੫੯.

ਉਣਾਸੀ: ਊਨਾਸ਼ੀਤਿ. ਅੱਸੀ ਤੋਂ ਇੱਕ ਘੱਟ. ੭੯

ਉਣਾਨਵੇ: ਸੰ. एकोननवति. ਏਕੋਨ ਨਵਤਿ, ਇੱਕ ਘੱਟ ਨੱਵੇ. ੮੯.

ਉਣਿ: ਕ੍ਰਿ. ਵਿ- ਉਣ (ਬੁਣ) ਕੇ. ਦੇਖੋ, ਉਣਨਾ.

ਉਣੇਤੁ: ਸੰ. उपनयन- ਉਪਨਯਨ. ਸੰਗਯਾ- ਯਗੋਪਵੀਤ ਸੰਸਕਾਰ. ਜਨੇਊ ਪਹਿਰਾਉਣ ਦੀ ਰਸਮ. "ਭਦਣੁ ਉਣੇਤੁ ਕਰਾਇਆ." (ਰਾਮ ਮਃ ੫. ਬੰਨੋ) ਦੇਖੋ, ਉਪਨੀਤ.

ਉਣੰਜਾ: ਦੇਖੋ, ਉਣਵੰਜਾ. ਪੰਜਾਬੀ ਵਰਣਮਾਲਾ (ਪੈਂਤੀ) ਦਾ ਪਹਿਲਾ ਸ੍ਵਰ ਅੱਖਰ ਊੜਾ, ਇਸ ਦਾ ਉੱਚਾਰਣ ਹੋਠਾਂ ਦੀ ਸਹਾਇਤਾ ਤੋਂ ਹੁੰਦਾ ਹੈ. ਊੜੇ ਤੋਂ (ੁ) (ੂ) (ੋ) ਅਤੇ (ੌ) ਮਾਤ੍ਰਾ (ਲਗਾਂ) ਬਣਦੀਆਂ ਹਨ.

ਉਤ: ਸੰ. ਉੱਤਰ. ਸੰਗਯਾ- ਪਰਲੋਕ. "ਈਤ ਉਤ ਜੀਅ ਨਾਲ ਸੰਗੀ." (ਗੂਜ ਮਃ ੫) ੨. ਕ੍ਰਿ. ਵਿ- ਓਧਰ. ਉਸ ਤਰਫ਼ "ਉਤ ਤਾਕੈ ਉਤ ਤੇ ਉਤਿ ਪੇਖੈ." (ਧਨਾ ਮਃ ੫) ੩. ਯਾ. ਸ਼ਾਇਦ. ਕਦਾਚਿਤ। ੪. ਸਰਵ ਉਹ. ਓਹ. ਦੇਖੋ, ਉਤੁ.

ਉਤਸਰਗ: ਸੰ. उत्सर्ग. ਸੰਗਯਾ- ਤਰਕ, ਤਿਆਗ। ੨. ਦਾਨ। ੩. ਸਮਾਪਤਿ. ਅੰਤ. ਭੋਗ.

ਉਤਸਰਪਿਣੀ: ਸੰ. उत्सर्पिणी. ਸੰਗਯਾ- ਜੈਨੀਆਂ ਦਾ ਕਲਪਿਆ ਹੋਇਆ ਸਮੇਂ ਦਾ ਪ੍ਰਮਾਣ. ਜਿਵੇਂ ਹਿੰਦੂਮਤ ਵਿੱਚ ਸਤਯੁਗ ਆਦਿਕ ਯੁਗਾਂ ਦਾ ਚਕ੍ਰ ਹੈ, ਤਿਵੇਂ ਹੀ ਉਤਸਰਪਿਣੀ ਅਤੇ ਅਵਸਰਪਿਣੀ ਜੈਨੀਆਂ ਦਾ ਹਿਸਾਬ ਹੈ. ਉਤਸਰਪਣ ਦਾ ਅਰਥ

ਹੈ ਅੱਗੇ ਵਧਣਾ ਅਤੇ ਅਵਸਰਪਣ ਦਾ ਅਰਥ ਹੈ ਪਿੱਛੇ ਹਟਣਾ.

ਉਤਸਵ: ਸੰ. उत्सव. ਸੰਗਜਾ- ਆਨੰਦ. ਖ਼ੁਸ਼ੀ। ੨. ਆਨੰਦ ਦੇਣ ਵਾਲਾ ਕਰਮ.

ਉਤਸਾਹ: ਸੰ. उत्साह. ਸੰਗਜਾ- ਹੌਸਲਾ. ਹਿੰਮਤ।

੨. ਉੱਦਮ. ਪੁਰਖਾਰਥ. "ਦੀਨਦਇਆਲ, ਕਰਹੁ ਉਤਸਾਹਾ." (ਸੂਹੀ ਮਃ ੫)

ਉਤਸਾਹੀ: ਸੰ. उत्साहिन. ਵਿ- ਉਤਸਾਹ ਵਾਲਾ ੨. ਉੱਦਮੀ.

ਉਤਸੁਕ: ਸੰ. उत्सुक. ਵਿ- ਕਿਸੇ ਗੱਲ ਦੇ ਜਾਣਨ ਦੀ ਬਹੁਤ ਇੱਛਾ ਰੱਖਣ ਵਾਲਾ. ਚਾਹ ਨਾਲ ਵਜਾਕੁਲ.

ਉਤਸੁਕਤਾ: ਸੰ. ਸੰਗਜਾ- ਉਤਸੁਕ ਹੋਣ ਦਾ ਭਾਵ. ਕਿਸੇ ਵਸ੍ਤੂ ਦੀ ਪ੍ਰਾਪਤੀ ਲਈ ਵਜਾਕੁਲਤਾ.

ਉਤਕਟ: ਸੰ. उत्कट. ਵਿ- ਕਠਿਨ. ਕਠੋਰ. ਕਰੜਾ. ੨. ਪ੍ਰਚੰਡ. ਕ੍ਰੋਧੀ। ੩. ਪ੍ਰਬਲ। ੪. ਮਰਯਾਦਾ ਤੋਂ ਲੰਘਿਆ ਹੋਇਆ। ੫. ਨਸ਼ੇ ਵਿੱਚ ਮਸ੍ਤ. ਮਖ਼ਮੂਰ। ੬. ਅਹੰਕਾਰੀ.

ਉਤਕਰਸ਼, ਉਤਕਰਖ: ਸੰ. उत्कर्ष. ਸੰਗਜਾ- ਅਧਿਕਤਾ. ਵ੍ਰਿੱਧਿ। ੨. ਵਡਿਆਈ. ਪ੍ਰਸ਼ੰਸਾ। ੩. ਸ਼੍ਰੇਸ਼੍ਠਤਾ. ਉੱਤਮਤਾ। ੪. ਕਸ਼ਮੀਰ ਦਾ ਇੱਕ ਰਾਜਾ, ਜੋ ਕਲਸ਼ ਪਿੱਛੋਂ ਗੱਦੀ ਉੱਪਰ ਬੈਠਾ।

ਉਤਕਲ: ਸੰ. उत्कल. ਸੁਦਜੁਮਨ ਰਾਜਾ ਦਾ ਪੁਤ੍ਰ, ਜਿਸ ਨੇ ਆਪਣੇ ਨਾਉਂ ਤੇ ਦੇਸ਼ ਦਾ ਨਾਉਂ ਰੱਖਿਆ. ਦੇਖੋ, ਉਡੀਸਾ.

ਉਤਕਲਾ, ਉਤਕਾ: ਦੇਖੋ, ਉਤਕੰਠਿਤਾ.

ਉਤਕੰਟਕ: ਸੰ. ਸੰਗਜਾ- ਕਰੜੇ ਕੰਡਿਆਂ ਵਾਲਾ, ਕਰੌਂਦਾ. ਇਸ ਦੇ ਫਲਾਂ ਦਾ ਅਚਾਰ ਪਾਈਦਾ ਹੈ. ਦੇਖੋ, ਕਰੌਂਦਾ.

ਉਤਕੰਠਾ: ਸੰ. उत्कणठा. ਸੰਗਜਾ- ਪ੍ਰਬਲ ਇੱਛਾ. "ਬਿਹਬਲ ਹ੍ਵੈ ਉਤਕੰਠਾ ਭੂਰੀ." (ਨਾਪ੍ਰ)

ਉਤਕੰਠਿਤਾ: ਸੰ. उत्कणिठता. ਸੰਗਜਾ- ਕਾਵਜ ਅਨੁਸਾਰ ਇੱਕ ਨਾਇਕਾ, ਜੋ ਸੰਕੇਤ ਕੀਤੇ ਥਾਂ ਅਰ ਵੇਲੇ ਸਿਰ ਪਿਆਰੇ ਨੂੰ ਆਇਆ ਨਾ ਵੇਖਕੇ ਤੀਵ੍ਰ ਇੱਛਾ ਨਾਲ, ਨਾ ਆਉਣ ਦੇ ਕਾਰਣਾਂ ਤੇ ਦਲੀਲਾਂ ਸੋਚਦੀ ਹੈ. ਇਸਨੂੰ "ਉਤਕਲਾ" ਅਤੇ "ਉਤਕਾ" ਭੀ ਆਖਦੇ ਹਨ.

ਉਤਕ੍ਰਿਸ਼: ਸੰ. उत्कृष्ट. ਵਿ- ਉੱਤਮ. ਸ੍ਰੇਸ਼੍ਠ। ੨. ਸਭ ਤੋਂ ਅੱਛਾ. ਬਿਹਤਰ.

ਉਤਕ੍ਸ਼ੇਪਣ, ਉਤਖੇਪਣ: ਸੰ. उत्क्षेपण. ਕ੍ਰਿ- ਉੱਪਰ ਸੁੱਟਣਾ. ਫੈਂਕਣਾ। ੨. ਚੁਰਾਉਣਾ। ੩. ਸੰਗਜਾ- ਢੱਕਣ। ੪. ਛੱਜ। ੫. ਪੱਖਾ.

ਉਤੱਥ: ਸੰ. उतथ्य. ਸੰਗਜਾ- ਇਹ ਸ਼੍ਰੱਧਾ ਦੇ ਪੇਟ ਤੋਂ ਅੰਗਿਰਾ ਦਾ ਪੁਤ੍ਰ ਸੀ. ਇਸ ਨੇ ਸੋਮ ਦੀ ਪੁਤ੍ਰੀ "ਭਦ੍ਰਾ" ਨਾਲ ਵਿਆਹ ਕੀਤਾ. ਵਰੁਣ ਦੇਵਤਾ ਜੋਕਿ ਪਹਿਲੇ ਹੀ ਭਦ੍ਰਾ ਤੇ ਮੋਹਿਤ ਸੀ, ਉਸ ਨੂੰ ਉਤੱਥ ਦੀ ਕੁਟੀ ਵਿੱਚੋਂ ਚੁੱਕ ਲੈ ਗਿਆ. ਉਤੱਥ ਨੇ ਭਦ੍ਰਾ ਨੂੰ ਵਾਪਿਸ ਲੈਣ ਲਈ ਨਾਰਦ ਨੂੰ ਘੱਲਿਆ, ਪਰ ਵਰੁਣ ਨੇ ਨਾਂਹ ਕਰ ਦਿੱਤੀ. ਉਤੱਥ ਨੇ ਗੁੱਸੇ ਵਿੱਚ ਆ ਕੇ ਸਾਰਾ ਸਮੁੰਦਰ ਪੀ ਲੀਤਾ, ਫੇਰ ਭੀ ਵਰੁਣ ਨੇ ਭਦ੍ਰਾ ਨਾ ਦਿੱਤੀ. ਜਦ ਉਤੱਥ ਦੀ ਇੱਛਾ ਅਨੁਸਾਰ ਵਰਣ ਦਾ ਤਾਲ ਸੁੱਕਗਿਆ ਅਤੇ ਸਾਰਾ ਲੋਕ ਜਲ ਬਿਨਾ ਹੋ ਗਿਆ, ਤਾਂ ਵਰੁਣ ਨੇ ਆਕੇ ਉਤੱਥ ਦੀ ਸ਼ਰਣ ਲਈ ਅਤੇ ਭਦ੍ਰਾ ਮੋੜ ਦਿੱਤੀ. ਰਿਖੀ ਆਪਣੀ ਇਸਤ੍ਰੀ ਵਾਪਿਸ ਲੈ ਕੇ ਬਹੁਤ ਪ੍ਰਸੰਨ ਹੋਇਆ ਅਤੇ ਵਰੁਣ ਦੇ ਕਲੇਸ਼ ਦੂਰ ਕੀਤੇ.

ਮਹਾਂਭਾਰਤ ਵਿੱਚ ਕਥਾ ਹੈ ਕਿ ਉਤੱਥ ਦੀ ਇਸਤ੍ਰੀ "ਮਮਤਾ" ਸੀ. ਇਕ ਵਾਰ ਜਦਕਿ ਉਸ ਨੂੰ ਗਰਭ ਸੀ, ਤਦ ਉਤੱਥ ਦਾ ਛੋਟਾ ਭਾਈ ਵ੍ਰਿਹਸਪਤਿ ਕਾਮਾਤੁਰ ਹੋ ਕੇ ਭਰਜਾਈ ਪਾਸ ਪਹੁੰਚਿਆ, ਅਤੇ ਭੋਗ ਕਰਨ ਦੀ ਇੱਛਾ ਪ੍ਰਗਟ ਕੀਤੀ. ਮਮਤਾ ਨੇ ਅਤੇ ਗਰਭ ਵਿੱਚ ਇਸਥਿਤ ਬਾਲਕ ਨੇ ਵ੍ਰਿਹਸਪਤੀ ਨੂੰ ਇਸ ਕੁਕਰਮ ਤੋਂ ਵਰਜਿਆ. ਵ੍ਰਿਹਸਪਤਿ ਨੇ ਬੱਚੇ ਨੂੰ ਸ੍ਰਾਪ ਦਿੱਤਾ ਕਿ ਤੂੰ

ਅੰਨ੍ਹਾ ਹੋਜਾ, ਇਸ ਕਰਕੇ ਬਾਲਕ ਦਾ ਨਾਉਂ "ਦੀਰਘਤਮਾ" ਹੋਇਆ. ਦੇਖੋ, ਭਰਦ੍ਵਾਜ.

ਉਤਪਤਿ: ਸੰ. उत्पत्ति. ਸੰਗਯਾ- ਜਨਮ. ਪੈਦਾਯਸ਼. "ਤਿਸੁ ਪ੍ਰਭ ਤੇ ਸਗਲੀ ਉਤਪਤਿ." (ਸੁਖਮਨੀ) ੨. ਸ੍ਰਿਸ਼੍ਟਿਰਚਨਾ. "ਉਤਪਤਿ ਪਰਲਉ ਆਪਿ ਨਿਰਾਲਾ."

(ਮਾਰੂ ਸੋਲਹੇ ਮਃ ੧)

ਉਤਪਤਿ ਪਰਲਉ: ਦੇਖੋ, ਉਤਪਤਿ ੨। ੨. ਉਪਕ੍ਰਮ ਉਪਸੰਹਾਰ. ਰਚਨਾ ਦਾ ਸਿਲਸਿਲਾ ਅਤੇ ਲੈ ਹੋਣ ਦਾ ਕ੍ਰਮ. "ਉਤਪਤਿ ਪਰਲਉ ਸਬਦੇ ਹੋਵੈ." (ਮਾਝ ਅਃ ਮਃ ੩)

ਉਤਪਲ: ਸੰ. उत्पल. ਸੰਗਯਾ- ਨੀਲਾ ਕਮਲ। ੨. ਕਮਲ. ਕੌਲ ਫੁਲ.

ਉਤਪਲਲੋਚਨ: ਵਿ- ਉਤਪਲ (ਕਮਲ) ਜੇਹੇ ਹਨ ਜਿਸ ਦੇ ਨੇਤ੍ਰ. ਕਮਲ ਨਯਨ."ਅਵਿਲੋਕਤ ਭੇ ਉਤਪਲ ਲੋਚਨ." (ਨਾਪ੍ਰ)

ਉਤਪਾਟਨ: ਸੰ. उत्पाटन. ਸੰਗਯਾ- ਪੁੱਟਣਾ. ਉਖੇੜਨ ਦੀ ਕ੍ਰਿਯਾ. ਜੜ ਪੁੱਟਣ ਦਾ ਕਰਮ.

ਉਤਪਾਤ: ਸੰ. उत्पात. ਸੰਗਯਾ- ਉਪਦ੍ਰਵ. ਆਫਤ। ੨. ਅਸ਼ਾਂਤਿ। ੩. ਉੱਪਰ ਡਿੱਗਣ ਦੀ ਕ੍ਰਿਯਾ. ਲਪਕਕੇ ਪੈਣਾ.

ਉਤਪਾਤਿ, ਉਤਪਾਤੀ: ਸੰ. उत्पत्ति- ਉਤਪੱਤਿ. ਸੰਗਯਾ- ਪੈਦਾਯਸ਼. ਜਨਮ. "ਬ੍ਰਹਮਬਿੰਦੁ ਤੇ ਸਭ ਉਤਪਾਤੀ." (ਗਉ ਕਬੀਰ) ੨. ਸੰ. उत्पातिन. ਵਿ- ਉਪਦ੍ਰਵ (ਫ਼ਸਾਦ) ਕਰਨ ਵਾਲਾ. ਬੇਚੈਨੀ ਫੈਲਾਉਣ ਵਾਲਾ.

ਉਤਪਾਦਕ: ਸੰ. उत्पादन. ਵਿ- ਉਤਪੰਨ (ਪੈਦਾ) ਕਰਨ ਵਾਲਾ। ੨. ਸੰਗਯਾ- ਪਿਤਾ. ਜਨਕ। ੩. ਉੱਪਰ ਪੈਰਾਂ ਵਾਲਾ, ਸ਼ਰਭ ਜੀਵ. ਸ਼ਰਭ ਦੇ ਚਾਰ ਪੈਰ ਪਿੱਠ ਤੇ, ਅਤੇ ਚਾਰ ਛਾਤੀ ਵੱਲ ਹੁੰਦੇ ਹਨ. ਦੇਖੋ, ਸਿਆਰ.

ਉਤਪਾਦਨ: उत्पादक. ਸੰਗਯਾ- ਉਤਪੰਨ ਕਰਨਾ. ਪੈਦਾ ਕਰਨ ਦੀ ਕ੍ਰਿਯਾ.

ਉਤਪੰਨ: ਸੰ. उत्पन्न. ਵਿ- ਪੈਦਾ ਹੋਇਆ. ਜਨਮਿਆ.

ਉਤਪ੍ਰੇਕ੍ਸ਼ਾ: ਸੰ. उत्प्रेक्षा. ਸੰਗਯਾ- ਓਹੋ ਜੇਹਾ ਦੇਖਣ ਦਾ ਭਾਵ। ੨. ਇੱਕ ਅਰਥਾਲੰਕਾਰ. ਭੇਦ ਗ੍ਯਾਨ ਸਹਿਤ ਉਪਮੇਯ ਵਿੱਚ ਉਪਮਾਨ ਦੀ ਅਟਕਲ ਕਰਨੀ "ਉਤਪ੍ਰੇਕ੍ਸ਼ਾ" ਅਲੰਕਾਰ ਹੈ. "ਆਨ ਬਾਤ ਕੋ ਆਨ ਮੇ ਜਹਿਂ ਸੰਭਾਵਨ ਹੋਇ." (ਸ਼ਿਵਰਾਜ ਭੂਸ਼ਣ)

ਉਦਾਹਰਣ-

ਕੋਪ ਭਈ ਬਰ ਚੰਡਿ ਮਹਾਂ ਬਹੁ

ਜੁੱਧ ਕਰਯੋ ਰਨ ਮੇ ਬਲ ਧਾਰੀ,

ਲੈ ਕੇ ਕ੍ਰਿਪਾਨ ਮਹਾਂ ਬਲਵਾਨ

ਪਚਾਰਕੈ ਸੁੰਭ ਕੇ ਊਪਰ ਝਾਰੀ,

ਸਾਰ ਸੋਂ ਸਾਰ ਕੀ ਧਾਰ ਬਜੀ

ਝਨਕਾਰ ਉਠੀ ਤਹਿ ਤੇ ਚਿਨਗਾਰੀ,

ਮਾਨਹੁ ਭਾਦਵ ਮਾਸ ਕੀ ਰੈਨ

ਲਸੈ ਪਟਬੀਜਨ ਕੀ ਚਮਕਾਰੀ. (ਚੰਡੀ ੧)

(ਅ) ਜੇ 'ਗੋਯਾ' 'ਮਾਨੋ' ਆਦਿਕ ਪਦ ਨਾ ਵਰਤੇ ਜਾਣ, ਤਦ "ਗਮ੍ਯੋਤਪ੍ਰੇਕ੍ਸ਼ਾ" ਅਥਵਾ "ਗੁਪਤੋਤਪ੍ਰੇਕਾ" ਸੰਗਯਾ ਹੁੰਦੀ ਹੈ.

ਉਦਾਹਰਣ-

ਇੱਕ ਵੱਢੇ ਤੇਗੀਂ ਤੜਫਨ

ਮਦ ਪੀਤੇ ਲੋਟਨ ਬਾਵਲੇ. (ਚੰਡੀ ੩)

ਮਾਨੋ ਮਦ ਪੀਤੇ ਬਾਵਲੇ ਲੋਟਨ.

ਉਤਪ੍ਰੇਕ੍ਸ਼ੋਪਮਾ: ਦੇਖੋ, ਉਪਮਾ (ਹ)

ਉਤਪ੍ਰੇਖ੍ਯਾ: ਦੇਖੋ, ਉਤਪ੍ਰੇਕ੍ਸ਼ਾ.

ਉਤਭਿਜ, ਉਤਭੁਜ: ਸੰਗਯਾ- ਦਸਮਗ੍ਰੰਥ ਵਿੱਚ, ਇੱਕ ਗਣਛੰਦ ਦਾ ਨਾਉਂ ਹੈ, ਜਿਸ ਨੂੰ "ਉਤਭੁਜ" "ਅਰਧਭੁਜੰਗ" "ਸੋਮਰਾਜੀ" ਅਤੇ "ਸ਼ੰਖਨਾਰੀ" ਭੀ ਆਖਦੇ ਹਨ. ਇਸਦਾ ਲੱਛਣ ਹੈ- ਚਾਰ ਚਰਣ. ਪ੍ਰਤਿ ਚਰਣ- ਦੋ ਯਗਣ. ISS, ISS.

ਉਦਾਹਰਣ-

ਹਹਾਸੰ ਕਪਾਲੰ। ਸੁਭਾਸੰ ਛਿਤਾਲੰ।

ਪ੍ਰਭਾਸੰ ਜੁਆਲੰ। ਅਨਾਸੰ ਕਰਾਲੰ. (ਕਲਕੀ)

੨. ਸੰ. उद्भिज. - ਉਦਭਿੱਜ. ਸੰਗਯਾ- ਜ਼ਮੀਨ ਨੂੰ ਪਾੜਕੇ ਜਿਸ ਦਾ ਅੰਕੁਰ (ਅੰਗੂਰ) ਨਿਕਲੇ, ਐਸੀ ਵਨਸਪਤਿ. ਬੇਲ ਬੂਟੇ ਖੇਤੀ ਆਦਿਕ. "ਜਲ ਬਿਨ ਉਤਭੁਜ ਕਾਮ ਨਹੀਂ." (ਆਸਾ ਮਃ ੧) "ਅੰਡਜ ਜੇਰਜ ਸੇਤਜ ਕੀਨੀ। ਉਤਭੁਜ ਖਾਨਿ ਬਹੁਰ ਰਚਦੀਨੀ." (ਚੌਪਈ) ੩. ਸੰ. उद्- भुज- ਉਦ- ਭੁਜ. ਜਿਸਨੇ ਬਾਂਹ ਫੈਲਾਈ ਹੈ. ਦਸ੍ਤਗੀਰ. ਬਾਂਹ ਫੜਨ ਵਾਲਾ. "ਉਤਭੁਜ ਚਲਤੁ ਆਪ ਕਰਿ ਚੀਨੈ ਆਪੇ ਤਤੁ ਪਛਾਨੈ." (ਰਾਮ ਮਃ ੧) "ਉਤਭੁਜ ਸਰੂਪ ਅਬਿਗਤ ਅਭੰਗ." (ਗ੍ਯਾਨ)

ਉਤਮ, ਉਤਮੁ: ਦੇਖੋ, ਉੱਤਮ. "ਉਤਮ ਸੰਤ ਭਲੇ ਸੰਜੋਗੀ." (ਧਨਾ ਮਃ ੫) "ਉਤਮੁ ਏਹੁ ਬੀਚਾਰ ਹੈ." (ਵਾਰ ਆਸਾ)

ਉਤਰ: ਦੇਖੋ, ਉਤਰਨਾ ਅਤੇ ਉੱਤਰ.

ਉਤਰਸਿ: ਉਤਰੇਗਾ. ਪਾਰ ਹੋਊ, ਹੋਵੇਗਾ. "ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ." (ਮਾਰੂ ਕਬੀਰ)

ਉਤਰਣ, ਉਤਰਣਾ, ਉਤਰਨਾ: ਸੰ. उत्तरण. ਕ੍ਰਿ- ਉਤਰਜਾਣਾ. ਦੂਜੇ ਪਾਸੇ ਪਹੁੰਚਣਾ. ਪਾਰ ਹੋਣਾ। ੨. ਉੱਪਰੋਂ ਹੇਠ ਆਉਣਾ. ਅਵਤਰਣ। ੩. ਜਨਮ ਲੈਣਾ. ਦੂਜਾ ਸ਼ਰੀਰ ਧਾਰਨ ਕਰਨਾ. "ਘਰਿ ਗੁਰੁ ਰਾਮਦਾਸ ਭਗਤ ਉਤਰਿ ਆਯਉ." (ਸਵੈਯੇ ਮਃ ੫. ਕੇ) ੪. ਦੂਰ ਹੋਣਾ. ਮਿਟਣਾ. "ਉਤਰਗਇਓ ਮੇਰੇ ਮਨ ਕਾ ਸੰਸਾ." (ਸਾਰ ਮਃ ੫) "ਲਗਾ ਰੰਗ ਅਪਾਰ ਕੋ ਨ ਉਤਾਰਈ." (ਸਵਾ ਮਃ ੫)

ਉਤਰਾਉ: ਸੰਗਯਾ- ਉਤਰਨ ਦਾ ਭਾਵ। ੨. ਢਲਵਾਣ.

ਉਤਰਿ: ਉੱਤਰ ਦਿਸ਼ਾ ਮੇ. "ਉਤਰਿ ਦਖਣਿ ਪੁਬਿ ਦੇਸ ਪਸ੍ਚਮਿ ਜਸੁ ਭਾਖਹ." (ਸਵੈਯੇ ਮਃ ੩) ਉਤਰਕੇ. "ਤੇਊ ਉਤਰਿ ਪਾਰ ਪਰੇ." (ਧਨਾ ਕਬੀਰ)

ਉਤਰੀ: ਉਤਰਸੀ. ਉਤਰੇਗੀ. ਲੱਥੂ. "ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ." (ਵਾਰ ਗੂਜ ੨. ਮਃ ੫) ੨. ਉਤਰ ਗਈ. ਲੱਥੀ। ੩. ਉਤਰ ਜਾਵੀ.

ਉਤਰੀਆ: ਵਿ- ਉਤਾਰਨ ਵਾਲਾ. ਪਾਰ ਕਰਤਾ. "ਭੈਸਾਗਰ ਸੰਤ ਪਾਰਉਤਰੀਆ." (ਗਉ ਮਃ ੫)

੨. ਉਤਰਨ ਵਾਲਾ.

ਉਤਰੁ: ਦੇਖੋ, ਉੱਤਰ. "ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ?" (ਸਿਧ ਗੋਸਟਿ)

ਉਤਲਾਨਾ: ਕ੍ਰਿ- ਉਤਾਵਲਾ ਹੋਣਾ. ਜਲਦੀ ਕਰਨਾ।

੨. ਵਿ- ਉਤਾਵਲਾ ਹੋਇਆ.

ਉਤਲੰਤ: ਵਿ- ਉਤਾਵਲੀ ਵੰਤ. ਕਾਹਲਾ। ੨. ਕ੍ਰਿ. ਵਿ- ਸ਼ੀਘ੍ਰਤਾ ਨਾਲ. ਫੁਰਤੀ ਸਾਥ. "ਸੁਨ ਸ਼ੋਰ ਜਾਤ ਉਤਲੰਤ ਧਾਇ." (ਗੁਪ੍ਰਸੂ)

ਉਤਵਤ: ਸੰ. उद्वर्वत. ਉਦਾਵਰਤ. ਸੰਗਜਾ- ਜਲ ਦੀ ਭੌਰੀ. ਘੁੰਮਣਘੇਰੀ। ੨. ਅਫਾਰਾ. ਵਾਤ ਦੋਖ ਨਾਲ ਪੇਟ ਦਾ ਆਫਰਨਾ.

ਉਤਵਤਾ: ਵਿ- ਵਜਾਕੁਲ. ਹੌਕਲਤਾਇਆ. ਘਬਰਾਇਆ ਹੋਇਆ। ੨. ਚਕ੍ਰ (ਘੁੰਮੇਰੀ) ਵਿੱਚ ਪਿਆ. "ਫਿਰਹਿ ਉਤਵਤਾਏ." (ਆਸਾ ਅਃ ਮਃ ੩) ਦੇਖੋ, ਉਤਵਤ.

ਉਤਾਉਲ, ਉਤਾਇਲ: ਸੰਗਜਾ- ਉਤਾਵਲੀ. ਸ਼ੀਘ੍ਰਤਾ. "ਨਿਕਟੈ ਤਿਹ ਜਾਨ ਉਤਾਇਲ." (ਕ੍ਰਿਸਨਾਵ)

ਉਤਾਈ: ਸੰਗਜਾ- ਪ੍ਰਤਿਮਾ. ਮੂਰਤੀ. "ਮਨਹੁ ਉਤਾਈ ਭਾਇ." (ਨਾਪ੍ਰ) ਮਾਨੋ ਸ਼ੋਭਾ ਦੀ ਮੂਰਤੀ ਹੈ.

ਉਤਾਹ, ਉਤਾਹਿ: ਵਿ- ਅਧਿਕ. ਵੱਧ. "ਘਟੈ ਨ ਵਧੈ ਉਤਾਹਿ." (ਓਅੰਕਾਰ) ੨. ਉੱਪਰ। ੩. ਕ੍ਰਿ. ਵਿ- ਉਤਾਹਾਂ. ਉੱਪਰ ਵੱਲ. ਸਿੰਧੀ- ਉਤਾਹੋਂ.

ਉਤਾਕ: ਦੇਖੋ, ਓਤਾਕ ਅਤੇ ਅਉਤਾਕ.

ਉਤਾਨਪਾਦ: ਦੇਖੋ, ਉੱਤਾਨਪਾਦ.

ਉਤਾਰ: ਸੰਗਜਾ- ਨਕਲ. ਕਾਪੀ. "ਉਤਾਰ ਖਾਸੇ ਦਸੁਖਤ ਕਾ." (ਅਕਾਲ) ਖ਼ਾਸ ਦਸੁਖ਼ਤ ਦੀ ਨਕਲ। ੨. ਪੁਰਾਣਾ ਵਸਤ੍ਰ, ਜੋ ਅੰਗ ਤੋਂ ਉਤਾਰ ਦਿੱਤਾ ਗਿਆ ਹੈ. "ਅਮੀਰ ਦਾ ਉਤਾਰ ਗਰੀਬ ਦਾ ਸਿੰਗਾਰ." (ਲੋਕੋ) ੩. ਸੰ. अवतार- ਅਵਤਾਰ. ਜਨਮ. ਸ਼ਰੀਰ ਧਾਰਨਾ। ੪. ਦੇਵਤਾ ਦਾ ਕਿਸੇ ਦੂਜੇ ਸ਼ਰੀਰ ਵਿੱਚ ਪ੍ਰਗਟ ਹੋਣਾ। ੫. ਦੇਖੋ, ਉਤਾਰਣਾ.

ਉਤਾਰ ਚੜਾਉ: ਯੌ. ਸੰਗਜਾ- ਤਰਕ ਵਿਤਰਕ. ਖੰਡਨ ਮੰਡਨ। ੨. ਲਾਭ ਹਾਨਿ ਦੀ ਬਾਤ. "ਏਵ ਉਤਾਰ ਚੜਾਉ ਸੁਨਾਏ। ਜਹਾਂਗੀਰ ਕੋ ਮਨ ਭਰਮਾਏ." (ਗੁਪ੍ਰਸੂ)

ਉਤਾਰਣਾ, ਉਤਾਰਨਾ: ਕ੍ਰਿ- ਉੱਪਰੋਂ ਹੇਠ ਲਿਆਉਣਾ। ੨. ਪਾਰ ਕਰਣਾ. ਦੇਖੋ, ਉਤਰਣ.

ਉਤਾਰ ਰੱਖਣਾ: ਕ੍ਰਿ- ਮਨੋ ਭੁਲਾਉਣਾ. ਦੇਖੋ, ਰਾਖੁ ਉਤਾਰਿ। ੨. ਕਦਰ ਨਾ ਕਰਨੀ. ਅਪਮਾਨ ਕਰਨਾ। ੩. ਹੇਠ ਲਾਹ ਦੇਣਾ.

ਉਤਾਰਾ: ਦੇਖੋ, ਉਤਾਰਣਾ। ੨. ਸੰਗਜਾ- ਨਕਲ. ਕਾਪੀ. "ਉਸ ਨੇ ਗੁਰਬਾਣੀ ਦਾ ਸ਼ੁੱਧ ਉਤਾਰਾ ਕੀਤਾ ਹੈ." (ਲੋਕੋ) ੩. ਤੰਤ੍ਰਸ਼ਾਸਤ੍ਰ ਅਨੁਸਾਰ ਇੱਕ ਕ੍ਰਿਯਾ, ਜਿਸ ਦ੍ਵਾਰਾ ਆਫਤ ਦਾ ਉਤਰਨਾ ਮੰਨਿਆ ਜਾਂਦਾ ਹੈ. ਕਿਸੇ ਰੋਗੀ ਦੇ ਸਿਰ ਤੋਂ ਵਾਰਕੇ ਅੰਨ ਵਸਤ੍ਰ ਪਸ਼ੂ ਪੰਛੀ ਆਦਿਕ ਦਾਨ ਕਰਨ ਦੀ ਰਸਮ। ੪. ਧਾਵਾ. ਹਮਲਾ. "ਤਹਾਂ ਆਪ ਕੀਨੋ ਹੁਸੈਨੀ ਉਤਾਰੰ." (ਵਿਚਿਤ੍ਰ) ੫. ਡੇਰਾ. ਵਿਸ਼ਰਾਮ ਦਾ ਅਸਥਾਨ। ੬. ਨਿਸਤਾਰਾ. ਪਾਰ ਉਤਰਨ ਦੀ ਕ੍ਰਿਯਾ "ਪਾਰ ਉਤਾਰਾ ਹੋਇ." (ਧਨਾ ਮਃ ੧)

ਉਤਾਰਿਅਨੁ: ਸ਼ੰਗਯਾ- ਸ਼ੀਘ੍ਰਤਾ. "ਕਾਲੂ ਨੇ ਉਤਾਲ ਲੀਨ ਅੰਕ ਹਿਤ ਨਾਲ." (ਸੋਰ ਅਃ ਮਃ ੩)

ਉਤਾਲ: ਉਸ ਨੇ ਪਾਰ ਕੀਤਾ, ਕੀਤੇ. "ਭਉਜਲੁ ਪਾਰਿ ਉਤਾਰਿਅਨ." (ਨਾਪ੍ਰ) ੨. ਸੰ. उताल. ਵਿ- ਚੰਗਾ. ਅੱਛਾ। ੩. ਤੇਜ਼ ਤੁੰਦ। ੪. ਬਹੁਤ. ਅਧਿਕ। ੫. ਭਿਆਨਕ. ਡਰਾਉਣਾ.

ਉਤਾਵਲ: ਸੰਗਜਾ- ਸ਼ੀਘ੍ਰਤਾ. ਕਾਹਲੀ। ੨. ਚਾਲਾਕੀ. ਫੁਰਤੀ.

ਉਤਾਵਲਾ: ਵਿ- ਕਾਹਲਾ. ਛੇਤੀ ਕਰਨ ਵਾਲਾ। ੨. ਫੁਰਤੀਲਾ. ਚਾਲਾਕ। ੩. ਵ੍ਯਾਕੁਲ. ਘਬਰਾਇਆ ਹੋਇਆ। ੪. ਕ੍ਰਿ. ਵਿ- ਛੇਤੀ ਤੁਰੰਤ. "ਸਚ ਟਿਕੈ ਘਰਿ ਆਇ ਸਬਦਿ ਉਤਾਵਲਾ." (ਆਸਾ ਅਃ ਮਃ ੧)

ਉਤਾਵਲੀ: ਸੰਗਯਾ- ਕਾਹਲੀ. ਸ਼ੀਘ੍ਰਤਾ। ੨. ਵਿ- ਕਣ ਭੰਗੁਰ. ਪਲ ਵਿੱਚ ਬਿਨਸਨਹਾਰ. "ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ." (ਬਸੰ ਰਵਿਦਾਸ)

ਉਤਿ: ਕ੍ਰਿ. ਵਿ- ਉਸ ਪਾਸੇ. ਓਧਰ. "ਉਤ ਤੇ ਉਤਿ ਪੇਖੈ." (ਧਨਾ ਮਃ ੫)

ਉਤੁ: ਸਰਵ. ਉਸ. "ਉਤੁ ਭੂਖੈ ਖਾਇ ਚਲੀਅਹਿ ਦੂਖ." (ਸੋਦਰੁ) ਉਸ ਭੁੱਖ ਤੋਂ.

ਉਤੇ, ਉਤੈ: ਕ੍ਰਿ. ਵਿ- ਓਧਰ. ਉਸ ਪਾਸੇ.

ਉਤੰਸ: ਦੇਖੋ, ਅਵਤੰਸ। ੨. ਸੰ. ਉੱਤੰਸ. ਭੂਖਣ। ੩. ਮੁਕੁਟਮਣਿ. ਤਾਜ ਦਾ ਰਤਨ.

ਉਤੰਕ: ਦੇਖੋ, ਉੱਤੰਕ.

ਉਤੰਗ: ਸੰ. उत्तुङ्ग. ਉੱਤੁੰਗ. ਵਿ- ਬਹੁਤ ਉੱਚਾ. "ਉਤੰਗੀ ਪੈਓਹਰੀ." (ਸਵਾ ਮਃ ੧) ਹੇ ਅਤਿ ਉੱਨਤ ਪਯੋਧਰਾਂ ਵਾਲੀ! ਦੇਖੋ, ਪੈਓਹਰੀ.

ਉੱਤਮ: ਸੰ. उत्तम. ਵਿ- ਸਭ ਤੋਂ ਅੱਛਾ. ਅਤਿ ਸ੍ਰੇਸ਼੍ਠ। ੨. ਸੰਗਜਾ- ਧ੍ਰੂਵ ਦਾ ਸੌਤੇਲਾ ਵਡਾ ਭਾਈ. ਦੇਖੋ, ਉੱਤਾਨਪਾਦ.

ਉੱਤਮਤਾ, ਉੱਤਮਤਾਈ: ਸੰਗਜਾ- ਸ੍ਰੇਸ਼੍ਠਤਾ. ਖੂਬੀ. ਭਲਾਈ. ਨੇਕੀ.

ਉੱਤਮਾ: ਸੰ. उत्तमा. ਸੰਗਜਾ- ਕਾਵ੍ਯ ਅਨੁਸਾਰ ਓਹ ਨਾਇਕਾ, ਜੋ ਪਤੀ ਦੇ ਐਬ ਵੇਖ ਅਤੇ ਸੁਣ ਕੇ ਮਨ ਵਿੱਚ ਕ੍ਰੋਧ ਨਾ ਕਰੇ। ੨. ਉਹ ਦੂਤੀ, ਜੋ ਮਿੱਠੇ ਬਚਨਾਂ ਨਾਲ ਨਾਇਕ ਅਤੇ ਨਾਇਕਾ ਦਾ ਕ੍ਰੋਧ ਦੂਰ ਕਰਕੇ ਆਪੋ ਵਿੱਚੀ ਪ੍ਰੇਮ ਕਰਾਵੇ। ੩. ਵਿ- ਉੱਤਮ ਇਸਤ੍ਰੀ.

ਉੱਤਰ: ਸੰ. उत्तर. ਸੰਗਜਾ- ਉਦੀਚੀ ਦਿਸ਼ਾ. ਦੱਖਣ ਦੇ ਮੁਕਾਬਲੇ ਦੀ ਦਿਸ਼ਾ। ੨. ਜਵਾਬ। ੩. ਪਰਲੋਕ। ੪. ਰਾਜਾ ਵਿਰਾਟ ਦਾ ਪੁਤ੍ਰ, ਜੋ ਪਰੀਛਤ (ਪਰੀਕਿਤ) ਦਾ ਮਾਮਾ ਸੀ। ੫. ਇੱਕ ਅਰਥਾਲੰਕਾਰ ਅਤੇ ਸ਼ਬਦਾਲੰਕਾਰ. ਦੇਖੋ, ਪ੍ਰਸ਼੍ਨੋੱਤਰ ਅਤੇ ਪ੍ਰਹੇਲਿਕਾ। ੬. ਦੂਜਾ ਪਾਸਾ। ੭. ਵਿ- ਪਿਛਲਾ। ੮. ਅਗਲਾ.

ਉੱਤਰ ਪਕ੍ਸ਼, ਉੱਤਰ ਪੱਖ: ਸੰ. उत्तर पक्ष. ਸੰਗਜਾ- ਪ੍ਰਸ਼ਨ ਕਰਨ ਵਾਲੇ ਦੇ ਉੱਤਰ ਵਿੱਚ ਕਥਨ. ਜਵਾਬ ਦੀ ਦਲੀਲ। ੨. ਮੁੱਦਈ ਦੇ ਦਾਵੇ ਦਾ ਜਵਾਬ. ਜਵਾਬ ਦਾਵਾ.

ਉੱਤਰ ਮੀਮਾਂਸਾ: ਸੰਗਜਾ- ਅੰਤਿਮ ਵਿਚਾਰ. ਕਰਮਕਾਂਡ ਤੋਂ ਅਗਲੀ ਮੰਜ਼ਲ. ਆਤਮਵਿਦ੍ਯਾ. ਵੇਦਾਂਤ.

ਉੱਤਰਾ: ਸੰ. उत्तरा. ਸੰਗਜਾ- ਰਾਜਾ ਵਿਰਾਟ ਦੀ ਪੁਤ੍ਰੀ, ਜੋ ਅਰਜੁਨ ਦੇ ਪੁਤ੍ਰ ਅਭਿਮਨ੍ਯੁ ਦੀ ਇਸਤ੍ਰੀ ਅਤੇ ਪਰੀਕ੍ਸ਼ਿਤ ਦੀ ਮਾਤਾ ਸੀ। ੨. ਉੱਤਰ ਦਿਸ਼ਾ. "ਉੱਤਰਾ ਓਰ ਸਿਧਾਈ." (ਚਰਿਤ੍ਰ ੨੫੯)

ਉੱਤਰਾਖੰਡ: ਸੰ. उत्तराखण्ड. ਸੰਗਜਾ- ਭਾਰਤ ਦੇ ਉੱਤਰ ਵੱਲ ਦਾ ਪਾਸਾ. ਹਿਮਾਲਯ ਪਾਸ ਦਾ ਉਤੱਰੀਯ ਭਾਗ.

ਉੱਤਰਾਧਿਕਾਰੀ: ਸੰ. उत्तराधिकारिन. ਕਿਸੇ ਦੇ ਕਬਜੇ ਦੇ ਪਿੱਛੋਂ ਕਾਬਿਜ ਹੋਣ ਵਾਲਾ. ਵਾਰਿਸ.

ਉੱਤਰਾਯਣ: ਸੰ. उत्तरायण. ਸੰਗਜਾ- ਦਸ ਪੋਹ ਤੋਂ ਨੌਂ ਹਾੜ੍ਹ ਤੀਕ ਦਾ ਸਮਾਂ, ਜਿਸ ਵਿੱਚ ਸੂਰਜ ਉੱਤਰ ਵੱਲ ਜਾਂਦਾ ਹੈ. ਦੇਖੋ, ਅਯਨ.

ਉੱਤਰਾਰਧ: ਸੰ. उत्तरार्द्ध. ਸੰਗਜਾ- ਪਿਛਲਾ ਅੱਧਾ ਹਿੱਸਾ। ੨. ਕਿਸੇ ਗ੍ਰੰਥ ਦੇ ਅੰਤ ਦਾ ਅੱਧਾ ਭਾਗ.

ਉੱਤਾ: उत्तरीय- ਉੱਤਰੀਯ. ਵਿ- ਅਗਲਾ।

੨. ਸੰਗਜਾ- ਟੀਕਾ. ਵਿਆਖਿਆ (ਵ੍ਯਾਖ੍ਯਾ)

੩. ਉੱਪਰਲਾ ਹਿੱਸਾ। ੪. ਓਢਣੀ. ਚਾਦਰ.

ਉੱਤਾਨਪਾਦ: ਸੰ. उत्तानपाद. ਸੰਗਜਾ- ਮਨੁ ਅਤੇ ਸ਼ਤਰੂਪਾ ਦਾ ਪੁਤ੍ਰ, ਜਿਸ ਦੀ ਇਸਤ੍ਰੀ ਸੁਨੀਤਿ ਵਿੱਚੋਂ ਚਾਰ ਪੁਤ੍ਰ- ਧ੍ਰੁਵ, ਕੀਤਿਮਾਨ, ਆਯੁਸ਼ਮਾਨ, ਅਤੇ ਵਸੁ ਹੋਏ, ਸੁਰੁਚਿ ਇਸ ਦੀ ਦੂਜੀ ਇਸਤ੍ਰੀ ਸੀ, ਜਿਸ ਦੇ ਉਦਰ ਤੋਂ ਉੱਤਮ ਜਨਮਿਆ. ਦੇਖੋ, ਧ੍ਰੁਵ ੮.

ਉੱਤਾਵਾਚਣਾ: ਕ੍ਰਿ- ਹਿਸਾਬ ਕਿਤਾਬ ਦੀ ਪੜਤਾਲ ਕਰਨੀ। ੨. ਅਗਲਾ ਹਾਲ ਪੜ੍ਹਨਾ। ੩. ਵ੍ਰਿੱਤਾਂਤ ਮਾਲੂਮ ਕਰਨਾ। ੪. ਆਉਣ ਵਾਲੇ ਸਮੇਂ ਦਾ ਵਿਚਾਰ ਕਰਨਾ.

ਉੱਤਿਸ੍ਟ: ਸੰ. उत्तिष्ठ. ਉੱਤਿਸ਼੍ਠ. ਖੜਾ ਹੋ।

੨. ਉੱਥਾਯ. ਉਠ ਕਰ. "ਉੱਤਿਸ੍ਟ ਦੇਵਿ ਪੁਜੰਤ ਜਾਇ." (ਪਾਰਸਾਵ)

ਉੱਤੀਰਣ: ਸੰ. उत्तीर्ण. ਵਿ- ਪਾਰ ਹੋਇਆ. ਲੰਘਿਆ।

੨. ਤਰ ਕੇ ਪਾਰ ਪਿਆ। ੩. ਪਾਸ (Pass) ਹੋਇਆ।

੩. ਮੁਕਤ ਹੋਇਆ.

ਉੱਤੇਜਕ: ਸੰ. उत्तेजक. ਵਿ- ਤੇਜ਼ ਕਰਨ ਵਾਲਾ. ਉਭਾਰਨ ਵਾਲਾ. ੨. ਸੰਗਜਾ- ਆਤਸ਼ੀ ਸ਼ੀਸ਼ਾ. ਅੱਗ ਭੜਕਾਉਣ ਵਾਲੀ ਮਣੀ.

ਉੱਤੇਜਨ: ਸੰ. उत्तेजन. ਸੰਗਜਾ- ਉਕਸਾਉ. ਪ੍ਰੇਰਨਾ।

੨. ਭੜਕਾਉਣ ਦੀ ਕ੍ਰਿਯਾ.

ਉੱਤੰਕ: ਸੰ. उत्तण्क. ਇੱਕ ਰਿਖੀ, ਜੋ ਵੇਦਮੁਨਿ ਦਾ ਚੇਲਾ ਸੀ. ਦੇਖੋ, ਧੁੰਧੁ. "ਆਸ਼੍ਰਮ ਤਹਾਂ ਉਤੰਕ ਮੁਨੀ ਕੋ."

(ਗੁਪ੍ਰਸੂ) ੨. ਗੋਤਮ ਰਿਖੀ ਦਾ ਇੱਕ ਚੇਲਾ.

ਉਤ੍ਰਾਯਣ: ਦੇਖੋ, ਉੱਤਰਾਯਣ.

ਉਥਕਨ: ਕ੍ਰਿ- ਸਥਗਿਤ ਹੋਣਾ. ਥੱਕਣਾ।

੨. ਉੱਥਿਤ- ਕਰਨ. ਖੜੇ ਕਰਨਾ. ਉਠਾਉਣਾ।

੩. ਟਪਾਉਣਾ. ਕੁਦਾਉਣਾ. "ਰਣਹਿ ਤੁਰੰਗ ਉਥੱਕ

ਹੈਂ" (ਪਾਰਸਾਵ) "ਬਾਜਿ ਉਥੱਕੀਅੰ." (ਸੂਰਜਾਵ)

੪. ਢਕਨਾ. ਆਛਾਦਨ ਕਰਨਾ.

ਉਥਤ: ਦੇਖੋ, ਉਥਿਤ.

ਉਥਪਨ: ਦੇਖੋ, ਉਥਾਪਨ

ਉਥਪ ਬਿਥਪ: ਦੇਖੋ, ਉਤਾਪਨ ਅਤੇ ਬਿਥਪ.

ਉਥਲਨਾ: ਕ੍ਰਿ- ਪਰਤਣਾ. ਉਲਟਾਉਣਾ। ੨. ਹੇਠ ਉੱਪਰ ਕਰਨਾ. "ਅਗ੍ਰ ਜੁ ਆਵਤ ਤਾਂ ਉਥਲਾਵਤ." (ਗਪ੍ਰਸੂ)

ਉਥਲ ਪਥਲ: ਸੰਗਯਾ- ਹੇਠ ਉੱਪਰ ਕਰਨ ਦੀ ਕ੍ਰਿਯਾ. "ਉਥਲ ਪਥਲ ਕਰਦੀਨ." (ਗੁਪ੍ਰਸੂ)

ਉਥਾਨ: ਸੰ. उत्थान. ਸੰਗਯਾ- ਖੜੇ ਹੋਣ ਦੀ ਕ੍ਰਿਯਾ। ੨. ਉੱਦਮ। ੩. ਆਰੰਭ। ੪. ਉੱਨਤੀ. ਤਰੱਕੀ। ੫. ਦੇਖੋ, ਉਠਾਨ.

ਉਥਾਨਕਾ: ਸੰ. उत्थानिका- ਉੱਥਾਨਿਕਾ. ਸੰਗਯਾ- ਕਿਸੇ ਪ੍ਰਸੰਗ ਨੂੰ ਉੱਥਾਨ (ਉਠਾਉਣ) ਤੋਂ ਪਹਿਲਾਂ ਕਥਨ ਕੀਤੀ ਵ੍ਯਾਖ੍ਯਾ. ਭੂਮਿਕਾ. ਦੀਬਾਚਾ. ਤਮਹੀਦ। ੨. ਕਿਸੇ ਗ੍ਯਾਨੀ ਦੀ ਗੁਰੂ ਸਾਹਿਬ ਦੇ ਨਾਉਂ ਤੋਂ ਰਚੀ ਇੱਕ ਪੋਥੀ, ਜਿਸ ਵਿੱਚ ਅਨੇਕ ਗੁਰੁਸ਼ਬਦਾਂ ਦੇ ਬਣਾਉਣ ਦਾ ਕਾਰਣ ਦੱਸਿਆ ਹੈ ਕਿ ਇਹ ਰਚਨਾ ਇਸ ਪਰਥਾਇ ਹੋਈ ਹੈ.

ਉਥਾਪਨ: ਸੰ. उत्थापन. ਕ੍ਰਿ- ਮਿਟਾਉਣਾ. ਉਠਾਦੇਣਾ.

"ਖਿਨ ਮਹਿ ਥਾਪਿ ਉਥਾਪਨਹਾਰਾ." (ਮਾਝ ਮਃ ੫)

"ਖਿਨ ਮਹਿ ਥਾਪਿ ਉਥਾਪਦਾ." (ਵਾਰ ਜੈਤ)

੨. ਖੜਾ ਕਰਨਾ। ੩. ਫਿਰ ਕਾਇਮ ਕਰਨਾ.

ਉਥਾਰਾ: ਸਿੰਧੀ. ਉਥਾੜੋ ਅਥਵਾ ਅਉਥਾੜੋ. کابُوس ਕਾਬੂਸ. Nightmare. ਦੱਬਾ.

ਇਹ ਰੋਗ ਮੇਦੇ ਵਿੱਚ ਬੋਝ ਹੋਣ ਤੋਂ ਅਤੇ ਦਿਮਾਗ ਦੀ ਕਮਜੋਰੀ ਤੋਂ ਹੁੰਦਾ ਹੈ. ਸੁੱਤੇ ਹੋਏ ਆਦਮੀ ਨੂੰ ਮਲੂਮ ਹੁੰਦਾ ਹੈ ਕਿ ਛਾਤੀ ਤੇ ਕੋਈ ਬੋਝ ਆਪਿਆ ਹੈ ਜਾਂ ਕਿਸੇ ਨੇ ਆਕੇ ਦੱਬ ਲਿਆ ਹੈ. ਸਾਹ ਰੁਕਦਾ ਮਲੂਮ ਹੁੰਦਾ ਹੈ, ਕਦੇ ਡਰਕੇ ਬੁਰੜਾਉਣ ਅਤੇ ਸ਼ੋਰ ਮਚਾਉਣ ਲਗਦਾ ਹੈ, ਉਥਾਰੇ ਦੇ ਰੋਗੀ ਨੂੰ ਤ੍ਰਿਵੀ (ਨਿਸੋਥ) ਦਾ ਜੁਲਾਬ ਦੇਕੇ ਦਿਲ ਦੀ ਤਾਕਤ ਅਤੇ ਹਾਜਮਾ ਠੀਕ ਕਰਨ ਲਈ ਦਵਾਈਆਂ ਵਰਤਣੀਆਂ ਚਾਹੀਏ. ਦੋ ਮਾਸ਼ੇ ਮਸਤਗੀ, ਦੋ ਮਾਸ਼ੇ ਮਿਸ਼ਰੀ ਪੀਹਕੇ ਗਾਂ, ਜਾਂ ਬਕਰੀ ਦੇ ਦੁੱਧ ਨਾਲ ਸਵੇਰ ਵੇਲੇ ਫੱਕੀ ਲੈਣੀ ਗੁਣਕਾਰੀ ਹੈ. ਇਹ ਫੱਕੀ, ਬਾਦਾਮ, ਛੋਟੀ ਇਲਾਇਚੀ, ਤੇ ਕਾਲੀ ਮਿਰਚਾਂ ਦੀ ਸਰਦਾਈ ਨਾਲ ਭੀ ਲਈ ਜਾ ਸਕਦੀ ਹੈ. ਰਾਤ ਨੂੰ ਸੌਣ ਵੇਲੇ ਹਰੜ ਦਾ ਮੁਰੱਬਾ ਖਾਣਾ ਚੰਗਾ ਹੈ. ਚਾਂਦੀ ਦੇ ਵਰਕ ਲਾਕੇ ਆਉਲੇ ਦਾ ਮੁਰੱਬਾ ਸਵੇਰ ਵੇਲੇ ਖਾਣਾ ਉੱਤਮ ਹੈ. ਸੰਗਤਰੇ ਅੰਗੂਰ ਅਨਾਰ ਆਦਿ ਫਲਾਂ ਦਾ ਸੇਵਨ ਬਹੁਤ ਅੱਛਾ ਹੈ. ਪਾਲਕ, ਮੂੰਗੀ ਦੀ ਦਾਲ, ਕੱਦ. ਤਿੱਤਰ ਆਦਿ ਸ਼ੋਰਵਾ (ਰਸਾ) ਪੱਥ ਹੈ.

ਉਥਾਰੇ ਦੇ ਰੋਗੀ ਨੂੰ ਨਸ਼ੇ ਵਾਲੀਆਂ ਚੀਜ਼ਾਂ, ਲਾਲ ਮਿਰਚ, ਮਾਸ, ਗੁੜ, ਤੇਲ ਦੀਆਂ ਚੀਜ਼ਾਂ, ਮੈਥੁਨ, ਭੈ, ਕ੍ਰੋਧ ਆਦਿ ਤੋਂ ਬਚਣਾ ਚਾਹੀਦਏ, "ਰੇ ਜਨ ! ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ." (ਵਾਰ ਸੋਰ ਮਃ ੩) ਅਵਿਦ੍ਯਾ ਰੂਪ ਨੀਂਦ ਵਿੱਚ ਫਿਕਰਾਂ ਦੇ ਖੋਟੇ ਸੰਕਲਪ ਮਲੀਨ ਅੰਤਹਕਰਣ ਵਾਲਿਆਂ ਨੂੰ ਉਥਾਰੇ ਵਾਂਙ ਆ ਦਬਾਉਂਦੇ ਹਨ.

ਉਥਿਤ, ਉਥਿੱਤ: ਸੰ. उत्थित. ਵਿ- ਉਠਿਆ ਹੋਇਆ. ਉਭਰਿਆ ਹੋਇਆ. "ਬਹੁਰ ਉਥਿਤ ਊਪਰ ਕੋ ਆਵੇ." (ਗੁਪ੍ਰਸੂ)

ਉਦ: ਸੰ. उद्. ਧਾ- ਗਿੱਲਾ ਕਰਨਾ. ਵਹਿਣਾ। ੨. ਸੰਗਯਾ- ਜਲ. ਪਾਣੀ। ੩. ਹਾਥੀ ਦਾ ਸੰਗੁਲ.

ਉਦਉ, ਉਦਇ: ਸੰ. उदय. ਸੰਗਯਾ- ਉੱਪਰ ਆਉਣ ਦੀ ਕ੍ਰਿਯਾ. ਪ੍ਰਗਟ ਹੋਣ ਦੀ ਕ੍ਰਿਯਾ।

੨. ਉਨੱਤੀ. ਵ੍ਰਿੱਧਿ. "ਸਤਿਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ." (ਸ੍ਰੀ ਮਃ ੩)

ਉਦਕ: ਸੰ. उदक. ਸੰਗਯਾ- ਪਾਣੀ. ਜਲ. "ਰਾਮ ਉਦਕਿ ਤਨੁ ਜਲਤ ਬੁਝਾਇਆ." (ਗਉ ਕਬੀਰ)

੨. ਪਿਤਰਾਂ ਨੂੰ ਜਲ ਦੇਣ ਦੀ ਕ੍ਰਿਯਾ।

੩. ਦੇਖੋ, ਉਦਕਣਾ.

ਉਦਕ ਕੁੰਭ: ਸੰ. उदककुम्भ. ਸੰਗਯਾ- ਪਾਣੀ ਦਾ ਘੜਾ। ੨. ਘੜੇ ਵਿੱਚ ਠਹਰਿਆ ਹੋਇਆ ਜਲ. "ਜਿਉ ਪ੍ਰਤਿਬਿੰਬ ਬਿੰਬ ਕਉ ਮਿਲੀ ਹੈ ਉਦਕ ਕੁੰਭ ਬਿਗਰਾਨਾ." (ਆਸਾ ਕਬੀਰ) ਜੈਸੇ ਜਲ ਡੁਲ੍ਹਣ ਤੋਂ ਸੂਰਜ ਆਦਿ ਦਾ ਪ੍ਰਤਿਬਿੰਬ, ਬਿੰਬ ਵਿੱਚ ਮਿਲ ਜਾਂਦਾ ਹੈ, ਤੈਸੇ ਦੇਹ ਨਾਸ਼ ਹੋਣ ਤੋਂ ਗ੍ਯਾਨੀ ਦਾ ਆਤਮਾ ਪਾਰਬ੍ਰਹਮ ਵਿੱਚ ਲੀਨ ਹੁੰਦਾ ਹੈ। ੩. ਇੱਕ ਪੁਰਾਣਾ ਵੈਦ, ਜਿਸ ਦੀ ਕਥਾ ਅਨੇਕ ਸੰਸਕ੍ਰਿਤ ਦੇ ਗ੍ਰੰਥਾਂ ਵਿੱਚ ਆਈ ਹੈ.

ਉਦਕਣਾ, ਉਦਕਨਾ: ਕ੍ਰਿ- ਦਹਿਲਣਾ. ਡਰਨਾ. "ਔਚਕ ਉਦਕੇ ਸਾਰੇ." (ਗੁਪ੍ਰਸੂ) ੨. ਕੁੱਦਣਾ. ਉਛਲਨਾ। ੩. ਕੰਬਣਾ. ਥਿੜਕਣਾ.

ਉਦਕਭੁਕ: ਵਿ- ਉਦਕ (ਜਲ) ਦਾ ਭੋਜਨ ਕਰਨ ਵਾਲਾ. ਜਲਾਹਾਰੀ। ੨. ਸੰਗਯਾ- ਬੜਵਾ ਅਗਨੀ।

੩. ਬਿਜਲੀ. ਅਬਿੰਧਨਾਗਨਿ.[11]

"ਤਬ ਕਮਲੇਸ ਹਰਖ ਹ੍ਵੈ ਦਯਾਲਾ,

ਕਹ੍ਯੋ, ਸੁਨਹੁ ਸਭ ਭੂਸੁਰ ਸਾਲਾ!

ਯਸਜ ਉਚਾਰ ਉਦਕਭੁਕ, ਵਾਰੀ-

ਤੀਰਥ ਰਾਜ ਦੇਤ ਫਲ ਚਾਰੀ."

(ਗੁਪ੍ਰਸੂ ਰਾਸਿ ੭. ਅঃ ੪, ਛੰਦ ੩੬)

ਦਯਾਲੁ ਬ੍ਰਹਮਾ ਨੇ ਪ੍ਰਸੰਨ ਹੋਕੇ ਆਖਿਆ, ਹੇ ਰਿਖੀ ਲੋਗੋ ਸੁਨੋ! ਜਿਸ ਮੰਤ੍ਰ ਦੇ ਉੱਚਾਰਣ ਤੋਂ ਅਤੇ ਜਲ ਦਾ ਆਚਮਨ ਕਰਨ ਤੋਂ ਵਾਰਿ (ਜਲ) ਦੇ ਜਿਤਨੇ ਤੀਰਥ ਹਨ, ਉਨ੍ਹਾਂ ਦਾ ਰਾਜਾ ਅੰਮ੍ਰਿਤਸਰ, ਚਾਰ ਫਲ ਦਾਨ ਕਰਦਾ ਹੈ. ਮੰਤ੍ਰ ਇਹ ਲਿਖਿਆ ਹੈ:-

"ਓਅੰ ਅਮ੍ਰਿਤੋ- ਦਭਵਾਯ, ਅਮ੍ਰਿਤਰੂਪਾਯ, ਤੀਰਥਰਾਜਾਯ, ਨਮੋਨਮঃ"

ਉਦਕਰਖ: ਸੰ. उत्कर्ष- ਉਤਕਸ਼ੰ. ਸੰਗਯਾ- ਅਧਿਕਤਾ. ਵ੍ਰਿੱਧਿ. ਵਿਸ੍ਤਾਰ. ਫੈਲਾਉ. "ਜਬ ਉਦਕਰਖ ਕਰਾ ਕਰਤਾਰਾ." (ਚੌਪਈ) ਦੇਖੋ, ਉਤਰਕਖ.

ਉਦਕਿ: ਉਦਕ (ਜਲ) ਕਰਕੇ. ਜਲਸੇ. ਜਲ ਨੇ. ਦੇਖੋ, ਉਦਕ.

ਉਦਕੁ: ਜਲ. ਦੇਖੋ, ਉਦਕ. "ਰਾਮ ਉਦਕੁ ਜਿਹ ਜਨ ਪੀਆ." (ਮਾਰੂ ਕਬੀਰ)

ਉਦਗਾਤਾ: ਸੰ. उद्गातृ. ਸੰਗਯਾ- ਜੱਗ ਵਿੱਚ ਸਾਮ ਵੇਦ ਦੇ ਮੰਤ੍ਰ ਗਾਉਣ ਵਾਲਾ ਬ੍ਰਾਹਮਣ.

ਉਦਾਗਰ: ਸੰ. उद्गार. ਸੰਗਯਾ- ਡਕਾਰ. ਊਰਧਵਾਤ. ਮੇਦੇ ਤੋਂ ਉੱਪਰ ਨੂੰ ਉਠੀ ਹੋਈ ਪੌਣ. ਸਾਧਾਰਣ ਡਕਾਰ ਦੁਖਦਾਈ ਨਹੀਂ, ਪਰ ਕਫ ਪਿੱਤ ਆਦਿਕ ਵਿਕਾਰਾਂ ਤੋਂ ਜੇ ਮੇਦੇ ਦੀ ਸ਼ਕਤੀ ਘਟ ਜਾਵੇ ਅਤੇ ਜਠਰਾਗਨਿ ਮੰਦ ਪੈ ਜਾਵੇ, ਤਦ ਡਕਾਰ ਬਹੁਤ ਆਉਣ ਲਗਦੇ ਹਨ ਅਤੇ ਰੋਗ ਰੂਪ ਹੋ ਜਾਂਦੇ ਹਨ. ਇਨ੍ਹਾਂ ਦੇ ਦੂਰ ਕਰਨ ਲਈ ਪਾਚਕ ਦਵਾਈਆਂ ਦਾ ਵਰਤਣਾ ਅਤੇ ਖਾਣ ਪੀਣ ਦਾ ਸੰਜਮ ਰੱਖਣਾ ਚਾਹੀਏ।

੨. ਵਮਨ. ਡਾਕੀ. ਛਰਦ। ੩. ਸੁਖ। ੪. ਦੁੱਖ। ੫. ਉਬਾਲ. ਉਫਾਨ.

ਉਦਧ, ਉਦਧਿ: ਸੰ. उदधि. ਸੰਗਯਾ- ਉਦ (ਪਾਣੀ) ਧਾਰਨ ਵਾਲਾ ਘੜਾ। ੨. ਸਮੁੰਦਰ "ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ." (ਸਵੈਯੇ ਮঃ ੪. ਕੇ) ੩. ਬੱਦਲ.

ਉਦਧਿਸੁਤ: ਸੰ. उदधिसुत. ਸੰਗਯਾ- ਸਮੁੰਦਰ ਦਾ ਪੁਤ੍ਰ ਚੰਦ੍ਰਮਾ। ੨. ਮੋਤੀ। ੩. ਅਮ੍ਰਿਤ। ੪. ਧਨ੍ਵੰਤਰਿ ਆਦਿਕ। ੫.

---

[11] ਅਪ (ਪਾਣੀ) ਹੈ ਈਂਧਨ ਜਿਸ ਦਾ.

ਅਨੇਕ ਰਤਨ ਅਥਵਾ ਹੋਰ ਪਦਾਰਥ, ਜੋ ਸਮੁੰਦਰ ਤੋਂ ਪੈਦਾ ਹੋਣ.

ਉਦਪਾਨ: ਸੰ. उदपान. ਸੰਗਯਾ- ਜਿਸ ਥਾਂ ਤੋਂ ਪਾਣੀ ਪੀਤਾ ਜਾਵੇ. ਖੂਹ. "ਘਟ ਸੀਸ ਧਰਾ ਜਲ ਲੇਵਨ ਕੋ ਉਦਪਾਨ ਜਹਾਂ." (ਨਾਪ੍ਰ) ੨. ਬਾਉਲੀ. ਵਾਪੀ। ੩. ਕਮੰਡਲੁ.

ਉਦਬਿਗਨ: ਸੰ. उद्विग्र. ਵਿ- ਘਬਰਾਇਆ ਹੋਇਆ. ਵ੍ਯਾਕੁਲ. ਉਦਵੇਗ (ਘਬਰਾਹਟ) ਸਹਿਤ. "ਬੈਠੀ ਸਾਰੇ ਦਿਨ ਉਦਬਿਗਨ ਭਈ ਹੈ ਮਨ." (ਗੁਪ੍ਰਸੂ)

ਉਦਬਿਲਾਵ: ਦੇਖੋ, ਜਲ ਬਿਲਾਵ.

ਉਦਬੇਗ: ਦੇਖੋ, ਉਦਵੇਗ.

ਉਦਭਟ: ਸੰ. उद्भट. ਵਿ- ਪ੍ਰਬਲ. ਜ਼ੋਰਾਵਰ। ੨. ਪ੍ਰਸਿੱਧ. ਮਸ਼ਹੂਰ। ੩. ਸ਼੍ਰੇਸ਼੍ਠ. ਉੱਤਮ। ੪. ਸੰਗਯਾ- ਕੱਛੂ। ੫. ਸੂਰਜ.

ਉਦਭਵ: ਸੰ. उद्भव. ਸੰਗਯਾ- ਉਤਪੱਤਿ. ਜਨਮ। ੨. ਵ੍ਰਿੱਧਿ. ਤਰੱਕੀ। ੩. ਸ੍ਰਿਸ਼੍ਟਿ. ਸੰਸਾਰ ਦੀ ਰਚਨਾ.

ਉਦਭਿਜ: ਦੇਖੋ, ਉਤਭੁਜ.

ਉਦਭਿਦਵਿਦ੍ਯਾ: उद्भिद्विद्या. ਸੰਗਯਾ- ਵਨਸਪਤਿ ਦੀ ਵਿਦ੍ਯਾ. ਉਦਭਿੱਜ ਦਾ ਇਲਮ. Botany.

ਉਦਭੂਤ: ਸੰ. उद्भूत. ਵਿ- ਉਤਪੰਨ ਹੋਇਆ. ਜਨਮਿਆ। ੨. ਪ੍ਰਗਟਿਆ.

ਉਦਮ: ਦੇਖੋ, ਉੱਦਮ. "ਉਦਮ ਕਰੇਦਿਆ ਜੀਉ ਤੂੰ" (ਵਾਰ ਗੂਜ ੨. ਮਃ ੫)

ਉਦਮਾਤ, ਉਦਮਾਦ: ਸੰ. उन्माद- ਉਨਮਾਦ. ਸੰਗਯਾ- ਮਸਤੀ. ਖ਼ੁਮਾਰੀ. "ਮਾਇਆ ਮਦ ਚਾਖਿ ਭਏ ਉਦਮਾਤੇ." (ਮਾਰੂ ਮਃ ੫) ਮਾਇਆ ਦੇ ਨਸ਼ੇ ਵਿੱਚ ਉਨਮੱਤ (ਗਲਤਾਨ) ਹੋ ਗਏ।

੨. ਦਿਮਾਗ ਦਾ ਇੱਕ ਰੋਗ مالیخولیا ਮਾਲੀਖ਼ੋਲੀਆ. Melancholia ਪਾਗਲਪਣਾ. ਸੁਦਾ. ਇਹ ਰੋਗ ਗਰਮ ਖ਼ੁਸ਼ਕ ਚੀਜ਼ਾਂ ਖਾਣ, ਬਹੁਤ ਸ਼ਰਾਬ ਪੀਣ ਅਤੇ ਹੋਰ ਨਸ਼ੇ ਵਾਲੀਆਂ ਚੀਜ਼ਾਂ ਦੇ ਵਰਤਣ, ਬਹੁਤ ਮੈਥੁਨ, ਬਹੁਤ ਜਾਗਣ, ਚਿੰਤਾ, ਕ੍ਰੋਧ, ਸ਼ੋਕਾਦਿ ਦੇ ਕਰਨ, ਤੋਂ ਹੁੰਦਾ ਹੈ. ਪਰ ਕਦੇ ਕਦੇ ਬਵਾਸੀਰ ਦਾ ਲਹੂ ਬੰਦ ਹੋਣ ਤੋਂ, ਕੱਚਾ ਪਾਰਾ ਖਾਣ ਤੋਂ, ਸਿਰ ਤੇ ਸੱਟ ਲੱਗਣ ਤੋਂ, ਮਾਲੀ ਨੁਕਸਾਨ ਤੋਂ, ਸਭਾ ਵਿੱਚ ਅਪਮਾਨ ਹੋਣ ਤੋਂ, ਗਰਮੀ ਖੁਸ਼ਕੀ ਦੀ ਅਧਿਕਤਾ ਤੋਂ ਭੀ ਹੋ ਜਾਂਦਾ ਹੈ.

ਉਨਮਾਦ ਦਾ ਰੋਗੀ ਬਕਵਾਦ ਕਰਦਾ ਹੈ, ਸ਼ਰਮ ਤਿਆਗ ਦਿੰਦਾ ਹੈ, ਕਦੇ ਹੱਸਦਾ ਤੇ ਕਦੇ ਰੋਂਦਾ ਹੈ, ਕਿਸੇ ਦਾ ਅਦਬ ਨਹੀਂ ਕਰਦਾ, ਲੋਕਾਂ ਤੋਂ ਡਰਦਾ ਅਤੇ ਸੰਕੋਚ ਕਰਦਾ ਹੈ. ਇਹ ਰੋਗ ਬਾਲਕਾਂ ਨੂੰ ਨਹੀਂ ਹੁੰਦਾ. ਇਸਤ੍ਰੀਆਂ ਨੂੰ ਘੱਟ ਹੁੰਦਾ ਹੈ. ਜੇ ਇਸ ਰੋਗ ਦੀ ਤੁਰੰਤ ਖਬਰ ਲਈ ਜਾਵੇ ਅਤੇ ਸਿਆਣੇ ਵੈਦ ਦਾ ਇਲਾਜ ਹੋਵੇ ਤਾਂ ਆਰਾਮ ਛੇਤੀ ਹੁੰਦਾ ਹੈ. ਜੇ ਰੋਗ ਪੁਰਾਣਾ ਹੋ ਜਾਵੇ ਤਾਂ ਔਖਾ ਹਟਦਾ ਹੈ.

ਉਨਮਾਦੀ ਨੂੰ ਬਹੁਤ ਚਿੜਾਉਣਾ ਅਤੇ ਛੇੜਨਾ ਹੱਛਾ ਨਹੀਂ, ਸਗੋਂ ਉਸ ਪਾਸ ਪ੍ਰੇਮ ਦੀਆਂ ਬਾਤਾਂ, ਰਾਗ ਰੰਗ ਅਤੇ ਆਨੰਦ ਕਰਨ ਵਾਲੇ ਖੇਲ ਹੋਣੇ ਉੱਤਮ ਹਨ. ਰੋਗੀ ਨੂੰ ਦੁੱਧ, ਮੱਖਣ, ਮਲਾਈ, ਬਦਾਮਰੌਗਨ, ਹਲਕੇ ਫਲ ਅਤੇ ਹਲਕੀ ਗਿਜਾ ਦੇਣੀ ਚਾਹੀਏ. ਬਦਾਮ, ਇਲਾਇਚੀ, ਮਗਜ ਕੱਦੂ ਅਤੇ ਖੀਰੇ ਦੇ ਘੋਟਕੇ ਮਿਸ਼ਰੀ ਨਾਲ ਮਿਲਾਕੇ ਸਰਦਾਈ ਦੇਣੀ ਹੱਛੀ ਹੈ. ਮੱਥੇ ਤੇ ਚੰਦਨ ਦਾ ਲੇਪ, ਬਦਾਮਰੌਗਨ ਦੀ ਸਿਰ ਤੇ ਮਾਲਿਸ਼ ਕਰਨੀ ਗੁਣਕਾਰੀ ਹੈ. ਸੰਦਲ ਅਨਾਰ ਅਤੇ ਨਿੰਬੂ ਦਾ ਸ਼ਰਬਤ ਸੇਵਨ ਕਰਨਾ ਚੰਗਾ ਹੈ. ਬਚ ਦਾ ਚੂਰਨ ਇੱਕ ਮਾਸ਼ੇ ਤੋਂ ਤਿੰਨ ਮਾਸ਼ੇ ਤੀਕ ਸ਼ਹਿਦ ਵਿੱਚ ਮਿਲਾਕੇ ਰੋਜ ਚਟਾਉਣਾ ਬਹੁਤ ਹੱਛਾ ਹੈ. ਇਸ ਰੋਗ ਵਾਲੇ ਨੂੰ ਕਦੇ ਕਬਜੀ ਨਹੀਂ ਹੋਣ ਦੇਣੀ ਚਾਹੀਏ ਅਤੇ ਜਿਨ੍ਹਾਂ ਕਾਰਣਾਂ ਤੋਂ ਇਹ ਰੋਗ ਪੈਦਾ ਹੁੰਦਾ ਹੈ ਉਨ੍ਹਾਂ ਤੋਂ ਬਹੁਤ ਪਰਹੇਜ ਕਰਨਾ ਚਾਹੀਦਾ ਹੈ। ੩. ਸਿੰਧੀ ਵਿੱਚ ਉਦਮਾਦ ਦਾ ਅਰਥ ਚਿੰਤਾ ਅਤੇ ਫਿਕਰ ਹੈ.

ਉਦਮਾਦਾ: ਸੰ. उन्मत्त- ਉਨਮੱਤ. ਵਿ- ਮਤਵਾਲਾ. ਮਖ਼ਮੂਰ. "ਮਨ ਖੁਟਹਰ, ਤੇਰਾ ਨਹੀਂ ਬਿਸਾਸੁ ਤੂ ਮਹਾਂ ਉਦਮਾਦਾ."

(ਬਿਲਾ ਮਃ ੫) ੨. ਉਨਮਾਦ ਰੋਗ ਵਾਲਾ. ਪਾਗਲ. ਸੁਦਾਈ.

ਉਦਮਾਦੀ: ਸੰ. उन्मादिन्- ਉਨਮਾਦੀ. ਵਿ- ਸੁਦਾਈ. ਸਿਰੜੀ. ਪਾਗਲ। ੨. ਨਸ਼ਈ. ਅਮਲੀ. "ਜਿਉ ਉਦਮਾਦੀ ਅਤੀਸਾਰ." (ਭਾਗੁ) ਜੈਸੇ ਫੀਮੀ ਨੂੰ ਅਤੀਸਾਰ ਮਾਰ ਦਿੰਦਾ ਹੈ.

ਉਦਮੁ: ਦੇਖੋ, ਉੱਦਮ. "ਉਦਮੁ ਸੋਈ ਕਰਾਇ ਪ੍ਰਭੁ."

(ਮਾਝ ਮਃ ੫. ਦਿਨਰੈਣ)

ਉਦਯ: ਸੰ. उदय. ਸੰਗਯਾ- ਵ੍ਰਿੱਧਿ. ਤੱਰਕੀ।

੨. ਨਿਕਲਨਾ. ਪ੍ਰਗਟ ਹੋਣਾ। ੩. ਸੂਰਜ ਦੇ ਪ੍ਰਗਟ ਹੋਣ ਦੀ ਕ੍ਰਿਯਾ. ਸੂਰਜ ਚੜ੍ਹਨਾ। ੪. ਪੁਰਾਣਾਂ ਅਨੁਸਾਰ ਇੱਕ ਪੂਰਬੀ ਪਹਾੜ, ਜਿਸ ਦੀ ਓਟ ਤੋਂ ਸੂਰਜ ਪ੍ਰਗਟ ਹੁੰਦਾ ਹੈ. ਇਸਦਾ ਪ੍ਰਸਿੱਧ ਨਾਉਂ ਉਦਯਾਚਲ ਹੈ. ਦੇਖੋ, ਉਦਯਗਿਰਿ.

ਉਦਯ ਅਸਤ: ਸੰਗਯਾ- ਉਦਯ ਅਤੇ ਅਸਤ ਨਾਉਂ ਦੇ ਦੋ ਪਹਾੜ. ਪੁਰਾਣਾਂ ਅਨੁਸਾਰ ਉਦਯ ਦੀ ਓਟ ਵਿੱਚੋਂ ਸੂਰਜ ਸਵੇਰ ਵੇਲੇ ਬਾਹਰ ਆਉਂਦਾ ਹੈ ਅਤੇ ਅਸਤ ਦੀ ਓਟ ਵਿੱਚ ਛਿਪਦਾ ਹੈ। ੨. ਸੂਰਜ ਦੇ ਪ੍ਰਗਟ ਹੋਣ ਅਤੇ ਲੋਪ ਹੋਣ ਦੀ ਕ੍ਰਿਯਾ. ਸੂਰਜ ਦਾ ਚੜ੍ਹਨਾ ਅਤੇ ਛਿਪਣਾ। ੩. ਪੂਰਵ ਅਤੇ ਪੱਛਮ. ਭਾਵ- ਸਾਰੀ ਪ੍ਰਿਥਿਵੀ "ਉਦਯ ਅਸਤ ਲੌ ਰਾਜ" (ਸਲੋਹ) ੪. ਜਨਮ- ਮਰਣ.

ਉਦਯ ਸਿੰਘ: ਸ਼ਿਸ਼ੋਦਿਯਾ ਕੁਲ[12] ਦਾ ਇੱਕ ਪ੍ਰਸਿੱਧ ਰਾਜਾ, ਜੋ ਰਾਣਾ ਸਾਂਗਾ (ਸੰਗ੍ਰਾਮ ਸਿੰਘ) ਦਾ ਛੋਟਾ ਪੁਤ੍ਰ ਸੀ, ਅਤੇ ਚਤੌੜ ਦੀ ਗੱਦੀ ਉੱਪਰ ਸੰਮਤ ੧੫੯੯ (ਸਨ ੧੫੪੧- ੪੨) ਵਿੱਚ ਬੈਠਾ. ਇਹ ਵਡਾ ਕਾਇਰ ਅਤੇ ਆਪਣੇ ਖਾਨਦਾਨ ਦਾ ਨਾਉਂ ਡੋਬਣ ਵਾਲਾ ਸੀ. ਇਸ ਦੇ ਪ੍ਰਤਾਪੀ ਪੁਤ੍ਰ ਰਾਣਾ ਪ੍ਰਤਾਪ ਸਿੰਘ ਨੇ (ਜੋ ਰਾਜਪੂਤ ਵੰਸ਼ ਦਾ ਮਾਨ ਸਮਝਿਆ ਜਾਂਦਾ ਹੈ), ਆਪਣੇ ਪਿਤਾ ਦੇ ਨਾਉਂ ਤੇ ਉਦਯਪੁਰ ਨਗਰ ਵਸਾਇਆ, ਜੋ ਹੁਣ ਰਾਜਪੂਤਾਨੇ ਦੀ ਪ੍ਰਸਿੱਧ ਰਾਜਧਾਨੀ ਹੈ. ਦੇਖੋ, ਚਤੌੜਗੜ੍ਹ।

੨. ਅਲੀਪੁਰ (ਜਿਲਾ ਮੁਲਤਾਨ) ਦਾ ਵਸਨੀਕ ਮਾਈਦਾਸ ਦਾ ਪੁਤ੍ਰ ਮਨੀਰਾਮ ਰਾਜਪੂਤ ਸੀ, ਜਿਸ ਦੇ ਘਰ ਪੰਜ ਪੁਤ੍ਰ ਹੋਏ, ਜਿਨ੍ਹਾਂ ਨੂੰ ਉਸ ਨੇ ਕਲਗੀਧਰ ਦੇ ਅਰਪਨ ਕੀਤਾ, ਦਸ਼ਮੇਸ਼ ਨੇ ਇਨ੍ਹਾਂ ਪੰਜਾਂ ਨੂੰ ੧. ਵੈਸਾਖ ਸੰਮਤ ੧੭੫੬ ਨੂੰ ਅਮ੍ਰਿਤ ਛਕਾਕੇ ਖਾਲਸਾ ਸਜਾਇਆ ਅਤੇ ਸਿੱਖ ਧਰਮ ਦੀ ਸਿਖ੍ਯਾ ਦਿੱਤੀ. ਇਹ ਪੰਜ ਪੰਥ- ਰਤਨ- ਉਦਯ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਵਿਚਿਤ੍ਰ ਸਿੰਘ ਸਨ.

ਉਦਯ ਸਿੰਘ ਜੀ ਨੇ ਇੱਕ ਵੇਰ ਸ਼ੇਰ ਮਾਰਕੇ ਉਸ ਦੀ ਖੱਲ ਦਸ਼ਮੇਸ਼ ਜੀ ਦੇ ਪੇਸ਼ ਕੀਤੀ। ਕਲਗੀਧਰ ਨੇ ਇਹ ਇੱਕ ਗਧੇ ਨੂੰ ਪਹਿਨਾਈ, ਜਿਸ ਤੋਂ ਨਿਰਭੈ ਹੋ ਕੇ ਉਹ ਖੇਤੀਆਂ ਖਾਣ ਲੱਗਾ ਅਰ ਗੂਣ ਦੇ ਬੋਝੇ ਤੋਂ ਉਸਨੇ ਛੁਟਕਾਰਾ ਪਾਇਆ, ਕਿਉਂਕਿ ਕਿਸੇ ਨੂੰ ਉਸ ਦੇ ਪਾਸ ਜਾਣ ਦਾ ਹੌਸਲਾ ਨਹੀਂ ਪੈਂਦਾ ਸੀ.

ਇੱਕ ਵੇਰ ਗਧਿਆਂ ਦੀ ਬੋਲੀ ਸੁਣਕੇ ਹੀਂਗਦਾ ਹੋਇਆ ਆਪਣੇ ਮਾਲਕ ਕੁਮ੍ਹਾਰ ਦੇ ਘਰ ਪਹੁੰਚਕੇ ਖੋਤਿਆਂ ਨਾਲ ਖਰਮਸਤੀ ਕਰਨ ਲੱਗਾ. ਕੁਮ੍ਹਾਰ ਨੇ ਗਧਾ ਪਛਾਣਕੇ ਸ਼ੇਰ ਦੀ ਖੱਲ ਲਾਹ, ਗੂੰਣ ਦੇ ਬੋਝੇ ਹੇਠ ਲੈਲਿਆ. ਦਸ਼ਮੇਸ਼ ਜੀ ਨੇ ਇਸ ਤੋਂ ਪੰਥ ਨੂੰ ਸਿਖ੍ਯਾ ਦਿੱਤੀ ਕਿ ਜੋ ਖਾਲਸਾ ਹੋਕੇ ਪੁਰਾਣੀ ਜਾਤਿ ਪਾਤਿ ਵਿੱਚ ਮੁੜ ਜਾ ਧਸਣਗੇ, ਉਨ੍ਹਾਂ ਦੀ ਇਹੀ ਦਸ਼ਾ ਹੋਊ.

ਸੰਮਤ ੧੭੫੮ ਦੇ ਜੰਗ ਵਿੱਚ ਰਾਜਾ ਕੇਸ਼ਰੀ ਚੰਦ ਜਸਵਾਲੀਏ ਦਾ ਸਿਰ ਵੱਢ, ਨੇਜ਼ੇ ਵਿੱਚ ਪਰੋਕੇ ਉਦਯ ਸਿੰਘ ਜੀ ਦਸ਼ਮੇਸ਼ ਦੇ ਹਜੂਰ ਲਿਆਏ ਸਨ. ਜਦ ਸਤਿਗੁਰੂ ਨੇ ਆਨੰਦ ਪੁਰ ਛੱਡਿਆ, ਤਦ ਏਹ ਕਲਗੀਧਰ ਦੇ ਨਾਲ ਸਨ. ਚਮਕੌਰ ਦੇ ਰਸਤੇ ਸੰਮਤ ੧੭੬੧ ਵਿੱਚ ਵੱਡੀ ਵੀਰਤਾ ਨਾਲ ਵੈਰੀਆਂ ਦਾ ਮੁਕਾਬਲਾ ਕਰਦੇ ਸ਼ਹੀਦ ਹੋਏ. ਯਥਾ:- "ਪਹਰ ਏਕ ਲੌ ਰਨ ਪਰਯੋ ਮਹਾਂ ਪ੍ਰਬਲ ਇਕਸਾਰ। ਉਦਯ ਸਿੰਘ ਜੂਝੇ ਤਬੈਂ ਸਤਿਗੁਰੁ ਸਰਨ ਵਿਚਾਰ." (ਗੁਰੁਸ਼ੋਭਾ) ਇਨ੍ਹਾਂ ਦੇ ਛੋਟੇ ਭਾਈ ਭੀ ਧਰਮਜੁਧਾਂ ਵਿੱਚ ਸਦਾ ਤਨ ਮਨ ਤੋਂ ਦੇਸ ਅਤੇ ਕੌਮ ਦੀ ਸੇਵਾ ਪਰਾਯਣ ਰਹੇ. ਦੇਖੋ, ਵਿਚਿਤ੍ਰ ਸਿੰਘ।

---

[12] ਉਦਯਪੁਰ ਦੇ ਮਹਾਰਾਣੇ ਆਪਣੇ ਤਾਈਂ ਰਘੁਵੰਸ਼ੀ ਮੰਨਦੇ ਹਨ. ਸਾਰੇ ਰਾਜਪੂਤਾਨੇ ਵਿਚ ਇਹ ਵੰਸ਼ ਵਡੇ ਸਨਮਾਨ ਯੋਗਯ ਹੈ.

੩. ਭਗਤੂਵੰਸ਼ੀ ਭਾਈ ਲਾਲ ਸਿੰਘ ਦਾ ਰਾਣੀ ਸਾਹਿਬ ਕੌਰ ਦੇ ਉਦਰੋਂ ਸੁਪੁਤ੍ਰ, ਜੋ ਕੈਥਲ ਦਾ ਮਹਾਰਾਜਾ ਸੀ, ਇਸ ਦੀ ਸਰਪਰਸ੍ਤੀ ਵਿੱਚ ਕਵਿਰਾਜ ਭਾਈ ਸੰਤੋਖ ਸਿੰਘ ਜੀ ਨੇ 'ਗੁਰਪ੍ਰਤਾਪ ਸੂਰਯ' ਦੀ ਰਚਨਾ ਕੀਤੀ ਹੈ. ਉਦਯ ਸਿੰਘ ਜੀ ਦਾ ਦੇਹਾਂਤ ਫੱਗੁਣ ਸੁਦੀ ੧੪. ਸੰਮਤ ੧੯੯੯ (੧੫ ਮਾਰਚ ਸਨ ੧੯੪੩) ਨੂੰ ਅਧਰੰਗ ਰੋਗ ਨਾਲ ਹੋਇਆ. ਦੇਖੋ ! ਸੰਤੋਖ ਸਿੰਘ, ਕੈਥਲ ਅਤੇ ਭਗਤੂ.

ਉਦਯਗਿਰਿ: ਦੇਖੋ, ਉਦਯ ੪। ੨. ਗਵਾਲੀਅਰ ਰਾਜ ਦੇ ਜਸਗਾਧ ਜਿਲੇ ਵਿੱਚ ਇੱਕ ਪਹਾੜ।

੩. ਮਦਰਾਸ ਦੇ ਨੇਲੂਰ ਜਿਲੇ ਦਾ ਇੱਕ ਪਹਾੜ।

੪. ਟ੍ਰਾਵਨਕੋਰ ਰਾਜ ਦਾ ਇੱਕ ਪਹਾੜ। ੫. ਮਦਰਾਸ ਦੇ ਗੰਜਮ ਜਿਲੇ ਦਾ ਇੱਕ ਪਹਾੜ। ੬. ਉੜੀਸਾ ਵਿੱਚ ਪੁਰੀ ਜਿਲੇ ਦਾ ਇੱਕ ਪਹਾੜ.

ਉਦਯਨ: ਸੰ. उदयन. ਸੰਗਜਾ- ਪ੍ਰਗਟ ਹੋਣਾ. ਜੈਸੇ ਸੂਰਜ ਦਾ ਉਦਯਨ। ੨. ਦੇਖੋ, ਕੁਸੁਮਾਂਜਲਿ ੨.

ਉਦਯ ਪੁਰ: ਦੇਖੋ, ਉਦਯ ਸਿੰਘ ੧.

ਉਦਯਾਚਲ: ਦੇਖੋ, ਉਦਯ ੪

ਉਦਰ: ਸੰ. उदर. ਪੇਟ. ਢਿੱਡ. ਜਠਰ. "ਉਦਰੈ ਕਾਰਣਿ ਆਪਣੈ." (ਵਾਰ ਰਾਮ ੧) ੨. ਛਾਤੀ. ਸੀਨਹ. "ਅਬਕੀ ਸਰੂਪਿ ਸੁਜਾਨਿ ਸੁਲਖਨੀ ਸਹਿਜੇ ਉਦਰਿ ਧਰੀ." (ਆਸਾ ਕਬੀਰ) ੩. ਮੇਦਾ. ਪ੍ਰਕ੍ਵਾਸ਼ਯ। ੪. ਅੰਤੜੀ। ੫. ਗਰਭ। ੬. ਅੰਦਰਲਾ ਪਾਸਾ.

ਉੰਦਰ: ਸੰ. उन्दर. ਸੰਗਜਾ- ਚੂਹਾ, ਮੂਸਾ. ਦੇਖੋ, ਊਂਦਰ.

ਉਦਰ ਉਦਕ: ਗਰਭਾਸ਼ਯ ਦੀ ਝਿੱਲੀ ਵਿੱਚ ਦਾ ਉਹ ਜਲ, ਜੋ ਬੱਚੇ ਨੂੰ ਘੇਰੀਂ ਰਖਦਾ ਹੈ. "ਜਨਨੀ ਕੇਰੇ ਉਦਰ ਉਦਕ ਮਹਿ ਪਿੰਡ ਕੀਆ ਦਸ ਦੁਆਰਾ." (ਆਸਾ ਧੰਨਾ)

ਉਦਰਅਰਿ: ਸੰਗਯਾ- ਪੇਟ ਦਾ ਵੈਰੀ, ਕਟਾਰ. (ਸਨਾਮਾ)

ਉਦਰਸੰਜੋਗੀ: ਸੰਗਜਾ- ਪੇਟ ਦਾ ਸੰਬੰਧੀ. ਸਕਾ ਭਾਈ. ਸਹੋਦਰ। ੨. ਪੇਟ ਦਾ ਹੈ ਸੰਬੰਧ ਜਿਸ ਨਾਲ, ਅਰਥਾਤ ਜਿਸ ਦੇ ਪੇਟ ਵਿੱਚ ਨਿਵਾਸ ਕੀਤਾ ਹੈ. "ਉਦਰਸੰਜੋਗੀ ਧਰਤੀ ਮਾਤਾ." (ਮਾਰੂ ਸੋਲਹੇ ਮਃ ੧) ੩. ਸ੍ਵਾਰਥੀ. ਖੁਦਗਰਜ. ਕੇਵਲ ਢਿੱਡ ਭਰਨ ਦਾ ਹੈ ਪ੍ਰਯੋਜਨ ਜਿਸ ਦਾ.

ਉਦਰਜ੍ਵਾਲਾ: ਸੰਗਜਾ- ਜਠਾਰਗਨਿ. ਪੇਟ ਦੀ ਅਗਨਿ. ਮੇਦੇ ਦੀ ਗਰਮੀ। ੨. ਭੁੱਖ.

ਉਦਰ ਰੋਗ: ਪੇਟ ਦੀ ਬੀਮਾਰੀ. ਜਦ ਮੇਦੇ ਦੀ ਅਗਨੀ ਮੱਠੀ ਪੈ ਜਾਂਦੀ ਹੈ, ਅਰਥਾਤ ਹਜਮ ਕਰਣ ਦੀ ਤਾਕਤ ਘੱਟ ਜਾਂਦੀ ਹੈ, ਤਦ ਇਹ ਰੋਗ ਹੁੰਦਾ ਹੈ, ਇਸ ਰੋਗ ਨੂੰ ਅਨੰਤ ਰੋਗਾਂ ਦਾ ਪਿਤਾ ਆਖਣਾ ਚਾਹੀਏ. ਕੋਈ ਐਸੀ ਬੀਮਾਰੀ ਨਹੀਂ ਜੋ ਮੇਦੇ ਦੇ ਵਿਕਾਰੀ ਹੋਣ ਤੋਂ ਨਾ ਹੋ ਸਕਦੀ ਹੋਵੇ, ਇਹ ਰੋਗ ਬਹੁਤ ਖਾਣ ਤੋਂ, ਕੁਵੇਲੇ ਖਾਣ ਤੋਂ, ਮਲ ਮੂਤ੍ਰ ਪਸੀਨਾ ਰੁਕਣ ਤੋਂ, ਭੁੱਖ ਵੇਲੇ ਪੀਣ ਅਤੇ ਪਿਆਸ ਵੇਲੇ ਖਾਣ ਤੋਂ, ਬਹੁਤ ਵਾਰ ਖਾਣ ਤੋਂ, ਚਿੰਤਾ ਵਿੱਚ ਰਹਿਣ ਤੋਂ ਅਤੇ ਬਹੁਤ ਥੱਕ ਜਾਣ ਤੋਂ ਹੁੰਦਾ ਹੈ.

ਉਦਰ ਰੋਗ ਤੋਂ ਅਫਾਰਾ ਹੁੰਦਾ ਹੈ, ਗੰਦੇ ਡਕਾਰ ਆਉਂਦੇ ਹਨ, ਦੁਰਗੰਧ ਭਰੀ ਹਵਾ ਸਰਦੀ ਹੈ, ਭੁੱਖ ਬੰਦ ਹੋ ਜਾਂਦੀ ਹੈ, ਕਲੇਜੇ ਤੇ ਜਲਨ ਰਹਿੰਦੀ ਹੈ, ਮੱਥਾ ਭਾਰੀ ਮਲੂਮ ਹੁੰਦਾ ਹੈ.

ਉਦਰ ਰੋਗੀ ਨੂੰ ਥੋੜਾ ਥੋੜਾ ਇਰੰਡ ਦਾ ਤੇਲ ਅਥਵਾ ਮਾਲਕੰਗਣੀ ਦਾ ਤੇਲ ਦੁੱਧ ਵਿੱਚ ਮਿਲਾਕੇ ਪੀਣਾ ਗੁਣਕਾਰੀ ਹੈ. ਇੰਦ੍ਰਜੌਂ, ਸੁਹਾਗਾ, ਭੁੰਨੀ ਹੋਈ ਹਿੰਗ, ਸੰਖ ਦੀ ਸੁਆਹ, ਚਾਰ ਚਾਰ ਮਾਸ਼ੇ, ਇਨ੍ਹਾਂ ਨੂੰ ਚੂਰਨ ਕਰਕੇ ਗਊ ਦੀ ਲੱਸੀ ਨਾਲ ਤਿੰਨ ਮਾਸ਼ੇ ਖਾਣਾ ਚੰਗਾ ਅਸਰ ਕਰਦਾ ਹੈ. ਉਦਰ ਰੋਗ ਵਾਲੇ ਨੂੰ ਸੱਠੀ ਦੇ ਚਾਉਲ ਜੌਂ ਮੂੰਗੀ ਗਊ ਦਾ ਦੁੱਧ ਗਊ ਦੀ ਲੱਸੀ ਕਰੇਲਾ ਅਤੇ

ਜੰਗਲੀ ਜੀਵਾਂ ਦੇ ਮਾਸ ਦਾ ਸ਼ੋਰਵਾ ਵਰਤਣਾ ਗੁਣਕਾਰੀ ਹੈ.

ਅੱਗੇ ਲਿਖਿਆ ਨਾਰਾਯਣ ਚੂਰਣ ਉਦਰ ਦੇ ਸਾਰੇ ਰੋਗ ਦੂਰ ਕਰਦਾ ਹੈ- ਚਿੱਤੇ ਦੀ ਛਿੱਲ, ਹਰੜ, ਬਹੇੜਾ, ਆਉਲਾ, ਮਘਾਂ, ਕਾਲੀਆਂ ਮਿਰਚਾਂ, ਸੁੰਢ, ਜੀਰਾ, ਹਾਉਬੇਰ, ਬਚ, ਜਵਾਇਣ, ਪਿੱਪਲਾ ਮੂਲ, ਸੌਂਫ, ਬਨ ਤੁਲਸੀ, ਅਜਮੋਦ, ਕਚੂਰ, ਧਨੀਆ, ਵਾਇਵੜਿੰਗ, ਕਲੌਂਜੀ, ਪੁਹਕਰਮੂਲ, ਸੱਜੀਖਾਰ, ਜੌਂਖਾਰ, ਸੇਂਧਾ, ਸਾਂਭਰ, ਸੌਂਚਰ, ਬਿੜ ਅਤੇ ਸਮੁੰਦਰੀ ਲੂਣ, ਕੁੱਠ, ਇਹ ਅਠਾਈ ਦਵਾਈਆਂ ਇੱਕ ਇੱਕ ਤੋਲਾ ਲੈ ਕੇ ਬਰੀਕ ਕੁੱਟਣੀਆਂ, ਇਨ੍ਹਾਂ ਵਿੱਚ ਕੌੜਤੁੰਮੇ ਦੀ ਜੜ ਦੋ ਤੋਲੇ, ਨਿਸੋਥ ਤਿੰਨ ਤੋਲੇ, ਦੰਤੀ ਤਿੰਨ ਤੋਲੇ, ਪੀਲਾ ਥੋਹਰ ਚਾਰ ਤੋਲੇ, ਇਹ ਸਭ ਕੁੱਟ ਛਾਣਕੇ ਮਿਲਾਉਣ. ਇਹ ਚੂਰਣ ਬਲ ਉਮਰ ਅਨੁਸਾਰ ਦੋ ਮਾਸੇ ਤੋਂ ਚਾਰ ਮਾਸ਼ੇ ਤੀਕ ਸੇਵਨ ਕੀਤਾ ਬਹੁਤ ਲਾਭ ਦਾਇਕ ਹੈ.

ਜਲੋਦਰ, ਲਿੱਫ, ਵਾਉਗੋਲਾ, ਆਦਿ ਭੀ ਉਦਰ ਰੋਗ ਸੱਦੀਦੇ ਹਨ. ਇਨ੍ਹਾਂ ਨੂੰ ਭੀ ਨਾਰਾਯਣ ਚੂਰਣ ਗੁਣਕਾਰੀ ਹੈ.

ਉਦਰਾਗਨਿ: ਉਦਰ (ਪੇਟ) ਦੀ ਅਗਨਿ. ਦੇਖੋ, ਉਦਰਜ੍ਵਾਲਾ.

ਉਦਰਾਮਯ: ਸੰ. ਸੰਗਯਾ- ਪੇਟ ਦਾ ਆਮਯ (ਰੋਗ). ਢਿੱਡ ਦੀ ਬੀਮਾਰੀ. ਉਦਰਰੋਗ.

ਉਦਰਿ: ਉਦਰ (ਪੇਟ) ਵਿੱਚ। ੨. ਛਾਤੀ ਨਾਲ. ਦੇਖੋ, ਉਦਰ ੨। ੩. ਗਰਭ- ਵਿੱਚ.

ਉਦਵਨ: ਦੇਖੋ, ਉਦਯਨ. "ਆਸੰਭਉ ਉਦਵਿਅਉ." (ਸਵੈਯੇ ਮਃ ੫. ਕੇ) ਜੋ ਅਜਨਮ ਹੈ, ਉਹ ਪ੍ਰਗਟ ਹੋਇਆ ਹੈ.

ਉਦਵਰਤਨ: ਸੰ. ਤਦ੍ਵਰ੍ਤਨ. ਸੰਗਯਾ- ਬਟਨਾ. ਸ਼ਰੀਰ ਨੂੰ ਨਿਰਮਲ ਅਤੇ ਸੁਗੰਧਿਤ ਕਰਨ ਲਈ ਇੱਕ ਪ੍ਰਕਾਰ ਦਾ ਲੇਪ, ਜਿਸ ਨੂੰ ਤੁਚਾ ਤੇ ਮਲਕੇ ਪਿੱਛੋਂ ਇਸਨਾਨ ਕੀਤਾ ਜਾਂਦਾ ਹੈ।

ਉਦਵਾਹ: ਸੰ. ਤਦ੍ਵਾਹ. ਸੰਗਯਾ- ਲੈਜਾਣ ਦੀ ਕ੍ਰਿਯਾ।

੨. ਦੁਲਹਨੀ ਨੂੰ ਉਸ ਦੇ ਬਾਪ ਦੇ ਘਰ ਤੋਂ ਲੈਜਾਣਾ. ਵਿਆਹ. ਸ਼ਾਦੀ. ਆਨੰਦ. ਨਿਕਾਹ.

ਉਦਵਿਓ, ਉਦਵਿਅਉ: ਉਦੈ ਹੋਇਆ. ਪ੍ਰਗਟਿਆ. ਦੇਖੋ, ਉਦਯਨ ਅਤੇ ਉਦਵਨ. ਦੇਖੋ, ਆਸੰਭਉ.

ਉਦਵਿਗਨ: ਸੰ. ਤਦ੍ਵਿਗ੍ਨ. ਵਿ- ਘਬਰਾਇਆ ਹੋਇਆ. ਵਯਾਕੁਲ.

ਉਦਵੇਗ: ਸੰ. ਤਦ੍ਵੇਗ. ਸੰਗਯਾ- ਚਿੱਤ ਦੀ ਘਬਰਾਹਟ. ਵਯਾਕੁਲਤਾ. "ਤੇਗ ਬਹਾਦੁਰ ਸਤਿਗੁਰੂ ਦੇਂ ਸਤ੍ਰਨ ਉਦਵੇਗ." (ਗੁਪ੍ਰਸੂ) ੨. ਮਨ ਦਾ ਪ੍ਰਬਲ ਵੇੱਗ। ੩. ਜੋਸ਼। ੪. ਉਮੰਗ.

ਉਦਾਸ: ਸੰ. ਤਦਾਸ੍- ਕਿਨਾਰੇ ਬੈਠਨਾ. ਪਾਸਦੀਂ ਗੁਜ਼ਰਨਾ। ੨. ਸੰ. ਤਦਾਸੀਨ- ਉਦਾਸੀਨ. ਵਿ- ਵਿਰਕਤ. ਉਪਰਾਮ। ੩. ਮੋਹ ਰਹਿਤ। ੪. ਵੈਰਾਗਵਾਨ. "ਘਰ ਹੀ ਮਾਹਿ ਉਦਾਸ." (ਸ੍ਰੀ ਮਃ ੩) ੫. ਸੰਗਯਾ- ਉਦਾਸੀਨਪਨ. ਸੰਨਯਾਸ. ਤਯਾਗ. "ਗਿਰਸਤ ਮਹਿ ਚਿੰਤ, ਉਦਾਸ ਅਹੰਕਾਰ." (ਆਸਾ ਮਃ ੫)

ਉਦਾਸੀ, ਉਦਾਸੀਨ: ਸੰ. ਤਦਾਸੀਨਤਾ. ਉਦਾਸੀਨਤਾ. ਸੰਗਯਾ- ਉਪਰਾਮਤਾ. ਵਿਰਕ੍ਤਤਾ।

੨. ਨਿਰਾਸਤਾ. "ਉਸ ਦੇ ਮੂੰਹ ਉੱਪਰ ਉਦਾਸੀ ਛਾਈ ਹੋਈ ਹੈ." (ਲੋਕੋ) ੩. ਉਦਾਸੀਨ. ਵਿ- ਉਪਰਾਮ. ਵਿਰਕਤ. "ਗੁਰੁਬਚਨੀ ਬਾਹਰਿ ਘਰਿ ਏਕੋ ਨਾਨਕ ਭਇਆ ਉਦਾਸੀ." (ਮਾਰੂ ਮਃ ੧) ੪. ਸੰਗਯਾ- ਸਿੱਖ ਕੌਮ ਦਾ ਇੱਕ ਅੰਗ, ਇਹ ਪੰਥ ਬਾਬਾ ਸ੍ਰੀ ਚੰਦ ਜੀ ਤੋਂ ਚੱਲਿਆ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਦੇ ਵਡੇ ਸੁਪੁਤ੍ਰ ਸਨ. ਬਾਬਾ ਗੁਰੁਦਿੱਤਾ ਜੀ ਇਨ੍ਹਾਂ ਦੇ ਪਹਿਲੇ ਚੇਲੇ ਬਣੇ. ਅੱਗੇ ਇਨ੍ਹਾਂ ਦੇ ਚਾਰ ਸੇਵਕ-

(ੳ) ਬਾਲੂ ਹਸਨਾ. (ਅ) ਅਲਮਸਤ. (ੲ) ਫੂਲਸ਼ਾਹ ਅਤੇ (ਸ) ਗੋਂਦਾ ਅਥਵਾ ਗੋਇੰਦ ਜੀ ਕਰਣੀ ਵਾਲੇ ਸਾਧੂ ਹੋਏ, ਜਿਨ੍ਹਾਂ ਦੇ

ਨਾਂਉ ਚਾਰ ਧੂਏਂ ਉਦਾਸੀਆਂ ਦੇ ਪ੍ਰਸਿੱਧ ਹਨ.[13]

ਇਨ੍ਹਾਂ ਚਾਰ ਧੂਇਆਂ (ਧੂਣਿਆਂ) ਨਾਲ ਛੀ ਬਖਸ਼ਿਸ਼ਾਂ ਮਿਲਾਕੇ ਦਸਨਾਮੀ ਉਦਾਸੀ ਸਾਧੁ ਕਹੇ ਜਾਂਦੇ ਹਨ. ਛੀ ਬਖਸ਼ਿਸ਼ਾਂ ਇਹ ਹਨ-

(ੳ) ਸੁਥਰੇਸ਼ਾਹੀ- ਬਖ਼ਸ਼ਿਸ਼ ਗੁਰੂ ਹਰਿਰਾਇ ਸਾਹਿਬ.

(ਅ) ਸੰਗਤਸਾਹਿਬੀਏ- ਬਖ਼ਸ਼ਿਸ਼ ਗੁਰੂ ਹਰਿਰਾਇ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ.

(ੲ) ਜੀਤਮੱਲੀਏ- ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਸਾਹਿਬ.

(ਸ) ਬਖਤਮੱਲੀਏ- ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਜੀ

(ਹ) ਭਗਤ ਭਗਵਾਨੀਏ- ਬਖ਼ਸ਼ਿਸ਼ ਗੁਰੂ ਹਰਿਰਾਇ ਸਾਹਿਬ.

(ਕ) ਮੀਹਾਂਸ਼ਾਹੀਏ- ਬਖ਼ਸ਼ਿਸ਼ ਗੁਰੂ ਤੇਗ ਬਹਾਦੁਰ ਸਾਹਿਬ. [੧੪]

ਉਦਾਸੀਆਂ ਦਾ ਲਿਬਾਸ ਮੰਜੀਠੀ ਚੋਲਾ, ਗਲ ਕਾਲੀ ਸੇਲ੍ਹੀ, ਹੱਥ ਤੂੰਬਾ ਅਤੇ ਸਿਰ ਉੱਚੀ ਟੋਪੀ ਹੈ. ਪਹਿਲਾਂ ਇਸ ਮਤ ਦੇ ਸਾਧੂ ਕੇਸ਼ ਦਾੜ੍ਹੀ ਨਹੀਂ ਮੁਨਾਉਂਦੇ ਸਨ, ਪਰ ਹੁਣ ਬਹੁਤ ਜਟਾਧਾਰੀ, ਮੁੰਡਿਤ, ਭਸਮਧਾਰੀ ਨਾਂਗੇ, ਅਤੇ ਗੇਰੂਰੰਗੇ ਵਸਤ੍ਰ ਪਹਿਰਦੇ ਦੇਖੀਦੇ ਹਨ. ਧਰਮਗ੍ਰੰਥ ਸਭ ਦਾ ਸ੍ਰੀ ਗੁਰੂ ਗ੍ਰੰਥਸਾਹਿਬ ਹੈ. ਦੇਖੋ, ਅਖਾੜਾ ਅਤੇ ਮਾਤ੍ਰਾ.

ਉਦਾਸੀਨਤਾ: ਦੇਖੋ, ਉਦਾਸੀ ੧.

ਉਦਾਸੁ: ਦੇਖੋ, ਉਦਾਸ.

ਉਦਾਸੇਰਾ: ਵਿ- ਉਦਾਸੀਨਤਾ ਵਾਲਾ. ਉਪਰਾਮ। ੨. ਮੋਹ ਰਹਿਤ. "ਸਿੰਙੀ ਬਾਜੈ ਨਿਤ ਉਦਾਸੇਰਾ." (ਰਾਮ ਮਃ ੫)

ਉਦਾਹਰਣ: ਸੰ. उदाहरण. ਸੰਗਯਾ- ਦ੍ਰਿਸ਼੍ਟਾਂਤ. ਮਿਸਾਲ. ਨਜੀਰ.

ਉਦਾਚਲ: ਉਦਯ- ਅਚਲ. ਦੇਖੋ, ਉਦਯ ੪.

ਉਦੱਾਤ: ਸੰ. उदात्त. ਸੰਗਯਾ- ਉੱਚੇ ਸੁਰ (ਸ੍ਵਰ) ਨਾਲ ਉੱਚਾਰਣ ਕੀਤਾ ਅੱਖਰ। ੨. ਵਡਾ ਬਾਜਾ। ੩. ਉੱਚਾਸੁਰ। ੪. ਇੱਕ ਅਰਥਾਲੰਕਾਰ. ਪਿਆਰੇ ਨਾਲ ਸੰਬੰਧ ਰੱਖਣ ਵਾਲੀ ਵਸਤੂ ਦੀ ਮਹਿਮਾ ਕਹਿਕੇ ਪਿਆਰੇ ਦਾ ਆਦਰ ਕਰਨਾ "ਉਦੱਾਤ" ਅਲੰਕਾਰ ਹੈ.

ਉਦਾਹਣ-

ਧੰਨ ਸੁ ਵੰਸ, ਧੰਨ ਸੁ ਪਿਤਾ,

ਧੰਨ ਸੋ ਮਾਤਾ ਜਿਨਿ ਜਨ ਜਣੇ. (ਭੈਰ ਮਃ ੪)

ਧਨਜ ਅਨੰਦਪੁਰ ਨਗਰ ਹੈ ਜਹਿਂ ਵਿਚਰੇ ਦਸ਼ਮੇਸ਼। ਧਨਜ ਸਿੰਘ ਜੋ ਪ੍ਰੇਮ ਕਰ ਹਾਜਿਰ ਰਹੇ ਹਮੇਸ਼। ੫. ਵਿ- ਉਦਾਰ. ਦਾਤਾ। ੬. ਉੱਚਾ। ੭. ਅੱਛਾ. ਚੰਗਾ। ੮. ਚਮਕਣ ਵਾਲਾ.

ਉਦਾਨ: ਦੇਖੋ, ਪ੍ਰਾਣ.

ਉਦਾਯੁਧ: ਸੰ. उद्यतायुध- ਉਦਯਾਤਾਯੁਧ. ਵਿ- ਜਿਸ ਨੇ ਮਾਰਨ ਲਈ ਹਥਿਆਰ ਉਠਾਇਆ ਹੋਇਆ ਹੈ. "ਅੰਜਨ ਸੇ ਤਨ ਉਗ੍ਰ ਉਦਾਯੁਧ." (ਚਰਿਤ੍ਰ ੧)

---

[13] ਬਾਲੂ ਹਸਨਾ ਫੂਲ ਪੁਨ ਗੋਂਦਾ ਅਰੁ ਅਲਮਸ੍ਤ। ਮੁੱਖ ਉਦਾਸੀ ਇਹ ਭਏ ਬਹੁਰੋਂ ਸਾਧੁ ਸਮਸ੍ਤ. (ਗੁਪ੍ਰਸੂ)

੨. ਦੇਖੋ, ਉਗ੍ਰਾਯੁਧ.

ਉਦਾਰ: ਸੰ. उदार. ਵਿ- ਦਾਨੀ. ਫ਼ੈੱਯਾਜ਼. "ਉਦਾਰ ਉਚਤਿ ਦਾਰਿਦ ਹਰਨ. " (ਸਵੈਯੇ ਮਃ ੨)

੨. ਸ਼੍ਰੇਸ਼੍ਠ. ਉੱਤਮ। ੩. ਸੰ. उद्धार- ਉੱਦਾਰ. ਉਤ੍ਦਾਰ. ਦੇਖੋ, ਦ੍ਰਿ ਧਾ. ਚੀਰਨ ਵਾਲਾ. ਦਲਨ ਵਾਲਾ. ਨਾਸ਼ ਕਰਤਾ. "ਸਭ ਲੋਕ ਸੋਕਉਦਾਰ." (ਅਕਾਲ)

ਉਦਾਰਤਾ: ਸੰਗਯਾ- ਫ਼ੈੱਯਾਜ਼ੀ. ਦਾਨਸ਼ੀਲਤਾ। ੨. ਨੇਕੀ. ਭਲਾਈ। ੩. ਸੁਸ਼ੀਲਤਾ.

ਉਦਾਲਕ: ਸੰ. उद्दालक. ਸੰਗਯਾ- ਇੱਕ ਰਿਖੀ, ਜੋ ਸ਼੍ਵੇਤਕੇਤੁ ਦਾ ਪਿਤਾ ਸੀ. ਇਸ ਦਾ ਪਹਿਲਾ ਨਾਉਂ "ਆਰੁਣਿ" ਸੀ, ਪਰ ਇਸ ਦੇ ਗੁਰੂ ਆਯੋਦ ਧੌਮਯ ਨੇ ਉੱਦਾਲਕ ਰੱਖਿਆ. "ਏਕ ਉਦਾਲਕ ਰਿਖਿ ਹੁਤੋ." (ਚਰਿਤ੍ਰ ੧੧੭) ੨. ਜੰਗਲੀ ਕੋਦਾ, ਜਿਸ ਦਾ ਬੀਜ ਪੀਸ ਅਥਵਾ ਭੁੰਨਕੇ ਖਾਧਾ ਜਾਂਦਾ ਹੈ। ੩. ਲਸੂੜਾ. "ਹਰੇ ਮਧੂਕ ਉਦਾਲਕ ਹਰੇ." (ਗੁਪ੍ਰਸੂ)

ਉਦਿਆਚਲ: ਦੇਖੋ. ਉਦਯ ੪

ਉਦਿਆਨ: ਸੰ. उद्यान- ਉਦਯਾਨ. ਸੰਗਯਾ- ਬਾਗ਼ "ਮਨ ਕੁੰਚਰ ਕਾਇਆ ਉਦਿਆਨੈ." (ਗਉ ਅਃ ਮਃ ੧) ੨. ਰੋਹੀ. ਜੰਗਲ. "ਜਾਤਿ ਨ ਪਤਿ ਨ ਆਦਰੋ ਉਦਿਆਨਿ ਭ੍ਰਮਿੰਨਾ." (ਵਾਰ ਜੈਤ) ੩. ਸਵਾਤ ਨਦੀ ਅਤੇ ਉਸ ਦੇ ਆਸਪਾਸ ਦਾ ਦੇਸ਼। ੪. ਸੈਰ ਕਰਨਾ। ੫. ਇਰਾਦਾ. ਸੰਕਲਪ.

ਉਦਿਆਨ ਜਾਣਾ: ਕ੍ਰਿ- ਜੰਗਲ ਜਾਣਾ. ਸ਼ੌਚ ਜਾਣਾ. ਮਲਤਯਾਗ ਲਈ ਬਾਹਰ ਜਾਣਾ. "ਕਰ ਤੂੰਬੀ ਲੇਕਰ ਤਿਸ ਕਾਲਾ। ਜਾਤ ਹੁਤੋ ਉਦਿਆਨ ਵਿਸਾਲਾ." (ਗੁਪ੍ਰਸੂ)

ਉਦਿਆਨਦ: ਸੰਗਯਾ- ਪਹਾੜੀ ਜੰਗਲ. ਦੇਖੋ, ਉਦਿਆਨ ਅਤੇ ਦ.

"ਜਹਾ ਸ੍ਰਵਨ ਹਰਿਕਥਾ ਨ ਸੁਨੀਐ ਤਹ ਮਹਾਭਇਆਨ ਉਦਿਆਨਦ." (ਸਾਰ ਮਃ ੫)

ਉਦਿਆਨਾ: ਸੰਗਯਾ- ਵਾਨਪ੍ਰਸ੍ਥ. ਵਨਵਾਸੀ ਹੋਣਾ. "ਤੀਰਥ ਵਰਤ ਨੇਮ ਕਰਹਿ ਉਦਿਆਨਾ." (ਮਾਰੂ- ਸੋਲਹੇ ਮਃ ੧)

ਉਦਿਆਨਿ: ਉਦਯਾਨ (ਰੋਹੀ) ਵਿੱਚ. ਦੇਖੋ. ਉਦਿਆਨਦ.

ਉਦਿਆਨੀ: ਵਿ- ਵਨਵਾਸੀ. ਦੇਖੋ, ਉਦਿਆਨਾ. "ਸੋਮ ਪਾਕ ਅਪਰਸ ਉਦਿਆਨੀ." (ਬਾਵਨ)

ਉਦਿਤ: ਸੰ. उदित. ਵਿ- ਪ੍ਰਗਟ. ਜਾਹਿਰ। ੨. ਉਦੈ ਹੋਇਆ। ੩. ਸੰ. उद्यत- ਉਦਯਤ. ਵਿ- ਤਿਆਰ. ਤਤਪਰ.

ਉਦਿਮ: ਦੇਖੋ. ਉੱਦਮ.

ਉਦੀਚੀ: ਸੰ. उदीची. ਸੰਗਯਾ- ਉੱਤਰ ਦਿਸ਼ਾ. ਦੱਖਣ ਦੇ ਮੁਕਾਬਲੇ ਦੀ ਦਿਸ਼ਾ.

ਉਦੀਪਨ: ਸੰ. उद्दीपन- ਉੱਦੀਪਨ. ਸੰਗਯਾ- ਭੜਕਾਉਣ ਦੀ ਕ੍ਰਿਯਾ। ੨. ਜਗਾਉਣਾ। ੩. ਐਸਾ ਪਦਾਰਥ, ਜੋ ਕਾਮਾਦਿ ਨੂੰ ਉੱਤੇਜਿਤ ਕਰੇ. ਕਸਤੂਰੀ ਕੇਸਰ ਆਦਿਕ। ੪. ਕਾਵ੍ਯ ਅਨੁਸਾਰ ਉਹ ਵਿਭਾਵ, ਜੋ ਰਸ ਨੂੰ ਵਧਾਵੇ. ਜੈਸੇ ਸ਼ਿੰਗਾਰ ਰਸ ਨੂੰ ਉਭਾਰਨ ਲਈ ਬਸੰਤ ਰੁੱਤ, ਕੋਕਿਲਾ, ਭ੍ਰਮਰ, ਬਾਗ਼, ਸਖੀ ਆਦਿਕ ਹਨ.

ਉਦੀਰਣ: ਸੰ. (ਉਦ੍- ਈਰ੍) ਸੰਗਯਾ- ਕਥਨ. ਵ੍ਯਾਖ੍ਯਾ ਗੁਫ਼ਤਗੂ। ੨. ਸੰ ਉਦੀਣੰ. ਵਿ- ਘਬਰਾਇਆ ਹੋਇਆ. ਛੋਭ (ਕ੍ਸ਼ੋਭ) ਸਹਿਤ.

ਉਦੁੰਬਰ: ਸੰ. उदुम्बर. ਸੰਗਯਾ- ਉਤ- ਅੰਬਰ. ਅਕਾਸ਼ ਨੂੰ ਲੰਘ ਜਾਣ ਵਾਲਾ. ਭਾਵ- ਵਡਾ ਬਿਰਛ. ਗੁੱਲਰ. ਕ੍ਰਿਮਿਫਲ. Fieus Glomerata. "ਬ੍ਰਹਮ ਉਦੁੰਬਰ ਵਿਟਪ ਸਮਾਨਾ." (ਨਾਪ੍ਰ) ਗੁੱਲਰ ਦੇ ਫਲਾਂ ਵਿੱਚ ਬੇਅੰਤ ਸੁਖਮ ਜੀਵ ਹੁੰਦੇ ਹਨ, ਤੈਸੇ ਕਰਤਾਰ ਵਿੱਚ ਅਨੰਤ ਜੀਵ ਨਿਵਾਸ ਕਰਦੇ ਹਨ। ੨. ਤਾਂਬਾ ਧਾਤੁ. ਤਾਮ੍ਰ। ੩. ਅੱਸੀ ਰੱਤੀ ਭਰ ਤੋਲ। ੪. ਦੇਹਲੀ.

ਦੇਹਲੀਜ਼। ੫. ਤਪੀਏ ਦਾ ਇੱਕ ਭੇਦ, ਜੋ ਹੱਥ ਵਿੱਚ ਗੁੱਲਰ ਦਾ ਡੰਡਾ ਰੱਖਦਾ ਹੈ। ੬. ਕੋੜ੍ਹ ਰੋਗ ਦਾ ਇੱਕ ਭੇਦ, ਜਿਸ ਤੋਂ ਸ਼ਰੀਰ ਉੱਪਰ ਗੁੱਲਰ ਦੇ ਫਲ ਜੇਹੇ ਫੋੜੇ ਹੋਕੇ ਫੁੱਟ ਵਹਿੰਦੇ ਹਨ.

ਉਦੂਲ: ਅ਼ عُدُوٗل ਉਦੂਲ. ਸੰਗਯਾ- ਅਦਲ (ਅਲਗ) ਹੋਣ ਦੀ ਕ੍ਰਿਯਾ. ਨਾਫ਼ਰਮਾਨੀ. ਆਗ੍ਯਾਭੰਗ. "ਹੁਕਮ ਉਦੂਲ ਆਪ ਕੋ ਕੀਨ." (ਗੁਪ੍ਰਸੂ)

ਉਦੇ: ਦੇਖੋ, ਉਦਯ.

ਉਦੇਸ: ਦੇਖੋ, ਉੱਦੇਸ਼. ਵਿ- ਮੁਕੱਰਰ ਨਿਯਤ. "ਦਿਨ ਹੋਲੀ ਕੋ ਕਰਹਿ ਉਦੇਸ" (ਗੁਪ੍ਰਸੂ)

ਉਦੇ ਸਿੰਘ: ਦੇਖੋ, ਉਦਯ ਸਿੰਘ.

ਉਦੇਗ: ਉਦਵੇਗ ਦਾ ਸੰਖੇਪ. ਉਮੰਗ. ਉਤਸਾਹ.

"ਪ੍ਰੀਤਿ ਕਰ ਰਿਦੈ ਹਰਖਾਵਨ ਉਦੇਗ ਹੀ." (ਨਾਪ੍ਰ)

ਉਦੇਦਾਰ: ਦੇਖੋ, ਉਹਦੇਦਾਰ. "ਉਦੇਦਾਰ ਉਇ ਦੋਇ ਹਰੀ ਕੇ." (ਗੁਪ੍ਰਸੂ)

ਉਦੈ: ਦੇਖੋ, ਉਦਯ. "ਉਦੈ ਅਸਤੁ ਕੀ ਮਨ ਬੁਧਿ ਨਾਸੀ." (ਆਸਾ ਕਬੀਰ)

ਉਦੈ ਅਸਤੁ, ਉਦੈ ਅਸਤ: ਦੇਖੋ, ਉਦਯ ਅਸ੍ਤ.

ਉਦੈ ਸਿੰਘ: ਦੇਖੋ, ਉਦਯ ਸਿੰਘ.

ਉਦੋਸਾਹ: ਵਿ- ਉਦਿਤ- ਉਤਸਾਹ ਹੌਸਲੇਮੰਦ. "ਉਦੋਸਾਹੈ ਕਿਆ ਨੀਸਾਨੀ." (ਸਵਾ ਮਃ ੧)

ਉਦੋਸੀਅ: ਉਦਯ- ਸ਼੍ਰੀ. ਸੰਗਯਾ- ਪ੍ਰਭੁਤਾ. ਵਿਭੂਤਿ ਦੀ ਵ੍ਰਿੱਧਿ. "ਉਦੋਸੀਅ ਘਰੇ ਹੀ ਵੁਠੀ." (ਸਵਾ ਮਃ ੧)

ਉਦੋਤ: ਸੰ. उद्द्योत- ਉਦਯੋਤ. ਸੰਗਯਾ- ਪ੍ਰਕਾਸ਼ ਚਮਤਕਾਰ. "ਭਾਵੀ ਉਦੋਤ ਕਰਣੰ." (ਵਾਰ ਜੈਤ)

੨. ਪ੍ਰਭਾਤ. ਭੋਰ. ਤੜਕਾ "ਅਸਤ ਉਦੋਤ ਭਇਆ ਉਠਿਚਲੇ." (ਮਾਰੂ ਅਃ ਮਃ ੫)

੩. ਵਿ- ਪ੍ਰਕਾਸ਼ਿਤ. ਰੌਸ਼ਨ.

ਉਦੋਤਕ: ਸੰ. ਉਦਯੋਤਕ. ਵਿ- ਪ੍ਰਕਾਸ਼ਕ. "ਇਕ ਜੋਤਿ ਉਦੋਤਕ ਰੂਪਦ ਸੋਂ." (ਗੁਪ੍ਰਸੂ)

ਉਦੋਤੁ: ਦੇਖੋ, ਉਦੋਤ. "ਉਦੋਤੁ ਭਇਓ ਪੂਰਨ ਭਾਵੀ ਕੋ." (ਮਲਾ ਮਃ ੫)

ਉਦੰਗਲ: ਸੰਗਯਾ- ਮੇਲਾ. ਇਕੱਠ.

ਉਦੰਡ: ਸੰ उद्दण्ड. ਵਿ- ਨਿਡਰ. ਜਿਸ ਨੂੰ ਦੰਡ ਦਾ ਭੈ ਨਹੀਂ "ਉਦੰਡੇ ਅਮੰਡੇ ਪ੍ਰਚੰਡੇ ਪ੍ਰਮਾਥੇ." (ਅਕਾਲ) ੨. ਲੰਮੇ ਡੰਡੇ ਵਾਲਾ। ੩. ਪਚੰਡ. ਉਗ। ੪. ਪ੍ਰਧਾਨ. ਮੁੱਖ. "ਅਰ ਕਾਟਕੈ ਪਲਖੰਡ। ਪੜ੍ਹ ਵੇਦ- ਮੰਤ੍ਰ ਉਦੰਡ." (ਗਯਾਨ)

ਉਦੰਤ: ਸੰ. उदन्त. ਸੰਗਯਾ- ਮਿਹਨਤ ਦਾ ਅੰਤ. ਮੁਸ਼ੱਕਤ ਦਾ ਨਤੀਜਾ. "ਸੁਖਸਾਗਰ ਪਾਇਓ ਉਦੰਤ." (ਸਵੈਯੇ ਮਃ ੪. ਕੇ) ੨. ਫ਼ੈਸਲਾ। ੩. ਵ੍ਰਿੱਤਾਂਤ. ਹਾਲ। ੪. ਪ੍ਰਸੰਗ. ਪ੍ਰਕਰਣ। ੫. ਵਿ- ਕਿਸੀ ਵਸਤੁ ਦੇ ਅੰਤ ਤੀਕ ਪਹੁੰਚਣ ਵਾਲਾ। ੬. ਨੇਕ. ਭਲਾ. ਉੱਤਮ.

ਉਦੰਬਰ: ਦੇਖੋ, ਉਦੁੰਬਰ.

ਉੱਦਮ: ਸੰ. ਉਦਯਮ. ਸੰਗਯਾ- ਜਤਨ. ਕੋਸ਼ਿਸ਼. ਮਿਹਨਤ. ਪੁਰਖਾਰਥ (ਪੁਰੁਸ਼ਾਰਥ)

ਉੱਦਮੀ: ਵਿ- ਉਦਜਮ ਵਾਲਾ. ਮਿਹਨਤੀ. ਪੁਰੁਸ਼ੀਰਥੀ.

ਉੱਦਾ: ਦੇਖੋ, ਉੱਦੇ। ੨. ਸੰਗਜਾ- ਅਧਿਕਾਰ. ਦੇਖੋ, ਉਹਦਾ। ੩. ਇੱਕ ਹਰੀ ਕਾ ਜੱਟ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਕੇ ਗਜਾਨੀ ਅਤੇ ਯੋਧਾ ਹੋਇਆ. ਇਸ ਨੇ ਅੰਮ੍ਰਿਤਸਰ ਦੇ ਜੰਗ ਵਿੱਚ ਵਡੀ ਬਹਾਦੁਰੀ ਦਿਖਾਈ.

ਉੱਦੀਪਨ: ਦੇਖੋ, ਉਦੀਪਨ.

ਉੱਦੇ: ਇੱਕ ਕਾਸ਼ਤਕਾਰ ਜਾਤੀ, ਜੋ ਵਿਸ਼ੇਸ਼ ਕਰਕੇ ਸ਼ਾਹਪੁਰ ਦੇ ਜਿਲ੍ਹੇ ਪਾਈ ਜਾਂਦੀ ਹੈ.

ਉੱਦੇਸ: ਸੰ. उद्देश. (ਉਦ੍- ਦਿਸ਼) ਸੰਗਜਾ- ਪ੍ਰਯੋਜਨ. ਮਤਲਬ। ੨. ਕਾਰਣ. ਹੇਤੁ. ਸਬਬ। ੩. ਅਭਿਲਾਖਾ. ਇੱਛਾ.

ਉੱਦੇਸ਼ਜ: ਸੰ. उद्देश्य. ਵਿ- ਅਭਿਲਖਿਤ. ਜਿਸ ਦੀ ਅਭਿਲਾਖਾ ਕਰੀਏ. ਲੋੜੀਂਦਾ. ਵਾਂਛਿਤ।

੨. ਸੰਗਜਾ- ਓਹ ਵਸਤੁ ਜਿਸ ਤੇ ਧਜਾਨ ਰੱਖਕੇ ਕਥਨ ਕਰੀਏ. ਇਸ਼੍ਟ.

ਉਦਜਾਨ: ਦੇਖੋ, ਉਦਿਆਨ.

ਉਦਜੋਗ: ਸੰ. उद्योग. ਸੰਗਜਾ- ਉੱਦਮ. ਯਤਨ. ਕੋਸ਼ਿਸ਼. "ਆਲਸ ਤਜਾਗ ਕਰਤ ਉਦਜੋਗਹਿ." (ਗੁਪ੍ਰਸੂ)

ਉਦਯੋਗੀ: ਸੰ. उद्योगिन. ਵਿ- ਉੱਦਮੀ. ਪੁਰੁਸ਼ਾਰਥੀ. ਮਿਹਨਤੀ.

ਉਦਜੋਤਕ: ਦੇਖੋ, ਉਦੋਤਕ.

ਉਦ੍ਰੇਕ: ਸੰ. ਸੰਗਜਾ- ਵ੍ਰਿੱਧਿ. ਤਰੱਕੀ। ੨. ਪ੍ਰਾਰੰਭ. ਸ਼ੁਰੂ ਕਰਨ ਦੀ ਕ੍ਰਿਯਾ.

ਉਧਉ: ਦੇਖੋ, ਊਧਵ. "ਉਧਉ ਅਕ੍ਰੂਰੁ ਤ੍ਰਿਲੋਚਨ ਨਾਮਾ." (ਸਵੈਯੇ ਮਃ ੩. ਕੇ)

ਉਧਰ: ਕ੍ਰਿ. ਵਿ- ਉਸ ਪਾਸੇ. ਓਧਰ. ਦੂਸਰੀ ਤਰਫ। ੨. ਦੇਖੋ, ਉਧਰਣ. "ਉਧਰ ਦੇਹ ਅੰਧ ਕੂਪ ਤੇ." (ਜੈਤ ਮਃ ੫) ੩. ਦੇਖੋ, ਉਧਲਨਾ. "ਉਧਰ ਚਲੀ ਤਾਂਸੋਂ ਹਿਤ ਕੈ ਕੈ." (ਚਰਿਤ੍ਰ. ੨੧੪)

ਉਧਰਣ: ਸੰ. उद्धरण- ਉੱਧਰਣ. ਸੰਗਜਾ- ਉੱਪਰ ਉੱਠਣ ਦੀ ਕ੍ਰਿਯਾ। ੨. ਮੁਕਤ ਹੋਣ ਦੀ ਕ੍ਰਿਯਾ. "ਨਾਨਕ ਉਧਰਸਿ ਤਿਸੁ ਜਨ ਕੀ ਧੂਰਿ." (ਪ੍ਰਭਾ ਮਃ ੫) ੩. उद्धारण. ਉੱਧਾਰਣ. ਕ੍ਰਿ- ਉੱਧਾਰ ਕਰਨਾ. ਪਾਰ ਕਰਨਾ। ੪. ਮੁਕਤ ਕਰਨਾ. "ਸੰਤ ਉਧਰਣ ਦਇਆਲੰ." (ਵਾਰ ਜੈਤ) "ਤੀਰਥ ਉਦਮ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ." (ਤੁਖਾ ਛੰਤ ਮਃ ੪)

ਉਧਰ ਧਰੇ: ਵਾ- ਉੱਧਾਰ ਕਰ ਦਿੱਤੇ. ਮੁਕਤ ਕੀਤੇ. "ਸਬਦਮਾਤ੍ਰ ਤੇ ਉਧਰ ਧਰੇ." (ਸਵੈਯੇ ਮਃ ੪. ਕੇ)

ਉਧਰਨ: ਦੇਖੋ, ਉਧਰਣ.

ਉਧਰਨਹਾਰਾ: ਵਿ- ਉੱਧਾਰ ਕਰਨ ਹਾਰਾ ਪਾਰ ਕਰਤਾ. ਮੁਕਤ ਕਰਨ ਵਾਲਾ. "ਦੀਨਾਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ." (ਦੇਵ ਮਃ ੫)

੨. ਛੁਟਕਾਰੇ ਦੀ ਇੱਛਾ ਵਾਲਾ.

ਉਧਲਨਾ: ਕ੍ਰਿ- ਹੋਰ ਪਤੀ ਧਾਰਨ ਕਰਨਾ। ੨. ਪਤੀ ਦੇ ਘਰ ਤੋਂ ਕਿਸੇ ਜਾਰ ਨਾਲ ਬਿਨਾ ਖ਼ਬਰ ਦਿੱਤੇ ਚਲੇ ਜਾਣਾ. "ਕਿਸੂ ਸੰਗ ਉਧਲਾਨੀ ਸੋਇ." (ਗੁਪ੍ਰਸੂ) ਦੇਖੋ, ਉਧਰ.

ਉਧਾਣ: ਦੇਖੋ, ਉੱਧਾਣ.

ਉਧਾਰ: ਸੰ. उद्धार- ਉੱਧਾਰ. ਸੰਗਜਾ- ਜੋ ਉਠਾਇਆ ਜਾਵੇ. ਵਾਪਿਸ ਕਰਨ ਦੀ ਪ੍ਰਤਿਗਜਾ ਤੇ ਲਈ ਹੋਈ ਕੋਈ ਵਸਤੁ.

ਕਰਜ. ਰਿਣ. ਉਧਾਰ ਲਈ ਸੰਸਕ੍ਰਿਤ ਵਿੱਚ "ਧਾਰ" ਸ਼ਬਦ ਭੀ ਹੈ। ੨. ਮੁਕਤਿ. ਨਜਾਤ ਛੁਟਕਾਰਾ. "ਤਿਸੁ ਗੁਰੁ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰ." (ਗੂਜ ਮਃ ੫)

ਉਧਾਰਨ: ਸੰਗਯਾ- ਜਹਾਜ. ਪੋਤ. ਉੱਧਾਰ (ਪਾਰ) ਕਰਨ ਵਾਲਾ. "ਕਲਿਸਮੁਦ੍ਰ ਭਏ ਰੂਪ ਪ੍ਰਗਟ ਹਰਿਨਾਮ ਉਧਾਰਨ." (ਸਵੈਯੇ ਮਃ ੫. ਕੇ)

੨. ਕ੍ਰਿ- ਉੱਧਾਰ ਕਰਨਾ. ਪਾਰ ਕਰਨਾ.

ਉਂਧਾਲੀ: ਦੇਖੋ, ਅੰਧਾਲੀ.

ਉਧੇੜਨਾ: ਕ੍ਰਿ- ਉਚੇੜਨਾ. ਛਿੱਲਣਾ। ੨. ਖੋਲ੍ਹਣਾ. ਇਸ ਦਾ ਮੂਲ ਸੰਸਕ੍ਰਿਤ उद्वेष्टन- ਉਦ ਵੇਸ਼੍ਟਨ ਹੈ. ਇਸ ਦਾ ਅਰਥ ਹੈ ਬੰਧਨ ਖੋਲਨਾ ਅਤੇ ਲਪੇਟਨਾ.

ਉਧੋ, ਉਧੌ: ਦੇਖੋ, ਉਧਉ ਅਤੇ ਉਧਵ. "ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ." (ਸਵੈਯੇ ਮਃ ੧. ਕੇ)

ਉਧੰ: ਦੇਖੋ, ਉੱਧ.

ਉੱਧ: ਸੰ. ऊर्द्ध्व- ਉਰ੍ਧ੍ਵ. ਵਿ- ਉੱਚਾ. ਲੰਮਾ. "ਦ੍ਰਿੜ ਦਾੜ੍ਹ ਕਰਾਲ ਦ੍ਵੈ ਸੇਤ ਉਧੰ." (ਵਿਚਿਤ੍ਰ)

"ਬੜਵਾਨਲ ਜ੍ਵਾਲ ਸਮੁਦ੍ਰ ਕੇ ਮੱਧਿ ਵਿਰਾਜਤ ਉੱਧੰ." (ਚੰਡੀ ੨) ੨. ਦੇਖੋ, ਉੱਧਤ.

ਉੱਧਤ: ਸੰ. उद्धत. ਵਿ- ਉੱਚਾ. ਲੰਮਾ. ੨. ਉੱਪਰ ਉਠਾਇਆ ਹੋਇਆ. "ਉੱਧਤ ਸਟਾਯੰ ਇਤੈ ਸਿੰਘ ਧਾਯੋ." (ਚੰਡੀ ੨) ਦੁੰਮ ਦਾ ਟੌਰਾ ਉੱਚਾ ਕਰਕੇ ਸ਼ੇਰ ਦੌੜਿਆ। ੩. ਪ੍ਰਚੰਡ। ੪. ਪ੍ਰਬਲ। ੫. ਚਤੁਰ। ੬. ਅਹੰਕਾਰੀ ਅਭਿਮਾਨੀ। ੭. ਸੰਗਯਾ- ਰਾਜਾ ਦਾ ਪਹਿਲਵਾਨ.

ਉੱਧਵ: ਦੇਖੋ, ਊਧਵ। ੨. ਸੰ. ਯਗਯ ਦੀ ਅਗਨਿ। ੩. ਆਨੰਦ. ਖ਼ੁਸ਼ੀ.

ਉੱਧਾਣ: ਸੰਗਯਾ- ਊਰਧ (ਉੱਚਾ) ਅਸਥਾਨ. ਅਕਾਸ. "ਰੜਤੰਕੇ ਗਿੱਧੰ ਉੱਧਾਣੰ." (ਰਾਮਾਵ)

ਉਧ੍ਰਿਤ: ਸੰ. उद्घृत. ਵਿ- ਉਠਾਇਆ ਹੋਇਆ. ਚੁੱਕਿਆ।

੨. ਉੱਧਾਰ ਕੀਤਾ. ਚੁਣਿਆ ਹੋਇਆ। ੩. ਕਿਸੇ ਗ੍ਰੰਥ ਤੋਂ ਲੀਤਾ ਪਾਠ.

ਉਨ: ਸਰਵ. ਉਸ ਦਾ ਬਹੁ ਵਚਨ. "ਉਨ ਕੈ ਸੰਗ ਤੂ ਕਰਤੀ ਕੇਲ." (ਆਸਾ ਮਃ ੫) ੨. ਸੰਗਯਾ- ਦੇਖੋ, ਉਂਨ "ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ." (ਸ. ਫਰੀਦ)

ਉਨਏ: ਦੇਖੋ, ਉੱਨਤ। ੨. ਉਮਡੇ ਹੋਏ. "ਸਾਵਨ ਕੋ ਉਨਏ ਘਨ ਆਏ." (ਕ੍ਰਿਸਨਾਵ)

ਉਨਸ: ਅ਼ اُنس ਸੰਗਯਾ- ਪਹਿਚਾਨ. ਵਾਕ਼ਫੀਯਤ। ੨. ਮਿਤ੍ਰਤਾ. ਦੋਸਤੀ.

ਉਨਸਰ, ਉਨਸੁਰ: ਅ਼ عُنصر. ਉਨਸਰ. ਸੰਗਯਾ- ਤਤ੍ਵ. ਭੂਤ. Element ਦੇਖੋ, ਅਨਾਸਿਰ.

ਉਨਕਾ: ਅ਼ عُنقا. ਉਨਕ਼ਾ ਅਥਵਾ ਅ਼ਨਕ਼ਾ. ਸੰਗਯਾਲੰਮੀ. ਉਨਕ਼ (ਗਰਦਨ) ਵਾਲਾ ਇੱਕ ਕਲਪਿਤ ਪੰਖੀ, ਜਿਸ ਦਾ ਸਦਾ ਅਕਾਸ ਵਿੱਚ ਰਹਿਣਾ ਮੰਨਿਆ ਹੈ. ਇਹ ਨਾ ਕਿਸੇ ਦੀ ਨਜ਼ਰ ਪੈਂਦਾ ਹੈ ਅਤੇ ਨਾ ਕਦੇ ਪ੍ਰਿਥਿਵੀ ਤੇ ਬੈਠਦਾ ਹੈ. "ਉਨਕਾ ਉਕਾਬਾ ਚਰਗਾ ਸੀ- ਮੁਰਗਾ." (ਸਲੋਹ)

ਉਂਨਤਿ: ਦੇਖੋ, ਉੱਨਤਿ.

ਉਨੱਤੀ: ਸੰ. एकोन त्रिंशत- ਏਕੋਨ ਤ੍ਰਿੰਸ਼ਤ. ਇੱਕ ਘਟ ਤੀਹ- ੨੯.

ਉਨਮਤ, ਉਨਮੱਤ: ਸੰ. उन्मत्त ਵਿ- ਮਤਵਾਲਾ. ਮਖ਼ਮੂਰ. ਨਸ਼ਈ. "ਉਨਮਤ ਕਾਮ ਮਹਾਂ ਬਿਖ ਭੂਲੈ."

(ਸ੍ਰੀ ਬੇਣੀ) ੨. ਉਨਮਾਦ ਰੋਗ ਵਾਲਾ. ਪਾਗਲ. ਸੌਦਾਈ. ਦੇਖੋ, ਉਦਮਾਦ.

ਉਨਮਦ: ਸੰ. उन्माद्. ਸੰਗਯਾ- ਮਸਤੀ. ਖੁਮਾਰੀ. "ਉਨਮਦ ਚਢਾ ਮਦਨ ਰਸ ਚਾਖਿਆ." (ਰਾਮ ਕਬੀਰ) ੨. ਦੇਖੋ, ਉਨਮੱਤ.

ਉਨਮਦਾ: ਵਿ- ਉਨਮਾਦ (ਮਸਤੀ) ਵਾਲੀ. ਉਨਮਾਦਿਤ. "ਜੱਛ ਗੰਧ੍ਰਬੀ ਅਤਿ ਉਨਮਦਾ." (ਚਰਿਤ੍ਰ ੨੫੬)

ਉਨਮਨ: ਸੰ. उन्मनस्- ਉਨਮ੍ਨਸ੍. ਵਿ- ਛੋਭ (ਕੋਭ) ਸਹਿਤ. ਵ੍ਯਾਕੁਲ ਹੋਇਆ. ਉਖੜੇ ਮਨ ਵਾਲਾ. "ਉਨਮਨ ਮਨੂਆ ਸੁੰਨਿ ਸਮਾਨਾ." (ਗਉ ਕਬੀਰ) ੨. ਯੋਗਮਤ ਅਨੁਸਾਰ, ਜਿਸ ਦਾ ਮਨ ਦੁਨੀਆਂ ਵੱਲੋਂ ਉਪਰਾਮ ਹੋਇਆ ਹੈ. "ਉਨਮਨ ਨਾਮ ਲਗਾਨ." (ਪ੍ਰਭਾ ਮਃ ੪) ੩. ਸੰ. उन्नतमनस्. ਉੱਨਤਮਨ. ਉੱਚਾ ਮਨ. "ਉਨਮਨ ਤਤੁ ਕਮਾਹੁ. (ਵਾਰ ਸੂਹੀ ਮਃ ੧) ੪. ਦੇਖੋ, ਉਨਮਨੀ.

ਉਨਮਨ ਰਥ: ਦੇਖੋ, ਰਥ.

ਉਨਮਨਾ: ਦੇਖੋ, ਉਨਮਨ.

ਉਨਮਨਿ: ਉਨਮਨੀ ਅਵਸਥਾ (ਗ੍ਯਾਨਅਵਸਥਾ) ਵਿੱਚ. "ਉਨਮਨਿ ਰਥੁ ਧਰਿਆ." (ਸਵੈਯੇ ਮਃ ੪. ਕੇ) ਰਥੁ (ਅੰਤਹ ਕਰਣ) ਗ੍ਯਾਨਅਵਸਥਾ ਵਿੱਚ ਧਰਿਆ. ਦੇਖੋ, ਰਥ ੪.

ਉਨਮਨੀ: ਸੰ. उन्मनी. ਸੰਗਯਾ- ਯੋਗ ਦੀ ਇੱਕ ਮੁਦ੍ਰਾ, ਭੌਹਾਂ ਨੂੰ ਉੱਪਰ ਵੱਲ ਖਿੱਚਕੇ ਨੱਕ ਦੀ ਨੋਕ ਉੱਪਰ ਨਜ਼ਰ ਠਹਿਰਾਉਣੀ। ੨. ਗ੍ਯਾਨਅਵਸਥਾ. ਇਹ ਦਸ਼ਾ ਸੁਖਮਨਾ ਨਾੜੀ ਵਿੱਚ ਪ੍ਰਾਣ ਲੈ ਜਾਣ ਤੋਂ ਪ੍ਰਾਪਤ ਹੁੰਦੀ ਹੈਂ "ਉਨਮਨੀ ਜੋਤਿ ਪਟੰਤਰ ਦੀਜੈ ਕੌਨ." (ਭਾਗੁਕ)

ਉਨਮਾਦ: ਸੰ. उन्माद्. ਸੰਗਯਾ- ਚਿੱਤ ਦਾ ਇਸਥਿਤ ਨਾ ਰਹਿਣਾ। ੨. ਮਸਤੀ. ਖ਼ੁਮਾਰੀ। ੩. ਪਾਗਲਪਨ. ਸਿਰੜ. "ਕਾਮ ਕ੍ਰੋਧ ਮਿਟਹਿ ਉਨਮਾਦ." (ਗੌਂਡ ਮਃ ੫) ਦੇਖੋ, ਉਦਮਾਦ.

ਉਨਮਾਦੀ: ਦੇਖੋ, ਉਦਮਾਦੀ.

ਉਨਮਾਨ, ਉਨਮਾਨੁ: ਸੰ. अनुमान- ਅਨੁਮਾਨ. ਸੰਗਯਾ- ਧ੍ਯਾਨ. ਵਿਚਾਰ. "ਬਡਭਾਗੀ ਉਨਮਾਨਿਆਉ ਰਿਦ ਸ਼ਬਦ ਬਸਾਯਉ." (ਸਵੈਯੇ ਮਃ ੫. ਕੇ) "ਸਾਧਿ ਅਜਗਰੁ ਜਿਨਿ ਕੀਆ ਉਨਮਾਨੁ." (ਸਵੈਯੇ ਮਃ ੨. ਕੇ) ਵਿਵੇਕ ਦ੍ਵਾਰਾ ਜਿਸਨੇ ਵਿਕਾਰ ਰੂਪ ਸਰਪ ਨੂੰ ਕਾਬੂ ਕੀਤਾ ਹੈ। ੨. ਅੰਦਾਜ਼ਾ. ਜਾਂਚ. "ਚਰਨਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ." (ਸ. ਕਬੀਰ) ੩. ਮਿਣਤੀ. ਮਾਪ। ੪. ਸੰ. उन्मान. ਤੋਲ. ਵਜ਼ਨ. ੫. ਬੱਤੀ ਸੇਰ ਭਰ ਤੋਲ। ੬. ਮੁੱਲ. ਕੀਮਤ.

ਉਨਮਾਰਗ: ਸੰ. उन्मार्ग. ਸੰਗਯਾ- ਕੁਮਾਰਗ. ਬੁਰਾ ਰਾਹ। ੨. ਕੁਚਾਲ. ਕੁਰੀਤਿ.

ਉਨਮੀਲਨ: ਸੰ. उन्मीलन. ਸੰਗਯਾ- ਅੱਖ ਦੇ ਖੁਲ੍ਹਣ ਦੀ ਕ੍ਰਿਯਾ. ਅੱਖ ਖੋਲ੍ਹਨਾ। ੨. ਖਿੜਨਾ. ਪ੍ਰਫੁੱਲਿਤ ਹੋਣਾ.

ਉਨਮੀਲਿਤ: ਇੱਕ ਅਰਥਾਲੰਕਾਰ. ਜਿਸ ਥਾਂ ਤੁੱਲ (ਸਮਾਨ) ਪਦਾਰਥਾਂ ਵਿੱਚ ਕੋਈ ਖ਼ਾਸ ਗੁਣ ਭੇਦ ਜਣਾਵੇ, ਇਹ "ਉਨਮੀਲਿਤ" ਅਲੰਕਾਰ ਦਾ ਰੂਪ ਹੈ. "ਉਨਮੀਲਿਤ ਸਾਦ੍ਰਿਸ਼੍ਯ ਤੇ ਹੇਤੁ ਭੇਦ ਕਛੁ ਮਾਨ." (ਕਾਵ੍ਯ ਪ੍ਰਭਾਕਰ)

ਉਦਾਹਰਣ-

ਗਹਿਣੇ ਜਯੋਂ ਜਰਪੋਸ਼ ਦੇ ਨਹਿ ਸੋਇਨ ਸਾਖੈ,[14]

---

[14] ਸ਼ਾਰਖੇ. ਸ਼ਮਾਨ. ਜੇਹੇ.

ਧਉਲੇ ਦਿੱਸਨ ਛਾਹ ਦੁੱਧ ਸਾਦਹੁ ਗੁਣ ਗਾਖੈ,

ਤਿਉ ਸਾਧੁ ਅਸਾਧੁ ਪਰੱਖੀਅਨ ਕਰਤੂਤ ਸੁਭਾਖੈ. (ਭਾਗੁ)

੨. ਵਿ- ਖੋਲ੍ਹਿਆ ਹੋਇਆ। ੩. ਖਿੜਿਆ ਹੋਇਆ. ਪ੍ਰਫੁੱਲਿਤ.

ਉਨਮੂਲਨ: ਸੰ. उन्मृलन. ਕ੍ਰਿ- ਪੁੱਟਣਾ. ਜੜ ਉਖੇੜਨੀ.

ਉਨਮੇਖ: ਸੰ. उन्मेष. ਸੰਗਯਾ- ਅੱਖ ਦਾ ਝਮਕਣਾ।

੨. ਉਤਨਾ ਸਮਾਂ ਜਿਤਨਾ ਅੱਖ ਝਮਕਣ ਨੂੰ ਲੱਗੇ. ਨਿਮਖ (ਨਿਮੇਸ਼).

ਉਨਮੋ: ਦੇਖੋ, ਉਨਿਮੋ ਅਤੇ ਓਅੰਨਮঃ

ਉਨਵ: ਸੰ. उन्नत- ਉੱਨਤ. ਵਿ- ਵ੍ਰਿੱਧਿ ਵਾਲਾ. ਉਮਡਿਆ ਹੋਇਆ.

ਉਨਵਿ: ਉਮਡਕੇ. "ਉਨਵਿ ਘਨ ਛਾਏ ਬਰਸ ਸੁਭਾਏ." (ਤੁਖਾ ਬਾਰਾਮਾਹਾ ਮਃ ੧)

ਉਨਵੰਜਾ: ਦੇਖੋ, ਉਣਵੰਜਾ.

ਉਨਾ: ਸਰਵ- ਵਿਭਕ੍ਤਿ ਸਹਿਤ ਉਸ ਦਾ ਬਹੁ ਵਚਨ. ਉਨ੍ਹਾਂ. "ਉਨਾ ਭਿ ਆਵਹਿ ਓਹੀ ਸਾਦੁ." (ਵਾਰ ਆਸਾ)

ਉਨਾਨਵੇ: ਦੇਖੋ, ਉਣਾਨਵੇ.

ਉਨਾਬ: ਅ਼ عنّاب ਉ਼ੱਨਾਬ. ਸੰਗਯਾ- ਸਰਦ ਪਹਾੜਾਂ ਵਿੱਚ ਪੈਦਾ ਹੋਣ ਵਾਲਾ ਇੱਕ ਕਿਸਮ ਦਾ ਬੇਰ, ਜੋ ਸਿਆਹੀ ਦੀ ਝਲਕ ਨਾਲ ਭੂਰਾ ਹੁੰਦਾ ਹੈ. ਇਸ ਨੂੰ ਯੂਨਾਨੀ ਹਕੀਮ ਅਨੇਕ ਨੁਸਖ਼ਿਆਂ ਵਿੱਚ ਵਰਤਦੇ ਹਨ. ਇਸਦੀ ਤਾਸੀਰ ਸਰਦ ਤਰ ਅਤੇ ਦ੍ਰਾਵਕ (ਕਬਜ਼ ਕੁਸ਼ਾ) ਹੈ.

ਉਨਾਬ ਗਲੇ ਦੇ ਸੁਰ ਨੂੰ ਸਾਫ ਕਰਦਾ ਹੈ. ਲਹੂ ਦੇ ਵਿਕਾਰ ਮਿਟਾਉਂਦਾ ਹੈ. ਖਾਂਸੀ ਦੂਰ ਕਰਦਾ ਹੈ. ਕਮਰਪੀੜ ਜਿਗਰ ਦੇ ਰੋਗ ਅਤੇ ਪਿਆਸ ਬੁਝਾਉਣ ਲਈ ਬਹੁਤ ਗੁਣਕਾਰੀ ਹੈ। ੨. ਵਿ- ਉਨਾਬ. ਲੰਮੇ ਨੱਕ ਵਾਲਾ.

ਉਨਾਬੀ: ਵਿ- ਉੱਨਾਬ ਦੇ ਰੰਗ ਦਾ। ੨. ਸੰਗਯਾ-. ਉੱਨਾਬ ਜੇਹਾ ਰੰਗ.

ਉਨਿ: ਕ੍ਰਿ. ਵਿ- ਉਨ੍ਹਾਂ ਨੇ ਉਨ੍ਹਾਂ ਨੂੰ. "ਉਨਿ ਚਾਨਣ ਓਹ ਸੋਖਿਆ." (ਆਸਾ ਮਃ ੧)

ਉਨਿਮੋ: ओम् नमः- ਓਅੰ. ਨਮঃ ਰੱਛਕ (ਰਕ੍ਸ਼ਕ) ਪਰਮਾਤਮਾ ਨੂੰ ਨਮਸਕਾਰ ਹੈ. "ਉਨਿਮੋ ਭਗਵੰਤਗੁਸਾਈ." (ਰਾਮ ਮਃ ੫)

ਉਨੀ: ਦੇਖੋ, ਉਨਿ

ਉਂਨੀ: ਦੇਖੋ, ਉੱਨੀ.

ਉਨੀਂਦਾ, ਉਨੀਂਦ੍ਰਾ: ਸੰ. उन्निद्र- ਉੱਨਿਦ੍ਰ. ਵਿ- ਨੀਂਦ ਕਰਕੇ ਅਲਸਾਇਆ. ਉਂਘਲਾਇਆ. "ਹੁਤੇ ਉਨੀਂਦੇ ਦਨਐ ਨਿਸਿ ਕੇਰੇ." (ਗੁਪ੍ਰਸੂ)

ਉਨੰਜਾ: ਦੇਖੋ, ਉਣਵੰਜਾ.

ਉਨ੍ਹਾਲ: ਸੰਗਯਾ- ਉਸ਼ਣ (ਗਰਮੀ) ਦਾ ਕਾਲ (ਸਮਾ) ਗਰਮੀ ਦੀ ਰੁੱਤ. ਗ੍ਰੀਖਮ.

ਉੱਨ, ਉਂਨ: ਸੰ. ऊर्णा- ਊਣੰ. ਸੰਗਯਾ- ਪਸ਼ਮ. ਭੇਡ ਆਦਿਕ ਜੀਵਾਂ ਦੇ ਵਾਲ (ਰੋਮਾਵਲੀ). ੨. ਮੱਕੜੀ ਦਾ ਸੂਤ.

ਉੱਨਤ, ਉੰਨਤ: ਸੰ. उन्नति. ਵਿ- ਉੱਚਾ. "ਉੱਨਤ ਨਾਸੇ ਜੋਤਿ ਪ੍ਰਕਾਸੇ." (ਅਕਾਲ) ੨. ਉੱਤਮ। ੩. ਪ੍ਰਭੁਤਾ ਵਾਲਾ. ਧਨ ਸੰਪਦਾ ਵਿੱਚ ਵਡਾ.

ਉੱਨਤਿ, ਉੰਨਤਿ: ਸੰ. उन्नति. ਸੰਗਜਾ- ਵ੍ਰਿੱਧੀ. ਤਰੱਕੀ। ੨. ਉਚਿਆਈ. ਬਲੰਦੀ.

ਉੱਨੀ, ਉੰਨੀ: ਸੰ. श्रौर्णिक. ਵਿ- ਊਣਾਂ (ਉੰਨ) ਦਾ ਬਣਿਆ ਹੋਇਆ. ਪਸ਼ਮੀ। ੨. एकोन विंशति- ਏਕੋਨਵਿੰਸ਼ਤਿ. ਇੱਕ ਘੱਟ ਵੀਹ ੧੯.

ਉੰਨੀ ਵੀਹ: ਬਹੁਤ ਕਮ. ਅਜੇਹੀ ਕਮੀ, ਜੋ ਪ੍ਰਤੀਤ ਨਾ ਹੋਵੇ, ਜਿਵੇਂ ਇਸ ਵਸਤੂ ਦਾ ਉਸ ਨਾਲੋਂ ਉੱਨੀ ਵੀਹ ਦਾ ਫਰਕ ਹੈ।

ਉਪ: ਉਪਮਾਂ ਦਾ ਸੰਖੇਪ. "ਜਗਤੇਸ਼੍ਵਰ ਉਪ ਉਰ ਨ ਸਹੀਚੁ." (ਨਾਪ੍ਰ) ੨. ਸੰ. ਉਪਸੰਰਾ. ਇਹ ਅਨੇਕ ਸ਼ਬਦਾਂ ਨਾਲ ਲੱਗਕੇ ਅਰਥ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ- ਸਮੀਪਤਾ, ਜੈਸੇ ਉਪਗਮਨ, ਉਪਕੰਠ, ਉਪਨਯਨ। ੩. ਅਧਿਕਤਾ, ਜੈਸੇ ਉਪਕਾਰ, ਉਪਦੇਸ਼। ੪. ਨਾਯਬਪਨ, ਜੈਸੇ ਉਪਮੰਤ੍ਰੀ, ਆਦਿ.

ਉਪਅਵਤਾਰ: ਗੌਣ ਅਵਤਾਰ. ਸੋਲਾਂ ਕਲਾ ਵਾਲੇ ਅਵਤਾਰਾਂ ਤੋਂ ਘੱਟ ਦਰਜੇ ਦੇ ਅਵਤਾਰ. ਦੇਖੋ. ਉਪ. "ਅਬ ਗਨੋ ਉਪਅਵਤਾਰ." (ਬ੍ਰਹਮਾਵ). ਰਾਮ ਕ੍ਰਿਸ਼ਨ ਕਲਕੀ ਆਦਿ ਅਵਤਾਰ, ਅਤੇ ਵਜਾਸ ਪ੍ਰਿਥੁ ਆਦਿ ਉਪਅਵਤਾਰ ਮੰਨੇ ਹਨ.

ਉਪਇੰਦ੍ਰ: ਵਾਮਨ ਅਵਤਾਰ. ਦੇਖੋ, ਉਪੇਂਦ੍ਰ. "ਕੋਟਿ ਇੰਦ੍ਰ ਉਪਇੰਦ੍ਰ ਬਨਾਏ." (ਅਕਾਲ)

ਉਪਈਆ: ਵਿ- ਉਤਪੰਨ ਕਰੈਯਾ. ਪੈਦਾ ਕਰਨ ਵਾਲਾ। ੨. ਉਤਪੰਨ ਕੀਤੇ. ਰਚੇ, "ਸਭਿ ਵਰਨ ਰੂਪ ਜੀਅਜੰਤ ਉਪਈਆ." (ਬਿਲਾ ਅਃ ਮਃ ੪)

ਉਪਸ: ਦੇਖੋ, ਉਪਾਸਜ.

ਉਪਸਥ: ਦੇਖੋ, ਉਪਸ੍ਥ.

ਉਪਸਥਿਤ: ਸੰ. उपस्थित. ਵਿ- ਪਾਸ ਬੈਠਾ. ਹਾਜਿਰ. ਮੌਜੂਦ.

ਉਪਸਥਿਤਿ: ਸੰ. उपस्थिति. ਸੰਗਜਾ- ਮੌਜੂਦਗੀ. ਪਾਸ ਬੈਠਣ ਦੀ ਕ੍ਰਿਯਾ.

ਉਪਸ਼ਮ: ਸੰ. ਸੰਗਜਾ- ਇੰਦ੍ਰੀਆਂ ਦਾ ਰੋਕਣਾ. ਇੰਦ੍ਰੀਆਂ ਦਾ ਸੰਜਮ। ੨. ਵਾਸਨਾ ਦਾ ਰੋਕਣਾ। ੩. ਰੋਗ ਦੂਰ ਕਰਨ ਦਾ ਜਤਨ. "ਤਿੰਹ ਉਪਸਮ ਕੋ ਕਰਹੁ ਵਿਚਾਰੀ." (ਨਾਪ੍ਰ)

ਉਪਸਰਗ: ਸੰ. उपसर्ग. ਸੰਗਜਾ- ਅਰਥ ਦੀ ਵਿਸ਼ੇਸ਼ਤਾ ਕਰਨ ਲਈ ਜੋ ਅਵਜਯ ਉਤ, ਉਪ, ਅਤਿ, ਅਧਿ, ਅਨੁ, ਅਪ, ਅਪਿ, ਅਭਿ, ਅਵ, ਆਂਙ, ਸਮ, ਸੁ, ਦੁਸ, ਦੁਰ, ਨਿ, ਨਿਸ, ਨਿਰ, ਪਰਾ, ਪਰਿ, ਪ੍ਰ, ਪ੍ਰਤਿ ਅਤੇ ਵ ਆਦਿ ਸ਼ਬਦਾਂ ਦੇ ਮੁੱਢ ਜੋੜੇ ਜਾਂਦੇ ਹਨ।

੨. ਰੋਗ। ੩. ਉਪਦ੍ਰਵ। ੪. ਅਪਸਗਨ (ਸਕੁਨ). ੫. ਵਿਘਨ.

ਉਪਸਾ: ਸੰ. अपस् ਅਪਸ੍. ਸੰਗਜਾ- ਕਾਰਜ. ਕੰਮ. "ਕਿ ਅਮਿਤੋਪਸਾ ਹੈ." (ਜਾਪੁ) ਅਮਿਤ- ਅਪਸ੍.

ਉਪਸੁੰਦ: ਦੇਖੋ, ਅਪਸੁੰਦ.

ਉਪਸੰਹਾਰ: ਸੰ. उपसंहार. ਸੰਗਜਾ- ਆਪਣੀ ਵੱਲ ਖਿੱਚਣ ਦੀ ਕ੍ਰਿਯਾ। ੨. ਸਮਾਪਤੀ. ਲਯ (ਲੈ). "ਉਪਕ੍ਰਮ ਉਪਸੰਹਾਰ ਜਾਨ ਚਿਤ" (ਗੁਪ੍ਰਸੂ) ਕਰਤਾਰ ਤੋਂ ਜਗਤ ਦੀ ਉਤਪੱਤੀ ਅਤੇ ਉਸੇ ਵਿੱਚ ਲੈ ਹੋਣਾ. ਦੇਖੋ, ਉਪਕ੍ਰਮ ਉਪਸੰਹਾਰ। ੩. ਸਿੱਧਾਂਤ. ਨਤੀਜਾ.

ਉਪਸ੍ਥ: ਸੰ. ਵਿ- ਪਾਸ ਬੈਠਾ. ਸਮੀਪ ਇਸਥਿਤ। ੨. ਸੰਗਯਾ- ਲਿੰਗ। ੩. ਭਗ.

ਉਪਸ੍ਥਿਤ, ਉਪਸ੍ਥਿਤਿ: ਦੇਖੋ, ਉਪਸਥਿਤ ਅਤੇ ਉਪਸਥਿਤਿ.

ਉਪਹਾਸ: ਸੰ. ਸੰਗਯਾ- ਮਖੌਲ. ਠੱਠਾ। ੨. ਹਾਸੀ. "ਪ੍ਰਿਅ ਬਚਨ ਉਪਹਾਸ ਕਹੋ." (ਸਾਰ ਮਃ ੫)

ਉਪਹਾਰ: ਸੰ. ਸੰਗਯਾ- ਪਾਸ ਲੈ ਜਾਣ ਦੀ ਕ੍ਰਿਆ। ੨. ਪੇਸ਼ਕਸ਼. ਭੇਟਾ. ਢੌਆ। ੩. ਪੂਜਾ.

ਉਪਹਿਤ: ਸੰ. ਵਿ- ਉਪਾਧੀ ਵਾਲਾ. ਖ਼ਿਤਾਬ ਵਾਲਾ। ੨. ਧਾਰਣ ਕੀਤਾ ਹੋਇਆ। ੩. ਮਿਲਿਆ ਹੋਇਆ.

ਉਪਕਰਣ: ਸੰ. ਸੰਗਯਾ- ਸਾਮਗ੍ਰੀ. ਸਾਮਾਨ। ੨. ਕਿਸੀ ਵਸਤੁ ਦੇ ਸਿੱਧ ਕਰਨ ਦੀ ਸਾਮਗ੍ਰੀ. ਜੈਸੇ ਘੜਾ ਬਣਾਉਣ ਲਈ ਚੱਕ, ਡੰਡਾ, ਡੋਰਾ ਆਦਿਕ. ਲਿਖਣ ਲਈ ਕਲਮ ਦਵਾਤ ਆਦਿ। ੩. ਰਾਜਾ ਦੇ ਛਤ੍ਰ ਚੌਰ ਆਦਿਕ ਅਤੇ ਯੋਗੀ ਦੇ ਆਸਨ ਕਮੰਡਲੁ ਆਦਿਕ ਪਦਾਰਥ.

ਉਪਕਰਤਾ: ਸੰ. उपकर्तृ. ਵਿ- ਉਪਕਾਰ ਕਰਨ ਵਾਲਾ। ੨. ਸਹਾਇਕ.

ਉਪਕਰਨਾ: ਕ੍ਰਿ. - ਸਹਾਇਤਾ ਲਈ ਪਹੁਚਣਾ. ਬਹੁੜਨਾ। ੨. ਉਪਕਾਰੀ ਸਿੱਧ ਹੋਣਾ. "ਜਿਨ ਕਾਰਣਿ ਗੁਰੂ ਵਿਸਾਰਿਆ, ਸੇ ਨ ਉਪਕਰੇ ਅੰਤੀਵਾਰ." (ਵਾਰ ਵਡ ਮਃ ੩) "ਜੋ ਤੁਧੁ ਉਪਕਰੈ ਦੂਖ ਸੁਖਾਸਾ." (ਗੌਂਡ ਮਃ ੪)

ਉਪਕਾਰ: ਸੰ. ਸੰਗਯਾ- ਸਹਾਇਤਾ. ਮਦਤ।

੨. ਭਲਿਆਈ. ਨੇਕੀ. "ਸਾਰ ਮਹਾ ਸਿਮਰਨ ਸਤਿਨਾਮੁ, ਕਾਰ ਮਹਾਂ ਕਰਬੋ ਉਪਕਾਰ." (ਗੁਪ੍ਰਸੂ) ੩. ਅਨੁਕੂਲਤਾ। ੪. ਨੌਕਰੀ. ਚਾਕਰੀ। ੫. ਮਿਹਰਬਾਨੀ.

ਉਪਕਾਰੀ: ਸੰ. उपकारिन. ਵਿ- ਸਹਾਇਕ। ੨. ਨੇਕੀ ਕਰਨ ਵਾਲਾ. "ਦਾਤਾ ਤਰਵਰੁ ਦਇਆ ਫਲੁ ਉਪਕਾਰੀ ਜੀਵੰਤ." (ਸ. ਕਬੀਰ) ੩. ਮਿਹਰਬਾਨ. ਕ੍ਰਿਪਾਲੁ.

ਉਪਕੰਠ, ਉਪਕੰਠਿ: ਸੰ. उपकण्ठ. ਕ੍ਰਿ. ਵਿ- ਨੇੜੇ. ਸਮੀਪ। ੨. ਕੰਢੇ ਪਾਸ. ਕਿਨਾਰੇ ਉੱਪਰ."ਨਦੀ ਉਪਕੰਠਿ ਜੈਸੇ ਘਰ ਤਰਵਰੁ." ( ਮਲਾ ਅਃ ਮਃ ੧)

ਉਪਕ੍ਰਮ: ਸੰ. उपक्रम. ਸੰਗਯਾ- ਆਰੰਭ. ਮੁੱਢ।

੨. ਭੂਮਿਕਾ. ਦੀਬਾਚਾ. ਤਮਹੀਦ। ੩. ਸੰਸਾਰ ਦੀ ਰਚਨਾ ਦਾ ਸਿਲਸਿਲਾ. ਦੇਖੋ, ਉਪਕ੍ਰਮ ਉਪਸੰਹਾਰ.

ਉਪਕ੍ਰਮ ਉਪਸੰਹਾਰ: ਜਦ ਇਹ ਦੋਵੇਂ ਸ਼ਬਦ ਇਕੱਠੇ ਆਉਂਦੇ ਹਨ, ਤਦ ਇਨ੍ਹਾਂ ਦਾ ਭਾਵ ਹੁੰਦਾ ਹੈ- ਗ੍ਰੰਥ ਦੀ ਭੂਮਿਕਾ ਅਤੇ ਉਸਦੇ ਅੰਤਿਮ ਸਿੱਧਾਂਤ ਦੀ ਏਕਤਾ। ੨. ਜਗਤ ਦਾ ਕਰਤਾਰ ਤੋਂ ਪੈਦਾ ਹੋਣਾ ਅਤੇ ਅੰਤ ਨੂੰ ਉਸੇ ਵਿੱਚ ਲੈ ਹੋਣ ਦਾ ਵਰਣਨ। ੩. ਆਰੰਭ ਅਤੇ ਸਮਾਪਤੀ.

ਉਪਕ੍ਰਿਤ: ਸੰ. उपकृत. ਜਿਸ ਉੱਤੇ ਉਪਕਾਰ ਕੀਤਾ ਗਿਆ ਹੈ. ਦੇਖੋ, ਉਪਕਾਰ.

ਉਪਕ੍ਰਿਤਿ: ਸੰ. उपकृति. ਸੰਗਯਾ- ਉਪਕਾਰ ਦੀ ਕ੍ਰਿਯਾ. ਉਪਕਾਰ ਕਰਨ ਦਾ ਕੰਮ। ੨. ਨੇਕੀ. ਭਲਿਆਈ। ੩. ਸਹਾਇਤਾ. ਇਮਦਾਦ। ੪. ਮਿਹਰਬਾਨੀ. ਕ੍ਰਿਪਾ.

ਉਪਗੰਤਾ, ਉਪਗੰਤ੍ਰਿ: ਸੰ. उपगन्ता. ਵਿ- ਪਾਸ (ਸਮੀਪ) ਜਾਣ ਵਾਲਾ। ੨. ਜਾਨਕਾਰ. ਭੇਤੀ। ੩. ਸਹਾਇਕ.

ਉਪਚਾਰ: ਸੰ. ਸੰਗਯਾ- ਸੇਵਾ। ੨. ਜਤਨ। ੩. ਵੱਢੀ. ਰਿਸ਼ਵਤ। ੪. ਇਲਾਜ. ਰੋਗ ਦੂਰ ਕਰਨ ਦਾ ਜਤਨ। ੫. ਮੰਤ੍ਰ ਦਾ ਜਾਪ ਅਤੇ ਉਸ ਦੀ ਵਿਧਿ.

**ਉਪਚਾਰਕ:** ਸੰ. ਵਿ- ਇਲਾਜ ਕਰਨ ਵਾਲਾ. ਮੁਆਲਿਜ। ੨. ਸੇਵਾ ਕਰਨ ਵਾਲਾ। ੩. ਮੰਤ੍ਰ ਸਿੱਧ ਕਰਨ ਵਾਲਾ। ੪. ਸੰਗ੍ਯਾ- ਗੌਣ ਸ਼ਬਦ. ਜੋ ਮੁੱਖ ਨਹੀਂ.

**ਉਪਚਿਤ੍ਰਾ:** ਦੇਖੋ, ਤਿਲੋਕੀ.

**ਉਪਜ:** ਸੰ. ਸੰਗ੍ਯਾ- ਉਤਪੱਤੀ. ਪੈਦਾਇਸ਼। ੨. ਪੈਦਾ ਵਾਰ। ਦੇਖੋ, ਜਲ ਮਹਿ ਉਪਜੈ.

**ਉਪਜਣਾ, ਉਪਜਨ, ਉਪਜਨਾ:** ਸੰ. उपजन. ਕ੍ਰਿ- ਜੰਮਣਾ. ਪੈਦਾ ਹੋਣਾ. "ਉਪਜੈ ਨਿਪਜੈ ਨਿਪਜਿ ਸਮਾਈ." (ਗਉ ਕਬੀਰ) ੨. ਉਗਣਾ. ਅੰਕੁਰਿਤ ਹੋਣਾ। ੩. ਉਪ- ਜਨਮ ਹੋਣਾ. ਨਵੇਂ ਸਿਰੇ ਪੈਦਾ ਹੋਣਾ. "ਗੁਰਮੁਖਿ ਜੀਅ ਪ੍ਰਾਨ ਉਪਜਹਿ." (ਪ੍ਰਭਾ ਮਃ ੧) ਗੁਰੁਉਪਦੇਸ਼ ਦ੍ਵਾਰਾ ਮਨ ਅਤੇ ਜੀਵਨ ਨਵਾਂ ਜਨਮ ਧਾਰਦੇ ਹਨ। ਭਾਵ- ਉੱਤਮ ਜ਼ਿੰਦਗੀ ਹੁੰਦੀ ਹੈ.

**ਉਪਜ ਨਿਪਜ:** ਦੇਖੋ, ਉਪਜ ਅਤੇ ਨਿਪਜ.

**ਉਪਜਯ:** ਦੇਖੋ, ਉਪਜੈ.

**ਉਪਜਾਪ:** ਦੇਖੋ, ਉਪਜੰਪ.

**ਉਪਜਿ:** ਉਪਜਕੇ. ਪੈਦਾ ਹੋਕੇ ਜੰਮਕੇ.

**ਉਪਜਿਆੜਾ:** ਵਿ- ਪੈਦਾ ਹੋਇਆ. "ਜਿਸ ਤੇ ਉਪਜਿਅੜਾ ਤਿਨਿ ਲੀਆ ਸਮਾਈ." (ਬਿਹਾ ਛੰਤ ਮਃ ੫)

**ਉਪਜੀਵਨ:** ਸੰ. ਸੰਗ੍ਯਾ- ਗੁਜ਼ਾਰਾ. ਰੋਜ਼ੀ. ਨਿਰਵਾਹ ਦਾ ਸਾਧਨ. ਉਪਜੀਵਿਕਾ.

**ਉਪਜੀਵਿਕਾ:** ਸੰ. ਸੰਗ੍ਯਾ- ਰੋਜ਼ੀ. ਜੀਵਨ ਦਾ ਗੁਜ਼ਾਰਾ ੨. ਜ਼ਿੰਦਗੀ ਵਿਤਾਉਂਣ ਦਾ ਸਾਧਨ.

**ਉਪਜੈ:** ਦੇਖੋ, ਉਪਜਨ। ੨. ਵ੍ਰਿੱਧੀ ਪ੍ਰਾਪਤ ਕਰਦਾ ਹੈ. ਕਾਮਯਾਬ ਹੁੰਦਾ ਹੈ। ੩. ਫ਼ਤੇ ਪਾਉਂਦਾ ਹੈ. ਜਿੱਤਦਾ ਹੈ. "ਖੋਜੀ ਉਪਜੈ ਬਾਦੀ ਬਿਨਸੈ." (ਮਲਾ ਮਃ ੧) ਖੋਜੀ ਜਿੱਤਦਾ ਹੈ ਵਾਦੀ ਹਾਰਦਾ ਹੈ.

**ਉਪਜੰਪ, ਉਪਜੰਪਿ:** ਸੰ. उपजाप- ਉਪਜਾਪ. ਸੰਗ੍ਯਾ- ਅਜੇਹੇ ਸੁਰ ਵਿੱਚ ਕੀਤਾ ਜਾਪ, ਜੋ ਦੂਜੇ ਨੂੰ ਸੁਣਾਈ ਨਾ ਦੇਵੇ. ਇਸ ਦਾ ਨਾਉਂ "ਉਪਾਂਸ਼ੁ ਜਪ" ਭੀ ਹੈ. "ਉਪਜੰਪ ਉਪਾਇ ਨ ਪਾਈਐ ਕਤਹੂ." (ਪ੍ਰਭਾ ਮਃ ੪) ੨. ਸੰ. उपयुक्त- ਉਪਯੁਕਤ. ਵਿ- ਯੋਗ੍ਯ. ਠੀਕ. ਮੁਨਾਸਿਬ. ਉਚਿਤ. "ਰਾਮ ਨਾਮਿ ਚਿਤ ਰਾਪੈ ਜਾਂਕਾ। ਉਪਜੰਪਿ ਦਰਸਨ ਕੀਜੈ ਤਾਂਕਾ." (ਗਉ ਅਃ ਮਃ ੧)

**ਉਪਟਨ, ਉਪੱਟਣ, ਉਪੱਟਨ:** ਸੰ. उत्पाटन- ਉਤਪਾਟਨ. ਕ੍ਰਿ- ਪਾੜਨਾ. ਚੀਰਨਾ। ੨. ਨਿਰਮੂਲ ਕਰਨਾ. ਜੜ ਪੁੱਟਣੀ ਉਖੇੜਨਾ. "ਉਪਟੰਤ ਬਾਰ." (ਦੱਤਾਵ) ਕੇਸ਼ ਉਖੇੜਦੀ ਹੈ.

**ਉਪਠਾ, ਉਪਠੀ:** ਵਿ- ਪ੍ਰਿਸ਼੍ਠ (ਪਿੱਠ) ਵੱਲ ਨੂੰ ਝੁਕਿਆ, ਝੁਕੀ. ਜਿਸ ਨੇ ਪਿੱਠ ਵੱਲ ਨੂੰ ਮੂੰਹ ਫੇਰ ਲਿਆ ਹੈ, ਭਾਵ- ਉਲਟ. ਵਿਪਰੀਤ. "ਨਦਰਿ ਉਪਠੀ ਜੇ ਕਰੈ ਸੁਲਤਾਨਾਂ ਘਾਹੁ ਕਰਾਇਦਾ." (ਵਾਰ ਆਸਾ) ਦੇਖੋ, ਘਾਹੁ.

**ਉਪਤਾਪ:** ਸੰ. ਸੰਗ੍ਯਾ- ਤਪਤ. ਜਲਨ। ੨. ਰੋਗ ਦੀ ਪੀੜ। ੩. ਚਿੰਤਾ। ੪. ਵਿਪਦਾ। ੫. ਤਾਪ ਤੋਂ ਪੈਦਾ ਹੋਇਆ ਤਾਪ. ਜਿਵੇਂ ਧੁੱਪ ਨਾਲ ਹੋਇਆ ਤਾਪ ਦਾਹ ਆਦਿਕ।

**ਉਪਤਿਸਟ, ਉਪਤਿਸ਼੍ਟ:** ਸੰ. उपतिष्ट. ਵਿ- ਸਮੀਪ ਇਸਥਿਤ. ਪਾਸ ਖੜਾ. "ਨਿੰਦਕ ਆਵਧ ਹੋਇ ਉਪਤਿਸਟਤੇ." (ਸਹਸ ਮਃ ੫) ਆਯੁਧ (ਸ਼ਸਤ੍ਰ) ਸਹਿਤ ਹੋਕੇ ਨਿੰਦਕ, ਮਾਰਨ ਲਈ ਪਾਸ ਖੜੇ ਹਨ.

**ਉਪਦਿਸ਼ਾ:** ਸੰ. ਸੰਗ੍ਯਾ- ਦੋ ਦਿਸ਼ਾ ਦੇ ਵਿਚਕਾਰ ਦੀ ਦਿਸ਼ਾ. ਕੋਣ. ਦੱਖਣ ਪੂਰਵ ਦੇ ਮੱਧ ਅਗਿਨ ਕੋਣ, ਦੱਖਣ ਪੱਛਮ ਦੇ ਵਿਚਕਾਰ ਨੈਰਤ ਕੋਣ, ਉੱਤਰ ਪੱਛਮ ਦੇ ਮੱਧ ਵਾਯਵੀ ਕੋਣ ਅਤੇ ਉੱਤਰ ਪੂਰਵ ਦੇ ਵਿਚਕਾਰ ਈਸ਼ਾਨ ਕੋਣ ਹੈ. ਦੇਖੋ, ਦਿਸ਼ਾ.

ਉਪਦੇਸ: ਸੰ. उपदेश. (ਉਪ- ਦਿਸ਼) ਸੰਗ੍ਯਾ- ਸਿਖ੍ਯਾ. ਨਸੀਹਤ. "ਆਪ ਕਮਾਉ ਅਵਰਾ ਉਪਦੇਸ." (ਗਉ ਮਃ ੫) ੨. ਹਿਤ ਦੀ ਬਾਤ। ੩. ਗੁਰੁਦੀਖ੍ਯਾ (ਦੀਕ੍ਯਾ). ੪. ਦੇਸ਼ਾਂਤਰਗਤ ਦੇਸ਼, ਜੈਸੇ ਭਾਰਤਖੰਡ ਵਿੱਚ ਪੰਜਾਬ ਆਦਿਕ. "ਮੇਰ ਕੇਤੇ, ਕੇਤੇ ਧੂ, ਉਪਦੇਸ." (ਜਪੁ)

ਉਪਦੇਸਕ: ਸੰ. उपदेशक. ਸੰਗ੍ਯਾ- ਉਪਦੇਸ਼ ਕਰਨ ਵਾਲਾ। ੨. ਗੁਰੂ.

ਉਪਦੇਸੜਾ: ਉਪਦੇਸ਼. ਗੁਰਮੰਤ੍ਰ. "ਸੋਈ ਦਸਿ ਉਪਦੇਸੜਾ." (ਸੂਹੀ ਮਃ ੫. ਗੁਣਵੰਤੀ) ਦੇਖੋ, ੜਾ

ਉਪਦੇਸਿ: ਉਪਦੇਸ਼ ਕਰਕੇ. ਉਪਦੇਸ਼ ਨਾਲ "ਗੁਰੁਉਪਦੇਸਿ ਕਾਲ ਸਿਉ ਜਰੈ." (ਭੈਰ ਕਬੀਰ) ਕਾਲ ਦਾ ਮੁਕਾਬਲਾ ਕਰਦਾ ਹੈ.

ਉਪਦੇਸੀ, ਉਪਦੇਸ੍ਟਾ: ਸੰ. उपदेष्टा. ਸੰਗ੍ਯਾ- ਉਪਦੇਸ਼ (ਸਿਖ੍ਯਾ) ਦਾਤਾ ਉਪਦੇਸ਼ਕ. "ਗਿਆਨੀ ਧਿਆਨੀ ਬਹੁ ਉਪਦੇਸੀ." (ਗਉ ਕਬੀਰ) ੨. ਗੁਰੂ.

ਉਪਦ੍ਰਹ, ਉਪਦ੍ਰਵ: ਸੰ. उपद्रव. ਸੰਗ੍ਯਾ- ਉਤਪਾਤ. ਵਿਘਨ. "ਮਿਟੇ ਉਪਦ੍ਰਹ ਮਨ ਤੇ ਬੈਰ." (ਆਸਾ ਮਃ ੫) ੨. ਊਧਮ. ਦੰਗਾ। ੩. ਮੁਸੀਬਤ. ਵਿਪਦਾ.

ਉਪਦ੍ਰਵੀ, ਉਪਦ੍ਰੀ: ਸੰ. उपद्रविन. ਵਿ- ਫ਼ਸਾਦੀ. ਉਤਪਾਤੀ. "ਧੁਜਾ ਫਾਟ ਬਸਤ੍ਰੰ ਸੁ ਧਾਰੇ ਉਪਦ੍ਰੀ." (ਪਾਰਸਾਵ. )

ਉਪਧਾਤੁ: ਸੰ. ਸੰਗ੍ਯਾ- ਧਾਤੁ ਦੀ ਮੈਲ। ੨. ਦੋ ਧਾਤੂਆਂ ਤੋਂ ਮਿਲਕੇ ਬਣੀ ਧਾਤੁ। ੩. ਧਾਤੁ ਜੇਹਾ ਪਦਾਰਥ. ਜੈਸੇ- ਸੁਰਮਾ, ਨੀਲਾਥੋਥਾ, ਹੜਤਾਲ, ਆਦਿਕ ਪਦਾਰਥ. ਕਈਆਂ ਨੇ ਉਪਧਾਤਾਂ ਦੀ ਗਿਣਤੀ ਸੱਤ ਲਿਖੀ ਹੈ- ਸੋਇਨਾਮੱਖੀ, ਨੀਲਾਥੋਥਾ, ਹੜਤਾਲ, ਸੁਰਮਾ, ਅਭਰਕ, ਮੈਂਨਸਿਲ, ਖਪਰਿਯਾ."ਕਹਿ ਧਾਤੁ ਸਬੈ ਉਪਧਾਤੁ ਭਨੋ." (ਸਮੁਦ੍ਰ ਮਥਨ)

ਉਪਧਾਨ: ਸੰ. ਸੰਗ੍ਯਾ- ਜਿਸ ਉੱਪਰ ਸਿਰ ਰੱਖਿਆ ਜਾਵੇ. ਤਕੀਆ. ਸਿਰਾਣਾ. "ਬਡ ਉਪਧਾਨ ਧਰਜੋ ਜਿੰਹ ਪਾਛੇ." (ਗੁਪ੍ਰਸੂ) ੨. ਉਹ ਮੰਤ੍ਰ ਜਿਸਨੂੰ ਪੜ੍ਹਕੇ ਯੱਗਵੇਦੀ ਦੀ ਨਿਉਂ ਰੱਖੀ ਜਾਂਦੀ ਹੈ। ੩. ਪ੍ਰੇਮ. ਸਨੇਹ. ਮੁਹੱਬਤ.

ਉਪਨਤ: ਸੰ. ਵਿ- ਪ੍ਰਤੱਖ. ਜਾਹਿਰ. "ਜਾਨ ਉਪਨਤ ਸੁਹਾਗ." (ਮਨੁਰਾਜ) ਮਾਨੋ ਸੁਭਾਗ (ਸੋਭਾਗ੍ਯ) ਪ੍ਰੱਤਖ ਹੈ। ੨. ਅੱਗੇ ਵੱਲ ਝੁਕਿਆ ਹੋਇਆ। ੩. ਸ਼ਰਣਾਗਤ. ਪਨਾਹ ਲੈਣ ਲਈ ਜਿਸ ਨੇ ਸਿਰ ਝੁਕਾਇਆ ਹੈ।

ਉਪਨਯਨ: ਸੰ. ਸੰਗ੍ਯਾ- ਜਨੇਊ ਸੰਸਕਾਰ. ਜਨੇਊ ਪਰਿਹਾਉਣ ਦੀ ਰਸਮ.[15] ਦੇਖੋ, ਜਨੇਊ। ੨. ਪਾਸ ਲੈ ਜਾਣ ਦੀ ਕ੍ਰਿਯਾ. ਨੇੜੇ (ਸਮੀਪ) ਲੈ ਜਾਣਾ। ੩. ਗੁਰੂ ਪਾਸ ਵਿਦ੍ਯਾਰਥੀ ਨੂੰ ਸਿਖ੍ਯਾ ਲਈ ਲੈਜਾਣਾ.

ਉਪਨਾਮ: उपनामन. ਸੰਗ੍ਯਾ- ਦੂਜਾ ਨਾਉਂ. ਪਿਆਰ ਦਾ ਰੱਖਿਆ ਹੋਇਆ ਨਾਉਂ Nickname। ੨. ਛਾਪ. ਤਖ਼ੱਲੁਸ. ਕਵੀ ਦਾ ਸੰਕੇਤਕੀਤਾ ਆਪਣਾ ਨਾਉਂ, ਜੈਸੇ ਭਾਈ ਨੰਦਲਾਲਜੀ ਦਾ "ਗੋਯਾ". ਦੇਖੋ, ਛਾਪ.

ਉਪਨਿਸ਼ਦ, ਉਪਨਿਖਦ: ਸੰ. उपनिषद्. ਸੰਗ੍ਯਾ- ਪਾਸ ਨਿਸ਼ਦ (ਬੈਠਣ) ਦੀ ਕ੍ਰਿਯਾ. ਗੁਰੂਦੇ ਪਾਸ ਉਪਦੇਸ਼ ਸੁਣਨ ਲਈ ਬੈਠਣਾ। ੨. ਵੇਦਬ੍ਰਾਹਮਣਾਂ ਦੇ ਓਹ ਭਾਗ, , ਜਿਨ੍ਹਾਂ ਵਿੱਚ ਆਤਮਵਿਦ੍ਯਾ ਦਾ ਨਿਰੂਪਣ ਹੈ. ਇਨ੍ਹਾਂ ਗ੍ਰੰਥਾਂ ਦੀ ਗਿਣਤੀ ੧੭੦ ਹੈ, ਪਰ ਮੁੱਖ ੧੦. ਹਨ- ਈਸ਼ਾਵਸ੍ਯ, ਕੇਨ, ਕਠਵੱਲੀ, ਪ੍ਰਸ਼੍ਨ, ਮੁੰਡਕ, ਮਾਂਡੂਕ੍ਯ, ਤੈਤਿੱਰੀਯ, ਐਤਰੇਯ, ਛਾਂਦੋਗ੍ਯ ਅਤੇ ਵ੍ਰਿਹਦਾਰਣ੍ਯਕ. "ਕਛੁ ਉਪਨਿਖਦ ਪਾਠ ਮੁੱਖ ਠਾਨਾ." (ਗੁਪ੍ਰਸੂ)

ਬਾਦਸ਼ਾਹ ਅਕਬਰ ਦੇ ਸਮੇਂ ਕੁਝ ਉਪਨਿਸ਼ਦਾਂ ਦਾ ਤਰਜੁਮਾ ਫ਼ਾਰਸੀ ਵਿੱਚ ਹੋਇਆ ਅਤੇ ਦਾਰਾਸ਼ਿਕੋਹ ਨੇ ਭੀ ਸਨ ੧੬੫੭ ਵਿੱਚ ਪੰਜਾਹ ਉਪਨਿਸ਼ਦਾਂ ਦਾ ਉਲਥਾ ਕਰਵਾਇਆ। ੩. ਨਿਰਜਨ ਅਸਥਾਨ. ਏਕਾਂਤ ਥਾਂ। ੪. ਧਰਮ.

ਉਪਨਿਯਮ: ਸੰ. ਸੰਗ੍ਯਾ- ਗੌਣ ਨਿਯਮ (ਨੇਮ). ਨਿਯਮ ਦੇ ਅੰਤਰਗਤ ਨੇਮ. ਜੈਸੇ- ਸਿੱਖੀ ਦੇ ਨੇਮ ਹਨ- ਨਾਮ ਦਾਨ ਅਤੇ ਇਸਨਾਨ. ਉਪਨੇਮ ਹਨ- ਬਾਣੀ ਦਾ ਪਾਠ ਕਥਾ ਕੀਰਤਨ, ਅਨਾਥਾਂ ਨੂੰ ਅੰਨ ਵਸਤ੍ਰ ਦਵਾਈ ਵਿਦ੍ਯਾ ਦਾ ਦਾਨ, ਅਤੇ ਵਸਤ੍ਰ

---

[15] ਗੁਰੂ ਪਾਸ ਜਦ ਬ੍ਰਹਮਚਾਰੀ ਨੂੰ ਵਿਦ੍ਯਾ ਹਾਸਿਲ ਕਰਨ ਲਈ ਲੈ ਜਾਈਦਾ ਹੈ, ਉਸ ਵੇਲੇ ਦਾ ਸੰਸਕਾਰ ਹੋਣ ਕਰਕੇ ਇਹ ਨਾਉਂ ਹੈ.

ਮਕਾਨ ਆਦਿ ਦੀ ਸਫਾਈ।

ਉਪਨੀਤ: ਸੰ. ਵਿ- ਜਨੇਊ ਪਹਿਨੇ ਹੋਏ, ਜਿਸ ਦਾ ਜਨੇਊ- ਸੰਸਕਾਰ ਹੋ ਗਿਆ ਹੈ। ੨. ਪਾਸ ਲਿਆਂਦਾ ਹੋਇਆ.

ਉਪਨੇਤਾ: ਸੰ. उपनेतृ. ਸੰਗਯਾ- ਲਿਆਉਣ ਵਾਲਾ। ੨. ਜਨੇਊ ਪਹਰਾਉਣ ਵਾਲਾ ਆਚਾਰਯ.

ਉਪਨੇਤ੍ਰ: ਸੰ. ਸੰਗਯਾ- ਦੂਜੀ ਅੱਖ. ਵਿਦਯਾ. ਇਲਮ। ੨. ਐਨਕ. ਚਸ਼ਮਾ.

ਉਪਨਯਾਸ: ਸੰ. ਸੰਗਯਾ- ਪਾਸ ਰੱਖਣ ਦੀ ਕ੍ਰਿਯਾ।

੨. ਤਿਆਗ। ੩. ਕਥਨ. ਬਿਆਨ। ੪. ਅਨੂਠੀ ਕਲਪਿਤ ਕਥਾ. ਨੌਵਲ (Novel). ੫. ਧਰੋਹਰ. ਅਮਾਨਤ। ੬. ਵਿਚਾਰ.

ਉਪਪਤਿ: ਸੰ. ਸੰਗਯਾ- ਧਰਮਪਤਿ ਤੋਂ ਭਿਨ ਦੂਜਾ ਪਤਿ. ਜਾਰ.[16] "ਪਤਿ ਮਾਰਤ ਜਿਹ ਲਗੀ ਨ ਬਾਰਾ। ਕਾ ਉਪਪਤਿ ਤਿਹ ਅਗ੍ਰ ਬਿਚਾਰਾ?" (ਚਰਿਤ੍ਰ ੨੬੭) ੨. ਦੇਖੋ, ਉਪਪੱਤਿ. "ਉਪਪਤਿ ਖਸੂਮ ਕਰਹਿ ਉਚਾਰਨ." (ਗੁਪ੍ਰਸੂ).

ਉਪਪੱਤਿ: ਸੰ. उपपत्ति. ਸੰਗਯਾ- ਪ੍ਰਾਪਤੀ। ੨. ਸਿੱਧਿ. ਕਾਮਯਾਬੀ. ੩. ਯੁਕਤਿ. ਦਲੀਲ. ਹੇਤੁ (ਕਾਰਣ) ਦ੍ਵਾਰਾ ਕਿਸੇ ਵਸਤੁ ਦੇ ਹੋਣ ਦਾ ਨਿਸ਼ਚਾ.

ਉਪਪਾਤਕ: ਸੰਗਯਾ- ਦੂਜੇ ਦਰਜੇ ਦਾ ਪਾਪਕਰਮ. ਜੈਸੇ ਚੋਰੀ ਪਾਤਕ ਹੈ ਅਤੇ ਚੋਰ ਨਾਲ ਵਰਤੋਂ ਵਿਹਾਰ ਉਪਪਾਤਕ ਹੈ।

ਉਪਪਾਤੀ: ਸੰ. उपपातिन. ਵਿ- ਹਠ ਨਾਲ ਆਇਆ ਹੋਇਆ। ੨. ਅਚਾਨਕ ਆਇਆ ਹੋਇਆ।. ੩. ਪੰਜੇ ਵਿੱਚ ਫਸਿਆ ਹੋਇਆ. "ਤਜੋਂ ਅਬ ਤਪ- ਤਾਵਹੁ ਉਪਪਾਤੀ." (ਗੁਪ੍ਰਸੂ)

ਉਪਪਾਦਨ: ਸੰਗਯਾ- ਅੱਛੀ ਤਰ੍ਹਾਂ ਬਿਆਨ ਕਰਨਾ. ਜੁਗਤਿ ਨਾਲ ਸਿੱਧ ਕਰਨ ਦਾ ਕੰਮ.

ਉਪਪੁਰਾਣ: ਦੂਜੇ ਦਰਜੇ ਦੇ ਪੁਰਾਣ. ਇਨ੍ਹਾਂ ਦੀ ਗਿਨਤੀ ਭੀ ੧੮. ਹੈਃ- ਉਸਨਾ, ਸਨਤਕੁਮਾਰ, ਸ਼ਾਂਬ, ਸ਼ੈਵ, ਕਾਪਿਲ, ਕਾਲਿਕਾ, ਦੁਰਵਾਸਾ, ਦੇਵੀ, ਨਾਰ ਸਿੰਘ, ਨਾਰਦੀਯ, ਨੰਦਿਕੇਸ਼੍ਵਰ, ਪਾਰਾਸ਼ਰ, ਪਾਦ੍ਮ, ਭਾਸ੍ਕਰ, ਮਾਹੇਸ਼੍ਵਰ, ਮਾਰੀਚ, ਵਾਯਵੀਯ ਅਤੇ ਵਾਰੁਣ. ਦੇਖੋ, ਪੁਰਾਣ.[17]

ਉਪਬਨ: ਸੰ. उपवन. ਸੰਗਯਾ- ਜਿਸ ਵਿੱਚ ਫੁੱਲ ਅਤੇ ਫਲਦਾਰ ਬੂਟੇ ਬਿਰਛ ਮਿਣਤੀ ਅਤੇ ਸੁੰਦਰ ਬਜੋਂਤ ਨਾਲ ਲਾਏ ਹੋਣ. ਬਾਗ.

ਉਪਬਾਹ: ਵਿਆਹ. ਦੇਖੋ, ਉਪਵਾਹ. "ਦ੍ਵੈ ਉਪਬਾਹ ਅਗਾਰੀ ਭਏ." (ਗੁਪ੍ਰਸੂ)

ਉਪਭੁਕਤ, ਉਪਭੁਗਤ: ਸੰ. उपभुक्त. ਵਿ- ਭੋਗਿਆ ਹੋਇਆ. ਵਰ- ਤਿਆਹੋਇਆ। ੨. ਜੂਠਾ.

ਉਪਭੋਗ: ਸੰਗਯਾ- ਪਦਾਰਥ ਦੇ ਭੋਗਣ ਤੋਂ ਪ੍ਰਾਪਤ ਹੋਇਆ ਆਨੰਦ। ੨. ਸ੍ਵਾਦ ਲੈਣ ਦੀ ਕ੍ਰਿਯਾ.

ਉਪਮਾ, ਉਪਮਾਂ: ਸੰ. ਉਪ- ਮਾ. ਸੰਗਯਾ- ਸਮਾਨ (ਤੁੱਲ) ਮਿਣਨ ਅਤੇ ਤੋਲਣ ਦੀ ਕ੍ਰਿਯਾ. ਸਮਾਨਤਾ. ਦ੍ਰਿਸ਼ਟਾਂਤ ਮਿਸਾਲ. "ਕਉਨ ਉਪਮਾ ਦੇਉ ਕਵਨ ਬਡਾਈ?" (ਸਾਰ ਛੰਤ ਮਃ ੫) ੨. ਇੱਕ ਸ਼ਬਦਾ- ਲੰਕਾਰ. ਜਿਸ ਉਕਤਿ ਵਿੱਚ ਉਪਮਾਨ ਉਪਮੇਯ ਦੇ ਭਿੰਨ ਹੋਣ ਪੁਰ ਭੀ. ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕੀਤੀ ਜਾਵੇ, , ਉਹ ਉਪਮਾ ਅਲੰਕਾਰ ਹੈ.

ਕਰਿਯੋ ਜਹਿਂ ਉਪਮੇਯ ਕੋ ਬਰ ਉਪਮਾਨ ਸਮਾਨ,

---

[16] ਪੰਜਾਬੀ ਵਿੱਚ ਜਾਰ ਲਈ ਯਾਰ ਭੀ ਬੋਲਦੇ ਹਨ, ਪਰ ਇਹ ਸਹੀ ਨਹੀਂ. ਯਾਰ ਦਾ ਅਰਥ ਸਹਾਇਕ ਅਤੇ ਮਿਤ੍ਰ ਹੈ. ਜਾਰ ਦਾ ਅਰਥ ਪਰਇਸਤ੍ਰੀ ਗਾਮੀ ਹੈ.

[17] ਪੁਰਾਣਾਂ ਅਤੇ ਉਪਪੁਰਾਣਾਂ ਦੇ ਨਾਵਾਂ ਦਾ ਕਈ ਗ੍ਰੰਥਾਂ ਵਿੱਚ ਭੇਦ ਹੈ. ਦੇਖੋ, ਕੂਰਮ ਪੁਰਾਣ, ਅਃ ੧੭.

ਪੁਨ ਸਾਧਾਰਨ ਧਰਮ ਧਰ ਸੋਊ ਉਪਮਾ ਜਾਨ.

(ਅਲੰਕਾਰ ਸਾਗਰ ਸੁਧਾ)

ਇਸ ਅਲੰਕਾਰ ਦੇ ਗਜਾਨ ਲਈ ਚਾਰ ਸ਼ਬਦਾਂ ਦਾ ਅਰਥ (ਜੋ ਉਪਮਾ ਦੇ ਅੰਗਰੂਪ ਹਨ) ਪਹਿਲਾਂ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਏ, ਅਰਥਾਤ ਉਪਮਾਨ, ਉਪਮੇਯ, ਧਰਮ ਅਤੇ ਵਾਚਕ.

"ਉਪਮਾਨ" ਉਹ ਹੈ ਜਿਸ ਦੀ ਤੁੱਲਤਾ ਕਿਸੇ ਨੂੰ ਦੇਈਏ, ਜੈਸੇ ਚੰਦ੍ਰਮਾ ਦੀ ਸਮਤਾ ਮੁਖ ਨੂੰ ਦਿੱਤੀ ਜਾਂਦੀ ਹੈ.

"ਉਪਮੇਯ" ਉਹ ਹੈ ਜਿਸਨੂੰ ਤੁੱਲਤਾ ਦੇਈਏ. ਜੈਸੇ ਮੁੱਖ ਨੂੰ ਚੰਦ੍ਰਮਾ ਸਮਾਨ ਕਲਪਿਆ ਜਾਂਦਾ ਹੈ.

"ਧਰਮ" ਅਥਵਾ "ਸਾਧਾਰਣ ਧਰਮ" ਉਹ ਹੈ ਜੋ ਉਪਮਾਨ ਅਤੇ ਉਪਮੇਯ ਵਿੱਚ ਸਮਾਨ ਗੁਣ ਰਹਿੰਦਾ ਹੈ, ਜੈਸੇ ਚੰਦ੍ਰਮਾ ਅਤੇ ਮੁਖ ਵਿਚ ਪ੍ਰਕਾਸ਼ ਅਥਵਾ ਸ਼ੋਭਾ.

"ਵਾਚਕ" ਉਹ ਹੈ, ਜੋ ਉਪਮਾਨ ਉਪਮੇਯ ਦੇ ਸਾਧਾਰਣ ਧਰਮ ਨੂੰ ਤੁੱਲ ਬੋਧਨ ਕਰਦਾ ਹੈ. ਜੈਸਾ, ਤੈਸਾ, ਜਿਉਂ, ਤਿਉਂ, ਸਮ, ਸੋ, ਸਾ, ਯਥਾ, ਤਥਾ ਲੌ ਆਦਿਕ ਸ਼ਬਦ ਵਾਚਕ ਸਦਾਉਂਦੇ ਹਨ. ਉੱਪਰ ਦੱਸੇ ਚਾਰੇ ਅੰਗ ਜਿਸ ਉਪਮਾ ਵਿੱਚ ਪਾਏ ਜਾਣ, ਉਹ "ਪੂਰਣੋਪਮਾ" ਅਲੰਕਾਰ ਹੈ.

ਉਦਾਹਰਣ- ਲੋਚਨ ਅਮਲ ਕਮਲਦਲ ਜੈਸੇ. (ਨਾਪ੍ਰ)

ਨੇਤ੍ਰ ਉਪਮੇਯ ਹਨ, ਕਮਲ ਦੀ ਪੰਖੜੀ ਉਪਮਾਨ ਹੈ, ਨਿਰਮਲਤਾ ਦੋਹਾਂ ਦਾ ਸਾਧਾਰਣ ਧਰਮ ਹੈ ਅਤੇ ਜੈਸੇ ਸ਼ਬਦ ਵਾਚਕ ਹੈ.

(ਅ) ਜੇ ਉਪਮਾ ਦੇ ਚਾਰ ਅੰਗਾਂ ਵਿੱਚੋਂ ਇੱਕ ਅਥਵਾ ਦੋ ਲੋਪ ਹੋਣ, ਤਦ "ਲੁਪਤੋਪਮਾ" ਸੰਗਜਾ ਹੁੰਦੀ ਹੈ, ਅਤੇ ਜੋ ਅੰਗ ਲੋਪ ਹੋਵੇ ਉਸ ਦੇ ਨਾਉਂ ਕਰਕੇ ਲੁਪਤੋਪਮਾ ਦਾ ਨਾਉਂ ਹੋਇਆ ਕਰਦਾ ਹੈ. ਜੇ ਧਰਮ ਬੋਧਕ ਸ਼ਬਦ ਨਾ ਹੋਵੇ ਤਦ "ਧਰਮਲੁਪਤਾ", ਉਪਮਾਨ ਲੋਪ ਹੋਣ ਕਰਕੇ "ਉਪਮਾਨਲੁਪਤਾ", ਉਪਮੇਯ ਦੇ ਲੋਪ ਹੋਣ ਤੋਂ "ਉਪਮੇਯਲੁਪਤਾ" ਅਤੇ ਵਾਚਕ ਸ਼ਬਦ ਲੋਪ ਹੋਵੇ ਤਾਂ "ਵਾਚਕਲੁਪਤਾ" ਅਖਾਉਂਦੀ ਹੈ.

(ੲ) ਜੇ ਇੱਕ ਉਪਮੇਯ ਦੇ ਬਹੁਤ ਉਪਮਾਨ ਹੋਣ, ਤਦ "ਮਾਲੋਪਮਾ" ਅਲੰਕਾਰ ਹੁੰਦਾ ਹੈ.

ਉਦਾਹਰਣ-

ਛੀਰ ਕੈਸੀ ਛੀਰਾਵਧਿ ਛਾਛ ਕੈਸੀ ਛਤ੍ਰਾਨੇਰ

ਛਪਾਕਰ ਕੈਸੀ ਛਬਿ ਕਾਲਿੰਦੀ ਕੇ ਕੂਲ ਕੇ,

ਹੰਸਨੀ ਸੀ ਸੀਹਾਰੁਮ, ਹੀਰਾ ਸੀ ਹੁਸੈਨਾਬਾਦ

ਗੰਗਾ ਕੀ ਸੀ ਧਾਰ ਚਲੀ ਸਾਤੋਂ ਸਿੰਧੁ ਰੂਲਕੇ,

ਪਾਰਾ ਸੀ ਪਲਾਊਗਢ, ਰੂਪਾ ਕੈਸੀ ਰਾਮਪੁਰ

ਸ਼ੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲਕੇ,

ਚੰਪਾ ਸੀ ਚੰਦੇਰੀਕੋਟ, ਚਾਂਦਨੀ ਸੀ ਚਾਂਦਾਗੜ

ਕੀਰਤੀ ਤਿਹਾਰੀ ਰਹੀ ਮਾਲਤੀ ਸੀ ਫੂਲਕੇ.

(ਅਕਾਲ)

(ਸ) ਉਪਮੇਯ ਨੂੰ ਉਪਮਾਨ ਅਤੇ ਉਪਮਾਨ ਨੂੰ ਉਪਮੇਯ ਯਥਾਕ੍ਰਮ ਵਰਣਨ ਕਰੀਏ, ਤਦ "ਰਸਨੋਪਮਾ" ਅਲੰਕਾਰ ਹੁੰਦਾ ਹੈ. ਉਦਾਹਰਣ-

ਕੈਸੀ ਰਵਿ ਰਸਮਿ ਘਟਾ ਪੈ ਹੈ ਟਹਿਲ ਸਿੰਘ?

ਜੈਸੀ ਨੀਲਮਨਿਨ ਕੀ ਆਵਲੀ ਪਹਾਰ ਹੈ,

ਕੈਸੀ ਨੀਲਮਨਿਨ ਕੀ ਆਵਲੀ ਸਬਜ ਸੈਲ?

ਜੈਸੀ ਬ੍ਰਿਜਕੁੰਜਨ ਮੇ ਜਮੁਨਾ ਕੀ ਧਾਰ ਹੈ,

ਕੈਸੀ ਬ੍ਰਿਜਕੁੰਜਨ ਮੇਂ ਜਮੁਨਾ ਕੀ ਧਾਰ ਦੇਖੀ?

ਜੈਸੀ ਬੀਜੁਰੀ ਕੀ ਸ਼ਾਨ ਪਾਨਪ ਅਪਾਰ ਹੈ,

ਕੈਸੀ ਬੀਜੁਰੀ ਕੀ ਸ਼ਾਨ ਪਾਨਪ ਅਪਾਰ ਦੇਖੀ?

ਜੈਸੀ ਸ਼੍ਰੀ ਗੋਬਿੰਦ ਸਿੰਘ ਤੇਰੀ ਤਲਵਾਰ ਹੈ.

(ਅਲੰਕਾਰ ਸਾਗਰ ਸੁਧਾ)

(ਹ) ਕਿਸੇ ਇੱਕ ਵਸਤੁ ਦੇ ਗੁਣ ਦੀ ਬਹੁਤਿਆਂ ਵਿੱਚ ਸੰਭਾਵਨਾ (ਅਟਕਲ) ਕਰਨੀ, "ਉਤਪ੍ਰੇਕ੍ਸ਼ੋਪਮਾ" ਅਲੰਕਾਰ ਹੈ.

ਉਦਾਹਰਣ-

ਤਾਲ ਕੂਪ ਫਲੇ ਦ੍ਰੂਮ ਮੇਘ ਜਲਪੂਰਿਤ ਮੇ

ਮਾਨੋ ਗੁਰੁ ਨਾਨਕ ਕੀ ਨੰਮ੍ਰਤਾ ਬਸਤ ਹੈ. ***

ਸਿਤਾ ਕਲਾਕੰਦ ਮਧੁ ਮਿਸ਼ਰੀ ਔ ਅੰਮ੍ਰਿਤ ਨੇ

ਮਾਨੋ ਗੁਰੁਗਿਰਾ ਮੇ ਤੇ ਮਧੁਰਾਈ ਲੀਨੀ ਹੈ.

੩. ਉਸਤਤਿ. ਤਾਰੀਫ਼. "ਬਿਨ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ." (ਗਉ ਮਃ ੧)

ਉਪਮਾਤਾ: ਸੰ. उपमातृ- ਉਪਮਾਤ੍ਰਿ. ਸੰਗ੍ਯਾ- ਜੋ ਮਾਂ ਜੇਹੀ ਹੈ. ਦੁੱਧ ਚੁੰਗਾਉਣ ਵਾਲੀ ਦਾਈ। ੨. ਮਾਸੀ, ਚਾਚੀ ਅਤੇ ਵਡੇ ਭਾਈ ਦੀ ਇਸਤਰੀ ਆਦਿ। ੩. ਮੁਸੱਵਰ। ੪. ਵਿ- ਉਪਮਾ ਦੇਣ ਵਾਲਾ.

ਉਪਮਾਨ: ਦੇਖੋ, ਉਪਮਾ। ੨. ਸੰਗ੍ਯਾ- ਇੱਕ ਮਾਤ੍ਰਿਕ ਛੰਦ. ਇਸ ਦਾ ਨਾਉਂ ਨਿਸ਼ਾਨੀ ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ. ੧੩- ੧੦ ਤੇ ਵਿਸ਼੍ਰਾਮ, ਅੰਤ ਦੋ ਗੁਰੂ.

ਉਦਾਹਰਣ-

ਭਲੀ ਸੁਹਾਵੀ ਛਾਪਰੀ, ਜਾਮਹਿ ਗੁਨ ਗਾਏ,

ਕਿਤਹੀ ਕਾਮ ਨ ਧਉਲਹਰ, ਜਿਤੁ ਹਰਿ ਵਿਸਰਾਏ.

(ਸੂਹੀ ਮਃ ੫)

(ਅ) ਉਪਮਾਨ ਛੰਦ ਦਾ ਦੂਜਾ ਰੂਪ ਹੈ- ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ. ਪਹਿਲਾ ਵਿਸ਼੍ਰਾਮ ੧੩. ਤੇ, ਦੂਜਾ ੧੦. ਪੁਰ, ਹਰੇਕ ਚਰਣ ਦੇ ਆਦਿ ਗੁਰੂ, ਅੰਤ ਸ਼ਗਣ- ||S.

ਉਦਾਹਰਣ-

ਅੱਖੀ ਬਾਝਹੁ ਵੇਖਣਾ, ਵਿਣ ਕੰਨਾ ਸੁਨਣਾ,

ਪੈਰ ਬਾਝਹੁ ਚੱਲਣਾ, ਵਿਣ ਹੱਥਾਂ ਕਰਣਾ,

ਜੀਭੈ ਬਾਝੁਹ ਬੋਲਣਾ, ਇਉ ਜੀਵਤਮਰਣਾ,

ਨਾਨਕ ਹੁਕਮ ਪਛਾਣਕੈ, ਤਉ ਖਸਮੈ ਮਿਲਣਾ.

(ਵਾਰ ਮਾਝ, ਮਃ ੨)

ਉਪਮਾਨੋਪਮੇਯ: ਅਥਵਾ- ਉਪਮੇਯੋਪਮਾਨ. ਸੰਗਜਾ- ਇੱਕ ਅਰਥਾਲੰਕਾਰ. ਜੇ ਪਰਸਪਰ ਉਪਮੇਯ ਨੂੰ ਉਪਮਾਨ, ਅਤੇ ਉਪਮਾਨ ਨੂੰ ਉਪਮੇਯ ਵਰਣਨ ਕਰੀਏ, ਤਦ "ਉਪਮਾਨੋਪਮੇਯ" ਅਲੰਕਾਰ ਹੰਦਾ ਹੈ. "ਜਹਾਂ ਪਰਸਪਰ ਹੋਤ ਹੈਂ ਉਪਮੇਯੋ ਉਪਮਾਨ। ਭੂਸ਼ਣ ਉਪਮੇ- ਯੋਪਮਾ ਤਾਂਹਿ ਬਖਾਨਤ ਜਾਨ." (ਸ਼ਿਵਰਾਜ ਭੂਸ਼ਣ)

ਉਦਾਹਰਣ-

ਦਸ਼ਮੇਸ਼ ਦੀ ਕ੍ਰਿਪਾਨ ਭਾਸੈ ਬੀਜੁਰੀ ਸਮਾਨ,

ਬਿਜਲੀ ਚਮਕ ਦੇਖੀ ਸ਼੍ਰੀ ਗੁਰੁ ਕ੍ਰਿਪਾਨ ਸੀ.

ਉਪਮੇਯ: ਦੇਖੋ, ਉਪਮਾ.

ਉਪਮੇਯੋਪਮਾ: ਦੇਖੋ, ਉਪਮਾਨੋਖਮੇਯ.

ਉਪਯੁਕਤ: ਸੰ. ਵਿ- ਯੋਗਜ. ਮੁਨਾਸਿਬ. ਠੀਕ।

ਕ ਸੰਬੰਧਿਤ. ਜੁੜਿਆ ਹੋਇਆ.

ਉਪਯੋਗ: ਸੰ. ਸੰਗਜਾ- ਸੰਬੰਧ. ਤਅ਼ੱਲੁਕ਼। ੨. ਕੰਮ. ਕਾਰਜ। ੩. ਪ੍ਰਯੋਜਨ. ਮਤਲਬ। ੪. ਯੋਗਜਤਾ. ਲਿਆਕਤ (ਲਯਾਕਤ).

ਉਪਯੋਗੀ: ਸੰ. उपयोगित ਵਿ- ਕੰਮ ਦੇਣ ਵਾਲਾ। ੨. ਸਹਾਇਕ। ੩. ਅਨੁਕੂਲ

ਉਪਰ: ਸੰ. उपरि. ਕ੍ਰਿ. ਵਿ- ਉੱਤੇ. ਊਪਰ ਦੇਖੋ, ਉਪਰਿ.

ਉਪਰਉਨਾ: ਸੰਗਜਾ- ਉੱਪਰ ਪਹਿਰਣ ਦਾ ਵਸਤ੍ਰ. ਉਪਰਨਾ, ਦੁੱਪਟਾ. "ਉਪਰ ਪੀਤ ਧਰੇ ਉਪਰਉਨਾ." (ਕ੍ਰਿਸਨਾਵ) ੨. ਸ਼ਰੀਰ ਪੂੰਝਣ ਦਾ ਵਸਤ੍ਰ. ਤੌਲੀਆ. ਪਰਨਾ.

ਉਪਰਜਨ: ਸੰ. उपार्जन- ਉਪਾਜੰਨ. ਸੰਗਜਾ- ਪੈਦਾ ਕਰਨਾ. ਉਤਪੰਨ ਕਰਨਾ. "ਨਾਨਕ ਆਪਨ ਰੂਪ ਆਪ ਹੀ ਉਪਰਜਾ." (ਸੁਖਮਨੀ) ਆਪ ਹੀ ਰਚਿਆ. "ਕਦੰਚ ਕਰੁਣਾ ਨ ਉਪਰਜਤੇ." (ਸਹਸ ਮਃ ੫) ਥੋੜੀ ਕ੍ਰਿਪਾ ਨਹੀਂ ਉਪਜਦੀ। ੨. ਕਮਾਉਣਾ। ੩. ਇਕੱਠਾ ਕਰਨਾ. ਜਮਾ ਕਰਨਾ.

ਉਪਰਤ: ਸੰ. ਵਿ- ਜੋ ਨਹੀਂ ਹੈ ਸੰਸਾਰ ਵਿੱਚ ਰਤ. ਵਿਰਕ੍ਤ. ਉਦਾਸ. "ਉਪਰਤ ਮਨੂਆ ਵਿਸ਼ਯ ਤੇ."

(ਗੁਪ੍ਰਸੂ) ੨. ਮਰਿਆ ਹੋਇਆ.

ਉਪਰਤਨ: ਸੰ. उपरत्न. ਸੰਗਜਾ- ਦੂਜੇ ਦਰਜੇ ਦੇ ਰਤਨ. ਘਟੀਆ ਰਤਨ. ਅਕੀਕ. ਬਲੌਰ ਸਿੱਪ ਆਦਿ.

ਉਪਰਤਿ: ਸੰ. ਸੰਗਜਾ- ਉਦਾਸੀ. ਵੈਰਾਗ. ਵਿਰਕ੍ਤਤਾ. "ਜੋ ਉਪਰਤਿ ਹੋਵੈ ਸੰਸਾਰੀ" (ਨਾਪ੍ਰ) ੨. ਮੌਤ. ਮ੍ਰਿਤ੍ਯੁ.

ਉਪਰਨਾ: ਦੇਖੋ, ਉਪਰਉਨਾ. "ਧੋਤੀ ਏਕ ਉਪਰਨਾ ਪਾਨ." (ਗੁਪ੍ਰਸੂ)

ਉਪਰਮ: ਸੰ. ਸੰਗਜਾ- ਵਿਰਾਗ (ਵੈਰਾਗਯ). ਉਦਾਸੀਨਤਾ. ਉਦਾਸੀ. ਉਪਰਾਮਤਾ.

ਉਪਰਾਗ: ਸੰ. ਸੰਗਗ- ਰੰਗ. ਵਰਣ। ੨. ਰੰਗਣ ਦੀ ਕ੍ਰਿਯਾ। ੩. ਰੰਗ ਦੀ ਝਲਕ.

ਉਪਰਾਜ: ਸੰ. ਸੰਗਗ- ਰਾਜਾ ਦਾ ਪ੍ਰਤਿਨਿਧ. ਵਾਇਸਰਾਯ (Viceroy). ੨. ਦੇਖੋ, ਯੁਵਰਾਜ.

ਉਪਰਾਜਨ: ਸੰ. ਉਪਰਾਗਨ. ਕ੍ਰਿ- ਰੰਗਣਾ ਚਿੱਤਣਾ। ੨. ਸੰ. उपार्जन ਉਪਾਜੰਨ. ਪੈਦਾ ਕਰਨਾ. "ਤੁਮ ਸਭ ਕੋ ਉਪਰਾਜਹੀ ਤੁਮਹੀ ਲੇਹੁ ਉਬਾਰ." (ਸਨਾਮਾ) ੩. ਜਮਾ ਕਰਨਾ. ਸੰਗ੍ਰਹ. "ਸੁਖ ਉਪਰਾਜੈ ਮੱਧ ਉਰੰ." (ਅਕਾਲ) "ਗਜਾਨ ਰਿਦੇ ਉਪਰਾਜਤ ਹੈ. (ਗੁਪ੍ਰਸੂ)

ਉਪਰਾਂਤ: ਸੰ. उपरान्त. ਕ੍ਰਿ. ਵਿ- ਇਸ ਪਿੱਛੋਂ. ਅਨੰਤਰ. ਏਦੂੰ ਮਗਰੋਂ.

ਉਪਰਾਮ: ਸ਼ੰ. ਸ਼ੰਗਯਾ- ਤਿਆਗ, ਵਿਰਕ੍ਤਤਾ। ਕਾਵਿਸ਼੍ਰਾਮ ਆਰਾਮ। ੩. ਵਿ- ਵਿਰਕ੍ਤ. ਉਦਾਸੀਨ.

ਉਪਰਾਲਾ, ਉਪਰਾਲੋ: ਸੰਗਗ- ਉੱਦਮ. ਪੁਰੁਸ਼ਾਰਥ। ੨. ਸਹਾਇਤਾ। ੩. ਉਪਕਾਰ.

"ਪਠ ਉਪਰਾਲਾ ਕੀਨ ਹਮਾਰਾ." (ਗੁਪ੍ਰਸੂ)

"ਅਬ ਹਮਰੋ ਉਪਰਾਲੋ ਕੀਜੈ." (ਗੁਰੁਸ਼ੋਭਾ)

ਉਪਰਿ: ਕ. ਵਿ- ਉੱਤੇ. ਦੇਖੋ, ਉਪਰ. "ਉਪਰਿ ਆਇ ਬੈਠੇ ਕੂੜਿਆਰੁ." (ਵਾਰ ਆਸਾ)

੨. ਅਨੁਸਾਰ. ਮੁਤਾਬਿਕ. "ਕਰਮਾ ਉਪਰਿ ਨਿਬੜੈ." (ਗਉ ਮਃ ੧) ੩. ਪ੍ਰਬਲ. ਗਾਲਿਬ. "ਪੂਰੇ ਗੁਰੁ ਕਾ ਬਚਨ ਉਪਰਿ ਆਇਆ." (ਗਉ ਵਾਰ ੧. ਮਃ ੪)

ਉਪਰੀਆ: ਸੰਗਗ- ਉਪਾਉ (ਉਪਾਯ). ਜਤਨ। ੨. ਉਪਚਾਰ. ਇਲਾਜ. "ਅਨਿਕ ਉਪਰੀਆ."

(ਬਿਲਾਃ ਮਃ ੫) ੩. ਵਿ- ਉਪਾੜੀ, ਉਤਪਾਟਨ ਕੀਤੀ. ਉਖੇੜੀ. ਪੁੱਟੀ। ੪. ਉਪਾੜਨ (ਪੁੱਟਣ) ਵਾਲਾ.

ਉਪਰੇ: ਕ੍ਰਿ. ਵਿ- ਉੱਪਰ ਵੱਲ. "ਮੁਖੁ ਤਲੈ ਪੈਰ ਉਪਰੇ." (ਵਾਰ ਜੈਤ)

ਉਪਰੇਰੈ: ਕ੍ਰਿ. ਵਿ- ਉੱਪਰ ਵੱਲ. ਉੱਪਰਲੇ ਪਾਸੇ. "ਉਪਰੇਰੈ ਚਲਿਆ." (ਭਾਗੁ)

ਉਪਰੋਕਤ: ਵਿ- ਪੂਰਵੋਕਤ. ਉੱਪਰ ਕਹਿਆ ਹੋਇਆ

ਉਪਰੋਧ. ਸੰ. ਸੰਗਗ- ਰੁਕਾਵਟ. ਰੋਕ। ੨. ਦੱਖ। ੩. ਵਿਘਨ.

ਉਪਰੋਧਕ: ਸੰ. ਵਿ- ਰੋਕਣ ਵਾਲਾ। ੨. ਵਿਘਨ ਕਰਤਾ.

ਉਪਰੋਧਾ: ਸੰਗਗ- ਪੁਰੋਹਿਤ. ਹਿੰਦੂਕੁਲ ਦਾ ਆਚਾਰਯ ਬ੍ਰਾਹਮਣ, ਜੋ ਸਾਰੇ ਸੰਸਕਾਰ ਕਰਾਉਂਦਾ ਅਤੇ ਕੁਕਰਮਾਂ ਤੋਂ ਉਪਰੋਧ ਕਰਦਾ (ਵਰਜਦਾ) ਹੈ.

ਉਪਰੌਨਾ: ਦੇਖੋ, ਉਪਰਉਨਾ.

ਉਪਰੰਤ: ਦੇਖੋ, ਉਪਰਾਂਤ.

ਉਪਲ: ਸੰ. ਸੰਗਗ ਪੱਥਰ। ੨. ਗੜਾ. ਓਲਾ। ੩. ਬੱਦਲ। ੪. ਬਾਲੂ ਰੇਤ। ੫. ਏਰਣਾ ਗੋਹਾ। ੬. ਦੇਖੋ, ਉੱਪਲ.

ਉਪਲਕ੍ਸ਼ਿਤ, ਉਪਲਖਿਤ: ਸੰ. उपलक्षित. ਵਿ- ਜਾਣਿਆ ਹੋਇਆ। ੨. ਅਨੁਮਾਨ ਕੀਤਾ। ੩. ਜਣਾਇਆ ਹੋਇਆ. ਬੋਧ ਕਰਾਇਆ.

ਉਪਲੱਖਣ, ਉਪਲੱਛਣ: ਸੰ. उपलक्षण- ਉਪਲਕਣ. ਸੰਗਗ- ਕਿਸੇ ਵਸਤੁ ਨੂੰ ਬੋਧ ਕਰਾਉਣ ਦਾ ਚਿੰਨ੍ਹ. ਸੰਕੇਤ। ੨. ਸ਼ਬਦ

ਦੀ ਉਹ ਸ਼ਕਤਿ, ਜੋ ਵਾਕ ਦੇ ਅਰਥ ਤੋਂ ਭਿੰਨ, ਉਸ ਅਰਥ ਨਾਲ ਮਿਲਦੀ ਬਾਤ ਦਾ ਬੋਧ ਕਰਾਵੇ. ਜੈਸੇ- ਖੇਤ ਨੂੰ ਹਰਣਾਂ ਤੋਂ ਬਚਾਓ- ਇਸ ਵਾਕ ਤੋਂ ਇਹ ਭੀ ਬੋਧ ਹੋਇਆ ਕਿ ਝੋਟੇ ਢੱਟਿਆਂ ਤੋਂ ਭੀ ਖੇਤ ਦੀ ਰਾਖੀ ਕਰੋ.

ਉਪਲਬਧ: ਸੰ. उपलब्ध. ਵਿ- ਪ੍ਰਾਪਤ ਹੋਇਆ. ਲੱਭਿਆ. ੨. ਜਾਣਿਆ ਹੋਇਆ।

ਉਪਲਬਧਿ: ਸੰ. उपलब्धि. ਸੰਗਯਾ- ਲੱਭਣ ਦੀ ਕ੍ਰਿਯਾ. ਖੋਜ ਕਰਨ ਦੀ ਸ਼ਕਤਿ। ੨. ਪ੍ਰਾਪਤੀ। ੩. ਬੁੱਧਿ. ਗ੍ਯਾਨ.

ਉਪਵਾਸ: ਸੰ. ਸੰਗਯਾ- ਵ੍ਰਤ. ਲੰਘਨ. ਆਹਾਰ ਦਾ ਤਿਆਗ. ਭੋਜਨ ਨਾ ਕਰਨ ਦਾ ਭਾਵ.

ਉਪਵਾਹ: ਵਿਆਹ. ਸ਼ਾਦੀ. ਦੇਖੋ, ਉਦਵਾਹ. "ਕੀਨੋ ਉਪਵਾਹ ਅਭਿਰਾਮ ਯੌਂ ਜੈ ਰਾਮ." (ਨਾਪ੍ਰ)

ਉਪਵੀਤ: ਸੰ. ਸੰਗਯਾ- ਉਹ ਸੂਤ੍ਰ, ਜੋ ਸੱਜਾ ਹੱਥ ਪਸਾਰਕੇ ਪਹਿਨੀਏਂ. ਜੰਞੂ. ਯਗ੍ਯੋਪਵੀਤ ਦੇਖੋ, ਜਨੇਊ.

ਉਪਵੇਸ਼ਨ: ਸੰ. (ਉਪ- ਵਿਸ਼) ਸੰਗਯਾ- ਬੈਠਨਾ. ਇਸਥਿਤ ਹੋਣ ਦੀ ਕ੍ਰਿਯਾ.

ਉਪਵੇਦ: ਸੰ. ਸੰਗਯਾ- ਦੂਜੇ ਦਰਜੇ ਦੇ ਵੇਦ. ਵੇਦ ਜੇਹੇ ਮੰਨੇ ਪੁਸਤਕ. ਹਿੰਦੂਮਤ ਵਿੱਚ ਚਾਰ ਵੇਦਾਂ ਦੇ ਨਾਲ ਚਾਰ ਉਪਵੇਦ ਮੰਨੇ ਹਨ-

੧. ਆਯੁਰ ਵੇਦ. ਇਸ ਵਿੱਚ ਵੈਦਯ ਵਿਦਯਾ ਹੈ.

੨. ਗਾਂਧਰਵ ਵੇਦ. ਇਸ ਵਿੱਚ ਰਾਗ ਵਿਦਯਾ ਹੈ.

੩. ਧਨੁਰ ਵੇਦ. ਇਸ ਵਿੱਚ ਧਨੁਖ ਆਦਿ ਸ਼ਸਤ੍ਰਾਂ ਦੀ ਵਿਦਯਾ ਹੈ.

੪. ਸ੍ਥਾਪਤ੍ਯ ਵੇਦ. ਇਸ ਵਿੱਚ ਇਮਾਰਤ ਬਣਾਉਣ ਦੀ ਵਿਦਯਾ ਹੈ.

ਉਪੜਨਾ: ਕ੍ਰਿ- ਉਪ (ਨੇੜੇ) ਜਾ ਖੜ੍ਹਨਾ. ਪਹੁਚਣਾ. ਪੁੱਜਣਾ.

ਉਪਾਉ: ਸੰ. उपाय- ਉਪਾਯ. ਸੰਗਯਾ- ਜਤਨ. ਸਾਧਨ. "ਕਛੁ ਉਪਾਉ ਮੁਕਤਿ ਕਾ ਕਰ ਰੇ." (ਗਉ ਮਃ ੯)

੨. ਯੁਕ੍ਤਿ. ਤਦਬੀਰ। ੩. ਪਾਸ ਆਉਣ ਦੀ ਕ੍ਰਿਯਾ।

੪. ਇਲਾਜ. ਰੋਗ ਦੂਰਨ ਕਰਨ ਦਾ ਯਤਨ.

ਉਪਾਉਣਾ: ਕ੍ਰਿ- ਉਤਪਾਦਨ. ਉਤਪੰਨ ਕਰਨਾ. ਪੈਦਾ ਕਰਨਾ.

ਉਪਾਇ: ਦੇਖੋ, ਉਪਾਉ ਅਤੇ ਉਪਾਉਣਾ. "ਉਪਾਇ ਕਿਤੈ ਨ ਲਭਈ." (ਗਉ ਮਃ ੪) ੨. ਉਤਪੰਨ ਕਰਕੇ. ਪੈਦਾ ਕਰਕੇ. "ਸਭੁ ਉਪਾਇ ਆਪੇ ਵੇਖੈ." (ਸ੍ਰੀ ਮਃ ੩)

ਉਪਾਇਆ: ਉਪਾਯ ਜਤਨ. "ਏ ਸਾਜਨ! ਕਛੁ ਕਹਹੁ ਉਪਾਇਆ." (ਬਾਵਨ) "ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ." (ਆਸਾ ਮਃ ੫) ੨. ਉਤਪੰਨ (ਪੈਦਾ) ਕੀਤਾ.

ਉਪਾਇਨ: ਭੇਟਾ. ਦੇਖੋ, ਉਪਾਯਨ.

ਉਪਾਸ. ਸੰ. उपास्. ਪਾਸ ਬੈਠਨਾ। ੨. ਸੰਗਯਾ- ਪਾਸ ਬੈਠਣ ਦੀ ਕ੍ਰਿਯਾ. ਉਪਾਸਨਾ. ਪੂਜਨ. ਸੇਵਾ. "ਮਨ, ਚਰਨਾਰਬਿੰਦ ਉਪਾਸ. (ਗੂਜ ਮ ਃ ੫) ੩. ਦੇਖੋ, ਉਪਾਸ੍ਯ.

ਉਪਾਸਕ, ਉਪਾਸਕੀ: ਸੰ. उपासक. ਵਿ- ਪਾਸ ਬੈਠਣ ਵਾਲਾ. ਸੇਵਕ। ੨. ਪੂਜਾ ਕਰਨਵਾਲਾ। ੩. ਭਗਤ.

ਉਪਾਸਨ, ਉਪਾਸਨਾ: ਸੰ. ਸੰਗਯਾ- ਪਾਸ ਬੈਠਣ ਦੀ ਕ੍ਰਿਯਾ. ਨਜ਼ਦੀਕ ਬੈਠਣਾ। ੨. ਸੇਵਾ. ਟਹਿਲ। ੩. ਭਕ੍ਤਿ (ਭਗਤਿ). ੪.

ਪੂਜਾ.

ਉਪਾਸਿ: ਉਪਾਸਨਾ ਕਰਕੇ। ੨. ਉਪਾਵਸਿ. ਉਤਪੰਨ ਕਰਸੀ। ੩. ਦੇਖੋ, ਉਪਾਸ੍ਯ.

ਉਪਾਂਸ਼ੁ ਜਪ: ਸੰ. ਸੰਗ੍ਯਾ- ਐਸਾ ਜਪ, ਜੋ ਬਹੁਤ ਧੀਮੀ ਆਵਾਜ਼ ਨਾਲ ਕੀਤਾ ਜਾਵੇ, ਜਿਸ ਨੂੰ ਦੂਰ ਬੈਠਾ ਆਦਮੀ ਨਾ ਸੁਣ ਸਕੇ.

ਉਪਾਸ੍ਯ: ਸੰ. ਵਿ- ਜਿਸ ਦੇ ਪਾਸ ਬੈਠਣ ਯੋਗ੍ਯ ਹੋਵੇ. ਉਪਾਸਨਾ ਯੋਗ੍ਯ. ਸੇਵਾ ਯੋਗ੍ਯ. ੨. ਜਿਸ ਦੀ ਪੂਜਾ ਕਰੀਏ.

ਉਪਾਹਾ: ਵਿ- ਉਤਪੰਨ ਕੀਤਾ. ਰਚਿਆ. "ਜਿਨਹਿ ਉਪਾਹਾ, ਤਿਨਹਿ ਬਿਨਾਹਾ." (ਆਸਾ ਮਃ ੫)

ਉਪਾਖ੍ਯਾਨ: ਸੰ. (ਉਪ- ਆਖ੍ਯਾਨ) ਸੰਗ੍ਯਾ- ਪੁਰਾਣੀ ਕਥਾ. ਇਤਿਹਾਸ। ੨. ਕਿਸੇ ਕਥਾ ਨਾਲ ਸੰਬੰਧ ਰੱਖਣ ਵਾਲੀ ਕਹਾਣੀ.

ਉਪਾਂਗ: ਦੇਖੋ, ਉਪੰਗ.

ਉਪਾਜਨ: ਦੇਖੋ, ਉਪਾਰਜਨ.

ਉਪਾਟਨ: ਸੰ. उत्पाटन- ਉਤਪਾਟਨ. ਕ੍ਰਿ- ਪੁੱਟਣਾ. ਉਖੇੜਨਾ। ੨. ਚੀਰਨਾ. ਪਾੜਨਾ.

ਉਪਾਤ, ਉਪਾਤਿ, ਉਪਾਤੀ: ਸੰ. उतपत्ति- ਉਤਪੱਤਿ. ਸੰਗ੍ਯਾ- ਪੈਦਾਇਸ਼. "ਅਨਿਕ ਪਰਲਉ ਅਨਿਕ ਉਪਾਤਿ." (ਸਾਰ ਅः ਮः ੫) ੨. ਉਤਪੰਨ ਕੀਤੀ. ਰਚੀ. "ਆਪਿ ਸ੍ਰਿਸਟਿ ਉਪਾਤੀ." (ਵਾਰ ਮਾਝ ੧)

ਉਪਾਦਾਨ: ਸੰ. ਉਪ- ਆਦਾਨ. ਗ੍ਰਹਿਣ ਕਰਨਾ. ਲੈਣਾ। ੨. ਗ੍ਯਾਨ। ੩. ਪ੍ਰਾਪਤੀ। ੪. ਆਪਣੇ ਆਪਣੇ ਵਿਸ਼ਿਆਂ ਵਿੱਚ ਇੰਦ੍ਰੀਆਂ ਦੀ ਪ੍ਰਵ੍ਰਿੱਤਿ। ੫. ਉਹ ਕਾਰਣ, ਜੋ ਕਾਰਜ ਵਿੱਚ ਬਦਲ ਜਾਵੇ- ਜੈਸੇ ਮਿੱਟੀ ਘੜੇ ਦਾ ਕਾਰਣ ਹੈ, ਅਤੇ ਮਿੱਟੀ ਹੀ ਘੜੇ ਦੀ ਸ਼ਕਲ ਵਿੱਚ ਬਦਲ ਗਈ ਹੈ. ਐਸੇ ਹੀ ਲੋਹੇ ਨੂੰ ਤਲਵਾਰ ਦਾ ਉਪਾਦਾਨ ਜਾਣਨਾ ਚਾਹੀਏ. "ਉਪਾਦਾਨ ਇਹ ਸਭ ਜਗ ਕੇਰੀ." (ਗੁਪ੍ਰਸੂ) ਵੇਦਾਂਤ ਅਨੁਸਾਰ ਮਾਇਆ ਜਗਤ ਦੀ ਉਪਾਦਾਨ ਹੈ.

ਉਪਾਦੇਯ: ਸੰ. ਵਿ- ਪ੍ਰਾਪਤ ਕਰਨ ਲਾਇਕ. ਗ੍ਰਹਿਣ ਕਰਨ ਯੋਗ੍ਯ। ੨. ਜਾਣ ਲੈਣ ਲਾਇਕ। ੩. ਸ਼੍ਰੇਸ਼੍ਠ. ਉੱਤਮ। ੪. ਸੰਗ੍ਯਾ- ਕਾਰਜ. ਕੰਮ.

ਉਪਾਧ: ਦੇਖੋ, ਉਪਾਧਿ.

ਉਪਾਧਾਨ: ਤਕੀਆ. ਸਿਰ੍ਹਾਣਾ. ਦੇਖੋ, ਉਪਧਾਨ. "ਅਸ ਗਾਦੀ ਡਸ ਰੁਚਿਰ ਫ਼ਰਸ਼ ਪਰ ਉਪਾਧਾਨ ਦੀਰਘ ਧਰਦੀਨ." (ਗੁਪ੍ਰਸੂ)

ਉਪਾਧਿ: ਸੰ. ਸੰਗ੍ਯਾ- ਛਲ। ੨. ਰੁਤਬਾ. ਪਦਵੀ ੩. ਖ਼ਿਤਾਬ. Title। ੪. ਵਸਤੁ ਦੇ ਬੋਧ ਕਰਾਉਣ ਦਾ ਕਾਰਣ, ਜੋ ਵਸਤੁ ਤੋਂ ਭਿੰਨ (ਵੱਖਰਾ) ਹੋਵੇ, ਜੈਸੇ ਘਟਾਕਾਸ਼ ਨੂੰ ਘੜਾ ਪ੍ਰਗਟ ਕਰਦਾ ਹੈ, ਪਰ ਆਕਾਸ਼ ਤੋਂ ਘੜਾ ਜੁਦਾ ਹੈ। ੫. ਉਪਦ੍ਰਵ. ਉਤਪਾਤ.

ਉਪਾਧੀ: ਦੇਖੋ, ਉਪਾਧਿ.

ਉਪਾਧ੍ਯਾਯ: ਸੰ. ਸੰਗ੍ਯਾ- ਜਿਸ ਦੇ ਪਾਸ ਜਾਕੇ ਪੜ੍ਹਿਆ ਜਾਵੇ. ਪੜ੍ਹਾਉਣ ਵਾਲਾ. ਵਿਦ੍ਯਾਗੁਰੂ. ਪਾਧਾ. ਮੁੱਦਰਿਸ. ਉਸਤਾਦ[18].

ਉਪਾਨ: ਇਮਾਰਤ ਦੀ ਕੁਰਸੀ। ੨. ਦੇਖੋ, ਉਪਾਯਨ.

---

[18] ਸ਼ੰਖ ਸਿਮ੍ਰਿਤ ਦੇ ਤੀਜੇ ਅਧ੍ਯਾਯ ਵਿੱਚ ਲਿਖਿਆ ਹੈ ਕਿ ਜੋ ਬ੍ਰਹਮਚਾਰੀ ਨੂੰ ਪੜ੍ਹਾਉਂਦਾ ਹੈ ਉਹ "ਗੁਰੂ" ਹੈ, ਅਤੇ ਜੋ ਧਨ ਲੈ ਕੇ ਵਿਦ੍ਯਾ ਦਿੰਦਾ ਹੈ ਉਹ "ਉਪਾਧ੍ਯਾਯ" ਹੈ.

ਉਪਾਨਹ, ਉਪਾਨਤ, ਉਪਾਨਯ, ਉਪਾਨੈ: ਸੰ. उपानह- उपानत. ਸੰਗਯਾ- ਜੁੱਤੀ. ਪਾਪੋਸ਼. ਖ਼ਾ. - ਚਰਨਾਦਾਸੀ "ਧਰਸੋ ਉਪਾਨਹ ਗੁਰੁ ਕੋ ਚੀਨ." (ਗੁਪ੍ਰਸੂ) "ਤਜੇ ਉਪਾਨਯ ਨੰਗੇ ਪਾਇ." (ਗੁਪ੍ਰਸੂ)

"ਦਾਸ ਉਪਾਨੈ ਲੈਕਰ ਧਾਏ." (ਗੁਪ੍ਰਸੂ)

ਉਪਾਮ: ਉਪਮਾ ਦਾ ਬਹੁ ਵਚਨ। ੨. ਸੰਗਯਾ- ਸ੍ਰਿਸ਼੍ਟਿ. ਮਖ਼ਲੂਕ਼ਾਤ. "ਸਭ ਗਾਵਤ ਜੇਤ ਉਪਾਮ" (ਬੈਰਾ ਮਃ ੪) ੩. ਸੰ. ਅਪਾਮ. ਵਿ- ਸਭ ਤੋਂ ਪਰੇ। ੪. ਅਤਿ ਦੂਰ.

ਉਪਾਯ: ਦੇਖੋ, ਉਪਾਉ.

ਉਪਾਯਉ: ਵਿ- ਉਤਪੰਨ ਕੀਤਾ. ਰਚਿਆ.

ਉਪਾਯਨ: ਸੰ. ਸੰਗਯਾ- ਭੇਟਾ. ਉਪਹਾਰ। ੨. ਮੁਲਾਕਾਤ.

ਉਪਾਰ: ਦੇਖੋ, ਉਪਾਰਨਾ.

ਉਪਾਰਜਨ, ਉਪਾਰਜਨਾ: ਸੰ. ਉਪਰਾਗਨ. ਕ੍ਰਿ- ਰੰਗਣਾ. ਚਿਤ੍ਰਨਾ। ੨. ਸਿੰਗਾਰਨਾ. "ਕੋਟਿ ਉਪਾਰਜਨਾ ਤੇਰੇ ਅੰਗ." (ਭੈਰ ਅਃ ਮਃ ੫) ੩. ਸੰ. ਉਪਾਜੰਨ. ਜਮਾ ਕਰਨਾ. "ਫਲਗੁਣਿ ਅਨੰਦ ਉਪਾਰਜਨਾ." (ਮਾਝ ਬਾਰਾਮਾਹਾ) ੪. ਉਪਾਜਿੰਤ. ਪੈਦਾ ਕੀਤੀ ਹੋਈ- ਸ੍ਰਿਸ਼੍ਟੀ. ਮਖ਼ਲੂਕ਼ਾਤ. "ਸਿਮਰੈ ਸਗਲ ਉਪਾਰਜਨਾ." (ਮਾਰੂ ਸੋਲਹੇ ਮਃ ੫) "ਜੇਤ ਕੀਨ ਉਪਾਰਜਨਾ ਪ੍ਰਭੁ ਦਾਨ ਦੇਇ ਦਤਾਰ." (ਮਾਲੀ ਮਃ ੫)

ਉਪਾਰਣ, ਉਪਾਰਨਾ: ਸੰ. उत्पाटन- ਉਤਪਾਟਨ. ਪੁੱਟਣਾ. ਉਖੇੜਨਾ. "ਮੂਲ ਵਿਕਾਰ ਉਪਾਰ." (ਗੁਪ੍ਰਸੂ) ੨. ਪਾੜਨਾ. ਚੀਰਨਾ। ੩. उपारण- ਉਪਾਰਣ. ਸੰਗਯਾ- ਅਪਰਾਧ. ਪਾਪ। ੪. पारण- ਪਾਰਣ. ਵ੍ਰਤ ਦੀ ਸਮਾਪਤੀ. ਦੇਖੋ, ਵ੍ਰਤ ਪਾਰਣ.

ਉਪਾਰਾ: ਵਿ- ਉਤਪਾਟਨ ਕੀਤਾ. ਪੁੱਟਿਆ।

੨. ਉਪਾਜਿੰਤ. ਰਚਿਆ. ਉਤਪੰਨ ਕੀਤਾ. ਬਣਾਇਆ.

"ਕਈ ਜੰਤ ਬਿਨਾਹਿ ਉਪਾਰਾ." (ਸੂਹੀ ਮਃ ੫)

"ਓਅੰਕਾਰ ਤੇ ਸ੍ਰਿਸਟਿ ਉਪਾਰਾ." (ਵਿਚਿਤ੍ਰ)

ਉਪਾਰੀ: ਵਿ- ਉਤਪੰਨ ਕੀਤੀ ਰਚੀ ਹੋਈ. "ਸਭ ਸੈ ਦੇ ਦਾਤਾਰੁ ਜੈਤੁ ਉਪਾਰੀਐ." (ਵਾਰ ਗੂਜ ੨. ਮਃ ੫) ਜਿਤਨੀ ਮਖ਼ਲੂਕ਼ਾਤ (ਸ੍ਰਿਸ਼੍ਟੀ) ਹੈ। ੨. ਉਤਪਾਟਨ ਕੀਤੀ. ਪੁੱਟੀ. ਉਖੇੜੀ. ਉਪਾੜੀ.

ਉਪਾਲੰਭ: ਸੰ. उपालम्भ. ਸੰਗਯਾ- ਉਲਾਂਭਾ. ਉਲਾਹਨਾ. ਗਿਲਾ.

ਉਪਾਵ: ਉਪਾਯ. ਦੇਖੋ, ਉਪਾਉ. "ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿਨਾਮ ਪਰਾਪਤਿ ਹੋਇ." (ਵਾਰ ਗੂਜ ੧. ਮਃ ੩) "ਉਪਾਵ ਛੋਡਿ ਗਹੁ ਤਿਸ ਕੀ ਓਟ." (ਗਉ ਮਃ ੫)

ਉਪਾਵਣ, ਉਪਾਵਣੁ: ਕ੍ਰਿ- ਉਤਪਾਦਨ. ਉਤਪੰਨ (ਪੈਦਾ) ਕਰਨਾ.

ਉਪਾਵਣੁਹਾਰ: ਵਿ- ਉਤਪੰਨ ਕਰਤਾ. ਪੈਦਾ ਕਰਨ ਵਾਲਾ. "ਆਪ ਉਪਾਵਣੁਹਾਰ." (ਵਾਰ ਗੂਜ ੨. ਮਃ ੫)

ਉਪਾਵਨ: ਦੇਖੋ, ਉਪਾਵਣ. "ਆਪਿ ਉਪਾਵਨ." (ਬਿਲਾ ਮਃ ੫)

ਉਪਾਵੀ: ਉਪਾਉ (ਜਤਨ) ਤੋਂ. ਉਪਾਵਾਂ ਕਰਕੇ. "ਅਨਿਕ ਉਪਾਵੀ ਰੋਗੁ ਨ ਜਾਇ." (ਸੁਖਮਨੀ)

ਉਪਾੜ: ਦੇਖੋ, ਉਪਾੜਨ.

ਉਪਾੜਨ: ਸੰ. उत्पाटन- ਉਤਪਾਟਨ. ਸੰਗਯਾ- ਪੁੱਟਣ ਦੀ ਕ੍ਰਿਯਾ. ਉਖੇੜਨਾ. "ਜੜ ਅਪਨੀ ਆਪਿ ਉਪਾੜੀ."

(ਮਾਝ ਮਃ ੫) ੨. ਚੀਰਨਾ. ਪਾੜਨਾ. "ਬਹੁੜ ਜਮ ਨ ਉਪਾੜਾ." (ਆਸਾ ਛੰਤ ਮਃ ੫)

ਉਪਾੜਿ: ਕ੍ਰਿ. ਵਿ- ਪਾੜਕੇ. ਚੀਰਕੇ. "ਭੈਆਨਰੂਪ ਨਿਕਸਿਆ ਥੰਮ ਉਪਾੜਿ." (ਭੈਰ ਮਃ ੩) ੨. ਪੁੱਟਕੇ. ਉਖੇੜਕੇ.

ਉਪਾੜੀ. ਦੇਖੋ, ਉਪਾੜਨ.

ਉਪਿੰਦ, ਉਪਿੰਦ੍ਰ: ਵਾਮਨ. ਦੇਖੋ, ਉਪੇਂਦ੍ਰ. "ਕਈ ਕੋਟਿ ਉਪਿੰਦ੍ਰ ਬਨਾਯ ਖਪਾਯੋ." (ਸਵੈਯੇ ੩੩)

ਉਪੇਕ੍ਸ਼ਾ, ਉਪੇਖ੍ਯਾ: ਸੰ. उपेक्षा. ਸੰਗਯਾ- ਉਪ- ਈਕ੍ਸ਼. ਤਿਆਗ। ੨. ਉਪਰਾਮਤਾ. ਬੇਪਰਵਾਹੀ. ਉਦਾਸੀਨਤਾ। ੩. ਨਿਰਾਦਰ. ਤਿਰਸਕਾਰ. "ਮੈਤ੍ਰੀ ਕਰੁਣਾ ਦਨਐ ਲਖੋ ਮੁਦਿਤਾ ਤੀਜੀ ਜਾਨ।

ਚਤੁਰ[19] ਉਪੇਖ੍ਯਾ ਜਿਸ ਬਿਖੈ ਸਨਮੁਖ ਸੋ ਪਹਿਚਾਨ."

(ਨਾਪ੍ਰ)

ਉਪੇਤਾਣਾ: ਵਿ- ਉਪਾਨਹ ਬਿਨਾ. ਪਾਦਤ੍ਰਾਣ ਰਹਿਤ. ਜਿਸ ਦੇ ਪੈਰੀਂ ਜੁੱਤੀ ਨਹੀਂ. "ਪਗ ਉਪੇਤਾਣਾ." (ਵਾਰ ਆਸਾ)

ਉਪੇਂਦ੍ਰ: ਸੰ. उपेन्द्र. (ਉਪ- ਇੰਦ੍ਰ) ਸੰਗਯਾ- ਅਦਿਤਿ ਦੇ ਉਦਰ ਤੋਂ ਕਸ਼੍ਯਪ ਦਾ ਪੁਤ੍ਰ, ਇੰਦ੍ਰ ਦਾ ਛੋਟਾ ਭਾਈ. ਵਾਮਨ ਅਵਤਾਰ.

ਉਪੈਯਾ: ਦੇਖੋ, ਉਪਈਆ.

ਉਪੋਦਘਾਤ: ਸੰ. उपोद्घात. (ਉਪ- ਉਦਘਾਤ) ਸੰਗਯਾ- ਪ੍ਰਸਤਾਵਨਾ. ਭੂਮਿਕਾ. ਦੀਬਾਚਾ. ਪੁਸਤਕ ਵਿੱਚ ਵਰਣਨ ਕੀਤੇ ਪਦਾਰਥਾਂ ਦਾ ਸੰਖੇਪ ਨਾਲ ਆਰੰਭ ਵਿੱਚ ਵਰਣਨ। ੨. ਸਾਮਾਨਯ ਕਥਨ ਤੋਂ ਭਿੰਨ, ਵਿਸ਼ੇਸ਼ ਵਸਤੁ ਦਾ ਵਰਣਨ ਕਰਨਾ.

ਉਪੰਗ: ਸੰ. उपाङ्ग- ਉਪਾਂਗ. (ਉਪ- ਅੰਗ) ਸੰਗਯਾ- ਅੰਗ ਦਾ ਭਾਗ. ਹੱਥ ਅੰਗ ਹੈ, ਉਂਗਲੀ ਉਪੰਗ ਹੈ। ੨. ਅੰਗ ਤੁੱਲ ਅੰਗ. ਬਨਾਉਟੀ ਅੰਗ। ੩. ਇੱਕ ਪ੍ਰਕਾਰ ਦਾ ਵਾਜਾ. ਨਸਤਰੰਗ. "ਝਾਲਰ ਤਾਲ ਮ੍ਰਿਦੰਗ ਉਪੰਗ." (ਚੰਡੀ ੧) ੪. ਉਧੋ (ਉੱਧਵ) ਦਾ ਪਿਤਾ.

ਉਪੰਨ, ਉਪੰਨਾ: ਸੰ. उतपन्न- ਉਤ੍ਪੰਨ. ਵਿ- ਪੈਦਾ ਹੋਇਆ ਜਨਮਿਆ. "ਆਪੇ ਆਪਿ ਉਪਾਇ ਉਪੰਨਾ." (ਮਾਰੂ ਸੋਲਹੇ ਮਃ ੩) "ਆਪਿ ਉਪੰਨਿਆ." (ਵਾਰ ਰਾਮ ੨, ਮਃ ੫) "ਚਉਥੈ ਪਿਆਰਿ ਉਪੰਨੀ ਖੇਡ." (ਵਾਰ ਮਾਝ ਮਃ ੧)

ਉੱਪਲ: ਖਤ੍ਰੀ ਵਰਣ ਦਾ ਇੱਕ ਗੋਤ੍ਰ. "ਗੱਜਣ ਉੱਪਲ ਸਤਿਗੁਰੁ ਭਾਵੈ." (ਭਾਗੁ)

ਉਫ਼: ਫ਼ਾ. اُف ਵਯ. ਸ਼ੋਕ ਅਤੇ ਦੁੱਖ ਬੋਧਕ ਸ਼ਬਦ ਆਹ ! ਓਹ ! ਹਾ ! ਸ਼ੋਕ !

ਉਫਟਨ: ਕ੍ਰਿ- ਫੁੱਟਕੇ ਬਾਹਰ ਆਉਣਾ. ਉਛਲਨਾ. "ਉਫਟੰਤ ਸ੍ਰੋਣਤ ਛਿੱਛਯੰ." (ਚੰਡੀ ੨) ਲਹੂ ਦੀਆਂ ਛਿੱਟਾਂ ਉਠਦੀਆਂ ਹਨ.

ਉਫਣਨਾ: ਕ੍ਰਿ- ਫੇਨ (ਝੱਗ) ਸਹਿਤ ਹੋਣਾ. ਖ਼ਮੀਰ ਉੱਠਣਾ। ੨. ਉਬਲਨਾ. ਜੋਸ਼ ਖਾਣਾ.

ਉਫ਼ਤਦ: ਫ਼ਾ. اُفتد ਗਿਰੇ. ਡਿੱਗੇ. ਦੇਖੋ ਉਫ਼ਤਾਦਨ.

ਉਫ਼ਤਾਦ: ਫ਼ਾ. اُفتاد ਡਿਗਿਆ. ਢਹਿਆ. ਦੇਖੋ. ਉਫ਼ਤਾਦਨ.

---

[19] ਚਤੁਰਥ, ਚੌਥਾ, ਚੌਥੀ.

ਉਫ਼ਤਾਦਹ: ਫ਼ਾ. افتادہ ਡਿਗਿਆ ਹੋਇਆ. ਪਤਿਤ ਦੇਖੋ, ਉਫ਼ਤਾਦਨ.

ਉਫ਼ਤਾਦਨ: ਫ਼ਾ. افتادن ਕ੍ਰਿ- ਡਿਗਣਾ. ਢਹਿਣਾ ੨. ਬਰਬਾਦ ਹੋਣਾ.

ਉਫਨਨਾ: ਦੇਖੋ, ਉਫਣਨਾ. "ਤੇਜ ਤਲੇ ਪਯ ਉਫਨਜੋ ਜੈਸਾ." (ਗੁਪ੍ਰਸੂ)

ਉਫਾਨ: ਸੰਗਯਾ- ਉਫਣਨ ਦੀ ਕ੍ਰਿਯਾ. ਝੱਗ ਦਾ ਉਠਾਨ. (ਉਤ- ਸ੍ਫਾਯ). ੨. ਉਬਾਲ. ਜੋਸ਼.

ਉਬਕ: ਅ਼. اَبّک ਅਬੱਕ. ਵਿ- ਮੋਟਾ. ਅਸਥੂਲ (ਸ੍ਥੂਲ. ) ੨. ਚਤੁਰ. ਹੋਸ਼ਿਆਰ. "ਬੱਜੇ ਉੱਬਕ." (ਚੰਡੀ ੨) ਚਤੁਰ ਯੋਧਾ ਆਪੋ ਵਿੱਚ ਭਿੜੇ.

ਉਬਕਾਈ: ਸੰਗਯਾ- ਉਦਵਮਨ. ਬੱਤ. ਮਤਲੀ. ਡਾਕੀ (ਵਮਨ) ਦਾ ਉਛਾਲ.

ਉਬਟ: ਸੰ. उद्वाट- ਉਦਵਾਟ. ਸੰਗਯਾ- ਵਿਖੜ ਰਾਹ. ਅਟਪਟਾ ਮਾਰਗ. ਔਖੀ ਘਾਟੀ. "ਉਬਟ ਚਲੰਤੇ ਇਹੁ ਮਦੁ ਪਾਇਆ." (ਕੇਦਾ ਕਬੀਰ) ਦੇਖੋ, ਖੋਂਦ.

ਉਬਟਨਾ: ਸੰ. उद्वर्त्तन- ਉਦਵਰਤੰਨ ਸੰਗਯਾ- ਬਟਣਾ. ਸਰ੍ਹੋਂ, ਤਿਲ, ਚੰਦਨ, ਚਰੌਂਜੀ ਆਦਿਕ ਪਦਾਰਥਾਂ ਦਾ ਬਣਾਇਆ ਲੇਪ, ਜੋ ਸ਼ਰੀਰ ਤੇ ਮਲਕੇ ਇਸਨਾਨ ਕਰੀਦਾ ਹੈ. ਇਸ ਤੋਂ ਚਮੜਾ ਸਾਫ ਨਰਮ ਅਤੇ ਸੁਗੰਧ ਵਾਲਾ ਹੋ ਜਾਂਦਾ ਹੈ।

ਉਬਟਾਨਾ: ਕ੍ਰਿ- ਉਬਟ (ਵਿਖੜੇ ਰਸਤੇ) ਪਾਉਣਾ। ੨. ਪਿੱਛੇ ਮੋੜਨਾ. ਪਰਤਨਾ। ੩. ਦੇਖੋ, ਔਟਾਉਣਾ.

ਉਬਰ: ਉਬਾਰ. ਉੱਧਾਰ. ਨਿਸਤਾਰ. ਦੇਖੋ, ਉਆਹਿ ਅਤੇ ਉਬਰਣ.

ਉਬਰਣ, ਉਬਰਨ: ਸੰ. उद्धरण- ਉੱਧਰਣ. ਸੰਗਯਾ- ਉੱਪਰ ਆਉਣ ਦੀ ਕ੍ਰਿਯਾ। ੨. ਬੁਰੀ ਹਾਲਤ ਤੋਂ ਅੱਛੀ ਦਸ਼ਾ ਵਿੱਚ ਹੋਣਾ। ੩. ਮੁਕਤਿ ਪਾਉਣੀ. "ਉਬਰਤ ਰਾਜਾ ਰਾਮ ਕੀ ਸਰਣੀ." (ਗਉ ਮਃ ੫)

ਉਬਲਨਾ: ਕ੍ਰਿ- ਉਦ- ਵਲਨ. ਉੱਪਰ ਵੱਲ ਜਾਣਾ. ਅਗਨੀ ਦੇ ਤਾਉ ਕਰਕੇ ਉੱਪਰ ਉੱਠਣਾ। ੨. ਰਿੱਝਣਾ. "ਜਿਉਂ ਉਬਲੀ ਮਜੀਠੈ ਰੰਗ ਗਹਗਹਾ." (ਵਾਰ ਗਉ ੧. ਮਃ ੩) ੩. ਉਮਡਣਾ.

ਉਬਾਸੀ: ਸੰਗਯਾ- ਜੰਭਾਈ. ਉਵਾਸ ਲੈਣਾ. ਅਵਾਸੀ. ਕਿਤਨਿਆਂ ਦਾ ਖਿਆਲ ਹੈ ਕਿ ਇਸ ਸ਼ਬਦ ਦਾ ਮੂਲ ਅ਼. عبس ਅ਼ਬਸ ਹੈ, ਜਿਸ ਦਾ ਅਰਥ ਹੈ ਤਿਉੜੀ ਪਾਉਣੀ. ਦੇਖੋ, ਅਵਾਸੀ.

ਉਬਾਹਣਾ: ਉੱਪੇਤਾਣਾ. ਜਿਸ ਦੇ ਪੈਰੀਂ ਜੁੱਤੀ ਨਹੀਂ। ੨. ਵਾਹਨ (ਅਸਵਾਰੀ) ਬਿਨਾ.

ਉਬਾਚ: ਦੇਖੋ, ਉਵਾਚ.

ਉਬਾਰਣਾ, ਉਬਾਰਨ: ਸੰ. उद्धारण- ਉੱਧਾਰਣ. ਕ੍ਰਿ- ਉਭਾਰਨਾ. ਉਠਾਉਣਾ। ੨. ਮੁਕਤ ਕਰਨਾ। ੩. ਬਚਾਉਣਾ. ਰਖ੍ਯਾ ਕਰਨੀ. "ਦ੍ਰੋਪਦੀ ਅੰਬਰ ਲੇਤ ਉਬਾਰੀਅਲੇ." (ਮਾਲੀ ਨਾਮਦੇਵ) "ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ." (ਗਉ ਅਃ ਮਃ ੫) ੪. ਉਬਾਲਨਾ. ਔਟਾਨਾ. "ਕਹਿ ਚਾਕਰ ਸੋਂ ਦੇਗ ਉਬਾਰੀ." (ਗੁਪ੍ਰਸੂ)

ਉਬਾਰਿਅਨੁ: ਉਸ ਨੇ ਬਚਾਲਏ. "ਆਪਿ ਉਬਾਰਿਅਨੁ." (ਵਾਰ ਗੂਜ ੨. ਮਃ ੫)

ਉਬਾਰੇ ਖ਼ਾਨ: ਅ਼ਬਦੁਲ ਰਹ਼ਿਮਾਨ ਖ਼ਾਨ. ਸਤਿਗੁਰੂ ਨਾਨਕ ਦੇਵ ਦਾ ਮੁਰੀਦ, ਜੋ ਗੁਰੁਸਿਖ੍ਯਾ ਧਾਰਕੇ ਕਰਤਾਰਪੁਰ ਵਿੱਚ ਸੰਗਤਿ ਦੀ ਸੇਵਾ ਕਰਦਾ ਰਿਹਾ, ਅਰ ਗੁਰੁਮੁਖਾਂ ਵਿੱਚ ਗਿਣਿਆ ਗਿਆ. ਦੇਖੋ, ਜਨਮ- ਸਾਖੀ ਭਾਈ ਬਾਲੇ ਵਾਲੀ.

ਉਬਾਲਣਾ, ਉਬਾਲਨਾ: ਕ੍ਰਿ- ਜੋਸ਼ ਦੇਣਾ. ਔਟਾਣਾ. ਰਿੰਨ੍ਹਣਾ. ਦੇਖੋ, ਉਬਲਨਾ.

ਉਬੇਦ ਬੇਗ: عُبید بیگ ਇਸ ਨੂੰ ਸਨ ੧੭੬੧ ਵਿੱਚ ਅ਼ਹਮਦ ਸ਼ਾਹ ਦੁੱਰਾਨੀ ਨੇ ਕੁਝ ਸਮੇਂ ਲਈ ਲਹੌਰ ਦਾ ਸੂਬਾ ਥਾਪ ਦਿੱਤਾ ਸੀ.

ਅਸਲ ਵਿੱਚ ਇਹ ਬਾਦਸ਼ਾਹ ਦਿੱਲੀ ਵੱਲੋਂ ਕਲਾਨੌਰ (ਗੁਰਦਾਸਪੁਰ) ਦਾ ਹ਼ਾਕਿਮ ਸੀ. ਇਸ ਨੇ ਚੰਬੇ ਦੇ ਰਾਜਾ ਚਤੁਰ ਸਿੰਘ, ਗੁਲੇਰ ਦੇ ਰਾਜਾ ਰਾਜ ਸਿੰਘ, ਬਸੋਲੀ ਦੇ ਰਾਜਾ ਧੀਰਜ ਪਾਲ ਅਤੇ ਜੰਮੂ ਦੇ ਰਾਜਾ ਕ੍ਰਿਪਾਲਦੇਉ ਨਾਲ ਜੰਗ ਕਰਕੇ ਭਾਰੀ ਹਾਰ ਖਾਧੀ ਸੀ.

ਉਬੇਰਾਇ, ਉਬੈਦ ਖ਼ਾਨ, ਉਬੈਦ ਬੇਗ: ਸੰਗਯਾ- ਖਤ੍ਰੀਆਂ ਦੀ ਇੱਕ ਜਾਤਿ. ਦੇਖੋ, ਉਬੇਦ ਬੇਗ.

ਉਭ: ਵਿ- ਉੱਥਿਤ. ਖੜਾ। ੨. ਕ੍ਰਿ. ਵਿ- ਉਤਾਹਾਂ. ਉੱਪਰ. "ਪਿੰਧੀ ਉਭ ਕਲੇ ਸੰਸਾਰਾ." (ਧਨਾ ਨਾਮਦੇਵ) ਦੇਖੋ, ਕਲੇ ਅਤੇ ਪਿੰਧੀ. ੩. ਸੰ. उभ. ਦੋਵੇਂ ਦੋਨੋ. ਉਭਯ। ੪. ਸੰ. उभ् ਧਾ- ਭਰਨਾ. ਪੂਰਣ ਕਰਨਾ। ੫. ਸਿੰਧੀ. ਸੰਗ੍ਯਾ- ਅਕਾਸ. ਗਗਨ.

ਉਭਇ: ਦੇਖੋ. ਉਭਯ.

ਉਭਸੁਕ: ਵਿ- ਖੜਸੁਕ. ਓਹ ਦਰਖ਼ਤ ਜੋ ਕੱਟਣ ਤੋਂ ਪਹਿਲਾਂ ਖੜਾ ਹੀ ਖੁਸ਼ਕ ਹੋ ਗਿਆ ਹੈ. ਭਾਵ- ਜੀਵਨ ਦਸ਼ਾ ਵਿੱਚ ਮੁਰਦਾ. "ਭਰਮ ਸੂਕੇ ਬਹੁ ਉਭਸੁਕ ਕਹੀਅਹਿ." (ਕਲਿ ਅਃ ਮਃ ੪)

ਉਭਕਲੇ: ਦੇਖੋ. ਉਭ, ਕਲੇ ਅਤੇ ਪਿੰਧੀ.

ਉਭਯ: ਸੰ. ਕ੍ਰਿ. ਵਿ- ਦੋਵੇਂ ਦੋਨੋਂ.

ਉਭਯਤ੍ਰ: ਸੰ. ਕ੍ਰਿ. ਵਿ- ਦੋਹੀਂ ਪਾਸੀਂ. ਦੋਹੀਂ ਥਾਂਈਂ। ੨. ਭਾਵ ਦੋਹਾਂ ਲੋਕਾਂ ਵਿੱਚ.

ਉਭਯਾਲੰਕਾਰ: ਸੰਗ੍ਯਾ- ਦੋ ਅਥਵਾ ਕਈ ਅਲੰਕਾਰ ਜੇ ਇੱਕ ਥਾਂ ਪਾਏਜਾਣ, ਤਦ "ਉਭਯਾਲੰਕਾਰ" ਸੰਗ੍ਯਾ ਹੁੰਦੀ ਹੈ ਚਾਹੇ ਇਹ ਸ਼ਬਦਾਲੰਕਾਰ ਹੋਣ, ਭਾਵੇਂ ਅਰਥਾਲੰਕਾਰ. ਉਭਯਾਲੰਕਾਰ ਦੇ ਦੋ ਮੁੱਖ ਭੇਦ ਹਨ, ਸੰਸ੍ਰਿਸ਼੍ਟਿ ਅਤੇ ਸੰਕਰ.

(ੳ) ਜੇ ਅਨੇਕ ਅਲੰਕਾਰ ਮਿਲੇ ਹੋਏ ਭੀ ਜੁਦੇ ਭਾਸਣ, ਤਦ "ਸੰਸ੍ਰਿਸ਼੍ਟਿ" ਭੇਦ ਹੈ.

ਅਲੰਕਾਰ ਇਕ ਥਲ ਬਹੁਤ ਜੁਦੇ ਜੁਦੇ ਲਖ ਜਾਂਹਿ,

ਤਿਲ ਤੰਦੁਲ ਕੀ ਰੀਤਿ ਸੋਂ ਸੰਸ੍ਰਿਸ਼੍ਟੀ ਕਹਿ ਤਾਂਹਿ.

(ਗਰਬਗੰਜਨੀ)

(ਅ) ਜੇ ਮਿਲੇ ਹੋਏ ਵੱਖਰੇ ਪ੍ਰਤੀਤ ਨਾ ਹੋਣ, ਤਦ "ਸੰਕਰ" ਭੇਦ ਹੈ.

ਪਯ ਪਾਨੀ ਕੀ ਰੀਤਿ ਕਰ ਹੋਂਯ ਪਰਸਪਰ ਲੀਨ,

ਤਾਂਕੋ ਸੰਕਰ ਨਾਮ ਹੈ ਭਾਖਤ ਪਰਮ ਪ੍ਰਬੀਨ.

(ਕਾਵ੍ਯਪ੍ਰਭਾਕਰ)

ਉਭਰਣ, ਉਭਰਣਾ, ਉਭਰਨਾ: ਸੰ. ਉੱਧਰਣ. उत्- हरण. ਕ੍ਰਿ- ਉੱਪਰ ਵੱਲ ਲੈ ਜਾਣਾ. ਉੱਪਰ ਉੱਠਣਾ. ਉੱਚਾ ਹੋਣਾ। ੨. ਭੜਕਨਾ। ੩. ਉਨੱਤ (ਉੱਚਾ) ਹੋਣਾ.

ਉਭਾ: ਮੁਲਤਾਨ, ਡੇਰਾ ਗ਼ਾਜ਼ੀਖ਼ਾਨ ਅਤੇ ਉਸ ਦੇ ਨਾਲ ਲਗਦੇ ਰਿਆਸਤ ਬਹਾਵਲਪੁਰ ਦੇ ਇਲਾਕੇ ਦੀ ਸੰਗ੍ਯਾ। ੨. ਦੇਖੋ, ਉਭ ਅਤੇ ਉਭਯ.

ਉਭਾਰਣਾ, ਉਭਾਰਨਾ: ਕ੍ਰਿ- ਉੱਚਾ ਕਰਨਾ. ਉਠਾਉਣਾ। ੨. ਭੜਕਾਉਣਾ। ੩. ਉੱਚੀ ਪਦਵੀ ਤੇ ਪਹੁਚਾਉਣਾ.

ਉਭੇ: ਦੇਖੋ, ਉਭਯ. "ਹਰਖ ਸੋਕ ਉਭੇ ਦਰਬਾਰ." (ਗਉ ਅਃ ਮਃ ੧) ੨. ਦੇਖੋ, ਊਭੇ.

ਉਭੇਸਾਸ, ਉਭੇਸਾਹ: ਸੰ. उर्द्ध्वश्वास्- ਊਰ੍ਧ੍ਵਸ਼੍ਵਾਸ. ਸੰਗ੍ਯਾ- ਖਿੱਚਵਾਂ ਸਾਹ. ਸ਼ੋਕ ਦੇ ਕਾਰਣ ਫਿਫੜੇ ਦੇ ਸੰਕੋਚ ਅਥਵਾ

ਬਲਗ਼ਮ ਦੀ ਅਧਿਕਤਾ ਕਰਕੇ ਸਾਹ ਦਾ ਖਿੱਚਵਾਂ ਆਉਣਾ. "ਮੁਹ ਕਾਲਾ ਹੋਇਆ ਅੰਦਰਿ ਉਭੇਸਾਸ." (ਵਾਰ ਸੋਰ ਮਃ ੩) "ਨਾਵੇਂ ਧਉਲੇ ਉਭੇਸਾਹ." (ਵਾਰ ਮਾਝ ਮਃ ੧) ੨. ਹਾਹੁਕੇ. ਠੰਢੇ ਸਾਹ.

ਉਭੈ: ਦੇਖੋ, ਉਭਯ.

ਉਮਈ: ਵਿ- ਉਮਾਹ (ਉਮੰਗ) ਸਹਿਤ. ਉਤਸਾਹ ਸਹਿਤ. ਸ਼ੌਕ ਨਾਲ. "ਮਨ ਮੇ ਅਤਿ ਹੀ ਉਮਈ."

(ਕ੍ਰਿਸਨਾਵ)

ਉਮਹ, ਉਮਹਾ: ਦੇਖੋ, ਉਮਾਹ. "ਸਭ ਉਮਹਾਈ ਦੇਖਬੇ ਕੋ ਵਧੂ ਲਾਲ ਕੋ." (ਗੁਪ੍ਰਸੂ)

ਉਮਕ: ਸੰਗਯਾ- ਉਮੰਗ. ਉਤਸਾਹ. ਆਨੰਦ ਦੀ ਲਹਿਰ. ਖੁਸ਼ੀ ਦਾ ਉਛਾਲਾ. "ਮਨ ਨ ਰਹੈ ਬਹੁ ਬਿਧਿ ਉਮਕਾਈ." (ਸਾਰ ਮਃ ੫) ੨. ਅ਼. عُمق ਉ਼ਮਕ਼. ਗਹਿਰਾਈ. ਡੂੰਘਿਆਈ. ਗੰਭੀਰਤਾ.

ਉਮਕਨਾ: ਦੇਖੋ, ਉਮਗਣਾ.

ਉਮਕਿਓ, ਉਮਕਿਤ: ਉਮੰਗ ਸਹਿਤ ਹੋਇਆ. ਦੇਖੋ, ਉਮਕ. "ਉਮਕਿਓ ਹੀਉ ਮਿਲਨ ਪ੍ਰਭੁ ਤਾਈ." (ਸੂਹੀ ਮਃ ੫) "ਉਮਕਿਤ ਰਸ ਚਾਲੈ." (ਮਲਾ ਪੜਤਾਲ ਮਃ ੫)

ਉਮਗ: ਦੇਖੋ, ਉਮਕ ਅਤੇ ਉਮੰਗ.

ਉਮਗਣਾ: ਕ੍ਰਿ- ਉਮੰਗ ਸਹਿਤ ਹੋਣਾ. ੨. ਉਛਲਨਾ.

ਉਮਡਨਾ: ਕ੍ਰਿ- ਉਮੰਗ ਸਹਿਤ ਹੋਣਾ. ੨. ਉਛਲਨਾ। ੩. ਉੱਪਰ ਉੱਠਣਾ। ੪. ਫੈਲਨਾ। ੫. ਚਾਰੇ ਪਾਸਿਓਂ ਘੇਰਨਾ.

ਉਮਤ, ਉਮਤਿ: ਅ਼. اُمّت ਉੱਮਤ. ਸੰਗਯਾ- ਕ਼ੌਮ. ਜਾਤਿ। ੨. ਸੰਪ੍ਰਦਾਯ. ਉਪਦੇਸ਼ ਅੰਗੀਕਾਰ ਕਰਨ ਵਾਲੀ ਜਮਾਤ. "ਦਰਿ ਸੇਵੈ ਉਮਤਿ ਖੜੀ." (ਵਾਰ ਰਾਮ ੩)

ਉਮਦਹ, ਉਮਦਾ: ਅ਼. عُمدہ. ਉਮਦਹ. ਵਿ- ਉੱਤਮ. ਸ਼੍ਰੇਸ਼੍ਠ। ੨. ਹੱਛਾ. ਚੰਗਾ। ੩. ਚੁਣਿਆ ਹੋਇਆ। ੪. ਸੁੰਦਰ.

ਉਮਨਾ: ਦੇਖੋ, ਉਨਮਨਾ. "ਅਬ ਜਗ ਜਾਨਿ ਜੁ ਉਮਨਾ ਰਹੈ." (ਗਉ ਬਾਵਨ ਕਬੀਰ)

ਉਮਰ: ਅ਼. عُمر. ਉਮ੍ਰ. ਸੰਗਯਾ- ਅਵਸਥਾ. ਆਯੁ. ਜੀਵਨ ਦੀ ਹਾਲਤ ਅਤੇ ਉਸ ਦੀ ਅਵਧਿ (ਮਿਆਦ). ਚਰਕ ਸੰਹਿਤਾ ਵਿੱਚ ਲਿਖਿਆ ਹੈ ਕਿ ਸ਼ਰੀਰ, ਇੰਦ੍ਰੀਆਂ, ਮਨ ਅਤੇ ਆਤਮਾ ਇਨ੍ਹਾਂ ਚੌਹਾਂ ਦੇ ਸੰਜੋਗ ਦੀ ਦਸ਼ਾ "ਆਯੁ" ਉਮਰ ਹੈ.

ਵੇਦਾਂ ਵਿੱਚ ਆਦਮੀ ਦੀ ਉਮਰ ਸੋ ਵਰ੍ਹਾ[20] ਮਨੁ ਨੇ ਚਾਰ ਸੋ (੪੦੦) ਵਰ੍ਹਾ ਸਤਜੁਗ ਦੀ, ਅਤੇ ਸੌ ਸੌ ਵਰ੍ਹਾ ਘਟਾਕੇ, ਕਲਿਜੁਗ ਦੀ ਸੌ ਵਰ੍ਹਾ ਲਿਖੀ ਹੈ[21] ਪੁਰਾਣਾਂ ਵਿੱਚ ਹਜਾਰਾਂ ਅਤੇ ਲੱਖਾਂ ਵਰ੍ਹਿਆਂ ਦੀ ਲਿਖੀ ਹੈ. "ਜੋ ਜੋ ਵੰਞੈ ਡੀਹੜਾ ਸੁ ਉਮਰ ਹਥ ਪਵੰਨਿ." (ਸ. ਫਰੀਦ) ਦੇਖੋ, ਉਮਰ ਹਥ ਪਵੰਨਿ." (ਸ. ਫਰੀਦ) ਦੇਖੋ, ਉਮਰ ਹਥ ਪਵੰਨਿ। ੨. ਦੇਖੋ, ਉਮਰ ਖਿਤਾਬ ਅਤੇ ਖਲੀਫਾ.

---

[20] शात जीव शारदो वधमोनः (ਰਿਗਵੇਦ)

[21] श्ररोगाः सवे सिद्धायों श्रतुवेर्ष शतायुपः।
कृत त्रैनादिधु ह्मषामायुहेसति पादशः।
(ਮਨੁਸਿਮ੍ਰਿਤਿ ਅਃ ੧, ਸ਼ਃ ੮੩)
ਸ਼ਬਦਮਾਲਾ ਵਿੱਚ ਲਿਖਿਆ ਹੈ ਕਿ ਆਦਮੀ ਅਤੇ ਹਾਥੀ ਦੀ ਉਮਰ ੧੨੦ ਵਰ੍ਹੇ ੫. ਦਿਨ ਘੋੜੇ ਦੀ ੩੨. ਕੁੱਤੇ ਦੀ ੧੨. ਗਧੇ ਅਤੇ ਉੱਠ ਦੀ ੨੫. ਬੈਲ ਅਤੇ ਝੋਟੇ ਦੀ ੨੪. ਬੱਕਰੇ ਦੀ ੧੬. ਵਰ੍ਹੇ ਹੈ. ਅੱਜਕਲ ਦੇ ਵਿਦਵਾਨਾਂ ਨੇ ਜੋ ਉਮਰ ਦਾ ਨਿਰਣਾ ਕੀਤਾ ਹੈ, ਉਸ ਬਾਬਤ ਵੇਖੋ, ਇਨਸਾਈਕਲੋ ਪੀਡੀਆ ਬ੍ਰਿਟੈਨਿਕ ਦਾ ਸ਼ਬਦ Longevity.

ਉਮਰਸ਼ਾਹ: ਡਰੋਲੀ ਨਿਵਾਸੀ ਸੰਘਾ ਗੋਤ ਦਾ ਜੱਟ ਮਸੰਦ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਆਗਜਾ ਨਾਲ ਹਰਿਮੰਦਰ ਦੀ ਚਿਣਵਾਈ ਵੇਲੇ ਪ੍ਰੇਮ ਨਾਲ ਸੇਵਾ ਕਰਦਾ ਸੀ. ਇਹ ਪੂਜਾ ਦੇ ਧਨ ਨੂੰ ਵਿਹੁ ਜਾਣਦਾ ਸੀ।

ਇਸਦਾ ਪੁਤ੍ਰ ਨੰਦਚੰਦ ਦਸ਼ਮੇਸ਼ ਜੀ ਦਾ ਦੀਵਾਨ ਹੋਇਆ ਹੈ. ਦੇਖੋ, ਨੰਦਚੰਦ.

ਉਮਰ ਹਥ ਪਵੰਨਿ: ਸਿੰਧੀ. ਵਾ. ਅਵਸਥਾ ਦੇ ਦਿਨ ਘਟ ਰਹੇ ਹਨ, ਭਾਵ ਕਟੀਂਦੇ ਹਨ. ਜਿਵੇਂ- ਖੇਤ ਨੂੰ ਹੱਥ ਪੈਂਦਾ ਹੈ (ਵਾਢੀ ਹੋਂਦੀ ਹੈ). "ਜੋ ਜੋ ਵੰਞੈ ਡੀਹੜਾ ਸੁ ਉਮਰ ਹਥ ਪਵੰਨਿ." ਇਹ ਵਜੰਗ ਵਾਕ ਹੈ, ਜੈਸੇ ਮਾਰਨ ਲਈ ਆਖਣਾ ਵਡੀ ਉਮਰ ਕਰੋ. ਦੀਵੇ ਬੁਝਾਉਣ ਨੂੰ ਆਖਣਾ ਵਡਾ ਕਰੋ ਆਦਿ.

ਉਮਰਖਤਾਬ, ਉਮਰਖਿਤਾਬ: عمربن خطّاب ਉਮਰ ਬਿਨ ਖ਼ੱਤ਼ਾਬ. ਖ਼ੱਤਾਬ ਦਾ ਪੁਤ੍ਰ ਖ਼ਲੀਫ਼ਾ. ਉੱਮਰ. ਇਹ ਮੁਹੰਮਦ ਸਾਹਿਬ ਦੀ ਤੀਜੀ ਇਸਤ੍ਰੀ "ਹ਼ਫ਼ਸਾ" ਦਾ ਪਿਤਾ ਸੀ. ਅਬੂਬਕਰ ਪਿੱਛੋਂ ਉਮਰ ਦੂਜਾ ਖ਼ਲੀਫ਼ਾ. ਸਨ ੧੩. ਹਿਜਰੀ ਵਿੱਚ ਮੁਕੱਰਿਰ ਹੋਇਆ ਅਤੇ ਸਨ ੨੩ ਹਿਜਰੀ (੬੪੪ ਈਸਵੀ) ਵਿੱਚ ਫ਼ਿਰੋਜ਼ ਗੁਲਾਮ ਦੇ ਹੱਥੋਂ ਖੰਜਰ ਨਾਲ ਮਾਰਿਆ ਗਿਆ. ਇਸ ਖ਼ਲੀਫ਼ੇ ਦੇ ਸਮੇਂ ਮੁਸਲਮਾਨਾਂ ਨੇ ਮਿਸਰ ਅਤੇ ਉੱਤਰੀ ਅਫਰੀਕਾ ਨੂੰ ਫਤੇ ਕਰ ਲਿਆ ਸੀ। ਇਸ ਨੇ ਹੱਦੋਂ ਵਧਕੇ ਇਸਲਾਮ ਦਾ ਪ੍ਰਚਾਰ ਕੀਤਾ. "ਕੀਨੋ ਉਮਰਖਿਤਾਬ ਜਸੋਂ ਆਜ ਹਮਾਰੋ ਨਜਾਉਂ." (ਚਰਿਤ੍ਰ ੩੮)

ਉਮਰ ਖ਼ਲੀਫ਼ਾ ਦੇ ਨਿਆਉਂ ਦੀ ਕਈ ਕਹਾਣੀਆਂ ਹਨ, "ਅਲਫ਼ਾਰੂਕ" ਵਿੱਚ ਲਿਖਿਆਹੈ ਕਿ ਉਮਰ ਨੇ ਨੇਮ ਥਾਪਿਆ ਸੀ ਕਿ ਜੋ ਸ਼ਰਾਬ ਪੀਵੇ, ਉਸ ਦੇ ਅੱਸੀ ਕੋਰੜੇ ਲਾਏ ਜਾਣ. ਇੱਕ ਦਿਨ ਖ਼ਲੀਫ਼ਾ. ਦੇ ਪੁਤ੍ਰ ਅਬੂਸ਼ਾਮਹ ਨੇ ਸ਼ਰਾਬ ਪੀ ਲਈ, ਜਿਸ ਤੋਂ ਉਮਰ ਨੇ ਆਪਣੇ ਹੱਥੀਂ ਜ਼ੋਰ ਦੇ ਕੋਰੜੇ ਮਾਰੇ, ਅਤੇ ਉਸ ਦਾ ਪੁਤ੍ਰ ਮਰ ਗਿਆ. "ਉਮਰ- ਖਿਤਾਬ ਅਦਾਲਤੀ ਬੇਟਾ ਮਰਵਾਇਆ. " (ਜੰਗਨਾਮਾ)[22]

ਉਮਰਥਲ: ਮਰਮਸ੍ਥਲ ਦਾ ਆਮਯ. ਸੰ. अन्तरविद्रधि- ਅੰਤਰਵਿਦ੍ਰਧਿ. ਅੰਤੜੀ ਦਾ ਫੋੜਾ. ਅੰਦਰ ਦਾ ਫੋੜਾ. ਖਾਣ ਪੀਣ ਦਾ ਸੰਜਮ ਨਾ ਕਰਨ ਤੋਂ, ਸ਼ਰਾਬ ਆਦਿਕ ਨਸ਼ਿਆਂ ਦੇ ਸੇਵਨ ਤੋਂ ਸ਼ਰੀਰ ਦੇ ਖਿਲਤ ਵਿਗੜ ਜਾਂਦੇ ਹਨ, ਜਿਸ ਤੋਂ ਲਹੂ ਵਿੱਚ ਵਿਕਾਰ ਹੋਕੇ ਅੰਦਰਲੇ ਅੰਗਾਂ ਦੀਆਂ ਗਿਲਟੀਆਂ ਵਿੱਚਸੋਜ ਪੈਦਾ ਹੋ ਜਾਂਦੀ ਹੈ. ਇਹ ਸੋਜ ਫੋੜਾ ਬਣਕੇ ਭਾਰੀ ਦੁਖ ਦਿੰਦੀ ਹੈ. ਹੌਲੀ ਹੌਲੀ ਪੀਪ ਪੈ ਜਾਂਦੀ ਹੈ. ਇਹ ਵਿਦ੍ਰਧਿ ਮੇਦੇ, ਨਾਭੀ, ਪੇਡੂ, ਜਿਗਰ, ਗੁਰਦੇ, ਤਿੱਲੀ ਆਦਿ ਵਿੱਚ ਹੋ ਕੇ ਭਾਰੀ ਦੁੱਖ ਦਿੰਦੀ ਹੈ. ਹਰ ਵੇਲੇ ਚੀਸ ਪੈਂਦੀ ਹੈ. ਨੀਂਦ ਨਹੀਂ ਆਉਂਦੀ.

ਇਸ ਦਾ ਸਭ ਤੋਂ ਚੰਗਾ ਉਪਾਉ ਇਹ ਹੈ ਕਿ ਸਿਆਣੇ ਡਾਕਟਰ ਤੋਂ ਫੋੜਾ ਚਿਰਵਾਇਆ ਜਾਵੇ ਅਤੇ ਲਹੂ ਸਾਫ ਕਰਨ ਵਾਲੀ ਅਤੇ ਕਬਜ਼ਕੁਸ਼ਾ ਦਵਾ ਵਰਤੀ ਜਾਵੇ. ਗਿਜਾ ਹਲਕੀ ਅਤੇ ਤਾਕਤ ਦੇਣਵਾਲੀ ਦੇਣੀ ਚਾਹੀਏ. ਹਰੜ ਅਤੇ ਸੁਹਾਂਜਣੇ ਦਾ ਰਸ ਪੀਣਾ ਬਹੁਤ ਗੁਣਕਾਰੀ ਹੈ. "ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ." (ਵਾਰ ਗਉ ੧. ਮਃ ੪)

ਇਸ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਉਮਰਥਲ ਦੀ ਚੀਸ ਨੂੰ ਰੋਗੀ ਹੀ ਜਾਣਦਾ ਹੈ, ਇਸੇ ਤਰ੍ਹਾਂ ਜਿਨ੍ਹਾਂ ਅੰਦਰ ਵਿਰਹ ਦੀ ਪੀੜ ਹੈ, ਉਸਨੂੰ ਵਿਰਹੀ ਹੀ ਅਨੁਭਵ ਕਰਦਾ ਹੈ.

ਉਮਰਾ, ਉਮਰਾਉ, ਉਮਰਾਇ, ਉਮਰਾਯ, ਉਮਰਾਵ, ਉਮਰੀਆ, ਉਮਰੇ: ਅ਼ امرا ਅਮੀਰ ਦਾ ਬਹੁ ਵਚਨ. "ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ" (ਵਾਰ ਬਿਲਾ ਮਃ ੪) ੨. ਰਾਜ ਦਾ ਪ੍ਰਬੰਧ ਕਰਨ ਵਾਲੇ ਵਜੀਰ ਅਦਾਲਤੀ ਆਦਿ. "ਉਮਰਾਵਹੁ ਆਗੇ ਝੇਰਾ." (ਸੋਰ ਮਃ ੫) "ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚ." (ਸ੍ਰੀ ਅਃ ਮਃ ੧) ੩. ਖਤ੍ਰੀਆਂ ਦੀ ਇੱਕ ਜਾਤਿ.

ਉਮਲ: ਵਿ- ਉਮੰਗ ਸਹਿਤ. ਉਤਸਾਹਿਤ. "ਉਮਲ ਲਥੇ ਜੋਧੇ ਮਾਰੂ ਵਜਿਆ." (ਚੰਡੀ ੩)

ਉਮਾ: ਸੰ. ਸੰਗਜਾ- ਪ੍ਰਭਾ. ਰੌਸ਼ਨੀ। ੨. ਸ਼ਿਵ ਦੀ ਇਸਤ੍ਰੀ. ਸ਼ਿਵਾ. ਪਾਰਵਤੀ. "ਕੁਮਾਰਸੰਭਵ" ਵਿੱਚ ਕਵਿ ਕਾਲੀ ਦਾਸ ਨੇ

---

[22] ਇਹ ੩੨ ਪੌੜੀਆਂ ਦੀ ਰਚਨਾ ਕਿਸੇ ਪ੍ਰੇਮੀ ਦੀ ਹੈ. ਇਸ ਨੂੰ "ਵਾਰ ਗੁਰੂ ਗੋਬਿੰਦ ਸਿੰਘ ਜੀ" ਭੀ ਲਿਖਿਆ ਹੈ. ਇਸ ਵਿੱਚ ਸ਼ਾਹਜ਼ਾਦੀ ਜੇਬੁਨਿਸਾ ਨਾਲ ਬਾਦਸ਼ਾਹ ਔਰੰਗਜ਼ੇਬ ਦਾ ਸਵਾਲ ਜਵਾਬ ਅਤੇ ਪਾਂਵਟੇ ਦੇ ਯੁੱਧ ਦਾ ਪ੍ਰਸੰਗ ਹੈ.

ਲਿਖਿਆ ਹੈ ਕਿ ਪਾਰਵਤੀ ਦੀ ਮਾਤਾ ਮੇਨਕਾ ਨੇ ਪੁਤ੍ਰੀ ਨੂੰ ਆਖਿਆ ਉ (ਘੋਰ ਤਪ) ਮਾ (ਮਤ ਕਰ), ਅਰਥਾਤ ਘੋਰ ਤਪ ਨਾ ਕਰ, ਇਸ ਲਈ ਨਾਉਂ "ਉਮਾ" ਹੋਇਆ.

ਉਮਾਸੁਤ: ਸੰਗਜਾ- ਉਮਾ (ਪਾਰਵਤੀ) ਦਾ ਪੁਤ੍ਰ- ਗਣੇਸ਼ ੨. ਕਾਰਤਿਕੇਯ. ਖੜਾਨਨ. ਦੇਵਤਿਆਂ ਦਾ ਸੈਨਾਪਤਿ.

ਉਮਾਹ, ਉਮਾਹੜਾ, ਉਮਾਹਾ: ਸੰਗਜਾ- ਉਤਸਾਹ। ੨. ਉਮੰਗ। ੩. ਉਤਸਵ। ੪. ਤਿਉਹਾਰ. ਪਰਵ.

ਉਮਾਤਨਯ, ਉਮਾਤਾਤ: ਉਮਾ (ਪਾਰਵਤੀ) ਦਾ ਤਨਯ (ਪੁਤ੍ਰ). ਉਮਾ ਦਾ ਤਾਤ (ਬੇਟਾ) ਦੇਖੋ, ਉਮਾਸੁਤ.

ਉਮਾਧਵ, ਉਮਾਨਾਹ, ਉਮਾਪਤਿ: ਸੰ. ਉਮਾ (ਪਾਰਵਤੀ) ਦਾ ਧਵ (ਪਤਿ) ਸ਼ਿਵ. ਰੁਦ੍ਰ. "ਗੋਤਮਨਾਰਿ ਉਮਾਪਤਿ ਸੁਆਮੀ। ਸੀਸਧਰਨ ਸਹਸ ਭਗ ਗਾਮੀ." (ਜੈਤ ਰਵਦਾਸ) ਗੋਤਮਨਾਰਿ ਗਾਮੀ (ਇੰਦ੍ਰ) ਸਹਸ ਭਗ ਧਰਨ, ਉਮਾਪਤਿ (ਸ਼ਿਵ), ਸੁਆਮੀ (ਬ੍ਰਹਮਾ), ਸੀਸਧਰਨ. ਦੇਖੋ, ਸੀਸਧਰਨਿ.

ਉਮੀਦ, ਉਮੇਦ: ਫ਼ਾ. امید ਸੰਗਜਾ- ਆਸ. ਆਸ਼ਾ। ੨. ਭਰੋਸਾ.

ਉਮੇਦਵਾਰ: ਫ਼ਾ. امیدوار ਵਿ- ਆਸ਼ਾ (ਆਸ) ਰੱਖਣ ਵਾਲਾ.

ਉਮੇਦਾ: ਸੰਗਜਾ- ਰਾਇ ਬੁਲਾਰ ਤਲਵੰਡੀ ਦੇ ਹਾਕਮ ਦਾ ਨਫ਼ਰ, ਜੋ ਗੁਰੂ ਨਾਨਕ ਦੇਵ ਦੀ ਸੇਵਾ ਪ੍ਰੇਮ ਨਾਲ ਕੀਤਾ ਕਰਦਾ ਸੀ. ਦੇਖੋ, ਗੁਰੁ ਨਾਨਕ ਪ੍ਰਕਾਸ਼.

ਉਮੇਰੀਆਂ: ਉਮਰਾ. ਅਮੀਰ ਲੋਗ. ਦੇਖੋ, ਉਮਰੀਆ. "ਅਨਿਕ ਉਮੇਰੀਆ". (ਬਿਹਾ ਮਃ ੫)

ਉਮੰਗ: ਸੰਗਜਾ. ਚਿੱਤ ਦਾ ਉਤਸਾਹ ਭਰਿਆ ਉਛਾਲ। ੨. ਆਨੰਦ ਦੀ ਲਹਿਰ. "ਏਕ ਦਿਵਸ ਮਨ ਭਈ ਉਮੰਗ." (ਬਸੰ ਰਾਮਾਨੰਦ)

ਉਮੰਡ: ਦੇਖੋ, ਉਮਡਨਾ ਅਤੇ ਉਮੰਗ.

ਉੱਮਤ: ਦੇਖੋ, ਉਮਤ.

ਉੱਮੀ: ਦੇਖੋ, ੳਮੀ.

ਉਰ: ਸੰ. उरस्- ਉਰਸ. ਸੰਗਜਾ- ਛਾਤੀ. "ਉਰ ਲਾਗਹੁ ਪ੍ਰੀਤਮ ਪ੍ਰਭੁ ਮੇਰੇ." (ਬਿਲਾ ਮਃ ੫) "ਚਰਨਕਮਲ ਹਿਰਦੈ ਉਰ ਧਾਰਹੁ." (ਗਉ ਮਃ ੫) ੨. ਮਨ. ਦਿਲ. ਰਿਦਾ. "ਧਾਰਿਓ ਹਰਿ ਉਰ ਛੇ." (ਬਸੰ ਮਃ ੪) ੩. ਉਦਰ. ਪੇਟ. "ਰੋਹਨੀ ਕੇ ਉਰ ਬੀਚ ਧਰਯੋ ਹੈ." (ਕ੍ਰਿਸ਼ਨਾਵ) ਬਲਭਦ੍ਰ ਨੂੰ ਰੋਹਿਣੀ ਦੇ ਗਰਭ ਵਿੱਚ ਰੱਖ ਦਿੱਤਾ। ੪. ਸੰ. उर. ਧਾ- ਜਾਣਾ. ਚਲਨਾ.

ਉਰਸਾ: ਸੰਗਜਾ- ਚੰਦਨ ਘਸਾਣ ਲਈ ਪੱਥਰ ਦਾ ਗੋਲ ਟੁਕੜਾ, ਜੋ ਹਿੰਦੂਮੰਦਰਾਂ ਵਿੱਚ ਪੁਜਾਰੀਆਂ ਪਾਸ ਹੁੰਦਾ ਹੈ. ਹੁਰਸਾ. ਸੰ. ਸ਼ਾਨਪਾਦ. "ਤੇਰਾ ਨਾਮ ਕਰੀ ਚਨਣਾਠੀਆ ਜੇ ਮਨ ਉਰਸਾ ਹੋਇ." (ਗੂਜ ਮਃ ੧)

ਉਰਕਟ: ਸੰ. श्रंकृत- ਅਰੰਕ੍ਰਿਤ. ਵਿ- ਤਿਆਰ ਕੀਤਾ. ਪਕਾਇਆ ਰਿੰਨ੍ਹਿਆਂ. "ਇਕਤੁ ਪਤਰਿ ਭਰਿ ਉਰਕਟ ਕੁਰਕਟ, ਇਕਤੁ ਪਤਰਿ ਭਰਿ ਪਾਨੀ." (ਆਸਾ ਕਬੀਰ) ਵਾਮਮਾਰਗੀਆਂ ਨੇ ਇੱਕ ਪਾਤ੍ਰ ਵਿੱਚ ਪਕਾਇਆ ਹੋਇਆ ਮੁਰ ਰੱਖਿਆ ਅਤੇ ਦੂਜੇ ਪਾਤ੍ਰ ਵਿੱਚ ਪਾਨੀ (ਪਾਨੀਯ- ਸ਼ਰਾਬ) ਭਰੀ.

ਉਰਗ: ਸੰ. ਸੰਗਜਾ- ਉਰ (ਪੇਟ) ਨਾਲ ਗ (ਚੱਲਣ) ਵਾਲਾ ਜੀਵ। ੨. ਸਰਪ. ਸੱਪ.

ਉਰਗ ਨਾਥ: ਸੱਪਾਂ ਦਾ ਰਾਜਾ. ਸ਼ੇਸ਼ਨਾਗ.

ਉਰਗਾਦ, ਉਰਗਾਰਿ: ਸੰ. ਸੰਗਜਾ- ਉਰਗ (ਸੱਪ) ਨੂੰ ਅਦ (ਖਾਣ) ਵਾਲਾ. ਸੱਪ ਦਾ ਵੈਰੀ. ਗਰੁੜ। ੨. ਨਿਉਲਾ ਮੋਰ

ਲਮਢੀਂਗ ਆਦਿਕ ਭੀ ਉਰਗਾਰਿ ਹਨ.

ਉਰਗੇਸ਼: ਸੰ. ਸੰਗਯਾ- ਉਰਗ (ਸੱਪਾਂ) ਦਾ ਈਸ਼ (ਰਾਜਾ) ਸ਼ੇਸ਼ਨਾਗ। ੨. ਭਾਈ ਸੁੱਖਾ ਸਿੰਘ ਨੇ ਗੁਰੁਵਿਲਾਸ ਵਿੱਚ ਪਹੇਲੀ ਦੇ ਢੰਗ ਗਜਰਾਜ, ਹਸ੍ਤਿ- ਰਾਜ ਅਤੇ ਨਾਗਰਾਜ ਦੀ ਥਾਂ ਉਰਗੇਸ਼ ਸ਼ਬਦ ਵਰਤਿਆ ਹੈ, ਕਿਉਂਕਿ ਨਾਗ ਨਾਉਂ ਹਾਥੀ ਦਾ ਭੀ ਹੈ.

ਉਰਛਾ: ਦੇਖੋ, ਓਰਛਾ.

ਉਰਜ: ਦੇਖੋ, ਉਰੋਜ। ੨. ਕੱਤਕ ਮਹੀਨਾ. "ਉਰਜ ਮਾਸ ਕੀ ਪੂਰਨਮਾਸੀ." (ਨਾਪ੍ਰ) ਦੇਖੋ, ਊਰਜ.

ਉਰਝ: ਦੇਖੋ, ਉਰਝਨ "ਝਝਾ ਉਰਝ ਸੁਰਝ ਨਹੀਂ ਜਾ." (ਗਉ ਬਾਵਨ ਕਬੀਰ)

ਉਰਝਨ, ਉਰਝਨਾ: ਸੰ. अवरुन्धन- ਅਵਰੁੰਧਨ. ਕ੍ਰਿ- ਗੁੰਝਲ ਵਿੱਚ ਫਸਣਾ। ੨. ਅਟਕਣਾ. ਰੁਕਣਾ. "ਉਰਝ ਰਹਿਓ ਬਿਖਿਆ ਕੈ ਸੰਗਾ". (ਸੂਹੀ ਅঃ ਮঃ ੫) "ਉਰਝਿਓ ਕਨਕ ਕਾਮਿਨੀ ਕੇ ਰਸ." (ਟੋਡੀ ਮঃ ੯) ੩. ਝਗੜੇ ਵਿੱਚ ਫਸਣਾ.

ਉਰਝਿ: ਉਲਝਕੇ.

ਉਰਦ: ਦੇਖੋ, ਉੜਦ. "ਦਾਲ ਉਰਦ ਕੀ ਛਮਕ ਬਨਾਈ." (ਗੁਪ੍ਰਸੂ)

ਉਰਦਾ ਬੇਗਨੀ, ਉਰਦਾ ਬੇਗੀ: ਤੁ اردابیگنی ਸੰਗਯਾ- ਜ਼ਨਾਨੇ ਮਹਲ ਵਿੱਚ ਵਰਦੀ ਅਤੇ ਸ਼ਸਤ੍ਰ ਪਹਿਨਕੇ ਪਹਿਰਾ ਦੇਣ ਵਾਲੀ ਇਸਤ੍ਰੀ. Amadon. ਮੁਸਲਮਾਨ ਬਾਦਸ਼ਾਹਾਂ ਵੇਲੇ ਉਰਦਾਬੇਗਨੀ ਹੀ ਬਾਦਸ਼ਾਹ ਪਾਸ ਜ਼ਨਾਨਖ਼ਾਨੇ ਅੰਦਰ ਅਰਜ ਪਹੁੰਚਾਇਆ ਕਰਦੀ ਸੀ. ਦੇਖੋ, ਅਰਜਬੇਗੀ.

ਉਰਦੂ: ਤੁ اُردُو ਸੰਗਯਾ- ਸੈਨਾ. ਫ਼ੌਜ। ੨. ਛਾਵਣੀ. ਫ਼ੌਜ ਦਾ ਨਿਵਾਸਅਸਥਾਨ. ਕੈਂਪ। ੩. ਫ਼ੌਜ ਦਾ ਬਾਜ਼ਾਰ। ੪. ਲਸ਼ਕਰੀ ਲੋਕਾਂ ਦੀ ਮਿਲੀ ਜੁਲੀ ਬੋਲੀ. ਇਸ ਦਾ ਅਰੰਭ ਖਿਲਜੀਆਂ ਦੇ ਰਾਜ ਵੇਲੇ ਸ਼ਾਹੀ ਫੌਜ ਦੇ ਬਜਾਰਾਂ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਬੋਲੀਆਂ ਦੇ ਮੇਲ ਜੋਲ ਤੋਂ ਹੋਇਆ, ਇਸ ਲਈ ਇਸ ਨੂੰ 'ਉਰਦੂ' ਜਾਂ ਲਸ਼ਕਰੀ ਬੋਲੀ ਆਖਣ ਲਗ ਪਏ. ਮੁਗਲਾਂ ਦੇ ਰਾਜ ਸਮੇਂ, ਖ਼ਾਸ ਕਰਕੇ ਸ਼ਾਹ ਜਹਾਨ ਦੇ ਵੇਲੇ ਆਕੇ ਇਹ ਬੋਲੀ ਆਮ ਪ੍ਰਚਲਿਤ ਹੋ ਗਈ. ਇਸ ਦਾ ਢਾਂਚਾ ਹਿੰਦੀ ਹੈ, ਪਰ ਇਸ ਵਿਚ ਅਰਬੀ ਤੁਰਕੀ ਅਤੇ ਫਾਰਸੀ ਸ਼ਬਦ ਭੀ ਪਾਏ ਜਾਂਦੇ ਹਨ, ਲਿਖਣ ਲਈ ਫਾਰਸੀ ਅੱਖਰ ਵਰਤੀਦੇ ਹਨ. ਭਾਵੇਂ ਇਹ ਸਾਰੇ ਉੱਤਰੀ ਹਿੰਦ ਵਿੱਚ ਸਮਝੀ ਜਾਂਦੀ ਹੈ, ਪਰ ਸੰਮਿਲਤ ਪ੍ਰਾਂਤ ਇਸ ਦਾ ਖਾਸ ਘਰ ਹੈ. ਭਾਵੇਂ ਮਿਲੀ ਜੁਲੀ ਕੋਈ ਬੋਲੀ ਹੋਵੇ, ਉਸ ਨੂੰ ਅਸੀਂ ਉਰਦੂ ਆਖ ਸਕਦੇ ਹਾਂ, ਪਰ ਫਾਰਸੀ ਸ਼ਬਦਾਂ ਨਾਲ ਮਿਲੀ ਭਾਰਤ ਦੀ ਬੋਲੀ ਖ਼ਾਸ ਕਰਕੇ ਉਰਦੂ ਪ੍ਰਸਿੱਧ ਹੈ. ਇਸ ਦੇ ਲਿਖਣ ਲਈ ਭੀ ਫਾਰਸੀ ਅੱਖਰ ਵਰਤੇ ਜਾਂਦੇ ਹਨ.

ਉਰਧ: ਸੰ. ऊद्धेव- ਉਧ੍ਵੰ. ਕ੍ਰਿ. ਵਿ- ਉੱਪਰ. ਉੱਪਰ ਦੀ ਤਰਫ਼. ਉੱਪਰ ਵੱਲ. "ਊਰਧ ਮੂਲ ਜਿਸੁ ਸਾਖ ਤਲਾਹਾ, ਚਾਰ ਬੇਦ ਜਿਤੁ ਲਾਗੇ."[23] (ਗੂਜ ਅঃ ਮঃ ੧) ੨. ਵਿ- ਉੱਚਾ. ਬਲੰਦ. "ਗਰਭ ਕੁੰਡਲ ਮਹਿ ਉਰਧ ਧਿਆਨੀ." (ਮਾਰੂ ਸੋਲਹੇ ਮঃ ੧) ਦੇਖੋ, ਉਰਧ ਧਿਆਨੀ। ੩. ਖੜਾ. ਖਲੋਤਾ। ੪. ਸੰਗਯਾ- ਕਰਤਾਰ, ਜੋ ਸਭ ਤੋਂ ਉੱਚਾ ਹੈ. "ਅਰਧਹਿ ਉਰਧ ਮਿਲਿਆ ਸੁਖ ਪਾਵਾ." (ਗਉ ਬਾਵਨ ਕਬੀਰ) ਜੀਵ ਨੂੰ ਬ੍ਰਹਮ ਮਿਲਿਆ, ਤਦ ਸੁਖ ਪਾਇਆ। ੪. ਵਿ- ਮੂਧਾ. ਉਲਟਾ. ਅਧੋ. (अधम्) "ਉਰਧ ਪੰਕ ਲੈ ਸੂਧਾ ਕਰੈ." (ਗਉ ਵਾਰ ਸੱਤ ਕਬੀਰ) ਮੂਧਾ ਪੰਕਜ (ਕਮਲ ਮਨ ਹੈ. ਦੇਖੋ, ਊਰਧ.

ਉਰਧਤਪ, ਉਰਧਤਾਪ: ਸੰ. ਉਗ੍ਰ ਤਪ. ਭਾਰੀ ਤਪਸਾ। ੨. ਖੜਾ ਹੋਕੇ ਕੀਤਾ ਤਪ। ੩. ਬਾਹਾਂ ਖੜੀਆਂ ਕਰਕੇ ਕੀਤਾ ਤਪ. "ਕਾਇਆ ਸਾਧੈ ਉਰਧਤਪ ਕਰੈ ਵਿਚਹੁ ਹਉਮੈ ਨ ਜਾਇ." (ਸ੍ਰੀ ਮঃ ੩)

ਉਰਧਧਿਆਨੀ: ਵਿ- ਉੱਪਰ ਵੱਲ ਧਿਆਨ (ਧ੍ਯਾਨ) ਕਰਨ ਵਾਲਾ. ਭਾਵ ਕਰਤਾਰ ਵੱਲ ਮਨ ਲਾਉਣ ਵਾਲਾ. ਦੇਖੋ, ਉਰਧ.

---

[23] द्धर्च मृल मध शाख मश्वत्थ प्राहु रच्ययम्।
बन्दोसि यस्य परणीनि वस्त वेद स वेदचित। (ਭ. ਗੀਤਾ. ੧੫-੧)

**ਉਰਧਬਾਹੁ:** ਦੇਖੋ, ਊਰਧਵਾਹੁ.

**ਉਰਧਾਰਨ:** ਕ੍ਰਿ- ਵਸਾਉਣਾ. ਦ੍ਰਿੜ੍ਹ ਨਿਸ਼ਾ ਕਰਨਾ. "ਚਰਨਕਮਲ ਰਿਦ ਮਹਿ ਉਰਧਾਰਹੁ." (ਸੁਖਮਨੀ)

**ਉਰਫ:** ਅ਼. ارٗف ਸੰਗਜਾ- ਉਰਫ਼ ਦਾ ਬਹੁ ਵਚਨ. ਠੱਡੇ. ਤੋਖੇ. ਸਰਹੱਦੀ ਚਿੰਨ੍ਹ. ੨. ਅ਼. عُرف. ਉਰਫ਼. ਵਿ- ਪ੍ਰਸਿੱਧ. ਵਿਖ਼ਜਾਤ. ਮਸ਼ਹੂਰ। ੩. ਤੁੱਲ. ਬਰੋਬਰ। ੪. ਸੰਗਜਾ- ਵਿਦਜਾ. ਇਲਮ.

**ਉਰਬਸੀ:** ਦੇਖੋ, ਉਰਵਸੀ.

**ਉਰਬਰਾ:** ਸੰ. ਤਰੰਗ- ਉਵੰਰਾ. ਸੰਗਜਾ- ਜ਼ਰਖ਼ੇਜ਼ ਜ਼ਮੀਨ. ਉਪਜਾਊ ਭੂਮਿ। ੨. ਓਹ ਜਮੀਨ ਜੋ ਜਲ ਨਾਲ ਸਿੰਜੀ ਜਾਂਦੀ ਹੈ. "ਜਿਮਿ ਉਰਬਰਾ ਕ੍ਰਿਸਿ ਛੀਨ." (ਅਜਰਾਜ) ਜੈਸੇ ਉੱਤਮ ਭੂਮਿ 'ਕ੍ਰਿਸ਼ਿ' (ਖੇਤੀ) ਬਿਨਾ ਸ਼ੋਭਦੀ ਨਹੀਂ.

**ਉਰਬਰੇਸਣੀ:** ਉਰਵਰਾ (ਪ੍ਰਿਥਿਵੀ) ਉਸ ਦਾ ਈਸ਼ (ਰਾਜਾ) ਣੀ (ਉਸ ਦੀ), ਰਾਜਾ ਦੀ ਫੌਜ. (ਸਨਾਮਾ) ੨. ਦੇਖੋ, ਲੁਰ ਬਰੇਸਣੀ.

**ਉਰਬੀ:** ਸੰ. ਤਰ੍ਵੀ. ਉਵੀਂ. ਸੰਗਜਾ- ਪ੍ਰਿਥਿਵੀ. ਜ਼ਮੀਨ. "ਅਕਾਸ ਉਰਬੀਅੰ ਜਲੰ." (ਗਜਾਨ)

**ਉਰਮਾਂਡਣ:** ਡਿੰਗ ਸੰਗਜਾ- ਇਸਤ੍ਰੀ ਦੀ ਛਾਤੀ ਨੂੰ ਸ਼ੋਭਾ ਦੇਣ ਵਾਲਾ ਕੁਚ. ਸਤਨ. (ਥਣ. ) ੨. ਛਾਤੀ ਤੇ ਲਟਕਣ ਵਾਲਾ ਹਾਰ ਆਦਿਕ ਗਹਿਣਾ

**ਉਰਮਿ, ਉਰਮੀ:** ਤਰੰਗ. ਲਹਿਰ. ਮੌਜ. ਦੇਖੋ, ਊਰਮੀ. ਜਿਨ੍ਹਾਂ ਗ੍ਰੰਥਾਂ ਦਾ ਨਾਉਂ ਸਾਗਰ ਅਥਵਾ ਸਰ ਆਦਿਕ ਹੁੰਦਾ ਹੈ, ਉਨ੍ਹਾਂ ਦੇ ਅਧਜਾਵਾਂ ਦਾ ਨਾਉਂ ਰੂਪਕ ਅਲੰਕਾਰ ਅਨੁਸਾਰ ਉਰਮੀ (ਤਰੰਗ) ਹੋਇਆ ਕਰਦਾ ਹੈ।

**ਉਰਲਾ:** ਕ੍ਰਿ. ਵਿ- ਇਸ ਪਾਸੇ ਦਾ. ਇਧਰ ਦਾ। ੨. ਭਾਵ- ਇਸ ਲੋਕ ਦਾ.

**ਉਰਵਸੀ:** ਸੰ. ਤਰ੍ਵਸ਼ੀ- ਉਵੰਸ਼ੀ. ਸੰਗਜਾ- ਉਰੁ- ਅਸ਼. ਜੋ ਵਡੇ ਵਡਿਆਂ ਨੂੰ ਵਸ਼ ਕਰਦੀ ਹੈ. ਇੱਛਾ. ਖ਼੍ਵਾਹਿਸ਼। ੨. ਇੱਕ ਸੁਰਗ ਦੀ ਅਪੱਛਰਾ (ਅਪਸਰਾ) ਜਿਸ ਦਾ ਹਾਲ ਰਿਗਵੇਦ ਵਿੱਚ ਹੈ. ਇਹ ਨਾਰਾਯਣ ਦੇ ਉਰੁ (ਪੱਟ) ਤੋਂ ਉਪਜੀ, ਜਿਸ ਕਾਰਣ ਨਾਉਂ ਉਰਵਸੀ ਹੋਇਆ. ਮਹਾਂਭਾਰਤ ਵਿੱਚ ਲਿਖਿਆ ਹੈ ਕਿ ਮਿਤ੍ਰ ਅਤੇ ਵਰੁਣ ਦਾ ਉਰਵਸੀ ਨੂੰ ਦੇਖਕੇ ਵੀਰਯ ਡਿਗ ਪਿਆ, ਜਿਸ ਤੋਂ ਅਗਸ੍ਤਿ ਅਤੇ ਵਸ਼ਿਸ਼੍ਠ ਰਿਖੀ ਪੈਦਾ ਹੋਏ, ਇੱਕ ਵਾਰ ਉਰਵਸੀ ਨੇ ਇਨ੍ਹਾਂ ਦੋਹਾਂ ਰਿਖੀਆਂ ਨੂੰ ਗੁੱਸੇ ਕਰ ਦਿੱਤਾ, ਜਿਸ ਪੁਰ ਦੋਹਾਂ ਨੇ ਸ੍ਰਾਪ (ਸ਼ਾਪ) ਦਿੱਤਾ ਕਿ ਉਰਵਸੀ ਪ੍ਰਿਥਿਵੀ ਉੱਤੇ ਜਨਮਕੇ ਰਾਜਾ ਪੁਰੂਰਵਾ ਦੀ ਇਸਤ੍ਰੀ ਹੋਵੇ.

ਉਰਵਸੀ ਅਤੇ ਪੁਰੂਰਵਾ ਦੇ ਪ੍ਰੇਮ ਦੀ ਕਥਾ ਸ਼ਤਪਥ ਬ੍ਰਾਹਮਣ ਵਿੱਚ ਆਉਂਦੀ ਹੈ, ਅਤੇ ਕਵਿ ਕਾਲੀਦਾਸ ਨੇ ਭੀ "ਵਿਕ੍ਰਮੋਵੰਸ਼ਯ" ਨਾਟਕ ਵਿੱਚ ਉੱਤਮ ਰੀਤਿ ਨਾਲ ਇਹ ਪ੍ਰਸੰਗ ਲਿਖਿਆ ਹੈ. ਪਦਮ ਪੁਰਾਣ ਵਿੱਚ ਉਰਵਸੀ ਦੀ ਉਤਪੱਤੀ ਕਾਮਦੇਵ ਦੇ ਪੱਟ ਤੋਂ ਲਿਖੀ ਹੈ. "ਰੰਭਾ ਉਰਵਸੀ ਔਰ ਸਚੀ ਸੁ ਮੰਦੋਦਰੀ ਪੈ ਐਸੀ ਪ੍ਰਭਾ ਕਾਂਕੀ ਜਗ ਬੀਚ ਨ ਕਛੂ ਭਈ." ( ਕ੍ਰਿਸਨਾਵ) ੩. ਨਿਰੁਕਤ ਵਿੱਚ ਬਿਜਲੀ ਦਾ ਨਾਉਂ ਭੀ ਉਰਵਸ਼ੀ ਹੈ.

**ਉਰਵਾਰ:** ਉਰਲਾ ਕੰਢਾ। ੨. ਭਾਵ, ਇਹ ਲੋਕ. "ਬਿਖਿਆ ਅੰਦਰਿ ਪਚਿਮੁਏ ਨਾ ਉਰਵਾਰੁ ਨ ਪਾਰੁ." (ਸ੍ਰੀ ਮਃ ੩) ੩. ਉਸਪਾਰ. ਪਰਲਾ ਕੰਢਾ. ਭਾਵ- ਪਰਲੋਕ. "ਇਸੁ ਤਨ ਧਨ ਕੀ ਕਵਨ ਵਡਾਈ? ਧਰਨਿ ਪਰੈ, ਉਰਵਾਰਿ ਨ ਜਾਈ." (ਗਉ ਕਬੀਰ)

**ਉਰਵਾਰਪਾਰ:** ਉਰਲਾ ਅਤੇ ਪਰਲਾ ਕੰਢਾ। ੨. ਭਾਵ- ਇਹ ਲੋਕ ਅਤੇ ਪਰਲੋਕ. ਦੇਖੋ, ਉਰਵਾਰ.

**ਉਰਵਾਰਪਾਰ ਕੇ ਦਾਨੀ:** ਲੋਕ ਪਰਲੋਕ ਦੇ ਗਜਾਤਾ ਸਾਧੁਜਨ। ੨. ਭਾਵ- ਚਿਤ੍ਰਗੁਪਤ. "ਉਰਵਾਰਪਾਰ ਕੇ ਦਾਨੀਆ! ਲਿਖਲੇਹੁ ਆਲਪਤਾਲੁ। ਮੋਹਿ ਜਮਡੰਡੁ ਨ ਲਗਈ." (ਗਉ ਰਵਦਾਸ)

**ਉਰਵਾਰਿ:** ਕ੍ਰਿ- ਵਿ- ਇਸ ਕੰਢੇ. ਉਰਲੇ ਕਿਨਾਰੇ। ੨. ਉਸ ਪਾਸੇ. ਪਰਲੇ ਕੰਢੇ. ਦੇਖੋ, ਉਰਵਾਰ.

ਉਰਵਿਜ: ਸੰਗਯਾ- ਉਰਵੀ (ਪ੍ਰਿਥਿਵੀ) ਤੋਂ ਉਪਜਿਆ, ਬਿਰਛ ਅਤੇ ਘਾਹ. (ਸਨਾਮਾ)

ਉਰਵਿਜ ਚਰ ਰਿਪੁ: ਉਰਵਿਜ (ਘਾਹ) ਚਰਣ ਵਾਲਾ ਮ੍ਰਿਗ, ਉਸ ਦਾ ਰਿਪੁ (ਵੈਰੀ) ਸ਼ੇਰ. (ਸਨਾਮਾ)

ਉਰਵੀ: ਦੇਖੋ, ਉਰਬੀ.

ਉਰਾ: ਸੰਗਯਾ- ਉਰਲਾ ਪਾਸਾ. ਉਰਾਰ "ਪਰਾ ਉਰਾ ਲਖ ਲਿਯਤ ਪਛਾਨਹੁ." (ਨਾਪ੍ਰ) ੨. ਭਾਵ- ਇਹ ਲੋਕ.

ਉਰਾਹਨ, ਉਰਾਹਨਾ, ਉਰਾਹਨੋ: ਸੰਗਯਾ- ਉਪਾਲੰਭ. ਉਲਾਂਭਾ. "ਕਾਹਿਕੇ ਕਾਜ ਉਰਾਹਨ ਰੀ ਸਹਿ?" (ਕ੍ਰਿਸਨਾਵ)

ਉਰਾਂਭਾ: ਦੇਖੋ, ਉਲਾਂਭਾ. "ਗ੍ਰਿਹ ਕੇ ਲੋਗ ਉਰਾਂਭੇ ਦੇਹੀਂ." (ਚਰਿਤ੍ਰ ੩੩)

ਉਰਾਰ: ਸੰਗਯਾ- ਉਰਲਾ ਪਾਰ. ਆਪਣੀ ਵੱਲ ਦਾ ਕੰਢਾ। ੨. ਭਾਵ- ਇਹ ਲੋਕ. ਦੇਖੋ, ਉਰਵਾਰ.

ਉਰਿ: ਛਾਤੀ ਉੱਪਰ. ਸੀਨੇ ਉਪਰ. ਦੇਖੋ, ਉਰ. "ਹਰਿ ਕੇ ਚਰਨ ਹਿਰਦੈ ਉਰਿ ਧਾਰਿ." (ਗਉ ਮਃ ੫) ੨. ਦਿਲ ਮੇਂ. ਹਿਰਦੇ ਵਿੱਚ. "ਹਰਿ ਰਾਖੈ ਉਰਿ ਧਾਰਿ."

(ਸ੍ਰੀ ਮਃ ੩)

ਉਰਿਣ, ਉਰਿਣਤ: ਸੰ. उऋण. ਵਿ- ਰਿਣ ਰਹਿਤ. ਜਿਸ ਦੇ ਸਿਰ ਕਰਜ ਨਹੀਂ. "ਉਰਿਣਤ ਹੋਏ ਭਾਰ ਉਤਾਰੇ." (ਭਾਗੁ)

ਉਰੁ, ਉਰੂ: ਸੰ. उरु. ਸੰਗਯਾ- ਪੱਟ. ਜੰਘਾ। ੨. ਵਿ- ਚੌੜਾ। ੩. ਲੰਮਾ। ੪. ਉੱਚਾ। ੫. ਵੱਡਾ।

ਉਰੂਜ: ਅ਼. عروج ਸੰਗਯਾ- ਉੱਨਤਿ. ਤਰੱਕੀ. ਵ੍ਰਿੱਧਿ। ੨. عَرُوض ਉਰੂਜ ਛੰਦਵਿਦ੍ਯਾ. ਖ਼ਲੀਲ ਬਿਨ ਅਹ਼ਿਮਦ ਉਰੂਜ (ਮੱਕਾ) ਨਿਵਾਸੀ ਇਸ ਵਿੱਦਿਯਾ ਦਾ ਆਚਾਰਯ ਸੀ, ਇਸ ਕਰਕੇ ਨਾਉਂ ਉਰੂਜ ਪੈ ਗਿਆ. ਜਿਵੇਂ ਪਿੰਗਲ ਰਿਖੀ ਕਰਕੇ ਸ਼ਾਸਤ੍ਰ ਦਾ ਨਾਉਂ ਪਿੰਗਲ ਪਿਆ.

ਉਰੇ: ਕ੍ਰਿ ਵਿ- ਉਰਲੇ ਪਾਸੇ. ਇਸ ਓਰ। ੨. ਭਾਵ, ਇਸ ਲੋਕ ਵਿੱਚ। ੩. ਪਰੇ. ਅਗਲੀ ਤਰਫ.

ਉਰੇਬ: ਫ਼ਾ. اریب ਅਰੇਬ. ਵਿ- ਟੇਢਾ। ੨. ਪੇਚਦਾਰ। ੩. ਕਪਟੀ.

ਉਰੋਜ: ਸੰ. ਸੰਗਯਾ- ਉਰ (ਛਾਤੀ) ਵਿੱਚ ਪੈਦਾ ਹੋਣ ਵਾਲਾ, ਕੁਚ. ਥਣ (ਸਤਨ). ਮੰਮਾ.

ਉਲ: ਅ਼. ال ਅਲ. ਪ੍ਰਤ੍ਯ- ਇਹ ਅ਼ਰਬੀ ਨਾਵਾਂ ਦੇ ਮੁੱਢ ਵਿਸ਼ੇਸ਼ਤਾ (ਖ਼ੁਸੂਸੀਯਤ) ਪ੍ਰਗਟ ਕਰਨ ਲਈ ਆਉਂਦਾ ਹੈ. ਜਿਵੇਂ ਅਲ਼ਕੁਰਾਨ, ਪਰ ਸੰਧਿ ਵਿੱਚ ਆਇਆ ਹੋਇਆ ਇਜ਼ਾਫ਼ਤ ਦੀ ਥਾਂ ਅਰਥ ਦਿੰਦਾ ਹੈ ਅਤੇ ਉੱਚਾਰਣ 'ਉਲ' ਹੋ ਜਾਂਦਾ ਹੈ, ਜਿਵੇਂ "ਹਮੇਸੁਲ ਸਲਾਮੇ." (ਜਾਪੁ) ਨਿੱਤ ਕਾਇਮ ਰਹਿਣ ਵਾਲਾ ਹੈ। ੨. ਸੰ. उल्. ਧਾ- ਜਲਨਾ. ਦਗਧ ਹੋਣਾ.

ਉਲਸ: ਤੁਰ. اُلش ਉਲਸ਼. ਸੰਗਯਾ- ਸ਼ੀਤ ਪ੍ਰਸਾਦ. ਬਚਿਆ ਹੋਇਆ ਭੋਜਨ. ਉੱਛਿਸ਼੍ਰ "ਉਲਸ ਪਿਆਲੈ ਖਰੀ ਖੁਮਾਰੀ." (ਭਾਗੁ) ਸਤਿਗੁਰੂ ਨੇ ਜਿਸ ਪਾਤ੍ਰ ਤੋਂ ਜਲ ਛਕਿਆ ਹੈ ਉਸ ਸੀਤ ਪ੍ਰਸਾਦ (ਵਾਲੇ ਪਾਤ੍ਰ) ਵਿੱਚ ਸਿੱਖ ਨੂੰ ਆਨੰਦ ਦੀ ਲਹਿਰ ਭਾਸਦੀ ਹੈ.

ਉਲਸਤ, ਉਲਸਿਤ, ਉਲਹਤ: ਸੰ. उल्लसित. ਵਿ- ਪ੍ਰਕਾਸ਼ਿਤ. ਚਮਕਦਾ। ੨. ਆਨੰਦ ਸਹਿਤ. ਪ੍ਰਸੰਨ.

ਉਲਹਨਾ: ਦੇਖੋ, ਉਪਾਲੰਭ ਅਤੇ ਉਰਾਹਨਾ.

ਉਲਕਾ: ਸੰ. उल्का. ਸੰਗਯਾ- ਪ੍ਰਕਾਸ਼ ਦੀ ਰੇਖਾ। ੨. ਚੁਆਤੀ. ਮੁਰਿਆੜ। ੩. ਆਕਾਸ਼ ਤੋਂ ਡਿਗਦੇ ਤਾਰੇ ਦਾ ਪ੍ਰਕਾਸ਼ (Shooting Stars). ਦੇਖੋ, ਉਲ ੨.

ਉਲਕਾਪਾਤ: ਸੰਗਯਾ- ਆਕਾਸ਼ ਤੋਂ ਅੰਗਾਰਾਂ ਦਾ ਡਿਗਣਾ, ਜੋ ਪੁਰਾਣਾ ਵਿੱਚ ਅਪਸਗਨ ਮੰਨਿਆ ਹੈ. "ਉਲਕਾਪਾਤ ਹੋਤ

ਆਕਾਸਾ." (ਚਰਿਤ੍ਰ ੪੦੫) ਦੇਖੋ, ਉਲਕਾ ੩.

ਉਲਗਣੇ: ਮਰਾ. ਕ੍ਰਿ- ਸਮਾਪਤ ਕਰਨਾ। ੨. ਬੰਦ ਕਰਨਾ। ੩. ਸੰਬਰਨਾ। ੪. ਮਾਂਜਣਾ.

ਉਲਝਣ, ਉਲਝਨ: ਦੇਖੋ, ਉਰਝਨ. "ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ." (ਗਉ ਅਃ ਮਃ ੫) ਦੇਖੋ, ਬਾਧਬੁਧਿ। ੨. ਸੰਗਜਾ- ਗੁੰਝਲ. ਅੜਚਨ. ਪੇਚਦਾਰ ਗੱਲ. ਉਲਝਾਉ ਦੀ ਬਾਤ.

ਉਲਝੇਰਾ, ਉਲਝੇੜਾ: ਸੰਗਜਾ- ਉਲਝਾਉ। ੨. ਟੇਢਾ ਝਗੜਾ। ੩. ਬੰਧਨਰੂਪ ਕਰਮ.

ਉਲਟ: ਵਿ- ਵਿਰੁੱਧ. ਵਿਪਰੀਤ. "ਉਲਟ ਭਈ ਜੀਵਤ ਮਰਿ ਜਾਗਿਆ." (ਗਉ ਅਃ ਮਃ ੧) ੨. ਕ੍ਰਿ. ਵਿ- ਪਲਟਕੇ. ਮੁੜ (ਹਟ) ਕੇ. "ਅਬ ਮਨ ਉਲਟਿ ਸਨਾਤਨ ਹੂਆ." (ਗਉ ਕਬੀਰ)

ਉਲਟਨਾ: ਸੰ. ਤਲੁਰਾਠਨ. ਉੱਲੁੰਠਨ ਕ੍ਰਿ- ਮੋੜਨਾ ਪਰਤਣਾ. "ਮਨੂਆ ਉਲਟਿ ਸੁੰਨ ਮਹਿ ਗਹੈ. (ਰਾਮ ਬੇਣੀ) ੨. ਹੇਠ ਉੱਪਰ ਕਰਨਾ.

ਉਲਟਾ: ਵਿ- ਵਿਪਰੀਤ। ੨. ਮੂਧਾ.

ਉਲਟਾ ਸੇਵਕ: ਸੰਗਜਾ- ਕਿਸੇ ਵਸਤ ਦੇ ਬਦਲੇ ਖਰੀਦਿਆ ਹੋਇਆ ਦਾਸ. ਜ਼ਰਖ਼ਰੀਦ ਗ਼ੁਲਾਮ. "ਸੰਤਨ ਕੇ ਹਮ ਉਲਟੇ ਸੇਵਕ" (ਧਨਾ ਨਾਮਦੇਵ) ੨. ਸੰਸਾਰੀ ਸੇਵਕਾਂ ਤੋਂ ਉਲਟੀ ਰੀਤਿ ਦਾ ਸੇਵਕ. ਸੁਆਰਥ (ਸ੍ਵਾਰਥ) ਰਹਿਤ ਸੇਵਾ ਕਰਨ ਵਾਲਾ.

ਉਲਟਿ: ਕ੍ਰਿ- ਵਿ- ਉਲਟਕੇ. ਪਰਤਕੇ. "ਉਲਟਿ ਕਮਲੁ ਅੰਮ੍ਰਿਤਿ ਭਰਿਆ." (ਵਾਰ ਮਲਾ ਮਃ ੧)

ਉਲਟੀ: ਵਿ- ਵਿਰੁੱਧ. ਵਿਪਰੀਤ. "ਸਤਿਗੁਰੁ ਮਿਲਿਐ ਉਲਟੀ ਭਈ." (ਸ੍ਰੀ ਮਃ ੩) ੨. ਸੰਗਜਾ- ਡਾਕੀ. ਵਮਨ. ਛਰਦਿ. ਕਯ (ਕੈ) ਮੇਦੇ ਵਿੱਚ ਜਾਕੇ, ਪਰਤਕੇ ਬਾਹਰ ਆਉਂਦੀ ਹੈ, ਇਸ ਲਈ ਨਾਉਂ 'ਉਲਟੀ' ਹੈ.

ਉਲਟੀ ਗੰਗਾ ਵਹਿਣੀ: ਭਾਵ- ਕਿਸੇ ਰੀਤਿ ਦਾ ਧਰਮ ਅਤੇ ਲੋਕ ਵਿਰੁੱਧ ਹੋਣਾ.

ਉਲਟੀਲੇ ਸਕਤਿ ਸਹਾਰੰ: (ਰਾਮ ਕਬੀਰ) ਜਦ ਪ੍ਰਾਣਵਾਯੁ ਬਲ ਕਰਕੇ ਉਲਟਾਈ, ਭਾਵ- ਉੱਪਰ ਨੂੰ ਖਿੱਚੀ.

ਉਲਟੇ ਸੇਵਕ: ਦੇਖੋ, ਉਲਟਾ ਸੇਵਕ.

ਉਲਥਨਾ: ਕ੍ਰਿ- ਉਤਰਨਾ. ਦੂਰ ਹੋਣਾ. ਮਿਟਣਾ। ੨. ਹੇਠ ਲਹਿਣਾ. "ਸਰ ਹੰਸ ਉਲਥੜੇ ਆਇ." (ਸ੍ਰੀ ਮਃ ੧. ਪਹਿਰੇ) "ਆਇ ਉਲਥੇ ਹੰਝ." (ਸ. ਫਰੀਦ) ੩. ਹੇਠ ਉੱਪਰ ਕਰਨਾ. ਪਰਤਣਾ। ੪. ਅਨੁਵਾਦ ਕਰਨਾ. ਇੱਕ ਬੋਲੀਤੋਂ ਦੂਜੀ ਬੋਲੀ ਵਿੱਚ ਕਰਨਾ.

ਉਲਥਾ: ਸੰਗਜਾ- ਅਨੁਵਾਦ. ਤਰਜੁਮਾ। ੨. ਦੇਖੋ, ਉਲਥਨਾ।

ਉਲਫ਼ਤ: ਅ਼ الفت ਸੰਗਜਾ- ਪ੍ਰੇਮ. ਪਿਆਰ. ਮੁਹੱਬਤ।

੨. ਦੋਸਤੀ. ਮਿਤ੍ਰਤਾ.

ਉਲਮਾ, ਉਲਮਾਉ, ਉਲਮਾਵ: ਅ਼ علما ਵਿ- ਆਲਿਮ ਦਾ ਬਹੁ ਵਚਨ. ਵਿਦ੍ਵਾਨ. ਪੰਡਿਤ. ਡਾਕਟਰ ਹੁਕਮਾ. "ਚੌਦਾ ਸੈ ਉਲਮਾਵਨ ਰਾਖੇ." (ਗੁਪ੍ਰਸੂ)

ਉਲਰਨਾ: ਕ੍ਰਿ- ਉਛਲਨਾ। ੨. ਪਿਛਲੇ ਪੈਰ ਨੀਵੇਂ ਕਰਕੇ ਅਗਲੇ ਪੈਰਾਂ ਨੂੰ ਉਭਾਰਨਾ। ੩. ਗੱਡੇ ਆਦਿਕ ਦਾ ਅੱਗਾ ਉੱਚਾ ਅਤੇ ਪਿੱਛਾ ਨੀਵਾਂ ਹੋਣਾ.

ਉਲਵੀ: ਅ਼ علوی ਸੰਗਜਾ-. ਉਲਾ (ਬਲੰਦੀ) ਵਾਲਾ. ਉੱਚਾ. ਭਾਵ- ਨਛਤ੍ਰ (ਨਕਤ੍ਰ). ੨. ਫ਼ਰਿਸ਼ਤਾ। ੩. ਅਲਵੀ. ਅ਼ਰਬ

ਦੇਸ਼ ਦੇ ਉੱਪਰਲੇ ਭਾਗ ਦਾ ਬਾਸ਼ਿੰਦਾ। ੩. ਹਜਰਤ ਅਲੀ ਦੀ ਵੰਸ਼ ਵਿੱਚ ਹੋਣ ਵਾਲਾ, ਪਰ ਜੋ ਬੀਬੀ ਫ਼ਾਤਿਮਾ ਦੀ ਔਲਾਦ ਨਹੀਂ.

ਉਲਾਸ: ਸੰ. ਤੁਲ੍ਹਾਸ- ਉੱਲਾਸ. ਸੰਗਜਾ- ਪ੍ਰਕਾਸ਼. ਚਮਤਕਾਰ। ੨. ਉਮੰਗ. ਚਾਉ. "ਖਾਤ ਪੀਤ ਵਰਤੈ ਅਨਦ ਉਲਾਸ." (ਸੁਖਮਨੀ) ੩. ਹੌਸਲਾ. ਉਤਸਾਹ. "ਰਣ ਦੇਖਿ ਸੂਰੇ ਚਿਤਿ ਉਲਾਸ." (ਬਸੰ ਮਃ ੫) "ਹੰਸਾ ਸੇਤੀ ਚਿਤ ਉਲਾਸਹਿ ਕੁਕੜ ਦੀ ਓਡਾਰੀ." (ਗਉ ਵਾਰ ੨. ਮਃ ੫) ੪. ਸੁਖ. ਆਨੰਦ। ੫. ਗ੍ਰੰਥ ਦਾ ਪਰਵ. ਕਾਂਡ. ਅਧਜਾਯ। ੬. ਇੱਕ ਅਰਥਾਲੰਕਾਰ. ਇੱਕ ਦੇ ਗੁਣ ਅਥਵਾ ਦੋਸ਼ ਤੋਂ ਦੂਸਰੇ ਵਿੱਚ ਗੁਣ ਅਥਵਾ ਦੋਸ਼ ਦਾ ਹੋਣਾ ਦਿਖਾਇਆ ਜਾਵੇ, ਇਹ "ਉੱਲਾਸ" ਦਾ ਰੂਪ ਹੈ. "ਏਕਹਿ ਕੇ ਗੁਣ ਦੋਸ਼ ਤੈਂ ਔਰੈ ਕੋ ਗੁਣ ਦੋਸ਼। ਵਰਣਤ ਯੌਂ ਉੱਲਾਸ ਹੈਂ ਜੋ ਪੰਡਿਤ ਮਤਿ ਕੋਸ਼" (ਲਲਿਤ ਲਲਾਮ) ਇਸ ਅਲੰਕਾਰ ਦੇ ਚਾਰ ਭੇਦ ਹਨঃ-

(ੳ) ਗੁਣ ਤੋਂ ਗੁਣ ਦਾ ਹੋਣਾ,

ਉਦਾਹਰਣ-

ਗੁਣੀ ਗੁਣੀ ਮਿਲਿ ਲਾਹਾ ਪਾਵਸਿ,

ਗੁਰੁਮੁਖਿ ਨਾਮ ਵਡਾਈ. (ਭੈਰ ਮਃ ੧)

ਗੰਗਾ ਜਮਨਾ ਗੋਦਾਵਰੀ ਸਰਸੁਤੀ,

ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਂਈ,

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ,

ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ.

(ਮਲਾ ਮਃ ੪)

(ਅ) ਦੋਸ਼ ਤੋਂ ਗੁਣ.

ਉਦਾਹਰਣ-

ਸਫਲ ਬਿਰਛ ਫਲ ਦੇਤ ਜਯੋਂ ਪਖਾਨ ਮਾਰੇ

ਸਿਰ ਕਰਵਤ ਸਹਿ ਹੋਤ ਪਾਰ ਪਾਰ ਹੈ,

ਸਾਗਰ ਸੇ ਕਾਢ ਮੁਖ ਫੋਰਿਯਤ ਸੀਪ ਕੋ ਜਯੋਂ

ਦੇਤ ਮੁਕਤਾਹਲ ਅਵਗਜਾ ਨ ਵਿਚਾਰ ਹੈ,

ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ

ਮਾਨਕ ਅਮੋਲ ਹੀਰਾ ਪਰਉਪਕਾਰ ਹੈ,

ਊਖ ਮੇਂ ਪਿਯੂਖ ਜਯੋਂ ਪ੍ਰਗਾਸ ਹੋਤ ਕੋਲੂ ਪਚੇ

ਅਵਗੁਨ ਕੀਏ ਗੁਨ ਸਾਧੁਨ ਕੇ ਦ੍ਵਾਰ ਹੈ.

(ਭਾਗੁਕ)

(ੲ) ਗੁਣ ਤੋਂ ਦੋਸ਼

ਉਦਾਹਰਣ-

ਧਨੁ ਜੋਬਨੁ ਦੁਇ ਵੈਰੀ ਹੋਏ, ਜਿਨ੍ਹੀ ਰਖੇ ਰੰਗੁ ਲਾਇ.

(ਆਸਾ ਅਃ ਮਃ ੧)

ਸਦਨ ਵਿਭੂਤਿ ਅਪਰ ਕੇ ਦੇਖੀ।

ਪੀਰਾ ਪਾਵਹਿ ਰਿਦੇ ਵਿਸੇਖੀ.

(ਨਾਪ੍ਰ)

ਛਮੀ ਪੁਰਖ ਕੇ ਕਾਜ ਉਦਾਰਾ,

ਨਸ਼੍ਰ ਹੋਤ ਜਿਮਿ ਅਗਨੀ ਪਾਰਾ,

ਤਿਸ ਕੋ ਸਕਲ ਕਰਹਿ ਅਪਰਾਧਾ,

ਡਰ ਕੋ ਛੋਰ ਦੇਤ ਹੈਂ ਬਾਧਾ.

(ਗੁਪ੍ਰਸੂ)

(ਸ) ਦੋਸ਼ ਤੋਂ ਦੋਸ਼

ਉਦਾਹਰਣ-

ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋਦੁਖੁ ਕਮਾਇਆ.

(ਮਾਰੂ ਸੋਲਹੇ ਮਃ ੩)

ਪਰ ਦੁਖ ਪਿਖਕਰ ਹੋਤ ਹੈਂ ਦੁਖੀ ਸੰਤ ਮਨ ਮਾਂਹਿ.

(ਅਲੰਕਾਰ ਸਾਗਰ ਸੁਧਾ)

੭. ਦੇਖੋ, ਕਲਸ.

ਉਲਾਸਾ, ਉਲਾਸੀ: ਵਿ- ਉੱਲਾਸਿਤ. ਖ਼ੁਸ਼. ਪ੍ਰਸੰਨ. "ਜਿਉਂ ਮੀਨਾ ਜਲ ਮਾਹਿ ਉਲਾਸਾ." (ਗਉ ਅਃ ਮਃ ੧)

ਉਲਾਸੁ: ਦੇਖੋ, ਉਲਾਸ.

ਉਲਾਹ, ਉਲਾਹਨ: ਕ੍ਰਿ- ਉਤਾਰਨਾ। ੨. ਹਟਾਉਣਾ. ਮਿਟਾਉਣਾ. ਨਿਵ੍ਰਿੱਤ ਕਰਨਾ. "ਹਭੇ ਡੁੱਖ ਉਲਾਹਿ." (ਵਾਰ ਜੈਤ) "ਸਗਲੀ ਤ੍ਰਿਸਨ ਉਲਾਹੀ, ਸੰਤਹੁ !" (ਰਾਮ ਅਃ ਮਃ ੫)

ਉਲਾਹਨਾ, ਉਲਾਹਨੋ: ਸੰਗਜਾ- ਉਪਾਲੰਭ. ਉਲਾਂਭਾ. "ਲਾਖ ਉਲਾਹਨੇ ਮੋਹਿ." (ਬਿਹਾ ਛੰਤ ਮਃ ੫) "ਉਲਾਹਨੋ ਮੈ ਕਾਹੂ ਨ ਦੀਓ." (ਨਟ ਮਃ ੫)

ਉਲਾਹਿ: ਕ੍ਰਿ- ਵਿ- ਉਤਾਰਕੇ। ੨. ਉਮੰਗ (ਉਲਾਸ) ਸਹਿਤ ਹੋਕੇ.

ਉਲਾਹਿਅਮੁ: ਮੈ ਉਤਾਰਦਿੱਤਾ. ਮੈ ਲਾਹੇ (ਉਤਾਰੇ). "ਹਭੇ ਡੁਖ ਉਲਾਹਿਅਮੁ." (ਵਾਰ ਮਾਰੂ ੨. ਮਃ ੫)

ਉਲਾਹੀ: ਉਤਾਰੀ. ਲਾਹੀ. ਦੇਖੋ, ਉਲਾਹਨ.

ਉਲਾਣਾ: ਵਿ- ਪਲਾਣ ਬਿਨਾ. ਕਾਠੀ ਅਤੇ ਤਹਿਰੂ ਬਿਨਾ ਘੋੜਾ ਆਦਿਕ. "ਜੀਨ ਤੁਰੰਗਮ ਪਾਇ ਨਿਕਾਰਾ। ਕਿਧੌਂ ਉਲਾਣਾ

ਲੀਨ ਸਿਧਾਰਾ?" (ਗੁਪ੍ਰਸੂ)

ਉਲਾਦ: ਦੇਖੋ, ਔਲਾਦ.

ਉਲਾਂਭਾ, ਉਲਾਮਾ: ਉਲਾਹਨਾ. ਤਾਨਾ. ਦੇਖੋ, ਉਪਾਲੰਭ. "ਉਲਾਮੇ ਜੀਅ ਸਹੇ." (ਆਸਾ ਫਰੀਦ)

ਉਲਾਰਣਾ: ਕ੍ਰਿ- ਉਭਾਰਨਾ. ਉਠਾਉਣਾ। ੨. ਪਿਛਲਾ ਪਾਸਾ ਨੀਵਾਂ ਅਤੇ ਅਗਲਾ ਪਾਸਾ ਉੱਚਾ ਕਰਨਾ.

ਉਲੀਚਣਾ: ਸੰ. ਤਲ੍ਹਚਨ- ਉੱਲੁੰਚਨ. ਕ੍ਰਿ- ਕੁਲੁੰਜਨਾ. ਹੱਥ ਅਥਵਾ ਬਰਤਨ ਨਾਲ ਪਾਣੀ ਬਾਹਰ ਕੱਢਣਾ. "ਸੀਪ ਨ ਸਿੰਧੁ ਉਲੀਚਿਯੇ, ਰਜ ਕਨ ਗਿਨੇ ਨ ਜਾਹਿ." (ਗੁਪ੍ਰਸੂ) ੨. ਛਿੜਕਨਾ. ਤ੍ਰੌਂਕਣਾ. "ਮਹਾਂ ਸੁਗੰਧ ਉਲੀਚਨ ਕਰਕੈ." (ਗੁਪ੍ਰਸੂ)

ਉਲੂ, ਉਲੂਕ: ਸੰ. ਅਲੂਕ. ਸੰਗਯਾ- ਉੱਲੂ. ਪੇਚਕ. ਘੂਕ। ੨. ਵੈਸੇਸ਼ਿਕ ਸ਼ਾਸਤ੍ਰ ਦੇ ਕਰਤਾ (ਕਣਾਦ) ਦਾ ਦੂਜਾ ਨਾਉਂ.

ਉਲੂਖਲ: ਦੇਖੋ ਉਖਲੀ.

ਉਲੂਪੀ: ਸੰਗਯਾ- ਏਰਾਵਤ ਕੁਲਦੇ ਕੌਰਵਯ ਨਾਗ ਦੀ ਪੁਤ੍ਰੀ, ਜਿਸ ਨਾਲ ਅਰਜੁਨ ਨੇ ਨਾਗਲੋਕ[24] ਵਿੱਚ ਜਾਕੇ ਵਿਆਹ ਕੀਤਾ. ਇਸ ਦੇ ਉਦਰ ਤੋਂ ਮਹਾਂਵੀਰ ਵਭ੍ਰੁਵਾਹਨ ਪੁਤ੍ਰ ਜਨਮਿਆ. ਤ੍ਰਿਪੁਰਾ ਦੇ ਰਾਜਾ ਆਪਣੇ ਤਾਈਂ ਉਲੂਪੀ ਦੇ ਪੁਤ੍ਰ ਵਭ੍ਰੁਵਾਹਨ ਦੀ ਉਲਾਦ ਮੰਨਦੇ ਹਨ.

ਉਲੇਂਹਦੜਾ: ਦੇਖੋ, ਉਲੇਹਾ.

ਉਲੇਹਨ: ਦੇਖੋ, ਅਵਲੇਹਨ.

ਉਲੇਹਾ: ਸੰਗਯਾ- ਉਲੇਂਹਦੜਾ. ਇੱਕ ਪ੍ਰਕਾਰ ਦਾ ਜੰਗਲੀ ਘਾਹ, ਜੋ ਬਰਸਾਤ ਵਿੱਚ ਉਗਦਾ ਹੈ. ਇਸ ਦੇ ਬੀਜ ਉੱਤੇ ਨਿੱਕੇ-ਨਿੱਕੇ ਕੰਡੇ ਬਹੁਤ ਹੁੰਦੇ ਹਨ. ਜਰਾ ਛੁਹਿਣ ਤੋਂ ਅਜੇਹੇ ਚਿਮੜਦੇ ਹਨ ਕਿ ਔਖਿਆਂ ਉਤਰਦੇ ਹਨ। ੨. ਉਲੇਹੇ ਦਾ ਬੀਜ। ੩. ਉਲੇਹੇ ਵਾਂਙ ਚਿਮੜਨ ਵਾਲਾ ਆਦਮੀ.

ਉਲੇਖ: ਦੇਖੋ, ਉੱਲੇਖ.

ਉਲੰਘਣਾ, ਉਲੰਘਨ: ਸੰ. ਤਲ੍ਹਙਘਨ. ਲੰਘਣ ਦੀ ਕ੍ਰਿਯਾ. ਕਿਸੇ ਤੋਂ ਅੱਗੇ ਵਧਣਾ. ਕਿਸੇ ਦੇਸ ਅਥਵਾ ਨਦੀ ਪਹਾੜ ਆਦਿਕ ਤੋਂ ਪਾਰ ਪਹੁਚਣਾ. ਉੱਪਰਦੀਂ ਗੁਜ਼ਰਨਾ. "ਜੋਤਿ ਬਿਨਾ ਜਗਦੀਸ ਕੀ ਜਗਤ ਉਲੰਘੇ ਜਾਇ." (ਸਃ ਕਬੀਰ) ੨. ਨਿਯਮ ਤੋੜਨਾ. ਕਾਇਦੇ ਤੋਂ ਲੰਘ ਜਾਣਾ। ੩. ਆਗਯਾ ਭੰਗ ਕਰਨੀ. ਹੁਕਮ ਉਦੂਲੀ ਕਰਨੀ.

ਉੱਲ: ਕਈ ਪੰਜਾਬੀ ਸਿਰਪੀੜ ਅਤੇ ਭੌਂਹਾਂ ਵਿੱਚ ਹੋਏ ਦਰਦ ਨੂੰ ਉੱਲ ਸਮਝਦੇ ਹਨ, ਪਰ ਉੱਲ ਨੇਤ੍ਰ ਰੋਗ ਦਾ ਇੱਕ ਭੇਦ ਹੈ, ਜਿਸ ਦਾ ਤਿੱਬੀ ਨਾਉਂ خضر ثلعين ਖ਼ੁਜ਼ਰਤੁਲਐ਼ਨ, ਡਾਕਟਰੀ Glaucoma, ਅਤੇ ਪ੍ਰਸਿੱਧ ਨਾਉਂ "ਸਬਜ਼ ਮੋਤੀਆਬਿੰਦ" ਹੈ.

ਜਦ ਅੱਖ ਦੀ ਧੀਰੀ ਵਿੱਚ ਰਤੂਬਤ ਅਧਿਕ ਪੈਦਾ ਹੁੰਦੀ ਹੈ ਤੇ ਰਚਦੀ ਘੱਟ ਹੈ, ਅਥਵਾ ਨੇਤ੍ਰ ਵਿੱਚ ਨਾਸੂਰ ਹੋ ਜਾਂਦਾ ਹੈ, ਜਾਂ ਅੱਖ ਦਾ ਮੋਤੀ ਕਿਸੇ ਸਦਮੇ ਕਰਕੇ ਠਿਕਾਣਿਓਂ ਹਿਲ ਜਾਂਦਾ ਹੈ, ਤਦ ਅੱਖ ਅੱਗੇ ਅੰਧੇਰਾ ਆਉਣ ਲਗਦਾ ਹੈ. ਡੇਲਾ ਕਰੜਾ ਹੋ ਜਾਂਦਾ ਹੈ, ਅੱਖ ਅਤੇ ਪੁੜਪੁੜੀ ਵਿੱਚ ਵੱਡੀ ਪੀੜ ਹੁੰਦੀ ਹੈ ਅਤੇ ਡੇਲੇ ਦੀ ਰੰਗਤ ਸੁਰਖ ਹੋ ਜਾਂਦੀ ਹੈ, ਦੀਵੇ ਦੇ ਚੁਫੇਰੇ ਲਾਲ ਘੇਰਾ ਨਜਰ ਪੈਂਦਾ ਹੈ ਅਤੇ ਅੱਖ ਜੜ੍ਹ ਜੇਹੀ ਹੋ ਜਾਂਦੀ ਹੈ.

ਇਸ ਰੋਗ ਵਿੱਚ ਹਲਕਾ ਜੁਲਾਬ ਦੇਣਾ, ਪੁੜਪੁੜੀ ਤੇ ਜੋਕਾਂ ਲਾਉਣੀਆਂ, ਥੋੜੀ ਮਿਕਦਾਰ ਵਿੱਚ ਅਫੀਮ ਦੇਣੀ ਅਥਵਾ ਮਾਰਫੀਏ ਦੀ ਪਿਚਕਾਰੀ ਕਰਨੀ ਲਾਭਦਾਇਕ ਹੈ, ਪਰ ਸਭ ਤੋਂ ਚੰਗਾ ਇਹ ਹੈ ਕਿ ਕਿਸੇ ਲਾਇਕ ਡਾਕਟਰ ਤੋਂ ਅੱਖ ਦੇ ਅੰਬੀਆਂ ਪਰਦੇ

---

[24] ਕਈ ਲੇਖਕਾਂ ਨੇ ਅਮਰੀਕਾ (America) ਨੂੰ ਨਾਗਲੋਕ ਲਿਖਿਆ ਹੈ.

ਦਾ ਉਪਰੇਸ਼ਨ ਕਰਵਾ ਦਿੱਤਾ ਜਾਵੇ, ਇਸ ਤੋਂ ਦਰਦ ਹਟ ਜਾਂਦਾ ਹੈ ਅਤੇ ਅੱਖ ਦੀ ਬਾਕੀ ਨਜ਼ਰ ਬਚ ਜਾਂਦੀ ਹੈ.

ਉੱਲ ਦੇ ਰੋਗੀ ਨੂੰ ਅਚਾਰ ਚਟਨੀਆਂ ਗਰਮ ਮਸਾਲੇ ਮੈਥੁਨ ਧੁੱਪ ਵਿੱਚ ਫਿਰਨਾ ਅਤੇ ਸਰਾਬ ਆਦਿਕ ਤੋਂ ਬਹੁਤ ਬਚਣਾ ਲੋੜੀਏ. ਨਰਮ ਹਲਕੀ ਗਿਜਾ ਅਤੇ ਦੁੱਧ ਪੀਣਾ ਅੱਛਾ ਹੈ. ਜਦ ਅੰਤੜੀ ਵਿੱਚ ਥੋੜੀ ਮੈਲ ਭੀ ਰੁਕੇ ਉਸ ਦੇ ਤੁਰੰਤ ਖਾਰਿਜ ਕਰਨ ਦਾ ਜਤਨ ਕਰਨਾ ਚਾਹੀਏ.

ਉੱਲਾਸ: ਦੇਖੋ, ਉਲਾਸ.

ਉੱਲਾਲ: ਇੱਕ ਮਾਤ੍ਰਿਕ ਛੰਦ. ਲੱਛਣ- ਦੋ ਚਰਣ, ਪ੍ਰਤਿ ਚਰਣ ੨੮ ਮਾਤ੍ਰਾ. ਪਹਿਲਾ ਵਿਸ਼੍ਰਾਮ ੧੫. ਤੇ, ਦੂਜਾ ੧੩. ਤੇ. ਛੱਪਯ ਛੰਦ ਦੇ ਅੰਤ ਜੋ ਦੋ ਤੁਕਾਂ ਹੁੰਦੀਆਂ ਹਨ, ਓਹ ਉੱਲਾਲ ਦਾ ਸਰੂਪ ਹੈ.

ਉਦਾਹਰਣ-

ਮਨ ਮੇ ਵਸਾਯਕੈ ਗੁਰੁਗਿਰਾ,

ਇਕ ਅਕਾਲ ਕੋ ਨਿਤ ਭਜੋ,

ਛਲ ਵੈਰ ਈਰਖਾ ਕ੍ਰਿਪਣਤਾ

ਮਿਤ੍ਰਘਾਤ ਹੌਮੈ ਤਜੋ.

ਕਈ ਕਵੀਆਂ ਨੇ ਉੱਲਾਲ ਅਤੇ ਉੱਲਾਲਾ ਇੱਕੋ ਛੰਦ ਸਮਝਕੇ ਲੱਛਣ ਦੱਸਣ ਵਿੱਚ ਭਾਰੀ ਭੁੱਲ ਕੀਤੀ ਹੈ.

ਉੱਲਾਲਾ: ਸੰਗਯਾ- ਇੱਕ ਮਾਤ੍ਰਿਕ ਛੰਦ. ਇਸ ਦਾ ਨਾਉਂ "ਚੰਦ੍ਰਮਣਿ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ੧੩. ਮਾਤ੍ਰਾ. ਪਹਿਲਾ ਵਿਸ਼੍ਰਾਮ ੮. ਤੇ, ਦੂਜਾ ੫. ਮਾਤ੍ਰਾ ਪੁਰ. ਕਈ ਕਵੀਆਂ ਨੇ ਭੁਲੇਖਾ ਖਾਕੇ ਇਸ ਦਾ ਨਾਉਂ "ਉੱਲਾਲ" ਲਿਖ ਦਿੱਤਾ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਛੰਦ "ਸਲੋਕ" ਸਿਰਲੇਖ ਹੇਠ ਆਇਆ ਹੈ.

ਉਦਾਹਰਣ-

ਸਿਦਕੁ ਸਬੂਰੀ, ਸਾਦਿਕਾ,

ਸਬਰੁ ਤੋਸਾ ਮਲਾਇਕਾਂ,

ਦਿਦਾਰੁ ਪੂਰੇ, ਪਾਇਸਾ,

ਥਾਉ ਨਾਹੀ ਖਾਇਕਾ.

(ਵਾਰ ਸ਼੍ਰੀ ਮਃ ੧)

ਉੱਲੂ: ਦੇਖੋ, ਉਲੂਕ। ੨. ਭਾਵ ਮਹਾਂ ਮੂਰਖ. ਬੁੱਧਿਹੀਨ.

ਉੱਲੇਖ: ਸੰ. ਤਲ਼ੇਖ. ਸੰਗਯਾ- ਲਿਖਤ. ਤਹ਼ਰੀਰ. ਲਿਪਿ। ੨. ਇੱਕ ਅਰਥਾਲੰਕਾਰ. ਇੱਕ ਹੀ ਵਸਤੁ ਨੂੰ ਕਈ ਲੋਕ ਆਪਣੀ ਆਪਣੀ ਭਾਵਨਾ ਅਨੁਸਾਰ ਜੇ ਵੱਖਰੇ ਵੱਖਰੇ ਰੂਪ ਕਲਪਣ, ਤਦ "ਉੱਲੇਖ" ਅਲੰਕਾਰ ਹੁੰਦਾ ਹੈ.

ਕੈ ਬਹੁਤੇ ਕੈ ਏਕ ਜਹਿਂ ਏਕ ਵਸ੍ਤੁ ਕੋ ਦੇਖ,

ਬਹੁ ਬਿਧਿਕਰ ਉੱਲੇਖ ਹੈਂ ਸੋ ਉੱਲੇਖੋ ਉਲੇਖ.

(ਸ਼ਿਵਰਾਜ ਭੂਸ਼ਣ)

ਉਦਾਹਰਣ-

ਸ਼ਤ੍ਰ ਵਿਲੋਕਤ ਕਾਲ ਸਮ ਜਾਨਹਿ ਲੇ ਪ੍ਰਾਨਾ,

ਦੇਵੋਤਰੋਵਰ ਕੈ ਲਖੈਂ ਜਨ ਕਾਮਨਵਾਨਾ,

ਗਜਾਨੀ ਲਖਹਿਂ ਪਰਾਤਮਾ ਵਾਂਛਿਤ ਤਨ ਧਾਰਾ,

ਨਿਸ਼ਚਯ ਭਗਤਨ ਕੇ ਰਿਦੇ ਵਿਸ਼ਨੁ ਅਵਤਾਰਾ,

ਸ਼੍ਰੀ ਨਾਨਕ ਕੋ ਤਨ ਦਸ਼ਮ ਸਿੱਖਨ ਮਨ ਜਾਨਾ,

ਪ੍ਰਜਾ ਲਖੈ ਰਾਜਾ ਮਹਾਂ ਪਾਲੈ ਵਿਧਿ ਨਾਨਾ.

(ਗੁਪ੍ਰਸੂ)

(ਅ) ਇੱਕ ਵਸਤੁ ਨੂੰ ਇੱਕ ਹੀ ਆਦਮੀ ਅਨੇਕ ਰੂਪ ਦੇਖੇ, ਇਹ "ਉੱਲੇਖ" ਦਾ ਦੂਜਾ ਰੂਪ ਹੈ.

ਉਦਾਹਰਣ-

ਪ੍ਰਣਵੈ ਨਾਨਕ ਬੇਨਤੀ ਤੂੰ ਸਰਵਰੁ ਤੂੰ ਹੰਸ,

ਕਉਲ ਤੂੰ ਹੈ ਕਵੀਆ ਤੂੰ ਹੈ, ਆਪੇ ਵੇਖਿ ਵਿਗਸ.

(ਸ੍ਰੀ ਮਃ ੧)

ਗੁਰੁ ਤੀਰਥੁ ਗੁਰੁ ਪਾਰਿਜਾਤੁ ਗੁਰੁ ਮਨਸਾ ਪੂਰਨਹਾਰੁ,

ਗੁਰੁ ਦਾਤਾ ਹਰਿਨਾਮੁ ਦੇਇ ਉਧਰੈ ਸਭ ਸੰਸਾਰੁ.

(ਸ੍ਰੀ ਮਃ ੫)

ਉਵਟ: ਸੰ. ਤਦ੍ਘਾਟ. ਸੰਗਯਾ- ਔਖਾ ਰਾਹ. ਵਿਖੜਾ ਮਾਰਗ.

ਉਵਟਣ: ਸੰਗਯਾ- ਔਟਾਣ (ਉਬਾਲਣ) ਵੇਲੇ ਦੁੱਧ ਵਿੱਚ ਮਿਲਾਇਆ ਹੋਇਆ ਜਲ. ਆਵਟਣ. ਘਾਲ. ਹੰਘਾਲ। ੨. ਦੇਖੋ, ਉਦਵਰਤਨ। ੩. ਵੱਟਣ ਦਾ ਭਾਵ. ਕਮਾਈ. ਖੱਟੀ. "ਕਉਣ ਹਾਰੈ ਕਿਨਿ ਉਵਟੀਐ." (ਵਾਰ ਰਾਮ ੩) ੪. ਵਟਾਂਦਰਾ. ਤਬਾਦਲਾ, ਕਿਸੇ ਵਸਤੁ ਦੇ ਬਦਲੇ ਦੂਜੀ ਚੀਜ ਲੈਣ ਦੀ ਕ੍ਰਿਯਾ.

ਉਵਤਾ: ਵਿ- ਵ੍ਯਾਕੁਲ. ਘਬਰਾਇਆ ਹੋਇਆ. ਦੇਖੋ, ਉਤਵਤਾ. "ਫਿਰੈ ਉਵਤਿਆ." (ਵਾਰ ਮਲਾ ਮਃ ੧) ੨. ਅਵਾਰਾ ਭੌਂਦੂ. ਲਫ਼ੰਗਾ. ਲਟੋਰ.

ਉਵਾ: ਸਰਵ. ਉਸ. ਦੇਖੋ, ਉਆ. "ਚਰਨ ਉਵਾ ਕੈ ਪਾਉ." (ਦੇਵ ਮਃ ੫)

ਉਵਾਚ: ਬੋਲਿਆ. "ਕਵਿ ਉਵਾਚ ਬੇਨਤੀ." (ਚੌਪਈ) ਸੰ. ਕਚ- ਵਚ. ਦਾ ਅਰਥ ਹੈ ਬੋਲਨਾ. ਸ਼ਮਝਾਉਣਾ. ਬਿਆਨ ਕਰਨਾ.

ਉੜਦ: ਸੰਗਯਾ- ਉਰਦ. ਮਾਂਹ. ਮਾਸ਼.

ਉੜਦਾਬੇਗੀ: ਦੇਖੋ, ਉਰਦਾਬੇਗਨੀ ਅਤੇ ਅਰਜਬੇਗੀ.

ਉੜਦੀ: ਸੰਗਯਾ- ਅਫਸਰ ਅੱਗੇ ਮਾਤਹਿਤ ਦੀ ਕੀਤੀ ਰਪੋਟ, ਕਿ ਸਭ ਕੰਮ ਬਾਕਾਇਦਾ ਠੀਕਠਾਕ (orderly) ਹੈ. ਅੰਗ੍ਰੇਜੀ ਨਾ ਜਾਣਨ ਵਾਲਿਆਂ ਫੌਜੀਆਂ ਨੇ ਇਹ ਉੱਚਾਰਣ ਬਣਾ ਲਿਆ ਹੈ.

ਉੜਦੂ: ਦੇਖੋ, ਉਰਦੂ.

ਉੜਮੁੜ ਟਾਂਡਾ: ਦੇਖੋ, ਟਾਂਡਾ ਉੜਮੁੜ.

ਉੜਾਊ: ਦੇਖੋ, ਉਡਾਊ ੨. "ਪਰ ਕੇ ਬਲ ਕਰ ਹੋਤ ਉੜਾਊ." (ਨਾਪ੍ਰ)

ਉੜੀਸਾ: ਦੇਖੋ, ਉਡੀਸਾ.

ਉ: ਉਪਮਾਂ ਦਾ ਸੰਖੇਪ. "ਜਗਤੇਸ੍ਵਰ ਉਪ ਉਰ ਨ ਸਹੀਚੁ." (ਨਾਪ੍ਰ) ੨. ਸੰ. ਉਪਸੰਰਾ. ਇਹ ਅਨੇਕ ਸ਼ਬਦਾਂ ਨਾਲ ਲੱਗਕੇ ਅਰਥ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ- ਸਮੀਪਤਾ, ਜੈਸੇ ਉਪਗਮਨ, ਉਪਕੰਠ, ਉਪਨਯਨ। ੩. ਅਧਿਕਤਾ, ਜੈਸੇ ਉਪਕਾਰ, ਉਪਦੇਸ਼। ੪. ਨਾਯਬਪਨ, ਜੈਸੇ ਉਪਮੰਤ੍ਰੀ, ਆਦਿ.

ਉਪਅਵਤਾਰ: ਗੌਣ ਅਵਤਾਰ. ਸੋਲਾਂ ਕਲਾ ਵਾਲੇ ਅਵਤਾਰਾਂ ਤੋਂ ਘੱਟ ਦਰਜੇ ਦੇ ਅਵਤਾਰ. ਦੇਖੋ. ਉਪ. "ਅਬ ਗਨੋ ਉਪਅਵਤਾਰ." (ਬ੍ਰਹਮਾਵ). ਰਾਮ ਕ੍ਰਿਸ਼ਨ ਕਲਕੀ ਆਦਿ ਅਵਤਾਰ, ਅਤੇ ਵ੍ਯਾਸ ਪ੍ਰਿਥੁ ਆਦਿ ਉਪਅਵਤਾਰ ਮੰਨੇ ਹਨ.

ਉਪਇੰਦ੍ਰ: ਵਾਮਨ ਅਵਤਾਰ. ਦੇਖੋ, ਉਪੇਂਦ੍ਰ. "ਕੋਟਿ ਇੰਦ੍ਰ ਉਪਇੰਦ੍ਰ ਬਨਾਏ." (ਅਕਾਲ)

ਉਪਈਆ: ਵਿ- ਉਤਪੰਨ ਕਰੈਯਾ. ਪੈਦਾ ਕਰਨ ਵਾਲਾ। ੨. ਉਤਪੰਨ ਕੀਤੇ. ਰਚੇ, "ਸਭਿ ਵਰਨ ਰੂਪ ਜੀਅਜੰਤ ਉਪਈਆ." (ਬਿਲਾ ਅঃ ਮঃ ੪)

ਉਪਸ: ਦੇਖੋ, ਉਪਾਸਯ.

ਉਪਸਥ: ਦੇਖੋ, ਉਪਸ੍ਥ.

ਉਪਸਥਿਤ: ਸੰ. उपस्थित. ਵਿ- ਪਾਸ ਬੈਠਾ. ਹਾਜਿਰ. ਮੌਜੂਦ.

ਉਪਸਥਿਤਿ: ਸੰ. उपस्थिति. ਸੰਗਯਾ- ਮੌਜੂਦਗੀ. ਪਾਸ ਬੈਠਣ ਦੀ ਕ੍ਰਿਯਾ.

ਉਪਸ਼ਮ: ਸੰ. ਸੰਗਯਾ- ਇੰਦ੍ਰੀਆਂ ਦਾ ਰੋਕਣਾ. ਇੰਦ੍ਰੀਆਂ ਦਾ ਸੰਜਮ। ੨. ਵਾਸਨਾ ਦਾ ਰੋਕਣਾ। ੩. ਰੋਗ ਦੂਰ ਕਰਨ ਦਾ ਜਤਨ. "ਤਿੰਹ ਉਪਸਮ ਕੋ ਕਰਹੁ ਵਿਚਾਰੀ." (ਨਾਪ੍ਰ)

ਉਪਸਰਗ: ਸੰ. उपसर्ग. ਸੰਗਯਾ- ਅਰਥ ਦੀ ਵਿਸ਼ੇਸ਼ਤਾ ਕਰਨ ਲਈ ਜੋ ਅਵਯਯ ਉਤ, ਉਪ, ਅਤਿ, ਅਧਿ, ਅਨੁ, ਅਪ, ਅਪਿ, ਅਭਿ, ਅਵ, ਆਂਙ, ਸਮ, ਸੁ, ਦੁਸ, ਦੁਰ, ਨਿ, ਨਿਸ, ਨਿਰ, ਪਰਾ, ਪਰਿ, ਪ੍ਰ, ਪ੍ਰਤਿ ਅਤੇ ਵ ਆਦਿ ਸ਼ਬਦਾਂ ਦੇ ਮੁੱਢ ਜੋੜੇ ਜਾਂਦੇ ਹਨ।

੨. ਰੋਗ। ੩. ਉਪਦ੍ਰਵ। ੪. ਅਪਸਗਨ (ਸਕੁਨ). ੫. ਵਿਘਨ.

ਉਪਸਾ: ਸੰ. अपस् ਅਪਸ੍. ਸੰਗਯਾ- ਕਾਰਜ. ਕੰਮ. "ਕਿ ਅਮਿਤੋਪਸਾ ਹੈ." (ਜਾਪੁ) ਅਮਿਤ- ਅਪਸ੍.

ਉਪਸੁੰਦ: ਦੇਖੋ, ਅਪਸੁੰਦ.

ਉਪਸੰਹਾਰ: ਸੰ. उपसंहार. ਸੰਗਯਾ- ਆਪਣੀ ਵੱਲ ਖਿੱਚਣ ਦੀ ਕ੍ਰਿਯਾ। ੨. ਸਮਾਪਤੀ. ਲਯ (ਲੈ). "ਉਪਕ੍ਰਮ ਉਪਸੰਹਾਰ ਜਾਨ ਚਿਤ" (ਗੁਪ੍ਰਸੂ) ਕਰਤਾਰ ਤੋਂ ਜਗਤ ਦੀ ਉਤਪੱਤੀ ਅਤੇ ਉਸੇ ਵਿੱਚ ਲੈ ਹੋਣਾ. ਦੇਖੋ, ਉਪਕ੍ਰਮ ਉਪਸੰਹਾਰ। ੩. ਸਿੱਧਾਂਤ. ਨਤੀਜਾ.

ਉਪਸ੍ਥ: ਸੰ. ਵਿ- ਪਾਸ ਬੈਠਾ. ਸਮੀਪ ਇਸਥਿਤ। ੨. ਸੰਗਯਾ- ਲਿੰਗ। ੩. ਭਗ.

ਉਪਸ੍ਥਿਤ, ਉਪਸ੍ਥਿਤਿ: ਦੇਖੋ, ਉਪਸਥਿਤ ਅਤੇ ਉਪਸਥਿਤਿ.

ਉਪਹਾਸ: ਸੰ. ਸੰਗਯਾ- ਮਖੌਲ. ਠੱਠਾ। ੨. ਹਾਸੀ. "ਪ੍ਰਿਅ ਬਚਨ ਉਪਹਾਸ ਕਹੋ." (ਸਾਰ ਮঃ ੫)

ਉਪਹਾਰ: ਸੰ. ਸੰਗਯਾ- ਪਾਸ ਲੈ ਜਾਣ ਦੀ ਕ੍ਰਿਆ। ੨. ਪੇਸ਼ਕਸ਼. ਭੇਟਾ. ਢੋਆ। ੩. ਪੂਜਾ.

ਉਪਹਿਤ: ਸੰ. ਵਿ- ਉਪਾਧੀ ਵਾਲਾ. ਖ਼ਿਤਾਬ ਵਾਲਾ। ੨. ਧਾਰਣ ਕੀਤਾ ਹੋਇਆ। ੩. ਮਿਲਿਆ ਹੋਇਆ.

ਉਪਕਰਣ: ਸੰ. ਸੰਗਯਾ- ਸਾਮਗ੍ਰੀ. ਸਾਮਾਨ। ੨. ਕਿਸੀ ਵਸਤੁ ਦੇ ਸਿੱਧ ਕਰਨ ਦੀ ਸਾਮਗ੍ਰੀ. ਜੈਸੇ ਘੜਾ ਬਣਾਉਣ ਲਈ ਚੱਕ, ਡੰਡਾ, ਡੋਰਾ ਆਦਿਕ. ਲਿਖਣ ਲਈ ਕਲਮ ਦਵਾਤ ਆਦਿ। ੩. ਰਾਜਾ ਦੇ ਛਤ੍ਰ ਚੌਰ ਆਦਿਕ ਅਤੇ ਯੋਗੀ ਦੇ ਆਸਨ ਕਮੰਡਲੁ ਆਦਿਕ ਪਦਾਰਥ.

ਉਪਕਰਤਾ: ਸੰ. उपकर्तृ. ਵਿ- ਉਪਕਾਰ ਕਰਨ ਵਾਲਾ। ੨. ਸਹਾਇਕ.

ਉਪਕਰਨਾ: ਕ੍ਰਿ. - ਸਹਾਇਤਾ ਲਈ ਪਹੁਚਣਾ. ਬਹੁੜਨਾ। ੨. ਉਪਕਾਰੀ ਸਿੱਧ ਹੋਣਾ. "ਜਿਨ ਕਾਰਣਿ ਗੁਰੂ ਵਿਸਾਰਿਆ, ਸੇ ਨ ਉਪਕਰੇ ਅੰਤੀਵਾਰ." (ਵਾਰ ਵਡ ਮਃ ੩) "ਜੋ ਤੁਧੁ ਉਪਕਰੈ ਦੂਖ ਸੁਖਾਸਾ." (ਗੌਂਡ ਮਃ ੪)

ਉਪਕਾਰ: ਸੰ. ਸੰਗਯਾ- ਸਹਾਇਤਾ. ਮਦਤ।

੨. ਭਲਿਆਈ. ਨੇਕੀ. "ਸਾਰ ਮਹਾ ਸਿਮਰਨ ਸਤਿਨਾਮੁ, ਕਾਰ ਮਹਾਂ ਕਰਬੋ ਉਪਕਾਰ." (ਗੁਪ੍ਰਸੂ) ੩. ਅਨੁਕੂਲਤਾ। ੪. ਨੌਕਰੀ. ਚਾਕਰੀ। ੫. ਮਿਹਰਬਾਨੀ.

ਉਪਕਾਰੀ: ਸੰ. उपकारिन. ਵਿ- ਸਹਾਇਕ। ੨. ਨੇਕੀ ਕਰਨ ਵਾਲਾ. "ਦਾਤਾ ਤਰਵਰੁ ਦਇਆ ਫਲੁ ਉਪਕਾਰੀ ਜੀਵੰਤ." (ਸ. ਕਬੀਰ) ੩. ਮਿਹਰਬਾਨ. ਕ੍ਰਿਪਾਲੁ.

ਉਪਕੰਠ, ਉਪਕੰਠਿ: ਸੰ. उपकण्ठ. ਕ੍ਰਿ. ਵਿ- ਨੇੜੇ. ਸਮੀਪ। ੨. ਕੰਢੇ ਪਾਸ. ਕਿਨਾਰੇ ਉੱਪਰ."ਨਦੀ ਉਪਕੰਠਿ ਜੈਸੇ ਘਰ ਤਰਵਰੁ." ( ਮਲਾ ਅਃ ਮਃ ੧)

ਉਪਕ੍ਰਮ: ਸੰ. उपक्रम. ਸੰਗਯਾ- ਆਰੰਭ. ਮੁੱਢ।

੨. ਭੂਮਿਕਾ. ਦੀਬਾਚਾ. ਤਮਹੀਦ। ੩. ਸੰਸਾਰ ਦੀ ਰਚਨਾ ਦਾ ਸਿਲਸਿਲਾ. ਦੇਖੋ, ਉਪਕ੍ਰਮ ਉਪਸੰਹਾਰ.

ਉਪਕ੍ਰਮ ਉਪਸੰਹਾਰ: ਜਦ ਇਹ ਦੋਵੇਂ ਸ਼ਬਦ ਇਕੱਠੇ ਆਉਂਦੇ ਹਨ, ਤਦ ਇਨ੍ਹਾਂ ਦਾ ਭਾਵ ਹੁੰਦਾ ਹੈ- ਗ੍ਰੰਥ ਦੀ ਭੂਮਿਕਾ ਅਤੇ ਉਸਦੇ ਅੰਤਿਮ ਸਿੱਧਾਂਤ ਦੀ ਏਕਤਾ। ੨. ਜਗਤ ਦਾ ਕਰਤਾਰ ਤੋਂ ਪੈਦਾ ਹੋਣਾ ਅਤੇ ਅੰਤ ਨੂੰ ਉਸੇ ਵਿੱਚ ਲੈ ਹੋਣ ਦਾ ਵਰਣਨ। ੩. ਆਰੰਭ ਅਤੇ ਸਮਾਪਤੀ.

ਉਪਕ੍ਰਿਤ: ਸੰ. उपकृत. ਜਿਸ ਉੱਤੇ ਉਪਕਾਰ ਕੀਤਾ ਗਿਆ ਹੈ. ਦੇਖੋ, ਉਪਕਾਰ.

ਉਪਕ੍ਰਿਤਿ: ਸੰ. उपकृति. ਸੰਗਯਾ- ਉਪਕਾਰ ਦੀ ਕ੍ਰਿਯਾ. ਉਪਕਾਰ ਕਰਨ ਦਾ ਕੰਮ। ੨. ਨੇਕੀ. ਭਲਿਆਈ। ੩. ਸਹਾਇਤਾ. ਇਮਦਾਦ। ੪. ਮਿਹਰਬਾਨੀ. ਕ੍ਰਿਪਾ.

ਉਪਗੰਤਾ, ਉਪਗੰਤ੍ਰਿ: ਸੰ. उपगन्ता. ਵਿ- ਪਾਸ (ਸਮੀਪ) ਜਾਣ ਵਾਲਾ। ੨. ਜਾਨਕਾਰ. ਭੇਤੀ। ੩. ਸਹਾਇਕ.

ਉਪਚਾਰ: ਸੰ. ਸੰਗਯਾ- ਸੇਵਾ। ੨. ਜਤਨ। ੩. ਵੱਢੀ. ਰਿਸ਼ਵਤ। ੪. ਇਲਾਜ. ਰੋਗ ਦੂਰ ਕਰਨ ਦਾ ਜਤਨ। ੫. ਮੰਤ੍ਰ ਦਾ ਜਾਪ ਅਤੇ ਉਸ ਦੀ ਵਿਧਿ.

ਉਪਚਾਰਕ: ਸੰ. ਵਿ- ਇਲਾਜ ਕਰਨ ਵਾਲਾ. ਮੁਆਲਿਜ। ੨. ਸੇਵਾ ਕਰਨ ਵਾਲਾ। ੩. ਮੰਤ੍ਰ ਸਿੱਧ ਕਰਨ ਵਾਲਾ। ੪. ਸੰਗਯਾ- ਗੌਣ ਸ਼ਬਦ. ਜੋ ਮੁੱਖ ਨਹੀਂ.

ਉਪਚਿਤ੍ਰਾ: ਦੇਖੋ, ਤਿਲੋਕੀ.

ਉਪਜ: ਸੰ. ਸੰਗਯਾ- ਉਤਪੱਤੀ. ਪੈਦਾਇਸ਼। ੨. ਪੈਦਾ ਵਾਰ। ਦੇਖੋ, ਜਲ ਮਹਿ ਉਪਜੈ.

ਉਪਜਣਾ, ਉਪਜਨ, ਉਪਜਨਾ: ਸੰ. उपजन. ਕ੍ਰਿ- ਜੰਮਣਾ. ਪੈਦਾ ਹੋਣਾ. "ਉਪਜੈ ਨਿਪਜੈ ਨਿਪਜਿ ਸਮਾਈ." (ਗਉ ਕਬੀਰ) ੨. ਉਗਣਾ. ਅੰਕੁਰਿਤ ਹੋਣਾ। ੩. ਉਪ- ਜਨਮ ਹੋਣਾ. ਨਵੇਂ ਸਿਰੇ ਪੈਦਾ ਹੋਣਾ. "ਗੁਰੁਮੁਖਿ ਜੀਅ ਪ੍ਰਾਨ ਉਪਜਹਿ." (ਪ੍ਰਭਾ ਮਃ ੧) ਗੁਰੁਉਪਦੇਸ਼ ਦ੍ਵਾਰਾ ਮਨ ਅਤੇ ਜੀਵਨ ਨਵਾਂ ਜਨਮ ਧਾਰਦੇ ਹਨ। ਭਾਵ- ਉੱਤਮ ਜ਼ਿੰਦਗੀ ਹੁੰਦੀ ਹੈ.

ਉਪਜ ਨਿਪਜ: ਦੇਖੋ, ਉਪਜ ਅਤੇ ਨਿਪਜ.

ਉਪਜਯ: ਦੇਖੋ, ਉਪਜੈ.

ਉਪਜਾਪ: ਦੇਖੋ, ਉਪਜੰਪ.

ਉਪਜਿ: ਉਪਜਕੇ. ਪੈਦਾ ਹੋਕੇ ਜੰਮਕੇ.

ਉਪਜਿਆੜਾ: ਵਿ- ਪੈਦਾ ਹੋਇਆ. "ਜਿਸ ਤੇ ਉਪਜਿਅੜਾ ਤਿਨਿ ਲੀਆ ਸਮਾਈ." (ਬਿਹਾ ਛੰਤ ਮਃ ੫)

ਉਪਜੀਵਨ: ਸੰ. ਸੰਗਯਾ- ਗੁਜ਼ਾਰਾ. ਰੋਜ਼ੀ. ਨਿਰਵਾਹ ਦਾ ਸਾਧਨ. ਉਪਜੀਵਿਕਾ.

ਉਪਜੀਵਿਕਾ: ਸੰ. ਸੰਗਯਾ- ਰੋਜ਼ੀ. ਜੀਵਨ ਦਾ ਗੁਜ਼ਾਰਾ ੨. ਜ਼ਿੰਦਗੀ ਵਿਤਾਉਂਣ ਦਾ ਸਾਧਨ.

ਉਪਜੈ: ਦੇਖੋ, ਉਪਜਨ। ੨. ਵ੍ਰਿੱਧੀ ਪ੍ਰਾਪਤ ਕਰਦਾ ਹੈ. ਕਾਮਯਾਬ ਹੁੰਦਾ ਹੈ। ੩. ਫ਼ਤੇ ਪਾਉਂਦਾ ਹੈ. ਜਿੱਤਦਾ ਹੈ. "ਖੋਜੀ ਉਪਜੈ ਬਾਦੀ ਬਿਨਸੈ." (ਮਲਾ ਮਃ ੧) ਖੋਜੀ ਜਿੱਤਦਾ ਹੈ ਵਾਦੀ ਹਾਰਦਾ ਹੈ.

ਉਪਜੰਪ, ਉਪਜੰਪਿ: ਸੰ. उपजाप- ਉਪਜਾਪ. ਸੰਗਯਾ- ਅਜੇਹੇ ਸੁਰ ਵਿੱਚ ਕੀਤਾ ਜਾਪ, ਜੋ ਦੂਜੇ ਨੂੰ ਸੁਣਾਈ ਨਾ ਦੇਵੇ. ਇਸ ਦਾ ਨਾਉਂ "ਉਪਾਂਸ਼ੁ ਜਪ" ਭੀ ਹੈ. "ਉਪਜੰਪ ਉਪਾਇ ਨ ਪਾਈਐ ਕਤਹੂ." (ਪ੍ਰਭਾ ਮਃ ੪) ੨. ਸੰ. उपयुक्त- ਉਪਯੁਕਤ. ਵਿ- ਯੋਗਯ. ਠੀਕ. ਮੁਨਾਸਿਬ. ਉਚਿਤ. "ਰਾਮ ਨਾਮਿ ਚਿਤ ਰਾਪੈ ਜਾਂਕਾ। ਉਪਜੰਪਿ ਦਰਸਨ ਕੀਜੈ ਤਾਂਕਾ." (ਗਉ ਅਃ ਮਃ ੧)

ਉਪਟਨ, ਉਪੱਟਣ, ਉਪੱਟਨ: ਸੰ. उत्पाटन- ਉਤਪਾਟਨ. ਕ੍ਰਿ- ਪਾੜਨਾ. ਚੀਰਨਾ। ੨. ਨਿਰਮੂਲ ਕਰਨਾ. ਜੜ ਪੁੱਟਣੀ ਉਖੇੜਨਾ. "ਉਪਟੰਤ ਬਾਰ." (ਦੱਤਾਵ) ਕੇਸ਼ ਉਖੇੜਦੀ ਹੈ.

ਉਪਠਾ, ਉਪਠੀ: ਵਿ- ਪ੍ਰਿਸ਼੍ਠ (ਪਿੱਠ) ਵੱਲ ਨੂੰ ਝੁਕਿਆ, ਝੁਕੀ. ਜਿਸ ਨੇ ਪਿੱਠ ਵੱਲ ਨੂੰ ਮੂੰਹ ਫੇਰ ਲਿਆ ਹੈ, ਭਾਵ- ਉਲਟ. ਵਿਪਰੀਤ. "ਨਦਰਿ ਉਪਠੀ ਜੇ ਕਰੈ ਸੁਲਤਾਨਾਂ ਘਾਹੁ ਕਰਾਇਦਾ." (ਵਾਰ ਆਸਾ) ਦੇਖੋ, ਘਾਹੁ.

ਉਪਤਾਪ: ਸੰ. ਸੰਗਯਾ- ਤਪਤ. ਜਲਨ। ੨. ਰੋਗ ਦੀ ਪੀੜ। ੩. ਚਿੰਤਾ। ੪. ਵਿਪਦਾ। ੫. ਤਾਪ ਤੋਂ ਪੈਦਾ ਹੋਇਆ ਤਾਪ. ਜਿਵੇਂ ਧੁੱਪ ਨਾਲ ਹੋਇਆ ਤਾਪ ਦਾਹ ਆਦਿਕ।

ਉਪਤਿਸਟ, ਉਪਤਿਸ਼੍ਟ: ਸੰ. उपतिष्ट. ਵਿ- ਸਮੀਪ ਇਸਥਿਤ. ਪਾਸ ਖੜਾ. "ਨਿੰਦਕ ਆਵਧ ਹੋਇ ਉਪਤਿਸਟਤੇ." (ਸਹਸ ਮਃ ੫) ਆਯੁਧ (ਸ਼ਸਤ੍ਰ) ਸਹਿਤ ਹੋਕੇ ਨਿੰਦਕ, ਮਾਰਨ ਲਈ ਪਾਸ ਖੜੇ ਹਨ.

ਉਪਦਿਸ਼ਾ: ਸੰ. ਸੰਗਯਾ- ਦੋ ਦਿਸ਼ਾ ਦੇ ਵਿਚਕਾਰ ਦੀ ਦਿਸ਼ਾ. ਕੋਣ. ਦੱਖਣ ਪੂਰਵ ਦੇ ਮੱਧ ਅਗਿਨ ਕੋਣ, ਦੱਖਣ ਪੱਛਮ ਦੇ ਵਿਚਕਾਰ ਨੈਰਤ ਕੋਣ, ਉੱਤਰ ਪੱਛਮ ਦੇ ਮੱਧ ਵਾਯਵੀ ਕੋਣ ਅਤੇ ਉੱਤਰ ਪੂਰਵ ਦੇ ਵਿਚਕਾਰ ਈਸ਼ਾਨ ਕੋਣ ਹੈ. ਦੇਖੋ, ਦਿਸ਼ਾ.

ਉਪਦੇਸ: ਸੰ. उपदेश. (ਉਪ- ਦਿਸ਼) ਸੰਗਯਾ- ਸਿਖ੍ਯਾ. ਨਸੀਹਤ. "ਆਪ ਕਮਾਉ ਅਵਰਾ ਉਪਦੇਸ." (ਗਉ ਮਃ ੫) ੨. ਹਿਤ ਦੀ ਬਾਤ। ੩. ਗੁਰੁਦੀਖ੍ਯਾ (ਦੀਕ੍ਸ਼ਾ). ੪. ਦੇਸ਼ਾਂਤਰਗਤ ਦੇਸ਼, ਜੈਸੇ ਭਾਰਤਖੰਡ ਵਿੱਚ ਪੰਜਾਬ ਆਦਿਕ. "ਮੇਰ ਕੇਤੇ, ਕੇਤੇ ਧੂ, ਉਪਦੇਸ." (ਜਪੁ)

ਉਪਦੇਸਕ: ਸੰ. उपदेशक. ਸੰਗਯਾ- ਉਪਦੇਸ਼ ਕਰਨ ਵਾਲਾ। ੨. ਗੁਰੂ.

ਉਪਦੇਸੜਾ: ਉਪਦੇਸ਼. ਗੁਰਮੰਤ੍ਰ. "ਸੋਈ ਦਸਿ ਉਪਦੇਸੜਾ." (ਸੂਹੀ ਮਃ ੫. ਗੁਣਵੰਤੀ) ਦੇਖੋ, ੜਾ

ਉਪਦੇਸਿ: ਉਪਦੇਸ਼ ਕਰਕੇ. ਉਪਦੇਸ਼ ਨਾਲ "ਗੁਰਉਪਦੇਸਿ ਕਾਲ ਸਿਉ ਜਰੈ." (ਭੈਰ ਕਬੀਰ) ਕਾਲ ਦਾ ਮੁਕਾਬਲਾ ਕਰਦਾ ਹੈ.

ਉਪਦੇਸੀ, ਉਪਦੇਸ੍ਟਾ: ਸੰ. उपेद्दष्टा. ਸੰਗਯਾ- ਉਪਦੇਸ਼ (ਸਿਖ੍ਯਾ) ਦਾਤਾ ਉਪਦੇਸ਼ਕ. "ਗਿਆਨੀ ਧਿਆਨੀ ਬਹੁ ਉਪਦੇਸੀ." (ਗਉ ਕਬੀਰ) ੨. ਗੁਰੂ.

ਉਪਦ੍ਰਹ, ਉਪਦ੍ਰਵ: ਸੰ. उपद्रव. ਸੰਗਯਾ- ਉਤਪਾਤ. ਵਿਘਨ. "ਮਿਟੇ ਉਪਦ੍ਰਹ ਮਨ ਤੇ ਬੈਰ." (ਆਸਾ ਮਃ ੫) ੨. ਊਧਮ. ਦੰਗਾ। ੩. ਮੁਸੀਬਤ. ਵਿਪਦਾ.

ਉਪਦ੍ਰਵੀ, ਉਪਦ੍ਰੀ: ਸੰ. उपद्रविन. ਵਿ- ਫ਼ਸਾਦੀ. ਉਤਪਾਤੀ. "ਧੁਜਾ ਫਾਟ ਬਸਤ੍ਰੰ ਸੁ ਧਾਰੇ ਉਪਦ੍ਰੀ." (ਪਾਰਸਾਵ. )

ਉਪਧਾਤੁ: ਸੰ. ਸੰਗਯਾ- ਧਾਤੁ ਦੀ ਮੈਲ। ੨. ਦੋ ਧਾਤੂਆਂ ਤੋਂ ਮਿਲਕੇ ਬਣੀ ਧਾਤੁ। ੩. ਧਾਤੁ ਜੇਹਾ ਪਦਾਰਥ. ਜੈਸੇ- ਸੁਰਮਾ, ਨੀਲਾਥੋਥਾ, ਹੜਤਾਲ, ਆਦਿਕ ਪਦਾਰਥ. ਕਈਆਂ ਨੇ ਉਪਧਾਤਾਂ ਦੀ ਗਿਣਤੀ ਸੱਤ ਲਿਖੀ ਹੈ- ਸੋਇਨਾਮੱਖੀ, ਨੀਲਾਥੋਥਾ, ਹੜਤਾਲ, ਸੁਰਮਾ, ਅਭਰਕ, ਮੈਂਨਸਿਲ, ਖਪਰਿਯਾ."ਕਹਿ ਧਾਤੁ ਸਬੈ ਉਪਧਾਤੁ ਭਨੋ." (ਸਮੁਦ੍ਰ ਮਥਨ)

ਉਪਧਾਨ: ਸੰ. ਸੰਗਯਾ- ਜਿਸ ਉੱਪਰ ਸਿਰ ਰੱਖਿਆ ਜਾਵੇ. ਤਕੀਆ. ਸਿਰਾਣਾ. "ਬਡ ਉਪਧਾਨ ਧਰਜੋ ਜਿੰਹ ਪਾਛੇ." (ਗੁਪ੍ਰਸੂ) ੨. ਉਹ ਮੰਤ੍ਰ ਜਿਸਨੂੰ ਪੜ੍ਹਕੇ ਯੱਗਵੇਦੀ ਦੀ ਨਿਉਂ ਰੱਖੀ ਜਾਂਦੀ ਹੈ। ੩. ਪ੍ਰੇਮ. ਸਨੇਹ. ਮੁਹੱਬਤ.

ਉਪਨਤ: ਸੰ. ਵਿ- ਪ੍ਰਤੱਖ. ਜਾਹਿਰ. "ਜਾਨ ਉਪਨਤ ਸੁਹਾਗ." (ਮਨੁਰਾਜ) ਮਾਨੋ ਸੁਭਾਗ (ਸੋਭਾਗਯ) ਪ੍ਰੱਤਖ ਹੈ। ੨. ਅੱਗੇ ਵੱਲ ਝੁਕਿਆ ਹੋਇਆ। ੩. ਸ਼ਰਣਾਗਤ. ਪਨਾਹ ਲੈਣ ਲਈ ਜਿਸ ਨੇ ਸਿਰ ਝੁਕਾਇਆ ਹੈ।

ਉਪਨਯਨ: ਸੰ. ਸੰਗਯਾ- ਜਨੇਊ ਸੰਸਕਾਰ. ਜਨੇਊ ਪਰਿਹਾਉਣ ਦੀ ਰਸਮ.[25] ਦੇਖੋ, ਜਨੇਊ। ੨. ਪਾਸ ਲੈ ਜਾਣ ਦੀ ਕ੍ਰਿਯਾ. ਨੇੜੇ (ਸਮੀਪ) ਲੈ ਜਾਣਾ। ੩. ਗੁਰੂ ਪਾਸ ਵਿਦ੍ਯਾਰਥੀ ਨੂੰ ਸਿਖ੍ਯਾ ਲਈ ਲੈਜਾਣਾ.

ਉਪਨਾਮ: उपनामन. ਸੰਗਯਾ- ਦੂਜਾ ਨਾਉਂ. ਪਿਆਰ ਦਾ ਰੱਖਿਆ ਹੋਇਆ ਨਾਉਂ Nickname। ੨. ਛਾਪ. ਤਖ਼ੱਲੁਸ. ਕਵੀ ਦਾ ਸੰਕੇਤਕੀਤਾ ਆਪਣਾ ਨਾਉਂ, ਜੈਸੇ ਭਾਈ ਨੰਦਲਾਲਜੀ ਦਾ "ਗੋਯਾ". ਦੇਖੋ, ਛਾਪ.

ਉਪਨਿਸ਼ਦ, ਉਪਨਿਖਦ: ਸੰ. उपनिषद्. ਸੰਗਯਾ- ਪਾਸ ਨਿਸ਼ਦ (ਬੈਠਣ) ਦੀ ਕ੍ਰਿਯਾ. ਗੁਰੂਦੇ ਪਾਸ ਉਪਦੇਸ਼ ਸੁਣਨ ਲਈ ਬੈਠਣਾ। ੨. ਵੇਦਬ੍ਰਾਹਮਣਾਂ ਦੇ ਓਹ ਭਾਗ, , ਜਿਨ੍ਹਾਂ ਵਿੱਚ ਆਤਮਵਿਦ੍ਯਾ ਦਾ ਨਿਰੂਪਣ ਹੈ. ਇਨ੍ਹਾਂ ਗ੍ਰੰਥਾਂ ਦੀ ਗਿਣਤੀ ੧੭੦ ਹੈ, ਪਰ ਮੁੱਖ ੧੦. ਹਨ- ਈਸ਼ਾਵਸ੍ਯ, ਕੇਨ, ਕਠਵੱਲੀ, ਪ੍ਰਸ਼੍ਨ, ਮੁੰਡਕ, ਮਾਂਡੂਕ੍ਯ, ਤੈਤਿੱਰੀਯ, ਐਤਰੇਯ, ਛਾਂਦੋਗ੍ਯ ਅਤੇ ਵ੍ਰਿਹਦਾਰਣ੍ਯਕ. "ਕਛੁ ਉਪਨਿਖਦ ਪਾਠ ਮੁੱਖ ਠਾਨਾ." (ਗੁਪ੍ਰਸੂ)

ਬਾਦਸ਼ਾਹ ਅਕਬਰ ਦੇ ਸਮੇਂ ਕੁਝ ਉਪਨਿਸ਼ਦਾਂ ਦਾ ਤਰਜੁਮਾ ਫ਼ਾਰਸੀ ਵਿੱਚ ਹੋਇਆ ਅਤੇ ਦਾਰਾਸ਼ਿਕੋਹ ਨੇ ਭੀ ਸਨ ੧੬੫੭ ਵਿੱਚ ਪੰਜਾਹ ਉਪਨਿਸ਼ਦਾਂ ਦਾ ਉਲਥਾ ਕਰਵਾਇਆ। ੩. ਨਿਰਜਨ ਅਸਥਾਨ. ਏਕਾਂਤ ਥਾਂ। ੪. ਧਰਮ.

ਉਪਨਿਯਮ: ਸੰ. ਸੰਗਯਾ- ਗੌਣ ਨਿਯਮ (ਨੇਮ). ਨਿਯਮ ਦੇ ਅੰਤਰਗਤ ਨੇਮ. ਜੈਸੇ- ਸਿੱਖੀ ਦੇ ਨੇਮ ਹਨ- ਨਾਮ ਦਾਨ ਅਤੇ ਇਸਨਾਨ. ਉਪਨੇਮ ਹਨ- ਬਾਣੀ ਦਾ ਪਾਠ ਕਥਾ ਕੀਰਤਨ, ਅਨਾਥਾਂ ਨੂੰ ਅੰਨ ਵਸਤ੍ਰ ਦਵਾਈ ਵਿਦ੍ਯਾ ਦਾ ਦਾਨ, ਅਤੇ ਵਸਤ੍ਰ ਮਕਾਨ ਆਦਿ ਦੀ ਸਫਾਈ।

ਉਪਨੀਤ: ਸੰ. ਵਿ- ਜਨੇਊ ਪਹਿਨੇ ਹੋਏ, ਜਿਸ ਦਾ ਜਨੇਊ- ਸੰਸਕਾਰ ਹੋ ਗਿਆ ਹੈ। ੨. ਪਾਸ ਲਿਆਂਦਾ ਹੋਇਆ.

ਉਪਨੇਤਾ: ਸੰ. उपनेतृ. ਸੰਗਯਾ- ਲਿਆਉਣ ਵਾਲਾ। ੨. ਜਨੇਊ ਪਹਰਾਉਣ ਵਾਲਾ ਆਚਾਰਯ.

---

[25] ਗੁਰੂ ਪਾਸ ਜਦ ਬ੍ਰਹਮਚਾਰੀ ਨੂੰ ਵਿਦ੍ਯਾ ਹਾਸਿਲ ਕਰਨ ਲਈ ਲੈ ਜਾਈਦਾ ਹੈ, ਉਸ ਵੇਲੇ ਦਾ ਸੰਸਕਾਰ ਹੋਣ ਕਰਕੇ ਇਹ ਨਾਉਂ ਹੈ.

ਉਪਨੇਤ੍ਰ: ਸੰ. ਸੰਗਜਾ- ਦੂਜੀ ਅੱਖ. ਵਿਦਜਾ. ਇਲਮ। ੨. ਐਨਕ. ਚਸ਼ਮਾ.

ਉਪਨਜਾਸ: ਸੰ. ਸੰਗਜਾ- ਪਾਸ ਰੱਖਣ ਦੀ ਕ੍ਰਿਯਾ।

੨. ਤਿਆਗ। ੩. ਕਥਨ. ਬਿਆਨ। ੪. ਅਨੂਠੀ ਕਲਪਿਤ ਕਥਾ. ਨੌਵਲ (Novel). ੫. ਧਰੋਹਰ. ਅਮਾਨਤ। ੬. ਵਿਚਾਰ.

ਉਪਪਤਿ: ਸੰ. ਸੰਗਜਾ- ਧਰਮਪਤਿ ਤੋਂ ਭਿਨ ਦੂਜਾ ਪਤਿ. ਜਾਰ.[26] "ਪਤਿ ਮਾਰਤ ਜਿਹ ਲਗੀ ਨ ਬਾਰਾ। ਕਾ ਉਪਪਤਿ ਤਿਹ ਅਗ੍ਰ ਬਿਚਾਰਾ?" (ਚਰਿਤ੍ਰ ੨੬੭) ੨. ਦੇਖੋ, ਉਪਪੱਤਿ. "ਉਪਪਤਿ ਖਸ੍ਰਮ ਕਰਹਿ ਉਚਾਰਨ." (ਗੁਪ੍ਰਸੂ).

ਉਪਪੱਤਿ: ਸੰ. उपपत्ति. ਸੰਗਜਾ- ਪ੍ਰਾਪਤੀ। ੨. ਸਿੱਧਿ. ਕਾਮਯਾਬੀ. ੩. ਯੁਕਤਿ. ਦਲੀਲ. ਹੇਤੁ (ਕਾਰਣ) ਦ੍ਵਾਰਾ ਕਿਸੇ ਵਸਤੁ ਦੇ ਹੋਣ ਦਾ ਨਿਸ਼ਚਾ.

ਉਪਪਾਤਕ: ਸੰਗਜਾ- ਦੂਜੇ ਦਰਜੇ ਦਾ ਪਾਪਕਰਮ. ਜੈਸੇ ਚੋਰੀ ਪਾਤਕ ਹੈ ਅਤੇ ਚੋਰ ਨਾਲ ਵਰਤੋਂ ਵਿਹਾਰ ਉਪਪਾਤਕ ਹੈ।

ਉਪਪਾਤੀ: ਸੰ. उपपातिन. ਵਿ- ਹਠ ਨਾਲ ਆਇਆ ਹੋਇਆ। ੨. ਅਚਾਨਕ ਆਇਆ ਹੋਇਆ।. ੩. ਪੰਜੇ ਵਿੱਚ ਫਸਿਆ ਹੋਇਆ. "ਤਜੋਂ ਅਬ ਤਪ- ਤਾਵਹੁ ਉਪਪਾਤੀ." (ਗੁਪ੍ਰਸੂ)

ਉਪਪਾਦਨ: ਸੰਗਜਾ- ਅੱਛੀ ਤਰ੍ਹਾਂ ਬਿਆਨ ਕਰਨਾ. ਜੁਗਤਿ ਨਾਲ ਸਿੱਧ ਕਰਨ ਦਾ ਕੰਮ.

ਉਪਪੁਰਾਣ: ਦੂਜੇ ਦਰਜੇ ਦੇ ਪੁਰਾਣ. ਇਨ੍ਹਾਂ ਦੀ ਗਿਨਤੀ ਭੀ ੧੮. ਹੈਃ- ਉਸਨਾ, ਸਨਤਕੁਮਾਰ, ਸ਼ਾਂਬ, ਸ਼ੈਵ, ਕਾਪਿਲ, ਕਾਲਿਕਾ, ਦੁਰਵਾਸਾ, ਦੇਵੀ, ਨਾਰ ਸਿੰਘ, ਨਾਰਦੀਯ, ਨੰਦਿਕੇਸ਼੍ਵਰ, ਪਾਰਾਸ਼ਰ, ਪਾਦ੍ਮ, ਭਾਸ੍ਕਰ, ਮਾਹੇਸ਼੍ਵਰ, ਮਾਰੀਚ, ਵਾਯਵੀਯ ਅਤੇ ਵਾਰੁਣ. ਦੇਖੋ, ਪੁਰਾਣ.[27]

ਉਪਬਨ: ਸੰ. उपवन. ਸੰਗਜਾ- ਜਿਸ ਵਿੱਚ ਫੁੱਲ ਅਤੇ ਫਲਦਾਰ ਬੂਟੇ ਬਿਰਛ ਮਿਣਤੀ ਅਤੇ ਸੁੰਦਰ ਬਜੋਂਤ ਨਾਲ ਲਾਏ ਹੋਣ. ਬਾਗ.

ਉਪਬਾਹ: ਵਿਆਹ. ਦੇਖੋ, ਉਪਵਾਹ. "ਦ੍ਵੈ ਉਪਬਾਹ ਅਗਾਰੀ ਭਏ." (ਗੁਪ੍ਰਸੂ)

ਉਪਭੁਕਤ, ਉਪਭੁਗਤ: ਸੰ. उपभुक्त. ਵਿ- ਭੋਗਿਆ ਹੋਇਆ. ਵਰ- ਤਿਆਹੋਇਆ। ੨. ਜੂਠਾ.

ਉਪਭੋਗ: ਸੰਗਜਾ- ਪਦਾਰਥ ਦੇ ਭੋਗਣ ਤੋਂ ਪ੍ਰਾਪਤ ਹੋਇਆ ਆਨੰਦ। ੨. ਸ੍ਵਾਦ ਲੈਣ ਦੀ ਕ੍ਰਿਯਾ.

ਉਪਮਾ, ਉਪਮਾਂ: ਸੰ. ਉਪ- ਮਾ. ਸੰਗਜਾ- ਸਮਾਨ (ਤੁੱਲ) ਮਿਣਨ ਅਤੇ ਤੋਲਣ ਦੀ ਕ੍ਰਿਯਾ. ਸਮਾਨਤਾ. ਦ੍ਰਿਸ਼ਾਂਤ ਮਿਸਾਲ. "ਕਉਨ ਉਪਮਾ ਦੇਉ ਕਵਨ ਬਡਾਈ?" (ਸਾਰ ਛੰਤ ਮਃ ੫) ੨. ਇੱਕ ਸ਼ਬਦਾ- ਲੰਕਾਰ. ਜਿਸ ਉਕਤਿ ਵਿੱਚ ਉਪਮਾਨ ਉਪਮੇਯ ਦੇ ਭਿੰਨ ਹੋਣ ਪੁਰ ਭੀ. ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕੀਤੀ ਜਾਵੇ, , ਉਹ ਉਪਮਾ ਅਲੰਕਾਰ ਹੈ.

ਕਰਿਯੋ ਜਹਿਂ ਉਪਮੇਯ ਕੋ ਬਰ ਉਪਮਾਨ ਸਮਾਨ,

ਪੁਨ ਸਾਧਾਰਨ ਧਰਮ ਧਰ ਸੋਊ ਉਪਮਾ ਜਾਨ.

(ਅਲੰਕਾਰ ਸਾਗਰ ਸੁਧਾ)

ਇਸ ਅਲੰਕਾਰ ਦੇ ਗਜਾਨ ਲਈ ਚਾਰ ਸ਼ਬਦਾਂ ਦਾ ਅਰਥ (ਜੋ ਉਪਮਾ ਦੇ ਅੰਗਰੂਪ ਹਨ) ਪਹਿਲਾਂ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਏ, ਅਰਥਾਤ ਉਪਮਾਨ, ਉਪਮੇਯ, ਧਰਮ ਅਤੇ ਵਾਚਕ.

---

[26] ਪੰਜਾਬੀ ਵਿੱਚ ਜਾਰ ਲਈ ਯਾਰ ਭੀ ਬੋਲਦੇ ਹਨ, ਪਰ ਇਹ ਸਹੀ ਨਹੀਂ. ਯਾਰ ਦਾ ਅਰਥ ਸਹਾਇਕ ਅਤੇ ਮਿਤ੍ਰ ਹੈ. ਜਾਰ ਦਾ ਅਰਥ ਪਰਇਸਤ੍ਰੀ ਗਾਮੀ ਹੈ.

[27] ਪੁਰਾਣਾਂ ਅਤੇ ਉਪਪੁਰਾਣਾਂ ਦੇ ਨਾਵਾਂ ਦਾ ਕਈ ਗ੍ਰੰਥਾਂ ਵਿੱਚ ਭੇਦ ਹੈ. ਦੇਖੋ, ਕੂਰਮ ਪੁਰਾਣ, ਅਃ ੧੨.

"ਉਪਮਾਨ" ਉਹ ਹੈ ਜਿਸ ਦੀ ਤੁੱਲਤਾ ਕਿਸੇ ਨੂੰ ਦੇਈਏ, ਜੈਸੇ ਚੰਦ੍ਰਮਾ ਦੀ ਸਮਤਾ ਮੁਖ ਨੂੰ ਦਿੱਤੀ ਜਾਂਦੀ ਹੈ.

"ਉਪਮੇਯ" ਉਹ ਹੈ ਜਿਸਨੂੰ ਤੁੱਲਤਾ ਦੇਈਏ. ਜੈਸੇ ਮੁੱਖ ਨੂੰ ਚੰਦ੍ਰਮਾ ਸਮਾਨ ਕਲਪਿਆ ਜਾਂਦਾ ਹੈ.

"ਧਰਮ" ਅਥਵਾ "ਸਾਧਾਰਣ ਧਰਮ" ਉਹ ਹੈ ਜੋ ਉਪਮਾਨ ਅਤੇ ਉਪਮੇਯ ਵਿੱਚ ਸਮਾਨ ਗੁਣ ਰਹਿੰਦਾ ਹੈ, ਜੈਸੇ ਚੰਦ੍ਰਮਾ ਅਤੇ ਮੁਖ ਵਿਚ ਪ੍ਰਕਾਸ਼ ਅਥਵਾ ਸ਼ੋਭਾ.

"ਵਾਚਕ" ਉਹ ਹੈ, ਜੋ ਉਪਮਾਨ ਉਪਮੇਯ ਦੇ ਸਾਧਾਰਣ ਧਰਮ ਨੂੰ ਤੁੱਲ ਬੋਧਨ ਕਰਦਾ ਹੈ. ਜੈਸਾ, ਤੈਸਾ, ਜਿਉਂ, ਤਿਉਂ, ਸਮ, ਸੋ, ਸਾ, ਯਥਾ, ਤਥਾ ਲੌ ਆਦਿਕ ਸ਼ਬਦ ਵਾਚਕ ਸਦਾਉਂਦੇ ਹਨ. ਉੱਪਰ ਦੱਸੇ ਚਾਰੇ ਅੰਗ ਜਿਸ ਉਪਮਾ ਵਿੱਚ ਪਾਏ ਜਾਣ, ਉਹ "ਪੂਰਣੋਪਮਾ" ਅਲੰਕਾਰ ਹੈ.

ਉਦਾਹਰਣ- ਲੋਚਨ ਅਮਲ ਕਮਲਦਲ ਜੈਸੇ. (ਨਾਪ੍ਰ)

ਨੇਤ੍ਰ ਉਪਮੇਯ ਹਨ, ਕਮਲ ਦੀ ਪੰਖੜੀ ਉਪਮਾਨ ਹੈ, ਨਿਰਮਲਤਾ ਦੋਹਾਂ ਦਾ ਸਾਧਾਰਣ ਧਰਮ ਹੈ ਅਤੇ ਜੈਸੇ ਸ਼ਬਦ ਵਾਚਕ ਹੈ.

(ਅ) ਜੇ ਉਪਮਾ ਦੇ ਚਾਰ ਅੰਗਾਂ ਵਿੱਚੋਂ ਇੱਕ ਅਥਵਾ ਦੋ ਲੋਪ ਹੋਣ, ਤਦ "ਲੁਪਤੋਪਮਾ" ਸੰਗਯਾ ਹੁੰਦੀ ਹੈ, ਅਤੇ ਜੋ ਅੰਗ ਲੋਪ ਹੋਵੇ ਉਸ ਦੇ ਨਾਉਂ ਕਰਕੇ ਲੁਪਤੋਪਮਾ ਦਾ ਨਾਉਂ ਹੋਇਆ ਕਰਦਾ ਹੈ. ਜੇ ਧਰਮ ਬੋਧਕ ਸ਼ਬਦ ਨਾ ਹੋਵੇ ਤਦ "ਧਰਮਲੁਪਤਾ", ਉਪਮਾਨ ਲੋਪ ਹੋਣ ਕਰਕੇ "ਉਪਮਾਨਲੁਪਤਾ", ਉਪਮੇਯ ਦੇ ਲੋਪ ਹੋਣ ਤੋਂ "ਉਪਮੇਯਲੁਪਤਾ" ਅਤੇ ਵਾਚਕ ਸ਼ਬਦ ਲੋਪ ਹੋਵੇ ਤਾਂ "ਵਾਚਕਲੁਪਤਾ" ਅਖਾਉਂਦੀ ਹੈ.

(ੲ) ਜੇ ਇੱਕ ਉਪਮੇਯ ਦੇ ਬਹੁਤ ਉਪਮਾਨ ਹੋਣ, ਤਦ "ਮਾਲੋਪਮਾ" ਅਲੰਕਾਰ ਹੁੰਦਾ ਹੈ.

ਉਦਾਹਰਣ-

ਛੀਰ ਕੈਸੀ ਛੀਰਾਵਧਿ ਛਾਛ ਕੈਸੀ ਛਤ੍ਰਾਨੇਰ

ਛਪਾਕਰ ਕੈਸੀ ਛਬਿ ਕਾਲਿੰਦੀ ਕੇ ਕੂਲ ਕੇ,

ਹੰਸਨੀ ਸੀ ਸੀਹਾਰੁਮ, ਹੀਰਾ ਸੀ ਹੁਸੈਨਾਬਾਦ

ਗੰਗਾ ਕੀ ਸੀ ਧਾਰ ਚਲੀ ਸਾਤੋਂ ਸਿੰਧੁ ਰੂਲਕੇ,

ਪਾਰਾ ਸੀ ਪਲਾਊਗਢ, ਰੂਪਾ ਕੈਸੀ ਰਾਮਪੁਰ

ਸ਼ੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲਕੇ,

ਚੰਪਾ ਸੀ ਚੰਦੇਰੀਕੋਟ, ਚਾਂਦਨੀ ਸੀ ਚਾਂਦਾਗੜ

ਕੀਰਤੀ ਤਿਹਾਰੀ ਰਹੀ ਮਾਲਤੀ ਸੀ ਫੂਲਕੇ.

(ਅਕਾਲ)

(ਸ) ਉਪਮੇਯ ਨੂੰ ਉਪਮਾਨ ਅਤੇ ਉਪਮਾਨ ਨੂੰ ਉਪਮੇਯ ਯਥਾਕ੍ਰਮ ਵਰਣਨ ਕਰੀਏ, ਤਦ "ਰਸਨੋਪਮਾ" ਅਲੰਕਾਰ ਹੁੰਦਾ ਹੈ. ਉਦਾਹਰਣ-

ਕੈਸੀ ਰਵਿ ਰਸਮਿ ਘਟਾ ਪੈ ਹੈ ਟਹਿਲ ਸਿੰਘ?

ਜੈਸੀ ਨੀਲਮਨਿਨ ਕੀ ਆਵਲੀ ਪਹਾਰ ਹੈ,

ਕੈਸੀ ਨੀਲਮਨਿਨ ਕੀ ਆਵਲੀ ਸਬਜ ਸੈਲ?

ਜੈਸੀ ਬ੍ਰਿਜਕੁੰਜਨ ਮੇ ਜਮੁਨਾ ਕੀ ਧਾਰ ਹੈ,

ਕੈਸੀ ਬ੍ਰਿਜਕੁੰਜਨ ਮੇਂ ਜਮੁਨਾ ਕੀ ਧਾਰ ਦੇਖੀ?

ਜੈਸੀ ਬੀਜੁਰੀ ਕੀ ਸ਼ਾਨ ਪਾਨਪ ਅਪਾਰ ਹੈ,

ਕੈਸੀ ਬੀਜੁਰੀ ਕੀ ਸ਼ਾਨ ਪਾਨਪ ਅਪਾਰ ਦੇਖੀ?

ਜੈਸੀ ਸ਼੍ਰੀ ਗੋਬਿੰਦ ਸਿੰਘ ਤੇਰੀ ਤਲਵਾਰ ਹੈ.

(ਅਲੰਕਾਰ ਸਾਗਰ ਸੁਧਾ)

(ਹ) ਕਿਸੇ ਇੱਕ ਵਸਤੁ ਦੇ ਗੁਣ ਦੀ ਬਹੁਤਿਆਂ ਵਿੱਚ ਸੰਭਾਵਨਾ (ਅਟਕਲ) ਕਰਨੀ, "ਉਤਪ੍ਰੇਕ੍ਸ਼ੋਪਮਾ" ਅਲੰਕਾਰ ਹੈ.

ਉਦਾਹਰਣ-

ਤਾਲ ਕੂਪ ਫਲੇ ਦ੍ਰੁਮ ਮੇਘ ਜਲਪੂਰਿਤ ਮੇ

ਮਾਨੋ ਗੁਰੁ ਨਾਨਕ ਕੀ ਨੰਮ੍ਰਤਾ ਬਸਤ ਹੈ. ***

ਸਿਤਾ ਕਲਾਕੰਦ ਮਧੁ ਮਿਸ਼ਰੀ ਔ ਅੰਮ੍ਰਿਤ ਨੇ

ਮਾਨੋ ਗੁਰੁਗਿਰਾ ਮੇ ਤੇ ਮਧੁਰਾਈ ਲੀਨੀ ਹੈ.

੩. ਉਸਤਤਿ. ਤਾਰੀਫ਼. "ਬਿਨ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ." (ਗਉ ਮਃ ੧)

ਉਪਮਾਤਾ: ਸੰ. उपमातृ- ਉਪਮਾਤ੍ਰਿ. ਸੰਗਜਾ- ਜੋ ਮਾਂ ਜੇਹੀ ਹੈ. ਦੁੱਧ ਚੁੰਗਾਉਣ ਵਾਲੀ ਦਾਈ। ੨. ਮਾਸੀ, ਚਾਚੀ ਅਤੇ ਵਡੇ ਭਾਈ ਦੀ ਇਸਤਰੀ ਆਦਿ। ੩. ਮੁਸੱਵਰ। ੪. ਵਿ- ਉਪਮਾ ਦੇਣ ਵਾਲਾ.

ਉਪਮਾਨ: ਦੇਖੋ, ਉਪਮਾ। ੨. ਸੰਗਜਾ- ਇੱਕ ਮਾਤ੍ਰਿਕ ਛੰਦ. ਇਸ ਦਾ ਨਾਉਂ ਨਿਸ਼ਾਨੀ ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ. ੧੩- ੧੦ ਤੇ ਵਿਸ਼੍ਰਾਮ, ਅੰਤ ਦੋ ਗੁਰੂ.

ਉਦਾਹਰਣ-

ਭਲੀ ਸੁਹਾਵੀ ਛਾਪਰੀ, ਜਾਮਹਿ ਗੁਨ ਗਾਏ,

ਕਿਤਹੀ ਕਾਮ ਨ ਧਉਲਹਰ, ਜਿਤੁ ਹਰਿ ਵਿਸਰਾਏ.

(ਸੂਹੀ ਮਃ ੫)

(ਅ) ਉਪਮਾਨ ਛੰਦ ਦਾ ਦੂਜਾ ਰੂਪ ਹੈ- ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ. ਪਹਿਲਾ ਵਿਸ਼੍ਰਾਮ ੧੩. ਤੇ, ਦੂਜਾ ੧੦. ਪੁਰ, ਹਰੇਕ ਚਰਣ ਦੇ ਆਦਿ ਗੁਰੁ, ਅੰਤ ਸ਼ਗਣ- ।।ऽ.

ਉਦਾਹਰਣ-

ਅੱਖੀ ਬਾਝਹੁ ਵੇਖਣਾ, ਵਿਣ ਕੰਨਾ ਸੁਨਣਾ,

ਪੈਰ ਬਾਝਹੁ ਚੱਲਣਾ, ਵਿਣ ਹੱਥਾਂ ਕਰਣਾ,

ਜੀਭੈ ਬਾਝੁਹ ਬੋਲਣਾ, ਇਉ ਜੀਵਤਮਰਣਾ,

ਨਾਨਕ ਹੁਕਮ ਪਛਾਣਕੈ, ਤਉ ਖਸਮੈ ਮਿਲਣਾ.

(ਵਾਰ ਮਾਝ, ਮਃ ੨)

ਉਪਮਾਨੋਪਮੇਯ: ਅਥਵਾ- ਉਪਮੇਯੋਪਮਾਨ. ਸੰਗਜਾ- ਇੱਕ ਅਰਥਾਲੰਕਾਰ. ਜੇ ਪਰਸਪਰ ਉਪਮੇਯ ਨੂੰ ਉਪਮਾਨ, ਅਤੇ ਉਪਮਾਨ ਨੂੰ ਉਪਮੇਯ ਵਰਣਨ ਕਰੀਏ, ਤਦ "ਉਪਮਾਨੋਪਮੇਯ" ਅਲੰਕਾਰ ਹੰਦਾ ਹੈ. "ਜਹਾਂ ਪਰਸਪਰ ਹੋਤ ਹੈਂ ਉਪਮੇਯੋ ਉਪਮਾਨ। ਭੂਸ਼ਣ ਉਪਮੇ- ਯੋਪਮਾ ਤਾਂਹਿ ਬਖਾਨਤ ਜਾਨ." (ਸ਼ਿਵਰਾਜ ਭੂਸ਼ਣ)

ਉਦਾਹਰਣ-

ਦਸ਼ਮੇਸ਼ ਦੀ ਕ੍ਰਿਪਾਨ ਭਾਸੈ ਬੀਜੁਰੀ ਸਮਾਨ,

ਬਿਜਲੀ ਚਮਕ ਦੇਖੀ ਸ਼੍ਰੀ ਗੁਰੁ ਕ੍ਰਿਪਾਨ ਸੀ.

ਉਪਮੇਯ: ਦੇਖੋ, ਉਪਮਾ.

ਉਪਮੇਯੋਪਮਾ: ਦੇਖੋ, ਉਪਮਾਨੋਖਮੇਯ.

ਉਪਯੁਕਤ: ਸੰ. ਵਿ- ਯੋਗਜ. ਮੁਨਾਸਿਬ. ਠੀਕ।

ਕ ਸੰਬੰਧਿਤ. ਜੁੜਿਆ ਹੋਇਆ.

ਉਪਯੋਗ: ਸੰ. ਸੰਗਜਾ- ਸੰਬੰਧ. ਤਅ਼ੱਲੁਕ਼। ੨. ਕੰਮ. ਕਾਰਜ। ੩. ਪ੍ਰਯੋਜਨ. ਮਤਲਬ। ੪. ਯੋਗਜਤਾ. ਲਿਆਕਤ (ਲਯਾਕਤ).

ਉਪਯੋਗੀ: ਸੰ. उपयोगित ਵਿ- ਕੰਮ ਦੇਣ ਵਾਲਾ। ੨. ਸਹਾਇਕ। ੩. ਅਨੁਕੂਲ

ਉਪਰ: ਸੰ. उपरि. ਕ੍ਰਿ. ਵਿ- ਉੱਤੇ. ਊਪਰ ਦੇਖੋ, ਉਪਰਿ.

ਉਪਰਉਨਾ: ਸੰਗਜਾ- ਉੱਪਰ ਪਹਿਰਣ ਦਾ ਵਸਤ੍ਰ. ਉਪਰਨਾ, ਦੁੱਪਟਾ. "ਉਪਰ ਪੀਤ ਧਰੇ ਉਪਰਉਨਾ." (ਕ੍ਰਿਸਨਾਵ) ੨. ਸ਼ਰੀਰ ਪੂੰਝਣ ਦਾ ਵਸਤ੍ਰ. ਤੌਲੀਆ. ਪਰਨਾ.

ਉਪਰਜਨ: ਸੰ. उपार्जन- ਉਪਾਜੰਨ. ਸੰਗਜਾ- ਪੈਦਾ ਕਰਨਾ. ਉਤਪੰਨ ਕਰਨਾ. "ਨਾਨਕ ਆਪਨ ਰੂਪ ਆਪ ਹੀ ਉਪਰਜਾ." (ਸੁਖਮਨੀ) ਆਪ ਹੀ ਰਚਿਆ. "ਕਦੰਚ ਕਰੁਣਾ ਨ ਉਪਰਜਤੇ." (ਸਹਸ ਮਃ ੫) ਥੋੜੀ ਕ੍ਰਿਪਾ ਨਹੀਂ ਉਪਜਦੀ। ੨. ਕਮਾਉਣਾ। ੩. ਇਕੱਠਾ ਕਰਨਾ. ਜਮਾ ਕਰਨਾ.

ਉਪਰਤ: ਸੰ. ਵਿ- ਜੋ ਨਹੀਂ ਹੈ ਸੰਸਾਰ ਵਿੱਚ ਰਤ. ਵਿਰਕ੍ਤ. ਉਦਾਸ. "ਉਪਰਤ ਮਨੂਆ ਵਿਸ਼ਯ ਤੇ."

(ਗੁਪ੍ਰਸੂ) ੨. ਮਰਿਆ ਹੋਇਆ.

ਉਪਰਤਨ: ਸੰ. उपरत्र. ਸੰਗਜਾ- ਦੂਜੇ ਦਰਜੇ ਦੇ ਰਤਨ. ਘਟੀਆ ਰਤਨ. ਅਕੀਕ. ਬਲੌਰ ਸਿੱਪ ਆਦਿ.

ਉਪਰਤਿ: ਸੰ. ਸੰਗਜਾ- ਉਦਾਸੀ. ਵੈਰਾਗ. ਵਿਰਕ੍ਤਤਾ. "ਜੋ ਉਪਰਤਿ ਹੋਵੈ ਸੰਸਾਰੀ" (ਨਾਪ੍ਰ) ੨. ਮੌਤ. ਮ੍ਰਿਤ੍ਯੁ.

ਉਪਰਨਾ: ਦੇਖੋ, ਉਪਰਉਨਾ. "ਧੋਤੀ ਏਕ ਉਪਰਨਾ ਪਾਨ." (ਗੁਪ੍ਰਸੂ)

ਉਪਰਮ: ਸੰ. ਸੰਗਜਾ- ਵਿਰਾਗ (ਵੈਰਾਗਯ). ਉਦਾਸੀਨਤਾ. ਉਦਾਸੀ. ਉਪਰਾਮਤਾ.

ਉਪਰਾਗ: ਸੰ. ਸੰਗਜਾ- ਰੰਗ. ਵਰਣ। ੨. ਰੰਗਣ ਦੀ ਕ੍ਰਿਯਾ। ੩. ਰੰਗ ਦੀ ਝਲਕ.

ਉਪਰਾਜ: ਸੰ. ਸੰਗਜਾ- ਰਾਜਾ ਦਾ ਪ੍ਰਤਿਨਿਧ. ਵਾਇਸਰਾਯ (Viceroy). ੨. ਦੇਖੋ, ਯੁਵਰਾਜ.

ਉਪਰਾਜਨ: ਸੰ. ਉਪਰਾਗਨ. ਕ੍ਰਿ- ਰੰਗਣਾ ਚਿੱਤਣਾ। ੨. ਸੰ. उपार्जन ਉਪਾਜੰਨ. ਪੈਦਾ ਕਰਨਾ. "ਤੁਮ ਸਭ ਕੋ ਉਪਰਾਜਹੀ

ਤੁਮਹੀ ਲੇਹੁ ਉਬਾਰ." (ਸਨਾਮਾ) ੩. ਜਮਾ ਕਰਨਾ. ਸੰਗ੍ਰਹ. "ਸੁਖ ਉਪਰਾਜੈ ਮੱਧ ਉਰੰ." (ਅਕਾਲ) "ਗਜਾਨ ਰਿਦੇ ਉਪਰਾਜਤ ਹੈ. (ਗੁਪ੍ਰਸੂ)

ਉਪਰਾਂਤ: ਸੰ. उपरान्त. ਕ੍ਰਿ. ਵਿ- ਇਸ ਪਿੱਛੋਂ. ਅਨੰਤਰ. ਏਦੂੰ ਮਗਰੋਂ.

ਉਪਰਾਮ: ਸ਼ੰ. ਸ਼ੰਗਯਾ- ਤਿਆਗ, ਵਿਰਕ੍ਤਤਾ। ਕਾਵਿਸ਼੍ਰਾਮ ਆਰਾਮ। ੩. ਵਿ- ਵਿਰਕ੍ਤ. ਉਦਾਸੀਨ.

ਉਪਰਾਲਾ, ਉਪਰਾਲੋ: ਸੰਗਜਾ- ਉੱਦਮ. ਪੁਰੁਸ਼ਾਰਥ। ੨. ਸਹਾਇਤਾ। ੩. ਉਪਕਾਰ.

"ਪਠ ਉਪਰਾਲਾ ਕੀਨ ਹਮਾਰਾ." (ਗੁਪ੍ਰਸੂ)

"ਅਬ ਹਮਰੋ ਉਪਰਾਲੋ ਕੀਜੈ." (ਗੁਰੁਸ਼ੋਭਾ)

ਉਪਰਿ: ਕ. ਵਿ- ਉੱਤੇ. ਦੇਖੋ, ਉਪਰ. "ਉਪਰਿ ਆਇ ਬੈਠੇ ਕੂੜਿਆਰੁ." (ਵਾਰ ਆਸਾ)

੨. ਅਨੁਸਾਰ. ਮੁਤਾਬਿਕ. "ਕਰਮਾ ਉਪਰਿ ਨਿਬੜੈ." (ਗਉ ਮਃ ੧) ੩. ਪ੍ਰਬਲ. ਗਾਲਿਬ. "ਪੂਰੇ ਗੁਰੁ ਕਾ ਬਚਨ ਉਪਰਿ ਆਇਆ." (ਗਉ ਵਾਰ ੧. ਮਃ ੪)

ਉਪਰੀਆ: ਸੰਗਜਾ- ਉਪਾਉ (ਉਪਾਯ). ਜਤਨ। ੨. ਉਪਚਾਰ. ਇਲਾਜ. "ਅਨਿਕ ਉਪਰੀਆ."

(ਬਿਲਾਃ ਮਃ ੫) ੩. ਵਿ- ਉਪਾੜੀ, ਉਤਪਾਟਨ ਕੀਤੀ. ਉਖੇੜੀ. ਪੁੱਟੀ। ੪. ਉਪਾੜਨ (ਪੁੱਟਣ) ਵਾਲਾ.

ਉਪਰੇ: ਕ੍ਰਿ. ਵਿ- ਉੱਪਰ ਵੱਲ. "ਮੁਖੁ ਤਲੈ ਪੈਰ ਉਪਰੇ." (ਵਾਰ ਜੈਤ)

ਉਪਰੇਰੈ: ਕ੍ਰਿ. ਵਿ- ਉੱਪਰ ਵੱਲ. ਉੱਪਰਲੇ ਪਾਸੇ. "ਉਪਰੇਰੈ ਚਲਿਆ." (ਭਾਗੁ)

ਉਪਰੋਕਤ: ਵਿ- ਪੂਰਵੋਕਤ. ਉੱਪਰ ਕਹਿਆ ਹੋਇਆ

ਉਪਰੋਧ. ਸੰ. ਸੰਗਜਾ- ਰੁਕਾਵਟ. ਰੋਕ। ੨. ਦੱਖ। ੩. ਵਿਘਨ.

ਉਪਰੋਧਕ: ਸੰ. ਵਿ- ਰੋਕਣ ਵਾਲਾ। ੨. ਵਿਘਨ ਕਰਤਾ.

ਉਪਰੋਧਾ: ਸੰਗਜਾ- ਪੁਰੋਹਿਤ. ਹਿੰਦੂਕੁਲ ਦਾ ਆਚਾਰਯ ਬ੍ਰਾਹਮਣ, ਜੋ ਸਾਰੇ ਸੰਸਕਾਰ ਕਰਾਉਂਦਾ ਅਤੇ ਕੁਕਰਮਾਂ ਤੋਂ ਉਪਰੋਧ ਕਰਦਾ (ਵਰਜਦਾ) ਹੈ.

ਉਪਰੌਨਾ: ਦੇਖੋ, ਉਪਰਉਨਾ.

ਉਪਰੰਤ: ਦੇਖੋ, ਉਪਰਾਂਤ.

ਉਪਲ: ਸੰ. ਸੰਗਜਾ ਪੱਥਰ। ੨. ਗੜਾ. ਓਲਾ। ੩. ਬੱਦਲ। ੪. ਬਾਲੂ ਰੇਤ। ੫. ਏਰਣਾ ਗੋਹਾ। ੬. ਦੇਖੋ, ਉੱਪਲ.

ਉਪਲਕ੍ਸ਼ਿਤ, ਉਪਲਖਿਤ: ਸੰ. उपलक्षित. ਵਿ- ਜਾਣਿਆ ਹੋਇਆ। ੨. ਅਨੁਮਾਨ ਕੀਤਾ। ੩. ਜਣਾਇਆ ਹੋਇਆ. ਬੋਧ ਕਰਾਇਆ.

ਉਪਲੱਖਣ, ਉਪਲੱਛਣ: ਸੰ. उपलक्षण- ਉਪਲਕਣ. ਸੰਗਜਾ- ਕਿਸੇ ਵਸਤੁ ਨੂੰ ਬੋਧ ਕਰਾਉਣ ਦਾ ਚਿੰਨ੍ਹ. ਸੰਕੇਤ। ੨. ਸ਼ਬਦ ਦੀ ਉਹ ਸ਼ਕਤਿ, ਜੋ ਵਾਕ ਦੇ ਅਰਥ ਤੋਂ ਭਿੰਨ, ਉਸ ਅਰਥ ਨਾਲ ਮਿਲਦੀ ਬਾਤ ਦਾ ਬੋਧ ਕਰਾਵੇ. ਜੈਸੇ- ਖੇਤ ਨੂੰ ਹਰਣਾਂ ਤੋਂ ਬਚਾਓ- ਇਸ ਵਾਕ ਤੋਂ ਇਹ ਭੀ ਬੋਧ ਹੋਇਆ ਕਿ ਝੋਟੇ ਢੱਟਿਆਂ ਤੋਂ ਭੀ ਖੇਤ ਦੀ ਰਾਖੀ ਕਰੋ.

ਉਪਲਬਧ: ਸੰ. उपलब्ध. ਵਿ- ਪ੍ਰਾਪਤ ਹੋਇਆ. ਲੱਭਿਆ. ੨. ਜਾਣਿਆ ਹੋਇਆ।

ਉਪਲਬਧਿ: ਸੰ. उपलब्धि. ਸੰਗਜਾ- ਲੱਭਣ ਦੀ ਕ੍ਰਿਯਾ. ਖੋਜ ਕਰਨ ਦੀ ਸ਼ਕਤਿ। ੨. ਪ੍ਰਾਪਤੀ। ੩. ਬੁੱਧਿ. ਗ੍ਯਾਨ.

ਉਪਵਾਸ: ਸੰ. ਸੰਗਜਾ- ਵ੍ਰਤ. ਲੰਘਨ. ਆਹਾਰ ਦਾ ਤਿਆਗ. ਭੋਜਨ ਨਾ ਕਰਨ ਦਾ ਭਾਵ.

ਉਪਵਾਹ: ਵਿਆਹ. ਸ਼ਾਦੀ. ਦੇਖੋ, ਉਦਵਾਹ. "ਕੀਨੋ ਉਪਵਾਹ ਅਭਿਰਾਮ ਯੌਂ ਜੈ ਰਾਮ." (ਨਾਪ੍ਰ)

ਉਪਵੀਤ: ਸੰ. ਸੰਗਜਾ- ਉਹ ਸੂਤ੍ਰ, ਜੋ ਸੱਜਾ ਹੱਥ ਪਸਾਰਕੇ ਪਹਿਨੀਏਂ. ਜੰਞੂ. ਯਗ੍ਯੋਪਵੀਤ ਦੇਖੋ, ਜਨੇਊ.

ਉਪਵੇਸ਼ਨ: ਸੰ. (ਉਪ- ਵਿਸ਼) ਸੰਗਜਾ- ਬੈਠਨਾ. ਇਸਥਿਤ ਹੋਣ ਦੀ ਕ੍ਰਿਯਾ.

ਉਪਵੇਦ: ਸੰ. ਸੰਗਜਾ- ਦੂਜੇ ਦਰਜੇ ਦੇ ਵੇਦ. ਵੇਦ ਜੇਹੇ ਮੰਨੇ ਪੁਸਤਕ. ਹਿੰਦੂਮਤ ਵਿੱਚ ਚਾਰ ਵੇਦਾਂ ਦੇ ਨਾਲ ਚਾਰ ਉਪਵੇਦ ਮੰਨੇ ਹਨ-

੧. ਆਯੁਰ ਵੇਦ. ਇਸ ਵਿੱਚ ਵੈਦ੍ਯ ਵਿਦ੍ਯਾ ਹੈ.

੨. ਗਾਂਧਰਵ ਵੇਦ. ਇਸ ਵਿੱਚ ਰਾਗ ਵਿਦ੍ਯਾ ਹੈ.

੩. ਧਨੁਰ ਵੇਦ. ਇਸ ਵਿੱਚ ਧਨੁਖ ਆਦਿ ਸ਼ਸਤ੍ਰਾਂ ਦੀ ਵਿਦ੍ਯਾ ਹੈ.

੪. ਸ੍ਥਾਪਤ੍ਯ ਵੇਦ. ਇਸ ਵਿੱਚ ਇਮਾਰਤ ਬਣਾਉਣ ਦੀ ਵਿਦ੍ਯਾ ਹੈ.

ਉਪੜਨਾ: ਕ੍ਰਿ- ਉਪ (ਨੇੜੇ) ਜਾ ਖੜ੍ਹਨਾ. ਪਹੁਚਣਾ. ਪੁੱਜਣਾ.

ਉਪਾਉ: ਸੰ. उपाय- ਉਪਾਯ. ਸੰਗਯਾ- ਜਤਨ. ਸਾਧਨ. "ਕਛੁ ਉਪਾਉ ਮੁਕਤਿ ਕਾ ਕਰ ਰੇ." (ਗਉ ਮਃ ੯)

੨. ਯੁਕ੍ਤਿ. ਤਦਬੀਰ। ੩. ਪਾਸ ਆਉਣ ਦੀ ਕ੍ਰਿਯਾ।

੪. ਇਲਾਜ. ਰੋਗ ਦੂਰਨ ਕਰਨ ਦਾ ਯਤਨ.

ਉਪਾਉਣਾ: ਕ੍ਰਿ- ਉਤਪਾਦਨ. ਉਤਪੰਨ ਕਰਨਾ. ਪੈਦਾ ਕਰਨਾ.

ਉਪਾਇ: ਦੇਖੋ, ਉਪਾਉ ਅਤੇ ਉਪਾਉਣਾ. "ਉਪਾਇ ਕਿਤੈ ਨ ਲਭਈ." (ਗਉ ਮਃ ੪) ੨. ਉਤਪੰਨ ਕਰਕੇ. ਪੈਦਾ ਕਰਕੇ. "ਸਭੁ ਉਪਾਇ ਆਪੇ ਵੇਖੈ." (ਸ੍ਰੀ ਮਃ ੩)

ਉਪਾਇਆ: ਉਪਾਯ ਜਤਨ. "ਏ ਸਾਜਨ ! ਕਛੁ ਕਹਹੁ ਉਪਾਇਆ." (ਬਾਵਨ) "ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ." (ਆਸਾ ਮਃ ੫) ੨. ਉਤਪੰਨ (ਪੈਦਾ) ਕੀਤਾ.

ਉਪਾਇਨ: ਭੇਟਾ. ਦੇਖੋ, ਉਪਾਯਨ.

ਉਪਾਸ. ਸੰ. उपास्. ਪਾਸ ਬੈਠਨਾ। ੨. ਸੰਗਯਾ- ਪਾਸ ਬੈਠਣ ਦੀ ਕ੍ਰਿਯਾ. ਉਪਾਸਨਾ. ਪੂਜਨ. ਸੇਵਾ. "ਮਨ, ਚਰਨਾਰਬਿੰਦ ਉਪਾਸ. (ਗੂਜ ਮ ঃ ੫) ੩. ਦੇਖੋ, ਉਪਾਸ੍ਯ.

ਉਪਾਸਕ, ਉਪਾਸਕੀ: ਸੰ. उपासक. ਵਿ- ਪਾਸ ਬੈਠਣ ਵਾਲਾ. ਸੇਵਕ। ੨. ਪੂਜਾ ਕਰਨਵਾਲਾ। ੩. ਭਗਤ.

ਉਪਾਸਨ, ਉਪਾਸਨਾ: ਸੰ. ਸੰਗਜਾ- ਪਾਸ ਬੈਠਣ ਦੀ ਕ੍ਰਿਯਾ. ਨਜ਼ਦੀਕ ਬੈਠਣਾ। ੨. ਸੇਵਾ. ਟਹਿਲ। ੩. ਭਕ੍ਤਿ (ਭਗਤਿ). ੪. ਪੂਜਾ.

ਉਪਾਸਿ: ਉਪਾਸਨਾ ਕਰਕੇ। ੨. ਉਪਾਵਸਿ. ਉਤਪੰਨ ਕਰਸੀ। ੩. ਦੇਖੋ, ਉਪਾਸ੍ਯ.

ਉਪਾਂਸ਼ੁ ਜਪ: ਸੰ. ਸੰਗਜਾ- ਐਸਾ ਜਪ, ਜੋ ਬਹੁਤ ਧੀਮੀ ਆਵਾਜ਼ ਨਾਲ ਕੀਤਾ ਜਾਵੇ, ਜਿਸ ਨੂੰ ਦੂਰ ਬੈਠਾ ਆਦਮੀ ਨਾ ਸੁਣ

ਸਕੇ.

ਉਪਾਸ੍ਯ: ਸੰ. ਵਿ- ਜਿਸ ਦੇ ਪਾਸ ਬੈਠਣ ਯੋਗ੍ਯ ਹੋਵੇ. ਉਪਾਸਨਾ ਯੋਗ੍ਯ. ਸੇਵਾ ਯੋਗ੍ਯ. ੨. ਜਿਸ ਦੀ ਪੂਜਾ ਕਰੀਏ.

ਉਪਾਹਾ: ਵਿ- ਉਤਪੰਨ ਕੀਤਾ. ਰਚਿਆ. "ਜਿਨਹਿ ਉਪਾਹਾ, ਤਿਨਹਿ ਬਿਨਾਹਾ." (ਆਸਾ ਮਃ ੫)

ਉਪਾਖ੍ਯਾਨ: ਸੰ. (ਉਪ- ਆਖ੍ਯਾਨ) ਸੰਗ੍ਯਾ- ਪੁਰਾਣੀ ਕਥਾ. ਇਤਿਹਾਸ। ੨. ਕਿਸੇ ਕਥਾ ਨਾਲ ਸੰਬੰਧ ਰੱਖਣ ਵਾਲੀ ਕਹਾਣੀ.

ਉਪਾਂਗ: ਦੇਖੋ, ਉਪੰਗ.

ਉਪਾਜਨ: ਦੇਖੋ, ਉਪਾਰਜਨ.

ਉਪਾਟਨ: ਸੰ. उत्पाटन- ਉਤਪਾਟਨ. ਕ੍ਰਿ- ਪੁੱਟਣਾ. ਉਖੇੜਨਾ। ੨. ਚੀਰਨਾ. ਪਾੜਨਾ.

ਉਪਾਤ, ਉਪਾਤਿ, ਉਪਾਤੀ: ਸੰ. उतपत्ति- ਉਤਪੱਤਿ. ਸੰਗ੍ਯਾ- ਪੈਦਾਇਸ਼. "ਅਨਿਕ ਪਰਲਉ ਅਨਿਕ ਉਪਾਤਿ." (ਸਾਰ ਅਃ ਮਃ ੫) ੨. ਉਤਪੰਨ ਕੀਤੀ. ਰਚੀ. "ਆਪਿ ਸ੍ਰਿਸਟਿ ਉਪਾਤੀ." (ਵਾਰ ਮਾਝ ੧)

ਉਪਾਦਾਨ: ਸੰ. ਉਪ- ਆਦਾਨ. ਗ੍ਰਹਿਣ ਕਰਨਾ. ਲੈਣਾ। ੨. ਗ੍ਯਾਨ। ੩. ਪ੍ਰਾਪਤੀ। ੪. ਆਪਣੇ ਆਪਣੇ ਵਿਸ਼ਿਆਂ ਵਿੱਚ ਇੰਦ੍ਰੀਆਂ ਦੀ ਪ੍ਰਵਿਤ੍ਰਿ। ੫. ਉਹ ਕਾਰਣ, ਜੋ ਕਾਰਜ ਵਿੱਚ ਬਦਲ ਜਾਵੇ- ਜੈਸੇ ਮਿੱਟੀ ਘੜੇ ਦਾ ਕਾਰਣ ਹੈ, ਅਤੇ ਮਿੱਟੀ ਹੀ ਘੜੇ ਦੀ ਸ਼ਕਲ ਵਿੱਚ ਬਦਲ ਗਈ ਹੈ. ਐਸੇ ਹੀ ਲੋਹੇ ਨੂੰ ਤਲਵਾਰ ਦਾ ਉਪਾਦਾਨ ਜਾਣਨਾ ਚਾਹੀਏ. "ਉਪਾਦਾਨ ਇਹ ਸਭ ਜਗ ਕੇਰੀ." (ਗੁਪ੍ਰਸੂ) ਵੇਦਾਂਤ ਅਨੁਸਾਰ ਮਾਇਆ ਜਗਤ ਦੀ ਉਪਾਦਾਨ ਹੈ.

ਉਪਾਦੇਯ: ਸੰ. ਵਿ- ਪ੍ਰਾਪਤ ਕਰਨ ਲਾਇਕ. ਗ੍ਰਹਿਣ ਕਰਨ ਯੋਗ੍ਯ। ੨. ਜਾਣ ਲੈਣ ਲਾਇਕ। ੩. ਸ਼੍ਰੇਸ਼੍ਟ. ਉੱਤਮ। ੪. ਸੰਗ੍ਯਾ- ਕਾਰਜ. ਕੰਮ.

ਉਪਾਧ: ਦੇਖੋ, ਉਪਾਧਿ.

ਉਪਾਧਾਨ: ਤਕੀਆ. ਸਿਰ੍ਹਾਣਾ. ਦੇਖੋ, ਉਪਧਾਨ. "ਅਸ ਗਾਦੀ ਡਸ ਰੁਚਿਰ ਫ਼ਰਸ਼ ਪਰ ਉਪਾਧਾਨ ਦੀਰਘ ਧਰਦੀਨ." (ਗੁਪ੍ਰਸੂ)

ਉਪਾਧਿ: ਸੰ. ਸੰਗ੍ਯਾ- ਛਲ। ੨. ਰੁਤਬਾ. ਪਦਵੀ ੩. ਖ਼ਿਤਾਬ. Title। ੪. ਵਸਤੁ ਦੇ ਬੋਧ ਕਰਾਉਣ ਦਾ ਕਾਰਣ, ਜੋ ਵਸਤੁ ਤੋਂ ਭਿੰਨ (ਵੱਖਰਾ) ਹੋਵੇ, ਜੈਸੇ ਘਟਾਕਾਸ਼ ਨੂੰ ਘੜਾ ਪ੍ਰਗਟ ਕਰਦਾ ਹੈ, ਪਰ ਆਕਾਸ਼ ਤੋਂ ਘੜਾ ਜੁਦਾ ਹੈ। ੫. ਉਪਦ੍ਰਵ. ਉਤਪਾਤ.

ਉਪਾਧੀ: ਦੇਖੋ, ਉਪਾਧਿ.

ਉਪਾਧ੍ਯਾਯ: ਸੰ. ਸੰਗ੍ਯਾ- ਜਿਸ ਦੇ ਪਾਸ ਜਾਕੇ ਪੜ੍ਹਿਆ ਜਾਵੇ. ਪੜ੍ਹਾਉਣ ਵਾਲਾ. ਵਿਦ੍ਯਾਗੁਰੂ. ਪਾਧਾ. ਮੁੱਦਰਿਸ. ਉਸਤਾਦ[28].

ਉਪਾਨ: ਇਮਾਰਤ ਦੀ ਕੁਰਸੀ। ੨. ਦੇਖੋ, ਉਪਾਯਨ.

ਉਪਾਨਹ, ਉਪਾਨਤ, ਉਪਾਨਯ, ਉਪਾਨੈ: ਸੰ. उपानह- उपानत. ਸੰਗ੍ਯਾ- ਜੁੱਤੀ. ਪਾਪੋਸ਼. ਖ਼ਾ. - ਚਰਨਾਦਾਸੀ "ਧਰਜੋ ਉਪਾਨਹ ਗੁਰੁ ਕੋ ਚੀਨ." (ਗੁਪ੍ਰਸੂ) "ਤਜੇ ਉਪਾਨਯ ਨੰਗੇ ਪਾਇ." (ਗੁਪ੍ਰਸੂ)

"ਦਾਸ ਉਪਾਨੈ ਲੈਕਰ ਧਾਏ." (ਗੁਪ੍ਰਸੂ)

---

[28] ਸ਼ੰਖ ਸਿਮ੍ਰਿਤ ਦੇ ਤੀਜੇ ਅਧ੍ਯਾਯ ਵਿੱਚ ਲਿਖਿਆ ਹੈ ਕਿ ਜੋ ਬ੍ਰਹਮਚਾਰੀ ਨੂੰ ਪੜ੍ਹਾਉਂਦਾ ਹੈ ਉਹ "ਗੁਰੂ" ਹੈ, ਅਤੇ ਜੋ ਧਨ ਲੈ ਕੇ ਵਿਦ੍ਯਾ ਦਿੰਦਾ ਹੈ ਉਹ "ਉਪਾਧ੍ਯਾਯ" ਹੈ.

ਉਪਾਮ: ਉਪਮਾ ਦਾ ਬਹੁ ਵਚਨ। ੨. ਸੰਗਯਾ- ਸ੍ਰਿਸ਼੍ਟਿ. ਮਖ਼ਲੂਕ਼ਾਤ. "ਸਭ ਗਾਵਤ ਜੇਤ ਉਪਾਮ" (ਬੈਰਾ ਮਃ ੪) ੩. ਸੰ. ਅਪਾਮ. ਵਿ- ਸਭ ਤੋਂ ਪਰੇ। ੪. ਅਤਿ ਦੂਰ.

ਉਪਾਯ: ਦੇਖੋ, ਉਪਾਉ.

ਉਪਾਯਉ: ਵਿ- ਉਤਪੰਨ ਕੀਤਾ. ਰਚਿਆ.

ਉਪਾਯਨ: ਸੰ. ਸੰਗਯਾ- ਭੇਟਾ. ਉਪਹਾਰ। ੨. ਮੁਲਾਕਾਤ.

ਉਪਾਰ: ਦੇਖੋ, ਉਪਾਰਨਾ.

ਉਪਾਰਜਨ, ਉਪਾਰਜਨਾ: ਸੰ. ਉਪਰਾਗਨ. ਕ੍ਰਿ- ਰੰਗਣਾ. ਚਿਤ੍ਰਨਾ। ੨. ਸਿੰਗਾਰਨਾ. "ਕੋਟਿ ਉਪਾਰਜਨਾ ਤੇਰੇ ਅੰਗ." (ਭੈਰ ਅਃ ਮਃ ੫) ੩. ਸੰ. ਉਪਾਜੰਨ. ਜਮਾ ਕਰਨਾ. "ਫਲਗੁਣਿ ਅਨੰਦ ਉਪਾਰਜਨਾ." (ਮਾਝ ਬਾਰਾਮਾਹਾ) ੪. ਉਪਾਜਿੰਤ. ਪੈਦਾ ਕੀਤੀ ਹੋਈ- ਸ੍ਰਿਸ਼੍ਟੀ. ਮਖ਼ਲੂਕ਼ਾਤ. "ਸਿਮਰੈ ਸਗਲ ਉਪਾਰਜਨਾ." (ਮਾਰੂ ਸੋਲਹੇ ਮਃ ੫) "ਜੇਤ ਕੀਨ ਉਪਾਰਜਨਾ ਪ੍ਰਭੁ ਦਾਨ ਦੇਇ ਦਤਾਰ." (ਮਾਲੀ ਮਃ ੫)

ਉਪਾਰਣ, ਉਪਾਰਨਾ: ਸੰ. उत्पाटन- ਉਤਪਾਟਨ. ਪੁੱਟਣਾ. ਉਖੇੜਨਾ. "ਮੂਲ ਵਿਕਾਰ ਉਪਾਰ." (ਗੁਪ੍ਰਸੂ) ੨. ਪਾੜਨਾ. ਚੀਰਨਾ। ੩. उपारण- ਉਪਾਰਣ. ਸੰਗਯਾ- ਅਪਰਾਧ. ਪਾਪ। ੪. पारण- ਪਾਰਣ. ਵ੍ਰਤ ਦੀ ਸਮਾਪਤੀ. ਦੇਖੋ, ਵ੍ਰਤ ਪਾਰਣ.

ਉਪਾਰਾ: ਵਿ- ਉਤਪਾਟਨ ਕੀਤਾ. ਪੁੱਟਿਆ।

੨. ਉਪਾਜਿੰਤ. ਰਚਿਆ. ਉਤਪੰਨ ਕੀਤਾ. ਬਣਾਇਆ.

"ਕਈ ਜੰਤ ਬਿਨਾਹਿ ਉਪਾਰਾ." (ਸੂਹੀ ਮਃ ੫)

"ਓਅੰਕਾਰ ਤੇ ਸ੍ਰਿਸਟਿ ਉਪਾਰਾ." (ਵਿਚਿਤ੍ਰ)

ਉਪਾਰੀ: ਵਿ- ਉਤਪੰਨ ਕੀਤੀ ਰਚੀ ਹੋਈ. "ਸਭ ਸੈ ਦੇ ਦਾਤਾਰੁ ਜੈਤੁ ਉਪਾਰੀਐ." (ਵਾਰ ਗੂਜ ੨. ਮਃ ੫) ਜਿਤਨੀ ਮਖ਼ਲੂਕ਼ਾਤ (ਸ੍ਰਿਸ਼੍ਟੀ) ਹੈ। ੨. ਉਤਪਾਟਨ ਕੀਤੀ. ਪੁੱਟੀ. ਉਖੇੜੀ. ਉਪਾੜੀ.

ਉਪਾਲੰਭ: ਸੰ. उपालम्भ. ਸੰਗਯਾ- ਉਲਾਂਭਾ. ਉਲਾਹਨਾ. ਗਿਲਾ.

ਉਪਾਵ: ਉਪਾਯ. ਦੇਖੋ, ਉਪਾਉ. "ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿਨਾਮ ਪਰਾਪਤਿ ਹੋਇ." (ਵਾਰ ਗੂਜ ੧. ਮਃ ੩) "ਉਪਾਵ ਛੋਡਿ ਗਹੁ ਤਿਸ ਕੀ ਓਟ." (ਗਉ ਮਃ ੫)

ਉਪਾਵਣ, ਉਪਾਵਣੁ: ਕ੍ਰਿ- ਉਤਪਾਦਨ. ਉਤਪੰਨ (ਪੈਦਾ) ਕਰਨਾ.

ਉਪਾਵਣੁਹਾਰ: ਵਿ- ਉਤਪੰਨ ਕਰਤਾ. ਪੈਦਾ ਕਰਨ ਵਾਲਾ. "ਆਪ ਉਪਾਵਣੁਹਾਰ." (ਵਾਰ ਗੂਜ ੨. ਮਃ ੫)

ਉਪਾਵਨ: ਦੇਖੋ, ਉਪਾਵਣ. "ਆਪਿ ਉਪਾਵਨ." (ਬਿਲਾ ਮਃ ੫)

ਉਪਾਵੀ: ਉਪਾਉ (ਜਤਨ) ਤੋਂ. ਉਪਾਵਾਂ ਕਰਕੇ. "ਅਨਿਕ ਉਪਾਵੀ ਰੋਗੁ ਨ ਜਾਇ." (ਸੁਖਮਨੀ)

ਉਪਾੜ: ਦੇਖੋ, ਉਪਾੜਨ.

ਉਪਾੜਨ: ਸੰ. उत्पाटन- ਉਤਪਾਟਨ. ਸੰਗਯਾ- ਪੁੱਟਣ ਦੀ ਕ੍ਰਿਯਾ. ਉਖੇੜਨਾ. "ਜੜ ਅਪਨੀ ਆਪਿ ਉਪਾੜੀ."

(ਮਾਝ ਮਃ ੫) ੨. ਚੀਰਨਾ. ਪਾੜਨਾ. "ਬਹੁੜ ਜਮ ਨ ਉਪਾੜਾ." (ਆਸਾ ਛੰਤ ਮਃ ੫)

ਉਪਾੜਿ: ਕ੍ਰਿ. ਵਿ- ਪਾੜਕੇ. ਚੀਰਕੇ. "ਭੈਆਨਰੂਪ ਨਿਕਸਿਆ ਥੰਮ ਉਪਾੜਿ." (ਭੈਰ ਮਃ ੩) ੨. ਪੁੱਟਕੇ. ਉਖੇੜਕੇ.

ਉਪਾੜੀ. ਦੇਖੋ, ਉਪਾੜਨ.

ਉਪਿੰਦ, ਉਪਿੰਦ੍ਰ: ਵਾਮਨ. ਦੇਖੋ, ਉਪੇਂਦ੍ਰ. "ਕਈ ਕੋਟਿ ਉਪਿੰਦ੍ਰ ਬਨਾਯ ਖਪਾਯੋ." (ਸਵੈਯੇ ੩੩)

ਉਪੇਕ੍ਸ਼ਾ, ਉਪੇਖ੍ਯਾ: ਸੰ. उपेक्षा. ਸੰਗ੍ਯਾ- ਉਪ- ਈਕ੍ਸ਼. ਤਿਆਗ। ੨. ਉਪਰਾਮਤਾ. ਬੇਪਰਵਾਹੀ. ਉਦਾਸੀਨਤਾ। ੩. ਨਿਰਾਦਰ. ਤਿਰਸਕਾਰ. "ਮੈਤ੍ਰੀ ਕਰੁਣਾ ਦਨਐ ਲਖੋ ਮੁਦਿਤਾ ਤੀਜੀ ਜਾਨ।

ਚਤੁਰ[29] ਉਪੇਖ੍ਯਾ ਜਿਸ ਬਿਖੈ ਸਨਮੁਖ ਸੋ ਪਹਿਚਾਨ."

(ਨਾਪ੍ਰ)

ਉਪੇਤਾਣਾ: ਵਿ- ਉਪਾਨਹ ਬਿਨਾ. ਪਾਦਤ੍ਰਾਣ ਰਹਿਤ. ਜਿਸ ਦੇ ਪੈਰੀਂ ਜੁੱਤੀ ਨਹੀਂ. "ਪਗ ਉਪੇਤਾਣਾ." (ਵਾਰ ਆਸਾ)

ਉਪੇਂਦ੍ਰ: ਸੰ. उपेन्द्र. (ਉਪ- ਇੰਦ੍ਰ) ਸੰਗ੍ਯਾ- ਅਦਿਤਿ ਦੇ ਉਦਰ ਤੋਂ ਕਸ਼ਯਪ ਦਾ ਪੁਤ੍ਰ, ਇੰਦ੍ਰ ਦਾ ਛੋਟਾ ਭਾਈ. ਵਾਮਨ ਅਵਤਾਰ.

ਉਪੈਯਾ: ਦੇਖੋ, ਉਪਈਆ.

ਉਪੋਦਘਾਤ: ਸੰ. उपोद्घात. (ਉਪ- ਉਦਘਾਤ) ਸੰਗ੍ਯਾ- ਪ੍ਰਸਤਾਵਨਾ. ਭੂਮਿਕਾ. ਦੀਬਾਚਾ. ਪੁਸਤਕ ਵਿੱਚ ਵਰਣਨ ਕੀਤੇ ਪਦਾਰਥਾਂ ਦਾ ਸੰਖੇਪ ਨਾਲ ਆਰੰਭ ਵਿੱਚ ਵਰਣਨ। ੨. ਸਾਮਾਨ੍ਯ ਕਥਨ ਤੋਂ ਭਿੰਨ, ਵਿਸ਼ੇਸ਼ ਵਸਤੁ ਦਾ ਵਰਣਨ ਕਰਨਾ.

ਉਪੰਗ: ਸੰ. उपाङ्ग- ਉਪਾਂਗ. (ਉਪ- ਅੰਗ) ਸੰਗ੍ਯਾ- ਅੰਗ ਦਾ ਭਾਗ. ਹੱਥ ਅੰਗ ਹੈ, ਉਂਗਲੀ ਉਪੰਗ ਹੈ। ੨. ਅੰਗ ਤੁੱਲ ਅੰਗ. ਬਨਾਉਟੀ ਅੰਗ। ੩. ਇੱਕ ਪ੍ਰਕਾਰ ਦਾ ਵਾਜਾ. ਨਸਤਰੰਗ. "ਝਾਲਰ ਤਾਲ ਮ੍ਰਿਦੰਗ ਉਪੰਗ." (ਚੰਡੀ ੧) ੪. ਊਧੋ (ਉੱਧਵ) ਦਾ ਪਿਤਾ.

ਉਪੰਨ, ਉਪੰਨਾ: ਸੰ. उत्पन्न- ਉਤ੍ਪੰਨ. ਵਿ- ਪੈਦਾ ਹੋਇਆ ਜਨਮਿਆ. "ਆਪੇ ਆਪਿ ਉਪਾਇ ਉਪੰਨਾ." (ਮਾਰੂ ਸੋਲਹੇ ਮਃ ੩) "ਆਪਿ ਉਪੰਨਿਆ." (ਵਾਰ ਰਾਮ ੨, ਮਃ ੫) "ਚਉਥੈ ਪਿਆਰਿ ਉਪੰਨੀ ਖੇਡ." (ਵਾਰ ਮਾਝ ਮਃ ੧)

ਉੱਪਲ: ਖਤ੍ਰੀ ਵਰਣ ਦਾ ਇੱਕ ਗੋਤ੍ਰ. "ਗੱਜਣ ਉੱਪਲ ਸਤਿਗੁਰੁ ਭਾਵੈ." (ਭਾਗੁ)

ਉਫ਼: ਫ਼ਾ. اُف ਵ੍ਯ. ਸ਼ੋਕ ਅਤੇ ਦੁੱਖ ਬੋਧਕ ਸ਼ਬਦ ਆਹ! ਓਹ! ਹਾ! ਸ਼ੋਕ!

ਉਫਟਨ: ਕ੍ਰਿ- ਫੁੱਟਕੇ ਬਾਹਰ ਆਉਣਾ. ਉਛਲਨਾ. "ਉਫਟੰਤ ਸ੍ਰੋਣਤ ਛਿੱਛਯੰ." (ਚੰਡੀ ੨) ਲਹੂ ਦੀਆਂ ਛਿੱਟਾਂ ਉਠਦੀਆਂ ਹਨ.

ਉਫਣਨਾ: ਕ੍ਰਿ- ਫੇਨ (ਝੱਗ) ਸਹਿਤ ਹੋਣਾ. ਖ਼ਮੀਰ ਉੱਠਣਾ। ੨. ਉਬਲਨਾ. ਜੋਸ਼ ਖਾਣਾ.

ਉਫ਼ਤਦ: ਫ਼ਾ. اُفتد ਗਿਰੇ. ਡਿੱਗੇ. ਦੇਖੋ ਉਫ਼ਤਾਦਨ.

ਉਫ਼ਤਾਦ: ਫ਼ਾ. اُفتاد ਡਿਗਿਆ. ਢਹਿਆ. ਦੇਖੋ. ਉਫ਼ਤਾਦਨ.

ਉਫ਼ਤਾਦਹ: ਫ਼ਾ. اُفتادہ ਡਿਗਿਆ ਹੋਇਆ. ਪਤਿਤ ਦੇਖੋ, ਉਫ਼ਤਾਦਨ.

ਉਫ਼ਤਾਦਨ: ਫ਼ਾ. اُفتادن ਕ੍ਰਿ- ਡਿਗਣਾ. ਢਹਿਣਾ ੨. ਬਰਬਾਦ ਹੋਣਾ.

ਉਫਨਨਾ: ਦੇਖੋ, ਉਫਣਨਾ. "ਤੇਜ ਤਲੇ ਪਯ ਉਫਨਜੋ ਜੈਸਾ." (ਗੁਪ੍ਰਸੂ)

---

[29] ਚਤੁਰਥ, ਚੌਥਾ, ਚੌਥੀ.

ਉਫਾਨ: ਸੰਗਜ੍ਞਾ- ਉਫਣਨ ਦੀ ਕ੍ਰਿਯਾ. ਝੱਗ ਦਾ ਉਠਾਨ. (ਉਤ- ਸ੍ਫਾਯ). ੨. ਉਬਾਲ. ਜੋਸ਼.

ਉਬਕ: ਅ਼. ابّک ਅਬੱਕ. ਵਿ- ਮੋਟਾ. ਅਸਥੂਲ (ਸ੍ਥੂਲ. ) ੨. ਚਤੁਰ. ਹੋਸ਼ਿਆਰ. "ਬੱਜੇ ਉੱਬਕ." (ਚੰਡੀ ੨) ਚਤੁਰ ਯੋਧਾ ਆਪੋ ਵਿੱਚ ਭਿੜੇ.

ਉਬਕਾਈ: ਸੰਗਜ੍ਞਾ- ਉਦਵਮਨ. ਬੱਤ. ਮਤਲੀ. ਡਾਕੀ (ਵਮਨ) ਦਾ ਉਛਾਲ.

ਉਬਟ: ਸੰ. उद्वाट- ਉਦਵਾਟ. ਸੰਗਜ੍ਞਾ- ਵਿਖੜ ਰਾਹ. ਅਟਪਟਾ ਮਾਰਗ. ਔਖੀ ਘਾਟੀ. "ਉਬਟ ਚਲੰਤੇ ਇਹੁ ਮਦੁ ਪਾਇਆ." (ਕੇਦਾ ਕਬੀਰ) ਦੇਖੋ, ਖੋਂਦ.

ਉਬਟਨਾ: ਸੰ. उद्वर्त्तन- ਉਦਵਰ੍‍ਤੰਨ ਸੰਗਜ੍ਞਾ- ਬਟਣਾ. ਸਰ੍ਹੋਂ, ਤਿਲ, ਚੰਦਨ, ਚਰੌਂਜੀ ਆਦਿਕ ਪਦਾਰਥਾਂ ਦਾ ਬਣਾਇਆ ਲੇਪ, ਜੋ ਸ਼ਰੀਰ ਤੇ ਮਲਕੇ ਇਸਨਾਨ ਕਰੀਦਾ ਹੈ. ਇਸ ਤੋਂ ਚਮੜਾ ਸਾਫ ਨਰਮ ਅਤੇ ਸੁਗੰਧ ਵਾਲਾ ਹੋ ਜਾਂਦਾ ਹੈ।

ਉਬਟਾਨਾ: ਕ੍ਰਿ- ਉਬਟ (ਵਿਖੜੇ ਰਸਤੇ) ਪਾਉਣਾ। ੨. ਪਿੱਛੇ ਮੋੜਨਾ. ਪਰਤਨਾ। ੩. ਦੇਖੋ, ਔਟਾਉਣਾ.

ਉਬਰ: ਉਬਾਰ. ਉੱਧਾਰ. ਨਿਸਤਾਰ. ਦੇਖੋ, ਉਆਹਿ ਅਤੇ ਉਬਰਣ.

ਉਬਰਣ, ਉਬਰਨ: ਸੰ. उद्धरण- ਉੱਧਰਣ. ਸੰਗਜ੍ਞਾ- ਉੱਪਰ ਆਉਣ ਦੀ ਕ੍ਰਿਯਾ। ੨. ਬੁਰੀ ਹਾਲਤ ਤੋਂ ਅੱਛੀ ਦਸ਼ਾ ਵਿੱਚ ਹੋਣਾ। ੩. ਮੁਕਤਿ ਪਾਉਣੀ. "ਉਬਰਤ ਰਾਜਾ ਰਾਮ ਕੀ ਸਰਣੀ." (ਗਉ ਮਃ ੫)

ਉਬਲਨਾ: ਕ੍ਰਿ- ਉਦ- ਵਲਨ. ਉੱਪਰ ਵੱਲ ਜਾਣਾ. ਅਗਨੀ ਦੇ ਤਾਉ ਕਰਕੇ ਉੱਪਰ ਉੱਠਣਾ। ੨. ਰਿੱਝਣਾ. "ਜਿਉਂ ਉਬਲੀ ਮਜੀਠੈ ਰੰਗ ਗਹਗਹਾ." (ਵਾਰ ਗਉ ੧. ਮਃ ੩) ੩. ਉਮਡਣਾ.

ਉਬਾਸੀ: ਸੰਗਜ੍ਞਾ- ਜੰਭਾਈ. ਉਵਾਸ ਲੈਣਾ. ਅਵਾਸੀ. ਕਿਤਨਿਆਂ ਦਾ ਖਿਆਲ ਹੈ ਕਿ ਇਸ ਸ਼ਬਦ ਦਾ ਮੂਲ ਅ਼. عبس ਅ਼ਬਸ ਹੈ, ਜਿਸ ਦਾ ਅਰਥ ਹੈ ਤਿਉੜੀ ਪਾਉਣੀ. ਦੇਖੋ, ਅਵਾਸੀ.

ਉਬਾਹਣਾ: ਉੱਪੇਤਾਣਾ. ਜਿਸ ਦੇ ਪੈਰੀਂ ਜੁੱਤੀ ਨਹੀਂ। ੨. ਵਾਹਨ (ਅਸਵਾਰੀ) ਬਿਨਾ.

ਉਬਾਚ: ਦੇਖੋ, ਉਵਾਚ.

ਉਬਾਰਣਾ, ਉਬਾਰਨ: ਸੰ. उद्धारण- ਉੱਧਾਰਣ. ਕ੍ਰਿ- ਉਭਾਰਨਾ. ਉਠਾਉਣਾ। ੨. ਮੁਕਤ ਕਰਨਾ। ੩. ਬਚਾਉਣਾ. ਰਖਯਾ ਕਰਨੀ. "ਦ੍ਰੋਪਦੀ ਅੰਬਰ ਲੇਤ ਉਬਾਰੀਅਲੇ." (ਮਾਲੀ ਨਾਮਦੇਵ) "ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ." (ਗਉ ਅਃ ਮਃ ੫) ੪. ਉਬਾਲਨਾ. ਔਟਾਨਾ. "ਕਹਿ ਚਾਕਰ ਸੋਂ ਦੇਗ ਉਬਾਰੀ." (ਗੁਪ੍ਰਸੂ)

ਉਬਾਰਿਅਨੁ: ਉਸ ਨੇ ਬਚਾਲਏ. "ਆਪਿ ਉਬਾਰਿਅਨੁ." (ਵਾਰ ਗੂਜ ੨. ਮਃ ੫)

ਉਬਾਰੇ ਖ਼ਾਨ: ਅ਼ਬਦੁਲ ਰਹ਼ਿਮਾਨ ਖ਼ਾਨ. ਸਤਿਗੁਰੂ ਨਾਨਕ ਦੇਵ ਦਾ ਮੁਰੀਦ, ਜੋ ਗੁਰੁਸਿਖ੍ਯਾ ਧਾਰਕੇ ਕਰਤਾਰਪੁਰ ਵਿੱਚ ਸੰਗਤਿ ਦੀ ਸੇਵਾ ਕਰਦਾ ਰਿਹਾ, ਅਰ ਗੁਰੁਮੁਖਾਂ ਵਿੱਚ ਗਿਣਿਆ ਗਿਆ. ਦੇਖੋ, ਜਨਮ- ਸਾਖੀ ਭਾਈ ਬਾਲੇ ਵਾਲੀ.

ਉਬਾਲਣਾ, ਉਬਾਲਨਾ: ਕ੍ਰਿ- ਜੋਸ਼ ਦੇਣਾ. ਔਟਾਣਾ. ਰਿੰਨ੍ਹਣਾ. ਦੇਖੋ, ਉਬਲਨਾ.

ਉਬੇਦ ਬੇਗ: عُبید بیگ ਇਸ ਨੂੰ ਸਨ ੧੭੬੧ ਵਿੱਚ ਅ਼ਹਮਦ ਸ਼ਾਹ ਦੁੱਰਾਨੀ ਨੇ ਕੁਝ ਸਮੇਂ ਲਈ ਲਹੌਰ ਦਾ ਸੂਬਾ ਥਾਪ ਦਿੱਤਾ ਸੀ. ਅਸਲ ਵਿੱਚ ਇਹ ਬਾਦਸ਼ਾਹ ਦਿੱਲੀ ਵੱਲੋਂ ਕਲਾਨੌਰ (ਗੁਰਦਾਸਪੁਰ) ਦਾ ਹ਼ਾਕਿਮ ਸੀ. ਇਸ ਨੇ ਚੰਬੇ ਦੇ ਰਾਜਾ ਚਤੁਰ ਸਿੰਘ, ਗੁਲੇਰ ਦੇ ਰਾਜਾ ਰਾਜ ਸਿੰਘ, ਬਸੋਲੀ ਦੇ ਰਾਜਾ ਧੀਰਜ ਪਾਲ ਅਤੇ ਜੰਮੂ ਦੇ ਰਾਜਾ ਕ੍ਰਿਪਾਲਦੇਉ ਨਾਲ ਜੰਗ ਕਰਕੇ ਭਾਰੀ ਹਾਰ ਖਾਧੀ ਸੀ.

ਉਬੇਰਾਇ, ਉਬੈਦ ਖ਼ਾਨ, ਉਬੈਦ ਬੇਗ: ਸੰਗਜ੍ਞਾ- ਖਤ੍ਰੀਆਂ ਦੀ ਇੱਕ ਜਾਤਿ. ਦੇਖੋ, ਉਬੇਦ ਬੇਗ.

ਉਭ: ਵਿ- ਉੱਥਿਤ. ਖੜਾ। ੨. ਕ੍ਰਿ. ਵਿ- ਉਤਾਹਾਂ. ਉੱਪਰ. "ਪਿੰਧੀ ਉਭ ਕਲੇ ਸੰਸਾਰਾ." (ਧਨਾ ਨਾਮਦੇਵ) ਦੇਖੋ, ਕਲੇ ਅਤੇ ਪਿੰਧੀ. ੩. ਸੰ. उभ. ਦੋਵੇਂ ਦੋਨੋ. ਉਭਯ। ੪. ਸੰ. उभ् ਧਾ- ਭਰਨਾ. ਪੂਰਣ ਕਰਨਾ। ੫. ਸਿੰਧੀ. ਸੰਗਯਾ- ਅਕਾਸ. ਗਗਨ.

ਉਭਇ: ਦੇਖੋ. ਉਭਯ.

ਉਭਸੁਕ: ਵਿ- ਖੜਸੁਕ. ਓਹ ਦਰਖ਼ਤ ਜੋ ਕੱਟਣ ਤੋਂ ਪਹਿਲਾਂ ਖੜਾ ਹੀ ਖੁਸ਼ਕ ਹੋ ਗਿਆ ਹੈ. ਭਾਵ- ਜੀਵਨ ਦਸ਼ਾ ਵਿੱਚ ਮੁਰਦਾ. "ਭਰਮ ਸੁਕੇ ਬਹੁ ਉਭਸੁਕ ਕਹੀਅਹਿ." (ਕਲਿ ਅਃ ਮਃ ੪)

ਉਭਕਲੇ: ਦੇਖੋ. ਉਭ, ਕਲੇ ਅਤੇ ਪਿੰਧੀ.

ਉਭਯ: ਸੰ. ਕ੍ਰਿ. ਵਿ- ਦੋਵੇਂ ਦੋਨੋਂ.

ਉਭਯਤ੍ਰ: ਸੰ. ਕ੍ਰਿ. ਵਿ- ਦੋਹੀਂ ਪਾਸੀਂ. ਦੋਹੀਂ ਥਾਂਈਂ। ੨. ਭਾਵ ਦੋਹਾਂ ਲੋਕਾਂ ਵਿੱਚ.

ਉਭਯਾਲੰਕਾਰ: ਸੰਗਯਾ- ਦੋ ਅਥਵਾ ਕਈ ਅਲੰਕਾਰ ਜੇ ਇੱਕ ਥਾਂ ਪਾਏਜਾਣ, ਤਦ "ਉਭਯਾਲੰਕਾਰ" ਸੰਗਯਾ ਹੁੰਦੀ ਹੈ ਚਾਹੇ ਇਹ ਸ਼ਬਦਾਲੰਕਾਰ ਹੋਣ, ਭਾਵੇਂ ਅਰਥਾਲੰਕਾਰ. ਉਭਯਾਲੰਕਾਰ ਦੇ ਦੋ ਮੁੱਖ ਭੇਦ ਹਨ, ਸੰਸ੍ਰਿਸ੍ਹਿ ਅਤੇ ਸੰਕਰ.

(ੳ) ਜੇ ਅਨੇਕ ਅਲੰਕਾਰ ਮਿਲੇ ਹੋਏ ਭੀ ਜੁਦੇ ਭਾਸਣ, ਤਦ "ਸੰਸ੍ਰਿਸ੍ਹਿ" ਭੇਦ ਹੈ.

ਅਲੰਕਾਰ ਇਕ ਥਲ ਬਹੁਤ ਜੁਦੇ ਜੁਦੇ ਲਖ ਜਾਂਹਿ,

ਤਿਲ ਤੰਦੁਲ ਕੀ ਰੀਤਿ ਸੋਂ ਸੰਸ੍ਰਿਸ਼੍ਟੀ ਕਹਿ ਤਾਂਹਿ.

(ਗਰਬਗੰਜਨੀ)

(ਅ) ਜੇ ਮਿਲੇ ਹੋਏ ਵੱਖਰੇ ਪ੍ਰਤੀਤ ਨਾ ਹੋਣ, ਤਦ "ਸੰਕਰ" ਭੇਦ ਹੈ.

ਪਯ ਪਾਨੀ ਕੀ ਰੀਤਿ ਕਰ ਹੋਂਯ ਪਰਸਪਰ ਲੀਨ,

ਤਾਂਕੋ ਸੰਕਰ ਨਾਮ ਹੈ ਭਾਖਤ ਪਰਮ ਪ੍ਰਬੀਨ.

(ਕਾਵ੍ਯਪ੍ਰਭਾਕਰ)

ਉਭਰਣ, ਉਭਰਣਾ, ਉਭਰਨਾ: ਸੰ. ਉੱਧਰਣ. उतृ- हरण. ਕ੍ਰਿ- ਉੱਪਰ ਵੱਲ ਲੈ ਜਾਣਾ. ਉੱਪਰ ਉੱਠਣਾ. ਉੱਚਾ ਹੋਣਾ। ੨. ਭੜਕਨਾ। ੩. ਉਨੰਤ (ਉੱਚਾ) ਹੋਣਾ.

ਉਭਾ: ਮੁਲਤਾਨ, ਡੇਰਾ ਗ਼ਾਜ਼ੀਖ਼ਾਨ ਅਤੇ ਉਸ ਦੇ ਨਾਲ ਲਗਦੇ ਰਿਆਸਤ ਬਹਾਵਲਪੁਰ ਦੇ ਇਲਾਕੇ ਦੀ ਸੰਗਯਾ। ੨. ਦੇਖੋ, ਉਭ ਅਤੇ ਉਭਯ.

ਉਭਾਰਣਾ, ਉਭਾਰਨਾ: ਕ੍ਰਿ- ਉੱਚਾ ਕਰਨਾ. ਉਠਾਉਣਾ। ੨. ਭੜਕਾਉਣਾ। ੩. ਉੱਚੀ ਪਦਵੀ ਤੇ ਪਹੁਚਾਉਣਾ.

ਉਭੇ: ਦੇਖੋ, ਉਭਯ. "ਹਰਖ ਸੋਕ ਉਭੇ ਦਰਬਾਰ." (ਗਉ ਅਃ ਮਃ ੧) ੨. ਦੇਖੋ, ਊਭੇ.

ਉਭੇਸਾਸ, ਉਭੇਸਾਹ: ਸੰ. उर्द्ध्वश्वास्- ਉਧ੍ਵੰਸ੍ਵਾਸ. ਸੰਗਯਾ- ਖਿੱਚਵਾਂ ਸਾਹ. ਸ਼ੋਕ ਦੇ ਕਾਰਣ ਫਿਫੜੇ ਦੇ ਸੰਕੋਚ ਅਥਵਾ ਬਲਗਮ ਦੀ ਅਧਿਕਤਾ ਕਰਕੇ ਸਾਹ ਦਾ ਖਿੱਚਵਾਂ ਆਉਣਾ. "ਮੁਹ ਕਾਲਾ ਹੋਇਆ ਅੰਦਰਿ ਉਭੇਸਾਸ." (ਵਾਰ ਸੋਰ ਮਃ ੩) "ਨਾਵੇਂ ਧਉਲੇ ਉਭੇਸਾਹ." (ਵਾਰ ਮਾਝ ਮਃ ੧) ੨. ਹਾਹੁਕੇ. ਠੰਢੇ ਸਾਹ.

ਉਭੈ: ਦੇਖੋ, ਉਭਯ.

ਉਮਈ: ਵਿ- ਉਮਾਹ (ਉਮੰਗ) ਸਹਿਤ. ਉਤਸਾਹ ਸਹਿਤ. ਸ਼ੌਕ ਨਾਲ. "ਮਨ ਮੇ ਅਤਿ ਹੀ ਉਮਈ."

(ਕ੍ਰਿਸਨਾਵ)

ਉਮਹ, ਉਮਹਾ: ਦੇਖੋ, ਉਮਾਹ. "ਸਭ ਉਮਹਾਈ ਦੇਖਬੇ ਕੋ ਵਧੂ ਲਾਲ ਕੋ." (ਗੁਪ੍ਰਸੂ)

ਉਮਕ: ਸੰਗਯਾ- ਉਮੰਗ. ਉਤਸਾਹ. ਆਨੰਦ ਦੀ ਲਹਿਰ. ਖੁਸ਼ੀ ਦਾ ਉਛਾਲਾ. "ਮਨ ਨ ਰਹੈ ਬਹੁ ਬਿਧਿ ਉਮਕਾਈ." (ਸਾਰ ਮਃ ੫) ੨. ਅ਼. عُمق ਉੱਮਕ਼. ਗਹਿਰਾਈ. ਡੂੰਘਿਆਈ. ਗੰਭੀਰਤਾ.

ਉਮਕਨਾ: ਦੇਖੋ, ਉਮਗਣਾ.

ਉਮਕਿਓ, ਉਮਕਿਤ: ਉਮੰਗ ਸਹਿਤ ਹੋਇਆ. ਦੇਖੋ, ਉਮਕ. "ਉਮਕਿਓ ਹੀਉ ਮਿਲਨ ਪ੍ਰਭੁ ਤਾਈ." (ਸੂਹੀ ਮਃ ੫) "ਉਮਕਿਤ ਰਸ ਚਾਲੈ." (ਮਲਾ ਪੜਤਾਲ ਮਃ ੫)

ਉਮਗ: ਦੇਖੋ, ਉਮਕ ਅਤੇ ਉਮੰਗ.

ਉਮਗਣਾ: ਕ੍ਰਿ- ਉਮੰਗ ਸਹਿਤ ਹੋਣਾ. ੨. ਉਛਲਨਾ.

ਉਮਡਨਾ: ਕ੍ਰਿ- ਉਮੰਗ ਸਹਿਤ ਹੋਣਾ. ੨. ਉਛਲਨਾ। ੩. ਉੱਪਰ ਉੱਠਣਾ। ੪. ਫੈਲਨਾ। ੫. ਚਾਰੇ ਪਾਸਿਓਂ ਘੇਰਨਾ.

ਉਮਤ, ਉਮਤਿ: ਅ਼. اُمّت ਉੱਮਤ. ਸੰਗਯਾ- ਕ਼ੌਮ. ਜਾਤਿ। ੨. ਸੰਪ੍ਰਦਾਯ. ਉਪਦੇਸ਼ ਅੰਗੀਕਾਰ ਕਰਨ ਵਾਲੀ ਜਮਾਤ. "ਦਰਿ ਸੇਵੈ ਉਮਤਿ ਖੜੀ." (ਵਾਰ ਰਾਮ ੩)

ਉਮਦਹ, ਉਮਦਾ: ਅ਼. عُمدہ. ਉਮਦਹ. ਵਿ- ਉੱਤਮ. ਸ਼੍ਰੇਸ਼੍ਠ। ੨. ਹੱਛਾ. ਚੰਗਾ। ੩. ਚੁਣਿਆ ਹੋਇਆ। ੪. ਸੁੰਦਰ.

ਉਮਨਾ: ਦੇਖੋ, ਉਨਮਨਾ. "ਅਬ ਜਗ ਜਾਨਿ ਜੁ ਉਮਨਾ ਰਹੈ." (ਗਉ ਬਾਵਨ ਕਬੀਰ)

ਉਮਰ: ਅ਼. عُمر. ਉਮ੍ਰ. ਸੰਗਯਾ- ਅਵਸਥਾ. ਆਯੁ. ਜੀਵਨ ਦੀ ਹਾਲਤ ਅਤੇ ਉਸ ਦੀ ਅਵਧਿ (ਮਿਆਦ). ਚਰਕ ਸੰਹਿਤਾ ਵਿੱਚ ਲਿਖਿਆ ਹੈ ਕਿ ਸ਼ਰੀਰ, ਇੰਦ੍ਰੀਆਂ, ਮਨ ਅਤੇ ਆਤਮਾ ਇਨ੍ਹਾਂ ਚੌਹਾਂ ਦੇ ਸੰਜੋਗ ਦੀ ਦਸ਼ਾ "ਆਯੁ" ਉਮਰ ਹੈ.

ਵੇਦਾਂ ਵਿੱਚ ਆਦਮੀ ਦੀ ਉਮਰ ਸੋ ਵਰ੍ਹਾ[30] ਮਨੁ ਨੇ ਚਾਰ ਸੋ (੪੦੦) ਵਰ੍ਹਾ ਸਤਜੁਗ ਦੀ, ਅਤੇ ਸੌ ਸੌ ਵਰ੍ਹਾ ਘਟਾਕੇ, ਕਲਿਜੁਗ ਦੀ ਸੌ ਵਰ੍ਹਾ ਲਿਖੀ ਹੈ[31] ਪੁਰਾਣਾਂ ਵਿੱਚ ਹਜਾਰਾਂ ਅਤੇ ਲੱਖਾਂ ਵਰ੍ਹਿਆਂ ਦੀ ਲਿਖੀ ਹੈ. "ਜੋ ਜੋ ਵੰਞੈ ਡੀਹੜਾ ਸੁ ਉਮਰ ਹਥ ਪਵੰਨਿ." (ਸ. ਫਰੀਦ) ਦੇਖੋ, ਉਮਰ ਹਥ ਪਵੰਨਿ." (ਸ. ਫਰੀਦ) ਦੇਖੋ, ਉਮਰ ਹਥ ਪਵੰਨਿ। ੨. ਦੇਖੋ, ਉਮਰ ਖਿਤਾਬ ਅਤੇ ਖਲੀਫਾ.

ਉਮਰਸ਼ਾਹ: ਡਰੋਲੀ ਨਿਵਾਸੀ ਸੰਘਾ ਗੋਤ ਦਾ ਜੱਟ ਮਸੰਦ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਆਗਯਾ ਨਾਲ ਹਰਿਮੰਦਰ ਦੀ ਚਿਣਵਾਈ ਵੇਲੇ ਪ੍ਰੇਮ ਨਾਲ ਸੇਵਾ ਕਰਦਾ ਸੀ. ਇਹ ਪੂਜਾ ਦੇ ਧਨ ਨੂੰ ਵਿਹੁ ਜਾਣਦਾ ਸੀ।

ਇਸਦਾ ਪੁਤ੍ਰ ਨੰਦਚੰਦ ਦਸ਼ਮੇਸ਼ ਜੀ ਦਾ ਦੀਵਾਨ ਹੋਇਆ ਹੈ. ਦੇਖੋ, ਨੰਦਚੰਦ.

ਉਮਰ ਹਥ ਪਵੰਨਿ: ਸਿੰਧੀ. ਵਾ. ਅਵਸਥਾ ਦੇ ਦਿਨ ਘਟ ਰਹੇ ਹਨ, ਭਾਵ ਕਟੀਂਦੇ ਹਨ. ਜਿਵੇਂ- ਖੇਤ ਨੂੰ ਹੱਥ ਪੈਂਦਾ ਹੈ (ਵਾਢੀ

---

[30] शात जीव शारदो वधमोनः (ਰਿਗਵੇਦ)

[31] श्ररोगाः सवे सिद्धायों श्रतुवेर्ष शतायुपः।
कृत त्रैनादिध्रु ह्मषामायुहेसति पादशः।
(ਮਨੁਸਿਮ੍ਰਿਤਿ ਅਃ ੧, ਸ਼ਃ ੮੩)
ਸ਼ਬਦਮਾਲਾ ਵਿੱਚ ਲਿਖਿਆ ਹੈ ਕਿ ਆਦਮੀ ਅਤੇ ਹਾਥੀ ਦੀ ਉਮਰ ੧੨੦ ਵਰ੍ਹੇ ੫. ਦਿਨ ਘੋੜੇ ਦੀ ੩੨. ਕੁੱਤੇ ਦੀ ੧੨. ਗਧੇ ਅਤੇ ਉੱਠ ਦੀ ੨੫. ਬੈਲ ਅਤੇ ਝੋਟੇ ਦੀ ੨੪. ਬੱਕਰੇ ਦੀ ੧੬. ਵਰ੍ਹੇ ਹੈ. ਅੱਜਕਲ ਦੇ ਵਿਦਵਾਨਾਂ ਨੇ ਜੋ ਉਮਰ ਦਾ ਨਿਰਣਾ ਕੀਤਾ ਹੈ, ਉਸ ਬਾਬਤ ਵੇਖੋ, ਇਨਸਾਈਕਲੋ ਪੀਡੀਆ ਬ੍ਰਿਟੈਨਿਕ ਦਾ ਸ਼ਬਦ Longevity.

ਹੋਂਦੀ ਹੈ). "ਜੋ ਜੋ ਵੰਞੈ ਡੀਹੜਾ ਸੁ ਉਮਰ ਹਥ ਪਵੰਨਿ." ਇਹ ਵਜੰਗ ਵਾਕ ਹੈ, ਜੈਸੇ ਮਾਰਨ ਲਈ ਆਖਣਾ ਵਡੀ ਉਮਰ ਕਰੋ. ਦੀਵੇ ਬੁਝਾਉਣ ਨੂੰ ਆਖਣਾ ਵਡਾ ਕਰੋ ਆਦਿ.

ਉਮਰਖਤਾਬ, ਉਮਰਖਿਤਾਬ: عمر بن خطاب ਉਮਰ ਬਿਨ ਖ਼ੱਤ਼ਾਬ. ਖ਼ੱਤਾਬ ਦਾ ਪੁਤ੍ਰ ਖ਼ਲੀਫ਼ਾ. ਉੱਮਰ. ਇਹ ਮੁਹੰਮਦ ਸਾਹਿਬ ਦੀ ਤੀਜੀ ਇਸਤ੍ਰੀ "ਹ਼ਫ਼ਸਾ" ਦਾ ਪਿਤਾ ਸੀ. ਅਬੂਬਕਰ ਪਿੱਛੋਂ ਉਮਰ ਦੂਜਾ ਖ਼ਲੀਫ਼ਾ. ਸਨ ੧੩. ਹਿਜਰੀ ਵਿੱਚ ਮੁਕੱਰਿਰ ਹੋਇਆ ਅਤੇ ਸਨ ੨੩ ਹਿਜਰੀ (੬੪੪ ਈਸਵੀ) ਵਿੱਚ ਫ਼ਿਰੋਜ਼ ਗੁਲਾਮ ਦੇ ਹੱਥੋਂ ਖੰਜਰ ਨਾਲ ਮਾਰਿਆ ਗਿਆ. ਇਸ ਖ਼ਲੀਫ਼ੇ ਦੇ ਸਮੇਂ ਮੁਸਲਮਾਨਾਂ ਨੇ ਮਿਸਰ ਅਤੇ ਉੱਤਰੀ ਅਫਰੀਕਾ ਨੂੰ ਫਤੇ ਕਰ ਲਿਆ ਸੀ। ਇਸ ਨੇ ਹੱਦੋਂ ਵਧਕੇ ਇਸਲਾਮ ਦਾ ਪ੍ਰਚਾਰ ਕੀਤਾ. "ਕੀਨੋ ਉਮਰਖਿਤਾਬ ਜਸੋਂ ਆਜ ਹਮਾਰੋ ਨਜਾਉਂ." (ਚਰਿਤ੍ਰ ੩੮)

ਉਮਰ ਖ਼ਲੀਫ਼ਾ ਦੇ ਨਿਆਉਂ ਦੀ ਕਈ ਕਹਾਣੀਆਂ ਹਨ, "ਅਲਫ਼ਾਰੂਕ" ਵਿੱਚ ਲਿਖਿਆਹੈ ਕਿ ਉਮਰ ਨੇ ਨੇਮ ਥਾਪਿਆ ਸੀ ਕਿ ਜੋ ਸ਼ਰਾਬ ਪੀਵੇ, ਉਸ ਦੇ ਅੱਸੀ ਕੋਰੜੇ ਲਾਏ ਜਾਣ. ਇੱਕ ਦਿਨ ਖ਼ਲੀਫ਼ਾ. ਦੇ ਪੁਤ੍ਰ ਅਬੂਸ਼ਾਮਹ ਨੇ ਸ਼ਰਾਬ ਪੀ ਲਈ, ਜਿਸ ਤੋਂ ਉਮਰ ਨੇ ਆਪਣੇ ਹੱਥੀਂ ਜ਼ੋਰ ਦੇ ਕੋਰੜੇ ਮਾਰੇ, ਅਤੇ ਉਸ ਦਾ ਪੁਤ੍ਰ ਮਰ ਗਿਆ. "ਉਮਰ- ਖਿਤਾਬ ਅਦਾਲਤੀ ਬੇਟਾ ਮਰਵਾਇਆ. " (ਜੰਗਨਾਮਾ)[32]

ਉਮਰਥਲ: ਮਰਮਸਥਲ ਦਾ ਆਮਯ. ਸੰ. अन्तरविद्रधि- ਅੰਤਰਵਿਦ੍ਰਧਿ. ਅੰਤੜੀ ਦਾ ਫੋੜਾ. ਅੰਦਰ ਦਾ ਫੋੜਾ. ਖਾਣ ਪੀਣ ਦਾ ਸੰਜਮ ਨਾ ਕਰਨ ਤੋਂ, ਸ਼ਰਾਬ ਆਦਿਕ ਨਸ਼ਿਆਂ ਦੇ ਸੇਵਨ ਤੋਂ ਸ਼ਰੀਰ ਦੇ ਖਿਲਤ ਵਿਗੜ ਜਾਂਦੇ ਹਨ, ਜਿਸ ਤੋਂ ਲਹੂ ਵਿੱਚ ਵਿਕਾਰ ਹੋਕੇ ਅੰਦਰਲੇ ਅੰਗਾਂ ਦੀਆਂ ਗਿਲਟੀਆਂ ਵਿੱਚਸੋਜ ਪੈਦਾ ਹੋ ਜਾਂਦੀ ਹੈ. ਇਹ ਸੋਜ ਫੋੜਾ ਬਣਕੇ ਭਾਰੀ ਦੁਖ ਦਿੰਦੀ ਹੈ. ਹੌਲੀ ਹੌਲੀ ਪੀਪ ਪੈ ਜਾਂਦੀ ਹੈ. ਇਹ ਵਿਦ੍ਰਧਿ ਮੇਦੇ, ਨਾਭੀ, ਪੇਡੂ, ਜਿਗਰ, ਗੁਰਦੇ, ਤਿੱਲੀ ਆਦਿ ਵਿੱਚ ਹੋ ਕੇ ਭਾਰੀ ਦੁੱਖ ਦਿੰਦੀ ਹੈ. ਹਰ ਵੇਲੇ ਚੀਸ ਪੈਂਦੀ ਹੈ. ਨੀਂਦ ਨਹੀਂ ਆਉਂਦੀ.

ਇਸ ਦਾ ਸਭ ਤੋਂ ਚੰਗਾ ਉਪਾਉ ਇਹ ਹੈ ਕਿ ਸਿਆਣੇ ਡਾਕਟਰ ਤੋਂ ਫੋੜਾ ਚਿਰਵਾਇਆ ਜਾਵੇ ਅਤੇ ਲਹੂ ਸਾਫ ਕਰਨ ਵਾਲੀ ਅਤੇ ਕਬਜ਼ਕੁਸ਼ਾ ਦਵਾ ਵਰਤੀ ਜਾਵੇ. ਗਿਜਾ ਹਲਕੀ ਅਤੇ ਤਾਕਤ ਦੇਣਵਾਲੀ ਦੇਣੀ ਚਾਹੀਏ. ਹਰੜ ਅਤੇ ਸੁਹਾਂਜਣੇ ਦਾ ਰਸ ਪੀਣਾ ਬਹੁਤ ਗੁਣਕਾਰੀ ਹੈ. "ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ." (ਵਾਰ ਗਉ ੧. ਮਃ ੪)

ਇਸ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਉਮਰਥਲ ਦੀ ਚੀਸ ਨੂੰ ਰੋਗੀ ਹੀ ਜਾਣਦਾ ਹੈ, ਇਸੇ ਤਰ੍ਹਾਂ ਜਿਨ੍ਹਾਂ ਅੰਦਰ ਵਿਰਹ ਦੀ ਪੀੜ ਹੈ, ਉਸਨੂੰ ਵਿਰਹੀ ਹੀ ਅਨੁਭਵ ਕਰਦਾ ਹੈ.

ਉਮਰਾ, ਉਮਰਾਉ, ਉਮਰਾਇ, ਉਮਰਾਯ, ਉਮਰਾਵ, ਉਮਰੀਆ, ਉਮਰੇ: ਅ਼ امرا ਅਮੀਰ ਦਾ ਬਹੁ ਵਚਨ. "ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ" (ਵਾਰ ਬਿਲਾ ਮਃ ੪) ੨. ਰਾਜ ਦਾ ਪ੍ਰਬੰਧ ਕਰਨ ਵਾਲੇ ਵਜੀਰ ਅਦਾਲਤੀ ਆਦਿ. "ਉਮਰਾਵਹੁ ਆਗੇ ਝੇਰਾ." (ਸੋਰ ਮਃ ੫) "ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚ." (ਸ੍ਰੀ ਅਃ ਮਃ ੧) ੩. ਖਤ੍ਰੀਆਂ ਦੀ ਇੱਕ ਜਾਤਿ.

ਉਮਲ: ਵਿ- ਉਮੰਗ ਸਹਿਤ. ਉਤਸਾਹਿਤ. "ਉਮਲ ਲਥੇ ਜੋਧੇ ਮਾਰੂ ਵਜਿਆ." (ਚੰਡੀ ੩)

ਉਮਾ: ਸੰ. ਸੰਗਯਾ- ਪ੍ਰਭਾ. ਰੌਸ਼ਨੀ। ੨. ਸ਼ਿਵ ਦੀ ਇਸਤ੍ਰੀ. ਸ਼ਿਵਾ. ਪਾਰਵਤੀ. "ਕੁਮਾਰਸੰਭਵ" ਵਿੱਚ ਕਵਿ ਕਾਲੀ ਦਾਸ ਨੇ ਲਿਖਿਆ ਹੈ ਕਿ ਪਾਰਵਤੀ ਦੀ ਮਾਤਾ ਮੇਨਕਾ ਨੇ ਪੁਤ੍ਰੀ ਨੂੰ ਆਖਿਆ ਉ (ਘੋਰ ਤਪ) ਮਾ (ਮਤ ਕਰ), ਅਰਥਾਤ ਘੋਰ ਤਪ ਨਾ ਕਰ, ਇਸ ਲਈ ਨਾਉਂ "ਉਮਾ" ਹੋਇਆ.

ਉਮਾਸੁਤ: ਸੰਗਯਾ- ਉਮਾ (ਪਾਰਵਤੀ) ਦਾ ਪੁਤ੍ਰ- ਗਣੇਸ਼ ੨. ਕਾਰਤਿਕੇਯ. ਖੜਾਨਨ. ਦੇਵਤਿਆਂ ਦਾ ਸੈਨਾਪਤਿ.

ਉਮਾਹ, ਉਮਾਹੜਾ, ਉਮਾਹਾ: ਸੰਗਯਾ- ਉਤਸਾਹ। ੨. ਉਮੰਗ। ੩. ਉਤਸਵ। ੪. ਤਿਉਹਾਰ. ਪਰਵ.

---

[32] ਇਹ ੩੨ ਪੌੜੀਆਂ ਦੀ ਰਚਨਾ ਕਿਸੇ ਪ੍ਰੇਮੀ ਦੀ ਹੈ. ਇਸ ਨੂੰ "ਵਾਰ ਗੁਰੂ ਗੋਬਿੰਦ ਸਿੰਘ ਜੀ" ਭੀ ਲਿਖਿਆ ਹੈ. ਇਸ ਵਿੱਚ ਸ਼ਾਹਜ਼ਾਦੀ ਜੇਬੁਨਿਸਾ ਨਾਲ ਬਾਦਸ਼ਾਹ ਔਰੰਗਜ਼ੇਬ ਦਾ ਸਵਾਲ ਜਵਾਬ ਅਤੇ ਪਾਂਵਟੇ ਦੇ ਯੁੱਧ ਦਾ ਪ੍ਰਸੰਗ ਹੈ.

ਉਮਾਤਨਯ, ਉਮਾਤਾਤ: ਉਮਾ (ਪਾਰਵਤੀ) ਦਾ ਤਨਯ (ਪੁਤ੍ਰ). ਉਮਾ ਦਾ ਤਾਤ (ਬੇਟਾ) ਦੇਖੋ, ਉਮਾਸੁਤ.

ਉਮਾਧਵ, ਉਮਾਨਾਹ, ਉਮਾਪਤਿ: ਸੰ. ਉਮਾ (ਪਾਰਵਤੀ) ਦਾ ਧਵ (ਪਤਿ) ਸ਼ਿਵ. ਰੁਦ੍ਰ. "ਗੋਤਮਨਾਰਿ ਉਮਾਪਤਿ ਸੁਆਮੀ। ਸੀਸਧਰਨ ਸਹਸ ਭਗ ਗਾਮੀ." (ਜੈਤ ਰਵਦਾਸ) ਗੋਤਮਨਾਰਿ ਗਾਮੀ (ਇੰਦ੍ਰ) ਸਹਸ ਭਗ ਧਰਨ, ਉਮਾਪਤਿ (ਸ਼ਿਵ), ਸੁਆਮੀ (ਬ੍ਰਹਮਾ), ਸੀਸਧਰਨ. ਦੇਖੋ, ਸੀਸਧਰਨਿ.

ਉਮੀਦ, ਉਮੇਦ: ਫ਼ਾ. امید ਸੰਗਯਾ- ਆਸ. ਆਸ਼ਾ। ੨. ਭਰੋਸਾ.

ਉਮੇਦਵਾਰ: ਫ਼ਾ. امیدوار ਵਿ- ਆਸ਼ਾ (ਆਸ) ਰੱਖਣ ਵਾਲਾ.

ਉਮੇਦਾ: ਸੰਗਯਾ- ਰਾਇ ਬੁਲਾਰ ਤਲਵੰਡੀ ਦੇ ਹਾਕਮ ਦਾ ਨਫ਼ਰ, ਜੋ ਗੁਰੂ ਨਾਨਕ ਦੇਵ ਦੀ ਸੇਵਾ ਪ੍ਰੇਮ ਨਾਲ ਕੀਤਾ ਕਰਦਾ ਸੀ. ਦੇਖੋ, ਗੁਰੁ ਨਾਨਕ ਪ੍ਰਕਾਸ਼.

ਉਮੇਰੀਆਂ: ਉਮਰਾ. ਅਮੀਰ ਲੋਗ. ਦੇਖੋ, ਉਮਰੀਆ. "ਅਨਿਕ ਉਮੇਰੀਆ". (ਬਿਹਾ ਮਃ ੫)

ਉਮੰਗ: ਸੰਗਯਾ. ਚਿੱਤ ਦਾ ਉਤਸਾਹ ਭਰਿਆ ਉਛਾਲ। ੨. ਆਨੰਦ ਦੀ ਲਹਿਰ. "ਏਕ ਦਿਵਸ ਮਨ ਭਈ ਉਮੰਗ." (ਬਸੰ ਰਾਮਾਨੰਦ)

ਉਮੰਡ: ਦੇਖੋ, ਉਮਡਨਾ ਅਤੇ ਉਮੰਗ.

ਉੱਮਤ: ਦੇਖੋ, ਉਮਤ.

ਉੱਮੀ: ਦੇਖੋ, ਓਮੀ.

ਉਰ: ਸੰ. उरस्- ਉਰਸ. ਸੰਗਯਾ- ਛਾਤੀ. "ਉਰ ਲਾਗਹੁ ਪ੍ਰੀਤਮ ਪ੍ਰਭੁ ਮੇਰੇ." (ਬਿਲਾ ਮਃ ੫) "ਚਰਨਕਮਲ ਹਿਰਦੈ ਉਰ ਧਾਰਹੁ." (ਗਉ ਮਃ ੫) ੨. ਮਨ. ਦਿਲ. ਰਿਦਾ. "ਧਾਰਿਓ ਹਰਿ ਉਰ ਛੇ." (ਬਸੰ ਮਃ ੪) ੩. ਉਦਰ. ਪੇਟ. "ਰੋਹਨੀ ਕੇ ਉਰ ਬੀਚ ਧਰਯੋ ਹੈ." (ਕ੍ਰਿਸ਼ਨਾਵ) ਬਲਭਦ੍ਰ ਨੂੰ ਰੋਹਿਣੀ ਦੇ ਗਰਭ ਵਿੱਚ ਰੱਖ ਦਿੱਤਾ। ੪. ਸੰ. उर. ਧਾ- ਜਾਣਾ. ਚਲਨਾ.

ਉਰਸਾ: ਸੰਗਯਾ- ਚੰਦਨ ਘਸਾਣ ਲਈ ਪੱਥਰ ਦਾ ਗੋਲ ਟੁਕੜਾ, ਜੋ ਹਿੰਦੂਮੰਦਰਾਂ ਵਿੱਚ ਪੁਜਾਰੀਆਂ ਪਾਸ ਹੁੰਦਾ ਹੈ. ਹੁਰਸਾ. ਸੰ. ਸ਼ਾਨਪਾਦ. "ਤੇਰਾ ਨਾਮ ਕਰੀ ਚਨਣਾਠੀਆ ਜੇ ਮਨ ਉਰਸਾ ਹੋਇ." (ਗੂਜ ਮਃ ੧)

ਉਰਕਟ: ਸੰ. अरंकृत- ਅਰੰਕ੍ਰਿਤ. ਵਿ- ਤਿਆਰ ਕੀਤਾ. ਪਕਾਇਆ ਰਿੰਨ੍ਹਿਆਂ. "ਇਕਤੁ ਪਤਰਿ ਭਰਿ ਉਰਕਟ ਕੁਰਕਟ, ਇਕਤੁ ਪਤਰਿ ਭਰਿ ਪਾਨੀ." (ਆਸਾ ਕਬੀਰ) ਵਾਮਮਾਰਗੀਆਂ ਨੇ ਇੱਕ ਪਾਤ੍ਰ ਵਿੱਚ ਪਕਾਇਆ ਹੋਇਆ ਮੁਰ ਰੱਖਿਆ ਅਤੇ ਦੂਜੇ ਪਾਤ੍ਰ ਵਿੱਚ ਪਾਨੀ (ਪਾਨੀਯ- ਸ਼ਰਾਬ) ਭਰੀ.

ਉਰਗ: ਸੰ. ਸੰਗਯਾ- ਉਰ (ਪੇਟ) ਨਾਲ ਗ (ਚੱਲਣ) ਵਾਲਾ ਜੀਵ। ੨. ਸਰਪ. ਸੱਪ.

ਉਰਗ ਨਾਥ: ਸੱਪਾਂ ਦਾ ਰਾਜਾ. ਸ਼ੇਸ਼ਨਾਗ.

ਉਰਗਾਦ, ਉਰਗਾਰਿ: ਸੰ. ਸੰਗਯਾ- ਉਰਗ (ਸੱਪ) ਨੂੰ ਅਦ (ਖਾਣ) ਵਾਲਾ. ਸੱਪ ਦਾ ਵੈਰੀ. ਗਰੁੜ। ੨. ਨਿਉਲਾ ਮੋਰ ਲਮਢੀਂਗ ਆਦਿਕ ਭੀ ਉਰਗਾਰਿ ਹਨ.

ਉਰਗੇਸ਼: ਸੰ. ਸੰਗਯਾ- ਉਰਗ (ਸੱਪਾਂ) ਦਾ ਈਸ਼ (ਰਾਜਾ) ਸ਼ੇਸ਼ਨਾਗ। ੨. ਭਾਈ ਸੁੱਖਾ ਸਿੰਘ ਨੇ ਗੁਰੁਵਿਲਾਸ ਵਿੱਚ ਪਹੇਲੀ ਦੇ ਢੰਗ ਗਜਰਾਜ, ਹਸ੍ਤਿ- ਰਾਜ ਅਤੇ ਨਾਗਰਾਜ ਦੀ ਥਾਂ ਉਰਗੇਸ਼ ਸ਼ਬਦ ਵਰਤਿਆ ਹੈ, ਕਿਉਂਕਿ ਨਾਗ ਨਾਉਂ ਹਾਥੀ ਦਾ ਭੀ ਹੈ.

ਉਰਛਾ: ਦੇਖੋ, ਓਰਛਾ.

ਉਰਜ: ਦੇਖੋ, ਉਰੋਜ। ੨. ਕੱਤਕ ਮਹੀਨਾ. "ਉਰਜ ਮਾਸ ਕੀ ਪੂਰਨਮਾਸੀ." (ਨਾਪ੍ਰ) ਦੇਖੋ, ਊਰਜ.

ਉਰਝ: ਦੇਖੋ, ਉਰਝਨ "ਝਝਾ ਉਰਝ ਸੁਰਝ ਨਹੀਂ ਜਾ." (ਗਉ ਬਾਵਨ ਕਬੀਰ)

ਉਰਝਨ, ਉਰਝਨਾ: ਸੰ. ਅਵਰुन्धन- ਅਵਰੁੰਧਨ. ਕ੍ਰਿ- ਗੁੰਝਲ ਵਿੱਚ ਫਸਣਾ। ੨. ਅਟਕਣਾ. ਰੁਕਣਾ. "ਉਰਝ ਰਹਿਓ ਬਿਖਿਆ ਕੈ ਸੰਗਾ". (ਸੂਹੀ ਅਃ ਮਃ ੫) "ਉਰਝਿਓ ਕਨਕ ਕਾਮਿਨੀ ਕੇ ਰਸ." (ਟੋਡੀ ਮਃ ੯) ੩. ਝਗੜੇ ਵਿੱਚ ਫਸਣਾ.

ਉਰਝਿ: ਉਲਝਕੇ.

ਉਰਦ: ਦੇਖੋ, ਉੜਦ. "ਦਾਲ ਉਰਦ ਕੀ ਛਮਕ ਬਨਾਈ." (ਗੁਪ੍ਰਸੂ)

ਉਰਦਾ ਬੇਗਨੀ, ਉਰਦਾ ਬੇਗੀ: ਤੁ اردابیگنی ਸੰਗਜਾ- ਜ਼ਨਾਨੇ ਮਹਲ ਵਿੱਚ ਵਰਦੀ ਅਤੇ ਸ਼ਸ਼ਤ੍ਰ ਪਹਿਨਕੇ ਪਹਿਰਾ ਦੇਣ ਵਾਲੀ ਇਸਤ੍ਰੀ. Amadon. ਮੁਸਲਮਾਨ ਬਾਦਸ਼ਾਹਾਂ ਵੇਲੇ ਉਰਦਾਬੇਗਨੀ ਹੀ ਬਾਦਸ਼ਾਹ ਪਾਸ ਜ਼ਨਾਨਖ਼ਾਨੇ ਅੰਦਰ ਅਰਜ ਪਹੁੰਚਾਇਆ ਕਰਦੀ ਸੀ. ਦੇਖੋ, ਅਰਜਬੇਗੀ.

ਉਰਦੂ: ਤੁ اُردُو ਸੰਗਜਾ- ਸੈਨਾ. ਫ਼ੌਜ। ੨. ਛਾਵਣੀ. ਫ਼ੌਜ ਦਾ ਨਿਵਾਸਅਸਥਾਨ. ਕੈਂਪ। ੩. ਫ਼ੌਜ ਦਾ ਬਾਜ਼ਾਰ। ੪. ਲਸ਼ਕਰੀ ਲੋਕਾਂ ਦੀ ਮਿਲੀ ਜੁਲੀ ਬੋਲੀ. ਇਸ ਦਾ ਅਰੰਭ ਖਿਲਜੀਆਂ ਦੇ ਰਾਜ ਵੇਲੇ ਸ਼ਾਹੀ ਫੌਜ ਦੇ ਬਜਾਰਾਂ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਬੋਲੀਆਂ ਦੇ ਮੇਲ ਜੋਲ ਤੋਂ ਹੋਇਆ, ਇਸ ਲਈ ਇਸ ਨੂੰ 'ਉਰਦੂ' ਜਾਂ ਲਸ਼ਕਰੀ ਬੋਲੀ ਆਖਣ ਲਗ ਪਏ. ਮੁਗਲਾਂ ਦੇ ਰਾਜ ਸਮੇਂ, ਖ਼ਾਸ ਕਰਕੇ ਸ਼ਾਹ ਜਹਾਨ ਦੇ ਵੇਲੇ ਆਕੇ ਇਹ ਬੋਲੀ ਆਮ ਪ੍ਰਚਲਿਤ ਹੋ ਗਈ. ਇਸ ਦਾ ਢਾਂਚਾ ਹਿੰਦੀ ਹੈ, ਪਰ ਇਸ ਵਿਚ ਅਰਬੀ ਤੁਰਕੀ ਅਤੇ ਫਾਰਸੀ ਸ਼ਬਦ ਭੀ ਪਾਏ ਜਾਂਦੇ ਹਨ, ਲਿਖਣ ਲਈ ਫਾਰਸੀ ਅੱਖਰ ਵਰਤੀਦੇ ਹਨ. ਭਾਵੇਂ ਇਹ ਸਾਰੇ ਉੱਤਰੀ ਹਿੰਦ ਵਿੱਚ ਸਮਝੀ ਜਾਂਦੀ ਹੈ, ਪਰ ਸੰਮਿਲਤ ਪ੍ਰਾਂਤ ਇਸ ਦਾ ਖਾਸ ਘਰ ਹੈ. ਭਾਵੇਂ ਮਿਲੀ ਜੁਲੀ ਕੋਈ ਬੋਲੀ ਹੋਵੇ, ਉਸ ਨੂੰ ਅਸੀਂ ਉਰਦੂ ਆਖ ਸਕਦੇ ਹਾਂ, ਪਰ ਫਾਰਸੀ ਸ਼ਬਦਾਂ ਨਾਲ ਮਿਲੀ ਭਾਰਤ ਦੀ ਬੋਲੀ ਖ਼ਾਸ ਕਰਕੇ ਉਰਦੂ ਪ੍ਰਸਿੱਧ ਹੈ. ਇਸ ਦੇ ਲਿਖਣ ਲਈ ਭੀ ਫਾਰਸੀ ਅੱਖਰ ਵਰਤੇ ਜਾਂਦੇ ਹਨ.

ਉਰਧ: ਸੰ. ऊद्धेव- ਊਧ੍ਵੰ. ਕ੍ਰਿ. ਵਿ- ਉੱਪਰ. ਉੱਪਰ ਦੀ ਤਰਫ਼. ਉੱਪਰ ਵੱਲ. "ਊਰਧ ਮੂਲ ਜਿਸੁ ਸਾਖ ਤਲਾਹਾ, ਚਾਰ ਬੇਦ ਜਿਤੁ ਲਾਗੇ."[33] (ਗੂਜ ਅਃ ਮਃ ੧) ੨. ਵਿ- ਉੱਚਾ. ਬਲੰਦ. "ਗਰਭ ਕੁੰਡਲ ਮਹਿ ਉਰਧ ਧਿਆਨੀ." (ਮਾਰੂ ਸੋਲਹੇ ਮਃ ੧) ਦੇਖੋ, ਉਰਧ ਧਿਆਨੀ। ੩. ਖੜਾ. ਖਲੋਤਾ। ੪. ਸੰਗਜਾ- ਕਰਤਾਰ, ਜੋ ਸਭ ਤੋਂ ਉੱਚਾ ਹੈ. "ਅਰਧਹਿ ਉਰਧ ਮਿਲਿਆ ਸੁਖ ਪਾਵਾ." (ਗਉ ਬਾਵਨ ਕਬੀਰ) ਜੀਵ ਨੂੰ ਬ੍ਰਹਮ ਮਿਲਿਆ, ਤਦ ਸੁਖ ਪਾਇਆ। ੪. ਵਿ- ਮੂਧਾ. ਉਲਟਾ. ਅਧੋ. (ग्रधम्) "ਉਰਧ ਪੰਕ ਲੈ ਸੂਧਾ ਕਰੈ." (ਗਉ ਵਾਰ ਸੱਤ ਕਬੀਰ) ਮੂਧਾ ਪੰਕਜ (ਕਮਲ ਮਨ ਹੈ. ਦੇਖੋ, ਊਰਧ.

ਉਰਧਤਪ, ਉਰਧਤਾਪ: ਸੰ. ਉਗ੍ਰ ਤਪ. ਭਾਰੀ ਤਪਸਾ। ੨. ਖੜਾ ਹੋਕੇ ਕੀਤਾ ਤਪ। ੩. ਬਾਹਾਂ ਖੜੀਆਂ ਕਰਕੇ ਕੀਤਾ ਤਪ. "ਕਾਇਆ ਸਾਧੈ ਉਰਧਤਪ ਕਰੈ ਵਿਚਹੁ ਹਉਮੈ ਨ ਜਾਇ." (ਸ੍ਰੀ ਮਃ ੩)

ਉਰਧਧਿਆਨੀ: ਵਿ- ਉੱਪਰ ਵੱਲ ਧਿਆਨ (ਧ੍ਯਾਨ) ਕਰਨ ਵਾਲਾ. ਭਾਵ ਕਰਤਾਰ ਵੱਲ ਮਨ ਲਾਉਣ ਵਾਲਾ. ਦੇਖੋ, ਉਰਧ.

ਉਰਧਬਾਹੁ: ਦੇਖੋ, ਊਰਧਵਾਹੁ.

ਉਰਧਾਰਨ: ਕ੍ਰਿ- ਵਸਾਉਣਾ. ਦ੍ਰਿੜ੍ਹ ਨਿਸ਼ਾ ਕਰਨਾ. "ਚਰਨਕਮਲ ਰਿਦ ਮਹਿ ਉਰਧਾਰਹੁ." (ਸੁਖਮਨੀ)

ਉਰਫ: ਅ਼. اُرف ਸੰਗਜਾ- ਉਰਫ਼ ਦਾ ਬਹੁ ਵਚਨ. ਠੱਡੇ. ਤੋਖੇ. ਸਰਹੱਦੀ ਚਿੰਨ੍ਹ. ੨. ਅ਼. عُرف. ਉਰਫ਼. ਵਿ- ਪ੍ਰਸਿੱਧ. ਵਿਖ਼ਜਾਤ. ਮਸ਼ਹੂਰ। ੩. ਤੁੱਲ. ਬਰੋਬਰ। ੪. ਸੰਗਜਾ- ਵਿਦਜਾ. ਇਲਮ.

---

[33] ऊद्धर्च मृल मध शाख मश्ब्रत्ध प्राहु रच्ययम्।
बन्दोसि यस्य परणीनि वस्त वेद स वेदचित। (ਭ. ਗੀਤਾ. ੧੫-੧)

**ਉਰਬਸੀ:** ਦੇਖੋ, ਉਰਵਸੀ.

**ਉਰਬਰਾ:** ਸੰ. उर्वरा- ਉਰ੍ਵਰਾ. ਸੰਗਜਾ- ਜ਼ਰਖ਼ੇਜ਼ ਜ਼ਮੀਨ. ਉਪਜਾਊ ਭੂਮਿ। ੨. ਓਹ ਜਮੀਨ ਜੋ ਜਲ ਨਾਲ ਸਿੰਜੀ ਜਾਂਦੀ ਹੈ. "ਜਿਮਿ ਉਰਬਰਾ ਕ੍ਰਿਸਿ ਛੀਨ." (ਅਜਰਾਜ) ਜੈਸੇ ਉੱਤਮ ਭੂਮਿ 'ਕ੍ਰਿਸ਼ਿ' (ਖੇਤੀ) ਬਿਨਾ ਸ਼ੋਭਦੀ ਨਹੀਂ.

**ਉਰਬਰੇਸਣੀ:** ਉਰਵਰਾ (ਪ੍ਰਿਥਿਵੀ) ਉਸ ਦਾ ਈਸ਼ (ਰਾਜਾ) ਣੀ (ਉਸ ਦੀ), ਰਾਜਾ ਦੀ ਫੌਜ. (ਸਨਾਮਾ) ੨. ਦੇਖੋ, ਲੁਰ ਬਰੇਸਣੀ.

**ਉਰਬੀ:** ਸੰ. उर्व्वी. ਉਰ੍ਵੀ. ਸੰਗਜਾ- ਪ੍ਰਿਥਿਵੀ. ਜ਼ਮੀਨ. "ਅਕਾਸ ਉਰਬੀਅੰ ਜਲੰ." (ਗ੍ਯਾਨ)

**ਉਰਮਾਂਡਣ:** ਡਿੰਗ ਸੰਗਜਾ- ਇਸਤ੍ਰੀ ਦੀ ਛਾਤੀ ਨੂੰ ਸ਼ੋਭਾ ਦੇਣ ਵਾਲਾ ਕੁਚ. ਸਤਨ. (ਥਣ. ) ੨. ਛਾਤੀ ਤੇ ਲਟਕਣ ਵਾਲਾ ਹਾਰ ਆਦਿਕ ਗਹਿਣਾ

**ਉਰਮਿ, ਉਰਮੀ:** ਤਰੰਗ. ਲਹਿਰ. ਮੌਜ. ਦੇਖੋ, ਊਰਮੀ. ਜਿਨ੍ਹਾਂ ਗ੍ਰੰਥਾਂ ਦਾ ਨਾਉਂ ਸਾਗਰ ਅਥਵਾ ਸਰ ਆਦਿਕ ਹੁੰਦਾ ਹੈ, ਉਨ੍ਹਾਂ ਦੇ ਅਧ੍ਯਾਵਾਂ ਦਾ ਨਾਉਂ ਰੂਪਕ ਅਲੰਕਾਰ ਅਨੁਸਾਰ ਉਰਮੀ (ਤਰੰਗ) ਹੋਇਆ ਕਰਦਾ ਹੈ।

**ਉਰਲਾ:** ਕ੍ਰਿ. ਵਿ- ਇਸ ਪਾਸੇ ਦਾ. ਇਧਰ ਦਾ। ੨. ਭਾਵ- ਇਸ ਲੋਕ ਦਾ.

**ਉਰਵਸੀ:** ਸੰ. उर्वशी- ਉਰ੍ਵੰਸ਼ੀ. ਸੰਗਜਾ- ਉਰੁ- ਅਸ਼. ਜੋ ਵਡੇ ਵਡਿਆਂ ਨੂੰ ਵਸ਼ ਕਰਦੀ ਹੈ. ਇੱਛਾ. ਖ਼੍ਵਾਹਿਸ਼। ੨. ਇੱਕ ਸੁਰਗ ਦੀ ਅਪੱਛਰਾ (ਅਪਸਰਾ) ਜਿਸ ਦਾ ਹਾਲ ਰਿਗਵੇਦ ਵਿੱਚ ਹੈ. ਇਹ ਨਾਰਾਯਣ ਦੇ ਉਰੁ (ਪੱਟ) ਤੋਂ ਉਪਜੀ, ਜਿਸ ਕਾਰਣ ਨਾਉਂ ਉਰਵਸੀ ਹੋਇਆ. ਮਹਾਂਭਾਰਤ ਵਿੱਚ ਲਿਖਿਆ ਹੈ ਕਿ ਮਿਤ੍ਰ ਅਤੇ ਵਰੁਣ ਦਾ ਉਰਵਸੀ ਨੂੰ ਦੇਖਕੇ ਵੀਰਯ ਡਿਗ ਪਿਆ, ਜਿਸ ਤੋਂ ਅਗਸ੍ਤ੍ਯ ਅਤੇ ਵਸ਼ਿਸ਼੍ਠ ਰਿਖੀ ਪੈਦਾ ਹੋਏ, ਇੱਕ ਵਾਰ ਉਰਵਸੀ ਨੇ ਇਨ੍ਹਾਂ ਦੋਹਾਂ ਰਿਖੀਆਂ ਨੂੰ ਗੁੱਸੇ ਕਰ ਦਿੱਤਾ, ਜਿਸ ਪੁਰ ਦੋਹਾਂ ਨੇ ਸ੍ਰਾਪ (ਸ਼ਾਪ) ਦਿੱਤਾ ਕਿ ਉਰਵਸੀ ਪ੍ਰਿਥਿਵੀ ਉੱਤੇ ਜਨਮਕੇ ਰਾਜਾ ਪੁਰੂਰਵਾ ਦੀ ਇਸਤ੍ਰੀ ਹੋਵੇ.

ਉਰਵਸੀ ਅਤੇ ਪੁਰੂਰਵਾ ਦੇ ਪ੍ਰੇਮ ਦੀ ਕਥਾ ਸ਼ਤਪਥ ਬ੍ਰਾਹਮਣ ਵਿੱਚ ਆਉਂਦੀ ਹੈ, ਅਤੇ ਕਵਿ ਕਾਲੀਦਾਸ ਨੇ ਭੀ "ਵਿਕ੍ਰਮੋਰਵੰਸ਼ਯ" ਨਾਟਕ ਵਿੱਚ ਉੱਤਮ ਰੀਤਿ ਨਾਲ ਇਹ ਪ੍ਰਸੰਗ ਲਿਖਿਆ ਹੈ. ਪਦਮ ਪੁਰਾਣ ਵਿੱਚ ਉਰਵਸੀ ਦੀ ਉਤਪੱਤੀ ਕਾਮਦੇਵ ਦੇ ਪੱਟ ਤੋਂ ਲਿਖੀ ਹੈ. "ਰੰਭਾ ਉਰਵਸੀ ਔਰ ਸਚੀ ਸੁ ਮੰਦੋਦਰੀ ਪੈ ਐਸੀ ਪ੍ਰਭਾ ਕਾਂਕੀ ਜਗ ਬੀਚ ਨ ਕਛੂ ਭਈ." ( ਕ੍ਰਿਸਨਾਵ) ੩. ਨਿਰੁਕਤ ਵਿੱਚ ਬਿਜਲੀ ਦਾ ਨਾਉਂ ਭੀ ਉਰਵਸ਼ੀ ਹੈ.

**ਉਰਵਾਰ:** ਉਰਲਾ ਕੰਢਾ। ੨. ਭਾਵ, ਇਹ ਲੋਕ. "ਬਿਖਿਆ ਅੰਦਰਿ ਪਚਿਮੁਏ ਨਾ ਉਰਵਾਰੁ ਨ ਪਾਰੁ." (ਸ੍ਰੀ ਮਃ ੩) ੩. ਉਸਪਾਰ. ਪਰਲਾ ਕੰਢਾ. ਭਾਵ- ਪਰਲੋਕ. "ਇਸੁ ਤਨ ਧਨ ਕੀ ਕਵਨ ਵਡਾਈ? ਧਰਨਿ ਪਰੈ, ਉਰਵਾਰਿ ਨ ਜਾਈ." (ਗਉ ਕਬੀਰ)

**ਉਰਵਾਰਪਾਰ:** ਉਰਲਾ ਅਤੇ ਪਰਲਾ ਕੰਢਾ। ੨. ਭਾਵ- ਇਹ ਲੋਕ ਅਤੇ ਪਰਲੋਕ. ਦੇਖੋ, ਉਰਵਾਰ.

**ਉਰਵਾਰਪਾਰ ਕੇ ਦਾਨੀ:** ਲੋਕ ਪਰਲੋਕ ਦੇ ਗ੍ਯਾਤਾ ਸਾਧੁਜਨ। ੨. ਭਾਵ- ਚਿਤ੍ਰਗੁਪਤ. "ਉਰਵਾਰਪਾਰ ਕੇ ਦਾਨੀਆ! ਲਿਖਲੇਹੁ ਆਲਪਤਾਲੁ। ਮੋਹਿ ਜਮਡੰਡੁ ਨ ਲਗਈ." (ਗਉ ਰਵਦਾਸ)

**ਉਰਵਾਰਿ:** ਕ੍ਰਿ- ਵਿ- ਇਸ ਕੰਢੇ. ਉਰਲੇ ਕਿਨਾਰੇ। ੨. ਉਸ ਪਾਸੇ. ਪਰਲੇ ਕੰਢੇ. ਦੇਖੋ, ਉਰਵਾਰ.

**ਉਰਵਿਜ:** ਸੰਗਜਾ- ਉਰਵੀ (ਪ੍ਰਿਥਿਵੀ) ਤੋਂ ਉਪਜਿਆ, ਬਿਰਛ ਅਤੇ ਘਾਹ. (ਸਨਾਮਾ)

**ਉਰਵਿਜ ਚਰ ਰਿਪੁ:** ਉਰਵਿਜ (ਘਾਹ) ਚਰਣ ਵਾਲਾ ਮ੍ਰਿਗ, ਉਸ ਦਾ ਰਿਪੁ (ਵੈਰੀ) ਸ਼ੇਰ. (ਸਨਾਮਾ)

**ਉਰਵੀ:** ਦੇਖੋ, ਉਰਬੀ.

ਉਰਾ: ਸੰਗਜ੍ਾ- ਉਰਲਾ ਪਾਸਾ. ਉਰਾਰ "ਪਰਾ ਉਰਾ ਲਖ ਲਿਯਤ ਪਛਾਨਹੁ." (ਨਾਪ੍ਰ) ੨. ਭਾਵ- ਇਹ ਲੋਕ.

ਉਰਾਹਨ, ਉਰਾਹਨਾ, ਉਰਾਹਨੋ: ਸੰਗਜ੍ਾ- ਉਪਾਲੰਭ. ਉਲਾਂਭਾ. "ਕਾਹਿਕੇ ਕਾਜ ਉਰਾਹਨ ਰੀ ਸਹਿ?" (ਕ੍ਰਿਸਨਾਵ)

ਉਰਾਂਭਾ: ਦੇਖੋ, ਉਲਾਂਭਾ. "ਗ੍ਰਿਹ ਕੇ ਲੋਗ ਉਰਾਂਭੇ ਦੇਹੀਂ." (ਚਰਿਤ੍ਰ ੩੩)

ਉਰਾਰ: ਸੰਗਜ੍ਾ- ਉਰਲਾ ਪਾਰ. ਆਪਣੀ ਵੱਲ ਦਾ ਕੰਢਾ। ੨. ਭਾਵ- ਇਹ ਲੋਕ. ਦੇਖੋ, ਉਰਵਾਰ.

ਉਰਿ: ਛਾਤੀ ਉੱਪਰ. ਸੀਨੇ ਉਪਰ. ਦੇਖੋ, ਉਰ. "ਹਰਿ ਕੇ ਚਰਨ ਹਿਰਦੈ ਉਰਿ ਧਾਰਿ." (ਗਉ ਮਃ ੫) ੨. ਦਿਲ ਮੇਂ. ਹਿਰਦੇ ਵਿੱਚ. "ਹਰਿ ਰਾਖੈ ਉਰਿ ਧਾਰਿ."

(ਸ੍ਰੀ ਮਃ ੩)

ਉਰਿਣ, ਉਰਿਣਤ: ਸੰ. उऋण. ਵਿ- ਰਿਣ ਰਹਿਤ. ਜਿਸ ਦੇ ਸਿਰ ਕਰਜ ਨਹੀਂ. "ਉਰਿਣਤ ਹੋਏ ਭਾਰ ਉਤਾਰੇ." (ਭਾਗੁ)

ਉਰੁ, ਉਰੂ: ਸੰ. उरु. ਸੰਗਜ੍ਾ- ਪੱਟ. ਜੰਘਾ। ੨. ਵਿ- ਚੌੜਾ। ੩. ਲੰਮਾ। ੪. ਉੱਚਾ। ੫. ਵੱਡਾ।

ਉਰੂਜ: ਅ. عروج ਸੰਗਜ੍ਾ- ਉੰਨਤਿ. ਤਰੱਕੀ. ਵ੍ਰਿੱਧਿ। ੨. عَرُوض ਉਰੂਜ ਛੰਦਵਿਦਜਾ. ਖ਼ਲੀਲ ਬਿਨ ਅਹ਼ਿਮਦ ਉਰੂਜ (ਮੱਕਾ) ਨਿਵਾਸੀ ਇਸ ਵਿੱਦਿਯਾ ਦਾ ਆਚਾਰਯ ਸੀ, ਇਸ ਕਰਕੇ ਨਾਉਂ ਉਰੂਜ ਪੈ ਗਿਆ. ਜਿਵੇਂ ਪਿੰਗਲ ਰਿਖੀ ਕਰਕੇ ਸ਼ਾਸਤ੍ਰ ਦਾ ਨਾਉਂ ਪਿੰਗਲ ਪਿਆ.

ਉਰੇ: ਕ੍ਰਿ ਵਿ- ਉਰਲੇ ਪਾਸੇ. ਇਸ ਓਰ। ੨. ਭਾਵ, ਇਸ ਲੋਕ ਵਿੱਚ। ੩. ਪਰੇ. ਅਗਲੀ ਤਰਫ.

ਉਰੇਬ: ਫ਼ਾ. اریب ਅਰੇਬ. ਵਿ- ਟੇਢਾ। ੨. ਪੇਚਦਾਰ। ੩. ਕਪਟੀ.

ਉਰੋਜ: ਸੰ. ਸੰਗਜ੍ਾ- ਉਰ (ਛਾਤੀ) ਵਿੱਚ ਪੈਦਾ ਹੋਣ ਵਾਲਾ, ਕੁਚ. ਥਣ (ਸਤਨ). ਮੰਮਾ.

ਉਲ: ਅ. ال ਅਲ. ਪ੍ਰਤਜ- ਇਹ ਅ਼ਰਬੀ ਨਾਵਾਂ ਦੇ ਮੁੱਢ ਵਿਸ਼ੇਸ਼ਤਾ (ਖ਼ੁਸੂਸੀਯਤ) ਪ੍ਰਗਟ ਕਰਨ ਲਈ ਆਉਂਦਾ ਹੈ. ਜਿਵੇਂ ਅਲ਼ਕੁਰਾਨ, ਪਰ ਸੰਧਿ ਵਿੱਚ ਆਇਆ ਹੋਇਆ ਇਜਾਫ਼ਤ ਦੀ ਥਾਂ ਅਰਥ ਦਿੰਦਾ ਹੈ ਅਤੇ ਉੱਚਾਰਣ 'ਉਲ' ਹੋ ਜਾਂਦਾ ਹੈ, ਜਿਵੇਂ "ਹਮੇਸੁਲ ਸਲਾਮੇ." (ਜਾਪੁ) ਨਿੱਤ ਕਾਇਮ ਰਹਿਣ ਵਾਲਾ ਹੈ। ੨. ਸੰ. उल्. ਧਾ- ਜਲਨਾ. ਦਗਧ ਹੋਣਾ.

ਉਲਸ: ਤੁਰ. اُلش ਉਲਸ਼. ਸੰਗਜ੍ਾ- ਸ਼ੀਤ ਪ੍ਰਸਾਦ. ਬਚਿਆ ਹੋਇਆ ਭੋਜਨ. ਉੱਛਿਸ਼੍ਰ "ਉਲਸ ਪਿਆਲੈ ਖਰੀ ਖੁਮਾਰੀ." (ਭਾਗੁ) ਸਤਿਗੁਰੂ ਨੇ ਜਿਸ ਪਾਤ੍ਰ ਤੋਂ ਜਲ ਛਕਿਆ ਹੈ ਉਸ ਸੀਤ ਪ੍ਰਸਾਦ (ਵਾਲੇ ਪਾਤ੍ਰ) ਵਿੱਚ ਸਿੱਖ ਨੂੰ ਆਨੰਦ ਦੀ ਲਹਿਰ ਭਾਸਦੀ ਹੈ.

ਉਲਸਤ, ਉਲਸਿਤ, ਉਲਹਤ: ਸੰ. उल्लसित. ਵਿ- ਪ੍ਰਕਾਸ਼ਿਤ. ਚਮਕਦਾ। ੨. ਆਨੰਦ ਸਹਿਤ. ਪ੍ਰਸੰਨ.

ਉਲਹਨਾ: ਦੇਖੋ, ਉਪਾਲੰਭ ਅਤੇ ਉਰਾਹਨਾ.

ਉਲਕਾ: ਸੰ. उल्का. ਸੰਗਜ੍ਾ- ਪ੍ਰਕਾਸ਼ ਦੀ ਰੇਖਾ। ੨. ਚੁਆਤੀ. ਮੁਰਿਆੜ। ੩. ਆਕਾਸ਼ ਤੋਂ ਡਿਗਦੇ ਤਾਰੇ ਦਾ ਪ੍ਰਕਾਸ਼ (Shooting Stars). ਦੇਖੋ, ਉਲ ੨.

ਉਲਕਾਪਾਤ: ਸੰਗਜ੍ਾ- ਆਕਾਸ਼ ਤੋਂ ਅੰਗਾਰਾਂ ਦਾ ਡਿਗਣਾ, ਜੋ ਪੁਰਾਣਾ ਵਿੱਚ ਅਪਸਗਨ ਮੰਨਿਆ ਹੈ. "ਉਲਕਾਪਾਤ ਹੋਤ ਆਕਾਸਾ." (ਚਰਿਤ੍ਰ ੪੦੫) ਦੇਖੋ, ਉਲਕਾ ੩.

ਉਲਗਣੇ: ਮਰਾ. ਕ੍ਰਿ- ਸਮਾਪਤ ਕਰਨਾ। ੨. ਬੰਦ ਕਰਨਾ। ੩. ਸੰਬਰਨਾ। ੪. ਮਾਂਜਣਾ.

ਉਲਝਣ, ਉਲਝਨ: ਦੇਖੋ, ਉਰਝਨ. "ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ." (ਗਉ ਅਃ ਮਃ ੫)

ਦੇਖੋ, ਬਾਧਬੁਧਿ। ੨. ਸੰਗਜਾ- ਗੁੰਝਲ. ਅੜਚਨ. ਪੇਚਦਾਰ ਗੱਲ. ਉਲਝਾਉ ਦੀ ਬਾਤ.

ਉਲਝੇਰਾ, ਉਲਝੇੜਾ: ਸੰਗਜਾ- ਉਲਝਾਉ। ੨. ਟੇਢਾ ਝਗੜਾ। ੩. ਬੰਧਨਰੂਪ ਕਰਮ.

ਉਲਟ: ਵਿ- ਵਿਰੁੱਧ. ਵਿਪਰੀਤ. "ਉਲਟ ਭਈ ਜੀਵਤ ਮਰਿ ਜਾਗਿਆ." (ਗਉ ਅਃ ਮਃ ੧) ੨. ਕ੍ਰਿ. ਵਿ- ਪਲਟਕੇ. ਮੁੜ (ਹਟ) ਕੇ. "ਅਬ ਮਨ ਉਲਟਿ ਸਨਾਤਨ ਹੂਆ." (ਗਉ ਕਬੀਰ)

ਉਲਟਨਾ: ਸੰ. ਤਲ੍ਹੁਰਾਠਨ. ਉੱਲੁੰਠਨ ਕ੍ਰਿ- ਮੋੜਨਾ ਪਰਤਣਾ. "ਮਨੂਆ ਉਲਟਿ ਸੁੰਨ ਮਹਿ ਗਹੈ. (ਰਾਮ ਬੇਣੀ) ੨. ਹੇਠ ਉੱਪਰ ਕਰਨਾ.

ਉਲਟਾ: ਵਿ- ਵਿਪਰੀਤ। ੨. ਮੂਧਾ.

ਉਲਟਾ ਸੇਵਕ: ਸੰਗਜਾ- ਕਿਸੇ ਵਸਤ ਦੇ ਬਦਲੇ ਖਰੀਦਿਆ ਹੋਇਆ ਦਾਸ. ਜ਼ਰਖ਼ਰੀਦ ਗ਼ੁਲਾਮ. "ਸੰਤਨ ਕੇ ਹਮ ਉਲਟੇ ਸੇਵਕ" (ਧਨਾ ਨਾਮਦੇਵ) ੨. ਸੰਸਾਰੀ ਸੇਵਕਾਂ ਤੋਂ ਉਲਟੀ ਰੀਤਿ ਦਾ ਸੇਵਕ. ਸੁਆਰਥ (ਸ੍ਵਾਰਥ) ਰਹਿਤ ਸੇਵਾ ਕਰਨ ਵਾਲਾ.

ਉਲਟਿ: ਕ੍ਰਿ- ਵਿ- ਉਲਟਕੇ. ਪਰਤਕੇ. "ਉਲਟਿ ਕਮਲੁ ਅੰਮ੍ਰਿਤਿ ਭਰਿਆ." (ਵਾਰ ਮਲਾ ਮਃ ੧)

ਉਲਟੀ: ਵਿ- ਵਿਰੁੱਧ. ਵਿਪਰੀਤ. "ਸਤਿਗੁਰੁ ਮਿਲਿਐ ਉਲਟੀ ਭਈ." (ਸ੍ਰੀ ਮਃ ੩) ੩. ਸੰਗਜਾ- ਡਾਕੀ. ਵਮਨ. ਛਰਦਿ. ਕਯ (ਕੈ) ਮੇਦੇ ਵਿੱਚ ਜਾਕੇ, ਪਰਤਕੇ ਬਾਹਰ ਆਉਂਦੀ ਹੈ, ਇਸ ਲਈ ਨਾਉਂ 'ਉਲਟੀ' ਹੈ.

ਉਲਟੀ ਗੰਗਾ ਵਹਿਣੀ: ਭਾਵ- ਕਿਸੇ ਰੀਤਿ ਦਾ ਧਰਮ ਅਤੇ ਲੋਕ ਵਿਰੁੱਧ ਹੋਣਾ.

ਉਲਟੀਲੇ ਸਕਤਿ ਸਹਾਰੰ: (ਰਾਮ ਕਬੀਰ) ਜਦ ਪ੍ਰਾਣਵਾਯੁ ਬਲ ਕਰਕੇ ਉਲਟਾਈ, ਭਾਵ- ਉੱਪਰ ਨੂੰ ਖਿੱਚੀ.

ਉਲਟੇ ਸੇਵਕ: ਦੇਖੋ, ਉਲਟਾ ਸੇਵਕ.

ਉਲਥਨਾ: ਕ੍ਰਿ- ਉਤਰਨਾ. ਦੂਰ ਹੋਣਾ. ਮਿਟਣਾ। ੨. ਹੇਠ ਲਹਿਣਾ. "ਸਰ ਹੰਸ ਉਲਥੜੇ ਆਇ." (ਸ੍ਰੀ ਮਃ ੧. ਪਹਿਰੇ) "ਆਇ ਉਲਥੇ ਹੰਝ." (ਸ. ਫਰੀਦ) ੩. ਹੇਠ ਉੱਪਰ ਕਰਨਾ. ਪਰਤਣਾ। ੪. ਅਨੁਵਾਦ ਕਰਨਾ. ਇੱਕ ਬੋਲੀਤੋਂ ਦੂਜੀ ਬੋਲੀ ਵਿੱਚ ਕਰਨਾ.

ਉਲਥਾ: ਸੰਗਜਾ- ਅਨੁਵਾਦ. ਤਰਜੁਮਾ। ੨. ਦੇਖੋ, ਉਲਥਨਾ।

ਉਲਫ਼ਤ: ਅ਼ الفت ਸੰਗਜਾ- ਪ੍ਰੇਮ. ਪਿਆਰ. ਮੁਹੱਬਤ।

੨. ਦੋਸਤੀ. ਮਿਤ੍ਰਤਾ.

ਉਲਮਾ, ਉਲਮਾਉ, ਉਲਮਾਵ: ਅ਼ علما ਵਿ- ਆਲਿਮ ਦਾ ਬਹੁ ਵਚਨ. ਵਿਦ੍ਵਾਨ. ਪੰਡਿਤ. ਡਾਕਟਰ ਹੁਕਮਾ. "ਚੌਦਾ ਸੈ ਉਲਮਾਵਨ ਰਾਖੇ." (ਗੁਪ੍ਰਸੂ)

ਉਲਰਨਾ: ਕ੍ਰਿ- ਉਛਲਨਾ। ੨. ਪਿਛਲੇ ਪੈਰ ਨੀਵੇਂ ਕਰਕੇ ਅਗਲੇ ਪੈਰਾਂ ਨੂੰ ਉਭਾਰਨਾ। ੩. ਗੱਡੇ ਆਦਿਕ ਦਾ ਅੱਗਾ ਉੱਚਾ ਅਤੇ ਪਿੱਛਾ ਨੀਵਾਂ ਹੋਣਾ.

ਉਲਵੀ: ਅ਼ علوی ਸੰਗਜਾ-. ਉਲਾ (ਬਲੰਦੀ) ਵਾਲਾ. ਉੱਚਾ. ਭਾਵ- ਨਛਤ੍ਰ (ਨਕਤ੍ਰ). ੨. ਫ਼ਰਿਸ਼ਤਾ। ੩. ਅਲਵੀ. ਅ਼ਰਬ ਦੇਸ਼ ਦੇ ਉੱਪਰਲੇ ਭਾਗ ਦਾ ਬਾਸ਼ਿੰਦਾ। ੩. ਹਜਰਤ ਅਲੀ ਦੀ ਵੰਸ਼ ਵਿੱਚ ਹੋਣ ਵਾਲਾ, ਪਰ ਜੋ ਬੀਬੀ ਫ਼ਾਤਿਮਾ ਦੀ ਔਲਾਦ ਨਹੀਂ.

ਉਲਾਸ: ਸੰ. ਤਲ਼ਾਸ- ਉੱਲਾਸ. ਸੰਗਜਾ- ਪ੍ਰਕਾਸ਼. ਚਮਤਕਾਰ। ੨. ਉਮੰਗ. ਚਾਉ. "ਖਾਤ ਪੀਤ ਵਰਤੈ ਅਨਦ ਉਲਾਸ." (ਸੁਖਮਨੀ) ੩. ਹੌਸਲਾ. ਉਤਸਾਹ. "ਰਣ ਦੇਖਿ ਸੂਰੇ ਚਿਤਿ ਉਲਾਸ." (ਬਸੰ ਮਃ ੫) "ਹੰਸਾ ਸੇਤੀ ਚਿਤ ਉਲਾਸਹਿ ਕੁਕੜ

ਦੀ ਓਡਾਰੀ." (ਗਉ ਵਾਰ ੨. ਮਃ ੫) ੪. ਸੁਖ. ਆਨੰਦ। ੫. ਗ੍ਰੰਥ ਦਾ ਪਰਵ. ਕਾਂਡ. ਅਧ੍ਯਾਯ। ੬. ਇੱਕ ਅਰਥਾਲੰਕਾਰ. ਇੱਕ ਦੇ ਗੁਣ ਅਥਵਾ ਦੋਸ਼ ਤੋਂ ਦੂਸਰੇ ਵਿੱਚ ਗੁਣ ਅਥਵਾ ਦੋਸ਼ ਦਾ ਹੋਣਾ ਦਿਖਾਇਆ ਜਾਵੇ, ਇਹ "ਉੱਲਾਸ" ਦਾ ਰੂਪ ਹੈ. "ਏਕਹਿ ਕੇ ਗੁਣ ਦੋਸ਼ ਤੈਂ ਔਰੈ ਕੋ ਗੁਣ ਦੋਸ਼। ਵਰਣਤ ਯੌਂ ਉੱਲਾਸ ਹੈਂ ਜੋ ਪੰਡਿਤ ਮਤਿ ਕੋਸ਼" (ਲਲਿਤ ਲਲਾਮ) ਇਸ ਅਲੰਕਾਰ ਦੇ ਚਾਰ ਭੇਦ ਹਨਃ-

(ੳ) ਗੁਣ ਤੋਂ ਗੁਣ ਦਾ ਹੋਣਾ,

ਉਦਾਹਰਣ-

ਗੁਣੀ ਗੁਣੀ ਮਿਲਿ ਲਾਹਾ ਪਾਵਸਿ,

ਗੁਰੁਮੁਖਿ ਨਾਮ ਵਡਾਈ. (ਭੈਰ ਮਃ ੧)

ਗੰਗਾ ਜਮਨਾ ਗੋਦਾਵਰੀ ਸਰਸੁਤੀ,

ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਂਈ,

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ,

ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ.

(ਮਲਾ ਮਃ ੪)

(ਅ) ਦੋਸ਼ ਤੋਂ ਗੁਣ.

ਉਦਾਹਰਣ-

ਸਫਲ ਬਿਰਛ ਫਲ ਦੇਤ ਜਯੋਂ ਪਖਾਨ ਮਾਰੇ

ਸਿਰ ਕਰਵਤ ਸਹਿ ਹੋਤ ਪਾਰ ਪਾਰ ਹੈ,

ਸਾਗਰ ਸੇ ਕਾਢ ਮੁਖ ਫੋਰਿਯਤ ਸੀਪ ਕੋ ਜਯੋਂ

ਦੇਤ ਮੁਕਤਾਹਲ ਅਵਗਜਾ ਨ ਵਿਚਾਰ ਹੈ,

ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ

ਮਾਨਕ ਅਮੋਲ ਹੀਰਾ ਪਰਉਪਕਾਰ ਹੈ,

ਊਖ ਮੇਂ ਪਿਯੂਖ ਜਯੋਂ ਪ੍ਰਗਾਸ ਹੋਤ ਕੋਲੂ ਪਚੇ

ਅਵਗੁਨ ਕੀਏ ਗੁਨ ਸਾਧੁਨ ਕੇ ਦ੍ਵਾਰ ਹੈ.

(ਭਾਗੁਕ)

(ੲ) ਗੁਣ ਤੋਂ ਦੋਸ਼

ਉਦਾਹਰਣ-

ਧਨੁ ਜੋਬਨੁ ਦੁਇ ਵੈਰੀ ਹੋਏ, ਜਿਨ੍ਹੀ ਰਖੇ ਰੰਗੁ ਲਾਇ.

(ਆਸਾ ਅਃ ਮਃ ੧)

ਸਦਨ ਵਿਭੂਤਿ ਅਪਰ ਕੇ ਦੇਖੀ।

ਪੀਰਾ ਪਾਵਹਿ ਰਿਦੇ ਵਿਸੇਖੀ.

(ਨਾਪ੍ਰ)

ਛਮੀ ਪੁਰਖ ਕੇ ਕਾਜ ਉਦਾਰਾ,

ਨਸ਼੍ਰ ਹੋਤ ਜਿਮਿ ਅਗਨੀ ਪਾਰਾ,

ਤਿਸ ਕੋ ਸਕਲ ਕਰਹਿ ਅਪਰਾਧਾ,

ਡਰ ਕੋ ਛੋਰ ਦੇਤ ਹੈਂ ਬਾਧਾ.

(ਗੁਪ੍ਰਸੂ)

(ਸ) ਦੋਸ਼ ਤੋਂ ਦੋਸ਼

ਉਦਾਹਰਣ-

ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋਦੁਖੁ ਕਮਾਇਆ.

(ਮਾਰੂ ਸੋਲਹੇ ਮਃ ੩)

ਪਰ ਦੁਖ ਪਿਖਕਰ ਹੋਤ ਹੈਂ ਦੁਖੀ ਸੰਤ ਮਨ ਮਾਂਹਿ.

(ਅਲੰਕਾਰ ਸਾਗਰ ਸੁਧਾ)

੭. ਦੇਖੋ, ਕਲਸ.

ਉਲਾਸਾ, ਉਲਾਸੀ: ਵਿ- ਉੱਲਾਸਿਤ. ਖ਼ੁਸ਼. ਪ੍ਰਸੰਨ. "ਜਿਉਂ ਮੀਨਾ ਜਲ ਮਾਹਿ ਉਲਾਸਾ." (ਗਉ ਅਃ ਮਃ ੧)

ਉਲਾਸੁ: ਦੇਖੋ, ਉਲਾਸ.

ਉਲਾਹ, ਉਲਾਹਨ: ਕ੍ਰਿ- ਉਤਾਰਨਾ। ੨. ਹਟਾਉਣਾ. ਮਿਟਾਉਣਾ. ਨਿਵ੍ਰਿੱਤ ਕਰਨਾ. "ਹਭੇ ਡੁੱਖ ਉਲਾਹਿ." (ਵਾਰ ਜੈਤ) "ਸਗਲੀ ਤ੍ਰਿਸਨ ਉਲਾਹੀ, ਸੰਤਹੁ!" (ਰਾਮ ਅਃ ਮਃ ੫)

ਉਲਾਹਨਾ, ਉਲਾਹਨੋ: ਸੰਗਜਾ- ਉਪਾਲੰਭ. ਉਲਾਂਭਾ. "ਲਾਖ ਉਲਾਹਨੇ ਮੋਹਿ." (ਬਿਹਾ ਛੰਤ ਮਃ ੫) "ਉਲਾਹਨੋ ਮੈ ਕਾਹੂ ਨ ਦੀਓ." (ਨਟ ਮਃ ੫)

ਉਲਾਹਿ: ਕ੍ਰਿ- ਵਿ- ਉਤਾਰਕੇ। ੨. ਉਮੰਗ (ਉਲਾਸ) ਸਹਿਤ ਹੋਕੇ.

ਉਲਾਹਿਅਮੁ: ਮੈ ਉਤਾਰਦਿੱਤਾ. ਮੈ ਲਾਹੇ (ਉਤਾਰੇ). "ਹਭੇ ਡੁਖ ਉਲਾਹਿਅਮੁ." (ਵਾਰ ਮਾਰੂ ੨. ਮਃ ੫)

ਉਲਾਹੀ: ਉਤਾਰੀ. ਲਾਹੀ. ਦੇਖੋ, ਉਲਾਹਨ.

ਉਲਾਣਾ: ਵਿ- ਪਲਾਣ ਬਿਨਾ. ਕਾਠੀ ਅਤੇ ਤਹਿਰੂ ਬਿਨਾ ਘੋੜਾ ਆਦਿਕ. "ਜੀਨ ਤੁਰੰਗਮ ਪਾਇ ਨਿਕਾਰਾ। ਕਿਧੌਂ ਉਲਾਣਾ ਲੀਨ ਸਿਧਾਰਾ?" (ਗੁਪ੍ਰਸੂ)

ਉਲਾਦ: ਦੇਖੋ, ਔਲਾਦ.

ਉਲਾਂਭਾ, ਉਲਾਮਾ: ਉਲਾਹਨਾ. ਤਾਨਾ. ਦੇਖੋ, ਉਪਾਲੰਭ. "ਉਲਾਮੇ ਜੀਅ ਸਹੇ." (ਆਸਾ ਫਰੀਦ)

ਉਲਾਰਣਾ: ਕ੍ਰਿ- ਉਭਾਰਨਾ. ਉਠਾਉਣਾ। ੨. ਪਿਛਲਾ ਪਾਸਾ ਨੀਵਾਂ ਅਤੇ ਅਗਲਾ ਪਾਸਾ ਉੱਚਾ ਕਰਨਾ.

ਉਲੀਚਣਾ: ਸੰ. ਤਲ਼ਙਚਨ- ਉੱਲੁੰਚਨ. ਕ੍ਰਿ- ਕੁਲੁੰਜਨਾ. ਹੱਥ ਅਥਵਾ ਬਰਤਨ ਨਾਲ ਪਾਣੀ ਬਾਹਰ ਕੱਢਣਾ. "ਸੀਪ ਨ ਸਿੰਧੁ ਉਲੀਚਿਯੇ, ਰਜ ਕਨ ਗਿਨੇ ਨ ਜਾਹਿ." (ਗੁਪ੍ਰਸੂ) ੨. ਛਿੜਕਨਾ. ਤ੍ਰੌਂਕਣਾ. "ਮਹਾਂ ਸੁਗੰਧ ਉਲੀਚਨ ਕਰਕੈ." (ਗੁਪ੍ਰਸੂ)

ਉਲੂ, ਉਲੂਕ: ਸੰ. ਅਲੂਕ. ਸੰਗਜਾ- ਉੱਲੂ. ਪੇਚਕ. ਘੂਕ। ੨. ਵੈਸੇਸ਼ਿਕ ਸ਼ਾਸਤ੍ਰ ਦੇ ਕਰਤਾ (ਕਣਾਦ) ਦਾ ਦੂਜਾ ਨਾਉਂ.

ਉਲੂਖਲ: ਦੇਖੋ ਉਖਲੀ.

ਉਲੂਪੀ: ਸੰਗਜਾ- ਏਰਾਵਤ ਕੁਲਦੇ ਕੌਰਵਜ ਨਾਗ ਦੀ ਪੁਤ੍ਰੀ, ਜਿਸ ਨਾਲ ਅਰਜੁਨ ਨੇ ਨਾਗਲੋਕ[34] ਵਿੱਚ ਜਾਕੇ ਵਿਆਹ ਕੀਤਾ. ਇਸ ਦੇ ਉਦਰ ਤੋਂ ਮਹਾਂਵੀਰ ਵਭ੍ਰੁਵਾਹਨ ਪੁਤ੍ਰ ਜਨਮਿਆ. ਤ੍ਰਿਪੁਰਾ ਦੇ ਰਾਜਾ ਆਪਣੇ ਤਾਈਂ ਉਲੂਪੀ ਦੇ ਪੁਤ੍ਰ ਵਭ੍ਰੁਵਾਹਨ ਦੀ ਉਲਾਦ ਮੰਨਦੇ ਹਨ.

ਉਲੇਂਹਦੜਾ: ਦੇਖੋ, ਉਲੇਹਾ.

ਉਲੇਹਨ: ਦੇਖੋਂ, ਅਵਲੇਹਨ.

ਉਲੇਹਾ: ਸੰਗਜਾ- ਉਲੇਂਹਦੜਾ. ਇੱਕ ਪ੍ਰਕਾਰ ਦਾ ਜੰਗਲੀ ਘਾਹ, ਜੋ ਬਰਸਾਤ ਵਿੱਚ ਉਗਦਾ ਹੈ. ਇਸ ਦੇ ਬੀਜ ਉੱਤੇ ਨਿੱਕੇ-ਨਿੱਕੇ ਕੰਡੇ ਬਹੁਤ ਹੁੰਦੇ ਹਨ. ਜਰਾ ਛੁਹਿਣ ਤੋਂ ਅਜੇਹੇ ਚਿਮੜਦੇ ਹਨ ਕਿ ਔਖਿਆਂ ਉਤਰਦੇ ਹਨ। ੨. ਉਲੇਹੇ ਦਾ ਬੀਜ। ੩. ਉਲੇਹੇ ਵਾਂਙ ਚਿਮੜਨ ਵਾਲਾ ਆਦਮੀ.

ਉਲੇਖ: ਦੇਖੋ, ਉੱਲੇਖ.

ਉਲੰਘਣਾ, ਉਲੰਘਨ: ਸੰ. ਤਲ਼ਙਘਨ. ਲੰਘਣ ਦੀ ਕ੍ਰਿਯਾ. ਕਿਸੇ ਤੋਂ ਅੱਗੇ ਵਧਣਾ. ਕਿਸੇ ਦੇਸ ਅਥਵਾ ਨਦੀ ਪਹਾੜ ਆਦਿਕ ਤੋਂ ਪਾਰ ਪਹੁਚਣਾ. ਉੱਪਰਦੀਂ ਗੁਜ਼ਰਨਾ. "ਜੋਤਿ ਬਿਨਾ ਜਗਦੀਸ ਕੀ ਜਗਤ ਉਲੰਘੇ ਜਾਇ." (ਸਃ ਕਬੀਰ) ੨. ਨਿਯਮ ਤੋੜਨਾ. ਕਾਇਦੇ ਤੋਂ ਲੰਘ ਜਾਣਾ। ੩. ਆਗਜਾ ਭੰਗ ਕਰਨੀ. ਹੁਕਮ ਉਦੂਲੀ ਕਰਨੀ.

ਉੱਲ: ਕਈ ਪੰਜਾਬੀ ਸਿਰਪੀੜ ਅਤੇ ਭੌਂਹਾਂ ਵਿੱਚ ਹੋਏ ਦਰਦ ਨੂੰ ਉੱਲ ਸਮਝਦੇ ਹਨ, ਪਰ ਉੱਲ ਨੇਤ੍ਰ ਰੋਗ ਦਾ ਇੱਕ ਭੇਦ ਹੈ, ਜਿਸ ਦਾ ਤਿੱਬੀ ਨਾਉਂ خضر ثلعین ਖ਼ੁਜ਼ਰਤੁਲਐ਼ਨ, ਡਾਕਟਰੀ Glaucoma, ਅਤੇ ਪ੍ਰਸਿੱਧ ਨਾਉਂ "ਸਬਜ਼ ਮੋਤੀਆਬਿੰਦ" ਹੈ.

ਜਦ ਅੱਖ ਦੀ ਧੀਰੀ ਵਿੱਚ ਰਤੂਬਤ ਅਧਿਕ ਪੈਦਾ ਹੁੰਦੀ ਹੈ ਤੇ ਰਚਦੀ ਘੱਟ ਹੈ, ਅਥਵਾ ਨੇਤ੍ਰ ਵਿੱਚ ਨਾਸੂਰ ਹੋ ਜਾਂਦਾ ਹੈ, ਜਾਂ ਅੱਖ ਦਾ ਮੋਤੀ ਕਿਸੇ ਸਦਮੇ ਕਰਕੇ ਠਿਕਾਣਿਓਂ ਹਿਲ ਜਾਂਦਾ ਹੈ, ਤਦ ਅੱਖ ਅੱਗੇ ਅੰਧੇਰਾ ਆਉਣ ਲਗਦਾ ਹੈ. ਡੇਲਾ ਕਰੜਾ ਹੋ ਜਾਂਦਾ ਹੈ, ਅੱਖ ਅਤੇ ਪੁੜਪੁੜੀ ਵਿੱਚ ਵੱਡੀ ਪੀੜ ਹੁੰਦੀ ਹੈ ਅਤੇ ਡੇਲੇ ਦੀ ਰੰਗਤ ਸੁਰਖ ਹੋ ਜਾਂਦੀ ਹੈ, ਦੀਵੇ ਦੇ ਚੁਫੇਰੇ ਲਾਲ ਘੇਰਾ ਨਜਰ ਪੈਂਦਾ ਹੈ ਅਤੇ ਅੱਖ ਜੜ੍ਹ ਜੇਹੀ ਹੋ ਜਾਂਦੀ ਹੈ.

ਇਸ ਰੋਗ ਵਿੱਚ ਹਲਕਾ ਜੁਲਾਬ ਦੇਣਾ, ਪੁੜਪੁੜੀ ਤੇ ਜੋਕਾਂ ਲਾਉਣੀਆਂ, ਥੋੜੀ ਮਿਕਦਾਰ ਵਿੱਚ ਅਫੀਮ ਦੇਣੀ ਅਥਵਾ ਮਾਰਫੀਏ ਦੀ ਪਿਚਕਾਰੀ ਕਰਨੀ ਲਾਭਦਾਇਕ ਹੈ, ਪਰ ਸਭ ਤੋਂ ਚੰਗਾ ਇਹ ਹੈ ਕਿ ਕਿਸੇ ਲਾਇਕ ਡਾਕਟਰ ਤੋਂ ਅੱਖ ਦੇ ਅੰਬੀਆਂ ਪਰਦੇ ਦਾ ਉਪਰੇਸ਼ਨ ਕਰਵਾ ਦਿੱਤਾ ਜਾਵੇ, ਇਸ ਤੋਂ ਦਰਦ ਹਟ ਜਾਂਦਾ ਹੈ ਅਤੇ ਅੱਖ ਦੀ ਬਾਕੀ ਨਜ਼ਰ ਬਚ ਜਾਂਦੀ ਹੈ.

ਉੱਲ ਦੇ ਰੋਗੀ ਨੂੰ ਅਚਾਰ ਚਟਨੀਆਂ ਗਰਮ ਮਸਾਲੇ ਮੈਥੁਨ ਧੁੱਪ ਵਿੱਚ ਫਿਰਨਾ ਅਤੇ ਸਰਾਬ ਆਦਿਕ ਤੋਂ ਬਹੁਤ ਬਚਣਾ ਲੋੜੀਏ. ਨਰਮ ਹਲਕੀ ਗਿਜਾ ਅਤੇ ਦੁੱਧ ਪੀਣਾ ਅੱਛਾ ਹੈ. ਜਦ ਅੰਤੜੀ ਵਿੱਚ ਥੋੜੀ ਮੈਲ ਭੀ ਰੁਕੇ ਉਸ ਦੇ ਤੁਰੰਤ ਖਾਰਿਜ ਕਰਨ ਦਾ ਜਤਨ ਕਰਨਾ ਚਾਹੀਏ.

---

[34] ਕਈ ਲੇਖਕਾਂ ਨੇ ਅਮਰੀਕਾ (America) ਨੂੰ ਨਾਗਲੋਕ ਲਿਖਿਆ ਹੈ.

**ਉੱਲਾਸ:** ਦੇਖੋ, ਉਲਾਸ.

**ਉੱਲਾਲ:** ਇੱਕ ਮਾਤ੍ਰਿਕ ਛੰਦ. ਲੱਛਣ- ਦੋ ਚਰਣ, ਪ੍ਰਤਿ ਚਰਣ ੨੮ ਮਾਤ੍ਰਾ. ਪਹਿਲਾ ਵਿਸ਼੍ਰਾਮ ੧੫. ਤੇ, ਦੂਜਾ ੧੩. ਤੇ. ਛੱਪਯ ਛੰਦ ਦੇ ਅੰਤ ਜੋ ਦੋ ਤੁਕਾਂ ਹੁੰਦੀਆਂ ਹਨ, ਓਹ ਉੱਲਾਲ ਦਾ ਸਰੂਪ ਹੈ.

ਉਦਾਹਰਣ-

ਮਨ ਮੇ ਵਸਾਯਕੈ ਗੁਰੁਗਿਰਾ,

ਇਕ ਅਕਾਲ ਕੋ ਨਿਤ ਭਜੋ,

ਛਲ ਵੈਰ ਈਰਖਾ ਕ੍ਰਿਪਣਤਾ

ਮਿਤ੍ਰਘਾਤ ਹੋਮੈ ਤਜੋ.

ਕਈ ਕਵੀਆਂ ਨੇ ਉੱਲਾਲ ਅਤੇ ਉੱਲਾਲਾ ਇੱਕੋ ਛੰਦ ਸਮਝਕੇ ਲੱਛਣ ਦੱਸਣ ਵਿੱਚ ਭਾਰੀ ਭੁੱਲ ਕੀਤੀ ਹੈ.

**ਉੱਲਾਲਾ:** ਸੰਗਯਾ- ਇੱਕ ਮਾਤ੍ਰਿਕ ਛੰਦ. ਇਸ ਦਾ ਨਾਉਂ "ਚੰਦ੍ਰਮਣਿ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ੧੩. ਮਾਤ੍ਰਾ. ਪਹਿਲਾ ਵਿਸ਼੍ਰਾਮ ੮. ਤੇ, ਦੂਜਾ ੫. ਮਾਤ੍ਰਾ ਪੁਰ. ਕਈ ਕਵੀਆਂ ਨੇ ਭੁਲੇਖਾ ਖਾਕੇ ਇਸ ਦਾ ਨਾਉਂ "ਉੱਲਾਲ" ਲਿਖ ਦਿੱਤਾ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਛੰਦ "ਸਲੋਕ" ਸਿਰਲੇਖ ਹੇਠ ਆਇਆ ਹੈ.

ਉਦਾਹਰਣ-

ਸਿਦਕੁ ਸਬੂਰੀ, ਸਾਦਿਕਾ,

ਸਬਰੁ ਤੋਸਾ ਮਲਾਇਕਾਂ,

ਦਿਦਾਰੁ ਪੂਰੇ, ਪਾਇਸਾ,

ਥਾਉ ਨਾਹੀ ਖਾਇਕਾ.

(ਵਾਰ ਸ੍ਰੀ ਮਃ ੧)

**ਉੱਲੂ:** ਦੇਖੋ, ਉਲੂਕ। ੨. ਭਾਵ ਮਹਾਂ ਮੂਰਖ. ਬੁੱਧਿਹੀਨ.

**ਉੱਲੇਖ:** ਸੰ. ਤਲ਼ੇਖ. ਸੰਗਯਾ- ਲਿਖਤ. ਤਹ਼ਰੀਰ. ਲਿਪਿ। ੨. ਇੱਕ ਅਰਥਾਲੰਕਾਰ. ਇੱਕ ਹੀ ਵਸਤੁ ਨੂੰ ਕਈ ਲੋਕ ਆਪਣੀ ਆਪਣੀ ਭਾਵਨਾ ਅਨੁਸਾਰ ਜੇ ਵੱਖਰੇ ਵੱਖਰੇ ਰੂਪ ਕਲਪਣ, ਤਦ "ਉੱਲੇਖ" ਅਲੰਕਾਰ ਹੁੰਦਾ ਹੈ.

ਕੈ ਬਹੁਤੇ ਕੈ ਏਕ ਜਹਿਂ ਏਕ ਵਸੁ ਕੋ ਦੇਖ,

ਬਹੁ ਬਿਧਿਕਰ ਉੱਲੇਖ ਹੈਂ ਸੋ ਉੱਲੇਖੋ ਉਲੇਖ.

(ਸ਼ਿਵਰਾਜ ਭੂਸ਼ਣ)

ਉਦਾਹਰਣ-

ਸ਼ਤ੍ਰ ਵਿਲੋਕਤ ਕਾਲ ਸਮ ਜਾਨਹਿ ਲੇ ਪ੍ਰਾਨਾ,

ਦੇਵੋਤਰੋਵਰ ਕੈ ਲਖੈਂ ਜਨ ਕਾਮਨਵਾਨਾ,

ਗਜਾਨੀ ਲਖਹਿਂ ਪਰਾਤਮਾ ਵਾਂਛਿਤ ਤਨ ਧਾਰਾ,

ਨਿਸ਼ਚਯ ਭਗਤਨ ਕੇ ਰਿਦੇ ਵਿਸ਼ਨੁ ਅਵਤਾਰਾ,

ਸ਼੍ਰੀ ਨਾਨਕ ਕੋ ਤਨ ਦਸ਼ਮ ਸਿੱਖਨ ਮਨ ਜਾਨਾ,

ਪ੍ਰਜਾ ਲਖੈ ਰਾਜਾ ਮਹਾਂ ਪਾਲੈ ਵਿਧਿ ਨਾਨਾ.

(ਗੁਪ੍ਰਸੂ)

(ਅ) ਇੱਕ ਵਸਤੁ ਨੂੰ ਇੱਕ ਹੀ ਆਦਮੀ ਅਨੇਕ ਰੂਪ ਦੇਖੇ, ਇਹ "ਉੱਲੇਖ" ਦਾ ਦੂਜਾ ਰੂਪ ਹੈ.

ਉਦਾਹਰਣ-

ਪ੍ਰਣਵੈ ਨਾਨਕ ਬੇਨਤੀ ਤੂੰ ਸਰਵਰੁ ਤੂੰ ਹੰਸ,

ਕਉਲ ਤੂੰ ਹੈ ਕਵੀਆ ਤੂੰ ਹੈ, ਆਪੇ ਵੇਖਿ ਵਿਗਸ.

(ਸ੍ਰੀ ਮਃ ੧)

ਗੁਰੁ ਤੀਰਥੁ ਗੁਰੁ ਪਾਰਿਜਾਤੁ ਗੁਰੁ ਮਨਸਾ ਪੂਰਨਹਾਰੁ,

ਗੁਰੁ ਦਾਤਾ ਹਰਿਨਾਮੁ ਦੇਇ ਉਧਰੈ ਸਭ ਸੰਸਾਰੁ.

(ਸ੍ਰੀ ਮਃ ੫)

ਉਵਟ: ਸੰ. उद्घाट. ਸੰਗਯਾ- ਔਖਾ ਰਾਹ. ਵਿਖੜਾ ਮਾਰਗ.

ਉਵਟਣ: ਸੰਗਯਾ- ਔਟਾਣ (ਉਬਾਲਣ) ਵੇਲੇ ਦੁੱਧ ਵਿੱਚ ਮਿਲਾਇਆ ਹੋਇਆ ਜਲ. ਆਵਟਣ. ਘਾਲ. ਹੰਘਾਲ। ੨. ਦੇਖੋ, ਉਦਵਰਤਨ। ੩. ਵੱਟਣ ਦਾ ਭਾਵ. ਕਮਾਈ. ਖੱਟੀ. "ਕਉਣ ਹਾਰੈ ਕਿਨਿ ਉਵਟੀਐ." (ਵਾਰ ਰਾਮ ੩) ੪. ਵਟਾਂਦਰਾ. ਤਬਾਦਲਾ, ਕਿਸੇ ਵਸਤੁ ਦੇ ਬਦਲੇ ਦੂਜੀ ਚੀਜ ਲੈਣ ਦੀ ਕ੍ਰਿਯਾ.

ਉਵਤਾ: ਵਿ- ਵਯਾਕੁਲ. ਘਬਰਾਇਆ ਹੋਇਆ. ਦੇਖੋ, ਉਤਵਤਾ. "ਫਿਰੈ ਉਵਤਿਆ." (ਵਾਰ ਮਲਾ ਮਃ ੧) ੨. ਅਵਾਰਾ ਭੌਂਦੂ. ਲਫ਼ੰਗਾ. ਲਟੋਰ.

ਉਵਾ: ਸਰਵ. ਉਸ. ਦੇਖੋ, ਉਆ. "ਚਰਨ ਉਵਾ ਕੈ ਪਾਉ." (ਦੇਵ ਮਃ ੫)

ਉਵਾਚ: ਬੋਲਿਆ. "ਕਵਿ ਉਵਾਚ ਬੇਨਤੀ." (ਚੌਪਈ) ਸੰ. वच- ਵਚ. ਦਾ ਅਰਥ ਹੈ ਬੋਲਨਾ. ਸ਼ਮਝਾਉਣਾ. ਬਿਆਨ ਕਰਨਾ.

ਉੜਦ: ਸੰਗਯਾ- ਉਰਦ. ਮਾਂਹ. ਮਾਸ਼.

ਉੜਦਾਬੇਗੀ: ਦੇਖੋ, ਉਰਦਾਬੇਗਨੀ ਅਤੇ ਅਰਜਬੇਗੀ.

ਉੜਦੀ: ਸੰਗਯਾ- ਅਫਸਰ ਅੱਗੇ ਮਾਤਹਿਤ ਦੀ ਕੀਤੀ ਰਪੋਟ, ਕਿ ਸਭ ਕੰਮ ਬਾਕਾਇਦਾ ਠੀਕਠਾਕ (orderly) ਹੈ. ਅੰਗ੍ਰੇਜੀ ਨਾ ਜਾਣਨ ਵਾਲਿਆਂ ਫੌਜੀਆਂ ਨੇ ਇਹ ਉੱਚਾਰਣ ਬਣਾ ਲਿਆ ਹੈ.

ਉੜਦੂ: ਦੇਖੋ, ਉਰਦੂ.

ਉੜਮੁੜ ਟਾਂਡਾ: ਦੇਖੋ, ਟਾਂਡਾ ਉੜਮੁੜ.

ਉੜਾਊ: ਦੇਖੋ, ਉਡਾਊ ੨. "ਪਰ ਕੇ ਬਲ ਕਰ ਹੋਤ ਉੜਾਊ." (ਨਾਪ੍ਰ)

ਉੜੀਸਾ: ਦੇਖੋ, ਉਡੀਸਾ.

ਊ: ਵ੍ਯ- ਭੈ ਅਤੇ ਸ਼ੋਕ ਬੋਧਕ. ਆਹ! ਓਹ! ਹਾ! ੨. ਪੁਨਹ. ਭੀ. "ਸਿਵ ਊ ਬ੍ਰਹਮਾ ਕਛੁ ਪਾਰ ਨ ਪਾਯੋ." (੩੩ ਸਵੈਯੇ) ੩. ਸੰ. ਊ. ਸੰਗ੍ਯਾ- ਮਹਾਂਦੇਵ. ਸ਼ਿਵ। ੪. ਚੰਦ੍ਰਮਾ। ੫. ਫ਼ਾ. او ਸਰਵ. ਓਹ. ਵਹ. ਦੇਖੋ, ਊਰਾ ੪.

ਊਸਰ: ਦੇਖੋ, ਊਖਰ.

ਊਸਾ: ਦੇਖੋ, ਊਖਾ.

ਊਹ: ਸੰ. ऊह. ਧਾ- ਕਲਪਨਾ. ਖਿਆਲ ਕਰਨਾ। ੨. ਜਮਾ ਹੋਣਾ.

ਊਹਾ: ਕ੍ਰਿ- ਵਿ- ਊਹਾਂ. ਉੱਥੇ. ਵਹਾਂ. "ਊਹਾ ਤਉ ਜਾਈਐ ਜਉ ਈਹਾ ਨ ਹੋਇ." (ਬਸੰ ਰਾਮਾਨੰਦ) ੨. ਸੰ. ऊहा. ਸੰਗ੍ਯਾ- ਤਰਕ. ਦਲੀਲ. ਯੁਕ੍ਤਿ। ੩. ਸੂਖਮ ਬੁੱਧਿ। ੪. ਵਿਚਾਰ.

ਊਹਾਂ: ਕ੍ਰਿ. ਵਿ- ਵਹਾਂ ਉਸ ਥਾਂ. ਉੱਥੇ। ੨. ਭਾਵ ਪਰਲੋਕ (ਅਗਲੀ ਦੁਨੀਆਂ) ਵਿੱਚ. "ਈਹਾਂ ਊਹਾਂ ਸਦਾ ਸੁਹੇਲੇ." (ਗਉ ਮਃ ੫)

ਊਹੀ: ਵਹਾਂ ਹੀ ਉੱਥੇ ਹੀ. ੨. ਉੱਥੋਂ ਵਹਾਂ ਸੇ. "ਊਹੀ ਤੇ ਹਰਿਓ, ਊਹਾ ਲੇ ਧਰਿਓ." (ਸਾਰ ਮਃ ੫)

ਊਕਰ: ਮਾਨ. ਸਤਕਾਰ. ਦੇਖੋ, ਉਕਰ. "ਬਡੋ ਲਖ ਊਕਰ ਕੀਨੋ." (ਕ੍ਰਿਸਨਾਵ)

ਊਖ: ਸੰ. इक्षु- ਇਕ੍ਸ਼ੁ. ਸੰਗ੍ਯਾ- ਇੱਖ. ਕਮਾਦ. ਪੋਂਡਾ. ਗੰਨਾ। ੨. ਡਿੰਗ. ਉਤਸਾਹ.

ਊਖਰ: ਸੰ. ऊषर. - ਊਸ਼ਰ. ਸੰਗ੍ਯਾ- ਕੱਲਰ. ਰੇਹੀ। ੨. ਕੱਲਰ ਵਾਲੀ ਜ਼ਮੀਨ. "ਕਿਆ ਕਾਸੀ ਕਿਆ ਊਖਰ ਮਗਹਰ." (ਧਨਾ ਕਬੀਰ) ੩. ਦੇਖੋ, ਉਖਲ.

ਊਖਲ: ਦੇਖੋ, ਉਖਲ.

ਊਖਾ: ਸੰ. ऊषा- ਊਸ਼ਾ. ਸੰਗ੍ਯਾ- ਕੱਲਰ ਵਾਲੀ ਜ਼ਮੀਨ। ੨. ਇੱਕ ਰਾਜਕੁਮਾਰੀ ਜੋ ਸ਼ੋਣਿਤਪੁਰ ਦੇ ਰਾਜਾ ਵਾਣ ਦੀ ਪੁਤ੍ਰੀ ਅਤੇ ਬਲਿ ਦੀ ਪੋਤੀ ਸੀ ਉਸ ਨੇ ਇੱਕ ਵੇਰੀ ਇੱਕ ਸੁੰਦਰ ਰਾਜਕੁਮਾਰ ਨੂੰ ਸੁਪਨੇ ਵਿੱਚ ਦੇਖਿਆ ਅਤੇ ਉਸ ਦੇ ਰੂਪ ਤੇ ਮੋਹਿਤ ਹੋ ਗਈ. ਜਾਗਕੇ ਆਪਣੀ ਸਖੀ ਚਿਤ੍ਰਲੇਖਾ ਤੋਂ ਪੁੱਛਣ ਲੱਗੀ ਕਿ ਇਹੋ ਜੇਹਾ ਰਾਜਪੁਤ੍ਰ ਕੋਈ ਹੈ ਭੀ, ਕਿ ਨਹੀਂ? ਚਿਤ੍ਰਲੇਖਾ, ਜੋ ਦਿੱਵਦ੍ਰਿਸ਼੍ਟੀ ਨਾਲ ਤ੍ਰਿਲੋਕੀ ਨੂੰ ਦੇਖ ਸਕਦੀ ਸੀ ਅਤੇ ਚਿਤ੍ਰ ਲਿਖਣ ਵਿੱਚ ਨਿਪੁਣ ਸੀ, ਉਸ ਨੇ ਸਾਰੇ ਸੁੰਦਰ ਮਨੁੱਖਾਂ ਅਤੇ ਦੇਵਤਿਆਂ ਦੀਆਂ ਤਸਵੀਰਾਂ ਖਿੱਚਕੇ ਦੱਸੀਆਂ.

ਊਸ਼ਾ ਨੇ ਉਨ੍ਹਾਂ ਵਿੱਚੋਂ ਪ੍ਰਦ੍ਯੁਮਨ ਦੇ ਪੁਤ੍ਰ ਅਨਿਰੁੱਧ ਨੂੰ ਪਛਾਣਕੇ ਉਸ ਵਿੱਚ ਪਤਿਭਾਵ ਪ੍ਰਗਟ ਕੀਤਾ. ਚਿਤ੍ਰਲੇਖਾ ਨੇ ਊਖਾ ਦੀ ਇੱਛਾ ਪੂਰਣ ਕਰਨ ਲਈ ਅਨਿਰੁੱਧ ਨੂੰ ਸ਼ੋਣਿਤਪੁਰ ਦੇ ਰਾਜਮਹਲ ਵਿੱਚ ਮੰਗਵਾ ਦਿੱਤਾ. ਊਸ਼ਾ ਦੇ ਪਿਤਾ ਨੂੰ ਜਦ ਪਤਾ ਲੱਗਾ ਤਾਂ ਉਸ ਨੇ ਅਨਿਰੁਧ ਨੂੰ ਸਰਪਪਾਸ਼[35] ਨਾਲ ਬੰਨ੍ਹਲਿਆ. ਕ੍ਰਿਸ਼ਨ ਜੀ, ਪ੍ਰਦ੍ਯੁਮਨ ਅਤੇ ਬਲਰਾਮ ਅਨਿਰੁੱਧ ਨੂੰ ਛੁਡਾਉਣ ਗਏ. ਓਥੇ ਭਾਵੇਂ ਵਾਣ ਦੀ ਸਹਾਇਤਾ ਸ਼ਿਵ ਅਤੇ ਸਕੰਦ ਨੇ ਕੀਤੀ, ਪਰ ਏਹ ਯਾਦਵਾਂ ਅੱਗੇ ਹਾਰ ਗਏ ਅਤੇ ਕ੍ਰਿਸ਼ਨ ਜੀ ਅਨਿਰੁੱਧ ਨੂੰ ਛੁਡਾਕੇ ਊਸ਼ਾ ਸਮੇਤ ਦ੍ਵਾਰਕਾ ਲੈ ਆਏ.

ਸੰਗ ਲਯੋ ਅਨਿਰੁੱਧ ਕੋ ਦੂਤੀ ਹਰਖ ਬਢਾਇ,

ਊਖਾ ਕੋ ਪੁਰ ਥੋ ਜਹਾਂ ਤਹਾਂ ਪਹੂੰਚੀ ਆਇ.

(ਕ੍ਰਿਸਨਾਵ)

---

[35] ਪੁਰਾਣਾਂ ਵਿੱਚ ਕਥਾ ਹੈ ਕਿ ਨਾਗਮੰਤ੍ਰ ਪੜ੍ਹਕੇ ਜੇ ਫਾਹੀ ਜਾਂ ਕੋਈ ਰੱਸੀ ਵੈਰੀ ਉੱਪਰ ਸਿੱਟੀ ਜਾਵੇ. ਤਾਂ ਉਹ ਸਰਪ ਦੀ ਸ਼ਕਲ ਧਾਰਕੇ ਦੁਸ਼ਮਨ ਨੂੰ ਜਕੜ ਲੈਂਦੀ ਹੈ, ਅਤੇ ਇਹ ਗਰੁੜਮੰਤ੍ਰ ਤੋਂ ਬਿਨਾਂ ਦੂਰ ਨਹੀਂ ਹੁੰਦੀ.

੩. ਸੰ. उषा- ਉਸ਼ਾ. ਭੋਰ. ਤੜਕਾ. "ਊਖਾ ਕਾਲ ਪਹੂਚਜੋ ਜਾਈ." (ਚਰਿਤ੍ਰ ੧੪੨)

ਊਖਿਤ: ਸੰ. उषति- ਉਸ਼ਿਤ. ਵਿ- ਵਿਤਾਇਆ. ਗੁਜ਼ਾਰਿਆ.

ਊਗਵਨ: ਉਦਯਨ. ਪ੍ਰਗਟ ਹੋਣਾ। ੨. ਅੰਕੁਰਿਤ ਹੋਣਾ. ਉੱਗਣਾ. "ਸੁਰਤਿ ਹੋਵੈ ਪਤਿ ਊਗਵੈ." (ਸ੍ਰੀ ਮਃ ੧)

ਊਂਘ: ਸੰਗਯਾ- ਨੀਂਦਰ. ਨਿਦ੍ਰਾ. "ਚਉਥੈ ਆਈ ਊਂਘ." (ਵਾਰ ਮਾਝ ਮਃ ੧) "ਰਾਤੀ ਊਂਘੈ ਦਬਿਆ." (ਵਾਰ ਗਉ ੧. ਮਃ ੪) ੨. ਦਿਸ਼ਾ. ਤਰਫ਼.

ਊਂਘਨ: ਕ੍ਰਿ- ਊਂਘਣਾ. ਉੱਨਿਦ੍ਰਿਤ ਹੋਣਾ। ੨. ਬੈਲ ਦਾ ਊਂ- ਘਾਂ- ਐਸਾ ਸ਼ਬਦ ਕਰਨਾ. ਬੜ੍ਹਕਨਾ. ਦੇਖੋ, ਜਟਾਵਲਾ.

ਊਘੜ: ਦੇਖੋ, ਅਉਘੜ.

ਊਘੈ: ਡਿੰਗ. ਕ੍ਰਿ. ਵਿ- ਓਸ ਪਾਸੇ. ਓਧਰ. "ਈਘੈ ਨਿਰਗੁਣ ਊਘੈ ਸਰਗੁਣ." (ਬਿਲਾ ਮਃ ੫) ੨. ਊਂਘ ਵਾਲੇ (ਉੱਨਿਦ੍ਰਿਤ) ਨੂੰ. ਦੇਖੋ, ਸਉੜ.

ਊਚ, ਊਚਉ: ਦੇਖੋ, ਉੱਚ. "ਊਚ ਅਥਾਹ ਬੇਅੰਤ." (ਮਾਝ ਮਃ ੫) "ਊਚਉ ਥਾਨੁ ਸੁਹਾਵਣਾ."

(ਸ੍ਰੀ ਮਃ ੧)

ਊਚਨਊਚਾ: ਵਿ- ਉੱਚਿਆਂ ਤੋਂ ਉੱਚਾ. ਅਤਿ ਉੱਚਾ. "ਊਚਨਊਚਾ ਬੀਚ ਨ ਖੀਚਾ." (ਬਿਲਾ ਮਃ ੫)

ਊਚ ਮੂਚ: ਵਿ- ਮੁਚਉੱਚ. ਅਤਿ ਉੱਚਾ. ਸਰਵੋਪਰਿ. "ਊਚ ਮੂਚ ਬੇਅੰਤ ਠਾਕੁਰ." (ਪ੍ਰਭਾ ਪੜਤਾਲ ਮਃ ੫)

ਊਚਰਣ: ਦੇਖੋ, ਉਚਰਣ. "ਜਿਤੁ ਮੁਖਿ ਨਾਮ ਨ ਊਚਰਹਿ." (ਵਾਰ ਆਸਾ)

ਊਚਾ: ਦੇਖੋ, ਉੱਚ। ੨. ਵਿ- ਉਤਕ੍ਰਿਸ਼੍ਟ. ਅਤਿ ਉੱਤਮ. "ਅਤਿ ਊਚਾ ਤਾਕਾ ਦਰਬਾਰਾ." (ਵਡ ਮਃ ੫)

ਊਚਾਥਲ: ਪਹਾੜ ਦੀ ਚੋਟੀ। ੨. ਅਹੰਕਾਰੀ ਮਨ. ਦੇਖੋ, ਊਚੇ ਥਲਿ। ੩. ਸਤਸੰਗ. ਦੇਖੋ, ਉੱਚਾਥਲ.

ਊਚੀ ਹੂੰ ਊਚਾ: ਵਿ- ਉੱਚੇ ਤੋਂ ਉੱਚਾ. ਅਤਿ ਉੱਚ. "ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ." (ਵਾਰ ਗੂਜ ੨. ਮਃ ੫)

ਊਚੀ ਬਾਣੀ: ਸੰਗਯਾ- ਗੁਰਬਾਣੀ. ਆਲਾ ਦਰਜੇ ਦੀ ਬਾਣੀ. ਅਕਾਲੀ ਬਾਣੀ. ਇਲਾਹੀ ਬਾਣੀ. "ਊਚੀ ਬਾਣੀ ਊਚਾ ਹੋਇ." (ਆਸਾ ਮਃ ੩)

ਊਚੁ: ਸੰ. ऊचुः ਪ੍ਰਿਥਮ ਪੁਰਖੁ ਦਾ ਬਹੁ ਵਚਨ. ਇਸ ਦਾ ਮੂਲ "ਵਚ" ਹੈ. "ਦਾਨਵਾ ਊਚੂ." (ਸਲੋਹ) ਦਾਨਵ ਬੋਲੇ. ਦੈਤਾਂ ਨੇ ਕਥਨ ਕੀਤਾ.

ਊਚੇ ਥਲਿ ਫੂਲੇ ਕਮਲ: (ਰਾਮ ਮਃ ੫) ਅਹੰਕਾਰੀ ਚਿੱਤ ਵਿੱਚ ਹੁਣ ਨੰਮ੍ਰਤਾ ਹੋਣ ਕਰਕੇ ਸ਼ੁਭਗੁਣ (ਰੂਪੀ) ਕਮਲ ਖਿੜੇ ਹਨ.

ਊਂਛ: ਦੇਖੋ, ਉਂਛ.

ਊਛ ਸਿਲਾ: ਦੇਖੋ. ਉਂਛਸ਼ੀਲ। ੨. ਉਂਛ (ਸ਼ਿਲ) ਚੁਗਣ ਦੀ ਕ੍ਰਿਯਾ. "ਊਛ ਸਿਲਾ ਕਰ ਜੀਵ ਹੈ ਜੋ ਦਿਜ ਮੁਨੀ ਕਹਾਇ." (ਗੁਪ੍ਰਸੂ)

ਊਛਲਨਾ: ਦੇਖੋ. ਉਛਲਨਾ.

ਊਜ: ਸੰਗਯਾ- ਦੋਸ਼. ਕਲੰਕ. ਇਲਜ਼ਾਮ. "ਧਰਮੀ ਨੂੰ ਊਜ ਲਾਉਣੀ ਵੱਡਾ ਪਾਪਾ ਹੈ." (ਲੋਕੋ)

ਊਜਰ, ਊਜਰੁ: ਵਿ- ਉੱਜੜ. ਗ਼ੈਰ ਆਬਾਦ. "ਉਜਰੁ ਮੇਰੈ ਭਾਇ." (ਸ. ਕਬੀਰ) "ਬਸਤੋ ਹੋਇ, ਹੋਇ ਸੋ ਊਜਰ." (ਸਾਰ

ਕਬੀਰ) ੨. ਉੱਜਲ. ਚਿੱਟਾ। ੩. ਉਜਰ. ਬਲ. "ਕੇਸ ਭਏ ਊਜਰ ਨ ਰਹਯੋ ਕਛੁ ਊਜਰ." (ਵੈਰਾਗਸ਼ਤਕ) ਕੇਸ ਚਿੱਟੇ ਹੋ ਗਏ ਬਲ ਕੁਛ ਨਹੀਂ ਰਿਹਾ.

ਊਜਲ, ਊਜਲਾ, ਊਜਲੁ: ਦੇਖੋ, ਉੱਜਲ. "ਮਨ ਊਜਲ ਸਦਾ ਮੁਖ ਸੋਹਹਿ." (ਮਾਝ ਅਃ ਮਃ ੩) "ਕਾਗਉ ਹੋਇ ਨ ਊਜਲਾ." (ਵਾਰ ਮਾਰੂ ੧. ਮਃ ੩) "ਊਜਲੁ ਸਾਚੁ ਸੁ ਸਬਦਿ ਹੋਇ." (ਰਾਮ ਅਃ ਮਃ ੧)

ਊਝੜ: ਦੇਖੋ, ਉੱਝੜ.

ਊਝੜਿ: ਉੱਝੜ (ਔਝੜ) ਵਿੱਚ. "ਊਝੜਿ ਭਰਮੈ ਰਾਹ ਨ ਪਾਈ." (ਆਸਾ ਅਃ ਮਃ ੧) ਦੇਖੋ, ਉੱਝੜ.

ਊਟ, ਊਂਟ: ਸੰ. उष्ट्- ਉਸ਼੍ਟ. ਊਠ. ਸ਼ੁਤੁਰ. ਉੱਠ. ਦੇਖੋ ਉਸਟ.

ਊਠ: ਦੇਖੋ, ਉਠਨਾ। ੨. ਸੰ. उष्ट्- ਉਸ਼੍ਟ੍ਰ. ਸੰਗਯਾ- ਸ਼ੁਤੁਰ. ਉੱਠ. ਦੇਖੋ, ਉਸਟ। ੩. ਦੇਖੋ, ਉਠ.

ਊਠਤ ਬੈਠਤ, ਊਠਤਿ ਬੈਠਿਤ: ਕ੍ਰਿ. ਵਿ- ਉਠਦੇ ਬੈਠਦੇ. ਭਾਵ- ਸਾਰੇ ਕੰਮ ਕਰਦੇ ਹੋਏ. "ਊਠਤ ਬੈਠਤ ਹਰਿ ਹਰਿ ਗਾਈਐ." (ਮਾਝ ਮਃ ੫)

ਊਠਨਾ: ਦੇਖੋ, ਉਠਨਾ. "ਜਲ ਤੇ ਊਠਹਿ ਅਨਿਕ ਤਰੰਗਾ." (ਸੂਹੀ ਮਃ ੫)

ਊਠਾ, ਊਂਠਾ: ਸਾਢੇ ਤਿੰਨ ਦਾ ਪਹਾੜਾ. "ਢੌਂਚੇ ਪੁਨ ਊਠੇ ਜੋਰਨ ਕੋਠੇ." (ਨਾਪ੍ਰ)

ਊਠਿ: ਕ੍ਰਿ ਵਿ- ਉਠ (ਉੱਥਾਨ ਹੋ) ਕੇ. "ਬੁਰੇ ਕਾਮ ਕਉ ਊਠਿ ਖਲੋਇਆ" (ਸੂਹੀ ਮਃ ੫)

ਊਡ, ਊਡਨ: ਦੇਖੋ, ਉਡਣਾ. "ਊਡਿਜਾਇਗੋ ਧੂਮਬਾਦਰੋ." (ਸੋਰ ਮਃ ੫)

ਊਡਾ: ਵਿ- ਮੂਧਾ. ਉਲਟਾ। ੨. ਵਿਰੁੱਧ. ਵਿਪਰੀਤ. ਉਲਟ.

ਊਡਿ: ਕ੍ਰਿ. ਵਿ- ਉਡਕੇ. "ਊਡਿ ਚੜਹਿ ਆਕਾਸਿ." (ਸਵਾ ਮਃ ੩)

ਊਡੀ, ਊਂਡੀ: ਦੇਖੋ, ਉਡਣਾ। ੨. ਉਮਡੀ. ਦੇਖੋ, ਅਖਲੀ ਊਂਡੀ। ੩. ਉਲਟੀ. ਮੂਧੀ. "ਇਨ ਬਿਧਿ ਡੂਬੀ ਮਾਕੁਰੀ ਭਾਈ, ਊਂਡੀ ਸਿਰ ਕੈ ਭਾਰੀ." (ਸੋਰ ਅਃ ਮਃ ੧)

ਊਡੇਊਡਿ: ਲਗਾਤਾਰ ਉਡਾਰੀ ਮਾਰਕੇ. ਨਿਰੰਤਰ ਉਡਕੇ. "ਊਡੇਊਡਿ ਆਵੈ ਸੈ ਕੋਸਾ." (ਸੋਦਰੁ)

ਊਢ: ਸੰ. ਵਿਆਹਿਆ ਹੋਇਆ। ੨. ਲੈਜਾਇਆ ਗਿਆ.

ਊਢਾ: ਸੰ. ऊढा. ਸੰਗਯਾ- ਜੋ ਪਿਤਾ ਦੇ ਘਰ ਤੋਂ ਲੈਆਂਦੀ ਗਈ ਹੈ. ਭਾਵ- ਵਿਆਹੀ ਹੋਈ ਇਸਤ੍ਰੀ.

ਊਣ: ਸੰ. ਨਯੂਨ. ਵਿ- ਘੱਟ. ਕਮ. ਦੇਖੋ, ਊਨ। ੨. ਖ਼ਾਲੀ. "ਊਣ ਨ ਕਾਈ ਜਾਇ." (ਵਾਰ ਗਉ ੨. ਮਃ ੫)

ਊਣ ਮਝੂਣਾ: ਵਿ- ਉਦਾਸ ਅਤੇ ਮੁਰਝਾਏ ਮਨ. ਖਿੰਨਮਨ ਅਤੇ ਨਿਰਾਦਰ ਨੂੰ ਪ੍ਰਾਪਤ ਹੋਇਆ. "ਊਣ ਮਝੂਣਾ ਗੁਰੁ ਸਜਣ ਜੀਉ ਧਰਾਇਆ." (ਵਾਰ ਰਾਮ ੨. ਮਃ ੫)

ਊਣਾ: ਦੇਖੋ, ਊਨ. "ਊਣਾ ਨਾਹੀ ਕਿਛੁ ਜਨ ਤਾਂਕੈ." (ਭੈਰ ਮਃ ੫)

ਊਣਾ ਝੂਣਾ: ਨਿਰਾਸ ਅਤੇ ਪਛਤਾਵੇ ਸਹਿਤ. "ਨਾਮ ਵਿਹੂਣੇ ਊਣੇ ਝੂਣੇ." (ਸੂਹੀ ਛੰਤ ਮਃ ੧)

ਊਤ: ਵਿ- ਮਹਾਂ ਮੂਰਖ. ਬੁੱਧਿਹੀਨ। ੨. ਅਪੁਤ੍ਰ. ਔਤ। ੩. ਕ੍ਰਿ. ਵਿ- ਉਸ ਪਾਸੇ, ਓਧਰ. ਦੇਖੋ, ਉਤ। ੪. ਭਾਵ- ਪਰਲੋਕ "ਈਤ ਊਤ ਕੇ ਮੀਤ." (ਬਾਵਨ) ੫. ਸੰ. ਵਿ- ਬੁਣਿਆ ਹੋਇਆ। ੬. ਸੀੱਤਾਹੋਇਆ। ੭. ਪ੍ਰਸਿੱਧ. ਮਸ਼ਹੂਰ.

ਊਤਮ: ਦੇਖੋ, ਉੱਤਮ. "ਊਤਮ ਸੰਗਤਿ ਊਤਮ ਹੋਵੈ."

(ਆਸਾ ਅਃ ਮਃ ੧)

ਊਤਮਇਸਨਾਨੁ: ਅੰਤਹਕਰਣ ਦੀ ਸਫ਼ਾਈ. ਅੰਤਰੀਵ ਸ਼ੁੱਧੀ. ਦਿਲ ਦੀ ਸਫਾਈ. "ਗਿਆਨੁ ਸ੍ਰੇਸਟ ਊਤਮ ਇਸਨਾਨੁ." (ਸੁਖਮਨੀ)

ਊਤਮੁ: ਦੇਖੋ, ਉੱਤਮ. "ਊਤਮੁ ਹੋਵਾਂ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ." (ਓਅੰਕਾਰ)

ਊਤਰ: ਉੱਤਰ. ਜਵਾਬ.

ਊਤਰਿ: ਦੇਖੋ. ਉਤਰਿ.

ਊਤਰੁ: ਦੇਖੋ, ਊਤਰ.

ਊਦ: ਅ਼ عُود. ਊਦ. ਸੰਗਜ੍ਞਾ- ਅਗਰ ਦਾ ਬਿਰਛ। ੨. ਅਗਰ ਦੀ ਲਕੜੀ। ੩. ਇੱਕ ਵਾਜਾ, ਜਿਸ ਨੂੰ "ਬਰਬਤ" ਆਖਦੇ ਹਨ. ਇਸ ਦੀ ਸ਼ਕਲ ਤਾਊਸ ਜੇਹੀ ਹੁੰਦੀ ਹੈ, ਪਰ ਮੋਰ ਦੀ ਥਾਂ, ਬੱਤਕ ਦੀ ਸ਼ਕਲ ਹੋਇਆ ਕਰਦੀ ਹੈ.

ਊਦਕ: ਜਲ. ਦੇਖੋ, ਉਦਕ. "ਆਨੀਲੇ ਕੁੰਭ ਭਰਾਈਅਲੇ ਊਦਕ." (ਆਸਾ ਨਾਮਦੇਵ)

ਊਦ ਬਿਲਾਵ: ਉਦ (ਪਾਨੀ) ਦਾ ਬਿੱਲਾ. ਦੇਖੋ, ਜਲ ਬਿਲਾਵ.

ਊਂਦਰ: ਸੰ. उन्दर- ਉਂਦਰ. ਸੰਗਜ੍ਞਾ- ਚੂਹਾ. ਮੂਸਾ."ਊਂਦਰ ਕੈ ਸਬਦਿ ਬਿਲੈਯਾ ਭਾਗੀ." (ਰਤਨਮਾਲਾ ਬੰਨੋ) ਮਨ ਵਿੱਚ ਬਿਲ ਕਰ ਲੈਣ ਵਾਲਾ ਸਤਿਗੁਰੂ, ਉਸ ਦੇ ਉਪਦੇਸ਼ ਨਾਲ ਮੱਕਾਰੀ ਭਰੀ ਤਮੋਵ੍ਰਿੱਤੀ ਭੱਜਗਈ. ਅਥਵਾ- ਵਿਚਾਰ ਰੂਪ ਚੂਹਾ ਅਤੇ ਤ੍ਰਿਸਨਾ ਬਿੱਲੀ.

ਊਂਦਰ ਦੂੰਦਰ: ਵਿ- ਚੂਹੇ ਵਾਂਙ ਦੁੰਦ ਮਚਾਉਣ ਵਾਲੇ. ਅਰਥਾਤ ਮਨ ਵਿੱਚ ਖੁੰਡਾਂ ਪਾਕੇ ਸਤਜਾਨਾਸ਼ ਕਰਣ ਵਾਲੇ ਵਿਕਾਰ। ੨. ਸੰਗਜ੍ਞਾ- ਚੂਹਾਰੂਪ ਵੰਦਭਾਵ। ੩. ਅਕਾਰਣ ਲੋਕਾਂ ਨੂੰ ਹਾਨੀ ਪੁਚਾਣ ਦੇ ਖਿਆਲ. "ਊਂਦਰ ਦੂੰਦਰ ਪਾਸਿ ਧਰੀਜੈ." (ਰਾਮ ਅਃ ਮਃ ੧) ਵਿਕਾਰ ਅਤੇ ਮੰਦੇ ਸੰਕਲਪਾਂ ਨੂੰ ਕਿਨਾਰੇ ਰੱਖੋ, ਭਾਵ ਬਾਹਰ ਕੱਢੋ.

ਊਦਾ: ਵਿ- ਬੈਂਗਣੀ ਰੰਗਾ. ਕਾਲਾ ਅਤੇ ਲਾਲ ਮਿਲਿਆ ਹੋਇਆ.

ਊਧ, ਊਂਧ: ਵਿ- ਔਂਧਾ. ਮੂਧਾ. ਉਲਟਾ. "ਊਂਧ ਕਵਲ ਜਿਸ ਹੋਇ ਪ੍ਰਗਾਸਾ." (ਮਾਝ ਮਃ ੫)

੨. ਸੰ. ऊधस्- ਊਧਸ. ਸੰਗਜ੍ਞਾ- ਲੇਵਾ. ਥਣਾਂ ਦੇ ਉੱਪਰ ਦੁੱਧ ਦੀ ਥੈਲੀ, ਜੋ ਗਊ ਮਹਿੰ (ਮੱਝ) ਆਦਿਕ ਪਸ਼ੂਆਂ ਦੇ ਹੁੰਦੀ ਹੈ. Udder. "ਊਧ ਭਾਰ ਤੇ ਚਲਜੋ ਨ ਜਾਈ." (ਗੁਪ੍ਰਸੂ)

ਊਧਉ, ਊਂਧਉ: ਸੰਗਜ੍ਞਾ- ਦੇਖੋ, ਊਧਵ। ੨. ਵਿ- ਔਂਧਾ. ਉਲਟਾ. "ਊਧਉ ਕਵਲ ਮਨਮੁਖ ਮਤਿ ਹੋਛੀ." (ਭੈਰ ਮਃ ੧) "ਊਂਧਉ ਖਪਰ ਪੰਚ ਭੂ ਟੋਪੀ." (ਸਿਧਗੋਸਟਿ) ਜਗਤ ਵੱਲੋਂ ਉਲਟਿਆ ਹੋਇਆ ਮਨ ਭਿਖਜਾ ਮੰਗਣ ਦਾ ਖੱਪਰ ਹੈ, ਪੰਜ ਤੱਤਾਂ ਦੇ ਗੁਣ ਟੋਪੀ. ਦੇਖੋ, ਤੱਤਾਂ ਦੇ ਗੁਣ.

ਊਧ ਕਮਲ: ਸੰਗਜ੍ਞਾ- ਮੂਧਾ ਕਮਲ. ਭਾਵ- ਕਰਤਾਰ ਵੱਲੋਂ ਵਿਮੁਖ (ਬੇਮੁਖ) ਹੋਇਆ ਮਨ. "ਊਧ ਕਮਲ ਬਿਗਸਇਆ." (ਸੋਰ ਮਃ ੫)

ਊਧਜ: ਸੰਗਜ੍ਞਾ- ਊਧ (ਲੇਵੇ) ਵਿੱਚੋਂ ਨਿਕਲਿਆ ਪਦਾਰਥ. ਦੁੱਧ. ਦੇਖੋ, ਊਧ ੨. ਅਤੇ ਓਧਜ.

ਊਧਤ: ਦੇਖੋ, ਉੱਧਤ.

ਊਧਮ: ਸੰਗਯਾ- ਉਪਦ੍ਰਵ. ਫ਼ਿਸਾਦ। ੨. ਡੰਡ ਰੌਲਾ.

ਊਧਵ: ਸੰ. उद्धव- ਉੱਧਵ. ਸੰਗਯਾ- ਦੇਵਭਾਗ ਯਾਦਵ ਦਾ ਪੁਤ੍ਰ, ਜੋ ਕ੍ਰਿਸ਼ਨ ਜੀ ਦਾ ਚਾਚਾ ਅਤੇ ਮਿਤ੍ਰ ਸੀ. ਇਹ ਦ੍ਵਾਰਿਕਾ (ਦ੍ਵਾਰਾਵਤੀ) ਤੋਂ ਕ੍ਰਿਸ਼ਨ ਜੀ ਦੇ ਸੁਨੇਹੇ ਲੈ ਕੇ ਵ੍ਰਿੰਦਾਵਨ (ਬਿੰਦ੍ਰਾਬਨ) ਦੀਆਂ ਗੋਪੀਆਂ ਪਾਸ ਗਿਆ ਸੀ. "ਪ੍ਰਾਤ ਭਏ ਤੇ ਬੁਲਾਯਕੈ ਊਧਵ ਪੈ ਬ੍ਰਿਜਭੂਮਹਿ ਭੇਜਦਯੋ ਹੈ." (ਕ੍ਰਿਸਨਾਵ)

ਊਧਾ: ਵਿ- ਔਂਧਾ. ਉਲਟਾ. ਮੂਧਾ. ਇਸੰਧੀ- ਊਂਧੋ.

ਊਂਧਾ: "ਊਂਧੈ ਭਾਂਡੈ ਕਛੁ ਨ ਸਮਾਵੈ, ਸੀਧੈ ਅੰਮ੍ਰਿਤੁ ਪਰੈ ਨਿਹਾਰ." (ਗੂਜ ਅਃ ਮਃ ੧)

੨. ਊਰਧ. ਉੱਚਾ. ਸਿੱਧਾ. ਉੱਪਰ ਵੱਲ ਹੈ ਜਿਸਦਾ ਮੁਖ. "ਕਦ ਊਧਾ ਕਦ ਮੂਧਾ ਹੋਇ." (ਪੰਪ੍ਰ) ਕਦੇ ਸਿੱਧਾ ਕਦੇ ਮੂਧਾ.

ਊਧੋ: ਦੇਖੋ, ਊਧਉ ਅਤੇ ਊਧਵ.

ਊਂਧੋ: ਵਿ- ਔਂਧਾ. ਉਲਟਾ. "ਊਂਧੋ ਕਵਲੁ ਸਗਲ ਸੰਸਾਰੈ." (ਗਉ ਅਃ ਮਃ ੧) ਮਨਰੂਪ ਕਮਲ. ਦੇਖੋ, ਊਂਧਾ.

ਊਨ: ऊन. ਧਾ- ਕਮ ਕਰਨਾ. ਘਟਾਉਣਾ। ੨. ਗਿਣਨਾ। ੩. ਨ੍ਯੂਨ. ਵਿ- ਘੱਟ. ਕਮ. "ਊਨ ਨ ਕਤ ਹੂ ਬਾਤਾ." (ਸੋਰ ਮਃ ੫) ੪. ऊर्णा- ਊਣੰ. ਸੰਗਯਾ- ਉੱਨ. ਪਸ਼ਮ. ਰੋਮ.

ਊਨਤ: ਸੰ. उन्नत- ਉੱਨਤ. ਵਿ- ਉੱਚਾ। ੨. ਵ੍ਰਿੱਧਿ ਨੂੰ ਪ੍ਰਾਪਤ ਹੋਇਆ। ੩. ਉਮਡਿਆ ਹੋਇਆ.

ਊਨਵਿ: ਉਮਡਕੇ. "ਊਨਵਿ ਘਨਹਰ ਗਰਜੈ."

(ਸਾਰ ਮਃ ੧)

ਊਨਾ: ਸੰ. ਊਨ. ਵਿ- ਅਪੂਰਣ. ਨ੍ਯੂਨ. ਊਣਾ. "ਊਨੇ ਕਾਜ ਨ ਹੋਵਤ ਪੂਰੇ." (ਰਾਮ ਮਃ ੫) ੨. ਸੰਗਯਾ- ਇੱਕ ਛੋਟੀ ਅਸੀਲ ਤਲਵਾਰ, ਜੋ ਤਕੀਏ ਹੇਠ ਰੱਖੀ ਜਾ ਸਕੇ. "ਮਿਸਰੀ ਊਨਾ ਨਾਮ, ਸੈਫ ਸਰੋਹੀ ਸਸਤ੍ਰਪਤਿ." (ਸਨਾਮਾ) ੩. ਹੁਸ਼ਿਆਰਪੁਰ ਦੇ ਜਿਲੇ ਇੱਕ ਨਗਰ, ਜਿਸ ਥਾਂ ਤਸੀਲ ਹੈ. ਇਹ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਰਾਜਧਾਨੀ ਸੀ. ਸਨ ੧੮੪੮ ਵਿੱਚ ਬਾਬਾ ਵਿਕ੍ਰਮ ਸਿੰਘ ਜੀ ਦੇ ਵੇਲੇ ਅੰਗ੍ਰੇਜ਼ਾਂ ਨੇ ਇਸ ਨੂੰ ਜ਼ਬਤ ਕੀਤਾ. ਹੁਣ ਬਾਬਾ ਜੀ ਦੀ ਔਲਾਦ ਊਨੇ ਵਿੱਚ ਜਾਗੀਰਦਾਰ ਹੈ. ਦੇਖੋ, ਵੇਦੀਵੰਸ਼.

ਊਨੇ ਦੇ ਪਾਸ ਹੀ ਦੱਖਣ ਪੂਰਵ ਵੱਲ ਇੱਕ ਬਾਗ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਪਵਿਤ੍ਰ ਅਸਥਾਨ "ਦਮਦਮਾ ਸਾਹਿਬ" ਹੈ. ਗੁਰੁਦ੍ਵਾਰੇ ਨਾਲ ਛੀ ਘੁਮਾਉਂ ਦੇ ਬਾਗ ਤੋਂ ਛੁੱਟ ਹੋਰ ਕੋਈ ਜਾਗੀਰ ਨਹੀਂ. ਇਸ ਦਾ ਇੰਤਜਾਮ ਊਨੇ ਦੇ ਰਈਸ ਬੇਦੀ ਸਾਹਿਬ ਦੇ ਹੱਥ ਹੈ. ਊਨੇ ਲਈ ਰੇਲ ਦਾ ਸਟੇਸ਼ਨ "ਜੇਜੋਂ ਦੁਆਬਾ" ਹੈ, ਜਿਸ ਤੋਂ ੧੨. ਮੀਲ ਦੀ ਵਿੱਥ ਹੈ।

੪. ਭਾਰਤ ਦੇ ਉੱਤਰ ਪੱਛਮ ਸਿੰਧਨਦ ਅਤੇ ਸ੍ਵਾਤ ਦੇ ਮੱਧ ਇੱਕ ਪਹਾੜ, ਜੋ ਸਮੁੰਦਰ ਦੀ ਸਤਹ ਤੋਂ ੧੬੦੦ ਫੁਟ ਉੱਚਾ ਹੈ. ਇਸ ਨੂੰ ਯੂਨਾਨੀਆਂ ਨੇ ਸਿਕੰਦਰ ਦੇ ਇਤਿਹਾਸ ਵਿੱਚ Aornos ਲਿਖਿਆ ਹੈ. ਪਠਾਣਾਂ ਵਿੱਚ ਇਸ ਦਾ ਨਾਉਂ "ਪੀਰ ਸਰ" ਭੀ ਪ੍ਰਸਿੱਧ ਹੈ. ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਦੇ ਚਰਣਾਂ ਨਾਲ ਊਨਾ ਪਵਿਤ੍ਰ ਹੋਇਆ ਹੈ.

ਊਪ: ਸੰਗਯਾ- ਉਪਮਾ. ਤਾਰੀਫ. ਵਡਿਆਈ. ਉਸਤਤਿ.

ਊਪਜ: ਦੇਖੋ, ਉਪਜ.

ਊਪਜਨ: ਦੇਖੋ, ਉਪਜਣਾ. "ਗੁਰੁ ਮਿਲਿਐ ਨਾਮੁ ਊਪਜੈ." (ਵਾਰ ਸੋਰ ਮਃ ੪)

ਊਪਜਿ: ਉਪਜਕੇ. ਪੈਦਾ ਹੋਕੇ.

ਊਪਰ: ਦੇਖੋ, ਉਪਰ ਅਤੇ ਊਪਰਿ. "ਊਪਰ ਕਉ ਮਾਂਗਉ ਖੀਂਧਾ." (ਸੋਰ ਕਬੀਰ)

ਊਪਰ ਆਉਣਾ: ਕ੍ਰਿ- ਫ਼ਤੇ ਪਾਉਣੀ. ਗ਼ਾਲਿਬ ਆਉਣਾ.

ਊਪਰ ਹਾਥ: ਸੰਗਜਾ- ਉਦਾਰਤਾ. ਫ਼ੱਯਾਜੀ. ਹਿਫ਼ਾਜਤ. ਦੇਖੋ, ਊਪਰ.

ਊਪਰਿ: ਸੰ. ਤਧਰਿ- ਉਪਰਿ. ਕ੍ਰਿ. ਵਿ- ਉੱਤੇ. ਉਤਾਹਾਂ. "ਊਪਰਿ ਭੁਜਾ ਕਰਿ ਮੈ ਗੁਰੁ ਪਹਿ ਪੁਕਾਰਿਆ" (ਸੂਹੀ ਕਬੀਰ) ੨. ਉੱਤੋਂ ਊਪਰ ਸੇ. "ਰਾਜ ਮਾਲ ਜੋਬਨ ਤਨੁ ਜੀਅਰਾ ਇਨ ਊਪਰਿ ਲੈ ਬਾਰੇ." (ਧਨਾ ਮਃ ੫)

ਊਪਰਿ ਹਾਟੁ: ਹਾਟ ਪਰਿ ਆਲਾ, ਆਲੇ ਭੀਤਰਿ ਥਾਤੀ. (ਰਾਮ ਬੇਣੀ) ਪ੍ਰਿਥਿਵੀ ਉੱਪਰ ਸ਼ਰੀਰਰੂਪੀ ਹੱਟ ਹੈ, ਉਸ ਪੁਰ ਦਸਵਾਂਦ੍ਵਾਰ ਆਲਾ ਹੈ, ਉਸ ਵਿੱਚ ਆਤਮਜੋਤਿ ਥੈਲੀ ਹੈ।

ਊਪਰਿ ਕੂਪ: ਦੇਖੋ, ਗਗਨ ੬.

ਊਪਰਿ ਗੱਲ ਹੋਣੀ: ਕ੍ਰਿ- ਚਰਚਾ ਵਿੱਚ ਫਤੇ ਹੋਣੀ. ਮੁਕ਼ੱਦਮੇ ਵਿੱਚ ਦੂਜੇ ਫ਼ਰੀਕ਼ ਤੋਂ ਜਿੱਤਣਾ. "ਤਿਨ ਕੀ ਊਪਰਿ ਗਲ ਤੁਧ ਆਣੀ ਹੈ." (ਮਾਰੂ ਸੋਲਹੇ ਮਃ ੪)

ਊਪੈ: ਉੱਤੇ. ਦੇਖੋ, ਊਪਰਿ. "ਦੁਊ ਦੈਤ ਦੌਰੇ ਦਯਾ- ਸਿੰਧੁ ਊਪੈ." (ਗੁਪ੍ਰਸੂ) ਵਿਸ਼ਨੁ ਉੱਤੇ ਦੋਵੇਂ ਦੈਂਤ ਹੱਲਾ ਕਰਕੇ ਪਏ.

ਊਬ: ਸੰਗਜਾ- ਘਬਰਾਹਟ. ਵਜਾਕੁਲਤਾ.

ਊਬਟ: ਡਿੰਗ. ਵਿਖੜਾ ਰਾਹ. ਦੇਖੋ. ਉਬਟ.

ਊਬਰਨਾ: ਦੇਖੋ, ਉਬਰਨ "ਬੇਦ ਪੁਰਾਨ ਸਿਮ੍ਰਿਤ ਸਭ ਖੋਜੇ, ਕਹੂ ਨ ਊਬਰਨਾ." (ਆਸਾ ਕਬੀਰ) "ਨਾਮਿ ਲਗੇ ਸੇ ਊਬਰੇ" (ਸਵਾ ਮਃ ੩)

ਊਭ: ਦੇਖੋ, ਉਭ। ੨. ਸੰਗਜਾ- ਆਕਾਸ. ਦੇਖੋ, ਉਭ ੫. "ਊਭ ਪਇਆਲ ਸਰਬ ਮਹਿ ਪੂਰਨ." (ਭੈਰ ਮਃ ੫) ੩. ਸੁਰਗ. "ਛੂਟਸ ਨਾਹੀ ਊਭ ਪਇਆਲ." (ਸੁਖਮਨੀ) ਸੁਰਗ ਅਤੇ ਨਰਕ ਤੋਂ ਛੁਟਕਾਰਾ ਨਹੀਂ। ੪. ਅਭਿਮਾਨ "ਪਹਿਰਾਵਾ ਦੇਖਹਿ ਊਭ ਜਾਹਿ." (ਬਸੰ ਰਵਿਦਾਸ) ੫. ਹੌਸਲਾ. ਉਤਸਾਹ.

ਊਭਉ: ਦੇਖੋ, ਉਭ. ਵਿ- ਖੜਾ. "ਜੰਮਣ ਮਰਣ ਸਿਰ ਊਪਰਿ ਊਭਉ." (ਸੋਰ ਮਃ ੩) ੨. ਦੇਖੋ, ਉਭਯ.

ਊਭਸੁਕ: ਦੇਖੋ, ਉਭਸੁਕ. "ਸਾਕਤ ਕੂੜੇ ਊਭਸੁਕ ਹੂਏ." (ਬਿਲਾ ਅਃ ਮਃ ੪)

ਊਭਚ: ਊਭਚਰ ਦਾ ਸੰਖੇਪ. ਸੰਗਜਾ- ਉੱਪਰ ਵਿਚਰਣ ਵਾਲਾ. ਆਕਾਸ਼ ਚਾਰੀ. ਪੰਛੀ। ੨. ਆਤਿਸ਼ਬਾਜ਼ੀ ਦਾ ਬੁਰਜ, ਜੋ ਗੈਸ (gas) ਨਾਲ ਭਰਕੇ ਬੈਲੂਨ (balloon) ਦੀ ਤਰ੍ਹਾਂ ਅਕਾਸ ਵਿੱਚ ਉਡਦਾ ਹੈ. "ਊਭਚ ਪਯੋਧਰ ਐਸ ਫਿਰਾਏ." (ਕ੍ਰਿਸਨਾਵ) ਆਤਿਸ਼ਬਾਜ਼ੀ ਦੇ ਬੁਰਜ ਬੱਦਲਾਂ ਵਾਂਙ ਫਿਰਦੇ ਹਨ.

ਊਭਚਰ: ਅਕਾਸ ਵਿੱਚ ਫਿਰਣ ਵਾਲਾ. ਦੇਖੋ, ਊਭਚ.

ਊਭਾ: ਵਿ- ਖੜਾ- "ਅਨਿਕ ਇੰਦ੍ਰ ਊਭੇ ਦਰਬਾਰ." (ਸਾਰ ਅਃ ਮਃ ੫) ੨. ਮੂਧਾ। ੩. ਸਿੱਧਾ. "ਜਲ ਮੇਟਿਆ ਊਭਾ ਕਰਿਆ." (ਸੋਰ ਕਬੀਰ)

ਊਭਿ: ਕ੍ਰਿ. ਵਿ- ਉੱਪਰ ਵੱਲ. ਉਤਾਹਾਂ. "ਕਬਹੂ ਜੀਅੜਾ ਊਭਿ ਚੜਤ ਹੈ, ਕਬਹੂ ਜਾਇ ਪਇਆਲੇ." (ਰਾਮ ਮਃ ੧) ਦੇਖੋ, ਊਭ.

ਊਭੀ: ਵਿ- ਖੜੀ. "ਸੁਪਨੈ ਊਭੀ ਭਈ, ਗਹਿਓ ਕੀਨ ਅੰਚਲਾ?" (ਫੁਨਹੇ ਮਃ ੫)

ਊਭੀਸੇਵ: ਓਹ ਸੇਵਾ, ਜੋ ਖੜੇ ਹੋਕੇ ਕਰੀਏ. ਅਰਥਾਤ ਆਲਸ ਛੱਡਕੇ ਕੀਤੀ ਔਖੀ ਸੇਵਾ. "ਊਡੀ ਸੇਵ ਕਰੇਇ." (ਵਾਰ ਸੋਰ

ਮ: ੩) ਤਰੁਭਿ: ਸੇਵਾ.

ਊਭੇ: ਖਲੋਤੇ. ਖੜੇ.

ਊਭੇਜੰਤ: ਪਰਾਇਆ ਧਨ ਚੁਰਾਉਣ ਲਈ ਉੱਦਮੀ ਲੋਕ. ਭਾਵ- ਡਾਕੂ. ਚੋਰ. "ਕਾਰੇ ਊਭੇ ਜੰਤ." (ਸ. ਕਬੀਰ) ਦੇਖੋ, ਊਭ.

ਊਭੈ: ਕ੍ਰਿ ਵਿ- ਓਸ ਪਾਸੇ ਓਧਰ। ੨. ਭਾਵ- ਪਰਲੋਕ ਵਿੱਚ. "ਈਭੈ ਬੀਠਲੁ ਊਭੈ ਬੀਠਲੁ." (ਆਸਾ ਨਾਮਦੇਵ) ੩. ਦੇਖੋ, ਉਭਯ. "ਮਾਥੈ ਊਭੈ ਜਮ ਮਾਰਸੀ ਨਾਨਕ ਮੇਲਣ ਨਾਮਿ." (ਵਾਰ ਮਾਰੂ ੧. ਮ: ੧) ਆਪਣਾ ਵਸ਼ ਚਲਦਾ ਨਾ ਦੇਖਕੇ, ਦੋਵੇਂ ਹੱਥ ਯਮ ਆਪਣੇ ਮੱਥੇ ਮਾਰੇਗਾ, ਸਿਰ ਪਿੱਟੇਗਾ.

ਊਭੋ: ਡਿੰਗ. ਵਿ- ਖੜਾ. ਖਲੋਤਾ.

ਊਮ: ਸੰ. ऊम. ਵਿ- ਸੰਗੀ. ਸਾਥੀ. ਲਰੇ ਕੋਪ ਕੈਕੈ ਹਟੈਂ ਨਾਹਿ ਊਮੰ." (ਗੁਵਿ ੬) ੨. ਨਗਰ. ਸ਼ਹਰ.

ਊਰ: ਊਣਾ. ਨਯੂਨ ਦੇਖੋ, ਊਰਾ. "ਪੂਰ ਊਰ ਕੋ ਲਖੀਐ ਭੇਵ." (ਨਾਪ੍ਰ) ਪੂਰੇ ਅਤੇ ਊਣੇ ਦਾ ਭੇਤ.

ਊਰਜ: ਸੰ. ऊर्ज्. ਧਾ- ਬਲਵਾਨ ਹੋਣਾ. ਜੀਵਨ ਪ੍ਰਾਪਤ ਕਰਨਾ। ੨. ਸੰਗਯਾ- ਬਲ। ੩. ਅੰਨ। ੪. ਉਤਸਾਹ। ੫. ਜੀਵਨ। ੬. ਕੱਤਕ ਮਹੀਨਾ. ਦੇਖੋ ਉਰਜ ੨.

ਊਰਣਨਾਭਿ: ਸੰ. ऊर्णनाभि. ਸੰਗਯਾ- ਜਿਸ ਦੀ ਨਾਭਿ ਵਿੱਚ ਊਣੀਂ (ਉੱਨ) ਅਥਵਾ ਸੂਤ ਹੈ. ਮੱਕੜੀ। ੨. ਰੇਸ਼ਮ ਦਾ ਕੀੜਾ.

ਊਰਣਾ: ਸੰ. ऊर्णा. ਸੰਗਯਾ- ਉੱਨ. ਪਸ਼ਮ.

ਊਰਧ: ਸੰ. ऊर्द्ध्व- ਊਧ੍ਰੰ. ਵਿ- ਖੜਾ। ੨. ਉੱਚਾ। ੩. ਉੱਪਰ ਦਾ। ੪. ਕ੍ਰਿ. ਵਿ- ਉੱਪਰ ਵੱਲ ਭਾਵ- ਸੁਰਗ ਵੱਲ. "ਊਰਧ ਗੇ ਅਉਦੇਸ." (ਰਾਮਾਵ) ਅਵਧ ਈਸ਼ ਦਸ਼ਰਥ, ਸ੍ਵਰਗ ਨੂੰ ਗਏ। ੫. ਇਸ ਪਿੱਛੋਂ। ੬. ਦੇਖੋ, ਉਰਧ। ੭. ਅਧੋ (ਨੀਚੇ) ਵਾਸਤੇ ਭੀ ਊਰਧ ਸ਼ਬਦ ਆਇਆ ਹੈ. "ਊਰਧ ਮੁਖ ਮਹਾ ਗੁਬਾਰੇ." (ਮਾਰੂ ਅੰਜੁਲੀ ਮ: ੫)

ਊਰਧ ਕਮਲ: ਸੰਗਯਾ- ਯੋਗੀਆਂ ਦਾ ਕਲਪਿਆ ਹੋਇਆ ਕਮਲ, ਜੋ ਦਸਮਦ੍ਵਾਰ ਵਿੱਚ ਹੈ। ੨. ਦੇਖੋ, ਉਰਧ.

ਊਰਧ ਪੁੰਡ੍ਰ: ਸੰ. ऊर्द्ध्वपुण्ड्र. ਵੈਸ਼ਨਵਾਂ ਦਾ ਖੜਾ ਤਿਲਕ, ਜੋ ਪੁੰਡ੍ਰ (ਗੰਨੇ ਦੀ ਪੋਰੀ) ਦੇ ਆਕਾਰ ਦਾ ਹੁੰਦਾ ਹੈ. ਤਿੰਨ ਪੋਰੀਆਂ ਜੋੜਕੇ ਮਾਨੋ ਮੱਥੇ ਉੱਪਰ ਰੱਖੀਆਂ ਹੋਈਆਂ ਹਨ, III ਊਰਧ ਪੁੰਡ੍ਰ ਤਿਲਕ ਵਾਲੇ, ਸ਼ੈਵਾਂ ਦੇ ਟੇਢੇ ਤਿਲਕ ਨੂੰ ਬਹੁਤ ਨਿੰਦਿਤ ਸਮਝਦੇ ਹਨ.[36] ਦੇਖੋ, ਆਡਾ ਟੀਕਾ.

ਊਰਧਬਾਹੁ: ਸੰ. ऊर्द्ध्वबाहु ਸੰਗਯਾ- ਐਸਾ ਤਪੀਆ ਜੋ ਆਪਣੀਆਂ ਬਾਹਾਂ ਸਦਾ ਉੱਪਰ ਨੂੰ ਉਠਾਈ ਰੱਖਦਾ ਹੈ। ੨. ਵਸ਼ਿਸ਼੍ਠ ਦਾ ਇੱਕ ਪੁਤ੍ਰ। ੩. ਵਿ- ਜਿਸ ਨੇ ਬਾਂਹ ਉੱਪਰ ਨੂੰ ਉਠਾਈ ਹੈ.

ਊਰਧਰੇਤਾ: ਸੰ. ऊर्द्ध्वरेतस्. ਵਿ- ਜੋ ਆਪਣੇ ਰੇਤ (ਵੀਰਯ) ਨੂੰ ਡਿਗਣ ਨਾ ਦੇਵੇ. ਬ੍ਰਹਮਚਰਯ ਧਾਰਣ ਵਾਲਾ. "ਥਿਰੰ ਆਸਨੇਕੰ ਮਹਾਂ ਊਰਧਰੇਤਾ." (ਦੱਤਾਵ) ਇੱਕ- ਆਸਨ ਬੈਠਾ ਵਡਾ ਜਤੀ। ੨. ਸੰਗਯਾ- ਭੀਸ਼ਮਪਿਤਾਮਾ। ੩. ਹਨੂਮਾਨ। ੪. ਸ਼ਿਵ। ੪. ਸਨਕਾਦਿ ਮੁਨਿ। ੬. ਬਾਬਾ ਸ਼੍ਰੀ ਚੰਦ ਜੀ.

ਊਰਧਲੋਕ: ਸੰ. ऊर्द्ध्वलोक. ਸੰਗਯਾ- ਵੈਕੁੰਠ" ੨. ਸੁਰਗ। ੩. ਆਕਾਸ. ਗਗਨ.

ਊਰਮ: ਸ਼ੰਗਯਾ- ਊਰਮਿਮਯ. ਤਰੰਗ ਰੂਪ ਸਮੁੰਦਰ. ਦੇਖੋ, ਊਰਮਿ. "ਊਰਮ ਧੂਰਮ ਜੋਤਿ ਉਜਾਲਾ." (ਓਅੰਕਾਰ) ਊਰਮਿਮਯ (ਸਮੁੰਦਰ) ਅਤੇ ਧੂਰਿਮਯ (ਪ੍ਰਿਥਿਵੀ) ਵਿੱਚ, ਭਾਵ- ਜਲਥਲ ਅੰਦਰ ਕਰਤਾਰ ਦੀ ਜੋਤਿ ਦਾ ਚਮਕਾਰ ਹੈ।

[36] उर्द्ध्व पुणड. विहिनिस्तु यःश्राद्धे भोजयेद् द्विजम। श्र्यश्नन्ति पितरस्तस्य विणुमत्रं नात्र संशयः (ਵ੍ਰਿੱਧ ਹਾਰੀਤ ਸੰਹਿਤਾ ਅ: ੨)

ਊਰਮ ਧੂਰਮ: ਦੇਖੋ, ਊਰਮ.

ਊਰਮਿ, ਊਰਮੀ: ਸੰ. ऊर्मि. ਸੰਗਜ੍ਯਾ- ਲਹਿਰ. ਤਰੰਗ ਮੌਜ। ੨. ਦੁੱਖ। ੩. ਛੀ ਕਲੇਸ਼, ਅਰਥਾਤ ਸਰਦੀ, ਗਰਮੀ, ਭੁੱਖ, ਤੇਹ, ਲੋਭ, ਮੋਹ. ਅਥਵਾ- ਭੁੱਖ, ਤੇਹ, ਬੁਢਾਪਾ, ਮੌਤ, ਸ਼ੋਕ ਅਤੇ ਮੋਹ। ੪. ਛੀ ਦੀ ਸੰਖ੍ਯਾ। ੫. ਪ੍ਰਕਾਸ਼ ਰੌਸ਼ਨੀ। ੬. ਭ੍ਰਮ। ੭. ਸ਼ੀਘ੍ਰਤਾ. ਜਲਦੀ.

ਊਰਮੀਮਾਲੀ: ਸੰ. ऊर्मिमालिन. ਸੰਗਜ੍ਯਾ- ਸਮੁੰਦਰ. ਤਰੰਗਾਂ ਦੀ ਮਾਲਾ ਵਾਲਾ.

ਊਰਾ: ਸੰ. ऋपूर्ण-. ਅਪੂੰਣ. ਵਿ- ਨਾਮੁਕੰਮਲ. ਜੋ ਪੂਰਾ ਨਹੀਂ। ੨. ਘੱਟ. ਕਮ. ਨਜੂਨ. "ਜਨ ਊਰਾ, ਤੂ ਪੂਰਾ" (ਸਾਰ ਨਾਮਦੇਵ) "ਤੂ ਪੂਰਾ ਹਮ ਊਰੇ ਹੋਛੇ." (ਸੋਰ ਮਃ ੧) ੩. ਮੂਰਖ. ਵਿਦ੍ਯਾਹੀਨ। ੪. ਦੇਖੋ, ਊ ਅਤੇ ਰਾ. ਫ਼ਾ اُورا ਉਸ ਤਾਂਈਂ ਉਸ ਨੂੰ.

ਊਰੀ: ਨਾ ਪੂਰੀ. ਦੇਖੋ, ਊਰਾ ੧. "ਅਵਰ ਸਗਲ ਬਿਧਿ ਊਰੀ" (ਸਾਰ ਮਃ ੫)

ਊਲਖਾ. ਅ਼ اِلخاء ਇਲਖ਼ਾਇ ਵਿ- ਉਦਾਰ. ਦਾਨੀ. "ਲਖ ਤੀਰਥ ਲਖ ਊਲਖਾ." (ਭਾਗੁ)

ਊਲ ਜਲੂਲ: ਵਿ- ਬੇਮੇਲ. ਬਿਨਾ ਸਿਰ ਪੈਰ. ਬਿਨਾ ਪ੍ਰਕਰਣ.

ਊੜਾ: ੳ- ਅੱਖਰ ਦੀ ਧੁਨਿ. ਊੜੇ ਦਾ ਉੱਚਾਰਣ. ਉਕਾਰ. "ਊੜੈ ਉਪਮਾ ਤਾਂਕੀ ਕੀਜੈ." (ਆਸਾ- ਪੱਟੀ ਮਃ ੧)

ਓ: ਵ੍ਯ- ਸੰਬੋਧਨ. ਹੇ ! ਰੇ ! ਓ ! ਛੋਟੇ ਦਰਜੇ ਦੇ ਆਦਮੀ ਨੂੰ ਓ ਸ਼ਬਦ ਨਾਲ ਬੁਲਾਈਦਾ ਹੈ।

੨. ਔਰ ਦਾ ਸੰਖੇਪ. ਦੋ ਪਦਾਂ ਨੂੰ ਜੋੜਨ ਵਾਲਾ ਸ਼ਬਦ. "ਝੜ ਝਖੜ ਓ ਹਾੜ." (ਸਵਾ ਮਃ ੧) ਬੱਦਲਾਂ ਦਾ ਸੰਘੱਟ, ਝੱਖੜ ਅਤੇ ਪਾਣੀ ਦੇ ਹੜ੍ਹ। ੩. ਸ਼ੋਕ ਅਤੇ ਅਚਰਜ ਬੋਧਕ. ਓਹ ! ੪. ਸਰਵ. ਓਹ ਦਾ ਸੰਖੇਪ। ੫. ਸੰ. ओ. ਸੰਗਜ੍ਯਾ- ਬ੍ਰਹਮਾ। ੬. ਫ਼ਾ وُ ਸਰਵ. ਉਹ. ਵਹ.

ਓ ਊ. ਸਰਵ. ਊ ਅਵ੍ਯਯ ਸਹਿਤ ਓਹ ਦਾ ਰੂਪ. ਵਹੀ. ਓਹੀ.

ਓ, ਓਅੰ, ਓਅੰਕਾਰ: ਸੰ. ओम्. ਇਸ ਸ਼ਬਦ ਦਾ ਮੂਲ ਅਵ (अव्) ਧਾਤੁ ਹੈ, ਜਿਸ ਦਾ ਅਰਥ ਹੈ ਰਖ੍ਯਾ (ਰਕ੍ਸ਼ਾ) ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਨਾ ਆਦਿ। 'ਓਅੰ' ਸ਼ਬਦ ਸਭ ਦੀ ਰਖ੍ਯਾ ਕਰਨ ਵਾਲੇ ਕਰਤਾਰ ਦਾ ਬੋਧਕ ਹੈ. "ਓਅੰ ਸਾਧ ਸਤਿਗੁਰ ਨਮਸਕਾਰੰ." (ਬਾਵਨ) "ਓਅੰ ਪ੍ਰਿਯ ਪ੍ਰੀਤਿ ਚੀਤਿ." (ਸਾਰ ਮਃ ੫) ਇਸ ਦੇ ਪਰਯਾਯ ਸ਼ਬਦ- "ਪ੍ਰਣਵ" ਅਤੇ "ਉਦਗੀਥ" ਭੀ ਹਨ.

ਓਅੰਕਾਰ ਸ਼ਬਦ ਦਾ ਅਰਥ ਹੈ- ਓਅੰ ਧੁਨਿ (ਓਅੰ ਦਾ ਉੱਚਾਰਣ)

"ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸ੍ਟਿ ਉਪਾਰਾ." (ਵਿਚਿਤ੍ਰ)

ਕਈ ਥਾਈਂ "ਓਅੰਕਾਰ" ਸ਼ਬਦ ਕਰਤਾਰ ਦਾ ਬੋਧਕ ਭੀ ਦੇਖੀਦਾ ਹੈ. "ਓਅੰਕਾਰ ਏਕੋ ਰਵਿ ਰਹਿਆ." (ਕਾਨ ਮਃ ੪) "ਓਅੰਕਾਰ ਅਕਾਰ ਕਰਿ ਪਵਣ ਪਾਣੀ ਬੈਸੰਤਰ ਸਾਜੇ." (ਭਾਗੁ)

ਸੰਸਕ੍ਰਿਤ ਦੇ ਵਿਦਵਾਨਾਂ ਨੇ ਓ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾ ਵਿਸ਼ਨੂ ਸ਼ਿਵ ਮੰਨਕੇ ਓਅੰ ਨੂੰ ਤਿੰਨ ਦੇਵ ਰੂਪ ਕਲਪਿਆ ਹੈ, ਪਰ ਗੁਰੁਮਤ ਵਿੱਚ ਓਅੰ ਦੇ ਮੁੱਢ ਏਕਾ ਅੰਗ ਲਿਖਕੇ ਸਿੱਧ ਕੀਤਾ ਹੈ ਕਿ ਕਰਤਾਰ ਇੱਕ ਹੈ. "ਏਕਾ ਏਕੰਕਾਰ ਲਿਖਿ ਵੇਖਾਲਿਆ। ਊੜਾ ਓਅੰਕਾਰ ਪਾਸਿ ਬਹਾਲਿਆ." (ਭਾਗੁ)

੨. ਮੱਧ ਭਾਰਤ ਦੇ ਜਿਲੇ ਨੀਮਾੜ ਵਿੱਚ ਨਰਮਦਾ ਨਦੀ ਦੇ ਮਾਂਧਾਤਾ ਟਾਪੂ (ਦ੍ਵੀਪ) ਵਿੱਚ ਉਸ ਨਾਉਂ ਦਾ ਇੱਕ ਵੱਡਾ ਪ੍ਰਸਿੱਧ ਹਿੰਦੂ

ਮੰਦਿਰ ਹੈ, ਸਤਿਗੁਰੂ ਨਾਨਕ ਦੇਵ ਜੀ ਨੇ ਇਸੇ ਥਾਂ 'ਦੱਖਣੀ ਓਅੰਕਾਰ' ਉੱਚਾਰਣ ਕੀਤਾ ਹੈ।[37] ੩. ਵਜ- ਹਾਂ। ੪. ਸਤ੍ਯ. ਯਥਾਰਥ. ਠੀਕ.

ਓਅੰਨਮਃ, ਓਅੰਨਮਹ, ਓਅੰਨਮੋ: ਵਾ- ਰੱਖਕ (ਰਕ੍ਸ਼ਕ) ਕਰਤਾਰ ਨੂੰ ਨਮਸਕਾਰ ਹੈ.

ਓਇ: ਸਰਵ. ਉਹ ਅਤੇ ਉਸ ਦਾ ਬਹੁ ਵਚਨ. ਵੈ. "ਓਇ ਜਪਿ ਜਪਿ ਪਿਆਰਾ ਜੀਵਦੇ." (ਤਿਲੰ ਮਃ ੪) "ਓਇ ਬਿਖਾਦੀ ਦੋਖੀਆ." (ਆਸਾ ਮਃ ੫)

ਓਈ: ਸਰਵ. ਵਹੀ. ਓਈ. "ਇਕਮਨ ਇੱਕ ਆਰਾਧਨ ਓਈ." (ਭਾਗੁ)

ਓਸ: ਸਰਵ. ਦੇਖੋ, ਉਸ. "ਓਸ ਬਿਨਾ ਤੂੰ ਛੁਟਕੀ ਰੋਲ." (ਆਸਾ ਮਃ ੫) ੨. ਉਸ ਨੂੰ. ਉਸੇ. "ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ." (ਵਾਰ ਸੂਹੀ ਮਃ ੩) ੩. ਸੰ. ਅਵਸ਼੍ਯਾਯ- ਅਵਸ਼ਜਾਯ. ਸੰਗਜਾ- ਸ਼ਬਨਮ. ਤ੍ਰੇਲ. ਦੇਖੋ, ਬੁਸ.

ਓਸਟ: ਸੰ. ਓਸ਼੍ਠ- ਓਸ਼੍ਠ. ਸੰਗਜਾ- ਹੋਠ ਬੁਲ੍ਹ. ਲਬ. ਖ਼ਾਸ ਕਰਕੇ ਉੱਪਰਲਾ ਹੋਠ. ਹੇਠਲੇ ਹੋਠ ਨੂੰ ਅਧਰ ਆਖਦੇ ਹਨ.

ਓਸਧਿ: ਦੇਖੋ, ਅਉਖਧ.

ਓਸਾਨ: ਦੇਖੋ, ਔਸਾਣ.

ਓਸੁ: ਦੇਖੋ, ਓਸ.

ਓਹ: ਸਰਵ- ਵਹ. ਉਹ. "ਓਹ ਨੇਹੁ ਨਵੇਲਾ." (ਆਸਾ ਮਃ ੫) ੨. ਭਾਵ- ਪਰਲੋਕ. "ਨਾ ਤਿਸ ਏਹ ਨ ਓਹ." (ਸ੍ਰੀ ਮਃ ੧) ੩. ਸੰ. ਅਹਹ- ਅਹਹ. ਵਜ- ਸ਼ੋਕ ਅਤੇ ਅਚਰਜ ਬੋਧਕ ਸ਼ਬਦ. "ਹੈ ਹੈ ਕਰਕੇ ਓਹ ਕਰੇਨ." (ਸਵਾ ਮਃ ੧)

ਓਹੱਡ: ਓਡ੍ਰ ਦੇਸ਼. ਦੇਖੋ, ਉੜੀਸਾ. "ਓਹੱਡ ਬੰਗਸਤਾਨ ਪਠਾਨ ਸੰਘਾਰਕੈ." (ਚਰਿਤ੍ਰ ੧੯੫)

ਓਹਦਾ: ਅ਼ عُہدہ. ਉਹਦਹ. ਸੰਗਜਾ- ਪਦਵੀ. ਰੁਤਬਾ. ਅਧਿਕਾਰ.

ਓਹਰੀ: ਸੰਗਜਾ- ਖਤ੍ਰੀਆਂ ਦਾ ਇੱਕ ਗੋਤ, ਜੋ ਸਰੀਣਾਂ ਵਿੱਚੋਂ ਹੈ. "ਭਗਤ ਜੁ ਭਗਤਾ ਓਹਰੀ." (ਭਾਗੁ)

ਓਹਲਾ: ਸੰਗਜਾ- ਓਲ੍ਹਾ. ਪੜਦਾ. ਓਟ.

ਓਹਾ: ਸਰਵ- ਅਵਜਯ ਸਹਿਤ ਓਹ ਦਾ ਰੂਪ. ਵਹੀ. ਉਹੀ. "ਓਹਾ ਪ੍ਰੇਮ ਪਿਰੀ." (ਆਸਾ ਮਃ ੫)

ਓਹਾੜ: ਦੇਖੋ, ਓ.

ਓਹਿ, ਓਹੀ, ਓਹੁ, ਓਹੈ, ਓਹੋ: ਸਰਵ. ਈ ਅਤੇ ਓ ਅਵਜਯ ਸਹਿਤ ਇਹ "ਓਹ" ਦਾ ਰੂਪ ਹੈ. ਵਹੀ ਉਹੀ. "ਓਹਿ ਅੰਦਰਹੁ ਬਾਹਰਹੁ ਨਿਰਮਲੇ." (ਵਾਰ ਮਾਝ ਮਃ ੧) "ਹੋਆ ਓਹੀ ਅਲ ਜਗ ਮਹਿ." (ਵਾਰ ਮਾਰੂ ੨. ਮਃ ੫) "ਦਾਨ ਦੇਇ ਪ੍ਰਭੁ ਓਹੈ." (ਗੂਜ ਮਃ ੪) "ਓਹੋ ਸੁਖ ਓਹਾ ਵਡਿਆਈ." (ਆਸਾ ਮਃ ੫) ੨. ਓਹੋ! ਵਯ. ਸ਼ੋਕ ਅਤੇ ਅਚਰਜ ਬੋਧਕ ਸ਼ਬਦ ਭੀ ਹੈ.

---

[37] ਰਾਵਲਪਿੰਡੀ ਭਾਈ ਬੂਟਾ ਸਿੰਘ ਹਕੀਮ ਦੀ ਧਰਮਸਾਲਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਬਹੁਤ ਪੁਰਾਣੀ ਲਿਖਤ ਦੀ ਬੀੜ ਹੈ, ਜਿਸ ਵਿੱਚ ਰਾਮਕਲੀ ਰਾਗ ਦੇ ਦੱਖਣੀ ਓਅੰਕਾਰ ਤੋਂ ਇਲਾਵਾ, ਇੱਕ ਹੋਰ ੯੭ ਪਦਾਂ (ਪੌੜੀਆਂ) ਦੀ ਓਅੰਕਾਰ ਬਾਣੀ ਹੈ, ਜਿਸ ਦਾ ਅਰੰਭ ਇਉਂ ਹੁੰਦਾ ਹੈ:-
ਓਅੰਕਾਰ ਮਃ ੧. (ਪੰਨਾ ੧੩੧੫)
ਓਅੰਕਾਰ ਨਿਰਮਲ ਸਭ ਥਾਨਿ। ਤਾਤੇ ਹੋਈ ਸਗਲੀ ਖਾਨਿ। ਖਾਣਿ ਖਾਣਿ ਮਹਿ ਬਹੁ ਬਿਸਥਾਰਾ। ਆਪੇ ਜਾਣੈ ਸਿਰਜਣਹਾਰਾ। ਸਿਰਜਨਹਾਰ ਕੇ ਕੇਤੇ ਭੇਖ। ਭੇਖ ਭੇਖ ਮਹਿ ਰਹੈ ਅਲੇਖ. (੧) ***
ਭਉ ਭਾਗਾ ਨਿਰਭਉ ਘਰਿ ਆਇਆ। ਤਬ ਇਹ ਚਰਨ ਪਖਾਲੈ ਮਾਇਆ। ਮਾਇਆਧੀਨ ਸੇਵਿਕ ਦਰਿ ਠਾਢੀ। ਜਾਕੇ ਚਰਨਕਵਲ ਰੁਚਿ ਬਾਢੀ। ਦ੍ਰਿਸਟਿ ਮਾਇ ਸਾਰਾ ਜਗ ਦੇਖੈ। ਆਪਿ ਅਲੇਖੀ ਅਉਰ ਸਭ ਲੇਖੈ।੯੧

ਓਹੰਡ: ਦੇਖੋ ਓਹੱਡ.

ਓਕ: ਸੰਗ੍ਯਾ- ਉਂਜਲ. ਅੰਜਲਿ. ਬੁੱਕ. "ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ." (ਸੋਰ ਕਬੀਰ)

੨. ਸੰ. ओक: ਘਰ. ਰਹਿਣ ਦੀ ਥਾਂ. ਸਦਨ. "ਮਨ ਮਾਨਹਿ ਸਭ ਅੰਤਕ ਓਕ." (ਨਾਪ੍ਰ) ਅੰਤਕ (ਯਮ) ਦਾ ਲੋਕ.

ਓਖ: ਸੰ. ੨, ओखु. ਸ਼ਕਤੀਮਾਨ ਹੋਣਾ. ਸੁੱਵਾਰਨਾ.

ਓਖਧਿ: ਦੇਖੋ, ਅਉਖਧ.

ਓਖਲੀ: ਦੇਖੋ, ਉਖਲੀ.

ਓਗਰਾ: ਵਿ- ਘੀ ਬਿਨਾ. ਰੁੱਖਾ। ੨. ਸੰਗ੍ਯਾ- ਓਗਲਾ. ਬਾਥੂ ਜੇਹਾ ਇੱਕ ਪ੍ਰਕਾਰ ਦਾ ਜੰਗਲੀ ਅੰਨ.[38] "ਓਗਰਾ ਅਲੋਨੋ ਹੀ ਛਕਤ ਹੁਤੇ ਆਪ ਸਦਾ, ਅਕਬਰ ਮਾਂਗ੍ਯੋ ਦੀਓ ਤਾਂਹਿਂ ਤੇ ਨਿਕਾਸ ਹੈ। ਗ੍ਵਾਲ ਕਵਿ ਕਹੈ ਤਾਂਕੋ ਏਕ ਗ੍ਰਾਸ ਹੀ ਕੇ ਮਾਹਿ, ਆਏ ਬਹੁ ਸ੍ਵਾਦ ਭਯੋ ਨੰਮ੍ਰਤਾ ਕੀ ਰਾਸ ਹੈ." (ਗੁਰੁ ਪੰਚਾਸਾ)

ਓਗਲ: ਸੰਗ੍ਯਾ- ਉੱਪਰ ਆਈ ਹੋਈ ਗਿੱਲ. ਜ਼ਮੀਨ ਵਿੱਚੋਂ ਫੁੱਟ ਕੇ ਨਿਕਲੀ ਹੋਈ ਪਾਣੀ ਦੀ ਤਰਾਉਤ.

ਓਗਲਾ: ਦੇਖੋ, ਓਗਰਾ.

ਓਗਾਹ: ਦੇਖੋ, ਉਗਾਹ ਅਤੇ ਗਵਾਹ. "ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹਿ ਓਗਾਹਾ." (ਸ. ਫਰੀਦ)

ਓਘ: ਸੰ. ओघ. ਸੰਗ੍ਯਾ- ਸਮੂਹ. ਸਮੁਦਾਯ. ਗਰੋਹ. "ਅਘ ਓਘ ਟਰੇ ਇਨਹੀ ਕੇ ਪ੍ਰਸਾਦਿ." (ਖਾਮ) ੨. ਪ੍ਰਵਾਹ. ਹੜ੍ਹ.

ਓਚਕਾ: ਠਗ. ਚੋਰ. ਦੇਖੋ, ਉਚਕਾ. "ਨਾ ਓਚਕਾ ਲੈਜਾਇ." (ਵਾਰ ਗੂਜ ੧, ਮਃ ੩)

ਓਛਾ: ਸੰ. तुच्छ- ਤੁੱਛ. ਵਿ- ਛੋਟੇ ਦਿਲ ਦਾ. ਜੋ ਗੰਭੀਰ ਨਹੀਂ। ੨. ਘਟੀਆ. "ਓਛੀ ਮਤਿ ਮੇਰੀ ਜਾਤਿ ਜੁਲਾਹਾ." (ਗੂਜ ਕਬੀਰ) ੩. ਨੀਚ. "ਓਛਾ ਜਨਮ ਹਮਾਰਾ." (ਆਸਾ ਰਵਿਦਾਸ)

ਓਛਾਪਨ: ਸੰਗ੍ਯਾ- ਛੁਦ੍ਰਤਾ. ਕਮੀਨਾਪਨ. ਤੁੱਛਤਾ.

ਓਜ: ਸੰ. ओज. ਧਾ- ਸ਼ਕਤਿਮਾਨ ਹੋਣਾ. ਜਿਉਣਾ. ਵਧਣਾ। ੨. ਸੰ. ओजस्. ਸੰਗ੍ਯਾ- ਬਲ. ਤਾਕਤ। ੩. ਪ੍ਰਕਾਸ਼ ਤੇਜ। ੪. ਕਾਵ੍ਯ ਦਾ ਇੱਕ ਗੁਣ, ਜਿਸ ਦੇ ਅਸਰ ਨਾਲ ਸ਼੍ਰੋਤਾ ਦਾ ਮਨ ਉਮੰਗ ਅਤੇ ਜੋਸ਼ ਨਾਲ ਭਰ ਜਾਵੇ.

ਓਜਸ੍ਵੀ: ਸੰ. ओजस्विन. ਵਿ- ਬਲਵਾਨ। ੨. ਪ੍ਰਤਾਪੀ.

ਓਜ ਵਿਲਾਸ: ਕਵਿ ਲਾਲਸਿੰਘ ਦਾ ਸੰਗ੍ਰਹ ਕੀਤਾ ਇੱਕ ਕਾਵ੍ਯ ਗ੍ਰੰਥ, ਜਿਸ ਵਿੱਚ ਬਹੁਤ ਕਵੀਆਂ ਦੇ ਅਨੇਕ ਪ੍ਰਸੰਗਾਂ ਤੇ ਮਨੋਹਰ ਕਬਿੱਤ ਹਨ. ਇਹ ਗ੍ਰੰਥ ਨਾਭਾ ਰਾਜਧਾਨੀ ਵਿੱਚ ਸੰਮਤ ੧੯੧੦ ਵਿੱਚ ਤਿਆਰ ਹੋਇਆ ਹੈ. ਯਥਾਃ- "ਦਿਸਾ ਸੁ ਨਿਧਿ ਸਸਿ ਸਾਲ ਮੇ ਆਸ੍ਵਿਨ ਸੁਦਿ ਦਿਨ ਚਾਰ। ਗੁਰੁ ਦਿਨ ਸੁਖਦ ਸੁਹਾਵਨੋ ਭਯੋ ਗ੍ਰੰਥ ਅਵਤਾਰ." ਦੇਖੋ, ਲਾਲ ਸਿੰਘ.

ਓਜਾੜ: ਦੇਖੋ, ਉਜਾੜ. "ਫਾਥੇ ਓਜਾੜੀ." (ਮਾਰੂ ਅਃ ਮਃ ੧)

ਓਜਾੜਾ: ਦੇਖੋ, ਉਜਾੜਾ. "ਤੀਨੇ ਓਜਾੜੇ ਕਾ ਬੰਧੁ" (ਧਨਾ ਮਃ ੧)

ਓਜਾੜੀ: ਉਜਾੜ ਵਿੱਚ. ਦੇਖੋ, ਉਜਾੜ.

ਓਝਰੀ: ਦੇਖੋ, ਓਝਲੀ ੨. "ਨਦੀ ਡਾਰਬੇ ਓਝਰੀ ਲੈ ਸਿਧਾਯੋ." (ਚਰਿਤ੍ਰ ੨੯੭)

---

[38] ਵ੍ਰਤ ਰੱਖਨ ਵਾਲੇ ਇਸ ਨੂੰ ਪੀਸਕੇ ਰੋਟੀ ਬਣਾਉਂਦੇ ਹਨ, ਅਰ ਓਗਰੇ ਨੂੰ ਅਨਾਜ ਵਿੱਚ ਨਹੀਂ ਗਿਣਦੇ.

ਓਝਲ: ਸੰਗਯਾ- ਓਟ. ਪੜਦਾ। ੨. ਗੁਫਾ. ਕੰਦਰਾ. "ਜੋਗ ਜੁਤੋ ਰਹੈ ਓਝਲ ਮੈ." (ਕ੍ਰਿਸਨਾਵ)

ਓਝਲੀ: ਸੰਗਯਾ- ਉਦਰ ਦੀ ਉਹ ਝੋਲੀ (ਥੈਲੀ), ਜਿਸ ਵਿੱਚ ਖਾਧੇ ਪਦਾਰਥ ਠਹਿਰਦੇ ਹਨ. ਮੇਦਾ. ਪ੍ਰਕਾਸ਼ਯ। ੨. ਜੇਰ. ਓਝਰੀ. ਉਹ ਝਿੱਲੀ ਜਿਸ ਵਿੱਚ ਬੱਚਾ ਗਰਭ ਅੰਦਰ ਲਪੇਟਿਆ ਰਹਿੰਦਾ ਹੈ.

ਓਝਾ: ਸੰ. उपाध्याय- ਉਪਾਧ੍ਯਾਯ. ਸੰਗਯਾ- ਪੜ੍ਹਾਉਨ ਵਾਲਾ. ਉਸਤਾਦ। ੨. ਮੈਥਿਲ ਅਤੇ ਗੁਜਰਾਤੀ ਬ੍ਰਾਹਮਣ. ਜੋ ਸਰਯੂ ਪਾਰ ਵਸਦੇ ਹਨ, ਉਨ੍ਹਾਂ ਦਾ ਇੱਕ ਗੋਤ. "ਚੰਦ੍ਰਚੂੜ ਓਝਾ ਤਿਹ ਨਾਵੈ." (ਚਰਿਤ੍ਰ ੩੭੦)

ਓਝਾਰ: ਦੇਖੋ, ਉਜਾੜ. "ਭ੍ਰਮਿ ਭ੍ਰਮਿ ਓਝਾਰ ਗਹੇ." (ਪ੍ਰਭਾ ਮਃ ੪)

ਓਟ: ਸੰਗਯਾ- ਓਲ੍ਹਾ. ਪੜਦਾ। ੨. ਆਸਰਾ। ੩. ਪਨਾਹ. "ਓਟ ਗੋਬਿੰਦ ਗੋਪਾਲ ਰਾਇ." (ਮਾਝ ਬਾਰਹਮਾਹਾ)

ਓਟਣਾ: ਕ੍ਰਿ- ਸਹਾਰਣਾ. ਝੱਲਣਾ। ੨. ਜ਼ਿੰਮੇਵਾਰੀ ਲੈਣੀ। ੩. ਅੰਗੀਕਾਰ ਕਰਨਾ.

ਓਟਾ: ਸੰਗਯਾ- ਪੜਦਾ. ਓਲ੍ਹਾ। ੨. ਪੜਦੇ ਦੀ ਕੰਧ ਅਥਵਾ ਕਨਾਤ.

ਓਟਾਈ: ਓਟ ਲਈ. ਓਟ ਹੈ. ਦੇਖੋ, ਓਟ. "ਗੋਬਿੰਦ ਚਰਣ ਓਟਾਈ." (ਮਾਰੂ ਮਃ ੫)

ਓਠ, ਓਂਠ: ਸੰ. ओष्ठ- ਓਸ਼੍ਠ. ਸੰਗਯਾ- ਹੋਠ. ਬੁਲ੍ਹ. ਲਬ. ਖਾਸ ਕਰਕੇ ਉੱਪਰਲਾ ਹੋਠ.

ਓਡ: ਸੰਗਯਾ- ਧਰਤੀ ਦੇ ਅੰਦਰਲੇ ਭੇਤ ਜਾਣਨ ਵਾਲੀ ਇੱਕ ਜਾਤਿ. ਇਸ ਜਾਤਿ ਦੇ ਲੋਕ ਅਕਸਰ ਰੋੜ ਵੱਟੇ ਆਦਿਕ ਪੁੱਟ (ਖਣ) ਕੇ ਕਢਦੇ ਹਨ ਤੇ ਖੂਹ ਲਾਉਂਦੇ ਹਨ, ਅਤੇ ਤਜਰਬੇ ਤੋਂ ਅੰਦਾਜਾ ਲਾਕੇ ਦੱਸ ਸਕਦੇ ਹਨ ਕਿ ਖਾਰਾ ਅਥਵਾ ਮਿੱਠਾ ਜਲ ਕਿਸ ਤਰ੍ਹਾਂ ਦੀ ਜ਼ਮੀਨ ਹੇਠੋਂ ਨਿਕਲਦਾ ਹੈ. ਲੋਕੀ ਇਹਨਾਂ ਦੀ ਮਦਦ ਪੁਰਾਣੇ (ਦੱਬੇ ਹੋਏ) ਖੂਹਾਂ ਨੂੰ ਲੱਭਣ ਵਿੱਚ ਭੀ ਬਹੁਤ ਲੈਂਦੇ ਹਨ. ਦੇਖੋ, ਓਡਾ.

ਓਡਛਾ: ਸੰ. ओड्रदेश- ਓਡ੍ਰ ਦੇਸ਼. ਦੇਖੋ, ਉੜੀਸਾ।

੨. ਓਰਛਾ. ਬੁੰਦੇਲ ਖੰਡ (ਮੱਧ ਭਾਰਤ) ਦਾ ਇੱਕ ਸ਼ਹਿਰ, ਜਿਸ ਦੇ ਨਾਉਂ ਤੋਂ ਓਰਛਾ ਰਿਆਸਤ ਹੈ. ਦੇਖੋ, ਓਰਛਾ. "ਆਭਾਵਤੀ ਓਡਛੇ ਰਾਨੀ." (ਚਰਿਤ੍ਰ ੧੩੮)

ਉਡਛੇਸ: ਉੜੀਸਾ ਦਾ ਈਸ਼। ੨. ਓਰਛਾ ਦਾ ਰਾਜਾ. ਦੇਖੋ ਓਰਛਾ.

ਓਡਾ: ਵਿ- ਉਤਨਾ ਵਡਾ। ੨. ਸੰਗਯਾ- - ਦੇਖੋ, ਓਡ. "ਜਿਉ ਓਡਾ ਕੂਪ ਗੁਹਜ ਖਿਨ ਕਾਢੈ." (ਬੰਸ ਮਃ ੪)

ਓਡਾਰੀ: ਦੇਖੋ, ਉਡਾਰੀ. "ਕੂਕੜ ਦੀ ਓਡਾਰੀ." (ਗਉ ਵਾਰ ੨. ਮਃ ੫)

ਓਡੀਣਾ, ਉਡੀਣੀ: ਦੇਖੋ. ਉਡੀਣਾ. "ਸਭ ਦੂੰ ਨੀਵੀਂ ਧਰਤਿ ਹੈ, ਆਪ ਗਵਾਇ ਹੋਈ ਓਡੀਣੀ." (ਭਾਗੁ)

ਓਡ੍ਰ: ਦੇਖੋ, ਉਡੀਸਾ.

ਓਢਣਾ, ਓਢਨ: ਕ੍ਰਿ- ਸਹਾਰਣਾ. ਓਟਣਾ। ੨. ਪਹਿਰਣਾ. "ਪੀਸਨ ਪੀਸਿ ਓਢਿ ਕਾਮਰੀ ਸੁਖ ਮਨਿ ਸੰਤੋਖਾਏ." (ਸੂਹੀ ਮਃ ੫) "ਓਢੈ ਬਸਤ੍ਰ ਕਾਜਰ ਮਹਿ ਪਰਿਆ." (ਸਾਰ ਮਃ ੫) "ਜਿਉ ਮਿਰਤਕੁ ਓਢਾਇਆ." (ਟੋਡੀ ਮਃ ੫)

ਓਢਨੀ: ਸੰਗਯਾ- ਓਢਣ ਦੀ ਚਾਦਰ, ਸਾੜ੍ਹੀ. ਚੁੰਨੀ.

ਓਢਲੀਆ: ਓਢ ਲੀਆ. ਪਹਿਰਿਆ. "ਵਸਤ੍ਰ ਓਢਲੀਆ" (ਆਸਾ ਮਃ ੫) ੨. ਓਢਣ (ਪਹਿਰਣ) ਵਾਲਾ.

ਓਢਾਉਣਾ: ਕ੍ਰਿ- ਪਹਿਰਾਉਣਾ. "ਅਨਿਕ ਪ੍ਰਕਾਰੀ ਬਸਤ੍ਰ ਓਢਾਏ." (ਧਨਾ ਮਃ ੫) ੨. ਖ਼ਿਲਤ ਦੇਣਾ.

ਓਢਿ: ਕ੍ਰਿ. ਵਿ- ਓਢਕੇ. ਪਹਿਰਕੇ "ਓਢਿ ਨਗਨ ਨ ਹੋਈ." (ਬਿਲਾ ਮਃ ੫)

ਓਤ: ਸੰ. ਓਤ- ਓਤ. ਸੰਗਜਾ- ਤਾਣਾ. ਕਪੜਾ ਬੁਣਨ ਲਈ ਤਣਿਆ ਹੋਇਆ ਸੂਤ। ੨. ਦੇਖੋ, ਓਤੁ। ੩. ਦੇਖੋ, ਓਤ ਪੋਤ.

ਓਤਸਾਹ: ਦੇਖੋ, ਉਤਸਾਹ. "ਭਰੇ ਓਤਸਾਹੰ ਭਏ ਸਾਵਧਾਨੀ." (ਗੁਪ੍ਰਸੂ)

ਓਤਪੋਤ: ਸੰ. ਓਤਪ੍ਰੋਤ- ਓਤਪ੍ਰੋਤ. ਸੰਗਜਾ- ਤਾਣਾ ਅਤੇ ਪੇਟਾ। ੪. ਭਾਵ ਪਰਸਪਰ ਮਿਲਿਆ ਹੋਇਆ. ਦੇਖੋ, ਓਤਿ ਪੋਤਿ.

ਓਤਾ: ਵਿ- ਉਤਨਾ। ੨. ਅਪੁਤ੍ਰ. ਔਤ.

ਓਤਾਕ: ਫ਼ਾ. اوطاق ਓਤ਼ਾਕ. ਸੰਗਜਾ- ਨਿਸ਼ਸਤਗਾਹ. ਮਰਦਾਵੀਂ ਬੈਠਕ। ੨. ਨਿਵਾਸ. ਰਿਹਾਇਸ਼. ਦੇਖੋ, ਅਉਤਾਕ. "ਤਿਤੁ ਤਨਿ ਮੈਲੁ ਨ ਲਗਈ, ਸਚ ਘਰਿ ਜਿਸੁ ਓਤਾਕ." (ਸ੍ਰੀ ਅਃ ਮਃ ੧)

ਓਤਿਪੋਤਿ: ਦੇਖੋ, ਓਤਪੋਤ। ੨. ਤਾਣਾ ਪੇਟਾ ਕਰਕੇ. "ਓਤਿ ਪੋਤਿ ਮਿਲਿਓ ਭਗਤਨ ਕਉ." (ਕਾਨ ਮਃ ੫) ੩. ਤਾਣੇ ਪੇਟੇ ਵਿੱਚ "ਓਤਿਪੋਤਿ ਰਵਿਆ ਰੂਪ ਰੰਗ." (ਸੁਖਮਨੀ)

ਓਤੁ: ਸਰਵ. ਉਸ. "ਓਤੁ ਮਤੀ ਸਾਲਾਹਣਾ." (ਸ੍ਰੀ ਮਃ ੧) ੨. ਸੰ. ਸੰਗਜਾ- ਬਿੱਲਾ. ਵਿੜਾਲ.

ਓਤੇ, ਓਤੈ: ਕ੍ਰਿ. ਵਿ- ਉਸ ਥਾਂ. ਓਥੇ. ਓਥੈ। ੨. ਉਸਹੀ. ਉਸੇ. "ਤੁਧੁ ਓਤੈ ਕੰਮਿ ਓਇ ਲਾਇਆ." (ਵਾਰ ਸ੍ਰੀ ਮਃ ੪) "ਓਤੈ ਸਾਥਿ ਮਨੁਖੁ ਹੈ." (ਸ੍ਰੀ ਮਃ ੫)

ਓਤੰਗ: ਦੇਖੋ. ਉਤੰਗ.

ਓਥੈ: ਕ੍ਰਿ. ਵਿ- ਦੇਖੋ, ਓਤੈ. ਉਸ ਅਸਥਾਨ. ਵਹਾਂ. "ਓਥੈ ਅਨਹਦ ਸਬਦ ਵਜਹਿ ਦਿਨ ਰਾਤੀ." (ਮਾਝ ਅਃ ਮਃ ੩)

ਓਦ: ਡਿੰਗ. ਸੰਗਜਾ- ਮੱਛੀ ਫਾਹੁਣ ਦੀ ਕੁੰਡੀ.

ਓਦਨ: ਸੰ. ਓਦਨ. ਸੰਗਜਾ- ਰਿੱਝੇ ਹੋਏ ਚਾਵਲ. ਭਾਤ. "ਦਧਿ ਅਰੁ ਓਦਨ ਮਾਤ ਤੇ ਅਰਧਿਕ ਖਾਇ ਪਲਾਇ." (ਨਾਪ੍ਰ) ੨. ਭੋਜਨ.

ਓਦਨਿਕ: ਓਦਨ (ਭੋਜਨ) ਬਣਾਉਣ ਵਾਲਾ. ਰਸੋਈਆ. ਲਾਂਗਰੀ. ਸੂਪਕਾਰ.

ਓਦਰਣਾ: ਕ੍ਰਿ- ਉਦੀਣੰ ਹੋਣਾ. ਉਦਾਸ (ਦਿਲਗੀਰ) ਹੋਣਾ.

ਓਦਾਸੀ: ਦੇਖੋ, ਉਦਾਸੀ. "ਨਾ ਇਹੁ ਗਿਰਹੀ ਨਾ ਓਦਾਸੀ." (ਗੌਂਡ ਕਬੀਰ)

ਓਦੂੰ: ਕ੍ਰਿ. ਵਿ- ਉਸ ਤੋਂ. ਉਸ ਸੇ.

ਓਧ: ਸੰ. ਉਰ੍‍ਧ੍ਵ- ਊਧ੍ਵੰ. ਵਿ- ਉੱਚਾ. ਲੰਮਾ. "ਅਸੰ ਓਧ ਪਾਣੰ." (ਪਾਰਸਾਵ) ਲੰਮੀ ਤਲਵਾਰ ਹੱਥ ਵਿੱਚ। ੨. ਦੇਖੋ, ਊਧ.

ਓਧਜ: ਦੁੱਧ. ਦੇਖੋ, ਊਧਜ. "ਤੇਰੇ ਹੀ ਭੀਤਰ ਓਧਜ ਮਾਖਨ ਸੈਲ ਕੇ ਅੰਤਰ ਪਾਵਕ ਪਾਨੀ." (ਗੁਪ੍ਰਸੂ)

ਓਧਰ: ਕ੍ਰਿ. ਵਿ- ਉਸ ਪਾਸੇ। ੨. ਭਾਵ- ਪਰਲੋਕ ਵੱਲ.

ਓਨ: ਸਰਵ. ਉਸਨੇ "ਓਨ ਛਡੇ ਲਾਲਚ ਦੁਨੀ ਕੇ." (ਵਾਰ ਮਾਰੂ ੨. ਮਃ ੫)

ਓਨਮ, ਓਨਮੋ: ਦੇਖੋ, ਓਅੰਨਮਃ "ਓਨਮ ਅਖਰ ਸੁਣਹੁ ਬੀਚਾਰੁ. ਓਨਮ ਅਖਰ ਤ੍ਰਿਭਵਣ ਸਾਰੁ." (ਓਅੰਕਾਰ) "ਓਨਮ ਸ੍ਰੀ ਸਤਿਗੁਰੁ ਚਰਣ" (ਭਾਗੁ)

ਓਨਾ, ਓਨਾਹਾ: ਕ੍ਰਿ ਵਿ- ਓਤਨਾ. ਉਸ ਕਦਰ। ੨. ਸਰਵ- ਉਨ੍ਹਾਂ ਨੂੰ ਉਨ੍ਹਾਂ ਤਾਂਈ। ੩. ਉਨ੍ਹਾਂ ਨੇ। ੪. ਉਨ੍ਹਾਂ ਦੇ. "ਓਨਾ

ਅੰਦਰਿ ਨਾਮੁ ਨਿਧਾਨੁ ਹੈ." (ਸ੍ਰੀ ਮਃ ੧) "ਪਿਆਰਾ ਰਬੁ ਓਨਾਹਾ ਜੋਗਈ." (ਵਾਰ ਰਾਮ ੨. ਮਃ ੫)

ਓਨਾ ਮਾਸੀ ਧੌਂ: ਓਮ੍ ਨਮ: ਸਿਦ੍ਧਮ- ਓਅੰਨਮਃ ਸਿੱਧੰ ਦਾ ਰੂਪਾਂਤਰ. ਲੰਡੇ ਅੱਖਰ ਪੜ੍ਹਾਉਣ ਵਾਲੇ ਖਾਧੇ ਐਸਾ ਉੱਚਾਰਣ ਕਰਦੇ ਹਨ.

ਓਨਿ: ਸਰਵ. ਉਸ ਨੇ. "ਓਨਿ ਹਲਤੁ ਪਲਤੁ ਸਭੁ

ਓਨੀ: ਗਵਾਇਆ." (ਵਾਰ ਗਉ ੧. ਮਃ ੪) ੨ਉਨ੍ਹਾਂ ਨੇ, ਓਨ੍ਹੀ. "ਓਨੀ ਤਕੜੇ ਪਾਏ ਹਾਥ." (ਸ੍ਰੀ ਮਃ ੫. ਪਹਿਰੇ)

ਓਪ: ਸੰਗਯਾ- ਉਪਮਾ. ਵਡਿਆਈ. ੨. ਪਾਣ. ਆਬ. ਚਮਕ। ੩. ਸ਼ੋਭਾ.

ਓਪਤ, ਓਪਤਿ: ਉਤਪੱਤਿ. ਦੇਖੋ. ਉਤਪਤਿ. "ਨਾ ਓਪਤ ਹੋਈ." (ਵਾਰ ਗੂਜ ੧. ਮਃ ੩) "ਏਕਸ ਤੇ ਸਭ ਓਪਤਿ ਹੋਈ." (ਗਉ ਅਃ ਮਃ ੧)

੨. ਸੰ. ਓਪਸ਼. ਓਪਸ਼. ਸੰਗਯਾ- ਕੇਸ਼ਾਂ ਦਾ ਜੂੜਾ। ੩. ਗੋਮੁਖੀ. ਗਊ ਦੇ ਮੁਖ ਸਮਾਨ ਆਕਾਰ ਵਾਲੀ ਥੈਲੀ, ਜਿਸ ਵਿੱਚ ਹੱਥ ਪਾਕੇ ਬ੍ਰਾਹਮਣ ਮਾਲਾ ਫੇਰਦੇ ਹਨ. "ਮੁਦ੍ਰਿਤ ਨੇਤ੍ਰ ਉਰਧ ਕਰ ਓਪਤ." (ਪਾਰਸਾਵ)

ਓਪਨੀ: ਸੰਗਯਾ- ਚਮਕਾਉਣ (ਲਿਸ਼ਕਾਉਣ) ਦਾ ਸੰਦ. ਇੱਕ ਨਰਮ ਸਾਣ, ਜਿਸ ਉੱਪਰ ਸ਼ਸਤ੍ਰ ਨੂੰ ਲਾਕੇ ਚਮਕ ਦਿੱਤੀ ਜਾਂਦੀ ਹੈ.

ਓਪਮਾ: ਦੇਖੋ, ਉਪਮਾ. "ਬਹੁਤ ਓਪਮਾ ਥੋਰ ਕਹੀ." (ਮਾਲੀ ਮਃ ੫)

ਓਪਰਾ: ਸੰ. ਅਪਰ- ਅਪਰ. ਵਿ- ਅਪਰਿਚਿਤ. ਬਿਗਾਨਾ. ਅਜਨਬੀ. "ਨਹਿ ਓਪਰਾ ਪ੍ਰਵੇਸ਼ਨ ਪਾਵੈ." (ਗੁਪ੍ਰਸੂ)

ਓਪਾਉ, ਓਪਾਇ, ਓਪਾਵ: ਸੰਗਯਾ- ਸਾਧਨ. ਜਤਨ. ਦੇਖੋ, ਉਪਾਯ. "ਉਪਾਵਾ ਸਿਰਿ ਉਪਾਉ ਹੈ." (ਵਾਰ ਬਿਲਾ ਮਃ ੩) ੨. ਦੇਖੋ, ਉਪਾਉਣਾ. "ਏਕ ਨਿਮਖ ਓਪਾਇ ਸਮਾਵੈ." (ਸਾਰ ਮਃ ੫) ਉਤਪੰਨ ਕਰਕੇ ਲੈ ਕਰਦਾ ਹੈ.

ਓਬਰਾ: ਪਹਾ. ਸੰਗਯਾ- ਪਸ਼ੂਆਂ ਦੇ ਰਹਿਣ ਦਾ ਕੋਠਾ. ਪਸ਼ੂਸ਼ਾਲਾ.

ਓਬਰੀ: ਪਹਾ. ਸੰਗਯਾ- ਪਸ਼ੂਸ਼ਾਲਾ. ਪਸ਼ੂਆਂ ਦੇ ਬੰਨਣ ਦੀ ਕੋਠੜੀ। ੨. ਮਰਾ- ਉੰਬਰਾ. ਚੌਕਾਠ. ਚੌਖਟ. "ਕਾਗਦ ਕੀ ਓਬਰੀ, ਮਸਿ ਕੇ ਕਰਮ ਕਪਾਟ." (ਸ. ਕਬੀਰ) ਭਾਵ- ਅਗਜਾਨੀਆਂ ਦੇ ਲਿਖੇ ਗ੍ਰੰਥ ਪਸ਼ੂ ਰੂਪ ਜੀਵਾਂ ਨੂੰ ਮੁਕਤ ਨਹੀਂ ਹੋਣ ਦਿੰਦੇ.

ਓਭੜ: ਵਿ- ਅਨਪੜ੍ਹ. ਨਿਰੱਖਰ. ਉੱਮੀ.

ਓਮਾਹ, ਉਮਾਹੜਾ, ਓਮਾਹਾ: ਸੰਗਯਾ- ਉਤਸਾਹ. ਮੰਗਲ. ਉਤਸਵ. "ਗੁਰੁ ਮਿਲਿਐ ਓਮਾਹਾ." (ਜੈਤ ਮਃ ੪)

ਓਮੀ: ਅ਼. اُمّی ਉੱਮੀ. ਵਿ- ਉੱਮ (ਮਾਤਾ) ਤੋਂ ਜੇਹਾ ਪੈਦਾ ਹੋਇਆ ਹੈ, ਓਹੋ ਜੇਹਾ. ਭਾਵ- ਜਿਸ ਨੇ ਕੋਈ ਸਿਖ੍ਯਾ ਨਹੀਂ ਪਾਈ. ਅਨਪੜ੍ਹ. ਨਿਰੱਖਰ. "ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ। x x x ਪੜਿਆ ਅਤੈ ਮੀਆ ਵੀਚਾਰੁ ਅਗੈ ਵੀਚਾਰੀਐ." (ਵਾਰ ਆਸਾ)

ਓਰ: ਸੰਗਯਾ- ਦਿਸ਼ਾ. ਤਰਫ਼. "ਚਿਤਵਉ ਤੁਮਰੀ ਓਰ." (ਜੈਤ ਮਃ ੫) ੨. ਪੱਖ। ੩. ਕਿਨਾਰਾ. ਤਟ. ਕੰਢਾ। ੪. ਓਰਕ (ਓੜਕ) ਦਾ ਸੰਖੇਪ. ਅੰਤ. ਹੱਦ. "ਗਿਨਤਜੋਂ ਜਿਨ ਕੇ ਪਾਇ ਨ ਓਰ." (ਗੁਪ੍ਰਸੂ)

ਓਰਕ: ਸੰਗਯਾ- ਓੜਕ ਅੰਤ. "ਓਰਕ ਨਰਕ ਗਮਨ ਤਿਨ ਹੋਈ." (ਨਾਪ੍ਰ) ੨. ਹੱਦ. ਸੀਮਾ. "ਭੀਤ ਊਪਰੈ ਕੇਤਕੁ ਧਾਈਐ ਅੰਤ ਓਰਕੋ ਆਹਾ." (ਆਸਾ ਮਃ ੫)

ਓਰਛਾ: ਬੁੰਦੇਲ ਖੰਡ (ਮੱਧ ਭਾਰਤ) ਵਿੱਚ ਇੱਕ ਨਗਰ, ਜੋ ਰਾਜਪੂਤ ਭਾਰਤੀ ਚੰਦ ਨੇ ਸਨ ੧੫੩੧ ਵਿੱਚ ਵਸਾਇਆ. ਇਹ ਵੇਤਵਾ (ਵੇਤ੍ਰਾ) ਨਦੀ ਦੇ ਕਿਨਾਰੇ ਹੈ. ਝਾਂਸੀ ਮਾਨਕਪੁਰ ਰੇਲਵੇ (ਜੀ. ਆਈ. ਪੀ. ) ਰਾਹੀਂ ਇੱਥੇ ਪਹੁੰਚੀਦਾ ਹੈ. ਬੁੰਦੇਲਾ

ਜਾਤਿ ਦੇ ਰਤਨ, ਰਾਜਾ ਵਿਕ੍ਰਮਾਜੀਤ ਨੇ ਇੱਥੋਂ ਰਾਜਧਾਨੀ ਬਦਲਕੇ ਸਨ ੧੭੮੩ ਵਿੱਚ ਟੀਕਮਗੜ੍ਹ ਲੈ ਆਂਦੀ. ਹੁਣ ਰਿਆਸਤ ਦਾ ਨਾਂਉਂ ਟੀਕਮਗੜ੍ਹ ਹੈ. ਕਈ ਰਿਆਸਤ ਓਰਛਾ ਭੀ ਆਖਦੇ ਹਨ. ਓਰਛਾ ਹੁਣ ਤਸੀਲ ਦਾ ਪ੍ਰਧਾਨ ਨਗਰ ਹੈ. ਦੇਖੋ, ਓਡਛਾ.

ਓਰਛੇਸ: ਓਰਛਾ- ਈਸ਼. ਓਰਛਾ ਦਾ ਰਾਜਾ.

ਓਰੜਨਾ: ਕਿ- ਉਮਡਨਾ. ਉਮੱਗਣਾ. "ਓਰੜ ਫੌਜਾਂ ਆਈਆਂ." (ਚੰਡੀ ੩) ੨. ਲਪਕਣਾ. ਝਪਕਣਾ. ਵੈਰੀ ਦੀ ਓਰ (ਤਰਫ) ਅੜਨਾ. ਮੁਕਾਬਲੇ ਲਈ ਵਧਣਾ.

ਓਰਾ: ਸੰਗਜਾ- ਖੇਤ ਵਿੱਚ ਹਲ ਨਾਲ ਕੱਢੀ ਹੋਈ ਰੇਖਾ. ਸਿਆੜ। ੨. ਉਪਲ. ਗੜਾ. ਓਲਾ. "ਓਰਾ ਗਰਿ ਪਾਨੀ ਭਇਆ." (ਸ. ਕਬੀਰ) "ਓਰੇ ਸਮ ਗਾਤ ਹੈ." (ਜੈਜਾ ਮ: ੯) ੩. ਦੇਖੋ, ਓਲਾ ੨। ੪. ਉਰਲਾ ਪਾਸਾ. ਉਰਾਰ.

ਓਰੁ: ਓੜਕ. ਦੇਖੋ, ਓਰ ੪. "ਕਥਨੀ ਕਥਉ ਨ ਆਵੈ ਓਰੁ." (ਗਉ ਅ: ਮ: ੧)

ਓਰੇਭਰ ਮੀਂਹ: ਸੰਗਜਾ- ਇਤਨਾ ਮੀਂਹ ਜਿਸ ਨਾਲ ਵਾਹਣ ਦੇ ਓਰੇ ਭਰੇ ਜਾਣ. ਐਸਾ ਮੀਂਹ ਬਿਜਾਈ ਵਾਸਤੇ ਕਾਫੀ ਸਮਝਿਆ ਜਾਂਦਾ ਹੈ.

ਓਰੈ: ਕ੍ਰਿ. ਵਿ- ਇਸ ਪਾਸੇ. ਉਰੇ. "ਸਚਹੁ ਓਰੈ ਸਭੁਕੋ." (ਸ੍ਰੀ ਅ: ਮ: ੧) ੨. ਹੋਰ ਨੇ. ਦੂਸਰੇ ਨੇ. "ਓਰੈ ਕਛੂ ਨ ਕਿਨਹੂ ਕੀਆ." (ਬਾਵਨ)

ਓਲ: ਸੰ. ਕ੍ਰੋਲ. ਸੰਗਜਾ- ਜ਼ਿਮੀਕੰਦ. ਸੂਰਣ। ੨. ਪੂਰ. ਸੰਗਜਾ- ਪੱਲਾ. ਝੋਲੀ. "ਪਾਇ ਓਲ ਮੇ ਧਨ ਕੀ ਥਾਤੀ." (ਨਾਪ੍ਰ) ੩. ਗੋਦੀ. ਉਛੰਗ। ੪. ਓਟ. ਆੜ. ਓਲ੍ਹਾ। ੫. ਸ਼ਰਣ. ਪਨਾਹ। ੬. ਗਹਿਣੇ ਧਰੀ (ਪਾਈ) ਵਸਤ. ਰਹਿਨ ਕੀਤੀ ਚੀਜ। ੭. ਕੂਤ. ਖੇਤ ਦੀ ਫਸਲ ਦਾ ਅੰਦਾਜ਼ਾ.

ਓਲਗ: ਮਰਾ. ਉਲਗ. ਸੰਗਜਾ- ਜੂਠ. ਸ਼ੀਤਪ੍ਰਸਾਦ.

ਓਲਗ ਓਲਗਣੀ: ਜੂਠ ਸਾਫ ਕਰਨੀ. ਜੂਠੇ ਭਾਂਡੇ ਮਾਂਜਣੇ. "ਸੰਤ ਆਚਾਰਣ ਸੰਤ ਚੋ ਮਾਰਗ, ਸੰਤਚ ਓਲਗ ਓਲਗਣੀ." (ਆਸਾ ਰਵਿਦਾਸ) ਦੇਖੋ, ਉਲਗਣੇ ਅਤੇ ਓਲਗ.

ਓਲਗੀ: ਥਲੀ. ਸੰਗਜਾ- ਲਾਗੀ. ਕੰਮੀ. ਕਿਸੇ ਦੇ ਆਸਰੇ ਗੁਜ਼ਾਰਾ ਕਰਨ ਵਾਲਾ ਦਾਸ਼. "ਮੈਂ ਓਲਗੀਆ ਓਲਗੀ, ਹਮ ਛੋਰੂ ਥਾਰੇ." (ਆਸਾ ਅ: ਮ: ੧)

ਓਲਗੀਆ ਓਲਗੀ: ਦਾਸ਼ਾਨੁਦਾਸ਼. ਲਾਗੀਆਂ ਦਾ ਸੇਵਕ. ਦੇਖੋ. ਓਲਗੀ.

ਓਲਾ: ਸੰਗਜਾ- ਉਪਲ. ਗੜਾ. ਦੇਖੋ, ਓਰਾ। ੨. ਖੰਡ ਅਥਵਾ ਮਿਸ਼ਰੀ ਦਾ ਗੋਲ ਪਿੰਡ, ਜੋ ਸ਼ਰਬਤ ਕਰਨ ਲਈ ਵਰਤੀਦਾ ਹੈ। ੩. ਓਲ੍ਹਾ. ਆਸਰਾ. "ਜੀਅਰੇ ਓਲਾ ਨਾਮ ਕਾ." (ਗਉ ਮ: ੫) ੪. ਪੜਦਾ. ਓਟ.

ਓਲਾਮਾ: ਦੇਖੋ, ਉਪਾਲੰਭ ਅਤੇ ਉਲਾਮਾ. "ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ." (ਵਾਰ ਸੂਹੀ ਮ: ੧)

ਓਲੀ: ਸੰਗਜਾ- ਕਾਛੂ. ਕੂਤ ਕਰਨ ਵਾਲਾ. ਖੜੀ ਫਸਲ ਦੇ ਅੰਨ ਦਾ ਅੰਦਾਜ਼ਾ ਕਰਨ ਵਾਲਾ. "ਮੁਸਰਫ ਦਾਰ ਦਰੋਗੇ ਓਲੀ." (ਭਾਗੁ) ੨. ਅ਼ਰਬੀ ਭਾਸ਼ਾ ਦੇ "ਵਲੀ" ਸ਼ਬਦ ਤੋਂ ਭੀ ਇਹ ਬਣ ਸਕਦਾ ਹੈ. ਦੇਖੋ, ਵਲੀ। ੩. ਝੋਲੀ। ੪. ਇੱਕ ਖ਼ਾਕੀ ਰੰਗ ਦੀ ਚਿੜੀ, ਜਿਸ ਨੂੰ ਡੂਮਣੀ ਭੀ ਆਖਦੇ ਹਨ। ੫. ਸਿੰਧੀ. ਨੌਕਾ ਦਾ ਚੱਪਾ.

ਓਲੂ: ਸੰਗਜਾ- ਉਹ ਕੁੰਡ, ਜਿਸ ਵਿਚ ਵਗਦੇ ਖੂਹ ਦੇ ਪਾਣੀ ਦੀ ਧਾਰ ਪੈਂਦੀ ਹੈ. ਚਬੱਚਾ। ੨. ਡਿੰਗ. ਯਾਦ (ਚੇਤੇ) ਕਰਨ ਦੀ ਕ੍ਰਿਯਾ.

**ਓਲ੍ਹਗ:** ਦੇਖੋ, ਓਲਗ.

**ਓਲ੍ਹਾ:** ਸੰਗਜਾ- ਪੜਦਾ. ਓਟ। ੨. ਆਸਰਾ.

**ਓੜ:** ਸੰਗਜਾ- ਅੰਤ. ਹੱਦ. ਅਵਧਿ. "ਓੜ ਪਹੁਚਾਵਹੁ ਦਾਤੇ" (ਗਉ ਮਃ ੫) "ਤੈਸੀ ਨਿਬਹੈ ਓੜ." (ਸ. ਕਬੀਰ) ੨. ਓਟ. ਸ਼ਰਣ. "ਨਾਨਕ ਓੜ ਤੁਹਾਰੀ ਪਰਿਓ." (ਗਉ ਮਃ ੫) "ਮੈ ਆਹੀ ਓੜ ਤੁਹਾਰ." (ਗਉ ਅਃ ਮਃ ੫) ੩. ਓਰ. ਤਰਫ। ੪. ਮੌਤ। ੫. ਅੰਤਸਮਾ.

**ਓੜਕ:** ਸੰਗਜਾ- ਅੰਤ. ਹੱਦ. ਅਵਧਿ. "ਓੜਕ ਓੜਕ ਭਾਲਿ ਥਕੇ." (ਜਪੁ)

**ਓੜਕਿ:** ਕ੍ਰਿ. ਵਿ- ਅੰਤ ਨੂੰ. ਅਖੀਰ ਵਿੱਚ. "ਕੂੜ ਨਿਖੁਟੇ ਨਾਨਕਾ, ਓੜਿਕ ਸਚੁ ਰਹੀ." (ਵਾਰ ਰਾਮ ੧. ਮਃ ੧)

**ਓੜਕੁ:** ਦੇਖੋ, ਓੜਕ. "ਓੜਕੁ ਆਇਆ ਤਿਨ ਸਾਹਿਆ." (ਸ੍ਰੀ ਪਹਿਰੇ ਮਃ ੧)

**ਓੜਛਾ:** ਦੇਖੋ, ਓਰਛਾ.

**ਓੜਵ:** ਸੰ. ਔਡ਼ਵ. ਸੰਗਜਾ- ਪੰਜ ਸੁਰ ਦਾ ਰਾਗ. ਜੈਸੇ ਹਿੰਡੋਲ ਅਤੇ ਮਾਲਕੋਸ. ਦੇਖੋ, ਰਾਗ ਸ਼ਬਦ.

**ਅ:** ਪੰਜਾਬੀ ਵਰਣਮਾਲਾ ਦਾ ਦੂਜਾ ਸ੍ਵਰ ਅੱਖਰ. ਇਸ ਦਾ ਉੱਚਾਰਣ ਅਸਥਾਨ ਕੰਠ ਹੈ। ੨. ਸੰ. ਵਜ- ਨਾਉਂ ਅਤੇ ਵਿਸ਼ੇਸ਼ਣਾ ਦੇ ਮੁੱਢ ਲਗਕੇ ਇਹ ਨਿਸ਼ੇਧ, ਵਿਰੋਧ ਅਤੇ ਭਿੰਨ ਅਰਥ ਦਿੰਦਾ ਹੈ. ਜਿਵੇਂ ਅਕਾਲ, ਅਗਜਾਨ, ਅਧਰਮ, ਅਨੀਤਿ, ਅਨੇਕ ਆਦਿ ਸ਼ਬਦਾਂ ਵਿੱਚ ਹੈ। ੩. ਸੰ. ਸੰਗਜਾ- ਵਿਸ਼੍ਣੁ. ਜਗਤ। ੪. ਅਭਾਵ। ੫. ਅਗਨਿ। ੬. ਬ੍ਰਹਮਾ। ੭. ਵਿਸ਼ਨੁ। ੮. ਇੰਦ੍ਰ। ੯. ਪਵਨ। ੧੦. ਅਮ੍ਰਿਤ। ੧੧. ਯਸ਼ (ਜਸ). ੧੨. ਮਸਤਕ (ਮੱਥਾ). ੧੩. ਵਿ- ਰੱਛਕ (ਰਕਕ). ੧੪. ਸਹਾਇਕ.

**ਅਉ:** ਵਜ- ਅਤੇ. ਔਰ. ਦੋ ਸ਼ਬਦਾਂ ਦਾ ਯੋਜਕ (ਜੋੜਨ ਵਾਲਾ. ) "ਦੀਪਕ ਅਉ ਨਟ ਨਾਇਕ ਰਾਗ" (ਕ੍ਰਿਸਨਾਵ) ੨. ਸੰ. ਅਪ ਅਤੇ ਅਵ ਦੀ ਥਾਂ ਭੀ ਪੰਜਾਬੀ ਵਿੱਚ ਅਉ ਸ਼ਬਦ ਆਉਂਦਾ ਹੈ. ਜਿਵੇਂ- ਅਪਹਠ ਦੀ ਥਾਂ ਅਉਹਠ, ਅਵਗੁਣ ਦੀ ਥਾਂ ਅਉਗੁਣ, ਅਵਤਾਰ ਦੀ ਥਾਂ ਅਉਤਾਰ, ਅਵਧੂਤ ਦੀ ਥਾਂ ਅਉਧੂਤ ਆਦਿ। ੩. ਦੇਖੋ, ਅਉਹਠ.

**ਅਉਅਲ:** ਦੇਖੋ, ਅਵਲ.

**ਅਉਸਧ, ਅਉਸਧੀ:** ਦੇਖੋ, ਅਉਖਧ.

**ਅਉਸਰ, ਅਉਸਰੁ:** ਸੰ. ਅਵਸਰ. ਸੰਗਜਾ- ਸਮਾ. ਵੇਲਾ. ਮੌਕਾ. "ਅਉਸਰ ਬੀਤਿਓ ਜਾਤ ਹੈ." (ਤਿਲੰ ਮਃ ੯) "ਫਿਰਿ ਇਆ ਅਉਸਰੁ ਚਰੈ ਨ ਹਾਥਾ." (ਬਾਵਨ) ੨. ਜਿਗਜਾਸੂ ਦੀ ਤਸੱਲੀ ਲਈ ਕਹਿਆ ਹੋਇਆ ਜ਼ਰੂਰੀ ਵਾਕ। ੩. ਪ੍ਰਸ੍ਤਾਵ. ਪ੍ਰਸੰਗ। ੪. ਭਾਵ- ਮਨੁੱਖ ਜਨਮ ਦਾ ਸਮਾ ਅਤੇ ਮੁਕਤਿ ਪਾਉਣ ਦਾ ਮੌਕਾ. "ਅਉਸਰ ਕਰਹੁ ਹਮਾਰਾ ਪੂਰਾ ਜੀਉ." (ਮਾਝ ਮਃ ੫)

**ਅਉਸਾਫ:** ਅ਼ اوصاف ਔਸਾਫ਼. ਵਸਫ਼. ਦਾ ਬਹੁ ਵਚਨ. ਸਿਫਤਾਂ. ਵਡਿਆਈਆਂ. ਗੁਣ. ਖ਼ੂਬੀਆਂ.

**ਅਉਸੀ, ਅਉਂਸੀ:** ਦੇਖੋ ਔਂਸੀ.

**ਅਉਹਟ ਪਟਣ:** ਅਵਘਟ ਪੱਤਨ. ਉਹ ਪੱਤਣ, ਜਿਸ ਥਾਂ ਔਖਾ ਪਹੁਚਿਆ ਜਾਵੇ, ਭਾਵ- ਦਸਵਾਂ ਦੁਆਰ. "ਅਉਹਟ ਪਟਣ ਕੀ ਚੀਨੈ ਬਾਟ." (ਰਤਨਮਾਲਾ)

**ਅਉਹਠ:** ਸੰ. ਅਪਹਠ. ਸੰਗਜਾ- ਮੰਦ ਹਠ. ਅਯੋਗਜ ਹਨ. ਦੁਰਾਗ੍ਰਹ. "ਗਹਿ ਅਉਹਠ ਅਬਲਾ ਰਹੀ, ਮਾਨਜੋ ਬਚਨ ਨ ਏਕ." (ਰਾਮਾਵ) ੨. ਸੰ. ਅਵਹਿਤ. ਵਿ- ਲਿਵਲੀਨ. ਧਜਾਨਪਰਾਇਣ। ੩. ਸਾਵਧਾਨ। ੪. ਸੰ. ਅਪਹਤ. ਨਾਸ਼ ਕੀਤਾ ਹੋਇਆ. ਮਾਰਿਆ। ੫. ਹਟਾਇਆ ਹੋਇਆ। ੬. ਦੇਖੋ, ਅਉਹਠਿ.

**ਅਉਹਠਿ:** ਅਪਹਤ ਕਰਕੇ. ਛੱਡਕੇ. "ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲਧਾਰੀ." (ਰਾਮ ਅਃ ਮਃ ੧) ਜਿਸ ਨੇ ਪ੍ਰਿਥਿਵੀ ਅਤੇ ਅਕਾਸ਼ ਦੀ ਕਲਾ ਧਾਰਣ ਕੀਤੀ ਹੈ, ਉਸ ਕਰਤਾਰ ਨੂੰ ਆਪਣੀ ਹਸਤੀ (ਹੌਮੈ) ਤਜਾਗਕੇ ਰਿਦੇ ਵਿੱਚ ਵਸਾਇਆ ਹੈ। ੨. ਸੰ. ਅਪਹਤਿ. ਸੰਗਯਾ- ਖੰਡਨ. ਰੱਦ ਕਰਨ ਦੀ ਕ੍ਰਿਯਾ "ਅਉਹਠਿ ਹਸਤ ਮਹਿ ਭੀਖਿਆ ਜਾਚੀ." (ਪ੍ਰਭਾ ਮਃ ੧) ਅਸਤਯ ਨਿਸ਼ਚੇ ਦਾ ਖੰਡਨ ਰੂਪ, ਹੱਥ ਵਿੱਚਭਿਖ੍ਯਾ ਮੰਗੀ ਹੈ.

**ਅਉਹਰਣ:** ਸੰ. - ਅਪਹਰਣ. ਕ੍ਰਿ- ਚੁਰਾਉਣਾ। ੨. ਲੁੱਟਣਾ. ਦੇਖੋ, ਅਉਹੇਰੀ। ੩. ਲੁਕੋਣਾ. ਛੁਪਾਉਣਾ.

**ਅਉਹਾਣੀ:** ਵਿ- ਅਪਹਰਣੀਯ. ਅਪਹਾਰ ਯੋਗ੍ਯ. ਹਾਨਿ (ਨੁਕਸਾਨ) ਲਾਇਕ। ੨. ਚੁਰਾਉਣ ਯੋਗ੍ਯ। ੩. ਛੁਪਾਉਣ ਲਾਇਕ। ੪. ਆਯੁ- ਹਾਨਿ. ਜਿਸ ਦੀ ਆਯੁ (ਉਮਰ) ਸਮਾਪਤ ਹੋ ਗਈ ਹੈ. ਵਿਨਾਸ਼ ਹੋਣ ਵਾਲਾ. "ਓਹ ਅਉਹਾਣੀ ਕਦੇ ਨਾਹਿ, ਨਾ ਆਵੈ ਨਾ ਜਾਇ." (ਵਾਰ ਗੂਜ ੧. ਮਃ ੩)

**ਅਉਹਾਰ:** ਸੰ. ਅਪਹਾਰ. ਸੰਗਯਾ- ਚੋਰੀ, ਲੁੱਟ। ੨ ਛੁਪਾਉ. ਲੁਕਾਉ। ੩. ਹਾਨੀ. ਨੁਕਸਾਨ. "ਬਿਨੁ ਮੁਕੰਦ ਤਨੁ ਹੁਇ ਅਉਹਾਰ." (ਗੌਂਡ ਰਵਿਦਾਸ) ੪. ਸੰ. ਅਵਹਾਰ ਚੋਰ। ੫. ਨਾਕੂ. ਘੜਿਆਲ. ਮਗਰਮੱਛ। ੬. ਸੱਦਾ. ਬੁਲਾਵਾ.

**ਅਉਹੇਰਣ:** ਸੰ. ਅਵਹੇਲਨ. ਸੰਗਯਾ- ਅਵਗ੍ਯਾ ਕਰਨਾ ੨. ਅਪਮਾਨ (ਨਿਰਾਦਰ) ਕਰਨਾ। ੩. ਦੇਖੋ, ਅਉਹਰਣ। ੪. ਦੇਖੋ, ਅਵਹੇਰਣ.

**ਅਉਹੇਰੀ:** ਅਵਹੇਲਨ ਕਰੀ. ਅਪਮਾਨਿਤ ਕੀਤੀ. "ਖਸਮਿ ਦੁਹਾਗਣਿ ਤਜਿ ਅਉਹੇਰੀ." (ਗੌਂਡ ਕਬੀਰ) ਪਤੀ ਨੇ ਦੁਹਾਗਣ ਨਿਰਾਦਰ ਕਰਕੇ ਛੱਡ ਦਿੱਤੀ ਹੈ। ੨. ਅਪਹਰਣ (ਲੁੱਟਣ) ਵਾਲੀ. ਲੁਟੇਰੀ. "ਸਗਲ ਮਾਹਿ ਨਕਟੀ ਕਾ ਵਾਸਾ, ਸਗਲ ਮਾਰਿ ਅਉਹੇਰੀ." (ਆਸਾ ਕਬੀਰ)

**ਅਉਹੇਲਨ:** ਦੇਖੋ, ਅਉਹੇਰਣ ਅਤੇ ਅਵਹੇਲਨ.

**ਅਉਖ:** ਸੰਗਯਾ- ਅ- ਸੁਖ. ਕਠਿਨਾਈ. ਔਖ। ੨. ਦੁੱਖ. ਕਲੇਸ਼। ੩. ਮੁਸੀਬਤ. ਵਿਪਦਾ। ੪. ਫ਼ਾ اوخ ਸ਼ੋਕ. ਅਫ਼ਸੋਸ. ਰੰਜ.

**ਅਉਖਦ, ਅਉਖਦਿ, ਅਉਖਦੀ, ਅਉਖਦੁ, ਅਉਖਧ, ਅਉਖਧਿ, ਅਉਖਧੀ, ਅਉਖਧੁ:** ਸੰ. ਓਸ਼ਧਿ. ਓਸ਼ਧਿ. ਸੰਗਯਾ- ਜੋ ਚਮਕ ਧਾਰਣ ਕਰੇ. ਬੂਟੀ. ਜੜੀ। ੨. ਔਸ਼ਧ- ਔਸ਼ਧ. ਸੰਗਯਾ- ਓਸ਼ਧਿ (ਬੂਟੀ) ਤੋਂ ਬਣਾਈ ਵਸਤੁ। ੩. ਦਵਾ. ਦਾਰੂ. ਰੋਗ ਦਾ ਨਾਸ਼ ਕਰਨ ਵਾਲੀ ਵਸਤੁ, ਭਾਵੇਂ ਬੂਟੀ ਤੋਂ ਬਣੀ ਹੋਵੇ ਭਾਵੇਂ ਧਾਤੁ ਆਦਿਕ ਤੋਂ, "ਅਵਰ ਨਾ ਅਉਖਧੁ ਤੰਤ ਨ ਮੰਤਾ." (ਆਸਾ ਅਃ ਮਃ ੧) "ਸਭ ਅਉਖਧ ਦਾਰੂ ਲਾਇ ਜੀਉ." (ਆਸਾ ਛੰਤ ਮਃ ੪) ਤਮਾਮ ਬੂਟੀਆਂ ਅਤੇ ਧਾਤੁ ਆਦਿ ਦਵਾਈਆਂ.

**ਅਉਖਾ:** ਵਿ- ਦੇਖੋ, ਅਉਖ. ਕਠਿਨ. ਮੁਸ਼ਕਿਲ। ੨. ਵ੍ਯਾਕੁਲ. ਘਬਰਾਇਆ ਹੋਇਆ। ੩. ਦੁਖੀ. "ਅਉਖਾ ਜਗ ਮਹਿ ਹੋਇਆ." (ਵਾਰ ਗਉ ੧, ਮਃ ੪)

**ਅਉਖੀ ਘੜੀ:** ਅਸੁਖ ਦੀ ਘੜੀ, ਮੁਸੀਬਤ ਦਾ ਸਮਾ. ਦੁੱਖ ਦਾ ਵੇਲਾ. "ਅਉਖੀ ਘੜੀ ਨ ਦੇਖਣ ਦੇਈ." (ਧਨਾ ਮਃ ੫)

**ਅਉਖੀਵਨ, ਅਉਖੀਵਨਾ:** ਕ੍ਰਿ- ਅਸੁਖੀ ਹੋਣਾ. ਦੁਖੀ ਹੋਣਾ. ਕਠਿਨਾਈ ਵਿੱਚ ਪੈਣਾ। ੨. ਅਪ- ਕੀਵਨ. ਨਸ਼ੇ ਦੀ ਤੋਟ ਵਿੱਚ ਹੋਣਾ, ਅਮਲ ਦੇ ਉਤਰਾਉ ਦੀ ਦਸ਼ਾ ਹੋਣੀ. "ਮਾਤਿਆ ਹਰਿਰਸ ਮਹਿ ਰਾਤੇ, ਤਿਸ ਬਹੁੜਿ ਨ ਕਬਹੂ ਅਉਖੀਵਨਾ." (ਮਾਰੂ ਅਃ ਮਃ ੫)

**ਅਉਗਣ, ਅਉਗਨ:** ਸੰ. ਅਵਗੁਣ. ਸੰਗਯਾ- ਗੁਣ ਦੇ ਵਿਰੁੱਧ. ਦੋਸ਼. ਐਬ. "ਅਉਗਣ ਕਟਿ ਮੁਖੁ ਉਜਲਾ." (ਵਾਰ ਰਾਮ ੨. ਮਃ ੫) ੨. ਅਪਰਾਧ. ਗੁਨਾਹ.

**ਅਉਗਾਨ:** ਵਿ- ਆਗੂ. ਅਗਵਾਈ ਕਰਨ ਵਾਲਾ. "ਕੁਦਰਤ ਕੇ ਅਉਗਾਨ." (ਮਃ ੧. ਬੰਨੋ)

ਅਉਗੁਣ: ਅਵਗੁਣ. ਦੇਖੋ, ਅਉਗਣ. "ਅਉਗੁਣ ਸਬਦਿ ਜਲਾਏ." (ਵਡ ਮਃ ੩)

ਅਉਗੁਣਿਆਰਾ, ਅਉਗੁਣਿਆਰੀ: ਵਿ- ਅਵਗੁਣ ਵਾਲਾ, ਵਾਲੀ. "ਅਉਗੁਣਿਆਰੇ ਕਉ ਗੁਣ." (ਆਸਾ ਅਃ ਮਃ ੧) "ਅਉਗੁਣਿਆਰੀ ਕੰਤ ਨ ਭਾਵੈ" (ਮਾਰੂ ਸੋਲਹੇ ਮਃ ੩)

ਅਉਗੁਣ, ਅਉਗੁਨ: ਦੇਖੋ, ਅਉਗਣ ਅਤੇ ਅਉਗੁਣ.

ਅਉਗੁਨਿ, ਅਉਗੁਨੀ: ਵਿ- ਅਵਗੁਣ ਵਾਲਾ. ਦੋਸ਼ੀ। ੨. ਕ੍ਰਿ. ਵਿ- ਅਵਗੁਣਾਂ ਕਰਕੇ, ਅਵਗੁਣਾਂ ਨਾਲ.

ਅਉਘ: ਦੇਖੋ, ਓਘ ਅਤੇ ਔਘ.

ਅਉਘਟ: ਸੰ. ਅਵਘੱਟ. ਵਿ- ਅਟਪਟਾ. ਵਿਖੜਾ. ਔਖਾ. "ਅਉਘਟ ਰੁਧੇ ਰਾਹ." (ਵਾਰ ਮਲਾ ਮਃ ੧) ੨. ਸੰਗਯਾ- ਕਠਿਨਾਈ. ਔਖ. ਮੁਸੀਬਤ. "ਜਿਥੈ ਅਉਘਟ ਆਇ ਬਨਤ ਹੈ ਪ੍ਰਾਣੀ." (ਮਾਰੂ ਸੋਲਹੇ ਮਃ ੫) ੩. ਔਖੀ ਘੜੀ. ਦੁਖਦਾਈ ਵੇਲਾ। ੪. ਦੇਖੋ, ਘਟ.

ਅਉਘਟ ਘਾਟ: ਵਿ- ਅਵਘੱਟ ਘਾਟ. ਕਠਿਨ ਮਾਰਗ. ਦੁਰਗਮ ਮਾਰਗ. ਔਖਾ ਰਾਹ. ਵਿਖਮ ਘਾਟ. "ਆਗੈਂ ਅਉਘਟ ਘਾਟ." (ਸ. ਕਬੀਰ) ਦੇਖੋ, ਅਉਘਟ.

ਅਉਘੜ: ਸੰਗਯਾ- ਅਪ- ਘਰ. ਅਪਗ੍ਰਿਹ. ਜਿਸਨੇ ਘਰਬਾਰ ਤਿਆਗ ਦਿੱਤਾ ਹੈ. ਅਵਧੂਤ. "ਅਉਘੜ ਅਪਨੋ ਨਾਮ ਕਹਾਯੋ." (ਨਾਪ੍ਰ) ੨. ਅਘੋਰ (ਸ਼ਿਵ) ਦਾ ਉਪਾਸਕ. ਸ਼ੈਵ. ਅਘੋਰੀ। ੩. ਜੋਗੀਆਂ ਦਾ ਇੱਕ ਫਿਰਕਾ. ਅਉਘੜ ਜੋਗੀ ਗਲ ਵਿੱਚ ਨਾਦ (ਸਿੰਗੀ) ਅਤੇ ਸੇਲੀ ਪਹਿਨਦੇ ਹਨ. ਨਾਉਂ ਦੇ ਅੰਤ ਨਾਥ ਪਦ ਵਰਤਦੇ ਹਨ. ਮੱਥੇ ਤੇ ਭਸਮ ਦਾ ਤ੍ਰਿਸ਼ੂਲ ਚਿੰਨ੍ਹ ਲਾਉਂਦੇ ਹਨ. ਇਸ ਮਤ ਦਾ ਪ੍ਰਚਾਰਕ ਬ੍ਰਹਮਗਿਰਿ ਸੰਨਯਾਸੀ ਹੋਇਆ ਹੈ. ਅਉਘੜਾਂ ਦਾ ਮੁੱਖ ਅਸਥਾਨ ਗੋਰਖਪੁਰ ਵਿੱਚ ਹੈ.

ਅਉਚਰ: ਵਿ- ਅਭੱਖ. ਨਾ ਚਰਣ (ਖਾਣ) ਯੋਗਯ."ਪਿੰਡ ਅਪਰਚੇ ਅਉਚਰ ਚਾਰਾ." (ਭਾਗੁ) ਗੁਰੁਮਤ ਵਿੱਚ ਜਿਨ੍ਹਾਂ ਲੋਕਾਂ ਦਾ ਪਰਿਚਯ ਨਹੀਂ, ਉਨ੍ਹਾਂ ਦਾ ਅਭੱਖ ਭੋਜਨ ਖਾਧਾ ਹੈ। ੨. ਜੋ ਚਰਿਆ ਨਾ ਜਾ ਸਕੇ. ਜਿਸ ਦਾ ਖਾਣਾ ਪੀਣਾ ਦੁਰਲਭ ਹੈ, ਦੇਖੋ, ਔਚਰ ਚਰਣਾ.

ਅਉਛਕ: ਸੰ. ਔਕ੍ਸ਼ਕ- ਔਖ਼ਕ. ਸੰਗਯਾ- ਉਖ਼ਾ (ਢੱਟ) ਵਾਲਾ ਬੈਲ। ੨. ਬਲਦਾਂ ਦਾ ਝੁੰਡ. "ਉਭੈ ਬ੍ਰਿਖਭ ਨਿਜ ਅਉਛਕ ਮਾਂਹੀ." (ਨਾਪ੍ਰ)

ਅਉਜ: ਸੰ. ਔਜ- ਓਜ. ਸੰਗਯਾ- ਬਲ. ਜ਼ੋਰ. "ਤੌਨ ਸਮੇ ਅਤਿ ਅਉਜ ਜਨਾਯੋ." (ਕ੍ਰਿਸਨਾਵ) ੨. ਦੇਖੋ, ਔਜ.

ਅਉਜਾਤਿ: ਅਪ- ਜਾਤਿ. ਸੰਗਯਾ- ਨੀਚ ਜਾਤਿ. ਨੀਚ ਕੁਲ। ੨. ਵਿ- ਨੀਚ ਕੁਲ ਦਾ. ਨੀਚ ਜਾਤਿ ਵਾਲਾ. "ਅਉਜਾਤਿ ਰਵਦਾਸ ਚਮਿਆਰ ਚਮਈਆ." (ਬਿਲਾ ਅਃ ਮਃ ੪)

ਅਉਝੜ: ਸਿੰਧੀ ਅਵਝੜੁ. ਸੰਗਯਾ- ਘੋਰ ਜੰਗਲ. ਅਜਿਹਾ ਸੰਘਣਾ ਬਨ, ਜਿਸ ਵਿੱਚ ਰਾਹ ਨਾ ਲੱਭੇ। ੨. ਵਿ- ਗੁਮਰਾਹ.

ਅਉਝੜਿ: ਅਵਝੜ ਵਿਚ. ਡਰਾਉਣੇ ਬਨ ਵਿੱਚ.

ਅਉਝੜੁ: ਦੇਖੋ, ਅਉਝੜ.

ਅਉਟਾਨਾ: ਦੇਖੋ, ਔਟਾਉਣਾ.

ਅਉਤ: ਸੰ. ਅਪੁਤ੍ਰ. ਵਿ- ਜਿਸ ਦੇ ਔਲਾਦ ਨਹੀਂ. ਸੰਤਾਨ ਰਹਿਤ. "ਅਉਤ ਜਣੇਦਾ ਜਾਇ." (ਵਾਰ ਰਾਮ ੧. ਮਃ ੧)

ਅਉਤਰ: ਸੰ. ਅਵਤਾਰ ਸੰਗਯਾ- ਜਨਮ. ਸ਼ਰੀਰ ਧਾਰਨਾ. ਦੇਖੋ, ਅਉਤਰਣ। ੨. ਵਿ- ਅਪੁਤ੍ਰ. ਔਤ੍ਰ.

**ਅਉਤਰਣ:** ਸੰ. ਅਵਤਰਣ. ਸੰਗਯਾ- ਨਕ਼ਲ. ਉਤਾਰਾ। ੨. ਉੱਪਰੋਂ ਹੇਠ ਆਉਣ ਦੀ ਕ੍ਰਿਯਾ. ਉਤਰਨਾ। ੩. ਜਨਮ ਲੈਣਾ. ਸ਼ਰੀਰ ਧਾਰਨਾ. "ਅਉਤਰਿਆ ਅਉਤਾਰ ਲੈ." (ਵਾਰ ਰਾਮ ੩) "ਸਰਪਨਿ ਹੋਇਕੈ ਅਉਤਰੈ." (ਸ. ਕਬੀਰ)

**ਅਉਤਰਾ:** ਅਪੁਤ੍ਰ. ਔਤ੍ਰਾ. ਦੇਖੋ, ਅਉਤ.

**ਅਉਤਰਾਸੀ:** ਅਵਤਰਣ ਹੋਵਸੀ. ਅਵਤਾਰ ਧਾਰੇਗਾ। ੨. ਅਵਤਰਣ ਹੁੰਦਾ ਹੈ. ਜਨਮ ਧਾਰਦਾ ਹੈ. "ਮਛੁ ਕਛੁ ਕੂਰਮੁ ਆਗਿਆ ਅਉਤਰਾਸੀ." (ਮਾਰੂ ਸੋਲਹੇ ਮਃ ੫)

**ਅਉਤਰਿਆ:** ਦੇਖੋ, ਅਉਤਰਣ.

**ਅਉਤਰੈ:** ਦੇਖੋ, ਅਉਤਰਣ.

**ਅਉਤਾਕੁ:** ਫ਼ਾ. اوطاق ਓਤ਼ਾਕ. ਸੰਗਯਾ- ਘਰ। ੨. ਖ਼ੇਮਾ. ਤੰਬੂ। ੩. ਸਿੰਧੀ- ਮਨੁੱਖਾਂ ਦੀ ਬੈਠਕ (ਨਿਸ਼ਸਤਗਾਹ). "ਕਿਥੈ ਘਰੁ ਅਉਤਾਕੁ." (ਸੂਹੀ ਅਃ ਮਃ ੧) ਕਿੱਥੇ ਜ਼ਨਾਨਖ਼ਾਨੇ ਅਤੇ ਦੀਵਾਨਖ਼ਾਨੇ। ੪. ਨਿਵਾਸ. ਰਹਿਣ ਦਾ ਭਾਵ. "ਦੁਖ ਭੁਖ ਦਾਲਦ ਘਣਾ ਦੋਜਕ ਅਉਤਾਕ." (ਭਾਗੁ). ਦੇਖੋ, ਓਤਾਕ। ੫. ਅ਼ عتاق. ਉਤਾਕ਼ ਅਥਵਾ ਇ਼ਤਾਕ਼. ਇਹ ਅ਼ਤੀਕ਼. ਦਾ ਬਹੁ ਵਚਨ ਹੈ. ਸ਼ਰੀਫ ਲੋਕ. ਭਲੇ ਮਾਣਸ। ੬. ਉਮਰਾ. ਅਮੀਰ ਲੋਕ। ੭. ਉੱਤਮ ਜਾਤਿ ਦੇ ਘੋੜੇ ਅਤੇ ਬਾਜ਼ ਆਦਿਕ ਜੀਵ.

**ਅਉਤਾਰ:** ਸੰ. ਅਵਤਾਰ. ਸੰਗਯਾ- ਜਨਮ ਧਾਰਨਾ। ੨. ਉੱਪਰੋਂ ਹੇਠ ਆਉਣ ਦੀ ਕ੍ਰਿਯਾ। ੩. ਹਿੰਦੂਮਤ ਅਨੁਸਾਰ ਕਿਸੇ ਦੇਵਤਾ ਦਾ ਮਨੁੱਖ ਆਦਿ ਪ੍ਰਾਣੀਆਂ ਦੀ ਦੇਹ ਵਿੱਚ ਪ੍ਰਗਟਣਾ. "ਹੁਕਮਿ ਉਪਾਏ ਦਸ ਅਉਤਾਰਾ." (ਮਾਰੂ ਸੋਲਹੇ ਮਃ ੧) ਦੇਖੋ, ਚੌਬੀਸ ਅਵਤਾਰ ਅਤੇ ਦਸ ਅਵਤਾਰ.

**ਅਉਥਾੜੇ:** ਦੇਖੋ. ਉਥਾਰਾ.

**ਅਉਦਾਸ:** ਸੰ. ਉਦਾਸੀਨ. ਵਿ- ਉਪਰਾਮ. ਵਿਰਕ੍ਤ. "ਧਰ ਏਕ ਆਸ ਅਉਦਾਸ ਚਿੱਤ." (ਦੱਤਾਵ)

**ਅਉਧ:** ਸੰ. ਅਯੋਧ੍ਯਾ. ਸੰਗਯਾ- ਕੋਸ਼ਲ ਦੇਸ਼ ਦੀ ਪ੍ਰਧਾਨ ਨਗਰੀ, ਜੋ ਰਾਮ ਚੰਦ੍ਰ ਜੀ ਦੀ ਰਾਜਧਾਨੀ ਸੀ. "ਅਉਧ ਤੇ ਨਿਸਰ ਚਲੇ ਲੀਨੇ ਸੰਗ ਸੂਰ ਭਲੇ." (ਰਾਮਾਵ) ਦੇਖੋ, ਅਯੋਧ੍ਯਾ। ੨. ਅਯੋਧ੍ਯਾ ਦੇ ਆਸ ਪਾਸ ਦਾ ਦੇਸ਼. ਕੋਸ਼ਲ ਦੇਸ਼ ਦੇਖੋ, ਕੋਸ਼ਲ। ੩. ਸੰ. ਅਵਧਿ. ਹੱਦ. ਸੀਮਾ। ੪. ਜੀਵਨ ਦੀ ਮਯਾਦ. ਉਮਰ. ਆਯੁ. "ਅਉਧ ਘਟੈ ਦਿਨਸੁ ਰੈਣਾ ਰੇ" (ਸੋਹਿਲਾ)

**ਅਉਧਘਨੇਰੀ:** ਵਡੀ ਉਮਰ। ੨. ਵ੍ਯੰਗ- ਸਮਾਪਤੀ. ਖ਼ਾਤਮਾ. ਜਿਵੇਂ- ਦੀਵਾ ਵਡਾ ਕਰਨਾ, ਬੁਝਾਉਣਾ ਅਰਥ ਵਿੱਚ ਹੈ. "ਦੁਸਟ ਸਭਾ ਮਿਲਿ ਮੰਤ੍ਰ ਉਪਾਇਆ ਕਰਸਹਿ ਅਉਧ ਘਨੇਰੀ." (ਭੈਰ ਨਾਮਦੇਵ) ਭਾਵ- ਪ੍ਰਹਲਾਦ ਦਾ ਵਿਨਾਸ਼ ਕਰਾਂਗੇ.

**ਅਉਧੜੀ:** ਸੰਗਯਾ- ਧੌੜੀ. ਗਾਂ ਅਤੇ ਮਹਿਂ ਦੀ ਰੰਗੀ- ਹੋਈ ਖੱਲ। ੨. ਅਵਧਿ. ਉਮਰ. ਆਯੁ.

**ਅਉਧਿ:** ਅਵਧਿ. ਦੇਖੋ, ਅਉਧ ੩.

**ਅਉਧੂ:** ਸੰ. ਅਵਧੂਤ. ਅਵਧੂਨਨ ਕਰਨ ਵਾਲਾ. ਸੰਸਕ੍ਰਿਤ ਵਿੱਚ ਅਵਧੂਨਨ ਦਾ ਅਰਥ ਕੰਬਾਉਣਾ- ਝਾੜਨਾ- ਪਛਾੜਨਾ ਹੈ. ਜੋ ਵਿਕਾਰਾਂ ਨੂੰ ਝਾੜਕੇ ਪਰੇ ਸਿੱਟੇ, ਉਹ ਅਵਧੂਤ ਹੈ. ਜੋ ਵਿਰਕਤ ਮਿੱਟੀ ਸੁਆਹ ਵਿੱਚ ਰਾਤ ਨੂੰ ਲੇਟਦਾ ਹੈ ਅਤੇ ਸਵੇਰੇ ਉਠਕੇ ਸਰੀਰ ਤੋਂ ਗਰਦ ਝਾੜਕੇ ਚਲਦਾ ਹੈ, ਉਹ ਭੀ ਅਵਧੂਤ ਸਦਾਉਂਦਾ ਹੈ। ੨. ਸੰਨ੍ਯਾਸੀ. "ਬਿਨ ਸਬਦੇ ਰਸ ਨ ਆਵੈ, ਅਉਧੂ!" (ਸਿਧਗੋਸਟਿ)

**ਅਉਧੂਤ:** ਦੇਖੋ, ਅਉਧੂ. "ਸੋ ਅਉਧੂਤ ਐਸੀ ਮਤਿ ਪਾਵੈ." (ਰਾਮ ਮਃ ੧)

**ਅਉਧੂਤੀ:** ਵਿ- ਅਵਧੂਤਮਤ ਧਾਰੀ. ਤ੍ਯਾਗੀ. ਵਿਰਕ੍ਤ. "ਨਾ ਅਉਧੂਤੀ ਨਾ ਸੰਸਾਰੀ." (ਰਾਮ ਅਃ ਮਃ ੧) ੨. ਅਵਧੂਤ ਜੇਹਾ ਨੰਗਾ. ਨਿਰਧਨ. ਕੰਗਾਲ. "ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ." (ਵਾਰ ਸਾਰ ਮਃ ੧)

ਅਉਧੂਤੁ: ਦੇਖੋ, ਅਉਧੂਤ.

ਅਉਧੇਸ: ਅਯੋਧ੍ਯਾ- ਈਸ਼. ਅਵਧ- ਈਸ਼. ਸੰਗ੍ਯਾ- ਦਸ਼ਰਥ. "ਉਰਧ ਗੇ ਅਉਧੇਸ." (ਰਾਮਾਵ) ਊਰਧਲੋਕ (ਸੁਰਗ) ਨੂੰ ਰਾਜਾ ਦਸ਼ਰਥ ਗਏ। ੨. ਵਿ- ਅਯੋਧ੍ਯਾ ਦਾ ਰਾਜਾ.

ਅਉਰ: ਵ੍ਯ- ਔਰ. ਅਤੇ. ਦੋ ਸ਼ਬਦਾਂ ਨੂੰ ਜੋੜਨ ਵਾਲਾ ਸ਼ਬਦ. "ਦਾਨਵ ਅਉਰ ਦੇਵ ਮਿਲ ਸਬਹਿਨ." (ਸਲੋਹ) ੨. ਸੰ. ਅਪਰ. ਵਿ- ਪਹਿਲਾ। ੩. ਪਿਛਲਾ। ੪. ਦੂਜਾ. ਅਨ੍ਯ. ਹੋਰ. "ਅਉਰ ਸਗਲ ਜਗੁ ਮਾਇਆ ਮੋਹਿਆ." (ਗਉ ਮਃ ੯) "ਅਉਰ ਧਰਮ ਤਾਕੈ ਸਮ ਨਾਹਨ." (ਸੋਰ ਮਃ ੯)

ਅਉਰਤ: ਫ਼ਾ عَورت ਔਰਤ. ਸੰਗ੍ਯਾ- ਉਹ ਚੀਜ਼, ਜੋ ਛੁਪਾਉਣ (ਲੁਕੋਣ) ਲਾਇਕ ਹੋਵੇ। ੨. ਭਾਵ- ਇਸਤ੍ਰੀ. ਜਨਾਨੀ. ਤੀਮੀ. ਨਾਰੀ. ਤ੍ਰੀਮਤ. "ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮਾਰੇ." (ਪ੍ਰਭਾ ਕਬੀਰ) ੩. ਭਾਰਯਾ. ਜੋਰੂ. ਵਹੁਟੀ. "ਸੁੰਨਤਿ ਕੀਏ ਤੁਰਕੁ ਜੇ ਹੋਇਗਾ, ਅਉਰਤ ਕਾ ਕਿਆ ਕਰੀਐ?" (ਆਸਾ ਕਬੀਰ) ੪. ਭਗ. ਯੋਨਿ.

ਅਉਰਾਤ: ਬਹੁ ਵਚਨ ਅਉਰਤ ਦਾ. "ਦਸ ਅਉਰਾਤ ਰਖਹੁ ਬਦਰਾਹੀ." (ਮਾਰੂ ਸੋਲਹੇ ਮਃ ੫) ਇਸ ਥਾਂ ਔਰਾਤ ਤੋਂ ਭਾਵ ਦਸ਼ ਇੰਦ੍ਰੀਆਂ ਦਾ ਹੈ.

ਅਉਰੁ: ਦੇਖੋ, ਅਉਰ. "ਹਰਿ ਬਿਨੁ ਅਉਰੁ ਨ ਦੇਖਾ." (ਸੋਰ ਕਬੀਰ)

ਅਉਰੰਗ, ਅਉਰੰਗਾ: ਸਿੱਖਇਤਿਹਾਸ ਵਿੱਚ ਇਹ ਨਾਉਂ ਬਾਦਸ਼ਾਹ ਔਰੰਗਜ਼ੇਬ ਲਈ ਆਏ ਹਨ. ਦੇਖੋ, ਔਰੰਗ ਅਤੇ ਔਰੰਗਜ਼ੇਬ. "ਤਬ ਅਉਰੰਗ ਮਨ ਮਾਹਿ ਰਿਸਾਵਾ." (ਵਿਚਿਤ੍ਰ)

ਅਉਲ: ਦੇਖੋ, ਅੱਵਲ। ੨. ਦੇਖੋ, ਆਵਲ। ੩. ਦੇਖੋ, ਅਉਲਿ। ੪. ਜੱਟਾਂ ਦਾ ਇੱਕ ਗੋਤ.

ਅਉਲਿ, ਅਉਲੀਆ: ਅ਼. اولیا ਇਹ ਬਹੁ ਵਚਨ ਹੈ ਵਲੀ ਦਾ. ਅ਼ਰਬੀ ਵਿੱਚ ਵਲੀ ਦਾ ਅਰਥ ਹੈ ਸ੍ਵਾਮੀ. ਮਾਲਿਕ. ਪਤੀ. ਭਰਤਾ. ਸਹਾਇਕ. ਮਿਤ੍ਰ. ਸਾਧੁ. ਧਰਮ ਦਾ ਆਗੂ. "ਅਵਲਿ ਅਉਲਿ ਦੀਨੁ ਕਰਿ ਮਿਠਾ." (ਵਾਰ ਮਾਝ ਮਃ ੧) "ਸੇਖ ਮਸਾਇਕ ਅਉਲੀਏ." (ਵਾਰ ਗੂਜ ੨, ਮਃ ੫)

ਅਉਲੰਗ: ਸੰਗ੍ਯਾ- ਕਲੰਕ. ਦਾਗ. "ਅਉਲੰਗ ਵਿਚਕਾਰਾ." (ਭਾਗੁ) ਚੰਦ੍ਰਮਾ ਵਿੱਚ ਕਲੰਕ ਹੈ.

ਅਉੜ: ਸੰਗ੍ਯਾ- ਅਵ੍ਰਿਸ਼੍ਟਿ. ਵਰਖਾ ਦੀ ਅਣਹੋਂਦ। ੨. ਸੋਕਾ. "ਅਉਂੜੀ ਅੱਕ ਸੁਫੁੱਲੀਂ ਭਰਿਆ." (ਭਾਗੁ) ਗ੍ਰੀਖਮ ਰੁੱਤ ਵਿੱਚ ਅੱਕ ਫੁੱਲਦਾ ਹੈ, ਵਰਖਾ ਵਿੱਚ ਮੁਰਝਾ ਜਾਂਦਾ ਹੈ.[39]

ਅਊਰਾ: ਵਿ- ਅਪੂਰਣ. ਨਾ ਮੁਕੰਮਲ। ੨. ਨਾ ਊਰਾ. ਪੂਰਣ.

ਅਊਰਿਆ: ਨਾ ਨ੍ਯੂਨਤਾ ਵਾਲਾ. ਜੋ ਅਪੂਰਣ ਨਹੀਂ ਹੈ। ੨. ਨ੍ਯੂਨ (ਘੱਟ) ਹਨ. "ਤੇਰਹ ਤਾਲ ਅਊਰਿਆ." (ਭਾਗੁ) ਜੋ ਸੰਗੀਤ ਦੇ ਤੇਰਾਂ ਤਾਲ ਹਨ ਉਹ ਅਪੂਰਣ ਹਨ.

ਅਇਆਣਾ: ਦੇਖੋ, ਅਇਆਨਾ.

ਅਇਆਨ: ਸੰ. अज्ञान- ਅਗ੍ਯਾਨ. ਅਵਿਦ੍ਯਾ. ਬੇਸਮਝੀ.

ਅਇਆਨਤ, ਅਇਆਨਥ: ਸੰ. ਅਗ੍ਯਾਨਤ੍ਵ. ਅਗ੍ਯਾਨ ਪੁਣਾ. ਅਗ੍ਯਾਨਤਾ.

ਅਇਆਨਾ: ਵਿ- ਅਗ੍ਯਾਨ ਵਾਲਾ. ਅਗ੍ਯਾਨੀ. ਅਬੋਧ। ੨. ਸੰਗ੍ਯਾ- ਬਾਲਕ, ਜਿਸ ਨੂੰ ਹਾਨਿ ਲਾਭ ਦਾ ਗ੍ਯਾਨ ਨਹੀਂ.

---

[39] ਅਰਕ ਜਵਾਸ ਪਾਤ ਬਿਨ ਭਇਊ. (ਤੁਲਸੀ)

ਅਇਆਲਿ, ਅਇਆਲੀ: ਸੰਗਜਾ- ਅਜਾਪਾਲੀ. ਅਯਾਲੀ. "ਦੁੰਬੇ ਤਹਿਂ ਅਇਆਲਿ ਚਰਾਇ." (ਨਾਪ੍ਰ)

ਅਈ: ਸੰ. ਅਯੰ. ਸਰਵ- ਯਹ. ਇਹ। ੨. ਕ੍ਰਿ ਵਿ- ਇਸ ਥਾਂ. ਏਥੇ. ਯਹਾਂ. ਉਰੇ। ੩. ਆਈ ਦਾ ਸੰਖੇਪ.

ਅਈਅੜ: ਦੇਖੋ, ਅੱਜੜ.

ਅਈਆ: ਕ੍ਰਿ. ਵਿ- ਆਕੇ. ਆਕਰ. "ਭਾਂਡੈ ਭਾਉ ਪਵੈ ਤਿਤੁ ਅਈਆ." (ਬਿਲਾ ਅਃ ਮਃ ੪)

ਅਈਏ: ਸੰ. ਅਯੰ. ਸਰਵ- ਇਹ. ਏਹ. ਯਹ। ੨. ਇਸ ਨੂੰ. ਭਾਵ- ਇਸ ਜਗਤ ਨੂੰ. "ਅਈਏ ਮਈਏ ਏਕ ਆਨ ਜੀਉ." (ਧਨਾ ਨਾਮਦੇਵ) ਇਸ ਸੰਸਾਰ ਨੂੰ ਅਤੇ ਮੇਰੇ ਤਾਂਈ ਇੱਕਰੂਪ ਮਨ ਵਿੱਚ ਲਿਆ (ਵਸਾ)[40]

ਅਏ: ਆਏ ਦਾ ਸੰਖੇਪ. "ਮਿਲਕੈ ਬਹੁ ਸਤ੍ਰ ਅਏ." (ਗੁਪ੍ਰਸੂ) ੨. ਸੰ. ਅਯੇ- ਅਯੇ. ਕੋਮਲ ਸੰਬੋਧਨ.

ਅਸ: ਸੰ. ਈਦ੍ਰਿਸ਼- ਈਦ੍ਰਿਸ਼ ਵਿ- ਅਜੇਹਾ. ਐਸਾ. "ਅਸ ਸੁੰਦਰ ਨਹਿ ਕੋਊ." (ਸਲੋਹ) ੨. ਕ੍ਰਿ- ਅਸ੍ਤਿ ਹੈ.

"ਬਾਂਹ ਗਹੇ ਕੀ ਲਾਜ ਅਸ." (ਰਾਮਾਵ) ੩ ਸੰਗਜਾ- ਤਲਾਵਰ. ਦੇਖੋ, ਅਸਿ. "ਸਾਂਗ ਸਰੋਹੀ ਸੈਫ ਅਸ." (ਸਨਾਮਾ) ੪. ਘੋੜਾ. ਦੇਖੋ, ਅਸ਼੍ਵ. "ਅਸਪਤਿ ਗਜਪਤਿ. "(ਤਿਲੰ ਨਾਮਦੇਵ) ੫. ਇੱਕ ਰਾਜੇ ਦਾ ਨਾਉਂ ਦੇਖੋ, ਧੁਨੀ (ੲ). ੬. ਫ਼ਾ. اش ਅਸ਼. ਸਰਵ- ਉਸ ਦਾ ਦੇ. "ਖ਼ਾਕੇ ਰਾਹਸ਼ ਤੂਤਯਾਏ ਚਸ਼ਮੇ ਮਾਸਤ." (ਜ਼ਿੰਦਗੀ) ਉਸ ਦੇ ਰਾਹ ਦੀ ਧੂੜੀ ਮੇਰੀਆਂ ਅੱਖਾਂ ਦਾ ਸੁਰਮਾ ਹੈ। ੭ ਸੰ. ਅਸ਼੍- ਅਸ਼. ਧਾ- ਫੈਲਨਾ. ਪਹੁੰਚਨਾ. ਪ੍ਰਾਪਤ ਕਰਨਾ, ਜਮਾ ਕਰਨਾ, ਭੋਗਣਾ, ਖਾਣਾ. ਇਸੇ ਧਾਤੁ ਤੋਂ ਰਾਸ਼ੀ, ਅਸ਼ਨ. ਅਸ਼੍ਵ ਆਦਿ ਸ਼ਬਦ ਬਣਦੇ ਹਨ। ੮. ਸੰ. ਅਸ੍- ਅਸ੍. ਧਾ- ਜਾਣਾ, ਚਮਕਣਾ, ਲੈਣਾ, ਹੋਣਾ, ਫੈਂਕਣਾ, ਛੱਡਣਾ, ਰੋਕਣਾ, ਨਿਕਾਲਣਾ, ਰੱਖਣਾ, ਕੱਟਣਾ, ਹਿੱਸੇ ਕਰਨਾ, ਮਿਲਾਉਣਾ. ਇਸੇ ਧਾਤੁ ਤੋਂ ਅਸਿ, ਅਸੁ, ਅਸੁਰ ਆਦਿ ਸ਼ਬਦ ਬਣਦੇ ਹਨ.

ਅਸਹ: ਸੰ. ਅਸਹਜ. ਵਿ- ਜੋ ਸਹਾਰਿਆ ਨਾ ਜਾਵੇ. ਜੋ ਬਰਦਾਸ਼ਤ ਨਾ ਹੋਸਕੇ. "ਅਸਹ ਦੁੱਖ ਭੋਗਤ ਬਿਲਲਾਵੈ." (ਗੁਪ੍ਰਸੂ)

ਅਸ਼ਹਦ: ਅ਼. اشہد ਸ਼ਹਾਦਤ ਦਾ. "ਕਲਮਾ ਅਸ਼ਹਦ ਆਖਕੈ." (ਮਗੋ) ਸ਼ਹਾਦਤ ਦਾ ਕਲਮਾ ਕਹਿਕੇ.

ਅਸਹਾਬ: ਸਾਹ਼ਿਬ ਦਾ ਬਹੁ ਵਚਨ। ੨. ਇਸਲਾਮ ਦੀਆਂ ਕਿਤਾਬਾਂ ਵਿੱਚ ਹਜਰਤ ਮੁਹੰਮਦ ਦੇ ਦੋਸਤਾਂ ਲਈ ਅਸਹਾਬ ਸ਼ਬਦ ਆਉਂਦਾ ਹੈ.

ਅਸ਼ਕ: ਫ਼ਾ. اشک ਸੰਗਜਾ- ਅਸ਼੍ਰ. ਅੰਝੂ. ਹੰਝੂ. ਅੱਥਰੂ. "ਅਸ਼ਕ ਜਾਰੀ ਸੁਰਪਤਿ ਨੋਜ਼ੀਕ ਬੁਰਦਸ਼." (ਸਲੋਹ) ਅੰਝੂ ਵਹਿੰਦੇ ਇੰਦ੍ਰ ਪਾਸ ਲੈ ਗਏ.

ਅਸਕਤ: ਸੰ. ਅਸ਼ਕਤ. ਵਿ- ਸ਼ਕਤਿ (ਬਲ) ਰਹਿਤ. ਕਮਜ਼ੋਰ. ਅਸਮਰਥ. "ਤਿੰਹ ਅਸ਼ਕਤ ਲਖ ਵਾਕ ਅਲਾਵਾ." (ਗੁਪ੍ਰਸੂ) ੨. ਸੰ. ਅਸਕਤ. ਵਿ- ਬੰਧਨ ਰਹਿਤ. ਆਜ਼ਾਦ. ਮੁਕਤ। ੩. ਸੰ. ਆਸਕਤ ਵਿ- ਮੋਹਿਤ. ਆਸ਼ਕ. "ਸੁ ਸਪਤ ਕਾਂਡਣੋ ਕਥਯੋ ਅਸਕਤ ਲੋਕ ਹਨਐਰਹਯੋ." (ਬ੍ਰਹਮਾਵ) ਵਾਲਮੀਕਿ ਨੇ ਸੱਤ ਕਾਂਡਾਂ ਨੂੰ ਕਥਿਆ (ਭਾਵ- ਸੱਤ ਕਾਂਡਾਂ ਵਾਲਾ ਰਾਮਾਯਣ ਰਚਿਆ), ਜਿਸ ਨੂੰ ਪੜ੍ਹਕੇ ਲੋਕ ਮੋਹਿਤ ਹੋ ਗਏ.

ਅਸ਼ਕੁਨ: ਸੰ. ਸੰਗਜਾ- ਬੁਰਾ ਲੱਛਣ. ਅਪਸਗਨ. ਮੰਦ ਸ਼ਕੁਨ. ਦੇਖੋ ਅਪਸਗਨ.

ਅਸ਼ਕਯ: ਸੰ. ਵਿ- ਸ਼ਕਿਤ ਤੋਂ ਬਾਹਰ. ਅਸਾਧਯ.

ਅਸਗਨ: ਦੇਖੋ, ਅਸ਼ਕੁਨ.

ਅਸਗਾ: ਮਰਾ. ਅਸਕਾ. ਸੰਗਜਾ- ਸਮੂਹ. ਸਮੁਦਾਯ. ਝੁੰਡ। ੨. ਵਿ- ਸਭ. ਤਮਾਮ. "ਅਸਗਾ ਅਸ ਉਸਗਾ." (ਧਨਾ

---

[40] ਦੇਖੋ, ਗੀਤਾ ਅਧਯਾਯ ੭, ਸ਼ ੭.

ਨਾਮਦੇਵ) ਅਸਕਾ ਅਸ੍ਰਿ ਉਸ ਕਾ. ਸਭ ਕੁਝ ਹੈ ਉਸ ਦਾ। ੩. ਦੇਖੋ, ਅਸ.

ਅਸਗਾਹ, ਅਸਗਾਹੁ: ਵਿ- ਅਗਾਧ. ਅਥਾਹ. "ਸੁਣਿਐ ਹਾਥ ਹੋਵੈ ਅਸਗਾਹੁ." (ਜਪੁ) ਅਥਾਹ ਦਾ ਹਾਥ (ਥਾਹ) ਪਾਉਣਾ. ਪਰਮਾਤਮਾ ਦਾ ਗਜਾਨ ਪ੍ਰਾਪਤ ਕਰਨਾ.

ਅਸਗੰਧ: ਸੰ. अश्वगन्धा- ਅਸ਼੍ਵਗੰਧਾ. L. Physalis flexuosa. ਇਹ ਗਰਮਤਰ ਦਵਾਈ ਹੈ. ਖਾਂਸੀ, ਦਮਾ, ਪੇਟ ਦੇ ਕੀੜੇ ਆਦਿਕ ਰੋਗ ਦੂਰ ਕਰਦੀ ਹੈ. ਬਲਦਾਇਕ ਅਤੇ ਧਾਤੁ ਪੁਸ਼੍ਟ ਕਰਨ ਵਾਲੀ ਹੈ.

ਅਸਚਰਜ: ਸੰ. ਆਸ਼੍ਚਰ੍ਯ. ਸੰਗਜਾ- ਅਚੰਭਾ. ਤਅ਼ੱਜੁਬ. ਵਿਸਮਯ (ਵਿਸਮੈ).

ਅਸਜਰ: ਵਿ. ਜੋ ਜਰਿਆ ਨਾ ਜਾ ਸਕੇ. ਅਜਰ. ਅਸਹਜ.

ਅਸ ਜਰਿ: ਸੰਗਜਾ- ਅਸੁ (ਮਨ) ਦੀ ਜਲਨ. ਚਿੱਤ ਦਾ ਸੰਤਾਪ. ਦੇਖੋ, ਅਸੁ. "ਅਸਿ ਜਰਿ ਪਰ ਜਰਿ ਜਰਿ ਜਬ ਰਹੈ। ਤਬ ਜਾਇ ਜੋਤਿ ਉਜਾਰਉ ਲਹੈ." (ਗਉ ਬਾਵਨ ਕਬੀਰ) ਈਰਖਾ ਅਤੇ ਪਰ (ਵੈਰੀਆਂ) ਤੋਂ ਪ੍ਰਾਪਤ ਹੋਈ ਪੀੜਾ, ਜਦ ਇਨ੍ਹਾਂ ਨੂੰ ਸਹਾਰ ਲਵੇ.

ਅਸੱਜਨ: ਸੰ. असज्जन. ਜੋ ਨਹੀਂ ਹੈ ਸੱਜਨ (ਸਤ੍- ਜਨ). ਭਲਾ ਆਦਮੀ. ਦੁਸ਼੍ਟ. ਪਾਮਰ.

ਅਸਟ: ਸੰ. ਅਸ਼੍ਟ. ਵਿ- ਅੱਠ. ਆਠ. ਦੇਖੋ, ਅੰ. eight.

ਅਸਟ ਸਾਖੀ: ਅਸ਼੍ਟ- ਸਾਕ੍ਸ਼ਿਨ੍. ਸੰਗਜਾ- ਅੱਠ ਸਾਕ੍ਸ਼ੀ ਦੇਵਤਾ. ਹਿੰਦੂਮਤ ਦੇ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਜੀਵਾਂ ਦੇ ਕਰਮਾਂ ਦੇ ਸਾਖੀ (ਗਵਾਹ) ਅੱਠ ਦੇਵਤੇ ਪਰਮਾਤਮਾ ਨੇ ਠਹਿਰਾਏ.

੧. ਪ੍ਰਿਥਿਵੀ। ੨. ਧ੍ਰੁਵ। ੩. ਚੰਦ੍ਰਮਾਂ। ੪. ਸੂਰਜ। ੫. ਅਗਨਿ। ੬. ਪਵਨ। ੭. ਪ੍ਰਤ੍ਯੂਸ਼। ੮. ਪ੍ਰਭਾਸ. "ਤਬ ਸਾਖੀ ਪ੍ਰਭੁ ਅਸਟ ਬਨਾਏ। ਸਾਖ ਨਮਿਤ ਦੈਬੇ ਠਹਿਰਾਏ। ਤੇ ਕਹਿਂ ਕਰੋ ਹਮਾਰੀ ਪੂਜਾ। ਹਮ ਬਿਨ ਅਪਰ ਨ ਠਾਕੁਰ ਦੂਜਾ." (ਵਿਚਿਤ੍ਰ)

ਅਸਟ ਸਾਜ ਸਾਜਿ: ਪੁਰਾਣ ਸੋਧਹਿ ਕਰਹਿ ਬੇਦ- ਅਭਿਆਸ. (ਧਨਾ ਮਃ ੧) ਵਾ- ਵਜਾਕਰਣ ਅਨੁਸਾਰ ਉੱਚਾਰਣ ਦੇ ਅੱਠ ਥਾਂ- ਕੰਠ, ਰਿਦਾ, ਸੀਸ, ਰਸਨਾ ਦਾ ਮੂਲ, ਦੰਦ, ਨੱਕ, ਹੋਂਠ ਅਤੇ ਤਾਲੂਆ।

੨. ਵੇਦਪਾਠ ਦੀਆਂ ਅੱਠ ਵਿਕ੍ਰਿਤੀਆਂ- ਜਟਾ, ਮਾਲਾ, ਸ਼ਿਖਾ, ਰੇਖਾ, ਧ੍ਵਜਾ, ਦੰਡ, ਰਥ ਅਤੇ ਘਨ।

੩. ਅੱਠ ਵਜਾਕਰਣ, ਅਰਥਾਤ- ਇੰਦ੍ਰ, ਚੰਦ੍ਰ, ਕਾਸ਼ਕ੍ਰਿਤਸ੍ਨ, ਅਪਿਸ਼ਲਿ, ਸ਼ਾਕਟਾਯਨ, ਪਾਣਿਨੀ, ਅਮਰ ਅਤੇ ਜੈਨੇਂਦ੍ਰ ਦੇ ਰਚੇ ਵਜਾਕਰਣ.[41] ਭਵਿਸ਼ਜ ਪੁਰਾਣ ਵਿੱਚ ਅੱਠ ਵਜਾਕਰਣ ਇਹ ਲਿਖੇ ਹਨ:-

ਐਂਦ੍ਰ, ਯਾਗਜ, ਰੌਦ੍ਰ, ਵਾਸਵਜ, ਬ੍ਰਾਹਮ, ਵਾਰੁਣ, ਸਾਵਿਤ੍ਰਜ ਅਤੇ ਵੈਸ਼ਨਵ। ੪. ਪਾਠ ਅਤੇ ਅਰਥ- ਗਜਾਨ ਦੇ ਸਹਾਇਕ ਅੱਠ ਅੰਗ- ਹ੍ਰਸ੍ਵ, ਦੀਰਘ, ਪ੍ਲੁਤ, ਉੱਦਾਤ, ਅਨੁੱਦਾਤ, ਸ੍ਵਰਿਤ, ਅਨੁਨਾਸਿਕ ਅਤੇ ਅਨਨੁਨਾਸਿਕ। ੫. ਵੈਦਿਕ ਛੰਦਾਂ ਦੇ ਅੱਠ ਭੇਦ ਆਰਸ਼ੀ, ਦੈਵੀ, ਆਸੁਰੀ, ਪ੍ਰਾਜਪਤਜਾ, ਯਾਜੁਸ਼ੀ, ਸਾਮ੍ਨੀ, ਅਰ੍ਚੀ ਅਤੇ ਬ੍ਰਾਹਸੀ.

ਅਸਟ ਸਿੱਧਾਂਤ: ਅਸ਼੍ਟਾਂਗ ਯੋਗ ਦਾ ਸਿੱਧਾਂਤ। ੨. ਯੋਗ ਸ਼ਾਸਤ੍ਰ ਦੇ ਸਾਰ ਰੂਪ ਅੱਠ ਅੰਗ। ੩. ਬੌੱਧ (ਬੁੱਧ) ਧਰਮ ਦੇ ਅਸ਼੍ਟਾਂਗ ਮਾਰਗ ਦਾ ਸਿੱਧਾਂਤ. ਦੇਖੋ, ਅਸਟਾਂਗ.

ਅਸਟ ਸਿੱਧਿ: ਅੱਠ ਸ਼ਕਤੀਆਂ. ਯੋਗਾਦਿ ਸਾਧਨਾ ਦ੍ਵਾਰਾ ਪ੍ਰਾਪਤ ਹੋਈਆਂ ਅੱਠ ਕਰਾਮਾਤਾਂ.

੧. ਅਣਿਮਾ- ਬਹੁਤ ਛੋਟਾ ਹੋ ਜਾਣਾ।

੨. ਮਹਿਮਾ- ਵੱਡਾ ਹੋ ਜਾਣਾ।

---

[41] इन्द्र चन्द्र काशकृत्स्नापिशलि शाकटावना। पारिणन्यमर जैनेन्द्रा जयन्त्यष्टादि शाब्दिका: (ਕਵਿ ਕਲਪਦਮ)

੩. ਗਰਿਮਾ- ਭਾਰੀ ਹੋ ਜਾਣਾ।

੪. ਲਘਿਮਾ- ਹੌਲਾ ਹੋ ਜਾਣਾ।

੫. ਪ੍ਰਾਪਿਤ- ਮਨਵਾਂਛਿਤ ਵਸਤੁ ਹਾਸਿਲ ਕਰ ਲੈਣੀ।

੬. ਪ੍ਰਾਕਾਮਜ- ਸਭ ਦੇ ਮਨ ਦੀ ਜਾਣ ਲੈਣੀ।

੭. ਈਸ਼ਿਤਾ- ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ।

੮. ਵਸ਼ਿਤਾ- ਸਭ ਨੂੰ ਕਾਬੂ ਕਰ ਲੈਣਾ.

"ਅਸਟ ਸਿਧਿ ਨਵ ਨਿਧਿ ਏਹ। ਕਰਮਿ ਪਰਾਪਤਿ ਜਿਸ ਨਾਮ ਦੇਹ." (ਬਸੰ ਮਃ ੫)

ਅਸਟਕ: ਦੇਖੋ, ਅਸ਼੍ਟਕ.

ਅਸਟ ਕਰਨ: ਅਸ਼੍ਟਕਰ੍‍ਣ. ਅੱਠ ਹੈਨ ਕਰ੍‍ਣ (ਕੰਨ) ਜਿਸ ਦੇ. ਬ੍ਰਹਮਾ. ਚਤੁਰਾਨਨ.

ਅਸਟਕੁਲ: ਦੇਖੋ, ਅਸ਼੍ਟਕੁਲ.

ਅਸਟਦਸ: ਅਠਾਰਾਂ ਅਸ਼੍ਟਾਦਸ਼। ੨. ਭਾਵ- ਅਠਾਰਾਂ ਪੁਰਾਣ. "ਅਸਟਦਸੀ ਚਹੁ ਭੇਦ ਨ ਪਾਇਆ." (ਆਸਾ ਮਃ ੧) ੩. ਅਠਾਰਾਂ ਸਿੱਧਿ. "ਚਾਰ ਪਦਾਰਥ ਅਸਟ ਦਸਾ ਸਿਧਿ." (ਸੋਰ ਰਵਦਾਸ) ਦੇਖੋ, ਅਠਾਰਹਿ ਸਿੱਧਿ.

ਅਸਟਦਸਾਸਿਧਿ: ਅਠਾਰਾਂ ਸਿੱਧੀਆਂ. "ਅਸਟਦਸਾ ਸਿਧਿ ਕਰਤਲੈ ਸਭ ਕ੍ਰਿਪਾ ਤੁਮਾਰੀ." (ਬਿਲਾ ਰਵਦਾਸ) ਦੇਖੋ, ਅਠਾਰਹਿ ਸਿੱਧਿ.

ਅਸਟਦਸਾ ਖਟ ਤੀਨ ਉਪਾਏ: (ਬਿਲਾ ਥਿਤੀ ਮਃ ੧) ਅਠਾਰਾਂ ਪੁਰਾਣ ਖਟ ਸ਼ਾਸਤ੍ਰ ਤਿੰਨ ਗੁਣਾਂ ਤੋਂ ਪੈਦਾ ਕੀਤੇ ਹਨ, ਅਰਥਾਤ ਤ੍ਰਿਗੁਣਾਤਮਕ ਹਨ, ਦੇਖੋ, ਗੀਤਾ ਅਃ ੨, ਸ਼. ੪੫। ੨. ਅੱਠ ਦਿਕਪਾਲ, ਦਸ ਅਵਤਾਰ ਅਤੇ ਤਿੰਨ ਦੇਵਤਾ.

ਅਸਟ ਦੁ: ਅੱਠ ਅਤੇ ਦੋ, ਦਸ. "ਕਹੂੰ ਅਸਟ ਦੁ ਅਵਤਾਰ ਕੱਥੈ ਕਥਾਣੰ". (ਗਜਾਨ) ਦਸ ਅਵਤਾਰਾਂ ਦੀ ਕਥਾ ਕਥਦੇ ਹਨ. ਦੇਖੋ, ਦਸ ਅਉਤਾਰ.

ਅਸਟ ਧਾਤੁ: ਅੱਠ ਧਾਤਾਂ. ਪੁਰਾਣੇ ਵਿਦ੍ਵਾਨਾਂ ਨੇ ਅੱਠ ਧਾਤਾਂ ਇਹ ਲਿਖੀਆਂ ਹਨ- ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ, ਸਿੱਕਾ। ੨. ਸ਼ਰੀਰ ਵਿੱਚ ਅੱਠ ਧਾਤਾਂ ਇਹ ਮੰਨੀਆਂ ਹਨ- ਖਲੜੀ, ਰੋਮ, ਲਹੂ, ਨਾੜਾਂ, ਹੱਡੀ, ਪੱਠੇ, ਚਰਬੀ, ਵੀਰਜ. "ਅਸਟਮੀ ਅਸਟ ਧਾਤੁ ਕੀ ਕਾਇਆ." (ਗਉ ਥਿਤੀ ਕਬੀਰ) ੩. ਕਈ ਵਿਦ੍ਵਾਨਾ ਨੇ ਸ਼ਰੀਰ ਦੀਆਂ ਅੱਠ ਧਾਤਾਂ ਇਹ ਲਿਖੀਆਂ ਹਨ- ਰਸ, ਰੁਧਿਰ, ਮਾਸ, ਚਰਬੀ, ਅਸ੍ਥੀ, ਮਿੰਜ (ਮੱਜਾ), ਵੀਰਜ, ਬਲ।

੪. ਗੁਰੁਬਾਣੀ ਵਿੱਚ ਚਾਰ ਵਰਣ ਅਤੇ ਚਾਰ ਮਜਹਬਾਂ ਨੂੰ ਅਸਟ ਧਾਤੁ ਲਿਖਿਆ ਹੈ. "ਅਸਟ ਧਾਤੁ ਪਾਤਸਾਹ ਕੀ ਘੜੀਐ ਸਬਦਿ ਵਿਗਾਸ" (ਸ੍ਰੀ. ਅਃ ਮਃ ੧)

"ਅਸਟ ਧਾਤੁ ਇਕ ਧਾਤੁ ਕਰਾਯਾ." (ਭਾਗੁ)

ਸਿੱਖਧਰਮ ਵਿੱਚ ਇਹ ਅੱਠ ਧਾਤਾਂ ਮਿਲਕੇ ਇੱਕ ਰੂਪ ਵਿੱਚ ਹੋ ਗਈਆਂ ਹਨ.

ਅਸਟਨਦੀ: ਦੇਖੋ, ਅਸਦ ਨਦੀ.

ਅਸਟ ਨੈਣ, ਅਸਟ ਨੈਨ: ਅੱਠ ਅੱਖਾਂ ਵਾਲਾ. ਬ੍ਰਹਮਾ. ਚਾਰ ਮੁਖ ਬ੍ਰਹਮਾ ਦੇ ਪੁਰਾਣਾਂ ਵਿੱਚ ਲਿਖੇ ਹਨ, ਇਸ ਹਿਸਾਬ ਅੱਠ ਅੱਖਾਂ ਹੋਈਆਂ. "ਤ੍ਰਸਯੋ ਅਸਟ ਨੈਣੰ." (ਚੌਬੀਸਾਵ)

ਅਸਟਪਦੀ: ਸੰ. ਅਸ਼੍ਟਪਦੀ. ਸੰਗਯਾ- ਅੱਠ ਪਦਾਂ ਦਾ ਇਕੱਠ। ੨. ਅੱਠ ਛੰਦ ਇੱਕ ਪ੍ਰਬੰਧ ਵਿੱਚ ਲਿਖੇ ਹੋਏ. ਇਹ ਛੰਦ ਦੀ ਖਾਸ ਜਾਤਿ ਨਹੀਂ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਛੰਦ ਅਸਟਪਦੀ ਸਿਰਲੇਖ ਹੇਠ ਦੇਖੀਦੇ ਹਨ. ਜਿਵੇਂ- ਮਾਰੂ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਸਟਪਦੀ ਨਿਸ਼ਾਨੀ ਛੰਦ ਵਿੱਚ ਹੈ-

ਇਹ ਮਨੁ ਅਵਗੁਣਿ ਬਾਂਧਿਆ ਸਹੁ ਦੇਹ ਸਰੀਰੈ. ** ਮਲਾਰ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਸਟਪਦੀ ਸਾਰ ਛੰਦ ਵਿੱਚ ਹੈ, ਯਥਾ-

ਚਕਵੀ ਨੈਨ ਨੀਦ ਨਹਿ ਚਾਹੈ,

ਬਿਨੁ ਪਿਰੁ ਨੀਦ ਨ ਪਾਈ.

ਸੂਰ ਚਰੈ ਪ੍ਰਿਉ ਦੇਖੈ ਨੈਨੀ,

ਨਿਵਿ ਨਿਵਿ ਲਾਗੈ ਪਾਈ. ***

ਗਉੜੀ ਰਾਗ ਵਿੱਚ ਇਨ੍ਹਾਂ ਹੀ ਸਤਿਗੁਰਾਂ ਦੀ ਅਸਟਪਦੀ ਚੌਪਾਈ ਛੰਦ ਵਿੱਚ ਹੈ, ਯਥਾ-

ਨਾ ਮਨ ਮਰੈ ਨ ਕਾਰਜ ਹੋਇ,

ਮਨ ਵਸਿ ਦੂਤਾਂ ਦੁਰਮਤਿ ਦੋਇ. ***

ਇਵੇਂ ਹੀ ਸੁਖਮਨੀ ਦੀਆਂ ਅਸਟਪਦੀਆਂ ਰੂਪ ਚੌਪਾਈ ਛੰਦ ਵਿੱਚ ਹਨ.

ਅਸਟਭੁਜੀ: ਸੰ. ਅਸ਼੍ਟਭੁਜਾ. ਸੰਗਯਾ- ਦੁਰਗਾ, ਜਿਸ ਦੀਆਂ ਅੱਠ ਬਾਹਾਂ ਹਨ. ਦੇਖੋ, ਅਸਟਾਇਧ.

ਅਸਟਮ: ਸੰ. ਅਸ਼੍ਟਮ. ਵਿ- ਅੱਠਵਾਂ.

ਅਸਟਮੀ: ਸੰ. ਅਸ਼੍ਟਮੀ. ਸੰਗਯਾ- ਚਾਨਣੇ ਅਤੇ ਅੰਧੇਰੇ (ਹਨੇਰੇ) ਪੱਖ ਵਿੱਚ ਚੰਦ੍ਰਮਾ ਦੀ ਅੱਠਵੀਂ ਤਿਥਿ. "ਅਸਟਮੀ ਅਸਟ ਸਿਧਿ ਨਵ ਨਿਧਿ." (ਗਉ ਥਿਤੀ ਮਃ ੫)

ਅਸਟ ਮੰਗਲ: ਦੇਖੋ, ਅਸ਼੍ਟ ਮੰਗਲ.

ਅਸਟਾਇਧ: ਅਸ਼੍ਟ- ਆਯੁਧ. ਯੁੱਧ ਦੇ ਅੱਠ ਸਾਧਨ ਰੂਪ ਸ਼ਸਤ੍ਰ. "ਅਸਟਾਇਧ ਚਮਕੈ." (ਅਕਾਲ) ਦੁਰਗਾ ਦੇ ਅੱਠ ਹੱਥਾਂ ਵਿੱਚ ਫੜੇ ਹੋਏ ਅੱਠ ਸ਼ਸਤ੍ਰ. "ਘੰਟਾ ਗਦਾ ਤ੍ਰਿਸੂਲ ਅਸਿ ਸੰਖ ਸਰਾਸਨ ਬਾਨ, ਚਕ੍ਰ ਬਕ੍ਰ ਕਰ ਮੇ ਲਿਯੇ ਜਨੁ ਗ੍ਰੀਖਮ ਰਿਤੁ ਭਾਨ." (ਚੰਡੀ ੧) ਘੰਟਾ ਅਤੇ ਸੰਖ ਇਸ ਲਈ ਆਯੁਧ ਹਨ ਕਿ ਇਹ ਯੁੱਧ ਵਿੱਚ ਸਹਾਇਕ ਹਨ. ਦੇਖੋ, ਆਯੁਧ.

ਅਸਟਾਂਗ: ਸੰ. अष्टाङ्ग. ਅਸ਼੍ਟਾਂਗ ਸੰਗਯਾ- ਅੱਠ ਅੰਗ. ਯੋਗਕ੍ਰਿਯਾ ਦੇ ਅੱਠ ਅੰਗ- ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤ੍ਯਾਹਾਰ, ਧਾਰਣਾ, ਧ੍ਯਾਨ, ਸਮਾਧਿ। ੨. ਬੌੱਧ ਧਰਮ ਦੇ ਅੱਠ ਅੰਗ- ਸਮ੍ਯਕ ਸੰਕਲਪ, ਸਮ੍ਯਗ ਵਾਚਾ, ਸਮ੍ਯਕ ਕਰਮ, ਸਮ੍ਯਗਾਜੀਵ, ਸਮ੍ਯਗ ਵ੍ਯਾਯਾਮ, ਸਮ੍ਯਗ ਦ੍ਰਿਸ਼੍ਟਿ, ਸਮ੍ਯਕ ਸਿਮ੍ਰਿਤਿ, ਸਮ੍ਯਕ ਸਮਾਧਿ. ਦੇਖੋ, ਬੁੱਧ ੩.

ਅਸਟਾਂਗ ਪ੍ਰਣਾਮ: ਸੰ. साष्टाङ्ग प्रणाम. ਸਾਸ਼੍ਟਾਂਗ ਪ੍ਰਣਾਮ. ਸੰਗਯਾ- ਅੱਠਾਂ ਅੰਗਾਂ ਨਾਲ ਕੀਤੀ ਹੋਈ ਪ੍ਰਣਾਮ. ਜਿਸ ਨਮਸਕਾਰ ਵਿੱਚ ਇਨ੍ਹਾਂ ਅੱਠਾਂ ਅੰਗਾਂ ਦਾ ਸੰਬੰਧ ਹੋਵੇ- ਗੋਡੇ, ਪੈਰ, ਹੱਥ, ਛਾਤੀ, ਸਿਰ, ਬਾਣੀ ਦ੍ਰਿਸ਼੍ਟਿ, ਅੰਤਹਕਰਣ. ਇਸ ਦਾ ਨਾਉਂ "ਦੰਡਵਤ ਪ੍ਰਣਾਮ" ਭੀ ਹੈ.

ਅਸਟਾਂਗਯੋਗ: ਅੱਠ ਅੰਗਾਂ ਵਾਲਾ ਯੋਗ. ਦੇਖੋ, ਅਸਟਾਂਗ.

ਅਸਟਾਥ: ਅਸ਼੍ਟ ਹਾਥ. "ਅਸਟਾਥ ਹਥ੍ਯਾਰੰ ਸੰਭਾਰੇ." (ਚੰਡੀ ੨)

ਅਸਟਾਪਦ: ਸੰ. ਅਸ਼੍ਟਾਪਦ. ਸੰਗਯਾ- ਧਾਤੂਆਂ ਵਿੱਚ ਹੈ ਜਿਸ ਦਾ ਉੱਚਾ ਪਦ (ਦਰਜਾ). ਸੋਨਾ. ਸੁਵਰਣ। ੨. ਅੱਠ ਪੈਰਾਂ ਵਾਲਾ

ਕੀੜਾ. ਟਿੱਡਾ. ਆਹਣ। ੩. ਮੱਕੜੀ। ੪. ਧਤੂਰਾ। ੫. ਕੈਲਾਸ਼ ਪਰਬਤ। ੬. ਅੱਠ ਖਾਨਿਆਂ ਵਾਲਾ ਖੇਲ, ਸ਼ਤਰੰਜ। ੭. ਚੌਪੜ. "ਕਿਤਕ ਕਾਲ ਅਸਟਾਪਦ ਖੇਲਾ." (ਗੁਪ੍ਰਸੂ) ੮. ਸ਼ਰਭ ਜੀਵ, ਜਿਸ ਦੇ ਚਾਰ ਪੈਰ ਛਾਤੀ ਵੱਲ ਅਤੇ ਚਾਰ ਪਿੱਠ ਵੱਲ ਹੁੰਦੇ ਹਨ. ਸਿੰਹਾਰਿ. ਦੇਖੋ, ਸਿਆਰ.

ਅਸਟਾਂਮ: ਅੰ. Stamp- ਸਟੈਂਪ. ਟਿਕਟ ਵਾਲਾ ਕਾਗਜ। ੨. ਡਾਕ ਦਾ ਟਿਕਟ। ੩. ਟਿਕਟ.

ਅਸਟਾਵਕ੍ਰ: ਸੰ. ਅਸ਼੍ਟਾਵਕ੍ਰ. ਸੰਗਯਾ- ਇੱਕ ਰਿਖੀ, ਜਿਸ ਦੇ ਸਰੀਰ ਵਿੱਚ ਅੱਠ ਵਲ ਪੈਂਦੇ ਸਨ. ਇਹ ਉੱਦਾਲਕ ਦੀ ਪੁਤ੍ਰੀ ਸੁਮਤਿ (ਸੁਜਾਤਾ) ਦੇ ਗਰਭ ਤੋਂ ਕਹੋਡ ਬ੍ਰਾਹਮਣ ਦਾ ਪੁਤ੍ਰ ਸੀ, ਇਸ ਦਾ ਹਾਲ ਮਹਾਂਭਾਰਤ ਵਿੱਚ ਐਉਂ ਦੱਸਿਆ ਹੈ:-

ਜਦੋਂ ਇਹ ਮਾਤਾ ਦੇ ਗਰਭ ਵਿੱਚ ਸੀ, ਤਦ ਇੱਕ ਦਿਨ ਕਹੋਡ ਵਿਦਯਾਰਥੀਆਂ ਨੂੰ ਵੇਦਪਾਠ ਦੱਸ ਰਹਿਆ ਸੀ, ਕਿ ਗਰਭ ਵਿੱਚੋਂ ਬਾਲਕ ਨੇ ਪਿਤਾ ਨੂੰ ਆਖਿਆ- 'ਆਪ ਵੇਦਪਾਠ ਅਸ਼ੁੱਧ ਕਰ ਰਹੇ ਹੋਂ.' ਇਸ ਪੁਰ ਕਹੋਡ ਨੂੰ ਵਡਾ ਕ੍ਰੋਧ ਆਇਆ ਅਤੇ ਉਸ ਨੇ ਸਰਾਪ ਦਿੱਤਾ ਕਿ ਏਹ ਲੜਕਾ ਵਿੰਗੇ ਅੰਗਾਂ ਵਾਲਾ ਹੋਵੇ. ਇਸ ਲਈ ਇਸ ਦੇ ਅਸ਼੍ਟ (ਅੱਠ) ਅੰਗ ਵਕ੍ਰ (ਵਿੰਗੇ) ਹੋ ਗਏ.

ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਅਸ਼੍ਟਾਵਕ੍ਰ ਇੱਕ ਵੇਰ ਜਲ ਵਿੱਚ ਖਲੋਕੇ ਤਪ ਕਰ ਰਿਹਾ ਸੀ. ਅਪਸਰਾਗਣ ਨੇ ਇਸ ਨੂੰ ਦੇਖਕੇ ਮੱਥਾ ਟੇਕਿਆ, ਇਸ ਨੇ ਪ੍ਰਸੰਨ ਹੋਕੇ ਆਖਿਆ ਕਿ ਵਰ ਮੰਗੋ. ਉਨ੍ਹਾਂ ਨੇ ਕਿਹਾ ਕਿ ਸਭ ਤੋਂ ਸੁੰਦਰ ਪਤਿ ਸਾਨੂੰ ਪ੍ਰਾਪਤ ਹੋਵੇ. ਇਹ ਪਾਣੀ ਵਿਚੋਂ ਬਾਹਰ ਨਿਕਲ ਆਇਆ ਅਤੇ ਆਪਣੇ ਆਪ ਨੂੰ ਪਤਿ ਹੋਣ ਲਈ ਪੇਸ਼ ਕੀਤਾ. ਜਦ ਉਨ੍ਹਾਂ ਨੇ ਏਸ ਦੇ ਅੰਗ ਵਿੰਗੇ ਦੇਖੇ ਤਾਂ ਹੱਸ ਪਈਆਂ, ਇਸ ਤੋਂ ਅਸ਼੍ਟਾਵਕ੍ਰ ਬਹੁਤ ਗੁੱਸੇ ਹੋਇਆ, ਪਰ ਆਪਣੇ ਵਚਨ ਪਾਲਦਿਆਂ ਹੋਇਆਂ ਆਖਿਆ, 'ਚੰਗਾ ! ਤੁਹਾਡਾ ਕਾਰਜ, ਸਿੱਧ ਹੋਜਾਊ, ਪਰ ਤੁਸੀਂ ਚੋਰਾਂ ਦੇ ਵੱਸ ਪਵੋਗੀਆਂ.'

ਇਹ ਅਪਸਰਾਂ ਕ੍ਰਿਸ਼ਨ ਦੀਆਂ ਰਾਣੀਆਂ ਹੋਈਆਂ, ਅਤੇ ਜਿਸ ਵੇਲੇ ਯਾਦਵਾਂ ਦਾ ਨਾਸ਼ ਹੋਣ ਪੁਰ ਅਰਜੁਨ ਇਨ੍ਹਾਂ ਨੂੰ ਦ੍ਵਾਰਿਕਾ ਤੋਂ ਹਸਿਤਨਾਪੁਰ ਲੈਜਾ ਰਿਹਾ ਸੀ, ਤਦ ਰਸਤੇ ਵਿੱਚ ਡਾਕੂਆਂ ਦੇ ਹੱਥ ਆਈਆਂ.

ਬ੍ਰਹਮਵੈਵਰਤ ਪੁਰਾਣ ਵਿੱਚ ਲੇਖ ਹੈ ਕਿ ਅਸਿਤ ਰਿਖੀ ਦਾ ਪੁਤ੍ਰ ਦੇਵਲ, ਗੰਧਮਾਦਨ ਪਰਬਤ ਤੇ ਤਪ ਕਰਦਾ ਸੀ, ਇੱਕ ਵਾਰ ਰੰਭਾ ਅਪਸਰਾ ਉਸ ਥਾਂ ਆਈ ਅਤੇ ਰਿਖੀ ਦਾ ਰੂਪ ਦੇਖਕੇ ਕਾਮਵਸ਼ ਹੋ ਗਈ. ਰੰਬਾ ਨੇ ਜਦ ਆਪਣੀ ਇੱਛਾ ਪੂਰੀ ਹੁੰਦੀ ਨਾ ਵੇਖੀ, ਤਦ ਰਿਖੀ ਨੂੰ ਸ੍ਰਾਪ ਦਿੱਤਾ- ਕਿ ਤੇਰਾ ਸੁੰਦਰ ਸ਼ਰੀਰ ਅੱਠ ਵਿੰਗਾਂ ਵਾਲਾ ਹੋ ਜਾਏ, ਇਸ ਤੋਂ ਦੇਵਲ ਹੀ ਅਸ਼੍ਟਾਵਕ੍ਰ ਕਹਾਇਆ.

ਅਸਟੰਟ: ਅੰ. Assistant. ਸਹਾਇਕ. ਨਾਇਬ.

ਅਸਠ: ਅ- ਸ਼ਠ. ਵਿ- ਛਲ ਰਹਿਤ. ਨਿਸ਼ਕਪਟ. ਸਾਦਾ. "ਓਇ ਖਰੇ ਅਸਠੇ." (ਭਾਗੁ)

੨. ਦੇਖੋ, ਅਸਟ.

ਅਸਣ: ਡਿੰਗ. ਸੰਗਯਾ- ਓਲਾ. ਗੜਾ. ਹਿਮਉਪਲ। ੨. ਦੇਖੋ, ਅਸਨ.

ਅਸਤ: ਸੰ. ਅਸਤ. ਵਿ- ਨਸ਼੍ਟ ਨਾਸ਼ ਹੋਇਆ। ੨. ਲੁਕਿਆ ਹੋਇਆ. ਅਦ੍ਰਿਸ਼ਯ ਗ਼ਾਇਬ। ੩. ਸੰਗਯਾ- ਲੋਪ ਹੋਣ ਦਾ ਭਾਵ. ਅਦਰਸ਼ਨ। ੪. ਸੂਰਜ ਦਾ ਛਿਪਣਾ. "ਅਸਤ ਉਦੋਤ ਭਇਆ ਉਠਿ ਚਲੇ." (ਮਾਰੂ ਅੰਜੁਲੀ ਮਃ ੫) ੫. ਸੰ. ਅਸਿਤ. ਭਾਵ. ਹੋਂਦ. ਸੱਤਾ। ੬. ਸੰ. ਅਸਤ੍ਯ. ਵਿ- ਮਿਥ੍ਯਾ. ਝੂਠ। ੭. ਸੰ. ਅਸ੍ਥਿ. ਸੰਗਯਾ- ਹੱਡੀ. ਦੇਖੋ, ਅਸਤ ੬। ੮. ਸੰ. ਅਸਤ- ਅਸਤ. ਵਿ- ਬੁਰਾ- ਖੋਟਾ. ਨੀਚ. ਲੁੱਚਾ। ੯. ਦੇਖੋ, ਅਸਤ.

ਅਸਤਨ: ਸੰ. ਸਤਨ. ਕੁਚ. ਥਣ। ੨. ਸੰ. ਅਸਤਮਨ. ਸੰਗਯਾ- ਅਸਤ ਹੋਣ ਦੀ ਕ੍ਰਿਯਾ. ਛਿਪਣਾ. ਅਸਤ ਹੋਣਾ.

ਅਸਤਬਲ: ਅ਼. اصطبل ਇਸ੍ਤ਼ਬਲ. ਸੰਗਯਾ- ਅਸ਼੍ਵਸ਼ਾਲਾ. ਤਬੇਲਾ. ਅੰ. Stable.

ਅਸਤਬਾਜ: ਦੇਖੋ, ਆਤਸ਼ਬਾਜ.

**ਅਸਤਬਾਜੀ:** ਦੇਖੋ, ਆਤਸ਼ਬਾਜ਼ੀ.

**ਅਸਤ ਬਿਅਸਤ:** ਉਲਟ ਪੁਲਟ. ਦੇਖੋ, ਅਸ੍ਤ ਵ੍ਯਸ੍ਤ. "ਅਸਤ ਬਿਅਸਤ ਸੁ ਹੁਇ ਅਨਮੀਲਾ." (ਨਾਪ੍ਰ)

**ਅਸਤਮਨ:** ਸੰ. ਅਸ੍ਤਮਨ. ਸੰਗਯਾ- ਪਾਲਕੀ. "ਜਸੋਂ ਹ੍ਵੈ ਸੁਮਿਤ ਅਸਤਮਨ ਧਰਹੀਂ." (ਚਰਿਤ੍ਰ ੧੧੭)

੨. ਛਿਪਣਾ. ਅਸਤ ਹੋਣਾ. ਦੇਖੋ, ਅਸਤਨ ੨.

**ਅਸਤਰ:** ਸੰਗਯਾ- ਇੱਕ ਗਣਛੰਦ. ਇਸ ਦਾ ਨਾਉਂ "ਭੁਜੰਗ ਪ੍ਰਯਾਤ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਚਾਰ ਯਗਣ. ISS, ISS, ISS, ISS.

ਉਦਾਹਰਣ-

ਮਹਾ ਘੋਰ ਕੈਕੈ ਘਨੰ ਕੀ ਘਟਾ ਜ੍ਯੋਂ,

ਸੁ ਧਾਯਾ ਰਣੰ ਬਿੱਜੁਲੀ ਕੀ ਛਟਾ ਜ੍ਯੋਂ,

ਸੁਨੇ ਸਬੰ ਦਾਨੋ ਸਮੌਹੈਂ ਸਿਧਾਏ,

ਮਹਾ ਕ੍ਰੋਧ ਕੈਕੈ ਸੁ ਬਾਜੀ ਨਚਾਏ. (ਮਾਂਧਾਤਾ) ੨. ਫ਼ਾ. استر ਖੱਚਰ. ਸੰ. ਅਸ਼੍ਵਤਰ। ੩. ਰਜਾਈ ਕੋਟ ਆਦਿਕ ਵਸਤ੍ਰਾਂ ਦੇ ਹੇਠ ਲਾਈ ਹੋਈ ਤਹਿ. ਅੰਦਰਸ। ੪. ਦੇਖੋ, ਅਸਤ੍ਰ.

**ਅਸਤਵਨ:** ਸੰ. ਸਤਵਨ. ਸੰਗਯਾ- ਸਤੁਤਿ. ਤਾਰੀਫ. "ਅਸਤਵਨ ਪੂਜ ਕਰ." (ਸਲੋਹ) ੨. ਉਸਤਤਿ ਕਰਨ ਦੀ ਕ੍ਰਿਯਾ.

**ਅਸਤਾ:** ਇੱਕ ਗਣਛੰਦ. ਇਸ ਦਾ ਨਾਉਂ "ਅਸਤ੍ਰਾ" "ਕਿਲਕਾ" "ਤਾਰਕ" ਅਤੇ "ਤੋਟਕ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਚਾਰ ਸਗਣ. IIS, IIS, IIS, IIS.

ਉਦਾਹਰਣ-

ਅਸਿ ਲੈ ਕਲਕੀ ਕਰ ਕੋਪ ਭਿਰ੍ਯੋ,

ਰਣ ਰੰਗ ਸੁਰੰਗ ਬਿਖੈ ਬਿਚਰ੍ਯੋ,

ਗਹਿ ਪਾਣਿ ਕ੍ਰਿਪਾਣ ਬਿਖੈ ਨ ਡਰ੍ਯੋ,

ਰਿਸ ਸੋਂ ਰਣ ਚਿਤ੍ਰ ਵਿਚਿਤ੍ਰ ਕਰ੍ਯੋ. (ਕਲਕੀ)

**ਅਸਤਾਉਣਾ:** ਕ੍ਰਿ- ਆ- ਸ੍ਥਾਮਨ. ਠਹਿਰਨਾ. ਰੁਕਣਾ. ਆਰਾਮ ਕਰਨਾ. "ਘੜੀ ਦੋਇ ਅਸਤਾਇਕੇ ਉਨ੍ਹਾਂ ਬਚਨ ਕੀਤਾ." (ਜਸਾ)

**ਅਸਤਾਚਲ:** ਸੰ. ਅਸਤਾਚਲ. ਸੰਗਯਾ- ਅਸਤ- ਅਚਲ. ਉਹ ਪਹਾੜ, ਜਿਸ ਦੀ ਓਟ ਵਿੱਚ ਸੂਰਜ ਦਾ ਛਿਪਣਾ ਪੁਰਾਣਾਂ ਨੇ ਮੰਨਿਆ ਹੈ.

**ਅਸਤਾਮਾ:** ਦੇਖੋ, ਅਸ਼੍ਵੱਥਾਮਾ. "ਜੂਝਤ ਸੱਲ ਭਯੋ ਅਸਤਾਮਾ." (ਜਨਮੇਜਯ)

**ਅਸਤਾਵਾ:** ਫ਼ਾ. آفتابہ ਆਫ਼ਤਾਬਾ. ਅਸਲ ਸ਼ਬਦ ਆਬ ਤਾਬਹ ਹੈ. ਬੇ ਦਾ ਬਦਲ ਫ਼ੇ ਨਾਲ ਹੋ ਗਿਆ ਹੈ. ਟੂਟੀਦਾਰ ਲੋਟਾ, ਜੋ ਮੁਸਲਮਾਨ ਕਮੰਡਲੁ ਦੀ ਥਾਂ ਸ਼ਰੀਰ ਦੀ ਸ਼ੁੱਧੀ ਲਈ ਰੱਖਦੇ ਹਨ.

**ਅਸਤਿ, ਅਸਤੀ:** ਸੰਗਯਾ- ਅਸਿਤ. ਹੋਂਦ ਹੈ. "ਅਸਤਿ ਏਕ ਦਿਗਰ ਕੁਈ." (ਵਾਰ ਮਾਝ ਮਃ ੧)

੨. ਅਸ੍ਥਿ. ਹੱਡੀ. "ਅਸਤਿ ਚਰਮ ਬਿਸਟਾ ਕੇ ਮੂੰਦੇ." (ਕੇਦਾ ਕਬੀਰ)

**ਅਸਤੀਨ:** ਦੇਖੋ, ਆਸਤੀਨ. "ਨਿਜ ਅਸਤੀਨ ਹਲਾਵਨ ਕਰਕੈ." (ਗੁਪ੍ਰਸੂ)

**ਅਸਤੁਰਾ:** ਦੇਖੋ, ਉਸਤਰਾ. "ਤੇਜ ਅਸਤੁਰਾ ਏਕ ਮੰਗਾਯੋ." (ਚਰਿਤ੍ਰ ੧੯੦)

**ਅਸਤੋਤ੍ਰ:** ਸੰ. ਸਤੋਤ੍ਰ. ਸੰਗਜਾ. ਉਸਤਤਿ. ਤਅ਼ਰੀਫ। ੨. ਉਸਤਤਿ (ਸਤੁਤਿ) ਦਾ ਗੀਤ. ਦੇਖੋ, ਸਤੁ.

**ਅਸਤੰਜਾ:** ਦੇਖੋ, ਇਸਤਿੰਜਾ.

**ਅਸਤੰਭ:** ਸੰ. ਸਤੰਭ. ਸੰਗਜਾ- ਥੰਮ. ਥਮਲਾ. ਖੰਭਾ. ਸਤੂਨ। ੨. ਆਧਾਰ. ਆਸਰਾ. ਸਹਾਰਾ। ੩. ਰੁਕਣਾ. ਰੁਕਾਵਟ। ੪. ਜੜ੍ਹ ਸਮਾਨ ਹੋਣ ਦਾ ਭਾਵ।

**ਅਸੱਤ, ਅਸਤਯ:** ਵਿ- ਜੋ ਨਹੀਂ ਸਤਯ. ਮਿਥ੍ਯਾ। ੨. ਸੱਚ ਦੇ ਵਿਰੁੱਧ. ਝੂਠ.

**ਅਸਤ੍ਰ:** ਸੰ. ਅਸ੍ਤ੍ਰ. ਸੰਗਜਾ- ਓਹ ਸ਼ਸ੍ਤ੍ਰ ਜੋ ਫੈਂਕਿਆ ਜਾਵੇ. ਜਿਵੇਂ ਚਕ੍ਰ ਤੀਰ ਗੋਲਾ ਆਦਿ. ਦੇਖੋ, ਸ਼ਸਤ੍ਰ। ੨. ਪੁਰਾਣਾਂ ਵਿੱਚ ਮੰਤ੍ਰਮੁਕਤ ਸ਼ਸ੍ਤ੍ਰਾਂ ਨੂੰ ਭੀ ਅਸ੍ਤ੍ਰ ਲਿਖਿਆ ਹੈ. ਜਿਵੇਂ ਮੋਹਨਾਸ੍ਤ੍ਰ, ਪਾਵਕਾਸਤ੍ਰ ਵਰੁਣਾਸ੍ਤ੍ਰ, ਪਵੰਤਾਸ੍ਤ੍ਰ ਵਜ੍ਰਾਸ੍ਤ੍ਰ ਆਦਿ. ਉਸ ਸਮੇਂ ਦੇ ਲੋਕਾਂ ਦਾ ਨਿਸਚਾ ਸੀ ਕਿ ਮੰਤ੍ਰ ਪੜ੍ਹਕੇ ਚਲਾਇਆ ਅਸ੍ਤ੍ਰ ਭਿਆਨਕ ਅਸਰ ਕਰਦਾ ਹੈ. ਅਤੇ ਜੇ ਉਸ ਅਸ੍ਤ੍ਰ ਦਾ ਵਿਰੋਧੀ ਅਸ੍ਤ੍ਰ ਮੰਤ੍ਰ ਪੜ੍ਹਕੇ ਚਲਾਇਆ ਜਾਵੇ, ਤਦ ਬਚਾਉ ਹੁੰਦਾ ਹੈ. ਜਿਵੇਂ ਇੱਕ ਆਦਮੀ ਮੇਘਾਸ੍ਤ੍ਰ ਮਾਰੇ ਤਦ ਉਸ ਦੇ ਰੱਦ ਕਰਨ ਲਈ ਦੂਜਾ ਵਾਯੁ ਅਸ੍ਤ੍ਰ ਚਲਾਵੇ. ਜੇ ਵੈਰੀ ਅਗਿਨ ਅਸ੍ਤ੍ਰ ਛੱਡੇ ਤਾਂ ਉਸਨੂੰ ਵਰੁਣਾਸ੍ਤ੍ਰ ਨਾਲ ਸ਼ਾਂਤ ਕਰੇ. ਇਸੇ ਤਰ੍ਹਾਂ ਹੋਰ ਜਾਣੋ. ਇਨ੍ਹਾਂ ਅਸ੍ਤ੍ਰਾਂ ਦਾ ਹਾਲ ਸਰਬਲੋਹ ਅਤੇ ੪੦੫ ਵੇਂ ਚਰਿਤ੍ਰ ਵਿੱਚ ਬਹੁਤ ਵਿਸਤਾਰ ਸਹਿਤ ਲਿਖਿਆ ਹੈ.

"ਅਗਨਿ ਅਸਤ੍ਰ ਛਾਡਾ ਤਬ ਦਾਨਵ। ਜਾਂਤੇ ਭਏ ਭਸਮ ਬਹੁ ਮਾਨਵ। ਵਰੁਣ ਅਸਤ੍ਰ ਤਬ ਕਾਲ ਚਲਾਯੋ। ਸਗਲ ਅਗਨਿ ਕੋ ਤੇਜ ਮਿਟਾਯੋ। ਰਾਛਸ ਪਵਨ ਅਸਤ੍ਰ ਸੰਧਾਨਾ। ਜਾਂਤੇ ਉਡਤ ਭਏ ਗੁਣ ਨਾਨਾ। ਭੂਧਰਾਸਤ੍ਰ ਤਬ ਕਾਲ ਪ੍ਰਹਾਰਾ। ਸਭ ਸਿਵਕਨ ਕੋ ਪ੍ਰਾਣ ਉਬਾਰਾ। ਮੇਘ ਅਸਤ੍ਰ ਛੋਰਾ ਤਬ ਦਾਨਵ। ਭੀਜ ਗਏ ਜਿੰਹ ਤੇ ਸਭ ਮਾਨਵ। ਵਾਯੁ ਅਸਤ੍ਰ ਲੈ ਕਾਲ ਚਲਾਯੋ। ਸਭ ਮੇਘਨ ਤਤਕਾਲ ਉਡਾਯੋ।"**

(ਚਰਿਤ੍ਰ ੪੦੫)

**ਅਸਤ੍ਰ ਮਾਨ:** ਅਸ੍ਤ੍ਰਧਾਰੀ. ਅਸ੍ਤ੍ਰਵਾਨ. ਦੇਖੋ, ਅਸਤ੍ਰ। ੨. ਸੰ. ਅਸ੍ਤ੍ਰਾਯਮਾਣ, ਜੋ ਖੁਦ ਸ਼ਸਤ੍ਰ ਰੂਪ ਹੈ. "ਨਮੋ ਅਸਤ੍ਰਮਾਨੇ." (ਜਾਪੁ)

**ਅਸਤ੍ਰਾ:** ਦੇਖੋ, ਅਸਤਾ.

**ਅਸਤ੍ਵਾਪਾਦਕ:** ਸੰ. ਸੰਗਜਾ- ਜੋ ਵਸਤੁ ਅਸਲੋਂ ਹੋਵੇ, ਪਰ ਅਗ੍ਯਾਨ ਦੀ ਸ਼ਕਤਿ ਕਰਕੇ ਉਸ ਦੀ ਅਣਹੋਂਦ ਭਾਸੇ, ਇਸ ਦਾ ਨਾਉਂ ਅਸਤ੍ਵਾਪਾਦਕ ਸ਼ਕਤਿ ਹੈ.

**ਅਸਥ:** ਸੰਗਜਾ- ਅਸ੍ਥਿ. ਹੱਡੀ. ਹੱਡ।

੨. ਵਿ- ਜੋ ਨਹੀਂ ਸ੍ਥ (ਕ਼ਾਯਮ). ਚੰਚਲ. ਚਲਾਇਮਾਨ.

**ਅਸਥਕਿਤ:** ਸੰ. ਸ੍ਥਗਿਤ. ਵਿ- ਥੱਕਿਆ ਹੋਇਆ। ੨. ਢਕਿਆ ਹੋਇਆ।

**ਅਸਥਨ:** ਸੰ. ਸਤਨ. ਸੰਗਜਾ- ਥਣ. "ਬਿਨੁ ਅਸਥਨ ਗਊ ਲਵੇਰੀ." (ਬਸੰ ਕਬੀਰ) ਦੇਖੋ, ਜੋਇ ਖਸਮ.

**ਅਸਥਲ:** ਸੰ. ਸ੍ਥਲ. ਸੰਗਜਾ- ਥਾਂ. ਜਗਾ।

੨. ਖੁਸ਼ਕ ਥਾਂ। ੩. ਭੂਮਿ. ਪ੍ਰਿਥਿਵੀ। ੪. ਦੇਖੋ, ਅਸ੍ਥਲ। ੫. ਨਹੀਂ ਹੈ ਜੋ ਹੱਛਾ ਸ੍ਥਲ. ਗ਼ੈਰ ਆਬਾਦ. ਉਜਾੜ. "ਸੇ ਅਸਥਲ ਸੋਇਨ ਚਉਬਾਰੇ." (ਮਾਝ ਮਃ ੫)

ਅਸਥਲੀ: ਸੰ. ਸ੍ਥਲੀ. ਸੰਗ੍ਯਾ- ਥਾਂ ਜਗਾ।

੨. ਵੱਟ। ੩. ਪ੍ਰਿਥਿਵੀ.

ਅਸਥਾਈ: ਸੰ. स्थायिन- ਸ੍ਥਾਈ. ਵਿ- ਇਸਥਿਤ (ਸ੍ਥਿਤ) ਹੋਣ ਵਾਲਾ. ਠਹਿਰਨ ਵਾਲਾ। ੨. ਰਹਿਣ ਵਾਲਾ. ਨਿਵਾਸ ਕਰਤਾ। ੩. ਦੇਖੋ, ਅਸਥਾਈ ਭਾਵ। ੪. ਅਸ੍ਥਾਈ. ਸੰਗੀਤ ਅਨੁਸਾਰ ਧ੍ਰੁਪਦ ਆਦਿ ਦੇ ਆਲਾਪ ਦਾ ਪਹਿਲਾ ਭਾਗ। ੫. ਰਹਾਉ. ਟੇਕ.

ਅਸਥਾਈ ਭਾਵ: ਸ੍ਥਾਈ ਭਾਵ. ਸੰਗ੍ਯਾ- ਕਾਵ੍ਯਮਤ ਅਨੁਸਾਰ ਨੌ ਰਸਾਂ ਦੇ ਆਸਰਾ (ਅਧਿਸ਼੍ਠਾਨ) ਰੂਪ ਨੌ ਭਾਵ, ਜਿਨ੍ਹਾਂ ਵਿੱਚ ਰਸਾਂ ਦੀ ਇਸਥਿਤੀ ਹੁੰਦੀ ਹੈ. ਜਿਨ੍ਹਾਂ ਭਾਵਾਂ ਦੇ ਆਸਰੇ ਰਸ ਰਹਿੰਦੇ ਹਨ, ਯਥਾ- ਰਤਿ, ਹਾਸੀ, ਸ਼ੋਕ, ਕ੍ਰੋਧ, ਉਤਸਾਹ, ਭਯ, ਨਿੰਦਾ, ਵਿਸਮਯ, ਨਿਰਵੇਦ. ਦੇਖੋ, ਰਸ.

ਅਸਥਾਨ: ਸੰ. ਸ੍ਥਾਨ. ਸੰਗ੍ਯਾ- ਥਾ. ਠਿਕਾਣਾ. ਠਹਿਰਨ ਅਥਵਾ ਰਹਿਣ ਦੀ ਜਗਾ. "ਅਸਥਾਨ ਹਰਿ ਨਿਹ ਕੇਵਲੰ." (ਗੂਜ ਅঃ ਮঃ ੧)

ਅਸਥਾਪਨ: ਸੰਗ੍ਯਾ- ਸ੍ਥਾਪਨ. ਠਹਿਰਾਉਣ ਦਾ ਭਾਵ.

ਅਸਥਾਮਾ: ਦੇਖੋ, ਅਸ਼੍ਵੱਥਾਮਾ.

ਅਸਥਾਲਯ: ਅਸ੍ਥਿ- ਆਲਯ. ਸੰਗ੍ਯਾ- ਹੱਡੀਆਂ ਦਾ ਘਰ. ਮੜ੍ਹੀ ਅਤੇ ਕਬਰ. "ਪਾਹਨ ਕੋ ਅਸਥਾਲਯ ਕੋ ਸਿਰ ਨਾਤ ਫਿਰਯੋ ਕਛੁ ਹਾਥ ਨ ਆਯੋ." (ਸਵੈਯੇ ੩੩)

ਅਸਥਾਵਰ: ਸੰ. ਸ੍ਥਾਵਰ. ਵਿ- ਠਹਿਰਨ ਵਾਲਾ. ਜੜ੍ਹ. ਅਚਲ. "ਅਸਥਾਵਰ ਜੰਗਮ ਕੀਟ ਪਤੰਗਾ." (ਗਉ ਕਬੀਰ) ੨. ਸੰਗ੍ਯਾ- ਬਿਰਛ ਪਰਬਤ ਆਦਿ ਸ਼੍ਰੇਣੀ ਦੀ ਸ੍ਰਿਸ਼੍ਟਿ.

ਅਸਥਿ: ਸੰਗ੍ਯਾ- ਅਸ੍ਥਿ. ਹੱਡੀ.

ਅਸਥਿਤ: ਸੰ. ਸ੍ਥਿਤ. ਵਿ- ਕ਼ਾਯਮ (ਕਾਇਮ). ਅਚਲ ਦ੍ਰਿੜ੍ਹ. "ਅਸਥਿਤ ਭਏ ਬਿਨਸੀ ਸਭ ਚਿੰਦ." (ਭੈਰ ਮঃ ੫) "ਚਰਨਕਮਲ ਅਸਥਿਤ ਰਿਦ ਅੰਤਰਿ." (ਸਾਰ ਮঃ ੫) ੨. ਅ- ਸ੍ਥਿਤ. ਜੋ ਠਹਿਰਿਆ ਹੋਇਆ ਨਹੀਂ. ਜੋ ਕਾਯਮ ਨਹੀਂ.

ਅਸਥਿਤਿ: ਸੰ. ਸ੍ਥਿਤਿ. ਸੰਗ੍ਯਾ- ਕ਼ਾਯਮੀ. ਠਹਿਰਾਉ. ਟਿਕਾਉ. "ਕਹਾਂ ਅਸਥਿਤਿ ਪਾਈਐ." (ਬਿਹਾ ਛੰਤ ਮঃ ੫) ੨. ਅ- ਸ੍ਥਿਤਿ. ਨਾ ਠਹਿਰਨ ਦਾ ਭਾਵ.

ਅਸਥਿਰ, ਅਸਥਿਰੁ: ਸੰ. स्थिर- ਸ੍ਥਿਰ. ਵਿ- ਕ਼ਾਯਮ. ਅਵਿਨਾਸ਼ੀ. "ਅਸਥਿਰ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ." (ਜੈਜਾ ਮঃ ੯)

੨. ਸ੍ਥਿਤ. ਅਚਲ. ਦ੍ਰਿੜ੍ਹ. "ਅਸਥਿਰ ਰਹਹੁ ਡੋਲਹੁ ਮਤ ਕਬਹੂੰ." (ਧਨਾ ਮঃ ੫) ੩. ਅਸ੍ਥਿਰ. ਵਿ- ਜੋ ਨਹੀਂ ਸ੍ਥਿਰ. ਚਲਾਇਮਾਨ. ਚੰਚਲ. ਜੋ ਕ਼ਾਯਮ ਨਹੀਂ. "ਅਸਥਿਰੁ ਕਰੇ ਨਿਹਚਲੁ ਇਹ ਮਨੂਆ." (ਧਨਾ ਮঃ ੫) ਇਸ ਮਨ ਅਸਥਿਰ (ਚੰਚਲ) ਨੂੰ ਨਿਹਚਲ ਕਰੇ.

ਅਸਥਿਰੁਮਤਿ: ਸ੍ਥਿਰ ਮਤਿ. ਅਚਲ ਨਿਸ਼ਚਾ. ਪੱਕਾ ਯਕੀਨ. ਦ੍ਰਿੜ੍ਹ ਵਿਸ਼੍ਵਾਸ। ੨. ਚੰਚਲ ਮਤਿ.

ਅਸਥੂਰ, ਅਸਥੂਲ: ਸੰ. ਸ੍ਥੂਰ ਅਤੇ ਸ੍ਥਲ. ਵਿ- ਮੋਟਾ। ੨. ਸੰਘਣਾ। ੩. ਚੌੜਾ. ਵਿਸ਼ਾਲ। ੪. ਵਡਾ. ਵਿਸਤਾਰ ਵਾਲਾ. "ਨਾਨਕ ਸੋ ਸੂਖਮ ਸੋਈ ਅਸਥੂਲ." (ਸੁਖਮਨੀ)

ਅਸਥੰਭ: ਦੇਖੋ, ਅਸਤੰਭ. "ਅਸਥੰਭੰ ਸਬਦ ਸਾਧੁ ਸ੍ਵਜਨਹ." (ਸਹਸ ਮঃ ੫) "ਨਾਭਿ ਕਮਲ ਅਸਥੰਭ ਨ ਹੋਤੋ, ਤਾਂ ਪਵਨੁ

ਕਵਨੁ ਘਰਿ ਸਹਿਤਾ?" (ਸਿਧਗੋਸਟਿ)

ਅਸਥੰਭਨ, ਅਸਥੰਮਨ: ਸੰ. ਸ੍ਤੰਭਨ. ਸੰਗਯਾ- ਰੋਕਣ ਦੀ ਕ੍ਰਿਯਾ. ਠਹਿਰਾਉਣਾ। ੨. ਆਸਰਾ. ਆਧਾਰ. "ਬਾਇਰੂਪ ਅਸਥੰਭਨਹ." (ਸਹਸ ਮਃ ੫) "ਗੁਰੁ ਕਾ ਸਬਦ ਮਨਹਿ ਅਸਥੰਮਨ." (ਸੁਖਮਨੀ) ੩. ਜੜ੍ਹ ਕਰਨਾ.

ਅਸਦੁ: ਸੰ. ਵਿ- ਜੋ ਨਹੀਂ ਹੈ ਸਦ੍ (ਉੱਤਮ). ੨. ਅ. ਸੰਗਯਾ- ਸਿੰਹ. ਸ਼ੇਰ.। ੩. ਸਿੰਹ ਰਾਸ਼ਿ.

ਅਸਦਖਾਨ: ਨਵਾਬ ਅਸਦ ਖ਼ਾਨ, ਜਿਸ ਦਾ ਖ਼ਿਤਾਬ ਆਸਫੁੱਦੌਲਾ ਸੀ. ਇਸ ਦਾ ਪਹਿਲਾ ਨਾਉਂ ਇਬਰਾਹੀਮ ਸੀ. ਇਹ ਸ਼ਾਹਜਹਾਂ ਦੇ ਵੇਲੇ ਚਾਰ ਹਜ਼ਾਰੀ ਅਤੇ ਸੱਤ ਹਜ਼ਾਰੀ ਮਨਸਬਦਾਰ ਰਿਹਾ. ਬੰਦਾ ਬਾਹੁਦਰ ਦੇ ਮੁੰਢਲੇ ਜੰਗਾਂ ਵੇਲੇ ਇਹ ਦਿੱਲੀ ਦਾ ਸੂਬਾ ਸੀ. ਬਹਾਦੁਰ ਸ਼ਾਹ ਨੇ ਇਸ ਨੂੰ ਵਕੀਲ ਮੁਤ਼ਲਕ਼ ਥਾਪਿਆ, ਜੋ ਵਜ਼ਾਰਤ ਤੋਂ ਭੀ ਉੱਚੀ ਪਦਵੀ ਸੀ. ਇਸ ਦਾ ਦੇਹਾਂਤ ਸਨ ੧੭੧੭ ਵਿੱਚ ਹੋਇਆ.

ਅਸ਼ੱਦ: ਅ਼. اشّد ਵਿ- ਅਤਜੰਤ. ਬਹੁਤ.

ਅਸਦ੍ਰਿਸ਼: ਸੰ. असदृश. ਵਿ- ਜਿਸ ਦੇ ਸਦ੍ਰਿਸ਼ (ਮੁਕ਼ਾਬਲੇ) ਦਾ ਦੂਜਾ ਨਹੀਂ. ਅਦੂਤੀ. ਲਾਸਾਨੀ. ਬੇ ਨਜੀਰ. ਅਨੁਪਮ.

ਅਸਨ: ਸੰ. ਅਸ਼ਨ ਸੰਗਯਾ- ਭੋਜਨ. ਖਾਣ ਯੋਗਯ ਪਧਾਰਥ. "ਅਸਨ ਬਸਨ ਧਨ ਧਾਮ ਕਾਹੂ ਮੇ ਨਾ ਦੇਖਯੋ." (ਭਾਗੁ ਕ) ੨. ਸੰ. असन्. ਲਹੂ ਰੁਧਿਰ. ਖ਼ੂਨ। ੩. ਸੰ. असन. ਫੈਂਕਣ ਦੀ ਕ੍ਰਿਯਾ. ਦੇਖੋ, ਅਸ ਧਾ.

ਅਸਨਾ, ਅਸਨਾਇ: ਫ਼ਾ. آشنا ਆਸ਼ਨਾ. ਸੰਗਯਾ- ਮਿਤ੍ਰ। ੨. ਜਾਣ ਪਹਿਚਾਣ ਵਾਲਾ. ਵਾਕਿਫ। ੩. ਤਾਰੂ. ਤੈਰਾਕ.

ਅਸਨਾਈ: ਫ਼ਾ. آشنائی ਆਸ਼ਨਾਈ. ਸੰਗਯਾ- ਮਿਤ੍ਰਤਾ. ਦੋਸਤੀ। ੨. ਵਾਕ਼ਫੀਯਤ. "ਜੋ ਕਿਛੁ ਹੋਆ ਸਭ ਕਿਛੁ ਤੁਝ ਤੇ ਤੇਰੀ ਸਭ ਅਸਨਾਈ." (ਬਿਲਾ ਮਃ ੧) ੩. ਤਰਣ ਦੀ ਵਿਦਯਾ.

ਅਸਨਾਹ, ਅਸਨਾਹਾ: ਸੰ. ਸ੍ਨੇਹ. ਸੰਗਯਾ- ਪ੍ਰੇਮ. ਪਿਆਰ. ਮੁਹੱਬਤ. ਮੋਹ। ੨. ਆਸ਼ਨਾ. ਮਿਤ੍ਰ. ਦੋਸਤ. ਦੇਖੋ, ਆਸ਼ਨਾ. "ਸਭ ਮਿਥਿਆ ਅਸਨਾਹਾ." (ਆਸਾ ਮਃ ੫) "ਗੁਰੁ ਕਿਰਪਾ ਤੇ ਮੋਹਿ ਅਸਨਾਹਾ." (ਗਉ ਮਃ ੫)

ਅਸਨਾਨ: ਦੇਖੋ, ਇਸ਼ਨਾਨ ਅਤੇ ਸਨਾਨ। ੨. ਅ਼. اسنان ਦੰਦ. ਦਾਂਤ.

ਅਸਨੇਹ: ਸੰ. ਸ੍ਨੇਹ. ਸੰਗਯਾ- ਪ੍ਰੇਮ. ਪਿਆਰ. ਮੁਹੱਬਤ. "ਨਾਮ ਨ ਪਾਵਹਿ ਬਿਨੁ ਅਸਨੇਹ." (ਗਉ ਮਃ ੩) ੨. ਅਸ (ਐਸਾ) ਨੇਹ. ਅਜਿਹਾ ਪਿਆਰ.

ਅਸਨੇਹਿ, ਅਸਨੇਹੀ: ਸੰ. स्नेहिन- ਸ੍ਨੇਹੀ. ਵਿ- ਪਿਆਰਾ. ਮਿਤ੍ਰ. ਸੰਬੰਧੀ. ਹਿਤੂ. "ਸਭ ਮਿਥਿਆ ਅਸਨੇਹੀ." (ਸੋਰ ਮਃ ੫)

ਅਸਨੇਹੁ: ਦੇਖੋ, ਅਸਨੇਹ.

ਅਸਪ: اسپ ਸੰਗਯਾ- ਅਸ਼੍ਵ. ਘੋੜਾ। ੨. ਸ਼ਤਰੰਜ ਦਾ ਇੱਕ ਮੁਹਰਾ, ਜਿਸ ਦੀ ਅਸਪ ਸੰਗਯਾ ਹੈ.

ਅਸਪਤ, ਅਸਪਤਿ: ਅਸ਼੍ਵਪਤਿ. ਵਿ- ਘੋੜਿਆਂ ਦਾ ਪਤਿ। ੨. ਸੰਗਯਾ- ਸੂਰਜ. "ਅਸਪਤਿ ਗਜਪਤਿ ਨਰਹਿ ਨਰਿੰਦ." (ਤਿਲੰ ਨਾਮਦੇਵ) ਅਸਪਤਿ (ਸੂਰਜ) ਗਜਪਤਿ(ਇੰਦ੍ਰ) ਨਰਹਿ (ਨਰ- ਹਯ. ਕਿੰਨਰਾਂ ਦਾ) ਨਰਿੰਦ (ਰਾਜਾ ਕੁਬੇਰ). ਨਾਮੇ ਦਾ ਸੁਆਮੀ ਇਨ੍ਹਾਂ ਸਭਨਾਂ ਦਾ ਮੀਰ (ਬਾਦਸ਼ਾਹ) ਹੈ.

ਅਸਪਦ: ਦੇਖੋ, ਆਸਪਦ.

ਅਸਪਰਸ: ਸੰ, अस्पर्श- ਅਸ੍ਪਰ੍ਸ਼. ਵਿ- ਛੋਹ (ਛੁਹਣ) ਤੋਂ ਬਿਨਾ, ਜੋ ਸਪਰਸ਼ ਨਾ ਕਰੇ। ੨. ਇੱਕ ਅਜੇਹਾ ਮਤ ਜੋ ਧਾਤੁ ਆਦਿ ਪਦਾਰਥਾਂ ਦੇ ਛੋਹਣ ਤੋਂ ਪਰਹੇਜ਼ ਕਰਦਾ ਹੈ। ੩. ਗੁਰੁਮਤ ਅਨੁਸਾਰ ਓਹ ਆਦਮੀ, ਜੋ ਆਪਣੀਆਂ ਇੰਦ੍ਰੀਆਂ ਨੂੰ ਵਿਕਾਰਾਂ ਦੇ ਸੰਯੋਗ ਤੋਂ ਵਰਜਕੇ ਰਖਦਾ ਹੈ, ਦੇਖੋ, ਅਪਰਸ। ੪. अस्पृश्य- ਅਸਪ੍ਰਿਸ਼ਯ. ਵਿ- ਨਾ ਸਪਰਸ਼ ਕਰਨ ਯੋਗਯ.

ਅਛੂਤ.

ਅਸਪਾਂ: ਅਸਪ (ਘੋੜੇ) ਦਾ ਬਹੁ ਵਚਨ.

ਅਸਪਾਣ: ਦੇਖੋ, ਅਸਿਪਾਣਿ.

ਅਸਪਾਤ: ਸੰ. अयस्पत्र- ਅਯਸਪਤ੍ਰ. ਸੰਗ੍ਯਾ- ਲੋਹੇ ਦਾ ਪਤ੍ਰਾ. ਪੱਕੇ ਲੋਹੇ ਦਾ ਟੁਕੜਾ, ਜਿਸ ਦੀ ਤਲਵਾਰ ਬਣਦੀ ਹੈ. ਦੇਖੋ, ਅਸਿਪਤ੍ਰ.

ਅਸਪੀ: ਵਿ- ਅਸਪ (ਘੋੜਾ) ਰੱਖਣ ਵਾਲਾ। ੨. ਸੰਗ੍ਯਾ- ਘੁੜਸਵਾਰ.

ਅਸਪ੍ਰਿਹ: ਸੰ, अस्पृह. ਵਿ- ਸ੍ਪ੍ਰਿਹਾ (ਲਾਲਚ) ਬਿਨਾ. ਨਿਰਲੋਭ। ੨. ਇੱਛਾ ਬਿਨਾ.

ਅਸਫਲ: ਵਿ- ਜੋ ਫਲ ਸਹਿਤ ਨਹੀਂ. ਨਿਸ਼ਫਲ।

੨. ਨਿਕੰਮਾ। ੩. ਜਿਸ ਦਾ ਨਤੀਜਾ ਕੁਝ ਨਾ ਹੋਵੇ.

ਅਸਫੁਰਤ, ਅਸਫੁਰਿਤ: ਸੰ. ਸ੍ਫੁਰਿਤ. ਵਿ- ਫੁਰਿਆ. ਖਿਆਲ ਵਿੱਚ ਆਇਆ। ੨. ਚੰਚਲ. ਚਲਾਇਮਾਨ। ੩. ਪਰਗਟ ਹੋਇਆ। ੪. ਅ- ਸ੍ਫੁਰਿਤ. ਜੋ ਗਿਆਨ ਵਿੱਚ ਨਹੀਂ ਆਇਆ.

ਅਸਫੋਟ, ਅਸਫੋਟਕ: ਸੰ. ਆਫੁਟ. ਵਿ- ਜੋ ਸਪਸ਼੍ਟ ਨਹੀਂ. ਅਪ੍ਰਸਿੱਧ। ੨. ਫੁਟਕਲ. ਪ੍ਰਸੰਗ ਰਹਿਤ. ਬਿਨਾ ਸਿਲਿਸਿਲੇ. ਦੇਖੋ, ਦਸਮ ਗ੍ਰੰਥ ਵਿੱਚ "ਅਸਫੋਟਕ ਕਬਿੱਤ."

ਅਸਫੰਦ ਯਾਰ: ਫ਼ਾ. اسفندیار ਫ਼ਾਰਸ ਦੇ ਬਾਦਸ਼ਾਹ ਗੁਸਤਾਸਪ ਦਾ ਪੁਤ੍ਰ, ਜੋ ਵਡਾ ਬਹਾਦੁਰ ਸੀ. ਇਹ ਆਪਣੇ ਪਿਤਾ ਦੇ ਹੁਕਮ ਅਨੁਸਾਰ ਰੁਸਤਮ ਨੂੰ ਫੜਨ ਵਾਸਤੇ ਗਿਆ ਅਤੇ ਉਸ ਦੇ ਹੱਥੋਂ ਮਾਰਿਆ ਗਿਆ. ਅਸਫੰਦ ਯਾਰ ਨੇ ਅਗਨਿ ਪੂਜਕ ਪਾਰਸੀ ਮਤ ਨੂੰ ਵਡੀ ਤਰੱਕੀ ਦਿੱਤੀ. ਇਸ ਦਾ ਨਾਉਂ ਅੱਠਵੀਂ ਹਕਾਇਤ ਵਿੱਚ ਆਇਆ ਹੈ.

ਅਸਬ: ਫ਼ਾ. اسب ਸੰਗ੍ਯਾ- ਘੋੜਾ. ਅਸ਼੍ਵ. ਅਸਪ.

ਅਸਬਾਬ: ਫ਼ਾ. اسباب ਸੰਗ੍ਯਾ- ਸਬਬ ਦਾ ਬਹੁਵਚਨ. ਕਾਰਣ। ੨. ਸਾਮਾਨ. ਸਾਮਗ੍ਰੀ.

ਅਸਭ੍ਯ: ਸੰ. ਵਿ- ਜੋ ਸਭਾ ਵਿੱਚ ਬੈਠਣਾ ਅਤੇ ਬੋਲਣਾ ਨਹੀਂ ਜਾਣਦਾ. ਗੰਵਾਰ. ਬੇਅਕਲ. ਸਾਦਾ ਲੋਹ. ਵਹਸ਼ੀ. ਜਾਂਗਲੀ. ਉੱਜਡ.

ਅਸਮ: ਸੰ. ਵਿ- ਜੋ ਸਮ (ਬਰਾਬਰ) ਨਹੀਂ. ਉੱਚਾ ਨੀਵਾਂ. ਵੱਧ ਘੱਟ। ੨. ਟੌਂਕ. ਟਾਂਕ। ੩. ਸੰ. ਅਸ਼੍ਮ. ਸੰਗ੍ਯਾ- ਪੱਥਰ। ੪. ਪਹਾੜ. ਪਰਬਤ। ੫. ਬੱਦਲ.

ਅਸਮਝ: ਵਿ- ਸਮਝ ਤੋਂ ਬਿਨਾ. ਮੂਰਖ. ਉਜੱਡ।

੨. ਬੋਧ (ਗ੍ਯਾਨ) ਰਹਿਤ. "ਮਨੁ ਅਸਮਝ ਸਾਧੁ ਸੰਗਿ ਪਤੀਆਨਾ." (ਰਾਮ ਮਃ ੫)

ਅਸਮਦ: ਸੰ. अस्मद्. ਸਰਵ. ਹਮਾਤੜ. ਅਸੀਂ। ੨. ਅਸਾਡਾ. ਹਮਾਰਾ.

ਅਸਮਰਥ: ਸੰ. असमर्थ. ਵਿ- ਸਮਰਥ (ਸ਼ਕਤਿ) ਰਹਿਤ. ਕਮਜ਼ੋਰ। ੨. ਨਾਲਾਇਕ. ਜੋ ਕਿਸੇ ਕੰਮ ਕਰਣ ਦੀ ਯੋਗ੍ਯਤਾ ਨਹੀਂ ਰਖਦਾ.

ਅਸਮਾਣ: ਦੇਖੋ, ਅਸਮਾਨ.

ਅਸਮਾਨ: ਫ਼ਾ. آسمان ਆਸਮਾਨ. ਸੰਗ੍ਯਾ- ਆਕਾਸ਼. ਆਸ (ਚੱਕੀ) ਮਾਨ (ਮਾਨਿੰਦ). ਜੋ ਚੱਕੀ ਦੀ ਤਰ੍ਹਾਂ ਫਿਰਦਾ ਰਹਿੰਦਾ

ਹੈ. "ਅਸਮਾਨ ਜਿਮੀ ਦਰਖਤ." (ਤਿਲੰ ਮਃ ੫) ੨. ਸੰ. ਅ- ਸਮਾਨ. ਜੋ ਬਰਾਬਰ ਨਹੀਂ. ਵੱਧ ਘੱਟ. ਉੱਚਾ ਨੀਵਾਂ। ੩. ਜਿਸ ਦੇ ਸਮਾਨ ਕੋਈ ਨਹੀਂ. ਅਦੁਤੀ. ਲਾਸਾਨੀ. "ਕਹਿ ਕਬੀਰ ਖੋਜਉ ਅਸਮਾਨ." (ਗਉ) ੪. ਸੰਗਜਾ- ਆਪਣੇ ਸਮਾਨ ਕਿਸੇ ਨੂੰ ਨਾ ਜਾਣਨਾ. ਅਭਿਮਾਨ. ਹੌਮੈ. ਅਸਮਾਨਤਾ. "ਹੰਸ ਹੇਤ ਆਸਾ ਅਸਮਾਨ." (ਗਉ ਮਃ ੧) ਹਿੰਸਾ ਮੋਹ ਲੋਭ ਅਤੇ ਹੰਕਾਰ.

ਅਸਮਾਨ ਖ਼ਾਂਨ: ਦੇਖੋ ਆਸਮਾਨ ਖ਼ਾਂਨ.

ਅਸਮਿਤਾ: ਸੰ. ਅਸ੍ਮਿਤਾ. ਸੰਗਜਾ- ਦ੍ਰਿਸ਼ਜ ਅਤੇ ਦ੍ਰਸ਼੍ਟਾ ਨੂੰ ਇੱਕ ਜਾਣਨਾ. ਯੋਗ ਸ਼ਾਸਤ੍ਰ ਅਨੁਸਾਰ ਇਹ ਪੰਜ ਕਲੇਸ਼ਾ ਵਿੱਚੋਂ ਇੱਕ ਕਲੇਸ਼ ਹੈ. ਵੇਦਾਂਤ ਵਿੱਚ ਇਸੇ ਦਾ ਨਾਉਂ "ਹ੍ਰਿਦਯਗ੍ਰੰਥਿ" ਹੈ.

ਅਸਮੇਧ: ਦੇਖੋ, ਅਸ਼੍ਵਮੇਧ.

ਅਸਮੰਜਸ: ਸੰ. असमजस. ਵਿ- ਜੋ ਨਹੀਂ ਸਮੰਜਸ (ਯੋਗਜ). ਅਯੋਗਜ. ਨਾਮੁਨਾਸਿਬ. "ਸੁਨ ਮਾਸੀ, ਅਸਮੰਜਸ ਗਾਥਾ." (ਨਾਪ੍ਰ) ੨. ਅਣਬਨ. ਅਸੰਗਤ। ੩. ਯੁਕ੍ਤਿ ਵਿਰੁੱਧ। ੪. ਸੰਗਜਾ- ਅਯੋਗਜ ਸਮਾ। ੫. ਸਗਰ ਦਾ ਪੁਤ੍ਰ, ਜੋ ਕੇਸ਼ਿਨੀ ਦੇ ਉਦਰੋਂ ਜਨਮਿਆ ਸੀ. ਇਹ ਵਡਾ ਕੁਕਰਮੀ ਸੀ, ਇਸ ਲਈ ਇਸ ਦੇ ਪਿਤਾ ਨੇ ਇਸ ਨੂੰ ਘਰੋਂ ਕੱਢ ਦਿੱਤਾ ਸੀ, ਪਰ ਪਿਤਾ ਦੇ ਚਲਾਣੇ ਪਿੱਛੋਂ. ਇਹ ਰਾਜਸਿੰਘਾਸਨ ਤੇ ਬੈਠਾ ਅਤੇ ਹਰਿਵੰਸ਼ ਦੇ ਲੇਖ ਅਨੁਸਾਰ ਵਡਾ ਸ਼ੂਰਵੀਰ ਹੋਇਆ. ਇਸ ਦੇ ਪੁਤ੍ਰ ਦਾ ਨਾਉਂ ਅੰਸ਼ੁਮਾਨ ਸੀ. ਦੇਖੋ, ਸਗਰ.

ਅਸਯੁਪਾਸਕ: ਸੰ. ਅਸ਼੍ਵਿਯ- ਪਾਸ਼ਕ. ਵਿ- ਘੋੜਿਆਂ ਦੀ ਸੈਨਾ ਨੂੰ ਫਾਹੁਣ ਵਾਲਾ। ੨. ਅਸਿ- ਉਪਾਸਕ. ਤਲਵਾਰ ਦੀ ਉਪਾਸਨਾ ਕਰਨ ਵਾਲਾ. ਭਾਵ- ਸ਼ਸਤ੍ਰ ਵਿਦਜਾ ਦਾ ਅਭਜਾਸੀ.

ਅਸਰ: ਅ਼. اثر ਅਸਰ. ਸੰਗਜਾ- ਪ੍ਰਭਾਉ। ੨. ਦਬਾਉ। ੩. ਚਿੰਨ੍ਹ. ਨਿਸ਼ਾਨ। ੪. ਸੰਬੰਧ। ੫. ਇਤਿਹਾਸ। ੬. ਅ਼. عصر ਅ਼ਸਰ. ਨਿਚੋੜਨਾ। ੭. ਰੋਕਣਾ। ੮. ਦੇਣਾ.

ਅਸਰਗ: ਸੰ. ਅਸਰ੍ਗ. ਵਿ- ਸਰ੍ਗ (ਉਤਪੱਤਿ) ਰਹਿਤ. "ਨਮਤ੍ਵੰ ਅਸਰਗੇ." (ਜਾਪੁ) ਦੇਖੋ, ਸਰਗ.

ਅਸਰਣ: ਸੰ. ਅਸ਼ਰਣ. ਵਿ- ਜਿਸ ਨੂੰ ਕਿਤੇ ਪਨਾਹ (ਢੋਈ) ਨਾ ਮਿਲੇ. ਦੇਖੋ, ਅਸਰਣ ਸਰਣ.

ਅਸਰਣਸਰਣ, ਅਸਰਨਸਰਨ: ਵਿ- ਜਿਸ ਨੂੰ ਕੋਈ ਸ਼ਰਣ ਨਾ ਦੇਵੇ, ਉਸ ਨੂੰ ਪਨਾਹ ਦੇਣ ਵਾਲਾ. ਨਿਓਟਿਆਂ ਦੀ ਓਟ. "ਅਸਰਣਸਰਣੰ ਏਕ ਦਈ." (ਗਜਾਨ)

ਅਸ਼ਰਫ਼: ਅ਼. اشرف ਵਿ- ਬਹੁਤ ਸ਼ਰਫ਼ (ਉੱਤਮਤਾ) ਰੱਖਣ ਵਾਲਾ. ਮਹਾਨ ਸ਼੍ਰੇਸ਼੍ਠ. ਵਡਾ ਸ਼ਰੀਫ. ਅਤਿ ਉੱਤਮ.

ਅਸ਼ਰਫ਼ੀ: ਫ਼ਾ. اشرفی ਸੰਗਜਾ- ਸ੍ਵਰਣ ਮੁਦ੍ਰਾ. ਮੋਹਰ. ਸੋਨੇ ਦਾ ਸਿੱਕਾ. ਸਭ ਤੋਂ ਪਹਿਲਾਂ ਇਹ ਸਿੱਕਾ ਸਪੇਨ ਵਿੱਚ ਚੱਲਿਆ, ਜੋ ਹੁਣ ਦੇ ਹਿਸਾਬ ਮੁਜਬ ਤਿੰਨ ਰੁਪਯੇ ਦੇ ਮੁੱਲ ਦਾ ਸੀ. ਹਿੰਦੁਸਤਾਨ ਵਿੱਚ ਅਨੇਕ ਬਾਦਸ਼ਾਹਾਂ ਨੇ ਸਮੇਂ ਸਮੇਂ ਆਪਣੇ ਸਿੱਕੇ ਦੀ ਅਸ਼ਰਫ਼ੀ ਚਲਾਈ ਹੈ, ਪਰ ਕਦੇ ਇਸ ਦੀ ਕੀਮਤ ਚਾਂਦੀ ਦੇ ਸਿੱਕੇ ਵਾਂਙ ਪੱਕੀ ਨਹੀਂ ਹੋਈ. ਸੋਨੇ ਦਾ ਭਾਉ ਵਧਣ ਘਟਣ ਨਾਲ ਇਸ ਦਾ ਮੁੱਲ ਹਮੇਸ਼ਾਂ ਵਧਦਾ ਘਟਦਾ ਰਿਹਾ ਹੈ. "ਕਾਢ ਅਸ਼ਰਫ਼ੀ ਧਨੀ ਕਹਾਯੋ." (ਚਰਿਤ੍ਰ ੩੮)

ਅਸ਼ਰਫ਼ੁਲਮਖ਼ਲੂਕ਼ਾਤ: ਅ਼. اشرف المخلُوقات ਵਿ- ਸ੍ਰਿਸ਼੍ਟੀ ਵਿੱਚੋਂ ਉੱਤਮ. ਮਨੁੱਖ. ਆਦਮੀ.

ਅਸਰਾਉ: ਸੰ. ਆਸ਼੍ਰਯ ਸੰਗਜਾ- ਆਸਰਾ. ਆਧਾਰ. ਸਹਾਰਾ. "ਵਿਚਿ ਸਚਾ ਅਸਰਾਉ." (ਵਾਰ ਰਾਮ ੧. ਮਃ ੩) ੨. ਓਟ. ਪਨਾਹ. "ਚੁਕੈ ਸਭ ਅਸਰਾਉ." (ਸ੍ਰੀ ਅਃ ਮਃ ੫) "ਜਾਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ." (ਸਾਰ ਮਃ ੫)

ਅਸਰਾਨਦੀ: ਰਤਨ ਮਾਲਾ ਵਿੱਚ ਅਪਾਨ ਪੌਣ ਦਾ ਨਾਉਂ ਅਸਰਾਨਦੀ ਆਇਆ ਹੈ. ਦੇਖੋ, ਅਸੁਰਨਦੀ.

ਅਸ਼ਰਾਫ਼: ਅ. اشراف ਵਿ- ਬਹੁ ਵਚਨ ਸ਼ਰੀਫ ਦਾ. ਨੇਕ (ਭਲੇ) ਮਾਣਸ.

ਅਸਰਾਰ: ਕ੍ਰਿ ਵਿ- ਲਗਾਤਾਰ. ਨਿਰੰਤਰ।

੨. ਅ. إسرار ਸੰਗਯਾ- ਬਹੁ ਵਚਨ ਸਿੱਰ ਦਾ. ਭੇਤ. ਗੁਪਤ ਆਸ਼ਯ। ੩. ਅ. إصرار ਇਸਰਾਰ. ਆਗ੍ਰਹ. ਹਠ। ੪. ਅ. اشرار ਅਸ਼ਰਾਰ. ਬਹੁ ਵਚਨ ਸ਼ਰੀਰ ਦਾ.

ਅਸਰਾਲ: ਵਿ- ਭਿਆਨਕ. ਡਰਾਉਣਾ. ਖ਼ੌਫ਼ਨਾਕ। ੨. ਸੰਗਯਾ- ਅਜਗਰ ਸੱਪ. ਫ਼ਾ. اژدہا- اژدرہا ਅਜਦਹਾ ਅਥਵਾ ਅਜ਼ਦਰਹਾ। ੩. ਅਸੁਰਾਲਯ. ਪਾਤਾਲ. ਲੋਕ। ੪. ਭਾਵ- ਨਰਕ. "ਭੈ ਸਾਗਰ ਅਸਰਾਲ ਪਇਆ." (ਰਾਮ ਅঃ ਮঃ ੧) ਦੇਖੋ, ਜਲਾਬਿੰਬ.

ਅਸਰੀਤ: ਅਜੇਹੀ ਰੀਤਿ. ਐਸੀ ਰਸਮ. ੨. ਸੰ. आश्रितृ- ਅਸ਼੍ਰਤ੍ਰ. ਵਿ- ਖਾਊ. ਖਾਣ ਵਾਲਾ. ਪੇਟ- ਦਾਸੀਆ। ੩. ਆਸ਼੍ਰਿਤ ਲਾਗੀ। ੪. ਇੱਕ ਖ਼ਾਸ ਲਾਗੀ, ਜੋ ਜਾਤਿ ਦਾ ਬ੍ਰਾਹਮਣ ਹੋਵੇ ਅਤੇ ਸ਼ਾਦੀ ਗ਼ਮੀ ਦੇ ਮੌਕੇ ਪੁਰ ਰਸੋਈ ਦਾ ਕੰਮ ਕਰੇ. ਅਸੂਤਾਈ "ਹੋਇ ਅਸਰੀਤ ਪੁਰੋਹਿਤਾ." (ਭਾਗੁ)

ਅਸਰੂਪ: ਸੰ. ਸ੍ਵਰੂਪ. ਸੰਗਯਾ- ਸ਼ਕਲ. ਆਕਾਰ. "ਪਉਣ ਪਾਣੀ ਅਗਨੀ ਅਸਰੂਪ." (ਓਅੰਕਾਰ) "ਵਰਨ ਭੇਖ ਅਸਰੂਪ ਨ ਜਾਪੀ." (ਸਿਧਗੋਸਟਿ) ੨. ਆਪਣੀ ਸ਼ਕਲ। ੩. ਵਿ- ਅਰੂਪ. ਬਿਨਾ ਸ੍ਵਰੂਪ ਜਿਸ ਦੀ ਸ਼ਕਲ ਨਹੀਂ. ੪. ਅਸੁ (ਪ੍ਰਾਣ) ਰੂਪ.

ਅਸਲ: ਅ. اصل ਅਸਲ. ਵਿ- ਖਰਾ. ਸੱਚਾ. ਦੇਖੋ, ਅਸਲਿ। ੨. ਸੰਗਯਾ- ਜੜ. ਮੂਲ. ਦੇਖੋ, ਅਸੁਲੁ. ੩. ਮੂਲ ਧਨ. ਪੂੰਜੀ। ੪. ਕੁਲ. ਵੰਸ਼। ੫. ਪ੍ਰਤਿਸ਼੍ਠਾ. ਮਾਨ. ੬. ਅ. عسل ਅ਼ਸਲ. ਸ਼ਹਿਦ. ਮਧੁ। ੭. ਵਿ- ਭਲਾ. ਨੇਕ। ੮. ਸੰ. ਸੰਗਯਾ- ਲੋਹਾ। ੯. ਸ਼ਸਤ੍ਰ.

ਅਸਲਮ: ਅ. اسلم ਵਿ- ਬਹੁਤ ਸਾਦਾ। ੨. ਬਹੁਤ ਨੇਕ। ੩. ਬਹੁਤ ਸਲਾਮਤ.

ਅਸਲਮ ਖ਼ਾਂ: ਦੇਖੋ, ਇਸਲਾਮ ਖ਼ਾਂ.

ਅਸਲਿ: ਕ੍ਰਿ. ਵਿ- ਅਸਲੋਂ. ਵਾਸਤਵ ਵਿੱਚ. ਦਰ ਹ਼ਕ਼ੀਕਤ. "ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ." (ਸਵਾ ਮঃ ੧) ਦੇਖੋ, ਅਸਲ ੧.

ਅਸਵ: ਸੰ. ਆਸਵ. ਮਦਿਰਾ. ਸ਼ਰਾਬ. "ਪਿੰਪਤ ਅਸਵੰ ਭਟੰ." (ਦੱਤਾਵ) ਦੇਖੋ, ਆਸਵ.

ਅਸਵਦ: ਅ. اسود ਵਿ- ਬਹੁਤ ਕਾਲਾ. (ਸਵਾਦ ਦਾ ਅਰਥ ਹੈ ਕਾਲਾ). ੨. ਸੰਗਯਾ- ਇੱਕ ਕਾਲਾ ਪੱਥਰ, ਜੋ ਛੀ ਸੱਤ ਇੰਚ ਪ੍ਰਮਾਣ ਦਾ ਕਾਬੇ ਦੀ ਕੰਧ ਵਿੱਚ ਜੜਿਆ ਹੋਇਆ ਹੈ. ਅੱਬਾਸ ਮੁਹੰਮਦ ਦੇ ਲੇਖ ਅਨੁਸਾਰ ਇਹ ਪੱਥਰ ਸੁਰਗ ਤੋਂ ਚਿੱਟੇ ਰੰਗ ਦਾ ਡਿੱਗਾ ਸੀ, ਪਰ ਆਦਮ ਦੀ ਸੰਤਾਨ ਦੇ ਛੁਹਣ ਤੋਂ ਇਸ ਦਾ ਰੰਗ ਬਦਲਦਾ ਬਦਲਦਾ ਕਾਲਾ ਹੋ ਗਿਆ ਹੈ. ਪ੍ਰਲੈ ਦੇ ਅੰਤ ਵਿੱਚ ਜਦ ਰੱਬ ਜੀਵਾਂ ਦਾ ਇਨਸਾਫ ਕਰੇਗਾ, ਤਾਂ ਇਸ ਪੱਥਰ ਦੀਆਂ ਦੋ ਅੱਖਾਂ ਅਤੇ ਜ਼ੁਬਾਨ ਹੋ ਜਾਵੇਗੀ. ਅੱਖਾਂ ਨਾਲ ਇਹ ਉਨ੍ਹਾਂ ਦੀ ਪਛਾਣ ਕਰੇਗਾ ਜਿਨ੍ਹਾਂ ਨੇ ਇਸ ਨੂੰ ਚੁੰਮਿਆ ਹੈ, ਅਤੇ ਜ਼ਬਾਨ ਨਾਲ ਚੁੰਬਕਾਂ ਦੇ ਹੱਕ ਵਿੱਚ ਗਵਾਹੀ ਦੇਵੇਗਾ.

ਅਸਵਾਰ: ਫ਼ਾ. اسوار ਸਵਾਰ. ਅਸਪ- ਵਾਰ. ਵਿ- ਅਸ਼੍ਵਾਰੋਹੀ. ਘੋੜੇ ਪੁਰ ਚੜ੍ਹਿਆ ਹੋਇਆ। ੨. ਆਰੋਹਿਤ. ਕਿਸੇ ਸਵਾਰੀ ਉੱਪਰ ਚੜਿਆ ਹੋਇਆ।

੩. ਸੰਗਯਾ- ਰਸਾਲੇ ਦਾ ਸਿਪਾਹੀ. ਸੰ. अश्ववार. ਘੋੜੇ ਨੂੰ ਰੋਕਣ ਵਾਲਾ. ਜੋ ਘੋੜੇ ਦੀ ਚਾਲ ਆਪਣੇ ਵਸ਼ ਰੱਖੇ.

ਅਸਵਾਰਾ: ਸੰਗਯਾ- ਚੜ੍ਹਾਈ ਕੂਚ. "ਖ਼ਾਲਸੇ ਨੇ ਅੱਜ ਅਸਵਾਰਾ ਕਰਨਾ ਹੈ." (ਲੋਕੋ) ੨. ਪਰਲੋਕ ਗਮਨ. ਗੁਰੁਪੁਰੀ ਸਿਧਾਰਨਾ. "ਨਾਵੀਂ ਪਾਤਸ਼ਾਹੀ ਦਾ ਅਸਵਾਰਾ ਕਿਸ ਪ੍ਰਕਾਰ ਹੋਇਆ?" (ਭਗਤਾਵਲੀ) ੩. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਜਿਲਦ (ਬੀੜ). "ਬਹੁਰੋ ਲੇ ਜਾਵਹੁ ਅਸਵਾਰਾ." (ਗੁਪ੍ਰਸੂ) ੪. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਜ ਧਜ ਨਾਲ ਕੱਢੀ ਹੋਈ ਅਸਵਾਰੀ.

ਅਸਵਾਰੀ: ਫ਼ਾ. سواری ਸਵਾਰੀ. ਸੰਗਯਾ- ਘੋੜੇ ਉੱਪਰ ਆਰੋਹਣ (ਚੜ੍ਹਨ) ਦੀ ਕ੍ਰਿਯਾ। ੨. ਘੋੜੇ ਤੇ ਅਸਵਾਰ ਹੋਣ ਦੀ ਵਿਦ੍ਯਾ। ੩. ਯਾਨ. ਕੋਈ ਵਸਤੁ, ਜਿਸ ਉੱਪਰ ਸਵਾਰ ਹੋਈਏ.

ਅਸਾ: ਆਸ਼ਾ ਦਾ ਸੰਖੇਪ. "ਮਨ ਮਹਿ ਰਾਖਉ ਏਕ ਅਸਾ ਰੇ." (ਦੇਵ ਮਃ ੫) ੨. ਦੇਖੋ, ਅਸਾਂ. ਸਾਡੇ ਵਿੱਚ. ਹਮਾਰੇ ਮੇ. "ਅਸਾ ਜੋਰੁ ਨਾਹੀ ਜੇ ਕਿਛੁ ਕਰਿ ਸਾਕਹਿ." (ਸੂਹੀ ਮਃ ੪)

ਅਸਾਂ: ਸਰਵ. ਮੈਂ ਦਾ ਬਹੁ ਵਚਨ. ਅਸੀਂ "ਅਸਾਂ ਭਿ ਓਥੈ ਜਾਣਾ." (ਵਡ ਮਃ ੧. ਅਲਾਹਣੀਆ)

ਅਸਾਸਹ: ਦੇਖੋ, ਅਸਾਸੈ.

ਅਸਾਸਾ: ਅ਼. اثاثہ ਅਸਾਸਾ. ਸੰਗਯਾ- ਮਾਲ। ੨. ਸੰਪਦਾ. ਵਿਭੂਤੀ.

ਅਸਾਸ੍ਤ੍ਰੀ: ਸੰ. अशस्त्रिन्. ਵਿ- ਜੋ ਸ਼ਾਸ੍ਤ੍ਰ ਨਹੀਂ ਜਾਣਦਾ. ਅਸ਼ਿਕਿਤ. ਅਨਪੜ੍ਹ। ੨. ਸ਼ਾਸਤ੍ਰ ਵਿਰੁੱਧ ਕਰਮ ਕਰਨ ਵਾਲਾ। ੩. ਨਿੰਦਿਤ ਸ਼ਾਸਤ੍ਰ ਅਨੁਸਾਰ ਕਰਮ ਕਰਨ ਵਾਲਾ।

ਅਸਾਹ, ਅਸਾਂਹ: ਸੰ. अस्मासु. ਹਮਾਰੇ ਮੇਂ. ਅਸਾਡੇ ਵਿੱਚ. "ਅਉਗੁਣ ਸਭ ਅਸਾਹ." (ਸ੍ਰੀ ਮਃ ੧)

ਅਸਾਜ੍ਯ: ਵਿ- ਨਾ ਸਾਜਣ ਯੋਗ੍ਯ. ਅਣਬਣ. ਨਾਮੁਮਕਿਨ. "ਅਸਾਜ੍ਯੰ ਸਾਜਿ ਸਮਜਿਆ." (ਸਹਸ ਮਃ ੫) ਦੇਖੋ, ਸਮਜਿਆ.

ਅਸਾਡੜਾ: ਵਿ- ਅਸਾਂ ਦਾ. ਅਸਾਡਾ. ਹਮਾਰਾ. "ਜੇ ਤੂ ਮਿਤ੍ਰ ਅਸਾਡੜਾ." (ਵਾਰ ਮਾਰੂ ੨. ਮਃ ੫)

ਅਸਾਡੜੇ: ਵਿ- ਅਸਾਂ ਦੇ. ਅਸਾਡੇ. ਹਮਾਰੇ. "ਮਿਤ੍ਰ ਅਸਾਡੜੇ ਸੇਈ." (ਵਾਰ ਗੂਜ ੨. ਮਃ ੫)

ਅਸਾਡਾ: ਵਿ- ਦੇਖੋ, ਅਸਾਡੜਾ.

ਅਸ਼ਾਂਤਿ: ਸੰ. अशान्ति. ਸੰਗ੍ਯਾ- ਸ਼ਾਂਤਿ ਦਾ ਅਭਾਵ. ਬੇਚੈਨੀ. ਕ੍ਸ਼ੋਭ.

ਅਸਾਧ: ਸੰ. ਅਸਾਧ੍ਯ. ਵਿ- ਜਿਸ ਦਾ ਸਿੱਧ ਕਰਨਾ ਔਖਾ ਹੈ. ਕਠਿਨਤਾ ਨਾਲ ਹੋਣ ਵਾਲਾ। ੨. ਅਜੇਹਾ ਰੋਗ, ਜੋ ਦੂਰ ਨਾ ਹੋ ਸਕੇ. ਜਿਸ ਦਾ ਇਲਾਜ ਨਾ ਹੋ ਸਕੇ. "ਅਸਾਧ ਰੋਗ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ." (ਮਾਰੂ ਮਃ ੫) ੩. ਦੇਖੇ, ਅਸਾਧੁ.

ਅਸਾਧਾਰਣ: ਵਿ- ਜੋ ਸਾਧਾਰਣ (ਮਾਮੂਲੀ) ਨਹੀਂ. ਅਸਾਮਾਨ੍ਯ। ੨. ਭਾਵ- ਵਿਸ਼ੇਸ਼. ਖ਼ਾਸ.

ਅਸਾਧਿ: ਅਸਾਧ੍ਯ. ਦੇਖੋ, ਅਸਾਧ.

ਅਸਾਧੁ: ਸੰ. ਵਿ- ਜੋ ਸਾਧੁ (ਭਲਾ) ਨਹੀਂ, ਬੁਰਾ. ਲੁੱਚਾ. ਖੋਟਾ. ਦੁਸ਼੍ਟ.

ਅਸਾਧ੍ਯ: ਦੇਖੋ, ਅਸਾਧ.

ਅਸਾਨ: ਅ਼. احسان ਇਹ਼ਸਾਨ. ਸੰ. ਉਪਕਾਰ. ਨੇਕੀ. ਭਲਿਆਈ। ੨. ਕ੍ਰਿਪਾ। ੩. ਫ਼ਾ. آسان ਆਸਾਨ ਵਿ- ਸੁਗਮ. ਸੁਖਾਲਾ. ਸੌਖਾ.

ਅਸਾਨਮੰਦ, ਅਸਾਨਵੰਦ: ਫ਼ਾ. احسانمند ਇਹ਼ਸਾਨਮੰਦ. ਵਿ- ਕ੍ਰਿਤਗ੍ਯ. ਉਪਕਾਰ ਮੰਨਣ ਵਾਲਾ.

ਅਸਾਮੀ: ਅ਼. اسامی ਸੰਗ੍ਯਾ- ਇਸਮ ਦਾ ਬਹੁ ਵਚਨ. ਅਸਮਾ, ਉਸ ਦਾ ਬਹੁ ਵਚਨ ਅਸਾਮੀ। ੨. ਅਹੁਦਾ. ਪਦਵੀ.

ਅਧਿਕਾਰ। ੩. ਕਿਰਾਇਆ ਅਥਵਾ ਮੁਆਮਲਾ ਅਦਾ ਕਰਨ ਵਾਲਾ। ੪. ਮੁਕ਼ੱਦਮੇ ਵਿੱਚ ਪੱਖ ਲੈਣ ਵਾਲਾ. ਫ਼ਰੀਕ਼ ਮੁਕ਼ੱਦਮਾ.

ਅਸਾਰ: ਸਿੰਧੀ. ਵਿ- ਬਿਨਾ ਸੁਧ. ਬੇਖ਼ਬਰ. ਗ਼ਾਫ਼ਿਲ. ਸਾਵਧਾਨਤਾ ਰਹਿਤ. "ਨਾ ਸੋਈਐ ਅਸਾਰ." (ਸ. ਕਬੀਰ) ੨. ਸੰ. ਸਾਰ ਰਹਿਤ. ਫੋਗ. ਫੋਕੜ। ੩. ਤੁੱਛ. ਅਦਨਾ। ੪. ਸੰਗ੍ਯਾ- ਇਰੰਡ। ੫. ਚੰਦਨ। ੬. ਅਗਰੁ। ੭. ਸੰ. ਆਸਾਰ. ਵਰਖਾ ਦੀ ਧਾਰਾ. ਬੁਛਾੜ. "ਨੈਨਹੁ ਨੀਰ ਅਸਾਰ ਬਹੈ." (ਆਸਾ ਕਬੀਰ) ੮. ਅ਼. آثار ਆਸ਼ਾਰ. ਅਸ਼ਰ ਦਾ ਬਹੁ ਵਚਨ. ਚਿੰਨ੍ਹ. ਨਿਸ਼ਾਨ. ਲੱਛਣ.

ਅਸਾਰਤ: ਅ਼. اشارت ਇਸ਼ਾਰਤ. ਸੰਗ੍ਯਾ- ਸੈਨਤ. ਸੈਨ. ਕਿਸੇ ਭਾਵ ਨੂੰ ਪ੍ਰਗਟ ਕਰਨ ਦਾ ਨਿਸ਼ਾਨ. "ਕਰਹਿਂ ਉਚਾਇ, ਅਸਾਰਤ ਦਲ ਦਈ." (ਚਰਿਤ੍ਰ ੧੫੧) ਹੱਥ ਚੁੱਕ ਕੇ ਫੌਜ ਨੂੰ ਇਸ਼ਾਰਾ ਦਿੱਤਾ.

ਅਸਾਰਥ: ਸੰ. ਅਸਾਰਾਰ੍‍ਥ. ਸੰਗ੍ਯਾ- ਅਸਾਰ ਰੂਪ ਪਦਾਰਥ। ੨. ਅਸਾਰ ਕਰਮ. "ਸੁਆਰਥ ਤਿਆਗਿ ਆਸਰਥਿ ਰਚਿਓ, ਨਹਿ ਸਿਮਰੈ ਪ੍ਰਭੁ." (ਸਾਰ ਮਃ ੫)

ਅਸਾਰਥਿ: ਅਸਾਰਥੰ ਵਿੱਚ. ਦੇਖੋ, ਅਸਾਰਥ.

ਅਸਾੜ: ਸੰ. ਆਸ਼ਾਢ. ਸੰਗ੍ਯਾ- ਹਾੜ੍ਹ ਦਾ ਮਹੀਨਾ, ਜਿਸ ਦੀ ਪੂਰਣਮਾਸੀ ਨੂੰ ਉਤ੍ਰਾਸ਼ਾਢਾ ਨਛਤ੍ਰ ਹੁੰਦਾ ਹੈ.

ਅਸਾੜਾ, ਅਸਾੜੀ: ਵਿ- ਅਸਾਂ ਦਾ. ਅਸਾਡਾ. ਅਸਾਡੀ. ਹਮਾਰਾ. ਹਮਾਰੀ. "ਨਾਂਹੀ ਕਿਛੁ ਅਸਾੜਾ ਜੀਉ." (ਮਾਝ ਮਃ ੫) "ਰਾਖਹੁ ਸਰਮ ਅਸਾੜੀ." (ਮਾਝ ਮਃ ੫)

ਅਸਿ: ਦੇਖੋ, ਅਸ੍ ਧਾ. ਸੰਗ੍ਯਾ- ਕੱਟਣ ਦਾ ਸ਼ਸਤ੍ਰ. ਤਲਵਾਰ. "ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ." (ਸਨਾਮਾ) ੨. ਇੱਕ ਨਦੀ, ਜੋ ਕਾਸ਼ੀ ਪਾਸ ਵਹਿੰਦੀ ਹੈ. "ਬਨਾਰਸਿ ਅਸਿ ਬਸਤਾ." (ਗੌਂਡ- ਨਾਮਦੇਵ) ੩. ਕ੍ਰਿਯਾ ਵਾਚਕ ਮੱਧਮ ਪੁਰਖ ਦਾ ਇੱਕ ਵਚਨ. ਹੈ. "ਤਤ੍ਵਮਸਿ" (ਤਤ੍- ਤ੍ਵੰ- ਅਸਿ). ਉਹ ਤੂ ਹੈ. "ਸਾਮ ਜੁ ਬੇਦ ਤਤ੍ਵਮਸਿ ਮਾਨੇ." (ਗੁਪ੍ਰਸੂ)

ਅਸਿਕਨੀ: ਸੰ. असिक्नी. ਦੇਖੋ, ਚੰਦ੍ਰਭਾਗਾ, ਚਨ੍ਹਾਂ. ਚਨਾਬ। ੨. ਰਾਤ੍ਰਿ. ਰਾਤ। ੩. ਅੰਤਹ ਪੁਰ (ਹ਼ਰਮ) ਦੀ ਦਾਸੀ. ਜ਼ਨਾਨਖਾਨੇ ਦੀ ਟਹਿਲਣ.

ਅਸਿਕੇਤੁ: ਸੰਗ੍ਯਾ- ਅਸਿ (ਤਲਵਾਰ) ਹੈ ਜਿਸ ਦੀ ਕੇਤੁ (ਧੁਜਾ) ਵਿੱਚ. ਅਸਿਧੁਜ. ਅਕਾਲ. ਮਹਾਕਾਲ. "ਸ੍ਰੀ ਅਸਿਕੇਤੁ ਜਗਤ ਕੇ ਈਸਾ." (ਚੌਪਈ) ੨. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ.

ਅਸਿੱਖ: ਵਿ- ਜੋ ਸਿੱਖ ਨਹੀਂ. ਜਿਸ ਨੇ ਗੁਰੂ ਨਾਨਕ ਦੇਵ ਦਾ ਧਰਮ ਧਾਰਣ ਨਹੀਂ ਕੀਤਾ। ੨. ਦੇਖੋ, ਅਸਿੱਖਿਤ.

ਅਸਿੱਖਿਤ: ਸੰ. ਅਸ਼ਿਕ੍ਸ਼ਿਤ. ਵਿ- ਜਿਸ ਨੇ ਸਿਕ੍ਯਾ (ਸਿਖ੍ਯਾ) ਨਹੀਂ ਪਾਈ। ੨. ਵਿਦ੍ਯਾਹੀਨ. ਅਨਪੜ੍ਹ। ੩. ਉਜੱਡ. ਅਸਭ੍ਯ ਗੁਁਵਾਰ.

ਅਸਿਤ: ਸੰ. ਵਿ- ਜੋ ਸਿਤ (ਚਿੱਟਾ) ਨਹੀਂ। ੨. ਕਾਲਾ. "ਅਸਿਤ ਬਸਤ੍ਰ ਤਿਹ ਅੰਗ." (ਪਾਰਸਾਵ) ੩. ਬੇਹੱਦ. ਬੇਅੰਤ। ੪. ਸੰ. ਅਸ਼ਿਤ. ਕੁੰਢਾ. ਕੁੰਠਿਤ. ਕੁੰਦ। ੫. ਖਾਧਾ ਹੋਇਆ. ਭਕ੍ਸ਼ਿਤ। ੬. ਸੰਗ੍ਯਾ- ਅਸਤਿ ਨਾਉਂ ਦਾ ਸੂਰਜਵੰਸ਼ੀ ਰਾਜਾ, ਜੋ ਧ੍ਰੁਵਸੰਧਿ ਦਾ ਪੁਤ੍ਰ ਸੀ. ਇਹ ਹੈਹਯ ਜਾਤਿ ਤੋਂ ਹਾਰ ਖਾਕੇ ਹਿਮਾਲਯ (ਹਿਮਾਲੇ) ਨੂੰ ਚਲਾ ਗਿਆ ਸੀ.

ਅਸਿਤਬਾਰਿ: ਸੰਗ੍ਯਾ- ਅਸਿਤ (ਕਾਲਾ) ਹੈ ਜਿਸ ਦਾ ਵਾਰਿ (ਪਾਣੀ). ਜਮਨਾ (ਯਮੁਨਾ) ਨਦੀ. (ਸਨਾਮਾ)

ਅਸਿਤਬਾਰਿਪਤਿ: ਅਸਿਤਵਾਰਿ ਜਮਨਾ, ਉਸ ਦਾ ਪਤੀ ਕ੍ਰਿਸ਼ਨਦੇਵ. (ਸਨਾਮਾ)

ਅਸਿਤਾ: ਵਿ- ਜੋ ਸ਼੍ਵੇਤ (ਚਿੱਟੀ) ਨਹੀਂ. ਕਾਲੀ. "ਅਸਿਤਾ ਨਿਸਿ ਮੋ ਸਸਿ ਸੇ ਬਿਗਸੇ." (ਸਮੁਦ੍ਰ ਮਥਨ) ੨. ਸੰਗ੍ਯਾ- ਜਮਨਾ ਨਦੀ। ੩. ਸੰ. अशितृ- ਅਸ਼ਿਤ੍ਰਿ. ਵਿ- ਖਾਣ ਵਾਲਾ. ਭਕ੍ਸ਼ਕ। ੪. ਸੰ. असित. ਫੈਂਕਣ ਵਾਲਾ।

**ਅਸਿਧਰ, ਅਸਿਧਾਰੀ:** ਵਿ- ਅਸਿ (ਤਲਵਾਰ) ਧਾਰਣ ਵਾਲਾ. ਖੜਗਧਾਰੀ. "ਅਨਬਿਕਾਰ ਅਸਿਧਾਰੀ." (ਹਜ਼ਾਰੇ) ੨. ਸੰਗ੍ਯਾ- ਮਹਾਕਾਲ। ੩. ਕ੍ਰਿਪਾਣ ਧਾਰੀ ਖ਼ਾਲਸਾ.

**ਅਸਿਧਾਵ:** ਹਥਿਆਰ ਚਮਕਾਉਣ ਵਾਲਾ ਸਿਕਲੀਗਰ. ਦੇਖੋ, ਅਸਿ ਅਤੇ ਧਾਵ.

**ਅਸਿਧੁਜ:** ਦੇਖੋ, ਅਸਿਕੇਤੁ. "ਸ੍ਰੀ ਅਸਿਧੁਜ ਜੂ ਕਰੀਅਹੁ ਰੱਛਾ." (ਚੌਪਈ)

**ਅਸਿਨੀ:** ਸੰਗ੍ਯਾ- ਅਸਿ (ਤਲਵਾਰ) ਵਾਲੀ ਸੈਨਾ. (ਸਨਾਮਾ) ੨. ਅਸ਼੍ਵ (ਘੋੜਿਆਂ) ਵਾਲੀ ਸੈਨਾ. ਰਸਾਲਾ. ਘੁੜਚੜ੍ਹੀ ਫ਼ੌਜ. (ਸਨਾਮਾ)

**ਅਸਿਪਤ੍ਰ:** ਸੰ. ਸੰਗ੍ਯਾ- ਤਲਵਾਰ ਦਾ ਫਲ. ਪਿੱਪਲਾ। ੨. ਪੁਰਾਣਾਂ ਅਨੁਸਾਰ ਇੱਕ ਨਰਕ, ਜੋ ਹਜ਼ਾਰ ਯੋਜਨ ਤਪੀ ਹੋਈ ਜ਼ਮੀਨ ਉੱਪਰ ਹੈ. ਉੱਥੇ ਇੱਕ ਸੰਘਣਾ ਜੰਗਲ ਹੈ, ਜਿਸ ਵਿੱਚ ਬਿਰਛਾਂ ਦੇ ਪੱਤੇ ਤਲਵਾਰ ਵਰਗੇ ਤਿੱਖੇ ਹਨ, ਜੋ ਪਾਪੀਆਂ ਉੱਪਰ ਡਿਗਕੇ ਅੰਗ ਕੱਟ ਦਿੰਦੇ ਹਨ.

**ਅਸਿਪਾਣਿ, ਅਸਿਪਾਣੀ, ਅਸਿਪਾਨਿ:** ਸੰਗ੍ਯਾ- ਮਹਾਕਾਲ. ਜਿਸ ਦੇ ਹੱਥ ਖੜਗ ਹੈ. "ਸ੍ਰੀ ਅਸਿਪਾਣਿ ਕ੍ਰਿਪਾ ਤੁਮਰੀ ਕਰ." (ਰਾਮਾਵ) ੨. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ। ੩. ਅਮ੍ਰਿਤ ਧਾਰੀ ਸਿੰਘ.

**ਅਸ਼ਿਵਾ:** ਵਿ- ਅਮੰਗਲ ਰੂਪਾ. ਜੋ ਸ਼ਿਵਾ ਨਹੀਂ. "ਸ਼ਿਵਾ ਅਸ਼ਿਵਾ ਪੁਕਾਰਤ ਭਈ." (ਗੁਪ੍ਰਸੂ). ਸ਼ਿਵਾ (ਗਿਦੜੀ) ਅਸ਼ਿਵਾ (ਅਮੰਗਲ) ਬਾਣੀ ਬੋਲੀ. ਦੇਖੋ, ਸ਼ਿਵਾ.

**ਅਸੀ:** ਦੇਖੋ, ਅਸਿ। ੨. ਦੇਖੋ, ਅੱਸੀ। ੩. ਸਰਵ. ਮੈਂ ਦਾ ਬਹੁ ਵਚਨ. ਅਸੀਂ. ਹਮ. "ਅਸੀ ਖਤੇ ਬਹੁਤ ਕਮਾਵਦੇ." (ਸਵਾ ਮਃ ੫) ੪. ਵਿ- ਅਸਿਵਾਲਾ. ਖੜਗਧਾਰੀ. ਤਲਵਾਰਬੰਦ. "ਅਸੀ ਗਦੀ ਕੌਚੀ ਬ ਗਾਢੇ." (ਚਰਿਤ੍ਰ ੪੦੫) ਤਲਵਾਰਧਾਰੀ ਗਦਾਧਾਰੀ ਕਵਚਧਾਰੀ.

**ਅਸੀਸ, ਅਸੀਸੜੀ:** ਸੰ. आशिष्- ਅਸ਼ਿਸ਼੍. ਸੰਗ੍ਯਾ- ਆਸ਼ੀਰਵਾਦ. ਦੁਆ. "ਦੇਹੁ ਸਜਣ, ਅਸੀਸੜੀਆ" (ਸੋਹਿਲਾ)

**ਅਸੀਨ:** ਭੈਠਾ. ਦੇਖੋ, ਆਸੀਨ ੨. "ਆਸਨ ਡਾਸ ਅਸੀਨ." (ਨਾਪ੍ਰ)

**ਅਸੀਬਹਾਦੁਰ:** ਭਾਈ ਸੁੱਖਾ ਸਿੰਘ ਆਦਿ ਕਵੀਆਂ ਨੇ "ਤੇਗ ਬਹਾਦੁਰ" ਨਾਉਂ ਦਾ ਉਲਥਾ (ਅਨੁਵਾਦ) ਕਰਕੇ ਨੌਵੇਂ ਸਤਿਗੁਰੂ ਜੀ ਦਾ ਕਈ ਥਾਈਂ ਇਹ ਨਾਉਂ ਲਿਖਿਆ ਹੈ.

**ਅਸੀਮ:** ਸੰ. ਵਿ- ਸੀਮਾ (ਹੱਦ) ਰਹਿਤ. ਬੇਹੱਦ. "ਪਾਯੋ ਅਨਦ ਅਸੀਮ ਹੈ." (ਸਲੋਹ)

**ਅਸੀਰ:** ਅ਼. اثیر ਅਸੀਰ. ਵਿ- ਵਡਾ. ਬਲੰਦ। ੨. ਚੁਣਿਆ ਹੋਇਆ. ਸ਼੍ਰੇਸ਼੍ਠ. ਉੱਤਮ। ੩. ਅ਼. اسیر ਕ਼ੈਦੀ. ਬੰਧੂਆ. "ਗਿਰਜੋ ਅੰਧ ਜਜੋਂ ਹਨਐ ਨ੍ਰਿਪਤਿ ਦ੍ਰਿਗ ਯੁਤ ਭਯੋ ਅਸੀਰ." (ਚਰਿਤ੍ਰ ੩੦) ੪. ਅ਼. اصیر ਅਸੀਰ. ਨਜ਼ਦੀਕ. ਪਾਸ. ਨੇੜੇ। ੫. ਉਲਝੇ ਹੋਏ ਕੇਸ।

**ਅਸੀਰਬਚਨ, ਅਸੀਰਬਾਦ:** ਸੰਗ੍ਯਾ. ਆਸ਼ੀਰਵਾਦ. ਦੁਆ਼ਈ. ਕਲਮਾ. ਅਸੀਸ.

**ਅਸੀਲ:** ਸੰ. ਅਸ਼ੀਲ. ਸੰਗ੍ਯਾ- ਸ਼ੀਲ (ਨੇਕ ਚਲਨ) ਦਾ ਅਭਾਵ. ਅਸ਼ੀਲਤਾ। ੨. ਵਿ- ਜੋ ਸ਼ੀਲ ਨਹੀਂ. ਖੋਟੇ ਸੁਭਾਉ ਵਾਲਾ. ਬਦਚਲਨ। ੩. ਅ਼. اصیل- اثیل ਅਸੀਲ ਅਥਵਾ ਅਸੀਲ. ਵਿ- ਉੱਤਮ. ਭਲਾ. ਸ਼ਰੀਫ। ੪. ਮਾਂ ਬਾਪ ਦੀ ਅਸਲ ਨਸਲ ਦਾ. ਕੁਲੀਨ.

**ਅਸੁ:** ਦੇਖੋ, ਅਸ ਧਾ. ਸੰਗ੍ਯਾ- ਮਨ. ਚਿੱਤ। ੨. ਪ੍ਰਾਣ. "ਬਸੁ ਦੈ ਅਸੁ ਦੈ ਜਗ ਮੇ ਜਸ ਲੀਜੈ." (ਕ੍ਰਿਸਨਾਵ) ਵਸੁ (ਧਨ) ਦੇਕੇ, ਅਸੁ (ਪ੍ਰਾਣ) ਦੇਕੇ, ਜਗਤ ਵਿੱਚ ਜਸ ਲਓ। ੩. ਸੰ. ਅਸ਼੍ਰ. ਹੰਝੂ. ਆਂਸੂ. ਅਸ਼ਕ. "ਉਤਸਵ ਸਮੈ ਜਾਨਿ ਅਸੁ ਰੋਕੀ." (ਗੁਪ੍ਰਸੂ) ੪. ਸੰ. ਅਸ਼੍ਵ. ਘੋੜਾ. ਅਸਪ. "ਅਸੁ ਹਸਤੀ ਰਥ ਅਸਵਾਰੀ." (ਸੁਖਮਨੀ)

**ਅਸੁਅਰਿ:** ਸੰਗਯਾ- ਅਸੁ (ਪ੍ਰਾਣਾਂ ਦਾ ਵੈਰੀ. ਯਮ. ਪ੍ਰਾਣਾਂਤਕ. (ਸਨਾਮਾ) ੨. ਪ੍ਰਾਣ ਵਿਨਾਸ਼ਕ ਸ਼ਸਤ੍ਰ. (ਸਨਾਮਾ) ੩. ਜਾਨ ਲੈਣਵਾਲਾ, ਠਗ. (ਸਨਾਮਾ) ੪. ਅਸ਼੍ਵ (ਘੋੜੇ) ਦਾ ਵੈਰੀ ਸ਼ੇਰ. (ਸਨਾਮਾ)

**ਅਸੁਅਰਿ ਅੰਤਕ:** (ਸਨਾਮਾ). ਅਸੁ (ਪ੍ਰਾਣਾਂ) ਦਾ ਵੈਰੀ (ਦੁਸ਼ਮਨ), ਉਸ ਦਾ ਅੰਤ ਕਰਨ ਵਾਲੀ ਪਾਸ਼ (ਫਾਹੀ).

**ਅਸੁਆਸਨ:** ਆਸ਼੍ਵਾਸਨ. ਦੇਖੋ, ਆਸਾਸਨ। ੨. ਅਸ਼੍ਵ- ਆਸਨ. ਘੋੜੇ ਦਾ ਤਹਿਰੂ। ੩. ਕਾਠੀ. ਚਾਰਜਾਮਾ.

**ਅਸੁਅੰ:** ਵਿ- ਸੁਵਨ (ਪੁਤ੍ਰ) ਰਹਿਤ. ਜਿਸ ਦੇ ਔਲਾਦ ਨਹੀਂ। ੨. ਸ੍ਵਯੰ ਬਿਨਾ. ਹੌਮੈ ਦਾ ਤਯਾਗੀ. ਨਿਰ- ਅਭਿਮਾਨ. "ਅਨਕਾਲ ਅਪਾਲ ਦਿਆਲ ਅਸੁਅੰ." (ਅਕਾਲ)

**ਅਸੁਹਰ:** ਅਸੁ (ਪ੍ਰਾਣ) ਹਰਤਾ, ਵੈਰੀ। ੨. ਯਮ। ੩. ਵਿਖ. ਜਹਿਰ.

**ਅਸ਼ੁਚਿ:** ਸੰ. ਵਿ. ਅਪਵਿਤ੍ਰ. ਮਲੀਨ.

**ਅਸੁਦਾ:** ਸੰਗਯਾ- ਅਸੁ (ਪ੍ਰਾਣ) ਦੇਣ ਵਾਲਾ ਅਮ੍ਰਿਤ. ਸੁਧਾ. (ਸਨਾਮਾ)

**ਅਸੁਦਾਨ:** ਸੰਗਯਾ- ਅਸ਼੍ਵਦਾਨ. ਘੋੜਾ ਦਾਨ ਕਰਨਾ. "ਅਸੁਦਾਨ ਗਜਦਾਨ." (ਰਾਮ ਨਾਮਦੇਵ)

**ਅਸੁਧ:** ਵਿ- ਬਿਨਾ ਸੁਧ. ਬੇਖ਼ਬਰ. ਬੇਹੋਸ਼। ੨. ਸੰ. अशुद्ध- ਅਸ਼ੁੱਧ. ਵਿ- ਅਪਵਿਤ੍ਰ. ਗੰਦਾ। ੩. ਗ਼ਲਤ. ਭੁੱਲ ਸਹਿਤ.

**ਅਸ਼ੁੱਧਿ:** ਸੰਗਯਾ- ਅਪਵਿਤ੍ਰਤਾ। ੨. ਭੁੱਲ.

**ਅਸੁਨ:** ਸੰ. ਆਸ਼੍ਵਿਨ. ਸੰਗਯਾ- ਅੱਸੂ ਦਾ ਮਹੀਨਾ, ਜਿਸ ਦੀ ਪੂਰਣਮਾਸੀ ਨੂੰ ਅਸ਼੍ਵਿਨੀ ਨਛਤ੍ਰ ਹੁੰਦਾ ਹੈ.

**ਅਸੁਨਿ:** ਆਸ਼੍ਵਿਨ (ਅੱਸੂ) ਵਿੱਚ. ਅੱਸੂ ਮੇ. "ਅਸੁਨਿ ਆਉ ਪਿਰਾ ! ਸਾ ਧਨ ਝੂਰਿ ਮੁਈ." (ਬਾਰਾਮਾਹ ਤੁਖਾਰੀ)

**ਅਸੁਨੀ:** ਸੰਗਯਾ- ਅਸ਼੍ਵ (ਘੋੜਿਆਂ) ਵਾਲੀ ਸੈਨਾ. ਅਸ਼੍ਵਸੈਨਾ. ਰਸਾਲਾ. (ਸਨਾਮਾ)

**ਅਸੁਨੀਕੁਮਾਰ:** ਦੇਖੋ, ਅਸ਼੍ਵਿਨੀ ਕੁਮਾਰ. "ਅਸੁਨੀ ਕੁਮਾਰ ਕੇਤੇ ਅੰਸਾਅਵਤਾਰ ਕੇਤੇ." (ਅਕਾਲ)

**ਅਸੁਪਤਿ:** ਸੰਗਯਾ- ਅਸ਼੍ਵ (ਉਚੈਃ ਸ਼੍ਰਵਾ ਘੋੜੇ) ਦਾ ਸ੍ਵਾਮੀ ਸੂਰਜ। ੨. ਅਸੁ (ਪ੍ਰਾਣ) ਪਤਿ. ਜੀਵਾਤਮਾ। ੩. ਪਾਰਬ੍ਰਹਮ.

**ਅਸੁਪਵਨ:** ਵਿ- ਵਾਯੁਵੇਗੀ ਅਸ਼੍ਵ. ਹਵਾ ਤੁੱਲ ਤੇਜ਼ ਚਾਲ ਵਾਲਾ ਘੋੜਾ. "ਅਸੁਪਵਨ ਹਸਤਿ ਅਸਵਾਰੀ." (ਗਉ ਮਃ ੫)

**ਅਸ਼ੁਭ:** ਸੰ. ਵਿ- ਜੋ ਸ਼ੁਭ (ਚੰਗਾ) ਨਹੀਂ. ਬੁਰਾ। ੨. ਸੰਗਯਾ- ਅਮੰਗਲ. ਅਹਿਤ.

**ਅਸ਼ੁਭ ਚਿੰਤਕ:** ਵਿ- ਅਮੰਗਲ ਚਾਹੁਣ ਵਾਲਾ. ਬੁਰਾ ਚਿਤਵਨ ਵਾਲਾ.

**ਅਸ਼ੁਭ ਚਿੰਤਨ:** ਸੰਗਯਾ- ਬੁਰਾ ਚਿਤਵਨਾ.

**ਅਸੁਮੇਧ:** ਦੇਖੋ, ਅਸ਼੍ਵਮੇਧ. "ਅਸੁਮੇਧ ਜਗਨੇ." (ਗੌਂਡ ਨਾਮਦੇਵ) ੨. ਰਾਜਾ ਜਨਮੇਜਯ ਦਾ ਦਾਸੀ ਤੋਂ ਜਨਮਿਆ ਪੁਤ੍ਰ. ਦੇਖੋ, ਦਸਮ ਗ੍ਰੰਥ ਜਨਮੇਜਯ ਰਾਜ, ਅੰਗ ੧੯੫.

**ਅਸੁਮੇਧਾਨ:** ਜਨਮੇਜਯ ਦਾ ਦਾਸੀ ਤੋਂ ਉਤਪੰਨ ਹੋਇਆ ਦੂਜਾ ਪੁਤ੍ਰ. ਦੇਖੋ, ਦਸਮ ਗ੍ਰੰਥ ਜਨਮੇਜਯ ਰਾਜ, ਅੰਕ ੧੯੫.

**ਅਸੁਰ:** ਸੰ. ਸੰਗਯਾ- ਜੋ ਦੇਵਤਿਆਂ ਨੂੰ ਫੈਂਕ ਦਿੰਦਾ ਹੈ. ਦੈਤ. ਦੇਖੋ, ਅਸ੍ ਧਾ. "ਅਨਗਨ ਕਾਲ ਅਸੁਰ ਤਬ ਮਾਰੇ." (ਚਰਿਤ੍ਰ ੪੦੫) ੨. ਪ੍ਰੇਤ. ਭੂਤਨਾ। ੩. ਸੂਰਜ, ਜੋ ਚਮਕਦਾ ਹੈ. ਦੇਖੋ, ਅਸ੍ ਧਾ। ੪. ਭਾਵ- ਵਿਕਾਰ. ਕੁਕਰਮ. "ਅਸੁਰ ਸੰਘਾਰੈ ਸੁਖਿ ਵਸੈ." (ਸ੍ਰੀ ਮਃ ੩) "ਸਤਿਗੁਰੁ ਅਸੁਰ ਸੰਘਾਰੁ." (ਸ੍ਰੀ ਅਃ ਮਃ ੧) ੫. ਕੁਕਰਮ ਕਰਨ ਵਾਲਾ. ਕੁਕਰਮੀ ਜੀਵ. "ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ। ਨਾਮ ਅਸੁਰ ਤਿਨ ਕੋ ਜਗ ਧਰਹੀ." (ਵਿਚਿਤ੍ਰ)

੬. ਨਿਘੰਟੁ[42] ਵਿੱਚ ਅਸੁਰ ਦਾ ਅਰਥ ਬੱਦਲ (ਮੇਘ) ਹੈ। ੭. ਵਿ- ਅਸੁ (ਪ੍ਰਾਣ) ਧਾਰੀ. ਜ਼ਿੰਦਾ. ਜੀਵਨਦਸ਼ਾ ਵਾਲਾ। ੮. ਸ਼ਸਤ੍ਰਨਾਮਮਾਲਾ ਵਿੱਚ ਅਜਾਣ ਲਿਖਾਰੀਆਂ ਨੇ अस्त्र (ਅਸ੍ਰ) ਦੀ ਥਾਂ ਅਸੁਰ ਸ਼ਬਦ ਲਿਖ ਦਿੱਤਾ ਹੈ. ਅਸ੍ਰ ਦਾ ਅਰਥ ਹੈ ਫੈਂਕਿਆ ਹੋਇਆ. ਚਲਾਇਆ ਹੋਇਆ. ਦੇਖੋ, ਅਸ੍ ਧਾ. "ਪਸੁਪਤਿ ਪ੍ਰਿਥਮ ਬਖਾਨਕੈ ਅਸੁਰ ਸ਼ਬਦ ਫੁਨ ਦੇਹੁ." (੧੧੨) ਸ਼ੁਧ ਪਾਠ ਹੈ- "ਅਸ੍ਰ ਸਬਦ ਫੁਨ ਦੇਹੁ." ਪਸ਼ੁਪਤਿ (ਸ਼ਿਵ) ਕਰਕੇ ਫੈਂਕਿਆ ਹੋਇਆ ਤੀਰ। ੯. ਰਿਗਵੇਦ ਵਿੱਚ ਕਈ ਥਾਂ ਅਸੁਰ ਸ਼ਬਦ ਦੇਵਤਾ ਬੋਧਕ ਹੈ, ਕਿਉਂਕਿ ਅਸ੍ ਧਾਤੁ ਦਾ ਅਰਥ ਪ੍ਰਕਾਸ਼ਨਾ ਹੈ. ਅਸੁ (ਪ੍ਰਾਣ) ਦੇਣ ਵਾਲਾ ਹੋਣ ਕਰਕੇ ਭੀ ਅਸੁਰ ਹੈ. ਦੇਖੋ, ਰਿਗਵੇਦ ੧- ੩੫- ੯ ਦਾ ਭਾਸ਼੍ਯ- "असुरः सर्वेषां प्राणदः,च ਪਾਰਸੀਆਂ ਦੇ ਧਰਮਗ੍ਰੰਥ ਜ਼ੰਦ ਵਿੱਚ "ਅਹੁਰ" ਦੇਵਤਾ ਬੋਧਕ ਹੈ, ਪਾਰਸੀ ਵਿੱਚ ਸੰਸਕ੍ਰਿਤ ਦਾ ਸੱਸਾ ਹਾਹਾ ਹੋ ਜਾਂਦਾ ਹੈ. ਜੈਸੇ- ਸਪ੍ਤ- ਹਫ਼ਤ, ਦਸ਼- ਦਹ, ਮਾਸ- ਮਾਹ ਆਦਿ। ੧੦. ਵਾਲਮੀਕਿ ਰਾਮਾਇਣ ਬਾਲਕਾਂਡ ਦੇ ੪੫ ਵੇਂ ਅਧਯਾਯ ਵਿੱਚ ਲਿਖਿਆ ਹੈ ਕਿ ਖੀਰਸਮੁੰਦਰ ਰਿੜਕਣ ਵੇਲੇ ਵਰੁਣ ਦੀ ਕੰਨ੍ਯਾ ਵਾਰੁਣੀ (ਸ਼ਰਾਬ), ਜਿਸ ਨੂੰ "ਸੁਰਾ" ਆਖਦੇ ਹਨ ਪਰਗਟ ਹੋਈ, ਦੈਤਾਂ ਨੇ ਉਸ ਨੂੰ ਅੰਗੀਕਾਰ ਨਾ ਕੀਤਾ, ਇਸ ਲਈ ਉਨ੍ਹਾਂ ਦਾ ਨਾਉਂ ਅਸੁਰ ਹੋਇਆ, ਜਿਨ੍ਹਾਂ ਨੇ ਸੁਰਾ ਗ੍ਰਹਿਣ ਕੀਤੀ, ਉਹ ਸੁਰ ਕਹਾਏ.

ਅਸੁਰ ਸੰਘਾਰ: ਵਿ- ਅਸੁਰ ਤੁੱਲ ਸੰਘਾਰਕ. ਰਾਖਸਾਂ ਵਾਕਰ ਹਿੰਸਾ ਕਰਨ ਵਾਲਾ. "ਹੋਆ ਅਸੁਰ ਸੰਘਾਰ" (ਸ੍ਰੀ ਅਃ ਮਃ ੫) ੨. ਦੈਤਾਂ ਦੇ ਮਾਰਣ ਵਾਲਾ। ੩. ਕੁਕਰਮ ਅਥਵਾ ਕੁਕਰਮੀਆਂ ਦਾ ਸੰਘਾਰ ਕਰਤਾ.

ਅਸੁਰਸੰਘਾਰਕ, ਅਸੁਰਸੰਘਾਰਣ: ਵਿ- ਦੈਤਾਂ ਦਾ ਨਾਸ਼ ਕਰਨ ਵਾਲਾ. ਕੁਕਰਮੀਆਂ ਦਾ ਵਿਨਾਸ਼ਕ। ੨. ਆਸੁਰੀ ਸੰਪਦਾ ਦੇ ਮਿਟਾਉਣ ਵਾਲਾ. "ਮੇਰਾ ਪ੍ਰਭੁ ਸਾਚਾ ਅਸੁਰਸੰਘਾਰਣ." (ਮਾਰੂ ਸੋਲਹੇ ਮਃ ੩)

ਅਸੁਰਗੁਰੁ: ਸੰਗ੍ਯਾ- ਅਸੁਰ (ਦੈਤਾਂ) ਦਾ ਗੁਰੁ. ਸ਼ੁਕ੍ਰਾਚਾਰਯ.

ਅਸੁਰ ਨਦੀ: ਸੰਗ੍ਯਾ- ਗੁਦਾ. ਮੂਲਦ੍ਵਾਰ, ਜਿਸ ਵਿੱਚ ਦੀ ਗੰਦਗੀ ਵਹਿੰਦੀ ਹੈ. "ਅਸੁਰਨਦੀ ਕਾ ਬੰਧੈ ਮੂਲ." (ਰਾਮ ਬੇਣੀ) ਯੋਗਮਤ ਅਨੁਸਾਰ ਅੱਡੀ ਨਾਲ ਗੁਦਾ ਦਾ ਮੁਖ ਬੰਦ ਕਰਕੇ ਬੈਠਣ ਦੀ ਕ੍ਰਿਯਾ। ੨. ਬੁਰੇ ਸੰਕਲਪਾਂ ਦਾ ਪ੍ਰਵਾਹ.

ਅਸੁਰਪਿਤ: ਸੰਗ੍ਯਾ- ਦੈਤਾਂ ਦਾ ਪਿਤਾ. ਕਸ਼ਯਪ. (ਸਨਾਮਾ)

ਅਸੁਰਪਿਤਣੀ: ਸੰਗ੍ਯਾ- ਅਸੁਰਪਿਤ (ਕਸ਼ਯਪ), ਉਸ ਦੀ ਪ੍ਰਿਥਿਵੀ. (ਸਨਾਮਾ)

ਅਸੁਰਰਾਜ: ਵਿ- ਦੈਤਾਂ ਦਾ ਰਾਜਾ। ੨. ਸੰਗ੍ਯਾ- ਰਾਵਣ. (ਸਨਾਮਾ)

ਅਸੁਰਰਾਜਅਰਿ: ਸੰਗ੍ਯਾ- ਰਾਵਣ ਦਾ ਵੈਰੀ ਸ਼੍ਰੀ ਰਾਮਚੰਦ੍ਰ. (ਸਨਾਮਾ)

ਅਸੁਰਾ ਨਦੀ: ਅਪਾਨ ਪੌਣ. "ਅਸੁਰਾ ਨਦੀ ਅਪੁਠੀ ਤਰੈ." (ਰਤਮਾਲਾ ਬੰਨੋ) ਅਪਾਨ ਦੀ ਟੇਢੀ ਚਾਲ ਰੋਕਕੇ ਆਪਣੇ ਬਲ ਹੇਠ (ਤਲੈ) ਕਰੇ.

ਅਸੁਰਾਰਦਨ: ਸੰ. असुरार्दन. ਸੰਗ੍ਯਾ- ਅਸੁਰ (ਦੈਤਾਂ) ਨੂੰ ਅਰਦਨ (ਪੀੜਨ) ਵਾਲਾ ਦੇਵਤਾ. ਅਸੁਰਾਰਿ। ੨. ਰਾਮਚੰਦ੍ਰ ਜੀ "ਅਸੁਰਾਰਦਨ ਕੇ ਕਰਕੋ ਜਿਨ ਏਕਹਿ ਬਾਨ ਬਿਖੈ ਤਨ ਚਾਖ੍ਯੋ." (ਰਾਮਾਵ)

ਅਸੁਰਾਰਿ: ਸੰ. ਸੰਗ੍ਯਾ- ਅਸੁਰ- ਅਰਿ. ਦੈਤਾਂ ਦੇ ਵੈਰੀ ਦੇਵਤਾ. "ਨਿਕਸੀ ਅਸੁਰਾਰਿ ਕੀ ਸੈਨ ਚਲੀ." (ਚੰਡੀ ੧)

ਅਸੁਰਿਸ: ਸੰ. ਵਿ- ਅਸੁਰ- ਈਸ਼. ਅਸੁਰੇਸ਼. ਦੈਤਾਂ ਦਾ ਰਾਜਾ। ੨. ਸੰਗ੍ਯਾ- ਰਾਵਣ. (ਸਨਾਮਾ)

ਅਸੁਰੀ: ਸੰਗ੍ਯਾ- ਰਾਖਸੀ. (ਸਨਾਮਾ) ਦੇਖੋ, ਆਸੁਰੀ। ੨. ਡਿੰਗ. ਰਾਈ. ਸੰ. ਆਸੁਰੀ. ਰਾਜ ਸਸ਼ੱਪ. Mustard.

ਅਸੁਰੇਸ: ਵਿ- ਅਸੁਰ- ਈਸ਼. ਦੈਤਯਰਾਜ।

---

[42] ਕਸ਼ਯਪ ਦਾ ਰਚਿਆ ਹੋਇਆ ਵੇਦ ਦਾ ਕੋਸ਼, ਜਿਸ ਉਤੇ ਯਾਸਕ ਮੁਨੀ ਨੇ "ਨਿਰੁਕ੍ਤੰ ਨਾਮਕ ਟੀਕਾ ਕੀਤਾ ਹੈ. ਇਹ ਬਹੁਤ ਪੁਰਾਣਾ ਗ੍ਰੰਥ ਹੈ. ਇਸ ਦੀ ਸਹਾਇਤਾ ਨਾਲ ਵੇਦ ਦੇ ਸ਼ਬਦਾਂ ਦਾ ਚੰਗਾ ਅਰਥ ਜਾਣਿਆ ਜਾਂਦਾ ਹੈ.

੨. ਸੰਗਯਾ- ਰਾਵਣ। ੩. ਬਲਿ। ੪. ਹਿਰਨ੍ਯ- ਕਸ਼ਿਪੁ। ੫. ਸ਼ੁੰਭ। ੬. ਅਸੁਰ (ਭੂਤ) ਰਾਜ. ਮਹਾਦੇਵ.

ਅਸੁਰੋ ਪੁਰ: ਅਸੁਰ (ਦੈਤਾਂ) ਨਾਲ ਭਰਿਆ ਹੋਇਆ ਜੰਗ ਦਾ ਮੈਦਾਨ. "ਮੁੰਡ ਕਟਯੋ ਅਸੁਰੋ ਪੁਰ ਮਾ." (ਚੰਡੀ ੧) ੨. ਅਸੁਰ (ਦੈਤਾਂ) ਦੀ ਪੁਰੀ. ਪਾਤਾਲਲੋਕ.

ਅਸੁਲੁ: ਕ੍ਰਿ. ਵਿ- ਅਸਲ (ਮੂਲ) ਤੋਂ. ਮੁੱਢੋਂ. ਅਸਲੀਯਤ ਵਿਚਾਰਣ ਤੋਂ. "ਅਸੁਲੁ ਇਕ ਧਾਤੁ." (ਜਪੁ) ਦੇਖੋ, ਅਸਲ ੨. ਅਤੇ ਧਾਤੁ.

ਅਸੂ: ਦੇਖੋ, ਅਸੁ ਅਤੇ ਅੱਸੁ. "ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰ ਰਾਇ." (ਮਾਝ ਬਾਰਹਮਾਹ)

ਅਸੂਆ: ਸੰ. ਅਸੂਯਾ. ਸੰਗਯਾ- ਈਰਖਾ. ਹ਼ਸਦ. ਤਾਤ. ਡਾਹ. "ਸਰਣ ਪਰਿਓ ਤਜਿ ਗਰਬਸੂਆ." (ਗਉ ਮਃ ੫) ਤਿਆਗਕੇ ਹੰਕਾਰ ਅਤੇ ਅਸੂਯਾ.

ਅੱਸੂਆ: ਸੰਗਯਾ- ਆਂਸੂ. ਅਸ਼੍ਰੁ. ਅੱਥਰੂ. ਹੰਝੂ.

ਅਸੂਝ: ਵਿ- ਜੋ ਨਜਰ ਨਾ ਆਵੇ. ਅਦ੍ਰਿਸ਼੍ਯ. "ਅਸੂਝ ਹੈ." (ਜਾਪੁ) ੨. ਬੇ ਸਮਝ. ਮੂਰਖ.

ਅਸੂਣੀ: ਸੰਗਯਾ- ਆਸਾ. ਵਾਸਨਾ. "ਵਤਿ ਅਸੂਣੀ ਬੰਨਿ." (ਸ. ਫਰੀਦ) ਫੇਰ ਆਸ਼ਾ ਬੰਨ੍ਹਕੇ.

ਅਸੂਤ: ਵਿ- ਕੁਸੂਤਾ. ਬੇਢੰਗਾ। ੨. ਅਪ੍ਰਸੂਤ. ਅਜਨਮ। ੩. ਸੰ. ਅਸਯੂਤ. ਜੋ ਸੀਤਾ ਹੋਇਆ ਨਹੀਂ. ਬਿਨਾ ਸੰਬੰਧ. ਬੇਲਾਗ. "ਆਦਿ ਰੂਪ ਅਸੂਤ." (ਜਾਪੁ)

ਅਸੂਦਾ: ਦੇਖੋ, ਆਸੂਦਾ. "ਨਿਜ ਨਿਜ ਸੈਨ ਅਸੂਦੀ ਕਰਕੈ." (ਗੁਪ੍ਰਸੂ)

ਅਸੂਯਕ: ਸੰ. ਵਿ- ਅਸੂਯਾ (ਈਰਖਾ) ਕਰਨ ਵਾਲਾ. ਹ਼ਾਸਿਦ.

ਅਸੂਯਾ: ਦੇਖੋ, ਅਸੂਆ.

ਅਸੂਲ: ਦੇਖੋ, ਉਸੂਲ.

ਅਸੇਅ: ਸੰ. ਆਸ਼੍ਰਯ. ਸੰਗਯਾ- ਆਧਾਰ. "ਕਿ ਅਸੇਅਸ." (ਗਜਾਨ) ਆਸਰਾ ਰੂਪ ਹੈ। ੨. ਵਿ- ਜੋ ਕਿਸੇ ਦਾ ਸੇਵਨ ਨਾ ਕਰੇ। ੩. ਜਿਸ ਦਾ ਸੇਵਨ ਕਰਨਾ ਔਖਾ ਹੈ.

ਅਸੇਸ, ਅਸੇਖ: ਸੰ. ਅਸ਼ੇਸ਼ ਵਿ- ਪੂਰਾ. ਸਾਰਾ. ਮੁਕੰਮਲ। ੨. ਅਨੰਤ. ਅਪਾਰ. "ਅਜੋਨਿ ਆਦਿ ਅਸੇਖ." (ਜਾਪੁ)

ਅਸੇਤ: ਵਿ- ਜੋ ਸ਼੍ਵੇਤ (ਚਿੱਟਾ) ਨਹੀਂ। ੨. ਕਾਲਾ। ੩. ਨੀਲਾ ਪੀਲਾ ਆਦਿ.

ਅਸੈ: ਅਵਸ਼੍ਯ ਜਰੂਰ। ੨. ਅਸ੍ਤਿ. ਹੈ. ਦੇਖੋ, ਤਿਲੋਕ ਸਿੰਘ.

ਅਸੋਕ: ਸੰ. ਅਸ਼ੋਕ. ਵਿ- ਸ਼ੋਕ ਰਹਿਤ. ਖ਼ੁਸ਼. ਪ੍ਰਸੰਨ. "ਭਯੋ ਅਸੋਕ ਦੇਵਪਤਿ ਤਬਹੀ." (ਸਲੋਹ) ੨. ਸੰਗਯਾ- ਸ਼ੋਕ ਦਾ ਅਭਾਵ. ਖੁਸ਼ੀ. ਆਨੰਦ. "ਅਸੋਕ ਗਯੋ ਤਿਨ ਹੂੰ ਤੇ ਨਸਾਈ." (ਕ੍ਰਿਸਨਾਵ) ਉਨ੍ਹਾਂ ਪਾਸੋਂ ਖੁਸ਼ੀ ਨੱਠ ਗਈ। ੩. ਇੱਕ ਬਿਰਛ, ਜਿਸ ਦੇ ਬਾਰਾਂ ਮਹੀਨੇ ਪੱਤੇ ਹਰੇ ਰਹਿੰਦੇ ਹਨ ਅਰ ਜਿਸ ਨੂੰ ਸੁਗੰਧ ਵਾਲੇ ਫੁੱਲ ਲਗਦੇ ਹਨ. ਮਧੁਪੁਸ਼੍ਪ L. Jonesia Asoca. 4. ਪਾਰਾ। ੫. ਵਿਸ਼ਨੁ। ੬. ਮਗਧ ਦੇਸ਼ ਦੀ ਮੌਰਯ ਵੰਸ਼ ਵਿੱਚ ਵਿੰਦੁਸਾਰ ਦਾ ਪੁਤ੍ਰ ਇੱਕ ਮਸ਼ਹੂਰ ਰਾਜਾ, ਜੋ ਚੰਦ੍ਰਗੁਪਤ ਦਾ ਪੋਤਾ ਸੀ. ਇਸ ਦਾ ਪੂਰਾ ਨਾਉਂ ਅਸ਼ੋਕ ਵਰਧਮਾਨ ਹੈ. ਬੁੱਧਮਤ ਦੇ ਇਤਿਹਾਸ ਨੇ ਇਸ ਦੀ ਵਡੀ ਵਡਿਆਈ ਕੀਤੀ ਹੈ.

ਅਸ਼ੋਕ ਪਹਿਲਾਂ ਬ੍ਰਾਹਮਣਾਂ ਨੂੰ ਮੰਨਦਾ ਅਤੇ ਸ਼ੈਵ ਸੀ, ਪਰ ਮਗਰੋਂ ਬੌੱਧ ਹੋ ਗਿਆ. ਇਸ ਦੇ ਆਸਰੇ ਬੁੱਧਮਤ ਦੇ ੬੪੦੦੦ ਪੁਜਾਰੀ ਗੁਜਾਰਾ ਕਰਦੇ ਸਨ, ਅਤੇ ਇਸ ਨੇ ੮੪੦੦੦ ਕੀਰਤੀਸ੍ਤੰਭ (Columns of Fame) ਖੜੇ ਕਰਵਾਏ, ਜਿਨ੍ਹਾਂ ਉਤੇ ਰਾਜਸੀ ਅਤੇ ਧਾਰਮਿਕ ਹੁਕਮ ਉੱਕਰੇ ਹੋਏ ਸਨ.

ਆਪਣੇ ਰਾਜ ਦੇ ਅਠਾਰ੍ਹਵੇਂ ਸਾਲ ਵਿੱਚ ਇਸ ਨੇ ਬੁੱਧਮਤ ਦਾ ਇੱਕ ਵਡਾ ਭਾਰੀ ਜਲਸਾ ਕੀਤਾ ਅਤੇ ਉਸ ਪਿਛੋਂ ਲੰਕਾ ਅਤੇ ਹੋਰ ਦੇਸ਼ਾਂ ਵੱਲ ਉਪਦੇਸ਼ਕ ਘੱਲੇ ਅਤੇ ਜੀਵਹਿੰਸਾ ਹੁਕਮਨ ਬੰਦ ਕੀਤੀ. ਅਫਗਾਨਿਸਤਾਨ ਤੋਂ ਲੈ ਕੇ ਲੰਕਾ ਤੀਕ ਕੁੱਲ ਦੇਸ਼ ਇਸ ਦੇ ਅਧੀਨ ਸੀ. ਇਨ੍ਹਾਂ ਗੱਲਾਂ ਦਾ ਪਤਾ ਉਨ੍ਹਾਂ ਸ਼ਿਲਾਲੇਖਾਂ ਤੋਂ ਲਗਦਾ ਹੈ, ਜੋ ਪਾਲੀ ਭਾਸ਼ਾ ਵਿੱਚ ਖੁਦੇ ਹੋਏ ਅਨੇਕ ਥਾਵਾਂ ਤੋਂ ਮਿਲੇ ਹਨ. ਅਨੇਕ ਲੇਖਕਾਂ ਨੇ ਇਸ ਦਾ ਨਾਉਂ ਪ੍ਰਿਯਦਰਸ਼ਨ ਭੀ ਲਿਖਿਆ ਹੈ.

ਅਸ਼ੋਕ ਨੇ ਈਸਾ ਤੋਂ ਪਹਿਲਾਂ (B. C. ) ੨੬੯- ੨੩੨ ਦੇ ਵਿਚਕਾਰ ਪਾਟਲੀਪੁਤ੍ਰ (ਪਟਨੇ) ਵਿੱਚ ਉੱਤਮ ਰੀਤਿ ਨਾਲ ਰਾਜ ਕੀਤਾ. ਅਸ਼ੋਕ ਦੀ ਪੁਤ੍ਰੀ ਧਰਮਾਤਮਾ ਚਾਰੁਮਤੀ ਬੌੱਧਧਰਮ ਦੀ ਪ੍ਰਸਿੱਧ ਪ੍ਰਚਾਰਿਕਾ ਹੋਈ ਹੈ.

ਅਸ਼ੋਕ ਬਣ, ਅਸ਼ੋਕ ਵਨ, ਅਸ਼ੋਕ ਵਾਟਿਕਾ: ਵਿ- ਸ਼ੋਕ ਦੂਰ ਕਰਨ ਵਾਲਾ ਬਾਗ. ਬਗੀਚੀ. ਅਸ਼ੋਕ ਵਾੜੀ। ੨. ਸੰਗਯਾ- ਲੰਕਾ ਵਿੱਚ ਰਾਵਣ ਦਾ ਇੱਕ ਖਾਸ ਬਾਗ਼, ਜਿਸ ਅੰਦਰ ਉਸਨੇ ਸੀਤਾ ਨੂੰ ਰੱਖਿਆ ਸੀ। ੩. ਰਾਮਚੰਦ੍ਰ ਜੀ ਦਾ ਅਯੋਧਯਾ ਵਿੱਚ ਇੱਕ ਬਾਗ਼.

ਅਸੋਖ: ਵਿ- ਜੋ ਸ਼ੋਸ਼ (ਖੁਸ਼ਕ) ਨਾ ਹੋ ਸਕੇ. ਅਸ਼ੋਸ਼ਯ. ਜੋ ਸ਼ੋਸ਼ਣ ਨਾ ਕੀਤਾ ਜਾਵੇ.

ਅਸੋਗ, ਅਸੋਗੀ: ਵਿ- ਸੋਗ (ਸ਼ੋਕ) ਰਹਿਤ. ਆਨੰਦ. ਖ਼ੁਸ਼. ਪ੍ਰਸੰਨ.

ਅਸੋਚ: ਵਿ- ਸੋਚ (ਵਿਚਾਰ) ਹੀਨ. ਅਬੂਝ. "ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ." (ਆਸਾ ਰਵਿਦਾਸ) ੨. ਸੰਗਯਾ- ਚਿੰਤਨ ਕਰਨ ਦੀ ਕ੍ਰਿਯਾ ਦਾ ਅਭਾਵ. ਵਿਚਾਰਹੀਨਤਾ. ਅਬੋਧ ਦਸ਼ਾ. "ਜਾਨ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਂਹੀ." (ਸੋਰ ਰਵਦਾਸ) ੩. ਸੰ. ਅਸ਼ੌਚ. ਸੰਗਯਾ- ਅਪਵਿਤ੍ਰਤਾ. ਅਸ਼ੁੱਧੀ.

ਅਸੋਚਾ: ਵਿ- ਚਿੰਤਾ ਬਿਨਾ. ਬੇਫ਼ਿਕਰ। ੨. ਸੁੱਚ ਬਿਨਾ. ਜੂਠਾ. ਅਪਵਿਤ੍ਰ. ਮਲੀਨ। ੩. ਨਾ ਸੋਚਣ ਵਾਲਾ. ਵਿਚਾਰਹੀਨ.

ਅਸੋਤਾ: ਸੰਗਯਾ- ਜਾਗਰਣ (ਜਾਗਣਾ). ਸੌਣ ਦਾ ਅਭਾਵ. "ਨਿਤ ਪੜ੍ਹਾਵੈ ਕਰੈ ਅਸੋਤਾ." (ਭਾਗੁ)

ਅਸੌਚ: ਦੇਖੋ, ਅਸੋਚ ੩.

ਅਸੰਖ, ਅਸੰਖਯ, ਅਸੰਖਯਾਤ: ਵਿ- ਸੰਖਯਾ ਬਿਨਾ. ਬੇਸ਼ੁਮਾਰ. ਅਣ- ਗਿਣਤ. ਅਨੰਤ. "ਅਸੰਖ ਜਪ ਅਸੰਖ ਭਾਉ." (ਜਪੁ)

ਅਸੰਗ: ਸੰਗ (ਲੱਜਾ) ਬਿਨਾ, ਬੇਸ਼ਰਮ ਬੇਹਯਾ।

੨. ਸੰ. ਅਸਙ੍ਗ. ਵਿ- ਇੱਕਲਾ. ਸੰਗ ਬਿਨਾ। ੩. ਨਿਆਰਾ। ੪. ਨਿਰਲੇਪ। ੫. ਸੰਗਯਾ- ਪਰਮਾਤਮਾ। ੬. ਸ਼ਿਵ। ੭. ਗੁਰੂ ਨਾਨਕ ਦੇਵ.

ਅਸੰਗਤ: ਵਿ- ਅਯੋਗਯ. ਨਾ ਮੁਨਾਸਿਬ. ਅਣਬਣ.

ਅਸੰਗਤਿ: ਸੰਗਯਾ- ਅਜੋਗਪੁਣਾ. ਅਯੋਗਯਤਾ। ੨. ਲੱਛਣ ਦਾ ਇੱਕ ਦੋਸ਼, ਜਿਸ ਦਾ ਰੂਪ ਇਹ ਹੈ:-

ਕਿ ਲੱਛਣ ਦਾ ਕੋਈ ਅੰਗ ਲੱਛ (ਲਕ੍ਸ਼੍ਯ) ਵਿੱਚ ਨਾ ਘਟੇ. ਜਿਵੇਂ ਕੋਈ ਗਊ ਦਾ ਲੱਛਣ ਕਰੇ ਕਿ ਲੰਮੀ ਸੁੰਡ ਵਾਲੀ ਗਊ ਹੁੰਦੀ ਹੈ। ੩. ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਇਹ ਹੈ ਕਿ ਕਾਰਣ ਹੋਰ ਥਾਂ, ਅਤੇ ਕਾਰਜ ਹੋਰ ਥਾਂ ਹੋਵੇ. "ਹੇਤੁ ਅਨਤ ਹੀ ਹੋਯ ਜਹਿਂ, ਕਾਜ ਅਨਤ ਹੀ ਹੋਯ." (ਸ਼ਿਵਰਾਜ ਭੂਸ਼ਣ)

ਉਦਾਹਰਣ-

ਪ੍ਰੇਮਮੱਤ ਮਰਦਾਨਾ ਗਾਵੈ,

ਸ਼੍ਰੋਤਾ ਸੁਨਤ ਭੂਲ ਸੁਧ ਜਾਵੈ.

ਮੱਤਤਾ (ਮਸ੍ਤੀ) ਮਰਦਾਨੇ ਵਿੱਚ ਹੋਈ, ਅਤੇ ਸੁਧ ਭੁੱਲੀ ਸ਼੍ਰੋਤਾ ਦੀ.

(ਅ) ਜੋ ਵਸਤੂ ਜਿਸ ਥਾਂ ਹੋਣੀ ਚਾਹੀਏ, ਉਸ ਨੂੰ ਉਸ ਥਾਂ ਨਾ ਰੱਖਕੇ, ਦੂਜੇ ਅਯੋਗ ਥਾਂ ਆਰੋਪਣਾ, "ਅਸੰਗਤਿ" ਦਾ ਦੂਜਾ ਰੂਪ ਹੈ. "ਔਰ ਠੌਰ ਕਰਣੀਯ ਜੋ ਕਰਤ ਔਰ ਹੀ ਠੌਰ." (ਲਲਿਤ ਲਲਾਮ)

ਉਦਾਹਰਣ-

ਵੈਦ ਦਵਾ ਦੀਨੀ ਸੁਖਦ ਦੁਖੀਆ ਪੁਰਖ ਨਿਹਾਰ,

ਆਂਖੈ ਕੀ ਫਾਕੀ ਕਰੀ ਫਾਕੀ ਆਂਖਨ ਡਾਰ.

(ਅਲੰਕਾਰ ਸਾਗਰ ਸੁਧਾ)

(ੲ) ਕਾਰਜ ਅਰੰਭ ਕਰੀਏ ਕਿਸੇ ਹੋਰ ਪ੍ਰਯੋਜਨ ਲਈ, ਅਤੇ ਉਸ ਦਾ ਫਲ ਹੋਵੇ ਉਸ ਤੋਂ ਉਲਟ, ਅਜੇਹਾ ਵਰਣਨ "ਅਸੰਗਤਿ" ਦਾ ਤੀਜਾ ਰੂਪ ਹੈ. "ਕਰਨ ਲਗੈ ਜੋ ਕਾਜ ਕਛੁ ਤਾਂ ਤੇ ਹੋਯ ਵਿਰੁੱਧ."

(ਲਲਿਤ ਲਲਾਮ)

ਉਦਾਹਰਣ-

ਬਲਿ ਪੋਤਾ ਪ੍ਰਹਲਾਦ ਦਾ ਇੰਦ੍ਰਪੁਰੀ ਦੀ ਇੱਛ ਇਛੰਦਾ,

ਕਰ ਸੰਪੂਰਣ ਜੱਗ ਸੌ ਇੱਕ ਇਕੋਤਰ ਜੱਗ ਕਰੰਦਾ,

ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲ ਸੁ ਹੁਕਮੀਬੰਦਾ.

(ਭਾਗੁ)

ਅਸੰਗ੍ਰਹ: ਸੰਗਯਾ- ਸੰਗ੍ਰਹ ਦਾ ਅਭਾਵ. ਜਮਾ ਨਾ ਕਰਨਾ.

ਅਸੰਜਤ: ਸੰ. आसञ्जित- ਆਸੰਜਿਤ. ਵਿ- ਸੰਜਿਤ (ਜੋੜਿਆ) ਹੋਇਆ. ਮਿਲਾਇਆ ਹੋਇਆ. "ਦ੍ਵਾਰ ਅਸੰਜਤ ਕਰੇ." (ਗੁਪ੍ਰਸੂ) ਕਿਵਾੜ ਭੇੜ ਲਏ. ਬੂਹੇ ਢੋਲਏ। ੨. ਮੁੰਦਿਆ. ਬੰਦਾ ਕੀਤਾ.

ਅਸੰਤ: ਸੰ. असन्त- ਵਿ- ਜੋ ਸੰਤ (ਸ਼ਾਂਤ) ਨਹੀਂ. ਬੁਰਾ. ਖੋਟਾ. ਪਾਂਮਰ. "ਮਿਲੈ ਅਸੰਤ ਮਸਟਿ ਕਰਿ ਰਹੀਐ." (ਗੌਂਡ ਕਬੀਰ)

ਅਸੰਪ੍ਰਗਯਾਤ ਸਮਾਧਿ: ਸੰ. असंप्रज्ञात समाधि. ਸੰਗਯਾ- ਯੋਗਦਰਸ਼ਨ ਵਿੱਚ ਦੱਸੀ ਇੱਕ ਸਮਾਧਿ, ਜਿਸ ਵਿੱਚ ਗ੍ਯਾਤਾ ਅਤੇ ਗ੍ਯੇਯ ਦੀ ਭਾਵਨਾ ਮਿਟ ਜਾਂਦੀ ਹੈ. ਨਿਰਵਿਕਲਪ ਸਮਾਧਿ.

ਅਸੰਪ੍ਰੇਹ: ਸੰ. अस्पृह- ਅਸ੍ਪ੍ਰਿਹ. ਵਿ- ਇੱਛਾ ਰਹਿਤ. ਸੰਤੋਖੀ.

ਅਸੰਭ: ਸੰ. अशम्भु- ਅਸ਼ੰਭੁ. ਸੰਗਯਾ- ਅਮੰਗਲ. ਅਸ਼ੁਭ. "ਕਲਿਜੁਗ ਤਤ੍ਯੋ ਅਸੰਭ, ਜਗਤ ਕਵਨ ਬਿਧਿ ਬਾਚ ਹੈ?" (ਕਲਕੀ) ੨. ਸੰ. ਅਸੰਭਵ. ਵਿ- ਸੰਭਵ (ਜਨਮ) ਰਹਿਤ. ਜੋ ਪੈਦਾ ਨਹੀਂ ਹੋਇਆ. "ਅਸੰਭ ਹੈ." (ਜਾਪੁ)

੩. ਅਣਬਣ. ਨਾਮੁਮਕਿਨ. "ਜੀਤੇ ਅਸੰਭ." (ਗ੍ਯਾਨ) ਜਿਨ੍ਹਾਂ ਦਾ ਜਿੱਤਣਾ ਨਾਮੁਮਕਿਨ ਸੀ, ਓਹ ਭੀ ਜਿੱਤ ਲਏ। ੪. ਸੰ. अश्म भूत- ਅਸ਼ਮ ਭੂਤ. ਪੱਥਰ ਰੂਪ. ਵਜ੍ਰ ਸਮਾਨ ਕਠੋਰ ਦੇਹ ਵਾਲਾ. "ਸੁਨ ਮਿਤ੍ਰ ਮੰਤ੍ਰਿ ਅਸੰਭ." (ਗ੍ਯਾਨ)

ਅਸੰਭਉ: ਅਸੰਭਵ. ਦੇਖੋ, ਅਸੰਭ ੨.

ਅਸੰਭ ਸੰਭ: ਸੰਗਯਾ- ਅਸੰਭਵ (ਵਿਸ਼ਨੁ) ਤੋਂ ਸੰਭਵ (ਪੈਦਾ ਹੋਇਆ) ਬ੍ਰਹਮਾ. ਚਤੁਰਾਨਨ. "ਅਸੰਭਸੰਭ ਮਾਨੀਐ, ਕਰੋਰ

ਬਿਸਨੁ ਠਾਨੀਐ" (ਗਜਾਨ)

ਅਸੰਭਵ: ਸੰ. ਵਿ- ਜੋ ਸੰਭਵ ਨਾ ਹੋਵੇ. ਨਾਮੁਮਕਿਨ। ੨. ਸੰਗਜਾ- ਕਰਤਾਰ, ਜੋ ਜਨਮ ਰਹਿਤ ਹੈ. ਜੋ ਪੈਦਾ ਨਹੀਂ ਹੋਇਆ। ੩. ਪੁਰਾਣਾਂ ਅਨੁਸਾਰ ਵਿਸ਼ਨੁ। ੪. ਕਾਵਜ ਅਨੁਸਾਰ ਇੱਕ ਅਰਥਾਲੰਕਾਰ. ਅਣਬਣ ਬਾਤ ਦਾ ਹੋਣਾ. ਅਰਥਾਤ- ਨਾਮੁਮਕਿਨ ਦਾ ਬਣ ਜਾਣਾ, ਜਿਸ ਉਕਤਿ ਵਿੱਚ ਸਿੱਧ ਕਰੀਏ, ਇਹ "ਅਸੰਭਵ" ਅਲੰਕਾਰ ਹੈ. "ਅਨਹੂਬੇ ਕੀ ਬਾਤ ਕਛੁ ਪ੍ਰਗਟ ਭਈ ਸੀ ਜਾਨ." (ਸ਼ਿਵਰਾਜ ਭੂਸ਼ਣ)

ਉਦਾਹਰਣ-

ਮਸਕੰ ਭਗਨੰਤਿ ਸੈਲੰ ਕਰਦਮੰ ਤਰੰਤਿ ਪਪੀਲਕਹ,

ਸਾਗਰੰ ਲਘੰਤਿ ਪਿੰਗੰ ਤਮ ਪ੍ਰਗਾਸ ਅੰਧਕਹ,

ਸਾਧ ਸੰਗੇਣ ਸਿਮਰੰਤ ਗੋਬਿੰਦ ਸਰਣ

ਨਾਨਕ ਹਰਿ ਹਰਿ ਹਰੇ. (ਸਹਸ ਮਃ ੫)

ਆਦਿ ਤਿਮਰਲੰਗ ਤੇ ਅਨੇਕ ਪਾਤਸ਼ਾਹ ਭਏ

ਕੇਤੀ ਕੁਲ ਬੀਤਗਈ ਅਮਲ ਚਲਾਇਕੈ,

ਦੇਸ਼ ਤੇ ਵਿਦੇਸ਼ ਚਾਰੋਂ ਚੱਕ ਸਭ ਨਿਵੈਂ ਆਯ

ਕਹੂੰ ਨਾ ਮਵਾਸੀ ਭਟ ਦਿਯੇ ਵਿਚਲਾਯਕੈ,

ਅਨਗਨ ਸੇਨ ਕੋਸ਼ ਦੀਰਘ ਦੁਰਗ ਭਾਰੀ

ਰਾਜ ਕੋ ਸਮਾਜ ਕੌਨ ਸਕੈ ਸੁ ਗਿਨਾਯਕੈ,

ਸ਼੍ਰੀ ਗੁਬਿੰਦ ਸਿੰਘ ਏ ਸਰੂਪ ਪੰਥ ਖ਼ਾਲਸਾ ਕੈ

ਕੌਨ ਜਾਨੈ ਦੇਂਗੇ ਬਾਦਸ਼ਾਹਤ ਖਪਾਯਕੈ.

(ਗੁਪ੍ਰਸੂ)

ਪੇਟ ਬਜਾਵਤ ਛੁਧਾ ਦੁਖ ਸ਼੍ਰੀ ਸਤਿਗੁਰੁ ਸਮੁਹਾਯ,

ਕੋ ਜਾਨਤ ਥੋ ਫੂਲ ਕੋ ਦੇਸ਼ਨਪਤਿ ਹਨਐਜਾਯ.

੫. ਲੱਛਣ (ਲਕ੍ਸ਼ਣ) ਦਾ ਇੱਕ ਦੋਸ਼ ਦੇਖੋ, ਅਸੰਗਤਿ ੨.

ਅਸੰਭਾਵਨਾ: ਸੰ. ਅਸਸ੍ਭਾਵਨਾ. ਸੰਗਜਾ- ਅਨਹੋਨਾਪਨ. ਸੰਭਾਵਨਾ ਦਾ ਅਭਾਵ.

ਅਸੰਮਕ: ਸੰ. ਅਸਮ੍ਯਕ- ਅਸੰਮਜਕ. ਵਿ- ਜੋ ਸੰਮਜਕ (ਠੀਕ) ਨਹੀਂ. ਅਯੋਗਜ. ਨਾ ਮੁਨਾਸਿਬ। ੨. ਮਿਥਜਾ. ਅਸਤਜ। ੩. ਵਿਪਰੀਤ. ਉਲਟ. "ਜਿਸ ਤੇ ਦਰਸ ਅਸੰਮਕ ਪਿਖੈ." (ਗੁਪ੍ਰਸੂ)

ਅਸੰਮਤ: ਸੰ. ਵਿ- ਨਾ ਪਸੰਦ ਕੀਤਾ। ੨. ਰਾਇ ਦੇ ਵਿਰੁੱਧ. ਬਿਨਾ ਸਹਮਤਿ.

ਅਸੰਮਤਿ: ਸੰ. ਸੰਗਜਾ- ਸੰਮਤਿ ਦਾ ਅਭਾਵ. ਇਖ਼ਤਿਲਾਫ਼ ਰਾਇ.

ਅੱਸੀ: ਸੰ. ਅਸ਼ੀਤਿ. ਵੀਹ ਘੱਟ ਸੌ- ੮੦.

ਅੱਸੂ: ਸੰ. ਆਸ਼੍ਵਿਨ. ਸੰਗਯਾ- ਅੱਸੂ ਦਾ ਮਹੀਨਾ, ਜਿਸ ਦੀ ਪੂਰਣਮਾਸੀ ਵਿੱਚ ਅਸ਼੍ਵਿਨੀ ਨਛਤ੍ਰ ਹੁੰਦਾ ਹੈ.

ਅਸ੍ਚਰਜ: ਦੇਖੋ, ਅਚਰਜ ਅਤੇ ਆਸ਼੍ਚਰਯ. "ਅਸ੍ਚਰਜ ਰੂਪੰ ਰਹੰਤ ਜਨਮੰ." (ਸਹਸ ਮਃ ੫)

ਅਸ਼੍ਟ: ਦੇਖੋ, ਅਸਟ, ਅਠ ਅਤੇ ਆਠ.

ਅਸ਼੍ਟ ਸਿਧਿ: ਦੇਖੋ, ਅਸਟ ਸਿਧਿ.

ਅਸ਼੍ਟਕ: ਸੰ. ਸੰਗਯਾ- ਅੱਠ ਵਸਤੂਆਂ ਦਾ ਇਕੱਠ। ੨. ਅੱਠ ਛੰਦਾਂ ਦਾ ਪਾਠ. ਇੱਕ ਥਾਂ ਅੱਠ ਸ਼ਲੋਕ ਮਿਲਾਏ ਹੋਏ. "ਇਮ ਅਸਟਕ ਉਸਤਤਿ ਕਰੀ ਪਠ ਮਨ ਵਾਂਛਿਤ ਪਾਇ." (ਗੁਪ੍ਰਸੂ) ੩. ਰਾਜਾ ਯਯਾਤਿ ਦੀ ਕੰਨਯਾ ਮਾਧਵੀ ਦੇ ਉਦਰ ਤੋਂ ਵਿਸ਼੍ਵਾਮਿਤ੍ਰ ਰਾਜਰਿਖੀ ਦਾ ਪੁਤ੍ਰ.

ਅਸ਼੍ਟ ਕੁਲ: ਸੰਗਯਾ- ਨਾਗਾਂ ਦੀਆਂ ਅੱਠ ਕੁਲਾਂ, ਜੋ ਪੁਰਾਣਾਂ ਅਨੁਸਾਰ ਅੱਠ ਨਾਗਾਂ ਤੋਂ ਚੱਲੀਆਂ ਹਨ. ਅੱਠ ਨਾਗ ਇਹ ਹਨ:-

ਸ਼ੇਸ਼, ਵਾਸੁਕਿ, ਕੰਬਲ, ਕਰਕੋਟਕ, ਪਦਮ, ਮਹਾਂਪਦਮ, ਸ਼ੰਖ ਅਤੇ ਕੁਲਿਕ.

ਅਸ਼੍ਟਗੰਧ: ਸੰ. ਅਸ਼੍ਟਗਨ੍ਧ. ਸੰਗਯਾ- ਅੱਠ ਸੁਗੰਧ ਵਾਲੀਆਂ ਵਸਤੂਆਂ ਦਾ ਇਕੱਠ. ਅਗਰ, ਕਸਤੂਰੀ, ਕਪੂਰ, ਕੁਠ, ਕੇਸਰ, ਖਸ, ਚੰਦਨ ਅਤੇ ਤਜ. "ਅਸ਼੍ਟਗੰਧ ਸਜ ਆਰਤੀ ਧਰੇ." (ਸਲੋਹ)

ਅਸ਼੍ਟ ਛਾਪ: ਵ੍ਰਿਜ ਭਾਸ਼ਾ ਕਾਵ੍ਯ ਦੇ ਅੱਠ ਪ੍ਰਸਿੱਧ ਕਵੀ, ਜਿਨ੍ਹਾਂ ਦੀ ਛਾਪ (ਮੁਹਰ) ਹੋਰ ਕਵੀਆਂ ਦੀ ਕਵਿਤਾ ਤੇ ਲਗਦੀ ਸੀ. ਉਹ ਇਹ ਹਨ:-

ਸੂਰਦਾਸ, ਕ੍ਰਿਸ਼ਨ ਦਾਸ, ਪਰਮਾ ਨੰਦ, ਕੁੰਭਨ ਦਾਸ, ਚਤੁਰ ਭੁਜ, ਛੀਤ ਸ੍ਵਾਮੀ, ਨੰਦ ਦਾਸ, ਗੋਵਿੰਦ ਦਾਸ.

ਅਸ਼੍ਟ ਦਿਕਪਾਲ: ਦੇਖੋ, ਦਿਗਪਾਲ.

ਅਸ਼੍ਟ ਦਿੱਗਜ: ਦੇਖੋ, ਦਿੱਗਜ.

ਅਸ਼੍ਟ ਧਾਤੁ: ਦੇਖੋ, ਅਸਟ ਧਾਤੁ.

ਅਸ਼੍ਟ ਨਦੀ: ਸੰਗਯਾ- ਪੁਰਾਣਾਂ ਅਤੇ ਸਿਮ੍ਰਿਤੀਆਂ ਵਿੱਚ ਲਿਖੀਆਂ ਅੱਠ ਪਵਿਤ੍ਰ ਨਦੀਆਂ- ਗੰਗਾ, ਯਮੁਨਾ (ਜਮਨਾ), ਸਰਸ੍ਵਤੀ, ਸ਼ਤਦ੍ਰਵ (ਸਤਲੁਜ), ਵਿਪਾਸ਼ਾ (ਬਿਆਸ), ਏਰਾਵਤੀ (ਰਾਵੀ), ਚੰਦ੍ਰਭਾਗਾ (ਝਨਾਂ), ਵਿਤਸਤਾ (ਜੇਹਲਮ). "ਲਖੇ ਅਸ਼੍ਟ ਨਦਜਾਨ ਕੋ ਦਰਪ ਭਾਜੈ." (ਚਰਿਤ੍ਰ ੪੦੫)

ਅਸ਼੍ਟ ਨਾਇਕਾ: ਦੇਖੋ, ਨਾਇਕਾ ਸ਼ਬਦ ਫੁਟਨੋਟ

ਅਸ਼੍ਟ ਨਾਯਿਕਾ: ਸਮੇਤ.

ਅਸ਼੍ਟਪਦੀ: ਦੇਖੋ, ਅਸਟਪਦੀ.

ਅਸ਼੍ਟ ਬਸੁ: ਦੇਖੋ, ਬਸੁ.

ਅਸ਼੍ਟਭੁਜਾ: ਦੇਖੋ, ਅਸਟਭੁਜੀ.

ਅਸ਼੍ਟਮੰਗਲ: ਹਿੰਦੂਧਰਗ੍ਰੰਥਾਂ ਅਨਸੁਾਰ ਮੰਗਲ ਕਰਨ ਵਾਲੇ ਅੱਠ ਪਦਾਰਥ:-

ਘੋੜਾ, ਹਾਥੀ, ਗਊ, ਜਲ ਦਾ ਘੜਾ, ਪੱਖਾ, ਨਿਸ਼ਾਨ, ਰਣਸਿੰਘਾ ਅਤੇ ਦੀਵਾ. ਕਈ ਗ੍ਰੰਥਾਂ ਵਿੱਚ ਘੋੜੇ ਦੀ ਥਾਂ ਸ਼ੇਰ ਅਤੇ ਰਣਸਿੰਘੇ ਦੀ ਥਾਂ ਨਗਾਰਾ ਹੈ।

੨. ਕਈਆਂ ਨੇ ਅਸ਼੍ਟਮੰਗਲ ਇਹ ਲਿਖੇ ਹਨ:-

ਬ੍ਰਾਹਮਣ, ਗਊ, ਅਗਨਿ, ਸੁਵਰਣ, ਘੀ, ਸੂਰਜ, ਜਲ, ਰਾਜਾ। ੩. ਉਹ ਘੋੜਾ, ਜਿਸ ਦਾ ਮੂੰਹ ਅਯਾਲ ਦੁੰਮ ਛਾਤੀ ਅਤੇ ਚਾਰੇ ਸੁੰਮ ਚਿੱਟੇ ਹੋਣ.

ਅਸ਼੍ਟ ਲੋਕ: ਹਿੰਦੂ ਮਤ ਵਿੱਚ ਮੰਨੇ ਹੋਏ ਅੱਠ ਲੋਕ- ਬ੍ਰਹਮ ਲੋਕ, ਪਿਤ੍ਰਿ ਲੋਕ, ਚੰਦ੍ਰ ਲੋਕ, ਇੰਦ੍ਰ ਲੋਕ, ਗੰਧਰਵ ਲੋਕ, ਰਾਕ੍ਸ਼ਸ ਲੋਕ, ਯਕ੍ਸ਼ ਲੋਕ, ਅਤੇ ਪਿਸ਼ਾਚ ਲੋਕ.

ਅਸ਼੍ਟ ਵ੍ਯਾਕਰਣ: ਦੇਖੋ, ਅਸਟ ਸਾਜ ਸਾਜਿ.

ਅਸ਼੍ਟਾਂਗ: ਦੇਖੋ, ਅਸਟਾਂਗ.

ਅਸ਼੍ਟਾਦਸ਼: ਸੰ. ਅਠਾਰਾਂ. ਦਸ਼ ਅਤੇ ਅੱਠ- ੧੮.

ਅਸ਼੍ਟਾਪਦ: ਦੇਖੋ, ਅਸਟਾਪਦ.

ਅਸ਼੍ਟਾਵਕ੍ਰ: ਦੇਖੋ, ਅਸਟਾਵਕ੍ਰ.

ਅਸ਼੍ਟੋਤਰ: ਦੇਖੋ, ਅਠੋਤਰ.

ਅਸ੍ਤ: ਸੰ. अस्त्. ਧਾ- ਸ਼ੋਭਾ ਰਹਿਤ ਹੋਣਾ. ਲੁਕਣਾ. ਗ੍ਰਸਿਤ ਹੋਣਾ। ੨. ਸੰ. अस्त. ਵਿ- ਛਿਪਿਆ ਹੋਇਆ. ਲੁਕਿਆ. ਅੰਤਰਧਾਨ ਹੋਇਆ। ੩. ਨਸ਼੍ਟ. ਨਾਸ਼ ਹੋਇਆ। ੪. ਸੰਗ੍ਯਾ- ਉਹ ਪਹਾੜ, ਜਿਸ ਦੀ ਓਟ ਵਿੱਚ ਸੂਰਜ ਛਿਪਦਾ ਹੈ। ੫. ਫ਼ਾ. است ਹੈ. ਅਸ੍ਤਿ। ੬. ਸੰ. ਅਸ੍ਥਿ. ਹੱਡੀ. "ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ." (ਸਵੈਯੇ ਸ੍ਰੀ ਮੁਖਵਾਕ ਮਃ ੫)

ਅਸ੍ਤਮਨ, ਅਸ੍ਤਮਯਨ: ਦੇਖੋ, ਅਸਤਮਨ.

ਅਸ੍ਤਵ੍ਯਸ੍ਤ: ਸੰ. ਵਿ- ਉਲਟ ਪੁਲਟ. ਛਿੰਨ ਭਿੰਨ.

ਅਸ੍ਤਿ: ਸੰ. ਸੰਗ੍ਯਾ- ਅਸ੍ਤਿਤ੍ਵ. ਹੋਂਦ. ਭਾਵ।

੨. ਵਿਦ੍ਯਮਾਨਤਾ. ਮੌਜੂਦਗੀ। ੩. ਜਰਾਸੰਧ ਦੀ ਪੁਤ੍ਰੀ, ਜੋ ਮਥੁਰਾਪਤਿ ਕੰਸ਼ ਦੀ ਇਸਤ੍ਰੀ ਸੀ.

ਅਸ੍ਤਿ ਭਾਤਿ ਪ੍ਰਿਯ: ਵਾ- ਪਰਮਾਤਮਾ ਦੇ ਤਿੰਨ ਵਿਸ਼ੇਸ਼ਣ, ਜੋ ਸੱਚਿਦਾਨੰਦ ਦੀ ਹੀ ਵ੍ਯਾਖ੍ਯਾ ਹਨ. "ਸਤ ਚੇਤਨ ਆਨੰਦ ਇਕ ਅਸ੍ਤਿ ਭਾਤਿ ਪ੍ਰਿਯ ਪੂਰ." (ਗੁਪ੍ਰਸੂ) ਦੇਖੋ, ਤਿੰਨੇ ਸ਼ਬਦਾਂ ਦੇ ਅਰਥ.

ਅਸ੍ਤੁ: ਸੰ. ਵ੍ਯ- ਹੱਛਾ! ਭਲਾ! ੨. ਹੋਵੇ. ਇਵੇਂ ਹੋਵੇ.

ਅਸ੍ਤੇਯ: ਸੰ. ਸੰਗ੍ਯਾ- ਸ੍ਤੇਯ (ਚੋਰੀ) ਦਾ ਤ੍ਯਾਗ. ਚੋਰੀ ਨਾ ਕਰਨੀ.

ਅਸ੍ਤ੍ਰ: ਦੇਖੋ, ਅਸਤ੍ਰ.

ਅਸਤ੍ਰੀ: ਸੰ. अस्त्रिन्. ਸੰਗ੍ਯਾ- ਸ਼ਸ੍ਤ੍ਰਧਾਰੀ. ਹਥਿਆਰਬੰਦ ਆਦਮੀ.

ਅਸ੍ਥਲ: ਦੇਖੋ, ਅਸਥਲ। ੨. ਹ੍ਰਿਦਯਸ੍ਥਲ. ਮਨ. ਦਿਲ. "ਜਾਕਾ ਅਸ੍ਥਲ ਤੋਲ ਅਮਿਤੋ." (ਗਾਥਾ)

ਅਸ੍ਥਿ: ਸੰਗ੍ਯਾ- ਹੱਡੀ.

ਅਸ੍ਥਿਤ: ਦੇਖੋ, ਅਸਥਿਤ। ੨. ਸੰ. अस्थित. ਵਿ- ਨਾ ਇਸਥਿਤ. ਚਲਾਇਮਾਨ. "ਅਸ੍ਥਿਤੰ ਸੋਗ ਹਰਖੰ." (ਸਹਸ ਮਃ ੫)

ਅਸ੍ਥਿਰ: ਦੇਖੋ, ਅਸਥਿਰ.

ਅਸ਼ਮ: ਦੇਖੋ, ਅਸਮ ੩.

ਅਸ੍ਰ: ਅਸ਼੍ਰ. ਹੰਝੂ. ਆਂਸੂ। ੨. ਸੰ. अस्त्र. ਸੰਗਯਾ- ਲਹੂ। ੩. ਜਲ। ੪. ਵਿ- ਫੈਂਕਿਆ ਚਲਾਇਆ. ਦੇਖੋ, ਅਸੁਰ.

ਅਸ੍ਰਮ: ਵਿ- ਸ਼੍ਰਮ ਰਹਿਤ. ਬਿਨਾ ਥਕਾਨ। ੨. ਕਲੇਸ਼ ਅਤੇ ਦੁੱਖ ਤੋਂ ਰਹਿਤ.

ਅਸ਼੍ਰੁ: ਸੰ. ਸੰਗਯਾ- ਅੱਥਰੂ. ਆਂਸੂ. ਹੰਝੂ. ਸ਼ੋਕ ਜਾਂ ਅਨੰਦ ਦੇ ਅਸਰ ਨਾਲ ਨੇਤ੍ਰਾਂ ਤੋਂ ਨਿਕਲਿਆ ਜਲ.

ਅਸ਼੍ਰੁਪਾਤ: ਸੰਗਯਾ- ਅੱਥਰੂ (ਹੰਝੂ) ਕੇਰਨੇ. ਰੋਦਨ. ਰੋਣਾ. "ਅਸ੍ਰੁਪਾਤ ਸੋਂ ਵਸਤ੍ਰ ਭਿਗੋਏ." (ਨਾਪ੍ਰ)

ਅਸ਼੍ਰੋਤ੍ਰਿਯ, ਅਸ਼੍ਰੋਤ੍ਰੀ: ਸੰ. ਵਿ- ਜਿਸ ਨੇ ਸ਼੍ਰਵਣ ਨਹੀਂ ਕੀਤਾ. ਜਿਸ ਨੇ ਧਰਮ ਗ੍ਰੰਥ ਨਹੀਂ ਸੁਣੇ.

ਅਸ਼ਲੀਲ: ਸੰ. ਵਿ- ਜੋ ਸ਼ਲੀਲ (ਸ਼ੋਭਾ ਵਾਲਾ) ਨਹੀਂ. ਨਿੰਦਿਤ। ੨. ਸੰਗਯਾ- ਲੱਜਾ ਪੈਦਾ ਕਰਨ ਵਾਲਾ ਵਾਕ੍ਯ। ੩. ਗੰਵਾਰੀ ਬੋਲੀ.

ਅਸ਼੍ਵ: ਸੰ. अश्व. ਅਸ਼੍ਵ. ਸੰਗਯਾ- ਘੋੜਾ. ਤੁਰੰਗ. ਅਸਪ। ੨. ਵਿ- ਵ੍ਯਾਪਕ। ੩. ਸੰ. अस्व. ਜਿਸ ਪਾਸ ਸ੍ਵ (ਧਨ) ਨਹੀਂ. ਕੰਗਾਲ. "ਕਨਕ ਅਸ੍ਵ ਹੈਵਰ ਭੁਮਿਦਾਨ." (ਸੁਖਮਨੀ) ਅਨਾਥ ਨੂ ਕਨਕ (ਸੋਨਾ) ਸੁੰਦਰ ਘੋੜੇ ਅਤੇ ਪ੍ਰਿਥਿਵੀ ਦਾ ਦਾਨ ਕਰਨਾ.

ਅਸ਼੍ਵਏਸ਼: ਸੰਗਯਾ- ਉੱਚੈਃ ਸ਼੍ਰਵਾ ਘੋੜੇ ਦਾ ਸ੍ਵਾਮੀ ਸੂਰਜ. (ਸਨਾਮਾ)

ਅਸ਼੍ਵਸ਼ਾਲਾ: ਸੰਗਯਾ- ਘੋੜਿਆਂ ਦਾ ਘਰ. ਤਬੇਲਾ. ਅਸਤਬਲ.

ਅਸ਼੍ਵਕਵਚਨੀ: ਸੰਗਯਾ- ਉਹ ਫੌਜ, ਜਿਸ ਦੇ ਘੋੜਿਆਂ ਨੂੰ ਕਵਚ ਪਹਿਨਾਏ ਹੋਣ. (ਸਨਾਮਾ)

ਅਸ਼੍ਵਗਤਿ: ਦੇਖੋ, ਬਿਸ਼ੇਖ। ੨. ਘੋੜੇ ਦੀ ਚਾਲ.

ਅਸ਼੍ਵਤਰ: ਦੇਖੋ, ਅਸਤਰ.

ਅਸ਼੍ਵਤਰੀ: ਸੰ. ਸੰਗਯਾ- ਖੱਚਰ. ਘੋੜੀ ਅਤੇ ਗਧੇ ਦੇ ਮੇਲ ਤੋਂ ਉਪਜੀ ਨਸਲ.

ਅਸ਼੍ਵੱਥ: ਸੰ. अश्वत्थ. ਸੰਗਯਾ- ਪਿੱਪਲ. ਚਲਦਲ. ਇਸ ਦਾ ਨਾਉਂ ਅਸ਼੍ਵੱਧ ਇਸ ਲਈ ਹੈ ਕਿ ਇਸ ਦੇ ਹੇਠ ਘੋੜੇ ਵਿਸ਼੍ਰਾਮ ਲਈਂ ਖੜੇ ਹੁੰਦੇ ਹਨ.[43] Ficus religiosa (Religiosa Indica)

ਅਸ਼੍ਵੱਥਾਮਾ: ਸੰ. अश्वत्थामन्. ਵਿ- ਘੋੜੇ ਜੇਹੀ ਆਵਾਜ਼ ਕਰਨ ਵਾਲਾ। ੨. ਸੰਗਯਾ- ਕ੍ਰਿਪੀ ਦੇ ਉਦਰ ਤੋਂ ਦ੍ਰੋਣ ਦਾ ਪੁਤ੍ਰ, ਜਿਸ ਨੇ ਜੰਮਣ ਵੇਲੇ ਘੋੜੇ ਜੇਹੀ ਆਵਾਜ਼ ਕੀਤੀ, ਜਿਸ ਤੋਂ ਉਸ ਦਾ ਇਹ ਨਾਉਂ ਹੋਇਆ. ਇਹ ਕੌਰਵਾਂ ਦਾ ਸੈਨਾਪਤੀ ਸੀ. ਕੁਰੁਖੇਤ੍ਰ ਦੀ ਸਭ ਤੋਂ ਪਿਛਲੀ ਲੜਾਈ ਦੇ ਅੰਤ ਵਿੱਚ ਜਦੋਂ ਦੁਰਯੋਧਨ ਸਖ਼ਤ ਜ਼ਖਮੀ ਹੋਇਆ, ਤਾਂ ਸਾਰੀ ਕੌਰਵਾਂ ਦੀ ਸੈਨਾ ਵਿੱਚੋਂ ਕੇਵਲ ਅਸ਼੍ਵੱਥਾਮਾ, ਕ੍ਰਿਪ ਅਤੇ ਕ੍ਰਿਤਵਰਮਾ ਹੀ ਬਾਕੀ ਰਹਿ ਗਏ ਸਨ. ਅਸ਼੍ਵੱਥਾਮਾ ਧ੍ਰਿਸ਼੍ਟਦ੍ਯੁਮਨ ਕੋਲੋਂ, ਜਿਸ ਨੇ ਇਸ ਦੇ ਪਿਤਾ ਦ੍ਰੋਣ ਨੂੰ ਮਾਰਿਆ ਸੀ ਬਦਲਾ ਲੈਣਾ ਚਾਹੁੰਦਾ ਸੀ. ਏਸ ਲਈ ਏਹ ਰਾਤ ਵੇਲੇ ਪਾਂਡਵਾਂ ਦੇ ਤੰਬੂ ਵਿੱਚ ਪਹੁੰਚਿਆ ਅਤੇ ਧ੍ਰਿਸ਼੍ਟਦ੍ਯੁਮਨ ਨੂੰ ਸੁੱਤੇਪਏ ਹੀ ਮਾਰ ਦਿੱਤਾ. ਫੇਰ ਇਸ ਨੇ ਦ੍ਰੁਪਦ ਦੇ ਪੁਤ੍ਰ ਸ਼ਿਖੰਡੀ ਨੂੰ ਮੁਕਾਇਆ ਅਤੇ ਫੇਰ ਪਾਂਡਵਾਂ ਦੇ ਪੰਜਾਂ ਪੁਤ੍ਰਾਂ ਨੂੰ ਮਾਰਕੇ ਉਨ੍ਹਾਂ ਦੇ ਸਿਰ ਦੁਰਯੋਧਨ ਦੇ ਪਾਸ ਲੈ ਗਿਆ.

ਇਸ ਨੇ ਆਪਣੇ ਬ੍ਰਹਮਅਸ੍ਤ੍ਰ ਦੇ ਪ੍ਰਭਾਵ ਨਾਲ ਪਰਿਕਿਤ (ਪਰੀਛਤ) ਨੂੰ ਭੀ, ਜੋ ਅਜੇ ਆਪਣੀ ਮਾਂ ਦੇ ਗਰਭ ਵਿੱਚ ਹੀ ਸੀ, ਮਾਰ ਦਿੱਤਾ, ਜਿਸ ਤੋਂ ਕ੍ਰਿਸ਼ਨ ਜੀ ਨੇ ਇਸ ਨੂੰ ਸ੍ਰਾਪ ਦਿੱਤਾ ਅਤੇ ਪਰਿਕ੍ਸ਼ਿਤ ਨੂੰ ਫੇਰ ਜੀਵਨਦਾਨ ਕੀਤਾ.[44] ਦੂਜੇ ਦਿਨ

---

[43] ਪੁਰਾਣੇ ਸਮੇਂ ਵਿਚ ਫੌਜ ਦੇ ਘੋੜੇ ਇਨ੍ਹਾਂ ਬਿਰਛਾਂ ਹੇਠ ਬੱਧੇ ਜਾਂਦੇ ਹਨ.

[44] ਪਰਿਕ੍ਸ਼ਿਤ ਨਾਉਂ ਇਸੇ ਲਈ ਹੋਇਆ ਕਿ ਪਰਿਕ੍ਸ਼ੀਣ (ਮਰੇ ਹੋਏ) ਨੂੰ ਫੇਰ ਪ੍ਰਾਣ ਦਿੱਤੇ.

ਅਸ਼੍ਵੱਥਾਮਾ ਅਤੇ ਇਸ ਦੇ ਸਾਥੀ ਡਰਕੇ ਨੱਸ ਗਏ, ਪਰ ਦ੍ਰੌਪਦੀ ਨੇ ਰੋਕੇ ਆਖਿਆ ਕਿ ਮੇਰੇ ਪੁਤ੍ਰਾਂ ਦਾ ਬਦਲਾ ਲੀਤਾ ਜਾਵੇ. ਯੁਧਿਸ਼੍ਿਰ ਨੇ ਕਿਹਾ ਕਿ ਅਸ਼੍ਵੱਥਾਮਾ ਬ੍ਰਾਹਮਣ ਹੈ, ਇਸ ਲਈ ਉਸ ਨੂੰ ਮਾਰਨਾ ਪਾਪ ਹੈ. ਦ੍ਰੌਪਦੀ ਇਹ ਗੱਲ ਤਾਂ ਮੰਨ ਗਈ, ਪਰ ਕਹਿਣ ਲੱਗੀ ਕਿ ਉਸ ਦੇ ਮਸਤਕ ਵਿੱਚ ਜੋ ਮਣੀ ਹੈ, ਉਹ ਮੈਨੂੰ ਲਿਆ ਦਿੱਤੀ ਜਾਵੇ. ਇਸ ਲਈ ਭੀਮ, ਅਰਜੁਨ ਅਤੇ ਕ੍ਰਿਸ਼ਨ ਜੀ ਉਸ ਦੇ ਪਿੱਛੇ ਗਏ, ਅਤੇ ਰਤਨ ਲੈਆਏ. ਦ੍ਰੌਪਦੀ ਨੇ ਇਹ ਮਣੀ ਯੁਧਿਸ਼੍ਿਰ ਨੂੰ ਦੇ ਦਿੱਤੀ, ਜਿਸ ਨੇ ਇਸ ਨੂੰ ਆਪਣੇ ਮੁਕੁਟ ਪੁਰ ਸਜਾਇਆ.

ਅਸ਼੍ਵਪਤੀ: ਸੰਗਯਾ- ਸੂਰਜ. ਦੇਖੋ, ਅਸਪਤਿ ਅਤੇ ਅਸੁਪਤਿ। ੨. ਨਿਘਨ ਯਾਦਵ ਦਾ ਪੁਤ੍ਰ ਪ੍ਰਸੇਨ, ਜੋ ਸਤ੍ਰਾਜਿਤ ਦਾ ਭਾਈ ਸੀ. ਇਹ ਸਯਮੰਤਕ ਮਣੀ ਪਹਿਨਕੇ ਸ਼ਿਕਾਰ ਗਿਆ ਸੀ ਅਤੇ ਸ਼ੇਰ ਤੋਂ ਮਾਰਿਆ ਗਿਆ ਸੀ. "ਅਸ਼੍ਵਪਤੀ ਬਿਨ ਪ੍ਰਾਣ ਪਰੇ." (ਕ੍ਰਿਸ਼ਨਾਵ)

ਅਸ੍ਵਪਨ: ਸੰ. ਸੰਗਯਾ- ਦੇਵਤਾ. ਸੁਰ. ਜਿਸ ਨੂੰ ਸ੍ਵਪਨ (ਨੀਂਦ) ਨਹੀਂ.

ਅਸ਼੍ਵਮੁਖ: ਸੰ. ਕਿੰਨਰ ਦੇਵਤਾ, ਜਿਨ੍ਹਾਂ ਦਾ ਮੂੰਹ ਘੋੜੇ ਦਾ ਹੈ. ਇਹ ਪੁਰਾਣਾਂ ਅਨੁਸਾਰ ਗਾਉਣ ਅਤੇ ਨੱਚਣ ਵਿੱਚ ਵਡੇ ਨਿਪੁਣ (ਤਾਕ) ਹਨ.

ਅਸ਼੍ਵਮੇਧ: ਉਹ ਜੱਗ, ਜਿੱਸ ਵਿੱਚ ਅਸ਼੍ਵ (ਘੋੜਾ) ਮੇਧ (ਮਾਰਿਆ) ਜਾਵੇ. ਜਿਸ ਜੱਗ ਵਿੱਚ ਘੋੜੇ ਦੀ ਕੁਰਬਾਨੀ ਹੋਵੇ. ਪੁਰਾਣੇ ਸਮੇਂ ਇਹ ਜੱਗ ਦੋ ਸੰਕਲਪ ਧਾਰ ਕੇ ਕੀਤਾ ਜਾਂਦਾ ਸੀ, ਅਰਥਾਤ- ਸਾਰੇ ਦੇਸ਼ ਵਿੱਚ ਆਪਣੀ ਹੁਕੂਮਤ ਸਿੱਧ ਕਰਨ ਲਈ, ਜਾਂ ਔਲਾਦ ਵਾਸਤੇ.

ਜੱਗ ਦੀ ਵਿਧੀ ਇਉਂ ਹੈ:-

ਇੱਕ ਚਿੱਟੇ ਰੰਗ ਦਾ ਘੋੜਾ ਵੇਦਮੰਤ੍ਰਾਂ ਨਾਲ ਅਭਿਮੰਤ੍ਰਿਤ ਕਰਕੇ ਖੁਲ੍ਹਾ ਛੱਡ ਦਿੱਤਾ ਜਾਂਦਾ ਸੀ, ਜਿਸਦੇ ਮੱਥੇ ਪੁਰ ਜੱਗ ਕਰਨ ਵਾਲੇ ਰਾਜੇ ਦਾ ਨਾਉਂ ਅਤੇ ਪ੍ਰਤਾਪ ਲਿਖਿਆ ਹੁੰਦਾ ਸੀ. ਘੋੜੇ ਦੇ ਪਿੱਛੇ ਫੌਜ ਦੇ ਸਰਦਾਰ ਫੌਜ ਲੈਕੇ ਚਲਦੇ ਸਨ. ਘੋੜਾ ਆਪਣੀ ਇੱਛਾ ਅਨੁਸਾਰ ਇੱਕ ਵਰ੍ਹਾ ਦੇਸ਼ ਦੇਸ਼ਾਂਤਰਾਂ ਵਿੱਚ ਫਿਰਦਾ ਰਹਿੰਦਾ ਸੀ. ਜੋ ਰਾਜਾ. ਘੋੜੇ ਦੇ ਸ੍ਵਾਮੀ ਦੀ ਹੁਕੂਮਤ ਮੰਨਣੀ ਪਸੰਦ ਨਹੀਂ ਕਰਦਾ ਸੀ. ਓਹ ਆਪਣੇ ਇਲਾਕੇ ਵਿੱਚ ਆਏ ਘੋੜੇ ਨੂੰ ਬੰਨ੍ਹ ਲੈਂਦਾ ਸੀ. ਇਸ ਪੁਰ ਦੋਹੀਂ ਪਾਸੀਂ ਘੋਰ ਯੁੱਧ ਛਿੜ ਪੈਂਦਾ ਸੀ. ਜੇ ਘੋੜਾ ਛੁਡਾਇਆ ਨਾ ਜਾਂਦਾ ਤਦ ਜੱਗ ਨਹੀਂ ਹੋ ਸਕਦਾ ਸੀ, ਅਤੇ ਜੇ ਘੋੜਾ ਲੈ ਲਿਆ ਜਾਂਦਾ, ਤਦ ਹਾਰੇ ਹੋਏ ਰਾਜੇ ਨੂੰ ਜੱਗ ਕਰਨ ਵਾਲੇ ਦੀ ਈਨ ਮੰਨਣੀ ਪੈਂਦੀ ਸੀ. ਇੱਕ ਸਾਲ ਦੇ ਸਫਰ ਪਿੱਛੋਂ ਘੋੜੇ ਨੂੰ ਰਾਜਧਾਨੀ ਵਿੱਚ ਵਾਪਿਸ ਲੈ ਆਉਂਦੇ ਸਨ, ਅਤੇ ਜਿਨ੍ਹਾਂ ਰਾਜਿਆਂ ਦੇ ਦੇਸ਼ ਥਾਣੀਂ ਘੋੜਾ ਬੇਰੋਕ ਫਿਰ ਆਇਆ ਹੈ, ਉਨ੍ਹਾਂ ਸਭਨਾਂ ਨੂੰ ਜੱਗ ਵਿੱਚ ਹਾਜਿਰ ਹੋਣਾ ਪੈਂਦਾ ਸੀ. ਬ੍ਰਾਹਮਣਾਂ ਦੀ ਦੱਸੀ ਵਿਧੀ ਅਨੁਸਾਰ ਇੱਕ ਭਾਰੀ ਜੱਗਮੰਡਪ ਰਚਿਆ ਜਾਂਦਾ ਸੀ, ਜਿਸ ਦੇ ਵਿਚਕਾਰ ਇੱਕ ਵੇਦੀ, ਸਵਾ ਸਵਾ ਗਜ ਚੌੜੇ ਅਤੇ ਸੱਤ ਸੱਤ ਗਜ ਲੰਮੇ ੨੧. ਖੰਭਿਆਂ ਉੱਪਰ ਰਚੀ ਜਾਂਦੀ ਸੀ. ਅਤੇ ਹਵਨ ਲਈ ੧੮. ਕੁੰਡ ਬਣਾਏ ਜਾਂਦੇ ਸਨ, ਜਿਨ੍ਹਾਂ ਵਿੱਚ ਅਨੇਕ ਪੰਛੀ ਅਤੇ ਚੁਪਾਏ ਕੱਟਕੇ ਹੋਮ ਕੀਤੇ ਜਾਂਦੇ ਸਨ, ਜਿਨ੍ਹਾਂ ਦੀ ਗੰਧ (ਬੂ) ਰਾਣੀ ਸਮੇਤ ਰਾਜਾ ਲੈਂਦਾ ਸੀ. ਅੰਤ ਨੂੰ ਵੇਦਮੰਤ੍ਰਾਂ ਦਾ ਪਾਠ ਕਰਦੇ ਹੋਏ, ਘੋੜੇ ਨੂੰ ਸਨਾਨ ਕਰਾਕੇ ਬੈਤ ਦੀ ਚਟਾਈ ਉੱਪਰ ਖੜਾ ਕਰਕੇ, ਰਾਜੇ ਤੇ ਰਾਣੀ ਦੇ ਹੱਥੋਂ, ਝਟਕਵਾਇਆ ਜਾਂਦਾ ਸੀ, ਇਸ ਵੇਲੇ ਸਭ ਪਾਸਿਓਂ ਜੈ ਜੈਕਾਰ ਦੀ ਧੁਨੀ ਮਚ ਉਠਦੀ ਸੀ.

ਜੇ ਸੰਤਾਨ ਦੀ ਇੱਛਾ ਲਈ ਅਸ਼੍ਵਮੇਧ ਕੀਤਾ ਜਾਂਦਾ, ਤਦ ਰਾਤ ਨੂੰ ਘੋੜੇ ਦੀ ਲੋਥ ਨਾਲ ਰਾਣੀ ਸੌਂਦੀ ਸੀ. ਹਿੰਦੂਆਂ ਦਾ ਨਿਸ਼ਚਾ ਸੀ ਕਿ ੧੦੦ ਅਸ਼੍ਵਮੇਧ ਜੱਗ ਕਰਨ ਨਾਲ ਇੰਦ੍ਰ ਪਦਵੀ ਪ੍ਰਾਪਤ ਹੋ ਜਾਂਦੀ ਹੈ, ਏਸੇ ਲਈ ਪੁਰਾਣਾਂ ਵਿੱਚ ਦੇਖੀਦਾ ਹੈ ਕਿ ਇੰਦ੍ਰ ਨੇ ਜੱਗਾਂ ਵਿੱਚ ਅਕਸਰ ਵਿਘਨ ਪਾਏ.

ਵਾਲਮੀਕਿ ਰਾਮਾਇਣ ਬਾਲਕਾਂਡ ਦੇ ੧੪. ਵੇਂ ਅਧ੍ਯਾਯ ਵਿੱਚ ਜਿਕਰ ਆਉਂਦਾ ਹੈ ਕਿ ਦਸ਼ਰਥ ਦੇ ਅਸ਼੍ਵਮੇਧ ਜੱਗ ਵਿੱਚ ਤਿੰਨ ਸੌ ਪਸ਼ੂ ਬਲਿਦਾਨ ਲਈ ਖੂੰਟਿਆਂ ਨਾਲ ਬੰਨ੍ਹੇ ਗਏ ਸਨ, ਅਤੇ ਘੋੜੇ ਨੂੰ ਕੌਸ਼ਲ੍ਯਾ ਆਦਿ ਰਾਣੀਆਂ ਨੇ ਖੜਗ ਨਾਲ ਝਟਕਾਇਆ ਸੀ ਅਰ ਰਾਤ ਨੂੰ ਇਸ ਨਾਲ ਸੁੱਤੀਆਂ ਸਨ।

੨. ਰਾਜਾ ਜਨਮੇਜਯ ਦਾ ਇੱਕ ਪੁੱਤ੍ਰ.

ਅਸ਼੍ਵਵਾਰ: ਦੇਖੋ, ਅਸਵਾਰ.

ਅਸ਼੍ਵਵੈਦਜ: ਸੰਗਯਾ- ਘੋੜੇ ਦਾ ਇਲਾਜ ਕਰਨ ਵਾਲਾ. ਸ਼ਾਲਿਹੋਤ੍ਰੀ (ਸਲੋਤ੍ਰੀ) Veterinary surgeon.

ਅਸ਼੍ਵਾਰੂਢ, ਅਸ਼੍ਵਾਰੋਹੀ: ਵਿ- ਘੋੜੇ ਉੱਪਰ ਚੜ੍ਹਿਆ ਹੋਇਆ. ਘੁੜਚੜ੍ਹਾ ਸਵਾਰ.

ਅਸ਼੍ਵਿਨੀ: ਸੰਗਯਾ- ਘੋੜੀ। ੨. ਸਤਾਈ ਨਛਤ੍ਰਾਂ ਵਿੱਚੋਂ ਪਹਿਲਾ ਨਛਤ੍ਰ. ਇਸ ਦਾ ਇਹ ਨਾਉਂ ਪੈਣ ਦਾ ਕਾਰਣ ਹੈ ਕਿ ਤਿੰਨ ਨਛਤ੍ਰ ਮਿਲਣ ਕਰਕੇ ਘੋੜੇ ਦੇ ਮੂੰਹ ਵਰਗੀ ਸ਼ਕਲ ਭਾਸਦੀ ਹੈ.

ਅਸ਼੍ਵਿਨੀਕੁਮਾਰ: ਘੋੜੀ ਦੇ ਪੁੱਤ ਦੋ ਦੇਵਤਾ, ਜੋ ਦੇਵਤਿਆਂ ਦੇ ਵੈਦ ਹਨ. ਨਿਰੁਕ੍ਤ ਦੇ ਦੈਵਤ ਕਾਂਡ ਅਤੇ ਹਰਿਵੰਸ਼ ਵਿੱਚ ਲਿਖਿਆ ਹੈ ਕਿ ਇੱਕ ਵੇਰ ਸੂਰਜ ਦੀ ਇਸਤ੍ਰੀ "ਸੰਗਯਾ" ਆਪਣੇ ਪਤੀ ਦਾ ਤੇਜ ਨਾ ਸਹਾਰਕੇ ਆਪਣੀ ਥਾਂ ਇੱਕ ਬਣਾਉਟੀ ਇਸਤ੍ਰੀ "ਛਾਯਾ" ਘਰ ਛੱਡਕੇ ਆਪ ਘੋੜੀ ਦਾ ਰੂਪ ਧਾਰਕੇ ਜੰਗਲ ਨੂੰ ਚਲੀ ਗਈ. ਜਦ ਸੂਰਜ ਨੂੰ ਪਤਾ ਲੱਗਾ ਤਾਂ ਉਸਨੇ ਘੋੜੇ ਦਾ ਰੂਪ ਧਾਰਕੇ ਉਸ ਤੋਂ ਜੌੜੇ ਪੁਤ੍ਰ ਉਤਪੰਨ ਕੀਤੇ, ਜੋ ਅਸ਼੍ਵਿਨੀਕੁਮਾਰ ਨਾਉਂ ਤੋਂ ਪ੍ਰਸਿੱਧ ਹੋਏ.

ਮਹਾਂਭਾਰਤ ਵਿੱਚ ਕਥਾ ਹੈ ਕਿ ਪੰਡੁ ਦੀ ਵਿਧਵਾ ਇਸਤ੍ਰੀ ਮਾਦ੍ਰੀ ਨੇ ਨਕੁਲ ਅਤੇ ਸਹਿਦੇਵ, ਅਸ਼੍ਵਿਨੀ ਕੁਮਾਰਾਂ ਦੇ ਸੰਜੋਗ ਤੋਂ ਜਣੇ ਸਨ. ਵੈਦਿਕ ਸਮੇਂ ਵਿੱਚ ਇਹ ਪ੍ਰਭਾਤ ਅਤੇ ਸੰਝ ਦੇ ਦੇਵਤਾ ਮੰਨੇ ਜਾਂਦੇ ਸਨ.

ਅਹ: ਸੰ. अह्. ਧਾ- ਫੈਲਣਾ. ਵਯਾਪਣਾ। ੨. ਸਰਵ. ਇਹ. ਯਹ। ੩. ਸੰ. अहन्- ਅਹਨ. ਸੰਗਯਾ- ਦਿਨ। ੪. ਸੂਰਜ। ੫. ਵਿਸ਼ਨੁ.

ਅਹਸਾਨ: ਅ. احسان ਇਹ਼ਸਾਨ. ਸੰਗਯਾ- ਉਪਕਾਰ. ਨੇਕੀ. ਭਲਿਆਈ। ੨. ਕ੍ਰਿਪਾ.

ਅਹਸਾਨਫਰਾਮੋਸ਼: ਫ਼ਾ. احسان فراموش ਇਹ਼ਸਾਨਫ਼ਰਾਮੋਸ਼ ਵਿ- ਉਪਕਾਰ ਭੁਲਾਉਣ ਵਾਲਾ. ਕ੍ਰਿਤਘਨ.

ਅਹਹ: ਵਯ- ਅਚਰਜ, ਖੇਦ ਅਤੇ ਸ਼ੋਕ ਆਦਿ ਦਾ ਬੋਧਕ ਸ਼ਬਦ.

ਅਹਕਰਣ: ਸੰਗਯਾ- ਅਹੰਕਾਰ. ਅਹੰਕ੍ਰਿਤਿ. ਅਭਿਮਾਨ. "ਜਿਨ ਵਿਚਹੁ ਅਹਕਰਣ ਚੁਕਾਇਆ." (ਸ੍ਰੀ ਮਃ ੧. ਜੋਗੀ ਅੰਦਰ)

ਅਹਕਾਮ, ਅਹ਼ਕਾਮ: ਅ. احکام ਹੁਕਮ ਦਾ ਬਹੁ ਵਚਨ.

ਅਹਣ: ਦੇਖੋ, ਅਹਨ ਅਤੇ ਆਹਣ.

ਅਹਦ: ਅ. عہد ਅ਼ਹਦ. ਸੰਗਯਾ- ਪ੍ਰਤਿਗਯਾ. ਵਾਦਾ. ਨੇਮ. "ਬਾਂਧ ਅਹਦ ਇਹ ਰੀਤਿ ਸੋਂ." (ਗੁਪ੍ਰਸੂ) ੨. ਸਮਾ. ਵੇਲਾ। ੩. ਕਿਸੇ ਰਾਜੇ ਦੀ ਹੁਕੂਮਤ ਦਾ ਸਮਾਂ. ਜਿਵੇਂ- ਇਹ ਘਟਨਾ ਬਾਦਸ਼ਾਹ ਅਕਬਰ ਦੇ ਅਹਦ ਵਿੱਚ ਹੋਈ ਹੈ.

ਅਹਦਸ਼ਿਕਨੀ, ਅ਼ਹਦਸ਼ਿਕਨੀ: ਫ਼ਾ. عہدشکنی ਸੰਗਯਾ- ਪ੍ਰਤਿਗਯਾ ਭੰਗ ਕਰਨ ਦੀ ਕ੍ਰਿਯਾ. ਵਾਦਾ ਖ਼ਿਲਾਫ਼ੀ.

ਅਹਦੀ, ਅਹ਼ਦੀ: ਅ. احدی ਸੰਗਯਾ- ਮੁਗ਼ਲ ਬਾਦਸ਼ਾਹਾਂ ਵੇਲੇ ਸਵਾਰਾਂ ਦੀ ਇੱਕ ਖ਼ਾਸ ਪਦਵੀ.

ਅਹਦੀਆਂ ਦੀ ਤਨਖ਼੍ਵਾਹ ੨੦. ਤੋਂ ੨੫ ਰੁਪਯੇ ਤੀਕ ਮਾਹਵਾਰ ਹੋਇਆ ਕਰਦੀ ਸੀ. ਇਹ ਸਵਾਰ ਖ਼ਾਸ ਖ਼ਾਸ ਮਨਸਬਦਾਰਾਂ ਦੇ ਅਧੀਨ ਰਹਿੰਦੇ ਸਨ. ਜਦ ਕਿਸੇ ਤੋਂ ਕੁਝ ਵਸੂਲ ਕਰਨਾ ਹੁੰਦਾ, ਜਾਂ ਸ਼ਾਹੀ ਹੁਕਮ ਉਚੇਚਾ ਭੇਜਣ ਦੀ ਜਰੂਰਤ ਪੈਂਦੀ, ਤਦ ਅਹਦੀ ਭੇਜੇ ਜਾਂਦੇ ਸਨ. ਏਹ ਤਾਮੀਲ ਕੀਤੇ ਬਿਨਾ ਡੇਰਾ ਨਹੀਂ ਚੁਕਦੇ ਸਨ. ਧਰਨਾ ਮਾਰਕੇ ਦਰਵਾਜ਼ੇ ਅੱਗੇ ਬੈਠ ਜਾਂਦੇ ਸਨ.

ਕਦੇ ਕਦੇ ਅਹਦੀ ਮੰਜੇ ਉੱਪਰ ਬੈਠਕੇ ਸਫਰ ਕਰਦੇ, ਅਤੇ ਹਰੇਕ ਪਿੰਡ ਤੋਂ ਬੇਗਾਰੀ ਕਢਵਾਕੇ ਮੰਜਾ ਚੁਕਵਾਉਂਦੇ. "ਤਬ ਔਰੰਗ ਜਿਯ ਮਾਹਿ ਰਿਸਾਏ।ਏਕ ਅਹਦੀਆ ਇਹਾਂ ਪਠਾਏ." (ਵਿਚਿਤ੍ਰ)

ਅ਼ਹਦੋ ਪੈਮਾਨ: ਫ਼ਾ. عہدوپیمان ਸੰਗਯਾ- ਪ੍ਰਤਿਗਯਾ ਦੇ ਨਿਯਮ ਥਾਪਣੇ.

ਅਹਨ: ਸੰ. ग्रश्मघन- ਅਸ਼ਮਘਨ. ਬੱਦਲ ਦਾ ਪੱਥਰ. ਗੜਾ. ਓਲਾ.

ਅਹਨਿਸ: ਸੰ. ग्रहर्निश. ਕ੍ਰਿ. ਵਿ- ਰਾਤ ਦਿਨ। ੨. ਸਦਾ. ਨਿਤ੍ਯ.

ਅਹਪਤਿ: ਸੰ. ਅਹਪੰਤਿ. ਦਿਨ ਦਾ ਸ੍ਵਾਮੀ ਸੂਰਜ.

ਅਹਪਤਿਦਿਨ: ਸੰਗ੍ਯਾ- ਅਹਪੰਤਿ (ਸੂਰਜ) ਦਾ ਦਿਨ- ਐਤਵਾਰ.

ਅਹਮ: ਦੇਖੋ, ਅਹੰ। ੨. ਅ਼. اہم ਵਿ- ਬਹੁਤ ਜ਼ਰੂਰੀ. ਆਵਸ਼੍ਯਕ। ੩. ਕਠਿਨ. ਔਖਾ.

ਅਹਮਕ, ਅਹ਼ਮਕ਼: ਅ਼. احمق ਵਿ- ਹ਼ੁਮਕ਼ (ਮੂਰਖਤਾ) ਰੱਖਣ ਵਾਲਾ. ਬੁੱਧਿਹੀਨ. ਮੂਰਖ.

ਅਹਮਦ, ਅਹ਼ਮਦ: ਅ਼. احمد ਵਿ- ਹ਼ਮਦ (ਸ਼ਲਾਘਾ) ਕੀਤਾ ਹੋਇਆ. ਪ੍ਰਸ਼ੰਸਿਤ. ਸਲਾਹਿਆ ਹੋਇਆ। ੨. ਸੰਗ੍ਯਾ- ਹਜ਼ਰਤ ਮੁਹੰਮਦ ਸਾਹਿਬ ਦਾ ਨਾਉਂ। ੩. ਬਿਕ੍ਰਮੀ ਸਤਾਰਵੀਂ ਸਦੀ ਵਿੱਚ ਹੋਇਆ ਇੱਕ ਫ਼ਾਰਸੀ ਅਤੇ ਹਿੰਦੀ ਦਾ ਕਵਿ, ਜਿਸ ਦੇ ਦੋਹਰੇ ਅਤੇ ਸੋਰਠੇ ਮਨੋਹਰ ਹਨ.

"ਅਹਮਦ, ਯਾ ਮਨ ਸਦਨ ਮੇ ਹਰਿ ਆਵਹਿਂ ਕਿਹਂ ਬਾਟ?

ਬਿਕਟ ਜੁਰੇ ਜੌ ਲੌ ਨਿਪਟ ਖੁਲੈਂ ਨ ਕਪਟ ਕਪਾਟ.

ਅਹਮਦ ਹਮ ਨ ਸੁਹਾਯ, ਅਮੀ ਪਿਲਾਵੈ ਮਾਨ ਬਿਨ,

ਜੌ ਬਿਖ ਦੇਤ ਬੁਲਾਯ, ਮਾਨ ਸਹਿਤ ਮਰਬੋ ਭਲੋ."

ਅਹਮਦ ਸ਼ਾਹ ਅਬਦਾਲੀ: ਦੁੱਰਾਨੀ. ਅਬਦਾਲੀ ਪਠਾਣਾਂ ਦੀ ਸ਼ਾਖ, ਸੱਦੋਜ਼ਈ ਵਿੱਚ ਜ਼ਮਾਨ ਖ਼ਾਂਨ ਦਾ ਪੁੱਤ. ਇਹ ਇੱਕ ਗਰੀਬ ਪਠਾਣ ਸੀ, ਪਰ ਬੁੱਧੀਬਲ ਨਾਲ ਵਧਦਾ ਵਧਦਾ ਨਾਦਰ ਸ਼ਾਹ ਦਾ ਸੈਨਾਪਤਿ ਹੋ ਗਿਆ, ਅਤੇ ਸਨ ੧੭੪੭ ਵਿੱਚ ਨਾਦਰ ਸ਼ਾਹ ਦੇ ਮਰਨ ਪਿੱਛੋਂ ਕੰਧਾਰ ਤੇ ਕਬਜਾ ਕਰਕੇ ਬਲਖ, ਸਿੰਧ, ਪੰਜਾਬ ਅਤੇ ਕਸ਼ਮੀਰ ਨੂੰ ਭੀ ਆਪਣੇ ਅਧੀਨ ਕਰ ਲਿਆ. ਇਸ ਨੇ ਸੰਨ ੧੭੪੭ ਤੋਂ ਲੈਕੇ ਸੰਨ ੧੭੬੭ ਤੀਕ ਪੰਜਾਬ ਉੱਤੇ ਅੱਠ ਹਮਲੇ ਕੀਤੇ, ਅਤੇ ਸੰਮਤ ੧੮੧੮ ਵਿੱਚ ਆਪਣੇ ਅਹਿਲਕਾਰ ਕਲੰਦਰ ਖ਼ਾਂ ਦੀ ਮਾਰਫਤ ਅੰਮ੍ਰਿਤਸਰ ਜੀ ਦੀ ਬੇਅਦਬੀ ਕਰਕੇ ਹਰਿਮੰਦਿਰ ਢਾਹਿਆ, ਜੋ ਖ਼ਾਲਸੇ ਨੇ ਫੇਰ ਉਸੇ ਨੀਂਹ ਉੱਪਰ ਉਸਾਰਿਆ. ਅਹਮਦ ਸ਼ਾਹ ਦਾ ਦੇਹਾਂਤ ੭. ਹਾੜ ਸੰਮਤ ੧੮੩੦ ਵਿੱਚ ਮੁਰਗਾਬ ਨਾਮੇ ਨਗਰ ਹੋਇਆ. ਦੇਖੋ, ਘੱਲੂਘਾਰਾ ਅਤੇ ਦੇਸਰਾਜ.

ਅਹਮਦ ਸੱਯਦ, ਅਹ਼ਮਦ ਸੱਯਦ: (ਸੱਯਦ ਅਹਮਦ ਸ਼ਾਹ ਗ਼ਾਜ਼ੀ) ਬਰੇਲੀ ਦਾ ਰਹਿਣ ਵਾਲਾ ਇੱਕ ਮੁੱਲਾ, ਜਿਸ ਨੇ ਸਨ ੧੮੨੭ ਵਿੱਚ ਸਰਹੱਦੀ ਮੁਸਲਮਾਨਾਂ ਨੂੰ ਭੜਕਾਕੇ ਸਿੱਖਾਂ ਦੇ ਵਿਰੁੱਧ ਮਜਹਬੀ ਜੰਗ ਛੇੜਿਆ ਅਤੇ ਜਹਾਦ ਲਈ ਹਜ਼ਾਰਾਂ ਮੁਸਲਮਾਨ ਇਸ ਦੇ ਝੰਡੇ ਹੇਠ ਇਕੱਠੇ ਹੋ ਗਏ. ਅਟਕ ਪਾਸ ਅਕੋਰਾ ਦੇ ਮਕਾਮ ਪੁਰ ਸਰਦਾਰ ਬੱਧ ਸਿੰਘ ਸੰਧਾਵਾਲੀਏ ਤੋਂ ਇਸ ਨੇ ਭਾਰੀ ਹਾਰ ਖਾਧੀ. ਮਈ ਸਨ ੧੮੩੧ ਵਿੱਚ ਕਸ਼ਮੀਰ ਦੇ ਗਵਰਨਰ ਸ਼ੇਰ ਸਿੰਘ ਦੀ ਫੌਜ ਨਾਲ ਜੰਗ ਕਰਦਾ ਹੋਇਆ ਇਹ ਬਾਲਾਕੋਟ (ਜਿਲਾ ਹਜ਼ਾਰਾ) ਵਿੱਚ ਮਰ ਗਿਆ. ਮੁਸਲਮਾਨਾਂ ਦਾ ਖਿਆਲ ਹੈ ਕਿ ਉਹ ਕਿਤੇ ਗੁਪਤ ਹੋ ਗਿਆ, ਪਰ ਮੋਇਆ ਨਹੀਂ.

ਅਹਮਦਾਬਾਦ: ਬੰਬਈ ਹਾਤੇ ਅੰਦਰ ਗੁਜਰਾਤ ਦਾ ਪ੍ਰਧਾਨ ਨਗਰ, ਜੋ ਸ਼ਾਵਰਮਤੀ ਨਦੀ ਦੇ ਕਿਨਾਰੇ ਪੁਰ ਗੁਜਰਾਤ ਦੇ ਰਾਜਾ ਅਹਮਦਸ਼ਾਹ ਨੇ ਸਨ ੧੪੧੩ ਵਿੱਚ ਵਸਾਇਆ.

ਅਹਮਦੀ: ਵਿ- ਮੁਹੰਮਦ ਪੈਗੰਬਰ ਦਾ ਪੈਰੋ।

੨. ਸੰਗ੍ਯਾ- ਮੁਸਲਮਾਨ। ੩. ਕਾਦੀਆਨੀ ਮਿਰਜ਼ੇ ਦਾ ਪੈਰੋ. ਦੇਖੋ, ਗੁਲਾਮ ਅਹਮਦ.

ਅਹਰ. ਸੰ. ग्रहर्. ਸੰਗ੍ਯਾ- ਦਿਨ.

ਅਹਰਖ: ਦੇਖੋ, ਅਹਿਰਖ। ੨. ਸੰਗ੍ਯਾ- ਹਰ੍ਸ਼ (ਆਨੰਦ) ਦਾ ਅਭਾਵ. ਰੰਜ. ਸ਼ੋਕ.

ਅਹਰਣ, ਅਹਰਣਿ, ਅਹਰਨ: ਸੰਗ੍ਯਾ- ਆਯਸਘਨ. ਲੋਹੇ ਦਾ ਪਿੰਡ, ਜੋ ਲੋਹੇ ਆਦਿ ਧਾਤੂਆਂ ਦੇ ਘੜਨ ਲਈ ਲੋਹਾਰਾਂ ਦੇ ਕਾਰਖਾਨੇ ਹੁੰਦਾ ਹੈ. ਇਸ ਉੱਪਰ ਲੋਹਾ, ਠੰਢਾ ਜਾਂ ਗਰਮ, ਰੱਖਕੇ ਘਨ (ਹਥੌੜੇ) ਨਾਲ ਘੜਿਆ ਜਾਂਦਾ ਹੈ. ਆਹਨੀ. ਨਿਹਾਈ. "ਅਹਰਣਿ ਮਤਿ ਵੇਦੁ ਹਥੀਆਰੁ." (ਜਪੁ)

ਅਹਰਨਿਸ: ਦੇਖੋ, ਅਹਨਿਸ ਅਤੇ ਅਹਿਨਿਸ.

ਅਹਰਮਨ: ਫ਼ਾ. اہرمن ਸੰਗ੍ਯਾ- ਪਾਰਸੀ ਮਤ ਅਨੁਸਾਰ ਬੁਰਾਈ ਦਾ ਦੇਵਤਾ.[45] ਇਸ ਦੇ ਵਿਰੁੱਧ ਨੇਕੀ ਦਾ ਦੇਵਤਾ ਯਜ਼ਦਾਨ ਹੈ.

ਅਹਰੰਤ: ਵਿ- ਆਹ! ਆਹ! ਅਤੇ ਹੈ! ਹੈ! ਪੁਕਾਰਦਾ. ਵਿਲਾਪ ਕਰਦਾ. "ਅਹਰੰਤ ਕੋਟਿ ਕਟਯੰਤਿ ਗਾਤ." (ਗੁਪ੍ਰਸੂ) ੨. ਦੇਖੋ. ਅਰ੍ਹੰਤ.

ਅਹਲ: ਵਿ- ਅਚਲ. ਜੋ ਹੱਲੇ ਨਾ. ਸਿਥਰ. ਕ਼ਾਇਮ. "ਗਡ ਥੰਮ ਅਹਲੈ." (ਗਉ ਵਾਰ ੨, ਮਃ ੫) ੨. ਅ਼. اہل ਅਹਲ. ਸੰਗ੍ਯਾ- ਲੋਕ. ਜਨ ਸਮੁਦਾਯ। ੩. ਪਰਿਵਾਰ. ਕੁਟੰਬ। ੪. ਪਤਿ। ੫. ਵਿ- ਯੋਗ੍ਯ ਲਾਇਕ਼. "ਅਹਲ ਆਰਫ਼ ਕਮਾਲ." (ਗੁਪ੍ਰਸੂ)

ਅਹਲਕਾਰ: ਫ਼ਾ. اہلکار ਵਿ- ਕਰਮਚਾਰੀ. ਅਹੁਦੇਦਾਰ. ਕਾਰਜ ਕਰਨ ਵਾਲਾ। ੨. ਕਿਸੇ ਕੰਮ ਵਿੱਚ ਨਿਪੁਣ.

ਅਹਲਾ: ਵਿ- ਦੁਰਲਭ. ਅਲਭ੍ਯ। ੨. ਬਿਨਾ ਲਾਭ. ਵ੍ਰਿਥਾ. ਸੰ. ਅਫਲ. ਦੇਖੋ, ਅਹਿਲਾ.

ਅਹਲਾਦ: ਸੰ. ਆਹ੍ਲਾਦ. ਸੰਗ੍ਯਾ- ਆਨੰਦ. ਖ਼ੁਸ਼ੀ. ਪ੍ਰਸੰਨਤਾ. ਦੇਖੋ, ਅਹਿਲਾਦ.

ਅਹਲਿਆ: ਸੰ. ਅਹਲ੍ਯਾ. ਸੰਗ੍ਯਾ- ਵ੍ਰਿਧਾਸ਼੍ਵ ਦੀ ਪੁਤ੍ਰੀ ਅਤੇ ਗੌਤਮ (ਸ਼ਰਦਵਤ) ਦੀ ਇਸਤ੍ਰੀ ਜੋ, ਰਾਮਾਇਣ ਅਨੁਸਾਰ ਬ੍ਰਹਮਾ ਨੇ ਸਭ ਇਸਤ੍ਰੀਆਂ ਤੋਂ ਪਹਿਲਾਂ ਬਹੁਤ ਸੁੰਦਰ ਬਣਾਈ, ਇਹ ਪਤੀ ਦੇ ਸ੍ਰਾਪ ਨਾਲ ਸਿਲਾ ਰੂਪ ਹੋ ਗਈ ਅਤੇ ਰਾਮਚੰਦ੍ਰ ਜੀ ਤੋਂ ਮੁਕਤ ਹੋਈ. "ਗੋਤਮ ਨਾਰਿ ਅਹਲਿਆ ਤਾਰੀ." (ਮਾਲੀ ਨਾਮਦੇਵ) ਦੇਖੋ, ਗੌਤਮ ੪.

ਅਹਲੀਆ: ਅ਼. اہلیہ ਸੰਗ੍ਯਾ- ਅਹਲ (ਕੁਟੰਬ) ਵਾਲੀ. ਭਾਰਯਾ. ਜੋਰੂ. ਵਹੁਟੀ. ਵਨਿਤਾ.

ਅਹਲੀਹਾ: ਅ਼. اہلیہا ਉਸ ਵਿੱਚ ਰਹਿਣ ਵਾਲੇ.

ਅਹਲੇ ਨਜਰ: ਫ਼ਾ. اہل نظر ਵਿ- ਅਕਲਮੰਦ. ਦਾਨਾ. ਸਿਆਣਾ.

ਅਹਲ੍ਯਾ: ਦੇਖੋ, ਅਹਲਿਆ ਅਤੇ ਗੌਤਮ ੪.

ਅਹਵ: ਸੰ. ਆਹਵ. ਸੰਗ੍ਯਾ- ਯੁੱਧ. ਜੰਗ.

ਅਹਵਯੰ: ਸੰ. ਆਹਵੀਯ. ਵਿ- ਯੁੱਧ ਸੰਬੰਧੀ. "ਗਿਰੰਤ ਭੂਮਿ ਅਹਵਯੰ." (ਰਾਮਾਵ) ਅਹਵੀਯ ਭੂਮਿ (ਮੈਦਾਨੇ ਜੰਗ) ਵਿੱਚ ਡਿਗਦੇ ਹਨ. ਦੇਖੋ, ਅਹਵੀ ਭੂਮਿ.

ਅਹਵਾਲ, ਅਹ਼ਵਾਲ: ਅ਼. احوال ਹ਼ਾਲ ਦਾ ਬਹੁ ਵਚਨ. ਦਸ਼ਾ. "ਮਮ ਈ ਚਿਨੀ ਅਹਵਾਲ." (ਤਿਲੰ ਮਃ ੧)

੨. ਸਮਾਚਾਰ. ਸੁਧ. ਖਬਰ.

ਅਹਵੀ ਭੂਮਿ: ਸੰ. ਆਹਵੀਯ ਭੂਮਿ. ਰਣਖੇਤ. ਮੈਦਾਨੇ ਜੰਗ. ਦੇਖੋ, ਅਹਵਯੰ.

---

[45] ਇਥੇ ਲਈ ਬਹੁਤੇ ਕਵੀ ਸ਼ੈਤਾਨ ਨੂੰ 'ਅਹਰਮਨ' ਲਿਖ ਦਿੰਦੇ ਹਨ.

ਅਹਾ: ਵ੍ਯ- ਪ੍ਰਸੰਨਤਾ ਅਤੇ ਅਚਰਜ ਬੋਧਕ ਸ਼ਬਦ। ੨. ਕ੍ਰਿ- ਹੈ ਸ਼ਬਦ ਦਾ ਭੂਤ ਕਾਲ. ਸੀ. ਥਾ. ਸਾ. "ਜਹ ਕਛੁ ਅਹਾ, ਤਹਾ ਕਿਛੁ ਨਾਹੀ." (ਗਉ ਕਬੀਰ)

ਅਹਾਜ, ਅਹਾਜੁ: ਸੰ. ਅਹਾਯੰਜ. ਵਿ- ਨਾ ਲੈ ਜਾਣ ਲਾਇਕ। ੨. ਭਾਵ- ਨਾ ਅੰਗੀਕਾਰ ਕਰਨ ਯੋਗਜ. "ਖਾਣਾ ਖਾਜ ਅਹਾਜੁ." (ਵਾਰ ਸਾਰ ਮਃ ੧) ੩. ਅਖਾਦਜ. ਨਾ ਖਾਣ ਯੋਗਜ. ਅਭੱਖ.

ਅਹਾਤਾ: ਦੇਖੋ, ਹਾਤਾ.

ਅਹਾਰ: ਸੰ. ਆਹਾਰ. ਸੰਗਜਾ- ਭੋਜਨ. ਗ਼ਿਜਾ. ਖਾਣਾ.

ਅਹਾੜ: ਵਿ- ਜੋ ਹਾੜਨ ਵਿੱਚ ਨਾ ਆਵੇ. ਜਿਸ ਦਾ ਮਾਪ ਅਤੇ ਤੋਲ ਨਾ ਜਾਣਿਆ ਜਾਵੇ। ੨. ਸੰਗਜਾ- ਦੁੱਖਭਰੀ ਪੁਕਾਰ. ਹਾਹਾਕਾਰ. "ਖੁਲੀਂ ਵਾਲੀਂ ਦੈਤ ਅਹਾੜੇ." (ਚੰਡੀ ੩) ੩. ਰਣਭੂਮਿ. ਜੰਗ ਦਾ ਮੈਦਾਨ. "ਰੁਲੇ ਅਹਾੜ ਵਿੱਚ." (ਚੰਡੀ ੩) ੪. ਸੰ. ਆਸ਼ਾਢ. ਹਾੜ੍ਹ ਦਾ ਮਹੀਨਾ.

ਅਹਾੜੀ, ਅਹਾੜੁ: ਸੰਗਜਾ- ਹਾੜ੍ਹੀ ਦੀ ਫ਼ਸਲ. "ਫਸਲ ਅਹਾੜੀ ਏਕ ਨਾਮੁ ਸਾਵਣੀ ਸਚੁ ਨਾਉਂ" (ਵਾਰ ਮਲਾ ਮਃ ੧) "ਸਾਵਣੁ ਰਾਤਿ ਅਹਾੜੁ ਦਿਹੁ." (ਵਾਰ ਰਾਮ ੧. ਮਃ ੧) ਸਕਾਮ ਅਸ਼ੁਭ ਅਤੇ ਸ਼ੁਭ ਕਰਮ ਸਾਉਣੀ ਅਤੇ ਹਾੜੀ ਹੈ। ੨. ਵਿ- ਜੋ ਹਾੜਨ (ਮਿਣਨ) ਵਿੱਚ ਨਾ ਆਵੇ. ਦੇਖੋ, ਹਾੜਨਾ.

ਅਹਿ: ਇਹ. ਯਹ. "ਅਹਿ ਤਨ ਢੇਰੀ ਥੀਸੀ." (ਸੂਹੀ. ਫਰੀਦ) "ਅਹਿ ਕਰ ਕਰੇ ਸੁ ਅਹਿ ਕਰ ਪਾਏ." (ਵਾਰ ਮਾਰੂ ੨, ਮਃ ੫) ੨. ਅਸ੍ਤਿ. ਹੈ। ੩. ਅਹੰਤਾ. ਹੌਮੈ. ਅੰਹਕਾਰ. ਦੇਖੋ, ਪਰਚਾਇਣ। ੪. ਸੰ. अहि. ਸੰਗਜਾ- ਸਰਪ. ਸੱਪ। ੫. ਸੂਰਜ। ੬. ਰਾਹੀ. ਪਥਿਕ। ੭. ਵਿ- ਨੀਚ। ੮. ਲੁਟੇਰਾ. ਵੰਚਕ। ੯. ਅੱਠ ਗਿਣਤੀ ਦਾ ਬੋਧਕ, ਕਿਉਂਕਿ ਪ੍ਰਧਾਨ ਨਾਗ ਅੱਠ ਹਨ. "ਜਬ ਵਿਸਾਖ ਅਹਿ ਦਿਵਸ ਵਿਤਾਏ." (ਗੁਵਿ ੬) ੧੦. ਸੰ. अहन्- ਅਹਨ੍. ਸੰਗਜਾ- ਦਿਨ. "ਮਨ ਰੇ, ਅਹਿ ਨਿਸਿ ਹਰਿਗੁਣ ਸਾਰ." (ਸ੍ਰੀ ਮਃ ੧)

ਅਹਿੰਸਾ: ਸੰ. ਸੰਗਜਾ- ਹਿੰਸਾ (ਵਧ) ਦੇ ਵਿਰੁੱਧ ਕਰਮ. ਜੀਵਾਂ ਦੇ ਪ੍ਰਾਣ ਨਾ ਲੈਣ ਦਾ ਵ੍ਰਤ। ੨. ਕਿਸੇ ਨੂੰ ਦੁੱਖ ਨਾ ਦੇਣਾ. ਯੋਗ ਸ਼ਾਸਤ੍ਰ ਵਿੱਚ ਅਹਿੰਸਾ ਦੇ ੮੧ ਭੇਦ ਲਿਖੇ ਹਨ, ਜਿਨ੍ਹਾਂ ਦਾ ਸਿੱਧਾਂਤ ਇਹ ਹੈ ਕਿ ਮਨ ਤੋਂ ਬਾਣੀ ਤੋਂ ਕਰਮ ਤੋਂ ਦੁੱਖ ਦੇਣ ਦਾ ਕੋਈ ਭੀ ਸੰਕਲਪ ਅਤੇ ਕਰਮ ਹਿੰਸਾ ਵਿੱਚ ਗਿਣਿਆ ਜਾਂਦਾ ਹੈ.

ਅਹਿਸਾਨ: ਦੇਖੋ, ਅਹਸਾਨ.

ਅਹਿਕਰਣ: ਦੇਖੋ, ਅਹਕਰਣ.

ਅਹਿਤ: ਸੰ. ਸੰਗਜਾ- ਹਿਤ ਦੇ ਵਿਰੁੱਧ. ਬੁਰਿਆਈ. ਬਦੀ। ੨. ਵੈਰੀ. ਵਿਰੋਧੀ। ੩. ਬਦੀ ਕਰਨ ਵਾਲਾ.

ਅਹਿਦ: ਦੇਖੋ, ਅਹਦ.

ਅਹਿਦੀ: ਦੇਖੋ, ਅਹਦੀ.

ਅਹਿੰਦ੍ਰ, ਅਹਿਨਾਥ: ਅਹਿ- ਇੰਦ੍ਰ. ਸੰਗਜਾ- ਸਰਪਰਾਜ. ਸ਼ੇਸ਼ਨਾਗ. ਅਹੀਂਦ੍ਰ.

ਅਹਿਨਿਸਿ: ਦਿਨਰਾਤ. ਭਾਵ- ਨਿਰੰਤਰ. ਦੇਖੋ, ਅਹਨਿਸ. "ਅਹਿਨਿਸਿ. ਹਰਿਜਸੁ ਗੁਰੁਪਰਸਾਦਿ." (ਆਸਾ ਅਃ ਮਃ ੧)

ਅਹਿਨੀ: ਸੰਗਜਾ- ਸਰਪਨੀ. ਸੱਪਣ. "ਪਾਤਕ ਦਾਦੁਰ ਗਨ ਕੋ ਅਹਿਨੀ." (ਗੁਪ੍ਰਸੂ)

ਅਹਿਪਤਿ: ਸੰਗਜਾ- ਸ਼ੇਸ਼ਨਾਗ. ਸੱਪਾਂ ਦਾ ਰਾਜਾ। ੨. ਅਹਪੰਤਿ. ਦਿਨਪਤਿ. ਸੂਰਜ.

ਅਹਿਫੇਨ: ਸੰ. ਸੰਗਜਾ- ਅਫ਼ੀਮ. ਅਫ਼ਯੂਨ। ੨. ਸੱਪ ਦੇ ਮੂੰਹੋਂ ਨਿਕਲੀ ਹੋਈ ਝੱਗ.

**ਅਹਿਬਾਤ:** ਪ੍ਰਾ. ਸੰਗਯਾ- ਸੌਭਾਗਯ, ਸੁਹਾਗ. ਵਿਆਹੀ ਹੋਈ ਇਸਤ੍ਰੀ ਦੀ ਓਹ ਅਵਸਥਾ, ਜਿਸ ਵਿੱਚ ਉਸ ਦਾ ਪਤੀ ਜੀਉਂਦਾ ਹੋਵੇ. "ਰਹੈ ਅਟਲ ਅਹਿਬਾਤ." (ਗੁਪ੍ਰਸੂ)

**ਅਹਿਮ:** ਦੇਖੋ, ਅਹਮ.

**ਅਹਿਮਕ਼:** ਦੇਖੋ, ਅਹਮਕ਼.

**ਅਹਿਮਤ:** ਦੇਖੋ, ਅਹੰਮਤਿ. "ਧਨਵਿਸ੍ਵਾਸੀ ਅਹਿਮਤ ਆਪਾ." (ਨਾਪ੍ਰ)

**ਅਹਿਮਦ:** ਦੇਖੋ, ਅਹਮਦ.

**ਅਹਿਰ:** ਦੇਖੋ, ਅਹਰ.

**ਅਹਿਰਖ:** ਸੰ. ਈਸ਼ਾਂ. ਸੰਗਯਾ- ਹਸਦ. ਕਿਸੇ ਦੀ ਵਡਿਆਈ ਵੇਖਕੇ ਕੁੜ੍ਹਨਾ ਯਾ ਸੜਨਾ ਬਲਣਾ. "ਅਹਿਰਖ ਵਾਦ ਨ ਕੀਜੈ, ਰੇ ਮਨ." (ਆਸਾ ਕਬੀਰ)

**ਅਹਿਰਣ, ਅਹਿਰਣਿ:** ਦੇਖੋ, ਅਹਰਣ.

**ਅਹਿਰਪਤਿ:** ਸੂਰਜ. ਦੇਖੋ, ਅਹਰਪਤਿ. "ਬਹੁਰੋ ਅਸੁ ਅਹਿਰਪਤਿ ਭਯੋ." (ਨਾਪ੍ਰ)

**ਅਹਿਰਾਜ:** ਸੰਗਯਾ- ਸਰਪਰਾਜ. ਸ਼ੇਸ਼ਨਾਗ। ੨. ਤਕ੍ਸ਼ਕ ਨਾਗ.

**ਅਹਿਰਾਵਣ:** ਦੇਖੋ, ਪਰਚਾਇਣੁ। ੨. ਦੇਖੋ, ਮਹਾਰਾਵਣ.

**ਅਹਿਰਿਪੁ:** ਸੰਗਯਾ- ਸੱਪਾਂ ਦਾ ਵੈਰੀ. ਗਰੁੜ. ਨੀਲਕੰਠ.

**ਅਹਿਰਿਪੁਕੇਤੁ:** ਸੱਪਾਂ ਦਾ ਵੈਰੀ ਗਰੁੜ, ਉਸ ਦਾ ਚਿੰਨ੍ਹ ਹੈ ਜਿਸ ਦੀ ਧੁਜਾ ਵਿੱਚ, ਵਿਸ਼ਨੁ. ਗਰੁੜਧ੍ਵਜ. (ਸਨਾਮਾ) "ਯੱਦਪਿ ਸਮ ਹੈ ਅਹਿਰਿਪੁਕੇਤੁ." (ਨਾਪ੍ਰ)

**ਅਹਿਰੰਨ:** ਦੇਖੋ, ਅਹਰਨ.

**ਅਹਿਲ:** ਦੇਖੋ, ਅਹਲ.

**ਅਹਿਲਾ:** ਨਿਸਫਲ. ਦੇਖੋ, ਅਹਲਾ. "ਅਹਿਲਾ ਜਨਮ ਗਵਾਇਆ." (ਸ੍ਰੀ ਮਃ ੧. ਪਹਿਰੇ)

**ਅਹਿਲਾਦ:** ਆਨੰਦ. ਦੇਖੋ, ਅਹਲਾਦ. "ਮਨਿ ਹਰਿ ਕੋ ਅਹਿਲਾਦ." (ਸਾਰ ਮਃ ੫)

**ਅਹਿਲਿਆ:** ਦੇਖੋ, ਅਹਲਿਆ. "ਗੋਤਮ ਤਪਾ ਅਹਿਲਿਆ ਇਸਤ੍ਰੀ." (ਪ੍ਰਭਾ ਅਃ ਮਃ ੧)

੨. ਵਿ- ਅਪਰਿਚਿਤ. ਜੋ ਹਿਲਿਆ ਨਹੀਂ।

੩. ਅਚਲ. ਦੇਖੋ, ਹਿਲਨਾ.

**ਅਹਿਲੀਆ:** ਦੇਖੋ, ਅਹਲੀਆ.

**ਅਹਿਵਰ:** ਦੇਖੋ, ਦੋਹਰੇ ਦਾ ਰੂਪ ੨। ੨. ਸੱਪਾਂ ਵਿੱਚੋਂ ਉੱਤਮ ਸ਼ੇਸ਼ਨਾਗ.

**ਅਹਿਵਾਤ:** ਦੇਖੋ, ਅਹਿਬਾਤ.

**ਅਹਿਵਾਲ:** ਦੇਖੋ, ਅਹਵਾਲ.

ਅਹੀ: ਅਸ੍ਰਿ. ਹੈ. "ਸਾਈ ਬਸਤੁ ਅਹੀ." (ਸਾਰ ਮਃ ੫) ੨. ਰੁਚੀ. ਚਾਹ. "ਸਰਨਿ ਸੁਆਮੀ ਕੀ ਅਹੀਐ." (ਦੇਵ ਮਃ ੫) ੩. ਸੰ. ਸੱਪਣ. ਸਰਪਨੀ। ੪. ਸਰਪ.

ਅਹੀਆ ਪੁਰ: ਇੱਕ ਪਿੰਡ, ਜੋ ਜਿਲਾ ਹੁਸ਼ਿਆਰਪੁਰ, ਤਸੀਲ ਦੁਸੂਹਾ ਥਾਣਾ ਟਾਂਡਾ ਵਿੱਚ ਹੈ ਅਤੇ ਰੇਲਵੇ ਸਟੇਸ਼ਨ ਟਾਂਡਾ ਉੜਮੁੜ ਤੋਂ ਦੋ ਮੀਲ ਪੱਛਮ ਵੱਲ ਹੈ. ਇਸ ਪਿੰਡ ਬਾਬਾ ਜੀਵਨ ਸਿੰਘ ਭੱਲੇ ਦੇ ਘਰ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਵਿੱਚੋਂ ਇੱਕ ਪੋਥੀ ਹੈ, ਇਹ ਦੋਵੇਂ ਪੋਥੀਆਂ ਪਹਿਲਾਂ ਗੋਇੰਦਵਾਲ ਸਨ, ਹੁਣ ਇਨ੍ਹਾਂ ਦੋਹਾਂ ਭਾਈ ਪੁਜਾਰੀਆਂ ਨੇ ਇੱਕ ਇੱਕ ਵੰਡ ਲਈ ਹੈ, ਸੋ ਇੱਕ ਇੱਥੇ ਹੈ, ਦੂਜੀ ਗੋਇੰਦਵਾਲ ਇਸ ਦੇ ਭਾਈ ਪਾਸ ਹੈ.

ਅਹੀਸ਼: ਸੰ. ਸੰਗਜਾ- ਅਹਿ- ਈਸ਼. ਸੱਪਾਂ ਦਾ ਰਾਜਾ. ਸ਼ੇਸ਼ਨਾਗ.

ਅਹੀਨ: ਵਿ- ਜੋ ਹੀਨ (ਕਮ) ਨਹੀਂ. ਪੂਰਾ। ੨. ਜੋ ਨੀਚ ਨਹੀਂ. ਉੱਤਮ.

ਅਹੀਰ: ਸੰ. ਅਭੀਰ. ਸੰਗਜਾ- ਗੋਪਾਲ. ਗਵਾਲਾ.

"ਗਲਾ ਬਾਂਧਿ ਦੁਹਿ ਲੇਇ ਅਹੀਰ." (ਸਾਰ ਨਾਮਦੇਵ) ੨. ਇੱਕ ਛੰਦ. ਦੇਖੋ, ਅਭੀਰ.

ਅਹੀਰਣੀ, ਅਹੀਰਨੀ: ਸੰਗਜਾ- ਅਹੀਰ (ਅਭੀਰ) ਦੀ ਇਸਤ੍ਰੀ. ਗਵਾਲਨ. ਗੋਪੀ. ਗੁਜਰੀ.

ਅਹੀਰਾ: ਸੰ. आहरित- ਆਹਰਿਤ. ਵਿ- ਤਬਾਹ ਕੀਤਾ ਹੋਇਆ. ਬਰਬਾਦ ਹੋਇਆ ਹੋਇਆ. ਲੁੱਟਿਆ ਹੋਇਆ. "ਪਿੰਡ ਵਸਾਯਾ ਫੇਰ ਅਹੀਰਾ." (ਭਾਗੁ) ੨. ਦੇਖੋ, ਅਹੀਰ.

ਅਹੀਰੀ: ਅਹੀਰ ਦੀ ਇਸਤ੍ਰੀ ਗਵਾਲਨ. ਗੋਪੀ. ਗੁਜਰੀ.

ਅਹੁ: ਹੈ. ਅਹੈ. "ਲਾਜ ਕੋ ਕਾਜ ਨਹਿ ਏਕ ਅਹੁ ਰੇ." (ਗੁਰੁਸੋਭਾ) ੨. ਓਹ. ਵਹ.

ਅਹੁਟਨਾ: ਕ੍ਰਿ- ਥੱਕਣਾ। ੨. ਮੁੜਨਾ. ਵਾਪਿਸ ਆਉਣਾ।

੩. ਅਲਗ ਹੋਣਾ.

ਅਹੁਰੇਬੀ, ਅਹੁਰੇਵੀ: ਅ਼. اعرابی ਅਅ਼ਰਾਬੀ. ਅ਼ਰਬ ਦੇ ਰਹਿਣ ਵਾਲੇ ਬੱਦੂ ਲੋਕ. "ਕੇਊ ਠੱਟੇ ਭੱਖਰੀ ਇਰਾਨੀ ਅਹੁਰੇਵੀ ਮਿਲ ਕੇਊ ਕਾਸ਼ਮੀਰੀ ਜਿਨ ਬੋਲਨ ਪਛਾਨੀਐ." (ਗੁਪ੍ਰਸੂ)

ਅਹੂਟਾ: ਦੇਖੋ, ਅਹੁਟਨਾ. "ਸੋ ਛਿਨ ਲਿਖ ਲੈ ਦਾਸ ਅਹੂਟਾ" (ਗੁਵਿ ੬) ਦਾਸ ਵਾਪਿਸ ਆਇਆ.

ਅਹੂਤੀ: ਦੇਖੋ, ਆਹੁਤੀ.

ਅਹੇ: ਅਸ੍ਰਿ. ਹੈ। ੨. ਵਜ- ਸੰਬੋਧਨ. "ਅਹੇ ਅਨੰਤਾ." (ਸ੍ਰੀ ਰਵਿਦਾਸ) ੩. ਹਏ (ਵਿਨਾਸ਼) ਦੀ ਥਾਂ ਭੀ ਇੱਕ ਥਾਂ ਅਹੇ ਸ਼ਬਦ ਆਇਆ ਹੈ, ਯਥਾ- "ਸਿਮਰਤ ਨਾਮ ਕੋਟਿ ਜਤਨ ਭਏ। ਸਾਧੁ ਸੰਗ ਮਿਲਿ ਹਰਿਗੁਣ ਗਾਏ, ਜਮਦੂਤਨ ਕੋ ਤ੍ਰਾਸ ਅਹੇ." (ਬਿਲਾ ਮਃ ੫) ੪. ਅ (ਨਾ) ਹੇ (ਹੈ). ਨਹੀਂ ਹੈ.

ਅਹੇਸ਼: ਸੰਗਜਾ- ਅਹੀਸ਼. ਸਰਪਰਾਜ. ਸ਼ੇਸ਼ਨਾਗ. "ਜੇ ਨਰ ਗ੍ਰਸੇ ਕਲੂਖ ਅਹੇਸ." (ਨਾਪ੍ਰ)

ਅਹੇਹ: ਵਿ- ਹੇਹਾ (ਮੈਥੁਨਇੱਛਾ) ਰਹਿਤ. ਜਿਤੇਂਦ੍ਰੀ. ਜਤੀ. "ਅਹੇਹ ਹੇਹੇ." (ਰਾਮਾਵ) ਜਤੀਆਂ ਨੂੰ ਇਸਤ੍ਰੀਆਂ ਨੇ ਕਾਮੀ ਬਣਾ ਦਿੱਤਾ.

ਅਹੇਰ, ਅਹੇਰਾ: ਸੰ. ਆਖੇਟ. ਸੰਗਜਾ- ਸ਼ਿਕਾਰ. ਮ੍ਰਿਗਯਾ. "ਅਹੇਰਾ ਪਾਇਓ ਘਰ ਕੈ ਗਾਇ." (ਭੈਰ ਮਃ ੫)

ਅਹੇਰੀ, ਅਹੇਰੀਆ: ਸੰ. ਆਖੇਟੀ. ਵਿ- ਸ਼ਿਕਾਰ ਕਰਨ ਵਾਲਾ. ਸ਼ਿਕਾਰੀ. "ਕਾਲ ਅਹੇਰੀ ਫਿਰੈ ਬਧਿਕ ਜਿਉ." (ਧਨਾ

ਕਬੀਰ) ੨. ਸੰਗਯਾ- ਇੱਕ ਖ਼ਾਸ ਜਾਤੀ, ਜਿਸ ਦੀ ਇਹ ਸੰਗਯਾ ਸ਼ਿਕਾਰ ਕਰਕੇ ਹੀ ਹੋਈ ਹੈ. ਹੇੜੀ.

ਅਹੈ: ਅਸ੍ਰਿ. ਹੈ. "ਜੋ ਕਿਛੁ ਅਹੈ ਸਭ ਤੇਰੀ ਰਜਾਇ." (ਭੈਰ ਮਃ ੧)

ਅਹੋ: ਵਯ- ਆਨੰਦ. ਸ਼ੋਕ ਅਤੇ ਅਚਰਜ ਬੋਧਕ ਸ਼ਬਦ. "ਅਹੋ! ਜਸਯ ਰਖੇਣ ਗੋਪਾਲਹ." (ਸਹਸ ਮਃ ੫) "ਤਾਨ ਸਮੇਂ ਗੁਰੁ ਅਹੋ! ਉਚਾਰੀ" (ਗੁਪ੍ਰਸੂ)

ਅਹੋਈ: ਸੰਗਯਾ- ਸਾਂਝੀ ਦੇਵੀ. ਅਹਿਵੰਸ਼ ਵਿੱਚ ਹੋਣ ਵਾਲੀ ਇੱਕ ਦੇਵੀ. ਇਹ ਕੁਆਰੀ ਕੰਨਯਾ ਦੀ ਪੂਜਯ ਦੇਵੀ ਹੈ. ਅੱਸੂ ਦੇ ਨੌਰਾਤਿਆਂ ਵਿੱਚ ਕੁਆਰੀ ਲੜਕੀਆਂ ਇਸ ਦੇਵੀ ਦੀ ਮਿੱਟੀ ਦੀ ਮੂਰਤਿ ਬਣਾਕੇ ਕੰਧ ਉੱਪਰ ਲਾਉਂਦੀਆਂ ਹਨ, ਅਸ਼੍ਟਮੀ ਦਾ ਵ੍ਰਤ ਰੱਖਕੇ ਧੂਪ ਦੀਪ ਨਾਲ ਮੂਰਤੀ ਦਾ ਪੂਜਨ ਕਰਦੀਆਂ ਹਨ. ਕੱਤਕ ਦੀ ਚਾਨਣੀ ਏਕਮ ਨੂੰ ਮੂਰਤੀ ਜਲਪ੍ਰਵਾਹ ਕਰ ਦਿੰਦੀਆਂ ਹਨ. ਮਥੁਰਾ ਦੇ ਜਿਲੇ, ਰਾਧਾਕੁੰਡ ਪੁਰ, ਕੱਤਕ ਬਦੀ ੮. ਨੂੰ ਅਹੋਈ ਦਾ ਵਡਾ ਭਾਰੀ ਮੇਲਾ ਲਗਦਾ ਹੈ. "ਹਰਿ ਕਾ ਸਿਮਰਨ ਛਾਡਿਕੈ ਅਹੋਈ ਰਾਖੈ ਨਾਰਿ." (ਸ. ਕਬੀਰ) ਜੋ ਇਸਤ੍ਰੀ ਅਹੋਈ ਦਾ ਵ੍ਰਤ ਰਖਦੀ ਹੈ.

ਅਹੋਣੀ: ਵਿ- ਨਾ ਹੋਣ ਵਾਲੀ. ਅਣਬਣ. ਅਸੰਭਵ.

ਅਹੋਰਾਤ੍ਰ: ਸੰ. ਸੰਗਯਾ- ਦਿਨ ਰਾਤ. ੨੪ ਘੰਟੇ ਦਾ ਸਮਾ. ਅੱਠ ਪਹਿਰ.

ਅਹੰ: ਸੰ. अहम. ਸੰਗਯਾ- ਹੰਕਾਰ. ਅਭਿਮਾਨ। ੨. ਸਰਵ. ਮੈਂ. "ਅਹੰ ਅਹੰ ਅਹੈ ਅਵਰ ਮੂੜ." (ਕਾਨ ਮਃ ੫) "ਜਗਤ ਪਸੂ ਅਹੰ, ਕਾਲੁ ਕਸਾਈ." (ਓਅੰਕਾਰ) ਹੌਮੈ ਕਰਕੇ ਜਗਤ ਪਸ਼ੂ ਹੋ ਰਿਹਾ ਹੈ ਅਤੇ ਕਾਲ ਕਸਾਈ ਹੈ.

ਅਹੰਕਰਣ: ਸੰਗਯਾ- ਅਹੰਕ੍ਰਿਤ. ਅਹੰਕਾਰ. ਅਭਿਮਾਨ. "ਸੋ ਸੂਰਾ ਵਰੀਆਮੁ ਜਿਨੀ ਵਿਚਹੁ ਦੁਸਟ ਅਹੰਕਰਣ ਮਾਰਿਆ." (ਵਾਰ ਸ੍ਰੀ ਮਃ ੩)

ਅਹੰਕਾਰ: ਸੰਗਯਾ- ਅਭਿਮਾਨ. ਹੌਮੈ. ਘੰਮਡ. "ਅਹੰਕਾਰ ਤਿਸਨਾ ਰੋਗੁ ਲਗਾ." (ਆਸਾ ਛੰਤ ਮਃ ੩) ੨. ਵੇਦਾਂਤਮਤ ਅਨੁਸਾਰ ਅੰਤਹਕਰਣ ਦਾ ਇੱਕ ਭੇਦ, ਜਿਸ ਦਾ ਵਿਸ਼ੈ ਹੌਮੈ ਹੈ. ਅਹੰਕਾਰ ਰੂਪ ਵ੍ਰਿੱਤਿ। ੩. ਸਾਂਖਯ ਸ਼ਾਸਤ੍ਰ ਅਨੁਸਾਰ ਮਹਤਤ੍ਵ (ਬੁੱਧਿ) ਤੋਂ ਉਪਜਿਆ ਇੱਕ ਦ੍ਰਵ੍ਯ, ਜੋ ਮਹਤਤ੍ਵ ਦਾ ਵਿਕਾਰ ਹੈ, ਅਤੇ ਜਿਸ ਦੀ ਸਾਤ੍ਵਿਕ ਅਵਸਥਾ ਤੋਂ ਗਯਾਨ ਇੰਦ੍ਰੀਆਂ ਦੇ ਅਭਿਮਾਨੀ ਦੇਵਤੇ ਅਤੇ ਮਨ ਉਪਜਦੇ ਹਨ. ਰਾਜਸ ਤੋਂ ਪੰਜ ਗਯਾਨਇੰਦ੍ਰੀਆਂ ਅਤੇ ਪੰਜ ਕਰਮਇੰਦ੍ਰੀਆਂ ਉਪਜਦੀਆਂ ਹਨ, ਅਤੇ ਤਾਮਸ ਤੋਂ ਪੰਜ ਤੱਤਾਂ ਦੀ ਰਚਨਾ ਹੁੰਦੀ ਹੈ.

ਅਹੰਕਾਰ ਗਰਬ: ਦੇਖੋ, ਗਰਬ ੨.

ਅਹੰਕਾਰਿ: ਅਭਿਮਾਨ ਨਾਲ "ਅਹੰਕਾਰਿ ਮਰਹਿ ਦੁਖ ਪਾਵਹਿ." (ਵਾਰ ਮਾਰੂ ੧, ਮਃ ੩) ੨. ਦੇਖੋ, ਅਹੰਕਾਰੀ.

ਅਹੰਕਾਰੀ: ਸੰ. अहंकारिन्. ਵਿ- ਅਭਿਮਾਨੀ. "ਅਹੰਕਾਰੀ ਦੈਤ ਮਾਰਿ ਪਚਾਇਆ." (ਭੈਰ ਅਃ ਮਃ ੩)

ਅਹੰਕਾਲ: ਸੰਗਯਾ- ਅਹੰਕਾਰ. ਅਭਿਮਾਨ।

੨. ਕਾਲਰੂਪ ਅਭਿਮਾਨ। ੩. ਦੇਖੋ, ਅਹੰ.

ਅਹੰਗ੍ਰਹ ਉਪਾਸਨਾ: ਸੰਗਯਾ- ਧ੍ਯੇਯ ਨੂੰ ਆਪਣਾ ਰੂਪ ਜਾਣਕੇ ਸੇਵਨ ਪੂਜਨ ਕਰਨਾ. ਜਿਸ ਦਾ ਧ੍ਯਾਨ ਕਰੀਏ, ਉਸ ਨੂੰ ਆਪਣੇ ਤੋਂ ਜੁਦਾ ਨਾ ਮੰਨਕੇ ਉਪਾਸਨਾ.

ਅਹੰਗ੍ਰਹ ਧ੍ਯਾਨ: ਸੰਗਯਾ- ਧ੍ਯੇਯ ਨੂੰ ਆਪਣੇ ਆਪ ਤੋਂ ਭਿੰਨ ਨਾ ਜਾਣਕੇ ਧ੍ਯਾਨ ਕਰਨਾ.

ਅਹੰਤਾ: ਸੰਗਯਾ- ਹੌਮੈਂ ਦਾ ਭਾਵ. ਖ਼ੁਦੀ. ਘਮੰਡ.

ਅਹੰਫਾਸ: ਅਭਿਮਾਨ ਦੀ ਫਾਹੀ। ੨. ਅਹੰਕਾਰ ਰੂਪ ਫਾਸੀ.

ਅਹੰਬੁੱਧਿ: ਅਭਿਮਾਨਭਰੀ ਬੁੱਧਿ। ੨. ਹੌਮੈ ਦਾ ਨਿਸ਼ਚਾ. "ਅਹੰਬੁਧਿ ਬਹੁ ਸਘਨ ਮਾਇਆ." (ਗੂਜ ਮਃ ੫)

ਅਹੰਬੰਧ: ਅਭਿਮਾਨ ਦਾ ਬੰਧਨ। ੨. ਹੰਕਾਰਰੂਪ ਬੰਧਨ.

ਅਹੰਭ੍ਰਮਣੀ: ਹੌਮੈ ਦਾ ਚਕ੍ਰ। ੨. ਅਭਿਮਾਨ ਦੇ ਕਾਰਣ ਹੋਇਆ ਭੁਲੇਖਾ. ਦੇਖੋ, ਭ੍ਰਮਣੀ.

ਅਹੰਮਣੀ: ਸੰਗਯਾ- ਹੰਕਾਰ ਦੀ ਮਨੌਤ. ਦੇਖੋ, ਮਣੀ.

ਅਹੰਮਤ, ਅਹੰਮਤਿ: ਦੇਖੋ, ਅਹੰਮੇਉ. "ਅਹੰਮਤ ਅਨਰਤ ਕੁਮਿਤ ਹਿਤ." (ਕਾਨ ਮਃ ੫)

ਅਹੰਮਨੀ: ਸੰਗਯਾ- ਅਹੰਤਾ ਦੀ ਮਨੌਤ. ਖ਼ੁਦੀ ਦਾ ਖ਼ਿਆਲ. "ਭਰਮਿ ਬਿਆਪੀ ਅਹੰਮਨੀ." (ਬਸੰ ਮਃ ੫) ੨. ਵਿ- ਅਭਿਮਾਨੀ. ਜਿਸ ਦੇ ਮਨ ਵਿੱਚ ਹੌਮੈ ਹੈ.

ਅਹੰਮੇਉ, ਅਹੰਮੇਇ, ਅਹੰਮੇਵ: ਸੰ. ਅਹੰਮਤਿ. ਸੰਗਯਾ- ਖ਼ੁਦੀ. ਹੌਮੈ. ਅਹੰਕਾਰ। ੨. ਮੈਂ ਹੀ ਹਾਂ. ਭਾਵ- ਮੈਥੋਂ ਵੱਧ ਹੋਰ ਕੋਈ ਨਹੀਂ "ਜੋ ਜੋ ਕਰਤੇ ਅਹੰਮੇਉ." (ਗਉ ਵਾਰ ੧, ਮਃ ੪)

"ਮਨ ਮਤਾ ਅਹੰਮੇਇ." (ਸ੍ਰੀ ਮਃ ੫, ਪਹਿਰੇ)

"ਕਰਮ ਕਰਤ ਬਧੇ ਅਹੰਮੇਵ." (ਗਉ ਕਬੀਰ)

ਅਹੰ: ਸੰ. ਅਰ੍ਹ. ਵਿ- ਪੂਜ੍ਯ। ੨. ਯੋਗ੍ਯ. ਲਾਇਕ।

੩. ਸੰਗਯਾ- ਕਰਤਾਰ. ਵਾਹਗੁਰੂ। ੪. ਇੰਦ੍ਰ.

ਚੇਤੇ ਰਹੇ ਕਿ ਸੰਸਕ੍ਰਿਤ ਨਿਯਮਾਂ ਅਨੁਸਾਰ ਅਹੁਣਾ ਅਹੰਤ ਆਦਿ ਸ਼ਬਦ ਇਸ ਥਾਂ ਲਿਖਣੇ ਚਾਹੀਦੇ ਸਨ, ਪਰ ਪੰਜਾਬੀ ਰੀਤਿ ਅਨੁਸਾਰ ਅਰ੍ਹ, ਅਰ੍ਹਣਾ ਅਰ੍ਹੰਤ ਆਦਿ ਵਿੱਚ ਅਜੇਹੇ ਸਾਰੇ ਸ਼ਬਦ ਦੇਖੋ.

ਅਕ: ਸੰ. ਅਕ. ਧਾ- ਜਾਣਾ. ਟੇਢਾ ਜਾਣਾ। ੨. ਸੰਗਯਾ- ਅਕ. ਕੰ (ਸੁਖ) ਦਾ ਅਭਾਵ. ਸ਼ੋਕ. ਰੰਜ। ੩. ਦੁੱਖ. "ਅਕ ਨਾਮ ਦੁੱਖ ਕੋ ਵਿਦਿਤ ਹੈ ਜਗਤ ਮਧ੍ਯ." (ਨਾਪ੍ਰ) ੪. ਪਾਪ। ੫. ਸੰ. ਅਰ੍ਕ. ਅੱਕ ਦਾ ਬੂਟਾ. "ਅਕ ਸਿਉ ਪ੍ਰੀਤਿ ਕਰੇ ਅਕਤਿਡਾ." (ਵਾਰ ਮਲਾ ਮਃ ੧)

ਅਕਸ, ਅ਼ਕਸ: ਅ਼. عکس ਸੰਗਯਾ- ਛਾਯਾ. ਪ੍ਰਤਿਬਿੰਬ। ੨. ਪ੍ਰਤਿਮਾ. ਮੂਰਤਿ.

ਅਕਸਮਾਤ, ਅਕਸਮਾਤ੍ਰ, ਅਕਸਮੰਤ, ਅਕਸਮੰਤ੍ਰ: ਸੰ. अकस्मात अकस्मात. ਕ੍ਰਿ. ਵਿ- ਦੇਵਨੇਤ ਨਾਲ. ਇਤਫਾਕਨ. ਅਚਾਨਕ. ਅੱਚਣਚੇਤ. "ਅਕਸਮਾਤ ਕਰੁਣਾ ਕਰੀ." (ਨਾਪ੍ਰ) "ਅਕਸਮਾਤ੍ਰ ਅਬ ਮਿਲੇ ਕ੍ਰਿਪਾਲਾ." (ਨਾਪ੍ਰ) "ਭਯੋ ਅਕਸਮੰਤ੍ਰੂੰ ਕਹਯੋ ਨਾਹਿ ਕਉਨੈ." (ਗਯਾਨ)

ਅਕਸਰ: ਅ਼. اکثر ਅਕਸ਼ਰ ਕ੍ਰਿ. ਵਿ- ਕਸਰਤ ਨਾਲ. ਵਿਸ਼ੇਸ਼ ਕਰਕੇ. ਅਨੇਕ ਵਾਰ.

ਅਕਸੀਰ: ਅ਼. اکسیر ਇਕਸੀਰ. ਸੰਗਯਾ- ਰਸਾਇਨ। ੨. ਓਹ ਦਵਾ, ਜਿਸ ਦਾ ਅਸਰ ਵ੍ਯਰਥ ਨਾ ਜਾਏ. ਪੁਰਤਾਸੀਰ ਔਖਧ.

ਅਕਹ, ਅਕਹਿ, ਅਕਹੀਉ, ਅਕਹੀਅਉ, ਅਕਹੁ: ਵਿ- ਅਕਥਨੀਯ. ਅਕਥ੍ਯ. ਜੋ ਕਹਿਣ ਵਿੱਚ ਨਾ ਆਵੇ. ਕਥਨਸ਼ਕਤਿ ਤੋਂ ਪਰੇ. "ਅਕਹ ਕਹਾ ਕਹਿ ਕਾ ਸਮਝਾਵਾ." (ਗਉ ਬਾਵਨ ਕਬੀਰ) ੨. ਸੰਗਯਾ- ਕਰਤਾਰ. "ਰਿਦੈ ਬਸੈ ਅਕਹੀਉ. (ਵੈਯੇ ਮਃ ੩. ਕੇ)

ਅਕੱਜ: ਵਿ- ਪੜਦ ਬਿਨਾ। ੨. ਓਟ ਰਹਿਤ. ਦੇਖੋ, ਕੱਜਣਾ. "ਅਕੱਜ ਕੂਪਾ." (ਰਾਮਾਵ) ਕੇਕਈ ਨੂੰ ਉਸ ਖੂਹ ਦਾ ਦ੍ਰਿਸ਼੍ਟਾਂਤ ਦਿੱਤਾ ਹੈ, ਜਿਸ ਦੀ ਮਣ (ਮੰਡੇਰ) ਆਦਿ ਕੁਝ ਨਾ ਹੋਵੇ, ਅਤੇ ਜਿਸ ਵਿੱਚ ਆਦਮੀ ਅਚਾਨਕ ਡਿਗ ਪਵੇ.

**ਅਕਟ:** ਵਿ- ਜੋ ਕੱਟਿਆ ਨਾ ਜਾਵੇ. ਅਛੇਦਯ.

**ਅਕਣਾ:** ਕ੍ਰਿ- ਅਕ (ਦੁੱਖ) ਸਹਿਤ ਹੋਣਾ। ੨. ਖਿਝਣਾ. ਚਿੜ੍ਹਨਾ.

**ਅਕਤਿਡਾ:** ਸੰਗਜਾ- ਅੱਕ ਪੁਰ ਰਹਿਣ ਵਾਲਾ ਟਿੱਡਾ. ਦੇਖੋ, ਅਕ ੫.

**ਅਕਥ:** ਸੰ. ਅਕਥ੍ਯ. ਵਿ- ਜੋ ਬਿਆਨ ਨਾ ਕੀਤਾ ਜਾ ਸਕੇ. ਅਕਥਨੀਯ। ੨. ਪਾਰਬ੍ਰਹਮ. ਕਰਤਾਰ. "ਅਕਥ ਕੀ ਕਰਹਿ ਕਹਾਣੀ." (ਅਨੰਦੁ)

**ਅਕਥਕਥਾ:** ਵਿ- ਉਹ ਕਥਾ, ਜੋ ਕਥਨ ਨਾ ਕੀਤੀ ਜਾ ਸਕੇ। ੨. ਅਕਥ੍ਯ (ਕਰਤਾਰ) ਦੀ ਕਥਾ. "ਅਕਥਕਥਾ ਤਿਨਿ ਜਾਨੀ." (ਸੋਹਿਲਾ)

**ਅਕਥਘਰ:** ਸੰਗਜਾ- ਅਕਥਨੀਯ ਕਰਤਾਰ ਦਾ ਘਰ. ਸਚਖੰਡ। ੨. ਵਿਵੇਕੀ ਦਾ ਅੰਤਹਕਰਣ। ੩. ਤੁਰੀਯ (ਤੁਰੀਆ) ਪਦ. ਗ੍ਯਾਨਪਦਵੀ.

**ਅਕਦ:** ਦੇਖੋ, ਅਗਦ। ੨. ਵਿ- ਅਕ (ਦੁੱਖ) ਦੇਣਵਾਲਾ.

**ਅਕਨ:** ਦੇਖੋ, ਅਕਣਾ। ੨. ਸੰ. ਆਕਰ੍‍ਣਨ. ਸੰਗਯਾ- ਸੁਣਨ ਦੀ ਕ੍ਰਿਯਾ. ਸੁਣਨਾ। ੩. ਕ੍ਰਿ. ਵਿ- आकर्णय- ਆਕਰ੍‍ਣ੍ਯ. ਸੁਣਕੇ. "ਅਕਨ ਨਿਦੇਸ ਰਚੇ ਸੁਖ ਸਾਰੇ." (ਗੁਵਿ ੬) ਆਗ੍ਯਾ ਸੁਣਕੇ ਸਾਰੇ ਸੁਖ ਰਚ ਦਿੱਤੇ.

**ਅਕਨੂੰ:** ਫ਼ਾ. اکنوُں ਕ੍ਰਿ. ਵਿ- ਹੁਣ. ਇਸ ਵੇਲੇ. ਅਬ.

**ਅਕਪਕ:** ਵਿ- ਅਕ (ਦੁੱਖ) ਸਹਾਰਣ ਵਿੱਚ ਪੱਕਾ. ਸਹਨਸ਼ੀਲ.

**ਅਕਪਟ:** ਵਿ- ਬਿਨਾ ਕਪਟ. ਛਲ ਰਹਿਤ।

੨. ਸੰਗਜਾ- ਅਕਪਟਤਾ. "ਸਿੰਙੀ ਸਾਚ ਅਕਪਟ ਕੰਠਲਾ." (ਹਜ਼ਾਰੇ ੧੦) ੩. ਦੇਖੋ, ਕਪਟ ਅਤੇ ਕਾਪਟ.

**ਅਕਬ:** ਅ਼. عکب ਅ਼ਕਬ. ਗਰਦ. ਧੂਲਿ. ਰਜ. ਰੇਣੁ। ੨. ਅ਼. عقب ਅ਼ਕ਼ਬ. ਅੱਡੀ. ਏੜੀ। ੩. ਪਿਛਲਾ ਹਿੱਸਾ. ਪਿਛਲਾ ਭਾਗ। ੪. ਪਿੱਛਾ. ਤਾਕ਼ੁਬ. ਦੇਖੋ, ਉਕਾਬ.

**ਅਕਬਰ:** ਅ਼. اکبر ਵਿ- ਕਿਬਰ (ਬਜ਼ੁਰਗੀ) ਵਾਲਾ. ਬਹੁਤ ਵਡਾ. ਮਹਾਂ ਪ੍ਰਧਾਨ। ੨. ਸੰਗਜਾ- ਕਰਤਾਰ. ਅਕਾਲਪੁਰਖ। ੩. ਬਾਦਸ਼ਾਹ ਹੁਮਾਯੂੰ ਦਾ ਪੁਤ੍ਰ, ਜੋ ੧੫. ਅਕਤੂਬਰ ਸਨ ੧੫੪੨ (ਸੰਮਤ ੧੫੯੯) ਨੂੰ ਅਮਰਕੋਟ (ਸਿੰਧ) ਵਿੱਚ ਉਸ ਵੇਲੇ ਹਮੀਦਾ ਬਾਨੂੰ ਦੇ ਉਦਰ ਤੋਂ ਜਨਮਿਆ, ਜਦ ਇਸ ਦਾ ਪਿਤਾ ਸ਼ੇਰਸ਼ਾਹ ਤੋਂ ਹਾਰ ਖਾਕੇ ਭਾਰਤ ਤੋਂ ਵਿਦਾ ਹੋ ਰਿਹਾ ਸੀ.[46]

ਤੇਰਾਂ ਵਰ੍ਹੇ ਨੌ ਮਹੀਨੇ ਦੀ ਉਮਰ ਵਿੱਚ ਅਕਬਰ ਦਿੱਲੀ ਦੇ ਤਖ਼ਤ ਤੇ ਬੈਠਾ. ਬੈਰਾਮ ਖ਼ਾਂ (ਖ਼ਾਨਖ਼ਾਨਾਂ), ਜੋ ਹੁਮਾਯੂੰ ਦਾ ਮੁੱਖਮੰਤ੍ਰੀ ਅਤੇ ਸੈਨਾਪਤਿ ਸੀ, ਉਸ ਦੀ ਨਿਗਰਾਨੀ ਵਿੱਚ ਰਾਜ ਕਾਜ ਚੰਗੀ ਤਰ੍ਹਾਂ ਚਲਦਾ ਰਿਹਾ. ਸੰਮਤ ੧੬੧੭ ਵਿੱਚ ਅਕਬਰ ਨੇ ਪੂਰੀ ਹੁਕੂਮਤ ਆਪਣੇ ਹੱਥ ਲਈ ਅਰ ਮੁਗ਼ਲ ਰਾਜ ਨੂੰ ਭਾਰੀ ਤਰੱਕੀ ਦਿੱਤੀ. ਸੰਮਤ ੧੬੧੮ ਵਿੱਚ ਅਕਬਰ ਨੇ ਅੰਬਰ[47] ਦੇ ਰਾਜਾ ਬਿਹਾਰੀ ਮੱਲ ਦੀ ਪੁਤ੍ਰੀ ਨਾਲ ਸ਼ਾਦੀ ਕਰਕੇ ਰਾਜਪੂਤਾਂ ਨਾਲ ਸੰਬੰਧ ਜੋੜਿਆ. ਇਸ ਪਿੱਛੋਂ ਜੋਧਪੁਰ ਦੀ ਕੰਨ੍ਯਾ ਨਾਲ ਭੀ ਵਿਆਹ ਕੀਤਾ. ਬਿਹਾਰੀ ਮੱਲ ਦਾ ਬੇਟਾ ਭਗਵਾਨ ਦਾਸ ਅਤੇ ਉਸਦਾ ਪੁਤ੍ਰ ਮਾਨ ਸਿੰਘ ਅਕਬਰ ਦੇ ਪ੍ਰਸਿੱਧ ਜਰਨੈਲ (Generals) ਅਤੇ ਸਹਾਇਕ ਸਨ. ਇਹ ਬਾਦਸ਼ਾਹ ਹਿੰਦੂਆਂ ਨੂੰ ਉੱਚੇ ਅਧਿਕਾਰ ਦੇਣ ਵਿੱਚ ਸੰਕੋਚ ਨਹੀਂ ਕਰਦਾ ਸੀ, ਇਸੇ ਕਾਰਣ ਟੋਡਰ ਮੱਲ ਬੀਰਬਲ ਆਦਿਕ ਇਸ ਦੇ ਮੁੱਖਮੰਤ੍ਰੀਆਂ ਵਿੱਚੋਂ ਸਨ.

---

[46] ਅਕਬਰ ਦਾ ਜਨਮ ੨੩ ਨਵੰਬਰ ਨੂੰ ਹੋਇਆ ਸੀ, ਪਰ ਨਜੂਮੀਆਂ ਦੇ ਆਖੇ ਗ੍ਰਹਾਂ ਦੇ ਬੁਰੇ ਅਸਰ ਤੋਂ ਬਚਣ ਲਈ ੧੫. ਅਕਤੂਬਰ ਥਾਪਿਆ ਗਿਆ, ਇਸੇ ਤ੍ਰਾਂ ਬਦਰੁੱਦੀਨ ਅਹਮਦ ਦੀ ਥਾਂ ਜਲਾਲੁੱਦੀਨ ਅਕਬਰ ਨਾਉਂ ਭੀ ਬਦਲਿਆ ਗਿਆ.
[47] ਦੇਖੋ, ਜਯ ਸਿੰਘ.

ਮੇਵਾਰਪਤਿ ਰਾਣਾ ਉਦਯਸਿੰਘ ਜੋ ਅੰਬਰ ਦੇ ਰਾਜਾ ਤੋਂ ਇਸ ਲਈ ਘ੍ਰਿਣਾ ਕਰਦਾ ਸੀ ਕਿ ਉਸਨੇ ਮੁਸਲਮਾਨ ਨੂੰ ਪੁਤ੍ਰੀ ਦਿੱਤੀ ਹੈ, ਸੁਭਾਵਿਕ ਹੀ ਅਕਬਰ ਦਾ ਵੈਰੀ ਸਮਝਿਆ ਗਿਆ. ਅਕਬਰ ਨੇ ਰਾਣੇ ਨੂੰ ਸਜ਼ਾ ਦੇਣ ਵਾਸਤੇ ਸੰਮਤ ੧੬੨੪ ਵਿੱਚ ਚਤੌੜਗੜ੍ਹ ਉੱਤੇ ਚੜ੍ਹਾਈ ਕੀਤੀ. ਉਦਯਸਿੰਘ ਤਾਂ ਘਾਇਲ ਹੋਕੇ ਭੱਜ ਗਿਆ, ਪਰ ਬੇਦਨੋਰ ਦਾ ਰਈਸ ਜੈਮਲ ਅਤੇ ਕੈਲਵਾਰਾ ਦਾ ਸਰਦਾਰ ਪੱਤੋ (ਫੱਤਾ), ਇਸ ਬਹਾਦੁਰੀ ਨਾਲ ਲੜੇ ਕਿ ਉਨ੍ਹਾਂ ਦੀ ਵੀਰਤਾ ਦਾ ਪ੍ਰਸੰਗ ਸੁਣਕੇ ਰੋਮਾਂਚ ਹੋ ਜਾਂਦਾ ਹੈ.

ਏਹ ਦੋਵੇਂ ਮੇਵਾਰ ਦੇ ੧੬. ਵਡੇ ਰਾਈਸ਼ਾਂ ਵਿੱਚੋਂ ਸਨ. ਅੰਤ ਨੂੰ ਜੈਮਲ ਅਕਬਰ ਦੀ ਗੋਲੀ ਨਾਲ ਸ਼ਹੀਦ ਹੋਇਆ, ਇਸ ਦਾ ਜਿਕਰ ਉਸ ਨੇ ਆਪ ਅਤੇ ਜਹਾਂਗੀਰ ਨੇ ਭੀ ਲਿਖਿਆ ਹੈ. ਜਿਸ ਬੰਦੂਕ ਨਾਲ ਅਕਬਰ ਨੇ ਜੈਮਲ ਨੂੰ ਮਾਰਿਆ ਉਸ ਦਾ ਨਾਉਂ "ਸੰਗਰਾਮ[48]" ਰੱਖਿਆ. ਜੈਮਲ ਦੇ ਮਰਣ ਪੁਰ ਕਿਲੇ ਅੰਦਰ ਜੌਹਰ[49] ਦੀ ਰਸਮ ਹੋਈ, ਜਿਸ ਨਾਲ ੯. ਰਾਣੀਆਂ, ੫. ਰਾਜਪੁਤ੍ਰੀਆਂ, ੨. ਰਾਜਕੁਮਾਰ ਅਤੇ ਰਾਜਪੂਤਾਂ ਦੀਆਂ ਬਹੁਤ ਪਤਿਵ੍ਰਤਾ ਇਸਤ੍ਰੀਆਂ ਅਗਨੀ ਵਿੱਚ ਭਸਮ ਹੋਈਆਂ. ੧੧. ਚੇਤ ਸੰਮਤ ੧੬੨੪ ਦਾ ਇਹ ਸਾਕਾ ਮੇਵਾਰ ਵਿੱਚ ਘਰ ਘਰ ਮਨਾਇਆ, ਅਰ ਸ਼ਹੀਦ ਹੋਏ ਯੋਧਿਆਂ ਨੂੰ ਅਮਰ ਰੱਖਣ ਵਾਲਾ ਜਸ ਕਵੀਆਂ ਅਤੇ ਢਾਡੀਆਂ ਦ੍ਵਾਰਾ ਗਾਇਆ ਜਾਂਦਾ ਹੈ.

'ਜੌਹਰ' ਹੋਣ ਪਿੱਛੋਂ ਪੱਤੋ ਅਤੇ ਹਜ਼ਾਰਾਂ ਰਾਜਪੂਤ ਕੇਸਰੀ ਬਾਗੇ ਪਹਿਨਕੇ ਕਿਲਾ ਛੱਡ ਮੈਦਾਨ ਵਿੱਚ ਆ ਡਟੇ ਅਤੇ ਅਕਬਰ ਦੀ ਸੈਨਾ ਨਾਲ ਮੁਠਭੇੜ ਕਰਕੇ ਸ਼ਹੀਦ ਹੋਏ. ਇਸ ਜੰਗ ਵਿੱਚ ਮੋਏ ਰਾਜਪੂਤਾਂ ਦੇ ਜਨੇਊ ਤੋਲਣ ਪੁਰ ੭੪॥ ਸਾਢੇ ਚੁਹੱਤਰ ਮਾਨ (ਅਰਥਾਤ ੩੯੮ ਸੇਰ ਕੱਚੇ) ਹੋਏ. ਇਸੇ ਘਟਨਾ ਦਾ ਸੂਚਕ ਮਹਾਜਨੀ ਚਿੱਠੀਆਂ ਉੱਤੇ ੭੪॥ ਅੰਗ ਲਿਖਿਆ ਜਾਂਦਾ ਹੈ. ਜਿਸ ਦਾ ਭਾਵ ਹੈ ਕਿ ਜੋ ਬੇਗਾਨੀ ਚਿੱਠੀ ਖੋਲ੍ਹੇ ਉਸ ਨੂੰ ਚਤੌੜ ਦੀ ਹਤਜਾਲੱਗੇ. ਇਹ ਆਣ ਸਿਰਫ ਚਿੱਠੀਆਂ ਉੱਤੇ ਹੀ ਨਹੀਂ, ਸਗੋਂ ਰਾਜਪੂਤਾਨੇ ਦੀ ਰਿਆਸਤੀ ਲਿਖਤਾਂ ਅਤੇ ਦਾਨਪਤ੍ਰਾਂ ਵਿੱਚ ਭੀ "ਚਤੌੜ ਮਾਰਿਆ ਰਾ ਪਾਪ"- ਲਿਖੀ ਜਾਂਦੀ ਹੈ, ਅਰਥਾਤ ਜੋ ਇਸ ਦਾਨ ਨੂੰ ਬੰਦ ਕਰੇ ਉਸ ਨੂੰ ਮਹਾਂ ਪਾਪ ਲੱਗੇ. ਦੇਖੋ, ਕਰਨਲ ਜੇ. ਟਾਡ (Col. James Tod) ਦੀ ਰਾਜਸਥਾਨ.

ਫ੍ਰਾਂਸ ਦੇ ਵੈਦਜ ਬਰਨੀਅਰ (Bernier) ਨੇ ੧. ਜੁਲਾਈ ਸਨ ੧੬੬੩ ਨੂੰ ਜੋ ਚਿੱਠੀ ਲਿਖੀ ਹੈ, ਉਸ ਤੋਂ ਜਾਪਦਾ ਹੈ ਕਿ ਦਿੱਲੀ ਕਿਲੇ ਦੇ ਦਰਵਾਜ਼ੇ ਅੱਗੇ ਜੋ ਦੋ ਹਾਥੀਸਵਾਰ ਬੁੱਤ ਹਨ, ਉਹ ਜੈਮਲ ਅਤੇ ਪੱਤੋ ਦੇ ਹਨ, ਜਿਨ੍ਹਾਂ ਦੀ ਬਹਾਦੁਰੀ ਨੇ ਅਕਬਰ ਦਾ ਮਨ ਭੀ ਯਾਦਗਾਰ ਕਾਯਮ ਕਰਨ ਲਈ ਪ੍ਰੇਰਿਆ.[50]

ਅਕਬਰ ਨੇ ਹਿੰਦੂਆਂ ਤੋਂ ਜੇਜੀਆ (ਜਿਜ਼ੀਯਹ) ਅਤੇ ਤੀਰਥਯਾਤ੍ਰਾ ਦਾ ਟੈਕਸ ਲੈਣਾ ਵਰਜ ਦਿੱਤਾ ਸੀ ਅਰ ਹਿੰਦੂਆਂ ਲਈ "ਧਰਮਪੁਰ" ਅਤੇ ਮੁਸਲਮਾਨਾਂ ਲਈ "ਖ਼ੈਰਪੁਰ" ਆਸ਼੍ਰਮ ਬਣਵਾਏ, ਜਿੱਥੇ ਉਨ੍ਹਾਂ ਨੂੰ ਵਿਸ਼੍ਰਾਮ ਅਤੇ ਖਾਨ ਪਾਨ ਮਿਲਦਾ ਸੀ.

ਅਕਬਰ ਨੇ "ਵਿਦਜਨਜਾਯ"[51] ਹੁਕਮਨ ਰੋਕ ਦਿੱਤਾ ਸੀ ਅਤੇ ਆਪਣੀ ਇੱਛਾ ਬਿਨਾ ਕੋਈ ਇਸਤ੍ਰੀ ਜਬਰਨ ਸਤੀ ਭੀ ਨਹੀਂ ਕੀਤੀ ਜਾਂਦੀ ਸੀ.

ਇਹ ਬਾਦਸ਼ਾਹ ਪ੍ਰਜਾ ਤੋਂ ਪੈਦਾਵਾਰ ਦਾ ਤੀਜਾ ਹਿੱਸਾ ਲੈਂਦਾ ਸੀ ਅਤੇ ਰਈਸ ਜੋ ਉਸ ਦੀ ਸੇਵਾ ਲਈ ਹਾਜਿਰ ਰਹਿੰਦੇ ਸਨ ਉਨ੍ਹਾਂ ਦਾ ਅਧਿਕਾਰ "ਮਨਸਬਦਾਰ" ਸੀ, ਜਿਨ੍ਹਾਂ ਦੇ ਅਧੀਨ ੫੦੦ ਤੋਂ ੧੦੦੦੦ ਤੀਕ ਸੈਨਾ ਹੋਇਆ ਕਰਦੀ ਸੀ. ਮਾਲ ਦੇ ਆਲਾ ਅਫਸਰ ਟੋਡਰ ਮੱਲ ਦੀਵਾਨ ਦੇ ਅਧੀਨ ਰਸਦ, ਵਸਤ੍ਰ, ਸੁਗੰਧਿ, ਧਾਤੁ ਅਤੇ ਰਤਨ ਆਦਿ ਸਾਮਾਨ ਖਰੀਦਣ ਵਾਲੇ ਕਰਮਚਾਰੀ "ਕਰੋੜੇ" (क्रयिक) ਸਨ. ਪਰਗਨਿਆਂ ਦੇ ਹਾਕਿਮ, ਜੋ ਦੀਵਾਨੀ ਫੌਜਦਾਰੀ ਅਖਤਿਆਰ ਰਖਦੇ ਸਨ

---

[48] ਸੰਗ੍ਰਾਮ ਸੰਸਕ੍ਰਿਤ ਸ਼ਬਦ ਹੈ, ਜਿਸ ਦਾ ਅਰਥ ਜੰਗ ਹੈ. ਅਕਬਰ ਸੰਸਕ੍ਰਿਤ ਦੇ ਸ਼ਬਦ ਬਹੁਤ ਵਰਤਿਆ ਕਰਦਾ ਸੀ, ਪਰ ਸੰਗ੍ਰਾਮ ਨਾਲ ਕੋਈ ਹੋਰ ਸ਼ਬਦ ਜਰੂਰ ਹੋਣਾ ਹੈ, ਜਿਸ ਤੋਂ ਜਿੱਤਣ ਵਾਲੀ ਅਥਵਾ ਸਮਾਪਤ ਕਰਨ ਵਾਲੀ ਅਰਥ ਪਾਇਆ ਜਾਵੇ, ਲੇਖਕਾਂ ਨੇ ਅੰਤ ਦਾ ਸ਼ਬਦ ਛੱਡਕੇ ਕੇਵਲ "ਸੰਗਰਾਮ" ਲਿਖ ਦਿੱਤਾ ਹੈ.

[49] ਦੇਖੋ, ਜੌਹਰ ਸ਼ਬਦ. ਕਈ ਵਿਦ੍ਵਾਨਾਂ ਨੇ ਇਸ ਦਾ ਮੂਲ "ਜੀਵਹਰ" ਸ਼ਬਦ ਕਲਪਿਆ ਹੈ.

[50] ਇਹ ਬੁਤ ਅਕਬਰ ਨੇ ਬਣਵਾਏ ਸਨ, ਜਦ ਸ਼ਾਹਜਹਾਂ ਨੇ ਲਾਲ ਕਿਲਾ ਦਿੱਲੀ ਦਾ ਤਿਆਰ ਕੀਤਾ, ਤਾਂ ਉਸਨੇ ਦਰਵਾਜੇ ਅੱਗੇ ਲਿਆ ਖੜੇ ਕੀਤੇ.

[51] ਦੇਖੋ, ਤਪਾਵਸ ਅਤੇ ਦਿਵਜਨਜਾਯ.

"ਫੌਜਦਾਰ" ਕਹਾਉਂਦੇ ਸਨ.[52] ਸ਼ਹਿਰਾਂ ਵਿੱਚ ਕੋਤਵਾਲ ਅਤੇ ਕਾਜੀ ਝਗੜੇ ਨਿਬੇੜਦੇ ਸਨ.

ਅਕਬਰ ਦੀ ਸਭਾ ਵਿੱਚ ਹਰ ਮਜ਼ਹਬ ਦਾ ਆਦਮੀ ਆਪਣੇ ਮਤ ਦੇ ਨਿਯਮ ਬਿਨਾ ਸ਼ੰਕਾ ਪ੍ਰਗਟ ਕਰ ਸਕਦਾ ਸੀ ਅਤੇ ਬਾਦਸ਼ਾਹ ਨੂੰ ਭੀ ਗੁਣਚਰਚਾ ਸੁਣਨ ਦਾ ਭਾਰੀ ਸ਼ੌਕ ਸੀ. ਸ਼ਾਹ ਅਕਬਰ ਹਿੰਦੀ ਦਾ ਭੀ ਉੱਤਮ ਕਵੀ ਸੀ. ਬੀਰਬਲ ਦਾ ਮਰਣਾ ਸੁਣਕੇ ਜੋ ਉਸ ਨੇ ਸੋਰਠਾ ਰਚਿਆ ਹੈ ਉਸ ਤੋਂ ਉਸ ਦੀ ਚਮਤਕਾਰੀ ਰਚਨਾ ਦਾ ਚੰਗੀ ਤਰ੍ਹਾਂ ਗਿਆਨ ਹੁੰਦਾ ਹੈ, ਯਥਾ-

"ਦੀਨ ਜਾਨ ਸੁਖ ਦੀਨ, ਏਕ ਨ ਦੀਨੋ ਦੁਸਹ ਦੁਖ,

ਸੋ ਅਬ ਹਮ ਕੋ ਦੀਨ, ਕਛੂ ਨ ਰਾਖ੍ਯੋ ਬੀਰਬਲ."[53]

ਅਕਬਰ ਸ਼੍ਰੀ ਗੁਰੂ ਅਮਰਦੇਵ ਜੀ ਦੇ ਦਰਬਾਰ ਵਿੱਚ ਹਾਜਿਰ ਹੋਕੇ ਸਤਗੁਰਾਂ ਦੇ ਆਸ਼ੀਰਬਾਦ ਦਾ ਪਾਤ੍ਰ ਬਣਿਆ ਸੀ. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

ਤਬ ਅਕਬਰ ਦਿੱਲੀ ਤੇ ਆਵਾ,

ਸਰਿਤਾ ਉਤਰ ਸਿਵਰ ਨਿਜ ਪਾਵਾ,

ਧਰ ਪ੍ਰਤੀਤਿ ਦਰਸ਼ਨ ਕੋ ਚਾਹ੍ਯੋ,

ਉੱਤਮ ਲੀਨ ਉਪਾਯਨ ਆਹ੍ਯੋ. (ਗੁਪ੍ਰਸੂ)

ਬਾਦਸ਼ਾਹ ਹੋਣ ਤੋਂ ਛੁੱਟ ਅਕਬਰ ਆਪਣੇ ਤਾਈਂ ਧਾਰਮਿਕ ਖ਼ਲੀਫ਼ਾ ਭੀ ਮੰਨਦਾ ਸੀ ਅਤੇ ਉਸ ਨੇ "ਦੀਨ ਇਲਾਹੀ" ਨਾਉਂ ਦਾ ਫਿਰਕ਼ਾ ਭਾਰਤ ਦੇ ਧਰਮਾਂ ਨੂੰ ਇੱਕ ਕਰਨ ਲਈ ਕਾਇਮ ਕੀਤਾ ਸੀ, ਜੋ ਪਰਸਪਰ ਮਿਲਣ ਸਮੇਂ "ਅੱਲਾਹੁ ਅਕਬਰ" ਆਖਦਾ ਸੀ.

ਆਗਰੇ ਨੂੰ ਇਸ ਨੇ ਰੌਣਕ ਦੇਕੇ ਨਾਉਂ 'ਅਕਬਰਾਬਾਦ' ਰੱਖਿਆ ਅਤੇ ਉੱਥੇ ਲਾਲ ਕਿਲਾ ਅਤੇ ਹੋਰ ਇਮਾਰਤਾਂ ਬਣਵਾਈਆਂ. ਆਗਰੇ ਪਾਸ "ਫਤੇਪੁਰ ਸੀਕਰੀ" ਦੀ ਸੁੰਦਰ ਇਮਾਰਤ ਪ੍ਰਗਟ ਕਰਦੀ ਹੈ ਕਿ ਅਕਬਰ ਨੂੰ ਵਿਦੇਸ਼ੀ ਅਤੇ ਭਾਰਤੀ ਵਾਸ੍ਤੁਵਿਦ੍ਯਾ (architecture) ਇੱਕ ਕਰ ਦੇਣ ਦਾ ਕਿਤਨਾ ਪ੍ਰੇਮ ਸੀ.

ਇਸ ਬਾਦਸ਼ਾਹ ਦੀ ਸਲਤਨਤ ਕਿੱਥੋਂ ਤੀਕ ਫੈਲੀ ਹੋਈ ਸੀ, ਇਸ ਨੂੰ ਉਸ ਦੇ ੧੮. ਸੂਬੇ (੧ ਅਲਾਹਾਬਾਦ, ੨. ਆਗਰਾ, ੩. ਅਵਧ, ੪. ਅਜਮੇਰ, ੫. ਗੁਜਰਾਤ, ੬ਬਿਹਾਰ, ੭. ਬੰਗਾਲ, ੮. ਦਿੱਲੀ, ੯. ਕਾਬੁਲ, ੧੦. ਲਹੌਰ, ੧੧. ਮੁਲਤਾਨ, ੧੨. ਮਾਲਵਾ, ੧੩. ਬੈਰਾਰ, ੧੪. ਖਾਨਦੇਸ਼, ੧੫. ਅਹਮਦਨਗਰ, ੧੬ ਬਿਦਰ, ੧੭. ਹੈਦਰਾਬਾਦ ਅਤੇ ੧੮. ਬਿਜਾਪੁਰ) ਸਾਫ ਦਸਦੇ ਹਨ ਕਿ ਉਹ ਭਾਰਤ ਦਾ ਚਕ੍ਰਵਰਤੀ ਮਹਾਰਾਜਾਧਿਰਾਜ (ਸ਼ਹਨਸ਼ਾਹ) ਸੀ.

ਰਾਮਾਇਣ ਦੇ ਪ੍ਰਸਿੱਧ ਕਵਿ ਤੁਲਸੀ ਦਾਸ ਜੀ ਇਸੇ ਦੇ ਸਮੇਂ ਹੋਏ ਹਨ ਅਤੇ ਭਾਰਤ ਦਾ ਰਤਨ, ਰਾਗ ਵਿਦ੍ਯਾ ਦਾ ਪੂਰਾ ਪੰਡਿਤ ਅਤੇ ਮਨੋਹਰ ਗਵੈਯਾ ਤਾਨਸੈਨ ਅਕਬਰ ਦੇ ਦਰਬਾਰ ਦਾ ਭੂਸ਼ਣ ਸੀ.

੧੬ ਅਕਤੂਬਰ ਸਨ ੧੬੦੫ (ਸੰਮਤ ੧੬੬੩) ਵਿੱਚ ਅਕਬਰ ਇਸ ਬਿਨਸਨਹਾਰ ਸੰਸਾਰ ਤੋਂ ਵਿਦਾ ਹੋਇਆ. ਆਗਰੇ ਪਾਸ ਸਿਕੰਦਰੇ ਵਿੱਚ ਇਸ ਪ੍ਰਤਾਪੀ ਬਾਦਸ਼ਾਹ ਦੀ ਸੁੰਦਰ ਕ਼ਬਰ ਬਣੀ ਹੋਈ ਹੈ.

**ਅਕਬਰਾਬਾਦ:** ਅਕਬਰ ਦਾ ਆਬਾਦ ਕੀਤਾ ਹੋਇਆ ਨਗਰ. ਅਕਬਰ ਨੇ ਆਪਣੇ ਨਾਉਂ ਤੇ ਆਗਰੇ ਦੀ ਇਹ ਸੰਗ੍ਯਾ ਥਾਪੀ ਸੀ. ਦੇਖੋ, ਅਕਬਰ.

---

[52] ਇਸ ਤੋਂ ਪਛਲੇ ਸਮੇਂ ਵਿੱਚ ਇਲਾਕੇ ਦਾ ਪ੍ਰਬੰਧ ਕਰਨ ਵਾਲਾ ਆਲਾ ਅਫਸਰ "ਸੂਬਾ" ਅਤੇ ਉਸਦੇ ਅਧੀਨ ਮਾਲ ਦਾ ਅਹਿਲਕਾਰ "ਦੀਵਾਨ" ਅਤੇ ਫੌਜਦਾਰੀ ਤਥਾ ਇਲਾਕੇ ਦੀ ਫ਼ੌਜ ਦਾ ਮੁੱਖ ਸਰਦਾਰ "ਫ਼ੌਜਾਦਰ" ਸਦਾਉਂਦਾ ਸੀ.

[53] ਦੀਨਾਂ ਨੂੰ ਸਾਰੀ ਉਮਰ ਸੁੱਖ ਦਿੱਤਾ, ਇਸ ਲਈ ਸੁੱਖ ਦਾ ਸਾਰਾ ਖਰਚ ਹੋ ਚੁੱਕਾ, ਪਰ ਦੁੱਖ ਕਿਸੇ ਨੂੰ ਨਹੀਂ ਦਿੱਤਾ ਸੀ, ਸੋ ਉਹ ਜਮਾ ਹੁੰਦਾ ਰਿਹਾ, ਉਹ ਮਰਦ ਲੱਗਾ ਮੈਨੂੰ ਦੇ ਗਿਆ, ਉਦਾਰ ਬੀਰਬਲ ਨੇ ਪਾਸ ਕੁਝ ਨਹੀਂ ਰੱਖਿਆ.

ਅਕਯਥ: ਵਿ- ਅਕਥਯ. ਅਕਥਨੀਯ. ਜੋ ਕਥਨ (ਬਿਆਨ) ਨਾ ਕੀਤਾ ਜਾ ਸਕੇ। ੨. ਅਕਾਰਥ. ਨਿਸਫਲ. ਵ੍ਯਰ੍‍ਥ. ਦੇਖੋ, ਅਕਾਰਥ.

ਅਕਰ: ਦੇਖੋ, ਅਕੜ। ੨. ਸੰ. ਵਿ- ਨਾ ਕਰਨ ਯੋਗ੍ਯ. ਜਿਸ ਦਾ ਕਰਨਾ ਔਖਾ ਹੋਵੇ। ੩. ਜਿਸ ਉੱਪਰ ਕੋਈ ਕਰ (ਮਹ਼ਿਸੂਲ) ਨਾ ਹੋਵੇ। ੪. ਕਰ (ਹੱਥ) ਤੋਂ ਬਿਨਾ. ਟੁੰਡਾ.

ਅਕਰਕਰਾ: ਆਕਾਰਕਰਭ. L. Anacy clusperethrum. ਅ਼. عقرقرحا ਅ਼ਕ਼ਰ ਕ਼ਰਹ਼ਾ. ਸੰਗ੍ਯਾ- ਇੱਕ ਬੂਟਾ, ਜੋ ਅਲਜੀਰਿਆ ਵਿੱਚ ਬਹੁਤ ਹੁੰਦਾ ਹੈ. ਇਸ ਦੀ ਜੜ ਕਈ ਦਵਾਈਆਂ ਵਿੱਚ ਵਰਤੀਦੀ ਹੈ. ਦੰਦ ਦਾੜ੍ਹਾਂ ਦੇ ਦਰਦ ਨੂੰ ਦੂਰ ਕਰਨ ਲਈ ਇਹ ਪ੍ਰਸਿੱਧ ਔਖਧ. ਹੈ ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਛਾਤੀ ਦੇ ਦਰਦ ਅਤੇ ਮੇਦੇ ਦੀ ਮੈਲ ਦੂਰ ਕਰਦਾ ਹੈ. ਜੇ ਜੀਭ ਤੇ ਮਲਿਆ ਜਾਵੇ ਤਾਂ ਤੋਤਲਾਪਨ ਹਟ ਜਾਂਦਾ ਹੈ.

ਅਕਰਖ: ਸੰ. ਆਕਰ੍ਸ਼. ਸੰਗ੍ਯਾ- ਖਿੱਚ. ਕਸ਼ਿਸ਼. "ਨਾਨਕ ਕੀਟੀ ਸਾਸ ਅਕਰਖਤੇ." (ਸਹਸ ਮਃ ੫) ਕੀੜੀ ਸਾਹ ਖਿੱਚ ਲੈਂਦੀ ਹੈ, ਭਾਵ- ਪ੍ਰਾਣ ਕੱਢ ਲੈਂਦੀ ਹੈ.

ਅਕਰਖਣ: ਸ. ਅਕਸ਼ਣ. ਸੰਗ੍ਯਾ- ਖਿੱਚਣ ਦੀ ਕ੍ਰਿਯਾ. ਕਸ਼ਿਸ਼. ਖਿਚਾਉ. ਖੈਂਚ. ਖਿੱਚ.

ਅਕਰਣ: ਸੰ. ਅਕਰਣੀਯ. ਵਿ- ਨਾ ਕਰਨੇ ਯੋਗ੍ਯ. "ਅਕਰਣੰ ਕਰੋਤਿ." (ਸਹਸ ਮਃ ੫) "ਚਹਿ ਅਕਰਨ ਕੀਨਾ." (ਗੁਪ੍ਰਸੂ) ੨. ਅਕਰ੍‍ਣ. ਕੰਨ ਇੰਦ੍ਰੀ ਬਿਨਾ. ਬੋਲਾ. ਡੋਰਾ। ੩. ਬੁੱਚਾ। ੪. ਕਰਣ (ਸੰਦ- ਆਲਾ) ਜਿਸ ਪਾਸ ਨਹੀਂ। ੫. ਸਾਮਗ੍ਰੀ ਬਿਨਾ.

ਅਕਰਤਾ: ਸੰ. अकर्तृ. ਵਿ- ਨਾ ਕਰਨੇ ਵਾਲਾ. "ਸਭ ਕਛੁ ਕਰਤਾ ਤਉ ਅਕਰਤਾ." (ਗੁਪ੍ਰਸੂ)

ਅਕਰਨ: ਦੇਖੋ, ਅਕਰਣ। ੨. ਕ੍ਰਿ- ਆਕੜਨਾ. ਐਂਠਨਾ. "ਅਕਰੈ ਆਨ ਨ ਮਾਨਈ ਹੁਇ ਆਪ ਭਰੋਸਾ." (ਗੁਪ੍ਰਸੂ)

ਅਕਰਮ: ਵਿ- ਕਰਮ (ਕ੍ਰਿਪਾ) ਬਿਨਾ. ਜਿਸ ਤੇ ਈਸ਼੍ਵਰ ਦੀ ਕ੍ਰਿਪਾ ਨਹੀਂ। ੨. ਸੰ. ਅਕਰ੍‍ਮ. ਕਰਮ (ਕ੍ਰਿਯਾ- ਕੰਮ) ਰਹਿਤ. "ਕਹੂੰ ਕਰਮ ਕਰਤ ਅਕਰਮ." (ਅਕਾਲ) ੩. ਸੰਗ੍ਯਾ- ਕੁਕਰਮ. ਨਾ ਕਰਨ ਯੋਗ੍ਯ ਕਰਮ. ਮੰਦ ਕਰਮ. "ਪਗ ਨਾਚਸਿ ਚਿਤ ਅਕਰਮੰ." (ਪ੍ਰਭਾ ਬੇਣੀ) "ਕਰਮ ਅਕਰਮ ਬੀਚਾਰੀਐ." (ਗਉ ਰਵਿਦਾਸ)

ਅਕਰਮਾ, ਅਕਰਮੀ: ਸੰ. अकर्मन. ਸੰਗ੍ਯਾ- ਬਦ ਨਸੀਬ. ਮੰਦਭਾਗੀ. ਕਰਮਹੀਨ. "ਹਮ ਪਾਥਰ ਹੀਨ ਅਕਰਮਾ." (ਬਿਲਾ ਮਃ ੪) ਅਸੀਂ ਜੜ੍ਹ, ਹੀਨ (ਨੀਚ) ਅਤੇ ਮੰਦਭਾਗੀ ਹਾਂ। ੨. ਵਿ- ਸੁਸਤ. ਕੰਮ ਨਾ ਕਰਨ ਵਾਲਾ.

ਅਕਰਾ: ਇੱਕ ਗਣਛੰਦ. ਇਸ ਦਾ ਨਾਉਂ "ਅਣਕਾ," "ਅਨਹਦ," "ਅਨੁਭਵ," "ਸ਼ਸ਼ਿਵਦਨਾ," "ਚੰਡਰਸਾ" ਅਤੇ "ਮਧੁਰਧੁਨਿ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਨਗਣ, ਯਗਣ ।।।, ।SS.

ਉਦਾਹਰਣ-

ਕਸ ਸਰ ਮਾਰੇ। ਸਿਸੁ ਨਹਿ ਹਾਰੇ।

ਬਹੁ ਬਿਧਿ ਬਾਣੰ। ਅਤਿ ਧਨੁ ਤਾਣੰ॥ (ਰਾਮਾਵ)

੨ਸੰ. ਅਕ੍ਰਯ. ਵਿ- ਜੋ ਮੁੱਲ ਤੋਂ ਨਾ ਲਿਆ ਜਾ ਸਕੇ. ਮਹਿੰਗਾ। ੩. ਅ- ਕਰਾ. ਜਿਸ ਇਸਤ੍ਰੀ ਦੇ ਹੱਥ, ਅਥਵਾ ਹਥਣੀ ਦੀ ਸੁੰਡ ਨਹੀਂ.

ਅਕਰੂਰ: ਦੇਖੋ, ਅਕ੍ਰੂਰ. "ਉਧਉ ਅਕਰੂਰ ਤ੍ਰਿਲੋਚਨ ਨਾਮਾ." (ਸਵੈਯੇ ਮਃ ੩. ਕੇ)

ਅਕਲ: ਅ਼. عقل ਅ਼ਕ਼ਲ. ਸੰਗ੍ਯਾ- ਬੁੱਧਿ. ਅਸਲ ਵਿੱਚ ਅ਼ਕ਼ਲ ਦਾ ਅਰਥ ਉੱਠ ਦਾ ਨਿਉਲ ਹੈ, ਜੋ ਨਿਉਲ ਦੀ ਤਰ੍ਹਾਂ ਆਦਮੀ ਦੀ ਵ੍ਰਿੱਤੀ ਨੂੰ ਨਿਯਮਾਂ ਵਿੱਚ ਲੈ ਆਵੇ, ਸੋ ਅ਼ਕ਼ਲ ਹੈ। ੨. ਸਿਮ੍ਰਿਤਿ. ਯਾਦਦਾਸ਼ਤ। ੩. ਸੰ. ਵਿ- ਅਖੰਡ. "ਸਦਾ ਅਕਲ ਲਿਵ ਰਹੈ." (ਸਵੈਯੇ ਮਃ ੨. ਕੇ) ੪. ਅਵਯਵ (ਅੰਗ) ਬਿਨਾ। ੫. ਕਲਾ ਰਹਿਤ. ਭਾਵ- ਨਿਰਗੁਣ. "ਅਕਲ ਕਲਾਧਰ

ਸੋਈ." (ਸਿਧਗੋਸਟਿ) ੬. ਕਰਤਾਰ. "ਜਿਸੁ ਗੁਰੁ ਤੇ ਅਕਲਗਤਿ ਜਾਣੀ." (ਗਉ ਅਃ ਮਃ ੫) ੭. ਸਿੰਧੀ. ਵਿ- ਨਾ ਜਾਣਿਆ ਹੋਇਆ.

ਅਕਲਸਰ: ਵਿ- ਜਿਸ ਦੇ ਦਿਮਾਗ ਵਿੱਚ ਬੁੱਧਿ ਹੈ. ਦਾਨਾ। ੨. ਬੁੱਧਿ ਦਾ ਸਰੋਵਰ। ੩. ਦਿਮਾਗ਼. ਅਕਲ ਦਾ ਥਾਂ. "ਇਕਨਾ ਸਿਧਿ ਨ ਬੁਧਿ ਨ ਅਕਲਸਰ." (ਸਵਾ ਮਃ ੧) ਦਿਮਾਗ ਵਿੱਚ ਅਕਲ ਨਹੀਂ. ੪. ਅਕਲ ਸ਼ਊਰ ਦਾ ਸੰਖੇਪ.

ਅਕਲਹ: ਸੰ. ਵਿ- ਬਿਨਾ ਕਲਹ. ਝਗੜੇ ਬਿਨਾ. ਸ਼ਾਂਤ। ੨. ਅਕਲ (ਕਰਤਾਰ) ਨੂੰ. "ਕਲਮਾ ਅਕਲਹ ਜਾਨੈ." (ਆਸਾ ਕਬੀਰ)

ਅਕਲਕਲਾ: ਦੇਖੋ, ਅਕਲ ਅਤੇ ਕਲਾ। ੨. ਵਿ- ਅਖੰਡ ਕਲਾ. ਅਖੰਡ ਸ਼ਕਤਿ. "ਅਕਲਕਲਾ ਭਰਪੂਰਿ ਰਹਿਆ." (ਵਾਰ ਆਸਾ)

ਅਕਲਪਤ, ਅਕਲਪਿਤ: ਸੰ. अकल्पित. ਵਿ- ਕਲਪਨਾ ਰਹਿਤ। ੨. ਜੋ ਖ਼ਿਆਲ ਨਾ ਕੀਤਾ ਜਾ ਸਕੇ. "ਅਕਲਪਤ ਮੁਦ੍ਰਾ ਗੁਰੁਗਿਆਨੁ ਬੀਚਾਰੀਅਲੇ." (ਸਿਧਗੋਸਟਿ)

ਅਕਲਮਖ: ਸੰ. अकल्मष. ਵਿ- ਕਲਮਸ਼ (ਪਾਪ) ਰਹਿਤ। ੨. ਨਿਰਦੋਸ਼.

ਅਕਲਮੰਦ, ਅ਼ਕ਼ਲਮੰਦ: ਫ਼ਾ. عقلمند ਵਿ- ਅ਼ਕ਼ਲ ਵਾਲਾ. ਅ਼ਕ਼ਲੀਆ. ਸਿਆਣਾ. ਦਾਨਾ. ਬੁੱਧਿਮਾਨ. ਬੁੱਧਿਮਤ.

ਅਕਲਿ: ਬੁੱਧਿ. ਦੇਖੋ, ਅਕਲ ੧. "ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ." (ਵਾਰ ਸਾਰ ਮਃ ੧)

ਅਕਲੀਆ: ਦੇਖੋ, ਅਕਲਮੰਦ.

ਅਕਲੀਣ, ਅਕਲੀਨ: ਸੰ. अक्लिन्न- ਅਕਲਿੱਨ. ਵਿ- ਅਭਿੱਜ. ਨਿਰਲੇਪ. "ਅਕਲੀਣਿ ਰਹਿਤਉ ਸ਼ਬਦ ਸੁਸਾਰ." (ਸਿਧਗੋਸਟਿ) ੨. ਦੇਖੋ, ਅਕੁਲੀਨ.

ਅਕਲੀਮ: ਦੇਖੋ, ਇਕਲੀਮ.

ਅਕਲੁ: ਵਿ- ਅਕਲੁਸ਼ ਦਾ ਸੰਖੇਪ. ਕਰਤਾਰ ਜੋ ਕਲੁਸ਼ (ਪਾਪ- ਦੋਸ਼) ਆਦਿ ਤੋਂ ਨਿਰਲੇਪ ਹੈ. "ਅਕਲੁ ਗਾਇ ਜਮ ਤੇ ਕਿਆ ਡਰੀਐ?" (ਮਾਰੂ ਸੋਲਹੇ ਮਃ ੧)

ਅਕਲੰਕ: ਵਿ- ਨਿਸ਼ਕਲੰਕਿਤ. ਦੋਸ਼ ਰਹਿਤ। ੨. ਬੇਦਾਗ਼ "ਅਕਲੰਕ ਰੂਪ ਅਪਾਰ." (ਅਕਾਲ)

ਅਕਲੰਕ੍ਰਿਤ: ਵਿ- ਅਕਲੰਕਿ. ਬਿਨਾ ਕਲੰਕ। ਸੰ. अकलाकृति- ਅਕਲਾਕ੍ਰਿਤਿ. ਅਖੰਡਰੂਪ. "ਅਕਲੰਕ੍ਰਿਤ ਹੈ." (ਜਾਪੁ)

ਅਕਵਾ: ਇੱਕ ਵਰਣਿਕ ਛੰਦ. ਇਸ ਦਾ ਨਾਉਂ "ਅਜਬਾ", "ਕੰਨਜਾ" ਅਤੇ "ਤੀਰਣਾ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਇੱਕ ਮਗਣ ਅਤੇ ਗੁਰੁ. SSS, S.

ਉਦਾਹਰਣ-

ਜੁੱਟੇ ਵੀਰੰ। ਛੁੱਟੇ ਤੀਰੰ।

ਜੁੱਝੇ ਤਾਜੀ। ਡਿੱਗੇ ਗਾਜੀ॥ (ਕਲਕੀ)

ਅਕੜਨਾ: ਕ੍ਰਿ- ਅਭਿਮਾਨ ਨਾਲ ਐਂਠਨਾ। ੨. ਸੁੱਕ ਕੇ ਸੁੰਗੜਨਾ। ੩. ਕੋਮਲਤਾ ਰਹਿਤ ਹੋਣਾ.

ਅਕੜਾ: ਇੱਕ ਗਣਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ ਸ, ਜ, ਜ. IIS, ISI, ISI.

ਉਦਾਹਰਣ-

ਮੁਨਿ ਬਾਨ ਛਾਡ ਨ ਗਬੈਂ,

ਮਿਲ ਆਨ ਮੋਹਿਯ ਸਬੈਂ,

ਲਯ ਜਾਹਿ ਰਾਘਵ ਤੀਰ,

ਤੁਹਿ ਨੈਕ ਦੈਕਰ ਚੀਰ. (ਰਾਮਾਵ)

ਅਕਾਉ: ਸੰਗਯਾ- ਅਕ (ਦੁੱਖ) ਦਾ ਭਾਵ. ਦੁੱਖ ਦਸ਼ਾ, ਵਿਕੇਪ. ਦੇਖੋ, ਅਕ.

ਅਕਾਉਣਾ: ਕ੍ਰਿ- ਅਕ (ਦੁੱਖ) ਦੇਣਾ। ੨. ਖਿਝਾਉਣਾ. ਦੇਖੋ, ਅਕ. "ਬਿਨਾ ਹੇਤੁ ਤੇ ਆਨ ਅਕਾਵਤ." (ਨਾਪ੍ਰ)

ਅਕਾਇ: ਸੰ. ਅਕਾਯ. ਵਿ- ਕਾਯ (ਦੇਹ) ਰਹਿਤ. ਸ਼ਰੀਰ ਬਿਨਾ. "ਨਮਸਤੰ ਅਕਾਏ." (ਜਾਪੁ) ੨. ਅਨੰਗ. ਕਾਮਦੇਵ। ੩. ਰਾਹੁ ਗ੍ਰਹ.

ਅਕਾਸ: ਸੰ. ਆਕਾਸ਼. ਸੰਗਯਾ- ਆਸਮਾਨ. ਅੰਬਰ। ੨. ਸੁਰਗ. ਦੇਵਲੋਕ. "ਸੰਤ ਕਾ ਨਿੰਦਕ ਅਕਾਸ ਤੇ ਟਾਰਉ." (ਗੌਂਡ ਮਃ ੫) ੩. ਭਾਵ- ਉੱਚਾ ਪਦ। ੪. ਦੇਖੋ, ਆਕਾਸ.

ਅਕਾਸਗੰਗਾ: ਦੇਖੋ, ਆਕਾਸ਼ਗੰਗਾ.

ਅਕਾਸਬੇਲ: ਸੰਗਯਾ- ਅਮਰਬੇਲ. ਅੰਬਰ ਬੇਲ. ਅੰਬਰਵੱਲੀ. ਇੱਕ ਪ੍ਰਕਾਰ ਦੀ ਕੋਮਲ ਅਤੇ ਬਿਨਾ ਕੋਰੇ ਤੇਲ, ਜੋ ਪੀਲੇ ਅਤੇ ਲਾਲ ਰੰਗ ਦੀ ਹੁੰਦੀ ਹੈ. ਇਹ ਜਿਸ ਬਿਰਛ ਪੁਰ ਹੁੰਦੀ ਹੈ, ਉਸ ਦੀ ਛਿੱਲ ਵਿੱਚ ਆਪਣੀਆਂ ਜੜ੍ਹਾਂ ਜਮਾਕੇ ਰਸ ਲੈਂਦੀ ਰਹਿੰਦੀ ਹੈ, ਜਿਸ ਤੋਂ ਬਿਰਛ ਮੁਰਝਾ ਜਾਂਦਾ ਹੈ. L. cassyta filiformis. ਦੇਖੋ, ਅਮਰਬੇਲ.

ਅਕਾਸੀ ਫੌਜ: ਸੰਗਯਾ- ਸ਼ਹੀਦੀ ਸੈਨਾ। ੨. ਸਹਾਇਤਾ ਲਈ ਅਚਾਨਕ ਪਹੁੰਚੀ ਹੋਈ ਫੌਜ. "ਪਰੀ ਅਕਾਸੀ ਫੌਜਾਂ ਆਇ." (ਗੁਪ੍ਰਸੂ)

ਅਕਾਜ: ਸੰ. ਅਕਾਯੰ. ਸੰਗਯਾ- ਹਾਨੀ. ਨੁਕਸਾਨ। ੨. ਕੁਕਰਮ. "ਤਜ ਕਾਜ, ਅਕਾਜ ਕੌ ਕਾਜ ਸਵਾਰਜੌ." (ਸਵੈਯੇ ੩੩) ੩. ਕ੍ਰਿ. ਵਿ- ਬੇਫਾਇਦਾ. ਵ੍ਰਿਥਾ.

ਅਕਾਂਤ: ਦੇਖੋ, ਏਕਾਂਤ.

ਅਕਾਂਤਿ: ਵਿ- ਕਾਂਤਿ (ਸ਼ੋਭਾ) ਦਾ ਅਭਾਵ। ੨. ਚਮਕ ਦਮਕ ਤੋਂ ਬਿਨਾ.

ਅਕਾਥ, ਅਕਾਥਾ: ਸੰ. ਅਕਾਯਾਂਥੰ. ਵਿ- ਨਿਸ਼ਪ੍ਰਯੋਜਨ. ਬੇ- ਫਾਇਦਾ. ਬਿਨਾ ਲਾਭ. ਨਿਸ਼ਫਲ. ਅਕਾਰਥ. "ਤੁਝ ਬਿਨੁ ਜੀਵਨ ਸਗਲ ਅਕਾਥ." (ਬਿਲਾ ਮਃ ੫) "ਤਿਨ ਸਭ ਜਨਮ ਅਕਾਥਾ." (ਜੈਤ ਮਃ ੪)

ਅਕਾਬਿਰ: ਅ਼. اکابر ਅਕਬਰ ਦਾ ਬਹੁ ਵਚਨ. ਵਡੇ.

ਅਕਾਮ: ਵਿ- ਨਿਕੰਮਾ. ਵ੍ਰਿਥਾ। ੨. ਸੰ. ਕਾਮਨਾ ਰਹਿਤ. ਨਿਸ਼ਕਾਮ. ਇੱਛਾ ਬਿਨਾ. "ਅਕਾਮ ਹੈ." (ਜਾਪੁ) ੩. ਜਿਸ ਤੇ ਕਾਮਦੇਵ (ਅਨੰਗ) ਦਾ ਅਸਰ ਨਹੀਂ.

ਅਕਾਯ: ਦੇਖੋ, ਅਕਾਇ.

ਅਕਾਰ: ਸੰਗਯਾ- ਆੜੇ ਅੱਖਰ ਦਾ ਉੱਚਾਰਣ।

੨. ਆੜਾ ਅੱਖਰ. "ਅਮਿਟ ਸਿੰਘ ਕੇ ਬਚਨ ਸੁਨ ਬੋਲਜੋ ਹਰਿ ਕਰ ਕੋਪ। ਅਬ ਅਕਾਰ ਤੁਅ ਲੋਪ ਕਰ ਅਮਿਟ ਸਿੰਘ ਬਿਨ ਓਪ." (ਕ੍ਰਿਸਨਾਵ) "ਅ" ਲੋਪ ਕਰਨ ਤੋਂ ਮਿਟ ਸਿੰਘ। ੨. ਸੰ. ਆਕਾਰ. ਸੰਗਯਾ- ਸੂਰਤ. ਸ਼ਕਲ ਸ਼ਕਲ ਵਿੱਚ ਆਈ

ਰਚਨਾ. "ਜਬ ਅਕਾਰ ਇਹੁ ਕਛੁ ਨ ਦ੍ਰਿਸਟੇਤਾ." (ਸੁਖਮਨੀ)

੩. ਮੂਰਤਿ। ੪. ਚਿੰਨ੍ਹ। ੫. ਵਿ- ਸਾਕਾਰ. ਆਕਾਰ ਸਹਿਤ. "ਆਪਿ ਅਕਾਰੁ ਆਪਿ ਨਿਰੰਕਾਰੁ." (ਗੌਂਡ ਮਃ ੫) ਆਪੇ ਸਾਕਾਰ ਆਪੇ ਨਿਰਾਕਾਰ.

ਅਕਾਰਜ: ਦੇਖੋ, ਅਕਾਜ.

ਅਕਾਰਣ: ਵਿ- ਬਿਨਾ ਕਾਰਣ. ਬਿਨਾ ਸਬਬ. ਹੇਤੁ ਰਹਿਤ। ੨. ਜਿਸ ਦਾ ਕੋਈ ਕਾਰਣ ਨਾ ਹੋਵੇ. ਸ੍ਵਯੰਭੂ. ਆਪਣੇ ਆਪ ਹੋਣ ਵਾਲਾ। ੩. ਕ੍ਰਿ. ਵਿ- ਵਜਥੰ. ਵ੍ਰਿਥਾ.

ਅਕਾਰਥ, ਅਕਾਰਥਾ: ਵਿ- ਅਕ (ਦੁੱਖ) ਹੀ ਹੈ ਅਰਥ (ਫਲ) ਜਿਸ ਦਾ. "ਜਨਮ ਅਕਾਰਥ ਕੀਨ." (ਸ. ਮਃ ੯) ੨. ਦੇਖੋ, ਅਕਾਥ.

ਅਕਾਰਨ: ਦੇਖੋ, ਅਕਾਰਣ.

ਅਕਾਰਯ: ਦੇਖੋ, ਅਕਾਜ.

ਅਕਾਰੁ: ਦੇਖੋ, ਅਕਾਰ.

ਅਕਾਲ: ਸੰਗਯਾ- ਬੁਰਾ ਸਮਾ. ਦੁਕਾਲ. ਦੁਰਭਿੱਖ (ਭਿਕ੍ਸ਼). ਕਹਿਤ। ੨. ਵਾਹਗੁਰੂ, ਜੋ ਅਵਿਨਾਸ਼ੀ ਹੈ. ਜਿਸ ਦਾ ਕਦੇ ਕਾਲ ਨਹੀਂ, ਅਤੇ ਜਿਸ ਤੇ ਕਾਲ (ਸਮੇਂ) ਦਾ ਕੋਈ ਅਸਰ ਨਹੀਂ। ੩. ਵਿ- ਮ੍ਰਿਤ੍ਯੁ ਬਿਨਾ. ਮੌਤ ਤੋਂ ਬਿਨਾ. "ਔਰ ਸੁ ਕਾਲ ਸਬੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ." (ਵਿਚਿਤ੍ਰ)

੪. ਸੰਗਯਾ- ਮੌਤ ਦਾ ਵੇਲਾ. ਅੰਤ ਸਮਾ. "ਕਾਲ ਅਕਾਲ ਖਸਮ ਕਾ ਕੀਨਾ" (ਮਾਰੂ ਕਬੀਰ) ੫. ਚਿਰਜੀਵੀ, ਮਾਰਕੰਡੇਯ ਆਦਿ. "ਸਿਮਰਹਿ ਕਾਲੁ ਅਕਾਲ ਸੁਚਿ ਸੋਚਾ." (ਮਾਰੂ ਸੋਲਹੇ ਮਃ ੫)

੬. ਕ੍ਰਿ. ਵਿ- ਬੇਮੌਕਾ. ਜੋ ਸਮੇਂ ਸਿਰ ਨਹੀਂ. ਜੈਸੇ- ਅਕਾਲ ਮ੍ਰਿਤ੍ਯੁ.

ਅਕਾਲਉਸਤਤਿ: ਦਸ਼ਮਗ੍ਰੰਥ ਵਿੱਚ ਅਕਾਲ ਦੀ ਮਹਿਮਾ ਦਾ ਇੱਕ ਅਸਤੋਤ੍ਰ. ਲਿਖਾਰੀਆਂ ਦੀ ਬੇਸਮਝੀ ਨਾਲ ਇਸ ਦਾ ਪਾਠ ਬਹੁਤ ਅੱਗੇ ਪਿੱਛੇ ਅਤੇ ਅਸ਼ੁੱਧ ਹੋਗਿਆ ਹੈ, ਦੇਖੋ, ਏਕ ਸਮੈ ਸ੍ਰੀ ਆਤਮਾ, ਅਤੇ ਗੁਰੁਮਤ ਸੁਧਾਕਰ.

ਅਕਾਲ ਸਹਸ੍ਰਨਾਮ: ਦੇਖੋ, ਜਾਪੁ ਜੀ.

ਅਕਾਲਸਰ: ਅਮ੍ਰਿਤਸਰ ਵਿੱਚ ਇੱਕ ਖੂਹ, ਜੋ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ ੧੬੬੯ ਵਿੱਚ ਤਿਆਰ ਕਰਵਾਇਆ ਸੀ.

ਅਕਾਲਗੜ੍ਹ: ਜਿਲਾ ਗੁੱਜਰਾਂਵਾਲਾ ਦੀ ਵਜ਼ੀਰਾਬਾਦ ਤਸੀਲ ਵਿੱਚ ਇੱਕ ਨਗਰ. ਮਹਾਰਾਜਾ ਰਣਜੀਤ ਸਿੰਘ ਦਾ ਨਾਮੀ ਅਹਿਲਕਾਰ ਦੀਵਾਨ ਸਾਵਨ ਮੱਲ ਅਤੇ ਉਸ ਦਾ ਪੁਤ੍ਰ ਮੂਲ ਰਾਜ ਇਸੇ ਥਾਂ ਦੇ ਵਸਨੀਕ ਸਨ.

ਅਕਾਲ ਚਲਾਣਾ: ਸੰਗਯਾ- ਬੇ- ਮੌਕੇ ਮਰਨਾ. ਜੁਆਨੀ ਵਿੱਚ ਮਰਨਾ. ਮਰਨ ਦੇ ਕਾਲ ਤੋਂ ਪਹਿਲਾਂ ਦੇਹ ਤ੍ਯਾਗਣੀ. ਦੇਖੋ, ਉਮਰ.

ਅਕਾਲ ਤਖ਼ਤ: ਦੇਖੋ, ਅਕਾਲਬੁੰਗਾ.

ਅਕਾਲਪੁਰਖ: ਸੰ. ਅਕਾਲਪੁਰੁਸ਼ ਸੰਗਯਾ- ਉਹ ਹਸ੍ਤੀ, ਜਿਸ ਦਾ ਕਦੇ ਕਾਲ ਨਹੀਂ, ਅਵਿਨਾਸ਼ੀ ਸੱਤਾ. "ਤੂ ਅਕਾਲਪੁਰਖ ਨਾਹੀ ਸਿਰਿ ਕਾਲਾ." (ਮਾਰੂ ਸੋਲਹੇ ਮਃ ੧)

ਅਕਾਲਬਾਂਗਾ: ਖ਼ਾ. ਸੰਗਯਾ- ਮੁਸਲਮਾਨਾਂ ਦੀ ਬਾਂਗ ਵਾਂਙ ਉੱਚੇ ਸੁਰ ਨਾਲ ਸੱਤ ਸ਼੍ਰੀ ਅਕਾਲ ਦਾ ਜੈਕਾਰਾ.

**ਅਕਾਲਬੁੰਗਾ:** ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸੰਮਤ ੧੬੬੫ ਵਿੱਚ ਸ੍ਰੀ ਅੰਮ੍ਰਿਤਸਰ ਹਰਿਮੰਦਿਰ ਦੇ ਸਾਮ੍ਹਣੇ ਇੱਕ ਉੱਚਾ ਰਾਜਸਿੰਘਾਸਨ (ਸ਼ਾਹੀ ਤਖ਼ਤ) ਤਿਆਰ ਕਰਵਾਕੇ ਉਸ ਦਾ ਨਾਉਂ "ਅਕਾਲਬੁੰਗਾ" ਰੱਖਿਆ, ਜਿਸ ਥਾਂ ਸਵੇਰੇ ਅਤੇ ਸੰਝ ਨੂੰ ਦੀਵਾਨ ਲਗਾਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ. ਅਕਾਲਬੁੰਗਾ ਪੰਥਕ ਜਥੇਬੰਦੀ ਦਾ ਕੇਂਦ੍ਰ ਹੈ. ਪੰਥ ਇਸ ਥਾਂ ਮੁੱਢ ਤੋਂ ਗੁਰੁਮਤੇ ਸੋਧਦਾ ਆਇਆ ਹੈ. ਇਹ ਗੁਰਦ੍ਵਾਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ. ਇਥੇ ਗੁਰੂ ਸਾਹਿਬਾਨ ਅਤੇ ਧਰਮਵੀਰ ਸ਼ਹੀਦਾਂ ਦੇ ਇਹ ਸ਼ਾਸਤ੍ਰ ਹਨ:-

(੧) ਸ਼੍ਰੀ ਸਾਹਿਬ ਮੀਰੀ ਦਾ ਗੁਰੂ ਹਰਿਗੋਬਿੰਦ ਸਾਹਿਬ ਦਾ.

(੨) ਸ਼੍ਰੀ ਸਾਹਿਬ ਪੀਰੀ ਦਾ ਗੁਰੂ ਹਰਿਗੋਬਿੰਦ ਸਾਹਿਬ ਦਾ.

(੩) ਸ਼੍ਰੀ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ.

(੪) ਸ਼੍ਰੀ ਸਾਹਿਬ ਬਾਬਾ ਬੁੱਢਾ ਜੀ ਦਾ.

(੫) ਸ਼੍ਰੀ ਸਾਹਿਬ ਭਾਈ ਜੇਠਾ ਜੀ ਦਾ.

(੬) ਸ਼੍ਰੀ ਸਾਹਿਬ ਬਾਬਾ ਕਰਮ ਸਿੰਘ ਜੀ ਸ਼ਹੀਦ ਦਾ.

(੭) ਸ਼੍ਰੀ ਸਾਹਿਬ ਭਾਈ ਉਦਯ ਸਿੰਘ ਜੀ ਦਾ, ਜੋ ਦਸਮ ਪਾਤਸ਼ਾਹ ਜੀ ਦੇ ਹਜੂਰੀ ਸਨ.

(੮) ਸ਼੍ਰੀ ਸਾਹਿਬ ਭਾਈ ਬਿਧੀਚੰਦ ਜੀ ਦਾ.

(੯) ਦੁਧਾਰਾ ਖੰਡਾ ਬਾਬਾ ਗੁਰੁਬਖ਼ਸ਼ ਸਿੰਘ ਜੀ ਸ਼ਹੀਦ ਦਾ.

(੧੦) ਦੁਧਾਰਾ ਖੰਡਾ ਬਾਬਾ ਦੀਪ ਸਿੰਘ ਜੀ ਦਾ.

(੧੧) ਦੁਧਾਰਾ ਖੰਡਾ ਬਾਬਾ ਨੌਧ ਸਿੰਘ ਜੀ ਸ਼ਹੀਦ ਦਾ.

(੧੨) ਖੜਗ ਭਾਈ ਵਿਚਿਤ੍ਰ ਸਿੰਘ ਜੀ ਦਾ, ਜਿਸ ਦਾ ਤੋਲ ੧੦. ਸੇਰ ਪੱਕਾ ਹੈ.

(੧੩) ਛੀਵੇਂ ਸਤਿਗੁਰੂ ਦੀ ਗੁਰਜ ਸੋਲਾਂ ਸੇਰ ਪੱਕੇ ਦੀ. ਇਹ ਮਾਤਾ ਸੁੰਦਰੀ ਜੀ ਨੇ ਧਰਮਵੀਰ ਜੱਸਾ ਸਿੰਘ ਨੂੰ ਬਖਸ਼ੀ ਸੀ.

(੧੪) ਕ੍ਰਿਪਾਨ ਜਿਹਾ ਸ਼ਸਤ੍ਰ ਦਸਤਾ ਪਿੱਤਲ, ਗੁਰੂ ਹਰਿਗੋਬਿੰਦ ਸਾਹਿਬ ਜੀ ਦਾ.

(੧੫) ਕਟਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ.

(੧੬) ਕਟਾਰ ਬਾਬਾ ਅਜੀਤ ਸਿੰਘ ਜੀ ਦਾ.

(੧੭) ਕਟਾਰ ਬਾਬਾ ਜੁਝਾਰ ਸਿੰਘ ਜੀ ਦਾ.

(੧੮) ਕ੍ਰਿਪਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ.

(੧੯) ਪੇਸ਼ਕਬਜ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ.

(੨੦) ਪੇਸ਼ਕਬਜ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ.

(੨੧) ਸ਼ਸਤ੍ਰ ਕ੍ਰਿਪਾਨ ਜਿਹਾ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ.

(੨੨) ਪਿਸਤੌਲ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ.

(੨੩) ਪਿਸਤੌਲ ਬਾਬਾ ਗੁਰੁਬਖ਼ਸ਼ ਸਿੰਘ ਜੀ ਸ਼ਹੀਦ ਦਾ.

(੨੪) ਦੋ ਤੀਰ ਦਸਮ ਪਾਤਸ਼ਾਹ ਜੀ ਦੇ, ਜਿਨ੍ਹਾਂ ਦੀ ਮੁਖੀ ਨਾਲ ਇੱਕ ਇੱਕ ਤੋਲਾ ਸੋਨਾ ਹੈ.

(੨੫) ਖੰਡਾ ਦਰਮਯਾਨਾ ਬਾਬਾ ਦੀਪ ਸਿੰਘ ਜੀ ਦਾ.

(੨੬) ਦੋ ਕ੍ਰਿਪਾਨਾਂ ਬਾਬਾ ਦੀਪ ਸਿੰਘ ਜੀ ਦੀਆਂ.

(੨੭) ਦੋ ਛੋਟੇ ਖੰਡੇ ਬਾਬਾ ਦੀਪ ਸਿੰਘ ਜੀ ਦੇ.

(੨੮) ਚੱਕਰ ਬਾਬਾ ਦੀਪ ਸਿੰਘ ਜੀ ਦਾ.

(੨੯) ਚੱਕਰ ਛੋਟਾ ਬਾਬਾ ਦੀਪ ਸਿੰਘ ਜੀ ਦਾ.

(੩੦) ਚੱਕਰ ਬਾਬਾ ਦੀਪ ਸਿੰਘ ਜੀ ਦੇ ਸੀਸ ਸਜਾਉਣ ਦਾ!

(ਅ) ਆਨੰਦਪੁਰ ਵਿੱਚ ਉਹ ਅਸਥਾਨ, ਜਿਸ ਥਾਂ ਬੈਠਕੇ ਦਸ਼ਮੇਸ਼ ਨੇ ਨੌਮੇ ਸਤਿਗੁਰਾਂ ਦਾ ਅੰਤਿਮ ਸੰਸਕਾਰ ਕੀਤਾ. ਦੇਖੋ, ਆਨੰਦਪੁਰ.

(ੲ) ਪਟਨੇ ਆਦਿ ਗੁਰਦ੍ਵਾਰਿਆਂ ਵਿੱਚ ਭੀ ਇਸ ਨਾਉਂ ਦੇ ਬੁੰਗੇ ਹਨ.

ਅਕਾਲ ਮੂਰਤਿ: ਅਕਾਲਮੂਰ੍ਤਿ. ਸੰਗਯਾ- ਅਕਾਲਪੁਰਖ. ਜਿਸ ਦੀ ਸਥਾਪਨਾ ਸਮੇਂ ਦੇ ਭੇਦ ਕਰਕੇ ਨਹੀਂ। ੨. ਨਿਤ੍ਯ ਅਵਿਨਾਸ਼ੀ ਰੂਪ. "ਅਕਾਲਮੂਰਤਿ ਅਜੂਨੀ ਸੈਭੰ." (ਜਪੁ)

ਅਕਾਲ ਮ੍ਰਿਤ੍ਯੁ: ਦੇਖੋ, ਉਮਰ ਅਤੇ ਅਕਾਲ ਚਲਾਣਾ.

ਅਕਾਲੀ: ਵਿ- ਅਕਾਲ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਅਕਾਲ ਉਪਾਸਕ. ਵਾਹਗੁਰੂ ਜੀ ਕਾ ਖ਼ਾਲਸਾ.

ਕਮਲ ਜਯੋਂ ਮਾਯਾ ਜਲ ਵਿੱਚ ਹੈ ਅਲੇਪ ਸਦਾ

ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ,

ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ

ਭਾਣੇ ਵਿੱਚ ਵਿਪਦਾ ਨੂੰ ਮੰਨੇ ਖ਼ੁਸ਼ਹਾਲੀ ਹੈ,

ਸ੍ਵਾਰਥ ਤੋਂ ਬਿਨਾ ਗੁਰਦ੍ਵਾਰਿਆਂ ਦਾ ਚੌਕੀਦਾਰ

ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ,

ਪੂਜੇ ਨੇ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ

ਸਿੱਖ ਦਸ਼ਮੇਸ਼ ਦਾ ਸੋ ਕਹੀਏ 'ਅਕਾਲੀ' ਹੈ.

੩. ਖ਼ਾਸ ਕਰਕੇ ਇਹ ਸ਼ਬਦ ਨਿਹੰਗ ਸਿੰਘਾਂ ਲਈ ਭੀ ਵਰਤਿਆ ਜਾਂਦਾ ਹੈ. ਦੇਖੋ, ਨਿਹੰਗ.

ਅਕਾਲੀਆਂ ਦੀ ਛਾਵਨੀ: ਇਸ ਦਾ ਨਾਉਂ ਨਿਹੰਗਾਂ ਦੀ ਛੌਣੀ ਭੀ ਹੈ. ਅਮ੍ਰਿਤਸਰ ਜੀ ਵਿੱਚ ਇਹ ਉਹ ਥਾਂ ਹੈ, ਜਿੱਥੇ ਅਕਾਲੀ ਫੂਲਾ ਸਿੰਘ ਜੀ ਬਾਰਾਂ ਸੌ ਸਵਾਰ ਅਤੇ ਅਠਾਰਾਂ ਸੌ ਪੈਦਲ ਅਕਾਲੀ ਦਲ ਨਾਲ ਵਿਰਾਜਦੇ ਸਨ. ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਨਾਲ ਜਾਗੀਰ ਲਾਈ ਹੋਈ ਸੀ.

ਅਕਿਆਤ: ਅ਼. اِقتیات ਇਕ਼ਾਤਤ. ਬਲਵਾਨ ਹੋਣਾ। ੨. ਪਾਲਨ ਕਰਨਾ. ਰੋਜ਼ੀ ਦੇਣਾ. "ਕਿ ਅਕਿਆਤਸ." (ਗ੍ਯਾਨ) ਪਾਲਨ ਵਾਲਾ ਹੈ.

ਅਕਿੰਚਨ: ਸੰ. ਅਕਿਚਨ. ਵਿ- ਨਹੀਂ ਹੈ ਜਿਸ ਪਾਸ ਕੁਝ ਭੀ. ਨਿਰਧਨ. ਕੰਗਾਲ। ੨. ਸ਼ਰੀਰ ਨਿਰਵਾਹ ਤੋਂ ਵੱਧ ਪਦਾਰਥ ਪਾਸ ਨਾ ਰੱਖਣ ਵਾਲਾ। ੩. ਕਰਮਾਂ ਦਾ ਤ੍ਯਾਗੀ.

ਅਕਿਤ: ਸੰ. ਅਕ੍ਰਤ- ਅਕ੍ਰਿਤ- ਵਿ- ਜੋ ਕਿਸੇ ਦਾ ਕੀਤਾ ਹੋਇਆ ਨਹੀਂ. ਸ੍ਵਯੰਭੂ। ੨. ਦੇਖੋ, ਅੰਅਕਿਤ.

ਅਕਿੱਤ: ਸੰ. ਅਕੀਰ੍ਤਿ. ਸੰਗਯਾ- ਅਪਯਸ. ਬਦਨਾਮੀ। ੨. ਦੇਖੋ, ਅਕਿਤ.

ਅਕਿਤਜ: ਦੇਖੋ, ਅਕਿੱਤ। ੨. ਸੰ. ਅਕ੍ਰਤ੍ਯ- ਅਕ੍ਰਿਤ੍ਯ. ਸੰਗਯਾ- ਕੁਕਰਮ. ਨਾ ਕਰਨ ਯੋਗ੍ਯ ਕਰਮ। ੩. ਸੰ. ਅਕ੍ਰਤ੍ਰਿਮ- ਅਕ੍ਰਿਤ੍ਰਿਮ. ਵਿ- ਜੋ ਬਣਾਉਟੀ ਨਹੀਂ. ਸੁਤੇ- ਸਿੱਧ. "ਨਿਮਿਤ੍ਯੰ- ਅਕਿਤ੍ਯੰ." (ਚੰਡੀ ੨)

ਅਕਿਰਤਘਣ, ਅਕਿਰਤਘਨ: ਸੰ. ਕ੍ਰਤਘ੍ਨ- ਕ੍ਰਿਤਘ੍ਨ. ਵਿ- ਉਪਕਾਰ ਵਿਸਾਰਨ ਵਾਲਾ. ਕਰੀਖੋ. ਇਹ਼ਸਾਨ ਫ਼ਰਾਮੋਸ਼. "ਅਕਿਰਤਘਣਾ ਨੋ ਪਾਲਦਾ." (ਸ੍ਰੀ ਮਃ ੫)

ਮਦ ਵਿਚ ਰਿੱਧਾ ਪਾਇਕੈ ਕੁੱਤੇ ਦਾ ਮਾਸ,

ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ,

ਰੱਤੂ ਭਰਿਆ ਕੱਪੜਾ ਕਰ ਕੱਜਣ ਤਾਸ,

ਢਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ,

ਆਖ ਸੁਣਾਏ ਪੁੱਛਿਆ ਲਾਹੇ ਵਿਸਵਾਸ,

ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ.

(ਭਾਗੁ)

ਅਕਿਲਬਿਖ: ਸੰ. ਅਕਿਲ੍ਵਿਪ- ਅਕਿਲ੍ਵਿਸ਼ ਵਿ- ਕਿਲਵਿਸ਼ (ਪਾਪ) ਰਹਿਤ. ਬਿਨਾ ਦੋਸ਼। ੨. ਪਵਿਤ੍ਰ.

ਅਕੀਕ, ਅ਼ਕ਼ੀਕ਼: ਅ਼. عقیق ਅੰ. Carnelian. ਸੰਗਯਾ- ਲਾਲ ਨੀਲੇ ਆਦਿ ਰੰਗਾਂ ਦਾ ਇੱਕ ਕ਼ੀਮਤੀ ਪੱਥਰ, ਜੋ ਬਹੁਤ ਸਖ਼ਤ ਅਤੇ ਚਮਕੀਲਾ ਹੁੰਦਾ ਹੈ. ਇਸ ਦੇ ਥੇਵੇ ਪੁਰ ਮੁਹਰਾਂ ਉੱਕਰੀਆਂ ਜਾਂਦੀਆਂ ਹਨ ਅਤੇ ਸ਼ਾਹੀ ਇਮਾਰਤਾਂ ਵਿੱਚ ਪੱਥਰ ਦੀ ਖੁਦਾਈ ਕਰਕੇ ਬੇਲ ਬੂਟੇ ਅਤੇ ਤਸਵੀਰਾਂ ਬਣਾਉਣ ਲਈ ਵਰਤੀਦਾ ਹੈ.

ਅਕੀਦਾ, ਅ਼ਕ਼ੀਦਾ: ਅ਼. عقیدہ ਸੰਗਯਾ- ਅ਼ਕ਼ਦ (ਦ੍ਰਿੜ੍ਹ) ਹੋਣ ਦਾ ਭਾਵ. ਨਿਸ਼ਚਾ. ਭਰੋਸਾ. ਸ਼੍ਰੱਧਾ. ਧਾਰਮਿਕ ਵਿਸ਼੍ਵਾਸ.

ਅਕੀਨ: ਕ੍ਰਿ ਵਿ- ਬਿਨਾ ਕਰਨ ਤੋਂ. "ਨਰ ਏਕ ਅਕੀਨ ਹੀ ਪ੍ਰੀਤਿ ਕਰੈ." (ਕ੍ਰਿਸਨਾਵ) ਇੱਕ ਆਦਮੀ, ਦੂਜੇ ਵੱਲੋਂ ਨਾ ਪ੍ਰੀਤਿ ਕਰਨ ਪੁਰ ਭੀ, ਪ੍ਰੀਤਿ ਕਰਦੇ ਹਨ। ੨. ਸੰਗਯਾ- ਕਰਮ ਨੂੰ ਕਰਕੇ ਭੀ ਕਰਮਾਭਿਮਾਨ ਦਾ ਤ੍ਯਾਗ. "ਕੀਨ ਅਕੀਨ ਲਖੈ ਫਲ ਹੋ." (ਕ੍ਰਿਸਨਾਵ) ੩. ਅਕ੍ਰਿਤ. ਅਕ੍ਰਿਤ੍ਰਿਮ। ੪. ਦੇਖੋ, ਯਕੀਨ.

ਅਕੀਰਤਿ: ਸੰ. ਅਕੀਰ੍ਤਿ- ਸੰਗਯਾ- ਅਪਯਸ਼. ਬਦਨਾਮੀ. ਨਿੰਦਾ.

ਅਕੁੰਠ: ਸੰ. ਅਕੁਣ੍ਠ. ਵਿ- ਜੋ ਕੁੰਠ (ਖੁੰਢਾ) ਨਹੀਂ. ਤਿੱਖਾ.

ਅਕੁੰਡਾ: ਵਿ- ਨਿਰੰਕੁਸ਼. ਜਿਸ ਉੱਪਰ ਕਿਸੇ ਦੀ ਹੁਕੂਮਤ ਨਹੀਂ. ਆਜ਼ਾਦ. ਸ੍ਵਤੰਤ੍ਰ.

ਅਕੁਤੋਭਯ: ਸੰ. ਵਿ- ਨਹੀਂ ਹੈ ਕਿਤੇ ਜਿਸ ਨੂੰ ਡਰ। ੨. ਜੋ ਕਿਸੇ ਤੋਂ ਨਹੀਂ ਡਰਦਾ. ਅਭੈ. ਨਿਰਭੈ.

ਅਕੁੰਭ: ਸੰ. ਅਕੁਮ੍ਭ. ਸੰਗਯਾ- ਕੁੰਭਕਰਣ ਦਾ ਪੁਤ੍ਰ. ਕੁੰਭ ਦਾ ਛੋਟਾ ਭਾਈ. "ਕੁੰਭ ਅਕੁੰਭ ਸੇ ਜੀਤ ਸਭੈ." (ਵਿਚਿਤ੍ਰ) ੨. ਕਈ ਥਾਂ ਅਨਕੁੰਭ ਦੀ ਥਾਂ ਭੀ ਅਕੁੰਭ ਸ਼ਬਦ ਆਇਆ ਹੈ. ਅਨਕੁੰਭ ਦੈਤ ਦੁਰਗਾ ਨੇ ਮਾਰਿਆ ਸੀ. ਇਸ ਦੀ ਕਥਾ ਮਾਰਕੰਡੇਯ ਪੁਰਾਣ ਵਿੱਚ ਹੈ.

ਅਕੁਲ: ਵਿ- ਕੁਲ ਰਹਿਤ ਜਿਸ ਦੀ ਕੁਲ ਨਹੀਂ ਕਰਤਾਰ. "ਕਹਿਤ ਕਬੀਰ ਅਕੁਲ ਨਹੀ ਚੇਤਿਆ." (ਗਉ) ੨. ਅਕੁਲੀਨ.

ਨੀਚ ਕੁਲ ਦਾ.

ਅਕੁਲਾਉਣਾ, ਅਕੁਲਾਨਾ: ਕ੍ਰਿ- ਚਿੱਤ ਵਿੱਚ ਅਕ (ਦੁੱਖ) ਲਿਆਉਣਾ. ਆਕੁਲ ਹੋਣਾ. ਘਬਰਾਉਣਾ. ਵਜਾਕੁਲ ਹੋਣਾ. ਦੇਖੋ, ਆਕੁਲ.

ਅਕੁਲੀਣ, ਅਕੁਲੀਨ: ਵਿ- ਨੀਚ ਕੁਲ ਦਾ. ਕਮੀਨਾ. ਜੋ ਕੁਲੀਨ ਨਹੀਂ। ੨. ਕੁਲਾਚਾਰ (ਕੁਲਰੀਤਿ) ਦਾ ਤਜਾਗੀ। ੩. ਜੋ ਕਿਸੇ ਕੁਲ ਨਾਲ ਸੰਬੰਧ ਨਹੀਂ ਰੱਖਦਾ. "ਅਕੁਲੀਣ ਰਹਿਤਉ ਸ਼ਬਦ ਸੁਸਾਰ." (ਸਿਧਗੋਸਟਿ)

ਅਕੂਅਣਾ, ਅਕੂਆ, ਅਕੂਈਆ: ਸੰ. कृ ਧਾ- ਸ਼ਬਦ ਕਰਨਾ. ਇਵ- ਨਾ ਬੋਲਣ ਵਾਲਾ. ਮੌਨੀ. ਚੁਪਕੀਤਾ. "ਤੈ ਸਹਿ ਨਾਲ ਅਕੂਆਣਾ" (ਵਡ ਮਃ ੧)

"ਏਕ ਫਿਰੈਂ ਰਸ ਰੰਗ ਅਕੂਈਆ." (ਕ੍ਰਿਸਨਾਵ) ੨. ਦੇਖੋ, ਝੂਲਨ ਸਿੰਘ.

ਅਕੂਜ: ਸੰ. ਅਕਾਯੰ. ਵਿ- ਕੁਕਰਮ। ੨. ਦੇਖੋ, ਕੂਜ ਧਾ. ਕਥਨ ਤੋਂ ਬਾਹਰ. ਜਿਸ ਦਾ ਪੂਰਾ ਬਿਆਨ ਨਹੀਂ ਹੋ ਸਕਦਾ. "ਪ੍ਰਜਾ ਦੁਖਾਇ ਅਕੂਜ." (ਗੁਪ੍ਰਸੂ)

ਅਕੂਤ: ਵਿ- ਕੂਤ ਤੋਂ ਬਾਹਰ. ਜਿਸ ਦੀ ਮਿਣਤੀ ਅਤੇ ਤੋਲ ਨਾ ਜਾਣਿਆ ਜਾਵੇ. ਬੇਅੰਦਾਜ਼. ਦੇਖੋ, ਕੂਤ। ੨. ਅਕੁਤਸਿਤ. ਅਨਿੰਦਿਤ.

ਅਕੂਪਾਰ: ਸੰ. ਸੰਗਜਾ- ਨਹੀਂ ਹੈ ਨਿੰਦਿਤ ਪਾਰ ਜਿਸ ਦਾ, ਸਮੁੰਦਰ। ੨. ਉਹ ਕੱਛੂ ਜੋ ਜ਼ਮੀਨ ਹੇਠ ਦੱਸੀਦਾ ਹੈ। ੩. ਸੂਰਜ.

ਅਕੂਯਾ: ਚੁਪ ਕੀਤਾ. ਦੇਖੋ, ਅਕੂਆ. "ਨਾਮ ਅਕੂਯਾ ਸਭ ਹੀ ਕਹੈਂ." (ਗੁਪ੍ਰਸੂ)

ਅਕੂਰ: ਸੰਗਜਾ- ਜੋ ਨਹੀ ਕੂੜ. ਅਸਤਜ ਦੇ ਵਿਰੁੱਧ, ਸੱਚ.

ਅਕੇ: ਦੇਖੋ, ਅਕੈ.

ਅਕੇਰਾਂ, ਅਕੇਰੋ: ਕ੍ਰਿ. ਵਿ- ਇੱਕ ਵਾਰ. ਏਕ ਦਫ਼ਹ ੨. ਦੇਖੋ, ਅਕੇਲਾ। ੩. ਵਿ- ਏਕਾਂਤ. "ਜਬ ਘਾਤ ਬਨੀ ਸੁਭ ਠੌਰ ਅਕੇਰੋ." (ਕ੍ਰਿਸਨਾਵ)

ਅਕੇਲਾ: ਵਿ- ਏਕਲਾ. ਸਾਥੀ ਤੋਂ ਬਿਨਾ. ਤਨਹਾ. ਇਕੱਲਾ. "ਆਗੈ ਹੰਸ ਅਕੇਲਾ." (ਸੋਰ ਕਬੀਰ)

ਅਕੈ: ਵਜ- ਯਾ. ਅਥਵਾ. ਜਾਂ. "ਅਕੈ ਕੋਈ ਕਿਹੁ ਦੇਵਾਏ." (ਵਾਰ ਬਿਲਾ ਮਃ ੪)

ਅਕੋਈ: ਸੰਗਰੂਰ ਤੋਂ ਦੋ ਕੋਹ ਉੱਤਰ ਵੱਲ ਜੀਂਦ ਰਾਜ ਦਾ ਇੱਕ ਪਿੰਡ ਇਸ ਥਾਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ ਸੰਮਤ ੧੬੭੩ ਵਿੱਚ ਸੌਂਟੀ ਤੋਂ ਚੱਲਕੇ ਗੁਰੂ ਜੀ ਇੱਥੇ ਮਾਣਕਚੰਦ ਪ੍ਰੇਮੀ ਦਾ ਪ੍ਰੇਮ ਵੇਖਕੇ ਠਹਿਰੇ ਹਨ.

ਦਰਬਾਰ ਬਣਿਆ ਹੋਇਆ ਹੈ. ਪਾਸ ਹੀ ਰਿਹਾ ਇਸ਼ੀ ਮਕਾਨ ਅਤੇ ਇਕੱ ਸੁੰਦਰ ਦੀਵਾਨਖ਼ਾਨਾ ਹੈ, ਜਿਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਇਨ੍ਹਾਂ ਇਮਾਰਤਾਂ ਦੀ ਸੇਵਾ ਸਰਦਾਰ ਦੀਵਾਨ ਸਿੰਘ ਜੀ ਰਈਸ "ਬਡਰੁੱਖਾ" ਨੇ ਕਰਾਈ ਹੈ. ਦਰਬਾਰ ਦੀ ਪਰਿਕ੍ਰਮਾ ਪਾਸ ਇੱਕ ਕਰੀਰ ਦਾ ਬਿਰਛ ਹੈ, ਜਿਸ ਨਾਲ ਸ੍ਰੀ ਗੁਰੂ ਜੀ ਦਾ ਘੋੜਾ ਬੱਧਾ ਗਿਆ ਸੀ. ਇੱਥੋਂ ਦੇ ਪ੍ਰੇਮੀ ਆਖਦੇ ਹਨ ਕਿ ਇੱਥੇ ਸ਼੍ਰੀ ਗੁਰੂ ਨਾਨਕ ਦੇਵ ਨੇ ਭੀ ਚਰਣ ਪਾਏ ਸਨ.

੧੨੫ ਵਿੱਘੇ ਦੇ ਕਰੀਬ ਜ਼ਮੀਨ ਬਾਬਾ ਮਤਾਬ ਸਿੰਘ ਜੀ ਵੱਲੋਂ ਅਰ ੧੦੦) ਰੁਪਏ ਨਕਦ, ਤੇ ੩. ਰਜਾਈਆਂ ਸਾਲਾਨਾ ਰਿਆਸਤ ਜੀਂਦ ਵੱਲੋਂ ਹਨ. ਇੱਥੋਂ ਦੇ ਮਹੰਤ ਸਿੰਘ ਹਨ, ਜੋ ਪ੍ਰੇਮ ਨਾਲ ਸੇਵਾ ਕਰਦੇ ਹਨ. ਰੇਲਵੇ ਸਟੇਸ਼ਨ ਬਹਾਦੁਰ ਸਿੰਘ ਵਾਲਾ (N. W. Ry. ) ਤੋਂ ਕਰੀਬ ਦੋ ਮੀਲ ਦੱਖਣ ਹੈ.

ਅਕੋਕ: ਵਿ- ਕੋਕ ਸ਼ਾਸਤ੍ਰ ਤੋਂ ਅਣਜਾਣ. "ਕਾਮ ਕੇਲ ਅਕੋਕ." (ਪ੍ਰਿਥੁਰਾਜ)

ਅਕੋੜ: ਸੰ. ਅਕੋਟਿ. ਵਿ- ਬੇਅੰਤ. ਬੇਸ਼ੁਮਾਰ. ਅਗਿਣਤ. ਦੇਖੋ, ਕੋੜ.

ਅਕੋਰ: ਸੰਗਯਾ- ਭੇਟਾ. ਨਜ਼ਰ. ਉਪਹਾਰ. "ਦੀਜੈ ਪ੍ਰਾਨ ਅਕੋਰ." (ਜੈਤ ਮਃ ੫)

ਅਕੰਗ: ਵਿ- ਕੰਗ (ਕਵਚ) ਰਹਿਤ. ਬਿਨਾ ਸੰਜੋ. "ਟੂੱਕੇ ਅਕੰਗ." (ਰਾਮਾਵ) ਦੇਖੋ, ਕੰਗ.

ਅਕੰਟਕ: ਸੰ. अकण्टक- ਵਿ- ਕੰਟਕ ਰਹਿਤ. ਬਿਨਾ ਕੰਡੇ। ੨. ਨਿਰ ਵਿਘਨ। ੩. ਵੈਰੀ ਤੋਂ ਬਿਨਾ. ਜਿਸ ਦਾ ਸ਼ਤ੍ਰੁ ਕੋਈ ਨਹੀਂ.

ਅਕੰਤ੍ਰ: ਸੰ. अकर्तृ- ਅਕਤ੍ਰਿੰ. ਵਿ- ਨਾ ਕਰਨ ਵਾਲਾ. ਅਕਰਤਾ. "ਅਜੰਤ੍ਰੰ ਅਮੰਤ੍ਰੰ ਅਕੰਤ੍ਰੰ." (ਗ੍ਯਾਨ) ੨. ਏਕਾਂਤੀ.

ਅਕੰਥ: ਵਿ- ਜੋ ਕਥਨ ਨਾ ਕੀਤਾ ਜਾ ਸਕੇ. ਅਕਥ੍ਯ. ਬਿਆਨ ਤੋਂ ਬਾਹਰ. "ਭੂਮਾਦਿ ਦਾਨ ਦੀਨੇ ਅਕੰਥ." (ਗ੍ਯਾਨ) ੨. ਕੰਥਾ ਬਿਨਾ. ਦੇਖੋ, ਕੰਥਾ.

ਅਕੰਪਨ: ਸੰ. अकम्पन. ਸੰਗਯਾ- ਨਾ ਕੰਬਣ ਦੀ ਹਾਲਤ. ਕਾਇਮੀ. ਸਥਿਰਤਾ। ੨. ਰਾਵਣ ਦਾ ਇੱਕ ਮੰਤ੍ਰੀ ਅਤੇ ਸੈਨਾਨੀ. ਇਹ ਰਾਵਣ ਦਾ ਮਾਮਾ, ਸੁਮਾਲੀ ਦਾ ਪੁਤ੍ਰ ਸੀ. ਇਸ ਦੀ ਮਾਂ ਦਾ ਨਾਉਂ ਕੇਤੁਮਾਲਿਨੀ ਸੀ. ਇਸ ਦੀ ਭੈਣ "ਕੈਕਸੀ" ਰਾਵਣ ਦੀ ਮਾਤਾ ਸੀ. ਹਨੂਮਾਨ ਨੇ ਇਸ ਨੂੰ ਜੰਗ ਵਿੱਚ ਮਾਰਿਆ. "ਬਾਰਿਦ ਨਾਦ ਅਕੰਪਨ ਸੇ." (ਵਿਚਿਤ੍ਰ) ਦੇਖੋ, ਧੂਮ੍ਰਾਛ ਅਤੇ ਪ੍ਰਹਸਤ। ੩. ਹਰਿਵੰਸ਼ ਅਨੁਸਾਰ ਇੱਕ ਭਾਰਤ ਦਾ ਰਾਜਾ, ਜੋ ਹਰਿ ਦਾ ਪਿਤਾ ਸੀ.

ਅੱਕਣਾ: ਦੇਖੋ, ਅਕਣਾ.

ਅਕ੍ਯਥ: ਦੇਖੋ, ਅਕਥ ਅਤੇ ਅਕਯਥ.

ਅਕ੍ਰਯ: ਵਿ- ਅਕ੍ਰਿਯ. ਕ੍ਰਿਯਾ (ਹਰਕਤ) ਰਹਿਤ. ਸ੍ਥਿਰ. ਅਚਲ. "ਅਕ੍ਰਯ ਏਕ ਪਰਾਤਮ ਪੂਰਨ" (ਨਾਪ੍ਰ) ੨. ਜੋ ਕ੍ਰਯ (ਖਰੀਦ) ਨਾ ਕੀਤਾ ਜਾ ਸਕੇ.

ਅਕ੍ਰਿਸ਼: ਵਿ- ਜੋ ਕ੍ਰਿਸ਼ (कृश) ਨਹੀਂ. ਜੋ ਦੁਰਬਲ ਅਤੇ ਮਾੜਾ ਨਹੀਂ। ੨. ਜੋ ਕ੍ਰਿਸ਼ (ਖਿੱਚਣ) ਲਾਇਕ ਨਹੀਂ. ਅਕ੍ਰਿਸ਼੍ਯ.

ਅਕ੍ਰਿਤ: ਸੰ. अकृत. ਵਿ- ਨਾ ਕੀਤਾ ਹੋਇਆ. ਨਾ ਬਣਾਇਆ ਹੋਇਆ। ੨. ਸੰ. अकृत्य- ਅਕ੍ਰਿਤ੍ਯ. ਵਿ- ਨਾ ਕਰਨ ਯੋਗ੍ਯ ਕਰਮ. ਕੁਕਰਮ "ਅਕ੍ਰਿਤ ਕਰਮਾ." (ਰਾਮਾਵ)

ਅਕ੍ਰਿਤਕ੍ਰਿਤ: ਵਿ- ਜੋ ਕੰਮ ਕਿਸੇ ਤੋਂ ਨਾ ਕੀਤਾ ਜਾਵੇ, ਉਸ ਦੇ ਕਰਨ ਵਾਲਾ. "ਤੇਜ ਸੁ ਰਾਸੀ ਅਕ੍ਰਿਤ ਕ੍ਰਿਤੰ." (ਗ੍ਯਾਨ)

ਅਕ੍ਰਿਤਗ੍ਯ: ਸੰ. अकृतज्ञ. ਵਿ- ਕੀਤੇ ਉਪਕਾਰ ਨੂੰ ਨਾ ਜਾਣਨ ਵਾਲਾ. ਨਾ ਸ਼ੁਕਰਾ. ਜੋ ਕ੍ਰਿਤਗ੍ਯ ਨਹੀਂ.

ਅਕ੍ਰਿਤਮ: अकृत्रिम- ਅਕ੍ਰਿਤ੍ਰਿਮ. ਵਿ- ਜੋ ਬਣਾਉਟੀ ਨਹੀਂ. ਸੁਤੇਸਿੱਧ। ੨. ਅਸਲੀ. ਸੱਚਾ.

ਅਕ੍ਰਿਤਾਕ੍ਰਿਤ, ਅਕ੍ਰਿਤਾਕ੍ਰਿਤਿ: ਅਕ੍ਰਿਤ- ਆਕ੍ਰਿਤਿ. ਵਿ- ਜਿਸ ਦਾ ਸਰੂਪ ਕਿਸੇ ਦਾ ਬਣਾਇਆ ਹੋਇਆ ਨਹੀਂ. ਜੋ ਆਪ ਹੀ ਅਨੇਕ ਰੂਪ ਧਾਰਦਾ ਹੈ, ਪਰ ਕਿਸੇ ਦਾ ਕਾਰਯ ਨਹੀਂ. "ਅਕ੍ਰਿਤਾਕ੍ਰਿਤ ਹੈ." (ਜਾਪੁ)

ਅਕ੍ਰਿਯ: ਵਿ- ਕ੍ਰਿਯਾ ਰਹਿਤ. ਜਿਸ ਵਿੱਚ ਕੋਈ ਕ੍ਰਿਯਾ ਨਹੀਂ ਪਾਈ ਜਾਂਦੀ.

ਅਕ੍ਰੂਰ, ਅਕ੍ਰੂਰੁ: ਸੰ. अक्रूर- ਵਿ- ਜੋ ਨਹੀਂ ਕ੍ਰੂਰ (ਬੇਰਹਮ). ਦਿਆਲੂ। ੨. ਜੋ ਕ੍ਰੋਧੀ ਨਹੀਂ. ਸ਼ਾਂਤ ਸੁਭਾਉ ਵਾਲਾ। ੩. ਸੰਗਯਾ- ਯਾਦਵਵੰਸ਼ੀ ਕ੍ਰਿਸ਼ਨ ਜੀ ਦਾ ਚਾਚਾ, ਜੋ ਸ਼੍ਵਫਲਕ ਦਾ ਪੁਤ੍ਰ ਗਾਂਦਿਨੀ ਦੇ ਉਦਰੋਂ ਸੀ. ਏਹ ਕਿਸ਼ਨ ਜੀ ਅਤੇ ਬਲਰਾਮ ਨੂੰ ਕੰਸ ਵੱਲੋਂ ਜੱਗ ਦਾ ਨਿਉਂਦਾ ਦੇਕੇ ਗੋਕੁਲ ਤੋਂ ਮਥੁਰਾ ਲੈ ਗਿਆ ਸੀ, ਜਿੱਥੇ ਕ੍ਰਿਸ਼ਨ ਜੀ ਨੇ ਆਪਣੀ ਵੀਰਤਾ ਨਾਲ ਕੰਸ ਨੂੰ ਮਾਰਕੇ ਆਪਣੇ ਨਾਨਾ ਉਗ੍ਰੇਸਨ ਨੂੰ ਰਾਜਸਿੰਘਾਸਨ ਪੁਰ ਬੈਠਾਇਆ. "ਉਧਉ ਅਕ੍ਰੂਰੁ ਬਿਦਰੁ ਗੁਣ ਗਾਵੈ." (ਸਵੈਯੇ ਮਃ ੧. ਕੇ) "ਮੋਹਿ ਅਬੈ ਅਕ੍ਰੂਰ ਕੇ ਹਾਥ ਬੁਲਾਯ ਪਠੇਜੋ ਮਥੁਰਾ ਹੂੰ ਕੇ ਰਾਈ." (ਕ੍ਰਿਸ਼ਨਾਵ)

ਅਕ੍ਰੈ: ਦੇਖੋ, ਅਕ੍ਰਿਯ.

ਅਕ੍ਸ਼: ਸੰ. अक्ष- ਧਾ- ਘੁਸਣਾ. ਪੈਠਨਾ. ਮਨਵਾਂਛਿਤ ਪ੍ਰਾਪਤ ਹੋਣਾ. ਵ੍ਯਾਪਨਾ. ਜਮਾ ਹੋਣਾ। ੨. ਸੰਗ੍ਯਾ- ਰਾਵਣ ਦਾ ਇੱਕ ਪੁਤ੍ਰ, ਜਿਸ ਨੂੰ ਹਨੂਮਾਨ ਨੇ ਅਸ਼ੋਕਵਾਟਿਕਾ ਉਜਾੜਨ ਸਮੇਂ ਮਾਰਿਆ. ਇਸ ਦਾ ਪੂਰਾ ਨਾਉਂ ਅਕ੍ਸ਼ਯ ਕੁਮਾਰ ਹੈ। ੩. ਪਾਸਾ. ਗੋਟੀ. ਨਰਦ. ਡਾਲਨਾ। ੪. ਧੁਰ. ਲੱਠ। ੫. ਨੇਤ੍ਰ. ਅੱਖ। ੬. ਗਰੁੜ। ੭. ਰੁਦ੍ਰਾਕ੍ਸ਼। ੮. ਸੋਲਾਂ ਮਾਸ਼ੇ ਤੋਲ। ੯. ਆਤਮਾ। ੧੦. ਡਿੰਗ. ਬਹੇੜੇ ਦਾ ਬਿਰਛ.

ਅਕ੍ਸ਼ਤ: ਦੇਖੋ, ਅਛਤ.

ਅਕ੍ਸ਼ ਮਾਲਾ: ਸੰ. ਸੰਗ੍ਯਾ- ਰੁਦ੍ਰਾਕ੍ਸ਼ ਦੇ ਮਣਕਿਆਂ ਦੀ ਮਾਲਾ। ੨. "ਅ" ਤੋਂ ਲੈਕੇ "ਕ੍ਸ਼" ਤੀਕ ਅੱਖਰਾਂ ਦੀ ਗਿਣਤੀ ਅਨੁਸਾਰ ਕਲਪੀ ਹੋਈ ਮਾਲਾ.

ਅਕ੍ਸ਼ਮੀ: ਸੰ. ਅਕ੍ਸ਼ਮ. ਵਿ- ਕ੍ਸ਼ਿਮਾ (ਛਿਮਾ) ਰਹਿਤ। ੨. ਅਸਮਰਥ.

ਅਕ੍ਸ਼ਯ: ਸੰ. ਵਿ- ਅਖੈ. ਜਿਸ ਦਾ ਕ੍ਸ਼ਯ (ਨਾਸ਼) ਨਾ ਹੋਵੇ. ਅਵਿਨਾਸ਼ੀ.

ਅਕ੍ਸ਼ਯਵਟ: ਦੇਖੋ, ਅਖੈਬਟ.

ਅਕ੍ਸ਼ਰ: ਦੇਖੋ, ਅਖਰ.

ਅਕ੍ਸ਼ਰਾਂ ਦੇ ਸ੍‍ਥਾਨ: ਦੇਖੋ, ਚਿਤ੍ਰ ੪. ਦਾ ਫੁਟਨੋਟ.

ਅਕ੍ਸ਼ਰਾਂਧ: ਵਿਦ੍ਯਾ ਦੇ ਮਦ ਨਾਲ ਅੰਨ੍ਹਾ. ਦੇਖੋ, ਵਾਉ ਦੁਆਉ.

ਅਕ੍ਸ਼ਿ: ਸੰ. ਨੇਤ੍ਰ. ਅੱਖ। ੨. ਦੋ ਦੀ ਗਿਣਤੀ. ਦੋ.

ਅਕ੍ਸ਼ੋਣੀ: ਦੇਖੋ, ਖੂਹਣਿ.

ਅਖ: ਦੇਖੋ, ਅਕ੍ਸ਼। ੨. ਡਿੰਗ. ਸੰਗ੍ਯਾ- ਬਾਗ. ਬਗੀਚਾ। ੩. ਦੇਖੋ, ਅਖਿ। ੪. ਦੇਖੋ, ਅਖੁਨ. ੨.

ਅਖਉ, ਅਖਇ, ਅਖਇਓ: ਵਿ- ਅਕ੍ਸ਼ਯ. ਅਵਿਨਾਸ਼ੀ. "ਅਟਲ ਅਖਇਓ ਦੇਵਾ." (ਮਾਰੂ ਮਃ ੫)

ਅਖਸਰ: ਦੇਖੋ, ਅਕਸਰ.

ਅਖ਼ਗਰ: ਫ਼ਾ. اخگر ਸੰਗ੍ਯਾ- ਅੱਗ ਦੀ ਚਿੰਗਾਰੀ. ਵਿਸ੍‍ਫੁਲਿੰਗ. ਚਿਣਗ.

ਅਖਜ: ਅ਼. اخذ ਅਖ਼ਜ. ਸੰਗ੍ਯਾ- ਲੈਣਾ। ੨. ਪਕੜਨਾ. ਗ੍ਰਹਣ ਕਰਨਾ. ਫੜਨਾ.

ਅਖਡਾ: ਵਿ- ਬਲਵਾਨ. ਪ੍ਰਬਲ। ੨. ਖੱਡ (ਛਿਦ੍ਰ) ਰਹਿਤ. ਸਾਬਤ.

ਅਖ਼ਤਰ: ਫ਼ਾ. اختر ਸੰਗ੍ਯਾ- ਤਾਰਾ. ਨਛਤ੍ਰ. "ਰੌਸ਼ਨਦਿਮਾਗ ਅਖ਼ਤਰ." (ਰਾਮਾਵ) ੨. ਸ਼ਕੁਨ. ਫਾਲ। ੩. ਝੰਡਾ. ਨਿਸ਼ਾਨ.

ਅਖਤਾ: ਦੇਖੋ, ਆਖਤਾ.

ਅਖਤਿਆਰ: ਦੇਖੋ, ਇਖ਼ਤ੍ਯਾਰ.

ਅਖਨੀ: ਫ਼ਾ. یخنی ਯਖ਼ਨੀ ਸੰਗ੍ਯਾ- ਮਾਸੇ ਦਾ ਗਾੜ੍ਹਾ ਸ਼ੋਰਵਾ. "ਸਾਲਨ ਔ ਅਖਨੀ ਬਿਰੀਆਂ (ਕ੍ਰਿਸਨਾਵ) ੨. ਭੋਜਨ ਦਾ ਜ਼ਖੀਰਾ ਵਿ- ਰਿੱਝਿਆ ਹੋਇਆ (ਪਕ)

ਅਖ਼ਬਾਰ: ਅ਼. اخبار ਖ਼ਬਰ ਦਾ ਬਹੁ ਵਚਨ. "ਲਵਪੁਰ ਤੇ ਆਈ ਅਖਬਾਰੂ" (ਗੁਪ੍ਰਸੂ) ੨. ਸਮਾਚਾਰਪਤ੍ਰ. Newspaper.

ਅਖਯ: ਦੇਖੋ, ਅਕ੍ਸ਼ਯ.

ਅਖਰ: ਸੰ. ਅਕ੍ਸ਼ਰ. ਸੰਗ੍ਯਾ- ਵਰਣ. ਹ਼ਰਫ਼ ਬਾਣੀ ਦੇ ਲਿਖਣ ਲਈ ਥਾਪੇ ਹੋਏ ਚਿੰਨ੍ਹ. "ਅਖਰ ਕਾ ਭੇਉ ਨ ਲਹੰਤ." (ਵਾਰ ਸਾਰ ਮਃ ੧) ੨. ਵਿ- ਜੋ ਖਰਦਾ ਨਹੀਂ. ਅਵਿਨਾਸ਼ੀ। ੩. ਸੰਗ੍ਯਾ- ਪਾਰਬ੍ਰਹਮ. ਇੱਕਰਸ ਰਹਿਣ ਵਾਲਾ ਕਰਤਾਰ.[54] "ਏ ਅਖਰ ਖਿਰਿ ਜਾਂਹਿਗੇ, ਓਇ ਅਖਰ ਇਨ ਮਹਿ ਨਾਹਿ." (ਗਉ ਕਬੀਰ, ਬਾਵਨ) ੪. ਸੰਗ੍ਯਾ- ਉਪਦੇਸ਼. "ਅਖਰ ਨਾਨਕ ਅਖਿਓ ਆਪਿ." (ਵਾਰ ਮਾਝ ਮਃ ੧) ੫. ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰ. "ਕਵਣੁ ਸੁ ਅਖਰੁ ਕਵਣ ਗੁਣੁ ਕਵਣੁ ਸੁ ਮਣੀਆ ਮੰਤੁ." (ਸ. ਫਰੀਦ) ੬. ਨਾਮਮਾਤ੍ਰ. ਓਹ ਪਦਾਰਥ ਜੋ ਸੰਗ੍ਯਾ ਰੱਖਦੇ ਹਨ. "ਦ੍ਰਿਸਟ ਮਾਨ ਅਖਰ ਹੈ ਜੇਤਾ." (ਬਾਵਨ)

ਅਖਰ ਕਾ ਭੇਉ: ਸੰਗ੍ਯਾ- ਵ੍ਯਾਕਰਣ ਵਿਦ੍ਯਾ. "ਅਖਰ ਕਾ ਭੇਉ ਨ ਲਹੰਤ" (ਵਾਰ ਸਾਰ ਮਃ ੧) ੨. ਵਾਕ੍ਯ ਦਾ ਤਾਤਪਰਯ (ਮਤਲਬ).

ਅਖਰਬ: ਸੰ. अखर्ब. ਵਿ- ਖਰਬ ਗਿਣਤੀ ਤੋਂ ਬਾਹਰ, ਭਾਵ- ਬੇਸ਼ੁਮਾਰ ਬੇਅੰਤ। ੨. ਜੋ ਨਹੀਂ ਖਰਬ (ਛੋਟਾ). ਵਡਾ. "ਗਰਬ ਅਖਰਬ ਦੂਰ ਹਨਐਗਯੋ." (ਚੰਦ੍ਰਾਵ) ੩. ਲੰਮਾ. ਜੋ ਖਰ੍ਬ (ਬਾਂਉਨਾਂ) ਨਹੀਂ.

ਅਖਰੋਟ: ਸੰ. ਅਕ੍ਸ਼ੋਟ. ਸੰਗ੍ਯਾ- ਇੱਕ ਬਿਰਛ, ਜਿਸ ਦੇ ਫਲ ਦਾ ਨਾਉਂ ਭੀ ਅਖਰੋਟ ਹੈ. ਇਹ ਬਹੁਤ ਗਰਮ ਥਾਂ ਵਿੱਚ ਨਹੀਂ ਹੁੰਦਾ, ਇਸ ਦੀ ਲੱਕੜ ਬਹੁਤ ਸੁੰਦਰ ਹੁੰਦੀ ਹੈ, ਜਿਸ ਤੋਂ ਅਨੇਕ ਪ੍ਰਕਾਰ ਦੀਆਂ ਚੀਜਾਂ ਬਣਦੀਆਂ ਹਨ, ਕਸ਼ਮੀਰ ਵਿੱਚ ਅਖਰੋਟ ਬਹੁਤ ਹੁੰਦਾ ਹੈ, ਅਤੇ ਇਸ ਦਾ ਸਾਮਾਨ ਭੀ ਮਨੋਹਰ ਬਣਦਾ ਹੈ. ਅਖਰੋਟ ਫਲ ਦੀ ਗਿਰੀ ਗਰਮ ਤਰ ਅਤੇ ਖਾਣ ਵਿੱਚ ਸੁਆਦੀ ਹੁੰਦੀ ਹੈ. L. Aleurites troiloba. ਅੰ. Walnut.

ਅਖਲ: ਸੰ. ਅਖਿਲ. ਵਿ- ਸਾਰਾ. ਪੂਰਾ. ਤਮਾਮ. ਸਬ. ਸਭ. "ਅਖਲ ਭਵਨ ਕੇ ਸਿਰਜਨਹਾਰੇ." (ਚਰਿਤ੍ਰ ੪੦੫) ੨. ਜੋ ਨਹੀਂ ਖਲ (ਨੀਚ). ੩. ਜੋ ਖਲ (ਮੂਰਖ) ਨਹੀਂ. ਸਿਆਣਾ. ਸੁਜਾਨ.

ਅਖ਼ਲਾਕ, ਅਖ਼ਲਾਕ਼: ਅ਼. اخلاق ਖ਼ੁਲਕ਼ ਦਾ ਬਹੁ ਵਚਨ. ਸੰਗ੍ਯਾ- ਆਚਾਰ. ਚਾਲ ਚਲਨ। ੨. ਸੁਭਾਉ. ਪ੍ਰਕ੍ਰਿਤਿ। ੩. ਸਭ੍ਯਤਾ. ਤਹਜੀਬ.

ਅਖਲੀ ਊਡੀ: ਮਲਾਰ ਰਾਗ ਦੀ ਅਸਟਪਦੀ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਦਾ ਸ਼ਬਦ ਹੈ:-

੧. ਅਖਲੀ ਊਂਡੀ ਜਲੁ ਭਰ ਨਾਲਿ,

੨. ਡੂਗਰ ਊਚਉ ਗੜੁ ਪਾਤਾਲਿ,

੨. ਸਾਗਰੁ ਸੀਤਲੁ ਗੁਰਸਬਦਿ ਵੀਚਾਰਿ.

ਇਸ ਦਾ ਭਾਵ ਹੈ:-

੧. ਅਖਿਲ (ਤਮਾਮ) ਨਾਲਿ (ਨਦੀਆਂ) ਜਲ ਨਾਲ ਪੂਰਿਤ ਊਂਡੀ (ਨਿਵਾਂਣ ਵੱਲ) (ਤੇਜ਼ ਚਾਲ ਨਾਲ ਚਲੀਆਂ) ੨. ਉੱਚੇ ਪਹਾੜਾਂ ਤੋਂ ਪਾਤਾਲ (ਹੇਠਾਂ) ਨੂੰ ਗੜੁ (ਖਾਈ) ਕਰਦੀਆਂ. ੩. ਸਮੁੰਦਰ ਵਿੱਚ ਪੈਕੇ ਸ਼ਾਂਤ ਹੋ ਗਈਆਂ। ਭਾਵ- ਚਾਲ ਬੰਦ ਹੋ ਗਈ. ਇਸੇ ਤਰ੍ਹਾਂ ਗੁਰੂ ਸ਼ਬਦ ਦੇ ਵਿਚਾਰ ਕਰਕੇ ਮਨ ਦੀਆਂ ਤੇਜ਼ ਚਾਲਾਂ ਅਤੇ ਹੌਮੈ ਦੀਆਂ ਲਹਿਰਾਂ ਆਤਮਗ੍ਯਾਨ ਵਿੱਚ ਲੀਨ ਹੋਣ ਤੋਂ ਮਿਟ ਗਈਆਂ.[55]

ਅਖਲੇਸ: ਵਿ- ਅਖਿਲ- ਈਸ਼. ਅਖਿਲੇਸ਼. ਸਭ ਦਾ ਸ੍ਵਾਮੀ ਕਰਤਾਰ.

ਅਖੜੀ: ਸੰ. ਅਕ੍ਸ਼ਿ- ਅੱਖ. ਨੇਤ੍ਰ. "ਨਾਨਕ ਸੇ ਅਖੜੀਆ ਬਿਅੰਨ." (ਵਡ ਛੰਤ ਮਃ ੫)

---

[54] ਦੇਖੋ, ਵਿਸ਼ਨੁ ਪੁਰਾਣ ਅੰਸ਼ ੧, ਅਃ ੨੨.

[55] ਗ੍ਯਾਨੀ ਇਨ੍ਹਾਂ ਤੁਕਾਂ ਦਾ ਅਰਥ ਕੂੰਜਾਂ ਤੇ ਘਟਾਉਂਦੇ ਹਨ, ਅਤੇ ਦਸਦੇ ਹਨ ਕਿ ਉਹ ਜਲ ਨਾਲ ਕੰਠ ਦੀਆਂ ਨਾਲੀਆਂ ਭਰਕੇ ਉਡਦੀਆਂ ਹਨ.

ਅਖਾਉਤ: ਸੰਗਜਾ- ਅਖਾਵਤ. ਆਖ੍ਯਾਨ. ਕਹਾਵਤ. ਕਹਾਣੀ. ਦੇਖੋ, ਅਖਾਣ ਅਤੇ ਲੋਕੋਕ੍ਤਿ.

ਅਖਾਜ: ਦੇਖੋ, ਅਖਾਦ੍ਯ. ਅਭਖ. "ਘਰ ਘਰ ਮੰਗਨ ਖਾਜ ਅਖਾਜੇ." (ਭਾਗੁ)

ਅਖਾਣ: ਸੰ. ਆਖ੍ਯਾਨ. ਸੰਗਜਾ- ਕਥਾ. ਪ੍ਰਸੰਗ. ਕਹਾਣੀ। ੨. ਕਹਾਵਤ. ਜ਼ਰਬੁਲਮਸਲ. Proverb. ਦੇਖੋ, ਲੋਕੋਕ੍ਤਿ.

ਅਖਾਤੀਜ: ਦੇਖੋ, ਅਖੈਤੀਜ.

ਅਖਾਦ, ਅਖਾਦਿ, ਅਖਾਦ੍ਯ, ਅਖਾਦਿ੍ਯ, ਅਖਾਧ, ਅਖਾਧਿ: ਸੰ. ਅਖਾਦ੍ਯ ਵਿ- ਨਾ ਖਾਣ ਯੋਗ੍ਯ. ਅਭੱਖ. ਅਭਕ੍ਸ਼੍ਯ. "ਅਖਾਦਿ੍ਯ ਖਾਦ੍ਯੰ." (ਸਹਸ ਮਃ ੫) "ਅਖਾਧਿ ਖਾਹਿ ਹਰਕਾਇਆ." (ਆਸਾ ਮਃ ੫)

ਅਖਾਰਾ: ਦੇਖੋ, ਅਖਾੜਾ. "ਜਿਉ ਬੇਸ੍ਵਾ ਕੇ ਪਰੈ ਅਖਾਰਾ." (ਭੈਰ ਨਾਮਦੇਵ) ੨. ਵਿ- ਜੋ ਨਹੀਂ ਖਾਰਾ. ਕ੍ਸ਼ਾਰ ਰਹਿਤ.

ਅਖਾਵਤ: ਦੇਖੋ, ਅਖਾਣ ਅਤੇ ਲੋਕੋਕ੍ਤਿ.

ਅਖਾੜ: ਸੰ. ਆਸ਼ਾਢ. ਹਾੜ੍ਹ ਦਾ ਮਹੀਨਾ. ਜਿਸ ਦੀ ਪੂਰਨਮਾਸੀ ਵਿੱਚ ਪੂਰ੍ਵਾਸ਼ਾਢਾ ਅਥਵਾ ਉੱਤਰਾਸ਼ਾਢਾ ਨਛਤ੍ਰ ਹੁੰਦਾ ਹੈ.

ਅਖਾੜਾ: ਸੰ. ਅਕ੍ਸ਼ਾਰ- ਅਕ੍ਸ਼ਾਰ. ਸੰਗਜਾ- ਰੰਗਭੂਮਿ. ਓਹ ਥਾਂ ਜਿੱਥੇ ਨਟਾਕ ਦੇ ਤਮਾਸ਼ੇ ਖੇਡੇ ਜਾਣ. Theatre. "ਸਭ ਤੇਰਾ ਖੇਲ ਅਖਾੜਾ ਜੀਉ." (ਮਾਝ ਮਃ ੫) ੨. ਮੱਲਯੁੱਧ ਦੀ ਭੂਮੀ। ੩. ਰਣਭੂਮਿ. "ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭ ਆਣਿ ਨਿਵਾਏ." (ਵਾਰ ਗਉ ੧, ਮਃ ੪)

"ਬਿਖਮ ਅਖਾੜਾ ਮੈ ਗੁਰੁ ਮਿਲਿ ਜੀਤਾ." (ਆਸਾ ਛੰਤ ਮਃ ੫) ੪. ਸਾਧੂਆਂ ਦਾ ਡੇਰਾ। ੫. ਸੰਤਾਂ ਦੀ ਮੰਡਲੀ. ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਨਿਯਮਾਂ ਵਿੱਚ ਆਏ ਹੋਏ ਧਰਮ ਪ੍ਰਚਾਰਕ ਜਥੇ "ਅਖਾੜਾ" ਨਾਉਂ ਤੋਂ ਪ੍ਰਸਿੱਧ ਹਨ, ਜਿਨ੍ਹਾਂ ਦੀ ਸੰਖੇਪ ਕਥਾ ਇਹ ਹੈ:-

(ੳ) ਉਦਾਸੀਨ ਮਤ ਦੇ ਭੂਖਣ ਮਹਾਤਮਾ ਪ੍ਰੀਤਮ ਦਾਸ ਜੀ ਨੇ ਇੱਕ ਵਾਰ ਮਨ ਵਿੱਚ ਵਿਚਾਰ ਕੀਤਾ ਕਿ ਗੁਰੁਮਤ ਦੇ ਸਾਧੂਆਂ ਨੂੰ ਤੀਰਥਾਂ ਦੇ ਮੇਲਿਆਂ ਤੇ ਰਹਿਣ ਅਤੇ ਭੋਜਨ ਦੀ ਭਾਰੀ ਤਕਲੀਫ ਹੁੰਦੀ ਹੈ, ਇਸ ਲਈ ਕੋਈ ਅਜੇਹਾ ਪ੍ਰਬੰਧ ਕਰਨਾ ਚਾਹੀਏ, ਜਿਸ ਤੋਂ ਇਹ ਕਮੀ ਪੂਰੀ ਹੋ ਜਾਵੇ. ਪ੍ਰਮਾਤਮਾ ਨੇ ਸ਼ੁੱਧ ਸੰਕਲਪ ਪੂਰਣ ਕਰਨ ਲਈ ਨਜਾਮ ਹੈਦਰਾਬਾਦ ਦੇ ਵਜ਼ੀਰ ਚੰਦੂ ਲਾਲ ਦੇ ਚਾਚੇ ਨਾਨਕਚੰਦ ਦਾ ਮਨ ਪ੍ਰੇਰਿਆ, ਜਿਸ ਨੇ ਸੱਤ ਲੱਖ ਰੁਪਯਾ ਪ੍ਰੀਤਮਦਾਸ ਜੀ ਦੀ ਭੇਟਾ ਕੀਤਾ. ਸੰਤ ਜੀ ਨੇ ਇਹ ਰੁਪਯਾ ਪ੍ਰਯਾਗ ਵਿੱਚ ਲਿਆਕੇ ਉਦਾਸੀ ਸੰਤਾਂ ਅੱਗੇ ਰੱਖਕੇ ਆਖਿਆ ਕਿ ਸਾਨੂੰ ਭੀ ਸੰਨਜਾਸੀ ਵੈਰਾਗੀ ਸਾਧਾਂ ਦੇ ਅਖਾੜਿਆਂ ਦੀ ਤਰ੍ਹਾਂ ਆਪਣਾ ਜੁਦਾ ਅਖਾੜਾ ਬਣਾਉਣਾ ਲੋੜੀਏ, ਜਿਸ ਤੋਂ ਤੀਰਥਾਂ ਉਤੇ ਸਾਡੇ ਭਾਈ ਸੁਤੰਤ੍ਰ ਰਹਿਕੇ ਨਿਰਵਾਹ ਕਰਨ ਅਤੇ ਦੇਸਾਂ ਵਿੱਚ ਗੁਰੁਮਤ ਦਾ ਪ੍ਰਚਾਰ ਹੋਵੇ.

ਨਿਰਵਾਣ ਪ੍ਰੀਤਮਦਾਸ ਜੀ ਦੀ ਸਿਖ੍ਯਾ ਅਨੁਸਾਰ ਸੰਮਤ ੧੮. ੩੬ ਵਿੱਚ ਪੰਚਾਇਤੀ ਅਖਾੜੇ ਦੀ ਰਚਨਾ ਹੋਈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਸਭ ਤੋਂ ਪ੍ਰਧਾਨ ਅਤੇ ਉਨ੍ਹਾਂ ਦੀ ਤਾਬੇ ਚਾਰ ਮਹੰਤ- ਗੰਗਾ ਰਾਮ, ਕੂਟਸ੍ਥ ਬ੍ਰਹਮ, ਅਰੂਪ ਬ੍ਰਹਮ ਅਤੇ ਅਟਲ ਬ੍ਰਹਮ ਥਾਪੇ. ਅਤੇ ਤੰਬੂ, ਚਾਂਦਨੀ, ਦਰੀਆਂ, ਗਲੀਚੇ, ਘੋੜੇ, ਊਠ, ਗੱਡੇ, ਲੰਗਰ ਦੇ ਬਰਤਨ, ਵਾਜੇ ਆਸੇ ਛਤ੍ਰ ਆਦਿ ਸਭ ਸਾਮਾਨ ਬਣਾਇਆ, ਅਤੇ ਅਜੇਹੇ ਉੱਤਮ ਨਿਯਮ ਬੰਨ੍ਹੇ ਕਿ ਇੰਤਜਾਮ ਵਿੱਚ ਕਦੀ ਵਿਘਨ ਨਾ ਪਵੇ. ਇਸ ਅਖਾੜੇ ਦਾ ਸਦਰ ਮੁਕਾਮ ਪ੍ਰਯਾਗ ਹੈ, ਪਰ ਕਨਖਲ, ਕਾਸ਼ੀ ਆਦਿ ਅਸਥਾਨਾਂ ਵਿੱਚ ਭੀ ਇਸ ਦੀਆਂ ਬਹੁਤ ਇਮਾਰਤਾਂ ਹਨ.

(ਅ) ਸੰਮਤ ੧੯੯੬ ਵਿੱਚ ਕਿਸੇ ਗੱਲੋਂ ਪੰਚਾਇਤੀ ਅਖਾੜੇ ਨਾਲ ਸੰਗਤ ਸਾਹਿਬ (ਭਾਈ ਫੇਰੂ) ਦੀ ਸੰਪ੍ਰਦਾਯ ਦੇ ਸਾਧੂ ਸੰਤੋਖ ਦਾਸ, ਹਰਿ ਨਾਰਾਯਣ ਦਾਸ, ਸੂਰ ਦਾਸ ਜੀ ਆਦਿ ਦਾ ਵਿਗਾੜ ਹੋ ਗਿਆ. ਇਸ ਕਾਰਣ ਉਨ੍ਹਾਂ ਨੇ ਮਿਲਕੇ "ਸ਼੍ਰੀ ਗੁਰੁ ਨਯਾ ਅਖਾੜਾ ਉਦਾਸੀਨ" ਬਣਾਇਆ, ਜਿਸ ਨੂੰ ਲੋਕ 'ਉਦਾਸੀਆਂ ਦਾ ਛੋਟਾ ਅਖਾੜਾ' ਆਖਦੇ ਹਨ. ਇਸ ਦਾ ਸਦਰ ਮੁਕਾਮ

ਕਨਖਲ ਹੈ ਅਤੇ ਹੋਰ ਸਾਰੇ ਤੀਰਥਾਂ ਤੇ ਸੁੰਦਰ ਮਕਾਨ ਹਨ. ਪ੍ਰਬੰਧ ਪੰਚਾਯਤੀ ਅਖਾੜੇ ਵਾਂਙ ਹੀ ਬਹੁਤ ਚੰਗਾ ਹੈ.[56]

(ੲ) ਉਦਾਸੀਆਂ ਵਾਂਙ ਨਿਰਮਲੇ ਸੰਤਾਂ ਨੇ ਜਦ ਆਪਣੇ ਮਤ ਦੇ ਸੰਤਾਂ ਦਾ ਤੀਰਥਾਂ ਤੇ ਦੂਜੇ ਸਾਧੂਆਂ ਤੋਂ ਅਪਮਾਨ ਡਿੱਠਾ, ਤਾਂ ਇਨ੍ਹਾਂ ਦੇ ਮਨ ਵਿੱਚ ਭੀ ਆਪਣਾ ਜੁਦਾ ਅਖਾੜਾ ਬਣਾਉਣ ਦਾ ਖਿਆਲ ਆਇਆ. ਭਾਈ ਤੋਤਾ ਸਿੰਘ ਜੀ, ਰਾਮ ਸਿੰਘ ਜੀ, ਮਤਾਬ ਸਿੰਘ ਜੀ ਆਦਿਕ ਗੁਰੁਮੁਖ ਸੰਤਾਂ ਦੀ ਪ੍ਰੇਰਣਾ ਕਰਕੇ ਸੰਮਤ ੧੯੧੮ ਵਿੱਚ ਮਹਾਰਾਜਾ ਨਰੇਂਦ੍ਰ ਸਿੰਘ ਜੀ ਪਟਿਆਲਾਪਤੀ, ਮਹਾਰਾਜਾ ਭਰਪੂਰ ਸਿੰਘ ਜੀ ਨਾਭਾਪਤਿ ਅਤੇ ਮਹਾਰਾਜਾ ਸਰੂਪ ਸਿੰਘ ਜੀ ਜੀਂਦ (ਸੰਗਰੂਰ) ਪਤਿ ਨੇ ਨਿਰਮਲੇ ਸੰਤਾਂ ਦਾ ਅਖਾੜਾ ਕਾਇਮ ਕੀਤਾ, ਜਿਸ ਦਾ ਪ੍ਰਸਿੱਧ ਨਾਉਂ "ਧਰਮਧੁਜਾ" ਹੈ. ਇਸ ਦੇ ਪਹਿਲੇ ਸ਼੍ਰੀ ਮਹੰਤ ਭਾਈ ਮਤਾਬ ਸਿੰਘ ਜੀ ਥਾਪੇ ਗਏ. ਪਟਿਆਲੇ ਨੇ ੮੦੦੦੦) ਨਕਦ ਅਤੇ ੪੦੦੦) ਦੀ ਸਾਲਾਨਾ ਜਾਗੀਰ, ਨਾਭੇ ਨੇ ੧੬੦੦੦) ਨਕਦ ਅਤੇ ੫੭੫) ਦੀ ਸਾਲਾਨਾ ਜਾਗੀਰ, ਜੀਂਦ ਨੇ ੨੦੦੦੦) ਨਕਦ ਅਤੇ ੧੩੦੦) ਦੀ ਸਾਲਾਨਾ ਜਾਗੀਰ ਦਿੱਤੀ, ਅਤੇ ਤਿੰਨਾਂ ਰਿਆਸਤਾਂ ਵੱਲੋਂ ਇਹ ਸਾਂਝਾ ਦਸਤੂਰੁਲਅਮਲ ਲਿਖਿਆ ਗਿਆ:-

ਦਸਤੂਰੁਲਅਮਲ

ਤਿੰਨਾਂ ਰਿਆਸਤਾਂ[57] ਵਲੋਂ

ਵਾਸਤੇ ਅਖਾੜਾ ਨਿਰਮਲਾ ਪੰਥ ਗੁਰੂ

ਗੋਬਿੰਦ ਸਿੰਘ ਜੀ[58]

੧. ਇੱਕ ਸ਼੍ਰੀ ਮਹੰਤ ਤਿੰਨਾਂ ਰਿਆਸਤਾਂ ਦੀ ਸਲਾਹ ਨਾਲ ਅਤੇ ਚਾਰ ਮਹੰਤ ਹੋਰ, ਜੋ ਪੰਜ ਕੱਕਿਆਂ (ਅਰਥਾਤ ਕੱਛ, ਕ੍ਰਿਪਾਨ, ਕੇਸ, ਕੰਘੇ, ਕੜੇ) ਦੀ ਰਹਿਤ ਵਾਲੇ ਹੋਣ, ਸ਼ਰੀ ਮਹੰਤ ਦੀ ਸਲਾਹ ਨਾਲ ਥਾਪੇ ਜਾਣਗੇ.

੨. ਜੋ ਲਾਂਗਰੀ ਅਖਾੜੇ ਵਿੱਚ ਪ੍ਰਸਾਦ ਤਿਆਰ ਕਰਨ ਵਾਲੇ ਹੋਣ, ਉਹ ਭੀ ਇਸੇ ਰਹਿਤ ਵਾਲੇ ਹੋਣਗੇ.

੩. ਦੋ ਕਾਰਬਾਰੀ, ਦੋ ਭੰਡਾਰੀ, ਜਿਨ੍ਹਾਂ ਦੇ ਸਪੁਰਦ ਲੰਗਰ ਦੀ ਸਾਮਗ੍ਰੀ ਹੋਵੇਗੀ, ਅਤੇ ਇੱਕ ਗ੍ਰੰਥੀ ਤੇ ਇੱਕ ਗਜਾਨੀ (ਅਰਥ ਕਰਨ ਵਾਲਾ) ਮੁਕੱਰਰ ਹੋਣਗੇ, ਇਹ ਛੀ ਆਦਮੀ ਭੀ ਰਹਿਤ ਵਾਲੇ ਹੋਣ ਅਤੇ ਇੱਕ ਜਾਂ ਦੋ ਚੋਬਦਾਰ ਮੁਕਰਰ ਕੀਤੇ ਜਾਣ.

੪. ਜੋ ਸ਼ਰੀ ਮਹੰਤ ਹੁਣ ਹੈ, ਇਸ ਲਈ ਰਹਿਤ ਦੀ ਪਾਬੰਦੀ ਜਰੂਰੀ ਨਹੀਂ, ਪਰ ਜੋ ਸ਼੍ਰੀ ਮਹੰਤ ਅੱਗੇ ਲਈ ਥਾਪਿਆ ਜਾਊਗਾ ਉਹ ਲਾਇਕ, ਵਿਰਕਤ ਅਤੇ ਰਹਿਤ ਵਾਲਾ ਹੋਵੇਗਾ.

੫. ਜਦ ਸ਼੍ਰੀ ਮਹੰਤ ਕਿਸੀ ਰਿਆਸਤਗਾਹ ਵਿੱਚ ਆਵੇ ਜਾਂ ਰਈਸ ਨੂੰ ਅਖਾੜੇ ਵਿੱਚ ਜਾਣ ਦਾ ਸਮਾਂ ਮਿਲੇ, ਤਾਂ ਉਸ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ਼੍ਰੀ ਮਹੰਤ ਨੂੰ ਭੇਟਾ ਅਰਪਨ ਕੀਤੀ ਜਾਵੇਗੀ. ਹੋਰ ਕਿਸੇ ਮਹੰਤ ਨੂੰ ਜੁਦੀ ਜੁਦੀ ਪੂਜਾ ਨਹੀਂ ਦਿੱਤੀ ਜਾਵੇਗੀ.

੬. ਜੋ ਆਮਦਨੀ ਇਸ ਕਿਸਮ ਦੀ ਹੋਵੇਗੀ, ਭਾਵੇਂ ਕਿਸੇ ਥਾਂ ਤੋਂ ਆਵੇ, ਉਸ ਦਾ ਜਮਾ ਖਰਚ ਅਖਾੜੇ ਵਿੱਚ ਹੁੰਦਾ ਰਹੇਗਾ. ਜੇ ਕੋਈ ਮਹੰਤ ਬਾਹਰ ਤੋਂ ਕੁਝ ਲਿਆਵੇ ਤਾਂ ਉਹ ਭੀ ਅਖਾੜੇ ਵਿੱਚ ਜਮਾ ਕਰਾਵੇ. ਆਪਣੇ ਪਾਸ ਕੁਝ ਨਾ ਰੱਖੇ.

੭. ਜੇ ਸ਼੍ਰੀ ਮਹੰਤ ਧਰਮ ਅਰਥ ਕਿਸੇ ਸਾਧੂ ਬ੍ਰਾਹਮਣ ਜਾਂ ਅਪਾਹਜ ਨੂੰ ਲੋਈ ਜਾਂ ਨਕਦ ਰੁਪਇਆ ਤੀਰਥਯਾਤ੍ਰਾ ਲਈ, ਜਾਂ ਕੋਈ ਵਸਤ੍ਰ ਦੇਣਾ ਚਾਹੇ ਤਾਂ ਦੇ ਸਕਦਾ ਹੈ, ਪਰ ਕਾਗਜਾਂ ਵਿੱਚ ਪੂਰਾ ਵੇਰਵਾ ਲਿਖਿਆ ਜਾਇਆ ਕਰੇ.

੮. ਜੇ ਕਿਸੇ ਥਾਂ ਧਰਮਧੁਜਾ ਅਖਾੜਾ ਗੁਰੂ ਗੋਬਿੰਦ ਸਿੰਘ ਜੀ ਭੰਡਾਰਾ ਕਰਨਾ ਚਾਹੇ ਤਾਂ ਸ਼੍ਰੀ ਮਹੰਤ ਦੀ ਸਲਾਹ ਅਤੇ ਪ੍ਰਵਾਨਗੀ ਨਾਲ ਕਰੇ. ਸ਼੍ਰੀ ਮਹੰਤ ਦੀ ਮਨਜੂਰੀ ਤੋਂ ਬਗੈਰ ਖਰਚ ਕਰਨ ਦਾ ਅਧਿਕਾਰ ਨਹੀਂ. ਭਲਾ ਜੇ ਕਦੀਂ ਕੋਈ ਐਸਾ ਸਮਾਂ ਹੋਵੇ ਕਿ

---

[56] ਅਮ੍ਰਿਤਸਰ ਜੀ ਵਿੱਚ ਸੰਮਤ ੧੮੩੮ ਵਿੱਚ ਬਣਿਆ ਸੰਤੋਖਦਾਸ ਵਾਲਾ ਅਖਾੜਾ, ਸੰਮਤ ੧੮੪੩ ਵਿੱਚ ਬਣਿਆ ਸੰਗਲ ਵਾਲਾ ਅਖਾੜਾ, ਅਤੇ ਸੰਮਤ ੧੮੫੦ ਵਿੱਚ ਬਣਿਆ ਨਿਰਵਾਣ ਸਰ ਭੀ ਭਾਵੇਂ ਅਖਾੜੇ ਕਹੇ ਜਾਂਦੇ ਹਨ, ਪਰ ਇਹ ਪੰਚਾਇਤਤੀ ਅਤੇ ਛੋਟੇ ਅਖਾੜੇ ਵਾਂਙ ਅਖਾੜੇ ਨਹੀਂ, ਇਹ ਕੇਵਲ ਸਾਧੂਆਂ ਦੇ ਡੇਰੇ ਹਨ.

[57] ਪਟਿਆਲਾ, ਨਾਭਾ ਅਤੇ ਜੀਂਦ.

[58] ਇਸ ਦਸਤੂਰੁਲਅਮਲ ਦੀ ਪ੍ਰਵਾਨਗੀ ੧੨. ਅਗਸਤ ਸਨ ੧੮੬੨ ਨੂੰ ਹੋਈ.

ਖਾਸ ਕਿਸੇ ਕੰਮ ਲਈ ਕੁਝ ਖਰਚ ਕਰਨਾ ਪਵੇ ਅਤੇ ਉਸ ਸਮੇਂ ਛੇਤੀ ਸ਼੍ਰੀ ਮਹੰਤ ਦੀ ਮਨਜ਼ੂਰੀ ਨਹੀਂ ਆ ਸਕਦੀ, ਤਦ ਉਸ ਕੰਮ ਨੂੰ ਆਰੰਭ ਕਰ ਦੇਣ, ਪਰ ਉਸ ਦੀ ਇੱਤਲਾਹ ਸ਼੍ਰੀ ਮਹੰਤ ਨੂੰ ਦੇ ਦੇਣ.

੯. ਜੇ ਕੋਈ ਐਸੀ ਲੋੜ ਹੋਵੇ ਕਿ ਨਵਾਂ ਮਹੰਤ ਥਾਪਣਾ ਹੈ ਤਾਂ ਉਸ ਪਾਸੋਂ ਪਹਿਲਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਮ ਲਈ ਜਾਵੇ ਕਿ ਮੈਂ ਰਹਿਤ ਵਿੱਚ ਚੰਗੀ ਤਰ੍ਹਾਂ ਰਹਾਂਗਾ ਅਤੇ ਜੋ ਆਮਦਨੀ ਕਿਸੇ ਤਰ੍ਹਾਂ ਦੀ ਭੀ ਹੋਵੇਗੀ, ਉਹ ਅਖਾੜੇ ਵਿੱਚ ਜਮਾਂ ਕਰਾ ਦਿਆ ਕਰਾਂਗਾ.

੧੦ ਸ਼ਰੀ ਮਹੰਤ ਅਤੇ ਦੂਜੇ ਮਹੰਤਾਂ ਲਈ ਜ਼ਰੂਰੀ ਹੋਊਗਾ ਕਿ ਜੇ ਕੋਈ ਸਿੱਖ ਜਾਗੀਰਦਾਰ ਜਾਂ ਸਰਦਾਰ ਅਖਾੜੇ ਲਈ ਭੰਡਾਰਾ ਕਰਨਾ ਚਾਹੇ ਤਾਂ ਜੈਸੀ ਉਸ ਦੀ ਸ਼੍ਰਧਾ ਹੋਵੇ ਵੈਸੇ ਕਰੇਗਾ. ਮਹੰਤਾਂ ਨੂੰ ਚਾਹੀਦਾ ਹੈ ਕਿ ਉਸ ਵਿੱਚ ਕਿਸੀ ਤਰ੍ਹਾਂ ਦਾ ਤਕਰਾਰ ਨਾ ਕਰਨ. ਉਸ ਦੀ ਇੱਜਤ ਦਾ ਖਯਾਲ ਰੱਖਣ.

੧੧ ਇਸੀ ਤਰਾਂ ਜੇ ਕੋਈ ਸਿੱਖ ਇਸ ਫਿਰਕੇ ਦਾ ਡੇਰੇਦਾਰ ਅਖਾੜੇ ਲਈ ਭੰਡਾਰਾ ਕਰੇ, ਤਾਂ ਉਸ ਲਈ ਭੀ ਉੱਪਰਲੀ ਦਫਾ (ਨੰਬਰ ੧੦) ਅਨੁਸਾਰ ਅਮਲ ਕੀਤਾ ਜਾਵੇ. ਹਾਂ, ਜੇ ਕਰ ਇਹ ਗੱਲ ਪਾਈ ਜਾਵੇ ਕਿ ਉਹ ਗੁਜਾਰੇ ਵਾਲਾ ਹੈ ਅਤੇ ਜਾਣ ਬੁੱਝਕੇ ਕਮਜੋਰੀ ਜਾਹਰ ਕਰਦਾ ਹੈ, ਤਾਂ ਜਿਸ ਰਿਆਸਤ ਨਾਲ ਉਹ ਸੰਬੰਧ ਰੱਖਦਾ ਹੋਵੇ, ਉਸ ਰਿਆਸਤ ਪਾਸ ਤਜਵੀਜ ਕਰਕੇ ਉਸ ਦਾ ਰੁਪਯਾ ਜਬਤ ਕਰਕੇ ਅਖਾੜੇ ਵਿੱਚ ਜਮਾ ਕਰਾ ਦਿੱਤਾ ਕਰਨ.

੧੨ ਸਫ਼ਰ ਵਿੱਚ ਅਖਾੜੇ ਨੂੰ ਜੇ ਕੋਈ ਗੁਰਦੁਆਰਾ ਆ ਜਾਵੇ ਤਾਂ ਦਰਸ਼ਨ ਕੀਤੇ ਬਿਨਾ ਨਾ ਲੰਘੇ, ਦਰਸ਼ਨ ਕਰਕੇ ਜਾਵੇ, ਅਤੇ ਅਖਾੜੇ ਵੱਲੋਂ ਜੈਸਾ ਗੁਰਦੁਆਰਾ ਹੋਵੇ ਵੈਸਾ ਮੱਥਾ ਟੇਕਿਆ ਜਾਵੇ.

੧੩ ਬੈਠਣ ਦੇ ਕਾਇਦੇ ਇਸ ਤਰੀਕੇ ਨਾਲ ਰੱਖਣੇ ਚਾਹੀਏ. ਵਿਚਕਾਰ ਸਵਾਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਉਸ ਦੇ ਸੱਜੇ ਪਾਸੇ ਸ਼੍ਰੀ ਮਹੰਤ ਅਤੇ ਉਸ ਤੋਂ ਬਾਦ ਦੂਜੇ ਮਹੰਤ ਅਤੇ ਫੇਰ ਹੋਰ ਸਾਧੂ ਸਿੱਖ, ਖੱਬੇ ਪਾਸੇ ਗਜਾਨੀ ਸਿੱਖ ਅਰਥ ਕਰਨੇ ਵਾਲੇ, ਉਸ ਤੋਂ ਬਾਦ ਹੋਰ ਸਿੱਖ ਸਾਧੂ. ਇਨ੍ਹਾਂ ਤੋਂ ਬਗੈਰ ਭਾਵੇਂ ਹੋਰ ਕੋਈ ਸਾਧੂ ਵਿਦ੍ਵਾਨ ਮਹਾਤਮਾ ਹੋਵੇ ਪਰ ਦਰਬਾਰ ਦੇ ਵੇਲੇ ਆਪਣੇ ਥਾਈਂ ਬੈਠੇ, ਮਹੰਤਾਂ ਤੋਂ ਪਹਿਲਾਂ ਨਹੀਂ ਬਠਾਇਆ ਜਾਵੇਗਾ. ਇਸ ਵਿੱਚ ਉਹਦੇ ਦਾ ਖਯਾਲ ਰੱਖਿਆ ਜਾਵੇਗਾ ਵਿਦਜਾ ਦਾ ਨਹੀਂ. ਜੇ ਕਰ ਦੂਜੇ ਪੰਥ ਦਾ ਮਹੰਤ ਆ ਜਾਵੇ ਤਾਂ ਗਜਾਨੀ ਸਿੱਖ ਦੇ ਖੱਬੇ ਪਾਸੇ ਥਾਂ ਦਿੱਤੀ ਜਾਵੇ. ਜੇਕਰ ਸੱਜੇ ਪਾਸੇ ਬੈਠਣ ਲਈ ਥਾਂ ਦਿੱਤੀ ਜਾਵੇ ਤਾਂ ਮਹੰਤਾਂ ਦੇ ਬਾਦ ਦਿੱਤੀ ਜਾਵੇ।

੧੪ ਜਿਹੜੇ ਕੋਈ ਖਾਸ ਮਕਾਨ ਸ਼੍ਰੀ ਮਹੰਤ ਦੇ ਰਹਿਣ ਦੇ ਹੋਣ ਉਨ੍ਹਾਂ ਵਿੱਚ ਸ਼੍ਰੀ ਮਹੰਤ ਤੋਂ ਬਿਨਾ ਹੋਰ ਸਾਧੂ ਨਾ ਰਹੇ, ਹਾਂ ਜੋ ਦੋ ਚਾਰ ਸਾਧੂ ਟਹਿਲ ਸੇਵਾ ਵਾਲੇ ਹੋਣ ਉਹ ਬੇਸ਼ੱਕ ਰਹਿਣ. ਇਸੇ ਤਰ੍ਹਾਂ ਜਿੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵਾਰਾ ਹੋਵੇ ਉਸ ਮਕਾਨ ਵਿੱਚ ਭੀ ਕੋਈ ਸੌਣਾ ਨਾ ਪਾਵੇ, ਕਿਉਂਕਿ ਬੇਅਦਬੀ ਹੁੰਦੀ ਹੈ.

੧੫ ਕੋਈ ਸਿੱਖ ਸਾਧੂ ਜਾਂ ਗ੍ਰਹਸਥੀ ਆਦਮੀ ਮੱਥਾ ਟੇਕਣ ਆਵੇ ਤਾਂ ਉਸ ਨੂੰ ਮਨਾਹੀ ਨਾ ਹੋਵੇ. ਜੈਸਾ ਅਧਿਕਾਰੀ ਹੋਵੇ ਵੈਸੀ ਉਸ ਨੂੰ ਬੈਠਣ ਲਈ ਥਾਂ ਦਿੱਤੀ ਜਾਵੇ.

੧੬ ਸ਼੍ਰੀ ਮਹੰਤ ਅਤੇ ਦੂਜੇ ਚਾਰ ਮਹੰਤਾਂ ਲਈ ਜਰੂਰੀ ਹੈ ਕਿ ਕਿਸੀ ਰਿਆਸਤ ਵਿੱਚ ਕਿਸੀ ਅਹਿਲਕਾਰ ਦੇ ਮਕਾਨ ਪੁਰ ਨਾ ਜਾਣ, ਜੇ ਕੋਈ ਲੋੜ ਪਵੇ ਤਾਂ ਕਾਰਬਾਰੀ, ਭੰਡਾਰੀ, ਚੋਬਦਾਰ, ਜਾਂ ਡੇਰੇਦਾਰ ਮਹੰਤ ਨੂੰ ਭੇਜ ਦੇਣ, ਪਰ ਜੇ ਕੋਈ ਪ੍ਰਸਾਦ ਛਕਾਵੇ ਤਾਂ ਬਿਲਾ ਸ਼ੱਕ ਜਾਣ.

੧੭ ਅਖਾੜੇ ਦੇ ਸਿੱਖਾਂ ਲਈ ਜਰੂਰੀ ਹੋਵੇਗਾ ਕਿ ਜਦ ਕੋਈ ਮਹੰਤ ਕਿਸੀ ਸਿੱਖ ਆਦਿਕ ਨੂੰ ਕੰਮ ਲਈ ਭੇਜੇ ਤਾਂ ਉਹ ਕੋਈ ਹੀਲਾ ਬਹਾਨਾ ਨਾ ਕਰੇ, ਜੇ ਕਰਨਗੇ ਤਾਂ ਜੁਰਮਾਨੇ ਦੇ ਭਾਗੀ ਹੋਣਗੇ, ਜੋ ਅਖਾੜੇ ਦਾ ਮਹੰਤ ਤਜਵੀਜ ਕਰੇਗਾ।

੧੮ ਜੇ ਕੋਈ ਸਾਧੂ ਸਿੱਖ ਬਿਹੰਗਮ (ਵਿਰਕਤ) ਹੋਕੇ ਡੇਰੇ ਵਿੱਚ ਰਹਿਣਾ ਚਾਹੇ ਤਦ ਉਸ ਪਾਸੋਂ ਗੁਰੂ ਗ੍ਰੰਥ ਸਾਹਿਬ ਨੂੰ ਹੱਥ ਇਸ ਮਤਲਬ ਲਈ ਲਗਵਾਇਆ ਜਾਊਗਾ ਕਿ ਮੈਂ ਆਪਣੇ ਪਾਸ ਕੁਝ ਨਹੀਂ ਰਖਿਆ ਸਭ ਕੁਝ ਗੁਰਦੁਆਰੇ ਚੜ੍ਹਾ ਦਿੱਤਾ ਹੈ. ਸੰਗਤ ਵਿੱਚ ਕਾਇਮ ਰਹਾਂਗਾ, ਫੇਰ ਦਾਖਲ ਕਰ ਲਿਆ ਜਾਵੇ. ਜੇਕਰ ਇਸ ਤਰ੍ਹਾਂ ਦਾ ਪ੍ਰਣ ਨਾ ਦੇਵੇ, ਤਾਂ ਉਸ ਨੂੰ ਦਾਖਲ ਨਾ ਕਰਨ.

੧੯ ਮਹੰਤਾਂ ਨੂੰ ਚਾਹੀਦਾ ਹੈ ਕਿ ਰਹਿਤ ਵਾਲੇ ਸਿੱਖਾਂ ਦੇ ਹੱਥੋਂ ਪ੍ਰਸਾਦ ਛਕਣ. ਉਨ੍ਹਾਂ ਪਾਸੋਂ ਹੀ ਕਰਾਉਣ ਅਤੇ ਪ੍ਰਸਾਦ ਡੋਲ ਦੇ ਜਲ ਦਾ ਲੰਗਰ ਵਿੱਚ ਹੋਇਆ ਕਰੇ.

੨੦ ਇਹ ਰੋਕ ਨਹੀਂ ਕਿ ਕਿਸੇ ਦੂਜੇ ਸਿੱਖ ਸਾਧੂਆਂ ਨੂੰ ਭੋਜਨ ਨਾ ਦਿੱਤਾ ਜਾਵੇ, ਪ੍ਰਸਾਦ ਸਭ ਨੂੰ ਦੇਣਾ ਚਾਹੀਏ, ਪਰ ਇਹ ਖਿਆਲ ਰਹੇ ਕਿ ਰਹਿਤ ਵਾਲਿਆਂ ਦੀ ਪੰਗਤ ਤੋਂ ਜੁਦੇ ਹੋ ਜਾਇਆ ਕਰਨ. ਉਨ੍ਹਾਂ ਦੀ ਪੰਗਤ ਜੁਦੀ ਹੋਵੇ.

੨੧ ਇਸਤ੍ਰੀ ਨੂੰ ਅਖਾੜੇ ਵਿੱਚ ਕਦੀਂ ਨਾ ਵੜਨ ਦਿੱਤਾ ਜਾਏ, ਅਤੇ ਨਸ਼ੇ ਸ਼ਰਾਬ ਆਦਿਕ ਲਈ ਭੀ ਰੋਕ ਹੈ, ਮਗਰ ਅਫੀਮ ਅਤੇ ਭੰਗ ਦੀ ਰੋਕ ਨਹੀਂ.

੨੨ ਜੋ ਕੋਈ ਰਹਿਤ ਨਾ ਰੱਖਣ ਵਾਲਾ ਕਿਸੀ ਕੌਮ ਦਾ ਪ੍ਰੇਮੀ ਪ੍ਰਸਾਦ ਕਰਾਉਣਾ ਚਾਹੇ, ਤਾਂ ਨਾਹ ਨਹੀਂ ਕਰਨੀ, ਸੁੱਕਾ ਸੀਧਾ ਲੈ ਕੇ ਆਪਣੇ ਲਾਂਗਰੀਆਂ ਪਾਸੋਂ ਤਿਆਰ ਕਰਾ ਲੈਣਾ.

੨੩ ਜਿਹੜੀ ਰਕਮ ਪਹਿਲਾਂ ਤੋਂ ਹੀ ਅਸਲੀ ਪੇਸ਼ਗੀ ਅਖਾੜੇ ਦੇ ਸਪੁਰਦ ਕੀਤੀ ਗਈ ਹੈ ਉਸ ਦੀ ਆਮਦਨੀ ਸੂਦ ਅਤੇ ਨਫਾ ਤਜਾਰਤ ਤੋਂ ਕਾਰਵਾਈ ਲੰਗਰ ਤੇ ਮੁਰੰਮਤ ਹੋਵੇ ਅਸਲ ਰਕਮ ਨਾ ਖਰਚ ਕੀਤੀ ਜਾਵੇ.

੨੪ ਖਜਾਨੇ ਦਾ ਪ੍ਰਬੰਧ ਇਸ ਤਰ੍ਹਾਂ ਰਹੇਗਾ, ਜੋ ਹਰ ਤਿੰਨੇ ਮਹੰਤ ਹਰ ਤਿੰਨੇ ਸਰਕਾਰਾਂ ਵਿੱਚ ਹਨ ਉਨ੍ਹਾਂ ਦੇ ਸਪੁਰਦ ਰਹੇਗਾ. ਉਹ ਮਹੰਤ ਆਪਣੀ ਆਪਣੀ ਕੋਸ਼ਿਸ਼ ਨਾਲ ਉਸ ਰੁਪਯੇ ਦੀ ਆਮਦਨ ਸੂਦ ਅਤੇ ਤਿਜਾਰਤ ਵਧਾਉਣ ਅਤੇ ਅਖਾੜੇ ਸਦਰ ਵਿੱਚ ਖਬਰ ਦੇਣ, ਅਤੇ ਦਫਾ ਨੰਬਰ ੨੩ ਅਨੁਸਾਰ ਖਰਚ ਕਰਨ, ਸਾਲ ਭਰ ਵਿੱਚ ਇੱਕ ਵਾਰ ਅਖਾੜੇ ਦੇ ਖਾਤੇ ਨੂੰ ਦੇਖ ਲਿਆ ਕਰਨ, ਅਤੇ ਉਹ ਸ਼੍ਰੀ ਮਹੰਤ ਨੂੰ ਮੁਲਾਹਜਾ ਕਰਾਦਿਆ ਕਰਨ.

੨੫ ਸ਼੍ਰੀ ਮਹੰਤ ਆਪਣੇ ਜੀਉਂਦੇ ਜੀ ਜੇ ਕਰ ਕਿਸੇ ਨੂੰ ਆਪਣੀ ਥਾਂ ਅੱਗੇ ਲਈ ਕਰਨਾ ਚਾਹੇ, ਤਾਂ ਤਿੰਨਾਂ ਰਿਆਸਤਾਂ ਦੇ ਅਖਾੜਿਆਂ ਦੀ ਸਲਾਹ ਨਾਲ ਆਪਣੀ ਜਿੰਦਗੀ ਵਿੱਚ ਮੁੱਕਰਰ ਕਰ ਸਕੇਗਾ.

੨੬ ਜੇ ਸ਼੍ਰੀ ਮਹੰਤ ਨੇ ਆਪਣੇ ਜੀਉਂਦੇ ਆਪ ਕਿਸੀ ਨੂੰ ਸ਼੍ਰੀ ਮਹੰਤ ਥਾਪ ਦਿੱਤਾ ਹੈ ਅਤੇ ਉਸ ਨੇ ਆਪਣੇ ਸਮੇਂ ਵਿੱਚ ਚੰਗਾ ਕੰਮ ਨਹੀਂ ਕੀਤਾ, ਤਾਂ ਤਿੰਨੇ ਸਰਕਾਰਾਂ ਇਤਫਾਕ ਨਾਲ ਉਸ ਨੂੰ ਬਰਖਾਸਤ ਕਰ ਦੇਣਗੀਆਂ.

੨੭ ਜੇ ਕੋਈ ਮਹੰਤ ਇਸ ਰਹਿਤ ਦੇ ਉਲਟ ਅਮਲ ਕਰੇਗਾ ਤਾਂ ਤਿੰਨਾਂ ਸਰਕਾਰਾਂ ਨੂੰ ਅਖਤਿਆਰ ਹੈ ਕਿ ਆਪਣੀ ਸਲਾਹ ਨਾਲ ਉਸਨੂੰ ਮਹੰਤੀ ਤੋਂ ਹਟਾ ਦੇਣ.

੨੮ ਹਰ ਪੰਜ ਮਹੰਤਾਂ ਪਾਸੋਂ ਪਹਿਲਾਂ ਇਕਰਾਰਨਾਮੇ ਲਏ ਜਾਣ, ਕਿ ਅਸੀਂ ਇਸ ਦਸਤੂਰੁਲਅਮਲ ਦੇ ਉਲਟ ਅਮਲ ਨਹੀਂ ਕਰਾਂਗੇ.

ਜੋ ਤਿੰਨੇ ਸਰਕਾਰਾਂ ਲਿਖਿਆ ਕਰਨ ਉਨ੍ਹਾਂ ਦੀ ਨਕਲ ਦਸਤੂਰੁਲ ਅਮਲ ਵਜੋਂ ਗੁਰੁਮੁਖੀ ਵਿੱਚ ਆਪਣੇ ਪਾਸ ਰੱਖਣ, ਅਤੇ ਜੋ ਦਸਤੂਰੁਅਮਲ ਦੀ ਨਕਲਾਂ ਮਹੰਤਾਂ ਨੂੰ ਦਿੱਤੀਆਂ ਜਾਣ, ਉਨ੍ਹਾਂ ਤੇ ਮੁਹਰਾਂ ਲਾਕੇ ਹਰ ਤਿੰਨਾਂ ਦਰਬਾਰਾਂ ਨੂੰ ਦੇਣ, ਜੋ ਮਿਸਲਾਂ ਵਿੱਚ ਰੱਖੀਆਂ ਰਹਿਣ.

੨੯ ਅਖਾੜੇ ਦੇ ਸਿੱਖਾਂ ਲਈ ਜ਼ਰੂਰੀ ਹੋਵੇਗਾ ਕਿ ਇੱਕ ਬਸਤਰ ਸਿੰਗਰਫੀ ਰੱਖਣ ਬਾਕੀ ਸਫੇਦ, ਰਿਵਾਜ ਅਨੁਸਾਰ ਇਹ ਕੇਵਲ ਨਿਸ਼ਾਨ ਹੈ. ਗ੍ਰਹਸਤ ਦਾ ਤਿਆਗ ਅਤੇ ਦਰਵੇਸ਼ੀ ਦਾ ਅਮਲ.

੩੦ ਤੂੰਬੀ ਜਾਂ ਚਿੱਪੀ ਦੀ ਥਾਂ ਗਡਵਾ ਜਾਂ ਲੋਹੇ ਧਾਤੁ ਦਾ ਕਮੰਡਲ ਰੱਖਣ, ਕਿਉਂਕਿ ਤੂੰਬਾ ਅਤੇ ਚਿੱਪੀ ਅਸ਼ੁੱਧ ਹਨ. ਮਿੱਟੀ ਨਾਲ ਸਾਫ ਸ਼ੁੱਧ ਨਹੀਂ ਕੀਤੇ ਜਾ ਸਕਦੇ.

ਅਖਿ: ਸੰ. ਅਕ੍ਸ਼ਿ. ਸੰਗਯਾ- ਅੱਖ. ਨੇਤ੍ਰ ਆਂਖ.

ਅਖਿਉ, ਅਖਿਓ: ਦੇਖੋ, ਅਕ੍ਸ਼ਯ। ੨. ਕਥਨ ਕੀਤਾ. ਆਖਿਆ. "ਅਖਰ ਨਾਨਕ ਅਖਿਓ ਆਪਿ." (ਵਾਰ ਮਾਝ ਮਃ ੧)

ਅਖਿਆਨ: ਦੇਖੋ, ਆਖਯਾਨ.

**ਅਖਿਇਉ, ਅਖਿਇਓ:** ਦੇਖੋ, ਅਕ੍ਸ਼ਯ ਅਤੇ ਅਖਇਓ.

**ਅਖਿਜ, ਅਖਿਝ:** ਵਿ- ਜੋ ਖਿਝੇ ਨਾ. ਚਿੜਨ ਤੋਂ ਬਿਨਾ. ਸ਼ਾਂਤ. ਕ੍ਸ਼ੋਭ ਰਹਿਤ. ਧੀਰਯਵਾਨ. ਗੰਭੀਰ. "ਅਖਿੱਜੇ ਅਭਿੱਜੇ." (ਜਾਪੁ) ੨. ਦੇਖੋ, ਅਖਿਦ.

**ਅਖਿਟ:** ਆਖੇਟ ਦਾ ਸੰਖੇਪ. ਸ਼ਿਕਾਰ. "ਨ੍ਰਿਪ ਅਖਿਟ ਸਿਧਾਯੋ." (ਚਰਿਤ੍ਰ ੧੧੧)

**ਅਖਿਦ:** ਦੇਖੋ, ਅਖੇਦ। ੨. ਸੰ. ਅਖਿਦ੍ਰ. ਵਿ- ਅਥਕ. ਜੋ ਥਕੇ ਨਾ.

**ਅਖਿਦਾਣੀ:** ਅਖੇਦ- ਦਾਣੀ. ਆਨੰਦ ਦਾਤ੍ਰੀ. ਸੁਖ ਦੇਣ ਵਾਲੀ.

**ਅਖਿਲ:** ਦੇਖੋ, ਅਖਲ.

**ਅਖਿਲੇਸ:** ਦੇਖੋ, ਅਖਲੇਸ.

**ਅਖੀ:** ਨੇਤ੍ਰ. ਦੇਖੋ, ਅਖਿ. "ਅਖੀ ਕਾਢਿ ਧਰੀ ਚਰਣਾ ਤਲਿ." (ਸੂਹੀ ਅਃ ਮਃ ੪) ੨. ਆਖੀ. ਕਥਨ ਕੀਤੀ. ਬਜਾਨ ਕੀਤੀ. "ਬਤੀਆਂ ਹਰਿ ਕੇ ਸੰਗ ਹੈਂ ਅਖੀਆਂ." (ਕ੍ਰਿਸਨਾਵ) ੩. ਅੱਖੀਂ. ਅੱਖਾਂ (ਨੇਤ੍ਰਾਂ) ਨਾਲ. ਨੇਤ੍ਰਾਂ ਦ੍ਵਾਰਾ. "ਅਖੀ ਕੁਦਰਤਿ ਕੰਨੀ ਬਾਣੀ." (ਬਸੰ ਮਃ ੧) ੪. ਨੇਤ੍ਰਾਂ ਨੂੰ. "ਅਖੀ ਸੂਤਕੁ ਵੇਖਣਾ ਪਰਤ੍ਰਿਅ." (ਵਾਰ ਆਸਾ)

**ਅਖ਼ੀਰ:** ਅ਼. اخیر ਸੰਗਯਾ- ਅੰਤ. ਭੋਗ. ਸਮਾਪਤੀ.

**ਅਖੁਟ, ਅਖੁਟਿ:** ਸੰ. ਅਤ੍ਰੁਟਿ. ਸੰਗਯਾ- ਨਿਰੰਤਰਤਾ. ਬਿਨਾ ਤੋਟ। ੨. ਕਮੀ (ਘਾਟੇ) ਰਹਿਤ। ੩. ਵਿ- ਜੋ ਮੁੱਕੇ ਨਾ. "ਇਹੁ ਧਨ ਅਖੁਟ ਨ ਨਿਖੁਟੈ ਨ ਜਾਇ." (ਧਨਾ ਮਃ ੩)

**ਅਖੁਟੀ:** ਸੰ. अखट्टि- ਅਖੱਟਿ. ਸੰਗਯਾ- ਮੰਦੀ ਰੀਤਿ. ਕੁਰੀਤਿ. ਕੁਚਾਲ। ੨. ਬਚਪਨ (ਬਾਲਪਨ) ਦਾ ਖ਼ਿਆਲ. "ਹਿੰਦੂ ਮੂਲੇ ਭੂਲੇ ਅਖੁਟੀ ਜਾਹੀ." (ਵਾਰ ਬਿਹਾ ਮਃ ੧)

**ਅਖ਼ੁੰਦ:** ਫ਼ਾ. اخوند ਸੰਗਯਾ- ਉਸਤਾਦ। ੨. ਸਰਦਾਰ.

**ਅਖੂਹਣਿ:** ਦੇਖੋ, ਖੂਹਣਿ.

**ਅਖੂਟ:** ਅਤੋਟ. ਦੇਖੋ, ਅਖੁਟ. "ਭਰੇ ਭੰਡਾਰ ਅਖੂਟ ਅਤੋਲ." (ਗਉ ਮਃ ੫)

**ਅਖੂਨ:** ਫ਼ਾ. آخوُن ਆਖ਼ੂਨ. ਖ਼ੁਸ਼ਗੋ. ਆਖਯਾਨ ਕਰਨ ਵਾਲਾ. ਆਖਣ ਵਾਲਾ. "ਇਹੀ ਹਰੀਕਤ ਜੋ ਕਹੈ ਸੋਈ ਬਡਾ ਅਖੂਨ." (ਮਗੋ) ੨. ਅ਼. اخوُن ਅਖ਼ੂਨ. ਸਾਥੀ. ਮਿਤ੍ਰ। ੨. ਭਾਈ. ਇਹ ਬਹੁ ਵਚਨ ਹੈ ਅਖ ਦਾ.

**ਅਖੇਟ, ਅਖੇਟਕ:** ਦੇਖੋ, ਆਖੇਟ.

**ਅਖੇਦ:** ਸੰਗਯਾ- ਪ੍ਰਸੰਨਤਾ. ਆਨੰਦ। ੨. ਵਿ- ਬਿਨਾ ਦੁੱਖ.

**ਅਖੇਰ:** ਦੇਖੋ, ਆਖੇਟ.

**ਅਖੇਲ:** ਵਿ- ਖੇਲ ਰਹਿਤ। ੨. ਅਖਿਲ. ਸਭ. ਤਮਾਮ. "ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ." (ਜਾਪੁ). ਖੇਡ ਖੇਡਕੇ ਅਖਿਲ (ਸਾਰੀਆਂ) ਖੇਡਾਂ, ਅੰਤ ਨੂੰ ਮੁੜ ਇੱਕੋ (ਨਿਰਾਕਾਰ) ਰੂਪ ਹੈ.

**ਅਖੇੜ:** ਸੰ. ਆਖੇਟ. ਸੰਗਯਾ- ਸ਼ਿਕਾਰ. ਮ੍ਰਿਗਯਾ.

**ਅਖੇੜਬਿਰਤਿ:** ਸੰ. आखेटवृत्ति- ਆਖੇਟ ਵ੍ਰਿੱਤਿ. ਦੇਖੋ, ਆਖੇੜਬਿਰਤਿ.

**ਅਖੈ:** ਦੇਖੋ, ਅਕ੍ਸ਼ਯ.

**ਅਖੈਤੀਜ:** ਅਕ੍ਸ਼ਯ ਤ੍ਰਿਤੀਯਾ. ਵੈਸਾਖ ਸੁਦੀ ੩. ਇਸ ਦਿਨ ਹਿੰਦੂਸ਼ਾਸਤ੍ਰਾਂ ਵਿੱਚ ਸਤਯੁਗ ਦੀ ਆਰੰਭ ਹੋਣਾ ਮੰਨਿਆ ਹੈ.

**ਅਖੈਬਟ:** ਸੰ. ਅਕ੍ਸ਼ਯਵਟ. ਸੰਗਯਾ- ਪੁਰਾਣਾਂ ਅਨੁਸਾਰ ਓਹ ਵਟ (ਬੋਹੜ), ਜਿਸ ਦਾ ਪ੍ਰਲੈ ਹੋਣ ਪੁਰ ਭੀ ਨਾਸ਼ ਨਹੀਂ ਹੁੰਦਾ, ਅਤੇ ਜਿਸ ਉੱਪਰ ਵਿਸ਼ਨੁ ਭਗਵਾਨ ਬਾਲਕ ਰੂਪ ਧਾਰਕੇ ਪੈਰ ਦਾ ਅੰਗੂਠਾ ਚੁੰਘਦੇ ਹਨ. ਹਿੰਦੂਆਂ ਦੇ ਨਿਸ਼ਚੇ ਅਨੁਸਾਰ ਇਹ ਬੋਹੜ ਪ੍ਰਯਾਗ ਵਿੱਚ ਸੀ. ਉਸ ਤੋਂ ਡਿਗਕੇ ਮਰਨ ਨਾਲ ਅਨੇਕ ਯਾਤ੍ਰੀ ਮੁਕਤਿ ਪਾਉਣੀ ਮੰਨਦੇ ਸਨ. ਜਹਾਂਗੀਰ ਨੇ ਅਕ੍ਸ਼ਯ ਵਟ ਕਟਵਾ ਦਿੱਤਾ ਸੀ. ਪਰ ਹੁਣ ਪ੍ਰਯਾਗ ਦੇ ਕਿਲੇ ਵਿੱਚ ਪਾਂਡੇ ਇੱਕ ਅਕ੍ਸ਼ਯ ਵਟ ਵਿਖਾਕੇ ਭੇਟਾ ਲੈਂਦੇ ਹਨ. "ਜਯੋਂ ਬਟ ਅਖੈ ਰੂਪ ਲਘੁ ਛਾਜੈ." (ਨਾਪ੍ਰ) ਦੇਖੋ, ਪ੍ਰਯਾਗ. ਇੱਕ ਅਕ੍ਸ਼ਯਵਟ ਗਯਾ ਵਿੱਚ ਭੀ ਹੈ.

**ਅਖੋਟ:** ਵਿ- ਬਿਨਾ ਖੋਟ. ਅਸਲ. "ਲਾਲ ਪਦਾਰਥ ਸਾਚ ਅਖੋਟ." (ਓਅੰਕਾਰ) ੨. ਅਖੁਟ. ਜੋ ਮੁੱਕੇ ਨਾ.

**ਅਖੋਭ:** ਸੰ. ਅਕ੍ਸ਼ੋਭ- ਵਿ- ਚੰਚਲਤਾ ਬਿਨਾ। ੨. ਘਬਰਾਹਟ ਬਿਨਾ। ੩. ਸੰਗਯਾ- ਸ਼ਾਂਤਿ.

**ਅਖੰਡ:** ਵਿ- ਅਤੁੱਟ। ੨. ਨਿਰੰਤਰ. ਲਗਾਤਾਰ. ਇੱਕਰਸ. "ਅਖੰਡ ਕੀਰਤਨੁ ਤਿਨਿ ਭੋਜਨ." (ਗਉ ਅਃ ਮਃ ੫)

**ਅਖੰਡਸੁਰਹੀ:** ਦੇਖੋ, ਸੁਰਹੀ.

**ਅਖੰਡਕਲ:** ਸੰਗਯਾ- ਪੂਰਣਮਾਸੀ ਦਾ ਚੰਦ੍ਰਮਾ. ਪੂਰਣ ਚੰਦ੍ਰਮਾ। ੨. ਵਿ- ਸਰਵਾਂਗ ਪੂਰਣ.

**ਅਖੰਡਤ:** ਦੇਖੋ, ਅਖੰਡਿਤ.

**ਅਖੰਡ ਪਾਠ:** ਸੰਗਯਾ- ਉਹ ਪਾਠ, ਜੋ ਨਿਰੰਤਰ ਹੋਵੇ। ੨. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਜੋ ਤੇਰਾਂ ਪਹਿਰ ਵਿੱਚ ਸਮਾਪਤ ਕੀਤਾ ਜਾਂਦਾ ਹੈ. ਚਾਰ ਅਥਵਾ ਪੰਜ ਪਾਠੀਏ ਯਥਾਕ੍ਰਮ (ਨੰਬਰ ਵਾਰ) ਬਦਲਦੇ ਰਹਿੰਦੇ ਹਨ, ਅਤੇ ਪਾਠ ਨਿਰੰਤਰ ਹੁੰਦਾ ਰਹਿੰਦਾ ਹੈ. ਪਾਠ ਦੀ ਇਹ ਰੀਤਿ ਪੰਥ ਵਿੱਚ ਬੁੱਢੇ ਦਲ ਨੇ ਚਲਾਈ ਹੈ. ਸਤਿਗੁਰਾਂ ਦੇ ਸਮੇਂ ਅਖੰਡਪਾਠ ਨਹੀਂ ਹੋਇਆ ਕਰਦਾ ਸੀ. ਬਹੁਤ ਲੋਕ ਦਿਨ ਰਾਤ ਅਖੰਡ ਦੀਵਾ ਮਚਾਉਂਦੇ ਹਨ, ਜਲ ਦਾ ਘੜਾ ਅਤੇ ਨਾਰਿਏਲ ਆਦਿਕ ਰਖਦੇ ਹਨ, ਪਰ ਇਹ ਮਰਯਾਦਾ ਆਰੰਭਕਾਂ ਤੋਂ ਨਹੀਂ ਚਲੀ। ੩. ਦੇਖੋ, ਅਤਿ ਅਖੰਡ ਪਾਠ.

**ਅਖੰਡਲ:** ਦੇਖੋ, ਅਖੰਡ ਕਲ। ੨. ਸੰ. ਆਖਣਡਲ ਆਖੰਡਲ. ਸੰਗਯਾ- ਇੰਦ੍ਰ. ਦੇਵਰਾਜ. "ਥਾਪ ਅਖੰਡਲ ਕੋ ਸੁਰਮੰਡਲ." (ਚਰਿਤ੍ਰ ੧)

**ਅਖੰਡਲੀ:** ਵਿ- ਅਖੰਡਿਤ. ਪੂਰਣ। ੨. ਸੰਗਯਾ- ਇੰਦ੍ਰ ਪਦਵੀ. ਦੇਖੋ, ਅਖੰਡਲ.

**ਅਖੰਡਿਤ:** ਵਿ- ਜੋ ਖੰਡਿਤ ਨਾ ਹੋਵੇ. ਅਟੂਟ. ਅਟੁੱਟ. ਪੂਰਾ. ਸਾਬਤ। ੨. ਕ੍ਰਿ. ਵਿ- ਨਿਰੰਤਰ. ਲਗਾਤਾਰ. ਇੱਕ ਰਸ.

**ਅੱਖਰ:** ਦੇਖੋ, ਅਖਰ.

**ਅੱਖਲ:** ਸੰ. ਆਨੰਦ ਦੀ ਧੁਨਿ.

**ਅੱਖਾਂ ਮੁੰਦਣੀਆਂ:** ਕਿਸੇ ਦੇ ਕੁਕਰਮ ਨੂੰ ਵੇਖਕੇ ਅਣਡਿੱਠ ਕਰਨਾ. ੨. ਹੰਕਾਰ ਵਿੱਚ ਅੰਨ੍ਹਾਂ ਹੋਣਾ। ੩. ਮਰਣਾ. ਪ੍ਰਾਣ ਤਯਾਗਣੇ.

ਭੂਖਨ ਬਸਨ ਬਾਸ ਰਤਨ ਅਨੇਕ ਜਾਤਿ

ਛੋਡੇ ਪੀਲ ਪਾਲਕੀ ਅਨੂਪ ਛਬਿ ਧਾਮ ਕੀ,

ਕਹਾਂ ਨਰਨਾਹ ਕਹਾਂ ਭਏ ਬਾਦਸ਼ਾਹ ਕਹਾਂ

ਸ਼ਾਹਨ ਕੇ ਸ਼ਾਹ ਜੌਨ ਦੇਹੈਂ ਪਰਨਾਮ ਕੀ,

ਬੇਨੀ ਕਵਿ ਕਹੈ ਖਾਲ ਫਾਲ ਮੇ ਬਿਤਾਵੈ ਦਿਨ

ਪਾਲੈ ਖਲ ਖਾਲੈਂ ਕੈ ਪਖਾਲੈਂ ਜਸ ਚਾਮ ਕੀ,

ਮਨ ਹੀ ਕੀ ਮਨ ਰਹਿ ਜਾਤੀ ਅਭਿਲਾਖੇਂ ਜਬ

ਮੁੱਦ ਗਈ ਆਂਖੇਂ ਤਬ ਲਾਖੇਂ ਕਿਹਿ ਕਾਮ ਕੀ.

ਅਖਜਉ: ਅਕ੍ਸ਼ਯ "ਪੂਰਾ ਗੁਰੁ ਅਖਯਉ ਜਾਂਕਾ ਮੰਤ੍ਰ." (ਸੁਖਮਨੀ)

ਅਖਜਾਨ: ਦੇਖੋ, ਆਖਯਾਨ.

ਅਖਜਾਲ: ਵਿ- ਜੋ ਖਿਆਲ ਵਿੱਚ ਨਾ ਆਸਕੇ. ਅਚਿੰਤ੍ਯ. "ਅਖਜਾਲ ਅਖੰਡ ਰੂਪ ਹੈ." (ਅਕਾਲ)

ਅਖ਼ੂੰਦ: ਫ਼ਾ. اخوند ਉਸਤਾਦ. ਅਧ੍ਯਾਪਕ.

ਅਗ: ਸੰ. ਅੱਗ. ਧਾ- ਜਾਣਾ. ਪ੍ਰਵੇਸ਼ ਕਰਨਾ। ੨. ਸੰ. ਅਗਿਨ ਦਾ ਸੰਖੇਪ। ੩. ਸੰ. ਅਗ੍ਯ- ਅਗ੍ਯ. ਵਿ- ਅਗ੍ਯਾਨੀ. "ਜਸੋਂ ਤਗ ਆਗੇ ਅਗ ਅਰਗਾਈ." (ਨਾਪ੍ਰ) ਜਿਵੇਂ ਤਤ੍ਵਗ੍ਯਾਨੀ ਅੱਗੇ ਅਗ੍ਯਾਨੀ ਚੁੱਪ ਹੋ ਜਾਂਦਾ ਹੈ। ੪. ਸੰ. ਅਗ. ਵਿ- ਜੋ ਚਲਦਾ ਨਹੀਂ. ਅਚਲ। ੫. ਸੰਗ੍ਯਾ- ਪਹਾੜ। ੬. ਬਿਰਛ. ਦਰਖਤ। ੭. ਸੰ. ਅਗ੍ਰ. ਅਗਲਾ ਭਾਗ. ਅੱਗਾ। ੮. ਵਿ- ਪਹਿਲਾ. ਪ੍ਰਥਮ। ੯. ਪ੍ਰਧਾਨ. ਮੁਖੀਆ. ੧੦. ਕ੍ਰਿ. ਵਿ- ਅੱਗੇ. "ਅਗ ਤਬ ਚਾਲਾ." (ਦੱਤਾਵ) ਅੱਗੇ ਨੂੰ ਤੁਰਿਆ.

ਅਗਸਤ, ਅਗਸ੍ਤ: ਸੰ. ਅਗਸ੍ਤਿ ਅਤੇ ਅਗਸਤ੍ਯ. ਅਗ (ਵਿੰਧ੍ਯ ਪਹਾੜ) ਨੂੰ ਸ੍ਤੰਭਨ (ਠਹਿਰਾਉਣ) ਵਾਲਾ ਇਕ ਮਸ਼ਹੂਰ ਰਿਖੀ, ਜਿਸ ਨੇ ਰਿਗਵੇਦ ਦੇ ਕਈ ਮੰਤ੍ਰ ਪ੍ਰਗਟ ਕੀਤੇ ਹਨ. ਰਿਗਵੇਦ ਵਿੱਚ ਲਿਖਿਆ ਹੈ ਕਿ ਅਗਸਤ, ਮਿਤ੍ਰਾਵਰੁਣ[59] ਦਾ ਪੁਤ੍ਰ ਹੈ, ਜਿਨ੍ਹਾਂ ਦਾ ਵੀਰਯ ਉਰਵਸ਼ੀ ਨੂੰ ਵੇਖਕੇ ਪਾਤ ਹੋ ਗਿਆ ਸੀ. ਜੋ ਵੀਰਯ ਦਾ ਭਾਗ ਘੜੇ ਵਿੱਚ ਡਿੱਗਾ ਉਸ ਤੋਂ ਅਗਸ੍ਤਿ, ਅਤੇ ਜੋ ਬਾਹਰ ਡਿੱਗਿਆ ਉਸ ਤੋਂ ਵਸ਼ਿਸ਼੍ਠ ਪੈਦਾ ਹੋਇਆ. ਇਸੇ ਲਈ ਸਾਯਣ ਨੇ ਲਿਖਿਆ ਹੈ ਕਿ ਅਗਸਤ ਇੱਕ ਪਾਣੀ ਵਾਲੇ ਘੜੇ ਵਿੱਚੋਂ ਸੁੰਦਰ ਮੱਛ ਸਮਾਨ ਉਤਪੰਨ ਹੋਇਆ ਸੀ, ਇਸੇ ਕਾਰਣ ਇਸ ਦੇ ਨਾਉਂ ਕਲਸ਼ੀ ਸੁਤ, ਕੁੰਭ ਸੰਭਵ ਅਥਵਾ ਘਟੋਦਭਵ ਆਦਿ ਭੀ ਹਨ. ਜਨਮ ਅਨੁਸਾਰ ਇਸ ਨੂੰ ਮੈਤ੍ਰਾਵਰੁਣੀ ਅਥਵਾ ਔਰਵਸ਼ੇਯ ਆਖਦੇ ਹਨ. ਉਤਪੰਨ ਹੋਣ ਦੇ ਸਮੇਂ ਇਹ ਕੇਵਲ ਇੱਕ ਗਿੱਠ ਭਰ ਸੀ.

ਇੱਕ ਸਮੇਂ "ਕਾਲਕੇਯ" ਦੈਤ ਸੰਸਾਰ ਵਿੱਚ ਵਡਾ ਉਪਦ੍ਰਵ ਕਰਨ ਲੱਗੇ, ਰਿਖੀਆਂ ਨੂੰ ਮਾਰਦੇ ਜੱਗਾਂ ਨੂੰ ਵਿਗਾੜਦੇ ਅਤੇ ਅਨੇਕ ਦੁੱਖ ਦਿੰਦੇ ਸਨ. ਦੇਵਤੇ ਉਨ੍ਹਾਂ ਮਾਰਣ ਜਾਂਦੇ, ਤਾਂ ਉਹ ਸਮੁੰਦਰ ਵਿੱਚ ਲੁਕ ਜਾਂਦੇ. ਅਗਸ੍ਤਿ ਨੇ ਦੇਵਤਿਆਂ ਦੀ ਪ੍ਰਾਰਥਨਾ ਸੁਣੀ ਅਰ ਸਾਰੇ ਸਮੁੰਦਰ ਦਾ ਇੱਕ ਘੁੱਟ ਭਰ ਲਿਆ, ਜਿਸ ਤੋਂ ਕਾਲਕੇਯ ਦੈਤਾਂ ਦੇ ਨਾਸ਼ ਕਰਨ ਵਿੱਚ ਦੇਵਤੇ ਕਾਮਯਾਬ ਹੋਏ, ਅਤੇ ਅਗਸ੍ਤਿ ਦਾ ਨਾਉਂ ਪੀਤਾਬਧੀ ਅਤੇ ਸਮੁਦ੍ਰਚੁਲੁਕ ਪ੍ਰਸਿੱਧ ਹੋਇਆ।

ਪੁਰਾਣਾਂ ਵਿੱਚ ਲਿਖਿਆ ਹੈ ਕਿ ਅਗਸ੍ਤਿ ਪੁਲਸਤ੍ਯ ਦਾ ਪੁਤ੍ਰ ਸੀ. ਰਾਮਾਇਣ ਵਿੱਚ ਕਥਾ ਹੈ ਕਿ ਅਗਸਤ ਨੇ ਇਕ ਵੇਰ ਆਪਣੇ ਪਿਤਰਾਂ ਨੂੰ ਇੱਕ ਟੋਏ ਵਿੱਚ ਸਿਰ ਭਾਰ ਲਟਕਦੇ ਵੇਖਿਆ, ਅਤੇ ਉਨ੍ਹਾਂ ਨੇ ਇਸ ਨੂੰ ਆਖਿਆ ਕਿ ਇੱਥੋਂ ਸਾਡਾ ਛੁਟਕਾਰਾ ਤਦ ਹੋ ਸਕਦਾ ਹੈ ਜੇ ਤੂੰ ਇੱਕ ਪੁਤ੍ਰ ਪੈਦਾ ਕਰੇਂ. ਅਗਸਤ ਨੇ ਕਈ ਜਾਨਵਰਾਂ ਦੇ ਉੱਤਮ ਉੱਤਮ ਭਾਗ ਲੈਕੇ ਇੱਕ ਲੜਕੀ ਰਚੀ ਅਤੇ ਉਸ ਨੂੰ ਵਿਦਰਭ ਦੇ ਰਾਜੇ ਕੋਲ ਘੱਲ ਦਿੱਤਾ. ਓਥੇ ਉਹ ਰਾਜਪੁਤ੍ਰੀ ਵਾਂਙ ਪਲਦੀ ਰਹੀ. ਜਦ ਉਹ ਯੁਵਾ ਹੋਈ ਤਾਂ ਅਗਸਤ ਨੇ ਉਸ ਨਾਲ ਵਿਆਹ ਕੀਤਾ. ਇਸ ਕੰਨ੍ਯਾ ਦਾ ਨਾਉਂ "ਲੋਪਾਮੁਦ੍ਰਾ" ਸੀ. ਰਾਮਾਇਣ ਵਿੱਚ ਅਗਸਤ ਦਾ ਹੋਰ ਬਹੁਤ ਹਾਲ ਦਿੱਤਾ ਹੈ ਕਿ ਇਹ ਬਹੁਤ ਚਿਰ ਵਿੰਧ੍ਯਾਚਲ ਦੇ ਦੱਖਣ, 'ਕੁੰਜਰ' ਪਹਾੜ ਤੇ ਤਪ ਕਰਦਾ ਰਿਹਾ ਹੈ ਅਰ ਦੱਖਣ ਦੇ ਦੈਂਤ ਇਸ ਤੋਂ ਬਹੁਤ ਡਰਦੇ ਰਹੇ ਹਨ. ਰਾਮ, ਲਛਮਣ ਅਤੇ ਸੀਤਾ ਇਸ ਦੇ ਪਾਸ ਜਾਕੇ ਰਹੇ ਸਨ. ਇਸ ਨੇ ਰਾਮ ਜੀ ਨੂੰ ਇੱਕ ਖੜਗ, ਵਿਸ਼ਨੁ ਦਾ ਧਨੁਖ ਅਤੇ ਅਕ੍ਸ਼ਯ ਤੂਣੀਰ (ਭੱਥਾ) ਦਿੱਤਾ, ਜਿਸ ਨਾਲ ਰਾਮ ਜੀ ਨੇ ਰਾਵਣ ਨੂੰ ਮਾਰਿਆ.

---

[59] ਮਿਤ੍ਰ ਅਤੇ ਵਰੁਣ ਦੋ ਦੇਵਤੇ ਹਨ, ਪਰ ਇਨ੍ਹਾਂ ਦਾ ਨਾਉਂ ਇਕੱਠਾ ਹਰ ਥਾਂ ਆਉਂਦਾ ਹੈ. ਇਹ ਭੀ ਅਸ਼੍ਵਿਨੀ ਕੁਮਾਰਾਂ ਵਾਂਙ ਜੋੜੇ ਹਨ.

ਅਗਸਤ ਰਾਮਚੰਦ੍ਰ ਜੀ ਦੇ ਰਾਜਤਿਲਕ ਵੇਲੇ ਅਯੋਧਯਾ ਵਿੱਚ ਮੌਜੂਦ ਸੀ. ਦੱਖਣ ਦੇਸ਼ ਦੇ ਦ੍ਰਾਵੜ ਲੋਕ ਅਗਸਤ ਮੁਨੀ ਨੂੰ ਬਹੁਤ ਪੂਜਦੇ ਹਨ. "ਅਗਸ੍ਤ ਆਦਿ ਜੇ ਬਡੇ ਤਪਸ੍ਵੀ ਵਿਸੇਖਿਐ." (ਅਕਾਲ) ੨. ਇਸ ਨਾਉਂ ਦਾ ਇਕ ਤਾਰਾ, ਜੋ ੧੭. ਭਾਦੋਂ ਨੂੰ ਦੱਖਣ ਦਿਸ਼ਾ ਤੋਂ ਉਦੇ ਹੁੰਦਾ ਹੈ. "ਉਦਯ ਅਗਸ੍ਤ ਪੰਥ ਜਲ ਸੋਖਾ." (ਤੁਲਸੀ)

ਅਗਹ: ਸੰ. ਅਗ੍ਰਾਹਯ. ਵਿ- ਜੋ ਫੜਿਆ ਨਾ ਜਾ ਸਕੇ. ਜੋ ਗ੍ਰਹਣ ਨਾ ਕੀਤਾ ਜਾਵੇ. "ਮੇਰੇ ਠਾਕੁਰ ਅਗਹ ਅਤੋਲੇ." (ਗਉ ਮਃ ੫) ੨. ਅਗਾਧ. ਅਥਾਹ. "ਰਸਨਾ ਅਗਹ ਅਗਹ ਗੁਨ ਰਾਤੀ." (ਬਿਲਾ ਮਃ ੫) ੩. ਸੰਗਯਾ- ਪ੍ਰਾਣ, ਜਿਨ੍ਹਾਂ ਦਾ ਰੋਕਣਾ ਕਠਨ ਹੈ. "ਅਗਹ ਗਹੈ ਗਹਿ ਗਗਨ ਰਹਾਈ." (ਗਉ ਬਾਵਨ ਕਬੀਰ) ੪. ਮਨ, ਜੋ ਅਗ੍ਰਾਹਯ ਹੈ. ਜਿਸ ਦਾ ਫੜਨਾ (ਰੋਕਣਾ) ਬਹੁਤ ਔਖਾ ਹੈ.

ਅਗਹ ਗਹਣ: ਵਾ- ਅਗ੍ਰਾਹਯ ਦਾ ਗ੍ਰਹਿਣ. ਜੋ ਮਨ ਇੰਦ੍ਰੀਆਂ ਤੋਂ ਪਰੇ ਹੈ, ਉਸਦਾ ਧਯਾਨ "ਅਗਹ ਗਹਣ ਭ੍ਰਮ ਭ੍ਰਾਂਤਿ ਦਹਣ." (ਸਵੈਯੇ ਮਃ ੫. ਕੇ) ੨. ਮਨ ਦਾ ਠਹਿਰਾਉਣਾ.

ਅਗਹਨ: ਸੰ. ਅਗ੍ਰਹਾਯਣ. ਹਾਯਨ (ਵਰ੍ਹੇ) ਦਾ ਮੁੱਢ. ਮੱਘਰ ਦਾ ਮਹੀਨਾ. ਪੁਰਾਣੀ ਰੀਤਿ ਅਨੁਸਾਰ ਸਾਲ ਦਾ ਆਰੰਭ ਮੱਘਰ ਤੋਂ ਹੁੰਦਾ ਸੀ, ਇਸੇ ਕਾਰਣ ਅਗ੍ਰਹਾਯਣ ਨਾਉਂ ਹੋਇਆ। ੨. ਅਗ੍ਰ- ਅਯਨ. ਅਯਨ ਆਰੰਭ ਦਾ ਪਹਿਲਾ ਮਹੀਨਾ. "ਕਾਤਕ ਬਿਤਯੋ ਸੁ ਅਗਹਨ ਆਵਾ." (ਗੁਪ੍ਰਸੂ)

ਅਗਹਿ: ਦੇਖੋ, ਅਗਹ.

ਅਗਹੁ: ਦੇਖੋ, ਅਗਹ। ੨. ਕ੍ਰਿ. ਵਿ- ਅੱਗੇ ਤੋਂ. ਅੱਗੋਂ. ਸਾਮ੍ਹਣਿਓਂ. ਮੁਹਰਿਓਂ. ਸਨਮੁਖੋਂ. "ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾਂ ਛਪਾਵੈ." (ਗਉ ਮਃ ੧)

੩. ਸੰਗਯਾ- ਆਉਣ ਵਾਲਾ ਸਮਾਂ. ਭਵਿਸ਼ਯ. "ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ." (ਸ. ਫਰੀਦ)

ਅਗਹੂਚਾ: ਵਿ- ਅਗਾਧਤਾ ਵਾਲਾ. ਬੇਅੰਤਤਾ ਧਾਰਣ ਕਰਤਾ। ੨. ਅਗਹ ਅਤੇ ਊਚਾ. "ਥਾਹ ਨਹੀਂ ਅਗਹੂਚਾ." (ਦੇਵ ਮਃ ੫)

ਅਗਹੇਉ: ਸੰ. ਅਗ੍ਰਾਹਯ. ਜੋ ਫੜਿਆ ਨਾ ਜਾ ਸਕੇ. ਮਨ ਇੰਦ੍ਰੀਆਂ ਦਾ ਜੋ ਵਿਸ਼ਾ ਨਹੀਂ.

ਅਗਛਮੀ: ਸੰ. ਅਗਮਨਸ਼ੀਲ. ਵਿ- ਜੋ ਗਮਨ ਕਰਨ ਵਾਲਾ ਨਾ ਹੋਵੇ. ਅਚਲ. ਅਵਿਨਾਸ਼ੀ. "ਸਰਬੇ ਜੋਇ ਅਗਛਮੀ, ਦੂਖ ਘਨੇਰੋ ਆਥਿ." (ਵਾਰ ਮਾਰੂ ੧. ਮਃ ੧) ਸਾਰੇ ਅਵਿਨਾਸ਼ੀ ਕਰਤਾਰ ਨੂੰ ਵੇਖ, ਇੰਦ੍ਰੀਆਂ ਦੇ ਵਿਸ਼ਿਆਂ ਵਿੱਚ ਭਾਰੀ ਕਲੇਸ਼ ਹੈ. ਦੇਖੋ, ਆਥ ਅਤੇ ਆਥਿ.

ਅਗਜ: ਸੰਗਯਾ- ਅਗ (ਪਹਾੜ) ਤੋਂ ਉਪਜਣ ਵਾਲਾ, ਰਤਨ। ੨. ਧਾਤੁ। ੩. ਫਲ। ੪. ਸੰ. ਅਗ੍ਰਜ. ਬ੍ਰਾਹਮਣ। ੫. ਮੁਖੀਆ. ਆਗੂ। ੬. ਸੰ. ਅਗ੍ਰਾਹਯ. ਵਿ- ਜੋ ਗ੍ਰਹਿਣ ਨਾ ਕੀਤਾ ਜਾਵੇ. ਇੰਦ੍ਰੀਆਂ ਅਤੇ ਮਨ ਜਿਸ ਨੂੰ ਫੜ ਨਾ ਸਕਣ।

ਅਗਡ: ਵਿ- ਜੋ ਗਡਿਆ ਹੋਇਆ ਨਹੀਂ. ਅਲਗਨ. ਜੋ ਖਚਿਤ ਨਹੀਂ. "ਸੁ ਧੰਨ ਜਿਨੋ ਮਨ ਹੈ ਅਗਡੇ." (ਕ੍ਰਿਸਨਾਵ)

ਅਗਣ: ਸੰਗਯਾ- ਪਿੰਗਲ ਅਨੁਸਾਰ ਅਸ਼ੁਭ ਗਣ, ਅਰਥਾਤ- ਜਗਣ, ਸਗਣ, ਰਗਣ ਅਤੇ ਤਗਣ।

੨. ਵਿ- ਅਗਣਨੀਯ. ਜੋ ਗਿਣਿਆ ਨਾ ਜਾ ਸਕੇ.

ਅਗਣਤ, ਅਗਣਿਤ: ਵਿ- ਗਿਣਤੀ ਤੋਂ ਬਾਹਰ, ਜੋ ਸ਼ੁਮਾਰ ਨਾ ਹੋ ਸਕੇ. ਬੇਅੰਤ "ਅਗਣਤ ਊਚ ਅਪਾਰ ਠਾਕੁਰ." (ਬਿਹਾ ਛੰਤ ਮਃ ੫)

ਅਗਤ: ਵਿ- ਅਚਲ. ਜੋ ਗਤ (ਡਿਗਿਆ) ਨਹੀਂ। ੨. ਜੋ ਸਮਾਪਤ ਨਹੀਂ ਹੋਇਆ। ੩. ਜੋ ਪ੍ਰਾਪਤ ਨਹੀਂ ਹੋਇਆ। ੪. ਦੇਖੋ, ਅਗਤਿ.

**ਅਗਤਿ, ਅਗਤੀ:** ਸੰਗਜਾ- ਅਪਗਤਿ. ਦੁਰਦਸ਼ਾ. ਬੁਰੀ ਹਾਲਤ। ੨. ਵਿ- ਬੁਰੀ ਹਾਲਤ ਵਾਲਾ। ੩. ਜੋ ਮੁਕਤਿ ਦਾ ਅਧਿਕਾਰੀ ਨਹੀਂ. "ਪਰਹਿ ਨਰਕ ਮਰਕੈ ਅਗਤਿ." (ਗੁਪ੍ਰਸੂ)

**ਅਗਥ, ਅਗਥਾ:** ਵਿ- ਜਿਸ ਦੀ ਗਾਥਾ (ਕਥਾ) ਕਹਿਣ ਵਿੱਚ ਨਾ ਆ ਸਕੇ. ਅਕਥਨੀਯ. "ਸਮਰਥ ਅਗਥ ਅਪਾਰ ਨਿਰਮਲ." (ਆਸਾ ਛੰਤ ਮਃ ੫) "ਪਲੈ ਨਾਮ ਅਗਥਾ." (ਵਾਰ ਮਾਰੂ ੨. ਮਃ ੫)

**ਅਗਦ, ਅਗਦੁ:** ਸੰ. ਵਿ- ਗਦ (ਰੋਗ) ਬਿਨਾ. ਅਰੋਗ. "ਕਾਲ ਕ੍ਰਿਪਾ ਕਰ ਭਏ ਅਗਦ ਸਭ." (ਸਲੋਹ) ੨. ਸੰਗਜਾ- ਦਵਾਈ. ਔਖਧ, ਜੋ ਅਰੋਗ ਕਰਦੀ ਹੈ. ਗਦ (ਰੋਗ) ਮਿਟਾਉਣ ਵਾਲੀ ਵਸਤੁ।

੩. ਅ਼. عقد ਅ਼ਕ਼ਦ.[60] ਪ੍ਰਤਿਗਜਾ. ਇਕ਼ਰਾਰ। ੪. ਵਿਆਹ. ਸ਼ਾਦੀ. ਨਿਕਾਹ. "ਅਗਦੁ ਪੜੈ ਸੈਤਾਨ ਵੇ ਲਾਲੋ." (ਤਿਲੰ ਮਃ ੧) ਕਾਜੀ ਦੀ ਥਾਂ ਸ਼ੈਤਾਨ (ਕਾਮ) ਨਿਕਾਹ ਪੜ੍ਹਦਾ ਹੈ. ਦੇਖੋ, ਸ਼ੈਤਾਨ.

**ਅਗਧ, ਅਗਧਾ:** ਵਿ- ਅਗਾਧ. ਅਥਾਹ. "ਹਰਿ ਅਗਮ ਅਗਧਾ." (ਗਉ ਵਾਰ ੨. ਮਃ ੫)

**ਅਗਨ:** ਦੇਖੋ, ਅਗਣ ੧. "ਗਨ ਅਗਨ ਨਵੋ ਹੀ ਰਸ." (ਨਾਪ੍ਰ) ੨. ਸੰ. ਅਗਿਨ. ਸੰਗਜਾ- ਅੱਗ. ਆਤਿਸ਼। ੩. ਪੰਜ ਤੱਤਾਂ ਵਿੱਚੋਂ ਇੱਕ ਤੱਤ, ਜੋ ਗਰਮੀ (ਉਸ਼ਨਤਾ) ਰੂਪ ਹੈ। ੪. ਵਿ- ਅਗਣਿਤ. ਬੇਸ਼ੁਮਾਰ. "ਇਤ ਕੋਪ ਮਲੇਛ ਚੜ੍ਹੇ ਅਗਨੇ." (ਕ੍ਰਿਸਨਾਵ) "ਆਇ ਅਗਨ ਰਾਛਸ ਯੁਤ ਰਾਵਨ." (ਗੁਪ੍ਰਸੂ) ੫. ਚੰਡੋਲ ਦੀ ਜਾਤਿ ਦਾ ਇੱਕ ਪੰਛੀ, ਜਿਸਦਾ ਕੱਦ ਚੰਡੋਲ ਨਾਲੋਂ ਛੋਟਾ ਹੁੰਦਾ ਹੈ. ਇਹ ਆਕਾਸ਼ ਵਿੱਚ ਉਡਕੇ ਅਨੇਕ ਪ੍ਰਕਾਰ ਦੀ ਮਿੱਠੀ ਬੋਲੀ ਬੋਲਦਾ ਹੈ. ਪੰਜਾਬ ਵਿੱਚ ਅਗਨ ਬਹੁਤ ਹੁੰਦਾ ਹੈ. ਰੰਗ ਖਾਕੀ ਅਤੇ ਸਿਰ ਸਾਫ ਹੁੰਦਾ ਹੈ, ਅਰਥਾਤ ਚੰਡੋਲ ਜੇਹੀ ਵਾਲਾਂ ਦੀ ਕਲਗੀ ਨਹੀਂ ਹੁੰਦੀ. ਇਹ ਜਮੀਨ ਤੇ ਆਲਨਾ ਬਣਾਕੇ ਆਂਡੇ ਦਿੰਦਾ ਹੈ. ਕਈ ਇਸ ਨੂੰ 'ਹਜ਼ਾਰ ਦਾਸਤਾਨ' ਭੀ ਆਖ ਦੇ ਹਨ. ਬੁਲਬੁਲ ਨੂੰ ਭੀ ਕਈ ਅਞਾਣ ਕਵਿ ਹਜ਼ਾਰ ਦਾਸਤਾਨ ਲਿਖ ਦਿੰਦੇ ਹਨ.

**ਅਗਨਅਰਿ:** ਸੰਗਜਾ- ਅੱਗ ਦਾ ਵੈਰੀ, ਜਲ। ੨. ਸ਼ਸਤ੍ਰਨਾਮ ਮਾਲਾ ਵਿੱਚ ਅਗਨਿਸਖਾ ਪੌਣ ਨੂੰ ਭੀ ਅਗਨਿਅਰਿ ਲਿਖਿਆ ਹੈ, ਕਿਉਂਕਿ ਈਂਧਨ ਹੋਵੇ ਤਾਂ ਸਖਾ ਹੈ, ਅਤੇ ਈਂਧਨ ਬਿਨਾ ਅੰਗਾਰਰੂਪ ਅਗਿਨਿ ਦਾ ਵੈਰੀ ਹੈ. "ਪ੍ਰਿਥਮ ਅਗਨ ਕੇ ਨਾਮ ਲੈ ਅੰਤ ਸ਼ਬਦ ਅਰਿ ਦੇਹੁ। ਤਨੁਜ ਅਨੁਜ ਸੁਤਰਿ ਉਚਰ ਨਾਮ ਬਾਣ ਲਖਲੇਹੁ." (ਸਨਾਮਾ ੧੫੦) ਅਗਨਅਰਿ ਪਵਨ, ਉਸ ਦਾ ਪੁਤ੍ਰ ਭੀਮਸੇਨ, ਉਸ ਦਾ ਛੋਟਾ ਭਾਈ ਅਰਜੁਨ, ਉਸ ਦਾ ਸੂਤ (ਰਥਵਾਹੀ) ਕ੍ਰਿਸ਼ਨ, ਉਸ ਦਾ ਵੈਰੀ ਤੀਰ.

**ਅਗਨ ਅਰਿ ਅਰਿ ਤਨੁਜ ਅਨੁਜ ਸੁਤਰਿ:** ਸੰਗਜਾ- ਤੀਰ. ਬਾਣ. (ਸਨਾਮਾ) ਅਗਨਿ ਦਾ ਵੈਰੀ ਜਲ, ਉਸ ਦਾ ਵੈਰੀ ਪੌਣ,[61] ਉਸ ਦਾ ਪੁਤ੍ਰ ਭੀਮ, ਉਸ ਦਾ ਛੋਟਾ ਭਾਈ ਅਰਜੁਨ, ਉਸ ਦੇ ਸੂਤ (ਰਥਵਾਹੀ) ਕ੍ਰਿਸ਼ਨ ਜੀ, ਉਨ੍ਹਾਂ ਦਾ ਵੈਰੀ ਤੀਰ. ਕ੍ਰਿਸ਼ਨ ਜੀ ਦਾ ਦੇਹਾਂਤ ਤੀਰ ਨਾਲ ਹੋਇਆ ਸੀ.

**ਅਗਨਈ:** ਸੰਗਜਾ- ਅਗਨਿ ਦੀ ਨਦੀ. ਮਾਇਆ (ਮਾਯਾ). ੨. ਤ੍ਰਿਸ਼ਨਾ. "ਨਹਿ ਪੋਹੈ ਅਗਨਈ." (ਵਾਰ ਰਾਮ ੨, ਮਃ ੫) ੩. ਗਰਮੀ. ਸੰਤਾਪ.

**ਅਗਨਸਖਾ:** ਸੰਗਜਾ- ਅਗਨਿ ਦਾ ਮਿਤ੍ਰ, ਪਵਨ. ਹਵਾ.

**ਅਗਨਸਾਗਰ:** ਦੇਖੋ, ਅਗਨਿਸਾਗਰ.

**ਅਗਨਤ, ਅਗਨਤੁ:** ਦੇਖੋ, ਅਗਣਿਤ. "ਅਗਨਤ ਸਾਹੁ ਅਪਨੀ ਦੇ ਰਾਸਿ" (ਸੁਖਮਨੀ)

**ਅਗਨਬਾਣ:** ਦੇਖੋ, ਅਗਨਿਬਾਣ. "ਅਗਨਬਾਣ ਰਣ ਛੁੱਟਦੇ." (ਜੰਗਨਾਮਾ)

---

[60] ਦੇਖੋ, ਗੁਲਾਲ ਨੰਃ ੪. ਦਾ ਫੁਟਨੋਟ.

[61] ਪੌਣ ਜਲ ਨੂੰ ਸੋਖ ਲੈਂਦਾ ਹੈ.

ਅਗਨਭਾਵ: ਦੇਖੋ, ਕ੍ਰਿਸਨਭਾਵ। ੨. ਵਿਯੋਗ ਦਾ ਸੰਤਾਪ। ੩. ਕ੍ਰੋਧਭਾਵ.

ਅਗਨਵਾਯੁ: ਸੰ. ਆਗਨੇਯ ਵਿਸਰਪ. ਇਸ ਦਾ ਮੂਲ ਕਾਰਣ ਜਠਰਅਗਨੀ ਦਾ ਵਿਗਾੜ ਹੈ. ਬਹੁਤਾ ਲੂਣ, ਖੱਟਾ, ਕੱਚੇ ਅਥਵਾ ਸੜੇ ਹੋਏ ਫਲ, ਬਹੁਤ ਮਿਰਚਾਂ ਅਤੇ ਗਰਮ ਮਸਾਲੇ, ਸ਼ਰਾਬ ਆਦਿ ਨਸ਼ਿਆਂ ਦੇ ਬਹੁਤਾ ਵਰਤਣ ਤੋਂ ਇਹ ਰੋਗ ਪੈਦਾ ਹੁੰਦਾ ਹੈ. ਅਗਨਵਾਉ ਦੇ ਰੋਗੀ ਨੂੰ ਭੁੱਖ ਘੱਟ ਲੱਗਦੀ ਹੈ, ਜੀ ਮਤਲਾਉਂਦਾ ਹੈ, ਹੱਡ ਭੰਨਣੀ ਹੁੰਦੀ ਹੈ, ਤ੍ਰਿਖਾ ਬਹੁਤ ਅਤੇ ਮੱਥੇ ਵਿੱਚ ਜਲਨ ਮਲੂਮ ਹੁੰਦੀ ਹੈ. ਜੇ ਛੇਤੀ ਇਲਾਜ ਨਾ ਕੀਤਾ ਜਾਵੇ ਤਾਂ ਸੰਗ੍ਰਹਿਣੀ, ਅਤੀਸਾਰ, ਸੂਲ, ਅਫਾਰਾ ਆਦਿ ਅਨੇਕ ਰੋਗ ਆ ਗ੍ਰਸਦੇ ਹਨ.

ਇਸ ਰੋਗ ਦੇ ਦੂਰ ਕਰਨ ਲਈ ਹਲਕਾ ਜੁਲਾਬ ਦੇਣਾ ਅਤੇ ਕੈ (ਵਮਨ) ਕਰਾਉਣੀ ਗੁਣਕਾਰੀ ਹਨ, ਪਰ ਜਿਨ੍ਹਾਂ ਦਵਾਈਆਂ ਤੋਂ ਦਾਹ ਪੈਦਾ ਹੋਵੇ ਓਹ ਵਰਤਣੀਆਂ ਠੀਕ ਨਹੀਂ.

ਚਰਾਇਤਾ, ਬਾਂਸਾ, ਕੜੂ, ਪਟੋਲਪਤ੍ਰ, ਹਰੜ, ਬਹੇੜਾ, ਆਉਲਾ, ਲਾਲ ਚੰਦਨ, ਨਿੰਮ ਦੀ ਛਿੱਲ ਇਹ ਸਭ ਸਮਾਨ ਲੈ ਕੇ ਕੁੱਟ ਲੈਣੀਆਂ. ਇਕ ਪਾ ਪਾਣੀ ਵਿੱਚ ਡੇਢ ਤੋਲਾ ਇਹ ਚੂਰਣ ਉਬਾਲਣਾ, ਜਦ ਅੱਧ ਪਾ ਪਾਣੀ ਰਹੇ ਤਦ ਛਾਣਕੇ ਤੇ ਠੰਢਾ ਕਰਕੇ ਰੋਗੀ ਨੂੰ ਦੇਣਾ ਬਹੁਤ ਚੰਗਾ ਅਸਰ ਕਰਦਾ ਹੈ. ਦੇਖੋ, ਅਗਨਿਬਾਇ.

ਅਗਨਾਖ: ਸੰਗਜਾ- ਸ਼ਿਵ ਦੀ ਤੀਜੀ ਅੱਖ, ਜੋ ਉਸ ਦੇ ਮੱਥੇ ਵਿੱਚ ਹੈ. ਪੁਰਾਣਾਂ ਨੇ ਇਸ ਵਿੱਚ ਅਗਨਿ ਦਾ ਨਿਵਾਸ ਮੰਨਿਆ ਹੈ। ੨. ਸ਼ਿਵ, ਅੱਖ ਵਿੱਚ ਅੱਗ ਰੱਖਣ ਵਾਲਾ।

ਅਗਨਾਂਤਕਰ: ਸੰਗਜਾ- ਅਗਨਿ ਦਾ ਅੰਤ ਕਰਨ ਵਾਲਾ ਜਲ. (ਸਨਾਮਾ)

ਅਗਨਾਯੁਧ: ਸੰਗਜਾ- ਆਗ੍ਨੇਯਾਸ੍ਤ੍ਰ. ਅਗਨਿ- ਅਸਤ੍ਰ. ਅਗ੍ਨਜਸ੍ਤ੍ਰ. ਪੁਰਾਣਾਂ ਵਿੱਚ ਕਥਾ ਹੈ, ਕਿ ਅਗਨਿਮੰਤ੍ਰ ਨਾਲ ਛੱਡਿਆ ਹੋਇਆ ਅਸਤ੍ਰ, ਵੈਰੀਆਂ ਨੂੰ ਭਸਮ ਕਰ ਦਿੰਦਾ ਸੀ. ਦਖੋ, ਅਸਤ੍ਰ। ੨. ਬੰਦੂਕ, ਤੋਪ ਆਦਿ। Fire- arms.

ਅਗਨਾਰ: ਸੰਗਜਾ- ਨਰਕਾਗਨਿ. ਨਰਕ ਦੀ ਅੱਗ।

ਅਗਨਾਰਿ: ੨. ਗਰਭ ਦੀ ਅਗਨਿ. ਜਠਰਾਗਿਨ. "ਨਹਿ ਪੋਹੈ ਅਗਨਾਰਿ." (ਆਸਾ ਮਃ ੫) ਦੇਖੋ, ਨਾਰ। ੩. ਅਗਨਾਰ੍ਚਿ. ਅੱਗ ਦੀ ਲਾਟ। ੪. ਅਗਨਿ ਅਤੇ ਨਾਰ (ਜਲ).

ਅਗਨਿ: ਦੇਖੋ ਅਗਨ। ੨. ਅੱਗ. ਆਤਿਸ਼. (ਦੇਖੋ, L. Ignis) ਨਿਰੁਕਤ ਵਿੱਚ ਅਰਥ ਕੀਤਾ ਹੈ ਕਿ ਅਗ੍ਰਨੀਃ ਅਰਥਾਤ ਜੋ ਜੱਗ ਵਿੱਚ ਸਭ ਤੋਂ ਪਹਿਲਾਂ ਲਿਆਂਦੀ ਜਾਵੇ, ਸੋ ਅਗਨਿ ਹੈ. ਦੇਖੋ, ਤਿੰਨ ਅਗਨੀਆਂ। ੩. ਤ੍ਰਿਸ਼ਨਾ. "ਕਲਿਯੁਗ ਰਥੁ ਅਗਨਿ ਕਾ ਕੂੜ ਅਗੈ ਰਥਵਾਹੁ." (ਵਾਰ ਆਸਾ ਮਃ ੧)

ਅਗਨਿ ਅਸਤ੍ਰ: ਤੰਤ੍ਰਸ਼ਾਸਤ੍ਰ ਵਾਲੇ ਮੰਨਦੇ ਹਨ ਕਿ ਅਗਨਿ ਦੇਵਤਾ ਦਾ ਮੰਤ੍ਰ ਸਿੱਧ ਕਰਕੇ ਜੇ ਸ਼ਸਤ੍ਰ ਚਲਾਇਆ ਜਾਵੇ ਤਾਂ ਉਹ ਵੈਰੀ ਨੂੰ ਭਸਮ ਕਰ ਦਿੰਦਾ ਹੈ, ਅਰ ਅੱਗ ਦੀ ਵਰਖਾ ਹੋਣ ਲਗ ਪੈਂਦੀ ਹੈ। ੨. ਬਾਰੂਦ ਆਦਿਕ ਪਦਾਰਥਾਂ ਨਾਲ ਚੱਲਣ ਵਾਲੇ ਸ਼ਸਤ੍ਰ, ਤੋਪ, ਬੰਦੂਕ ਆਦਿ (Fire Arms). ਅਤੇ ਬੰਬ ਆਦਿ ਅਗਨਿ ਅਸਤ੍ਰ ਕਹੇ ਜਾਂਦੇ ਹਨ. ਕਿਤਨਿਆਂ ਦਾ ਖਿਆਲ ਹੈ ਕਿ ਪੁਰਾਣੇ ਸਮੇਂ ਮਹਾਂਭਾਰਤ ਆਦਿ ਦੇ ਜੰਗਾਂ ਵਿੱਚ ਇਹ ਸ਼ਸਤ੍ਰ ਵਰਤੀਦੇ ਸਨ, ਪਰ ਇਤਿਹਾਸ ਦੇ ਖੋਜੀਆਂ ਨੇ ਨਿਰਣਾ ਕੀਤਾ ਹੈ ਕਿ ਬਾਰੂਦ ਸਨ ੧੩੨੬ ਤੋਂ ਪਹਿਲਾਂ ਨਹੀਂ ਬਣਿਆ. ਬਾਰੂਦ ਨਾਲ ਚਲਾਉਣ ਵਾਲੇ ਸ਼ਾਸਤ੍ਰ ਸਨ ੧੯. ੩੪ ਅਤੇ ੫੪ ਦੇ ਵਿਚਕਾਰ ਬਣਾਏ ਗਏ ਹਨ.

ਅਗਨਿਸਖਾ: ਸੰਗਜਾ- ਅੱਗ ਦਾ ਮਿਤ੍ਰ, ਵਾਯੁ. ਹਵਾ. ਪੌਣ.

ਅਗਨਿਸਟੋਮ: ਸੰ. ਅਗ੍ਨਿਸ਼੍ਰੋਮ. ਸੰਗਜਾ- ਇੱਕ ਜੱਗ ਦਾ ਭੇਦ, ਜੋ ਪੰਜ ਦਿਨਾਂ ਵਿੱਚ ਸੋਮਰਸ[62] ਹਵਨ ਕਰਕੇ ਸਮਾਪਤ ਹੁੰਦਾ ਹੈ. ਇਹ ਜੱਗ ਸੁਰਗ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ. "ਅਗਨੀਹੋਤ੍ਰ ਸਟੋਮ." (ਗੁਪ੍ਰਸੂ)

---

[62] ਦੇਖੋ, ਸੋਮਰਸ.

ਅਗਨਿਸਾਗਰ: ਸੰਗਜਾ- ਸੰਸਾਰ. ਜਗਤ. ਦੁੱਖਾਂ ਨਾਲ ਭਰਿਆ ਸਮੁੰਦਰ, ਜੋ ਤਪਾਉਣ ਵਾਲਾ ਹੈ. "ਅਗਨਿ ਸਾਗਰ ਜਪਿ ਉਤਰਹਿ ਪਾਰ." (ਗਉ ਮਃ ੫)

ਅਗਨਿਹੋਤ੍ਰ: ਸੰਗਜਾ- ਅੱਗ ਵਿੱਚ ਹਵਨ ਕਰਨ ਦੀ ਕ੍ਰਿਯਾ ਘੀ ਆਦਿ ਵਸਤੂਆਂ ਦਾ ਵੇਦਮੰਤ੍ਰ ਪੜ੍ਹਕੇ ਅਗਨਿ ਵਿੱਚ ਪਾਉਣਾ, ਦੇਖੋ, ਹੋਤ੍ਰ.

ਅਗਨਿਹੋਤ੍ਰੀ: ਸੰ. ਅਗ੍ਨਿਹੋਤ੍ਰਿਨ, ਸੰਗਜਾ- ਅਗਨਿਹੋਤ੍ਰ ਕਰਨ ਵਾਲਾ. ਦੇਖੋ, ਹੋਤ੍ਰੀ। ੨. ਦੇਖੋ, ਦੇਵਸਮਾਜ.

ਅਗਨਿਕੁੰਟ: ਸੰਗਜਾ- ਅਗਨਿ ਕੂਟ. ਅਗਨਿ ਕੋਣ. ਪੂਰਵ ਅਤੇ ਦੱਖਣ ਦੇ ਵਿਚਕਾਰ ਦੀ ਉਪਦਿਸ਼ਾ। ੨. ਸੰ. ਅਗ੍ਨਿਕੁਣ੍ਡ. ਅਗਨਿਕੁੰਡ. ਅੱਗ ਮਚਾਉਣ ਲਈ ਓਹ ਟੋਆ, ਜੋ ਹੋਮ ਅਤੇ ਜੱਗ ਕਰਨ ਲਈ ਖ਼ਾਸ ਮਿਣਤੀ ਦਾ ਬਣਾਇਆ ਜਾਂਦਾ ਹੈ. ਦੇਖੋ, ਹਮਨਕੁੰਡ। ੩. ਗਰਭਰੂਪ ਕੁੰਡ, ਜਿਸ ਵਿੱਚ ਜਠਰਾਗਨਿ ਨਿਵਾਸ ਕਰਦੀ ਹੈ. "ਅਗਨਿਕੁੰਟ ਮਹਿ ਉਰਧ ਲਿਵ ਲਾਗਾ." (ਬੈਰਾ ਮਃ ੪)

ਅਗਨਿਕੁੰਡ: ਦੇਖੋ, ਅਗਿਨਕੁੰਟ ੨. ਅਤੇ ਹਮਨਕੁੰਡ.

ਅਗਨਿਕੁਮਾਰ: ਸ਼ਿਵਪੁਤ੍ਰ. ਖੜਾਨਨ. ਦੇਖੋ, ਕਾਰਤਿਕੇਯ। ੨. ਵੈਦਕ ਅਨੁਸਾਰ ਇੱਕ ਰਸ ਜੋ ਬਲਗਮ, ਹੈਜਾ, ਅਜੀਰਣ (ਅਨਪਚ), ਤਾਪ ਅਤੇ ਸੰਗ੍ਰਹਿਣੀ ਆਦਿ ਰੋਗਾਂ ਨੂੰ ਦੂਰ ਕਰਦਾ ਹੈ. ਇਸ ਦੇ ਬਣਾਉਣ ਦੀ ਜੁਗਤਿ ਇਹ ਹੈ:-

ਪਾਰਾ ਅਤੇ ਗੰਧਕ ਬਰਾਬਰ ਲੈ ਕੇ ਤਿੰਨ ਘੰਟੇ ਖਰਲ ਕਰੋ. ਫਿਰ ਮਿੱਠਾ ਤੇਲੀਆ ਅਤੇ ਸੁਹਾਗਾ ਪਾਰੇ ਦੇ ਬਰਾਬਰ ਅਤੇ ਕਾਲੀਆਂ ਮਿਰਚਾਂ ਅਠ ਗੁਣੀਆਂ ਲਓ. ਇਨ੍ਹਾਂ ਨਾਲ ਸੰਖ ਦੀ ਸੁਆਹ ਦੋ ਹਿੱਸੇ ਅਤੇ ਪੀਲੀ ਕੌਡੀਆਂ ਦੀ ਸੁਆਹ ਦੋ ਹਿੱਸੇ ਮਿਲਾਓ. ਇਹ ਸਭ ਬਰੀਕ ਪੀਹਕੇ ਖਰਲ ਕੀਤੇ ਪਾਰੇ ਨਾਲ ਮਿਲਾਓ. ਫਿਰ ਸਾਰੀਆਂ ਚੀਜਾਂ ਇਕੱਠੀਆਂ ਕਰਕੇ ਪੱਕੇ ਨਿੰਬੂਆਂ ਦੇ ਰਸ ਵਿੱਚ ਸੱਤ ਦਿਨ ਖਰਲ ਕਰੋ. ਜਦ ਸੁਰਮੇ ਵਰਗਾ ਬਰੀਕ ਅਤੇ ਖ਼ੁਸ਼ਕ ਹੋ ਜਾਵੇ ਤਾਂ ਸ਼ੀਸ਼ੀ ਵਿੱਚ ਪਾਕੇ ਰੱਖ ਲਓ. ਖ਼ੁਰਾਕ ਇਸ ਦੀ ਪੂਰੇ ਜੁਆਨ ਆਦਮੀ ਲਈ ਇੱਕ ਰੱਤੀ ਤੋਂ ਦੋ ਰੱਤੀ ਹੈ.

ਅਗਨਿਕੁਲ: ਦੇਖੋ, ਰਾਜਪੂਤ.

ਅਗਨਿਜਿਹਵ, ਅਗਨਿਜਿਹ੍ਵ: ਸੰ. ਅਗ੍ਨਿ ਜਿਹ੍ਵ. ਸੰਗਜਾ- ਅਗਨਿ ਹੈ ਜੀਭ ਜਿਸ ਦੀ. ਦੇਵਤਾ. ਸੁਰ. ਵੇਦਾਂ ਵਿੱਚ ਦੇਵਤਿਆਂ ਦੀ ਜੀਭ ਅਗਨਿ ਦੇਵਤਾ ਨੂੰ ਮੰਨਿਆ ਹੈ. ਉਸ ਵਿੱਚ ਹਵਨ ਕੀਤੇ ਪਦਾਰਥਾਂ ਦਾ ਰਸ ਦੇਵਤੇ ਲੈਂਦੇ ਹਨ. ਇਸੇ ਲਈ ਹੋਮ ਦੀ ਵੇਦਾਂ ਵਿੱਚ ਵੱਡੀ ਮਹਿਮਾ ਹੈ.

ਅਗਨਿਤ: ਦੇਖੋ, ਅਗਣਿਤ.

ਅਗਨਿ ਤਲਾਉ: ਸੰਗਜਾ- ਸੰਸਾਰ. ਦੁੱਖਾਂ ਦਾ ਤਲਾਉ. ਮਨ ਨੂੰ ਤਪਾਉਣ ਵਾਲੇ ਕਲੇਸ਼ਾਂ ਦਾ ਤਾਲ।

੨. ਗਰਭਕੁੰਡ. "ਆਗੈ ਅਗਨਿ ਤਲਾਉ." (ਸਵਾ ਮਃ ੧)

ਅਗਨਿ ਪਰਾਹਨ: ਵਿ- ਅੱਗ ਦਾ ਪੈਰਾਹਨ. ਅਗਨਿ ਦਾ ਚੋਲਾ. ਤਾਮਸੀ ਲਿਬਾਸ.

ਅਗਨਿਪਰੀਖਯਾ: ਦੇਖੋ, ਦਿਵ੍ਯ.

ਅਗਨਿਪੁਰਾਣ: ਦੇਖੋ, ਪੁਰਾਣ.

ਅਗਨਿਬਾਇ: ਦੇਖੋ, ਅਗਨਵਾਯੁ. "ਕੇਤੇ ਅਗਨਿਬਾਇ ਤੇ ਜਰੇ." (ਚਰਿਤ੍ਰ ੪੦੫) ੨. ਅੱਗ ਜੇਹੀ ਗਰਮ ਹਵਾ.

ਅਗਨਿਬਾਣ: ਸੰਗਜਾ- ਤੰਤ੍ਰਸ਼ਾਸਤ੍ਰ ਅਤੇ ਪੁਰਾਣਾਂ ਅਨੁਸਾਰ ਅਗਨਿਮੰਤ੍ਰ ਪੜ੍ਹਕੇ ਚਲਾਇਆ ਤੀਰ, ਜੋ ਵੈਰੀ ਦੀ ਸੈਨਾ ਅਤੇ ਸਾਮਾਨ ਨੂੰ ਭਸਮ ਕਰ ਦਿੰਦਾ ਹੈ. ਦੇਖੋ, ਅਸਤ੍ਰ। ੨. ਗੋਲਾ ਬੰਬਾ ਆਦਿ। ੩. ਬਰਨੀਅਰ (Bernier) ਲਿਖਦਾ ਹੈ ਕਿ

ਜੰਗ ਵਿੱਚ ਆਤਿਸ਼ਬਾਜ਼ੀ ਦੀ ਚਰਖੀ ਆਦਿਕ ਹਾਥੀਆਂ ਦੇ ਡਰਾਉਣ ਲਈ ਵਰਤੇ ਜਾਂਦੇ ਸਨ.

ਅਗਨਿਬਾਣੀ: ਵਿ- ਕੌੜੀ ਬਾਣੀ. ਦਿਲ ਸਾੜ ਦੇਣ ਵਾਲੀ ਬੋਲੀ। ੨. ਸੰਗਯਾ- ਯਜੁਰਵੇਦ ਦੀ ਬਾਣੀ, ਜਿਸ ਵਿੱਚ ਅਗਿਨਹੋਤ੍ਰ ਦੀ ਵਿਧੀ ਹੈ.

ਅਗਨੀ: ਦੇਖੋ, ਅਗਨਿ। ੨. ਸੰਗਯਾ- ਤਾਮਸਵ੍ਰਿੱਤੀ. "ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ." (ਸਵਾ ਮਃ ੩)

ਅਗਨੀਅ, ਅਗਨੇਯ: ਸੰ. ਆਗ੍ਨੇਯ. ਵਿ- ਅਗਨਿ ਸੰਬੰਧੀ. ਅੱਗ ਦਾ। ੨. ਸੰਗਯਾ- ਸੁਵਰ੍ਣ. ਸੋਨਾ। ੩. ਜ੍ਵਾਲਾਮੁਖੀ ਪਹਾੜ। ੪. ਅਗਨਿਪੁਰਾਣ। ੫. ਪੂਰਵ ਦੱਖਣ ਦੇ ਵਿਚਕਾਰ ਦੀ ਦਿਸ਼ਾ। ੬. ਸੰ. ਅਗਣਨੀਯ. ਵਿ- ਬੇਸ਼ੁਮਾਰ. "ਮਹਾਂ ਬੀਰ ਅਗਨੀਅ." (ਗੁਪ੍ਰਸੂ)

ਅਗਨੈਤ: ਦੇਖੋ ਅਗਣਿਤ। ੨. ਆਗੂ. ਮੁਖੀਆ. ਅੱਗੇ ਲੈ ਜਾਣ ਵਾਲਾ.

ਅਗਨੰਗੁਨ: ਵਾ- ਅਗਣਿਤ- ਔਗੁਨ. ਬੇਅੰਤ ਦੋਸ਼। ੨. ਤਾਮਸੀ ਗੁਣ. ਆਸੁਰੀ ਸੰਪਤਿ. "ਅਗਨੰਗੁਨ ਕੋ ਹਰਹੋਂ." (ਕ੍ਰਿਸਨਾਵ)

ਅਗਨੰਤ: ਦੇਖੋ, ਅਗਣਿਤ.

ਅਗਨ੍ਯਾਸ੍ਤ੍ਰ: ਦੇਖੋ, ਅਗਨਿ ਅਸਤ੍ਰ.

ਅਗਮ: ਵਿ- ਜੋ ਗਮਨ ਨਾ ਕਰੇ. ਅਚਲ. "ਅਗਮ ਅਗੋਚਰੁ ਅਨਾਥੁ ਅਜੋਨੀ." (ਸਾਰ ਅਃ ਮਃ ੧)

੨. ਸੰਗਯਾ- ਬਿਰਛ। ੩. ਪਹਾੜ। ੪. ਸੰ. ਅਗਮ੍ਯ. ਵਿ- ਜਿੱਥੇ ਪਹੁੰਚਿਆ ਨਾ ਜਾਵੇ. "ਅਗਮ ਤੀਰ ਨਹ ਲੰਘਨਹ." (ਸਹਸ ਮਃ ੫) ੫. ਜਿਸ ਵਿੱਚ ਬੁੱਧੀ ਦੀ ਪਹੁੰਚ ਨਾ ਹੋਵੇ. ਅਚਿੰਤ੍ਯ। ੬. ਦੇਖੋ, ਆਗਮ। ੭. ਭਵਿਸ਼੍ਯਤ. "ਜਨ ਨਾਨਕ ਅਗਮ ਵੀਚਾਰਿਆ." (ਵਾਰ ਗਉ ੧, ਮਃ ੪) ੮. ਆਗਮ. ਸ਼ਾਸ੍ਤ੍ਰ. "ਅਗਮ ਨਿਗਮ ਸਤਿਗੁਰੂ ਦਿਖਾਇਆ." (ਮਾਰੂ ਅਃ ਮਃ ੩) "ਹਰਿ ਅਗਮ ਅਗੋਚਰ ਗੁਰਿ ਅਗਮ ਦਿਖਾਲੀ." (ਭੈਰ ਮਃ ੪) ਗੁਰੁਸ਼ਾਸ੍ਤ੍ਰ ਨੇ ਦਿਖਾਇਆ।

੯. ਭਾਈ ਸੰਤੋਖ ਸਿੰਘ ਨੇ ਔਖੇ (ਮੁਸ਼ਕਿਲ) ਲਈ ਅਗਮ ਸ਼ਬਦ ਵਰਤਿਆ ਹੈ. "ਸਬ ਬਿਧਿ ਸੁਗਮ ਅਗਮ ਕਛੁ ਨਾਹੀ." (ਨਾਪ੍ਰ)

ਅਗਮਈ: ਵਿ- ਅਗਮਰੂਪ। ੨. ਅਗਮ੍ਯਤਰ.

"ਅਗਮ ਅਗਮ ਅਗਮਈ." (ਆਸਾ ਮਃ ੫)

੩. ਅਗਨਿ ਮਯ. ਅੱਗ ਰੂਪ.

ਅਗਮਨ: ਦੇਖੋ, ਆਗਮਨ। ੨. ਸੰਗਯਾ- ਨਾ ਗਮਨ. ਇਸਥਿਤੀ.

ਅਗਮਨੇ, ਅਗਮਨੈ: ਕ੍ਰਿ. ਵਿ- ਸਮੇਂ ਤੋਂ ਪਹਿਲਾਂ. ਕ਼ਬਲਜ਼ ਵਕ਼ਤ. "ਇਕ ਦਿਨ ਕੁੱਵਰਿ ਅਗਮਨੇ ਗਈ." (ਚਰਿਤ੍ਰ ੨੬੬) ੨. ਅੱਗੇ. ਮੁਹਿਰੇ. "ਭੇਜ ਅਗਮਨੈ ਦੀਨ." (ਕ੍ਰਿਸਨਾਵ)

ਅਗਮਪੁਰ: ਵਿ- ਉਹ ਨਗਰ, ਜਿਸ ਥਾਂ ਚਿੰਤਾ ਸ਼ੋਕਾਦਿ ਨਾ ਹੋਵੇ। ੨. ਸੰਗਯਾ- ਪਰਮਪਦ. ਨਿਰਵਾਂਣ. "ਤਿਤੁ ਅਗਮਪੁਰੇ ਕਹੁ ਕਿਤੁਬਿਧਿ ਜਾਈਐ?" (ਆਸਾ ਛੰਤ ਮਃ ੧) ੩. ਆਨੰਦਪੁਰ ਦੇ ਪੰਜ ਕਿਲਿਆਂ ਵਿੱਚੋਂ ਇੱਕ ਕਿਲਾ- ਜਿਸ ਥਾਂ ਸੰਮਤ ੧੭੬੧ ਵਿੱਚ ਭਾਈ ਉਦਯ ਸਿੰਘ ਅਤੇ ਈਸ਼ਰ ਸਿੰਘ ਜੀ ਨੇ ਤੁਰਕੀ ਸੈਨਾ ਦਾ ਮੁਕਾਬਲਾ ਕੀਤਾ ਸੀ। ੪. ਦੇਖੋ, ਅਗੰਮਪੁਰ.

ਅਗਮਰੂਪ: ਸੰਗਯਾ- ਕਰਤਾਰ. ਅਚਲ ਰੂਪ. ਅਖੰਡ ਬ੍ਰਹਮ. "ਅਗਮਰੂਪ ਕਾ ਮਨ ਮਹਿ ਥਾਨਾ." (ਗਉ ਮਃ ੫)

ਅਗਮਾ: ਵਿ- ਅਗਮ੍ਯਰੂਪ. ਦੇਖੋ, ਅਗਮ. "ਪਿਤਾ ਮੇਰੋ ਬਡੋ ਧਨੀ ਅਗਮਾ." (ਗੂਜ ਅਃ ਮਃ ੫) ੨. ਦੇਖੋ, ਅਗਮ੍ਯਾ.

**ਅਗਮਾ ਅਗਮ:** ਅਗਮਯ ਤੋਂ ਭੀ ਅਗਮਯ. ਪਰਮ ਅਗਮਯ. "ਹਰਿ ਅਗਮਾ ਅਗਮ ਅਪਾਰਾ." (ਸੋਪੁਰਖੁ)

**ਅਗਮੁ:** ਦੇਖੋ, ਅਗਮ.

**ਅਗਮਗੁਰੂ:** ਦੇਖੋ, ਗੋਰਖ ੨.

**ਅਗਮਯਾ:** ਸੰ. ਸੰਗਯਾ- ਨਾ ਗਮਨ (ਭੋਗਣ) ਯੋਗ੍ਯ. ਉਹ ਇਸਤ੍ਰੀ ਜਿਸ ਨਾਲ ਭੋਗ ਕਰਨਾ ਮਹਾਂ ਪਾਪ ਹੈ. ਪਰ ਇਸਤ੍ਰੀ ਅਗਮ੍ਯਾ ਹੈ, ਪਰ ਖ਼ਾਸ ਕਰਕੇ ਗੁਰੂ ਰਾਜਾ ਆਦਿ ਦੀ ਇਸਤ੍ਰੀ ਨੂੰ ਅਗਮ੍ਯਾ ਲਿਖਿਆ ਹੈ.

**ਅਗ਼ਯਾਰ:** ਅ਼. اغیار ਗ਼ੈਰ ਦਾ ਬਹੁ ਵਚਨ. ਓਪਰੇ. ਬੇਗਾਨੇ.

**ਅਗਰ:** ਸੰ. ਅਗਰੁ. ਸੰਗਯਾ- ਇੱਕ ਸੁਗੰਧ ਵਾਲਾ ਬਿਰਛ, ਜੋ ਆਸਾਮ ਵਿੱਚ ਬਹੁਤ ਹੁੰਦਾ ਹੈ. ਇਸ ਦੀਆਂ ਗੱਠਾਂ ਵਿੱਚ ਰਸ ਜਮਾਂ ਹੋ ਜਾਂਦਾ ਹੈ, ਉਨ੍ਹਾਂ ਨੂੰ ਕੱਟਕੇ ਧੂਪ ਵਿੱਚ ਮਿਲਾਈਦਾ ਹੈ. ਅਰ ਇਸ ਦਾ ਇਤਰ ਭੀ ਬਣਦਾ ਹੈ. L. Amyris Agalocha.[63] ਇਸ ਦੀ ਤਾਸੀਰ ਗਰਮ ਤਰ ਹੈ. "ਕਸਤੂਰਿ ਕੁੰਗੂ ਅਗਰ ਚੰਦਨ ਲੀਪਿ ਆਵੈ ਚਾਉ." (ਸ੍ਰੀ ਮਃ ੧) ੨. ਸੰ. ਅਗ੍ਰ. ਅਗਲਾ ਹਿੱਸਾ। ੩. ਵਿ- ਅਗਲਾ. ਮੁਹਰਲਾ। ੪. ਉੱਤਮ. ਨੇਕ। ੫. ਫ਼ਾ. اگر ਵ੍ਯ- ਯਦਿ. ਜੇ.

**ਅਗਰਕ:** ਵਿ- ਅਗ੍ਰਣੀਯ. ਮੁਖੀਆ. ਆਗੂ. ਮੁਹੈਲੀ. ਅਗ੍ਰਵਰਤੀ "ਅਗਰਕ ਉਸ ਕੇ ਬਡੇ ਠਗਾਊ." (ਆਸਾ ਮਃ ੫)

**ਅਗਰਚਿ, ਅਗਰਚੇ:** ਫ਼ਾ. اگرچہ ਵ੍ਯ- ਯਦ੍ਯਪਿ. ਭਾਵੇਂ. ਚਾਹੋ। ੨. ਗੋਕਿ.

**ਅਗਰਵਾਲ:** ਵੈਸ਼੍ਯ ਜਾਤਿ ਦਾ ਇੱਕ ਗੋਤ. ਅਗਰੋਹਾ ਪਿੰਡ (ਜਿਲਾ ਹਿਸਾਰ) ਤੋਂ ਇਸ ਦਾ ਨਿਕਾਸ ਹੋਣ ਤੋਂ ਇਹ ਸੰਗਯਾ ਹੈ। ੨. ਇੱਕ ਖਤ੍ਰੀ ਗੋਤ ਜੋ ਸਰੀਣਾਂ ਵਿੱਚੋਂ ਹੈ.

**ਅਗਰਾਜ:** ਅ਼. اغراض ਅਗ਼ਰਾਜ਼, ਗ਼ਰਜ ਦਾ ਬਹੁ ਵਚਨ. ਲੋੜਾਂ.

**ਅਗਰਿ, ਅਗਰੁ:** ਦੇਖੋ, ਅਗਰ.

**ਅਗ਼ਲਬ:** ਅ਼. اغلب ਕ੍ਰਿ. ਵਿ- ਬਹੁਤ ਗ਼ਾਲਿਬ. ਨਿਸਚੇ ਯੋਗ੍ਯ.

**ਅਗਲਾ:** ਵਿ- ਪਹਿਲਾ. ਪ੍ਰਥਮ. ਮੁਖੀਆ. "ਤੂ ਬਖਸੀਸੀ ਅਗਲਾ." (ਵਾਰ ਆਸਾ ਮਃ ੧) ੨. ਪੁਰਾਣਾ. ਪਹਿਲੇ ਵੇਲੇ ਦਾ। ੩. ਅੱਗੇ ਦਾ. ਅਗ੍ਰ ਭਾਗ ਦਾ। ੪. ਬਹੁਤਾ. ਅਧਿਕ. "ਇਕਨਾ ਆਟਾ ਅਗਲਾ ਇਕਨਾ ਨਾਂਹੀ ਲੋਣ." (ਸ. ਫਰੀਦ) ੫. ਸੰਗਯਾ- ਪਰਲੋਕ. ਅਗਲੀ ਦੁਨੀਆਂ.

**ਅਗਲਾਈ:** ਕ੍ਰਿ. ਵਿ- ਅੱਗੇ ਨੂੰ. ਅੱਗੇ ਵੱਲ. "ਸੁਇਨਾ ਰੁਪੱਾ ਪੰਡ ਬੰਨ੍ਹ ਅਗਲਾਈ ਅੜਿਆ." (ਭਾਗੁ) ੨. ਸਿੰਧੀ. ਫੂਹੜਪੁਣੇ ਨਾਲ. ਸਲੀਕੇ ਬਿਨਾ.

**ਅਗਲਿਤ:** ਸੰ. ਨਿਗੰਲਿਤ. ਵਿ- ਨਿਗਲਿਆ ਹੋਇਆ. ਗਲ ਦੇ ਅੰਦਰ ਕੀਤਾ. "ਪੇਂਝੂ ਦਿੱਸਨ ਰੰਗੁਲੇ ਮਰੀਐ ਅਗਲਿਤੈ." (ਭਾਗੁ) ਨਿਗਲਨ ਤੋਂ ਮਰੀਦਾ ਹੈ। ੨. ਉਗਲਿਆ ਹੋਇਆ.

**ਅਗਲੀ:** ਵਿ- ਬਹੁਤੀ. ਅਧਿਕ. "ਖੇਤੀ ਜੰਮੀ ਅਗਲੀ." (ਸ੍ਰੀ ਮਃ ੩) "ਹੁਰਮਤਿ ਤਿਸ ਨੋਂ ਅਗਲੀ." (ਵਾਰ ਆਸਾ) ੨. ਆਉਣਵਾਲੇ ਸਮੇਂ ਦੀ. ਪਰਲੋਕ ਦੀ. "ਅਗਲੀ ਗਲ ਨ ਜਾਣੀਆ." (ਮਾਰੂ ਮਃ ੫. ਅੰਜੁਲੀਆ) ੩. ਦੇਖੋ, ਅਗਲਾ.

**ਅਗਵਨ:** ਦੇਖੋ, ਅਗਮਨ ਅਤੇ ਆਗਮਨ. "ਆਪ ਅਗਵਨ ਹੋਇ ਤਿਸ ਦੇਸ." (ਗੁਪ੍ਰਸੁ) ਆਪ ਦਾ ਆਗਮਨ (ਆਉਣਾ) ਹੋਵੇ ਤਿਸ ਦੇਸ ਵਿੱਚ.

---

[63] Eagle-wood.

**ਅਗਵਾਈ:** ਦੇਖੋ, ਅਗਵਾਨੀ.

**ਅਗਵਾਨ:** ਸੰਗਯਾ- ਪੇਸ਼ਵਾਈ ਕਰਨ ਵਾਲਾ. ਅੱਗੇ ਵਧਕੇ ਲੈਣ ਵਾਲਾ। ੨. ਵਿ- ਆਗੂ. ਮੁਖੀਆ। ੩. ਕ੍ਰਿ. ਵਿ- ਅੱਗੇ. ਸਾਮ੍ਹਣੇ. "ਨਹਿ ਕੂਰ ਕਹੋਂ ਤੁਮਰੇ ਅਗਵਾਨ." (ਨਾਪ੍ਰ)

**ਅਗਵਾਨੀ:** ਸੰਗਯਾ- ਪੇਸ਼ਵਾਈ. ਅਗਵਾਈ. ਸ੍ਵਾਗਤ. ਅੱਗੇ ਵਧਕੇ ਲੈਣ ਦੀ ਕ੍ਰਿਯਾ। ੨. ਮੁਖੀਆਪਨ। ੩. ਭਵਿਸ਼ਤ. ਆਉਣ ਵਾਲਾ ਸਮਾ. "ਇਸ ਕੋ ਫਲ ਦੇਖੋ ਅਗਵਾਨੀ." (ਗੁਪ੍ਰਸੂ) ੪. ਕ੍ਰਿ. ਵਿ- ਸਨਮੁਖ. "ਭਯੋ ਲੋਪ ਦੇਖਤ ਅਗਵਾਨੀ." (ਗੁਪ੍ਰਸੂ)

**ਅਗਵਾੜੀ:** ਸੰਗਯਾ- ਆਲਸ ਕਰਕੇ ਅੰਗਾਂ ਨੂੰ ਆੜਾ (ਟੇਢਾ) ਕਰਨ ਦੀ ਕ੍ਰਿਯਾ. ਅੰਗੜਾਈ.

**ਅਗਾਉਲ:** ਦੇਖੋ, ਅਗੌਲ.

**ਅਗਾਊ:** ਵਿ- ਪੇਸ਼ਗੀ। ੨. ਕ੍ਰਿ. ਵਿ- ਪਹਿਲਾਂ ਤੋਂ. ਅੱਗੇ ਤੋਂ. ਅਗੇਤ੍ਰੇ.

**ਅਗਾਸ:** ਸੰਗਯਾ- ਆਕਾਸ਼। ੨. ਆਕਾਸ਼ ਮੰਡਲ. "ਜਿਨਿ ਧਾਰੇ ਬਹੁ ਧਰਣਿ ਅਗਾਸ." (ਗਉ ਮਃ ੫)

**ਅਗਾਹ, ਅਗਾਹਿ, ਅਗਾਹੁ:** ਵਿ- ਅਗਾਧ. ਅਥਾਹ. "ਮਹਾਂ ਅਗਾਹ ਅਗਿਨ ਕਾ ਸਾਗਰ." (ਆਸਾ ਮਃ ੫) "ਗੁਰੁ ਸਬਦ ਸੁਣਾਏ ਮਤਿ ਅਗਾਹਿ."

(ਬਸੰ ਅਃ ਮਃ ੧) ੨. ਅਗ੍ਰਾਹਯ. ਜੋ ਫੜਿਆ ਨਾ ਜਾ ਸਕੇ. ਇੰਦ੍ਰੀਆਂ ਅਤੇ ਮਨ ਜਿਸਨੂੰ ਗ੍ਰਹਿਣ ਨਾ ਕਰ ਸਕਣ. "ਹਰਿ ਅਗਮ ਅਗਾਹੁ." (ਵਾਰ ਬਿਹਾ ਮਃ ੪) "ਗਹਯੋ ਜੋ ਨ ਜਾਇ ਸੋ ਅਗਾਹ ਕੈਕੈ ਗਾਹੀਅਤ" (ਗ੍ਯਾਨ) ੩. ਦੇਖੋ, ਆਗਾਹ.

**ਅਗਾਜ, ਅਗਾਜਾ, ਅਗਾਜਿ:** ਫ਼ਾ. آغاز ਆਗ਼ਾਜ਼ ਸੰਗਯਾ- ਉਤਪੱਤੀ. ਸ਼ੁਰੂ ਹੋਣਾ. ਪ੍ਰਗਟ ਹੋਣ ਦੀ ਕ੍ਰਿਯਾ. ਆਰੰਭ. ਮਰਾ- ਅਗਾਜਣੇ। ੨. ਪ੍ਰਤਿ-

ਧ੍ਵਨਿ. ਗੂੰਜ. "ਤਹਿ ਅਨਹਦ ਸਬਦ ਅਗਾਜਾ." (ਸੋਰ ਮਃ ੫) ੩. ਅਗ੍ਰਾਹ੍ਯ. ਵਿ- ਜੋ ਗ੍ਰਹਿਣ ਨਾ ਕੀਤਾ ਜਾ ਸਕੇ. ਮਨ ਅਤੇ ਇੰਦ੍ਰੀਆਂ ਕਰਕੇ ਅਗ੍ਰਾਹ੍ਯ. "ਸੁਰ ਨਰਿ ਗਣ ਮੁਨਿ ਬੋਹਯ ਅਗਾਜਿ." (ਸਵੈਯੇ ਮਃ ੨. ਕੇ) ਦੇਖੋ, ਬੋਹਯ। ੪. ਸਿੰਧੀ. ਅਗਾਜ. ਅਗਾਜੋ. ਅਗਣਿਤ. ਬੇਸ਼ੁਮਾਰ.

**ਅਗਾਤ:** ਸੰਗਯਾ- ਨਹੀਂ ਹੈ ਗਾਤ (ਗਾਤ੍ਰ- ਦੇਹ) ਜਿਸ ਦਾ. ਕਾਮ. ਅਨੰਗ. "ਉਪਮਾ ਅਗਾਤ." (ਗ੍ਯਾਨ) ੨. ਸੰ. ਆਗਤ. ਅਭ੍ਯਾਗਤ. ਅਤਿਥਿ. "ਜਹਿੰ ਅਗਾਤ ਦੀਨੇਯ." (ਨਾਪ੍ਰ) ੩. ਵਿ- ਅਗ੍ਯਾਤ. ਨਾ ਮਲੂਮ. "ਨਾਹਿ ਨ ਤੁਮ ਤੇ ਅਬਹਿ ਅਗਾਤ." (ਨਾਪ੍ਰ) ੪. ਵਿਦੇਹ. ਗਾਤ (ਦੇਹ) ਤੋਂ ਪਰੇ. "ਅਗਾਤ ਅਨੰਦਾ." (ਨਾਪ੍ਰ)

**ਅਗਾਤੀ:** ਦੇਖੋ, ਅਗਾਤ ੧। ੨. ਆਮਦਨ. ਪ੍ਰਾਪਤੀ. "ਆਜ ਨਹੀਂ ਕੋ ਦਾਮ ਅਗਾਤੀ." (ਗੁਪ੍ਰਸੂ)

**ਅਗਾਤ੍ਰ:** ਦੇਖੋ, ਅਗਾਤ ੧.

**ਅਗਾਥ:** ਵਿ- ਜਿਸ ਦੀ ਗਾਥਾ (ਕਥਾ) ਨਾ ਕਹੀ ਜਾ ਸਕੇ. ਅਕਥ੍ਯ.

**ਅਗਾਧ:** ਵਿ- ਜਿਸ ਦਾ ਗਾਧ (ਥਾਹ) ਨਾ ਪਾਇਆ ਜਾਵੇ. ਜਿਸ ਦਾ ਥੱਲਾ ਨਾ ਮਾਲੂਮ ਹੋ ਸਕੇ. ਅਤ੍ਯੰਤ ਗੰਭੀਰ. "ਅਗਮ ਅਗਾਧ ਪਾਰਬ੍ਰਹਮੁ ਸੋਇ." (ਸੁਖਮਨੀ) ੨. ਸੰਗਯਾ- ਕਰਤਾਰ. ਵਾਹਗੁਰੂ. ਜਿਸ ਦਾ ਥਾਹ ਕੋਈ ਨਹੀਂ ਪਾ ਸਕਦਾ. ਮਨ ਬੁੱਧੀ ਤੋਂ ਜਿਸ ਦਾ ਅੰਤ ਨਹੀਂ ਜਾਣਿਆ ਜਾਂਦਾ.

**ਅਗਾਧਬੋਧ:** ਵਿ- ਜਿਸ ਦੇ ਬੋਧ (ਗ੍ਯਾਨ) ਦਾ ਥਾਹ ਨਹੀਂ. ਬੇਅੰਤ ਗ੍ਯਾਨ ਵਾਲਾ. "ਅਗਾਧਬੋਧ ਸਮਰਥ ਸੁਆਮੀ." (ਆਸਾ ਛੰਤ ਮਃ ੫)

**ਅਗਾਧਿ, ਅਗਾਧੁ:** ਦੇਖੋ, ਅਗਾਧ.

**ਅਗਾਮ, ਅਗਾਮਾ:** ਸੰ. ਅਗਮਜ. ਵਿ- ਦੁਰਗਮ. ਪਹੁੰਚ ਤੋਂ ਬਾਹਰ। ੨. ਦੁਰਲਭ. ਜਿਸ ਦਾ ਪ੍ਰਾਪਤ ਹੋਣਾ ਔਖਾ ਹੋਵੇ. "ਹਥ ਚਰਿਓ ਲਾਲ ਅਗਾਮਾ." (ਸਾਰ ਮਃ ੫) ਦੇਖੋ, ਅਗਾਮੀ.

**ਅਗਾਮੀ:** ਸੰ. आगामिन. ਆਗਾਮੀ. ਵਿ- ਆਉਣ ਵਾਲਾ.

**ਅਗਾਰ:** ਸੰਗਯਾ- ਅੱਗਾ. ਅਗ੍ਰਭਾਗ। ੨. ਕ੍ਰਿ. ਵਿ- ਅੱਗੇ. ਅੱਗੇ ਵਲ. "ਇਤੈ ਗੁਰੂ ਅਗਾਰ ਕੋ ਸਿਧਾਰ ਪਾਂਉ ਡਾਰਕੈ." (ਗੁਪ੍ਰਸੂ) ੩. ਸੰ. ਆਗਾਰ. ਸੰਗਯਾ- ਘਰ. ਨਿਵਾਸ ਦਾ ਥਾਂ. "ਗੁਨ ਅਗਾਰ ਸਭ ਸੁਖ ਦਾਤਾਰ." (ਗੁਪ੍ਰਸੂ)

**ਅਗਾਰਿ, ਅਗਾਰੀ, ਅਗਾੜੀ:** ਕ੍ਰਿ ਵਿ- ਅਗਲੇ ਪਾਸੇ. ਅੱਗੇ। ੨. ਪੂਰਵ ਕਾਲ ਵਿੱਚ. ਪਿਛਲੇ ਸਮੇਂ ਵਿੱਚ। ੩. ਭਵਿਸ਼੍ਯ ਕਾਲ ਵਿੱਚ. ਆਉਣ ਵਾਲੇ ਸਮੇਂ। ੪. ਸੰਗਯਾ- ਘੋੜੇ ਦੇ ਬੰਨ੍ਹਣ ਦੇ ਉਹ ਰੱਸੇ, ਜੋ ਮੂੰਹ ਵੱਲ ਹੋਣ. ਦਹਾਨੇ ਵਿੱਚ ਪਾਕੇ ਕਿੱਲੇ ਨਾਲ ਬੰਨ੍ਹੇ ਹੋਏ ਰੱਸੇ.

**ਅਗਾੜੀ ਪਿਛਾੜੀ ਸਾਹਿਬ:** ਦੇਖੋ, ਜੀਓ ਵਾਲਾ.

**ਅਗਿ:** ਸੰ. ਅਗਿਨ. ਸੰਗਯਾ- ਅੱਗ. ਆਗ. ਆਤਿਸ਼. "ਘਰਿ ਘਰਿ ਏਹਾ ਅਗਿ." (ਸ. ਫਰੀਦ) ੨. ਦੇਖੋ, ਅਗ੍ਯ.

**ਅਗਿਆਤ:** ਦੇਖੋ, ਅਗ੍ਯਾਤ.

**ਅਗਿਆਨ:** ਸੰ. अज्ञान- ਅਗ੍ਯਾਨ. ਸੰਗਯਾ- ਨਾ ਜਾਣਨ ਦੀ ਦਸ਼ਾ. ਮੂਰਖਤਾ. ਅਨਜਾਨਪੁਣਾ. ਅਵਿਦ੍ਯਾ. "ਗਿਆਨ ਅੰਜਨ ਗੁਰੁ ਦੀਆ ਅਗਿਆਨ ਅੰਧੇਰ ਬਿਨਾਸ." (ਸੁਖਮਨੀ) ਦੇਖੋ, ਗ੍ਯਾਨ.

**ਅਗਿਆਨਤਾ:** ਸੰ. अज्ञानता. ਸੰਗਯਾ- ਮੂਰਖਤਾ. ਨਾਦਾਨੀ. ਬੇਸਮਝੀ. "ਗੁਰੁ ਕਾਟੀ ਅਗਿਆਨਤਾ." (ਆਸਾ ਮਃ ੫)

**ਅਗਿਆਨਥ:** ਅਗ੍ਯਾਨਾਤ. ਅਗ੍ਯਾਨ ਕਰਕੇ. ਅਵਿਦ੍ਯਾ ਤੋਂ. "ਤੁਮ ਕਾਹੇ ਬਿਸਾਰਿਓ ਅਗਿਆਨਥ." (ਮਾਰੂ ਮਃ ੫) ੨. ਸੰਗਯਾ- ਅਗ੍ਯਾਨਪਨ. ਅਗ੍ਯਾਨਤ੍ਵ.

**ਅਗਿਆਨਮਤੀ:** ਸੰਗਯਾ- ਅਗ੍ਯਾਨ ਵਾਲੀ ਬੁੱਧੀ. ਅਗ੍ਯਾਨ ਸਹਿਤ ਮਤੀ. "ਅਗਿਆਨਮਤੀ ਅੰਧੇਰ ਹੈ." (ਸ੍ਰੀ ਮਃ ੩) ੨. ਵਿ- ਅਗ੍ਯਾਨ ਸਹਿਤ ਹੈ ਜਿਸ ਦੀ ਬੁੱਧੀ.

**ਅਗਿਆਨਿ, ਅਗਿਆਨੀ:** ਸੰ. अज्ञानिन- ਅਗ੍ਯਾਨੀ. ਵਿ- ਗ੍ਯਾਨ- ਹੀਨ. ਮੂਰਖ. ਬੇਸਮਝ. "ਅਗਿਆਨੀ ਅੰਧਾ ਮਗੁ ਨ ਜਾਣੈ." (ਮਾਝ ਅਃ ਮਃ ੧) ੨. ਕ੍ਰਿ. ਵਿ- ਅਚਾਨਕ. ਪਤਾ ਲੱਗਣ ਤੋਂ ਬਿਨਾ. "ਬਿਨਸੈ ਕਾਚੀ ਦੇਹ ਅਗਿਆਨੀ." (ਸੋਰ ਮਃ ੫)

**ਅਗਿਨਤ:** ਦੇਖੋ. ਅਗਣਿਤ.

**ਅਗੀ:** ਸੰ. ਅਗਨਿ. ਸੰਗਯਾ- ਆਗ. ਅੱਗ।

੨. ਅਗ੍ਨੀਆਂ. "ਦੁਖ ਕੀਆ ਅਗੀ ਮਾਰੀਅਹਿ." (ਵਾਰ ਸਾਰ ਮਃ ੧) ੩. ਅੱਗ ਨੂੰ. ਅਗਨਿ ਕੋ. "ਅਗੀ ਪਾਲਾ ਕਿ ਕਰੇ?" (ਵਾਰ ਮਾਝ ਮਃ ੨)

**ਅਗੁਣ, ਅਗੁਨ:** ਵਿ- ਗੁਣ ਰਹਿਤ. ਨਿਰਗੁਣ. ਬੇਹੁਨਰ। ੨. ਰਜ ਤਮ ਸਤ ਗੁਣਾ ਤੋਂ ਰਹਿਤ। ੨. ਅਵਗੁਣ. ਦੋਸ਼ "ਗੁਨ ਸਿਖਰਾਇ ਅਗੁਨ ਪਰਹਰਕੈ." (ਗੁਪ੍ਰਸੂ)

**ਅਗੁਰੁ:** ਦੇਖੋ, ਅਗਰ। ੨. ਵਿ- ਜੋ ਗੁਰੁ (ਵਡਾ ਅਥਵਾ ਭਾਰੀ) ਨਹੀਂ.

ਅਗ੍ਰੂਆ: ਸੰਗਯਾ- ਅਗ੍ਰਭਾਗ. ਅਗਲਾ ਪਾਸਾ.।

੨. ਅੱਗੇ ਵਧਕੇ ਲੈਣ ਵਾਲਾ. ਪੇਸ਼ਵਾਈ ਕਰਨ ਵਾਲਾ. "ਅਗੂਆ ਲੇਨ ਅਗਾਊ ਆਏ." (ਚਰਿਤ੍ਰ ੨੪੭) ੩. ਆਗੂ. ਪੇਸ਼ਵਾ.

ਅਗੂਢ, ਅਗੂੜ: ਵਿ- ਜੋ ਗੂਢ (ਛਿਪਿਆ) ਨਾ ਹੋਵੇ. ਪ੍ਰਗਟ ਪ੍ਰਸਿੱਧ. "ਰੇ ਮਨ ਮੂੜ, ਅਗੂੜ ਇਸੋ ਪ੍ਰਭੁ ਤੈ ਕਿਹ ਕਾਜ ਕਹੋ ਬਿਸਰਾਯੋ?" (ਸਵੈਯੇ ੩੩)

ਅਗੇ: ਕ੍ਰਿ. ਵਿ- ਸਾਮ੍ਹਣੇ. ਸੰਮੁਖ। ੨. ਇਸ ਪਿੱਛੋਂ। ੩. ਪਹਿਲਾਂ। ੪. ਪਰਲੋਕ ਵਿੱਚ। ੫. ਪ੍ਰਤੱਖ (ਪ੍ਰਤਯਕ੍ਸ਼). "ਭਗਤ ਜਨਾ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ." (ਸਾਰ ਮਃ ੪) ੬. ਦੇਖੋ, ਅਗੇਅ.

ਅਗੇਉ, ਅਗੇਅ: ਸੰ. ਅਗ੍ਯੇਯ- ਅਗਜੇਯ. ਵਿ- ਜੋ ਸਮਝ ਵਿੱਚ ਨਾ ਆਸਕੇ. ਨਾ ਜਾਣਨ ਯੋਗਯ.

ਅਗੇਹ: ਵਿ- ਗ੍ਰਿਹ ਰਹਿਤ. ਬਿਨਾ ਘਰ.

ਅਗੇਤਾ: ਕ੍ਰਿ ਵਿ- ਸਮੇਂ ਤੋਂ ਪਹਿਲਾਂ। ੨. ਵਿ- ਸਮੇਂ ਤੋਂ ਅੱਗੇ ਹੋਣ ਵਾਲਾ. ਜਿਵੇਂ- ਅਗੇਤਾ ਫਲ.

ਅਗੇਰਾ, ਅਗੇਰੇ: ਕ੍ਰਿ. ਵਿ- ਹੁਣ ਤੋਂ ਪਹਿਲਾਂ. ਪਹਿਲਾਂ ਹੀ. "ਤਨ ਉਪਜਨ ਤੇ ਹੁਤੇ ਅਗੇਰੇ." (ਗੁਪ੍ਰਸੂ)

ਅਗੈ: ਕ੍ਰਿ. ਵਿ- ਸਾਮ੍ਹਣੇ. ਅੱਗੇ। ੨. ਪਰਲੋਕ ਵਿੱਚ. "ਅਗੈ ਜਾਤਿ ਨ ਜੋਰ ਹੈ." (ਵਾਰ ਆਸਾ)

ਅਗੋਂ: ਕ੍ਰਿ. ਵਿ- ਪਹਿਲਾਂ. ਪ੍ਰਥਮੇ. ਭਾਵ- ਮਰਣ ਤੋਂ ਪਹਿਲੇ. "ਅਗੋ ਦੇ ਜੇ ਚੇਤੀਐ, ਤਾ ਕਾਇਤੁ ਮਿਲੈ ਸਜਾਇ." (ਆਸਾ ਅਃ ਮਃ ੧) ੨. ਅਗਲੇ ਪਾਸਿਓਂ. ਸਾਮ੍ਹਣਿਓਂ. "ਤਾਂ ਉਹ ਅਗੋਂ ਆਉਂਦਾ ਮਿਲਿਆ." (ਜਸਾ)

ਅਗੋਚਰ: ਵਿ- ਜੋ ਗੋ (ਇੰਦ੍ਰੀਆਂ) ਦਾ ਵਿਸ਼ਾ ਨਾ ਹੋਵੇ. "ਅਗਮ ਅਗੋਚਰ ਅਲਖ ਅਪਾਰਾ." (ਬਿਲਾ ਮਃ ੧) ੨. ਜੋ ਪ੍ਰਤੱਖ ਨਾ ਭਾਸੇ। ੩. ਗੁਪਤ. ਲੋਪ. "ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ." (ਬਿਲਾ ਮਃ ੫) ੪. ਜਿਵੇਂ ਕ੍ਰਿਤਘਨ ਦੀ ਥਾਂ ਅਕਿਰਤਘਨ ਸ਼ਬਦ ਹੈ, ਤਿਵੇਂ ਹੀ ਗੋਚਰ ਦੀ ਥਾਂ ਅਗੋਚਰ ਸ਼ਬਦ ਆਉਂਦਾ ਹੈ. "ਜੋ ਕਛੁ ਦ੍ਰਿਸਟਿ ਅਗੋਚਰ ਆਵਤ। ਤਾਂ ਕਹੁ ਮਨ ਮਾਯਾ ਠਹਿਰਾਵਤ." (ਚੌਬੀਸਾਵ)

ਅਗੋਚਰ ਬਸਤੁ: ਸੰਗਯਾ- ਕਰਤਾਰ. ਵਾਹਗੁਰੂ। ੨. ਆਤਮਗਯਾਨ.

ਅਗੋਤ: ਸੰਗਯਾ- ਗੋਤ੍ਰ ਦਾ ਲੋਪ. ਸਰਵੰਨਾਸ਼. ਇਹ ਪਦ ਵਿਨਾਸ਼ ਵਾਸਤੇ ਵਰਤੀਦਾ ਹੈ ਅਤੇ ਭਾਵ ਇਹ ਹੁੰਦਾ ਹੈ ਕਿ ਵੈਰੀ ਦੇ ਗੋਤ ਦਾ ਇੱਕ ਭੀ ਆਦਮੀ ਬਾਕੀ ਨਾ ਛੱਡਿਆ ਜਾਵੇ. "ਸਤ੍ਰੁ ਮਾਰ ਕੀਨੇ ਅਗੋਤ" (ਗੁਪ੍ਰਸੂ) ੨. ਨੀਚ ਗੋਤ। ੩. ਗੋਤ ਰਹਿਤ. ਜਿਸ ਦਾ ਕੋਈ ਗੋਤ ਨਹੀਂ.

ਅਗੋਤੀ: ਵਿ- ਜੋ ਗੋਤ ਦਾ ਨਹੀਂ. ਭਿੰਨ ਗੋਤ੍ਰ ਦਾ.

ਅਗੋਦੇ: ਕ੍ਰਿ- ਵਿ- ਪਹਿਲਾਂ. ਸ਼ੁਰੂ ਵਿੱਚ. ਆਦਿ ਕਾਲ ਮੇਂ. "ਅਗੋਦੇ ਸਤਭਾਉ ਨ ਦਿਚੈ, ਪਿਛੋਦੇ ਆਖਿਆ ਕੰਮਿ ਨ ਆਵੈ." (ਵਾਰ ਗਉ ੧, ਮਃ ੪)

ਅਗੋਂਤੀ: ਕ੍ਰਿ. ਵਿ- ਪਹਿਲੋਂ. ਅੱਗੋਂ. ਮੁੱਢ ਤੋਂ.

ਅਗੌਲ: ਰਿਆਸਤ ਨਾਭਾ, ਨਜਾਮਤ ਤਸੀਲ ਅਮਲੋਹ, ਥਾਣਾ ਭਾਦਸੋਂ ਵਿੱਚ ਇਹ ਪਿੰਡ ਹੈ. ਇਸ ਪਿੰਡ ਤੋਂ ਅਗਨਿ ਕੋਣ ੩. ਫਰਲਾਂਗ ਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ.

ਪਹਿਲਾਂ ਇੱਥੇ ਕੋਈ ਇਮਾਰਤ ਨਹੀਂ ਸੀ, ਕੇਵਲ ਇੱਕ ਪੁਰਾਣਾ ਪਿੱਪਲ ਦਾ ਬਿਰਛ ਹੈ, ਜਿਸ ਹੇਠਾਂ ਗੁਰੂ ਜੀ ਦਾ ਵਿਰਾਜਣਾ ਵ੍ਰਿੱਧ ਲੋਕ ਦੱਸਦੇ ਹਨ. ਹੁਣ ਸੰਮਤ ੧੯੭੬ ਤੋਂ ਗੁਰਦ੍ਵਾਰਾ ਬਣਨ ਲੱਗਾ ਹੈ. ੧੦. ਵਿੱਘੇ ਜ਼ਮੀਨ ਭਾਈ ਨੱਥਾ ਸਿੰਘ ਜੀ ਅਗੌਲ ਵਾਸੀ ਨੇ ਲਗਾਈ ਹੈ. ਇਹੋ ਹੀ ਧੂਪ, ਦੀਪ, ਝਾੜੂ ਆਦਿਕ ਦੀ ਸੇਵਾ ਕਰਦੇ ਹਨ.

ਰੇਲਵੇ ਸਟੇਸ਼ਨ ਨਾਭੇ ਤੋਂ ਈਸ਼ਾਨ ਕੋਣ ਵੱਲ ਸਿੱਧੇ ਕੱਚੇ ਰਸਤੇ ੬, ਅਤੇ ਪੱਕੀ ਸੜਕ ਦੇ ਰਸਤੇ ੮. ਮੀਲ ਹੈ.

ਅਗੰਜ: ਵਿ- ਅਵਿਨਾਸ਼ੀ. ਜਿਸ ਦਾ ਨਾਸ਼ ਨਾ ਹੋ ਸਕੇ. ਦੇਖੋ, ਗੰਜ.

ਅਗੰਜਾਣ ਅਗੰਜਣ: ਵਿ- ਜੋ ਵਿਨਾਸ਼ ਹੋਣ ਵਾਲੇ ਨਹੀਂ, ਉਨ੍ਹਾਂ ਨੂੰ ਆਗੰਜਣ, ਵਿਸ਼ੇਸ਼ ਕਰਕੇ ਨਾਸ਼ ਕਰਨ ਵਾਲਾ.

ਅਗੰਜੁਲਗਨੀਮੇ: (ਜਾਪੁ) ਵਿ- ਗ਼ਨੀਮਾਂ ਤੋਂ ਨਾ ਨਾਸ਼ ਹੋਣ ਵਾਲਾ.

ਅਗੰਡ: ਵਿ- ਗੰਡਸ੍ਥਲ ਰਹਿਤ. ਜਿਸ ਦੇ ਕਨਪਟੀ ਆਦਿ ਕੋਈ ਅੰਗਨਹੀਂ. "ਨਮਸਤੁਆ ਅਗੰਡੰ." (ਗਜਾਨ)

ਅਗੰਤ: ਦੇਖੋ, ਅਗੰਤੁਕ.

ਅਗੰਤੀ: ਵਿ- ਅਗਣਿਤ. ਬਿਨਾ ਗਿਣਤੀ. ਬੇਸ਼ੁਮਾਰ। ੨. ਅੱਗੇ ਦੀ। ੩. ਭਵਿਸ਼੍ਯ ਕਾਲ (ਆਉਣ ਵਾਲੇ ਸਮੇਂ) ਦੀ.

ਅਗੰਤੁਕ: ਸੰ. ਆਗਨ੍ਤੁਕ- ਆਗੰਤੁਕ. ਵਿ- ਆਉਣ ਵਾਲਾ। ੨. ਹਰੀਚੁਗ (ਹਰਿਆਉ) ਪਸ਼ੁ। ੩. ਸੰਗਯਾ- ਪਰਾਹੁਣਾ. ਅਤਿਥਿ। ੪. ਪਰਲੋਕ.

ਅਗੰਥ: ਪਰਲੋਕ. ਦੇਖੋ, ਅਗੰਤ ਅਤੇ ਅਗੰਤੁਕ. "ਈਹਾਂ ਜਸ ਪਾਵੋ, ਵਡ ਸੁਖ ਹਨਐ ਅਗੰਥ ਮੇ." (ਪੰਪ੍ਰ)

ਅਗੰਭ: ਸੰ. ਅਗਮ੍ਭਨ੍. ਅਗੰਭਨ. ਵਿ- ਅਥਾਹ. ਅਗਾਧ. "ਆਗੰਭ ਹੈ." (ਜਾਪੁ)

ਅਗੰਮ: ਦੇਖੋ, ਅਗਮ. "ਅਗੰਮ ਅਗੰਮ ਅਸੰਖ ਲੋਅ." (ਜਪੁ) ੨. ਦੇਖੋ, ਅਗਮਯ.

ਅਗੰਮਪੁਰ: ਦੇਖੋ, ਅਗਮਪੁਰ। ੨. ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਆਨੰਦਪੁਰ ਵਿੱਚ, ਆਨੰਦਪੁਰ ਪਾਸ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਗੜ੍ਹ ਸ਼ੰਕਰ" "ਨਵਾਂ ਸ਼ਹਿਰ ਦੁਆਬਾ" ਤੋਂ ਪੂਰਵ ਵੱਲ ੨੫ ਮੀਲ ਤੇ ਹੈ.

ਇਸ ਪਿੰਡ ਵਿੱਚ ਦੋ ਗੁਰੁਦ੍ਵਾਰੇ ਹਨ:-

(ੳ) ਹੋਲਗੜ੍ਹ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਆਨੰਦ ਪੁਰ ਤੋਂ ਆਕੇ ਹੋਲੇ ਦਾ ਦੀਵਾਨ ਲਾਇਆ ਕਰਦੇ ਸਨ. ਇਸ ਗੁਰੁਦ੍ਵਾਰੇ ਦੇ ਨਾਲ ਕੋਈ ਜਾਗੀਰ ਨਹੀਂ ਹੈ. ਪੁਜਾਰੀ ਸਿੰਘ ਹੈ.

(ਅ) ਦੇਹਰਾ ਮਾਤਾ ਜੀਤੋ ਜੀ ਦਾ. ਸੰਮਤ ੧੭੫੭ ਵਿੱਚ ਅਗੰਮਪੁਰ ਦੀ ਜ਼ਮੀਨ ਵਿੱਚ ਮਾਤਾ ਜੀ ਦਾ ਸਸਕਾਰ ਹੋਇਆ, ਇੱਥੇ ਇੱਕ ਪੁਰਾਣਾ ਪਿੱਪਲ ਅਤੇ ਦੇਹਰਾ ਵਿਦਯਮਾਨ ਹੈ. ਇਹ ਜਗਾ ਆਨੰਦਪੁਰ ਤੋਂ ਪੱਛਮ ਵੱਲ ਕ਼ਰੀਬ ਡੇਢ ਮੀਲ ਹੈ. ਇਸ ਗੁਰੁਦ੍ਵਾਰੇ ਨਾਲ ਭਾਈ ਉਦਯ ਸਿੰਘ ਕੈਥਲਪਤਿ ਦੀ ਲਾਈ ਸੌ ਰੁਪਯਾ ਸਾਲਾਨਾ ਦੀ ਜਾਗੀਰ ਹੈ, ਜੋ ਪਿੰਡ ਚਿਪੜਚਿੜੀ ਜਿਲਾ ਅੰਬਾਲਾ ਤੋਂ ਮਿਲਦੀ ਹੈ. ਸੌ ਰੁਪਯੇ ਦੀ ਜਾਗੀਰ ਪਿੰਡ ਖੁਮੇੜਾ ਥਾਣਾ ਆਨੰਦਪੁਰ ਵਿੱਚ ਸਿੱਖਰਾਜ ਦੇ ਵੇਲੇ ਦੀ ਹੈ. ੧੨. ਘੁਮਾਉਂ ਜ਼ਮੀਨ ਮੀਆਂ ਪ੍ਰਦੁਮਨ ਸਿੰਘ ਜ਼ੈਲਦਾਰ ਦੇ ਬਜ਼ੁਰਗਾਂ ਵੱਲੋਂ ਭੀ ਦੇਹਰੇ ਦੇ ਨਾਉਂ ਹੈ. ਪੁਜਾਰੀ ਸਿੰਘ ਹਨ. ਦੇਖੋ, ਨਕਸ਼ਾ ਆਨੰਦਪੁਰ.

ਅਗੰਮਪੁਰਾ: ਜਿਲਾ ਅੰਬਾਲਾ, ਤਸੀਲ ਥਾਣਾ ਜਗਾਧਰੀ ਵਿੱਚ ਇੱਕ ਪਿੰਡ ਬਲਾਚੌਰ ਹੈ. ਇਸ ਪਿੰਡ ਤੋਂ ਵਾਯਵੀ ਕੋਣ ਅੱਧ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੁਦ੍ਵਾਰਾ 'ਅਗੰਮਪੁਰਾ' ਹੈ, ਗੁਰੂ ਜੀ ਕਪਾਲਮੋਚਨ ਤੋਂ ਹਟਦੇ ਹੋਏ ਇੱਥੇ ਪਧਾਰੇ ਹਨ. ਛੋਟਾ ਜਿਹਾ ਗੁਰੁਦ੍ਵਾਰਾ ਬਨਿਆ ਹੋਇਆ ਹੈ. ਅਕਾਲੀ ਸਿੰਘ ਸੇਵਾ ਕਰਦੇ ਹਨ. ਗੁਰੁਦ੍ਵਾਰੇ ਨਾਲ ੫੦- ੬੦ ਵਿੱਘੇ ਜ਼ਮੀਨ ਨਗਰਵਾਸੀਆਂ ਵੱਲੋਂ ਹੈ. ਇਹ ਰੇਲਵੇ ਸਟੇਸ਼ਨ ਜਗਾਧਰੀ ਤੋਂ ਈਸ਼ਾਨ ਕੋਣ ੭. ਮੀਲ ਪੁਰ ਪੱਕੀ ਸੜਕ ਦੇ ਨਾਲ ਹੈ.

ਅੱਗਾ: ਸੰਗਯਾ- ਸਾਮ੍ਹਣਾ ਪਾਸਾ. ਅਗ੍ਰਭਾਗ। ੨. ਪਰਲੋਕ.

ਅਗਯ: ਸੰ. ਅਜ੍ਞ. ਨਾ ਜਾਣਨ ਵਾਲਾ. ਮੂਰਖ।

੨. ਅਨਪੜ੍ਹ. ਨਿਰੱਖਰ। ੩. ਥੋੜਾ ਜਾਣਨ ਵਾਲਾ. ਅਲਪਗਯ.

ਅਗਯਾਤ: ਸੰ. अज्ञात. ਵਿ- ਨਾ ਜਾਣਿਆ ਹੋਇਆ ਨਾ ਮਾਲੂਮ.

ਅਗਜਾਤਜੋਬਨਾ, ਅਗਜਾਤਯੌਵਨਾ: ਕਾਵ੍ਯ ਅਨੁਸਾਰ ਮੁਗਧਾ ਨਾਇਕਾ ਦਾ ਇੱਕ ਭੇਦ, ਜਿਸ ਨੂੰ ਆਪਣੇ ਜੋਬਨ (ਯੌਵਨ) ਆਏ ਦਾ ਗ੍ਯਾਨ ਨਾ ਹੋਵੇ.

ਅਗ੍ਯਾਨ: ਦੇਖੋ, ਅਗਿਆਨ. ਪੰਜਾਬੀ ਵਿੱਚ ਇਹ ਸ਼ਬਦ ਬਹੁਤ ਕਰਕੇ "ਅਗਿਆਨ" ਲਿਖਿਆ ਜਾਂਦਾ ਹੈ, ਅਰ ਅਗ੍ਯਾਨ ਭੀ ਵਰਤੀਦਾ ਹੈ. ਛੰਦਰਚਨਾ ਵਿੱਚ ਮਾਤ੍ਰਾ ਅਤੇ ਗਣ ਦੀ ਗਿਣਤੀ ਸਹੀ ਰੱਖਣ ਲਈ ਅਗ੍ਯਾਨ ਹੀ ਠੀਕ ਹੈ.

ਅਗ੍ਯਾਨਣੋ: ਪ੍ਰਾ. ਅਗ੍ਯਾਨੀ. "ਗਰਬੇਣ ਅਗ੍ਯਾਨਣੋ." (ਗਾਥਾ) ੨. ਅਗ੍ਯਾਨ ਕਰਕੇ. ਅਗ੍ਯਾਨ ਦ੍ਵਾਰਾ.

ਅਗ੍ਯਾਨੀ: ਦੇਖੋ, ਅਗਿਆਨੀ. ਪੰਜਾਬੀ ਵਿੱਚ ਛੰਦ- ਰਚਨਾ ਲਈ "ਅਗ੍ਯਾਨੀ" ਲਿਖਣਾ ਹੀ ਉੱਤਮ ਹੈ. ਦੇਖੋ, ਅਗ੍ਯਾਨ.

ਅਗ੍ਰ: ਸੰਗ੍ਯਾ- ਅਗਲਾ ਹਿੱਸਾ. ਅਗ੍ਰਭਾਗ। ੨. ਵਿ- ਅਗਲਾ. ਮੁਹਿਰਲਾ। ੩. ਉੱਤਮ। ੪. ਮੁਖੀਆ. ਪ੍ਰਧਾਨ.

ਅਗ੍ਰਹਾਯਣ: ਦੇਖੋ, ਅਗਹਨ.

ਅਗ੍ਰਜ: ਸੰਗ੍ਯਾ- ਪਹਿਲਾਂ ਜੰਮਣ ਵਾਲਾ. ਵਡਾ ਭਾਈ। ੨. ਕ੍ਰਿ. ਵਿ- ਸਾਮ੍ਹਣੇ. ਰੂਬਰੂ. "ਜਿਮ ਲੂਟੇ ਤੇ ਅਗ੍ਰਜ ਚੌਧਰੀ ਕੇ." (ਚੰਡੀ ੧) ੩. ਪਹਿਲਾਂ ਹੀ. "ਅਗ੍ਰਜ ਇਹ ਬਾਲਕ ਮਸਤਾਨਾ." (ਨਾਪ੍ਰ)

ਅਗ੍ਰਜਾ: ਸੰਗ੍ਯਾ- ਪਹਿਲਾਂ ਜੰਮਣ ਵਾਲੀ. ਵਡੀ ਭੈਣ। ੨. ਗੰਗਾ ਨਦੀ, ਜੋ ਸਭ ਨਦੀਆਂ ਦੀ ਵਡੀ ਭੈਣ ਹੈ. ਦੇਖੋ, (ਸਨਾਮਾ ੧੬੦)

ਅਗ੍ਰਣੀ, ਅਗ੍ਰਣੀਵ: ਸੰ. अग्रणी. ਵਿ- ਆਗੂ. ਮੁਖੀਆ. ਪ੍ਰਧਾਨ. "ਪਾਛੰਕਰੋਤਿ ਅਗ੍ਰਣੀਵਹ." (ਸਹਸ ਮਃ ੫)

ਅਗ੍ਰਭਾਗ: ਸੰਗ੍ਯਾ- ਮੁਹਰਲਾ ਹਿੱਸਾ। ੨. ਸਿਰਾ. ਨੋਕ। ੩. ਹਿੰਦੂਸ਼ਾਸਤ੍ਰਾਂ ਅਨੁਸਾਰ ਸ਼੍ਰਾੱਧ ਅਤੇ ਜੱਗ ਵਿਚੋਂ ਦੇਵਤਿਆਂ ਨਿਮਿੱਤ ਪਹਿਲਾ ਕੱਢਿਆ ਹੋਇਆ ਭਾਗ (ਹਿੱਸਾ)

ਅਘ: ਸੰ. अघ्. ਧਾ- ਪਾਪ ਕਰਨਾ. ਅਪਰਾਧ ਕਰਨਾ. ੨. ਸੰਗ੍ਯਾ- ਪਾਪ. ਦੇਖੋ, ਅਘਨਾਸਨ। ੩. ਦੁੱਖ। ੪. ਅਧਰਮ। ੫. ਐਬ. ਵ੍ਯਸਨ. "ਬੀਤਤ ਅਉਧ ਕਰਤ ਅਘਨਾ." (ਸਵੈਯੇ ਸ੍ਰੀ ਮੁਖਵਾਕ ਮਃ ੫) ੬. ਅਘ ਨਾਉਂ ਦਾ ਦੈਤ. ਦੇਖੋ, ਅਘਾਸੁਰ.

ਅਘਓਘਦਲੀ: ਵਿ- ਓਘ (ਸਭ) ਪਾਪਾਂ ਦਾ ਨਾਸ਼ ਕਰਨ ਵਾਲਾ. ਸਾਰੇ ਦੁੱਖਾਂ ਦਾ ਲੋਪ ਕਰਨ ਵਾਲਾ. "ਸਾਚ ਕਹੋਂ ਅਘ ਓਘ ਦਲੀ ਸਉ." (ਦੱਤਾਵ) ਦੇਖੋ, ਸਉ.

ਅਘਅੰਤਕ: ਵਿ- ਪਾਪਾਂ ਦਾ ਨਾਸ਼ ਕਰਨ ਵਾਲਾ. ਦੁੱਖ ਵਿਨਾਸ਼ਕ. "ਅਘਅੰਤਕ ਬਦੈਨ." (ਸਵੈਯੇ ਮਃ ੪. ਕੇ) ਪਾਪ ਵਿਨਾਸ਼ਕ ਕਥਨ ਕਰਦੇ ਹਨ.

ਅਘਕੰਟ, ਅਘਕੰਟਕ: ਸੰਗ੍ਯਾ- ਪਾਪਾਂ ਲਈ ਕੰਟਕ (ਕੰਡਾ) ਰੂਪ ਗੰਗਾ. (ਸਨਾਮਾ ੨੬੫)

੨. ਵਿ- ਪਾਪਾ ਨੂੰ ਦੁੱਖ ਦੇਣ ਵਾਲਾ. ਪਾਪ ਵਿਨਾਸ਼ਕ.

ਅਘਖੰਡ, ਅਘਖੰਡਕ, ਅਘਖੰਡਨ: ਵਿ- ਪਾਪਾਂ ਦਾ ਖੰਡਨ ਕਰਤਾ। ੨. ਦੁੱਖਵਿਨਾਸ਼ਕ. "ਸੁਖ ਸਾਗਰ ਅਘਖੰਡ." (ਸ੍ਰੀ ਮਃ ੫) ੩. ਅਧਰਮ ਖੰਡਨ ਕਰਨ ਵਾਲਾ.

ਅਘਟ: ਵਿ- ਨਾ ਹੋਣ ਲਾਇਕ. ਅਣਬਣ।

੨. ਅਯੋਗ੍ਯ. ਬੇਮੇਲ। ੩. ਜੋ ਘਟੇ ਨਾ. ਕਮ ਨਾ ਹੋਣ ਵਾਲਾ। ੪. ਜੋ ਘਟ (ਸ਼ਰੀਰ) ਨਹੀਂ ਰਖਦਾ. ਨਿਰਾਕਾਰ. "ਘਟ ਮਹਿ ਖੇਲੈ ਅਘਟ ਅਪਾਰ." (ਗਉ ਕਬੀਰ ਬਾਵਨ)

**ਅਘਟਨ ਘਟਨਾ:** ਸੰਗਜਾ- ਨਾਮੁਮਕਿਨ ਨੂੰ ਮੁਮਕਿਨ ਕਰਨ ਵਾਲੀ. ਅਣਬਣ ਨੂੰ ਬਣਾਉਣ ਵਾਲੀ, ਮਾਯਾ. "ਹੈ ਅਘਟਨ ਘਟਨਾ ਸੁ ਘਨੇਰੀ." (ਗੁਪ੍ਰਸੂ)

**ਅਘਟਿਤ:** ਵਿ- ਜੋ ਹੋਇਆ ਨਹੀ. ਨਾ ਬਣਿਆ। ੨. ਅਸੰਭਵ। ੩. ਅਯੋਗਜ.

**ਅਘਨਾ:** ਅਘਗਨ. ਦੇਖੋ, ਅਘ। ੨. ਅ- ਘਨ. ਜੋ ਨਹੀਂ ਘਨਾ (ਸੰਘਣਾ). ਵਿਰਲਾ.

**ਅਘਨਾਸ, ਅਘਨਾਸਕ, ਅਘਨਾਸਨ:** ਵਿ- ਪਾਪ ਨਾਸ਼ ਕਰਨ ਵਾਲਾ. ਦੁੱਖ ਵਿਨਾਸ਼ਕ. "ਅਬਿਨਾਸੀ ਅਘਨਾਸ." (ਬਾਵਨ) "ਅਘਨਾਸਨ ਜਗਦੀਸੁਰਹ." (ਵਾਰ ਜੈਤ)

**ਅਘਵਾ:** ਸੰਗਜਾ- ਪਾਪਾਂ ਦਾ ਪੁੰਜ. ਪਾਪ ਸਮੁਦਾਯ.

"ਨਾਮ ਕੇ ਲੇਤ ਹਰੇ ਅਘਵਾ." (ਕ੍ਰਿਸਨਾਵ)

**ਅਘੜ:** ਵਿ- ਜੋ ਘੜਿਆ ਨਹੀਂ ਗਿਆ. ਜੋ ਬਣਾਇਆ ਨਹੀਂ। ੨. ਅਸਿਕ੍ਸ਼ਿਤ. ਸਿਖ੍ਯਾ ਰਹਿਤ. "ਗੁਰੁਮੁਖਿ ਬਾਣੀ ਅਘੜ ਘੜਾਵੈ." (ਸਿਧਗੋਸਟਿ) ਅਘੜ ਬਾਣੀ ਨੂੰ ਸਤਸੰਗ ਦੀ ਟਕਸਾਲ ਵਿੱਚ ਘੜਾਵੈ। ੩. ਦੇਖੋ, ਚੰਦਸਤ.

**ਅਘੜ ਸਿੰਘ:** ਭਾਈ ਮਨੀ ਸਿੰਘ ਜੀ ਦਾ ਭਤੀਜਾ, ਜਿਸ ਨੇ ਮੋਮਿਨ ਖ਼ਾਨ ਕਸੂਰ ਦੇ ਪਠਾਣ ਦਾ, ਜੋ ਮੁਰਾਦ ਬੇਗਮ ਦੇ ਹੁਕਮ ਨਾਲ ਗਸ਼ਤੀ ਫੌਜ ਲੈ ਕੇ ਸਿੱਖਾਂ ਦਾ ਸਰਵਨਾਸ਼ ਕਰਨ ਲਈ ਦੇਸ਼ ਵਿੱਚ ਫਿਰ ਰਹਿਆ ਸੀ, ਸਿਰ ਵੱਢਕੇ ਖ਼ਾਲਸਾ ਜੀ ਦੇ ਦੀਵਾਨ ਵਿੱਚ ਪੇਸ਼ ਕੀਤਾ. ਇਹ ਘਟਨਾ ਸਨ ੧੭੫੭ ਦੀ ਹੈ. ਅਘੜ ਸਿੰਘ ਅਹਮਦ ਸ਼ਾਹ ਦੁੱਰਾਨੀ ਦੇ ਹਮਲਿਆਂ ਵੇਲੇ ਕਈ ਲੜਾਈਆਂ ਵਿੱਚ ਲੜਿਆ, ਅਤੇ ਖ਼ਾਲਸੇ ਦੀ ਤਨ ਮਨ ਤੋਂ ਸੇਵਾ ਕਰਦਾ ਰਿਹਾ.

**ਅਘਾ:** ਸੰਗਜਾ- ਅਘ ਦਾ ਬਹੁ ਵਚਨ. "ਕੋਟਿ ਅਘਾ ਸਭ ਨਾਸ ਹੋਹਿ." (ਵਾਰ ਜੈਤ) ੨. ਕ੍ਰਿ. ਵਿ- ਅੱਗੇ. ਅਗਾਹਾਂ. ਪਰੇ. "ਅਘਾ ਸਿਧਾਣੀ ਸਿੰਗਾ ਧਉਲ ਦਿਆਂ." (ਚੰਡੀ ੩) ਤਲਵਾਰ ਪਾਤਾਲ ਨੂੰ ਕੱਟਕੇ ਧੌਲ ਦੇ ਸਿੰਗਾਂ ਤੋਂ ਭੀ ਅੱਗੇ ਚਲੀ ਗਈ.

**ਅਘਾਉਣਾ, ਅਘਾਇਣ:** ਕ੍ਰਿ- ਆਘ੍ਰਾਣ (ਨੱਕ ਤੀਕ) ਰੱਜਣਾ. ਮੇਦਾ ਭਰਕੇ ਹੋਰ ਪੈਣ ਨੂੰ ਥਾਂਉ ਨਾ ਰਹਿਣ ਦੇਣਾ. ਪੂਰਣ ਤ੍ਰਿਪਤ ਹੋਣਾ. "ਗੋਬਿੰਦ ਜਪਤ ਅਘਾਇਣ." (ਆਸਾ ਛੰਤ ਮਃ ੫)

**ਅਘਾਸੁਰ:** ਸੰਗਜਾ- ਅਘ ਨਾਮਕ ਦੈਤ. ਇਹ ਵਕਾਸੁਰ ਦਾ ਛੋਟਾ ਭਾਈ ਰਾਜਾ ਕੰਸ ਦਾ ਸੈਨਾਪਤੀ ਸੀ. ਇਸ ਨੇ ਕੰਸ ਦੀ ਆਗਜਾ ਨਾਲ ਆਪਣੇ ਆਪ ਨੂੰ ਇੱਕ ਵਡਾ ਸਰਪ ਬਣਾ ਲਿਆ ਅਤੇ ਕ੍ਰਿਸ਼ਨ ਜੀ ਦੇ ਸਾਰੇ ਸਾਥੀ ਇਸ ਦੇ ਮੂੰਹ ਨੂੰ ਇੱਕ ਪਹਾੜ ਦੀ ਕੰਦਰਾ ਸਮਝਕੇ ਅੰਦਰ ਚਲੇ ਗਏ, ਕ੍ਰਿਸ਼ਨ ਜੀ ਨੇ ਉਸ ਦੇ ਅੰਦਰ ਵੜਕੇ ਨਿਜ ਸ਼ਰੀਰ ਨੂੰ ਇਤਨਾ ਫੈਲਾਇਆ ਕਿ ਅਘ ਦਾ ਪੇਟ ਪਾਟਗਿਆ. "ਜੀਵਨਮੂਰਿ ਹੁਤੀ ਹਮਰੀ ਅਬ ਸੋਉ ਅਘਾਸੁਰ ਚਾਬਗਯੋ ਹੈ." (ਕ੍ਰਿਸਨਾਵ)

**ਅਘਾਨਾ:** ਕ੍ਰਿ- ਤ੍ਰਿਪਤ ਹੋਣਾ. ਦੇਖੋ, ਅਘਾਉਣਾ। ੨. ਵਿ- ਅਘਾਇਆ. ਰੱਜਿਆ. "ਬਹੁਤ ਦਰਬ ਕਰਿ ਮਨ ਨ ਅਘਾਨਾ." (ਗਉ ਮਃ ੫)

**ਅਘਾਰਿ:** ਵਿ- ਅਘ- ਅਰਿ. ਪਾਪਾਂ ਦਾ ਵੈਰੀ। ੨. ਸੰਗਜਾ- ਸ਼੍ਰੀ ਕ੍ਰਿਸ਼ਨ. ਅਘ ਦੈਤ ਦਾ ਵੈਰੀ.

**ਅਘਾਵਨ, ਅਘਾਵਨਾ:** ਕ੍ਰਿ- ਨੱਕ ਤੀਕ ਰੱਜਣਾ. ਦੇਖੋ, ਅਘਾਉਣਾ. "ਅੰਮ੍ਰਿਤ ਨਾਮ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਨ ਕਉ." (ਸਾਰ ਮਃ ੫)

**ਅਘੀ:** ਵਿ- ਅਘ (ਪਾਪ) ਕਰਨ ਵਾਲਾ. ਪਾਪੀ। ੨. ਅਧਰਮੀ। ੩. ਦੁਰਾਚਾਰੀ. "ਹਮ ਸੇ ਜੁ ਅਘੀ ਤਿਨ ਕੋ ਗਤਿ ਦੇਵਨ." (ਨਾਪ੍ਰ)

**ਅਘੀਜਾ:** ਵਿ- ਤ੍ਰਿਪਤਹੋਇਆ. ਅਘਾਇਆ. ਦੇਖੋ, ਅਘਾਉਣਾ.

ਅਘੁਟ: ਵਿ- ਜਿਸ ਦਾ ਘੁੱਟ ਭਰਨਾ ਦੁਰਲਭ ਹੈ. "ਅਘੁਟ ਅੰਮ੍ਰਿਤ ਸਮ." (ਪਾਰਸਾਵ)

ਅਘੁਲ: ਵਿ- ਮੁਕ੍ਤ. ਨਿਰਬੰਧ. ਦੇਖੋ, ਅਘੁਲਨਾ.

ਅਘੁਲਨਾ: ਕ੍ਰਿ- ਛੁਟਕਾਰਾ ਪਾਉਣਾ. ਮੁਕ੍ਤ ਹੋਣਾ। "ਤਿਨ ਕੀ ਧੂੜਿ ਅਘੁਲੀਐ" (ਓਅੰਕਾਰ) ੨. ਨਿਰਾਲੇ ਹੋਣਾ. ਵੱਖ (ਅਲਗ) ਹੋਣਾ. "ਕੋ ਗੁਰੁ- ਪਰਸਾਦਿ ਅਘੁਲੈ." (ਪ੍ਰਭਾ ਅਃ ਮਃ ੧) ਦੇਖੋ, ਘੁਲਨਾ.

ਅਘੂ: ਸਿੰਧੀ. ਵਿ- ਕਮਜ਼ੋਰ। ੨. ਰੋਗੀ.

ਅਘੂਮਨ: ਸੰ. ਆਘੂਰ੍ਣਨ. ਸੰਗ੍ਯਾ- ਬਹੁਤ ਘੁੰਮਣਾ. ਚਕਰਾਉਣਾ. ਚੱਕਰ ਖਾਣਾ."ਗਿਰਜੋ ਭੂਮਿ ਝੂਮਜੋ ਅਘੂਮਜੋ." (ਰਾਮਾਵ)

ਅਘੂਰ: ਵਿ- ਘੂਰ੍ਣ ਰਹਿਤ. ਅਚਲ. ਅਚੰਚਲ. "ਅਘੂਰ ਨੇਤ੍ਰ ਘੂਮਹੀ." (ਗ੍ਯਾਨ) ਅਚਲਦ੍ਰਿਸ਼ਟਿ ਕਰਕੇ ਵਿਚਰਦੇ ਹਨ। ੨. ਘੂਰ (ਕ੍ਰੋਧ) ਰਹਿਤ. ਸ਼ਾਂਤ.

ਅਘੂਰਣ: ਦੇਖੋ, ਅਘੂਮਨ ਅਤੇ ਘੂੰਮਨਾ.

ਅਘੂਲ: ਵਿ- ਚਕਰਾਉਣ (ਘੂਰ੍ਣ) ਰਹਿਤ. "ਕਰਤ ਪਾਨ ਪਯੂਖ ਨਿਸ ਦਿਨ ਰਾਮ ਰਸਿਕ ਅਘੂਲ ਹੇ." (ਸਲੋਹ) ਸ਼ਰਾਬੀਆਂ ਵਾਂਙ ਦਿਮਾਗ ਚਕਰਾਉਂਦਾ ਨਹੀਂ। ੨. ਦੇਖੋ, ਅਘੁਲਨਾ.

ਅਘੋਰ: ਵਿ- ਜੋ ਨਹੀਂ ਘੋਰ (ਭਯੰਕਰ). ਸੁੰਦਰ। ੨. ਸੰਗ੍ਯਾ- ਸ਼ਿਵ.

ਅਘੋਰਿ, ਅਘੋਰੀ: ਵਿ- ਅਘੋਰ (ਸ਼ਿਵ) ਦਾ ਉਪਾਸਕ. "ਜੁਗੀਆ ਅਘੋਰੀ ਮੁਹਿ ਝੋਰੀ ਮੇ ਧਰਤ ਹੈ." (ਹਨੂ) ੨. ਸੰਗ੍ਯਾ- ਸ਼ਿਵ ਦੇ ਗਣ. "ਅਘੋਰਿ ਆਇ ਅੱਘਏ ਕਟੇ ਪਰੇ ਸੁ ਪ੍ਰਾਸਨੰ." (ਰਾਮਾਵ) ਫੱਟਾਂ (ਘਾਵਾਂ) ਨਾਲ ਕਟੇ ਪਏ ਯੋਧਿਆਂ ਨੂੰ ਖਾਕੇ ਸ਼ਿਵਗਣ ਅਘਾਏ। ੩. ਕੀਨਾਂਰਾਮ ਵਾਮਮਾਰਗੀ ਦਾ ਚਲਾਇਆ ਹੋਇਆ ਇੱਕ ਪੰਥ, ਜੋ ਮਦਿਰਾ ਮਾਂਸ ਤੋਂ ਛੁੱਟ ਮਲਮੂਤ੍ਰ ਦਾ ਖਾਣਾ ਪੀਣਾ ਭੀ ਧਰਮ ਦਾ ਅੰਗ ਮੰਨਦਾ ਹੈ. ਅਘੋਰੀ ਮੁਰਦੇ ਦੀ ਖੋਪਰੀ ਵਿੱਚ ਖਾਣਾ ਪੀਣਾ ਪਵਿਤ੍ਰ ਖਿਆਲ ਕਰਦੇ ਹਨ. ਇਨ੍ਹਾਂ ਨੂੰ 'ਕੀਨਾਰਾਮੀਏ' ਭੀ ਆਖਦੇ ਹਨ.

ਅਘੰਨ: ਅਘਗਨ ਦਾ ਸੰਖੇਪ. ਪਾਪਾਂ ਦਾ ਪੁੰਜ. "ਦੇਖ ਚਰੰਨ ਅਘੰਨ ਹਰਜਉ." (ਸਵੈਯੇ ਮਃ ੪. ਕੇ)

ਅਚ: ਸੰ. अच्. ਧਾ- ਜਾਣਾ. ਚਲਣਾ. ਆਦਰ ਕਰਨਾ. ਮੰਗਣਾ.

ਅਚਕੜਾ: ਇੱਕ ਗਣਛੰਦ. ਇਸ ਦਾ ਨਾਉਂ "ਸ੍ਰਗ੍ਵਿਣੀ," "ਕਾਮਿਨੀਮੋਹਨਾ" ਅਤੇ "ਲਕ੍ਸ਼ਮੀਧਰਾ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਚਾਰ ਰਗਣ.

SIS, SIS, SIS, SIS.

ਉਦਾਹਰਣ-

ਅੰਬਿਕਾ ਤੋਤਲਾ ਸੀਤਲਾ ਸਾਕਿਨੀ,

ਸਿੰਧੁਰੀ ਸੁਪ੍ਰਭਾ ਸੁਭ੍ਰਮਾ ਡਾਕਿਨੀ,

ਸਾਵਜਾ ਸੰਭਰੀ ਸਿੰਧੁਲਾ ਦੁੱਖਰੀ,

ਸੰਮਿਲਾ ਸੰਭਲਾ ਸੁਪ੍ਰਭਾ ਦੁੱਧਰੀ.[64] (ਪਾਰਸਾਵ)

ਅਚਨ: ਕ੍ਰਿ- ਖਾਣਾ. ਆਚਮਨ ਕਰਨਾ. ਦੇਖੋ, ਆਚਮਨ.

---

[64] ਇਹ ਸਭ ਦੁਰਗਾ ਦੇ ਨਾਉਂ ਹਨ.

**ਅਚਨਚੇਤ:** ਕ੍ਰਿ. ਵਿ- ਬਿਨਾ ਖ਼ਬਰ. ਅਕਸਮਾਤ. ਅਚਾਨਕ.

**ਅਚਨਾ:** ਕ੍ਰਿ- ਖਾਣਾ ਦੇਖੋ, ਆਚਮਨ.

**ਅਚਰ:** ਵਿ- ਜੋ ਚਲੇ ਨਾ. ਜੜ੍ਹ। ੨. ਅਭੱਖ. ਜੋ ਚਰਨ (ਖਾਣ) ਲਾਇਕ ਨਹੀਂ। ੩. ਸੰਗ੍ਯਾ- ਕਰਤਾਰ, ਜੋ ਸਦਾ ਅਚਲ ਹੈ. ਨਿੱਤ ਇਸਥਿਤ। ੪. ਅਵਿਦ੍ਯਾ. "ਅਚਰ ਚਰੈ ਤਾ ਸਿਧਿ ਹੋਈ." (ਸੋਰ ਮਃ ੪)

**ਅਚਰ ਕਰਨਾ:** ਕ੍ਰਿ- ਅਭੱਖ ਖਾਣਾ। ੨. ਜੋ ਕਿਸੇ ਤੋਂ ਖਾਧੇ ਨਹੀਂ ਜਾਂਦੇ, ਵਿਸ਼ੇ ਵਿਕਾਰ, ਉਨ੍ਹਾਂ ਨੂੰ ਖਾਜਾਣਾ. "ਅਚਰ ਚਰੈ ਤਾਂ ਨਿਰਮਲ ਹੋਈ." (ਧਨਾ ਮਃ ੩) ੩. ਅਚਲ ਨੂੰ ਚਲਾ ਦੇਣਾ.

**ਅਚਰਜ:** ਸੰ. आश्चर्य- ਆਸ਼ਚਰਯੰ. ਸੰਗ੍ਯਾ- ਤਅ਼ੱਜੁਬ. ਹੈਰਾਨੀ. ਅਚੰਭਾ. ਵਿਸਮਯ. "ਅਚਰਜਰੂਪ ਨਿਰੰਜਨੋ." (ਸ੍ਰੀ ਮਃ ੫)

**ਅਚਰਣ:** ਸੰ. ਆਚਰਣ ਸੰਗ੍ਯਾ- ਬਿਉਹਾਰ (ਵ੍ਯ- ਵਹਾਰ). ਚਾਲ ਚਲਨ. ਕ੍ਰਿਯਾ (ਕੰਮ) ਦਾ ਕਰਨਾ। "ਕਹੀਅਤ ਆਨ, ਅਚਰੀਅਤ ਅਨ ਕਛੁ." (ਸੋਰ ਰਵਿਦਾਸ) ਆਖੀਦਾ ਹੋਰ ਹੈ, ਕਰੀਦਾ ਹੋਰ ਹੈ. ਅਰਥਾਤ ਕਹਿਣੀ ਤੋਂ ਉਲਟ ਅ਼ਮਲ ਕੀਤਾ ਜਾਂਦਾ ਹੈ। ੨. ਰਥ ਆਦਿ ਸਵਾਰੀ.

**ਅਚਰੀਅਤ:** ਆਚਾਰ ਕਰੀਅਤ. ਦੇਖੋ, ਅਚਰਣ ੧.

**ਅਚਲ:** ਵਿ- ਜੋ ਚਲੇ ਨਾ. ਇਸਥਿਤ. "ਅਚਲ ਅਮਰ ਨਿਰਭੈ ਪਦ ਪਾਇਓ." (ਬਿਲਾ ਮਃ ੯) ੨. ਸੰਗ੍ਯਾ- ਪਰਬਤ. ਪਹਾੜ। ੩. ਧ੍ਰੁਵ। ੪. ਕਰਤਾਰ। ੫. ਗੁਰੁਦਾਸਪੁਰ ਦੇ ਜਿਲੇ ਇੱਕ ਪਿੰਡ. ਦੇਖੋ, ਅਚਲ ਵਟਾਲਾ.

**ਅਚਲ ਸਾਹਿਬ:** ਦੇਖੋ, ਅਚਲ ਵਟਾਲਾ.

**ਅਚਲ ਚਲ ਥਪਿਆ:** ਦੇਖੋ, ਚੰਦਸਤ.

**ਅਚਲ ਠਾਟ:** ਸੰਗੀਤ ਅਨੁਸਾਰ ਸਾਜ ਦਾ ਉਹ ਠਾਟ, ਜਿਸ ਦੇ ਬੰਦ (ਸਾਰਿ- ਸੁੰਦਰੀਆਂ) ਨਾਂ ਹਿਲਾਈਆਂ ਜਾਣ, ਜਿਸ ਵਿੱਚ ਸਾਰੇ ਰਾਗ ਵਜਾਏ ਜਾ ਸਕਣ. ਇਸ ਠਾਟ ਵਿੱਚ ਸ਼ੜਜ, ਰਿਸ਼ਭ, ਗਾਂਧਾਰ, ਮਧ੍ਯਮ, ਪੰਚਮ, ਧੈਵਤ ਅਤੇ ਨਿਸ਼ਾਦ ਸ਼ੁੱਧ ਰਿਸ਼ਭ, ਗਾਂਧਾਰ, ਧੈਵਤ ਅਤੇ ਨਿਸ਼ਾਦ ਕੋਮਲ ਅਰ ਮਧ੍ਯਮ ਤੀਵ੍ਰ, ਇਹ ਤੇਰਾਂ ਸੁਰ ਹੁੰਦੇ ਹਨ. ਉੱਚੀ ਨੀਵੀਂ ਸਪਤਕਾਂ ਦੇ ਹਿਸਾਬ ਇਹੋ ਤੇਰਾਂ ਸੁਰ ਦੂਣੇ ਹੋਕੇ ੨੬, ਅਤੇ ਤਿਗੁਣੇ ਹੋਵੇ ੩੯ ਹੋ ਜਾਂਦੇ ਹਨ. ਦੇਖੋ, ਠਾਟ ਸ਼ਬਦ.

**ਅਚਲਠਾਣ:** ਅਚਲ ਅਸਥਾਨ। ੨. ਗ੍ਯਾਨਪਦ. ਤੁਰੀਯ (ਤੁਰੀਆ) ਪਦ. "ਜਾਕੀ ਦ੍ਰਿਸਟਿ ਅਚਲ- ਠਾਣ." (ਸਵੈਯੇ ਮਃ ੨. ਕੇ) ੩. ਪਾਰਬ੍ਰਹਮ. ਕਰਤਾਰ.

**ਅਚਲ ਬਟਾਲਾ:** ਦੇਖੋ, ਅਚਲ ਵਟਾਲਾ.

**ਅਚਲਮਤਿ:** ਸੰਗ੍ਯਾ- ਨਾ ਚਲਾਇਮਾਨ ਹੋਣ ਵਾਲੀ ਬੁੱਧਿ। ੨. ਵਿ- ਅਚਲ ਹੈ ਜਿਸ ਦੀ ਬੁੱਧਿ. "ਸਤਿਗੁਰੁ ਪੁਰਖ ਅਚਲ ਅਚਲਾਮਤਿ." (ਸਾਰ ਮਃ ੪)

**ਅਚਲਵਟਾਲਾ:** ਜਿਲਾ ਗੁਰੁਦਾਸਪੁਰ ਵਿੱਚ ਵਟਾਲੇ ਤੋਂ ਦੋ ਕੋਹ ਦੱਖਣ ਵੱਲ ਮਹਾਂਦੇਵ ਦਾ "ਅਚਲ" ਨਾਮੇ ਮੰਦਿਰ ਹੈ, ਇਸ ਤੋਂ ਪਿੰਡ ਦਾ ਨਾਉਂ ਭੀ 'ਅਚਲ' ਪੈਗਿਆ ਹੈ. ਵਟਾਲੇ ਨਾਲ ਅਚਲ ਪਦ ਮਿਲਾਕੇ ਦੋਹਾਂ ਦੀ ਅਚਲਵਟਾਲਾ ਸੰਗ੍ਯਾ ਹੋ ਗਈ ਹੈ. ਇੱਥੇ ਸਤਿਗੁਰੁ ਨਾਨਕ ਦੇਵ ਦੀ ਗੋਰਖਪੰਥੀਆਂ ਨਾਲ ਸੰਮਤ ੧੫੯੬ ਵਿੱਚ ਚਰਚਾ ਹੋਈ, ਜਿਸ ਦਾ ਪੂਰਾ ਵਰਣਨ "ਸਿਧਗੋਸਟਿ" ਵਿੱਚ ਹੈ. "ਮੇਲਾ ਸੁਣ ਸਿਵਰਾਤਿ ਦਾ ਬਾਬਾ ਅਚਲਵਟਾਲੇ ਆਈ." (ਭਾਗੁ)

ਸ਼ਿਵਰਾਤ੍ਰੀ ਦਾ ਮੇਲਾ ਫੱਗੁਣ ਸੁਦੀ ੧੪. ਨੂੰ ਹੋਇਆ ਕਰਦਾ ਹੈ. ਸ਼੍ਰੀ ਗੁਰੂ ਨਾਨਕ ਦੇਵ ਜਿਸ ਥਾਂ ਵਿਰਾਜੇ ਸਨ ਉੱਥੇ ਗੁਰੁਦ੍ਵਾਰਾ ਬਣਿਆ ਹੋਇਆ ਹੈ, ਜਿਸ ਦਾ ਨਾਉਂ 'ਅਚਲ ਸਾਹਿਬ' ਹੈ. ਇਥੇ ਗੁਰੂ ਸਾਹਿਬ ਦੇ ਵੇਲੇ ਦੀ ਇੱਕ ਬੇਰੀ ਹੈ. ਮਹਾਰਾਜਾ

ਰਣਜੀਤ ਸਿੰਘ ਦੀ ਲਾਈ ੧੫੦ ਘੁਮਾਉਂ ਜ਼ਮੀਨ, ਅਤੇ ੫੦ ਰੁਪਯੇ ਸਾਲਾਨਾ ਜਾਗੀਰ ਹੈ. ਸਿੰਘ ਪੁਜਾਰੀ ਹੈ.

ਅਚਲਾ: ਸੰਗਯਾ- ਪ੍ਰਿਥਿਵੀ[65]। ੨. ਵਿ- ਜੋ ਚਲਣ ਵਾਲੀ ਨਾ ਹੋਵੇ.

ਅਚਲਾਮਤਿ: ਦੇਖੋ, ਅਚਲਮਤਿ.

ਅਚਲੇਸ, ਅਚਲੇਸੁਰ: ਅਚਲ- ਈਸ਼. ਅਚਲੇਸ਼੍ਵਰ. ਵਿ- ਪਹਾੜ ਦਾ ਰਾਜਾ। ੨. ਸੰਗਯਾ- ਮਹਾਦੇਵ. ਸ਼ਿਵ. ਕੈਲਾਸ਼ਪਤਿ। ੩. ਅਚਲ ਪਿੰਡ ਵਿੱਚ ਅਸਥਾਪਨ ਕੀਤਾ ਹੋਇਆ ਸ਼ਿਵਲਿੰਗ. ਦੇਖੋ, ਅਚਲ ਅਤੇ ਅਚਲ ਵਟਾਲਾ.

ਅਚਵਨ: ਸੰ. ਸੰਗਯਾ- ਚੱਬਣ ਦੀ ਕ੍ਰਿਯਾ. ਖਾਣਾ. ਚੱਬਣਾ. ਭੋਜਨ ਕਰਨਾ. "ਅਚਵਨ ਲਗੇ ਸਰਵ ਮਿਲ ਤਬਹੀ." (ਗੁਪ੍ਰਸੂ) ੨. ਦੇਖੋ, ਆਚਮਨ.

ਅਚਾਹ: ਵਿ- ਚਾਹ (ਇੱਛਾ) ਰਹਿਤ. ਬੇਪਰਵਾਹ. ਸੰਤੋਖੀ.

ਅਚਾਚੱਲ: ਵਿ- ਚਾਂਚਲ੍ਯ (ਚੰਚਲਤਾ) ਬਿਨਾ. ਅਚਲ. ਦੇਖੋ, ਚਾਚੱਲ.

ਅਚਾਚੇਤ, ਅਚਾਣਕ, ਅਚਾਣਚੱਕ: ਕ੍ਰਿ. ਵਿ- ਅਕਸਮਾਤ. ਅਚਾਨਕ. ਜਿਸ ਗੱਲ ਦਾ ਚਿੱਤ ਵਿੱਚ ਖਿਆਲ ਭੀ ਨਾ ਹੋਵੇ.

ਅਚਾਣੰ: ਵਿ- ਅਚਨ (ਖਾਣ) ਵਾਲਾ. "ਅਚਾਣੰ ਜੁਆਣੰ." (ਕਲਕੀ) ੨. ਦੇਖੋ, ਅਚਾਣਕ.

ਅਚਾਨ, ਅਚਾਨਕ: ਦੇਖੋ, ਅਚਾਣਕ. "ਬਾਨ ਅਚਾਨ ਹਨਜੋਂ." (ਕ੍ਰਿਸਨਾਵ)

ਅਚਾਰ: ਫ਼ਾ. آچار ਆਚਾਰ. ਲੂਣ, ਮਿਰਚ, ਰਾਈ, ਤੇਲ, ਸਿਰਕੇ, ਮਿੱਠੇ ਆਦਿਕ ਪਦਾਰਥਾਂ ਨਾਲ ਫਲ, ਸਬਜ਼ੀ ਆਦਿਕ ਮਿਲਾਕੇ ਤਿਆਰ ਕੀਤਾ ਹੋਇਆ ਇੱਕ ਖਾਣ ਲਾਇਕ ਪਦਾਰਥ. "ਅਨਿਕ ਅਚਾਰਨ ਲਿਆਵਨ ਠਾਨਾ." (ਗੁਪ੍ਰਸੂ) ੨. ਸੰ. ਆਚਾਰ. ਵ੍ਯਵਹਾਰ. ਚਾਲਚਲਨ. ਰਹਿਣੀ ਬਹਿਣੀ. "ਗੁਰੁ ਮਿਲਿ ਚਜੁ ਅਚਾਰੁ ਸਿਖੁ." (ਸ੍ਰੀ ਮਃ ੫)

ਅਚਾਰਜ: ਦੇਖੋ, ਆਚਾਰਯ.

ਅਚਾਰਵੰਤ, ਅਚਾਰਵੰਤਿ: ਵਿ- ਸ਼ੁਭ ਆਚਾਰ ਹੈ ਜਿਸ ਦਾ. ਨੇਕ ਚਲਨ ਵਾਲਾ, ਵਾਲੀ. "ਅਚਾਰਵੰਤਿ ਸਾਈ ਪਰਧਾਨੇ." (ਮਾਝ ਮਃ ੫)

ਅਚਾਰੀ, ਅਚਾਰੁ: ਦੇਖੋ, ਆਚਾਰਕ.

ਅਚਿਤ: ਵਿ- ਅਚੇਤਨ. ਜੜ੍ਹ. "ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ." (ਕਾਨ ਮਃ ੪)

੨. ਅਚਿਤ. ਅਚਨ ਕੀਤਾ. ਖਾਧਾ। ੩. ਸੰ. ਅਚਿੱਤ. ਜੋ ਚਿੱਤ ਕਰਕੇ ਨਾ ਜਾਣਿਆ ਜਾਵੇ.

ਅਚਿੰਤ: ਵਿ- ਚਿੰਤਾ ਰਹਿਤ. ਬੇਫ਼ਿਕਰ. "ਅਚਿੰਤ ਹਸਤ ਬੈਰਾਗੀ." (ਸਾਰ ਮਃ ੫) ੨. ਅਚਿੰਤ੍ਯ. ਜਿਸ ਦਾ ਚਿੰਤਨ ਨਾ ਹੋ ਸਕੇ. ਜੋ ਖਿਆਲ ਵਿੱਚ ਨਹੀਂ ਆਉਂਦਾ. "ਅਚਿੰਤ ਹਮਾਰੇ ਕਾਰਜ ਪੂਰੇ." (ਭੈਰ ਅਃ ਮਃ ੫) ੩. ਖ਼ਿਆਲ ਤੋਂ ਬਾਹਰ. ਵਿਸਮਰਣ. "ਚਿੰਤਾਮਣੀ ਅਚਿੰਤ ਕਰਾਏ." (ਭਾਗੁ) ਗੁਰੁਚਰਣ ਪ੍ਰਾਪਤ ਕਰਕੇ ਚਿੰਤਾਮਣੀ ਦਾ ਚਿੰਤਨ ਭੁੱਲ ਜਾਂਦਾ ਹੈ. ੪. ਕ੍ਰਿ. ਵਿ- ਅਚਾਨਕ ਸੰਕਲਪ ਕੀਤੇ ਬਿਨਾ. "ਅਚਿੰਤ ਕੰਮ ਕਰਹਿ ਪ੍ਰਭੁ ਤਿਨ ਕੇ ਜਿਨਿ ਹਰਿ ਕਾ ਨਾਮ ਪਿਆਰਾ." (ਸੋਰ ਅਃ ਮਃ ੩)

ਅਚਿੰਤਦਾਨ: ਸੰਗਯਾ- ਉਹ ਦਾਨ, ਜਿਸ ਦੇ ਲੈਣ ਦਾ ਸਾਨੂੰ ਫੁਰਨਾ ਨਾ ਫੁਰੇ. ਅਣਮੰਗਿਆ ਦਾਨ.

---

[65] ਸੰਸਕ੍ਰਿਤ ਦੇ ਪੁਰਾਣੇ ਵਿਦ੍ਵਾਨਾਂ ਨੇ ਪ੍ਰਿਥਿਵੀ ਨੂੰ ਅਚਲ ਅਤੇ ਆਕਾਸ਼ ਮੰਡਲ ਦੇ ਗ੍ਰਹਾਂ ਨੂੰ ਚਲਦਾ ਮੰਨਿਆ ਹੈ. ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਚਲਾ ਦਾ ਅਰਥ ਕੀਤਾ ਹੈ ਕਿ ਪ੍ਰਿਥਿਵੀ ਦੇ ਜੋ ਪਤੀ (ਭੂਪਤਿ) ਕਹਾਉਂਦੇ ਹਨ. ਇਹ ਉਨ੍ਹਾਂ ਨਾਲ ਅੰਤ ਨੂੰ ਨਹੀਂ ਚਲਦੀ. "ਮੇਰਾ ਦਲੀ ਅਵਲੋ ਨਹਿ ਕਾਹੂੰ ਕੇ ਸਾਚ ਕਹੌਂ ਅਘ ਓਘ ਦਲੀ ਸਊਂ। ਚੇਤ ਰੇ ਚੇਤ ਅਚੇਤ ਮਹਾ ਪਸ਼ੂ. ਕਹੂੰ ਕੇ ਸੰਤਾ ਚਲੀ ਨ ਹਲੀ ਹਊਂ" (ਦੱਤਵ)

**ਅਚਿੰਤਨਿਮਿੱਤਾ:** ਦੇਖੋ, ਵਿਸ਼ੇਸ਼ੋਕ੍ਤਿ (ਸ)

**ਅਚਿੰਤਾ:** ਸੰਗਯਾ- ਚਿੰਤਨ ਰਹਿਤ ਦਸ਼ਾ. ਸੁਸਤੀ. ਉੱਦਮ ਦਾ ਅਭਾਵ. "ਚਿੰਤ ਅਚਿੰਤਾ ਸਗਲੀ ਗਈ." (ਭੈਰ ਅਃ ਮਃ ੫) ੨. ਬੇਫ਼ਿਕਰੀ.

**ਅਚਿੰਤੁ:** ਦੇਖੋ, ਅਚਿੰਤ। ੨. ਸੰਗਯਾ- ਲਾ ਪਰਵਾਹੀ. ਉਦਾਸੀਨਤਾ। ੩. ਬੇਫ਼ਿਕਰੀ. "ਚਿੰਤਾ ਭਿ ਆਪਿ ਕਰਾਇਸੀ, ਅਚਿੰਤੁ ਭੀ ਆਪੇ ਦੇਇ." (ਸ. ਕਬੀਰ)

**ਅਚਿਤ੍ਰ:** ਵਿ- ਜਿਸ ਦੀ ਤਸਵੀਰ ਨਹੀਂ ਖਿੱਚੀ ਜਾ ਸਕਦੀ। ੨. ਅਮੂਰਤਿ. ਨਿਰਾਕਾਰ. "ਸੁ ਭੂਤੇ ਭਵਿੱਖੇ ਭਵਾਨੇ ਅਚਿਤ੍ਰੇ." (ਅਕਾਲ)

**ਅਚਿਰ:** ਕ੍ਰਿ. ਵਿ- ਚਿਰ ਤੋਂ ਬਿਨਾ. ਛੇਤੀ. ਸ਼ੀਘ੍ਰ.

**ਅਚੁਤ:** ਸੰ. ਅਚ੍ਯੁਤ. ਵਿ- ਜੋ ਚ੍ਯੁਤ (ਡਿਗਿਆ) ਨਹੀਂ. ਜੋ ਪਤਿਤ ਨਹੀਂ ਹੋਇਆ। ੨. ਚੋਇਆ ਨਹੀਂ. ਟਪਕਿਆ ਨਹੀਂ। ੩. ਅਟਲ. ਨਿੱਤ ਇਸਥਿਤ। ੪. ਸੰਗਯਾ- ਪਰਮਾਤਮਾ. ਕਰਤਾਰ. "ਗੁਣ ਗਾਵਤ ਅਚੁਤ ਅਬਿਨਾਸੀ." (ਸੋਰ ਮਃ ੫)

**ਅਚੁਤਗੋਤ੍ਰੀ:** ਵਿ- ਅਚ੍ਯੁਤ (ਕਰਤਾਰ) ਦੀ ਵੰਸ਼ ਦਾ। ੨. ਸਾਧੂ (ਸੰਤ), ਜੋ ਆਪਣੇ ਤਾਂਈ ਕਿਸੇ ਜਾਤਿ ਗੋਤ ਦਾ ਅਭਿਮਾਨੀ ਨਾ ਮੰਨਕੇ ਕੇਵਲ ਅਕਾਲ ਦੀ ਸੰਤਾਨ ਮੰਨਦਾ ਹੈ.

**ਅਚੁਤਤਨਹ:** ਵਿ- ਅਚ੍ਯੁਤ ਦਾ ਪੁਤ੍ਰ (ਤਨਯ). ਕਰਤਾਰ ਦਾ ਬੇਟਾ. ਸਾਧੁ. ਸੰਤ. "ਭਗਵਾਨ ਸਿਮਰਣ ਨਾਨਕ ਲਬਧ੍ਯੰ ਅਚੁਤਤਨਹ" (ਸਹਸ ਮਃ ੫) ੨. ਅਚ੍ਯੁਤ ਰੂਪ. ਅਵਿਨਾਸ਼ੀ ਰੂਪ.

**ਅਚੁਤਪੂਜਾ:** ਵਿ- ਅਖੰਡ ਪੂਜਾ. ਇੱਕ ਰਸ ਪੂਜਨ. ਅਵਿਨਾਸ਼ੀ ਪੂਜਾ. "ਅਚੁਤਪੂਜਾ ਜੋਗ ਗੋਪਾਲ."

(ਬਿਲਾ ਮਃ ੫)

**ਅਚੂਕ:** ਵਿ- ਜੋ ਚੁੱਕੇ ਨਾ. ਬੇਖ਼ਤਾ. ਅਭੁੱਲ.

**ਅਚੇਤ:** ਵਿ- ਚੇਤਨਾ (ਚੈਤਨ੍ਯਤਾ) ਬਿਨਾ। ੨. ਮੂਰਖ. ਜੜ੍ਹਮਤਿ. "ਨਰ ਅਚੇਤ! ਪਾਪ ਤੇ ਡਰ ਰੇ." (ਗਉ ਮਃ ੯) ੩. ਮੂਰਛਿਤ. ਬੇਹੋਸ਼.

**ਅਚੇਤਨ:** ਵਿ- ਚੇਤਨਤਾ ਰਹਿਤ। ੨. ਮੂਰਛਿਤ. ਬੇਹੋਸ਼। ੩. ਜੜ੍ਹਮਤਿ.

**ਅਚੇਤਪਿੰਡੀ:** ਵਿ- ਅਚੇਤਤਾ ਹੈ ਜਿਸ ਦੇ ਸ਼ਰੀਰ ਵਿੱਚ. ਆਲਸੀ. ਉੱਦਮ ਰਹਿਤ. ਸਾਵਧਾਨਤਾਹੀਨ. "ਅਚੇਤਪਿੰਡੀ ਅਗਿਆਨ ਅੰਧਾਰ." (ਬਿਲਾ ਮਃ ੩. ਵਾਰ ੭)

**ਅਚੇਤਬਿਵਸਥਾ:** ਸੰਗਯਾ- ਅਚੇਤਨ ਅਵਸਥਾ. ਜੜ੍ਹਤਾ ਦੀ ਹਾਲਤ. "ਅਚੇਤਬਿਵਸਥਾ ਮਹਿ ਲਪਟਾਨੈ." (ਸੂਹੀ ਮਃ ੫)

**ਅਚੇਤਬੁਧਿ:** ਸੰਗਯਾ- ਜੜ੍ਹਮਤਿ. ਮੋਟੀ ਅ਼ਕ਼ਲ ਰੱਖਣ ਵਾਲਾ.

**ਅਚੈਨ:** ਵਿ- ਚੈਨ (ਸ਼ਾਂਤਿ) ਬਿਨਾ. ਵ੍ਯਾਕੁਲ. ਦੁਖੀ.

**ਅਚੋਰੀ:** ਸੰਗਯਾ- ਅਸ੍ਤੇਯ. ਚੋਰੀ ਦਾ ਅਭਾਵ।

੨. ਕ੍ਰਿ. ਵਿ- ਪ੍ਰਤੱਖ (ਪ੍ਰਤ੍ਯਕ੍ਸ਼). ਪ੍ਰਗਟ. "ਜਾਵਹਿਂਗੇ ਮਮ ਪ੍ਰਾਨ ਅਚੋਰੀ." (ਨਾਪ੍ਰ) ਵੇਖਦਿਆਂ ਹੀ ਮੇਰੇ ਪ੍ਰਾਣ ਚਲੇ ਜਾਣਗੇ.

**ਅਚੰਗ:** ਵਿ- ਜਿਸਤੋਂ ਵਧਕੇ ਹੋਰ ਚੰਗਾ ਨਾ ਹੋਵੇ. ਅਤਿ ਉੱਤਮ. "ਅਚੰਗ ਭੋਗ ਭੁਗਾਇਆ." (ਭਾਗੁ)

**ਅਚੰਚਲ:** ਵਿ- ਚੰਚਲਤਾ ਬਿਨਾ. ਠਹਿਰਿਆ ਹੋਇਆ। ੨. ਗੰਭੀਰ. ਧੀਰਯ ਵਾਲਾ.

**ਅਚੰਭਉ, ਅਚੰਭਵ, ਅਚੰਭਾ, ਅਚੰਭਿਓ:** ਸੰਗਯਾ- ਅਸੰਭਵ ਬਾਤ ਦੀ ਘਟਨਾ. ਹੈਰਾਨ ਕਰਨ ਵਾਲੀ ਗੱਲ. ਜਿਸ ਨੂੰ ਅਸੀਂ ਅਸੰਭਵ ਸਮਝਦੇ ਹਾਂ, ਉਸ ਦਾ ਹੋ ਜਾਣਾ. "ਕਹਿਓ ਨ ਜਾਈ ਏਹੁ ਅਚੰਭਉ" (ਗਉ ਮਾਲਾ ਮਃ ੫) "ਏਕ ਅਚੰਭਉ ਦੇਖਿਓ." (ਸ. ਕਬੀਰ) "ਸਿਗਰੀ ਸ੍ਰਿਸਟਿ ਦਿਖਾਯ ਅਚੰਭਵ." (ਚੌਪਈ) "ਮਹਾਂ ਅਚੰਭਾ ਸਭ ਮਨ ਲਹ੍ਯੋ." (ਗੁਪ੍ਰਸੂ)

**ਅੱਚਵੀ:** ਸੰਗਯਾ- ਬੇਚੈਨੀ. ਤਲਮੱਛੀ.

**ਅਚ੍ਯੁਤ:** ਦੇਖੋ, ਅਚੁਤ.

**ਅਛ:** ਦੇਖੋ, ਅਕ੍ਸ਼ ਅਤੇ ਅੱਛ। ੨. ਸਿੰਧੀ. ਸਮੁੰਦਰ. ਸਾਗਰ.

**ਅਛਜ:** ਵਿ- ਛਾਜਨ (ਛਬਿ) ਤੋਂ ਬਿਨਾ. ਸ਼ੋਭਾਹੀਨ. "ਅਲਪ ਅਜੋਗ ਅਛਜ." (ਕਲਕੀ) ੨. ਸੰਗਯਾ- ਅਕ੍ਸ਼ਿ (ਅੱਖ) ਤੋਂ ਪੈਦਾ ਹੋਈ ਗਿੱਡ.

**ਅਛਤ:** ਹਿੰ. ਕ੍ਰਿ. ਵਿ- ਸਾਮ੍ਹਣੇ. ਸਨਮੁਖ (ਸੰਮੁਖ). ੨. ਅਸ੍ਤਿਤ੍ਵ ਹੁੰਦੇ ਹੋਏ. ਮੌਜੂਦ ਹੁੰਦਿਆਂ. "ਅਛਤਰਾਜ ਬਿਛੁਰਤ ਦੁਖ ਪਾਇਆ." (ਸੋਰ ਰਵਿਦਾਸ) ੩. ਸੰ. ਅਕ੍ਸ਼ਤ. ਵਿ- ਬਿਨਾ ਘਾਉ. ਜ਼ਖਮ ਬਿਨਾ। ੪. ਅਖੰਡ. ਅਟੁੱਟ। ੫. ਸੰਗਯਾ- ਸਾਬਤ ਚਾਉਲ ਜੋ ਦੇਵਿਤਆਂ ਦੀ ਪੂਜਾ ਵੇਲੇ ਵਰਤੀਦੇ ਹਨ. "ਅਛਤ ਧੂਪ ਦੀਪ ਅਰਪਤ ਹੈਂ." (ਹਜਾਰੇ ੧੦) ੬. ਕਾਤ੍ਯਾਯਨ ਨੇ ਛਿਲਕੇ ਸਮੇਤ ਜੌਂ ਭੀ ਅਕ੍ਸ਼ਤ ਲਿਖੇ ਹਨ.

**ਅਛਮਾਲ, ਅਛਮਾਲਾ:** ਦੇਖੋ, ਅਕ੍ਸ਼ਮਾਲਾ.

**ਅਛਯ:** ਦੇਖੋ, ਅਕ੍ਸ਼ਯ.

**ਅਛਰ:** ਵਿ- ਛਲ ਰਹਿ. ਨਿਸ਼ਕਪਟ. "ਅੱਛੈ ਅਛਾਨ ਅੱਛਰ ਅਛਰ." (ਗ੍ਯਾਨ) ੨. ਦੇਖੋ, ਅਕ੍ਸ਼ਰ ਅਤੇ ਅਖਰ. "ਬਾਵਨ ਅਛਰ ਲੋਕ ਤ੍ਰੈ." (ਗਉ ਬਾਵਨ ਕਬੀਰ)

**ਅਛਰਾ:** ਦੇਖੋ, ਅੱਛਰਾ.

**ਅਛਰਾਂਕ, ਅਛਰਾਂਗ:** ਅਕ੍ਸ਼ਰ- ਅੰਕ. ਸੰਗਯਾ- ਮੁਹਰ- ਛਾਪ, ਜਿਸ ਵਿੱਚ ਅੱਖਰ (ਅਕ੍ਸ਼ਰ) ਅੰਕਿਤ (ਖੁਦੇ ਹੋਏ) ਹੋਣ. "ਦੂਰ ਖਰੇ ਅਛਰਾਂਕ ਲਵਾਏ." (ਨਾਪ੍ਰ) ਨਵਾਬ ਨੇ ਦੂਰ ਖੜੇ ਹੋਕੇ ਦੁਕਾਨ ਪੁਰ ਮੁਹਰ ਲਗਵਾ ਦਿੱਤੀ.

**ਅਛਲ:** ਵਿ- ਛਲ ਰਹਿਤ. ਨਿਸ਼ਕਪਟ। ੨. ਜੋ ਛਲ ਵਿੱਚ ਨਾ ਆ ਸਕੇ. "ਅਛਲ ਅਛੇਦ ਅਪਾਰ ਪ੍ਰਭੁ." (ਧਨਾ ਮਃ ੫)

**ਅਛਲ ਛਲਾ:** ਵਿ- ਜੋ ਛਲਾਂ ਤੋਂ ਅਛਲ ਹੈ. ਛਲਾਂ (ਕਪਟਾਂ) ਨਾਲ ਜੋ ਛਲਿਆ (ਠਗਿਆ) ਨਹੀਂ ਜਾ ਸਕਦਾ. ਭਾਵ- ਪਾਰਬ੍ਰਹਮ. "ਮੁਨਿ ਜਨ ਗਾਵਹਿ ਅਛਲ ਛਲਾ." (ਸਵੈਯੇ ਮਃ ੧. ਕੇ) ੨. ਛਲਾ (ਮਾਇਆ) ਕਰਕੇ ਜੋ ਅਛਲ ਹੈ। ੩. ਅਛਲ ਭਗਤਾਂ ਨੂੰ ਛਲਣ ਵਾਲੀ ਮਾਇਆ.

**ਅਛਲੀ:** ਦੇਖੋ, ਅਛਲ. "ਅਛਲੀ ਪ੍ਰਭੁ ਪਹਿਚਾਨਿਆ." (ਆਸਾ ਧੰਨਾ)

**ਅਛਾ:** ਦੇਖੋ, ਅੱਛਾ.

**ਅਛਾਈ:** ਸੰਗਯਾ- ਹੱਛਾਪਨ. ਸ੍ਵੱਛਤਾ. ਸ਼ਫਾਈ। ੨. ਨੇਕੀ. ਭਲਿਆਈ.

**ਅਛਾਣ:** ਸਿੰਧੀ. ਉੱਜਲਤਾ.

**ਅਛਾਦਨ:** ਦੇਖੋ, ਆਛਾਦਨ.

**ਅਛਾਦਿਓ:** ਢਕਿਆ. ਲਪੇਟਿਆ. ਦੇਖੋ, ਆਛਾਦਨ.

ਅਛਾਦਿਆ: "ਐਸੇ ਗੁਨਹ ਅਛਾਦਿਓ ਪ੍ਰਾਨੀ." (ਆਸਾ ਮਃ ੫)

ਅਛਾਨ, ਅਛਾਨਾ: ਸੰ. अछत्र- ਅਛੰਨ. ਵਿ- ਜੋ ਛਾਨਾ (ਗੁਪਤ) ਨਹੀਂ. ਪ੍ਰਗਟ. ਪ੍ਰਸਿੱਧ. ਦੇਖੋ, ਅਛਰ। ੨. ਦੇਖੋ, ਅਛਾਣ.

ਅਛਾਪ: ਵਿ- ਛਾਪ ਤੋਂ ਬਿਨਾ. ਸੰਖ ਚਕ੍ਰ ਆਦਿ ਦਾ ਛਾਪਾ, ਜਿਸ ਦੇ ਸ਼ਰੀਰ ਤੇ ਨਹੀਂ। ੨. ਚਿੰਨ੍ਹ ਤੋਂ ਬਿਨਾ.

ਅਛਿਅ: ਅਕ੍ਸ਼ਯ. ਵਿ- ਨਾਸ਼ ਰਹਿਤ. "ਅਛੇਦ ਅਛਿਅੰ." (ਅਕਾਲ)

ਅਛਿੱਜ: ਵਿ- ਜੋ ਛਿੱਜ (ਕ੍ਸ਼ੀਣ) ਨਹੀਂ ਹੰਦਾ. ਅਖੰਡ. ਟੁੱਟਣ ਭੱਜਣ ਬਿਨਾ. "ਅਛਿੱਜ ਰੂਪ ਅਨਭੈ." (ਗਜਾਨ)

ਅਛਿਤ: ਦੇਖੋ, ਅਛਤ ੨. "ਸਗਲ ਧਰਮ ਅਛਿਤਾ." (ਗੌਂਡ ਨਾਮਦੇਵ) ਸਾਰੇ ਮਜਹਬੀ ਕਰਮਾਂ ਦੇ ਕਰਦਿਆਂ. ੨. ਸੰ. ਅਕ੍ਸ਼ਿਤ. ਵਿ- ਕ੍ਸ਼ੀਣਤਾ ਰਹਿਤ. ਅਖੰਡ. ਇੱਕਰਸ. "ਅੱਛੂ ਅਛਿਤ." (ਗਜਾਨ)

ਅਛਿਤਾ: ਦੇਖੋ, ਅਛਤ ੨. "ਸਗਲ ਧਰਮ ਅਛਿਤਾ." (ਗੌਂਡ ਨਾਮਦੇਵ) ਸਾਰੇ ਧਰਮ ਕਰਮਾਂ ਦੇ ਹੁੰਦੇ ਹੋਏ.

ਅਛੁੱਤ, ਅਛੁੱਥ: ਵਿ- ਛੂਹਣ ਤੋਂ ਬਿਨਾ. ਅਛੂਤ। ੨. ਜਿਸ ਨੂੰ ਕੋਈ ਫੜ ਨਾ ਸਕੇ. "ਗਏ ਵੀਰ ਅਛੁੱਥੰ." (ਰਾਮਾਵ)

ਅਛੁਪ, ਅਛੁਪਾ: ਸੰ. ਅਕ੍ਸ਼ੁਪ. ਵਿ- ਨੰਗਾ. ਬਿਨਾ ਅਛਾਦਨ. "ਰੰਗ ਸੁਰੰਗ ਕੁਰੰਗ ਅਛੁਪਾ." (ਭਾਗੁ) ੨. ਨਾ ਛੂਹਣ ਯੋਗਜ. ਜਿਸ ਨੂੰ ਸਪਰਸ਼ ਨਾ ਕਰੀਏ. ਦੇਖੋ, ਛੁਪ.

ਅਛੂ: ਵਿ- ਸਪਰਸ਼ ਰਹਿਤ. ਜੋ ਛੁਹਿਆ ਨਹੀਂ ਜਾ ਸਕਦਾ. "ਅਛੂ ਤੁਹੀ." (ਅਕਾਲ)

ਅਛੂਹਣੀ, ਅਛੂਹਨਿ: ਦੇਖੋ, ਖੂਹਣਿ

ਅਛੂਤ: ਵਿ- ਸਪਰਸ਼ ਰਹਿਤ. "ਅਛੂਤ." (ਜਾਪੁ)

੨. ਨੀਚ, ਜਿਸ ਨੂੰ ਛੁਹਣਾ ਪਾਪ ਸਮਝਿਆ ਜਾਂਦਾ ਹੈ. ਨਾ ਛੂਹਣ ਯੋਗਜ.

ਅਛੇਉ: ਵਿ- ਅਛੇਦਜ. ਅਭੇਦਜ. ਜੋ ਵਿੰਨ੍ਹਿਆਂ ਨਾ ਜਾ ਸਕੇ। ੨. ਜੋ ਕੱਟਿਆ ਨਹੀਂ ਜਾ ਸਕਦਾ.

ਅਛੇਹ, ਅਛੇਹੁ: ਵਿ- ਛੇਦ (ਸੁਰਾਖ਼) ਬਿਨਾ. ਅਛਿਦ੍ਰ। ੨. ਅਛੇਦਜ. ਅਖੰਡ. "ਪਦਅਰਬਿੰਦਨ ਪ੍ਰੇਮ ਅਛੇਹੁ." (ਗੁਪ੍ਰਸੂ) ੩. ਅਨੰਤ. ਬਹੁਤ. "ਭਯੋ ਸਨੇਹ ਅਛੇਹ ਦੁਹਨ ਮਨ." (ਗੁਪ੍ਰਸੂ)

ਅਛੇਦ: ਸੰ. ਅਛੇਦਜ. ਵਿ- ਅਖੰਡ. ਜਿਸ ਦਾ ਛੇਦਨ ਨਾ ਹੋ ਸਕੇ. "ਅਛੇਦ ਹੈ." (ਜਾਪੁ)

ਅਛੇਪ: ਦੇਖੋ, ਆਕ੍ਸ਼ੇਪ.

ਅਛੇਪਕ: ਵਿ- ਆਕ੍ਸ਼ੇਪ (ਨਿੰਦਾ) ਕਰਨ ਵਾਲਾ। ੨. ਫੈਂਕਣ ਵਾਲਾ। ੩. ਕਿਸੇ ਗ੍ਰੰਥ ਵਿੱਚ ਵਾਧੂ ਮਜਮੂਨ ਪਾਉਣ ਵਾਲਾ.

ਅਛੇਮ: ਸੰਗਜਾ- ਕ੍ਸ਼ੇਮ (ਮੰਗਲ- ਕਲਜਾਣ) ਦਾ ਅਭਾਵ। ੨. ਅਸ਼ਾਂਤਿ.

ਅਛੇਵ: ਬਿਨਾ ਛਿਦ੍ਰ। ੨. ਅਛੇਦਜ. "ਅਛੇਵ ਹਰੀ." (ਅਕਾਲ)

ਅਛੈ: ਵਿ- ਅਕ੍ਸ਼ਯ. ਅਵਿਨਾਸ਼ੀ.

ਅਛੋਤ, ਅਛੋਤਾ: ਵਿ- ਨਿਰਲੇਪ. ਸਪਰਸ਼ ਬਿਨਾ. "ਕਵਲ ਅਛੋਤਾ." (ਭਾਗੁ) ੨. ਦੇਖੋ, ਅਛੂਤ.

ਅਛੋਪ: ਦੇਖੋ, ਅਛੁਪ ਅਤੇ ਆਛੋਪ। ੨. ਤੁੱਛ. ਛੋਟਾ। ੩. ਨੰਗਾ.

ਅਛੋਭ: ਵਿ- ਕ੍ਸ਼ੋਭ (ਘਬਰਾਹਟ) ਬਿਨਾ. ਸ਼ਾਂਤ. ਧੀਰਯ ਵਾਲਾ. ਚੰਚਲਤਾ ਰਹਿਤ.

**ਅੱਛ:** ਰਾਵਣ ਦਾ ਪੁਤ੍ਰ ਅਖ. ਦੇਖੋ, ਅਖ. "ਪੁਰ ਜਾਰ ਅੱਛ ਕੁਮਾਰ ਛੈ ਬਨ ਟਾਰਕੈ ਫਿਰ ਆਇਯੋ." (ਰਾਮਾਵ) ੨. ਗਰੁੜ ਅਨਲ ਆਦਿ ਪੰਛੀ. "ਕੇਤੇ ਨਭ ਬੀਚ ਅੱਛ ਪੱਛ ਕੋ ਕਰੈਂਗੇ ਭੱਛ" (ਅਕਾਲ) ੩. ਸੰ. ਅਚ੍ਛ- ਅੱਛ. ਸੰਗਯਾ- ਸਫਟਿਕ. ਬਿਲੌਰ। ੪. ਨਿਰਮਲ ਜਲ। ੫. ਵਿ- ਸ੍ਵੱਛ. ਨਿਰਮਲ। ੬. ਪਵਿਤ੍ਰ। ੭. ਸੰਪ੍ਰਦਾਈ ਗ੍ਯਾਨੀ ਅੱਛ ਦਾ ਅਰਥ ਆਂਡਾ ਕਰਦੇ ਹਨ.

**ਅੱਛ ਕੁਮਾਰ:** ਰਾਵਣ ਦਾ ਪੁਤ੍ਰ ਅਖ, ਜਿਸ ਨੂੰ ਹਨੂਮਾਨ ਨੇ ਮਾਰਿਆ. ਦੇਖੋ. ਅਖ ਅਤੇ ਅੱਛ ੧.

**ਅੱਛਰ:** ਅਖ੍ਯਰ. ਦੇਖੋ, ਅਖਰ. "ਅੱਛਰ ਆਦਿ ਅਨੀਲ ਅਨਾਹਤ." (ਸਵੈਯੇ ੩੩)

**ਅੱਛਰਾ:** ਸੰ. ਅਪ੍ਸਰਾ- ਅਪਸਰਾ. ਸੰਗਯਾ- ਦੇਵ ਲੋਕ ਦੀ ਇਸਤ੍ਰੀ. ਹੂਰ. ਪਰੀ. ਦੇਖੋ, ਅਪਸਰਾ। ੨. ਵਿ- ਸੁੰਦਰ ਅੱਖਾਂ ਵਾਲੀ. ਮ੍ਰਿਗਨੈਨੀ. "ਵਿਲੋਕ ਅੱਛਰਾਨ ਕੋ ਅਪੱਛਰਾ ਲਜਾਵਹੀ." (ਰਾਮਾਵ) ਦੇਖੋ, ਮੱਛਰਾ। ੩. ਸੰ. ਅਖ੍ਯਰਾ. ਸੰਗਯਾ- ਕਥਨ. ਵਖਿਆਨ (ਵ੍ਯਾਖ੍ਯਾਨ).

**ਅੱਛਰਾ ਪੱਛਰਾ ਮੱਛਰਾ:** ਦੇਖੋ, ਅਛ੍ਰਾ ੨. ਅਤੇ ਮੱਛਰਾ.

**ਅੱਛਰੀ:** ਵਿ- ਅਖ੍ਯਰ (ਅੱਖਰ) ਦਾ। ੨. ਸੰਗਯਾ- ਅਪਸਰਾ ਪਰੀ। ੩. ਦੇਖੋ, ਅੱਛਰਾ ੨.

**ਅੱਛਾ:** ਸੰ. ਅਚ੍ਛ- ਅੱਛ. ਵਿ- ਨਿਰਮਲ ਜਲ। ੨. ਬਿਲੌਰ. ਸਫਟਿਕ। ੩. ਰਿੱਛ. ਭਾਲੂ. ਦੇਖੋ, ਵਛ.

**ਅੱਛੇਕ:** ਅਖਿ- ਏਕ. ਇੱਕ ਅੱਖ. "ਅਛੇਕ ਕੂਪੰ." (ਪਾਰਸਾਵ) ਇੱਕ ਅੱਖ ਖੂਹ ਤੁੱਲ ਹੈ.

**ਅਛ੍ਰ:** ਅਖ੍ਯਰ. ਵਰਣ. "ਸੁ ਕਬੋ ! ਤਹਿ ਅਛ੍ਰ ਬਨਾ ਕਹਿਯੋ" (ਰਾਮਾਵ) ੨. ਅਖਿ. ਅੱਖ. ਨੇਤ੍ਰ. "ਮਤਸ ਸਬਦ ਪ੍ਰਿਥਮੇ ਉਚਰਿ ਅਛ੍ਰ ਸਬਦ ਪੁਨ ਦੇਹੁ." (ਸਨਾਮਾ) ਮੱਛ ਦੀ ਅੱਖ.

**ਅਛ੍ਰ ਪਛ੍ਰ:** ਅਕ੍ਸ਼ਰ ਪ੍ਰਚ੍ਛ- ਅਖ੍ਯਰ ਪ੍ਰੱਛ. ਅੱਖਰਾਂ ਦੀ ਜਿਗ੍ਯਾਸਾ (ਜਾਣਨ ਦੀ ਇੱਛਾ) ਵ੍ਯਾਕਰਣ ਸੰਬੰਧੀ ਪ੍ਰਸ਼ਨ. "ਅਛ੍ਰ ਕੇ ਪਛ੍ਰ ਕੇ ਸਿੱਧ ਸਾਧੇ." (ਅਕਾਲ) ੨. ਸੰਪ੍ਰਦਾਈ ਗ੍ਯਾਨੀ ਇਸ ਦਾ ਅਰਥ ਇਹ ਲੋਕ ਅਤੇ ਪਰਲੋਕ ਕਰਦੇ ਹਨ. ਅਤ੍ਰ ਪਰਤ੍ਰ. ਏਥੇ ਓਥੇ.

**ਅਛ੍ਰਾ, ਅਛ੍ਰੀ:** ਅਪਸਰਾ. ਹੂਰ. ਦੇਵਾਂਗਨਾ. "ਘੁਮੰਤ ਗੈਣ ਅਛ੍ਰੀ ਉਛਾਹ." (ਕਲਕੀ) ੨. ਜਦ ਅਛ੍ਰਾ ਪਛ੍ਰਾ ਮਛ੍ਰਾ ਤਿੰਨ ਸ਼ਬਦ ਇਕੱਠੇ ਆਉਂਦੇ ਹਨ, ਤਦ ਸੰਪ੍ਰਦਾਈ ਗ੍ਯਾਨੀ ਅਰਥ ਕਰਦੇ ਹਨ- ਅਛ੍ਰਾ ਇਸ ਲੋਕ ਦੀ ਇਸਤ੍ਰੀ, ਪਛ੍ਰਾ ਸ੍ਵਰਗ ਦੀ ਅਪਸਰਾ ਅਤੇ ਮਛ੍ਰਾ ਮਤ੍ਸ੍ਯ ਲੋਕ (ਪਾਤਾਲ) ਦੀ ਇਸਤ੍ਰੀ ਦੇਖੋ, ਅਛ੍ਰ.

**ਅਜ:** ਸੰ. ਅਦ੍ਯ. ਕ੍ਰਿ. ਵਿ- ਅੱਜ. ਆਜ. "ਚਲਣ ਅਜ ਕਿ ਕਲ." (ਸ. ਫਰੀਦ) ੨. ਸੰ. ਅਜ੍. ਧਾ- ਫੈਂਕਣਾ. ਹੱਕਣਾ. ਜਾਣਾ. ਦੌੜਨਾ। ੩. ਸੰ. ਅਜ. ਵਿ- ਜਨਮ ਰਹਿਤ. ਜੋ ਜਨਮਦਾ ਨਹੀਂ. "ਅਜ ਅਬਿਨਾਸੀ ਜੋਤਿ ਪ੍ਰਕਾਸੀ." (ਸਲੋਹ) ੪. ਸੰਗਯਾ- ਬ੍ਰਹਮਾ. "ਅਜ ਸ਼ਿਵ ਇੰਦ੍ਰ ਰਮਾਪਤਿ ਠਾਢੇ" (ਸਲੋਹ) ੫. ਬਕਰਾ. "ਅਜ ਕੈ ਵਸਿ ਗੁਰੁ ਕੀਨੋ ਕੇਹਰਿ." (ਆਸਾ ਮਃ ੫) ਨੰਮ੍ਰਤਾ ਦੇ ਅਧੀਨ ਹੰਕਾਰ ਕਰ ਦਿੱਤਾ ਹੈ। ੬. ਚੰਦ੍ਰਮਾ। ੭. ਅਯੋਧ੍ਯਾਪਤਿ ਸੂਰਯਵੰਸ਼ੀ ਰਾਜਾ ਰਘੁ ਦਾ ਪੁਤ੍ਰ, ਜੋ ਇੰਦੁਮਤੀ ਦਾ ਪਤੀ ਅਤੇ ਦਸ਼ਰਥ ਦਾ ਪਿਤਾ ਸੀ. "ਤਾਂਤੇ ਪੁਤ੍ਰ ਹੋਤ ਭਯੋ ਅਜ ਬਰ." (ਵਿਚਿਤ੍ਰ) ੮. ਕਾਮਦੇਵ। ੯. ਕਰਤਾਰ. ਵਾਹਗੁਰੂ। ੧੦. ਫ਼ਾ. ﺍﺯ ਅਜ਼. ਵ੍ਯ- ਸੇ. ਤੋਂ. "ਦੌਲਤੇ ਅਜ਼ ਮਾਹ ਤਾ ਮਾਹੀ ਤੁਰਾਸ." (ਜ਼ਿੰਦਗੀ)

**ਅਜਸ:** ਸੰਗਯਾ- ਅਪਯਸ਼. ਨਿੰਦਾ. "ਇਸ ਲੋਕ ਅਜਸ ਨਹਿ ਡਰੈ ਕੂਹ." (ਗੁਪ੍ਰਸੂ)

**ਅਜਸੈਨ:** ਜਨਮੇਜਯ ਦਾ ਪੁਤ੍ਰ. ਜਿਸ ਦਾ ਨਾਉਂ ਅਜਯ ਸਿੰਘ ਭੀ ਹੈ.

**ਅਜਹਤਿ ਲੱਛਣਾ:** ਸੰ. ਅਜਹਤ੍ਸ੍ਵਾਰ੍ਥਾ- ਅਜਹਤਸ੍ਵਾਥਾ, ਸੰਗਯਾ- ਲੱਛਣਾ (ਲਖ੍ਯਣਾ) ਦਾ ਇੱਕ ਭੇਦ, ਜਿਸ ਕਰਕੇ ਵਾਚ੍ਯ ਅਰਥ ਤੋਂ ਭਿੰਨ ਕੁਝ ਹੋਰ ਅਰਥ ਭੀ ਪ੍ਰਗਟ ਹੋਵੇ. ਜਿਵੇਂ- ਕਾਲੀ ਵਰਦੀ ਵੇਖਣ ਸਾਰ ਚੋਰ ਦਬ ਗਏ. ਇੱਥੇ ਕਾਲੀ ਵਰਦੀ ਤੋਂ

ਭਿੰਨ, ਪੋਲੀਸ ਦੇ ਸਿਪਾਹੀਆਂ ਦਾ ਭੀ ਬੋਧ ਹੁੰਦਾ ਹੈ.

ਅਜਹੁ, ਅਜਹੂ, ਅਜਹੂੰ: ਕ੍ਰਿ. ਵਿ- ਅਦਯਾਪਿ. ਅਜੇ ਭੀ. ਹੁਣ ਭੀ. ਇਸ ਪੁਰ ਭੀ. "ਅਜਹੁ ਬਿਕਾਰ ਨ ਛੋਡਈ." (ਬਿਲਾ ਕਬੀਰ) "ਅਜਹੂ ਕਛੁ ਬਿਗਰਿਓ ਨਹੀਂ" (ਤਿਲੰ ਮਃ ੯)

ਅਜਕਲ: ਸੰ. ਅਦਯ ਕਲਯ. ਅੱਜ ਅਤੇ ਸਵੇਰੇ। ੨. ਭਾਵ- ਟਾਲਮਟੋਲਾ. "ਅਜਕਲ ਕਰਦਿਆਂ ਕਾਲ ਬਿਆਪੈ." (ਵਡ ਅਲਾਹਣੀ ਮਃ ੧) ੩. ਅਲਪ ਕਾਲ. ਥੋੜਾ ਸਮਾਂ.

ਅਜ਼ਖ਼ੁਦ: ਫ਼ਾ. ازخود ਵਯ- ਆਪਣੇ ਆਪ ਤੋਂ. ਸ੍ਵਯੰ.

ਅਜਗਰ: ਸੰਗਯਾ- ਅਜ ਬਕਰੇ ਨੂੰ ਗਰ (ਨਿਗਲ) ਲੈਣ ਵਾਲਾ ਸਰਪ. ਵਡਾ ਭਾਰੀ ਸੱਪ. ਅਜ਼ਦਹਾ. "ਅਜਗਰ ਭਾਰ ਲਦੇ ਅਤਿ ਭਾਰੀ." (ਮਲਾ ਮਃ ੧) ੨. ਵਿ- ਭਾਵ- ਬਹੁਤ ਭਾਰੀ. ਬੋਝਲ। ੩. ਦੁਖਦਾਈ। ੪. ਕਠਿਨ. "ਅਜਗਰ ਕਪਟ ਕਹਹੁ ਕਿਉ ਖੁਲੈ." (ਮਾਰੂ ਸੋਲਹੇ ਮਃ ੧) ੫. ਦੇਖੋ, ਉਨਮਾਨੁ.

ਅਜਗਰੁ: ਦੇਖੋ. ਅਜਗਰ.

ਅਜਗੈਬ: ਫ਼ਾ. ازغیب ਅਜ਼- ਗ਼ੈਬ. ਕ੍ਰਿ. ਵਿ- ਨਾ ਦੇਖੇ ਹੋਏ ਥਾਂ ਤੋਂ. ਭਾਵ- ਪਰਲੋਕ ਤੋਂ.

ਅਜਗੈਬੀ ਫੌਜ: ਸੰਗਯਾ- ਸ਼ਹੀਦੀ ਸੈਨਾ. ਅਜੇਹੇ ਥਾਂ ਤੋਂ ਆਈ ਫੌਜ, ਜਿਸ ਨੂੰ ਦੇਖਿਆ ਨਹੀਂ ਜਾ ਸਕਦਾ. ਦੇਖੋ, ਅਜਗੈਬ.

ਅਜੱਗ: ਵਿ- ਬਿਨਾ ਜੱਗ (ਯਗਯ). ੨. ਅਲੌਕਿਕ. ਜਗਤ ਵਿੱਚ ਨਾ ਹੋਣ ਵਾਲਾ. "ਸੁ ਖੱਗੰ ਅਦੱਗੰ ਅਜੱਗੰ." (ਕਲਕੀ) ਖੜਗ ਬੇਦਾਗ ਅਲੌਕਿਕ.

ਅਜਦਹ, ਅਜਦਹਾ: ਫ਼ਾ. اژدہا ਅਜਦਹਾ. ਅਜਗਰ ਸਰਪ। ੨. ਸੱਪ "ਚੂੰ ਤੁੰਦ ਅਜਦਹ" (ਰਾਮਾਵ)

ਅਜਨ: ਵਿ- ਜਿੱਥੇ ਕੋਈ ਜਨ (ਮਨੁੱਖ) ਨਹੀਂ. ਸੁੰਨਸਾਨ। ੨. ਜਨਮ ਰਹਿਤ। ੩. ਦੇਖੋ, ਅਜਿਨ.

ਅਜਨਬੀ: ਅ਼. اجنبی ਵਿ- ਜਨਬ (ਕਿਨਾਰੇ) ਦਾ. ਓਪਰਾ। ੨. ਵਿਦੇਸ਼ੀ.

ਅਜਨਮ, ਅਜਨਮਾ: ਸੰ. अजन्मा. ਵਿ- ਜੋ ਜਨਮ ਵਿੱਚ ਨਾ ਆਵੇ. ਜਨਮ ਰਹਿਤ.

ਅਜਨਾਸ: ਅ਼. اجناس ਜਿਨਸ ਦਾ ਬਹੁ ਵਚਨ. ਕਿਸਮਾਂ ਵੰਨਗੀਆਂ.

ਅਜਨੇ: ਕ੍ਰਿ. ਵਿ- ਬਿਨਾ ਜਾਣਨ ਤੋਂ. ਅਣਜਾਣੇ. ਭੁਲੇਖੇ ਵਿੱਚ. "ਭ੍ਰਿੱਤਨ ਮੋ ਅਜਨੇ ਤੁਮ ਤਾਤ ਅਨਯੋ." (ਕ੍ਰਿਸਨਾਵ) ਮੇਰੇ ਸੇਵਕਾਂ ਨੇ ਅਣਜਾਣੇ ਆਪ ਦਾ ਪਿਤਾ ਲੈਆਂਦਾ.

ਅਜਨੰਦਨ: ਸੰਗਯਾ- ਅਜ ਦਾ ਨੰਦਨ (ਪੁਤ੍ਰ) ਦਸ਼ਰਥ.

ਅਜਪ, ਅਜਪਾ: ਵਿ- ਜਿਸ ਦਾ ਜਾਪ ਨਾ ਕੀਤਾ ਜਾ ਸਕੇ। ੨. ਅਜ (ਬਕਰੇ) ਪਾਲਣ ਵਾਲਾ. ਬਕਰੀਆਂ ਦਾ ਪਾਲੀ. ਅਯਾਲੀ। ੩. ਸੰ. अजपा. ਸੰਗਯਾ- ਯੋਗ ਮਤ ਅਨੁਸਾਰ "ਹੰਸ" ਗਾਯਤ੍ਰੀ, ਜੋ ਸ੍ਵਾਸ ਸ੍ਵਾਸ "ਹੰ" ਅਤੇ "ਸ" ਅੱਖਰ ਦੇ ਚਿੰਤਨ ਨਾਲ ਜਪੀਦੀ ਹੈ.

ਅਜਪਾਜਾਪ: ਸੰਗਯਾ- ਰਸਨਾ ਸ੍ਵਾਸ ਆਦਿ ਦੀ ਸਹਾਇਤਾ ਬਿਨਾ ਕੇਵਲ ਚਿੱਤਵ੍ਰਿੱਤੀ ਦ੍ਵਾਰਾ ਕੀਤਾ ਜਾਪ. "ਅਜਪਾ ਜਾਪ ਨ ਵੀਸਰੈ." (ਵਾਰ ਮਲਾ ਮਃ ੧) "ਆਤਮ ਉਪਦੇਸ ਭੇਸ ਸੰਜਮ ਕੋ ਜਾਪ ਸੁ ਅਜਪਾ ਜਾਪੈ." (ਹਜਾਰੇ ੧੦) ੨. ਵਿ- ਅਚਿੰਤ੍ਯ ਕਰਤਾਰ ਦਾ ਜਾਪ। ੩. ਮਾਲਾ ਦੀ ਸਹਾਇਤਾ ਬਿਨਾ ਕੀਤਾ ਜਾਪ। ੪. ਦੇਖੋ, ਅਜਪਾ ੩.

ਅਜਪੈ: ਫ਼ਾ. ازپے ਅਜ਼ਪੈ. ਕ੍ਰਿ. ਵਿ- ਪਿੱਛੇ. ਵਾਸਤੇ. ਲਈ। ੨. ਇਸ ਲਈ.

**ਅਜਬ:** ਅ਼. عجب ਅ਼ਜਬ. ਵਿ- ਅਦਭੁਤ. ਅਣੋਖਾ. "ਅਜਬ ਕੰਮ ਕਰਤੇ ਹਰਿ ਕੇਰੇ." (ਮਾਝ ਅਃ ਮਃ ੩) ੨. ਡਰੋਲੀ ਨਿਵਾਸੀ ਸੰਘਾ ਗੋਤ ਦਾ ਇੱਕ ਪ੍ਰੇਮੀ, ਜੋ ਉਮਰ ਸ਼ਾਹ ਦਾ ਭਾਈ ਸੀ. ਇਹ ਸ਼੍ਰੀ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਮਸੰਦ ਪਦਵੀ ਨੂੰ ਪ੍ਰਾਪਤ ਹੋਇਆ, ਅਤੇ ਤਨ ਮਨ ਤੋਂ ਸ਼੍ਰੀ ਅੰਮ੍ਰਿਤਸਰ ਦੀ ਸੇਵਾ ਕਰਦਾ ਰਿਹਾ, ਦੇਖੋ, ਡਰੋਲੀ ਅਤੇ ਨੰਦ ਚੰਦ.

**ਅਜਬ ਅਜਾਬਾ:** ਵਿ- ਅਜਬ (ਅਦਭੁਤ) ਤੋਂ ਅ਼ਜਬ. ਬਹੁਤ ਅਜੀਬ. "ਪਤਿਤ ਉਦਾਹਰਣ ਅਜਬ ਅਜਾਬਾ." (ਭਾਗੁ)

**ਅਜਬ ਸਿੰਘ:** ਦੇਖੋ, ਉਦਯ ਸਿੰਘ.

**ਅਜਬਾ:** ਇਕ ਵਰਣਿਕ ਛੰਦ. ਇਸ ਦਾ ਨਾਉਂ "ਅਕਵਾ," "ਕਨਜਾ" ਅਤੇ "ਤੀਰਣਾ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਮ, ਗ. SSS, S.

ਉਦਾਹਰਣ-

ਲੱਗੈਂ ਤੀਰੰ। ਭੱਗੈਂ ਭੀਰੰ।

ਰੋਸੰ ਰੁੱਝੇ। ਅਸੰਤ੍ਰ ਜੁੱਝੇ॥ (ਰਾਮਾਵ)

**ਅਜਬਾਕ੍ਰਿਤਿ:** ਅਜਬ- ਆਕ੍ਰਿਤਿ. ਅਦਭੁਤ ਆਕਾਰ. ਅ਼ਜੀਬ ਸ਼ਕਲ. ਅਚਰਜ ਮੂਰਤਿ. "ਅਜਬਾਕ੍ਰਿਤਿ ਹੈਂ." (ਜਾਪੁ)

**ਅਜਮ, ਅ਼ਜਮ:** ਅ਼. عجم ਵਿ- ਗੁੰਗਾ. ਅਬੋਲ. ਮੂਕ. ਅਜਿਹ੍ਵ। ੨. ਸੰਗਯਾ- ਅ਼ਰਬ ਵਾਲੇ ਈਰਾਨ ਤੇ ਤੂਰਾਨ ਨੂੰ ਇਸ ਵਾਸਤੇ ਅਜਮ ਆਖਦੇ ਹਨ ਕਿ ਉਹ ਗੁੰਗਿਆਂ ਦਾ ਦੇਸ਼ ਹੈ, ਕਾਰਣ ਇਹ ਕਿ ਅ਼ਰਬੀ ਆਪਣੇ ਮੁਕਾਬਲੇ ਵਿੱਚ ਉਨ੍ਹਾਂ ਨੂੰ ਵਕਤਾ ਨਹੀਂ ਸਮਝਦੇ. "ਹਕਾਯਤ ਸ਼ੁਨੀਦੇਮ ਸ਼ਾਹੇ ਅ਼ਜਮ." (ਹਕਾਯਤ ੮)

**ਅਜਮਤ:** ਅ਼. عظمت ਅ਼ਜ਼ਮਤ. ਪ੍ਰਤਾਪ। ੨. ਵਡਿਆਈ. ਬਜ਼ੁਰਗੀ। ੩. ਕਰਾਮਤ. ਕਰਾਮਾਤ. "ਸ਼ਰਾ ਮਾਨ ਕੈ ਅਜਮਤ ਦੈਨ." (ਗੁਪ੍ਰਸੂ)

**ਅਜਮਾਉਣਾ:** ਕ੍ਰਿ- ਅਜਮਾਇਸ਼ (ਆਜ਼ਮਾਯਸ਼) ਵਿੱਚ ਲਿਆਉਣਾ. ਪਰੀਖਜਾ (ਪਰੀਕ੍ਸ਼ਾ) ਕਰਨੀ. ਪਰਤਿਆਉਣਾ. ਤਜਰਬਾ ਕਰਨਾ.

**ਅਜ਼ ਮਾਹ ਤਾ ਮਾਹੀ:** ਫ਼ਾ. ازماہتاماہی ਚੰਦ ਤੋਂ ਲੈਕੇ ਮੱਛੀ ਤੀਕ. ਭਾਵ- ਆਕਾਸ਼ ਤੋਂ ਪਾਤਾਲ ਤੀਕ. ਦੇਖੋ, ਅਜ ੧੦.

**ਅਜਮਾਨਾ:** ਦੇਖੋ, ਅਜਮਾਉਣਾ.

**ਅਜਮਾਯਸ਼:** ਫ਼ਾ. آزمایش ਆਜ਼ਮਾਯਸ਼. ਸੰਗਯਾ- ਪਰੀਖਯਾ. ਇਮਤਿਹਾਨ. ਦੇਖੋ, ਆਜ਼ਮੂਦਨ.

**ਅਜਮੀਢ:** ਦੇਖੋ, ਹਸ੍ਤਿਨਾਪੁਰ.

**ਅਜਮੁਖ:** ਸੰਗਯਾ- ਅਜ (ਬਕਰੇ) ਦਾ ਹੈ ਮੁਖ (ਮੂੰਹ) ਜਿਸ ਦਾ, ਦੱਛ (ਦਕ੍ਸ਼) ਪ੍ਰਜਾਪਤਿ. ਦੇਖੋ, ਦਕ੍ਸ਼ ੨.

**ਅਜਮੇਧ:** ਸੰਗਯਾ- ਅਜ (ਬਕਰੇ) ਦੀ ਮੇਧ (ਕੁਰਬਾਨੀ) ਦਾ ਜੱਗ. ਐਸਾ ਜੱਗ, ਜਿਸ ਵਿੱਚ ਬਕਰੇ ਦੀ ਬਲਿ ਦਿੱਤੀ ਜਾਵੇ. "ਗਵਾਲੰਭ ਅਜਮੇਧ ਅਨੇਕਾ." (ਰਾਮਾਵ)

**ਅਜਮੇਰ:** ਅਜਮੇਰੁ. ਸੰਗਯਾ- ਚੌਹਾਨ ਵੰਸ਼ ਦੇ ਰਾਜਾ ਅਜਯਪਾਲ ਦਾ ਸੰਮਤ ੨੦੨ ਵਿੱਚ ਵਸਾਇਆ ਇੱਕ ਨਗਰ, ਜੋ ਹੁਣ ਰਾਜਪੂਤਾਨੇ ਵਿੱਚ ਮਸ਼ਹੂਰ ਸ਼ਹਿਰ ਹੈ. ਇਸ ਜਗਾ ਮੁਸਲਮਾਨਾਂ ਦੇ ਪ੍ਰਸਿੱਧ ਪੀਰ "ਖ਼੍ਵਾਜਾ ਮੁਈਨੁੱਦੀਨ ਚਿਸ਼ਤੀ"[66] ਦਾ ਰੌਜ਼ਾ

---

[66] ਇਹ ਪੀਰ ਸਨ ੧੧੪੨ ਵਿੱਚ ਮੱਧ ਏਸ਼ੀਆ ਵਿੱਚ ਪੈਦਾ ਹੋਇਆ. ਧਾਰਮਿਕ ਗਯਾਨ ਦੀ ਖੋਜ ਵਿਚ ਇਹ ਸਮਰਕੰਦ ਬਗਦਾਦ ਜੀਲਾਨ ਹਮਦਾਨ ਮੱਕੇ ਆਦਿਕ ਅਸਥਾਨਾਂ ਵਿੱਚ ਫਿਰਦਾ ਰਿਹਾ. ਇਸ ਉਤੇ ਸੂਫੀ ਪੀਰ ਸ਼ੇਖ ਅਬਦੁਲ ਕ਼ਾਦਿਰ ਜੀਲਾਨੀ ਦਾਬਹੁਤ ਅਸਰ ਹੋਇਆ.

ਹੈ, ਜੋ ਸਨ ੧੨੩੫ ਵਿੱਚ ਮੋਇਆ ਹੈ, ਪੀਰ ਦੀ ਖ਼ਾਨਕਾਹ ਅਤੇ ਮਕ਼ਬਰੇ ਨੂੰ "ਖ੍ਵਾਜਾ ਸਾਹਿਬ ਦੀ ਦਰਗਾਹ" ਆਖਦੇ ਹਨ, ਅਤੇ ਇਸ ਦੀ ਇੱਕ ਅਦਭੁਤ ਕਹਾਣੀ ਇਤਿਹਾਸਾਂ ਵਿੱਚ ਦੇਖੀ ਜਾਂਦੀ ਹੈ. ਇਸ ਪੀਰਖ਼ਾਨੇ ਦੇ ਮੁਜਾਵਰ ਮੁਹਿੰਮ ਲਈ ਚੜ੍ਹਾਈ ਕਰਨ ਵਾਲੇ ਸਿਪਹਸਾਲਾਰਾਂ, ਅਤੇ ਉਨ੍ਹਾਂ ਸ਼ਾਹਜ਼ਾਦਿਆਂ ਦੀਆਂ ਕਮਾਣਾਂ, ਜੋ ਸਲਤਨਤ ਦੇ ਹੱਕਦਾਰ ਹੁੰਦੇ ਸਨ, ਚਿੱਲੇ ਉਤਾਰਕੇ ਮੰਦਿਰ ਵਿੱਚ ਰੱਖ, ਦਰਵਾਜੇ ਬੰਦ ਕਰ ਦਿੰਦੇ ਸਨ. ਸਵੇਰੇ ਜਿਸ ਦੀ ਕਮਾਣ ਪੁਰ ਚਿੱਲਾ ਚੜ੍ਹਿਆ ਹੋਇਆ ਨਜਰ ਆਉਂਦਾ, ਉਹੀ ਖ਼ੁਦਾ ਵੱਲੋਂ ਫਤੇ ਪਾਉਣ ਵਾਲਾ ਅਤੇ ਰਾਜ ਦਾ ਅਧਿਕਾਰੀ ਮੰਨਿਆ ਜਾਂਦਾ ਸੀ. ਇਸੇ ਰੀਤਿ ਨਾਲ ਜਦ ਅਜਮੇਰ ਵਿੱਚ ਦਾਰਾਸ਼ਕੋਹ ਦੀ ਕਮਾਣ ਚੜ੍ਹ ਗਈ, ਤਦ ਔਰੰਗਜ਼ੇਬ ਨੇ ਤਖ਼ਤ ਪੁਰ ਬੈਠਕੇ ਪੂਰੀ ਖੋਜ ਕੀਤੀ, ਤਾਂ ਪਤਾ ਲੱਗਾ ਕਿ ਮੰਦਿਰ ਤੋਂ ਲੈ ਕੇ ਪੁਜਾਰੀਆਂ ਦੇ ਘਰ ਤੀਕ ਸੁਰੰਗ ਬਣੀ ਹੋਈ ਹੈ, ਜਿਸ ਵਿੱਚਦੀਂ ਮੁਜਾਵਰ ਆਪ ਆਕੇ ਕਮਾਣ ਪੁਰ ਚਿੱਲਾ ਚੜ੍ਹਾ ਦਿੰਦੇ ਹਨ. "ਨਿਜ ਘਰ ਤੇ ਸੁਰੰਗ ਕੇ ਰਾਹੂ। ਜਾਇ ਮੁਜਾਵਰ ਮੰਦਿਰ ਮਾਹੂ। ਅੰਦਰ ਦੇਹਿ ਕਮਾਨ ਚਢਾਇ। ਇਸ ਬਿਧਿ ਰਾਖੀ ਬਨਤ ਬਨਾਇ." (ਗੁਪ੍ਰਸੂ)

ਅਜਮੇਰ ਸਿੰਘ: ਦੇਖੋ, ਬਹਮੀ ਸ਼ਾਹ.

ਅਜਮੇਰ ਚੰਦ: ਰਾਜਾ ਭੀਮ ਚੰਦ ਕਹਲੂਰੀਏ ਦਾ ਪੁਤ੍ਰ, , ਜੋ ਪਿਤਾ ਵਾਂਙ ਅਕਾਰਣ ਦਸ਼ਮੇਸ਼ ਜੀ ਦਾ ਵਿਰੋਧੀ ਰਿਹਾ.

ਅਜਮੇਰ ਵਿੱਚ ਕਮਾਣ ਚੜ੍ਹਨੀ: ਦੇਖੋ, ਅਜਮੇਰ.

ਅਜਯ: ਵਿ- ਜੋ ਜਿੱਤਿਆ ਨਾ ਜਾਵੇ. ਅਜੀਤ.

ਅਜਯਾ: ਸੰ. ਸੰਗਯਾ- ਭੰਗ. ਵਿਜਯਾ (ਬਿਜੀਆ). ੨. ਅਜਾ (ਬਕਰੀ) ਦੇ ਥਾਂ ਭੀ ਇਹ ਸ਼ਬਦ ਭਾਈ ਗੁਰਦਾਸ ਜੀ ਨੇ ਵਰਤਿਆ ਹੈ. "ਅਜਯਾ ਅਧੀਨ ਤਾਂਤੇ ਪਰਮ ਪਵਿਤ੍ਰ ਭਈ." (ਭਾਗੁ ਕ)

ਅਜਰ: ਵਿ- ਜੋ ਵਸਤੁ ਜਰੀ ਨਾ ਜਾਵੇ. ਜੋ ਬਰਦਾਸ਼ਤ ਨਾ ਹੋ ਸਕੇ. ਜੋ ਸਹਾਰੀ ਨਾ ਜਾਵੇ. "ਸਾਧੂ ਕੈ ਸੰਗਿ ਅਜਰ ਸਹੈ." (ਸੁਖਮਨੀ) ੨. ਸੰ. ਜਰਾ (ਵ੍ਰਿੱਧ ਅਵਸਥਾ) ਰਹਿਤ. ਨਵਾਂ. ਜੁਆਨ। ੩. ਅ਼. اجر ਸੰਗਯਾ- ਪ੍ਰਤਿਬਦਲਾ. ਫਲ। ੪. ਦੇਖੋ, ਅਜਿਰ ੨। ੫. ਜੋ ਕਦੇ ਜਰਾ (ਬੁਢਾਪੇ) ਨੂੰ ਪ੍ਰਾਪਤ ਨਹੀਂ ਹੁੰਦੇ- ਚਿੱਤ ਦੇ ਸੰਕਲਪ. "ਅਜਰ ਗਹੁ ਜਾਰਿਲੈ ਅਮਰ ਗਹੁ ਮਾਰਿਲੈ." (ਮਾਰੂ ਮਃ ੧)

ਅਜਰਸੁਖ: ਵਿ- ਨਾ ਜੀਰਣ (ਪੁਰਾਣਾ) ਹੋਣ ਵਾਲਾ ਸੁਖ. ਨਿੱਤ ਨਵਾਂ ਆਨੰਦ. ਅਵਿਨਾਸ਼ੀ (ਅਕ੍ਸ਼ਯ) ਸੁਖ.

ਅਜਰ ਜਰਣਾ: ਕ੍ਰਿ- ਜੋ ਨਾ ਸਹਾਰਿਆ ਜਾ ਸਕੇ ਉਸ ਨੂੰ ਸਹਾਰਣਾ. ਜੋ ਪਚਾਇਆ ਨਾ ਜਾਵੇ ਉਸ ਨੂੰ ਪਚਾਉਣਾ. "ਅਜਰ ਪਦ ਕੈਸੇ ਜਰਉ." (ਕਲਿ ਮਃ ੫)

ਅਜਰਪਦ: ਦੇਖੋ, ਅਜਰ ਜਰਣਾ.

ਅਜਰਾਈਲ, ਅਜਰਾਈਲੁ: ਦੇਖੋ, ਫ਼ਰਿਸ਼ਤਾ. "ਅਜਰਾਈਲੁ ਫਰੇਸਤਾ ਤਿਲੁ ਪੀੜੇ ਘਾਣੀ."

(ਗਉ ਵਾਰ ੧. ਮਃ ੫)

ਅਜਰਾਨਾ ਕਲਾਂ: ਇੱਕ ਪਿੰਡ, ਜੋ ਜਿਲਾ ਕਰਨਾਲ ਤਸੀਲ ਥਾਨੇਸਰ ਵਿੱਚ ਹੈ. ਇੱਥੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰੁਦ੍ਵਾਰਾ ਹੈ.

ਅਜਰਾਮਰ, ਅਜਰਾਵਰ: ਸ. अजरामर. ਵਿ- ਬੁਢਾਪੇ ਅਤੇ ਮੌਤ ਤੋਂ ਰਹਿਤ। ੨. ਅਜਰ (ਦੇਵਤਿਆਂ) ਤੋਂ ਉੱਤਮ. ਸਰਵ

---

ਇਹ ਸਨ ੧੧੯੬ ਵਿੱਚ ਅਜਮੇਰ ਅੱਪੜਿਆ ਅਤੇ ਇਸ ਨੇ ੭੦ ਵਰ੍ਹੇ ਇਸਲਾਮ ਦਾ ਪ੍ਰਚਾਰ ਕੀਤਾ. ਅਜਮੇਰ ਦੇ ਹਿੰਦੂ ਮਹੰਤ ਨੂੰ ਮੁਸਲਮਾਨ ਬਣਾ ਕੇ ਇੱਕ ਰਾਜਪੁਤ੍ਰੀ ਨਾਲ ਸ਼ਾਦੀ ਕੀਤੀ. ਪੀਰ ਸਾਹਿਬ ਦੀ ਪੁਤ੍ਰੀ ਬੀਬੀ ਹਾਫ਼ਿਜਾ ਜਮਾਲ ਨੇ ਬੀ ਇਸਲਾਮ ਬਹੁਤ ਫੈਲਾਇਆ. ਖ੍ਵਾਜਾ ਸਾਹਿਬ ਦੀ ਦਰਗਾਹ ਤੇ ਹਜਾਰਾਂ ਮੁਸਲਮਾਨ ਅਤੇ ਹਿੰਦੂ ਦੂਰ ਦੂਰ ਤੋਂ ਆਉਂਦੇ ਹਨ.

ਦੇਵਪਤਿ. "ਤੂੰ ਅਜਰਾਵਰ ਅਮਰ ਤੂੰ." (ਮਾਰੂ ਅਃ ਮਃ ੧) ੩. ਸੰ. ऋपजरावृत्- ਅਜਰਾਵ੍ਰਿਤ. ਰਾਹ ਵਿੱਚ ਫੈਲਿਆ ਹੋਇਆ. ਸੜਕ ਪੁਰ ਖਿੰਡਿਆ ਹੋਇਆ. "ਲੱਤਾਂ ਹੇਠ ਲਤਾੜੀਐ ਅਜਰਾਵਰ ਘਾਹੁ." (ਭਾਗੁ)

**ਅਜਲ:** ਵਿ- ਜਲ ਰਹਿਤ. ਪਾਣੀ ਬਿਨਾ। ੨. ਅ਼. اجل ਸੰਗਜਾ- ਮੌਤ ਦਾ ਵੇਲਾ। ੩. ਮੌਤ। ੪. ਨਿਯਤ ਸਮਾਂ. ਮੁਕੱਰਰ ਵਕ਼ਤ। ੫. ਬਜ਼ੁਰਗ. ਵਡਾ। ੬. ਅ਼. ازل ਅਜ਼ਲ. ਆਰੰਭ। ੭. ਉਹ ਬੀਤਿਆ ਹੋਇਆ ਸਮਾਂ ਜਿਸ ਦੀ ਮਿਤਿ ਨਹੀਂ ਹੋ ਸਕਦੀ.

**ਅਜਵ:** ਜਵ (ਚਾਲ) ਰਹਿਤ। ੨. ਨਿਰਬਲ। ੩. ਦੇਖੋ, ਅਜਬ। ੪. ਅ਼. عضو ਅ਼ਜਵ. ਅੰਗ.

**ਅਜਵਾਇਨ, ਅਜਵਾਯਨ:** ਸੰ. ਯਵਾਨਿਕਾ ਅਤੇ ਯਵਾਨੀ. ਸੰਗਜਾ- ਜਵਾਇਣ. ਇੱਕ ਸੋਏ ਦੀ ਕਿਸਮ ਦੀ ਔਖਧ, ਜੋ ਹਾਜਮੇ ਲਈ ਗੁਣਕਾਰੀ ਹੁੰਦੀ ਹੈ. "ਯਾਂਕੋ ਅਨੁਪਾਨ ਅਜਵਾਯਨ." (ਨਾਪ੍ਰ) ਦੇਖੋ, ਅਠਪਹਿਰੀ ਅਤੇ ਜਵਾਯਨ.

**ਅਜਾ:** ਸੰ. ਸੰਗਜਾ- ਬਕਰੀ. "ਅਜਾ ਭੋਗੰਤ ਕੰਦ ਮੂਲੰ." (ਸਹਸ ਮਃ ੫) ੨. ਮਾਇਆ। ੩. ਪ੍ਰਕ੍ਰਿਤਿ. "ਜਿੰਹ ਸੱਤਾ ਕੇ ਅਜਾ ਅਲੰਬਾ." (ਨਾਪ੍ਰ) ੪. ਵਿ- ਅਜਾਤ. ਜਨਮ ਰਹਿਤ. "ਅਜੈ ਹੈ, ਅਜਾ ਹੈ." (ਜਾਪੁ) ੫. ਇੱਕ ਵਰਣਿਕ ਛੰਦ. ਇਸ ਦਾ ਨਾਉਂ "ਅਜੰਨ" ਭੀ ਹੈ, ਲੱਛਣ- ਚਾਰ ਚਰਣ. ਪ੍ਰਤਿ ਚਰਣ, ਯ, ਰ, ਲ, ਗ. ISS, SIS, I, S.

ਉਦਾਹਰਣ-

ਅਜੀਤੇ ਜੀਤ ਜੀਤਕੈ।

ਅਭੀਰੀ ਭਾਜ ਭੀਰੁ ਹਨਐ।

ਸਿਧਾਰੇ ਚੀਨਰਾਜ ਪੈ।

ਸਖਈ ਸਬੰ ਸਾਥਕੈ। (ਕਲਕੀ)

੬. ਅ਼. اعضا ਅਅ਼ਜਾ. ਅੰਗਾਂ ਦੇ ਜੋੜ.

**ਅਜ਼ਾਂ:** ਫ਼ਾ. ازاں ਵਜ- ਅਜ਼- ਆਂ. ਉਸ ਤੋਂ. ਉਸ ਸੇ. ਓਸ ਥੀਂ। ੨. ਉਸ ਵਾਸਤੇ. ਉਸ ਲਈ.

**ਅਜਾਇਆ, ਅਜਾਇ, ਅਜਾਂਇ:** ਸਿੰਧੀ- ਅਜਾਯੋ. ਅ਼. ضائع ਜਾਇਅ਼. ਵਿ- ਨਿਸ਼ਫਲ. ਬੇਫਾਇਦਾ. ਵਜਰਥ. "ਮੂੰਡਾ ਮੂੰਡ ਅਜਾਇ." (ਸ. ਕਬੀਰ)

"ਸੋ ਦਿਨ ਜਾਤ ਅਜਾਏ." (ਗਉ ਮਃ ੫) ੨. ਅਜਾਤ. ਅਜਨਮ. "ਅਜਾਇ ਜਰਾਬਿਨ." (ਸਵੈਯੇ ੩੩) ੩. ਜਿਸ ਦੀ ਕੋਈ ਜਾਯ (ਥਾਂ) ਨਹੀਂ. ਖ਼ਾਸ ਥਾਂ ਨਾ ਰਹਿਣ ਵਾਲਾ। "ਨਮਸਤੰ ਅਜਾਏ." (ਜਾਪੁ)

**ਅਜਾਇਬ:** ਫ਼ਾ. عجائب ਵਿ- ਅ਼ਜੀਬ ਅਤੇ ਅ਼ਜੀਬਹ ਦਾ ਬਹੁ ਵਚਨ. ਅਦਭੁਤ. ਅਚਰਜ. "ਅਜਾਇਬ ਬਿਭੂਤੇ." (ਜਾਪੁ) ੨. ਉਮਰ ਸ਼ਾਹ ਅਤੇ ਅਜਬ ਦਾ ਭਾਈ, ਗੁਰੂ ਅਰਜਨ ਦੇਵ ਦਾ ਪ੍ਰੇਮੀ ਸਿੱਖ, ਦੇਖੋ, ਅਜਬ.

**ਅਜਾਇਬ ਸਿੰਘ:** ਦੇਖੋ, ਉਦਯ ਸਿੰਘ.

**ਅਜਾਈ:** ਬੇਫਾਇਦਾ. ਨਿਕੰਮਾ. ਦੇਖੋ, ਅਜਾਇ. "ਮਨਮੁਖ ਕਰਮ ਕਰੈ ਅਜਾਈ." (ਪ੍ਰਭਾ ਅਃ ਮਃ ੫)

੨. ਕੁਥਾਂ. "ਭੂਲਾ ਫਿਰੈ ਅਜਾਈ." (ਪ੍ਰਭਾ ਮਃ ੧)

**ਅਜਾਏ:** ਦੇਖੋ, ਅਜਾਇ.

**ਅਜਾਹ:** ਵਿ- ਬਿਨਾ ਜਗਾ. ਜਿਸ ਦਾ ਕੋਈ ਖ਼ਾਸ ਥਾਂ ਨਹੀਂ. "ਅਜਾਹ ਹੈ." (ਜਾਪੁ) ੨. ਅ਼. اجاح ਅਜਾਹ਼. ਸੰਗਜਾ- ਪੜਦਾ। ੩. ਗ਼ਿਲਾਫ਼. ਉਛਾੜ.

ਅਜਾਚੀ: ਵਿ- ਜੋ ਜਾਚਿਆ ਨਹੀਂ ਜਾਂਦਾ. ਜਿਸ ਦਾ ਅੰਦਾਜ਼ਹ ਨਹੀਂ ਲਗ ਸਕਦਾ. ਗਿਣਤੀ- ਤੋਲ- ਮਾਪ ਤੋਂ ਬਾਹਰ. "ਅਮਰ ਅਜਾਚੀ ਹਰਿ ਮਿਲੇ." (ਓਅੰਕਾਰ) "ਤੋਲਉ ਨਾਮ ਅਜਾਚੀ." (ਮਾਰੂ ਮਃ ੧) "ਸਤਿਗੁਰੁ ਤੇ ਮਾਗਉ ਨਾਮ ਅਜਾਚੀ." (ਮਾਰੂ ਸੋਲਹੇ ਮਃ ੪) ੨. ਕ੍ਰਿ. ਵਿ- ਬਿਨਾ ਮੰਗਣ ਤੋਂ। ੩. ਸੰ. अयाचिन्. ਵਿ- ਨਾ ਮੰਗਣ ਵਾਲਾ. ਜੋ ਯਾਚਨਾ ਨਾ ਕਰੇ.

ਅਜਾਣ, ਅਜਾਣੰਤਾ: ਵਿ- ਬਿਨਾ ਗਜਾਨ. ਗਜਾਨ (ਜਾਣ) ਹੀਨ. "ਸੋਈ ਅਜਾਣ, ਕਹੈ ਮੈ ਜਾਨਾ." (ਆਸਾ ਮਃ ੫) "ਪੂਕਾਰੰਤਾ ਅਜਾਣੰਤਾ." (ਵਾਰ ਸਾਰ ਮਃ ੧) ਗ੍ਰੰਥ ਪੜ੍ਹਦਾ ਹੈ ਪਰ ਭਾਵ ਨਹੀਂ ਜਾਣਦਾ. ਸਿੰਧੀ, ਅਜਾਣਿੰਦੋ,

ਅਜਾਤ: ਸੰ. अजात. ਵਿ- ਜੋ ਜਨਮਿਆ ਨਹੀਂ. "ਅਜਾਤ ਹੈ." (ਜਾਪੁ) ੨. ਸੰ. अज्ञात- ਅਗਜਾਤ. ਬਿਨਾ ਖ਼ਬਰ. ਬੇਮਅ਼ਲੂਮ. "ਕ੍ਰਿਪਾਣ ਬਾਣ ਬਾਹਹੀਂ। ਅਜਾਤ ਅੰਗ ਲਾਹਹੀਂ." (ਵਿਚਿਤ੍ਰ) ਅਜੇਹੀ ਸਫ਼ਾਈ ਨਾਲ ਸ਼ਸਤ੍ਰ ਚਲਾਉਂਦੇ ਹਨ ਕਿ ਬੇਮਅ਼ਲੂਮ ਅੰਗ ਅਲਗ ਕਰ ਦਿੰਦੇ ਹਨ। ੩. ਦੇਖੋ, ਅਜਾਤਿ ੨. ਅਤੇ ੩.

ਅਜਾਤ ਸ਼ਤ੍ਰੁ: ਵਿ- ਜਿਸ ਦਾ ਕੋਈ ਵੈਰੀ ਨਹੀਂ ਜਨਮਿਆ. ਜਿਸ ਦਾ ਕੋਈ ਦੁਸ਼ਮਨ ਨਹੀਂ। ੨. ਸਤਿਗੁਰੂ ਨਾਨਕ ਦੇਵ। ੩. ਰਾਜਾ ਯੁਧਿਸ਼੍ਠਿਰ। ੪. ਕਾਸ਼ੀ ਦਾ ਇੱਕ ਬ੍ਰਹਮਗਜਾਨੀ ਰਾਜਾ, ਜਿਸ ਦਾ ਜਿਕਰ ਉਪਨਿਸ਼ਦਾਂ ਵਿੱਚ ਆਉਂਦਾ ਹੈ. ਇਸ ਨੇ ਬਾਲਾਕੀ ਬ੍ਰਾਹਮਣ ਨੂੰ ਆਤਮਗਜਾਨ ਦਾ ਉਪਦੇਸ਼ ਦਿੱਤਾ ਸੀ[67]। ੫. ਬਿੰਬਸਾਰ ਦਾ ਪੁਤ੍ਰ ਰਾਜਗ੍ਰਿਹ ਦਾ ਰਾਜਾ. ਇਸ ਨੇ ਆਪਣੇ ਪਿਤਾ ਨੂੰ ਮਾਰ ਦਿੱਤਾ ਸੀ, ਪਰ ਪਿੱਛੋਂ ਬਹੁਤ ਪਛਤਾਇਆ ਅਤੇ ਬੁੱਧ ਧਰਮ ਦਾ ਪੈਰੌ ਹੋ ਗਿਆ. ਇਹ ਰਾਜਾ ੫੫੪ ਬੀ. ਸੀ. ਦੇ ਕਰੀਬ ਤਖਤ ਤੇ ਬੈਠਾ, ਅਤੇ ੫੨੭ ਬੀ. ਸੀ. ਵਿੱਚ ਮਰ ਗਿਆ. ਅਜਾਤਸ਼ਤ੍ਰੁ ਦਾ ਪੁਤ੍ਰ ਦਰਸ਼ਕ ਅਤੇ ਪੋਤਾ ਉਦਯ ਹੋਇਆ ਹੈ.

ਅਜਾਤ ਸਾਗਰ: ਦੇਖੋ, ਅਜਾਤ ਪੰਥੀ.

ਅਜਾਤ ਪੰਥੀ: ਭਗਤ ਭਗਵਾਨ ਦੀ ਸੰਪ੍ਰਦਾਯ ਦੇ ਉਦਾਸੀਆਂ ਵਿੱਚੋਂ ਇੱਕ ਸੁਰਜਨ ਦਾਸ ਸਾਧੂ ਹੋਇਆ ਹੈ, ਜਿਸ ਦੀ ਗੱਦੀ ਦਾ ਥਾਂ ਅਜਨੇਵਾਲ (ਜਿਲਾ ਗੁੱਜਰਾਂਵਾਲਾ) ਵਿੱਚ ਹੈ. ਇਹ ਭੇਖ ਅਤੇ ਜਾਤਿ ਦੇ ਬੰਧਨਾਂ ਤੋਂ ਆਪਣੇ ਤਾਈਂ ਆਜਾਦ ਪ੍ਰਗਟ ਕਰਦਾ ਸੀ, ਜਿਸ ਕਾਰਣ ਇਸ ਦੇ ਚੇਲਿਆਂ ਦਾ ਨਾਉਂ ਅਜਾਤ ਪੰਥੀ ਹੋਇਆ. ਸੁਰਜਨ ਦਾਸ ਦਾ ਰਚਿਆ ਗ੍ਰੰਥ "ਅਜਾਤ ਸਾਗਰ" ਹੈ.

ਅਜਾਤਿ: ਵਿ- ਜਾਤਿ ਰਹਿਤ. ਜਿਸ ਦੀ ਕੋਈ ਜਾਤਿ ਨਹੀਂ. "ਜਾਤਿ ਮੇ ਨ ਆਵੈ ਸੋ ਅਜਾਤਿ ਕੈ ਕੈ ਜਾਨ ਜਿਯ." (ਗਜਾਨ) ੨. ਨੀਚ ਜਾਤਿ ਵਾਲਾ. ਨੀਚ. "ਜਾਤਿ ਅਜਾਤਿ ਨਾਮੁ ਜਿਨਿ ਧਿਆਇਆ, ਤਿਨਿ ਪਰਮਪਦਾਰਥੁ ਪਾਇਆ." (ਵਡ ਛੰਤ ਮਃ ੪)

੩. ਫ਼ਾ. آزاد ਆਜ਼ਾਦ. ਬੰਧਨ ਰਹਿਤ. ਸ੍ਵਤੰਤਰ. "ਜੋ ਲਉਡਾ ਪ੍ਰਭਿ ਕੀਆ ਅਜਾਤਿ." (ਆਸਾ ਮਃ ੫) ਗੁਲਾਮੀ ਦੇ ਬੰਧਨ ਤੋਂ ਕੱਢ ਦਿੱਤਾ ਹੈ.

ਅਜਾਤੁ: ਵਿ- ਨੀਚ ਜਾਤਿ ਵਾਲਾ. "ਸੁਆਨਸਤ੍ਰੁ ਅਜਾਤੁ ਸਭ ਤੇ." (ਕੇਦਾ ਰਵਿਦਾਸ) ਸ੍ਵਪਚ ਸਭ ਤੋਂ ਨੀਚ ਜਾਤਿ ਦਾ ਹੈ. ਦੇਖੋ, ਸੁਆਨ ਸਤ੍ਰੁ.

ਅਜਾਦ: ਦੇਖੋ, ਆਜ਼ਾਦ. "ਅਜਾਦ ਹੈ." (ਜਾਪੁ)

ਅਜਾਦਿ: ਅਜ- ਆਦਿ. ਬ੍ਰਹਮਾ ਆਦਿਕ.

ਅਜਾਦੀ: ਦੇਖੋ, ਅਜਾਦਿ ਅਤੇ ਆਜ਼ਾਦੀ.

ਅਜਾਨ: ਵਿ- ਜਿਸ ਨੂੰ ਗਜਾਨ ਨਹੀਂ. ਅਗਜਾਨੀ. "ਜਾਨੈ ਕਹਾਂ ਅਜਾਨ." (ਗੁਪ੍ਰਸੂ) ੨. ਸੰ. ਆਜਾਨੁ. ਵਿ- ਗੋਡੇ ਤੀਕ. ਜਾਨੁ ਪ੍ਰਯੰਤ. "ਭੁਜ ਬਰ ਅਜਾਨ." (ਰਾਮਾਵ)

੩. ਅ਼. اذان ਅਜਾਨ. ਸੰਗਜਾ- ਵਿਗਜਾਪਨ. ਨੋਟਿਸ। ੪. ਨਮਾਜ਼ ਲਈ ਪੁਕਾਰ, ਜੋ ਮਸਜਿਦ ਦੇ ਮੀਨਾਰ ਪੁਰ ਅਥਵਾ ਮਸਜਿਦ ਵਿੱਚ ਖੜੋਕੇ ਉੱਚੇ ਸੁਰ ਨਾਲ ਕੀਤੀ ਜਾਂਦੀ ਹੈ ਜਿਸ ਨੂੰ ਸੁਣਕੇ ਨਮਾਜ਼ੀ ਜਮਾਂ ਹੋ ਜਾਣ. ਇਸ ਦਾ ਨਾਉਂ "ਬਾਂਗ" ਭੀ ਹੈ. ਅਜਾਨ ਦੇਣ ਵਾਲੇ ਦਾ ਨਾਉਂ "ਮੁਅੱਜਿਨ" مؤذّن ਹੈ. ਦੇਖੋ, ਬਾਂਗ ਸ਼ਬਦ ਵਿੱਚ ਅਜਾਨ ਦਾ ਪੂਰਾ ਪਾਠ.

ਅਜਾਨ ਦਾ ਪ੍ਰਚਾਰ ਹਜਰਤ ਮੁਹੰਮਦ ਦੇ ਸਮੇਂ ਅਰੰਭ ਹੋਇਆ ਹੈ. ਅਜਾਨ ਮੱਕੇ ਵੱਲ ਮੂੰਹ ਕਰਕੇ ਅਰ ਕੰਨਾਂ ਵਿੱਚ ਉਂਗਲੀਆਂ ਦੇਕੇ ਦੇਣ ਦਾ ਹੁਕਮ ਹੈ.

ਮਲੀਨ, ਸ਼ਰਾਬੀ ਅਤੇ ਇਸਤ੍ਰੀ ਨੂੰ ਅਜਾਨ ਦੇਣ ਦਾ ਅਧਿਕਾਰ ਨਹੀਂ.

ਅਜਾਨੰਦ: ਸੰਗਜਾ- ਬਕਰੀ ਦਾ ਪੁੱਤ- ਬਕਰਾ. ਛਾਗ। ੨. ਰਾਜਾ ਅਜ ਦਾ ਪੁਤ੍ਰ ਦਸ਼ਰਥ. "ਅਜਾਨੰਦ ਜੂਕੋ ਸਤੋਂ ਲੋਕ ਜਾਨੈ." (ਚਰਿਤ੍ਰ ੧੦੨)

ਅਜਾਪ: ਵਿ- ਜੋ ਜਾਪ ਵਿੱਚ ਨਾ ਆ ਸਕੇ. ਜਿਸ ਦਾ ਕੋਈ ਜਾਪ ਨਾ ਹੋਵੇ. "ਜਾਪ ਕੇ ਕਿਯੇ ਤੇ ਜੌਪੈ ਪਾਯਤ ਅਜਾਪ ਦੇਵ." (ਅਕਾਲ)

ਅਜਾਪ ਜਾਪ: ਵਿ- ਜੋ ਜਪ ਵਿੱਚ ਨਹੀਂ ਆ ਸਕਦਾ, ਉਸ ਕਰਤਾਰ ਦਾ ਜਾਪ। ੨. ਦੇਖੋ, ਅਜਪਾ ਜਾਪ. "ਅਜਾਪ ਜਾਪ ਜਾਪਹੀਂ." (ਸੂਰਜਾਵ)

ਅਜਾਪਾਲ ਸਿੰਘ ਬਾਬਾ: ਮਹਾਂਪੁਰਖ ਬਾਬਾ ਅਜਾਪਾਲ ਸਿੰਘ ਸਾਹਿਬ ਕੌਨ ਸਨ, ਕਿਸ ਵੰਸ਼ ਅਤੇ ਨਗਰ ਵਿੱਚ ਪ੍ਰਗਟੇ, ਇਸ ਦਾ ਕਿਸੇ ਨੂੰ ਪਤਾ ਨਹੀਂ. ਇਹ ਮਹਾਂਪ੍ਰਤਾਪੀ ਸ਼ਸਤ੍ਰ ਵਿਦਜਾ ਦੇ ਆਚਾਰਯ, ਨਾਮ ਦੇ ਰਸੀਏ ਤਪ ਦੀ ਮੂਰਤੀ ਹੋਏ ਹਨ. ਸੰਮਤ ੧੯੧੨ ਵਿੱਚ ਰਾਜਪੂਤਾਨੇ ਦੇ ਭਾਦਰਾ ਨਗਰ ਵਿੱਚ ਕਿਸੇ ਰਾਜਪੂਤ ਰਈਸ ਦੀ ਸਹਾਯਤਾ ਕਰਨੀ ਅਤੇ ਜੀਂਦ ਪਟਿਆਲੇ ਪਾਸ ਜੰਗਲ ਵਿੱਚ ਨਿਵਾਸ ਕਰਨਾ ਸੁਣਿਆ ਗਿਆ ਹੈ, ਪਰ ਪੂਰੀ ਕਥਾ ਨਹੀਂ ਮਿਲਦੀ:

ਬਾਬਾ ਜੀ ਨੇ ਸੰਮਤ ੧੯੩੦ ਵਿੱਚ ਨਾਭੇ ਕੋਲ ਇੱਕ ਝਿੜੀ ਵਿੱਚ ਨਿਵਾਸ ਕੀਤਾ, ਜਿੱਥੇ ਉਹ ਪਰਲੋਕ ਗਮਨ ਤੀਕ[68] ਰਹੇ. ਇੱਥੇ ਰਹਿਕੇ ਆਪ ਨੇ ਸਿੱਖ ਧਰਮ ਅਤੇ ਸ਼ਸਤ੍ਰ ਵਿਦਜਾ ਦਾ ਪੂਰਣ ਪ੍ਰਚਾਰ ਕੀਤਾ. ਬਾਬਾ ਜੀ ਦੇ ਅਦਭੁਤ ਸ਼ਸਤ੍ਰਾਂ ਦਾ ਹੁਣ ਭੀ ਗੁਰੁਦ੍ਵਾਰੇ ਦਰਸ਼ਨ ਹੁੰਦਾ ਹੈ. ਇਨ੍ਹਾਂ ਦੇ ਪਰਮ ਭਗਤ ਬਾਬਾ ਸਰੂਪ ਸਿੰਘ ਜੀ ਜੋ ਮੇਰੇ (ਗ੍ਰੰਥਕਰਤਾ ਦੇ) ਬਜ਼ੁਰਗ ਹੋਏ ਹਨ, ਬਾਬਾ ਜੀ ਦੇ ਪਰਲੋਕ ਗਮਨ ਪਿੱਛੋਂ ਗੁਰੁਦ੍ਵਾਰੇ ਦੇ ਮਹੰਤ ਥਾਪੇ ਗਏ. ਦੇਖੋ, ਸਰੂਪ ਸਿੰਘ ਬਾਬਾ.

ਅਜਾ ਪ੍ਰਸੂਨ: ਸੰਗਜਾ- ਬਕਰੀ ਦਾ ਫਲ (ਪੁਤ੍ਰ). ਬਕਰਾ. (ਗੁਵਿ ੧੦)

ਅਜਾਬ: ਅ਼. عذاب ਅ਼ਜਾਬ. ਸੰਗਜਾ- ਦੁੱਖ। ੨. ਵਿਪਦਾ. ਮੁਸੀਬਤ। ੩. ਨਰਕ ਦੀ ਤਾੜਨਾ. "ਤੋਬਾ ਪੁਕਾਰੈ ਜੋ ਪਾਵੈ ਅਜਾਬ. "ਪਿਖ ਸ਼ਾਹ ਅਜਾਬ." (ਗੁਪ੍ਰਸੂ) "ਸ਼ਬਦ ਰਬਾਬੀ ਰਾਗ ਅਜਾਬ." (ਗੁਪ੍ਰਸੂ)

ਅਜਾਬਾ: ਅ਼. عُجاب ਉਂਜਾਬ. ਵਿ- ਅ਼ਜਬ. ਅਦਭੁਤ. "ਅਵਿਲੋਕਤ ਹੈ ਨਿਜ ਰੂਪ ਅਜਾਬਾ." (ਨਾਪ੍ਰ) ਦੇਖੋ, ਅਜਾਇਬ.

ਅਜਾਮਰ: ਅਜ (ਜਨਮ ਰਹਿਤ) ਅਮਰ (ਮਰਣ ਰਹਿਤ)

ਅਜਾਮਲ, ਅਜਾਮਲੁ, ਅਜਾਮਿਲ: ਸੰਗਜਾ- ਕਨੌਜ ਦੇਸ਼ ਦਾ ਇੱਕ ਦੁਰਾਚਾਰੀ ਬ੍ਰਾਹਮਣ, ਜਿਸ ਨੇ ਇੱਕ ਵੇਸ਼ਜਾ ਨਾਲ ਵਿਆਹ ਕੀਤਾ ਸੀ, ਜਿਸ ਦੇ ਉਦਰ ਤੋਂ ਦਸ਼ ਪੁਤ੍ਰ ਹੋਏ. ਭਗਤਮਾਲ ਅਤੇ ਭਾਗਵਤ ਵਿੱਚ ਕਥਾ ਹੈ ਕਿ ਛੋਟੇ ਪੁਤ੍ਰ ਦਾ ਨਾਉਂ ਨਾਰਾਯਣ ਹੋਣ ਕਰਕੇ ਅਜਾਮਿਲ ਨਾਰਾਯਣ ਦਾ ਭਗਤ ਹੋਕੇ ਮੁਕਤਿ ਦਾ ਅਧਿਕਾਰੀ ਬਣਿਆ.[69] "ਬਿਆਧ ਅਜਾਮਲੁ ਤਾਰੀਅਲੇ." (ਗਉ ਨਾਮਦੇਵ)

---

[67] ਦੇਖੋ, ਕੌਸ਼ੀਤਕੀ ਉਪਨਿਸ਼ਦ ਅਧਜਾਯ ੪.

[68] ਬਾਬਾ ਜੀ ਜੇਠ ਸੁਦੀ ੫. ਸੰਮਤ ੧੯੬੯ ਨੂੰ ਗੁਰੁਪੁਰਿ ਪਧਾਰੇ ਹਨ.

[69] ਦੇਖੋ, ਭਾਗਵਤ ਸਕੰਧ ੬, ਅਧਜਾਯ ੧. ੨. ਅਤੇ ੩.

ਅਜਾਮੇਧ: ਦੇਖੋ, ਅਜਮੇਧ.

ਅਜਾਮੇਲ: ਦੇਖੋ, ਅਜਾਮਿਲ.

ਅਜਾਯ: ਵਿ- ਅਜਨਮ. ਜਨਮ ਰਹਿਤ। ੨. ਬਿਨਾ ਜਾਯ (ਜਗਾ). ਜਿਸ ਦਾ ਕੋਈ ਖ਼ਾਸ ਥਾਂ ਨਹੀਂ ਹੈ.

ਅਜਾਯਬ: ਦੇਖੋ, ਅਜਾਇਬ.

ਅਜਾਰ: ਫ਼ਾ. آزار ਆਜ਼ਾਰ. ਸੰਗਯਾ- ਦੁੱਖ. ਕਲੇਸ਼. "ਦੇਇ ਅਜਾਰ ਗਰੀਬ ਨੂੰ." (ਮਗੋ) ੨. ਦੇਖੋ, ਇਜਾਰ.

ਅਜਾਰਾ: ਠੇਕਾ. ਦੇਖੋ, ਇਜਾਰਾ. "ਸਭ ਦੇਸਨ ਪਰ ਬਾਂਧ ਅਜਾਰੇ." (ਗੁਪ੍ਰਸੂ)

ਅਜਾਲੀ: ਸੰਗਯਾ- ਅਜਾਪਾਲੀ. ਅਯਾਲੀ. ਗਡਰੀਆ. ਬੱਕਰੀਆਂ ਪਾਲਣ ਅਤੇ ਚਾਰਣ ਵਾਲਾ. "ਤਿਸ ਛਿਨ ਏਕ ਅਜਾਲੀ ਆਯੋ." (ਗੁਪ੍ਰਸੂ)

ਅਜਿਤ: ਵਿ- ਜੋ ਜਿੱਤਿਆ ਨਹੀਂ ਗਿਆ. ਅਜੀਤ. ਅਪਰਾਜਿਤ.

ਅਜਿਤੇਂਦ੍ਰੀ: ਸੰ. अजितेन्द्रिय- ਅਜਿਤੇਂਦ੍ਰਿਯ. ਵਿ- ਇੰਦ੍ਰੀਆਂ ਨੂੰ ਨਾ ਜਿੱਤਣ ਵਾਲਾ, ਜਿਸ ਨੇ ਇੰਦ੍ਰੀਆਂ ਵਸ਼ ਨਹੀਂ ਕੀਤੀਆਂ.

ਅਜਿੱਤ ਗਿੱਲ: ਇਹ ਪਿੰਡ ਰਿਆਸਤ ਫਰੀਦਕੋਟ (ਤਸੀਲ ਥਾਣਾ ਕੋਟਕਪੂਰਾ) ਵਿੱਚ ਹੈ. ਪਿੰਡ ਤੋਂ ਦੱਖਣ ਵੱਲ ਇੱਕ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰੁਦ੍ਵਾਰਾ ਹੈ. ਸਤਿਗੁਰੂ ਜੀ ਨੇ ਇੱਥੇ ਠਹਿਰਕੇ ਦਸਤਾਰਾ ਸਜਾਇਆ ਹੈ. ਹੁਣ ਕੇਵਲ ਮੰਜੀ ਸਾਹਿਬ ਹੈ, ਹੋਰ ਇਮਾਰਤ ਕੁਝ ਨਹੀਂ. ਇਸ ਅਸਥਾਨ ਨੂੰ "ਗੁਰੂ ਸਰ" ਭੀ ਆਖਦੇ ਹਨ.

ਰੇਲਵੇ ਸਟੇਸ਼ਨ "ਰੁਮਾਣਾ ਅਲਬੇਲ ਸਿੰਘ" ਤੋਂ ੨. ਮੀਲ ਦੇ ਕਰੀਬ ਚੜ੍ਹਦੇ ਵੱਲ ਹੈ.

ਅਜਿੱਤਾ: ਪੱਖੋ ਪਿੰਡ (ਜਿਲਾ ਗੁਰਦਾਸਪੁਰ) ਦਾ ਚੌਧਰੀ ਰੰਧਾਵਾ ਜੱਟ, ਜੋ ਗੁਰੂ ਨਾਨਕ ਦੇਵ ਦਾ ਸਿੱਖ ਹੋਕੇ ਆਤਮਗਯਾਨ ਨੂੰ ਪ੍ਰਾਪਤ ਹੋਇਆ. ਜਨਮਸਾਖੀਆਂ ਵਿੱਚ ਇਸ ਨਾਲ ਹੋਈ ਗੋਸਟਿ ਵਿਸਤਾਰ ਨਾਲ ਲਿਖੀ ਹੈ.

ਅਜਿਨ: ਸੰ. ਸੰਗਯਾ- ਖੱਲ. ਤੁਚਾ। ੨. ਬਕਰੇ ਦੀ ਖੱਲ। ੩. ਹਰਨ (ਹਰਿਣ) ਦੀ ਖੱਲ.

ਅਜਿਰ: ਸੰ. ਸੰਗਯਾ- ਆਂਗਨ. ਵੇੜ੍ਹਾ. ਸਹਨ। ੨. ਪੌਣ. ਹਵਾ। ੩. ਦੇਹ. ਸ਼ਰੀਰ। ੪. ਡੱਡੂ. ਮੇਂਡਕ.

ਅਜੀ: ਵ੍ਯ- ਸੰਬੋਧਨ. ਅਦਬ ਨਾਲ ਬੁਲਾਉਣ ਦਾ ਸ਼ਬਦ.

ਅਜੀਂ: ਫ਼ਾ. ازیں ਅਜ਼- ਈਂ. ਵ੍ਯ- ਇਸ ਤੋਂ. ਇਸ ਥਾਂ ਤੋਂ.

ਅਜੀ ਆਮਰੀ: ਸੰ. अजरामर- ਅਜਰਾਮਰ ਵਿ- ਬੁਢਾਪੇ ਅਤੇ ਮੌਤ ਤੋਂ ਰਹਿਤ. "ਅਜੀ ਆਮਰੀ ਨਿਵਲਕਾ ਕਰਮ ਵਾਰੇ." (ਦੱਤਾਵ)

ਅਜੀਹ: ਜਿਸ ਦੀ ਜੀਭ ਨਹੀਂ. ਰਸਨਾ ਰਹਿਤ। ੨. ਗੂੰਗਾ। ੩. ਜੋ ਜੀਭ ਦ੍ਵਾਰਾ ਨਿਰੂਪਣ ਨਹੀਂ ਹੋ ਸਕਦਾ. ਅਕਥ੍ਯ.

ਅਜੀਜ: ਅ਼. عزیز ਅ਼ਜ਼ੀਜ਼ ਵਿ- ਪਿਆਰਾ. ਪ੍ਰਿਯ। ੨. ਸੰਗਯਾ- ਮਿਤ੍ਰ. "ਅਜੀਜੁਲ ਨਿਵਾਜ ਹੈ." (ਜਾਪੁ) ੩. ਪਰਮਾਤਮਾ. ਕਰਤਾਰ.

ਅਜੀਜੁਲ ਨਿਵਾਜ: ਵਿ- ਆਪਣੇ ਪਿਆਰੇ ਸੇਵਕਾਂ ਨੂੰ ਵਡਿਆਉਣ ਵਾਲਾ. ਦੇਖੋ, ਅਜੀਜ.

ਅਜੀਟਨ: ਅੰ. Adjutant. ਫੌਜ ਦਾ ਸਹਾਇਕ. ਸੈਨਾਪਤਿ ਨੂੰ ਸਹਾਇਤਾ ਦੇਣ ਵਾਲਾ ਅਹੁਦੇਦਾਰ.

ਅਜੀਤ: ਦੇਖੋ, ਅਜਿਤ. "ਹੈਂ ਜੁਗ ਬੀਰ ਅਜੀਤ ਬਡੇ ਇਕ ਕਾਲ ਦੁਤੀ ਮਨ ਸੂਰ ਕਰਾਰੇ." (ਸਲੋਹ)

ਅਜੀਤ ਸਿੰਘ: ਦਸ਼ਮੇਸ਼ ਜੀ ਦੇ ਵਡੇ ਸੁਪੁਤ੍ਰ ਬਾਬਾ ਅਜੀਤ ਸਿੰਘ ਜੀ, ਜਿਨ੍ਹਾਂ ਦਾ ਜਨਮ ਮਾਤਾ ਸੁੰਦਰੀ ਜੀ ਦੇ ਉਦਰ ਤੋਂ ੨੩ ਮਾਘ, ਸੰਮਤ ੧੭੪੩ ਨੂੰ ਹੋਇਆ, ਅਤੇ ਚਮਕੌਰ ਦੇ ਧਰਮਯੁੱਧ ਵਿੱਚ ਵਡੀ ਵੀਰਤਾ ਨਾਲ ੮. ਪੋਹ ਸੰਮਤ ੧੭੬੧ ਨੂੰ ਸ਼ਹੀਦ ਹੋਏ।

੨. ਇੱਕ ਸੁਨਿਆਰੇ ਦਾ ਪੁਤ੍ਰ, ਜਿਸ ਨੂੰ ਮਾਤਾ ਸੁੰਦਰੀ ਜੀ ਨੇ ਸ਼੍ਰੀ ਅਜੀਤ ਸਿੰਘ ਜੇਹੀ ਸ਼ਕਲ ਦਾ ਵੇਖਕੇ ਪੁਤ੍ਰ ਬਣਾਇਆ. ਦਸ਼ਮੇਸ਼ ਜੀ ਨੇ ਜੋ ਸ਼ਸਤ੍ਰ ਮਾਤਾ ਸਾਹਿਬ ਕੌਰ ਜੀ ਨੂੰ ਬਖਸ਼ੇ ਸਨ, ਉਨ੍ਹਾਂ ਨੂੰ ਅਜੀਤ ਸਿੰਘ ਨੇ ਇੱਕ ਵੇਰ ਆਪਣੇ ਅੰਗ ਸਜਾਇਆ ਅਤੇ ਕੇਸਾਂ ਦੀ ਬੇਅਦਬੀ ਕਰ ਲਈ. ਇਸ ਤੋਂ ਮਾਤਾ ਸੁੰਦਰੀ ਜੀ ਨੇ ਤਿਆਗ ਦਿੱਤਾ. ਇਕ ਬੇਨਵੇ ਫਕੀਰ ਦੇ ਮਾਰਨ ਦਾ ਅਪਰਾਧ ਇਸ ਦੇ ਸਿਰ ਲਾ ਕੇ ਬਾਦਸ਼ਾਹ ਫ਼ੱਰੁਖ਼ਸਿਯਰ ਨੇ ਅਜੀਤ ਸਿੰਘ ਨੂੰ ਸੰਮਤ ੧੭੭੫ ਵਿੱਚ ਕ਼ਤਲ ਕਰਵਾ ਦਿੱਤਾ. ਇਸ ਦਾ ਦੇਹਰਾ ਸਬਜ਼ੀ ਮੰਡੀ ਕੋਲ ਦਿੱਲੀ ਹੈ. ਉਸ ਜਗਾ ਅਜੀਤੀ ਸੰਗਤ ਦਾ ਜੋੜ ਮੇਲ ਹੁੰਦਾ ਹੈ. ਹਠੀ ਸਿੰਘ.

੩. ਬੰਦਈ ਸਿੱਖਾਂ ਦੀ ਕਲਪਨਾ ਅਨੁਸਾਰ ਬਾਬੇ ਬੰਦੇ ਦਾ ਪੁਤ੍ਰ, ਜੋ ਸੰਮਤ ੧੭੭੭ ਵਿਚ ਪੈਦਾ ਹੋਇਆ।

੪. ਰਾਜਾ ਜਸਵੰਤ ਸਿੰਘ ਜੋਧਪੁਰੀਏ ਦਾ ਪੁਤ੍ਰ, ਜਿਸ ਦਾ ਜਨਮ ਸੰਮਤ ੧੭੩੬ ਅਤੇ ਦੇਹਾਂਤ ੧੭੮੧, ਵਿੱਚ ਹੋਇਆ. ਇਸ ਦੀ ਬੇਟੀ ਨਾਲ ਦਿੱਲੀ ਦੇ ਬਾਦਸ਼ਾਹ ਫ਼ਰਰੁਖ਼ਸਿਯਰ ਨੇ ਸ਼ਾਦੀ ਕੀਤੀ ਸੀ।

੫. ਰਾਜਾ ਸਾਹਿਬ ਸਿੰਘ ਪਟਿਆਲਾਪਤਿ ਦਾ ਰਾਣੀ ਆਨੰਦਕੌਰ ਦੇ ਪੇਟੋਂ ਪੁਤ੍ਰ, ਜਿਸ ਦਾ ਜਨਮ ਭਾਦੋਂ ਬਦੀ ੬. ਸੰਮਤ ੧੯੬੬ (੧ ਅਗਸਤ ਸਨ ੧੯੦੯) ਨੂੰ ਹੋਇਆ. ਇਹ ਮਹਾਰਾਜਾ ਕਰਮ ਸਿੰਘ ਜੀ ਦਾ ਛੋਟਾ ਭਾਈ ਸੀ। ੬. ਸੰਧਾਵਾਲੀਆ ਅਜੀਤ ਸਿੰਘ, ਜਿਸ ਨੇ ਮਹਾਰਾਜਾ ਸ਼ੇਰ ਸਿੰਘ ਲਾਹੌਰਪਤਿ ਨੂੰ ਬੰਦੂਕ ਨਾਲ ਮਾਰਕੇ ਆਪਣੇ ਪ੍ਰਾਣ ਭੀ ਦਿੱਤੇ. ਦੇਖੋ, ਸ਼ੇਰ ਸਿੰਘ। ੭. ਦੇਖੋ, ਸਾਹਿਬ ਸਿੰਘ ੪. ਅਤੇ ਵੇਦੀ ਵੰਸ਼.

ਅਜੀਤ ਗੜ੍ਹ: ਬਾਂਦਰ ਪਿੰਡ ਤੋਂ ਉੱਤਰ ਵੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਦੁਆਰਾ ਹੈ. ਸਤਿਗੁਰੂ ਜੀ ਭਗਤੇ ਤੋਂ ਇੱਥੇ ਆਏ ਹਨ. ਗੁਰਦੁਆਰਾ ਬਣਿਆ ਹੋਇਆ ਹੈ, ਨਾਲ ੧੪. ਘੁਮਾਉਂ ਜਮੀਨ ਪਿੰਡ ਵੱਲੋਂ ਹੈ.

ਇਹ ਗੁਰਦੁਆਰਾ ਪਹਿਲਾਂ ਸੰਤ ਸਪੂਰਨ ਸਿੰਘ ਜੀ ਨੇ ਆਬਾਦ ਕੀਤਾ ਸੀ. ਵੈਸਾਖੀ ਅਤੇ ਲੋਹੜੀ ਨੂੰ ਮੇਲਾ ਲਗਦਾ ਹੈ.

ਇਹ ਪਿੰਡ ਜਿਲਾ ਫ਼ੀਰੋਜ਼ਪੁਰ, ਤਸੀਲ ਮੋਗਾ ਥਾਣਾ ਬਾਘੇਵਾਲਾ ਵਿੱਚ ਹੈ. ਰੇਲਵੇ ਸਟੇਸ਼ਨ ਜੈਤੋ ਤੋਂ ਚੜ੍ਹਦੇ ਵੱਲ ੯. ਮੀਲ ਦੇ ਕਰੀਬ ਹੈ.

ਅਜੀਤੋ ਮਾਤਾ: ਦੇਖੋ, ਜੀਤੋ ਮਾਤਾ.

ਅਜੀਬ: ਅ਼. عجیب ਅ਼ਜੀਬ. ਵਿ- ਅਦਭੁਤ. ਅਣੋਖਾ. ਅਲੌਕਿਕ.

ਅਜੀਮ: ਅ਼. عظیم ਅ਼ਜੀਮ. ਵਿ- ਵਡਾ. ਮਹਾਨ. "ਹਰੀਫੁਲ ਅਜੀਮੈ." (ਜਾਪੁ) ਮੁਕ਼ਾਬਲਾ ਕਰਨ ਵਾਲਿਆਂ ਤੋਂ ਵਡਾ ਹੈ. ਭਾਵ- ਸਭ ਤੋਂ ਬਲਵਾਨ ਹੈ.

ਅਜੀਮਾਬਾਦ: ਦੇਖੋ, ਪਟਨਾ.

ਅਜੀਮੁੱਸ਼ਾਨ: ਅ਼. عظیم الشان ਅ਼ਜੀਮੁੱਸ਼ਾਨ. ਵਿ- ਵਡੇ ਪ੍ਰਭਾਵ ਵਾਲਾ. ਵਡੀ ਸ਼ੋਭਾ ਵਾਲਾ.

ਅਜੀਰਣ: ਸੰ. अजीरी- ਅਜੀਣੰ. ਵਿ- ਜੋ ਪੁਰਾਣਾ ਨਾ ਹੋਵੇ। ੨. ਸੰਗਯਾ- ਜਦ ਖਾਧਾ ਭੋਜਨ, ਜੀਰਣ ਨਹੀਂ ਹੁੰਦਾ (ਪਚਦਾ ਨਹੀਂ), ਉਸ ਨੂੰ ਅਜੀਰਣ ਅਥਵਾ ਮੰਦਾਗਨਿ ਰੋਗ ਆਖਦੇ ਹਨ. سوٗءِ ہضم ਸੂਏ ਹਜਮ. ਅੰ. Dyspepsia. ਬਦਹਜਮੀ. ਬਹੁਤ ਖਾਣਾ, ਖਾਧੇ ਉੱਪਰ ਖਾਣਾ, ਭਰੇ ਪੇਟ ਕਰੜੀ ਮਿਹਨਤ ਕਰਨੀ, ਵੇਲੇ ਸਿਰ ਨਾ ਸੌਣਾ, ਸ਼ੋਕ ਦਾ ਹੋਣਾ, ਭੋਜਨ ਖਾਕੇ ਪਾਣੀ ਵਿਚ ਤਰਣਾ ਆਦਿ ਕਾਰਣਾਂ ਤੋਂ ਇਹ ਰੋਗ ਹੁੰਦਾ ਹੈ. ਅਨਪਚ ਦੇ ਰੋਗੀ ਨੂੰ ਲੰਘਨ ਕਰਨਾ ਹੱਛਾ ਹੈ. ਹਿੰਗ, ਤ੍ਰਿਕੁਟਾ, ਸੇਂਧਾ ਨਮਕ, ਸਿਰਕੇ ਵਿੱਚ ਪੀਹਕੇ ਨਾਭੀ ਉੱਪਰ ਲੇਪ ਕਰਨਾ ਲਾਭਦਾਇਕ ਹੈ.

ਕਾਲਾ ਜੀਰਾ, ਧਨੀਏ ਦੇ ਚਾਉਲ, ਮਘਾਂ, ਕਾਲੀ ਮਿਰਚਾਂ, ਸੁੰਢ, ਪਤ੍ਰਜ, ਸੌਂਫ ਦੇ ਚਾਉਲ, ਪਿੱਪਲਾਮੂਲ, ਚਿਤ੍ਰਾ, ਕਚੂਰ, ਜੰਗ ਹਰੜ, ਅੰਬਲਬੇਦ, ਇਲਾਚੀਆਂ, ਦੇਸੀ ਲੂਣ, ਕਾਲਾਲੂਣ, ਇਹ ਸਭ ਸਮ ਭਾਗ ਲੈ ਕੇ ਚੂਰਣ ਬਣਾਓ. ਡੇਢ ਅਥਵਾ ਦੋ ਮਾਸ਼ੇ ਦਿਨ ਵਿੱਚ ਦੋ ਵਾਰ ਜਲ ਨਾਲ ਫੱਕੀ ਲੈਣ ਤੋਂ ਅਜੀਰਣ ਰੋਗ ਹਟ ਜਾਂਦਾ ਹੈ.

ਅਜੀਵ: ਵਿ- ਜੀਵਨਸੱਤਾ ਬਿਨਾ. ਜੜ੍ਹ।

੨. ਸੰਗਜਾ- ਜੜ੍ਹ ਪਦਾਰਥ.

ਅਜੁ: ਕ੍ਰਿ. ਵਿ- ਅਦ੍ਯ. ਅੱਜ. ਆਜ. "ਅਜੁ ਨ ਸੁਤੀ ਕੰਤ ਸਿਉ." (ਸ. ਫਰੀਦ) ਭਾਵ- ਇਸ ਮਨੁੱਖ ਦੇਹ ਵਿੱਚ.

ਅਜੁਗਤ: ਸੰ. ਆਯੁਕ੍ਤ. ਵਿ- ਜੋ ਜੁੜਿਆ ਹੋਇਆ ਨਹੀਂ. ਅਲਗ। ੨. ਅਯੋਗ੍ਯ. ਅਨੁਚਿਤ. "ਸਾਖੀ ਵਿੱਚ ਅਜੁਗਤਾਂ ਪਾਇਕੇ." (ਜਸਭਾਮ)

ਅਜੁਟ: ਵਿ- ਜੋ ਜੁੜਿਆ ਹੋਇਆ ਨਹੀਂ, ਅਸੰਗ. ਵੱਖਰਾ, ਅਲਗ। ੨. ਜਿਸ ਦੇ ਜੋੜ ਦਾ ਦੂਜਾ ਨਹੀਂ. ਅਦੁਤੀ.

ਅਜੁਧਿਆ, ਅਜੁਧ੍ਯਾ: ਦੇਖੋ, ਅਯੋਧ੍ਯਾ.

ਅਜੁਰਦਾ: ਫ਼ਾ آزُردہ ਆਜ਼ੁਰਦਾ. ਵਿ- ਰੰਜੀਦਾ. ਦੁਖੀ ਹੋਇਆ ਹੋਇਆ. ਦੁਖਾਇਆ ਹੋਇਆ. ਸੰਤਾਪਿਤ। ੨. ਵ੍ਯਾਕੁਲ. ਇਸ ਦਾ ਮੂਲ ਆਜ਼ੁਰਦਨ (ਦੁਖ ਦੇਣਾ- ਰੰਜ ਕਰਨਾ) ਹੈ.

ਅਜੂ: ਵਿ- ਜਨਮ ਰਹਿਤ. ਅਜਨਮਾ। ੨. ਅਚਲ. ਗਮਨ ਰਹਿਤ. "ਅਜੂ ਹੈ." (ਜਾਪੁ) ਦੇਖੋ, ਜੂ। ੩. ਵ੍ਯ- ਸੰਬੋਧਨ. ਅਜੀ. ਐ ਸ਼੍ਰੀ ਮਾਨ ਜੀ!

ਅਜੂਨੀ: ਸੰ. ਅਯੋਨਿ. ਵਿ- ਜਿਸ ਦਾ ਯੋਨਿ (ਕਾਰਣ) ਨਹੀਂ। ੨. ਜੋ ਪੈਦਾ ਨਹੀਂ ਹੋਇਆ.

ਅਜੂਨੀ ਸੈਭੰ, ਅਜੂਨੀ ਸੰਭਉ, ਅਜੂਨੀ ਸੰਭਵ: ਸੰ. अयोनिसम्भव. ਵਿ- ਯੋਨਿਦ੍ਵਾਰਾ ਉਤਪੰਨ ਨਹੀਂ ਹੋਇਆ। ੨. ਜਿਸ ਦੀ ਹਸਤੀ ਕਿਸੇ ਨਿਮਿੱਤ ਕਰਕੇ ਨਹੀਂ. ਸ੍ਵਯੰਭਵ. ਆਪਣੇ ਆਪ ਹੋਣ ਵਾਲਾ। ੩. ਅਜਨਮ ਅਤੇ ਸ੍ਵਯੰਭੂ। ੪. ਸੰਗਜਾ- ਕਰਤਾਰ. ਵਾਹਗੁਰੂ.

ਅਜੂਪ: ਸੰ. ਅਯੂਪ. ਵਿ- ਯੂਪ (ਬੰਧਨ) ਰਹਿਤ. ਮੁਕ੍ਤ. "ਨਮਸ੍ਤੰ ਅਜੂਪੇ." (ਜਾਪੁ) ੨. ਸੰ. ਅਦ੍ਯੂਤ. ਛਲ ਰਹਿਤ. ਨਿਸ਼ਕਪਟ.

ਅਜੂਬਾ: ਇੱਕ ਮਾਤ੍ਰਿਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, ਚਾਰ ਚਾਰ ਮਾਤ੍ਰਾ ਤੇ ਵਿਸ਼ਰਾਮ, ਅੰਤ ਗੁਰੁ. ਇਸ ਦਾ ਨਾਉਂ "ਜੀਵਨ" ਭੀ ਹੈ.

ਉਦਾਹਰਣ:-

ਕ੍ਰੁਧਜੋ ਭਾਈ. ਸਰ ਝਰ ਲਾਈ।

ਅਸ ਸਰ ਛੋਰੇ। ਜਨੁ ਨਭ ਓਰੇ. (ਗੁਵਿ ੬)

੨. ਅ਼. عجُوبہ ਅ਼ਜੂਬਾ. ਵਿ- ਅ਼ਜਬ. ਅਣੋਖਾ. ਅਦਭੁਤ. ਅਲੌਕਿਕ.

ਅਜੇ: ਕ੍ਰਿ। ਵਿ- ਅਭੀ. ਇਬ. ਹੁਣੇ। ੨. ਅਦ੍ਯਾਪਿ. ਅਜੇ ਭੀ. ਹੁਣ ਤੋੜੀ. ਅਬ ਤਕ। ੩. ਸੰ. ਅਜੇਯ. ਵਿ- ਜੋ ਜਿੱਤਣ ਯੋਗ੍ਯ ਨਹੀਂ.

ਅਜੇਅ: ਦੇਖੋ, ਅਜੇਯ.

ਅਜੇਹਾ: ਵਿ- ਐਹੋ ਜੇਹਾ. ਇਸ ਪ੍ਰਕਾਰ ਦਾ. ਐਸੇ ਢੰਗ ਦਾ.

ਅਜੇਯ: ਸੰ. ਜੋ ਜਿੱਤਣ ਯੋਗ ਨਹੀਂ. "ਅਜੇਯੰ ਅਭੇਯੰ." (ਵਿਚਿਤ੍ਰ)

ਅਜੇਵ: ਦੇਖੋ, ਅਜੇਯ. "ਅਜੇਵ ਹਰੀ." (ਅਕਾਲ) ੨. ਦੇਖੋ, ਅਜਾਇਬ ਅਤੇ ਅਜੀਬ. "ਰੁਦ੍ਰਾਵਤਾਰ ਸੁੰਦਰ ਅਜੇਵ." (ਦੱਤਾਵ) ੩. ਅਜ- ਏਵ. ਬ੍ਰਹ੍ਮਾ ਦੀ ਤਰਾਂ.

ਅਜੇਵੀ: ਦੇਖੋ, ਅਜੇਵ. "ਅਲਖ ਅਭੇਵੀ ਆਦਿ ਅਜੇਵੀ." (ਕਲਕੀ)

ਅਜੈ: ਹੁਣ ਤੋੜੀ. ਦੇਖੋ. ਅਜੇ ੧. "ਅਜੈ ਸੁ ਰਬੁ ਨ ਬਹੁੜਿਓ." (ਸ. ਫਰੀਦ) ੨. ਅਜਯ. ਸੰਗ੍ਯਾ- ਪਰਾਜਿਤ. ਹਾਰ. ਸ਼ਿਕਸ੍ਤ। ੩. ਵਿ- ਜਿਸ ਦਾ ਜਿੱਤਣਾ ਕਠਨ ਹੈ. ਅਜੇਯ. "ਅਜੈ ਅਲੈ." (ਜਾਪੁ) ੪. ਸੰਗ੍ਯਾ- ਕਰਤਾਰ. ਪਾਰਬ੍ਰਹਮ "ਅਜੈ ਗੰਗ ਜਲ ਅਟਲ ਸਿਖ ਸੰਗਤਿ ਸਭ ਨਾਵੈ." (ਸਵੈਯੇ ਮਃ ੫. ਕੇ) ੫. ਅਜ ਰਾਜਾ. ਰਾਮ ਚੰਦ੍ਰ ਜੀ ਦਾ ਦਾਦਾ. "ਅਜੈ ਸੁ ਰੋਵੈ ਭੀਖਿਆ ਖਾਇ." (ਰਾਮ ਵਾਰ ੧. ਮਃ ੧) ਇੰਦੁਮਤੀ ਰਾਣੀ ਦੇ ਵਿਯੋਗ ਵਿੱਚ ਰਾਜ ਤਿਆਗਕੇ ਭਿਖ੍ਯਾ ਮੰਗਦਾ ਰਾਜਾ ਅਜ ਰੋਇਆ. ਦੇਖੋ, ਇੰਦੁਮਤੀ.

ਅਜੈ ਸਿੰਘ: ਰਾਜਾ ਜਨਮੇਜਯ ਦਾ ਦਾਸੀ ਦੇ ਉਦਰ ਤੋਂ ਪੁਤ੍ਰ. "ਅਜੈ ਸਿੰਘ ਰਾਖ੍ਯੋ ਰਜੀਪੁਤ੍ਰ ਸੂਰੰ." (ਜਨਮੇਜਯ)

ਅਜੈ ਜੈ: ਵਿ- ਅਜੇਯ ਨੂੰ ਜੈ ਕਰਨ ਵਾਲਾ. ਅਜੀਤ ਨੂੰ ਜਿੱਤਣ ਵਾਲਾ.

ਅਜੈਮਲ: ਦੇਖੋ, ਅਜਾਮਿਲ. "ਅਜੈਮਲ ਕੀਓ ਬੈਕੁੰਠਹਿ ਥਾਨ." (ਗੌਂਡ ਨਾਮਦੇਵ)

ਅਜ਼ੋ. ਫ਼ਾ. ازو ਅਜ਼- ਓ. ਵ੍ਯ- ਉਸ ਤੋਂ. ਉਸ ਸੇ.

ਅਜੋਹ: ਵਿ- ਜੋਹਨ ਰਹਿਤ. ਅਦ੍ਰਿਸ਼੍ਯ. ਜੋ ਵੇਖਿਆ ਨਹੀਂ ਜਾ ਸਕਦਾ। ੨. ਅੰਦਾਜ਼ੇ ਬਿਨਾ. "ਅਜੋਨੀ ਅਛੈ ਆਦਿ ਅਦ੍ਵੈ ਅਜੋਹੰ." (ਅਕਾਲ)

ਅਜੋਗ: ਸੰ. ਅਯੋਗ੍ਯ. ਵਿ- ਅਨੁਚਿਤ. ਨਾਮੁਨਾਸਿਬ। ੨. ਨਾਲਾਇਕ। ੩. ਬਿਨਾ ਯੋਗ (ਸੰਬੰਧ)

ਅਜੋਧ: ਸੰ. ਅਯੋਧ੍ਯ. ਵਿ- ਜਿਸ ਨਾਲ ਯੁੱਧ ਨਾ ਕੀਤਾ ਜਾ ਸਕੇ. "ਅਜੋਧਸ੍ਯ." (ਗ੍ਯਾਨ)

ਅਜੋਧਨ: ਦੇਖੋ, ਪਾਕਪਟਨ। ੨. ਦੇਖੋ, ਅਯੋਧਨ.

ਅਜੋਨ, ਅਜੋਨਿ, ਅਜੋਨੀ: ਸੰ. ਅਯੋਨਿ. ਵਿ- ਜੋ ਯੋਨੀ ਵਿੱਚ ਨਹੀਂ ਆਉਂਦਾ. ਜਨਮ ਰਹਿਤ.

ਅਜੋਨੀਸੰਭਉ: ਦੇਖੋ, ਅਜੂਨੀ ਸੈਭੰ. "ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ." (ਸੋਰ ਮਃ ੧) "ਅਬਿਨਾਸੀ ਅਚਲ ਅਜੋਨੀਸੰਭਉ." (ਸਵੈਯੇ ਮਃ ੪. ਕੇ)

ਅਜੌ, ਅਜੌਂ: ਕ੍ਰਿ. ਵਿ- ਅਜੇ ਭੀ. ਹੁਣ ਭੀ. ਹੁਣ ਤਾਈਂ. "ਅਜੌ ਨ ਪਤਿਆਇ ਨਿਗਮ ਭਏ ਸਾਖੀ."

(ਜੈਤ ਰਵਦਾਸ)

ਅਜੰਗਮ: ਦੇਖੋ, ਛੱਪਯ ਦਾ ਰੂਪ ੧੨। ੨. ਵਿ ਜੋ ਜੰਗਮ (ਤੁਰਦਾ ਫਿਰਦਾ) ਨਹੀਂ. ਅਚਲ.

ਅਜੰਨ: ਦੇਖੋ, ਅਜਾ। ੨. ਅਜਨ੍ਯ. ਦੇਖੋ, ਜਨ੍ਯ.

ਅਜੰਭ: ਸੰ. ਵਿ- ਜੰਭ (ਦੰਦ- ਦਾੜ੍ਹ) ਬਿਨਾ।

੨. ਸੰਗ੍ਯਾ- ਡੱਡੂ. ਮੇਂਡਕ.

ਅਜੰਮ: ਅਜਨਮ. "ਅਜੰਮ ਹੈ." (ਜਾਪੁ)

ਅੱਜੜ: ਸੰਗਜਾ- ਅਜਾ (ਬਕਰੀ ਭੇਡਾਂ) ਦਾ ਝੁੰਡ.

ਅਝਰ: ਵਿ- ਜੋ ਝਰਦਾ ਨਹੀਂ. ੨. ਟਪਕਣ ਤੋਂ ਬਿਨਾ.

ਅਝਾਤ: ਵਿ- ਜਿਸ ਨੂੰ ਝਾਤੀ ਨਹੀਂ ਮਾਰੀ ਜਾ ਸਕਦੀ. ਅਦ੍ਰਿਸ਼ਜ. "ਕਿ ਅਝਾਤਸ." (ਗਜਾਨ)

ਅਝਾਪ: ਵਿ- ਪੜਦੇ ਬਿਨਾ। ੨. ਆਲਸ ਰਹਿਤ. ਦੇਖੋ, ਝਾਪ.

ਅਝੁ: ਸੰਗਜਾ- ਅੰਝੂ. ਆਂਸੂ. ਅਸ਼੍ਰ. ਹੰਝੂ. ਅੱਥਰੂ.

ਅਝੂਝ: ਵਿ- ਅਯੋਧਜ. ਜਿਸ ਨਾਲ ਯੁੱਧ ਨਾ ਕੀਤਾ ਜਾ ਸਕੇ. "ਅਝੂਝ ਹੈ." (ਜਾਪੁ).

ਅਝੰਝ: ਵਿ- ਝੰਝ ਰਹਿਤ. ਅਕੰਪ. ਅਡੋਲ. ਦੇਖੋ, ਝੰਝਾ. "ਅਝੰਝ ਹੈ." (ਜਾਪੁ)

ਅਞਾਣ: ਵਿ- ਗਜਾਨ ਰਹਿਤ. ਅਗਜਾਨੀ। ੨. ਬਾਲਕ। ੩. ਸੰਗਜਾ- ਅਗਜਾਨ. ਨਾਦਾਨੀ.

ਅਟ: ਸੰ. ਅਟ੍. ਧਾ- ਘੁੰਮਣਾ. ਫਿਰਨਾ. ਜਾਣਾ. ਭਟਕਣਾ। ੨. ਸੰਗਜਾ- ਖੁਭਣਾ. ਗਡਣਾ. "ਪਗ ਮੇ ਅਟ ਕੰਟਕ ਜੈਸੇ." (ਕ੍ਰਿਸਨਾਵ)

ਅਟਕ: ਸੰਗਜਾ- ਰੁਕਾਵਟ ਰੋਕ। ੨. ਵਿਘਨ। ੩. ਅਟਕ (ਸਿੰਧ) ਦਰਿਆ। ੪. ਅਟਕ ਦਰਿਆ ਦੇ ਕੰਢੇ ਇੱਕ ਨਗਰ[70] ਅਤੇ ਇਸੇ ਨਾਉਂ ਦਾ ਜਿਲਾ, ਜੋ ਰਾਵਲਪਿੰਡੀ ਡਿਵੀਜ਼ਨ ਵਿੱਚ ਹੈ. ਇਸ ਦਾ ਨਾਉਂ ਕੈਂਬਲਪੁਰ Campbell pur ਭੀ ਹੈ.

ਅਟਕਣਾ, ਅਟਕਨਾ: ਕ੍ਰਿ- ਰੁਕਣਾ. ਠਹਿਰਨਾ। ੨. ਆਸ਼ਿਕ ਹੋਣਾ. ਮੋਹਿਤ ਹੋਣਾ. ਪ੍ਰੇਮਬੰਧਨ ਵਿੱਚ ਫਸਣਾ. "ਅਟਕਿਓ ਸੁਤ ਬਨਿਤਾ ਸੰਗ." (ਕਾਨ ਮਃ ੫) "ਅਟਕ ਰਹੀ ਲਖ ਰਾਜ ਕੁਮਾਰਾ." (ਚਰਿਤ੍ਰ ੩੧੨)

ਅਟਕਰ: ਦੇਖੋ, ਅਟਕਲ. "ਤਾਂਕੀ ਨਾਸ਼ ਘਾਤ ਅਟਕਰਿਓ।" (ਚਰਿਤ੍ਰ ੧੨੪) ਉਸ ਦੇ ਨਾਸ਼ ਕਰਨ ਦਾ ਦਾਉ ਸੋਚਿਆ.

ਅਟਕਲ: ਸੰਗਜਾ- ਅਨੁਮਾਨ। ੨. ਵਿਚਾਰ। ੩. ਅੰਦਾਜ਼ਾ. ਪ੍ਰਮਾਣ। ੪. ਜਾਚ. ਵਿਉਂਤ.

ਅਟਕਲਨਾ: ਕ੍ਰਿ- ਅਨੁਮਾਨ ਲਾਉਣਾ। ੨. ਵਿਚਾਰਨਾ. ਸੋਚਣਾ। ੩. ਅੰਦਾਜ਼ਾ ਲਾਉਣਾ. ਜਾਚਣਾ. "ਪਰਾਇਆ ਛਿਦ੍ਰ ਅਟਕਲੈ." (ਆਸਾ ਮਃ ੪)

ਅਟਕਾਉਣਾ, ਅਟਕਾਵਨ: ਕ੍ਰਿ- ਠਹਿਰਾਉਣਾ. ਰੋਕਣਾ. "ਬਹੁਰਿ ਬਹੁਰਿ ਅਟਕਾਵਸਿ ਰੇ." (ਮਾਰੂ ਮਃ ੫) ਬਾਰੰਬਾਰ ਵਿਸ਼ਿਆਂ ਵਿੱਚ ਰੁੱਝਦਾ ਹੈ.

ਅਟਨ: ਦੇਖੋ, ਅੱਟਣ ਅਤੇ ਅੱਟਣਾ। ੨. ਸੰ. ਅਟਨ. ਸੰਗਜਾ- ਫਿਰਨਾ. ਘੁੰਮਣਾ. ਵਿਚਰਣਾ. ਯਾਤ੍ਰਾ.

ਅਟਪਟਾ: ਵਿ- ਉਲਟ ਪੁਲਟ. "ਗਿਨਤ ਗਿਨੀ ਅਤਿ ਅਟਪਟੀ." (ਨਾਪ੍ਰ) ਉੱਚਾ ਨੀਵਾਂ। ੨. ਵਿਖੜਾ. ਕਠਿਨ। ੩. ਉਲਝਿਆ ਹੋਇਆ। ੪. ਥਿੜਕਿਆ ਹੋਇਆ. ਉਖੜਿਆ.

ਅਟਲ: ਵਿ- ਅਚਲ. ਇਸਥਿਤ. ਜੋ ਟਲੇ ਨਾ. "ਅਟਲ ਬਚਨ ਸਾਧੁਜਨਾ." (ਬਿਲਾ ਮਃ ੫) ੨. ਸੰ. ਅਟ੍ਟਾਲ- ਅੱਟਾਲ. ਬੁਰਜ. ਦੁਰਗ. "ਭੈ ਨਿਰਭਉ ਹਰਿ ਅਟਲ." (ਸਵੈਯੇ ਮਃ ੩. ਕੇ) ਭੈ ਤੋਂ ਨਿਰਭੈ ਹਰਿ ਦਾ ਕਿਲਾ ਹੈ। ੩. ਦੇਖੋ, ਅਟਲ ਰਾਇ ਜੀ.

---

[70] ਅਟਕ ਦਾ ਕਿਲਾ ਬਾਦਸ਼ਾਹ ਅਕਬਰ ਨੇ ਸਨ ੧੫੮੩ ਵਿੱਚ ਬਣਵਾਇਆ ਸੀ. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਇਸ ਕਿਲੇ ਨੂੰ ਵੱਡਾ ਮਜਬੂਤ ਕੀਤਾ ਅਤੇ ਇੱਥੇ ਬਹੁਤ ਫੌਜ ਰੱਖੀ.

ਅਟਲ ਬਾਬਾ: ਦੇਖੋ, ਅਟਲਰਾਇ ਜੀ.

ਅਟਲਮੰਡਲ: ਸੰਗਜਾ- ਸਤਿਸੰਗ। ੨. ਗਜਾਨਪਦ। ੩. ਧ੍ਰੁਵਮੰਡਲ.

ਅਟਲਮੰਡਲਵੈ: ਸੰਗਜਾ- ਅਚਲ ਮੰਡਲ ਵਾਲਾ. ਧ੍ਰੁਵ. "ਗਾਵਹਿ ਗੁਣ ਧੋਮੁ ਅਟਲਮੰਡਲਵੈ." (ਸਵੈਯੇ ਮਃ ੧. ਕੇ)

ਅਟਲਰਾਇ ਜੀ: ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੁਪੁਤ੍ਰ, ਜੋ ਮਾਤਾ ਮਹਾਂਦੇਵੀ (ਸੂਰਜ ਪ੍ਰਕਾਸ਼ ਅਨੁਸਾਰ ਮਾਤਾ ਨਾਨਕੀ ਜੀ) ਦੇ ਉਦਰ ਤੋਂ ਸੰਮਤ ੧੬੭੬ ਵਿੱਚ ਅੰਮ੍ਰਿਤਸਰ ਜਨਮੇ, ਅਤੇ ਉਸੇ ਥਾਂ ਸਾਵਣ ਬਦੀ ੧੦. (ਗੁਪ੍ਰਸੂ ਅੱਸੂ ਬਦੀ ੧੦) ਸੰਮਤ ੧੬੮੫ ਨੂੰ ਜੋਤੀਜੋਤਿ ਸਮਾਏ. ਇਨ੍ਹਾਂ ਦੀ ਸਮਾਧੀ ਪੁਰ ਨੌ ਛੱਤਾ ਮੰਦਿਰ ਬਣਿਆ ਹੋਇਆ ਹੈ.[71] ਇਸ ਦੀ ਨਿਉਂ ਪ੍ਰੇਮੀ ਸਿੱਖਾਂ ਨੇ ਸੰਮਤ ੧੮੩੫ ਵਿੱਚ ਰੱਖੀ, ਫੇਰ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਨੇ ਸੰਮਤ ੧੮੪੧ ਵਿੱਚ ਕੁਝ ਮੰਜ਼ਲਾਂ ਬਣਵਾਈਆਂ. ਅਜੇ ਭੀ ਕਈ ਮੰਜ਼ਲਾਂ ਦਾ ਬਰਾਂਡਾ ਬਣਨਾ ਬਾਕੀ ਹੈ, ਇਸ ਥਾਂ ਅਭਜਾਗਤਾਂ ਨੂੰ ਸ਼ਹਿਰ ਦੇ ਪ੍ਰੇਮੀਆਂ ਵੱਲੋਂ ਸਦਾ ਹੀ ਅੰਨ ਮਿਲਦਾ ਰਹਿੰਦਾ ਹੈ, ਅਤੇ ਇਹ ਕਹਾਵਤ ਅਕਸਰ ਲੋਕਾਂ ਦੇ ਮੁੱਖੋਂ ਸੁਣੀਦੀ ਹੈ:-

"ਬਾਬਾ ਅਟੱਲ, ਪੱਕੀ ਪਕਾਈ ਘੱਲ."

ਅਟਲਾਧਾ: ਵਿ- ਅਟਲਤਾ ਵਾਲਾ. ਨਾ ਚਲਾਇਮਾਨ ਹੋਣ ਵਾਲਾ. "ਇਕ ਸਾਧੁਬਚਨ ਅਟਲਾਧਾ." (ਸਾਰ ਮਃ ੫)

ਅਟਵਿ, ਅਟਵੀ: ਸੰ. अटवी. ਸੰਗਜਾ- ਜੰਗਲ. ਬਨ (ਵਨ). "ਮਹਾਂ ਉਦਿਆਨ ਅਟਵੀ ਤੇ ਕਾਢੇ."

(ਸਾਰ ਮਃ ੫)

ਅਟਾ: ਸੰ. अट्ट- ਅੱਟ. ਸੰਗਜਾ- ਅੱਟਾਲਿਕਾ. ਅਟਾਰੀ ਉੱਪਰਲੀ ਮੰਜ਼ਿਲ ਦਾ ਹਵਾਦਾਰ ਚੌਬਾਰਾ. ਦੇਖੋ, ਅੰ. Attic.

ਅਟਾਕ: ਸੰਗਜਾ- ਢਾਲ. ਸ਼ਸਤ੍ਰ ਨੂੰ ਓਟਣ ਵਾਲੀ "ਅਟਾਕ ਓਟੈ." (ਰਾਮਾਵ)

ਅਟਾਟ: ਵਿ- ਕੁਲ ਗੋਤ੍ਰ ਰਹਿਤ. ਦੇਖੋ, ਟਾਟ.

"ਅਟਾਟਸ੍ਯ." (ਗਜਾਨ)

ਅਟਾਰ: ਵਿ- ਟਲਣ ਤੋਂ ਬਿਨਾ. ਅਚਲ. ਕ਼ਾਯਮ. "ਹਰਿ ਸਿਮਰਤ ਅਮਰ ਅਟਾਰੇ." (ਮਾਰੂ ਮਃ ੫)

ਅਟਾਰੀ: ਅੱਟਾਲਿਕਾ. ਦੇਖੋ, ਅਟਾ. ੨. ਅੰਮ੍ਰਿਤਸਰ ਜਿਲੇ ਦਾ ਇੱਕ ਨਗਰ. ਇਸ ਥਾਂ ਦੇ ਸਰਦਾਰ ਸਿੱਧੂ ਗੋਤ ਦੇ ਜੱਟ ਹਨ. ਜਿਨ੍ਹਾਂ ਵਿੱਚੋਂ ਧਰਮ ਵੀਰ ਪਰਮ ਰਾਜਭਗਤ ਸਰਦਾਰ ਸ਼ਾਮ ਸਿੰਘ ਸਿੱਖ ਸੈਨਾ ਦਾ ਭੂਸ਼ਣ ਸੀ. ਇਸ ਮਹਾਨ ਯੋਧਾ ਨੇ ੧੦. ਫਰਵਰੀ ਸਨ ੧੮੪੬ ਨੂੰ ਸਬਰਾਉਂ ਦੇ ਜੰਗ ਵਿੱਚ ਵਡੀ ਬਹਾਦੁਰੀ ਨਾਲ ਸ਼ਹੀਦੀ ਪਾਈ.

ਸਰਦਾਰ ਸ਼ਾਮ ਸਿੰਘ ਦੀ ਸੁਪੁਤ੍ਰੀ ਨਾਨਕੀ, ਮਹਾਰਾਜਾ ਰਣਜੀਤ ਸਿੰਘ ਦੇ ਪੋਤ੍ਰੇ ਨੌਨਿਹਾਲ ਸਿੰਘ ਨਾਲ ਮਾਰਚ ਸਨ ੧੮੩੭ ਵਿੱਚ ਵਡੀ ਧੂਮ ਧਾਮ ਨਾਲ ਵਿਆਹੀ ਗਈ ਸੀ.

ਅਟਾਲ: ਵਿ- ਟਲਣ ਤੋਂ ਬਿਨਾ. ਅਮਿਟ. "ਤੋਹਿ ਭਾਗ ਮੇ ਲਿਖਯੋ ਅਟਾਲ." (ਗੁਪ੍ਰਸੂ) ੨. ਸੰ. अट्टाल- ਅੱਟਾਲ. ਸੰਗਜਾ- ਬੁਰਜ। ੩. ਢੇਰ. ਅੰਬਾਰ.

ਅਟਿਆ: ਦੇਖੋ, ਅੱਟਣਾ। ੨. ਦੇਖੋ, ਅਟਨ.

ਅਟੀ: ਅਟਵੀ ਦਾ ਸੰਖੇਪ. "ਅਟੀ ਬਿਕਟੀ." (ਰਾਮਾਵ) ਬਿਖੜਾ ਜੰਗਲ। ੨. ਦੇਖੋ, ਅਟਨ ਅਤੇ ਅੱਟਣਾ.

ਅਟੁਟ, ਅਟੂਟ: ਵਿ- ਤ੍ਰੁਟੀ ਰਹਿਤ. ਟੁੱਟਣ ਤੋਂ ਬਿਨਾ. ਅਖੰਡ। ੨. ਮੁੱਕਣ ਤੋਂ ਬਿਨਾ. ਟੋਟੇ ਬਿਨਾ.

---

[71] ਬਾਬਾ ਜੀ ਦੀ ਉਮਰ ਨੌ ਵਰ੍ਹੇ ਦੀ ਸੀ, ਇਸ ਲਈ ਨੌ ਮੰਜਿਲਾ ਮੰਦਿਰ ਬਣਾਇਆ ਗਿਆ ਹੈ.

ਅਟੇਟ: ਵਿ- ਤ੍ਰੁਟਿ ਰਹਿਤ. ਅਟੁੱਟ। ਦੇਖੋ, ਟੇਟਾ.

ਅਟੇਰਨ: ਸੰਗਯਾ- ਅਟਨ ਕਰਨ ਵਾਲਾ ਯੰਤ੍ਰ. ਘੁੰਮਣ ਵਾਲਾ ਯੰਤ੍ਰ. ਡੋਰੂ ਦੀ ਸ਼ਕਲ ਦਾ ਇੱਕ ਯੰਤ੍ਰ, ਜਿਸ ਉੱਪਰ ਸੂਤ ਦੀ ਅੱਟੀ ਬਣਾਈ ਜਾਂਦੀ ਹੈ. "ਪੁਨਹਿ ਅਟੇਰਨ ਕੀ ਬਿਧਿ ਪ੍ਰੇਰਨ." (ਗੁਪ੍ਰਸੂ)

੨. ਮੱਕੜੀ ਦੀ ਕਿਸਮ ਦਾ ਇੱਕ ਜੀਵ, ਜਿਸ ਨੂੰ ਕਾਹਣਾ ਆਖਦੇ ਹਨ. ਦੇਖੋ, ਅਟੇਰੂ। ੩. ਸੂਤ ਅਟੇਰਨ ਦੀ ਕ੍ਰਿਯਾ. "ਸਹਿਤ ਪ੍ਰੀਤਿ ਕੇ ਕਰਹਿ ਅਟੇਰਨ." (ਗੁਪ੍ਰਸੂ)

ਅਟੇਰਨਾ: ਕ੍ਰਿ- ਘੁਮਾਉਣਾਂ. ਟੇਰਨਾ. ਚੱਕਰ ਦੇਣਾ। ੨. ਅਟੇਰਨ ਪੁਰ ਸੂਤ ਲਪੇਟਣਾ। ੩. ਧੋਖੇ ਵਿੱਚ ਫਸਾਉਣਾ.

ਅਟੇਰੂ: ਸੰਗਯਾ- ਹੇਠ ਉੱਪਰ. ਸੱਜੇ ਖੱਬੇ ਅਟਨ (ਫਿਰਨ) ਵਾਲਾ ਜੀਵ. ਕਾਹਣਾ. ਲੰਮੀਆਂ ਟੰਗਾਂ ਵਾਲੀ ਮੱਕੜੀ. "ਅਟੇਰੂ ਕੋ ਕਨ੍ਹੈਯਾ ਨਾਮ." (ਅਕਾਲ) ੨. ਸੂਤ ਅਟੇਰਨ ਦਾ ਸੰਦ। ੩. ਸੂਤ ਅਟੇਰਨ ਵਾਲਾ.

ਅੱਟ: ਸੰ. ਅਟ੍ਟ. ਧਾ- ਅਧਿਕ ਹੋਣਾ. ਦੁੱਖ ਦੇਣਾ. ਅਨਾਦਰ ਕਰਨਾ. ਸੂਖਮ ਹੋਣਾ.

ਅੱਟਹਾਸ: ਸੰ. ਅਟ੍ਟਹਾਸ. ਸੰਗਯਾ- ਖਿੜ ਖਿੜ ਹੱਸਣਾ. ਉੱਚੇ ਸੁਰ ਦੀ ਹਾਸੀ. ਕਹਕਹਾ.

ਅੱਟਣ: ਸੰਗਯਾ- ਘਾਸਾ. ਰਗੜ ਤੋਂ ਪੈਦਾ ਹੋਈ ਚਮੜੇ ਵਿੱਚ ਕਠੋਰਤਾ. "ਅੱਟਣ ਪਰੇ ਅੰਗੁਸ਼੍ਟ ਅੰਗੁਰੀ, ਐਂਚਤ ਪਨਚ ਓਜ ਕੋ ਧਾਰ." (ਗੁਪ੍ਰਸੂ) ੨. ਦੇਖੋ, ਅੱਟਣਾ.

ਅੱਟਣਾ: ਕ੍ਰਿ- ਭਰਨਾ. ਪੂਰਣ ਕਰਨਾ. "ਗਰਬ ਅਟੀਆ ਤ੍ਰਿਸਨਾ ਜਲਹਿ." (ਸ੍ਰੀ ਮਃ ੩) "ਸਾਰਾ ਦਿਨੁ ਲਾਲਚਿ ਅਟਿਆ." (ਵਾਰ ਗਉ ੧, ਮਃ ੪) ੨. ਦੇਖੋ, ਅਟਨ.

ਅੱਟਾ: ਸੰਗਯਾ- ਅਟੇਰਨ ਪੁਰ ਲਪੇਟਿਆ ਸੂਤ ਦਾ ਗੁੱਛਾ- ੨ ਤਖ਼ਮੀਨਾ. ਅੰਦਾਜ਼ਾ.

ਅੱਟੀ: ਸੰਗਯਾ- ਅੱਟਾ ੧. ਦਾ ਇਸਤ੍ਰੀ ਲਿੰਗ।

੨. ਭਰੀ. ਪੂਰੀ. ਜਿਵੇਂ ਖਾਈ (ਖ਼ੰਦਕ) ਅੱਟੀ ਗਈ।

੩. ਪੋਠੋ. ਮੌਲੀ ਦਾ ਧਾਗਾ.

ਅਠ: ਸੰ. ਅਠ- ਧਾ- ਜਾਣਾ। ੨. ਸੰ. ਅਸ਼੍ਟ- ਅਸ਼ਟਿ ਵਿ- ਆਠ. ਅੱਠ ੮.

ਅਠ ਅਠਾਰਹਿ ਬਾਰਹਿ ਬੀਸ: (ਰਤਨਮਾਲਾ) ਅੱਠ ਵਸੁ ਦੇਵਤਾ, ਅਠਾਰਾਂ ਵਰਣ, ਬਾਰਾਂ ਰਾਸਾਂ, ਤਿੰਨਾਂ ਦੇਵਤਿਆਂ ਦੀਆਂ ਬੀਸੀਆਂ[72]। ੨. ਅੱਠ ਅੰਗ ਯੋਗ ਦੇ, ਅਠਾਰਾਂ ਸਿੱਧੀਆਂ, ਭਾਗਵਤ ਵਿੱਚ ਲਿਖੇ ਬਾਰਾਂ ਗੁਣ (ਧਨ ਦੀ ਪ੍ਰਾਪਤੀ, ਕੁਲੀਨਤਾ, ਸੁੰਦਰਤਾ, ਤਪ, ਪੰਡਿਤਾਈ, ਨਿਰਵਿਕਾਰਤਾ, ਕਾਂਤਿ, ਪ੍ਰਤਾਪ, ਉੱਦਮ, ਬਲ, ਯੋਗ, ਸੂਖਮ ਬੁੱਧਿ), ਯੋਗ ਰਹਸ੍ਯ ਵਿੱਚ ਲਿਖੇ ਨਿਰਵਾਣ ਦੇ ਵੀਹ ਸਾਧਨ (ਸਤ੍ਯ, ਚੋਰੀ ਤੋਂ ਗਲਾਨਿ, ਬ੍ਰਹਮਚਰਯ, ਤ੍ਯਾਗ, ਅਹਿੰਸਾ, ਸ਼ੌਚ, ਸੰਤੋਖ, ਤਪ, ਵਿਦ੍ਯਾ ਦਾ ਅਭ੍ਯਾਸ, ਪੁਰਖਾਰਥ, ਸਿਮਰਣ, ਸਤਿਸੰਗ, ਦਾਨ, ਉਪਕਾਰ, ਨੰਮ੍ਰਤਾ, ਚਿੱਤ ਦੀ ਪ੍ਰਸੰਨਤਾ, ਯੋਗ ਸਾਧਨ, ਸ਼੍ਰੱਧਾ, ਭਗਤਿ, ਆਤਮਗ੍ਯਾਨ).

ਅਠਸਠ: ਅਸ਼੍ਟ- ਸ਼ਸ਼੍ਟਿ. ਅੱਠ ਅਤੇ ਸੱਠ. ਅਠਾਸਠ

ਅਠਸਠਿ: ੬੮। ੨. ਗੁਰਬਾਣੀ ਵਿੱਚ ਅਠਸਠਿ ਗਿਣਤੀ ਹਿੰਦੂਆਂ ਦੇ ਅਠਾਹਠ ਤੀਰਥਾਂ ਦਾ ਬੋਧ ਕਰਾਉਂਦੀ ਹੈ. "ਸੁਣਿਐ ਅਠਸਠਿ ਕਾ ਇਸਨਾਨੁ." (ਜਪੁ) ਗੁਰੂ ਸਾਹਿਬ ਦਾ ਅਠਸਠ ਤੋਂ ਭਾਵ ਸਰਵ ਤੀਰਥ ਹੈ.

ਹਿੰਦੂਮਤ ਦੇ ਗ੍ਰੰਥਾਂ ਵਿੱਚ ਮਤਭੇਦ ਕਰਕੇ ਤੀਰਥਾਂ ਦੀ ਗਿਣਤੀ ਵਿੱਚ ਬਹੁਤ ਫਰਕ ਹੈ. ਅਨੇਕ ਗ੍ਰੰਥਾਂ ਵਿੱਚ ਗਿਣਤੀ ਬਹੁਤ ਵਧਕੇ

---

[72] ਇੱਕ ਇੱਕ ਦੇਵਤੇ ਦੇ ਵੀਹ ਵੀਹ ਸਾਲ (ਵਰ੍ਹੇ) ਮੰਨੇ ਗਏ ਹਨ. ਸੱਠ ਵਰ੍ਹੇ ਪਿੱਛੋਂ ਫੇਰ ਉਸੇ ਦੇਵਤੇ ਦੀ ਬੀਸੀ ਆਰੰਭ ਹੁੰਦੀ ਹੈ।

ਹੈ. ਮਤਸਜ ਪੁਰਾਣ ਦੇ ਸ਼੍ਰਾੱਧ ਕਲਪ ਦੇ ੨੨ਵੇਂ ਅਧਯਾਯ ਵਿੱਚ ੨੨੨ ਤੀਰਥ ਦੱਸੇ ਹਨ. ਭਵਿਸ਼ਜ ਪੁਰਾਣ ਦੇ ਨਾਗਰ ਖੰਡ ਦੇ ਅਧਜਾਯ ੧੦੨ ਵਿੱਚ ਹੋਰ ਗਿਣਤੀ ਹੈ.

ਕਪਿਲ ਤੰਤ੍ਰ ਵਿੱਚ ਅਠਾਸਠ ਤੀਰਥ ਇਹ ਲਿਖੇ ਹਨ- ਓਅੰਕਾਰ, ਅਯੋਧਜਾ, ਅਵੰਤਿਕਾ, ਏਰਾਵਤੀ, ਸ਼ਤਦ੍ਰ, ਸਰਸ੍ਵਤੀ, ਸਰਯੁ, ਸਿੰਧੁ, ਸ਼ਿਪ੍ਰਾ, ਸ਼ੋਣ, ਸ਼੍ਰੀਸ਼ੈਲ, ਸ਼੍ਰੀ ਰੰਗ, ਹਰਿਦ੍ਵਾਰ, ਕਪਾਲਮੋਚਨ, ਕਪਿਲੋਦਕ, ਕਾਸ਼ੀ, ਕਾਂਚੀ, ਕਾਲੰਜਰ, ਕਾਵੇਰੀ, ਕੁਰੁਕ੍ਸ਼ੇਤ੍ਰ, ਕੇਦਾਰਨਾਥ ਕੌਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾ ਸਾਗਰ, ਗੰਡਕਾ, ਘਰਘਰਾ, ਚਰਮਨ੍ਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜਗੰਨਾਥ, ਜ੍ਵਾਲਾਮੁਖੀ, ਤਪਤੀ, ਤਾਮ੍ਰਪਰਣੀ, ਤੁੰਗਭਦ੍ਰਾ, ਦਸ਼ਾਸ੍ਵਮੇਧ, ਦ੍ਰਿਸ਼ਦਵਤੀ, ਦ੍ਵਾਰਿਕਾ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ ਤ੍ਰਿਵੇਣੀ ਸੰਗਮ, ਪ੍ਰਿਥੂਦਕ, ਬਦਰੀ ਨਾਰਾਇਣ, ਭਦ੍ਰੇਸ਼੍ਵਰ, ਭੀਮੇਸ਼੍ਹ, ਭ੍ਰਿਗੁਤੁੰਗ, ਮਹਾਂਕਾਲ, ਮਾਹਬੋਧਿ, ਮਥੁਰਾ ਮਾਨਸਰੋਵਰ, ਮਾਯਾਪੁਰੀ, ਮੰਦਾਕਿਨੀ, ਯਮੁਨਾ, ਰਾਮੇਸ਼੍ਵਰ, ਵਿਤਸਤਾ, ਵਿੰਧਜ, ਵਿਪਾਸ਼, ਵਿਮੇਲਸ਼੍ਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ ਅਤੇ ਵੈਦਜਨਾਥ.

ਅਠਸਠਿ ਤੀਰਥ: ਦੇਖੋ, ਅਠਸਠਿ। ੨. ਅਮ੍ਰਿਤਸਰ ਜੀ ਦੇ ਕਿਨਾਰੇ ਦੁਖਭੰਜਨੀ ਅਤੇ ਬੜਾ ਸਾਹਿਬ ਦੇ ਪਾਸ ਇਕ ਖਾਸ ਅਸਥਾਨ, ਜਿੱਥੇ ਸ਼੍ਰੀ ਗੁਰੂ ਅਰਜਨ ਦੇਵ ਨੇ ਰਾਮਕਲੀ ਰਾਗ ਵਿੱਚ "ਅਠਸਠਿ ਤੀਰਥ ਜਹ ਸਾਧੁ ਪਗ ਧਰਹਿ." ਸ਼ਬਦ ਉਚਰਿਆ ਸੀ. ਇਸ ਥਾਂ ਸ਼੍ਰੀ ਗੁਰੂ ਨਾਨਕ ਦੇਵ, ਗੁਰੂ ਅੰਗਦ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੇ ਭੀ ਚਰਣ ਪਾਏ ਹਨ. ਇੱਥੇ ਮਹਾਰਾਜਾ ਰਣਜੀਤ ਸਿੰਘ ਸਾਹਿਬ ਦਾ ਬਣਵਾਇਆ ਹੋਇਆ ਛੋਟੀ ਸੁਨਹਿਰੀ ਛਤਰੀ ਵਾਲਾ ਮੰਦਿਰ ਹੈ.

ਅਠਸਠੇ: ਦੇਖੋ, ਅਠਸਠਿ. "ਦਸ ਅਠਾ ਅਠਸਠੇ ਚਾਰੇ ਖਾਣੀ." (ਧਨਾ ਰਵਦਾਸ) ਅਠਾਰਾਂ ਪੁਰਾਣ ਅਠਾਸਠ ਤੀਰਥ.

ਅਠ ਸਾਖੀ: ਦੇਖੋ, ਅਸਟ ਸਾਖੀ.

ਅਠ ਕਾਠਾ: ਸੰ. अष्टकाष्टा- ਅਸ਼੍ਟ ਰਾਸ਼੍ਟਾ ਅੱਠ ਦਿਸ਼ਾ। ੨. ਦੋ ਪੈਰ, ਦੋ ਗੋਡੇ, ਦੋ ਬਾਹਾਂ, ਛਾਤੀ ਅਤੇ ਕਪਾਲ (ਸਿਰ ਦੀ ਖੋਪਰੀ) ਜਿਸ ਦੇ ਕਾਠ ਜੇਹੇ ਕਠੋਰ ਹਨ. ਭਾਵ- ਕਰੜੇ ਸ਼ਰੀਰ ਵਾਲਾ.

ਅਠਕਾਠਾ ਮਨ: ਦੇਖੋ, ਅਠ ਕਾਠਾ. ਅੱਠ ਦਿਸ਼ਾ ਧਾਉਣ ਵਾਲਾ ਮਨ. ਚੰਚਲ ਮਨ.

ਅਠਕੁਲ: ਦੇਖੋ, ਅਸ਼੍ਟ ਕੁਲ.

ਅਠਖੇਲੀ: ਵਿ- ਚਾਲਾਕ. ਜੋ ਕਈ ਖੇਡਾਂ ਖੇਡੇ। ੨. ਅੱਠ ਦਿਸ਼ਾ ਵਿੱਚ ਫਿਰਕੇ ਜਿਸ ਨੇ ਕਈ ਕੌਤਕ ਸਿੱਖੇ ਹਨ.

ਅਠਖੰਡ: ਅੱਠ ਟੁਕੜੇ। ੨. ਅੱਠ ਵਿਕਾਰਾਂ ਦਾ ਖੰਡਨ. "ਅਠੀ ਪਹਿਰੀ ਅਠਖੰਡ." (ਵਾਰ ਮਾਝ ਮਃ ੨) ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਮਾਇਆ ਦੇ ਤਿੰਨ ਗੁਣ। ੩. ਵਰਣਾਸ਼੍ਰਮਾ ਦੇ ਅੱਠ ਵਿਭਾਗ। ੪. ਚਾਰ ਵਰਣ ਅਤੇ ਚਾਰ ਮਜ਼ਹਬਾਂ ਦੇ ਭੇਦ. "ਅਠ ਖੰਡ ਪਾਖੰਡ ਮਹਿ, ਗੁਰੁਮਤ ਇਕਮਨ ਇੱਕ ਧਿਆਯਾ." (ਭਾਗੁ)

ਅਠ ਜੋਗਣੀਆਂ: ਦੇਖੋ, ਯੋਗਿਨੀ.

ਅਠਟ, ਅਠੱਟ: ਵਿ- ਜੋ ਕਿਸੇ ਕਰਕੇ ਠਟਿਆ ਹੋਇਆ ਨਹੀਂ. ਅਕ੍ਰਿਤ੍ਰਿਮ. ਸ੍ਵਯੰਭੂ। ੨. ਦੇਖੋ, ਬੱਟ.

ਅਠਤਰ: ਅਸ਼੍ਟਸਪ੍ਤਤਿ. ਅੱਠ ਅਤੇ ਸੱਤਰ- ੭੮.

ਅਠਤਰਾ: ਵਿ- ਅੱਠਤਰਵਾਂ. ਦੇਖੋ, ਆਵਨ ਅਠਤਰੈ.

ਅਠਦਸ: ਅਸ਼੍ਟਾਦਸ ਅੱਠ ਅਤੇ ਦਸ਼. ਅਠਾਰਾਂ ੧੮। ੨. ਭਾਵ ਅਠਾਰਾਂ ਪੁਰਾਣ. ਦੇਖੋ, ਪੁਰਾਣ। ੩. ਅਠਾਰਾਂ ਸਿੱਧੀਆਂ ਦੇਖੋ, ਅਠਾਰਹ ਸਿਧੀ. "ਜਉ ਗੁਰਦੇਉ ਅਠਦਸ ਬਿਉਹਾਰ." (ਭੈਰ ਨਾਮਦੇਵ) ੪. ਅਠਾਰਾਂ ਵਰਣ. ਦੇਖੋ, ਦਸਅਠ ਵਰਨ.

ਅਠਦਸ ਗੰਠੀ ਖੋਲੈ ਜੋਇ: (ਰਤਨਮਾਲਾ) ਅਠਾਰਾਂ ਵਰਣਾਂ ਦੇ ਭਰਮ ਦੀ ਮਨ ਵਿੱਚ ਪਈ ਗੱਠ ਨੂੰ ਜੋ ਖੋਲ੍ਹੇ. ਭਾਵ- ਜਾਤਿ ਵਰਣ ਦੇ ਵਹਿਮ ਨੂੰ ਛੱਡੇ.

ਅਠਦਸ ਵਰਨ: ਦੇਖੋ, ਦਸ ਅਠ ਵਰਨ.

ਅਠਪਹਿਰੀ: ਸੰਗਯਾ- ਉਹ ਅਜਵਾਯਨ (ਜਵਾਇਣ) ਜੋ ਅੱਠ ਪਹਿਰ ਕੋਰੇ ਕੁੱਜੇ ਅੰਦਰ ਪਾਣੀ ਵਿੱਚ ਭਿੱਜੀ ਰਹੇ. ਇਸ ਨੂੰ ਸਵੇਰ ਵੇਲੇ ਰਗੜਕੇ ਪੀਂਦੇ ਹਨ. ਇਹ ਬਦਹਜਮੀ ਅਤੇ ਤਾਪ ਆਦਿ ਰੋਗਾਂ ਨੂੰ ਦੂਰ ਕਰਦੀ ਹੈ.

ਅਠਪਹਿਰੀਆ: ਵਿ- ਜੋ ਅੱਠ ਪਹਿਰਾਂ ਵਿੱਚ ਇੱਕੋ ਵੇਰ ਭੋਜਨ ਕਰੇ.

ਅਠਪੁਰੀਆਂ: ਪੁਰਾਣਾਂ ਦੀਆਂ ਕਲਪੀਆਂ ਅੱਠ ਦੇਵਤਿਆਂ ਦੀਆਂ ਅੱਠ ਪੁਰੀਆਂ ਦੇਵਧਾਨੀ (ਇੰਦ੍ਰ ਦੀ), ਆਗਨੇਯੀ (ਅਗਨਿ ਦੀ), ਸੰਯਮਨੀ (ਯਮ ਦੀ), ਨੈਰਿਤੀ (ਨੈਰਿਤ ਦੀ), ਵਾਰੁਣੀ (ਵਰੁਣ ਦੀ), ਵਾਯਵੀ (ਪੌਣ ਦੀ), ਵਿਭਾਵਰੀ (ਚੰਦ੍ਰਮਾ ਦੀ), ਐਸ਼ਾਨੀ (ਸ਼ਿਵ ਦੀ).

ਅਠਰਾਹਾ: ਸੰ. ਮ੍ਰਿਤਵਤਸਾ ਬੰਧਯਾ ਦੋਸ਼. ਜਨਮ ਤੋਂ ਅੱਠਵੇਂ ਅਥਵਾ ਅਠਾਰਵੇਂ ਦਿਨ, ਅਤੇ ਅਠਾਰਾਂ ਮਹੀਨਿਆਂ ਵਿੱਚ ਸੰਤਾਨ ਦੀ ਮੌਤ ਹੋਣ ਕਰਕੇ ਪ੍ਰਸਿੱਧ ਨਾਉਂ ਅਠਰਾਹਾ ਹੋ ਗਿਆ ਹੈ. ਅਰ ਤੰਤ੍ਰ ਸ਼ਾਸਤ੍ਰ ਵਾਲੇ ਅੱਠ ਜੋਗਣੀਆਂ ਦੇ ਅਸਰ ਤੋਂ ਇਹ ਰੋਗ ਹੋਣਾ ਮੰਨਦੇ ਹਨ, ਪਰ ਇਹ ਬਾਤ ਸਹੀ ਨਹੀਂ ਕਿ ਅੱਠ ਦੀ ਗਿਣਤੀ ਤੇ ਹੀ ਮੌਤ ਆਉਂਦੀ ਹੈ. ਵਿਦ੍ਵਾਨਾਂ ਨੇ ਤਿੰਨ ਪ੍ਰਕਾਰ ਦੀ ਬਾਂਝ ਇਸਤ੍ਰੀ ਲਿਖੀ ਹੈ:-

(ੳ) ਕਾਕ ਬੰਧਯਾ- ਜਿਸ ਦੇ ਇੱਕ ਸੰਤਾਨ ਹੋਕੇ ਫੇਰ ਨਾ ਹੋਵੇ.

(ਅ) ਗਰਭਸ੍ਰਾਵੀ- ਜਿਸ ਦੇ ਗਰਭ ਸ੍ਰਵ ਜਾਣ ਜਾਂ ਪਾਤ ਹੋ ਜਾਣ.

(ੲ) ਮ੍ਰਿਤਵਤਸਾ- ਜਿਸ ਦੇ ਔਲਾਦ ਪੈਦਾ ਹੋਕੇ ਜਿਉਂਦੀ ਨਾ ਰਹੇ. ਇਸੇ ਦੋਸ਼ ਦਾ ਨਾਉਂ ਅਠਰਾਹਾ ਹੈ. ਇਹ ਰੋਗ ਮਾਤਾ ਪਿਤਾ ਦੇ ਰਜ ਅਤੇ ਵੀਰਯ ਵਿੱਚ ਵਿਕਾਰ ਹੋਣ ਤੋਂ ਹੁੰਦਾ ਹੈ, ਅਤੇ ਇਸ ਦਾ ਸਭ ਤੋਂ ਵਡਾ ਕਾਹਰਣ ਬਾਦਫਿਰੰਗ ਹੈ. ਬੱਚੇ ਨੂੰ ਪਾਲਣ ਵਾਲੀ ਖੁਰਾਕ ਜਦ ਗਰਭ ਵਿੱਚ ਨਹੀਂ ਮਿਲਦੀ ਅਤੇ ਉਸ ਦਾ ਲਹੂ ਭੀ ਵਿਕਾਰੀ ਹੋ ਜਾਂਦਾ ਹੈ, ਤਦ ਮੌਤ ਦਾ ਹੋਣਾ ਅਵੱਸ਼ ਹੈ.

ਇਸ ਦਾ ਸਭ ਤੋਂ ਚੰਗਾ ਇਲਾਜ ਇਹ ਹੈ ਕਿ ਮਾਤਾ ਪਿਤਾ ਆਪਣੇ ਸ਼ਰੀਰ ਨੂੰ ਰੋਗ ਤੋਂ ਸਾਫ ਕਰਨ, ਫੇਰ ਗਰਭ ਠਹਿਰਣ ਪੁਰ ਮੈਥੁਨ ਦਾ ਤਿਆਗ ਕਰਨ. ਮਾਤਾ ਖਾਣ ਪੀਣ ਦਾ ਪੂਰਾ ਸੰਜਮ ਰੱਖੇ. ਲੂਣ ਦਾ ਘੱਟ ਸੇਵਨ ਕਰੇ, ਅਤੇ ਦੁੱਧ ਚਾਉਲ ਆਦਿ ਹਲਕੀ ਗ਼ਿਜ਼ਾ ਖਾਵੇ. ਸ੍ਵਛ ਪੌਣ ਵਿੱਚ ਬਹੁਤ ਸਮਾਂ ਬਿਤਾਵੇ ਅਤੇ ਵਸਤ੍ਰ ਨਿਰਮਲ ਰੱਖੇ.

ਅਸਗੰਧ, ਹਲਦੀ, ਚਿਤ੍ਰਾ, ਦਾਰੁਹਲਦੀ, ਦੇਵਦਾਰੁ, ਹਰੜ, ਛੋਟੀ ਇਲਾਚੀ, ਪਿੱਤਪਾਪੜਾ, ਏਲੂਆ, ਕਚੂਰ, ਮੂੰਗੇ ਦੀ ਸੁਆਹ, ਅਜਮੋਦ, ਕੌਲਡੋਡੇ ਦੀ ਗਿਰੀ, ਕਸੁੰਭਾ, ਰਸੌਂਤ, ਲਾਲ ਚੰਦਨ, ਵਾਯਵੜਿੰਗ. ਇਹ ਸਭ ਬਰੋਬਰ ਲੈਕੇ ਬਰੀਕ ਪੀਹ ਅਤੇ ਛਾਣਕੇ ਬੋਤਲ ਵਿੱਚ ਮੂੰਹ ਬੰਦ ਕਰਕੇ ਰੱਖੇ. ਜਦ ਗਰਭ ਠਹਿਰੇ ਤਦ ਇਸਤ੍ਰੀ ਇਹ ਚੂਰਣ ਦੋ ਮਾਸੇ ਨਿੱਤ ਜਲ ਨਾਲ ਛੀ ਮਹੀਨੇ ਖਾਂਦੀ ਰਹੇ. ਸੱਤਵਾਂ ਮਹੀਨਾ ਸ਼ੁਰੂ ਹੋਣ ਤੋਂ ਛੱਡ ਦੇਵੇ. ਐਸਾ ਕਰਨ ਤੋਂ ਅਠਰਾਹਾ ਅਸਰ ਨਹੀਂ ਕਰਦਾ.

ਅਠਵਾਰਾ, ਅਠਵਾੜਾ: ਸੰਗਯਾ- ਅੱਠ ਦਿਨਾ (ਵਾਰਾਂ) ਦਾ ਸਮਾਂ. ਸਤਵਾਰੇ (ਹਫਤੇ) ਲਈ ਇਹ ਸ਼ਬਦ ਵਰਤਿਆ ਹੈ.

ਅਠਵਾੜਾ ਤਾਪ: ਦੇਖੋ, ਤਾਪ (ਅ)

ਅਠਾਮ: ਵਿ- ਥਾਉਂ (ਸ੍ਥਾਨ) ਰਹਿਤ. ਜਿਸ ਦੀ ਕੋਈ ਖ਼ਾਸ ਥਾਂ ਨਹੀਂ. "ਨਮਸ੍ਤੰ ਅਠਾਮੇ." (ਜਾਪੁ)

ਅਠਾਰਹ: ਅਸ਼੍ਟਾਦਸ਼. ਅੱਠ ਅਤੇ ਦਸ਼. ਅਠਾਰਾਂ। ੨. ਭਾਵ ਅਠਾਰਾਂ ਪੁਰਾਣ. ਦੇਖੋ, ਪੁਰਾਣ। ੩. ਭਾਵ ਅਠਾਰਾਂ ਕੁਲ ਸੱਪਾਂ ਦੇ. "ਤਿਨ ਕਰਿ ਜਗ ਅਠਾਰਹ ਘਾਏ." (ਪ੍ਰਭਾ ਅਃ ਮਃ ੧) ਸੱਪਾਂ ਦੇ ਅੱਠ ਅਤੇ ਅਠਰਾਹ ਕੁਲ ਗ੍ਰੰਥਾਂ ਵਿੱਚ ਦੇਖੀਦੇ ਹਨ. ਅੱਠਕੁਲ ਅਸ਼੍ਟ ਕੁਲ ਸ਼ਬਦ ਵਿੱਚ ਲਿਖੇ ਹਨ. ਉਨ੍ਹਾਂ ਨਾਲ ਦਸ ਹੋਰ ਮਿਲਾਉਣ ਤੋਂ ਅਠਾਰਹ ਕੁਲ ਹੁੰਦੇ ਹਨ. ਦਸ਼ ਕੁਲ ਇਹ ਹਨ:-

ਸੁਬੁੱਧਿ, ਨੰਦਸਾਰਿ, ਪ੍ਰਿਥੁਸ਼੍ਰਵਾ, ਤਕ, ਅਸ਼੍ਵਤਰ, ਹੇਮਮਾਲਿਨ, ਨਰੇਂਦ੍ਰ, ਵਜ੍ਰਦ੍ਰਿਸ਼੍ਟਿ, ਵ੍ਰਿਸ਼ ਅਤੇ ਕੁਲੀਰ.

**ਅਠਾਰਹ ਸਿਧੀ:** ਅਸ਼੍ਟਾਦਸ਼ ਸਿੱਧਿ. ਅਠਾਰਾਂ ਕਰਾਮਾਤਾਂ, ਅਠਾਰਾਂ ਸ਼ਕਤੀਆਂ. ਅੱਠ ਸਿੱਧੀਆਂ ਅਸਟ ਸਿਧਿ ਸ਼ਬਦ ਵਿੱਚ ਦੇਖੋ. ਬਾਕੀ ਦਸ ਇਹ ਹਨ:-

ਅਨੂਰਮਿ (ਭੁੱਖ ਤੇਹ ਦਾ ਨਾ ਵਜਾਪਣਾ),

ਦੂਰ ਸ਼੍ਰਵਣ (ਦੂਰੋਂ ਸਭ ਗੱਲ ਸੁਣ ਲੈਣੀ),

ਦੂਰ ਦਰਸ਼ਨ (ਦੂਰ ਦੇ ਨਜ਼ਾਰੇ ਅੱਖਾਂ ਸਾਮ੍ਹਣੇ ਵੇਖਣੇ),

ਮਨੋਵੇਗ (ਮਨ ਦੀ ਚਾਲ ਤੁੱਲ ਛੇਤੀ ਜਾਣਾ),

ਕਾਮ ਰੂਪ (ਜੇਹਾ ਮਨ ਚਾਹੇ ਤੇਹਾ ਰੂਪ ਧਾਰਨਾ),

ਪਰਕਾਯ ਪ੍ਰਵੇਸ਼ (ਦੂਸਰੇ ਦੀ ਦੇਹ ਵਿੱਚ ਪ੍ਰਵੇਸ਼ ਕਰ ਜਾਣਾ),

ਸ੍ਵਛੰਦ ਮ੍ਰਿਤ੍ਯੁ (ਆਪਣੀ ਇੱਛਾ ਅਨੁਸਾਰ ਮਰਨਾ),

ਸੁਰਕ੍ਰੀੜਾ (ਦੇਵਤਿਆਂ ਨਾਲ ਮਿਲਕੇ ਮੌਜਾਂ ਲੁੱਟਣੀਆਂ),

ਸੰਕਲਪ ਸਿੱਧਿ (ਜੋ ਚਿਤਵਣਾ ਸੋ ਪੂਰਾ ਹੋ ਜਾਣਾ),

ਅਪ੍ਰਤਿਹਤ ਗਤਿ (ਕਿਸੇ ਥਾਂ ਜਾਣ ਵਿੱਚ ਰੁਕਾਵਟ ਨਾ ਪੈਣੀ). "ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ." (ਵਾਰ ਸੋਰ ਮਃ ੩)

**ਅਠਾਰਹ ਦਸ ਬੀਸ:** ਅਠਤਾਲੀ- ੪੮. "ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ." (ਮਾ ਸੰ)

**ਅਠਾਰਹ ਭਾਰ:** ਭਾਵ- ਸਰਵ ਵਨਸਪਤਿ. ਖ਼ਿਆਲ ਇਹ ਹੈ ਕਿ ਜੇ ਸਾਰੇ ਬਿਰਛਾਂ ਬੂਟਿਆਂ ਅਤੇ ਬੇਲਾਂ ਦਾ ਇੱਕ ਇੱਕ ਪੱਤਾ ਅਥਵਾ ਫੁੱਲ ਲੀਤਾ ਜਾਵੇ, ਤਾਂ ਅਠਾਰਹ ਭਾਰ, ਅਰਥਾਤ ਨੱਵੇ ਮਣ ਕੱਚੇ, ਹੋ ਜਾਂਦੇ ਹਨ. ਪੰਜ ਮਣ ਕੱਚੇ ਦਾ ਇੱਕ ਭਾਰ ਹੁੰਦਾ ਹੈ. ਦੇਖੋ, ਭਾਰ. "ਅਠਾਰਹ ਭਾਰ ਬਨਸਪਤੀ." (ਮਲਾ ਨਾਮਦੇਵ) "ਰੋਮਾਵਲਿ ਕੋਟਿ ਅਠਾਰਹ ਭਾਰ." (ਭੈਰ ਅਃ ਕਬੀਰ) ੨. ਅਠਾਰਹ ਪਰਵ ਵਾਲਾ ਮਹਾਂਭਾਰਤ. ਦੇਖੋ, ਭਾਰ ਅਠਾਰ.

**ਅਠਾਰਹਿ:** ਦੇਖੋ, ਅਠਾਰਹ.

**ਅਠਾਰਹਿ ਸਿੱਧੀ:** ਦੇਖੋ, ਅਠਾਰਹ ਸਿਧੀ.

**ਅਠਾਰਹਿ ਗੋਤ:** ਦੇਖੋ, ਦਸਅਠ ਵਰਣ.

**ਅਠਾਰਹਿ ਘਾਏ:** ਦੇਖੋ, ਅਠਾਰਹ ੩.

**ਅਠਾਰਹਿ ਤੀਰਥ:** ਦੇਖੋ, ਤੀਰਥ ੧੧

**ਅਠਾਰਹਿ ਪੁਰਾਣ:** ਦੇਖੋ, ਪੁਰਾਣ.

**ਅਠਾਰਹਿ ਬਰਣ:** ਦੇਖੋ, ਦਸਅਠ ਵਰਣ.

**ਅਠਾਰਹਿ ਭਾਰ:** ਦੇਖੋ, ਅਠਾਰਹ ਭਾਰ.

**ਅਠਾਰਹਿ ਵਿਦ੍ਯਾ:** ਅਠਾਰਾਂ ਵਸਤੂਆਂ ਦਾ ਗ੍ਯਾਨ. ਅਠਾਰਾਂ ਇਲਮ. ਚਾਰ ਵੇਦ, ਛੀ ਵੇਦਾਂਗ, ਮੀਮਾਂਸਾ, ਨ੍ਯਾਯ, ਪੁਰਾਣ, ਮਨੁ ਸਿਮ੍ਰਿਤ ਆਦਿ ਧਰਮ ਸ਼ਾਸਤ੍ਰ, ਆਯੁਰ ਵੇਦ, ਧਨੁਰ ਵੇਦ, ਗੰਧਰਵ ਵੇਦ, ਅਤੇ ਨੀਤਿ ਸ਼ਾਸਤ੍ਰ, ਏਹ ਅਠਾਰਾਂ ਵਿਦ੍ਯਾ ਹਨ. ਦੇਖੋ, ਵਿਸ਼ਨੁ ਪੁਰਾਣ, ਅੰਸ਼ ੩, ਅਃ ੬। ੨. ਦੇਖੋ, ਵਿਦ੍ਯਾ ਸ਼ਬਦ.

**ਅਠਾਰਾਂ:** ਦੇਖੋ, ਅਠਾਰਹ.

**ਅਠਿਓ:** ਵਿ- ਅਸ਼੍ਟਮ. ਆਠਵਾਂ. "ਅਠਿਓ ਸਿਰ ਢੋਰੈ ਨਵਮ ਨਿਹੋਰੈ." (ਰਾਮਾਵ)

**ਅਠੂਹਾਂ:** ਸੰਗ੍ਯਾ- ਅੱਠ ਪੈਰਾਂ ਵਾਲਾ ਜੀਵ- ਠੂਹਾਂ. ਵ੍ਰਿਸ਼੍ਚਿਕ. ਬਿੱਛੂ. "ਮੰਤ੍ਰੀ ਹੋਇ ਅਠੂਹਿਆ, ਨਾਗੀ ਲਗੈ ਜਾਇ." (ਵਾਰ ਮਾਝ ਮਃ ੨)

**ਅਠੋਤਰ:** ਸੰ. ਅਸ਼੍ਟੋੱਤਰ. ਵਿ- ਅੱਠ ਉੱਪਰ. ਕਿਸੇ ਗਿਣਤੀ ਦੇ ਉੱਪਰ ਅੱਠ ਹੋਰ. "ਜਿਉ ਸਉ ਤਿਵੈਂ ਅਠੋਤਰ ਲਾਯਾ." (ਭਾਗੁ) ਦੇਖੋ, ਜਪਮਾਲਾ ਅਤੇ ਤਮਬੀ ਸ਼ਬਦ.

**ਅਠੋਤਰੀ ਮਾਲਾ:** ਸੰਗ੍ਯਾ- ਸੌ ਤੋਂ ਅੱਠ ਉੱਪਰ ਮਣਕਿਆਂ ਵਾਲੀ ਜਪਮਾਲਾ. ਦੇਖੋ, ਜਪਮਾਲਾ ਸ਼ਬਦ.

**ਅੱਠ:** ਦੇਖੋ, ਅਠ.

**ਅੱਠ ਅਠਾਰਹਿ ਬਾਰਹਿ ਬੀਸ:** ਦੇਖੋ, ਅਠ ਅਠਾਰਹਿ.

**ਅਡ:** ਸੰ. अड. ਧਾ- ਉੱਦਮ ਕਰਨਾ. ਫੈਲਣਾ. ਅਧਿਕਾਰ ਵਿੱਚ ਲਿਆਉਣਾ.

**ਅਡਨ ਸ਼ਾਹ, ਅਡਨ ਸ਼ਾਹੀ:** ਜਿਲਾ ਗੁੱਜਰਾਂਵਾਲਾ ਦੇ ਸੋਦਰਾ ਪਿੰਡ ਦਾ ਵਸਨੀਕ, ਧੰਮਨ ਗੋਤ ਦਾ ਖਤ੍ਰੀ ਘਨੱਯਾ (ਘਨਈਆ) ਰਾਮ ਗੁਰੂ ਤੇਗ ਬਹਾਦੁਰ ਜੀ ਦਾ ਸਿੱਖ ਹੋਇਆ. ਇਹ ਲੰਗਰ ਲਈ ਜਲ ਢੋਣ ਦੀ ਸੇਵਾ ਕੀਤਾ ਕਰਦਾ ਸੀ. ਦਸਵੇਂ ਪਾਤਸ਼ਾਹ ਵੇਲੇ ਇਸ ਨੇ ਆਨੰਦਪੁਰ ਦੇ ਜੰਗਾਂ ਵਿੱਚ ਜਖਮੀ ਸਿੱਖਾਂ ਅਤੇ ਮੁਸਲਮਾਨਾਂ ਨੂੰ ਸਮਭਾਵ ਨਾਲ ਜਲ ਪਿਆਕੇ ਅਤੇ ਮਰਹਮ ਪੱਟੀ ਕਰਕੇ ਸਤਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ. ਕਲਗੀਧਰ ਨੇ ਘਨੱਯਾਰਾਮ ਨੂੰ ਆਪਣਾ ਦਸਤੀ ਰੁਮਾਲ ਬਖਸ਼ਕੇ ਮਹੰਤ ਥਾਪਿਆ. ਇਸ ਦੀ ਗੱਦੀ ਤੇ ਸਹਜ ਰਾਮ, ਰਾਣਾ ਰਾਮ, ਲਛਮਨ ਰਾਮ, ਨਾਰਾਯਣ ਰਾਮ, ਸਾਹਿਬ ਰਾਮ, ਭਦ੍ਰ ਰਾਮ, ਸੰਤੋਖ ਰਾਮ, ਅਡਨ ਸ਼ਾਹ ਅਤੇ ਸੇਵਾਰਾਮ ਆਦਿ ਮਹੰਤ ਹੋਏ. ਅਡਨ ਸ਼ਾਹ ਅਤੇ ਸੇਵਾਰਾਮ ਮਹਾਂ ਪ੍ਰਤਾਪੀ ਅਤੇ ਕਰਨੀ ਵਾਲੇ ਹੋਏ ਹਨ, ਇਸ ਲਈ ਘਨੱਯਾ ਰਾਮ ਦੀ ਸੰਪ੍ਰਦਾਯ ਦਾ ਨਾਉਂ "ਅਡਨਸ਼ਾਹੀ" ਅਤੇ "ਸੇਵਾ ਪੰਥੀ" ਪ੍ਰਸਿੱਧ ਹੋਗਿਆ ਹੈ. ਸੇਵਾਪੰਥੀਆਂ ਦਾ ਮਸ਼ਹੂਰ ਡੇਰਾ ਥਲ (ਸਿੰਧ ਸਾਗਰ ਦੋਆਬ) ਵਿੱਚ ਹੈ.

ਅਡਨ ਸ਼ਾਹੀ ਸਿੱਖ ਸਾਧੂ ਧਰਮਕਿਰਤ ਕਰਕੇ ਨਿਰਵਾਹ ਕਰਦੇ ਹਨ. ਪੁਰਾਣੇ ਲਿਖਾਰੀ ਅਡਨ ਸ਼ਾਹੀਆਂ ਦੀ ਬਣਾਈ ਸਿਆਹੀ (ਰੌਸ਼ਨਾਈ) ਵਰਤਿਆ ਕਰਦੇ ਸਨ, ਅਤੇ ਇਸ ਦਾ ਨਾਉਂ ਹੀ "ਅਡਨ ਸ਼ਾਹੀ ਸਿਆਹੀ" ਪ੍ਰਸਿੱਧ ਸੀ.

**ਅਡਰ:** ਵਿ- ਡਰ ਰਹਿਤ. ਨਿਰਭੈ.

**ਅਡਾਟ:** ਵਿ- ਡਾਟਨ (ਧਮਕਾਂਉਣ) ਤੋਂ ਰਹਿਤ. ਦੇਖੋ, ਡਾਟ. "ਅਡਾਟਸ੍ਯ" (ਗ੍ਯਾਨ)

**ਅਡਾਣ:** ਦੇਖੋ, ਆਡਾਣ.

**ਅਡੀਠ, ਅਡੀਠੁ:** ਵਿ- ਅਦ੍ਰਿਸ਼੍ਯ. ਜੋ ਵੇਖਿਆ ਨਾ ਜਾ ਸਕੇ. "ਘਟਿ ਘਟਿ ਡੀਠੁ ਅਡੀਠੁ." (ਸ੍ਰੀ. ਅਃ ਮਃ ੧)

**ਅਡੋਲ:** ਵਿ- ਡੋਲਣ ਰਹਿਤ. ਅਚੰਚਲ. ਸ੍ਥਿਤ. ਕ਼ਾਯਮ.

**ਅਡੰਗ:** ਵਿ- ਬਿਨਾ ਡੰਗ. ਦੰਸ਼ਨ (ਡਸਣ) ਬਿਨਾ. ਦੇਖੋ, ਡੰਗ.

**ਅਡੰਡ:** ਸੰ. अदण्ड्य- ਅਦੰਡ੍ਯ. ਵਿ- ਜੋ ਦੰਡ ਯੋਗ੍ਯ ਨਹੀਂ. ਜਿਸ ਨੂੰ ਸਜ਼ਾ ਨਾ ਦਿੱਤੀ ਜਾ ਸਕੇ.

**ਅਡੰਬਰ:** ਸੰ. आडम्बर- ਆਡੰਬਰ. ਸੰਗ੍ਯਾ- ਉੱਪਰਲੀ ਬਣਾਉਟ. ਦਿਖਾਵਾ। ੨. ਪਾਖੰਡਜਾਲ। ੩. ਤੰਬੂ. ਖ਼ੇਮਾ। ੪. ਉਛਾੜ. ਗ਼ਿਲਾਫ। ੫. ਹਾਥੀ ਅਤੇ ਤੁਰ੍ਹੀ ਦੀ ਆਵਾਜ਼। ੬. ਸਜਧਜ. ਠਾਟਬਾਟ. "ਨਾਨਕ ਹਭ ਅਡੰਬਰ ਕੂੜਿਆ" (ਵਾਰ ਜੈਤ)

ਅੱਡ: ਵਿ- ਜੁਦਾ. ਵੱਖ. ਅਲਗ। ੨. ਸੰ. ਅਡ੍ਡ. ਧਾ- ਜੋੜਨਾ, ਘੇਰਨਾ, ਹੱਲਾ ਕਰਨਾ. ਯਤਨ ਕਰਨਾ.

ਅੱਡਣਾ: ਕ੍ਰਿ- ਤਾਣਨਾ. ਫੈਲਾਉਣਾ. ਪਸਾਰਨਾ. ਟੱਡਣਾ. ਚੌੜਾ ਕਰਨਾ.

ਅੱਡਾ: ਸੰਗਯਾ- ਰਹਿਣ ਦੀ ਥਾਂ. ਬੈਠਣ ਦਾ ਠਿਕਾਣਾ। ੨. ਲੋਹੇ ਕਾਠ ਆਦਿ ਦਾ ਢਾਂਚਾ, ਜਿਸ ਉੱਪਰ ਨਾਲਾ ਗੋਟਾ ਕਿਨਾਰੀ ਆਦਿ ਵਸਤੂਆਂ ਬੁਣੀਆਂ ਜਾਂਦੀਆਂ ਹਨ। ੩. ਦੇਖੋ, ਆਡਾ.

ਅੱਡੀ: ਸੰਗਯਾ- ਏਡੀ. ਖੁਰੀ. ਪੈਰ ਦਾ ਪਿਛਲਾ ਭਾਗ. ਸੰਸਕ੍ਰਿਤ ਵਿੱਚ ਏਡੂਕ ਉਸ ਦੀਵਾਰ (ਕੰਧ) ਨੂੰ ਆਖਦੇ ਹਨ ਜਿਸ ਅੰਦਰ ਹੱਡਾਂ ਦੀ ਚਿਣਾਈ ਹੋਵੇ. ਸੋ ਅੱਡੀ ਦੀ ਬਣਾਉਟ ਭੀ ਅਜੇਹੀ ਹੈ.

ਅਢ: ਵਿ- ਅਰਧ. ਅੱਧਾ। ੨. ਸੰਗਯਾ- ਦਮੜੀ ਦਾ ਅੱਧਾ ਭਾਗ. ਦੇਖੋ, ਅਢੁ.

ਅਢ ਆਢ: ਸੰਗਯਾ- ਅੱਧੀ ਦਮੜੀ ਦਾ ਅੱਧ. ਦਮੜੀ ਦਾ ਚੌਥਾ ਹਿੱਸਾ।

ਅਢਾਈ: ਵਿ- ਦ੍ਵਿ- ਅਰਧੰ. ਦੋ ਅਤੇ ਅੱਧਾ. ਢਾਈ. "ਪਾਚਨੁ ਸੇਰ ਅਢਾਈ." (ਗਉ ਕਬੀਰ) ਦੇਖੋ, ਗਜ ਨਵ.

ਅਢਾਈ ਘਰ: ਦੇਖੋ, ਢਾਈ ਘਰ.

ਅਢੁ: ਦੇਖੋ, ਅਢ. "ਅਢੁ ਨ ਲਹਦੜੋ ਮੁਲੁ." (ਵਾਰ ਜੈਤ)

ਅਢੁਕ, ਅਢੂਕ: ਵਿ- ਜਿਸ ਥਾਂ ਢੁੱਕਿਆ (ਪਹੁੰਚਿਆ) ਨਾ ਜਾਵੇ. ਅਗਮ੍ਯ. ਦੁਰਗਮ.

ਅਢੂਣਾ: ਵਿ- ਢਾਈ ਗੁਣਾ. "ਲਹੈ ਅਢੂਣੇ ਦੰਮ." (ਮਗੋ)

ਅਣ: ਸੰ. ਅਣ੍. ਧਾ- ਸ਼ਬਦ ਕਰਨਾ. ਜਿਉਂਦੇ ਰਹਿਣਾ. ਬਲਵਾਨ ਹੋਣਾ। ੨. ਸੰ. ਅਨ- ਅਨ. ਕ੍ਰਿ. ਵਿ- ਬਿਨਾ. ਬਗ਼ੈਰ. "ਬੰਧਨ ਸਉਦਾ ਅਣਬੀਚਾਰੀ." (ਆਸਾ ਅਃ ਮਃ ੧) ੩. ਦੇਖੋ, ਅਨ.

ਅਣਹੁੰਦਾ: ਵਿ- ਕਿਸੇ ਪਦਾਰਥ ਦੇ ਹੋਣ ਤੋਂ ਬਿਨਾ।

੨. ਧਨ ਵਿਦ੍ਯਾ ਆਦਿ ਵਸਤੂਆਂ ਤੋਂ ਬਿਨਾ।

੩. ਨਿਰਧਨ. ਦਰਿਦ੍ਰ.

ਅਣਹੋਣੀ: ਸੰਗਯਾ- ਨਾ ਹੋਣ ਵਾਲੀ ਬਾਤ। ੨. ਵਿ- ਅਣਬਣ. ਅਸੰਭਵ.

ਅਣਹੋਂਦਾ: ਦੇਖੋ, ਅਣਹੁੰਦਾ. "ਅਣਹੋਦਾ ਨਾਉ ਧਰਾਇਓ ਪਾਧਾ." (ਆਸਾ ਪਟੀ ਮਃ ੩)

ਅਣਹੋਦੀ: ਵਿ- ਹੋਂਦ (ਅਸ੍ਤਿਤ੍ਵ) ਤੋਂ ਬਿਨਾ ਹੀ ਮਿਥ੍ਯਾ ਖ਼ਿਆਲ ਨਾਲ ਭਾਸਣ ਵਾਲੀ। ੨. ਸੰਗਯਾ- ਅਸਤ੍ਯਤਾ. ਅਣਹੋਂਦ. "ਹੋਦੀ ਕਉ ਅਣਹੋਦੀ ਹਿਰੈ." (ਰਾਮ ਮਃ ੫) ਮਾਇਕ ਪਦਾਰਥਾਂ ਵਿੱਚ ਸਤ੍ਯ ਭਾਵਨਾ ਨੂੰ, ਅਸਤ੍ਯਤਾ ਦਾ ਨਿਸ਼ਚਾ. ਭਾਵ- ਵੈਰਾਗ ਭਾਵਨਾ, ਹਿਰੈ (ਦੂਰ ਕਰਦੀ ਹੈ).

ਅਣਕਾ: ਇੱਕ ਗਣ ਛੰਦ. ਇਸ ਦਾ ਨਾਉਂ "ਅਕਰਾ" "ਅਨਹਦ" "ਅਨੁਭਵ" "ਸ਼ਸ਼ਿਵਦਨਾ" "ਚੰਡਰਸਾ" ਅਤੇ "ਮਧੁਰਧੁਨਿ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਨ, ਯ. ।।।, ।SS.

ਉਦਾਹਰਣ-

ਜਬ ਸਰ ਲਾਗੇ। ਤਬ ਸਭ ਭਾਗੇ।

ਦਲਪਤਿ ਮਾਰੇ। ਭਟ ਭਟਕਾਰੇ॥ (ਰਾਮਾਵ)

ਅਣਖ: ਸੰਗਯਾ- ਅਨਜ- ਅੱਖ. ਓਹ ਕ੍ਰਿਯਾ, ਜਿਸ ਤੋਂ ਅੱਖ ਬਦਲ ਜਾਵੇ। ੨. ਵੀਰਰਸ ਦੀ ਉਮੰਗ। ੩. ਸ੍ਵੈ ਸਤਕਾਰ ਦੀ ਚਾਹ.

ਅਣਖੀ, ਅਣਖੀਆ: ਵਿ- ਅਣਖ ਵਾਲਾ. ਗੁਸੈਲਾ। ੨. ਸ੍ਵੈ ਸਤਕਾਰ ਰੱਖਣ ਵਾਲਾ.

ਅਣਗਣਤ, ਅਣਗਣਿਤ, ਅਣਗਤਾ: ਸੰ. ਅਗਣਿਤ. ਬੇਸ਼ੁਮਾਰ. ਗਿਣਤੀ ਰਹਿਤ. ਬੇਅੰਤ "ਸਿਖ ਸੰਗਤ ਆਵੈ ਅਣਗਤਾ." (ਭਾਗੁ)

ਅਣਚਾਰੀ: ਸੰ. ਅਨਾਚਾਰਿਨ- ਅਨਾਚਾਰੀ. ਵਿ- ਬੁਰੇ ਚਾਲ ਚਲਨ ਵਾਲਾ. ਬਦਚਲਨ. "ਅਣਚਾਰੀ ਕਾ ਧਾਨੁ." (ਸਵਾ ਮਃ ੩)

ਅਣਜਾਣਤ: ਤਾਤਪਰਯ ਜਾਣੇ ਬਿਨਾ. "ਅਣਜਾਣਤ ਨਾਮੁ ਵਖਾਣੀਐ." (ਬਸੰ ਮਃ ੧) ੨. ਅਨਜਾਨਪਨ ਸੇ. ਅੰਞਾਣੇ ਪੁਣੇ ਨਾਲ.

ਅਣਡਿਠ, ਅਣਡੀਠ, ਅਣਡੀਠਾ: ਸੰ. ਅਦ੍ਰਿਸ਼੍ਟ- ਅਦ੍ਰਿਸ਼੍ਰ. ਵਿ- ਨਾ ਵੇਖਿਆ ਹੋਇਆ. "ਅਣਡੀਠਾ ਕਿਛੁ ਕਹਿਣ ਨਾ ਜਾਇ." (ਮਲਾ ਮਃ ੧)

ਅਣਦ: ਖਤ੍ਰੀਆਂ ਦੀ ਇੱਕ ਜਾਤਿ, ਜੋ ਖੁਖਰਾਣਾ ਦੀਆਂ ਉਚੀਆਂ ਜਾਤਾਂ[73] ਵਿੱਚੋਂ ਹੈ. "ਅਣਦ ਮੁਰਾਰੀ ਮਹਾਂਪੁਰਖ." (ਭਾਗੁ) ੨. ਡਿੰਗ. ਆਨੰਦ. ਖੁਸ਼ੀ.

ਅਣਦਾਗੇ ਗੋਲੇ: ਜਿਨ੍ਹਾਂ ਗੋਲਿਆਂ ਨੂੰ ਬਾਰੂਦ ਅਤੇ ਅਗਨਿ ਦੀ ਸਹਾਇਤਾ ਨਹੀਂ. ਸ਼ਹੀਦੀ ਅਤੇ ਅਕਾਸੀ ਗੋਲੇ. "ਅਣਦਾਗੇ ਗੋਲੇ ਛੁਟਣਗੇ." (ਜੰਗਨਾਮਾ)

ਅਣਦੁਤ: ਵਿ- ਬਿਨਾ ਦਯੁਤਿ. ਸ਼ੋਭਾ ਰਹਿਤ. ਚਮਤਕਾਰ ਬਿਨਾ। ੨. ਸੰ. ਅਣੁਦਯੁਤਿ. ਸੰਗਯਾ- ਅਣੁਭਾ. ਬਿਜਲੀ. "ਅਣਦੁਤ ਖਾਣੰ ਤਨ ਸੋਹੀ." (ਰਾਮਾਵ)

ਅਣਪੜ੍ਹ, ਅਣਪੜ੍ਹਿਆ: ਵਿ- ਜੋ ਪੜ੍ਹਿਆ ਹੋਇਆ ਨਹੀਂ. ਜੋ ਲਿਖੇ ਹੋਏ ਨੂੰ ਪੜ੍ਹ ਨਹੀਂ ਸਕਦਾ. ਨਿਰੱਖਰ (ਨਿਰਕ੍ਸ਼ਰ). ਉੱਮੀ.

ਅਣਬਿੱਧ: ਦੇਖੋ, ਅਨਬਿੱਧ.

ਅਣਮੜਿਆ ਮੰਦਲ ਬਾਜੈ: ਸੋਰਠਿ ਵਿੱਚ ਨਾਮਦੇਵ ਜੀ ਦਾ ਸ਼ਬਦ ਹੈ:-

੧. "ਅਣਮੜਿਆ ਮੰਦਲੁ ਬਾਜੈ।

੨. ਬਿਨੁ ਸਾਵਣ ਘਨਹਰੁ ਗਾਜੈ।

੩. ਬਾਦਲ ਬਿਨੁ ਬਰਖਾ ਹੋਈ।

੪. ਜਉ ਤਤੁ ਬਿਚਾਰੈ ਕੋਈ। x x x

੫. ਜਲ ਭੀਤਰਿ ਕੁੰਭ ਸਮਾਨਿਆ।।" (੩)

ਇਸ ਦਾ ਭਾਵ ਹੈ:-

੧. ਅਨਹਦ ਸ਼ਬਦ ਦਿਮਾਗ ਵਿੱਚ ਅਣਮੜਿਆ ਮ੍ਰਿਦੰਗ ਵਜਦਾ ਹੈ.

੨. ਸਾਵਣ ਦੀ ਰੁਤੱ ਬਿਨਾ ਹੀ ਬੱਦਲ ਦੀ ਗਰਜ ਹੈ.

[73] ਸੂਰੀ, ਕੋਹਲੀ, ਚੱਢੇ, ਅਣਦ, ਸਾਹਣੀ, ਸੇਠੀ, ਭਸੀਣ, ਸਭਰਵਾਲ.

੩. ਬੱਦਲ ਬਿਨਾ ਹੀ ਨਾਮ ਅਮ੍ਰਿਤ ਦੀ ਵਰਖਾ ਹੁੰਦੀ ਹੈ, (ਪਰ- ਤਦੋਂ- )

੪. ਜੇ ਕੋਈ ਆਤਮਗਜਾਨ ਦਾ ਵਿਚਾਰ ਕਰੇ.

੫. ਘੜੇ ਦਾ ਜਲ ਸਮੁੰਦਰ ਦੇ ਜਲ ਨਾਲ ਮਿਲ ਗਿਆ ਹੈ. ਭਾਵ- ਜੀਵ ਦੀ ਕਰਤਾਰ ਨਾਲ ਅਭੇਦਤਾ ਹੋਈ ਹੈ.

ਅਣਮੰਗਿਆ: ਵਿ- ਅਯਾਚਿਤ. ਮੰਗੇ ਬਿਨਾ. "ਅਣ- ਮੰਗਿਆ ਦਾਨ ਦੇਵਣਾ." (ਸ੍ਰੀ ਮਃ ੧. ਜੋਗੀ ਅੰਦਰਿ)

ਅਣਵੀਚਾਰੀ: ਵਿ- ਬਿਨਾ ਵੀਚਾਰ. ਵਿਚਾਰਸ਼ਕਤਿ ਰਹਿਤ। ੨. ਕ੍ਰਿ. ਵਿ- ਵਿਚਾਰ ਤੋਂ ਬਿਨਾ. "ਬੰਧਨ ਸਉਦਾ ਅਣਵੀਚਾਰੀ." (ਆਸਾ ਅਃ ਮਃ ੧)

ਅਣਾਉਣਾ: ਸੰ. ਆਨਯਨ. ਸੰਗਜਾ- ਲਿਆਉਣ ਦੀ ਕ੍ਰਿਯਾ. ਲਿਆਉਣਾ। ੨. ਮੰਗਵਾਂਉਣਾ. "ਚਉਕੜਿ ਮੁਲਿ ਅਣਾਇਆ." (ਵਾਰ ਆਸਾ)

ਅਣਾਪ: ਵਿ- ਅਮਾਪ. ਮਿਣਤੀ ਰਹਿਤ.

ਅਣਿ: ਸੰ. ਸੰਗਜਾ- ਨੇਜ਼ੇ ਆਦਿ ਸ਼ਸਤ੍ਰ ਦੀ ਤਿੱਖੀ ਨੋਕ.

ਤਿੱਖਾ ਸਿਰਾ। ੨. ਸੰ. ਅਨੀਕ. ਸੈਨਾ. ਫੌਜ.

ਅਣਿਆਲਾ, ਅਣਿਆਲੀ: ਵਿ- ਅਣੀ (ਨੋਕ) ਦਾਰ। ੨. ਸੰਗਜਾ- ਬਰਛਾ. ਬਰਛੀ। ੩. ਕਟਾਰੀ। ੪. ਤੀਰ ਆਦਿ ਸ਼ਸਤ੍ਰ.

ਅਣਿਣੇਸ਼: ਸੰਗਜਾ- ਅਨੀਕ (ਸੈਨਾ) ਦਾ ਸ੍ਵਾਮੀ. ਫ਼ੌਜੀ ਅਫ਼ਸਰ. "ਸੈਨਾਪਤਿ. "ਅਣਿਣੇਸ ਦੁਹੂੰ ਦਿਸ ਢੂਕਹਿਂਗੇ." (ਕਲਕੀ)

ਅਣਿਮਾ: ਇੱਕ ਸਿੱਧੀ ਦਾ ਭੇਦ. ਦੇਖੋ, ਅਸਟ ਸਿੱਧਿ.

ਅਣੀ: ਦੇਖੋ, ਅਣਿ ੧, ਅਤੇ ਅਣੀਆਲਾ। ੨. ਦੇਖੋ, ਅਣਿ ੨. "ਅਣੀਆਂ ਜੁੱਟੀਆਂ". (ਚੰਡੀ ੩) ਫੌਜਾਂ ਭਿੜੀਆਂ.

ਅਣੀਆਰਾ, ਅਣੀਆਲਾ: ਸੰਗਜਾ- ਤਿੱਖੀ ਨੋਕ ਵਾਲਾ. ਦੇਖੋ, ਅਣਿ। ੨. ਨੇਜ਼ਾ ਬਰਛਾ। ੩. ਤੀਰ. ਬਾਣ. "ਪ੍ਰੇਮ ਬਾਣੀ ਮਨ ਮਾਰਿਆ ਅਣੀਆਲੇ ਅਣੀਆ." (ਆਸਾ ਛੰਤ ਮਃ ੪)

ਅਣੀਮਾਂਡਵਜ: ਦੇਖੋ, ਵਿਦੁਰ.

ਅਣੀਰਾਇ: ਸੰਗਜਾ- ਅਨੀਕ (ਫੌਜ) ਦਾ ਰਾਜਾ. ਸੈਨਾਪਤਿ. ਸਿਪਹਸਾਲਾਰ। ੨. ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਸੁਪੁਤ੍ਰ, ਜੋ ਮਾਤਾ ਦਾਮੋਦਰੀ (ਸੂਰਯ ਪ੍ਰਕਾਸ਼ ਅਨੁਸਾਰ ਮਾਤਾ ਨਾਨਕੀ) ਜੀ ਦੇ ਉਦਰ ਤੋਂ ੨੬ ਮਾਘ ਸੰਮਤ ੧੬੭੫ ਨੂੰ ਅੰਮ੍ਰਿਤਸਰ ਜਨਮੇ, ਇਨ੍ਹਾਂ ਨੇ ਸ਼ਾਦੀ ਨਹੀਂ ਕਰਵਾਈ. ਸਦਾ ਆਤਮਾਨੰਦ ਵਿੱਚ ਲੀਨ ਰਹਿੰਦੇ ਸਨ. ਆਪ ਦਾ ਦੇਹਾਂਤ ਕੀਰਤਪੁਰ ਹੋਇਆ ਹੈ, ਉਸ ਥਾਂ ਦੇਹਰਾ ਵਿਦਜਮਾਨ ਹੈ.

ਅਣੀਰੋ ਧਣੀ: ਸੰਗਜਾ- ਅਨੀਕ (ਫੌਜ) ਦਾ ਸ੍ਵਾਮੀ. ਸੈਨਾ ਦਾ ਮਾਲਿਕ। ੨. ਰਾਜਾ। ੩. ਸਿਪਹਸਾਲਾਰ. ਜਰਨੈਲ (General) "ਕਹਾਂ ਛੈ ਅਣੀਰੋ ਧਣੀ ਨੈ ਨਿਹਾਰੇ." (ਰਾਮਾਵ) ਕਿੱਥੇ ਹੈ ਫੌਜ ਦਾ ਸ੍ਵਾਮੀ.

ਅਣੁ: ਸੰ. ਸੰਗਜਾ- ਕਿਣਕਾ. ਜ਼ੱਰਰਾ. ਪਰਮਾਣੁ. "ਅਣੁ ਸਮਾਨ ਹਨਐਜਾਨ ਪਹਾਰ ਸਮਾਨ ਕੋ." (ਨਾਪ੍ਰ) ੨. ਵਿ- ਬਹੁਤ ਛੋਟਾ। ੩. ਤੁੱਛ. ਅਦਨਾ.

ਅਣੁਕੀਟ: ਬਹੁਤ ਛੋਟਾ ਕੀੜਾ (Germ), ਜੋ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ. ਅਣੁਕੀਟ ਸ਼ਰੀਰ ਦੇ ਲਹੂ ਜਲ ਆਦਿ ਪਦਾਰਥਾਂ ਵਿੱਚ ਹੁੰਦੇ ਹਨ.

ਅਣੁਵਾਦ: ਸੰ. ਸੰਗਜਾ- ਵੈਸ਼ੇਸ਼ਿਕ ਦਰਸ਼ਨ, ਜਿਸ ਵਿੱਚ ਤੱਤਾਂ ਦੇ ਪਰਮਾਣੁ ਨਿੱਤ ਮੰਨੇ ਹਨ, ਅਤੇ ਉਨ੍ਹਾਂ ਦੇ ਸੰਯੋਗ ਤੋਂ ਜਗਤ

ਦੀ ਰਚਨਾ ਸਿੱਧ ਕੀਤੀ ਹੈ। ੨. ਨਜਾਯ (ਨਿਆਇ) ਦਰਸ਼ਨ.

ਅਣੇ: ਸੈਨਾ ਦਾ. ਦੇਖੋ, ਅਣਿ ੨. "ਠਟ ਸਾਜ ਅਣੇ." (ਕ੍ਰਿਸਨਾਵ)

ਅਣੋਖਾ: ਵਿ- ਅੱਖ ਨਾਲ ਪਹਿਲਾਂ ਨਾ ਵੇਖਿਆ, ਭਾਵ ਅਲੌਕਿਕ। ੨. ਨਵੇਂ ਢੰਗ ਦਾ. ਅਨੂਠਾ। ੩. ਅਦਭੁਤ.

ਅਣੋਖੀ ਬੀਬੀ: ਸ਼੍ਰੀ ਗੁਰੂ ਅੰਗਦ ਸਾਹਿਬ ਦੀ ਸੁਪੁਤ੍ਰੀ, ਜਿਸ ਦਾ ਜਨਮ ਸੰਮਤ ੧੫੯੧ ਵਿੱਚ ਹੋਇਆ.

ਅਣੰਗ: ਦੇਖੋ, ਅਨੰਗ.

ਅਤ: ਸੰ. ਅ੍ਰਤ- ਧਾ- ਜਾਣਾ. ਬੰਨ੍ਹਣਾ. ਪ੍ਰਾਪਤ ਕਰਨਾ। ੨. ਸੰ. ਅ੍ਰਤ. ਸੰਗਜਾ- ਬੰਧਨ। ੩. ਪਹੁਚਣਾ। ੪. ਨਿਰੰਤਰ ਗਮਨ। ੫. ਸੰ. ਅਤਿ. ਵਿ- ਬਹੁਤ. ਬਾਹਲਾ. ਜਜਾਦਾ। ੬. ਸੰਗਜਾ- ਅਧਿਕਤਾ. ਜ਼ਜਾਦਤੀ.

ਅਤਏਵ: ਕ੍ਰਿ. ਵਿ- ਅਤঃ ਏਵ. ਇਸੇ ਕਾਰਣ. ਇਸੇ ਲਈ.

ਅਤਸਹਿਤਾ: ਸੰ. ਅਸਹਜਤਾ. ਸੰਗਜਾ- ਅਸਹਨਸ਼ੀਲਤਾ. ਸਹਨਸ਼ੀਲਤਾ ਦਾ ਅਭਾਵ। ੨. ਦੂਸਰੇ ਦੀ ਮਾਨ ਵਡਿਆਈ ਵੇਖਕੇ ਨਾ ਸਹਾਰਨ ਦਾ ਸੁਭਾਉ. ਦੇਖੋ, ਅਤਿਸੈਤਾ. "ਅਤਸਹਿਤਾ ਦੁਖ ਸੁਖ ਮਹਿ ਹੋਈ." (ਨਾਪ੍ਰ)

ਅਤਸੁਹੀਆ: ਵਿ- ਅਤਿ ਸ਼ੋਭਨ. ਬਹੁਤ ਸੁੰਦਰ. ਮਨੋਹਰ.

ਅਤਤਾਈ: ਸੰ. ਆਤਤਾਯਿਨ- ਆਤਤਾਯੀ. ਸੰਗਜਾ- ਜਿਸ ਨੇ ਮਾਰਨ ਲਈ ਕਮਾਣ ਖਿੱਚੀ ਹੈ. ਭਾਵ- ਜਾਨ ਲੈਣ ਵਾਲਾ. ਅਤਿ ਦੁੱਖ ਦੇਣ ਵਾਲਾ. ਸੰਸਕ੍ਰਿਤ ਗ੍ਰੰਥਾਂ ਵਿੱਚ ਛੀ ਆਤਤਾਈ ਲਿਖੇ ਹਨ- ਅੱਗ ਲਾਉਣ ਵਾਲਾ, ਜ਼ਹਿਰ ਖਵਾਉਣ ਵਾਲਾ, ਧਨ, ਇਸਤ੍ਰੀ ਅਤੇ ਜ਼ਮੀਨ ਖੋਹਣ ਵਾਲਾ, ਪ੍ਰਾਣ ਲੈਣ ਵਾਲਾ.[74] "ਸੰਤ ਕਾ ਨਿੰਦਕ ਮਹਾਂ ਅਤਤਾਈ." (ਸੁਖਮਨੀ)

ਅਤੱਤ: ਵਿ- ਤਤ੍ਵ ਰਹਿਤ. ਅਸਾਰ. ਫੋਗ। ੨. ਪੰਚ ਭੂਤ ਰਹਿਤ. ਜਿਸ ਵਿੱਚ ਪੰਜ ਤੱਤ ਨਹੀਂ। ੩. ਸੰਗਜਾ- ਪ੍ਰਪੰਚ. ਜਗਤ. ਜਿਸ ਦੀ ਵਾਸਤਵ ਸੱਤਾ ਪਰਮ ਤਤ੍ਵ (ਅਕਾਲ) ਤੋਂ ਭਿੰਨ ਨਹੀਂ. "ਨਮੋ ਪਰਮ ਤੱਤੰ ਅਤੱਤੰ ਸਰੂਪੇ." (ਜਾਪੁ) ੪. ਜੋ ਤਤ (ਉਹ) ਸ਼ਬਦ ਨਾਲ ਨਹੀਂ ਬੁਲਾਇਆ ਜਾਂਦਾ। ੫. ਤਤ ਅਤੇ ਤ੍ਵੰ ਰਹਿਤ.

ਅਤਦਗੁਣ: ਸੰ. ਅ੍ਰਤਦ੍ਗੁਣ. ਸੰਗਜਾ- ਇੱਕ ਅਰਥਾਲੰਕਾਰ. ਜਿਸਥਾਂ ਸੰਗਤਿ ਦਾ ਕੁਝ ਅਸਰ ਨਾ ਹੋਵੇ, ਆਪਣਾ ਹੀ ਗੁਣ ਜਿਉਂ ਕਾ ਤਿਉਂ ਕਾਇਮ ਰਹੇ, ਅਜਿਹਾ ਵਰਣਨ "ਅਤਦਗੁਣ" ਅਲੰਕਾਰ ਹੈ. "ਜਹਿ ਸੰਗਤਿ ਤੇ ਔਰ ਕੋ ਗੁਣ ਕਛੂਕ ਨਹਿਂ ਲੇਤ."

(ਸ਼ਿਵਰਾਜ ਭੂਸ਼ਣ)

ਉਦਾਹਰਣ-

ਜੈਸੇ ਪਾਹਨ ਜਲ ਮਹਿ ਰਾਖਿਓ ਭੇਦੈ ਨਹਿ ਤਿਹ ਪਾਨੀ,

ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿਹੀਨ ਜੋ ਪ੍ਰਾਨੀ.

(ਬਿਲਾ ਮঃ ੯)

ਪਾਥਰ ਕਉ ਬਹੁ ਨੀਰ ਪਵਾਇਆ,

ਨਹਿ ਭੀਗੈ ਅਧਿਕ ਸੂਕਾਇਆ,

---

[74] ਆਪਸਤੰਬ ਅਤੇ ਮਨੁ ਆਦਿਕ ਲਿਖਦੇ ਹਨ ਕਿ ਆਤਤਾਯੀ ਭਾਵੇਂ ਕੋਈ ਬ੍ਰਾਹਮਣ ਆਦਿ ਹੀ ਕਿਉਂ ਨਾ ਹੋਵੇ, ਉਸ ਦੇ ਮਾਰਨ ਦਾ ਪਾਪ ਨਹੀਂ, ਦੇਖੋ, ਮਨੁ ਅঃ ੮. ਸঃ ੩੫੦.

ਖਟ ਸਾਸਤ੍ਰ ਮੂਰਖੈ ਸੁਨਾਇਆ,

ਜੈਸੇ ਦਹ ਦਿਸ ਪਵਨ ਝੁਲਾਇਆ.

(ਭੈਰ ਮਃ ੫)

ਅਤਨੁ: ਸੰ. ਸੰਗਯਾ- ਤਨੁ (ਦੇਹ) ਰਹਿਤ, ਅਨੰਗ. ਕਾਮਦੇਵ. ਮਨਮਥ.

ਅਤਫ, ਅ਼ਤ਼ਫ਼: ਫ਼ਾ. عطف ਸੰਗਯਾ- ਕ੍ਰਿਪਾ. ਦਯਾ (ਦਇਆ). ੨. ਤਵੱਜੋ. ਧ੍ਯਾਨ.

ਅਤਭੁਜ: ਦੇਖੋ, ਅਤਿਭੁਜ.

ਅਤਭੁਤ: ਦੇਖੋ, ਅਦਭੁਤ.

ਅਤਰ: ਵਿ- ਦੁਸਤਰ. ਜਿਸ ਦਾ ਤਰਣਾ ਔਖਾ ਹੋਵੇ. "ਅਤਰ ਤਰਿਓ ਨਹਿ ਜਾਈ." (ਗਉ ਬਾਵਨ ਕਬੀਰ) ੨. ਅ਼. عطر, ਇ਼ਤ਼ਰ. ਸੰਗਯਾ- ਸੁਗੰਧ ਦਾ ਸਾਰ. ਚੰਦਨ ਆਦਿ ਦਾ ਤੇਲ. ਗੁਲਾਬ ਕੇਵੜੇ ਆਦਿ ਦੀ ਸੁਗੰਧ ਦਾ ਨਿਚੋੜ.

ਅਤਰ ਸਿੰਘ: ਸਰਦਾਰ ਅਮੀਰ ਸਿੰਘ ਸੰਧਾਵਾਲੀਏ ਦਾ ਪੁਤ੍ਰ ਅਤੇ ਲਹਿਣਾ ਸਿੰਘ ਦਾ ਭਾਈ. ਕੌਰ ਨੌਨਿਹਾਲ ਸਿੰਘ ਦੇ ਮਰਣ ਵਿਛੋਂ ਸੰਧਾਵਾਲੀਏ, ਮਹਾਰਾਣੀ ਚੰਦ ਕੌਰ (ਮਹਾਰਾਜਾ ਖੜਕ ਸਿੰਘ ਦੀ ਵਿਧਵਾ) ਨੂੰ ਗੱਦੀ ਤੇ ਬੈਠਾਉਣਾ ਚਾਹੁੰਦੇ ਸੇ, ਅਤੇ ਡੋਗਰੇ ਸ਼ੇਰ ਸਿੰਘ ਨੂੰ ਮਹਾਰਾਜਾ ਥਾਪਣ ਦੀ ਬਜੋਂਤ ਕਰ ਰਹੇ ਸਨ. ਜਦ ਸ਼ੇਰ ਸਿੰਘ ਕਾਮਯਾਬ ਹੋ ਗਿਆ ਤਾਂ ਸੰਧਾਵਾਲੀਆਂ ਨੂੰ ਭਾਰੀ ਨੁਕਸਾਨ ਪੁੱਜਾ. ਇਨ੍ਹਾਂ ਨੇ ਸ਼ੇਰ ਸਿੰਘ ਦਾ ਅੰਤ ਕਰਨਾ ਚਾਹਿਆ, ਇਸ ਚਾਲ ਵਿੱਚ ਡੋਗਰੇ ਭੀ ਸ਼ਾਮਿਲ ਹੋ ਗਏ. ਜਦ ਸ਼ਾਹ ਬਲਾਵਲ ਦੇ ਮਕਾਮ ਅਜੀਤ ਸਿੰਘ ਨੇ ਬੰਦੂਕ ਨਾਲ ਮਹਾਰਾਜਾ ਸ਼ੇਰ ਸਿੰਘ ਨੂੰ ਮਾਰ ਦਿੱਤਾ, ਤਦ ਸਾਰੇ ਖਾਨਦਾਨ ਤੇ ਭਾਰੀ ਆਫਤ ਆਈ, ਅਤਰ ਸਿੰਘ ਨੱਠਕੇ ਭਾਈ ਵੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੀ ਸ਼ਰਣ ਜਾਪਿਆ. ਉਸ ਥਾਂ ਲਹੌਰ ਦੀ ਫੌਜ ਨੇ ਹੀਰਾ ਸਿੰਘ ਡੋਗਰੇ ਦੇ ਹੁਕਮ ਨਾਲ ਘੇਰ ਲਿਆ. ਮਈ ਸਨ ੧੮੪੪ (੨੨ ਵੈਸਾਖ ਸੰਮਤ ੧੯੦੧) ਨੂੰ ਅਤਰ ਸਿੰਘ ਦੀ ਮੌਤ ਸਰਦਾਰ ਗੁਲਾਬ ਸਿੰਘ ਦੀ ਗੋਲੀ ਨਾਲ ਹੋਈ. ਦੇਖੋ, ਬੀਰ ਸਿੰਘ।

੨. ਸਰਦਾਰ ਖੜਕ ਸਿੰਘ ਰਈਸ ਭਦੌੜ ਦਾ ਸੁਪੁਤ੍ਰ, ਜਿਸ ਦਾ ਜਨਮ ਸਨ ੧੮੩੩ ਵਿੱਚ ਹੋਇਆ. ਇਹ ਵਡਾ ਵਿਦ੍ਵਾਨ ਅਤੇ ਚਤੁਰ ਸੀ. ਸਰਦਾਰ ਸਰ ਅਤਰ ਸਿੰਘ ਮਹਾਮਹੋਪਾਪਜਾਯ ਨੇ ਲੁਦਿਆਨੇ ਬਹੁਤ ਉੱਤਮ ਪੁਸਤਕਾਲਯ ਬਣਾਇਆ ਸੀ. ਇਸ ਦਾ ਦੇਹਾਂਤ ਸਨ ੧੮੯੬ ਵਿੱਚ ਹੋਇਆ.

੩. ਨਾਮ ਦੇ ਰਸੀਏ ਗੁਰੁਬਾਣੀ ਦੇ ਕੀਰਤਨ ਦਾ ਪ੍ਰਚਾਰ ਕਰਨ ਵਾਲੇ ਸੰਤ ਅੰਤਰ ਸਿੰਘ ਜੀ. ਇਨ੍ਹਾਂ ਦਾ ਜਨਮ ਪਿੰਡ ਚੀਮੇ, ਪਟਿਆਲੇ ਦੀ ਤਸੀਲ ਸੁਨਾਮ ਵਿੱਚ, ਚੇਤ ਸੁਦੀ ੧. ਸੰਮਤ ੧੯੨੩ ਨੂੰ ਹੋਇਆ. ਇਨ੍ਹਾਂ ਨੇ ੧੯. ਸਾਲ ਦੀ ਉਮਰ ਵਿੱਚ ਪਲਟਨ ਨੰਃ ੪. ਬਰਮਾ ਵਿੱਚ ਭਰਤੀ ਹੋ ਕੇ ਕੁਝ ਸਮਾਂ ਨੌਕਰੀ ਕੀਤੀ. ਫੇਰ ਸੁਤੰਤ੍ਰ ਹੋਕੇ ਸਿੱਖ ਧਰਮ ਦੇ ਪ੍ਰਚਾਰ ਦਾ ਕੰਮ ਕਰਦੇ ਰਹੇ. ਆਪ ਨੇ ਹਜਾਰਾਂ ਪ੍ਰਾਣੀਆਂ ਨੂੰ ਅਮ੍ਰਿਤ ਛਕਾਕੇ ਸੁਮਾਰਗ ਪਾਇਆ. ਸੰਤ ਜੀ ਪੂਰੇ ਤਿਆਗੀ ਅਤੇ ਕਰਮਯੋਗ ਦੇ ਅਭਯਾਸੀ ਸਨ. ਇਨ੍ਹਾਂ ਦੇ ਬਣਾਏ ਗੁਰੁਸਾਗਰ ਮਸਤੂਆਣੇ ਅਤੇ ਦਮਦਮੇ ਸਾਹਿਬ ਦੇ ਆਲੀਸ਼ਾਨ ਤੇ ਮਨੋਹਰ ਮੰਦਿਰ ਇਨ੍ਹਾਂ ਦੀ ਅਟਲ ਯਾਦਗਾਰ ਹਨ. ਸੰਤ ਅਤਰ ਸਿੰਘ ਜੀ ਦਾ ੧੯. ਮਾਘ ਸੰਮਤ ੧੯੮੩ ਨੂੰ ਸੰਗਰੂਰ ਦੇਹਾਂਤ ਹੋਇਆ ਅਤੇ ਸਸਕਾਰ ਮਸਤੂਆਣੇ ਕੀਤਾ ਗਿਆ.

ਅਤਰਕ, ਅਤਰਕ੍ਯ: ਸੰ. अतर्क्य. ਵਿ- ਜਿਸ ਪੁਰ ਤਰਕ (ਹੁੱਜਤ ਅਤੇ ਸ਼ੰਕਾ) ਨਾ ਹੋ ਸਕੇ. "ਤੋਰ ਅਤਰਕ ਗਿਰਾ ਰਸ ਭੀਨੀ." (ਨਾਪ੍ਰ)

ਅਤਰਦਾਨ: ਸੰਗਯਾ- ਇਤਰ ਰੱਖਣ ਦਾ ਪਾਤ੍ਰ (ਭਾਂਡਾ).

ਅਤਰਾਫ਼, ਅਤ਼ਰਾਫ਼: ਅ਼. اطراف ਤ਼ਰਫ਼ ਦਾ ਬਹੁ ਵਚਨ।

੨. ਕਈ ਤਰਫ਼ਾਂ ਤੋਂ ਜਮਾ ਕੀਤਾ ਟੈਕਸ (ਮਹਿਸੂਲ).

੩. ਕਿਸੇ ਤ਼ਰਫ਼ ਜਾਣ ਵਾਲੇ ਮਾਲ ਪੁਰ ਲਾਇਆ ਮਹਿਸੂਲ.

ਅਤਲ: ਸੰਗਯਾ- ਸੱਤ ਪਾਤਾਲਾਂ ਵਿਚੋਂ ਪਹਿਲਾ (ਸਭ ਤੋਂ ਉੱਪਰਲਾ) ਪਾਤਾਲ.

ਅਤਲਸ, ਅਤ਼ਲਸ: ਅ਼. اطلس ਸੰਗਯਾ- ਇੱਕ ਪ੍ਰਕਾਰ ਦਾ ਰੇਸ਼ਮੀ ਚਮਕੀਲਾ ਵਸਤ੍ਰ. "ਸੋਏ ਰੂਮੀ ਤਲੇ ਲਾਲ ਡਾਰਕੈ ਅਤਲਸੈਂ." (ਕ੍ਰਿਸਨਾਵ) ਪੁਰਾਣੇ ਜ਼ਮਾਨੇ ਰੂਮੀ ਅਤਲਸ ਲਾਲ ਰੰਗ ਦੀ ਬਹੁਤ ਪ੍ਰਸਿੱਧ ਸੀ.

ਅਤਾ, ਅ਼ਤ਼ਾ: ਅ਼. عطا ਸੰਗਯਾ- ਦਾਨ. ਬਖ਼ਸ਼ਿਸ਼। ੨. ਦੇਖੋ, ਅੱਤਾ. "ਅਜਾ ਹੈ, ਅਤਾ ਹੈ." (ਰਾਮਾਵ)

ਅਤਾਉੱਲਾ, ਅ਼ਤ਼ਾਉੱਲਾ: ਅ਼. عطاءالله ਵਿ- ਅੱਲਾ ਦਾ ਬਖ਼ਸ਼ਿਆ ਹੋਇਆ.

ਅਤਾਉੱਲਾ ਖ਼ਾਂ: ਦੇਖੋ, ਗੁਲ ਖ਼ਾਨ। ੨. ਤਰਾਵੜੀ ਦਾ ਇੱਕ ਰਾਜਪੂਤ, ਜਿਸ ਨੇ ਬੰਦੇਬਹਾਦੁਰ ਅਤੇ ਖਾਲਸਾ ਦਲ ਦੇ ਨਾਸ਼ ਕਰਨ ਲਈ ਹੈਦਰੀ ਝੰਡੇ ਹੇਠ ਜਮਾ ਹੋਏ ਗਾਜ਼ੀਆਂ ਦਾ ਸਾਥ ਦਿੱਤਾ ਸੀ.

ਅਤਾਈ: ਅ਼. عطائی ਅ਼ਤ਼ਾਈ. ਵਿ- ਕਰਤਾਰ ਦੀ ਦਾਤ ਨਾਲ ਜਿਸ ਨੂੰ ਪ੍ਰਾਪਤ ਹੋਇਆ ਹੈ ਗਯਾਨ।

੨. ਜ਼ਬਰਦਸ੍ਤ. ਇਹ ਸ਼ਬਦ ਅ਼ਤ਼ੂ عطوٗ ਤੋਂ ਬਣਿਆ ਹੈ. ਜਿਸ ਦਾ ਅਰਥ ਗ਼ਾਲਿਬ ਹੋਣਾ ਹੈ. "ਏਹ ਫਕੀਰ ਬਡਾ ਅਤਾਈ." (ਭਾਗੁ) "ਨੰਦ ਚੰਦ ਕਿਰਪਾਲ ਦਾਸ ਇਹ ਬਡੇ ਅਤਾਈ." (ਜੰਗਨਾਮਾ) ੩. ਅਰਧ ਸਿਕ੍ਸ਼ਿਤ. ਅੱਧਾ ਪੜ੍ਹਿਆ ਹੋਇਆ. "ਬਾਜੀਗਰ ਲਖੀ ਭੰਡ ਅਤਾਈ." (ਭਾਗੁ) ੪. ਸਿੰਧੀ. ਮੰਗਤਾ. ਯਾਚਕ.

ਅਤਾਕ: ਅ਼. عتق ਅ਼ਤਕ਼. ਵਿ- ਆਜ਼ਾਦ. ਬੰਧਨ ਰਹਿਤ. "ਪੁਨੀਤੰ ਅਤਾਕੰ." (ਅਕਾਲ)

ਅਤਾਤ: ਵਿ- ਤਾਤ (ਪੁਤ੍ਰ) ਰਹਿਤ। ੨. ਤਾਤ (ਪਿਤਾ) ਰਹਿਤ। ੩. ਤਾਤ (ਈਰਖਾ) ਰਹਿਤ। ੪. ਅ਼. اطاعت ਇਤ਼ਾਅ਼ਤ. ਸੰਗਯਾ- ਤਾਬੇਦਾਰੀ. ਆਗਯਾਪਾਲਨ.

ਅਤਾਨ: ਵਿ- ਤ੍ਰਾਣ (ਰਖ੍ਯਾ) ਰਹਿਤ. ਜਿਸ ਦਾ ਕੋਈ ਰਕ੍ਸ਼ਕ ਨਹੀਂ. "ਅਤਾਨਸ੍ਯ." (ਗ੍ਯਾਨ) ਦੇਖੋ, ਤਾਨ.

ਅਤਾਪ: ਵਿ- ਤਪ ਕਰਕੇ ਨਾ ਪ੍ਰਾਪਤ ਹੋਣ ਯੋਗ੍ਯ. "ਤਾਪ ਕੇ ਕਿਯੇ ਤੇ ਜੌਪੇ ਪਾਈਐ ਅਤਾਪ ਨਾਥ." (ਅਕਾਲ) ੨. ਬਿਨਾ ਸੰਤਾਪ. ਸ਼ਾਂਤ.

ਅਤਾਰ: ਅ਼. عطّار ਅ਼ੱਤ਼ਾਰ. ਸੰਗਯਾ- ਇ਼ਤ਼ਰ ਬਣਾਉਣ ਵਾਲਾ. ਗਾਂਧੀ। ਅ਼ਰਕ਼ ਆਦਿ ਦਵਾਈਆਂ ਵੇਚਣ ਵਾਲਾ.

ਅਤਾਲੀਕ: ਅ਼. اتالیق ਤਲਕ਼ੀਨ (ਸਿਖ੍ਯਾ) ਦੇਣ ਵਾਲਾ. ਅਧ੍ਯਾਪਕ. ਗੁਰੂ. ਉਸਤਾਦ.

ਅਤਿ: ਸੰ. ਵਿ- ਬਹੁਤ. ਅਧਿਕ. "ਅਤਿ ਸੂਰਾ ਜੇ ਕੋਊ ਕਹਾਵੈ." (ਸੁਖਮਨੀ)

ਅਤਿ ਅਖੰਡ ਪਾਠ: ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਪਾਠ, ਜਿਸ ਨੂੰ ਇਕੱਲਾ ਪਾਠੀਆ ਇੱਕੇ ਆਸਨ ਬੈਠਕੇ ਸਮਾਪਤ ਕਰੇ, ਅਤੇ ਭੋਗ ਪੈਣ ਤੀਕ ਜਲ ਅੰਨ ਆਦਿ ਕੁਝ ਨਾ ਵਰਤੇ. ਇਹ ਪਾਠ ਨੌ ਪਹਿਰ ਵਿੱਚ ਹੋਇਆ ਕਰਦਾ ਹੈ. ਦੇਖੋ, ਨਾਰਾਯਣ ਸਿੰਘ ਬਾਬਾ.

ਅਤਿਸਹਿਤਾ: ਦੇਖੋ, ਅਤਸਹਿਤਾ.

ਅਤਿਸ਼ਯ: ਸੰ. ਵਿ- ਅਤਯੰਤ. ਬਹੁਤ ਜ਼ਯਾਦਾ.

ਅਤਿਸ਼ਯੋਕ੍ਤਿ: ਦੇਖੋ, ਅਤ੍ਯੁਕ੍ਤਿ.

ਅਤਿਸਾਰ: ਸੰਗਯਾ- ਤੱਤ (ਤਤ੍ਵ) ਨਿਚੋੜ। ੨. ਵੈਦ੍ਯਕ ਅਨੁਸਾਰ ਇੱਕ ਰੋਗ اسہال ਇਸਹਾਲ. diarrhea. ਇਹ ਰੋਗ ਹਾਜ਼ਮਾ ਵਿਗੜਨ ਤੋਂ ਹੁੰਦਾ ਹੈ. ਜੋ ਲੋੜ ਤੋਂ ਵੱਧ ਅਥਵਾ ਮਲੀਨ ਭੋਜਨ ਕਰਦੇ ਹਨ, ਕੱਚੇ ਅਥਵਾ ਬਹੁਤ ਪੱਕੇ ਅਤੇ ਸੜੇ ਹੋਏ

ਫਲ ਖਾਂਦੇ ਹਨ, ਲੇਸਦਾਰ ਭਾਰੀ ਚੀਜਾਂ ਦਾ ਸੇਵਨ ਕਰਦੇ ਹਨ, ਸਿਲ੍ਹੀ ਥਾਂ ਤੇ ਸੋਂਦੇ ਹਨ, ਮੈਲਾ ਪਾਣੀ ਪੀਂਦੇ ਹਨ ਉਹ ਇਸ ਰੋਗ ਦਾ ਸ਼ਿਕਾਰ ਹੁੰਦੇ ਹਨ. ਖਾਧੀ ਗ਼ਿਜ਼ਾ ਚੰਗੀ ਤਰ੍ਹਾਂ ਪਚਦੀ ਨਹੀਂ. ਦਸਤ ਲਗਤਾਰ ਆਉਂਦੇ ਰਹਿੰਦੇ ਹਨ.

ਦਸਤ ਬੰਦ ਕਰਨ ਤੋਂ ਪਹਿਲਾਂ ਇਰੰਡੀ ਦਾ ਤੇਲ ਅਥਵਾ ਹੋਰ ਕੋਈ ਨਰਮ ਦ੍ਰਾਵਕ ਦਵਾ ਦੇ ਕੇ ਅੰਦਰ ਦਾ ਗੰਦ ਕੱਢ ਦੇਣਾ ਚਾਹੀਏ. ਫੇਰ ਤਬਾਸ਼ੀਰ, ਇਲਾਇਚੀਆਂ, ਕੱਸ ਅਤੇ ਕਿੱਕਰ ਦੀ ਗੂੰਦ, ਮਸਤਗੀ, ਮਿਸ਼ਰੀ, ਅਫ਼ੀਮ, ਸਭ ਇੱਕੋ ਤੋਲ ਦੇ ਲੈ ਕੇ ਰੱਤੀ ਰੱਤੀ ਦੀਆਂ ਗੋਲੀਆਂ ਬਣ ਲਓ. ਰੋਗੀ ਦੀ ਉਮਰ ਅਤੇ ਬਲ ਅਨੁਸਾਰ ਸੌਂਫ ਦੇ ਅਰਕ ਅਥਵਾ ਸੱਜਰੇ ਪਾਣੀ ਨਾਲ ਇੱਕ ਤੋਂ ਤਿੰਨ ਤੀਕ ਰੋਜ ਦਿਓ. ਅਥਵਾ- ਬਿਲ ਦੀ ਗਿਰੀ ਅਤੇ ਸੌਂਫ ਉਬਾਲਕੇ ਚਾਯ (ਚਾਹ) ਦੀ ਤਰ੍ਹਾਂ ਪਿਆਓ. ਗਊ ਦਾ ਮਠਾ ਕਾਲੀ ਮਿਰਚ ਸੁੰਢ ਅਤੇ ਲੂਣ ਮਿਲਾਕੇ ਦਿਓ. ਅਥਵਾ- ਹਰੜ, ਪਤੀਸ, ਹਿੰਗ, ਕਾਲਾ ਲੂਣ, ਬਚ, ਸੇਂਧਾ ਲੂਣ, ਇਹ ਸਮਾਨ ਲੈ ਕੇ ਬਰੀਕ ਚੂਰਣ ਬਣਾਓ. ਰੋਗੀ ਨੂੰ ਨਿੱਤ ਕੋਸੇ ਜਲ ਨਾਲ ਦੋ ਤੋਂ ਚਾਰ ਮਾਸੇ ਤੀਕ ਖਵਾਓ.

ਅਤੀਸਾਰ ਦੇ ਰੋਗੀ ਨੂੰ ਰੋਟੀ ਅਤੇ ਭਾਰੀਆਂ ਚੀਜ਼ਾਂ ਖਾਣੀਆਂ ਚੰਗੀਆਂ ਨਹੀਂ. ਸਾਬੂਦਾਣਾ, ਆਂਡੇ ਦੀ ਸਫ਼ੇਦੀ, ਚਾਉਲ, ਦੁੱਧ ਆਦਿ ਨਰਮ ਗਿਜਾ ਦੇਣੀ ਚਾਹੀਏ.

"ਤਿਸ ਕੋ ਲਗੈ ਅਧਿਕ ਅਤਿਸਾਰ." (ਗੁਪ੍ਰਸੂ)

ਅਤਿਸੈ: ਦਖੋ, ਅਤਿਸ਼ਯ.

ਅਤਿਸੈਤਾ: ਸੰ. ਅਤਿਸ਼ਯਤਾ. ਸੰਗਯਾ- ਨਜੂਨਾਧਿਕਤਾ. ਵਾਧਾ ਘਾਟਾ. "ਅਤਿਸੈਤਾ ਮਹਿ ਜਿਨ ਚਿਤ ਲਾਯੋ." (ਗੁਪ੍ਰਸੂ) ੨. ਦੇਖੋ, ਅਤਸਹਿਤਾ.

ਅਤਿਸ੍ਵਾਪ: ਸੰ. ਸੰਗਯਾ- ਘੋਰ ਸ੍ਵਾਪ (ਨੀਂਦ). ਮਹਾਨਿੰਦ੍ਰਾ. ਮੌਤ. ਦੇਖੋ, ਸਨਐ.

ਅਤਿਕਾਯ: ਵਿ- ਵਡਾ ਹੈ ਕਾਯ (ਸ਼ਰੀਰ) ਜਿਸ ਦਾ. ਵਡੇ ਕੱਦ ਵਾਲਾ. ਵਡੇ ਡੀਲ ਦਾ। ੨. ਸੰਗਯਾ- ਧਨਯਮਾਲਿਨੀ ਦੇ ਉਦਰ ਤੋਂ ਰਾਵਣ ਦਾ ਇੱਕ ਪੁਤ੍ਰ, ਜਿਸ ਨੂੰ ਲਛਮਣ ਨੇ ਜੰਗ ਵਿੱਚ ਮਾਰਿਆ. ਇਸ ਦਾ ਨਾਉਂ ਮਹਾਕਾਯ ਭੀ ਹੈ. "ਮਹਾਕਾਯ ਨਾਮਾ ਮਹਾਂ ਬੀਰ ਏਵੰ." (ਰਾਮਾਵ)

ਅਤਿ ਕੁੰਭੀ: ਦੇਖੋ, ਕੁੰਭੀ ੬.

ਅਤਿਕ੍ਰਮਣ: ਸੰ. ਸੰਗਯਾ- ਉੱਪਰਦੀਂ ਲੰਘਣਾ। ੨. ਹੱਦ ਤੋਂ ਵਧ ਜਾਣਾ। ੩. ਕ਼ਾਇਦੇ ਦਾ ਉਲੰਘਨ.

ਅਤਿਗੀਤਾ: ਇਕੱ ਮਾਤ੍ਰਿਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ- ੩੨ ਮਾਤ੍ਰਾ. ਪੰਦਰਾਂ ਅਤੇ ਸਤਾਰਾਂ ਪੁਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

"ਜਿਨਿ ਹਰਿ ਹਰਿ ਨਾਮੁ ਨ ਚੇਤਿਓ (ਮੇਰੀ ਜਿੰਦੁੜੀਏ) ਤੇ ਮਨਮੁਖ ਮੂੜ ਇਆਣੇ ਰਾਮ." (ਬਿਹਾ ਮਃ ੪)

ਇਸ ਛੰਦ ਵਿੱਚ "ਮੇਰੀ ਜਿੰਦੁੜੀਏ" ਪਾਠ, ਗਾਉਣ ਦੀ ਧਾਰਣਾ ਅਤੇ ਸੰਬੋਧਨ ਵਾਕ ਹੈ, ਜੋ ਛੰਦ ਦੇ ਵਜ਼ਨ ਤੋਂ ਬਾਹਰ ਹੈ. ਜੇ ਇਸ ਦੇ ਅੰਤ ਗੁਰੁ ਲਘੁ ਦੀ ਥਾਂ ਦੋ ਗੁਰੁ ਹੋਣ, ਤਦ "ਕਮੰਦ" ਸੰਗਯਾ ਹੋ ਜਾਂਦੀ ਹੈ.

ਅਤਿਥਿ: ਸੰ. ਸੰਗਯਾ- ਜਿਸ ਦੇ ਆਉਣ ਦੀ ਕੋਈ ਤਿਥਿ ਮੁਕੱਰਰ ਨਹੀਂ. ਅਚਾਨਕ ਆਉਣ ਵਾਲਾ. ਪਰਾਹੁਣਾ. ਅਭ੍ਯਾਗਤ। ੨. ਕੁਸ਼ ਦਾ ਪੁਤ੍ਰ, ਰਾਮਚੰਦ੍ਰ ਜੀ ਦਾ ਪੋਤਾ, ਜੋ ਕੁਮੁਦਵਤੀ ਦੇ ਗਰਭ ਤੋਂ ਪੈਦਾ ਹੋਇਆ.

ਅਤਿਪਤਿ: ਵਿ- ਤ੍ਰਿਪਤਿ ਰਹਿਤ. ਦੇਖੋ, ਅਤ੍ਰਿਪਤ.

ਅਤਿਪਤ: ਸੰ. अतृप्ति- ਅਤ੍ਰਿਪ੍ਤਿ. ਸੰਗਯਾ- ਅਸੰਤੋਸ਼ ਤ੍ਰਿਪਤੀ ਦਾ ਅਭਾਵ. "ਅਤਿਪਤਿ ਮਨ ਮਾਏ." (ਸਹਸ ਮਃ ੫)

ਅਤਿਬਲਨਾ: ਵਿ- ਅਤਿ ਬਲਿਨ. ਵਡੇ ਜ਼ੋਰਵਾਲਾ. ਮਹਾਬਲੀ.

ਅਤਿਬਲਾ: ਸੰ. ਸੰਗਯਾ- ਵਾਲਮੀਕ ਰਾਮਾਇਣ ਦੇ ਪਹਿਲੇ ਕਾਂਡ ਦੇ ਬਾਈਸਵੇਂ ਅਧ੍ਯਾਯ ਵਿੱਚ ਲੇਖ ਹੈ ਕਿ ਵਿਸ਼੍ਵਾਮਿਤ੍ਰ ਨੇ ਰਾਮਚੰਦ੍ਰ ਜੀ ਨੂੰ ਦੋ ਵਿਦ੍ਯਾ ਸਿਖਾਈਆਂ, ਇੱਕ ਬਲਾ, ਦੂਜੀ ਅਤਿਬਲਾ, ਜਿਨ੍ਹਾਂ ਦੇ ਪ੍ਰਭਾਵ ਕਰਕੇ ਥਕੇਵਾਂ ਅਤੇ ਰੋਗ ਨਹੀਂ ਹੁੰਦਾ। ੨. ਇੱਕ ਬੂਟੀ, ਜਿਸ ਨੂੰ ਗੰਗੇਰਨ ਅਤੇ ਕੰਘੀ ਭੀ ਆਖਦੇ ਹਨ ਇਹ ਧਾਤੁ ਪੁਸ਼੍ਟ ਕਰਦੀ ਹੈ. ਦਾਝ ਅਤੇ ਵਮਨ (ਡਾਕੀ) ਸ਼ਾਂਤ ਕਰਦੀ ਹੈ. ਪੇਟ ਦੇ ਕੀੜੇ ਮਾਰਨ ਵਾਲੀ ਹੈ. ਦੁੱਧ ਅਤੇ ਮਿਸ਼ਰੀ ਨਾਲ ਜੇ ਇਸ ਦਾ ਸੇਵਨ ਕਰੀਏ ਤਾਂ ਪ੍ਰਮੇਹ ਰੋਗ ਹਟ ਜਾਂਦਾ ਹੈ.

L. Sidonia Cordifolia.

ਅਤਿਭੁਜ: ਵਿ- ਮਹਾਬਾਹੁ.[75] ਲੰਮੀਆਂ ਭੁਜਾਂ ਵਾਲਾ। ੨. ਜਿਸ ਦੀਆਂ ਬਾਹਾਂ ਹਰ ਥਾਂ ਪਹੁੰਚ ਸਕਦੀਆਂ ਹਨ. "ਅਤਿਭੁਜ ਭਇਓ ਅਪਾਰਲਾ." (ਮਲਾ ਨਾਮਦੇਵ)

ਅਤਿਮਾਨੁਖ: ਵਿ- ਜੋ ਮਾਨੁਸ਼ ਦੀ ਸ਼ਕਲ ਵਿੱਚ ਮਨੁੱਖ ਦੀ ਸ਼ਕਤਿ ਤੋਂ ਵਧਕੇ ਹੈ. ਆਦਮੀ ਦੀ ਸ਼ਕਲ ਵਿੱਚ ਦੇਵਤਾ। ੨. ਜੋ ਮਨੁੱਖ ਦੀ ਤਾਕਤ ਤੋਂ ਬਾਹਰ ਹੈ। ੩. ਜੋ ਮਨੁੱਖਪੁਣੇ ਤੋਂ ਲੰਘ ਗਿਆ ਹੋਵੇ. ਪਸ਼ੂ.

ਅਤਿਮਾਲਤੀ: ਇੱਕ ਮਾਤ੍ਰਿਕ ਛੰਦ. ਇਸ ਦਾ ਨਾਉਂ "ਪਾਦਾਕੁਲਕ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਚਾਰ ਚੌਕਲ, ਅਰਥਾਤ ਚਾਰ ਡਗਣ. ਅੱਠ ਅੱਠ ਮਾਤ੍ਰਾ ਤੇ ਦੋ ਵਿਸ਼੍ਰਾਮ, ਅੰਤ ਦੋ ਗੁਰੁ.

ਉਦਾਹਰਣ-

ਕਹੂੰ ਨ ਪੂਜਾ, ਕਹੂੰ ਨ ਅਚੰਾਂ।

ਕਹੂੰ ਨ ਸ਼੍ਰੁਤਿਧੁਨਿ, ਸਿਮ੍ਰਤਿ ਨ ਚਚੰਾਂ।

ਕਹੂੰ ਨ ਹੋਮੰ, ਕਹੂੰ ਨ ਦਾਨੰ।

ਕਹੂੰ ਨ ਸੰਜਮ, ਕਹੂੰ ਸਨਾਨੰ॥ (ਕਲਕੀ)

ਅਤਿਮ੍ਰਿਤ੍ਯੁ: ਸੰ. ਸੰਗਯਾ- ਮੁਕਤਿ. ਮੋਕ੍ਸ਼. ਅਜਿਹੀ ਮੋਤ, ਜਿਸ ਤੋਂ ਫੇਰ ਕਦੇ ਮੌਤ ਨਾ ਹੋਵੇ, "ਐਸੇ ਮਰਹੁ ਜਿ ਬਹੁਰ ਨ ਮਰਨਾ." (ਗਉ ਕਬੀਰ)

ਅਤਿਰਸ: ਸੰਗਯਾ- ਆਤਮਰਸ. ਆਤਮਾਨੰਦ. ਜਿਸ ਤੋਂ ਵਧਕੇ ਹੋਰ ਕੋਈ ਰਸ ਨਹੀਂ. "ਅਤਿਰਸ ਪਾਇ ਤਜੇ ਰਸ ਫੀਕੇ." (ਸਲੋਹ) ੩. ਸ੍ਮਰਣ (ਸਿਮਰਣ) ਦਾ ਰਸ. ਨਾਮਰਸ.

ਅਤਿਰਥ, ਅਤਿਰਥੀ: ਸੰ. अतिरथ- ਸੰਗਯਾ- ਅਜਿਹਾ ਯੋਧਾ, ਜੋ ਰਥ ਤੇ ਬੈਠਕੇ ਇਕੱਲਾ ਹੀ ਅਗਣਿਤ (ਬੇਸ਼ੁਮਾਰ) ਸ਼ਤ੍ਰੂਆਂ ਨਾਲ ਲੜ ਸਕੇ. ਮਹਾਨ ਯੋਧਾ. "ਜਥਾ ਸੁਭਟ ਅਤਿਰਥੀ ਹੈ ਲਰਤ ਨ ਚਹਿਤ ਸਹਾਯ." (ਗੁਪ੍ਰਸੂ)

ਅਤਿਰਿਕਤ: ਸੰ. ਅਤਿਰਿਕ੍ਤ. ਕ੍ਰਿ. ਵਿ- ਇਸ ਤੋਂ ਭਿੰਨ. ਅ਼ਲਾਵਾ. ਸਿਵਾਇ. ਬਿਨਾ.

ਅਤਿਰੋਗ: ਸੰਗਯਾ- ਅਗ੍ਯਾਨ। ੨ਖਈ। ੩. ਕੁਸ਼੍ਠ ਕੋੜ੍ਹ। ੪. ਵਿ- ਅਸਾਧ੍ਯ ਰੋਗ. ਲਾਇਲਾਜ ਬੀਮਾਰੀ.

ਅਤਿਵੰਤ: ਸੰ. ਅਤ੍ਯੰਤ. ਵਿ- ਬਹੁਤ ਜ਼੍ਯਾਦਾ. ਅਤਿਸ਼ਯ. ਹੱਦੋਂ ਵਧਕੇ. "ਦਾਨਿ ਬਡੋ ਅਤਿਵੰਤ ਮਹਾਂ ਬਲਿ." (ਸਵੈਯੇ ਮਃ ੪. ਕੇ)

ਅਤਿਵ੍ਯਾਪ੍ਤਿ: ਸੰ. ਸੰਗਯਾ- ਲੱਛਣ (ਲਕ੍ਸ਼ਣ) ਦਾ ਇੱਕ ਦੋਸ਼. ਲਕ੍ਸ਼੍ਯ ਤੋਂ ਸਿਵਾ ਹੋਰ ਵਸਤੁ ਵਿੱਚ ਭੀ ਲਕ੍ਸ਼ਣ ਦਾ ਘਟਣਾ.

---

[75] ਇਹ ਸ਼ਬਦ 'ਵਾਹੁ' ਭੀ ਸ਼ੁੱਧ ਹੈ.

ਜਿਕੁੱਰ ਗਊ ਦਾ ਲੱਛਣ ਕਰੀਏ, ਸਿੰਗਾਂ ਵਾਲੀ. ਇਹ ਲੱਛਣ ਮਹਿਂ ਬਕਰੀ ਆਦਿ ਵਿੱਚ ਭੀ ਘਟਦਾ ਹੈ. ਇਸ ਲਈ ਇਸ ਲੱਛਣ ਵਿੱਚ "ਅਤਿਵਜਾਪ੍ਯਿ" ਦੋਸ਼ ਹੋਇਆ.

ਅਤੀ: ਦੇਖੋ, ਅਤ ਅਤੇ ਅਤਿ। ੨. ਸੰ. ਧਾ- ਲੰਘ ਜਾਣਾ. ਉਲੰਘਨਾ.

ਅਤੀਸਾਰ: ਦੇਖੋ, ਅਤਿਸਾਰ. "ਤਿਨ ਕੋ ਅਤੀਸਾਰ ਦੁਖ ਹੋਈ." (ਨਾਪ੍ਰ)

ਅਤੀਤ: ਸੰ. ਵਿ- ਗੁਜ਼ਰਿਆ ਹੋਇਆ. ਲੰਘਿਆ ਹੋਇਆ. ਬੀਤਿਆ ਹੋਇਆ। ੨. ਜੋ ਸੰਸਾਰ ਨੂੰ ਉਲੰਘਗਿਆ ਹੈ. ਵਿਰਕ੍ਤ. ਤਜਾਗੀ. "ਅਤੀਤ ਸਦਾਏ ਮਾਇਆ ਕਾ ਮਾਤਾ." (ਸੂਹੀ ਮਃ ੫) ੩. ਕ੍ਰਿ. ਵਿ- ਪਰੇ. ਬਾਹਰ. "ਹ੍ਵੈਬੋ ਤ੍ਰਿਗੁਣ ਅਤੀਤ." (ਹਜ਼ਾਰੇ ੧੦)

ਅਤੀਥ: ਦੇਖੋ, ਅਤਿਥਿ.

ਅਤੀਂਦ੍ਰੈ: ਸੰ. ਅਤੀਂਦ੍ਰਿਯ. ਵਿ- ਜੋ ਇੰਦ੍ਰੀਆਂ ਦ੍ਵਾਰਾ ਗ੍ਰਹਿਣ ਨਾ ਕੀਤਾ ਜਾ ਸਕੇ. ਇੰਦ੍ਰਿਯਗਜਾਨ ਤੋਂ ਪਰੇ.

ਅਤੀਮ: ਅ਼. یتیم ਯਤੀਮ. ਵਿ- ਮਹਿੱਟਰ. ਜਿਸ ਦੇ ਮਾਂ ਬਾਪ ਮਰ ਗਏ ਹਨ। ੨. ਭਾਵ ਕੰਗਾਲ. ਤੁੱਛ. "ਜਾਇ ਸੁਤੇ ਜੀਰਾਣ ਮੇ ਥੀਏ ਅਤੀਮਾ ਗਡ." (ਸ. ਫਰੀਦ)

ਅਤੀਯਹ, ਅ਼ਤ਼ੀਯਹ: ਅ਼. عطیہ ਬਖਸ਼ਿਸ਼ ਅ਼ਤ਼ਾ ਕੀਤੀ ਵਸਤੂ.

ਅਤੀਵ: ਸੰ. ਵਿ- ਅਤਿਸੈ (ਅਤਿਸ਼ਯ). ਬਹੁਤ ਵਧਕੇ. ਅਤਯੰਤ.

ਅਤੁਟ: ਵਿ- ਤ੍ਰੁਟਿ ਰਹਿਤ. ਅਟੁਟ.

ਅਤੁਲ: ਵਿ- ਜੋ ਤੋਲਿਆ ਨਾ ਜਾ ਸਕੇ. ਅਮਿਤ. "ਆਪੇ ਅਤੁਲ ਤੁਲਾਇਦਾ ਪਿਆਰਾ." (ਸੋਰ ਮਃ ੪) ੨. ਸੰ. ਅਤੁਲਜ. ਜਿਸ ਦੇ ਬਰਾਬਰ ਹੋਰ ਨਾ ਹੋਵੇ. ਅਦੁਤੀ ਅਨੂਪਮ. ਲਾਸਾਨੀ. "ਗੁਨ ਗਾਵਤ ਅਤੁਲ ਸੁਖ ਪਾਇਆ." (ਟੋਡੀ ਮਃ ੫)

ਅਤੁਲਤ: ਵਿ- ਅਤੁਲਿਤ. ਨਾ ਤੋਲਿਆ ਹੋਇਆ. ਅਪ੍ਰਮਾਣ. "ਬਲ ਅਤੁਲਤ ਬਾਹੁ ਵਿਸਾਲਾ." (ਗੁਪ੍ਰਸੂ)

ਅਤੁਲ ਤੋਲ: ਸੰਗਯਾ- ਆਤਮਵਿਚਾਰ. ਜੋ ਤੋਲ ਵਿੱਚ ਨਹੀਂ ਆ ਸਕਦਾ, ਉਸ ਦਾ ਵਿਚਾਰ.

ਅਤੁਲਿਤ: ਦੇਖੋ, ਅਤੁਲਤ.

ਅਤੁਲਜ: ਦੇਖੋ, ਅਤੁਲ ੨.

ਅਤੁਲਜਯੋਗਿਤਾ: ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਹੈ- "ਤੁਲਜਯੋਗਿਤਾ ਜਹਾਂ ਨ ਹੋਈ। ਜਾਨ ਅਤੁਲਜਯੋਗਿਤਾ ਸੋਈ." (ਜਸਵੰਤ ਜਸੋ ਭੂਸ਼ਣ). ਜਿਸ ਵਿੱਚ ਉਪਮਾਨ ਉਪਮੇਯ ਆਦਿ ਦੇ ਧਰਮਾਂ ਦੀ ਸਮਾਨ ਯੋਗਜਤਾ ਨਾ ਹੋਵੇ, ਸੋ "ਅਤੁਲਜਯੋਗਿਤਾ" ਅਲੰਕਾਰ ਹੈ. ਇਹ ਤੁਲਜਯੋਗਿਤਾ ਤੋਂ ਵਿਰੁੱਧ ਹੈ.

ਉਦਾਹਰਣ-

ਥਾਕੇ ਨੈਨ ਸ੍ਰਵਨ ਸੁਨਿ ਥਾਕੇ, ਥਾਕੀ ਸੁੰਦਰਿ ਕਾਇਆ,

ਜਰਾ ਹਾਕ ਦੀ ਸਭ ਮਤਿ ਥਾਕੀ, ਏਕ ਨ ਥਾਕਸਿ ਮਾਇਆ (ਸੂਹੀ ਕਬੀਰ)

ਗਿਰਿ ਬਸੁਧਾ ਜਲ ਪਵਨ ਜਾਇਗੋ

ਇਕਿ ਸਾਧਬਚਨ ਅਟਲਾਧਾ,

ਅੰਡ ਬਿਨਾਸੀ ਜੇਰ ਬਿਨਾਸੀ

ਉਤਭੁਜ ਸੇਤ ਬਿਨਾਧਾ,

ਚਾਰਿ ਬਿਨਾਸੀ ਖਟਹਿ ਬਿਨਾਸੀ

ਇਕ ਸਾਧਬਚਨ ਨਿਹਚਲਾਧਾ,

ਦਿਸਟਿਮਾਨ ਹੈ ਸਗਲ ਬਿਨਾਸੀ,

ਇਕ ਸਾਧਬਚਨ ਆਗਾਧਾ.

(ਸਾਰ ਮਃ ੫)

ਮੈਲਾ ਬ੍ਰਹਮਾ ਮੈਲਾ ਇੰਦੁ,

ਰਵਿ ਮੈਲਾ ਮੈਲਾ ਹੈ ਚੰਦੁ,

ਮੈਲਾ ਮਲਤਾ ਇਹੁ ਸੰਸਾਰ,

ਇਕ ਹਰਿ ਨਿਰਮਲ ਜਾਕਾ ਅੰਤ ਨ ਪਾਰ.

(ਭੈਰ ਕਬੀਰ)

ਅਤੇ: ਵਜ- ਦੋ ਸ਼ਬਦਾਂ ਨੂੰ ਜੋੜਨ ਵਾਲਾ ਸਬਦ. ਔਰ. ਅਰ. ਅਤੈ. ਤੇ.

ਅਤੇਜ: ਵਿ- ਤੇਜ ਰਹਿਤ ਪ੍ਰਭਾਹੀਨ। ੨. ਸੰਗਯਾ- ਅੰਧਕਾਰ. "ਅਤੇਜ ਜੈਸੇ ਤੇਜ ਲੀਨ." (ਅਕਾਲ)

ਅਤੇਵ: ਦੇਖੋ, ਅਤੀਵ. "ਅਤੇਵਾਗਨਿ ਹੋਤ੍ਰੀ." (ਦੱਤਾਵ) ਵਡਾ ਅਗਨੀਹੋਤ੍ਰ ਕਰਨ ਵਾਲਾ.

ਅਤੈ: ਦੇਖੋ, ਅਤੇ. "ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ." (ਵਾਰ ਆਸਾ)

ਅਤੋਕ: ਸੰ. अतक्- ਅਤਕ. ਸੰਗਯਾ- ਅਵੈਵ. ਅੰਗ। ੨. ਰਾਹੀ. ਪਾਂਧੀ.

ਅਤੋਲ: ਵਿ- ਜੋ ਤੋਲਿਆ ਹੋਇਆ ਨਹੀਂ. ਵਜ਼ਨੋਂ ਬਾਹਰ। ੨. ਅਤੁਲਯ. ਅਦ੍ਵਿਤੀਯ (ਅਦੁਤੀ).

ਅਤੋਲਕ, ਅਤੋਲਵਾ, ਅਤੋਲਵੀ: ਵਿ- ਜੋ ਤੋਲਿਆ ਨਹੀਂ ਜਾ ਸਕਦਾ. ਜਿਸ ਦਾ ਅੰਦਾਜ਼ਾ ਨਹੀਂ ਹੋ ਸਕਦਾ. "ਹਰਿ ਹਰਿ ਨਾਮ ਅਤੋਲਕ ਪਾਇਆ."

(ਆਸਾ ਛੰਤ ਮਃ ੪) "ਓਹ ਵੇਪਰਵਾਹੁ ਅਤੋਲਵਾ." (ਸ੍ਰੀ ਮਃ ੧) "ਮਿਟੀ ਪਈ ਅਤੋਲਵੀ." (ਸ. ਫਰੀਦ)

ਅਤੰਕ, ਅਤੰਗ: ਸੰ. आतङ्क- ਆਤੰਕ. ਸੰਗਯਾ- ਡਰ. ਭੈ. "ਸਭ ਦੇਸ ਦੁਕਾਲ ਅਤੰਕ ਹਰਯੋ." (ਨਾਪ੍ਰ)

"ਕਾਯਰ ਕੇ ਉਰ ਹੋਤ ਅਤੰਗਾ." (ਗੁਪ੍ਰਸੂ)

੨. ਪ੍ਰਤਾਪ। ੩. ਦਬਦਬਾ.

ਅੱਤ: ਸੰਗਯਾ- ਅਧਿਕਤਾ. ਜ਼ਯਾਦਤੀ। ੨. ਜੁਲਮ.

ਅੱਤਾ: ਸੰ. अत्ता. ਸੰਗਯਾ- ਮਾਤਾ. ਮਾਂ। ੨. ਵਡੀ ਭੈਣ। ੩. ਕਰਤਾਰ, ਜੋ ਸਭ ਨੂੰ ਆਪਣੇ ਵਿੱਚ ਲੈ ਕਰਦਾ ਹੈ। ੪. ਸੰ. अतृ- ਅਤ੍ਰਿ. ਵਿ- ਖਾਣ ਵਾਲਾ. ਖਾਊ.

ਅੱਤਾਰ: ਦੇਖੋ, ਅਤਾਰ.

ਅਤ੍ਯਾਚਾਰ: ਸੰ. ਸੰਗਯਾ- ਆਚਾਰ ਦੇ ਉਲੰਘਨ ਦੀ ਕ੍ਰਿਯਾ. ਜ਼ਯਾਦਤੀ। ੨. ਦੁਰਾਚਾਰ. ਪਾਪ। ੩. ਜੁਲਮ.

ਅਤਯੁਕ੍ਤਿ: ਬਹੁਤ ਵਧਕੇ ਕਹਿਣ ਦੀ ਕਾਵ੍ਯਰੀਤਿ. ਇੱਕ ਅਰਥਾਲੰਕਾਰ. Hyperbole. ਜਿਸ ਵਿੱਚ ਬਾਤ ਨੂੰ ਬਹੁਤ ਵਧਾਕੇ ਵਰਣਨ ਕੀਤਾ ਜਾਂਦਾ ਹੈ. ਇਸ ਦਾ ਨਾਉਂ "ਅਤਿਸਯੋਕ੍ਤਿ" ਭੀ ਹੈ. "ਦਾਨ ਸੂਰਤਾ ਰੂਪ ਗੁਣ ਕਹਿਯੇ ਅਤਿ ਅਧਿਕਾਯ.

ਉਦਾਹਰਣ-

"ਤਹਾਂ ਸਤ੍ਰੁ ਕੇ ਭੀਮ ਹਸਤੀ ਚਲਾਏ,

ਫਿਰੈਂ ਮੱਧ ਗੈਣੰ ਅਜੌਂ ਲੌ ਨ ਆਏ" (ਗ੍ਯਾਨ)

"ਧੂਰਿ ਉਡੀ ਖੁਰ ਪੂਰਨ ਤੇ ਪਬ ਊਰਧ ਹਨਐ ਰਵਿ-

ਮੰਡਲ ਛਾਏ। ਮਾਨਹੁ ਫੇਰ ਰਚੇ ਬਿਧਿ ਲੋਕ ਧਰਾ

ਖਟ ਆਠ ਅਕਾਸ ਬਨਾਏ." (ਚੰਡੀ ੧)

ਅਤ੍ਯੰਤ: ਸੰ. ਵਿ- ਬਹੁਤ ਜ਼ਯਾਦਾ. ਬੇਹੱਦ. ਅਤਿਸ਼ਯ. "ਅਤ੍ਯੰਤ ਆਸਾ ਆਥਿਤ੍ਯਭਵਨੰ." (ਸਹਸ ਮਃ ੫)

ਅਤ੍ਯੰਤਾਤਿਸਯੋਕ੍ਤਿ: ਇੱਕ ਅਰਥਾਲੰਕਾਰ, ਜਿਸ ਵਿੱਚ ਬਹੁਤ ਹੀ ਵਧਕੇ ਕਲਪਨਾ ਕੀਤੀ ਜਾਂਦੀ ਹੈ. ਇਸ ਦਾ ਲੱਛਣ ਹੈ- ਕਾਰਣ ਤੋਂ ਪਹਿਲਾਂ ਹੀ ਕਾਰਯ ਦਾ ਹੋਣਾ ਵਰਣਨ ਕਰਨਾ. "ਜਹਾਂ ਹੇਤੁ ਤੇ ਪ੍ਰਥਮ ਹੀ ਪ੍ਰਗਟ ਹੋਤ ਹੈ ਕਾਜ." (ਸ਼ਿਵਰਾਜ ਭੂਸ਼ਣ)

ਉਦਾਹਰਣ-

"ਪਹਿਲਾ ਪੂਤੁ ਪਿਛੈਰੀ ਮਾਈ।

ਬਾਹਰਿ ਬੈਲੁ ਗੋਨ ਘਰਿ ਆਈ." (ਆਸਾ ਕਬੀਰ)

"ਯੁੱਧ ਹੇਤੁ ਦਸ਼ਮੇਸ਼ ਜਬ ਕਸੀ ਕਮਰ ਕਿਰਪਾਨ,

ਜਗਦੁਖਦਾਇਕ ਸ਼ਤ੍ਰੁ ਗਣ ਤੁਰਤ ਭਏ ਬਿਨ ਪ੍ਰਾਣ."

ਅਤ੍ਯੰਤਾ ਭਾਵ: ਦੇਖੋ, ਅਭਾਵ.

ਅਤ੍ਰ: ਸੰਗ੍ਯਾ- ਅਸਤ੍ਰ ਦਾ ਸੰਖੇਪ. "ਅਤ੍ਰ ਕੇ ਚਲੈਯਾ ਛਿਤਿ ਛਤ੍ਰ ਕੇ ਧਰੈਯਾ." (ਅਕਾਲ) ੨. ਕ੍ਰਿ. ਵਿ- ਇਸ ਥਾਂ. ਏਥੇ.

ਅਤ੍ਰੁਟਾ: ਵਿ- ਤ੍ਰੁਟਿ ਰਹਿਤ. ਅਟੁੱਟ.

ਅਤ੍ਰਪਤ੍ਰ: ਸੰ. ਆਤਪਤ੍ਰ. ਸੰਗ੍ਯਾ- ਆਤਪ (ਧੁੱਪ) ਤੋਂ ਬਚਾਉਣ ਵਾਲਾ ਛਤ੍ਰ। ੨. ਰਾਜਜ ਚਿੰਨ੍ਹ ਛਤ੍ਰ. "ਅਤ੍ਰਪਤ੍ਰ ਕਹਿ ਸੀਸ ਢੁਰਾਯੋ." (ਵਿਚਿਤ੍ਰ)

ਅਤ੍ਰਿ: ਸੰ. ਸੰਗ੍ਯਾ- ਬ੍ਰਹ੍ਮਾ ਦਾ ਮਾਨਸਪੁਤ੍ਰ ਇੱਕ ਰਿਖੀ, ਜਿਸ ਦੀ ਸਪ੍ਤ (ਸੱਤ) ਰਿੱਖੀਆਂ ਵਿੱਚ ਗਿਣਤੀ ਹੈ. ਇਸ ਦੀ ਇਸਤ੍ਰੀ ਦਾ ਨਾਉਂ ਅਨੁਸੂਯਾ ਹੈ. ਇਸ ਦੇ ਪੁਤ੍ਰ ਦੱਤਾਤ੍ਰੇਯ, ਦੁਰਵਾਸਾ ਅਤੇ ਸੋਮ ਲਿਖੇ ਹਨ. "ਪੁਨ ਭਏ ਅਤ੍ਰਿ ਰਿਖਿ ਮੁਨਿ ਮਹਾਨ। ਦਸਚਾਰਚਾਰ ਵਿਦਿਯਾਨਿਧਾਨ." (ਦੱਤਾਵ) ੨. ਦੇਖੋ, ਅਤ੍ਰੀ। ੩. ਸੰ. ਅਤ੍ਰੁ. ਵਿ- ਖਾਣ ਵਾਲਾ. ਭਕ੍ਸ਼ਕ.

ਅਤ੍ਰਿਸੁਤ, ਅਤ੍ਰਿਜ, ਅਤ੍ਰਿਤਨਯ: ਸੰਗ੍ਯਾ- ਅਤ੍ਰਿ ਦਾ ਪੁਤ੍ਰ ਦੱਤਾਤ੍ਰੇਯ। ੨. ਦੁਰਵਾਸਾ। ੩. ਸੋਮ.

ਅਤ੍ਰਿਪਤ: ਸੰ. ਅਤ੍ਰਿਪ੍ਤ. ਵਿ- ਨਾ ਰੱਜਿਆ ਹੋਇਆ. ਭੁੱਖਾ। ੨. ਸੰਤੋਖ ਰਹਿਤ. ਲੋਭੀ.

ਅਤ੍ਰਿਪਤਿ: ਤ੍ਰਿਪਤਿ ਦੇ ਵਿਰੁੱਧ. ਦੇਖੋ, ਅਤਿਪਤਿ.

ਅਤ੍ਰੀ: ਦੇਖੋ, ਅਤ੍ਰਿ। ੨. ਅਸ੍ਤ੍ਰਿਨ ਦਾ ਸੰਖੇਪ. ਸ਼ਸਤ੍ਰਧਾਰੀ. ਅਸ੍ਤ੍ਰ ਰੱਖਣ ਵਾਲਾ. "ਯੁੱਧਵੇਤਾ ਅਤਿ ਅਤ੍ਰੀ." (ਪਾਰਸਾਵ)

ਅਤ੍ਰੰਗ: ਵਿ- ਤਰੰਗ ਰਹਿਤ. ਸ਼ਾਂਤ. ਠਹਿਰਿਆ ਹੋਇਆ. "ਅਤ੍ਰੰਗਸੁ" (ਗ੍ਯਾਨ) ੨. ਅੰਤਰੰਗ. ਅੰਦਰ ਦਾ. ਭੀਤਰੀ। ੩. ਦਿਲੀ. ਜਿਗਰੀ.

ਅਥ: ਵ੍ਯ- ਅਬ. ਹੁਣ। ੨. ਇਸ ਪਿੱਛੋਂ। ੩. ਪ੍ਰਾਚੀਨ ਹਿੰਦੂ ਰਿਖੀਆਂ ਦਾ ਮੰਨਿਆ ਹੋਇਆ ਮੰਗਲ ਪ੍ਰਗਟ ਕਰਨ ਵਾਲਾਸ਼ਬਦ.

"ਓਙ੍ਕਾਰਸ਼੍ਚਾਥ ਸ਼ਬ੍ਦਸ਼੍ਚ ਦ੍ਵਾਵੇਤੀ ਤ੍ਰਸ਼੍ਚਲ: ਚੁਣ।

ਕਣਠ ਭਿਤ੍ਵਾ ਵਿਨਿਯੋਨੌਂ ਤੇਨ ਮਾਙ੍ਗਲਿਕਾ ਬੁਧੌ."

(ਦੇਖੋ, ਬ੍ਰਹਮਸੂਤ੍ਰਾਂ ਦੀ ਭਾਮਤੀ ਵ੍ਯਾਖ੍ਯਾ ਅਤੇ ਸਾਂਖ੍ਯਵਚਨ ਭਾਸ਼੍ਯ)

ਦੇਖੋ, ਵੈਸ਼ੇਸ਼ਿਕ ਸ਼ਾਸਤ੍ਰ ਦੇ ਮੁੱਢ ਅਥਾਨੋ ਧਰਮ ਵ੍ਯਾਖ੍ਯਾ- ਸ੍ਯਾਮ:- ਅਤੇ ਵੇਦਾਂਤ ਦਰਸ਼ਨ ਦੇ ਆਦਿ- ਅਥਾਨੋ ਵਖ-ਜਿਗ੍ਯਾਸਾ. ਦੇਖੋ, ਆਥਿ ਅਤੇ ਸੁਅਸਤਿ। ੪. ਦੇਖੋ, ਅਥਿ ੨.

ਅਥਕ: ਵਿ- ਜੋ ਥਕੇ ਨਾ। ੨. ਅਖੰਡ. ਇੱਕਰਸ ਨਿਰੰਤਰ. "ਅਹਿਨਿਸ ਦੀਵਾ ਬਲੈ ਅਥਕ." (ਰਾਮ ਮਃ ੧)

ਅਥਤੀਸ: ਸੰ. ਅਤਿਥੇਸ਼. ਸੰਗ੍ਯਾ- ਕਰਤਾਰ. ਜੋ ਅਤਿਥੀਆਂ ਦਾ ਸ੍ਵਾਮੀ ਹੈ. "ਸੋ ਤੋ ਨ ਡੰਡੋਤ ਅਸਟਾਂਗ ਅਥਤੀਸ ਕੋ." (ਅਕਾਲ)

ਅਥਨ: ਸੰ. ਅਸ੍ਤਮਨ. ਸੰਗ੍ਯਾ- ਅਸ੍ਤ ਹੋਣਾ. ਛਿਪਣਾ. ਗ਼ਰੂਬ ਹੋਣਾ. ਦੇਖੋ, ਆਥਣ.

ਅਥਰ: ਅਥਰਵ ਦਾ ਸੰਖੇਪ. "ਅਥਰ ਬੇਦ ਪਠਜੰ." (ਵਿਚਿਤ੍ਰ)

ਅਥਰਬ: ਸ. ਅਥਰ੍ਵ. ਸੰਗ੍ਯਾ- ਚੌਥਾ ਵੇਦ. ਇਸ ਦਾ ਨਾਉਂ ਬ੍ਰਹਮਵੇਦ ਭੀ ਹੈ. ਦੇਖੋ, ਵੇਦ। ੨. ਇੱਕ ਰਿਖੀ, ਜਿਸ ਦ੍ਵਾਰਾ ਚੌਥਾ ਵੇਦ ਪ੍ਰਗਟ ਹੋਇਆ ਹੈ. ਦੇਖੋ, ਅਥਰਵਨ.

ਅਥਰਬਣ: ਦੇਖੋ, ਅਥਰਬ ਅਤੇ ਅਥਰਬਨ.

ਅਥਰਬਣਿ: ਸੰ. ਅਥਰ੍ਵਣਿ. ਸੰਗ੍ਯਾ- ਅਥਰਵ ਵੇਦ ਦਾ ਗ੍ਯਾਤਾ. ਪੰਡਿਤ। ੨. ਅਥਰਵ ਵੇਦ ਅਨੁਸਾਰ ਜੱਗ ਆਦਿ (ਯਗ੍ਯਾਦਿਕ) ਕਰਮ ਕਰਾਉਣ ਵਾਲਾ ਰਿਤ੍ਵਜ.

ਅਥਰਬਨ, ਅਥਰਵਣ: ਸੰ. ਅਥਰ੍ਵੰਨ. ਸੰਗ੍ਯਾ- ਚੌਥਾ ਵੇਦ. ਦੇਖੋ, ਵੇਦ। ੨. ਇੱਕ ਰਿਖੀ, ਜਿਸ ਦਾ ਜ਼ਿਕਰ ਰਿਗਵੇਦ ਵਿੱਚ ਦੇਖੀਦਾ ਹੈ. ਇਸ ਨੂੰ ਬ੍ਰਹਮਾ ਦਾ ਪੁਤ੍ਰ ਲਿਖਿਆ ਹੈ. ਇਸ ਦੀ ਔਲਾਦ ਦੇ ਬ੍ਰਾਹਮਣ ਅਥਰਵਨ ਕਹਾਉਂਦੇ ਹਨ, ਜੋ ਯਗ੍ਯਾਦਿਕ ਕਰਮ ਕਰਾਉਣ ਵਿੱਚ ਆਪਣੇ ਤਾਈਂ ਸ਼ਿਰੋਮਣਿ ਮੰਨਦੇ ਹਨ. "ਭਾਰ ਅਥਰਬਨ ਗੁਰਮੁਖ ਤਾਰਾ." (ਭਾਗੁ) ਗੁਰੁਮੁਖਾਂ ਨੇ ਕਰਮਕਾਂਡੀਆਂ ਦਾ ਬੋਝਾ ਸਿਰੋਂ ਉਤਾਰ ਦਿੱਤਾ ਹੈ.

ਅਥਵਣ: ਦੇਖੋ, ਅਥਨ। ੨. ਅਸ੍ਤਮਨ ਹੋਣ ਦੀ ਦਿਸ਼ਾ. ਪਸ਼੍ਚਿਮ. ਪੱਛੋਂ. ਦੇਖੋ, ਆਥਵਣ.

ਅਥਵਾ: ਵ੍ਯ- ਯਾ. ਵਾ. ਕਿੰਵਾ. ਜਾਂ.

ਅਥਾਈ: ਸੰਗ੍ਯਾ- ਇਸਥਿਤ ਹੋਣ ਦੀ ਥਾਂ. ਬੈਠਣ ਦੀ ਥਾਂ। ੨. ਮੁਸਾਫ਼ਰਖ਼ਾਨਾ. "ਹੁਤੋ ਅਥਾਈ ਕੇ ਵਿੱਚ ਬੈਠਯੋ." (ਗੁਪ੍ਰਸੂ)

ਅਥਾਹ, ਅਥਾਹੁ: ਵਿ- ਜਿਸ ਦਾ ਥਾਹ ਨਾ ਪਾਇਆ ਜਾਵੇ. ਅਗਾਧ. ਬਹੁਤ ਡੂੰਘਾ "ਅਗਮ ਅਥਾਹ ਬੇਅੰਤ." (ਵਾਰ ਰਾਮ ੨. ਮਃ ੫)

ਅਥਾਕ: ਵਿ- ਜੋ ਸ੍ਥਗਿਤਾ (ਥੱਕਿਆ) ਨਹੀਂ. ਅਥਕ. ਜੋ ਥਕੇ ਨਾ. "ਕੀਏ ਰਥ ਅਥਾਕ." (ਸ੍ਰੀ ਮਃ ੫)

ਅਥਾਮ: ਵਿ- ਅਸ੍ਥਾਨ ਰਹਿਤ। ੨. ਬੇਰੋਕ. ਥੰਮ੍ਹਣ ਬਿਨਾ. "ਉਖਰਜੋ ਧੀਰਜ ਮੂਲ ਅਥਾਮੁ." (ਨਾਪ੍ਰ)

ਅਥਿ: ਅਸ੍ਥਿ ਦਾ ਸੰਖੇਪ. ਹੱਡੀ। ੨. ਕ੍ਰਿ. ਵਿ- ਇਸ ਪੁਰ. "ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ." (ਗਾਥਾ)

ਅਥਿਤ, ਅਥਿਤਾ: ਵਿ- ਜੋ ਇਸਥਿਤ ਨਹੀਂ. ਚੰਚਲ। ੨. ਬਿਨਸਨਹਾਰ। ੩. ਅਤਿਥਿ ਦੀ ਥਾਂ ਭੀ ਕਈ ਥਾਂਈ ਅਥਿਤ ਸ਼ਬਦ ਆਇਆ ਹੈ.

ਅਥਿਤਿ: ਦੇਖੋ, ਅਤਿਥਿ। ੨. ਨਾ ਇਸਥਿਤੀ. ਕਾਇਮੀ ਨਾ ਹੋਣੀ.

ਅਥਿਤਜਭਵਨ: ਦੇਖੋ, ਆਥਿਤਜਭਵਨ.

ਅਥਿਰ: ਸੰ. ਅਸ੍ਥਿਰ. ਵਿ- ਜੋ ਇਸਥਿਰ (ਕਾਇਮ) ਨਹੀਂ. ਚੰਚਲ। ੨. ਬਿਨਸਨਹਾਰ.

ਅਥੋਨ: ਕ੍ਰਿ. ਵਿ- ਤਦਨੰਤਰ. ਇਸ ਪਿੱਛੋਂ. "ਅਥੋਨ ਪੁਰਸਾ ਦਮਰਾ." (ਧਨਾ ਨਾਮਦੇਵ) ਇਸ ਪਿੱਛੋਂ ਪੁਰੁਸ਼ ਨੂੰ ਦਮ ਸਾਧਨ ਕਰਨਾ ਯੋਗ੍ਯ ਹੈ. ਦੇਖੋ, ਦਮ.

ਅਥ੍ਰੂ: ਸੰਗ੍ਯਾ- ਅਸ਼੍ਰੁ. ਅੰਝੂ. ਆਂਸੂ. ਹੰਝੂ.

ਅਦ: ਸੰ. अद्. ਧਾ- ਖਾਣਾ. ਭੱਛਣ (ਭਕ੍ਸ਼ਣ) ਕਰਨਾ. ਕੱਟਣਾ. ਕੁਤਰਨਾ.

ਅਦਗ, ਅਦੱਗ: ਵਿ- ਬਿਨਾ ਦਾਗ. ਸਾਫ਼. "ਨਮੋ ਖੱਗ ਅਦੱਗੰ." (ਵਿਚਿਤ੍ਰ) "ਲੈਕਰ ਖੱਗ ਅਦੱਗ ਮਹਾਂ." (ਚੰਡੀ ੧) ੨. ਕਲੰਕ ਰਹਿਤ। ੩. ਅਦਗਧ. ਜੋ ਦਗਧ ਨਹੀਂ ਹੋ ਸਕਦਾ. ਅਰਥਾਤ ਸੜ ਨਹੀਂ ਸਕਦਾ. "ਅਦੋਖ ਅਦਾਗ ਅਦਗ ਹੈ." (ਅਕਾਲ)

ਅਦਦ, ਅ਼ਦਦ: ਅ਼. عدد ਗਿਣਤੀ. ਸ਼ੁਮਾਰ. ਸੰਖ੍ਯਾ। ੨. ਗਿਣਤੀ ਵਾਲੀ ਵਸ੍ਤੁ.

ਅਦਨ: ਸੰ. ਸੰਗ੍ਯਾ- ਖਾਣਾ. ਭਕ੍ਸ਼ਣ. ਛਕਣਾ।

੨. ਅ਼. عدن ਅ਼ਦਨ. ਵਿ- ਨਿੱਤ ਰਹਿਣ ਵਾਲਾ। ੩. ਸੰਗ੍ਯਾ- ਬਾਈਬਲ ਅਤੇ ਕ਼ੁਰਾਨ ਅਨੁਸਾਰ ਉਹ ਬਾਗ਼, ਜਿਸ ਵਿੱਚ ਖ਼ੁਦਾ ਨੇ ਆਦਮ ਨੂੰ ਰੱਖਿਆ ਸੀ. Eden. ਦੇਖੋ, ਆਦਮ। ੪. ਅ਼ਰਬ ਦੇਸ਼ ਨਾਲ ਲਗਦਾ ਸਮੁੰਦਰ ਦੇ ਕਿਨਾਰੇ ਇੱਕ ਨਗਰ ਅਤੇ ਪਹਾੜੀ ਤੇ (ਜਿਸ ਦੀ ਬਲੰਦੀ ਸਮੁੰਦਰ ਤੋਂ ੧੭੭੫ ਫੁੱਟ ਹੈ) ਮਜਬੂਤ ਫੌਜੀ ਕਿਲਾ, ਜੋ ਭਾਰਤਰਾਜ ਵਿੱਚ ਸ਼ਾਮਿਲ ਹੈ. ਅਦਨ ਜਨਵਰੀ ਸਨ ੧੮੩੯ ਵਿੱਚ ਅੰਗਰੇਜ਼ਾਂ ਦੇ ਹੱਥ ਆਇਆ ਹੈ. ਵਲਾਇਤ ਨੂੰ ਆਉਣ ਜਾਣ ਵਾਲੇ ਜਹਾਜਾਂ ਦਾ ਇਹ ਇੱਕ ਬੰਦਰ ਹੈ.

ਅਦਨਾ: ਅ਼. اَدنیٰ ਵਿ- ਨੀਚ. ਕਮੀਨਾ. ਤੁੱਛ.

ਅਦਬ: ਅ਼. ادب ਸੰਗ੍ਯਾ- ਆਦਰ. ਸਨਮਾਨ. ਇਸ਼ਸ਼੍ਟਾਚਾਰ. "ਹਾਦੀਯੇ ਰਾਹੇ ਖ਼ੁਦਾ ਆਮਦ ਅਦਬ। ਬੇ ਅਦਬ ਖ਼ਾਲੀਸ੍ਤ ਅਜ਼ ਅਲਤਾਫ਼ੇ ਰੱਬ." (ਜਿੰਦਗੀ) ੨. ਨਿਯਮ. ਕ਼ਾਇਦਾ। ੩. ਸਦਾਚਾਰ ਵਾਲਾ ਸਾਹਿਤ੍ਯ.

ਅਦਭੁਤ: ਸੰ. अद्भुत. ਵਿ- ਅਣੋਖਾ. ਅਜੀਬ।

੨. ਹੈਰਾਨ ਕਰਨ ਵਾਲਾ। ੩. ਕਾਵ੍ਯ ਅਨੁਸਾਰ ਨੌ ਰਸਾਂ ਵਿੱਚੋਂ ਇੱਕ ਰਸ. ਦੇਖੋ, ਰਸ.

ਅਦਭੁਤ ਰਾਮਾਯਣ: ਦੇਖੋ, ਮਹਰਾਵਣ.

ਅਦਮ: ਸੰ. ਅਦਮ੍ਯ. ਵਿ- ਜਿਸ ਨੂੰ ਦਮਨ ਨਾ ਕਰ ਸਕੀਏ. ਅਜੀਤ. ਜੋ ਦਬੇ ਨਾ। ੨. ਅ਼. عدم ਅ਼ਦਮ. ਸੰਗ੍ਯਾ- ਗ਼ੈਰਹਾਜ਼ਰੀ. ਅਣਹੋਂਦ ਅਨੁਪਸ੍ਥਿਤਿ. ਮੌਜੂਦਗੀ ਦਾ ਅਭਾਵ। ੩. ਪਰਲੋਕ.

ਅਦਰਸ: ਦੇਖੋ, ਆਦਰਸ਼। ੨. ਦੇਖੋ, ਅਦ੍ਰਿਸ਼ਜ.

ਅਦਰਕ: ਸੰ. ਆਦ੍ਰੰਕ. ਸੰਗਜ੍ਞਾ- ਆਦਾ. ਹਰੀ ਸੁੰਢ.

ਅਦਰਬ: ਵਿ- ਦ੍ਰਵਜ ਰਹਿਤ. ਨਿਰਧਨ। ੨. ਅਮੋਲ (ਅਮੂਲਜ). ਜਿਸ ਦੀ ਕੀਮਤ ਨਾ ਹੋਵੇ. "ਸੁ ਬਾਜੀ ਅਦਰਬੰ." (ਗਜਾਨ)

ਅਦਲ: ਸੰ. ਘੀ. ਘ੍ਰਿਤ। ੨. ਅ਼. عدل ਅ਼ਦਲ. ਸੰਗਜਾ- ਨਿਆਂਉਂ. ਨਜਾਯ. ਇਨਸਾਫ਼. "ਅਦਲ ਕਰੇ ਗੁਰੁ ਗਿਆਨ ਸਮਾਨਾ." (ਮਾਰੂ ਸੋਲਹੇ ਮਃ ੧) ੩. ਪਰਮੇਸ਼ਵਰ ਕਰਤਾਰ। ੪. ਤੁਲਜਤਾ. ਸਮਾਨਤਾ। ੫. ਮਾਪ. ਮਿਣਤੀ.

ਅਦਲੀ: ਵਿ- ਅ਼ਦਲ (ਨਿਆਂਉ) ਕਰਨ ਵਾਲਾ. ੨. ਸੰਗਜਾ- ਅਦਾਲਤੀ. ਜੱਜ. "ਅਦਲੀ ਹੋਇ ਬੈਠਾ ਪ੍ਰਭੁ ਆਪਿ." (ਗਉ ਮਃ ੫) ੩. ਪਿੰਡ ਭੈਣੀ ਦਾ (ਜਿਸ ਦਾ ਹੁਣ ਨਾਉਂ ਚੋਹਲਾ ਅਥਵਾ ਚੋਲ੍ਹਾ ਹੈ) ਵਸਨੀਕ ਸਤਿਗੁਰੂ ਰਾਮਦਾਸ ਜੀ ਦਾ ਇੱਕ ਆਤਮਗਜਾਨੀ ਸਿੱਖ, ਜਿਸ ਦੀ ਸ਼ੁਭ ਸਿਖਜਾ ਦ੍ਵਾਰਾ ਭਾਈ ਬਿਧੀ ਚੰਦ ਨੇ ਚੋਰੀ ਛੱਡਕੇ ਸ਼੍ਰੀ ਗੁਰੂ ਅਰਜਨ ਦੇਵ ਤੋਂ ਆਤਮਉਪਦੇਸ਼ ਲੀਤਾ. "ਅਦਲੀ ਗੁਰੁ ਕੋ ਸਿੱਖ ਤਹਿਂ ਜਿਂਹ ਸੁਮਤਿ ਵਿਸੇਖੀ." (ਗੁਪ੍ਰਸੂ)

ਅਦਲੁ: ਦੇਖੋ, ਅਦਲ.

ਅਦਵੈ: ਦੇਖੋ, ਅਦ੍ਵਯ.

ਅਦਾ, ਅਦਾਇ: ਅ਼. ادا ਸੰਗਜਾ- ਤ਼ਰਜ਼. ਢੰਗ. ਚਾਲ. "ਅਦਭੁਤ ਅਦਾਇ ਤਾਂਕੀ." (ਰਾਮਾਵ)

੨. ਵਾਕਜਰਚਨਾ। ੩. ਚੁਕਾਉਣਾ. ਹ਼ਿਸਾਬ ਬੇਬਾਕ ਕਰਨਾ। ੪. ਭਾਵ ਨੂੰ ਪਰਤੱਖ ਕਰਕੇ ਦੱਸਣਾ। ੫. ਅ਼. عداء ਅ਼ਦਾ. ਖੰਡਨ. ਰੱਦ. ਦੂਰ ਕਰਨਾ. "ਤੇਰੋ ਹੁਕਮ ਕਰਹਿਂਗੇ ਅਦਾ। ਗੁਰੁ ਕੇ ਸੰਗ ਰਹੈਂਗੇ ਸਦਾ." (ਗੁਪ੍ਰਸੂ) ੬. ਵਿ- ਤਬਾਹ. ਬਰਬਾਦ. "ਇਸ ਥਲ ਤੇ ਤੂੰਹੀ ਹੁਇ ਅਦਾ." (ਗੁਪ੍ਰਸੂ)

ਅਦਾਇਬ: ਅ਼. آداب ਆਦਾਬ. ਅਦਬ ਦਾ ਬਹੁ ਵਚਨ. "ਬ੍ਰਿੰਦ ਅਦਾਇਬ ਰਾਖਤ ਹੈਂ." (ਗੁਪ੍ਰਸੂ)

ਅਦਾਹਣ: ਵਿ- ਅਦਾਹਜ. ਦਹਨ ਰਹਿਤ. ਜੋ ਸਾੜਿਆ ਨਾ ਜਾ ਸਕੇ. "ਪ੍ਰਚੰਡ ਆਮੇਟ ਅਦਾਹਣ." (ਪਾਰਸਾਵ)

ਅਦਾਗ: ਵਿ- ਦਾਗ ਰਹਿਤ. ਨਿਰਮਲ. ਕਲੰਕ ਬਿਨਾ.

ਅਦਾਬ: ਦੇਖੋ, ਅਦਾਇਬ. "ਕਰਤ ਅਦਾਬ ਅਧਿਕ ਸਭਕੋਏ." (ਗੁਪ੍ਰਸੂ)

ਅਦਾਲਤ, ਅ਼ਦਾਲਤ: ਅ਼. عدالت ਸੰਗਜਾ- ਅ਼ਦਲ ਦੀ ਥਾਂ. ਨਜਾਯਸ਼ਾਲਾ। ੨. ਇਨਸਾਫ. ਨਿਆਂਉ.

ਅਦਾਲਤੀ: ਵਿ- ਅਦਾਲਤ ਕਰਨ ਵਾਲਾ. ਨਿਆਂਉ ਕਰਨ ਵਾਲਾ। ੨. ਸੰਗਜਾ- ਜੱਜ. ਨਜਾਯਾਧੀਸ਼.

ਅਦਾਵਤ, ਅ਼ਦਾਵਤ: ਅ਼. عداوت ਸੰਗਜਾ- ਦੁਸ਼ਮਨੀ. ਵੈਰ. "ਤੂੰ ਕਰੇਂ ਅਦਾਵਤ ਗੁਰੂ ਨਾਲ." (ਜੰਗਨਾਮਾ)

ਅਦਿਸਟ: ਸੰ. अदृष्ट ਅਦ੍ਰਿਸ਼੍ਟ ਵਿ- ਨਾ ਦੇਖਿਆ. ਅਣਡਿੱਠ। ੨. ਸੰਗਜਾ- ਕਰਤਾਰ. "ਸਹਜੇ ਆਦਿਸਟੁ ਪਛਾਣੀਐ." (ਸ੍ਰੀ ਅਃ ਮਃ ੩) ੩. ਕਰਮ। ੪. ਪ੍ਰਾਰਬਧ.

ਅਦਿਸਟਿ: ਅਦ੍ਰਿਸ਼੍ਟ ਵਿੱਚ. "ਚਿਤੁ ਅਦਿਸਟਿ ਲਗਾਈ." (ਰਾਮ ਅਃ ਮਃ ੩)

ਅਦਿਸਟੁ: ਦੇਖੋ, ਅਦਿਸਟ.

ਅਦਿਖ: ਵਿ- ਦੀਖਜਾ (ਦੀਕ੍ਸ਼ਾ) ਰਹਿਤ. ਜਿਸ ਨੇ ਗੁਰੁਦੀਕ੍ਸ਼ਾ ਧਾਰਣ ਨਹੀਂ ਕੀਤੀ। ੨. ਅਣਡਿੱਠ. ਜੋ ਦੇਖਣ ਵਿੱਚ ਨਹੀਂ ਆਇਆ.

ਅਦਿਤ: ਦੇਖੋ, ਆਦਿਤਜ.

**ਅਦਿਤਿ:** ਸੰ. ਸੰਗ੍ਯਾ- ਪ੍ਰਿਥਿਵੀ। ੨. ਦੱਛ (ਦਕ੍ਸ਼) ਦੀ ਪੁਤ੍ਰੀ ਅਤੇ ਕਸ਼੍ਯਪ ਦੀ ਇਸਤ੍ਰੀ, ਜਿਸ ਤੋਂ ਦੇਵਤੇ ਜਨਮੇ. "ਦਿਤਿ ਅਦਿਤਿ ਏ ਰਿਖਿ ਬਰੀ ਬਨਾਇ." (ਵਿਚਿਤ੍ਰ) ੩. ਮਾਤਾ. ਮਾਂ। ੪. ਖਾਜਾਣ ਵਾਲੀ. ਭਾਵ- ਮੌਤ.

**ਅਦਿਤਿਸੁਤ, ਅਦਿਤਿਕੁਮਾਰ:** ਸੰਗ੍ਯਾ- ਸੂਰਜ। ੨. ਇੰਦ੍ਰ। ੩. ਵਾਮਨ। ੪. ਦੇਵਤਾ.

**ਅਦਿਤੀ:** ਦੇਖੋ, ਅਦਿਤਿ.

**ਅਦੀਸ, ਅਦੀਖ:** ਜੋ ਦਿਖਾਈ ਨਾ ਦੇਵੇ. ਦੇਖੋ, ਅਦ੍ਰਿਸ਼੍ਯ. "ਅਦੀਸੈ." (ਜਾਪੁ)

**ਅਦੀਨ:** ਵਿ- ਦੀਨਤਾ ਰਹਿਤ। ੨. ਨਿਡਰ। ੩. ਉਦਾਰ। ੪. ਪਾਂਡਵ ਸਹਦੇਵ ਦਾ ਇੱਕ ਪੁੱਤ੍ਰ.

**ਅਦੀਨਾ:** ਫ਼ਾ. آدینہ ਸੰਗ੍ਯਾ- ਸ਼ੁਕ੍ਰਵਾਰ. ਜੁਮਾ. ਅਦੀਨਹ ਦਾ ਅਰਥ ਸਿੰਗਾਰ ਕਰਨਾ ਹੈ. ਮੁਸਲਮਾਨ ਜੁਮੇ ਦੇ ਦਿਨ ਸਿੰਗਾਰ ਕਰਦੇ ਹਨ, ਇਸ ਲਈ ਸ਼ੁਕ੍ਰਵਾਰ ਦਾ ਇਹ ਨਾਉਂ ਪੈ ਗਿਆ ਹੈ.

**ਅਦੀਨਾ ਬੇਗ:** ਇਹ ਸ਼ਰਕਪੁਰ ਨਿਵਾਸੀ ਗ਼ਰੀਬ ਚੰਨੂ ਅਰਾਈਂ ਦਾ ਪੁੱਤ ਮਾਲ ਦੇ ਮਹਿਕਮੇ ਦਾ ਪਟਵਾਰੀ ਸੀ. ਆਪਣੀ ਲਿਆਕਤ ਨਾਲ ਵਧਦਾ ਵਧਦਾ ਜਲੰਧਰ ਦਾ ਨਵਾਬ ਹੋ ਗਿਆ, ਅਤੇ ਅੰਤ ਪੰਜਾਬ ਦਾ ਸੂਬੇਦਾਰ ਹੋਕੇ ਮੋਇਆ. ਇਸਦਾ ਅਸਲ ਨਾਉਂ ਬਹਰਾਮ ਜੰਗ ਸੀ. ਅਦੀਨਹ (ਸ਼ੁਕ੍ਰ) ਦੇ ਦਿਨ ਇਹ ਜੰਮਿਆ ਸੀ, ਇਸ ਲਈ ਅਦੀਨਾ ਬੇਗ ਨਾਉਂ ਪੈ ਗਿਆ. ਅਹਮਦ ਸ਼ਾਹ ਦੇ ਬੇਟੇ ਤੈਮੂਰ ਅਤੇ ਉਸ ਦੇ ਨਾਇਬ ਜਹਾਨ ਖ਼ਾਂ ਦਾ ਨਾਸ਼ ਕਰਨ ਲਈ ਇਸ ਨੇ ਪਹਿਲਾਂ ਸਿੱਖਾਂ ਨਾਲ ਫੇਰ ਮਰਹੱਟਿਆਂ ਨਾਲ ਮਿਤ੍ਰਤਾ ਗੰਢੀ, ਪਰ ਪੂਰਾ ਕਿਸੇ ਨਾਲ ਨਾ ਉੱਤਰਿਆ, ਕਿਉਂਕਿ ਮਨ ਦਾ ਖੋਟਾ ਸੀ. ਇਸ ਦਾ ਦੇਹਾਂਤ ਸੂਲ ਰੋਗ ਨਾਲ ਅੱਸੂ ਸੰਮਤ ੧੮੧੫ ਵਿੱਚ ਹੋਇਆ, ਅਤੇ ਜਾਲੰਧਰ ਲਾਗੇ ਖ਼ਾਨਪੁਰ ਦਫਨ ਕੀਤਾ ਗਿਆ. ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਜਿਕਰ ਹੈ ਕਿ ਕਰਤਾਰਪੁਰੀਏ ਸੋਢੀ ਵਡਭਾਗ ਸਿੰਘ ਅਤੇ ਖ਼ਾਲਸਾ ਦਲ ਦੀ ਸਹਾਇਤਾ ਨਾਲ ਅਦੀਨਾ ਬੇਗ ਨੇ ਸੰਮਤ ੧੮੧੩ ਵਿੱਚ ਜਾਲੰਧਰ ਫਤੇ ਕੀਤਾ. ਅਤੇ ਖ਼ਾਲਸੇ ਨੇ ਜਾਲੰਧਰ ਦੇ ਜਾਲਿਮ ਨਾਸਿਰ ਅਲੀ ਦੀ ਲਾਸ਼ ਕਬਰ ਵਿੱਚੋਂ ਕੱਢਕੇ ਫੂਕੀ, ਕਿਉਂਕਿ ਨਾਸਿਰ ਅਲੀ ਨੇ ਕਰਤਾਰਪੁਰ ਦਾ ਥੰਮ ਸਾਹਿਬ ਸਾੜਿਆ ਸੀ.

**ਅਦੁਤਿਯ, ਅਦੁਤੀ:** ਦੇਖੋ, ਅਦ੍ਵਿਤੀਯ.

**ਅਦੂ, ਅ਼ਦੂ:** ਅ਼. عدو ਸੰਗ੍ਯਾ- ਵੈਰੀ. ਦੁਸ਼ਮਨ.

**ਅਦੂਖ, ਅਦੂਖਾ:** ਵਿ- ਦੁੱਖ ਰਹਿਤ। ੨. ਨਿਰਦੋਸ਼. ਦੂਸ਼ਣ ਬਿਨਾ। ੩. ਨਿਰਵਿਕਾਰ. "ਮਨ ਰਹਜੋ ਅਦੂਖਾ." (ਗੁਪ੍ਰਸੂ)

**ਅਦੂਜ:** ਵਿ- ਅਦ੍ਵਿਤੀਯ. ਅਦੁਤੀ.

**ਅਦੂਲ, ਅਦੂਲੀ:** ਅ਼. عدول ਉ਼ਦੂਲ. ਸੰਗ੍ਯਾ- ਇਨਕਾਰ. ਨਿਸ਼ੇਧ. ਖੰਡਨ। ੨. ਵਿਰੁੱਧ ਹੋਣਾ. ਪ੍ਰਤਿਕੂਲਤਾ. "ਹੁਕਮਅਦੂਲੀ ਗੁਨਹਿ ਵਿਚਾਰੋ." (ਗੁਪ੍ਰਸੂ)

**ਅਦੇਉ:** ਸੰਗ੍ਯਾ- ਰਾਖਸ. ਅਦੇਵ. ਅਸੁਰ। ੨. ਵਿ- ਅਦੇਯ. ਜੋ ਨਾ ਦੇਣ ਯੋਗ੍ਯ ਹੋਵੇ. "ਦੇਂਉ ਅਦੇਉ ਵਸਤੁ ਜੋ ਹੋਈ." (ਨਾਪ੍ਰ)

**ਅਦੇਅ:** ਜੇ ਦੇਣ ਲਾਇਕ ਨਹੀਂ. ਦੇਖੋ, ਅਦੇਯ। ੨. ਸੰਗ੍ਯਾ- ਜੋ ਨਹੀਂ ਦੇਵ. ਅਦੇਵ. ਅਸੁਰ. ਦੇਖੋ, ਦੇਅ.

**ਅਦੇਸ:** ਵਿ- ਦੇਸ਼ ਰਹਿਤ. ਜਿਸ ਦਾ ਕੋਈ ਖ਼ਾਸ ਦੇਸ਼ ਨਹੀਂ. "ਅਕਾਲ ਪੁਰਖ ਅਦੇਸ." (ਜਾਪੁ)

੨. ਮੰਦ ਦੇਸ਼. ਬੁਰਾ ਦੇਸ਼। ੩. ਦੇਖੋ, ਆਦੇਸ਼.

**ਅਦੇਸਾ:** ਫ਼ਾ. اندیشہ ਅੰਦੇਸ਼ਾ. ਸੰਗ੍ਯਾ- ਵਿਚਾਰ. ਧ੍ਯਾਨ. ਫਿਕਰ। ੨. ਈਰਖਾ। ੩. ਸੰਸਾ. ਭ੍ਰਮ. "ਚੂਕੇ ਮਨਹੁ ਅਦੇਸਾ." (ਵਡ ਛੰਤ ਮਃ ੫) ੪. ਡਰ. ਭੈ.

**ਅਦੇਖ, ਅਦੇਖਿ:** ਵਿ- ਜੋ ਦੇਖਿਆ ਨਹੀਂ ਜਾਂਦਾ. ਅਦ੍ਰਿਸ਼੍ਯ. "ਜਸ ਅਦੇਖਿ ਤਸ ਰਾਖਿ ਬਿਚਾਰਾ." (ਗਉ ਬਾਵਨ ਕਬੀਰ)

**ਅਦੇਯ:** ਸੰਗ੍ਯਾ- ਜੋ ਦੇਣ ਯੋਗ੍ਯ ਨਹੀਂ. ਜੋ ਦਿੱਤਾ ਨਾ ਜਾਵੇ. "ਨਹਿ ਅਦੇਯ ਕਛੁ ਤੋ ਤੇ." (ਨਾਪ੍ਰ)

**ਅਦੇਵ:** ਸੰਗ੍ਯਾ- ਦੇਵਤੇ ਤੋਂ ਭਿੰਨ. ਅਸੁਰ. "ਮਿਲ ਦੇਵ ਅਦੇਵਨ ਸਿੰਧੁ ਮਥ੍ਯੋ." (ਮੋਹਨੀ) ੨. ਜਿਸ ਦਾ ਕੋਈ ਦੇਵ (ਪੂਜ੍ਯ) ਨਹੀਂ. ਜੋ ਕਿਸੇ ਦੀ ਉਪਾਸਨਾ ਨਹੀਂ ਕਰਦਾ. "ਆਦਿ ਅਦੇਵ ਹੈ." (ਜਾਪੁ)

**ਅਦੋਖ:** ਵਿ- ਦੋਸ਼ ਰਹਿਤ. ਪਾਪ ਬਿਨਾ. ਕਲੰਕ ਬਿਨਾ।

**ਅਦੰਗ, ਅਦੰਗੀ:** ਵਿ- ਬਿਨਾ ਦਾਗ. ਕਲੰਕ ਬਿਨਾ. ਦੇਖੋ, ਦੰਗ। ੨. ਦੰਗੇ (ਝਗੜੇ) ਤੋਂ ਰਹਿਤ। ੩. ਫ਼ਾ. عودنگ ਅ਼ਦੰਗ. ਮੂਰਖ.

**ਅਦੰਡ, ਅਦੰਡ੍ਯ:** ਸੰ. ਅਦਣ੍ਡਯ- ਅਦੰਡ੍ਯ. ਵਿ- ਜੋ ਦੰਡ(ਸਜ਼ਾ) ਯੋਗ੍ਯ ਨਹੀਂ. ਜਿਸ ਨੂੰ ਦੰਡ ਨਾ ਦਿੱਤਾ ਜਾਵੇ.

**ਅਦੰਭ:** ਵਿ- ਦੰਭ ਰਹਿਤ. ਪਾਖੰਡ ਬਿਨਾ.

**ਅਦ੍ਯ:** ਸੰ. ਕ੍ਰਿ. ਵਿ- ਅੱਜ. ਹੁਣ. ਅੱਜ ਦੇ ਦਿਨ.

**ਅਦ੍ਰ:** ਦੇਖੋ, ਅਦ੍ਰਿ.

**ਅਦ੍ਰਸਾਰ:** ਸੰਗ੍ਯਾ- ਅਦ੍ਰਿ (ਪਹਾੜ) ਦਾ ਸਾਰ. ਸ਼ਿਲਾਜੀਤ (ਸ਼ਿਲਾਜਤੁ). ੨. ਲੋਹਾ। ੩. ਫੌਲਾਦ. "ਕਹੂੰ ਅਦ੍ਰਸਾਰੰ, ਕਹੂ ਭਦ੍ਰ ਰੂਪੰ." (ਅਕਾਲ) ਕਿਤੇ ਲੋਹਾ ਰੂਪ ਕਿਤੇ ਭਦ੍ਰ (ਸੁਵਰਣ) ਰੂਪ। ੪. ਅਦ੍ਰਿ (ਪਹਾੜ) ਤੋਂ ਟਪਕਕੇ ਨਿਕਲੀ ਹੋਈ ਨਦੀ ਅਥਵਾ ਚਸ਼ਮਾ.

**ਅਦ੍ਰਹਮਾਨ, ਅਦ੍ਰਮਾਨ:** عبدُالرحمان ਅ਼ਬਦੁਲਰਹ਼ਮਾਨ ਸ਼ਰੀ ਗੁਰੂ ਨਾਨਕਦੇਵ ਦਾ ਮੁਰੀਦ, ਜਿਸ ਨੇ ਕਰਤਾਰਪੁਰ ਰਹਿਕੇ ਸਤਿਗੁਰੂ ਦੀ ਸੇਵਾ ਪ੍ਰੇਮ ਨਾਲ ਕੀਤੀ ਅਤੇ ਗੁਰੁਮੁਖ ਸਿੱਖਾਂ ਵਿੱਚ ਗਿਣਿਆ ਗਿਆ. "ਏਕ ਫ਼ਕੀਰ ਜੁ ਅਦ੍ਰਹਮਾਨ." (ਨਾਪ੍ਰ)

**ਅਦ੍ਰਿ:** ਸੰ. ਸੰਗ੍ਯਾ- ਪਹਾੜ। ੨. ਪੱਥਰ। ੩. ਬਿਰਛ। ੪. ਬੱਦਲ.

**ਅਦ੍ਰਿਸ, ਅਦ੍ਰਿਸਟ:** ਦੇਖੋ, ਅਦਿਸਟ ੧, ਅਤੇ ਅਦ੍ਰਿਸ਼੍ਯ. "ਦੇਖਿ ਅਦ੍ਰਿਸਟ ਰਹਉ ਬਿਸਮਾਦੀ."

(ਸੋਰ ਮ. ੧) "ਬਿਥਰਜੋ ਅਦ੍ਰਿਸਟ ਜਿਹ ਕਰਮ ਜਾਰ." (ਅਕਾਲ) ੨. ਦੇਖੋ ਅਦਿਸਟ ੩.

**ਅਦ੍ਰਿਸਾਰ:** ਸੰਗ੍ਯਾ- ਸ਼ਿਲਾਜੀਤ. ਇੱਕ ਪ੍ਰਕਾਰ ਦੀ ਔਖਧ, ਜੋ ਪਹਾੜ ਤੋਂ ਟਪਕਦੀ ਹੈ. ਇਹ ਸ਼ਿਲਾ ਦੀ ਜਤੁ (ਲਾਖ) ਹੈ. ਦੇਖੋ, ਸਿਲਾਜੀਤ। ੨. ਲੋਹਾ। ੩. ਪਾਣੀ ਦਾ ਸੋਤ (ਚਸ਼ਮਾ), ਜੋ ਪਹਾੜ ਵਿੱਚੋਂ ਫੁੱਟ ਨਿਕਲਿਆ ਹੈ.

**ਅਦ੍ਰਿਸੁਤਾ:** ਸੰਗ੍ਯਾ- ਪਾਰਵਤੀ. ਹਿਮਾਲਯ ਅਦ੍ਰਿ (ਪਰਵਤ) ਦੀ ਪੁਤ੍ਰੀ। ੨. ਨਦੀ। ੩. ਗੰਗਾ.

**ਅਦ੍ਰਿ ਸੁਤਾਹੁ ਕੀ ਜੋ ਤਨੀਆ:** (ਚੰਡੀ ੧) ਕੌਸ਼ਕੀ ਦੇਵੀ. ਅਦ੍ਰਿਸੁਤਾ (ਪਾਰਵਤੀ) ਦੀ ਤਨਿਯਾ (ਪੁਤ੍ਰੀ).[76] ੨. ਕਾਲੀ ਦੇਵੀ. ਮਾਰਕੰਡੇਯ ਪੁਰਾਣ ਵਿੱਚ ਕਥਾ ਹੈ ਕਿ ਦੁਰਗਾ ਦੇ ਮਸ੍ਤਕ ਵਿੱਚੋਂ ਸ਼੍ਰੋਣਤਬੀਜ ਦੇ ਘੋਰ ਯੁੱਧ ਵੇਲੇ ਕਾਲੀ ਪ੍ਰਗਟ ਹੋਈ. "ਨਿਕਲੀ ਮੱਥਾ ਫੋੜਕੈ." (ਚੰਡੀ ੩)

**ਅਦ੍ਰਿਸ਼੍ਟ:** ਦੇਖੋ, ਅਦਿਸਟ ੧. ਅਤੇ ੩.

**ਅਦ੍ਰਿਸ਼੍ਟਕੂਟ:** ਅਜੇਹੀ ਬੁਝਾਰਤ ਜਿਸ ਦਾ ਅਰਥ ਦਿਖਾਈ ਨਾ ਦੇਵੇ. ਭਾਵ- ਪੇਚ ਨਾਲ ਜਿਸ ਵਿੱਚ ਬੁਝਾਰਤ ਦਾ ਭਾਵ ਗੁਪਤ

---

[76] शरीर कोशयत्तस्या: पार्वत्या नि:सुताम्बिका। कौशिकीति समस्तेयु ततो सोकयु बीकते ॥
(ਦੁਰਗਾ ਸਪਤਬਤੀ ਅ: ੫)

ਰੱਖਿਆ ਗਿਆ ਹੈ. ਪੰਜਾਬੀ ਵਿੱਚ ਇਸ ਦਾ ਉੱਚਾਰਣ ਦ੍ਰਿਸ਼੍ਰਕੂਟ ਹੋ ਗਿਆ ਹੈ.

ਅਦ੍ਰਿਸ਼ਜ: ਸੰ. अदृश्य. ਵਿ- ਜੋ ਦੇਖਿਆ ਨਾ ਜਾਵੇ. ਅਣਡਿੱਠ. ਗ਼ਾਇਬ.

ਅਦ੍ਰਿਜਾ: ਸੰਗਜਾ- ਹਿਮਾਲਯ ਅਦ੍ਰਿ (ਪਰਵਤ) ਦੀ ਪੁਤ੍ਰੀ. ਪਾਰਵਤੀ। ੨. ਨਦੀ.

ਅਦ੍ਰੀ: ਦੇਖੋ, ਅਦ੍ਰਿ। ੨. ਵਿ- ਸਨਮਾਨਿਤ. ਆਦਰ ਕੀਤਾ ਹੋਇਆ. ਆਦ੍ਰਿਤ (आदृत ). ੩. ਪਹਾੜੀਆਂ.

ਅਦ੍ਰੋਹ: ਵਿ- ਦ੍ਰੋਹ ਰਹਿਤ. ਵੈਰ ਬਿਨਾ. ਨਿਰਵੈਰ.

ਅਦ੍ਵਯ, ਅਦ੍ਵਿਤੀਯ, ਅਦ੍ਵਿਯ: ਵਿ- ਦ੍ਵਿਤੀਯ ਰਹਿਤ. ਇੱਕੋ. ਲਾਸਾਨੀ. ਅਦੁਤੀ. "ਅਦ੍ਵਿਯ ਅਮਰ." (ਗਜਾਨ)

ਅਦ੍ਵੇਸ, ਅਦ੍ਵੇਖ: ਸੰ. ਅਦ੍ਵੇਸ਼. ਵਿ- ਦ੍ਵੇਸ਼ (ਵੈਰ) ਰਹਿਤ। ੨. ਈਰਖਾ ਬਿਨਾ.

ਅਦਨਐ: ਅਦੁਤੀ. ਦੇਖੋ, ਅਦ੍ਵਯ. "ਆਦਿ ਪੁਰਖ ਅਦ੍ਵੈ." (ਅਕਾਲ)

ਅਦ੍ਵੈਖ: ਦੇਖੋ, ਅਦ੍ਵੇਖ.

ਅਦ੍ਵੈਤ: ਸੰ. ਵਿ- ਇਕੱਲਾ. ਦ੍ਵੈਤ (ਦੂਜੇ) ਬਿਨਾ। ੨. ਸੰਗਜਾ- ਕਰਤਾਰ, ਜੋ ਅਦੁਤੀ (ਲਾਸਾਨੀ) ਹੈ.

ਅਦ੍ਵੈਤਵਾਦ: ਸੰ. ਵੇਦਾਂਤਮਤ. ਉਹ ਸਿੱਧਾਂਤ ਜਿਸ ਵਿੱਚ ਸਿੱਧ ਕੀਤਾ ਹੈ ਕਿ ਕਰਤਾਰ ਬਿਨਾ ਹੋਰ ਕੁਝ ਨਹੀਂ. . ਵਾਹਿਗੁਰੂ ਹੀ ਜਗਤ ਦਾ ਉਪਾਦਾਨ ਅਤੇ ਨਿਮਿੱਤ ਕਾਰਣ ਹੈ.

ਅਧ: ਸੰ. अर्द्ध. ਅਧੰ. ਵਿ- ਅੱਧਾ. ਨਿਸਫ਼. "ਅਧ ਸੇਰ ਮਾਗਉ ਦਾਲੇ." (ਸੋਰ ਕਬੀਰ) ੨. ਸੰ. अधस्- ਅਧਃਵਜ- ਹੇਠ. ਨੀਚੇ. ਥੱਲੇ। ੩. ਦੇਖੋ, ਅੱਧ.

ਅਧ ਊਰਧ: ਕ੍ਰਿ. ਵਿ- ਅਧਃ ਊਰਧ. ਹੇਠ ਉੱਤੇ। ੨. ਸੰਗਜਾ- ਪ੍ਰਿਥਿਵੀ ਅਤੇ ਆਕਾਸ਼। ੩. ਮਿਰਤ (ਮਰਤਜ) ਲੋਕ ਅਤੇ ਦੇਵ ਲੋਕ। ੪. ਨਰਕ ਸੁਰਗ. "ਕਿਰਤ ਪਇਆ ਅਧ ਊਰਧੀ." (ਗਉ ਅਃ ਮਃ ੧)

ਅਧਸੀਲੀ: ਵਿ- ਅਰਧ ਸ਼ੀਲ ਵਾਲਾ. ਜਿਸ ਵਿੱਚ ਅੱਧਾ ਸ਼ਿਸ਼੍ਰਾਚਾਰ (ਭਲਾ ਵਰਤਾਉ) ਹੈ. "ਅਧਸੀਲੀ ਤ੍ਰੇਤਾ ਆਇਆ." (ਚੰਡੀ ੩)

ਅਧਹ: ਦੇਖੋ, ਅਧ ੨.

ਅਧਕ: ਦੇਖੋ, ਅਧਿਕ.

ਅਧਕਾਰ: ਦੇਖੋ ਅਧਿਕਾਰ.

ਅਧਕੀ: ਵਿ- ਅਧਿਕਤਾ ਵਾਲੀ. ਵਧ਼ੀ ਹੋਈ. "ਅਧਕੀ ਤ੍ਰਿਸਨਾ ਵਿਆਪੈ ਕਾਮ." (ਗਉ ਅਃ ਮਃ ੧)

ਅਧਨ: ਵਿ- ਧਨ ਰਹਿਤ. ਨਿਰਧਨ. "ਅਧਨ ਧਨੀ ਹੋ ਜਾਤ." (ਸਲੋਹ)

ਅਧਨੇਤ੍ਰਾ: ਦੇਖੋ, ਅੰਧਨੇਤ੍ਰਾ ਅਤੇ ਅੰਧਰਾਤ੍ਰਾ.

ਅਧਪਤਿ: ਸੰ. ਅਧਿਪਤਿ. ਸੰਗਜਾ- ਸ੍ਵਾਮੀ. ਰਾਜਾ. "ਜਜੋਂ ਅਧਪਤਿ ਇਕ ਪੋਸ਼ਿਸ਼ ਤਜਕੈ." (ਨਾਪ੍ਰ)

ਅਧਪੰਧ: ਵਿ- ਅੱਧਾ ਮਾਰਗ. ਅੱਧਾ ਰਾਹ। ੨. ਹਿੰਦੂਰੀਤਿ ਅਨੁਸਾਰ ਘਰ ਅਤੇ ਸ਼ਮਸ਼ਾਨ ਦੇ ਮੱਧ ਦਾ ਥਾਂ, ਜਿੱਥੇ ਮੁਰਦੇ ਨੂੰ ਜ਼ਮੀਨ ਤੇ ਰੱਖਕੇ ਪਿੰਡਦਾਨ ਕੀਤਾ ਜਾਂਦਾ ਹੈ। ੩. ਸਿੰਧੀ ਅੰਧਪੰਧ. ਕ੍ਰਿ. ਵਿ- ਉਸੇ ਵੇਲੇ ਗਮਨ ਕਰਦਾ (ਤੁਰਦਾ).

ਅਧਪੰਧੀ: ਵਿ- ਅੱਧਾ ਰਾਹ ਤੈ (ਤ਼ਯ) ਕਰਨ ਵਾਲਾ. ਜੋ ਪੂਰੀ ਮੰਜ਼ਿਲ ਤੈ ਨਾ ਕਰ ਸਕੇ. "ਅਧਪੰਧੇ ਹੈ ਸੰਸਾਰੋ ਵਾ." (ਵਡ

ਅਲਾਹਣੀਆਂ ਮਃ ੧)

ਅਧਭੂਤ: ਦੇਖੋ, ਅਧਿਭੂਤ.

ਅਧਮ: ਵਿ- ਨੀਵਾਂ ਹੋਇਆ. ਨੀਚ. ਪਾਪੀ. ਦੁਸ਼੍ਟ. ਪਾਂਮਰ.

ਅਧਮਈ: ਸੰਗਜਾ- ਅਧਮਪੁਣਾ. ਨੀਵਾਂਪਨ. ਭਾਵਨੀਚਤਾ. ਬੁਰਿਆਈ. ਖੁਟਿਆਈ.

ਅਧਮ ਚੰਡਾਲੀ: ਆਸਾ ਰਾਗ ਵਿੱਚ ਸ਼ਰੀ ਗੁਰੂ ਅਰਜਨ ਦੇਵ ਦਾ ਸ਼ਬਦ ਹੈ-

(੧) ਅਧਮ ਚੰਡਾਲੀ ਭਈ ਬ੍ਰਾਹਮਣੀ ਸੂਦ ਤੇ ਸ੍ਰੇਸਟਾਈ ਰੇ,

(੨) ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ,

(੩) ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ,

(੪) ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ,

(੫) ਬਾਝੁ ਥੂਨੀਆ ਛਪਰਾ ਥਾਮਿਆ ਨੀਘਰਿਆ ਘਰੁ ਪਾਇਆ ਰੇ,

(੬) ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ,

(੭) ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ,

(੮) ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ,

(੯) ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ. x x x (ਆਸਾ ਮਃ ੫)

ਇਸ ਦਾ ਭਾਵ ਹੈ-

(੧) ਘਾਤਕ ਅਤੇ ਦੁੱਖ ਦੇਣਵਾਲੀ ਵ੍ਰਿੱਤੀ ਹੁਣ ਬ੍ਰਹਮਵਿਚਾਰ ਵਾਲੀ ਹੋ ਗਈ ਹੈ, ਅਤੇ ਗੁਲਾਮੀ ਦੀ ਆਦਤ ਸ੍ਰੇਸਟਾਈ (ਛਤ੍ਰਾਣੀ) ਬਣੀ ਹੈ, ਭਾਵ- ਸੂਰਵੀਰਤਾ ਆ ਗਈ ਹੈ. ਦੇਖੋ, ਸ੍ਰੇਸਟ ਅਤੇ ਸ੍ਰੇਸਟਾਈ.

(੨) ਪਤਾਲ ਅਕਾਸ ਦੇ ਪਦਾਰਥਾਂ ਨੂੰ ਖਾਕੇ ਜੋ ਭਰਦੀ ਨਹੀਂ ਸੀ, ਉਹ ਤ੍ਰਿਸਨਾਅਗਨਿ ਬੁਝ ਗਈ ਹੈ. ਦੇਖੋ, ਲਹਬਰ.

(੩) ਭੋਗਵਾਸਨਾ ਰੂਪ ਬਿੱਲੀ ਨੂੰ ਹੁਣ ਹੋਰ ਗੱਲ ਸਿਖਾਈ ਗਈ ਹੈ, ਉਹ ਵਿਸ਼ੇਰਸਾਂ ਨੂੰ ਵੇਖਕੇ ਡਰਦੀ ਹੈ.

(੪) ਨੰਮ੍ਰਭਾਵ ਦੇ ਵਸ ਵਿੱਚ ਅਹੰਕਾਰ ਹੋਗਿਆ ਹੈ, ਲੋਭ ਕੁੱਤੇ ਨੂੰ ਘਾਹ ਖਾਣ ਲਾ ਦਿੱਤਾ ਹੈ। ਭਾਵ- ਅਭੱਖ ਛੱਡਕੇ ਨਿਰਵਾਹ ਮਾਤ੍ਰ ਖਾਣ ਪੀਣ ਵਿੱਚ ਸੰਤੋਖ ਹੈ.

(੫) ਸਰੀਰ ਰੂਪ ਛੱਪਰ ਨੂੰ ਕਿਸੇ ਦੇ ਆਸਰੇ ਨਹੀਂ ਰੱਖਿਆ ਹੈ, ਭਾਵ- ਬੇਗਾਨੀ ਆਸ ਛੱਡ ਦਿੱਤੀ ਹੈ. ਜੋ ਬਿਨਾ ਵਿਸ਼੍ਰਾਮ ਭਟਕਦਾ ਫਿਰਦਾ ਸੀ, ਉਸ ਨੇ ਆਪਣੇ ਅੰਦਰ ਹੀ ਵਿਸ਼੍ਰਾਮ ਦੀ ਥਾਂ ਲੋਭੀ ਹੈ.

(੬) ਉਕਤਿ ਜੁਗਤਿ ਵਾਕਰਚਨਾ ਕਰਨ ਵਾਲੇ ਪੰਡਿਤ ਤੋਂ ਬਿਨਾ ਹੀ ਆਮਿਲ ਲੋਕਾਂ ਨੂੰ ਗਜਾਨ- ਰਤਨ ਨਾਲ ਆਪਣੇ ਅੰਤਹਕਰਣ ਨੂੰ ਭੂਸ਼ਿਤ ਕੀਤਾ ਹੈ.

(੭) ਜੋ ਫਰਿਆਦੀ ਦਾ ਵੇਲਾ ਕਰਨ ਤੋਂ ਭੀ ਇਨਸਾਫ ਨਹੀਂ ਪਾ ਸਕਦਾ ਸੀ, ਉਸ ਨੇ ਚੁਪਕੇ ਹੀ ਫੈਸਿਲਾ ਪਾ ਲਿਆ ਹੈ. ਭਾਵ- ਵਿਚਾਰ ਦੀ ਪ੍ਰਾਪਤੀ ਹੋਣ ਤੋਂ ਅਸਲ ਬਾਤ ਸਮਝਕੇ ਮੌਨ ਧਾਰ ਲਈ ਹੈ.

(੮) ਮੁਰਦਾ (ਆਤਮਗਜਾਨ ਰਹਿਤ ਜੜ੍ਹਮਤਿ) ਸਿੰਘਾਸਨ ਤੇ ਬੈਠਾ ਹੈ, ਭਾਵ- ਉੱਚੀ ਪਦਵੀ ਨੂੰ ਪ੍ਰਾਪਤ ਹੋਇਆ ਹੈ. ਨੇਤ੍ਰਾਂ ਦਾ ਦਿਖਾਵਾ (ਅਡੰਬਰ) ਨੱਠ ਗਿਆ ਹੈ. ਭਾਵ- ਦਿਖਾਵੇ ਤੋਂ ਘ੍ਰਿਣਾ ਹੈ.

(੯) ਜੋ ਆਖਦਾ ਹੈ- ਮੈ ਗ੍ਯਾਨੀ ਹਾਂ, ਉਹ ਅਗ੍ਯਾਨੀ ਹੈ. ਜੋ ਵਾਸਤਵ ਗ੍ਯਾਨੀ ਹੈ ਉਹ ਲੁਕਿਆ ਨਹੀਂ ਰਹਿ ਸਕਦਾ.

ਅਧਮਤਾ, ਅਧਮਤ੍ਵ, ਅਧਮਾਈ: ਸੰਗ੍ਯਾ- ਨੀਵਾਂਪਨ. ਨੀਚਤਾ. ਘਟੀਆਪਨ. ਬੁਰਿਆਈ. ਖੁਟਿਆਈ. ਨੀਚਪੁਣਾ. "ਨਹਿ ਛੂਟੀ ਅਧਮਾਈ." (ਸੋਰ ਮਃ ੯)

"ਕਹਉ ਕਹਾਂ ਅਪਨੀ ਅਧਮਾਈ." (ਟੋਡੀ ਮਃ ੯)

ਅਧਮਾਧਮ: ਵਿ- ਅਧਮ ਤੋਂ ਅਧਮ. ਨੀਵੇਂ ਤੋਂ ਨੀਵਾਂ. ਘਟੀਆ ਤੋਂ ਘਟੀਆ. ਨੀਚ ਤੋਂ ਨੀਚ. ਮਹਾਂ ਪਾਪੀ. ਵਡਾ ਪਾਮਰ.

ਅਧ੍ਯਨ: ਸੰ. ਅਧ੍ਯਯਨ. ਸੰਗ੍ਯਾ- ਪੜ੍ਹਾਈ. ਪੜ੍ਹਨ ਦੀ ਕ੍ਰਿਯਾ. ਅਧੈਨ.

ਅਧਰ: ਸੰ. ਵਿ- ਜੋ ਫੜਿਆ ਨਾ ਜਾ ਸਕੇ. ਜੋ ਧਾਰਣ ਨਾ ਹੋ ਸਕੇ। ੨. ਸੰਗ੍ਯਾ- ਪਾਤਾਲ. "ਅਧਰੰ ਧਰੰ ਧਾਰਣਹ." (ਸਹਸ ਮਃ ੫) ਪਾਤਾਲ ਅਤੇ ਪ੍ਰਿਥਿਵੀ ਨੂੰ ਧਾਰਣ ਕਰਨ ਵਾਲਾ ਹੈ. ਦੇਖੋ, ਅਧਰੰ ਧਰੰ ਧਾਰਣਹ। ੩. ਹੇਠਲਾ ਓਠ (ਹੋਠ). ੪. ਓਠ. ਹੋਠ। ੫. ਆਕਾਸ਼ਮੰਡਲ. "ਹੁਕਮੇ ਧਾਰਿ ਅਧਰ ਰਹਾਵੈ." (ਸੁਖਮਨੀ) ੬. ਯੋਨਿ. ਭਗ। ੭. ਸਿੰਧੀ. ਵਿ- ਬਿਨਾ ਆਧਾਰ. ਨਿਰਾਸ਼੍ਰਯ. ਬੇ ਆਸਰਾ.

ਅਧਰਣ: ਵਿ- ਨਾ ਧਾਰਣ ਯੋਗ੍ਯ. ਅਧਾਰਣੀਯ. "ਅਧਰਣ ਧਰਣੰ ਪਤਿਤਉ ਧਰਣੰ." (ਗ੍ਯਾਨ)

ਅਧਰਮ: ਸੰਗ੍ਯਾ- ਧਰਮ ਵਿਰੁੱਧ ਕਰਮ. ਪਾਪ. ਦੁਰਾਚਾਰ. ਜੋ ਧਾਰਣ ਕਰਨ ਯੋਗ੍ਯ ਨਹੀਂ। ੨. ਜਿਸ ਵਿੱਚ ਤੱਤਾਂ ਦੇ ਧਰਮ (ਗੁਣ) ਸ਼ਬਦ ਸਪਰਸ਼ ਆਦਿ ਨਹੀਂ. "ਨਮਸਤੰ ਅਧਰਮੰ." (ਜਾਪੁ)

ਅਧਰਮਾਈ: ਸੰਗ੍ਯਾ- ਅਧਰਮਤਾ। ੨. ਧਰਮ ਦੀ ਅਣਹੋਂਦ.

ਅਧਰਮੀ: ਸੰ. ਅਧਰ੍‍ਮਿਨ੍. ਸੰਗ੍ਯਾ- ਅਧਰਮ ਧਾਰਣ ਕਰਤਾ. ਪਾਪੀ. ਦੁਰਚਾਰੀ.

ਅਧਰਵਿਛੋਹਾ: ਦੇਖੋ, ਚਿਤ੍ਰ ਅਲੰਕਾਰ (ਅ)

ਅਧਰਾਮ੍ਰਿਤ: ਸੰਗ੍ਯਾ- ਓਠ (ਹੋਠ) ਦੀ ਮਿਠਾਸ. "ਅਧਰ ਤ੍ਰਿਯਾ ਕੋ ਚਾਟ ਕਹਿਤ ਅਧਰਾਮ੍ਰਿਤ ਪਾਯੋ." (ਚਰਿਤ੍ਰ ੯੧)

ਅਧਰੀਆ: ਸੰਗ੍ਯਾ- ਆਧਾਰ. ਆਸ਼੍ਰਯ. ਆਸਰਾ. "ਨਾਮ ਸਾਹਿਬ ਕੋ ਪ੍ਰਾਨਅਧਰੀਆ." (ਗਉ ਮਃ ੫) ੨. ਵਿ- ਆਧਾਰ ਦੇਣਵਾਲਾ.

ਅਧਰੰਗ: ਅਧੰ ਅੰਗ. ਜਿਸ ਰੋਗ ਨਾਲ ਸ਼ਰੀਰ ਦਾ ਅੱਧਾ ਅੰਗ ਮਾਰਿਆ ਜਾਵੇ. ਪਕ੍ਸ਼ਾਘਾਤ. فالج

ਫ਼ਾਲਿਜ. Hemiplegia. ਇਹ ਪੱਠਿਆਂ ਦੀ ਬੀਮਾਰੀ ਹੈ. ਇਸ ਦੇ ਕਾਰਣ ਹਨ- ਸਕਤੇ ਦੀ ਬੀਮਾਰੀ, ਦਿਮਾਗ ਦਾ ਫੋੜਾ, ਵਾਉਗੋਲਾ ਮਿਰਗੀ, ਆਤਸ਼ਕ ਆਦਿ. ਜੇ ਇਹ ਰੋਗ ਸ਼ਰੀਰ ਦੇ ਖੱਬੇ ਪਾਸੇ ਹੋਵੇ ਤਾਂ ਬਹੁਤ ਬਰਾ ਹੁੰਦਾ ਹੈ, ਕਿਉਂਕਿ ਖੱਬੇ ਪਾਸੇ ਦਿਲ ਹੈ. ਅਧਰੰਗ ਦੇ ਰੋਗੀ ਦੀ ਛੇਤੀ ਖਬਰ ਲੈਣੀ ਚਾਹੀਦੀ ਹੈ. ਦੋ ਮਹੀਨੇ ਪਿੱਛੋਂ ਇਸ ਦਾ ਹਟਣਾ ਔਖਾ ਹੁੰਦਾ ਹੈ. ਰੋਗੀ ਨੂੰ ਸਣ ਦੇ ਬੀਜ ਪੀਸਕੇ ਸ਼ਹਿਦ ਵਿੱਚ ਮਿਲਾਕੇ ਖਵਾਉਣੇ ਅਥਵਾ ਅਦਰਕ ਦੇ ਰਸ ਵਿੱਚ ਮਿਲਾਕੇ ਸ਼ਹਿਦ ਚਟਾਉਣਾ ਗੁਣਕਾਰੀ ਹੈ.

ਸੇਂਧਾ ਲੂਣ, ਪਿੱਪਲਾ ਮੂਲ, ਚਿਤ੍ਰਾ, ਸੁੰਢ, ਰਾਯਸਨ ਸਭ ਸਮਾਨ ਲੈ ਕੇ ਚੂਰਣ ਕਰਕੇ ਮਾਹਾਂ ਦੇ ਸ਼ੋਰਵੇ ਨਾਲ ਛੀ ਮਾਸ਼ੇ ਨਿੱਤ ਖਾਣਾ ਅਧਰੰਗ ਦਾ ਸਿੱਧ ਇਲਾਜ ਹੈ. ਯੋਗਰਾਜ ਗੁੱਗਲ ਦਾ ਵਰਤਣਾ ਭੀ ਬਹੁਤ ਹੱਛਾ ਹੈ.

ਅੱਕ, ਬਕਾਇਣ, ਸੁਹਾਂਜਣਾ, ਸੰਭਾਲੂ, ਅਰਿੰਡ ਇਨ੍ਹਾਂ ਦੇ ਪੱਤਿਆਂ ਦਾ ਰਸ ਇੱਕੋ ਤੋਲ ਦਾ ਲੈਣਾ, ਅਤੇ ਸਾਰੇ ਰਸ ਦੇ ਵਜਨ ਬਰਾਬਰ ਤੇਲ ਲੈ ਕੇ ਉਸ ਵਿੱਚ ਪਕਾਉਣਾ, ਜਦ ਰਸ ਜਲ ਜਾਵੇ ਤਦ ਤੇਲ ਨੂੰ ਛਾਣਕੇ ਸੀਸੀ ਵਿੱਚ ਪਾ ਰੱਖਣਾ. ਇਸ ਤੇਲ ਦੀ ਮਾਲਿਸ਼ ਕਰਨੀ ਬਹੁਤ ਲਾਭਦਾਇਕ ਹੈ. ਸ਼ੇਰ ਅਤੇ ਰਿੱਛ ਦੀ ਚਰਬੀ ਦੀ ਮਾਲਿਸ਼ ਭੀ ਗੁਣਕਾਰੀ ਹੈ.

ਅਧਰੰਗ ਦੇ ਰੋਗੀ ਨੂੰ ਬਾਇ (ਵਾਈ) ਵਧਾਉਣ ਵਾਲੀਆਂ ਅਤੇ ਲੇਸਲੀਆਂ ਚੀਜਾਂ ਖਾਣ ਲਈ ਨਹੀਂ ਦੇਣੀਆਂ ਚਾਹੀਏ. ਮਾਸ ਅਥਵਾ ਛੋਲਿਆਂ ਦਾ ਰਸਾ ਆਦਿਕ ਪਦਾਰਥ ਲਾਭਦਾਇਕ ਹਨ.

ਅਧਰੰ ਧਰੰ ਧਾਰਣਹ: (ਸਹਸ ਮਃ ੫) ਦੇਖੋ, ਅਧਰ। ੨. ਆਧਾਰ ਰਹਿਤ (ਨਿਰਾਸ਼੍ਰਯ) ਨੂੰ ਧਾਰਣ ਲਈ ਧਰ (ਆਸਰਾ) ਰੂਪ.

ਅਧਵੱਧ: ਵਿ- ਅੱਧੋ ਅੱਧ. ਦੋ ਟੂਕ. ਦੋ ਖੰਡ.

ਅਧੜੋ: ਡਿੰਗ. ਅੱਧਾ. ਅਰਧ. "ਅਧੜੋ ਸਿੰਘ ਅਧੜੋ ਮਾਣਸ." (ਬੰਨੋ) ਅੱਧਾ ਸ਼ੇਰ ਅੱਧਾ ਮਨੁੱਖ, ਨਰ ਸਿੰਘ.

ਅਧਾ: ਦੇਖੋ, ਅਧ। ੨. ਸੰ. ਵ੍ਯ- ਤਾਂ. ਤਬ. ਤਦ। ੩. ਅਤੇ. ਅਰ। ੪. ਪਰੰਤੁ. ਲੇਕਿਨ. ਪਰ। ੫. ਇਸ ਲਈ.

ਅਧਾਂਕ: ਸੰ. अर्द्धाङ्क- ਅਧਾਂਕ. ਵਿ- ਅੱਧਾ ਅੱਖਰ। ੨. ਦੇਖੋ, ਅਰਧਾਂਗ.

ਅਧਾਖਰ, ਅਧਾਖ੍ਯਰ: ਸੰ. अर्द्धाक्षर- ਅਧਾਂਕ੍ਸ਼ਰ. ਵਿ- ਅੱਧਾ ਅੱਖਰ. "ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਯਰ." (ਸੁਖਮਨੀ)

ਅਧਾਨ: ਆਧਾਨ. ਸੰਗ੍ਯਾ- ਧਰੋਹਰ. ਇਮਾਨਤ। ੨. ਗਰਭ. ਹਮਲ.

ਅਧਾਮ: ਜਿਸ ਦਾ ਕੋਈ ਖਾਸ ਧਾਮ (ਘਰ) ਨਹੀਂ. ਖ਼ਾਸ ਦੇਸ਼ ਅਥਵਾ ਲੋਕ ਵਿੱਚ ਨਾ ਰਹਿਣ ਵਾਲਾ. "ਨਮਸ੍ਤੁੰ ਅਧਾਮੰ." (ਜਾਪੁ)

ਅਧਾਰ: ਸੰ. ਆਧਾਰ ਸੰਗ੍ਯਾ- ਆਸ਼੍ਰਯ. ਆਸਰਾ. ਸਹਾਰਾ। ੨. ਪਾਤ੍ਰ. ਭਾਂਡਾ.

ਅਧਾਰੀ: ਸੰ. आधारिन- ਆਧਾਰੀ. ਵਿ- ਆਸਰਾ ਰੱਖਣ ਵਾਲਾ। ੨. ਸੰਗ੍ਯਾ- ਝੋਲੀ. ਥੈਲੀ। ੩. ਬੈਰਾਗਨ T ਇਸ ਆਕਾਰ ਦੀ ਟਿਕਟਿਕੀ, ਜਿਸ ਉੱਪਰ ਬਾਹਾਂ ਰੱਖਕੇ ਸਾਧੂ ਬੈਠਦੇ ਹਨ। ੪. ਗ਼ਿਜ਼ਾ. "ਸਭਨਾਂ ਦੇਇ ਅਧਾਰੀ." (ਟੋਡੀ ਮਃ ੫)

ਅਧਿ: ਸੰ. ਉਪ. ਇਹ ਸ਼ਬਦਾਂ ਦੇ ਮੁੱਢ ਲਗਕੇ ਉੱਪਰ, ਉੱਚਾ, ਪ੍ਰਧਾਨ, ਸ਼ਿਰੋਮਣੀ, ਅਧਿਕ, ਜਾਦਾ (ਜ਼ਯਾਦਾ) ਆਦਿ. ਅਰਥ ਜਣਾਉਂਦਾ ਹੈ, ਜਿਵੇਂ- ਅਧਿਕਾਰੀ, ਅਧਿਪਤਿ, ਅਧਿਭੂਤ ਅਤੇ ਅਧਿਰਾਜ ਆਦਿ.

ਅਧਿਆ, ਅਧਿਆਉ, ਅਧਿਆਇ: ਦੇਖੋ, ਅਧ੍ਯਾਯ.

ਅਧਿਆਤਮ: ਸੰ. ਅਧ੍ਯਾਤ੍ਮ. ਸੰਗ੍ਯਾ- ਆਤਮਾ। ੨. ਮਨ। ੩. ਸੁਭਾਉ (ਸ੍ਵਭਾਵ). ੪. ਦੇਹ. ਸ਼ਰੀਰ। ੫. ਆਤਮਵਿਦ੍ਯਾ.

ਅਧਿਆਤਮ ਕਰਮ: ਸੰ. आध्यात्मिक कर्म- ਆਧ੍ਯਾਤਮਿਕ ਕਮੰ. ਸੰਗ੍ਯਾ- ਆਤਮਗ੍ਯਾਨ ਸੰਬੰਧੀ ਕਰਮ. ੨. ਬ੍ਰਹਮਵਿਚਾਰ ਦੇ ਸਾਧਨ. "ਅਧਿਆਤਮ ਕਰਮ ਕਰੇ ਤਾ ਸਾਚਾ." (ਗਉ ਅਃ ਮਃ ੧) ੩. ਆਪਣੇ ਸੁਭਾਉ[77] (ਮਰਜ਼ੀ) ਦੇ ਕਰਮ. ਮਨਮੰਨੇ ਕੰਮ. "ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ." (ਸ੍ਰੀ ਮਃ ੩)

ਅਧਿਆਤਮੀ: ਵਿ- ਅਧ੍ਯਾਤਮ ਸੰਬੰਧੀ. ਆਤਮਗ੍ਯਾਨ ਸੰਬੰਧੀ. "ਅਧਿਆਤਮੀ ਹਰਿਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ." (ਸ੍ਰੀ ਮਃ ੩)

ਅਧਿਸਟਾਤਾ, ਅਧਿਸ਼੍ਠਾਤਾ: ਸੰ. अधिष्ठातृ- ਅਧਿਸ਼੍ਠਾਤ੍ਰਿ. ਸੰਗ੍ਯਾ- ਪ੍ਰਬੰਧ ਕਰਨ ਵਾਲਾ. ਮੁਖੀਆ. ਪ੍ਰਧਾਨ.

ਅਧਿਸ਼੍ਠਾਨ: ਸੰ. ਸੰਗ੍ਯਾ- ਰਹਿਣ ਦੀ ਥਾਂ. ਨਗਰ। ੨. ਘਰ। ੩. ਆਧਾਰ. ਸਹਾਰਾ.

ਅਧਿਕ: ਵਿ- ਬਹੁਤ "ਅਧਿਕ ਸੁਆਦ ਰੋਗ ਅਧਿਕਾਈ." (ਮਲਾ ਮਃ ੧) ੨. ਸ਼ੇਸ਼. ਬਾਕੀ। ੩. ਸੰਗ੍ਯਾ- ਪੰਜਾਬੀ ਵਿੱਚ ਇਕ ਮਾਤ੍ਰਾ, ਜੋ ਦੂਜ ਦੇ ਚੰਦ ਜੇਹੀ ਹੁੰਦੀ ਹੈ, ਅਤੇ ਦੁੱਤ (ਦ੍ਵਿਤ੍ਵ) ਦਾ ਕੰਮ ਦਿੰਦੀ ਹੈ. ਜਿਵੇਂ "ਅੱਲਾ" ਅਧਿਕ ਨਾਲ "ਲ" ਦੋ ਹੋ

[77] "स्वभावोऽध्यात्म सुच्यते. " (ਗੀਤਾ)

ਗਏ। ੪. ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਇਹ ਹੈ ਕਿ ਆਧੇਯ ਦੇ ਮੁਕਾਬਲੇ ਆਧਾਰ ਦੀ ਅਧਿਕਤਾ ਵਰਣਨ ਕਰਨੀ. "ਜਹਿਂ ਅਧੇਯ ਤੇ ਅਧਿਕ ਅਧਾਰ." (ਗਰਬਗੰਜਨੀ)

"ਰੋਮ ਰੋਮ ਵਿੱਚ ਰੱਖਿਓਨ

ਕਰ ਬ੍ਰਹਮੰਡ ਕਰੋੜ ਸੁਮਾਰਾ." (ਭਾਗੁ)

ਇਸ ਥਾਂ ਆਧੇਯ ਬ੍ਰਹਮੰਡ ਨਾਲੋਂ ਰੋਮ ਆਧਾਰ ਦੀ ਅਧਿਕਤਾ ਕਹੀ.

ਅਧਿਕਤਾ: ਸੰਗਯਾ- ਜ਼ਯਾਦਤੀ. ਵਿਸ਼ੇਸ਼ਤਾ.

ਅਧਿਕਰਣ: ਸੰ. ਸੰਗਯਾ- ਆਧਾਰ. ਸਹਾਰਾ। ੨. ਪ੍ਰਕਰਣ। ੩. ਸਿਰਲੇਖ. ਸਿਰਨਾਵਾਂ। ੪. ਵ੍ਯਾਕਰਣ ਅਨੁਸਾਰ ਉਹ ਕਾਰਕ, ਜੋ ਕਰਤਾ ਅਤੇ ਕਰਮ ਦੀ ਕ੍ਰਿਯਾ ਦਾ ਆਧਾਰ ਹੋਵੇ. ਸਪ੍ਤਮੀ ਵਿਭਕ੍ਤਿ ਦਾ ਅਰਥ.

ਅਧਿਕਾਈ: ਦੇਖੋ, ਅਧਿਕਤਾ. "ਤਨਿ ਮਨਿ ਸਾਂਤਿ ਹੋਇ ਅਧਿਕਾਈ." (ਕਲਿ ਅਃ ਮਃ ੪) ੨. ਵਿ- ਅਧਿਕਤਾ ਚਾਹੁਣ ਵਾਲਾ. ਲਾਲਚੀ. "ਮਾਇਆ ਕੇ ਜੋ ਅਧਿਕਾਈ, ਵਿੱਚ ਮਾਇਆ ਪਚੈ ਪਚੀਜੈ." (ਕਲਿ ਅਃ ਮਃ ੪) ੩. ਅਧਿਕ ਆਯੁ (ਉਮਰ) ਵਾਲਾ. ਚਿਰਜੀਵੀ. "ਮਾਰਕੰਡੇ ਤੇ ਕੋ ਅਧਿਕਾਈ, ਜਿਨਿ ਤ੍ਰਿਣ ਧਰਿ ਮੂੰਡ ਬਲਾਏ." (ਧਨਾ ਨਾਮਦੇਵ) ੪. ਅਧਿਕ (ਬਹੁਤ) ਹੀ. "ਤ੍ਰਿਸਨਾ ਜਲਹਿ ਅਧਿਕਾਈ." (ਭੈਰ ਮਃ ੩)

ਅਧਿਕਾਰ: ਸੰਗਯਾ- ਅਹੁਦਾ. ਪਦਵੀ। ੨. ਹੱਕ। ੩. ਯੋਗ੍ਯਤਾ. "ਅਤਰ ਬਲ ਅਧਿਕਾਰ." (ਸਵਾ ਮਃ ੧) ਸੈਨਾ ਦੀ ਯੋਗ੍ਯਤਾ ਤੇ। ੪. ਅਖ਼ਤਿਆਰ.

ਅਧਿਕਾਰੀ: ਸੰ. अधिकारिन्- ਸੰਗਯਾ- ਹੱਕਦਾਰ। ੨. ਅਹੁਦੇਦਾਰ। ੩. ਮਾਲਿਕ. ਸ੍ਵਾਮੀ.

ਅਧਿਕ੍ਰਿਤ: ਸੰ. अधिकृत. ਵਿ- ਅਧਿਕਾਰ (ਕ਼ਬਜ਼ੇ) ਵਿੱਚ ਆਇਆ ਹੋਇਆ. ਅਧਿਕਾਰ ਵਿੱਚ ਆਇਆ। ੨. ਸੰਗਯਾ- ਅਧਿਕਾਰੀ.

ਅਧਿਦੇਵ: ਸੰਗਯਾ- ਪੂਜ੍ਯਦੇਵ. ਵਡਾ ਦੇਵ। ੨. ਕੁਲਦੇਵਤਾ। ੩. ਇਸ਼੍ਟ ਦੇਵ.

ਅਧਿਦੈਵ: ਵਿ- ਅੱਚਣਚੇਤ ਹੋਣ ਵਾਲੀ ਗੱਲ। ੨. ਦੇਵਤਾ ਸੰਬੰਧੀ.

ਅਧਿਪ, ਅਧਿਪਤਿ: ਸੰਗਯਾ- ਸ੍ਵਾਮੀ. ਮਾਲਿਕ। ਸਰਦਾਰ, ਸ਼ਿਰੋਮਣੀ। ੩. ਰਾਜਾ.

ਅਧਿਭੂਤ: ਸੰਗਯਾ- ਕਰਤਾਰ, ਜੋ ਸਭ ਜੀਵਾਂ ਨੂੰ ਆਪਣੇ ਆਸਰੇ ਕਰਦਾ ਹੋਇਆ ਵਿਦ੍ਯਮਾਨ ਹੈ.

ਅਧਿਭੂਤਕ, ਅਧਿਭੌਤਕ: ਦੇਖੋ, ਆਧਿਭੌਤਿਕ.

ਅਧਿਰਥ: ਦੇਖੋ, ਕਰਣ.

ਅਧਿਰਾਜ: ਸੰਗਯਾ- ਵੱਡਾ ਰਾਜਾ. ਮਹਾਰਾਜਾ ਚਕ੍ਰਵਰਤੀ ਰਾਜਾ. ਸ਼ਹਨਸ਼ਾਹ.

ਅਧਿਵਾਸਨ: ਸੰ. ਸੰਗਯਾ- ਦੂਸਰੇ ਦੇ ਘਰ ਜਾਕੇ ਠਹਿਰਨ ਦੀ ਕ੍ਰਿਯਾ। ੨. ਵਸਣਾ। ੩. ਮੂਰਤਿ ਵਿੱਚ ਦੇਵਤਾ ਦੀ ਪ੍ਰਤਿਸ਼੍ਠਾ ਕਰਨ ਦਾ ਕਰਮ.

ਅਧਿਵੇਸ਼ਨ: ਸੰ. ਸੰਗਯਾ- ਜਲਸਾ। ੨. ਬੈਠਕ। ੩. ਸਭਾ. ਦੀਵਾਨ.

ਅਧੀ: ਵਿ- ਅੱਧੀ. ਆਧੀ. ਅਧੰ। ੨. ਅ- ਧੀ. ਧੀ (ਬੁੱਧਿ) ਰਹਿਤ. ਮੂਰਖ. "ਤੁਧ ਭਾਵੈ ਅਧੀ ਪਰਵਾਣ." (ਧਨਾ ਮਃ ੧) ੩. ਸੰਗਯਾ- ਦਮੜੀ ਦਾ ਅੱਧਾ ਭਾਗ.

ਅਧੀਸ਼: ਸੰ. ਸੰਗਯਾ- ਮਾਲਿਕ. ਸ੍ਵਾਮੀ। ੨. ਰਾਜਾ.

ਅਧੀਤ: ਵਿ- ਪੜ੍ਹਿਆ ਹੋਇਆ. ਵਾਚਿਆ ਹੋਇਆ.

ਅਧੀਨ: ਵਿ- ਮਾਤਹਤ. ਆਗ੍ਯਾਕਾਰੀ। ੨. ਵਸ਼ੀਭੂਤ। ੩. ਦੀਨ. ਨਿਰਅਭਿਮਾਨ. "ਅਜਯਾ ਅਧੀਨ ਤਾਂਤੇ ਪਰਮ ਪਵਿਤ੍ਰ ਭਈ." (ਭਾਗੁ ਕ)[78] ਅਜਾ (ਬਕਰੀ) ਦੀਨ ਹੋਣ ਕਰਕੇ ਪਵਿਤ੍ਰ ਹੋਈ.

ਅਧੀਨਤਾ: ਸੰਗ੍ਯਾ- ਤਾਬੇਦਾਰੀ. ਪਰਵਸ਼ਤਾ। ੨. ਦੀਨਤਾ.

ਅਧੀਰ: ਵਿ- ਧੀਰਜ ਰਹਿਤ. ਬੇਚੈਨ. ਵ੍ਯਾਕੁਲ.

ਅਧੀਰਜ: ਸੰ. ਅਧੈਰ੍ਯੰ. ਸੰਗ੍ਯਾ- ਦੀਰਜ ਦਾ ਅਭਾਵ. ਬੇਚੈਨੀ. ਵ੍ਯਾਕੁਲਤਾ. ਚੰਚਲਤਾ ਅਧੀਰਤਾ.

ਅਧੀਰਾ: ਕਾਵ੍ਯ ਅਨੁਸਾਰ ਮਧ੍ਯਾ ਅਤੇ ਪ੍ਰੌਢਾ ਨਾਇਕਾ ਦੇ ਭੇਦਾਂ ਵਿੱਚੋਂ ਇੱਕ ਨਾਇਕਾ, ਜੋ ਨਾਇਕ ਦੇ ਪਰਇਸਤ੍ਰੀਵਿਲਾਸ ਦੇ ਚਿੰਨ੍ਹ ਵੇਖਕੇ ਕ੍ਰੋਧ ਪ੍ਰਗਟ ਕਰਨ ਵਿੱਚ ਧੀਰਜ ਨਾ ਰੱਖੇ.

ਅਧੁ: ਅਰਧ. ਅੱਧਾ. "ਅਧੁ ਗੁਲਾ ਚਿੜੀ ਕਾ ਚੁਗਣੁ." (ਵਾਰ ਮਲਾ ਮਃ ੧)

ਅਧੁਨਾ: ਕ੍ਰਿ. ਵਿ- ਇਸ ਵੇਲੇ. ਹੁਣ. ਅੱਜ ਕਲ.

ਅਧੁਲਾ, ਅਧੁਲੀ: ਵਿ- ਅੰਧਾ. ਅੰਧੀ. ਨੇਤ੍ਰਹੀਨ। ੨. ਅਗ੍ਯਾਨ ਸਹਿਤ. "ਦੁਰਮਤਿ ਅਧੁਲੀ ਕਾਰ." (ਬਸੰ. ਅਃ ਮਃ ੧) "ਨੇਤ੍ਰ ਫੁਨ ਅਧੁਲੇ." (ਭੈਰ ਮਃ ੧)

ਅਧੂਆ: ਵਿ- ਅੱਧਾ. ਅਰਧ. "ਬਿਲਮ ਨ ਅਧੂਆ ਰਾਈ." (ਗੂਜ ਅਃ ਮਃ ੧)

ਅਧੂਤ: ਸੰ- ਸੰਗ੍ਯਾ- ਜੋ ਧੂਤ (ਕੰਪਿਤ) ਨਹੀਂ ਹੁਦੰ. ਨਾ ਕੰਬਣ ਵਾਲਾ. ਨਿਡਰ. ਨਿਰਭੈ. "ਅਧੂਤ ਹੈ." (ਜਾਪੁ)

ਅਧੂਮ: ਵਿ- ਧੂੰਏ ਬਿਨਾ. ਨਿਰਧੂਮ। ੨. ਧੂੰਮ (ਡੰਡ ਰੌਲੇ) ਬਿਨਾ.

ਅਧੂਰਾ: ਵਿ- ਅਰਧ ਊਰਾ. ਅਧਪੂਰਾ. ਜੋ ਮੁਕੰਮਲ ਨਹੀਂ. ਅਪੂਰਣ.

ਅਧੇ: ਸੰ. अधः ਵ੍ਯ- ਥੱਲੇ. ਨੀਚੇ. ਹੇਠਾਂ। ੨. ਸੰ. अधेय- ਅਧੇਯ. ਵਿ- ਜੋ ਕਿਸੇ ਦਾ ਧਾਰਣ ਨਹੀਂ ਕੀਤਾ. ਨਿਰਾਸਰੇ. "ਅਧੇ ਹੈ." (ਜਾਪੁ)

ਅਧੇਅ: ਦੇਖੋ, ਆਧੇਯ.

ਅਧੇਨ: ਦੇਖੋ, ਅਧ੍ਯਯਨ.

ਅਧੇਯ: ਦੇਖੋ, ਆਧੇਯ. "ਅਹਿ ਅਧੇਯ ਝੂਠੋ ਲਖ ਤੈਸੇ." (ਨਾਪ੍ਰ)

ਅਧੇਰ, ਅਧੇਰਾ, ਅਧੇਰੁ: ਸੰਗ੍ਯਾ- ਅੰਧਕਾਰ. ਅੰਧੇਰਾ. ਹਨੇਰਾ. "ਸਕਤਿ ਅਧੇਰ ਜੇਵੜੀ ਭ੍ਰਮ ਚੁਕਾ." (ਗਉ ਕਬੀਰ) "ਭਰਮ ਅਧੇਰਾ ਲਹੀ." (ਦੇਵ ਮਃ ੫) "ਅਗਿਆਨ ਅਧੇਰੁ ਚੁਕਾਇਆ." (ਵਾਰ ਗੂਜ ੧. ਮਃ ੩)

ਅਧੇਲਾ: ਸੰਗ੍ਯਾ- ਅੱਧਾ ਧੇਲਾ.

ਅਧੈਨ: ਦੇਖੋ, ਅਧ੍ਯਯਨ.

ਅੱਧ: ਦੇਖੋ, ਅਧੇ.

---

[78] ਦੇਖੋ, ਭਾਈ ਗੁਰੁਦਾਸ ਜੀ ਦੀ ਵਾਰ ੨੩, ਪੌੜੀ ੧੩.

**ਅਧੋਗਤਿ:** ਸੰਗਜਾ- ਹੇਠ ਆਉਣ ਦੀ ਕ੍ਰਿਯਾ. ਪਤਨ. ਗਿਰਾਉ. ਅਵਨਤਿ. ਤਨੱਜ਼ੁਲ.

**ਅਧੋਗੀ:** ਸੰ. ਅਧ੍ਵਗ. ਸੰਗਜਾ- ਅਧ੍ਵ (ਰਾਹ) ਵਿੱਚ ਜਾਣ ਵਾਲਾ. ਮੁਸਾਫ਼ਿਰ. "ਭਜਲੈ ਗੁਰੁ ਗਜਾਨਅਧੋਗੀ." (ਭਾਗੁ) ਗਜਾਨ ਦਾ ਰਾਹੀ ਗੁਰੂ ਭਜਲੈ, ਅਰਥਾਤ ਸੇਵਨ ਕਰਲੈ.

**ਅਧੋਮੁ:** ਅਧੋਮੁਖ ਦਾ ਸੰਖੇਪ। ਦੇਖੋ, ਅਧੂਮ ੧.

**ਅਧੋਮੁਖ:** ਵਿ- ਹੇਠ ਮੂੰਹ ਕਰਕੇ ਲਟਕਦਾ ਹੋਇਆ. ਮੂਧੇ ਮੂੰਹ। ੨. ਮੂਧਾ. ਉਲਟਾ.

**ਅਧੋਰੀ:** ਵਿ- ਆਧਾਰ ਦੇਣ ਵਾਲਾ. ਸਹਾਰਾ ਦੇਣ ਵਾਲਾ. "ਸੁਖਦਾਤੇ ਪ੍ਰਭੁ ਪ੍ਰਾਨਅਧੋਰੀ." (ਗਉ ਮਃ ੫)

**ਅਧੋੜਨਾ:** ਕ੍ਰਿ. ਉਧੇੜਨਾ. ਉਚੇੜਨਾ. ਛਿੱਲਣਾ.

**ਅਧੌਨ:** ਅਰ੍ਧ- ਮਨ. ਵੀਹ ਸੇਰ.

**ਅਧੰਧਰ:** ਵਿ- ਅੱਧਾ ਧੜ. ਦੋ ਖੰਡ ਸ਼ਰੀਰ. "ਸੁੰਦਰ ਸਿੰਘ ਅਧੰਧਰ ਕੈ." (ਕ੍ਰਿਸਨਾਵ)

**ਅਧੰਨ:** ਵਿ- ਜੋ ਨਹੀਂ ਧਨਯ. ਬੁਰਾ. ਅਭਾਗੀ.

**ਅੱਧ:** ਦੇਖੋ ਅਧ। ੨. ਸੰਃ ਅਧ੍ਵਨ- ਅਧ੍ਵਨ. ਸੰਗਜਾ- ਸਫਰ। ੩. ਮਾਰਗ. ਰਾਹ. "ਸਨੱਧ ਬੱਧ ਅੱਧ ਹਨਐ." (ਕਲਕੀ)

**ਅੱਧਣ, ਅੱਧਨ:** ਸੰਗਜਾ- ਅੱਧ ਮਣ. ਵੀਹ ਸੇਰ. ਦੋ ਧੜੀਆਂ.

**ਅਧਯਸ੍ਤ:** ਸੰ. ਵਿ- ਅਧਯਾਸ (ਮਿਥਯਾ ਕਲਪੀ) ਵਸਤੁ. ਓਹ ਪਦਾਰਥ, ਜਿਸਦਾ ਅਧਿਸ਼੍ਠਾਨ ਵਿੱਚ ਭ੍ਰਮ ਹੋਵੇ ਅਰ ਵਾਸਤਵ ਵਿੱਚ ਕੋਈ ਸ਼ੈ ਨਾ ਹੋਵੇ. ਜਿੱਕੁਰ ਸਿੱਪੀ ਵਿੱਚ ਚਾਂਦੀ ਅਧਯਸ੍ਤ ਹੈ.

**ਅਧਯਕ੍ਸ਼:** ਸੰ. ਸੰਗਜਾ- ਸਾਰੇ ਪਾਸੇ ਅੱਖ ਰੱਖਣ ਵਾਲਾ. ਸ੍ਵਾਮੀ. ਮਾਲਿਕ। ੨. ਅਹੁਦੇਦਾਰ. ਅਧਿਕਾਰੀ। ੩. ਮੁਖੀਆ.

**ਅਧਯਯਨ:** ਸੰ. ਸੰਗਜਾ- ਗੁਰੂ ਦੇ ਮੁਖ ਤੋਂ ਨਿਕਲੇ ਪਾਠ ਅਨੁਸਾਰ ਬੋਲਣਾ. ਭਾਵ- ਪੜ੍ਹਾਈ. ਪੜ੍ਹਨਾ.

**ਅਧਯਵਸਾਯ:** ਸੰ. ਸੰਗਜਾ- ਉਤਸਾਹ. ਦਿਲੇਰੀ। ੨. ਨਿਸ਼ਚਾ। ੩. ਸ਼ੌਕ।

**ਅਧਯਾਸ:** ਸੰ. ਸੰਗਜਾ- ਭਾਵ. ਖਿਆਲ। ੨. ਮਿਥਯਾਗਯਾਨ। ੩. ਕਿਸੇ ਵਸਤੁ ਵਿੱਚ ਹੋਰ ਵਸਤੁ ਦੀ ਕਲਪਣਾ। ੪. ਬੈਠਣ ਦਾ ਥਾਂ। ੫. ਆਸਨ.

**ਅਧਯਾਹਾਰ:** ਸੰ. ਸੰਗਜਾ- ਵਿਚਾਰ। ੨. ਚਰਚਾ। ੩. ਵਾਕ ਦਾ ਅਰਥ ਸਪਸ਼੍ਟ ਕਰਨ ਲਈ ਬਾਹਰੋਂ (ਆਪਣੇ ਪਾਸੋਂ) ਵਾਧੂ ਪਦ ਜੋੜਨ ਦੀ ਕ੍ਰਿਯਾ. "ਇਹ ਜਗ ਮੈ ਰਾਮ ਨਾਮ ਸੋ ਤਉ ਨਹੀਂ ਸੁਨਿਓ ਕਾਨ." (ਜੈਜਾ ਮਃ ੯) ਇਸ ਤੁਕ ਵਿੱਚ "ਉਤਮ" ਅਥਵਾ "ਸਾਰ" ਸ਼ਬਦ ਦਾ ਅਧਯਾਹਾਰ ਹੈ. "ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ." (ਗਉ ਮਃ ੫) ਇਸ ਵਿੱਚ "ਉਪਾਯ" (ਜਤਨ) ਸ਼ਬਦ ਦਾ ਅਧਯਾਹਾਰ ਹੈ.

**ਅਧਯਾਤਮ:** ਦੇਖੋ, ਅਧਿਆਤਮ.

**ਅਧਯਾਤਮ ਗਯਾਨ:** ਸੰ. ਸੰਗਜਾ- ਆਤਮਗਯਾਨ ਬ੍ਰਹਮਗਯਾਨ.

**ਅਧਯਾਤਮ ਰਾਮਾਯਣ:** ਸੰਗਜਾ- ਉਹ ਰਾਮਾਇਣ, ਜਿਸ ਵਿਚ ਆਤਮਵਿਚਾਰ ਹੈ. ਬ੍ਰਹਮਾਂਡ ਪੁਰਾਣ ਅੰਤਰਗਤ ਇੱਕ ਰਾਮਕਥਾ ਦਾ ਗ੍ਰੰਥ. ਇਸ ਦਾ ਭਾਸ਼ਾ ਅਨੁਵਾਦ ਭਾਈ ਗੁਲਾਬ ਸਿੰਘ ਜੀ ਨਿਰਮਲਾ ਪੰਥ ਦੇ ਰਤਨ ਨੇ ਸੰਮਤ ੧੯੩੯ ਵਿੱਚ ਕੀਤਾ ਹੈ.

**ਅਧਯਾਤਮਾ:** ਸੰ. ਸੰਗਜਾ- ਕਰਤਾਰ. ਪਾਰਬ੍ਰਹਮ.

ਅਧਯਾਪਕ: ਸੰ. ਸੰਗਯਾ- ਅਧਯਯਨ (ਪੜ੍ਹਾਈ) ਕਰਾਉਣ ਵਾਲਾ. ਉਸਤਾਦ. ਗੁਰੂ. ਸਿਕ.

ਅਧਯਾਪਿਕਾ: ਸੰ. ਪੜ੍ਹਾਈ ਕਰਾਉਣ ਵਾਲੀ. ਪੜ੍ਹਾਉਣ ਵਾਲੀ.

ਅਧਯਾਯ: ਸੰ. ਸੰਗਯਾ- ਗ੍ਰੰਥ ਦਾ ਹਿੱਸਾ. ਪਰਿਛੇਦ. ਬਾਬ. ਸੁਰਗ.

ਅਧਯਾਰੋਪ: ਸੰ. ਸੰਗਯਾ- ਝੂਠੀ ਕਲਪਨਾ। ੨. ਇੱਕ ਦੇ ਵਿਹਾਰ ਨੂੰ ਅਗਯਾਨ ਕਰਕੇ ਦੂਜੇ ਵਿੱਚ ਕਲਪਨਾ. ਜਿਵੇਂ ਮਾਇਆ ਦੇ ਵਿਹਾਰ ਨੂੰ ਕਰਤਾਰ ਵਿੱਚ ਆਰੋਪਣਾ। ੩. ਚੜ੍ਹਨਾ. ਆਰੋਹਣ.

ਅਧ੍ਰੂਵ, ਅਧ੍ਰੁਵ: ਸੰ. अध्रुव. ਵਿ- ਨਾ ਧ੍ਰੁਵ (ਇਸਥਿਤ). ਚੰਚਲ। ੨. ਨਾ ਪਾਇਦਾਰ. ਅਨਿੱਤ. ਬਿਨਸਨਹਾਰ.

"ਸਭ ਅਧ੍ਰੁਵ ਡਿਠੇ ਜੀਉ ਤਾ ਚਰਨਕਮਲ ਚਿਤੁ ਲਾਇਆ." (ਸੂਹੀ ਛੰਤ ਮਃ ੫)

ਅਧ੍ਵਰ: ਸੰ. ਸੰਗਯਾ- ਐਸਾ ਜੱਗ, ਜਿਸ ਵਿੱਚ ਧ੍ਵ੍ਰ (ਹਿੰਸਾ) ਨਾ ਹੋਵੇ. ਜਿਸ ਜੱਗ ਵਿੱਚ ਕੋਈ ਪਸ਼ੂ ਨਾ ਮਾਰਿਆ ਜਾਵੇ। ੨. ਉਹ ਜੱਗ ਜਿੱਸ ਵਿੱਚ ਕਿਸੇ ਤਰਾਂ ਦਾ ਵਿਘਨ ਨਾ ਹੋਵੇ. ਦੇਖੋ, ਨਿਰੁਕਤ.

ਅਧ੍ਵਰਯੁ: ਸੰ. अध्वर्यु. ਸੰਗਯਾ- ਯਜੁਰਵੇਦ। ੨. ਯਜੁਰਵੇਦ ਦੇ ਮੰਤ੍ਰਾਂ ਨਾਲ ਜੱਗ ਕਰਾਉਣ ਵਾਲਾ ਬ੍ਰਾਹਮਣ।

ਅਨ: ਸੰ. अन्. ਧਾ- ਜਾਣਾ. ਸਮਰਥ ਹੋਣਾ. ਲੈ ਜਾਣਾ। ੨. ਵ੍ਯ- ਨਿਸ਼ੇਧ ਬੋਧਕ. ਇਹ ਸ਼ਬਦਾਂ ਦੇ ਪਹਿਲੇ ਲਗਕੇ ਨਾਂ (ਨਹੀਂ) ਪ੍ਰਗਟ ਕਰਦਾ ਹੈ, ਯਥਾ- ਅਨਪੜ੍ਹ, ਅਨੁਚਿਤ ਆਦਿ। ੩. ਅਨ੍ਯ. ਵਿ- ਦੂਜਾ. ਹੋਰ. "ਲੋਭੀ ਅਨ ਕਉ ਸੇਵਦੇ." (ਸ੍ਰੀ ਮਃ ੩) "ਸਾਗਰ ਬੂੰਦ ਨਹੀ ਅਨ ਹੇਰਾ." (ਬਿਲਾ ਮਃ ੫) ੪. ਸੰਗਯਾ- ਅੰਨ. ਅਨਾਜ. "ਲਾਟੂ ਮਧਾਣੀਆਂ ਅਨਗਾਹ." (ਵਾਰ ਆਸਾ) ੫. ਪ੍ਰਤ੍ਯ. ਜੋ ਪਦਾਂ ਦੇ ਅੰਤ ਲਗਕੇ ਕ੍ਰਿਯਾ ਦਾ ਭਾਵ ਬੋਧਨ ਕਰਦਾ ਹੈ. "ਰਖੇ ਰਖਣਹਾਰ ਆਪਿ ਉਬਾਰਿਅਨੁ."[79] (ਵਾਰ ਗੂਜ ਮਃ ੫) ੬. ਅਨੁ ਦੀ ਥਾਂ ਭੀ ਅਨ ਸ਼ਬਦ ਆਉਂਦਾ ਹੈ. ਦੇਖੋ, ਅਨਦਿਨ ਅਤੇ ਅਨੁ.

ਅਨਸਨ: ਸੰ. ਅਨ- ਅਸ਼ਨ ਵਿ- ਜੋ ਅਸ਼ਨ (ਭੋਜਨ) ਨਹੀਂ ਖਾਂਦਾ. "ਅਚਵਹੁਂ ਅਸਨ ਕਿ ਰਹੋਂ ਅਨਸਨਾ?" (ਨਾਪ੍ਰ)

ਅਨਸਾਧੁ: ਅਸਾਧੁ. ਬੁਰਾ ਆਦਮੀ. ਦੇਖੋ, ਧੋਪ ੨.

ਅਨਸੂਆ: ਦੇਖੋ, ਅਨਸੂਯਾ.

ਅਨਸੂਤਾ: ਸੰਗਯਾ- ਸੰਢ. ਅਪ੍ਰਸੂਤਾ. ਵੰਧ੍ਯਾ. ਬਾਂਝ.

ਅਨਸੂਯ, ਅਨਸੂਯਕ: ਵਿ- ਅਸੂਯਾ (ਈਰਖਾ) ਰਹਿਤ. ਹਸਦ ਦਾ ਤ੍ਯਾਗੀ. "ਅਨਸੂਯਕ ਸ਼ੁਭ ਮਨ ਨਹਿ ਮਾਨੈ." (ਗੁਪ੍ਰਸੂ)

ਅਨਸੂਯਾ: ਦਕ੍ਸ਼ ਦੀ ਕੰਨ੍ਯਾ ਅਤੇ ਅਤ੍ਰਿ ਰਿਖੀ ਦੀ ਇਸਤ੍ਰੀ. ਰਾਮਾਇਣ ਵਿੱਚ ਲਿਖਿਆ ਹੈ ਕਿ ਇਹ ਆਪਣੇ ਪਤੀ ਨਾਲ ਚਿਤ੍ਰਕੂਟ ਪਹਾੜ ਤੇ ਦੱਖਣ ਵਿੱਚ ਰਹਿੰਦੀ ਸੀ. ਇਹ ਵੱਡੀ ਧਰਮਾਤਮਾ ਅਤੇ ਈਸ਼੍ਵਰ ਦੇ ਧ੍ਯਾਨ ਵਿੱਚ ਮਗਨ ਸੀ, ਇਸ ਲਈ ਇਸ ਵਿੱਚ ਕਈ ਆਤਮਿਕ ਸ਼ਕਤੀਆਂ ਸਨ. ਜਦ ਸੀਤਾ ਰਾਮ ਸਹਿਤ ਇਸ ਨੂੰ ਅਤੇ ਇਸ ਦੇ ਪਤੀ ਨੂੰ ਮਿਲਣ ਆਈ ਸੀ, ਤਾਂ ਇਸ ਨੇ ਸੀਤਾ ਨੂੰ ਦਿਵ੍ਯ ਵਟਣਾ ਦਿੱਤਾ ਸੀ, ਜਿਸ ਨਾਲ ਕਿ ਉਹ ਸਦੀਵ ਹੀ ਸੁੰਦਰ ਰਹਿ ਸਕੇ. ਦੇਖੋ, ਅਤ੍ਰਿ. "ਬਰੀ ਆਨ ਅਨਸੂਯਾ ਨਾਰਿ." (ਦੱਤਾਵ) ੨. ਅਸੂਯਾ (ਈਰਖਾ) ਦਾ ਅਭਾਵ. ਹਸਦ ਦਾ ਨਾ ਹੋਣਾ.

ਅਨਸੰਖ: ਵਿ- ਅਸ਼ੰਖ. ਅਗਣਿਤ. ਬੇਸ਼ੁਮਾਰ. "ਅਨਸੰਖ ਅਛੂਹਨਿ ਸੰਗ ਦਲੰ." (ਦੱਤਾਵ) ਦੇਖੋ, ਸੰਖ.

ਅਨਸ਼੍ਵਰ: ਸੰ. ਵਿ- ਨਸ਼੍ਵਰ (ਨਾਸ਼ ਹੋਣ ਵਾਲਾ) ਨਹੀਂ. ਕ਼ਾਇਮ.

ਅਨਹਤ: ਸੰ. ਅਨਾਹਤ. ਵਿ- ਆਹਤ (ਚੋਟ ਲਾਏ) ਬਿਨਾ. ਬਿਨਾ ਆਘਾਤ. "ਦਰਿ ਵਾਜਹਿ ਅਨਹਤ ਵਾਜੇ ਰਾਮ." (ਵਡ ਛੰਤ

---

[79] ਗੁਰਬਾਣੀ ਵਿੱਚ ਇਸ ਦਾ ਰੂਪ "ਅਨੁ" ਹੋ ਜਾਂਦਾ ਹੈ. ਲੱਗਣ ਤੋਂ ਉਪਜਦਾ ਹੈ.

ਮ: ੫) ਦੇਖੋ, ਅਨਹਤ ਸ਼ਬਦ.

ਅਨਹਤ ਸ਼ਬਦ, ਅਨਹਤ ਨਾਦ: ਸੰ. ਅਨਾਹਤ ਨਾਦ.[80] ਸੰਗ੍ਯਾ ਉਹ ਸ਼ਬਦ ਜੋ ਕਿਸੇ ਆਘਾਤ (ਪ੍ਰਹਾਰ) ਤੋਂ ਨਹੀਂ ਪੈਦਾ ਹੋਇਆ. ਯੋਗਮਤ ਅਨੁਸਾਰ ਓਹ ਸ਼ਬਦ, ਜੋ ਦਸ਼ਮਦ੍ਵਾਰ ਵਿੱਚ ਯੋਗੀ ਸੁਣਦੇ ਹਨ.

"ਪ੍ਰਥਮੇ ਭ੍ਰਮਰਗੁੰਜਾਰ ਸੰਖਧੁਨਿ ਦੁਤਿਯ ਕਹਿੱਜੈ,

ਤ੍ਰਿਤਿਯ ਬਜੈ ਮਿਰਦੰਗ ਚਤੁਰਥਹਿ ਤਾਲ ਸੁਨਿੱਜੈ,

ਪੰਚਮ ਘੰਟਾ ਨਾਦ ਖਸ਼੍ਟ ਬੀਣਾਧੁਨਿ ਹੋਈ,

ਸਪ੍ਤਮ ਬਾਜੈ ਭੇਰਿ ਅਸ਼੍ਟਮੰ ਦੁੰਦਭਿ ਜੋਈ,

ਨਵਮੋ ਗਰਜ ਸਮੁਦ੍ਰ ਕੀ ਦਸ਼ਮ ਮੇਘ ਘੋਖਹਿਂ ਗੁਨੈ,

ਕਹਿ "ਸੁੰਦਰ" ਅਨਹਤਸ਼ਬਦ ਕੋ ਦਸ ਪ੍ਰਕਾਰ ਜੋਗੀ

ਸੁਨੈ." (ਸੁੰਦਰਵਿਲਾਸ)

੨. ਗੁਰੁਮਤ ਅਨੁਸਾਰ ਆਤਮ ਮੰਡਲ ਦਾ ਸੰਗੀਤ, ਜੋ ਕੰਨਾਂ ਦਾ ਵਿਸ਼ਾ ਨਹੀਂ. ਨਾਮਅਭ੍ਯਾਸੀ ਨੂੰ ਚਿੱਤ ਦੀ ਏਕਾਗ੍ਰਤਾ (ਸਮਾਧਿ) ਵਿੱਚ ਇਸ ਦਾ ਅਨੁਭਵ ਹੁੰਦਾ ਹੈ. "ਅਨਹਤਾ ਸ਼ਬਦ ਬਾਜੰਤ ਭੇਰੀ." (ਸੋਹਿਲਾ) ੩. ਇਲਹਾਮ. ਸ਼ੁੱਧ ਚਿੱਤ ਵਾਲੇ ਆਚਾਰਯ ਨੂੰ ਪ੍ਰਾਪਤ ਹੋਇਆ ਅਕਾਲੀ ਹੁਕਮ.

ਅਨਹਦ: ਦੇਖੋ, ਅਨਹਤ. "ਅਨਹਦ ਬਾਣੀ ਪਾਈਐ ਤਹਿ ਹਉਮੈ ਹੋਇ ਬਿਨਾਸ." (ਸ੍ਰੀ ਮ: ੧) ੨. ਵਿ- ਬਿਨਾ ਹੱਦ ਅਪਾਰ. "ਅਨਹਦ ਰੂਪ ਅਨਾਹਤ ਬਾਨੀ." (ਅਕਾਲ) ੩. ਸੰਗ੍ਯਾ- ਇੱਕ ਗਣਛੰਦ. ਇਸ ਦਾ ਨਾਉਂ "ਅਕਰਾ" "ਅਣਕਾ" "ਅਨੁਭਵ" "ਸ਼ਸ਼ਿਵਦਨਾ" "ਚੰਡਰਸਾ" ਅਤੇ "ਮਧੁਰਧੁਨਿ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਨ. ਯ. ।।।, ।SS.

ਉਦਾਹਰਣ-

ਸਤਜੁਗ ਆਯੋ। ਸਭ ਸੁਨਪਾਯੋ।

ਮੁਨਿ ਮਨ ਭਾਯੋ। ਗੁਨਿ ਗਨ ਗਾਯੋ. (ਕਲਕੀ)

ਅਨਹਦਸਬਦ, ਅਨਹਦਨਾਦ, ਅਨਹਦਬਾਣੀ: ਦੇਖੋ, ਅਨਹਤ ਨਾਦ. "ਅਨਹਦ ਸਬਦ ਬਜਹਿ ਦਰਬਾਰੇ." (ਭੈਰ ਮ: ੫)

"ਅਨਹਦ ਧੁਨੀ ਦਰਿ ਵਜਦੇ." (ਸ੍ਰੀ ਮ: ੫) "ਅਨਹਦਬਾਣੀ ਸਬਦੁ ਵਜਾਏ" (ਗਉ ਅ: ਮ: ੩)

ਅਨਹਿਤ: ਸੰਗ੍ਯਾ- ਹਿਤ ਦੇ ਵਿਰੁੱਧ. ਬੁਰਿਆਈ. ਹਾਨੀ. ਅਪਕਾਰ. ਵਿਰੋਧ.

ਅਨਹੋਨੀ: ਵਿ- ਨਾ ਹੋਣ ਵਾਲੀ. ਅਸੰਭਵ. ਨਾਮੁਮਕਿਨ. "ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ." (ਸ. ਮ: ੯)

ਅਨਹੋਵਨ: ਵਿ- ਨਾ ਹੋਣ ਯੋਗ੍ਯ. ਅਸੰਭਵ "ਹੋਵਨ ਕਉਰਾ ਅਨਹੋਵਨ ਮੀਠਾ." (ਬਿਲਾ ਮ: ੫) ਭਾਵ- ਮੌਤ ਕੌੜੀ, ਜੀਵਨ ਮਿੱਠਾ। ੨. ਸੰਗ੍ਯਾ- ਅਣਹੋਂਦ. ਅਭਾਵ.

ਅਨਕ: ਸੰ. ਵਿ- ਅਧਮ ਨੀਚ। ੨. ਸੰ. ਅਨੇਕ. ਨਾ- ਇੱਕ. ਬਹੁਤ। ੩. ਸੰ. ਆਨਕ. ਸੰਗ੍ਯਾ- ਛੋਟਾ ਨਗਾਰਾ. "ਅਨਕ ਤੂਰ ਭੇਰੀ ਪਣਵ." (ਚਰਿਤ੍ਰ ੧) ੪. ਅ਼. ਰَوْنَق ਅਨਕ਼. ਸੰਗ੍ਯਾ- ਖੁਸ਼ੀ. ਪ੍ਰਸੰਨਤਾ। ੫. ਵਿ- ਆਨੰਦ. ਪ੍ਰਸੰਨ. ਖੁਸ਼.

ਅਨਕ ਸਿੰਘ: ਦੇਖੋ, ਉਦਯ ਸਿੰਘ.

---

[80] ਅਨਾਹਤ ਦੇ ਵਿਰੁੱਧ ਆਹਤ ਸ਼ਬਦ ਹੈ, ਜੋ ਕਿਸੇ ਆਘਾਤ (ਚੋਟ)

**ਅਨਕਦੁੰਦਭਿਜ:** ਸੰਗਜ੍ਞਾ- ਆਨਕਦੁੰਦੁਭੀ (ਵਸੁਦੇਵ) ਦਾ ਪੁਤ੍ਰ. ਕਿਸ਼ਨ ਦੇਵ. (ਸਨਾਮਾ)

**ਅਨਕਦੁੰਦਭਿਜ ਬਲਭਨਿਜਾਚਰਨਾਯਕ ਸਤ੍ਰੁ:** ਸੰਗਜ੍ਞਾ- ਆਨਕਦੁੰਦੁਭੀ (ਵਸੁਦੇਵ) ਦਾ ਪੁਤ੍ਰ ਕ੍ਰਿਸ਼ਨ. ਦੇਵ, ਉਸ ਦੀ ਬੱਲਭਾ (ਪਿਆਰੀ) ਜਮੁਨਾ, ਉਸ ਤੋਂ ਪੈਦਾ ਹੋਇਆ ਘਾਸ, ਉਸ ਨੂੰ ਚਰਨ ਵਾਲਾ ਮ੍ਰਿਗ, ਉਸ ਦਾ ਨਾਇਕ (ਸ੍ਵਾਮੀ) ਸ਼ੇਰ, ਉਸ ਦੀ ਵੈਰਣ ਬੰਦੂਕ. (ਸਨਾਮਾ)

**ਅਨਕਦੁੰਦਭੀ:** ਦੇਖੋ, ਆਨਕਦੁੰਦਭੀ.

**ਅਨਕਪ:** ਸੰ. ਅਨੇਕਪ. ਸੰਗਜ੍ਞਾ- ਇੱਕ ਅੰਗ ਨਾਲ ਨਾ ਪੀਣ ਵਾਲਾ. ਸੁੰਡ ਅਤੇ ਮੂੰਹ ਦੋਹਾਂ ਨਾਲ ਪੀਣ ਵਾਲਾ. ਹਾਥੀ. (ਸਨਾਮਾ)

**ਅਨਕਪਨੀ, ਅਨਕਪੀ:** ਸੰਗਜ੍ਞਾ- ਅਨੇਕਪ (ਹਾਥੀਆਂ) ਦੀ ਸੈਨਾ. (ਸਨਾਮਾ) ਦੇਖੋ, ਅਨਕਪ.

**ਅਨਕਪਜਰਿ:** ਸੰਗਜ੍ਞਾ- ਅਨੇਕਪ- ਅਰਿ. ਹਾਥੀ ਦਾ ਵੈਰੀ ਸਿੰਘ. (ਸਨਾਮਾ)

**ਅਨਕਪਜਰਿ ਨਾਦਨਿ:** ਸੰਗਜ੍ਞਾ- ਹਾਥੀ ਦੇ ਵੈਰੀ ਸ਼ੇਰ ਵਾਂਙ ਨਾਦ ਕਰਨ ਵਾਲੀ ਸੈਨਾ. ਸਿੰਘਨਾਦਿਨੀ. (ਸਨਾਮਾ) ੨. ਬੰਦੂਕ. (ਸਨਾਮਾ)

**ਅਨਕਰੀਬ, ਅ਼ਨਕ਼ਰੀਬ:** ਅ਼. عنقریب ਕ੍ਰਿ. ਵਿ- ਪਾਸ ਪਾਸ. ਲਗਪਗ। ੨. ਬਹੁਤ ਨੇੜੇ ਆਉਣ ਵਾਲੇ ਸਮੇਂ ਵਿੱਚ.

**ਅਨਕਾ:** ਇੱਕ ਗਣ ਛੰਦ. ਇਸ ਦਾ ਨਾਉਂ "ਸ਼ਸ਼ਿ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਇੱਕ ਯਗਣ. ।SS.

ਉਦਾਹਰਣ-

ਪ੍ਰਭੂ ਹੈ। ਅਜੂ ਹੈ। ਅਜੈ ਹੈ। ਅਭੈ ਹੈ. (ਰਾਮਾਵ) ੨. ਦੇਖੋ, ਚਾਚਰੀ। ੩. ਦੇਖੋ, ਉਨਕਾ.

**ਅਨਕਾਇ, ਅਨਕਾਏ:** ਸੰ. ਅਨਕਾਯ. ਸੰਗਜ੍ਞਾ- ਜਿਸ ਦੀ ਕਾਯ (ਦੇਹ) ਨਹੀਂ ਹੈ. ਕਾਮ. ਅਨੰਗ. "ਅਨਕਾਏ ਰਾਤੜਿਆ ! ਵਾਟ ਦੁਹੇਲੀ ਰਾਮ." (ਬਿਹਾ ਛੰਤ ਮਃ ੫) ਹੇ ਕਾਮਲੰਪਟ ! ਵਾਟ ਦੁਹੇਲੀ। ੨. ਅਨਜ- ਕਾਹੇ ! ਹੋਰ ਵਿੱਚ ਕਯੋਂ ?

**ਅਨਕਾਦ, ਅਨਕਾਦਿ:** ਵਿ- ਅਨੇਕ ਹੀ ਆਦਿ. ਸਭਾ ਦਾ ਮੂਲ. "ਅਨਕਾਦਿ ਸਰੂਪੰ ਅਮਿਤ ਬਿਭੂਤੰ." (ਗਜ੍ਯਾਨ)

**ਅਨਕਾਮ:** ਵਿ- ਕਾਮਨਾ ਰਹਿਤ। ੨. ਸੰ. ਅਨੁਕਾਮ. ਕਾਮਨਾ ਪੂਰਣ ਕਰਤਾ. "ਸਰਬ ਕੇ ਅਨਕਾਮ." (ਅਕਾਲ)

**ਅਨਕਾਲ:** ਵਿ- ਕਾਲ ਰਹਿਤ. ਜਿਸ ਦੀ ਮ੍ਰਿਤ੍ਯੁ ਨਹੀਂ ਹੁੰਦੀ. ਅਕਾਲ.

**ਅਨਕੁੰਭ:** ਦੇਖੋ, ਅਕੁੰਭ. "ਤਬ ਕੁੰਭ ਔਰ ਅਨਕੁੰਭ ਆਨ। ਦਲ ਰੁਕਯੋ ਰਾਮ ਕੀ ਤਯਾਗ ਕਾਨ." (ਰਾਮਾਵ).

**ਅਨਕੰਪਾ:** ਦੇਖੋ, ਅਨੁਕੰਪਾ.

**ਅਨਕ੍ਸ਼ਰ:** ਸੰ. ਵਿ- ਜਿਸ ਨੂੰ ਅੱਖਰਾਂ ਦਾ ਗਜ੍ਯਾਨ ਨਹੀਂ. ਉੱਮੀ. ਅਨਪੜ੍ਹ।

**ਅਨਖ:** ਦੇਖੋ, ਅਣਖ. "ਮਨ ਅਨਖਾਇ ਸੁ ਕੁਪਹਿ ਘਨੇਰੇ. (ਗੁਪ੍ਰਸੂ) ੨. ਜਿਸ ਦੇ ਨਖ (ਨਹੁੰ ਨਹੀਂ. )

**ਅਨਖੰਗ:** ਦੇਖੋ, ਅਨੁਖੰਗ.

**ਅਨੱਖਰ:** ਦੇਖੋ, ਅਨਕ੍ਸ਼ਰ.

**ਅਨਗ:** ਦੇਖੋ, ਅਨੰਗ। ੨. ਜੋ ਨਗ (ਅਚਲ) ਨਹੀਂ. ਜੰਗਮ. ੩. ਚਲਾਇਮਾਨ। ੪. ਚੰਚਲ.

**ਅਨਗਨ, ਅਨਗਨਿਤ:** ਵਿ- ਅਗਣਿਤ. ਬੇਸ਼ੁਮਾਰ. ਗਿਣਤੀ ਰਹਿਤ.

ਅਨਗਰੂਆ: ਵਿ- ਗੌਰਵਤਾ ਰਹਿਤ. ਤੁੱਛ।

੨. ਅਨੰਗ- ਰੂਆ. ਕਾਮਰੂਪ. ਮੋਹਿਤ ਕਰਨ ਵਾਲਾ. ਮੋਹਣੀ ਸ਼ਕਲ ਵਾਲਾ. "ਅਨਗਰੂਆ ਆਖਾੜਾ."

(ਮਲਾ ਨਾਮਦੇਵ)

ਅਨਗੜ: ਵਿ- ਜਿਸ ਨੂੰ ਕਿਸੇ ਨੇ ਗਠਨ ਨਹੀਂ ਕੀਤਾ. ਜੋ ਕਿਸੇ ਦ੍ਵਾਰਾ ਘੜਿਆ ਨਹੀਂ ਗਿਆ. ਸ੍ਵਯੰਭੂ। ੨. ਸੰਗਯਾ- ਕਰਤਾਰ. ਵਾਹਗੁਰੂ.

ਅਨਗਾਹ: ਵਿ- ਜੋ ਗਾਹਨ ਨਾ ਕੀਤਾ ਜਾਵੇ. ਅਥਾਹ. ਮਹਾਂ ਗੰਭੀਰ। ੨. ਸੰਗਯਾ- ਅੰਨਗਾਹ. ਫਲਹਾ. ਪਿੜ ਵਿੱਚ ਦਾਣੇ ਝਾੜਨ ਅਤੇ ਕਣਕ ਜੌਂ ਆਦਿਕ ਦੀ ਨਾਲੀ ਨੂੰ ਚੂਰ ਕਰਨ ਲਈ ਝਾਫਿਆਂ ਦਾ ਬਣਾਇਆ ਯੰਤ੍ਰ, ਜਿਸ ਨੂੰ ਖਲਹਾਨ ਤੇ ਫੇਰਿਆ ਜਾਂਦਾ ਹੈ. "ਲਾਟੂ ਮਧਾਣੀਆਂ ਅਨਗਾਹ." (ਵਾਰ ਆਸਾ)

ਅਨਗੰਧ: ਵਿ- ਗੰਧ (ਬੂ) ਬਿਨਾ। ੨. ਉੱਘ ਸੁੱਘ ਬਿਨਾ। ੩. ਸੰਗਯਾ- ਦੁਰਗੰਧ. ਬਦਬੂ. "ਅਨਗੰਧ ਜਰੇ ਮਹਾਂ ਕੁੰਡ ਅਨਲੰ" (ਗ੍ਯਾਨ)

ਅਨਘ: ਵਿ- ਅਘ (ਪਾਪ) ਬਿਨਾ। ੨. ਨਿਰਦੋਸ਼. ਕਲੰਕ ਬਿਨਾ.

ਅਨਘੜ: ਵਿ- ਜੋ ਘੜਿਆ ਨਹੀਂ. ਦੇਖੋ, ਅਨਗੜ। ੨. ਬੁਰਾ ਘੜਿਆ ਹੋਇਆ. ਕੁਡੌਲ. ਬੇਡੌਲ। ੩. ਅਸਿਕ੍ਸ਼ਿਤ ਅਸਭ੍ਯ. ਗਁਵਾਰ.

ਅਨਚਾਰ: ਸੰ. ਅਨਾਚਾਰ ਸੰਗਯਾ- ਬਦਚਲਨੀ. ਦੁਰਾਚਾਰ.

ਅਨਚਾਰੀ: ਸੰ. अनाचिरन्- ਅਨਾਚਾਰੀ. ਵਿ- ਦੁਰਾਚਾਰੀ. ਬੁਰੇ ਚਾਲਚਲਨ ਵਾਲਾ. "ਅਨਚਾਰੀ ਕਾ ਧਾਨ." (ਸਵਾ ਮਃ ੩)

ਅਨਚੇਤ: ਵਿ- ਚੇਤਨਾ ਰਹਿਤ. ਜੜ੍ਹ। ੨. ਕ੍ਰਿ. ਵਿ- ਅਚਾਨਕ. ਅੱਚਣਚੇਤ. "ਜਾਇ ਲਗੀ ਹਰਿ ਕੋ ਅਨਚੇਤ." (ਕ੍ਰਿਸਨਾਵ)

ਅਨਛਿੱਜ: ਵਿ- ਅਕ੍ਸ਼ਯ. ਜੋ ਕ੍ਸ਼ੀਣ (ਨਾਸ਼) ਨਹੀਂ ਹੁੰਦਾ. ਜੋ ਛਿਜਦਾ ਨਹੀਂ. "ਅਨਛਿੱਜ ਤੇਜ ਉਦਾਰ." (ਅਕਾਲ)

ਅਨਜਾਨ: ਵਿ- ਜਾਣਨ ਤੋਂ ਬਿਨਾ. ਗ੍ਯਾਨ ਰਹਿਤ. ਮੂਰਖ. ਅਗ੍ਯਾਨੀ.

ਅਨਜਾਨਤ: ਕ੍ਰਿ. ਵਿ- ਅਗ੍ਯਾਨ ਕਰਕੇ. ਅਨਜਾਨ ਪਨ ਸੇ. ਅੰਞਾਣ ਪੁਣੇ ਨਾਲ "ਅਨਜਾਨਤ ਬਿਖਿਆ ਮਹਿ ਰਚੈ." (ਸੁਖਮਨੀ)

ਅਨਜੇਵ: ਵਿ- ਅਜੇਯ. ਜੋ ਜਿੱਤਿਆ ਨਹੀਂ ਜਾ ਸਕਦਾ. "ਇਮ ਕਪਟ ਦੇਵ ਅਨਜੇਵ ਨ੍ਰਿਪ, ਜਦਿਨ ਝਟਕ ਦੈ ਧਾਇ ਹੈ." (ਪਾਰਸਾਵ) ੨. ਜੋ ਜੇਮਨ (ਖਾਧਾ) ਨਹੀਂ ਜਾ ਸਕਦਾ।

ਅਨਝੰਝ: ਵਿ- ਝੰਝਾ (ਕਾਂਬੇ) ਬਿਨਾ. ਅਕੰਪ. ਅਡੋਲ. "ਅਨਝੰਝ ਗਾਤ." (ਜਾਪੁ) ਦੇਖੋ, ਝੰਝ.

ਅਨਟ, ਅਨੱਟ: ਸੰਗਯਾ- ਅਨ੍ਰਿਤ. ਝੂਠ। ੨. ਅਨੀਤਿ। ੩. ਵਿ- ਜੋ ਨਟਦਾ (ਮੁੱਕਰਦਾ) ਨਹੀਂ। ੪. ਨਾ ਟਲਣ ਵਾਲਾ. "ਅਨੱਟ ਸੁੱਖਲੰ." (ਗ੍ਯਾਨ) ਨਿੱਤ ਸੁਖ.

ਅਨਡੀਠ: ਵਿ- ਅਣਡਿੱਠ. ਅਣਦੇਖਿਆ.

ਅਨਡੰਡ: ਸੰ. अदण्डय- ਅਦੰਡ੍ਯ. ਵਿ- ਜੋ ਦੰਡ ਯੋਗ੍ਯ ਨਾ ਹੋਵੇ. ਜਿਸ ਨੂੰ ਦੰਡ ਨਾ ਦਿੱਤਾ ਜਾ ਸਕੇ.

ਅਨਤ: ਸੰ. ਵਿ- ਜੋ ਨਤ (ਝੁਕਿਆ ਹੋਇਆ) ਨਹੀਂ. ਨੰਮ੍ਰਤਾ (ਨਿੰਮ੍ਰਤਾ) ਰਹਿਤ। ੨. ਸੰ. ਅਨੰਤ. ਅੰਤ ਰਹਿਤ. ਬੇਅੰਤ. "ਪਸਰਿਓ ਆਪ ਹੋਇ ਅਨਤ ਤਰੰਗ." (ਸੁਖਮਨੀ) ਦੇਖੋ, ਪਲ੍ਰ। ੩. ਸੰ. ਅਨ੍ਯਤ੍ਰ. ਕ੍ਰਿ. ਵਿ- ਹੋਰ ਥਾਂ. ਦੂਜੀ ਜਗਾ. "ਕਹਿ

ਨਾਨਕ ਅਬ ਨਾਹਿ ਅਨਤ ਗਤਿ." (ਟੋਡੀ ਮঃ ੯) ੪. ਸੰ. ਅਨਿਤ੍ਯ. ਵਿ- ਜੋ ਨਿੱਤ ਨਹੀਂ. ਬਿਨਸਨਹਾਰ. "ਅਨਤਾ ਧਨ ਧਰਣੀ ਧਰੇ ਅਨਤ ਨ ਚਾਹਿਆਜਾਇ। ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ." (ਗਉ ਮঃ ੧) ਅਨਿੱਤ ਧਨ ਜ਼ਮੀਨ ਵਿੱਚ ਗਡਦਾ ਹੈ, ਬੇਅੰਤ ਦੀ ਇੱਛਾ ਨਹੀਂ ਕਰਦਾ, ਜੋ ਅਨਿੱਤ ਦੀ ਖੋਜ ਵਿੱਚ ਗਏ, ਉਹ ਅਨੰਤ ਖੋ ਬੈਠੇ। ੫. ਹੋਰ. ਦੂਜਾ. ਅਨ੍ਯ. "ਸਿਮਰਨ ਬਿਨਾ ਅਨਤ ਨਹਿ ਕਾਜੂ." (ਨਾਪ੍ਰ)

ਅਨਤਤਰੰਗਾ, ਅਨਤਤਰੰਗੀ: ਵਿ- ਅਨੰਤ ਤਰੰਗਾਂ (ਲਹਿਰਾਂ) ਵਾਲਾ. ਸਮੁੰਦਰ। ੨. ਸੰਗ੍ਯਾ- ਕਰਤਾਰ. ਵਾਹਗੁਰੂ. "ਆਸਾ ਪੂਰਣ ਅਨਤਤਰੰਗਾ."

(ਬਿਲਾ ਮঃ ੫)

ਅਨਤਭਾਇ: ਅਨੇਕ ਪ੍ਰਕਾਰ ਨਾਲ. "ਰਾਜਾ ਰਾਮ ਮਉਲਿਆ ਅਨਤਭਾਇ." (ਬਸੰ ਕਬੀਰ)

ਅਨਤਰ: ਸੰ. ਅਨ੍ਯਤਰ. ਵਿ- ਦੋ ਵਿੱਚੋਂ ਇੱਕ. ਦੂਜਾ. ਦੂਸਰਾ। ੨. ਸੰ. ਕ੍ਰਿ. ਵਿ- ਅਨ੍ਯਤ੍ਰ. ਹੋਰ ਥਾਂ. ਦੂਜੀ ਜਗਾ। ੩. ਸੰ. ਅਨੰਤਰ. ਪਿੱਛੋਂ. ਉਪਰਾਂਤ (ਉਪਰੰਤ). ਬਾਦ। ੪. ਅਨ੍ਯ- ਤਰੁ. ਹੋਰ ਬਿਰਛ. "ਚੰਦਨਾ ਸੁਬਾਸੁ ਜਾਸੁ ਸਿਮਰਤ ਅਨਤਰ." (ਸਵੈਯੇ ਮঃ ੪. ਕੇ)

ਅਨਤਰਿਯਾ, ਅਨਤਰੀਆ: ਵਿ- ਜੋ ਤਰਣ ਨਹੀਂ ਜਾਣਦਾ. ਅਨ- ਤਾਰੂ. "ਅਨਤਰਿਯਾ ਜਯੋਂ ਸਿੰਧੁ ਕੋ ਚਹਿਤ ਤਰਨ." (ਚੰਡੀ ੧)

ਅਨਤਾ: ਦੇਖੋ, ਅਨਤ "ਅਨਤਾ ਧਨ ਧਰਿ ਦਬਿਆ." (ਸੂਹੀ ਛੰਤ ਮঃ ੪)

ਅਨਥਾ: ਦੇਖੋਂ, ਅਨ੍ਯਥਾ.

ਅਨਦ: ਸੰ. ਸੰਗ੍ਯਾ. ਆਨੰਦ. ਪ੍ਰਸੰਨਤਾ. ਖ਼ੁਸ਼ੀ. "ਅਨਦ ਸੂਖ ਮੰਗਲ ਬਨੇ." (ਬਿਲਾ ਮঃ ੫) ੨. ਸੁਖ। ੩. ਦੇਖੋ, ਅਣ੍ਦ.

ਅਨਦਮੂਲ: ਵਿ- ਆਨੰਦ ਦੀ ਜੜ. ਆਨੰਦ ਦਾ ਮੁੱਢ. "ਅਨਦਮੂਲ ਧਿਆਇਓ ਪੁਰਖੋਤਮੁ." (ਬਿਲਾ ਮঃ ੪)

ਅਨਦਰੂਪ: ਵਿ- ਆਨੰਦ ਸ੍ਵਰੂਪ. ਆਨੰਦ ਹੈ ਜਿਸ ਦਾ ਸ੍ਵਰੂਪ ਲਕ੍ਸ਼ਣ (ਜ਼ਾਤੀ ਸਿਫ਼ਤ) "ਅਨਦਰੂਪ ਪ੍ਰਗਟਿਓ ਸਭ ਥਾਨਿ." (ਰਾਮ ਮঃ ੫)

ਅਨਦਾਇਕ: ਵਿ- ਨਾ ਦੇਣ ਵਾਲਾ. "ਅਨਦਾਇਕ ਤਿਹ ਪੁਤ੍ਰ ਨ ਪਿਤ ਕੋ ਬਧ ਕਿਯੋ." (ਚਰਿਤ੍ਰ ੨੬੬) ੨. ਅੰਨਦਾਤਾ.

ਅਨਦਾਈ: ਸੰਗ੍ਯਾ- ਆਨੰਦਤਾ. ਪ੍ਰਸੰਨਤਾ. "ਹਰਿ ਆਰਾਧੇ ਅਰੋਗ ਅਨਦਾਈ." (ਸੋਰ ਮঃ ੫) ੨. ਦੇਖੋ ਅੰਨਦਾਤਾ। ੩. ਨਾ ਦੇਣ ਵਾਲਾ.

ਅਨਦਿਨ, ਅਨਦਿਨੁ: ਸੰ. ਅਨੁਦਿਨ. ਕ੍ਰਿ. ਵਿ- ਪ੍ਰਤਿਦਿਨ. ਹਰਰੋਜ਼ ਭਾਵ- ਨਿਰੰਤਰ (ਲਗਾਤਾਰ). ਨਿੱਤ. ਸਦਾ. "ਅਨਦਿਨੋ ਮੋਹਿ ਆਹੀ ਪਿਆਸਾ." (ਸੋਹਿਲਾ) "ਅਨਦਿਨੁ ਸਹਸਾ ਕਦੇ ਨ ਚੂਕੈ." (ਬਿਹਾ ਵਾਰ ਮঃ ੩)

ਅਨਦੁ: ਦੇਖੋ, ਅਨੰਦ. "ਅਨਦੁ ਕਰੈ ਸਾਸਿ ਸਾਸਿ ਸਮਾਰੈ." (ਆਸਾ ਮঃ ੫)

ਅਨਦ੍ਰਿਸਟ: ਵਿ- ਅਦ੍ਰਿਸ਼ਟ. ਨਾ ਦੇਖਿਆ ਹੋਇਆ. ਅਣਡਿੱਠ.

ਅਨਦ੍ਰਿਸਟਿ: ਸੰ. ਪ੍ਰਲਯ (ਪਰਲੋਂ). ਜਗਤ ਦੇ ਲੋਪ ਹੋਣ ਦੀ ਹਾਲਤ. "ਆਵਨੁ ਜਾਵਨ ਦ੍ਰਿਸਟਿ ਅਨਦ੍ਰਿਸਟਿ." (ਸੁਖਮਨੀ)

ਅਨਧਰ: ਸੰ. ਅਨਾਧਾਰ. ਵਿ- ਆਧਾਰ ਰਹਿਤ. "ਅਨਧਰ ਪ੍ਰਮਾਥ." (ਦੱਤਾਵ) ੨. ਅਨ- ਧਰ. ਜੋ ਫੜਿਆ ਨਾ ਸਕੇ. ਜੋ ਰੋਕਿਆ ਨਾ ਜਾਵੇ. "ਇਹ ਭਾਂਤ ਨਿੰਦ ਅਨਧਰ ਸੁਭਟ." (ਪਾਰਸਾਵ)

ਅਨਧਿਕਾਰੀ: ਸੰ. अनधिकारिन्- ਵਿ- ਜੋ ਅਧਿਕਾਰੀ ਨਹੀਂ. ਕੁਪਾਤ੍ਰ. ਨਾਲਾਇਕ। ੨. ਅਹੁਦੇ ਤੋਂ ਖ਼ਾਰਿਜ. ਪਦਵੀ ਤੋਂ

ਡਿਗਿਆ ਹੋਇਆ.

ਅਨਧ੍ਯਾ: ਸੰ. ਅਨਧ੍ਯਾਯ. ਸੰਗ੍ਯਾ- ਨਾ ਅਧ੍ਯਯਨ (ਪੜ੍ਹਨ) ਦੀ ਤਿਥਿ. ਹਿੰਦੂਮਤ ਅਨੁਸਾਰ- ਏਕਮ, ਅਸ਼੍ਟਮੀ. ਚੌਦਸ, ਅਮਾਵਸ, ਪੂਰਣਮਾਸੀ, ਜਿਨ੍ਹਾਂ ਵਿੱਚ ਸੰਥਾ ਪੜ੍ਹਨ ਦਾ ਨਿਸ਼ੇਧ ਹੈ.[81] "ਅਨਧ੍ਯਾ ਜੋ ਵਿਦ੍ਯਾ ਪੜ੍ਹੈ ਸੋ ਵਾਦੀ ਜਗ ਮਾਹਿ." (ਗੁਪ੍ਰਸੂ)

ਅਨਨ: ਸੰ. ਸੰਗ੍ਯਾ- ਜੀਵਨ ਜ਼ਿੰਦਗੀ। ੨. ਗਤਿ. ਚਾਲ। ੩. ਸ੍ਵਾਸ। ੪. ਦੇਖੋ, ਅਨਨ੍ਯ.

ਅਨਨਪਰ: ਸੰ. ਅਨਨ੍ਯਪੁਰ. ਵਿ- ਇੱਕ ਪਰਾਇਣ. ਜਿਸ ਦਾ ਧ੍ਯਾਨ ਦੂਜੇ ਵਿੱਚ ਨਹੀਂ. "ਗਿਆਨ ਅਰੁ ਧ੍ਯਾਨ ਅਨਨਪਰ." (ਸਵੈਯੇ ਮਃ ੪)

ਅਨਨ੍ਯ: ਸੰ. ਵਿ- ਅਨ੍ਯ (ਹੋਰ) ਨਾਲ ਸੰਬੰਧ ਨਾ ਰੱਖਣ ਵਾਲਾ. ਇੱਕ ਤੋਂ ਛੁੱਟ ਦੂਜੇ ਨੂੰ ਨਾ ਜਾਣਨ ਵਾਲਾ. ਇੱਕ ਦਾ ਉਪਾਸਕ. ਦੇਖੋ, ਅਨਨ। ੨. ਏਕ ਵਿਸ਼ਯ ਆਸਕ੍ਤ. ਇੱਕ ਮਜਮੂਨ ਵਿੱਚ ਲਿਵਲੀਨ ਹੋਇਆ.

ਅਨਨ੍ਵਯ: ਸੰ. ਨਹੀਂ ਹੈ ਅਨ੍ਵਯ (ਸੰਬੰਧ) ਜਿਸ ਵਿੱਚ. ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਹੈ ਕਿ ਉਪਮੇਯ ਤੋਂ ਭਿੰਨ ਹੋਰ ਕੋਈ ਉਪਮਾਨ ਨਾ ਹੋਵੇ, ਅਰਥਾਤ ਉਪਮੇਯ ਨੂੰ ਹੀ ਉਪਮਾਨ ਠਹਿਰਾਈਏ. "ਜਹਾਂ ਕਰਤ ਉਪਮੇਯ ਕੋ ਉਪਮੇਯੈ ਉਪਮਾਨ." (ਸ਼ਿਵਰਾਜ ਭੂਸ਼ਣ)

ਉਦਾਹਰਣ-

"ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ?

ਜੈਸਾ ਤੂ ਤੈਸਾ ਤੁਹੀ, ਕਿਆ ਉਪਮਾ ਦੀਜੈ?" (ਬਿਲਾ)

"ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੁਹਿ ਬਨਿਆਵੈ." (ਸਵੈਯੇ ਮਃ ੩. ਕੇ)

ਅਨਪੜ੍ਹ: ਸੰ. ਅਪਠ. ਵਿ- ਜੋ ਪੜ੍ਹਨ (ਪਠਨ) ਨਾ ਜਾਣੇ. ਉੱਮੀ. ਨਿਰੱਖਰ.

ਅਨਪਾਇਨੀ, ਅਨਪਾਵਨੀ: ਸੰ. अनपायिन्- ਅਨਪਾਯਿਨੀ. ਵਿ- ਨਾ ਹੋਵੇ ਅਪਾਯ (ਨਾਸ਼) ਜਿਸ ਦਾ. ਅਚਲ. ਦ੍ਰਿੜ੍ਹ. "ਅਨਪਾਵਨੀ ਭਗਤਿ ਨ ਉਪਜੀ." (ਸਾਰ ਪਰਮਾਨੰਦ)

ਅਨਪੇਕ੍ਸ਼: ਦੇਖੋ, ਅਨਪੇਖ ੨.

ਅਨਪੇਖ: ਵਿ- ਅਣਡਿੱਠ. ਅਦ੍ਰਿਸ਼੍ਟ। ੨. ਸੰ. ਅਨਪੇਕ੍ਸ਼. ਅਪੇਕ੍ਸ਼ਾ (ਇੱਛਾ) ਰਹਿਤ. ਬੇਪਰਵਾ.

, ਅਨਫੁਰ: ਵਿ- ਸਫੁਰਣ ਰਹਿਤ. ਬਿਨਾ ਸੰਕਲਪ. ਸ਼ਾਂਤ। ੨. ਸੰਗ੍ਯਾ- ਅਸਤ੍ਯ. ਝੂਠਯ ਜੋ ਫੁਰ (ਸਤ੍ਯਾ) ਨਹੀ.

ਅਨਬਿਕਤ: ਸੰ. अनभिव्यक्त- ਅਨਭਿਵ੍ਯਕ੍ਤ. ਵਿ- ਜਿਸ ਦਾ ਨਾਮ ਰੂਪ ਪ੍ਰਗਟ ਨਹੀਂ ਹੋਇਆ। ੨. ਅਨ੍- ਅਵ੍ਯਕ੍ਤ. ਪ੍ਰਕ੍ਰਿਤਿ (ਮਾਯਾ) ਤੋਂ ਰਹਿਤ। ੩. ਸੰਗ੍ਯਾ- ਕਰਤਾਰ. ਵਾਹਗੁਰੂ. "ਅਨਬਿਕਤ ਰੰਗ." (ਦੱਤਾਵ)

ਅਨਬਿੱਧ: ਸੰ. ऋनाविद्ध- ਅਨਾਵਿੱਧ. ਵਿ- ਜੋ ਵਿੰਨ੍ਹਿਆ ਹੋਇਆ ਨਹੀਂ. ਅਖੰਡ। ੨. ਜਿਸ ਦੇ ਅੰਗ ਵਿੰਨ੍ਹੇ ਨਹੀਂ.

ਅਨਬੋਲ: ਵਿ- ਬੋਲਣ ਤੋਂ ਬਿਨਾ. ਚੁੱਪ. ਖ਼ਾਮੋਸ਼.

ਅਨਬੋਲਤ: ਕ੍ਰਿ. ਵਿ- ਬਿਨਾ ਬੋਲਣ ਤੋਂ. ਕਹਿਣ ਤੋਂ ਬਿਨਾ. "ਅਨਬੋਲਤ ਮੇਰੀ ਬਿਰਥਾ ਜਾਨੀ."

(ਸਾਰ ਮਃ ੫)

---

[81] ਹੋਣ ਭੀ ਕਈ ਦਿਨ ਅਤੇ ਵੇਲੇ ਹਨ ਜਿਨ੍ਹਾਂ ਵਿੱਚ ਪੜ੍ਹਨਾ ਵਰਜਿਆ ਹੈ. ਦੇਖੋ, ਮਨੁ ਸਿਮ੍ਰਿਤਿ ਅਧ੍ਯਾਯ ੪, ਸ਼ ੧੦੨ ਤੋਂ ੧੨੧.

ਅਨਬ੍ਰਣ: ਸੰ. ਅਵ੍ਰਣ. ਵਿ- ਵ੍ਰਣ (ਫੱਟ) ਤੋਂ ਬਿਨਾ. ਅਛੇਦ. ਅਖੰਡ. "ਅਨਬ੍ਰਣ ਅਨੰਤ." (ਜਾਪੁ)

ਅਨਭਉ: ਵਿ- ਬਿਨਾ ਭੈ. ਨਿਰਭਯ. "ਅਨਭਉ ਪਦੁ ਪਾਵੈ ਆਪ ਗਵਾਏ." (ਮਾਰੂ ਸੋਲਹੇ ਮਃ ੧) ੨. ਸੰਗਯਾ- ਕਰਤਾਰ. ਵਾਹਗੁਰੂ "ਅਨਭਉ ਕਿਨੈ ਨ ਦੇਖਿਆ, ਬੈਰਾਗੀਅੜੇ." (ਮਾਰੂ ਕਬੀਰ) ੩. ਸੰ. ਅਨੁਭਵ. ਸੰਗਯਾ- ਓਹ ਗਯਾਨ ਜੋ ਬਿਨਾ ਕਿਸੇ ਸੰਸਕਾਰ ਦੇ ਹੋਵੇ. ਸੁਤੇ ਗਯਾਨ. "ਅਨਭਉ ਪ੍ਰਕਾਸ." (ਜਾਪੁ) ਸੁਤੇਗਯਾਨ ਦਾ ਪ੍ਰਕਾਸ਼ਕ ਹੈ। ੪. ਅਨਯਭਯ. ਹੋਰ ਦਾ ਡਰ. ਦੂਜੇ ਦਾ ਭੈ. "ਅਨਭਉ ਬਿਸਰਿਗਏ ਪ੍ਰਭੁ ਜਾਚਿਆ." (ਸਾਰ ਅਃ ਮਃ ੧)

ਅਨਭਉ ਭਾਉ: ਸੰ. ਅਨੁਭਵ ਭਾਵ. ਸੰਗਯਾ- ਆਤਮ- ਗਯਾਨ ਦਾ ਪ੍ਰਕਾਸ਼। ੨. ਕਰਤਾਰ. ਵਾਹਗੁਰੂ "ਅਨਭਉ ਭਾਉਂ ਨ ਦਰਸੈ." (ਰਾਮ ਰਵਦਾਸ)

ਅਨਭਯ: ਵਿ- ਬਿਨਾ ਭੈ. ਨਿਡਰ.

ਅਨਭਵ: ਦੇਖੋ, ਅਨੁਭਵ ੨. ਵਿ- ਭਵ (ਜਨਮ) ਰਹਿਤ. ਜੋ ਜੰਮਦਾ ਨਹੀਂ.

ਅਨਭਾ: ਅਨਯ ਭਾਵ ਦਾ ਸੰਖੇਪ. ਹੋਰ ਖਿਆਲ. "ਨਾਸ ਹੋਇ ਅਨਭਾ ਭਿਦੈ." (ਗੁਵਿ ੧੦) ਅਨਯ ਭਾਵ ਅਤੇ ਭੇਦ ਨਾਸ਼ ਹੋਇ.

ਅਨਭਿਗ, ਅਨਭਿਗਯ: ਸੰ. ਅ਼ਨਭਿਙ੍ਯ. ਵਿ- ਜੋ ਅਭਿਗਯ (ਗਯਾਤਾ) ਨਹੀਂ. ਨਾ ਜਾਣਨ ਵਾਲਾ. ਅਗਯਾਨੀ.

ਅਨਭਿਜ: ਵਿ- ਨਾ ਭਿੱਜਣ ਵਾਲਾ। ੨. ਜੋ ਨਾ ਪਸੀਜੇ. ਰੀਝ ਰਹਿਤ। ੩. ਵੈਰਾਗੀ. ਅਸੰਗ. ਨਿਰਲੇਪ.

ਅਨਭੂਤ: ਵਿ- ਜੋ ਤੱਤਾਂ ਦਾ ਕਾਰਯ ਨਹੀਂ। ੨. ਦੇਖੋ, ਅਨੁਭੂਤ.

ਅਨੁਭੇਵ: ਦੇਖੋ, ਅਭੇਵ. "ਤੈ ਜਾਨ ਹੈਂ ਅਨਭੇਵ." (ਬ੍ਰਹਮਾਵ)

ਅਨਭੈ, ਅਨਭੌ: ਦੇਖੋ, ਅਨਭਉ, ਅਨਭਯ ਅਤੇ ਅਨਭਵ. "ਕਰਤਾ ਹੋਇ ਸੁ ਅਨਭੈ ਰਹੈ." (ਭੈਰ ਰਵਦਾਸ) ੨. ਅਨਯ ਭਯ. ਹੋਰ ਡਰ "ਅਨਭੈ ਵਿਸਰੇ ਨਾਮਿ ਸਮਾਇਆ." (ਗਉ ਮਃ ੧) ਅਨਯ ਭਯ ਵਿਸਰੇ.

ਅਨਮਨ, ਅਨਮਨਾ: ਵਿ- ਅਨਯ (ਹੋਰ) ਵਿੱਚ ਮਨ ਲਾਉਣ ਵਾਲਾ. ਇੱਕ ਤੋਂ ਛੁੱਟ ਦੂਜੇ ਵਿੱਚ ਮਨ ਹੈ ਜਿਸ ਦਾ। ੨. ਉਦਾਸ. ਖਿੰਨਮਨ. "ਸੁਨਕੈ ਸਿਖ ਅਨਮਨ ਹਨਐ ਆਏ." (ਗੁਪ੍ਰਸੂ)

ਅਨਮਾਰਗ: ਸੰ. उन्मार्ग- ਉਨਮਾਰਗੰ. ਸੰਗਯਾ- ਕੁਮਾਰਗ. ਖੋਟਾ ਰਾਹ। ੨. ਅਨਯ- ਮਾਰਗ. ਦੂਜਾ ਰਸਤਾ.

ਅਨਮਿਖ: ਸੰ. ਅਨਿਮਿਸ਼. ਵਿ- ਨਿਮੇਸ਼ (ਅੱਖ ਝਮਕਣ) ਬਿਨਾ. ਇੱਕ ਟਿਕ। ੨. ਸੰਗਯਾ- ਮੱਛੀ। ੩. ਦੇਵਤਾ, ਜੋ ਅੱਖ ਦੀ ਪਲਕ ਨਹੀਂ ਹਿਲਾਉਂਦਾ। ੪. ਭਾਈ ਸੰਤੋਖ ਸਿੰਘ ਜੀ ਨੇ ਸਮੇਂ (ਵੇਲੇ) ਵਾਸਤੇ ਭੀ ਅਨਮਿਖ ਸ਼ਬਦ ਵਰਤਿਆ ਹੈ. "ਤਿਹ ਅਨਮਿਖ ਮੁਖ ਭਈ ਅਰੁਨਤਾ." (ਨਾਪ੍ਰ) ਉਸ ਵੇਲੇ ਮੁਖ ਉੱਪਰ ਲਾਲੀ ਹੋ ਗਈ. ਇਹ ਨਿਮੇਸ਼ ਦਾ ਰੂਪਾਂਤਰ ਹੈ.

ਅਨਮੀਲਾ: ਵਿ- ਅਨਮੇਲ. ਦੇਖੋ, ਅਸਤ ਬਿਅਸਤ.

ਅਨਮੇਖ: ਦੇਖੋ, ਅਨਮਿਖ.

ਅਨਮੇਵ: ਵਿ- ਅਮੇਯ. ਨਾ ਮਿਣਨ ਲਾਇਕ। ੨. ਮਾਂਉਣ (ਸਮਾਉਣ) ਤੋਂ ਬਿਨਾ. ਅਮੇਉ. "ਨਾਨਕੀ ਸੁਨੰਤ ਹਰਖੰਤ ਅਨਮੇਵ ਅੰਗ." (ਨਾਪ੍ਰ)

ਅਨਮੋਲ: ਸੰ. ਅਮੂਲਯ. ਵਿ- ਬਿਨਾ ਮੁੱਲ. ਜਿਸ ਦੀ ਕੀਮਤ ਨਹੀਂ। ੨. ਭਾਵ- ਬਹੁ ਮੁੱਲਾ.

ਅਨਮੰਡ: ਵਿ- ਮੰਡਨ (ਸ਼੍ਰਿੰਗਾਰ) ਤੋਂ ਬਿਨਾ। ੨. ਦੇਖੋ, ਅਨਿਮੰਡ.

ਅਨਯ: ਸੰ. ਸੰਗਯਾ- ਨਯ (ਨੀਤਿ) ਦੇ ਵਿਰੁੱਧ. ਅਨਯਾਯ. "ਸਮਸ ਮਨਿੰਦ ਪ੍ਰਕਾਸ ਨਯ, ਤਮ ਅਨਯ ਨਸਾਏ." (ਗੁਪ੍ਰਸੂ)

ਸੂਰਜ ਤੁੱਲ ਇਨਸਾਫ ਦਾ ਪ੍ਰਕਾਸ ਹੈ। ੨. ਅਮੰਗਲ.

ਅਨਰ: ਸੰਗਯਾ- ਪੁਰੁਸ਼ਤ੍ਵ ਰਹਿਤ. ਨਿਪੁੰਸਕ। ੨. ਕਾਇਰ. ਬੁਜ਼ਦਿਲ.

ਅਨਰਸ: ਵਿ- ਅਨ੍ਯ- ਰਸ. ਹੋਰ ਸੁਆਦ. "ਅਨਰਸ ਚੂਕੈ ਹਰਿਰਸ ਮੰਨਿ ਵਸਾਏ." (ਮਾਝ ਅਃ ਮਃ ੩) ੨. ਫਿੱਕਾ ਰਸ. ਬੇਸੁਆਦ. "ਹੋਰ ਅਨਰਸ ਸਭ ਬੀਸਰੇ." (ਅਨੰਦੁ) ੩. ਰਸ ਦਾ ਤ੍ਯਾਗੀ. "ਦੇਹਰਸਾਂ ਵੱਲੋਂ ਅਨਰਸ ਹੋਏ ਹੈਂਨ." (ਭਗਤਾਵਲੀ) ੪. ਸੰਗਯਾ- ਵਿਰੋਧ. ਕੁਰਸ. ਅਣਬਣ. ਨਾਚਾਕੀ। ੫. ਕਾਵ੍ਯ ਅਨੁਸਾਰ ਇੱਕ ਦੋਸ਼ ਜਿਸ ਦਾ ਰੂਪ ਇਹ ਹੈ ਕਿ ਵਿਰੋਧੀ ਰਸਾਂ ਨੂੰ ਮਿਲਾਕੇ ਲਿਖਣਾ.

ਕਵੀਆਂ ਨੇ ਅਨਰਸ ਦੇ ਪੰਜ ਭੇਦ ਥਾਪੇ ਹਨ-

ਪ੍ਰਤ੍ਯਨੀਕ, ਨੀਰਸ, ਵਿਰਸ, ਦੁਹਸਾਧਨ ਅਤੇ ਪਾਤ੍ਰਾਦੁਸ਼੍ਟ ਯਥਾ- "ਪ੍ਰਤ੍ਯਨੀਕ ਨੀਰਸ ਵਿਰਸ ਕੇਸ਼ਵ ਦੁਹਸੰਧਾਨ। ਪਾਤ੍ਰਾਦੁਸ਼੍ਟ ਕਬਿੱਤ ਬਹੁ ਕਰਹਿਂ ਨ ਸੁਕਵਿ ਬਖਾਨ." (ਰਸਿਕਪ੍ਰਿਯਾ)

(ੳ) ਸ਼੍ਰਿੰਗਾਰ ਅਤੇ ਵੀਰ, ਕਰੁਣਾ ਅਤੇ ਰੌਦ੍ਰ ਰਸ ਦਾ ਮਿਲਾਕੇ ਲਿਖਣਾ "ਪ੍ਰਤ੍ਯਨੀਕ" ਹੈ.

(ਅ) ਕਪਟ ਸਹਿਤ ਪ੍ਰੇਮਭਾਵ ਨੂੰ ਪ੍ਰਗਟ ਕਰਨਾ "ਨੀਰਸ" ਹੈ.

(ੲ) ਸ਼ੋਕ ਵਿੱਚ ਭੋਗ ਦਾ ਵਰਣਨ "ਵਿਰਸ" ਹੈ.

(ਸ) ਮਿਤ੍ਰਭਾਵ ਨਾਲ ਸ਼ਤ੍ਰੁਭਾਵ ਦਾ ਮਿਲਾਪ "ਦੁਹਸਾਧਨ" ਹੈ.

(ਹ) ਪ੍ਰਕਰਣ ਵਿਰੁੱਧ ਵਰਣਨ "ਪਾਤ੍ਰਾਦੁਸ਼੍ਟ" ਹੈ। ੬. ਕਈ ਕਵੀਆਂ ਨੇ ਸ਼ਾਂਤ ਰਸ ਨੂੰ ਅਨਰਸ ਲਿਖਿਆ ਹੈ. ਉਨ੍ਹਾਂ ਦੇ ਮਨ ਵਿੱਚ ਸ਼ਾਂਤ ਰਸ ਕਾਵ੍ਯ ਦਾ ਰਸ ਵਿਗਾੜ ਦਿੰਦਾ ਹੈ, ਇਸ ਲਈ ਉਹ ਕਾਵ੍ਯ ਦੇ ਅੱਠ ਹੀ ਰਸ ਮੰਨਦੇ ਹਨ। ੭. ਸੰ. ਅਨੁਰਸ. ਇੱਕ ਰਸ ਦੇ ਨਾਲ ਦੂਜਾ ਰਸ ਮਿਲਾਕੇ ਬਣਾਇਆ ਹੋਇਆ ਰਸ. ਦੇਖੋ, ਆਨਰਸ.

ਅਨਰਗਲ: ਸੰ. अनर्गल. ਵਿ- ਨਹੀਂ ਹੈ ਅਰਗਲ (ਰੋਕ) ਜਿਸ ਦੇ, ਅਮੋੜ. ਨਿਰੰਕੁਸ਼.

ਅਨਰਤ: ਵਿ- ਪ੍ਰੀਤਿ ਰਹਿਤ. ਉਦਾਸ।. ੨. ਅਨ੍ਯਰਤ. ਹੋਰ ਨਾਲ ਪਿਆਰ ਕਰਨ ਵਾਲਾ. ਦੂਜੇ ਦਾ ਪ੍ਰੇਮੀ। ੩. ਸੰ. अनृत- ਅਨ੍ਰਿਤ. ਸੰਗਯਾ- ਝੂਠ. ਅਸਤ੍ਯ. "ਅਹੰਮਤ ਅਨਰਤ ਕੁਮਿਤ ਹਿਤ." (ਕਾਨ ਮਃ ੫) "ਮਾਤਵੰ ਮਦਯੰ ਕੁਨਾਰੰ ਅਨਰਤੰ." (ਕਲਕੀ)

ਅਨਰਥ: ਸੰ. अनर्थ. ਸੰਗਯਾ- ਬੁਰਾ ਅਰਥ. ਉਲਟਾ ਅਰਥ। ੨. ਪਾਪਾ ਨਾਲ ਜੋੜਿਆ ਅਥੰ (ਧਨ). ੩. ਉਤਪਾਤ. ਉਪਦ੍ਰਵ. "ਕਰਿ ਕਰਿ ਅਨਰਥ ਵਿਹਾਝੀ ਮਾਇਆ." (ਆਸਾ ਮਃ ੫) ੪. ਵ੍ਯ- ਬੇਫ਼ਾਇਦਾ. ਨਿਸ਼ਫਲ.

ਅਨਰਾਉ: ਸੰ. ਅਨੁਰਾਗ. ਸੰਗਯਾ- ਪ੍ਰੇਮ. ਪਿਆਰ. ਮੁਹੱਬਤ. ਇਸ਼ਕ ਨੇਂਹੁ. "ਨਾਨਕ ਕੈ ਮਨਿ ਇਹੁ ਅਨਰਾਉ." (ਸੁਖਮਨੀ) ੨. ਅਨੁਰਾਵ. ਪ੍ਰਤਿਧ੍ਵਨਿ. ਗੂੰਜ.

ਅਨਰਾਗ: ਦੇਖੋ, ਅਨੁਰਾਗ। ੨. ਬਿਨਾ ਰਾਗ (ਪ੍ਰੇਮ). ਪ੍ਰੇਮ ਤੋਂ ਖਾਲੀ. ਦੇਖੋ, ਅਨਰਾਗੀ ੨.

ਅਨਰਾਗਾ, ਅਨੁਰਾਗੀ: ਵਿ- ਅਨੁਰਾਗੀ. ਪ੍ਰੇਮੀ. "ਗੁਰਮੁਖਿ ਸੋ ਅਨਰਾਗਾ." (ਸੋਰ ਮਃ ੧) "ਸੁਰਤਿ ਸੁੰਨਿ ਅਨਰਾਗੀ." (ਗਉ ਕਬੀਰ) "ਨਿਜਘਰਿ ਬਸਤਉ ਪਵਨੁ ਅਨਰਾਗੀ." (ਸਿਧਗੋਸਟਿ) ੨. ਅਨ (ਬਿਨਾ) ਰਾਗ (ਪ੍ਰੇਮ). ਰਾਗ ਰਹਿਤ. ਉਦਾਸੀਨ. "ਸਭ ਮਹਿ ਵਸੈ ਅਤੀਤ ਅਨਰਾਗੀ." (ਭੈਰ ਮਃ ੩)

ਅਨਰਾਧਾ: ਸੰ. अनिरुद्ध- ਅਨਿਰੁੱਧ. ਵਿ- ਅਮੋੜ. ਮੂੰਹਤਾਣਾ. "ਜਨ ਬਿਚਰੈ ਅਨਰਾਧਾ." (ਸ੍ਰੀ ਬੇਣੀ) ੨. ਦੇਖੋ, ਅਨੁਰਾਧਾ.

ਅਨਰੁਕਤ: ਦੇਖੋ, ਅਨਿਰੁਕਤ.

**ਅਨਰੁੱਧ:** ਦੇਖੋ, ਅਨਿਰੁੱਧ.

ਅਨਰੂਪ. ਵਿ- ਬੁਰਾ ਰੂਪ. ਕੁਰੂਪ. "ਰੂਪ ਅਨਰੂਪ ਮੋਰੋ ਕਛੁ ਨ ਬੀਚਾਰਿਓ." (ਟੋਡੀ ਮਃ ੫) ੨. ਸੰ. ਅਨੁਰੂਪ ਵਿ- ਤੁੱਲ (ਸਮਾਨ) ਰੂਪ ਦਾ. ਸਰੀਖਾ. ਮਾਨਿੰਦ. "ਧਰਨਿ ਮੇ ਸਲਿਲ ਜੈਸੇ ਕੂਪ ਅਨਰੂਪ[82] ਕੈ ਬਿਮਲ ਜਲ ਛਾਏ ਹੈਂ." (ਭਾਗੁ ਕ) ੩. ਯੋਗਜ. ਮੁਨਾਸਿਬ. "ਜੋ ਅਨਰੂਪਿਓ ਠਾਕੁਰ ਮੇਰੈ ਹੋਇ ਰਹੀ ਉਹ ਬਾਤ." (ਗੂਜ ਮਃ ੫) ੪. ਅਨੁਕੂਲ। ੫. ਅਨਜ- ਰੂਪ. ਹੋਰ ਸ਼ਕਲ.

**ਅਨਲ:** ਸੰ. ਅਨਲ. ਸੰਗਯਾ- ਨਹੀਂ ਹੈ ਅਲੰ (ਬੱਸ) ਜਿਸ ਦੇ, ਭਾਵ- ਜੋ ਰੱਜਣ ਵਿੱਚ ਨਾ ਆਵੇ. ਅਗਨਿ. ਅੱਗ. "ਅਉਧ ਅਨਲ ਤਨੁ ਤਿਨ ਕੋ ਮੰਦਰੁ." (ਗਉ ਕਬੀਰ) ੨. ਤਿੰਨ ਸੰਖਯਾ ਬੋਧਕ ਸ਼ਬਦ, ਕਿਉਂਕਿ ਅਗਨੀਆਂ ਤਿੰਨ ਮੰਨੀਆਂ ਹਨ. ਦੇਖੋ, ਤਿੰਨ ਅਗਨੀਆਂ। ੩. ਸੰ. ਅਨਿਲ. ਜਿਸ ਕਰਕੇ ਪ੍ਰਾਣ ਧਾਰਣ ਕਰੀਦੇ ਹਨ. ਹਵਾ. ਪਵਨ. "ਅਨਲ ਅਗਮ ਜੈਸੇ ਲਹਰਿ ਮਇਓ ਦਧਿ." (ਸੋਰ ਰਵਦਾਸ) ਜੈਸੇ ਜ਼ੋਰ ਦੀ ਪੌਣ ਨਾਲ ਮਹੋਦਧਿ (ਸਮੁੰਦਰ) ਵਿੱਚ ਤਰੰਗ ਉਠਦੇ ਹਨ। ੪. ਸੰ. ਅਲਿਲ- ਅਲਿਲ. ਇੱਕ ਪੰਛੀ, ਜਿਸ ਦਾ ਨਾਉਂ "ਅਨਲਪਕ੍ਸ਼" ਭੀ ਹੈ. ਲੋਕਾਂ ਦਾ ਖਿਆਲ ਹੈ ਕਿ ਇਹ ਪੰਛੀ ਸਦਾ ਅਕਾਸ਼ ਵਿੱਚ ਰਹਿੰਦਾ ਹੈ ਅਤੇ ਇਸ ਦੇ ਆਂਡੇ ਉਪੱਰੋਂ ਡਿਗਦੇ ਹੋਏ ਜ਼ਮੀਨ ਤੇ ਪਹੁੰਚਣ ਤੋਂ ਪਹਿਲਾਂ ਹੀ ਪੱਕ ਜਾਂਦੇ ਹਨ ਅਤੇ ਉਨ੍ਹਾਂ ਵਿੱਚੋਂ ਬੱਚੇ ਨਿਕਲਕੇ ਅਕਾਸ਼ ਮੰਡਲ ਵਿੱਚ ਉਡਣ ਲੱਗ ਪੈਂਦੇ ਹਨ. "ਅਨਲ ਅਕਾਸ ਪੰਛੀ ਡੋਲਬੋ ਕਰਤ ਹੈ." (ਅਕਾਲ) ਦੇਖੋ, ਉਨਕਾ ਅਤੇ ਹੁਮਾ.

**ਅਨਲਹੱਕ:** ਅ਼. انا الحق ਅਨਲਹ਼ੱਕ਼. ਅਨਾ (ਮੈ) ਅਲਹ਼ੱਕ਼ (ਸਤਯਬ੍ਰਹਮ) ਅਹੰਬ੍ਰਹ੍ਮਾਸਿਮ. ਮੈ ਪਰਮੇਸ਼੍ਵਰ ਹਾਂ. "ਅਨਲਹੱਕ ਬੋਲਤੇ ਵਿਖਯਾਤਾ." (ਨਾਪ੍ਰ) ਵੇਦਾਂਤੀਆਂ ਵਾਂਙ ਜੋ ਸੂਫੀ ਫਕੀਰਾਂ ਵਿੱਚੋਂ ਆਪਣੇ ਆਪ ਨੂੰ ਬ੍ਰਹਮ ਮੰਨਦੇ ਹਨ, ਉਹ ਇਹ ਵਾਕ ਆਖਦੇ ਹਨ. ਦੇਖੋ, ਸਮਸ਼ ਤਬਰੇਜ਼.

**ਅਨਲਪਕ੍ਸ਼, ਅਨਲਪੰਛੀ:** ਦੇਖੋ, ਅਨਲ ੪.

**ਅਨਲਵਾਉ:** ਸੰਗਯਾ- ਅੱਗ ਜੇਹੀ ਪੌਣ. ਲੋ. ਲੂ। ੨. ਓਹ ਪੌਣ ਜੋ ਅ਼ਰਬ ਅਤੇ ਥਲੀ ਵਿੱਚ ਗਰਮੀਆਂ ਵਿੱਚ ਵਗਦੀ ਹੈ, ਜਿਸ ਤੋਂ ਅਨੇਕ ਆਦਮੀ ਭੁੱਜਮਰਦੇ ਹਨ ਅਤੇ ਬਹੁਤ ਰਾਹ ਭੁੱਲਕੇ ਔਝੜ ਪੈ ਜਾਂਦੇ ਹਨ. ਅ਼. سموم ਸਮੂਮ (Simoom). "ਅਨਲ ਵਾਉ ਭਰਮ ਭੁਲਾਈ." (ਮਾਰੂ ਸੋਲਹੇ ਮਃ ੩) ੩. ਪ੍ਰਾਣਾਂ ਦੇ ਭੋਜਨ ਰੂਪ ਸ਼ੁੱਧ ਪੌਣ (Oxygen) ਤੋਂ ਖ਼ਾਲੀ ਅਗਨਿ (ਵਿਖ) ਰੂਪ ਗੈਸ, ਜਿਸ ਵਿੱਚ ਆਦਮੀ ਜੀਉਂਦਾ ਨਹੀਂ ਰਹਿ ਸਕਦਾ ਅਤੇ ਦੀਵਾ ਜਲ ਨਹੀਂ ਸਕਦਾ. Carbon-di- Oxide. "ਅੰਤਰ ਲੋਭ ਭਰਮ ਅਨਲਵਾਉ। ਦੀਵਾ ਬਲੈ ਨ ਸੋਝੀ ਪਾਇ." (ਆਸਾ ਮਃ ੩)

**ਅਨਲੁ:** ਅਗਨਿ. ਦੇਖੋ, ਅਨਲ. "ਮੁਕਤੈ ਗੁਰਿ ਅਨਲੁ ਬੁਝਾਇਆ." (ਰਾਮ ਕਬੀਰ)

**ਅਨਵਸਥਾ:** ਸੰ. ਅਨਵਸ੍ਥਾਃ ਸੰਗਯਾ- ਨਾ ਇਸਥਿਤੀ. ਕਿਸੇ ਗੱਲ ਉੱਪਰ ਟਿਕਾਉ ਦਾ ਨਾ ਹੋਣਾ।

੨. ਚਰਚਾ ਦਾ ਇੱਕ ਦੋਸ਼, ਜਿਸ ਵਿੱਚ ਯੁਕਤੀ ਦੀ ਸਮਾਪਤੀ ਨਹੀਂ ਹੁੰਦੀ, ਯਥਾ- "ਜੇ ਕੋ ਬੁਝੈ ਹੋਵੈ ਸਚਿਆਰ। ਧਵਲੈ ਉਪਰਿ ਕੇਤਾ ਭਾਰੁ? ਧਰਤੀ ਹੋਰੁ ਪਰੈ ਹੋਰੁ ਹੋਰੁ। ਤਿਸ ਤੇ ਭਾਰੁ ਤਲੈ ਕਵਣੁ ਜੋਰੁ?" (ਜਪੁ)

**ਅਨਵਸਥਿਤਿ:** ਸੰ. ਅਨਵਸ੍ਥਿਤਿ. ਸੰਗਯਾ- ਅਸ੍ਥਿਰਤਾ. ਚੰਚਲਤਾ। ੨. ਆਸਰੇ (ਆਸ਼੍ਰਯ) ਦਾ ਅਭਾਵ। ੩. ਸਮਾਧਿ ਪ੍ਰਾਪਤ ਹੋਣ ਪੁਰ ਭੀ ਮਨ ਦਾ ਇਸਥਿਤ ਨਾ ਹੋਣਾ। ੪. ਦੇਖੋ, ਅਨਵਸਥਾ.

**ਅਨਵਸਰ:** ਕਿਸੇ ਕਰਮ ਦਾ ਅਵਸਰ (ਸਮੇਂ ਸਿਰ) ਕਰਨਾ ਛੱਡਕੇ, ਬੇਮੌਕੇ ਕੀਤਾ ਜਾਣਾ ਜਿਸ ਵਿੱਚ ਵਰਣਨ ਹੋਵੇ, ਉਹ "ਅਨਵਸਰ" ਅਲੰਕਾਰ ਹੈ.

ਉਦਾਹਰਣ-

---

[82] ਸੰਪ੍ਰਦਾਈ ਗਯਾਨੀ ਅਨਰੂਪ ਦਾ ਅਰਥ ਪ੍ਰਗਟ ਕਰਨਾ ਭੀ ਆਖਦੇ ਹਨ.

"ਸੂਕੇ ਸਰਵਰਿ ਪਾਲਿ ਬੰਧਾਵੈ,

ਲੂਣੇ ਖੇਤ ਹਥਵਾਰਿ ਕਰੈ।

ਆਇਓ ਚੋਰ ਤੁਰੰਤਹਿ ਲੈਗਇਓ,

ਮੇਰੀ ਰਾਖਤ ਮੁਗਧ ਫਿਰੈ।

ਜਿਹਵਾ ਬਚਨ ਸੁਧ ਨਹੀ ਨਿਕਸੈ,

ਤਬ ਰੇ ਧਰਮ ਕੀ ਆਸ ਕਰੈ." (ਆਸਾ ਕਬੀਰ)

"ਜਬ ਘਰ ਮੰਦਰਿ ਆਗਿ ਲਗਾਨੀ

ਕਢਿ ਕੂਪ ਕਢੈ ਪਨਿਹਾਰੇ." (ਨਟ ਅਃ ਮਃ ੪)

ਅਨਵਦਜ: ਸੰ. ਵਿ- ਅਵਦਜ (ਦੋਸ਼) ਰਹਿਤ. ਅਨਿੰਦਜ. ਪ੍ਰਸ਼ੰਸਾ ਯੋਗਜ. ਤਾਰੀਫ ਲਾਇਕ. "ਅਜਰ ਅਮਰ ਅਨਵਦਜ ਅਭੇਖਾ." (ਨਾਪ੍ਰ)

ਅਨਵਰ: ਅ਼. انور ਵਿ- ਬਹੁਤ ਨੂਰ ਵਾਲਾ. ਬਹੁਤ ਹੀ ਰੌਸ਼ਨ. ਅਤਜੰਤ ਪ੍ਰਕਾਸ਼ਕ। ੨. ਸੰ. ਅਨ- ਅਵਰ. ਜੋ ਘਟੀਆ ਨਹੀਂ. ਉੱਤਮ.

ਅਨਵਰ ਖ਼ਾਨ: ਮੁਖ਼ਲਸ ਖ਼ਾਨ ਸਿਪਹਸਾਲਾਰ ਦੀ ਫ਼ੌਜ ਦਾ ਇੱਕ ਅਹੁਦੇਦਾਰ, ਜਿਸ ਨੇ ਅਮ੍ਰਿਤਸਰ ਦੇ ਜੰਗ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਮੁਕਾਬਲਾ ਕੀਤਾ.

ਅਨਵਰਤਜਨ: ਦੇਖੋ, ਅਨਿਵਰਤਿਨ.

ਅਨਵਾਉਣਾ: ਕ੍ਰਿ- ਆਨਯਨ ਕਰਾਉਣਾ. ਮੰਗਵਾਉਣਾ. "ਅਨਵਾਯੋ ਹਮ ਨੇ ਤਿਸ ਭਾਂਤ." (ਗੁਪ੍ਰਸੂ) ੨. ਅਨ੍ਹਵਾਉਣਾ. ਇਸਨਾਨ ਕਰਾਉਣਾ. "ਰੂਪ ਸਿੰਧੁ ਅਨਵਾਏ." (ਪਾਰਸਾਵ)

ਅਨਵਾਇਆ: ਵਿ- ਮੰਗਵਾਇਆ. ਆਨਯਨ ਕੀਤਾ। ੨. ਨ੍ਹਵਾਯਾ. ਇਸਨਾਨ ਕਰਾਇਆ.

ਅਨਵਾਨ, ਅ਼ਨਵਾਨ: ਅ਼. عنوان ਸਰਨਾਵਾਂ. ਸਿਰਲੇਖ। ੨. ਆਰੰਭ. ਮੁੱਢ। ੩. ਦੀਬਾਚਾ. ਭੂਮਿਕਾ.

ਅਨਵਾਰ: ਅ਼. انوار ਨੂਰ ਦਾ ਬਹੁ ਵਚਨ. ਚਮਤਕਾਰੇ. ਰੌਸ਼ਨੀਆਂ.

ਅਨਵ੍ਰਣ: ਦੇਖੋ, ਅਨਬ੍ਰਣ.

ਅਨਾਸ: ਵਿ- ਆਸ਼ਾ ਬਿਨਾ. ਇੱਛਾ ਰਹਿਤ. "ਅਨਾਸੰ ਉਦਾਸੀ." (ਦੱਤਾਵ) ੨. ਨਾਸ਼ ਰਹਿਤ. ਅਵਿਨਾਸ਼ੀ. "ਨਮੋ ਨਮੋ ਅਨਾਸ ਕੋ." (ਨਾਪ੍ਰ) ੩. ਸੰ. ਨਾਸਾ (ਨੱਕ) ਬਿਨਾ. ਨਕਟਾ.

ਅਨਾਸਉਚ: ਦੇਖੋ, ਅਨਾਸੌਚ.

ਅਨਾਸਨ: ਵਿ- ਆਸਨ ਰਹਿਤ. ਇਸਥਿਤੀ ਬਿਨਾ। ੨. ਸੰ. ਅਨਸ਼ਨ. ਬਿਨਾ ਭੋਜਨ.

ਅਨਾਸਿਰ: ਅ਼. عناصر ਅ਼ਨਾਸਿਰ. . ਉਨਸਰ (ਤਤ੍ਵ) ਦਾ ਬਹੁ ਵਚਨ. ਭੂਤ. ਪਾਨੀ, ਹਵਾ, ਖ਼ਾਕ ਅਤੇ ਅਗਨਿ.

ਅਨਾਸੌਚ: ਸੰ. ਅਸ਼ੌਚ. ਸੰਗਜਾ- ਅਸ਼ੁੱਧੀ. ਅਪਵਿਤ੍ਰਤਾ. "ਅਨਾਸੌਚ ਨਾਮਾ ਮਹਾਂ ਸੂਰ ਸੋਹੈ." (ਪਾਰਸਾਵ)

ਅਨਾਹਤ, ਅਨਾਹਿਤ ਅਨਾਹਤੁ: ਵਿ- ਅਨ- ਆਹਤ. ਬਿਨਾ ਆਘਾਤ। ੨. ਅਵਿਨਾਸ਼ੀ. ਕਾਲ ਰਹਿਤ. "ਆਦਿ ਅਨੀਲ

ਅਨਾਦਿ ਅਨਾਹਤਿ." (ਜਪੁ) ੩. ਸੰਗਯਾ- ਜੋ ਹਤ ਨਹੀਂ ਹੋਇਆ. ਜਿਸ ਦਾ ਵਧ ਨਹੀਂ ਹੋਇਆ. ਕਰਤਾਰ. ਪਾਰਬ੍ਰਹਮ. "ਜੋਤਿ ਸਰੂਪ ਅਨਾਹਤ ਲਾਗੀ, ਕਹੁ ਹਲਾਲ ਕਿਆ ਕੀਆ" (ਪ੍ਰਭਾ ਕਬੀਰ) ੪. ਅਮਰਕੋਸ਼ ਅਨੁਸਾਰ ਉਹ ਵਸਤ੍ਰ ਅਨਾਹਤ ਹੈ, ਜੋ ਕੋਰਾ ਹੈ ਅਤੇ ਧੋਬੀ ਤੋਂ ਪਛਾੜਿਆ ਨਹੀਂ ਗਿਆ। ੫. ਦੇਖੋ, ਅਨਹਤ ਸ਼ਬਦ.

ਅਨਾਹਾਰ, ਅਨਾਹਾਰੀ: ਸੰ. अनाहारिन. ਵਿ- ਬਿਨਾ ਆਹਾਰ. ਭੋਜਨ ਬਿਨਾ, ਜਿਸ ਨੇ ਅਹਾਰ ਨਹੀਂ ਕੀਤਾ.

ਅਨਾਗਾ, ਅਨਾਗੀ: ਕ੍ਰਿ. ਵਿ- ਅਖੰਡ. ਬੇਨਾਗਾ. ਨਿਰੰਤਰ. "ਦਾਨ ਦੇਉ ਅਨਾਗੀ ਸੰਘਰ ਰੱਚਿਆ." (ਚੰਡੀ ੩) ੨. ਵਿ- ਜੇਹਾ ਅੱਗੇ (ਪਹਿਲਾਂ) ਨਹੀਂ ਹੋਇਆ.

ਅਨਾਚਾਰ: ਦੇਖੋ, ਅਨਚਾਰ.

ਅਨਾਜ, ਅਨਾਜੁ: ਸੰਗਯਾ- ਅੰਨ. ਖਾਣ ਯੋਗ੍ਯ ਪਦਾਰਥ. ਦੇਖੋ, ਅਨਾਦ. "ਅਨਾਜੁ ਮਗਉ ਸਤ ਸੀ ਕਾ." (ਧਨਾ ਧੰਨਾ)

ਅਨਾਤ: ਸੰ. ਸ੍ਨਾਤ. ਵਿ- ਨ੍ਹਾਤਾ ਹੋਇਆ। ੨. ਅਨਾਯਨ ਕਰਾਤ. ਮੰਗਵਾਉਂਦਾ ਹੈ। ੩. ਆਨਯਨ ਕੀਤਾ. ਮੰਗਵਾਇਆ ਹੋਇਆ.

ਅਨਾਤਮ: ਸੰ. अनात्म. ਵਿ- ਆਤਮਾ ਰਹਤ. ਜੜ੍ਹ। ੨. ਸੰਗਯਾ- ਪੰਜ ਭੂਤ, ਜੋ ਆਤਮਰੂਪ ਨਹੀਂ. ਆਤਮਾ ਤੋਂ ਭਿੰਨ ਵਸਤੁ। ੩. ਅੰਤਹਕਰਣ ਰਹਿਤ. "ਅੰਗ ਹੀਨ ਅਭੰਗ ਅਨਾਤਮ." (ਜਾਪੁ)

ਅਨਾਥ: ਵਿ- ਜਿਸ ਦਾ ਕੋਈ ਨਾਥ (ਸ੍ਵਾਮੀ) ਨਹੀਂ। ੨. ਦੀਨ. ਮੁਹਤਾਜ. ਯਤੀਮ. ਮਹਿੱਟਰ.

ਅਨਾਥਹਨਾਥ, ਅਨਾਥਨਾਥ: ਵਿ- ਅਨਾਥਾਂ ਦਾ ਸ੍ਵਾਮੀ. "ਅਨਾਥ ਹਨਾਥ ਦਇਆਲ ਸੁਖਸਾਗਰ." (ਸਾਰ ਮਃ ੫) ੨. ਸੰਗਯਾ- ਕਰਤਾਰ, ਜੋ ਅਨਾਥਾਂ ਦਾ ਮਾਲਿਕ ਹੈ. "ਪਤਿਤਉਧਾਰਨ ਅਨਾਥਨਾਥ." (ਗਉ ਥਿਤੀ ਮਃ ੫)

ਅਨਾਥਾਲਯ: ਸੰਗਯਾ- ਅਨਾਥਾਂ ਦਾ ਆਲਯ (ਘਰ). ਯਤੀਮਖਾਨਾ.

ਅਨਾਦ: ਸੰ. अन्नाद्- ਅੱਨਾਦ. ਸੰਗਯਾ- ਕਰਤਾਰ, ਜੋ ਸਭ ਨੂੰ ਗ੍ਰਹਿਣ ਕਰਦਾ ਹੈ। ੨. ਵਿ- ਅੰਨ ਖਾਣ ਵਾਲਾ. ਭੋਜਨ ਕਰਤਾ। ੩. ਅੰਨ ਆਦਿ। ੪. ਆਦਿ ਰਹਿਤ. ਅਨਾਦਿ. ਜਿਸ ਦਾ ਮੁੱਢ ਨਹੀਂ। ੫. ਸੰਗਯਾ- ਇੱਕ ਵਰਣਿਕ ਛੰਦ. ਇਸ ਦਾ ਨਾਉਂ "ਵਾਪੀ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਮ, ਯ, ਗ, ਲ, ऽऽऽ, ।ऽऽ, ऽ, ।. ਚਾਰ ਚਾਰ ਅੱਖਰਾਂ ਤੇ ਦੋ ਵਿਸ਼੍ਰਾਮ.

ਉਦਾਹਰਣ-

ਚੱਲੇ ਬਾਣ, ਰੁੱਕੇ ਗੈਣ। ਮੱਤੇ ਸੂਰ, ਰੱਤੇ ਨੈਣ।

ਢੱਕੇ ਢੋਲ, ਢੂਕੀ ਢਾਲ। ਛੁੱਟੈਂ ਬਾਣ, ਉੱਠੇ ਜ੍ਵਾਲ॥

(ਰਾਮਾਵ)

੬. ਸੰ. ਵਿ- ਨਾਦ (ਧੁਨੀ) ਬਿਨਾ। ੭. ਅ਼. عناد ਇ਼ਨਾਦ. ਦੁਸ਼ਮਨੀ. ਵੈਰ.

ਅਨਾਦੱਤ: ਸੰਗਯਾ- ਆਦਾਨਤਾ ਦਾ ਅਭਾਵ. ਕ੍ਰਿਪਣਤਾ. ਕੰਜੂਸੀ. "ਇਤੈ ਦੱਤ ਧਾਯੋ ਅਨਾਦੱਤ ਉੱਤੰ." (ਪਾਰਸਾਵ) ਏਧਰੋਂ ਦਾਨ ਦੌੜਿਆ ਓਧਰੋਂ ਕ੍ਰਿਪਣਤਾ.

ਅਨਾਦਰ: ਸੰਗਯਾ- ਨਿਰਾਦਰ. ਅਪਮਾਨ. ਬੇਇੱਜ਼ਤੀ.

ਅਨਾਦਿ: ਸੰ. ਵਿ- ਆਦਿ ਰਹਿਤ. ਜਿਸ ਦਾ ਆਦਿ ਨਾ ਹੋਵੇ. "ਆਦਿ ਅਨੀਲ ਅਨਾਦਿ ਅਨਾਹਤ." (ਜਪੁ) ੨. ਅੰਨ ਆਦਿ. ਖਾਣ ਪੀਣ ਦੇ ਪਦਾਰਥ. "ਅਨਲ ਅਨਾਦਿ ਕੀਅਉ." (ਸਵੈਯੇ ਮਃ ੪. ਕੇ) "ਧੰਨ ਅਨਾਦਿ ਭੂਖੇ ਕਵਲ ਟਹਕੇਵ." (ਗੌਂਡ

ਕਬੀਰ) "ਦੇਵਹਿਂ ਸਭਨ ਅਨਾਦਿ." (ਨਾਪ੍ਰ)

ਅਨਾਮ: ਸੰ. ਅਨਾਮਨ੍ ਵਿ- ਨਾਮ ਰਹਿਤ. ਜਿਸ ਦਾ ਕੋਈ ਨਾਉਂ ਨਹੀਂ. "ਅਨਾਮ ਹੈ." (ਜਾਪੁ) "ਜਗ ਨਾਮ ਸਹੰਸ ਅਨਾਮ ਅਹੋ." (ਨਾਪ੍ਰ) ੨. ਸੰ. ਅਨਾਮਯ. ਆਮਯ (ਰੋਗ) ਰਹਿਤ. ਅਰੋਗ. "ਤਨ ਅਨਾਮ ਮਨ ਅਨਦ ਹੈ." (ਨਾਪ੍ਰ) ੩. ਦੇਖੋ, ਇਨਾਮ.

ਅਨਾਮਯ: ਵਿ- ਅਮਯ (ਰੋਗ) ਰਹਿਤ. ਅਰੋਗ. "ਅਖਿਲ ਅਨਾਮਯ ਕ੍ਰਿਪਾ ਤੁਮਾਰੀ." (ਗੁਪ੍ਰਸੂ)

ਅਨਾਮਾ, ਅਨਾਮਿਕਾ: ਸੰ. ਸੰਗਯਾ- ਚੀਚੀ ਦੇ ਪਾਸ ਦੀ ਉਂਗਲ, ਜਿਸ ਦਾ ਨਾਮ ਲੈਣਾ ਯੋਗਯ ਨਹੀਂ. ਪੁਰਾਣਕਥਾ ਹੈ ਕਿ ਇਸ ਉਂਗਲ ਨਾਲ ਸ਼ਿਵ ਨੇ ਬ੍ਰਹਮਾ ਦਾ ਸਿਰ ਕੱਟਿਆ ਸੀ. ਇਸ ਕਰਕੇ ਅਪਵਿਤ੍ਰ ਹੈ. ਯੱਗ ਸਮੇਂ ਇਸ ਨੂੰ ਕੁਸ਼ਾ ਦਾ ਛੱਲਾ ਇਸੇ ਲਈ ਪਹਿਰਾਉਂਦੇ ਹਨ ਕਿ ਅਪਵਿਤ੍ਰਤਾ ਦੂਰ ਹੋ ਜਾਏ.

"ਨਿਜ ਅਨਾਮਿਕਾ ਤੇ ਸੁ ਬਗਾਈ." (ਗੁਪ੍ਰਸੂ)

ਅੰਗੂਠੀ ਅਨਾਮਿਕਾ ਤੋਂ ਲਾਹਕੇ ਫੈਂਕ ਦਿੱਤੀ.

ਅਨਾਮੀ: ਵਿ- ਨਾਮ ਰਹਿਤ। ੨. ਅਨਾਮਯ. ਅਰੋਗ "ਕਰਹੁੰ ਅਵਰ ਕੋ ਕੈਸ ਅਨਾਮੀ." (ਨਾਪ੍ਰ) ੩. ਇਨਾਮ ਪ੍ਰਾਪਤ ਕਰਨ ਵਾਲਾ. ਇਨਾਮ ਦੇ ਲਾਇਕ.

ਅਨਾਮੈਂ: ਦੇਖੋ, ਅਨਾਮਯ.

ਅਨਾਯਾਸ: ਕ੍ਰਿ. ਵਿ- ਆਯਾਸ (ਯਤਨ) ਬਿਨਾ. ਨਿਰਯਤਨ. ਕੋਸ਼ਿਸ਼ ਬਿਨਾ. "ਅਨਾਯਾਸ ਸਭ ਹੀ ਬਨਜਾਇ." (ਗੁਪ੍ਰਸੂ)

ਅਨਾਯੁਧ: ਸੰ. ਵਿ- ਆਯੁਧ (ਸ਼ਸਤ੍ਰ) ਬਿਨਾ. ਬੇ ਹਥਿਆਰ.

ਅਨਾਰ: ਵਿ- ਨਾਰ (ਗਰਦਨ) ਬਿਨਾ। ੨. ਫ਼ਾ انار ਸੰਗਯਾ- ਦਾੜਿਮ. ਦਾੜੂ. ਦ੍ਰੁਮਸਾਰ L. Punicagranatum. ਮਿੱਠਾ ਅਨਾਰ ਪਿਆਸ ਕੰਠ ਦੇ ਰੋਗ ਤਾਪ ਨੂੰ ਦੂਰ ਕਰਦਾ ਹੈ. ਵੀਰਯ ਪੁਸ਼੍ਰ ਕਰਦਾ ਹੈ. ਕਾਬਿਜ ਹੈ. ਕੰਧਾਰ ਦਾ ਬੇਦਾਨਾ ਅਨਾਰ ਬਹੁਤ ਉੱਤਮ ਹੁੰਦਾ ਹੈ. ਖੱਟਾ ਅਨਾਰ ਚਟਣੀ ਮਸਾਲੇ ਆਦਿ ਵਿੱਚ ਵਰਤੀਦਾ ਹੈ. ਅਨਾਰ ਦਾ ਛਿਲਕਾ 'ਨਾਸਪਾਲ' ਅਨੇਕ ਰੋਗਾਂ ਵਿੱਚ ਵਰਤਿਆ ਜਾਂਦਾ ਹੈ.

ਅਨਾਰਦਾਣਾ: ਸੰਗਯਾ- ਅਨਾਰ ਦਾ ਬੀਜ. ਖ਼ਾਸ ਕਰਕੇ ਖੱਟੇ ਅਨਾਰ ਦੇ ਸੁਕਾਏ ਹੋਏ ਦਾਣੇ, ਜੋ ਚਟਣੀ ਮਸਾਲੇ ਆਦਿ ਵਿੱਚ ਵਰਤੀਦੇ ਹਨ.

ਅਨਾਰਯ: ਸੰ. ਅਨਾਰ੍ਯ. ਸੰਗਯਾ- ਜੋ ਆਰਯ (ਸ਼੍ਰੇਸ਼ਠ) ਨਹੀਂ। ੨. ਅਨਾੜੀ। ੩. ਅਸਭ੍ਯ. ਗੱਵਾਰ.

ਅਨਾਲਕਾ: ਵਿ- ਨਾ ਨਾਲ ਦਾ. ਜੋ ਸਦਾ ਸਾਥੀ ਨਹੀਂ. "ਖੰਡਿਆ ਭਰਮ ਅਨਾਲ ਕਾ." (ਮਾਰੂ ਸੋਲਹੇ ਮਃ ੫) ੨. ਨਿਰਾਲਸ. ਆਲਸ ਬਿਨਾ.

ਅਨਾਲੋਭ: ਸੰਗਯਾ- ਲੋਭ ਦਾ ਅਭਾਵ. ਸੰਤੋਖ.

ਅਨਾਲੰਬ: ਵਿ- ਆਲੰਬ (ਆਸ਼੍ਰਯ) ਬਿਨਾ. "ਅਨਾਲੰਬ ਲਖ ਸੀਸ ਝੁਕਾਵਾ." (ਗੁਪ੍ਰਸੂ)

ਅਨਾਵਨ: ਕ੍ਰਿ- ਅਨ੍ਹਾਉਣਾ. ਇਸਨਾਨ ਕਰਨਾ. ਅਨ੍ਹਾਨਾ. "ਜਲ ਨਿਕਾਸ ਪੁਨ ਸਿੱਖ ਅਨਾਵੈ." (ਗੁਪ੍ਰਸੂ) ੨. ਸੰਗਯਾ- ਅਨਾਯਨ ਕਰਾਉਣਾ. ਮੰਗਵਾਉਣਾ. ਅਣਵਾਣਾ.

ਅਨਾਵਰਤ: ਵਿ- ਆਵਰ੍ਤ (ਘੁਮਾਉ) ਬਿਨਾ. ਚੱਕਰ ਬਿਨਾ. ਭਾਵ- ਜੋ ਮੁੜਦਾ (ਭੌਂਦਾ) ਨਹੀਂ "ਅਨਾਵਰਤ ਬੀਰੰ ਮਹਾਂ ਵਰਤ ਧਾਰਾ." (ਪਾਰਸਾਵ) ੨. ਸੰ. ਅਨਾਵ੍ਰਿਤ- ਅਨਾਵ੍ਰਿਤ. ਜੋ ਆਵ੍ਰਿਤ (ਢਕਿਆ ਹੋਇਆ) ਨਹੀਂ. ਖੁਲ੍ਹਾ.

ਅਨਾਵ੍ਰਿਸ਼੍ਟਿ: ਸੰਗਯਾ- ਵ੍ਰਿਸ਼੍ਟਿ (ਵਰਖਾ) ਦਾ ਅਭਾਵ. ਮੀਂਹ ਨਾ ਪੈਣਾ. ਔੜ.

ਅਨਾੜੀ: ਵਿ- ਜੋ ਨਾੜੀ (ਨਬਜ) ਦੇਖਣ ਨਾ ਜਾਣੇ. ਅਜਾਣ ਵੈਦ। ੨. ਸੰ. ਅਨ- ਏਡ. ਅਨੇਡ. ਮੂਰਖ. ਬੁੱਧਿਹੀਨ. "ਅਸੰਤ ਅਨਾੜੀ ਕਦੇ ਨ ਬੂਝੈ." (ਗਉ ਮਃ ੩)

ਅਨਿ: ਦੇਖੋ, ਅਣਿ। ੨. ਸੰ. ਅਨ੍ਯ. ਵਿ- ਦੂਜਾ. ਹੋਰ. ਇਤਰ. "ਅਨਿ ਨ ਉਪਾਵ ਕਰਹਾਂ." (ਆਸਾ ਮਃ ੫) ਅਨ੍ਯ ਉਪਾਵ ਨ ਕਰਹਾਂ। ੩. ਸੈਨਾ. ਅਨੀਕ. "ਹਉ ਮੈ ਅਨਿ ਸਿਉ ਲਰਿ ਮਰੈ." (ਬਾਵਨ)

ਅਨਿਆਉ, ਅਨਿਆਇ: ਸੰ. ਅਨ੍ਯਾਯ. ਸੰਗਯਾ- ਅਨੀਤਿ. ਬੇਇਨਸਾਫ਼ੀ. "ਤਾ ਕੜੀਐ ਜੇ ਅਨਿਆਇ ਕੋ ਮਰਤਾ." (ਭੈਰ ਮਃ ੫) ਦੇਖੋ, ਅਨ੍ਯਾਯ.

ਅਨਿਆਈ: ਦੇਖੋ, ਅਨ੍ਯਾਯੀ.

ਅਨਿਆਸ: ਸੰ. ਅਨਾਯਾਸ. ਕ੍ਰਿ. ਵਿ- ਆਯਾਸ (ਯਤਨ) ਬਿਨਾ। ੨. ਆਯਾਸ (ਮਿਹਨਤ) ਬਿਨਾ.

ਅਨਿਆਰਾ, ਅਨਿਆਰੋ: ਵਿ- ਅਣੀ ਵਾਲਾ. ਨੋਕਦਾਰ। ੨. ਅਭਿੰਨ. ਜੋ ਨਿਆਰਾ ਨਹੀਂ। ੩. ਸੰਗਯਾ- ਦੂਜ ਦਾ ਚੰਦ, ਜਿਸ ਦੇ ਦੋ ਨੋਕਾਂ ਹਨ. "ਭਾਲ ਬਿਰਾਜਤ ਹੈ ਅਨਿਆਰੋ." (ਚਰਿਤ੍ਰ ੧)

ਅਨਿਸ੍ਟ: ਸੰ. ਵਿ- ਜੋ ਇਸ਼੍ਟ (ਪਿਆਰਾ) ਨਹੀਂ. ਇੱਛਾ ਦੇ ਵਿਰੁੱਧ। ੨. ਸੰਗਯਾ- ਨੁਕਸਾਨ. ਹਾਨੀ. ਅਮੰਗਲ.

ਅਨਿਕ: ਵਿ- ਨਾ ਇੱਕ. ਅਨੇਕ. ਬਹੁਤ "ਅਨਿਕ ਭੋਗ ਬਿਖਿਆ ਕੇ ਕਰੈ." (ਸੁਖਮਨੀ) ੨. ਸੰ. ਕਨਕ. ਸੰਗਯਾ- ਸੁਵਰਣ. ਸੋਨਾ. "ਅਨਿਕ ਕਟਕ ਜੈਸੇ ਭੂਲਪਰੇ." (ਸੋਰ ਰਵਦਾਸ) ੩. ਅ਼. عنک ਅ਼ਨਕ. ਦੇਸ਼ਯਾਤ੍ਰਾ. ਸਫਰ। ੪. ਹਮਲਾ. ਧਾਵਾ. "ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂ ਨਾਹੀਂ." (ਗਉ ਮਃ ੫) ਕਾਮਾਦਿ ਵੈਰੀਆਂ ਪੁਰ ਬਹੁਤ ਹਮਲੇ ਕਰਕੇ ਹਾਰ ਗਿਆ ਹਾਂ.

ਅਨਿਕਤ: ਅਨੇਕਧਾ. ਕ੍ਰਿ. ਵਿ- ਅਨੇਕ ਪ੍ਰਕਾਰ ਨਾਲ. ਅਨੇਕ ਤਰ੍ਹਾਂ ਦੇ. "ਖੋਜ ਅਸੰਖ ਅਨਿਕਤ ਪੰਥਾ." (ਦੇਵ ਮਃ ੫) ੨. ਸੰਗਯਾ- ਅਨੇਕਤ੍ਵ. ਅਨੇਤਕਾ.

ਅਨਿਕਧਾ: ਕ੍ਰਿ- ਵਿ- ਅਨੇਕ ਧਾ. ਅਨੇਕ ਤਰ੍ਹਾਂ. ਅਨੇਕ ਢੰਗ ਨਾਲ.

ਅਨਿਕਮੁਖੀ: ਵਿ- ਅਨੇਕ ਮੂੰਹਾਂ ਵਾਲਾ। ੨. ਸੰਗਯਾ- ਸ਼ੇਸ਼ਨਾਗ. ਸਹਸ੍ਰਫਣੀ। ੩. ਸ਼ਿਵ. ਪੰਚਮੁਖ। ੪. ਰਾਵਣ. ਦਸ਼ਮੁਖ। ੫. ਬ੍ਰਹਮਾ. ਚਤੁਰਾਨਨ। ੬. ਕਾਰ੍ਤਿਕੇਯ. ਖੜਾਨਨ.

ਅਨਿਕਰੰਗੀ: ਸੰਗਯਾ- ਕਰਤਾਰ, ਜੋ ਅਨੇਕ ਰੰਗਾਂ ਵਿੱਚ ਖੇਡਦਾ ਹੈ. ਵਿਸ਼੍ਵਰੂਪ.

ਅਨਿਗ: ਵਿ- ਅਨੇਕ। ੨. ਸੰਗਯਾ- ਅਨੰਗ. ਕਾਮ. "ਸੁੰਦਰ ਅਨਿਗਭਾਉ ਕਰਤ ਫਿਰਤ." (ਸਾਰ ਮਃ ੫) ਕਾਮ ਦੇ ਹਾਵ ਭਾਵ.

ਅਨਿਗਭਾਉ: ਅਨੇਕ ਭਾਵ। ੨. ਅਨੰਗਭਾਵ, ਦੇਖੋ, ਨੂਪਰੀ.

ਅਨਿੱਛ: ਵਿ- ਇੱਛਾ ਰਹਿਤ.

ਅਨਿਛਿੱਤ: ਸੰ. अनिच्छित. ਵਿ- ਜਿਸ ਦੀ ਇੱਛਾ ਨਹੀਂ ਕੀਤੀ. ਅਣਚਾਹਿਆ.

ਅਨਿਤ, ਅਨਿੰਤ, ਅਨਿਤੁ, ਅਨਿਤ੍ਯ: ਵਿ- ਜੋ ਨਿਤ੍ਯ ਨਹੀਂ. ਖਿਨ (ਕ੍ਸ਼ਣ) ਭੰਗੁਰ. ਚੰਦਰੋਜ਼ਾ. "ਅਨਿਤ ਬਿਉਹਾਰ ਅਚਾਰ ਬਿਧਿ ਹੀਨਤ." (ਕਾਮ ਮਃ ੫) ੨. ਅਨਿਯਤ. ਜੋ ਕਿਸੇ ਦਾ ਮੁਕੱਰਰ ਕੀਤਾ ਨਹੀਂ. "ਅਨਿੰਤ ਹੈ." (ਜਾਪੁ)

ਅਨਿੰਦ: ਸੰਗਯਾ- ਨਿੰਦਾ ਦੇ ਵਿਰੁੱਧ. ਉਸਤਤਿ. ਤਰੀਫ (ਤਅ਼ਰੀਫ਼). "ਤਜ ਕਾਮ ਕ੍ਰੋਧ ਅਨਿੰਦ ਨਿੰਦਾ." (ਆਸਾ ਛੰਤ ਮਃ ੫) ਕਾਮ ਕ੍ਰੋਧ ਅਤੇ ਉਸਤਤਿ ਨਿੰਦਾ ਤਜ। ੨. ਸੰ. ਅਨਿੰਦ੍ਯ. ਵਿ- ਜੋ ਨਿੰਦਾ ਯੋਗ੍ਯ ਨਹੀਂ. ਸਲਾਹੁਣ ਲਾਇਕ (ਸ਼ਲਾਘਾ ਯੋਗ੍ਯ). "ਜੋ ਅਨਿੰਦ ਨਿੰਦ ਕਰਿ ਛੋਡਿਓ." (ਗੂਜ ਮਃ ੫)

ਅਨਿਨ, ਅਨਿੰਨ: ਸੰ. ਅਨਨ੍ਯ ਵਿ- ਅਨ੍ਯ (ਹੋਰ) ਨਾਲ ਨਾ ਸੰਬੰਧ ਰੱਖਣ ਵਾਲਾ. ਇੱਕ ਦਾ ਹੀ ਉਪਾਸਕ. "ਦਾਸ ਅਨਿੰਨ ਮੇਰੋ ਨਿਜਰੂਪ." (ਸਾਰ ਨਾਮਦੇਵ) ਦੇਖੋ, ਅਨੰਨ.

ਅਨਿਪ: ਸੰਗ੍ਯਾ- ਆਨਿ (ਅਨੀਕਨੀ- ਸੈਨਾ) ਦਾ ਪਤਿ. ਫ਼ੌਜ ਦਾ ਸਰਦਾਰ.

ਅਨਿਬੱਧ: ਸੰ. अनिबद्ध. ਵਿ- ਜੋ ਨਿਬੱਧ (ਬੰਨ੍ਹਿਆ ਹੋਇਆ) ਨਹੀਂ। ੨. ਸੰਗ੍ਯਾ- ਸੰਗੀਤ ਅਨੁਸਾਰ ਉਹ ਵਾਜਾ (ਸਾਜ), ਜਿਸ ਦੇ ਸੁਰਾਂ ਦਾ ਭੇਦ ਕਰਨ ਲਈ ਧਾਤੁ ਅਥਵਾ ਤੰਦ ਦੇ ਬੰਧਨ (ਬੰਦ) ਨਾ ਬੱਧੇ ਹੋਣ.

ਅਨਿਮਿਖ, ਅਨਿਮੇਖ: ਸੰ. ਅਨਿਮੇਸ਼ ਵਿ- ਨਿਮੇਸ਼ (ਪਲਕ ਝਮਕੇ) ਬਿਨਾ. ਇੱਕ ਟਕ।

੨. ਸੰਗ੍ਯਾ- ਮੱਛੀ। ੩. ਦੇਵਤਾ. ਭਾਗਵਤ ਆਦਿ ਪੁਰਾਣਾਂ ਵਿੱਚ ਲਿਖਿਆ ਹੈ ਕਿ ਦੇਵਤਾ ਦੀ ਅੱਖ ਨਹੀਂ ਝਮਕਦੀ.

ਅਨਿਮੰਡ: ਵਿ- ਅਨਿ (ਅਨੀਕ- ਸੈਨਾ) ਦਾ ਭੂਸ਼ਣ. ਫੌਜ ਦਾ ਸ਼ਿੰਗਾਰ.

ਅਨਿਯਤ: ਸੰ. ਵਿ- ਜੋ ਨਿਯਤ (ਮੁਕ਼ੱਰਰ) ਨਹੀਂ। ੨. ਨਾਪਾਇਦਾਰ। ੩. ਅਨਿਤ੍ਯ. ਨਿੱਤ ਨਾ ਹੋਣ ਵਾਲਾ.

ਅਨਿਯਾਰਾ: ਦੇਖੋ, ਅਨਿਆਰਾ.

ਅਨਿਰਖ: ਵਿ- ਜਿਸ ਦਾ ਨਿਰਖ (ਮੁੱਲ) ਨਹੀਂ. ੨. ਅਨਿਰੀਕ੍ਸ਼੍ਯ. ਜੋ ਦੇਖਿਆ ਨਹੀਂ ਜਾ ਸਕਦਾ. "ਅਨਿਰਖ ਸਬ ਉੱਚਰੋ." (ਬ੍ਰਹਮਾਵ)

ਅਨਿਰਤ: ਸੰ. अनृत. ਅਨ੍ਰਿਤ. ਸੰਗ੍ਯਾ- ਰ੍ਰਿਤ (ਸੱਚ) ਤੋਂ ਭਿੰਨ. ਝੂਠ. ਅਸਤ੍ਯ.

ਅਨਿਰਵਚਨੀ, ਅਨਿਰਵਚਨੀਯ: ਸੰ. अनिर्वचनीय. ਵਿ- ਜਿਸ ਦਾ ਕਥਨ ਨਾ ਹੋ ਸਕੇ. ਜੋ ਕਹਿਣ ਵਿੱਚ ਨਾ ਆਵੇ. "ਲਖਹੁ ਅਨਿਰਵਚਨੀ ਇਹੁ ਯਾਂਤੇ." (ਗੁਪ੍ਰਸੂ) ੨. ਸੰਗ੍ਯਾ- ਬ੍ਰਹਮ. ਕਰਤਾਰ.

ਅਨਿਰੁਕਤ: ਸੰ. ਅਨਿਰੁਕ੍ਤ. ਵਿ- ਜੋ ਕਥਨ ਨਹੀਂ ਹੋ ਸਕਿਆ. ਅਕੱਥ.

ਅਨਿਰੁੱਧ: ਸੰ. ਤ੍ਰਨਿਰੁਦ੍ਧ. ਵਿ- ਜੋ ਰੁੱਧ (ਰੁਕਿਆ) ਨਾ ਹੋਵੇ. ਅਮੋੜ। ੨. ਸੰਗ੍ਯਾ- ਰੁਕਮਿ ਦੀ ਪੁਤ੍ਰੀ ਦੇ ਉਦਰ ਤੋਂ ਪ੍ਰਦ੍ਯੁਮਨ ਦਾ ਪੁਤ੍ਰ ਅਤੇ ਸ਼੍ਰੀ ਕ੍ਰਿਸ਼ਨ ਦਾ ਪੋਤ੍ਰਾ, ਜੋ ਵਜ੍ਰ ਦਾ ਪਿਤਾ ਸੀ.

ਬਾਣ (ਵਾਣ) ਦੀ ਪੁਤ੍ਰੀ, ਜਿਸ ਦਾ ਨਾਉਂ ਊਖਾ (ਊਸ਼ਾ) ਸੀ, ਅਨਿਰੁੱਧ ਉੱਪਰ ਮੋਹਿਤ ਹੋ ਗਈ ਅਤੇ ਆਪਣੀ ਪਿਆਰੀ ਚਤੁਰ ਸਹੇਲੀ ਚਿਤ੍ਰਲੇਖਾ ਦੀ ਮਾਰਫਤ ਅਨਿਰੁੱਧ ਨੂੰ ਆਪਣੇ ਪਿਤਾ ਦੇ ਨਗਰ ਸ਼ੋਣਿਤ ਪੁਰ ਵਿੱਚ ਲੈਆਈ. ਬਾਣ ਨੇ ਇਹ ਖਬਰ ਸੁਣਕੇ ਅਨਿਰੁੱਧ ਨੂੰ ਫੜਨ ਲਈ ਕਈ ਯੋਧੇ ਘੱਲੇ, ਪਰ ਇਸ ਬੀਰ ਨੇ ਉਨ੍ਹਾਂ ਸਾਰਿਆਂ ਨੂੰ ਮਾਰ ਮੁਕਾਇਆ. ਅੰਤ ਨੂੰ ਬਾਣ ਨੇ ਜਜੋਂ ਤਜੋਂ ਕਰਕੇ ਅਨਿਰੁੱਧ ਨੂੰ ਕੈਦ ਕਰ ਲਿਆ, ਜਿਸ ਪੁਰ ਕ੍ਰਿਸ਼ਨ ਜੀ, ਬਲਰਾਮ ਤੇ ਪ੍ਰਦ੍ਯੁਮਨ ਉਸ ਨੂੰ ਛੁਡਾਉਣ ਲਈ ਗਏ, ਅਤੇ ਘੋਰ ਸੰਗ੍ਰਾਮ ਹੋਇਆ. ਬਾਣ ਸ਼ਿਵ ਦਾ ਭਗਤ ਸੀ, ਇਸ ਕਰਕੇ ਸ਼ਿਵ ਅਤੇ ਸਕੰਦ ਉਸ ਵੱਲ ਹੋਏ. ਸ਼ਿਵ ਨੂੰ ਕ੍ਰਿਸ਼ਨ ਜੀ ਨੇ, ਅਤੇ ਸਕੰਦ ਨੂੰ ਗਰੁੜ ਅਤੇ ਪ੍ਰਦ੍ਯੁਮਨ ਨੇ ਘਾਇਲ ਕਰ ਦਿੱਤਾ. ਅੰਤ ਨੂੰ ਸ਼ਿਵ ਨੇ ਸ਼੍ਰੀ ਕ੍ਰਿਸ਼ਨ ਜੀ ਅੱਗੇ ਬੇਨਤੀ ਕਰਕੇ ਵਾਣ ਨੂੰ ਛੁਡਾ ਦਿੱਤਾ, ਅਤੇ ਅਨਿਰੁਧ ਊਸ਼ਾ ਸਮੇਤ ਦ੍ਵਾਰਕਾ ਅਪਨੇ ਘਰ ਪੁੱਜਾ. "ਸੰਗਿ ਲਯੋ ਅਨਿਰੁੱਧ ਕੋ." (ਕ੍ਰਿਸਨਾਵ) ਦੇਖੋ, ਊਖਾ। ੩. ਪਸ਼ੂ ਬੰਨ੍ਹਣ ਦਾ ਰੱਸਾ। ੪. ਏਲਚੀ. ਦੂਤ। ੫. ਸ਼ਿਵ.

ਅਨਿਲ: ਸੰਗ੍ਯਾ- ਪਵਨ. ਹਵਾ. "ਅਨਿਲ ਬੇੜਾ ਹਉ ਖੇਵਿ ਨ ਸਾਕਉ." (ਬਸੰ ਨਾਮਦੇਵ) ੨. ਗਠੀਆ ਲਕ਼ਵਾ ਆਦਿ ਵਾਤਰੋਗ। ੩. ਦੇਖੋ, ਅਨਲ.

**ਅਨਿਲਕੁਮਾਰ:** ਸੰਗਯਾ- ਅਨਿਲ (ਪੌਣ) ਦਾ ਬੇਟਾ ਹਨੂਮਾਨ। ਭੀਮਸੇਨ.

**ਅਨਿਲਭੁਕ:** ਸ਼ੰ. ਸੰਗਯਾ- ਸੱਪ, ਜੋ ਅਨਿਲ (ਹਵਾ) ਖਾਕੇ ਨਿਰਵਾਹ ਕਰਦਾ ਹੈ। ੨. ਵਿ- ਪੌਣਾਹਾਰੀ.

**ਅਨਿਵਰਤਿਨ:** ਸੰ. ਅਨਿਵਰ੍ਤਿਨ੍. ਵਿ- ਪਿੱਛੇ ਨਾ ਮੁੜਨ ਵਾਲਾ. ਅਮੋੜ. "ਅਨਿਵਰਤਿਨ ਨਿਵਰਤਕੈ." (ਚਰਿਤ੍ਰ ੧੩੭) ਅਮੋੜਾਂ ਨੂੰ ਪਿੱਛੇ ਹਟਾਕੇ.

**ਅਨੀ:** ਸੰਗਯਾ- ਨੋਕ. ਤਿੱਖਾ ਸਿਰਾ। ੨. ਸੈਨਾ. ਅਨੀਕ. ਦੇਖੋ, ਅਣਿ. "ਕੈ ਕੈ ਬਲ ਸੁੰਭ ਕੀ ਹਨੀ ਅਨੀ." (ਚੰਡੀ ੧)

**ਅਨੀਆਲਾ:** ਵਿ- ਅਣੀਵਾਲਾ. ਨੋਕਦਾਰ "ਰਾਮ ਭਗਤਿ ਅਨੀਆਲੇ ਤੀਰ." (ਗਉ ਕਬੀਰ) ਦੇਖੋ, ਅਣਿ.

**ਅਨੀਸ:** ਵਿ- ਜਿਸ ਦਾ ਕੋਈ ਈਸ਼ (ਸ੍ਵਾਮੀ) ਨਹੀਂ. ਅਨਾਥ। ੨. ਅਨੀਕ (ਫੌਜ) ਦਾ ਈਸ਼. ਸੈਨਾਪਤਿ। ੩. ਜੀਵ. ਜੀਵਾਤਮਾ, ਜੋ ਈਸ਼ ਤੋਂ ਭਿੰਨ ਹੈ.

**ਅਨੀਸ਼੍ਵਰਵਾਦੀ:** ਸੰ. अनीश्वरवादिन्. ਵਿ- ਈਸ਼ਵਰ ਨੂੰ ਨਾ ਮੰਨਣ ਦਾ ਮੱਤ ਰੱਖਣ ਵਾਲਾ. ਨਾਸ੍ਤਿਕ. Atheist.

**ਅਨੀਹ:** ਸੰ. ਵਿ- ਈਹਾ (ਇੱਛਾ) ਰਹਿਤ. ਬੇਪਰਵਾਹ.

**ਅਨੀਕ:** ਸੰ. ਸੰਗਯਾ- ਫ਼ੌਜ, ਜੋ ਸਾਮ੍ਹਣੇ (ਸੰਮੁਖ- ਸਨਮੁਖ) ਗਮਨ ਕਰੇ। ੨. ਯੁੱਧ. ਜੰਗ. ਲੜਾਈ। ੩. ਜੰਗ ਦਾ ਮੈਦਾਨ. ਰਣਭੂਮਿ.

**ਅਨੀਕਨੀ, ਅਨੀਕਿਨੀ:** ਸੰ. अनीकिनी. ਸੰਗਯਾ- ਕਮਲਿਨੀ. ਨੀਲੋਫਰ। ੨. ਫੌਜ ਦੀ ਇੱਕ ਖ਼ਾਸ ਗਿਣਤੀ, ਜਿਸ ਵਿੱਚ ੨੧੮੭ ਰੱਥ, ੨੧੮੭ ਹਾਥੀ, ੬੫੬੧ ਘੋੜੇ ਅਤੇ ੧੦੯੩੫ ਪਿਆਦੇ ਹੋਣ। ੩. ਸੈਨਾ. ਫ਼ੌਜ. "ਬਿਚਲ ਬਿਥਰ ਐਸੇ ਭਾਜਗੀ ਅਨੀਕਨੀ." (ਚੰਡੀ ੧)

**ਅਨੀਤ:** ਸੰ. ਅਨਿਤ੍ਯ. ਵਿ- ਜੋ ਨਿਤ੍ਯ ਨਾ ਹੋਵੇ. ਚੰਦਰੋਜ਼ਾ। ੨. ਬੇ ਇਨਸਾਫੀ. ਦੇਖੋ, ਅਨੀਤਿ। ੩. ਲਿਆਂਦਾ ਹੋਇਆ. ਦੇਖੋ, ਆਨੀਤ। ੪. ਹੋਰ ਥਾਂ. ਦੇੱਖੋ, ਅਨਤ੍ਰ.

**ਅਨੀਤਿ:** ਸੰਗਯਾ- ਨੀਤਿ ਦਾ ਅਭਾਵ. ਬੇਇਨਸਾਫ਼ੀ. ਬੇਅ਼ਦਲੀ. ਅਨ੍ਯਾਯ (ਅਨਿਆਂ). ੨. ਵਿ- ਅਨਿਤ੍ਯ. ਚੰਦਰੋਜ਼ਾ. ਬਿਨਸਨਹਾਰ. "ਜਲਿ ਧੋਵੈ ਬਹੁ ਦੇਹਿ ਅਨੀਤਿ." (ਸੁਖਮਨੀ)

**ਅਨੀਤੇ:** ਸੰ. ਅਨਤ੍ਰ. ਕ੍ਰਿ. ਵਿ- ਹੋਰ ਥਾਂ. ਦੂਜੀ ਜਗਾ। ੨. ਅਨੀਤਿ ਮੇ. ਕੁਰੀਤਿ ਵਿੱਚ. "ਗਾਵਹਿ ਗੀਤੇ ਚੀਤਿ ਅਨੀਤੇ। x x x ਬਿਨੁ ਨਾਵੈ ਮਨਿ ਝੂਠ ਅਨੀਤੇ." (ਆਸਾ ਅਃ ਮਃ ੧) ਭਜਨ ਗਾਉਂਦੇ ਹਨ, ਪਰ ਚਿੱਤ ਅਨਤ੍ਰ (ਹੋਰ ਥਾਂ) ਹੈ, ਨਾਮ ਤੋਂ ਬਿਨਾ ਮਨ ਕੁਰੀਤਿ ਵਿੱਚ ਹੈ। ੩. ਦੇਖੋ, ਅਨੀਤ.

**ਅਨੀਰਾਇ ਜੀ:** ਦੇਖੋ, ਅਣੀ ਰਾਇ.

**ਅਨੀਲ, ਅਨੀਲੁ:** ਵਿ- ਚਿੱਟਾ. ਉੱਜਲ। ੨. ਭਾਵ- ਰੂਪ ਰੰਗ ਰਹਿਤ. "ਆਦਿ ਅਨੀਲੁ ਅਨਾਦਿ ਅਨਾਹਤਿ." (ਜਪੁ) ੩. ਨੀਲ ਗਿਣਤੀ ਰਹਿਤ. ਭਾਵ ਅਗਣਿਤ. ਬੇਅੰਤ। ੪. ਦੇਖੋ, ਨੀਲ.

**ਅਨੁ:** ਸੰਗਯਾ- ਅੰਨ. ਅਨਾਜ. "ਅਨੁ ਧਨੁ ਬਹੁਤਾ ਉਪਜੈ." (ਸਵਾ ਮਃ ੩) ੨. ਸੰ. ਉਪ. ਇਹ ਜਦ ਸ਼ਬਦਾਂ ਦੇ ਮੁੱਢ ਲਗਦਾ ਹੈ, ਤਦ ਪਿੱਛੇ, ਤੁੱਲ, ਸਾਥ, ਹਰਇੱਕ (ਪ੍ਰਤ੍ਯੇਕ), ਬਾਰੰਬਾਰ ਆਦਿ ਅਰਥ ਜਣਾਉਂਦਾ ਹੈ, ਜਿਵੇਂ- ਅਨੁਗਾਮੀ ਅਨੁਦਿਨ ਅਨੁਰੂਪ ਆਦਿ। ੩. ਦੇਖੋ, ਅਣੁ.

**ਅਨੁਆਰ:** ਦੇਖੋ, ਅਨੁਹਾਰ.

**ਅਨੁਸਰਣ:** ਸੰ. ਸੰਗਯਾ- ਪਿੱਛੇ ਚੱਲਣ ਦੀ ਕ੍ਰਿਯਾ. ਪੈਰਵੀ। ੨. ਨਕ਼ਲ.

ਅਨੁਸ਼ਾਸਨ: ਸੰ. ਸੰਗਯਾ- ਆਗ੍ਯਾ. ਹੁਕਮ।

੨. ਉਪਦੇਸ਼. ਨਸੀਹਤ। ੩. ਮਹਾਂਭਾਰਤ ਦਾ ਤੇਰਵਾਂ ਪਰਵ.

ਅਨੁਸਾਰ: ਸੰ. ਵਿ- ਅਨੁਕੂਲ। ੨. ਸਮਾਨ. ਜੇਹਾ.

ਅਨੁਸਾਰੀ: ਵਿ- ਪਿੱਛੇ ਚੱਲਣ ਵਾਲਾ। ੨. ਅਨੁਕੂਲ.

ਅਨੁਸੂਤ: ਵਿਆਪਿਆ ਹੋਇਆ. ਦੇਖੋ, ਅਨੁਸਯੂਤ. "ਨਿਜ ਅਨੁਸੂਤ ਸਭਿਨ ਮੇ ਦੇਖੈ." (ਗੁਪ੍ਰਸੂ)

ਅਨੁਸ਼੍ਟੁਪ, ਅਨੁਸ਼੍ਟੁਭ: ਸੰ. ਸੰਗ੍ਯਾ- ਇੱਕ ਵਰਣਿਕ ਛੰਦ. ਲੱਛਣ ਸੋਲਾਂ ਸੋਲਾਂ ਅੱਖਰਾਂ ਦੀਆਂ ਦੋ ਤੁੱਕਾਂ, ਅਤੇ ਅੱਠ ਅੱਖਰਾਂ ਦੇ ਚਾਰ ਪਦ, ਕੁੱਲ ੩੨ ਅੱਖਰ. ਹਰੇਕ ਪਦ ਦਾ ਪੰਜਵਾਂ ਅੱਖਰ ਲਘੁ ਅਤੇ ਛੀਵਾਂ ਗੁਰੁ. ਦੂਜੇ ਅਤੇ ਚੌਥੇ ਪਦ ਵਿੱਚ ਸੱਤਵਾਂ ਅੱਖਰ ਲਘੁ ਹੋਣਾ ਜਰੂਰੀ ਹੈ. ਇਹ ਛੰਦ ਅਕਸਰ ਸੰਸਕ੍ਰਿਤ ਭਾਸ਼ਾ ਦੀ ਰਚਨਾ ਲਈ ਵਰਤੀਦਾ ਹੈ. ਇਸ ਨੂੰ "ਸ਼ਲੋਕ" ਭੀ ਆਖਦੇ ਹਨ. ਸੰਸਕ੍ਰਿਤ ਗ੍ਰੰਥਾਂ ਵਿੱਚ ਅਨੇਕ ਛੰਦ ਹੁੰਦੇ ਹਨ, ਪਰ ਜਦ ਪੁਸਤਕ ਦੇ ਸਲੋਕਾਂ ਦੀ ਗਿਣਤੀ ਕੀਤੀ ਜਾਵੇ, ੩੨ ਅੱਖਰ ਦੇ ਸ਼ਲੋਕ ਮੰਨਕੇ ਹੀ ਗਿਣਤੀ ਹੋਇਆ ਕਰਦੀ ਹੈ.

ਉਦਾਹਰਣ-

विज्ञानेनासिना येन त्वज्ञानं नवरङ्गकम

हन्यते नम्यतेऽस्माभिः सगोविन्दहरि र्गुरूः

(ਗੁਰੁ ਨਾਨਕ ਸਤੋਤ੍ਰ ਰਤਨਾਕਰ)

ਕੀਜੈ ਮਾਨ ਨ ਭੂਲਕੈ, ਵਿਦ੍ਯਾ ਰੂਪ ਧਨਾਦਿ ਕੋ, ਧਾਰੇ ਪ੍ਰੇਮ ਸੁਸ਼ੀਲਤਾ, ਗੁਰੁਮਤ ਧਰੋ ਚਿਤ.

ਅਨੁਸ਼੍ਠਾਨ: ਸੰ. ਸੰਗ੍ਯਾ- ਕਾਰਜ ਦਾ ਆਰੰਭ। ੨. ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰ ਦਾ ਵਿਧੀ ਨਾਲ ਜਾਪ ਕਰਨਾ। ੩. ਧਾਰਮਿਕ ਕਰਮ ਕਰਨ ਦਾ ਭਾਵ.

ਅਨੁਸ਼੍ਣ: ਸੰ. अनुष्ण. ਵਿ- ਜੋ ਉਸ਼੍ਣ (ਗਰਮ) ਨਹੀਂ. ਠੰਢਾ.

ਅਨੁਸਯੂਤ: ਸੰ. ਵਿ- ਸੀਤਾ ਹੋਇਆ. ਪਰੋਇਆ। ੨. ਭਾਵ- ਸਾਰੇ ਵਿਆਪਿਆ ਹੋਇਆ.

ਅਨੁਸ੍ਵਾਰ: ਸੰ. ਸੰਗ੍ਯਾ- ਕਿਸੇ ਅੱਖਰ ਦੇ ਸਾਥ ਮਿਲਾਕੇ ਉੱਚਾਰਣ ਯੋਗ੍ਯ ਸ੍ਵਰ. ਬਿੰਦੀ. ਟਿੱਪੀ. ਇਸ ਦਾ ਉੱਚਾਰਣ ਨੱਕ ਵਿੱਚ ਨੂਨ. ਗੁੰਨੇ ਦੀ ਤਰ੍ਹਾਂ ਹੁੰਦਾ ਹੈ, ਜਿਵੇਂ- ਸੰਤ ਮਹੰਤ ਜੰਤੁ ਤੰਤ੍ਰ ਆਦਿ.

ਅਨੁਹਰ: ਦੇਖੋ, ਅਨੁਹਰਣ ਅਤੇ ਅਨੁਹਾਰ. "ਕਰਹਿਂ ਕ੍ਰਿਤਜ ਨਰ ਅਨੁਹਰ ਹੋਈ." (ਗੁਪ੍ਰਸੂ)

ਅਨੁਹਰਣ: ਸੰ. ਸੰਗ੍ਯਾ- ਅਨੁਕਰਣ. ਨਕਲ.

ਅਨੁਹਾਰ: ਵਿ- ਤੁੱਲ. ਸਮਾਨ. "ਸਨਮੁਖ ਦੇਵੀ ਕੇ ਗਯੋ ਸਲਭ ਦੀਪ ਅਨੁਹਾਰ." (ਚੰਡੀ ੧)

੨. ਸੰਗ੍ਯਾ- ਰੂਪ. ਸ਼ਕਲ। ੩. ਮੁਤ਼ੰਗਾ. ਕਿਸੇ ਜੇਹੀ ਸ਼ਕਲ. ਨੁਹਾਰ.

ਅਨੁਕਤ: ਸੰ. ਅਨੁਕ੍ਤ. ਵਿ- ਨਾ ਉਕ੍ਤ (ਕਹਿਆ ਹੋਇਆ). ਅਕਥਿਤ (ਅਕਹਿ). "ਅਨੁਕਤ ਪ੍ਰਭਾ ਹੈ." (ਜਾਪੁ)

ਅਨੁਕਰਣ: ਸੰ. ਸੰਗ੍ਯਾ- ਨਕ਼ਲ। ੨. ਕਿਸੇ ਕਾਰਜ ਨੂੰ ਵੇਖਕੇ ਉਸ ਤੁੱਲ ਕਰਨ ਦੀ ਕ੍ਰਿਯਾ। ੩. ਪੈਰਵੀ। ੪. ਕਿਸੇ ਧੁਨਿ ਦੀ ਨਕਲ ਤੋਂ ਬਣਿਆ ਸ਼ਬਦ, ਜੈਸੇ- ਘੜੰਮ, ਧੜੰਮ, ਚੀਂ ਚੀਂ, ਗੜਗੜ, ਤੜਾਕ ਆਦਿ. Onomato poeia.

ਅਨੁਕੂਲ: ਸੰ. ਵਿ- ਜੋ ਡੁਬਦੇ ਨੂੰ ਕੂਲ (ਕਿਨਾਰੇ) ਵਾਂਙ ਸਹਾਇਤਾ ਦੇਵੇ. ਸਹਾਇਕ। ੨. ਅਨੁਸਾਰੀ। ੩. ਕ੍ਰਿਪਾ ਕਰਨ ਵਾਲਾ।

੪. ਆਸਰਾ ਦੇਣ ਵਾਲਾ.

ਅਨੁਕੂਲਤਾ: ਸੰਗ੍ਯਾ- ਅਨੁਕੂਲ ਹੋਣ ਦਾ ਭਾਵ. ਦੇਖੋ, ਅਨੁਕੂਲ.

ਅਨੁਕੂਲਾ: ਸੰਗ੍ਯਾ- ਇੱਕ ਵਰਣਿਕ ਛੰਦ. ਇਸ ਦਾ ਨਾਉਂ "ਮੌਕ੍ਤਿਕਮਾਲਾ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ, ਭ, ਤ, ਨ, ਗ, ਗ, SII, SSI, III, S, S. ਪੰਜ ਅਤੇ ਛੀ ਅੱਖਰਾਂ ਪੁਰ ਵਿਸ਼੍ਰਾਮ.

ਉਦਾਹਰਣ-

ਸ਼੍ਰੀ ਗੁਰੁ ਸੇਵੋ, ਜਨਮ ਸੁਧਾਰੋ,

ਕਾਮਰੁ ਹੌਮੈ, ਮਨ ਨਹਿ ਧਾਰੋ,

ਆਲਸ ਤ੍ਯਾਗੋ, ਕਿਰਤ ਕਮਾਓ,

ਹਨਐ ਉਪਕਾਰੀ, ਜਗ ਸੁਖ ਪਾਓ.

ਅਨੁਕੰਪਾ: ਸੰ. अनुकम्पा. ਸੰਗ੍ਯਾ- ਕਿਸੇ ਦੇ ਦੁੱਖ ਤੋਂ ਕੰਪਨ (ਕੰਬਣ) ਦੀ ਕ੍ਰਿਯਾ. ਕ੍ਰਿਪਾ. ਦਯਾ. ਮਿਹਰਬਾਨੀ. "ਮੁਝ ਪਰ ਨਿਜ ਅਨੁਕੰਪਾ ਧਾਰਹੁ." (ਨਾਪ੍ਰ)

ਅਨੁਕੰਪੈਨਾ: ਵਿ- ਅਨੁਕੰਪਾ (ਕ੍ਰਿਪਾ) ਦਾ ਅਯਨ (ਘਰ). "ਸੁਨ ਸ਼੍ਰੌਨਨ ਬੈਨਾ ਅਨੁਕੰਪੈਨਾ ਬਾਨੀ ਭਨੀ ਰਸਾਲ." (ਨਾਪ੍ਰ)

ਅਨੁਕ੍ਤ: ਦੇਖੋ, ਅਨੁਕਤ.

ਅਨੁਕ੍ਤਨਿਮਿੱਤਾ: ਦੇਖੋ, ਵਿਸ਼ੇਸ਼ੋਕ੍ਤਿ (ੲ)

ਅਨੁਕ੍ਰਮ: ਸੰ. ਸੰਗ੍ਯਾ- ਸਿਲਸਿਲਾ. ਤਰਤੀਬ.

ਅਨੁਕ੍ਰਮਣਿਕਾ: ਸੰ. ਸੰਗ੍ਯਾ- ਸਿਲਸਿਲੇਵਾਰ ਮਜਮੂਨਾਂ ਦੀ ਫਹਿਰਿਸ੍ਤ. ਸੂਚੀਪਤ੍ਰ. ਤਤਕਰਾ. Index.

ਅਨੁਖੰਗ: ਸੰ. ਅਨੁਸ਼ੰਗ. ਸੰਗ੍ਯਾ- ਦਯਾ. ਕ੍ਰਿਪਾ। ੨. ਸੰਬੰਧ. ਜੋੜ। ੩. ਵਾਕ ਵਿੱਚ ਅਰਥ ਪੂਰਣ ਕਰਣ ਲਈ ਪਹਿਲੇ ਪਦ ਤੋਂ ਦੂਜੇ ਪਦ ਵਿੱਚ ਸ਼ਬਦ ਨੂੰ ਖਿੱਚਕੇ ਲਿਆਉਣ ਦੀ ਕ੍ਰਿਯਾ. ਜਿਵੇਂ- "ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ। ਸਿਧ ਸਾਧਿਕ ਤਰਸਹਿ ਸਭ ਲੋਇ। ਪੂਰੈ ਭਾਗਿ ਪਰਾਪਤਿ ਹੋਇ." (ਧਨਾ ਮਃ ੩) ਇੱਥੇ ਤੀਜੀ ਤੁਕ ਵਿੱਚ ਅੰਮ੍ਰਿਤ ਬਾਣੀ ਦਾ ਅਨੁਸ਼ੰਗ ਹੈ.

ਅਨੁਗ: ਸੰ. ਵਿ- ਅਨੁ (ਪਿੱਛੇ) ਗ (ਚੱਲਣ) ਵਾਲਾ. ਅਨੁਗਾਮੀ. ਪੈਰੋ। ੨. ਸੇਵਕ ਅਨੁਚਰ. "ਅਨੁਗ ਆਪਨੇ ਕੋ ਅਭੈਦਾਨ ਦਾਤੀ." (ਛੱਕੇ)

ਅਨੁਗਨੀ: ਸੰ. ਸੈਨਾ ਫ਼ੌਜ. ਜਿਸ ਵਿੱਚ ਅਨੁਗ (ਨੌਕਰਾਂ) ਦਾ ਸਮੁਦਾਯ (ਇਕੱਠ) ਹੈ. (ਸਨਾਮਾ)

ਅਨੁਗਾਮੀ: ਸੰ. अनुगामिन्. ਪਿੱਛੇ ਤੁਰਣ ਵਾਲਾ. ਅਨੁਚਰ. ਪੈਰੋ। ੨. ਸੇਵਕ. ਦਾਸ.

ਅਨੁਗੁਣ: ਇੱਕ ਅਰਥਾਲੰਕਾਰ. ਸੰਗਤਿ ਦੇ ਅਸਰ ਨਾਲ, ਸੰਗਤਿ ਕਰਨ ਵਾਲੇ ਦਾ ਪਹਿਲਾ ਗੁਣ ਹੋਰ ਵਧ ਜਾਵੇ, ਅਜਿਹਾ ਵਰਣਨ "ਅਨੁਗੁਣ" ਅਲੰਕਾਰ ਹੈ.

ਉਦਾਹਰਣ-

ਸਾਧੋ ! ਇਹ ਮਨ ਗਹਿਓ ਨ ਜਾਈ,

ਚੰਚਲ ਤ੍ਰਿਸਨਾ ਸੰਗ ਬਸਤ ਹੈ,

ਯਾਤੇ ਥਿਰ ਨਾ ਰਹਾਈ. (ਗਉ ਮਃ ੯)

ਬਲਿਹਾਰੀ ਗੁਰੁ ਆਪਣੇ ਦਿਉਹਾੜੀ ਸਦਵਾਰ,

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ.

(ਵਾਰ ਆਸਾ)

ਮਾਨਸ ਜਨਮ ਅਮੋਲ ਹੈ, ਹੋਇ ਅਮੋਲ ਸਾਧੁਸੰਗ ਪਾਏ.

(ਭਾਗੁ)

ਅਨੁਗਜਾ: ਸੰ. ਅਨੁਜ੍ਞਾ. ਸੰਗਜਾ- ਆਗਜਾ. ਹੁਕਮ। ੨. ਇੱਕ ਅਰਥਾਲੰਕਾਰ. ਜਿਸ ਗੱਲ ਨੂੰ ਲੋਕ ਬੁਰੀ ਮੰਨਣ, ਉਸ ਵਿੱਚ ਆਪਣੀ ਰੁਚੀ ਅਨੁਸਾਰ ਕੋਈ ਗੁਣ ਮੰਨ ਲੈਣਾ, ਅਜਿਹਾ ਵਰਣਨ "ਅਨੁਗਜਾ" ਅਲੰਕਾਰ ਹੈ.

ਉਦਾਹਰਣ-

ਭਲੀ ਸੁਹਾਵੀ ਛਾਪਰੀ ਜਾਮਹਿ ਗੁਨ ਗਾਏ, xxx

ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭੁ ਚਿਤ ਆਏ. xx

ਪੀਸਨੁ ਪੀਸਿ ਓਢਿ ਕਾਮਰੀ ਸੁਖ ਮਨੁ ਸੰਤੋਖਾਏ, xxx

ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ.

(ਸੂਹੀ ਮਃ ੫)

ਜੇਤਕ ਕਾਨਨ ਕੇ ਦੁਖ ਹੈਂ

ਸਭ ਸੇ ਸੁਖ ਕੈ ਤਨ ਪੈ ਅਨੁਮਾਨੋ. (ਰਾਮਾਵ)

ਭਾਈ ਲੱਧੇ ਕਹਜੋ ਸੁਨੋ ਪ੍ਰੇਮੀ ਮੇਰੇ ਗੁਰਭਾਈ!

ਕਲ ਹਮ ਰਾਮਦਾਸਪੁਰੀ ਵਿਖੇ ਜਾਵੇਂਗੇ,

ਕਾਲਾ ਮੁਖ ਕਰਕੈ ਸਵਾਰ ਹੋਇ ਗਧੇ ਪਰ,

ਸੱਤਾ ਬਲਵੰਡ ਕੋ ਗੁਨਾਹ ਬਖਸ਼ਾਵੇਂਗੇ.

ਅਨੁਗ੍ਰਹ, ਅਨੁਗ੍ਰਹਿ, ਅਨੁਗ੍ਰਹੁ: ਸੰ. ਅਨੁਗ੍ਰਹ. ਸੰਗਜਾ- ਕ੍ਰਿਪਾ. ਦਯਾ (ਦਇਆ). ਮਿਹਰਬਾਨੀ. "ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ." (ਸੋਰ ਮਃ ੫)

ਅਨੁਚਰ: ਸੰ. ਸੰਗਜਾ- ਪਿੱਛੇ ਤੁਰਣ ਵਾਲਾ। ੨. ਨੌਕਰ. ਸੇਵਕ.

ਅਨੁਚਰਣੀ: ਸੰਗਜਾ- ਸੈਨਾ. ਫ਼ੌਜ. ਜਿਸ ਵਿੱਚ ਨੌਕਰਾਂ ਦਾ ਸਮੁਦਾਯ (ਗਰੋਹ) ਹੈ. (ਸਨਾਮਾ) ੨. ਵਿ- ਆਪਣੇ ਸਰਦਾਰ ਪਿੱਛੇ ਤੁਰਣ ਵਾਲੀ.

ਅਨੁਚਿਤ: ਸੰ. ਵਿ- ਨਾ ਉਚਿਤ (ਯੋਗਜ). ਅਯੋਗ. ਨਾ ਮੁਨਾਸਿਬ.

ਅਨੁਜ: ਸੰ. ਸੰਗਜਾ- ਛੋਟਾ ਭਾਈ, ਜੋ ਪਿੱਛੋਂ ਜੰਮਿਆ ਹੈ. "ਜੀਵਤ ਅਨੁਜ ਨਾਮ ਤਿਹ ਲਾਲੂ." (ਨਾਪ੍ਰ) ੨. ਫੇਰ ਪੈਦਾ ਹੋਇਆ. "ਰੁਹ ਅਨੁਜ ਆਦਿ ਪਦ ਦੀਜੈ." ਬਿਰਛ ਤੋਂ ਪੈਦਾ ਹੋਇਆ ਕਾਠ, ਉਸ ਤੋਂ ਬਣਿਆ ਬੰਦੂਕ ਦਾ ਕੁੰਦਾ.

ਅਨੁਜਾ: ਸੰ. ਸੰਗਜਾ- ਛੋਟੀ ਭੈਣ, ਜੋ ਪਿੱਛੋਂ ਜੰਮੀ ਹੈ.

ਅਨੁੱਤਮ: ਸੰ. ਵਿ- ਜੋ ਨਹੀਂ ਉੱਤਮ। ੨. ਜਿਸ ਤੋਂ ਉੱਤਮ ਹੋਰ ਨਹੀਂ. ਸਭ ਤੋਂ ਉੱਤਮ.

ਅਨੁਦਾੱਤ: ਸੰ. ਅਨੁਦਾਤ. ਵਿ- ਅਨ- ਉੱਦਾਤ. ਛੋਟਾ. ਤੁੱਛ। ੨. ਨੀਵਾਂ ਸੁਰ. ਧੀਮੀ ਆਵਾਜ਼.

ਅਨੁਦਿਨ: ਸੰ. ਕ੍ਰਿ. ਵਿ- ਪ੍ਰਤਿਦਿਨ. ਹਰਰੋਜ਼. ਨਿੱਤ. ਸਦਾ.

ਅਨੁਨਾਸਿਕ: ਸੰ. ਵਿ- ਮੂੰਹ ਦੇ ਨਾਲ ਨੱਕ ਵਿੱਚ ਬੋਲਣ ਵਾਲਾ ਅੱਖਰ. ਙ, ਞ, ਣ, ਨ, ਮ ਵਰਣ.

ਅਨੁਨਾਦ ਸੰ. ਸਗਜਾ- ਪ੍ਰਤਿਧ੍ਵਨਿ. ਗੂੰਜ. ਮੁੜਵੀਂ ਅਵਾਜ਼.

ਅਨੁਪਸ੍ਥਿਤਿ: ਸੰ. ਸੰਗਜਾ- ਨਾ ਉਪਸਥਿਤਿ (ਮੌਜੂਦਗੀ) ਗ਼ੈਰਹ਼ਾਜ਼ਿਰੀ.

ਅਨੁਪਪੱਤਿ: ਸੰ. ਸੰਗਜਾ- ਉਪਪੱਤਿ (ਯੁਕਤੀ) ਦਾ ਅਭਾਵ. ਬੇਦਲੀਲੀ ਬਾਤ. ਅਸਿੱਧਿ। ੨. ਅਸੰਗਤਿ। ੩. ਅਸਮਰਥਤਾ। ੪. ਅਪ੍ਰਾਪਤਿ.

ਅਨੁਪਮ: ਸੰ. ਵਿ- ਉਪਮਾ ਰਹਿਤ. ਬੇਨਜੀਰ.

ਅਨੁਪਲਬਧਿ: ਸੰ. ਅਨੁਪਲਬ੍ਧਿ. ਸੰਗਜਾ- ਉਪਲਬਧਿ (ਪ੍ਰਾਪਤੀ) ਦਾ ਅਭਾਵ. ਅਪ੍ਰਾਪਤੀ। ੨. ਅਭਾਵ ਦਾ ਗਜਾਨ. ਜੈਸੇ ਘੋੜੇ ਵਿੱਚ ਹਾਥੀ ਅਭਾਵ, ਇਸ ਥਾਂ ਘੋੜੇ ਵਿੱਚ ਹਾਥੀ ਭਾਨ ਨਾ ਹੋਣਾ, ਅਨੁਪਲਬਧਿ ਹੈ.

ਅਨੁਪਾਨ: ਸੰ. ਸੰਗਜਾ- ਓਹ ਵਸਤੁ, ਜੋ ਦਵਾ ਪਿੱਛੋਂ ਪਾਨ (ਪੀਤੀ) ਜਾਵੇ. ਔਖਧ ਨਾਲ ਖਾਣ ਪੀਣ ਵਾਲੀ ਵਸਤੁ। ੨. ਭੋਜਨ ਪਿੱਛੋਂ ਜਲ ਆਦਿ ਜੋ ਪੀਤਾ ਜਾਵੇ.

ਅਨੁਪਾਰ: ਅਨੂਪਮ ਰੂਪ ਦਾ ਸੰਖੇਪ.

ਅਨੁਪਾਰੀ: ਵਿ- ਅਨੂਪਮ ਰੂਪ ਵਾਲੀ.

ਅਨੁਪ੍ਰਾਸ: ਇੱਕ ਸ਼ਬਦਾਲੰਕਾਰ, ਜਿਸ ਦਾ ਲੱਛਣ ਹੈ ਕਿ ਅੱਖਰਾਂ ਦੀ ਸਮਾਨਤਾ ਅਤੇ ਪਦਾਂ ਦਾ ਵਜ਼ਨ ਅਨੇਕ ਵਾਰ ਵਾਕ ਵਿੱਚ ਤੁੱਲ ਹੋਵੇ. ਇਸ ਨੂੰ "ਪਦਮੈਤ੍ਰੀ" ਅਤੇ "ਵਰਣਮੈਤ੍ਰੀ" ਭੀ ਆਖਦੇ ਹਨ. ਵਿਦ੍ਵਾਨਾਂ ਨੇ ਇਸ ਅਲੰਕਾਰ ਦੇ ਪੰਜ ਭੇਦ ਥਾਪੇ ਹਨ-

ਛੇਕ, ਵ੍ਰਿੱਤਿ, ਸ਼੍ਰੁਤਿ, ਲਾਟ ਅਤੇ ਅੰਤਜ.

(ੳ) ਜੇ ਇੱਕੋ ਅੱਖਰ ਪਦਾਂ ਦੇ ਆਦਿ ਅਤੇ ਮੱਧ ਅਨੇਕ ਵਾਰ ਆਵੇ, ਤਦ "ਛੇਕਾਨੁਪ੍ਰਾਸ" ਹੈ.

ਉਦਾਹਰਣ-

ਗਾਵੈ ਕੋ ਵਿਦਿਆ ਵਿਖਮ ਵੀਚਾਰੁ. (ਜਪੁ)

ਕੁਚਿਲ ਕੁਰੂਪਿ ਕੁਨਾਰਿ ਕੁਲਖਨੀ

ਪਿਰਕਾ ਸਹਜੁ ਨ ਜਾਨਿਆ. (ਸਾਰ ਮਃ ੧)

ਛਤ੍ਰਧਾਰੀ ਛਤ੍ਰੀਪਤਿ ਛੈਲਰੂਪ ਛਿਤਿਨਾਥ,

ਛੋਨੀਕਰ ਛਾਯਾਬਰ ਛਤ੍ਰੀਪਤਿ ਗਾਈਐ.

(ਗਜਾਨ)

ਪਰਮਪੁਰਖ ਪਰਮੇਸੁਰ ਸ੍ਵਾਮੀ ਪਾਵਨ ਪਉਨਅਹਾਰੀ.

(ਹਜ਼ਾਰੇ ੧੦)

ਛਲਰੂਪੀ ਛੈਲੀ ਸਦਾ ਛਕੀ ਰਹਿਤ ਛਿਤਿ ਮਾਹਿ.

ਅਛਲ ਛਲਤ ਛਿਤਿਪਤਿਨ ਕੋ ਛਲੀ ਕੌਨ ਤੇ ਜਾਹਿ?

(ਚਰਿਤ੍ਰ ੭੦)

(ਅ) ਇੱਕੋ ਅੱਖਰ ਜੇ ਅਨੇਕ ਵਾਰ ਪਦਾਂ ਦੇ ਅੰਤ ਆਵੇ, ਅਤੇ ਪਦਾਂ ਦਾ ਵਜ਼ਨ ਸਮਾਨ ਹੋਵੇ, ਤਦ "ਵ੍ਰਿਤਜਾਨੁਪ੍ਰਾਸ" ਹੈ.

ਉਦਾਹਰਣ-

ਦਰਸਨ ਪਰਸਨ ਸਰਸਨ ਹਰਸਨ

ਰੰਗਿ ਰੰਗੀ ਕਰਤਾਰੀ ਰੇ (ਆਸਾ ਮਃ ੫)

ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ,

ਗਣਿਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨਚਿੰਦਾ

(ਆਸਾ ਛੰਤ ਮਃ ੫)

ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ.

(ਜਾਪੁ)

ਕਹੂੰ ਦੇਵਤਾਨ ਕੇ ਦਿਵਾਨ ਮੇ ਵਿਰਾਜਮਾਨ,

ਕਹੂੰ ਦਾਨਵਾਨ ਕੋ ਗੁਮਾਨਮਤਿ ਦੇਤ ਹੋ. (ਅਕਾਲ)

ਕਾਹੂੰ ਕੋ ਤਨੈਯਾ ਹੈ ਨ ਮੈਯਾ ਜਾਂਕੇ ਭੈਯਾ ਕੋਊ,

ਛੋਨੀ ਹੂੰ ਕੇ ਛੈਯਾ ਛੋਡ ਕਾਸੋਂ ਪ੍ਰੀਤਿ ਲਈਐ.

(ਗਜਾਨ)

(ੲ) ਸਮ ਅਸਥਾਨ ਦੇ ਵਰਣਾਂ ਦਾ ਸੰਯੋਗ ਹੋਣ ਕਰਕੇ "ਸ਼੍ਰੁਤਜਨੁਪ੍ਰਾਸ" ਹੁੰਦਾ ਹੈ. ਅਰਥਾਤ ਕੰਠ ਵਿੱਚ ਬੋਲਣ ਵਾਲੇ ਅੱਖਰ ਨਾਲ ਕੰਠਅਸਥਾਨੀ ਦਾ ਮੇਲ, ਦੰਦਾਂ ਵਿੱਚ ਬੋਲਣ ਵਾਲੇ ਅੱਖਰ ਨਾਲ ਦੰਤਅਸਥਾਨੀ ਦਾ ਮੇਲ ਆਦਿਕ.

ਉਦਾਹਰਣ-

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ. (ਜਪੁ)

ਤ- ਥ- ਸ- ਧ ਇਹ ਸਭ ਅੱਖਰ ਦੰਦਾਂ ਵਿੱਚ ਬੋਲਣ ਵਾਲੇ ਹਨ.

(ਸ) ਪਦ ਉਹੀ ਹੋਣ, ਪਰ ਅਨ੍ਵਯ ਕਰਨ ਤੋਂ ਭਾਵ ਵਿੱਚ ਭੇਦ ਹੋਵੇ, ਇਹ "ਲਾਟਾਨੁਪ੍ਰਾਸ" ਹੈ.

ਉਦਾਹਰਣ-

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ. (ਜਪੁ)

ਇਸ ਦਾ ਪਾਠ- ਗਾਵੈ ਕੋ? ਤਾਣੁ ਹੋਵੈ ਕਿਸੈ ਤਾਣੁ ਪੜ੍ਹਨ ਤੋਂ ਅਰਥ ਹੈ- ਵਾਹਗੁਰੂ ਨੂੰ ਕੌਣ ਗਾ ਸਕਦਾ ਹੈ? ਉੱਤਰ- ਜਿਸ ਨੂੰ ਕਰਤਾਰ ਦੀ ਰਖਸ਼ਾ ਦਾ ਬਲ ਹੈ. ਅਤੇ ਗਾਵੈ ਕੋ ਤਾਣੁ, ਹੋਵੈ ਕਿਸੈ ਤਾਣੁ, ਪੜ੍ਹਨ ਤੋਂ ਅਰਥ ਹੈ ਕਿ ਜਿਸ ਵਿੱਚ ਬਲ ਦੀ

ਪ੍ਰਧਾਨਤਾ ਹੈ, ਉਹ ਕਰਤਾਰ ਦੇ ਬਲ ਦੀ ਮਹਿਮਾਂ ਗਾਉਂਦਾ ਹੈ.

ਗੁਰੂਸ਼ਰਣ ਆਯੋ ਨਹੀਂ ਹੋਤ ਯਾਤਨਾ ਤਾਹਿਂ.

ਗੁਰੂਸ਼ਰਣ ਆਯੋ ਨਹੀਂ ਹੋਤ ਯਾਤਨਾ ਤਾਹਿਂ.

ਨਹੀਂ ਪਦ ਨੂੰ ਪਹਿਲੇ ਅਤੇ ਦੂਜੇ ਪਦ ਨਾਲ ਜੋੜਨ ਤੋਂ ਭਾਵ ਬਦਲਗਿਆ.

ਜਾਓ ਮਤ ਠਹਿਰੋ ਇਹਾਂ

ਇਸ ਵਾਕ ਦੇ ਮਤ ਪਦ ਦਾ ਜਾਓ ਅਥਵਾ ਠਹਿਰੋ ਨਾਲ ਸੰਯੋਗ ਕਰਨ ਤੋਂ ਭਾਵ ਵਿੱਚ ਭਾਰੀ ਭੇਦ ਹੋ ਜਾਂਦਾ ਹੈ.

(ਹ) ਛੰਦ ਦੀਆਂ ਤੁਕਾਂ ਦੇ ਅੰਤਿਮ ਅੱਖਰ ਦੀ "ਤੁਕਾਂਤ" ਸੰਗਜ੍ਯਾ ਹੈ. ਅਤੇ ਇਸ ਤੁਕਾਂਤ ਦਾ ਨਾਉਂ ਹੀ "ਅੰਤਜ੍ਯਾਨੁਪ੍ਰਾਸ" ਹੈ. ਕਵੀਆਂ ਨੇ "ਅੰਤਜ੍ਯਾਨੁਪ੍ਰਾਸ" ਛੀ ਪ੍ਰਕਾਰ ਦਾ ਕਲਪਿਆ ਹੈ- ਸਰਵਾਂਤਜ, ਸਮਾਂਤਜ ਵਿਖਮਾਂਤਜ. ਸਮਾਂਤਜ, ਵਿਖਮਾਂਤਜ, ਸਮਵਿਖਮਾਂਤਜ ਅਤੇ ਭਿੰਨਤੁਕਾਂਤਜ.

(a) ਸਰਵਾਂਤਜ ਅਨੁਪ੍ਰਾਸ ਉਹ ਹੈ ਕਿ ਸਾਰੇ ਚਰਣਾਂ ਦੇ ਅੰਤਿਮ ਪਦ ਇੱਕ ਹੀ ਵਜ਼ਨ ਦੇ ਹੋਣ ਅਤੇ ਪਿਛਲਾ ਅੱਖਰ ਭੀ ਇੱਕੋ ਹੋਵੇ.

ਉਦਾਹਰਣ-

ਅਮਿਤ ਤੇਜ ਜਗ ਜੋਤਿ ਪ੍ਰਕਾਸੀ,

ਆਦਿ ਅਛੇਦ ਅਭੈ ਅਵਿਨਾਸੀ,

ਪਰਮ ਤੱਤ ਪਰਮਾਥੰ ਵਿਕਾਸੀ,

ਆਦਿ ਸਰੂਪ ਅਖੰਡ ਉਦਾਸੀ. (ਗਜ੍ਯਾਨ)

(b) ਸਮਾਂਤਜ ਵਿਖਮਾਂਤਜ ਅਨੁਪ੍ਰਾਸ ਓਹ ਹੈ ਕਿ ਟੌਂਕ ਪਦ ਨਾਲ ਟੌਂਕ ਦਾ, ਅਤੇ ਜਿਸਤ ਨਾਲ ਜਿਸਤ ਦਾ ਵਜ਼ਨ ਅਤੇ ਅੱਖਰ ਮਿਲੇ.

ਉਦਾਹਰਣ-

ਗੁਣ ਮੁਦ ਮੰਗਲ ਮੂਲ,

ਸਭ ਕਾਰਯ ਕੋ ਸਿਧ ਕਰਤ,

ਅਵਗੁਣ ਗਹੋ ਨ ਭੂਲ,

ਸੁਖ ਸੰਪਤਿ ਕੋ ਜੋ ਹਰਤ.

(c) ਜਿਸਤ ਨਾਲ ਜਿਸਤ ਦਾ ਅੰਤਿਮ ਵਜ਼ਨ ਅਤੇ ਅੱਖਰ ਮਿਲੇ, ਪਰ ਟੌਂਕ ਨਾਲ ਨਾ ਮਿਲੇ. ਇਹ ਸਮਾਂਤਜ ਅਨੁਪ੍ਰਾਸ ਹੈ.

ਉਦਾਹਰਣ-

ਇੰਦ੍ਰਾਨ ਇੰਦ੍ਰ,

ਬਾਲਾਨ ਬਾਲ,

ਰੰਕਾਨ ਰੰਕ,

ਕਾਲਾਨ ਕਾਲ. (ਜਾਪੁ)

(d) ਵਿਖਮਾਂਤਜ ਅਨੁਪ੍ਰਾਸ ਵਿੱਚ ਟੌਂਕ ਪਦਾਂ ਦਾ ਅੰਤਿਮ ਵਜ਼ਨ ਅਤੇ ਅੱਖਰ ਮਿਲਦੇ ਹਨ, ਅਤੇ ਜਿਸਤ ਪਦਾਂ ਦੇ ਅਣਮੇਲ ਹੁੰਦੇ ਹਨ.

ਉਦਾਹਰਣ-

ਸਾਲਾਹੀ ਸਾਲਾਹਿ,

ਏਤੀ ਸੁਰਤਿ ਨ ਪਾਈਆ,

ਨਦੀਆ ਅਤੈ ਵਾਹ,

ਪਵਹਿ ਸਮੁੰਦਿ ਨ ਜਾਣੀਅਹਿ. (ਜਪੁ)

(e) ਪਹਿਲੇ ਚਰਣ ਦਾ ਦੂਜੇ ਨਾਲ ਅੰਤਿਮ ਵਜ਼ਨ ਅਤੇ ਅੱਖਰ ਮਿਲੇ, ਅਤੇ ਤੀਜੇ ਚਰਣ ਨਾਲ ਚੌਥੇ ਚਰਣ ਦਾ ਸਮ ਮੇਲ ਹੋਵੇ, ਇਹ ਸਮਵਿਖਮਾਂਤਜ ਅਨੁਪ੍ਰਾਸ ਹੈ.

ਉਦਾਹਰਣ-

ਗੁਨ ਗਨ ਉਦਾਰ,

ਮਹਿਮਾ ਅਪਾਰ,

ਆਸਨ ਅਭੰਗ,

ਉਪਮਾਂ ਅਨੰਗ. (ਜਾਪੁ)

(f) ਜੇ ਸਾਰੇ ਚਰਣਾਂ ਦੇ ਅੰਤਿਮ ਅੱਖਰ ਅਤੇ ਵਜ਼ਨ ਭਿੰਨ- ਭਿੰਨ (ਵੱਖੋ- ਵੱਖ) ਹੋਣ, ਤਦ ਭਿੰਨ ਤੁਕਾਂਤਜ ਅਨੁਪ੍ਰਾਸ ਹੈ.

ਉਦਾਹਰਣ-

ਕਿਤੋ ਕਾਲ ਬੀਤਯੋ ਭਏ ਰਾਮਰਾਜੰ,

ਸਬੈ ਸ਼ਤ੍ਰੂ ਜੀਤੇ ਮਹਾ ਜੁੱਧਮਾਲੀ,

ਫਿਰਯੋ ਚਕ੍ਰ ਚਾਰੋਂ ਦਿਸ਼ਾ ਮੱਧ ਰਾਮੰ,

ਭਯੋ ਨਾਮ ਤਾਂਤੇ ਮਹਾਂ ਚਕ੍ਰਵਰਤੀ. (ਰਾਮਾਵ)

ਅਨੁਬੰਧ: ਸੰ. अनुबन्ध. ਸੰਗਯਾ- ਸੰਬੰਧ. ਤਅੱਲੁਕ. ਰਿਸ਼ਤਾ. ਲਗਾਉ। ੨. ਗ੍ਰੰਥ ਦੇ ਮਜਮੂੰਨ (ਵਿਸ਼ਯ), ਜਿਨ੍ਹਾਂ ਦਾ ਸੰਬੰਧ ਪਾਠਕਾਂ ਨਾਲ ਹੈ- ਅਧਿਕਾਰੀ, ਵਿਸ਼ਯ, ਸੰਬੰਧ, ਪ੍ਰਯੋਜਨ. "ਇਮ ਚਾਰੋਂ ਅਨੁਬੰਧ ਕੋ ਗ੍ਯਾਨ ਰਿਦੇ ਜਬ ਹੋਇ." (ਗੁਪ੍ਰਸੂ)

ਅਨੁਭਵ: ਸੰ. ਸੰਗਯਾ- ਬਿਨਾ ਸੰਸਕਾਰ ਉਤਪੰਨ ਹੋਇਆ ਗ੍ਯਾਨ। ੨. ਪ੍ਰਤੱਖ ਗ੍ਯਾਨ। ੩. ਬਿਨਾ ਸੰਸੇ ਗ੍ਯਾਨ। ੪. ਇੱਕ ਗਣਛੰਦ. ਇਸ ਦੇ ਨਾਉਂ "ਅਕਰਾ" "ਅਣਕਾ" "ਅਨਹਦ" "ਸ਼ਸ਼ਿਵਦਨਾ" "ਚੰਡਰਸਾ" ਅਤੇ "ਮਧੁਰਧੁਨਿ" ਭੀ ਹਨ. ਲੱਛਣ- ਚਾਰ ਚਰਣ. ਪ੍ਰਤਿ ਚਰਣ, ਨ, ਯ. ।।।, ।SS.

ਉਦਾਹਰਣ-

ਅਨਹਦ ਬੱਜੇ। ਧੁਨਿ ਘਨ ਲੱਜੇ,

ਘਣਹਣ ਘੋਰੰ। ਜਣੁ ਬਣ ਮੋਰੰ.

(ਸੁਰਜਾਵ)

**ਅਨੁਭਾਵ:** ਸੰ. ਸੰਗਯਾ- ਪ੍ਰਭਾਵ. ਅਸਰ। ੨. ਕਾਵ੍ਯ ਅਨੁਸਾਰ ਅਸਥਾਈ (ਸ੍ਥਾਯੀ) ਰਸ ਦਾ ਪ੍ਰਕਾਸ਼ਕ. ਨੇਤ੍ਰ ਭੌਂਹ ਦਾ ਇਸ਼ਾਰਾ ਆਦਿ.

**ਅਨੁਭੂਤ:** ਸੰ. ਵਿ- ਅਨੁਭਵ ਕੀਤਾ. ਜਿਸ ਦਾ ਸਾਕ੍ਸ਼ਾਤ- ਗ੍ਯਾਨ ਹੋਇਆ ਹੈ। ੨. ਪਰਖਿਆ ਹੋਇਆ। ੩. ਜਾਣਿਆ ਹੋਇਆ.

**ਅਨੁਮਤਿ:** ਸੰ. ਸੰਗਯਾ- ਸੰਮਤਿ. ਇੱਤਿਫ਼ਾਕ਼ ਰਾਇ। ੨. ਆਗ੍ਯਾ। ੩. ਵਿਸ਼ਨੁ ਪੁਰਾਣ ਅਨੁਸਾਰ ਅੰਗਿਰਾ ਦੀ ਪੁਤ੍ਰੀ ਅਤੇ ਚੰਦ੍ਰਮਾ ਦੀ ਇਸਤ੍ਰੀ.

**ਅਨੁਮਾਨ:** ਸੰ. ਸੰਗਯਾ- ਅੰਦਾਜ਼ਾ. ਅੱਟਾ ਸੱਟਾ. ਅਟਕਲ. ਕ਼ਿਆਸ। ੨. ਦੇਖੋ, ਪ੍ਰਮਾਣ.

**ਅਨੁਮੋਦਨ:** ਸੰ. ਸੰਗਯਾ- ਤਾਈ਼ਦ. ਪੁਸ਼੍ਟੀ। ੨. ਪ੍ਰਸੰਨਤਾ ਪ੍ਰਗਟ ਕਰਨ ਦੀ ਕ੍ਰਿਯਾ। ੩. ਲਡਾਉਣਾ. "ਅਨੁਮੋਦਨ ਨੰਦਨ ਮਾਤ ਕਰੈ." (ਗੁਪ੍ਰਸੂ)

**ਅਨੁਮੰਤਿ:** ਸੰ. अनुमन्तृ- ਅਨੁਮੰਤ੍ਰਿ. ਵਿ- ਅਨੁਮਤਿ (ਰਾਇਮਿਲਾਉਣ) ਵਾਲਾ। ਸੰਮਤੀ ਕਰਨ ਵਾਲਾ।

**ਅਨੁਯਾਈ, ਅਨੁਯਾਯੀ:** ਸੰ. अनुयायिन्. ਵਿ- ਪਿੱਛੇ ਤੁਰਨ ਵਾਲਾ. ਅਨੁਗਾਮੀ। ੨. ਨੌਕਰ. ਸੇਵਕ.

**ਅਨੁਰਕਤ:** ਸੰ. ਅਨੁਰਕ੍ਤ. ਵਿ- ਪ੍ਰੇਮ ਵਿੱਚ ਲੀਨ, ਆ਼ਸ਼ਕ. ਅਨੁਰਾਗ ਸਹਿਤ। ੨. ਲਾਲ ਰੰਗ ਵਿੱਚ ਰੰਗਿਆ। ੩. ਪਿਆਰਾ.

**ਅਨੁਰਾਉ:** ਪ੍ਰੇਮ. ਦੇਖੋ, ਅਨਰਾਉ। ੨. ਸੰ. ਅਨੁਰਾਵ. ਸੰਗਯਾ- ਪ੍ਰਤਿਧ੍ਵਨਿ. ਗੂੰਜ. ਮੁੜਵੀਂ ਆਵਾਜ਼.

**ਅਨੁਰਾਗ:** ਸੰ. ਸੰਗਯਾ- ਪ੍ਰੇਮ. ਪਿਆਰ. ਮੁਹੱਬਤ।

੨. ਪਿਆਰ ਦੇ ਬਦਲੇ ਕੀਤਾ ਪ੍ਰੇਮ.

**ਅਨੁਰਾਗੀ:** ਸੰ. अनुरागिन्. ਵਿ- ਪ੍ਰੇਮੀ. ਪਿਆਰਾ। ੨. ਪਿਆਰ ਦੇ ਬਦਲੇ ਰਾਗ (ਪ੍ਰੇਮ) ਕਰਨ ਵਾਲਾ.

**ਅਨੁਰਾਧਾ:** ਸੰ. ਸੰਗਯਾ- ਸਤਾਈ ਨਛਤ੍ਰਾਂ ਵਿੱਚੋਂ ਸਤਾਰਵਾਂ ਨਛਤ੍ਰ. ਹਿੰਦੂਮਤ ਅਨੁਸਾਰ ਇਸ ਨਛਤ੍ਰ ਵਿੱਚ ਯਾਤ੍ਰਾ (ਸਫਰ) ਅਤੇ ਮੰਗਲਕਰਮ ਕਰਨੇ ਸ਼ੁਭ ਹਨ.

**ਅਨੁਰੁ:** ਸੰ. ਅਨੂਰੁ. ਸੰਗਯਾ- ਸੂਰਜ ਦਾ ਰਥਵਾਹੀ, ਜਿਸ ਦੇ ਉਰੁ (ਪੱਟ) ਨਹੀਂ. ਦੇਖੋ, ਅਰੁਣ.

**ਅਨੁਰੂਪ:** ਸੰ. ਵਿ- ਸਮਾਨ. ਸਰੀਖਾ. ਜੇਹਾ. ਉਸੇ ਸ਼ਕਲ ਦਾ। ੨. ਯੋਗ੍ਯ. ਮੁਨਾਸਿਬ. ਦੇਖੋ, ਅਨਰੂਪ.

**ਅਨੁਰੋਧ:** ਸੰ. ਸੰਗਯਾ- ਰੁਕਾਵਟ. ਪ੍ਰਤਿਬੰਧ. ੨. ਹਠ। ੩. ਪ੍ਰੇਰਨਾ. ਤਰਗ਼ੀਬ.

**ਅਨੁਲੋਮ:** ਸੰ. ਸੰਗਯਾ- ਉੱਪਰ ਤੋਂ ਹੇਠ ਨੂੰ ਆਉਣ ਦਾ ਕ੍ਰਮ। ੨. ਦੇਖੋ, ਦਸਅਠ ਵਰਣ.

**ਅਨੁਲੋਮਜ:** ਸੰ. ਦੇਖੋ, ਦਸਅਠ ਵਰਣ.

**ਅਨੁਵਾਕ:** ਸੰ. ਸੰਗਯਾ- ਗ੍ਰੰਥ ਦਾ ਭਾਗ. ਪ੍ਰਕਰਣ. ਅਧ੍ਯਾਯ. ਕਾਂਡ। ੨. ਕਿਸੇ ਵਾਕ ਦੇ ਭਾਵ ਅਨੁਸਾਰ ਕਹਿਆ ਹੋਇਆ ਵਾਕ। ੩. ਉਸਤਾਦ ਦੇ ਉੱਚਾਰਣ ਕੀਤੇ ਸ਼ਬਦਾਂ ਦਾ ਦੁਹਰਾਉਣਾ. "ਪਢੈਂ ਅਨੁਵਾਕ ਜੈਸੇ ਪਾਧਾ ਸੋ ਪਢਾਵਈ." (ਨਾਪ੍ਰ)

**ਅਨੁਵਾਦ:** ਸੰ. ਸੰਗਯਾ- ਉਲਥਾ. ਤਰਜੁਮਾ। ੨. ਦੁਹਰਾਉਣ ਦੀ ਕ੍ਰਿਯਾ. ਕਿਸੇ ਵਾਕ ਨੂੰ ਫੇਰ ਆਖਣਾ. ਪੁਨਰੁਕ੍ਤਿ। ੩. ਬਦਗੋਈ. ਨਿੰਦਾ.

**ਅਨੁਵਾਦੀ:** ਸੰਗੀਤ ਅਨੁਸਾਰ ਉਹ ਸੁਰ (ਸ੍ਵਰ), ਜੋ ਸੰਵਾਦੀ ਸੁਰ ਦੀ ਪੁਸ਼੍ਟੀ ਕਰਦਾ ਹੈ, ਜਿਵੇਂ ਬਿਲਾਵਲ ਵਿੱਚ ਪੰਚਮ ਸੁਰ ਅਨੁਵਾਦੀ ਹੈ. ਦੇਖੋ, ਸੰਵਾਦੀ। ੨. ਵਿ- ਕਿਸੇ ਦੇ ਕਹੇ ਹੋਏ ਵਾਕ ਨੂੰ ਮੁੜ ਕਹਿਣ ਵਾਲਾ.

ਅਨੂਠਾ: ਵਿ- ਅਣੋਖਾ. ਨਵੇਂ ਢੰਗ ਦਾ. ਅਦਭੁਤ.

ਅਨੂਢਾ: ਸੰ. ਸੰਗਯਾ- ਜੋ ਊਢਾ (ਵਿਆਹੀ ਹੋਈ) ਨਹੀਂ. ਕੁਆਰੀ ਇਸਤ੍ਰੀ. ਜਿਸ ਦੀ ਸ਼ਾਦੀ ਨਹੀਂ ਹੋਈ.

ਅਨੂਪ: ਸੰ. ਸੰਗਯਾ- ਉਹ ਦੇਸ਼ ਜਿੱਥੇ ਬਹੁਤ ਜਲ ਹੋਵੇ। ੨. ਭੈਂਸ. ਮੱਝ. ਮਹਿੰ। ੩. ਵਿ- ਅਨੁਪਮ. ਜਿਸ ਦੀ ਉਪਮਾ ਨਹੀਂ ਕਹੀ ਜਾ ਸਕਦੀ. ਬੇਮਿਸਾਲ. "ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ." (ਜਪੁ)

ਅਨੂਪ ਸ਼ਹਰ: ਇਹ ਯੂ. ਪੀ. ਵਿੱਚ ਗੰਗਾ ਦੇ ਕਿਨਾਰੇ ਬੁਲੰਦਸ਼ਹਰ ਜਿਲੇ ਦੀ ਤਸੀਲ ਦਾ ਅਸਥਾਨ ਹੈ, ਜੋ ਬੁਲੰਦ ਸ਼ਹਰ ਤੋਂ ੨੫ ਮੀਲ ਚੜ੍ਹਦੇ ਪਾਸੇ ਹੈ. ਬਾਦਸ਼ਾਹ ਜਹਾਂਗੀਰ ਵੇਲੇ ਰਾਜਾ ਅਨੂਪਰਾਇ ਨੇ ਇਹ ਨਗਰ ਆਬਾਦ ਕੀਤਾ ਸੀ. ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਸਹੁਰਾ ਦਯਾ (ਦਿਆ) ਰਾਮ ਇਸੇ ਸ਼ਹਿਰ ਦਾ ਵਸਨੀਕ ਸੀ.

ਅਨੂਪ ਨਰਾਜ ਛੰਦ: ਸੰਗਯਾ- ਇਸ ਛੰਦ ਦਾ ਲੱਛਣ ਨਰਾਜ ਛੰਦ ਤੋਂ ਭਿੰਨ ਨਹੀਂ, ਕਿਉਂਕਿ ਇਸ ਵਿੱਚ ਭੀ ਲਘੁ ਗੁਰੁ ਦੇ ਕ੍ਰਮ ਨਾਲ ਪ੍ਰਤਿਚਰਣ ਸੋਲਾਂ ਸੋਲਾਂ ਅੱਖਰ, ਅਥਵਾ ਪ੍ਰਤਿ ਚਰਣ ਜ, ਰ, ਜ, ਰ, ਜ, ਗ. ।S।, S।S, ।S।, S।S, ।S।, S, ਹਨ. ਦਸਮਗ੍ਰੰਥ ਵਿੱਚ ਵਰਣਮੈਤ੍ਰੀ ਦੇ ਕਾਰਣ "ਨਰਾਜ" ਦੇ ਆਦਿ "ਅਨੂਪ" ਸ਼ਬਦ ਲਾਇਆ ਹੈ.

ਉਦਾਹਰਣ-

ਗਜੰ ਗਜੇ ਹਯੰ ਹਲੇ ਹਲਾਹਲੀ ਹਲੋਹਲੰ,

ਬਬੱਜ ਸਿੰਧਰੇ ਸੁਰੰ ਛੁਟੰਤ ਬਾਣ ਕੇਵਲੰ,

ਪਪੱਕ ਪੱਖਰੇ ਤੁਰੇ ਭਭੱਕ ਘਾਯ ਨਿਮੱਲੰ,

ਪਲੁੱਥ ਲੁੱਥ ਬਿੱਥੁਰੀ ਅਮੱਥ ਜੁੱਥ ਉੱਥਲੰ. (ਰਾਮਾਵ)

ਅਨੂਪਮ: ਦੇਖੋ, ਅਨੁਪਮ.

ਅਨੂਪਾਛ: ਵਿ- ਅਨੁਪਮ- ਅਕ੍ਸ਼ਿ. ਬੇਨਜੀਰ ਨੇਤ੍ਰ. "ਸੋਹਤ ਅਨੂਪਾਛ." (ਕਲਕੀ)

ਅਨੂਪਾਨ: ਦੇਖੋ, ਅਨੁਪਾਨ.

ਅਨੂਪਿਆ: ਵਿ- ਅਨੁਪਮਤਾ ਵਾਲਾ. ਜਿਸ ਵਿੱਚ ਅਤੁੱਲਤਾ ਘਟਦੀ ਹੈ. "ਚਕ੍ਰਪਾਣਿ ਦਰਸਿ ਅਨੂਪਿਆ." (ਮਾਰੂ ਸੋਲਹੇ ਮਃ ੫)

ਅਨੂਪੁ: ਦੇਖੋ, ਅਨੂਪ.

ਅਨੂਪੇਰਾ: ਵਿ- ਅਨੁਪਮਤਾ ਵਾਲਾ. "ਰੰਗ ਅਨੂਪੇਰੈ." (ਕਾਨ ਮਃ ੫)

ਅਨੂਪੇਰੈ: ਧੇਖੋ. ਅਨੂਪੇਰਾ.

ਅਨੂਰੁ: ਦੇਖੋ, ਅਨੁਰੁ.

ਅਨੇਸ: ਵਿ- ਅਨੀਕ- ਈਸ਼. ਸੈਨਾਪਤਿ. "ਰਚੇ ਚਾਰ ਅਨੇਸੰ."(ਚੰਡੀ ੨) ਚਾਰ ਸਿਪਹਸਾਲਾਰ ਥਾਪੇ.

ਅਨੇਹ: ਵਿ- ਸਨੇਹ ਰਹਿਤ. ਨਿਰਮੋਹ. ਸੰ. अस्नेह.

ਅਨੇਹਾ: ਵਿ- ਏਹੋ ਜੇਹਾ. ਐਸਾ। ੨. ਡਿੰਗ. ਸੰਗਯਾ- ਸਮਾ. ਵੇਲਾ.

ਅਨੇਕ: ਸੰ. ਵਿ- ਨਾ ਇੱਕ. ਇੱਕ ਤੋਂ ਵੱਧ. ਬਹੁਤ. ਨਾਨਾ. "ਅਨੇਕ ਉਪਾਵ ਕਰੀ ਗੁਰ ਕਾਰਣਿ."

(ਸੂਹੀ ਅਃ ਮਃ ੪)

ਅਨੇਕਤਾ: ਸੰ. ਸੰਗਜਾ- ਅਨੇਕਤ੍ਵ. ਜ਼ਯਾਦਤੀ. ਬਹੁਤਾਤ. ਬਾਹੁਲਜਤਾ.

ਅਨੇਕਦਾ: ਸੰ. ਕ੍ਰਿ. ਵਿ- ਬਹੁਤ ਵਾਰ. ਕਈ ਦਫ਼ਹ. "ਅਨੇਕਦਾ ਨਿਵਾਵਤ ਹੈਂ ਸੀਸ ਕੋ." (ਅਕਾਲ)

ਅਨੇਕਧਾ: ਸੰ. ਕ੍ਰਿ. ਵਿ- ਅਨੇਕ ਪ੍ਰਕਾਰ ਨਾਲ. ਬਹੁਤ ਤਰਾਂ.

ਅਨੇਕਪ: ਦੇਖੋ, ਅਨਕਪ.

ਅਨੇਕ ਵਕ੍ਰਾ: ਦੇਖੋ, ਕੁਬਜਾ.

ਅਨੇਤ, ਅਨੇਤਾ: ਦੇਖੋ, ਅਨਿਤਜ। ੨. ਸੰ. अनियत- ਅਨਿਯਤ. ਵਿ- ਬਿਨਾ ਨਿਸ਼ਚੇ. "ਬਹੁ ਬਿਧਿ ਜੋਨੀ ਫਿਰਤ ਅਨੇਤਾ." (ਮਾਰੂ ਮਃ ੫) ੩. ਬਿਨਾ ਨਿਰਣੇ. "ਜੋ ਕਿਛੁ ਕੀਨੋ ਸੋਊ ਅਨੇਤਾ." (ਸੁਖਮਨੀ) ੪. ਦੇਖੋ, ਆਨੀਤ.

ਅਨੇਰਾ: ਸੰਗਜਾ- ਅੰਧਕਾਰ. ਅੰਧੇਰਾ. "ਦੂਜੈਭਾਇ ਅਨੇਰਾ." (ਮਾਝ ਅਃ ਮਃ ੩)

ਅਨੈ: ਨਯ (ਨੀਤਿ) ਦਾ ਅਭਾਵ. ਅਨੀਤਿ.

ਅਨੈਸ, ਅਨੈਸਾ: ਵਿ- ਅਨਿਸ਼੍ਟ. ਦੁਖਦਾਈ. "ਛਤ੍ਰੀ ਖੜਗੇਸ ਹਨਐ ਅਨੈਸੋ ਬੋਲ ਹੌਂ ਸਹੋਂ." (ਕ੍ਰਿਸਨਾਵ) ੨. ਅਨਾਯਾਸ. ਬਿਨਾ ਜਤਨ. "ਪਾਰ ਭਈ ਪਟ ਫਾਰ ਅਨੈਸੇ." (ਚੰਡੀ ੧)

ਅਨੈਕਜ: ਸੰ. ਸੰਗਜਾ- ਏਕਤਾ ਦਾ ਅਭਾਵ. ਨਾ ਇੱਤਿਫ਼ਾਕੀ. ਫੁੱਟ.

ਅਨੋਖਾ: ਦੇਖੋ, ਅਣੋਖਾ.

ਅਨੋਚਿਤ: ਵਿ- ਅਨੁਚਿਤ. ਜੋ ਉਚਿਤ (ਮੁਨਾਸਿਬ) ਨਹੀਂ. ਅਯੋਗਜ. "ਵਾਕ ਅਨੋਚਿਤ ਮੈਂਜੁ ਬਖਾਨੇ." (ਨਾਪ੍ਰ)

ਅਨੋਜ: ਵਿ- ਬਿਨਾ- ਓਜ. ਬਲ ਰਹਿਤ. ਨਿਰਬਲ. "ਜੀਵ ਅਨੋਜ ਜਾਇ ਜਿਹ ਜਾਈ." (ਨਾਪ੍ਰ) ੨. ਦੇਖੋ, ਅਨੁਜ.

ਅਨੋਪਮ, ਅਨੋਪਿਮ: ਸੰ. ਅਨੁਪਮ. ਵਿ- ਉਪਮਾ ਰਹਿਤ. ਬੇਨਜੀਰ. ਅਦੁਤੀ. "ਪਰਮਾਦਿ ਪੁਰਖ ਮਨੋਪਿਮੰ." (ਗੂਜ ਜੈਦੇਵ) ਪਰਮ ਆਦਿ ਪੁਰਖੰ ਅਨੋਪਮੰ.

ਅਨੰਗ: ਸੰ. अनङ्ग. ਸੰਗਜਾ- ਜਿਸ ਦੇ ਅੰਗ (ਦੇਹ) ਨਹੀਂ. ਕਾਮਦੇਵ. ਪੁਰਾਣਕਥਾ ਹੈ ਕਿ ਮਦਨ ਨੇ ਇੱਕ ਵਾਰ ਸ਼ਿਵ ਨੂੰ ਸੰਤਾਪ ਦਿੱਤਾ, ਜਿਸ ਪਰ ਕ੍ਰੋਧਦ੍ਰਿਸ਼੍ਟਿ ਨਾਲ ਮਹਾਦੇਵ ਨੇ ਉਸ ਨੂੰ ਭਸਮ ਕਰ ਦਿੱਤਾ। ੨. ਵਿ- ਦੇਹ ਰਹਿਤ. "ਅੰਗ ਤੇ ਹੋਇ ਅਨੰਗ ਕਿਨ?" (ਰਾਮਾਵ) ਸ਼ਰੀਰ ਦਾ ਤਿਆਗ ਕਿਉਂ ਨਾ ਹੋ ਜਾਵੇ? ੩. ਵਿਦੇਹ. ਦੇਹ ਅਭਿਮਾਨ ਰਹਿਤ. "ਧਨੁਖ ਧਰਜੋ ਲੈ ਭਵਨ ਮੇ ਰਾਜਾ ਜਨਕ ਅਨੰਗ." (ਰਾਮਚੰਦ੍ਰਿਕਾ) ਵਿਦੇਹ ਜਨਕ। ੪. ਸੰਗਜਾ- ਆਕਾਸ਼। ੫. ਮਨ। ੬. ਆਤਮਾ.

ਅਨੰਗਸ਼ੇਖਰ: ਸੰਗਜਾ- ਇੱਕ ਵਰਣਿਕ ਛੰਦ. ਇਸ ਦਾ ਨਾਉਂ "ਮਹਾਨਰਾਚ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ- ਲਘੁ ਗੁਰੁ ਦੇ ਕ੍ਰਮ ਨਾਲ ੩੨ ਅੱਖਰ ਅਤੇ ਅੱਠ ਅੱਠ ਅੱਖਰਾਂ ਤੇ ਚਾਰ ਵਿਸ਼੍ਰਾਮ. ਅਥਵਾ ਜ, ਰ, ਜ, ਰ, ਜ, ਰ, ਜ, ਰ, ਜ, ਰ, ਲ, ਗ. ।S।, S।S, ।S।, S।S, ।S।, S।S, ।S।, S।S, ।S।, S।S, ।, S.

ਉਦਾਹਰਣ

ਗੁਰੂ ਗੁਬਿੰਦ ਸਿੰਘ ਕੋ ਨਮੋ ਸੁ ਹਾਥ ਜੋਰਕੈ

ਕੁਸ਼ਤ੍ਰ ਤੇਜ ਤੋਰ ਜਾਂਹਿ ਪਾਲਿਓ ਹਿੰਦਾਨ ਕੋ,

ਕ੍ਰਿਪਾਲੁ ਸੀਸ ਹਾਥ ਦੈ ਸੁ ਕੀਟ ਤੇ ਕਿਯੇ ਮ੍ਰਿਗੇਂਦ੍ਰ

ਇੰਦ੍ਰਚਾਪ ਲਾਜ ਪੇਖ ਨਾਥ ਕੀ ਕਮਾਨ ਕੋ,

ਭੁਜਾ ਭੁਜੰਗਰਾਜ ਸੀ ਵਿਰਾਜ ਸੀਸ ਕੇਸ਼

ਚੰਦ ਸ਼ਜ਼ਾਮਤਾ ਨ ਹੋਯ ਤੋ ਮੁਖਾਰਬਿੰਦ ਸਾਨ ਕੋ,

ਅਪਾਰ ਦੂਖ ਟਾਰਕੈ ਨਿਵਾਰਕੈ ਕਲੇਸ਼ ਦਾਸ

ਵਾਸ ਤੋ ਵਿਕੁੰਠ ਤੇਜ ਪੂਰਿਓ ਜਹਾਨ ਕੋ,

(ਅਧਜਾਤਮ ਰਾਮਾਯਣ ਭਾਈ ਗੁਲਾਮ ਸਿੰਘ ਕ੍ਰਿਤ)

ਅਨੰਗਪਾਲ: ਦੇਖੋ, ਅਨੰਦਪਾਲ ਅਤੇ ਜਯਪਾਲ।

੨. ਅਨੰਗ (ਪ੍ਰਦ੍ਯੁਮਨ) ਨੂੰ ਪਾਲਨ ਵਾਲਾ ਬਲਰਾਮ. ਬਲਭਦ੍ਰ.

ਅਨੰਗਰਿਪੁ, ਅਨੰਗਾਰਿ: ਸੰ. ਸੰਗਯਾ- ਅਨੰਗ (ਕਾਮ) ਦਾ ਵੈਰੀ ਸ਼ਿਵ. ਰੁਦ੍ਰ.

ਅਨੰਗੀ: ਸੰ. अनङ्गिन्. ਵਿ- ਅੰਗ ਰਹਿਤ. ਜਿਸਦੇ ਅੰਗ ਨਹੀਂ. "ਅਨੰਗੀ ਅਨਾਮੇ." (ਜਾਪੁ) ੨. ਸੰਗਯਾ- ਕਾਮਦੇਵ. ਅਨੰਗ। ੩. ਨਿਰਾਕਾਰ. ਕਰਤਾਰ.

ਅਨੰਤ: ਵਿ- ਬਿਨਾ ਅੰਤ. ਬੇਅੰਤ. ਅਨੇਕ. ਨਾਨਾ. "ਇਕਸੁ ਤੇ ਹੋਇਓ ਅਨੰਤਾ." (ਮਾਝ ਅਃ ਮਃ ੫) ੨. ਸੰਗਯਾ- ਕਰਤਾਰ. ਵਾਹਗੁਰੂ। ੩. ਆਕਾਸ਼। ੪. ਸ਼ੇਸ਼ਨਾਗ। ੫. ਬਲਭਦ੍ਰ. ਇਹ ਸ਼ੇਸ਼ ਦਾ ਅਵਤਾਰ ਮੰਨਿਆ ਹੈ, ਇਸ ਲਈ ਨਾਉਂ ਅਨੰਤ ਹੈ. "ਅਨੰਤ ਕੇ ਊਪਰ ਕੋਪ ਚਲਾਯੋ." (ਕ੍ਰਿਸਨਾਵ) ੬. ਭੁਜਾ ਉੱਪਰ ਪਹਿਰਣ ਦਾ ਇੱਕ ਗਹਿਣਾ, ਜਿਸ ਨੂੰ ਸ਼ੇਸ਼ਨਾਗ ਦੀ ਮੂਰਤੀ ਕਲਪਕੇ ਹਿੰਦੂ ਭਾਦੋਂ ਸੁਦੀ ੧੪. ਨੂੰ ਪਹਿਰਦੇ ਹਨ.

ਅਨੰਤਸ਼ੀਸੰ: ਬਹੁਤੇ ਸਿਰਾਂ ਵਾਲਾ ਸ਼ੇਸ਼ਨਾਗ। ੨. ਵਿਰਾਟ ਰੂਪ ਕਰਤਾਰ.

ਅਨੰਤਤਰੰਗੀ: ਸਮੁੰਦਰ। ੨. ਕਰਤਾਰ, ਜਿਸ ਦੀ ਮੌਜਾਂ ਦਾ ਅੰਤ ਨਹੀਂ. ਦੇਖੋ, ਅਨਤਤਰੰਗੀ। ੩. ਅਨੇਕ ਖ਼ਯਾਲਾਂ (ਖ਼ਿਆਲਾਂ) ਵਾਲਾ, ਜਿਸ ਦੇ ਮਨ ਵਿੱਚ ਅਨੇਕ ਸੰਕਲਪ ਉਠਦੇ ਹਨ. "ਅਨੰਤਤਰੰਗੀ ਦੁਖ ਮਾਇਆ." (ਗਉ ਮਃ ੪)

ਅਨੰਤਤੁਕਾ: ਜਿਸ ਦੀ ਤੁਕ ਦਾ ਅੰਤ ਨਾ ਮਿਲੇ. ਅਰਥਾਤ ਭਿੰਨਤੁਕਾਂਤ ਵਾਲਾ ਛੰਦ. Blank verse. ਇਹ ਛੰਦ ਦੀ ਕੋਈ ਖ਼ਾਸ ਜਾਤਿ ਨਹੀਂ, ਕਿੰਤੂ ਕਿਸੇ ਭੀ ਛੰਦ ਦਾ ਤੁਕਾਂਤ ਇੱਕ ਅਥਵਾ ਬਹੁਤੇ ਚਰਣਾਂ ਦਾ ਆਪੋ- ਵਿੱਚੀਂ ਨਾ ਮਿਲੇ, ਤਾਂ "ਅਨੰਤਤੁਕਾ" ਸੰਗਯਾ ਹੋ ਜਾਂਦੀ ਹੈ, ਜਿਵੇਂ ਰਾਮਾਵਤਾਰ ਵਿੱਚ "ਸਵੈਯਾ" ਅਤੇ "ਭੁਜੰਗ ਪ੍ਰਯਾਤ" ਅਨੰਤਤੁਕਾ ਦੇਖੀਦਾ ਹੈ.

ਉਦਾਹਰਣ-

ਰੋਸ ਭਰਯੋ ਤਜ ਹੋਸ਼ ਨਿਸਾਚਰ

ਸ੍ਰੀ ਰਘੁਰਾਜ ਕੋ ਘਾਇ ਪ੍ਰਹਾਰੇ,

ਜੋਸ਼ ਵਡੋ ਕਰ ਕੋਸ਼ਲਿਸ਼ੰ

ਅਧਬੀਚਹਿ ਤੇ ਸਰ ਕਾਟ ਉਤਾਰੇ,

ਫੇਰ ਬਡੋ ਕਰ ਰੋਸ ਦਿਵਾਦੰਨ

ਧਾਇਪਰੇ ਕਪਿ ਪੰਜ ਸੰਘਾਰੇ,

ਪੱਟਿਸ ਲੋਹਹਥੀ ਪਰਸੰ ਗੜ ਲੈ

ਜੱਁਬੁਵੇ ਜਮਦਾੜ੍ਹ ਚਲਾਵੈਂ.

ਕਿਤੋ ਕਾਲ ਬੀਤਯੋ ਭਏ ਰਾਮਰਾਜੰ,

ਸਬੈ ਸ਼ਤ੍ਰੁ ਜੀਤੇ ਮਹਾਂ ਜੁੱਧਮਾਲੀ,

ਫਿਰਯੋ ਚਕ੍ਰ ਚਾਰੋਂ ਦਿਸ਼ਾ ਮੱਧ ਰਾਮੰ,

ਭਯੋ ਨਾਮ ਤਾਂਤੇ ਮਹਾਂ ਚਕ੍ਰਵਰਤੀ.

੨. ਦੇਖੋ, ਸਿਰਖੰਡੀ। ੩. ਸੰਸਕ੍ਰਿਤ ਭਾਸ਼ਾ ਦੇ ਛੰਦ ਦੇਖੀਏ, ਤਦ ਬਹੁਤ ਅਨੰਤ ਤੁਕੇ ਹਨ, ਕਿਉਂਕਿ ਅੰਤਯਾਨੁਪ੍ਰਾਸ ਵਿਰਲੇ ਦਾ ਹੀ ਮਿਲਦਾ ਹੈ. ਦੇਖੋ, ਹੇਠ ਲਿਖੇ ਭੁਜੰਗ ਪ੍ਰਯਾਤ ਅਤੇ ਤੋਟਕ.

कृता येन सेवा गुरोर्मोद हेतु। स्ततश्चैव लब्धं निजानन्द रूपम्।

ददौ शिष्य संघाय नामोपदेशं। नमामि प्रसन्नं गुरूं रामदासम्॥

अमरं गुरुदेव महं सततं। प्रणामामि निरंतर मेकरसम्।

गुरु पाद सरोज विशेष रतिं। हरि देव कृपायतनं विमलम्॥

(ਗੁਰੁ ਨਾਨਕ ਸਤੋਤ੍ਰ ਰਤਨਾਕਾਰ)

੪. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੀ ਭਿੰਨਤੁਕਾਂਤ ਦੇ ਸ਼ਬਦ ਦੇਖੇ ਜਾਂਦੇ ਹਨ, ਜਿਨ੍ਹਾਂ ਦਾ "ਅੰਤਯਾਨੁਪ੍ਰਾਸ" ਨਹੀਂ ਮਿਲਦਾ, ਯਥਾ:-

ਰੂੜੋ ਮਨੁ ਹਰਿਰੰਗੋ ਲੋੜੈ,

ਗਾਲੀ ਹਰਿਨੀਹੁ ਨ ਹੋਇ,

ਹਉ ਢੂਢੇਦੀ ਦਰਸਨ ਕਾਰਣਿ,

ਬੀਥੀ ਬੀਥੀ ਪੇਖਾਂ,

ਗੁਰਮਿਲਿ ਭਰਮੁ ਗਵਾਇਆ ਹੇ,

ਇਹ ਬੁਧਿ ਪਾਈ ਮੈ ਸਾਧੂ ਕੰਨਹੁ,

ਲੇਖੁ ਲਿਖਿਓ ਧੁਰਿ ਮਾਥੈ,

ਇਹ ਬਿਧਿ ਨਾਨਕ ਹਰਿ ਨੈਣ ਅਲੋਇ.

(ਟੋਡੀ ਮਃ ੫)

੫. ਦੇਖੋ, ਚਉਬੋਲੇ ਦਾ ਰੂਪ ੨.

ਅਨੰਤਰ: ਸੰ. अनन्तर. ਕ੍ਰਿ. ਵਿ- ਉਪਰਾਂਤ. ਇਸ ਪਿੱਛੋਂ. ਬਾਦ ਅਜ਼ਾਂ। ੨. ਨਿਰੰਤਰ. ਲਗਾਤਾਰ.

ਅਨੰਤਾ: ਸੰਬੋਧਨ. ਹੇ ਅਨੰਤ! "ਜਉ ਪੈ ਹਮ ਨ ਪਾਪ ਕਰੰਤਾ, ਅਹੇ ਅਨੰਤਾ!" (ਸ੍ਰੀ ਰਵਦਾਸ) ੨. ਸੰ. अनन्ता. ਸੰਗ੍ਯਾ- ਜਿਸ ਦਾ ਅੰਤ ਨਹੀਂ, ਮਾਇਆ। ੩. ਪ੍ਰਿਥਿਵੀ। ੪. ਦੁੱਬ (ਦੂਰਵਾ). ੫. ਗਿਲੋ. ਗੁੜੂਚੀ। ੬. ਕੱਕੋ ਵਧਾਣ ਖਤ੍ਰੀ ਦਾ ਪੁਤ੍ਰ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਮਹਾਨ ਯੋਧਾ ਸਿੱਖ ਸੀ. ਇਹ ਸ਼੍ਰੀ ਅੰਮ੍ਰਿਤਸਰ ਜੀ ਦੇ ਜੰਗ ਵਿੱਚ ਸ਼ਹੀਦ ਹੋਇਆ.

ਅਨੰਤਾਸਤ੍ਰ: ਅਨੰਤ- ਅਸਤ੍ਰ. ਬੇਅੰਤ ਸ਼ਸਤ੍ਰ. "ਅਨੰਤਾਸਤ੍ਰ ਛੁੱਟੇ." (ਚੰਡੀ ੨)

ਅਨੰਤੀ ਮਾਤਾ: ਨਗਰ ਵਟਾਲਾ (ਜਿਲਾ ਗੁਰਦਾਸਪੁਰ) ਦੇ ਵਸਨੀਕ ਰਾਮ ਸਿੱਲ ਖਤ੍ਰੀ ਦੀ, ਸੁਖਦੇਵੀ ਦੇ ਉਦਰ ਤੋਂ ਉਪਜੀ ਬੇਟੀ, ਜਿਸ ਦਾ ਵਿਆਹ ੨੧. ਵੈਸਾਖ, ਸੰਮਤ ੧੬੮੧ ਨੂੰ ਬਾਬਾ ਗੁਰੁਦਿੱਤਾ ਜੀ ਨਾਲ ਹੋਇਆ. ਇਸ ਦੇ ਪੇਟੋਂ ਬਾਬਾ ਧੀਰਮੱਲ ਅਤੇ ਗੁਰੂ ਹਰਿਰਾਇ ਸਾਹਿਬ ਜੀ ਜਨਮੇ. ਮਾਤਾ ਜੀ ਦਾ ਸੰਖੇਪ ਨਾਉਂ ਨੱਤੀ ਭੀ ਹੈ. ਕਈ ਲੇਖਕਾਂ ਨੇ ਨਿਹਾਲ ਕੌਰਿ ਭੀ ਲਿਖਿਆ ਹੈ.

ਅਨੰਦ: ਸੰ. आनन्द- ਆਨੰਦ. ਸੰਗਯਾ- ਖ਼ੁਸ਼ੀ. ਪ੍ਰਸੰਨਤਾ. "ਮਿਟਿਆ ਸੋਗ ਮਹਾ ਅਨੰਦ ਥੀਆ." (ਆਸਾ ਮਃ ੫) ੨. ਰਾਗ ਰਾਮਕਲੀ ਵਿੱਚ ਇੱਕ ਖ਼ਾਸ ਬਾਣੀ, ਜੋ ਤੀਜੇ ਸਤਿਗੁਰੂ ਜੀ ਨੇ ਮੋਹਰੀ ਜੀ ਦੇ ਪੁਤ੍ਰ ਦੇ ਜਨਮ ਸਮੇਂ ਸੰਮਤ ੧੬੧੧ ਵਿੱਚ ਉੱਚਾਰਣ ਕੀਤੀ, ਅਤੇ ਪੋਤੇ ਦਾ ਨਾਉਂ 'ਅਨੰਦ' ਰੱਖਿਆ ੩. ਗੁਰ ਅਮਰ ਦੇਵ ਜੀ ਦਾ ਪੋਤਾ. ਇਹ ਮਹਾਤਮਾ ਵਡਾ ਕਰਣੀ ਵਾਲਾ ਹੋਇਆ ਹੈ. ਗੁਰੂ ਹਰਗੋਬਿੰਦ ਸਾਹਿਬ ਨੇ ਅਨੰਦ ਜੀ ਨੂੰ ਪਾਲਕੀ ਭੇਜਕੇ ਕੀਰਤਪੁਰ ਸਦਵਾਇਆ ਸੀ. ਉਹ ਪਾਲਕੀ ਹੁਣ ਗੋਇੰਦਵਾਲ ਮੌਜੂਦ ਹੈ। ੪. ਸਿੱਖ ਧਰਮ ਅਨੁਸਾਰ ਵਿਆਹ (ਸ਼ਾਦੀ) ਦਾ ਨਾਉਂ ਭੀ ਅਨੰਦ ਬਾਣੀ ਕਰਕੇ ਹੀ ਹੈ. "ਬਿਨਾ ਅਨੰਦ ਬਿਆਹ ਕੇ ਭੁਗਤੇ ਪਰ ਕੀ ਜੋਇ xxx ਮੇਰਾ ਸਿੱਖ ਨ ਸੋਇ." (ਰਤਨਮਾਲ) ਅਨੰਦ ਬਾਣੀ ਹੋਰ ਮੰਗਲ ਕਾਰਜਾਂ ਵਿੱਚ ਭੀ ਪੜ੍ਹੀ ਜਾਂਦੀ ਹੈ, ਜੈਸੇ- ਗੁਰੂ ਹਰਿਗੋਬਿੰਦ ਜੀ ਦੇ ਜਨਮ ਸਮੇਂ ਪਾਠ ਹੋਇਆ. "ਗੁਰੁ ਬਾਣੀ ਸਖੀ ਅਨੰਦ ਗਾਵੈ." (ਆਸਾ ਮਃ ੫) ਦੇਖੋ, ਆਨੰਦ ੪। ੫. ਸੰ. अनन्द. ਵਿ- ਨੰਦ (ਖ਼ੁਸ਼ੀ) ਬਿਨਾ. ਪ੍ਰਸੰਨਤਾ ਰਹਿਤ.

ਅਨੰਦ ਸਿੰਘ: ਦਸ਼ਮੇਸ਼ ਦਾ ਪਰਮ ਪ੍ਰੇਮੀ ਸਿੱਖ, ਜੋ ਬ੍ਰਹਮਗਯਾਨੀ ਅਤੇ ਮਹਾਂ ਵੀਰ ਸੀ. ਇਹ ਚਮਕੌਰ ਵਿੱਚ ਸ਼ਹੀਦ ਹੋਇਆ.

ਅਨੰਦ ਘਨ: ਦੇਖੋ, ਆਨੰਦ ਘਨ.

ਅਨੰਦਪਾਲ: ਲਹੌਰ ਦੇ ਰਾਜਾ ਜੈਪਾਲ ੧. ਦਾ ਪੁਤ੍ਰ. ਇਸ ਦਾ ਦੇਹਾਂਤ ਕਰੀਬ ਸਨ ੧੦੧੩ ਦੇ ਹੋਇਆ ਹੈ. ਇਤਿਹਾਸਕਾਰਾਂ ਨੇ ਇਸ ਦਾ ਨਾਉਂ ਅਨੰਗ ਪਾਲ ਭੀ ਲਿਖਿਆ ਹੈ.

ਅਨੰਦਪੁਰ: ਦੇਖੋ, ਆਨੰਦਪੁਰ। ੨. ਰਿਆਸਤ ਪਟਿਆਲਾ, ਤਸੀਲ ਸਰਹਿੰਦ ਥਾਣਾ ਬਸੀ ਵਿੱਚ ਇੱਕ ਪਿੰਡ ਇਸ ਪਿੰਡ ਦੀ ਵਸੋਂ ਅੰਦਰ ਇੱਕ ਨੀਵੀਂ ਜਿਹੀ ਥਾਂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ.

ਨੀਵੀਂ ਥਾਂ ਹੋਣ ਕਰਕੇ ਬਰਸਾਤ ਦਾ ਪਾਣੀ ਅੰਦਰ ਆ ਜਾਂਦਾ ਹੈ. ਗੁਰਦ੍ਵਾਰੇ ਨਾਲ ਜਾਗੀਰ ੨੦) ਰੁਪਯੇ ਸਾਲਾਨਾ ਰਿਆਸਤ ਪਟਿਆਲਾ ਵੱਲੋਂ ਹੈ. ਪੁਜਾਰੀ ਸਿੰਘ ਹੈ.

ਰੇਲਵੇ ਸਟੇਸ਼ਨ ਸਰਹਿੰਦ ਤੋਂ ਈਸ਼ਾਨ ਕੋਣ ੯. ਮੀਲ ਹੈ. ਬਸੀ ਤਕ ੫. ਮੀਲ ਪੱਕੀ ਸੜਕ ਹੈ. ਅੱਗੇ ੪. ਮੀਲ ਕੱਚਾ ਰਸਤਾ ਹੈ. ਇਸ ਦੇ ਪਾਸ ਹੀ ਕਲੌੜ ਪਿੰਡ ਹੈ ਇਸ ਕਰਕੇ ਦੋਹਾਂ ਪਿੰਡਾਂ ਦਾ ਮਿਲਵਾਂ ਨਾਉਂ "ਅਨੰਦਪੁਰ ਕਲੌੜ" ਹੈ.

ਅਨੰਦਪੁਰ ਕਲੌੜ: ਦੇਖੋ, ਅਨੰਦਪੁਰ ੨.

ਅਨੰਦਮੈ: ਆਨੰਦਮਯ. ਆਨੰਦਰੂਪ. "ਵੇ ਪਰਵਾਹੁ ਅਨੰਦਮੈ." (ਆਸਾ ਮਃ ੫)

ਅਨੰਦ ਵਿਆਹ: ਦੇਖੋ, ਅਨੰਦ ੪. ਅਤੇ ਆਨੰਦ ੪.

ਅਨੰਦੀ: ਸੰ. आनन्दिन्. ਵਿ- ਆਨੰਦ ਵਾਲਾ. ਖ਼ੁਸ਼. ਪ੍ਰਸੰਨ. "ਵਰ ਪਾਇਆ ਪੁਰਖ ਅਨੰਦੀ." (ਸ੍ਰੀ ਛੰਤ ਮਃ ੪)

ਅਨੰਦੁ: ਦੇਖੋ, ਅਨੰਦ. "ਅਨੰਦੁ ਭਇਆ ਸੁਖੁ ਪਾਇਆ." (ਵਾਰ ਮਾਰੂ ੨. ਮਃ ੫)

ਅਨੰਨ: ਜੋ ਅਨਯ (ਦੂਜੇ) ਨੂੰ ਨਾ ਮੰਨੇ. ਦੇਖੋ, ਅਨਨਯ. "ਬੈਸਨੋ ਅਨੰਨ ਬ੍ਰਹਮੰਨ ਸਾਲਿਗ੍ਰਾਮ ਸੇਵਾ." (ਭਾਗੁ ਕ) "ਸਿਖ ਅਨੰਨ ਪੰਡਿਤ ਦਿਖ ਐਸੇ। ਗ੍ਰਹ ਤਿਥਿ ਵਾਰ ਨ ਜਾਨੈ ਕੈਸੇ। ਏਕ ਭਰੋਸਾ ਪ੍ਰਭੁ ਕਾ ਪਾਏ। ਤਯਾਗ ਲਗਨ ਅਰਦਾਸ ਕਰਾਏ॥" (ਗੁਵਿ ੬)

ਅਨੰਨਤਾ: ਸੰ. ਅਨਨਯਾਤ. ਸੰਗਯਾ- ਦੂਜੇ ਨਾਲ ਸੰਬੰਧ ਦਾ ਅਭਾਵ. ਏਕ ਨਿਸ਼੍ਠਾ. ਇੱਕ ਵਿੱਚ ਲਗਨ.

ਅਨੰਨਿ: ਦੇਖੋ, ਅਨਨ੍ਯ. "ਹੋਇ ਅਨੰਨਿ ਮਨਹਠ ਕੀ ਦ੍ਰਿੜਤਾ." (ਗੂਜ ਮਃ ੫) ਇੱਕ ਵਿਸ਼ੇ ਪਰਾਇਣ ਹੋਇਆ.

ਅਨੰਨਿਭਗਉਤੀ: ਵਿ- ਅਨਨ੍ਯ ਭਗਤ. ਇੱਕ ਦਾ ਉਪਾਸਕ. ਇੱਕ ਤੋਂ ਬਿਨਾ ਦੂਜੇ ਦੀ ਭਗਤਿ ਦਾ ਤਿਆਗੀ. "ਕੋਈ ਕਹਿਤਉ ਅਨੰਨਿਭਗਉਤੀ" (ਰਾਮ ਅਃ ਮਃ ੫) ੨. ਅਨਨ੍ਯਭਕ੍ਤਿ. ਇੱਕ ਦੀ ਉਪਾਸਨਾ.

ਅਨੰਭਉ: ਵਿ- ਨਿਰਭੈ. ਡਰ ਰਹਿਤ. ਬੇਖ਼ੌਫ਼. "ਪਰਮ ਦੁਖ ਨਿਵਾਰ ਅਪਾਰ ਅਨੰਭਉ." (ਸਵੈਯੇ ਮਃ ੫. ਕੇ)

ਅਨੑ: ਸੰ. अह्न. ਸੰਗ੍ਯਾ- ਦਿਨ.

ਅਨੑਰਾਤਾ: ਅਨੑ (ਦਿਨ) ਵਿੱਚ ਹੀ ਰਾਤ. ਦਿਨੇ ਦਿਖਾਈ ਨਾ ਦੇਣਾ। ੨. ਰਾਤ ਨੂੰ ਅੰਨਿਆਂ ਹੋ ਜਾਣਾ. ਦੇਖੋ, ਅੰਧਰਾਤਾ.

ਅਨੑਾ: ਵਿ- ਅੰਧਾ. ਨੇਤ੍ਰਹੀਨ.

ਅਨੑਾਨਾ, ਅਨੑਾਵਨ: ਕ੍ਰਿ. ਇਸਨਾਨ ਕਰਨਾ. ਨੑਾਉਣਾ. "ਅਵਧ ਅਨੑਾਏ ਕਹਾਂ ਤਿਲਕ ਲਗਾਏ ਕਹਾਂ."

(ਹੰਸਰਾਮ)

ਅਨੑੇਰਾ: ਅੰਧਕਾਰ. ਦੇਖੋ, ਅਨੇਰਾ.

ਅੱਨ: ਸੰ. अन्न. ਸੰਗ੍ਯਾ- ਜਿਸ ਨਾਲ ਪ੍ਰਾਣ ਧਾਰਣ ਕਰੀਏ. ਖਾਣ ਲਾਇਕ ਪਦਾਰਥ. ਭੋਜਨ।

੨. ਅਨਾਜ. ਦਾਣਾ। ੩. ਪਾਰਬ੍ਰਹ੍ਮ. ਕਰਤਾਰ, ਜਿਸ ਦੀ ਸੱਤਾ ਨਾਲ ਜੀਵ ਪ੍ਰਾਣ ਧਾਰਦੇ ਹਨ। ੪. ਸੂਰਜ। ੫. ਪ੍ਰਾਣ। ੬. ਭੋਗਣ ਯੋਗ੍ਯ ਪਦਾਰਥ.

ਅਨ੍ਯ: ਸੰ. ਵਿ- ਦੂਸਰਾ. ਦੂਜਾ। ੨. ਪਰਾਇਆ. ਓਪਰਾ। ੩. ਭਿੰਨ. ਜੁਦਾ. ਵੱਖਰਾ।

ਅਨ੍ਯਤ੍ਰ: ਸੰ. ਵ੍ਯ- ਹੋਰ ਥਾਂ. ਦੂਸਰੀ ਜਗਾ ਵਿੱਚ.

ਅਨ੍ਯਥਾ: ਸੰ. ਵਿ- ਉਲਟਾ. ਵਿਰੁੱਧ। ੨. ਝੂਠ. ਮਿਥ੍ਯਾ। ੩. ਵ੍ਯ- ਨਹੀਂ ਤਾਂ. ਨਤੁਰ. ਵਰਨਹ.

ਅਨ੍ਯਾਉ, ਅਨ੍ਯਾਇ, ਅਨ੍ਯਾਯ: ਸੰ. अन्याय. ਸੰਗ੍ਯਾ- ਬੇ ਇਨਸਾਫੀ. ਅਨੀਤਿ। ੨. ਨ੍ਯਾਯ (ਨਿਆਂ) ਦੇ ਵਿਰੁੱਧ ਕ੍ਰਿਯਾ. ਜੁਲਮ.

ਅਨ੍ਯਾਯੀ: ਸੰ. अन्यायिन. ਵਿ- ਅਨੀਤਿ ਕਰਨ ਵਾਲਾ. ਜਾਲਿਮ, ਇਨਸਾਫ ਤੋਂ ਵਿਰੁੱਧ ਕਰਨ ਵਾਲਾ.

ਅਨ੍ਯੋਕ੍ਤਿ: ਦੇਖੋ, ਗੂਢੋਕ੍ਤਿ.

ਅਨ੍ਯੋਨ੍ਯ: ਸੰ. ਸਰਵ- ਆਪੋ ਵਿੱਚੀ. ਪਰਸਪਰ। ੨. ਸੰਗ੍ਯਾ- ਇੱਕ ਅਰਥਾਲੰਕਾਰ, ਜਿਸ ਦਾ ਸਰੂਪ ਇਹ ਹੈ ਕਿ ਦੋ ਪਦਾਰਥ ਪਰਸਪਰ ਉਪਕਾਰੀ ਵਰਣਨ ਕਰਨੇ.

ਉਦਾਹਰਣ-

"ਕੁੰਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ."

(ਵਾਰ ਆਸਾ)

"ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ."

(ਸ੍ਰੀ ਰਵਦਾਸ)

ਅਨ੍ਯੋਨ੍ਯਾਸ਼੍ਰਯ: ਸੰ. ਸੰਗ੍ਯਾ- ਆਪੋ ਵਿੱਚੀ ਦਾ ਸਹਾਰਾ. ਇੱਕ ਨੂੰ ਦੂਜੇ ਦਾ ਆਧਾਰ। ੨. ਇੱਕ ਵਸਤੁ ਦੇ ਗ੍ਯਾਨ ਲਈ ਦੂਜੇ

ਪਦਾਰਥ ਦਾ ਗਜਾਨ. ਜਿਵੇਂ- ਅੰਧੇਰੇ ਦੇ ਗਜਾਨ ਲਈ ਪ੍ਰਕਾਸ਼ ਦਾ ਗਜਾਨ। ੩. ਚਰਚਾ ਦਾ ਇਕ ਦੋਸ਼ ਪਰਸਪਰ ਦੀ ਸਿੱਧੀ ਵਾਸਤੇ ਇੱਕ ਨੂੰ ਦੂਜੇ ਦੀ ਲੋੜ.

**ਅਨ੍ਰਿਣ:** ਸੰ. ਵਿ- ਰਿਣ ਰਹਿਤ. ਜਿਸ ਨੇ ਕ਼ਰਜ (ਕਰਜ਼) ਨਹੀਂ ਦੇਣਾ.

**ਅਨ੍ਰਿਤ:** ਸੰ. अनृत. ਸੰਗਜਾ- ਰਿਤ (ਸਤਜ) ਦਾ ਅਭਾਵ. ਝੂਠ. ਅਸਤਜ "ਰਰ ਹੈਂ ਅਨ੍ਰਿਤੰ." (ਕਲਕੀ) ਬੋਲਣਗੇ ਝੂਠ.

**ਅਨ੍ਵਯ:** ਸੰ. ਸੰਗਜਾ- ਲੈਜਾਣ ਦੀ ਕ੍ਰਿਯਾ। ੨. ਸੰਬੰਧ. ਸੰਯੋਗ. ਮੇਲ। ੩. ਵਾਕ ਦੇ ਪਦਾਂ ਨੂੰ ਸਪਸ਼੍ਟ ਕਰਨ ਲਈ ਯੋਗਜ ਅਸਥਾਨ ਤੇ ਲੈਜਾਣ ਦੀ ਕ੍ਰਿਯਾ, ਜਿਵੇਂ- "ਭੈ ਬੋਹਿਥ ਸਾਗਰ ਪ੍ਰਭੁ ਚਰਣਾ." (ਵਡ ਛੰਤ ਮਃ ੫) ਭੈਸਾਗਰ ਬੋਹਿਥ ਪ੍ਰਭੁ ਚਰਣਾ. ਹੋਰ- "ਦਿਵੈਯਾ ਇਨ ਕੇ ਸੰਗ ਖੇਲਤ ਹੈਂ ਕਵਿ ਸ਼ਜਾਮ ਸੁ ਦਾਨ ਅਭੈ." (ਕ੍ਰਿਸਨਾਵ) ਅਭੈਦਾਨ ਦਿਵੈਯਾ ਇਨ ਕੇ ਸੰਗ ਖੇਲਤ ਹੈਂ. ਅਤੇ "ਅਲੇਖ ਭੇਖ ਦ੍ਵੈਖ ਰੇਖ ਸੇਖ ਕੋ ਪਛਾਨਿਐ." (ਗਜਾਨ) ਤੁਕ ਦੇ ਮੁੱਢ ਦੇ ਅ ਦਾ ਸਾਰੇ ਪਦਾਂ ਨਾਲ ਅਨ੍ਵਯ ਹੈ। ੪. ਵੰਸ਼. ਕੁਲ. ਪੀੜ੍ਹੀ.

**ਅਨ੍ਵੇਸਣ:** ਸੰ. ਸੰਗਜਾ- ਖੋਜ. ਢੂੰਡ. ਤਲਾਸ਼.

**ਅਨ੍ਵੈ:** ਉਪ. ਇਹ ਸ਼ਬਦਾਂ ਦੇ ਮੁੱਢ ਲੱਗਕੇ ਅਧਿਕ, ਉਲਟ, ਹਾਨਿ, ਭੇਦ, ਨਿਸ਼ੇਧ, ਬੁਰਾ, ਆਦਿ ਅਰਥ ਜਣਾਉਂਦਾ ਹੈ. ਦੇਖੋ, ਅਪਕੀਰਤਿ ਆਦਿ ਸ਼ਬਦ। ੨. ਸੰ. अप्. ਸੰਗਜਾ- ਜਲ. "ਅਪ ਤੇਜ ਬਾਇ ਪ੍ਰਿਥਮੀ ਅਕਾਸਾ." (ਗਉ ਕਬੀਰ) ੩. ਸਰਵ- ਆਪਣਾ. ਨਿਜ ਦਾ. "ਮੂਲ ਨ ਜਾਣੈ ਅਪ ਬਲ." (ਵਾਰ ਮਾਝ ਮਃ ੧) "ਕਾਟਿ ਸਿਲਕ ਦੁਖ ਮਾਇਆ ਕਰਿਲੀਨੇ ਅਪ ਦਸੇ." (ਵਾਰ ਜੈਤ) ਆਪਣੇ ਦਾਸ ਕਰਲੀਤੇ. "ਅਪਤਨ ਕਾ ਜੋ ਕਰੇ ਬੀਚਾਰ." (ਬਸੰ ਰਵਦਾਸ) ਆਪਣੇ ਤਨ ਕਾ ਜੋ ਵਿਚਾਰ ਕਰੇ.

**ਅਪ:** ਉਪ. ਇਹ ਸ਼ਬਦਾਂ ਦੇ ਮੁੱਢ ਲੱਗਕੇ ਅਧਿਕ, ਉਲਟ, ਹਾਨਿ, ਭੇਦ, ਨਿਸ਼ੇਧ, ਬੁਰਾ, ਆਦਿ ਅਰਥ ਜਣਾਉਂਦਾ ਹੈ. ਦੇਖੋ, ਅਪਕੀਰਤਿ ਆਦਿ ਸ਼ਬਦ। ੨. ਸੰ. अप्. ਸੰਗਜਾ- ਜਲ. "ਅਪ ਤੇਜ ਬਾਇ ਪ੍ਰਿਥਮੀ ਅਕਾਸਾ." (ਗਉ ਕਬੀਰ) ੩. ਸਰਵ- ਆਪਣਾ. ਨਿਜ ਦਾ. "ਮੂਲ ਨ ਜਾਣੈ ਅਪ ਬਲ." (ਵਾਰ ਮਾਝ ਮਃ ੧) "ਕਾਟਿ ਸਿਲਕ ਦੁਖ ਮਾਇਆ ਕਰਿਲੀਨੇ ਅਪ ਦਸੇ." (ਵਾਰ ਜੈਤ) ਆਪਣੇ ਦਾਸ ਕਰਲੀਤੇ. "ਅਪਤਨ ਕਾ ਜੋ ਕਰੇ ਬੀਚਾਰ." (ਬਸੰ ਰਵਦਾਸ) ਆਪਣੇ ਤਨ ਕਾ ਜੋ ਵਿਚਾਰ ਕਰੇ.

**ਅਪਓ:** ਵਿ- ਅਰਪਿਆ. ਭੇਟਾ ਕੀਤਾ। ੨. ਦੇਖੋ, ਅਪਿਉ.

**ਅਪਸਕੁਨ, ਅਪਸਗਨ, ਅਪਸਗੁਨ:** ਸੰ. ਅਪਸ਼ਕੁਨ. ਸੰਗਜਾ- ਬੁਰਾ ਚਿੰਨ੍ਹ. ਕੁਸਗਨ. ਮੰਦੀ ਘਟਨਾਂ ਦੇ ਆਉਣ ਦੀ ਨਿਸ਼ਾਨੀ. ਅਮੰਗਲ ਸੂਚਕ ਚਿੰਨ੍ਹ. "ਤਉ ਸਗਨ ਅਪਸਗਨ ਕਹਾ ਬੀਚਾਰੈ." (ਸੁਖਮਨੀ) "ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ." (ਆਸਾ ਮਃ ੫)

ਸਗਨ- ਅਪਸਗਨ (ਸ਼ੁਭ ਅਤੇ ਮੰਦ ਸ਼ਕੁਨ) ਸਭ ਦੇਸਾਂ ਵਿੱਚ ਅਨੇਕ ਮਤਾਂ ਦੇ ਲੋਕ ਮੰਨਦੇ ਹਨ, ਪਰ ਬਹੁਤ ਕਰਕੇ ਹਿੰਦੂਮਤ ਦੇ ਗ੍ਰੰਥਾਂ ਵਿੱਚ ਇਨ੍ਹਾਂ ਦਾ ਜਿਕਰ ਹੈ, ਜਿਨ੍ਹਾਂ ਅਨੁਸਾਰ ਭਾਈ ਸੰਤੋਖ ਸਿੰਘ ਜੀ ਨੇ ਕੁਝ ਸਗਨ- ਅਪਸਗਨ ਲਿਖੇ ਹਨ:-

ਅਪਸ਼ਕੁਨ-

ਫਰਕੇ ਭੁਜਾ ਵਿਲੋਚਨ ਵਾਮੂ,

ਸਿਰ ਵਾਯਸ[83] ਬੈਠਜੋ ਦੁਖਧਾਮੂ,

ਨਿਕਸਤਿ ਛੀਕ ਭਈ ਦਿਸ ਦਾਂਏ, xxx

---

[83] ਕਾਉਂ.

ਧੁਨਿ ਖੋਟੀ ਤੇ ਬਜਤ ਨਗਾਰਾ,

ਦਲ ਪਰ ਗੀਧ ਭ੍ਰਮੰਤੀ ਚਲੇ.

ਕਾਸ਼੍ਟ ਭਾਰ ਅਗਾਰੀ ਮਿਲੇ.

ਦੀਨਮਨੇ ਬਾਜੀ ਰੁਦਨਾਵੈਂ. xx

ਚਲਤ ਅਕਾਰਨ ਗਿਰਗਿਰ ਪਰੈਂ,

ਕਿਤਕ ਭਟਨ ਪਗੀਆ ਪਰ ਤਰੈਂ,

ਸ਼ਿਵਾ[84] ਪੁਕਾਰਤ ਸਨਮੁਖ ਆਵਤ,

ਮ੍ਰਿਗ ਕੀ ਮਾਲ ਕੁਫੇਰੇ ਧਾਵਤ.

ਦਾਰੁਨ ਕਾਕ ਬੋਲਤੇ ਉਡ, xxx

ਸਮੁਖ ਵਾਯੁ ਮ੍ਰਿਗਮਾਲ ਕੁਫੇਰੀ. xxx

ਖਰ ਬੋਲਯੋ ਮ੍ਰਿਤੁਸੂਚਤ ਭਾਰੀ. xxx

ਜਾਤ ਲਿਯੇ ਮਿਰਤਕ ਸਭ ਚੀਨਾ. xxx

ਇਮ ਅਪਸਗੁਨ ਵਲੋਕਤ ਬਡੇ.

ਸ਼ੁਭ ਸ਼ਕੁਨ–

ਫਰਕਯੋ ਦਹਿਨ ਵਿਲੋਚਨ ਸੁੰਦਰ,

ਭੁਜਾਦੰਡ ਦਹਿਨੋ ਬਲਮੰਦਰ,

ਨਿਰਮਲ ਦਿਵਸ ਵਾਯੁ ਸੁਖਕਾਰੀ,

ਮਿਲੀ ਦੁਘਟਧਰ[85] ਸੁੰਦਰ ਨਾਰੀ,

ਮ੍ਰਿਗਨਮਾਲ ਦਾਹਿਨ ਕੋ ਆਈ,

ਮਧੁਰ ਵਿਹੰਗਨ ਸਬਦ ਸੁਨਾਈ,

ਮਿਲੀ ਜੋਸ਼ਿਤਾ[86] ਬਾਲਕ ਗੋਦ,

ਹੁਤੀ ਸੁਹਾਗਣਿ ਸਹਿਤ ਪ੍ਰਮੋਦ.

ਸੁਰਭੀ[87] ਵਸਤ[88] ਚੁੰਘਾਵਤ ਠਾਢੀ.

ਚਾਟਤ ਰਿਦੇ ਪ੍ਰੀਤਿ ਬਹੁ ਬਾਢੀ,

---

[84] ਗਿਦੜੀ.
[85] ਪਾਣੀ ਦੇ ਦੋ ਘੜੇ ਧਾਰਣ ਵਾਲੀ.
[86] ਇਸਤ੍ਰੀ.
[87] ਗਊ.
[88] ਵੱਛਾ.

ਕਾਗ ਦਾਹਨੀ ਦਿਸ਼ਿ ਉਡ ਆਵਾ,

ਨਕੁਲ[89] ਦਰਸ ਸਭਹਿਨ ਨੇ ਪਾਵਾ. (ਗੁਪ੍ਰਸੂ)

ਗੁਰਸਿੱਖਾਂ ਲਈ ਭਾਈ ਗੁਰਦਾਸ ਜੀ ਇਹ ਆਗਯਾ ਕਰਦੇ ਹਨ:-

ਸੱਜਾ ਖੱਬਾ ਸੌਣ ਨ ਮਨ ਵਸਾਇਆ, xxx

ਭਾਖ ਸੁਭਾਖ ਵਿਚਾਰ ਨ ਛਿੱਕ ਮਨਾਇਆ." xxx

ਅਪਸਮਾਰ: ਸੰ. ਅਪਸ੍ਮਾਰ. ਸੰਗਯਾ- ਮਿਰਗੀ ਰੋਗ, ਜਿਸ ਦੇ ਅਸਰ ਨਾਲ ਚੇਤਾ (ਸ੍ਮਰਣ ਸ਼ਕਤਿ) ਦੂਰ ਹੋ ਜਾਵੇ. ਦੇਖੋ, ਮਿਰਗੀ.

ਅਪਸਰ: ਸੰ. ਅਨਵਸਰ. ਸੰਗਯਾ- ਕੁਸਮਾ, ਬੇਮੌਕਾ. ਕੁਵੇਲਾ. "ਸਰ ਅਪਸਰ ਨ ਪਛਾਨਿਆ." (ਸ੍ਰੀ ਬੇਣੀ) ੨. ਫੁਰਸਤ (ਅਵਕਾਸ) ਦਾ ਨਾ ਹੋਣਾ. ਵੇਲ੍ਹ ਦਾ ਨਾ ਹੋਣਾ। ੩. ਸੰ. ਅਪਸਰ. ਭੱਜਣਾ. ਨੱਠਣਾ। ੪. ਅਪ (ਜਲ) ਵਿੱਚ ਵਿਚਰਣ ਵਾਲਾ ਜੀਵ.

ਅਪਸਰਾ: ਸੰ. ਅਪ੍ਸਰਸ੍. ਸੰਗਯਾ- ਅਪ (ਪਾਣੀ) ਵਿਚੋਂ ਨਿਕਲਨੇ ਵਾਲੀ. ਰਾਮਾਇਣ ਅਤੇ ਪੁਰਾਣਾ ਵਿੱਚ ਲਿਖਿਆ ਹੈ ਕਿ ਸਮੁਦੰਰ ਰਿੜਕਨ ਤੋਂ ਅਪਸਰਾ ਨਿਕਲੀਆਂ ਹਨ. ਵੇਦਾਂ ਵਿੱਚ ਇਨ੍ਹਾਂ ਦਾ ਬਹੁਤ ਹਾਲ ਨਹੀਂ, ਕੇਵਲ ਉਰਵਸ਼ੀ ਆਦਿ ਦਾ ਹੀ ਜਿਕਰ ਹੈ. ਮਨੁ ਲਿਖਦਾ ਹੈ ਕਿ ਇਹ ੭. ਮਨੂਆਂ ਨੇ ਉਤਪੰਨ ਕੀਤੀਆਂ ਅਤੇ ਸਭਨਾਂ ਦੀਆਂ ਸਾਂਝੀਆਂ ਸਮਝੀਆਂ ਗਈਆਂ ਹਨ. ਵਾਯੁ ਪੁਰਾਣ ਵਿੱਚ ੧੪. ਅਤੇ ਹਰਿਵੰਸ਼ ਵਿੱਚ ੭. ਦਾ ਹਾਲ ਹੈ, ਅਰ ਇਨ੍ਹਾਂ ਦੇ ਵੈਦਿਕ ਅਤੇ ਲੌਕਿਕ ਦੋ ਭੇਦ ਮੰਨੇ ਹਨ. ਵੈਦਿਕ ੧੦. ਅਤੇ ਲੌਕਿਕ ੩੪. ਇਨ੍ਹਾਂ ਨੇ ਆਪਣੀ ਮੋਹਨਸ਼ਕਤਿ ਨਾਲ ਕਈ ਰਿਖੀਆਂ ਦਾ ਤਪ ਭੰਗ ਕੀਤਾ ਹੈ. ਕਾਸ਼ੀਖੰਡ ਵਿੱਚ ਲਿਖਿਆ ਹੈ ਕਿ ਗਿਣਤੀ ਵਿੱਚ ਏਹ ੩੫੦੦੦੦੦੦੦ ਹਨ. ਪਰ ਸਭ ਤੋਂ ਵਧੀਕ ਕੀਰਤਿ ਵਾਲੀਆਂ ਕੇਵਲ ੧੦੬੦ ਹੀ ਹਨ. ਰਾਮਾਇਣ ਵਿੱਚ ਇਨ੍ਹਾਂ ਦੀ ਗਿਣਤੀ ਸੱਠ ਕਰੋੜ ਹੈ. ਏਹ ਸੁਰਗ (ਸ੍ਵਰਗ) ਲੋਕ ਵਿੱਚ ਉਨ੍ਹਾਂ ਯੋਧਿਆਂ ਨੂੰ ਮਿਲਦੀਆਂ ਹਨ, ਜੋ ਯੁੱਧ ਵਿੱਚ ਨਿਰਭੈ ਲੜਦੇ ਮਰ ਗਏ ਹੋਣ.[90] ਅਪਸਰਾ ਵਿੱਚ ਸ਼ਕਲ ਬਦਲਨ ਦੀ ਭੀ ਸਮਰਥ ਹੈ. ਏਹ ਸ਼ਤਰੰਜ ਅਤੇ ਚੌਪਟ ਦੀਆਂ ਚਾਲਾਂ ਅਤੇ ਜਾਦੂ ਬਹੁਤ ਜਾਣਦੀਆਂ ਹਨ. ਅਥਰਵ ਵੇਦ ਵਿੱਚ ਇਨ੍ਹਾਂ ਦੇ ਜਾਦੂਆਂ ਨੂੰ ਰੋਕਣ ਲਈ ਕਈ ਮੰਤ੍ਰ ਜੰਤ੍ਰ ਦਿੱਤੇ ਹਨ. "ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ." (ਮਲਾ ਪੜਤਾਲ ਮਃ ੫)

ਅਪਸਾਨ: ਸੰ. ਅਪਸ੍ਨਾਨ. ਸੰਗਯਾ- ਇਸਨਾਨ ਤੋਂ ਪਹਿਲਾਂ ਇੰਦ੍ਰੀਆਂ ਦੀ ਸ਼ੁੱਧੀ ਲਈ ਜਲ ਵਰਤਣਾ। ੨. ਮੁਰਦੇ ਨੂੰ ਫੂਕ, ਜਾਂ ਦੱਬਕੇ ਪਿੱਛੋਂ ਸ਼ੁੱਧੀ ਲਈ ਕੀਤਾ ਇਸਨਾਨ.

ਅਪਸੁੰਦ: ਸੰ. ਉਪਸੁੰਦ. ਸੁੰਦ ਅਤੇ ਉਪਸੁੰਦ ਦੋਵੇਂ ਸਕੇ ਭਾਈ, ਦਾਨਵ ਨਿਕੁੰਭ (ਅਥਵਾ ਨਿਸੁੰਦ) ਦੇ ਪੁਤ੍ਰ ਸਨ, ਜੋ ਕਿਸੇ ਤੋਂ ਜਿੱਤੇ ਨਹੀਂ ਜਾਂਦੇ ਸਨ. ਇਨ੍ਹਾਂ ਨੂੰ ਬ੍ਰਹ੍ਮਾ ਦਾ ਵਰ ਸੀ ਕਿ ਜਦ ਤੀਕ ਆਪੋ ਵਿੱਚੀਂ ਨਹੀਂ ਲੜੋਂਗੇ, ਤੁਹਾਨੂੰ ਕੋਈ ਤੀਜਾ ਨਹੀਂ ਮਾਰ ਸਕੇਗਾ. ਤਿਲੋਤੱਮਾ ਅਪਸਰਾ ਇਨ੍ਹਾਂ ਦੇ ਮਾਰਣ ਲਈ ਸੁਰਗ ਤੋਂ ਘੱਲੀ ਗਈ, ਜਿਸ ਉੱਪਰ ਮੋਹਿਤ ਹੋਕੇ ਦੋਵੇਂ ਭਾਈ ਝਗੜਨ ਲੱਗੇ. ਤਿਲੋਤੱਮਾ ਨੇ ਆਖਿਆ ਕਿ ਜੋ ਦੋਹਾਂ ਵਿੱਚੋਂ ਵਡਾ ਬਲੀ ਹੋਊ, ਮੈਂ ਉਸ ਨੂੰ ਵਰਾਂਗੀ. ਇਸ ਪੁਰ ਦੋਵੇਂ ਆਪੋ ਵਿੱਚੀਂ ਕਟਮੋਏ.

"ਬਢੇ ਸੁੰਦ ਅਪਸੁੰਦ ਦ੍ਵੈ ਦੈਤ ਭਾਰੀ. xxx

"ਦੁਹੂੰ ਭ੍ਰਾਤ ਬਧਕੈ ਤ੍ਰਿਯਾ ਗਈ ਬ੍ਰਹ੍ਮਪੁਰ ਧਾਇ."

(ਚਰਿਤ੍ਰ ੧੧੬)

---

[89] ਨਿਉਲਾ.

[90] ਦੇਖੋ, ਪਾਰਾਸ਼ਰ ਸਿਮ੍ਰਿਤਿ ਅਃ ੩.

ਅਪਸੋਸ: ਦੇਖੋ, ਅਫਸੋਸ. "ਅਧਿਕ ਕੀਨ ਅਪਸੋਸ ਹਮ." (ਨਾਪ੍ਰ) ੨. ਅਪ (ਪਾਣੀ) ਨੂੰ ਸੋਖਣ (ਸ਼ੋਸ਼ਣ) ਵਾਲਾ, ਸੂਰਜ। ੩. ਪੌਣ. ਹਵਾ.

ਅਪਸ੍ਵਾਰਥ: ਸੰਗਯਾ- ਖ਼ੁਦਗ਼ਰਜੀ. ਆਪਣਾ ਸ੍ਵਾਰਥ.

ਅਪਸ੍ਵਾਰਥੀ: ਵਿ- ਖ਼ੁਦਗ਼ਰਜ਼. ਆਪਣਾ ਮਤ਼ਲਬ ਸਿੱਧ ਕਰਨ ਵਾਲਾ.

ਅਪਹਰਣ: ਸੰਗਯਾ- ਚੋਰੀ ਲੁੱਟ। ੨. ਛੀਨ ਲੈਣ ਦੀ ਕ੍ਰਿਯਾ ਖਸੋਟਨਾ. ਖੋਹਣਾ. ੩. ਦੁਰਾਉ. ਲੁਕਾਉ.

ਅਪਕਰਖ: ਸੰ. ਅਪਕਸ਼ੰ. ਸੰਗਯਾ- ਨਿਰਾਦਰ. ਬੇਕਦਰੀ। ੨. ਹਿਠਾਹਾਂ ਨੂੰ ਖਿੱਚਣ ਦੀ ਕ੍ਰਿਯਾ। ੩. ਕਮੀ. ਘਾਟਾ.

ਅਪਕਰਮ, ਅਪਕਾਮ: ਸੰ. ਅਪਕਮੰ. ਸੰਗਯਾ- ਕੁਕਰਮ. ਬੁਰਾ ਕੰਮ। ੨. ਪਾਪ.

ਅਪਕਾਰ: ਸੰਗਯਾ- ਉਪਕਾਰ ਦੇ ਵਿਰੁੱਧ ਕਰਮ। ੨. ਹਾਨੀ. ਨੁਕਸਾਨ। ੩. ਬੁਰਿਆਈ. ਖੁਟਿਆਈ.

ਅਪਕਾਰੀ: ਵਿ- ਬੁਰਿਆਈ ਕਰਨ ਵਾਲਾ. ਨੁਕ਼ਸਾਨ ਪੁਚਾਂਣ (ਪਹੁਚਾਉਣ) ਵਾਲਾ.

ਅਪਕੀਰਤਿ: ਸੰ. अपकीत्ति. ਸੰਗਯਾ- ਬਦਨਾਮੀ. ਅਪਯਸ਼. ਨਿੰਦਾ. "ਕਬਹੂੰ ਅਪਕੀਰਤਿ ਮਹਿ ਆਵੈ." (ਸੁਖਮਨੀ)

ਅਪਖੇਪਨ: ਸੰ. ਅਪਕ੍ਸ਼ੇਪਣ. ਸੰਗਯਾ- ਹਿਠਾਹਾਂ ਨੂੰ ਕ੍ਸ਼ੇਪਣ (ਗਿਰਾਉਣ) ਦੀ ਕ੍ਰਿਯਾ. ਡੇਗਣਾ।

ਅਪਗਤਿ: ਸੰਗਯਾ- ਹੇਠ ਨੂੰ ਜਾਣ ਦੀ ਕ੍ਰਿਯਾ. ਪਤਨ. ਦੁਰਗਤਿ। ੨. ਨਰਕਾਪ੍ਰਾਪ੍ਤਿ.

ਅਪਗਾ: ਸੰਗਯਾ- ਅਪ (ਪਾਣੀ) ਜਿਸ ਵਿੱਚ ਗਮਨ ਕਰੇ. ਨਦੀ. ਦੇਖੋ, ਬਿਨਪਗਾ.

ਅਪਚਾਰ: ਸੰ. ਸੰਗਯਾ- ਕੁਕਰਮ. ਦੁਰਾਚਾਰ.

ਅਪਛਰਾ, ਅਪੱਛਰਾ: ਦੇਖੋ, ਅਪਸਰਾ.

ਅਪਜ: ਸੰ. ਸੰਗਯਾ- ਅਪ (ਪਾਣੀ) ਤੋਂ ਜਨਮਿਆ, ਕਮਲ. ਜਲਜ.

ਅਪਜਸ: ਅਥਵਾ ਅਪਜਸੁ. ਸੰ. अपयशस्- ਅਪਯਸ਼. ਸੰਗਯਾ- ਬਦਨਾਮੀ. ਅਪਕੀਰਤਿ. ਨਿੰਦਾ. "ਅਪਜਸੁ ਮਿਟੈ ਹੋਵੈ ਜਗਿ ਕੀਰਤਿ." (ਗੂਜ ਮਃ ੫)

ਅਪਜਸੁ: ਦੇਖੋ, ਅਪਜਸ.

ਅਪਣਾ: ਸਰਵ. ਨਿਜ ਦਾ। ੨. ਸੰਗਯਾ- ਸ੍ਵਜਨ. ਰਿਸ਼ਤੇਦਾਰ. ਨੇੜੇ ਦੇ ਸੰਬੰਧੀ.

ਅਪਣਾਉਣਾ: ਕ੍ਰਿ- ਆਪਣਾ ਬਣਾਉਣਾ. ਆਪਣੇ ਅਨੁਕੂਲ ਕਰਨਾ. ਆਪਣੇ ਪੱਖ ਵਿੱਚ ਲੈਣਾ.

ਅਪਤ: ਵਿ- ਬਿਨਾ ਪਤ. ਪ੍ਰਤਿਸ਼੍ਠਾ ਬਿਨਾ. ਬੇਇੱਜ਼ਤ. "ਅਪਤੁ ਪਸੂ ਮਨਮੁਖੁ ਬੇਤਾਲਾ." (ਮਾਰੂ ਸੋਲਹੇ ਮਃ ੧)

੨. ਬਿਨਾ ਪਤ੍ਰ. ਪਤ੍ਰਹੀਨ. ਪੱਤੇ ਬਿਨਾ. "ਅਪਤ ਕਰੀਰ ਨ ਮਉਲੀਐ." (ਭਾਗੁ) ੩. ਦੇਖੋ, ਅਪਤੁ। ੪. ਸਿੰਧੀ. ਵ੍ਰਿਥਾ. ਬਿਨਾ ਪ੍ਰਯੋਜਨ.

ਅਪਤਨ: ਦੇਖੋ, ਅਪ ੩। ੨. ਨਾ ਪਤਨ (ਡਿੱਗਣ) ਦੀ ਹਾਲਤ. ਇਸਥਿਤੀ.

ਅਪਤੀਜ, ਅਪਤੀਣਾ: ਵਿ- ਪਤੀਜਨੇ ਬਿਨਾ. ਸ਼੍ਰੱਧਾਹੀਨ. "ਅਪਤੀਜ ਪਤੀਣਾ." (ਸਵੈਯੇ ਮਃ ੫. ਕੇ) ਵਿਸ਼੍ਵਾਸ ਰਹਿਤ ਸ਼੍ਰੱਧਾਵਾਨ ਹੋਗਿਆ. "ਹਠ ਨਿਗ੍ਰਹਿ ਅਪਤੀਜ ਨ ਭੀਜੈ." (ਮਾਰੂ ਸੋਲਹੇ ਮਃ ੧) ਅਸ਼੍ਰੱਧਾ ਵਾਲਾ ਮਨ ਹਠ ਨਾਲ ਇੰਦ੍ਰੀਆਂ ਰੋਕਣ ਤੋਂ ਨਹੀਂ ਪਸੀਜਦਾ.

ਅਪਤੁ: ਸੰਗਯਾ- ਆਤਮਤ੍ਵ. ਆਪਤ੍ਵ. ਖ਼ੁਦੀ. ਹੌਮੈ. ਹੰਕਾਰ. "ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ." (ਸੈਵਯੇ ਮਃ ੩. ਕੇ) ੨. ਦੇਖੋ, ਅਪਤ। ੩. ਦੇਖੋ, ਆਪਤੁ.

ਅਪਤਯ: ਸੰ. ਸੰਗਯਾ- ਔਲਾਦ. ਸੰਤਾਨ.

ਅਪਥ: ਸੰਗਯਾ- ਕੁਮਾਰਗ. ਬੁਰਾ ਰਾਹ। ੨. ਕੁਚਾਲ.

ਅਪੱਥ: ਸੰ. ਅਪਥ੍ਯ. ਸੰਗਯਾ- ਰੋਗ ਵਧਾਉਣ ਵਾਲਾ ਅਹਾਰ ਵਿਹਾਰ. ਅਰੋਗਤਾ ਦਾ ਵਿਰੋਧੀ ਵਿਹਾਰ। ੨. ਹਿੱਤ ਦੇ ਵਿਰੁੱਧ ਆਚਾਰ.

ਅਪਦ: ਸੰਗਯਾ- ਆਪਦਾ. ਵਿਪਦਾ. ਮੁਸੀਬਤ।

੨. ਅ- ਪਦ. ਸੱਪ ਆਦਿ ਜੀਵ, ਜੋ ਬਿਨਾ ਪੈਰਾਂ ਚਲਦੇ ਹਨ। ੩. ਸ੍ਥਾਨ ਭ੍ਰਸ਼੍ਟ.

ਅਪਦਾ: ਮੁਸੀਬਤ. ਦੇਖੋ, ਆਪਦਾ. "ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ." (ਪ੍ਰਭਾ ਅਃ ਮਃ ੫)

ਅਪਧਾਰੀ: ਸੰਗਯਾ- ਮੇਰ. ਮਮਤਾ. ਮਮਤ੍ਵ. "ਬਿਨਸੀ ਅਪਧਾਰੀ." (ਬਿਲਾ ਮਃ ੫)

ਅਪਨ: ਦੇਖੋ, ਆਪਣਾ. "ਸਭ ਕੀਨੇ ਬਸਿ ਅਪਨ ਹੀ." (ਗੂਜ ਮਃ ੫)

ਅਪਨਇਆ: ਆਪਣਾ ਕੀਤਾ. ਅਪਨਾਇਆ. "ਕੀਨਾ ਅਪਨਇਆ." (ਬਿਲਾ ਮਃ ੫)

ਅਪਨਪੌ: ਸੰਗਯਾ- ਅਪਣਾ ਆਪ. "ਪ੍ਰਗਟ ਨ ਹੋਤ ਅਪਨਪੌ ਗੋਈ." (ਨਾਪ੍ਰ) ੨. ਅਪਨਾਇਤ। ੩. ਸ੍ਵਸਤਕਾਰ.

ਅਪਨਾ: ਦੇਖੋ, ਆਪਣਾ.

ਅਪਨਾਉਨਾ: ਦੇਖੋ, ਅਪਣਾਉਣਾ.

ਅਪਨਾਇਓ: ਦੇਖੋ, ਅਪਨਇਆ। ੨. ਅਪਨਾਏ ਦੀ. "ਰਾਖ ਲਾਜ ਅਪਨਾਇਓ." (ਟੋਡੀ ਮਃ ੫) ੩. ਆਪਣਾ ਆਪ. ਅਪਨਪੌ. ਆਪਣੀ ਅਸਲੀਯਤ. "ਨਹਿ ਬੂਝਿਓ ਅਪਨਾਇਓ." (ਟੋਢੀ ਮਃ ੫)

ਅਪਨਾਇਆ: ਕ੍ਰਿ. ਵਿ- ਆਪਣਾ ਕੀਤਾ.

ਅਪਨਾਈ: ਸੰਗਯਾ- ਆਪਣੀ ਅਸਲੀਯਤ। ੨. ਅਪਣੱਤ। ੩. ਆਪਣੀ ਕੀਤੀ. ਆਪਣੀ ਬਣਾਈ. "ਧਨੁ ਧਰਤੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ." (ਸਾਰ ਮਃ ੯)

ਅਪਨਾਕ: ਆਪਣਾ ਕਰਕੇ. ਆਪਣਾ ਬਣਾਕੇ.

"ਰਾਖ ਲੇਹੁ ਆਪਨ ਅਪਨਾਕ." (ਕਾਨ ਮਃ ੪)

ਅਪਨੀ: ਸਰਵ. ਨਿਜ ਦੀ. ਆਪਣੀ। ੨. ਸੰ. ਆਪਣ. ਸੰਗਯਾ- ਦੁਕਾਨ. ਹੱਟ. "ਅਪਨੀ ਅਪਨੀ ਪਹੁਚਜੋ ਜਾਇ." (ਗੁਪ੍ਰਸੂ) ਆਪਣੀ ਹੱਟ ਉੱਪਰ ਜਾ ਪਹੁਚਿਆ। ੩. ਸੰ. ਅਪ- ਨੀ. ਦੂਰ ਲੈ ਜਾਣਾ। ੪. ਚੁਰਾਉਣਾ. ਲੁੱਟ ਲੈਜਾਣਾ.

ਅਪਨੀਧੇ: ਆਪਣਿਆਂ ਦੀ। ੨. ਆਪਣੇ ਜਾਣਕੇ. "ਤੁਮ ਪੈਜ ਰਖਹੁ ਅਪਨੀਧੇ." (ਬਸੰ ਮਃ ੪)

ਅਪਨੁਤਿ: ਸੰ. अपन्हुति. ਸੰਗਯਾ- ਦੁਰਾਉ. ਲੁਕਾਉ। ੨. ਬਹਾਨਾ। ੩. ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਹੈ ਕਿ ਪ੍ਰਕ੍ਰਿਤ ਪਦਾਰਥ ਨੂੰ ਨਿਸ਼ੇਧ ਕਰਕੇ (ਲੁਕੋਕੇ) ਉਸ ਦੀ ਥਾਂ ਓਹੋ ਜੇਹਾ ਹੀ ਕੋਈ ਹੋਰ ਸਤ੍ਯ ਠਹਿਰਾਉਣਾ ਅਥਵਾ ਉਪਮਾਨ ਨੂੰ ਨਿਸ਼ੇਧ ਕਰਕੇ ਉਪਮੇਯ ਨੂੰ ਸਤ੍ਯ ਠਹਿਰਾਉਣਾ.

ਉਦਾਹਰਣ-

ਘਨ ਕੀ ਨ ਗਰਜ ਹੈ ਸਿੰਘਨਾਦ ਸਿੰਘਨ ਕੋ,

ਚਪਲਾ ਕੀ ਚਮਕ, ਨ ਅਸਿ ਦਸ਼ਮੇਸ਼ ਕੋ.

ਇਸ ਥਾਂ ਬੱਦਲ ਦੀ ਗਰਜ ਅਤੇ ਬਿਜਲੀ ਦੀ ਚਮਕ ਨੂੰ ਲੁਕੋਕੇ (ਨਿਸ਼ੇਧ ਕਰਕੇ), ਉਸ ਦੀ ਥਾਂ ਸਿੰਘਾਂ ਦਾ ਸਿੰਘਨਾਦ ਅਤੇ ਦਸ਼ਮੇਸ਼ ਦੇ ਖੜਗ ਦਾ ਚਮਤਕਾਰ ਸਤ੍ਯ ਠਹਿਰਾਇਆ.

ਕਵੀਆਂ ਨੇ ਇਸ ਅਲੰਕਾਰ ਦੇ ਕਈ ਭੇਦ ਹੋਰ ਥਾਪੇ ਹਨ-

(ਅ) ਕਿਸੇ ਬਹਾਨੇ ਨਾਲ ਅਸਲ ਵਸਤੁ ਨੂੰ ਲੁਕੋਣਾ "ਕੈਤਵਾਪਨ੍ਹੁਤਿ" ਹੈ.

ਉਦਾਹਰਣ-

"ਕਲਗੀਧਰ ਕੇ ਬਾਣ ਮਿਸ ਕਾਲਬ੍ਯਾਲ ਡਸਲੇਤ."

(ੲ) ਯੁਕਤਿ ਨਾਲ ਕਿਸੇ ਵਸਤੁ ਦਾ ਨਿਸ਼ੇਧ ਕਰਕੇ ਉਸ ਦੀ ਥਾਂ ਦੂਜੀ ਦਾ ਠਹਿਰਾਉਣਾ "ਹੇਤ੍ਵਾਪਨ੍ਹੁਤਿ" ਹੈ.

ਉਦਾਹਰਣ-

ਅਮੀ ਨਹੀ ਸੁਰਲੋਕ ਮੇ ਅੰਮ੍ਰਿਤ ਗੁਰੁਘਰ ਮਾਹਿ,

ਜਿਹ ਪੀਵਤ ਹੀ ਮਰਤ੍ਯ ਸਭ ਤੁਰਤ ਅਮਰ ਹ੍ਵੈਜਾਂਹਿ.

(ਸ) ਕਿਸੇ ਵਸਤੁ ਦੇ ਧਰਮ ਦਾ ਖੰਡਨ ਕਰਕੇ, ਦੂਸਰੀ ਵਸਤੁ ਵਿੱਚ ਓਹ ਧਰਮ ਠਹਿਰਾਉਣਾ "ਪਰ੍‍ਯਸ੍ਤਾਪਨ੍ਹੁਤਿ." ਹੈ.

ਉਦਾਹਰਣ-

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ, ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿਨਾਮ. (ਵਾਰਜੈਤ) ਇਸ ਥਾਂ ਚੰਦਨ ਆਦਿਕ ਪਦਾਰਥਾਂ ਦੀ ਸੀਤਲਤਾ ਦਾ ਖੰਡਨ ਕਰਕੇ ਹਰਿਨਾਮ ਵਿੱਚ ਸੀਤਲਤਾ ਠਹਿਰਾਈ.

(ਹ) ਕਿਸੇ ਦੀ ਸੱਚੀ ਸ਼ੰਕਾ ਦਾ ਉੱਤਰ ਅਸਲੀਯਤ ਛੁਪਾਕੇ ਬਣਾਉਟੀ ਗੱਲ ਨਾਲ ਦੇਣਾ "ਛੇਕਾਪਨ੍ਹੁਤਿ" ਹੈ.

ਉਦਾਹਰਣ-

ਯੋਧਾ ਕੇ ਨਹਿ ਮੈ ਪਿਖ੍ਯੋ ਕਬੀ ਪੀਠ ਪੈ ਘਾਉ,

ਕਟ੍ਯੋ ਅੰਗ ਇੱਕ ਸਿਲਾ ਤੇ ਫਿਸਲ ਗਯੋ ਮਮ ਪਾਉ.

ਕਿਸੇ ਸਿਪਾਹੀ ਦੀ ਪਿੱਠ ਉੱਪਰ ਜ਼ਖ਼ਮ ਵੇਖਕੇ ਕੋਈ ਪੁੱਛਦਾ ਹੈ ਕਿ ਯੋਧਾ ਦੇ ਸਨਮੁਖ ਘਾਉ ਹੋਇਆ ਕਰਦਾ ਹੈ, ਪਿੱਠ ਤੇ ਨਹੀਂ, ਇਸ ਦਾ ਉੱਤਰ ਕਾਯਰ ਸਿਪਾਹੀ ਅਸਲੀਯਤ ਛੁਪਾਕੇ ਦਿੰਦਾ ਹੈ.

ਅਪਬਲ: ਦੇਖੋ, ਅਪ ੩। ੨. ਸੰਗ੍ਯਾ- ਕਮਜ਼ੋਰੀ ਬਲ ਦਾ ਅਭਾਵ. "ਬਲ ਅਪਬਲ ਅਪਨੋ ਨ ਬਿਚਾਰਾ." (ਚਰਿਤ੍ਰ ੪੦੫)

ਅਪਭ੍ਰੰਸ਼: ਸੰ. ਸੰਗ੍ਯਾ- ਗਿਰਾਉ. ਡਿਗਣਾ। ੨. ਵਿਗੜਿਆ ਹੋਇਆ ਸ਼ਬਦ. ਆਪਣੀ ਅਸਲੀ ਸ਼ਕਲ ਤੋਂ ਡਿਗਕੇ ਹੋਰ ਸ਼ਕਲ ਵਿੱਚ ਆਇਆ ਸ਼ਬਦ, ਜਿਵੇਂ ਕਰਮ ਤੋਂ ਕੰਮ, ਚਰਮ ਤੋਂ ਚੰਮ ਅਤੇ ਧਰਮ ਤੋਂ ਧੰਮ ਆਦਿ.

ਅਪਮਾਨ: ਸੰਗ੍ਯਾ- ਆਪਣਾ ਮੰਨਣਾ. ਮਮਤ੍ਵ. "ਕਿਨਹੂ ਪ੍ਰੀਤਿ ਲਾਈ ਮੋਹ ਅਪਮਾਨ." (ਆਸਾ ਮਃ ੪) ੨. ਸੰ. ਨਿਰਾਦਰ. ਬੇਇੱਜ਼ਤੀ. ਤਿਰਸਕਾਰ.

ਅਪਮਾਨੀ: ਵਿ- ਜਿਸ ਨੇ ਮਾਨ ਅਪ (ਤ੍ਯਾਗ) ਦਿੱਤਾ ਹੈ. ਨਿਰ ਅਭਿਮਾਨ. "ਬੈਸ ਕਿਸੋਰ ਬਿਖੈ ਅਪਮਾਨੀ." (ਨਾਪ੍ਰ)

ਅਪਮ੍ਰਿਤੁ: ਸੰ. अपमृत्यु. ਸੰਗਜਾ- ਬੁਰੀ ਮੌਤ. ਸਰਪ ਬਿਜਲੀ ਫਾਂਸੀ ਆਦਿ ਨਾਲ ਮਰਨਾ। ੨. ਕੁਵੇਲੇ ਦੀ ਮੌਤ. ਦੇਖੋ, ਉਮਰ.

ਅਪਯ, ਅਪਯਉ: ਦੇਖੋ, ਅਪਿਓ.

ਅਪਯਸ਼: ਦੇਖੋ, ਅਪਜਸ.

ਅਪਯੰਤ: ਵਿ- ਪਾਨ ਕੀਤਾ. ਪੀਤਾ। ੨. ਪੀਂਦੇ ਹਨ.

ਅਪਰ: ਸੰ. ਵਿ- ਪਹਿਲਾ। ੨. ਪਿਛਲਾ। ੩. ਦੂਸਰਾ. ਦੂਜਾ। ੪. ਭਿੰਨ. ਅਲਗ. ਵੱਖ। ੫. ਅਪਾਰ ਦੀ ਥਾਂ ਭੀ ਅਪਰ ਸ਼ਬਦ ਆਇਆ ਹੈ. "ਸਮਝ ਨ ਪਰੈ ਅਪਰ ਮਾਇਆ." (ਸੋਰ ਰਵਿਦਾਸ)

ਅਪਰਅਪਾਰ: ਦੇਖੋ, ਅਪਰੰਪਰ. "ਸੋ ਬੈਸਨੋ ਹੈ ਅਪਰਅਪਾਰ." (ਗਉ ਮਃ ੫)

ਅਪਰਸ: ਸੰਗਜਾ- ਜੋ ਸਪਰਸ਼ ਨਹੀਂ ਕਰਦਾ. ਧਾਤੁ ਆਦਿ ਨੂੰ ਨਾ ਛਹੁਣ ਦਾ ਜਿਸ ਨੇ ਵ੍ਰਤ ਧਾਰਿਆ ਹੈ. "ਸੋਮਪਾਕ ਅਪਰਸ ਉਦਿਆਨੀ." (ਬਾਵਨ) ੨. ਜੋ ਆਪਣੇ ਮਨ ਨੂੰ ਵਿਕਾਰਾਂ ਦੇ ਸੰਗ ਤੋਂ ਅਲਗ ਰਖਦਾ ਹੈ. ਜੋ ਕੁਕਰਮਾਂ ਨੂੰ ਛੂੰਹਦਾ ਨਹੀਂ. "ਨਾਨਕ ਕੋਟਿ ਮਧੇ ਕੋ ਐਸਾ ਅਪਰਸ." (ਸੁਖਮਨੀ) ੩. ਸੰ. अस्पृश्य- ਅਸ੍‍ਪ੍ਰਿਸ਼ਯ. ਨਾ ਛੂਹਣ ਯੋਗਯ.

ਅਪਰ ਸੰਜੋਗ, ਅਪਰ ਸੰਯੋਗ: ਸੰਗਜਾ- ਪੁਨਰਵਿਵਾਹ. "ਜਿਸ ਇਸਤ੍ਰੀ ਕਾ ਭਰਤਾ ਕਾਲਬਸ ਹੋਇਆ ਹੋਇ, ਚਾਹੀਏ ਉਸ ਕੇ ਪਿੱਛੇ ਜਤ ਸਤ ਸੀਲ ਪਾਲੇ, ਕਿਤੇ ਵੱਲ ਚਿੱਤ ਡੁਲਾਵੇ ਨਾਹੀਂ, ਜੌ ਜਾਨੇ ਕਿਸੀ ਉਪਾਉ ਰਹਿਤ ਕਰ ਰਹਿ ਨਾਹੀ ਸਕਤੀ, ਤਬ ਜਾਰੀ ਚੋਰੀ ਨਾ ਕਰੇ, ਆਪਣੀ ਲਾਇਕ ਦੇਖਕੈ ਅਪਰ ਸੰਜੋਗ ਕਰੇ." (ਪ੍ਰੇਮ ਸੁਮਾਰਗ)

ਅਪਰਚਾ: ਦੇਖੋ, ਅਪਰਿਚਯ.

ਅਪਰਥ: ਦੇਖੋ, ਅਪਾਰਥ.

ਅਪਰਨਾ: ਕ੍ਰਿ- ਅੱਪੜਨਾ. ਪਹੁੰਚਣਾ। ੨. ਭਾਵ- ਤੁਲੱਤਾ ਪਾਉਣੀ. "ਤਾਕਉ ਕੋਈ ਅਪਰਿ ਨ ਸਾਕੈ."

(ਕਲਿ ਮਃ ੪) ੩. ਦੇਖੋ, ਉਪਰਨਾ.

ਅਪਰਪਰ, ਅਪਰਪਰਾ, ਅਪਰਪਰੁ: ਦੇਖੋ, ਅਪਰੰਪਰ. "ਏਹੁ ਪੰਜ ਵਖਤ ਤੇਰੇ ਅਪਰਪਰਾ." (ਮਾਰੂ ਸੋਲਹੇ ਮਃ ੫) "ਅਪਰਪਰੁ ਮਨਿ ਗੁਰਸਬਦੁ ਵਸਾਇਅਉ."

(ਸਵੈਯੇ ੪. ਕੇ)

ਅਪਰ ਬ੍ਰਹਮ: ਸੰਗਜਾ- ਸਗੁਣ ਬ੍ਰਹ੍‌ਮ. ਮਾਇਆ ਦੇ ਗੁਣਾਂ ਸਹਿਤ ਪਰਮਾਤਮਾ। ੨. ਜੀਵਾਤਮਾ.

ਅਪਰਮਾ: ਸੰ. ਅਪ੍ਰਮਾ. ਸੰਗਜਾ- ਪ੍ਰਮਾ (ਯਥਾਰਥ ਗਯਾਨ) ਤੋਂ ਵਿਰੁੱਧ. ਉਲਟੀ ਸਮਝ. ਦੇਖੋ, ਪ੍ਰਮਾ. "ਤ੍ਰਿਪੁਟੀ ਮੇ ਲਖ ਆਪ ਕੋ ਕਹੈਂ ਅਪਰਮਾ ਗਜਾਨ." (ਗੁਪ੍ਰਸੂ)

ਅਪਰਾ: ਸੰਗਜਾ- ਲੌਕਿਕ ਵਿਦਜਾ- ਪਰਾ (ਬ੍ਰਹ੍‌ਮਵਿਦਜਾ) ਤੋਂ ਭਿੰਨ ਵਿਦਜਾ. ਵਿਹਾਰ ਸਿੱਧ ਕਰਨ ਦਾ ਇ਼ਲਮ. "तत्रपरा ऋग्वेदो यजुर्वेदः सामवेदो ऽथर्ववेदो ऽथपरा यया तदक्षरमधिगस्यते.ਙ (ਮੁੰਡਕੋਪਨਿਸ਼ਦ) ਦੇਖੋ, ਪਰਾ. ੨. ਪੱਛਮ ਦਿਸ਼ਾ.

ਅਪਰਾਜਿਤ: ਵਿ- ਜੋ ਪਰਾਜਿਤ ਨਹੀਂ ਹੋਇਆ. ਜੋ ਜਿੱਤਿਆ ਨਹੀਂ ਗਿਆ. ਅਜਿਤ। ੨. ਸੰਗਜਾ- ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਬਿ.

ਅਪਰਾਜਿਤਾ: ਅਪਰਾਜਿਤ ਦਾ ਇਸਤ੍ਰੀ (ਣਤ੍ਰੀ) ਲਿੰਗ. "ਅਪਰਾਜਿਤਾ ਭਗਵਤੀ ਭੀਮਾ." (ਗੁਪ੍ਰਸੂ)

ਅਪਰਾਂਤ: ਦੇਖੋ, ਉਪਰੰਤ. ੨. ਸੰ. ਅਪਰਾਨ੍ਤ. ਸੰਗ੍ਯਾ- ਕੋਂਕਨ ਦੇ ਉੱਤਰ ਪਾਸੇ ਦਾ ਦੇਸ਼, ਜਿਸ ਦੀ ਰਾਜਧਾਨੀ ਸੋਪਾਰ ਵਿੱਚ ਸੀ, ਜੋ ਹੁਣ ਬੰਬਈ ਦੇ ਹਾਤੇ ਜਿਲਾ ਥਾਨਾ ਵਿੱਚ ਹੈ.

ਅਪਰਾਧ: ਸੰ. ਸੰਗ੍ਯਾ- ਗੁਨਾਹ. ਪਾਪ. ਦੋਸ਼। ੨. ਭੁੱਲ. ਖ਼ਤਾ। ੩. ਅਵੱਗ੍ਯਾ. ਬੇਅਦਬੀ.

ਅਪਰਾਧੀ: ਵਿ- ਦੋਸ਼ੀ. ਗੁਨਾਹ ਕਰਨ ਵਾਲਾ. ਪਾਪੀ. ਕ਼ੁਸੂਰਵਾਰ. "ਅਪਰਾਧੀ ਮਤਿਹੀਨ ਨਿਰਗੁਨ." (ਆਸਾ ਛੰਤ ਮਃ ੫)

ਅਪਰਿਓ, ਅਪਰਿਆ: ਵਿ- ਅੱਪੜਿਆ. ਪਹੁਚਿਆ.

ਅਪਰਿਗ੍ਰਹ: ਸੰ. ਸੰਗ੍ਯਾ- ਪਰਿਗ੍ਰਹ (ਗ੍ਰਹਿਣ) ਨਾ ਕਰਨ ਦੀ ਕ੍ਰਿਯਾ. ਤਿਆਗ. ੨. ਵੈਰਾਗ। ੩. ਦਾਨ ਦਾ ਅੰਗੀਕਾਰ ਨਾ ਕਰਨਾ.

ਅਪਰਿਚਯ: ਸੰ. ਸੰਗ੍ਯਾ- ਪਰਚਾ (ਪਰਿਚਯ) ਨਾ ਹੋਣਾ. ਜਾਣ ਪਛਾਣ ਨਾ ਹੋਣੀ. ਨਾਵਾਕਿਫੀ.

ਅਪਰਿਚਿਤ: ਸੰ. ਵਿ- ਜਿਸ ਨਾਲ ਜਾਣ ਪਛਾਣ ਨਾ ਹੋਵੇ. ਜਿਸ ਨਾਲ ਵਾਕਿਫੀ ਨਹੀਂ.

ਅਪਰੋਕ੍ਸ਼, ਅਪਰੋਖ: ਸੰ. ਵਿ- ਜੋ ਪਰੋਕ੍ਸ਼ (ਅੱਖ ਦਾ ਪਰੇ) ਨਾ ਹੋਵੇ, ਪ੍ਰਤੱਖ, ਸਾਮ੍ਹਣੇ. ਸਨਮੁਖ. ਜਾਹਿਰ. ਪ੍ਰਗਟ.

ਅਪਰੰਪਰ, ਅਪਰੰਪਰੁ, ਅਪਰੰਪਾਰ: ਸੰ. ਅਪਰਸ੍ਪਰ. ਵਿ- ਨਹੀਂ ਪਰਸਪਰ. ਕਿਸੇ ਦੀ ਸਹਾਇਤਾ ਨਾ ਚਾਹੁਣ ਵਾਲਾ। ੨. ਸਿਲਸਿਲੇ ਤੋਂ ਰਹਿਤ. ਵੰਸ਼ ਅਤੇ ਜਗਤਰਚਨਾ ਵਿੱਚ ਜਿਸ ਨੂੰ ਪਰਸਪਰ ਸਹਾਇਤਾ ਦੀ ਜਰੂਰਤ ਨਹੀਂ. "ਅਪਰੰਪਰ ਪਾਰਬ੍ਰਹਮੁ ਪਰਮੇਸਰੁ." (ਸੋਰ ਮਃ ੫) "ਤੂੰ ਆਦਿਪੁਰਖੁ ਅਪਰੰਪਰੁ ਕਰਤਾ ਜੀ." (ਸੋਪੁਰਖੁ) ੩. ਸੰ. ਅਪਰੰਪਾਰ. ਬੇਹੱਦ.

ਅਪਵਰਗ: ਸੰ. ਅਪਵਰ੍ਗ, ਸੰਗ੍ਯਾ- ਉੱਚੀ ਪਦਵੀ। ੨. ਮੁਕਤਿ. ਮੋਕ੍ਸ਼. "ਗਾਹਕ ਜੇ ਅਪਵਰਗ ਕੇ." (ਨਾਪ੍ਰ)

ਅਪਵਾਦ: ਸੰ. ਸੰਗ੍ਯਾ- ਬੁਰਾ ਕਥਨ. ਕੁਵਾਕ੍ਯ।

੨. ਨਿੰਦਾ। ੩. ਵਿਰੋਧ. "ਪਰਧਨ ਪਰਅਪਵਾਦ ਨਾਰਿ ਨਿੰਦਾ." (ਸ੍ਰੀ ਮੁਖਵਾਕ ਸਵੈਯੇ ਮਃ ੫) ੪. ਖੰਡਨ. ਤਰਦੀਦ। ੫. ਝਗੜੇ ਦੀ ਚਰਚਾ. ਵਿਤੰਡਾ ਵਾਦ.

ਅਪਵਾਦੀ: ਸੰ. ਅਪਵਾਦਿਨ੍. ਵਿ- ਨਿੰਦਕ। ੨. ਝਗੜਾਲੂ। ੩. ਕੌੜੇ ਬਚਨ ਬੋਲਣ ਵਾਲਾ. "ਮਹਾ ਬਿਖਾਦੀ ਦੁਸਟ ਅਪਵਾਦੀ." (ਆਸਾ ਮਃ ੫)

ਅਪਵਿਤ, ਅਪਵਿਤੁ, ਅਪਵਿਤ੍ਰ: ਵਿ- ਜੋ ਪਵਿਤ੍ਰ ਨਹੀਂ. ਮੈਲਾ. ਨਾਪਾਕ. "ਸੰਤ ਕਾ ਦੋਖੀ ਸਦਾ ਅਪਵਿਤੁ." (ਸੁਖਮਨੀ) "ਅਪਵਿਤ੍ਰ ਪਵਿਤ੍ਰ ਜਿਨਿ ਤੂ ਕਰਿਆ." (ਰਾਮ ਅਃ ਮਃ ੫)

ਅਪਵਿਤ੍ਰਤਾ: ਸੰਗ੍ਯਾ- ਅਸ਼ੁੱਧੀ. ਮਲਿਨਤਾ. "ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ." (ਗਉ ਥਿਤੀ ਮਃ ੫)

ਅਪਵੀਤ: ਦੇਖੋ, ਅਪਵਿਤ੍ਰ. "ਨਵੇਂ ਛਿਦ੍ਰ ਅਪਵੀਤ." (ਗਉ ਥਿਤੀ ਮਃ ੫)

ਅਪੜਨਾ: ਕ੍ਰਿ- ਪਹੁਚਣਾ. "ਤਿਥੈ ਕਾਲ ਨ ਅਪੜੈ." (ਸ੍ਰੀ ਅਃ ਮਃ ੧) ੨. ਤੁੱਲ ਹੋਣਾ. ਸਮਾਨਤਾ ਰੱਖਣੀ. "ਅਪੜਿ ਕੋਇ ਨ ਸਕਈ ਪੂਰੇ ਸਤਿਗੁਰ ਕੀ ਵਡਿਆਈਆ." (ਵਾਰ ਸਾਰ ਮਃ ੪)

ਅਪੜਾਉਣਾ: ਕ੍ਰਿ. ਪਹੁਚਾਉਣਾ. "ਲਖ ਚਉਰਾਸੀ ਰਿਜਕ ਆਪਿ ਅਪੜਾਏ." (ਮਾਝ ਅਃ ਮਃ ੩)

ਅਪਾਇ: ਸੰ. ਅਪਾਯ. ਸੰਗ੍ਯਾ- ਭਿੰਨਤਾ. ਨਿਰਾਲਾਪਨ। ੨. ਵਿਨਾਸ਼। ੩. ਕੁਰੀਤਿ। ੪. ਦੇਖੋ, ਉਪਾਯ। ੫. ਸੰ. ਅਪੇਯ. ਵਿ- ਨਾ ਪੀਣ ਯੋਗ੍ਯ। ੬. ਨਹੀਂ ਪੀਤਾ. ਪਾਨ ਨਹੀਂ ਕਰਿਆ. "ਜੋ ਹਮ ਤੇ ਭਜ ਜਾਇ, ਤਿਹ ਮਾਤਾ ਦੂਧ ਅਪਾਇ." (ਕ੍ਰਿਸਨਾਵ) ਮਾਂ ਦਾ ਦੁੱਧ ਨਹੀਂ ਪੀਤਾ.

ਅਪਾਇਣ, ਅਪਾਇਣੋ: ਸੰਗਯਾ- ਅਪਨਾਪਨ. ਆਪਾਭਾਵ. ਮਮਤ੍ਵ. ਅਹੰਤਾ. "ਮੈ ਛਡਿਆ ਸਗਲ ਅਪਾਇਣੋ." (ਵਾਰ ਮਾਰੂ ੨. ਮਃ ੫)

ਅਪਾਹ: ਵਿ- ਬਿਨਾ ਪਾਹ। ੨. ਭਾਵ- ਨਿਰਲੇਪ. ਅਸੰਗ। ੩. ਸੰਗਯਾ- ਖ਼ੁਦੀ. ਹੌਮੈ. ਆਪਾਭਾਵ.

ਅਪਾਹਜ: ਪ੍ਰਾ. ਅਪਹੰਜ. ਵਿ- ਅੰਗ- ਭੰਗ. ਹੀਨਾਂਗ. ਅੰਗਹੀਨ. ਅੰਗਾਂ ਤੋਂ ਕੰਮ ਲੈਣੇ ਅਸਮਰਥ.

ਅਪਾਹਿ: ਦੇਖੋ, ਅਪਾਹ ੨. "ਮਾਣਿਕੁ ਮੋਹਿ ਮਾਉ ਡਿੰਨਾ ਧਣੀ ਅਪਾਹਿ." (ਵਾਰ ਮਾਰੂ ੨. ਮਃ ੫)

ਅਪਾਹਿਜ: ਦੇਖੋ, ਅਪਾਹਜ.

ਅਪਾਹੁ: ਨਿਰਲੇਪ. ਅਸੰਗ. ਦੇਖੋ, ਅਪਾਹ. "ਆਪੇ ਆਪਿ ਅਪਾਹੁ." (ਸੋਰ ਮਃ ੪)

ਅਪਾਕ: ਵਿ- ਜੋ ਨਾ ਹੋਵੇ ਪਾਕ (ਪਵਿਤ੍ਰ). ਅਪਵਿਤ੍ਰ. ਨਾਪਾਕ। ੨. ਸੰ. ਸੰਗਯਾ- ਕੱਚਾਪਨ. ਨਾ ਪੱਕਣ ਦੀ ਹਾਲਤ। ੩. ਬਦਹਜ਼ਮੀ. ਅਜੀਰਣ। ੪. ਦਾਨਾ. ਚਤੁਰ. ਸਿਆਣਾ। ੫. ਗਜਾਤਾ. "ਮੂਰ੍ਖਃ ਪਾਕਃ, ਤਦ੍ਭਿੰਨਃ ਪ੍ਰਾਜ੍ਞਃ" ਪਾਕ ਨਾਉਂ ਮੂਰਖ ਦਾ ਹੈ, ਜੋ ਨਾ ਹੋਵੇ ਪਾਕ ਸੋ ਅਪਾਕ. "ਤੁਮ ਆਪੇ ਆਪਿ ਅਪਾਕੀ." (ਧਨਾ ਮਃ ੪)

ਅਪਾਕੀ: ਸੰਗਯਾ- ਅਪਵਿਤ੍ਰਤਾ। ੨. ਦੇਖੋ, ਅਪਾਕ ੪- ੫.

ਅਪਾਗ੍ਰਹ, ਅਪਾਗ੍ਰਹਿ: ਅਪ- ਆਗ੍ਰਹ. ਸੰਗਯਾ- ਖੋਟਾ ਹਠ. ਕੁਹਠ. ਬਿਨਾ ਵਿਚਾਰੀ ਜ਼ਿੱਦ. ਅੜੀ.

ਅਪਾਜੀ: ਵਿ- ਜੋ ਨਹੀਂ ਪਾਜੀ. ਦੇਖੋ, ਪਾਜੀ. ੨. ਜੋ ਬਣਾਉਟੀ ਨਹੀਂ. ਅਸਲ. "ਪਾਜੀ ਕੋ ਅਪਾਜੀ ਲਖ ਤਾਂ ਸੋ ਵਿਰਮਾਯੋ ਹੈ." (ਨਾਪ੍ਰ) ਪਾਜੀ (ਮੁਲੰਮੇ) ਨੂੰ ਅਸਲ ਸਮਝਕੇ.

ਅਪਾਝ: ਦੇਖੋ, ਅਪਾਹਜ.

ਅਪਾਤ: ਵਿ- ਪਤ੍ਰ ਰਹਿਤ. ਬਿਨਾ ਪੱਤੇ. "ਅਪਾਤੰ ਪਲਾਸੀ ਮਨੋ ਫੂਲ ਲਾਗੇ." (ਗੁਪ੍ਰਸੂ) ੨. ਪਤਨ ਰਹਿਤ. ਅਡਿਗ. ਅਚ੍ਯੁਤ. ਭਾਵ ਮਰਣ ਰਹਿਤ. "ਨਮਸਤੰ ਅਜਾਤੇ। ਨਮਸਤੰ ਅਪਾਤੇ." (ਜਾਪੁ)

ਅਪਾਤਿ: ਵਿ- ਪੰਕ੍ਤਿ (ਗੋਤ੍ਰ) ਰਹਿਤ. ਜਿਸ ਦਾ ਕੋਈ ਗੋਤ ਨਹੀਂ. "ਪਾਤਿ ਮੈ ਨ ਆਵੈ ਸੋ ਅਪਾਤਿ ਕੈ ਬੁਲਾਈਐ." (ਗਜਾਨ)

ਅਪਾਤ੍ਰ: ਵਿ- ਕੁਪਾਤ੍ਰ. ਅਨਧਿਕਾਰੀ.

ਅਪਾਥ: ਵਿ- ਕੁਮਾਰਗ. ਖੋਟਾ ਰਾਹ। ੨. ਪਾਥ (ਜਲ) ਬਿਨਾ. "ਸਕੁਚੇ ਦਲ ਕੰਜ ਅਪਾਥਾ" (ਗੁਪ੍ਰਸੂ)

ਅਪਾਦਾਨ: ਸੰ. ਸੰਗਯਾ- ਵਿਭਾਗ. ਭੇਦ। ੨. ਵ੍ਯਾਕਰਣ ਅਨੁਸਾਰ ਪੰਜਵਾਂ ਕਾਰਕ (ਵਿਭਕ੍ਤਿ), ਜਿਸ ਤੋਂ ਕ੍ਰਿਆ ਦਾ ਆਰੰਭ ਬੋਧ ਹੁੰਦਾ ਹੈ. ਇਸ ਦਾ ਰੂਪ "ਤੋਂ- ਸੇ" ਆਦਿ ਸ਼ਬਦਾਂ ਦ੍ਵਾਰਾ ਹੁੰਦਾ ਹੈ.

ਅਪਾਨ: ਸੰ. ਸੰਗਯਾ- ਪੰਜ ਪ੍ਰਾਣਾਂ ਵਿੱਚੋਂ ਇੱਕ ਪ੍ਰਾਣ, ਜਿਸ ਦੀ ਗਤਿ ਗੁਦਾਮੰਡਲ ਵਿੱਚ ਹੈ. ਦੇਖੋ, ਅਪਾਨ ਬਾਇ। ੨. ਗੁਦਾ। ੩. ਅਪਨਾਪਨ. ਆਪਾ. "ਬਿਸਰਾ ਅਪਾਨ ਤਨ." (ਨਾਪ੍ਰ)

ਅਪਾਨਬਾਇ: ਸੰ. ਅਪਾਨਵਾਯੁ. ਮਲਾਸ਼ਯ (ਮੈਲ ਧਾਰਣ ਵਾਲੀ ਅੰਤੜੀ), ਅੰਡਕੋਸ਼ (ਫੋਤੇ), ਮਸਾਨਾ, ਲਿੰਗ ਆਦਿ ਅਸਥਾਨਾਂ ਵਿੱਚ ਰਹਿਣ ਵਾਲੀ ਪੌਣ, ਇਸ ਪੌਣ ਦੇ ਬਲ ਨਾਲ ਪੇਸ਼ਾਬ ਦਾ ਨਿਕਲਨਾ, ਗੁਦਾ ਤੋਂ ਮੈਲ ਦਾ ਖਾਰਿਜ ਹੋਣਾ, ਵਾਉਕਾ ਆਉਣਾ ਅਤੇ ਗਰਭ ਤੋਂ ਬੱਚੇ ਦਾ ਬਾਹਰ ਆਉਣਾ ਆਦਿਕ ਕਰਮ ਹੁੰਦੇ ਹਨ. ਜਦ ਪਿੱਤ ਕਫ ਆਦਿਕ ਦੇ ਵਿਗਾੜ ਨਾਲ ਅਪਾਨਵਾਯੁ ਵਿਗੜ ਜਾਂਦੀ ਹੈ, ਤਾਂ ਇਹ ਆਪਣੇ ਕਾਰਜ ਠੀਕ ਨਹੀਂ ਕਰ ਸਕਦੀ ਅਤੇ ਮਲ ਮੂਤ੍ਰ ਖੁਲ੍ਹਕੇ ਨਹੀਂ ਆਉਂਦੇ. ਸ਼ਰੀਰ ਜੜ੍ਹ ਜੇਹਾ ਹੋ ਜਾਂਦਾ ਹੈ. ਕਮਰ ਵਿੱਚ ਪੀੜ ਹੁੰਦੀ ਹੈ. ਪਥਰੀ ਬਵਾਸੀਰ ਆਦਿ ਰੋਗ ਪੈਦਾ ਹੋ ਜਾਂਦੇ ਹਨ. ਅਪਾਨ ਵਾਯੁ ਨੂੰ ਠੀਕ ਰੱਖਣ ਲਈ ਪੈਦਲ ਚਲਨਾ, ਘੋੜੇ ਦੀ ਸਵਾਰੀ ਕਰਨੀ, ਹਲਕੀ ਗ਼ਿਜ਼ਾ ਖਾਣੀ, ਅੰਤੜੀ ਸਾਫ ਰੱਖਣੀ,

ਉੱਤਮ ਸਾਧਨ ਹਨ. ਅਤੇ ਚਿੱਟੀ ਤ੍ਰਿਵੀ ਦਾ ਚੂਰਨ ਚਾਰ ਤੋਲੇ, ਖੰਭ ਚਾਰ ਤੋਲੇ, ਮਘਾਂ ਦਾ ਚੂਰਨ ਦੋ ਤੋਲੇ, ਇਨ੍ਹਾਂ ਨੂੰ ਮਿਲਾਕੇ ਛੀ ਮਾਸ਼ੇ ਨਿੱਤ ਸ਼ਹਿਦ ਵਿੱਚ ਮਿਲਾਕੇ ਚੱਟਣ ਤੋਂ ਅਪਾਨ ਵਾਯੁ ਦੇ ਦੋਸ਼ ਦੂਰ ਹੋ ਜਾਂਦੇ ਹਨ. "ਪ੍ਰਾਣਬਾਇ ਆਪਾਨਬਾਇ ਭਨ." (ਚਰਿਤ੍ਰ ੪੦੫)

ਅਪਾਨਾ: ਸੰਗਯਾ- ਆਪਾ. ਆਪਾਭਾਵ. "ਬਿਸਰਾ ਸਭਿਨ ਅਪਾਨਾ." (ਨਾਪ੍ਰ)

ਅਪਾਪ, ਅਪਾਪੀ: ਵਿ- ਪਾਪ ਰਹਿਤ. "ਅਪਾਪੀ ਏ ਅਪਰਾਧ ਬਿਨ ਸ਼ੀਰਖ਼ੋਰ ਗੁਰੁ ਬਾਲ." (ਪ੍ਰਾਪੰਪ੍ਰ)

ਅਪਾਰ: ਵਿ- ਜਿਸ ਦਾ ਪਾਰ ਨਹੀਂ. ਬੇਅੰਤ. "ਅਪਾਰ ਅਗਮ ਗੋਬਿੰਦ ਠਾਕੁਰ." (ਆਸਾ ਛੰਤ ਮਃ ੫) ੨. ਅਗਾਧ. ਅਥਾਹ। ੩. ਅਧਿਕ. ਬਹੁਤ। ੪. ਅਗਣਿਤ। ੫. ਸੰਗਯਾ- ਕਰਤਾਰ. ਵਾਹਗੁਰੂ. "ਪਾਯਉ ਅਪਾਰ." (ਸਵੈਯੇ ਮਃ ੪. ਕੇ) ੬. ਉਰਲਾ ਪਾਸਾ. ਉਰਾਰ. ਆਪਣੀ ਵੱਲ ਦਾ ਕਿਨਾਰਾ. "ਆਪੇ ਸਾਗਰ ਬੋਹਿਥਾ, ਆਪੇ ਪਾਰ ਅਪਾਰ." (ਸ੍ਰੀ ਅਃ ਮਃ ੧) ੭. ਸੰ. ਆਪਾਰ. ਪੂਰਣ ਪਾਰ. "ਜਾਨੈ ਕੋ ਤੇਰਾ ਅਪਾਰ ਨਿਰਭਉ ਨਿਰੰਕਾਰ." (ਸਵੈਯੇ ਮਃ ੪. ਕੇ)

ਅਪਾਰਗ: ਵਿ- ਨਾ ਪਾਰ ਜਾਣ ਵਾਲਾ. ਜੋ ਪਾਰ ਜਾਣ ਨੂੰ ਸਮਰਥ ਨਹੀਂ.

ਅਪਾਰਗਿ: ਅਪਾਰਗਯ. ਜੋ ਪਾਰ ਦਾ ਗਯਾਤਾ (ਜਾਣੂ) ਨਹੀਂ. ਅੰਤ ਤੋਂ ਅਜਾਣ. "ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ." (ਸੂਹੀ ਛੰਤ ਮਃ ੫) ਜੀਵ ਉਸਦੀ ਕੁਦਰਤ ਦੀ ਮਹਿਮਾ ਦੇ ਅੰਤ ਤੋਂ ਅਜਾਣ ਹੈ.

ਅਪਾਰਣ: ਵਿ- ਬਿਨਾ ਧਾਰਣ (ਸਮਾਪਤਿ). "ਮੇਰੇ ਸੁਆਮੀ ਅਗਮ ਅਪਾਰਣਾ." (ਮਾਰੂ ਸੋਲਹੇ ਮਃ ੫) ਦੇਖੋ, ਪਾਰਣ.

ਅਪਾਰਥ: ਸੰ. ਅਪਾਥੰ. ਸੰਗਯਾ- ਅਪ- ਅਥੰ. ਕਵਿਤਾ ਦਾ ਇੱਕ ਦੋਸ਼, ਜਿਸ ਕਰਕੇ ਵਾਕਯ ਦਾ ਕੋਈ ਚਮਤਕਾਰੀ ਅਰਥ ਨਾ ਭਾਸੇ. "ਪੁਨਰੁਕ੍ਤਿ ਅਪਾਰਥ ਕੀ ਸਮਝ ਨ ਆਵਈ." (ਨਾਪ੍ਰ) ੨. ਵਿ- ਅਰਥ ਰਹਿਤ. ਨਿਰਰਥਕ.

ਅਪਾਰਭਾਉ, ਅਪਾਰਭਾਵ: ਵਿ- ਜਿਸ ਦਾ ਭਾਵ ਅਪਾਰ ਹੋਵੇ. ਜਿਸ ਦੇ ਅਭਿਪ੍ਰਾਯ ਦੀ ਹੱਦ ਨਹੀਂ. "ਭਾਖਿਆ ਭਾਉਅਪਾਰੁ." (ਜਪੁ)

ਅਪਾਰਲਾ: ਵਿ- ਅਪਾਰਤਾ ਵਾਲਾ. ਬੇਅੰਤਤਾ ਦਾ ਸ੍ਵਾਮੀ. "ਅਤਿਭੁਜ ਭਇਓ ਅਪਾਰਲਾ." (ਮਲਾ ਨਾਮਦੇਵ)

ਅਪਾਰੁ: ਦੇਖੋ, ਅਪਾਰ। ੨. ਉਰਾਰ. ਉਰਲਾ ਤਟ. "ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰਸਬਦ ਸੁਰਤਿ ਲੰਘਾਵਏ." (ਤੁਖਾ ਛੰਤ ਮਃ ੧)

ਅਪਾਲ: ਸੰ. ਅਪਾਲ੍ਯ. ਵਿ- ਜੋ ਪਾਲਨ ਯੋਗ੍ਯ ਨਹੀਂ. ਜਿਸ ਦੀ ਪਾਲਨਾ ਕੋਈ ਨਹੀਂ ਕਰ ਸਕਦਾ. "ਅਪਾਲ ਹਰੀ" (ਅਕਾਲ) ੨. ਅਪਾਰ ਦੀ ਥਾਂ ਭੀ ਅਪਾਲ ਸ਼ਬਦ ਆਇਆ ਹੈ. "ਬੁੱਧੰ ਅਪਾਲ." (ਅਕਾਲ) ਅਪਾਰ ਬੁੱਧਿ ਵਾਲਾ.

ਅਪਾਵਨ: ਵਿ- ਜੋ ਨਹੀਂ ਪਾਵਨ (ਪਵਿਤ੍ਰ). ਅਪਵਿਤ੍ਰ. ਅਸ਼ੁੱਧ.

ਅਪਿ: ਸੰ. ਵ੍ਯ- ਭੀ. ਹੀ. ਨਿਸ਼ਚੇ ਕਰਕੇ. ਯਕੀਨਨ.

ਅਪਿਉ, ਅਪਿਓ: ਸੰਗਯਾ- ਅਮ੍ਰਿਤ. ਜੋ ਸਾਧਾਰਣ ਲੋਕਾਂ ਤੋਂ ਅਪੇਯ (ਨਾ ਪੀਣ ਯੋਗ੍ਯ) ਹੈ. ਜਿਸ ਨੂੰ ਅਵਾਮ ਨਹੀਂ ਪੀ ਸਕਦੇ. "ਅਪਿਉ ਹਰਿਰਸ ਪੀਤਿਆ." (ਵਡ ਘੋੜੀਆਂ ਮਃ ੪) ੨. ਭਾਵ- ਹਰਿਨਾਮ ਰਸ. "ਅਪਿਓ ਪੀਓ ਗਤ ਥੀਓ ਭਰਮਾ." (ਜੈਤ ਮਃ ੫)

ਅਪਿਆਉ, ਅਪਿਆਵ: ਸੰ. ਅਪ੍ਯਾਯ. ਸੰਗਯਾ- ਨਰਮ ਗਿਜਾ. ਹਲਕਾ ਭੋਜਨ. "ਮੁਖ ਅਪਿਆਉ ਬੈਠ ਕਉ ਦੈਨ." (ਸੁਖਮਨੀ) ੨. ਭੋਜਨ. ਗ਼ਿਜਾ. "ਦੇਤ ਸਗਲ ਅਪਿਆਉ." (ਸਾਰ ਮਃ ੧) "ਕਾਗ ਸਾਧੁਸਭਾ ਰਹ੍ਯੋ ਨਿਰਾਹਾਰ ਮੁਕਤਾਹਲ ਅਪਿਆਵ ਕੈ." (ਭਾਗੁ ਕ)

ਅਪੀਰ: ਸੰਗ੍ਯਾ- ਪੀੜਾ ਦਾ ਅਭਾਵ. ਸੁਖ. "ਘਰ ਕੀ ਬੂਝੈਂ ਪੀਰ ਅਪੀਰ ਨ." (ਨਾਪ੍ਰ) ੨. ਵਿ- ਪੀਰ ਰਹਿਤ. ਨਿਗੁਰਾ.

ਅਪੀਲ: ਅੰ. Appeal. ਸੰਗ੍ਯਾ- ਪ੍ਰਾਰਥਨਾ. ਅਰਜ਼ੀ. ਮੁਰਾਫ਼ਾ। ੨. ਕਿਸੇ ਮਾਤਹਤ ਹਾਕਿਮ ਦੇ ਹੁਕਮ ਨੂੰ ਬਦਲਾਉਣ ਲਈ ਉੱਚਅਧਿਕਾਰੀ ਹਾਕਿਮ ਪਾਸ. ਉਜ਼ਰ ਪੇਸ਼ ਕਰਨ ਦੀ ਕ੍ਰਿਯਾ.

ਅਪੀਲਾਂਟ: ਅੰ. Appellant. ਸੰਗ੍ਯਾ- ਅਪੀਲ (ਮੁਰਾਫ਼ਾ) ਕਰਨ ਵਾਲਾ.

ਅਪੀੜ: ਸੰਗ੍ਯਾ- ਪੀੜ ਦਾ ਅਭਾਵ. ਸੁਖ ਦੀ ਹਾਲਤ। ੨. ਸੰ. ਆਪੀਡ- ਆਪੀਡ. ਦਬਾਉ. "ਅਪੀੜ ਪੀੜਿਤੰ ਦੁਖੰ." (ਰਾਮਾਵ)

ਅਪੁ: ਦੇਖੋ, ਅਪ.

ਅਪੁਸਟ: ਵਿ- ਜੋ ਨਹੀਂ ਪੁਸ਼੍ਟ (ਮੋਟਾ), ਪਤਲਾ. ਮਾੜਾ। ੨. ਅਪੁੱਠਾ. ਉਲਟਾ. ਵਿਪਰੀਤ. "ਅਪੁਸਟ ਬਾਤ ਤੇ ਭਈ ਸੀਧਰੀ." (ਆਸਾ ਮਃ ੫)

ਅਪੁਛ: ਵਿ- ਪੁੱਛ (ਪੂਛ) ਦੁੰਮ ਰਹਿਤ. ਲੁੰਡਾ। ੨. ਅਣਮੰਗਿਆ. ਅਯਾਚਿਤ। ੩. ਬਿਨਾ ਪ੍ਰਸ਼ਨ. ਬਿਨਾ ਸਵਾਲ.

ਅਪੁਛਿਆ: ਵਿ- ਅਣਮੰਗਿਆ. "ਅਪੁਛਿਆ ਦਾਨ ਦੇਵਕਾ." (ਵਾਰ ਸ੍ਰੀ ਮਃ ੪)

ਅਪੁਠਾ, ਅਪੁਠੀ: ਵਿ- ਉਲਟ. ਵਿਪਰੀਤ. ਦੇਖੋ, ਉਪਠੀ.

ਅਪੁੱਤਾ, ਅਪੁਤ੍ਰ: ਬਿਨਾ ਪੁਤ੍ਰ. ਬੇਔਲਾਦਾ. ਦੇਖੋ, ਅਉਤ.

ਅਪੁਨਾ: ਦੇਖੋ, ਅਪਨਾ. "ਅਪੁਨੇ ਰਾਮਹਿ ਭਜੁ ਰੇ ਮਨੁ." (ਗੌਂਡ ਨਾਮਦੇਵ)

ਅਪੂਛਾ: ਕ੍ਰਿ. ਵਿ- ਬਿਨਾ ਪੁੱਛਿਆ. ਅਣਮੰਗਿਆ. ਸਵਾਲ ਬਿਨਾ। ੨. ਬਿਨਾ ਸੰਸੇ. ਨਿਰਸੰਦੇਹ. ਜਿਸ ਬਾਬਤ ਪੁੱਛਣ ਦੀ ਲੋੜ ਨਹੀਂ. "ਦੇਸ ਮੇਰੇ ਬੇਅੰਤ ਅਪੂਛੇ." (ਭੈਰ ਮਃ ੫)

ਅਪੂਜਯ: ਵਿ- ਜੋ ਪੂਜਣ ਯੋਗ੍ਯ ਨਹੀਂ. ਜੋ ਉਪਾਸਨਾ ਯੋਗ੍ਯ ਨਹੀਂ.

ਅਪੂਠਾ: ਵਿ- ਉਲਟਾ. ਵਿਪਰੀਤ. ਪੁੱਠਾ. "ਸੀਧਾ ਛੋਡਿ ਅਪੂਠਾ ਬੁਨਨਾ." (ਗਉ ਮਃ ੫)

ਅਪੂਤ: ਵਿ- ਅਪੁਤ੍ਰ. ਪੁਤ੍ਰ ਰਹਿਤ। ੨. ਸੰ. ਜੋ ਨਹੀਂ ਪੂਤ (ਪਵਿਤ੍ਰ). ਅਪਵਿਤ੍ਰ. ਅਪਾਵਨ.

ਅਪੂਪ: ਸੰ. ਸੰਗ੍ਯਾ- ਪੂੜਾ. ਮਾਲਪੂਆ। ੨. ਕਣਕ. ਗੰਦਮ। ੨. ਘੀ ਪਾਕੇ ਪਕਾਈ ਹੋਈ ਮਿੱਠੀ ਲੇਟੀ. ਲਾਪਸੀ. ਅਮ੍ਰਿਤੀ.

ਅਪੂਰਣ: ਸੰ. ਅਪੂਰ੍‍ਣ. ਵਿ- ਜੋ ਪੂਰਣ ਨਹੀਂ. ਅਧੂਰਾ. ਨਾ ਮੁਕੰਮਲ.

ਅਪੂਰਬ, ਅਪਰਵ: ਸੰ. ਅਪੂਰ੍‍ਵ. ਵਿ- ਜੋ ਪੂਰਵ (ਪਹਿਲਾਂ) ਨਹੀਂ ਹੋਇਆ. ਅਨੋਖਾ. ਅਦਭੁਤ. "ਅਪੂਰਬ ਜੰਞ ਬਣਾਈ." (ਸੂਹੀ ਛੰਤ ਮਃ ੪)

੨. ਇੱਕ ਗਣਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ- ਰ, ਤ. ।SS, S.

ਉਦਾਹਰਣ-

ਕਾਨਨੰ ਗੇ ਰਾਮ। ਧਮੰ ਕਮੰ ਧਾਮ।

ਲੱਛਨੈ ਲੈ ਸੰਗ। ਜਾਨਕੀ ਸੋਭੰਗ॥ (ਰਾਮਾਵ)

(ਅ) ਦੂਜਾ ਰੂਪ. ਚਾਰ ਚਰਣ. ਪ੍ਰਤਿ ਚਰਣ- ਇੱਕ ਰਗਣ ਇੱਕ ਗੁਰੁ. ਇਸ ਦਾ ਨਾਉਂ ਰੰਗੀ ਭੀ ਹੈ.

ਉਦਾਹਰਣ-

ਗਣੇ ਕੇਤੇ। ਹਣੇ ਜੇਤੇ। ਕਈ ਮਾਰੇ। ਕਿਤੇ ਹਾਰੇ॥

(ਰਾਮਾਵ)

ਅਪੂਰਵਤਾ: ਸੰ. ਅਪੂਵੰਤਾ. ਸੰਗਜਾ- ਨਿਰਾਲਾਪਨ. ਅਨੋਖਾਪਨ. ਨਵੀਨਤਾ. ਵਿਲਕ੍ਸ਼ਣਤਾ.

ਅਪੇਕ੍ਸ਼ਾ, ਅਪੇਖਿਆ, ਅਪੇਛਾ, ਅਪੇਛਿਆ: ਸੰ. ਅਪੇਕ੍ਸ਼ਾ. ਸੰਗਜਾ- ਇੱਛਾ. ਚਾਹ। ੨. ਜਰੂਰਤ. ਲੋੜ। ੩. ਆਧਾਰ. ਆਸਰਾ। ੪. ਨਿਸਬਤ. ਤੁਲਨਾ. ਮੁਕਾਬਿਲਾ.

ਅਪੇਯ: ਵਿ- ਨਾ ਪੀਣ ਯੋਗਜ। ੨. ਸੰਗਜਾ- ਸ਼ਰਾਬ। ੩. ਭੰਗ। ੪. ਪੋਸਤ.

ਅਪੇਲ: ਵਿ- ਪੇਲਨ ਰਹਿਤ. ਅਚਲ. ਅਟਲ।

੨. ਨਾ ਹਟਾਉਣ ਯੋਗਜ। ੩. ਨਾ ਉਲੰਘਨ ਯੋਗਜ.

ਅਪੈ: ਸੰ. ਅਪਜਯ. ਸੰਗਜਾ- ਮਿਲਾਪ. "ਨਾਮ ਨਵ ਨਿਧਿ ਅਪੈ." (ਸਵੈਯੇ ਮਃ ੪. ਕੇ) ੨. ਦੇਖੋ, ਅਪਿਉ.

ਅਪੋਦਘਾਤ: ਦੇਖੋ, ਉਪੋਦਘਾਤ.

ਅਪੌਰਖੇਯ: ਸੰ. ਅਪੌਰੁਸ਼ੇਯ. ਵਿ- ਜੋ ਪੁਰਖ (ਪੁਰੁਸ਼) ਕਰਕੇ ਨਹੀਂ ਹੋਇਆ. ਜੋ ਮਨੁੱਖ ਦਾ ਕੰਮ ਨਹੀਂ. ਭਾਵ- ਕਰਤਾਰ ਦਾ ਬਣਾਇਆ ਹੋਇਆ.

ਅਪੰਗ: ਵਿ- ਪੰਕ ਰਹਿਤ. ਨਿਰਮਲ. ਸਾਫ਼. "ਸੀਂਚਤ ਨੀਰ ਅਪੰਗ." (ਗੁਪ੍ਰਸੂ) ੨. ਨਿਰਦੋਸ਼ ਕਲੰਕ ਰਹਿਤ. "ਅਪੰਗ ਪੰਗੇ." (ਰਾਮਾਵ) ੩. ਸੰ. ਅਪਾਙ੍ਗ- ਅਪਾਂਗ. ਅੰਗਹੀਨ. ਅੰਗਭੰਗ। ੪. ਟੇਢੇ ਹਨ ਅੰਗ ਜਿਸ ਦੇ.

ਅਪੰਚੀਕ੍ਰਿਤ: ਸੰ. ਅਪਞ੍ਚਕ੍ਰਿਤ. ਸੰਗਜਾ- ਉਹ ਤੱਤ, ਜਿਨ੍ਹਾਂ ਦੇ ਪੰਜ ਪੰਜ ਹਿੱਸੇ ਨਹੀਂ ਕੀਤੇ ਗਏ. ਨਾ ਵੰਡੇ ਹੋਏ ਤਤ੍ਵ. ਦੇਖੋ, ਪੰਚੀ ਕਰਣ. "ਭੂਤ ਅਪੰਚੀਕ੍ਰਿਤ ਯੁਤ ਕਾਰਯ." (ਗੁਪ੍ਰਸੂ)

ਅਪੰਡਿਤ: ਵਿ- ਜੋ ਪੰਡਿਤ ਨਹੀਂ. ਵਿਦਜਾਹੀਨ. ਮੂਰਖ.

ਅਪੰਥ: ਵਿ- ਖੋਟਾ ਰਾਹ. ਕੁਪੰਥ। ੨. ਸੰਗਜਾ- ਵਾਮ- ਮਾਰਗ। ੩. ਨਾਸ੍ਤਿਕ ਮਤ. "ਅਪੰਥ ਪੰਥ ਸਭ ਲੋਗਨ ਲਾਯਾ." (ਅਰਹੰਤਾਵ)

ਅੱਪ: ਸੰਗਜਾ- ਹੌਮੈ. ਖ਼ੁਦੀ. ਅਭਿਮਾਨ। ੨. ਸੰ. ਅਪ੍ਵ. ਭੈ. ਡਰ। ੩. ਰੋਗ। ੪. ਸੰ. ਅਪ੍ਵਾ. ਹਵਾ. ਪਵਨ. "ਭਯੋ ਅੱਪ ਭੇਸੰ." (ਕਲਕੀ) ਪੌਣਰੂਪ ਹੋ ਗਿਆ.

ਅਪਜਉ: ਅਪਣਾਇਆ. ਆਪਣਾ ਕੀਤਾ. ਕਬਜ਼ੇ ਵਿੱਚ ਲਿਆਂਦਾ। ੨. ਦੇਖੋ, ਅਪੈ. "ਹਰਿ ਕਾ ਨਾਮ ਅਖੈਨਿਧਿ ਅਪਜਉ." (ਸਵੈਯੇ ਮਃ ੪. ਕੇ)

ਅਪ੍ਰਸੁਤ ਪ੍ਰਸ਼ੰਸਾ: ਸੰਗਜਾ- ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਹੈ ਕਿ ਜੋ ਅਪ੍ਰਸੁਤ (ਪ੍ਰਕਰਣ ਤੋਂ ਬਾਹਰ) ਹੈ, ਉਸ ਦੀ ਵਡਿਆਈ ਕਿਸੇ ਪ੍ਰਸੰਗ ਵਿੱਚ ਕਰਨੀ.

ਉਦਾਹਰਣ-

"ਖਾਲ ਸ਼ੇਰ ਕੀ ਓਢ ਕਰ ਗਧਾ ਨ ਕਰਿ ਸਿਰ ਭੰਜ."

ਕਿਸੇ ਕਾਇਰ ਨੂੰ ਯੋਧੇ ਦਾ ਲਿਬਾਸ ਪਹਿਨੇ ਦੇਖਕੇ ਅਪ੍ਰਸੁਤ ਸ਼ੇਰ ਦੀ ਵਡਿਆਈ ਕੀਤੀ.

"ਰਾਜਹੰਸ ਬਿਨ ਕੋ ਕਰੈ ਛੀਰ ਨੀਰ ਕੋ ਦੋਇ." (ਵ੍ਰਿੰਦ) ਕਿਸੇ ਅਗਜਾਨੀ ਅਦਾਲਤੀ ਨੂੰ ਵੇਖਕੇ ਰਾਜਹੰਸ ਦੀ ਵਡਿਆਈ ਕੀਤੀ.

ਅਪ੍ਰਗਜਾਤ: ਸੰ. अप्रज्ञात. ਵਿ- ਜੋ ਜਾਣਿਆ ਹੋਇਆ ਨਹੀਂ. ਜਿਸ ਦਾ ਗਜਾਨ ਨਹੀਂ. ਹੋਇਆ। ੨. ਸੰਗਜਾ- ਸਮਾਧਿ ਦੀ ਉਹ ਦਸ਼ਾ, ਜਿਸ ਵਿੱਚ ਧਜਾਤਾ ਅਤੇ ਧਜੇਯ ਦਾਂ ਭੇਦ ਭੁੱਲ ਜਾਂਦਾ ਹੈ.

ਅਪ੍ਰਤਿਮ: ਸੰ. ਵਿ- ਜਿਸ ਦੇ ਪ੍ਰਤਿਮ (ਟਾਕਰੇ ਦਾ) ਕੋਈ ਨਹੀਂ. ਲਾਸਾਨੀ. ਬੇਮਿਸਾਲ. "ਅਪ੍ਰਤਿਮ ਰੂਪ ਬਿਧਿ ਨੈ ਦਯੋ." (ਚਰਿਤ੍ਰ ੧੫੬)

ਅਪ੍ਰਤਿਮਾਨ: ਸੰ. ਵਿ- ਜਿਸ ਦੇ ਤੁੱਲ ਦੂਜਾ ਨਹੀਂ. ਅਦੁੱਤੀ. ਲਾਸਾਨੀ.

ਅਪ੍ਰਧਰਖ: ਸੰ. अप्रधृष्य- ਅਪ੍ਰਧ੍ਰਿਸ਼ਜ. ਵਿ- ਜੋ ਧਮਕਾਇਆ ਨਹੀਂ ਜਾ ਸਕਦਾ. ਜੋ ਦਬਾਉ ਵਿੱਚ ਆਉਣ ਯੋਗਜ ਨਹੀਂ। ੨. ਅਜਿਤ. ਅਜੀਤ.

ਅਪ੍ਰਮਾਣ: ਸੰ. ਵਿ- ਪ੍ਰਮਾਣ ਰਹਿਤ. ਬੇਨਜੀਰ। ੨. ਮਾਪ ਅਤੇ ਤੋਲ ਤੋਂ ਬਾਹਰ. ਮਿਣਤੀ ਅਤੇ ਵਜ਼ਨ ਤੋਂ ਬਿਨਾ। ੩. ਬਿਨਾ ਸੁਬੂਤ.

ਅਪ੍ਰਮਾਦ: ਸੰ. ਵਿ- ਪ੍ਰਮਾਦ (ਭੁੱਲ) ਰਹਿਤ. ਜੋ ਖ਼ਤਾ ਨਹੀਂ ਕਰਦਾ. ੨. ਉਨਮੱਤਤਾ (ਮਸਤੀ) ਬਿਨਾ. ਦੇਖੋ, ਪ੍ਰਮਾਦ.

ਅਪ੍ਰਮੇਉ, ਅਪ੍ਰਮੇਯ, ਅਪ੍ਰਮੇਵ: ਸੰ. ਅਪ੍ਰਮੇਯ. ਵਿ- ਜਿਸ ਦੀ ਮਿਣਤੀ ਨਹੀਂ ਹੋ ਸਕਦੀ. ਅਮਾਪ। ੨. ਅੰਦਾਜੇ (ਅਟਕਲ) ਤੋਂ ਬਾਹਰ.

ਅਪ੍ਰਯੁਕਤ: ਸੰ. ਅਪ੍ਰਯੁਕ੍ਤ. ਵਿ- ਜਿਸ ਦਾ ਪ੍ਰਯੋਗ ਨਹੀਂ ਹੋਇਆ. ਜੋ ਕੰਮ ਵਿੱਚ ਨਹੀਂ ਲਿਆਂਦਾ. ਜਿਸ ਦੀ ਵਰਤੋਂ ਨਹੀਂ ਹੋਈ। ੨. ਜੋ ਜੁੜਿਆ ਹੋਇਆ ਨਹੀਂ. ਨਾ ਮਿਲਿਆ ਹੋਇਆ.

ਅਪ੍ਰਾਧ: ਦੇਖੋ. ਅਪਰਾਧ. "ਕੋਟਿ ਅਪ੍ਰਾਧ ਸਾਧ ਸੰਗਿ ਮਿਟੈ." (ਸੁਖਮਨੀ)

ਅਪ੍ਰਾਪਤ: ਸੰ. ਅਪ੍ਰਾਪ੍ਤ. ਵਿ- ਜੋ ਪ੍ਰਾਪਤ ਨਹੀਂ. ਜੋ ਹਾਸਿਲ ਨਹੀਂ ਹੋਇਆ। ੨. ਦੁਰਲਭ.

ਅਪ੍ਰਿਅ, ਅਪ੍ਰਿਯ: ਵਿ- ਜੋ ਪ੍ਰਿਯ (ਪਿਆਰਾ) ਨਹੀਂ। ੨. ਸੰਗਜਾ- ਵੈਰੀ. ਦੁਸ਼ਮਨ.

ਅਪ੍ਰੇਤ: ਵਿ- ਜੋ ਪ੍ਰੇਤ (ਮੋਇਆ) ਨਹੀਂ. ਨਿੱਤ- ਅਮਰ. "ਨਮੋ ਪ੍ਰੋਤ ਅਪ੍ਰੇਤ." (ਜਾਪੁ) ਦੇਖੋ, ਪ੍ਰੇਤ.

ਅਫ਼ਆਲ, ਅ਼ਫ਼ਅ਼ਾਲ: ਅ਼. افعال ਸੰਗਜਾ- ਫ਼ਿਅ਼ਲ (ਕਰਮ- ਕ੍ਰਿਯਾ) ਦਾ ਬਹੁ ਵਚਨ.

ਅਫਸਰ: ਅੰ. Officer ਆਫ਼ੀਸਰ. ਸੰਗਜਾ- ਪ੍ਰਧਾਨ. ਸਰਦਾਰ. ਕ ਹ਼ਾਕਿਮ। ੩. . ਉਹਦੇਦਾਰ। ੪. ਫ਼ਾ. افسر ਤਾਜ, ਮੁਕਟ.

ਅਫ਼ਸ਼ਾਂਦਨ: ਫ਼ਾ. افشاندن ਕ੍ਰਿ- ਬਖੇਰਨਾ ਫੈਲਾਉਣਾ. ਖਿਲਾਰਨਾ। ੨. ਛਿੜਕਨਾ. ਤ੍ਰੌਕਣਾ.

ਅਫਸਾਨਾ: ਫ਼ਾ. افسانہ ਸੰਗਜਾ- ਕਥਾ. ਕਹਾਣੀ. ਕਿੱਸਾ. ਆਖਜਾਯਿਕਾ। ੨. ਉਪਨਜਾਸ.

ਅਫਸੋਸ: ਫ਼ਾ. افسوس ਸੰਗਜਾ- ਸੰ. ਅਪਸ਼ੋਕ। ੨. ਦੁੱਖ। ੩. ਪਛਤਾਵਾ.

ਅਫ਼ਕਨ, ਅਫ਼ਗਨ: ਫ਼ਾ. افگن ਸੰਗਜਾ- ਸਿੱਟਣ (ਅਫ਼- ਗੰਦਨ) ਦਾ ਅਮਰ. ਤੂੰ ਸਿੱਟ। ੨. ਜਦ ਇਹ ਸ਼ਬਦ ਦੇ ਅੰਤ ਆਉਂਦਾ ਹੈ, ਤਾਂ ਫੈਂਕਣ ਵਾਲਾ ਅਰਥ ਰਖਦਾ ਹੈ, ਜੈਸੇ- ਸ਼ੇਰਅਫ਼ਗਨ.

ਅਫ਼ਗਨ ਸ਼ੇਰ, ਅਫ਼ਗਨ ਖਾਂ: ਸ਼ੇਰਅਫ਼ਗਨ ਖ਼ਾਨ. ਕਸ਼ਮੀਰ ਦਾ ਹਾਕਿਮ, ਜੋ ਹਿੰਦੂਆਂ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਮੁਸਲਮਾਨ ਕਰਦਾ ਸੀ. "ਸੂਬਾ ਤਿਹ ਠਾਂ ਅਫਗਨਸ਼ੇਰ." (ਗੁਪ੍ਰਸੂ) ੨. ਨੂਰਜਹਾਂ ਦਾ ਪਹਿਲਾ ਪਤੀ ਅਲੀਕੁਲੀ ਬੇਗ, ਜਿਸ

ਦੀ ਸ਼ੇਰ ਮਾਰਨ ਤੋਂ "ਸ਼ੇਰਅਫ਼ਗਨ" (ਸ਼ੇਰ ਨੂੰ ਪਛਾੜਨ ਵਾਲਾ) ਉਪਾਧਿ ਹੋਈ. ਇਸ ਦਾ ਦੇਹਾਂਤ ਸਨ ੧੬੦੬ ਵਿੱਚ ਹੋਇਆ ਹੈ.

ਅਫ਼ਗਨਮ: ਫ਼ਾ. افگنم ਮੈਂ ਗਿਰਾਉਨਾ ਹਾਂ. ਮੈਂ ਸਿੱਟਦਾ ਹਾਂ. ਮੈਂ ਗਿਰਾਵਾਂਗਾ. ਮੈਂ ਪਛਾੜਾਂਗਾ.

ਅਫ਼ਗਾਨ: ਫ਼ਾ. افغان ਸੰਗਯਾ- ਸ਼ੋਰ. ਰੌਲਾ। ੨. ਜੰਗ ਵਿੱਚ ਗਰਜਨ ਵਾਲੀ ਇੱਕ ਮੁਸਲਮਾਨ ਜਾਤਿ, ਜੋ ਵਿਸ਼ੇਸ਼ ਕਰਕੇ ਕੰਧਾਰ ਅਤੇ ਸਿੰਧੁਨਦ ਦੇ ਵਿਚਕਾਰ ਵਸਦੀ ਹੈ. ਪਠਾਣ. ਇਸ ਜਾਤਿ ਦੀ ਬੋਲੀ ਪਸ਼ਤੋ (ਪੁਸ਼ਤੋ) ਹੈ। ੩. ਵਿਲਾਪ. ਸ਼ੋਕ। ੪. ਵਿ- ਅਫ਼ਗ਼ਾਨਿਸਤਾਨ ਦਾ ਵਸਨੀਕ.

ਅਫ਼ਗਾਨਿਸਤਾਨ: افغانستان ਸੰਗਯਾ- ਅਫ਼ਗਾਨਾਂ ਦੇ ਰਹਿਣ ਦਾ ਦੇਸ਼. ਭਾਰਤ ਦੇ ਉੱਤਰ ਪੱਛਮ ਵੱਲ ਇਕੱ ਦੇਸ਼, ਜਿਸ ਦੀ ਰਾਜਧਾਨੀ ਕਾਬੁਲ ਹੈ. ਇਸ ਦੇ ਉੱਤਰ ਰੂਸੀ ਤੁਰਕਿਸਤਾਨ, ਪੱਛਮ ਫਾਰਿਸ ਅਤੇ ਦੱਖਣ ਪੂਰਵ ਕਸ਼ਮੀਰ ਹੈ. ਅਫ਼ਗਾਨਿਸਤਾਨ ਦੇ ਸ੍ਵਾਮੀ ਦੀ ਪਹਿਲਾਂ "ਅਮੀਰ" ਪਦਵੀ ਸੀ, ਹੁਣ "ਸ਼ਾਹ" (King) ਹੈ. ਦੇਖੋ, ਅਮੀਰ.

ਅਫਗਾਰ: ਫ਼ਾ. افگار ਵਿ- ਘਾਇਲ. ਫੱਟੜ. ਜ਼ਖਮੀ.

ਅਫਗੰਦਹ: ਫ਼ਾ. افگندہ ਵਿ- ਫੈਂਕਿਆ (ਸਿੱਟਿਆ) ਹੋਇਆ। ੨. ਪਾਇਆ ਡਾਲਿਆ। ੩. ਪਛਾੜਿਆ.

ਅਫਗੰਦਨ: ਫ਼ਾ. افگندن ਕ੍ਰਿ- ਪਾਉਣਾ। ੨. ਸਿੱਟਣਾ. ਗਿਰਾਉਣਾ। ੩. ਪਛਾੜਨਾ.

ਅਫਜਲ: ਅ਼. افضل ਅਫ਼ਜਲ. ਵਿ- ਜ਼ਯਾਦਾ ਫਜੀਲਤ (ਵਡਿਆਈ) ਵਾਲਾ. ਅਤਿ ਉੱਤਮ. ਨਿਹਾਇਤ ਹੀ ਉਮਦਾ.

ਅਫ਼ਜ਼ਾਯ: ਫ਼ਾ. افزاے ਵਿ- ਵਧਾਉਣ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਇਆ ਕਰਦਾ ਹੈ, ਜੈਸੇ ਆਬਰੂ ਅਫ਼ਜ਼ਾਯ.

ਅਫ਼ਜ਼ੂ, ਅਫ਼ਜ਼ੂੰ: ਫ਼ਾ. افزوں ਸੰਗਯਾ- ਵ੍ਰਿੱਧੀ. ਤਰੱਕੀ। ੨. ਵਿ- ਅਧਿਕ. ਵਿਸ਼ੇਸ਼ "ਅਫਜੂ ਖੁਦਾਇਆ." (ਵਾਰ ਮਾਝ ਮਃ ੧) ਦਸਮਗ੍ਰੰਥ ਵਿੱਚ ਚਲਦਾ ਪ੍ਰਸੰਗ ਦੱਸਣ ਲਈ "ਅਫਜੂ" ਸ਼ਬਦ ਅਨੇਕ ਥਾਂ ਵਰਤਿਆ ਹੈ.

ਅਫ਼ਜ਼ੂਦ: ਦੇਖੋ, ਅਫ਼ਜ਼ੂਦਨ. "ਮਿਲਸ ਨਿੱਜ ਅਫਜੂਦ ਕਰ" (ਸਲੋਹ)

ਅਫ਼ਜ਼ੂਦਨ: ਫ਼ਾ. افزودن ਕ੍ਰਿ- ਅਧਿਕ ਹੋਨਾ. ਵਧਣਾ. ਤਰੱਕੀ ਕਰਨਾ.

ਅਫ਼ਤਾਬ: ਦੇਖੋ, ਆਫ਼ਤਾਬ. "ਦੁਨਿਆ ਅਫਤਾਬਮ." (ਕ੍ਰਿਸਨਾਵ) ਮੈਂ ਸੰਸਾਰ ਦਾ ਸੂਰਜ ਹਾਂ.

ਅਫ਼ਯੂਨ: ਦੇਖੋ, ਅਫੀਮ.

ਅਫਰ: ਵਿ- ਜੋ ਫੜਿਆ ਨਾ ਜਾਵੇ. ਅਗ੍ਰਾਹਯ।

੨. ਬਿਨਾ ਫਲ. ਨਿਸ਼ਫਲ। ੩. ਬੁਰਾ ਫਲ. ਮੰਦਾ ਫਲ.

ਅਫਰਨਾ: ਕ੍ਰਿ- ਉਤ- ਸ੍ਫਾਯ. ਫੁੱਲਣਾ। ੨. ਹੰਕਾਰੀ ਹੋਣਾ. ਆਕੜਨਾ.

ਅਫ਼ਰਾਖ਼ਤ: ਫ਼ਾ. افراخت ਵਿ- ਉੱਚਾ ਕੀਤਾ. ਬਲੰਦ ਕੀਤਾ.

ਅਫ਼ਰਾਖ਼ਤਨ: ਫ਼ਾ. افراختن ਕ੍ਰਿ- ਉੱਚਾ ਕਰਨਾ. ਉਭਾਰਨਾ. ਬਲੰਦ ਕਰਨਾ.

ਅਫਰਾਤਫਰੀ: ਦੇਖੋ, ਅਫੜਾਤਫੜੀ.

ਅਫਰਿਓ, ਅਫਰਿਆ: ਵਿ- ਜੋ ਫੜਿਆ ਨਹੀਂ ਗਿਆ. ਜੋ ਮਨ ਇੰਦ੍ਰੀਆਂ ਕਰਕੇ ਗ੍ਰਹਿਣ ਨਹੀਂ ਹੋ ਸਕਿਆ. "ਅਫਰਿਓ ਬੇ ਪਰਵਾਹ ਤੂੰ." (ਮਾਰੂ ਸੋਲਹੇ ਮਃ ੧) ੨. ਆਫਰਿਆ ਹੋਇਆ. ਹੰਕਾਰ ਨਾਲ ਫੁੱਲਿਆ ਹੋਇਆ. "ਅਫਰਿਓ ਭਾਰ ਅਫਾਰ ਟਰੇ." (ਮਾਰੂ ਅਃ ਮਃ ੧) ੩. ਮੰਦ ਫਲ ਵਾਲਾ. ਬੁਰੇ ਫਲ ਰੱਖਣ ਵਾਲਾ. "ਅੱਕ ਨ ਲੱਗੈ ਅੰਬ ਅਫਰਿਆ." (ਭਾਗੁ)

ਅਫਰਿਆ ਅੱਕ ਨੂੰ ਅੰਬ ਨ ਲੱਗੈ.

ਅਫਰੀਤੀ, ਅਫਰੀਦੀ: ਫ਼ਾ. افریدی ਇਹ ਸ਼ਬਦ 'ਅਫਰੀਤੀ' ਭੀ ਸਹੀ ਹੈ. ਸੰਗ੍ਯਾ- ਪਠਾਣਾਂ ਦੀ ਇੱਕ ਜਾਤਿ, ਜੋ ਪਰਸ਼ੀਆ (ਫ਼ਾਰਸ) ਦੇ ਬਾਦਸ਼ਾਹ ਫ਼ਰੀਦੂਨ ਦੀ ਸੰਤਾਨ ਮੰਨੀ ਜਾਂਦੀ ਹੈ. ਓਰਕਜ਼ਈ ਅਤੇ ਸ਼ਿਨਵਾਰੀ ਪਠਾਣ ਇਸੇ ਜਾਤਿ ਦੀ ਇੱਕ ਸ਼ਾਖ਼ ਹਨ.

ਅਫ਼ਰੋਖ਼ਤਨ: ਫ਼ਾ. افروختن ਕ੍ਰਿ- ਰੌਸ਼ਨ ਕਰਨਾ. ਪ੍ਰਕਾਸ਼ਨਾ.

ਅਫ਼ਰੋਖ਼ਤੀ: ਫ਼ਾ. افروختی ਤੈਂ ਰੌਸ਼ਨ ਕੀਤਾ.

ਅਫ਼ਰੋਜ਼ੀ: ਫ਼ਾ. افروزی ਤੂੰ ਚਮਕਾਵੇਂ. ਤੂੰ ਰੌਸ਼ਨ ਕਰੇਂ. ਇਸ ਦਾ ਮੂਲ ਅਫ਼ਰੋਖ਼ਤਨ ਹੈ.

ਅਫਲ: ਸੰ. ਵਿ- ਬਿਨਾ ਫਲ. ਫਲ ਰਹਿਤ. ਨਿਸ਼ਫਲ. ੨. ਸੰਗ੍ਯਾ- ਝਾਊ ਦਾ ਬੂਟਾ। ੩. ਨਪੁੰਸਕ। ੪. ਇੰਦ੍ਰ. ਦੇਵਰਾਜ ਗੋਤਮ ਰਿਖੀ ਦੇ ਸ੍ਰਾਪ ਨਾਲ ਇੰਦ੍ਰ ਦੇ ਫੋਤੇ ਝੜ ਗਏ ਸਨ, ਇਸ ਕਰਕੇ ਅਫਲ ਸੰਗ੍ਯਾ ਹੋਈ. ਦੇਖੋ, ਗੋਤਮ ੪.

ਅਫਲਾਤੂ, ਅਫਲਾਤੂੰ, ਅਫਲਾਤੂਨ: ਅ਼. افلاطوٗن ਯੂ ਪਲਾਟੋਨ. ਅੰ. Plato. ਪੱਛਮ ਦੇ ਪ੍ਰਾਚੀਨ ਫ਼ਿਲਾਸਫ਼ਰਾਂ ਵਿੱਚੋਂ ਇੱਕ ਵੱਡੀ ਉੱਚੀ ਪਦਵੀ ਦਾ ਮਹਾਤਮਾ. ਇਸ ਦਾ ਜਨਮ ਯੂਨਾਨ ਦੀ ਰਾਜਧਾਨੀ ਐਥਿਨਜ਼ (Athens) ਵਿੱਚ ਈਸਵੀ ਸਨ ਦੇ ਆਰੰਭ ਤੋਂ ਪਹਿਲਾਂ ੪੨੯ ਵਿੱਚ ਹੋਇਆ. ਇਸ ਦਾ ਪਿਤਾ ਐਰਿਸਟਨ (Ariston) ਅਤੇ ਮਾਤਾ ਪ੍ਰਿਕ੍ਰੋਨੀ ਸੀ. ਅਫਲਾਤੂਨ ਦਾ ਅਸਲੀ ਨਾਉਂ ਐਰਿਸ੍ਟੋਕਲੀਜ਼ (Aristocles) ਸੀ, ਪਰ ਇਸ ਦੀ ਛਾਤੀ ਅਤੇ ਮਸਤਕ ਦੀ ਵਿਸ਼ਾਲਤਾ ਤੋਂ ਇਸ ਦਾ ਨਾਉਂ ਪਲਾਟੋਨ (ਚੌੜਾ) ਪੈ ਗਿਆ. ਪ੍ਰਾਚੀਨ ਇਤਿਹਾਸਕਾਰ ਓਲਿੰਪ੍ਯੁਡੋਰਸ ਲਿਖਦਾ ਹੈ ਕਿ ਦੁੱਧ ਚੁੰਘਦੇ ਅਫਲਾਤੂਨ ਨੂੰ ਇਸ ਦੇ ਮਾਤਾ ਪਿਤਾ ਨੇ ਜਦ ਪਹਾੜੀ ਦੇਵਤਿਆਂ ਤੋਂ ਵਰ ਪ੍ਰਾਪਤੀ ਲਈ ਹੀਮੈਟਸ ਪਰਬਤ ਤੇ ਰੱਖਿਆ, ਤਾਂ ਸ਼ਹਦ ਦੀ ਮੱਖੀਆਂ ਨੇ ਇਸ ਦੇ ਹੋਠਾਂ ਨੂੰ ਸ਼ਹਦ ਲਾ ਦਿੱਤਾ, ਜਿਸ ਤੋਂ ਇਸ ਦਾ ਵਿਸ਼ੇਸ਼ਣ ਐਥਿਨਜ਼ੀ 'ਮਧੁਕਰ' ਹੋਇਆ, ਅਰ ਕਵੀਆਂ ਨੇ ਇਸ ਦਾ ਭਾਵ ਕੱਢਿਆ ਕਿ ਇਸ ਦੇ ਮੁਖ ਤੋਂ ਸ਼ਹਦ ਥੀਂ ਭੀ ਅਧਿਕ ਮਿੱਠੀ ਬਾਣੀ ਦਾ ਪ੍ਰਵਾਹ ਚਲੇਗਾ.

ਅਫਲਾਤੂਨ ਛੋਟੀ ਉਮਰ ਵਿੱਚ ਹੀ ਛੰਦਵਿਦ੍ਯਾ ਦਾ ਪੰਡਿਤ ਹੋ ਗਿਆ ਸੀ. ਇੱਕ ਦਿਨ ਕਿਸੇ ਭੀੜੀ ਗਲੀ ਵਿਚੋਂ ਲੰਘਦਿਆਂ ਇਸ ਨੂੰ ਮਹਾਰਿਖੀ ਸੁਕਰਾਤ ਮਿਲ ਪਿਆ, ਜਿਸ ਦਾ ਦਰਸ਼ਨ ਇਸ ਨੇ ਪਹਿਲਾਂ ਕਦੇ ਨਹੀਂ ਕੀਤਾ ਸੀ. ਸੁਕਰਾਤ ਨੇ ਆਪਣੀ ਸੋਟੀ ਨਾਲ ਅਫਲਾਤੂਨ ਦਾ ਰਸਤਾ ਰੋਕਕੇ ਪੁੱਛਿਆ ਕਿ ਚਿਰੰਜੀਵ! ਮੈਨੂੰ ਨੇਕੀ ਦੇ ਮਦਰਸੇ ਦਾ ਪਤਾ ਦੱਸ! ਸੁਕਰਾਤ ਦੇ ਇਹ ਸ਼ਬਦ ਸੁਣਕੇ ਅਫਲਾਤੂਨ ਵਿਸਮਾਦ ਵਿੱਚ ਹੋ ਗਿਆ, ਅਰ ਕਿਹਾ ਕਿ ਮਹਾਰਾਜ! ਮੈਨੂੰ ਇਸ ਦਾ ਗ੍ਯਾਨ ਨਹੀਂ. ਤਾਂ ਸੁਕਰਾਤ ਨੇ ਇਸ ਵੱਲ ਇਸ਼ਾਰਾ ਕਰਕੇ ਆਪਣੇ ਸਾਥੀਆਂ ਨੂੰ ਕਿਹਾ ਕਿ- ਏਹੋ ਹੰਸ ਹੈ ਜੋ ਰਾਤ ਸੁਪਨੇ ਵਿੱਚ ਮੇਰੀ ਛਾਤੀ ਤੇ ਬੈਠਕੇ ਉਡ ਗਿਆ ਸੀ! ਇਸ ਸਮੇਂ ਅਫਲਾਤੂਨ ਦੀ ਉਮਰ ਵੀਹ ਵਰ੍ਹਿਆਂ ਦੀ ਸੀ. ਇਸ ਦੇ ਚਿੱਤ ਤੇ ਤਤ੍ਵਗ੍ਯਾਨੀ ਸੁਕਰਾਤ ਦਾ ਅਜੇਹਾ ਅਸਰ ਹੋਇਆ ਕਿ ਉਸ ਦੀ ਸੰਗਤਿ ਵਿੱਚ ਰਹਿਕੇ ਅਵਸਥਾ ਵਿਤਾਉਣੀ ਕਲ੍ਯਾਣ ਦਾ ਸਾਧਨ ਸਮਝਿਆ, ਅਰ ਸੁਕਰਾਤ ਦੇ ਦੇਹਾਂਤ ਤੀਕ ਉਸ ਦੀ ਸੇਵਾ ਕਰਕੇ ਸਿਖ੍ਯਾ ਪ੍ਰਾਪਤ ਕੀਤੀ.

ਸੁਕਰਾਤ ਦੇ ਮਰਨ ਪਿੱਛੋਂ ਕੁਝ ਚਿਰ ਅਫਲਾਤੂਨ ਦੇਸ਼ਾਂਤਰਾਂ ਵਿੱਚ ਫਿਰਦਾ ਰਿਹਾ, ਅਰ ਬੀ. ਸੀ. ੩੯੮ ਦੇ ਲਗ ਪਗ ਜਗਤ ਵਿਖ੍ਯਾਤ ਐਕੈਡਿਮੀ ਬਾਗ ਵਿੱਚ ਇਸਥਿਤ ਹੋਗਿਆ, ਜਿੱਥੇ ਨਿਰੰਤਰ ੪੦ ਵਰ੍ਹਿਆਂ ਤਕ ਆਪ ਸੂਖਮ ਵਿਚਾਰਾਂ ਦਾ ਚਿੰਤਨ, ਅਤੇ ਆਪਣੇ ਸਤਸੰਗੀਆਂ ਨੂੰ ਤਤ੍ਵਵਿਦ੍ਯਾ ਦਾ ਦਾਨ ਕਰਦਾ ਰਿਹਾ. ਇਸ ਦੇ ਚੇਲੇ ਅਤੇ ਸ਼੍ਰੋਤੇ ਪੁਰਖ ਇਸਤਰੀਆਂ ਦੋਵੇਂ ਸਨ, ਅਰ ਉਨ੍ਹਾਂ ਦੀ ਸਚਾਈ ਇਤਨੀ ਉਜਾਗਰ ਹੋ ਗਈ ਸੀ ਕਿ ਜੇ ਉਹ ਅਦਾਲਤ ਵਿੱਚ ਗਵਾਹੀ ਲਈ ਸੱਦੇ ਜਾਂਦੇ, ਤਾਂ ਉਨ੍ਹਾਂ ਤੋਂ ਕਸਮ ਨਹੀਂ ਉਠਵਾਈ ਜਾਂਦੀ ਸੀ.

ਅਫਲਾਤੂਨ ਨੇ ਬਹੁਤ ਉੱਤਮ ਗ੍ਰੰਥ ਲਿਖੇ ਹਨ, ਅਰ ਵਿਦ੍ਵਾਨਾਂ ਦਾ ਸੌਭਾਗ੍ਯ ਹੈ ਕਿ ਉਹ ਸਮੇਂ ਦੀ ਹੇਰਾ ਫੇਰੀ ਦਾ ਸ਼ਿਕਾਰ ਨਹੀਂ ਹੋਏ. ਇਨ੍ਹਾਂ ਗ੍ਰੰਥਾਂ ਦਾ ਸ਼ੁੱਧ ਅਤੇ ਸਰਲ ਅਨੁਵਾਦ (ਉਲਥਾ) ਤਕਰੀਬਨ ਯੂਰਪ ਦੀਆਂ ਸਭ ਬੋਲੀਆਂ ਵਿੱਚ ਹੋਗਿਆ ਹੈ. ਹੁਣ ਯੂਰਪ ਅਤੇ ਅਮਰੀਕਾ ਦੇ ਵਿਦ੍ਵਾਨ ਹੀ ਨਹੀ, ਬਲਕਿ ਭਾਰਤ ਦੇ ਭੀ ਵਡੇ ਤੋਂ ਵਡੇ ਵਿਚਾਰਸ਼ੀਲ ਪ੍ਰੇਮ ਤੇ ਸਤਕਾਰ ਨਾਲ ਆਖਦੇ ਹਨ ਕਿ ਜੇ ਵੇਦਵ੍ਯਾਸ ਰਿਖੀ ਤੁੱਲ ਕੋਈ ਮਹਾਤਮਾ ਯੂਰਪ ਵਿੱਚ ਪ੍ਰਗਟਿਆ ਹੈ, ਤਾਂ ਉਹ ਕੇਵਲ ਅਫਲਾਤੂਨ ਸੀ.

ਇਸ ਤਤ੍ਵਗ੍ਯਾਨੀ ਨੂੰ ਵਿਦ੍ਯਾ ਅਤੇ ਗ੍ਯਾਨ ਦੀ ਮੂਰਤਿ ਕਹਿਣਾ ਅਤ੍ਯੁਕ੍ਤਿ ਨਹੀਂ, ਇਸੇ ਲਈ ਐਮਰਸਨ ਲਿਖਦਾ ਹੈ ਕਿ ਅਫ਼ਲਾਤੂਨ ਫ਼ਿਲਸਫ਼ਾ ਹੈ ਅਤੇ ਫ਼ਿਲਸਫ਼ਾ ਅਫ਼ਲਾਤੂਨ ਹੈ.

ਅਫਲਾਤੂਨ ਦੇ ਬਹੁਤ ਸਿੱਧਾਂਤ ਗੁਰਮਤ ਅਨੁਕੂਲ ਹਨ, ਇੱਥੋਂ ਤੱਕ ਕਿ ਕੇਸ਼ਾਂ ਦੇ ਸੰਬੰਧ ਵਿੱਚ ਭੀ ਦਸ਼ਮੇਸ਼ ਦੀ ਮਰਯਾਦਾ ਦੀ ਅਨੁਕੂਲਤਾ ਹੈ. (ਦੇਖੋ, ਉਸ ਦਾ ਗ੍ਰੰਥ Timaeus ਅਤੇ ਉਸ ਦੇ ਬੁਤ). ਇਸ ਵਿਸ਼ੇ ਤੇ ਸਿੱਖ ਖੋਜ ਭਾਈ ਧਰਮ ਅਨੰਤ ਸਿੰਘ ਜੀ ਨੇ ੩੦੦ ਤੋਂ ਉੱਪਰ ਸਫਿਆਂ ਦਾ, "ਅਫਲਾਤੂਨ ਤੇ ਸਤਿਗੁਰੂ" (Plato and the True Enlightener of the Soul) ਨਾਮੇ ਪੁਸਤਕ ਅੰਗ੍ਰੇਜ਼ੀ ਵਿੱਚ, ਮੂਲ ਯੂਨਾਨੀ ਗ੍ਰੰਥ ਵਿਚਾਰਕੇ ਰਚਿਆ ਹੈ, ਜੋ ਲੰਡਨ ਤੋਂ ਸਨ ੧੯੧੨ ਵਿੱਚ (Ludac and Co. , ਦ੍ਵਾਰਾ) ਪ੍ਰਕਾਸ਼ਿਤ ਹੋਇਆ ਸੀ.

ਅਫਲਾਤੂਨ ਬੀ. ਸੀ. ੩੪੮ ਵਿੱਚ ਆਪਣੇ ਜਨਮ ਦਿਨ, ਜਦ ਕਿ ਉਹ ਕੁਝ ਸੱਜਨਾਂ ਨੂੰ ਭੋਜਨ ਛਕਾ ਰਿਹਾ ਸੀ ਅਰ ਠੀਕ ੮੧ ਵਰ੍ਹਿਆਂ ਦਾ ਹੋ ਚੁੱਕਾ ਸੀ, ਕਾਲਵਸ ਹੋ ਗਿਆ. ਕਈ ਲਿਖਦੇ ਹਨ ਕਿ ਉਹ ਸਰੀਰ ਤਿਆਗਣ ਵੇਲੇ ਲਿਖਣ ਵਿੱਚ ਮਸਰੂਫ ਸੀ.

ਅਫਲਾਤੂਨ ਦੀ ਦਾਨਾਈ ਅਤੇ ਵਿਦ੍ਵੱਤਾ ਦਾ ਸਿੱਕਾ ਲੋਕਾਂ ਦੇ ਚਿੱਤ ਤੇ ਅਜਿਹਾ ਬੈਠਾ ਹੈ ਕਿ ਜਦ ਕਿਸੇ ਯੋਗ੍ਯ ਆਦਮੀ ਦੀ ਉਸਤਤਿ ਕਰਦੇ ਹਨ, ਤਦ ਉਸ ਨੂੰ ਅਫਲਾਤੂਨ ਦੀ ਉਪਮਾਂ ਦਿੰਦੇ ਹਨ।

੨. ਖ਼ਾ. ਲਿਹਾਫ਼ ਲੇਫ਼. ਰਜਾਈ. ਗੁੱਦੜ.

ਅਫ਼ਵ, ਅ਼ਫ਼ਵ: ਅ਼. عفو ਸੰਗ੍ਯਾ- ਕ੍ਸ਼ਮਾਪਨ (ਖਿਮਾ ਕਰਨ) ਦੀ ਕ੍ਰਿਯਾ. ਮੁਆਫੀ. ਦੇਖੋ, ਆਫੂ.

ਅਫ਼ਵਾਹ: ਅ਼. افواہ ਸੰਗ੍ਯਾ- ਬਹੁ ਵਚਨ ਫ਼ੂਹ ਦਾ. ਫ਼ੂਹ ਦਾ ਅਰਥ ਮੂੰਹ ਹੈ. ਬਹੁਤੇ ਮੂੰਹਾਂ ਦੀ ਬਾਤ. ਸਮਾਚਾਰ. ਦੰਤਕਥਾ. ਕਿੰਵਦੰਤੀ.

ਅਫ਼ਵਾਜ: ਫ਼ਾ. افواج ਬਹੁ ਵਚਨ ਹੈ ਫ਼ੌਜ ਦਾ.

ਅਫ਼ਵੁਲਗੁਨਾਹ, ਅ਼ਫ਼ਵੁਲਗੁਨਾਹ: عفوالگناہ ਵਿ- ਗੁਨਾਹਅ਼ਫ਼ਵ ਕਰਨ ਵਾਲਾ. ਅਪਰਾਧ ਖਿਮਾ ਕਰਨ ਵਾਲਾ. "ਕਿ ਅਫਵੁਲਗੁਨਾਹ ਹੈ." (ਜਾਪੁ)

ਅਫੜ: ਵਿ- ਜੋ ਫੜਿਆ ਨਹੀਂ ਜਾ ਸਕਦਾ. ਅਗ੍ਰਾਹ੍ਯ.

ਅਫੜਾਤਫੜੀ: افراط- تفریط ਇਫ਼ਰਾਤ਼ ਤਫ਼ਰੀਤ਼. ਸੰਗ੍ਯਾ- ਵਾਧਾਘਾਟਾ. ਅਧਿਕਤਾ ਅਤੇਕਮੀ. ਭਾਵ- ਹੜਬੜੀ. ਹਲਚਲੀ.

ਅਫ਼ਾਕਾ, ਅਫ਼ਾਕ਼ਾ: افاقہ ਇਫ਼ਾਕ਼ਹ. ਬੀਮਾਰੀ ਤੋਂ ਅਰੋਗਦਸ਼ਾ ਵਿੱਚ ਹੋਣਾ.

ਅਫ਼ਾਤ: ਅ਼. آفات ਆਫ਼ਾਤ. ਆਫ਼ਤ ਦਾ ਬਹੁਵਚਨ. ਉਪਦ੍ਰਵ. ਮੁਸੀਬਤਾਂ. "ਹੋਰ ਅਫਾਤ ਪਰੀ ਅਤਿ ਦੀਰਘ." (ਗੁਪ੍ਰਸੂ)

ਅਫ਼ਾਰ, ਅਫਾਰਾ: ਵਿ- ਅਫਿਰ. ਅਮੋੜ. "ਚਲੈ ਹੁਕਮ ਅਫਾਰ." (ਸ੍ਰੀ ਅਃ ਮਃ ੫) ਅਜੇਹਾ ਹੁਕਮ ਜਿਸ ਨੂੰ ਕੋਈ ਰੋਕ ਨਹੀਂ ਸਕਦਾ. "ਬਿਨ ਗੁਰੁ ਕਾਲ ਅਫਾਰ." (ਸ੍ਰੀ ਅਃ ਮਃ ੧) ਅਫਿਰ (ਅਮੇਟ) ਹੈ. "ਕਰਿਆ ਹੁਕਮ ਅਫਾਰਾ." (ਸੋਰ ਅਃ ਮਃ ੫) ੨. ਸੰ. स्फार- ਸ੍ਫਾਰ. ਵਿ- ਵਿਸਤਾਰ ਸਹਿਤ. ਫੈਲਿਆ ਹੋਇਆ। ੩. ਚੌੜਾ। ੪. ਵੱਡਾ. "ਮੋਲ ਅਫਾਰਾ ਸਚ ਵਾਪਾਰਾ." (ਵਡ ਛੰਤ ਮਃ ੩) "ਤਾ ਕੋ ਭਾਰ ਅਫਾਰ." (ਬਾਵਨ) ੫. ਤੁੰਦ. ਤੇਜ਼. "ਬਰਤਹਿ ਹੋਇ ਅਫਾਰ." (ਸ੍ਰੀ ਮਃ ੫) ੬. ਆਧਮਾਨ ਰੋਗ. نفخ شکم ਨਫ਼ਖ਼ ਸ਼ਿਕਮ Flatulence. ਨਾ ਪਚਣ ਵਾਲੀ ਚੀਜ਼ਾਂ ਦਾ ਖਾਣਾ, ਬਾਦੀ ਦਾ ਜਾਦਾ ਹੋਣਾ, ਖੁਲ੍ਹਕੇ ਮੈਲ ਨਾ ਝੜਨੀ, ਮੇਦੇ ਅਤੇ ਜਿਗਰ ਵਿੱਚ ਕੋਈ ਖਰਾਬੀ ਹੋਣੀ ਆਦਿਕ ਕਾਰਣਾਂ ਤੋਂ ਇਹ ਰੋਗ ਹੁੰਦਾ ਹੈ. ਪੇਟ ਮਸ਼ਕ ਦੀ ਤਰ੍ਹਾਂ ਫੁਲ ਜਾਂਦਾ ਹੈ, ਸਾਹ ਔਖਾ ਆਉਂਦਾ ਹੈ, ਢਿੱਡ ਵਿੱਚ ਕਦੇ ਮੁਸਮੁਸੀ ਹੁੰਦੀ ਹੈ, ਜੀ ਮਤਲਾਉਂਦਾ ਹੈ. ਜੋ ਔਖਦੀਆਂ ਸੂਲ ਰੋਗ ਦੂਰ ਕਰਦੀਆਂ ਹਨ, ਉਹ ਅਫਾਰਾ ਭੀ ਹਟਾਉਂਦੀਆਂ ਹਨ. ਇਸ ਲਈ ਸੂਲ ਰੋਗ ਵਿੱਚ ਲਿਖੀ ਦਵਾਈਆਂ ਵਰਤਣੀਆਂ ਚਾਹੀਏ. ਜੇ ਅਫਾਰਾ ਵਾਰ ਵਾਰ ਹੋਵੇ ਅਤੇ ਕਈ ਕਈ ਦਿਨ ਰਹੇ, ਤਦ ਹੇਠ ਲਿਖੀ ਗੋਲੀਆਂ ਸੇਵਨ ਕਰਨੀਆਂ

ਲੋੜੀਏ:-

ਨਿਸੋਤ ਦੋ ਹਿੱਸੇ, ਮਘਾਂ ਚਾਰ ਹਿੱਸੇ, ਹਰੜ ਪੰਜ ਹਿੱਸੇ, ਇਨ੍ਹਾਂ ਦਾ ਕੁੱਟ ਛਾਣਕੇ ਚੂਰਣ ਬਣਾਕੇ ਸਭ ਦੇ ਸਮਾਨ ਗੁੜ ਮਿਲਾਕੇ ਦੋ ਦੋ ਮਾਸ਼ੇ ਦੀਆਂ ਗੋਲੀਆਂ ਕਰ ਲੈਣੀਆਂ, ਸਵੇਰ ਵੇਲੇ ਜਲ ਨਾਲ ਇੱਕ ਜਾਂ ਦੋ ਗੋਲੀਆਂ ਲੈਣ ਤੋਂ ਅਫਾਰਾ ਜਾਂਦਾ ਰਹਿੰਦਾ ਹੈ.

ਮਸਤਗੀ ਰੂਮੀ ਤਿੰਨ ਮਾਸ਼ੇ ਪੀਸਕੇ ਇੱਕ ਤੋਲਾ ਗੁਲਕੰਦ ਵਿੱਚ ਮਿਲਾਕੇ ਖਾਣੀ ਅਤੇ ਸੌਂਫ ਪੋਦੀਨੇ ਦਾ ਅਰਕ ਪੀਣਾ ਲਾਭਦਾਇਕ ਹੈ। ੨. ਅਭਿਮਾਨ ਨਾਲ ਆਦਮੀ ਦਾ ਫੁੱਲਣਾ. ਖ਼ੁਦੀ ਨਾਲ ਆਫਰਨਾ. ਹੰਕਾਰ ਨਾਲ ਆਕੜਨਾ. "ਏਕ ਮਹਲਿ ਤੂੰ ਹੋਹਿ ਅਫਾਰੋ, ਏਕ ਮਹਲਿ ਨਿਮਾਨੋ." (ਗਉ ਮਃ ੫) "ਆਕੀ ਮਰਹਿ ਅਫਾਰੀ." (ਮਾਰੂ ਮਃ ੧)

ਅਫਾਰੀ, ਅਫਾਰੋ: ਦੇਖੋ, ਅਫਾਰਾ। ੨. ਵਿ- ਅਭਿਮਾਨੀ. ਅਹੰਕਾਰੀ.

ਅਫਾਲ: ਦੇਖੋ, ਅਫ਼ਆ਼ਲ.

ਅਫੀਮ: ਸੰ. ਅਹਿਫੇਨ ਜੋ ਸੱਪ ਦੀ ਫੇਨ (ਵਿਸ਼) ਜੇਹੀ ਤਿੱਖੀ ਹੈ. ਅ਼. افیون ਅਫ਼ਯੂਨ. ਅੰ. Opium. ਸੰਗਯਾ- ਫੀਮ. ਪੋਸਤ ਦੇ ਡੋਡਿਆਂ ਦਾ ਦੁੱਧ ਕੱਢਕੇ ਜਮਾਇਆ ਹੋਇਆ ਇੱਕ ਪਦਾਰਥ, ਜੋ ਜ਼ਹਿਰੀਲਾ ਅਤੇ ਨਸ਼ੀਲਾ ਹੁੰਦਾ ਹੈ. ਵੈਦ ਅਨੇਕ ਰੋਗਾਂ ਵਿੱਚ ਇਸ ਨੂੰ ਵਰਤਦੇ ਹਨ. ਇਹ ਬਹੁਤ ਖ਼ੁਸ਼ਕ ਅਤੇ ਪੱਠਿਆਂ ਨੂੰ ਸੁਕੜਾਉਣ ਅਤੇ ਸੁਸਤ ਕਰਨ ਵਾਲੀ ਵਸ੍ਤੁ ਹੈ.

ਅਫੀਮੀ: ਅਫ਼ੀਮ ਖਾਣ ਵਾਲਾ. ਫੀਮੀ. ਅਫੀਮਚੀ.

ਅਫੁਟ: ਦੇਖੋ, ਮਫੁਟ.

ਅਫੁਰ: ਵਿ- ਸ੍ਫੁਰਣ ਰਹਿਤ. ਫੁਰਨੇ ਬਿਨਾ. ਸੰਕਲਪ ਵਿਕਲਪ ਰਹਿਤ। ੨. ਕੰਪ (ਕਾਂਬੇ) ਬਿਨਾ.

ਅਫੂ: ਦੇਖੋ, ਅਫਵ.

ਅਫ਼ੂਨਤ, ਅ਼ਫ਼ੂਨਤ: ਅ਼. عفونت ਬਦਬੂ. ਸੜਾਂਦ. ਦੁਰਗੰਧ.

ਅਬ: ਕ੍ਰਿ. ਵਿ- ਹੁਣ. ਇਸ ਵੇਲੇ. "ਅਬ ਹਰਿ ਰਾਖਨਹਾਰੁ ਚਿਤਾਰਿਆ." (ਧਨਾ ਮਃ ੫) ੨. ਸੰ. ਵਿ- ਅਵ੍ਯਯ. ਜੋ ਵਿਕਾਰ ਨੂੰ ਪ੍ਰਾਪਤ ਨਾ ਹੋਵੇ. ਸਦਾ ਇੱਕਰਸ "ਸੁਹਾਗੁ ਹਮਾਰੋ ਅਬ ਹੁਣਿ ਸੋਹਿਓ." (ਆਸਾ ਮਃ ੫) ਅਚਲ ਸੁਹਾਗ। ੩. ਸੰ. ਅਦ੍ਯ. ਕ੍ਰਿ. ਵਿ- ਅੱਜ. ਆਜ. "ਕਾਲ ਕਰੰਤਾ ਅਬਹਿ ਕਰ ਅਬ ਕਰਤਾ ਸੁ ਇਤਾਲ." (ਸ. ਕਬੀਰ) اب ੪. ਸੰਗਯਾ- ਪਿਤਾ। ੫. ਆਚਾਰਯ. ਗੁਰੂ.

ਅਬਹੀ: ਕ੍ਰਿ. ਵਿ- ਹੁਣੇ. ਅਭੀ. ਇਸੇ ਵੇਲੇ.

ਅਬਹੀ ਕਬਹੀ: ਕ੍ਰਿ. ਵਿ- ਅਭੀ ਅਤੇ ਕਭੀ. ਹੁਣ ਅਤੇ ਹੋਰ ਵੇਲੇ. "ਅਬਹੀ ਕਬਹੀ ਕਿਛੂ ਨ ਜਾਨਾ." (ਰਾਮ ਮਃ ੧)

ਅਬਕੇ, ਅਬਕੈ: ਕ੍ਰਿ. ਵਿ- ਇਸ ਵੇਰੀ. ਇਸ ਦਫ਼ਹ. "ਅਬਕੇ ਛੁਟਕੇ ਠਉਰ ਨ ਠਾਇਓ." (ਗਉ ਕਬੀਰ)

"ਅਬਕੈ ਕਹਿਐ ਨਾਮੁ ਨ ਮਿਲਈ." (ਮਾਰੂ ਮਃ ੧)

ਅਬਖ਼ਰਹ: ਅ਼. ابخرہ ਬੁਖਾਰ (ਭਾਪ) ਦਾ ਬਹੁ ਵਚਨ.

ਅਬਖ਼ਰਾਤ: ਅਬਖ਼ਰਹ ਦਾ ਬਹੁ ਵਚਨ.

ਅਬਖੀ: ਡਿੰਗ. ਸੰਗਯਾ. ਬੁਰਾ ਸਮਾ. ਖੋਟਾ ਵੇਲਾ.

ਅਬਗਤ: ਸੰ. ਅਪਗਤਿ. ਸੰਗਯਾ- ਦੁਰਗਤਿ. ਬੁਰੀ ਹਾਲਤ. ਗਿਰਾਉ ਦੀ ਦਸ਼ਾ. "ਸਾਧੂ ਬਿਨੁ ਐਸੇ ਅਬਗਤਿ ਜਾਵੈ." (ਗੌਂਡ ਕਬੀਰ) ੨. ਸੰ. ਅਵਿਗਤ. ਵਿ- ਜੋ ਨਾਸ਼ ਨਹੀਂ ਹੋਇਆ. ਅਵਿਨਾਸ਼ੀ। ੩. ਸੰ. ਅਵ੍ਯਕ੍ਤ. ਵਿ- ਜਿਸ ਦੀ ਵ੍ਯਕ੍ਤਿ (ਦੇਹ)

ਨਾ ਹੋਵੇ. "ਆਦਿ ਪੁਰਖ ਅਬਗਤ ਅਬਿਨਾਸੀ." (ਅਕਾਲ) ੪. ਦੇਖੋ, ਅਵਗਤ.

ਅਬਚਲ: ਦੇਖੋ, ਅਬਿਚਲ.

ਅਬਚਲਨਗਰ: ਦੇਖੋ, ਅਬਚਿਲ ਨਗਰ.

ਅਬਜ: ਸੰ. ਧਙ੍ਭਜ- ਅਬ੍ਜ. ਸੰਗਜਾ- ਆਪ (ਪਾਣੀ) ਤੋਂ ਪੈਦਾ ਹੋਇਆ ਕਮਲ. ਜਲਜ। ੨. ਚੰਦ੍ਰਮਾ, ਜੋ ਸਮੁੰਦਰ ਤੋਂ ਪੈਦਾ ਹੋਇਆ ਹੈ.

ਅਬਜਦ: ਅ਼. ابجد ਸੰਗਜਾ- ਅਲਿਫ਼ ਬੇ ਜੀਮ ਦਾਲ ਆਦਿ ਅੱਖਰਾਂ ਦਾ ਕ੍ਰਮ। ੨. ਵਰਣਮਾਲਾ। ੩. ਗਿਣਤੀ ਦਾ ਇੱਕ ਸੰਕੇਤ ਜਿਸ ਦੇ ਮੁਢ "ਅਬਜਦ" ਸ਼ਬਦ ਹੈ. ਇਹ ਗਿਣਤੀ ਇਉਂ ਹੈ ::-

| | | | | | | | | |
|---|---|---|---|---|---|---|---|---|
| ا | ب | ج | د | ه | و | ز | ح | ط |
| ੧ | ੨ | ੩ | ੪ | ੫ | ੬ | ੭ | ੮ | ੯ |
| ی | ک | ل | م | ن | س | ع | ف | |
| ੧੦ | ੨੦ | ੩੦ | ੪੦ | ੫੦ | ੬੦ | ੭੦ | ੮੦ | |
| | ص | ق | ر | ش | ت | ث | | |
| | ੯੦ | ੧੦੦ | ੨੦੦ | ੩੦੦ | ੪੦੦ | ੫੦੦ | | |
| | | خ | ذ | ض | ظ | غ | | |
| | | ੬੦੦ | ੭੦੦ | ੮੦੦ | ੯੦੦ | ੧੦੦੦ | | |

ਕਵੀ ਜਦ ਛੰਦਰਚਨਾ ਵਿੱਚ ਸੰਮਤ ਲਿਖਦੇ ਹਨ, ਤਦ ਦੋ ਅਰਥ ਬੋਧਕ ਅਜਿਹੇ ਸ਼ਬਦ ਵਰਤਦੇ ਹਨ ਜਿਨ੍ਹਾਂ ਵਿੱਚ ਇਹ ਅੱਖਰ ਗਿਣਤੀ ਦਾ ਭੀ ਕੰਮ ਦੇਣ.

ਅਬਤਬ: ਸੰਗਜਾ- ਟਾਲਮਟੋਲ। ੨. ਵਲ੍ਹਾਉ. ਬਹਾਨਾ। ੩. ਕ੍ਰਿ. ਵਿ- ਸਦਾ. ਨਿੱਤ। ੪. ਕਿਸੇ ਸਮੇਂ. "ਅਬ ਤਬ ਅਵਰੁ ਨ ਮਾਗਉ ਹਰਿ ਪਹਿ." (ਗੂਜ ਅਃ ਮਃ ੧) ੫. ਲੋਕ ਪਰਲੋਕ.

ਅਬਤਰ: ਅ. ਵਿ- ਬਹੁਤ ਖ਼ਰਾਬ. ਸ. ਅਵਰਤਰ। ੨. ਦੁਮਕਟਾ. ਲੁੰਡਾ. ਪੁੱਛ ਰਹਿਤ.

ਅਬੱਤਾ: ਦੇਖੋ, ਅਵਤਾ.

ਅਬਦ: ਅਦਬ ਦਾ ਉਲਟ. ਦੇਖੋ, ਅਦਬ। ੨. ਸੰ. ਅਬਦ. ਸੰਗਜਾ- ਬੱਦਲ, ਜੋ ਆਪ (ਜਲ) ਦਿੰਦਾ ਹੈ. "ਅੰਮ੍ਰਿਤਵਾਕ ਅਬਦ ਅੰਮ੍ਰਿਤ ਤੇ." (ਗੁਪ੍ਰਸੂ) ੩. ਸਾਲ. ਵਰ੍ਹਾ। ੪. ਕਪੂਰ। ੫. ਆਕਾਸ਼। ੬. ਸੰ. ਅਵਦਜ. ਵਿ- ਜੋ ਕਥਨ ਨਾ ਕੀਤਾ ਜਾਵੇ. ਨਾ ਕਹਿਣ ਯੋਗਜ. ਅਕਥਜ। ੭. ਅ਼. ابد ਅੰਤ ਰਹਿਤ. ਬੇਅੰਤ। ੮. ਨਿੱਤ. ਇੱਕਰਸ। ੯. ਅ਼. عبد ਅ਼ਬਦ. ਸੰਗਜਾ- ਦਾਸ. ਗ਼ੁਲਾਮ.

ਅਬਦਾਲ: ਅ਼. ابدال ਵਿ- ਬਦਲ ਜਾਣ ਵਾਲਾ. ਜੋ ਇੱਕ ਦਸ਼ਾ (ਹਾਲਤ) ਵਿੱਚ ਨਾ ਰਹੇ।

੨. ਸੰਗਜਾ- ਇੱਕ ਖ਼ਾਸ ਪਦਵੀ ਦੇ ਅਧਿਕਾਰੀ ਵਲੀ ਲੋਕ. ਜਿਵੇਂ ਹਿੰਦੂਆਂ ਨੇ ਦਿਕਪਾਲ ਆਦਿ ਦੇਵਤਾ ਮੰਨੇ ਹਨ, ਤਿਵੇਂ ਮੁਸਲਮਾਨ ਮਤ ਦੇ ਆਚਾਰਯਾਂ ਨੇ ੭੦ ਅਬਦਾਲ ਮੰਨੇ ਹਨ, ਜਿਨ੍ਹਾਂ ਵਿੱਚੋਂ ਚਾਲੀ ਸ਼ਾਮ (Syria) ਵਿੱਚ ਅਤੇ ਤੀਹ ਹੋਰ ਥਾਈਂ ਰਹਿੰਦੇ ਹਨ. ਕਈ ਲੇਖਕਾਂ ਨੇ ਚਾਲੀ ਅਬਦਾਲ ਭੀ ਮੰਨੇ ਹਨ ਅਤੇ ਅਬਦਾਲਾਂ ਦੇ ਪ੍ਰਧਾਨ ਨੂੰ ਗੌਸ਼ ਪਦਵੀ ਦਿੱਤੀ ਹੈ ਅਤੇ ਲਿਖਿਆ ਹੈ ਕਿ ਇਨ੍ਹਾਂ ਅਬਦਾਲਾਂ ਦੀ ਬੰਦਗੀ ਅਤੇ ਸ਼ਕਤੀ ਦੇ ਆਸਰੇ ਦੁਨੀਆਂ ਕਾਇਮ ਹੈ. ਜਦ ਇਨ੍ਹਾਂ ਵਿੱਚੋਂ ਕੋਈ

ਮਰ ਜਾਂਦਾ ਹੈ, ਤਦ ਉਸ ਦੀ ਥਾਂ ਖ਼ੁਦਾ ਕਿਸੇ ਹੋਰ ਵਲੀ ਨੂੰ ਮੁਕ਼ੱਰਰ ਕਰਦਾ ਹੈ. ਇਸੇ ਤਰਾਂ ਇਸ ਪਦਵੀ ਦੀ ਬਦਲੀ ਹੁੰਦੀ ਰਹਿੰਦੀ ਹੈ, ਜਿਸ ਕਾਰਣ "ਅਬਦਾਲ" ਸੰਗਜਾ ਹੈ. ਬਦਲ ਦਾ ਬਹੁਵਚਨ ਅਬਦਾਲ ਹੈ. "ਮਾਰਫਤਿ ਮਨੁ ਮਾਰਹੁ ਅਬਦਾਲਾ." (ਮਾਰੂ ਸੋਲਹੇ ਮਃ ੫) ਆਤਮਵਿਦਯਾ ਦ੍ਵਾਰਾ ਸੰਕਲਪ ਵਿਕਲਪਾਂ ਨੂੰ ਮਾਰਨਾ ਹੀ ਅਬਦਾਲ ਪਦਵੀ ਨੂੰ ਪਹੁਚਣਾ ਹੈ. ਇਸ ਤੁਕ ਵਿੱਚ ਅਬਦਾਲ ਸ਼ਬਦ ਦੋ ਅਰਥ ਰਖਦਾ ਹੈ- ਅਬਦਾਲ (ਬਦਲ ਜਾਣ ਵਾਲਾ) ਮਨ ਮਾਰਨਾ, ਅਬਦਾਲ ਹੋਣਾ ਹੈ। ੩. ਮੁਸਲਮਾਨ ਫ਼ਕੀਰਾਂ ਦੇ ਪੰਜ ਦਰਜਿਆਂ ਵਿੱਚੋਂ ਇੱਕ ਅਬਦਾਲ ਭੀ ਹੈ. ਪੰਜ ਦਰਜੇ ਇਹ ਹਨ- ਗ਼ੌਸ, ਕੁਤਬ, ਵਲੀ, ਅਬਦਾਲ, ਕ਼ਲੰਦਰ. ਕਿਤਨਿਆਂ ਦੇ ਮਤ ਵਿੱਚ ਕ਼ਲੰਦਰ ਦੀ ਥਾਂ ਔਤਾਦ ਹੈ. ੪. ਕਾਂਗੜੇ ਦੇ ਜਿਲੇ ਇੱਕ ਮੁਸਲਮਾਨ ਜਾਤਿ, ਜੋ ਮੰਗਕੇ ਗੁਜ਼ਾਰਾ ਕਰਦੀ ਹੈ ਅਤੇ ਮੁਰਦਿਆਂ ਨਾਲ ਮਰਘਟ ਨੂੰ ਗਾਉਂਦੀ ਜਾਂਦੀ ਹੈ. ਇਸ ਜਾਤਿ ਦੇ ਲੋਕ ਬਹਾਦੁਰ ਸੂਰਮਿਆਂ ਦੀਆਂ ਵਾਰਾਂ ਭੀ ਗਾਉਂਦੇ ਹਨ.

ਅਬਦਾਲਾ: ਦੇਖੋ, ਅਬਦਾਲ.

ਅਬਦਾਲੀ: ਵਿ- ਅਬਦਾਲ ਨਾਲ ਸੰਬੰਧ ਰੱਖਣ ਵਾਲਾ. ਅਬਦਾਲ ਦਾ. "ਕਰਿ ਅਬਦਾਲੀ ਭੇਸਵਾ." (ਭੈਰ ਨਾਮਦੇਵ) ਦੇਖੋ, ਅਬਦਾਲ ੩। ੨. ਸੰਗਜਾ- ਸੱਦੋਜ਼ਈ ਪਠਾਣਾਂ ਦੀ ਅੱਲ ਭੀ ਅਬਦਾਲੀ ਹੈ. ਅਬਦਾਲੀਆਂ ਨੂੰ ਦੁੱਰਾਨੀ ਭੀ ਆਖਦੇ ਹਨ. ਦੇਖੋ, ਅਹਮਦ ਸ਼ਾਹ ਅਬਦਾਲੀ ਅਤੇ ਦੁੱਰਾਨੀ ਸ਼ਬਦ.

ਅਬਦੀ: ਅ਼. ابدی ਵਿ- ਨਿੱਤ ਰਹਿਣ ਵਾਲਾ. ਅਵਿਨਾਸ਼ੀ.

ਅਬਦੁਲ: ਦੇਖੋ, ਅਬਦੁੱਲਾ. "ਸੁਨ ਅਬਦੁਲ ਢਾਡੀ ਚਲਆਯੋ." (ਗੁਪ੍ਰਸੂ)

ਅਬਦੁਲਸਮਦ ਖ਼ਾਨ: عبدالصمدخان ਅਬਦੁਲਸਮਦ ਖ਼ਾਨ. ਮੁਹ਼ੰਮਦ ਅਮੀਨ ਖ਼ਾਂ ਦਾ ਪੁਤ੍ਰ. ਇਹ ਔਰੰਗਜ਼ੇਬ ਦੇ ਸਮੇਂ ਮਨਸਬਦਾਰ ਦਰਬਾਰੀ ਸੀ. ਜਹਾਂਦਾਰ ਸ਼ਾਹ ਦੇ ਵੇਲੇ ਇਹ ਸੱਤਹਜ਼ਾਰੀ ਅਹੁਦੇਦਾਰ ਹੋਇਆ ਅਤੇ ਦਿਲੇਰ ਜੰਗ ਦਾ ਖਿਤਾਬ ਮਿਲਿਆ. ਫ਼ਰਰੁਖ਼ ਸਿਜਰ ਦੇ ਸਮੇਂ ਸਿੱਖਾਂ ਨੂੰ ਸ਼ਿਕਸਤ ਦੇਣ ਲਈ ਇਹ ਕਸ਼ਮੀਰ ਤੋਂ ਲਹੌਰ ਦਾ ਸੂਬਾ ਥਾਪਿਆ ਗਿਆ. ਇਸਨੇ ਬਾਬੇ ਬੰਦੇ ਉੱਤੇ ਸ਼ਾਹੀ ਫੌਜ ਲੈਕੇ ਗੁਰਦਾਸਪੁਰ ਚੜ੍ਹਾਈ ਕੀਤੀ ਅਤੇ ਉਸ ਨੂੰ ਛਲ ਨਾਲ ਫੜਕੇ ਦਿੱਲੀ ਭੇਜ ਦਿੱਤਾ.

ਮੁਹੰਮਦ ਸ਼ਾਹ ਵੇਲੇ ਇਹ ਮੁਲਤਾਨ ਦਾ ਸੂਬਾ ਹੋਇਆ. ਇਸ ਦਾ ਦੇਹਾਂਤ ਸਨ ੧੭੩੯ ਵਿੱਚ ਹੋਇਆ ਹੈ. ਸਿੱਖ ਇਤਿਹਾਸ ਵਿੱਚ ਇਸਦਾ ਨਾਉਂ ਸਮੁੰਦ ਖਾਨ ਭੀ ਆਇਆ ਹੈ. ਜ਼ਕਰੀਆ ਖ਼ਾਨ (ਖ਼ਾਨ ਬਹਾਦੁਰ) ਲਹੌਰ ਦਾ ਸੂਬਾ ਇਸੇ ਦਾ ਪੁਤ੍ਰ ਸੀ. ਦੇਖੋ, ਬੰਦਾ.

ਅਬਦੁਲ ਖ਼ਾਨ: ਦੇਖੋ, ਅਬਦੁੱਲਾ ਖ਼ਾਨ.

ਅਬਦੁਲ ਰਹਮਾਨ, ਅਬਦੁਲ ਰਹ਼ਮਾਨ: ਮੁਹ਼ੰਮਦ ਸਾਹਿਬ ਦਾ ਸਾਥੀ ਅਤੇ ਧਰਮਵੀਰ, ਜੋ ਪੈਗੰਬਰ ਨਾਲ ਅਨੇਕ ਜੰਗਾਂ ਵਿੱਚ ਰਿਹਾ. ਇਸ ਦਾ ਦੇਹਾਂਤ ਸਨ ਹਿਜਰੀ ੩੨ ਵਿੱਚ ਮਦੀਨੇ ਹੋਇਆ. "ਅਬਦੁਲ ਰਹਮਾਨ ਨੇ ਨੌ ਖਾਨਦਾਨ ਕੀਤੇ ਹਨ." (ਜਸਭਾਮ)

ਅਬਦੁਲ ਰਹੀਮ ਖ਼ਾਨ, ਅ਼ਬਦੁਲ ਰਹ਼ੀਮ ਖ਼ਾਨ: عبدالرحیم خان ਇਸ ਦਾ ਪ੍ਰਸਿੱਧ ਨਾਉਂ ਖ਼ਾਨ ਖ਼ਾਨਾਨ ਹੈ. ਇਹ ਅਕਬਰ ਦੇ ਅਹਿਲਕਾਰ ਬੈਰਾਮ ਖ਼ਾਨ ਦਾ ਪੁਤ੍ਰ ਸੀ. ਇਸ ਦਾ ਜਨਮ ਸਨ ੧੫੫੬ ਵਿੱਚ ਲਹੌਰ ਹੋਇਆ. ਟੋਡਰ ਮੱਲ ਦੇ ਮਰਣ ਪੁਰ ਸਨ ੧੫੮੯ ਵਿੱਚ ਇਹ ਅਕਬਰ ਦਾ ਮੁੱਖ ਮੰਤ੍ਰੀ ਬਨਿਆ. ਇਸ ਦੀ ਪੁਤ੍ਰੀ ਜਾਨੀ ਬੇਗਮ ਸ਼ਾਹਜ਼ਾਦਾ ਦਾਨਿਆਲ ਨੂੰ ਵਿਆਹੀ ਸੀ. ਅਕਬਰ ਦੇ ਮਰਣ ਪੁਰ ਇਸ ਨੇ ੨੧. ਵਰ੍ਹੇ ਜਹਾਂਗੀਰ ਦੀ ਅਹਿਲਕਾਰੀ ਕੀਤੀ. ਇਸ ਦਾ ਦੇਹਾਂਤ ਸਨ ੧੬੨੭ ਵਿੱਚਹੋਇਆ. ਕਬਰ ਸ਼ੇਖ ਨਿਜ਼ਾਮੁੱਦੀਨ ਦੀ ਦਰਗਾਹ ਪਾਸ ਦਿੱਲੀ ਵਿਦ੍ਯਮਾਨ ਹੈ. ਇਹ ਅਨੇਕ ਜੁਬਾਨਾਂ ਦਾ ਪੰਡਿਤ ਅਤੇ ਕਵੀ ਸੀ ਅਰ ਛਾਪ "ਰਹਿਮਨ" ਤਥਾ "ਰਹੀਮ" ਸੀ. ਇਸ ਦੇ ਹਿੰਦੀ ਦੋਹਰੇ ਬਹੁਤ ਮਨੋਹਰ ਹਨ.

ਕਹਿ ਰਹੀਮ ਯਾ ਪੇਟ ਸੋਂ ਕਯੋਂ ਨ ਭਯੋ ਤੂ ਪੀਠ,

ਭੂਖੇ ਮਾਨ ਬਿਗਾਰ ਹੈਂ. ਭਰੇ ਬਿਗਾਰੈਂ ਦੀਠ.

ਸਾਧੁ ਸਰਾਹੈ ਸਾਧੁਤਾ ਯਤੀ ਯੋਸ਼ਿਤਾ ਜਾਨ,

ਰਹਿਮਨ ਸਾਚੇ ਸੂਰ ਕੀ ਵੈਰੀ ਕਰੈ ਬਖਾਨ.

ਕਹਿ ਰਹੀਮ ਗਤਿ ਦੀਪ ਕੀ ਕੁਲ ਕੁਪੂਤ ਕੀ ਸੋਇ,

ਬਾਰੇ ਉਜਿਆਰੋ ਕਰੈ ਬਡੋ ਅੱਧੇਰੋ ਹੋਇ.

ਫਰਜੀ ਸ਼ਾਹ ਨ ਹ੍ਵੈ ਸਕੈ ਗਤਿ ਟੇਢੀ ਤਾਸੀਰ,

ਰਹਿਮਨ ਸੀਧੀ ਚਾਲ ਤੇ ਪਜਾਦੋ ਹੋਤ ਵਜ਼ੀਰ.

ਕਰਤ ਨਿਪੁਨਈ ਗੁਣ ਬਿਨਾ ਰਹਿਮਨ ਨਿਪੁਨ ਹਜੂਰ,

ਮਾਨੋ ਟੇਰਤ ਵਿਟਪ ਚਢ ਇਹ ਪ੍ਰਕਾਰ ਹਮ ਕੂਰ.

ਖੀਰਾ ਮੁਖ ਧਰ ਕਾਟਿਯੇ ਮਲਿਯੇ ਨਮਕ ਲਗਾਇ,

ਕਰਵੇ ਮੁਖ ਕੋ ਚਾਹਿਯੇ ਰਹਿਮਨ ਯਹੀ ਸਜਾਇ.

੨. ਅਹਮਦ ਸ਼ਾਹ ਅਬਦਾਲੀ ਦਾ ਬਖਸ਼ੀ, ਜਿਸ ਨੂੰ

ਦੁਆਬੇ ਵਿੱਚ ਖ਼ਾਲਸਾਦਲ ਨੇ ਕਤਲ ਕਰਕੇ ਹਿੰਦੂਆਂ

ਦੀਆਂ ਬਹੂਆਂ ਬੇਟੀਆਂ ਛੁਡਾਈਆਂ.

ਅਬਦੁੱਲਾ: ਵਿ- ਅ਼ਬਦ (ਦਾਸ) ਅੱਲਾ ਦਾ।

੨. ਸੰਗਯਾ- ਗੁਰੂ ਹਰਿਗੋਬਿੰਦ ਸਾਹਿਬ ਦਾ ਢਾਡੀ, ਜੋ ਸਿੱਖਸੈਨਾ ਵਿੱਚ ਯੋਧਿਆਂ ਦੀਆਂ ਵਾਰਾਂ ਗਾਕੇ ਵੀਰਰਸ ਦਾ ਉਤਸ਼ਾਹ ਵਧਾਇਆ ਕਰਦਾ ਸੀ. ਦੇਖੋ, ਅਬਦੁਲ। ੩. ਕੁਰੈਸ਼ ਵੰਸ਼ੀ ਅਬਦੁਲ ਮੁੱਤਲਿਬ ਦਾ ਵਡਾ ਪੁਤ੍ਰ ਅਤੇ ਪੈਗੰਬਰ ਮੁਹੰਮਦ ਦਾ ਪਿਤਾ, ਜਿਸ ਦਾ ਦੇਹਾਂਤ ਸਨ ੫੭੧ ਵਿੱਚ ਹੋਇਆ.

ਅਬੁਦੱਲਾ, ਖ਼ਾਨ: ਜਾਲੰਧਰ ਦਾ ਸੂਬਾ, ਜੋ ਹਰਿਗੋਬਿੰਦ ਪੁਰ (ਸ੍ਰੀ ਗੋਬਿੰਦ ਪੁਰ) ਦੇ ਪਾਸ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਮਤ ੧੬੮੭ ਵਿੱਚ ਜੰਗ ਕਰਕੇ ਮੋਇਆ.

ਅਬਧ: ਸੰ. अबद्ध- ਅਬੱਧ ਵਿ- ਬੰਧਨ ਰਹਿਤ. ਮੁਕਤ. ਆਜ਼ਾਦ। ੨. ਸੰ. ਅਬਧ੍ਯ. ਜੋ ਮਾਰਣ ਯੋਗ੍ਯ ਨਹੀਂ, ਜੈਸੇ- ਬਾਲਕ, ਰੋਗੀ, ਇਸਤ੍ਰੀ ਅਤੇ ਸ਼ਰਣਾਗਤ। ੩. ਜੋ ਕਿਸੇ ਤੋਂ ਮਾਰਿਆ ਨਾ ਜਾ ਸਕੇ। ੪. ਸੰ. ਅਬਾਧ੍ਯ. ਬੇਰੋਕ. ਜੋ ਨਿਵਾਰਣ ਨਾ ਹੋ ਸਕੇ. "ਕਾਲ ਫਾਸ ਅਬਧ ਲਾਗੇ." (ਆਸਾ ਰਵਦਾਸ)

ਅਬਧਿ: ਦੇਖੋ, ਅਵਧਿ। ੨. ਸੰ. अब्धि- ਅਬ੍ਧਿ. ਸੰਗ੍ਯਾ- ਆਪ (ਜਲ) ਨੂੰ ਧਾਰਣ ਵਾਲਾ. ਸਮੁੰਦਰ. ਸਾਗਰ.

ਅਬਧਿਜਾ: ਸੰ. अब्धिजा. ਸੰਗ੍ਯਾ- ਸਮੁੰਦਰ ਤੋਂ ਪੈਦਾ ਹੋਈ ਲੱਛਮੀ। ੨. ਸ਼ਰਾਬ. ਸੁਰਾ.

ਅਬਧੂਤ: ਦੇਖੋ, ਅਵਧੂਤ.

ਅਬਧ੍ਯ: ਦੇਖੋ, ਅਬਧ ੨.

ਅਬਨਾਸੀ: ਦੇਖੋ, ਅਵਿਨਾਸੀ.

ਅਬਨੂਸ: ਦੇਖੋ, ਆਬਨੂਸ. "ਸਜਾਹ ਮਨੋ ਅਬਨੂਸਹਿ ਕੋ ਤਰੁ." (ਕ੍ਰਿਸਨਾਵ)

ਅਬਯਕਤ: ਅਵ੍ਯਕ੍ਤ. ਵ੍ਯਕ੍ਤਿ. (ਦੇਹ) ਰਹਿਤ. ਨਿਰਾਕਾਰ. ਦੇਖੋ, ਅਵਿਅਕਤ. "ਅਬਯਕਤ ਰੂਪ ਅਪਾਰ." (ਅਕਾਲ)

ਅਬਯਾਤ: ਅ਼. ابیات ਬੈਤ ਦਾ ਬਹੁ ਵਚਨ. ਛੰਦ. ਪਦ. "ਅਬਯਾਤ ਹਿੰਦਵੀ." (ਸਲੋਹ) ਹਿੰਦੀ ਛੰਦ.

ਅਬਰ: ਵਿ- ਜੋ ਨਹੀਂ ਵਰ (ਸ਼੍ਰੇਸ਼੍ਠ). ਅਨੁੱਤਮ. ਮੰਦ. ਬੁਰਾ। ੨. ਫ਼ਾ. ابر ਆਬ- ਬਰ. ਸੰ. ਅੰਬੁ- ਧਰ. ਬੱਦਲ. ਮੇਘ. ਦੇਖੋ, ਅਭ੍ਰ.

ਅਬਰਸ਼: ਫ਼ਾ. ابرش ਵਿ- ਚਿਤਕਬਰਾ. ਡੱਬ- ਖੜੱਬਾ. ਅਭ੍ਰ ਸਦ੍ਰਿਸ਼। ੨. ਉਸ ਦਾ ਅਬਰ. ਉਸ ਦਾ ਬੱਦਲ.

ਅਬਰਕ: ਦੇਖੋ, ਅਭ੍ਰਕ.

ਅਬਰਨ: ਸੰ. ਅਵਣੰ. ਵਿ- ਰੰਗ ਰਹਿਤ. ਜਿਸ ਦਾ ਕੋਈ ਵਰਣ (ਰੰਗ) ਨਹੀਂ. ੨. ਬੁਰੇ ਰੰਗ ਦਾ. ਕੁਰੰਗਾ. "ਅਬਰਨ ਬਰਨ ਘਾਮ ਨਹੀਂ ਛਾਮ." (ਭੈਰ ਅਃ ਕਬੀਰ) ੩. ਵਰਣਧਰਮ ਰਹਿਤ. ਨੀਚ. ਜੋ ਚਾਰ ਵਰਣਾਂ ਤੋਂ ਬਾਹਰ ਹੈ. "ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭ ਹੂੰ." (ਦੇਵ ਮਃ ੫) ੪. ਸੰ. ਅਵਰ੍ਣ- ਅਵਣੰਯ. ਵਿ- ਜੋ ਬਿਆਨ ਨਹੀਂ ਕੀਤਾ ਜਾ ਸਕਦਾ. "ਅਬਰਨ ਬਰਨ ਸਿਉ ਮਨ ਹੀ ਪ੍ਰੀਤਿ." (ਭੈਰ ਅਃ ਕਬੀਰ) ਓਅੰ ਅੱਖਰ ਜੋ ਅਵਣੰਜ ਹੈ, ਅਰਥਾਤ ਵਰਣਨ ਨਹੀਂ ਹੋ ਸਕਦਾ। ੫. ਜੋ ਕਹਿਣ ਯੋਗਯ ਨਹੀਂ. ਨਿੰਦਾ. "ਬਰਨ ਹੈ ਅਬਰਨ ਕੋ." (ਕਲਕੀ) ਨਿੰਦਾ ਕਹਿਣਗੇ.

ਅਬਰਨ ਬਰਨ: ਦੇਖੋ, ਅਬਰਨ ੪. ਅਤੇ ਹਉਮੈ ਗਾਵਿਨ.

ਅਬਰੂ: ਫ਼ਾ. ابرو ਅੰ. Eye- brow. ਸੰ. ਭ੍ਰੂ. ਸੰਗ੍ਯਾ- ਭ੍ਰਿਕੁਟਿ. ਭੌਂਹ। ੨. ਦੇਖੋ, ਆਬਰੂ.

ਅਬਰੇ ਬਹਾਰਾਂ: ਫ਼ਾ. ابربہاراں ਬਸੰਤ ਰੁੱਤ ਦਾ ਮੇਘ.

ਅਬਰੋ, ਅਬਰੋਇ: ਦੇਖੋ, ਆਬਰੂ.

ਅਬਲ: ਵਿ- ਬਲ ਰਹਿਤ. ਨਿਰਬਲ. "ਅਬਲ ਬਲ ਤੋੜਿਆ." (ਮਾਰੂ ਜੈਦੇਵ) ਬਲਵਾਨ ਦੇਹ ਦਾ ਬਲ ਤੋੜਕੇ ਅਬਲ ਕੀਤਾ. ਭਾਵ- ਇੰਦ੍ਰੀਆਂ ਕਮਜ਼ੋਰ ਕੀਤੀਆਂ. ੨. ਅ਼. اوّل ਅੱਵਲ. ਪ੍ਰਥਮ. ਪਹਿਲਾ. "ਅਬਲ ਨਾਉਂ ਖੁਦਾਇ ਦਾ." (ਜਸਾ)

ਅਬਲਕ, ਅਬਲਕ਼: ਅ਼. ابلق ਵਿ- ਚਿਤਕਬਰਾ (ਡੱਬਖੜੱਬਾ) ਘੋੜਾ. ਚਿੱਟਾ ਅਤੇ ਕਾਲਾ.

ਅਬਲਾ: ਸੰ. ਸੰਗ੍ਯਾ- ਇਸਤ੍ਰੀ. ਨਾਰੀ। ੨. ਵਿ- ਦੁਬਲੀ. ਕਮਜ਼ੋਰ। ੩. ਅ਼. ابلہ ਮੂਰਖ. ਬੁੱਧਿ ਰਹਿਤ.

ਅਬਲੀਸ: ਅ਼. ابلیس ਈਸ਼੍ਵਰ ਦੀ ਕ੍ਰਿਪਾ ਤੋਂ ਵਾਂਜਿਆ ਹੋਇਆ ਭਾਵ- ਸ਼ੈਤ਼ਾਨ. "ਤਕੱਬਰ ਕੀਤਾ ਅਬਲੀਸ ਨੇ ਗਲ ਲਾਨਤ ਜਾਮਾ." (ਜੰਗਨਾਮਾ)

ਅਬੜਵਾਹਾ: ਵਿ- ਅਧਨੀਂਦਾ. ਅਰ੍ਧ ਉੱਨਿਦ੍ਰਿਤ. ਅਧਸੁੱਤਾ.

ਅਬਾ: ਅ਼. ابا ਸੰਗ੍ਯਾ- ਅਬੁ (ਪਿਤਾ) ਦਾ ਬਹੁ ਵਚਨ. ਪਿਤਾ. ਬਾਪ. ਸੰ. ਆਵੁਕ. "ਅੰਮ ਅਬੇ ਥਾਵਹੁ ਮਿਠੜਾ." (ਸ੍ਰੀ ਮਃ ੫)

ਅਬਾਸੀ: ਸੰਗ੍ਯਾ- ਉਬਾਸੀ. ਜ੍ਰਿੰਭਾ (ਜੰਭਾਈ). ਦੇਖੋ, ਉਬਾਸੀ। ੨. ਗੁਲ ਬਾਂਸੀ. "ਜਾਨੁਕ ਫੂਲ ਅਬਾਸੀ ਰਹੀ." (ਚਰਿਤ੍ਰ ੩੧੭) ਦੇਖੋ, ਅੱਬਾਸ ੨.

ਅਬਾਹ: ਵਿ- ਬਾਹੁ (ਭੁਜਾ) ਹੀਂਨ। ੨. ਵਾਹ (ਸਵਾਰੀ) ਬਿਨਾ. ਜੋ ਗਰੁੜ ਆਦਿ ਸਵਾਰੀ ਨਹੀਂ ਰਖਦਾ. "ਨਮਸਤੰ ਅਬਾਹੇ." (ਜਾਪੁ) ੩. ਬਾਹ (ਕਾਮਚੇਸ਼੍ਟਾ) ਬਿਨਾ. ਦੇਖੋ, ਬਾਹ.

ਅਬਾਜਾਰ: ਫ਼ਾ. بیزار ਬੇਜ਼ਾਰ. ਵਿ- ਅਪ੍ਰਸੰਨ. ਨਾਖ਼ੁਸ਼. ਬ (ਸਾਥ) ਆਜ਼ਾਰ (ਦੁੱਖ).

ਅਬਾਦ: ਵਿ- ਬਿਨਾ ਵਾਦ. ਨਿਰਵਿਵਾਦ। ੨. ਦੇਖੋ, ਆਬਾਦ.

ਅਬਾਦਾਨ: ਦੇਖੋ, ਆਬਾਦਾਨ.

ਅਬਾਧ: ਵਿ- ਬਿਨਾ ਬਾਧਾ. ਬਿਨਾ ਰੁਕਾਵਟ। ੨. ਨਿਰਵਿਘਨ। ੩. ਦੇਖੋ, ਅਬਾਧਜ.

ਅਬਾਧਜ: ਵਿ- ਜੋ ਰੋਕਿਆ ਨਾ ਜਾ ਸਕੇ. ਬਾਧਜ ਹੋਣ ਤੋਂ ਬਿਨਾ.

ਅਬਾਬੀਲ: ਅ਼. ابابیل ਸੰਗਯਾ- ਨਾਈਅੜਾ. ਬਾਲ- ਕਟਾਰਾ. Swallow.

ਅਬਾਰ: ਵਿ- ਬਾਰ (ਦੇਰੀ) ਬਿਨਾ. ਬਿਨਾ ਢਿੱਲ।

੨. ਵਾਰਣ ਤੋਂ ਬਿਨਾ. ਬੇਰੋਕ. "ਖੰਡਾ ਅਬਾਰੰ." (ਗ੍ਯਾਨ) ੩. ਦੇਖੋ, ਅਵਾਰ.

ਅਬਿ: ਕ੍ਰਿ. ਵਿ- ਹੁਣ. ਇਸ ਵੇਲੇ. "ਅਬਿ ਕਿਛੁ ਕਿਰਪਾ ਕੀਜੈ." (ਧਨਾ ਮਃ ੩) ੨. ਸੰ. ਅਵਿ. ਸੰਗਯਾ- ਮੀਢਾ. ਛੱਤਰਾ। ੩. ਬਕਰਾ. ਅਜ. "ਅਬਿ ਮੱਧ ਹੋਮ ਕਰਾਇ." (ਗ੍ਯਾਨ) ੪. ਸੂਰਜ। ੫. ਪਰਬਤ। ੬. ਚੂਹਾ। ੭. ਵਾਯੁ. ਪਵਨ। ੮. ਅੱਕ। ੯. ਲੱਜਾ. ਸ਼ਰਮ। ੧੦. ਵਿ- ਹੱਛਾ.

ਅਬਿਅਕਤ: ਦੇਖੋ, ਅਵਿਅਕਤ.

ਅਬਿਖਾਦ: ਵਿ- ਵਿਸ਼ਾਦ (ਕਲੇਸ਼) ਬਿਨਾ. "ਅਬਿਖਾਦ ਦੇਵ ਦੁਰੰਤ." (ਅਕਾਲ)

ਅਬਿਗਤ, ਅਬਿਗਤੁ: ਸੰ. ਅਵਿਗਤ. ਵਿ- ਜੋ ਜਾਣਿਆ ਨਾ ਜਾ ਸਕੇ. "ਜਬ ਅਬਿਗਤ ਅਗੋਚਰ ਪ੍ਰਭੁ ਏਕਾ." (ਸੁਖਮਨੀ) ੨. ਜੋ ਨਾਸ਼ ਨਾ ਹੋਵੇ. ਨਿੱਤ. "ਜੋ ਜਨ ਜਾਨਿ ਭਜਹਿ ਅਬਿਗਤ ਕਉ." (ਸੂਹੀ ਕਬੀਰ) "ਅਬਗਤੁ ਸਮਝ ਇਆਨਾ." (ਗਉ ਕਬੀਰ) ੩. ਦੇਖੋ, ਅਵਜਕ੍ਤ.

ਅਬਿਗਮ: ਸੰ. ਅਬਗਮ. ਸੰਗਯਾ- ਬਿਨਾ ਸੰਸੇ ਗ੍ਯਾਨ. ਨਿਸ਼ਚਯਾਤਮਕ ਗ੍ਯਾਨ। ੨. ਅਵਿਗਮ. ਵਿ- ਵਿਨਾਸ਼ ਰਹਿਤ.

ਅਬਿਗਾਮੀ: ਵਿ- ਅਵਗਮ ਵਾਲਾ. ਯਥਾਰਥ ਗ੍ਯਾਨੀ. "ਅਦ੍ਵੈ ਅਲਖਪੁਰਖ ਅਬਿਗਾਮੀ." (ਅਕਾਲ) ੨. ਅਵਿਨਾਸ਼ੀ. ਦੇਖੋ, ਅਬਿਗਮ ੨.

ਅਬਿਚਲ: ਸੰ. ਅਵਿਚਲ. ਵਿ- ਜੋ ਵਿਚਲਿਤ (ਚਲਾਇਮਾਨ) ਨਾ ਹੋਵੇ. ਕ਼ਾਯਮ. ਇਸਥਿਤ. "ਅਬਿਚਲ ਨੀਵ ਧਰੀ ਗੁਰ ਨਾਨਕ" (ਗੂਜ ਮਃ ੫)

ਅਬਿਚਲਨਗਰ: ਹੈਦਰਾਬਾਦ ਦੱਖਣ ਦੇ ਰਾਜ ਵਿੱਚ ਨਾਂਦੇੜ (ਨੰਦੇਰ नन्दगिरि ) ਸ਼ਹਿਰ ਪਾਸ ਗੋਦਾਵਰੀ ਨਦੀ ਦੇ ਕਿਨਾਰੇ ਦਸ਼ਮੇਸ਼ ਦਾ ਪਵਿਤ੍ਰ ਧਾਮ, ਜਿਸ ਥਾਂ ਕੱਤਕ ਸੁਦੀ ੫. ਸੰਮਤ ੧੭੬੫ ਨੂੰ ਸਤਿਗੁਰੂ ਜੋਤੀ ਜੋਤਿ ਸਮਾਏ ਹਨ.

ਸੂਹੀ ਛੰਤ ਦੀ ਤੁਕ- "ਅਬਿਚਲ ਨਗਰ[91] ਗੋਬਿੰਦ ਗੁਰੂ ਕਾ"- ਅਨੁਸਾਰ ਖ਼ਾਲਸੇ ਨੇ ਗੁਰੁਦ੍ਵਾਰੇ ਦਾ ਨਾਉਂ ਇਹ ਥਾਪਿਆ ਹੈ. ਇਸ ਦਾ ਦੂਜਾ ਨਾਉਂ "ਹਜੂਰ ਸਾਹਿਬ" ਹੈ. ਅਤੇ ਇਹ ਖ਼ਾਲਸੇ ਦਾ ਚੌਥਾ ਤਖ਼ਤ ਹੈ. ਇਸ ਥਾਂ ਕਲਗੀਧਰ ਦੇ ਇਹ ਸ਼ਸਤ੍ਰ ਹਨ:-

ਚਕ੍ਰ, ਚੌੜਾ ਤੇਗਾ, ਫੌਲਾਦ ਦੀ ਕਮਾਨ, ਗੁਰਜ, ਨਾਰਾਚ (ਸਰਬਲੋਹ ਦਾ ਤੀਰ), ਸੁਨਹਿਰੀ ਸ਼੍ਰੀ ਸਾਹਿਬ ਪੰਜ ਅਤੇ ਸੁਨਹਿਰੀ ਛੋਟੀ ਕ੍ਰਿਪਾਨ ਛੀ ਇੰਚ ਦੀ. ਇਨ੍ਹਾਂ ਤੋਂ ਛੁੱਟ ਹੋਰ ਬਹੁਤ ਅਮੋਲਕ ਸ਼ਸਤ੍ਰ, ਜੇਹੇ ਕਿਸੇ ਰਾਜਧਾਨੀ ਦੇ ਸਿਲਹਖਾਨੇ ਵਿਚੱ ਭੀ ਨਹੀਂ ਦੇਖੇ ਜਾਂਦੇ, ਗੁਰੂ ਸਾਹਿਬ ਦੇ ਸਿੰਘਾਸਨ ਤੇ ਸੁੰਦਰ ਢੰਗ ਨਾਲ ਸਜਾਏ ਹੋਏ ਹਨ, ਜਿਨ੍ਹਾਂ ਵਿੱਚ ਇੱਕ ਵਡਾ ਭਾਰੀ ਮਾਈ ਭਾਗੋ ਦੀ ਸਾਂਗ ਦਾ ਫਲ ਹੈ, ਜਿਸ ਨੂੰ ਅਣਜਾਣ ਅਸ਼੍ਟਭੁਜੀ ਦੇਵੀ ਆਖਦੇ ਹਨ.

ਘਨਾਛਰੀ

---

[91] ਗੁਰਬਾਣੀ ਵਿੱਚ "ਅਬਿਚਲਨਗਰ" ਦਾ ਅਰਥ ਸਤਿਸੰਗ ਅਤੇ ਪਰਮਪਦ ਹੈ.

ਅਬਿਚਲਨਗਰ ਉਜਾਗਰ ਸਗਰ ਜਗ
ਜਾਹਰ ਜਹੂਰ ਜਹਾਂ ਜੋਤ ਹੈ ਜਬਰ ਜਾਨ,
ਖੰਡੇ ਹੈਂ ਪ੍ਰਚੰਡ ਖਰ ਖੜਗ ਕੁਦੰਡ ਧਰੇ
ਖੰਜਰ ਤੁਫੰਗ ਪੁੰਜ ਕਰਦ ਕ੍ਰਿਪਾਨ ਬਾਨ,
ਸਕਤੀ ਸਰੋਹੀ ਸੈਫ ਸਾਂਗ ਜਮਦਾੜ ਚਕ੍ਰ
ਢਾਲੇ ਗਨ ਭਾਲੇ ਰਿਪੁ ਘਾਲੇ ਛਿਪ੍ਰ ਜੰਗ ਠਾਨ,
ਚਮਕਤ ਚਾਰੋਂ ਓਰ ਘੋਰ ਰੂਪ ਕਾਲਿਕਾ ਕੋ
ਬੰਦਨਾ ਕਰਤ ਕਵਿ ਜੋਰ ਪਾਨਿ ਤਾਂਹੀ ਥਾਨ.

ਮਨਹਰ

ਸੁੰਦਰ ਗੋਦਾਵਰੀ ਵਿਹੀਨ ਮਲ ਚਲੈ ਜਲ
ਸਲਿਤਾ ਸਤੁਲ ਗੰਗ ਕੂਲ ਛਬਿ ਪਾਵਈ,
ਖਰੇ ਖਰੇ ਤਰੁ ਖਰੇ ਹਰੇ ਹਰੇ ਪਾਤ ਜਰੇ
ਪਾਂਤਿ ਪਾਂਤਿ ਕਰੇ ਛਾਇ ਸੰਘਨੀ ਕੋ ਛਾਵਈ,
ਬੋਲਤ ਬਿਹੰਗ ਰੰਗ ਰੰਗ ਕੇ ਉਤੰਗ ਥਾਨ
ਸ਼੍ਰੀ ਗੋਬਿੰਦ ਸਿੰਘ ਕੋ ਸਿੰਘਾਸਨ ਸੁਹਾਵਈ,
ਜਾਇ ਦਰਸਾਵਈ ਮਨੋਰਥ ਉਠਾਵਈ
ਸੋ ਕਾਮਨਾ ਕੋ ਪਾਵਈ ਸੰਤੋਖ ਸਿੰਘ ਗਾਵਈ.

(ਗੁਪ੍ਰਸੂ)

ਨਾਂਦੇੜ ਵਿੱਚ ਹੋਰ ਇਹ ਗੁਰਦ੍ਵਾਰੇ ਹਨ:-

(੨) ਸ਼ਿਕਾਰ ਘਾਟ. ਨਾਂਦੇੜ ਤੋਂ ਦੱਖਣ ਪਾਸੇ ਗੋਦਾਵਰੀ ਦੇ ਕਿਨਾਰੇ, ਜਿਸ ਥਾਂ ਸ਼ਿਕਾਰ ਖੇਡਕੇ ਸਤਿਗੁਰੂ ਵਿਸ਼੍ਰਾਮ ਕਰਦੇ ਸਨ.

(੩) ਸੰਗਤ ਸਾਹਿਬ, ਜਿਸ ਥਾਂ ਨਾਂਦੇੜ ਪਹੁੰਚਣ ਸਾਰ ਦਸ਼ਮੇਸ਼ ਵਿਰਾਜੇ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਰਹੇ. ਇਹ ਅਸਥਾਨ ਸ਼ਹਿਰ ਵਿੱਚ ਹੈ.

(੪) ਹੀਰਾ ਘਾਟ. ਜਿਸ ਥਾਂ ਗੁਰੂ ਸਾਹਿਬ ਨੇ ਬਹਾਦੁਰ ਸ਼ਾਹ ਦਾ ਅਰਪਣ ਕੀਤਾ ਹੀਰਾ ਗੋਦਾਵਰੀ ਵਿੱਚ ਸਿੱਟ ਦਿੱਤਾ ਸੀ. ਇਹ ਜਗਾ ਨੰਦੇੜ ਤੋਂ ਦੱਖਣ ਵੱਲ ਹੈ.

(੫) ਗੋਬਿੰਦਬਾਗ. ਵਡੇ ਦਰਬਾਰ ਸਾਹਿਬ ਤੋਂ ਦੋ ਫਰਲਾਂਗ ਦੇ ਕਰੀਬ ਇੱਕ ਹਾਤਾ, ਜਿਸ ਥਾਂ ਦਸ਼ਮੇਸ਼ ਕਦੇ ਕਦੇ ਜਾਕੇ ਵਿਰਾਜਦੇ ਸਨ. ਹੁਣ ਇਸ ਥਾਂ ਖੇਤੀਵਾੜੀ ਹੁੰਦੀ ਹੈ. ਛੋਟਾ ਮੰਦਿਰ ਭੀ ਬਣਿਆ ਹੋਇਆ ਹੈ.

(੬) ਨਗੀਨਾ ਘਾਟ. ਇਸ ਥਾਂ ਸਤਿਗੁਰੂ ਨੇ ਸਿੱਖਾਂ ਦਾ ਅਰਪਿਆ ਨਗੀਨਾ ਨਦੀ ਵਿੱਚ ਸਿੱਟਿਆ ਸੀ. ਇੱਥੇ ਚਮਕੀਲੇ ਪੱਥਰਾਂ ਦੇ ਰੇਜ਼ੇ ਭੀ ਨਦੀ ਦੇ ਕਿਨਾਰੇ ਦੇਖੇ ਜਾਂਦੇ ਹਨ. ਇਹ ਅਸਥਾਨ ਨਾਂਦੇੜ ਤੋਂ ਪੱਛਮ ਵੱਲ ਹੈ.

(੭) ਬੰਦਾ ਘਾਟ. ਇਸ ਜਗਾ ਮਾਧੋ ਦਾਸ ਬੈਰਾਗੀ ਦੀ ਕੁਟੀਆ ਸੀ. ਦਸ਼ਮੇਸ਼ ਨੇ ਇਸ ਥਾਂ ਨੂੰ ਚਰਨਾਂ ਨਾਲ ਪਵਿਤ੍ਰ ਕੀਤਾ ਅਤੇ

ਮਾਧੋ ਦਾਸ ਨੂੰ ਸਿੱਖ ਬਣਾਇਆ. ਦੇਖੋ, ਬੰਦਾ ਬਾਹਦੁਰ. ਇਹ ਅਸਥਾਨ ਨਾਂਦੇੜ ਤੋਂ ਪੱਛਮ ਵੱਲ ਹੈ.

(੮) ਮਾਤਾ ਸਾਹਿਬ ਕੌਰ ਜੀ ਦਾ ਅਸਥਾਨ. ਇਹ ਹੀਰਾ ਘਾਟ ਪਾਸ ਹੀ ਹੈ. ਮਾਤਾ ਜੀ ਦਮਦਮੇ ਸਾਹਿਬ ਤੋਂ ਦਸ਼ਮੇਸ਼ ਜੀ ਦੇ ਨਾਲ ਹੀ ਦੱਖਣ ਵੱਲ ਆਏ ਸਨ, ਅਤੇ ਕੁਝ ਸਮਾਂ ਇਸ ਥਾਂ ਏਕਾਂਤ ਵਾਸ ਕਰਕੇ ਪਤਿ- ਸੇਵਾ ਪਰਾਇਣ ਰਹੇ ਅਰ ਸ੍ਵਾਮੀ ਦੇ ਜੋਤੀਜੋਤਿ ਸਮਾਉਣ ਤੋਂ ਪਹਿਲਾਂ ਹੀ ਆਗਯਾ ਮੰਨਕੇ ਦਿੱਲੀ ਨੂੰ ਪਧਾਰੇ. ਦੇਖੋ, ਸਾਹਿਬ ਕੌਰ ਮਾਤਾ.

(੯) ਮਾਲਟੇਕੜੀ. ਨਾਂਦੇੜ ਤੋਂ ਉੱਤਰ ਵੱਲ ਹੈ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਥਾਂ ਤੋਂ ਗੁਪਤ ਖਜਾਨਾ ਕੱਢਕੇ ਪਠਾਨ ਨੌਕਰਾਂ ਨੂੰ ਤਨਖਾਹ ਵੰਡੀ ਸੀ ਅਤੇ ਬਚਿਆ ਧਨ ਇੱਥੇ ਹੀ ਗਡਵਾ ਦਿੱਤਾ ਸੀ. ਦੇਖੋ, ਨਕਸ਼ਾ।

ਅਬਿਚਲ ਨਗਰੀ: ਸਿੱਖਸਭਾ. ਸਤਸੰਗਤਿ. "ਅਬਿਚਲਨਗਰੀ ਨਾਨਕ ਦੇਵ." (ਆਸਾ ਅਃ ਮਃ ੫) ੨. ਆਤਮ ਪਦਵੀ. ਗ੍ਯਾਨ ਅਵਸਥਾ.

ਅਬਿਚਾਰ: ਸੰਗ੍ਯਾ- ਵਿਚਾਰ ਦਾ ਅਭਾਵ. ਅਗ੍ਯਾਨ. "ਰਚਿਓ ਬਿਚਾਰ ਅਬਿਚਾਰ." (ਅਕਾਲ) ੨. ਵਿ- ਵਿਚਾਰਹੀਨ. ਮੂਰਖ. "ਤੈਂ ਅਬਿਚਾਰ ਜੜ੍ਹ! ਕਰਤਾਰ ਕਾਹਿ ਨ ਮਾਨ." (ਪਾਰਸਾਵ) ੩. ਕ੍ਰਿ. ਵਿ- ਬਿਨਾ ਸੋਚੇ. ਗਿਣਤੀ ਕੀਤੇ ਬਿਨਾ. "ਲੱਛ ਲੱਛ ਤੁਰੰਗ ਏਕਹਿ ਦੀਜੀਐ ਅਬਿਚਾਰ." (ਪਾਰਸਾਵ) ੪. ਸੰ. ਅਭਿਚਾਰ. ਸੰਗ੍ਯਾ- ਅਥਰਵ ਵੇਦ ਅਨੁਸਾਰ ਪਸ਼ੂ ਹਿੰਸਾ ਕਰਮ. ਬਲਿਦਾਨ ਦੀ ਰੀਤਿ. "ਪੜ੍ਹ ਬੇਦ ਮੰਤ੍ਰ ਅਬਿਚਾਰ." (ਗ੍ਯਾਨ) ੫. ਤੰਤ੍ਰਸ਼ਾਸਤ੍ਰ ਅਨੁਸਾਰ ਮਾਰਣ, ਮੋਹਨ, ਸ੍ਤੰਭਨ, ਵਿਦ੍ਵੇਸ਼ਣ, ਉਚਾੱਟਨ ਅਤੇ ਵਸ਼ੀਕਰਣ ਇਹ ਛੀ ਕਰਮ.

ਅਬਿਦਿਆ: ਦੇਖੋ, ਅਵਿਦ੍ਯਾ.

ਅਬਿੱਦ: ਸੰ. ਅਵਿਦ੍ਯ. ਵਿ- ਵਿਦ੍ਯਾਰਹਿਤ. ਮੂਰਖ. ਅਨਪੜ੍ਹ. ਬੇਇ਼ਲਮ.

ਅਬਿਦ੍ਯਾ: ਦੇਖੋ, ਅਵਿਦ੍ਯਾ.

ਅਬਿਨਯ: ਦੇਖੋ, ਅਵਿਨਯ.

ਅਬਿਨਾਸ, ਅਬਿਨਾਸਿ, ਅਬਿਨਾਸੀ: ਸੰ. अविनाशिन- ਅਵਿਨਾਸ਼ੀ. ਵਿ- ਵਿਨਾਸ਼ ਰਹਿ. ਜਿਸ ਦਾ ਕਦੇ ਨਾਸ਼ ਨਹੀਂ ਹੁੰਦਾ. ਅਖੈ (ਅਕ੍ਸ਼ਯ). "ਪਾਰਬ੍ਰਹਮ ਪੂਰਨ ਅਬਿਨਾਸ." (ਸਾਰ ਮਃ ੫) ੨. ਨਿਤ੍ਯ. ਸਦਾ ਇੱਕ ਰਸ ਰਹਿਣ ਵਾਲਾ. "ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ." (ਬਾਵਨ) ੩. ਦੇਖੋ, ਅਵਿਨਾਸੀ.

ਅਬਿਨਾਸੀਖੇਮ: ਸੰਗ੍ਯਾ- ਨਿਤ੍ਯ ਕ੍ਸ਼ੇਮ. ਕੈਵਲ੍ਯ ਮੋਕ੍ਸ਼. ਜਿਸ ਮੁਕਤਿ (ਰਿਹਾਈ) ਨੂੰ ਪਾਕੇ ਫੇਰ ਕਦੇ ਬੰਧਨ ਨਾ ਪਵੇ। ੨. ਅਵਿਨਾਸ਼ੀ ਆਨੰਦ. "ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰ ਨਾਰਾਇਨ." (ਟੋਢੀ ਮਃ ੫)

ਅਬਿਨਾਸੀਪੁਰਖੁ: ਸੰਗ੍ਯਾ- ਪਾਰਬ੍ਰਹਮ. ਕਰਤਾਰ. ਵਿਨਾਸ਼ ਰਹਿਤ. ਪੂਰਣ ਪੁਰੁਸ਼ "ਅਬਿਨਾਸੀਪੁਰਖੁ ਪਾਇਆ ਪਰਮੇਸਰੁ." (ਸੋਹਿਲਾ)

ਅਬਿਬੇਕ: ਸੰ. ਅਵਿਵੇਕ. ਸੰਗ੍ਯਾ- ਵਿਚਾਰ ਦਾ ਅਭਾਵ ਬੇਸਮਝੀ. ਨਾਦਾਨੀ. "ਅਬਿਬੇਕ ਹੈ ਤਿਹ ਨਾਉਂ। ਤਵ ਹੀਯ ਮੇ ਜਿਹ ਠਾਉਂ" (ਪਾਰਸਾਵ)

ਅਬਿਬੇਕੀ: ਸੰ. अविवेकिन. ਵਿਵੇਕ ਹੀਨ. ਬੇਸਮਝ. ਨਾਦਾਨ.

ਅਬਿਯਕਤ: ਦੇਖੋ, ਅਵਿਅਕਤ.

ਅਬਿਰਥਾ: ਵਿ- ਵ੍ਰਿਥਾ. ਨਿਸ਼ਫਲ. "ਜਨਮ ਅਬਿਰਥਾ ਜਾਈ." (ਮਾਰੂ ਕਬੀਰ)

ਅਬਿਲੰਬ: ਦੇਖੋ, ਅਵਿਲੰਬ.

ਅਬੀ: ਕ੍ਰਿ. ਵਿ- ਹੁਣੇ. ਇਸੇ ਸਮੇ. ਅਭੀ. ਦੇਖੋ, ਅਬਿ.

ਅਬੀਨਾ: ਵਿ- ਬੀਨਾਈ ਰਹਿਤ. ਨਾਬੀਨਾ. ਅੰਧਾ। ੨. ਭਾਵ- ਅਗਜਾਨੀ. "ਸਭ ਫੋਕਟ ਧਰਮ ਅਬੀਨਿਆ." (ਪ੍ਰਭਾ ਬੇਣੀ) ਅੰਨ੍ਹਿਆਂ ਦੇ ਸਭ ਥੋਥੇ (ਅਸਾਰ) ਕਰਮ ਹਨ.

ਅਬੀਨਿਆ: ਦੇਖੋ, ਅਬੀਨਾ.

ਅਬੀਰ: ਅ਼. عبیر ਅ਼ਬੀਰ. ਸੰਗਯਾ- ਕਸਤੂਰੀ, ਗੁਲਾਬ, ਕੇਸਰ, ਸੰਦਲ ਦੀ ਮਿਲਾਵਟ ਤੋਂ ਇੱਕ ਪ੍ਰਕਾਰ ਦੀ ਬਣੀ ਹੋਈ ਗੁਲਾਲ, ਜੋ ਬਹੁਤ ਸੁਗੰਧ ਵਾਲੀ ਹੁੰਦੀ ਹੈ. ਦੇਖੋ, ਅੰਬੀਰ.

ਅਬੁਝ: ਵਿ- ਬੁਝਣ ਰਹਿਤ. ਜੋ ਬੁਝੇ ਨਾ. ਜੋ ਪ੍ਰਜ੍ਵਲਿਤ (ਮਚਦਾ) ਰਹੇ। ੨. ਸੰ. ਅਬੁਧ. ਵਿ- ਅਬੋਧ. ਬੇਸਮਝ. ਅਗਜਾਨੀ.

ਅਬੁਝਣਾ: ਸੰਗਯਾ- ਨਾ ਬੁਝਣਾ. ਰੌਸ਼ਨ ਰਹਿਣਾ।

੨. ਅਬੋਧਤਾ. ਅਗਯਾਨ. "ਬੁਝਣਾ ਅਬੁਝਣਾ ਤੁਧ ਕੀਆ." (ਆਸਾ ਅ: ਮ: ੩)

ਅਬੁਧ: ਦੇਖੋ, ਅਬੁਝ ੨.

ਅਬੁੱਧਿ: ਸੰ. ਅਬੁਦ੍ਧਿ. ਵਿ- ਅਗਜਾਨੀ. ਨਾਦਾਨ। ੨. ਸੰਗਯਾ- ਅਗਜਾਨਤਾ. ਨਾਦਾਨੀ.

ਅਬੂਝ: ਦੇਖੋ, ਅਬੁਝ ੨.

ਅਬੂਤਬੇਲਾ: Paolo di Avitabile ਪਾਲੋ ਦੀ ਅਵੀਤਾਬੀਲ. ਅਕਤਬੂਰ ਸਨ ੧੭੯੧ ਵਿੱਚ ਇਸ ਦਾ ਜਨਮ ਇਟਲੀ ਦੇਸ ਅੰਦਰ ਹੋਇਆ. ਅਨੇਕ ਥਾਂ ਨੌਕਰੀ ਕਰਦਾ ਹੋਇਆ ਲਹੌਰ ਆਕੇ ਮਹਾਰਾਜਾ ਰਣਜੀਤ ਸਿੰਘ ਸ਼ੇਰ ਪੰਜਾਬ ਦਾ ਫੌਜੀ ਸਰਦਾਰ ਬਣਿਆ. ਜਰਨੈਲ ਅਵੀਤਾਬੀਲ ਦੀ ਛਾਉਣੀ ਨੌਲੱਖੇ ਅਤੇ ਰਹਿਣ ਦੀ ਕੋਠੀ ਬੁੱਧੂ ਦੇ ਆਵੇ ਤੇ ਸੀ. ਇਹ ਵਡੇ ਡੀਲ ਵਾਲਾ ਸੁੰਦਰ ਅਤੇ ਚਤੁਰ ਸਿਪਾਹੀ ਸੀ. ਇਸ ਨੇ ਵਜੀਰਾਬਾਦ ਨੂੰ ਨਵੀਂ ਸ਼ਕਲ ਦਾ ਬਣਾਇਆ ਅਤੇ ਕੁਝ ਸਮਾਂ ਪਿਸ਼ੌਰ ਦਾ ਗਵਰਨਰ ਰਿਹਾ.

ਸਿੱਖਾਂ ਦਾ ਰਾਜਪ੍ਰਬੰਧ ਵਿਗੜ ਜਾਣ ਤੋਂ ਇਹ ਹਿੰਦੁਸਤਾਨ ਤੋਂ ਚਲਾ ਗਿਆ ਅਤੇ ਫਰਾਂਸ ਵਿੱਚ ੨੮ ਮਾਰਚ ਸਨ ੧੮੫੦ ਨੂੰ ਮੋਇਆ.

ਅਬੂਰ, ਅ਼ਬੂਰ: ਅ਼. عبور ਸੰਗਯਾ- ਪਾਰ ਹੋਣ ਦੀ ਕ੍ਰਿਯਾ. ਲੰਘਣਾ. ਪਾਰ ਜਾਣਾ.

ਅਬੇ: ਦੇਖੋ, ਅਬੀ। ੨. ਵ੍ਯ- ਸੰਬੋਧਨ. ਅਰੇ! ਓ!

ਅਬੇਅ: ਦੇਖੋ, ਅਵਜਯ.

ਅਬੇਹ: ਵਿ- ਵੇਧ ਰਹਿਤ. ਅਛੇਦ. ਅਖੰਡ. "ਅਬੇਹ ਨਾਥ ਅਜੀਤ" (ਅਕਾਲ) "ਰਾਵਰੀ ਦੇਹ ਅਬੇਹ ਕੋ ਦੇਖਕੈ." (ਗੁਵਿ ੧੦)

ਅਬੇਚਲ: ਦੇਖੋ, ਅਬਿਚਲ. "ਮਾਲ ਹਮਾਰਾ ਅਖੁਟ ਅਬੇਚਲ." (ਭੈਰ ਮ: ੫)

ਅਬੇ ਤਬੇ: ਦੇਖੋ, ਅਬਤਬ। ੨. ਸੰਗਯਾ- ਨਿਰਾਦਰ. ਅਪਮਾਨ. "ਅਬੇ ਤਬੇ ਕੀ ਚਾਕਰੀ." (ਆਸਾ ਅ: ਮ: ੧) ੩. ਕ੍ਰਿ. ਵਿ- ਸਦਾ. ਨਿੱਤ. "ਅਬੇਤਬੇ ਕੂੜੇ ਹੈਂ ਪਾਜਾ." (ਗਉ ਅ: ਮ: ੧)

ਅਬੇਰ: ਕ੍ਰਿ. ਵਿ- ਬੇਰ (ਦੇਰ) ਬਿਨਾ. ਤੁਰਤ. ਫ਼ੌਰਨ। ੨. ਸੰਗਯਾ- ਕੁਵੇਲਾ. ਕੁਸਮਾ। ੩. ਕ੍ਰਿ. ਵਿ- ਸੰਝ. ਆਥਣ. "ਕੇਤਕ ਕਰ ਅਬੇਰ ਨਿਕਸੰਤੇ." (ਗੁਪ੍ਰਸੂ)

ਅਬੇਰ ਸਵੇਰ: ਸੰਗਯਾ- ਸੰਝ ਅਤੇ ਸਵੇਰ. ਉੱਗਣ ਆਥਣ. ਸਾਯੰਕਾਲ ਅਤੇ ਪ੍ਰਾਤਹਕਾਲ. "ਆਵਹਿ ਜਾਇ ਅਵੇਰ ਸਵੇਰ."

(ਗੁਪ੍ਰਸੁ)

**ਅਬੈ:** ਦੇਖੋ, ਅਬੀ। ੨. ਸੰ. ਅਵਜਯ. ਵਿ- ਜੋ ਵਿਕਾਰ ਨੂੰ ਪ੍ਰਾਪਤ ਨਾ ਹੋਵੇ. ਸਦਾ ਇੱਕਰਸ. "ਅਜੈ ਹੈ। ਅਬੈ ਹੈ." (ਜਾਪੁ)

**ਅਬੋਧ:** ਵਿ- ਬੋਧ ਰਹਿਤ. ਅਗਜਾਨੀ. ਮੂਰਖ। ੨. ਸੰਗਜਾ- ਮੂਰਖਤਾ. ਨਾਦਾਨੀ.

**ਅਬੋਲ:** ਵਿ- ਬੋਲਣ ਬਿਨਾ. ਖ਼ਾਮੋਸ਼. ਚੁੱਪ "ਕਾਰਣ ਕਵਨ ਅਬੋਲ." (ਧਨਾ ਰਵਦਾਸ) ੨. ਦੇਖੋ, ਬੋਲ ਅਬੋਲ.

**ਅਬੰਚ:** ਵਿ- ਜੋ ਵੰਚਨ ਨਾ ਕੀਤਾ ਜਾਵੇ. ਠਗਾਈ ਰਹਿਤ. ਜੋ ਧੋਖਾ ਨਾ ਖਾਵੇ. "ਅਸ ਪ੍ਰਕਾਰ ਲਖ ਰਿਦੇ ਸਦੀਵ ਅਬੰਚ ਜੋ." (ਨਾਪ੍ਰ)

**ਅਬੰਦਤਾ:** ਸੰਗਜਾ- ਬੰਧਨ ਦਾ ਅਭਾਵ. ਛੁਟਕਾਰਾ. ਰਿਹਾਈ. ਮੁਕਤਿ. "ਬੰਦਨਾ ਕੋ ਲੇਤਹੀ ਅਬੰਦਤਾ ਕੋ ਦੇਤ ਜਨ." (ਨਾਪ੍ਰ)

**ਅੱਬਾਸ:** ਅ਼. عبّاس ਸੰਗਜਾ- ਅਬਦੁਲ ਮੁਤੱਲਬ ਦਾ ਪੁਤ੍ਰ ਅਤੇ ਮੁਹ਼ੰਮਦ ਸਾਹਿਬ ਦਾ ਚਾਚਾ. ਇਸ ਦਾ ਦੇਹਾਂਤ ੨੧. ਫਰਵਰੀ ਸਨ ੬੫੩ ਨੂੰ ਹੋਇਆ ਹੈ. ਕਬਰ ਮਦੀਨੇ ਵਿੱਚ ਹੈ. ਅੱਬਾਸੀ ਵੰਸ਼ ਜਿਸ ਵਿੱਚ ਬਗਦਾਦ ਦੇ ਖਲੀਫੇ ਹੋਏ ਹਨ, ਉਹ ਇਸੇ ਦੇ ਨਾਉਂ ਤੋਂ ਪ੍ਰਸਿੱਧ ਹੈ। ੨. ਗੁਲਅ਼ੱਬਾਸ ਦਾ ਪੌਦਾ. ਗੁਲਬਾਂਸ.

**ਅੱਬੁਲ ਫਜਲ:** ابوالفضل ਅੱਬੁਲਫ਼ਜਲ. ਅਕਬਰ ਬਾਦਸ਼ਾਹ ਦਾ ਮੰਤ੍ਰੀ, ਜੋ ਸ਼ੇਖ਼ ਮੁਬਾਰਕ ਦਾ ਪੁਤ੍ਰ ਸੀ. ਇਸ ਦੀ ਛਾਪ ਅੱਲਾਮੀ ਹੈ. ਇਹ ਫ਼ੈਜੀ ਦਾ ਭਾਈ ਅਤੇ ਵਡਾ ਵਿਦ੍ਵਾਨ ਸੀ. ਇਸ ਦਾ ਜਨਮ ਸਨ ੧੫੫੧ ਅਤੇ ਦੇਹਾਂਤ ੧੬੦੨ ਵਿੱਚ ਹੋਇਆ. ਇਸ ਦੀ ਰਚੀਆਂ ਕਈ ਬਹੁਤ ਉੱਤਮ ਕਿਤਾਬਾਂ ਹਨ. ਪੰਚਤੰਤ੍ਰ ਦਾ ਅਨੁਵਾਦ "ਅਯਾਰ ਦਾਨਿਸ਼" ਫ਼ਾਰਸੀ ਵਿੱਚ ਇਸੇ ਨੇ ਲਿਖਿਆ ਹੈ. ਇਸ ਦੀ ਤਿਆਰ ਕੀਤੀ ਹੋਈ 'ਆਈਨ ਅਕਬਰੀ' ਵਡੀ ਇਤਿਹਾਸਕ ਪੁਸਤਕ ਹੈ, ਜਿਸ ਤੋਂ ਅਕਬਰ ਦੇ ਰਾਜਪ੍ਰਬੰਧ ਦਾ ਪੂਰਾ ਪੂਰਾ ਪਤਾ ਲਗਦਾ ਹੈ.

**ਅਬਜ:** ਦੇਖੋ, ਅਵਜਯ.

**ਅਬਜਾਕ੍ਰਿਤ:** ਦੇਖੋ, ਅਵਜਾਕ੍ਰਿਤ.

**ਅਬ੍ਰਿਣੀ:** ਸੰ. ਅਵ੍ਰਣ. ਵਿ- ਵ੍ਰਣ (ਘਾਉ) ਰਹਿਤ. ਜੋ ਜ਼ਖਮੀ ਨਹੀਂ. "ਜੋ ਅਬ੍ਰਿਣੀ ਠਾਢੇ ਹੁਤੇ ਬ੍ਰਿਣੀ ਕਿਯੇ ਕਰਤਾਰ." (ਚਰਿਤ੍ਰ ੧੨੮)

**ਅਭ:** ਦੇਖੋ, ਅਭਿ.

**ਅਭਉ:** ਵਿ- ਭੈ ਰਹਿਤ. ਨਿਰਭੈ। ੨. ਸੰਗਜਾ- ਨਿਰਭੈਤਾ. "ਗੁਰੁ ਅਮਰ ਦਾਸ ਪਰਸੀਐ ਅਭਉ ਲਭੈ." (ਸਵੈਯੇ ਮਃ ੩. ਕੇ)

**ਅਭਅੰਤ, ਅਭਅੰਤਰ:** ਸੰ. अभ्यन्तर- ਅਭਯੰਤਰ. ਸੰਗਜਾ- ਮੱਧ (ਵਿੱਚ ਦਾ) ਅਸਥਾਨ। ੨. ਰਿਦਾ. ਮਨ ਅੰਤਹਕਰਣ। ੩. ਕ੍ਰਿ. ਵਿ- ਵਿੱਚ. ਅੰਦਰ. ਭੀਤਰ. ਭਾਵ- ਦਿਲ ਵਿੱਚ. "ਅਗਮ ਅਗੋਚਰ ਰਹਿਆ ਅਭਅੰਤ." (ਭੈਰ ਅਃ ਕਬੀਰ) "ਨਿਰਭਉ ਸੋ ਅਭਅੰਤਰ ਵਸਿਆ." (ਮਾਰੂ ਸੋਲਹੇ ਮਃ ੧)

**ਅਭਅੰਤਰਿ:** ਵਿ- ਅੰਦਰੂਨੀ. ਮਾਨਸਿਕ. "ਸਚੁ ਕਰਣੀ ਅਭਅੰਤਰਿ ਸੇਵਾ." (ਗਉ ਅਃ ਮਃ ੧)

੨. ਕ੍ਰਿ. ਵਿ- ਵਿੱਚੋਂ. ਅੰਦਰੋਂ. "ਜਲ ਮਹਿ ਕੇਤਾ ਰਾਖੀਐ ਅਭਿਅੰਤਰਿ ਸੁਕਾ." (ਆਸਾ ਅਃ ਮਃ ੧)

**ਅਭਕ੍ਸ਼, ਅਭਖੁ:** ਸੰ. ਅਭਕ੍ਸ਼੍ਯ. ਵਿ- ਨਾ ਖਾਣ ਯੋਗਜ. ਜਿਸ ਦਾ ਖਾਣਾ ਧਰਮ ਅਨੁਸਾਰ ਵਿਧਾਨ ਨਹੀਂ. "ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ." (ਸ੍ਰੀ ਮਃ ੫)

**ਅਭਗ:** ਸੰ. ਅਭਗ੍ਨ. ਵਿ- ਜੋ ਭਗਨ ਨਾ ਹੋਵੇ. ਅਖੰਡ. "ਤਿਸ ਦੀਬਾਣ ਅਭਗ." (ਵਾਰ ਆਸਾ) "ਅਭਗ ਸਭਾ ਸੰਗ ਹੈ ਸਾਧਾ." (ਆਸਾ ਮਃ ੫) ੨. ਸੰ. अभग. ਬਦਨਸੀਬ. ਮੰਦਭਾਗੀ. ਭਾਗਹੀਨ.

**ਅਭਗਤ:** ਸੰ. ਅਭਕ੍ਤ. ਵਿ- ਭਕ੍ਤਿ ਰਹਿਤ. ਜੋ ਭਗਤ ਨਹੀਂ। ੨. ਜੋ ਵਿਭਾਗ ਨਹੀਂ ਕੀਤਾ ਗਿਆ. ਜੋ ਵੰਡਿਆ ਨਹੀਂ ਗਿਆ. ਜਿਸਦੇ ਟੁਕੜੇ ਨਹੀਂ ਹੋ ਸਕਦੇ. "ਅਭਗਤ ਹੈ." (ਜਾਪੁ)

**ਅਭਗਨ:** ਦੇਖੋ, ਅਭਗ ੧.

**ਅਭਛ:** ਦੇਖੋ, ਅਭਖੁ.

**ਅਭਜ:** ਵਿ- ਜੋ ਭਜਦਾ ਨਹੀਂ. ਪਲਾਇਨ ਰਹਿਤ। ੨. ਜਿਸ ਨੂੰ ਹਾਰ ਨਹੀਂ ਦਿੱਤੀ ਜਾ ਸਕਦੀ. ਬਿਨਾ ਸ਼ਿਕਸਤ। ੪. ਜੋ ਭਗਨ ਨਹੀਂ ਹੁੰਦਾ. ਅਖੰਡ। ੪. ਜੋ ਭਜ (ਸੇਵਨ) ਯੋਗਯ ਨਹੀਂ.

**ਅਭਦ੍ਰ:** ਵਿ- ਜੋ ਭਦ੍ਰ (ਭਲਾ) ਨਹੀਂ. ਬੁਰਾ। ੨. ਅਮੰਗਲ. ਦੇਖੋ, ਭਦ੍ਰ.

**ਅਭਪੀਰ:** ਦੇਖੋ, ਅਭਿ ਅਤੇ ਪੀਰ.

**ਅਭਭਗਤਿ, ਅਭਭਗਤੀ:** ਦੇਖੋ, ਅਭਿ ਅਤੇ ਭਗਤਿ। ੨. ਸੰਗਯਾ- ਸੰਮੁਖ (ਸਨਮੁਖ) ਭਗਤਿ. ਸਾਖਯਾਤ (ਸਾਕ੍ਸ਼ਾਤ) ਇਸ਼੍ਟ ਨੂੰ ਜਾਣਕੇ ਕੀਤੀ ਭਗਤੀ. "ਮਨਮੁਖ ਤੇ ਅਭਭਗਤਿ ਨ ਹੋਵਸਿ." (ਪ੍ਰਭਾ ਅਃ ਮਃ ੧) "ਅਭਭਗਤੀ ਪਿਰ ਆਗੇ." (ਤੁਖਾ ਬਾਰਾਮਾਹਾ)

**ਅਭਮਾਨ:** ਦੇਖੋ, ਅਭਿਮਾਨ.

**ਅਭਯ:** ਵਿ- ਬਿਨਾ ਡਰ. ਨਿਰਭੈ. ਬੇਖ਼ੌਫ.

**ਅਭਯਦਾਨ:** ਸੰਗਯਾ- ਨਿਰਭੈਤਾ ਦਾ ਦਾਨ. ਸ਼ਰਣ ਆਏ ਨੂੰ ਨਿਰਭੈਤਾ ਦੇਣੀ. ਸ਼ਰਣਾਗਤ ਦਾ ਡਰ ਦੂਰ ਕਰਨਾ.

**ਅਭਰ:** ਵਿ- ਜੋ ਭਰਿਆ ਨਹੀਂ. ਅਪੂਰਣ. ਸੱਖਣਾ. ਖਾਲੀ. "ਗੁਰੁ ਰਾਮਦਾਸ ਸਰ ਅਭਰ ਭਰੇ." (ਸਵੈਯੇ ਮਃ ੪. ਕੇ) ੨. ਦੇਖੋ, ਅਭ੍ਰ.

**ਅਭਰਕ:** ਦੇਖੋ, ਅਭ੍ਰਕ.

**ਅਭਰਣ:** ਦੇਖੋ, ਆਭਰਣ। ੨. ਵਿ- ਜਿਸ ਨੂੰ ਕੋਈ ਭਰਣ ਨਾ ਕਰੇ. ਬਿਨਾ ਪੋਖਣ.

**ਅਭਰਤ:** ਵਿ- ਜੋ ਭਰਿਆ ਨਹੀਂ ਗਿਆ. ਖਾਲੀ. "ਅਭਰਤ ਸਿੰਚ ਭਏ ਸੁਭਰ ਸਰ." (ਸਾਰ ਅਃ ਮਃ ੧) ਖਾਲੀ ਅੰਤਹਕਰਣ ਨਾਮਜਲ ਸਿੰਜਣ ਤੋਂ ਲਬਾਲਬ ਹੋ ਗਏ. ਨੱਕੋ ਨੱਕ ਭਰੇ ਗਏ.

**ਅਭਰਨ:** ਭੂਖਨ. ਦੇਖੋ, ਆਭਰਣ. "ਹਾਰ ਕਜਰ ਬਸਤ੍ਰ ਅਭਰਨ ਕੀਨੇ." (ਬਿਲਾ ਪੜਤਾਲ ਮਃ ੫) "ਅਭਰਨ ਹੈ." (ਜਾਪੁ)

**ਅਭਰਾ, ਅਭਰਿਆ:** ਵਿ- ਜੋ ਨਹੀਂ ਭਰਿਆ. ਅਪੂਰਣ. ਖਾਲੀ. ਊਣਾ. ਸੱਖਣਾ. "ਅਭਰਾ ਸਰੁ ਭਰਿਆ." (ਸਵੈਯੇ ਮਃ ੪. ਕੇ) ਮਨ ਜੋ ਪੂਰਣ ਨਹੀਂ ਹੁੰਦਾ ਸੋ ਸੰਤੋਖ ਨਾਲ ਭਰਿਆ.

**ਅਭਰਿਠ, ਅਭਰਿਠਾ:** ਦੇਖੋ, ਅਭਿਰਿੱਠਾ.

**ਅਭੜਵਾਹਾ:** ਦੇਖੋ, ਅਬੜਵਾਹਾ.

**ਅਭਾ:** ਸ਼ੋਭਾ. ਦੇਖੋ, ਆਭਾ. "ਲਸੈ ਤ੍ਰਿਯ ਵਾਂਕੀ ਅਭਾ." (ਕ੍ਰਿਸਨਾਵ) ੨. ਅ (ਬਿਨਾ) ਭਾ (ਪ੍ਰਕਾਸ਼).

**ਅਭਾਉ:** ਸੰਗਯਾ- ਭਾਉ (ਆਦਰ) ਦਾ ਅਭਾਵ. ਨਿਦਾਰ. ਅਪਮਾਨ. "ਜੌ ਲੌ ਭਾਉ ਅਭਾਉ ਇਹ ਮਾਨੈ." (ਸੋਰ ਮਃ ੫) ੨. ਸੰ. ਅਭਾਵ. ਅਣਹੋਂਦ. ਨੇਸ੍ਤੀ. "ਪੇਖਨ ਸੁਨਨ ਅਭਾਉ." (ਨਾਪ੍ਰ) ੩. ਨਾਸ਼. ਦੇਖੋ, ਅਭਾਵ.

**ਅਭਾਇ:** ਦੇਖੋ, ਅਭਾਉ। ੨. ਸੰਗਯਾ- ਗਿਲਾਨੀ। ੩. ਖੋਟੀ ਭਾਵਨਾ। ੪. ਅਰੁਚੀ. "ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ

ਤਾਕਾ ਜਾਇ." (ਮਾਰੂ ਅਃ ਮਃ ੫) ਰੁਚੀ ਅਨਰੁਚੀ ਤੋਂ ਜੋ ਅੱਗ ਪਾਸ ਆਉਂਦਾ ਹੈ, ਉਸ ਦਾ ਸੀਤ ਨਾਸ਼ ਹੁੰਦਾ ਹੈ.

ਅਭਾਸ: ਸੰ. ਆਭਾਸ. ਸੰਗਜਾ- ਪ੍ਰਤਿਬਿੰਬ. ਅਕਸ। ੨. ਪ੍ਰਕਾਸ਼. "ਦਸ ਚਾਰ ਲੋਕ ਆਭਾ ਅਭਾਸ." (ਬ੍ਰਹਮਾਵ)

ਅਭਾਖ: ਸੰ. ਅਭਾਸ਼ਕ. ਵਿ- ਚੁਪਕੀਤਾ. ਖ਼ਾਮੋਸ਼.

"ਰੇ ਲੰਪਟ ਕ੍ਰਿਸਨ ਅਭਾਖੰ" (ਪ੍ਰਭਾ ਬਣੀ) ਹੇ ਵਿਸ਼ੈ ਲੰਪਟ ! ਕਰਤਾਰ ਦਾ ਨਾਉਂ ਕਹਿਣ ਲਈ ਤੂੰ ਮੋਨੀ ਹੈਂ.

ਅਭਾਖਣ: ਸੰ. ਆ- ਭਾਸ਼ਣ. ਸੰਗਜਾ- ਕਥਨ. ਬਿਆਨ. "ਅਵਰਾ ਦੇਖਿ ਨ ਸੁਣੈ ਅਭਾਖੈ." (ਸੂਹੀ ਰਵਦਾਸ) ੨. ਅ (ਨ) ਭਾਸ਼ਣ (ਕਥਨ). ਖ਼ਾਮੋਸ਼ੀ. ਚੁੱਪ.

ਅਭਾਖਾ, ਅਭਾਖਿਆ: ਸੰਗਜਾ- ਨਾ ਬੋਲਣ ਯੋਗਯ ਭਾਸ਼ਾ (ਬੋਲੀ). ਹਿੰਦੂਮਤ ਵਿੱਚ ਯੂਨਾਨੀ ਅਰਬੀ ਆਦਿ ਬੋਲੀਆਂ ਨੂੰ ਮਲੇਛਭਾਸ਼ਾ ਕਹਿਕੇ ਆਰਯਾਂ ਨੂੰ ਹਦਾਇਤ ਕੀਤੀ ਹੈ ਕਿ ਓਹ ਕਦੇ ਯਾਵਨੀ ਭਾਸ਼ਾ ਨਾ ਬੋਲਣ. ਦੇਖੋ, ਵ੍ਰਿਹਤ ਪਾਰਾਸ਼ਰ ਸੰਹਿਤਾ ਅ. ੪. ਵਿਸ਼ਿਸ਼੍ਠ ਸੰਹਿਤਾ ਅ. ੬. "ਅਭਾਖਿਆ ਕਾ ਕੁਠਾ ਬਕਰਾ ਖਾਣਾ." (ਵਾਰ ਆਸਾ) ਗੁਰੂ ਸਾਹਿਬ ਕਿਸੇ ਬੋਲੀ ਨੂੰ ਮਲੇਛਭਾਸ਼ਾ ਨਹੀਂ ਮੰਨਦੇ, ਕੇਵਲ ਇੱਕ ਪਾਖੰਡੀ ਬ੍ਰਾਹਮਣ ਨੂੰ "ਉਸ਼ਟ੍ਰਲਗੁਡ ਨਜਾਯ"[92] ਕਰਕੇ ਸਿਖਯਾ ਦਿੰਦੇ ਹਨ ਕਿ ਆਪਣੇ ਧਰਮ ਵਿਰੁੱਧ ਤੁਸੀਂ "ਬਿਸਮਿੱਲਾ" ਆਦਿ ਮੰਤ੍ਰ ਕਹਿਕੇ ਜਿਬਹਿ ਕੀਤੇ ਜੀਵ ਦਾ ਕੁੱਠਾ ਮਾਸ ਖਾਂਦੇ ਹੋ, ਪਰ ਹੋਰਨਾਂ ਨੂੰ ਆਖਦੇ ਹੋ ਕਿ- ਸਾਡੇ "ਚਉਕੇ ਉਪਰਿ ਕਿਸੈ ਨ ਜਾਣਾ." ਇਹ ਕੇਹਾ ਅਣੋਖਾ ਮੰਤਕ ਲੋਕਾਂ ਨੂੰ ਸਮਝਾਉਂਦੇ ਹੋਂ.

ਜੇ ਕਦੇ ਸਤਿਗੁਰੂ ਅਰਬੀ ਫ਼ਾਰਸੀ ਆਦਿ ਬੋਲੀਆਂ ਨੂੰ ਮਲੇਛਭਾਸ਼ਾ ਮੰਨਦੇ, ਤਦ ਗੁਰੁਬਾਣੀ ਵਿੱਚ ਇਨ੍ਹਾਂ ਬੋਲੀਆਂ ਦੇ ਸ਼ਬਦ ਨਾ ਵਰਤਦੇ.

ਅਭਾਖੈ: ਦੇਖੋ, ਅਭਾਖਣ.

ਅਭਾਖੰ: ਦੇਖੋ, ਅਭਾਖ.

ਅਭਾਗ: ਵਿ- ਜਿਸ ਨੂੰ ਭਾਗ (ਹਿੱਸਾ) ਪ੍ਰਾਪਤ ਨਹੀਂ ਹੋਇਆ. ਜਿਸ ਨੂੰ ਵਰਤਾਰਾ (ਛਾਂਦਾ) ਨਹੀਂ ਮਿਲਿਆ। ੨. ਸੰ. ਅਭਾਗਯ. ਸੰਗਜਾ- ਬਦਕਿਸਮਤੀ. ਭਾਗਯਹੀਨਤਾ। ੩. ਵਿ- ਅਭਾਗਾ. ਬਦਨਸੀਬ. "ਰਾਮ ਕੀਨ ਜਪਸਿ ਅਭਾਗ." (ਭੈਰ ਰਵਦਾਸ)

ਅਭਾਗਾ, ਅਭਾਗੀ: ਸੰ. अभागिन. ਵਿ- ਬਦਨਸੀਬ. ਖੋਟੇ ਭਾਗਾਂ ਵਾਲਾ. ਮੰਦਭਾਗੀ. "ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ, ਸੋਈ ਗਨਹੁ ਅਭਾਗਾ." (ਧਨਾ ਮਃ ੫) "ਨਾਮ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ." (ਆਸਾ ਛੰਤ ਮਃ ੪)

ਅਭਾਗੁ: ਸੰ. ਅਭਾਗਯ. ਸੰਗਜਾ- ਬਦਕਿਸਮਤੀ. "ਰਾਮ ਨ ਜਪਹੁ ਅਭਾਗੁ ਤੁਮਾਰਾ." (ਗਉ ਅਃ ਮਃ ੧)

ਅਭਾਂਤ: ਵਿ- ਨਾ ਹੋਵੇ ਜਿਸ ਦੀ ਭਾਂਤ (ਪ੍ਰਕਾਰ) ਦਾ. ਅਦੁਤੀ. ਬੇਨਜੀਰ. "ਸੋਭਾ ਅਭਾਂਤ." (ਬੇਨਰਾਜ)

ਅਭਾਨ: ਸੰਗਜਾ- ਅਪ੍ਰਤੀਤਿ. ਭਾਨ ਹੋਣ ਦਾ ਅਭਾਵ.

ਅਭਾਨੀ: ਦੇਖੋ, ਅਭਾਨ ਅਤੇ ਆਭਾਨੀ.

ਅਭਾਵ: ਸੰ. ਸੰਗਜਾ- ਨਾ ਹੋਣਾ. ਨੇਸ੍ਤੀ. ਵਿਦ੍ਵਾਨਾ ਨੇ ਅਭਾਵ ਦੇ ਪੰਜ ਭੇਦ ਮੰਨੇ ਹਨ-

ੳ. ਪ੍ਰਾਗਭਾਵ. ਪ੍ਰਾਕ- ਅਭਾਵ. ਕਿਸੇ ਵਸਤੁ ਦਾ ਪਹਿਲੇ ਕਾਲ ਵਿੱਚ ਨਾ ਹੋਣਾ. ਜੈਸੇ- ਲੋਹੇ ਵਿੱਚ ਤਲਵਾਰ ਬਣਨ ਤੋਂ ਪਹਿਲਾਂ ਮੌਜੂਦਾ ਸ਼ਕਲ ਦੀ ਤਲਵਾਰ ਦਾ ਅਭਾਵ ਸੀ.

ਅ. ਪ੍ਰਧ੍ਵੰਸਾ ਭਾਵ. ਜੋ ਵਸਤੁ ਦੇ ਨਾਸ਼ ਹੋਣ ਤੋਂ ਉਸ ਦਾ ਅਭਾਵ ਹੋਵੇ, ਜੈਸੇ- ਆਤਿਸ਼ਬਾਜ਼ੀ ਜਲਕੇ ਭਸਮ ਹੋ ਗਈ.

---

[92] ਊਂਠ ਉੱਤੇ ਲੱਦੀਆਂ ਲੱਕੜਾਂ ਵਿੱਚੋਂ ਹੀ ਇੱਕ ਡੰਡਾ ਲੈ ਕੇ ਊਂਠ ਨੂੰ ਮਾਰਕੇ ਸਿੱਧਿਆਂ ਕਰਨਾ।

ੲ. ਅਨਯੋਨਯਾਭਾਵ. ਪਰਸਪਰ ਅਭਾਵ. ਇੱਕ ਪਦਾਰਥ ਦਾ ਦੂਜੇ ਦਾ ਰੂਪ ਨਾ ਹੋਣਾ. ਜੈਸੇ ਗਧਾ ਗਊ ਨਹੀਂ ਅਤੇ ਗਊ ਗਧਾ ਰੂਪ ਨਹੀਂ. ਅਰਥਾਤ ਗਧੇ ਵਿੱਚ ਗਾਂ ਦਾ ਅਤੇ ਗਾਂ ਵਿੱਚ ਗਧੇ ਦਾ ਅਭਾਵ ਹੈ.

ਸ. ਅਤਯੰਤਾਭਾਵ. ਸਭ ਸਮਿਆਂ ਵਿੱਚ ਕਿਸੇ ਵਸਤੁ ਦਾ ਨਾ ਹੋਣਾ. ਜੈਸੇ- ਸਹੇ ਦਾ ਸਿੰਗ, ਆਕਾਸ਼ ਦਾ ਫੁੱਲ ਆਦਿ.

ਹ. ਸਾਮਯਿਕਾ ਭਾਵ. ਕਿਸੇ ਸਮੇਂ ਕਿਸੇ ਪਦਾਰਥ ਦੇ ਹੋਣ ਪੁਰ ਭੀ ਨਾ ਮੌਜੂਦਗੀ ਹੋਣ ਕਰਕੇ ਅਭਾਵ ਹੋਣਾ. ਜੈਸੇ- ਘੜਾ ਹੋਣ ਪੁਰ ਭੀ ਕਿਸੇ ਥਾਂ ਤੋਂ ਘੜਾ ਲੈਜਾਣ ਤੋਂ ਘੜੇ ਦਾ ਅਭਾਵ ਹੈ। ੨. ਬੁਰਾ ਖ਼ਿਆਲ. ਮੰਦ ਸੰਕਲਪ। ੩. ਅਸ਼ੁੱਧਾ.

ਅਭਿ: ਉਪ. ਇਹ ਸ਼ਬਦਾਂ ਦੇ ਮੁੱਢ ਲੱਗਕੇ ਸਨਮੁਖ, ਬੁਰਾ, ਮੰਦ, ਉੱਪਰ, ਪਾਸ, ਦੂਰ, ਚੁਫੇਰੇ, ਚੰਗੀ ਤਰ੍ਹਾਂ, ਬਿਨਾ, ਇੱਛਾ, ਰੁਚਿ, ਆਦਿ ਅਰਥ ਪ੍ਰਗਟ ਕਰਦਾ ਹੈ। ੨. ਗੁਰਬਾਣੀ ਵਿੱਚ "ਅਭਯੰਤਰ" ਦਾ ਸੰਖੇਪ ਭੀ ਅਭਿ ਸ਼ਬਦ ਆਇਆ ਹੈ ਜਿਸ ਦਾ ਅਰਥ ਹੈ ਅੰਦਰ, ਅੰਤਹਕਰਣ. "ਪ੍ਰੀਤਮ ਪ੍ਰੀਤਿ ਬਨੀ ਅਭਿ ਐਸੀ." (ਮਲਾ ਅਃ ਮਃ ੧)

"ਸਬਦਿ ਅਭਿ ਸਾਧਾਰਏ." (ਆਸਾ ਛੰਤ ਮਃ ੧)

"ਬਿਨ ਅਭਿ ਸਬਦ ਨ ਮਾਂਜੀਐ." (ਸ੍ਰੀ ਅਃ ਮਃ ੧)

ਸਬਦ ਬਿਨਾ ਅਭਿ (ਅੰਤਹਕਰਣ) ਸ਼ੁੱਧ ਨਹੀਂ ਹੁੰਦਾ.

ਅਭਿਉ, ਅਭਿਓ: ਸੰ. ਅਭ੍ਯੂਹ. ਸੰਗ੍ਯਾ- ਸੰਸਾ. ਸ਼ੱਕ। ੨. ਤਰਕ. ਹੁੱਜਤ. "ਆਪਾ ਪਦ ਨਿਰਬਾਣ ਨ ਚੀਨਿਆ ਇਨ ਬਿਧਿ ਅਭਿਉ ਨ ਚੂਕੈ." (ਆਸਾ ਕਬੀਰ) ੩. ਵਿ- ਅ- ਭਯ. ਨਿਭੰਯ (ਨਿਰਭੈ).

ਅਭਿਅ: ਵਿ- ਨਿਰਭੈ. ਭੈ ਬਿਨਾ. "ਅਭੇਦ ਅਭਿਅੰ." (ਅਕਾਲ)

ਅਭਿਆਸ: ਸੰ. ਅਭ੍ਯਾਸ. ਸੰਗ੍ਯਾ- ਮਸ਼ਕ. ਕਾਰਯਸਿੱਧੀ ਲਈ ਵਾਰ ਵਾਰ ਕੀਤਾ ਹੋਇਆ ਯਤਨ. "ਕਰਹਿ ਬੇਦ ਅਭਿਆਸ." (ਧਨਾ ਮਃ ੧)

ਅਭਿਆਸੀ: ਸੰ. अभ्यासिन- ਅਭ੍ਯਾਸੀ. ਵਿ- ਮਸ਼ਕ ਕਰਨ ਵਾਲਾ. ਸਾਧਨਾ ਕਰਨ ਵਾਲਾ.

ਅਭਿਆਗਤ: ਸੰ. ਅਭ੍ਯਾਗਤ. ਸੰਗ੍ਯਾ- ਅਭਿਆਗਤ. ਸਾਮ੍ਹਣੇ (ਸੰਮੁਖ) ਆਇਆ ਹੋਇਆ। ੨. ਪਰਾਹੁਣਾ. ਮੇਹਮਾਨ। ੩. ਭਿਖ੍ਯਾ ਮੰਗਣ ਵਾਲਾ ਸਾਧੂ. "ਅਭਿਆਗਤ ਏਹਿ ਨ ਆਖੀਅਨਿ ਜਿ ਪਰਘਰਿ ਭੋਜਨ ਕਰੇਨਿ." (ਵਾਰ ਰਾਮ ੧. ਮਃ ੩)

ਅਭਿਅੰਤ, ਅਭਿਅੰਤਰ: ਦੇਖੋ, ਅਭ੍ਯੰਤਰ.

ਅਭਿਸਰਣ: ਸੰ. ਸੰਗ੍ਯਾ- ਅੱਗੇ ਵਧਣ ਦੀ ਕ੍ਰਿਯਾ।

੨. ਸਮੀਪ (ਨੇੜੇ) ਜਾਣਾ.

ਅਭਿਸਾਰ: ਸੰਗ੍ਯਾ- ਯੁੱਧ. ਜੰਗ। ੨. ਸਾਧਨ। ੩. ਯਤਨ.

ਅਭਿਸਾਰਿਕਾ: ਸੰਗ੍ਯਾ- ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਪ੍ਰੀਤਮ ਦੇ ਮਿਲਣ ਲਈ ਜਤਨ ਕਰਕੇ ਜਾਂਦੀ ਹੈ. ਇਸ ਦੇ ਦੋ ਭੇਦ ਹਨ-

ਇੱਕ ਕ੍ਰਿਸ਼ਨਾਭਿਸਾਰਿਕਾ, ਜੋ ਅੰਧੇਰੀ ਰਾਤ ਵਿੱਚ ਕਾਲੇ ਵਸਤ੍ਰ ਪਹਿਨਕੇ ਪ੍ਰੀਤਮ ਨੂੰ ਮਿਲਣ ਜਾਂਦੀ ਹੈ. ਦੂਜੀ ਸ਼ੁਕਲਾਭਿਸਾਰਿਕਾ, ਜੋ ਚਾਂਨਣੀ ਰਾਤ ਵਿੱਚ ਚਿੱਟੇ ਵਸਤ੍ਰ ਪਹਿਨਕੇ ਜਾਂਦੀ ਹੈ.

"ਸੇਤ ਸਾਜ ਸਾਜ ਚਲੀ ਸਾਂਵਰੇ ਕੀ ਪ੍ਰੀਤਿ ਕਾਜ

ਚਾਂਦਨੀ ਮੇ ਰਾਧਾ ਮਾਨੋ ਚਾਂਦਨੀ ਸੀ ਹਨਐਗਈ."

(ਕ੍ਰਿਸਨਾਵ)

ਅਭਿਸੇਚ, ਅਭਿਖੇਕ: ਸੰ. ਅਭਿਸ਼ੇਕ. ਸੰਗਜਾ- ਜਲ ਸੇਚਨ (ਛਿੜਕਨ) ਦੀ ਕ੍ਰਿਯਾ. ਛਿੜਕਾਉ।

੨. ਰਾਜਤਿਲਕ ਸਮੇਂ ਦਾ ਇਸ਼ਨਾਨ ਅਤੇ ਕੁਸ਼ਾ ਆਦਿ ਨਾਲ ਜਲ ਛਿੜਕਨ ਦੀ ਰਸਮ। ੩. ਅਮ੍ਰਿਤਸੰਸਕਾਰ ਸਮੇਂ ਨੇਤ੍ਰ ਅਤੇ ਕੇਸ਼ਾਂ ਤੇ ਅਮ੍ਰਿਤ ਛਿੜਕਨਾ.

ਅਭਿੱਖ: ਵਿ- ਜੋ ਭਿਖਜਾ ਨਾ ਮੰਗੇ। ੨. ਸੰ. ਅਭਿਖਜ. ਸੰਗਜਾ- ਯਸ਼. ਕੀਰਤਿ। ੩. ਸ਼ੋਭਾ। ੪. ਸੰ. ਅਭਿਖਜਾਤ. ਵਿ- ਪ੍ਰਸਿੱਧ. ਮਸ਼ਹੂਰ.

ਅਭਿਗ: ਵਿ- ਜੋ ਭਿੱਜੇ ਨਾ। ੨. ਕਠੋਰਮਨ. ਸੰਗਦਿਲ। ੩. ਸੰ. अभिज्ञ- ਅਭਿਗਜ. ਵਿ- ਚੰਗੀ ਤਰ੍ਹਾਂ ਜਾਣਨ ਵਾਲਾ. ਪੂਰਾ ਵਾਕਿਫ਼। ੪. ਚੇਤਨ ਆਤਮਾ.

ਅਭਿਗਆਤਮ: ਸੰ. अभिज्ञात्मन्- ਅਭਿਗਜਾਤਮਾ. ਵਿ- ਪੂਰਣਗਜਾਨੀ. ਤਤ੍ਵਗਜਾਨੀ. "ਕਈ ਕੋਟਿ ਅਭਿਗਆਤਮ ਨਿਕੋਰ." (ਸੁਖਮਨੀ) ਕਈ ਕ੍ਰੋੜ ਤਤ੍ਵ ਗਜਾਨੀ ਅਤੇ ਕਈ ਕ੍ਰੋੜ ਨਿਕੋਰ (ਕੋਰੇ) ਹਨ. ਭਾਵ- ਗਜਾਨ ਅਤੇ ਪ੍ਰੇਮ ਦੇ ਅਸਰ ਤੋਂ ਖਾਲੀ.

ਅਭਿਗਿਆ: ਸੰ. अभिज्ञा- ਅਭਿਗਜਾ- ਸੰਗਜਾ- ਯਾਦਦਾਸ਼ਤ. ਸਿਮ੍ਰਿਤੀ. ਚੇਤਾ.

ਅਭਿਗਜ: ਦੇਖੋ, ਅਭਿਗ ੩. ਅਤੇ ੪.

ਅਭਿਚਾਰ: ਸੰ. ਤੰਤ੍ਰਸ਼ਾਸਤ੍ਰ ਅਨੁਸਾਰ ਮਾਰਣ, ਮੋਹਨ, ਸ੍ਤੰਭਨ, ਵਿਦ੍ਵੇਸ਼ਣ, ਉੱਚਾਟਨ ਅਤੇ ਵਸ਼ੀਕਰਣ ਇਹ ਛੀ ਪ੍ਰਕਾਰ ਦਾ ਉਪਦ੍ਰਵ ਕਰਮ. ਦੇਖੋ, ਅਬਿਚਾਰ ੪. ਅਤੇ ੫.

ਅਭਿਜ: ਵਿ- ਜੋ ਭਿਜਦਾ ਨਹੀਂ। ੨. ਜੋ ਪਸੀਜਦਾ ਨਹੀਂ. ਕਠੋਰ ਦਿਲ ਵਾਲਾ। ੩. ਅਭਿਗਜ. ਦੇਖੋ, ਅਭਿਗ ੩. "ਅਖਿੱਜੇ ਅਭਿੱਜੇ." (ਜਾਪੁ)

ਅਭਿਜਿਤ: ਸੰ. अभिजित. ਸੰਗਜਾ. ਜੋਤਿਸ਼ ਅਨੁਸਾਰ ਉੱਤਰਾਖਾੜਾ ਨਛਤ੍ਰ ਦੇ ਪਿਛਲੇ ਚਾਰ ਭਾਗ ਸਹਿਤ ਸ਼੍ਰਵਣ ਨਛਤ੍ਰ ਦੀਆਂ ਪਹਿਲੀ ਚਾਰੇ ਕਲਾ. ਇਸ ਲਗਨ ਵਿੱਚ ਅਭਿ (ਸਾਮ੍ਹਣੇ ਹੋਕੇ) ਵੈਰੀ ਨੂੰ ਜਿੱਤੀਦਾ ਹੈ. ਇਸ ਲਈ "ਅਭਿਜਿਤ" ਸਗਜਾ ਹੈ[93]। ੨. ਚੰਦ੍ਰਵੰਸ਼ੀ ਰਾਜਾ ਪੁਰੁ ਦਾ ਪੁਤ੍ਰ ਅਤੇ ਆਹੁਕ ਦਾ ਪਿਤਾ। ੩. ਵਿ- ਮੁਕਾਬਲੇ ਵਿੱਚ ਵੈਰੀ ਨੂੰ ਜਿੱਤਣ ਵਾਲਾ.

ਅਭਿਦ: ਵਿ- ਅਭੇਦਜ. ਜੋ ਭੇਦਨ ਨਹੀਂ ਹੋ ਸਕਦਾ. ਜੋ ਭੇਦਨ ਯੋਗਜ ਨਹੀਂ.

ਅਭਿਧਾ: ਸੰ. ਸੰਗਜਾ- ਸ਼ਬਦ ਦੇ ਵਾਚਜ ਅਰਥ ਨੂੰ ਸਪਸ਼੍ਟ ਕਰਨ ਵਾਲੀ ਸ਼ਕਤਿ. ਸ਼ਬਦ ਦੇ ਅਭਿਪ੍ਰਾਯ (ਮਕਸਦ) ਨੂੰ ਪ੍ਰਗਟ ਕਰਣ ਵਾਲੀ ਸ਼ਬਦਸ਼ਕਤਿ.

ਅਭਿਧਾਨ: ਸੰ. ਸੰਗਜਾ- ਕਥਨ. ਵਖਿਆਨ। ੨. ਕੋਸ਼. ਸ਼ਬਦਾਂ ਦਾ ਖ਼ਜ਼ਾਨਾਂ. ਡਿਕਸ਼ਨਰੀ (Dictionary). ਲ਼ੁਗ਼ਾਤ لغات.

ਅਭਿੰਨ: ਵਿ- ਜੋ ਭਿਜਦਾ ਨਹੀਂ. ਪਸੀਜਨੇ ਤੋਂ ਬਿਨਾ. "ਮਨਮੁਖ ਅਭਿੰਨ ਨ ਭਿਜਈ." (ਵਾਰ ਸਾਰ ਮਃ ੪)

੨. ਸੰ. अभिन्न. ਵਿ- ਜੋ ਭਿੰਨ ਨਹੀਂ, ਜੋ ਜੁਦਾ ਨਹੀਂ. ਮਿਲਿਆ ਹੋਇਆ.

ਅਭਿਨਯ: ਸੰ. ਸੰਗਜਾ- ਰਿਦੇ ਦੇ ਭਾਵ ਨੂੰ ਪ੍ਰਗਟ ਕਰਨ ਵਾਲੀ ਕ੍ਰਿਯਾ। ੨. ਸ਼ਰੀਰ ਦੀ ਚੇਸ਼੍ਟਾ ਨਾਲ ਦ੍ਰਿਸ਼ਜ ਕਾਵਜ (ਨਾਟਕ) ਦਿਖਾਉਣ ਦਾ ਕਰਮ. ਨਾਟਕ ਦਾ ਸ੍ਵਾਂਗ ਖੇਲਣ ਦੀ ਕ੍ਰਿਯਾ.

ਅਭਿਨਿਵੇਸ਼: ਸੰ. ਸੰਗਜਾ- ਪ੍ਰਵੇਸ਼. ਦਾਖ਼ਿਲਾ। ੨. ਮਨ ਦੀ ਲਗਨ। ੩. ਯੋਗਸ਼ਾਸਤ੍ਰ ਵਿੱਚ ਮੰਨਿਆ ਹੋਇਆ ਇੱਕ ਕਲੇਸ਼,

---

[93] ਕਈ ਅਭਿਜਿਤ ਨੂੰ ਨਛਤ੍ਰ ਸਮਝਦੇ ਹਨ, ਪਰ ਇਹ ਇੱਕ ਲਗਨ ਹੈ, ਨਛਤ੍ਰ ਨਹੀਂ ਦੇਖੋ, ਅਭੀਚ.

ਜਿਸ ਦਾ ਸਰੂਪ ਹੈ- ਮਰਣ ਦੇ ਡਰ ਤੋਂ ਪੈਦਾ ਹੋਇਆ ਵਿਕ੍ਸ਼ੇਪ (ਵਿਖੇਪ). ਮੌਤ ਦੇ ਭੈ ਤੋਂ ਉਪਜੀ ਘਬਰਾਹਟ.

ਅਭਿਨੰਦਨ: ਸੰ. ਅਭਿਨਨ੍ਦਨ. ਸੰਗਜਾ- ਆਨੰਦ। ੨. ਸੰਤੋਖ। ੩. ਉਸਤਤਿ. "ਸਰ ਮੱਜੈਂ ਅਭਿਨੰਦਨ ਕਰੈਂ." (ਗੁਪ੍ਰਸੂ) ੪. ਪ੍ਰਾਰਥਨਾ. ਬੇਨਤੀ. "ਸੁਰ ਕਰ ਅਭਿਨੰਦਨ." (ਗੁਪ੍ਰਸੂ)

ਅਭਿਪੀਰ: ਸੰਗਜਾ- ਮਨ ਦੀ ਪੀੜ. ਅਭਜੰਤਰ ਦਾ ਦਰਦ. "ਪ੍ਰਭੁ ਜਾਣੈ ਅਭਿਪੀਰ." (ਸ੍ਰੀ ਅਃ ਮਃ ੧) ੨. ਸੰ. ਅਭਿਪ੍ਰੀਤਿ. ਉਤਸਾਹ. ਹੌਸਲਾ। ੩. ਅਭਿਲਾਖਾ. ਇੱਛਾ। ੪. ਦੇਖੋ, ਅਭਿਪ੍ਰੇਤ.

ਅਭਿਪ੍ਰਾਯ: ਸੰ. ਸੰਗਜਾ- ਮਨ ਦਾ ਵਿਚਾਰ. ਮਨੋਰਥ। ੨. ਤਾਤਪਰਯ. ਸਿੱਧਾਂਤ.

ਅਭਿਪ੍ਰੇਤ: ਸੰ. ਵਿ- ਅਭਿਲਾਖਿਆ. ਚਾਹਿਆ ਹੋਇਆ.

ਅਭਿਬੰਦਨ: ਸੰ. ਅਭਿਵਨ੍ਦਨ- ਅਭਿਵੰਦਨ. ਸੰਗਜਾ- ਸੰਮੁਖ (ਸਨਮੁਖ) ਹੋਕੇ ਕੀਤੀ ਹੋਈ ਨਮਸਕਾਰ. ਪ੍ਰਣਾਮ। ੨. ਉਸਤਤਿ. ਵਡਿਆਈ.

ਅਭਿਮਤ: ਵਿ- ਮਨਵਾਂਛਿਤ. "ਜੋ ਅਭਿਮਤ ਦਾਤਾਰ." (ਨਾਪ੍ਰ) ੨. ਸੰਮਤ. ਰਾਇ ਦੇ ਮੁਤਾਬਿਕ.

ਅਭਿਮਤਿ: ਸੰਗਜਾ- ਹੌਮੈ. ਖ਼ੁਦੀ. "ਤੌ ਅਭਿਮਤਿ ਕਜਾ ਫਲ ਤੁਮ ਪਾਵਹੁ?" (ਨਾਪ੍ਰ) ੨. ਇੱਛਾ. ਰੁਚਿ. "ਅਭਿਮਤਿ ਬਾਤ ਧਰੋ ਉਰ ਮਾਹੀ." (ਨਾਪ੍ਰ) ੩. ਰਾਇ. ਸਲਾਹ.

ਅਭਿਮਨਜੁ: ਵਿ- ਵੈਰੀ ਦੇ ਅਭਿ (ਟਾਕਰੇ) ਲਈ ਹੋਵੇ ਮਨਜੁਃ (ਕ੍ਰੋਧ) ਜਿਸ ਨੂੰ। ੨. ਸੰਗਜਾ- ਕ੍ਰਿਸ਼ਨ ਜੀ ਦੀ ਭੈਣ ਸੁਭਦ੍ਰਾ ਦੇ ਉਦਰ ਤੋਂ ਅਰਜੁਨ ਦਾ ਪੁਤ੍ਰ, ਜਿਸ ਨੇ ਮਹਾਂਭਾਰਤ ਦੇ ਜੰਗ ਵਿੱਚ ਦੂਜੇ ਦਿਨ ਦੁਰਯੋਧਨ ਦੇ ਪੁਤ੍ਰ ਲਕ੍ਸ਼ਮਣ ਨੂੰ ਮਾਰਿਆ ਸੀ, ਅਤੇ ਤੇਰਵੇਂ ਦਿਨ ਆਪ ਭੀ ਵਡੀ ਵੀਰਤਾ ਵਿਖਾਕੇ ਮਰਿਆ. ਵਿਰਾਟਪਤੀ ਦੀ ਸੁਪੁਤ੍ਰੀ ਉੱਤਰਾ ਇਸ ਦੀ ਇਸਤ੍ਰੀ ਸੀ, ਜਿਸ ਤੋਂ ਰਾਜਾ ਪਰੀਕ੍ਸ਼ਿਤ (ਪਰੀਛਤ) ਪੈਦਾ ਹੋਇਆ, ਜੋ ਪਾਂਡਵਾਂ ਪਿੱਛੋਂ ਰਾਜਸਿੰਘਾਸਨ ਤੇ ਬੈਠਾ.

ਅਭਿਮਾਨ: ਸੰ. ਸੰਗਜਾ- ਹੰਕਾਰ. ਗਰਬ. "ਅਭਿਮਾਨ ਖੋਇ ਖੋਇ." (ਬਿਲਾ ਮਃ ੫) ੨. ਮਮਤ੍ਵ. ਮਮਤਾ. "ਲੋਭ ਅਭਿਮਾਨ ਬਹੁਤ ਹੰਕਾਰਾ." (ਮਾਝ ਅਃ ਮਃ ੩) ੩. ਸੰ. ਅਪਮਾਨ. ਨਿਰਾਦਰ. "ਮਾਨ ਅਭਿਮਾਨ ਮੰਧੇ ਸੋ ਸੇਵਕ ਨਾਹੀ." (ਸ੍ਰੀ ਮਃ ੫) "ਤੈਸਾ ਮਾਨ ਤੈਸਾ ਅਭਿਮਾਨ." (ਸੁਖਮਨੀ)

ਅਭਿਮਾਨਿਨੀ: ਵਿ- ਅਭਿਮਾਨ ਵਾਲੀ। ੨. ਸੰਗਜਾ- ਨਦੀ. (ਸਨਾਮਾ)

ਅਭਿਮਾਨੀ: ਵਿ- ਹੰਕਾਰੀ. ਮਗ਼ਰੂਰ. "ਅਭਿਮਾਨੀ ਕੀ ਜੜ ਸਰਪਰ ਜਾਏ." (ਗੌਂਡ ਅਃ ਮਃ ੫) ੨. ਸੰਗਜਾ- ਹੌਮੈ. ਖ਼ੁਦੀ. ਅਭਿਮਾਨ ਮਤਿ. "ਚੂਕੀ ਅਭਿਮਾਨੀ." (ਤੁਖਾ ਛੰਤ ਮਃ ੧)

ਅਭਿਮੁਖ: ਸੰ. ਵਿ- ਸਾਮ੍ਹਣੇ ਆਇਆ ਹੋਇਆ। ੨. ਕੰਮ ਕਰਨ ਲਈ ਤਿਆਰ ਹੋਇਆ। ੩. ਕ੍ਰਿ. ਵਿ- ਸਨਮੁਖ. ਸਾਮ੍ਹਣੇ.

ਅਭਿਮੰਤ੍ਰਣ: ਸੰਗਜਾ- ਮੰਤ੍ਰ ਨਾਲ ਕੀਤਾ ਹੋਇਆ ਸੰਸਕਾਰ. "ਮੰਤ੍ਰਨ ਸੋਂ ਅਭਿਮੰਤ੍ਰਕੈ ਗਹਿ ਧਨੁ ਛਾਡਜੋ ਬਾਨ." (ਕ੍ਰਿਸਨਾਵ) ੨. ਮੰਤ੍ਰ ਦ੍ਵਾਰਾ ਕਿਸੇ ਦੇਵਤਾ ਦੇ ਬੁਲਾਉਣ ਦੀ ਕ੍ਰਿਯਾ.

ਅਭਿਮੰਨੁ: ਦੇਖੋ, ਅਭਿਮਨਜੁ. "ਜਿਮ ਭਾਰਤ ਅਭਿਮੰਨੁ ਕੀਨ." (ਗੁਪ੍ਰਸੂ)

ਅਭਿਰਾਮ: ਵਿ- ਸੁੰਦਰ. ਮਨੋਹਰ। ੨. ਆਨੰਦ ਦਾਇਕ.

ਅਭਿਰਿਠ, ਅਭਿਰਿੱਠਾ: ਸੰ. ਅਭੀਸ਼੍ਟ ਵਿ- ਮਨਵਾਂਛਿਤ। ੨. ਸੁਖਦਾਈ. "ਗੁਰਸੇਵਾ ਜਾਣਨ ਅਭਿਰਿੱਠਾ." (ਭਾਗੁ)

ਅਭਿਲਾਖ, ਅਭਿਲਾਖਾ: ਸੰ. ਅਭਿਲਾਸ਼ਾ. ਸੰਗਜਾ- ਬਹੁਤ ਇੱਛਾ. ਤੀਬ੍ਰ ਵਾਸਨਾ। ੨. ਕਾਮਨਾ. ਚਾਹ.

ਅਭਿਲਾਖੀ: ਸੰ. ਅਭਿਲਾਸ਼ਿਨ੍. ਵਿ- ਚਾਹਨੇ ਵਾਲਾ. ਕਾਮਨਾ ਵਾਲਾ. ਇੱਛਾ ਵਾਲਾ.

ਅਭਿਵਜੰਜਕ: ਸੰ. ਅਭਿਵ੍ਯਞ੍ਜਕ. ਵਿ- ਪ੍ਰਕਾਸ਼ਕ. ਪ੍ਰਗਟ ਕਰਨ ਵਾਲਾ। ੨. ਬੋਧਕ. ਜਣਾਉਣ ਵਾਲਾ.

ਅਭੀ: ਕ੍ਰਿ. ਵਿ- ਅਬਹੀ. ਹੁਣੇ. ਇਸੇ ਵੇਲੇ। ੨. ਸੰ. ਵਿ- ਬਿਨਾ ਭੀ (ਭਯ). ਨਿਡਰ.

ਅਭੀਸ੍ਟ: ਸੰ. ਵਿ- ਮਨ ਤੋਂ ਚਾਹਿਆ ਹੋਇਆ. ਮਨਵਾਂਛਿਤ। ੨. ਸੰਗਯਾ- ਮਨ ਭਾਈ ਗੱਲ. ਆਪਣੇ ਮਨੋਰਥ ਅਨੁਸਾਰ ਹੋਈ ਬਾਤ.

ਅਭੀਚ, ਅਭੀਚੁ: ਦੇਖੋ, ਅਭਿਜਿਤ ੧. "ਧੰਨ ਅਭੀਚ ਨਛਤ੍ਰ ਹੈ ਕਾਮ ਕ੍ਰੋਧ ਅਹੰਕਾਰ ਤਿਆਗੇ." (ਭਾਗੁ) ੨. ਮੁਕਾਬਲੇ ਵਿੱਚ ਜਿੱਤਣ ਵਾਲਾ. ਜੋ ਸਾਮ੍ਹਣੇ ਹੋਕੇ ਫਤੇ ਪਾਉਂਦਾ ਹੈ. "ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸ ਭਇਆ." (ਤੁਖਾ ਛੰਤ ਮਃ ੪) ਤੀਰਥਸਨਾਨ ਦੇ ਜਿਤਨੇ ਪਰਬ ਹਨ, ਉਨ੍ਹਾਂ ਨੂੰ ਅਭਿਜਿਤ (ਜਿੱਤਣ ਵਾਲਾ) ਸਤਿਗੁਰੂ ਅਮਰਦੇਵ ਦਾ ਦਰਸ਼ਨ ਯਾਤ੍ਰੀਆਂ ਨੂੰ ਹੋਇਆ. ਭਾਵ- ਗੁਰੁਦਰਸ਼ਨ ਸਭ ਤੀਰਥਸਨਾਨਾਂ ਤੋਂ ਵਧਕੇ ਹੈ। ੩. ਅਭੀਪ੍ਸਿਤ- ਅਭੀਪ੍ਸਿਤ. ਚਾਹਿਆ ਹੋਇਆ. ਲੋੜੀਂਦਾ. ਤੀਰਥਸਨਾਨ ਦੇ ਪਰਬ ਦੇ ਮੌਕੇ ਸ਼੍ਰੀ ਗੁਰੂ ਅਮਰਦੇਵ ਜੀ ਦਾ ਮਨਲੋੜੀਂਦਾ ਦਰਸ਼ਨ ਲੋਕਾਂ ਨੂੰ ਪ੍ਰਾਪਤ ਹੋਇਆ.

ਅਭੀਤ: ਵਿ- ਬਿਨਾ ਭੀਤਿ (ਡਰ). ਨਿਡਰ. ਬੇਖ਼ੌਫ਼. "ਨਮਸਤੰ ਅਭੀਤੇ." (ਜਾਪੁ)

ਅਭੀਰ: ਸੰ. ਸੰਗਯਾ- ਆਪਣੇ ਸਾਮ੍ਹਣੇ ਪਸ਼ੂਆਂ ਨੂੰ ਪ੍ਰੇਰਣ ਵਾਲਾ. ਅਹੀਰ. ਗਵਾਲਾ. ਗੋਪਾਲ। ੨. ਇੱਕ ਮਾਤ੍ਰਿਕ ਛੰਦ, ਜਿਸ ਦਾ ਨਾਉਂ ਅਹੀਰ ਭੀ ਹੈ. ਲੱਛਣ ਚਾਰ ਚਰਣ, ਪ੍ਰਤਿ ਚਰਣ ੧੧. ਮਾਤ੍ਰਾ, ਅੰਤ ਜਗਣ. ।ऽ।.

ਉਦਾਹਰਣ-

ਅਤਿ ਸਾਧੁ ਅਤਿ ਰਾਜ,

ਕਰਨ ਲਗੇ ਦੁਰਕਾਜ,

ਪਾਪ ਹ੍ਰਿਦੇ ਮਹਿ ਠਾਨ,

ਕਰਤ ਧਰਮ ਕਰ ਹਾਨਿ. (ਕਲਕੀ)

੩. ਵਿ- ਅਭੀਰੁ. ਜੋ ਭੀਰੁ (ਕਾਯਰ) ਨਹੀਂ. ਨਿਡਰ. ਬੇਖ਼ੌਫ਼. "ਇਹ ਗਾਢੋਈ ਅਭੀਰ ਹਨਐ." (ਨਾਪ੍ਰ)

ਅਭੀਰੀ, ਅਭੀਰੁ, ਅਭੀਲ: ਸੰ. ਅਭੀਰੁ. ਵਿ- ਜੋ ਭੀਰੁ (ਡਰਪੋਕ) ਨਹੀਂ. "ਅਭੀਰੀ ਭਾਜੇ ਭੀਰੁ ਹੈ." (ਕਲਕੀ) "ਬੀਰ ਬੰਕੇ ਅਭੀਲੇ." (ਗੁਪ੍ਰਸੂ)

ਅਭੁਲ, ਅਭੁਲੁ: ਵਿ- ਜੋ ਭੁੱਲੇ ਨਾ. ਜੋ ਖਤਾ ਨਾ ਕਰੇ. ਅਚੂਕ. "ਭੁਲਣ ਅੰਦਰਿ ਸਭੁਕੋ ਅਭੁਲੁ ਗੁਰੂ ਕਰਤਾਰ."

(ਸ੍ਰੀ ਅਃ ਮਃ ੧)

ਅਭੂ: ਵਿ- ਭੂ (ਉਤਪੱਤਿ) ਰਹਿਤ. ਜਿਸ ਦਾ ਜਨਮ ਨਹੀਂ. "ਅਭੂ ਹੈ" (ਜਾਪੁ) ਦੇਖੋ, ਭੂ.

ਅਭੂਖਨ: ਸੰ. ਆਭੂਸ਼ਣ. ਸੰਗਯਾ- ਸ਼੍ਰਿੰਗਾਰ ਦਾ ਸਾਮਾਨ। ੨. ਗਹਿਣਾ. ਜੇਵਰ.

ਅਭੂਖੀ: ਵਿ- ਜਿਸਦੀ ਭੁੱਖ ਬੰਦ ਹੋਵੇ. "ਅਭੂਖੀ ਜੈਸੇ ਭੂਖ ਤੈਂ." (ਕ੍ਰਿਸਨਾਵ) ੨. ਸੰਤੋਖੀ.

ਅਭੂਤ: ਵਿ- ਜੋ ਭੂਤ (ਬੀਤ ਗਏ ਸਮੇਂ) ਨਹੀਂ ਹੋਇਆ. "ਅਭੂਤੰ ਭਜਾਣੰ." (ਵਿਚਿਤ੍ਰ) ਅਜੇਹੇ ਭਿਆਨਕ, ਜੇਹੇ ਪਹਿਲਾਂ ਨਹੀਂ ਹੋਏ। ੨. ਅਪਰੂਵ. ਭਾਵ- ਜੋ ਅਨਾਦਿ ਨਹੀਂ. "ਤੈਸੇ ਬਿਸ੍ਵਰੂਪ ਤੇ ਅਭੂਤ ਭੂਤ ਪ੍ਰਗਟ ਹਨਐ." (ਅਕਾਲ) ੩. ਵਰਤਮਾਨ ਕਾਲ ਵਿੱਚ ਹੋਣ ਵਾਲਾ। ੪. ਜੋ ਤੱਤਾਂ ਦਾ ਕਾਰਜ ਨਹੀਂ. "ਨਮਸਤੰ ਅਭੂਤੇ." (ਜਾਪੁ) ੫. ਸੰਗਯਾ- ਲੋਪ. ਵਿਨਾਸ਼. "ਕ੍ਰੁੱਧ ਕੋ ਅਭੂਤ ਹੈਂ ਕਿ ਅੱਛੈ ਅਬਿਨਾਸੀ ਹੈਂ." (ਗਜਾਨ) ੬. ਦੇਖੋ, ਅਭੂਤਿ ਅਤੇ ਭੂਤਿ.

ਅਭੂਤਕ: ਸੰ. ਅਭੌਤਿਕ. ਵਿ- ਜੋ ਭੂਤ (ਤੱਤਾਂ) ਤੋਂ ਬਣਿਆ ਹੋਇਆ ਨਹੀਂ.

ਅਭੂਤਭਯਾਣ: ਦੇਖੋ, ਅਭੂਤ ੧.

ਅਭੂਤਿ: ਸੰ. ਸੰਗਯਾ- ਅਣਹੋਂਦ. ਅਸ੍ਤਿਤ੍ਵ ਦਾ ਅਭਾਵ. ਭੂਤਿ ਦੇ ਵਿਰੁੱਧ. ਦੇਖੋ, ਭੂਤਿ.

ਅਭੂਮ: ਸੰ. अभूमन- ਅਭੂਮਾ. ਵਿ- ਥੋੜਾ. ਤੁੱਛ. ਅਲਪ। ੨. ਸੰ. ਅਭੌਮ. ਵਿ- ਜੋ ਭੂਮਿ (ਪ੍ਰਿਥਿਵੀ) ਤੋਂ ਨਹੀਂ ਬਣਿਆ. ਜਿਸ ਦਾ ਪ੍ਰਿਥਿਵੀ ਨਾਲ ਸੰਬੰਧ ਨਹੀਂ.

ਅਭੂਲ: ਦੇਖੋ, ਅਭੁਲ. "ਅਭੂਲ ਨ ਭੂਲੈ." (ਸਾਰ ਮਃ ੫)

ਅਭੇ, ਅਭੇਉ, ਅਭੇਅ, ਅਭੇਇ: ਵਿ- ਭੇਦ ਰਹਿਤ. "ਅਲਖ ਅਭੇਉ ਹਰਿ ਰਹਿਆ ਸਮਾਏ." (ਮਾਝ ਅਃ ਮਃ ੩) ੨. ਸੰ. ਅਭੇਯ. ਨਿਰਭੈ. ਨਾ ਡਰਣ ਯੋਗ੍ਯ "ਅਭੇ ਹੈ." (ਜਾਪੁ)

ਅਭੇਸ, ਅਭੇਖ: ਸੰ. ਅਭੇਸ਼ ਵਿ- ਭੇਸ਼ ਬਿਨਾ ਜਿਸ ਦਾ ਕੋਈ ਲਿਬਾਸ ਨਹੀਂ। ੨. ਬੁਰਾ ਭੇਖ। ੩. ਲੋਪ. ਨੇਸ੍ਤ ਨਾਬੂਦ. ਮਲੀਆਮੇਟ. "ਕੀਜਿਯੈ ਅਭੇਸ ਉਨੈ ਬਡੋ ਯਹਿ ਕਾਮ ਹੈ." (ਚੰਡੀ ੧) "ਸਭ ਦੁਸ੍ਟ ਮਾਰ ਕੀਨੇ ਅਭੇਖ." (ਨਰਸਿੰਘਾਵ)

ਅਭੇਟ: ਸੰਗਯਾ- ਭੇਟ (ਮਿਲਾਪ) ਦਾ ਅਭਾਵ. ਜੁਦਾਈ. "ਜਮ ਕੀ ਅਭੇਟ ਦੇਤ." (ਨਾਪ੍ਰ)

ਅਭੇਦ: ਵਿ- ਜਿਸ ਦਾ ਭੇਦ ਨਾ ਪਾਇਆ ਜਾਵੇ।

੨. ਭੇਦ ਰਹਿਤ। ੩. ਸੰਗਯਾ- ਅਭੇਦਤਾ. ਏਕਤਾ। ੪. ਸੰ. ਅਭੇਦ੍ਯ. ਵਿ- ਜਿਸ ਦਾ ਛੇਦਨ ਨਾ ਹੋ ਸਕੇ. ਜੋ ਵਿੰਨ੍ਹਿਆ ਨਾ ਜਾ ਸਕੇ.

ਅਭੇਦ ਰੂਪਕ: ਦੇਖੋ, ਰੂਪਕ.

ਅਭੇਦ੍ਯ: ਦੇਖੋ, ਅਭੇਦ ੪.

ਅਭੇਯ: ਵਿ- ਭੇਦ ਰਹਿਤ। ੨. ਭੈ ਬਿਨਾ. ਬੇਖ਼ੌਫ਼. ਦੇਖੋ, ਅਭੇ. "ਅਜੇਯੰ ਅਭੇਯੰ ਆਨਾਮੰ ਅਠਾਮੰ." (ਵਿਚਿਤ੍ਰ)

ਅਭੇਵ: ਵਿ- ਭੇਦ ਰਹਿਤ. ਜਿਸਦਾ ਭੇਤ ਨਾ ਪਾਇਆ ਜਾਵੇ. "ਅਭੇਵ ਹਰੀ." (ਅਕਾਲ) ੨. ਸੰਗਯਾ- ਅਭਾਵ. ਨਾਸ਼. "ਮਨ ਤਨ ਨਿਰਮਲ ਅਭਿਮਾਨ ਅਭੇਵਾ." (ਰਾਮ ਅਃ ਮਃ ੧)

ਅਭੇਵਾ: ਦੇਖੋ, ਅਭੇਵ.

ਅਭੈ: ਦੇਖੋ, ਅਭਯ.

ਅਭੈਦਾਨ: ਸੰਗਯਾ- ਨਿਰਭੈਤਾ ਦਾ ਦਾਨ. "ਅਭੈਦਾਨ ਪਾਵਉ ਪੁਰਖ ਦਾਤੇ!" (ਬਿਲਾ ਮਃ ੫)

ਅਭੈਪਟ: ਸੰਗਯਾ- ਉਹ ਵਸਤ੍ਰ ਜਿਸ ਨੂੰ ਪਹਿਨਕੇ ਭੈ ਨਾ ਹੋਵੇ. ਕਵਚ. ਜ਼ੰਜੋ. "ਅਭੈਪਟ ਰਿਪੁ ਮਧ ਤਿਹ." (ਸਵੈਯੇ ਮਃ ੩. ਕੇ)

ਅਭੈਪਦ: ਸੰਗਯਾ- ਉਹ ਪਦਵੀ ਜਿਸ ਤੋਂ ਡਿਗਣ ਦਾ ਡਰ ਨਾ ਹੋਵੇ. "ਅਭੈਪਦ ਦਾਨ ਸਿਮਰਨ ਸੁਆਮੀ ਕੋ." (ਜੈਤ ਮਃ ੫) ੨. ਨਿਰਵਾਣ. ਪਰਮ ਪਦ. ਤੁਰੀਯ (ਤੁਰੀਆ) ਅਵਸਥਾ.

ਅਭੋਗੀ: ਵਿ- ਭੋਗਾਂ ਦਾ ਤਿਆਗੀ.

ਅਭੋਜ੍ਯ: ਸੰ. ਵਿ- ਜੋ ਭੋਜਨ ਯੋਗ੍ਯ ਨਾ ਹੋਵੇ. ਅਭਕ੍ਸ਼੍ਯ (ਅਭੱਖ).

ਅਭੋਲ: ਦੇਖੋ, ਅਭੁਲ.

ਅਭੌਤਿਕ: ਸੰ. ਵਿ- ਜੋ ਭੂਤ (ਤੱਤਾਂ) ਦਾ ਕਾਰਜ ਨਹੀਂ.

ਅਭੰਗ: ਸੰ. अभङ्ग. ਵਿ- ਅਖੰਡ. ਅਟੁੱਟ। ੨. ਵਿਨਾਸ਼ ਰਹਿਤ। ੩. ਸੰਗ੍ਯਾ- ਮਹਾਰਾਸ਼ਟ੍ਰੀ ਭਾਸ਼ਾ ਵਿੱਚ ਇੱਕ ਪ੍ਰਕਾਰ ਦਾ ਪਦ (ਛੰਦ), ਜਿਸ ਵਿੱਚ ਤੁਕਾਰਾਮ ਅਤੇ ਨਾਮਦੇਵਾਦਿ ਭਗਤਾਂ ਦੀ ਬਹੁਤ ਰਚਨਾ ਹੈ. ਅਭੰਗ ਦੇ ਦੋ ਮੁੱਖ ਭੇਦ ਹਨ, ਇੱਕ ਦੇ ਪ੍ਰਤਿ ਚਰਣ ਸੋਲਾਂ ਅੱਖਰ, ਦੂਜੇ ਦੇ ਪ੍ਰਤਿ ਚਰਣ ਬਾਈ ਅੱਖਰ। ੪. ਡਿੰਗ. ਵਿ- ਨਿਰਭੈ. ਨਿਡਰ.

ਅਭੰਗੀ: ਸੰ. अभङ्गिन्. ਵਿ- ਪੂਰਣ. ਅਖੰਡ. "ਅਭੰਗੀ ਅਨਾਮੇ." (ਜਾਪੁ)

ਅਭੰਜ: ਸੰ. अभञ्ज- ਵਿ- ਅਟੁੱਟ. ਅਖੰਡ। ੨. ਅਜਿਤ। ੩. ਬਿਨਾ ਝੁਕਾਉ. ਖ਼ਮ ਬਿਨਾ. ਜੋ ਲਿਫਦਾ ਨਹੀਂ.

ਅਭੰਜਨ: ਜਿਸਦਾ ਭੰਜਨ ਨਹੀਂ ਹੁੰਦਾ- ਅਖੰਡ. ਅਵਿਨਾਸ਼ੀ। ੨. ਸੰ. अभ्यञ्ज- ਅਭ੍ਯੰਜਨ. ਸੰਗ੍ਯਾ- ਅਭਿ- ਅੰਜਨ. ਤੇਲ ਆਦਿ ਪਦਾਰਥ, ਜਿਨ੍ਹਾਂ ਦਾ ਸ਼ਰੀਰ ਉੱਤੇ ਲੇਪ ਕੀਤਾ ਜਾਂਦਾ ਹੈ.

ਅਭੰਜਾਨਭੰਜਨ: ਵਿ- ਅਖੰਡਾਂ ਨੂੰ ਖੰਡਨ ਵਾਲਾ। ੨. ਜੋ ਕਿਸੇ ਤੋਂ ਨਹੀਂ ਝੁਕਦੇ ਉਨ੍ਹਾਂ ਨੂੰ ਝੁਕਾਉਣ ਵਾਲਾ.

ਅਭੰਡ: ਵਿ- ਅਨਿੰਦਿਤ. ਜੋ ਭੰਡਿਆ (ਨਿੰਦਿਆ) ਨਹੀਂ ਜਾਂਦਾ.

ਅਭੰਤ: ਸੰ. ਅਭਣਿਤ. ਵਿ- ਜੋ ਬਿਆਨ ਨਾ ਹੋ ਸਕੇ. ਅਕਥਿਤ. "ਆਭਾ ਅਭੰਤ ਬਰਨੀ ਨ ਜਾਇ." (ਦੱਤਾਵ)

ਅਭ੍ਯਸ੍ਤ: ਸੰ. ਵਿ- ਅਭ੍ਯਾਸ ਕੀਤਾ ਹੋਇਆ.

ਅਭ੍ਯਾਸ: ਦੇਖੋ, ਅਭਿਆਸ.

ਅਭ੍ਯਾਸੀ: ਦੇਖੋ, ਅਭਿਆਸੀ.

ਅਭ੍ਯੰਤਰ: ਦੇਖੋ, ਅਭਅੰਤਰ.

ਅਭ੍ਰ: ਸੰ. अभ्र्. ਧਾ- ਜਾਣਾ. ਫਿਰਨਾ। ੨. ਸੰ. अभ्र. ਸੰਗ੍ਯਾ- ਪਾਣੀ ਲੈ ਜਾਣ ਵਾਲਾ. ਬਦਲ. ਮੇਘ. ਫ਼ਾ. ابر ਅਬਰ। ੩. ਅਭਰਕ। ੪. ਆਕਾਸ਼। ੫. ਸੋਨਾ (ਸੁਵਰਣ). ੬. ਇੱਕ ਰਾਖਸ ਜੋ ਯਾਦਵਾਂ ਦੀ ਸੈਨਾ ਵਿੱਚ ਨੌਕਰ ਸੀ. "ਰਾਛਸ ਅਭ੍ਰ ਹੁਤੋ ਹਰਿ ਕੀ ਦਿਸ." (ਕ੍ਰਿਸਨਾਵ)

ਅਭ੍ਰਕ: ਸੰ. अम्. ਧਾ- ਜਾਣਾ. ਬੋਲਣਾ. ਰੋਗੀ ਹੋਣਾ. ਸੇਵਾ ਕਰਨਾ. ਖਾਣਾ। ੨. ਸੰ. अम. ਸੰਗ੍ਯਾ- ਰੋਗ. ਬੀਮਾਰੀ। ੩. ਰੋਗ ਦਾ ਕਾਰਣ. ਨਿਦਾਨ। ੪. ਡਰ. ਭੈ। ੫. ਬਲ. ਤਾਕਤ. ੬. ਫ਼ਾ. ام ਸਰਵ- ਪ੍ਰਥਮ ਪੁਰਖ ਦਾ ਬੋਧਕ. ਮੈ. "ਨ ਦਾਨਮ ਕਿ ਈਂ ਮਰਦ ਰੂਬਾਹ ਪੇਚ." (ਜਫਰ)

ਅਮ: ਸੰ. अम्. ਧਾ- ਜਾਣਾ. ਬੋਲਣਾ. ਰੋਗੀ ਹੋਣਾ. ਸੇਵਾ ਕਰਨਾ. ਖਾਣਾ। ੨. ਸੰ. अम. ਸੰਗ੍ਯਾ- ਰੋਗ. ਬੀਮਾਰੀ। ੩. ਰੋਗ ਦਾ ਕਾਰਣ. ਨਿਦਾਨ। ੪. ਡਰ. ਭੈ। ੫. ਬਲ. ਤਾਕਤ. ੬. ਫ਼ਾ. ام ਸਰਵ- ਪ੍ਰਥਮ ਪੁਰਖ ਦਾ ਬੋਧਕ. ਮੈ. "ਨ ਦਾਨਮ ਕਿ ਈਂ ਮਰਦ ਰੂਬਾਹ ਪੇਚ." (ਜਫਰ)

ਅਮਸਿਆ: ਦੇਖੋ, ਅਮਾਵਸਿਆ.

ਅਮਸੋਸ: ਦੇਖੋ, ਅਫਸੋਸ.

ਅਮਚੂਰ: ਸੰਗ੍ਯਾ- ਆਮ੍ਰ (ਅੰਬ) ਦਾ ਚੂਰਾ. ਅੰਬ ਦੀਆਂ ਫਾੜੀਆਂ ਕੁਤਰਕੇ ਸੁਕਾਈਆਂ ਹੋਈਆਂ.

ਅਮਜਬ: ਵਿ- ਜੋ ਕੋਈ ਮਜਹਬ ਨਹੀਂ ਰੱਖਦਾ.

"ਨਮਸਤੰ ਅਮਜਬੇ." (ਜਾਪੁ) ਦੇਖੋ, ਮਜਬ.

ਅਮੱਥ: ਵਿ- ਮਸ੍ਤਕ ਰਹਿਤ. ਬਿਨਾ ਸਿਰ। ੨. ਜੋ ਮਥਨ ਨਾ ਕੀਤਾ ਜਾ ਸਕੇ. ਮਰਦਨ ਰਹਿਤ.

ਅਮਦਨ, ਅ਼ਮਦਨ: ਅ਼. عمدن ਕ੍ਰਿ. ਵਿ- ਅ਼ਮਦ (ਜਾਣ) ਕੇ. ਸਮਝਕੇ. ਜਾਣ ਬੁੱਝਕੇ.

ਅਮਦਜ: ਸੰਗ੍ਯਾ- ਮਦਜ (ਸ਼ਰਾਬ) ਤੋਂ ਭਿੰਨ. ਅਮ੍ਰਿਤ. ਸੁਧਾ. ਜੋ ਪਦਾਰਥ ਨਸ਼ੇ ਵਾਲਾ ਨਹੀਂ। "ਦਯੋ ਬਾਂਟ ਮਦਜੰ ਅਮਦਜੰ." (ਵੈਰਾਹ) ਮੋਹਨੀ ਨੇ ਮਦਿਰਾ ਅਤੇ ਅਮ੍ਰਿਤ ਵੰਡ ਦਿੱਤਾ.

ਅਮਨ: ਅ਼. امن ਸੰਗ੍ਯਾ- ਸ਼ਾਂਤਿ. ਆਰਾਮ. ਚੈਨ.

ਅਮਰ: ਸੰ. ਸੰਗ੍ਯਾ- ਦੇਵਤਾ, ਜੋ ਮਰਣ ਵਾਲਾ ਨਹੀਂ. "ਅਮਰ ਸਿਮਰਕਰ ਜਾਂਹਿ ਸਮਰ ਜਯ ਪਾਵਹਿ ਅਰਿ ਹਰ." (ਗੁਪ੍ਰਸੂ) ੨. ਵਿ- ਮਰਣ ਰਹਿਤ. ਬਿਨਾ ਮੌਤ. "ਅੰਮ੍ਰਿਤ ਪੀਵੈ ਅਮਰੁ ਸੁ ਹੋਇ." (ਸੁਖਮਨੀ) "ਅਮਰ ਗਹੁ ਮਾਰਿਲੈ." (ਮਾਰੂ ਮਃ ੧) ਮਨ ਜੋ ਮਰਣ ਵਿੱਚ ਨਹੀਂ ਆਉਂਦਾ ਉਸ ਨੂੰ ਫੜਕੇ ਮਾਰਲੈ. ਭਾਵ ਅਜਿਤ ਮਨ ਨੂੰ ਵਸ਼ ਕਰਲੈ। ੩. ਅਚਲ. ਅਟਲ. ਅਮੇਟ. "ਤੇਰੀ ਅਮਰੁ ਰਜਾਇ." (ਆਸਾ ਛੰਤ ਮਃ ੫. ਬਿਰਹੜੇ) ੪. ਗੁਰੂ ਅਮਰਦਾਸ ਜੀ ਦਾ ਸੰਖੇਪ ਨਾਉਂ "ਸਚੁ ਸਚਾ ਸਤਿਗੁਰੁ ਅਮਰੁ ਹੈ." (ਵਾਰ ਗਉ ੧. ਮਃ ੪) "ਲਹਿਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ." (ਵਾਰ ਰਾਮ ੩) ਦੇਖੋ, ਅਮਰਦਾਸ ਸਤਿਗੁਰੂ। ੫. ਅ਼. ਸੰਗ੍ਯਾ- ਆਗ੍ਯਾ. ਹੁਕਮ. "ਅਮਰ ਹੀਣੰ ਜਥਾ ਰਾਜਨਹ." (ਸਹਸ ਮਃ ੫) "ਸਿਰ ਊਪਰਿ ਅਮਰੁ ਕਰਾਰਾ" (ਮਾਰੂ ਮਃ ੫) ੬. ਸਿੱਕਹ. ਰਾਜਮੁਦ੍ਰਾ. "ਅਮਰ ਚਲਾਵੈ ਚੰਮ ਦੇ." (ਭਾਗੁ) ੭. عامر ਆਮਿਰ. ਅਮਰ (ਹੁਕਮ) ਕਰਣ ਵਾਲਾ. ਹਾਕਿਮ. "ਅਮਰੁ ਵੇਪਰਵਾਹੁ ਹੈ." (ਵਾਰ ਸਾਰ ਮਃ ੩)

ਅਮਰ ਸਿੰਘ: ਬਾਬਾ ਆਲਾ ਸਿੰਘ ਜੀ ਦਾ ਪੋਤਾ ਅਤੇ ਟਿੱਕਾ ਸਰਦੂਲ ਸਿੰਘ ਦਾ ਛੋਟਾ ਪੁਤ੍ਰ, ਜਿਸ ਦਾ ਜਨਮ ਹਾੜ ਬਦੀ ੭. ਸੰਮਤ ੧੮੦੫ (ਸਨ ੧੭੪੮) ਨੂੰ ਰਾਣੀ ਹੁਕਮਾਂ ਦੇ ਉਦਰ ਤੋਂ ਹੋਇਆ. ਅਠਾਰਾਂ ਵਰ੍ਹੇ ਦੀ ਉਮਰ ਵਿੱਚ ਪਟਿਆਲੇ ਦੀ ਗੱਦੀ ਤੇ ਬੈਠਾ. ਇਸ ਨੇ ਧਰਮਵੀਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਅਮ੍ਰਿਤ ਛਕਿਆ ਸੀ. ਇਹ ਵਡਾ ਸ਼ੂਰਵੀਰ, ਰਾਜ ਪ੍ਰਬੰਧ ਵਿੱਚ ਨਿਪੁੰਣ ਅਤੇ ਪੂਰਾ ਧਰਮਾਤਮਾ ਸੀ. ਇਸਦੇ ਵੇਲੇ ਪਟਿਆਲੇ ਦੇ ਰਾਜ ਵਿੱਚ ਬਹੁਤ ਤਰੱਕੀ ਹੋਈ. ਸਨ ੧੭੬੭ ਵਿੱਚ ਰਾਜਾ ਅਮਰ ਸਿੰਘ ਨੇ ਅਹਮਦ ਸ਼ਾਹ ਦੁੱਰਾਨੀ ਤੋਂ ਵੀਹ ਹਜ਼ਾਰ ਹਿੰਦੂ ਮਰਦ ਇਸਤ੍ਰੀਆਂ ਨੂੰ ਕੈਦੋਂ ਛੁਡਾਕੇ "ਬੰਦੀਛੋੜ" ਪਦਵੀ ਪ੍ਰਾਪਤ ਕੀਤੀ. ਇਸ ਦਾ ਦੇਹਾਂਤ ਫੱਗੁਣ ਬਦੀ ੮. ਸੰਮਤ ੧੮੩੮ (ਫਰਵਰੀ ਸਨ ੧੭੮੧) ਨੂੰ ਹੋਇਆ। ੨. ਦੇਖੋ, ਰੂਪ ਕੌਰ। ੩. ਅਮਰਕੋਸ਼ ਦਾ ਕਰਤਾ ਇੱਕ ਸੰਸਕ੍ਰਿਤ ਦਾ ਪੰਡਿਤ। ੪. ਮੇਵਾੜਪਤਿ ਰਾਣਾ ਪ੍ਰਤਾਪ ਸਿੰਘ ਦਾ ਜੇਠਾ ਪੁਤ੍ਰ। ੫. ਦੇਖੋ, ਸਲਾਬਤ ਖ਼ਾਂ.

ਅਮਰ ਸਿੱਧੂ: ਜਿਲਾ ਲਹੌਰ, ਥਾਣਾ ਮੁਜ਼ੰਗ ਵਿੱਚ ਇੱਕ ਪਿੰਡ ਦਾ ਨਾਉਂ ਹੈ, ਜਿਸ ਤੋਂ ਪੂਰਵ ਵੱਲ ਇੱਕ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਗੁਰੂਮਾਂਗਟ ਤੋਂ ਚੱਲਕੇ ਇੱਥੇ ਆਏ ਹਨ.

ਪਹਿਲਾਂ ਇਸ ਥਾਂ ਸਾਧਾਰਣ ਗੁਰਦ੍ਵਾਰਾ ਸੀ, ਹੁਣ ਭਾਈ ਮੋਹਣ ਸਿੰਘ ਜੀ ਅਕਾਲੀ ਦੇ ਉੱਦਮ ਨਾਲ ਲਹੌਰ ਨਿਵਾਸੀ ਰਾਇ ਬਹਾਦੁਰ ਸਰ ਗੰਗਾ ਰਾਮ ਜੀ ਨੇ ਗੁਰਦ੍ਵਾਰੇ ਤੇ ਖੂਹ ਦੀ ਸੇਵਾ ਸੰਮਤ ੧੯੭੯ ਵਿੱਚ ਕਰਾਈ ਹੈ. ੧੭. ਕਨਾਲ ਜ਼ਮੀਨ ਗੁਰਦ੍ਵਾਰੇ ਦੇ ਨਾਉਂ ਇਸੇ ਪਿੰਡ ਵਿੱਚ ਹੈ.

ਇਹ ਗੁਰਦ੍ਵਾਰਾ ਰੇਲਵੇ ਸਟੇਸ਼ਨ "ਕੋਟ ਲਖਪਤ" ਤੋਂ ਪੂਰਵ ਕਰੀਬ ਡੇਢ ਮੀਲ ਹੈ.

ਅਮਰਸੀ: ਵਿ- ਆਮ੍ਰ (ਅਬੰ) ਦੇ ਰਸ ਜੇਹਾ ਹੈ ਰੰਗ ਜਿਸ ਦਾ.

ਅਮਰਹਿਭ੍ਰਾਂਤਿ: ਸੰਗ੍ਯਾ- ਅਗ੍ਯਾਨ ਕਰਕੇ ਅਮਰ ਹੋਣ ਦਾ ਉਪਜਿਆ ਭ੍ਰਮ. "ਅਮਰਹਿਭ੍ਰਾਂਤਿ ਛੋਡ." (ਭਾਗੁ)

ਅਮਰਕ: ਵਿ- ਅਮਰ ਕਰਣ ਵਾਲਾ। ੨. ਨਾ ਮਰਣ ਵਾਲਾ. ਨਾ ਬੁਝਣ ਵਾਲਾ. "ਸੋ ਦੀਪਕ ਅਮਰਕ ਸੰਸਾਰ" (ਰਾਮ ਕਬੀਰ) ੩. ਦੇਖੋ, ਮਰਕ.

ਅਮਰ ਕੋਸ਼: ਜੈਨੀ ਅਮਰ ਸਿੰਘ ਦਾ ਰਚਿਆ ਸੰਸਕ੍ਰਿਤ ਸ਼ਲੋਕਾਂ ਵਿੱਚ ਇੱਕ ਕੋਸ਼, ਜਿਸ ਵਿੱਚ ਇੱਕ ਇੱਕ ਵਰਗ ਦੇ ਨਾਉਂ ਜੁਦੇ ਜੁਦੇ ਖੰਡਾਂ ਵਿੱਚ ਵਿੱਚ ਲਿਖੇ ਹਨ. ਭਾਈ ਸੰਤੋਖ ਸਿੰਘ ਜੀ ਨੇ ਇਸ ਕੋਸ਼ ਦਾ ਹਿੰਦੀ ਉਲਥਾ ਸਭ ਦੇ ਲਾਭ ਲਈ ਕੀਤਾ ਹੈ, ਜਿਸ ਦਾ ਨਾਉਂ "ਨਾਮਕੋਸ਼" ਹੈ. ਇਸ ਦੇ ਦੋਹੇ ੨੦੪੪ ਹਨ. ਭਾਈ ਸਾਹਿਬ ਨੇ ਇਸ ਦੇ ਰਚਣ ਦਾ ਸੰਮਤ ਨਹੀਂ ਦਿੱਤਾ ਕੇਵਲ ਅੰਤ ਵਿੱਚ ਲਿਖਿਆ ਹੈ-

"ਜਮਨਾ ਤਟ ਜੋ ਬੂਰੀਆ ਗ੍ਰੰਥ ਕਰਨ ਲਗ ਤਾਹਿ।

ਆਨ ਸੁਧਾਸਰ ਤੀਰ ਪਰ ਕਰੀ ਸਮਾਪਤਿ ਯਾਹਿ."

ਅਮਰਖ: ਸੰ. ਅਮਸ਼ੰ. ਸੰਗਜਾ- ਮ੍ਰਿਸ਼ (ਖਿਮਾ) ਦਾ ਅਭਾਵ. ਗੁੱਸਾ. ਕ੍ਰੋਧ.

ਅਮਰਖਣ: ਸੰ. ਅਮਸ਼ੰਣ. ਸੰਗਜਾ- ਕ੍ਰੋਧ ਦਾ ਭਾਵ. ਕ੍ਸ਼ਮਾ (ਖਿਮਾ) ਦਾ ਅਭਾਵ. "ਅਤੁਲ ਅਮਰਖਣ ਧਰਮਧੁਜੇ." (ਅਕਾਲ)

ਅਮਰਤ: ਸੰ. अमर्त. ਵਿ- ਮਰਣ ਰਹਿਤ। ੨. ਸੰ. अमृत- ਅਮ੍ਰਿਤ. ਸੰਗਜਾ- ਸੁਧਾ. ਇੱਕ ਅਮਰ ਕਰਣ ਵਾਲਾ ਪਦਾਰਥ, ਜੋ ਸਮੁੰਦਰ ਵਿੱਚੋਂ ਨਿਕਲਿਆ ਦੱਸਿਆ ਜਾਂਦਾ ਹੈ। ੩. ਦੇਖੋ, ਅਮ੍ਰਿਤ.

ਅਮਰਤੁ: ਸੰ. ਅਮਰਤ੍ਵ. ਸੰਗਜਾ- ਅਮਰਪਣਾ. ਅਮਰਤਾ. "ਅਮਰ ਦਾਸ ਅਮਰਤੁ ਛਤ੍ਰ ਗੁਰੁ ਰਾਮਹਿ ਦੀਅਉ." (ਸਵੈਯੇ ਮਃ ੫. ਕੇ)

ਅਮਰਦਾਸ ਸਤਿਗੁਰੂ: ਸਿੱਖ ਕੌਮ ਦੇ ਤੀਜੇ ਸਤਿਗੁਰੂ, ਜਿਨ੍ਹਾਂ ਦਾ ਜਨਮ ਵੈਸਾਖ ਸੁਦੀ ੧੪. ਸੰਮਤ ੧੫੩੬ (੧੦ ਜੇਠ ੧੫੩੬, ੫. ਮਈ ਸਨ ੧੪੭੯) ਨੂੰ ਬਾਸਰਕੇ ਪਿੰਡ, ਤੇਜਭਾਨ (ਤੇਜੋ) ਭੱਲੇ ਖਤ੍ਰੀ ਦੇ ਘਰ ਮਾਤਾ ਸੁਲਖਣੀ (ਲਛਮੀ) ਤੋਂ ਹੋਇਆ. ੧੧. ਮਾਘ ਸੰਮਤ ੧੫੫੯ ਨੂੰ ਸ਼੍ਰੀ ਮਤੀ ਮਨਸਾ ਦੇਵੀ ਜੀ ਨਾਲ ਵਿਆਹ ਹੋਇਆ, ਜਿਸ ਤੋਂ ਬੀਬੀ ਦਾਨੀ ਅਤੇ ਭਾਨੀ, ਬਾਬਾ ਮੋਹਨ ਅਤੇ ਮੋਹਰੀ ਜੀ ਜਨਮੇ. ਸੰਮਤ ੧੫੯੭ ਵਿੱਚ ਆਪ ਸ਼ਰੀ ਗੁਰੂ ਅੰਗਦ ਜੀ ਦੇ ਸਿੱਖ ਹੋਏ, ਐਸੀ ਕਠਿਨ ਨਿਸ਼ਕਾਮ ਸੇਵਾ ਕੀਤੀ ਜਿਸ ਤੋਂ ਦੂਜੇ ਸਤਿਗੁਰੂ ਜੀ ਨੇ ਪ੍ਰਸੰਨ ਹੋਕੇ ਇਨ੍ਹਾਂ ਨੂੰ ੩. ਵੈਸਾਖ ਸੰਮਤ ੧੬੦੯ ਨੂੰ ਗੁਰੁਗੱਦੀ ਬਖਸ਼ੀ.

ਆਪ ਨੇ ਸਿੰਘਾਸਨ ਤੇ ਵਿਰਾਜਕੇ ਸਿੱਖ ਧਰਮ ਦਾ ਉੱਤਮ ਪ੍ਰਚਾਰ ਕੀਤਾ. ਦੇਸ਼ ਦੇਸ਼ਾਂਤਰਾਂ ਵਿੱਚ ਪ੍ਰਚਾਰਕ ਭੇਜੇ ਅਤੇ ਧਰਮਸ਼ਾਲਾਂ ਥਾਪੀਆਂ.[94] ਇੱਕ ਪੰਗਤਿ ਵਿੱਚ ਭੋਜਨ ਛਕਣ ਦੀ ਰੀਤੀ ਚਲਾਕੇ ਪਰਸਪਰ ਦੀ ਗਿਲਾਨੀ ਮਿਟਾਈ. ਅੰਮ੍ਰਿਤਸਰ ਜੀ ਦੀ ਥਾਂ ਆਪ ਨੇ ਹੀ ਗੁਰੂ ਰਾਮਦਾਸ ਜੀ ਨੂੰ ਦੱਸਕੇ ਤਾਲ ਬਣਾਉਣ ਦੀ ਆਗਜਾ ਦਿੱਤੀ ਸੀ. ਗੋਇੰਦਵਾਲ ਨੂੰ ਭਾਰੀ ਰੌਣਕ ਦਿੱਤੀ. ਰੋਗੀਆਂ ਦੇ ਰੋਗ ਦੂਰ ਕਰਣ ਦੇ ਯਤਨ ਕੀਤੇ. ਸਭ ਦੇ ਹਿਤ ਲਈ ਸੰਮਤ ੧੬੧੬ ਵਿੱਚ ਚੁਰਾਸੀ ਪੌੜੀਆਂ ਦੀ ਬਾਵਲੀ ਰਚੀ. ਭਾਦੋਂ ਸੁਦੀ ੧੫. ਸੰਮਤ ੧੬੩੧ (੨ ਅੱਸੂ ਸੰਮਤ ੧੬੩੧, ੧. ਸਤੰਬਰ ਸਨ ੧੫੭੪) ਨੂੰ ਆਪ ਜੋਤੀਜੋਤਿ ਸਮਾਏ. ੨੨ ਵਰ੍ਹੇ ੫. ਮਹੀਨੇ ਗੁਰਿਆਈ ਕੀਤੀ ਅਤੇ ੯੫ ਵਰ੍ਹੇ ੩. ਮਹੀਨੇ ੨੩ ਦਿਨ ਸਾਰੀ ਅਵਸਥਾ ਭੋਗੀ. "ਗੁਰੁ ਅਰਮਦਾਸ ਜਿਨਿ ਸੇਵਿਓ ਤਿਨਿ ਦੁਖ ਦਰਿਦ੍ਰ ਪਰਹਰ ਪਰੈ."

(ਸਵੈਯੇ ਮਃ ੩. ਕੇ)

ਅਮਰਦਾਸਿ: ਗੁਰੁ ਅਮਰਦਾਸ ਨੇ. "ਗੁਰੁ ਅਮਰਦਾਸਿ ਕਰਤਾਰੁ ਕੀਅਉ ਵਸਿ." (ਸਵੈਯੇ ਮਃ ੪. ਕੇ)

ਅਮਰਨਾਥ: ਸ਼ਿਵ ਦਾ ਅਸਥਾਨ, ਜੋ ਕਸ਼ਮੀਰ ਦੇ ਇਲਾਕੇ ਵਿੱਚ ਹੈ. ਸ਼ਰੀ ਨਗਰ ਤੋਂ ਪੂਰਵ ਵੱਲ ਮਟਨ ਦੇ ਰਸਤੇ ਵੈਤਰਨੀ ਨਦੀ ਲੰਘਕੇ ਹਿਮਾਲਯ ਦੀ ਧਾਰਾ ਵਿੱਚ ਇੱਕ ਗੁਫਾ ਹੈ, ਜਿਸ ਦੇ ਉੱਪਰ ਛਿਦ੍ਰ ਹੈ. ਇਸ ਸੁਰਾਖ ਦੇ ਰਸਤੇ ਜੋ ਪਾਣੀ ਟਪਕਦਾ ਹੈ, ਉਹ ਅਤੀ ਸਰਦੀ ਦੇ ਕਾਰਣ ਬਰਫ ਦੀ ਢੇਰੀ ਬਣ ਜਾਂਦਾ ਹੈ, ਜਿਸ ਨੂੰ ਲੋਕ ਸ਼ਿਵਲਿੰਗ ਜਾਣਕੇ ਪੂਜਦੇ ਹਨ. ਇਸ ਥਾਂ ਸਾਉਣ ਸੁਦੀ ੧੫. ਨੂੰ ਮੇਲਾ ਭਰਦਾ ਹੈ. ਸਰਦੀ ਵਿੱਚ ਏਥੇ ਬਹੁਤ ਬਰਫ ਪੈ ਜਾਣ ਕਰਕੇ ਕੋਈ ਨਹੀਂ ਰਹਿ ਸਕਦਾ. ਇਸ ਥਾਂ

[94] ਦੇਖੋ, ਬਾਈ ਮੰਜੀਆਂ.

ਦੀ ਬੁਲੰਦੀ ੧੫੦੦੦ ਫੁਟ ਹੈ। ੨. ਬੰਬਈ ਦੇ ਇਲਾਕੇ ਇੱਕ ਪਿੰਡ, ਜੋ ਜਿਲੇ ਥਾਨਾ ਵਿੱਚ ਹੈ, ਇਸ ਥਾਂ ਸ਼ਿਵ ਦਾ ਇੱਕ ਪ੍ਰਸਿੱਧ ਮੰਦਿਰ ਹੈ, ਜੋ ਸੰਮਤ ੧੧੦੮ ਵਿੱਚ ਬਣਿਆ ਹੈ. ਇਥੇ ਸ਼ਿਵਰਾਤ੍ਰੀ ਦਾ ਭਾਰੀ ਮੇਲਾ ਹੁੰਦਾ ਹੈ। ੩. ਇੰਦ੍ਰ, ਜੋ ਅਮਰ (ਦੇਵਤਿਆਂ ਦਾ) ਨਾਥ (ਸ੍ਵਾਮੀ) ਹੈ.

ਅਮਰਪਤਿ: ਸੰਗਯਾ- ਇੰਦ੍ਰ. ਦੇਵਰਾਜ. ਸੁਰਪਤਿ.

ਅਮਰਪਦਾਰਥ: ਸੰਗਯਾ- ਆਤਮਗ੍ਯਾਨ. "ਅਮਰ ਪਦਾਰਥ ਤੇ ਕਿਰਤਾਰਥ." (ਭੈਰ ਮਃ ੧)

ਅਮਰਪਿੰਡ: ਵਿ- ਅਮਰ ਦੇਹ. ਦੇਵਰੂਪ. "ਅਮਰਪਿੰਡ ਭਏ ਸਾਧੂ ਸੰਗਿ." (ਬਿਲਾ ਅਃ ਮਃ ੪)

ਅਮਰਪੁਰ, ਅਮਰਪੁਰਿ, ਅਮਰਪੁਰੀ: ਸੰਗਯਾ- ਦੇਵਪੁਰੀ. ਸ੍ਵਰਗ। ੨. ਤੁਰੀਯ (ਤੁਰੀਆ) ਪਦ. ਚੌਥਾਪਦ. ਨਿਰਵਾਣ। ੩. ਸਾਧੁਸੰਗਤਿ। ੪. ਗੋਇੰਦਵਾਲ। ੫. ਅਮ੍ਰਿਤਸਰ.

ਅਮਰਬੇਲ: ਸੰ. ਅੰਬਰ ਵੱਲੀ. ਸੰਗਯਾ- ਇੱਕ ਪੀਲੇ ਰੰਗ ਦੀ ਬੇਲ, ਜਿਸ ਦੀ ਜੜ ਜ਼ਮੀਨ ਵਿੱਚ ਨਹੀਂ ਹੁੰਦੀ. ਇਹ ਬਿਰਛਾਂ ਉੱਪਰ ਫੈਲਦੀ ਹੈ ਅਤੇ ਉਨ੍ਹਾਂ ਦੇ ਰਸ ਨੂੰ ਚੂਸਕੇ ਪਲਦੀ ਅਤੇ ਵਧਦੀ ਹੈ. ਇਸ ਦਾ ਨਾਉਂ "ਵ੍ਰਿਕ੍ਸ਼ਾਦਨੀ" (ਬਿਰਛ ਖਾਣ ਵਾਲੀ) ਭੀ ਹੈ. ਦੇਖੋ, ਅਕਾਸ ਬੇਲ.

ਅਮਰਰਾਜ: ਸੰਗਯਾ- ਇੰਦ੍ਰ. ਦੇਵਰਾਜ. ਸੁਰਨਾਥ.

ਅਮਰਰਾਜ ਸਤ੍ਰਾਂਤ ਕਰ: ਸੰਗਯਾ- ਅਮਰਰਾਜ (ਇੰਦ੍ਰ) ਦਾ ਵੈਰੀ ਰਾਵਣ, ਉਸ ਦਾ ਅੰਤ ਕਰਨ ਵਾਲਾ ਤੀਰ. (ਸਨਾਮਾ)

ਅਮਰਰਿ: ਸੰਗਯਾ- ਅਮਰ (ਦੇਵਤਿਆਂ) ਦਾ ਵੈਰੀ. ਦੈਤ. ਰਾਖਸ. "ਅਮਰਰਿ ਧਰਖੇ ਲਹਿ ਕਰ ਸਮਰੰ." (ਰਾਮਾਵ) ਸਮਰ (ਜੰਗ) ਦੇਖਕੇ ਦੈਤਾਂ ਦੇ ਦਿਲ ਦਹਿਲੇ.

ਅਮਰਲੋਕ: ਸੰਗਯਾ- ਸ੍ਵਰਗ. ਦੇਵਤਿਆਂ ਦਾ ਲੋਕ। ੨. ਸਾਧੁਸੰਗ. ਸਿੱਖ ਸਮਾਜ.

ਅਮਰਵਾਰੁਣੀ: ਦੇਖੋ, ਅਮ੍ਰਿਤਧਾਰਾ.

ਅਮਰਾਈ: ਸੰਗਯਾ- ਅੰਬਾਂ ਦਾ ਬਾਗ਼. ਆਮ੍ਰਰਾਜਿ. ਅੰਬਾਂ ਦੀ ਕਤਾਰ.

ਅਮਰਾਜ: ਅ਼. امراض ਅਮਰਾਜ਼. ਸੰਗਯਾ- ਮਰਜ (ਰੋਗ) ਦਾ ਬਹੁ ਵਚਨ.

ਅਮਰਾਂਤਕ: ਸੰਗਯਾ- ਅਮਰ- ਅੰਤਕ. ਦੇਵਤਿਆਂ ਦਾ ਅੰਤ ਕਰਣ ਵਾਲਾ. ਦੈਤ. ਰਾਖਸ. "ਅਮਰਾਂਤਕ ਸੀਸ ਕੀ ਓਰ ਹੂਅੰ. "(ਕੱਛਾਵ) ਸਮੁੰਦਰ ਰਿੜਕਨ ਵੇਲੇ ਦੈਤ ਵਾਸੁਕੀ ਨਾਗ ਦੇ ਸਿਰ ਵੱਲ ਹੋਏ.

ਅਮਰਾਪਤਿ: ਦੇਖੋ, ਅਮਰਪਤਿ.

ਅਮਰਾਪਦ: ਸੰਗਯਾ- ਗ੍ਯਾਨ ਪਦਵੀ. ਆਤਮਗ੍ਯਾਨ ਦੀ ਦਸ਼ਾ. "ਅਮਰਾਪਦ ਪਾਵੈ". (ਤਿਲੰ ਮਃ ੧) ੨. ਵਿ- ਅਵਿਨਾਸ਼ੀ ਪਦਵੀ. ਜੋ ਅਧਿਕਾਰ ਕਦੇ ਨਾਸ਼ ਨਾ ਹੋਵੇ। ੩. ਗੁਰੂ ਅਮਰ ਦੇਵ ਦੀ ਉੱਚ ਪਦਵੀ. "ਅਮਰਾਪਦ ਗੁਰੁ ਅੰਗਦ ਹੁੰ." (ਭਾਗੁ)

ਅਮਰਾਪੁਰ, ਅਮਰਾਪੁਰੀ: ਦੇਖੋ, ਅਮਰਪੁਰਿ. "ਅਮਰਾਪੁਰ ਬਾਸਾ ਕਰਹੁ." (ਸ. ਕਬੀਰ) ੨. ਗੁਰੂ ਅਮਰ ਦੇਵ ਦੀ ਸਭਾ. "ਅਕਥ ਕਥਾ ਅਮਰਾਪੁਰੀ." (ਸਵੈਯੇ ਮਃ ੪. ਕੇ) ੩. ਗੋਇੰਦਵਾਲ.

ਅਮਰਾਰਦਨ: ਯੌ- ਅਮਰ- ਅਦੰਨ. ਦੇਵਤਿਆਂ ਦੇ ਮਾਰਣ ਵਾਲੇ ਦੈਤ. "ਕੋਪ ਅਨੇਕ ਭਰੇ ਅਮਰਾਰਦਨ ਆਨ ਪਰੇ ਕਰਵਾਰ ਉਘਾਰੇ." (ਚਰਿਤ੍ਰ ੫੨)

ਅਮਰਾਰਦਨ ਅਰਿ: ਯੌ- ਅਮਰ (ਦੇਵਤਿਆਂ) ਦੇ ਅਦੰਨ (ਨਾਸ਼ ਕਰਣ ਵਾਲੇ) ਦੈਤ, ਉਨ੍ਹਾਂ ਦੇ ਵੈਰੀ ਦੇਵਤਾ. (ਸਨਾਮਾ)

ਅਮਰਾਰਿ: ਸੰਗਯਾ- ਅਮਰ- ਅਰਿ. ਦੈਤ. ਦੇਵਤਿਆਂ ਦੇ ਵੈਰੀ.

ਅਮਰਾਲਯ: ਸੰਗਯਾ- ਅਮਰ- ਆਲਯ. ਦੇਵਤਿਆਂ ਦਾ ਘਰ. ਸੁਰਗ.

ਅਮਰਾਵਤਿ, ਅਮਰਾਵਤੀ: ਸੰਗਯਾ- ਦੇਵਪੁਰੀ. ਇੰਦ੍ਰ ਦੀ ਰਾਜਧਾਨੀ. ਪੁਰਾਣਾਂ ਵਿੱਚ ਇਸ ਦਾ ਘੇਰਾ ਅੱਠ ਸੌ ਮੀਲ ਦੱਸਿਆ ਹੈ. "ਨਿਰਖ ਲੰਕ ਅਮਰਾਵਤਿ ਲਾਜੀ." (ਵਿਚਿਤ੍ਰ) ੨. ਮਦਰਾਸ ਦੇ ਇਲਾਕੇ ਗੁੰਤੂਰ ਜਿਲੇ ਵਿੱਚ ਇੱਕ ਨਗਰੀ, ਜੋ ਕ੍ਰਿਸ਼ਨਾ ਨਦੀ ਦੇ ਕਿਨਾਰੇ ਹੈ, ਇਹ ਕਿਸੇ ਸਮੇਂ ਅੰਧ੍ਰ ਦੇਸ ਦੀ ਰਾਜਧਾਨੀ ਸੀ. ਇਸ ਨੂੰ ਈਸਵੀ ਬਾਰ੍ਹਵੀਂ ਸਦੀ ਵਿੱਚ ਸੂਰਜ ਦੇਵ ਉੜੀਸੇ ਦੇ ਰਾਜੇ ਨੇ ਆਪਣੀ ਰਾਜਧਾਨੀ ਬਣਾਇਆ.

ਅਮਰਿਓ: ਵਿ- ਮ੍ਰਿਤਯੁ ਰਹਿਤ. ਅਮਰ ਹੋਇਆ। ੨. ਅੱਪੜਿਆ. ਪਹੁੰਚਿਆ. "ਕਿਸ ਜਾਤਿ ਤੇ ਕਿਸ ਪਦਹਿ ਅਮਰਿਓ." (ਕੇਦਾ ਰਵਦਾਸ)

ਅਮਰੀਕ: ਦੇਖੋ. ਅੰਬਰੀਕ. "ਮਾਰੀਦਾ ਅਮਰੀਕ ਛੁਡਾਇਆ." (ਭਾਗੁ)

ਅਮਰੀਕ ਸਿੰਘ: ਇਹ ਮਘਿਆਣੇ ਪਿੰਡ ਦਾ ਵਸਨੀਕ ਜੰਬਰ ਗੋਤ ਦਾ ਪ੍ਰੇਮੀ ਸੀ. ਇਸ ਨੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ, ਅਤੇ ਆਨੰਦਪੁਰ ਦੇ ਧਰਮਯੁੱਧ ਵਿੱਚ ਵਡੀ ਵੀਰਤਾ ਦਿਖਾਈ.

ਅਮਰੁ, ਅਮਰੂ: ਦੇਖੋ, ਅਮਰ। ੨. ਗੁਰੂ ਅਮਰ ਦੇਵ ਦਾ ਸੰਖੇਪ ਨਾਉਂ. "ਗੁਰੁ ਅਮਰੁ ਤੂੰਵੀਚਾਰਿਆ." (ਵਾਰ ਰਾਮ ੩) ੩. ਸ਼੍ਰੀ ਗੁਰੂ ਅਮਰ ਦੇਵ ਦਾ ਇੱਕ ਪ੍ਰੇਮੀ ਸਿੱਖ.

ਅਮਰੂਤ, ਅਮਰੂਦ: ਫ਼ਾ. امرود ਅਮਰੂਦ. ਸੰਗਯਾ- ਜਾਮਫਲ. L. Psidium Guajyava (ਅੰ- Guava). ੨. ਅਸਲ ਵਿੱਚ ਫਾਰਸੀ ਵਿੱਚ ਅਮਰੂਤ ਅਤੇ ਅਮਰੂਦ ਦੋਵੇਂ ਸ਼ਬਦ ਨਾਸ਼ਪਾਤੀ ਬੋਧਕ ਹਨ, ਪਰ ਬਹੁਤਿਆਂ ਨੇ ਜਾਮਫਲ ਲਈ ਵਰਤੇ ਹਨ. ਅਰਬੀ ਵਿੱਚ ਜਾਮਫਲ ਦਾ ਨਾਉਂ ਜੁਵਾਫ਼ਾ جوافہ ਹੈ.

ਅਮਰੇਸ, ਅਮਰੇਸੁਰ, ਅਮਰੇਸ਼੍ਵਰ: ਸੰਗਯਾ- ਇੰਦ੍ਰ. ਅਮਰਾਂ ਦਾ ਈਸ਼੍ਵਰ. ਦੇਵਰਾਜ. ਅਮ੍ਰਿਤੇਸ਼.

ਅਮਰੇਤ: ਦੇਖੋ, ਅੰਮ੍ਰੇਤ.

ਅਮਰੋ ਬੀਬੀ: ਸ਼੍ਰੀ ਗੁਰੂ ਅੰਗਦ ਸਾਹਿਬ ਦੀ ਸੁਪੁਤ੍ਰੀ, ਜਿਸ ਦੀ ਸ਼ਾਦੀ ਗੁਰੂ ਅਮਰ ਦੇਵ ਦੇ ਭਤੀਜੇ ਨਾਲ ਪਿੰਡ ਬਾਸਰਕੇ ਹੋਈ. ਇਸਦੇ ਮੁਖ ਤੋਂ- "ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ."- (ਮਾਰੂ ਮਃ ੧) ਪਾਠ ਸੁਣਕੇ ਸ਼ਰੀ ਅਮਰ ਦਾਸ ਜੀ ਨੂੰ ਗੁਰੂ ਅੰਗਦ ਸ੍ਵਾਮੀ ਦੇ ਮਿਲਣ ਦਾ ਪ੍ਰੇਮ ਜਾਗਿਆ ਸੀ. ਬੀਬੀ ਜੀ ਦੀ ਸਮਾਧਿ ਬਾਸਰਕੇ ਪਿੰਡ ਹੈ. ਦੇਖੋ, ਬਾਸਰਕੇ.

ਅਮਰੰਤਰ: ਵਿ- ਨਾ ਮਰਣ ਵਾਲਾ. ਸਦਾ ਰਹਿਣ ਵਾਲਾ। ੨. ਅਮਰਾਂਤਰ. ਦੇਵਰੂਪ. "ਗੁਰੁਮੁਖ ਅਮਰੰਤਰ." (ਭਾਗੁ) ੩. ਅੰਤਹਕਰਣ ਉੱਪਰ ਹੁਕਮ ਕਰਨ ਵਾਲਾ. ਜਿਤਾਤਮਾ.

ਅਮਲ: ਅਮਰ ਸ਼ਬਦ ਦੀ ਥਾਂ ਅਮਲੁ ਪਦ ਆਇਆ ਹੈ. "ਭਲਤੁ ਅਮਲੁ ਸਤਿਗੁਰੁ ਸੰਗਿ ਨਿਵਾਸੁ." (ਸਵੈਯੇ ਮਃ ੪. ਕੇ) ਗੁਰੂਅਮਰ ਦੇਵ ਜੀ ਨਾਲ ਨਿਵਾਸ। ੨. ਸਿੰਧੀ. ਸੰਗਯਾ- ਅਫ਼ੀਮ. ਭਾਵ- ਨਸ਼ਾ. ਮਾਦਕ. "ਅਮਲਨ ਸਿਉ ਅਮਲੀ ਲਪਟਾਇਓ." (ਸੋਰ ਮਃ ੫) ੩. ਸੰ. अमल. ਵਿ- ਬਿਨਾ ਮੈਲ. ਨਿਰਮਲ. "ਲੋਚਨ ਅਮਲ ਕਮਲਦਲ ਜੈਸੇ." (ਨਾਪ੍ਰ) ੪. ਸੰਗਯਾ- ਅਭਰਕ. ਅਬਰਕ। ੫. ਸੰ. अम्ल- ਅਮ੍ਲ. ਖਟਾਈ. ਤੁਰਸ਼ੀ. "ਹਠਤ ਜਲ ਆਗ ਕੋ ਅਮਲ ਸੁਰ ਰਾਗ ਕੋ." (ਕ੍ਰਿਸਨਾਵ) ਖਟਾਈ ਕੰਠ ਦਾ ਸੁਰ ਵਿਗਾੜ ਦਿੰਦੀ ਹੈ। ੬. ਵਿ- ਖੱਟਾ. ਤੁਰਸ਼. "ਮਧੁਰ ਸਲਵਨ ਸੁ ਅਮਲ ਬਿਧ ਪੁਨ ਤਿਕਤ ਕਖਾਯਾ." (ਗੁਪ੍ਰਸੁ) ਦੇਖੋ, ਖਟਰਸ। ੭. ਅ. عمل ਅ਼ਮਲ. ਸੰਗਯਾ- ਕਰਮ. ਆਚਾਰ. "ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ." (ਸ. ਫਰੀਦ) ੮. ਨਿਯਮ. ਨੇਮ। ੯. ਪ੍ਰਬੰਧ. ਇੰਤਜਾਮ। ੧੦. ਅਮਲਦਾਰੀ. ਰਾਜ ਦਾ ਬੰਦੋਬਸਤ. "ਤੁਰਕ ਪਠਾਣੀ ਅਮਲੁ ਕੀਆ." (ਵਾਰ ਆਸਾ) ੧੧. ਅਭ੍ਯਾਸ। ੧੨. ਅ. امل ਉਮੀਦ. ਆਸ਼ਾ.

ਅਮਲਤਾਸ: ਇੱਕ ਬੂਟਾ, ਜਿਸ ਦੇ ਬਸੰਤੀ ਫੁੱਲ ਅਤੇ ਲੰਮੀਆਂ ਫਲੀਆਂ ਲਗਦੀਆਂ ਹਨ, ਜਿਨ੍ਹਾਂ ਦਾ ਗੂਦਾ ਜੁਲਾਬ ਲਈ ਵਰਤੀਦਾ ਹੈ, ਤਾਸੀਰ ਇਸ ਦੀ ਗਰਮ ਤਰ ਹੈ. ਅ਼ ਖ਼ਯਾਰਸ਼ੰਬਰ خیار شنبر L. Cathartocarpus fistula.

ਅਮਲਦਾਰ, ਅ਼ਮਲਦਾਰ: ਫ਼ਾ عملدار ਵਿ- ਪ੍ਰਬੰਧ ਕਰਨ ਵਾਲਾ. ਹਾਕਿਮ. ਅਹੁਦੇਦਾਰ. ਅਧਿਕਾਰੀ.

ਅਮਲਦਾਰੀ, ਅ਼ਮਲਦਾਰੀ: ਸੰਗਜਾ- ਹੁਕੂਮਤ. ਪ੍ਰਬੰਧ. ਇੰਤਿਜਾਮ. ਅਧਿਕਾਰ.

ਅਮਲਨ: ਵਿ- ਅ (ਨਾ) ਮਲਿਨ (ਮੈਲਾ). ਜੋ ਮਲਿਨ ਨਹੀਂ. "ਅਮਲਨ ਮਲਨ ਛਾਹ ਨਹੀਂ ਧੂਪ." (ਗਉ ਥਿਤੀ ਕਬੀਰ) ੨. ਫ਼ਾ. عملن ਕ੍ਰਿ. ਵਿ- ਅ਼ਮਲੀ ਤੌਰ ਪੁਰ, ਕਿਸੇ ਕਰਮ ਅਥਵਾ ਨਿਯਮ ਨੂੰ ਵਰਤੋਂ ਵਿੱਚ ਲਿਆਕੇ.

ਅਮਲਾ: ਅ਼. عملہ ਆ਼ਮਿਲ ਦਾ ਬਹੁ ਵਚਨ. ਕੰਮ ਕਰਣ ਵਾਲਿਆਂ ਦਾ ਟੋਲਾ। ੨. ਸੰ. अम्ला. ਇਮਲੀ। ੩. ਬਿਜੌਰੀ. ਖੱਟੇ ਦੀ ਇੱਕ ਕਿਸਮ.

ਅਮਲਿਤ: ਸੰ. ਵਿ- ਜੋ ਮਲਿਆ ਹੋਇਆ ਨਹੀਂ. ਜੋ ਮਰਦਨ ਨਹੀਂ ਕੀਤਾ. . ਦਲਨ ਰਹਿਤ.

ਅਮਲੀ: ਸਿੰਧੀ. ਅਫੀਮੀ. ਭਾਵ- ਨਸ਼ਈ. ਅਮਲ ਖਾਣ ਪੀਣ ਵਾਲਾ. ਦੇਖੋ, ਅਮਲ. "ਬਿਨੁ ਅਮਲੈ ਅਮਲੀ ਮਰਿਗਈਆਂ." (ਬਿਲਾ ਅਃ ਮਃ ੪) ੨. ਆ਼ਮਿਲ ਅ਼ਮਲ ਕਰਣ ਵਾਲਾ. ਅਭ੍ਯਾਸੀ. ਦੇਖੋ, ਅਮਲ। ੩. ਸੰ. अम्लिका- ਅਮਲਿਕਾ. L. Tamarimdus Indica ਸੰਗਜਾ- ਇਮਲੀ ਬਿਰਛ, ਜਿਸ ਨੂੰ ਖੱਟੇ ਫਲ ਲਗਦੇ ਹਨ, ਜੋ ਚਟਨੀ ਆਦਿ ਲਈ ਅਤੇ ਅਨੇਕ ਦਵਾਈਆਂ ਵਿੱਚ ਵਰਤੀਦੇ ਹਨ. ਅਮਲੀ ਦੀ ਤਾਸੀਰ ਸਰਦ ਖ਼ੁਸ਼ਕ ਹੈ. ਭੁੱਖ ਵਧਾਉਂਦੀ ਹੈ. ਦਿਲ ਮੇਦੇ ਦਿਮਾਗ ਨੂੰ ਤਾਕਤ ਦਿੰਦੀ ਹੈ. ਨਜਲੇ ਖਾਂਸੀ ਵਿੱਚ ਇਸ ਦਾ ਵਰਤਣਾ ਕੁਪੱਥ ਹੈ.

ਅਮਲੁ: ਦੇਖੋ, ਅਮਲ.

ਅਮੜਨਾ: ਕ੍ਰਿ- ਅੱਪੜਨਾ. ਪਹੁਚਣਾ. ਪੁੱਜਣਾ. ਦੇਖੋ, ਅੰਮੜਨਾ.

ਅਮੜੀ: ਸੰਗਜਾ- ਮਾਤਾ. ਮਾਂ. ਅੰਮਾਂ। ੨. ਵਿ- ਪੁੱਜੀ. ਅੱਪੜੀ. ਦੇਖੋ, ਅਮੜਨਾ.

ਅਮਾ: ਦੇਖੋ, ਅੰਮਾ। ੨. ਸੰ. अमा. ਸੰਗਜਾ- ਅਮਾਵਸ੍ਯਾ. ਮੌਸ। ੩. ਘਰ. ਨਿਵਾਸ ਦਾ ਅਸਥਾਨ। ੪. ਮਾਤ ਲੋਕ (ਮਰਤ੍ਯਲੋਕ). ਇਹ ਲੋਕ.

ਅਮਾਉ: ਸੰ. ਅਮੇਯ. ਵਿ- ਮਾਪ ਤੋਂ ਬਿਨਾ. ਪਰਿਮਾਣ ਰਹਿਤ. ਬੇਹੱਦ. "ਊਚੇ ਅਗਮ ਅਮਾਉ." (ਮਾਝ ਦਿਨਰੈਣ ਮਃ ੫) ੨. ਜੋ ਸਮਾ ਨਹੀਂ ਸਕਦਾ. ਜੋ ਮੇਂਉਦਾ ਨਹੀਂ.

ਅਮਾਣ: ਵਿ- ਮਾਨ ਰਹਿਤ. ਨਿਰਾਭਿਮਾਨ। ੨. ਅਤੋਲ. ਜਿਸ ਦਾ ਪ੍ਰਮਾਣ ਨਹੀਂ ਹੋ ਸਕਦਾ। ੩. ਮ੍ਰਿਤ੍ਯੁ ਰਹਿਤ, ਬਿਨਾ ਮਰਣ. "ਸੇਈ ਰਹੇ ਅਮਾਣ ਜਿਨਾ ਸਤਿਗੁਰੁ ਭੇਟਿਆ." (ਵਾਰ ਮਾਰੂ ੨, ਮਃ ੫) ੪. ਸੰਗਜਾ- ਅਮਾਨਤ. ਧਰੋਹਰ. "ਪਰਾਈ ਅਮਾਣ ਕਿਉ ਰਖੀਐ?" (ਵਾਰ ਸਾਰ ਮਃ ੩) ੫. ਦੇਖੋ, ਅਮਾਨ.

ਅਮਾਤ, ਅਮਾਤ੍ਯ: ਸੰ. अमात्य. ਸੰਗਜਾ- ਅਮਾ (ਸਾਥ) ਵਰਤਣ ਵਾਲਾ. ਮੰਤ੍ਰੀ. ਵਜ਼ੀਰ. "ਨ੍ਰਿਪਤਿ ਅਮਾਤ ਬਾਤ ਮੁਖ ਭਾਖੀ." (ਨਾਪ੍ਰ)

ਅਮਾਤ੍ਰ: ਵਿ- ਮਾਤ੍ਰਾ ਰਹਿਤ. ਮੁਕਤਾ. ਜਿਸ ਨੂੰ ਕੋਈ ਲਗ ਨਹੀਂ। ੨. ਬੇਹੱਦ. ਪਰਿਮਾਣ ਰਹਿਤ.

ਅਮਾਨ: ਦੇਖੋ, ਅਮਾਣ। ੨. ਸੰਗਜਾ- ਅਪਮਾਨ. ਨਿਰਾਦਰ. "ਨੀਚ ਊਚ ਨਹੀਂ ਮਾਨ ਅਮਾਨ." (ਗਉ ਕਬੀਰ ਥਿਤੀ) ੩. ਅਮਾਨਤ. ਇਮਾਨਤ. "ਅਵਰ ਵਸਤੁ ਤੁਝ ਪਾਹਿ ਅਮਾਨ." (ਆਸਾ ਮਃ ੫) ੪. ਸੰ. अमान. ਵਿ- ਮਾਪ ਅਰ ਤੋਲ ਰਹਿਤ. "ਅਮਾਨ ਹੈ." (ਜਾਪੁ) ੫. ਨਿਰਭਿਮਾਨ। ੬. ਜੋ ਮਾਨ੍ਯ ਨਹੀਂ. ਨਾ ਮੰਨਣ ਲਾਇਕ. "ਸੁਨੇ ਸੁ ਹਾਸ੍ਯ ਆਵਈ ਅਮਾਨ ਵਾਕ ਤੋਰੀਆ." (ਨਾਪ੍ਰ) ਤੇਰਾ ਵਚਨ ਅਮਾਨ੍ਯ ਹੈ। ੭. ਫ਼ਾ. امان ਅਮਾਨ. ਸੰਗਜਾ- ਰਖ੍ਯਾ (ਰਖ੍ਯਾ). ਹਿਫਾਜ਼ਤ।

੮. ਉਹ ਰਖ੍ਯਾ, ਜੋ ਜਿਜ਼ੀਆ ਅਦਾ ਕਰਣ ਤੋਂ ਹੁੰਦੀ ਹੈ. ਮੁਸਲਮਾਨ ਰਾਜ ਵਿਚ ਗੈਰ ਮੁਸਲਮਾਨ, ਜੋ ਜੇਜ਼ੀਆ ਨਾ ਦੇਵੇ ਉਹ ਰਿਆਸਤ ਵੱਲੋਂ ਰਖ੍ਯਾ ਦਾ ਅਧਿਕਾਰੀ ਨਹੀਂ ਹੁੰਦਾ ਸੀ। ੯. ਦੇਖੋ, ਈਮਾਨ.

ਅਮਾਨਤ: ਅ. امانت ਸੰਗ੍ਯਾ- ਧਰੋਹਰ. ਕਿਸੇ ਦੇ ਸਪੁਰਦ ਕੀਤੀ ਵਸਤੁ. ੨. ਰਖ੍ਯਾ. ਹਿਫਾਜਤ। ੩. ਨਿਦ੍ਰਾ. ਨੀਂਦ। ੪. ਦੇਖੋ, ਇਮਾਨਤ.

ਅਮਾਨ ਬਖ਼ਸ਼: ਫ਼ਾ. امان بخش ਵਿ- ਪਨਾਹ ਦੇਣ ਵਾਲਾ. ਦੁੱਖ ਤੋਂ ਬਚਾਉਣ ਵਾਲਾ.

ਅਮਾਨਾ: ਦੇਖੋ, ਅਮਾਨ। ੨. ਅ਼. امانہ ਅਮਾਨਾ ਅਮਾਨਤ. "ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ." (ਆਸਾ ਮਃ ੫)

ਅਮਾਨੀ: ਸੰ. ਅਮਾਨਿਨ. ਵਿ- ਮਾਨ ਰਹਿਤ. ਮਾਨ ਦਾ ਤਿਆਗੀ. ਨਿਰਭਿਮਾਨ। ੨. ਸ੍ਵੈ ਸਤਕਾਰ ਦਾ ਤਿਆਗੀ. "ਬੁਰੀ ਅਮਾਨੀ ਰੀਤਿ." (ਗੁਪ੍ਰਸੂ)

ਅਮਾਪ: ਵਿ- ਮਿਣਤੀ ਰਹਿਤ. ਜੋ ਮਿਣਿਆ ਨਾ ਜਾਵੇ। ੨. ਅਪ੍ਰਮਾਣ. ਅਤੋਲ.

ਅਮਾਮ: ਦੇਖੋ, ਇਮਾਮ.

ਅਮਾਮਾ: ਦੇਖੋ, ਇਮਾਮਾ.

ਅਮਾਯ: ਸੰ. ਵਿ- ਮਾਇਆ ਰਹਿਤ। ੨. ਛਲ ਰਹਿਤ. ਨਿਸ਼ਕਪਟ.

ਅਮਾਰਗ: ਬੁਰਾ ਮਾਰ੍ਗ (ਰਾਹ). ਕੁਮਾਰਗ. ਖੋਟਾ ਰਾਹ.

ਅਮਾਰਗਿ: ਸੰਗ੍ਯਾ- ਕੁਮਾਰਗ ਵਿੱਚ. ਕੁਰਾਹੇ. "ਮਾਰਗੁ ਛੋਡਿ ਅਮਾਰਗਿ ਪਾਇ." (ਭੈਰ ਨਾਮਦੇਵ)

ਅਮਾਰੀ: ਦੇਖੋ ਅੰਬਾਰੀ.

ਅਮਾਲ: ਦੇਖੋ, ਆਮਾਲ.

ਅਮਾਵਸ, ਅਮਾਵਸਿਆ, ਅਮਾਵਸ੍ਯਾ: ਸੰ. ਅਮਾਵਾਸ੍ਯਾ. ਸੰਗ੍ਯਾ- ਸੂਰਜ ਦੇ ਅਮਾ (ਸਾਥ) ਚੰਦ੍ਰਮਾ ਇੱਕ ਹੀ ਰਾਸ਼ਿ ਤੇ ਜਿਸ ਵਿੱਚ ਵਸਦਾ ਹੈ. ਅਨ੍ਹੇਰੇ ਪੱਖ ਦੀ ਪਿਛਲੀ ਤਿਥਿ. ਮੌਸ. ਇਸ ਤਿਥਿ ਦੇ ਲਿਖਨ ਲਈ ਅੰਕ ੩੦ ਵਰਤਿਆ ਜਾਂਦਾ ਹੈ.

"ਕੂੜ ਅਮਾਵਸ ਸਚ ਚੰਦ੍ਰਮਾ." (ਵਾਰ ਮਾਝ ਮਃ ੧)

"ਅਮਾਵਸਿਆ ਚੰਦ ਗੁਪਤ ਗੈਣਾਰ." (ਬਿਲਾ ਥਿਤੀ ਮਃ ੧) ਅਮਾਵਸ ਅਵਿਦ੍ਯਾ ਅਤੇ ਚੰਦ ਆਤਮਗ੍ਯਾਨ ਹੈ.

ਅਮਾਵਣ, ਅਮਾਵਨ: ਵਿ- ਮਾਉਣ ਤੋਂ ਬਿਨਾ. ਜੋ ਸਮਾ (ਮੇਉ) ਨਾ ਸਕੇ. ੨. ਅਪ੍ਰਮਾਣ. ਬੇਅੰਤ. ਬੇਸ਼ੁਮਾਰ. ਦੇਖੋ, ਅੰਮਾਵਣ.

ਅਮਿਉ, ਅਮਿਓ, ਅਮਿਅ: ਸੰ. ਅਮ੍ਰਿਤ- ਅਮ੍ਰਿਤ. ਸੰਗ੍ਯਾ- ਸੁਧਾ. ਪੀਯੂਸ਼. ਆਬੇਹਯਾਤ. "ਅਮਿਉ ਹਰਿਰਸ ਚੋਇਆ." (ਬਿਹਾ ਛੰਤ ਮਃ ੫) "ਅਮਿਅਸਰੋਵਰੋ ਪੀਉ ਹਰਿ ਹਰਿ ਨਾਮਾ." (ਬਿਹਾ ਛੰਤ ਮਃ ੫)

ਅਮਿਅਦ੍ਰਿਸਟਿ: ਸੰਗ੍ਯਾ- ਅਮ੍ਰਿਤ ਸਮਾਨ ਜੀਵਨ ਦੇਣ ਵਾਲੀ ਨਜਰ. ਮਿਹਰ ਦੀ ਨਿਗਾਹ. "ਅਮਿਅ- ਦ੍ਰਿਸਟਿ ਸੁਭ ਕਰੈ ਹਰੈ ਅਘ." (ਸਵੈਯੇ ਮਃ ੨. ਕੇ)

ਅਮਿਕ, ਅਮਿਕਾ: ਵਿ- ਅਦੁਤੀ. ਲਾਸਾਨੀ. ਜਿਸ ਦੇ ਤੁੱਲ ਦੂਜਾ ਨਹੀਂ। ੨. ਸੰ. ਅਮੁਕ- ਅਮੁਕ. ਵਿ- ਫ਼ਲਾਂ. ਫ਼ਲਾਨਾ। ੩. ਸੰ. ਅਮ੍ਰਿਕ੍ਤ- ਅਮ੍ਰਿਕ੍ਤ. ਵਿ- ਸਲਾਮਤ.

ਅਮਿਟ: ਵਿ- ਜੋ ਮਿਟੇ ਨਾ. ਅਟਲ.

ਅਮਿਤ, ਅਮਿਤਾ: ਵਿ- ਜਿਸ ਦੀ ਮਿਤਿ ਨਾ ਹੋਵੇ. ਜੋ ਮਿਣਿਆ ਨਾ ਜਾ ਸਕੇ. ਬੇਹੱਦ.

ਅਮਿਤੋਜ: ਸੰ. अमितौजस्- ਅਮਿਤੌਜਸ. ਵਿ- ਜਿਸ ਦੇ ਓਜ (ਬਲ) ਦੀ ਕੋਈ ਹੱਦ ਨਹੀਂ. "ਅਮਿਤੋਜ ਕਹਿੱਜੈ." (ਜਾਪੁ)

ਅਮਿਤੋਪਸਾ: ਅਮਿਤ- ਉਪਸਾ. ਦੇਖੋ, ਉਪਸਾ ਅਤੇ ਅਮਿਤ.

ਅਮਿਤੋਪਮਾ: ਅਮਿਤ- ਉਪਮਾ.

ਅਮਿਤ੍ਰ: ਸੰਗਯਾ- ਜੋ ਮਿਤ੍ਰ ਨਹੀਂ. ਵੈਰੀ. ਸ਼ਤ੍ਰ.

ਅਮਿਯ: ਦੇਖੋ, ਅਮਿਅ.

ਅਮਿਲ: ਵਿ- ਜੋ ਨਾ ਮਿਲੇ. ਬੇਮੇਲ. "ਅਮਿਲ ਜਾਨ ਕਰਦਯੋ ਹਟਾਵਨ." (ਗੁਪ੍ਰਸੂ)

ਅਮੀ: ਦੇਖੋ, ਅਮਿਅ.

ਅਮੀਆ: ਹੇਹਰ ਗੋਤ ਦਾ ਇੱਕ ਪ੍ਰੇਮੀ, ਜਿਸ ਨੇ ਛੇਵੇਂ ਸਤਿਗੁਰੂ ਤੋਂ ਸਿੱਖੀ ਧਾਰਣ ਕੀਤੀ ਅਤੇ ਅੰਮ੍ਰਿਤਸਰ ਤਥਾ ਕਰਤਾਰਪੁਰ ਦੇ ਜੰਗਾਂ ਵਿੱਚ ਵਡੀ ਬਹਾਦੁਰੀ ਵਿਖਾਈ.

ਅਮੀਆਲਾ: ਵਿ- ਅਮ੍ਰਿਤ ਦਾ ਆਲਯ. ਅਮ੍ਰਿਤ ਦਾ ਘਰ. ਅਮ੍ਰਿਤ ਦਾ ਹੈ ਨਿਵਾਸ ਜਿਸ ਵਿੱਚ।

੨. ਸੰਗਯਾ- ਚੰਦ੍ਰਮਾ. ਸੁਧਾਂਸ਼ੁ. "ਚਰਨਕਮਲ ਸੀਤਲ ਅਮੀਆਲੇ." (ਭਾਗੁ)

ਅਮੀਸ਼ਾਹ: ਜਿਲਾ ਲਹੌਰ, ਥਾਣਾ ਖਾਲੜਾ ਦਾ ਇੱਕ ਪਿੰਡ. ਇਸ ਥਾਂ ਗੁਰੂ ਨਾਨਕ ਦੇਵ ਜੀ ਵਿਰਾਜੇ ਹਨ.

ਗੁਰਦ੍ਵਾਰਾ ਪੱਕਾ ਸੰਮਤ ੧੯੭੮ ਵਿੱਚ ਬਣਾਇਆ ਗਿਆ ਹੈ. ੨੫ ਵਿੱਘੇ ਦੇ ਕਰੀਬ ਜ਼ਮੀਨ ਇਸ ਪਿੰਡ ਵੱਲੋਂ ਮਾਫ਼ੀ ਹੈ. ਪੁਜਾਰੀ ਉਦਾਸੀ ਹੈ.

ਇਹ ਅਸਥਾਨ ਰੇਲਵੇ ਸਟੇਸ਼ਨ "ਜੱਲੋ" ਤੋਂ ੧੩. ਮੀਲ ਨੈਰਤ ਕੌਣ ਹੈ.

ਅਮੀਕ: ਅ਼. عمیق ਅ਼ਮੀਕ. ਵਿ- ਗਹਿਰਾ. ਡੂੰਘਾ. ਅਥਾਹ. ਗੰਭੀਰ. "ਅਮੀਕ ਹੈ." (ਜਾਪੁ)

ਅਮੀਕੁਲ ਇਮਾ ਹੈ: (ਜਾਪੁ) ਗਹਿਰੇ (ਡੂੰਘੇ) ਈਮਾਨ ਵਾਲਾ ਹੈ. ਗੰਭੀਰ ਧਰਮੀ ਹੈ.

ਅਮੀਨ: ਅ਼. امین ਵਿ- ਇਮਾਨਤਦਾਰ। ੨. ਸੰਗਯਾ- ਜ਼ਮੀਨ ਦੀ ਮਿਣਤੀ ਅਤੇ ਖੇਤੀ ਦੀ ਕੂਤ ਕਰਨ ਵਾਲਾ. ਮਾਲ ਦੇ ਮਹਿਕਮੇ ਦਾ ਕਰਮਚਾਰੀ. ਦੇਖੋ, ਬਿਤਾਲੀ.

ਅਮੀਨਗੜ੍ਹ: ਸੰ. अभिमन्यु गढ़. ਥਨੇਸਰ ਅਤੇ ਤਰਾਵੜੀ ਦੇ ਵਿਚਕਾਰ ਇੱਕ ਥੇਹ ਉੱਤੇ ਪੁਰਾਣਾ ਪਿੰਡ, ਜਿੱਥੇ ਅਭਿਮਨ੍ਯੁ ਸ਼ਹੀਦ ਹੋਇਆ. ਇਸ ਥਾਂ ਬੰਦੇ ਬਹਾਦੁਰ ਦੇ ਸਮੇਂ ਖਾਲਸਾਦਲ ਦਾ ਬਾਦਸ਼ਾਹੀ ਫੌਜ ਨਾਲ ੧੧. ਮੱਘਰ ਸੰਮਤ ੧੭੬੭ (ਨਵੰਬਰ ਸਨ ੧੭੧੦) ਨੂੰ ਭਾਰੀ ਟਾਕਰਾ ਹੋਇਆ.

ਅਮੀਰ: ਅ਼. امیر ਸੰਗਯਾ- ਪ੍ਰਭੁਤਾ ਵਾਲਾ. ਬਾਦਸ਼ਾਹ। ੨. ਸਰਦਾਰ। ੩. ਧਨੀ। ੪. ਵਿ- ਅਮਰ (ਹੁਕਮ) ਕਰਨ ਵਾਲਾ। ੫. ਅਫ਼ਗ਼ਾਨਿਸਤਾਨ ਦੇ ਸ਼ਾਹ ਦੀ ਉਪਾਧੀ (ਪਦਵੀ ਅਥਵਾ ਖਿਤਾਬ). ਵਰਤਮਾਨ ਅਮੀਰ ਅਮਾਨੁੱਲਾ ਆਪਣੇ ਤਾਂਈ ਬਾਦਸ਼ਾਹ ਸਦਾਉਂਦਾ ਹੈ.

ਅਮੀਰੀ: ਫ਼ਾ. امیری ਸੰਗਯਾ- ਪ੍ਰਭੁਤਾ. ਸਰਦਾਰੀ. ਦੌਲਤਮੰਦੀ. ਉਦਾਰਤਾ.

ਅਮੁ. ਸੰ. ਸਰਵ. ਤੇਰਾ. ਤੈਨੂੰ.

ਅਮੁਹਾ: ਵਿ- ਵਿਮੁਖ (ਬੇਮੁਖ). ੨. ਅਮੋੜ. ਬੇਲਗਾਮ. ਦੇਖੋ, ਅੰਮੁਹਾ.

ਅਮੁਕ: ਦੇਖੋ, ਅਮਿਕਾ ੨.

ਅਮੁਕਤ: ਵਿ- ਜੋ ਮੁਕ੍ਤ (ਖੁਲ੍ਹਾ) ਨਹੀਂ. ਬੰਨ੍ਹਿਆ ਹੋਇਆ। ੨. ਦੇਖੋ, ਸ਼ਸਤ੍ਰ.

ਅਮੁਤ੍ਰ: ਸੰ. ਕ੍ਰਿ. ਵਿ- ਪਰਲੋਕ ਮੇਂ. ਇਸ ਲੋਕ ਤੋਂ ਪਿੱਛੋਂ ਪ੍ਰਾਪਤ ਹੋਣ ਵਾਲੇ ਲੋਕ ਵਿੱਚ। ੨. ਉਸ ਥਾਂ ਪੁਰ. ਵਹਾਂ. ਉੱਥੇ। ੩. ਇਸ ਜਗਾ. ਯਹਾਂ. ਇੱਥੇ। ੪. ਜਨਮਾਂਤਰ ਮੇਂ. ਦੂਜੇ ਜਨਮ ਵਿੱਚ.

ਅਮੁਲ, ਅਮੁਲਕ, ਅਮੁਲਾ, ਅਮੁਲੀਕ: ਸੰ. ਅਮੂਲ੍ਯ. ਵਿ- ਜਿਸ ਦਾ ਮੁੱਲ ਨਾ ਹੋ ਸਕੇ. ਅਨਮੋਲ. "ਅਮੁਲ ਭਾਇ ਅਮੁਲਾ ਸਮਾਹਿ." (ਜਪੁ) "ਅਮੁਲੀਕ ਲਾਲ ਇਹੁ ਰਤਨ." (ਸੁਖਮਨੀ) "ਹਰਿ ਆਪ ਅਮੁਲਕ ਹੈ ਮੁਲਿ ਨ ਪਾਇਆ ਜਾਇ." (ਅਨੰਦੁ)

ਅਮੂ: ਦੇਖੋ, ਅਮੁ। ੨. ਅ਼. عمو ਅ਼ਮੂ. ਚਾਚਾ.

ਅਮੂਢ: ਵਿ- ਅਮੂੜ. ਜੋ ਨਹੀਂ ਮੂਢ (ਮੂਰਖ) ਚਤੁਰ.

ਅਮੂਰਤ, ਅਮੂਰਤਿ: ਸੰ. ਅਮੂਰ੍ਤ- ਅਮੂਰ੍ਤਿ. ਵਿ- ਜਿਸ ਦੀ ਮੂਰਤ ਨਹੀਂ. ਆਕਾਰ ਰਹਿ. ਨਿਰਾਕਾਰ। ੨. ਸੰਗਯਾ- ਆਕਾਸ਼। ੩. ਜੀਵਾਤਮਾ। ੪. ਪਵਨ। ੫. ਦਿਸ਼ਾ। ੬. ਪਾਰਬ੍ਰਹਮ.

ਅਮੂਲ: ਵਿ- ਜਿਸ ਦਾ ਮੂਲ ਨਹੀਂ. ਬੇਬੁਨਿਆਦ। ੨. ਦੇਖੋ, ਅਮੂਲ੍ਯ.

ਅਮੂਲ੍ਯ: ਵਿ- ਮੁੱਲ (ਕੀਮਤ) ਬਿਨਾ. ਬੇਬਹਾ. ਅਮੋਲ.

ਅਮੂੜ੍ਹ: ਦੇਖੋ, ਅਮੂਢ.

ਅਮੇਉ: ਸੰ. ਅਮੇਯ. ਵਿ- ਮਿਣਤੀ ਤੋਂ ਬਿਨਾ. ਬੇਹੱਦ. "ਨਾਨਕ ਆਪਿ ਅਮੇਉ ਹੈ." (ਵਾਰ ਬਿਹਾ ਮਃ ੩)

੨. ਜੋ ਕਿਸੇ ਵਿੱਚ ਮੇਉਂਦਾ (ਸਮਾਉਂਦਾ) ਨਹੀਂ.

ਅਮੇਜ: ਦੇਖੋ, ਆਮੇਜ਼. "ਭੋਜਨ ਮੇਵੇ ਅਮੇਜ ਕਰਾਏ." (ਨਾਪ੍ਰ) ਮੇਵਿਆਂ ਨਾਲ ਮਿਲੇ ਭੋਜਨ.

ਅਮੇਟ: ਵਿ- ਅਮਿਟ. ਅਟਲ। ੨. ਮੇਟਣ ਰਹਿਤ. ਅਵਿਨਾਸ਼ੀ.

ਅਮੇਠਨ, ਅਮੇਠਨਾ: ਸੰ. उद्वेष्टन- ਉਦ੍ਵੇਸ਼੍ਟਨ. ਕ੍ਰਿ- ਉਮੇਠਨਾ. ਮਰੋੜਨਾ. ਘੁਮਾਉਣਾ. "ਸਟਪਟ ਬੈਠਤ ਭੁਜਾ ਅਮੈਠਤ." (ਨਾਪ੍ਰ) ੨. ਆਕੜਨਾ. "ਐਂਠਹਿ ਐਂਠ ਅਮੈਠ ਗਵਾਵੈਂ." (ਚਰਿਤ੍ਰ ੨੯੬)

ਅਮੇਤ: ਵਿ- ਅਮਿਤ. ਬੇਹੱਦ. "ਆਭਾ ਅਮੇਤ." (ਦੱਤਾਵ)

ਅਮੇਧ, ਅਮੇਧ੍ਯ: ਸੰ. अमेध्य. ਵਿ- ਜੋ ਮੇਧ੍ਯ (ਯਗ੍ਯ ਦੀ. ਕੁਰਬਾਨੀ ਲਾਇਕ) ਨਹੀਂ। ੨. ਅਪਵਿਤ੍ਰ. ਨਾਪਾਕ। ੩. ਸੰਗਯਾ- ਅਪਵਿਤ੍ਰ ਵਸਤੁ। ੪. ਵਿ- ਮੇਧਾ (ਬੁੱਧਿ) ਰਹਿਤ. ਬੇਅ਼ਕ਼ਲ. ਮੂਰਖ. "ਸੇ ਅਪਵਿਤ੍ਰ ਅਮੇਧ ਖਲਾ." (ਵਾਰ ਗਉ ੧, ਮਃ ੪)

ਅਮੇਯ: ਦੇਖੋ, ਅਮੇਉ.

ਅਮੇਲੀ: ਜੋ ਮੇਲੀ (ਮਿਲਾਪੀ) ਨਹੀਂ. ੨. ਦੇਖੋ, ਅਮਿਲ.

ਅਮੋਘ: ਸੰ. ਵਿ- ਜੋ ਮੋਘ (ਨਿਸ਼ਫਲ) ਨਾ ਹੋਵੇ. ਖਾਲੀ ਨਾ ਜਾਣ ਵਾਲਾ. ਸਫਲ. "ਅਮੋਘਦਰਸਨ ਬੇਅੰਤ ਅਪਾਰਾ." (ਮਾਝ ਮਃ ੫) ੨. ਅਚੂਕ. ਬੇਖ਼ਤਾ। ੩. ਸੰਗਯਾ- ਵਿਸ਼ਨੁ। ੪. ਸ਼ਿਵ। ੫. ਸਤਿਗੁਰੂ.

ਅਮੋਘਦਰਸਨ: ਵਿ- ਜਿਸ ਦਾ ਦਰਸ਼ਨ ਨਿਸ਼ਫਲ ਨਾ ਹੋਵੇ. ਦੇਖੋ, ਅਮੋਘ। ੨. ਸੰਗਯਾ- ਸਤਿਗੁਰੂ ਨਾਨਕ ਦੇਵ.

ਅਮੋਲ, ਅਮੋਲਕ: ਦੇਖੋ, ਅਮੁਲ. "ਗੁਣਅਮੋਲ ਜਿਸੁ ਰਿਦੈ ਨ ਵਸਿਆ." (ਸੋਰ ਮਃ ੫)

ਅਮੋਲਕ ਸਿੰਘ: ਦਸ਼ਮੇਸ਼ ਦਾ ਮਹਾਂਵੀਰ ਸਿੱਖ, ਜੋ ਚਮਕੌਰ ਦੇ ਧਰਮਯੁੱਧ ਵਿੱਚ ਸ਼ਹੀਦ ਹੋਇਆ.

ਅਮੋਲਵਾ, ਅਮੋਲਾ, ਅਮੋਲੀ: ਦੇਖੋ, ਅਮੁਲ. "ਅਗਮ ਅਮੋਲਾ ਅਪਰ ਅਪਾਰ." (ਭੈਰ ਮਃ ੫) ੨. ਦਾਮ ਤੋਂ ਬਿਨਾ. ਬਿਨਾ ਮੁੱਲ. "ਕਰਿ ਦੀਨੋ ਜਗਤ ਸਭ ਗੋਲ ਅਮੋਲੀ." (ਗਉ ਪੂਰਬੀ ਮਃ ੪) ਬਿਨਾ ਮੁੱਲ ਗੁਲਾਮ ਕਰ ਦਿੱਤਾ.

ਅਮੰਕ: ਵਿ- ਭੈ ਅਤੇ ਰੋਗ ਕਰਨ ਵਾਲਾ. ਦੇਖੋ, ਅਮ। ੨. ਸੰਗਯਾ- ਦੋਸ਼ ਪਾਪ. "ਅਮੰਕੰ ਕਟੈਲਾ." (ਨਾਪ੍ਰ) "ਗੰਗ ਤਰੰਗ ਅਮੰਕਨ ਭੰਗ." (ਨਾਪ੍ਰ)

ਅਮੰਗਲ: ਸੰਗਯਾ- ਮੰਗਲ ਦੇ ਵਿਰੁੱਧ. ਮੰਗਲ ਦਾ ਅਭਾਵ। ੨. ਇਰੰਡ ਦਾ ਬੂਟਾ। ੩. ਵਿ- ਅਸ਼ੁਭ. ਬੁਰਾ.

ਅਮੰਡ, ਅਮੰਡਨ, ਅਮੰਡੰ: ਸੰ. अमण्डन. ਵਿ- ਸ਼੍ਰਿੰਗਾਰ ਰਹਿਤ. ਸ਼ੋਭਾਹੀਨ. "ਜੋਤਿ ਅਮੰਡੰ ਭਾਨੁ ਪ੍ਰਭੰ." (ਵਿਚਿਤ੍ਰ) ਖੜਗ ਦੀ ਚਮਕ ਸੂਰਜ ਦੀ ਪ੍ਰਭਾ ਨੂੰ ਸ਼ੋਭਾਹੀਨ ਕਰਦੀ ਹੈ।

੨. ਸੰ. आमणड- ਆਮੰਡ. ਵਿ- ਅਤਿ ਸ਼ੋਭਾ ਵਾਲਾ. "ਜਲ ਥਲ ਅਮੰਡ." (ਜਾਪੁ)

ਅਮੰਤ: ਸੰ. अमन्तु- ਅਮੰਤੁ. ਵਿ- ਬਿਨਾ ਮੰਤ੍ਰ. ਜਿਸ ਨੂੰ ਮੰਤ੍ਰ (ਮਸ਼ਵਰਾ) ਨਹੀਂ ਦਿੱਤਾ। ੨. ਨਾ ਜਾਣਨ ਵਾਲਾ। ਨਾਵਾਕ਼ਿਫ਼। ੩. ਆਮੰਤ੍ਰਣ. ਨਿਉਂਦਾ. ਦੇਖੋ, ਅਮੰਤ੍ਰ. "ਸਭ ਕੋ ਦਯੋ ਅਮੰਤ ਪੁਕਾਰੀ." (ਨਾਪ੍ਰ)

ਅਮੰਤ੍ਰ: ਦੇਖੋ, ਅਮੰਤ। ੨. ਸੰ. आमन्त्रण- ਆਮੰਤ੍ਰਣ. ਸੰਗਯਾ- ਸੱਦਾ. ਨਿਉਂਦਾ. ਨਿਮੰਤ੍ਰਣ. "ਸਭਿਨ ਅਮੰਤ੍ਰ ਦੀਨੋ ਖਜਾਤੀ." (ਨਾਪ੍ਰ)

ਅਮੰਦ: ਵਿ- ਜੋ ਮੰਦ ਨਹੀਂ. ਉੱਤਮ। ੨. ਜੋ ਧੀਮਾ ਨਹੀਂ. ਚਾਲਾਕ। ੩. ਕ੍ਰਿ. ਵਿ- ਤੁਰਤ. ਛੇਤੀ. "ਰਿਦੇ ਵਿਚਾਰਯੋ ਚਲਨ ਅਮੰਦ." (ਗੁਪ੍ਰਸੂ)

ਅਮੰਨਾ: ਅ਼. امنہ ਅਮੰਨਹ. ਸੰਗਯਾ- ਰਖ੍ਯਾ. ਹਿਫਾਜਤ। ੨. ਬੇਖ਼ੌਫ਼ੀ। ੩. ਸਚਾਈ। ੪. ਉਮਨਾ. ਭਰੋਸਾ. ਯਕ਼ੀਨ. "ਅਸਬਿਧਿ ਬਿਨ ਮਮ ਨਹੀਂ ਅਮੰਨਾ." (ਨਾਪ੍ਰ)

ਅਮ੍ਰਿਤ: ਸੰ. अमृत. ਸੰਗਯਾ- ਇੱਕ ਪੀਣ ਯੋਗ੍ਯ- ਪਦਾਰਥ, ਜਿਸ ਦੇ ਅਸਰ ਨਾਲ ਮੌਤ ਨਹੀਂ ਹੁੰਦੀ. ਸੁਧਾ. ਪੀਯੂਸ਼। ੨. ਦਸ਼ਮੇਸ਼ ਦਾ ਬਖ਼ਸ਼ਿਆ ਅਮ੍ਰਿਤਤਜਲ, ਜੋ ਸਿੰਘ ਸਜਣ ਵੇਲੇ ਛਕਾਇਆ ਜਾਂਦਾ ਹੈ. ਦੇਖੋ, ਅਮ੍ਰਿਤ ਸੰਸਕਾਰ। ੩. ਜਲ। ੪. ਘੀ। ੫. ਦੁੱਧ। ੬. ਧਨ। ੭. ਮੁਕਤਿ. ਮੋਕ੍ਸ਼। ੮. ਸੁਆਦਦਾਇਕ ਰਸ. "ਜਿਹ ਪ੍ਰਸਾਦਿ ਛਤੀਹ ਅਮ੍ਰਿਤ ਖਾਹਿ." (ਸੁਖਮਨੀ) ਦੇਖੋ, ਛਤੀਹ ਅਮ੍ਰਿਤ। ੯. ਦੇਵਤਾ। ੧੦. ਆਤਮਾ। ੧੧. ਪਾਰਾ। ੧੨. ਅਨਾਜ। ੧੩. ਰਸ ਦਾਇਕ ਭੋਜਨ। ੧੪. ਰੋਗਨਾਸ਼ਕ ਦਵਾ। ੧੫. ਵਿ- ਜ਼ਿੰਦਾ. ਜੋ ਮਰਿਆ ਨਹੀਂ। ੧੬. ਸੁੰਦਰ. ਪਿਆਰਾ.

ਅਮ੍ਰਿਤਸਰ: ਸ਼੍ਰੀ ਗੁਰੂ ਅਮਰਦਾਸ ਜੀ ਦੀ ਆਗਯਾ ਅਨੁਸਾਰ ਸ਼੍ਰੀ ਗੁਰੂ ਰਾਮਦਾਸ ਜੀ ਨੇ ਸੰਮਤ ੧੬੨੧ ਵਿੱਚ ਤੁੰਗ ਗੁਮਟਾਲਾ ਸੁਲਤਾਨਵਿੰਡ ਪਿਡਾਂ ਪਾਸ ਪਹਿਲਾਂ ਇੱਕ ਤਾਲ ਖੁਦਵਾਇਆ, ਜੋ ਸ਼੍ਰੀ ਗੁਰੂ ਅਰਜਨ ਦੇਵ ਨੇ ਸੰਮਤ ੧੬੪੫ ਵਿੱਚ ਪੂਰਾ ਕੀਤਾ ਅਤੇ ਨਾਉਂ ਸੰਤੋਖਸਰ ਰੱਖਿਆ.

ਫੇਰ ਸੰਮਤ ੧੬੩੧ ਵਿੱਚ ਤੀਜੇ ਸਤਿਗੁਰੂ ਜੀ ਦੀ ਆਗਯਾ ਨਾਲ ਇੱਕ ਪਿੰਡ ਬੰਨ੍ਹਿਆ, ਜਿਸ ਦਾ ਨਾਉਂ "ਗੁਰੂ ਕਾ ਚੱਕ" ਥਾਪਿਆ ਅਤੇ ਆਪਣੇ ਰਹਿਣ ਲਈ ਮਕਾਨ ਬਣਵਾਏ, ਜੋ ਗੁਰੂ ਕੇ ਮਹਿਲ ਨਾਉਂ ਤੋਂ ਪ੍ਰਸਿੱਧ ਹਨ, ਅਤੇ ਉਸ ਦੇ ਚੜ੍ਹਦੇ

ਪਾਸੇ ਦੁਖਭੰਜਨੀ ਬੇਰੀ ਪਾਸ ਸੰਮਤ ੧੬੩੪ ਵਿੱਚ ਤਾਲ ਖੁਦਵਾਇਆ, ਜੋ ਉਸਸਮੇਂ ਅਧੂਰਾ ਹੀ ਰਿਹਾ.[95]

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੱਦੀ ਤੇ ਬੈਠਕੇ ਪਿਤਾ ਗੁਰੂ ਜੀ ਦੇ ਗ੍ਰਾਮ ਅਤੇ ਤਾਲ ਦੀ ਸੇਵਾ ਵਡੇ ਪ੍ਰੇਮ ਨਾਲ ਆਰੰਭੀ. ਚਾਰੇ ਪਾਸਿਓਂ ਵਪਾਰੀ ਅਤੇ ਸਭ ਤਰ੍ਹਾਂ ਦੇ ਕਿਰਤੀ ਬੁਲਾਕੇ ਵਸਾਏ ਅਤੇ ਨਾਉਂ "ਰਾਮਦਾਸਪੁਰ" ਰੱਖਿਆ. ਇਸ ਪਵਿੱਤ੍ਰ ਨਗਰ ਦੀ ਆਬਾਦੀ ਵਿੱਚ ਭਾਈ ਸਾਲੋ ਦੀ ਸੇਵਾ ਬਹੁਤ ਸ਼ਲਾਘਾ ਯੋਗ ਹੈ.

ਸੰਮਤ ੧੬੪੩ ਵਿੱਚ ਸਰੋਵਰ ਨੂੰ ਪੱਕਾ ਕਰਨਾ ਆਰੰਭਿਆ ਅਤੇ ਨਾਉਂ ਅਮ੍ਰਿਤਸਰ[96] ਰੱਖਿਆ, ਜਿਸ ਤੋਂ ਸਨੇ ਸਨੇ ਨਗਰ ਦਾ ਨਾਉਂ ਭੀ ਇਹੀ ਹੋ ਗਿਆ. ੧. ਮਾਘ ਸੰਮਤ ੧੬੪੫ ਨੂੰ ਪੰਜਵੇਂ ਸਤਿਗੁਰੂ ਨੇ ਤਾਲ ਦੇ ਮੱਧ ਹਰਮਿੰਦਿਰ ਦੀ ਨਿਉਂ ਰੱਖੀ ਅਤੇ ਉਸ ਦੀ ਇਮਾਰਤ ਪੂਰੀ ਕਰਕੇ ਸੰਮਤ ੧੬੬੧ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਅਸਥਾਪਨ ਕੀਤੇ.

ਅਮ੍ਰਿਤਸਰ ਜੀ ਵਿੱਚ ਸ਼੍ਰੀ ਹਰਿਮੰਦਿਰ ਸਭ ਗੁਰਦ੍ਵਾਰਿਆਂ ਵਿੱਚੋਂ ਸ਼ਿਰੋਮਣਿ ਗੁਰਧਾਮ ਹੈ[97] ਜਿਸ ਥਾਂ ਅਖੰਡ ਕੀਰਤਨ ਹੁੰਦਾ ਹੈ. ਇਥੇ ਵੈਸਾਖੀ ਦਾ ਮੇਲਾ ਪੰਚਮ ਪਾਤਸ਼ਾਹ ਜੀ ਨੇ ਅਤੇ ਦੀਪਮਾਲਾ ਦਾ ਮੇਲਾ ਬਾਬਾ ਬੁੱਢਾ ਜੀ ਨੇ ਛੀਵੇਂ ਸਤਿਗੁਰੂ ਜੀ ਦੇ ਗਵਾਲਿਯਰ ਤੋਂ ਵਾਪਿਸ ਆਉਣ ਤੇ ਆਰੰਭ ਕੀਤਾ.

ਫੱਗੁਣ ਸੰਮਤ ੧੮੧੮ ਵਿੱਚ ਅਹਿਮਦ ਸ਼ਾਹ ਦੁੱਰਾਨੀ ਨੇ ਹਰਿਮੰਦਿਰ ਨੂੰ ਬਾਰੂਦ ਨਾਲ ਉਡਵਾਕੇ ਤਾਲ ਭਰਵਾ ਦਿੱਤਾ, ਫੇਰ ਖਾਲਸੇ ਨੇ ੧੧. ਵੈਸਾਖ ਸੰਮਤ ੧੮੨੧ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨਿਉਂ ਰਖਵਾਈ, ਅਤੇ ਭਾਈ ਦੇਸ ਰਾਜ ਦੀ ਮਾਰਫਤ ਕੁਝ ਵਰ੍ਹਿਆਂ ਵਿੱਚ ਪਹਿਲੇ ਤੁੱਲ ਹੀ ਹਰਿਮੰਦਿਰ ਬਣਾ ਦਿੱਤਾ.

ਅਮ੍ਰਿਤ ਸਰੋਵਰ ਵਿੱਚ ਜਲ ਇੱਕ ਹਸਲੀ ਦੇ ਰਾਹੋਂ ਆਉਂਦਾ ਹੈ, ਜੋ ਸੰਤ ਪ੍ਰੀਤਮਦਾਸ ਅਤੇ ਸੰਤੋਖ ਦਾਸ ਪ੍ਰੇਮੀ ਉਦਾਸੀਆਂ ਨੇ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਨਾਲ ਸੰਮਤ ੧੮੩੮ ਵਿੱਚ ਖੁਦਵਾਈ. ਪਹਿਲਾਂ ਤਾਂ ਜਲ ਰਾਵੀ ਨਦੀ ਤੋਂ ਲਿਆਂਦਾ ਗਿਆ ਸੀ, ਪਰ ਹੁਣ ਸੰਮਤ ੧੯੨੩ ਤੋਂ ਲੈਕੇ ਬਾਰੀ ਦੁਆਬ ਵਾਲੀ ਨਹਿਰ ਵਿੱਚੋਂ ਲਿਆਕੇ ਹਸਲੀ ਵਿੱਚ ਪਾਇਆ ਜਾਂਦਾ ਹੈ.

ਮਹਾਰਾਜਾ ਰਣਜੀਤ ਸਿੰਘ ਨੇ ਸੰਮਤ ੧੮੫੯ ਵਿੱਚ ਇਸ ਪਵਿਤ੍ਰ ਸ਼ਹਿਰ ਤੇ ਕਬਜਾ ਕੀਤਾ ਅਤੇ ਸੰਗਮਰਮਰ ਅਤੇ ਸੋਨੇ ਨਾਲ ਹਰਿਮੰਦਿਰ ਨੂੰ ਭੂਸ਼ਿਤ ਕੀਤਾ.

ਮਹਾਰਾਜਾ ਸਾਹਿਬ ਨੇ ਗੁਰੂ ਰਾਮਦਾਸ ਜੀ ਦੇ ਨਾਉਂ ਤੇ "ਰਾਮਬਾਗ" ਅਤੇ ਕਲਗੀਧਰ ਦੇ ਨਾਉਂ ਤੇ ਗੋਬਿੰਦਗੜ੍ਹ ਕਿਲਾ ਸਨ ੧੮੦੫- ੯ ਵਿੱਚ ਤਿਆਰ ਕਰਵਾਇਆ. ਖ਼ਾਲਸਾ ਕਾਲਿਜ ਪੰਥ ਨੇ ਸਨ ੧੮੯੨ ਵਿੱਚ ਬਣਾਇਆ, ਜੋ ਲਹੌਰ ਦੀ ਸੜਕਪੁਰ ਹੈ.[98]

ਇਹ ਪਵਿੱਤ੍ਰ ਸ਼ਹਿਰ ਲਹੌਰ ਤੋਂ ੩੩ ਮੀਲ ਪੂਰਵ ਹੈ. ਕਲਕੱਤੇ ਤੋਂ ੧੨੩੨ ਮੀਲ, ਬੰਬਈ ਤੋਂ ੧੨੬੦ ਅਤੇ ਕਰਾਚੀ ਤੋਂ ੮੧੬ ਮੀਲ ਹੈ.

ਪਿਛਲੀ ਮਰਦੁਮਸ਼ੁਮਾਰੀ ਅਨੁਸਾਰ ਸ਼ਹਿਰ ਅਮ੍ਰਿਤਸਰ ਦੀ ਆਬਾਦੀ ੧੬੦੨੧੮ ਹੈ, ਜਿਸ ਵਿੱਚੋਂ ਹਿੰਦੂ ੬੫੩੧੩, ਮੁਸਲਮਾਨ ੭੧੧੮੦, ਸਿੱਖ ੨੧੪੭੪, ਈਸਾਈ ੧੪੪੬, ਬੌੱਧ ੫, ਜੈਨੀ ੭੩੮ ਅਤੇ ਪਾਰਸੀ ੫੪ ਹਨ.

---

[95] Guru Ram Das first settled near the tank about 1574 and obtained a grant of the site with 500 bighas of land from Akbar in 1577. (Imperial Gadetteer of India)

[96] ਸਰੋਵਰ ਦੀ ਲੰਬਾਈ ੫੦੦ ਫੁੱਟ, ਚੌੜਾਈ ੪੯੦ ਅਤੇ ਡੂੰਘਿਆਈ ੧੭. ਫੁਟ ਹੈ.

[97] ਹਰਿਮੰਦਰ ਦੀ ਪਰਕੰਮਿਆ (ਪਰਿਕ੍ਰਮਾ) ਚੌੜੀ ੧੩. ਫੁਟ ਹਰੇਕ ਬਾਹੀ ੬੬-੬੬ ਫੁਟ ਹੈ. ਦਰਸ਼ਨੀ ਦਰਵਾਜੇ ਤੋਂ ਹਰਿਮੰਦਿਰ ਤਕ ਪੁਲ ੨੪੦ ਫੁਟ ਲੰਮਾ ਅਤੇ ੨੧. ਫੁਟ ਚੌੜਾ ਹੈ. ਜਿਸ ਦੇ ਹੇਠਾਂ ੩੮ ਸੁਰਗਦੁਆਰੀਆਂ ਹਨ.

[98] ਖ਼ਾਲਸਾ ਕਾਲਿਜ ਦੀ ਨਿਉਂ ੫. ਮਾਰਚ ਸਨ ੧੮੯੨ ਨੂੰ ਪੰਜਾਬ ਦੇ ਲਾਟ ਸਰ ਜੇਮਸ ਲਾਇਲ Sir J. b. Lyall ਨੇ ਰੱਖੀ ਅਤੇ ੧੨. ਅਪ੍ਰੈਲ ਸਨ ੧੯੦੪ ਨੂੰ ਮਹਾਰਾਜਾ ਸਰ ਹੀਰਾ ਸਿੰਘ ਸਾਹਿਬ ਨਾਭਾਪਤਿ ਨੇ ਆਪਣੀ ਪ੍ਰਧਾਨਗੀ ਵਿੱਚ ਇੱਕ ਭਾਰੀ ਜਲਸਾ ਕਰਕੇ, ਜਿਸ ਵਿੱਚ ਚਾਰਲਸ ਰਿਵਾਜ਼ Sir Charles M. Rivad ਪੰਜਾਬ ਲਾਟ ਅਤੇ ਸਿੱਖ ਰਿਆਸਤਾਂ ਦੇ ਪ੍ਰਤਿਨਿਧਿ ਭੀ ਸ਼ਾਮਿਲ ਸਨਃ ਬਹੁਤ ਮਾਇਆ ਜਮਾ ਕਰਕੇ ਕਾਲਿਜ ਨੂੰ ਪੱਕੇ ਪੈਰੀਂ ਕੀਤਾ. ਇਸ ਆਸ਼੍ਰਮ ਦੇ ਖਰਚ ਲਈ ਸਿੱਖ ਰਿਆਸਤਾਂ ਅਤੇ ਸਰਕਾਰ ਵੱਲੋਂ ਚੋਖੀ ਸਹਾਇਤਾ ਮਿਲਦੀ ਹੈ.

ਇਸ ਗੁਰੂ ਕੀ ਨਗਰੀ ਵਿੱਚ ਚਾਰ ਹੋਰ ਪਵਿਤ੍ਰ ਤਾਲ ਹਨ:-

(ੳ) ਸੰਤੋਖ ਸਰ, ਜੋ ਪੇਸ਼ਾਵਰੀ ਸੰਤੋਖੇ ਸਿੱਖ ਦੇ ਧਨ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੫ ਵਿੱਚ ਬਣਵਾਇਆ. ਇੱਥੇ ਕੱਚਾ ਤਾਲ, ਜਿਸ ਦੀ ਥੋੜੀ ਹੀ ਖੁਦਾਈ ਹੋਈ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਤਿਆਰ ਕਰਵਾਇਆ ਸੀ. ਦੇਖੋ, ਗੁਰੁ ਪ੍ਰਤਾਪ ਸੂਰਯ ਰਾਸਿ ੨, ਅਃ ੧੨. ਅਤੇ ੧੩.

(ਅ) ਕੌਲਸਰ. ਜੋ ਕੌਲਾਂ ਕਰਕੇ ਪੂਰਿਤ ਢਾਬ ਦੇ ਥਾਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੌਲਾਂ (ਕਮਲਾ) ਦੇ ਨਾਉਂ ਤੋਂ ਸੰਮਤ ੧੬੮੪ ਵਿੱਚ ਤਿਆਰ ਕਰਵਾਇਆ.

(ੲ) ਬਿਬੇਕਸਰ. ਛੀਵੇਂ ਸਤਿਗੁਰੂ ਜੀ ਨੇ ਵਿਵੇਕੀ ਬਿਹੰਗਮਾਂ ਦੇ ਨਿਵਾਸ ਲਈ ਸ਼ਹਿਰੋਂ ਕਿਨਾਰੇ ਸੰਮਤ ੧੬੯੫ ਵਿੱਚ ਤਿਆਰ ਕਰਵਾਇਆ.

(ਸ) ਰਾਮਸਰ. ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੫੯- ੬੦ ਵਿੱਚ ਬਣਵਾਇਆ. ਇਸ ਦੇ ਕਿਨਾਰੇ ਬੈਠਕੇ ਸਤਿਗੁਰੂ ਜੀ ਨੇ ਸੁਖਮਨੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਹੈ.

ਸ਼੍ਰੀ ਅੰਮ੍ਰਿਤਸਰ ਜੀ ਵਿੱਚ ਹੋਰ ਇਹ ਗੁਰੁਦ੍ਵਾਰੇ ਅਤੇ ਪਵਿੱਤ੍ਰ ਅਸਥਾਨ ਹਨ:-

(੧) ਅਕਾਲਤਖ਼ਤ. ਦੇਖੋ, ਅਕਾਲ ਬੁੰਗਾ.

(੨) ਅਟਲ ਰਾਇ ਜੀ ਦਾ ਦੇਹਰਾ, ਜੋ ਕੌਲਸਰ ਦੇ ਕਿਨਾਰੇ ਹੈ. ਇਸ ਦੇ ਨਾਲ ੬੧ ਦੁਕਾਨਾਂ ੪੨ ਕਨਾਲ ਜ਼ਮੀਨ ਸੁਲਤਾਨਵਿੰਡ ਪਿੰਡ ਵਿੱਚ ਅਤੇ ੫੮ ਘੁਮਾਉਂ ਰੱਖ ਸ਼ਿਕਾਰਗਾਹ ਤਸੀਲ ਅਮ੍ਰਿਤਸਰ ਵਿੱਚ ਹੈ. ਦੇਖੋ, ਅਟਲ ਰਾਇ ਜੀ.

(੩) ਅਠਸਠ ਤੀਰਥ. ਦੇਖੋ, ਅਠਸਠਿ ਤੀਰਥ.

(੪) ਸਾਲੋ ਭਾਈ ਦੀ ਧਰਮਸਾਲਾ. ਸ਼ਹਿਰ ਵਿੱਚ ਗੁਰੂ ਕੇ ਬਾਜ਼ਾਰ ਪਾਸ ਭਾਈ ਸਾਲੋ ਜੀ ਦਾ ਟੋਭਾ ਪ੍ਰਸਿੱਧ ਹੈ. ਇਥੇ ਭਾਈ ਸਾਹਿਬ ਦੀ ਪ੍ਰਾਚੀਨ ਧਰਮਸਾਲ ਹੈ. ਜਿਸ ਥਾਂ ਅਨੇਕ ਵਾਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਵਿਰਾਜਕੇ ਸੰਗਤਿ ਨੂੰ ਨਿਹਾਲ ਕੀਤਾ. ਦੇਖੋ, ਸਾਲੋ.

(੫) ਹਰਿ ਕੀ ਪਉੜੀ. ਇਹ ਹਰਿਮੰਦਿਰ ਸਾਹਿਬ ਦੇ ਪਿਛਲੇ ਪਾਸੇ ਪਉੜੀਆਂ ਵਾਲੇ ਘਾਟ ਦਾ ਨਾਉਂ ਹੈ. ਹਰਿਮੰਦਿਰ ਤਿਆਰ ਹੋਣ ਸਮੇਂ ਸਭ ਤੋਂ ਪਹਿਲਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇੱਥੋਂ ਅਮ੍ਰਿਤ ਲੀਤਾ ਅਤੇ ਸਰੋਵਰ ਦੀ ਕਾਰ ਹੋਣ ਸਮੇਂ ਸਭ ਤੋਂ ਪਹਿਲਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿਤ੍ਰ ਕਰ ਕਮਲਾਂ ਨਾਲ ਇਥੋਂ ਹੀ ਕਾਰ ਸੇਵਾ ਆਰੰਭ ਕੀਤੀ ਸੀ.

(੬) ਗੁਰੂ ਕੇ ਮਹਲ. ਗੁਰੂ ਕੇ ਬਾਜ਼ਾਰ ਪਾਸ ਗੁਰੂ ਜੀ ਦੇ ਰਿਹਾਇਸ਼ੀ ਮਕਾਨ, ਜੋ ਗੁਰੂ ਰਾਮਦਾਸ ਜੀ ਨੇ ਤਿਆਰ ਕਰਵਾਏ. ਫੇਰ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਮੁਕੰਮਲ ਕੀਤਾ ਤੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਭੀ ਇਨ੍ਹਾਂ ਵਿੱਚ ਨਿਵਾਸ ਕਰਦੇ ਰਹੇ. ਗੁਰੂ ਤੇਗ ਬਹਾਦੁਰ ਜੀ ਦਾ ਇੱਥੇ ਜਨਮ ਹੋਇਆ.

ਅੰਦਰ ਮੰਜੀ ਸਾਹਿਬ ਬਣਿਆ ਹੋਇਆ ਹੈ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ.

(੭) ਚੁਰਸਤੀ ਅਟਾਰੀ. ਸ਼ਹਿਰ ਵਿੱਚ ਗੁਰੂ ਕੇ ਬਾਜ਼ਾਰ ਦੇ ਸਿਰੇ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਕੇ ਮਹਿਲਾਂ ਤੋਂ ਇਹ ਗੁਰੁਦ੍ਵਾਰਾ ਨੇੜੇ ਹੈ. ਮਹਿਲਾਂ ਤੋਂ ਉੱਠਕੇ ਗੁਰੂ ਜੀ ਕਈ ਵਾਰੀ ਇੱਥੇ ਆਕੇ ਬੈਠਦੇ ਹੁੰਦੇ ਸਨ.

ਹੁਣ ਬਾਜ਼ਾਰ ਵਿੱਚ ਛੋਟਾ ਜਿਹਾ ਗੁਰੁਦ੍ਵਾਰਾ ਇੱਕ ਨੁੱਕਰ ਤੇ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਹਰ ਪੰਚਮੀ ਤੇ ਏਕਮ ਸੁਦੀ ਨੂੰ ਮੇਲਾ ਹੁੰਦਾ ਹੈ.

(੮) ਟਾਹਲੀ ਸਾਹਿਬ. ਸ਼ਹਿਰ ਵਿੱਚ ਸੰਤੋਖਸਰ ਸਰੋਵਰ ਦੇ ਪਾਸ ਵਾਯਵੀ ਕੋਣ ਸ਼੍ਰੀ ਗੁਰੂ ਰਾਮਦਾਸ ਜੀ ਦਾ ਗੁਰੁਦ੍ਵਾਰਾ ਹੈ.

ਸਤਿਗੁਰੂ ਅਮਰ ਦਾਸ ਜੀ ਦੀ ਆਗਾਜ਼ਾ ਨਾਲ ਜਦ ਸੰਤੋਖਸਰ ਤਾਲ ਸ਼ਰੀ ਰਾਮਦਾਸ ਜੀ ਨੇ ਖੁਦਵਾਇਆ ਸੀ.[99] ਤਦ ਇਸ ਟਾਹਲੀ ਹੇਠਾਂ ਵਿਰਾਜਿਆ ਕਰਦੇ ਸਨ. ਟਾਹਲੀ ਦਾ ਉਹ ਬਿਰਛ ਹੁਣ ਮੌਜੂਦ ਹੈ.

ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ. ਗੁਰਦੁਆਰੇ ਨਾਲ ਕੁਝ ਦੁਕਾਨਾਂ ਹਨ. ਅਕਾਲੀ ਸਿੰਘ ਸੇਵਾਦਾਰ ਹੈ. ੧. ਫੱਗੁਣ ਨੂੰ ਮੇਲਾ ਹੁੰਦਾ ਹੈ.

(੯) ਥੜਾ ਸਾਹਿਬ. ਸ਼੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿੱਚ ਗੁਰਦੁਆਰਾ ਦੁਖਭੰਜਨੀ ਦੇ ਨਾਲ ਸ਼੍ਰੀ ਗੁਰੂ ਅਮਰਦਾਸ ਜੀ ਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ.

ਸ਼੍ਰੀ ਗੁਰੂ ਰਾਮ ਦਾਸ ਜੀ ਇੱਥੇ ਬੈਠਕੇ ਕੱਚੇ ਸਰੋਵਰ ਦੀ ਕਾਰ ਕਰਾਇਆ ਕਰਦੇ ਸਨ. ਅਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਭੀ ਸਰੋਵਰ ਦੀ ਕਾਰ ਹੋਣ ਸਮੇਂ ਇੱਥੇ ਬੈਠਦੇ ਸਨ.

ਇਸ ਦੇ ਪੱਕਾ ਬਣਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਾਈ.

(੧੦) ਥੜਾ ਸਾਹਿਬ (੨). ਸ਼ਹਿਰ ਵਿੱਚ ਤਖਤ ਅਕਾਲ ਬੁੰਗੇ ਦੇ ਪਾਸ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ. ਸਤਿਗੁਰੂ ਜੀ ਬਕਾਲੇ ਤੋਂ ਚੱਲਕੇ ਸ਼੍ਰੀ ਹਰਿਮੰਦਿਰ ਸਾਹਿਬ ਦੇ ਦਰਸ਼ਨ ਲਈ ਇੱਥੇ ਆਏ, ਅੱਗੋਂ ਪੁਜਾਰੀਆਂ ਨੇ 'ਹਰਿਮੰਦਿਰ' ਦਾ ਦਰਸ਼ਨੀ ਦਰਵਾਜ਼ਾ ਇਸ ਲਈ ਬੰਦ ਕਰ ਦਿੱਤਾ, ਕਿ ਕਿਤੇ ਹਰਿਮੰਦਿਰ ਤੇ ਕਬਜਾ ਨਾ ਕਰ ਲੈਣ.

ਇੱਥੇ ਛੋਟਾ ਜਿਹਾ ਗੁਰਦੁਆਰਾ ਬਹੁਤ ਸੁੰਦਰ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਇਸ ਗੁਰਦੁਆਰੇ ਨਾਲ ਪੰਜ ਦੁਕਾਨਾਂ ਅਤੇ ੨੧. ਕਨਾਲ ਜਮੀਨ ਪਿੰਡ ਸੁਲਤਾਨਵਿੰਡ ਵਿੱਚ ਹੈ. ਮਾਘ ਸੁਦੀ ਪੂਰਣਮਾਸੀ ਨੂੰ ਮੇਲਾ ਹੁੰਦਾ ਹੈ. ਸ਼੍ਰੀ ਗੁਰੂ ਤੇਗਬਹਾਦੁਰ ਜੀ ਦੇ ਜੋਤੀਜੋਤਿ ਸਮਾਉਣ ਦਾ ਗੁਰਪੁਰਬ (ਗੁਰਪਰਵ) ਭੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ.

(੧੧) ਦਮਦਮਾ ਸਾਹਿਬ. ਸ਼ਹਿਰ ਤੋਂ ਅਗਨਿ ਕੋਣ ਮਾਲਲੰਡੀ ਦੇ ਪਾਸ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦੁਆਰਾ ਹੈ. ਜਿੱਥੇ ਥੜੇ ਸਾਹਿਬ ਤੋਂ ਉੱਠਕੇ ਸਤਿਗੁਰੂ ਕੁਝ ਕਾਲ ਠਹਿਰੇ ਹਨ.

ਪੱਕਾ ਗੁਰਦੁਆਰਾ ਬਹੁਤ ਸੁੰਦਰ ਬਣ ਰਿਹਾ ਹੈ, ਜਿਸ ਦੀ ਸੇਵਾ ਭਾਈ ਸੰਤ ਸਿੰਘ ਜੀ ਕਲੀ ਵਾਲੇ ਅਮ੍ਰਿਤਸਰ ਨੇ ਸੰਮਤ ੧੯੬੧ ਤੋਂ ਸ਼ੁਰੂ ਕੀਤੀ ਹੋਈ ਹੈ. ਪਾਸ ਪੱਕੇ ਰਿਹਾਇਸ਼ੀ ਮਕਾਨ ਹਨ.

ਜਾਗੀਰ ਜ਼ਮੀਨ ਕੁਝ ਨਹੀਂ ਹੈ. ਰੇਲ ਦੀ ਲੈਨ ਤੋਂ ੧. ਫਰਲਾਂਗ ਦੇ ਕਰੀਬ ਪੱਛਮ ਵੱਲ ਗੁਰਦੁਆਰਾ ਹੈ, ਜੋ ਰੇਲ ਵਿੱਚ ਬੈਠਿਆਂ ਨਜਰ ਆਉਂਦਾ ਹੈ, ਅਤੇ ਰੇਲਵੇ ਸਟੇਸ਼ਨ ਅਮ੍ਰਿਤਸਰ ਤੋਂ ਅਗਨਿ ਕੋਣ ਦੋ ਮੀਲ ਦੇ ਕਰੀਬ ਹੈ.

(੧੨) ਦਰਸ਼ਨੀ ਡਿਹੁਢੀ. ਸ਼ਹਿਰ ਦੇ ਵਿੱਚ ਗੁਰੂ ਕੇ ਬਾਜ਼ਾਰ ਦੇ ਨੇੜੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ. ਗੁਰੂ ਜੀ ਨੇ ਇਹ ਡਿਹੁਢੀ ਰਾਮਦਾਸਪੁਰ ਦੀ ਬਨਵਾਈ ਸੀ. ਓਦੋਂ ਇਸ ਡਿਉਢੀ ਤੋਂ ਦਰਬਾਰ ਸਾਹਿਬ ਵੱਲ ਦੇ ਹਿੱਸੇ ਵਿੱਚ ਆਬਾਦੀ ਨਹੀਂ ਸੀ ਕੇਵਲ ਗੁਰੂ ਕਾ ਬਾਜ਼ਾਰ ਹੀ ਸੀ.

ਬਾਜ਼ਾਰ ਵਿੱਚ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ. ਪੁਜਾਰੀ ਸਿੰਘ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ.

(੧੩) ਦੁਖਭੰਜਨੀ ਬੇਰੀ. ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿੱਚ ਗੁਰਦੁਆਰਾ ਹੈ. ਇੱਥੇ ਇੱਕ ਕੁਸ਼੍ਰੀ ਪਿੰਗੁਲਾ ਸਰੋਵਰ ਵਿੱਚ ਇਸਨਾਨ ਕਰਕੇ ਅਰੋਗ ਹੋਇਆ ਸੀ. ਇਸ ਗੁਰਦੁਆਰੇ ਨੂੰ ੨੪ ਰੁਪਯੇ ਸਲਾਨਾ ਜਾਗੀਰ ਮਹਾਰਾਜਾ ਸਾਹਿਬ ਨਾਭਾ ਵੱਲੋਂ ਹੈ.

ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ.

(੧੪) ਪਿੱਪਲੀ ਸਾਹਿਬ. ਅਮ੍ਰਿਤਸਰ ਲਹੌਰ ਦੀ ਸੜਕ ਉਤੇ ਸ਼ਹਿਰ ਤੋਂ ਵਾਯਵੀ ਕੋਣ ਡੇਢ ਮੀਲ ਦੇ ਕ਼ਰੀਬ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ. ਕਾਰ ਸਰੋਵਰ ਸਮੇਂ ਕਾਬੁਲ ਦੀ ਸੰਗਤ ਕਾਰ ਸੇਵਾ ਲਈ ਆਈ, ਤਾਂ ਉਨ੍ਹਾਂ ਦੇ ਸ੍ਵਾਗਤ ਲਈ ਗੁਰੂ ਜੀ

[99] ਇਹ ਤਾਲ ਪੂਰਾ ਗੁਰੂ ਅਰਜਨ ਸਾਹਿਬ ਨੇ ਕੀਤਾ ਹੈ.

ਇੱਥੇ ਆ ਗਏ. ਗੁਰੂ ਹਰਗੋਬਿੰਦ ਸਾਹਿਬ ਨੇ ਭੀ ਇੱਥੇ ਚਰਣ ਪਾਏ ਹਨ. ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ. ਬਸੰਤ ਪੰਚਮੀ ਨੂੰ ਮੇਲਾ ਹੁੰਦਾ ਹੈ.

(੧੫) ਬੇਰ ਬਾਬਾ ਬੁੱਢਾ ਜੀ ਦੀ. ਸ਼੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿੱਚ ਘੰਟਾ ਘਰ ਦੀ ਬਾਹੀ ਵੱਲ ਬਾਬਾ ਬੁੱਢਾ ਜੀ ਦੀ ਬੇਰ ਹੈ. ਜਦੋਂ ਸ਼ਰੀ ਅਮ੍ਰਿਤਸਰ ਅਤੇ ਹਰਿਮੰਦਿਰ ਸਾਹਿਬ ਦੀ ਕਾਰ ਸੇਵਾ ਹੋ ਰਹੀ ਸੀ ਤਾਂ ਬਾਬਾ ਬੁੱਢਾ ਜੀ ਸੰਗਤ ਨੂੰ ਕਹੀਆਂ ਟੋਕਰੀਆਂ ਆਦਿ ਲੋੜਵੰਦ ਸਾਮਾਨ ਦਿੰਦੇ ਹੁੰਦੇ ਸਨ ਅਤੇ ਇਥੇ ਬੈਠਕੇ ਸਿੱਖਾਂ ਪਾਸੋਂ ਯੋਗਜ ਤਰੀਕੇ ਨਾਲ ਸੇਵਾ ਲੈਂਦੇ ਅਤੇ ਰਾਜ ਮਜ਼ਦੂਰਾਂ ਨੂੰ ਤਨਖ਼੍ਹਾਹ ਵੰਡਿਆ ਕਰਦੇ ਸਨ.

(੧੬) ਮੰਜੀ ਸਾਹਿਬ. ਸ਼੍ਰੀ ਦਰਬਾਰ ਸਾਹਿਬ ਦੇ ਪਾਸ ਗੁਰੂ ਕੇ ਬਾਗ ਅੰਦਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਅਸਥਾਨ ਹੈ. ਜਦੋਂ ਦਰਬਾਰ ਸਾਹਿਬ ਦੀ ਕਾਰ ਸੇਵਾ ਹੋ ਰਹੀ ਸੀ, ਤਦੋਂ ਗੁਰੂ ਜੀ ਇੱਥੇ ਬੈਠਕੇ ਦੀਵਾਨ ਲਗਾਇਆ ਕਰਦੇ ਸਨ.

ਗੁਰਦੁਆਰਾ ਕੇਵਲ ਇੱਕ ਉੱਚੇ ਥੜੇ ਪੁਰ ਮੰਜੀ ਸਾਹਿਬ ਹੈ. ਸੰਗ ਮਰਮਰ ਦੀ ਛਤਰੀ ਕੂਪਰ ਸਾਹਿਬ ਡਿਪਟੀ ਕਮਿਸ਼ਨਰ ਨੇ ਸਨ ੧੮੫੭ ਦੇ ਗਦਰ ਪਿੱਛੋਂ ਰਾਮਬਾਗ ਤੋਂ ਲਿਆਕੇ ਭੇਟਾ ਕੀਤੀ.

(੧੭) ਲਾਚੀ ਬੇਰੀ. ਦਰਸ਼ਨੀ ਦਰਵਾਜ਼ੇ ਦੇ ਪਾਸ ਇਹ ਭਾਈ ਸਾਲੋ ਜੀ ਦੀ ਬੇਰੀ ਹੈ. ਇਸ ਨੂੰ ਲਾਚੀਆਂ ਜੇਹੇ ਬੇਰ ਲਗਦੇ ਹਨ. ਇਸੀ ਤੋਂ ਇਸ ਦਾ ਨਾਉਂ ਲਾਚੀ ਬੇਰੀ ਹੋ ਗਿਆ ਹੈ. ਭਾਈ ਸਾਲੋ ਜੀ ਇੱਥੇ ਬੈਠਕੇ ਕਾਰ ਸੇਵਾ ਕਰਵਾਇਆ ਕਰਦੇ ਸਨ. ਸਤਿਗੁਰੂ ਅਰਜਨ ਦੇਵ ਭੀ ਇਸ ਬੇਰੀ ਹੇਠ ਵਿਰਾਜਦੇ ਰਹੇ ਹਨ.[100]

(੧੮) ਲੋਹ ਗੜ੍ਹ ਕਿਲਾ. ਦਰਵਾਜੇ ਲੋਹ ਗੜ੍ਹ ਦੇ ਅੰਦਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ. ਗੁਰੂ ਹਰਗੋਬਿੰਦ ਸਾਹਿਬ ਨੇ ਸ਼ਹਿਰ ਦੀ ਰਖਜਾ ਲਈ ਇਹ ਕਿਲਾ ਬਣਵਾਇਆ ਸੀ. ਸੰਮਤ ੧੬੮੬ ਵਿੱਚ ਗੁਰੂ ਸਾਹਿਬ ਨੇ ਇੱਥੇ ਹੀ ਸ਼ਾਹੀ ਸੈਨਾ ਦਾ ਮੁਕ਼ਾਬਲਾ ਸ੍ਵੈਰਖਜਾ ਲਈ ਕੀਤਾ ਸੀ. ਹੁਣ ਭੀ ਕਿਲੇ ਦੇ ਕੁਛ ਚਿੰਨ੍ਹ ਨਜ਼ਰ ਆਉਂਦੇ ਹਨ. ਗੁਰੂ ਸਾਹਿਬ ਦੇ ਵੇਲੇ ਦੀ ਇੱਕ ਬੇਰੀ ਹੈ. ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ਇਸ ਥਾਂ ਇੱਕ ਢਾਈ ਫੁੱਟ ਦਾ ਸ਼੍ਰੀ ਸਾਹਿਬ ਹੈ, ਜਿਸ ਨੂੰ ਸ਼੍ਰੀ ਗੁਰੂ ਹਰਿਗੋਬਿੰਦ ਜੀ ਦਾ ਦੱਸਿਆ ਜਾਂਦਾ ਹੈ.

(੧੯) ਸ਼੍ਰੀ ਅਮ੍ਰਿਤਸਰ ਜੀ ਵਿੱਚ ਕਿਲਾ ਭੰਗੀਆਂ ਗਲੀ ਠਾਕੁਰਦੁਆਰੇ ਵਾਲੀ, ਵਿੱਚ ਭਾਈ ਰਾਮ ਸਰਨ ਅਤੇ ਭਾਈ ਗਯਾਨ ਚੰਦ ਜੀ ਬ੍ਰਾਹਮਣਾਂ ਦੇ ਘਰ ਹੇਠ ਲਿਖੀਆਂ ਗੁਰੁਵਸਤੂਆਂ ਹਨ:-

ਗੁਰੂ ਹਰਿ ਰਾਇ ਸਾਹਿਬ ਜੀ ਦਾ ਆਸਾ, ਜੋ ਪੌਣੇ ਛੀ ਫੁੱਟ ਲੰਮਾ ਹੈ. ਇਹ ਇਨ੍ਹਾਂ ਬ੍ਰਾਹਮਣਾਂ ਦੇ ਬਜ਼ੁਰਗ ਭਾਈ ਹਰਾ ਨੂੰ ਗੁਰੂ ਹਰਿ ਰਾਇ ਸਾਹਿਬ ਨੇ ਬਖਸ਼ਿਆ ਸੀ.

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋੜਾ ਅਤੇ ਚੋਲਾ, ਜੋ ਭਾਈ ਹਰਾ ਦੇ ਪੁਤ੍ਰ, ਭਾਈ ਨੱਥੂ ਨੂੰ ਦਸ਼ਮੇਸ਼ ਨੇ ਆਨੰਦਪੁਰ ਬਖ਼ਸ਼ਿਆ.

ਅਮ੍ਰਿਤ ਸੰਸਕਾਰ: ਸਿੱਖ ਧਰਮ ਦਾ ਦੂਜਾ ਸੰਸਕਾਰ, ਜਿਸ ਦੀ ਰੀਤਿ ਇਉਂ ਹੈ:-

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਦੀਵਾਨ ਦੇ ਪੰਜ ਚੁਣੇ ਹੋਏ ਖੜਗਧਾਰੀ ਸਿੰਘ ਕਰਣੀ ਦੇ ਪੂਰੇ ਸਰਬਲੋਹ ਦੇ ਬਰਤਨ ਵਿੱਚ ਜਲ ਅਤੇ ਪਤਾਸੇ[101] ਮਿਲਾਕੇ ਯਥਾ ਕ੍ਰਮ "ਵੀਰਾਸਨ" ਲਗਾਕੇ ਖੰਡਾ ਫੇਰਦੇ ਹੋਏ ਇੱਕ ਮਨ ਹੋ ਕੇ ਜਪੁ, ਜਾਪੁ, ਸਵੈਯੇ, ਚੌਪਈ ਅਤੇ ਅਨੰਦ ਦਾ ਪਾਠ ਕਰਨ. ਬਾਣੀ ਦਾ ਭੋਗ ਪਾਕੇ ਅਰਦਾਸਾ ਸੋਧਕੇ ਅਮ੍ਰਿਤ ਛਕਾਇਆ ਜਾਵੇ.

ਅਮ੍ਰਿਤ ਛਕਣ ਵਾਲਾ ਜੋ ਕੇਸੀ ਇਸਨਾਨ ਕਰਕੇ ਨਿਰਮਲ ਵਸਤ੍ਰ ਪਹਿਨੇ ਸਿੰਘ ਲਿਬਾਸ ਵਿੱਚ ਕ੍ਰਿਪਾਨ ਪਹਿਨੇ ਖੜਾ ਹੈ, ਉਹ

---

[100] ਪੁਰਾਣੇ ਸਿੰਘਾਂ ਤੋਂ ਇਹ ਭੀ ਸੁਣਿਆ ਗਿਆ ਹੈ ਕਿ ਧਰਮਵੀਰ ਮੁਤਾਬ ਸਿੰਘ ਜੀ ਨੇ ਮੱਸੇ ਰੰਘੜ ਦਾ ਸਿਰ ਕੱਟਣ ਵੇਲੇ ਆਪਣਾ ਘੋੜਾ ਇਸੇ ਬੇਰੀ ਨਾਲ ਬੱਧਾ ਸੀ.

[101] ਵ੍ਰਿਧ ਬਾਬਾ ਨਿਹਾਲ ਸਿੰਘ ਜੀ ਅਤੇ ਬਿਬੇਕਾ ਸਿੰਘ ਜੀ ਆਦਿਕਾਂ ਤੋਂ ਸੁਣਿਆ ਹੈ ਕਿ ਕੇਸ਼ਗੜ੍ਹ ੧. ਵੈਸਾਖ ੧੭੫੬ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਤਾਸੇ ਜਲ ਵਿੱਚ ਨਹੀਂ ਮਿਲਾਏ ਅਤੇ ਮਾਤਾ ਜੀ ਦੇ ਪਤਾਸੇ ਮਿਲਾਉਣ ਵਾਲੀ ਕਥਾ ਕੇਵਲ ਕਲਪਨਾ ਹੈ. ਮਾਤਾ ਸੁੰਦਰੀ ਜੀ ਨੇ ਦਿੱਲੀ ਵਿੱਚ ਭਾਈ ਮਨੀ ਸਿੰਘ ਜੀ ਨੂੰ ਪਤਾਸੇ ਮਿਲਾਉਣ ਦਾ ਹੁਕਮ ਦਿੱਤਾ, ਤਦ ਤੋਂ ਪਤਾਸੇ ਪਾਉਣ ਦੀ ਰੀਤਿ ਚੱਲੀ.

ਮਨ ਨੂੰ ਏਕਾਗ੍ਰ ਕਰਕੇ ਵਾਹਗੁਰੂ ਦਾ ਜਾਪ ਜਪਦਾ ਰਹੇ.

ਅਮ੍ਰਿਤ ਦੇ ਜਿਗ੍ਯਾਸੂ ਨੂੰ ਵੀਰਾਸਨ ਬੈਠਾਕੇ ਪੰਜ ਚੁਲੇ ਅਮ੍ਰਿਤ ਦੇ ਛਕਾਏ ਜਾਣ. ਪੰਜ ਪੰਜ ਨੇਤ੍ਰਾਂ ਅਤੇ ਕੇਸ਼ਾਂ ਵਿੱਚ ਛਿੜਕੇ ਜਾਣ, ਅਤੇ ਬਾਟੇ ਵਿੱਚ ਬਚਿਆ ਹੋਇਆ ਅਮ੍ਰਿਤ ਸਿੰਘ ਅਥਵਾ ਸਿੰਘਾਂ ਨੂੰ ਛਕਾਕੇ ਇੱਕ ਸੁਨਹਿਰੀਏ ਬਣਾਇਆ ਜਾਵੇ.

ਹਰੇਕ ਚੁਲੇ ਨਾਲ- "ਬੋਲ ਵਾਹਗੁਰੂ ਜੀ ਕਾ ਖਾਲਸਾ ਬੋਲ ਵਾਹਗੁਰੂ ਜੀ ਕੀ ਫਤੇ" ਗਜਾਈ ਜਾਵੇ, ਅਤੇ ਛਕਣ ਵਾਲਾ- "ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ ਫਤੇ" ਗਜਾਵੇ. ਜੇ ਪਹਿਲਾਂ ਨਾਉਂ ਗੁਰੂ ਗ੍ਰੰਥ ਸਾਹਿਬ ਤੋਂ ਨਹੀਂ ਰੱਖਿਆ ਹੋਇਆ, ਤਾਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਤੁਕ ਲੈ ਕੇ ਪਹਿਲੇ ਅੱਖਰ ਅਨੁਸਾਰ ਨਾਉਂ ਰੱਖਿਆ ਜਾਵੇ.

ਇਸ ਪਿਛੋਂ ਖ਼ਾਲਸੇ ਦੀ ਰਹਿਤ ਦਾ ਉਪਦੇਸ਼ ਦੇਕੇ ਅਤੇ ਗੁਰੁਮੰਤ੍ਰ ਦਾ ਜਾਪ ਕਰਾਕੇ ਅਰਦਾਸਾ ਸੋਧ ਕੇ ਕੜਾਹ ਪ੍ਰਸਾਦ ਵਰਤੇ, ਅਤੇ ਅਮ੍ਰਿਤ ਵਾਲੇ ਬਾਟੇ ਵਿੱਚ ਹੀ ਜਹਾਜ਼ ਚੜ੍ਹੇ ਸਿੰਘ ਨੂੰ ਕੜਾਹ ਪ੍ਰਸਾਦ ਛਕਾਇਆ ਜਾਵੇ. ਜੇ ਬਹੁਤ ਸਿੰਘ ਅਮ੍ਰਿਤ ਛਕਣ ਵਾਲੇ ਹੋਣ ਤਾਂ ਸਾਰੇ ਇੱਕੋ ਬਰਤਨ ਵਿੱਚ ਪ੍ਰਸਾਦ ਛਕਣ, ਅਤੇ ਇੱਕ ਪਿਤਾ ਦੇ ਪੁਤ੍ਰ ਹੋਣ ਕਰਕੇ ਪਹਿਲੀ ਜਾਤਿ ਪਾਤਿ (ਗੋਤ) ਦਾ ਖ਼ਿਆਲ ਨਾ ਰੱਖਣ.

ਸਿੰਘਣੀਆਂ ਲਈ ਭੀ ਅਮ੍ਰਿਤ ਦੀ ਏਹੋ ਰੀਤਿ ਹੈ. ਕਈ ਸਿੱਖ, ਇਸਤਰੀਆਂ ਨੂੰ ਅਮ੍ਰਿਤ ਹੋਰ ਤਰ੍ਹਾਂ ਛਕਾਉਣਾ ਦੱਸਦੇ ਹਨ, ਪਰ ਏਹ ਕੇਵਲ ਮਨਮਤ ਹੈ.

ਅਮ੍ਰਿਤ ਕਾਲ: ਦੇਖੋ, ਅਮ੍ਰਿਤ ਵੇਲਾ.

ਅਮ੍ਰਿਤ ਕੁੰਡਲੀ: ਦੇਖੋ, ਤੋਮਰ ਛੰਦ ਦਾ ਰੂਪ ੩.

ਅਮ੍ਰਿਤ ਗਤਿ: ਇੱਕ ਮਾਤ੍ਰਿਕ ਅਤੇ ਵਰਣਿਕ ਛੰਦ. ਲੱਛਣ- ਚਾਰ ਚਰਣ- ਪ੍ਰਤਿ ਚਰਣ ਬਾਰਾਂ ਮਾਤ੍ਰਾ, ਅੰਤ ਨਗਣ, III.

ਉਦਾਹਰਣ-

ਸੁਮਤਿ ਮਹਾਂ ਰਿਖਿ ਰਘੁਵਰ।

ਦੁੰਦਭਿ ਬਾਜਤ ਦਰ ਦਰ।

ਜਗ ਕੀ ਅਸੁ ਧੁਨਿ ਘਰ ਘਰ।

ਪੂਰ ਰਹੀ ਧੁਨਿ ਸੁਰਪੁਰ॥ (ਰਾਮਾਵ)

੨- ਅਮ੍ਰਿਤ ਗਤਿ ਦਾ ਦੂਜਾ ਰੂਪ "ਤ੍ਵਰਿਤ ਗਤਿ" ਹੈ ਇਸ ਦਾ ਲੱਛਣ ਹੈ ਪ੍ਰਤਿ ਚਰਣ- ਨ, ਜ, ਨ, ਗ. III, ISI, III, S.

ਉਦਾਹਰਣ-

ਸੁਮਤਿ ਮਹਾਂ ਮੁਨਿ ਸੁਨਿਯੇ,

ਤਨ ਮਨ ਸ਼੍ਰੀ ਨਿਜ ਗੁਨਿਯੇ,

ਮਨ ਮੱਹ ਹੋਯ ਸੁ ਕਹਿਯੇ,

ਧਨ ਸਬ ਆਪਨ ਲਹਿਯੇ. (ਰਾਮ ਚੰਦ੍ਰਿਕਾ)

੩- ਅਮ੍ਰਿਤ ਗਤਿ ਦਾ ਤੀਜਾ ਰੂਪ- ਪ੍ਰਤਿ ਚਰਣ ੧੦. ਅੱਖਰ. ਪੰਜਵਾਂ ਅਤੇ ਦਸਮਾਂ ਵਰਣ ਗੁਰੁ. ਏਹ ਲੱਛਣ ਦੂਜੇ ਭੇਦ ਵਿੱਚ ਭੀ ਘਟਦਾ ਹੈ.

ਅਮ੍ਰਿਤ ਗੁਣ: ਵਿ- ਮੁਕਤਿ ਦਾਇਕ ਸ਼ੁਭ ਗੁਣ.

ਅਮ੍ਰਿਤ ਘਟ: ਅਮ੍ਰਿਤ ਦਾ ਘੜਾ। ੨. ਇੱਕ ਮਾਤ੍ਰਿਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ ੨੯ ਮਾਤ੍ਰਾ. ੧੬. ਅਤੇ ੧੩. ਉੱਪਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

ਰਾਮ ਜਨਾ ਮਿਲਿ ਭਇਆ[102] ਅਨੰਦਾ,

ਹਰਿ ਨੀਕੀ ਕਥਾ ਸੁਨਾਇ,

ਦੁਰਮਤਿ ਮੈਲੁ ਗਈ ਸਭ ਨੀਕਲਿ,

ਸਤਸੰਗਤਿ ਮਿਲਿ ਬੁਧਿ ਪਾਇ. xxx

(ਰਾਮ ਮਃ ੪)

ਅਮ੍ਰਿਤ ਜਲ: ਸੰਗਯਾ- ਖ਼ਾਲਸਾ ਧਰਮ ਦੇ ਸੰਸਕਾਰ ਲਈ ਗੁਰੁਬਾਣੀ ਦੀ ਸ਼ਕਤਿ ਸਹਿਤ ਅਮਰ ਪਦਵੀ ਦੇਣ ਵਾਲਾ ਜਲ। ੨. ਕਰਤਾਰ ਦਾ ਨਾਮ। ੩. ਅਮ੍ਰਿਤਸਰ ਸਰੋਵਰ ਦਾ ਜਲ.

ਅਮ੍ਰਿਤ ਧਾਰ, ਅਮ੍ਰਿਤ ਧਾਰਾ: ਸੰਗਯਾ- ਕਰਤਾਰ ਵਿੱਚ ਜੁੜੀ ਹੋਈ ਅਖੰਡ ਵ੍ਰਿੱਤੀ। ੨. ਯੋਗੀਆਂ ਦੀ ਮੰਨੀ ਹੋਈ ਅਮ੍ਰਿਤ ਦੀ ਧਾਰਾ. ਹਠ ਯੋਗ ਦੇ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਤਾਲੂਏ ਦੇ ਉੱਪਰ ਜੋ ਛਿਦ੍ਰ ਹੈ ਉਸ ਵਿੱਚ ਜੀਭ ਦੀ ਨੋਕ ਯੋਗੀ ਫਸਾਉਂਦੇ ਹਨ ਅਤੇ ਉਸ ਥਾਂ ਪਹੁਚਾਣ ਲਈ ਖ਼ਾਸ ਅਭਿਯਾਸ ਕਰਕੇ ਜੀਭ ਲੰਮੀ ਕੀਤੀ ਜਾਂਦੀ ਹੈ. ਪ੍ਰਾਣਾਯਾਮ ਦੇ ਬਲ ਕਰਕੇ ਮਸਤਕ ਵਿੱਚ ਇਸਥਿਤ ਚੰਦ੍ਰਮਾਂ ਤੋਂ ਅਮ੍ਰਿਤ ਦੀ ਧਾਰ ਟਪਕਣ ਲਗਦੀ ਹੈ, ਜਿਸ ਨੂੰ ਯੋਗੀ ਪੀਂਦਾ ਹੈ. ਇਸ ਦਾ ਨਾਉਂ "ਅਮ੍ਰਿਤ ਵਾਰੁਣੀ." ਭੀ ਹੈ। ੩. ਇੱਕ ਦਵਾਈ, ਜੋ ਜਵਾਇਨ ਦਾ ਸਤ, ਪਦੀਨੇ ਦਾ ਸਤ ਅਤੇ ਮੁਸ਼ਕ ਕਪੂਰ, ਤਿੰਨਾਂ ਦੇ ਸਮ ਮੇਲ ਤੋਂ ਬਣਦੀ ਹੈ. ਅਮ੍ਰਿਤਧਾਰਾ ਪੇਟ ਦੇ ਰੋਗਾਂ ਲਈ ਉੱਤਮ ਔਖਧ ਹੈ.

ਅਮ੍ਰਿਤਧਾਰੀ: ਵਿ- ਓਹ ਸਿੰਘ, ਜਿਸ ਨੇ ਅਮ੍ਰਿਤ ਛਕਿਆ ਹੈ। ੨. ਅਮ੍ਰਿਤ ਦੀ ਨਦੀ। ੩. ਅਮ੍ਰਿਤ ਦੀ ਧਾਰਾ। ੪. ਕੀਰਤਨ ਦੀ ਧੁਨਿ। ੫. ਹਰਿਕਥਾ. ਦੇਖੋ, ਅੰਮ੍ਰਿਤਧਾਰੀ.

ਅਮ੍ਰਿਤ ਧੁਨਿ, ਅਮ੍ਰਿਤ ਧ੍ਵਨਿ: ਸੰ. ਅਮ੍ਰਿਤ ਧ੍ਵਨਿ. ਹਰਿ ਕੀਰਤਨ ਦੀ ਧ੍ਵਨਿ। ੨. ਇੱਕ ਮਾਤ੍ਰਿਕ ਛੰਦ. ਲੱਛਣ- ਛੀ ਚਰਣ. ਪਹਿਲੇ ਦੋ ਚਰਣ ਦੋਹਾ, ਪਿਛਲੇ ਚਾਰ ਚਰਣ ਚੌਬੀਹ ਚੌਬੀਹ ਮਾਤ੍ਰਾ ਦੇ, ਜਿਨ੍ਹਾਂ ਵਿੱਚ ਅੱਠ ਅੱਠ ਮਾਤ੍ਰਾ ਉੱਪਰ ਤਿੰਨ ਤਿੰਨ ਅਨੁਪ੍ਰਾਸ ਹੋਣ. ਅਤੇ ਦੋਹੇ ਦਾ ਅੰਤਿਮ ਪਦ ਸਿੰਘਾਵਲੋਕਨ ਨਯਾਯ ਕਰਕੇ ਤੀਜੀ ਤੁਕ ਦੇ ਮੁੱਢ, ਅਤੇ ਦੋਹੇ ਦੇ ਆਦਿ ਦਾ ਪਦ ਛੀਵੀਂ ਤੁਕਦੇ ਅੰਤ ਆਵੇ. ਇਹ ਛੰਦ ਖਾਸ ਕਰਕੇ ਵੀਰ ਰਸ ਦੇ ਕਾਵਯ ਲਈ ਵਰਤੀਦਾ ਹੈ.

ਉਦਾਹਰਣ-

ਥਲ ਥਲ ਦਲ ਖਲਭਲ ਪਰਜੋ, ਲੋਥ ਉਲੱਥਪਲੱਥ,

ਜਸਵਾਰੀ ਕੋ ਫਿਰਤ ਹੈ, ਹਾਥੀ ਹੱਥ ਪ੍ਰਮੱਥ, -

ਹੱਥ ਪ੍ਰਮੱਥਥ, ਥਕਿਤ ਨ ਪੱਥਥ, ਥਿਤ ਜਾਂਹਿ ਜੁਥੱਥ,

ਥਲ ਥਲ ਗੁਥੱਥ, ਥਿਰਤ ਨ ਸਥੱਥ, ਥਰ ਥਰ ਗੁਥੱਥ,

ਥਕਤ ਨ ਕਿਥੱਥ, ਥਿਰ ਥਿਰ ਚਿੱਥਥ, ਬਪੁ ਉਪਲੱਥਥ,

ਥੁਰਿਯਨ ਮੱਥਥ, ਥਕਤ ਪਰੱਥਥ, ਮਲ ਦਲ ਥਲ ਥਲ. (ਗੁਪ੍ਰਸੂ)

---

[102] ਛੰਦ ਲਈ ਪਾਠ 'ਭਯਾ' ਹੈ

**ਅਮ੍ਰਿਤ ਨੀਰ:** ਦੇਖੋ, ਅਮ੍ਰਿਤ ਜਲ.

**ਅਮ੍ਰਿਤ ਫਲ:** ਸੰ. ਸੰਗਜਾ- ਅੰਬ। ੨. ਸੀਤਾ ਫਲ (ਸ਼ਰੀਫ਼ਾ). ੩. ਕੇਲਾ। ਅੰਗੂਰ। ੫. ਨਾਸ਼ਪਾਤੀ। ੬. ਅਨਾਰ। ੭. ਵਿ- ਰਸਦਾਇਕ ਫਲ. "ਬਣ ਤ੍ਰਿਣ ਤ੍ਰਿਭਵਣ ਮਉਲਿਆ ਅਮ੍ਰਿਤ ਫਲ ਪਾਈ." (ਬਸੰ ਵਾਰ)

**ਅਮ੍ਰਿਤ ਬੂੰਦ:** ਸੰਗਜਾ- ਸ੍ਵਾਤਿ ਬੂੰਦ। ੨. ਨਾਮ ਦੀ ਵਰਖਾ. "ਹਰਿ ਅਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ." (ਬਾਰਾਮਾਹਾ ਮਾਝ)

**ਅਮ੍ਰਿਤ ਰਾਇ, ਅਮ੍ਰਿਤ ਰਾਯ:** ਦਸ਼ਮੇਸ਼ ਦੇ ਦਰਬਾਰ ਦਾ ਕਵੀ, ਜੋ ਛੈਲਰਾਯ ਭੱਟ ਦਾ ਸੁਪੁਤ੍ਰ ਲਹੌਰ ਨਿਵਾਸੀ ਸੀ. ਇਸ ਨੇ ਸਤਿਗੁਰੂ ਦੀ ਆਗਜਾ ਅਨੁਸਾਰ ਮਹਾਭਾਰਤ ਦੇ ਸਭਾ ਪਰਵ ਦਾ ਹਿੰਦੀ ਅਨੁਵਾਦ ਕੀਤਾ ਹੈ. ਦੇਖੋ, ਇਸ ਦੀ ਕਵਿਤਾ:-

ਮਨਹਰ

ਜਾਂਹੀ ਓਰ ਜਾਊਂ ਅਤਿ ਆਦਰ ਤਹਾਂ ਤੇ ਪਾਊਂ,

ਤੇਰੇ ਗੁਨ ਗਨ ਕੋ ਅਗਾਊ ਗਨੇ ਸ਼ੇਸ਼ ਜੂ,

ਹੀਰ ਚੀਰ ਮੁਕਤਾ ਜੇ ਦਿਨ ਪ੍ਰਤਿ ਦਾਨ ਦੇਤ,

ਤਿਨੈ ਦੇਖ ਦੇਖ ਅਭਿਲਾਖਤ ਧਨੇਸ਼ ਜੂ,

ਗੁਨਿਨ ਮੇ ਗੁਨੀ ਕਵਿ ਅਮ੍ਰਿਤ ਪਢੈਯਾ ਤੇਰੋ,

ਜਬ ਇਨੈ ਹੇਰੋ ਪਜਾਰ ਕੀਜੈ ਅਮਰੇਸ਼ ਜੂ,

ਸ਼੍ਰੀ ਗੁਰੂ ਗੋਬਿੰਦ ਸਿੰਘ ਛੀਰਨਿਧਿ ਪਾਰ ਭਈ,

ਕੀਰਤਿ ਤਿਹਾਰੀ ਤੁਮੈ ਕਹਿਕੈ ਸੰਦੇਸ ਜੂ.

ਪ੍ਰਿਯਾ ਪ੍ਰੇਮ ਸੋ ਸਿੰਗਾਰੀ ਹਾਸਜ ਸੋ ਵਿਨੋਦ ਭਾਰੀ

ਦੀਨਨ ਪੈ ਕਰੁਣਾਨੁਸਾਰੀ ਸੁਖ ਦੀਨੋ ਹੈ,

ਕੀਨੇ ਅਰਿ ਰੁੰਡ ਮੁੰਡ ਰੁਦ੍ਰ ਰਸ ਭਰਯੋ ਝੁੰਡ,

ਫੌਜਨ ਸੁਧਾਰਨ ਮੇ ਬੀਰ ਰਸ ਕੀਨੋ ਹੈ,

ਡੰਕ ਸੁਨ ਲੰਕ ਭਯਭੀਤ ਸਤ੍ਰੁ ਬਾਮ ਨਿੰਦਾ,

ਵਿਕ੍ਰਮ ਪ੍ਰਬਲ ਅਦਭੁਤ ਰਸੋ ਲੀਨੋ ਹੈ,

ਬ੍ਰਹਮਗਜਾਨ ਸਮ ਰਸ ਅਮ੍ਰਿਤ ਵਿਰਾਜੈ ਸਦਾ

ਸ਼੍ਰੀ ਗੁਰੂ ਗੋਬਿੰਦ ਰਾਇ ਨਵੋ ਰਸ ਭੀਨੋ ਹੈ.

ਪ੍ਰਿਥਮੇ ਹੈ ਜਾਯੋ ਪ੍ਰਿਥੁ ਬੇਨ ਨ੍ਰਿਪ ਲੈ ਖਿਲਾਯੋ

ਚੂਮ ਚੂਮ ਮੁਖ ਦੈ ਦਧੀਚਿ ਸੁਖ ਦੀਨੋ ਹੈ,

ਬਲਿ ਰਾਜ ਮਨ ਭਾਯੋ ਹਰਿਚੰਦ ਲੈ ਲਡਾਯੋ

ਚਲਨ ਸਿਖਾਯੋ ਕਲ ਕਰਣ ਪ੍ਰਬੀਨੋ ਹੈ,

ਵਿਕ੍ਰਮ ਪਢਾਯੋ ਭੋਜ ਭੋਜਨ ਕਰਾਯੋ ਜਗ
ਦੇਵ ਪਹਿਰਾਯੋ ਜਗ ਅਭਿਲਾਖ ਲੀਨੋ ਹੈ,
ਸ਼੍ਰੀ ਗੁਰੂ ਗੋਬਿੰਦ ਰਾਇ ਅਮ੍ਰਿਤ ਸੁਦ੍ਰਿਸ਼੍ਰਿ ਹੀ ਤੇ
ਤੈਂ ਤੋ ਪ੍ਰਤਿਪਾਲ ਛਿਤਿਪਾਲ 'ਜਸ' ਕੀਨੋ ਹੈ.

ਅਮ੍ਰਿਤ ਵੇਲਾ: ਸੰਗਜਾ- ਰਾਤ ਦੇ ਪਿਛਲੇ ਹਿੱਸੇ ਦੀਆਂ ਪਹੁ ਫਟਣ ਤੋਂ ਪਹਿਲੀ ਚਾਰ ਘੜੀਆਂ।

੨. ਮੋਕ੍ਸ਼ ਦਾਇਕ ਵੇਲਾ. ਮੁਕਤਿ ਵੇਲਾ.

ਅਮ੍ਰਿਤਾ: ਸੰ. अमृता. ਸੰਗਜਾ- ਗਿਲੋ। ੨. ਹਰੜ। ੩. ਮਘ ਪਿੱਪਲੀ। ੪. ਦੁੱਬ. ਦੂਰਵਾ। ੫. ਰਸੌਂਤ.

ਅਮ੍ਰਿਤਾਂਸੁ: ਸੰ. अमृतांशु. ਯੌ- ਅਮ੍ਰਿਤ ਹੈ ਜਿਸ ਦੀ ਅੰਸ਼ੁ (ਕਿਰਣਾਂ) ਵਿੱਚ. ਚੰਦ੍ਰਮਾ. ਸੁਧਾਂਸ਼ੁ.

ਅਮ੍ਰਿਤਾ ਮ੍ਰਿਤ: ਵਿ- ਅਮ੍ਰਿਤ ਨੂੰ ਭੀ ਸੁਆਦ ਦੇਣ ਵਾਲਾ. ਅਮ੍ਰਿਤ ਦਾ ਸਾਰ ਰੂਪ. "ਅਮ੍ਰਿਤਾਮ੍ਰਿਤ ਹੈ." (ਜਾਪੁ)

ਅਮ੍ਰਿਤੇਸ਼: ਸੰਗਜਾ- ਦੇਵਤਾ. ਅਮ੍ਰਿਤ ਦੇ ਸ੍ਵਾਮੀ।

੨. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ.

ਅਮ੍ਰਿਤੋਦਭਵ: ਵਿ- ਅਮ੍ਰਿਤ ਤੋਂ ਉਦਭਵ (ਪੈਦਾ ਹੋਇਆ). ੨. ਸੰਗਜਾ- ਅਮ੍ਰਿਤਸਰ ਤੀਰਥ. ਦੇਖੋ, ਉਦਕਭੁਕ.

ਅਮ੍ਰਿਤਜੁ: ਵਿ- ਮ੍ਰਿਤਜੁ ਰਹਿਤ. ਅਮਰ. ਮੌਤ ਤੋਂ ਬਿਨਾ.

ਅਯ: ਸੰ. अय्. ਧਾ- ਜਾਣਾ. ਭੱਜਣਾ। ਸੰ. अयस्- ਅਯਃ ਸੰਗਜਾ- ਅਗਨਿ। ੩. ਲੋਹਾ. "ਬਨਹਿ ਹੇਮ ਅਯ ਪਾਰਸ ਸਾਥ." (ਗੁਪ੍ਰਸੂ) ੪. ਸ਼ਸਤ੍ਰ. "ਅਯ ਧਾਰਨ ਹੈ." (ਕਲਕੀ)

ਅਯਸ: ਸੰ. अयशस्- ਸੰਗਜਾ- ਯਸ਼ ਦਾ ਵਿਰੋਧ. ਬਦਨਾਮੀ। ੨. ਵਿ- ਬਦਨਾਮ.

ਅਯਸਕਾਂਤ: ਸੰ. अयस्कान्त- ਅਯਸ੍ਕਾਂਤ. ਸੰਗਜਾ- ਚੁੰਬਕ. ਦੇਖੋ, ਚੁੰਬਕ.

ਅਯਦਹਾ: ਦੇਖੋ, ਅਜਦਹਾ.

ਅਯਨ: ਸੰ. ਸੰਗਜਾ- ਘਰ. ਭਵਨ. ਨਿਵਾਸ ਦਾ ਅਸਥਾਨ। ੨. ਵਰ੍ਹੇ ਦਾ ਛੀ ਮਹੀਨੇ ਦਾ ਸਮਾਂ. ਵਿਸ਼ੁਵਤ ਰੇਖਾ ਉੱਤਰ ਅਤੇ ਦੱਖਣ ਵੱਲ ਸੂਰਜ ਦੀ ਗਤਿ. ਉੱਤਰਾਇਣ ਅਤੇ ਦਕ੍ਸ਼ਿਣਾਇਣ.[103] ਦੇਖੋ, ਵਿਸ਼ੁਵਤ ਰੇਖਾ। ੩. ਰਾਹ. ਮਾਰਗ। ੪. ਦੇਖੋ, ਐਨ.

ਅਯ, ਅ਼ਯਾਂ: ਅ਼. عیاں ਵਿ- ਸਾਫ. ਖੁਲ੍ਹਾ. ਭ੍ਰਮ ਰਹਿਤ.

ਅਯਾਸ: ਸੰ. ਸੰਗਜਾ- ਯਤਨ. ਕੋਸ਼ਿਸ਼। ੨. ਵਿ- ਅਣਥੱਕ। ੩. ਅ਼. عیاش ਅ਼ੱਯਾਸ਼. ਐਸ਼ ਕਰਨ ਵਾਲਾ. ਭੋਗੀ. ਵਿਲਾਸੀ.

ਅਯਾਗ਼: ਤੁ. ایاغ ਸੰਗਜਾ- ਪਿਆਲਾ. ਖਾਸ ਕਰਕੇ ਸ਼ਰਾਬ ਦਾ ਪਿਆਲਾ। ੨. ਸੰ. ਯਾਗ (ਜੱਗ) ਤੋਂ ਬਿਨਾਂ.

ਅਯਾਚੀ: ਸੰ. अयाचिन्. ਵਿ- ਨਾ ਮੰਗਣ ਵਾਲਾ. ਸੰਤੋਖੀ.

ਅਯਾਨਪ: ਸੰਗਜਾ- ਅਨਜਾਣਪੁਰਾ. ਅਗਜਾਨਤਾ. ਇਆਣਪ.

---

[103] ੧੦ ਪੋਹ ਤੋਂ ੯. ਹਾੜ ਤੀਕ ਦਾ ਸਮਾ ਉੱਤਰਾਯਣ ਅਤੇ ੧੦. ਰਾਹ ਤੋਂ ੯. ਪੋਹ ਤੀਕ ਦਕਿਣਾਯਣ ਹੈ.

ਅਯਾਨਾ: ਵਿ- ਅਨਜਾਣ. ਨਾਵਾਕ਼ਿਫ਼. "ਨਾਹੀ ਰਾਮ ਅਯਾਨਾ." (ਆਸਾ ਕਬੀਰ) ੨. ਸੰਗਯਾ- ਬਾਲਕ. ਇਆਣਾ.

ਅਯਾਮ: ਅ਼. ایّام ਯੌਮ (ਦਿਨ) ਦਾ ਬਹੁ ਵਚਨ.

ਅਯਾਰਦਾਨਿਸ਼: ਦੇਖੋ, ਅੱਬੁਲਫ਼ਜ਼ਲ। ੨. ਦੇਖੋ, ਅੱਯਾਰ.

ਅਯਾਲ: ਫ਼ਾ. ایال ਸੰਗਯਾ- ਕੇਸ਼ਰ. ਸ਼ੇਰ ਘੋੜੇ ਆਦਿ ਦੀ ਗਰਦਨ ਦੇ ਲੰਮੇ ਬਾਲ। ੨. ਅ਼. عیال ਅ਼ਯਾਲ. ਸੰਗਯਾ- ਕੁਟੰਬ. ਪਰਿਵਾਰ। ੩. ਸਤਾਨ। ੪. ਜਿਸ ਦੇ ਪਾਲਨ ਦੀ ਜਿੰਮੇਵਾਰੀ ਹੋਵੇ. ਨੌਕਰ ਆਦਿ.

ਅਯਾਲੀ: ਦੇਖੋ, ਅਜਾਲੀ.

ਅਯਿ: ਸੰ. ਵ੍ਯ- ਕੋਮਲ ਸੰਬੋਧਕ ਸ਼ਬਦ. ਐ! ਹੇ!

ਅਯੁਕਤ: ਸੰ. ਅਯੁਕ੍ਤ. ਵਿ- ਅਯੋਗ੍ਯ. ਨਾ ਮੁਨਾਸਿਬ। ੨. ਨਾ ਜੁੜਿਆ ਹੋਇਆ. ਨਾ ਮਿਲਿਆ ਹੋਇਆ. ਅਲਗ. ਵੱਖਰਾ.

ਅਯੁਤ.

ਸੰ. ਸੰਗਯਾ- ਦਸ ਹਜ਼ਾਰ. "ਅਯੁਤ ਬਰਖ ਤ੍ਰੇਤੇ ਚਿਤ ਧਰਹੀ." (ਨਾਪ੍ਰ)

ਅਯੁਧ੍ਯਾ: ਦੇਖੋ, ਅਯੋਧ੍ਯਾ.

ਅਯੋਅੰਙੈ: ਅ- ਏ- ਊ- ਅੰ- ਅਃ ਟਾਂਕਰਿਆਂ ਦੀ ਮੁਹਾਰਨੀ ਪੜ੍ਹਾਨ ਵੇਲੇ ਪਾਧੇ ਇਸ ਤਰ੍ਹਾਂ ਉੱਚਾਰਣ ਕਰਦੇ ਹਨ, ਜਿਸ ਅਨੁਸਾਰ ਸਤਿਗੁਰੂ ਨੇ ਉਪਦੇਸ਼ ਦਿੱਤਾ ਹੈ. "ਅਯੋਅੰਙੈ ਸਭ ਜਗ ਆਇਆ ਕਾਖੈ ਘੰਙੈ ਕਾਲ ਭਇਆ." (ਆਸਾ ਪਟੀ ਮਃ ੩)

ਅਯੋਗ: ਸੰ. ਸੰਗਯਾ- ਜੁਦਾਈ. ਭਿੰਨਤਾ। ੨. ਕੁ ਸਮਯ (ਕੁ ਸਮਾ). ਖੋਟਾ ਵੇਲਾ। ੩. ਦੇਖੋ, ਅਯੋਗ੍ਯ.

ਅਯੋਗ੍ਯ: ਸੰ. ਵਿ- ਨਾ ਯੋਗ੍ਯ. ਨਾਮੁਨਾਸਿਬ. ਅਨੁਚਿਤ. ਬੇਜਾ। ੨. ਨਾਲਾਇਕ. ਨਿਕੰਮਾ.

ਅਯੋਧਨ: ਸੰ. ਆਯੋਧਨ. ਸੰਗਯਾ- ਯੁੱਧ. ਜੰਗ। ੨. ਰਣ ਭੂਮਿ. ਮੈਦਾਨੇ ਜੰਗ। ੩. ਦੇਖੋ, ਅਜੋਧਨ.

ਅਯੋਧ੍ਯ: ਵਿ- ਜੋ ਜਿੱਤਿਆ ਨਾ ਜਾ ਸਕੇ. ਜਿਸ ਨਾਲ ਜੰਗ ਨਾ ਕੀਤਾ ਜਾ ਸਕੇ.

ਅਯੋਧ੍ਯਾ[104]: ਯੂ. ਪੀ. ਵਿੱਚ ਫੈਜਾਬਾਦ ਜਿਲੇ ਦੀ ਸਰਜੂ (ਸਰਯੂ) ਨਦੀ ਦੇ ਕਿਨਾਰੇ ਕੋਸ਼ਲ ਦੇਸ ਦੀ ਪ੍ਰਧਾਨ ਪੁਰੀ, ਜਿਸ ਦੀ ਹਿੰਦੂਆਂ ਦੀਆਂ ਸੱਤ ਪਵਿਤ੍ਰ ਪੁਰੀਆਂ ਵਿੱਚ ਗਿਣਤੀ ਹੈ. ਰਾਮਚੰਦ੍ਰ ਜੀ ਦਾ ਜਨਮ ਇਸੇ ਥਾਂ ਹੋਇਆ ਹੈ, ਅਤੇ ਇਹ ਸੂਰਯਵੰਸ਼ੀ ਰਾਜਿਆਂ ਦੀ ਚਿਰ ਤੀਕ ਰਾਜਧਾਨੀ ਰਹੀ ਹੈ. ਵਾਲਮੀਕਿ ਨੇ ਲਿਖਿਆ ਹੈ ਕਿ ਅਯੋਧ੍ਯਾ ਵੈਵਸ੍ਵਤ ਮਨੁ ਨੇ ਵਸਾਈ ਸੀ. ਅਤੇ ਇਸ ਦੀ ਲੰਬਾਈ ੧੨. ਯੋਜਨ ਅਤੇ ਚੌੜਾਈ ਦੋ ਯੋਜਨ ਦੱਸੀ ਹੈ. ਇਸ ਨਗਰੀ ਵਿੱਚ ਤਿੰਨ ਗੁਰੁਦਵਾਰੇ ਹਨ.

(ੳ) ਸ਼੍ਰੀ ਗੁਰੂ ਨਾਨਕ ਦੇਵ ਦਾ, ਜੋ ਹੁਣ ਪ੍ਰਸਿੱਧ ਨਹੀਂ.

(ਅ) ਸਰਯੂ ਦੇ ਕਿਨਾਰੇ ਰਾਜਾ ਦਸ਼ਰਥ ਦੀ ਸਮਾਧਿ ਪਾਸ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ.

(ੲ) ਵਸਿਸ਼੍ਠ ਕੁੰਡ ਪਾਸ ਦਸਵੇਂ ਗੁਰੂ ਸਾਹਿਬ ਦਾ. ਕਲਗੀਧਰ ਪਟਨੇ ਤੋਂ ਪੰਜਾਬ ਨੂੰ ਆਉਂਦੇ ਇੱਥੇ ਵਿਰਾਜੇ ਹਨ.

ਅਯੋਨਿ: ਵਿ- ਜਨਮ ਰਹਿਤ. ਜੋ ਯੋਨਿ ਵਿੱਚ ਨਹੀਂ ਆਉਂਦਾ। ੨. ਸੰਗਯਾ- ਕਰਤਾਰ. ਬ੍ਰਹਮ.

ਅਯੰ: ਸੰ. ਸਰਵ- ਇਹ. ਯਹ.

---

[104] ਅਯੋਧ੍ਯਾ ਸ਼ਬਦ ਤੋਂ ਹੀ ਅਵਧ ਬਣਿਆ ਹੈ ਜੋ ਸ਼ਹਰ ਅਤੇ ਆਸ ਪਾਸ ਦੇ ਦੇਸ਼ ਲਈ ਵਰਤਿਆ ਜਾਂਦਾ ਹੈ.

ਅੱਯਾਰ: ਅ਼. عیار ਚਾਲਾਕ। ੨. ਫਰੇਬੀ. ਛਲੀਆ. ਇਸ ਦਾ ਮੂਲ ਐ਼ਰ (ਘੋੜੇ ਦੀ ਭਾਜ) ਹੈ.

ਅਰ: ਵਜ- ਦੋ ਸ਼ਬਦਾਂ ਨੂੰ ਜੋੜਨ ਵਾਲਾ. ਅਤੇ, ਔਰ. ਦੇਖੋ, ਅਰੁ। ੨. ਸੰ. अर. ਸੰਗਯਾ- ਪਹੀਏ ਦਾ ਗਜ਼। ੩. ਕੂਣਾ. ਨੁੱਕਰ। ੪. ਸਿਵਾਲ. ਕਾਈ। ੫. ਸ਼ਸਤ੍ਰਨਾਮ ਮਾਲਾ ਵਿੱਚ ਅਜਾਣ ਲਿਖਾਰੀਆਂ ਨੇ "ਅਜ" ਦੀ ਥਾ 'ਅਰ' ਸ਼ਬਦ ਲਿਖਿਆ ਹੈ. ਯਥਾ- "ਅਰ ਅਨੁਜਨਿਨੀ." (ਅੰਕ ੯੪੧) ਇਸ ਥਾਂ "ਅਜ ਅਨੁਜਨਿਨੀ."- ਚਾਹੀਏ। ੬. ਅੜ. ਜਿੱਦ। ੭. ਰੋਕ. ਵਿਘਨ. "ਕਿਹ ਸਿਖ ਕੋ ਕਾਰਜ ਅਰ ਜਾਇ." (ਗੁਪ੍ਰਸੂ)

ਅਰਸ਼: ਅ਼. عرش ਅ਼ਰਸ਼. ਸੰਗਯਾ- ਰਾਜਸਿੰਘਾਸਨ। ੨. ਖ਼ੁਦਾ ਦਾ ਤਖ਼ਤ। ੩. ਸੁਰਗ. ਦੇਵਲੋਕ. "ਖ਼ੁਦਾਵੰਦ ਬਖ਼ਸ਼ੰਦ ਓ ਐ਼ਸ਼ ਅ਼ਰਸ਼." (ਜਫਰ) ੪. ਆਕਾਸ਼। ੫. ਛੱਤ। ੬. ਸੰ. अरस. ਵਿ- ਨਿਰਸ. ਰਸ ਰਹਿਤ। ੭. अर्शस्. ਅਸ਼ੰ. ਸੰਗਯਾ- ਬਵਾਸੀਰ ਰੋਗ.

ਅਰਸਹੁ ਕੁਰਸਹੁ, ਅਰਸ ਕੁਰਸ: ਦੇਖੋ, ਕੁਰਸ.

ਅਰਸਤੂ, ਅਰਸਤੂੰ: ارسطو ਅੰ. Aristotle. ਯੂ Aristoteles. ਪ੍ਰਾਚੀਨ ਸਮੇਂ ਦੇ ਪ੍ਰਸਿੱਧ ਫ਼ਿਲਾਸਫ਼ਰਾਂ ਵਿੱਚੋਂ ਇੱਕ ਵਿਦ੍ਵਾਨ, ਜੋ ਸਨ ਈਸਵੀ ਤੋਂ ੩੮੪ ਵਰ੍ਹੇ ਪਹਿਲਾਂ ਯੂਨਾਨ ਦੇਸ਼ ਦੀ ਨਵੀਂ ਬਸਤੀ ਸ੍ਟਜੀਰਾ ਵਿੱਚ ਪੈਦਾ ਹੋਇਆ. ਇਸ ਦਾ ਪਿਤਾ ਨੀਕੋਮੇਕਸ ਸ਼ਾਹੀ ਤਬੀਬ (ਵੈਦ) ਸੀ. ਅਰਸਤੂ ਦੇ ਮਾਤਾ ਪਿਤਾ ਇਸ ਦੇ ਛੁਟਪਨ ਵਿਚ ਹੀ ਗੁਜ਼ਰ ਗਏ ਸਨ. ਇਹ ੧੭. ਵਰ੍ਹਿਆਂ ਦੀ ਉਮਰ ਵਿੱਚ ਯੂਨਾਨ ਦੀ ਰਾਜਧਾਨੀ ਐਥਿਨਜ਼ ਪਹੁੰਚਿਆ ਅਤੇ ਮਹਾਤਮਾ ਅਫਲਾਤੂੰ ਦਾ ਸ਼ਿਸ਼ਯ ਹੋਇਆ. ਉੱਥੇ ਨਿਰੰਤਰ ਵੀਹ ਵਰ੍ਹਿਆਂ ਤੀਕ ਇਸੇ ਮਹਾਰਿਖੀ ਦੇ ਚਰਨਾਂ ਵਿੱਚ ਰਹਿਕੇ ਵਿਦ੍ਯਾ ਪ੍ਰਾਪਤ ਕਰਦਾ ਰਿਹਾ. ਅਫਲਾਤੂੰ ਦੇ ਦੇਹਾਂਤ ਮਗਰੋਂ ਅਰਸਤੂ ਐਥਿਨਜ਼ ਛੱਡਕੇ ਆਪਣੇ ਮਿਤ੍ਰ ਹਰਮੀਆਸ ਕੋਲ, ਜੋ ਐਟਾਰਨੀਅਸ ਦਾ ਸ੍ਵਤੰਤ੍ਰ ਹਾਕਿਮ ਸੀ, ਚਲਾ ਗਿਆ. ਇੱਥੇ ਇਸ ਦੀ ਸ਼ਾਦੀ ਪਿਥੀਆ ਨਾਲ ਹੋਈ, ਜੋ ਸ਼ਾਹ ਹਰਮੀਆਸ ਦੀ ਭੈਣ ਸੀ. ਥੋੜੇ ਚਿਰ ਪਿੱਛੋਂ ਹਰਮੀਆਸ ਈਰਾਨੀਆਂ ਦੇ ਮਨਸੂਬਿਆਂ ਵਿੱਚ ਫਸ ਗਿਆ ਅਤੇ ਅਰਸਤੂ ਆਪਣੀ ਪਤਨੀ ਸਮੇਤ ਮੀਟੀਲੀਨੀ ਚਲਾ ਗਿਆ. ਦੋ ਸਾਲ ਮਗਰੋਂ ਇਸ ਨੂੰ ਮਕਦੂਨੀਆ ਦੇ ਬਾਦਸ਼ਾਹ ਫ਼ੈਲਬੂਸ (Philippos)[105] ਨੇ ਬੁਲਵਾਇਆ ਅਤੇ ਆਪਣੇ ਪੁਤ੍ਰ ਸਿਕੰਦਰ ਦਾ ਅਤਾਲੀਕ ਮੁਕੱਰਰ ਕੀਤਾ. ਅਰਸਤੂ ਅੱਠ ਵਰ੍ਹੇ ਮਕਦੂਨਵੀ ਦਰਬਾਰ ਵਿੱਚ ਵਡੇ ਸਨਮਾਨ ਨਾਲ ਰਿਹਾ.

ਜਦ ਸਿਕੰਦਰ ਦਿਗਵਿਜੈ ਦੀ ਉਮੰਗ ਵਿੱਚ ਏਸ਼ੀਆ ਵੱਲ ਤੁਰਗਿਆ, ਤਾਂ ਅਰਸਤੂ ਐਥਿਨਜ਼ ਚਲਾਗਿਆ. ਉਥੇ ਲਗਾਤਾਰ ੧੩. ਵਰ੍ਹੇ ਲੀਸੀਅਮ ਨਾਮੇ ਆਸ਼੍ਰਮ ਵਿੱਚ ਫ਼ਿਲਾਸਫ਼ੀ ਦਾ ਪ੍ਰਚਾਰ ਕਰਦਾ ਰਿਹਾ. ਅਰਸਤੂ ਆਪਣੇ ਚੇਲਿਆਂ ਨੂੰ ਵਿਸ਼ੇਸ਼ ਕਰਕੇ ਤੁਰਦਿਆਂ ਫਿਰਦਿਆਂ ਸਿਖ੍ਯਾ ਦੇਆ ਕਰਦਾ ਸੀ, ਇਸ ਕਾਰਣ ਇਸ ਦੀ ਸੰਪ੍ਰਦਾ ਦਾ ਨਾਉਂ ਫਿਰਤੂਨੀ (Peripatetics) ਪੈ ਗਿਆ.

ਇਸ ਨੇ ਅਨੇਕ ਵਿਸ਼ਿਆਂ ਤੇ ਉੱਤਮ ਗ੍ਰੰਥ ਲਿਖੇ ਹਨ. ਇੱਕ ਗ੍ਰੰਥ ਕਰਤਾ ਲਿਖਦਾ ਹੈ ਕਿ ਅਰਸਤੂ ਦੇ ਲਿਖੇ ਗ੍ਰੰਥਾਂ ਦੀ ਗਿਣਤੀ ੧੦੦੦ ਹੈ.[106] ਅਰਸਤੂ ਦੇ ਉਨ੍ਹਾਂ ਗ੍ਰੰਥਾਂ ਤੋਂ ਜਿਨ੍ਹਾਂ ਨੂੰ (Corpus Aristotelicum ਵਿੱਚ) ਪ੍ਰਮਾਣਿਕ ਮੰਨਿਆ ਗਿਆ ਹੈ, ਸਿੱਧ ਹੁੰਦਾ ਹੈ ਕਿ ਸਚਮੁਚ ਇਹ ਇੱਕ ਅਲੌਕਿਕ ਪੁਰੁਸ਼ ਹੋਇਆ ਹੈ.

ਤਰਕ: (Logic), ਨੀਤੀ (Ethics), ਰਾਜਸ਼ਾਸਨ (Politics), ਅਰਥਸ਼ਾਸਤ੍ਰ (Economics), ਕਾਵ੍ਯ (Poetics), ਅਲੰਕਾਰ ਸ਼ਾਸਤ੍ਰ (Rhetoric), ਜੰਤੋਤ- ਪੱਤੀ (Natural history of animals), ਪਦਾਰਥ ਵਿਦ੍ਯਾ (Physics), ਆਤਮ ਵਿਦ੍ਯਾ (Metaphysics) ਆਦਿਕ ਵਿਸ਼ਿਆਂ ਤੇ ਇਸ ਦੇ ਗ੍ਰੰਥ, ਵਿਦ੍ਵਾਨਾਂ ਦੇ ਵਿਚਾਰ ਦਾ ਲਕ੍ਸ਼੍ਯ ਅਤੇ ਅਮੀਰਾਂ ਦੇ ਪੁਸ੍ਤਕਾਲਿਆਂ ਦਾ ਸ਼੍ਰਿੰਗਾਰ ਹਨ.

ਯੂਰਪ ਵਿੱਚ ਅਰਸਤੂ ਦਾ ਵਿਸ਼ੇਸ਼ਣ 'ਵਿਦ੍ਵਾਨੇਸ਼੍ਵਰ' (Master of the wise) ਪ੍ਰਸਿੱਧ ਹੈ. ਇਸ ਦੇ ਗ੍ਰੰਥਾਂ ਦਾ ਉਲਥਾ ਤਕਰੀਬਨ ਯੂਰਪ ਦੀਆਂ ਸਾਰੀਆਂ ਬੋਲੀਆਂ ਵਿੱਚ ਹੋ ਚੁੱਕਾ ਹੈ ਅਤੇ ਯੂਨੀਵਰਸ੍ਟੀਆਂ ਤੇ ਐਕੇਡਿਮੀਆਂ ਦੀਆਂ ਉੱਚ

[105] ਦੇਖੋ, ਫੈਲਕੂਸ.

[106] ਦੇਖੋ. Deller's Aristotle and the Earher Peripetetics Vol. I. P. 49.

ਪਦਵੀਆਂ ਦੇ ਇਮਤਹਾਨਾਂ ਲਈ ਵਿਦਿਜਾਰਥੀਆਂ ਨੂੰ ਏਨ੍ਹਾਂ ਦੇ ਪੜ੍ਹਨ ਦੀ ਲੋੜ ਪੈਂਦੀ ਹੈ. ਅਰਸਤੂ ੬੨ ਵਰ੍ਹਿਆਂ ਦੀ ਉਮਰ ਭੋਗਕੇ ਬੀ. ਸੀ. ੩੨੨ ਵਿੱਚ ਸੰਸਾਰ ਤੋਂ ਵਿਦਾ ਹੋਇਆ. "ਬੋਲ ਅਰਸਤੂੰ ਮੰਤ੍ਰ ਵਿਚਰਜੋ." (ਚਰਿਤ੍ਰ ੨੧੭)

ਅਰਸਾ: ਅ਼. عرسہ ਅ਼ਰਸਾ. ਸੰਗਯਾ- ਸਮਾ. ਕਾਲ. ਵੇਲਾ। ੨. ਚਿਰ. ਦੇਰ। ੩. ਮੈਦਾਨ.

ਅਰਸਾਤ: ਦੇਖੋ, ਸਵੈਯੇ ਦਾ ਰੂਪ ੧੨.

ਅਰਹਟ: ਸੰ. ਅਰਘੱਟ. ਸੰਗਯਾ- ਘਟੀਯੰਤ੍ਰ. ਹਰਟ.

ਅਰਹਰ: ਸੰਗਯਾ- ਹਰਹਰ. ਤੁਵਰ. ਇੱਕ ਪ੍ਰਕਾਰ ਦਾ ਪੌਦਾ, ਜਿਸਦੇ ਫਲ ਦੀ ਦਾਲ ਬਣਦੀ ਹੈ.

ਅਰਹੰਤ: ਦੇਖੋ, ਅਰ੍ਹੰਤ. "ਧਰ ਅਰਹੰਤ ਦੇਵ ਕੋ ਰੂਪਾ." (ਅਰਹੰਤਾਵ)

ਅਰਕ: ਸੰ. अर्क्. ਧਾ- ਤਪਾਉਣਾ. ਪ੍ਰਸ਼ੰਸਾ ਕਰਨਾ. ਵਡਿਆਉਣਾ। ੨. ਸੰ. अर्क. ਅਰ੍ਕ. ਸੰਗਯਾ- ਸੂਰਜ। "ਕਮਲ ਬਦਨ ਪ੍ਰਾਚੀ ਦਿਸਿ ਜਿਹ ਕੋ ਵਾਕ ਅਰਕ ਪਰਮਾਨਾ." (ਨਾਪ੍ਰ) ੩. ਅੱਕ. "ਅਰਕ ਜਵਾਸ ਪਾਤ ਬਿਨ ਭਇਉ." (ਤੁਲਸੀ) ੪. ਇੰਦ੍ਰ। ੫. ਤਾਂਬਾ। ੬. ਅਗਨਿ। ੭. ਪੰਡਿਤ. ਵਿਦ੍ਵਾਨ। ੮. ਵਡਾ ਭਾਈ। ੯. ਬਾਰਾਂ ਦੀ ਗਿਣਤੀ, ਕਿਉਂਕਿ ਸੂਰਜ ਬਾਰਾਂ ਮੰਨੇ ਹਨ। ੧੦. ਅ਼. عرق ਅ਼ਰਕ਼. ਪਸੀਨਾ. ਮੁੜ੍ਹਕਾ। ੧੧. ਨਾਲ ਵਿੱਚਦੀਂ ਚੋਇਆ ਹੋਇਆ ਰਸ। ੧੨. ਕਿਸੇ ਵਸਤੁ ਦਾ ਸਾਰ. ਤਤ੍ਵ. ਨਿਚੋੜ.

ਅਰਕ ਸੁਤ, ਅਰਕਜ: ਸੰਗਯਾ- ਅਰ੍ਕ (ਸੂਰਜ) ਦਾ ਪੁਤ੍ਰ. ਧਰਮਰਾਜ. ਯਮ। ੨. ਸ਼ਨੈਸ਼੍ਚਰ (ਛਨਿੱਛਰ). ੩. ਕਰਣ। ੪. ਸੁਗ੍ਰੀਵ.

ਅਰਕ ਬਾਦਿਯਾਂ: ਫ਼ਾ. عرق بادیاں ਸੰਗਯਾ- ਬਾਦਿਯਾਂ (ਸੌਂਫ) ਦਾ ਅ਼ਰਕ਼. ਇਸ ਦੇ ਸੌਂਫ ਵਾਲੇ ਹੀ ਗੁਣ ਹਨ. ਦੇਖੋ, ਸੌਂਫ.

ਅਰਕਾਨ: ਦੇਖੋ, ਯਰਕਾਨ.

ਅਰਕੀ: ਵਿ- ਅਰਕ (ਸੂਰਜ) ਨਾਲ ਸੰਬੰਧਿਤ. ਸੂਰਜ. ਦਾ। ੨. ਸੰਗਯਾ- ਸੂਰਜ ਦਾ ਪੁਤ੍ਰ. ਛਨਿੱਛਰ। ੩. ਯਮ. ਧਰਮਰਾਜ। ੪. ਦੇਖੋ, ਸੰਕਰਖਣ ੩.

ਅਰਖਨ: ਦੇਖੋ, ਆਕਰਖਣ। ੨. ਸੰ. आर्षक्रम्- ਆਰ੍ਸ਼ਕ੍ਰਮ. ਰਿਖੀਆਂ ਦੀ ਪਰਿਪਾਟੀ. ਰਿਸ਼ੀ ਲੋਕਾਂ ਦੀ ਮਯਾਂਦਾ (ਮਰਜਾਦਾ).

ਅਰਖੇਉ: ਸੰ. आर्षेय- ਆਰ੍ਸ਼ੇਯ. ਸੰਗਯਾ- ਰਿਸ਼ਿ ਕਰਮ. ਉੱਤਮ ਸਾਧੂ ਲੋਕਾਂ ਦਾ ਆਚਾਰ. "ਗੁਰਮੁਖ ਆਸ ਨਿਰਾਸ ਮਤਿ ਅਰਖੇਉ ਹੈ." (ਭਾਗੁ) ਆਰ੍ਸ਼ੇਯ ਮਤਿ.

ਅਰਗਜਾ: ਸੰਗਯਾ- ਸੁਗੰਧ ਵਾਲੇ ਪਦਾਰਥਾਂ ਦੇ ਮੇਲ ਤੋਂ ਬਣਾਇਆ ਹੋਇਆ ਇੱਕ ਪਦਾਰਥ, ਜੋ ਵਸਤ੍ਰ ਅਤੇ ਸ਼ਰੀਰ ਨੂੰ ਸੁਗੰਧਿਤ ਕਰਨ ਲਈ ਵਰਤੀਦਾ ਹੈ. "ਮ੍ਰਿਗ ਮਦ ਗੌਰਾ ਚੋਆ ਚੰਦਨ ਕੁਸੁਮ ਦਲ ਸਗਲ ਸੁਗੰਧਿ ਕੈ ਅਰਗਜਾ ਸੁਭਾਸ ਹੈ." (ਭਾਗੁ ਕ)

ਕਸਤੂਰੀ, ਮੁਸ਼ਕ ਬਿੱਲੀ ਦੀ ਚਿਕਨਾਈ, ਇਤਰ, ਚੰਦਨ, ਕੇਸਰ, ਗੁਲਾਬਫੁੱਲ ਦੇ ਪੱਤੇ, ਇਨ੍ਹਾਂ ਤੋਂ ਅਰਗਜਾ ਬਣਦਾ ਹੈ.

ਅਰਗਲ, ਅਰਗਲਾ: ਸੰ. अर्गला- ਅਰ੍ਗਲਾ. ਸੰਗਯਾ- ਕਿਵਾੜ ਦੇ ਅੰਦਰਲੇ ਪਾਸੇ ਲਾਈ ਹੋਈ ਕਾਠ ਦੀ ਲੰਮੀ ਅਰਲੀ, ਜਿਸ ਕਰਕੇ ਬਾਹਰੋਂ ਕਿਵਾੜ ਨਾ ਖੁਲ ਸਕੇ. ੨. ਅੰਕੁੜਾ. ਬਿੱਲੀ. ਚਟਖਨੀ। ੩. ਤੰਤ੍ਰ ਸ਼ਾਸਤ੍ਰ ਅਨੁਸਾਰ ਕਿਸੇ ਮੰਤ੍ਰ ਦੇ ਰੋਕਣ ਦੀ ਕ੍ਰਿਯਾ. ਦੇਖੋ, ਕੀਲ.

ਅਰਗਾਈ: ਪ੍ਰਾ. ਸੰਗਯਾ- ਖਾਮੋਸ਼ੀ. ਚੁੱਪ. "ਜਸੋਂ ਤਗ ਆਗੇ ਅਗ ਅਰਗਾਈ." (ਨਾਪ੍ਰ) ਜੈਸੇ ਤਗਜ (ਤਤ੍ਵਗਯਾਨੀ) ਅੱਗੇ

ਅਗ਼ (ਅਗ੍ਯਾਨੀ) ਚੁੱਪ ਹੋ ਜਾਂਦਾ ਹੈ.

**ਅਰਗਾਨਾ:** ਪ੍ਰਾ. ਕ੍ਰਿ- ਚੁੱਪ ਹੋਣਾ. ਖਾਮੋਸ਼ੀ ਅਖ਼ਤਯਾਰ ਕਰਨੀ.

**ਅਰਗਾਰ, ਅਰਗਾਰੰ:** ਵਿ- ਅਰਿ- ਗਾਲਕ. ਵੈਰੀ ਦੇ ਨਾਸ਼ ਕਰਨ ਵਾਲਾ.

**ਅਰਘ:** ਸੰ. ਅਰ੍‍ਘੰ. ਸੰਗ੍ਯਾ- ਭੇਟਾ. ਪੂਜਾ। ੨. ਮੁੱਲ. ਕੀਮਤ। ੩. ਜਲ, ਦੁੱਧ, ਕੁਸ਼ਾ, ਦਹੀਂ, ਸਰ੍ਹੋਂ, ਚਾਵਲ ਅਤੇ ਜੌਂ, ਜੋ ਦੇਵਤਾ ਨੂੰ ਅਰਪਨ ਕਰੇ ਜਾਣ। ੪. ਦੇਵਤਾ ਨੂੰ ਜਲ ਦਾਨ ਦੇਣ ਦੀ ਕ੍ਰਿਯਾ। ੫. ਜਲ ਦਾਨ ਕਰਨ ਦਾ ਪਾਤ੍ਰ, ਜੋ ਗਊ ਦੇ ਕੰਨ ਜੇਹਾ ਹੁੰਦਾ ਹੈ. ਅਰਘਾ। ੬. ਮੋਤੀ. "ਅਰਘ ਗਰਭ ਨ੍ਰਿਪ ਤ੍ਰਿਯਨ ਕੋ ਭੇਦ ਨ ਪਾਯੋ ਜਾਇ." (ਚਰਿਤ੍ਰ ੧) ਮੋਤੀ, ਗਰਭ, ਰਾਜਾ, ਇਸਤ੍ਰੀ ਇਨ੍ਹਾਂ ਦਾ ਭੇਤ ਨਹੀਂ ਮਿਲਦਾ. ਸਮੁੰਦਰ ਵਿੱਚ ਮੋਤੀ ਦੀ ਠੀਕ ਥਾਂ ਅਤੇ ਮੋਤੀ ਦਾ ਮੁੱਲ ਜਾਣਨਾ ਕਠਿਨ ਹੈ. ਗਰਭ ਵਿੱਚ ਕੀ ਹੈ, ਇਸ ਦਾ ਗ੍ਯਾਨ ਭੀ ਔਖਾ ਹੈ.

**ਅਰਘਾ:** ਦੇਖੋ, ਅਰਘ ੫.

**ਅਰਚ:** ਸੰ. ਅਰ੍‍ਚ੍. ਧਾ- ਪੂਜਾ ਕਰਨ. ਸੇਵਾ ਕਰਨਾ. ਮਾਨ ਕਰਨਾ. ਸਵਾਰਨਾ. ਉਸਤਤਿ (ਸ੍ਤੁਤਿ) ਕਰਨਾ. ਸ੍ਥਾਪਨ (ਥਾਪਨਾ).

**ਅਰਚਨ, ਅਰਚਾ:** ਸੰ. ਅਰ੍‍ਚਨ. ਅਰ੍‍ਚਾ. ਸੰਗ੍ਯਾ- ਪੂਜਨ ਪੂਜਾ। ੨. ਆਦਰ. ਸਤਕਾਰ. ਦੇਖੋ, ਅਰਚ ਧਾ. "ਪੂਜਾ ਅਰਚਾ ਆਹਿ ਨ ਤੋਰੀ." (ਗੂਜ ਰਵਦਾਸ)

**ਅਰਚਾਰ:** ਸੰ. ਅਰ੍‍ਚਾਰ੍‍ਹ- ਅਰ੍‍ਚਾਰ੍‍ਹੰ. ਵਿ- ਅਰਚਾ (ਪੂਜਾ) ਅਰ੍‍ਹੰ (ਯੋਗ੍ਯ). ੨. ਸਨਮਾਨ ਯੋਗ੍ਯ. ਆਦਰ ਲਾਇਕ. "ਆਗੜ ਦੀ ਇੱਕ ਅਰਚਾਰ ਪਾਗੜ ਦੀ ਪੂਜਾ ਜਬ ਕੁੱਪਹਿ." (ਪਾਰਸਾਵ) ਜਦ ਸਨਮਾਨ ਯੋਗ੍ਯ ਪੂਜਾ ਕ੍ਰੋਧ ਨੂੰ ਪ੍ਰਾਪਤ ਹੋਵੇਗੀ.

**ਅਰਚਿ:** ਸੰ. ਅਰ੍‍ਚਿੰ. ਸੰਗ੍ਯਾ- ਕਿਰਣ। ੨. ਅੱਗ ਦੀ ਲਾਟ.

**ਅਰਚੈ ਕੈ ਘਰਿ:** ਅਰਚਾ (ਪੂਜਾ) ਕਰਨ ਵਾਲੇ ਲੋਕਾਂ ਦੇ ਸੰਗ ਵਿੱਚ. "ਅਰਚੈ ਕੈ ਘਰਿ ਰਹੈ ਉਦਾਸ।ਪਰਚੈ ਕੈ ਘਰਿ ਕਰੈ ਨਿਵਾਸ." (ਰਤਨਮਾਲਾ) ਕਰਮ ਕਾਂਡੀਆਂ ਤੋਂ ਉਦਾਸ ਹੋਕੇ, ਆਤਮਾ ਦਾ ਪਰਚਾ (ਗ੍ਯਾਨ) ਪ੍ਰਾਪਤ ਕਰਨ ਵਾਲਿਆਂ ਵਿੱਚ ਨਿਵਾਸ ਕਰੇ. ਭਾਵ- ਕਰਮ ਕਾਂਡ ਤੋਂ ਉਪਰਾਮ ਹੋਕੇ ਗ੍ਯਾਨ ਕਾਂਡ ਨਾਲ ਪ੍ਰੇਮ ਕਰੇ.

**ਅਰਛੇਨ:** ਵਿ- ਅਰਿ- ਕ੍ਸ਼ਯਣ. ਵੈਰੀਆਂ ਦੇ ਨਾਸ਼ ਕਰਨ ਵਾਲਾ. "ਅਰਛੇਨ ਬੇਨ ਮਹਾਂ ਬਲੀ." (ਬੇਨਰਾਜ)

**ਅਰਜ:** ਸੰ. ਅਰ੍‍ਜ੍. ਧਾ- ਪੈਦਾ ਕਰਨਾ. ਜਮਾ ਕਰਨਾ. ਕਮਾਉਣਾ. ਤਿਆਰ ਕਰਨਾ. ਉੱਦਮ ਕਰਨਾ। ੨. ਅ਼. عرض ਅ਼ਰਜ਼. ਸੰਗ੍ਯਾ- ਪੇਸ਼ ਕਰਨਾ. ਭਾਵ- ਬੇਨਤੀ. ਪ੍ਰਾਰਥਨਾ. "ਯਕ ਅਰਜ ਗੁਫਤਮ ਪੇਸ ਤੋਂ." (ਤਿਲੰ ਮਃ ੧) ੩. ਚੌੜਾਈ. ਚੌੜਾਨ. ਵਿਸਤਾਰ। ੪. ਫ਼ਾ. آرزو ਆਰਜ਼ੂ. ਮਨੋਰਥ. "ਸਚਾ ਅਰਜੁ ਸਚੀ ਅਰਦਾਸ." (ਆਸਾ ਮਃ ੧) ੫. ارج ਭਾਉ. ਨਿਰਖ਼। ੬. ਕ਼ੀਮਤ. ਮੁੱਲ। ੭. ਕ਼ਦਰ.

**ਅਰਜਦਾਸ੍ਤ:** ਫ਼ਾ. عرض داشت ਅ਼ਰਜ਼ਦਾਸ੍ਤ. ਸੰਗ੍ਯਾ- ਵਿਨਯ ਪਤ੍ਰ. ਪ੍ਰਾਰਥਨਾ ਪਤ੍ਰ. ਦੇਖੋ, ਅਰਦਾਸ.

**ਅਰਜਨ:** ਸੰ. ਅਰ੍‍ਜਨ. ਸੰਗ੍ਯਾ- ਕਮਾਉਣਾ. ਖੱਟਣਾ. ਦੇਖੋ, ਅਰ੍‍ਜ੍ਸ਼ ਧਾ। ੨. ਸੰਗ੍ਰਹ (ਜਮਾ) ਕਰਨਾ. "ਸ੍ਰੀ ਅਰਜਨ ਅਰਜਨ ਕਰੀ ਅਰਜਨ ਬਾਨੀ ਜੈਸ" (ਪੰਪ੍ਰ) ੩. ਸੰ. ਅਰ੍‍ਜੁਨ. ਇੱਕ ਬਿਰਛ, ਜਿਸ ਨੂੰ ਜਮਲਾ ਭੀ ਆਖਦੇ ਹਨ. ਇਹ ਸਦਾਬਹਾਰ ਜਾਤੀ ਵਿੱਚੋਂ ਹੈ. ਚੇਤ ਵੈਸਾਖ ਵਿੱਚ ਇਸ ਨੂੰ ਫੁੱਲ ਆਉਂਦੇ ਹਨ. ਇਸ ਦੀ ਲੱਕੜ ਬਹੁਤ ਮਜਬੂਤ ਹੁੰਦੀ ਹੈ. L. Terminalia- Arjuna. ੪. ਪਾਂਡਵਾਂ ਵਿੱਚੋਂ ਮੰਝਲਾ ਭਾਈ, ਜੋ ਧਨੁਖਵਿਦ੍ਯਾ ਵਿੱਚ ਆਪਣੇ ਸਮੇਂ ਅਦੁਤੀ ਸੀ. ਮਹਾਭਾਰਤ ਵਿੱਚ ਲਿਖਿਆ ਹੈ ਕਿ ਕੁੰਤੀ ਦੇ ਉਦਰ ਤੋਂ ਇਹ ਇੰਦ੍ਰ ਦੇ ਸੰਜੋਗ ਨਾਲ ਜਨਮਿਆ ਸੀ. ਵਿਰਾਟ ਪਰਬ ਦੇ ਚੌਤਾਲੀਸਵੇਂ ਅਧ੍ਯਾਯ ਵਿੱਚ ਲੇਖ ਹੈ ਕਿ ਅਰ੍‍ਜੁਨ (ਉੱਜਲ) ਕਰਮ ਕਰਨ ਤੋਂ ਨਾਉਂ ਅਰ੍‍ਜੁਨ ਹੋਇਆ. ਦਸਮਗ੍ਰੰਥ ਵਿੱਚ ਅਰਜੁਨ ਬਾਈਸਵਾਂ ਅਵਤਾਰ ਲਿਖਿਆ ਹੈ:-

ਕਥਾ ਬ੍ਰਿੱਧ ਕਸ ਕਰੋਂ ਵਿਚਾਰਾ?

ਬਾਇਸਵੋਂ ਅਰਜਨ ਅਵਤਾਰਾ. (ਨਰਾਵ) ੫. ਕ੍ਰਿਤਵੀਰਯ ਦਾ ਪੁਤ੍ਰ ਸਹਸ੍ਰਵਾਹੁ, ਜਿਸ ਦਾ ਨਾਉਂ ਸਹਸ੍ਰਾਜੁੰਨ ਭੀ ਹੈ. ਇਹ ਹੈਹਯ ਵੰਸ਼ ਦਾ ਪ੍ਰਤਾਪੀ ਰਾਜਾ ਸੀ. ਦੇਖੋ, ਸਹਸ੍ਰਵਾਹੁ ਅਤੇ ਰੇਣੁਕਾ। ੬. ਚਿੱਟੇ ਰੰਗ ਦੀ ਕਨੇਰ। ੭. ਮੋਰ। ੮. ਇੰਦ੍ਰ।

੯. ਸਿੱਖ ਕੌਮ ਦੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ, ਜਿਨ੍ਹਾਂ ਦਾ ਜਨਮ ਵੈਸਾਖ ਪ੍ਰਵਿਸ਼੍ਟ ੧੯. (ਵੈਸਾਖ ਵਦੀ ੭) ਸੰਮਤ ੧੬੨੦ (੧੫ ਏਪ੍ਰਿਲ ਸਨ ੧੫੬੩) ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੇ ਉਦਰ ਤੋਂ ਗੋਇੰਦਵਾਲ ਹੋਇਆ. ੨੩ ਹਾੜ ਸੰਮਤ ੧੬੩੬ ਨੂੰ ਕ੍ਰਿਸਨ ਚੰਦ ਦੀ ਸੁਪੁਤ੍ਰੀ ਗੰਗਾ ਦੇਵੀ ਜੀ ਨਾਲ ਮਉ ਪਿੰਡ ਵਿਆਹ ਹੋਇਆ, ਜਿਸ ਦੇ ਉਦਰ ਤੋਂ ਮਹਾਂਵੀਰ ਸੁਪੁਤ੍ਰ ਗੁਰੂ ਹਰਗੋਬਿੰਦ ਜੀ ਜਨਮੇ.

ਗੁਰੂ ਅਰਜਨ ਸਾਹਿਬ ੨. ਅੱਸੂ ਸੰਮਤ ੧੬੩੮ (੧ ਸਤੰਬਰ ਸਨ ੧੫੮੧) ਨੂੰ ਗੁਰੂ ਗੱਦੀ ਤੇ ਵਿਰਾਜੇ ਅਤੇ ਉੱਤਮ ਰੀਤੀ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ. ਕੌਮੀ ਕਾਰਜਾਂ ਦੇ ਨਿਰਵਾਹ ਲਈ ਸਿੱਖਾਂ ਦੀ ਧਰਮਕਿਰਤ ਵਿੱਚੋਂ ਦਸਵੰਧ (ਦਸ਼ਮਾਂਸ਼) ਲੈਣ ਦੀ ਮਰਜਾਦਾ ਬੰਨ੍ਹੀ. ਸੰਮਤ ੧੬੪੫ ਵਿੱਚ ਸੰਤੋਖਸਰ ਤਾਲ ਪੱਕਾ ਕਰਵਾਇਆ ਅਰ ਸੰਮਤ ੧੬੪੫ ਵਿੱਚ ਹੀ ਹਰਿਮੰਦਿਰ ਦੀ ਨਿਉਂ ਰੱਖੀ, ਸੰਮਤ ੧੬੪੭ ਵਿੱਚ ਤਰਨਤਾਰਨ ਤਾਲ ਰਚਿਆ. ਸੰਮਤ ੧੬੫੧ ਵਿੱਚ ਕਰਤਾਰਪੁਰ ਨਗਰ (ਜਿਲਾ ਜਾਲੰਧਰ ਵਿੱਚ) ਵਸਾਇਆ, ਸੰਮਤ ੧੬੫੯- ੬੦ ਵਿੱਚ ਰਾਮਸਰ ਅਤੇ ਸੰਮਤ ੧੬੬੧ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ. ਇਸੇ ਸਾਲ ਸਿੱਖ ਧਰਮ ਦੇ ਪੁਸਤਕ ਨੂੰ ਹਰਿਮੰਦਿਰ ਅੰਦਰ ਥਾਪਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਠਹਿਰਾਇਆ.

ਗੁਰੁਮਤ ਦੇ ਨਿਯਮਾਂ ਦੀ ਰਾਖੀ ਕਰਦੇ ਹੋਏ ਅਤੇ ਸਤਜਪ੍ਰਤਿਗਜਾ ਦੀ ਕਸੌਟੀ ਉੱਤੇ ਸਿੱਖਾਂ ਨੂੰ ਅਚਲ ਰਹਿਣ ਦਾ ਸਬਕ ਦੱਸਣ ਲਈ ਜੇਠ ਸੁਦੀ ੪. (੨ ਹਾੜ੍ਹ) ਸੰਮਤ ੧੬੬੩ (੩੦ ਮਈ ਸਨ ੧੬੦੬) ਨੂੰ ਰਾਵੀ ਦੇ ਕਿਨਾਰੇ ਲਹੌਰ ਜੋਤੀ ਜੋਤਿ ਸਮਾਏ. ਆਪ ਦਾ ਪਵਿਤ੍ਰ ਦੇਹਰਾ ਕਿਲੇ ਪਾਸ ਇਸ ਸਮੇਂ ਸਿੱਖਾਂ ਦਾ ਯਾਤ੍ਰਾ ਅਸਥਾਨ ਹੈ.

ਪੰਜਵੇਂ ਸਤਿਗੁਰੂ ਨੇ ੨੪ ਵਰ੍ਹੇ ੯. ਮਹੀਨੇ ਗੁਰਿਆਈ ਕੀਤੀ ਅਤੇ ੪੩ ਵਰ੍ਹੇ ੧. ਮਹੀਨਾ ੧੫. ਦਿਨ ਸਾਰੀ ਉਮਰ ਭੋਗੀ.

"ਗੁਰੁਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ."

ਅਤੇ- "ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ." (ਸਵੈਯੇ ਮਃ ੫. ਕੇ)

੧੦ ਵਿ- ਚਿੱਟਾ. ਉੱਜਲ। ੧੧. ਨਿਰਮਲ. ਸ਼ੁੱਧ.

ਭਾਈ ਸੰਤੋਖ ਸਿੰਘ ਜੀ ਨੇ ਅਰਜਨ ਅਤੇ ਅਰਜੁਨ ਸ਼ਬਦ ਇਕੱਠੇ ਕਰ ਦਿੱਤੇ ਹਨ, ਇਸ ਲਈ ਅਸੀਂ ਭੀ ਦੋਵੇਂ ਸ਼ਬਦ ਇੱਕੇ ਥਾਂ ਲਿਖੇ ਹਨ.

ਅਰਜਨ[107] ਸੁਨਤ ਸੁ ਦਾਸਨ ਕੋ ਦਾਨ ਦੇਤ

ਮੋਹ ਕੇ ਵਿਦਾਰਬੇ ਕੋ ਵਾਕ ਸਰ ਅਰਜਨ,[108]

ਅਰਜਨ[109] ਯਸ ਵਿਸਤੀਰਨ ਸੰਤੋਖ ਸਿੰਘ

ਜਹਾਂ ਤਹਾਂ ਜਾਨਿਯਤ ਮਾਨੋ ਤਰੁ ਅਰਜਨ,[110]

ਅਰਜਨ[111] ਭਏ ਗਨ ਮੋਖਪਦ ਲਏ ਤਿਨ

---

[107] ਅਰਜਾਂ ਬੇਨਤੀਆਂ.
[108] ਅਰਜੁਨ ਪਾਂਡਵ.
[109] ਉੱਜਲ.
[110] ਅਰਜੁਨ ਬਿਰਛ.
[111] ਨਿਰਮਲ. ਸ਼ੁੱਧ ਅੰਤਹਕਰਣ ਹੈ ਜਿਸ ਦਾ.

ਸਜਾਮਘਨ ਤਨ ਹੋਯ ਤੋਰੇ ਯਮਲਾਰਜਨ,[112]

ਅਰਜ[113]ਨ ਜਾਨਜੋਜਾਇ ਕੇਤੋ ਹੈ ਵਿਥਾਰ ਤੇਰੋ

ਐਸੋ ਰੂਪ ਧਾਰ ਆਇ ਰਾਜੈਂ ਗੁਰੁ ਅਰਜਨ.

(ਗੁਪ੍ਰਸੂ)

ਅਰਜਨ ਸਤਿਗੁਰੂ: ਦੇਖੋ, ਅਰਜਨ ੯.

ਅਰਜਨ ਪਿਤਾ: ਅਰਜੁਨ ਦਾ ਪਿਤਾ ਇੰਦ੍ਰ.

ਅਰਜੁਨ: ਦੇਖੋ, ਅਰਜਨ.

ਅਰਜ ਬੇਗੀ: ਫ਼ਾ. عرض بیگی ਅ਼ਰਜ ਬੇਗੀ. ਸੰਗਯਾ- ਅਰਜ਼ ਪਹੁਚਾਉਣ ਵਾਲਾ ਇੱਕ ਕਰਮਚਾਰੀ. ਮੁ਼ਗਲ ਬਾਦਸ਼ਾਹਾਂ ਵੇਲੇ ਉਹ ਅਹੁਦੇਦਾਰ, ਜੋ ਲੋਕਾਂ ਦੀਆਂ ਅਰਜਾਂ ਬਾਦਸ਼ਾਹ ਪਾਸ ਪਹੁਚਾਇਆ ਕਰਦਾ ਸੀ. "ਖਰੋ ਅਰਜਬੇਗੀ ਤਿਸ ਥਾਨੈ." (ਗੁਪ੍ਰਸੂ)

ਜ਼ਨਾਨੇ ਮਹਿਲ ਵਿੱਚ ਅਰਜ ਪਹੁਚਾਉਣ ਵਾਲੀ

"ਉਰਦਾ ਬੇਗਨੀ" ਹੋਇਆ ਕਰਦੀ ਸੀ.

ਅਰਜਮੰਦ: ਫ਼ਾ. ارجمند ਵਿ- ਅਰਜ (ਕ਼ੀਮਤ) ਵਾਲਾ ੨. ਉੱਤਮ। ੩. ਮਾਨ ਯੋਗ੍ਯ. ਪ੍ਰਤਿਸ਼੍ਠਾ ਵਾਲਾ। ੪. ਕ਼ਦਰ ਲਾਇਕ਼.

ਅਰਜਾ: ਦੇਖੋ, ਆਰਜਾ

ਅਰਜ਼ਾਂ: ਫ਼ਾ. ارزاں ਵਿ- ਸਸਤਾ.

ਅਰਜਾਧਿ, ਅਰਜਾਧੇ: ਸੰਗ੍ਯਾ- ਆਰਜਾ- ਅਵਧਿ. ਉਮਰ ਦੀ ਮਯਾਦ. ਅਵਸਥਾ ਦੀ ਹੱਦ. "ਪਲ ਖਿਨਿ ਛੀਜੈ ਅਰਜਾਧੇ." (ਆਸਾ ਮਃ ੫)

ਅਰਜਾਨੀ, ਅਰਜਾਨੀ ਮਲ: ਬਾਬਾ ਮੋਹਰੀ ਜੀ ਦਾ ਸੁਪੁਤ੍ਰ, ਗੁਰੂ ਅਮਰਦੇਵ ਜੀ ਦਾ ਪੋਤਾ, ਜੋ ਮ੍ਰਿਤਕ ਦਸ਼ਾ ਤੋਂ ਸਤਿਗੁਰੂ ਦੇ ਆਸ਼ੀਰਵਾਦ ਨਾਲ ਆਰਜਾ ਨੂੰ ਪ੍ਰਾਪਤ ਹੋਇਆ.

ਅਰਜਾਰੀ: ਦੇਖੋ, ਆਰਜਾਰੀ। ੨. ਫ਼ਾ. آزُردہ ਆਜ਼ੁਰਦਹ. ਵਿ- ਦੁੱਖਾਤੁਰ. ਰੰਜੀਦਾ. "ਇਸਤ੍ਰੀ ਅਰਜਾਰੀ ਹੋਈ ਮਰਣ ਪ੍ਰਯੰਤ." (ਜਸਭਾਮ)

ਅਰਜੀ: ਅ਼. عرضی ਅ਼ਰਜੀ. ਸੰਗ੍ਯਾ- ਵਿਨਯਪਤ੍ਰ. ਅਰਦਾਸ। ੨. ਵਿ- ਨਮੂਦਾਰ. ਪ੍ਰਗਟ. "ਕਾਲਿਕਾ ਕਾਲ ਹੀ ਜਿਉ ਅਰਜੀ ਹੈ." (ਚੰਡੀ ੧)

ਅਰਜ਼ੀਦਨ: ਫ਼ਾ. ارزیدن ਕ੍ਰਿ- ਮੁੱਲ ਪਾਉਣਾ. ਕ਼ੀਮਤ ਕਰਨੀ.

ਅਰਜੁਨ: ਦੇਖੋ, ਅਰਜ.

ਅਰਜੁਨੁ: ਦੇਖੋ, ਅਰਜਨ.

ਅਰਜੁਨਾਯੁਧ: ਸੰਗ੍ਯਾ- ਅਰਜੁਨ ਦਾ ਆਯੁਧ (ਸ਼ਸਤ੍ਰ) ਤੀਰ. (ਸਨਾਮਾ) ੨. ਧਨੁਖ. ਖਾਸ ਕਰਕੇ 'ਗਾਂਡੀਵ.'

---

[112] ਕ੍ਰਿਸ਼ਨ ਰੂਪ ਧਾਰਕੇ ਅਰਜਨ ਬਿਰਛਾਂ ਦੀ ਯਮਸ (ਜੋੜਾਂ) ਤੋੜਿਆ. ਦੇਖੋ, ਯਮਲਾਰਜਨ ਸ਼ਬਦ.
[113] ਚੌੜਾਨ. ਫੈਲਾਉ. ਵਿਸਤਾਰ.

ਅਰਜੁਨੁ: ਦੇਖੋ, ਅਰਜਨ.

ਅਰਜੋਈ: ਸੰਗ੍ਯਾ- ਪ੍ਰਾਰਥਨਾ. ਦੇਖੋ, ਅਰਜ. "ਅਵਿ ਲੋਕੋ ਮਮ ਦਿਸ ਅਰਜੋਈ." (ਗੁਪ੍ਰਸੂ)

ਅਰਝਿ ਉਰਝਿ ਕੈ: ਕ੍ਰਿ. ਵਿ- ਗੁਲਝਨ ਵਿੱਚ ਫਸਕੇ. ਗੋਰਖਧੰਦੇ ਵਿੱਚ ਉਲਝਕੇ. "ਅਰਝਿ ਉਰਝਿ ਕੈ ਪਚਿਮੂਆ." (ਸ. ਕਬੀਰ)

ਅਰਣ: ਦੇਖੋ, ਅਰੁਣ। ੨. ਸੰ. ਅਰ੍ਣ. ਸੰਗ੍ਯਾ- ਲਹਿਰ. ਤਰੰਗ। ੩. ਪ੍ਰਵਾਹ. ਵਹਾਉ। ੪. ਅੱਖਰ. ਵਰਣ.

ਅਰਣਵ: ਸੰ. ਅਰ੍ਣਵ. ਸੰਗ੍ਯਾ- ਜਲ ਦਾ ਸਮੁਦਾਯ. ਸਮੁੰਦਰ. "ਅਰਣਵ ਭਵ ਨਾਸ ਕੇ." (ਨਾਪ੍ਰ)

ਅਰਣਾ: ਸੰਗ੍ਯਾ- ਆਰਨ੍ਯ (ਜੰਗਲ) ਵਿੱਚ ਰਹਿਣ ਵਾਲਾ, ਝੋਟਾ. ਦੇਖੋ, ਅਰਨਾ ੩। ੨. ਵਿ- ਜੰਗਲੀ.

ਅਰਣਿ, ਅਰਣੀ: ਸੰ. ਸੰਗ੍ਯਾ- ਸੂਰਜ। ੨. ਇੱਕ ਖਾਸ ਬਿਰਛ. L. Premna Spinosa.

੩. ਇੱਕ ਕਾਠ ਦਾ ਯੰਤ੍ਰ, ਜਿਸ ਨਾਲ ਯੱਗ ਲਈ ਅੱਗ ਪੈਦਾ ਕੀਤੀ ਜਾਂਦੀ ਹੈ. "ਮਥਨ ਗ੍ਯਾਨ ਅਗਨੀ ਕੋ ਅਰਣੀ." (ਗੁਪ੍ਰਸੂ) ਅਧਰਾਰਣੀ (ਹੇਠਲੇ ਗਜ਼) ਵਿੱਚ ਛੇਕ ਕਰਕੇ ਉਸ ਵਿੱਚ ਉੱਤਰਾਰਣੀ (ਉੱਪਰਲਾ ਗਜ਼) ਖੜਾ ਕਰ ਦਿੰਦੇ ਸਨ, ਅਤੇ ਉਸ ਉੱਤਰਾਰਣੀ ਨੂੰ ਮਧਾਣੀ ਵਾਂਙ ਰੱਸੀ ਦੇ ਲਪੇਟੇ ਨਾਲ ਵਡੀ ਤੇਜ਼ੀ ਨਾਲ ਘੁਮਾਉਂਦੇ, ਜਿਸ ਦੀ ਰਗੜ ਤੋਂ ਅੱਗ ਨਿਕਲ ਪੈਂਦੀ ਸੀ. ਵੇਦਾਂ ਵਿੱਚ ਇਸ ਅੱਗ ਨੂੰ ਸੁੱਚੀ ਮੰਨਕੇ ਯੱਗਾਂ ਲਈ ਵਰਤਣਾ ਉੱਤਮ ਦੱਸਿਆ ਹੈ।

੪. ਸ਼ਸਤ੍ਰਨਾਮਮਾਲਾ ਵਿੱਚ ਵਿਨਾਸ਼ ਕਰਨ ਵਾਲੀ (ਵੈਰਣ), ਅਤੇ ਅਰਿ (ਵੈਰੀ) ਦੀ ਫੌਜ ਲਈ ਭੀ ਅਰਣੀ ਸ਼ਬਦ ਆਇਆ ਹੈ.

ਅਰਣੇਸ: ਦੇਖੋ, ਅਰੁਣੇਸ.

ਅਰਣੋਦਯ: ਦੇਖੋ, ਅਰੁਣੋਦਯ.

ਅਰਣ੍ਯ: ਦੇਖੋ, ਅਰੰਨ.

ਅਰਥ: ਸੰ. अर्थ्. ਧਾ- ਮੰਗਣਾ. ਚਾਹੁਣਾ. ਢੂੰਡਣਾ ਘੇਰਨਾ. ੨. ਸੰ. अर्थ- ਅਰ੍ਥ. ਸੰਗ੍ਯਾ- ਸ਼ਬਦ ਦਾ ਭਾਵ. ਪਦ ਦਾ ਤਾਤਪਰਯ. "ਧਰਯੋ ਅਰਥ ਜੋ ਸਬਦ ਮਝਾਰਾ। ਬਾਰ ਬਾਰ ਉਰ ਕਰਹੁ ਵਿਚਾਰਾ." (ਗੁਪ੍ਰਸੂ) ੩. ਪ੍ਰਯੋਜਨ. ਮਤਲਬ. "ਪੁਛਿਆ ਢਾਢੀ ਸਦਿਕੈ, ਕਿਤੁ ਅਰਥ ਤੂੰ ਆਇਆ?" (ਵਾਰ ਸ੍ਰੀ ਮਃ ੪)

"ਤੀਰਥ ਉਦਮੁ ਸਤਿਗੁਰੁ ਕੀਆ ਸਭ ਲੋਕ ਉਧਰਣ ਅਰਥਾ." (ਤੁਖਾ ਛੰਤ ਮਃ ੪) ੪. ਧਨ. ਪਦਾਰਥ. "ਅਰਥ ਧਰਮ ਕਾਮ ਮੋਖ ਕਾ ਦਾਤਾ." (ਬਿਲਾ ਮਃ ੫) ੫. ਕਾਰਨ. ਹੇਤੁ. ਸਬਬ। ੬. ਸ਼ਬਦ, ਸਪਰਸ਼ ਰੂਪ, ਰਸ, ਗੰਧ, ਇਹ ਪੰਜ ਵਿਸ਼ੇ। ੭. ਫਲ. ਨਤੀਜਾ। ੮. ਸੰਪਤਿ. ਵਿਭੂਤਿ. "ਅਰਥ ਦ੍ਰਬੁ ਦੇਖ ਕਛੁ ਸੰਗਿ ਨਾਹੀ ਚਲਨਾ." (ਧਨਾ ਮਃ ੯) ੯. ਵਿ- ਅ- ਰਥ. ਰਥ ਰਹਿਤ. ਰਥ ਤੋਂ ਬਿਨਾ.

ਅਰਥ ਸ਼ਾਸਤ੍ਰ: ਸੰ. अर्थशास्त्र. ਸੰਗ੍ਯਾ- ਉਹ ਸ਼ਾਸਤ੍ਰ, ਜਿਸ ਤੋਂ ਅਰ੍ਥ (ਧਨ) ਕਮਾਉਣ ਦੀ ਵਿਦ੍ਯਾ ਪ੍ਰਾਪਤ ਹੋਵੇ, ਹੁਨਰ ਅਤੇ ਵਪਾਰ ਦਾ ਪ੍ਰਚਾਰਕ ਸ਼ਾਸਤ੍ਰ। ੨. ਚਾਣਿਕ੍ਯ ਦਾ ਲਿਖਿਅ ਨੀਤਿ ਸ਼ਾਸਤ੍ਰ, ਦੇਖੋ, ਸੈਨਾ ਪਤਿ ਅਤੇ ਚਾਣਿਕ੍ਯ.

ਅਰਥ ਚਿਤ੍ਰ: ਦੇਖੋ, ਚਿਤ੍ਰ ਅਲੰਕਾਰ ਦਾ ਰੂਪ (B)

ਅਰਥਨਾ: ਸੰ. ਅਰ੍ਥਨਾ. ਕ੍ਰਿ- ਮੰਗਣਾ. ਯਾਚਨਾ. "ਅਸਨ ਹੀਨ ਬਸਨੰ ਨਗਨ ਕਰਤ ਅਰਥਨਾ ਜੌਨ." (ਨਾਪ੍ਰ)

ਅਰਥ ਪ੍ਰਹੇਲਿਕਾ: ਦੇਖੋ, ਚਿਤ੍ਰ ਅਲੰਕਾਰ ਅਤੇ ਪ੍ਰਹੇਲਿਕਾ.

ਅਰਥ ਮੱਲ: ਬਾਬਾ ਮੋਹਰੀ ਜੀ ਦਾ ਜੇਠਾ ਪੁਤ੍ਰ, ਗੁਰੂ ਅਮਰ ਦੇਵ ਦਾ ਪੋਤਾ. "ਤਬਹਿ ਅਰਥ ਮਲ ਚਲ ਕਰ ਆਯੋ." (ਗੁਪ੍ਰਸੂ)

**ਅਰਥ ਵਾਦ:** ਸੰ. ਅਥੰਵਾਦ. ਸੰਗਯਾ- ਉਹ ਵਾਕ, ਜਿਸ ਨਾਲ ਕਿਸੇ ਕੰਮ ਕਰਨ ਦੀ ਰੁਚੀ ਦਿਵਾਈ ਜਾਵੇ, ਜਿਵੇਂ- ਸੁਰਗ ਆਦਿ ਦੇ ਸੁਖ ਦੱਸਕੇ ਜੱਗ ਅਤੇ ਹਵਨ ਲਈ ਪ੍ਰੇਰਿਆ ਜਾਵੇ. ਕਿਸੇ ਵ੍ਰਤ ਦੇ ਮਹਾਤਮ ਲਈ ਪੁਤ੍ਰ ਅਤੇ ਧਨ ਦੀ ਪ੍ਰਾਪਤੀ ਦੱਸੀ ਜਾਵੇ.

**ਅਰਥਾਉ ਅਰਥਾਇ:** ਦੇਖੋ, ਅਰਥ ਅਤੇ ਅਰਥਾਨਾ. ਸੰਗਯਾ- ਸਿੱਧਾਂਤ. ਤਾਤਪਰਯ. "ਏਸ ਸਬਦ ਕੋ ਜੋ ਅਰਥਾਵੈ." (ਸਿਧਗੋਸਟਿ) "ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ." (ਗਉ ਅਃ ਮਃ ੧) ੨. ਸਿੰਧੀ. ਅਰਥਾਇ. ਮਿਸਾਲ ਦ੍ਰਿਸ਼੍ਟਾਂਤ. ਉਦਾਹਰਣ.

**ਅਰਥਾਤ:** ਸੰ. ਅਰ੍ਥਾਤ. ਵ੍ਯ- ਯਾਨੀ। ੨. ਦਰ ਹਕ਼ੀਕ਼ਤ. ਸਚ ਮੁਚ. ਅਸਲੋਂ.

**ਅਰਥਾਂਤਰ ਨ੍ਯਾਸ:** ਇੱਕ ਅਰਥਾਲੰਕਾਰ. ਜਿਸ ਉਕਤਿ ਵਿੱਚ ਸਾਮਾਨ੍ਯ ਕਥਨ ਨੂੰ ਵਿਸ਼ੇਸ਼ ਕਥਨ ਨਾਲ, ਅਥਵਾ ਵਿਸ਼ੇਸ਼ ਨੂੰ ਸਾਮਾਨ੍ਯ ਨਾਲ ਪੁਸ਼੍ਟ (ਪੱਕਾ) ਕਰੀਏ, ਇਹ "ਅਰਥਾਂਤਰ ਨ੍ਯਾਸ" ਅਲੰਕਾਰ ਹੈ.

ਉਦਾਹਰਣ-

"ਨੀਚ ਉਚ ਹਨਐ ਜਾਤ ਹੈਂ, ਗੁਰੁਘਰ ਕੀ ਯਹਿ ਰੀਤਿ."

"ਸਤਿਗੁਰੁ ਸੰਗਤਿ ਤੇ ਜਾਤਿ ਪਾਤਿ ਮਿਟ ਜਾਤ,

ਦੇਖੋ ! ਮਰਦਾਨਾ ਪੂਜ੍ਯ ਭਯੋ ਗੁਰੁ ਸੰਗ ਤੇ"

ਨੀਚ ਉੱਚੇ ਹੋ ਜਾਂਦੇ ਹਨ ਅਤੇ ਗੁਰਸੰਗਤਿ ਤੋਂ ਜਾਤਿ ਪਾਤਿ ਮਿਟ ਜਾਂਦੀ ਹੈ, ਇਹ ਸਾਮਾਨ੍ਯ ਵਾਕ ਹਨ. ਗੁਰੂ ਦੇ ਘਰ ਦੀ ਇਹ ਰੀਤਿ ਹੈ ਅਤੇ ਮਰਦਾਨੇ ਦਾ ਪੂਜ੍ਯ ਹੋਣਾ, ਵਿਸ਼ੇਸ਼ ਵਚਨ ਹਨ.

ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ,

ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ.

(ਸ. ਕਬੀਰ)

ਸਾਕਤ ਦਾ ਸੰਗ ਵਿਸ਼ੇਸ਼ ਵਾਕ ਹੈ, ਕਾਲਾ ਬਰਤਨ ਸਾਮਾਨ੍ਯ ਕਥਨ ਹੈ.

(ਅ) ਵਿਸ਼ੇਸ਼ ਕਥਨ ਨੂੰ ਸਾਮਾਨ੍ਯ ਨਾਲ ਪੁਸ਼੍ਟ ਕਰਨਾ, ਇਹ "ਅਰਥਾਂਤਰ ਨ੍ਯਾਸ" ਦਾ ਦੂਜਾ ਰੂਪ ਹੈ.

ਉਦਾਹਰਣ-

"ਸਿੱਖਨ ਸੇਵਾ ਗੁਰੁ ਕਰੈਂ, ਵਡਿਯਨ ਕੀ ਯਹਿ ਰੀਤਿ."

"ਸਤਿਗੁਰੁ ਅਮਰ ਨੇ ਦਾਤੂ ਕੀ ਸਹਾਰੀ ਲਾਤ,

ਵਡੇ ਸਦਾ ਛਿਮਾ ਔਰ ਨੰਮ੍ਰਤਾ ਧਰਤ ਹੈ."

**ਅਰਥਾਨਾ:** ਕ੍ਰਿ- ਅਰਥ ਲਾਉਣਾ. ਵ੍ਯਾਖ੍ਯਾ ਕਰਨੀ। ੨. ਵਾਕ੍ਯ ਦੇ ਅਰਥ ਨੂੰ ਜਾਣਨਾ.

**ਅਰਥਾਪੱਤੀ:** ਸੰ. ਅਰ੍ਥਾਪੱਤਿ. ਸੰਗਯਾ- ਨਾ ਕਹੇ ਗਏ ਅਰਥ ਦਾ ਸਮਝਣਾ. ਪ੍ਰਮਾਣ ਦਾ ਇੱਕ ਭੇਦ, ਜਿਸ ਤੋਂ ਇੱਕ ਗਲ ਸਿੱਧ ਕਰਨ ਨਾਲ ਦੂਜੀ ਸੁਤੇ ਹੀ ਸਿੱਧ ਹੋ ਜਾਵੇ. ਜਿਵੇਂ ਕੋਈ ਆਖੇ ਕਿ ਮੋਹਲੇਧਾਰ ਮੀਂਹ ਪੈ ਰਹਿਆ ਹੈ, ਤਦ ਇਹ ਭੀ ਸਿੱਧ ਹੋਇਆ ਕਿ ਆਕਾਸ਼ ਵਿੱਚ ਘਟਾ ਭੀ ਜਰੂਰ ਛਾ ਰਹੀ ਹੈ. ਦੇਖੋ, ਪ੍ਰਮਾਣ। ੨. ਕਾਵ੍ਯ ਅਨੁਸਾਰ ਇੱਕ ਅਰਥਾਲੰਕਾਰ. ਦੇਖੋ, ਕਾਵ੍ਯਾਰਥਾ ਪੱਤੀ.

**ਅਰਥਾਵ:** ਦੇਖੋ, ਅਰਥਾਉ ਅਤੇ ਅਰਥਾਨਾ। ੨. ਸੰਗਯਾ- ਅੰਗਾਂ ਦੀ ਉਹ ਚੇਸ਼੍ਟਾ (ਹਰਕਤ), ਜਿਸ ਤੋਂ ਮਨ ਦਾ ਭਾਵ ਪ੍ਰਗਟ

ਹੋਵੇ। ੩. ਕਰਤਬ. "ਸਸਤ੍ਰ ਪ੍ਰਹਾਰਤ ਸੂਰਨ ਪੈ ਕਰ ਹਾਥਨ ਕੋ ਅਰਥਾਵ ਦਿਖਾਵੈਂ." (ਕ੍ਰਿਸਨਾਵ)

ਅਰਥਾਵ੍ਰਿੱਤਿ: ਦੇਖੋ, ਦੀਪਕ (ਸ).

ਅਰਥੀ: ਸੰ. ਸ਼ਵਰਥ ਸੰਗਯਾ- ਮੁਰਦਾ ਲੈ ਜਾਣ ਵਾਲੀ ਸੀੜ੍ਹੀ. ਤਖਤਾ. ਬਿਬਾਨ (ਵਿਮਾਨ). ੨. ਸੰ. ਅਰ੍ਥਿਨ. ਅਥੰੀ. ਵਿ- ਇੱਛਾ ਰੱਖਣ ਵਾਲਾ. ਗਰਜ਼ੀ "ਜਬ ਇਹੁ ਧਾਵੈ ਮਾਇਆ ਅਰਥੀ." (ਗਉ ਅ: ਮਃ ੫)

ਅਰਥੀਆ, ਅਰਥੀਯ: ਦੇਖੋ, ਅਰਥੀ ੨. "ਰਾਜੇ ਖਾਨ ਉਮਰਾਵ xxx ਸਭਿ ਹਰਿ ਕੇ ਅਰਥੀਏ." (ਵਾਰ ਬਿਲਾ ਮਃ ੪) "ਜੋ ਅਰਥੀਯ ਪਦਾਰਥਨ ਦਰਸਨ ਕੋ ਆਵੈਂ" (ਗੁਪ੍ਰਸੂ)

ਅਰਥੇਉ: ਦੇਖੋ, ਅਰਥਾਇ. "ਗੁਰੁਮੁਖ ਭਾਉ ਭਗਤਿ ਅਰਥੇਉ." (ਭਾਗੁ)

ਅਰਦ: ਸੰ. ਅਰ੍ਦ੍. ਧਾ- ਮੰਗਣਾ. ਜਾਣਾ. ਦੁੱਖ ਦੇਣਾ. ਮਾਰਨਾ.

ਅਰਦਨ: ਸੰ. ਵਿ- ਰਦਨ (ਦੰਦ) ਬਿਨਾ. ਜਿਸ ਦੇ ਦੰਦ ਨਹੀਂ। ੨. ਸੰ. ਅਰ੍ਦਨ- ਅਦੰਨ. ਸੰਗਯਾ- ਪੀੜਨਾ. ਦਲਨਾ. "ਨਮੋ ਸ੍ਰੋਣਵੀਰਜਾਰਦਨੀ ਧੂਮ੍ਰਹੰਤੀ." (ਚੰਡੀ ੨) "ਰਕਤਬੀਜ ਸੁੰਭਾਦਿਕ ਅਰਦਨ." (ਗੁਪ੍ਰਸੂ) ੩. ਮਾਰਨਾ. ਨਾਸ਼ ਕਰਨਾ। ੪. ਯਾਚਨਾ. ਮੰਗਣਾ.

ਅਰਦਲੀ: ਅੰ. . Orderly. ਸੰਗਯਾ- ਅੜਦਲੀ. ਹੁਕਮ ਦੀ ਤਾਮੀਲ ਕਰਨ ਵਾਲਾ ਨੌਕਰ.

ਅਰਦਾਸ, ਅਰਦਾਸਿ: ਸੰ. ਅਰ੍ਦ (ਮੰਗਣਾ) ਆਸ (ਆਸ਼ਾ). ਮੁਰਾਦ ਮੰਗਣ ਦੀ ਕ੍ਰਿਯਾ.

ਫ਼ਾ. عرضداشت ਅ਼ਰਜਦਾਸ਼੍ਤ. ਸੰਗਯਾ- ਪ੍ਰਾਰਥਨਾ. ਬੇਨਤੀ. ਵਿਨਯ. "ਅਰਦਾਸ ਬਿਨਾ ਜੋ ਕਾਜ ਸਿਧਾਵੈ." (ਤਨਾਮਾ) "ਅਰਦਾਸਿ ਸੁਨੀ ਭਗਤ ਅਪੁਨੇ ਕੀ." (ਸੋਰ ਮਃ ੫)

ਸਿੱਖ ਧਰਮ ਵਿੱਚ ਨਿੱਤ ਨੇਮ ਦੀ ਬਾਣੀ ਦਾ ਪਾਠ ਕਰਕੇ, ਅਤੇ ਹੋਰ ਅਨੇਕ ਕਾਰਜਾਂ ਦੀ ਨਿਰਵਿਘਨ ਪੂਰਤੀ ਲਈ, ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਵਿਧਾਨ ਹੈ, ਅਤੇ ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜਕੇ ਖੜੇ ਹੋਣ ਦੀ ਆਗਯਾ ਹੈ, ਯਥਾ:-

"ਸੁਖ ਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ." (ਸਿਰੀ ਮਃ ੫)

"ਆਪੇ ਜਾਣੈ ਕਰੈ ਆਪਿ ਆਪੇ ਆਣੈ ਰਾਸਿ,

ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸਿ."

(ਵਾਰ ਮਾਰੂ ੧. ਮਃ ੨)

"ਦੁਇ ਕਰ ਜੋਰਿ ਕਰਉ ਅਰਦਾਸਿ." (ਭੈਰ ਮਃ ੫)

"ਤੂੰ ਠਾਕੁਰ ਤੁਮ ਪਹਿ ਅਰਦਾਸਿ।

ਜੀਉ ਪਿੰਡੁ ਸਭ ਤੇਰੀ ਰਾਸਿ।

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।

ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।

ਕੋਇ ਨਾ ਜਾਨੈ ਤੁਮਰਾ ਅੰਤੁ।

ਊਚੇ ਤੇ ਊਚਾ ਭਗਵੰਤੁ।

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ।

ਤੁਮ ਤੇ ਹੋਇ ਸੁ ਆਗਿਆਕਾਰੀ।

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ।

ਨਾਨਕ ਦਾਸ ਸਦਾ ਕੁਰਬਾਨੀ."

(ਸੁਖਮਨੀ)

ਅਰਦਾਸੀਆ: ਸੰਗਯਾ- ਅਰਦਾਸ ਕਰਨ ਵਾਲਾ ਪੁਜਾਰੀ, ਗਰੰਥੀ ਆਦਿ ਸਿੱਖ। ੨. ਵਿ- ਅ਼ਰਜ਼ (ਪ੍ਰਾਰਥਨਾ) ਕਰਨ ਵਾਲਾ.

ਅਰਦਾਗ: ਸੰ. ਅਦਿੰਤ. ਵਿ- ਦਲਿਆ ਹੋਇਆ. ਪੀੜਿਆ। ੨. ਯਾਚਨ ਕੀਤਾ. ਮੰਗਿਆ. "ਦੇਉ ਸਾਧੁ ਸੰਗਤਿ ਅਰਦਾਗਿਓ." (ਸਾਰ ਮਃ ੫)

ਅਰਦਾਗਿਓ: ਮੰਗਿਆ. ਯਾਚਨ ਕੀਤਾ. ਦੇਖੋ, ਅਰਦ ਅਤੇ ਅਰਦਾਗ.

ਅਰਦਿਤ: ਦਲਿਆ. ਕੁਚਲਿਆ. ਦੇਖੋ, ਅਰਦਨ ੨. "ਭਜੰਤ ਅਰਦਿਤੰ ਅਘੰ." (ਦੱਤਾਵ) ੨. ਮੰਗਿਆ ਹੋਇਆ.

ਅਰਧ: ਸੰ. अधस. ਵ੍ਯ- ਹੇਠ. ਥੱਲੇ. ਦੇਖੋ, ਅਰਧ ਉਰਧ। ੨. ਸੰ. अर्द्ध. ਅਧੰ. ਵਿ- ਅੱਧਾ. ਨਿਸਫ. "ਅਰਧ ਸਰੀਰ ਕਟਾਈਐ." (ਸਿਰੀ ਅਃ ਮਃ ੧) ੩. ਅੱਧ. ਭਾਵ- ਮਧ੍ਯ. "ਅਧੋ ਉਰਧ ਅਰਧੰ." (ਜਾਪੁ) ਪਾਤਾਲ ਆਕਾਸ਼ ਅਤੇ ਮਾਤ (ਮਰਤ੍ਯ) ਲੋਕ ਵਿੱਚ. ੪. ਸੰ. अर्ध्य- ਅਧ੍ਯੰ. ਪੂਰਾ ਕਰਨ ਲਾਇਕ। ੫. ਪ੍ਰਾਪਤ ਹੋਣ ਯੋਗ੍ਯ. ਹਾਸਿਲ ਹੋਣ ਲਾਇਕ. ੬. ਸੰ. आराध्य- ਆਰਾਧ੍ਯ. ਆਰਾਧਨ ਯੋਗ੍ਯ. ਦੇਖੋ, ਅਰਧਿ। ੬. ਜੀਵਾਤਮਾ. ਦੇਖੋ, ਅਰਧ ਉਰਧ ੪.

ਅਰਧ ਉਰਧ: ਸੰ. ਅਧਃ ਊਧ੍ਵੰ. ਇਹ ਲੋਕ ਅਤੇ ਪਰਲੋਕ। ੨. ਜ਼ਮੀਨ ਆਸਮਾਨ. "ਅਰਧ ਉਰਧ ਦੋਊ ਤਹਿ ਨਾਹੀ." (ਗਉ ਕਬੀਰ) ੩. ਨੀਚ ਊਚ। ੪. ਜੀਵ ਬ੍ਰਹਮ. "ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ." (ਗਉ ਕਬੀਰ ਬਾਵਨ)

ਅਰਧ ਸਰੀਰੀ: ਸੰਗਯਾ- ਅਰਧੰਗੀ (ਅਰਧਾਂਗਿਨੀ). ਧਰਮ ਪਤਨੀ. ਜੋ ਸ਼ਰੀਰ ਦਾ ਅੱਧਾ ਅੰਗ ਹੈ. "ਅਰਧ ਸਰੀਰੀ ਨਾਰਿ ਨ ਛੋਡੈ." (ਆਸਾ ਕਬੀਰ) "ਲੋਕ ਵੇਦ ਗੁਣ ਗਯਾਨ ਵਿੱਚ ਅਰਧ ਸਰੀਰੀ ਮੋਖ ਦੁਆਰੀ." (ਭਾਗੁ)

ਅਰਧ ਸਿਰਾ: ਸੰ. ਅਰਧਾਵਭੇਦਕ. شقیقہ ਸ਼ਕ਼ੀਕ਼ਾ. Hemicrania. ਰੁੱਖੀਆਂ ਚੀਜਾਂ ਖਾਣ, ਭੋਜਨ ਦੇ ਪਚਣ ਤੋਂ ਪਹਿਲਾਂ ਅਹਾਰ ਕਰਨ, ਬਹੁਤੀ ਬਰਫ ਅਤੇ ਸ਼ਰਾਬ ਪੀਣ, ਅਤੀ ਮੈਥੁਨ ਕਰਨ, ਸਿਰ ਉਪਰ ਬਹੁਤਾ ਬੋਝ ਉਠਾਉਣ, ਬਹੁਤੇ ਹ਼ੈਜ ਆਉਣ ਆਦਿ ਕਾਰਣਾਂ ਤੋਂ ਅੱਧੇ ਸਿੱਰ ਵਿੱਚ ਪੀੜ ਹੁੰਦੀ ਹੈ, ਜੋ ਸੂਲ ਵਾਂਙ ਚੁਭਦੀ ਅਤੇ ਸਿਰ ਨੂੰ ਚਕਰਾਦਿੰਦੀ ਹੈ. ਦਿਲ ਧੜਕਨ ਲਗਦਾ ਹੈ, ਅੱਖਾਂ ਦੀ ਜੋਤ ਮੱਧਮ ਹੋ ਜਾਂਦੀ ਅਤੇ ਭਾਰੀ ਮਲੂਮ ਹੁੰਦੀਆਂ ਹਨ.

ਇਸ ਰੋਗ ਦੇ ਇਲਾਜ ਇਹ ਹਨ:-

(੧) ਅਫੀਮ ਅਤੇ ਕਿੱਕਰ ਦੀ ਗੂੰਦ ਜਲ ਵਿੱਚ ਘਸਾਕੇ ਪੁੜਪੁੜੀਆਂ ਅਤੇ ਦਰਦ ਵਾਲੇ ਪਾਸੇ ਤੇ ਲੇਪ ਕਰਨਾ.

(੨) ਘਿਉ ਵਿੱਚ ਰੱਤੀ ਕੇਸਰ ਸਾੜਕੇ ਗਰਮ ਗਰਮ ਘੀ ਮਲਨਾ.

(੩) ਘੀ ਅਤੇ ਦੇਸੀ ਖੰਡ ਪਾਕੇ ਗਰਮ ਦੁੱਧ ਪੀਣਾ.

(੪) ਇਰੰਡੀ ਦਾ ਤੇਲ ਗਰਮ ਦੁੱਧ ਵਿੱਚ ਮਿਲਾਕੇ ਪੀਣਾ.

(੫) ਸੱਠੀ ਦੇ ਚਾਉਲ ਅੱਕ ਦੇ ਦੁੱਧ ਵਿੱਚ ਭਿਉਂਕੇ ਸੁਕਾਕੇ ਬਾਰੀਕ ਪੀਹਕੇ ਨਸਵਾਰ ਲੈਣੀ.

(੬) ਕੁੱਠ ਦਾ ਤੇਲ ਜਾਂ ਤੱਤੇ ਪਾਣੀ ਵਿੱਚ ਕੁੱਠ ਘਸਾਕੇ ਲੇਪ ਕਰਨਾ.

(੭) ਹਰੜ, ਬਹੇੜਾ, ਆਉਲਾ, ਚਰਾਇਤਾ, ਨਿੰਮ ਦਾ ਸੱਕ ਇਹ ਸਮਾਨ ਲੈ ਕੇ ਕਾੜ੍ਹਾ ਕਰਕੇ ਗੁੜ ਮਿਲਾ ਕੇ ਪੀਣਾ.

(੮) ਤੁਲਸੀ ਦੇ ਦਸ ਪੱਤੇ ਗਰਮ ਦੁੱਧ ਨਾਲ ਖਾਣੇ.

(੯) ਵਾਇਵੜਿੰਗ, ਕਾਲੇ ਤਿਲ, ਦੁੱਧ ਵਿੱਚ ਪੀਸਕੇ ਲੇਪ ਕਰਨਾ.

(੧੦) ਕੱਚੇ ਨਲੀਏਰ ਦਾ ਪਾਣੀ ਪੀਣਾ.

ਜੋ ਅਰਧਸਿਰਾ ਸੂਰਜ ਚੜ੍ਹਨ ਵੇਲੇ ਸ਼ੁਰੂ ਹੁੰਦਾ ਹੈ ਅਤੇ ਸੂਰਜ ਦੇ ਨਾਲ ਹੀ ਵਧਦਾ ਜਾਂਦਾ ਹੈ ਅਤੇ ਸੂਰਜ ਛਿਪਣ ਵੇਲੇ ਬੰਦ ਹੋ ਜਾਂਦਾ ਹੈ, ਉਸ ਦਾ ਨਾਉਂ "ਸੂਰਯਾਵਰਤ" ਹੈ. ਇਸਦੇ ਦੂਰ ਕਰਨ ਲਈ ਦੋ ਰੱਤੀ ਕੁਨੈਨ (Quinine) ਨਾਲ ਦੋ ਰੱਤੀ ਫਟਕੜੀ ਦੀ ਖਿੱਲ ਦਾ ਚੂਰਣਮਿਲਾਕੇ ਪਹਿ ਫਟਣ ਵੇਲੇ ਤੋਂ ਦੋ ਦੋ ਘੰਟੇ ਪਿੱਛੋਂ ਤਿੰਨ ਵਾਰ ਪਾਣੀ ਨਾਲ ਦੇਣਾ ਬਹੁਤ ਗੁਣ ਕਰਦਾ ਹੈ. "ਅਰਧਸਿਰਾ ਅਰੁ ਹ੍ਰਿਦੈਸੰਘਾਤ." (ਚਰਿਤ੍ਰ ੪੦੫)

ਅਰਥ ਕੁੰਭੀ: ਦੇਖੋ, ਕੁੰਭੀ ੬.

ਅਰਧ ਚੰਦ੍ਰ: ਸੰ. ਅਧੰ ਚੰਦ੍ਰ. ਸੰਗਜਾ- ਅਸ਼੍ਟਮੀ ਤਿਥਿ ਦਾ ਚੰਦ੍ਰਮਾ ੨. ਇੱਕ ਪ੍ਰਕਾਰ ਦਾ ਤੀਰ, ਜਿਸ ਦੀ ਮੁਖੀ ਅੱਧੇ ਚੰਦ ਜੇਹੀ ਹੁੰਦੀ ਹੈ. "ਤਰਕਸ਼ ਤੇ ਸਰ ਕਰਯੋ ਨਿਕਾਸਨ ਅਰਧ ਸੁਚੰਦ੍ਰਾਕਾਰ ਸਮਾਨ." (ਗੁਪ੍ਰਸੂ) ੩. ਮੋਰ ਪੰਖ ਉੱਪਰ ਅੱਧੇ ਚੰਦ ਦੇ ਆਕਾਰ ਦਾ ਚਿੰਨ੍ਹ। ੪. ਗਲਹਥਾ, ਕਿਉਂਕਿ ਗਲਹਥਾ ਅੰਗੂਠਾ ਅਤੇ ਤਰਜਨੀ ਪਸਾਰਕੇ ਦਿੱਤਾ ਜਾਂਦਾ ਹੈ, ਜਿਸ ਦੀ ਸ਼ਕਲ ਅੱਧੇ ਚੰਦ ਜੇਹੀ ਬਣ ਜਾਂਦੀ ਹੈ। ੫. ਅੱਖਰਾਂ ਉੱਪਰ ਅੱਧੇ ਚੰਦ ਜੇਹਾ ਇੱਕ ਚਿੰਨ੍ਹ, ਜੋ ਦ੍ਵਿਤ੍ਵ. , (ਦੁੱਤ) ਦੀ ਥਾਂ ਵਰਤੀਦਾ ਹੈ. ਦੇਖੋ, ਅਧਿਕ। ੬. ਕਿਸੇ ਨਰਮ ਥਾਂ ਤੇ ਨਹੁੰ ਦੇ ਗਡਣ ਦਾ ਚਿੰਨ੍ਹ, ਜੋ ਅੱਧੇ ਚੰਦ ਜੇਹਾ ਹੁੰਦਾ ਹੈ.

ਅਰਧ ਚੰਦ੍ਰਾਇਣੀ: ਸੰਗਜਾ- ਦੁਰਗਾ. ਦੇਵੀ. ਮੱਥੇ ਉੱਪਰ ਅੱਧਾ ਚੰਦ ਰੱਖਣ ਵਾਲੀ. "ਨਮੋ ਅਰਧ ਚੰਦ੍ਰਾਇਣੀ ਚੰਦ੍ਰਚੂੜੰ" (ਚੰਡੀ ੨)

ਅਰਧਨ: ਦੇਖੋ, ਆਰਾਧਨ.

ਅਰਧ ਨਗਸਰੂਪੀ: ਦੇਖੋ, ਨਗ ਸ੍ਵਰੂਪੀ ਅਰਧ.

ਅਰਧ ਨਰਾਜ: ਦੇਖੋ, ਨਰਾਜ ਅਰਧ.

ਅਰਧ ਨਾਰੀਸ਼, ਅਰਧ ਨਾਰੀਸ਼੍ਵਰ: ਸੰ. ਅਧੰ ਨਾਰੀਸ਼੍ਵਰ. ਸੰਗਜਾ- ਸ਼ਿਵ ਦਾ ਉਹ ਰੂਪ, ਜਿਸ ਦਾ ਖੱਬਾ ਪਾਸਾ ਇਸਤ੍ਰੀ ਦਾ ਅਤੇ ਸੱਜਾ ਮਨੁੱਖ ਦਾ ਹੈ. ਦੇਖੋ, ਵਾਮ ਮਾਰਗ.

ਅਰਧਨਾਰੀ ਨਟੇਸ਼੍ਵਰ: ਵੈਦਕ ਅਨੁਸਾਰ ਇੱਕ ਰਸ, ਜਿਸਦੇ ਵਰਤਣ ਤੋਂ ਅੱਧੇ ਸਰੀਰ ਦਾ ਤਾਪ ਉਤਰ ਜਾਂਦਾ ਹੈ.

ਅਰਧ ਪਾਧਰੀ: ਦੇਖੋ, ਪਾਧਰੀ ਅਰਧ.

ਅਰਧ ਭੁਜੰਗ: ਦੇਖੋ, ਸ਼ੰਖਨਾਰੀ.

ਅਰਧਾਂਗ: ਦੇਖੋ, ਅਧਰੰਗ ਅਤੇ ਅਰਧੰਗ.

ਅਰਧਾਂਗੀ: ਸੰ. अर्धाङ् गिनी. ਦੇਖੋ, ਅਰਧ ਸ਼ਰੀਰੀ। ੨. ਸੰ. अर्धाङ गीनी. ਸੰਗਜਾ- ਸ਼ਿਵ. ਦੇਖੋ, ਅਰਧ ਨਾਰੀਸ਼੍ਵਰ.

ਅਰਧਾਂਭ, ਅਰਧਾਂਭਾ: ਵਿ- ਅੰਭ- ਆਰਾਧਯ. ਦੇਵ ਅਤੇ ਪਿਤਰਾਂ ਤੋਂ ਆਰਾਧਨ ਯੋਗਯ. ਦੇਖੋ, ਅੰਭ.

"ਜਪਿ ਮਨ ਰਾਮ ਨਾਮੁ ਅਰਧਾਂਭਾ." (ਪ੍ਰਭਾ ਮਃ ੪) ੨. ਸੰ. अर्धाम्बा- ਅਧੰਾਂਬਾ. ਸੰਗਜਾ- ਅੱਧੇ ਅੰਗ ਵਿੱਚ ਜਿਸ ਨੇ ਧਾਰਣ ਕੀਤੀ ਹੈ ਅੰਬਾ (ਪਾਰਵਤੀ) ਮਹਾਦੇਵ. ਸ਼ਿਵ.

ਅਰਧਿ: ਸੰ. ਆਰਾਧਯ. ਵਿ- ਆਰਾਧਨ ਯੋਗਯ. "ਅਰਧਿ ਕਉ ਅਰਧਿਆ." (ਮਾਰੂ ਜੈਦੇਵ)

**ਅਰਧਿਆ:** ਆਰਾਧਨ ਕੀਤਾ. ਦੇਖੋ, ਅਰਧਨ, ਅਰਧਿ ਅਤੇ ਚੰਦ ਸਤ.

**ਅਰਧੀ:** ਆਰਾਧਨੇ ਵਾਲਾ. ਦੇਖੋ, ਅਲਿਪਾਤ.

**ਅਰਧੋ ਅਰਧ:** ਕ੍ਰਿ. ਵਿ- ਅੱਧੋ ਅੱਧ. ਨਿਸਫਾ ਨਿਸਫੀ.

**ਅਰਧੋ ਅਰਧਿ:** ਕ੍ਰਿ. ਵਿ- ਅੱਧੋ ਅੱਧ ਵਿੱਚ. ਭਾਵ- ਮੱਧ ਦਸ਼ਾ ਵਿੱਚ. "ਦੁਤੀਆ ਅਰਧੋ ਅਰਧਿ ਸਮਾਇਆ." (ਰਾਮ ਮਃ ੫) ਦ੍ਵਾਪੁਰ ਵਿੱਚ ਧਰਮ ਦਾ ਅੱਧਾ ਭਾਗ ਵਰਤਿਆ.

**ਅਰਧੰਗ:** ਸੰ. अर्धाङ्ग- ਅਧੰਂਗ. ਦੇਖੋ, ਅਧਰੰਗ। ੨. ਸੰਗ੍ਯਾ- ਸ਼ਿਵ, ਜਿਸ ਦਾ ਅੱਧਾ ਅੰਗ ਨਰ ਅਤੇ ਅੱਧਾ ਨਾਰੀ ਦਾ ਹੈ। ੩. ਵਿ- ਅੱਧਾ ਅੰਗ. ਦੋ ਖੰਡ. ਦੁਟੂਕ. "ਅਰਧੰਗ ਕਰੇ ਭਟ ਕੋਟਿ." (ਚਰਿਤ੍ਰ ੧)

**ਅਰਧੰਗਕ:** ਸੰਗ੍ਯਾ- ਜਿਸ ਨੇ ਅੱਧਾ ਅੰਗ ਨਾਰੀ ਦਾ ਕੀਤਾ ਹੋਇਆ ਹੈ, ਸ਼ਿਵ. ਰੁਦ੍ਰ. "ਕੈਧੋਂ ਹੈ ਅਨੰਗ ਅਰਧੰਗਕ ਕੇ ਅੰਤਕ ਤੇ." (ਚਰਿਤ੍ਰ ੧੦੯) ਦੇਖੋ, ਅੰਤਕ.

**ਅਰਧੰਗੀ:** ਸੰਗ੍ਯਾ- ਅਰਧਾਂਗਿਨੀ. ਅਰਧ ਸ਼ਰੀਰੀ. ਭਾਰਯਾ. ਧਰਮ ਪਤਨੀ. ਵਹੁਟੀ। ੨. ਅਰਧਾਂਗੀ. ਸ਼ਿਵ. "ਨਾਚਜੋ ਹੈ ਆਪ ਤਹਾਂ ਅਰਧੰਗੀ." (ਚਰਿਤ੍ਰ ੧੨੫)

**ਅਰਨ:** ਦੇਖੋ, ਅਰੁਣ ਅਤੇ ਆਰਨਜ। ੨. ਕ੍ਰਿ. ਅੜਨਾ. ਭਿੜਨਾ. "ਨਹੀਂ ਅਰਨ ਕੋ ਅਰਨ ਦੇਹਿਂਗੇ ਅਰਨ ਕਰਹਿ ਰਨ ਅਰਨ ਸਮਾਨ." (ਗੁਪ੍ਰਸੂ) ਨਹੀਂ ਵੈਰੀਆਂ ਨੂੰ ਅੜਨ ਦੇਵਾਂਗੇ, ਮੈਦਾਨੇ ਜੰਗ ਅਰੁਣ (ਲਾਲ) ਕਰਾਂਗੇ ਸੂਰਜ ਦੇ ਰਥਵਾਹੀ ਅਰੁਣ ਦੇ ਤੁੱਲ.

**ਅਰਨਵ:** ਦੇਖੋ, ਅਰਣਵ.

**ਅਰਨਾ:** ਦੇਖੋ, ਅੜਨਾ. "ਹਮਰੇ ਸੰਗ ਤੁਮਾਰੋ ਅਰਨਾ." (ਗੁਪ੍ਰਸੂ) "ਅਰਿ ਸੋਂ ਅਰਕੈ ਅਤਿ ਯੁੱਧ ਮਚਾਯੋ." (ਕ੍ਰਿਸਨਾਵ) ੨. ਫਸਣਾ. ਅਟਕਣਾ. "ਅਰਿਓ ਪ੍ਰੇਮ ਕੀ ਖੋਰਿ." (ਸਾਰ ਮਃ ੫) ੩. ਸੰਗ੍ਯਾ- ਆਰਣ੍ਯ (ਵਨ) ਵਿੱਚ ਰਹਿਣ ਵਾਲਾ ਝੋਟਾ. ਜੰਗਲੀ ਭੈਂਸਾ. ਬਨਮਹਿਸ਼ ਦੇਖੋ, ਅੰ. Bison. "ਮੋਹ ਰਹੀ ਜਮੁਨਾ ਖਗ ਔ ਹਰਜੱਛ ਸਭੈ ਅਰਨਾ ਅਰੁ ਗੈਂਡਾ." (ਕ੍ਰਿਸਨਾਵ)

**ਅਰਨੀ:** ਦੇਖੋ, ਅਰਣੀ.

**ਅਰਨੌਲੀ:** ਇਹ ਭਾਈ ਭਗਤੂ ਵੰਸ਼ੀ ਰਿਆਸਤ ਕੈਥਲ ਦੀ ਹੀ ਇੱਕ ਸ਼ਾਖ ਜਿਲਾ ਕਰਨਾਲ ਵਿੱਚ ਹੈ. ਭਾਈ ਗੁਰਬਖਸ਼ ਸਿੰਘ ਜੀ ਦੇ ਵਡੇ ਪੁਤ੍ਰ ਦੇਸੂ ਸਿੰਘ ਨੇ ਕੈਥਲ, ਅਤੇ ਛੋਟੇ ਪੁਤ੍ਰ ਭਾਈ ਸੁੱਖਾ ਸਿੰਘ ਨੇ ਅਰਨੌਲੀ ਵਿੱਚ ਆਪਣੀ ਰਿਆਸਤ ਥਾਪੀ. ਸੁੱਧੂਵਾਲ ਦੇ ਰਈਸ ਭੀ ਸੁੱਖਾ ਸਿੰਘ ਦੀ ਔਲਾਦ ਹਨ. ਦੇਖੋ, ਭਗਤੂ ਭਾਈ.

**ਅਰਨਜ:** ਦੇਖੋ, ਅਰੰਨ.

**ਅਰਪਣ, ਅਰਪਨ:** ਸੰ. ਅਪੰਣ. ਨਜਰ. ਭੇਟਾ. ਦਾਨ. ਕਿਸੇ ਵਸਤੁ ਦੇ ਪੇਸ਼ ਕਰਨ ਦੀ ਕ੍ਰਿਯਾ. "ਅਰਪਿ ਸਾਧੁ ਕਉ ਅਪਨਾ ਜੀਉ." (ਸੁਖਮਨੀ) "ਅਰਪਿਆ ਤ ਸੀਸੁ ਸੁਥਾਨ ਗੁਰ ਪਹਿ." (ਗਉ ਛੰਤ ਮਃ ੫)

**ਅਰਪੰਚ:** ਸੰਗ੍ਯਾ- ਆਰੋਪਣ ਕਰੀਏ ਪ੍ਰਤ੍ਯੰਚ (ਚਿੱਲਾ) ਜਿਸ ਵਿੱਚ, ਕਮਾਣ. ਧਨੁਸ਼. "ਭੌਂਹਨ ਕੀ ਅਰਪੰਚ ਕਸੀ ਹੈ." (ਕ੍ਰਿਸਨਾਵ)

ਅਰਬ. अर्ब. ਧਾ- ਮਾਰਨਾ ਵਧ (ਕ਼ਤਲ) ਕਰਨਾ. ਜਾਣਾ। ੨. ਅ਼. عرب ਅ਼ਰਬ ਸੰਗ੍ਯਾ- ਭਾਰਤ ਦੇ ਪੱਛਮ, ਸਮੁੰਦਰ ਤੋਂ ਪਾਰ ਇੱਕ ਰੇਤਲਾ ਦੇਸ਼. ਇਸੇ ਵਿੱਚ ਮੁਹੰਮਦ ਸਾਹਿਬ ਜਨਮੇ ਹਨ, ਜਿਨ੍ਹਾਂ ਦਾ ਨਿਵਾਸ ਮੱਕੇ ਵਿੱਚ ਸੀ. ਮੁਸਲਮਾਨਾਂ ਦਾ ਧਰਮ ਮੰਦਿਰ ਕਾਬਾ ਭੀ ਮੱਕੇ ਵਿੱਚ ਹੈ. ਅਰਬ ਪੰਜ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ:-

ਤਿਹਾਮਹ, ਹਿਜਾਜ਼, ਨਜਦ, ਅਰੂਜ਼ ਅਤੇ ਯਮਨ. "ਮਹਾਦੀਨ ਤਬ ਪ੍ਰਭੁ ਉਪਰਾਜਾ। ਅਰਬ ਦੇਸ ਕੋ ਕੀਨੋ ਰਾਜਾ." (ਵਿਚਿਤ੍ਰ) ੩. ਵਿ- ਅਰਬ ਦੇਸ਼ ਨਾਲ ਸੰਬੰਧ ਰੱਖਣ ਵਾਲਾ ਅ਼ਰਬ ਦਾ. ਜੈਸੇ ਅ਼ਰਬ ਦਾ ਘੋੜਾ ਆਦਿ। ੪. ਅਰਬ ਉਸ ਸਮੁੰਦਰ ਦਾ ਭੀ ਨਾਉਂ ਹੈ. ਜੋ ਹਿੰਦ ਦੇ ਪੱਛਮ ਨੂੰ ਹੈ। ੫. ਸੰ. अर्बुद- ਅਬੁੰਦ. ਸੰਗਯਾ- ਦਸ਼ ਕਰੋੜ, ਦਸ਼ ਕੋਟਿ. "ਭੰਡਾਰ ਦਰਬ ਅਰਬ ਖਰਬ." (ਰਾਮ ਪੜਤਾਲ ਮਃ ੫)

ਅਰਬਅ਼: ਅ਼. اربع ਚਾਰ. ਚਤ੍ਵਾਰ. ਦੇਖੋ, ਅਰਬਾ ਨਾਸਰ.

ਅਰਬਦ: ਦੇਖੋ, ਅਰਬੁਦ। ੨. ਸੰ. आरब्ध- ਆਰਬਧ. ਵਿ- ਆਰੰਭ ਕੀਤਾ. "ਅਰਬਦ ਨਰਬਦ ਧੁੰਧੂਕਾਰਾ." (ਮਾਰੂ ਸੋਲਹੇ ਮਃ ੧) ਆਰੰਭ ਕਾਲ ਵਿੱਚ ਨਰ ਆਰਬਜ[114] ਧੁੰਧੂਕਾਰ ਸੀ. ਦੇਖੋ, ਨਰਬਦ.

ਅਰਬਨਿ, ਅਰਬਨੀ: ਸੰਗਯਾ- ਉਹ ਸੈਨਾ, ਜਿਸ ਵਿੱਚ ਅ਼ਰਬ ਦੇਸ਼ ਦੇ ਘੋੜੇ ਹੋਣ. ਅ਼ਰਬੀ ਘੋੜਿਆਂ ਦੀ ਫ਼ੌਜ. (ਸਨਾਮਾ)

ਅਰਬਲ, ਅਰਬਲਾ: ਆਰਬਲਾ ਦਾ ਸੰਖੇਪ. ਉਮਰ. "ਜਿਮ ਦੇਹਿ ਅਰਬਲ ਛੀਨ." (ਅਜਰਾਜ)

"ਮੋਹ ਅਰਬਲਾ ਨ੍ਰਿਪ ਕੀ ਜਾਨਹੁ." (ਚਰਿਤ੍ਰ ੩੦੫)

ਅਰਬ ਲਾਰਿ: ਸੰਗਯਾ- ਆਰਬਲਾ ਦਾ ਵੈਰੀ ਬੁਢੇਪਾ. ਜਰਾ. (ਸਨਾਮਾ)

ਅਰਬਲਾਰਿ ਅਰਿ: ਆਰਬਲਾ (ਉਮਰ) ਦਾ ਵੈਰੀ ਬੁਢੇਪਾ, ਉਸਦਾ ਵੈਰੀ ਅਮ੍ਰਿਤ. (ਸਾਨਾਮਾ)

ਅਰਬਾ: ਦੇਖੋ, ਅਰਬਅ.

ਅਰਬਾ ਨਾਸਰ: ਅ਼. اربعہ عناصر ਅਰਬਅ਼ ਅਨਾਸਰ. ਚਾਰ ਤਤ੍ਵ. ਅਗਨਿ, ਪਵਨ, ਜਲ, ਪ੍ਰਿਥਿਵੀ. "ਅਰਬਾ ਨਾਸਰ ਕਾ ਤਨ ਹੈ." (ਜਸਭਾਮ) "ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ." (ਅਕਾਲ)[115]

ਅਰਬਿੰਦ: ਸੰ. ਅਰਵਿੰਦ. ਸੰਗਯਾ- ਪਹੀਏ ਦੇ ਅਰ (ਗਜ) ਦੀ ਤਰ੍ਹਾਂ ਜਿਸ ਦੀਆਂ ਪੰਖੜੀਆਂ ਹੋਣ. ਦਿਨ ਨੂੰ ਖਿੜਨ ਵਾਲਾ. ਕਮਲ। ੨. ਸਾਰਸ ਪੰਛੀ। ੩. ਸਵੈਯੇ ਛੰਦ ਦਾ ਇੱਕ ਭੇਦ. ਦੇਖੋ, ਸਵੈਯੇ ਦਾ ਰੂਪ ੧੭.

ਅਰਬੀ: ਵਿ- ਅਰਬ ਦੇਸ਼ ਦਾ ਘੋੜਾ। ੨. ਅਰਬ ਦਾ ਵਸਨੀਕ। ੩. ਅਰਬ ਦੀ ਬੋਲੀ। ੪. ਦੇਖੋ, ਅਰਵੀ.

ਅਰਬੁਦ: ਸੰ. ਅਬੁੰਦ. ਸੰਗਯਾ- ਦਸ ਕਰੋੜ। ੨. ਰਾਜਪੂਤਾਨੇ ਵਿੱਚ ਇੱਕ ਪਹਾੜ ਦੀ ਧਾਰਾ. ਅਰਾਵਲੀ ਅਰਵਲੀ। ੩. ਆਬੂ ਪਹਾੜ। ੪. ਬੱਦਲ। ੫. ਵੈਦਕ ਅਨੁਸਾਰ ਇੱਕ ਰੋਗ. ਸ਼ਰੀਰ ਤੇ ਗਿਲਟੀਆਂ ਦਾ ਹੋਣਾ. ਰਸੌਲੀ ਆਦਿ। ੬. ਇੱਕ ਨੇਤ੍ਰ ਰੋਗ.

ਅਰਬੰਗ: ਦੇਖੋ, ਅੜਬੰਗ. "ਕੋਊ ਆਵੈ ਅਰਬੰਗ ਅਬ ਤੋਕੋ ਮਾਰ ਜਾਵਈ." (ਨਾਪ੍ਰ)

ਅਰਬਜਰਿ: ਸੰਗਯਾ- ਸ਼ੇਰ. ਅ਼ਰਬੀ ਘੋੜੇ ਦਾ ਅਰਿ (ਵੈਰੀ) (ਸਨਾਮਾ)

ਅਰਭ: ਸੰ. ਅਭੰ. ਸੰਗਯਾ- ਬਾਲਕ. ਬੱਚਾ। ੨. ਸ਼ਿਸ਼ਿਰ ਰੁੱਤ. ਮਾਘ ਫੱਗੁਣ ਦੀ ਰੁੱਤ। ੩. ਵਿਦਯਾਰਥੀ. ਤਾਲਬੇ ਇ਼ਲਮ.

ਅਰਭਕ: ਸੰ. ਅਭੰਕ. ਵਿ- ਛੋਟਾ। ੨. ਭਾਵ- ਬਾਲਕ. ਬੱਚਾ. ਦੇਖੋ, ਅਰਭ. "ਅਰਭਕ ਰੂਪ ਸਿੱਖ ਹੈਂ ਸੰਸਾਰ ਮੱਧ." (ਭਾਗੁ ਕ) ੩. ਮੂਰਖ. ਬੇਸਮਝ। ੪. ਕਮਜ਼ੋਰ. ਬਲਹੀਨ.

ਅਰਮਨ, ਅਰਮਨੀ: ਦੇਖੋ, ਇਰਮਨ ਅਤੇ ਇਰਮਨੀ.

---

[114] ਜਿਸ ਨੂੰ ਆਦਮੀ ਕਥਨ ਨਹੀਂ ਕਰਦਾ ਸਕਦਾ.

[115] ਗੁਰੁਬਾਣੀ ਅਤੇ ਸੰਸਕ੍ਰਿਤ ਵਿੱਚ ਅਕਾਸ਼ ਪੰਜਵਾਂ ਤੱਤ ਹੈ. ਇਥੇ ਅਰਬ ਫਾਰਸੀ ਕਿਤਾਬ ਦਾ ਅਨੁਵਾਦ ਹੈ.

**ਅਰਮਾਨ:** ਫ਼ਾ. ارمان ਸੰ. ਅਥੰ- ਮਨ. ਸੰਗਯਾ- ਇੱਛਾ. ਚਾਹ. ਰੁਚੀ. "ਕਰੀ ਆਵਾਜ਼ ਅਬ ਆਉ ਅਰਮਾਨ ਜਿਹ." (ਗੁਰੁਸੋਭਾ) ੨. ਪਛਤਾਵਾ. ਪਸ਼ਚਾਤਾਪ. "ਰਾਜਨ ਕੋ ਅਰਮਾਨ ਰਹੈ ਜਗ." (ਗੁਪ੍ਰਸੂ)

**ਅਰਰਾਨਾ:** ਕ੍ਰਿ- ਅਰੜਾਉਣਾ. ਆਰਤ ਨਾਦ ਕਰਨਾ। ੨. ਲਲਕਾਰਨਾ. ਗੱਜਣਾ. "ਸੈਨ ਕਟੋਚਿਨ ਕੀ ਤਬੈ ਘੇਰ ਲਈ ਅਰਰਾਇ." (ਵਿਚਿਤ੍ਰ) "ਲੋਗ ਪਰੇ ਅਰਰਾਇ." (ਚਰਿਤ੍ਰ ੨੩)

**ਅਰਲ ਬਰਲ:** ਵਿ- ਅ- ਰਲ ਅਤੇ ਵਿ- ਰਲ. ਅਸ੍ਰ ਵਜਤ੍ਰ. ਉਲਟ ਪੁਲਟ. ਊਲ ਜਲੂਲ। ੨. ਸੰਗਯਾ- ਪਾਗਲਾਨਾ ਬਕਬਾਦ. ਬੇਮੇਲ ਕਥਨ. "ਓਸੁ ਅਰਲ ਬਰਲ ਮੁਹਹੁ ਨਿਕਲੈ." (ਵਾਰ ਸੋਰ ਮਃ ੪)

**ਅਰਲਾ:** ਸੰ. ਅਰਲੁ. ਸੰਗਯਾ- ਅੱਲ. ਲੰਮ ਕੱਦੂ. ਤੋਰੀ ਕੱਦੂ. "ਬਾਹੁ ਆਜਾਨੁ ਸੁ ਅਰਲਾ ਮਾਨੋ." (ਗੁਪ੍ਰਸੂ) ੨. ਦੇਖੋ, ਅਰਗਲਾ.

**ਅਰਲੀ:** ਦੇਖੋ, ਅਰਗਲਾ.

**ਅਰਵਲ:** ਇੱਕ ਜੱਟ ਗੋਤ, ਜੋ ਬਹੁਤ ਕਰਕੇ ਡੇਰਾ ਗ਼ਾਜ਼ੀ ਖ਼ਾਂ ਵਿੱਚ ਹੈ.

**ਅਰਵਲੀ:** ਦੇਖੋ, ਅਰਬੁਦ ੨.

**ਅਰਵਾਚੀਨ:** ਸੰ. ਅਵੰਾਚੀਨ. ਵਿ- ਨਵਾਂ. ਨਵੀਨ.

**ਅਰਵਿੰਦ:** ਦੇਖੋ, ਅਰਬਿੰਦ.

**ਅਰਵੀ:** ਅਥਵਾ ਅਰਬੀ. ਸੰਗਯਾ- ਗਾਗਟੀ. ਇੱਕ ਕਿਸਮ ਦਾ ਕਚਾਲੂ. ਸ਼ਕਰਕੰਦੀ ਦੀ ਤਰ੍ਹਾਂ ਦਾ ਇੱਕ ਕੰਦ, ਜੋ ਸਾਉਣੀ ਦੀ ਫਸਲ ਨਾਲ ਹੁੰਦਾ ਹੈ, ਜਿਸ ਦੀ ਤਰਕਾਰੀ ਬਣਾਈ ਜਾਂਦੀ ਹੈ. ਇਸ ਦੇ ਬਹੁਤ ਚੌੜੇ ਲੰਮੇ ਪੱਤੇ ਪਾਨ ਦੀ ਸ਼ਕਲ ਦੇ ਹੁੰਦੇ ਹਨ, ਜਿਨ੍ਹਾਂ ਦੇ ਪਤੌੜ ਬਣਦੇ ਅਤੇ ਪੱਤਲਾਂ ਦੇ ਕੰਮ ਆਉਂਦੇ ਹਨ.

**ਅਰੜਾਉਣਾ:** ਕ੍ਰਿ. ਦੇਖੋ, ਅਰਰਾਨਾ. "ਅਰੜਾਵੈ ਬਿਲਲਾਵੈ ਨਿੰਦਕ." (ਆਸਾ ਮਃ ੫)

**ਅਰੜਾਖੋਲ:** ਸੰਗਯਾ- ਪਸ਼ੂਆਂ ਦੇ ਰੋਕਣ ਲਈ ਫਾਟਕ ਤੇ ਲਾਇਆ ਇੱਕ ਯੰਤ੍ਰ। ੨. ਪੇਚਦਾਰ ਰਸਤਾ, ਜਿਸ ਵਿੱਚਦੀਂ ਆੜਾ (ਟੇਢਾ) ਹੋਕੇ ਲਖੀਏ (ਲੰਘੀਏ)

**ਅਰਾਈਂ:** ਸੰਗਯਾ- ਰਾਂਈਂ. ਸਬਜ਼ੀ ਤਰਕਾਰੀ ਬੀਜਣ ਅਤੇ ਵੇਚਣ ਵਾਲੀ ਇੱਕ ਜਾਤਿ. ਪੋਠੋਹਾਰ ਅਤੇ ਧੰਨੀ ਵਿੱਚ ਇਸ ਨੂੰ "ਮਲਿਆਰ" ਆਖਦੇ ਹਨ.

**ਅਰਾਕ:** ਅ਼. اراک ਸੰਗਯਾ- ਇੱਕ ਬਿਰਛ, ਜਿਸ ਦੇ ਪੱਤੇ ਅਰਬ ਦੇਸ਼ ਵਿੱਚ ਊਠਾਂ ਦੀ ਖ਼ੁਰਾਕ ਹੈ। ੨. ਦੇਖੋ, ਇ਼ਰਾਕ਼.

**ਅਰਾਕੀ:** ਸੰਗਯਾ- ਅਰਾਕ ਬਿਰਛ ਦੇ ਪੱਤੇ ਖਾਣ ਵਾਲਾ, ਸ਼ੁਤਰ। ੨. ਦੇਖੋ, ਇਰਾਕ਼ੀ.

**ਅਰਾਗ:** ਸੰ. ਵਿ- ਰਾਗ (ਪਿਆਰ) ਰਹਿਤ. ਮੋਹ ਬਿਨਾ. ੨. ਬਿਨਾ ਰੰਗ.

**ਅਰਾਜੀ:** ਅ਼. اراضی ਅਰਾਜ਼ੀ. ਸੰਗਯਾ- ਅਰਜ਼ (ਜ਼ਮੀਨ) ਦਾ ਬਹੁ ਵਚਨ. ਜ਼ਮੀਨਾਂ। ੨. ਵਾਹਕ ਜ਼ਮੀਨ.

**ਅਰਾਤੀ:** ਸੰ. ਅਰਾਤਿ. ਸੰਗਯਾ- ਵੈਰੀ. ਸ਼ਤ੍ਰ. ਦੁਸ਼ਮਨ. "ਆਇ ਸਕੈ ਨਹਿ ਨਿਕਟ ਅਰਾਤੀ." (ਗੁਪ੍ਰਸੂ)

**ਅਰਾਦਾ:** ਦੇਖੋ, ਇਰਾਦਾ. "ਜੰਗ ਅਰਾਦਾ ਕਰਤ ਬੁਲੰਦ." (ਗੁਪ੍ਰਸੂ)

**ਅਰਾਧ:** ਦੇਖੋ, ਅਰਾਧਨ, ਆਰਾਧਨ ਅਤੇ ਆਰਾਧਯ.

**ਅਰਾਧਨ ਅਰਾਧਨਾ:** ਸੰ. ਆਰਾਧਨ. ਸੰਗਯਾ- ਸੇਵਾ. ਪੂਜਾ. ਉਪਾਸਨਾ. "ਹਰਿ ਹਰਿ ਨਾਮ ਅਰਾਧਨਾ." (ਮਾਰੂ ਅਃ ਮਃ ੫)

**ਅਰਾਧਿ:** ਆਰਾਧਨ ਕਰਕੇ. "ਤਿਸਹਿ ਅਰਾਧਿ ਸਦਾ ਸੁਖੁ ਹੋਇ." (ਰਾਮ ਮਃ ੫) ੨. ਦੇਖੋ, ਆਰਾਧਜ.

**ਅਰਾਨਾ:** ਕ੍ਰਿ- ਅੜਾਨਾ. ਅੜਾਉਣਾ. ਫਸਾਉਣਾ. "ਊਖਲ ਕਾਨ੍ਹ ਅਰਾਇ." (ਕ੍ਰਿਸਨਾਵ)

**ਅਰਾਪਉ:** ਦੇਖੋ, ਅਰਾਪਨ.

**ਅਰਾਪਨ:** ਸੰ. ਅਪੰਣ. ਸੰਗਯਾ- ਦੇਣਾ. ਸੌਂਪਣਾ. ਭੇਟ ਕਰਨ ਦੀ ਕ੍ਰਿਯਾ "ਹੀਉ ਅਰਾਪਉ." (ਸਾਰ ਛੰਤ ਮਃ ੫) ਹ੍ਰਿਦਯ (ਹਿਰਦਾ) ਅਰਪਦਾ ਹਾਂ.

**ਅਰਾਮ:** ਬਾਗ਼. ਦੇਖੋ, ਆਰਾਮ. "ਬੀਤਯੋ ਜਬ ਏਕ ਜਾਮ ਕ੍ਰੀੜਤੇ ਅਰਾਮ ਬਿਖੇ." (ਗੁਪ੍ਰਸੂ) ਬਾਗ ਵਿੱਚ ਸੈਰ ਕਰਦੇ ਇੱਕ ਪਹਿਰ ਵੀਤਿਆ.

**ਅਰਾਰ:** ਵਿ- ਰਾਰ (ਝਗੜੇ) ਬਿਨਾ। ੨. ਲੜਾਈ ਬਿਨਾ। ੩. ਅੜੀਅਲ. ਅੜਨ ਵਾਲਾ।

**ਅਰਾਲਕ ਅਰਾਲਿਕ:** ਸੰ. ਆਰਾਲਿਕ. ਵਿ- ਅਰਾਲ (ਟੇਢਾ) ਚਲਨ ਵਾਲਾ। ੨. ਸੰਗਯਾ- ਰਸੋਈਆ. ਲਾਂਗਰੀ. "ਆਯਸ ਦੀਨ ਅਰਾਲਿਕ ਤਾਈਂ." (ਨਾਪ੍ਰ)

**ਅਰਾਵਨ:** ਕ੍ਰਿ- ਅੜਾਉਣਾ. ਫਸਾਉਣਾ. ੨. ਸੰਗਯਾ- ਅੜਚਨ. ਰੁਕਾਵਟ. ਵਿਘਨ। ੩. ਪੇਚ. ਉਲਝਾਉ. "ਮਹਾਂ ਕੁਟਿਲ ਬਹੁ ਪਾਇ ਅਰਾਵਨ." (ਨਾਪ੍ਰ)

**ਅਰਾਵਨੀ:** ਸੰਗਯਾ- ਰੁਕਾਵਟ. ਅੜਾਂਉਨੀ। ੨. ਉਲਝਾਉ ਦੀ ਕ੍ਰਿਯਾ. ਰੁਕਾਵਟ ਦਾ ਕੰਮ.

**ਅਰਿ:** ਸੰ. ਸੰਗਯਾ- ਵੈਰੀ. ਦੁਸ਼ਮਨ। ੨. ਚਕ੍ਰ ਸ਼ਸਤ੍ਰ.

**ਅਰਿਓ:** ਅੜਿਆ. ਫਸਿਆ। ੨. ਉਲਝਿਆ. ਅਟਿਕਆ. ਦੇਖੋ, ਅਰਨਾ. "ਅਰਿਓ ਪ੍ਰੇਮ ਕੀ ਖੋਰਿ." (ਸਾਰ ਮਃ ੫)

**ਅਰਿਆਰ, ਅਰਿਆਰਾ:** ਵਿ- ਅੜਨ ਵਾਲਾ. ਮੁਕ਼ਾਬਲਾ ਕਰਨ ਵਾਲਾ। ੨. ਅੜੀਅਲ. ਜ਼ਿੱਦੀ। ੩. ਅਰਿ (ਵੈਰੀ) ਦਾ ਅਰਿ. ਦੁਸ਼ਮਨ ਦਾ ਨਾਸ਼ ਕਰਨ ਵਾਲਾ. "ਅਰਿਆਰ ਅਸਿ." (ਸਨਾਮਾ)

**ਅਰਿਸਟ:** ਸੰ. ਸੰਗਯਾ- ਵਿਘਨ। ੨. ਵਿਪਦਾ. ਮੁਸੀ-

**ਅਰਿਸ਼੍ਰ:** ਬਤ। ੩. ਦੁੱਖ। ੪. ਕਾਂਉ। ੫. ਨਿੰਮ। ੬. ਇੱਕ ਦੈਤ, ਜੋ ਕੰਸ ਦਾ ਭੇਜਿਆ ਹੋਇਆ ਬੈਲ ਦੀ ਸ਼ਕਲ ਬਣਾਕੇ ਕ੍ਰਿਸ਼ਨ ਜੀ ਨੂੰ ਮਾਰਣ ਆਇਆ ਸੀ, ਅਤੇ ਆਪ ਮਾਰਿਆ ਗਿਆ. ਇਸੇ ਨੂੰ ਵ੍ਰਿਖਭਾਸੁਰ (ਵ੍ਰਿਸ਼ਭਾਸੁਰ) ਆਖਦੇ ਹਨ। ੭. ਅਰੀਠਾ (ਰੀਠਾ). ਫੇਨਲ। ੮. ਵਿਸ਼੍ਵਾਮਿਤ੍ਰ ਦਾ ਇੱਕ ਪੁਤ੍ਰ, ਜੋ ਉਸ ਨੇ ਰਾਜਾ ਯਜਾਤੀ ਦੀ ਪੁਤ੍ਰੀ ਤੋਂ ਪੈਦਾ ਕੀਤਾ ਸੀ. "ਤਿਸ ਤੇ ਏਕ ਪੁਤ੍ਰ ਉਪਜਾਵਾ। ਨਾਮ ਅਰਿਸ੍ਰ ਜਾਂਹਿ ਕੋ ਗਾਵਾ." (ਗੁਪ੍ਰਸੂ) ੯. ਡਿੰਗ. ਕੱਚਾ ਘਰ.

**ਅਰਿਸ਼੍ਰਾਸੁਰ:** ਅਰਿਸ਼੍ਰ- ਅਸੁਰ. ਦੇਖੋ, ਅਰਿਸ਼੍ਰ ੬.

**ਅਰਿਖੇਉ:** ਦੇਖੋ, ਅਰਖੇਉ.

**ਅਰਿਜਨਨਿ:** ਦੇਖੋ, ਅਰੁਜਨਨਿ.

**ਅਰਿਜਿਤ:** ਦੇਖੋ, ਸਤ੍ਰਾਜਿਤ.

**ਅਰਿੰਡ:** ਦੇਖੋ, ਏਰੰਡ.

**ਅਰਿਣ, ਅਰਿਣਤ:** ਸੰ. अऋण. ਵਿ- ਜਿਸ ਨੇ ਰਿਣ (ਕ਼ਰਜ) ਨਹੀਂ ਦੇਣਾ. ਰਿਣ ਮੁਕ੍ਤ. ਉਰਿਣ.

**ਅਰਿਣੀ:** ਦੇਖੋ, ਅਰਿਣ। ੨. ਅਰਿ- ਅਨੀ. ਵੈਰੀ ਦੀ ਫੌਜ. (ਸਨਾਮਾ)

ਅਰਿੰਦ: ਸੰਗਜਾ- ਵੈਰੀ. ਦੁਸ਼ਮਨ। ੨. ਅਰਿੰਦਮ (ਵੈਰੀ ਨੂੰ ਨਾਸ਼ ਕਰਨ ਵਾਲਾ) ਦਾ ਸੰਖੇਪ ਭੀ ਇਹ ਸ਼ਬਦ ਹੈ. "ਗਮਨੇ ਅਰਿੰਦ ਸੁ ਗੁਬਿੰਦ ਨੇ ਛੁਡਾਇ ਦੀਨ." (ਗੁਪ੍ਰਸੂ)

ਅਰਿੰਦਮ: ਸੰ. अरिन्दम. ਵਿ- ਵੈਰੀ ਦਾ ਨਾਸ਼ ਕਰਨ ਵਾਲਾ. ਅਰਿ ਨੂੰ ਦਮਨ ਕਰਨ ਵਾਲਾ. "ਸੁਨਤ ਅਰਿੰਦਮ ਤਿਤ ਕੋ ਗਏ." (ਗੁਪ੍ਰਸੂ)

ਅਰਿਦੇਵ: ਦੇਖੋ, ਦੇਵ ਅਰਿ.

ਅਰਿਯਾਰ: ਦੇਖੋ, ਅਰਿਆਰ.

ਅਰਿੱਲ, ਅਰਿੱਲਾ: ਦੇਖੋ, ਅੜਿੱਲ.

ਅਰੀ: ਦੇਖੋ, ਅੜੀ। ੨. ਦੇਖੋ, ਅਰਿ। ੩. ਦੇਖੋ, ਅਲੀ. "ਅਰੀ ਅਰੀ ਤੈਂ ਕਾ ਕਰੀ, ਕਰੀ ਕਰੀ ਕੀ ਰੀਤਿ। ਨਾਂਹ ਨਾਂਹ ਤੋਕੋ ਭਲੀ, ਭਲੀ ਨਾਂਹ ਸੋਂ ਪ੍ਰੀਤਿ." (ਬੇਪਤਾ) ੪. ਇਸਤ੍ਰੀ ਲਈ ਸੰਬੋਧਨ. "ਅਰੀ ਬਾਈ! ਗੋਬਿੰਦ ਨਾਮੁ ਮਤ ਵੀਸਰੈ." (ਗੂਜ ਤ੍ਰਿਲੋਚਨ)

ਅਰੀਅਲ: ਦੇਖੋ, ਅੜੀਅਲ. "ਅਤਿ ਅਰੀਅਲ ਨਹਿ ਚਲਹਿ ਅਗਾਰੇ." (ਗੁਪ੍ਰਸੂ)

ਅਰੀਠਾ: ਸੰ. ਅਰਿਸ਼੍ਰ. ਸੰਗਜਾ- ਰੀਠਾ. ਫੇਨਲ.

ਅਰੀਲ: ਦੇਖੋ, ਅੜੀਅਲ.

ਅਰੁ: ਵਜ- ਔਰ. ਅਤੇ. ਦੋ ਸ਼ਬਦਾਂ ਨੂੰ ਜੋੜਨ ਵਾਲਾ ਸ਼ਬਦ. "ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨੁ ਸੁੰਨਿ ਨ ਲੂਕੇ." (ਆਸਾ ਕਬੀਰ)

ਅਰੁਚਿ: ਸੰ. ਰੁਚਿ ਦਾ ਅਭਾਵ. ਇੱਛਾ ਦਾ ਨਾ ਹੋਣਾ। ੨. ਗਿਲਾਨੀ. ਨਫਰਤ। ੩. ਇੱਕ ਰੋਗ, ਜਿਸ ਤੋਂ ਭੁੱਖ ਬੰਦ ਹੋ ਜਾਂਦੀ ਹੈ. ਦੇਖੋ, ਅਜੀਰਣ.

ਅਰੁਜ: ਵਿ- ਰੁਜ (ਰੋਗ) ਰਹਿਤ. ਅਰੋਗ. ਨਰੋਆ.

ਅਰੁਜਨਨਿ: ਯੌ- ਅਰੁਜ (ਅਰੋਗ) ਕਰਨ ਵਾਲਾ ਚੰਦ੍ਰਮਾ, ਉਸ ਨਾਲ ਹੈ ਜਿਸ ਦਾ ਸੰਬੰਧ. ਚੰਦ੍ਰਭਾਗਾ ਨਦੀ. (ਸਨਾਮਾ)

ਅਰੁੱਝਨ: ਕ੍ਰਿ- ਉਲਝਣਾ। ੨. ਆਰੋਹਨ. ਅਸਵਾਰ ਹੋਣਾ। ੩. ਰੁੱਝਣਾ. ਣਸ਼ਗੂਲ ਹੋਣਾ.

ਅਰੁਣ: ਸੰ. ਸੰਗਜਾ- ਸੂਰਜ ਦਾ ਰਥ। ੨. ਸੂਰਜ ਦਾ ਰਥਵਾਨ. ਇਹ ਵਿਨਤਾ ਦੇ ਉਦਰ ਤੋਂ ਕਸ਼ਯਪ ਦਾ ਪੁਤ੍ਰ ਗਰੁੜ ਦਾ ਵਡਾ ਭਾਈ ਹੈ. ਇਹ ਕਮਰ ਤੋਂ ਹੇਠਲਾ ਹਿੱਸਾ ਨਹੀਂ ਰਖਦਾ, ਪਿੰਗਲਾ ਹੈ, ਕਿਉਂਕਿ ਇਸ ਦੀ ਮਾਤਾ ਨੇ ਛੇਤੀ ਪੁਤ੍ਰ ਦੇਖਣ ਦੀ ਚਾਹ ਨਾਲ ਕੱਚਾ ਅੰਡਾ ਹੀ ਭੰਨ ਦਿੱਤਾ ਸੀ. ਇਸੇ ਲਈ ਇਸਨੂੰ "ਅਨੂਰੁ"[116] ਭੀ ਆਖਦੇ ਹਨ. ਪੁਰਾਣਾਂ ਵਿੱਚ ਇਸ ਦਾ ਰੰਗ ਬਹੁਤ ਲਾਲ ਦੱਸਿਆ ਹੈ, ਅਤੇ ਲਿਖਿਆ ਹੈ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਜੋ ਲਾਲੀ ਹੁੰਦੀ ਹੈ, ਉਹ ਇਸੇ ਦੀ ਸੁਰਖੀ ਝਲਕਦੀ ਹੈ, ਅਰੁਣ ਦੀ ਇਸਤ੍ਰੀ ਦਾ ਨਾਉਂ ਸ਼ਯੇਨੀ, ਪੁਤ੍ਰ ਸੰਪਾਤੀ ਅਤੇ ਜਟਾਯੁ ਲਿਖੇ ਹਨ. "ਕਰਮ ਕਰਿ ਅਰੁਣ ਪਿੰਗੁਲਾ ਰੀ." (ਧਨਾ ਤ੍ਰਿਲੋਚਨ) ੩. ਸੰਧੂਰ। ੪. ਵਿ- ਲਾਲ. ਸ਼ੁਰਖ਼. ਰਕ੍ਤ. ਰੱਤਾ.

ਅਰੁਣਚੂੜ: ਸੰ. ਸੰਗਜਾ ਅਰੁਣ (ਲਾਲ) ਚੋਟੀ ਵਾਲਾ. ਮੁਰਗ. ਕੁੱਕੜ. "ਅਰੁਣਚੂੜ ਕੇ ਤਨ ਸਸਿ ਭਯੋ." (ਨਾਪ੍ਰ) ਚੰਦ੍ਰਮਾ ਮੁਰਗਾ ਬਣ ਗਿਆ.

ਅਰੁਣ ਬਾਰਿਣੀ: ਯੌ- ਅਰੁਣ (ਲਾਲ) ਵਾਰਿ (ਪਾਣੀ) ਵਾਲੀ ਸਰਸ੍ਵਤੀ ਨਦੀ. (ਸਨਾਮਾ)

---

[116] ਅਨ-ਉਰੁ. ਜਿਸ ਦੇ ਉਰੁ (ਪੱਟ ਨਹੀਂ).

ਅਰੁਣਾ: ਇੱਕ ਨਦੀ, ਜੋ ਪਹੋਏ ਤੋਂ ਕੁਝ ਦੂਰ ਸਰਸ੍ਵਤੀ ਨਾਲ ਮਿਲਦੀ ਹੈ। ੨. ਮਜੀਠ। ੩. ਲਾਲ ਚੌਲਾਈ। ੪. ਘੁੰਘਚੀ. ਲਾਲੜੀ. ਰੱਤਕ। ੫. ਲਾਲ ਰੰਗ ਦੀ ਗਊ। ੬. ਸੰ. अर्हणा- ਅਹੰਣਾ. ਪੂਜਾ. "ਘਟੀ ਪਾਂਚ ਲੌ ਅਰੁਣਾ ਕਰਕੈ." (ਨਾਪ੍ਰ)

ਅਰੁਣੇਸ਼: ਸੰਗਯਾ- ਅਰੁਣ ਦਾ ਈਸ਼ (ਸ੍ਵਾਮੀ) ਸੂਰਜ.

ਅਰੁਣੋਦਧਿ: ਸੰਗਯਾ- ਅਰੁਣ- ਉਦਧਿ. ਅਰੁਣ (ਲਾਲ) ਉਦਧਿ (ਸਮੁੰਦਰ). ਮਿਸਰ ਅਤੇ ਅ਼ਰਬ ਦੇ ਵਿਚਲਾ ਸਮੁੰਦਰ. ਬਹ਼ਰ. ਕੁਲਜ਼ੁਮ Red Sea.

ਅਰੁਣੋਦਯ: ਸੰਗਯਾ- ਅਰੁਣ- ਉਦਯ. ਅਰੁਣ ਦੇ ਪ੍ਰਗਟ ਹੋਣ ਦਾ ਸਮਾਂ. ਉਹ ਵੇਲਾ ਜਦ ਸੂਰਜ ਦੇ ਨਿਕਲਣ ਤੋਂ ਪਹਿਲਾਂ ਲਾਲੀ ਪ੍ਰਗਟ ਹੁੰਦੀ ਹੈ. ਭੋਰ. ਤੜਕਾ. ਦੇਖੋ. ਅਰੁਣ.

ਅਰੁੰਧਤੀ: ਸੰ. अरून्धती. ਸੰਗਯਾ- ਕਰਦਮ ਮੁਨਿ ਦੀ ਕੰਨਯਾ ਅਤੇ ਵਸਿਸ਼੍ਠ ਮੁਨਿ ਦੀ ਇਸਤ੍ਰੀ। ੨. ਇੱਕ ਛੋਟੇ ਆਕਾਰ ਦਾ ਤਾਰਾ, ਜੋ ਸੱਤ ਰਿਖੀਆਂ ਪਾਸ ਦਿਖਾਈ ਦਿੰਦਾ ਹੈ. ਪੁਰਾਣਾਂ ਦਾ ਖਿਆਲ ਹੈ ਕਿ ਜਿਸ ਨੂੰ ਅਰੁੰਧਤੀ ਤਾਰਾ ਨਜਰ ਨਾ ਆਵੇ, ਉਸ ਦੀ ਚਾਲੀ ਦਿਨਾਂ ਵਿੱਚ ਮੌਤ ਹੋ ਜਾਂਦੀ ਹੈ। ੩. ਜੀਭ ਦੀ ਨੋਕ.

ਅਰੁੱਧ: ਵਿ- ਜੋ ਰੁੱਧ (ਰੁੱਝਾ ਹੋਇਆ) ਨਹੀਂ. ਬੇਰੋਕ. ਬਿਨਾ ਰੁਕਾਵਟ. ਅਨਿਰੁੱਧ.

ਅਰੁਨ: ਦੇਖੋ, ਅਰੁਣ.

ਅਰੁਨ ਬਾਰਿਨਿਨ: (ਸਨਾਮਾ) ਦੇਖੋ, ਅਰੁਣ ਬਾਰਿਣੀ. ਅਰੁਣ ਬਾਰਿਣੀ (ਸਰਸ੍ਵਤੀ ਨਦੀ) ਵਾਲੀ ਪ੍ਰਿਥਿਵੀ. (ਸਨਾਮਾ)

ਅਰੂਜ, ਅ਼ਰੂਜ: ਅ਼. عرُوٗج ਸੰਗਯਾ- ਉੱਨਤਿ. ਤਰੱਕੀ. ਵ੍ਰਿੱਧਿ। ੨. ਬਲੰਦੀ. ਉਚਿਆਈ। ੩. ਦੇਖੋ, ਉਰੂਜ ੨.

ਅਰੂਝਨ: ਸੰਗਯਾ- ਉਲਝਨ। ੨. ਰੋਕ. ਅਟਕ. ੩. ਕ੍ਰਿ- ਰੁੱਝਣਾ. ਕਿਸੇ ਸ਼ਗ਼ਲ ਵਿੱਚ ਲਗਣਾ. "ਸ਼ਾਹ ਸੰਗ ਕਿਮ ਬਾਕ ਅਰੂਝੇ?" (ਗੁਪ੍ਰਸੂ)

ਅਰੂਢ: ਦੇਖੋ, ਅਰੂੜ ਅਤੇ ਆਰੂਢ.

ਅਰੂਪ: ਵਿ- ਰੂਪ ਰਹਿਤ. ਨਿਰਾਕਾਰ। ੨. ਕੁਰੂਪ. ਬਦ ਸ਼ਕਲ.

ਅਰੂਪਾ: ਇੱਕ ਵਰਣਿਕ ਛੰਦ, ਜਿਸ ਦਾ ਨਾਉਂ "ਕ੍ਰੀੜਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਯ, ਗ. ।SS, S.

ਉਦਾਹਰਣ-

ਸਬੈ ਜਾਗੇ। ਭ੍ਰਮੰ ਭਾਗੇ।

ਹਠੰ ਤ੍ਯਾਗੇ। ਪਗੰ ਲਾਗੇ॥ (ਰਾਮਾਵ)

੨. ਜੇ ਇਸ ਨੂੰ ਦੂਣਾ ਕਰ ਦਿੱਤਾ ਜਾਵੇ, ਅਰਥਾਤ ਯ, ਗ, ਯ, ਗ, ਪ੍ਰਤਿ ਚਰਣ ਹੋਣ, ਤਦ "ਸ਼ੁੱਧਗਾ" ਸੰਗਯਾ ਹੈ.

ਉਦਾਹਰਣ-

ਜਪੈ ਜੋਈ ਤਰੈ ਸੋਈ।

ਭ੍ਰਮੰ ਖੋਈ ਨ੍ਰਿਭੈ ਹੋਈ। xxx

ਅਰੂੜ, ਅਰੂੜਾ: ਵਿ- ਆਰੂਢ (ਆਰੋਹਣ) ਹੋਇਆ. ਚੜ੍ਹਿਆ ਹੋਇਆ। ੨. ਇਸਥਿਤ. ਕ਼ਾਇਮ. "ਮਨੁ ਚਲਤਉ ਭਇਓ ਅਰੂੜਾ." (ਜੈਤ ਮਃ ੪) ੩. ਸਿੰਧੀ. ਅਰੂੜ. ਅਜਗਰ.

ਅਰੂੜੀ: ਸੰਗਯਾ- ਕੂੜੇ ਕਰਕਟ ਦਾ ਅੰਬਾਰ. ਗੋਹੇ ਕੂੜੇ ਦਾ ਢੇਰ.

ਅਰੇ: ਵਯ- ਸੰਬੋਧਕ ਸ਼ਬਦ. ਹੇ! ਓ! ਅਰੇ ਸ਼ਬਦ ਨਾਲ ਛੋਟੇ ਦਰਜੇ ਦੇ ਆਦਮੀ ਨੂੰ ਬੁਲਾਈਦਾ ਹੈ.

ਅਰੇਕ: ਅਰਿ- ਕੇ. ਵੈਰੀ ਦੇ. "ਪਤਾਕਾ ਟੂਕ ਟਾਕ ਅਰੇਕ." (ਚੰਡੀ ੨) ੨. ਅਰਿ- ਏਕ. ਕਈ ਇੱਕ ਵੈਰੀ. ਕੋਈ ਦੁਸ਼ਮਨ. "ਅਰੇਕ ਸੁ ਮਾਰ ਮਾਰ ਪੁਕਾਰ ਹੀ." (ਚੰਡੀ ੨)

ਅਰੇਖ: ਵਿ- ਰੇਖਾ ਰਹਿਤ. ਸਾਮੁਦ੍ਰਿਕ ਵਿੱਚ ਦੱਸੀਆਂ ਮੱਛ, ਸ਼ੰਖ, ਊਰਧ ਆਦਿ ਰੇਖਾ ਬਿਨਾ. ਨਿਰਾਕਾਰ. ਚਿੰਨ੍ਹ ਰਹਿਤ. "ਅਰੇਖ ਹੈ." (ਜਾਪੁ) ੨. ਅਲੇਖ.

ਅਰੇਣੁ: ਵਿ- ਰੇਣੁ (ਧੂੜਿ) ਰਹਿਤ. ਬਿਨਾ ਰਜ।

੨. ਸੰਗਯਾ- ਦੇਵਤਾ. ਸੁਰ. ਪੁਰਾਣਾਂ ਵਿੱਚ ਲਿਖਿਆ ਹੈ ਕਿ ਦੇਵਤੇ ਜ਼ਮੀਨ ਉੱਪਰ ਪੈਰ ਨਹੀਂ ਰੱਖਦੇ, ਇਸ ਲਈ ਗਰਦ ਨਹੀਂ ਉਡਦੀ। ੩. ਆਕਾਸ਼. ਆਸਮਾਨ.

ਅਰੇਲ: ਵਿ- ਅਪੇਲ. ਧਕੇਲਨ ਰਹਿਤ. ਅਚਲ. ਦੇਖੋ, ਰੇਲ.

ਅਰੈਤ, ਅਰੈਲ: ਵਿ- ਮੁਕ਼ਾਬਲਾ ਕਰਨ ਵਾਲਾ. ਲੜਨ ਭਿੜਨ ਵਾਲਾ. "ਦਲ ਸੋਂ ਅਰੈਤ ਧਾਏ ਤੁਰਗ ਨਚਾਯਕੈ." (ਕ੍ਰਿਸਨਾਵ) ੨. ਅੜੀਅਲ.

ਅਰੋਹਨ: ਦੇਖੋ, ਆਰੋਹਣ.

ਅਰੋਕ: ਵਿ- ਬਿਨਾ ਰੁਕਾਵਟ. ਰੋਕਣ ਰਹਿਤ. ਅਮੋੜ.

ਅਰੋਗ: ਵਿ- ਰੋਗ ਰਹਿਤ. ਨੀਰੋਗ. ਨਰੋਆ.

ਅਰੋਗਤ: ਵਿ- ਅਰੋਗਤਾ ਵਾਲਾ. ਨੀਰੋਗ. ਨਰੋਆ. "ਅਰੋਗਤ ਭਏ ਸਰੀਰਾ." (ਵਡ ਛੰਤ ਮਃ ੪)

ਅਰੋਗਤਾ: ਸੰਗਯਾ- ਰੋਗ ਦਾ ਅਭਾਵ. ਅਰੋਗਜਤਾ. ਤਨਦੁਰੁਸ੍ਤੀ.

ਅਰੋਗੀ: ਸੰ. अरोगिन्. ਵਿ- ਨੀਰੋਗ. ਰੋਗ ਰਹਿਤ. ਤਨਦੁਰੁਸ੍ਤ. ਨਰੋਆ.

ਅਰੋਗਜ: ਦੇਖੋ, ਅਰੋਗ. "ਅਰੋਗਜੰ ਮਹਾਰੋਗਜੰ." (ਸਹਸ ਮਃ ੫)

ਅਰੋਧਨ: ਸੰ. ਅਰੁੰਧਨ. ਕ੍ਰਿ- ਰੋਕਣਾ. ਅਟਕਾਉਣਾ. ਘੇਰਨਾ. "ਰੋਸ ਅਰੋਧਨ ਕ੍ਰੂਰਬ੍ਰਿਤੇ" (ਅਕਾਲ)

ਅਰੋਪਨ, ਅਰੋਪਨਾ: ਦੇਖੋ, ਆਰੋਪਨ.

ਅਰੋੜਾ, ਅਰੋੜਾ: ਖਤ੍ਰੀਆਂ ਵਿੱਚੋਂ ਨਿਕਲੀ ਹੋਈ ਇੱਕ ਵਯ- ਪਾਰ (ਵਪਾਰ) ਕਰਨ ਵਾਲੀ ਜਾਤਿ. ਸਿੰਧ ਵਿੱਚ ਸੱਖਰ ਜ਼ਿਲ੍ਹੇ ਦੇ ਰੋਹੜੀ ਪਰਗਨੇ ਵਿੱਚ ਇੱਕ ਅਰੋਰ ਪਿੰਡ ਹੈ,[117] ਜਿਸ ਤੋਂ ਨਿਕਾਸ ਹੋਣ ਕਾਰਣ ਇਹ ਸੰਗਯਾ ਹੋ ਗਈ ਹੈ। ੨. ਡਿੰਗ. ਯੋਧਾ. ਸੂਰਵੀਰ.

ਅਰੰਗ: ਵਿ- ਰੰਗ ਰਹਿਤ. ਅਵਰਣ। ੨. ਬਦਰੰਗ.

ਅਰੰਜ: ਵਿ- ਰੰਜ ਰਹਿਤ. ਖ਼ੁਸ਼. ਪ੍ਰਸੰਨ. "ਅਰੰਜੁਲ ਅਰਾਧੇ." (ਅਕਾਲ) ਆਰਾਧਨੇ ਵਾਲੇ ਨੂੰ ਸ਼ੋਕ ਰਹਿਤ ਕਰਨ ਵਾਲਾ। ੨. ਰੰਗ ਰਹਿਤ. ਵਰਣ ਬਿਨਾ. ਦੇਖੋ, ਰੰਜ.

ਅਰੰਜਿਤ: ਦੇਖੋ, ਸਤ੍ਰਾਜਿਤ। ੨. ਜੋ ਨਹੀਂ ਰੰਜਿਤ. ਜੋ ਰੰਗਿਆ ਹੋਇਆ ਨਹੀਂ. ਦੇਖੋ, ਰੰਜਨ.

---

[117] ਹੁਣ ਇਸਦਾ ਥੇਹ ਰੋਹੜੀ ਤੋਂ ਪੰਜ ਮੀਲ ਪੂਰਵ ਦੱਖਣ, ਸੱਖਰ ਜਿਲੇ ਵਿੱਚ ਹੈ.

ਅਰੰਜੁਲ: ਦੇਖੋ, ਅਰੰਜ ੧.

ਅਰੰਡ: ਦੇਖੋ, ਇਰੰਡ। ੨. ਵਿ- ਜੋ ਨਹੀਂ ਰੰਡ. ਸੁਹਾਗਣ.

ਅਰੰਤ: ਦੇਖੋ, ਅਰ੍ਹੰਤ। ੨. ਅੜੰਤ. ਅੜਦਾ. ਮੁਕ਼ਾਬਲਾ ਕਰਦਾ. ਦੇਖੋ, ਅੜਨਾ.

ਅਰੰਨ, ਅਰੰਨਜ: ਸੰ. ਅਰਣਯ- ਅਰਣ੍ਯ. ਸੰਗਯਾ- ਬਨ (ਵਨ). ਜੰਗਲ.

ਅਰੰਨਜਕ: ਦੇਖੋ, ਆਰਨਜਕ.

ਅਰੰਭ: ਦੇਖੋ, ਆਰੰਭ.

ਅਰ੍ਹ:[118] ਸੰ. ਅਰ੍ਹ. ਧਾ- ਪੂਜਾ ਕਰਨਾ. ਆਦਰ ਕਰਨਾ. ਯੋਗਯ ਹੋਣਾ। ੨. ਸੰ. ਅਰ੍ਹ. ਵਿ- ਪੂਜ੍ਯ ੩. ਯੋਗ੍ਯ. ਲਾਇਕ। ੪. ਸੰਗਯਾ- ਕਰਤਾਰ। ੫. ਇੰਦ੍ਰ। ੬. ਮੁੱਲ. ਦਾਮ। ੭. ਪੂਜਾ। ੮. ਸੁਵਰਣ. ਸੋਨਾ। ੯. ਗਤਿ. ਚਾਲ.

ਅਰ੍ਹਣਾ: ਸੰ. ਅਰ੍ਹਣਾ. ਸੰਗਯਾ- ਪੂਜਾ. ਅਰਚਾ। ੨. ਯੋਗ੍ਯਤਾ. ਲਿਆਕ਼ਤ.

ਅਰ੍ਹਤ, ਅਰ੍ਹੰਤ: ਸੰ. ਅਰ੍ਹਨ੍ਤ. ਵਿ- ਪੂਜਾ ਯੋਗ੍ਯ। ੨. ਸੰਗਯਾ- ਜੈਨੀਆਂ ਦੀ ਪੂਜ੍ਯ ਦੇਵਤਾ. 'ਜਿਨ' ਭਗਵਾਨ। ੩. ਬੁੱਧ ਮਤ ਦਾ ਉਹ ਰਿਖੀ, ਜੋ ਗ੍ਯਾਨ ਦ੍ਵਾਰਾ ਨਿਰਵਾਣ ਨੂੰ ਪ੍ਰਾਪਤ ਹੋਇਆ ਹੈ.

ਅਰ੍ਯਾਰਾ: ਦੇਖੋ, ਅਰਿਆਰਾ.

ਅਲ: ਸੰ. ਅਲ੍. ਧਾ- ਸਵਾਰਨਾ. ਸ਼ਿੰਗਾਰਨਾ. ਹਟਾਉਣਾ. ਵਰਜਣਾ. ਸ਼ਕਤਿਮਾਨ ਹੋਣਾ. ਪੂਜਾ ਕਰਨਾ। ੨. ਅਲਮ੍- ਅਲੰ. ਵ੍ਯ. ਪੂਰਣ. ਮੁਕੰਮਲ. "ਹੋਆ ਓਹੀ ਅਲ ਜਗਤ ਮੈ." (ਵਾਰ ਮਾਰੂ ੨. ਮਃ ੫) ੩. ਸੰ. ਅਲ. ਸੰਗਯਾ- ਜ਼ਹਿਰ. ਵਿਸ਼. ਦੇਖੋ, ਅਲੁਮਲੁ। ੪. ਬਿੱਛੂ ਦਾ ਡੰਗ। ੫. ਹਰਤਾਲ। ੬. ਅਲਕ. ਜ਼ੁਲਫ। ੭. ਦੇਖੋ, ਅਲਿ। ੮. ਸਿੰਧੀ. ਰੁਕਾਵਟ. ਪ੍ਰਤਿਬੰਧ. ਵਿਘਨ.

ਅਲਉਤੀ: ਸੰ. ਅਲਿਮ੍ਪਕ- ਅਲਿੰਪਕ. ਸੰਗਯਾ- ਮਧੂਕ. ਮਹੂਆ.[119] "ਅਲਉਤੀ ਕਾ ਜੈਸੇ ਭਇਆ ਬਰੇਡਾ, ਜਿਨਿ ਪੀਆ ਤਿਨਿ ਜਾਨਿਆ." (ਗਉ ਕਬੀਰ) ਮਹੂਏ ਦਾ ਮਦ੍ਯ ਜਿਸ ਨੇ ਪੀਤਾ, ਉਸ ਨੇ ਉਸ ਦਾ ਸਰੂਰ ਜਾਣਿਆ. ਦੇਖੋ, ਬਰੇਡਾ.

ਅਲਸ: ਸੰ. ਵਿ- ਆਲਸੀ. ਸੁਸਤ. ਉੱਦਮ ਰਹਿਤ।

ਅਲਸਹਰ: ਸੰਗਯਾ- ਅਲਸ (ਸੁਸਤੀ) ਦੂਰ ਕਰਨ ਵਾਲਾ, ਅਮ੍ਰਿਤ. (ਸਨਾਮਾ)

ਅਲਸਾਉਣਾ, ਅਲਸਾਨਾ: ਕ੍ਰਿ- ਆਲਸ ਸਹਿਤ ਹੋਣਾ. ਆਲਸ ਕਰਨਾ. ਸੁਸਤ ਹੋਣਾ. "ਨਾਮ ਜਪਤ ਗੋਬਿੰਦ ਨਹਿ ਅਲਸਾਈਐ." (ਆਸਾ ਛੰਤ ਮਃ ੫)

ਅਲਸੀ: ਸੰ. ਅਤਸੀ. ਸੰਗਯਾ- ਤੀਸੀ. ਇੱਕ ਬੂਟਾ ਅਤੇ ਉਸ ਦਾ ਫਲ. ਪੁਰਾਣਾ ਵਿੱਚ ਵਿਸ਼ਨੁ ਦਾ ਰੰਗ ਅਲਸੀ ਦੇ ਫੁੱਲ ਜੇਹਾ ਵਰਣਨ ਕੀਤਾ ਹੈ.[120] ਅਲਸੀ ਦਾ ਤੇਲ ਰੌਗਨਾਂ ਵਿੱਚ ਬਹੁਤ ਵਰਤਿਆ ਜਾਂਦਾ ਹੈ, ਅਤੇ ਅਲਸੀ ਨੂੰ ਪੀਸਕੇ ਫੋੜੇ ਆਦਿ ਤੇ ਬੰਨ੍ਹਿਆਂ ਜਾਂਦਾ ਹੈ. ਬਹੁਤ ਲੋਕ ਸਰਦੀ ਦੀ ਰੁੱਤ ਵਿੱਚ ਕਮਰਦਰਦ ਦੂਰ ਕਰਨ ਲਈ ਅਲਸੀ ਦੀਆਂ ਪਿੰਨੀਆਂ ਬਣਾਕੇ ਖਾਂਦੇ ਹਨ. ਇਸ ਦੀ ਤਾਸੀਰ ਗਰਮ ਤਰ ਹੈ. L. Linum usitatissimum.

ਅਲਸੇਟ: ਸੰਗਯਾ- ਉਲਝਨ. ਪੇਚੀਦਗੀ। ੨. ਇਲਜ਼ਾਮ. ਕਲੰਕ.

---

[118] ਦੇਖੋ, ਅ ਸ਼ਬਦ.

[119] ਸਾਪਦਾਈ ਗ੍ਯਾਨੀ ਅਲਉਤੀ ਦਾ ਅਰਥ ਮਿਸ਼ਰੀ ਕਰਦੇ ਹਨ.

[120] ਅਲਸੀ ਦਾ ਫੁੱਲ ਨੀਲੀ ਝਲਕ ਸਹਿਤ ਗੁਲਾਬੀ ਹੁੰਦੀ ਹੈ.

**ਅਲਸੁ:** الست. ਕੁਰਾਨ ਪਾਰਾ ੯, ਸੂਰਤ ਇਰਾਫ, ਰੁਕੂ ੨੧. ਵਿੱਚ ਇੱਕ ਆਯਤ ਹੈ, ਜਿਸ ਵਿੱਚ ਅਲਸੁ ਸ਼ਬਦ ਆਇਆ ਹੈ. ਭਾਵ ਉਸ ਦਾ ਇਹ ਹੈ ਕਿ ਪਰਮੇਸੁਰ ਨੇ ਆਦਮ ਦੀ ਔਲਾਦ ਤੋਂ ਪੁੱਛਿਆ ਕਿ ਕੀ ਮੈ ਥੁਆਡਾ ਰੱਬ ਨਹੀਂ? ਉਨ੍ਹਾਂ ਨੇ ਉੱਤਰ ਦਿੱਤਾ, ਹਾਂ! ਕਿਉਂ ਨਹੀਂ? ਭਾਈ ਨੰਦ ਲਾਲ ਜੀ ਦੀ ਰਚਨਾ ਵਿੱਚ ਇਸ ਸ਼ਬਦ ਦਾ ਭਾਵ ਇਹ ਹੈ ਕਿ ਅਸੀਂ ਕਰਤਾਰ ਨੂੰ ਆਪਣਾ ਪਰਵਰਦਿਗਾਰ ਮੰਨਣ ਦੇ ਪ੍ਰਣ ਵਿੱਚ ਸਦਾ ਮਗਨ ਹਾਂ.

مانیزچوگویاازاں مست استیم

ایں قاعدہ زبوریاانشناسیم (ਦੀ ਗੋ)

**ਅਲਹ:** ਵਿ- ਅਲਖ. ਜੋ ਦੇਖਿਆ ਨਹੀਂ ਜਾਂਦਾ "ਅਲਹ ਲਹਉ ਤਉ ਕਿਆ ਕਹਉ." (ਗਉ ਕਬੀਰ ਬਾਵਨ) ੨. ਅ਼. الله ਅੱਲਹ. ਸੰਗਯਾ- ਕਰਤਾਰ. ਖ਼ੁਦਾ. "ਅਲਹ ਰਾਮ ਜੀਵਉ ਤੇਰੇ ਨਾਈ." (ਪ੍ਰਭਾ ਕਬੀਰ)

**ਅਲਹਦਾ, ਅ਼ਲਹ਼ਦਾ:** ਅ਼. علحدہ ਵਿ- ਜੁਦਾ. ਭਿੰਨ. ਅਲਗ. ਵੱਖ.

**ਅਲਹਮਦ, ਅਲਹ਼ਮਦ:** ਅ਼. الحمد ਸੰਗਯਾ-. ਕੁਰਾਨ ਦੀ ਪਹਿਲੀ ਸੂਰਤ ਦਾ ਨਾਉਂ, ਕਿਉਂਕਿ ਉਸ ਦੇ ਮੁੱਢ "ਅਲਹ਼ਮਦ" ਪਦ ਆਇਆ ਹੈ. ਇਹ ਸੂਰਤ ਮੁਰਦਿਆਂ ਦੀ ਆਤਮਾ ਅਰਥ ਪੜ੍ਹੀ ਜਾਂਦੀ ਹੈ. ਅਤੇ ਨਮਾਜ਼ ਵਿੱਚ ਭੀ ਇਸ ਦਾ ਪਾਠ ਹੰਦਾ ਹੈ. "ਅਲਹਮਦ" ਦਾ ਅਰਥ ਹੈ ਉਸਤਤਿ (ਵਡਿਆਈ) ਕਰਨਾ.

**ਅਲਹਿ, ਅਲਹੁ:** ਦੇਖੋ, ਅਲਹ. "ਅਲਹੁ ਏਕ ਮਸੀਤਿ ਬਸਤ ਹੈ." (ਪ੍ਰਭਾ ਕਬੀਰ)

**ਅਲਕ:** ਸੰ. ਸੰਗਯਾ- ਮੁਖ ਨੂੰ ਅਲ (ਭੂਸ਼ਿਤ) ਕਰਨ ਵਾਲੀ ਪੇਚਦਾਰ ਕੇਸ਼ਾਂ ਦੀ ਲਟ, ਜੋ ਕਪੋਲਾਂ ਉੱਪਰ ਲਟਕਦੀ ਹੋਵੇ. ਜ਼ੁਲਫ। ੨. ਹਿਮਾਲਯ ਉੱਪਰ, ਮੇਘਦੂਤ ਅਨੁਸਾਰ ਇੱਕ ਮਨੋਹਰ ਨਗਰ. ਦੇਖੋ, ਅਲਕਾ ੨.

**ਅਲਕ ਚੁਕਾਉਣੀ:** ਕ੍ਰਿ- ਸ਼੍ਰਿੰਗਾਰ ਮਿਟਾਉਣਾ. ਕੇਸ਼ ਪੁੱਟਣੇ, ਸ਼ੋਭਾ ਵਿਗਾੜਨੀ. ਇਸੇ ਦਾ ਰੂਪਾਂਤਰ "ਅਲਖ ਚੁਕਾਉਣੀ" ਹੈ. ਦੇਖੋ, ਅਲਕ.

**ਅਲਕ ਨੰਦਾ:** ਗੜ੍ਹਵਾਲ ਦੇ ਇਲਾਕੇ ਦੀ ਇੱਕ ਨਦੀਂ, ਜੋ ਦੇਵਪ੍ਰਯਾਗ ਪਾਸ ਲਛਮਨਝੂਲੇ ਤੋਂ ਚਾਲੀ ਮੀਲ ਉੱਪਰ ਭਾਗੀਰਥੀ (ਗੰਗਾ) ਦੀ ਧਾਰਾ ਵਿੱਚ ਮਿਲ ਜਾਂਦੀ ਹੈ. ਵੈਸ਼ਨਵਾਂ ਦਾ ਖ਼ਿਆਲ ਹੈ ਕਿ ਜੋ ਸੁਰਗ ਤੋਂ ਗੰਗਾ ਆਕੇ ਸ਼ਿਵ ਦੇ ਸਿਰ ਤੇ ਡਿਗੀ ਸੀ, ਇਹ ਉਹੀ ਹੈ। ੨. ਕੁਆਰੀ ਲੜਕੀ.

**ਅਲਕ ਭੁਜੰਗੀ:** ਵਿ- ਸੱਪ ਜੇਹੀਆਂ ਹੋਨ ਅਲਕਾਂ ਜਿਸ ਦੀਆਂ। ੨. ਸੰਗਯਾ- ਸ਼ਿਵ. ਅਲਕਾਂ ਦੀ ਥਾਂ ਜਿਸ ਦੇ ਸਰਪ ਲਟਕਦੇ ਹਨ.

**ਅਲਕਾ:** ਸੰ. ਸੰਗਯਾ- ਦਸ ਵਰ੍ਹੇ ਦੀ ਕੰਨਯਾ। ੨. ਕੁਬੇਰ ਦੀ ਪੁਰੀ, ਜੋ ਹਿਮਾਲਯ ਪਰਬਤ ਉੱਪਰ ਦੱਸੀ ਜਾਂਦੀ ਹੈ। ੩. ਚਰਬੀ। ੪. ਇੱਕ ਗਣ ਛੰਦ, ਜਿਸ ਦਾ ਨਾਉਂ "ਕੁਸੁਮ ਵਿਚ੍ਰਿਤਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਨ, ਯ, ਨ, ਯ. ।।।, ।SS, ।।।, ।SS.

ਉਦਾਹਰਣ-

ਚਟਪਟ ਸੈਣੰ ਖਟਪਟ ਭਾਜੇ,

ਝਟਪਟ ਜੁਝੇ ਲਖ ਰਣ ਰਾਜੇ,

ਸਟਪਟ ਭਾਜੇ ਅਟਪਟ ਸੂਰੰ,

ਝਟਪਟ ਬਿਸ੍ਰੀ ਘਟਪਟ ਹੂਰੰ. (ਰਾਮਾਵ)

**ਅਲਕਾਉਣਾ:** ਕ੍ਰਿ. - ਆਲਸ ਕਰਨਾ. ਉੱਦਮਹੀਨ ਹੋਣਾ. "ਨਾਮ ਲੈਤ ਅਲਕਾਇਆ." (ਆਸਾ ਮਃ ੫) "ਅਪਨੇ ਕਾਜ ਕਉ ਕਿਉ ਅਲਕਾਈਐ. ?" (ਸੋਰ ਮਃ ੫)

**ਅਲਕਾਧਿਪ, ਅਲਕਾਧਿਪਤਿ, ਅਲਕਾਪਤਿ:** ਸੰਗਜਾ- ਅਲਕਾਪੁਰੀ ਦਾ ਸ੍ਵਾਮੀ ਕੁਬੇਰ, ਜੋ ਦੇਵਤਿਆਂ ਦਾ ਖ਼ਜ਼ਾਨਚੀ ਹੈ. ਦੇਖੋ, ਕੁਬੇਰ.

**ਅਲਕਾਬ, ਅਲਕ਼ਾਬ:** ਅ਼. القاب ਸੰਗਜਾ- ਲਕ਼ਬ ਦਾ ਬਹੁਵਚਨ. ਖ਼ਿਤਾਬਾਤ.

**ਅਲਕਾਮ:** ਦੇਖੋ, ਅਲ ਅਤੇ ਕਾਮ. ਵਿ- ਪੂਰਣ ਕਾਮ. ਜਿਸ ਦੀਆਂ ਕਾਮਨਾਂ ਪੂਰੀਆਂ ਹੋ ਗਈਆਂ ਹਨ.

**ਅਲਕਿਸ, ਅਲਕਿੰਦ੍ਰ, ਅਲਕੇਸ:** ਸੰਗਜਾ- ਅਲਕਾ- ਈਸ਼. ਅਲਕਾ- ਇੰਦ੍ਰ. ਅਲਕਾਪੁਰੀ ਦਾ ਸ੍ਵਾਮੀ ਕੁਬੇਰ. ਅਲਕਾਪਤਿ. "ਅਲਕਿਸ ਕੈ ਜਗਦੀਸ." (ਚਰਿਤ੍ਰ ੨੨੪)

**ਅਲਖ:** ਸੰ. ਅਲਕ੍ਸ਼੍ਯ. ਵਿ- ਜੋ ਦਿਖਾਈ ਨਾ ਦੇਵੇ. "ਅਗਮ ਅਗੋਚਰ ਅਲਖ ਅਪਾਰਾ." (ਬਿਲਾ ਮਃ ੧) ੨. ਲਕ੍ਸ਼ਣ ਰਹਿਤ। ੩. ਯੋਗੀਆਂ ਦਾ ਪਰਸਪਰ ਸਿਸ਼੍ਟਾਚਾਰ ਬੋਧਕ ਸ਼ਬਦ.

**ਅਲਖ ਚੁਕਾਉਣੀ:** ਦੇਖੋ, ਅਲਕ ਚੁਕਾਉਣੀ.

**ਅਲਖ ਜਗਾਉਣਾ:** ਕ੍ਰਿ- ਅਲੱਖ ਅਲੱਖ ਉੱਚੀ ਧੁਨੀ ਨਾਲ ਕਹਿਕੇ ਭਿੱਛਿਆ (ਭਿਕ੍ਸ਼ਾ) ਲੈਣ ਲਈ ਲੋਕਾਂ ਨੂੰ ਸਾਵਧਾਨ ਕਰਨਾ। ੨. ਅਲਖ ਸ਼ਬਦ ਪੁਕਾਰਕੇ ਭੀਖ ਮੰਗਣੀ.

**ਅਲਖੁ:** ਦੇਖੋ, ਅਲਖ.

**ਅਲਗ, ਅਲਗਉ:** ਵਿ- ਅ- ਲਗਨ. ਜੋ ਲਗਿਆ ਹੋਇਆ ਨਹੀਂ. ਨਿਰਾਲਾ. ਵੱਖ. ਜੁਦਾ. "ਅਲਗਉ ਜੋਇ ਮਧੁਕੜਾਉ." (ਵਾਰ ਮਾਰੂ ੧, ਮਃ ੧) ਦੇਖੋ, ਮਧੁਕੜਉ.

**ਅਲਗਯਾਸ:** ਅ਼. الغیاث ਅਲਗ਼ਯਾਸ. ਸੰਗਜਾ- ਦੁਹਾਈ. ਫਰਿਆਦ.

**ਅਲਗਰਜ:** ਅ਼. الغرض ਅਲਗ਼ਰਜ਼ ਵਿ- ਬੇਪਰਵਾ. ਇੱਛਾ ਰਹਿਤ। ੨. ਆਲਸੀ. ਸੁਸਤ। ੩. ਅਹਿਲੇ ਗ਼ਰਜ਼. ਮਤਲਬੀ.

**ਅਲਗੋ:** ਦੇਖੋ, ਅਲਗਉ.

**ਅਲਗ਼ੋਜ਼ਾ:** ਫ਼ਾ. الغوزہ ਸੰਗਜਾ- ਇੱਕ ਪ੍ਰਕਾਰ ਦੀ ਬੰਸਰੀ, ਜੋ ਮੁਰਲੀ ਦੀ ਤਰ੍ਹਾਂ ਬਜਾਈਦੀ ਹੈ. ਮੁਰਲੀ ਟੇਢੀ ਰੱਖਕੇ ਬਜਾਈਦੀ ਹੈ, ਅਤੇ ਅਲਗ਼ੋਜ਼ੇ ਨੂੰ ਮੂੰਹ ਵਿੱਚ ਸਿੱਧਾ ਰੱਖੀਦਾ ਹੈ. ਇਹ ਖ਼ਾਸ ਕਰਕੇ ਪੱਛਮੀ ਪੰਜਾਬ ਵਿੱਚ ਵਰਤਿਆ ਜਾਂਦਾ ਹੈ.

**ਅਲੱਛ:** ਵਿ- ਦੇਖੋ, ਅਲਖ। ੨. ਲਾਂਛਨ (ਕਲੰਕ) ਬਿਨਾ. "ਰੀਝ ਰੀਝ ਅੱਛਰਾ ਅਲੱਛ ਸੂਰ ਕੋ ਬਰੈਂ." (ਕਲਕੀ) ੩. ਅਲਕ੍ਸ਼੍ਯ. ਦੇਖੋ, ਲਕ੍ਸ਼੍ਯ.

**ਅਲਜ:** ਵਿ- ਲੱਜਾ ਰਹਿਤ. ਬੇਸ਼ਰਮ. ਬੇਹਯਾ. "ਅਲਜ ਅਸੁਭ ਸੁਭ ਕਰਮ ਕਮਾਵਨ." (ਨਾਪ੍ਰ)

**ਅਲਤਾ:** ਸੰ. ਅਲਕ੍ਤ. ਸੰਗਜਾ- ਲਾਖ ਤੋਂ ਬਣਿਆ ਹੋਇਆ ਇੱਕ ਪ੍ਰਕਾਰ ਦਾ ਲਾਲ ਰੰਗ, ਜੋ ਸ਼ਾਦੀ ਅਤੇ ਹੋਲੀ ਦੇ ਮੌਕੇ ਵਰਤੀਦਾ ਹੈ. "ਅਲਤਾ ਗਨ ਅੰਬੀਰ ਗੁਲਾਲ." (ਗੁਪ੍ਰਸੂ)

**ਅਲਤਾਫ, ਅਲਤ਼ਾਫ਼:** ਅ਼. الطاف ਬਹੁ ਵਚਨ ਹੈ ਲੁਤ਼ਫ਼ ਦਾ. ਮਿਹਰਬਾਨੀਆਂ. "ਬੇ ਅਦਬ ਖ਼ਾਲੀਸ੍ਤ ਅਜ਼ ਅਲਤ਼ਾਫ਼ੇ ਰੱਬ." (ਜ਼ਿੰਦਗੀ)

**ਅਲੱਧ:** ਵਿ- ਅ- ਲਬਧ. ਦੁਰਲਭ। ੨. ਨਾ ਲੱਭਿਆ.

ਅਲਪ: ਸੰ. ਅਲਪ. ਵਿ- ਥੋੜਾ. ਕਮ. ਤੁੱਛ. "ਅਲਪ ਸੁਖ ਅਵਿਤ ਚੰਚਲ." (ਸਹਸ ਮਃ ੫) ੨. ਅਲਿਪਤ. ਅਲੇਪ. ਨਿਰਲੇਪ. "ਅਲਪ ਮਾਇਆ ਜਲ ਕਮਲ ਰਹਤਹ." (ਸਹਸ ਮਃ ੫) "ਰਹਿਤ ਬਿਕਾਰ ਅਲਪ ਮਾਇਆ ਤੇ" (ਸਾਰ ਮਃ ੫) ੩. ਕਾਵ੍ਯ ਦਾ ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਹੈ ਕਿ ਆਧੇਯ ਨਾਲੋਂ ਆਧਾਰ ਕਮ ਅਥਵਾ ਸੂਖਮ ਵਰਣਨ ਕਰਨਾ.

"ਅਲਪ" ਦਾ ਉਦਾਹਰਣ-

"ਨੌਮੇ ਸਤਿਗੁਰੁ ਦੇ ਪ੍ਰਗਟਣ ਦੀ,

ਸਿੱਖਾਂ ਜਦ ਸੁਧ ਪਾਈ।

ਭਯੋ ਰੁਮਾਂਚ ਟੁੱਟੀਆਂ ਤਣੀਆਂ,

ਨੈਨਾਂ ਛਹਿਬਰ ਲਾਈ."

ਆਨੰਦ ਆਧੇਯ ਨਾਲੋਂ ਸਿੱਖਾਂ ਦਾ ਤਨ ਆਧਾਰ ਛੋਟਾ ਹੈ, ਕਿਉਂਕਿ ਉਸ ਵਿੱਚ ਸਮਾ ਨਹੀਂ ਸਕਿਆ.

"ਕੰਕਨ ਕਰੀ ਹੈ ਛਾਪ ਸੋਊ ਹੈ ਢਰ ਢਲਾਤ." (ਹਨੂ) ਛਾਪ ਆਧੇਯ ਨਾਲੋਂ ਸੀਤਾ ਦੀ ਭੁਜਾ ਆਧਾਰ ਨੂੰ ਸੂਖਮ ਵਰਣਨ ਕੀਤਾ.

ਅਲਪਹੀਅਉ, ਅਲਪਹੀਆ: ਵਿ- ਅਲੇਪਤਾ ਵਾਲਾ. ਨਿਰਲੇਪ. "ਲੇਪ ਨਹੀਂ ਅਲਪਹੀਅਉ." (ਜੈਤ ਮਃ ੫) ੨. ਛੋਟਾ ਦਿਲ। ੩. ਛੋਟੇ ਦਿਲ ਵਾਲਾ.

ਅਲਪਗ, ਅਪਲਗ੍ਯ: ਸੰ. अल्पज्ञ. ਵਿ- ਅਲਪ (ਥੋੜਾ) ਜਾਣਨ ਵਾਲਾ. ਜੋ ਘੱਟ ਇ਼ਲਮ ਰੱਖਦਾ ਹੈ.

ਅਲਪਟੀ: ਸੰਗ੍ਯਾ- ਸਿਪਾਹੀ ਦੇ ਪੇਟ ਨਾਲ ਬੰਨ੍ਹੀ ਹੋਈ ਥੈਲੀ, ਜਿਸ ਵਿੱਚ ਬਾਰੂਦ ਗੋਲੀ ਆਦਿ ਜੰਗੀ ਸਾਮਾਨ ਰਹਿੰਦਾ ਹੈ.

ਅਲਪ ਪ੍ਰਾਣ: ਸੰ. ਸੰਗ੍ਯਾ- ਜਿਸ ਅੱਖਰ ਦੇ ਉੱਚਾਰਣ ਵਿੱਚ ਪ੍ਰਾਣ (ਸ੍ਵਾਸ) ਦਾ ਅਲਪ (ਥੋੜਾ) ਬਲ ਖਰਚ ਹੋਵੇ. ਅਰਥਾਤ- ਕ ਗ ਙ ਚ ਜ ਞ ਟ ਡ ਣ ਤ ਦ ਨ ਪ ਬ ਮ ਯ ਰ ਲ ਵ. ਇਨ੍ਹਾਂ ਦੇ ਵਿਰੁੱਧ ਮਹਾਂ ਪ੍ਰਾਣ ਹਨ- ਖ ਘ ਛ ਝ ਠ ਢ ਥ ਧ ਫ ਭ ੜ। ੨. ਵਿ- ਕਮਜ਼ੋਰ.

ਅਲਪ ਬੁੱਧਿ, ਅਲਪ ਮਤਿ: ਵਿ- ਥੋੜੀ ਅਕਲਵਾਲਾ. ਕਮ ਅਕਲ.

ਅਲ ਪਲਾਲ: ਸੰਗ੍ਯਾ- ਝੂਠਾ ਆਡੰਬਰ (ਦਿਖਾਵਾ). ੨. ਸਾਰ ਰਹਿਤ (ਫੋਕਾ) ਕਰਮ. ਦੇਖੋ, ਅਲ ਅਤੇ ਪਲਾਲ. "ਗਲੀ ਅਲ ਪਲਾਲੀਆਂ." (ਗਉ ਵਾਰ ੨, ਮਃ ੫)

ਅਲਪਾ: ਦੇਖੋ, ਮਾਂਗਾ.

ਅਲਪਾਇ: ਵਿ- ਅਲੇਪਤਾ ਵਾਲਾ. ਨਿਰਲੇਪ. ਦੇਖੋ, ਅਲਿਪਾਇ.

ਅਲਪਾਹਾਰੀ: ਸੰ. अल्पाहारिन्. ਵਿ- ਥੋੜਾ ਅਹਾਰ ਕਰਨ ਵਾਲਾ. ਘੱਟ ਖਾਣ ਵਾਲਾ.

ਅਲਪਾਤਾ: ਸੰ. ਅਲਿਪ੍ਤ. ਵਿ- ਅਲੇਪ. ਅਸੰਗ. ਦੇਖੋ, ਅਲਪਿਾਤਾ.

ਅਲਪਾਰੀ: ਦੇਖੋ, ਅਲਿਪਾਰੀ.

ਅਲਫ: ਅ਼. الف ਅਲਿਫ਼. ਸੰਗ੍ਯਾ- ਅ਼ਰਬੀ ਅਤੇ ਫ਼ਾਰਸੀ ਵਰਣਮਾਲਾ ਦਾ ਪਹਿਲਾ ਅੱਖਰ।

੨. ਗਣਿਤ ਵਿਦਯਾ ਅਨੁਸਾਰ ਇੱਕ ਦਾ ਬੋਧਕ. ਦੇਖੋ, ਅਬਜਦ। ੩. ਅੱਲਾ ਨਾਉਂ ਦਾ ਸੰਖੇਪ। ੪. ਨਜੂਮ (ਜ੍ਯੋਤਿਸ਼) ਅਨੁਸਾਰ ਐਤਵਾਰ ਦਾ ਬੋਧਕ। ੫. ਘੋੜੇ ਦਾ ਅਲਫ਼ ਅੱਖਰ ਦੀ ਤਰ੍ਹਾਂ ਅਗਲੇ ਪੈਰ ਚੁੱਕਕੇ ਸਿੱਧਾ ਖੜੇ ਹੋਣਾ.

**ਅਲਫ਼ ਖ਼ਾਨ:** ਅਲਿਫ਼ ਖ਼ਾਨ. ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦਾ ਇੱਕ ਸੈਨਾਪਤਿ, ਜਿਸ ਨਾਲ ਦਸ਼ਮੇਸ਼ ਜੀ ਦਾ ਜੰਗ ਨਾਦੌਨ ਦੇ ਮਕਾਮ ਸੰਮਤ ੧੭੪੭ ਵਿੱਚ ਹੋਇਆ. ਵਿਚਿਤ੍ਰ ਨਾਟਕ ਦੇ ਨੌਵੇਂ ਅਧ੍ਯਾਯ ਵਿੱਚ ਇਸ ਯੁੱਧ ਦਾ ਜਿਕਰ ਹੈ। ੨. ਇੱਕ ਹੋਰ ਮੁਗਲ ਸੈਨਾ ਦਾ ਸਰਦਾਰ. ਦੇਖੋ, ਸੈਦ ਖ਼ਾਨ.

**ਅਲਫਾ:** ਦੇਖੋ, ਅਲਫੀ.

**ਅਲਫਾਜ:** ਅ਼. الفاظ ਅਲਫ਼ਾਜ. ਸੰਗ੍ਯਾ- ਲਫ਼ਜ (ਸ਼ਬਦ) ਦਾ ਬਹੁ ਵਚਨ.

**ਅਲਫੀ:** ਅ਼. الفی ਵਿ- ਅਲਿਫ਼ ਅੱਖਰ ਜੇਹੀ ਸਿੱਧੀ ਵਸਤੁ। ੨. ਸੰਗ੍ਯਾ- ਖਫਨੀ. ਫਕੀਰਾਂ ਦਾ ਲੰਮਾਂ ਚੋਲਾ, ਜੋ ਬਾਹਾਂ ਬਿਨਾ ਹੁੰਦਾ ਹੈ. ਇਸ ਤੇ ਅੱਲਾ ਦੇ ਨਾਮ ਦਾ ਅਲਿਫ ਅੱਖਰ ਲਿਖਿਆ ਹੋਣ ਕਰਕੇ ਇਹ ਸੰਗ੍ਯਾ ਹੈ.

**ਅਲਬੱਤਾ:** ਅ਼. البتّہ ਵ੍ਯ- ਬਿਨਾ ਸੰਸੇ. ਨਿਰਸੰਦੇਹ ਬਿਲਾ ਸ਼ੱਕ। ੨. ਹਾਂ। ੩. ਪਰੰਤੂ. ਲੇਕਿਨ.

**ਅਲਬਾਲ:** ਦੇਖੋ, ਆਲਬਾਲ.

**ਅਲਬਾਲਿਤ:** ਸੰ. ਆਲਵਾਲਿਤ. ਵਿ- ਘੇਰਿਆ ਹੋਇਆ. ਚਾਰੇ ਪਾਸਿਓਂ ਘੇਰਿਆ. "ਬਾਲ ਰਹੇਂ ਅਲਬਾਲਿਤ ਜਾਲ." (ਨਾਪ੍ਰ) ਦੇਖੋ, ਆਲਬਾਲ.

**ਅਲਬੇਲਾ:** ਵਿ- ਬੇਫ਼ਿਕਰ. ਨਿਸ਼ਚਿੰਤ। ੨. ਬਾਂਕਾ. ਟੇਢਾ.

**ਅਲਭ, ਅਲਭੁ, ਅਲਭ੍ਯ:** ਵਿ- ਜੋ ਨਾ ਲੱਭ ਸਕੇ. ਜਿਸ ਦਾ ਪ੍ਰਾਪਤ ਹੋਣਾ ਦੁਰਲਭ ਹੈ. ਨਾਯਾਬ. "ਇਸੁ ਜਗ ਮਹਿ ਨਾਮ ਅਲਭੁ ਹੈ." (ਵਾਰ ਸੋਰ ਮਃ ੩)

**ਅਲਮ:** ਵਿ- ਦੁਖੀ. ਆਰਤ। ੨. ਅ਼. علم ਅ਼ਲਮ. ਸੰਗ੍ਯਾ- ਨਿਸ਼ਾਨ. ਝੰਡਾ। ੩. ਵਿ- ਸਿੱਧਾ ਖੜਾ। ੪. ਉੱਚਾ ਕੀਤਾ. ਉਧਿੱਤ. "ਸਮਸ਼ੇਰ ਅਲਮ ਕੀਨੇ ਧਾਏ ਸਭੀ ਸਿਪਾਹਾ." (ਸਲੋਹ) ੫. ਦੇਖੋ, ਅਲੰ.

**ਅਲਮਸਤ:** ਫ਼ਾ. الستّ ਅਲਮਸ੍ਤ. ਵਿ- ਨਸ਼ੇ ਵਿੱਚ ਚੂਰ. ਮਖ਼ਮੂਰ। ੨. ਭਾਵ- ਬੇਪਰਵਾ. ਪ੍ਰੇਮ ਦੇ ਨਸ਼ੇ ਵਿੱਚ ਬੇਸੁਧ "ਹਰਿਰਸੁ ਪੀਵੈ ਅਲਮਸਤ ਮਤਵਾਰਾ." (ਆਸਾ ਮਃ ੫) ੩. ਸੰਗ੍ਯਾ- ਗੁਰੂ ਨਾਨਕ ਦੇਵ ਅਤੇ ਯੋਗਿਰਾਜ ਬਾਬਾ ਸ਼੍ਰੀਚੰਦ ਜੀ ਦਾ ਸੇਵਕ ਇੱਕ ਆਤਮਗ੍ਯਾਨੀ ਸਾਧੂ, ਜਿਸ ਦਾ ਨਾਉਂ ਕਮਲੀਆ ਅਤੇ ਗੋਦੜੀਆ ਭੀ ਪ੍ਰਸਿੱਧ ਹੈ. ਅਲਮਸਤ ਦਾ ਜਨਮ ਕਸ਼ਮੀਰ ਦੇ ਇਲਾਕੇ ਗੌੜ ਬ੍ਰਾਹਮਣ ਦੇ ਘਰ ਸੰਮਤ ੧੬੧੦ ਵਿੱਚ ਹੋਇਆ. ਬਾਲੂ ਹਸਨਾ ਇਸਦਾ ਛੋਟਾ ਭਾਈ ਸੀ. ਇਹ ਬਾਬਾ ਗੁਰੁਦਿੱਤਾ ਜੀ ਦਾ ਚੇਲਾ ਹੋਕੇ ਉਦਾਸੀਆਂ ਦੇ ਇੱਕ ਧੂੰਏਂ ਦਾ ਮੁਖੀਆ ਬਣਿਆ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਾਨਕਮਤੇ ਪਹੁਚਕੇ ਅਲਮਸਤ ਦੀ ਸਹਾਇਤਾ ਕੀਤੀ ਸੀ.

ਪੁਨ ਅਲਮਸਤ ਸਾਧੁ ਕੋ ਧੀਰ,

ਦੇਕਰਿ ਭਲੇ ਗੁਰੂ ਬਰ ਬੀਰ. (ਗੁਪ੍ਰਸੂ)

ਇਸ ਮਹਾਤਮਾ ਦਾ ਦੇਹਾਂਤ ਨਾਨਕਮਤੇ ਸੰਮਤ ੧੭੦੦ ਵਿੱਚ ਹੋਇਆ ਹੈ. ਦੇਖੋ, ਉਦਾਸੀ.

**ਅਲਮ ਬਰਕਸ਼ੀਦਨ, ਅ਼ਲਮ ਬਰਕਸ਼ੀਦਨ:** ਫ਼ਾ. علم برکشیدن ਕ੍ਰਿ- ਨੇਜ਼ਾ ਉੱਚਾ ਕਰਨਾ। ੨. ਝੰਡਾ ਖੜਾ ਕਰਨਾ.

**ਅਲਮਲ:** ਵਿਸ਼ ਅਤੇ ਮੈਲ. ਦੇਖੋ, ਅਲ ਅਤੇ ਮਲ. "ਅਲਮਲ ਖਾਈ ਸਿਰਿ ਛਾਈ ਪਾਈ." (ਵਾਰ ਆਸਾ) ਘੋਰੀਆਂ ਨੇ ਸ਼ਰਾਬ ਅਤੇ ਮਲਮੂਤ੍ਰ ਵਰਤਕੇ ਸਿਰ ਖ਼ਾਕ ਪਾਈ.

**ਅਲਮਾਸ:** ਫ਼ਾ. الماس ਸੰਗ੍ਯਾ- ਹੀਰਾ. ਵਜ੍ਰ.

**ਅਲਮਾਰੀ:** ਪੁਰਤ. Almerio ਅਥਵਾ Almirah. ਸੰਗ੍ਯਾ- ਲੰਮਾ ਅਤੇ ਖੜਾ ਸੰਦੂਕ, ਜਿਸ ਵਿੱਚ ਕਿਤਾਬ ਵਸਤ੍ਰ ਆਦਿ

ਸਾਮਾਨ ਰੱਖਣ ਲਈ ਖ਼ਾਨੇ ਬਣੇ ਹੁੰਦੇ ਹਨ.

ਅਲਮੋਰਾ, ਅਲਮੋੜਾ: ਯੂ. ਪੀ. ਵਿੱਚ ਕੁਮਾਊਁ ਦੇ ਇਲਾਕੇ ਇੱਕ ਜਿਲਾ ਅਤੇ ਉਸ ਦਾ ਪ੍ਰਧਾਨ ਨਗਰ. ਈਸਵੀ ਸੋਲਵੀਂ ਸਦੀ ਵਿੱਚ ਇਹ ਚੰਦ ਜਾਤਿ ਦੇ ਰਾਜਿਆਂ ਦੀ ਰਾਜਧਾਨੀ ਰਹੀ ਹੈ. ਸਨ ੧੮੧੫ ਵਿੱਚ ਅਲਮੋਰਾ ਅੰਗਰੇਜ਼ੀ ਸਰਕਾਰ ਦੇ ਕਬਜੇ ਆਇਆ. ਜਨਮਸਾਖੀ ਅਤੇ ਗੁਰੁ ਨਾਨਕ ਪ੍ਰਕਾਸ਼ ਦੇ ਉੱਤਰਾਰਧ ਦੇ ਅਧ੍ਯਾਯ ੩. ਵਿੱਚ ਜੋ ਕਥਾ ਹੈ ਕਿ ਇੱਕ ਰਾਜੇ ਨੇ ਭਾਈ ਬਾਲੇ ਨੂੰ ਚੰਡੀ ਦੀ ਭੇਟ ਚੜ੍ਹਾਉਣ ਲਈ ਫੜਿਆ ਸੀ, ਉਹ ਇਸੇ ਥਾਂ ਦਾ ਰਾਜਾ ਸੀ. ਜਗਤਗੁਰੂ ਨਾਨਕ ਦੇਵ ਨੇ ਅਲਮੋਰਾ ਦੇ ਰਾਜੇ ਅਤੇ ਪ੍ਰਜਾ ਨੂੰ ਸਤਿਨਾਮ ਦਾ ਉਪਦੇਸ਼ ਦੇਕੇ ਸਿੱਖੀ ਬਖਸ਼ੀ. ਇਸ ਥਾਂ ਪਹਿਲਾਂ ਗੁਰੁਦ੍ਵਾਰਾ ਸੀ ਅਤੇ ਲੋਕ ਸ਼੍ਰੀ ਗੁਰੂ ਨਾਨਕ ਦੇਵ ਨਾਲ ਪਿਆਰ ਰੱਖਦੇ ਸਨ, ਪਰ ਸਿੱਖ ਪ੍ਰਚਾਰਕਾਂ ਦੀ ਅਨਗਹਿਲੀ ਕਰਕੇ ਗੁਰੁਦ੍ਵਾਰਾ ਮਿਟ ਗਿਆ ਅਤੇ ਸਿੱਖੀ ਲੋਪ ਹੋ ਗਈ.

ਅਲਰਕ: ਸੰ. ਅਲਕੰ. ਸੰਗਯਾ- ਮਦਾਲਸਾ ਦੇ ਉਦਰ ਤੋਂ ਰਾਜਾ ਕੁਵਲਯਾਸ਼੍ਵ[121] (ਰਿਤਧ੍ਵਜ) ਦਾ ਪੁਤ੍ਰ, ਜੋ ਤਤ੍ਵਗ੍ਯਾਨੀ ਹੋਇਆ ਹੈ. ਇਸ ਦਾ ਨਾਉਂ ਭੂਮਿਸ਼੍ਰ ਭੀ ਹੈ. ਦੇਖੇ, ਕੁਵਲਯਾਸ਼੍ਵ ਅਤੇ ਮੰਦਾਲਸਾ। ੨. ਪਾਗਲ ਕੁੱਤਾ। ੩. ਪਾਗਲ ਕੁਤੇ ਦੇ ਕੱਟਣ ਤੋਂ ਹੋਇਆ ਰੋਗ. ਹਲਕ। ੪. ਚਿੱਟੇ ਰੰਗ ਦਾ ਮੰਦਾਰ. ਦੇਖੋ, ਮੰਦਾਰ.

ਅਲਲ: ਸੰ. ਅ- ਲਲ. ਵਿ- ਲਲ (ਚਪਲਤਾ) ਬਿਨਾ. ਚੰਚਲਤਾ ਰਹਿਤ. ਦ੍ਰਿੜ੍ਹ. "ਚਾਉ ਅਲਲਿਆ." (ਭਾਗੁ) ੨. ਦੇਖੋ, ਅਨਲ.

ਅਲਲਾਚੀਨ: ਸੰ. ਸੰਗਯਾ- ਚੀਨ ਦੇਸ਼ ਨਾਲ ਲਗਦਾ ਸਮੁੰਦਰ। ੨. ਜਨਮਸਾਖੀ ਅਨੁਸਾਰ ਇੱਕ ਪਹਾੜ, ਜੋ ਚੀਨੀ ਸਮੁੰਦਰ ਦੇ ਕਿਨਾਰੇ ਹੈ। ੩. ਭਾਈ ਸੰਤੋਖ ਸਿੰਘ ਜੀ ਨੇ ਅਨਲ ਪੰਛੀ ਨੂੰ ਅਲਲਾਚੀਨ ਲਿਖਿਆ ਹੈ. "ਅਲਲਲਾਚੀਨ ਬਿਹਗ ਜਿਹ ਥਾਨੰ." (ਨਾਪ੍ਰ) ਦੇਖੋ, ਅਨਲ ੪.

ਅਲਵਾਨ: ਅ਼. الوان ਸੰਗਯਾ- ਉੱਨੀ ਚਾਦਰ. ਪਸ਼ਮੀਨੇ ਦਾ ਓਢਣ ਲਾਇਕ ਵਸਤ੍ਰ. ਇਹ ਬਹੁ ਵਚਨ ਹੈ ਲੌਨ (ਰੰਗ) ਦਾ ਅਲਵਾਨ ਵਿੱਚ ਅਨੇਕ ਰੰਗ ਹੋਇਆ ਕਰਦੇ ਸਨ ਇਸ ਲਈ ਇਹ ਸੰਗਯਾ ਹੋਈ ਹੈ. ਪੱਛਮੀ ਪੰਜਾਬ ਵਿੱਚ ਇਸੇ ਨੂੰ 'ਹਲਵਾਨ' ਆਖਦੇ ਹਨ, ਜੋ ਸੁਰਖ ਰੰਗਾ ਹੁੰਦਾ ਹੈ.

ਅਲੜ: ਦੇਖੋ, ਅਲ੍ਹੜ.

ਅਲਾ: ਅ਼. الله ਅੱਲਾ. ਸੰਗਯਾ- ਕਰਤਾਰ. ਵਾਹਗੁਰੂ. "ਸੋਈ ਲਗੈ ਸਚੁ ਜਿਸੁ ਤੂੰ ਦੇਹਿ ਅਲਾ." (ਆਸਾ ਮਃ ੫)

ਅਲਾਉ: ਸੰ. ਆਲਾਪ. ਸੰਗਯਾ- ਕਥਨ. ਵਾਰਤਾਲਾਪ. ਬਾਤਚੀਤ. "ਮਨਮੁਖ ਫੀਕਾ ਅਲਾਉ." (ਸੋਰ ਅਃ ਮਃ ੩) ਦੇਖੋ, ਆਲਾਪ.

ਅਲਾਉਣਾ: ਦੇਖੋ, ਆਲਾਪਨਾ. "ਕਹੇ ਫਰੀਦ ਸਹੇਲੀਹੋ ! ਸਹੁ ਅਲਾਏਸੀ." (ਸੂਹੀ) ਭਾਵ- ਪਤੀ ਦਾ ਸੱਦਾ ਆਵੇਗਾ. ਹੁਕਮ ਪੁੱਜੇਗਾ.

ਅਲਾਉੱਦੀਨ, ਅ਼ਲਾਉੱਦੀਨ: ਅ਼. علاؤالدین ਵਿ- ਦੀਨ ਦੀ ਉੱਚਤਾ. ਭਾਵ- ਦੀਨ ਦੇ ਉੱਚਾ ਕਰਨ ਵਾਲਾ। ੨. ਸੰਗਯਾ- ਖ਼ਿਲਜੀ ਵੰਸ਼ ਦਾ ਬਾਦਸ਼ਾਹ, ਜਿਸ ਨੇ ਸੰਮਤ ੧੩੫੩ ਤੋਂ ੧੩੭੩ ਤੀਕ ਦਿੱਲੀ ਦਾ ਰਾਜ ਕੀਤਾ. ਕੁਤਬ ਮੀਨਾਰ ਪਾਸ ਜੋ ਗੁੰਬਜਦਾਰ ਦਰਵਾਜਾ ਹੈ, ਉਹ ਇਸੇ (ਸਨ ੧੩੧੦ ਵਿਚ) ਬਣਵਾਇਆ ਸੀ.

ਇਸੇ ਨਾਉਂ ਦੇ ਬਾਦਸ਼ਾਹ ਗ਼ੋਰ ਤੇ ਬੰਗਾਲ ਵਿੱਚ ਅਰ ਸੱਯਦ ਅਤੇ ਬਾਹਮਨੀ ਖਾਨਦਾਨਾਂ ਵਿੱਚ ਭੀ ਕਈ ਹੋ ਗੁਜਰੇ ਹਨ.

ਅਲਾਇਆ: ਵਿ- ਆਲਾਪਿਤ. ਕਥਨ ਕੀਤਾ। ੨. ਗਾਇਨ ਕੀਤਾ. ਗਾਇਆ.

---

[121] ਇਹ ਪ੍ਰਤਿਸ੍ਠਾਨਪੁਰ (ਝੂਸੀ) ਦਾ ਰਾਜਾ ਸੀ.

ਅਲਾਸ: ਸੰਗ੍ਯਾ- ਦੇਖੋ, ਉੱਲਾਸ। ੨. ਸੰ. ਇੱਕ ਜ਼ੁਬਾਨ (ਜੀਭ) ਦਾ ਰੋਗ.

ਅਲਾਸੀ: ਵਿ- ਆ- ਲਾਸੀ. ਵਿਸ਼ੇਸ਼ ਕਰਕੇ ਲਾਸ੍ਯ ਨ੍ਰਿਤ੍ਯ ਕਰਨ ਵਾਲੀ. "ਜੁਆਲਾ ਜਯੰਤੀ ਅਲਾਸੀ ਅਨੰਦੀ." (ਚੰਡੀ ੨) ਦੇਖੋ, ਲਾਸ੍ਯ.

ਅਲਾਹ: ਵਿ- ਬਿਨਾ ਲਾਭ. ਨਿਰਰਥਕ। ੨. ਸੰਗ੍ਯਾ- ਅੱਲਾ. ਖ਼ੁਦਾ. "ਅਲਾਹ ਪਾਕੰਪਾਕ ਹੈ." (ਤਿਲੰ ਕਬੀਰ) "ਭਗਤਿ ਨਿਰਾਲੀ ਅਲਾਹ ਦੀ." (ਆਸਾ ਅਃ ਮਃ ੩)

ਅਲਾਹਣ, ਅਲਾਹਣਾ: ਕ੍ਰਿ- ਆਲਾਪਨ. ਕਥਨ ਕਰਨਾ। ੨. ਗਾਉਣਾ. ਸੁਰਾਂ ਦਾ ਫੈਲਾਉ ਕਰਨਾ। ੩. ਸ਼ਲਾਘਾ ਕਰਨੀ. ਸਲਾਹੁਣਾ. ਗੁਣ ਗਾਉਣੇ.

ਅਲਾਹਣੀ: ਸੰਗ੍ਯਾ- ਸ਼ਲਾਘਾ (ਉਸਤਤਿ) ਦੀ ਕਵਿਤਾ. ਉਹ ਗੀਤ ਜਿਸ ਵਿੱਚ ਕਿਸੇ ਦੇ ਗੁਣ ਗਾਏ ਜਾਣ. ਖ਼ਾਸ ਕਰਕੇ ਮੋਏ ਪ੍ਰਾਣੀ ਦੇ ਗੁਣ ਕਰਮ ਕਹਿਕੇ ਜੋ ਗੀਤ ਗਾਇਆ ਜਾਂਦਾ ਹੈ, ਉਸ ਦਾ ਨਾਉਂ ਅਲਾਹਣੀ ਹੈ. ਦੇਖੋ, ਰਾਗ ਵਡਹੰਸ ਵਿੱਚ ਸਤਿਗੁਰੂ ਨਾਨਕ ਦੇਵ ਦੀ ਸਿਖ੍ਯਾ ਭਰੀ ਬਾਣੀ, ਜਿਸ ਦੀ ਪਹਿਲੀ ਤੁਕ ਹੈ-

"ਧੰਨੁ ਸਿਰੰਦਾ ਸਚਾ ਪਾਤਿਸਾਹੁ."

ਅਲਾਹਾਬਾਦ: ਦੇਖੋ, ਪ੍ਰਯਾਗ.

ਅਲਾਹਿ: ਦੇਖੋ, ਅਲਾਹ.

ਅਲਾਕਾ, ਅ਼ਲਾਕ਼ਾ: ਅ਼. علاقہ ਸੰਗ੍ਯਾ- ਸੰਬੰਧ. ਮੇਲ. ਰਿਸ਼ਤਾ। ੨. ਦੇਖੋ, ਇਲਾਕਾ.

ਅਲਾਤ: ਸੰ. ਆਲਾਤ. ਸੰਗ੍ਯਾ- ਚੁਆਤੀ. ਮੁਰਿਆੜ. ਲੂਕ। ੨. ਅੰਗਾਰ. ਦਗਦਾ ਹੋਇਆ ਕੋਲਾ.

ਅਲਾਤ ਚਕ੍ਰ: ਸੰ. ਆਲਾਤ ਚਕ੍ਰ. ਸੰਗ੍ਯਾ- ਚੁਆਤੀ ਨੂੰ ਚਕ੍ਰਾਕਾਰ ਘੁਮਾਉਣ ਤੋਂ ਅੱਗ ਦੀ ਬਣੀ ਹੋਈ ਗੋਲ ਰੇਖਾ. "ਚਕ੍ਰ ਅਲਾਤ ਕੀ ਬਾਤ ਬਘੂਰਨ." (ਚੰਡੀ ੧) ੨. ਸੰਗੀਤ ਅਨੁਸਾਰ ਇੱਕ ਨ੍ਰਿਤ੍ਯ (ਨਾਚ), ਜਿਸ ਵਿੱਚ ਸੱਜੀ ਬਾਂਹ ਫੈਲਾਕੇ ਘੁਮੇਰੀ ਖਾਈਦੀ ਹੈ.

ਅਲਾਨੀਯਹ, ਅ਼ਲਾਨੀਯਹ: ਅ਼. علانیہ ਕ੍ਰਿ. ਵਿ- ਜਾਹਿਰ ਤੌਰ ਪੁਰ.

ਅਲਾਪ: ਦੇਖੋ, ਆਲਾਪ.

ਅਲਾਪੀ: ਸੰ. आलापिन्. ਵਿ- ਆਲਾਪ ਕਰਨ ਵਾਲਾ.

ਅਲਾਮ: ਅ਼. علّام ਅ਼ੱਲਾਮ. ਵਿ- ਸਰਵਗ੍ਯ।

੨. ਵਿਦ੍ਵਾਨ. "ਕਿ ਆਕਲ ਅਲਾਮੈ." (ਜਾਪੁ) "ਕਿ ਅਲਾਮਸਚ." (ਗ੍ਯਾਨ)

ਅਲਾਮਤ, ਅ਼ਲਾਮਤ: ਅ਼. علامت ਸੰਗ੍ਯਾ- ਲੱਛਣ (ਲਕ੍ਸ਼ਣ). ੨. ਚਿੰਨ੍ਹ. ਨਿਸ਼ਾਨ.

ਅਲਾਮੀ: ਅ਼. علامی ਅ਼ੱਲਾਮੀ. ਵਿ- ਬਹੁਤ ਹੋਸ਼ਿਆਰ. ਯੁੱਧਵਿਦ੍ਯਾ ਵਿੱਚ ਨਿਪੁਣ. "ਰਾਖਸ ਬਡੇ ਅਲਾਮੀ ਭੱਜ ਨ ਜਾਣਦੇ." (ਚੰਡੀ ੩) ੨. ਦੇਖੋ, ਅੱਬੁਲਫਜਲ.

ਅਲਾਲਤ, ਅ਼ਲਾਲਤ: ਅ਼. علالت ਇ਼ੱਲਤ (ਬੀਮਾਰੀ) ਸਹਿਤ ਹੋਣ ਦਾ ਭਾਵ. ਰੋਗ ਦਸ਼ਾ.

ਅਲਾਵਣ, ਅਲਾਵਨ: ਸੰ. ਆਲਾਪਨ. ਕ੍ਰਿ- ਵਖਿਆਨ ਕਰਨਾ. ਕਥਨ. "ਮੁਖ ਅਲਾਵਣ ਥੋਥਰਾ." (ਮਾਰੂ ਵਾਰ ੨, ਮਃ ੫) "ਨਹਿ ਤੁਮ ਕੀਜੈ ਕਛੂ ਅਲਾਵਨ." (ਗੁਪ੍ਰਸੂ)

ਅਲਾਵਾ, ਅ਼ਲਾਵਾ: ਅ਼. علاوہ ਕ੍ਰਿ. ਵਿ- ਸਿਵਾਯ. ਇਸ ਤੋਂ ਭਿੰਨ. ਉਸ ਤੋਂ ਬਿਨਾ.

ਅਲਿ: ਸੰ. ਸੰਗਯਾ- ਭੌਰਾ. ਭ੍ਰਮਰ. "ਜੈਸੇ ਅਲਿ ਕਮਲਾ ਬਿਨ ਰਹਿ ਨ ਸਕੈ." (ਆਸਾ ਮਃ ੪) ੨. ਕੋਕਿਲਾ (ਕੋਇਲ). ੩. ਸ਼ਰਾਬ. ਮਦਿਰਾ। ੪. ਦੇਖੋ, ਅਲੀ.

ਅਲਿਕ: ਸੰ. ਆਲਿਕ. ਸੰਗਯਾ- ਮੱਥਾ. ਮਸ੍ਤਕ। ੨. ਦੇਖੋ, ਅਲਕਾ.

ਅਲਿਕਿਸ: ਕੁਬੇਰ. ਦੇਖੋ, ਅਲਕੇਸ਼.

ਅਲਿਖ: ਦੇਖੋ, ਅਲੇਖ.

ਅਲਿੰਗਨ: ਦੇਖੋ, ਆਲਿੰਗਨ. "ਚਹਿਤ ਅਲਿੰਗਨ ਸ੍ਰੀ ਕਰਤਾਰਾ." (ਨਾਪ੍ਰ)

ਅਲਿਨਿ, ਅਲਿਨੀ: ਸੰ. ਅਲਿਨਿ. ਸੰਗਯਾ- ਭ੍ਰਮਰੀ. ਭੌਰੀ. ਭੌਰੇ ਦੀ ਮਦੀਨ. "ਕਮਲ ਬਦਨ ਤੇ ਨਿਕਾਸੀ ਨਾ ਅਲਿਨਿ ਗਿਰਾ." (ਨਾਪ੍ਰ)

ਅਲਿਪ, ਅਲਿਪਤ: ਸੰ. ਅਲਿਪ੍ਤ. ਵਿ- ਅਲੇਪ. ਨਾ ਲਿਬੜਿਆ ਹੋਇਆ. ਅਸੰਗ. "ਜੋ ਅਲਿਪ ਰਹੇ ਮਨ ਮਾਹੀ." (ਸਾਰ ਮਃ ੫) "ਅਲਿਪਤ ਬੰਧਨ ਰਹਿਤ ਕਰਤਾ." (ਬਿਹਾ ਛੰਤ ਮਃ ੫)

ਅਲਿਪਤ ਗੁਫਾ: ਸੰਗਯਾ- ਸ਼ੁੱਧ ਅੰਤਹਕਰਣ। ੨. ਸਾਫ਼ ਦਿਮਾਗ। ੩. ਵਿਚਾਰਵਾਨ ਦਾ ਗ੍ਰਿਹਸ੍ਥ ਆਸ਼੍ਰਮ. "ਅਲਿਪਤ ਗੁਫਾ ਮਹਿ ਰਹਹਿ ਨਿਰਾਰੇ." (ਰਾਮ ਅਃ ਮਃ ੫)

ਅਲਿਪਤਾ: ਅਲੇਪਤਾ ਵਾਲਾ. ਦੇਖੋ, ਅਲਿਪਤ.

ਅਲਿ ਪਨਚ: ਸੰਗਯਾ- ਅਲਿ (ਭੌਰਿਆਂ) ਦੀ ਹੈ ਪ੍ਰਤਯੰਚਾ (ਜੇਹ) ਜਿਸ ਦੀ, ਕਾਮਦੇਵ. ਭੌਰਿਆਂ ਦੇ ਚਿੱਲੇ ਵਾਲਾ. "ਜਨੁ ਅਲਿ ਪਨਚ ਕਾਢ ਤਨੁ ਕਾਛਾ." (ਰਘੁਰਾਜ)

ਅਲਿਪਨਾ: ਵਿ- ਅਲੇਪਤਾ ਵਾਲਾ. ਨਿਰਲੇਪ.

"ਨਾਨਕ ਠਾਕੁਰ ਸਦਾ ਅਲਿਪਨਾ." (ਬਾਵਨ)

ਅਲਿਪਾਇ, ਅਲਿਪਾਤ, ਅਲਿਪਾਤਾ, ਅਲਿਪਾਰੀ: ਵਿ- ਨਿਰਲੇਪ. ਅਸੰਗ. ਅਲਿਪ੍ਤ. "ਬ੍ਰਹਮਗਿਆਨੀ ਅਲਿਪਾਇ." (ਮਾਰੂ ਮਃ ੫) "ਜਿਉ ਜਲ ਕਮਲਾ ਅਲਿਪਾਰੀ." (ਸਾਰ ਮਃ ੫) "ਘਟਿ ਘਟਿ ਪੂਰਨ ਹੈ ਅਲਿਪਾਤਾ." (ਸਾਰ ਛੰਤ ਮਃ ੫) "ਅਲਿਪਾਤ ਅਰਧੀ." (ਪਾਰਸਾਵ) ਅਲਿਪ੍ਤ (ਅਲੇਪ ਬ੍ਰਹਮ) ਦੇ ਆਰਾਧਨੇ ਵਾਲਾ.

ਅਲਿਫ਼: ਦੇਖੋ, ਅਲਫ਼.

ਅਲਿਫ਼ ਖ਼ਾਨ: ਦੇਖੋ, ਅਲਫ਼ ਖ਼ਾਨ.

ਅਲਿਲ: ਦੇਖੋ, ਅਨਲ ੪.

ਅਲੀ: ਸੰ. ਆਲੀ. ਸੰਗਯਾ- ਸਹੇਲੀ. ਸਖੀ. "ਕਵਿ ਸਯਾਮ ਕਹੈ ਸੰਗ ਰਾਧੇ ਅਲੀ." (ਕ੍ਰਿਸਨਾਵ) ੨. ਕਤਾਰ. ਸ਼੍ਰੇਣੀ. ਪੰਕਤਿ। ੩. ਸੰ. ਅਲਿਨੀ ਭ੍ਰਮਰੀ. "ਅਲੀ ਅਲ ਗੁੰਜਾਤ ਅਲੀ ਅਲ ਗੁੰਜਾਤ ਹੇ." (ਆਸਾ ਛੰਤ ਮਃ ੫) ੪. ਅਲਿ. ਭੌਰਾ. ਭ੍ਰਮਰ। ੫. ਅ਼. علی ਅ਼ਲੀ. ਮੁਹੰਮਦ ਸਾਹਿਬ ਦੀ ਪੁਤ੍ਰੀ ਫ਼ਾਤਿਮਾ ਦਾ ਪਤੀ. ਦੇਖੋ, ਖ਼ਲੀਫ਼ਾ.

ਅਲੀਆ: ਸੰ. ਅਲੀਕ. ਵਿ- ਝੂਠਾ। ੨. ਸੰਗਯਾ- ਝੂਠ. ਅਸਤ੍ਯ. "ਜਾਗਤ ਰਹੈ ਨ ਅਲੀਆ ਭਾਖੈ." (ਰਾਮ ਬੇਣੀ) ਸਾਵਧਾਨ ਰਹੇ, ਝੂਠ ਨਾ ਬੋਲੇ.

**ਅਲੀ ਸ਼ੇਰ:** ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਥਾਣਾ ਮਾਨਸਾ ਵਿੱਚ ਇੱਕ ਪਿੰਡ, ਜੋ ਭੰਦੇਰ ਤੋਂ ਤਿੰਨ ਕੋਹ ਦੱਖਣ ਹੈ. ਇਸ ਥਾਂ ਸਤਿਗੁਰੂ ਤੇਗ ਬਹਾਦੁਰ ਜੀ ਨੇ ਚਰਣ ਪਾਏ ਹਨ. ਗੁਰਦ੍ਵਾਰਾ ਬਣਿਆ ਹੋਇਆ ਹੈ. ਰਿਆਸਤ ਵੱਲੋਂ ੨੫ ਰੁਪਯੇ ਸਾਲਾਨਾ ਮਿਲਦੇ ਹਨ. ਰੇਲਵੇ ਸਟੇਸ਼ਨ ਮਾਨਸਾ ਤੋਂ ੧੧. ਮੀਲ ਉੱਤਰ ਵੱਲ ਹੈ.

**ਅਲੀਕ:** ਵਿ- ਬਿਨਾ ਲੀਕ. ਅਰੇਖ. ਚਿੰਨ੍ਹ ਰਹਿਤ. "ਅਲੀਕ ਹੈ." (ਜਾਪੁ) ੨. ਸੰ. ਝੂਠ. ਅਸਤ੍ਯ। ੩. ਅ਼. اَلیق ਅਲੀਕ਼. ਬਹੁਤ ਹੀ (ਅਤ੍ਯੰਤ) ਲਾਇਕ਼ (ਯੋਗ੍ਯ).

**ਅਲੀਣ, ਅਲੀਣਾ, ਅਲੀਨ:** ਵਿ- ਜੋ ਲੀਨ ਨਹੀਂ. ਨਿਰਾਲਾ. ਅਲਗ। ੨. ਆਲੀਨ. ਅਭੇਦ. ਲਿਵਲੀਨ. "ਪੂਜਾ ਚਾਰ ਪਖੰਡ ਅਲੀਣਾ." (ਭਾਗੁ)

**ਅਲੀ ਬਖ਼ਸ਼:** ਬਾਦਸ਼ਾਹ ਸ਼ਾਹਜਹਾਂ ਦੀ ਫੌਜ ਦਾ ਇੱਕ ਸਰਦਾਰ, ਜੋ ਹਰਿਗੋਬਿੰਦ ਪੁਰ ਦੇ ਜੰਗ ਵਿੱਚ ਭਾਈ ਨਾਨੂ ਦੇ ਹੱਥੋਂ ਸ਼ਹੀਦ ਹੋਇਆ.

**ਅਲੀਮ, ਅ਼ਲੀਮ:** ਅ਼. علیم ਵਿ- ਇ਼ਲਮ (ਗ੍ਯਾਨ) ਵਾਲਾ. ਗ੍ਯਾਤਾ. ਗ੍ਯਾਨੀ.

**ਅਲੀ ਮੁਹੰਮਦ:** ਸਹਾਰਨਪੁਰ ਦਾ ਫੌਜਦਾਰ, ਜੋ ਸੰਮਤ ੧੭੬੭ ਵਿੱਚ ਖਾਲਸਾ ਦਲ ਦੀ ਅਵਾਈ ਸੁਣਕੇ ਸ਼ਹਰ ਨੂੰ ਸੁੰਨਾ ਛੱਡ ਕੇ ਨੱਠ ਗਿਆ ਸੀ.

**ਅਲੀਲ, ਅ਼ਲੀਲ:** ਅ਼. علیل ਵਿ- ਰੋਗੀ. ਬੀਮਾਰ. ਦੇਖੋ, ਅਲਾਲਤ.

**ਅਲੀਵਣ, ਅਲੀਵਣਾ:** ਕ੍ਰਿ- ਆਲੀਨ ਹੋਣਾ. ਲਿਵਲੀਨ ਹੋਣਾ. ਸਮਾਉਣਾ. "ਸਹਿਜ ਅਲੀਵਣਾ." (ਭਾਗੁ)

**ਅਲੀਵਾਲ:** ਸਤਲੁਜ ਦੇ ਕੰਢੇ ਜਿਲੇ ਲੁਧਿਆਨੇ ਦੀ ਤਸੀਲ ਜਗਰਾਉਂ ਵਿੱਚ ਇੱਕ ਪਿੰਡ, ਜਿਸ ਥਾਂ ੨੮ ਜਨਵਰੀ ਸਨ ੧੮੪੬ ਨੂੰ ਅੰਗ੍ਰੇਜ਼ਾਂ ਦਾ ਸਿੱਖਾਂ ਨਾਲ ਜੰਗ ਹੋਇਆ.

**ਅਲੀੜ:** ਦੇਖੋ, ਆਲੀਢ.

**ਅਲੁਮਲੁ:** ਦੇਖੋ, ਅਲ ੩.

**ਅਲੂਹਾ:** ਵਿ- ਜੋ ਲੂਹਿਆ ਨਹੀਂ. ਆਂਚ ਰਹਿਤ। ੨. ਨਵਾਂ। ੪. ਯੁਵਾ. ਜੁਆਨ. "ਆਲੀ ਅਨੂਪ ਸੁਬੈਸ ਅਲੂਹਨ." (ਸਲੋਹ)

**ਅਲੂਚਾ:** ਦੇਖੋ, ਆਲੂਚਾ। ੨. ਵਿ- ਜੋ ਨਹੀਂ ਲੁੱਚਾ. ਭਲਾ. ਨੇਕ.

**ਅਲੂਣਾ, ਅਲੂਣੀ:** ਵਿ- ਲੂਣ (ਲਵਣ) ਬਿਨਾ. ਅਲਵਣ। ੨. ਭਾਵ- ਰਸ ਰਹਿਤ. ਬੇਸੁਆਦ. ਫਿੱਕਾ. ਫਿੱਕੀ. "ਸਿਲ ਜੋਗ ਅਲੂਣੀ ਚਟੀਐ." (ਵਾਰ ਰਾਮ ੩) ੩. ਲਾਵਨ੍ਯਤਾ (ਸ਼ੋਭਾ) ਬਿਨਾ. "ਫਿਟ ਅਲੂਣੀ ਦਹ." (ਵਾਰ ਬਿਹਾ ਮਃ ੫)

**ਅਲੂਣੀ ਸਿਲਾ:** ਦੇਖੋ, ਸਿਲਾ ਅਲੂਣੀ.

**ਅਲੂਦਾ:** ਦੇਖੋ, ਆਲੂਦਾ.

**ਅਲੂਫਾ:** ਅ਼. عُلوُفا ਉ਼ਲੂਫ਼ਾ. ਸੰਗ੍ਯਾ- ਤਨਖ਼੍ਵਾਹ. ਤਲਬ। ੨. ਵਜੀਫ਼ਾ.

**ਅਲੂਰ, ਅਲੂਰਾ:** ਮਦਰਾਸ ਦੇ ਨੇਲੋਰ ਜਿਲੇ ਦਾ ਇੱਕ ਨਗਰ. "ਨਾਮ ਅਲੂਰਾ ਤਾਂਕੋ ਸੋਹੈ." (ਚਰਿਤ੍ਰ ੩੩੯)

**ਅਲੂਲ ਜਲੂਲ:** ਸਿੰਧੀ. ਬੇਸਲੀਕ਼ਾਪਨ. ਫੂਹੜਪੁਣਾ.

**ਅਲੂਲਾ:** ਪ੍ਰਾ. ਸੰਗ੍ਯਾ- ਤਰੰਗ. ਲਹਿਰ।

੨. ਬੁਦਬੁਦਾ. ਬੁਲਬੁਲਾ। ੩. ਅੱਗ ਦਾ ਭਬੂਕਾ. ਲਪਟ। ੪. ਵਿ- ਲੋਲਤਾ ਰਹਿਤ. ਚੰਚਲਤਾ ਬਿਨਾ. "ਰਾਜ ਕੇ ਧਰਮ ਅਲੂਲੇ."

(ਅਕਾਲ) ੫. ਜੋ ਨਹੀਂ ਲੂਲਾ.

ਅਲੇ: ਵਕ- ਅਰੇ! ਸੰਬੋਧਕ ਸ਼ਬਦ। ੨. ਪ੍ਰਤ੍ਯਯ, ਜੋ ਪਦ ਦੇ ਅੰਤ ਲਗਕੇ ਕ੍ਰਿਯਾ ਦੀ ਯੋਗ੍ਯਤਾ ਬੋਧਨ ਕਰਦਾ ਹੈ. "ਤਜੀਅਲੇ ਸੰਸਾਰੰ." ਅਤੇ "ਪੇਖੀਅਲੇ ਧਰਮ ਰਾਓ." (ਸ੍ਰੀ ਤ੍ਰਿਲੋਚਨ) ਆਦਿ.

ਅਲੇਸ: ਵਿ- ਲੇਸ (ਚੇਪ) ਤੋਂ ਬਿਨਾ। ੨. ਨਿਰਲੇਪ. ਅਸੰਗ। ੩. ਦੇਖੋ, ਲੇਸ਼.

ਅਲੇਖ: ਵਿ- ਜੋ ਲਿਖਿਆ ਨਾ ਜਾ ਸਕੇ. ਅਲੇਖ੍ਯ. "ਅਲੇਖ ਹੈ." (ਜਾਪੁ) ੨. ਅਲਕ੍ਸ਼੍ਯ. ਅਲਖ. ਜੋ ਲਖਿਆ (ਵੇਖਿਆ) ਨਹੀਂ ਜਾਂਦਾ। ੩. ਭਿੱਖ੍ਯਾ ਮੰਗਣ ਅਤੇ ਪਰਸਪਰ ਮਿਲਣ ਸਮੇਂ ਯੋਗੀਆਂ ਦਾ ਧਾਰਮਿਕ ਸ਼ਬਦ "ਭੇਖ ਅਲੇਖ ਉਚਾਰ ਕੈ ਰਾਵਨ." (ਰਾਮਾਵ) ਯੋਗੀ ਭੇਖ ਦੀ "ਅਲੱਖ" ਬੋਲਕੇ ਰਾਵਨ ਸੀਤਾ ਪਾਸ ਆਇਆ।

੪. ਜੋ ਲੇਖੇ ਵਿੱਚ ਨਹੀਂ ਆ ਸਕਦਾ. "ਤਾਂਤੇ ਜਨਮ ਅਲੇਖੈ." (ਆਸਾ ਕਬੀਰ) ੫. ਜਿਸ ਦੇ ਮੱਥੇ ਕੋਈ ਲੇਖ ਨਹੀਂ. ਕਰਮ ਬੰਧਨ ਤੋਂ ਮੁਕਤ. "ਅਲੇਖ ਹਰੀ." (ਅਕਾਲ)

ਅਲੇਖੀ: ਦੇਖੋ, ਅਲੇਖ.

ਅਲੇਪ: ਵਿ- ਅਲਿਪ੍ਤ. ਨਿਰਲੇਪ.

ਅਲੇਲ: ਸੰਗ੍ਯਾ- ਰੇਖਾ. ਲੀਕ। ੨. ਧਾਰਾ. ਧਾਰ.

"ਛੂਟੀ ਹੈਂ ਸੀਸ ਪੈ ਸ੍ਰੋਨ ਅਲੇਲੇਂ." (ਕਲਕੀ) ੩. ਵਿ- ਅਲ੍ਹੜ. ਅਣਜਾਣ.

ਅਲੋਅ: ਅਵਲੋਕਨ ਕਰ. ਦੇਖ. ਦੇਖੋ, ਅਲੋਅਨ ਅਤੇ ਅਲੋਇਨ। ੨. ਅਲੌਕਿਕ. ਅਣੋਖਾ. "ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮ ਅਲੋਅ." (ਧਨਾ ਮਃ ੧) ਇਹ ਅਦਭੁਤ ਪਦਮਾਸਨ ਹੈ.

ਅਲੋਅਨ: ਸੰ. ਅਵਲੋਕਨ. ਸੰਗ੍ਯਾ- ਦੇਖਣਾ. ਦੇਖਣ ਦੀ ਕ੍ਰਿਯਾ.

ਅਲੋਇ: ਦੇਖੋ, ਅਲੋਇਨ। ੨. ਸੰ. ਅਲੌਕਿਕ. ਵਿ- ਅਣੋਖਾ। ੩. ਕ੍ਰਿ. ਵਿ- ਅਵਿਲੋਕਕੇ. ਵੇਖਕੇ.

ਅਲੋਇਅੜਾ: ਵਿ- ਦੇਖਿਆ (ਅਵਲੋਕਨ ਕੀਤਾ) ਹੋਇਆ. "ਨੈਨ ਅਲੋਇਅੜਾ ਹਰਿ ਜਾਨੀਅੜਾ." (ਰਾਮ ਛੰਤ ਮਃ ੫)

ਅਲੋਇਆ: ਅਵਲੋਕਨ ਕੀਤਾ. ਵੇਖਿਆ. ਦੇਖੋ, ਅਲੋਇਨ.

ਅਲੋਇਨ: ਸੰਗ੍ਯਾ- ਅਵਲੋਕਨ. ਦੇਖਣਾ. "ਅਨਦ ਰੂਪ ਸਭ ਨੈਨ ਅਲੋਇਆ." (ਆਸਾ ਮਃ ੫)

"ਦੂਸਰ ਨਾਹੀ ਅਲੋਈਐ." (ਦੇਵ ਮਃ ੫)

ਅਲੋਈਐ: ਅਵਲੋਕਨ ਕਰੀਐ. ਦੇਖੋ, ਅਲੋਇਨ.

ਅਲੋਹ: ਵਿ- ਬਿਨਾ ਲੋਹੇ. ਭਾਵ- ਸ਼ਸਤ੍ਰ ਬਿਨਾ. "ਗਯੋ ਕੌਨ ਬੀਰੰ ਸੁ ਯਾਂਤੇ ਅਲੋਹੰ"? (ਵਿਚਿਤ੍ਰ) ਕੌਨ ਸੂਰਮਾ ਹੈ ਜਿਸ ਨੇ ਕਾਲ ਦਾ ਸ਼ਸਤ੍ਰ ਨਹੀਂ ਖਾਧਾ?

ਅਲੋਕ: ਸੰ. ਆਲੋਕ. ਸੰਗ੍ਯਾ- ਪ੍ਰਕਾਸ਼. ਚਮਤਕਾਰ। ੨. ਦਰਸ਼ਨ. ਦੀਦਾਰ. "ਸੁੰਦਰ ਬਦਨ ਅਲੋਕ." (ਸਾਰ ਸੂਰਦਾਸ) ੩. ਸੰ. ऄलोक. ਵਿ- ਜੋ ਦੇਖਣ ਵਿੱਚ ਨਾ ਆਵੇ. ਅਗੋਚਰ. "ਅਲੋਕ ਹੈ." (ਜਾਪੁ) ੪. ਸੰਗ੍ਯਾ- ਨਿਰਜਨ. ਏਕਾਂਤ। ੫. ਪਰਲੋਕ. "ਲੋਕ ਅਲੋਕ ਗਵਾਇ ਦੁਰਾਨਨਿ." (ਰਾਮਾਵ) ਹੇ ਬੁਰੇ ਮੂੰਹ ਵਾਲੀ ਕੇਕਈ! ਤੈਂ ਲੋਕ ਪਰਲੋਕ ਦੋਵੇਂ ਖੋ ਲਏ। ੬. ਸੰ. ਅਲੋਕ੍ਯ. ਵਿ- ਅਲੌਕਿਕ. ਅਣੋਖਾ.

ਅਲੋਕਨ: ਸੰ. ਆਲੋਕਨ. ਕ੍ਰਿ- ਦੇਖਣਾ. ਝਾਕਣਾ. ਤੱਕਣਾ. "ਈਤ ਊਤ ਦਹ ਦਿਸ ਅਲੋਕਨ." (ਰਾਮ ਰੁਤੀ ਮਃ ੫)

ਅਲੋਗ, ਅਲਗੋਨੀ, ਅਲੋਗੀ: ਵਿ- ਅਲੋਕਜ. ਅਲੌਕਿਕ. ਅਣੋਖਾ. ਅਦਭੁਤ। ੨. ਅਲਗਨ. ਨਿਰਲੇਪ. "ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ, ਪਇਆਲ ਪਵਿਤ੍ਰ ਅਲੋਗਨੀ." (ਰਾਮ ਮਃ ੫) "ਨਾਨਕ ਲੋਗ ਅਲੋਗੀ ਰੀ ਸਖੀ." (ਆਸਾਵਰੀ ਮਃ ੫)

ਅਲੋਨਾ: ਦੇਖੋ, ਅਲੂਣਾ.

ਅਲੋਪ: ਸੰ. ਲੋਪ. ਵਿ- ਅਗੋਚਰ. ਗ਼ਾਇਬ. ਅਦ੍ਰਿਸ਼ਜ. "ਹੋਈ ਅਲੋਪ ਭਵਾਨੀ ਦੇਵਾਂ ਰਾਜ ਦੇ." (ਚੰਡੀ ੩) ੨. ਅ (ਨਾ) ਲੋਪ (ਗੁਪਤ). ਪ੍ਰਗਟ. ਪ੍ਰਤੱਖ.

ਅਲੋਲ: ਵਿ- ਜੋ ਨਹੀਂ ਲੋਲ (ਚੰਚਲ). ਚੰਚਲਤਾ ਰਹਿਤ. ਇਸਥਿਤ (ਸ੍ਥਿਤ).

ਅਲੋਵਣਾ, ਅਲੋਵਨ: ਕ੍ਰਿ- ਅਵਲੋਕਨਾ. ਆਲੋਕਨ. ਦੇਖਣਾ. ਤੱਕਣਾ. "ਨੈਨ ਅਲੋਵਉ ਸਾਧਜਨੋ." (ਗਉ ਅਃ ਮਃ ੫) "ਅੰਤਰਿ ਬਾਹਰਿ ਇਕੁ ਨੈਨ ਅਲੋਵਨਾ." (ਵਾਰ ਗੂਜ ੪, ਮਃ ੫)

ਅਲੌਕਿਕ: ਵਿ- ਜੋ ਨਹੀਂ ਲੌਕਿਕ. ਜੋ ਇਸ ਲੋਕ ਦਾ ਨਹੀਂ. ੨. ਅਣੋਖਾ. ਅਦਭੁਤ.

ਅਲੰ: ਸੰ. अलम. ਵਜ. ਪੂਰਣ. ਸਭ। ੨. ਕੇਵਲ। ੩. ਵਿ- ਯੋਗਜ. ਲਾਇਕ। ੪. ਸੰਗਜਾ- ਭੂਸ਼ਣ. ਗਹਿਣਾ.

ਅਲੰਕ: ਅਲੰਕਾਰ ਦਾ ਸੰਖੇਪ। ੨. ਆਲੰਕ. ਲੰਕਾ ਤੀਕ. ਲੰਕਾ ਤੋੜੀ। ੩. ਸੰਗਜਾ- ਆਕਾਸ਼ ਮੰਡਲ. ਖਗੋਲ. "ਸੈਲਹਿ ਦਬਤ ਐਲ ਪਰਤ ਅਲੰਕ ਪਰ." (ਗੁਪ੍ਰਸੂ)

ਅਲੰਕਾਰ: ਸੰ. अलक्कार. ਸੰਗਜਾ- ਗਹਿਣਾ. ਜ਼ੇਵਰ. ਭੂਖਣ (ਭੂਸ਼ਣ). "ਅਲੰਕਾਰ ਮਿਲਿ ਥੈਲੀ ਹੋਈ ਹੈ." (ਧਨਾ ਮਃ ੫) ੨. ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਉਹ ਰੀਤਿ, ਜੋ ਕਾਵਜ ਦੀ ਸ਼ੋਭਾ ਵਧਾਵੇ.[122] ਅਲੰਕਾਰ ਅਨੰਤ ਹਨ, ਪਰ ਮੁੱਖ ਦੋ ਹਨ:-

'ਸ਼ਬਦਾਲੰਕਾਰ.' ਜੋ ਸ਼ਬਦਾਂ ਨੂੰ ਭੂਸ਼ਿਤ ਕਰਨ, ਜੈਸੇ ਕਿ ਅਨੁਪ੍ਰਾਸ ਆਦਿ, ਅਤੇ 'ਅਰਥਾਲੰਕਾਰ' ਜੋ ਅਰਥਾਂ ਨੂੰ ਸ਼ੋਭਾ ਦੇਣ, ਜੈਸੇ ਕਿ ਉਪਮਾ ਰੂਪਕ ਆਦਿ. ਜੇ ਸ਼ਬਦ ਅਤੇ ਅਰਥਾਲੰਕਾਰ ਦੋਵੇਂ ਇੱਕ ਥਾਂ ਪਾਏ ਜਾਣ, ਤਦ ਉਭਯਾਲੰਕਾਰ ਸੰਗਜਾ ਹੁੰਦੀ ਹੈ. ਇਸ ਗ੍ਰੰਥ ਵਿੱਚ ਅੱਖਰ ਕ੍ਰਮ ਅਨੁਸਾਰ ਸਭ ਅਲੰਕਾਰ ਦਿਖਾਏ ਗਏ ਹਨ.

ਅਲੰਕੀ, ਅਲੰਕੇ: ਸੰ. अलङ्कृत- ਅਲੰਕ੍ਰਿਤ. ਵਿ- ਅਲੰਕਾਰ ਸਹਿਤ. ਭੂਸ਼ਿਤ. "ਅਲੰਕਾਰ ਅਲੰਕੇ." (ਜਾਪ) ਅਲੰਕਾਰ ਨੂੰ ਭੀ ਅਲੰਕ੍ਰਿਤ ਕਰਤਾ.

ਅਲੰਕ੍ਰਿਤ: ਦੇਖੋ, ਅਲੰਕੀ. "ਅਲੰਕ੍ਰਿਤੰ ਸੁਦੇਹਯੰ." (ਵਿਚਿਤ੍ਰ).

ਅਲੰਖ: ਵਿ- ਅਲੇਖ। ੨. ਅਲਖ. "ਸਾਚੈ ਸਬਦਿ ਅਲੰਖ." (ਸਵਾ ਮਃ ੩)

ਅਲੰਗ: ਵਿ- ਅਲਗਨ. ਨਿਰਲੇਪ. ਅਸੰਗ।

੨. ਪ੍ਰਾ. ਸੰਗਜਾ- ਦਿਸ਼ਾ. ਤਰਫ਼. ਓਰ. ਪਾਸਾ।

੩. ਵਿ- ਬਿਨਾ ਲੰਗ. ਦੇਖੋ, ਲੰਗ.

ਅਲੰਘ, ਅਲੰਘਜ: ਵਿ- ਜੋ ਲੰਘਿਆ ਨਾ ਜਾਵੇ. ਅਲੰਘਨੀਯ.

ਅਲੰਬ: ਸੰ. ਆਲੰਬ. ਸੰਗਜਾ- ਸਹਾਰਾ. ਆਸਰਾ. ਅਵਲੰਬ। ੨. ਪਨਾਹ. ਸ਼ਰਣ.

ਅਲੰਬਨ, ਅਲੰਬਨੁ: ਸੰ. ਆਲੰਬਨ. ਸੰਗਜਾ- ਸਹਾਰਾ. ਆਸਰਾ. "ਹਸਤਅਲੰਬਨੁ ਦੇਹੁ ਪ੍ਰਭੁ." (ਗਉ ਮਃ ੫)

---

[122] अलङ्करोतीति अलङ्कार.

੨. ਦੇਖੋ, ਆਲੰਬਨ.

ਅਲੰਬੁਸ਼ਾ: ਦੇਖੋ, ਸਾਰਸੁਤ.

ਅਲ੍ਹੜ: ਵਿ- ਵਿਚਾਰਹੀਨ। ੨. ਅਵਾਣ। ੩. ਨਾਤਜਰਬੇਕਾਰ. ਸਿੰਧੀ. ਅਲੜ.

ਅੱਲ: ਸੰ. ਅਲਾਬੁ ਅਥਵਾ ਅਰਲੁ. ਸੰਗ੍ਯਾ- ਲੰਬਾ ਕੱਦੂ. ਤੋਰੀ ਕੱਦੂ। ੨. ਅ਼. آل ਆਲ. ਗੋਤ. ਵੰਸ਼ ਦਾ ਪ੍ਰਸਿੱਧ ਨਾਉਂ. ਦੇਖੋ, ਆਲ.

ਅੱਲਾ: ਵਿ- ਕੱਚਾ. ਅਪਕ੍ਵ। ੨. ਸੰਗ੍ਯਾ- ਅੱਲਾ. ਰੱਬ. ਕਰਤਾਰ. ਦੇਖੋ, ਅਲਾ.

ਅੱਲਾਸ਼ਾਹ, ਅੱਲਾਯਾਰ: ਇੱਕ ਪਠਾਣ, ਜੋ ਦਿੱਲੀ ਅਤੇ ਲਹੌਰ ਘੋੜਿਆਂ ਦਾ ਵਪਾਰ ਕਰਦਾ ਸੀ. ਬਿਆਸਾ ਦੇ ਕਿਨਾਰੇ ਇੱਕ ਦਿਨ ਇਸ ਨੂੰ ਭਾਈ ਪਾਰੋ ਪਰਮਹੰਸ ਡੱਲਾ ਨਿਵਾਸੀ ਦਾ ਮੇਲ ਹੋਇਆ, ਜਿਸ ਤੋਂ ਗੁਰੂ ਅਮਰਦਾਸ ਜੀ ਦੇ ਦਰਸ਼ਨ ਦੀ ਸਿੱਕ ਹੋਈ. ਭਾਈ ਸਾਹਿਬ ਦੇ ਨਾਲ ਗੁਰੂ ਦੇ ਦਰਬਾਰ ਪਹੁੰਚਕੇ ਗੁਰਸਿੱਖੀ ਧਾਰਨ ਕੀਤੀ ਅਤੇ ਗੁਰਮੁਖ ਸਿੱਖਾਂ ਵਿੱਚ ਗਿਣਿਆ ਗਿਆ. ਇਸ ਨੂੰ ਤੀਜੇ ਪਾਤਸ਼ਾਹ ਨੇ ਧਰਮ ਪ੍ਰਚਾਰ ਦੀ ਸੇਵਾ ਸੌਂਪੀ.

ਅਵ: ਸੰ. अव्. ਧਾ- ਰਖ੍ਯਾ- (ਰਕ੍ਸ਼ਾ) ਕਰਨਾ. (ਇਸੇ ਤੋਂ ਓਅੰ ਸ਼ਬਦ ਬਣਿਆ ਹੈ). ਪ੍ਰਸੰਨ ਕਰਨਾ. ਵਿਚਰਨਾ. ਪਿਆਰਾ ਹੋਣਾ. ਤ੍ਰਿਪਤ ਕਰਨਾ. ਸਮਝਣਾ. ਪ੍ਰਵੇਸ਼ ਕਰਨਾ. ਚਾਹਨਾ. ਗ੍ਰਹਿਣ ਕਰਨਾ। ੨. ਸੰ. ਉਪ. ਇਹ ਸ਼ਬਦਾਂ ਦੇ ਮੁੱਢ ਲੱਗਕੇ- ਨਿਸ਼ਚਾ, ਅਨਾਦਰ, ਕਮੀ, ਉਤਰਾਉ ਆਦਿ, ਅਰਥ ਜਣਾਉਂਦਾ ਹੈ. ਦੇਖੋ, ਅਵਗਾਹਨ, ਅਵਗੁਣ ਅਵਤਰਣ ਆਦਿ ਸ਼ਬਦ.

ਅਵਇਯਾ, ਅਵਈਆ: ਵਿ- ਅਵੈਯਾ. ਆਗਮਨ ਕਰੈਯਾ. ਆਉਣ ਵਾਲਾ. "ਯਦੁ ਬੀਰ ਕੇ ਧਾਮ ਅਵਇਯਾ." (ਕ੍ਰਿਸਨਾਵ)

ਅਵਸ: ਸੰ. ਅਵਸ਼. ਵਿ- ਬਿਨਾ ਵਸ਼. ਲਾਚਾਰ। ੨. ਦੇਖੋ, ਅਵਸ਼੍ਯ। ੩. अवस्. ਸੰਗ੍ਯਾ- ਸਹਾਇਤਾ। ੪. ਕ੍ਰਿਪਾ. ਮਿਹਰਬਾਨੀ.

ਅਵਸਥਾ: ਸੰ. ਅਵਸ੍ਥਾ. ਸੰਗ੍ਯਾ- ਦਸ਼ਾ. ਹਾਲਤ। ੨. ਉਮਰ. ਆਯੁ। ੩. ਜਾਗ੍ਰਤ, ਸ੍ਵਪਨ, ਸੁਸ਼ੁਪ੍ਤਿ (ਸੁਖੁਪਤਿ) ਅਤੇ ਤੁਰੀਯ (ਤੁਰੀਆ) ਇਹ ਚਾਰ ਹਾਲਤਾਂ। ੪. ਬਾਲ, ਯੁਵਾ, ਵ੍ਰਿੱਧ (ਬਿਰਧ) ਆਦਿ ਉਮਰ ਦੇ ਭੇਦ.

ਅਵਸਰ: ਸੰ. ਸੰਗ੍ਯਾ- ਸਮਾਂ. ਮੌਕਾ। ੨. ਫੁਰਸਤ. ਅਵਕਾਸ਼. ਵਿਹਲ. ਵੇਲ੍ਹ। ੩. ਵਰਖਾ। ੪. ਕਾਵ੍ਯ ਅਨੁਸਾਰ ਕਾਰਜ ਦਾ ਵੇਲੇ ਸਿਰ ਕਰਨਾ, ਜਿਸ ਵਿੱਚ ਵਰਣਨ ਕਰੀਏ, ਉਹ "ਅਵਸਰ" ਅਲੰਕਾਰ ਹੈ.

ਉਦਾਹਰਣ-

ਜਬ ਲਗੁ ਜਰਾ ਰੋਗੁ ਨਹੀ ਆਇਆ,

ਜਬ ਲਗੁ ਕਾਲਿ ਗ੍ਰਸੀ ਨਹੀਂ ਕਾਇਆ,

ਜਬ ਲਗੁ ਬਿਕਲ ਭਈ ਨਹੀ ਬਾਨੀ,

ਭਜਿਲੇਹਿ ਰੇ ਮਨ ! ਸਾਰਿਗਪਾਨੀ,

ਅਬ ਨ ਭਜਸਿ, ਭਜਸਿ ਕਬ ਭਾਈ?

ਆਵੈ ਅੰਤੁ, ਨ ਭਜਿਆ ਜਾਈ.

(ਭੈਰ ਕਬੀਰ)

ਕਾਲ ਕਰੰਤਾ ਅਬਹਿ ਕਰ, ਅਬ ਕਰਤਾ ਸੁ ਇਤਾਲ,

ਪਾਛੈ ਕਛੂ ਨ ਹੋਇਗਾ ਜਬ ਸਿਰਿ ਆਵੈ ਕਾਲ.

(ਸ. ਕਬੀਰ)

ਅਵਸਰਪਿਣੀ: ਦੇਖੋ, ਉਤ ਸਰਪਿਣੀ.

ਅਵਸਾਨ: ਸੰ. ਸੰਗਯਾ- ਔਸਾਨ. ਹੋਸ਼. ਹਵਾਸ. ਸੁਧਬੁਧ "ਅਵਸਾਨ ਕੇ ਦਿਵੈਯਾ ਹੋ." (ਅਕਾਲ)

"ਸਤ੍ਰੁਨ ਕੋ ਅਵਸਾਨ ਗਏ ਛੁਟ." (ਕ੍ਰਿਸਨਾਵ)

੨. ਸੰ. ਵਿਸ਼੍ਰਾਮ। ੩. ਹੱਦ. ਸੀਮਾ। ੪. ਮੌਤ।

੫. ਸਮਾਪਤੀ. ਅੰਤ। ਸੰਝ. ਸਾਯੰਕਾਲ.

ਅਵਸਾਰੀ: ਵਿ- ਸਾਰ ਰਹਿਤ। ੨. ਬਿਨਾ ਕਦਰ. "ਵਣਸਪਤਿ ਰਹੈ ਉਜਾੜ ਅੰਦਰ ਅਵਸਾਰੀ." (ਭਾਗੁ)

੩. ਸੰ. ਅਪਸਾਰਿਨ੍. ਅਪਸਾਰੀ. ਘਟਣ ਵਾਲਾ. ਵਿਨਾਸ਼ ਹੋਣ ਵਾਲਾ.

ਅਵਸੇਖ: ਸੰ. ਅਵਸ਼ੇਸ਼. ਵਿ- ਬਾਕੀ ਬਚਿਆ ਹੋਇਆ. ਸ਼ੇਸ਼. ਬਾਕ਼ੀ। ੨. ਸੰਗਯਾ- ਅੰਤ. ਸਮਾਪਤੀ.

ਅਵਸੇਚਨ: ਸੰ. ਸੰਗਯਾ- ਸਿੰਜਣਾ. ਪਾਣੀ ਦੇਣਾ।

੨. ਮੁੜ੍ਹਕੇ ਨਾਲ ਤਰ ਹੋਣਾ। ੩. ਸ਼ਰੀਰ ਦਾ ਲਹੂ ਕੱਢਣ ਦੀ ਵੈਦਯਕ੍ਰਿਯਾ. Phlebotomy.

ਅਵਸ੍ਥਾ: ਦੇਖੋ, ਅਵਸਥਾ.

ਅਵਸ੍ਥਾ ਚਤੁਸ਼੍ਟਯ: ਸੰ. ਸੰਗਯਾ- ਚਾਰ ਭੇਦ ਅਵਸ੍ਥਾ ਦੇ, ਅਰਥਾਤ ਬਚਪਨ, ਲੜਕਪਨ, ਜਵਾਨੀ ਅਤੇ ਬੁਢੇਪਾ। ੨. ਦੇਖੋ, ਅਵਸਥਾ ਅਤੇ ਚਾਰ ਅਵਸ੍ਥਾ.

ਅਵਸ੍ਥਾ ਤ੍ਰਯ: ਤਿੰਨ ਅਵਸਥਾ- ਜਾਗ੍ਰਤ, ਸੁਪਨ, ਸੁਖੋਪਤਿ.

ਅਵਸ੍ਥਾ ਦ੍ਵਯ: ਦੋ ਅਵਸਥਾ. ਦੋ ਹਾਲਤਾਂ. ਦੌਲਤ ਮੰਦੀ ਅਤੈ ਮੁਫਲਿਸੀ (ਕੰਗਾਲਤਾ). ੨. ਵਿਦ੍ਵੱਤਾ ਅਤੇ ਮੂਰਖਤਾ। ੩. ਦੁੱਖ ਅਤੇ ਸੁਖ ਆਦਿ.

ਅਵਸ੍ਥਿਤਿ: ਸੰ. ਸੰਗਯਾ- ਠਹਿਰਾਉ. ਮੁਕਾਮ.

ਅਵਸ਼੍ਯ: ਸੰ. ਵ੍ਯ. ਜ਼ਰੂਰ. ਨਿਰਸੰਦੇਹ. ਬਿਨਾ ਸੰਸੇ.

ਅਵਸ਼੍ਯਕ: ਜ਼ਰੂਰੀ ਦੇਖੋ, ਆਵਸ਼੍ਯਕ.

ਅਵਸ਼੍ਯਕਤਾ: ਜ਼ਰੂਰਤ ਦੇਖੋ, ਆਵਸ਼੍ਯਕਤਾ.

ਅਵਹਾਰ: ਦੇਖੋ, ਅਉਹਾਰ.

ਅਵਹਿਤ: ਸੰ. ਵਿ- ਸਾਵਧਾਨ. ਏਕਾਗ੍ਰਚਿੱਤ.

ਅਵਹਿੱਥ, ਅਵਹਿੱਥਾ: ਸੰ. अवहित्था. ਸੰਗਯਾ- ਕਾਵ੍ਯ- ਅਨੁਸਾਰ ਇੱਕ ਭਾਵ, ਜਿਸ ਦਾ ਲੱਛਣ ਹੈ ਕਿ ਭੈ ਅਤੇ ਲੱਜਾ ਆਦਿ ਦੇ ਕਾਰਣ, ਆਨੰਦ ਨੂੰ ਚੁਤਰਾਈ ਨਾਲ ਲੁਕੋਣਾ.

ਅਵਹੇਰਣ: ਕ੍ਰਿ- ਦੇਖਣਾ. ਤੱਕਣਾ. ਨਿਹਾਰਨਾ। ੨. ਅਪਮਾਨ ਕਰਨਾ. ਦੇਖੋ, ਅਉਹੇਰਨ। ੩. ਦੇਖੋ, ਅਵਹੇਲਨ.

**ਅਵਹੇਲਨ:** ਸੰ. ਸੰਗਯਾ- ਅਪਮਾਨ. ਨਿਰਾਦਰ। ੨. ਆਗ੍ਯਾ ਦਾ ਉਲੰਘਨ. "ਅਵਹੇਲਨ ਨਹਿ ਤਿਨ ਕੋ ਕੀਜੈ." (ਨਾਪ੍ਰ)

**ਅਵਕਾਸ਼:** ਸੰ. ਸੰਗ੍ਯਾ- ਜਗਾ ਥਾਂ। ੨. ਆਕਾਸ਼। ੩. ਫਾਸਿਲਾ. ਅੰਤਰ. ਵਿੱਥ। ੪. ਵੇਲ੍ਹ।

**ਅਵਕੀਰਣ:** ਸੰ. ਅਵਕੀਣੰ. ਵਿ- ਵਿਖੇਰਿਆ ਹੋਇਆ. ਖਿੰਡਾਇਆ ਹੋਇਆ. ਖਿਲਾਰਿਆ। ੨. ਛਿੰਨ ਭਿੰਨ। ੩. ਫੈਲਿਆ. "ਨਰ ਅਵਕੀਰਣ ਜਹਿਂਕਹਾਂ." (ਗੁਪ੍ਰਸੂ)

**ਅਵਖਦ, ਅਵਖਦੁ, ਅਵਖਧ, ਅਵਖਧੁ:** ਸੰ. ਔਸ਼ਧ. ਸੰਗ੍ਯਾ- ਦਵਾ. ਰੋਗ ਦੂਰ ਕਰਨ ਦੀ ਵਸਤੁ. ਦਾਰੂ. ਦੇਖੋ, ਅਉਖਦ. "ਹਰਿਹਰਿ ਨਾਮੁ ਅਵਖਦੁ ਮੁਖਿ ਪਾਇਆ." (ਸੋਰ ਮਃ ੫) "ਅਵਖਧ ਸਭੇ ਕੀਤਿਅਨ, ਨਿੰਦਕ ਕਾ ਦਾਰੂ ਨਾਹਿ." (ਵਾਰ ਗਉ ੧. ਮਃ ੫) "ਰੋਗ ਮਿਟੈ ਹਰਿਅਵਖਧੁ ਲਾਇ." (ਸੁਖਮਨੀ)

**ਅਵਗਣ:** ਦੇਖੋ, ਅਵਗੁਣ. "ਗੁਣਹ ਵਸਿ ਅਵਗਣ ਨਸੈ." (ਆਸਾ ਛੰਤ ਮਃ ੧) ੨. ਸੰ. ਅਪਮਾਨ (ਅਨਾਦਰ) ਕਰਨਾ.

**ਅਵਗਣਿ:** ਕ੍ਰਿ. ਵਿ- ਅਵਗੁਣ (ਔਗੁਣ) ਕਰਕੇ. ਔਗੁਣਾਂ. ਨਾਲ. "ਅਵਗਣਿ ਮੁਠੇ ਚੋਟਾ ਖਾਹੀ." (ਆਸਾ ਮਃ ੩)

**ਅਵਗਣਿਆਰਿ:** ਵਿ- ਅਵਗੁਣਾਂ (ਔਗੁਣਾਂ) ਵਾਲੀ. ਦੋਸ਼ਾਂ ਦੇ ਧਾਰਨ ਵਾਲੀ. "ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ." (ਸ੍ਰੀ ਅਃ ਮਃ ੧) ੨. ਅਪਮਾਨ ਕਰਨ ਵਾਲੀ. ਦੇਖੋ, ਅਵਗਣ ੨.

**ਅਵਗਤ:** ਸੰ. ਵਿ- ਜਾਣਿਆ ਹੋਇਆ. ਗ੍ਯਾਤ। ੨. ਡਿਗਿਆ ਹੋਇਆ. ਪਤਿਤ। ੩. ਸੰ. ਅਵਿਗਤ. ਵਿ- ਜੋ ਜਾਣਿਆ ਨਾ ਜਾਵੇ. ਅਗ੍ਯਾਤ. "ਵਾਹਗੁਰੂ ਜੋ ਅਵਗਤ ਹੈ ਉਸ ਦੀ ਗਤਿ ਸ਼ਬਦ ਕਰ ਲਖਦੇ ਹੈਨ." (ਜਸਭਾਮ). "ਅਵਗਤ ਲੀਲਾ ਸਤਿਗੁਰੁ ਕੇਰੀ." (ਗੁਪ੍ਰਸੂ) ੪. ਜੋ ਨਾਸ਼ ਨਾ ਹੋਵੇ. ਨਿੱਤ। ੫. ਸੰ. ਅਵ੍ਯਕ੍ਤ. ਵ੍ਯਕ੍ਤਿ ਰਹਿਤ. ਨਿਰਾਕਾਰ. ਅਗੋਚਰ। ੬. ਸੰਗ੍ਯਾ- ਕਾਮਦੇਵ. ਅਨੰਗ।੭ ਪਾਰਬ੍ਰਹਮ. ਕਰਤਾਰ। ੮. ਜੀਵਾਤਮਾ.

**ਅਵਗਤਿ:** ਸੰ. ਸੰਗ੍ਯਾ- ਬੁੱਧਿ. ਸਮਝ। ੨. ਉਤਰਾਉ. ਲਹਾਉ। "ਤੇਰੀ ਗਤਿ ਅਵਗਤਿ ਨਹੀਂ ਜਾਣੀਐ." (ਬਸੰ ਮਃ ੧) ਤੇਰੀ ਚੜਾਉ ਲਹਾਉ ਦੀ ਹਾਲਤ ਜਾਣੀ ਨਹੀਂ ਜਾਂਦੀ। ੩. ਨੀਚ ਗਤਿ.

**ਅਵਗਤਿ ਬਾਣਿ, ਅਵਗਤਿ ਬਾਨਿ:** ਅਵ੍ਯਕ੍ਤ ਦੀ ਬਾਣੀ. ਨਿਰਾਕਾਰ ਪ੍ਰਭੁ ਦੀ ਅਨਾਹਤ ਬਾਣੀ। ੨. ਚਿੱਤ ਦੀ ਵ੍ਰਿੱਤਿ ਨਾਲ ਸਿਮਰਣ ਕੀਤੀ ਅਕਾਲੀ ਬਾਣੀ. "ਅਵਗਤਿ ਬਾਣਿ ਛੋਡਿ ਮ੍ਰਿਤਮੰਡਲਿ ਤਉ ਪਾਛੇ ਪਛੁਤਾਣਾ." (ਸ੍ਰੀ ਬੇਣੀ)

**ਅਵਗਨ:** ਦੇਖੋ, ਅਵਗੁਣ. "ਅਵਗਨ ਕਾਟਿ ਕੀਏ ਪ੍ਰਭ ਅਪੁਨੇ." (ਪ੍ਰਭਾ ਮਃ ੫) ੨. ਸੰ. ਅਵਗਣਨ. ਸੰਗ੍ਯਾ- ਗਿਣਤੀ. ਸ਼ੁਮਾਰ. "ਇੜਾ ਪਿੰਗਲਾ ਸੁਖਮਨ ਬੰਦੇ ਏ ਅਵਗਣ ਕਤ ਜਾਹੀ?" (ਗਉ ਕਬੀਰ) ਹੁਣ ਕਿੱਥੇ ਗਿਣੇ ਜਾ ਸਕਦੇ ਹਨ?

**ਅਵਗਨਹਾਰਾ, ਅਵਗਨੀਆਰ, ਅਵਗਨੀਆਰਾ:** ਵਿ- ਅਵਗੁਣਾ ਵਾਲਾ. ਦੋਸ਼ੀ. ਪਾਪੀ. "ਅਵਗਨੀਆਰੇ ਪਾਥਰ ਭਾਰੇ." (ਕਾਨ ਮਃ ੪)

**ਅਵਗਮ:** ਸੰ. ਸੰਗ੍ਯਾ- ਨਿਸ਼ਚਯਾਤਮਕ ਗ੍ਯਾਨ. ਬਿਨਾ ਸੰਸੇ ਗ੍ਯਾਨ. ਯਥਾਰਥ ਗ੍ਯਾਨ.

**ਅਵਗਾਹਨ, ਅਵਗਾਹਨੁ:** ਸੰ. ਸੰਗ੍ਯਾ- ਨਿਮੱਜਨ. ਟੁੱਬੀ ਮਾਰਕੇ ਕੀਤਾ ਇਸਨਾਨ. "ਭਾਂਤਿ ਭਾਂਤਿ ਬਨ ਬਨ ਅਵਗਾਹੇ." (ਮਾਝ ਮਃ ੫) ਅਨੇਕ ਵਨ (ਜੰਗਲ) ਅਨੇਕ ਵਨ (ਜਲ- ਤੀਰਥ) ਅਵਗਾਹੇ। ੨. ਮਥਨ. ਰਿੜਕਨਾ। ੩. ਖੋਜ. ਛਾਂਨ ਬੀਨ. "ਸਗਲ ਦੇਵ ਹਾਰੇ ਅਵਗਾਹਿ." (ਸੁਖਮਨੀ)

**ਅਵਗਿਆ:** ਦੇਖੋ, ਅਵਗ੍ਯਾ. "ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ." (ਧਨਾ ਮਃ ੫)

**ਅਵਗੁਣ:** ਸੰਗ੍ਯਾ- ਗੁਣ ਦੇ ਵਿਰੁੱਧ (ਉਲਟ). ਦੋਸ਼. ਐਬ। ੨. ਪਾਪ। ੩. ਅਪਰਾਧ.

**ਅਵਗੁਣਿ:** ਅਵਗੁਣ (ਔਗੁਣ) ਕਰਕੇ. ਔਗੁਣਾਂ ਨਾਲ.

ਅਵਗੁਣਿਆਰਾ, ਅਵਗੁਣਿਆਰੀ: ਵਿ- ਔਗੁਣਾਂ ਵਾਲਾ (ਵਾਲੀ). "ਅਵਗੁਣਿਆਰੀ ਕੰਤ ਵਿਸਾਰੀ." (ਧਨਾ ਛੰਤ ਮਃ ੧)

ਅਵਗੁਣੀ: ਵਿ- ਅਵਗੁਣ ਵਾਲਾ. ਦੋਸ਼ੀ. ਪਾਪੀ. ਅਪਰਾਧੀ। ੨. ਅਵਗੁਣਾਂ ਨਾਲ. "ਅਵਗੁਣੀ ਭਰਪੂਰ ਹੈ." (ਓਅੰਕਾਰ) ੩. ਅਵਗੁਣੋਂ. ਸੇ. ਔਗੁਣਾਂ ਤੋਂ.

ਅਵਗੁਣੁ: ਦੇਖੋ, ਅਵਗੁਣ. "ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ." (ਵਡ ਛੰਤ ਮਃ ੫)

ਅਵਗੁਨ, ਅਵਗੁਨੀ: ਦੇਖੋ, ਅਵਗੁਣ ਅਤੇ ਅਵਗੁਣੀ.

ਅਵਗੁਨੀਆਰਾ: ਵਿ- ਅਵਗੁਣਾਂ ਵਾਲਾ. ਐਬੀ. ਦੋਸ਼ੀ. "ਅਵਗੁਨੀਆਰੇ ਮਾਨਸੈ ਭਲੋ ਨ ਕਹਿ ਹੈ ਕੋਇ." (ਸ. ਕਬੀਰ)

ਅਵਗਯਾ: ਸੰ. ਅਵਜ੍ਞਾ. ਸੰਗਯਾ- ਅਨਾਦਰ. ਅਪਮਾਨ। ੨. ਹਾਰ. ਪਰਾਜਯ. ਸ਼ਿਕਸ੍ਤ। ੩. ਆਗਯਾ ਦਾ ਉਲੰਘਨ. ਹੁਕਮ ਉਦੂਲੀ। ੪. ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਹੈ ਕਿ ਗੁਣ ਵਾਲੀ ਵਸਤੂ ਵਿੱਚ ਕੋਈ ਦੋਸ਼ ਮੰਨਕੇ ਉਸ ਦਾ ਤਯਾਗ ਕਹਿਣਾ. ਇਸ ਦਾ ਨਾਉਂ "ਤਿਰਸਕਾਟ" ਭੀ ਹੈ.

ਉਦਾਹਰਣ-

"ਕਿਤ ਹੀ ਕਾਮਿ ਨ ਧਉਲਹਰ

ਜਿਤੁ ਹਰਿ ਬਿਸਰਾਏ, x x

ਜਲਿਜਾਉ ਏਹੁ ਬਡਪਨਾ

ਮਾਇਆ ਲਪਟਾਏ, x x

ਐਸੋ ਰਾਜੁ ਨ ਕਿਤੈ ਕਾਜਿ

ਜਿਤੁ ਨਹਿ ਤ੍ਰਿਪਤਾਏ, x x

ਪਾਟ ਪਟੰਬਰੁ ਬਿਰਥਿਆ ਜਿਹ ਰਚਿ ਲੋਭਾਏ."

(ਸੂਹੀ ਮਃ ੫)

"ਵਾ ਸੋਨੇ ਕੋ ਜਾਰਿਯੇ ਜਾਂਸੋਂ ਟੂਟੈਂ ਕਾਨ." (ਵ੍ਰਿੰਦ)

ਅਵਘਟ, ਅਵਘਾਟ: ਵਿ- ਵਿਖੜਾ ਮਾਰਗ. ਔਖਾ ਘਾਟ. "ਇਕ ਅਵਘਟ ਘਾਟੀ ਰਾਮ ਕੀ." (ਸ. ਕਬੀਰ) ੨. ਦੁਰਗਮ. ਕਠਿਨ "ਅਵਘਟ ਗਲੀਆਂ ਭੀੜੀਆਂ." (ਮਾਰੂ ਮਃ ੪) "ਅਵਘਟ ਉਤਰ ਸਰੋਵਰ ਮਜਨ ਕਰੈ." (ਭਾਗੁ ਕ) "ਅਵਘਟ ਸਰਵਰਿ ਨਾਵੈ." (ਆਸਾ ਅਃ ਮਃ ੧) ੩. ਦੇਖੋ, ਘਟਿ ਅਵਘਟਿ.

ਅਵਘਾਤ: ਸੰ. ਸੰਗਯਾ- ਪ੍ਰਹਾਰ. ਸੱਟ. ਚੋਟ.

ਅਵਚਨੀਯ: ਸੰ. ਵਿ- ਅਕਹਿ. ਜੋ ਵਚਨਾਂ ਕਰਕੇ ਨਾ ਕਹਿਆ ਜਾਵੇ। ੨. ਜੋ ਵਾਕ ਕਹਿਣ ਯੋਗਯ ਨਾ ਹੋਵੇ.

ਅਵਛਿੰਨ: ਸੰ. ਅਵਚ੍ਛਿਨ੍ਨ. ਵਿ- ਜੁਦਾ (ਵੱਖ) ਕੀਤਾ ਹੋਇਆ. ਅਲਗ ਕੀਤਾ ਹੋਇਆ। ੨. ਵਿਸ਼ੇਸ਼ਣ ਰਹਿਤ। ੩. ਦੇਖੋ, ਅਵਛੰਨ ਅਤੇ ਅਵਿਛਿੰਨ.

ਅਵਛੇਦ: ਸੰ. ਅਵਚ੍ਛੇਦ੍. ਸੰਗਯਾ- ਭੇਦ. ਜੁਦਾਈ. ਫਰਕ। ੨. ਵਿਭਾਗ. ਵੰਡ. ਤਕਸੀਮ। ੩. ਛਾਂਨ ਬੀਨ. ਪੜਤਾਲ. ਡੂੰਘੀ ਖੋਜ.

ਅਵਛੇਦਕ: ਸੰ. ਅਵਚ੍ਛੇਦ੍ਕ. ਵਿ- ਭੇਦ ਕਰਨ ਵਾਲਾ. ਭਿੰਨ ਕਰਤਾ। ੨. ਨਿਸ਼ਚੇ ਕਰਨ ਵਾਲਾ. ਛਾਂਨ ਬੀਨ ਕਰਤਾ।

**ਅਵਛੇਦਯ:** ਸੰ. अवच्छेद्य. ਵਿ- ਭੇਦ ਕਰਨ ਯੋਗਯ. ਭਿੰਨਤਾ ਯੋਗਯ.

**ਅਵਛੰਨ:** ਸੰ. अवच्छन्न. ਵਿ- ਢਕਿਆ ਹੋਇਆ। ੨. ਫੈਲਿਆ ਹੋਇਆ.

**ਅਵਝੜ:** ਦੇਖੋ, ਅਉਝੜ। ੨. ਵਿ- ਜੋ ਝੜੇ ਨਾ. ਨਾ ਡਿਗਣ ਵਾਲਾ. ਪਤਨ ਰਹਿਤ.

**ਅਵਝੇਰਾ:** ਸੰਗ੍ਯਾ- ਝਗੜਾ. ਵਿਵਾਦ। ੨. ਗੁੰਝਲ. ਪੇਚਦਾਰ ਗੱਲ. "ਚਿਤ੍ਰ ਬਚਿਤ੍ਰ ਇਹੈ ਅਵਝੇਰਾ." (ਗਉ ਕਬੀਰ ਬਾਵਨ)

**ਅਵਟ, ਅਵਟਣ, ਅਵਟਨ, ਅੱਵਟਣ:** ਔਟਾਨਾ. ਉਬਾਲਨਾ. "ਸਮ ਨੀਰਹਿ ਕੀ ਅਵਟੈਹੋਂ." (ਕ੍ਰਿਸਨਾਵ) ੨. ਢਾਲਨਾ. ਪਘਰਾਉਣਾ. "ਕਨਕ ਅਵਟ ਸਾਂਚੇ ਜਨੁ ਢਾਰਾ." (ਦਿਲੀਪ) ੩. ਸੰਗ੍ਯਾ- ਤਾਉ. ਆਂਚ. ਸੇਕ. "ਸਹੈ ਅਵੱਟਣ ਅੱਗ ਦਾ." (ਭਾਗੁ)

**ਅਵਨੇਸ਼:** ਸੰ. ਅਵਨੀਸ਼. ਸੰਗ੍ਯਾ- ਅਵਨੀ (ਪ੍ਰਿਥਿਵੀ) ਦਾ ਈਸ਼. ਰਾਜਾ. ਪ੍ਰਿਥੀਪਤਿ. "ਅਵਨੇਸ਼ ਅਣੀਨ ਸੁਧਾਰਹਿੰਗੇ." (ਕਲਕੀ)

**ਅਵਤ:** ਦੇਖੋ, ਆਵਰਤ.

**ਅਵਤਰ:** ਵਿ- ਅਪੁਤ੍ਰ. ਔਤ੍ਰਾ। ੨. ਸੰ. ਅਵਤਰਣ. ਸੰਗ੍ਯਾ- ਉਤਰਨਾ. ਪਾਰ ਹੋਣਾ। ੩. ਨਕ਼ਲ। ੪. ਪੌੜੀ. ਸੀੜ੍ਹੀ। ੫. ਜਨਮ ਗ੍ਰਹਿਣ. ਸ਼ਰੀਰ ਧਾਰਣ.

**ਅਵਤਰਕ:** ਸੰ. ਅਵਿਤਰ੍ਕ. ਸੰਗ੍ਯਾ- ਅਨੁਮਾਨ ਦਾ ਅਭਾਵ. ਕ਼ਯਾਸ (ਕ਼ਿਆਸ) ਦਾ ਨਾ ਹੋਣਾ. "ਕਹਾਂ ਤਰਕ ਅਵਤਰਕ." (ਅਕਾਲ)

**ਅਵਤਰਣ, ਅਵਤਰਨਾ:** ਦੇਖੋ, ਅਵਤਰ ੨. ਅਤੇ ੫.

**ਅਵਤਰਿ:** ਅਵਤਾਰ (ਜਨਮ) ਲੈ ਕੇ, ਜੰਮਕੇ. "ਅਵਤਰਿ ਆਇ ਕਹਾਂ ਤੁਮ ਕੀਨਾ?" (ਸੂਹੀ ਕਬੀਰ)

**ਅਵਤਰਿਉ, ਅਵਤਰਜਉ:** ਅਵਤਰਣ ਹੋਇਆ. ਅਵਤਾਰ ਧਾਰਿਆ. "ਨਾਨਕ ਕੁਲਿ ਨਿੰਮਲੁ ਅਵਤਰਿਉ." ਅਤੇ- "ਅਵਤਰਜਉ." (ਸਵੈਯੇ ਮः ੩. ਕੇ)

**ਅਵਤਾ:** ਵਿ- ਆਵਰ੍ਤ (ਘੁੰਮਣਘੇਰੀ) ਵਿੱਚ ਫਸਿਆ ੨. ਸਿੰਧੀ. ਅਬੱਤਾ. ਵਿਪਰੀਤ. ਉਲਟ. ਵਿਰੁੱਧ. "ਫਿਰਹਿ ਅਵਤਾ ਲੋਇ." (ਗਉ ਵਾਰ ੨, ਮः ੫) ੩. ਅਵੈੜਾ. ਆਕੜਿਆ ਹੋਇਆ। ੪. ਅਮੋੜ.

**ਅਵਤਾਰ:** ਸੰ. ਸੰਗ੍ਯਾ- ਜਨਮ. "ਮਾਨੁਖਾ ਅਵਤਾਰ ਦੁਰਲਭ." (ਆਸਾ ਰਵਦਾਸ) ੨. ਜਨਮ ਗ੍ਰਹਿਣ. ਜਨਮ ਧਾਰਨਾ। ੩. ਉਤਰਨਾ. ਹੇਠ ਆਉਣ ਦੀ ਕ੍ਰਿਯਾ। ੪. ਪੁਰਾਣਮਤ ਅਨੁਸਾਰ ਕਿਸੇ ਦੇਵਤਾ ਦਾ ਕਿਸੇ ਦੇਹ ਵਿੱਚ ਪ੍ਰਗਟ ਹੋਣਾ. ਦੇਖੋ, ਚੌਬੀਸ ਅਵਤਾਰ ਅਤੇ ਦਸ ਅਵਤਾਰ. "ਅਵਤਾਰ ਨਾ ਜਾਨਹਿ ਅੰਤ। ਪਰਮੇਸਰ ਪਾਰਬ੍ਰਹਮ ਬਿਅੰਤ." (ਰਾਮ ਮः ੫)

੫. ਇੱਕ ਮਾਤ੍ਰਿਕ ਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ. ੧੩. ਅਤੇ ੧੦. ਤੇ ਵਿਸ਼੍ਰਾਮ, ਅੰਤ ਲਘੁ ਗੁਰੁ. ਦਸਮ ਗ੍ਰੰਥ ਵਿੱਚ ਅਰਧ ਅਵਤਾਰ ਦੇਖੀਦਾ ਹੈ, ਜਿਸ ਦਾ ਸਿਰਲੇਖ ਲਿਖਾਰੀ ਦੀ ਭੁੱਲ ਨਾਲ ਦੋਹਰਾ ਹੋ ਗਿਆ ਹੈ, ਯਥਾ:-

"ਅਸਥਨ ਮੁਖ ਲੈ ਕ੍ਰਿਸ਼ਨ ਤਿਹ, ਊਪਰ ਸੋਇ ਗਏ,

ਧਾਇ ਤਬੈ ਬ੍ਰਿਜ ਲੋਕ ਸਭ, ਗੋਦ ਉਠਾਇ ਲਏ."

(ਕ੍ਰਿਸਨਾਵ)

**ਅਵਤਾਰੀ:** ਵਿ- ਅਵਤਾਰ ਧਾਰਨ ਵਾਲਾ। ੨. ਉਤਰਨ ਵਾਲਾ। ੩. ਅਵਤਾਰ ਧਾਰਨ ਵਿੱਚ. "ਕਿਸਨੁ ਸਦਾ ਅਵਤਾਰੀ ਰੂਧਾ."

(ਵਡ ਮਃ ੩)

ਅਵਤਾਰੀਸਵਤਾਰ: ਵਿ- ਅਵਤਾਰ- ਈਸ਼- ਅਵਤਾਰ. ਅਵਤਾਰਾਂ ਸਿਰ ਅਵਤਾਰ. "ਅਵਤਾਰੀਸਵਤਾਰ ਧਰਾ ਕੇ ਭਾਰ ਉਤਾਰਣ." (ਕਲਕੀ)

ਅਵਤੰਸ: ਸੰ. ਸੰਗਯਾ- ਭੂਸ਼ਣ. ਗਹਿਣਾ। ੨. ਮੁਕੁਟ. ਤਾਜ। ੩. ਦੂਲਹਾ. ਲਾੜਾ। ੪. ਰਾਜਾ। ੫. ਪਹਾੜ ਦਾ ਟਿੱਲਾ। ੬. ਮੰਦਿਰ ਦਾ ਕਲਸ.

ਅਵਦ: ਦੇਖੋ. ਅਵਦਯ। ੨. ਵਿ- ਅਕਥਯ. ਜੋ ਬਿਆਨ ਨਾ ਹੋ ਸਕੇ.

ਅਵਦਾਤ: ਸੰ. ਵਿ- ਚਿੱਟਾ ਉੱਜਲ। ੨. ਨਿਰਮਲ. ਸਾਫ। ੩. ਸੁੰਦਰ। ੪. ਉੱਤਮ ਸ਼੍ਰੇਸ਼੍ਠ "ਬਸਹਿ ਵਿਪ੍ਰ ਇਕ ਤਹਿ ਅਵਦਾਤ." (ਗੁਪ੍ਰਸੂ)

ਅਵਦਾਨ: ਸੰ. ਸੰਗਯਾ- ਨੇਕ ਕੰਮ. ਸੁਕਰਮ। ੨. ਚੰਗਾ ਚਾਲਚਲਨ। ੩. ਖੰਡਨ. ਤੋੜਨਾ.

ਅਵਦਯ: ਸੰ. ਵਿ- ਨਿੰਦਿਤ. ਨਿੰਦਾ ਯੋਗਯ। ੨. ਪਾਪੀ. ਅਧਮ. ਨੀਚ.

ਅਵਧ: ਸੰਗਯਾ- ਕੋਸ਼ਲ ਦੇਸ਼. ਔਧ। ੨. ਕੋਸ਼ਲ ਦੇਸ਼ ਦੀ ਪ੍ਰਧਾਨ ਨਗਰੀ. ਅਯੋਧਯਾ। ੩. ਦੇਖੋ, ਅਵਧਿ. "ਦਿਨ ਦਿਨ ਅਵਧ ਘਟਤੁ ਹੈ." (ਸ੍ਰੀ ਕਬੀਰ) ੪. ਦੇਖੋ, ਅਵਧਯ.

ਅਵਧਾਨ: ਸੰ. ਸੰਗਯਾ- ਮਨ ਦਾ ਲਗਾਉ. ਸਮਾਧਿ। ੨. ਧਯਾਨ. ਚੌਕਸੀ। ੩. ਆਧਾਨ. ਗਰਭ. "ਤਾਂਕੋ ਪਤਿ ਮਰਗਯੋ ਜਬ ਤਾਂਹਿ ਰਹਯੋ ਅਵਧਾਨ." (ਚਰਿਤ੍ਰ ੧੫)

ਅਵਧਿ: ਸੰ. ਸੰਗਯਾ- ਹੱਦ. ਸੀਮਾ। ੨. ਮੁਕ਼ੱਰਰ ਕੀਤਾ ਵੇਲਾ. ਮਯਾਦ (ਮਿਆਦ). ੩. ਉਮਰ. ਆਯੁ। ੪. ਮਰਨ ਦਾ ਵੇਲਾ.

ਅਵਧਿਸ: ਸੰਗਯਾ- ਅਵਧ- ਈਸ਼. ਅਯੋਧਯਾਪਤਿ ਦਸ਼ਰਥ. "ਅਵਧਿਸ ਗਾਜਹਿੰਗੇ." (ਰਾਮਾਵ)

ਅਵਧੂਤ: ਸੰ. ਵਿ- ਕੰਪਨ ਕਰਾਇਆ (ਕੰਬਾਇਆ ਹੋਇਆ). ਝਾੜਿਆ ਹੋਇਆ। ੨. ਨਾਸ਼ ਹੋਇਆ। ੩. ਸੰਗਯਾ- ਉਹ ਪੁਰਖ, ਜਿਸ ਨੇ ਕੁਕਰਮ ਝਾੜ ਸਿੱਟੇ ਹਨ. ਸਾਧੁ। ੪. ਤਯਾਗੀ. ਸੰਨਯਾਸੀ. ਦੇਖੋ, ਅਉਧੂ.

ਅਵਧੂਤਾਨੀ: ਅਵਧੂਤ. ਇਸਤ੍ਰੀ. ਸੰਨਯਾਸ ਧਾਰਨ ਵਾਲੀਆਂ ਇਸਤ੍ਰੀਆਂ, ਜੋ ਸ਼ਰੀਰ ਤੇ ਸੁਆਹ ਮਲਦੀਆਂ ਹਨ ਅਥਵਾ ਫਕੀਰੀ ਲਿਬਾਸ ਵਿੱਚ ਰਹਿੰਦੀਆਂ ਹਨ, ਉਹ ਅਵਧੂਤਾਨੀਆਂ ਕਹਾਉਂਦੀਆਂ ਹਨ. ਸਭ ਤੋਂ ਪਹਿਲਾਂ ਗੰਗਾ ਗਿਰੀ ਨਾਉਂ ਦੀ ਸੰਨਯਾਸਨ ਅਵਧੂਤਾਨੀ ਹੋਈ, ਜਿਸ ਤੋਂ ਇਹ ਸੰਪ੍ਰਦਾਯ ਚੱਲੀ. ਅਵਧੂਤਾਨੀ ਗੁਰੁਮੰਤ੍ਰ ਅਵਧੂਤਾਨੀ ਤੋਂ ਹੀ ਲੈਂਦੀ ਹੈ, ਕਿਉਂਕਿ ਸੰਨਯਾਸੀ ਸਾਧੂ ਇਸਤ੍ਰੀ ਨੂੰ ਗੁਰੁਦੀਖਯਾ ਨਹੀਂ ਦੇ ਸਕਦਾ. ਅਵਧੂਤਾਨੀ ਨੂੰ ਸੰਨਯਾਸੀਆਂ ਦੀ ਪੰਗਤਿ ਵਿੱਚ ਬੈਠਣ ਦਾ ਅਧਿਕਾਰ ਨਹੀਂ ਹੈ.

ਅਵਧੇਸ, ਅਵਧੇਸਰ: ਸੰਗਯਾ- ਅਵਧ- ਈਸ਼. ਅਵਧ ਦਾ ਈਸ਼੍ਵਰ. ਰਾਜਾ ਦਸ਼ਰਥ। ੨. ਰਾਮਚੰਦ੍ਰ ਜੀ.

ਅਵਧਯ: ਸੰ. ਵਿ- ਜੋ ਵਧ (ਮਾਰਣ) ਯੋਗਯ ਨਾ ਹੋਵੇ. ਦੇਖੋ, ਅਬਧਯ.

ਅਵਨ: ਸੰ. ਸੰਗਯਾ- ਬਚਾਉ. ਰਕ੍ਸ਼ਣ (ਰਖਯਾ). ੨. ਪ੍ਰਸੰਨ ਕਰਨ ਦੀ ਕ੍ਰਿਯਾ.

ਅਵਨਤ: ਸੰ. ਵਿ- ਝੁਕਿਆ ਹੋਇਆ. ਨੰਮ੍ਰ। ੨. ਡਿਗਿਆ ਹੋਇਆ. ਪਤਿਤ.

ਅਵਨਤਿ: ਸੰ. ਸੰਗਯਾ- ਨੰਮ੍ਰਤਾ. ਨਿਵਾਣ। ੨. ਗਿਰਾਉ. ਪਤਨ. ਤਨੱਜ਼ੁਲ.

ਅਵਨਿ: ਸੰ. ਸੰਗਯਾ- ਪ੍ਰਿਥਿਵੀ. ਜ਼ਮੀਨ. ਭੂਮਿ. ਧਰਤੀ

ਅਵਨਿ ਸੁਤਾ, ਅਵਨਿ ਕੁਮਾਰੀ, ਅਵਨਿ ਕੰਨਯਾ: ਸੰਗ੍ਯਾ- ਪ੍ਰਿਥਿਵੀ ਤੋਂ ਪੈਦਾ ਹੋਈ ਕੰਨ੍ਯਾ, ਸੀਤਾ, ਭੂਮਿਜਾ, ਦੇਖੋ, ਸੀਤਾ.

ਅਵਨਿਪ, ਅਵਨਿਪਾਲ, ਅਵਨੀਸ਼, ਅਵਨੀਸ਼੍ਵਰ, ਅਵਨੀਪ, ਅਵਨੇਸ਼, ਅਵਨੰਬਰ: ਸੰਗ੍ਯਾ- ਪ੍ਰਿਥਿਵੀ ਦਾ ਪਤਿ, ਪਾਲਕ, ਈਸ਼੍ਵਰ ਅਤੇ ਵਰ, ਰਾਜਾ. ਭੂਪ. ਭੂਪਤਿ. ਬਾਦਸ਼ਾਹ. "ਸੁਨਤ ਰਿਸਹਿ ਭੇਜੈ ਅਵਨੀਪ." (ਗੁਪ੍ਰਸੂ) "ਕੰਬਰ ਜਯੋਂ ਜਰਕੰਬਰ ਕੀ ਢਿਗ ਤਯੋਂ ਅਵਨੰਬਰ ਤੀਰ ਸੁਹਾਏ." (ਅਜਰਾਜ) ਜਿਵੇਂ ਜ਼ਰਕ ਅੰਬਰ ਦੇ ਪਾਸ ਕੰਬਲ ਭੱਦਾ ਲੱਗਦਾ ਹੈ, ਤਿਵੇਂ ਰਾਜਾ ਅਜ ਪਾਸ ਰਾਜੇ ਪ੍ਰਤੀਤ ਹੁੰਦੇ ਹਨ.

ਅਵਮਾਨ: ਸੰ. ਸੰਗ੍ਯਾ- ਅਵਗ੍ਯਾ- ਅਨਾਦਰ.

ਅਵਯਵ: ਸੰ. ਸੰਗ੍ਯਾ- ਅੰਗ। ੨. ਹਿੱਸਾ ਭਾਗ.

ਅਵਰ: ਸੰ. ਵਿ- ਜੋ ਵਰ (ਸ਼੍ਰੇਸ਼੍ਠ) ਨਹੀਂ. ਅਧਮ. ਨੀਚ। ੨. ਘਟੀਆ. "ਰਿਧਿ ਸਿਧਿ ਅਵਰਾ ਸਾਦ." (ਜਪੁ) ੩. ਸਮੀਪੀ. ਨੇੜੇ ਦਾ। ੪. ਸੰ. ਅਪਰ. ਪਹਿਲਾ। ੫. ਪਿਛਲਾ। ੬. ਦੂਜਾ. "ਝੂਰ ਮਰਹਿ ਦੋਹਾਗਣੀ ਜਿਨਿ ਅਵਰੀ ਲਗਾ ਨੇਹੁ." (ਵਾਰ ਮਲਾ ਮਃ ੨) ੭. ਪ੍ਰਤਿਪਕ੍ਸ਼ੀ. ਮੁਕਾਬਲਾ ਕਰਨ ਵਾਲਾ. ਵਿਰੋਧੀ ਪੱਖ ਦਾ.

ਅਵਰਣ: ਸੰ. ਅਵਰ੍‍ਣ. ਸੰਗ੍ਯਾ- ਨਿੰਦਾ। ੨. ਵਿਵਰਣ (ਰੰਗ) ਰਹਿਤ। ੩. ਬ੍ਰਾਹਮਣ ਆਦਿ ਵਰਣਾਂ ਤੋਂ ਬਾਹਰ। ੪. ਅੱਖਰ ਤੋਂ ਬਿਨਾ। ੫. ਸੰ. अवर्णय. ਅਵਰ੍‍ਣ੍ਯ. ਜੋ ਵਰਣਨ ਨਾ ਕੀਤਾ ਜਾ ਸਕੇ। ੬. ਦੇਖੋ, ਆਵਰਣ.

ਅਵਰਤ: ਸੰ. ਵਿ- ਪ੍ਰੇਮ ਨਾ ਰੱਖਣ ਵਾਲਾ। ੨. ਅਲਗ. ਜੁਦਾ. ਵੱਖ। ੩. ਠਹਿਰਿਆ ਹੋਇਆ। ੪. ਦੇਖੋ, ਆਵਰਤ। ੫. ਦੇਖੋ, ਆਵਿਰਤ.

ਅਵਰਤਏਥਹ: ਸੰ. आर्वत्तयेथा: ਆਵਰ੍‍ਤਯੇਥਾਃ ਵਾਰੰਵਾਰ ਉੱਚਾਰਣ ਕਰ. ਪੁਨਹ ਪੁਨਹ ਕਹੁ. "ਅਵਰਤਏਥਹ ਸੁਧ ਅਛਰਣਹ." (ਸਹਸ ਮਃ ੫)

ਅਵਰਦਾ: ਸੰਗ੍ਯਾ- ਅਵਸਥਾ. ਉਮਰ. ਆਯੁ. "ਹਰਿ ਧਿਆਈਐ ਸਗਲ ਅਵਰਦਾ." (ਮਾਝ ਮਃ ੫) "ਹਉ ਹਉ ਕਰਤ ਬਿਹਾਇ ਅਵਰਦਾ." (ਸੋਰ ਮਃ ੫) ੨. ਦੇਖੋ, ਆਵਰਦ। ੩. ਦੇਖੋ, ਆਵੁਰਦਾ.

ਅਵਰਨ: ਦੇਖੋ, ਅਵਰਣ। ੨. ਵਿ- ਅਮਰ- ਨ. ਜੋ ਅਮਰ ਨਹੀਂ. ਮਰਨ ਵਾਲਾ. "ਕਿ ਇਹੁ ਮਨ ਅਵਰਨ, ਸਦਾ ਅਵਿਨਾਸੀ?" (ਮਲਾ ਮਃ ੩) ਇਹ ਅੰਤਹਕਰਣ ਮਰਨ ਵਾਲਾ ਹੈ, ਜਾਂ ਨਿੱਤ ਅਵਿਨਾਸ਼ੀ ਹੈ?

ਅਵਰਿ: ਵ੍ਯ- ਔਰ. ਅਨ੍ਯ. ਹੋਰ. "ਅਵਰਿ ਨਿਰਾਫਲ ਕਾਮਾ." (ਸੂਹੀ ਮਃ ੧)

ਅਵਰੀਤ, ਅਵਰੀਤਾ: ਵਿ- ਅ- ਵ੍ਰਿਤ. ਜੋ ਢਕਿਆ ਹੋਇਆ ਨਹੀਂ. ਆਵਰਣ ਦੋਸ਼ ਰਹਿਤ. ਅਗ੍ਯਾਨ ਪੜਦਾ ਜਿਸ ਦਾ ਦੂਰ ਹੋਇਆ ਹੈ. "ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ." (ਸੂਹੀ ਛੰਤ ਮਃ ੧) ੨. ਉਲਟੀ ਰੀਤਿ। ੩. ਵਿਪਰੀਤ ਗਤਿ. ਉਲਟੀਚਾਲ.

ਅਵਰੁ: ਵ੍ਯ- ਔਰ. ਅਨ੍ਯ. ਦੂਜਾ. "ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ." (ਬਿਲਾ ਅਃ ਮਃ ੪) ੨. ਸਰਵ- ਓਪਰਾ. ਆਪ ਤੋਂ ਭਿੰਨ. "ਅਵਰੁ ਉਪਦੇਸੈ ਆਪਿ ਨ ਕਰੈ." (ਸੁਖਮਨੀ) ੩. ਦੇਖੋ, ਅਵਰ.

ਅਵਰੇਖਨ, ਅਵਰੇਖਨਾ: ਕ੍ਰਿ- ਅਵਲੇਖਨ. ਉੱਕਰਨਾ. ਚਿੱਤਣਾ। ੨. ਲਿਖਣਾ। ੩. ਦੇਖਣਾ. ਨਿਹਾਰਨਾ। ੪. ਅਨੁਮਾਨ ਕਰਨਾ. ਅਟਕਲਨਾ. ਸੰਭਾਵਨਾ ਕਰਨੀ. "ਰਾਜਨ ਮਹਿ ਰਾਜਾ ਅਵਰੇਖਾ." (ਰਘੁਰਾਜ)

ਅਵਰੇਵ: ਸੰਗ੍ਯਾ- ਤਿਰਛੀ (ਟੇਢੀ) ਚਾਲ। ੨. ਵ੍ਯੰਗ ਵਾਕ. ਜਿਸ ਵਾਕ ਦਾ ਟੇਢਾ ਅਰਥ ਨਿਕਲੇ.

ਅਵਰੋਹਣ: ਸੰ. ਸੰਗ੍ਯਾ- ਗਿਰਾਉ. ਪਤਨ। ੨. ਹੇਠਾਂ ਨੂੰ ਜਾਣਾ. ਉਤਰਨਾ.

ਅਵਰੋਹੀ: ਸੰ. अवरोहिन. ਸੰਗਜਾ- ਸੰਗੀਤ ਅਨੁਸਾਰ ਉਹ ਤਾਨ, ਜਿਸ ਵਿੱਚ ਨਿਸ਼ਾਦ ਤੋਂ ਲੈ ਕੇ ਸ਼ੜਜ ਤੀਕ ਉਤਰਦੇ ਸੁਰ ਲਗਦੇ ਜਾਣ, ਜੈਸੇ- ਨੀ ਧਾ ਪਾ ਮਾ ਗਾ ਰੇ ਸ਼ਾ। ੨. ਵਿ- ਹੇਠ ਉਤਰਨ ਵਾਲਾ.

ਅਵਰੋਧ: ਸੰ. ਸੰਗਜਾ- ਰੁਕਾਵਟ. ਅਟਕਾਉ। ੨. ਘੇਰਾ. ਮੁਹ਼ਾਸਿਰਾ.

ਅਵਰੰਗ: ਬਾਦਸ਼ਾਹ ਔਰੰਗਜ਼ੇਬ. ਦੇਖੋ, ਔਰੰਗਜ਼ੇਬ. "ਅਵਰੰਗ ਕੂਰ ਕਰਜੋ ਬਡ ਬਾਦਾ." (ਗੁਪ੍ਰਸੂ)

ਅਵਲ: ਅ਼. اوّل ਅੱਵਲ. ਸੰਗਜਾ- ਆਦਿ. ਮੁੱਢ. ਆਰੰਭ। ੨. ਵਿ- ਪ੍ਰਥਮ. ਪਹਿਲਾ।

ਅਵਲਾ: ਦੇਖੋ, ਅਬਲਾ। ੨. ਦੇਖੋ, ਅਵੱਲਾ.

ਅਵਲਿ: ਕ੍ਰਿ. ਵਿ- ਪਹਿਲੇ ਸਮੇਂ ਵਿੱਚ. "ਅਵਲਿ ਅਲਹ ਨੂਰ ਉਪਾਇਆ." (ਪ੍ਰਭਾ ਕਬੀਰ) ੨. ਦੇਖੋ, ਆਵਲਿ.

ਅਵਲੀ: ਸੰ. ਆਵਲਿ. ਸੰਗਜਾ- ਸਮੂਹ. ਝੁੰਡ. ਗਰੋਹ। ੨. ਪੰਕਤੀ. ਲੜੀ. ਕਤਾਰ. "ਅਵਲੀ ਸੁ ਹੀਰਨ ਕੀ ਜਟੀ ਸੀ." (ਨਾਪ੍ਰ)

ਅਵਲੇਹਨ: ਸੰ. ਸੰਗਜਾ- ਜੀਭ ਨਾਲ ਚੱਟਣ ਦੀ ਕ੍ਰਿਯਾ। ੨. ਚੱਟਣ ਯੋਗਯ ਪਦਾਰਥ.

ਅਵਲੋਇਨ, ਅਵਲੋਕਨ: ਸੰ. ਅਵਲੋਕਨ. ਦੇਖਣ ਦੀ ਕ੍ਰਿਯਾ। ਨਿਹਾਰਨ. "ਕਰਿ ਕਿਰਪਾ ਪ੍ਰਭੁ ਨਦਰਿ ਅਵਲੋਕਨ." (ਆਸਾ ਮਃ ੫) "ਅਵਲੋਕਯਾ ਬ੍ਰਹਮ ਭਰਮ ਸਭ ਛੁਟਕਯਾ." (ਸਵੈਯੇ ਮਃ ੪. ਕੇ) ੨. ਜਾਂਚ. ਪੜਤਾਲ. ਪਰਖਣਾ.

ਅਵਲੰਬ: ਸੰ. ਸੰਗਜਾ- ਆਸ਼੍ਰਯ (ਆਸਰਾ). ਸਹਾਰਾ. ਆਧਾਰ.

ਅਵਲੰਬਨ: ਕ੍ਰਿ- ਸਹਾਰਾ ਦੇਣਾ. ਧਾਰਨ ਕਰਨਾ.

ਅਵੱਲਾ: ਵਿ- ਟੇਢਾ। ੨. ਕ੍ਰੋਧੀ.

ਅਵਾ: ਸੰਗਜਾ- ਆਵਾ. ਇੱਟਾਂ ਪਕਾਉਣ ਦਾ ਭੱਠਾ.

"ਦੈਤ ਜਰੇ ਜੈਸੇ ਈਟ ਅਵਾ ਪੈ." (ਚੰਡੀ ੧)

ਅਵਾਇਲ: ਅ਼. اوائل ਵਿ- ਬਹੁ ਵਚਨ ਅੱਵਲ ਦਾ. ਪਹਿਲੇ. ਪ੍ਰਥਮ। ੨. ਪੁਰਾਣੇ. ਪ੍ਰਾਚੀਨ। ੩. ਭਾਵ- ਪੁਰਾਣੇ ਖੋਟੇ ਸੰਸਕਾਰ. ਬਚਪਨ ਦੀ ਵਾਦੀਆਂ. ਦੇਖੋ, ਆਵਾਇਲ.

ਅਵਾਈ: ਸੰਗਜਾ- ਆਗਮਨ. ਆਮਦ। ੨. ਅਵਾਰਾ ਗਰਦੀ। ੩. ਵਿ- ਮੰਦ ਭਾਗੀ. ਬਦਨਸੀਬ. "ਮਨਮੁਖ ਰਾਮ ਨ ਜਪੈ ਅਵਾਈ." (ਮਾਰੂ ਸੋਲਹੇ ਮਃ ੧) ੪. ਨਿਸ਼ਫਲ. ਵ੍ਰਿਥਾ. "ਮਨਮੁਖ ਪਚੈ ਅਵਾਈ ਹੇ." (ਮਾਰੂ ਸੋਲਹੇ ਮਃ ੧) "ਛੱਡ, ਅਵਾਈ ਕਰਹਿਂ ਜੁ ਬਾਤ." (ਨਾਪ੍ਰ)

ਅਵਾਸ: ਵਿ- ਵਾਸ (ਵਸਤ੍ਰ) ਰਹਿਤ. ਨੰਗਾ। ੨. ਸੰ. ਆਵਾਸ. ਸੰਗਜਾ- ਘਰ. ਰਹਿਣ ਦੀ ਥਾਂ.

ਅਵਾਸਾ: ਦੇਖੋ, ਅਵਾਸ। ੨. ਵਿ- ਵਸਤ੍ਰ ਰਹਿਤ. ਦਿਗੰਬਰ. ਨੰਗਾ.

ਅਵਾਸੀ: ਸੰਗਜਾ- ਉਬਾਸੀ. ਜੰਭਾਈ. ਅਵਾਸੀ ਆਲਸ ਅਤੇ ਨੀਂਦ ਦਾ ਚਿੰਨ੍ਹ ਹੈ. ਮਿਸ਼ਕਾਤ ਵਿੱਚ ਲੇਖ ਹੈ ਕਿ ਛਿੱਕ ਈਸ਼੍ਵਰ ਦੀ ਕ੍ਰਿਪਾ ਨਾਲ ਅਤੇ ਅਵਾਸੀ ਕੋਪ ਨਾਲ ਆਉਂਦੀ ਹੈ. ਜੋ ਅਵਾਸੀ ਸਮੇਂ ਮੂੰਹ ਨੂੰ ਹੱਥ ਨਾਲ ਨਹੀਂ ਢੱਕਦਾ, ਸ਼ੈਤਾਨ ਉਸ ਪੁਰ ਹੱਸਦਾ ਹੈ. ਗੁਰੁਮਤ ਵਿੱਚ ਇਸ ਦਾ ਸ਼ੁਭ ਅਸ਼ੁਭ ਫਲ ਨਹੀਂ, ਇਹ ਕੇਵਲ ਸਰੀਰ ਦੀ ਕੁਦਰਤੀ ਕਾਰ ਹੈ ਦੇਖੋ, ਉਬਾਸੀ.

ਅਵਾਹਨ: ਵਿ- ਵਾਹਨ (ਸਵਾਰੀ) ਬਿਨਾ. "ਕਵਨ ਗੁਫਾ ਜਿਤੁ ਰਹੈ ਅਵਾਹਨ." (ਸਿਧਗੋਸਟਿ) ਉਹ ਕੇਹੜੀ ਗੁਫਾ ਹੈ ਜਿੱਥੇ ਮਨ ਪ੍ਰਾਣਾਂ ਦੀ ਸਵਾਰੀ ਛੱਡਕੇ ਇਸਥਿਤ ਹੁੰਦਾ ਹੈ? ੨. ਦੇਖੋ, ਆਵਾਹਨ.

ਅਵਾਕ: ਵਿ- ਜੋ ਵਾਕ ਨਹੀਂ ਬੋਲਦਾ. ਚੁੱਪ. ਖ਼ਾਮੋਸ਼. ਮੌਨ. ਅਵਾਚ.

ਅਵਾਚ: ਵਿ- ਚੁੱਪ. ਖ਼ਾਮੋਸ਼। ੨. ਸੰ. ਅਵਾਚ੍ਯ. ਜੋ ਕਹਿਣ ਯੋਗ੍ਯ ਨਾ ਹੋਵੇ। ੩. ਜਿਸ ਨਾਲ ਗੱਲ ਕਰਨੀ ਯੋਗ੍ਯ ਨਹੀਂ. ਨੀਚ. ਪਾਮਰ.

ਅਵਾਚੀ: ਸੰ. ਸੰਗ੍ਯਾ- ਦੱਖਣ ਦਿਸ਼ਾ. ਜਨੂਬ. "ਕਾਹੂ ਲਖ੍ਯੋ ਹਰਿ ਅਵਾਚੀ ਦਿਸਾ ਮਹਿ, ਕਾਹੂੰ ਪਛਾਹ ਕੋ ਸੀਸ ਨਿਵਾਇਓ." (ਅਕਾਲ) ਕਿਸੇ (ਹਿੰਦੂ) ਨੇ ਕਰਤਾਰ ਨੂੰ ਦੱਖਣ ਵਿੱਚ (ਓਅੰਕਾਰ ਆਦਿ ਥਾਂਈਂ) ਜਾਣਿਆ ਹੈ, ਕਿਸੇ (ਮੁਸਲਮਾਨ) ਨੇ ਪੱਛਮ (ਕਾਬੇ) ਵੱਲ ਸਿਜਦਾ ਕੀਤਾ ਹੈ। ੨. ਗੂੰਗਾ, ਜੋ ਬੋਲ ਨਹੀਂ ਸਕਦਾ। ੩. ਉਹ ਇਸਤ੍ਰੀ ਜਿਸ ਨੇ ਹੇਠ ਨੂੰ ਮੂੰਹ ਲਟਕਾਇਆ ਹੈ। ੪. ਭਵਾਨੀ. ਦੁਰਗਾ.

ਅਵਾਜ: ਦੇਖੋ, ਆਵਾਜ.

ਅਵਾਜਾਰ: ਦੇਖੋ, ਅਬਾਜਾਰ.

ਅਵਾਂਤਰ: ਸੰ. अवान्तर. ਵਿ- ਭੀਤਰੀ. ਵਿੱਚ ਦਾ. ਅੰਦਰਲਾ.

ਅਵਾਧ੍ਯ: ਸੰ. ਵਿ- ਜੋ ਵਾਧਾ (ਰੋਕਣ) ਯੋਗ੍ਯ ਨਹੀਂ. ਜੋ ਰੋਕਿਆ ਨਾ ਜਾ ਸਕੇ। ੨. ਬਿਨਾ ਵਿਘਨ.

ਅਵਾਨ: ਫ਼ਾ. ਐਵਾਨ. ਸੰਗ੍ਯਾ- ਘਰ. ਮਕਾਨ. "ਲੂਟ ਲੀਨੇ ਅਵਾਨੰ." (ਵਿਚਿਤ੍ਰ) ੨. ਮੁਸਲਮਾਨਾਂ ਦੀ ਇੱਕ ਜਾਤਿ, ਜੋ ਜੇਹਲਮ ਦੇ ਜਿਲੇ ਅਤੇ ਸਿੰਧੁ ਦੇ ਕਿਨਾਰੇ ਬਹੁਤ ਫੈਲੀ ਹੋਈ ਹੈ। ੩. ਸੰ. ਸੁੱਕਾ ਮੇਵਾ। ੪. ਸ੍ਵਾਸ (ਸਾਹ) ਲੈਣ ਦੀ ਕ੍ਰਿਯਾ.

ਅਵਾਯ: ਸੰ. ਅਵਾਯੰ. ਵਿ- ਜੋ ਰੋਕਣ ਯੋਗ੍ਯ ਨਹੀਂ. ਜੋ ਹਟਾਇਆ ਨਹੀਂ ਜਾ ਸਕਦਾ.

ਅਵਾਰ: ਪ੍ਰਾ. ਸੰਗ੍ਯਾ- ਚਿਰ. ਦੇਰੀ। ੨ਸੰ. ਉਰਲਾ ਪਾਰ. ਉਰਾਰ। ੩. ਅਵਾਯੰ. ਵਿ- ਜੋ ਵਾਰਣ ਨਾ ਕੀਤਾ ਜਾ ਸਕੇ. ਜੋ ਰੋਕਣ ਯੋਗ੍ਯ ਨਹੀਂ। ੪. ਅੰਬਾਰ ਦੀ ਥਾਂ ਭੀ ਅਵਾਰ ਸ਼ਬਦ ਆਇਆ ਹੈ, ਯਥਾ:- "ਛਪਰਨ ਕੇ ਜਹਿਂ ਉਡੇ ਅਵਾਰੇ." (ਚਰਿਤ੍ਰ ੯੩)

ਅਵਾਰ ਪਾਰ: ਉਰਲਾ ਅਤੇ ਪਰਲਾ ਕਿਨਾਰਾ। ੨. ਲੋਕ ਪਰਲੋਕ। ੩. ਸੰ. ਸਮੁੰਦਰ, ਜੋ ਦੋ ਕਿਨਾਰੇ ਰਖਦਾ ਹੈ.

ਅਵਾਰਾ: ਵਿ- ਜੋ ਵਾਰਿਆ (ਵਰਜਿਆ) ਨਹੀਂ ਜਾਂਦਾ. ਅਮੋੜ। ੨. ਫ਼ਾ. آوارہ ਵਿ- ਸੁਸਤ. ਆਲਸੀ. ਨਿਕੰਮਾ। ੩. ਬਰਬਾਦ ਹੋਇਆ.

ਅਵਿ: ਦੇਖੋ, ਅਬਿ.

ਅਵਿਅਕਤ: ਸੰ. ਅਵ੍ਯਕ੍ਤ. ਵਿ- ਵ੍ਯਕ੍ਤਿ (ਦੇਹ) ਬਿਨਾ. ਨਿਰਾਕਾਰ। ੨. ਸੰਗ੍ਯਾ- ਪਾਰਬ੍ਰਹਮ। ੩. ਜੀਵਾਤਮਾ। ੪. ਕਾਮਦੇਵ. ਅਨੰਗ.

ਅਵਿਆਵਰ: ਵਿ- ਨਾ ਵਿਆਉਣ (ਸੂਣ) ਯੋਗ੍ਯ। ੨. ਸੰਗ੍ਯਾ- ਬੰਧ੍ਯਾ. ਬਾਂਝ. "ਅਵਿਆਵਰ ਨ ਵਿਆਵਈ." (ਭਾਗੁ)

ਅਵਿਹਿਤ: ਸੰ. ਵਿ- ਜੋ ਵਿਹਿਤ (ਵਿਧਾਨ) ਨਹੀਂ ਕੀਤਾ. ਨਿਖੇਧ ਕੀਤਾ ਹੋਇਆ.

ਅਵਿਕਤ: ਦੇਖੋ, ਅਵਿਅਕਤ। ੨. ਸੰ. अविकृत- ਅਵਿਕ੍ਰਿਤ. ਜੋ ਵਿਕਾਰ ਨੂੰ ਪ੍ਰਾਪਤ ਨਹੀਂ ਹੋਇਆ. ਜੋ ਸਦਾ ਆਪਣੀ ਅਸਲੀ ਹਾਲਤ ਵਿੱਚ ਰਹੇ. "ਅਵਿਕਤੁਆ ਅਭੰਗੰ." (ਗ੍ਯਾਨ)

ਅਵਿਕਲ: ਸੰ. ਵਿ- ਵ੍ਯਾਕੁਲਤਾ ਬਿਨਾ. ਸ਼ਾਂਤ. ਬਿਨਾ ਘਬਰਾਹਟ.

ਅਵਿਕਲਪ: ਸੰ. ਅਵਿਕਲਪ. ਕ੍ਰਿ. ਵਿ- ਨਿਃ ਸੰਦੇਹ. ਨਿਸ਼੍ਚਿਤ. ਬਿਨਾ ਸ਼ੱਕ। ੨. ਸ਼ੰਕਾ ਰਹਿਤ.

**ਅਵਿਖਾਦ:** ਸੰ. ਅਵਿਸ਼ਾਦ. ਵਿ- ਜੋ ਵਿਸ਼ਾਦ (ਦਿਲ ਟੁੱਟਣ) ਰਹਿਤ ਹੈ. ਜੋ ਢਹਿੰਦੀ ਕਲਾ ਵਿੱਚ ਨਹੀਂ ਹੁੰਦਾ। ੨. ਆਲਸ ਬਿਨਾ। ੩. ਘਬਰਾਹਟ ਬਿਨਾ.

**ਅਵਿਗ:** ਦੇਖੋ, ਅਵਿਗਜ.

**ਅਵਿੰਗ:** ਵਿ- ਬਿਨਾ ਬਿੰਗ. ਸਿੱਧਾ. "ਨਵਮ ਅਵਿੰਗ ਜੁ ਸੁਧਾ ਬੈਸੇ." (ਗੁਪ੍ਰਸੂ)

**ਅਵਿਗਤ, ਅਵਿਗਤੁ:** ਸੰ. ਵਿ- ਅਨਿਰਵਚਨੀਯ. ਜੋ ਬਿਆਨ ਨਾ ਕੀਤਾ ਜਾ ਸਕੇ। ੨. ਅਵਿਨਾਸ਼ੀ. ਨਿੱਤ. "ਤਤੁ ਅਵਿਗਤੁ ਧਿਆਇਆ." (ਗੂਜ ਅਃ ਮਃ ੧) ੩. ਦੇਖੋ, ਅਵਗਤ। ੪. ਦੇਖੋ, ਗਤਿ ਅਵਿਗਤਿ। ੫. ਦੇਖੋ, ਵਿਗਤ.

**ਅਵਿਗਜਾ:** ਸੰ. अविज्ञ. ਵਿ- ਜੋ ਵਿਗਜ (ਗਜਾਨੀ) ਨਹੀਂ. ਜੋ ਪੂਰਣ ਗਜਾਨ ਨਹੀਂ ਰਖਦਾ. ਅਗਜਾਨੀ. ਅਣਜਾਣ.

**ਅਵਿਗਜਤਾ:** ਸੰ. अविज्ञता. ਸੰਗਜਾ- ਅਗਜਾਨਤਾ. ਅਣਜਾਣਪਨ. ਨਾਦਾਨੀ. ਅੰਞਾਣਪੁਣਾ.

**ਅਵਿਘਟ:** ਦੇਖੋ, ਅਵਘਟ.

**ਅਵਿਚਲ:** ਦੇਖੋ, ਅਬਿਚਲ.

**ਅਵਿਚਲ ਨਗਰ:** ਦੇਖੋ, ਅਬਿਚਲ ਨਗਰ.

**ਅਵਿਚਾਰ:** ਦੇਖੋ, ਅਬਿਚਾਰ.

**ਅਵਿਚਾਰੀ:** ਵਿ- ਨਾ ਵਿਚਾਰ ਕਰਨ ਵਾਲਾ. ਵਿਚਾਰ ਰਹਿਤ.

**ਅਵਿਛਿੰਨ:** ਸੰ. अविच्छिन्न. ਵਿ- ਜੋ ਵਿੱਛਿੰਨ (ਅਲਗ) ਨਹੀਂ. ਅਖੰਡ. ਅਟੁੱਟ.

**ਅਵਿਜਾਤ, ਅਵਿਜਾਤਾ:** ਵਿ- ਅਪਜਾਤੀ ਵਾਲਾ. ਨੀਚ. "ਤੁਮਰਾ ਜਨ ਜਾਤਿ ਅਵਿਜਾਤਾ ਹਰਿ ਜਪਿਓ." (ਬਸੰ ਮਃ ੪) ੨. ਅਵਿਗਜਾਤ. ਨਾ ਜਾਣਿਆ ਹੋਇਆ.

**ਅਵਿਜਾਤਿ:** ਸੰਗਜਾ- ਅਪਜਾਤਿ. ਨੀਚ ਜਾਤਿ। ੨. ਜੋ ਨਹੀਂ ਵਿਜਾਤਿ. ਕੁਲੀਨ.

**ਅਵਿਤ:** ਪ੍ਰਾ. ਸੰਗਜਾ- ਵਿਤ (ਦੇਹ) ਰਹਿਤ. ਅਨੰਗ. ਕਾਮਦੇਵ. "ਅਲਪ ਸੁਖ ਅਵਿਤ ਚੰਚਲ." (ਸਹਸ ਮਃ ੫) ੨. ਸੰ. ਵਿ- ਰਕ੍ਸ਼ਿਤ ਕੀਤਾ ਹੋਇਆ। ੩. ਵਿੱਤ (ਧਨ) ਬਿਨਾ. ਕੰਗਾਲ. ਅਵਿੱਤ.

**ਅਵਿਦ, ਅਵਿੰਦ:** ਸੰ. अविद्. ਵਿ- ਅਣਜਾਣ. ਮੂਰਖ ਅਗਜਾਨੀ। ੨. ਦੇਖੋ, ਅਵਿਦਜ.

**ਅਵਿੰਦਾ:** ਵਿ- ਆਉਣ ਵਾਲਾ. ਨਿਵਾਸ ਕਰਤਾ. "ਅੰਗ ਅੰਗ ਮੇ ਅਵਿੰਦਾ." (ਗਜਾਨ)

**ਅਵਿਦਾਤ:** ਦੇਖੋ, ਅਵਦਾਤ.

**ਅਵਿਦਿਆ:** ਦੇਖੋ, ਅਵਿਦਜਾ.

**ਅਵਿਦਿਤ:** ਸੰ. ਵਿ- ਜੋ ਨਾ ਹੋਵੇ ਵਿਦਿਤ (ਜਾਹਰ). ਜੋ ਪ੍ਰਗਟ ਨਾ ਹੋਵੇ. ਗੁਪਤ.

**ਅਵਿਦਜ:** ਸੰ. ਵਿ- ਵਿਦਜਾ ਰਹਿਤ. ਬੇਇ਼ਲਮ. ਅਨਪੜ੍ਹ.

**ਅਵਿਦਜਾ:** ਸੰ. ਸੰਗਜਾ- ਅਗਜਾਨ. ਮੂਰਖਤਾ। ੨. ਮਾਇਆ ਦੀ ਓਹ ਦਸ਼ਾ ਜੋ ਜੀਵਾਤਮਾ ਨੂੰ ਅਗਜਾਨ- ਬੰਧਨ ਵਿੱਚ ਫਸਾਉਂਦੀ ਹੈ.

**ਅਵਿੰਧ:** ਦੇਖੋ, ਆਵਿੰਧ.

ਅਵਿੱਧ: ਵਿ- ਜੋ ਵਿੱਧ (ਬਿੰਨ੍ਹਿਆ ਹੋਇਆ) ਨਹੀਂ. ਅਣਬਿੱਧ.

ਅਵਿਨਯ: ਸੰ. ਸੰਗ੍ਯਾ- ਵਿਨਯ (ਨੰਮ੍ਰਤਾ) ਦਾ ਅਭਾਵ. ਅਸਭ੍ਯਤਾ. ਢੀਠਤਾ. ਉੱਜਡਪੁਣਾ.

ਅਵਿਨਾਸੀ: ਵਿ- ਵਿਨਾਸ਼ ਰਹਿਤ. ਦੇਖੋ, ਅਬਿਨਾਸੀ. "ਹਰਿਗੁਣ ਸੁਣੀਅਹਿ ਅਵਿਨਾਸੀ." (ਸੂਹੀ ਛੰਤ ਮਃ ੫) ਅਵਿਨਾਸ਼ੀ ਹਰਿ ਕੇ ਗੁਣ ਸੁਣੀਅਹਿ। ੨. ਸੰਗ੍ਯਾ- ਕਰਤਾਰ. ਪਾਰਬ੍ਰਹਮ. ਅਕਾਲ। ੩. ਵਿਸ਼ਨੁ "ਕ੍ਰੁਧਕੈ ਯੁੱਧ ਕਿਯੋ ਬਹੁ ਚੰਡਿ, ਨ ਏਤੋ ਕਿਯੋ ਮਧੁ ਸੋਂ ਅਵਿਨਾਸ਼ੀ." (ਚੰਡੀ ੧)

ਅਵਿਨੈ: ਦੇਖੋ, ਅਵਿਨਯ.

ਅਵਿਰਥਾ: ਦੇਖੋ, ਅਬਿਰਥਾ.

ਅਵਿਰਲ: ਸੰ. ਵਿ- ਜੋ ਨਹੀਂ ਵਿਰਲਾ. ਸੰਘਣਾ। ੨. ਬਿਨਾ ਵਿੱਥ.

ਅਵਿਰੀਤਾ: ਦੇਖੋ, ਅਵਰੀਤਾ.

ਅਵਿਲੋਇ, ਅਵਿਲੋਇਨ, ਅਵਿਲੋਕਨ: ਦੇਖੋ, ਅਵਲੋਕਨ ੧. "ਅਵਿਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰ." (ਸੂਹੀ ਮਃ ੫) ੨. ਦੇਖੋ, ਅਵਲੋਕਨ ੨. "ਸਾਸਤ੍ਰ ਬੇਦ ਪੁਰਾਨ ਅਵਿਲੋਕੇ." (ਦੇਵ ਮਃ ੫)

ਅਵਿਲੰਬ: ਸੰ. अविलम्ब- ਕ੍ਰਿ. ਵਿ- ਵਿਲੰਬ (ਦੇਰੀ) ਬਿਨਾ. ਛੇਤੀ. ਤੁਰੰਤ। ੨. ਸੰ. अवलम्ब- ਅਵਲੰਬ. ਸੰਗ੍ਯਾ- ਆਧਾਰ. ਆਸਰਾ. "ਤੇਰੇ ਨਾਮ ਅਵਿਲੰਬ ਬਹੁਤ ਜਨ ਉਧਰੇ." (ਗੌਂਡ ਨਾਮਦੇਵ)

ਅਵਿਵੇਕ: ਦੇਖੋ, ਅਬਿਬੇਕ.

ਅਵਿਵੇਕੀ: ਦੇਖੋ, ਅਬਿਬੇਕੀ.

ਅਵੀਚਾਰੀ: ਵਿ- ਵਿਚਾਰ ਨਾ ਕਰਨ ਵਾਲਾ. ਵਿਵੇਕ ਹੀਨ. "ਹਮ ਦੀਨ ਮੂਰਖ ਅਵੀਚਾਰੀ." (ਮਲਾ ਮਃ ੩)

ਅਵੇਸ: ਦੇਖੋ, ਆਵੇਸ.

ਅਵੇਸਿਆ: ਸੰ. ਆਵੇਸ਼ਿਤ. ਵਿ- ਪ੍ਰਵੇਸ਼ ਹੋਇਆ. ਵਸਿਆ. "ਸਬਦ ਅਵੇਸਿਆ." (ਭਾਗੁ)

ਅਵੇਸ੍ਤਾ: ਦੇਖੋ, ਉਸਤਾ.

ਅਵੇਹਾ: ਕ੍ਰਿ. ਵਿ- ਐਹੋ ਜੇਹਾ. ਐਸਾ. ਇਸ ਢੰਗ ਦਾ. ਅਜਿਹਾ.

ਅਵੇਰ: ਦੇਖੋ, ਅਬੇਰ.

ਅਵੇਰ ਸਵੇਰ: ਦੇਖੋ, ਅਬੇਰ ਸਬੇਰ.

ਅਵੈਦਿਕ: ਸੰ. ਵਿ- ਜੋ ਵੇਦ ਵਿੱਚ ਵਿਧਾਨ ਨਹੀਂ. ਵੇਦ ਵਿਰੁੱਧ.

ਅਵੈਯਾ: ਵਿ- ਆਗਮਨ ਕਰੈਯਾ. ਆਉਣ ਵਾਲਾ.

ਅਵੈਯੰ: ਦੇਖੋ, ਅਵਜਯ.

ਅਵੈਵ: ਅੰਗ. ਦੇਖੋ, ਅਵਯਵ ੧. "ਸੁਤ ਅਵੈਵ ਸਭ ਦੇਖਨ ਲਾਗੀ." (ਨਾਪ੍ਰ)

ਅਵੈੜਾ: ਵਿ- ਟੇਢਾ। ੨. ਕੁਟਿਲ। ੩. ਅਮੋੜ. ਹਠੀਆ.

ਅਵੋਜ: ਵਿ- ਅਵ- ਓਜ. ਬਲ ਰਕ੍ਸ਼ਕ. ਬਲ ਦੀ ਰਖ੍ਯਾ ਕਰਨ ਵਾਲਾ. "ਅਵੋਜਸ੍ਚ." (ਗ੍ਯਾਨ)

ਅਵੰਤਿਕਾ, ਅਵੰਤੀ: ਸੰ. अवन्तिका. ਮੱਧ ਭਾਰਤ (ਸੇਂਟ੍ਰਲ ਇੰਡੀਆ) ਵਿੱਚ ਅਵੰਤੀ (ਸ਼ਿਪ੍ਰਾ) ਨਦੀ ਦੇ ਕਿਨਾਰੇ ਗਵਾਲੀਅਰ ਦੇ ਰਾਜ ਵਿੱਚ ਇੱਕ ਨਗਰੀ ਹੈ, ਜਿਸ ਦਾ ਨਾਉਂ ਵਿਸ਼ਾਲਾ ਅਤੇ ਉੱਜੈਨ ਹੈ, ਇਸ ਦੀ ਗਿਣਤੀ ਹਿੰਦੂਆਂ ਦੀ ਸੱਤ ਪੁਰੀਆਂ ਵਿੱਚ ਹੈ. "ਅਜੁਧ੍ਯਾ ਗੋਮਤੀ ਅਵੰਤਿਕਾ ਕਿਦਾਰ ਹਿਮਧਰ ਹੈ." (ਭਾਗੁ ਕ) ੨. ਅਵੰਤੀ (ਸ਼ਿਪ੍ਰਾ) ਨਦੀ ਵਹਿੰਦੀ ਹੈ ਜਿਸ ਦੇਸ਼ ਵਿੱਚ. ਮਾਲਵਾ.

ਅਵ੍ਯਕ੍ਤ: ਦੇਖੋ, ਅਵਿਅਕਤ.

ਅਵ੍ਯਯ: ਸੰ. ਵਿ- ਜੋ ਵਿਕਾਰ ਨੂੰ ਪ੍ਰਾਪਤ ਨਾ ਹੋਵੇ. ਸਦਾ ਇੱਕ ਰਸ ਰਹਿਣ ਵਾਲਾ. "ਸ਼ੁੱਧ ਵਿਆਪਕ ਅਵ੍ਯਯ ਸੋਉ." (ਨਾਪ੍ਰ) ੨. ਸੰਗ੍ਯਾ- ਪਾਰਬ੍ਰਹਮ. ਕਰਤਾਰ। ੩. ਵ੍ਯਾਕਰਣ ਅਨੁਸਾਰ ਉਹ ਸ਼ਬਦ ਜੋ ਆਪਣਾ ਸਰੂਪ ਨਹੀਂ ਬਦਲਦਾ. ਅਥਵਾ, ਔਰ, ਫਿਰ, ਅਤੇ ਆਦਿ। ੪. ਕੰਜੂਸ. ਕ੍ਰਿਪਣ, ਜੋ ਵ੍ਯਯ (ਖ਼ਰਚ) ਨਹੀਂ ਕਰਦਾ.

ਅਵ੍ਯਾਕ੍ਰਿਤ: ਸੰ. अव्याकृत. ਵਿ- ਜੋ ਵਿਕਾਰ ਨੂੰ ਪ੍ਰਾਪਤ ਨਾ ਹੋਵੇ. ਇੱਕ ਰਸ ਰਹਿਣ ਵਾਲਾ। ੨. ਗੁਪਤ, ਜੋ ਪ੍ਰਗਟ ਨਹੀਂ। ੩. ਵੇਦਾਂਤ ਅਨੁਸਾਰ ਜਗਤ ਦਾ ਕਾਰਣ ਰੂਪ ਅਗ੍ਯਾਨ. "ਜਿਸ ਅਗ੍ਯਾਨ ਵਿਖੇ ਇਹ ਖਟ ਹੈਂ ਤਿਸ ਹੀ ਕੋ ਅਵ੍ਯਾਕ੍ਰਿਤ ਕਹੀਐ." (ਗੁਪ੍ਰਸੂ) ੪. ਸਾਂਖ੍ਯ ਮਤ ਅਨੁਸਾਰ ਪ੍ਰਕ੍ਰਿਤਿ.

ਅਵ੍ਯਾਪਤਿ: अव्याप्ति. ਸੰਗ੍ਯਾ- ਵ੍ਯਾਪਤੀ ਦਾ ਅਭਾਵ। ੨. ਲੱਛਣ ਦਾ ਇੱਕ ਦੋਸ਼ ਜਿਸ ਦਾ ਸਰੂਪ ਇਹ ਹੈ ਕਿ ਜਿਸ ਦਾ ਲੱਛਣ ਕਰੀਏ ਉਸ ਦੇ ਸਾਰੇ ਅੰਗ ਵਿੱਚ ਨਾ ਘਟੇ ਕਿੰਤੂ ਇੱਕ ਦੇਸ਼ ਵਿੱਚ ਰਹੇ, ਜਿਵੇਂ ਕੋਈ ਗਊ ਦਾ ਲੱਛਣ ਕਰੇ ਕਿ ਗੋਰੇ ਰੰਗ ਵਾਲੀ ਗਊ ਹੈ। ਤਦ ਇਹ ਲੱਛਣ ਕਪਿਲਾ ਆਦਿ ਗਾਈਆਂ ਵਿੱਚ ਨਹੀਂ ਘਟੇਗਾ.

ਅਵ੍ਰਣ: ਸੰ. ਵਿ- ਵ੍ਰਣ (ਜ਼ਖਮ) ਰਹਿਤ। ੨. ਬੇਦਾਗ.

ਅੱਵਲ: ਦੇਖੋ, ਅਵਲ.

ਅੜ: ਸੰਗ੍ਯਾ- ਹਠ. ਜ਼ਿਦ. "ਇਮ ਅੜ ਹਿੰਦੁਨ ਕੀ ਜਬ ਟੂਟੀ." (ਗੁਪ੍ਰਸੂ) ੨. ਰੁਕਾਵਟ। ੩. ਵਿਘਨ.

ਅੜਕ: ਦੇਖੋ, ਅਟਕ.

ਅੜਤਲਾ: ਸੰਗ੍ਯਾ- ਆੜ ਲੈਣ ਦਾ ਥਾਂ. ਓਟ. ਪਨਾਹ. "ਉਪਬਨ ਲੇਹੁ ਅੜਤਲਾ ਲਰਬੇ." (ਗੁਪ੍ਰਸੂ)

ਅੜਦਲ: ਸੰਗ੍ਯਾ- ਅਰਦਲੀ (Orderly) ਚਪਰਾਸੀ ਸਵਾਰ ਆਦਿ ਦਾ ਸਮੂਹ। ੨. ਕਿਸੇ ਅਫਸਰ ਦੀ ਹਜੂਰੀ. ਜਿਵੇਂ- "ਮੈਂ ਆਪ ਦੀ ਅੜਦਲ ਵਿੱਚ ਹਾਂ." (ਲੋਕੋ)

ਅੜਦਲੀ: ਦੇਖੋ, ਅਰਦਲੀ.

ਅੜਨਾ: ਕ੍ਰਿ- ਫਸਣਾ. ਰੁਕਣਾ। ੨. ਲੜਨਾ। ੩. ਟਾਕਰਾ (ਮੁਕ਼ਾਬਲਾ) ਕਰਨਾ. "ਗੁਰਮੁਖ ਸਿਉ ਮਨਮੁਖ ਅੜੈ." (ਵਾਰ ਮਾਝ ਮਃ ੨)

ਅੜਬ: ਵਿ- ਅੜੀ ਕਰਨ ਵਾਲਾ. ਹਠੀਆ. ਜ਼ਿੱਦੀ. ਅੜੀਅਲ. ਅੜਬਾਈ ਕਰਨ ਵਾਲਾ. ਅੜਬੰਗ.

ਅੜਬਾਈ: ਸੰਗ੍ਯਾ- ਅੜਬਪੁਣਾ. ਅਵੈੜਾ ਪਨ.

ਅੜਬੰਗ: ਦੇਖੋ, ਅੜਬ.

ਅੜਾ: ਪ੍ਰਤ੍ਯ, ਜੋ ਸ਼ਬਦਾਂ ਦੇ ਅੰਤ ਲਗਕੇ ਕਿਤੇ ਤੁੱਛਤਾ, ਕਿਤੇ ਕੇਵਲ ਧਰਮ ਨੂੰ ਜਣਾਉਂਦਾ ਹੈ. ਇਸ ਦਾ ਰੂਪ ਕੇਵਲ ੜਾ ਭੀ ਹੈ, ਦੇਖੋ, ਉਪਦੇਸੜਾ, ਆਪਨੜਾ, ਸਿਖੜਾ, ਜਾਨੀਅੜਾ ਆਦਿ ਸ਼ਬਦ.

ਅੜਿਆ: ਸੰਬੋਧਨ. ਹੇ ਪੁਰਖ! ਇਸਤ੍ਰੀ ਲਈ ਅੜੀਏ! ਬੋਲਿਆ ਜਾਂਦਾ ਹੈ। ੨. ਦੇਖੋ, ਅੜਨਾ.

ਅੜਿਆਰਾ: ਵਿ- ਅੜੀ ਕਰਨ ਵਾਲਾ। ੨. ਟਾਕਰਾ ਕਰਨ ਵਾਲਾ। ੩. ਲੜਾਕਾ.

ਅੜਿਲ, ਅੜਿੱਲ: ਇੱਕ ਮਾਤ੍ਰਿਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਅੰਤ ਭਗਣ- SII.

ਉਦਾਹਰਣ-

"ਡੋਲਤ ਜਹਿਂ ਤਹਿਂ ਪੁਰਖ ਅਪਾਵਨ,

ਲਾਗਤ ਕਤਹਿ ਧਰਮ ਕੋ ਦਾਵ ਨ,

ਅਰਥਹਿ ਛਾਡ ਅਨਰਥ ਬਤਾਵਤ,

ਧਰਮ ਕਰਮ ਚਿਤ ਏਕ ਨ ਲਾਵਤ."

(ਕਲਕੀ)

੨. ਅੜਿੱਲ ਦਾ ਦੂਜਾ ਭੇਦ. ਪ੍ਰਤਿ ਚਰਣ ਸੋਲਾਂ ਮਾਤ੍ਰਾ, ਅੰਤ ਯਗਣ, ISS.

ਉਦਾਹਰਣ-

ਗੁਰੁ ਨਾਨਕ ਸਿਖ੍ਯਾ ਮਨ ਧਾਰੋ,

ਗੁਰੁਜਨ ਕੀ ਰੀਤੀ ਨ ਵਿਸਾਰੋ,

ਕਹਿ ਕਰ ਵਾਕ ਕਦੀ ਨਹਿ ਹਾਰੋ,

ਸਤ੍ਯਧਰਮ ਜਗ ਮੇ ਪਰਚਾਰੋ.

੩. ਅੜਿੱਲ ਦਾ ਤੀਜਾ ਭੇਦ- ਪ੍ਰਤਿ ਚਰਣ ਇੱਕੀ ਮਾਤ੍ਰਾ, ਪਹਿਲਾ ਵਿਸ਼੍ਰਾਮ ਗ੍ਯਾਰਾਂ ਪੁਰ ਜਗਣਾਂਤ, ਦੂਸਰਾ ਦਸ ਪੁਰ ਰਗਣਾਂਤ. ਇਸ ਦਾ ਨਾਉਂ "ਚੰਦ੍ਰਾਯਣ" ਭੀ ਹੈ.

ਉਦਾਹਰਣ-

"ਵਿਦ੍ਯਾ ਸੇ ਅਨੁਰਾਗ, ਰੈਨ ਦਿਨ ਕੀਜਿਯੇ,

ਨਿਜ ਸ਼ਕਤੀ ਅਨੁਸਾਰ, ਸਭਿਨ ਸੁਖ ਦੀਜਿਯੇ,

ਸ੍ਵਾਰਥ ਕੇ ਵਸ਼ ਹੋਯ, ਨ ਪਰਹਾਨੀ ਕਰੋ,

ਪ੍ਰਭੁਤਾ ਅਰ ਧਨ ਮਾਨ, ਰਿਦੇ ਮੇ ਨਾ ਧਰੋ."

੪. ਅੜਿੱਲ ਦਾ ਚੌਥਾ ਭੇਦ- ਪ੍ਰਤਿਚਰਣ ੨੧. ਮਾਤ੍ਰਾ, ੧੧- ੧੦ ਤੇ ਵਿਸ਼੍ਰਾਮ ਅੰਤ ਰਗਣ, ਅਰ ਚੌਥੀ ਤੁਕ ਦੇ ਆਦਿ ਹੋ! ਹਰਹਾਂ! ਆਦਿ ਕੋਈ ਸੰਬੋਧਕ ਸਬਦ. ਇਸ ਦੀ "ਚੌਬੋਲਾ" ਸੰਗ੍ਯਾ ਭੀ ਹੈ. ਸੰਬੋਧਕ ਸ਼ਬਦ ਦੀ ਮਾਤ੍ਰਾ ਗਿਣਤੀ ਤੋਂ ਬਾਹਰ ਹੁੰਦੀ ਹੈ.

ਉਦਾਹਰਣ-

"ਸੁਨੈ ਗੁੰਗ ਜੋ ਯਾਹਿ, ਸੁ ਰਸਨਾ ਪਾਵਈ,

ਸੁਨੈ ਮੂੜ੍ਹ ਚਿਤ ਲਾਇ, ਚਤੁਰਤਾ ਆਵਈ,

ਦੂਖ ਦਰਦ ਭੌ ਨਿਕਟ, ਨ ਤਿਨ ਨਰ ਕੇ ਰਹੈ,

ਹੋ! ਜੋ ਯਾਂਕੀ ਇਕ ਬਾਰ, ਚੌਪਈ ਕੋ ਕਹੈ.

(ਬੇਨਤੀ ਚੌਪਈ ਦੇ ਅੰਤ)

ਅੜੀ: ਸੰਗਜਾ- ਹੰਠ. ਜਿੱਦ.

ਅੜੀਅਲ: ਵਿ- ਅੜੀ ਕਰਨ ਵਾਲਾ. ਹਠੀਆ.

ਅੜੀਏ: ਸੰਬੋਧਨ. ਅਰੀ! ਹੇ ਸਖੀ!

ਅੜੂਹਾ: ਇੱਕ ਵਰਣਿਕ ਛੰਦ, ਜਿਸ ਦਾ ਨਾਉਂ "ਸੰਯੁਕ੍ਤਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸ. ਜ, ਜ, ਗ. ।SS, ।S।, ।S।, S.

ਉਦਾਹਰਣ-

"ਸਜ ਸੈਨ ਭਤੰ ਚਲੇ ਤਹਾਂ,

ਰਣ ਥਾਲ ਬੀਰ ਮੰਡੇ ਜਹਾਂ,

ਬਹੁ ਭਾਂਤ ਬੀਰ ਸੰਘਾਰਹੀਂ,

ਸਰ ਓਘ ਪ੍ਰੋਘ ਪ੍ਰਹਾਰਹੀਂ." (ਰਾਮਾਵ)

ਅੜੋਕਣ: ਸੰਗਜਾ- ਸਹਾਰਾ. ਰੋਕਣ ਅਥਵਾ ਅਟਕਾਉਣ ਦਾ ਸਾਧਨ ਅਤੇ ਵਸਤੂ.

ਅੜੰਗ: ਵਿ- ਅੜੀਅਲ। ੨. ਅੰਗਾਂ ਵਿੱਚ ਵਸਿਆ ਹੋਇਆ. "ਕਿ ਅੜੰਗਸ੍ਚ." (ਗਜਾਨ)

੩. ਟੇਢਾ. ਵੱਕ੍ਰ। ੪. ਅੜਨ (ਭਿੜਨ) ਵਾਲਾ.

ਆ: ਸੰ. ਵਜ- ਚਾਰੇ ਪਾਸਿਓਂ ਸਰਵ ਓਰ ਸੇ. "ਆ ਸਮੁਦ੍ਰ ਲੌ ਫਿਰੀ ਦੁਹਾਈ." (ਦਿਲੀਪਰਾਜ)

੨. ਤੀਕ. ਪ੍ਰਯੰਤ. ਤੋੜੀਂ। ੩. ਉਪ. ਧਾਤੂਆਂ ਦੇ ਪਹਿਲੇ ਲਗਕੇ ਅਰਥ ਦੀ ਅਧਿਕਤਾ ਆਦਿ ਕਰਦਾ ਹੈ. ਜੈਸੇ- ਆਕੰਪਨ. ਆਗਮਨ, ਆਨਯਨ, ਆਰੋਹਣ ਆਦਿ. ੪. ਪੰਜਾਬੀ ਵਿੱਚ ਫਾਰਸੀ ਹੇ ਦੀ ਥਾਂ ਸ਼ਬਦਾਂ ਦੇ ਅੰਤ ਆ ਹੋ ਜਾਂਦਾ ਹੈ. ਜੈਸੇ- ਪਰਦਹ ਦੀ ਥਾਂ ਪਰਦਾ.

ਆਂ: ਸੰ. ਵਜ- ਵਿਸਮਯ (ਅਚਰਜ) ਬੋਧਕ ਸ਼ਬਦ। ੨. ਹਾਂ. ਅੰਗੀਕਾਰ। ੩. ਫ਼ਾ. آں ਸਰਵ. ਵਹ. ਉਹ. "ਨ ਰਿਜਕ ਦਸਤ ਆਂ ਕਸੇ." (ਵਾਰ ਮਾਝ ਮਃ ੧) ਕਿਸੇ ਦੇ ਹੱਥ ਉਨ੍ਹਾਂ ਜੀਵਾਂ ਦਾ ਰਿਜ਼ਕ ਨਹੀਂ ਹੈ। ੪. ਅ਼. ਸਮਾਂ. ਵੇਲਾ। ੫. ਖਿਨ (ਕ੍ਸ਼ਣ). ਪਲ.

ਆਉ: ਦੇਖੋ, ਆਉਣਾ. "ਆਉ ਸੰਤ ਮੀਤ ਪਿਆਰੇ." (ਮਾਝ ਮਃ ੫) ੨. ਸੰ. ਆਯੁ. ਸੰਗਜਾ-. ਉਮਰ. ਅਵਸਥਾ.

ਆਉਖਾ: ਸੰ. ਆਯੁਸ਼ਜ. ਸੰਗਜਾ- ਉਮਰ. ਅਵਸਥਾ.

ਆਉਂਢੀ: ਦੇਖੋ, ਔਂਢੀ.

ਆਉਣਾ: ਸੰ. ਆਗਮਨ.

ਆਉ ਬੈਠ, ਆਉ ਭਗਤ: ਸੰਗਜਾ- ਸ੍ਵਾਗਤ. ਆਗਤ ਭਗਤਿ. "ਆਉ ਬੈਠ ਆਦਰ ਸਭ ਥਾਈ."

(ਸੋਰ ਮਃ ੫)

ਆਉਲ: ਸੰ. ਉਲ੍ਵ. ਸੰਗਜਾ- ਰਹਿਮ (ਗਰਭਾਸ਼ਯ) ਅੰਦਰ ਦੀ ਉਹ ਝਿੱਲੀ, ਜਿਸ ਵਿੱਚ ਬੱਚਾ ਲਿਪਟਿਆ ਹੁੰਦਾ ਹੈ. ੨. ਦੇਖੋ, ਆਵਲ.

ਆਉਲਾ: ਸੰ. ਆਮਲਕ. ਸੰਗਜਾ- ਇੱਕ ਬਿਰਛ ਅਤੇ ਉਸ ਦਾ ਫਲ, ਜੋ ਖੱਟਾ ਹੁੰਦਾ ਹੈ. ਆਉਲੇ ਦਾ ਅਚਾਰ ਅਤੇ ਮੁਰੱਬਾ ਭੀ ਪਾਈਦਾ ਹੈ. ਇਸ ਦੀ ਤਾਸੀਰ ਸਰਦ ਖੁਸ਼ਕ ਹੈ. ਕਬਜ ਕਰਦਾ ਹੈ. ਮੇਦੇ ਅਤੇ ਜਿਗਰ ਦੇ ਰੋਗਾਂ ਨੂੰ ਦੂਰ ਕਰਦਾ ਹੈ. ਦਿਲ ਨੇਤ੍ਰ ਦਿਮਾਗ਼ ਅਤੇ ਪੱਠਿਆਂ ਨੂੰ ਤਾਕਤ ਦਿੰਦਾ ਹੈ. ਨਕਸੀਰ ਬੰਦ ਕਰਦਾ ਹੈ. ਇਸ ਦਾ ਮੁਰੱਬਾ ਦਿਲ ਅਤੇ ਦਿਮਾਗ ਨੂੰ ਖਾਸ ਕਰਕੇ ਪੁਸ਼੍ਟ ਕਰਦਾ ਹੈ. ਇਹ ਤ੍ਰਿਫਲੇ ਦਾ ਇੱਕ ਜੁਜ਼ ਹੈ. ਦਾਹ, ਪਿੱਤ, ਪ੍ਰਮੇਹ ਆਦਿ ਰੋਗਾਂ ਨੂੰ ਦੂਰ ਕਰਦਾ ਹੈ. L. Emblic Myrobalan.

ਆਉਲੀ: ਸੰਗਜਾ ਭਾਵੀ. ਹੋਨਹਾਰ. ਆਉਣ ਵਾਲੀ ਗੱਲ। ੨. ਸੰ. ਆਮਲਕੀ. ਛੋਟੇ ਆਕਾਰ ਦਾ ਆਉਲਾ. ਜੰਗਲੀ ਆਉਲਾ.

ਆਊ: ਦੇਖੋ, ਆਉ। ੨. ਆਵੇਗਾ. ਆਉਣ ਵਾਲਾ.

ਆਅੰਗ: ਦੇਖੋ ਆ ਅਤੇ ਅੰਗ.

ਆਇ: ਸੰਗਜਾ- ਆਯੁ. . ਉਮਰ। ੨. ਕ੍ਰਿ. ਵਿ- ਆਕੇ ਆ ਕਰ. "ਆਇ ਮਿਲੁ ਗੁਰਸਿਖ, ਆਇ ਮਿਲੁ." (ਤਿਲੰ ਮਃ ੪) ੩. ਆਉਂਦਾ. ਆਗਮਨ ਕਰਦਾ. ਭਾਵ. ਜਨਮ ਲੈਂਦਾ. "ਆਇ ਨ ਜਾਈ ਥਿਰ ਸਦਾ." (ਸ੍ਰੀ ਅਃ ਮਃ ੫) ੪. ਦੇਖੋ, ਆਯ.

ਆਇਉ: ਆਇਆ. ਆਇਓ। ੨. ਸੰ. आयः- ਆਯ. ਸੰਗਜਾ- ਲਾਭ. "ਜੈਦੇਵ ਆਇਉ ਤਸ ਸਫੁਟੰ." (ਗੂਜ) ਤਿਸ ਨੂੰ ਪ੍ਰਤੱਖ ਲਾਭ ਹੈ।

ਆਇਅੜਾ: ਵਿ- ਆਇਆ ਹੋਇਆ. ਆਗਤ. "ਘਰ ਆਇਅੜੇ ਸਾਜਨਾ." (ਸੂਹੀ ਛੰਤ ਮਃ ੧)

ਆਇਆ: ਵਿ- ਆਗਤ. ਆਇਆ ਹੋਇਆ। ੨. ਜੰਮਿਆ. ਪੈਦਾ ਹੋਇਆ। ੩. ਸੰਗਜਾ- ਜਨਮ. "ਆਇਆ ਤਿਨ ਕਾ ਸਫਲੁ ਭਇਆ ਹੈ ਇਕਮਨਿ ਜਿਨੀ ਧਿਆਇਆ." (ਵਡ ਅਲਾਹਣੀ ਮਃ ੧)

ਆਇਸ: ਸੰ. ਆਯਸ਼ ਵਿ- ਲੋਹੇ ਦਾ ਲੋਹਮਯ।

੨. ਸੰਗਜਾ- ਕਵਚ. ਜਿਰਹ. ਸੰਜੋ। ੩. ਭਾਵ- ਵਜ੍ਰ. "ਆਇਸ ਪਤਿ ਪਿਤਣੀ." (ਸਨਾਮਾ) ਵਜ੍ਰਪਤਿ ਇੰਦ੍ਰ, ਉਸ ਦੇ ਪਿਤਾ ਕਸ਼ਜਪ ਦੀ ਪ੍ਰਿਥਿਵੀ। ੪. ਸੰ. ਆਯਸੁ. ਆਗਜਾ. ਹੁਕਮ.

ਆਇਸੁ: ਆਗਜਾ. ਦੇਖੋ, ਆਇਸ ੪.

ਆਇਤ: ਸੰ. ਆਦਿਤਜ. ਸੰਗਜਾ- ਸੂਰਜ। ੨. ਆਦਿਤਜਵਾਰ. ਐਤ ਵਾਰ। ੩. ਦੇਖੋ, ਆਯਤ.

ਆਇਤਨ: ਦੇਖੋ, ਆਯਤਨ.

ਆਇੰਦਾ: ਫ਼ਾ. آئندہ ਆਉਣ ਵਾਲਾ ਸਮਾਂ. ਭਵਿਸ਼ਜ.

ਆਇਧ: ਦੇਖੋ, ਆਯੁਧ.

ਆਇਬੋ: ਕ੍ਰਿ- ਆਉਣਾ. "ਨਾ ਕਛੁ ਆਇਬੋ ਨਾ ਕਛੁ ਜਾਇਬੋ." (ਧਨਾ ਪੀਪਾ) ੨. ਜਨਮ ਲੈਣਾ.

ਆਇੜਾ: ਦੇਖੋ, ਆਇਅੜਾ। ੨. ਸੰਗਜਾ- ਆੜਾ ਅੱਖਰ. ਅਕਾਰ ਵਰਣ. "ਆਇੜੈ ਆਪਿ ਕਰੇ ਜਿਨਿ ਛੋਡੀ." (ਆਸਾ ਪਟੀ ਮਃ ੧)

ਆਇੜਿਆਂ: ਕ੍ਰਿ. ਵਿ- ਆਉਣ ਤੋਂ. ਆਗਮਨ ਉੱਪਰ. ਆਇਆਂ ਤੋਂ. "ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ." (ਸ. ਫਰੀਦ)

ਆਈ: ਸੰਗਯਾ- ਮ੍ਰਿਤ੍ਯੁ. ਮੌਤ. "ਆਈ ਨ ਮੇਟਣ ਕੋ ਸਮਰਥ." (ਓਅੰਕਾਰ) ੨. ਆਯੁ. ਉਮਰ. ਅਵਸਥਾ। ੩. ਆਦ੍ਯਮਾਤਾ. ਦੁਰਗਾ. ਇਸ ਨਾਉਂ ਦੀ ਦੇਵੀ ਦਾ ਮੰਦਿਰ ਰਾਜਪੂਤਾਨੇ ਬੈਭਿਲਰਾ ਵਿੱਚ ਪ੍ਰਸਿੱਧ ਹੈ. ਦੇਖੋ, ਆਈ ਪੰਥ। ੪. ਮਾਇਆ. "ਆਈ ਪੂਤਾ ਇਹੁ ਜਗੁ ਸਾਰਾ." (ਬਿਲਾ ਥਿਤੀ ਮਃ ੧) ੫. ਆਉਣ ਦਾ ਭੂਤ ਕਾਲ। ੬. ਆਉਣ ਦਾ ਭਵਿਸ਼੍ਯ ਕਾਲ. "ਇਹ ਵੇਲਾ ਕਤ ਆਈ." (ਗਉ ਕਬੀਰ) ੭. ਸਿੰਧੀ. ਮਾਤਾ. ਮਾਂ। ੮. ਵਿਪਦਾ. ਮੁਸੀਬਤ। ੯. ਡਿੰਗ. ਹਾਥੀ ਬੰਨਣ ਦਾ ਰੱਸਾ.

ਆਈਨ: ਫ਼ਾ. آئین ਸੰਗਯਾ- ਪ੍ਰਬੰਧ. ਇੰਤਜਾਮ। ੨. ਨਿਯਮ. ਕਾਨੂੰਨ.

ਆਈਨਾ: ਫ਼ਾ. آئینہ ਸੰਗਯਾ- ਸ਼ੀਸ਼ਾ. ਦਰਪਨ. ਪਹਿਲੇ ਜ਼ਮਾਨੇ ਆਹਨ (ਲੋਹੇ) ਦੇ ਟੁਕੜੇ ਨੂੰ ਸਿਕਲ ਕਰਕੇ ਸ਼ੀਸ਼ੇ ਦਾ ਕੰਮ ਲੈਂਦੇ ਸਨ, ਇਸ ਲਈ ਇਹ ਨਾਉਂ ਪਿਆ ਹੈ.

ਆਈਪੂਤਾ: ਦੇਖੋ, ਆਈ ਅਤੇ ਆਈ ਪੰਥ। ੨. ਮਾਇਆ ਦੀ ਰਚਨਾ. "ਆਈਪੂਤਾ ਇਹੁ ਜਗੁ ਸਾਰਾ." (ਬਿਲਾ ਥਿਤੀ ਮਃ ੧)

ਆਈ ਪੰਥ: ਸ਼ਾਕ੍ਤਿਕਾਂ ਦਾ ਵਾਮ ਮਾਰਗ, ਜੋ ਦਕ੍ਸ਼ਿਣ ਮਾਰਗ ਦੇ ਵਿਰੁੱਧ ਹੈ. ਦੇਖੋ, ਅਰਧਨਾਰੀਸ਼੍ਵਰ ਅਤੇ ਵਾਮਮਾਰਗ. ਦੇਖੋ, ਆਈ ੩। ੨. ਯੋਗੀਆਂ ਦੇ ਬਾਰਾਂ ਪੰਥਾਂ ਵਿੱਚੋਂ ਇੱਕ ਫਿਰਕਾ, ਜੋ ਦੂਜਿਆਂ ਨਾਲ ਉਦਾਰਤਾ ਨਾਲ ਵਰਤਦਾ ਹੈ.

ਆਈਪੰਥੀ: ਅਦ੍ਯ ਮਾਤਾ ਦਾ ਉਪਾਸਕ। ੨. ਉਹ ਯੋਗੀ (ਗੋਰਖਪੰਥੀ) ਜੋ ਸ਼ਕ੍ਤਿਉਪਾਸਕ ਹੈ। ੩. ਦੇਖੋ, ਆਈ ਪੰਥ ੨. "ਆਈਪੰਥੀ ਸਗਲ ਜਮਾਤੀ." (ਜਪੁ) ਸਭ ਨਾਲ ਮਿਤ੍ਰਤਾ ਕਰਨੀ ਆਈਪੰਥੀ ਹੋਣਾ ਹੈ.

ਆਸ: ਸੰ. आस्. ਧਾ- ਬੈਠਨਾ. ਹ਼ਾਜ਼ਰ ਹੋਨਾ. ਹੋਣਾ. ਰਹਿਣਾ ਤ੍ਯਾਗਣਾ। ੨. ਸੰ. आशा- ਆਸ਼ਾ. ਸੰਗਯਾ- ਲਾਲਸਾ. ਕਾਮਨਾ. ਚਾਹ. ਉਮੈਦ. "ਆਸ ਅਨਿਤ ਤਿਆਗਹੁ ਤਰੰਗ." (ਸੁਖਮਨੀ) ੩. ਦਿਸ਼ਾ. ਤ਼ਰਫ਼. "ਤਾਤ ਖੇਲ ਜਿੰਹ ਆਸ." (ਨਾਪ੍ਰ) ੪. ਸੰ. ਆਸ੍ਯ. ਮੁਖ. ਮੂੰਹ. "ਨਮੋ ਆਸ ਆਸੇ ਨਮੋ ਬਾਕ ਬੰਕੇ." (ਜਾਪੁ) ਮੁਖ ਦਾ ਮੁਖ ਰੂਪ ਅਤੇ ਬਾਣੀ ਦਾ ਅਲੰਕਾਰ ਰੂਪ। ੫. ਚੇਹਰਾ। ੬. ਸੰ. ਆਸ਼. ਭੋਜਨ. ਅਹਾਰ। ੭. ਸੰ. ਆਸ. ਭਸਮ. ਸੁਆਹ. ਦੇਖੋ, ਅੰ. ash । ੮. ਆਸਨ। ੯. ਧਨੁਖ। ੧੦. ਆਸ਼ੁ. ਛੇਤੀ. "ਕਾਲੂ ਕੋ ਬੁਲਾਇ ਰਾਇ ਲੀਨ ਤਬ ਆਸ ਹੈ." (ਨਾਪ੍ਰ) ਦੇਖੋ, ਆਸਾਇਤੀ। ੧੧. ਫ਼ਾ. آس ਚੱਕੀ. ਦੇਖੋ, ਆਸਮਾਨ ੧੨. ਫ਼ਾ. آش ਆਸ਼. ਉਬਾਲਕੇ ਕੱਢਿਆ ਹੋਇਆ ਕਿਸੇ ਵਸਤੁ ਦਾ ਰਸ, ਜੈਸੇ- ਆਸ਼ੇ ਜੌ.

ਆਸ ਆਸੇ: ਦੇਖੋ, ਆਸ ੪.

ਆਸਕ: ਅ਼. عاشق ਆ਼ਸ਼ਿਕ਼. ਸੰ. ਆਸਕਤ ਵਿ- ਇ਼ਸ਼ਕ਼ ਰੱਖਣ ਵਾਲਾ. "ਨਾਨਕ ਆਸਕੁ ਕਾਂਢੀਐ ਸਦਹੀ ਰਹੈ ਸਮਾਇ." (ਵਾਰ ਆਸਾ ਮਃ ੨) ੨. ਸੰ. ਖਾਣ ਵਾਲਾ. ਭਕ੍ਸ਼ਕ. ਦੇਖੋ, ਆਸ ੬.

ਆਸਕਤ: ਸੰ. ਆਸਕ੍ਤ. ਵਿ- ਆ਼ਸ਼ਿਕ਼. ਪ੍ਰੇਮੀ. ਲਿਵਲੀਨ. "ਬਿਖੈ ਰਸ ਸਿਉ ਆਸਕਤ ਮੂੜੇ!" (ਕਾਨ ਮਃ ੫) ੨. ਸੰ. ਆਸ਼ਕ੍ਤ. ਜ਼ੋਰਾਵਰ. ਸ਼ਕਤਿ ਵਾਲਾ.

ਆਸ਼ਕਾਰ: ਫ਼ਾ. آشکار ਵਿ- ਜਾਹਿਰ. ਪ੍ਰਤੱਖ. ਪ੍ਰਗਟ. ਇਸ ਦਾ ਉੱਚਾਰਣ ਆਸ਼ਕਾਰਾ ਭੀ ਸਹੀ ਹੈ.

ਆਸਕੀ: ਫ਼ਾ. عاشقی ਆ਼ਸ਼ਿਕ਼ੀ. ਸੰਗਯਾ- ਆਸਕ੍ਤਤਾ. ਪ੍ਰੀਤੀ. ਲਿਵਲੀਨਤਾ. ਇ਼ਸ਼ਕ਼ ਦੀ ਦਸ਼ਾ. "ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ." (ਵਾਰ ਆਸਾ ਮਃ ੨)

ਆਸਕੁ: ਦੇਖੋ, ਆਸਕ.

ਆਸ਼ਕੇ: ਵਜ- ਖ਼ੂਬ! ਵਾਹ ਵਾਹ! ਸਿੰਧੀ. ਆ਼ਸ਼ਕ਼ੀਨ.

ਆਸ ਕੌਰ: ਇਹ ਪਟਿਆਲਾਪਤਿ ਰਾਜਾ ਸਾਹਿਬ ਸਿੰਘ ਜੀ ਦੀ ਰਾਣੀ ਸੀ. ਇਸ ਨੇ ਬਹੁਤ ਚਿਰ ਆਪਣੇ ਪਤੀ ਦੇ ਸਮੇਂ ਅਰ ਆਪਣੇ ਸੁਪੁਤ੍ਰ ਮਹਾਰਾਜਾ ਕਰਮ ਸਿੰਘ ਜੀ ਦੀ ਨਾਬਾਲਗੀ ਦੇ ਵੇਲੇ ਰਾਜ ਦਾ ਪ੍ਰਬੰਧ ਉੱਤਮ ਰੀਤਿ ਨਾਲ ਕੀਤਾ. ਰਾਣੀ ਆਸ ਕੌਰ ਵਡੀ ਧਰਮਾਤਮਾ, ਦਿਲੇਰ ਅਤੇ ਚਤੁਰ ਸੀ.

ਆਸ਼ਚਰਯ: ਦੇਖੋ, ਅਸਚਰਜ ਅਤੇ ਅਚਰਜ.

ਆਸਣ: ਸੰ. ਆਸਨ. ਸੰਗਯਾ- ਸ੍ਥਿਤਿ (ਇਸਥਿਤ). ਬੈਠਕ। ੨. ਬੈਠਣ ਦਾ ਵਸਤ੍ਰ, ਜਿਸ ਨੂੰ ਵਿਛਾਕੇ ਬੈਠੀਏ। ੩. ਯੋਗ ਦਾ ਤੀਜਾ ਅੰਗ, ਜਿਸ ਅਨੁਸਾਰ ਅਭ੍ਯਾਸੀ ਆਪਣੀ ਬੈਠਕ ਸਾਧਦੇ ਹਨ. ਯੋਗਸ਼ਾਸਤ੍ਰ ਵਿੱਚ ੮੪ ਆਸਨ ਪਸ਼ੂ ਪੰਛੀਆਂ ਦੀ ਨਿਸ਼ਸਤ ਅਤੇ ਵਸਤੂਆਂ ਦੇ ਆਕਾਰ ਤੋਂ ਲਏ ਹਨ, ਉਨ੍ਹਾਂ ਵਿੱਚੋਂ ਚਾਰ ਪਰਮ ਉੱਤਮ ਲਿਖੇ ਹਨ-

(ੳ) ਸਿੱਧਾਸਨ. ਖੱਬੇ ਪੈਰ ਦੀ ਅੱਡੀ ਗੁਦਾ ਪੁਰ, ਸੱਜੇ ਪੈਰ ਦੀ ਅੱਡੀ ਲਿੰਗ ਪੁਰ ਰੱਖਕੇ ਬੈਠਣਾ.

(ਅ) ਪਦਮਾਸਨ. ਸੱਜੇ ਪੱਟ ਤੇ ਖੱਬਾ ਪੈਰ, ਖੱਬੇ ਪੱਟ ਤੇ ਸੱਜਾ ਪੈਰ ਰੱਖਕੇ, ਪਿੱਠ ਪਿੱਛੋਂ ਦੀ ਹੱਥ ਕਰਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਅਤੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜਨਾ. ਛਾਤੀ ਤੋਂ ਚਾਰ ਉਂਗਲ ਦੀ ਵਿੱਥ ਤੇ ਠੋਡੀ ਰੱਖਕੇ ਨੱਕ ਦੀ ਨੋਕ ਉੱਪਰ ਨਜ਼ਰ ਜਮਾਉਣੀ.

(ੲ) ਸਿੰਹਾਸਨ. ਗੁਦਾ ਅਰ ਲਿੰਗ ਦੇ ਵਿਚਕਾਰ ਜੋ ਸਿਉਣ ਹੈ, ਉਸ ਉੱਪਰ ਪੈਰਾਂ ਦੇ ਗਿੱਟੇ ਜਮਾਕੇ ਬੈਠਣਾ, ਗੋਡਿਆਂ ਤੇ ਦੋਵੇਂ ਹੱਥ ਰੱਖਕੇ ਨੱਕ ਦੀ ਨੋਕ ਤੇ ਟਕਟਕੀ ਲਾਉਣੀ.

(ਸ) ਭਦ੍ਰਾਸਨ. ਸਿਉਣ ਤੇ ਰੱਖੇ ਪੈਰਾਂ ਦੇ ਅੰਗੂਠੇ ਪਦਮਾਸਨ ਵਾਂਙ ਫੜਨ ਤੋਂ, ਸਿੰਹਾਸਨ ਤੋਂ "ਭਦ੍ਰਾਸਨ" ਬਣ ਜਾਂਦਾ ਹੈ. "ਜੋਗ ਸਿਧ ਆਸਣ ਚਉਰਾਸੀਹ ਏਭੀ ਕਰਿ ਕਰਿ ਰਹਿਆ." (ਸੋਰ ਅਃ ਮਃ ੫) ੪. ਸੰ. आसन्. ਜਬਾੜਾ. ਮੂੰਹ ਦਾ ਉਹ ਭਾਗ, ਜਿਸ ਵਿੱਚ ਦੰਦ ਅਤੇ ਦਾੜ੍ਹਾਂ ਜੜੇ ਹੋਏ ਹਨ. ਹੜਵਾਠਾ. Jaw.

ਆਸਤ: ਦੇਖੋ, ਅਸ੍ਤਿ। ੨. ਆਸ੍ਤਿਕ. ਵਿ- ਕਰਤਾਰ ਅਤੇ ਪਰਲੋਕ ਦੀ ਹੋਂਦ ਮੰਨਣ ਵਾਲਾ। ੩. ਸੰਗਯਾਅਸ੍ਤ ਹੋਣ ਦੀ ਦਿਸ਼ਾ. ਪਸ਼ਚਿਮ. ਪੱਛੋਂ. "ਉਦੈ ਨਹੀਂ ਆਸਤ." (ਮਾਰੂ ਸੋਲਹੇ ਮਃ ੧) ੪. ਅਸਤ੍ਰ. ਸ਼ਸਤ੍ਰ. "ਆਸਤ ਧਾਰੇ ਨਿਹਾਰੇ." (ਗ੍ਯਾਨ)

ਆਸਤਕ: ਦੇਖੋ, ਆਸਤਿਕ.

ਆਸਤਰ, ਆਸਤਰਣ, ਆਸਤਰਨ: आस्तर- आस्तरण. ਸੰਗਯਾ- ਵਿਛਾਉਣ ਦਾ ਵਸਤ੍ਰ. ਸੇਜਾ ਦੀ ਵਿਛਾਈ. "ਆਸਤਰਨ ਬਰ ਬਿਸਦ ਵਿਸਾਲਾ." (ਗੁਪ੍ਰਸੂ) ੨. ਹਾਥੀ ਦਾ ਝੁੱਲ.

ਆਸਤਾਂ: ਫ਼ਾ. آستان ਸੰਗਯਾ- ਅਸਥਾਨ. ਜਗਹਿ. ਥਾਂ। ੨. ਦ੍ਵਾਰ. ਦਰਵਾਜਾ। ੩. ਆਸ਼੍ਰਮ.

ਆਸਤਿ: ਦੇਖੋ, ਅਸ੍ਤਿ। ੨. ਆਸ੍ਤਿਕ ਦਾ ਸੰਖੇਪ। ੩. ਅਸ੍ਤਿਤ੍ਵ. ਹੋਂਦ. ਦੇਖੋ, ਨਾਸ੍ਤਿ.

ਆਸਤਿਕ: ਸੰ. आस्तिक. ਵਿ- ਕਰਤਾਰ ਦੀ ਹਸਤੀ ਨੂੰ ਮੰਨਣ ਵਾਲਾ. ਪਰਲੋਕ ਦਾ ਨਿਸ਼ਚਾ ਰੱਖਣ ਵਾਲਾ. Theist.

ਆਸਤਿਕਤਾ, ਆਸਤਿਕਤ੍ਵ: ਸੰਗਯਾ- ਆਸ੍ਤਿਕਪਨ. ਵਾਹਗੁਰੂ ਅਤੇ ਪਰਲੋਕ ਦਾ ਵਿਸ਼੍ਵਾਸ. ਕਰਤਾਰ ਦੀ ਹੋਂਦ ਦਾ ਦ੍ਰਿੜ੍ਹ ਨਿਸ਼ਚਾ. Theism.

ਆਸਤੀਕ: ਸੰ. आस्तीक. ਇੱਕ ਰਿਖੀ, ਜੋ ਵਾਸੁਕੀ ਨਾਗ ਦੀ ਭੈਣ ਮਨਸਾ ਦੇ ਉਦਰ ਤੋਂ ਜਰਤਕਾਰੁ ਰਿਖੀ ਦੀ ਸੰਤਾਨ ਸੀ. ਇਸ ਨੇ ਜਨਮੇਜਯ ਦੇ ਸਰਪਮੇਧ ਜੱਗ ਵਿੱਚ ਆਪਣੀ ਮਾਤਾ ਦੀ ਕੁਲ ਤ੍ਰੱਕ ਅਤੇ ਅਨੰਤ ਨਾਗਾਂ ਦੇ ਪ੍ਰਾਣ ਬਚਾਏ ਸਨ. "ਅੜਜੋ ਆਸਤੀਕੰ ਮਹਾਂ ਵਿਪ੍ਰ ਸਿੱਧੰ." (ਜਨਮੇਜਯ) ਦੇਖੋ, ਮਨਸਾ.

ਆਸਤੀਨ: ਫ਼ਾ. آستین ਸੰਗਯਾ- ਕੁੜਤੇ ਕੋਟ ਆਦਿ ਦੀ ਬਾਂਹ. ਬਾਹੁਲੀ.

ਆਸਤੇ: ਦੇਖੋ, ਆਹਿਸਤਾ.

ਆਸਥਾਈ. ਦੇਖੋ, ਅਸਥਾਈ ੪- ੫.

ਆਸਨ: ਦੇਖੋ, ਆਸਣ. "ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ." (ਮਾਝ ਮਃ ੫) ੨. ਘੋੜੇ ਦੀ ਪਿੱਠ ਉੱਪਰ ਨਿਸ਼ਸਤ. "ਆਸਨ ਆਏ ਬਾਗ ਗਹਿ ਬਲਵੰਡ ਵਿਸੇਸਾ." (ਗੁਪ੍ਰਸੂ) ੩. ਸੰ. ਆਸ਼ਨ- ਆਸ਼ਨ. ਵਜ੍ਰ। ੪. ਇੰਦ੍ਰ। ੫. ਭੋਜਨ ਖਵਾਉਣ ਵਾਲਾ.

ਆਸਨਕਸੁੰਨ: ਵਿ- ਸੁੰਨ ਵਿੱਚ ਆਸਣ ਕੀਤਾ ਹੈ ਜਿਸ ਨੇ. ਨਿਰਵਿਕਲਪ ਸਮਾਧਿ ਵਿੱਚ ਇਸਥਿਤ ਹੋਇਆ. "ਆਸਨਕ ਸੁੰਨ ਅਨਬਿਕਤ ਰੰਗ." (ਦੱਤਾਵ)

ਆਸਨਾ: ਸੰ. ਸੰਗਜਾ- ਸ੍ਥਿਤਿ (ਇਸਥਿਤਿ)) ਕ਼ਯਾਮ। ੨. ਦੇਖੋ, ਅਸਨਾਇ.

ਆਸਨਾਈ: ਦੇਖੋ, ਅਸਨਾਈ.

ਆਸਨਿ: ਆਸਨ (ਸੇਜਾ) ਤੇ. "ਪ੍ਰਿਅ ਆਇ ਬਸੇ ਗ੍ਰਿਹ ਆਸਨਿ." (ਮਲਾ ਮਃ ੫)

ਆਸਨਿਵਾਸ: ਵਿ- ਸਾਰੀ ਉੱਮੇਦਾਂ ਦਾ ਘਰ. ਜਿਸ ਤੇ ਸਭ ਆਸ਼ ਭਰੋਸਾ ਰਖਦੇ ਹਨ. ਦੇਖੋ, ਆਸਾ ਨਿਵਾਸ.

ਆਸਨੀ: ਸੰਗਜਾ- ਕਾਮਨਾ. ਆਸ਼ਾ. "ਪ੍ਰਭੁ ਪੂਰਨ ਆਸਨੀ ਮੇਰੇ ਮਨਾ." (ਆਸਾ ਮਃ ੫) ੨. ਦੇਖੋ, ਆਸੀਨ। ੩. ਦੇਖੋ, ਆਸੰਨ.

ਆਸਪਦ: ਸੰ. ਆਸ੍ਪਦ. ਸੰਗਜਾ- ਅਸਥਾਨ. ਥਾਂ।. ੨ ਪਦਵੀ. ਰੁਤਬਾ। ੩. ਮਾਨ. ਪ੍ਰਤਿਸ਼੍ਠਾ। ੪. ਕਾਰਜ. ਕੰਮ.

ਆਸਪਾਸ: ਕ੍ਰਿ. ਵਿ- ਇਰਦ ਗਿਰਦ. ਏਧਰ ਓਧਰ. ਚਾਰੇ ਪਾਸੇ. "ਆਸ ਪਾਸ ਘਨ ਤੁਰਸੀ ਕਾ ਬਿਰਵਾ." (ਗਉ ਕਬੀਰ)

ਆਸ ਪਿਆਸ: ਸੰਗਜਾ- ਤੀਵ੍ਰ ਕਾਮਨਾ. ਮਹਾਂ ਰੁਚਿ. ਪ੍ਰਬਲ ਇੱਛਾ.

ਆਸਪੂਰਣਾ, ਆਸੂਪਰਨਾ: ਸੰਗਜਾ- ਚੋਹਾਨ ਰਾਜਪੂਤਾਂ ਦੀ ਕੁਲ ਦੇਵੀ, ਜਿਸ ਨੂੰ ਆਸ਼ਾ ਪੂਰਣ ਕਰਨ ਵਾਲੀ ਮੰਨਿਆ ਜਾਂਦਾ ਹੈ। ੨. ਗੁਰੁ ਸੇਵਾ। ੩. ਆਤਮ ਵਿਦਜਾ।

ਆਸਫੁਲ ਦੌਲਾ: ਦੇਖੋ, ਅਸਦ ਖਾਨ.

ਆਸਮਾਨ: ਆਸ (ਚੱਕੀ) ਮਾਨ (ਮਾਨਿੰਦ). ਦੇਖੋ, ਅਸਮਾਨ.

ਆਸਮਾਨ ਖ਼ਾਨ: ਪੈਂਦੇ ਖ਼ਾਨ ਦਾ ਜਵਾਈ. ਇਸ ਨੇ ਬਾਬਾ ਗੁਰੁਦਿੱਤਾ ਜੀ ਦਾ ਬਾਜ਼ ਚੁਰਾਇਆ ਸੀ, ਅਤੇ ਪੈਂਦੇ ਖ਼ਾਨ ਨਾਲ ਮਿਲਕੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਰਤਾਰ ਪੁਰ ਲੜਿਆ. ਇਹ ਸੰਮਤ ੧੬੯੧ ਵਿੱਚ ਬਾਬਾ ਗੁਰੁਦਿੱਤਾ ਜੀ ਦੇ ਹੱਥੋਂ ਜੰਗ ਵਿੱਚ ਮਰਿਆ.

ਆਸਮਾਨ ਚਰ: ਸੰਗਜਾ- ਆਕਾਸ ਵਿੱਚ ਫਿਰਣ ਵਾਲਾ. ਪੰਛੀ। ੨. ਤੀਰ। (ਸਨਾਮਾ)

ਆਸਮੁਦ੍ਰ: ਕ੍ਰਿ. ਵਿ- ਸਮੁੰਦਰ ਤੀਕ. ਸਮੁਦ੍ਰ ਪਰਯੰਤ. "ਆਸਮੁਦ੍ਰ ਲੌ ਫਿਰੀ ਦੁਹਾਈ." (ਗੁਪ੍ਰਸੂ) ਸਮੁੰਦਰ ਦੀ ਹੱਦ ਤਕ ਦੁਹਾਈ ਫਿਰੀ.

ਆਸਮੰਤ: ਸੰ. ਆ- ਸਮੰਤ. ਕ੍ਰਿ. ਵਿ- ਚਾਰੇ ਪਾਸੇ. ਸਰਵ ਓਰ। ੨. ਪੂਰਣ ਰੀਤੀ ਨਾਲ. ਚੰਗੀ ਤਰ੍ਹਾਂ.

ਆਸ਼ਯ: ਸੰ. ਸੰਗਜਾ- ਮਤ਼ਲਬ. ਅਭਿਪ੍ਰਾਯ. ਤਾਤਪਰਯ। ੨. ਵਾਸਨਾ. ਇੱਛਾ.

ਆਸਰ: ਸੰ. ਆਸ਼੍ਰਯ. ਸੰਗਜਾ- ਆਸਰਾ. ਆਧਾਰ. ਸਹਾਰਾ। ੨. ਓਟ. ਪਨਾਹ. ਸ਼ਰਣ. "ਜਿਹ ਆਸਰਇਆ ਭਵਜਲ

ਤਰਣਾ." (ਬਾਵਨ) "ਇਹ ਆਸਰ ਪੂਰਨ ਭਏ ਕਾਮ." (ਗਉ ਮਃ ੫)

ਆਸਰਮ: ਦੇਖੋ, ਆਸ਼੍ਰਮ.

ਆਸਰਾ: ਦੇਖੋ, ਆਸਰ.

ਆਸਵ: ਸੰ. ਸੰਗਜਾ- ਪ੍ਰਾਣ. ਸ੍ਵਾਸ। ੨. ਉਹ ਸ਼ਰਾਬ, ਜੋ ਨਾਲ ਸਾਥ ਨਾ ਖਿੱਚੀ ਹੋਵੇ, ਕਿੰਤੂ ਸਾੜੇ ਤੋਂ ਬਣਾਈ ਜਾਵੇ. ਜੈਸੇ, ਸੋਮਰਸ ਅਤੇ ਤਾੜੀ ਆਦਿ.

ਆਸੜੀ: ਸੰਗਜਾ- ਆਸ਼ਾ. ਕਾਮਨਾ. ਉੱਮੇਦ. "ਨਾਨਕ ਆਸੜੀ ਨਿਬਾਹਿ." (ਵਾਰ ਜੈਤ)

ਆਸਾ: ਸੰ. ਆਸ਼ਾ ਸੰਗਜਾ- ਪ੍ਰਾਪਤੀ ਦੀ ਇੱਛਾ ਉੱਮੇਦ. "ਆਸਾ ਕਰਤਾ ਜਗੁ ਮੁਆ." (ਵਾਰ ਗੂਜ ੧, ਮਃ ੩) ੨. ਦਿਸ਼ਾ. ਤ਼ਰਫ਼. "ਤੁਮ ਨਹਿ ਆਵੋ ਤਬ ਇਤ ਆਸਾ." (ਨਾਪ੍ਰ) "ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ." (ਕੇਦਾ ਮਃ ੫)

੩. ਸੰਪੂਰਣ ਜਾਤਿ ਦੀ ਇੱਕ ਦੇਸੀ (ਦੇਸ਼ੀਯ) ਰਾਗਿਨੀ, ਜੋ ਅਮ੍ਰਿਤ ਵੇਲੇ ਆਲਾਪੀ ਜਾਂਦੀ ਹੈ. ਸਤਿਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਮਹਾਰਾਜ ਦੇ ਸਨਮੁਖ ਅਮ੍ਰਿਤ ਵੇਲੇ ਦੇ ਦੀਵਨ ਵਿੱਚ ਆਸਾ ਦੀ ਵਾਰ ਗਾਉਣ ਦੀ ਰੀਤਿ ਚਲਾਈ. ਗੁਰੂ ਅਰਜਨ ਸਾਹਿਬ ਨੇ ਚੌਥੇ ਸਤਿਗੁਰੂ ਦੇ ੨੪ ਛੱਕਿਆਂ ਨੂੰ ੨੪ ਪਉੜੀਆਂ ਨਾਲ ਕੀਰਤਨ ਵਿੱਚ ਸ਼ਾਮਿਲ ਕੀਤਾ. ਹੁਣ ਗੁਰੁਦ੍ਵਾਰਿਆਂ ਵਿੱਚ ਆਸਾ ਦੀ ਵਾਰ ਦਾ ਨਿੱਤ ਕੀਰਤਨ ਹੁੰਦਾ ਹੈ. "ਗਾਂਇ ਰਬਾਬੀ ਆਸਾ ਵਾਰ." (ਗੁਪ੍ਰਸੂ)

ਗੁਰੁਮਤ ਅਨੁਸਰਾ ਸੋਦਰ ਦੀ ਚੌਕੀ ਵੇਲੇ (ਸੰਝ ਸਮੇ) ਭੀ ਆਸਾ ਦਾ ਗਾਉਣਾ ਵਿਧਾਨ ਹੈ. ਇਸ ਰਾਗਿਨੀ ਵਿੱਚ ਸਾਰੇ ਸ਼ੁੱਧ ਸੁਰ ਹਨ. ਵਾਦੀ ਰਿਸ਼ਭ, ਸੰਵਾਦੀ ਮੱਧਮ ਅਤੇ ਗ੍ਰਹਸੁਰ ਸ਼ੜਜ ਹੈ.[123] ਆਸਾ ਦੀ ਸਰਗਮ ਇਹ ਹੈ. ਆਰੋਹੀ- ਸ਼ ਰ ਮ ਪ ਧ ਨ ਸ਼ ਅਵਰੋਹੀ- ਰ ਸ਼ ਨ ਧ ਪ ਮ ਗ ਰ ਸ਼ ਕਈ ਗ੍ਰੰਥਾਂ ਨੇ ਧੈਵਤ ਨੂੰ ਵਾਦੀ ਸੁਰ ਮੰਨਿਆ ਹੈ, ਐਸੀ ਦਸ਼ਾ ਵਿੱਚ ਗਾਂਧਾਰ ਸੰਵਾਦੀ ਹੋ ਜਾਂਦਾ ਹੈ. ਇਸ ਦੀ ਆਰੋਹੀ ਤਾਨ ਵਿੱਚ ਗਾਂਧਾਰ ਨਹੀਂ ਲਾਉਣਾ ਚਾਹੀਏ, ਅਵਰੋਹੀ ਵਿੱਚ ਵਰਤਣਾ ਯੋਗ ਹੈ.[124]

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿੱਚ ਆਸਾ ਦਾ ਚੌਥਾ ਨੰਬਰ ਹੈ.[125] ੪. ਮਤਲਬ. ਅਭਿਪ੍ਰਾਯ. ਦੋਖੇ, ਆਸ਼ਯ. "ਤਾਂ ਬਾਬੇ ਉਸ ਦਾ ਆਸਾ ਜਾਣਿਆ." (ਜਸਾ) ੫. ਅ਼. عصا ਅ਼ਸਾ. ਸੋਟਾ. ਛਟੀ. ਡੰਡਾ. "ਆਸਾ ਹੱਥ ਕਿਤਾਬ ਕੱਛ." (ਭਾਗੁ) "ਮਨਸਾ ਮਾਰਿ ਨਿਵਾਰਿਹੁ ਆਸਾ." (ਮਾਰੂ ਸੋਲਹੇ ਮਃ ੫) ਮਨ ਦੇ ਸੰਕਲਪਾਂ ਨੂੰ ਮਾਰ ਸਿੱਟਣਾ ਹੀ ਆਸਾ ਹੈ.[126]

ਆਸਾਇ: ਸੰ. ਆਸ਼ਯ. ਸੰਗਜਾ- ਤਾਤਪਰਯ. ਮਨੋਰਥ. ਇੱਛਾ. "ਪੂਰਨ ਆਸਾਇ." (ਬਿਲਾ ਮਃ ੫)

ਆਸਾਇਸ: ਦੇਖੋ, ਆਸਾਯਸ਼.

ਆਸਾਇਤੀ: ਵਿ- ਆਸਾ ਵਾਲੀ. ਉਮੀਦ ਵਾਲੀ. ਆਸਾਵਤੀ। ੨. ਅ਼. آسیہ ਆਸੀਯਹ. ਵਿ- ਗ਼ਮਗੀਨ ਇਸਤ੍ਰੀ, ਸ਼ੋਕਾਤੁਰ ਹੋਈ "ਆਸਾਇਤੀ ਆਸ ਕਿ ਆਸ ਪੁਰਾਈਐ." (ਫੁਨਹੇ ਮਃ ੫) ਸ਼ੋਕਾਤੁਰ ਹੋਈ ਦੀ ਆਸ਼ਾ ਆਸ਼ੁ (ਸ਼ੀਘ੍ਰ) ਪੂਰਣ ਕਰੋ.

ਆਸਾਈ: ਸੰਗਜਾ- ਆਸ਼ਾ. "ਮਨ ਮਹਿ ਚਿਤਵਉ ਐਸੀ ਆਸਾਈ." (ਆਸਾ ਮਃ ੫)

ਆਸਾਸਹਿ: ਦੇਖੋ, ਆਸਾਸਨ। ੨. ਦੇਖੋ, ਫ਼ਾ. آسایانیدن ਵਿਸ਼੍ਰਾਮ ਦੇਨਾ। ੩. ਸ੍ਤੁਤਿ (ਉਸਤਤਿ) ਕਰਨਾ। ੪. ਉਠਾਉਣਾ.

ਆਸਾਸਨ. ਸੰ. ਆਸ਼੍ਵਾਸਨ. ਸੰਗਜਾ- ਤਸੱਲੀ. ਦਿਲਾਸਾ। ੨. ਸਹਾਰਾ ਦੇਣ ਦੀ ਕ੍ਰਿਯਾ. ਆਸ਼੍ਰਯ ਪ੍ਰਦਾਨ. "ਸਿਧ ਸਾਧਕ

---

[123] ਸ਼ੁੱਧ, ਕੋਮਲ, ਗ੍ਰਹਸੁਰ, ਵਾਦੀ ਸੰਵਾਦੀ ਆਦਿ ਸੁਰਾਂ ਦਾ ਨਿਰਣਾ ਦੇਖੋ, ਸ੍ਵਰ ਅਤੇ ਠਾਟ ਸ਼ਬਦ ਵਿੱਚ.

[124] ਦੇਸ਼ ਭੇਦ ਕਰਕੇ ਕਈ ਗਵੈਯੇ ਆਸਾ ਨੂੰ ਰਿਖਭ ਅਤੇ ਧੈਵਤ ਕੋਮਲ ਭੀ ਲਾਉਂਦੇ ਹਨ.

[125] ਕਿਤਨਿਆਂ ਨੇ ਆਸਾ ਨੂੰ ਮੇਘ ਰਾਗ ਦੀ ਰਾਗਿਨੀ ਲਿਖਿਆ ਹੈ ਅਤੇ ਇਸ ਦੇ ਗਾਉਣ ਦਾ ਸਮਾਂ ਸੂਰਜ ਚੜ੍ਹਨ ਵੇਲੇ ਦੱਸਿਆ ਹੈ.

[126] ਦੰਡੀ ਸੰਨਜਾਸੀਆਂ ਵਾਂਙ ਮੁਸਲਮਾਨ ਫਕੀਰ ਭੀ "ਆਸਾ"ਰੱਖਣਾ ਭੇਖ ਦਾ ਚਿੰਨ੍ਹ ਮੰਨਦੇ ਹਨ.

ਆਸਾਸਹਿ. "(ਸਵੈਯੇ ਮਃ ੩. ਕੇ) "ਛਿਅ ਦਰਸਨ ਆਸਾਸੈ." (ਸਵੈਯੇ ਮਃ ੩. ਕੇ)

ਆਸਾ ਸਿੰਘ: ਇਹ ਦਸ਼ਮੇਸ਼ ਦਾ ਮੁਤਸੱਦੀ ਸੀ. ਇੱਕ ਵਾਰ ਇਸ ਨੇ ਇੱਕ ਗ਼ਰੀਬ ਸਿੱਖ ਨੂੰ ਉਪਕਾਰ ਅਰਥ ੫੦੦) ਰੁਪਯੇ ਦਾ ਟੌਂਬੂ ਕਿਸੇ ਸਿੱਖ ਤੇ ਲਿਖ ਦਿੱਤਾ, ਪ੍ਰੇਮੀ ਸਿੱਖ ਨੇ ਰਕ਼ਮ ਅਦਾ ਕਰ ਦਿੱਤੀ. ਜਦ ਟੌਂਬੂ ਦਸ਼ਮੇਸ਼ ਦੇ ਪੇਸ਼ ਹੋਇਆ, ਤਦ ਮਹਾਰਾਜ ਨਾਰਾਜ ਹੋਏ ਅਤੇ ਫਰਮਾਇਆ ਕਿ ਬਿਨਾ. ਹੁਕਮ ਖ਼ੁਦ ਟੌਂਬੂ ਕਿਉਂ ਲਿਖਿਆ. ਆਸਾ ਸਿੰਘ ਡਰਕੇ ਰਾਤ ਨੂੰ ਨੱਠ ਗਿਆ ਅਤੇ ਇਹ ਦੋਹਰਾ ਲਿਖਕੇ ਭੇਜਿਆ:-

"ਮੁਖ ਕਾਰਾ ਮੇਰੋ ਕਰੈ ਕਰਤ ਨ ਪਰਉਪਕਾਰ, ਤਿਸ ਕੋ ਮੈਂ ਫਿਰ ਕਰੋਂਗੀ ਪਲਟਾ ਇਸ ਦਰਬਰ." ਇਸ ਦਾ ਭਾਵ ਇਹ ਹੈ ਕਿ ਜੋ ਕਲਮ ਦਾ ਮੂੰਹ ਕਾਲਾ ਕਰਕੇ ਉਪਕਾਰ ਨਹੀਂ ਕਰਦੇ, ਕਲਮ ਉਨਾਂ ਦਾ ਮੂੰਹ ਕਾਲਾ ਕਰੇਗੀ. ਇਸ ਪੁਰ ਦਸ਼ਮੇਸ਼ ਨੇ ਬੁਲਾਕੇ ਫੇਰ ਉਸੇ ਅਹੁਦੇ ਤੇ ਕਾਇਮ ਕਰ ਦਿੱਤਾ.

ਆਸਾਸੈ: ਦੇਖੋ, ਆਸਾਸਨ.

ਆਸਾ ਦੀ ਵਾਰ: ਆਸਾ ਰਾਗ ਦੇ ਅੰਤ ਲਿਖੀ ਗੁਰੂ ਨਾਨਕ ਦੇਵ ਦੀ ਸਲੋਕ ਅਤੇ ਪੌੜੀਆਂ ਦੀ ਇੱਕ ਮਨੋਹਰ ਰਚਨਾ, ਜਿਸ ਵਿੱਚ ਕੁਝ ਸਲੋਕ ਗੁਰੂ ਅੰਗਦ ਦੇਵ ਦੇ ਭੀ ਹਨ. ਇਸ ਦੇ ਅਮ੍ਰਿਤ ਵੇਲੇ ਕੀਰਨਤ ਦਾ ਪ੍ਰਚਾਰ ਗੁਰਮਤ ਵਿੱਚ ਬਹੁਤ ਪੁਰਾਣਾ ਹੈ. ਗੁਰੂ ਅਰਜਨ ਦੇਵ ਨੇ ਗੁਰੂ ਰਾਮਦਾਸ ਜੀ ਦੇ ੨੪ ਛੱਕੇ ੨੪ ਪੌੜੀਆਂ ਨਾਲ ਮਿਲਾਕੇ ਸਿੱਖਾਂ ਨੂੰ ਕੀਰਤਨ ਕਰਨਾ ਸਿਖਾਇਆ. ਦੇਖੋ, ਆਸਾ ੩. ਦੇਖੋ, ਚਾਰ ਚੌਕੀਆਂ. "ਪਰਜੋ ਭੋਗ ਜਬ ਆਸਾਵਾਰ." (ਗੁਪ੍ਰਸੂ)

ਆਸਾਧ, ਆਸਾਧਿਓ: ਅਸਾਧਜ. ਲਾਇਲਾਜ. ਦੇਖੋ, ਅਸਾਧ. "ਦੀਰਘ ਰੋਗ ਮਾਇਆ ਆਸਾਧਿਓ." (ਗਉ ਥਿਤੀ ਮਃ ੫)

ਆਸਾਨ: ਫ਼ਾ. آسان ਵਿ- ਸੁਗਮ. ਸਰਲ. ਸੁਖਾਲਾ.

ਆਸਾ ਨਿਵਾਸ: ਦੇਖੋ, ਆਸ ਨਿਵਾਸ. "ਗੁਰੂ ਅਮਰਦਾਸ ਆਸਾ ਨਿਵਾਸ." (ਸਵੈਯੇ ਮਃ ੩. ਕੇ)

ਆਸਾਬੰਧ, ਆਸਾਬੰਧੁ: ਵਿ- ਆਸ਼ਾ ਕਰਕੇ ਬੱਧਾ ਹੋਇਆ. ਉੱਮੇਦ ਵਾਰ.

ਆਸਾਮ: ਬੰਗਾਲ ਦੇ ਉੱਤਰ ਪੂਰਵ ਅਤੇ ਹਿਮਾਲੈ ਦੇ ਦੱਖਣ ਵੱਲ ਇੱਕ ਦੇਸ਼, ਜਿਸ ਵਿੱਚ ਜੰਗਲ ਅਤੇ ਖਾਨਾਂ ਬਹੁਤ ਹਨ ਅਤੇ ਨਦੀ ਨਾਲਿਆਂ ਦੀ ਅਧਿਕਤਾ ਹੈ. ਇਸ ਦੇਸ਼ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਅਤੇ ਗੁਰੂ ਤੇਗ ਬਹਾਦੁਰ ਸਾਹਿਬ ਪਧਾਰੇ ਹਨ. ਇਸ ਨੂੰ ਪੁਰਾਣੇ ਜਮਾਨੇ ਵਿੱਚ ਕਾਮਰੂਪ ਭੀ ਆਖਦੇ ਸਨ.

ਆਸਾ ਮਨਸਾ: ਪ੍ਰਾਪ੍ਤਿ (ਪ੍ਰਾਪਤੀ) ਦੀ ਇੱਛਾ ਅਤੇ ਸੰਕਲਪਵ੍ਰਿੱਤਿ (ਬਿਰਤੀ). "ਆਸਾ ਮਨਸਾ ਦੋਊ ਬਿਨਾਸਤ." (ਆਸਾ ਮਃ ੧)

ਆਸਾਯਸ਼: ਫ਼ਾ. آسایش ਸੰਗਜਾ- ਸੁਖ. ਚੈਨ. ਆਰਾਮ. ਇਹ ਸਬਦ ਆਸੂਦਨ ਧਾਤੁ ਤੋਂ ਹੈ.

ਆਸਾਰ: ਸੰ. ਸੰਗਜਾ- ਵਰਖਾ ਦੀ ਬੁਛਾੜ. ਬਾਛੜ। ੨. ਡਿੰਗ. ਮੇਘਮਾਲਾ। ੩. ਅ਼. آثار ਅਸ਼ਰ ਦਾ ਬਹੁ ਵਚਨ. ਚਿੰਨ੍ਹ. ਨਿਸ਼ਾਨ। ੪. ਲੱਛਣ। ੫. ਚੌੜਾਈ. ਅ਼ਰਜ.

ਆਸਾਵਰੀ: ਇਹ ਆਸਾਵਰੀ ਠਾਟ ਦੀ ਸੰਪੂਰਣ ਜਾਤਿ ਦੀ ਰਾਗਿਨੀ ਹੈ. ਇਸ ਦੇ ਗਾਉਣ ਦਾ ਵੇਲਾ ਸੂਰਜ ਚੜ੍ਹਨ ਤੋਂ ਪਹਿਰ ਦਿਨ ਚੜ੍ਹੇ ਤੀਕ ਹੈ. ਇਸ ਵਿੱਚ ਗਾਂਧਾਰ ਧੈਵਤ ਅਤੇ ਨਿਸ਼ਾਦ ਕੋਮਲ, ਬਾਕੀ ਸੁਰ ਸ਼ੁੱਧ ਹਨ. ਆਸਾਵਰੀ ਵਿੱਚ ਧੈਵਤ ਵਾਦੀ ਅਤੇ ਗਾਂਧਾਰ ਸੰਵਾਦੀ ਹੈ. ਆਰੋਹੀ ਵਿੱਚ ਗਾਂਧਾਰ ਅਤੇ ਨਿਸ਼ਾਦ ਨਹੀਂ ਲਗਦਾ, ਅਵਰੋਹੀ ਵਿੱਚ ਸਾਰੇ ਸੁਰ ਲਗਦੇ ਹਨ, ਇਸ ਹਿਸਾਬ ਔੜਵ ਸੰਪੂਰਣ ਰਾਗ[127] ਹੈ.

ਆਰੋਹੀ- ਸ਼ ਰ ਮ ਪ ਧਾ ਸ਼

[127] ਆਰੋਹੀ ਵਿੱਚ ਪੰਜ ਸੁਰ ਅਤੇ ਅਵਰੋਹੀ ਵਿੱਚ ਸੱਤ ਸੁਰ.

ਅਵਰੋਹੀ- ਸ਼ ਨਾ ਧਾ ਪ ਮ ਗਾ ਰ ਸ਼

ਦੇਸ਼ ਅਤੇ ਮਤ ਭੇਦ ਕਰਕੇ ਬਹੁਤਿਆਂ ਨੇ ਆਸਾਵਰੀ ਨੂੰ ਭੈਰਵ ਅਤੇ ਭੈਰਵੀ ਠਾਟ ਤੇ ਗਾਉਣਾ ਭੀ ਮੰਨਿਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਰਾਗਿਨੀ ਆਸਾ ਵਿੱਚ ਮਿਲਾਕੇ ਲਿਖੀ ਗਈ ਹੈ.

ਆਸਾ ਵਾਰ: ਦੇਖੋ, ਆਸਾ ਦੀ ਵਾਰ.

ਆਸਾਵੰਤ: ਸੰ. ਆਸ਼ਾਵਨ੍ਤ. ਵਿ- ਉੱਮੇਦਵਾਰ. ਇੱਛਾ ਵਾਲਾ. ਕਾਮਨਾ ਵਾਲਾ.

ਆਸਾਵੰਤੀ: ਦੇਖੋ, ਆਸਾਵੰਤ. "ਆਸਾਵੰਤੀ ਆਸ ਗੁਸਾਈ, ਪੂਰੀਐ." (ਵਾਰ ਜੈਤ)

ਆਸਾੜ: ਸੰ. ਆਸ਼ਾਢ. ਸੰਗਯਾ- ਹਾੜ੍ਹ ਮਹੀਨਾ. ਦੇਖੋ, ਅਖਾੜ. "ਅਸਾੜ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿਚਰਣ ਨਿਵਾਸੁ." (ਮਾਝ ਬਾਰਹਮਾਹਾ)

ਆਸਾੜਾ: ਦੇਖੋ, ਅਸਾੜਾ.

ਆਸਾੜਿ: ਹਾੜ੍ਹ ਮਹੀਨੇ ਵਿੱਚ.

ਆਸਾੜੁ: ਦੇਖੋ, ਅਖਾੜ ਅਤੇ ਆਸਾੜ.

ਆਸਿਖ, ਆਸਿਖਾ: ਸੰ. ਆਸ਼ਿਸ਼੍. ਸੰਗਯਾ- ਅਸੀਸ. ਦੁਆ. ਆਸ਼ੀਰਵਾਦ. ਕੁਸ਼ਲ ਆਨੰਦ ਲਈ ਪ੍ਰਾਰਥਨਾ ਅਤੇ ਵਰਦਾਨ.

ਆਸੀ: ਅ਼. عاصی ਆ਼ਸੀ. ਵਿ- ਪਾਪੀ. ਅਪਰਾਧੀ. ਗੁਨਹਗਾਹ.

ਆਸੀਸ: ਦੇਖੋ, ਆਸਿਖ. "ਪੂਤਾ, ਮਾਤਾ ਕੀ ਆਸੀਸ." (ਗੂਜ ਮਃ ੫)

ਆਸੀਨ: ਸੰ. ਵਿ- ਵਿਰਾਜਮਾਨ. "ਸਗਲ ਮਨੋਰਥ ਪੂਰਨ ਆਸੀਨਾ." (ਬਿਲਾ ਮਃ ੫) ੨. ਬੈਠਾ ਹੋਇਆ. ਇਸਥਿਤ.

ਆਸੀਨਾ: ਦੇਖੋ, ਆਸੀਨ.

ਆਸੀਰ: ਸੰ. ਆਸ਼ਿਸ਼੍ ਆਸ਼ੀਰਵਾਦ। ੨. ਦੇਖੋ, ਅਸੀਰ.

ਆਸੀਰਵਚਨ, ਆਸੀਰਵਾਦ: ਸੰ. ਸੰਗਯਾ- ਅਸੀਸ. ਆਸ਼ੀਰਵਚਨ. ਆਸ਼ੀਰਵਾਦ. ਧੁਆ਼. ਦੇਖੋ, ਆਸਿਖ.

ਆਸੁ: ਸੰ. ਆਸ਼ੁ. ਕ੍ਰਿ. ਵਿ- ਤੁਰੰਤ. ਛੇਤੀ. ਸ਼ੀਘ੍ਰ. "ਆਸੁ ਹੀ ਤੀਛਨ ਲੈ ਅਸਿ ਸ਼੍ਰੀ ਹਰਿ." (ਕ੍ਰਿਸਨਾਵ) ੨. ਦੇਖੋ, ਅਸੁ.

ਆਂਸੁ: ਸੰਗਯਾ- ਅਸ਼੍ਰੁ. ਹੰਝੂ. ਆਂਸੂ. ਅਸ਼ਕ.

ਆਸੁਗ: ਵਿ- ਆਸ਼ੁ (ਛੇਤੀ) ਗਮਨ ਕਰਨ ਵਾਲਾ. ਤੇਜ਼ ਚਾਲ ਵਾਲਾ। ੨. ਸੰਗਯਾ- ਪਵਨ. ਹਵਾ। ੩. ਤੀਰ। ੪. ਪ੍ਰਕਾਸ਼. ਰੌਸ਼ਨੀ।

ਆਸੁਤੋਖ: ਸੰ. ਆਸੁਤੋਸ਼ ਵਿ- ਆਸ਼ੁ (ਛੇਤੀ) ਤੋਸ਼ (ਖੁਸ਼) ਹੋਣ ਵਾਲਾ. ਝਟ ਪਟ ਰੀਝਣ ਵਾਲਾ। ੨. ਸੰਗਯਾ- ਸਤਿਗੁਰੂ ਨਾਨਕ ਦੇਵ। ੩. ਪੁਰਾਣਾਂ ਅਨੁਸਾਰ ਸ਼ਿਵ.

ਆਸ਼ੁਫ਼ਤਹ: ਫ਼ਾ. آشفته ਵਿ- ਪਰੇਸ਼ਾਨ. ਹ਼ੈਰਾਨ. ਇਸ ਦਾ ਧਾਤੁ ਆਸ਼ੁਫ਼ਤਨ ਹੈ.

ਆਸ਼ੁਫਤਨ: ਫ਼ਾ. آشفتن ਕ੍ਰਿ- ਪਰੇਸ਼ਾਨ (ਹੈਰਾਨ) ਹੋਣਾ.

ਆਸੁਰ, ਆਸੁਰੀ: ਵਿ- ਅਸੁਰ (ਰਾਖਸ) ਸੰਬੰਧੀ. ਰਾਕ੍ਸ਼ਸ ਦੀ। ੨. ਸੰਗਯਾ- ਰਾਖਸੀ. "ਸੁਰੀ ਆਸੁਰੀ ਕਿੰਨਰੀ ਰੀਝ ਰਹਿਤ ਪੁਰਨਾਰਿ." (ਚਰਿਤ੍ਰ ੨) ੩. ਦੇਖੋ, ਅਸੁਰੀ ੨.

**ਆਸੁਰੀ ਸੰਪਤਿ, ਆਸੁਰੀ ਸੰਪਦਾ:** ਸੰ. ਆਸੁਰੀਸਮ੍ਪਤ. ਸੰਗਯਾ- ਰਾਖਸ ਵ੍ਰਿੱਤੀ (ਬਿਰਤੀ) ਨਾਲ ਕਮਾਈ ਵਿਭੂਤਿ. ਜ਼ੁਲਮ ਨਾਲ ਕਮਾਇਆ ਮਾਲ ਧਨ। ੨. ਕੁਕਰਮਾਂ ਦਾ ਸੰਚਯ. ਕਾਮ ਕ੍ਰੋਧਾਦਿਕ ਵਿਕਾਰਾਂ ਦੀ ਅਧਿਕਤਾ.

**ਆਸੁਰੇਸ:** ਰਾਖਸਾਂ ਦਾ ਈਸ਼ (ਰਾਜਾ). ਦੇਖੋ, ਅਸੁਰੇਸ. "ਆਸੁਰੇਸ ਕੋਪਾ ਹੰਕਾਰੀ." (ਚੰਡੀ ੨)

**ਆਸੂ:** ਛੇਤੀ. ਦੇਖੋ, ਆਸੁ ੧. "ਗਮਨ ਤਯਾਰ ਭਏ ਕਸੋਂ ਆਸੂ?" (ਨਾਪ੍ਰ)

**ਆਂਸੂ:** ਸੰਗਯਾ- ਅੱਥਰੂ. ਅਸ਼੍ਰੁ. ਅੰਝੂ. ਹੰਝੂ. ਅਸ਼ਕ.

**ਆਸੂਣੀ:** ਸੰਗਯਾ- ਆਸ਼ਾ. ਕਾਮਨਾ. ਉੱਮੇਦ. "ਵਤਿ ਆਸੂਣੀ ਬੰਨਿ." (ਸ. ਫਰੀਦ) ਫਿਰ ਅਨੇਕ ਉੱਮੇਦਾਂ ਬੰਨ੍ਹਕੇ। ੨. ਵਿ- ਨਾ ਪੂਰਣ ਹੋਣ ਵਾਲੀ ਆਸ਼ਾ.

**ਆਸੂਦਨ:** ਫ਼ਾ. آسوُدن ਕ੍ਰਿ- ਆਰਾਮ ਕਰਨਾ. ਖ਼ੁਸ਼ ਹਾਲ ਹੋਣਾ.

**ਆਸੂਦਾ:** ਫ਼ਾ. آسوُدہ ਵਿ- ਸੰਪਦਾ ਸਹਿਤ. ਖ਼ੁਸ਼ਹਾਲ। ੨. ਪ੍ਰਸੰਨ. ਖ਼ੁਸ਼। ੩. ਵਿਸ਼੍ਰਾਮ ਨੂੰ ਪ੍ਰਾਪਤ ਹੋਇਆ. "ਗਜ ਬਾਜੀ ਆਸੂਦੇ ਕਰਕੈ." (ਗੁਪ੍ਰਸੂ)

**ਆਸੇਬ:** ਫ਼ਾ. ਸੰਗਯਾ- ਕਲੇਸ਼. ਦੁੱਖ। ੨. ਸਦਮਾ. ਚੋਟ. ਸੱਟ। ੩. ਜਿੰਨ ਭੂਤ ਦਾ ਸਾਇਆ ਅਰਥਾਤ- ਸ਼ਰੀਰ ਵਿੱਚ ਪ੍ਰਵੇਸ਼.

**ਆਸੈ:** ਦੇਖੋ, ਆਸਯ.

**ਆਸੋਕ:** ਦੇਖੋ, ਅਸੋਕ। ੨. ਆ (ਚਾਰੇ ਪਾਸਿਓਂ) ਸ਼ੋਕ (ਰੰਜ).

**ਆਸੌਨ:** ਅਪਸ਼ਕੁਨ. ਦੇਖੋ, ਸੌਨ.

**ਆਸੰਕਾ:** ਸੰ. ਆਸ਼ਙ੍ਕਾ. ਸੰਗਯਾ- ਸੰਦੇਹ. ਸੰਸਾ. ਸ਼ੱਕ। ੨. ਡਰ. ਭੈ.

**ਆਸੰਜਨ:** ਸੰ. ਆਸਞ੍ਜਨ. ਸੰਗਯਾ- ਬੰਨ੍ਹਣ ਅਤੇ ਜੋੜਨ ਦੀ ਕ੍ਰਿਯਾ। ੨. ਲਟਕਾਉਣਾ. ਦੇਖੋ, ਸੰਜ ਅਤੇ ਸੰਜਨ.

**ਆਸੰਨ:** ਸੰ. ਆਸੰਨ. ਵਿ- ਪਾਸ ਬੈਠਾ। ੨. ਕ੍ਰਿ. ਵਿ- ਕੋਲੇ. ਨੇੜੇ.

**ਆਸੰਭਉ:** ਵਿ- ਜੋ ਸੰਭਵ (ਪੈਦਾ) ਨਹੀਂ ਹੋਇਆ. ਜਨਮ ਰਹਿਤ. "ਆਸੰਭਉ ਉਦਵਿਅਉ." (ਸਵੈਯੇ ਮਃ ੫. ਕੇ) ਅਜਨਮ ਨੇ ਅਵਤਾਰ ਧਾਰਿਆ ਹੈ। ੨. ਦੇਖੋ, ਅਸੰਭਵ.

**ਆਸ਼੍ਚਰਯ:** ਦੇਖੋ, ਅਚਰਜ.

**ਆਸ੍ਤਿਕ, ਆਸ੍ਤਿਕਤਾ:** ਦੇਖੋ, ਆਸਤਿਕ ਅਤੇ ਆਸਤਿਕਤਾ.

**ਆਸ੍ਤੀਕ:** ਦੇਖੋ, ਆਸਤੀਕ.

**ਆਸ੍ਯ:** ਦੇਖੋ, ਆਸ ੪.

**ਆਸ੍ਰਮ:** ਸੰ. ਆਸ਼੍ਰਮ. ਸੰਗਯਾ- ਨਿਵਾਸ ਦਾ ਥਾਂ. ਰਹਿਣ ਦਾ ਟਿਕਾਣਾ. "ਚਰਨ ਕਮਲ ਗੁਰੁ ਆਸ੍ਰਮ ਦੀਆ." (ਬਿਲਾ ਮਃ ੫) ੨. ਹਿੰਦੂਮਤ ਅਨੁਸਾਰ ਜੀਵਨ ਦੀ ਅਵਸਥਾ, ਜਿਸ ਦੇ ਚਾਰ ਭੇਦ ਹਨ- ਬ੍ਰਹਮਚਰਯ, ਗ੍ਰਿਹਸ੍ਥ, ਵਾਨਪ੍ਰਸ੍ਥ, ਅਤੇ ਸੰਨਯਾਸ. "ਚਾਰ ਵਰਨ ਚਾਰ ਆਸ੍ਰਮ ਹਹਿ, ਜੋ ਹਰਿ ਧਿਆਵੈ ਸੋ ਪਰਧਾਨੁ." (ਗੌਂਡ ਮਃ ੪) ਦੇਖੋ, ਚਾਰ ਆਸ੍ਰਮ.

**ਆਸ੍ਰਮਾਈ:** ਦੇਖੋ, ਆਸ੍ਰਾਵ. "ਕਮਲ ਬਿਗਸੈ ਮਧੁ ਆਸ੍ਰਮਾਈ." (ਸ੍ਰੀ ਮਃ ੫) ਕਮਲ ਖਿੜਦਾ ਹੈ ਅਤੇ ਸ਼ਹਿਦ ਟਪਕਦਾ ਹੈ.

**ਆਸ੍ਰਮੀ:** ਵਿ- ਆਸ਼ਰਮ ਵਿੱਚ ਰਹਿਣ ਵਾਲਾ। ੨. ਬ੍ਰਹਮਚਰਯ ਆਦਿ ਆਸ੍ਰਮਾਂ ਵਿੱਚ ਜੀਵਨ ਵਿਤਾਉਣ ਵਾਲਾ।

ਆਸ੍ਰਯ: ਦੇਖੋ, ਆਸਰ. "ਤਤ ਆਸ੍ਰਯੰ ਨਾਨਕ." (ਸਹਸ ਮਃ ੫)

ਆਸ੍ਰਾਵ: ਸੰ. ਸੰਗਯਾ- ਵਹਾਉ. ਪ੍ਰਵਾਹ। ੨. ਚੋਆ. ਟਪਕਣ ਦੀ ਕ੍ਰਿਯਾ.

ਆਸ੍ਰਿਛ, ਆਸ੍ਰਿਤ: ਸੰ. ਆਸ਼੍ਰਿਤ. ਵਿ- ਸਹਾਰੇ ਤੇ ਠਹਿਰਿਆ ਹੋਇਆ. ਆਸਰੇ ਲੱਗਿਆ। ੨. ਸੰਗਯਾ- ਨੌਕਰ. ਸੇਵਕ.

ਆਸ੍ਰੈ: ਆਸ਼੍ਰਯ. ਦੇਖੋ, ਆਸਰ.

ਆਸ੍ਵਾਸਨ: ਦੇਖੋ, ਆਸਾਸਨ. "ਆਸ੍ਵਾਸਨ ਯੁਤ ਸੀਖ ਉਚਾਰ." (ਗੁਪ੍ਰਸੂ)

ਆਸ੍ਵਾਦ, ਆਸ੍ਵਾਦਨ: ਸੰਗਯਾ- ਰਸ. ਸ੍ਵਾਦ. ਜਾਇਕਾ। ੨. ਰਸ ਲੈਣ ਦੀ ਕ੍ਰਿਯਾ. ਚੱਖਣਾ. ਰਸ ਲੈਣਾ.

ਆਹ: ਕ੍ਰਿ- ਅਸ੍ਤਿ. ਹੈ. "ਜਿਨ ਕਉ ਧੁਰਿ ਲਿਖਿਆ ਆਹ." (ਗਉ ਵਾਰ ੧, ਮਃ ੪) ੨. ਸੰਗਯਾ- ਇੱਛਾ. ਰੁਚਿ. ਚਾਹ. "ਜੋਗੀ ਜਤੀ ਸਿਧ ਹਰਿ ਆਹੈ." (ਗਉ ਮਃ ੫) ੩. ਵ੍ਯ- ਸ਼ੋਕ. ਅਚਰਜ ਬੋਧਕ ਸ਼ਬਦ. ਹਾ! ਓ! ੪. ਸਰਵ- ਇਹ. ਯਹ.

ਆਹਟ: ਪ੍ਰਾ. ਸੰਗਯਾ- ਆਗਮਨ ਤੋਂ ਹੋਇਆ ਖੜਕਾ. ਚਾਲ ਤੋਂ ਉਪਜੀ ਧੁਨੀ. ਪੈਰ ਚਾਲ ਦੀ ਆਵਾਜ਼। ੨. ਆਹਵ. ਰਣ ਭੂਮਿ. ਮੈਦਾਨੇ ਜੰਗ. "ਆਠ ਪਹਿਰ ਆਹਟ ਬਿਖੈ ਜੁੱਧ ਭਯੋ ਬਿਕਰਾਰ." (ਚਰਿਤ੍ਰ ੯੭)

ਆਹਣ: ਸੰਗਯਾ- ਟਿੱਡ. ਸ਼ਲਭ. Locust. ਦੇਖੋ, ਆਹਨ ੧.

ਆਹਤ: ਵਿ- ਮਾਰਿਆ. ਤਾੜਿਆ. ਕੁੱਟਿਆ. ਦੇਖੋ, ਅਨਾਹਤ.

ਆਹਨ: ਦੇਖੋ, ਆਹਣ. "ਆਹਨ ਮਨਿੰਦ ਬ੍ਰਿੰਦ ਆਏ ਦਲ." (ਗੁਪ੍ਰਸੂ) ੨. ਫ਼ਾ. آہن ਸੰਗਯਾ- ਲੋਹਾ. ਅਯਸ੍। ੩. ਤਲਵਾਰ.

ਆਹਨਗਰ: ਸੰਗਯਾ- ਲੋਹਕਾਰ. ਲੋਹੇ ਦਾ ਕੰਮ ਕਰਨ ਵਾਲਾ. ਲੁਹਾਰ.

ਆਹਨੀ: ਵਿ- ਲੋਹੇ ਦਾ ਲੋਹੇ. ਦਾ ਬਨਿਆ ਹੋਇਆ. ਦੇਖੋ, ਆਹਨ.

ਆਹਮ: ਦੇਖੋ, ਅਹਮ। ੨. ਦੇਖੋ, ਆਹਵ.

ਆਹਮੋ ਸਾਮਣੇ: ਦੇਖੋ, ਆਮੋ ਸਾਮਣੇ. "ਆਏ ਆਹਮੋ ਸਾਮਣੇ ਭੇੜ ਪਇਆ ਕਰਾਰਾ." (ਜੰਗਨਾਮਾ)

ਆਹਰ: ਸੰਗਯਾ- ਉੱਦਮ. ਪੁਰੁਸ਼ਾਰਥ (ਪੁਰਖਾਰਥ). ੨. ਜਤਨ. ਕੋਸ਼ਿਸ਼. "ਸੇਵਕ ਕੈ ਠਾਕੁਰ ਹੀ ਕਾ ਆਹਰ ਜੀਉ." (ਮਾਝ ਮਃ ੫) "ਅਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ." (ਵਾਰ ਰਾਮ ੨, ਮਃ ੫) ੩. ਸੰ. ਹਾਹੁਕਾ. ਠੰਢਾ ਸ੍ਵਾਸ। ੪. ਵਿ- ਇਕੱਠਾ ਕਰਨ ਵਾਲਾ. ਜੋੜੂ.

ਆਹਰਣ: ਸੰ. ਸੰਗਯਾ- ਖੋਹਣਾ। ੨. ਚੁਰਾਉਣਾ। ੩. ਲੈ ਜਾਣਾ. ਪ੍ਰਾ. ਆਹਰੋ.

ਆਹਰਮਨ: ਦੇਖੋ, ਅਹਰਮਨ.

ਆਹਰਿ: ਉੱਦਮ ਵਿੱਚ. "ਜਾ ਆਹਰਿ ਹਰਿ ਜੀਉ ਪਰਿਆ." (ਸੋਦਰੁ) ਜਦਕਿ ਵਾਹਗੁਰੂ ਉੱਦਮ ਵਿੱਚ ਪਿਆ ਹੋਇਆ ਹੈ.

ਆਹਰੀ: ਵਿ- ਉੱਦਮੀ. ਪੁਰੁਸ਼ਾਰਥੀ (ਪੁਰੁਖਾਰਥੀ).

ਆਹਰੁ: ਦੇਖੋ, ਆਹਰ.

ਆਹਲੂ ਵਾਲੀਆ: ਦੇਖੋ, ਆਹਲੂਵਾਲੀਆਂ ਦੀ ਮਿਸਲ। ੨. ਵਿ- ਜੋ ਆਹਲੂਵਾਲੀਆਂ ਦੀ ਮਿਸਲ ਨਾਲ ਸੰਬੰਧ ਰਖਦਾ ਹੈ। ੩. ਸੱਦਾ ਸਿੰਘ ਦੀ ਵੰਸ਼ ਵਿੱਚ ਹੋਣ ਵਾਲਾ. ਦੇਖੋ, ਕਪੂਰਥਲਾ.

ਆਹਲੂ ਵਾਲੀਆਂ ਦੀ ਮਿਸਲ: ਸੱਦਾ ਸਿੰਘ ਆਹਲੂ ਪਿੰਡ ਦਾ (ਜੋ ਲਹੌਰ ਤੋਂ ਪੰਜ ਕੋਹ ਪੂਰਵ ਵੱਲ ਹੈ) ਵਸਨੀਕ ਪ੍ਰਤਾਪੀ ਸਿੱਖ

ਸੀ. ਉਸ ਨੇ ਇਹ ਮਿਸਲ ਕ਼ਾਇਮ ਕੀਤੀ. ਸੱਦਾ ਸਿੰਘ ਦੀ ਵੰਸ਼ ਵਿੱਚ ਸਨ ੧੭੧੮ ਵਿੱਚ ਜੱਸਾ ਸਿੰਘ ਜਨਮਿਆ, ਜਿਸ ਨੂੰ ਨਵਾਬ ਕਪੂਰ ਸਿੰਘ ਨੇ ਪੁਤ੍ਰ ਕਰਕੇ ਪਾਲਿਆ, ਅਤੇ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਵਰਦਾਨ ਦੇ ਕੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰਜ ਬਖ਼ਸ਼ੀ (ਜੋ ਹੁਣ ਅਕਾਲ ਬੁੰਗੇ ਹੈ). ਜੱਸਾ ਸਿੰਘ ਨੇ ਇਸ ਮਿਸਲ ਦੀ ਬਹੁਤ ਉੱਨਤੀ ਕੀਤੀ. ਇਸ ਨੇ ਪਹਿਲੇ ਪਹਿਲ ਸਨ ੧੭੫੮ ਵਿੱਚ ਲਹੌਰ ਲੈ ਕੇ ਖਾਲਸਾ ਰਾਜ ਦੀ ਨੀਂਹ ਰੱਖੀ, ਅਤੇ ਆਪਣਾ ਸਿੱਕਾ ਚਲਾਇਆ. ਹੁਣ ਰਿਆਸਤ ਕਪੂਰਥਲਾ ਇਸ ਮਿਸਲ ਵਿੱਚੋਂ ਹੈ. ਦੇਖੋ, ਕਪੂਰਥਲਾ ਅਤੇ ਜੱਸਾ ਸਿੰਘ.

ਆਹਵ: ਸੰ. ਸੰਗਯਾ- ਯੁੱਧ. ਜੰਗ। ੨. ਯਗਯ (ਜੱਗ). ੩. ਲਲਕਾਰਾ. ਵੰਗਾਰਨਾ.

ਆਹਾ: ਕ੍ਰਿ- ਹੈ. ਅਸ੍ਤਿ. "ਹਰਿ ਸੰਤਜਨਾ ਪਹਿ ਆਹਾ." (ਦੇਵ ਮਃ ੫) ੨. ਹੈ ਸ਼ਬਦ ਦਾ ਭੂਤ ਕਾਲ. ਥਾ. ਸੀ. "ਤਲਵੰਡੀ ਵਿੱਚ ਵਸਦਾ ਆਹਾ." (ਜਸਾ) ੩. ਵ੍ਯ- ਅਚਰਜ ਅਤੇ ਸ਼ੋਕ ਬੋਧਕ ਸ਼ਬਦ. ਅਹੋ! ਵਾਹ!

ਆਹਾਰ, ਆਹਾਰੁ: ਦੇਖੋ, ਅਹਾਰ. "ਜੀਆ ਕਾ ਆਹਾਰੁ ਜੀਅ." (ਵਾਰ ਰਾਮ ੧, ਮਃ ੨) "ਦੇਤ ਸਗਲ ਆਹਾਰੇ ਜੀਉ." (ਮਾਝ ਮਃ ੫)

ਆਹਾੜਾ: ਵਿ- ਚੰਗੀ ਤਰ੍ਹਾਂ ਹਾੜਿਆ ਹੋਇਆ. ਜਾਚਿਆ. ਅੰਦਾਜ਼ਾ ਕੀਤਾ. "ਅਗਮ ਅਗੋਚਰ ਬੇਅੰਤ ਅਤੋਲਾ, ਹੈ ਨਾਹੀ ਕਿਛੁ ਅਹਾੜਾ." (ਮਾਰੂ ਸੋਲਹੇ ਮਃ ੫) ਕੋਈ ਵਸਤੂ ਅਜੇਹੀ ਨਹੀਂ, ਜੋ ਉਸ ਦੀ ਹਾੜੀ ਹੋਈ ਨਹੀਂ.

ਆਹਿ: ਕ੍ਰਿ- ਹੈ. ਅਸ੍ਤਿ. "ਸਾਧੁਸੰਗਤਿ ਬੈਕੁੰਠੈ ਆਹਿ." (ਗਉ ਕਬੀਰ) "ਜਲਿ ਥਲਿ ਰਮਈਆ ਆਹਿਓ." (ਸੋਰ ਮਃ ੫) ਦੇਖੋ, ਆਹ। ੨. ਕ੍ਰਿ. ਵਿ- ਆਹ (ਇੱਛਾ) ਕਰਕੇ. ਚਾਹਕੇ. ਲੋੜਕੇ "ਨਾਨਕ ਆਹਿ ਸਰਣਿ ਪ੍ਰਭੁ ਆਇਓ." (ਆਸਾ ਮਃ ੫)

ਆਹਿਓ, ਆਹਿਆ: ਵਿ- ਚਾਹਿਆ ਲੋੜਿਆ. "ਆਹਿਓ ਤੁਮਰਾ ਧੋਰਾ." (ਗੂਜ ਮਃ ੫) "ਏਕੋ ਸੁਆਮੀ ਆਹਿਆ ਜੀਉ." (ਮਾਝ ਮਃ ੫)

੨. ਦੇਖੋ, ਆਹਿ। ੩. ਅਹੈ. ਹੈ. "ਜਤ ਕਤ ਪੇਖਉ ਆਹਿਓ." (ਕਾਨ ਮਃ ੫)

ਆਹਿਸਤਾ: ਫ਼ਾ. آہستہ ਕ੍ਰਿ. ਵਿ- ਸ਼ਨੇ ਸ਼ਨੇ. ਧੀਰੇ ਧੀਰੇ. ਹੌਲੀ ਹੌਲੀ.

ਆਹੀ: ਹੈ. ਦੇਖੋ, ਆਹ ਅਤੇ ਆਹਿ. "ਪੁਨਰਪਿ ਜਨਮ ਨ ਆਹੀ." (ਗਉ ਮਃ ੩) "ਨਾਨਕ ਘਟਿ ਘਟਿ ਆਹੀ." (ਆਸਾ ਮਃ ੫) ੨. ਚਾਹੀ. ਲੋੜੀ. "ਮੈ ਆਹੀ ਓੜ ਤੁਹਾਰੀ." (ਗਉ ਮਾਝ ਮਃ ੫) ੩. ਚਾਹੀਏ. ਲੋੜੀਏ "ਜਿਸ ਸੰਗ ਲਾਗੇ ਪ੍ਰਾਣ ਤਿਸੈ ਕਉ ਆਹੀਐ." (ਫੁਨਹੇ ਮਃ ੫) ੪. ਸਿੰਧੀ. ਅਸ੍ਤਿ. ਹੈ। ੫. ਮੁਸੀਬਤ. ਵਿਪਦਾ.

ਆਹੀਐ: ਚਾਹੀਐ. ਲੋੜੀਏ. ਦੇਖੋ, ਆਹਿ ਅਤੇ ਆਹੀ.

ਆਹੁ: ਦੇਖੋ, ਆਹ। ੨. ਆਹੂਤ ਦਾ ਸੰਖੇਪ.

ਆਹੁਕ: ਦੇਖੋ. ਉਗ੍ਰਸੇਨ.

ਆਹੁਟ, ਆਹੁਡਿ: ਡਿੰਗ. ਸੰਗਯਾ- ਆਹਵ. ਜੰਗ। ੨. ਥਕੇਂਵਾਂ. ਥਕਾਨ.

ਆਹੁਤਿ: ਸੰ. ਸੰਗਯਾ- ਦੇਵਤਾ ਨੂੰ ਆਹ੍ਵਾਨ (ਸੱਦਣ) ਦੀ ਕ੍ਰਿਯਾ. ਦੇਵਤਾ ਨੂੰ ਬੁਲਾਉਣਾ। ੨. ਦੇਵਤਾ ਨੂੰ ਸੰਬੋਧਨ ਕਰਕੇ ਅਗਨਿ ਵਿੱਚ ਘੀ ਆਦਿ ਪਦਾਰਥ ਪਾਉਣ ਦੀ ਕ੍ਰਿਯਾ. ਹੋਮ. ਹਵਨ। ੩. ਹਵਨ ਦੀ ਸਾਮਗ੍ਰੀ.

ਆਹੁਰਨਾ, ਆਹੁੜਨਾ: ਕ੍ਰਿ- ਝੁਕਣਾ. ਲਪਕਣਾ. ਝਪਟਨਾ. "ਆਹੁਰੇ ਜੰਗ." (ਰਾਮਾਵ)

ਆਹੂ: ਫ਼ਾ. آہو ਸੰਗਯਾ- ਹਰਨ. ਮ੍ਰਿਗ. "ਦੰਦਾਨ ਦੁਰ ਆਹੂ ਚਸ਼ਮ." (ਸਲੋਹ) ਦੁਰ (ਮੋਤੀ) ਜੇਹੇ ਦੰਦ, ਮ੍ਰਿਗ ਜੇਹੇ ਨੇਤ੍ਰ। ੨.

ਫਰਿਆਦ। ੩. ਦਮੇ ਦੀ ਬੀਮਾਰੀ. ਦਮਕਸ਼ੀ। ੪. ਸੰ. ਸੱਦਣ ਵਾਲਾ। ੫. ਜੋ ਸੱਦਿਆ ਗਿਆ ਹੈ.

ਆਹੁ ਖ਼ੁਤਨ: ਖ਼ੁਤਨ ਦਾ ਮ੍ਰਿਗ. ਦੇਖੋ, ਖ਼ੁਤਨ.

ਆਹੂਤ: ਸੰ. ਵਿ- ਬੁਲਾਇਆ ਹੋਇਆ. ਸੱਦਿਆ. ਆਹ੍ਵਾਨ ਕੀਤਾ. "ਗਯੋ ਬੇਗ ਕਾਲੂ ਆਹੂਤਾ." (ਨਾਪ੍ਰ)

ਆਹੇ: ਦੇਖੋ, ਆਹ, ਆਹਾ ਅਤੇ ਆਹਿ. "ਹੈ ਹੋਸੀ ਆਹੇ." (ਮਾਰੂ ਮਃ ੫) ਹੈ, ਹੋਵੇਗਾ ਅਤੇ ਸੀ. "ਨਾਨਕ ਸਰਣਿ ਆਹੇ." (ਆਸਾ ਮਃ ੫)

ਆਹੈ: ਦੇਖੋ, ਆਹ ਅਤੇ ਆਹਿ. "ਜੋਗੀ ਜਤੀ ਸਿਧ ਹਰਿ ਆਹੈ." (ਗਉ ਮਃ ੫) ਚਾਹੁੰਦੇ ਹਨ.

ਆਹੋ: ਦੇਖੋ, ਆਹ ਅਤੇ ਆਹਾ. "ਤੂੰ ਆਹੋ ਕੇਰ੍ਹੇ ਕੰਮ." (ਸ. ਫਰੀਦ) ੨. ਵਜਾ- ਹਾਂ. ਠੀਕ। ੩. ਅਥਵਾ. ਵਰਨਹਿ। ੪. ਨਹੀਂ ਤਾਂ.

ਆਹੰਗ: ਫ਼ਾ. آہنگ ਸੰਗਜਾ- ਇੱਛਾ. ਕਾਮਨਾ। ੨. ਇਰਾਦਾ. ਸੰਕਲਪ। ੩. ਸਮਾ. ਵੇਲਾ। ੪. ਰਾਗ ਦਾ ਆਲਾਪ.

ਆਹ੍ਵਾਨ: ਸੰ. ਸੰਗਜਾ- ਪੁਕਾਰ. ਸੱਦ. ਬੁਲਾਉਣਾ। ੨. ਸੱਦਾ ਪਤ੍ਰ. ਨਿਮੰਤ੍ਰਣ ਦੀ ਚਿੱਠੀ। ੩. ਨਾਮ. ਸੰਗਜਾ। ੪. ਹੁਕਮਨਾਮਾ.

ਆਕ: ਸੰਗਜਾ- ਅਰਕੰ. ਅੱਕ. "ਧਨ ਜੋਬਨ ਆਕ ਕੀ ਛਾਇਆ." (ਧਨਾ ਛੰਤ ਮਃ ੧) ੨. ਫ਼ਾ. آک ਆਕ. ਕਲੇਸ਼। ੩. ਅਵਗੁਣ. ਬੁਰਾਈ। ੪. ਅ਼. عاق ਆ਼ਕ਼. ਵਿ- ਬੇਵਫ਼ਾ। ੫. ਆਗਜਾ ਵਿਰੁੱਧ ਚਲਨ ਵਾਲਾ.

ਆਂਕ: ਦੇਖੋ, ਅੰਕ। ੨. ਸਿੰਧੀ. ਸੇਰ ਦਾ ਸੋਲਵਾਂ ਹਿੱਸਾ. ਛਟਾਂਕ। ੩. ਰੁਪਯੇ ਦਾ ਸੋਲਵਾਂ ਭਾਗ. ਆਨਾ.

ਆਂਕਸ: ਫ਼ਾ. آنکس ਸਰਵ- ਉਹ ਪੁਰਖ. ਉਹ ਆਦਮੀ.

ਆਕਟਰਲੋਨੀ: Sir David Ochterloney. ਇਹ ਇੱਕ ਅਮਰੀਕਨ ਸ਼ਰੀਫ ਆਦਮੀ ਦਾ ਪੁਤ੍ਰ ਸੀ. ਇਸ ਨੇ ਹਿੰਦੁਸਤਾਨ ਵਿੱਚ ਆਕੇ ਆਪਣੇ ਆਪ ਨੂੰ ਬਹਾਦੁਰੀ ਅਤੇ ਨੀਤਿ ਨਾਲ ਉੱਘਾ ਕਰ ਲਿਆ. ਇਹ ਬੰਗਾਲ ਦੀ ਫ਼ੌਜ ਦਾ ਜਨਰਲ ਅਫਸਰ ਸੀ. ਇਸ ਨੇ ਅਕਤੂਬਰ ਸਨ ੧੮੦੪ ਵਿੱਚ ਲਾਰਡ ਲੇਕ ਨਾਲ ਮਿਲਕੇ ਜਸਵੰਤ ਰਾਉ ਹੁਲਕਰ ਨੂੰ ਦਿੱਲੀਓਂ ਭਜਾ ਦਿੱਤਾ. ਇਹ ਸਿੱਖਰਾਜ ਸੰਬੰਧੀ ਮਾਮਲਿਆਂ ਦੀ ਨਿਗਹਬਾਨੀ ਲਈ ਸਰਕਾਰ ਅੰਗਰੇਜੀ ਵੱਲੋਂ ਪ੍ਰਤਿਨਿਧਿ ਮੁਕੱਰਰ ਹੋਇਆ ਹੋਇਆ ਸੀ. ਇਸ ਦੀ ਮਾਰਫਤ ਕਈ ਵਾਰ ਸਰਕਾਰ ਅੰਗ੍ਰੇਜੀ ਦਾ ਪਤ੍ਰਵਿਹਾਰ ਮਹਾਰਾਜ ਰਣਜੀਤ ਸਿੰਘ ਜੀ ਨਾਲ ਹੋਇਆ. ਸਨ ੧੮੧੨ ਵਿੱਚ ਟਿੱਕਾ ਖੜਕ ਸਿੰਘ ਜੀ ਦੀ ਸ਼ਾਦੀ ਸਮੇਂ ਇਹ ਲਹੌਰ ਮਹਾਰਾਜਾ ਦਾ ਪੁਰਾਹੁਣਾ ਸੀ. ੬੮ ਸਾਲ ਦੀ ਉਮਰ ਵਿੱਚ ਇਹ ੧੫. ਜੁਲਾਈ ਸਨ ੧੮੨੫ ਨੂੰ ਮੇਰਟ ਮੋਇਆ.

ਆਕਥ: ਦੇਖੋ, ਅਕਥ. "ਨਾਨਕ ਆਕਥ ਕੀ ਕਥਾ ਸੁਣਾਏ." (ਮਾਰੂ ਮਃ ੧)

ਆਕਬਤ, ਆ਼ਕ਼ਬਤ: ਅ਼. عاقبت ਸੰਗਜਾ- ਪਰਲੋਕ. ਆਉਣ ਵਾਲੀ ਦੁਨੀਆਂ। ੨. ਅੰਤ. ਸਮਾਪਤੀ. ਦੇਖੋ, ਅਕਬ.

ਆਕਰ: ਦੇਖੋ, ਆਕੜ। ੨. ਸੰ. ਸੰਗਜਾ- ਖਾਨਿ. ਕਾਂਨ। ੩. ਖਜ਼ਾਨਾ। ੪. ਭੰਡਾਰ। ੫. ਜਾਤਿ। ੬. ਵਿ- ਉੱਤਮ. ਸ਼੍ਰੇਸ਼੍ਠ। ੭. ਅਧਿਕ. ਬਹੁਤ.

ਆਕਰਖ: ਸੰ. ਆਕਸ਼ੰ. ਸੰਗਜਾ- ਇੰਦ੍ਰੇ (ਇੰਦ੍ਰਯ). ੨. ਕਸੌਟੀ। ੩. ਚੁੰਬਕ। ੪. ਖਿੱਚ. ਕਸ਼ਿਸ਼. "ਜਬ ਆਕਰਖ ਕਰਤ ਹੋ ਕਬਹੂੰ। ਤੁਮ ਮੈ ਮਿਲਤ ਦੇਹਧਰ ਸਭਹੂੰ." (ਚੌਪਈ) "ਚੀਟੀ ਸਾਸ ਆਕਰਖਤੇ." (ਸਹਸ ਮਃ ੫) "ਜਹਾ ਤ੍ਰਿਖਾ ਮਨ ਤੁਝੁ ਆਕਰਖੈ." (ਸੁਖਮਨੀ)

ਆਕਰਖਣ: ਸੰ. ਆਕਸ਼ੰਣ. ਸੰਗਜਾ- ਖਿਚਾਉ. ਕਸ਼ਿਸ਼. ਖੈਂਚ. ਖਿੱਚ। ੨. ਹਲ ਵਾਹੁਣ ਦਾ ਕੰਮ. ਵਹਾਈ.

ਆਕਲ: ਸੰ. ਆਕੁਲ. ਵਿ- ਵਜਾਕੁਲ. ਘਬਰਾਇਆ ਹੋਇਆ "ਹਉ ਆਕਲ ਬਿਕਲ ਭਈ ਬਿਨ ਦੇਖੇ." (ਬਿਲਾ ਅਃ ਮਃ ੪)

੨. ਅ. عاقل ਆ਼ਕ਼ਿਲ. ਵਿ- ਅ਼ਕ਼ਲ ਵਾਲਾ. ਬੁੱਧਿਮਾਨ. ਦਾਨਾ. "ਕਿ ਆਕਲ ਅਲਾਮੈ." (ਜਾਪੁ) ੩. ਵੱਡੇ ਘਰ ਪਿੰਡ ਦਾ ਵਸਨੀਕ ਇਕ ਤ੍ਰਖਾਣ ਸਿੱਖ, ਜੋ ਭਾਈ ਰੂਪਚੰਦ ਦਾ ਨਾਨਾ ਸੀ. "ਆਕਲ ਕਹੈਂ ਤਾਹਿ ਕੋ ਨਾਮੂ। ਮਨ ਮੇ ਗੁਰੁਮਤ ਕੋ ਵਿਸ੍ਰਾਮੂ." (ਗੁਪ੍ਰਸੂ) ਦੇਖੋ, ਰੂਪਚੰਦ ਭਾਈ। ੪. ਸੁਲਤਾਨ ਪੁਰ ਨਿਵਾਸੀ ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਆਤਮਗਜਾਨੀ ਸਿੱਖ.

ਆਂਕਲ: ਡਿੰਗ. ਸੰਗਜਾ- ਅੰਕ (ਦਾਗ) ਲਾਇਆ ਗਿਆ ਹੈ ਜਿਸ ਦੇ. ਦਾਗ ਦੇਕੇ ਛੱਡਿਆ ਹੋਇਆ ਢੱਟਾ. ਸਾਂਡ.

ਆਕੜ: ਸੰਗਜਾ- ਐਂਠ. ਮਰੋੜ। ੨. ਅਕੜਾਉ। ੩. ਪਟਿਆਲੇ ਤੋਂ ਸੱਤ ਕੋਹ ਉੱਤਰ ਵੱਲ ਤਸੀਲ ਸਰਹਿੰਦ, ਥਾਣਾ ਮੂਸੇਪੁਰ ਦਾ ਇੱਕ ਪਿੰਡ, ਜਿਸ ਵਿੱਚ ਨੌਮੇ ਸਤਿਗੁਰੂ ਪਧਾਰੇ ਹਨ. ਇਸ ਥਾਂ ਕੇਵਲ ਮੰਜੀ ਸਾਹਿਬ ਹੈ, ਹੋਰ ਇਮਾਰਤ ਕੁਝ ਨਹੀਂ. ਪਿੰਡ ਵੱਲੋਂ ੩੫ ਵਿੱਘੇ ਜ਼ਮੀਨ ਹੈ. ਪੁਜਾਰੀ ਨਿਰਮਲਾ ਸਿੰਘ ਹੈ. ਰੇਲਵੇ ਸਟੇਸ਼ਨ ਕੌਲੀ ਤੋਂ ਦੋ ਮੀਲ ਉੱਤਰ ਵੱਲ ਹੈ.

ਆਕਾ: ਤੁ. آقا ਆਕ਼ਾ. ਸੰਗਜਾ- ਸ੍ਵਾਮੀ. ਮਾਲਿਕ.

ਆਕਾਸ: ਦੇਖੋ, ਅਕਾਸ। ੨. ਭਾਵ- ਪਾਰਬ੍ਰਹਮ. ਸਰਵਵਜਾਪੀ ਕਰਤਾਰ। ੩. ਖਗੋਲ. ਆਕਾਸ਼ ਮੰਡਲ. ਭਾਵ- ਸੁਰਗਾਦਿ ਲੋਕ. "ਤ੍ਰੈ ਗੁਣ ਮੋਹੇ ਮੋਹਿਆ ਆਕਾਸ." (ਆਸਾ ਮਃ ੫) ੪. ਸੂਰਜ ਚੰਦ੍ਰਮਾ ਆਦਿ ਗ੍ਰਹ, ਜੋ ਕਾਸ਼ (ਚਮਕ) ਰੱਖਦੇ ਹਨ. ਦੇਖੋ, ਗਗਨ ਆਕਾਸ਼। ੫. ਹੌਮੈ. ਅਭਿਮਾਨ. "ਊਪਰਿ ਚਰਣ ਤਲੈ ਆਕਾਸ." (ਰਾਮ ਮਃ ੫) ਸੇਵਕਭਾਵ (ਨੰਮ੍ਰਤਾ) ਉੱਪਰ ਅਤੇ ਅਭਿਮਾਨ ਹੇਠਾਂ ਹੋ ਗਿਆ ਹੈ.

ਆਕਾਸ਼ ਕੁਸੁਮ: ਸੰਗਜਾ- ਆਕਾਸ ਦਾ ਫੁੱਲ। ੨. ਭਾਵ- ਅਣਹੋਣੀ ਗੱਲ.

ਆਕਾਸ਼ ਗੰਗਾ: ਸੰਗਜਾ- ਪੁਰਾਣਾਂ ਦੀ ਮੰਨੀ ਹੋਈ ਇੱਕ ਗੰਗਾ, ਜਿਸ ਦਾ ਨਾਉਂ "ਮੰਦਾਕਿਨੀ" ਹੈ, ਜੋ ਆਸਮਾਨ ਵਿੱਚ ਵਹਿੰਦੀ ਹੈ. ਪੰਜਾਬੀ ਵਿੱਚ ਇਸ ਦਾ ਨਾਉਂ ਕੁਮਾਰਿਆਂ ਦਾ ਰਾਹ ਹੈ. Galaxy. ਫ਼ਾ. کہکشان

ਕਹਕਸ਼ਾਨ.

ਆਕਾਸ਼ ਚਰ: ਸੰਗਜਾ- ਪੰਛੀ। ੨. ਤੀਰ. (ਸਨਾਮਾ) ੩. ਦੇਵਤਾ. ੪. ਨਕ੍ਸ਼ਤ੍ਰ. ਤਾਰਾ।੫ ਹਵਾਈ ਜਹਾਜ ਬੈਲੂਨ ਆਦਿਕ। ੬. ਵਿ- ਆਕਾਸ ਵਿੱਚ ਫਿਰਣ ਵਾਲਾ.

ਆਕਾਸ਼ ਬਾਣੀ: ਸੰਗਜਾ- ਆਕਾਸ਼ ਤੋਂ ਆਈ ਬਾਣੀ. ਈਸ਼੍ਵਰ ਅਥ੍ਵਾ ਦੇਵਤਾ ਦੀ ਆਕਾਸ਼ੋਂ ਕਹੀ ਹੋਈ ਬਾਣੀ। ੨. ਗੁਰੁਮਤ ਅਨੁਸਾਰ ਕਰਤਾਰ ਦੀ ਪ੍ਰੇਰਣਾ ਕਰਕੇ ਆਤਮ ਅਭਜਾਸੀ ਦੇ ਦਿਮਾਗ਼ ਵਿੱਚ ਫੁਰੀ ਹੋਈ ਗੱਲ.

ਆਕਾਸਿ: ਆਕਾਸ਼ ਮੇ. ਦੇਖੋ, ਆਡਾਣ.

ਆਕਾਸੀ: ਵਿ- ਆਕਾਸ਼ ਨਾਲ ਸੰਬੰਧਿਤ. ਆਸਮਾਨੀ.

ਆਕਾਸੁ: ਦੇਖੋ, ਆਕਾਸ.

ਆਕਾਂਕ੍ਸ਼ਾ, ਆਕਾਂਖਿਆ, ਆਕਾਂਖਜਾ: ਸੰ. ਆਕਾਂਕ੍ਸ਼ਾ. ਸੰਗਜਾ- ਇੱਛਾ. ਚਾਹ. ਲੋੜ। ੨. ਵਾਕਜ ਦੇ ਅਰਥ ਬੋਧ ਦਾ ਇੱਕ ਕਾਰਣ, ਅਰਥਾਤ ਅਰਥ ਪ੍ਰਗਟ ਕਰਨ ਲਈ ਇੱਕ ਸ਼ਬਦ ਨੂੰ ਦੂਜੇ ਸ਼ਬਦ ਦੀ ਲੋੜ. ਜਿਵੇਂ "ਪਾਠ" ਸ਼ਬਦ ਨੂੰ "ਕਰੋ" ਸ਼ਬਦ ਦੀ ਆਕਾਂਕ੍ਸ਼ਾ ਹੈ. "ਉਸ ਥਾਂ" ਨੂੰ "ਜਾਓ" ਦੀ ਲੋੜ ਹੈ.

ਆਕਾਰ: ਸੰ. ਸੰਗਜਾ- ਸ੍ਵਰੂਪ (ਸਰੂਪ). ਸੂਰਤ. "ਹੁਕਮੀ ਹੋਵਨਿ ਆਕਾਰ." (ਜਪੁ) ੨. ਕ਼ੱਦ. ਡੀਲ। ੩. ਬਣਾਉਟ। ੪. ਚਿੰਨ੍ਹ. ਨਿਸ਼ਾਨ.

ਆਕਾਰ ਚਿਤ੍ਰ: ਦੇਖੋ, ਚਿਤ੍ਰ ਅਲੰਕਾਰ, ਅੰਗ (੩)

ਆਕਾਰੁ: ਵਿ- ਆਕਾਰ ਵਾਲਾ. "ਸੋਈ ਗੁਪਤ ਸੋਈ ਆਕਾਰੁ." (ਆਸਾ ਮਃ ੫) ੨. ਸੰਗਯਾ- ਆਕਾਰ.

ਆਂਕਿ: ਫ਼ਾ. آنکہ ਸਰਵ. ਉਹ ਜੋ. ਉਹ ਕਿ.

ਆਕਿਲ: ਦੇਖੋ, ਆਕਲ.

ਆਕਿਲ ਦਾਸ: ਜੰਡਿਆਲੇ ਦਾ ਹਿੰਦਾਲੀ ਮਹੰਤ, ਜਿਸ ਨੇ ਲਹੌਰ ਦੇ ਹਾਕਿਮਾਂ ਨੂੰ ਸਹਾਇਤਾ ਦੇ ਕੇ ਅਨੇਕ ਸਿੱਖ ਕੈਦ ਕਰਾਏ.

ਆਕੀ: ਅ਼. عاق ਆ਼ਕ਼ੀ. ਵਿ- ਸਰਕਸ਼. ਆਗਯਾ ਭੰਗ ਕਰਨ ਵਾਲਾ. ਬਾਗ਼ੀ. "ਆਕੀ ਮਰਹਿ ਅਫਾਰੀ." (ਮਾਰੂ ਮਃ ੧)

ਆਕੁੰਚਨ: ਸੰ. ਆਕੁਞ੍ਚਨ. ਸੰਗਯਾ- ਸਿਮਟਨਾ. ਇਕੱਠਾ ਹੋਣਾ. ਸੁੰਗੜਨਾ. ਦੇਖੋ, ਕੁੰਚਨ.

ਆਕੁਲ: ਸੰ. ਵਿ- ਸੰਕੁਲ. ਵ੍ਯਾਪਤ. ਫੈਲਿਆ ਹੋਇਆ. "ਰਮਈਆ ਆਕੁਲ ਰੀ ਬਾਈ." (ਗੂਜ ਨਾਮਦੇਵ) ੨. ਅ- ਕੁਲ. ਕੁਲ ਰਹਿਤ. ਜਾਤੀ ਵਰਣ ਰਹਿਤ। ੩. ਜਨਮ ਰਹਿਤ. "ਅਮਰ ਹੋਇ ਸਦ ਆਕੁਲ ਰਹੈ." (ਪ੍ਰਭਾ ਨਾਮਦੇਵ) ੪. ਸੰਗਯਾ- ਪਾਰਬ੍ਰਹਮ. ਕਰਤਾਰ. "ਆਕੁਲ ਕੈ ਘਰਿ ਜਾਉਗੇ." (ਰਾਮ ਨਾਮਦੇਵ) ੫. ਆਕੁਲ. ਵ੍ਯਾਕੁਲ. "ਸ਼ੋਕਾਕੁਲ ਰੋਦਨ ਕੋ ਕੀਨਾ." (ਗੁਪ੍ਰਸੂ) ਸ਼ੋਕ- ਆਕੁਲ.

ਆਕ੍ਰਮਣ: ਸੰ. ਸੰਗਯਾ- ਹੱਲਾ. ਚੜ੍ਹਾਈ। ੨. ਹੱਦ ਨੂੰ ਲੰਘਣ ਦੀ ਕ੍ਰਿਯਾ.

ਆਕ੍ਰਾਂਤ: ਸੰ. ਵਿ- ਘਿਰਿਆ ਹੋਇਆ। ੨. ਫੈਲਿਆ ਹੋਇਆ। ੩. ਜਿਸ ਉੱਪਰ ਆਕ੍ਰਮਣ (ਹਮਲਾ) ਕੀਤਾ ਗਿਆ ਹੈ। ੪. ਲਾਚਾਰ. ਬੇਵਸ. "ਜਬ ਹੋਤ ਧਰਨਿ ਭਾਰਾਕ੍ਰਾਂਤ." (ਰੁਦ੍ਰਾਵ) ਭਾਰ ਨਾਲ ਲਾਚਾਰ. ਦੇਖੋ, ਭਾਰਾਕ੍ਰਾਂਤ.

ਆਕ੍ਰਿਤਿ: ਸੰ. ਆਕ੍ਰੁਤਿ. ਸੰਗਯਾ- ਸ੍ਵਰੂਪ (ਸਰੂਪ). ਸ਼ਕਲ। ੨. ਡੀਲ. ਆਕਾਰ। ੩. ਮੂਰਤਿ.

ਆਕ੍ਸ਼ੇਪ: ਸੰ. ਆਕ੍ਸ਼ੇਪ. ਸੰਗਯਾ- ਫੈਂਕਣ (ਵਗਾਹੁਣ) ਦੀ ਕ੍ਰਿਯਾ. ਸਿੱਟਣਾ। ੨. ਕਲੰਕ ਲਾਉਣਾ. ਨਿੰਦਾ ਕਰਨੀ. ਦੋਸ਼ ਆਰੋਪਣ। ੩. ਇੱਕ ਅਰਥਾਲੰਕਾਰ, ਜਿਸ ਦਾ ਲੱਛਣ ਹੈ ਕਿ ਆਪਣੇ ਕਹੇ ਹੋਏ ਵਾਕ ਵਿੱਚ ਆਪ ਹੀ ਦੋਸ਼ ਆਰੋਪਣਾ.

ਉਦਾਹਰਣ-

"ਕਬੀਰ, ਰੋੜਾ ਹੋਇਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ, ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ. ਕਬੀਰ, ਰੋੜਾ ਹੂਆ ਤ ਕਿਆ ਭਇਆ? ਪੰਥੀ ਕਉ ਦੁਖੁ ਦੇਇ, ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ. ਕਬੀਰ, ਖੇਹ ਹੂਈ ਤਉ ਕਿਆ ਭਇਆ? ਜੌ ਉਡਿ ਲਾਗੈ ਅੰਗ, ਹਰਿਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ. ਕਬੀਰ, ਪਾਨੀ ਹੂਆ ਤ ਕਿਆ ਭਇਆ? ਸੀਰਾ ਤਾਤਾ ਹੋਇ, ਹਰਿਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ." (ਸ. ਕਬੀਰ)

(ਅ) ਪ੍ਰਗਟ ਵਿਧਿ ਵਚਨ ਭਾਸੇ, ਪਰ ਉਸ ਦਾ ਗੁਪਤ ਭਾਵ ਖੰਡਨ ਵਿੱਚ ਹੋਵੇ, ਇਹ ਆਕ੍ਸ਼ੇਪ ਦਾ ਦੂਜਾ ਰੂਪ ਹੈ.

ਉਦਾਹਰਣ-

"ਭੰਗ ਫੀਮ ਮਦਿਰਾ ਛਕੋ ਰਹੋ ਮਸ੍ਤ ਦਿਨ ਰਾਤ,

ਇਨ ਸੇਵਨ ਤੇ ਤੁਰਤ ਹੀ ਨਰ ਵਿਦੇਹ ਹ੍ਵੈਜਾਤ."

ਭਾਵ- ਮਰ ਜਾਂਦਾ ਹੈ। ੪. ਵ੍ਯੰਗ. ਧ੍ਵਨਿ. ਰਮਜ਼.

ਆਖ: ਦੇਖੋ, ਆਂਖ। ੨. ਦੇਖੋ, ਆਖਿ। ੩. ਦੇਖੋ, ਆਖਣਾ.

ਆਂਖ: ਸੰ. ਅਕ੍ਸ਼ਿ. ਸੰਗਯਾ- ਨੇਤ੍ਰ. ਅੱਖ. "ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ." (ਰਾਮਾਵ)

ਆਖਣ, ਆਖਣਾ: ਕ੍ਰਿ- ਆਖ੍ਯਾਨ ਕਰਨਾ. ਕਥਨ ਕਰਨਾ. ਬੋਲਣਾ. ਕਹਿਣਾ. "ਆਖਣ ਵਾਲਾ ਕਿਆ ਵੇਚਾਰਾ"? (ਆਸਾ

ਮਃ ੧)

ਆਖਣਿ: ਸੰਗਯਾ- ਆਖ੍ਯਾਨ. "ਆਖਣਿ ਆਖੈ ਬਕੈ ਸਭੁਕੋਇ." (ਆਸਾ ਮਃ ੩) ਆਖਣ ਨੂੰ. ਵ੍ਯਾਖ੍ਯਾ (ਵਿਆਖਯਾ) ਲਈ. "ਆਖਣਿ ਅਉਖਾ ਸਾਚਾ ਨਾਉ." (ਸੋਦਰੁ)

ਆਖਣੁ: ਕ੍ਰਿ- ਕਹਿਣਾ. ਕਥਨ ਕਰਨਾ. "ਆਖਣੁ ਸੁਣਨਾ ਤੇਰੀ ਬਾਣੀ." (ਭੈਰ ਮਃ ੧) ੨. ਸੰਗਯਾ- ਕਥਨ. ਬਿਆਂਨ.

ਆਖ਼ਤਾ: ਫ਼ਾ. آختہ ਵਿ- ਖੱਸੀ. ਜਿਸ ਦੇ ਅੰਡਕੋਸ਼ (ਫੋਤੇ) ਦੂਰ ਕੀਤੇ ਗਏ ਹਨ. ਆਖ਼ਤਨ ਦਾ ਅਰਥ ਹੈ ਖੈਂਚਨਾ. ਜਿਸ ਦੇ ਫ਼ੋਤੇ ਖਿੱਚੇ ਗਏ ਹਨ, ਸੋ ਆਖ਼ਤਹ.

ਆਖਨ: ਦੇਖੋ, ਆਖਣ। ੨. ਕ੍ਰਿ. ਵਿ- ਪ੍ਰਤਿਕ੍ਸ਼ਣ. ਹਰ ਵੇਲੇ. ਹਰ ਘੜੀ.

ਆਖਯ: ਸੰ. ਆਖ੍ਯਾ. ਸੰਗਯਾ- ਨਾਉਂ. ਨਾਮ. "ਭਵਬੰਧਨ ਕੇ ਆਮ ਕੋ ਆਖਯ ਭੇਖਜ ਚਾਰ." (ਨਾਪ੍ਰ) ਵਾਹਗੁਰੂ ਨਾਮ ਦੇ ਚਾਰ ਅੱਖਰ, ਭਵਬੰਧਨ ਰੂਪ ਆਮਯ (ਰੋਗ) ਨੂੰ ਭੇਖਜ (ਦਵਾ) ਹਨ.

ਆਖਰ: ਸੰ. ਅਕ੍ਸ਼ਰ. ਵਰਣ. ਅੱਖਰ. "ਕੀਨੇ ਰਾਮ ਨਾਮ ਇਕ ਆਖਰ." (ਸੁਖਮਨੀ) ੨. ਅ਼ آخر ਆਖ਼ਿਰ. ਵਿ- ਅੰਤਿਮ. ਪਿਛਲਾ। ੩. ਸੰਗਯਾ- ਅੰਤ. ਸਮਾਪਤਿ। ੪. ਪਰਿਣਾਮ. ਫਲ. ਨਤੀਜਾ.

ਆਖਾਉਣਾ: ਕ੍ਰਿ- ਅਖਾਉਣਾ. ਕਹਾਉਣਾ. "ਪੰਡਿਤ ਆਖਾਏ ਬਹੁਤੀ ਰਾਹੀਂ." (ਵਾਰ ਰਾਮ ੨, ਮਃ ੫)

ਆਖਾਣ: ਸੰ. ਆਖ੍ਯਾਨ. ਸੰਗਯਾ- ਕਥਾ. ਕਹਾਣੀ. ੨. ਕਥਨ. ਵ੍ਯਾਖ੍ਯਾ (ਵਿਆਖਯਾ).

ਆਖਾਰ ਮੰਡਲੀ: ਸੰਗਯਾ- ਰੰਗਭੂਮਿ. ਨਾਟਕ ਖੇਡਣ ਦੀ ਥਾਂ. "ਆਖਾਰ ਮੰਡਲੀ ਧਰਣਿ ਸਬਾਈ." (ਰਾਮ ਮਃ ੫) ੨. ਨਟਾਂ ਦੀ ਟੋਲੀ. ਅਖਾੜੇ ਵਿੱਚ ਨਾਟਕ ਖੇਡਣ ਵਾਲਿਆਂ ਦੀ ਮੰਡਲੀ.

ਆਖਾਰਾ: ਦੇਖੋ, ਅਖਾੜਾ. "ਰਾਸਿਮੰਡਲ ਕੀਨੋ ਆਖਾਰਾ." (ਸੂਹੀ ਪੜਤਾਲ ਮਃ ੫)

ਆਖਾੜ: ਸੰ. ਆਸ਼ਾਢ. ਸੰਗਯਾ- ਹਾੜ੍ਹ ਮਹੀਨਾ. ਜਿਸ ਮਹੀਨੇ ਦੀ ਪੂਰਣਮਾਸੀ ਨੂੰ ਪੂਰਬਾਖਾੜਾ (पूर्वाषाढा ) ਨਕ੍ਸ਼ਤ੍ਰ ਹੋਵੇ.

ਆਖਾੜਾ: ਦੇਖੋ, ਅਖਾੜਾ"ਰਚਨੁ ਕੀਨਾ ਇਕੁ ਆਖਾੜਾ." (ਮਾਰੂ ਸੋਲਹੇ ਮਃ ੫) "ਗੁਰੁਮਤੀ ਸਭਿ ਰਸ ਭੋਗਦਾ ਵਡਾ ਆਖਾੜਾ." (ਵਾਰ ਮਾਰੂ ੨, ਮਃ ੫)

ਆਖਿ: ਸੰਗਯਾ- ਆਸ੍ਯ. ਮੁਖ. ਜਿਸ ਦ੍ਵਾਰਾ ਆਖਿਆ ਜਾਂਦਾ ਹੈ. "ਆਖਣੁ ਆਖਿ ਨ ਰਜਿਆ." (ਵਾਰ ਮਾਝ ਮਃ ੨) ੨. ਵਿ- ਕਥਨ ਯੋਗ੍ਯ. ਆਖਣ ਲਾਇਕ. "ਆਖਿ ਨ ਜਾਪੈ ਆਖਿ." (ਵਾਰ ਸਾਰ ਮਃ ੧) ਕਥਨ ਯੋਗ੍ਯ ਕਰਤਾਰ ਅੱਖੀਂ ਨਹੀਂ ਦਿਸਦਾ। ੪. ਸੰਗਯਾ- ਅਕ੍ਸ਼ਿ. ਅੱਖ. ਦੇਖੋ, ਉਦਾਹਰਣ ੨। ੪. ਕ੍ਰਿ. ਵਿ- ਆਖਕੇ. ਬੋਲਕੇ. "ਮੰਦਾ ਕਿਸੈ ਨ ਆਖਿ ਝਗੜਾ ਪਾਵਣਾ." (ਵਡ ਛੰਤ ਮਃ ੧) ੫. ਦੇਖੋ, ਆਖ੍ਯ.

ਆਖਿਰ: ਅੰਤ ਨੂੰ. ਦੇਖੋ, ਆਖਰ ੨. "ਆਖਿਰ ਬਿਅਫਤਮ." (ਤਿਲੰ ਮਃ ੧)

ਆਖੀ: ਦੇਖੋ, ਆਖਣ। ੨. ਸੰਗਯਾ- ਅਕ੍ਸ਼ਿ. ਅੱਖ. ਨੇਤ੍ਰ। ੩. ਅੱਖੀਂ. ਅੱਖਾਂ ਨਾਲ. "ਦੇਖਿਆ ਗੁਰਮੁਖਿ ਆਖੀ." (ਵਾਰ ਸ੍ਰੀ ਮਃ ੪) "ਗੁਰਮੁਖ ਹੋਵੈ ਤ ਆਖੀ ਸੁਝੈ." (ਮਾਰੂ ਸੋਲਹੇ ਮਃ ੩)

ਆਖੀਫੋਰ: ਸੰਗਯਾ- ਅੱਖ ਫਰਕਣ ਦਾ ਸਮਾ. ਨਿਮੇਸ਼. ਲਮਹਾ. ਕ੍ਸ਼ਣ. ਖਿਨ.

ਆਖੀਫੋਰਿ: ਕ੍ਰਿ. ਵਿ- ਅੱਖ ਦੇ ਫੋਰੇ ਵਿੱਚ. ਨਿਮਖ ਅੰਦਰ. ਕ੍ਸ਼ਣ ਮੇ. "ਉਧਰਸਿ ਆਖੀਫੋਰਿ." (ਗੂਜ ਮਃ ੫)

ਆਖੀਰ: ਦੇਖੋ, ਅਖੀਰ.

ਆਖੁ: ਸੰ. ਸੰਗ੍ਯਾ- ਖੋਦਣ ਵਾਲਾ ਜੀਵ। ੨. ਚੂਹਾ। ੩. ਚਕਚੂੰਧਰ ਸੇਹ ਆਦਿਕ.

ਆਖੁੜਨਾ: ਦੇਖੋ, ਔਖੜਨਾ.

ਆਖੂ, ਆਖੂੰ: ਵਿ- ਕਹਿਣ ਵਾਲਾ. ਆਖਣ ਵਾਲਾ। ੨. ਕਹਿਣ ਲਾਇਕ. ਕਥਨ ਯੋਗ੍ਯ. "ਆਖੂੰ ਆਖਾਂ ਸਦਾ ਸਦਾ." (ਵਾਰ ਸਾਰ ਮਃ ੧) ੩. ਦੇਖੋ, ਆਖੁ.

ਆਖੂਟ, ਆਖੂਟਾ: ਦੇਖੋ, ਅਖੁਟ. "ਬਹੁਤ ਖਜਾਨੇ ਮੇਰੇ ਪਾਲੈ ਪਰਿਆ ਅਮੋਲ ਲਾਲ ਆਖੂਟਾ." (ਸਾਰ ਮਃ ੫)

ਆਖੇਟ, ਆਖੇਟਕ: ਸੰ. ਸੰਗ੍ਯਾ- ਸ਼ਿਕਾਰ, ਮ੍ਰਿਗਯਾ. ਅਹੇਰ.

ਆਖੇਟੀ: ਸੰ. ਕ੍ਰਾਖੇਟਿਨ੍. ਵਿ- ਸ਼ਿਕਾਰੀ. ਅਹੇਰੀ. ਮ੍ਰਿਗਯਾ ਕਰਨ ਵਾਲਾ.

ਆਖੇਪ: ਦੇਖੋ, ਆਕ੍ਸ਼ੇਪ.

ਆਖੇਰ, ਆਖੇਰ ਬਿਰਤਿ, ਆਖੇੜ, ਆਖੇੜ ਬਿਰਿਤ: ਦੇਖੋ, ਆਖੇਟ. ਸੰਗ੍ਯਾ- ਆਖੇਟ (ਸ਼ਿਕਾਰ) ਕਰਕੇ ਉਪਜੀਵਨ. ਸ਼ਿਕਾਰ ਦਾ ਪੇਸ਼ਾ। ੨. ਸ਼ਿਕਾਰ ਖੇਡਣ ਦਾ ਅਭ੍ਯਾਸ. ਸ਼ਿਕਾਰ ਦਾ ਸ਼ੌਕ. "ਆਖੇਰ ਬਿਰਤਿ ਬਾਹਰਿ ਆਇਓ ਧਾਇ." (ਭੈਰ ਮਃ ੫) "ਆਖੇੜ ਬਿਰਤਿ ਰਾਜਨ ਕੀ ਲੀਲਾ." (ਗਉ ਮਃ ੫)

ਆਖੈ: ਨਾਮ. ਦੇਖੋ, ਆਖ੍ਯ. "ਨਾਨਕ ਆਖੈ ਗੁਰੁ ਕੋ ਕਹੈ." (ਵਾਰ ਰਾਮ ੧, ਮਃ ੧) ਅਤੇ- "ਵਾਜੈ ਪਵਣੁ ਆਖੈ ਸਭ ਜਾਇ." (ਧਨਾ ਮਃ ੧) ਪੌਣ ਕੰਠ ਤਾਲੂ ਆਦਿ ਅਸਥਾਨਾਂ ਵਿੱਚ ਵੱਜਕੇ ਨਾਮ ਬੋਧਨ ਕਰਦੀ ਹੈ.

ਆਖੰਡਲ: ਦੇਖੋ, ਅਖੰਡਲ ੨.

ਆਖ੍ਯ: ਸੰ. ਆਖ੍ਯਾ. ਨਾਉਂ. ਇਸਮ. ਨਾਮ. ਸੰਗ੍ਯਾ। ੨. ਨੇਕਨਾਮੀ. ਕੀਰਤਿ. ਜਸ.

ਆਖ੍ਯਰ: ਅਕ੍ਸ਼ਰ. ਦੇਖੋ, ਅਖਰ. "ਕੀਨੇ ਰਾਮ ਨਾਮ ਇਕ ਆਖ੍ਯਰ." (ਸੁਖਮਨੀ)

ਆਖ੍ਯਾ: ਦੇਖੋ ਆਖ੍ਯ.

ਆਖ੍ਯਾਇਕਾ: ਸੰ. ਆਖ੍ਯਾਯਿਕਾ. ਸੰਗ੍ਯਾ- ਕਥਾ. ਕਹਾਣੀ. ਕਿੱਸਾ.

ਆਖ੍ਯਾਨ: ਸੰ. ਸੰਗ੍ਯਾ- ਕਥਾ. ਕਿੱਸਾ। ੨. ਇਤਿਹਾਸ.

ਆਖ੍ਵੂੰਦ: ਦੇਖੋ, ਅਖ੍ਵਾਂਦ.

ਆਗ: ਸੰਗ੍ਯਾ- ਕਮਾਦ, ਜੁੱਵਾਰ ਆਦਿ ਦੇ ਗੰਨੇ ਦਾ ਅਗ੍ਰ ਭਾਗ। ੨. ਅੱਗ. ਅਗਨਿ. "ਆਗ ਲਗਉ ਤਿਹ ਧਉਲਹਰਿ ਜਿਹ ਨਾਹੀ ਹਰਿ ਕੋ ਨਾਉ." (ਸ. ਕਬੀਰ). ੩. ਆਗ੍ਯਾ. ਹੁਕਮ. ਦੇਖੋ, ਆਗਿ। ੪. ਕ੍ਰਿ. ਵਿ- ਅੱਗੇ. ਮੁਹਿਰੇ. "ਪੌਨ ਕੇ ਗੌਨ ਤੇ ਆਗ ਚਲ੍ਯੋ." (ਕ੍ਰਿਸਨਾਵ) ੫. ਸੰ. ਸੰਗ੍ਯਾ- ਅਪਰਾਧ. ਗੁਨਾਹ.

ਆਗਸ੍ਤ: ਦੇਖੋ, ਅਗਸ੍ਤ। ੨. ਸੰ. ਆਗਸ੍ਤ੍ਯ. ਵਿ- ਅਗਸ੍ਤ੍ਯ ਮੁਨਿ ਨਾਲ ਹੈ ਜਿਸ ਦਾ ਸੰਬੰਧ। ੩. ਅਗਸ੍ਤ ਦੇ ਗੋਤ ਦਾ। ੪. ਸੰਗ੍ਯਾ- ਦੱਖਣ ਦਿਸ਼ਾ.

ਆਗਹ: ਸੰ. ਆਗ੍ਰਹ. ਸੰਗ੍ਯਾ- ਹਠ. ਜਿਦ। ੨. ਕ੍ਰਿ. ਵਿ- ਆਗੇ. ਮੁਹਿਰੇ. ਪਹਿਲੇ। ੩. ਵਿ- ਦੂਜਾ. ਦੂਸਰਾ. "ਦੋਸ ਦੇਤ ਆਗਹ ਕਉ ਅੰਧਾ." (ਬਾਵਨ)

ਆਗਜ: ਦੇਖੋ, ਆਗਾਜ। ੨. ਸੰ. ਅਗ੍ਰਜ. ਸੰਗ੍ਯਾ- ਵਡਾ ਭਾਈ। ੩. ਮੁੱਖ ਅਧਿਕਾਰੀ. ਮੁਖੀਆ। ੪. ਬ੍ਰਾਹਮਣ.

ਆਗਤ: ਸੰ. ਵਿ- ਆਇਆ ਹੋਇਆ। ੨. ਸੰਗ੍ਯਾ- ਪਰਾਹੁਣਾ. ਅਤਿਥਿ.

ਆਗਨ: ਦੇਖੋ, ਅਗਨਿ। ੨. ਦੇਖੋ, ਅਗਣਿਤ। ੩. ਦੇਖੋ, ਆਂਗਨ.

ਆਂਗਨ: ਸੰ. अङ्गण- ਅੰਗਣ. ਵੇਹੜਾ. ਸਹਿਨ.

ਆਗਨਤ, ਆਗਨਤਾ: ਵਿ- ਅਗਣਿਤ. ਬੇਸ਼ੁਮਾਰ. "ਪਾਰਬ੍ਰਹਮ ਐਸੋ ਆਗਨਤਾ." (ਬਾਵਨ)

ਆਗਨਿ, ਆਂਗਨਿ: ਅੰਗਣ (ਵੇੜ੍ਹੇ) ਵਿੱਚ. "ਸੋਭਾ ਮੇਰੈ ਆਗਨਿ." (ਬਿਲਾ ਮਃ ੫) "ਆਗਿਨ ਸੁਖ ਬਾਸਨਾ." (ਫੁਨਹੇ ਮਃ ੫) ਅੰਗਣ ਵਿੱਚ ਸੁਖ ਸਾਥ ਵਸਣਾ. "ਘਰਿ ਆਂਗਨਿ ਨ ਸੁਖਾਈ." (ਸ੍ਰੀ ਬੇਣੀ) ੨. ਦੇਖੋ, ਅਗਨਿ.

ਆਗਨੇਤਾ: ਬੇਸ਼ੁਮਾਰ. ਦੇਖੋ, ਆਗਨਤ। ੨. ਅੱਗ ਲੈ ਜਾਣ ਵਾਲਾ.

ਆਗਮ: ਸੰ. ਸੰਗਯਾ- ਆਮਦ. ਅਵਾਈ. "ਮਨ ਚਾਉ ਭਇਆ ਪ੍ਰਭੁ ਆਗਮ ਸੁਣਿਆ." (ਅਨੰਦੁ) ੨. ਭਵਿਸ਼੍ਯ. ਕਾਲ. ਆਉਣ ਵਾਲਾ ਸਮਾਂ. "ਅਗੂਆ ਜਨੁ ਆਗਮ ਕਾਨ੍ਹ ਜਨਾਏ" (ਕ੍ਰਿਸਨਾਵ) ੩. ਵੇਦ। ੪. ਸ਼ਾਸਤ੍ਰ। ੫. ਤੰਤ੍ਰ ਸ਼ਾਸਤ੍ਰ. ਜਿਸ ਵਿੱਚ ਸੱਤ ਅੰਗ ਹੋਣ- ਉਤਪੱਤਿ, ਪ੍ਰਲੈ, ਦੇਵਪੂਜਨ, ਮੰਤ੍ਰਸਾਧਨ, ਪੁਰਸ਼੍ਚਰਣ, ਖਟ ਕਰਮਾਂ ਦੇ ਸਾਧਨ ਅਤੇ ਧ੍ਯਾਨ. "ਆਗਮ ਨਿਗਮ ਕਹੈ ਜਨੁ ਨਾਨਕ ਸਭ ਦੇਖੈ ਲੋਕੁ ਸਬਾਇਆ." (ਟੋਢੀ ਮਃ ੫)

ਆਗਮਨ: ਸੰ. ਸੰਗਯਾ- ਆਮਦ. ਅਵਾਈ. ਆਉਣਾ। ੨. ਲਾਭ. ਮੁਨਾਫ਼ਾ.

ਆਗਮਾਪਾਈ, ਆਗਮਾਪਾਯੀ: आगमापायिन. ਵਿ- ਆਉਣ ਜਾਣ ਵਾਲਾ। ੨. ਉਪਜਨ ਵਿਨਸਨਹਾਰ. ਅਨਿੱਤ.

ਆਗ ਯੰਤ੍ਰ: ਡਿੰਗ. ਸੰਗਯਾ- ਅਗਨਿਯੰਤ੍ਰ. ਤੋਪ ਬੰਦੂਕ ਆਦਿ ਸ਼ਸਤ੍ਰ.

ਆਗਰ: ਸੰਗਯਾ- ਆਕਰ. ਖਾਨਿ. ਦੇਖੋ, ਰਤਨਾਗਰ। ੨. ਅਗ੍ਰ. ਕ੍ਰਿ. ਵਿ- ਪਹਿਲਾਂ. ਅੱਗੇ. "ਸ਼ਬਦ ਤਰੰਗ ਪ੍ਰਗਟਤ ਦਿਨ ਆਗਰ." (ਸਵੈਯੇ ਮਃ ੪. ਕੇ) ਦਿਨ ਚੜ੍ਹਨ ਤੋਂ ਪਹਿਲਾਂ ਕੀਰਤਨ ਦੀ ਲਹਿਰ ਉਠਦੀ ਹੈ। ੩. ਅਗ੍ਰਜ. ਵਿ- ਮੁਖੀਆ. ਪ੍ਰਧਾਨ. "ਚਾਰਿ ਚਰਨ ਕਹਹਿ ਬਹੁ ਆਗਰ." (ਗਉ ਕਬੀਰ) ੪. ਸੰ. ਸੰਗਯਾ- ਅਮਾਵਸ੍ਯਾ. ਮੌਸ.

ਆਗਰਾ: ਯੂ. ਪੀ. ਵਿੱਚ ਜਮਨਾ ਦੇ ਕਿਨਾਰੇ ਇੱਕ ਨਗਰ, ਜਿਸ ਨੂੰ ਬਾਦਸ਼ਾਹ ਸਿਕੰਦਰ ਲੋਦੀ ਨੇ ਸਭ ਤੋਂ ਪਹਿਲਾਂ ਰਾਜਧਾਨੀ ਬਣਾਇਆ. ਉਸ ਨੇ ਯਮਨਾ ਦੇ ਕਿਨਾਰੇ "ਬਦਲਗੜ੍ਹ" ਨਾਮਕ ਕਿਲਾ ਰਚਿਆ. ਫੇਰ ਅਕਬਰ ਬਾਦਸ਼ਾਹ ਨੇ ਉਸੇ ਥਾਂ ਲਾਲ ਪੱਥਰ ਦਾ ਵਡਾ ਸੁੰਦਰ ਅਤੇ ਪੱਕਾ ਕਿਲਾ, ਕਾਸਿਮ ਖਾਨ ਮੀਰ ਬਹਰ ਦੀ ਮਾਰਫਤ ੩੬ ਲੱਖ ਰੁਪਯਾ ਖਰਚਕੇ ਤਿਆਰ ਕਰਵਾਇਆ.

ਅਕਬਰ ਨੇ ਇਸ ਸ਼ਹਿਰ ਨੂੰ ਵਡੀ ਰੌਨਕ ਦਿੱਤੀ ਅਤੇ ਨਾਉਂ "ਅਕਬਰਾਬਾਦ" ਰੱਖਿਆ. ਦੇਖੋ, ਅਕਬਰ ਅਤੇ ਸ਼ਾਹ ਜਹਾਂ.

ਇਸ ਸ਼ਹਿਰ ਮਾਈਥਾਨ ਮਹੱਲੇ ਵਿੱਚ ਅਤੇ ਬਾਹਰ ਇੱਕ ਬਾਗ ਵਿੱਚ ਨੌਮੇ ਸਤਿਗੁਰੂ ਦੇ ਪਵਿਤ੍ਰ ਗੁਰੁਦ੍ਵਾਰੇ ਹਨ. ਬਾਗ ਵਿੱਚ ਦਸ਼ਮੇਸ਼ ਜੀ ਦਾ ਭੀ ਇੱਕ ਪਵਿਤ੍ਰ ਅਸਥਾਨ ਹੈ. ਗੁਰੁਪ੍ਰਤਾਪ ਸੂਰਯ ਅਨੁਸਾਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਭੀ ਬਾਦਸ਼ਾਹ ਜਹਾਂਗੀਰ ਨਾਲ ਇਸ ਸ਼ਹਿਰ ਵਿੱਚ ਪਧਾਰੇ ਹਨ.

ਆਗਲ: ਵਿ- ਅਗਲਾ. ਮੁਖੀਆ। ੨. ਅਧਿਕ. ਬਹੁਤ. "ਸੁਖ ਮਾਂਗਤ ਦੁਖ ਆਗਲ ਹੋਇ." (ਗਉ ਅਃ ਮਃ ੧) ੩. ਕ੍ਰਿ. ਵਿ- ਸਾਮ੍ਹਣੇ. ਅੱਗੇ। ੪. ਸੰਗਯਾ- ਪਰਲੋਕ. ਅਗੰਤ. "ਬਹੁਤ ਸਿਆਣਪ ਆਗਲ ਭਾਰਾ." (ਗਉ ਮਃ ੫)

ਆਗਲੜਾ: ਵਿ- ਪੂਰਬ ਕਾਲ ਦਾ. ਪਹਿਲੇ ਸਮੇਂ ਦਾ. "ਮਾਇਆਮੋਹ ਮਨਿ ਆਗਲੜਾ ਪ੍ਰਾਣੀ." (ਸ੍ਰੀ ਤ੍ਰਿਲੋਚਨ)

ਆਗਲੜੇ: ਆਗਲੜਾ ਦਾ ਬਹੁ ਵਚਨ। ੨. ਕ੍ਰਿ. ਵਿ- ਸਾਮ੍ਹਣੇ. ਸਨਮੁਖ. "ਤਿਨਿ ਆਗਲੜੇ ਮੈ ਰਹਿਣ ਨ ਜਾਇ." (ਸ੍ਰੀ ਤਿਰਲੋਚਨ)

ਆਗਵਨ: ਦੇਖੋ, ਆਗਮਨ.

**ਆਗ ਵਮਨੀ:** ਸੰਗਜਾ- ਅੱਗ ਉਗਲਨ ਵਾਲੀ ਤੋਪ ਅਤੇ ਬੰਦੂਕ. (ਸਨਾਮਾ)

**ਆਗਾ:** ਸੰਗਜਾ- ਅਗਲਾ ਭਾਗ. ਅਗਲਾ ਹਿੱਸਾ। ੨. ਮੱਥਾ। ੩. ਛਾਤੀ। ੪. ਸੰ. ਵਿ- ਸਮੀਪੀ. ਨਜ਼ਦੀਕੀ। ੫. ਭਵਿਸ਼ਜ. ਆਉਣ ਵਾਲਾ ਸਮਾਂ। ੬. ਪਰਲੋਕ. "ਆਗਾ ਅਪਨ ਸੁਧਾਰਨ ਕਾਰਨ." (ਗੁਪ੍ਰਸੂ) ੭. ਫਲ ਨਤੀਜਾ। ੮. ਤੁ. آغا ਆਗ਼ਾ. ਮਾਲਿਕ. ਸ੍ਵਾਮੀ. ਇਹ ਆਕ਼ਾ ਦਾ ਹੀ ਰੂਪਾਂਤਰ ਹੈ.

**ਆਗਾਸ, ਆਗਾਸੁ:** ਦੇਖੋ, ਆਕਾਸ. "ਲਖ ਆਗਾਸਾ ਆਗਾਸ." (ਜਪੁ)

**ਆਗਾਹ:** ਵਿ- ਅਗਾਧ। ੨. ਫ਼ਾ. آگاہ ਵਾਕਿਫ. ਖ਼ਬਰਦਾਰ. ਭੇਤੀ. "ਗਰਬ ਜਿਨਾ ਵਡਿਆਈਆ ਧਨ ਜੋਬਨ ਆਗਾਹ." (ਸ. ਫਰੀਦ)

**ਆਗਾਹਾ:** ਅੱਗੇ ਵੱਲ. ਅਗਲੇ ਪਾਸੇ. "ਆਗਾਹਾ ਕੂ ਤ੍ਰਾਂਘ ਪਿਛਾ ਫੇਰ ਨ ਮੁਹਡੜਾ." (ਮਾਰੂ ਵਾਰ ੨, ਮਃ ੫)

**ਆਗਾਹੀ:** ਫ਼ਾ. آگاہی ਸੰਗਜਾ ਵਾਕਫੀਅਤ. ਜਾਣਨਾ. ਖ਼ਬਰਦਾਰੀ.

**ਆਗਾਜ, ਆਗਾਜਾ:** ਫ਼ਾ. آغاز ਆਗ਼ਾਜ਼. ਸੰਗਜਾ- ਆਰੰਭ. ਸ਼ੁਰੂ। ੨. ਉਤਪੱਤਿ. "ਜਿਹਵਾ ਧੁਨਿ ਆਗਾਜਾ." (ਰਾਮ ਮਃ ੫)

**ਆਗਾਮੀ:** ਸੰ. आगामिन्. ਵਿ- ਆਉਣ ਵਾਲਾ। ੨. ਆਉਣ ਵਾਲਾ ਸਮਾਂ.

**ਆਗਾਰ:** ਸੰ. ਸੰਗਜਾ- ਘਰ. ਰਹਿਣ ਦੀ ਥਾਂ। ੨. ਭੰਡਾਰ। ੩. ਖ਼ਜ਼ਾਨਾ.

**ਆਗਿ:** ਸੰਗਜਾ- ਅਗਨਿ. ਅੱਗ. "ਆਗਿ ਲਗਾਇ ਮੰਦਰ ਮਹਿ ਸੋਵਹਿ." (ਗਉ ਕਬੀਰ) ੩. ਸੰ. आज्ञा- ਆਗਜਾ. ਹੁਕਮ. ਦੇਖੋ, ਆਗਿਜ। ੩. ਅਗਜਤਾ. ਅਗਜਾਨਤਾ. "ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ." (ਸੂਹੀ ਅਃ ਮਃ ੧)

**ਆਗਿਓ, ਆਗਿਆ:** ਸੰ. आज्ञा- ਆਗਜਾ. . ਹੁਕਮ. ਆਦੇਸ਼. "ਮਾਨ ਗੋਬਿੰਦੈ ਆਗਿਓ." (ਗਉ ਮਃ ੫) "ਆਗਿਆ ਮਾਨਿ ਭਗਤਿ ਹੋਇ ਤੁਮਾਰੀ." (ਆਸਾ ਮਃ ੫)

**ਆਗਿਆਕਾਰੀ:** ਸੰ. आज्ञाकारिन्. ਵਿ-. ਹੁਕਮ ਮੰਨਣ ਵਾਲਾ. ਆਗਜਾ ਪਾਲਨ ਕਰਤਾ. "ਆਗਿਆਕਾਰੀ ਸਦਾ ਸੁਹਾਗਣਿ." (ਵਾਰ ਸੂਹੀ ਮਃ ੩)

**ਆਂਗਿਰਸ:** आङ्गिरस. ਵਿ- ਅੰਗਿਰਾ ਰਿਖੀ ਦੀ ਵੰਸ਼ ਵਿੱਚ ਹੋਣ ਵਾਲਾ. "ਅੰਗਿਰਾਵੰਸ਼ੀ। ੨. ਸੰਗਜਾ- ਵ੍ਰਿਹਸਪਤਿ. ਦੇਵਗੁਰੂ.

**ਆਗੀ:** ਸੰਗਜਾ- ਅਗਨਿ. ਅੱਗ. "ਦੇਖਿ ਨਿਵਾਰਿਆ ਜਲ ਮਹਿ ਆਗੀ." (ਪ੍ਰਭਾ ਅਃ ਮਃ ੧) ਸਤੋ ਗੁਣ ਵਿੱਚ ਤਮੋ ਗੁਣ ਲੈ ਕੀਤਾ.

**ਆਂਗੁਰੀ:** ਸੰ. अङ्गुली- ਅੰਗੁਲੀ. ਸੰਗਜਾ- ਉਂਗਲ.

**ਆਗੂ:** ਵਿ- ਮੁਖੀਆ. ਪੇਸ਼ਵਾ। ੨. ਰਾਹਬਰ. ਬਦਰੱਕਾ. "ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ?" (ਸੂਹੀ ਛੰਤ ਮਃ ੧) ੩. ਸੰ. ਸੰਗਜਾ- ਪ੍ਰਤਿਗਜਾ. ਪ੍ਰਣ. ਇਕਰਾਰ.

**ਆਗੇ, ਆਗੈ:** ਕ੍ਰਿ. ਵਿ- ਸਾਮ੍ਹਣੇ. ਅੱਗੇ। ੨. ਇਸ ਪਿੱਛੋਂ. "ਆਗੈ ਘਾਮ ਪਿਛੈ ਰੁਤਿ ਜਾਡਾ." (ਤੁਖਾ ਬਾਰਹਮਾਹਾ ਮਃ ੧) ੩. ਭਵਿਸ਼ਜ ਕਾਲ. "ਆਗੈ ਦਯੁ ਪਾਛੈ ਨਾਰਾਇਣੁ." (ਭੈਰ ਮਃ ੫) ਆਉਣ ਵਾਲੇ ਅਤੇ ਭੂਤ ਕਾਲ ਵਿੱਚ ਕਰਤਾਰ ਹੈ.

**ਆਗੈ ਪਾਛੈ:** ਕ੍ਰਿ. ਵਿ- ਅੱਗੇ ਪਿੱਛੇ। ੨. ਇਸ ਲੋਕ ਅਤੇ ਪਰਲੋਕ ਵਿੱਚ. "ਆਗੈ ਪਾਛੈ ਮੰਦੀ ਸੋਇ." (ਗਉ ਮਃ ੫)

**ਆਗੰਜ:** ਦੇਖੋ, ਅਗੰਜ.

ਆਗੰਜਤ: ਵਿ- ਗੰਜਨ ਰਹਿਤ. ਅਵਿਨਾਸ਼ੀ. ਅਗੰਜਿਤ. "ਆਗੰਜਤ ਪਾਗਾ." (ਰਾਮ ਵਾਰ ੨. ਮਃ ੫)

ਆਗੰਤੁਕ: ਸੰ. ਵਿ- ਆਉਣ ਵਾਲਾ। ੨. ਸੰਗਯਾ- ਪਰਾਹੁਣਾ. ਅਭਯਾਗਤ. ਅਤਿਥਿ.

ਆਗਯਾ: ਦੇਖੋ, ਆਗਿਆ.

ਆਗਯਾਕਾਰੀ, ਆਗਯਾਪਾਲਕ: ਦੇਖੋ, ਆਗਿਆਕਾਰੀ.

ਆਗਿਯ: ਆਗਯਾ ਨਾਲ. ਆਗਯਾ (ਆਗ੍ਯਾ) ਸੇ. "ਮੈ ਸੁਖ ਪਾਇਓ ਗੁਰਆਗਿਯ." (ਜੈਤ ਮਃ ੫)

ਆਗ੍ਰਹ: ਸੰ. ਸੰਗਯਾ- ਹਠ. ਜਿਦ। ੨. ਹੌਸਲਾ. ਹਿੰਮਤ। ੩. ਆਸ਼੍ਰਮ. ਠਿਕਾਣਾ। ੪. ਕ੍ਰਿਪਾ। ੫. ਗਿਰਫ਼ਤਾਰੀ. ਪਕੜ। ੪. ਆਕ੍ਰਮਣ. ਹੱਲਾ.

ਆਗ੍ਰਹੀ: ਸੰ. ਆਗ੍ਰਹਿਨ. ਵਿ- ਹਠੀ. ਜਿੱਦੀ. . ਆਗ੍ਰਹ ਕਰਨ ਵਾਲਾ. ਦੇਖੋ, ਆਗ੍ਰਹ.

ਆਘ: ਦੇਖੋ, ਅਘ। ੨. ਸੰ. ਅਘੰ. ਸੰਗਯਾ- ਮੁੱਲ. ਕੀਮਤ. ਨਿਰਖ਼. ਭਾਉ. "ਤਾਂਬਾ ਸੁਵਰਨ ਸੰਗ ਤੇ ਸੁਵਰਨ ਆਘ ਬਿਕਾਇ." (ਅਲੰਕਾਰ ਸਾਗਰ ਸੁਧਾ)

ਆਘਾਉਨਾ: ਦੇਖੋ, ਅਘਾਉਣਾ. "ਜਿਨੀ ਚਾਖਿਆ ਪ੍ਰੇਮਰਸ ਸੇ ਤ੍ਰਿਪਤ ਰਹੇ ਆਘਾਇ." (ਬਾਰਹਮਾਹਾ ਮਾਝ) ਆਘ੍ਰਾਣ (ਨੱਕਤੀਕ) ਰੱਜ ਗਏ "ਆਘਾਏ ਸੰਤਾ." (ਮਾਰੂ ਮਃ ੫)

ਆਘਾਇਆ: ਵਿ- ਆਘ੍ਰਾਣ. ਰੱਜਿਆ. ਅਘਾਇਆ. ਤ੍ਰਿਪਤ ਹੋਇਆ. ਨੱਕ ਤੀਕ ਭਰਿਆ.

ਆਘਾਤ: ਸੰ. ਸੰਗਯਾ- ਵਾਰ. ਪ੍ਰਹਾਰ। ੨. ਸੱਟ. ਠੋਕਰ. ਧੱਕਾ. "ਕਰੈਂ ਬਾਹੁ ਆਘਾਤ ਸਸਤ੍ਰੰ ਪ੍ਰਹਾਰੰ." (ਵਿਚਿਤ੍ਰ) ੩. ਕ਼ਤਲਗਾਹ. ਮਾਰਣ ਦਾ ਅਸਥਾਨ. ਬੁੱਚੜਖਾਨਾ.

ਆਘਾਨਾ: ਦੇਖੋ, ਅਘਾਉਣਾ। ੨. ਵਿ- ਅਘਾਇਆ. ਤ੍ਰਿਪਤ ਹੋਇਆ. "ਹਰਿ ਪੀ ਆਘਾਨੇ." (ਸ੍ਰੀ ਛੰਤ ਮਃ ੫)

ਆਘਾਵਨ: ਦੇਖੋ, ਅਘਾਉਣਾ. "ਨਾਮ ਜਪਤ ਆਘਾਵੈ." (ਸੁਖਮਨੀ)

ਆਘੀਜਾ: ਦੇਖੋ, ਅਘੀਜਾ. "ਤ੍ਰਿਪਤ ਰਹੇ ਆਘੀਜਾ ਹੇ." (ਮਾਰੂ ਸੋਲਹੇ ਮਃ ੫)

ਆਘੁਲਨਾ: ਦੇਖੋ, ਅਘੁਲਨਾ.

ਆਘੂ, ਆਘੇ: ਸਿੰਧੀ. ਕ੍ਰਿ. ਵਿ- ਅੱਗੇ. ਸਨਮੁਖ. "ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੇ ਸਲਵੇ। ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ." (ਵਾਰ ਮਾਰੂ ੨, ਮਃ ੫) ਤੂੰ ਕੱਚੇ (ਅਸਤਯ) ਪਦਾਰਥਾਂ ਨੂੰ, ਜੋ ਵੈਦਿਓ (ਚਲੇ ਜਾਣ ਵਾਲੇ) ਹਨ, ਸੱਚ ਜਾਣਦਾ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਅੱਗੇ ਹੀ ਅੱਗੇ ਸਲਵੇ (ਜਾਂਦਾ ਹੈਂ), ਇਹ ਅੱਗ ਵਿੱਚ ਨੈਣੂ (ਮੱਖਣ) ਅਤੇ ਪਬਣਿ (ਪਦਮਨਿ- ਨੀਲੋਫਰ) ਵਾਂਙ ਜਾਣ ਵਾਲੇ (ਬਿਨਸਨਹਾਰ) ਹਨ.

ਆਘੋਰ: ਦੇਖੋ, ਅਘੋਰ। ੨. ਵਿ- ਮਹਾਂ ਭਯੰਕਰ. ਬਹੁਤ ਡਰਾਵਣਾ. "ਪਰਮ ਆਘੋਰ ਰੂਪ ਤਿਹ." (ਪਾਰਸਾਵ)

ਆਘ੍ਰਣ, ਆਘ੍ਰਾਣ: ਸੰ. ਆਘ੍ਰਾਣ. ਸੰਗਯਾ- ਸੁੰਘਣਾ. ਗੰਧ (ਵਾਸਨਾ) ਲੈਣ ਦੀ ਕ੍ਰਿਯਾ। ੨. ਵਿ- ਤ੍ਰਿਪਤ. ਨੱਕ ਤੀਕ ਰੱਜਿਆ. ਅਘਾਇਆ.

ਆਂਙਣ: ਦੇਖੋ, ਆਂਗਨ ਅਤੇ ਅੰਗਣ.

ਆਂਙਣਿ: ਅੰਗਨ (ਵੇਹੜੇ) ਵਿੱਚ. ਆਂਗਨ ਮੇਂ. "ਪਿਰ ਬਾਝੜਿਅਹੁ, ਮੇਰੇ ਪਿਆਰੇ! ਆਙਣਿ ਧੂੜਿ ਲੁਤੇ." (ਆਸਾ ਛੰਤ ਮਃ ੪) ਦੇਖੋ, ਲੁਤੇ.

**ਆਚ, ਆਂਚ:** ਸੰ. ਅਚਿੰ. ਸੰਗਯਾ- ਅੱਗ ਦੀ ਲਾਟ। ੨. ਸੇਕ. ਤਾਉ. "ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀਂ." (ਆਸਾ ਛੰਤ ਮਃ ੫) "ਆਂਚ ਨ ਲਾਗੈ ਅਗਨਿਸਾਗਰ ਤੇ." (ਦੇਵ ਮਃ ੫)

**ਆਚਨ:** ਕ੍ਰਿ- ਆਚਮਨ ਕਰਨਾ. ਪੀਣਾ. ਖਾਜਾਣਾ. "ਰਕਤਾਸੁਰ ਆਚਨ." (ਅਕਾਲ) ਦੇਖੋ, ਆਚਮਨ.

**ਆਚਪ੍ਰਭਵ:** ਡਿੰਗ. ਸੰਗਯਾ- ਅਚਿੰ (ਅੱਗ) ਤੋਂ ਪੈਦਾ ਹੋਈ ਰਾਜਪੂਤ ਵੰਸ਼. ਅਗਨਿਕੁਲ. ਦੇਖੋ, ਰਾਜਪੂਤ.

**ਆਚਮਨ:** ਸੰ. ਆ- ਚਮ (ਚਮ ਧਾ- ਖਾਣਾ). ਸੰਗਯਾ- ਜਲ ਪੀਣਾ. ਪਾਨ ਕਰਨਾ। ੨. ਜਪ ਤੋਂ ਪਹਿਲਾਂ ਮੂੰਹ ਦੀ ਸ਼ੁੱਧੀ ਲਈ ਜਲ ਪੀਣਾ. ਗੋਤਮ ਸਿਮ੍ਰਿਤੀ ਵਿੱਚ ਇਸ ਦਾ ਪ੍ਰਮਾਣ ਪੰਦਰਾਂ ਬੂੰਦਾਂ ਹੈ। ੩. ਭਕ੍ਸ਼ਣ ਕਰਨਾ. ਖਾਣਾ.

**ਆਚਮਾਨ:** ਦੇਖੋ, ਆਚਮਨ.

**ਆਂਚਰ:** ਦੇਖੋ, ਅੰਚਲ.

**ਆਚਰਜ, ਆਚਰਜੁ:** ਦੇਖੋ, ਅਚਰਜ. "ਆਚਰਜ ਸੁਆਮੀ ਅੰਤਰਜਾਮੀ." (ਮਲਾ ਛੰਤ ਮਃ ੫) "ਆਚਰਜੁ ਡੀਠਾ ਅਮਿਉ ਵੂਠਾ." (ਆਸਾ ਮਃ ੫)

**ਆਚਰਣ:** ਸੰ. ਸੰਗਯਾ- ਚਾਲਚਲਨ। ੨. ਵ੍ਯਵਹਾਰ (ਬਿਉਹਾਰ). "ਜਦਿ ਬਿਧਿ ਆਚਰਣੰ." (ਗੂਜ ਜੈਦੇਵ) ੩. ਚਿੰਨ੍ਹ. ਲੱਛਣ.

**ਆਚਰਣੀ:** ਦੇਖੋ, ਆਚਰਣੀਯ। ੨. ਵਿ- ਜੜ੍ਹ ਰੂਪਾ. ਜੋ ਚਲ ਫਿਰ ਨਾ ਸਕੇ. "ਚਰੀ ਆਚਰਣੀ." (ਕ੍ਰਿਸਨਾਵ)

**ਆਚਰਣੀਯ:** ਸੰ. ਵਿ- ਆਚਾਰ ਯੋਗ੍ਯ. ਬਿਉਹਾਰ ਲਾਇਕ. ਕਰਣ ਯੋਗ੍ਯ.

**ਆਚਰਿਆ, ਆਚਰਿਤ, ਆਚਰੀ:** ਸੰ. ਆਚਰਿਤ. ਵਿ- ਬਿਉਹਾਰ ਵਿੱਚ ਲਿਆਂਦਾ. ਕੀਤਾ ਹੋਇਆ. ਅ਼ਮਲ ਵਿੱਚ ਲਿਆਂਦਾ.

**ਆਂਚਲ:** ਦੇਖੋ, ਅੰਚਲ.

**ਆਚਾ:** ਦੇਖੋ, ਭੂਮੀਆਚਾ.

**ਆਚਾਰ:** ਦੇਖੋ, ਅਚਾਰ. "ਗਾਵੈ ਕੋ ਗੁਣ ਵਡਿਆਈ ਆਚਾਰ." (ਜਪੁ)

**ਆਚਾਰਜ, ਆਚਾਰਯ:** ਸੰ. ਆਚਾਯੰਯ. ਸੰਗਯਾ- ਗੁਰੂ. ਧਰਮ ਦਾ ਉਪਦੇਸ਼ ਦਾਤਾ। ੨. ਵਿਦ੍ਯਾਗੁਰੂ। ੩. ਬ੍ਰਾਹਮਣਾਂ ਦੀ ਇੱਕ ਜਾਤੀ, ਜੋ ਮੁਰਦਿਆਂ ਦਾ ਧਾਨ ਲੈਕੇ ਗੁਜ਼ਾਰਾ ਕਰਦੀ ਹੈ, ਅਤੇ ਮੁਰਦਿਆਂ ਨਾਲ ਪਿੰਡ ਦੀਵਾ ਆਦਿ ਲੈ ਕੇ ਸ਼ਮਸ਼ਾਨ ਵਿੱਚ ਜਾਂਦੀ ਹੈ. ਲੋਕ ਪ੍ਰਸਿੱਧ ਇਸ ਦਾ ਨਾਉਂ "ਮਹਾ ਬ੍ਰਾਹਮਣ" ਭੀ ਹੈ.

**ਆਚਾਰੀ:** ਸੰ. ਆਚਾਰਿਨ੍. ਵਿ- ਅ਼ਾਮਿਲ. ਕਰਮ ਨੂੰ ਵਰਤੋਂ ਵਿੱਚ ਲਿਆਉਣ ਵਾਲਾ। ੨. ਕ੍ਰਿ. ਵਿ- ਆਚਾਰ ਕਰਕੇ. ਆਚਾਰੋਂ ਸੇ. "ਆਚਾਰੀ ਨਹੀ ਜੀਤਿਆ ਜਾਇ." (ਆਸਾ ਮਃ ੧)

**ਆਚਾਰੁ:** ਦੇਖੋ, ਅਚਾਰ. "ਸਿਮਰਨ ਸੁਆਮੀ ਇਹੁ ਸਾਧੁ ਕੋ ਆਚਾਰੁ." (ਸਾਰ ਮਃ ੫)

**ਆਚਿ, ਆਚੁ:** ਦੇਖੋ, ਆਂਚ. "ਆਚੁ ਕਾਚੁ ਢਰਿਪਾਹੀ." (ਮਲਾ ਅਃ ਮਃ ੧) ਆਂਚ ਵਿੱਚ ਕੱਚ ਢਲ ਜਾਂਦਾ ਹੈ.

**ਆਛ:** ਵਿ- ਅੱਛਾ. . ਉਮਦਾ. ਚੰਗਾ. ਹੱਛਾ। ੨. ਅਰੋਗ. ਨਰੋਆ। ੩. ਸੰਗਯਾ- ਅਕ੍ਸ਼ਿ. ਅੱਖ. ਨੇਤ੍ਰ। ੪. ਇੱਛਾ. ਚਾਹ. "ਸੁਰਗ ਨ ਆਛਹਿ." (ਬਾਵਨ) ਦੇਖੋ, ਆਛੈ। ੫. ਸਿੰਧੀ. ਸਮੁੰਦਰ.

**ਆਛਹਿ:** ਦੇਖੋ, ਆਛ.

ਆਛਤ: ਥਾ. ਸੀ. ਦੇਖੋ, ਅਛਤ. "ਰੇ ਨਰ! ਗਰਭਕੁੰਡਲ ਜਬ ਆਛਤ." (ਸ੍ਰੀ ਬੇਣੀ)

ਆਛੱਨ: ਸੰ. आच्छन्न. ਵਿ- ਢਕਿਆ ਹੋਇਆ. ਆਛਾਦਿਤ.

ਆਛਰ: ਸੰਗਯਾ- ਅ਼ਕ਼ਰ. ਵਰਣ. ਅੱਖਰ। ੨. ਅਵਿਨਾਸ਼ੀ.

ਆਛਲ: ਦੇਖੋ, ਅਛਲ.

ਆਛਾ: ਵਿ- ਅੱਛਾ. ਚੰਗਾ. ਹੱਛਾ। ੨. ਅਰੋਗ. ਨਰੋਆ. ੩. ਸ੍ਵੱਛ. ਨਿਰਮਲ। ੪. ਸੰਗਯਾ- ਇੱਛਾ. ਚਾਹ.

ਆਛਾਦਨ: ਸੰ. आच्छादन. ਸੰਗਯਾ- ਵਸਤ੍ਰ. ੨. ਢਕਣ ਦੀ ਕ੍ਰਿਯਾ। ੩. ਛੱਤ। ੪. ਢੱਕਣ.

ਆਛਿੱਜ: ਦੇਖੋ, ਅਛਿੱਜ. "ਕਿ ਆਛਿੱਜ ਦੇਸੈ." (ਜਾਪੁ)

ਆਛੇ: ਦੇਖੋ, ਆਛਾ.

ਆਛੇਪ: ਦੇਖੋ, ਆਕ਼ੇਪ.

ਆਛੈ: ਦੇਖੋ, ਆਛ ਅਤੇ ਆਛਾ. "ਆਛੈ. ਕਮਲ ਅਨੂਪ." (ਬਿਲਾ ਕਬੀਰ) ੨. ਅਕ਼ਯ. ਅਖੈ. "ਸਚ ਮਹਿ ਆਛੈ ਸਾਚਿ ਰਹੈ." (ਵਾਰ ਆਸਾ) ੩. ਚਾਹੁੰਦਾ ਹੈ. ਇੱਛਾ ਕਰਦਾ ਹੈ. "ਦਰਸਨ ਨਾਮ ਕਉ ਮਨ ਆਛੈ." (ਦੇਵ ਮਃ ੫) ੪. ਹੈ. ਅਸ੍ਤਿ. "ਭੂ-ਮੰਡਲ ਖੰਡਲ ਪ੍ਰਭੁ ਤੁਮ ਹੀ ਆਛੈ." (ਮਾਰੂ ਮਃ ੫)

ਆਛੋ: ਦੇਖੋ, ਆਛਾ.

ਆਛੋਪ: ਵਿ- ਅਛੂਤ. ਜੋ ਛੁਹਣ ਯੋਗਯ ਨਹੀਂ "ਤਾਸ ਕੀ ਜਾਤਿ ਆਛੋਪ ਛੀਪਾ." (ਮਲਾ ਰਵਦਾਸ)

੨. ਦੇਖੋ, ਅਛੂਪ ਅਤੇ ਛੁਪ.

ਆਜ: ਸੰ. ਅਦ੍ਯ- ਕ੍ਰਿ. ਵਿ- ਅੱਜ. ਇਸ ਦਿਨ. "ਆਜ ਹਮਾਰੈ ਮੰਗਲਚਾਰ." (ਬਸੰ ਮਃ ੫) ੨. ਸੰ. ਆਜ. ਸੰਗਯਾ- ਅਜਾ (ਬਕਰੀ) ਦਾ ਘੀ ਅਥਵਾ ਦੁੱਧ। ੩. ਅ਼. ਆਜ. ਹਾਥੀ ਦਾ ਦੰਦ. ਦੰਦ ਖੰਡ.

ਆਜਜ: ਦੇਖੋ, ਆਜਿਜ.

ਆਂਜਨ: ਸੰ. आञ्जन. ਵਿ- ਅੰਜਨ ਸੰਬੰਧੀ. ਅੰਜਨ ਦਾ। ੨. ਸੰਗਯਾ- ਅੰਜਨਾ ਦਾ ਪੁਤ੍ਰ ਹਨੂਮਾਨ.

ਆਂਜਨਾ: ਕ੍ਰਿ. ਅੰਜਨ ਪਾਉਣਾ. ਅੱਖਾਂ ਵਿੱਚ ਸੁਰਮਾ ਲਾਉਣਾ. "ਆਂਜੇ ਇਸੇ ਨੈਨ." (ਕਲਕੀ)

ਆਜਮ: ਅ਼. اعظم ਅਅ਼ਜਮ. ਵਿ- ਬਹੁਤ ਹੀ ਵਡਾ. ਮਹਤ.

ਆਜਮ ਸ਼ਾਹ: اعظم شاہ ਅਅ਼ਜਮ ਸ਼ਾਹ. ਬਾਨੂ ਬੇਗਮ ਦੇ ਉਦਰ ਤੋਂ ਔਰੰਗਜ਼ੇਬ ਦਾ ਤੀਜਾ ਪੁਤਰ, ਜਿਸ ਦਾ ਸਿੱਖ ਇਤਿਹਾਸ ਵਿੱਚ ਨਾਉਂ "ਤਾਰਾ ਆਜਮ" ਆਇਆ ਹੈ. ਇਸਦਾ ਜਨਮ ੧੧. ਜੁਲਾਈ ਸਨ ੧੬੫੩ ਨੂੰ ਹੋਇਆ. ਏਹ ਆਪਣੇ ਵਡੇ ਭਾਈ ਬਹਾਦੁਰ ਸ਼ਾਹ ਨਾਲ ਆਗਰੇ ਪਾਸ ਜਾਜੂ ਅਥਵਾ ਜਜੋਵਾਨ ਦੇ ਮੈਦਾਨ ਵਿੱਚ ਲੜਦਾ ਹੋਇਆ ੮. ਜੂਨ ਸਨ ੧੭੦੭ ਨੂੰ ਮੋਇਆ, ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਦਸ਼ਮੇਸ਼ ਦੇ ਤੀਰ ਨਾਲ ਇਸ ਦੀ ਸਮਾਪਤੀ ਹੋਈ. ਦੇਖੋ, ਤਾਰਾ ਆਜਮ.

ਆਜ਼ਮਾਇਸ਼: ਫ਼ਾ. آزمائش ਸੰਗਯਾ- ਪਰੀਖ੍ਯਾ. ਇਮਤਹਾਨ. ਪਰਖ। ਆਜ਼ਮੂਦਨ ਦਾ ਅਰਥ ਹੈ ਆਜ਼ਮਾਨਾ. ਪਰਖਣਾ. ਇਸੇ ਤੋਂ ਇਹ ਸ਼ਬਦ ਬਣਿਆ ਹੈ.

ਆਜ਼ਮੂਦਹਕਾਰ: ਫ਼ਾ. آزمودہکار ਵਿ- ਤਜਰਬੇਕਾਰ. ਹੋਸ਼ਿਆਰ.

ਆਜ਼ਮੂਦਨ: ਫ਼ਾ. آزموُدن ਕ੍ਰਿ- ਆਜ਼ਮਾਨਾ. ਪਰਖਨਾ. ਪ੍ਰੀਖ੍ਯਾ ਕਰਨੀ.

ਆਂ ਜਾ: ਫ਼ਾ. آنجا ਉਸ ਥਾਂ. ਓਥੇ.

ਆਜਾਣ: ਦੇਖੋ, ਅਜਾਣ.

ਆਜਾਣੰਤਾ: ਸੰ. ਤ੍ਯਵਿਜਾਨਨ੍ਤ- ਅਵਿਜਾਨੰਤ. ਵਿ- ਨਾ ਜਾਣਨ ਵਾਲਾ. ਅਗ੍ਯਾਨੀ. ਨਾਵਾਕ਼ਿਫ਼.

ਆਜ਼ਾਦ: ਫ਼ਾ. آزاد ਵਿ- ਬੰਧਨ ਰਹਿਤ. ਮੁਕ੍ਤ. ਸ੍ਵਤੰਤ੍ਰ.

ਆਜ਼ਾਦਗੀ: ਦੇਖੋ, ਆਜ਼ਾਦੀ.

ਆਜ਼ਾਦ ਮਗ਼ਜ਼: ਫ਼ਾ. آزادمغز ਵਿ- ਆਪਣੇ ਖ਼ਿਆਲ ਤੋਂ ਨਵੀਂ ਗੱਲ ਕੱਢਣ ਵਾਲਾ.

ਆਜ਼ਾਦੀ: ਫ਼ਾ. آزادی ، آزادگی ਆਜ਼ਾਦੀ. ਸੰਗ੍ਯਾ ਸ੍ਵਤੰਤਰਤਾ. ਖ਼ੁਲ੍ਹ. ਬੰਧਨ ਦਾ ਅਭਾਵ.

ਆਜਾਨ: ਦੇਖੋ, ਅਜਾਣ ਅਤੇ ਅਜਾਨੁ। ੨. ਸੰ. ਤ੍ਯਾਜਾਨ. ਸੰਗ੍ਯਾ- ਸ੍ਰਿਸ਼੍ਟੀ ਦੀ ਉਤਪੱਤੀ ਸਮੇਂ ਉਤਪੰਨ ਹੋਏ ਦੇਵਤੇ. "ਆਜਾਨ ਬਾਹੁ." (ਜਾਪੁ) ਦੇਵਤਿਆਂ ਦਾ ਪ੍ਰੇਰਕ ਹੈ. ੩. ਉਤਪੱਤਿ। ੪. ਪ੍ਰਕ੍ਰਿਤਿ। ੫. ਦੇਖੋ, ਆਜਾਨੁ.

ਆਜਾਨ ਬਾਹ: ਦੇਖੋ, ਆਜਾਨ ਅਤੇ ਆਜਾਨ ਬਾਹੁ.

ਆਜਾਨੁ: ਗੋਡੇ ਤੀਕ. ਦੇਖੋ, ਆਜਾਨੁ ਬਾਹੁ.

ਆਜਾਨੁ ਬਾਹੁ: ਵਿ- ਜਿਸ ਦੀਆਂ ਬਾਹਾਂ ਗੋਡੇ ਤੀਕ ਲੰਬੀਆਂ ਹੋਣ. ਲੰਬੀ ਬਾਹਾਂ ਵਾਲਾ. ਦੀਰਘਬਾਹੁ.

ਆਜਾਬ: ਦੇਖੋ, ਅਜਾਬ.

ਆਜਾਰ: ਦੇਖੋ, ਅਜਾਰ.

ਆਜਿ: ਸੰ. ਸੰਗ੍ਯਾ- ਯੁੱਧ. ਮੁਕਾਬਲਾ. ਭੇੜ। ੨. ਯੁੱਧਭੂਮਿ. ਜੰਗ ਦਾ ਮੈਦਾਨ। ੩. ਮਾਰਗ. ਰਾਹ। ੪. ਪਛਾੜਨ ਦੀ ਕ੍ਰਿਯਾ। ੫. ਦੇਖੋ, ਆਜਜ.

ਆਜਿਜ: ਅ਼. عاجز ਆ਼ਜਿਜ਼. ਵਿ- ਦੀਨ. "ਆਜਿਜ ਨ ਬਾਤ." (ਜਾਪੁ) ੨. ਦੁਖੀ। ੩. ਤੰਗਦਸ੍ਤ. ਨਿਰਧਨ। ੪. ਅਸਮਰਥ। ੫. ਸਹਾਇਤਾ ਬਿਨਾ.

ਆਜਿਜ਼ ਨਵਾਜ਼, ਆ਼ਜਿਜ਼ ਨਵਾਜ਼: ਫ਼ਾ. عاجزنواز ਵਿ- ਦੀਨਾਂ ਨੂੰ ਵਡਿਆਉਣ ਵਾਲਾ.

ਆ਼ਜਿਜ਼ੀ: عاجزی ਸੰਗ੍ਯਾ- ਦੀਨਤਾ. ਨੰਮ੍ਰਤਾ.

ਆਜਿਮ: ਦੇਖੋ, ਆਜਮ.

ਆਜਿਮ ਸ਼ਾਹ: ਦੇਖੋ, ਆਜਮ ਸ਼ਾਹ.

ਆਜੀਵਿਕਾ: ਸੰ. ਸੰਗ੍ਯਾ- ਗੁਜ਼ਾਰਾ ਰੋਜ਼ੀ. ਰੋਜ਼ਗਾਰ. ਦੇਖੋ, ਅ਼. ازوقہ ਅਜ਼ੂਕ਼ਾ.

ਆਜੁ: ਸੰਗ੍ਯਾ- ਅੱਜ. ਅਦ੍ਯ. "ਆਜੁ ਕਾਲਿ ਮਰਿਜਾਈਐ ਪ੍ਰਾਣੀ." (ਮਾਰੂ ਸੋਲਹੇ ਮਃ ੧) ੨. ਕ੍ਰਿ. ਵਿ- ਵਰਤਮਾਨ ਦਿਨ ਵਿੱਚ.

ਆਜੁਰਦਾ: ਦੇਖੋ. ਅਜੁਰਦਾ.

ਆਜੂਨੀ, ਆਜੂਨੀ ਸੰਭਉ: ਦੇਖੋ, ਅਜੂਨੀ ਸੈਭੰ. "ਆਜੂਨੀ ਸੰਭਉ." (ਮਾਰੂ ਸੋਲਹੇ ਮਃ ੫)

ਆਂਜੈ: ਦੇਖੋ, ਆਂਜਨਾ। ੨. ਸੰ. ਅਞ੍ਜ- ਅੰਜ. ਧਾ- ਸੱਵਾਰਨਾ. ਚਮਕਨਾ. ਉਤਪੰਨ ਕਰਨਾ. "ਜੋ ਆਂਜੈ ਸੋ ਦੀਸੈ ਕਾਲ." (ਬਿਲਾ ਅਃ ਮਃ ੧) ਜੋ ਉਤਪੰਨ ਹੁੰਦਾ ਹੈ ਉਹ ਵਿਨਾਸ਼ੀ ਹੈ.

ਆਜੋਨੀ, ਆਜੋਨੀਉ: ਵਿ- ਅਯੋਨਿ. ਦੇਖੋ, ਅਜੂਨੀ. "ਆਜੋਨੀਉ ਭਲੁ ਅਮਲੁ ਸਤਿਗੁਰ ਸੰਗਿ ਨਿਵਾਸੁ." (ਸਵੈਯੇ ਮਃ ੪. ਕੇ) ਜਨਮ ਰਹਿਤ ਭਲੇ (ਉੱਤਮ) ਸਤਿਗੁਰੂ ਅਮਰ ਦੇਵ ਸਾਥ ਆਪ ਦਾ ਨਿਵਾਸ.

ਆਜੋਨੀ ਸੰਭਉ, ਆਜੋਨੀ ਸੰਭਵਿਅਉ: ਦੇਖੋ, ਅਜੂਨੀ ਸੈਭੰ. "ਪਾਰਬ੍ਰਹਮ ਆਜੋਨੀ ਸੰਭਉ."

(ਸਾਰ ਮਃ ੫) "ਆਜੋਨੀ ਸੰਭਵਿਅਉ ਜਗਤਗੁਰੁ ਬਚਨਿ ਤਰਾਯਉ." (ਸਵੈਯੇ ਮਃ ੪. ਕੇ)

ਆਜਯ: ਸੰ. ਸੰਗਯਾ- ਘੀ ਘ੍ਰਿਤ। ੨. ਤੇਲ। ੩. ਦੁੱਧ.

ਆਝਾ: ਵਿ- ਅਨਾਥ. ਦੀਨ। ੨. ਲੋੜ ਵਾਲਾ.

ਆਟ: ਮਰਾ. ਸੰਗਯਾ- ਹਠ. ਮਨਮੁਖਤਾ.

ਆਂਟ: ਪ੍ਰਾ. ਸੰਗਯਾ- ਅੰਗੁਸ਼੍ਠ ਅਤੇ ਤਰਜਨੀ ਉਂਗਲ ਦੇ ਵਿਚਕਾਰ ਦੀ ਥਾਂ. "ਆਂਟ ਸੇਤੀ ਨਾਕ ਪਕੜਹਿ." (ਧਨਾ ਮਃ ੧) ੨. ਦਾਉ. ਪੇਚ। ੩. ਸੰਬੰਧ. ਮੇਲ। ੪. ਸਿੰਧੀ. ਤੇਜ਼ ਨਜਰ। ੫. ਨਜਰ ਦੀ ਚਾਲਾਕੀ। ੬. ਡਿੰਗ. ਹਠ.

ਆਟਨ: ਦੇਖੋ, ਅਟਨ ਅਤੇ ਅੱਟਣ.

ਆਟਾ: ਸੰਗਯਾ- ਆਰਦ. ਚੂਨ. ਪਿਸਾਨ. ਪੀਠਾ ਹੋਇਆ ਅਨਾਜ. "ਇਕਨਾ ਆਟਾ ਅਗਲਾ, ਇਕਨਾ ਨਾਹੀ ਲੋਣੁ." (ਸ. ਫਰੀਦ)

ਆਠ: ਸੰ. ਅਸ਼੍ਟ ਵਿ- ਅੱਠ. ੮. "ਆਠ ਪਹਰ ਅਪਨਾ ਖਸਮੁ ਧਿਆਵਉ." (ਆਸਾ ਨਾਮਦੇਵ)

ਆਠ ਸਿਫਤਾਂ ਨੀਤਿਵਾਨ ਦੀਆਂ: "ਪ੍ਰਿਥਮੇ ਐਸੇ ਲੀਜੈ ਹੇਰ,

ਸਭ ਕਾਰਜ ਮੇ ਹੋਯ ਦਿਲੇਰ,

ਦੂਸਰ ਅਪਨੋ ਕਦਰ ਪਛਾਨ,

ਦ੍ਰਿਸ਼੍ਟਿ ਧਰੈ ਨੀਕੇ ਮਨ ਮਾਨ.

ਤ੍ਰਿਤਿਯੇ ਆਗਯਾ ਸ੍ਵਾਮੀ ਸਾਥ,

ਰਹੈ ਪ੍ਰਸਨ ਚਹੈ ਯਸ਼ ਗਾਥ.

ਚਤੁਰਥ ਮਰਮ ਆਪਨੋ ਜੋਯ,

ਤਾਂ ਕੋ ਕਹੈ ਪਾਤ੍ਰ ਜੋ ਹੋਯ.

ਪੰਚਮ ਬਾਤ ਛੁਪਾਵੈ ਐਸੇ,

ਕੋਉ ਲਖੈ ਭੇਦ ਨਹਿਂ ਜੈਸੇ.

ਖਸ਼੍ਟਮ ਐਸੇ ਕਰੋ ਉਚਾਰ,

ਬਾਦਸ਼ਾਹ ਕੋ ਜੋ ਦਰਬਾਰ,

ਤਾਂ ਮਹਿ ਨਿਕਟੀ ਜੋ ਸਦ ਰਹੈਂ,

ਸੰਗ ਸ਼ਾਹ ਕੇ ਬਾਤਾਂ ਕਹੈਂ

ਤਿਨ ਕੋ ਚਿਤ ਮੀਠੇ ਕਹਿ ਬੈਨ,

ਕਰੈ ਹਾਥ ਮੇ ਬੁਧਿ ਕੋ ਐਨ.

ਸਪ੍ਰਮ ਸੁਖਨ ਸੰਭਾਰ ਨਿਕਾਲੇ,

ਦਰਜਾ ਅਪਨਾ ਆਪ ਸੰਭਾਲੇ.

ਅਸ਼੍ਰਮ ਸੁਹਬਤ ਲਹਿ ਪਤਸ਼ਾਹ,

ਰਹੈ ਖ਼ਮੋਸ਼ ਹੋਸ਼ ਕੇ ਮਾਹ,

ਜਬ ਲੌ ਨਹਿ ਪੂਛੈ ਕੋ ਬਾਤ,

ਤਬ ਲੌ ਨਹਿ ਭਾਖੈ ਕੁਸਰਾਤ.

ਜਿਸ ਮਹਿ ਸਿਫਤਆਠ ਯਹਿ ਆਹਿ

ਫਤੇ ਪਾਇਹੈ ਸਭ ਬਿਧਿ ਮਾਹਿ."

(ਬੁੱਧਿਵਾਰਧਿ, ਅ ੩ ੧)

ਆਠ ਸ੍ਰਵਣ: ਅੱਠ ਹੋਣ ਸ਼੍ਰਵਣ (ਕੰਨ) ਜਿਸ ਦੇ, ਬ੍ਰਹਮਾ, ਚਾਰ ਸਿਰ ਹੋਣ ਕਰਕੇ ਅੱਠ ਕੰਨ ਅਤੇ ਅੱਠ ਅੱਖਾਂ ਹਨ.

ਆਠ ਜਾਮ: ਅੱਠ ਪਹਿਰ. ਭਾਵ ਰਾਤ ਦਿਨ. ਹਰ ਵੇਲੇ. "ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ." (ਸ. ਕਬੀਰ) ਦੇਖ, ਚਉਸਠ ਘਰੀ.

ਆਠ ਦ੍ਰਿਗ: ਦੇਖੋ, ਅਸਟ ਨੈਣ ਅਤੇ ਆਠ ਸ੍ਰਵਣ.

ਆਠਾ: ਸੰਗਯਾ- ਅਸ਼੍ਟਕ. ਅੱਠ ਦਾ ਸਮੁਦਾਯ (ਇਕੱਠ). ੨. ਅੱਠ ਸੰਖ੍ਯਾ ਬੋਧਕ ਸ਼ਬਦ। ੩. ਅੱਠ ਦਾ ਹਿੰਦਸਾ (ਅੰਗ). ੮

ਆਠੋ: ਵਿ- ਅਸ਼੍ਟਮ. ਅੱਠਵਾਂ. "ਤਾਤ ਭਯੋ ਜਬ ਆਠੋ." (ਕ੍ਰਿਸਨਾਵ)

ਆਡ: ਪ੍ਰਾ. ਸੰਗਯਾ- ਓਟ। ੨. ਪੜਦਾ। ੩. ਸਹਾਰਾ. ਆਧਾਰ। ੪. ਨੱਥ ਦਾ ਡੋਰਾ. ਨੱਥ ਵਿੱਚ ਬੰਨ੍ਹੀ ਹੋਈ ਮੋਤੀਆਂ ਦੀ ਲੜੀ, ਜੋ ਹੁੱਕ (ਅੰਕੁੜੇ) ਨਾਲ ਕੇਸਾਂ ਵਿੱਚ ਅਟਕਾਈ ਜਾਂਦੀ ਹੈ. ਇਸ ਤੋਂ ਗਹਿਣੇ ਦਾ ਬੋਝ ਨੱਕ ਤੇ ਨਹੀਂ ਪੈਂਦਾ. "ਅੰਜਨ ਆਡ ਸੁਧਾਰ ਭਲੇ ਪਟ." (ਕ੍ਰਿਸਨਾਵ) ੫. ਦੇਖੋ, ਅੱਡਣਾ. "ਆਡ ਸਿਪਰ ਕੋ ਰੋਕਸ ਆਗਾ." (ਗੁਪ੍ਰਸੂ) ੬. ਪੰਜਾਬੀ ਵਿੱਚ ਪਾਣੀ ਦੇ ਖਾਲ ਨੂੰ ਭੀ ਆਡ ਆਖਦੇ ਹਨ.

ਆਂਡ: ਸੰਗਯਾ- ਅੰਡਾ. ਆਂਡਾ। ੨. ਅੰਡਕੋਸ਼. ਫੋਤਾ.

ਆਡਣ: ਡਿੰਗ. ਸੰਗਯਾ- ਢਾਲ. ਸਿਪਰ.

ਆਡਤ: ਦੇਖੋ, ਆੜ੍ਹਤ। ੨. ਸੁਇਨੀ ਗੋਤ ਦਾ ਇੱਕ ਸਿਪਾਹੀ, ਜੋ ਦਿੱਲੀ ਦੇ ਬਦਾਸ਼ਾਹ ਦੀ ਫ਼ੌਜ ਵਿੱਚ ਸੀ. ਇਹ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਸਤਿਗੁਰੂ ਨੇ ਇਸ ਨੂੰ ਨਾਮ ਦਾਨ ਬਖ਼ਸ਼ਕੇ ਸਾਥ ਹੀ ਸੂਰਵੀਰਤਾ ਦਾ ਉਪਦੇਸ਼ ਦਿੱਤਾ, ਜਿਸ ਤੋਂ ਲੋਕ ਪਰਲੋਕ ਦਾ ਭਲਾ ਹੋਵੇ.

ਆਡਾ: ਵਿ- ਟੇਢਾ. ਵਿੰਗਾ. ਤਿਰਛਾ। ੨. ਸੰਗਯਾ- ਮੁਕਾਬਿਲਾ। ੩. ਰੁਕਾਵਟ. ਪ੍ਰਤਿਬੰਧ। ੪. ਆਧਾਰ. ਆਸਰਾ. "ਹਮਰੋ

ਕੋਊ ਔਰ ਨ ਆਡਾ." (ਕ੍ਰਿਸਨਾਵ) ੫. ਅੱਡਾ. ਠਹਿਰਣ ਦੀ ਥਾਂ। ੬. ਬਾਜ਼ ਆਦਿ ਪੰਛੀਆਂ ਦੇ ਬੈਠਾਉਣ ਦਾ ਖੂੰਟਾ. "ਬਖਸ਼ਿਸ਼ ਗੁਰੁ ਕੀ ਬਾਜ਼ ਸਹਿਤ ਤਿੰਹ ਆਡੇ ਪਰ ਬਠਾਇ ਸੁਖ ਮਾਨ." (ਗੁਪ੍ਰਸੂ)

ਆਂਡਾ: ਸੰਗਯਾ- ਅੰਡ. ਅੰਡਾ. "ਫੂਟੋ ਆਂਡਾ ਭਰਮ ਕਾ." (ਮਾਰੂ ਮਃ ੫) ੨. ਭਾਵ- ਅੰਡੇ ਦੇ ਆਕਾਰ ਦਾ ਬ੍ਰਹਮੰਡ.

ਆਡਾ ਟੀਕਾ: ਸੰਗਯਾ- ਟੇਢਾ ਤਿਲਕ. ਸ਼ੈਵਾਂ ਦਾ ਤਿਲਕ, ਜੋ ਦੂਜ ਦੇ ਚੰਦ੍ਰਮਾ ਦੀ ਸ਼ਕਲ ਦਾ ਹੁੰਦਾ ਹੈ. ਤ੍ਰਿਪੁੰਡ੍ਰ. "ਆਡਾ ਟੀਕੇ ਮੁਖਹੁँ ਨ ਲਾਗ." (ਰਤਨਮਾਲਾ) ਵੈਸ਼ਨਵ ਮਤ ਵਾਲੇ ਜੋ ਊਰਧ ਪੁੰਡ੍ਰ ਤਿਲਕ ਲਾਉਂਦੇ ਹਨ ਉਹ ਟੇਢਾ (ਸ਼ੈਵ) ਤਿਲਕ ਨਿੰਦਿਤ ਜਾਣਦੇ ਹਨ. ਦੇਖੋ, ਊਰਧ ਪੁੰਡ੍ਰ.

ਆਡਾਣ, ਆਡਾਨ: ਦੇਖੋ, ਉਡੁਗਣ. "ਭੈ ਵਿਚਿ ਆਡਾਣੇ ਆਕਾਸਿ." (ਵਾਰ ਆਸਾ) ੨. ਸੰਗਯਾ- ਉਡੁਸ੍‍ਥਾਨ. ਆਕਾਸ਼ਮੰਡਲ. ਖਗੋਲ. "ਬਾਝੁ ਕਲਾ ਆਡਾਣ ਰਹਾਇਆ." (ਮਾਰੂ ਸੋਲਹੇ ਮਃ ੧)

ਆਡਿ: ਦੇਖੋ, ਆੜਿ.

ਆਡੀ: ਪ੍ਰਾ. ਸੰਗਯਾ- ਡੌਲ. ਵੱਟ. ਮੋਰਚੇ ਅੱਗੇ ਕੀਤੀ ਹੋਈ ਓਟਰੂਪ ਵੱਟ. ਕਿਲੇ ਦੀ ਖਾਈ ਤੋਂ ਪਾਰ ਉੱਚੀ ਵੱਟ. "ਆਡੀ ਪਰਬਲ ਮਾਇਆ." (ਭੈਰ ਕਬੀਰ) ਪ੍ਰਬਲ ਮਾਇਆ ਕਿਲੇ ਦੀ ਪਕਿਆਈ ਲਈ 'ਆਡੀ' ਹੈ। ੨. ਵਿ- ਟੇਢੀ. ਤਿਰਛੀ.

ਆਡੀਠ: ਅਦ੍ਰਿਸ਼੍ਟ. ਦੇਖੋ, ਅਡੀਠ.

ਆਂਡੋ: ਸੰਗਯਾ- ਅੰਡ. ਅੰਡਾ. "ਜੈਸੇ ਆਂਡੋ ਹਿਰਦੇ ਮਾਹਿ." (ਮਾਲੀ ਮਃ ੫)

ਆਡੰਬਰ: ਦੇਖੋ, ਅਡੰਬਰ. "ਮੇਰੀ ਸੇਜੜੀਐ ਆਡੰਬਰ ਬਣਿਆ" (ਆਸਾ ਛੰਤ ਮਃ ੫)

ਆਢ: ਦੇਖੋ, ਅਢ "ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ." (ਆਸਾ ਧੰਨਾ) ੨. ਸੰਗਯਾ- ਆਸਰਾ. ਆਧਾਰ। ੩. ਦੇਖੋ, ਆਢ੍ਯ.

ਆਢਕ: ਸੰ. ਸੰਗਯਾ- ਦ੍ਰੋਣ ਦਾ ਚੌਥਾ ਹਿੱਸਾ. ਕੱਚਾ ਚਾਰ ਸੇਰ ਤੋਲ। ੨. ਚਾਰੇ ਪਾਸਿਓਂ ਦਸ ਉਂਗਲ ਦਾ ਮਾਪ। ੩. ਸਿੰਧੀ. ਸੁਨੇਹਾ. ਪੈਗ਼ਾਮ.

ਆਢਲਿ, ਆਢਲੁ: ਵਿ- ਆਸ਼੍ਰਿਤ. ਸਹਾਰੇ. "ਨਾਨਕ ਸੋ ਸਹੁ ਆਹਿ ਜਾਂ ਕੈ ਆਢਲਿ ਹਭੁਕੋ." (ਵਾਰ ਗੂਜ ੨. ਮਃ ੫) ੨. ਮੁਹ਼ਤਾਜ. ਲੋੜ ਵਾਲਾ.

ਆਢਾ: ਸੰਗਯਾ- ਝਗੜਾ. ਦੰਗਾ। ੨. ਵਿ- ਮੁਹਤਾਜ.

ਆਢਿ: ਸੰ. ਆਢ੍ਯ. ਵਿ- ਪੂਰਾ। ੨. ਸਾਥ. ਸਹਿਤ. ਸੰਪੰਨ. "ਧਨਾਢਿ ਆਢਿ ਭੰਡਾਰਿ ਹਰਿ ਨਿਧਿ ਹੋਤ ਜਿਨਾ ਨ ਚੀਰ." (ਗੂਜ ਅਃ ਮਃ ੫) ਜਿਨ੍ਹਾਂ ਉੱਪਰ ਕਪੜਾ ਨਹੀਂ ਸੀ, ਉਹ ਹਰਿਨਾਮ ਨਿਧਿ ਪਾਕੇ ਧਨੀਆਂ ਤੋਂ ਭੀ ਮਹਾ ਧਨੀ ਹੋ ਗਏ। ੩. ਦੇਖੋ, ਆਢ ਅਤੇ ਆਢ੍ਯ.

ਆਢੀਣੀ: ਵਿ- ਅੱਧੀ ਦੀ. ਦਮੜੀ ਦੀ. "ਆਢੀਣੀ ਹੋਈ ਲਾਖੀਣੀ." (ਭਾਗੁ)

ਆਢੁ: ਦੇਖੋ, ਆਢ ਅਤੇ ਆਢ੍ਯ.

ਆਢ੍ਯ: ਸੰ. ਵਿ- ਯੁਕ੍ਤ. ਸਹਿਤ. "ਸਰਬਾ ਭਰਣਾਢ੍ਯ." (ਜਾਪੁ) ਸਰਵ- ਆਭਰਣ- ਆਢ੍ਯ. ਸਾਰੇ ਅਲੰਕਾਰਾਂ ਸੰਯੁਕ੍ਤ (ਸੰਜੁਗਤ) ਹੈ। ੨. ਧਨੀ. ਦੌਲਤਮੰਦ.

ਆਣ: ਦੇਖੋ, ਆਣਨ। ੨. ਦੇਖੋ, ਆਣਿ। ੩. ਸਿੰਧੀ. ਤਾਬੇਦਾਰੀ. ਅਧੀਨਤਾ। ੪. . ਹੁਕਮ ਮੰਨਣ ਦਾ ਭਾਵ. ਫ਼ਰਮਾਬਰਦਾਰੀ। ੫. ਡਿੰਗ. ਦੁਹਾਈ. ਸਹਾਇਤਾ ਲਈ ਪੁਕਾਰ.

**ਆਣਣ:** ਸਿੰਧੀ. ਲਿਆਉਣਾ. ਸੰ. ਆਨਯਨ. ਦੇਖੋ, ਆਣਨ.

**ਆਣਨ:** ਸੰ. ਆਨਯਨ. ਸੰਗਯਾ- ਲਿਆਉਣਾ. ਲਿਆਉਣ ਦੀ ਕ੍ਰਿਯਾ. "ਜਾਹਰਨਵੀ ਤਪੈ ਭਗੀਰਥਿ ਆਣੀ." (ਮਲਾ ਮਃ ੫) ਜਾਨ੍ਹਵੀ (ਗੰਗਾ) ਭਗੀਰਥ ਨੇ ਲਿਆਂਦੀ. "ਆਣਗੁ ਰਾਸਿ." (ਸਵਾ ਮਃ ੧) "ਆਪੇ ਆਣੈ ਰਾਸਿ." (ਵਾਰ ਮਾਰੂ ੧, ਮਃ ੨) "ਵਸਿ ਆਣਿਹੁ ਵੇ ਜਨ, ਇਸੁ ਮਨ ਕਉ." (ਸੂਹੀ ਛੰਤ ਮਃ ੪)

**ਆਣਿ:** ਸੰਗਯਾ- ਅਗਨਿ. "ਸਚੁ ਬੂਝਣੁ ਆਣਿ ਜਲਾਈਐ." (ਸ੍ਰੀ ਮਃ ੧) ੨. ਸੰ. आणि. ਮਰਯਾਦਾ (ਮਰਯਾਦਾ). ੩. ਸੁਗੰਦ. ਕ਼ਸਮ. ਸੌਂਹ। ੪. ਪਤ. ਮਾਨ. ਪ੍ਰਤਿਸ਼੍ਠਾ. "ਨਾਮ ਦੇਉ ਤਾਚੀ ਆਣਿ." (ਮਲਾ ਨਾਮਦੇਵ) ੫. ਕ੍ਰਿ. ਵਿ- ਆਨਯਨ ਕਰਕੇ. ਲਿਆਕੇ. "ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ." (ਬਿਲਾ ਅਃ ਮਃ ੪)

**ਆਣੀ:** ਲਿਆਂਦੀ. ਦੇਖੋ, ਆਣਨ ਅਤੇ ਆਣਿ. "ਗੁਰੁ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ." (ਆਸਾ ਮਃ ੫) ੨. ਸਿੰਧੀ. ਸੰਗਯਾ- ਖ਼ੁਦਗ਼ਰਜੀ. ਸ੍ਵਾਰਥਪਨ। ੩. ਆਸ਼ਾ. ਉਮੀਦ। ੪. ਅਭ੍ਯਾਸ। ੫. ਭਰੋਸਾ.

**ਆਂਤ:** ਸੰ. अन्त्र- ਅੰਤ੍ਰ. ਸੰਗਯਾ- ਆਂਦ. ਅੰਤੜੀ. ਆਂਦਰ.

**ਆਤਸ:** ਫ਼ਾ. آتش ਆਤਿਸ਼. ਸੰਗਯਾ- ਅਗਨਿ. ਅੱਗ. "ਆਤਸ ਦੁਨੀਆ ਖੁਨਕ ਨਾਮ ਖੁਦਾਇਆ." (ਵਾਰ ਮਲਾ ਮਃ ੫)

**ਆਤਸ਼ਕ:** ਦੇਖੋ, ਬਾਦ ਫਿਰੰਗ.

**ਆਤਸ਼ਦਾਨ:** ਫ਼ਾ. آتشدان ਸੰਗਯਾ- ਅੰਗੀਠੀ. ਅੱਗ ਰੱਖਣ ਦਾ ਭਾਂਡਾ ਅਥਵਾ ਥਾਂ.

**ਆਤਸਬਾਜ:** ਫ਼ਾ. آتشباز ਆਤਿਸ਼ਬਾਜ਼. ਸੰਗਯਾ ਅੱਗ ਦੀ ਖੇਡ ਬਣਾਉਣ ਵਾਲਾ. ਬਾਰੂਦ ਦੀ ਖੇਡਾਂ ਦਾ ਕਾਰੀਗਰ.

**ਆਤਸਬਾਜੀ:** ਫ਼ਾ. آتشبازی ਆਤਿਸ਼ਬਾਜ਼ੀ. ਸੰਗਯਾ- ਅੱਗ ਦੀ ਖੇਡ. ਬਾਰੂਦ ਦੀ ਖੇਲ। ੨. ਜੰਗ ਵਿੱਚ ਤੋਪ ਬੰਦੂਕ ਆਦਿ ਸ਼ਸਤ੍ਰਾਂ ਦੀ ਖੇਡ. "ਆਤਸਬਾਜੀ ਸਾਰ ਵੇਖ ਰਣ ਵਿੱਚ ਘਾਇਲ ਹੋਇ ਮਰੰਦਾ." (ਭਾਗੁ)

**ਆਤਸੜੀ:** ਸੰਗਯਾ- ਆਤਿਸ਼. ਅਗਨਿ. ਅੱਗ. ਦੇਖੋ, ਨੈਣੂ.

**ਆਤਸੀ:** ਵਿ- ਆਤਿਸ਼ (ਅਗਨਿ) ਦਾ. ਆਤਿਸ਼ੀ. "ਆਗੈ ਸਾਗਰੁ ਆਤਸੀ." (ਮਃ ੧. ਬੰਨੋ)

**ਆਤਤਾਈ, ਆਤਤਾਯਿਨ:** ਦੇਖੋ, ਅਤਤਾਈ.

**ਆਤਪ:** ਸੰ. ਸੰਗਯਾ- ਧੁੱਪ. ਘਾਮ. "ਆਤਮ ਛਾਂਵ ਦਿਵਸ ਨਿਸਿ ਸਹੈ." (ਗੁਪ੍ਰਸੂ) ੨. ਗਰਮੀ। ੩. ਬੁਖ਼ਾਰ. ਤਪ. ਜ੍ਵਰ

**ਆਤਪਤ, ਆਤਪਤੁ, ਆਤਪਤ੍ਰ:** ਸੰ. आतपत्र. ਸੰਗਯਾ- ਆਤਪ (ਧੁੱਪ) ਤੋਂ ਤ੍ਰ (ਬਚਾਉਣ ਵਾਲਾ) ਛਤ੍ਰ. ਛਤਰੀ। ੨. ਰਾਜ੍ਯ ਦਾ ਚਿੰਨ੍ਹ ਰੂਪ ਛਤ੍ਰ. "ਸਿਰ ਆਤਪਤੁ ਸਚੋ ਤਖਤ." (ਸਵੈਯੇ ਮਃ ੪. ਕੇ)

**ਆਤਪਤ੍ਰਣੀ:** ਸੰਗਯਾ- ਛਤ੍ਰਧਾਰੀ ਰਾਜਾ ਦੀ ਸੈਨਾ. (ਸਨਾਮਾ)

**ਆਤਮ:** ਸੰ. आत्मन्- ਆਤਮਨ. ਸੰਗਯਾ- ਪਾਰਬ੍ਰਹਮ. ਵਾਹਗੁਰੂ. ਕਰਤਾਰ. ਇਸ ਸ਼ਬਦ ਦਾ ਪੂਰਾ ਨਿਰਣਾ ਆਤਮਾ ਸ਼ਬਦ ਵਿੱਚ ਦੇਖੋ. "ਆਤਮ ਰਾਮ ਤਿਸੁ ਨਦਰੀ ਆਇਆ." (ਸੁਖਮਨੀ) ੨. ਜੀਵਾਤਮਾ. "ਆਤਮ ਮਹਿ ਰਾਮ, ਰਾਮ ਮਹਿ ਆਤਮ." (ਭੈਰ ਅਃ ਮਃ ੧) ੩. ਅੰਤਹਕਰਣ. ਮਨ. "ਪ੍ਰਭੁ ਕਉ ਸਿਮਰਹਿ ਤਿਨਿ ਆਤਮ ਜੀਤਾ." (ਸੁਖਮਨੀ) ੪. ਆਪਣਾ ਆਪ. "ਸਭ ਤੇ ਨੀਚੁ ਆਤਮ ਕਰਿ ਮਾਨਉ." (ਦੇਵ ਮਃ ੫) ੫. ਦੇਹ. ਸ਼ਰੀਰ। ੬. ਧੀਰਜ। ੭. ਸੁਭਾਉ। ੮. ਸੰ. आ- तमस्- ਆ- ਤਮ. ਗਾੜ੍ਹਾ ਅੰਧੇਰਾ. ਭਾਵ ਅਗ੍ਯਾਨ ਰੂਪ ਅੰਧਕਾਰ. "ਨਿੰਦਾ ਕਰਿ ਕਰਿ ਨਰਕ ਨਿਵਾਸੀ, ਅੰਤਰਿ

ਆਤਮ[128] ਜਾਪੈ." (ਮਾਰੂ ਅਃ ਮ ੧)

ਆਤਮਹਤਯਾ: ਸੰਗਯਾ- ਆਪਣੀ ਹਤਯਾ. ਖ਼ੁਦਕੁਸ਼ੀ.

ਆਤਮ ਗਉਣੁ: ਸੰਗਯਾ- ਆਤਮਾ ਵਿੱਚ ਪ੍ਰਵੇਸ਼। ੨. ਆਤਮ ਵਿਚਾਰ ਲਈ ਦੇਸ਼ਾਟਨ (ਯਾਤ੍ਰਾ). "ਆਤਮ ਗਉਣੁ ਕਰੇਨਿ." (ਵਾਰ ਰਾਮ ੧. ਮਃ ੩)

ਆਤਮ ਗੜ, ਆਤਮ ਗੜੁ: ਸੰਗਯਾ- ਮਨ ਰੂਪ ਦੁਰਗ. ਅੰਤਹ ਕਰਣ ਰੂਪ ਕਿਲਾ। ੨. ਦੇਹ ਰੂਪ ਦੁਰਗ. "ਆਤਮ ਗੜੁ ਬਿਖਮ ਤਿਨਾ ਹੀ ਜੀਤਾ." (ਮਾਝ ਮਃ ੫)

ਆਤਮਗਯ: ਸੰ. ਆਤ੍ਮਜ੍ਞ. ਵਿ- ਆਪਣੇ ਆਪ ਨੂੰ ਜਾਣਨ ਵਾਲਾ. ਆਤਮਗਯਾਨੀ.

ਆਤਮਗਯਾਨ: ਸੰ. ਆਤ੍ਮਜ੍ਞਾਨ. ਸੰਗਯਾ- ਸ੍ਵਰੂਪ ਦਾ ਗਯਾਨ। ੨. ਪਾਰਬ੍ਰਹਮ ਦਾ ਜਾਣਨਾ.

ਆਤਮਗਯਾਨੀ: ਸੰਗਯਾ- ਬ੍ਰਹਮਗਯਾਨੀ। ੨. ਸ੍ਵਰੂਪ ਦਾ ਗਯਾਤਾ.

ਆਤਮ ਘਾਤ: ਸੰਗਯਾ- ਆਤਮ ਹਤਯਾ. ਖ਼ੁਦਕੁਸ਼ੀ.

ਆਤਮ ਘਾਤੀ: ਵਿ- ਖ਼ੁਦਕੁਸ਼ੀ ਕਰਨ ਵਾਲਾ ਵਾਲਾ. "ਨਾਮ ਨ ਜਪਹਿ ਤੇ ਆਤਮ ਘਾਤੀ." (ਗਉ ਮਃ ੫)

ਆਤਮਜ: ਸੰ. ਆਤ੍ਮਜ. ਸੰਗਯਾ- ਆਪਣੇ ਤੋਂ ਪੈਦਾ ਹੋਇਆ ਪੁਤ੍ਰ। ੨. ਕਾਮਦੇਵ। ੩. ਰੁਧਰ. ਲਹੂ.

ਆਤਮਜਾ: ਸੰਗਯਾ- ਪੁਤ੍ਰੀ. ਬੇਟੀ. ਧੀ.

ਆਤਮਜੋਣੀ: ਡਿੰਗ. ਸੰਗਯਾ- ਆਤਮ ਯੋਨਿ. ਮਨੋਭਵ. ਮਨੋਜ. ਕਾਮਦੇਵ.

ਆਤਮ ਤੀਰਥ: ਸੰਗਯਾ- ਆਤਮਿਕ ਤੀਰਥ. ਆਤਮ ਗਯਾਨ ਰੂਪ ਤੀਰਥ.

ਆਤਮ ਤੀਰਥਿ: ਆਤਮਾ ਰੂਪ ਤੀਰਥ ਵਿੱਚ. ਆਤਮਗਯਾਨ ਰੂਪ ਤੀਰਥ ਮੇਂ. "ਸਚ ਤਾਂਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸ." (ਵਾਰ ਆਸਾ)

ਆਤਮ ਦਰਸ: ਕਰਤਾਰ ਦਾ ਦੀਦਾਰ. ਵਾਹਗੁਰੂ ਦਾ ਸਾਖਯਾਤਕਾਰ। ੨. ਡਿੰਗ. ਅਪਨੀ ਸ਼ਕਲ ਦੇਖੀਏ ਜਿਸ ਵਿੱਚ. ਦਰਪਨ. ਸ਼ੀਸ਼ਾ.

ਆਤਮ ਦਰਸੀ: ਸੰ. ਆਤ੍ਮ- ਦ੍ਰਸ਼ਿਨ. ਵਿ- ਆਤਮਾ ਨੂੰ ਵੇਖਣ ਵਾਲਾ. ਜਿਸ ਨੂੰ ਬ੍ਰਹਮ ਦਾ ਸਾਕ੍ਯਾਤ ਹੈ.

ਆਤਮਦਾਨ, ਆਤਮਦਾਨੁ: ਸੰਗਯਾ- ਆਪਣੇ ਆਪ ਦਾ ਦਾਨ. ਆਤਮ. ਕੁਰਬਾਨੀ। ੨. ਆਤਮਸ੍ਵਰੂਪ ਦਾ ਗਯਾਨ ਰੂਪ ਦਾਨ. "ਗੁਰੂ ਜੇਵਡੁ ਦਾਤਾ ਕੋ ਨਹੀਂ ਜਿਨਿ ਦਿਤਾ ਆਤਮਦਾਨ." (ਸ੍ਰੀ ਮਃ ੫)

ਆਤਮ ਦ੍ਰਵਣਾ: ਕ੍ਰਿ- ਮਨ ਪਘਰਨਾ. ਦਿਲ ਨਰਮ ਹੋਣਾ.

ਆਤਮ ਪ੍ਰਗਾਸ: ਸੰਗਯਾ- ਆਤਮਾ ਦਾ ਪ੍ਰਕਾਸ਼। ੨. ਸ੍ਵਰੂਪ ਗਯਾਨ ਦਾ ਚਮਤਕਾਰ.

ਆਤਮ ਪ੍ਰਬੋਧ: ਸੰਗਯਾ- ਆਤਮ ਗਯਾਨ. ਕਰਤਾਰ ਦਾ ਇਲਮ. "ਦੁਖ ਭੰਜਨ ਆਤਮ ਪ੍ਰਬੋਧ." (ਸਵੈਯੇ ਮਃ ੪. ਕੇ)

---

[128] ਕਈ ਅਜਾਣ, ਅਰਥ ਸਮਝੇ ਬਿਨਾ ਆਖਦੇ ਹਨ ਕਿ ਲਿਖਾਰੀ ਦੀ ਭੁੱਲ ਨਾਲ ਆਤਸ ਦੀ ਥਾਂ ਆਤਮ ਹੋ ਗਿਆ ਹੈ. ਇਨ੍ਹਾਂ ਦੀ ਸਲਾਹ ਮੰਨਕੇ ਕਈਆਂ ਨੇ ਆਤਸ ਛਾਪ ਦੇਣ ਦਾ ਹੌਸਲਾ ਕੀਤਾ ਹੈ. ਦੇਖੋ, ਮੁਫ਼ੀਦ ਆਮ ਪ੍ਰੈਸ ਲਹੌਰ ਵਿਚ ਛਪੀ ਗੁਰੂ ਗ੍ਰੰਥ ਸਾਹਿਬ ਜੀ ਦੀ ੧੪੩੦ ਪੰਨੇ ਵਾਲੀ ਬੀੜ ਦਾ ਪੰਨਾ ੧੦੧੩ ਸਤਰ ੩.

ਆਤਮ ਬਸ: ਵਿ- ਆਤ੍ਮਵਸ਼. ਆਪਣਾ ਆਪ ਹੈ ਜਿਸ ਦੇ ਕ਼ਾਬੂ ਵਿੱਚ ਆਤਮ ਜਿਤ। ੨. ਸ੍ਵਾਧੀਨ. ਖ਼ੁਦਮੁਖ਼ਤਾਰ. "ਆਤਮ ਬਸ ਹੈ." (ਜਾਪੁ) ੩. ਸੰਗ੍ਯਾ- ਇੰਦ੍ਰੀਆਂ ਦਾ ਸੰਯਮ.

ਆਤਮਭੂ: ਸੰਗ੍ਯਾ- ਆਪਣੇ ਆਪ ਤੋਂ ਪੈਦਾ ਹੋਣ ਵਾਲਾ, ਬ੍ਰਹ੍ਮ। ੨. ਪੁਤ੍ਰ. ਬੇਟਾ। ੩. ਬ੍ਰਹਮਾ. "ਆਤਮਭੂ ਭਲ ਰੀਤਿ ਪਛਾਨਤ." (ਨਾਪ੍ਰ) ੪. ਸ਼ਿਵ। ੫. ਵਿਸ਼ਨੁ। ੬. ਮਨੋਜ. ਕਾਮ.

ਆਤਮ ਰਸ: ਸੰਗ੍ਯਾ- ਆਤਮ ਆਨੰਦ ਦਾ ਰਸ. ਆਤਮ ਗ੍ਯਾਨ ਦਾ ਸੁਆਦ. "ਆਤਮਰਸ ਜਿਨਿ ਜਾਣਿਓ." (ਸਵੈਯੇ ਮਃ ੧. ਕੇ)

ਆਤਮ ਰਕ੍ਸ਼ਾ, ਆਤਮ ਰੱਖਿਆ, ਆਤਮ ਰਖ੍ਯਾ: ਸੰਗ੍ਯਾ- ਆਪਣਾ ਬਚਾਉ. ਅਪਨੀ ਹ਼ਿਫ਼ਾਜ਼ਤ। ੨. ਅੰਤਹਕਰਣ ਦੀ ਰਖ੍ਯਾ "ਆਤਮ ਰਖ੍ਯਾ ਗੋਪਾਲ ਸੁਆਮੀ." (ਸਹਸ ਮਃ ੫)

ਆਤਮਰਤ: ਵਿ- ਆਤਮਾ ਨਾਲ ਪ੍ਰੀਤਿ ਕਰਨ ਵਾਲਾ। ੨. ਜਿਸ ਨੂੰ ਆਤਮਗ੍ਯਾਨ ਦੀ ਪ੍ਰਾਪਤੀ ਹੋਈ ਹੈ। ੩. ਜੋ ਦੇਹਾਭਿਮਾਨੀ ਹੈ. ਆਪਣੇ ਸ਼ਰੀਰ ਦੇ ਪਰੇਮ ਵਿੱਚ ਜੋ ਮਗਨ ਹੈ. "ਆਤਮਰਤੰ ਸੰਸਾਰ ਗਹੰ ਤੇ ਨਰ ਨਾਨਕ ਨਿਹਫਲਹ." (ਸਹਸ ਮਃ ੫) ਦੇਹਾਭਿਮਾਨੀ, ਜੋ ਸੰਸਾਰ ਨੂੰ ਗ੍ਰਹਣ ਕਰਦੇ ਹਨ, ਉਹ ਫਲ (ਮੁਕਤਿ) ਨੂੰ ਪ੍ਰਾਪਤ ਨਹੀਂ ਹੁੰਦੇ.

ਆਤਮ ਰਾਮ: ਸੰਗ੍ਯਾ- ਜਿਸ ਵਿੱਚ ਗ੍ਯਾਨੀ ਰਮਣ ਕਰਦੇ ਹਨ ਐਸਾ ਆਤਮਾ. ਪਾਰਬ੍ਰਹਮ. "ਗੁਰਮੁਖਿ ਮਨ ਸਮਝਾਈਐ ਆਤਮਰਾਮ ਬੀਚਾਰਿ." (ਸ੍ਰੀ ਮਃ ੧) ੨. ਆਤਮਾ ਵਿੱਚ ਰਮਣ ਕਰਨ ਵਾਲਾ ਯੋਗੀ.

ਆਤਮ ਵਿਦ: ਸੰ. ਆਤ੍ਮਵਿਦ੍. ਵਿ- ਆਤਮਗ੍ਯਾਨੀ. ਆਤਮਵੇੱਤਾ.

ਆਤਮ ਵਿਦ੍ਯਾ: ਸੰਗ੍ਯਾ- ਬ੍ਰਹਮਵਿਦ੍ਯਾ. ਉਹ ਵਿਦ੍ਯਾ, ਜਿਸ ਤੋਂ ਆਤਮਗ੍ਯਾਨ ਹੋਵੇ.

ਆਤਮਾ: ਸੰ. ਆਤ੍ਮਨ- ਆਤਮਨ. (ਅਤ- ਮਨਿਨ) ਜਿਸ ਦ੍ਵਾਰਾ ਜਾਣੀਏ. ਗ੍ਯਾਨ ਦਾ ਆਧਾਰ ਰੂਪ. ਅਤਵਾ- ਜਿਸ ਨੂੰ ਗੁਰੁਉਪਦੇਸ਼ ਅਤੇ ਉੱਤਮ ਗ੍ਰੰਥਾਂ ਤੋਂ ਜਾਣੀਏ. ਜੀਵਾਤਮਾ. ਰੂਹ. ਇਹ ਪ੍ਰਾਣੀਆਂ ਵਿੱਚ ਤਤ੍ਵ ਹੈ, ਜੋ ਅਨੇਕਾ ਚੇਸ਼੍ਟਾ ਦਾ ਕਾਰਣ ਹੈ. ਮਨੁੱਖਾਂ ਵਿੱਚ ਇਹ ਉਹ ਹਸ੍ਤੀ ਹੈ ਜਿਸ ਤੋਂ ਮੈ ਮੇਰੀ ਦਾ ਬੋਧ ਹੁੰਦਾ ਹੈ. ਕਿਸੇ ਨੇ ਇਸ ਦਾ ਨਿਵਾਸ ਰਿਦੇ ਵਿੱਚ ਕਿਸੇ ਨੇ ਦਿਮਾਗ਼ ਵਿੱਚ ਅਤੇ ਕਿਸੇ ਨੇ ਸਰਵਾਂਗ ਪੂਰਣ ਮੰਨਿਆ ਹੈ. ਨ੍ਯਾਯ ਮਤ ਨੇ ਆਤਮਾ ਦਾ ਲੱਛਣ ਕੀਤਾ ਹੈ ਕਿ ਇੱਛਾ ਸੁਖ ਦੁਖ ਗ੍ਯਾਨ ਹੋਣ ਆਦਿ ਧਾਰਣ ਵਾਲਾ ਆਤਮਾ ਹੈ. ਅਰਥਾਤ ਜਿੱਥੇ ਇਹ ਉੱਥੇ ਸਮਝੋ ਕਿ ਆਤਮਾ ਹੈ. "ਝੁਚ੍ਛਾ ਦ੍ਵੇਸ਼ ਪ੍ਰਯ ਸੁਖ ਦੁਃਖ ਜ੍ਞਾਨਾਨ੍ਯਾਤ੍ਮਨੋ ਲਿਙ੍ਗਮਿਤਿ.ਢ (ਨ੍ਯਾਯ ਦਰ੍ਸ਼ਨ, ਅਃ, ਆਹ੍ਨਿਕ ੧, ਸੂਤ੍ਰ ੧੦)

ਵੇਦਾਂਤ ਮਤ ਅਨੁਸਾਰ ਅਵਿਦ੍ਯਾ ਵਿੱਚ ਚੇਤਨ ਦਾ ਆਭਾਸ (ਅਕਸ), ਅਵਿਦ੍ਯਾ ਦਾ ਅਧਿਸ਼੍ਠਾਨ ਚੇਤਨ ਅਤੇ ਅਵਿਦ੍ਯਾ, ਇਨ੍ਹਾਂ ਤਿੰਨਾਂ ਦਾ ਸਮੁਦਾਯ ਜੀਵਾਤਮਾ ਹੈ. ਜੀਵਾਤਮਾ ਇੱਕ ਹੈ, ਜਿਵੇਂ ਸੂਰਜ ਦਾ ਪ੍ਰਤਿਬਿੰਬ ਹਜ਼ਾਰਾਂ ਘੜਿਆਂ ਵਿੱਚ ਇੱਕ ਹੈ, ਤਿਵੇਂ ਅਨੇਕ ਸ਼ਰੀਰਾਂ ਵਿੱਚ ਜੀਵਾਤਮਾ ਹੈ. ਇਹ ਵਾਸਤਵ ਤੋਂ ਸੱਚਿਦਾਨੰਦ ਰੂਪ ਅਤੇ ਦੇਸ਼ਕਾਲ ਵਸਤੁ ਪਰਿਛੇਦ ਰਹਿਤ ਹੈ. ਜੀਵਾਤਮਾ ਬ੍ਰਹ੍ਮ ਤੋਂ ਵੱਖ ਨਹੀਂ, ਕੇਵਲ ਉਪਾਧਿ ਕਰਕੇ ਅਲਗ ਹੋ ਰਿਹਾ ਹੈ, ਅਰ ਉਪਾਧਿ ਨੇ ਹੀ ਜੀਵ ਈਸ਼੍ਵਰ ਭੇਦ ਕਰ ਰੱਖੇ ਹਨ.

ਮਾਇਆ ਵਿੱਚ ਬ੍ਰਹਮ ਦਾ ਆਭਾਸ, ਮਾਇਆ ਦਾ ਅਧਿਸ਼੍ਠਾਨ ਚੇਤਨ ਅਤੇ ਮਾਇਆ, ਇਨ੍ਹਾਂ ਤਿੰਨਾਂ ਦਾ ਸਮੁਦਾਯ ਈਸ਼੍ਵਰ ਹੈ. ਜੋ ਤ੍ਰਿਗੁਣਾਤੀਤ ਹੈ ਉਹ ਪਾਰਬ੍ਰਹ੍ਮ ਹੈ. ਜੇ ਵਿੱਚੋਂ ਮਾਯਾ ਅਤੇ ਅਵਿਦ੍ਯਾ ਨੂੰ ਹਟਾ ਦੇਈਏ ਤਦ ਕੇਵਲ ਸ਼ੁੱਧ ਬ੍ਰਹਮ ਰਹਿ ਜਾਂਦਾ ਹੈ.

ਅਨੀਸ਼੍ਵਰਵਾਦੀ ਹੋਰ ਪਦਾਰਥਾਂ ਵਾਂਙ ਜੀਵਾਤਮਾ ਨੂੰ ਭੀ ਪਰਿਣਾਮੀ ਅਤੇ ਅਨਿੱਤ ਮੰਨਦੇ ਹਨ. ਵੈਗ੍ਯਾਨਿਕ (ਸਾਇੰਸਦਾਨ) ਤ੍ਵਚਮਸਤਿਸ਼ਕ (brain cortex) ਦੇ ਸ਼ਿਰਾਸ੍ਫੋਟੀ ਜੀਵਾਣੂਆਂ (ganglionic cells) ਦਾ ਗੁਣ ਮੰਨਦੇ ਹਨ.

"ਆਤਮਾ ਪਰਾਤਮਾ ਏਕੋ ਕਰੈ." (ਧਨਾ ਮਃ ੧) ੨. ਪਰਮਾਤਮਾ. ਪਾਰਬ੍ਰਹ੍ਮ. ਵਾਹਗੁਰੂ. "ਆਤਮਾਦੇਉ ਪੂਜੀਐ ਗੁਰ ਕੈ ਸਹਜਿ

ਸੁਭਾਇ। ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ, ਤਾ ਘਰ ਹੀ ਪਰਚਾ ਪਾਇ." (ਵਾਰ ਸ੍ਰੀ ਮਃ ੩) ੩. ਅੰਤਹਕਰਣ. ਮਨ. ਚਿੱਤ. "ਆਤਮਾ ਅਡੋਲੁ ਨ ਡੋਲਈ ਗੁਰਕੈ ਭਾਇ ਸੁਭਾਇ." (ਵਾਰ ਸ੍ਰੀ ਮਃ ੩) ੪. ਸੁਭਾਉ. ਸ੍ਵਭਾਵ। ੫. ਸ਼ਰੀਰ. ਦੇਹ। ੬. ਧੀਰਜ. ਧ੍ਰਿਤਿ। ੭. ਬੁੱਧਿ। ੮. ਸੂਰਜ। ੯. ਅਗਨਿ। ੧੦. ਪਵਨ. ਹਵਾ। ੧੧. ਪੁਤ੍ਰ.

ਆਤਮਾਸ਼੍ਰਯ: ਸੰਗਯਾ- ਆਪਣਾ ਆਸਰਾ. ਅਪਨਾ ਸਹਾਰਾ। ੨. ਨ੍ਯਾਯ ਅਨੁਸਾਰ ਇੱਕ ਦੋਸ਼, ਜਿਸ ਦਾ ਰੂਪ ਹੈ ਕਿ ਕਿਸੇ ਕ੍ਰਿਯਾ ਦੇ ਕਰਤਾ ਨੂੰ ਕ੍ਰਿਯਾ ਦਾ ਕਰਮ ਮੰਨੀਏ. ਜੋ ਪ੍ਰਸੰਗ ਆਪਣੇ ਆਪ ਦੀ ਅਪੇਖ੍ਯਾ ਰਖਦਾ ਹੈ ਉਹ ਆਤਮਾਸ਼੍ਰਯ ਹੈ.

ਆਤਮਾ ਤ੍ਰਿਬਿਧਿ: ਤਿੰਨ ਗੁਣਾ ਦੇ ਤਿੰਨ ਅਸਰ ਧਾਰਣ ਵਾਲਾ ਅੰਤਹਕਰਣ. ਸ਼ਾਂਤਰੂਪ, ਭੋਗੀ ਅਤੇ ਕ੍ਰੋਧੀ. "ਆਤਮਾ ਤ੍ਰਿਬਿਧਿ ਤੇਰੈ ਏਕ ਲਿਵਤਾਰ." (ਸਵੈਯੇ ਮਃ ੨. ਕੇ) ਤੇਰਾ ਅੰਤਹਕਰਣ ਇੱਕ ਕਰਤਾਰ ਦੀ ਲਿਵ ਵਿੱਚ ਜੁੜਿਆ ਹੈ.

ਆਤਮਾ ਦੇਉ: ਆਤਮ ਦੇਵ. ਪੂਜ੍ਯ ਪਰਮਾਤਮਾ. "ਆਤਮਾ ਦੇਉ ਪੂਜੀਐ." (ਵਾਰ ਸ੍ਰੀ ਮਃ ੩)

ਆਤਮਾਵੰਤ ਗਿਆਨ: ਆਤਮਗ੍ਯਾਨ ਵੰਤ. (ਸਵੈਯੇ ਮਃ ੨. ਕੇ)

ਆਤਮਿਕ: ਸੰ. ਆਤ੍ਮਿਕ. ਵਿ- ਆਤਮਾ ਸੰਬੰਧੀ। ੨. ਆਪਣਾ। ੩. ਮਾਨਸਿਕ. ਦਿਲੀ.

ਆਤਮੁ: ਦੇਖੋ, ਆਤਮ ਅਤੇ ਆਤਮਾ। ੨. ਪਰਮਾਤਮਾ. ਵਾਹਗੁਰੂ। ੩. ਜੀਵਾਤਮਾ. "ਆਤਮੁ ਚੀਨੈ ਸੁ ਤਤੁ ਬੀਚਾਰੇ." (ਗਉ ਅਃ ਮਃ ੧) ੪. ਅੰਤਹਕਰਣ. "ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ." (ਗਉ ਥਿਤੀ ਮਃ ੫)

ਆਤਮੇ ਤੀਨ ਬਹੇ ਹੈ: (ਕ੍ਰਿਸਨਾਵ) ਤਿੰਨ ਚਿੱਤ (ਰੁਕਮਿਨੀ, ਉਸ ਦੇ ਭਾਈ ਅਤੇ ਪਿਤਾ ਦਾ ਮਨ) ਚਿੰਤਾ ਨਦੀ ਵਿੱਚ ਰੁੜ੍ਹ ਗਏ ਹਨ.

ਆਤਰ: ਸੰ. ਸੰਗਯਾ- ਉਤਰਾਈ. ਨੌਕਾ ਆਦਿ ਦਾ ਮਹਸੂਲ। ੨. ਦੇਖੋ, ਆਤੁਰ.

ਆਂਤਰਿਕ: ਸੰ. ਆਨ੍ਤਰਿਕ. ਵਿ- ਭੀਤਰੀ. ਅੰਦਰੂਨੀ. ਅੰਦਰਲਾ.

ਆਂਤਰੋਗ: ਅੰਤੜੀ (ਆਂਦਰ) ਦੀ ਬੀਮਾਰੀ, ਜਿਸ ਨੂੰ ਛਿਦ੍ਰੋਦਰ ਜਾਂ ਬੱਧਗੁਦੋਦਰ ਭੀ ਆਖਦੇ ਹਨ. ورم رودہ ਵਰਮ ਰੋਦਹ. Phlebitis. ਵੈਦਕ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਜੇ ਅਹਾਰ ਨਾਲ ਬਾਲੂ ਰੇਤਾ, ਤਿਨਕਾ, ਕੰਡਾ, ਹੱਡੀ, ਲੱਕੜ ਦੀ ਕਰੜੀ ਛਿੱਲ ਆਦਿ ਅੰਦਰ ਜਾਣ ਤੋਂ ਆਂਦ ਛਿੱਲੀ ਜਾਵੇ, ਅਥਵਾ ਪੌਣ ਦੇ ਜੋਰ ਨਾਲ ਆਂਤ ਪਾਟ ਜਾਵੇ, ਤਾਂ ਛਿਦ੍ਰ ਦ੍ਵਾਰਾ ਆਂਤ ਵਿੱਚੋਂ ਪਾਕਰਸ ਬਾਹਰ ਨਿਕਲਨ ਲਗ ਜਾਂਦਾ ਹੈ, ਇਸ ਦੇ ਕਾਰਣ ਕਦੇ ਕਦੇ ਛਿਦ੍ਰੋਦਕ (ਜਲੋਦਰ) ਰੋਗ ਭੀ ਹੋ ਜਾਂਦਾ ਹੈ.

ਇਸ ਤੋਂ ਬਿਨਾ, ਆਂਤ ਵਿੱਚ ਬਲ ਪੈ ਜਾਣਾ (ileus) ਅਥਵਾ ਵਾਤ ਰੋਗ ਨਾਲ ਆਂਦਰਾਂ ਫੁੱਲ ਜਾਣੀਆਂ ਆਦਿਕ ਅਨੇਕ ਆਂਤ ਰੋਗ ਹਨ. ਇਨ੍ਹਾਂ ਰੋਗਾਂ ਦਾ ਬਹੁਤ ਛੇਤੀ ਕਿਸੇ ਸਿਆਣੇ ਹਕੀਮ ਡਾਕਟਰ ਅਥਵਾ ਵੈਦ ਤੋਂ ਇਲਾਜ ਕਰਾਉਣਾ ਚਾਹੀਏ. ਆਂਤ ਦੇ ਰੋਗੀ ਨੂੰ ਕਰੜੀ ਅਤੇ ਭਾਰੀ ਚੀਜਾਂ ਨਹੀਂ ਖਾਣੀਆਂ ਚਾਹੀਏ, ਅਤੇ ਜਿਸ ਤੋਂ ਮੈਲ ਆਂਤ ਵਿੱਚ ਜਮਾ ਨਾ ਰਹੇ ਉਹ ਉਪਾਉ ਕਰਨਾ ਲੋੜੀਏ. "ਕੇਤੇ ਆਂਤ ਰੋਗ ਤੇ ਟਰੇ." (ਚਰਿਤ੍ਰ ੪੦੫)

ਆਤਾਈ: ਦੇਖੋ, ਅਤਾਈ.

ਆਤਿਸ਼: ਦੇਖੋ, ਆਤਸ਼.

ਆਤਿਥ, ਆਤਿਥ੍ਯ: ਸੰਗਯਾ- ਅਤਿਥਿ ਦਾ ਸਤਕਾਰ. ਮੇਹਮਾਨਦਾਰੀ. ਪ੍ਰਾਹੁਣਚਾਰੀ. ਪਰਾਹੁਣੇ ਦੀ ਖ਼ਾਤ਼ਰ ਤਵਾਜਾ.

ਆਤੀਤ: ਦੇਖੋ, ਅਤੀਤ.

ਆਤੁਰ: ਸੰ. ਵਿ- ਵ੍ਯਾਕੁਲ. ਘਬਰਾਇਆ ਹੋਇਆ. "ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ." (ਧਨਾ ਮਃ ੫) ੨. ਰੋਗੀ.

ਬੀਮਾਰ. "ਆਤੁਰ ਨਾਮ ਬਿਨ ਸੰਸਾਰ." (ਸਾਰ ਮਃ ੫) ੩. ਦੀਨ. ਨੰਮ੍ਰ. "ਆਸਨ ਤੇ ਉਠ ਆਤੁਰ ਹਨਐ" (ਕ੍ਰਿਸਨਾਵ) ੪. ਕ੍ਰਿ. ਵਿ- ਛੇਤੀ. ਜਲਦ. ਫੌਰਨ.

ਆਤੁਰਤਾ: ਸੰ. ਸੰਗਯਾ- ਰੋਗ। ੨. ਪੀੜ। ੩. ਵ੍ਯਾਕੁਲਤਾ. ਘਬਰਾਹਟ। ੪. ਸ਼ੀਘ੍ਰਤਾ. ਕਾਹਲੀ। ੫. ਨੰਮ੍ਰਤਾ। ੬. ਦੀਨਤਾ.

ਆਤੰਕ: ਦੇਖੋ, ਅਤੰਕ.

ਆਂਤ੍ਰ: ਸੰ. आन्त्र. ਸੰਗਯਾ- ਅੰਤੜੀ. ਆਂਤ. ਆਂਦਰ

ਆਥ: ਦੇਖੋ, ਅਥ। ੨. ਅਥੰ. ਧਨ. ਮਾਇਆ। ੩. ਇੰਦ੍ਰੀਆਂ ਦੇ ਵਿਸ਼ੇ। ੪. ਅਸ੍ਤ. ਲੋਪ। ੫. आत- ਆੱਤ. ਗ੍ਰਸਿਆ ਹੋਇਆ. ਗ੍ਰਹਣ ਕੀਤਾ। ੬. ਆਹਤ. ਤਾੜਿਆ (ਮਾਰਿਆ) ਹੋਇਆ। ੭. ਦੇਖੋ, ਆਥਿ.

ਆਥਣ, ਆਥਵਣ, ਆਥਵਣੋ: ਸੰ. ਅਸ੍ਤਮਯਨ. ਸੰਗਯਾ- ਅਸ੍ਤ ਹੋਣਾ. ਛਿਪਣਾ. ਸੂਰਜ ਆਦਿ ਦਾ ਨੇਤ੍ਰਾਂ ਤੋਂ ਲੋਪ ਹੋਣਾ. "ਦਿਨਸੁ ਚੜੈ ਫਿਰਿ ਆਥਵੈ." (ਸ੍ਰੀ ਮਃ ੪) ੨. ਅਸ੍ਤ ਹੋਣ ਦੀ ਦਿਸ਼ਾ. ਪਸ਼ਚਿਮ. ਪੱਛਮ. "ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ." (ਵਾਰ ਰਾਮ ੩)

ਆਥਾਹ, ਆਥਾਹਾ: ਦੇਖੋ, ਅਥਾਹ. "ਭਗਤ ਵਛਲ ਆਥਾਹਾ ਹੇ." (ਮਾਰੂ ਸੋਲਹੇ ਮਃ ੩)

ਆਥਿ: ਦੇਖੋ, ਆਥ। ੨. ਅਥੰ. ਧਨ. ਦੌਲਤ. "ਆਥਿ ਸੈਲ ਨੀਚ ਘਰਿ ਹੋਇ। ਆਥਿ ਦੇਖਿ ਨਿਵੈ ਜਿਸ ਦੋਇ." (ਓਅੰਕਾਰ) ਜੇ ਧਨ ਮੂਰਖ ਅਤੇ ਨੀਚ ਦੇ ਘਰ ਹੋਵੇ, ਤਦ ਧਨ ਨੂੰ ਵੇਖਕੇ ਚਤੁਰ ਅਤੇ ਕੁਲੀਨ ਦੋਵੇਂ ਨਿਉਂਦੇ ਹਨ। ੩. ਇੰਦ੍ਰੀਆਂ ਦੇ ਵਿਸ਼ਿਆਂ ਵਿੱਚ. ਦੇਖੋ, ਅਗਛਮੀ। ੪. ਅਸ੍ਤ ਹੋਇਆ. ਲੋਪ ਭਇਆ. "ਮੇਰੋ ਜਨਮ ਮਰਨ ਦੁਖ ਆਥਿ." (ਬਸੰ. ਕਬੀਰ) ੫. ਅਤ੍ਰ. ਇੱਥੇ. "ਮਾਇਆ ਭੂਲੀ ਆਥਿ." (ਓਅੰਕਾਰ) ੬. ਸਥਗਿਤ. ਥੱਕਿਆ. ਮਾਂਦਾ. "ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ." (ਧਨਾ ਛੰਤ ਮਃ ੧) ਅਥਿੰਨ. ਅਰਥੀ. ਇੱਛਾ ਵਾਲਾ. ਖ਼੍ਵਾਹਿਸ਼ਮੰਦ. "ਭੂਲੋ ਮਾਰਗ ਆਥਿ" (ਸ੍ਰੀ ਅਃ ਮਃ ੧) ੮. ਧਨੀ. ਧੌਲਤਮੰਦ। ੯. ਅਥ ਸ਼ਬਦ ਹੈ ਜਿਸ ਦੇ ਮੁੱਢ. ਅਥ ਸ਼ਬਦ ਸਹਿਤ. "ਸੁਅਸਤਿ ਆਥਿ ਬਾਣੀ ਬਰਮਾਉ। ਸਤਿ ਸੁਹਾਣੁ ਸਦਾ ਮਨਿ ਚਾਉ." (ਜਪੁ) ਸ੍ਵਸ੍ਤਿ (ਓਅੰ) ਅਤੇ ਅਥ ਸ਼ਬਦ ਤੋਂ ਆਰੰਭ ਹੋਣ ਵਾਲੀ ਬ੍ਰਹਮਾ ਦੀ ਬਾਣੀ, ਸਿੱਖ ਮੰਤ੍ਰ ਸਤਿਨਾਮੁ ਅਤੇ ਅ਼ਰਬੀ ਸੁਬਹਾਨ ਦਾ ਸਦਾ ਮਨ ਵਿੱਚ ਚਾਉ ਹੈ. ਭਾਵ- ਕਿਸੇ ਖ਼ਾਸ ਭਾਸ਼ਾ ਦੇ ਨਾਮਾਂ ਦਾ ਮਾਨ ਅਤੇ ਤਿਰਸਕਾਰ ਨਹੀਂ. ਦੇਖੋ, ਅਥ ਅਤੇ ਸੁਅਸਤਿ.

ਪ੍ਰੋਫੈਸਰ ਤੇਜਾ ਸਿੰਘ ਜੀ ਇ੍ਹਨਾਂ ਤੁਕਾਂ ਦਾ ਅਰਥ ਕਰਦੇ ਹਨ:- "ਨਮਸਕਾਰ ਹੈ ਉਸਨੂੰ ਜੋ ਆਪ ਮਾਇਆ ਹੈ, ਬਾਣੀ ਹੈ ਅਤੇ ਬ੍ਰਹਮ ਹੈ. ਉਹ ਸਤਯ ਸਰੂਪ ਹੈ, ਸੁੰਦਰ ਹੈ ਅਤੇ ਮਨ ਵਿੱਚ ਸਦਾ ਨੇਕੀ ਦੇ ਚਾਉ ਦੀ ਸ਼ਕਲ ਵਿੱਚ ਰਹਿੰਦਾ ਹੈ."

ਆਥਿਤਯ: ਸੰਗਯਾ- ਅਸਿਥਰਤਾ. ਨਾਪਾਇਦਾਰੀ। ੨. ਦੇਖੋ, ਆਥਿਤਯ ਭਵਨ। ੩. ਦੇਖੋ, ਆਤਿਥਯ.

ਆਥਿਤਯ ਭਵਨ: ਸੰਗਯਾ- ਜਗਤ. ਆਤਿਥਯ ਘਰ, ਅਤਿਥੀਆਂ ਦੇ ਠਹਿਰਣ ਲਈ ਰਚਿਆ ਹੋਇਆ ਘਰ, ਸਰਾਇ. ਡਾਕ ਬੰਗਲਾ. "ਅਤਜੰਤ ਆਸਾ ਆਥਿਤਯ ਭਵਨੰ." (ਸਹਸ ਮਃ ੫) ੨. ਨਾਪਾਇਦਾਰ ਘਰ.

ਆਦ: ਸੰ. ਆਦਿ ਵਿ- ਪਹਿਲਾ. ਮੁੱਢਲਾ. ਮੁੱਢ ਦਾ। ੨. ਸੰਗਯਾ- ਆਰੰਭ. ਮੁੱਢ। ੩. ਮੂਲ ਕਾਰਣ। ੪. ਵਯ- ਵਗੈਰਾ. ਆਦਿਕ.

ਆਂਦ: ਦੇਖੋ, ਆਂਤ ਅਤੇ ਆਂਤ੍ਰ.

ਆਦਕ: ਦੇਖੋ, ਆਦਿਕ। ੨. ਸੰ. ਆਦ੍ਰੰਕ. ਸੰਗਯਾ- ਆਦਾ. ਅਦਰਕ. ਦੇਖੋ, ਆਦਿਕ. ੨.

ਆਦੱਗ: ਵਿ- ਪ੍ਰਜ੍ਵਲਿਤ. ਮਚਦਾ ਹੋਇਆ।

੨. ਰੌਸ਼ਨ. ਪ੍ਰਕਾਸ਼ ਸਹਿਤ. "ਆਦੱਗ ਜੋਗ ਸੁੰਦਰ ਸਰੂਪ." (ਦੱਤਾਵ)

ਆਦਤ, ਅ਼ਾਦਤ: ਅ਼. عادت ਸੰਗ੍ਯਾ- ਸੁਭਾਉ. ਬਾਣ. ਵਾਦੀ.

ਆਦਮ: ਸੰਗ੍ਯਾ- ਭਾਈ ਭਗਤੂ ਦਾ ਪਿਤਾ, ਜੋ ਸਤਿਗੁਰੂ ਰਾਮਦਾਸ ਜੀ ਦਾ ਅਨੰਨ ਸਿੱਖ ਸੀ. ਦੇਖੋ, ਭਗਤੂ ਭਾਈ। ੨. ਆਦਮ Adam. ਅ਼. آدم ਅਦੀਮੁਲ ਅਰਦ (ਮਿੱਟੀ) ਤੋਂ ਪੈਦਾ ਹੋਇਆ (ਬਾਈਬਲ ਅਤੇ ਕੁਰਾਨ ਦੇ ਲੇਖ ਅਨੁਸਾਰ) ਸਭ ਤੋਂ ਪਹਿਲਾ ਮਨੁੱਖ, ਜਿਸਨੂੰ ਖ਼ੁਦਾ ਨੇ ਆਪਣੀ ਸ਼ਕਲ ਦਾ ਮਿੱਟੀ ਤੋਂ ਬਣਾਇਆ. "ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ." (ਭੈਰ ਕਬੀਰ)

ਬਾਈਬਲ ਵਿੱਚ ਕਥਾ ਹੈ ਕਿ ਜਦ ਆਦਮ ਸੌਂ ਗਿਆ ਤਦ ਖ਼ੁਦਾ ਨੇ ਉਸ ਦੀ ਇੱਕ ਪਸਲੀ ਕੱਢਕੇ ਉਸ ਤੋਂ ਨਾਰੀ ਰਚੀ, ਜੋ "ਹਵਾ" ਅਖਾਈ. ਰੱਬ ਨੇ ਇਸ ਜੋੜੇ ਨੂੰ "ਅਦਨ" ਬਾਗ ਵਿੱਚ ਰੱਖਕੇ ਹੁਕਮ ਦਿੱਤਾ ਕਿ ਤੁਸੀਂ ਏਥੇ ਆਨੰਦ ਨਾਲ ਰਹੋ ਅਤੇ ਫਲ ਆਦਿ ਪਦਾਰਥ ਖਾਓ, ਪਰ ਇੱਕ ਖਾਸ ਬੂਟਾ ਦੱਸਕੇ ਹਦਾਇਤ ਕੀਤੀ, ਕਿ ਇਸ ਦਾ ਫਲ ਕਦੇ ਨਾ ਖਾਣਾ. ਸ਼ੈਤਾਨ ਨੇ ਆਕੇ ਆਦਮ ਅਤੇ ਹਵਾ ਨੂੰ ਵਰਗਲਾਇਆ, ਜਿਸ ਤੋਂ ਉਨ੍ਹਾਂ ਨੇ ਵਰਜਤਿ ਫਲ ਖਾਧਾ, ਅਤੇ ਬਾਗ ਤੋਂ ਇਸ ਅਪਰਾਧ ਬਦਲੇ ਕੱਢੇ ਗਏ ਅਤੇ ਖ਼ੁਦਾ ਤੋਂ ਸ੍ਰਾਪ (ਸ਼ਾਪ) ਮਿਲਿਆ ਕਿ ਆਦਮ ਦੀ ਔਲਾਦ ਮੇਹਨਤ ਕਰਕੇ ਗੁਜ਼ਾਰਾ ਕਰੇ ਅਤੇ ਮੌਤ ਦਾ ਸ਼ਿਕਾਰ ਹੋਵੇ. ਆਦਮ ਦੀ ਉਮਰ ਬਾਈਬਲ ਵਿੱਚ ੯੩੦ ਵਰ੍ਹੇ ਦੀ ਲਿਖੀ ਹੈ, ਅਤੇ ਇਸ ਦੇ ਪੁਤ੍ਰ ਕ਼ਾਯਿਨ (Cain[129]), ਹਾਬਿਲ (Abel[130]) ਅਤੇ ਸੇਤ (Seth) ਦੱਸੇ ਹਨ.

T. P. Hughes ਇਸਲਾਮ ਦੀ ਡਿਕਸ਼ਨਰੀ ਵਿੱਚ ਲਿਖਦਾ ਹੈ ਕਿ ਜਦ ਆਦਮ ਤੇ ਹਵਾ ਸੁਰਗੋਂ ਡਿੱਗੇ, ਤਦ ਆਦਮ ਤਾਂ ਲੰਕਾ ਅਤੇ ਹਵਾ ਅਰਬ ਵਿੱਚ ਜੱਦਾਹ ਦੇ ਪਾਸ ਡਿੱਗੀ, ਦੋ ਸੌ ਵਰ੍ਹੇ ਦੋਵੇਂ ਜੁਦੇ ਰਹੇ. ਫੇਰ ਜਬਰਾਈਲ ਫਰਿਸ਼ਤੇ ਨੇ ਆਦਮ ਨੂੰ ਮੱਕੇ ਪਾਸ "ਅਰਫ਼ਾਹ" ਪਹਾੜ ਤੇ ਲਿਆਕੇ ਹਵਾ ਮਿਲਾਈ. ਆਦਮ ਆਪਣੀ ਔਰਤ ਨੂੰ ਲੈ ਕੇ ਫੇਰ ਲੰਕਾ (Cylon) ਚਲਾ ਗਿਆ. ਲੰਕਾ ਵਿੱਚ ਆਦਮ ਦੀ ਪਹਾੜੀ, ਜਿਸ ਦੀ ਉਚਾਈ ੭੪੨੯ ਫੁੱਟ ਹੈ, ਅਤੇ ਉਸ ਦੇ ਨਾਉਂ ਦਾ ਪੁਲ ਹੁਣ ਤੀਕ ਪ੍ਰਸਿੱਧ ਹੈ. ਰਾਮਾਇਣ ਵਿੱਚ ਇਹ ਪੁਲ ਸ਼੍ਰੀ ਰਾਮ ਚੰਦ੍ਰ ਤੋਂ ਬਣਿਆ ਲਿਖਿਆ ਹੈ.

ਕਈ ਕਵੀ ਖਿਆਲ ਕਰਦੇ ਹਨ ਕਿ ਰਾਮ ਆਦਮ ਅਤੇ ਸੀਤਾ ਹਵਾ ਹੈ. ਜਿਵੇਂ ਨੂਹ ਅਤੇ ਮਨੁ ਇਕੋ ਆਦਮੀ ਹੈ. ਕਿਤਨਿਆਂ ਦਾ ਖਿਆਲ ਹੈ ਕਿ ਸ਼ਿਵ ਆਦਮ ਅਤੇ ਪਾਰਵਤੀ ਹਵਾ ਹੈ। ੩. ਵਿ- ਚਮੜੇ ਵਿੱਚ ਲਿਪਟਿਆ ਹੋਇਆ। ੪. ਕਣਕ ਰੰਗਾ.

ਆਦਮ ਸ਼ਨਾਸੀ: ਸੰਗ੍ਯਾ- ਆਦਮੀ ਦੀ ਪਰਖ.

ਪੁਰਖ ਦੇ ਗੁਣ ਅਵਗੁਣ ਪਰਖਣ ਦੀ ਜਾਚ.

ਜੌਪੈ ਦੇਂਯ ਜੀਵਨ ਤੋ ਸੱਜਨ ਸਨੇਹੀ ਸੰਗ

ਜੌਪੈ ਦੇਂਯ ਮੀਚ ਤੋ ਭਲੀ ਹੀ ਭੂਮਿ ਕਾਸ਼ੀ ਕੀ.

ਜੌਪੈ ਦੇਂਯ ਦਾਰਿਦ ਤੋ ਹਰਿ ਕੇ ਭਜਨ ਯੁਤ

ਜੌਪੈ ਦੇਂਯ ਲੱਛ ਬਨੇ ਸੇਵਾ ਅਵਿਨਾਸ਼ੀ ਕੀ.

ਜੌਪੈ ਦੇਂਯ ਲਾਗ ਨਿਜ ਘਰਨੀ ਕੇ ਅੰਗ ਸੰਗ

ਸੰਗਤਿ ਨ ਦੀਜੀਓ ਕਰੋਰ ਕੋਟਿ ਦਾਸੀ ਕੀ,

ਜੌਪੈ ਦੇਂਯ ਚਾਕਰੀ ਤੋ ਠਾਕੁਰੀ ਹੈ ਯਹੀ ਤੇਰੀ

ਜਾਂਮੇ ਮਤਿ ਹੋਇ ਨੈਕ ਆਦਮ ਸ਼ਨਾਸੀ ਕੀ.

---

[129] ਇਸ ਦਾ ਉੱਚਾਰਣ 'ਕਾਨ' ਹੈ.

[130] ਇਸ ਦਾ ਉੱਚਾਰਣ 'ਅਬਲ' ਹੈ.

(ਨਵਲ ਸਿੰਘ)

ਆਦਮਖ਼ੋਰ: ਵਿ- ਆਦਮੀ ਖਾਣ ਵਾਲਾ. ਜੋ ਮਨੁੱਖ ਨੂੰ ਖਾਜਾਵੇ. Cannibal.

ਆਦਮ ਦਾ ਪੁਲ: ਮਦਰਾਸ ਦੇ ਮਦੁਰਾ ਜਿਲ੍ਹੇ ਵਿੱਚ ਰਾਮੇਸ਼੍ਵਰ ਤੋਂ ਮਨਾਰ ਤੀਕ ੧੭. ਮੀਲ ਲੰਮੀ, ਪੁਲ ਦੇ ਆਕਾਰ ਦੀ ਸਮੁੰਦਰ ਵਿੱਚ ਪਹਾੜ ਦੀ ਧਾਰਾ. ਰਾਮਾਇਣ ਵਿੱਚ ਕਥਾ ਹੈ ਕਿ ਇਹ ਪੁਲ ਰਾਮ ਚੰਦ੍ਰ ਜੀ ਨੇ ਲੰਕਾ ਨੂੰ ਫੌਜ ਲੈ ਜਾਣ ਸਮੇਂ ਨਲ ਨੀਲ ਤੋਂ ਤਿਆਰ ਕਰਵਾਇਆ ਸੀ. ਦੇਖੋ, ਆਦਮ ੨.

ਆਦਮੀ: ਅ਼. آدمی ਸੰਗਯਾ- ਮਨੁੱਖ. ਆਦਮ ਤੋਂ ਪੈਦਾ ਹੋਇਆ. ਆਦਮ ਦੀ ਸੰਤਾਨ. "ਹਮ ਆਦਮੀ ਹਾਂ ਇਕ ਦਮੀ." (ਧਨਾ ਮਃ ੧)

ਆਦਮੀਯਤ: ਸੰਗਯਾ- ਆਦਮੀਪੁਣਾ. ਮਾਨੁਸ਼੍ਯਤ੍ਵ. ਭਾਵ- ਭਲਮਨਸਊ.

ਆਦਰ: ਸੰ. ਸੰਗਯਾ- ਸਨਮਾਨ. ਸਤਕਾਰ. ਖਾਤਿਰ। ੨. ਸ੍ਵਾਗਤ. ਆਉ ਭਗਤ. "ਆਦਰੁ ਦਿਤਾ ਪਾਰਬ੍ਰਹਮ." (ਸੂਹੀ ਅਃ ਮਃ ੫)

ਆਂਦਰ: ਦੇਖੋ, ਆਂਤ ਅਤੇ ਆਂਤ੍ਰ.

ਆਦਰਸ: ਸੰ. ਆਦਸ਼ੰ. ਸੰਗਯਾ- ਸ਼ੀਸ਼ਾ. ਦਰਪਨ. "ਦਰਸੈ ਵਿੱਚ ਆਦਰਸ ਬਦਨ ਕੋ." (ਗੁਪ੍ਰਸੂ) ੨. ਟੀਕਾ. ਵ੍ਯਾਖ੍ਯਾ। ੩. ਨਮੂਨਾ। ੪. ਭਾਵ- ਸਿੱਧਾਂਤ. ਅਭਿਪ੍ਰਾਯ.

ਆਦਰੁ: ਦੇਖੋ, ਆਦਰ.

ਆਦਲ: ਦੇਖੋ, ਆਦਿਲ.

ਆਦਲਾ: ਦੇਖੋ, ਆਦਿਲਾ.

ਆਦਾ: ਦੇਖੋ, ਅਦਰਕ.

ਆਦਾਤ: ਆਦਤ ਦਾ ਬਹੁ ਵਚਨ.

ਆਂਦਾ: ਵਿ- ਲਿਆਂਦਾ. "ਮਜਨੁ ਗੁਰਿ ਆਂਦਾ ਰਾਸੇ."

(ਸੋਰ ਮਃ ੫)

ਆਦਾਬ: ਅਦਬ ਦਾ ਬਹੁ ਵਚਨ.

ਆਦਿ: ਦੇਖੋ, ਆਦ. "ਆਦਿ ਅਨੀਲ ਅਨਾਦਿ." (ਜਪੁ) ੨. ਸੰਗਯਾ- ਬ੍ਰਹਮ. ਕਰਤਾਰ. "ਆਦਿ ਕਉ ਕਵਨੁ ਬੀਚਾਰ ਕਥੀਅਲੇ?" (ਸਿਧ ਗੋਸਟਿ)

ਆਦਿ ਅੰਕੁਰ: ਸੰਗਯਾ- ਪਿਛਲੇ ਕਰਮਾਂ ਦਾ ਫਲ। ੨. ਪਹਿਲੇ ਸੰਸਕਾਰਾਂ ਦਾ ਪ੍ਰਗਟ (ਉਦਯ) ਹੋਣਾ "ਆਦਿ ਅੰਕੁਰ ਆਇਆ." (ਬਿਹਾ ਛੰਤ ਮਃ ੫)

ਆਦਿ ਅੰਤਿ: ਕ੍ਰਿ. ਵਿ- ਜਨਮ ਮਰਣ ਦੇ ਸਮੇਂ. ਆਦਿ ਅੰਤ ਵਿੱਚ. "ਆਦ ਅੰਤਿ ਜੋ ਰਾਖਨਹਾਰੁ." (ਸੁਖਮਨੀ) ੨. ਸਰਵ ਕਾਲ ਮੇ. ਹਰ ਵੇਲੇ.

ਆਦਿਸ: ਦੇਖੋ, ਆਦੇਸ। ੨. ਦੇਖੋ, ਅਦ੍ਰਿਸ਼੍ਯ। ੩. ਕ੍ਰਿ. ਵਿ- ਚਾਰੋਂ ਓਰ. ਚੁਫੇਰੇ. ਸਭ ਦਿਸ਼ਾ ਵਿੱਚ. "ਆਦਿਸ ਫਿਰੈਯਾ ਤੇਤੋ ਭੂਤ ਕੈ ਪਛਾਨੀਐ." (ਅਕਾਲ) ੪. ਦੇਖੋ, ਆਤਿਸ਼ ਅਤੇ ਆਦੀਸ ੨.

ਆਦਿਕ: ਵਜ- ਵਗੈਰਾ. ਆਦਿ। ੨. ਸੰ. ਆਦ੍ਰੰਕ. ਸੰਗਜਾ- ਆਦਾ. ਅਦਰਕ. "ਆਦਿਕ ਕੇ ਬਿਖ ਚਾਬਤ ਭੋਰੈ." (ਕ੍ਰਿਸਨਾਵ) ਆਦੇ ਦੇ ਭੁਲੇਖੇ ਬਿਖ (ਮਿੱਠਾ ਤੇਲੀਆ) ਚਾਬਤ.

ਆਦਿ ਕਵਿ: ਸੰਗਜਾ- ਪਹਿਲਾ ਕਵਿ. ਵਾਲਮੀਕਿ. ਰਾਮਾਇਣ ਦਾ ਪ੍ਰਥਮ ਕਵਿ। ੨. ਸ਼ੁਕ੍ਰਾਚਾਰਯ.

ਆਦਿ ਕੁਮਾਰ: ਸੰਗਜਾ- ਬ੍ਰਹਮਾ ਦੇ ਪੁਤ੍ਰ ਸਨਕਾਦਿ. "ਕਈ ਦੇਵ ਆਦਿਕੁਮਾਰ." (ਅਕਾਲ)

ਆਦਿ ਕੁਮਾਰਿ, ਆਦਿ ਕੁਮਾਰੀ: ਸੰਗਜਾ- ਦੇਵੀ. ਦੁਰਗਾ. ਪਾਰਵਤੀ। ੨. ਲੱਛਮੀ.

ਆਦਿ ਗੁਰ: ਸੰਗਜਾ- ਗੁਰੂ ਨਾਨਕ ਦੇਵ. "ਆਦਿਗੁਰਏ ਨਮਹ." (ਸੁਖਮਨੀ) ਦੇਖੋ, ਗੁਰਏ.

ਆਦਿ ਜੁਗਾਦਿ, ਆਦਿ ਜੁਗਾਦੀ: ਮੁੱਢ ਤੋਂ. ਸਦਾ ਤੋਂ. ਆਦਿ ਕਾਲ ਸੇ. "ਆਦਿ ਜੁਗਾਦਿ ਦਇਆਲੁ ਤੂ ਠਾਕੁਰ." (ਆਸਾ ਅਃ ਮਃ ੧) "ਆਦਿ ਜੁਗਾਦੀ ਰਖਦਾ." (ਮਾਝ ਮਃ ੫. ਦਿਨਰੈਣਿ)

ਆਦਿਤ: ਦੇਖੋ, ਆਦਤ। ੨. ਸੂਰਜ. ਦੇਖੋ, ਆਦਿਤ੍ਯ.

ਆਦਿਤ ਵਾਰ: ਆਦਿਤ੍ਯ (ਸੂਰਜ) ਦਾ ਵਾਰ (ਦਿਨ). ਐਤਵਾਰ.

ਆਦਿਤ ਵਾਰਿ: ਆਦਿਤ੍ਯ ਵਾਰ (ਐਤਵਾਰ) ਵਿੱਚ. "ਆਦਿਤਵਾਰਿ ਆਦਿਪੁਰਖ ਹੈ ਸੋਈ." (ਬਿਲਾ ਵਾਰ ੭. ਮਃ ੩)

ਆਦਿੱਤ, ਆਦਿਤ੍ਯ: ਅਦਿਤਿ ਦੀ ਔਲਾਦ. ਅਦਿਤਿ ਦੀ ਵੰਸ਼ ਵਿੱਚ ਹੋਣ ਵਾਲਾ। ੨. ਅਦਿਤਿ ਦਾ ਪੁਤ੍ਰ ਸੂਰਜ. "ਕਿ ਆਦਿੱਤ ਸੋਖੈ." (ਜਾਪੁ) ਸੂਰਜ ਨੂੰ ਭੀ ਸੋਖਣ ਵਾਲਾ ਹੈ। ੩. ਵਾਮਨ ਭਗਵਾਨ। ੪. ਇੰਦ੍ਰ. ਦੇਵਰਾਜ। ੫. ਦੇਵਤਾ. ਸੁਰ.

ਆਦਿਤ੍ਯ ਵਾਰ: ਦੇਖੋ, ਆਦਿਤ ਵਾਰ.

ਆਦਿ ਨਾਥ: ਸੰਗਜਾ- ਕਰਤਾਰ. ਵਾਹਗੁਰੂ। ੨. ਯੋਗੀਆਂ ਦੇ ਮਤ ਅਨੁਸਾਰ ਸ਼ਿਵ।

ਆਦਿ ਪੁਰਖ: ਸੰ. ਆਦਿ ਪੁਰੁਸ਼. ਸੰਗਜਾ- ਪਾਰਬ੍ਰਹਮ. ਵਾਹੁਗੁਰੂ. "ਆਦਿ ਪੁਰਖ ਆਦੇਸ." (ਜਾਪੁ)

ਆਦਿ ਬ੍ਰਿਤ: ਸੰ. ਆਦਿਵ੍ਰਤ. ਵਿ- ਮੁੱਢ ਦਾ ਨਿਯਮ. ਆਦਿ ਕਾਲ ਦੀ ਰੀਤਿ. "ਦੁਸਟ ਨਿਕੰਦਨ ਆਦਿ ਬ੍ਰਿਤੇ." (ਅਕਾਲ) ੨. ਆਦਿ ਵ੍ਰਿੱਤਿ. ਆਦਿ ਕਾਲ ਦੀ ਰੋਜ਼ੀ. ੩. ਮਨ ਦੀ ਪਹਿਲੀ ਆਦਤ (ਵ੍ਰਿੱਤਿ).

ਆਦਿਮ: ਦੇਖੋ, ਆਦਮ। ੨. ਸੰ. ਵਿ- ਪਹਿਲਾ. ਪ੍ਰਥਮ। ੩. ਵਜਾਕਰਣ ਅਨੁਸਾਰ ਵਾਕਦਾ ਪਹਿਲਾ ਹਿੱਸਾ, ਜਿਸ ਦਾ ਅੰਤਿਮ ਹਿੱਸੇ ਨਾਲ ਸੰਬੰਧ ਹੈ. ਜਿਵੇਂ- "ਵਿਦ੍ਵਾਨ ਗਜਾਨੀ ਸਿੰਘ, ਉੱਤਮ ਕਥਾ ਕਰਦਾ ਹੈ." ਇਸ ਵਾਕ ਵਿੱਚ ਵਿਦ੍ਵਾਨ ਗਜਾਨੀ ਸਿੰਘ ਆਦਿਮ ਹੈ.

ਆਦਿਮੰਤੁ, ਆਦਿਮੰਤ੍ਰ: ਸੰਗਜਾ- ਸਤਿਨਾਮੁ. ਸਭ ਮੰਤ੍ਰਾਂ ਤੋਂ ਪਹਿਲਾ ਮੰਤ੍ਰ. "ਸਤਿ ਨਾਮੁ ਤੇਰਾ ਪਰਾ ਪੂਰਬਲਾ." (ਮਾਰੂ ਸੋਲਹੇ ਮਃ ੫) "ਦੇਹਿ ਤ ਜਾਪੀ ਆਦਿਮੰਤੁ." (ਬਸੰ ਮਃ ੩)

ਆਦਿਲ: ਅ਼. عادل ਆ਼ਦਿਲ. ਵਿ- ਅ਼ਦਲ (ਨਿਆਂਉਂ) ਕਰਨ ਵਾਲਾ. ਨਜਾਯਕਾਰੀ. "ਆਦਿਲ ਅਦਲ ਚਲਾਂਇਦਾ." (ਭਾਗੁ)

ਆਦਿਲਾ: ਵਿ- ਪਹਿਲਾ. ਪ੍ਰਥਮ. ਦੇਖੋ, ਆਦਿਲੇ। ੨. ਸੰਬੋਧਨ. ਹੇ ਆ਼ਦਿਲ! ਹੇ ਨਜਾਯਕਾਰੀ.

ਆਦਿਲੇ: ਆਦਿ ਕਾਲ ਦੇ. ਪਹਿਲੇ. "ਆਦਿਲੇ ਭਗਤ ਜਿਤੁ ਲਗਿ ਤਰੇ" (ਸਵੈਯੇ ਮਃ ੪. ਕੇ)

ਆਦੀ: ਦੇਖੋ, ਆਦਿ। ੨. ਵਿ- ਲਿਆਂਦੀ. ਆਂਦੀ. ਆਨਯਨ ਕਰੀ. "ਜਿਨਿ ਸੀਤਾ ਆਦੀ ਡਉਰੁ ਵਾਇ." (ਵਾਰ ਰਾਮ ਮ ঃ ੧) ੩. ਅ਼. عادی ਆ਼ਦੀ. ਵਿ- ਕੋਈ ਖਾਸ ਆਦਤ ਰੱਖਣ ਵਾਲਾ। ੪. ਅਭ੍ਯਾਸੀ.

ਆਂਦੀ: ਦੇਖੋ, ਆਦੀ ੨.

**ਆਦੀਸ:** ਸੰਗਜਾ- ਆਦਿ- ਈਸ਼. ਕਰਤਾਰ. ਵਾਹਗੁਰੂ। ੨. ਫ਼ਾ. آتش ਆਦੀਸ਼। ਅਗਨਿ. ਆਤਿਸ਼.

**ਆਦੇਸ, ਆਦੇਸੁ:** ਸੰ. ਆਦੇਸ਼. ਸੰਗਜਾ- ਆਗਜਾ. ਹੁਕਮ। ੨. ਖ਼ਬਰ. ਸੁਧ। ੩. ਸਿਖਜਾ. ਨਸੀਹਤ। ੪. ਵਜਾਕਰਣ ਅਨੁਸਾਰ ਇੱਕ ਅੱਖਰ ਨੂੰ ਦੂਜੇ ਨਾਲ ਬਦਲਣ ਦੀ ਕ੍ਰਿਯਾ। ੫. ਯੋਗੀਆਂ ਦਾ ਪਰਸਪਰ ਮਿਲਣ ਸਮੇਂ ਸ਼ਿਸ਼੍ਟਾਚਾਰ ਦਾ ਸ਼ਬਦ. "ਆਦੇਸੁ ਤਿਸੈ ਆਦੇਸੁ." (ਜਪੁ)

**ਆਂਦੋਲਨ:** ਸੰ. ਸੰਗਜਾ- ਬਾਰ ਬਾਰ ਡੁਲਾਉਣ ਦੀ ਕ੍ਰਿਯਾ. ਹਿਲਾਉਣਾ. ਝੂਟਾ ਦੇਣਾ। ੨. ਡਾਂਵਾ ਡੋਲ. ਹਲਚਲ। ੩. ਜੋਸ਼ ਦਾ ਉਭਾਰ। ੪. ਕੁਲਾਹਲ.

**ਆਦਜ:** ਸੰ. ਵਿ- ਮੁੱਢ ਦਾ। ੨. ਪ੍ਰਧਾਨ. ਵਡਾ। ੩. ਸੰਗਜਾ- ਅੰਗੂਠਾ। ੪. ਖਾਣ ਯੋਗਜ ਪਦਾਰਥ. ਅੰਨ.

**ਆਦਜੋਪਾਂਤ:** ਸੰ. ਕ੍ਰਿ. ਵਿ- ਆਦ ਤੋਂ ਅੰਤ ਤੀਕ. ਸ਼ੁਰੂ ਤੋਂ ਅਖੀਰ ਤਕ.

**ਆਦ੍ਰਿਸ, ਆਦ੍ਰਿਸਜ:** ਸੰ. ਆਦ੍ਰਿਸ਼ਜ. ਵਿ- ਜੋ ਦਿਖਾਈ ਨਾ ਦੇਵੇ. ਅਗੋਚਰ। ੨. ਸੰ. ਆਦਸ਼ੰ. ਨਮੂਨਾ. ਨਜੀਰ. ਮਿਸ਼ਾਲ. "ਆਦ੍ਰਿਸਜ ਧਰਮ." (ਜਾਪੁ)

**ਆਧ:** ਵਿ- ਅੱਧਾ. ਨਿਸਫ਼. "ਆਧ ਘਰੀ ਕੋਊ ਨਹਿ ਰਾਖੈ." (ਦੇਵ ਮਃ ੯) ੨. ਦੇਖੋ, ਆਧਿ.

**ਆਧਨਿ:** ਸੰਗਜਾ- ਅਧਿਪਨੀ ਦਾ ਸੰਖੇਪ. ਰਾਜੇ ਦੀ ਸੈਨਾ. (ਸਨਾਮਾ)

**ਆਂਧਰ, ਆਂਧਰਾ:** ਵਿ- ਅੰਧ. ਅੰਧਾ. ਅੰਨ੍ਹਾ. ਨੇਤ੍ਰਹੀਨ. "ਆਂਧਰ ਕੀ ਪਦਵੀ ਕਹਿਂ ਪਾਵੈ." (ਵਿਚਿਤ੍ਰ) ੨. ਭਾਵ- ਅਗਜਾਨੀ. ਮੂਰਖ। ੩. ਅਭਿਮਾਨੀ.

**ਆਧਾ:** ਵਿ- ਅੱਧਾ. ਨਿਸਫ. ਅਰਧ.

**ਆਧਾਨ:** ਦੇਖੋ, ਅਧਾਨ.

**ਆਧਾਰ:** ਦੇਖੋ, ਅਧਾਰ. "ਨਾਮ ਤੇਰਾ ਆਧਾਰ ਮੇਰਾ." (ਗਉ ਕਬੀਰ) ੨. ਗਿਜਾ. ਭੋਜਨ. "ਜਿਨ ਪੈਦਾ ਇਸ ਤੂ ਕੀਆ ਸੋਈ ਦੇਇ ਆਧਾਰ." (ਤਿਲੰ ਮਃ ੫)

**ਆਧਾਰੀ:** ਦੇਖੋ, ਅਧਾਰੀ। ੨. ਸੰਗਜਾ- ਆਸ਼੍ਰਯ. ਆਸਰਾ. "ਸਭਨਾ ਜੀਆ ਕਾ ਆਧਾਰੀ." (ਮਾਰੂ ਸੋਲਹੇ ਮਃ ੩) ੩. ਝੋਲੀ. ਥੈਲੀ "ਡੰਡਾ ਮੁੰਦ੍ਰਾ ਖਿੰਥਾ ਆਧਾਰੀ." (ਬਿਲਾ ਕਬੀਰ)

**ਆਧਿ:** ਸੰ. ਸੰਗਜਾ- ਮਨ ਦਾ ਦੁੱਖ. ਦੇਖੋ, ਰਸ। ੨. ਚਿੰਤਾ. ਫਿਕਰ. ਸੋਚ.

**ਆਧਿ ਦੈਵਿਕ:** ਸੰ. ਵਿ- ਦੇਵਤਾ ਦ੍ਵਾਰਾ ਹੋਣ ਵਾਲਾ। ੨. ਸੰਗਜਾ- ਸਰਦੀ ਗਰਮੀ ਵਰਖਾ ਬਿਜਲੀ ਆਦਿ ਦ੍ਵਾਰਾ ਪ੍ਰਾਪਤ ਹੋਇਆ ਕਲੇਸ਼.

**ਆਧਿ ਭੌਤਿਕ:** ਸੰ. ਵਿ- ਭੂਤ (ਜੀਵਾ) ਦ੍ਵਾਰਾ ਪ੍ਰਾਪਤ ਹੋਇਆ। ੨. ਸੰਗਜਾ- ਸੱਪ, ਸ਼ੇਰ, ਕੁੱਤਾ ਆਦਿ ਜੀਵਾਂ ਤੋਂ ਪ੍ਰਾਪਤ ਹੋਇਆ ਦੁੱਖ.

**ਆਧੀ:** ਵਿ- ਅੱਧੀ. ਨਿਸਫ਼. ਅਰਧ. "ਏਕ ਘੜੀ ਆਧੀ ਘਰੀ." (ਸ. ਕਬੀਰ) ੨. ਦੇਖੋ, ਆਧਿ। ੩. ਸੰ. ਸੰਗਜਾ- ਖ਼ਬਰਦਾਰੀ.

**ਆਂਧੀ:** ਸੰਗਜਾ- ਅੰਧੇਰੀ. ਅੰਧਕਾਰ ਫੈਲਾਉਣ ਅਤੇ ਲੋਕਾਂ ਦੀਆਂ ਅੱਖਾਂ ਅੰਧ (ਅੰਨ੍ਹੀਆਂ) ਕਰਨ ਵਾਲੀ. ਪ੍ਰਚੰਡ ਪੌਣ ਨਾਲ ਉਡੀ ਹੋਈ ਗਰਦ. "ਗਿਆਨ ਕੀ ਆਈ ਆਂਧੀ." (ਗਉ ਕਬੀਰ)

ਆਧੀਤ: ਦੇਖੋ, ਅਧੀਤ.

ਆਧੀਨ: ਦੇਖੋ, ਅਧੀਨ.

ਆਧੁਨਿਕ: ਸੰ. ਵਿ- ਇਸ ਸਮੇਂ ਦਾ. ਹਾਲ ਕਾ. ਅੱਜ ਕੱਲ ਦਾ.

ਆਧੂ: ਵਿ- ਅੱਧਾ. ਨਿਸਫ। ੨. ਆਧਿ ਦੁੱਖ ਨਾਲ ਪੀੜਿਤ. ਮਨੋਂ ਦੁਖੀ.

ਆਧੇਯ: ਸੰ. ਸੰਗਯਾ- ਕਿਸੇ ਆਧਾਰ ਦੇ ਸਹਾਰੇ ਟਿਕਣ ਵਾਲੀ ਵਸਤੁ, ਜੈਸੇ- ਭੁਜਾ ਆਧਾਰ ਦੇ ਸਹਾਰੇ ਟਿਕਣ ਵਾਲਾ ਕੜਾ ਆਧੇਯ ਹੈ। ੨. ਵਿ- ਠਹਿਰਾਉਣ ਯੋਗਯ.

ਆਧੇਰ, ਆਂਧੇਰਾ: ਦੇਖੋ, ਅੰਧੇਰ. "ਆਧੇਰੈ ਰਾਹੁ ਨ ਕੋਈ." (ਵਾਰ ਮਾਝ ਮਃ ੧)

ਆਧੋਰਣ: ਸੰ. ਸੰਗਯਾ- ਹਾਥੀਬਾਨ. ਪੀਲ (ਫੀਲ) ਬਾਨ. ਹਾਥੀ ਹੱਕਣ ਵਾਲਾ ਮਹਾਵਤ.

ਆਧ੍ਯਾਤਮਿਕ: ਸੰ. आध्यत्मिक- ਵਿ- ਆਤਮਾ ਸੰਬੰਧੀ. ਮਨ ਨਾਲ ਸੰਬੰਧ ਰੱਖਣ ਵਾਲਾ. ਦੇਖੋ, ਤਾਪ ਅਤੇ ਦੁਖ.

ਆਨ: ਦੇਖੋ, ਆਣ। ੨. ਸੰ. ਅਨ੍ਯ. ਵਿ- ਦੂਜਾ. ਬੇਗਾਨਾ. ਪਰਾਇਆ. "ਆਨ ਆਪਨਾ ਕਰਤ ਵੀਚਾਰਾ." (ਸੋਰ ਮਃ ੫) ੩. ਸੰਗਯਾ- ਮਾਨ. ਪ੍ਰਤਿਸ਼੍ਠਾ. "ਜਿਨਿ ਰਾਖੀ ਆਨ ਸੰਤਾਨੀ." (ਸਾਰ ਮਃ ੫) ੪. ਸੰ. ਮੁਖ. ਮੂੰਹ। ੫. ਆਗ੍ਯਾ. . ਹੁਕੂਮਤ. ਆਈਨ. "ਇਨ ਲੋਗਨ ਤੇ ਆਨ ਮਨਾਊਂ." (ਨਾਪ੍ਰ) ੬. ਫ਼ਾ. آن ਸ਼ਰਾਬ। ੭. ਸਵਾਦ. ਲੱਜਤ। ੮. ਸੁੰਦਰਤਾ। ੯. ਦੇਖੋ, ਆਂ ੨.

ਆਨਕ: ਸੰ. ਸੰਗਯਾ- ਨਗਾਰਾ. ਧੌਂਸਾ। ੨. ਗੱਜਦਾ ਹੋਇਆ ਬੱਦਲ.। ੩. ਵਿ- ਅਨਕ (ਸ਼ਬਦ) ਕਰਨ ਵਾਲਾ.

ਆਨਕ ਦੁੰਦਭੀ: ਸੰ. ਆਨਕ ਦੁੰਦੁਭੀ. ਸੰਗਯਾ- ਵੱਡੀ ਉੱਚੀ ਆਵਾਜ਼ ਵਾਲਾ ਧੌਂਸਾ। ੨. ਕ੍ਰਿਸ਼ਨ ਜੀ ਦਾ ਪਿਤਾ ਵਸੁਦੇਵ. ਪੁਰਾਣਕਥਾ ਹੈ ਕਿ ਵਸੁਦੇਵ ਦੇ ਜਨਮ ਸਮੇਂ ਦੇਵਤਿਆਂ ਨੇ ਆਨਕ (ਨਗਾਰੇ) ਬਜਾਏ ਸਨ, ਜਿਸ ਕਰਕੇ ਇਹ ਨਾਉਂ ਹੋਇਆ.[131] "ਬਾਲਕ ਆਨਕ ਦੁੰਦਭੀ ਕੇ ਭਯੋ, ਦੁੰਦਭੀ ਬਾਜਤ ਆਨ ਕੇ ਦ੍ਵਾਰੈਂ." (ਰਹੀਮ ਕਵਿ) ਬਾਲਕ (ਕ੍ਰਿਸ਼ਨ) ਪੈਦਾ ਹੋਇਆ ਵਸੁਦੇਵ ਦੇ ਘਰ, ਪਰ ਨਗਾਰੇ ਵਜਦੇ ਹਨ ਹੋਰ ਦੇ ਦਰਵਾਜੇ, ਅਰਥਾਤ ਨੰਦ ਦੇ.

ਆਨਕੀ: ਸੰਗਯਾ- ਜਿਸ ਵਿੱਚ ਆਨਕ (ਨਗਾਰੇ) ਵਜਦੇ ਹਨ. ਸੈਨਾ. ਫ਼ੌਜ. (ਸਨਾਮਾ)

ਆਨਤ: ਸੰ. ਵਿ- ਝੁਕਿਆ ਹੋਇਆ. ਨੰਮ੍ਰ। ੨. ਅ਼. اعانت ਇਆ਼ਨਤ. ਸੰਗਯਾ- ਸਹਾਇਤਾ. ਇਮਦਾਦ.

ਆਨਦ: ਦੇਖੋ, ਆਨੰਦ. "ਆਨਦ ਰੂਪ ਸਭ ਨਦਰੀ ਆਇਆ." (ਬਿਲਾ ਮਃ ੫)

ਆਨਦ ਦੁੰਦਭ: ਦੇਖੋ, ਆਨਕ ਦੁੰਦਭੀ. ਕ੍ਰਿਸਨਾਵਤਾਰ ਦੇ ਅੰਕ ੧੯੫ ਵਿੱਚ ਕਿਸੇ ਲਿਖਾਰੀ ਨੇ ਵਸੁਦੇਵ ਦਾ ਨਾਉਂ ਆਨਕ ਦੁੰਦੁਭੀ ਦੀ ਥਾਂ ਇਹ ਲਿਖ ਦਿੱਤਾ ਹੈ. "ਆਨਦ ਦੁੰਦਭ ਛਉਨੈ." ਆਨਕ ਦੁੰਦੁਭੀ ਦਾ ਬੱਚਾ ਕ੍ਰਿਸ਼ਨ ਦੇਵ.

ਆਨਦ ਮੂਲ: ਵਿ- ਆਨੰਦ ਦਾ ਮੂਲ (ਜੜ).

"ਆਨਦ ਮੂਲ ਜਗਜੀਵਨ ਦਾਤਾ." (ਗੂਜ ਮਃ ੪)

ਆਨਦੁ: ਦੇਖੋ, ਆਨੰਦ। ੨. ਰਾਮਕਲੀ ਰਾਗ ਵਿੱਚ ਸ਼ਰੀ ਗੁਰੂ ਅਮਰਦਾਸ ਜੀ ਦੀ ਰਚੀ ਆਨੰਦ ਬਾਣੀ. "ਆਨਦੁ ਸੁਣਹੁ ਬਡਭਾਗੀ ਹੋ." ਆਨੰਦੁ

ਆਨੱਧ: ਸੰ. आनद्ध. ਸੰਗਯਾ- ਸੰਗੀਤ ਅਨੁਸਾਰ ਉਹ ਵਾਜਾ, ਜਿਸ ਦੇ ਧਾਤੁ ਅਥਵਾ ਤੰਦ ਦੇ ਬੰਦ, ਸੁਰਾਂ ਦੇ ਨਿਸ਼ਾਨ ਲਈ ਬੱਧੇ

---

[131] ਦੇਖੋ, ਵਿਸ਼ਨੁ ਪੁਰਾਣ ਅੰਸ਼ ੪, ਅਃ ੧੪.

ਹੋਣ। ੨. ਉਹ ਵਾਜਾ ਜੋ ਚੰਮ ਨਾਲ ਮੜ੍ਹਿਆ ਹੋਵੇ. "ਆਨੱਧੰ ਮੁਰਜਾਦਿਕੰ." (ਅਮਰ ਕੋਸ਼) ੩. ਵਿ- ਕਸਿਆ ਹੋਇਆ। ੪. ਬੰਨ੍ਹਿਆ ਹੋਇਆ. ਬੱਧਾ.

ਆਨਨ: ਸੰ. ਸੰਗਯਾ- ਮੁੱਖ. ਮੂੰਹ. "ਆਨਨ ਰਸ ਕਸ ਲਵੈ ਨ ਲਾਈ." (ਗਉ ਮਃ ੫) ਮੂੰਹ ਦੇ ਸਵਾਦ ਨਾਮਰਸ ਦੇ ਤੁਲ੍ਯ ਨਹੀਂ ਹੋ ਸਕਦੇ। ੨. ਮੁਖਮੰਡਲ. ਚੇਹਰਾ. ਸਿਰ. "ਆਨਨ ਕਾਜ ਬਿਦਾ ਬ੍ਰਿਜਰਾਜ ਪੈ ਆਯ" (ਕ੍ਰਿਸਨਾਵ) ਖੜਗ ਸਿੰਘ ਦਾ ਸਿਰ, ਮਾਨੋ ਵਿਦਾਇਗੀ ਲਈ ਕ੍ਰਿਸ਼ਨ ਜੀ ਪਾਸ ਆਇਆ ਹੈ.

ਆਨਪਾਇਨੀ, ਆਨਪਾਵਨੀ: ਦੇਖੋ, ਅਨਪਾਇਨੀ.

ਆਨਯਨ: ਸੰ. ਸੰਗਯਾ- ਲਿਆਉਣ ਦੀ ਕ੍ਰਿਯਾ. ਲਿਆਉਣਾ.

ਆਨਰਸ: ਦੇਖੋ, ਅਨਰਸ, "ਰਸੰ ਆਨਰੱਸੰ ਭਲੀ ਭਾਂਤ ਭੁੱਗੰ." (ਵਿਚਿਤ੍ਰ)

ਆਨਲ: ਅੱਗ. ਅਗਨਿ. ਦੇਖੋ, ਅਨਲ. "ਪਵਨ ਪਵਨ, ਆਨਲ ਅਨਲ, ਨਭ ਨਭ, ਭੂ ਭੂ ਸੰਗ." (ਚਰਿਤ੍ਰ ੧੦੮) ਪੌਣ ਤਤ੍ਵ ਨਾਲ ਸ੍ਵਾਸ, ਅਗਨਿ ਨਾਲ ਸ਼ਰੀਰ ਦੀ ਗਰਮੀ, ਆਕਾਸ਼ ਨਾਲ ਆਕਾਸ਼ ਅਤੇ ਪ੍ਰਿਥਿਵੀ ਨਾਲ ਪ੍ਰਿਥਿਵੀ ਮਿਲ ਗਈ.

ਆਨਾ: ਕ੍ਰਿ- ਆਉਣਾ. ਆਗਮਨ। ੨. ਸੰ. ਆਣਕ. ਸੰਗਯਾ- ਰੁਪਯੇ ਦਾ ਸੋਲਵਾਂ ਹਿੱਸਾ. ਚਾਰ ਪੈਸੇ। ੩. ਅੱਖ ਦਾ ਡੇਲਾ। ੪. ਵਿ- ਅਨ੍ਯ. ਹੋਰ. ਦੂਸਰਾ.

ਆਨਿ: ਕ੍ਰਿ. ਵਿ- ਲਿਆਕੇ, ਆਨਯਨ ਕਰਕੇ, ਆਣਕੇ. "ਆਨਿ ਆਨਿ ਸਮਧਾ ਬਹੁ ਕੀਨੀ." (ਕਲਿ ਅਃ ਮਃ ੪)

ਆਨੀਤ: ਸੰ. ਵਿ- ਲਿਆਂਦਾਂ ਹੋਇਆ। ੨. ਦੇਖੋ, ਅਨੀਤਿ.

ਆਨੀਤਾ: ਦੇਖੋ, ਆਨੀਤ। ੨. ਵਿ- ਅਨਿੱਤ. "ਬਿਨ ਹਰਿ ਹਰਿ ਆਨੀਤਾ ਰੇ." (ਆਸਾ ਮਃ ੫)

ਆਨੀਲੇ: ਲਿਆਈਏ. ਆਨਯਨ ਕਰੀਏ. ਆਣੀਏ। ੨. ਕ੍ਰਿ. ਵਿ- ਲਿਆਕੇ. ਆਣਕੇ. ਆਨਯਨ ਕਰਕੇ. "ਆਨੀਲੇ ਫੂਲ ਪਰੋਈਲੇ ਮਾਲਾ." (ਆਸਾ ਨਾਮਦੇਵ)

ਆਨੁ ਪੂਰਬੀ: ਸੰ. ਆਨਪੂਰ੍ਵੀਯ. ਵਿ- ਕ੍ਰਮ- ਅਨੁਸਾਰ. ਸਿਲਸਿਲੇ ਵਾਰ.

ਆਨੁਵਾਕ: ਦੇਖੋ, ਅਨੁ ਵਾਕ.

ਆਨੂਪ: ਦੇਖੋ, ਅਨੂਪ. "ਜਪਿ ਜਪਿ ਕਰਹਿ ਅਨੰਦ ਜਨ ਅਚਰਜ ਆਨੂਪ." (ਜੈਤ ਮਃ ੫)

ਆਨੇਕ: ਦੇਖੋ, ਅਨੇਕ.

ਆਨੇਤ: ਦੇਖੋ, ਅਨਿੱਤ। ੨. ਦੇਖੋ, ਆਨੀਤ.

ਆਨੇਤਾ: ਦੇਖੋ, ਅਨਿੱਤ. ੨. ਸੰ. ਆਨੇਤృ- ਆਨੇਤ੍ਰਿ. ਲਿਆਉਣ ਵਾਲਾ.

ਆਨੇਰਾ, ਆਨੇਰੁ: ਸੰਗਯਾ- ਅੰਧੇਰ. ਅੰਧਕਾਰ. "ਬਿਨ ਸ਼ਬਦੈ ਅੰਤਰਿ ਆਨੇਰਾ." (ਮਾਝ ਅਃ ਮਃ ੩) "ਘਟਿ ਚਾਨਣਾ ਆਨੇਰੁ ਬਿਨਾਸਣਿ." (ਵਾਰ ਰਾਮ ੧. ਮਃ ੩)

ਆਨੰਤ: ਦੇਖੋ, ਅਨੰਤ. "ਹਰਖਵੰਤ ਆਨੰਤ ਦਇਆਲਾ." (ਮਾਰੂ ਸੋਲਹੇ ਮਃ ੫)

ਆਨੰਦ: ਦੇਖੋ, ਅਨੰਦ. "ਆਨੰਦ ਗੁਰੁ ਤੇ ਜਾਣਿਆ." (ਅਨੰਦੁ) ੨. ਇੱਕ ਛੰਦ. ਦੇਖੋ, ਕੋਰੜਾ। ੩. ਪਾਰਬ੍ਰਹਮ. ਕਰਤਾਰ। ੪. ਸਿੱਖਧਰਮ ਅਨੁਸਾਰ ਵਿਆਹ, ਜਿਸ ਦੀ ਰੀਤਿ ਇਹ ਹੈ-

(ੳ) ਸਿੱਖਪੁਤ੍ਰੀ ਦਾ ਸਿੱਖ ਨਾਲ ਸੰਬੰਧ ਹੋਵੇ.

(ਅ) ਦੋਵੇਂ ਰੂਪ ਅਵਸਥਾ ਗੁਣ ਆਦਿ ਵਿੱਚ ਯੋਗਯ ਅਤੇ ਪਰਸਪਰ ਸੰਯੋਗ ਦੇ ਇੱਛਾਵਾਨ ਹੋਣ.

(ੲ) ਸਗਾਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜੂਰ ਅਰਦਾਸ ਕਰਕੇ ਹੋਵੇ.

(ਸ) ਆਨੰਦ ਦਾ ਦਿਨ ਗੁਰਪੁਰਬ ਵਾਲੇ ਦਿਨ ਅਥਵਾ ਪੰਜ ਪਿਆਰਿਆਂ ਦੀ ਸੰਮਤਿ ਨਾਲ ਥਾਪਿਆ ਜਾਵੇ.

(ਹ) ਜਿਤਨੇ ਆਦਮੀ ਲੜਕੀ ਵਾਲਾ ਸੱਦੇ ਉਤਨੇ ਨਾਲ ਲੈ ਕੇ ਦੂਲਹਾ ਸਹੁਰੇ ਘਰ ਜਾਵੇ. ਦੋਹੀਂ ਪਾਸੀਂ ਗੁਰੁਸ਼ਬਦ ਗਾਏ ਜਾਣ.

(ਕ) ਅਮ੍ਰਿਤ ਵੇਲੇ ਆਸਾ ਦੀ ਵਾਰ ਪਿੱਛੋਂ ਵਰ ਅਤੇ ਕੰਨਯਾ ਨੂੰ ਗੁਰਬਾਣੀ ਅਨੁਸਾਰ ਉਪਦੇਸ਼ ਦੇ ਕੇ ਅਤੇ ਨਿਯਮ ਅੰਗੀਕਾਰ ਕਰਵਾਕੇ ਲਾਵਾਂ ਅਤੇ ਆਨੰਦ ਦਾ ਪਾਠ ਕਰਕੇ ਪ੍ਰਸਾਦ ਵਰਤਾਇਆ ਜਾਵੇ.

ਆਨੰਦ ਦੀ ਰੀਤਿ ਸਿੱਖਾਂ ਵਿੱਚ ਬਹੁਤ ਪੁਰਾਣੀ ਹੈ, ਪਰ ਇਸ ਨੂੰ ਕਾਨੂੰਨ ਦੀ ਸ਼ਕਲ ਵਿੱਚ ਲਿਆਉਣ ਦਾ ਯਤਨ ਟਿੱਕਾ ਸਾਹਿਬ (ਵਲੀਅਹਿਦ) ਨਾਭਾ ਸ਼੍ਰੀ ਮਾਨ ਰਿਪੁਦਮਨ ਸਿੰਘ ਜੀ ਨੇ ਕੀਤਾ, ਜਿਨ੍ਹਾਂ ਨੇ ੩੦ ਅਕਤੂਬਰ ਸਨ ੧੯੦੭ ਨੂੰ ਬਿਲ ਕੌਂਸਲ ਵਿੱਚ ਪੇਸ਼ ਕੀਤਾ ਅਤੇ ਸਰਦਾਰ ਸੁੰਦਰ ਸਿੰਘ ਜੀ ਰਈਸ ਮਜੀਠਾ ਦੇ ਜਤਨ ਨਾਲ ੨੭ ਅਗਸ੍ਤ ਸਨ ੧੯੦੯ ਨੂੰ ਰਪੋਟ ਲਈ ਖ਼ਾਸ ਕਮੇਟੀ ਦੇ ਸਪੁਰਦ ਹੋਇਆ ਅਤੇ ੨੨ ਅਕਤਬੂਰ ਸਨ ੧੯੦੯ ਨੂੰ ਆਨੰਦ ਵਿਵਾਹ ਦਾ ਕਾਨੂਨ (Anand Marriage Act) ਪਾਸ ਹੋਇਆ.[132]

ਆਨੰਦ ਸਿੰਘ: ਇੱਕ ਵੈਰਾਗਵਾਨ ਸਿੱਖ, ਜਿਸ ਨੂੰ ਆਨੰਦ ਦੀ ਇਹ ਤੁਕ- "ਇਹੁ ਕੁਟੰਬ ਤੂ ਜਿ ਦੇਖਦਾ ਚਲੈ ਨਾਂਹੀ ਤੇਰੈ ਨਾਲੇ."- ਪੜ੍ਹਕੇ ਵੈਰਾਗ ਹੋ ਗਿਆ ਸੀ. ਇਹ ਦਸ਼ਮੇਸ਼ ਦੀ ਸੇਵਾ ਵਿੱਚ ਆਨੰਦਪੁਰ ਰਹਿਕੇ ਪਰਮਪਦ ਦਾ ਅਧਿਕਾਰੀ ਹੋਇਆ.

ਆਨੰਦ ਗੜ੍ਹ: ਦਸ਼ਮੇਸ਼ ਦਾ ਇੱਕ ਕਿਲਾ. ਦੇਖੋ, ਆਨੰਦਪੁਰ.

ਆਨੰਦ ਘਨ: ਇੱਕ ਪ੍ਰਸਿੱਧ ਉਦਾਸੀ ਸਾਧੂ, ਜੋ ਕਾਸ਼ੀ ਬਹੁਤ ਰਿਹਾ ਕਰਦੇ ਸਨ. ਇਨ੍ਹਾਂ ਨੇ ਸੰਮਤ ੧੮੫੨ ਵਿੱਚ ਜਪੁ ਸਾਹਿਬ ਦਾ ਟੀਕਾ ਲਿਖਿਆ ਹੈ. ਭਾਈ ਸੰਤੋਖ ਸਿੰਘ ਜੀ ਨੇ ਗਰਬ ਗੰਜਨੀ ਵਿੱਚ ਇਸ ਟੀਕੇ ਦਾ ਬਹੁਤ ਖੰਡਨ ਕੀਤਾ ਹੈ। ੨. ਸੁਜਨ ਸਾਗਰ ਗ੍ਰੰਥ ਦਾ ਕਰਤਾ ਇੱਕ ਕਾਯਸਥ ਕਵਿ, ਜੋ ਨਾਦਿਰ ਸ਼ਾਹ ਦੇ ਮਥੁਰਾ ਉੱਪਰ ਹੱਲਾ ਕਰਨ ਸਮੇਂ ਮਾਰਿਆ ਗਿਆ.

ਆਨੰਦ ਦੁੰਦਭ: ਦੇਖੋ, ਆਨਦ ਦੁੰਦਭ.

ਆਨੰਦਪੁਰ: ਦੇਖੋ ਅਨੰਦਪੁਰ।

੨. ਸ਼੍ਰੀ ਗੁਰੂ ਤੇਗ ਬਹਾਦੁਰ ਜੀ ਨੇ ਸ਼ਤਦ੍ਰਵ (ਸਤਲੁਜ) ਦੇ ਕਿਨਾਰੇ ਨੈਣਾਦੇਵੀ ਦੇ ਪਹਾੜ ਪਾਸ ਮਾਖੋਵਾਲ ਪਿੰਡ ਦੀ ਧਰਤੀ ਖ਼ਰੀਦਕੇ ਸੰਮਤ ੧੭੨੩ ਵਿੱਚ ਇਹ ਨਗਰ ਆਬਾਦ ਕੀਤਾ, ਜੋ ਹੁਣ ਜਿਲਾ ਹੁਸ਼ਿਆਰਪੁਰ ਦੀ ਊਨਾ ਤਸੀਲ ਵਿੱਚ ਹੈ. ਦਸ਼ਮੇਸ਼ ਨੇ ਇਸ ਨਗਰ ਨੂੰ ਵਡੀ ਰੌਣਕ ਦਿੱਤੀ. ਇਹ ਨਗਰ "ਖ਼ਾਲਸੇ ਦੀ ਵਾਸੀ" ਕਰਕੇ ਪ੍ਰਸਿੱਧ ਹੈ, ਜਿਸ ਦਾ ਭਾਵ ਹੈ ਕਿ ਜੋ ਗੁਰੂ ਪਿਤਾ ਦਾ ਨਿਵਾਸ ਅਸਥਾਨ ਹੈ, ਉਹੀ ਉਸ ਦੀ ਸੰਤਾਨ ਰੂਪ ਖ਼ਾਲਸੇ ਦਾ ਹੈ.

ਸੰਮਤ ੧੭੪੬ ਵਿੱਚ ਕਲਗੀਧਰ ਨੇ ਇਸ ਨਗਰ ਦੀ ਰਖ੍ਯਾ ਲਈ ਪੰਜ ਕ੍ਿਲੇ ਤਿਆਰ ਕਰਾਏ:-

(ੳ) ਆਨੰਦਗੜ੍ਹ (ਅ) ਲੋਹਗੜ੍ਹ (ੲ) ਫਤੇਗੜ੍ਹ, (ਸ) ਕੇਸ਼ਗੜ੍ਹ. (ਹ) ਹੋਲਗੜ੍ਹ. ਇਨ੍ਹਾਂ ਕਿਲਿਆਂ ਦੀ ਥਾਂ ਹੁਣ ਗੁਰਦ੍ਵਾਰੇ ਸ਼ੋਭਾ ਦੇ ਰਹੇ ਹਨ.

ਇਸ ਗੁਰੁਨਗਰ ਦੇ ਗੁਰੁਦ੍ਵਾਰਿਆਂ ਦਾ ਵੇਰਵਾ ਇਉਂ ਹੈ:-

(੧) ਅਕਾਲ ਬੁੰਗਾ. ਸ਼ਹਿਰ ਦੇ ਵਿੱਚ ਹੀ ਗੁਰੁਦ੍ਵਾਰਾ ਸੀਸਗੰਜ ਦੇ ਅਹਾਤੇ ਅੰਦਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰੁਦ੍ਵਾਰਾ ਹੈ. ਇੱਥੇ ਦਸਮ ਪਾਤਸ਼ਾਹ ਜੀ ਨੂੰ ਗੁਰਿਆਈ ਦਾ ਤਿਲਕ ਹੋਇਆ ਹੈ. ਇਸ ਥਾਂ ਛੋਟਾ ਜਿਹਾ ਬਹੁਤ ਸੁੰਦਰ

---

[132] ਇਹ ਕਈ ਬੋਲੀਆਂ ਵਿੱਚ ਛਪਿਆ ਹੈ, ਜੋ ਕਾਨੂੰਨੀ ਕਿਤਾਬਾਂ ਵੇਚਣ ਵਾਲਿਆਂ ਪਾਸੋਂ ਮਿਲਦਾ ਹੈ.

ਦਰਬਾਰ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼. ਹੈ.

(੨) ਆਨੰਦਗੜ੍ਹ ਕਿਲਾ. ਸ਼ਹਿਰ ਆਨੰਦਪੁਰ ਤੋਂ ਦੱਖਣ ਵੱਲ ਅੱਧ ਮੀਲ ਤੋਂ ਭੀ ਘੱਟ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ. ਸ਼੍ਰੀ ਆਨੰਦਪੁਰ ਦੀ ਰਖਯਾ ਲਈ ਗੁਰੂ ਜੀ ਨੇ ਜੋ ਕਿਲੇ ਬਣਵਾਏ ਸਨ ਉਨ੍ਹਾਂ ਵਿਚੋਂ ਇੱਕ ਇਹ ਭੀ ਹੈ.

ਇਸ ਕਿਲੇ ਅੰਦਰ ਇੱਕ ਬਾਵਲੀ (ਵਾਪੀ) ਹੈ. ਜਿਸ ਦੀਆਂ ਪਉੜੀਆਂ ਉਤਰਕੇ ਚੜ੍ਹਨਾ ਔਖਾ ਹੋ ਜਾਂਦਾ ਹੈ, ਅਤੇ ਇਸ ਬਾਵਲੀ ਦੇ ਇਰਦ ਗਿਰਦ ਇਹੋ ਜਿਹੀਆਂ ਗੁਪਤ ਕੋਠੜੀਆਂ ਹਨ ਕਿ ਜਿਨ੍ਹਾਂ ਅੰਦਰ ਆਦਮੀ ਚਲਾ ਜਾਵੇ ਤਾਂ ਫਿਰ ਬਾਹਰ ਦਾ ਰਸਤਾ ਮਿਲਨਾ ਮੁਸ਼ਕਲ ਹੋ ਜਾਂਦਾ ਹੈ. ਦਰਬਾਰ ਭੀ ਬਹੁਤ ਚੰਗਾ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ.

੧੬੦੦ ਰੁਪਯੇ ਦੇ ਕਰੀਬ ਸਾਲਾਨਾ ਜਾਗੀਰ ਪਿੰਡ ਚੰਦਪੁਰ, ਬੁਰਜ, ਚੀਕੁਣਾ, ਮੈਂਹਦੜੀ ਥਾਣਾ ਆਨੰਦਪੁਰ ਵਿੱਚ ਹੈ. ੩੭।) ਰੁਪਯੇ ਸਾਲਾਨਾ ਜਾਗੀਰ ਰਿਆਸਤ ਕਲਸੀਆ ਵੱਲੋਂ ਹੈ. ੧੨੫ ਘੁਮਾਉਂ ਜ਼ਮੀਨ ਇਥੇ ਹੀ ਗੁਰਦੁਆਰੇ ਨਾਲ ਹੈ.

ਇਸ ਕਿਲੇ ਨੂੰ ਹੀ ਤੋੜਨ ਲਈ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤ ਕਰਕੇ ਛੱਡਿਆ ਸੀ, ਅਤੇ ਭਾਈ ਵਿਚਿਤ੍ਰ ਸਿੰਘ ਨੇ ਬਰਛਾ ਮਾਰਕੇ ਹਾਥੀ ਦਾ ਸਿਰ ਭੇਦ੍ਨ ਕੀਤਾ ਸੀ.

(੩) ਸੀਸਗੰਜ. ਸ਼੍ਰੀ ਆਨੰਦਪੁਰ ਸਾਹਿਬ ਦੇ ਅੰਦਰ ਹੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ. ਇੱਥੇ ਸਤਿਗੁਰੂ ਜੀ ਦੇ ਦਿੱਲੀ ਤੋਂ ਆਏ ਸੀਸ ਦਾ ਸਸਕਾਰ ਕੀਤਾ ਗਿਆ ਸੀ.

ਸਿੱਖ ਰਾਜ ਵੇਲੇ ਦੀ ਜਾਗੀਰ ਪਿੰਡ ਚੱਕ ਸਾਦੂ ਅਤੇ ਮੁਖੇੜਾ ਤੋਂ ਨੌ ਸੌ ਰੁਪਯੇ ਸਾਲਾਨਾ ਹੈ. ੩੭।) ਰਾਜਾ ਸਾਹਿਬ ਕਲਸੀਆ ਵੱਲੋਂ, ੬੦) ਰਿਆਸਤ ਪਟਿਆਲਾ ਅਤੇ ੭੦) ਰਿਆਸਤ ਨਾਭਾ ਵੱਲੋਂ ਸਾਲਾਨਾ ਮਿਲਦੇ ਹਨ।

(੪) ਕੇਸਗੜ੍ਹ. ਸ਼ਹਿਰ ਆਨੰਦਪੁਰ ਤੋਂ ਨੈਰਤ ਕੋਣ ਵਿੱਚ ਨਾਲ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਦੁਆਰਾ ਹੈ. ਇੱਥੇ ੧੭੫੬ ਵੈਸਾਖੀ ਵਾਲੇ ਦਿਨ ਖ਼ਾਲਸਾ ਪੰਥ ਸਾਜਿਆ. ਵਡਾ ਮੇਲਾ ਹੋਲੇ ਨੂੰ ਹੁੰਦਾ ਹੈ, ਸਾਧਾਰਨ ਮੇਲਾ ਵੈਸਾਖੀ ਨੂੰ ਭੀ ਹੁੰਦਾ ਹੈ.

ਇਸ ਗੁਰਦੁਆਰੇ ਵਿੱਚ ਇਹ ਗੁਰਵਸਤੂਆਂ ਹਨ:-

(ੳ) ਨਾਗਣੀ. ਇਸ ਨਾਗਣੀ ਬਰਛੀ ਦੀ ਲੰਬਾਈ ੮. ਫੁੱਟ ੯. ਇੰਚ ਹੈ.

(ਅ) ਭਾਲਾ (ਬਰਛਾ). ਇਸ ਦੀ ਲੰਬਾਈ ਅੱਧ ਇੰਚ ਘੱਟ ਅੱਠ ਫੁੱਟ ਹੈ. ਇਸ ਦਾ ਅਗਲਾ ਫਲ ੨. ਫੁੱਟ ੯. ਇੰਚ ਲੰਬਾ ਹੈ. ਵਿਚਕਾਰ ਲਕੜੀ ਦਾ ਲੰਬਾ ਦਸਤਾ ਹੈ.

(ੲ) ਸੈਫ਼ (ਅਥਵਾ ਬਾਣਾ). ਇਸ ਦੀ ਲੰਬਾਈ ਦਸਤੇ ਸਮੇਤ ੪. ਫੁੱਟ ੩. ਇੰਚ ਹੈ. ਚੌੜਾਈ ਦਸਤੇ ਪਾਸ ਤਿੰਨ ਇੰਚ ਫੇਰ ਵਿਚਕਾਰ ਦੋ ਇੰਚ, ਇਸੇ ਤਰ੍ਹਾਂ ਘਟਦੀ ਹੋਈ ਅੰਤ ਤਿੱਖੀ ਨੋਕ ਹੈ. ਤੋਲ ਬੱਤੀ ਛਟਾਂਕ ਹੈ.[133]

ਇਸ ਉੱਪਰ ਇਹ ਇ਼ਬਾਰਤ ਲਿਖੀ ਹੋਈ ਹੈ ::-


ਇੱਕ ਪਾਸੇ:-

رمن اللہ وـتح قریب


[133] ਕੇਸਗੜ੍ਹ ਸਾਹਿਬ ਦੇ ਬ੍ਰਿਧ ਪੁਜਾਰੀ ਗਯਾਨੀ ਸੰਪੂਰਨ ਸਿੰਘ ਜੀ ਦੇ ਕਥਨ ਅਨੁਸਾਰ ਇਹ ਸ਼ਸਤ੍ਰ ਰੂਸ ਦੇ ਖਲੀਫਾ ਮੁਹੰਮਦ ੪. ਨੇ ਔਰੰਗਜੇਬ ਨੂੰ ਖਿਲਤ ਨਾਲ ਭੇਜਿਆ ਸੀ ਅਰ ਬਹਾਦੁਰ ਸ਼ਾਹ ਨੇ ਇਹ ਦਸ਼ਮੇਸ਼ ਦੀ ਭੇਟਾ ਕੀਤਾ, ਪਰ ਸਾਨੂੰ ਇਸ ਉੱਪਰ ਲਿਖੀ ਇਬਾਰਤ ਤੋਂ ਨਿਸ਼ਚਾ ਨਹੀਂ ਹੁੰਦਾ ਕਿ ਸੁੰਨੀ ਮਤ ਦੇ ਖਲੀਫੇ ਨੇ ਸੁੰਨੀ ਬਾਦਸਾਹ ਨੂੰ ਇਹ ਤੋਹਫਾ ਦਿੱਤਾ ਹੈ. ਬਾਬਾ ਨਾਰਾਯਣ ਸਿੰਘ ਜੀ (ਮੇਰੇ ਪਿਤਾ) ਦੱਸਿਆ ਕਰਦੇ ਸੀ ਕਿ ਇਹ ਸ਼ਸਤ੍ਰ ਸਾਂਈ ਬੁੱਧੂ ਸ਼ਾਹ ਸਢੌਰੇ ਵਾਲੇ ਨੇ ਕਲਗੀਧਰ ਦੀ ਭੇਟਾ ਕੀਤਾ ਸੀ.


میط علم راکند مہر امیر المومنین حیہ

اما ابجن والانں ووصی المصطفی




ਅਤੇ ਦੂਜੇ ਪਾਸੇ:-




(ਸ) ਖੰਡਾ ਦੁਧਾਰਾ. ਇਸ ਖੰਡੇ ਦੀ ਲੰਬਾਈ ੩॥ ਫੁੱਟ ੩. ਇੰਚ ਹੈ. ਇਸੇ ਖੰਡੇ ਨਾਲ ਸਿੱਖੀ ਪਰਖੀ ਸੀ, ਜਦੋਂ ਪੰਜ ਪਿਆਰੇ ਚੁਣੇ ਸਨ. ਇਸ ਦਾ ਫਲ ਅਗਲੇ ਸਿਰੇ ਤੋਂ ੨। ਇੰਚ ਵਿਚਕਾਰੋਂ ੧॥ ਇੰਚ ਚੌੜਾ ਹੈ.

(ਹ) ਕਟਾਰ. ਇਸ ਕਟਾਰ ਦੀ ਲੰਬਾਈ ਸਮੇਤ ਦਸਤੇ ਦੋ ਫੁੱਟ ਇੱਕ ਇੰਚ ਹੈ. ਇਸ ਦੇ ਦਸਤੇ ਉੱਪਰ ਹਾਥੀ ਸ਼ੇਰਾਂ ਦੀਆਂ ਤਸਵੀਰਾਂ ਚਿਤ੍ਰ ਕੀਤੀਆਂ ਹੋਈਆਂ ਹਨ.

ਗੁਰੁਦ੍ਵਾਰੇ ਕੇਸ ਗੜ੍ਹ ਦੀ ਜਾਗੀਰ ਦਾ ਵੇਰਵਾ- ੧੧੫੦) ਰੁਪਯੇ ਸਾਲਾਨਾ ਅਰਥਾਤ ਪਿੰਡ "ਬੱਡੋਂ" ਦੇ ਸਾਰੇ ਸਰਕਾਰੀ ਮੁਆ਼ਮਲੇ ਦਾ ਅੱਧ, ਜਿਲਾ ਹੁਸ਼ਿਆਰਪੁਰ ਤੋਂ, ਜੋ ਸਰਦਾਰ ਬਘੇਲ ਸਿੰਘ ਜਥੇਦਾਰ ਨੇ ਅਮ੍ਰਿਤ ਛਕਣ ਵੇਲੇ ਅਰਦਾਸ ਕਰਾਈ. ੪੦੦) ਰੁਪਯੇ ਸਾਲਾਨਾ ਪਿੰਡ "ਗੀਗਨ ਵਾਲ" ਜ਼ਿਲਾ ਜਾਲੰਧਰ ਤੋਂ, ਜੋ ਸਰਦਾਰ ਮਿੱਤ ਸਿੰਘ ਜੀ ਜਥੇਦਾਰ ਨੇ ਅਰਦਾਸ ਕਰਾਈ. ੧੧੦੦) ਰੁਪਯੇ ਸਾਲਾਨਾ ਪਿੰਡ "ਮੋਠੇਪੁਰ" ਥਾਣਾ ਆਨੰਦਪੁਰ ਤੋਂ, ਜੋ ਸਰਦਾਰ ਚੜ੍ਹਤ ਸਿੰਘ ਜੀ ਡੱਲੇ ਵਾਲੀਏ ਨੇ ਅਰਦਾਸ ਕਰਾਈ.

੭੫) ਰੁਪਯੇ ਸਾਲਾਨਾ ਪਿੰਡ "ਮਹੈਣ" ਥਾਣਾ ਆਨੰਦਪੁਰ ਵਿੱਚ ਰਿਆਸਤ ਬਿਲਾਸਪੁਰ ਵੱਲੋਂ ਹੈ. ੩੭੫) ਰੁਪਯੇ ਸਾਲਾਨਾ ਰਿਆਸਤ ਪਟਿਆਲਾ ਵੱਲੋਂ ਹਨ. ੧੬੯/-) ਰੁਪਯੇ ਰਿਆਸਤ ਨਾਭੇ ਵੱਲੋਂ ਸਾਲਾਨਾ ਹਨ. ੩੭।) ਰੁਪਯੇ ਸਾਲਾਨਾ ਰਾਜਾ ਸਾਹਿਬ ਕਲਸੀਆ ਵੱਲੋਂ ਹਨ. ੩੩ ਘੁਮਾਉਂ ਦੇ ਕਰੀਬ ਰਕ਼ਬਾ ਜ਼ਮੀਨ ਦਾ ਹੈ, ਜਿਸ ਦੇ ਵਿੱਚ ਹੀ ਗੁਰੁਦ੍ਵਾਰਾ ਹੈ.

ਇਸ ਸਾਰੀ ਜਾਗੀਰ ਦਾ ਅਟਾ ਸਟਾ ੩. ਹਜਾਰ ਰੁਪਯੇ ਦੇ ਕ਼ਰੀਬ ਸਾਲਾਨਾ ਹੈ. ਹੋਲੇ ਮਹੱਲੇ ਦੇ ਮੇਲੇ ਤੇ ਕਾਫ਼ੀ ਚੜ੍ਹਾਵਾ ਹੋ ਜਾਂਦਾ ਹੈ.

(੫) ਗੁਰੂ ਕੇ ਮਹਿਲ. ਸ਼ਹਿਰ ਅੰਦਰ ਜੋ ਗੁਰੂ ਤੇਗ਼ ਬਹਾਦੁਰ ਜੀ ਨੇ ਆਪਣੇ ਰਹਿਣ ਲਈ ਮਕਾਨ ਬਣਾਏ. ਇਨ੍ਹਾਂ ਮਹਿਲਾਂ ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਵਾਸ ਕੀਤਾ, ਅਤੇ ਚਾਰੇ ਸਾਹਿਬਜ਼ਾਦਿਆਂ ਦਾ ਜਨਮ ਹੋਇਆ ਉਸ ਵੇਲੇ ਦੀਆਂ ਕੁਝ ਦੀਵਾਰਾਂ ਅਜੇ ਮੌਜੂਦ ਹਨ.

(੬) ਦਮਦਮਾ ਸਾਹਿਬ. ਸ਼ਹਿਰ ਆਨੰਦਪੁਰ ਤੋਂ ਪੱਛਮ ਵੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੁਦ੍ਵਾਰਾ ਹੈ. ਇੱਥੇ ਸਤਿਗੁਰੂ ਦੀਵਾਨ ਸਜਾਇਆ ਕਰਦੇ ਸਨ. ਅਤੇ ਮਸੰਦਾਂ ਨੂੰ ਦੰਡ ਇਸੇ ਥਾਂ ਬੈਠਕੇ ਦਿੱਤਾ ਸੀ.

(੭) ਮੰਜੀ ਸਾਹਿਬ. ਗੁਰੂ ਕੇ ਮਹਿਲਾਂ ਪਾਸ ਸ਼੍ਰੀ ਗੁਰੂ ਤੇਗ ਬਾਹਦੁਰ ਜੀ ਦਾ ਗੁਰੁਦ੍ਵਾਰਾ ਹੈ. ਇਥੇ ਗੁਰੂ ਜੀ ਰੋਜ਼ ਸ਼ਾਮ ਦਾ ਦੀਵਾਨ ਲਾਇਆ ਕਰਦੇ ਸਨ, ਇਥੇ ਹੀ ਦੀਵਨ ਵਿੱਚ ਆਕੇ ਕਸ਼ਮੀਰੀ ਪੰਡਿਤਾਂ ਨੇ ਸਤਿਗੁਰਾਂ ਪਾਸ ਧਰਮਰਖਯਾ ਲਈ ਫਰਿਆਦ

ਕੀਤੀ ਸੀ.

(੮) ਮੰਜੀ ਸਾਹਿਬ (੨) ਸ਼ਹਿਰ ਵਿੱਚ ਗੁਰਦ੍ਵਾਰੇ ਕੇਸਗੜ੍ਹ ਸਾਹਿਬ ਦੇ ਪਾਸ ਹੀ ਚਾਰੇ ਸਾਹਿਬਜ਼ਾਦਿਆਂ ਦਾ ਗੁਰਦ੍ਵਾਰਾ ਹੈ. ਇਥੇ ਬਾਬਾ ਅਜੀਤ ਸਿਘ ਜੀ ਬਾਬਾ ਜੁਝਾਰ ਸਿੰਘ ਜੀ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤੇ ਸਿੰਘ ਜੀ ਛੋਟੀ ਅਵਸਥਾ ਵਿੱਚ ਖੇਡਦੇ ਅਤੇ ਵਿਦ੍ਯਾ ਪ੍ਰਾਪਤ ਕਰਦੇ ਹੁੰਦੇ ਸਨ.

੮੦) ਰੁਪਯੇ ਸਾਲਾਨਾ ਜਾਗੀਰ ਪਿੰਡ "ਸੂਰੇ ਵਾਲ" ਥਾਣਾ ਆਨੰਦਪੁਰ ਤੋਂ ਮਹਾਰਾਜਾ ਰਣਜੀਤ ਸਿਘ ਵੱਲੋਂ ਹੈ. ੧੮/-) ਰਿਆਸਤ ਕਲਸੀਆ ਵਲੋਂ ਅਤੇ ੨੫) ਸਾਲਾਨਾ ਰਿਆਸਤ ਪਟਿਆਲੇ ਵੱਲੋਂ ਹਨ.

ਛੋਟੀ ਜਿਹੀ ਪਹਾੜੀ ਉੱਪਰ ਉੱਚੀ ਥਾਂ ਦਰਬਾਰ ਬਨਿਆ ਹੋਇਆ ਹੈ. ਇਸ ਇਮਾਰਤ ਦੀ ਸੇਵਾ ਸਰਦਾਰ ਗੁੱਜਰ ਸਿੰਘ ਜੀ ਰਈਸ "ਸੁਰਖ ਪੁਰ," ਰਿਆਸਤ ਕਪੂਰਥਲਾ ਨੇ ਕਰਾਈ ਹੈ.

ਗੁਰਦ੍ਵਾਰੇ ਦੇ ਪਾਸ ਹੀ ਇੱਕ ਬੋਹੜ ਦਾ ਬਿਰਛ ਹੈ, ਜੋ ਸਾਹਿਬਜ਼ਾਦਿਆਂ ਦੇ ਸਮੇਂ ਦਾ ਹੈ.

(੯) ਭੋਰਾ ਸਾਹਿਬ. ਆਨੰਦਪੁਰ ਵਿੱਚ ਪੱਛਮ ਵੱਲ ਗੁਰੂ ਕੇ ਮਹਿਲਾਂ ਅੰਦਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਇੱਥੇ ਏਕਾਂਤ ਬੈਠਕੇ ਭਜਨ ਕੀਤਾ ਕਰਦੇ ਸਨ.

ਇਹ ਭੋਰਾ ਕਰੀਬ ੮. ਫੁੱਟ ਗਹਿਰਾ ਹੈ. ਜਿਸ ਦੀਆਂ ੧੦. ਪੌੜੀਆਂ ਹਨ.

(੧੦) ਫ਼ਤੇ ਗੜ੍ਹ ਕਿਲਾ. ਸ਼ਹਿਰ ਆਨੰਦਪੁਰ ਵਿੱਚ ਹੀ ਥਾਣੇ ਦੇ ਪਾਸ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਨੇ ਸ਼੍ਰੀ ਆਨੰਦਪੁਰ ਦੀ ਰਖ੍ਯਾ ਲਈ ਇਹ ਕਿਲਾ ਬਣਵਾਇਆ ਸੀ. ਇਹ ਕਿਲਾ ਹੁਣ ਢੈਹ ਚੁੱਕਾ ਹੈ.

(੧੧) ਲੋਹਗੜ੍ਹ ਕਿਲਾ. ਸ਼ਹਿਰ ਆਨੰਦ ਪੁਰ ਤੋਂ ਨੈਰਤ ਕੋਣ ਵਿੱਚ ਇੱਕ ਮੀਲ ਦੇ ਕਰੀਬ ਗੁਰੂ ਦਸਮ ਪਾਤਸ਼ਾਹ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਨੇ ਸ਼੍ਰੀ ਆਨੰਦਪੁਰ ਦੇ ਬਚਾਉ ਲਈ ਇਹ ਦ੍ਰਿੜ੍ਹ ਕਿਲਾ ਬਣਵਾਇਆ ਸੀ.

ਇਹ ਕਿਲਾ ਦਰਿਆ ਸਤਲੁਜ ਦੀ ਢਾਹ ਅਤੇ ਸਿੱਖਾਂ ਦੀ ਅਨਗਹਿਲੀ ਕਾਰਣ ਢੈਹ ਚੁੱਕਾ ਹੈ, ਹੁਣ ਛੋਟਾ ਜਿਹਾ ਦਰਬਾਰ ਦੇਖਣ ਵਿੱਚ ਆਉਂਦਾ ਹੈ. ਗੁਰਦ੍ਵਾਰੇ ਨਾਲ ਕਰੀਬ ੩. ਘੁਮਾਉਂ ਜ਼ਮੀਨ ਹੈ। ੩. ਦੇਖੋ, ਸੂਰਜ ਮੱਲ ਅਤੇ ਸੋਢੀ ਸ਼ਬਦ.

ਆਨੰਦਪੁਰ ਦੇ ਕਿਲੇ: ਦੇਖੋ, ਆਨੰਦਪੁਰ ੨.

ਆਨੰਦ ਮੂਲ: ਸੰਗ੍ਯਾ- ਕਰਤਾਰ, ਜੋ ਸਾਰੇ ਆਨੰਦਾਂ ਦੀ ਜੜ ਹੈ. "ਆਨੰਦਮੂਲ ਅਨਾਥ ਅਧਾਰੀ." (ਧਨਾ ਅ: ਮ: ੧)

ਆਨੰਦ ਰੂਪ: ਖਰਤਾਰ. ਆਨੰਦ ਹੈ ਜਿਸ ਦਾ ਸ੍ਵਰੂਪ ਲਕ੍ਸ਼ਣ. "ਆਨੰਦ ਰੂਪ ਅਨੂਪ ਅਗੋਚਰ." (ਮਾਰੂ ਸੋਲਹੇ ਮ: ੧)

ਆਨੰਦੀ: ਸੰ. ਆਨਨ੍ਦਿਨ. ਵਿ- ਪ੍ਰਸੰਨ. ਖ਼ੁਸ਼. ਆਨੰਦ ਵਾਲਾ.

ਆਨੰਦੁ: ਦੇਖੋ, ਆਨੰਦ.

ਆਪ: ਸੰ. ਆਪ. ਧਾ- ਵ੍ਯਾਪਨਾ. ਪ੍ਰਾਪਤ ਹੋਣਾ. ਤ੍ਰਿਪਤ ਕਰਨਾ. ਸਮਾਪਤ ਕਰਨਾ। ੨. ਆਤ੍ਮਨ- ਆਤ੍ਮਨ੍. ਸ੍ਵ- ਖ਼ੁਦ. ਸ੍ਵਯੰ "ਕਰਹੁ ਸੰਭਾਰ ਸਰਬ ਕੀ ਆਪ." (ਗੁਪ੍ਰਸੂ) ੩. ਤੁਮ ਅਤੇ ਓਹ ਦੀ ਥਾਂ ਸਨਮਾਨ ਬੋਧਕ ਸ਼ਬਦ. "ਗੁਰੁਸਿੱਖੀ ਕੋ ਬਖਸ਼ੋ ਆਪ." (ਗੁਪ੍ਰਸੂ) ੪. ਸੰਗ੍ਯਾ- ਆਪਾਭਾਵ. ਖ਼ੁਦੀ ਹੌਮੈ. "ਓਨਾ ਵਿਚਿ ਆਪ ਵਰਤਦਾ ਕਰਣਾ ਕਿਛੂ ਨ ਜਾਇ." (ਮਾਰੂ ਮ: ੩) ੫. ਭਾਵ- ਕਰਤਾਰ, ਜੋ ਸਭ ਦਾ ਆਪਣਾ ਆਪ ਹੈ. "ਜਹਾਂ ਲੋਭ ਤਹਿ ਕਾਲ ਹੈ ਜਹਾਂ ਖਿਮਾ ਤਹਿ ਆਪ." (ਸ. ਕਬੀਰ) ੬. ਆਪਣਾ ਗ੍ਯਾਨ. ਆਤਮ ਬੋਧ. "ਆਪੈ ਨੋ ਆਪ ਖਾਇ ਮਨੁ ਨਿਰਮਲੁ ਹੋਵੈ." (ਵਾਰ ਸ੍ਰੀ ਮ: ੩) ੭. ਵਿ- ਆਪਣਾ. "ਇਸਟ ਮੀਤ ਆਪ ਬਾਪ ਨ ਮਾਈ." (ਗਉ ਮ: ੫) "ਸੋ ਧਨ ਕਿਸਹਿ ਨ ਆਪ." (ਆਸਾ ਮ: ੪) ੮. ਸੰ. ਆਪ੍ਰ- ਆਪ੍ਰ. ਵਿ- ਨਿਰਾਲਸ. ਚੁਸਤ. ਚਾਲਾਕ. "ਲਏ ਸਰਬ ਸੈਨਾ ਕੀਏ ਆਪ ਰੂਪੰ." (ਪਾਰਸਾਵ) ੯. ਆਪਸ੍- ਆਪ: ਸੰਗ੍ਯਾ- ਜਲ. ਪਾਣੀ. "ਜੈਸੇ ਧਾਰ ਸਾਗਰ ਮੇ ਗੰਗਾ ਜੀ ਕੋ ਆਪ ਹੈ." (ਚੰਡੀ ੧)

ਆਪਸ: ਸੰਗਯਾ- ਪਰਸਪਰ ਸੰਬੰਧ। ੨. ਨਾਤਾ। ੩. ਭਾਈਚਾਰਾ। ੪. ਦੇਖੋ, ਆਪ ੭। ੫. ਕ੍ਰਿ. ਵਿ- ਆਪੋ ਵਿੱਚੀ. ਆਪਸ ਮੇ.

ਆਪਸੁਆਰਥੀ: ਵਿ- ਖ਼ੁਦਗਰਜ. ਆਪਣਾ ਸ੍ਵਾਰਥ (ਮਤਲਬ) ਸਿੱਧ ਕਰਨ ਵਾਲਾ. ਮਤਲਬੀ. "ਮਨਮੁਖ ਆਪਸੁਆਰਥੀ." (ਵਾਰ ਸੋਰ ਮਃ ੩)

ਆਪਕਾਰੀ: ਦੇਖੋ, ਅਪਕਾਰੀ। ੨. ਦੇਖੋ, ਆਬਕਾਰੀ.

ਆਪ ਗਣਾਉਣਾ: ਕ੍ਰਿ- ਆਪਣੇ ਤਾਂਈ ਪ੍ਰਧਾਨ ਪੁਰਖਾਂ ਵਿੱਚ ਸ਼ੁਮਾਰ ਕਰਾਉਣਾ. ਅਭਿਮਾਨ ਦੇ ਵਸ਼ ਹੋ ਕੇ ਆਪਣੇ ਤਾਂਈ ਆਗੂਆਂ ਦੀ ਗਿਣਤੀ ਵਿੱਚ ਗਿਣਾਉਣਾ. "ਜੇ ਕੋ ਆਪ ਗਣਾਇਦਾ ਸੋ ਮੂਰਖ ਗਾਵਾਰ." (ਵਾਰ ਗੂਜ ੧. ਮਃ ੩).

ਆਪਾਗਾ: ਸੰ. ਸੰਗਯਾ- ਨਦੀ. ਜਿਸ ਵਿੱਚ ਆਪ (ਪਾਣੀ) ਵਹਿੰਦਾ ਹੈ. "ਚਿੰਤ ਆਪਗਾ ਭਈ ਮਹਾਨੀ." (ਨਾਪ੍ਰ) ਦੇਖੋ, ਬਿਨਾਪਗਾ.

ਆਪਗ੍ਰਹ: ਦੇਖੋ, ਅਪਾਗ੍ਰਹਿ.

ਆਪਣ: ਸੰ. ਸੰਗਯਾ- ਹੱਟ. ਦੁਕਾਨ। ੨. ਬਾਜ਼ਾਰ। ੩. ਦੇਖੋ, ਆਪਨ. "ਆਪਣ ਲੀਆ ਜੇ ਮਿਲੈ." (ਮਾਝ ਬਾਰਹਮਾਹਾ)

ਆਪਣਾ: ਦੇਖੋ, ਅਪਨਾ. "ਆਪਣਾ ਚੋਜ ਕਰਿ ਵੇਖੈ ਆਪੇ." (ਵਾਰ ਬਿਹਾ ਮਃ ੪)

ਆਪਣਾ ਭਾਣਾ: ਸੰਗਯਾ- ਖ਼ੁਦਪਸੰਦੀ. ਮਨਮੁਖਤਾ. ਮਨਮਤਿ. "ਆਪਣੈ ਭਾਣੈ ਜੋ ਚਲੈ ਭਾਈ! ਵਿਛੁੜਿ ਚੋਟਾ ਖਾਵੈ." (ਸੋਰ ਮਃ ੩) ੨. ਕਰਤਾਰ ਦਾ ਭਾਣਾ. ਵਾਹਗੁਰੂ ਦੀ ਰਜ਼ਾ.

ਆਪਤ: ਸੰ. ਆਪੱਤਿ. ਸੰਗਯਾ- ਮੁਸੀਬਤ. ਵਿਪੱਤਿ. ਵਿਪਦਾ. "ਸੰਪਤ ਹਰਖ ਨ ਆਪਤ ਦੂਖਾ." (ਗਉ ਮਃ ੫) ੨. ਸੰ. आत्मत्व- ਆਤਮਤ੍ਵ. ਹੌਮੈ. ਅਭਿਮਾਨ. "ਕਾਮ ਕ੍ਰੋਧ ਲੋਭ ਮੋਹ ਆਪਤ ਪੰਚ ਦੂਤ ਬਿਖੰਡਿਓ." (ਸਵੈਯੇ ਮਃ ੩. ਕੇ) ੩. ਸੰ. ਆਪ੍ਤ ਵਿ- ਪ੍ਰਾਪਤ. ਹਾਸਿਲ। ੪. ਦਾਨਾ. ਚਤੁਰ। ੫. ਯਥਾਰਥ ਵਕਤਾ। ੬. ਸੰਗਯਾ- ਰਿਖੀ. ਸਾਧੂ.

ਆਪਤਕਾਮ: ਸੰ. ਆਪ੍ਤਕਾਮ. ਵਿ- ਸਭ ਕਾਮਨਾਂ ਜਿਸਦੀਆਂ ਪੂਰੀਆਂ ਹੋ ਗਈਆਂ ਹਨ. ਪੂਰਣਕਾਮ.

ਆਪਤਿ: ਦੇਖੋ, ਆਪਤ ੧। ੨. ਸੰ. ਆਪ੍ਤਿ. ਸੰਗਯਾ- ਪ੍ਰਾਪਤੀ. ਲਾਭ.

ਆਪਤੁ: ਸੰ. आत्मत्व- ਆਤਮਤ੍ਵ. ਸੰਗਯਾ- ਹੌਮੈ. ਖ਼ੁਦੀ। ੨. ਖ਼ੁਦਪਸੰਦੀ. "ਛੋਡ ਆਪਤੁ ਬਾਦ ਅਹੰਕਾਰਾ." (ਟੋਡੀ ਮਃ ੫)

ਆਪਦ, ਆਪਦਾ: ਸੰ. ਸੰਗਯਾ- ਮੁਸੀਬਤ. ਵਿਪਦਾ. ਵਿਪੱਤਿ। ੨. ਵਿਘਨ. "ਤਹਾਂ ਦੂਖ ਸਭ ਆਪਦ." (ਸਾਰ ਮਃ ੫)

ਆਪਨ: ਸਰਵ- ਨਿਜ ਦਾ. ਆਪਣਾ. "ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ." (ਸੋਰ ਰਵਿਦਾਸ) ੨. ਖ਼ੁਦ ਆਪ. "ਅਵਰ ਮੂਏ ਕਿਆ ਸੋਗ ਕਰੀਜੈ। ਤਉ ਕੀਜੈ ਜਉ ਆਪਨ ਜੀਜੈ." (ਗਉ ਕਬੀਰ) ੩. ਸੰਗਯਾ- ਦੁਕਾਨ. ਹੱਟ. ਦੇਖੋ, ਆਪਣ. "ਬਨਜ ਸੌਂਜ ਸੋਂ ਆਪਨ ਪੂਰੀ." (ਨਾਪ੍ਰ)

ਆਪਨੜਾ: ਸਰਵ- ਨਿਜ ਦਾ. ਆਪਣਾ. ਅਪਨਾ. "ਆਪਨੜਾ ਪ੍ਰਭੁ ਨਦਰਿ ਕਰਿ ਦੇਖੈ." (ਵਡ ਮਃ ੪) "ਆਪਨੜੈ ਘਰਿ ਹਰਿਰੰਗੋ ਕੀ ਨ ਮਾਣੇਹਿ"? (ਤਿਲੰ ਮਃ ੧)

ਆਪਨਾ: ਦੇਖੋ, ਅਪਨਾ.

ਆਪਭੇਸ: ਵਿ- ਆਪਣਾ ਲਿਬਾਸ। ੨. ਹੰਕਾਰ ਦਾ ਰੂਪ. ਹੌਮੈ ਦੀ ਮੂਰਤਿ. "ਭਯੋ ਆਪ ਭੇਸੰ." (ਰਾਮਾਵ)

ਆਪਮੁਹਾਹੁ, ਆਪਮੁਹਾਰਾ: ਵਿ- ਅਮੋੜ. ਜਿਸ ਦੀ ਮੁਹਾਰ ਆਪਣੇ ਹੱਥ ਹੈ. ਆਪਹੁਦਰਾ. ਦੂਜੇ ਦੀ ਨਸੀਹਤ ਨਾ ਮੰਨਣ

ਵਾਲਾ। ੨. ਕਿਸੇ ਦੀ ਪ੍ਰੇਰਣਾ ਤੋਂ ਬਿਨਾ ਸਾਰੇ ਕੰਮ ਆਪ ਕਰਨ ਵਾਲਾ। ੩. ਕਿਸੇ ਸੰਸਕਾਰ ਬਿਨਾ ਸੁਤੇ ਕਹਿਣ ਵਾਲਾ। "ਮੁਖਿ ਬੋਲੈ ਆਪਮੁਹਾਹੁ." (ਸੋਰ ਮਃ ੪)

ਆ ਪਰਸ: ਦੇਖੋ, ਅਪਰਸ. "ਨਿਰਹਾਰ ਵਰਤੀ ਆ ਪਰਸਾ" (ਸ੍ਰੀ ਅਃ ਮਃ ੫)

ਆਪ ਲਖਾਉਣਾ: ਕ੍ਰਿ- ਆਪਣੇ ਤਾਈਂ ਜਾਹਿਰ ਕਰਨਾ. ਆਪਣੇ ਤਾਈਂ ਪ੍ਰਸਿੱਧ ਕਰਨ ਦਾ ਯਤਨ ਕਰਨਾ। ੨. ਆਪਣੀ ਅਸਲੀਅਤ ਜਾਹਰ ਕਰਨੀ. "ਰਤਨਾ ਸਾਰ ਨ ਜਾਣਈ, ਆਵੈ ਆਪੁ ਲਖਾਇ." (ਵਾਰ ਰਾਮ ੧. ਮਃ ੨)

ਆਪ ਵਞਾਉਣਾ: ਕ੍ਰਿ- ਆਪਾਭਾਵ ਦੂਰ ਕਰਨਾ. ਹੰਕਾਰ ਮਿਟਾਉਣਾ.

ਆਪਾ: ਸੰਗਜਾ- ਆਪਣੀ ਸੱਤਾ. ਆਪਾਭਾਵ। ੨. ਹੌਮੈ. ਹੰਕਾਰ। ੩. ਆਪਣੀ ਅਸਲੀਅਤ. "ਜਨ ਨਾਨਕ ਬਿਨ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ." (ਧਨਾ ਮਃ ੯) ੪. ਮਰਾ. ਅੱਪਾ. ਪਿਤਾ. ਬਾਪ.

ਆਪਾਂ: ਸਰਵ- ਆਪ ਦਾ ਬਹੁ ਵਚਨ. ਅਸੀਂ. ਹਮ.

ਆਪਾਉ: ਸੰ. ਆਪਜਾਯਨ. ਸੰਗਜਾ- ਤਰਪਣ. ਸੇਚਨ. ਆਬਪਾਸ਼ੀ. "ਸਲਿਲ ਆਪਾਉ ਸਾਰੰਗਪਾਣੀ." (ਸ੍ਰੀ ਮਃ ੧) ਕਰਤਾਰ ਦਾ ਨਾਮ, ਜਲ ਸਿੰਜੋ। ੨. ਦੇਖੋ, ਆਪਾਉਣਾ.

ਆਪਾਉਣਾ: ਦੇਖੋ, ਆਪਾਉ। ੨. ਕ੍ਰਿ- ਅਪਣਾਉਣਾ. ਆਪਣਾ ਕਰਨਾ. "ਪ੍ਰਭੁ ਗਹਿ ਭੁਜਾ ਆਪਾਇਓ." (ਗਉ ਅਃ ਮਃ ੫)

ਆਪਾਇਆ: ਆਪਣਾ ਕੀਤਾ. ਦੇਖੋ, ਆਪਾਉਣਾ। ੨. ਆਪਣਾ ਰੂਪ ਕਰ ਲਿਆ. ਆਪਣੇ ਰੂਪ ਵਿੱਚ ਮਿਲਾਇਆ. "ਕਰਨਾ ਆਪਿ ਕਰਾਵਨ ਆਪੇ, ਕਹੁ ਨਾਨਕ ਆਪਿ ਆਪਾਇਓ." (ਸਾਰ ਮਃ ੫)

ਆਪਾਹ: ਬੇਲਾਗ. ਦੇਖੋ, ਅਪਾਹ. "ਕਰਣ ਕਾਰਣ ਸਮਰਥ ਆਪਾਹੇ." (ਮਾਰੂ ਸੋਲਹੇ ਮਃ ੫)

ਆਪਾਰ: ਦੇਖੋ, ਅਪਾਰ. "ਕਉਤਕ ਕਰੈ ਰੰਗ ਆਪਾਰ." (ਸੁਖਮਨੀ)

ਆਪਿ: ਦੇਖੋ, ਆਪ। ੨. ਵਜ- ਖ਼ੁਦ. ਸ੍ਵਯੰ. "ਆਪਿ ਛੁਟੇ ਨਹ ਛੁਟੀਐ." (ਵਾਰ ਮਲਾ ਮਃ ੧) ੩. ਸੰ. ਸੰਗਜਾ- ਮਿਤ੍ਰ. ਦੋਸਤ.

ਆਪਿਓ: ਵਿ- ਅਪਣਾਇਆ. ਆਪਣਾ ਕੀਤਾ. "ਲੰਕ ਭਭੀਖਣ ਆਪਿਓ ਹੋ." (ਸੋਰ ਨਾਮਦੇਵ)

ਆਪੀਨੈ ਆਪਾਹੁ, ਆਪੀਨੈ ਆਪਿ: ਆਪਣੇ ਆਪ. ਖ਼ੁਦ ਬਖ਼ੁਦ. ਦੂਜੇ ਦੀ ਸਹਾਇਤਾ ਬਿਨਾ. "ਆਪੀਨੈ ਆਪਾਹੁ." (ਵਾਰ ਸੂਹੀ, ਮਃ ੧) "ਜਿਨਿ ਆਪੀਨੈ ਆਪਿ ਸਾਜਿਆ ਸਚੜਾ ਅਲਖ ਅਪਾਰੋ." (ਵਡ ਮਃ ੧. ਅਲਾਹਣੀਆਂ)

ਆਪੁ: ਆਪਣਾ ਆਪ. ਦੇਖੋ, ਆਪ. "ਆਪੇ ਜਾਣੈ ਆਪੁ." (ਜਪੁ) "ਆਪੁ ਸਵਾਰਹਿ ਮੈ ਮਿਲਹਿ." (ਸ. ਫਰੀਦ) ੨. ਖ਼ੁਦੀ. ਹੌਮੈ. "ਆਪੁ ਤਿਆਗਿ ਸੰਤ ਚਰਨ ਲਾਗਿ." (ਪ੍ਰਭਾ ਪੜਤਾਲ ਮਃ ੫) ੩. ਵਜ- ਖ਼ੁਦ. "ਆਪੁ ਗਏ ਅਉਰਨ ਹੂ ਖੋਵਹਿ." (ਗਉ ਕਬੀਰ)

ਆਪੇ ਆਪ, ਆਪੇ ਆਪਿ: ਦੇਖੋ, ਆਪੀਨੈ ਆਪਿ. "ਹਰਿ ਆਪੇ ਆਪਿ ਉਪਾਇਦਾ." (ਸ੍ਰੀ ਮਃ ੪. ਵਣਜਾਰਾ)

ਆਪੇ ਆਪੇ: ਆਪਹੀ ਆਪ. ਸ੍ਵਯੰ। ੨. ਹੌਮੈ ਵਾਲਾ. ਅਭਿਮਾਨੀ. "ਏਕ ਮਹਲਿ ਤੂੰ ਆਪੇ ਆਪੇ, ਏਕ ਮਹਲਿ ਗਰੀਬਾਨੋ." (ਗਉ ਮਃ ੫) ੩. ਦੇਖੋ, ਆਪੇ ਆਪਿ.

ਆਪੋਧਾਪ, ਆਪੋਧਾਪੀ: ਸੰਗਜਾ- ਆਪਣੀ ਮਰਜੀ ਦੀ ਦੌੜ. ਖ਼ੁਦ ਮੁਖ਼ਤਾਰੀ. ਆਪਣੇ ਮਨ ਦੀ ਧ੍ਰਾਪਨ (ਪ੍ਰਸੰਨਤਾ) ਲਈ ਕੀਤੀ ਕ੍ਰਿਯਾ. "ਆਪੋ ਧਾਪੀ ਹੋਇਕੈ ਨਯਾਰੇ ਨਯਾਰੇ ਧਰਮ ਚਲਾਵੈ." (ਭਾਗੁ) ੨. ਸੰ. ਅਪਧਜਾਨ. ਅਸ਼ੁਭ ਚਿੰਤਨ. ਬਦਖ਼੍ਵਾਹੀ.

**ਆਪੌ:** ਦੇਖੋ, ਆਪ ਅਤੇ ਆਪਾ. ਅਪਨਪੌ। ੨. ਅਪਨੇ ਸੇ. ਆਪ ਥੋਂ. "ਨਾਨਕ ਜੇ ਕੋ ਆਪੌ ਜਾਣੈ, ਅਗੈ ਗਇਆ ਨ ਸੋਹੈ." (ਜਪੁ) ਜੇ ਕੋਈ ਸਮਝੇ ਕਿ ਮੇਥੋਂ ਕੁਝ ਹੁੰਦਾ ਹੈ.

**ਆਫ਼ਤ:** ਅ਼. آفت ਸੰ. ਆਪਦ. ਸੰਗ੍ਯਾ- ਮੁਸੀਬਤ. ਵਿਪਦਾ। ੨. ਦੁੱਖ. ਕਲੇਸ਼। ੩. ਉਪਦ੍ਰਵ. ਫਸਾਦ.

**ਆਫ਼ਤਾਬ:** ਫ਼ਾ. آفتاب ਸੰਗ੍ਯਾ- ਆਫ਼ਤ- ਆਬ. ਪਾਣੀ ਸੁਕਾਉਣ ਵਾਲਾ, ਸੂਰਜ. "ਆਫਤਾਬ ਸਮ ਉਦਜ ਨ ਹੋਵੈ." (ਗੁਪ੍ਰਸੂ)

**ਆਫਤਾਬੇ ਯਮਨ, ਆਫਤਾਬੇ ਯਮਾਨ:** ਫ਼ਾ آفتابِیمن آفتابِیمان ਯਮਨ ਦਾ ਸੂਰਜ. ਭਾਵ, ਬਹੁਤ ਪ੍ਰਕਾਸ਼ਕ ਅਤੇ ਤੇਜ. ਯਮਨ ਵਿੱਚ ਸੂਰਜ ਬਹੁਤ ਤਿੱਖਾ ਹੈ. "ਚਰਾਗ਼ੇ ਫ਼ਲਕ ਆਫ਼ਤਾਬੇ ਯਮਨ." "ਕਿ ਮਾਹੇ ਫ਼ਲਕ ਆਫ਼ਤਾਬੇ ਯਮਾਨ." (ਹਕਾਯਤਾਂ)

**ਆਫਰਣਾ, ਆਫਰਨਾ:** ਕ੍ਰਿ- ਸ੍ਫਾਰ ਸਹਿਤ ਹੋਣਾ. ਫੁੱਲਣਾ. ਹੰਕਾਰ ਨਾਲ ਆਕੜਨਾ. ਦੇਖੋ, ਅਫਾਰ.

**ਆਫ਼ਰੀਂ:** ਫ਼ਾ. آفریں ਵ੍ਯ- ਵਾਹ ਵਾਹ! ਧੰਨ ਧੰਨ! ਸ਼ਾਬਾਸ਼! ੨. ਵਿ- ਪੈਦਾ ਕਰਨ ਵਾਲਾ. ਅਜਿਹੀ ਸੂਰਤ ਵਿੱਚ ਇਹ ਸ਼ਬਦ ਦੇ ਅੰਤ ਆਉਂਦਾ ਹੈ, ਯਥਾ- "ਜਹਾਂ ਆਫ਼ਰੀਂ." ਜਹਾਨ ਦੇ ਪੈਦਾ ਕਰਨ ਵਾਲਾ.

**ਆਫ਼ਰੀਦਹ:** ਫ਼ਾ. آفریدہ ਪੈਦਾ ਕੀਤਾ.

**ਆਫ਼ਰੀਦਨ:** ਫ਼ਾ. آفریدن ਕ੍ਰਿ- ਪੈਦਾ ਕਰਨਾ.

**ਆਫਰੀਦੀ:** ਦੇਖੋ, ਅਫਰੀਦੀ.

**ਆਫਰੀਨ:** ਦੇਖੋ, ਆਫ਼ਰੀਂ

**ਆਫ਼ਾਤ:** ਅ਼. آفات ਆਫ਼ਤ ਦਾ ਬਹੁ ਵਚਨ. "ਸਰਕਸ਼ ਹਨਐ ਆਫਾਤ ਉਠਾਈ." (ਗੁਪ੍ਰਸੂ)

**ਆਫਾਰ:** ਦੇਖੋ, ਅਫਾਰ.

**ਆਫੂ:** ਦੇਖੋ, ਅਫੀਮ. "ਅਮਲੀ ਮਿਸ਼ਰੀ ਛਾਡਕੈ ਆਫੂ ਖਾਤ ਸਰਾਹਿ." (ਵ੍ਰਿੰਦ) ੨. ਦੇਖੋ, ਅਫਵ. "ਗੁਨਹਿ ਉਸ ਕੇ ਸਗਲ ਆਫੂ." (ਤਿਲੰ ਮਃ ੫)

**ਆਫੂਆ ਕੀ ਬਰੀ:** ਸੰਗ੍ਯਾ- ਅਫੀਮ ਦੀ ਗੋਲੀ. ਅਫ਼ਯੂਨ ਦਾ ਮਾਵਾ. "ਅਮਿਤ ਆਫੂਆ ਕੀ ਬਰੀ ਖਾਇ ਚਢਾਈ ਭੰਗ." (ਚਰਿਤ੍ਰ ੧੧੧)

**ਆਬ:** ਫ਼ਾ. آب ਸੰਗ੍ਯਾ- ਜਲ. ਪਾਨੀ. ਦੇਖੋ, ਆਪ ੯. ਅਤੇ ਅਬਜ. "ਦਰਖਤ ਆਬ ਆਸ ਕਰ." (ਵਾਰ ਮਾਝ ਮਃ ੧) ੨. ਪਾਰਾ। ੩. ਮੋਤੀ। ੪. ਆਭਾ. ਚਮਕ. ਦਮਕ। ੫. ਮਾਨ. ਪ੍ਰਤਿਸ਼੍ਠਾ। ੬. ਮੁੱਲ. ਕ਼ੀਮਤ। ੭. ਦਰਜਾ. ਰੁਤਬਾ। ੮. ਰਸਮ. ਰਿਵਾਜ। ੯. ਆਦਤ. ਸੁਭਾਉ. "ਸਚ ਕੀ ਆਬ ਨਿਤ ਦੇਹਿ ਪਾਣੀ." (ਸ੍ਰੀ ਮਃ ੧) ਸੱਚ ਬੋਲਣ ਦਾ ਅਭ੍ਯਾਸ ਪਾਣੀ ਦੇਓ.

**ਆਂਬ:** ਸੰਗ੍ਯਾ- ਅੰਬ. ਆਮ੍ਰ. "ਪਾਕਨ ਲਾਗੇ ਆਂਬ." (ਸ. ਕਬੀਰ) ਭਾਵ, ਜਿਗ੍ਯਾਸੀ ਸ਼ੁੱਭ ਗੁਣਾਂ ਨਾਲ ਪ੍ਰਪੱਕ ਹੋਣ ਲਗੇ.

**ਆਬ ਹ਼ਯਾਤ, ਆਬ ਹ਼ੈਵਾਨ:** ਫ਼ਾ. آبِ‌حیات ، آبِ‌حیوان ਆਬੇ ਹ਼ਯਾਤ. ਸੰਗ੍ਯਾ- ਹ਼ਯਾਤ (ਜੀਵਨ) ਦਾ ਪਾਨੀ. ਅਮ੍ਰਿਤ. ਸੁਧਾ.

**ਆਬਕਾਰ:** ਫ਼ਾ. آبکار ਅ਼ਰਕ਼ ਬਣਾਉਣ ਵਾਲਾ। ੨. ਸ਼ਰਾਬ ਖਿੱਚਣ ਵਾਲਾ.

**ਆਬਕਾਰੀ:** ਫ਼ਾ. آبکاری ਸੰਗ੍ਯਾ- ਅ਼ਰਕ਼ ਖਿੱਚਣ ਦੀ ਥਾਂ। ੨. ਸ਼ਰਾਬ ਦਾ ਕਾਰਖਾਨਾ.

ਆਬਖ਼ੋਰਾ: ਫ਼ਾ. آبخورا ਸੰਗਯਾ- ਬਖ਼ੋਰਾ. ਆਬ (ਪਾਣੀ) ਪੀਣ ਦਾ ਭਾਂਡਾ. ਪਿਆਲਾ.

ਆਬਗੀਰ: ਫ਼ਾ. آبگیر ਸੰਗਯਾ- ਆਬ (ਜਲ) ਗ੍ਰਹਣ ਕਰਤਾ. ਟੋਆ. ਤਾਲ। ੨. ਖਾਈ. ਨਾਲਾ। ੩. ਜਲ ਦਾ ਪਾਤ੍ਰ. ਘੜਾ. ਗਾਗਰ.

ਆਬਗੂੰ: ਫ਼ਾ. آبگوں ਵਿ- ਪਾਣੀ ਰੰਗਾ। ੨. ਆਬਦਾਰ. ਚਮਕੀਲਾ। ੩. ਚਮਕੀਲੀ ਤਲਵਾਰ। ੪. ਇੱਕ ਨਹਿਰ, ਜੋ ਈਰਾਨ ਵਿੱਚ ਹੈ.

ਆਬ ਜਮਜਮ: ਜ਼ਮਜ਼ਮ ਖੂਹ ਦਾ ਪਾਣੀ. ਦੇਖੋ, ਹੱਜ ਅਤੇ ਜਮਜਮ.

ਆਬਦਾਰ: ਫ਼ਾ. آبدار ਵਿ- ਚਮਕੀਲਾ. ਚਮਕ ਦਮਕ ਵਾਲਾ। ੨. ਸੰਗਯਾ- ਸੁਰਾਹੀ ਬਰਦਾਰ. ਉਹ ਆਦਮੀ ਜੋ ਪਾਣੀ ਲੈ ਕੇ ਅਮੀਰਾਂ ਪਾਸ ਹਰ ਵੇਲੇ ਹਾਜਿਰ ਰਹਿੰਦਾ ਹੈ.

ਆਬਨੂਸ: ਫ਼ਾ. آبنوس ਇੱਕ ਬਿਰਛ. ਜਿਸ ਦੀ ਪੁਰਾਨੀ ਗੇਲੀ ਬਹੁਤ ਵਜ਼ਨਦਾਰ ਅਤੇ ਕਾਲੀ ਹੁੰਦੀ ਹੈ. ਇਸ ਤੋਂ ਕਲਮਦਾਨ ਤਸਵੀਰਾਂ ਦੀਆਂ ਚੁਗਾਠਾਂ ਅਤੇ ਸੋਟੀਆਂ ਆਦਿ ਅਨੇਕ ਸੁੰਦਰ ਚੀਜਾਂ ਬਣਦੀਆਂ ਹਨ. ਇਹ ਦਰਖ਼ਤ ਬਹੁਤ ਕਰਕੇ ਭਾਰਤ ਦੇ ਦੱਖਣ ਵਿੱਚ ਹੁੰਦਾ ਹੈ. L. Diospyros emenum. ਯੂ. ebenos. ਅੰ. ebony.

ਘੂੰਘਟ ਉਘਾਰ ਕਾਰੀ ਨਾਇਕਾ ਦੀਦਾਰ ਦੀਨ,

ਦੇਖਤ ਹੀ ਭਾਂਡੀਗਈ ਹਾਂਡੀ ਦਾਧੀ ਫੂਸ ਕੀ,

ਭੇਡਨ ਕੇ ਦੌਰ ਪਰੀ ਹੌਲ ਪਰੀ ਘੂਸਨ ਕੇ,

ਕੱਵਨ ਕੇ ਰੌਰ ਪਰੀ ਆਪਨੇ ਜਲੂਸ ਕੀ,

ਕਾਂਬਰੀ ਨਿਕਾਰੀ ਕਰੀ ਕੋਲਾ ਕੀ ਬਿਗਾਰੀ ਕੁਲ,

ਭਨਤ "ਪੁਰਾਨ" ਨ ਅਗਾਰੀ ਕੁਹੂ ਹੁਸ ਕੀ,

ਤਵਾ ਮੇ ਨ ਤਾਬ ਰਹੀ ਕਾਜਰ ਬੇ ਆਬ ਭਈ,

ਤੇਰੀ ਆਬ ਦੇਖੇ ਆਬ ਗਈ ਆਬਨੂਸ ਕੀ.

ਆਬਪਾਸ਼ੀ: ਫ਼ਾ. آبپاشی ਸੰਗਯਾ- ਸੇਚਨ. ਸਿੰਚਾਈ. ਜਲ ਸਿੰਜਣ ਦੀ ਕ੍ਰਿਯਾ। ੨. ਜਲ ਛਿੜਕਨਾ.

ਆਬਰੂ: ਫ਼ਾ. آبرو ਸੰਗਯਾ- ਰੂ (ਚੇਹਰੇ) ਦੀ ਆਬ. ਮਾਨ. ਪ੍ਰਤਿਸ਼੍ਠਾ. ਇੱਜ਼ਤ. "ਵਿਚ ਸਭਾ ਆਬਰੂ ਖੋਇ ਤੋਹਿ." (ਗੁਪ੍ਰਸੂ)

ਆਬਰੇ: ਸੰਗਯਾ- ਆਮ੍ਰ. ਅੰਬ. "ਕਕਰੀ ਆਬਰੇ ਪਕਾਏ." (ਆਸਾ ਕਬੀਰ) ਭਾਵ. ਕੁਕਰਮਾਂ ਤੋਂ ਸੁਕਰਮ ਹੋ ਗਏ. ਦੇਖੋ, ਫੀਲੁ.

ਆਬਰੋ: ਦੇਖੋ, ਆਬਰੂ. "ਗਈ ਆਬਰੋ ਦੀਰਘ ਆਜ." (ਗੁਪ੍ਰਸੂ)

ਆਬਲੀ: ਸੰਗਯਾ- ਕੱਚੀ ਅੰਬੀ। ੨. ਇਮਲੀ। ੩. ਇਮਲੀ ਦਾ ਫਲ। ੪. ਦੇਖੋ, ਆਵਲੀ.

ਆਬਾਦ: ਅ਼. آباد ਅਬਦ ਦਾ ਬਹੁ ਵਚਨ. ਯੁਗ (ਜੁਗ) ੨. ਫ਼ਾ. ਵਸਤੀ ਸ਼ਹਿਰ. ੩. ਉਸਤਤਿ। ੪. ਵਿ- ਵਸਿਆ ਹੋਇਆ.

ਆਬਾਦਾਨ: ਫ਼ਾ. آبادان ਆਬਾਦ. ਵਸਿਆ ਹੋਇਆ. "ਆਬਾਦਾਨ ਸਦਾ ਮਸਹੂਰ." (ਗਉ ਰਵਿਦਾਸ) ੨. ਇ਼ਰਾਕ਼ ਅ਼ਰਬ ਵਿੱਚ ਇੱਕ ਪ੍ਰਸਿੱਧ ਸ਼ਹਿਰ.

ਆਬਾਦੀ: ਫ਼ਾ. آبادی ਸੰਗਯਾ- ਬਸਤੀ. ਵਸੋਂ। ੨. ਜਨ ਸੰਖਯਾ- ਮਰਦੁਮ ਸ਼ੁਮਾਰੀ.

ਆਬਿਦ, ਆ਼ਬਿਦ: ਅ਼. عابد ਵਿ- ਇ਼ਬਾਦਤ ਕਰਨ ਵਾਲਾ. ਭਜਨੀਕ. ਭਗਤ.

ਆਬੀ: ਫ਼ਾ. آبی ਵਿ- ਪਾਣੀ ਨਾਲ ਸੰਬੰਧਿਤ. ਪਣਿਆਲਾ। ੨. ਸੰਗਯਾ- ਤਰਾਵਤ. ਨਮੀ। ੩. ਮੁਰਗ਼ਾਬੀ ਦਾ ਸੰਖੇਪ "ਬਾਜਨ ਸਾਥ ਆਬੀਅਨ ਲੇਹੀਂ." (ਚਰਿਤ੍ਰ ੧੧੧)

ਆਬੂ: ਸੰ. ਅਬੁੰਦ. ਸੰਗਯਾ- ਰਾਜਪੂਤਾਨੇ ਵਿੱਚ ਅਰਵਲੀ ਪਰਬਤ ਦੀ ਇੱਕ ਚੋਟੀ, ਜੋ ਸਿਰੋਹੀ ਰਾਜ ਵਿੱਚ ਹੈ. ਇਹ ਵਸਿਸ਼੍ਠ ਰਿਖੀ ਦਾ ਨਿਵਾਸ ਅਸਥਾਨ ਦੱਸਿਆ ਜਾਂਦਾ ਹੈ. ਇਸ ਦੀ ਬਲੰਦੀ ੩੯੩੦ ਫੁੱਟ ਹੈ ਅਤੇ ਸਭ ਤੋਂ ਉੱਚੇ ਟਿੱਲੇ "ਗੁਰੂ ਸ਼ਿਖਰ" ਦੀ ਉਚਾਣ ੫੬੫੦ ਫੁੱਟ ਹੈ. ਇਥੇ ਇੱਕ ਬਹੁਤ ਪੁਰਾਨਾ ਹਵਨਕੁੰਡ ਹੈ ਜਿਸ ਤੋਂ ਅਗਨਿਕੁਲ ਰਾਜਪੂਤਾਂ ਦੀ ਉਤਪੱਤੀ ਦੱਸੀ ਜਾਂਦੀ ਹੈ. ਦੇਖੋ, ਰਾਜਪੂਤ.

ਇਥੇ ਜੈਨ ਮੰਦਿਰ ਭੀ ਬਹੁਤ ਪੁਰਾਣੇ ਦੇਖੀਦੇ ਹਨ. ਰਾਜੂਪਤਾਨੇ ਦੇ ਬਹੁਤ ਅਮੀਰ ਇਸ ਥਾਂ ਗਰਮੀ ਕੱਟਣ ਜਾਂਦੇ ਹਨ.

ਆਬੇ ਹੈਵਾਨ: ਦੇਖੋ, ਆਬ ਹੈਵਾਨ.

ਆਬੇ ਬਕਾ, ਆਬੇ ਬਕ਼ਾ: ਫ਼ਾ. آبِبقا ਸੰਗਯਾ- ਅਮ੍ਰਿਤ. ਸੁਧਾ.

ਆਂਬ੍ਰ: ਸੰਗਯਾ- ਆਮ੍ਰ. ਅੰਬ.

ਆਭਨੀ: ਸੰਗਯਾ- ਆਭਾ (ਸ਼ੋਭਾ) ਵਾਲੀ ਸੈਨਾ. ਫੌਜ. (ਸਨਾਮਾ)

ਆਭਰਣ: ਸੰ. ਸੰਗਯਾ- ਗਹਿਣਾ. ਭੂਸ਼ਣ. "ਹਰਿਨਾਮ ਰੰਗ ਆਭਰਣੀ." (ਜੈਤ ਮਃ ੫) ੨. ਪੋਸ਼ਣ. ਪਰਵਰਿਸ਼. ਪਾਲਨ.

ਆਭਾ: ਸੰ. ਸੰਗਯਾ- ਸ਼ੋਭਾ। ੨. ਪ੍ਰਭਾ. ਚਮਕ। ੩. ਉਪਮਾ.

ਆਭਾਸ: ਸੰ. ਸੰਗਯਾ- ਪ੍ਰਤਿਬਿੰਬ. ਝਲਕ. ਛਾਇਆ.

ਆਭਾਗਾ: ਦੇਖੋ, ਅਭਾਗਾ. "ਜਨਮਤ ਕੀ ਨ ਮੂਓ ਆਭਾਗਾ." (ਮਾਰੂ ਸੋਲਹੇ ਮਃ ੩)

ਆਭਾਨੀ: ਸੰਗਯਾ- ਆਭਾ (ਸ਼ੋਭਾ) ਵਾਲੀ ਸੈਨਾ. ਫੌਜ. (ਸਨਾਮਾ)

ਆਭਾਰ: ਸੰ. ਸੰਗਯਾ- ਬੋਝ. ਭਾਰ। ੨. ਜ਼ਿੰਮੇਵਾਰੀ। ੩. ਉਪਕਾਰ. ਇਹਸਾਨ। ੪. ਇੱਕ ਵਰਣਿਕ ਛੰਦ. ਦੇਖੋ, ਸਵੈਯੇ ਦਾ ਰੂਪ ੨੭.

ਆਭਿਖੇਕ: ਦੇਖੋ, ਅਭਿਖੇਕ। ੨. ਵਿ- ਅਭਿਖੇਕ ਸੰਬੰਧੀ.

ਆਭਿਗਜ: ਦੇਖੋ. ਅਭਿਗਜ.

ਆਭਿਜ: ਦੇਖੋ, ਅਭਿਜ.

ਆਭੁਲ: ਦੇਖੋ, ਅਭੁਲ. "ਆਪ ਆਭੁਲ ਨ ਭੁਲਉ." (ਸਵੈਯੇ ਸ੍ਰੀ ਮੁਖਵਾਕ ਮਃ ੫)

ਆਭੂਖਣ, ਆਭੂਖਨ: ਸੰ. ਆਭੂਸ਼ਣ. ਸੰਗਯਾ- ਗਹਿਣਾ. ਜ਼ੇਵਰ. "ਜਿਹ ਪ੍ਰਸਾਦਿ ਆਭੂਖਨ ਪਹਿਰੀਜੈ." (ਸੁਖਮਨੀ) ੨. ਅਲੰਕਾਰ. ਕਾਵ੍ਯ ਦਾ ਸ਼ਿੰਗਾਰ.

ਆਭੋਗ: ਸੰਗੀਤ ਅਨੁਸਾਰ ਧ੍ਰੁਵਪਦ ਆਦਿ ਦਾ ਅੰਤਿਮ ਭਾਗ. ਭੋਗ ਦਾ ਹਿੱਸਾ.

ਆਭੰਜ: ਦੇਖੋ, ਅਭੰਜ.

ਆਮ: ਸੰ. ਸੰਗਯਾ- ਆਉਂ. ਅਨਪਚ ਅੰਨ ਦਾ ਰਸ, ਜੋ ਅੰਤੜੀ ਤੋਂ ਗੁਦਾ ਰਸਤੇ ਡਿਗਦਾ ਹੈ. ਦੇਖੋ, ਆਮਪਾਤ ੨। ੨. ਸੰ.

ਆਮ੍ਰ. ਅੰਬ। ੩. ਸੰ. ਆਮਯ. ਰੋਗ. "ਸੁਨ ਲਹਿਣਾ ਹਰਖਜੋ ਰਿਦੇ ਜਜੋਂ ਆਮੀ ਖ੍ਵੈ ਆਮ." (ਨਾਪ੍ਰ) ਜਿਵੇਂ ਰੋਗੀ ਰੋਗ ਨੂੰ ਖੋਕੇ ਪ੍ਰਸੰਨ ਹੁੰਦਾ ਹੈ। ੪. ਅ਼. عام ਅ਼ਾਮ. ਵਿ- ਸਾਮਾਨਜ. ਮਾਮੂਲੀ. ਸ਼ਾਧਾਰਣ. ਜੋ ਖ਼ਾਸ ਨਹੀਂ। ੫. ਪ੍ਰਸਿੱਧ। ੬. ਸੰਗਜਾ- ਸਾਲ. ਵਰ੍ਹਾ.

ਆਮਖ: ਦੇਖੋ, ਆਮਿਖ.

ਆਮ ਖਾਸ: ਸੰਗਜਾ- ਦਿੱਲੀ ਦੇ ਬਾਦਸ਼ਾਹਾਂ ਦਾ ਉਹ ਦਰਬਾਰੀ ਕਮਰਾ, ਜਿਸ ਵਿੱਚ ਖ਼ਾਸ ਦਰਬਾਰੀ ਅਤੇ ਅ਼ਾਮ ਲੋਕ ਹ਼ਾਜਿਰ ਹੁੰਦੇ ਸਨ। ੨. ਉਹ ਸ਼ਾਹੀ ਦਰਬਾਰ ਜਿਸ ਵਿੱਚ ਆਮ ਅਤੇ ਖਾਸ ਨੂੰ ਹਾਜਿਰ ਹੋਣ ਦੀ ਆਗਜਾ ਹੋਵੇ. "ਆਮ ਖਾਸ ਮੇ ਕਰੀ ਪ੍ਰਸੰਸਾ." (ਗੁਪ੍ਰਸੂ)

ਆਮਦ: ਫ਼ਾ. آمد ਆਇਆ. "ਕੂਜਾ ਆਮਦ ਕੁਜਾ ਰਫਤੀ." (ਤਿਲੰ ਨਾਮਦਵੇ) ਕਿੱਥੇ ਆਇਆ ਕਿੱਥੇ ਤੂੰ ਗਿਆ। ੨. ਸੰਗਜਾ- ਆਮਦਨੀ. ਸੰ. ਆਯ. "ਆਮਦ ਖ਼ਰਚ ਸੰਭਾਰਨ ਕਰੈ." (ਗੁਪ੍ਰਸੂ)

ਆਮਦਨ: ਫ਼ਾ. آمدن ਕ੍ਰਿ- ਆਉਣਾ. ਆਗਮਨ। ੨. ਸੰਗਜਾ- ਆਮਦਨ. ਆਮਦਨੀ.

ਆਮਦੰਦ: ਫ਼ਾ. آمدند ਉਹ (ਵਹ) ਆਏ.

ਆਮਨ: ਸੰ. आमनस्. ਆਮਨਸ. ਸੰਗਜਾ- ਰੋਗ. ਬੀਮਾਰੀ.

ਆਮਨਾਯ: ਸੰ. आम्नाय. ਸੰਗਜਾ- ਵੇਦ। ੨. ਅਭਜਾਸ। ੩. ਰੀਤਿ. ਮਯੀਂਦਾ (ਮਰਜਾਦਾ). ੪. ਸਾਂਪ੍ਰਦਾਯ. ਸੰਪ੍ਰਦਾ ਨਾਲ ਹੈ ਜਿਸਦਾ ਸੰਬੰਧ.

ਆਮਪਾਤ: ਆਮ (ਕੱਚੇ) ਗਰਭ ਦਾ ਪਾਤ (ਡਿਗਣਾ). ਦੇਖੋ, ਗਰਭ ਸ੍ਰਾਵ। ੨. ਆਂਉਂ ਦੇ ਡਿਗਣ ਨੂੰ ਭੀ ਆਮਪਾਤ ਆਖਦੇ ਹਨ, ਜਠਰਾਗਨਿ ਦੇ ਨਿਰਬਲ ਹੋਣ ਤੋਂ ਅਨਪਚ ਦੇ ਕਾਰਣ ਅੰਨ ਦਾ ਕੱਚਾ ਰਸ ਵਿਕਾਰੀ ਹੋ ਜਾਂਦਾ ਹੈ. ਇਹੀ ਆਂਉਂ ਦੀ ਸ਼ਕਲ ਹੋ ਕੇ ਅੰਤੜੀ ਤੋਂ ਬਾਹਰ ਆਉਂਦਾ ਹੈ. ਆਂਉਂ ਵਿਚ ਬਹੁਤ ਦੁਰਗੰਧ ਹੁੰਦੀ ਹੈ ਅਰ ਪਾਣੀ ਵਿੱਚ ਡੁੱਬ ਜਾਂਦੀ ਹੈ. ਇਸ ਰੋਗ ਵਿੱਚ ਚਾਵਲ ਸਾਬੂਦਾਨਾ ਆਦਿਕ ਨਰਮ ਗਿਜਾ ਖਾਣੀ ਚਾਹੀਏ, ਭਾਰੀ ਅਤੇ ਕਰੜੇ ਭੋਜਨ ਦੁਖਦਾਈ ਹਨ. ਜੇ ਅੰਤੜੀ ਵਿੱਚ ਜ਼ਖਮ ਹੋ ਜਾਵੇ ਅਤੇ ਆਉਂ ਨਾਲ ਲਹੂ ਆਵੇ ਅਤੇ ਮੈਲ ਦਰਦ ਨਾਲ ਝੜੇ, ਤਦ ਇਸ ਨੂੰ ਮਰੋੜਾ ਅਥਵਾ ਪੇਚਿਸ਼ ਆਖਦੇ ਹਨ. ਦੇਖੋ, ਪੇਚਿਸ਼.

ਆਂਉਂ ਦੇ ਰੋਗੀ ਨੂੰ ਹਾਊਬੇਰ, ਅਦਰਕ, ਮੋਥਾ ਅਤੇ ਪਿੱਤ ਪਾਪੜਾ ਉਬਾਲਕੇ ਪਿਆਉਣਾ ਗੁਣਕਾਰੀ ਹੈ. ਬਿੱਲ ਦਾ ਗੁੱਦਾ ਗੁੜ ਨਾਲ ਮਿਲਾਕੇ ਖਾਣਾ ਜਾਂ ਚਾਯ ਦੀ ਤਰ੍ਹਾਂ ਪੀਣਾ ਚੰਗਾ ਹੈ. ਸੁੰਢ, ਚਿੱਟਾ ਜੀਰਾ, ਸੇਂਧਾ ਲੂਣ, ਹਿੰਗ, ਜਾਇਫਲ, ਅੰਬ ਦੀ ਗੁਠਲੀ, ਬਿੱਲ, ਕੱਥ ਅਤੇ ਭੜਿੰਗੀ ਦਾ ਚੂਰਣ ਦਹੀਂ ਨਾਲ ਫੱਕਣਾ ਬਹੁਤ ਹੱਛਾ ਅਸਰ ਕਰਦਾ ਹੈ. "ਆਮਪਾਤ ਅਰੁ ਸ੍ਰੋਣਤ ਪਾਤਾ." (ਚਰਿਤ੍ਰ ੪੦੫)

ਆਮਯ: ਸੰ. ਸੰਗਜਾ- ਰੋਗ. ਬੀਮਾਰੀ। ੨. ਹਾਨੀ. ਨੁਕਸਾਨ। ੩. ਬਦਹਜਮੀ. ਅਜੀਰਣ। ੪. ਊਂਟ. ਸ਼ੁਤਰ.

ਆਮਰ: ਦੇਖੋਂ, ਅਮਰ. "ਆਪ ਗਵਾਇ ਆਮਰ ਰਹੇ." (ਆਸਾ ਅਃ ਮਃ ੧) "ਹੋਇ ਆਮਰੋ ਗ੍ਰਿਹ ਮਹਿ ਬੈਠਾ." (ਸੋਰ ਮਃ ੫) ੨. آمر ਆਮਿਰ. ਜੋ ਅਮਰ ਕਰੇ. ਜੋ ਹੁਕਮ ਚਲਾਵੇ. "ਧੁਰ ਕੀ ਭੇਜੀ ਆਈ ਆਮਰ." (ਆਸਾ ਮਃ ੫) ਹੁਕਮ ਚਲਾਉਣ ਵਾਲੀ ਮਾਇਆ। ੩. ਅ਼. امر ਅੱਮਰ. ਕਮਜ਼ੋਰ. ਨਿਰਬਲ. "ਇਹੁ ਆਮਰ ਹਮ ਗੁਰਿ ਕੀਏ ਦਰਬਾਰੀ." (ਆਸਾ ਮਃ ੫) ਇਹ ਮਾਇਆ ਨਿਰਬਲ ਹੋ ਗਈ ਅਤੇ ਅਸੀਂ ਪ੍ਰਧਾਨ ਬਣ ਗਏ.

ਆਮਰਸ, ਆਮਰਖ: ਸੰ. ਆਮਸ਼ੰ. ਸੰਗਜਾ- ਕ੍ਰੋਧ. ਗੁੱਸਾ. "ਇਰਖਾ ਪਰੁਖਾ ਛਲ ਆਮਰਖਾ." (ਨਾਪ੍ਰ) ਈਰਖਾ ਰੁੱਖਾਪਨ ਕਪਟ ਅਤੇ ਕ੍ਰੋਧ। ੨. ਸੰ. ਆਮਸ਼ੰ. ਚੰਗੀ ਤਰ੍ਹਾਂ ਸਪਰਸ਼ ਕਰਨਾ. ੩. ਮਸ਼ਵਰਾ. ਸਲਾਹ. ਮੰਤ੍ਰ.

ਆਮਰਿ, ਆਮਰੀ, ਆਮਰੁ: ਦੇਖੋ, ਅਮਰ ਅਤੇ ਆਮਰ "ਅਜੀ ਆਮਰੀ ਨਿਵਲਕਾ ਕਰਮ ਵਾਰੇ." (ਦੱਤਾਵ) ਅਜ ਅਮਰ

ਯੋਗਾਭਜਾਸੀ

ਆਮਰੂਦ: ਦੇਖੋ, ਅਮਰੂਦ.

ਆਮਰੋ: ਦੇਖੋ, ਆਮਰ.

ਆਮਲ: ਦੇਖੋ, ਆਮਿਲ.

ਆਮਲਕ: ਦੇਖੋ, ਆਉਲਾ. "ਹਾਥ ਆਮਲਕ ਆਤਮਗਜਾਨਾ." (ਨਾਪ੍ਰ)

ਆਮਲੀ: ਦੇਖੋ, ਅਮਲੀ.

ਆਮਾਸ਼ਯ: ਸੰ. ਸੰਗਜਾ- ਆਮ (ਕੱਚੇ) ਅੰਨ ਦੇ ਠਹਿਰਣ ਦੀ ਥਾਂ. ਮੇਦਾ. ਜਠਰ। ੨. ਅੰਤੜੀ ਦਾ ਉਹ ਭਾਗ, ਜਿਸ ਵਿੱਚ ਕੱਚੇ ਅੰਨ ਦਾ ਰਸ ਜਾਕੇ ਠਹਿਰਦਾ ਹੈ ਅਤੇ ਜਿਗਰ ਤੋਂ ਪਿੱਤ ਦਾ ਮੇਲ ਹੁੰਦਾ ਹੈ. Duodenum.

ਆਮਾਤ: ਦੇਖੋ, ਅਮਾਤ.

ਆਮਾਦਹ: ਫ਼ਾ. آمادہ ਕਿਸੇ ਕਾਰਜ ਦੇ ਕਰਨ ਲਈ ਤਿਆਰ.

ਆਮਾਲ: ਅ਼. اعمال ਅਅ਼ਮਾਲ. ਸੰਗਜਾ- ਅ਼ਮਲ ਦਾ ਬਹੁ ਵਚਨ. ਕਰਮ. ਕਰਤੂਤਾਂ ਕਰਣੀਆਂ.

ਆਮਿ: ਦੇਖੋ, ਆਮਯ ਅਤੇ ਤਾਮਿ.

ਆਮਿਖ: ਸੰ. ਆਮਿਸ਼. ਸੰਗਜਾ- ਮਾਂਸ (ਮਾਸ). ਗੋਸ਼੍ਤ. "ਪ੍ਰਿਥਮ ਤਜਹੁ ਆਮਿਖ ਕੋ ਖਾਨਾ." (ਨਾਪ੍ਰ)

ਆਮਿਲ: ਅ਼. عامل ਆ਼ਮਿਲ. ਅ਼ਮਲ ਕਰਨ ਵਾਲਾ. ਅਭਜਾਸੀ. ਕਰਣੀ ਵਾਲਾ। ੨. ਸੰਗਜਾ- ਅਹਿਲਕਾਰ. ਕਰਮਚਾਰੀ. "ਆਮਿਲ ਮੁਲਕਨ ਕੇ ਜਿਸ ਥਾਈਂ." (ਗੁਪ੍ਰਸੂ) ੩. ਪੁਰਾਣੇ ਸਮੇਂ ਦਾ ਇੱਕ ਮਾਲੀ ਅਹੁਦਾ. ਇਸ ਅਹੁਦੇ ਵਾਲਿਆਂ ਦੇ ਖ਼ਾਨਦਾਨ ਦੀ ਅੱਲ ਭੀ ਹੁਣ ਆਮਿਲ ਹੋ ਗਈ ਹੈ ਜੋ ਸਿੰਧ ਵਿੱਚ ਦੇਖੇ ਜਾਂਦੇ ਹਨ। ੪. ਕਾਰੀਗਰ.

ਆਮੀ: ਵਿ- ਆਮਯ (ਰੋਗ) ਵਾਲਾ. ਰੋਗੀ. ਦੇਖੋ, ਆਮ ੩। ੨. ਅ਼. آمین Amen.[134] ਵਯ- ਐਸਾ ਹੀ ਹੋਵੇ. ਏਵਮਸ੍ਤੁ. ਤਥਾਸ੍ਤੁ। ੩. ਕ਼ਬੂਲ ਕਰੋ. ਅੰਗੀਕਾਰ ਕਰੋ.

ਆਮੂ: ਫ਼ਾ. آمو ਸੰਗਜਾ- ਬੁਖ਼ਾਰੇ ਦਾ ਇੱਕ ਦਰਿਆ, ਜੋ ਈਰਾਨ ਤੂਰਾਨ ਦੇ ਮੱਧ ਵਹਿੰਦਾ ਹੈ (Oxus). "ਆਮੂ ਆਦਿ ਬਖਾਨਕੈ ਈਸਰਾਸਤ੍ਰ ਕਹਿ ਅੰਤ." (ਸਨਾਮਾ) ਆਮੂ ਦਰਿਆ ਦਾ ਪਤੀ ਵਰੁਣ, ਉਸ ਦਾ ਸ਼ਸਤ੍ਰ ਫਾਹੀ (ਪਾਸ਼).

ਆਮੇਖ਼ਤਹ: ਫ਼ਾ. آمیختہ ਵਿ- ਮਿਲਿਆ ਹੋਇਆ.

ਆਮੇਖ਼ਤਨ: ਫ਼ਾ. آمیختن ਕ੍ਰਿ- ਮਿਲਾਉਣਾ. ਮਿਸ਼੍ਰਣ.

ਆਮੇਜ਼: ਫ਼ਾ. آمیز ਵਿ- ਮਿਲਿਆ ਹੋਇਆ। ੨. ਮਿਸ਼੍ਰਿਤ. ਮਿੱਸਾ. ਇਹ ਸ਼ਬਦ ਦੇ ਅੰਤ ਆਉਂਦਾ ਹੈ. ਯਥਾ- "ਰੰਗਾਮੇਜ਼."

ਆਮੇਜ਼ਿਸ਼: ਫ਼ਾ. آمیزش ਸੰਗਜਾ- ਮਿਲਾਵਟ. ਮਿਲਾਪ.

ਆਮੇਯ: ਵਿ- ਦੇਖੋ, ਅਮੇਉ। ੨. ਜੋ ਸਮਾ (ਮੇਉ) ਨਾ ਸਕੇ. ਮਾਂਉਣ ਤੋਂ ਬਿਨਾ. "ਚਖੰ ਦ੍ਵਾਰ ਆਮੇਯ ਵਾਹਜੰ ਸੁ ਆਵੈ." (ਨਾਪ੍ਰ)

ਆਮੇਰ, ਆਮੇੜ: ਜਯ (ਜੈ) ਪੁਰ ਪਾਸ ਇੱਕ ਪੁਰਾਣੀ ਨਗਰੀ, ਜਿਸ ਥਾਂ ਪਹਿਲਾਂ ਰਾਜਧਾਨੀ ਸੀ, ਦੇਖੋ, ਅੰਬਰ ਅਤੇ ਅੰਬੇਰ.

---

[134] ਇਹ ਸ਼ਬਦ ਪ੍ਰਾਰਥਨਾ (ਅਰਦਾਸ) ਪਿੱਛੋਂ ਈਸਾਈ ਅਤੇ ਮੁਸਲਮਾਨ ਉੱਚੇ ਸੁਰ ਨਾਲ ਆਖਦੇ ਹਨ. ਅਸਲੋਂ ਇਹ ਯੂਨਾਨੀ ਸ਼ਬਦ ਹੈ. ਇਸ ਦੇ ਅਰਥ ਹਨ-ਸਚਮੁੱਚ, ਵਸਤੁਤਃ ਆਦਿ.

ਆਮੋ ਸਾਮਣੇ: ਕ੍ਰਿ- ਵਿ- ਪਰਸਪਰ ਸਨਮੁਖ. ਇੱਕ ਦੇ ਸਾਮਣੇ ਦੂਜੇ ਦਾ ਮੂੰਹ. "ਲੱਖ ਨਗਾਰੇ ਵੱਜਣ ਆਮੋ ਸਾਮਣੇ." (ਚੰਡੀ ੩)

ਆਮੋਖਤਹ ਕਾਰ: ਫ਼ਾ. آموختہ کار ਵਿ- ਕੰਮ ਸਿੱਖਿਆ ਹੋਇਆ. ਕਾਰਜ ਵਿੱਚ ਨਿਪੁਣ.

ਆਮੋਖਤਨ: ਫ਼ਾ. آموختن ਕ੍ਰਿ- ਸਿੱਖਣ. ਸਿਖ੍ਯਾ ਪ੍ਰਾਪਤ ਕਰਨੀ। ੨. ਸਿਖਾਉਣਾ. ਸਿਖ੍ਯਾ ਦੇਣੀ.

ਆਮੋਦ: ਸੰ. ਸੰਗ੍ਯਾ- ਖ਼ੁਸ਼ੀ. ਆਨੰਦ. ਪ੍ਰਸੰਨਤਾ. "ਉਰ ਆਮੋਦ ਸੰਗ ਭੇ ਗਹਿਵਰ." (ਨਾਪ੍ਰ)

ਆਮੋਲ, ਆਮੋਲਾ, ਆਮੋਲੀ: ਦੇਖੋ, ਅਮੋਲ। ੨. ਬਿਨਾ ਮੁੱਲ. "ਗੁਰੁ ਪਹਿ ਸਿਰ ਬੇਚ ਆਮੋਲੀਆ." (ਵਾਰ, ਗਉ ਮਃ ੪)

ਆਮੰਤ੍ਰਣ: ਸੰ. ਸੰਗ੍ਯਾ- ਬੁਲਾਉਣਾ. ਸੱਦਣਾ. ਸੰਬੋਧਨ। ੨. ਨਿਮੰਤ੍ਰਣ. ਨਿਉਂਦਾ.

ਆਮ੍ਰ: ਸੰ. ਸੰਗ੍ਯਾ- ਅੰਬ. ਆਂਮ. ਰਸਾਲ.

ਆਮ੍ਰ ਮੌਰ: ਸੰਗ੍ਯਾ- ਅੰਬ ਦਾ ਬੂਰ. ਅੰਬ ਦੀ ਮੰਜਰੀ.

ਆਯ: ਸੰ. ਸੰਗ੍ਯਾ- ਆਮਦਨ.

ਆਯਸ, ਆਯਸੁ: ਆਗ੍ਯਾ. ਦੇਖੋ, ਆਇਸ.

ਆਯਤ: ਸੰ. ਵਿ- ਚੌੜਾ। ੨. ਫੈਲਿਆ ਹੋਇਆ. "ਮਸਤਕ ਆਯਤ ਲੋਚਨ ਲੋਨੇ." (ਨਾਪ੍ਰ) ੨. ਅ਼. آیت ਸੰਗ੍ਯਾ- ਕ਼ੁਰਾਨ ਅਤੇ ਅੰਜੀਲ ਦਾ ਪਦ. ਮੰਤ੍ਰ. ਤੁਕ. ਵਾਕ। ੪. ਨਿਸ਼ਾਨ. ਚਿੰਨ੍ਹ। ੫. ਪੈਗੰਬਰ ਦੀ ਕਰਾਮਾਤ (ਸਿੱਧਿ).

ਆਯਤਨ: ਸੰ. ਸੰਗ੍ਯਾ- ਘਰ. ਰਹਿਣ ਦਾ ਥਾਂ। ੨. ਦੇਵਤਾ ਦਾ ਮੰਦਿਰ. ਦੇਵਾਲਯ.

ਆਯੱਤ: ਸੰ. आयत्त. ਵਿ- ਅਧੀਨ. ਪਰਵਸ਼.

ਆਯਦ: ਫ਼ਾ. آید ਵਿ- ਆਵੇ. ਆਉਂਦਾ ਹੈ. ਆਵੇਗਾ। ੨. ਅ਼. عاید ਆ਼ਯਦ. ਉਲਟਕੇ ਆਉਣ ਵਾਲਾ। ੩. ਘਟਨਾ. ਦ੍ਰਿਸ਼੍ਟਾਂਤ ਦਾ ਕਿਸੇ ਬਾਤ ਪੁਰ ਠੀਕ ਬੈਠਣਾ.

ਆਯਨ: ਦੇਖੋ, ਅਯਨ.

ਆਯਾ: ਕ੍ਰਿ- ਆਉਣ ਦਾ ਭੂਤ ਕਾਲ. "ਬਗਾਂ ਭਿ ਆਯਾ ਚਾਉ." (ਵਾਰ ਵਡ ਮਃ ੩) ੨. ਪੁਰਤ. ਸੰਗ੍ਯਾ- ਦਾਈ. ਧਾਤ੍ਰਿ। ੩. ਫ਼ਾ. آیا ਵ੍ਯ- ਕ੍ਯਾ. ਕੀ. ਅਥਵਾ.

ਆਯਾਮ: ਸੰ. ਸੰਗ੍ਯਾ- ਵਿਸਤਾਰ. ਫੈਲਾਉ। ੨. ਨਿਯਮ (ਕ਼ਾਇ਼ਦੇ) ਵਿੱਚ ਲਿਆਉਣ ਦੀ ਕ੍ਰਿਯਾ. ਦੇਖੋ, ਪ੍ਰਾਣਾਯਾਮ। ੩. ਦੇਖੋ, ਅਯਾਮ.

ਆਯੁ: ਸੰ. ਸੰਗ੍ਯਾ- ਉਮਰ ਅਵਸਥਾ। ੨. ਘੀ. ਘ੍ਰਿਤ। ੩. ਪੁਰੂਰਵਾ ਦਾ ਪੁਤ੍ਰ ਇੱਕ ਚੰਦ੍ਰਵੰਸ਼ੀ ਰਾਜਾ। ੪. ਅੰਨ. ਅਨਾਜ। ੫. ਪਵਨ। ੬. ਔਲਾਦ। ੭. ਦਵਾ. ਔਖਧ.

ਆਯੁਸਮਾਨ, ਆਯੁਖਮਾਨ: ਸੰ. आयुष्मान. ਵਿ- ਵਡੀ ਉਮਰ ਵਾਲਾ. ਚਿਰੰਜੀਵੀ.

ਆਯੁਖਾ: ਸੰ. आयुस्. ਆਯਸ. ਵਿ- ਉਮਰ. ਅਵਸਥਾ.

ਆਯੁਖਯ: ਸੰ. ਆਯੁਸ਼੍ਯ. ਉਮਰ ਦੇਣ ਵਾਲਾ. ਹਯਾਤ ਬਖ਼ਸ਼। ੨. ਸੰਗ੍ਯਾ- ਪੱਥ. ਬੀਮਾਰ ਦੇ ਖਾਣ ਲਾਇਕ ਪਦਾਰਥ। ੩. ਬਲ. ਤਾਕਤ.

ਆਯੁਤ: ਦੇਖੋ, ਅਯੁਤ ਅਤੇ ਆਯਤ.

ਆਯੁਧ: ਸੰ. ਸੰਗਯਾ- ਜਿਸ ਨਾਲ ਯੁੱਧ ਕਰੀਏ. ਹਥਿਆਰ. ਸ਼ਸਤ੍ਰ। ੨. ਯੁੱਧ ਵਿੱਚ ਸਹਾਇਕ ਸੰਖ ਰਣਸਿੰਘਾ ਆਦਿਕ.

ਆਯੁਧਨ: ਜੰਗ. ਦੇਖੋ, ਆਯੋਧਨ. "ਘੋਰ ਆਯੁਧਨ ਐਸੋ ਭਯੋ." (ਚਰਿਤ੍ਰ ੪੦੫)

ਆਯੁਰ: ਸੰਗਯਾ-. ਉਮਰ. ਅਵਸਥਾ. "ਛਿਨ ਛਿਨ ਆਯੁਰ ਬੀਤਤ ਜਾਈ." (ਨਾਪ੍ਰ) ਦੇਖੋ, ਆਯੁਖਾ.

ਆਯੁਰ ਵੇਦ: ਸੰ. ਆਯੁਰ੍ਵੇਦ. ਸੰਗਯਾ- ਉਮਰ ਸੰਬੰਧੀ ਉਪਵੇਦ. ਵੈਦਵਿਦ੍ਯਾ. ਇਸ ਦੇ ਮੁੱਖ ਆਚਾਰਯ ਅਸ਼੍ਵਿਨੀ ਕੁਮਾਰ ਮੰਨੇ ਜਾਂਦੇ ਹਨ, ਜਿਨ੍ਹਾਂ ਤੋਂ ਇੰਦ੍ਰ ਨੇ ਪੜ੍ਹੀ, ਅਤੇ ਇੰਦ੍ਰ ਨੇ ਧਨ੍ਵੰਤਰਿ ਨੂੰ ਸਿਖਾਈ. ਇਹ ਅਥਰਵ ਵੇਦ ਦਾ ਉਪਵੇਦ ਹੈ. ਹੁਣ ਇਸ ਨਾਉਂ ਦੀ ਕੋਈ ਖਾਸ ਪੋਥੀ ਨਹੀਂ ਹੈ, ਕਿੰਤੂ ਵੈਦਜਵਿਦ੍ਯਾ ਦੇ ਪੁਸਤਕ ਸਾਰੇ ਇਸ ਨਾਮ ਅੰਦਰ ਆ ਜਾਂਦੇ ਹਨ. "ਆਯੁਰ ਵੇਦ ਕੀਯੋ ਪਰਕਾਸਾ." (ਧਨੰਤਰਾਵ)

ਆਯੇਦ: ਫ਼ਾ. ਆਓ ਤੁਮ. ਇਹ ਸ਼ਬਦ ਆਮਦਨ ਤੋਂ ਬਣਿਆ ਹੈ.

ਆਯੋਧਨ: ਸੰ. ਸੰਗਯਾ- ਜੰਗ. ਯੁੱਧ। ੨. ਰਣ ਭੂਮਿ. ਮੈਦਾਨੇ ਜੰਗ.

ਆਰ: ਸੰ. ਸੰਗਯਾ- ਸੂਆ. "ਆਰ ਨਹੀਂ ਜਿਹ ਤੋਪਉ." (ਸੋਰ ਰਵਿਦਾਸ) ਇਸ ਥਾਂ ਆਰ ਤੋਂ ਭਾਵ ਤੀਕ੍ਸ਼ਨ ਬੁੱਧਿ (ਬਾਰੀਕ ਅਕਲ) ਹੈ। ੨. ਚਕ੍ਰ ਆਰੇ ਆਦਿ ਦਾ ਦੰਦਾ ਅਤੇ ਪਹੀਏ ਦਾ ਗਜ। ੩. ਕੱਚੀ ਧਾਤੁ। ੪. ਪਸ਼ੂ ਹੱਕਣ ਵਾਸਤੇ ਨੋਕਦਾਰ ਸੋਟੀ। ੫. ਅ਼. عار ਆ਼ਰ. ਲੱਜਾ. ਸ਼ਰਮ। ੬. ਸਿੰਧੀ. ਆਰ. ਪੁਚਕਾਰਨਾ. ਪਿਆਰ ਦੇਣਾ.

ਆਰਸ: ਸੰਗਯਾ- ਆਲਸ. "ਬਿਸਾਰ ਆਰਸੰ ਸਬੈ ਪ੍ਰਭਾਤ ਲੋਕ ਜਾਗਹੀਂ." (ਸੂਰਜਾਵ) ੨. ਸੰ. ਆਰ੍ਸ਼. ਵਿ- ਰਿਸ਼ਿ (ਰਿਖੀ) ਨਾਲ ਹੈ ਜਿਸ ਦਾ ਸੰਬੰਧ. ਰਿਖੀ ਦੀ ਰਚਨਾ। ੩. ਸੰਗਯਾ- ਰਿਸ਼ਿ ਕਰਕੇ ਸੇਵ੍ਯ ਵੇਦ.

ਆਰਸਤਾ: ਸੰਗਯਾ- ਆਲਸਤਾ. ਸੁਸਤੀ. ਆਲਸਪਨ। ੨. ਦੇਖੋ, ਆਰਾਸਤਾ.

ਆਰਸੀ: ਸੰ. ਆਦਰ੍ਸ਼. ਸੰਗਯਾ- ਸ਼ੀਸ਼ਾ. ਦਰਪਣ. ਆਈਨਾ. "ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ." (ਮਾਝ ਅਃ ਮਃ ੩) "ਜੈਸੇ ਤਾਰੋ ਤਾਰੀ ਔਰ ਆਰਸੀ ਸਨਾਹ ਸਸਤ੍ਰ." (ਭਾਗੁ ਕ) ਦੇਖੋ, ਆਈਨਾ। ੨. ਇਸਤ੍ਰੀਆਂ ਦਾ ਇੱਕ ਗਹਿਣਾ, ਜਿਸ ਵਿੱਚ ਸ਼ੀਸ਼ਾ ਜੜਿਆ ਹੁੰਦਾ ਹੈ. ਇਹ ਅੰਗੂਠੇ ਵਿੱਚ ਪਹਿਨੀਦਾ ਹੈ. "ਕਹਾਂ ਸੁ ਆਰਸੀਆਂ ਮੁਹਿ ਬੰਕੇ." (ਮਾਝ ਅਃ ਮਃ ੧) ੩. ਆਲਸੀ ਦੀ ਥਾਂ ਭੀ "ਆਰਸੀ" ਸ਼ਬਦ ਆਉਂਦਾ ਹੈ.

ਆਰਕਤ: ਸੰ. ਆਰਕ੍ਤ. ਵਿ- ਲਾਲ. ਸੁਰਖ। ੨. ਲਾਲੀ ਦੀ ਝਲਕ ਸਹਿਤ.

ਆਰਕਤਾ ਜਲਨਿ: ਸੰਗਯਾ- ਆਰਕ੍ਤ (ਲਾਲ) ਜਲ ਵਾਲੀ ਸਰਸ੍ਵਤੀ ਨਦੀ. (ਸਨਾਮਾ)

ਆਰਜ: ਦੇਖੋ, ਆਰਯ.

ਆਰਜਤਾ: ਸੰ. ਆਰ੍ਯਤਾ. ਸੰਗਯਾ- ਸਭ੍ਯਤਾ. ਤਹਿਜੀਬ. "ਸਿਰਜਨ ਆਰਜਤਾਯ." (ਨਾਪ੍ਰ) ੨. ਸ਼੍ਰੇਸ਼੍ਠਤਾ. ਉੱਤਮਤਾ। ੩. ਨਿਸ਼ਕਪਟਤਾ. ਸਰਲਤਾ.

ਆਰਜਨੀ: ਸੰ. ਅਰ੍ਜੁਨੀ. ਵਿ- ਅਰਜੁਨ (ਚਾਂਦੀ) ਜੇਹੀ ਚਿੱਟੀ. ਉੱਜਲ। ੨. ਅਰਜਨ (ਸੰਗ੍ਰਹਿ) ਕਰਨ ਵਾਲੀ. "ਨਮੋ ਆਰਜਨੀ ਮਾਰਜਨੀ." (ਚੰਡੀ ੨)

ਆਰਜਵ: ਸੰ. ਆਰ੍ਜਵ. ਸੰਗਯਾ- ਸਿੱਧਾਪਨ. ਛਲ ਦਾ ਅਭਾਵ. ਸਰਲਤਾ. "ਆਰਜਵ ਬਿਨਾ ਕੁਟਿਲਤਾ ਜੋਇ." (ਗੁਪ੍ਰਸੂ) ੨. ਵਿ- ਸਿੱਧਾ. ਛਲ ਰਹਿਤ. ਨਿਸ਼ਕਪਟ.

ਆਰਜਾ: ਸਿੰਧੀ. ਸੰਗਯਾ- ਆਯੁਖਾ. ਉਮਰ. ਅਵਸਥਾ। ੨. ਦੇਖੋ, ਆਰਯਾ. "ਜੇ ਜੁਗ ਚਾਰੇ ਆਰਜਾ." (ਜਪੁ) ੩. ਸੰ.

ਆਯੰਜਾ ਮਾਤਾ. ਮਾਂ। ੪. ਇੱਕ ਛੰਦ. ਦੇਖੋ, ਗਾਹਾ। ੫. ਵਿ- ਸ਼੍ਰੇਸ਼੍ਠ ਇਸਤ੍ਰੀ. ਨੇਕ ਔਰਤ. "ਭਨੈ ਨਿਜ ਭਾਰਜਾ ਸੋਂ ਆਰਜਾ! ਸ੍ਰਵਣ ਕਰ." (ਗੁਪ੍ਰਸੂ)

ਆਰਜਾਧਿ: ਸੰਗਜਾ- ਆਰਜਾ- ਅਵਧਿ. ਉਮਰ ਦੀ ਮਯਾਦ (ਮਿਆਦ). ਦੇਖੋ, ਅਰਜਾਧਿ.

ਆਰਜਾਰਿ: ਸੰਗਜਾ- ਆਰਜਾ (ਉਮਰ) ਦਾ ਵੈਰੀ ਬੁਢੇਪਾ. ਜਰਾ. (ਸਨਾਮਾ)

ਆਰਜਾਰਿ ਅਰਿ: ਸੰਗਜਾ-. ਉਮਰ ਦਾ ਵੈਰੀ. ਬੁਢੇਪਾ, ਉਸ ਦਾ ਵੈਰੀ ਅਮ੍ਰਿਤ. ਸੁਧਾ. (ਸਨਾਮਾ)

ਆਰਜਾਰੀ: ਦੇਖੋ, ਆਰਜਾਰਿ। ੨. ਆਯੁਸ. ਉਮਰ. ਅਵਸਥਾ. "ਬਿਨੁ ਸਿਮਰਨ ਜੈਸੇ ਸਰਪ ਆਰਜਾਰੀ." (ਗਉ ਅਃ ਮਃ ੫)

ਆਰਜੀ: ਅ਼. عارضی ਅ਼ਾਰਜ਼ੀ. ਵਿ- ਜੋ ਪਾਇਦਾਰ ਨਹੀਂ. ਥੋੜੇ ਸਮੇਂ ਲਈ ਹੋਣ ਵਾਲਾ.

ਆਰਜ਼ੂ: ਫ਼ਾ. آرزو ਸੰਗਜਾ- ਇੱਛਾ. ਅਭਿਲਾਖਾ. ਚਾਹ.

ਆਰਣ: ਸੰਗਜਾ- ਲੋਹਾ ਆਦਿਕ ਧਾਤੁ ਤਪਾਉਣ ਅਤੇ ਢਾਲਣ ਦੀ ਭੱਠੀ. ਦੇਖੋ, ਆਰਣਿ. "ਕਾਇਆ ਆਰਣ ਮਨ ਵਿਚਿ ਲੋਹਾ." (ਮਾਰੂ ਮਃ ੧) ੨. ਸੰ. ਡੂੰਘਿਆਈ. ਗੰਭੀਰਤਾ ੩. ਟੋਆ. ਤਾਲ। ੪. ਸਿੰਧੀ, ਜੰਗ, ਯੁਧ.

ਆਰਣ ਸੁਤ: ਸੰਗਜਾ- ਆਰਣ (ਤਾਲ) ਦਾ ਪੁਤ੍ਰ ਕਮਲ. "ਆਰਣਸੁਤ ਕਰ ਪ੍ਰਭੁ ਸਿਰ ਲਾਯੋ." (ਨਾਪ੍ਰ) ਹਸ੍ਤਕਮਲ ਸਿਰ ਲਾਇਆ ੨. ਚੰਦ੍ਰਮਾ, ਜੋ ਗੰਭੀਰ ਸਮੁੰਦਰ ਦਾ ਪੁਤ੍ਰ ਹੈ.

ਆਰਣਿ: ਆਰਣ ਵਿੱਚ. ਲੋਹਾ ਆਦਿਕ ਧਾਤੁ ਪਘਾਰਣ ਅਤੇ ਤਾਉਣ ਦੀ ਭੱਠੀ ਵਿੱਚ. "ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ." (ਸੂਹੀ ਅਃ ਮਃ ੧) ੨. ਸੰਗਜਾ- ਜਲ ਦੀ ਭੌਰੀ. ਪਾਣੀ ਦਾ ਚੱਕਰ.

ਆਰਤ, ਆਰਤਾ: आर्त्त. - ਅੱਤੰ. ਵਿ- ਕਾਇਰ. ਕਾਤਰ. ਬੁਜ਼ਦਿਲ। ੨. ਦੁਖੀ. ਪੀੜਿਤ. "ਆਰਤ ਦੁਆਰ ਰਟਤ ਪਿੰਗੁਰੀਆ." (ਗਉ ਮਃ ੫) "ਗੋਪਾਲ ਤੇਰਾ ਆਰਤਾ." (ਧਨਾ ਧੰਨਾ) ਹੇ ਗੋਪਾਲ! ਤੇਰਾ ਆਰਤ ਦਾਸ ਸ਼ਰਣਾਗਤ ਹੈ. ਕਈ ਅਜਾਣ ਇਸ ਸ਼ਬਦ ਨੂੰ ਆਰਤੀ ਦੇ ਸ਼ਬਦਾਂ ਨਾਲ ਪੜ੍ਹਦੇ ਹਨ, ਅਤੇ ਆਖਦੇ ਹਨ ਕਿ ਧੰਨੇ ਜੱਟ ਦਾ ਆਰਤੀ ਦੀ ਥਾਂ "ਆਰਤਾ" ਹੈ.[135]

ਆਰਤਿ: ਸੰ. आर्ति. ਸੰਗਜਾ- ਪੀੜ. ਦਰਦ. ਦੀਨਤਾ.

ਆਰਤੀ: ਸੰ. ਆਰਾਤ੍ਰਿਕ. ਸੰਗਜਾ- ਜੋ ਰਾਤਬਿਨਾ ਭੀ ਹੋਵੇ. ਅਰਥਾਤ- ਦੇਵਤਾ ਦੀ ਮੂਰਤਿ ਅਥਵਾ ਕਿਸੇ ਪੂਜ੍ਯ ਅੱਗੇ ਦੀਵੇ ਘੁਮਾਕੇ ਪੂਜਨ ਕਰਨਾ. ਆਰਤੀ ਦਿਨ ਨੂੰ ਭੀ ਕੀਤੀ ਜਾਂਦੀ ਹੈ, ਇਸ ਲਈ ਆਰਾਤ੍ਰਿਕ ਸੰਗਜਾ ਹੈ. ਹਿੰਦੂਮਤ ਅਨੁਸਾਰ ਚਾਰ ਵਾਰ ਚਰਣਾ ਅੱਗੇ, ਦੋ ਵਾਰ ਨਾਭਿ ਤੇ, ਇੱਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸਰੀਰ ਉੱਪਰ ਦੀਵੇ ਘੁਮਾਂਉਣੇ ਚਾਹੀਏ, ਅਰ ਦੀਵੇ ਇੱਕ ਤੋਂ ਲੈ ਕੇ ਸੌ ਤੀਕ ਜਗਾਉਣੇ ਵਿਧਾਨ ਹਨ. ਸਤਿਗੁਰੂ ਨਾਨਕ ਦੇਵ ਨੇ ਇਸ ਆਰਤੀ ਦਾ ਨਿਸ਼ੇਧ ਕਰਕੇ ਕਰਤਾਰ ਦੀ ਪ੍ਰਾਕ੍ਰਿਤ (ਕੁਦਰਤੀ) ਆਰਤੀ ਦੀ ਮਹਿਮਾ ਦੱਸੀ ਹੈ. ਦੇਖੋ, ਧਨਾਸਰੀ ਦਾ- "ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ- " ਸ਼ਬਦ. ਦੇਖੋ, ਦੀਪਦਾਨ। ੨. ਆਰਤੀ ਸੋਹਿਲਾ. ਸੌਣ ਵੇਲੇ ਪੜ੍ਹਨ ਦੀ ਬਾਣੀ. ਦੇਖੋ, ਆਰਤੀ ਸੋਹਿਲਾ. "ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ." (ਭਾਗੁ)

ਆਰਤੀ ਸੋਹਿਲਾ: ਸੰਗਜਾ- ਆਨੰਦ ਦਾ ਗੀਤ. ਜਿਸ ਵਿੱਚ ਸੱਚੀ ਆਰਤੀ ਦਾ ਵਰਣਨ ਹੈ. "ਜੈ ਘਰਿ ਕੀਰਤਿ ਆਖੀਐ" ਤੋਂ ਪਾਠ ਆਰੰਭ ਹੁੰਦਾ ਹੈ. ਇਸ ਵਿੱਚ "ਤਿਤੁ ਘਰਿ ਗਾਵਹੁ ਸੋਹਿਲਾ" ਅਤੇ "ਕੈਸੀ ਆਰਤੀ ਹੋਇ ਭਵਖੰਡਨਾ, ਤੇਰੀ ਆਰਤੀ

---

[135] ਭਾਵੇਂ ਇਸ ਥਾਂ ਆਰਤਾ ਸ਼ਬਦ ਆਰਤੀ ਅਰਥ ਵਿੱਚ ਨਹੀਂ, ਪਰ ਸਿੱਖਾਂ ਨੇ ਇਸ ਨੂੰ ਇਸ ਅਰਥ ਵਿੱਚ ਵਰਤਿਆ ਹੈ. ਅਕਸਰ ਉਦਾਸੀ ਸਾਧੂ ਆਰਤੀ ਵੇਲੇ ਪੜਦੇ ਹਨ :—"ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ। ਦੀਨ ਦੁਨੀ ਕੇ ਸ਼ਾਹਨਸ਼ਾਹ ਕਾ. "***

ਅਨਹਤਾ ਸਬਦ ਵਾਜੰਤ ਭੇਰੀ." ਪਾਠ ਆਉਣ ਤੋਂ "ਆਰਤੀ ਸੋਹਿਲਾ" ਸੰਗ੍ਯਾ ਹੋ ਗਈ ਹੈ.

ਆਰਦ: ਫ਼ਾ. آرد ਸੰਗ੍ਯਾ- ਆਟਾ. ਚੂਨ. ਪੀਠਾ ਹੋਇਆ ਅੰਨ। ੨. ਲਿਆਵੇ. ਲਿਆਉਂਦਾ ਹੈ. ਲਿਆਵੇਗਾ. ਆਵ੍ਰਦਨ ਧਾਤੁ ਤੋਂ ਇਹ ਰੂਪ ਹੈ.

ਆਰਦ੍ਰ: ਸੰ. ਆਦ੍ਰੰ. ਵਿ- ਗਿੱਲਾ. ਭਿੱਜਿਆ ਹੋਇਆ। ੨. ਲਿਬੜਿਆ ਹੋਇਆ.

ਆਰਨ: ਵਿ- ਅਰੁਣਤਾ ਵਾਲਾ. ਲਾਲ ਰੰਗਾ. "ਜਰੀ ਸੰਗ ਜਰੇ ਰਾਜੈਂ ਆਰਨ ਉਛਾਰ." (ਨਾਪ੍ਰ) ਜ਼ਰੀ ਨਾਲ ਜੜੇ ਹੋਏ ਲਾਲ ਉਛਾੜ (ਗ਼ਿਲਾਫ਼) ਸ਼ੋਭਾ ਦਿੰਦੇ ਹਨ। ੨. ਦੇਖੋ, ਆਰਣ। ੩. ਭਾਈ ਸੰਤੋਖ ਸਿੰਘ ਨੇ ਅਰਨ੍ਯ (ਬਨ) ਦੀ ਥਾਂ ਭੀ ਆਰਨ ਸ਼ਬਦ ਵਰਤਿਆ ਹੈ. "ਆਰਨ ਜਿਤ ਦਿਸ ਘਨੀ ਨਿਹਾਰੀ." (ਗੁਪ੍ਰਸੂ) ੪. ਦੇਖੋ, ਆਰਨ੍ਯ.

ਆਰਨਜਾਤ: ਆਰਣ (ਤਾਲ) ਤੋਂ ਪੈਦਾ ਹੋਇਆ ਕਮਲ. ਦੇਖੋ, ਆਰਣਸੁਤ. "ਆਨਨ ਆਰਨਜਾਤ ਸੁਹਾਈ." (ਨਾਪ੍ਰ)

ਆਰਨ੍ਯ: ਸੰ. आरण्य. ਵਿ- ਅਰਣ੍ਯ (ਬਨ) ਨਾਲ ਹੈ ਜਿਸਦਾ ਸੰਬੰਧ. ਜੰਗਲੀ ਬਨੈਲਾ.

ਆਰਨ੍ਯਕ: ਸੰ. आरण्यक. ਅਰਣ੍ਯ (ਬਨ) ਨਾਲ ਸੰਬੰਧ ਰੱਖਣ ਵਾਲਾ. ਵਾਨਪ੍ਰਸ੍ਥ। ੨. ਵੇਦਾਂ ਦੇ ਉਹ ਬ੍ਰਾਹਮਣ ਭਾਗ, ਜੋ ਬਨ ਵਿੱਚ ਰਹਿਕੇ ਪੜ੍ਹੇ ਜਾਂਦੇ ਸਨ, ਅਤੇ ਬਨ ਵਿੱਚ ਰਹਿਣ ਵਾਲੇ ਰਿਖੀਆਂ ਨੇ ਚੇਲਿਆਂ ਨੂੰ ਜੰਗਲ ਵਿੱਚ ਪੜ੍ਹਾਏ. ਦੇਖੋ, ਉਪਨਿਸ਼ਦ ਐਤ੍ਰੇਯ ਆਰਨ੍ਯਕ ਆਦਿ.[136]

ਆਰਫ਼: ਅ਼. عارف ਆ਼ਰਿਫ. ਵਿ-. ਉਰਫ. ਵਿ-. ਉਰਫ਼ (ਗ੍ਯਾਨ) ਰੱਖਣ ਵਾਲਾ. ਆਤਮਗ੍ਯਾਨੀ. ਮਅ਼ਰਫ਼ਤ ਦਾ ਗ੍ਯਾਤਾ. "ਆਰਫ ਕਾਮਿਲ ਵਲੀ ਵਲਾਯਤ." (ਗੁਪ੍ਰਸੂ)

ਆਰਬ: ਸੰਗ੍ਯਾ- ਅ਼ਰਬ ਦੇਸ਼। ੨. ਅ਼ਰਬ ਨਾਲ ਸੰਬੰਧ ਰੱਖਣ ਵਾਲਾ. ਅ਼ਰਬੀ. "ਆਰਬ ਕੇ ਆਰਬੀ ਅਰਾਧੈਂ ਤੇਰੇ ਨਾਮ ਹੈਂ." (ਅਕਾਲ) ੩. ਅ਼ਰਬ ਦੀ ਬੋਲੀ ਅ਼ਰਬੀ. "ਕਹੂੰ ਆਰਬੀ ਤੋਰਕੀ ਪਾਰਸੀ ਹੋ." (ਅਕਾਲ) ੪. ਅ਼ਰਬ ਦਾ ਘੋੜਾ. "ਕਛੇ ਆਰਬੀ ਪੱਬ ਮਾਨੋ ਸਪੱਛੰ." (ਪਾਰਸਾਵ)

ਆਰਬਲ, ਆਰਬਲਾ: ਸੰਗ੍ਯਾ- ਆਯੁ- ਬਲ. ਉਮਰ ਅਤੇ ਬਲ। ੨. ਉਮਰ. ਅਵਸਥਾ. "ਬਰਖ ਬਹੱਤਰ ਭਈ ਆਰਬਲ." (ਗੁਪ੍ਰਸੂ)

ਆਰਬੀ: ਦਖੋ, ਆਰਬ.

ਆਰਭਟੀ. ਸੰ. ਸੰਗ੍ਯਾ- ਨਾਟਕ ਦੀ ਖੇਡ ਦਾ ਉਹ ਭਾਗ, ਜਿਸ ਵਿੱਚ ਵੀਰ ਅਤੇ ਰੌਦ੍ਰ ਰਸ ਦਿਖਾਏ ਜਾਣ। ੨. ਨਾਟਕਸ਼ਾਲਾ. ਥੀਏਟਰ। ੩. ਦਿਲਾਵਰੀ. ਦਿਲੇਰੀ. ਹੌਸਲਾ.

ਆਰਮੇਨੀਆ: ਦੇਖੋ, ਅਰਮਨੀ.

ਆਰਯ: ਸੰ. आर्य्य. ਵਿ- ਉੱਤਮ. ਭਲਾ. ਨੇਕ। ੨. ਪੂਜ੍ਯ। ੩. ਸੰਗ੍ਯਾ- ਸ਼੍ਰੇਸ਼੍ਠ ਕੁਲ ਵਿੱਚ ਹੋਣ ਵਾਲਾ। ੪. ਆਯਾਂਵਰ੍ਤ (ਭਾਰਤ) ਦਾ ਵਸਨੀਕ.

ਆਰਯ ਸਮਾਜ: ਰਿਆਸਤ ਮੋਰਵੀ ਦੇ ਇਲਾਕੇ ਟੰਕਾਰਾ ਗ੍ਰਾਮ ਵਿੱਚ ਬ੍ਰਾਹਮਣ ਅੰਬਾ ਸ਼ੰਕਰ ਦੇ ਘਰ ਸਨ ੧੯੨੪ ਵਿੱਚ ਮੂਲ ਸ਼ੰਕਰ ਦਾ ਜਨਮ ਹੋਇਆ. ਇਸ ਨੇ ਪਰਮਾਨੰਦ ਸਰਸ੍ਵਤੀ ਸਨ੍ਯਾਸੀ ਦਾ ਚੇਲਾ ਬਣਕੇ ਦਯਾਨੰਦ ਸਰਸ੍ਵਤੀ ਨਾਮ ਧਾਰਨ ਕੀਤਾ. ਮਥੁਰਾ ਨਿਵਾਸੀ ਵਿਰਜਾਨੰਦ ਪੰਡਿਤ ਤੋਂ ਵ੍ਯਾਕਰਣ ਪੜ੍ਹਿਆ. ਭਾਰਤ ਵਿੱਚ ਈਸਾਈ ਮਤ ਦਾ ਪ੍ਰਚਾਰ ਜਾਦਾ ਦੇਖਕੇ ਇਸ ਸਾਧੂ ਦੇ ਚਿੱਤ ਵਿਚ ਵੇਦਧਰਮ ਦਾ ਪ੍ਰਚਾਰ ਕਰਨ ਦੀ ਉਮੰਗ ਜਾਗੀ ਅਤੇ ਆਪਣੇ ਖ਼ਿਆਲ ਅਤੇ ਸਮੇਂ ਅਨੁਸਾਰ ਵੇਦ ਦੇ ਅਰਥ ਕਰਕੇ ਨਵੀਨ ਨਿਯਮ ਥਾਪੇ. ਇਸ ਸੱਜਨ ਦੀ ਸੰਪ੍ਰਦਾਯ ਦਾ ਨਾਉਂ "ਆਰਯ ਸਮਾਜ" ਹੈ, ਜਿਸ ਦਾ ਧਰਮਸ਼ਾਸਤ੍ਰ

[136] ਚਾਰ ਆਰਣ੍ਯਕ ਬਹੁਤ ਪ੍ਰਸਿੱਧ ਹਨ-ਵ੍ਰਿਹਦ. ਤੈਤਿੱਰੀਯ, ਐਤ੍ਰੇਯ ਅਤੇ ਕੌਸ਼ੀਤਕੀ.

"ਸਤਜਾਰਥ ਪ੍ਰਕਾਸ਼" ਗ੍ਰੰਥ ਹੈ.

ਸਾਧੂ ਦਯਾਨੰਦ ਸਰਸ੍ਵਤੀ ਦਾ ਦੇਹਾਂਤ ੩੦ ਅਕਤੂਬਰ ਸਨ ੧੮੮੩ ਨੂੰ ਹੋਇਆ.

ਆਰਯ ਸਮਾਜ ਦੇ ਨਿਯਮ ਇਹ ਹਨ:-

(੧) ਸਾਰੇ ਸਤਜ, ਵਿਦਜਾ ਅਤੇ ਪਦਾਰਥਵਿਦਜਾ ਦ੍ਵਾਰਾ ਜਾਣੇ ਜਾਂਦੇ ਹਨ, ਅਤੇ ਉਨ੍ਹਾਂ ਸਭਨਾਂ ਦਾ ਮੁੱਢ ਪਰਮੇਸ਼੍ਵਰ ਹੈ.

(੨) ਈਸ਼੍ਵਰ ਸੱਚਿਦਾਨੰਦ ਰੂਪ, ਨਿਰਾਕਾਰ, ਸਰਵੰਸ਼ਕ੍ਤਿਮਾਨ, ਨਜਾਯਕਾਰੀ, ਦਯਾਲੁ, ਅਜਨਮਾ, ਅਨੰਤ, ਨਿਰਵਿੰਕਾਰ, ਅਨਾਦਿ, ਅਨੁਪਮ, ਸਰਵਾਂਧਾਰ, ਸਰਵੇਸ਼੍ਵਰ, ਸਰਵੰਵਜਾਪਕ, ਸਰਵਾਂਤਰਯਾਂਮੀ, ਅਜਰ, ਅਮਰ, ਅਭਯ, ਨਿਤਜ, ਪਵਿਤ੍ਰ ਅਤੇ ਸ੍ਰਿਸ਼੍ਟਿ ਦਾ ਕਰਤਾ ਹੈ. ਉਸੇ ਦੀ ਉਪਾਸਨਾ ਕਰਨੇ ਯੋਗਜ ਹੈ.

(੩) ਵੇਦ ਸਤਜਵਿਦਜਾਵਾਂ ਦਾ ਪੁਸ੍ਤਕ ਹੈ. ਵੇਦ ਦਾ ਪੜ੍ਹਨਾ, ਪੜ੍ਹਾਉਨਾ, ਅਤੇ ਸੁਣਨਾ ਸੁਣਾਉਣਾ ਸਾਰੇ ਆਰਯਾਂ ਦਾ ਪਰਮ ਧਰਮ ਹੈ.

(੪) ਸਤਜ ਦੇ ਗ੍ਰਹਿਣ ਕਰਨ ਅਤੇ ਅਸਤਜ ਦੇ ਛੱਡਣ ਵਿੱਚ ਸਦਾ ਤਿਆਰ ਰਹਿਣਾ ਚਾਹੀਏ.

(੫) ਸਾਰੇ ਕੰਮ ਧਰਮ ਅਨੁਸਾਰ, ਅਰਥਾਤ ਸਤਜ ਅਸਤਜ ਦਾ ਵਿਚਾਰ ਕਰਕੇ ਕਰਨੇ ਚਾਹੀਏ.

(੬) ਸੰਸਾਰ ਦਾ ਉਪਕਾਰ ਕਰਨਾ ਆਰਯ ਸਮਾਜ ਦਾ ਮੁੱਢ ਉਦੇੱਸ਼ਜ ਹੈ, ਅਰਥਾਤ ਸ਼ਾਰੀਰਿਕ, ਆਤਮਿਕ ਅਤੇ ਸਾਮਾਜਿਕ ਉੱਨਤਿ ਕਰਨਾ.

(੭) ਸਭ ਨਾਲ ਪ੍ਰੀਤਿ ਸਾਥ ਧਰਮ ਅਨੁਸਾਰ ਯਥਾਯੋਗਜ ਵਰਤਣਾ ਚਾਹੀਏ.

(੮) ਅਵਿਦਜਾ ਦਾ ਨਾਸ਼ ਅਤੇ ਵਿਦਜਾ ਦੀ ਵ੍ਰਿੱਧਿ ਕਰਨੀ ਚਾਹੀਏ.

(੯) ਹਰੇਕ ਨੂੰ ਆਪਣੀ ਹੀ ਉੱਨਤਿ ਵਿੱਚ ਸੰਤੋਖੀ ਨਹੀਂ ਰਹਿਣਾ ਚਾਹੀਦਾ, ਸਗੋਂ ਸਭ ਦੀ ਉੱਨਤਿ ਵਿੱਚ ਆਪਣੀ ਉੱਨਤਿ ਜਾਣਨੀ ਚਾਹੀਏ.

(੧੦) ਸਾਰੇ ਮਨੁੱਖਾਂ ਨੂੰ ਸਾਮਾਜਿਕ ਸਰਵ ਹਿਤਕਾਰੀ ਨਿਯਮ ਪਾਲਣ ਵਿੱਚ ਪਰਤੰਤ੍ਰ ਰਹਿਣਾ ਚਾਹੀਏ ਅਤੇ ਹਰੇਕ ਹਿਤਕਾਰੀ ਨਿਯਮ ਪਾਲਣ ਵਿੱਚ ਸਾਰੇ ਸ੍ਵਤੰਤ੍ਰ ਰਹਿਣ.

ਆਰਯਾ: ਸੰ. आर्य्या ਸੰਗਜਾ- ਆਰਯ ਦਾ ਇਸਤ੍ਰੀ ਲਿੰਗ. ਉੱਤਮ ਕੁਲ ਵਿੱਚ ਹੋਣ ਵਾਲੀ। ੨. ਮਾਤਾ। ੩. ਦਾਦੀ। ੪. ਸੱਸ। ੫. ਦੇਵੀ. ਦੁਰਗਾ। ੬. ਇੱਕ ਛੰਦ. ਦੇਖੋ, ਗਾਹਾ। ੭. ਵਿ- ਭਲੀ. ਨੇਕ.

ਆਰਯਾ ਵਰਤ: ਸੰ. आर्य्या वर्त. ਸੰਗਜਾ- ਆਰਯ ਲੋਕਾਂ ਦਾ ਦੇਸ਼. ਉਹ ਦੇਸ਼, ਜਿਸ ਦੇ ਉੱਤਰ ਹਿਮਾਲੈ, ਦੱਖਣ ਵਿੰਧਜਾਚਲ. ਪੂਰਵ ਵੱਲ ਬੰਗਾਲ ਦੀ ਖਾਡੀ ਅਤੇ ਪੱਛਮ ਅ਼ਰਬ ਦਾ ਸਮੁੰਦਰ ਹੈ.[137] ਹੁਣ ਸਾਰੇ ਹਿੰਦੁਸਤਾਨ ਨੂੰ ਹੀ ਆਰਯਾਵਰਤ ਆਖਿਆ ਜਾਂਦਾ ਹੈ.

ਆਰਾ: ਸੰਗਜਾ- ਆਰ (ਦੰਦੇ) ਦਾਰ ਇੱਕ ਸੰਦ. ਜਿਸ ਨਾਲ ਲਕੜੀ ਚੀਰੀ ਜਾਂਦੀ ਹੈ। ੨. ਰੌਲਾ. ਡੰਡ. ਸ਼ੋਰ। ੩. ਉਰਾਰ. ਉਰਲਾ ਕਿਨਾਰਾ. "ਕਛੁ ਆਰਾ ਪਾਰ ਨ ਸੂਝ." (ਗਉ ਰਵਿਦਾਸ) ੪. ਸੰ. ਸੰਗਜਾ- ਸੂਆ। ੫. ਪ੍ਰਤਜਯ- ਵਾਲਾ. ਵਾਨ. ਜੈਸੇ- ਅਵਗੁਣਿਆਰਾ. ਇਹ ਹਾਰਾ ਦਾ ਹੀ ਰੂਪਾਂਤਰ ਹੈ. "ਅਵਗਨਿਆਰੇ ਪਾਥਰ ਭਾਰੇ." (ਨਟ ਮਃ ੪)

ਆਂਰਾ: ਫ਼ਾ. آنرا ਉਸ ਨੂੰ. ਉਸੇ.

ਆਰਾਉ: ਫ਼ਾ. آرا ਆਰਾ. ਵਿ- ਆਰਾਸ੍ਤਹ ਕਰਨ ਵਾਲਾ. ਸ਼੍ਰਿੰਗਾਰਣ ਵਾਲਾ. ਇਹ ਸ਼ਬਦ ਦੇ ਅੰਤ ਆਇਆ ਕਰਦਾ ਹੈ। ੨.

---

[137] भाममुद्रातु वे पर्वादासमुद्रातु पश्चिमात। तयो रेवान्तर गिर्य्येर्रावर्त विदुर्वुधाः ॥ (ਮਨੁ ਅਃ ੨, ਮਃ ੨੨)

ਸੰ. ਆਰਾਮ. ਉਪਬਨ. ਬਾਗ. "ਜਾਕੇ ਰੁਖ ਬਿਰਖ ਆਰਾਉ." (ਸ੍ਰੀ ਮਃ ੧) ਜਿਸ ਦੇ ਘਾਹ ਅਤੇ ਬਿਰਛ ਆਰਾਮ (ਬਾਗ) ਹੈ. ਦੇਖੋ, ਰੁਹ.

ਆਰਾਸਤ, ਆਰਾਸਤਹ, ਆਰਾਸਤਾ: ਫ਼ਾ. آراستہ ਵਿ- ਸਵਾਰਿਆ ਹੋਇਆ. ਸਿੰਗਾਰਿਆ. ਇਸ ਦਾ ਧਾਤੁ ਆਰਾਸ੍ਤਨ ਹੈ. "ਆਰਾਸਤ ਲਸ਼ਕਰ ਸਭ ਕੀਨਸ." (ਗੁਪ੍ਰਸੂ)

ਆਰਾਤਿ, ਆਰਾਤੀ: ਸੰ. आराति. ਸੰਗਯਾ- ਸ਼ਤ੍ਰੁ. ਵੈਰੀ. ਦੁਸ਼ਮਨ. "ਜਨੁ ਕਲਮਲ ਕਲਿ ਬਲ ਆਰਾਤੀ." (ਨਾਪ੍ਰ)

ਆਰਾਧ: ਦੇਖੋ, ਆਰਾਧਨ ਅਤੇ ਆਰਾਧ੍ਯ.

ਆਰਾਧਨ, ਆਰਾਧਨਾ: ਸੰ. ਸੰਗਯਾ- ਰਾਧ (ਪ੍ਰਸੰਨ) ਕਰਨਾ. ਪੂਜਾ. ਉਪਾਸਨਾ. ਸੇਵਾ। ੨. ਸਿਮਰਣ. ਭਗਤਿ. "ਆਰਾਧਨਾ ਆਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਾਨਾ." (ਮਾਰੂ ਅਃ ਮਃ ੫)

ਆਰਾਧਨੀਯ, ਆਰਾਧ੍ਯ: ਸੰ. ਵਿ- ਪ੍ਰਸੰਨ ਕਰਨ ਯੋਗ੍ਯ. ਪੂਜਨ ਲਾਇਕ. ਪੂਜਨੀਯ.

ਆਰਾ ਪਾਰ: ਦੇਖੋ, ਆਰਾ ਅਤੇ ਪਾਰ. ਸੰਗਯਾ- ਉਰਾਰ ਅਤੇ ਪਾਰ. "ਕਛੁ ਆਰਾ ਪਾਰ ਨ ਸੂਝ." (ਗਉ ਰਵਿਦਾਸ) ੨. ਲੋਕ ਪਰਲੋਕ.

ਆਰਾਮ: ਫ਼ਾ. آرام ਸੰਗਯਾ- ਸੁਖ. ਆਨੰਦ। ੨. ਵਿਸ਼੍ਰਾਮ। ੩. ਸੰ. ਬਾਗ. ਬਗੀਚਾ.

ਆਰਾਮ ਸ਼ਾਹ: ਕੁਤਬੁੱਦੀਨ ਏਬਕ ਦਾ ਪੁਤ੍ਰ, ਜੋ ਸਨ ੧੨੧੦ ਵਿੱਚ ਇੱਕ ਵਰ੍ਹਾ ਦਿੱਲੀ ਦੇ ਤਖ਼ਤ ਪੁਰ ਰਿਹਾ. ਦੇਖੋ, ਮੁਸਲਮਾਨਾ ਦਾ ਭਾਰਤ ਵਿੱਚ ਰਾਜ.

ਆਰਾਯਸ਼: ਫ਼ਾ. آرایش ਸੰਗਯਾ- ਸ਼੍ਰਿੰਗਾਰ. ਸਜਾਵਟ.

ਆਰਾਲਿਕ: ਦੇਖੋ, ਅਰਾਲਿਕ.

ਆਰਿਫ਼: ਦੇਖੋ, ਆਰਫ਼.

ਆਰੀ: ਸੰਗਯਾ- ਆਰ (ਦੰਦੇ) ਦਾਰ ਲੱਕੜ ਚੀਰਣ ਦਾ ਇੱਕ ਸੰਦ (ਔਜਾਰ). ਛੋਟਾ ਆਰਾ। ੨. ਪ੍ਰਤ੍ਯਯਵਾਨ. ਵਾਲੀ. "ਅਵਗੁਣਿਆਰੀ ਕੰਤ ਵਿਸਾਰੀ." (ਧਨਾ ਛੰਤ ਮਃ ੧) ੩. ਅ਼. عاری ਅ਼ਾਰੀ ਵਿ- ਨੰਗਾ। ੪. ਨਿਕੰਮਾ। ੫. ਲਾਚਾਰ. ਅਸਮਰਥ.

ਆਰੁਹ: ਦੇਖੋ, ਆਰੋਹਣ। ੨. ਦੇਖੋ, ਆਰੁੱਧ.

ਆਰੁਣ: ਵਿ- ਲਾਲ. ਦੇਖੋ, ਅਰੁਣ. "ਰਚਯੋ ਰੰਗ ਆਰੁਣ ਲੋਕ ਨਵੀਨੋ." (ਕ੍ਰਿਸ਼ਨਾਵ)

ਆਰੁਣਚੂੜ: ਦੇਖੋ, ਅਰੁਣਚੂੜ.

ਆਰੁੱਧ: ਸੰ. आरुद्ध. ਵਿ- ਰੁਕਿਆ ਹੋਇਆ. ਘਿਰਿਆ ਹੋਇਆ. ਰੋਧਨ ਕੀਤਾ। ੨. ਰੁੱਝਾ ਹੋਇਆ.

ਆਰੁਨ: ਦੇਖੋ, ਅਰੁਣ ਅਤੇ ਆਰਨ.

ਆਰੁਨਚੂੜ: ਮੁਰਗਾ. ਦੇਖੋ, ਅਰੁਣਚੂੜ. "ਕ੍ਰੌਂਚ ਸੁ ਆਰੁਨਚੂੜ ਪੁਕਾਰਤ." (ਗੁਪ੍ਰਸੂ)

ਆਰੂ: ਦੇਖੋ, ਆੜੂ

ਆਰੂਢ, ਆਰੂੜ: ਸੰ. आरुढ. ਵਿ- ਚੜ੍ਹਿਆ ਹੋਇਆ. ਸਵਾਰ. "ਆਰੂੜਤੇ ਅਸ੍ਵ ਰਥ ਨਾਗਹ" (ਸਹਸ ਮਃ ੫) ੨. ਦ੍ਰਿੜ੍ਹ. ਕਾਇਮ. ਪੱਕਾ.

ਆਰੇ: ਆਰਾ ਦਾ ਬਹੁ ਵਚਨ। ੨. ਵਾਨ. ਵਾਲੇ. ਦੇਖੋ, ਆਰਾ ਆਰੀ. "ਅਵਗਨੀਆਰੇ ਪਾਥਰ ਭਾਰੇ." (ਕਾਨ ਮਃ ੪)

ਆਰੇਮ: ਫ਼ਾ. آریم ਅਸੀਂ ਲਿਆਉਨੇ ਹਾਂ. ਅਸੀਂ ਲਿਆਵਾਂਗੇ. ਹਮ ਲਾਵੇਂ.

ਆਰੋਅਹ: ਸੰ. ਆਰੋਹਿਤ. ਵਿ- ਚੜ੍ਹਿਆ ਹੋਇਆ. ਸਵਾਰ. "ਜਰਾ ਜੰਮਹਿ ਆਰੋਅਹ." (ਸਵੈਯੇ ਮਃ ੪. ਕੇ) ਬੁਢੇਪਾ ਅਤੇ ਜਨਮ ਆਦਿਕਾਂ ਉੱਪਰ ਸਵਾਰ ਹੋਂ. ਭਾਵ, ਖਟ ਊਰਮੀਆਂ ਦੇ ਅਧੀਨ ਨਹੀਂ ਸਗੋਂ ਉਨ੍ਹਾਂ ਤੇ ਬਲ ਰਖਦੇ ਹੋਂ ਦੇਖੋ, ਆਰੋਹਣ.

ਆਰੋਹਣ: ਸੰ. ਸੰਗ੍ਯਾ- ਪੌੜੀ. ਸੀੜ੍ਹੀ. "ਮੋਖਾਰੋਹਣ ਪ੍ਰਗਟ ਗਿਰਾ ਅਘਖੰਡਣੀ." (ਗੁਪ੍ਰਸੂ) ਮੋਖ (ਮੁਕਤਿ) ਦੀ ਆਰੋਹਣ (ਪੌੜੀ). ੨. ਚੜ੍ਹਨਾ. ਸਵਾਰ ਹੋਣਾ.

ਆਰੋਹੀ: ਸੰ. आरोहिन ਵਿ- ਚੜ੍ਹਨ ਵਾਲਾ। ੨. ਉੱਪਰ ਜਾਣ ਵਾਲਾ। ੩. ਤਰੱਕੀ ਕਰਨ ਵਾਲਾ। ੪. ਸੰਗ੍ਯਾ- ਸੰਗੀਤ ਅਨੁਸਾਰ ਉਹ ਤਾਨ, ਜੋ ਉੱਚੇ ਸੁਰਾਂ ਵੱਲ ਜਾਵੇ. ਜੈਸੇ ਸ਼ ਰ ਗ ਮ ਪ ਧ ਨ.

ਆਰੋਗ, ਆਰੋਗਤ, ਆਰੋਗੀ: ਦੇਖੋ, ਅਰੋਗ, ਅਰੋਗਤ ਅਤੇ ਅਰੋਗੀ. "ਜਿਹ ਪ੍ਰਸਾਦਿ ਆਰੋਗ ਕੰਚਨਦੇਹੀ." (ਸੁਖਮਨੀ) "ਆਰੋਗਤ ਭਏ ਸਰੀਰਾ." (ਸੂਹੀ ਛੰਤ ਮਃ ੪)

ਆਰੋਪਣ, ਆਰੋਪਣਾ: ਸੰ. आरोपण ਸੰਗ੍ਯਾ- ਲਗਾਉਣਾ. ਜੜਨਾ. "ਤਹਿ ਆਰੋਪਨ ਕੀਨਸ ਮਾਲੀ." (ਗੁਪ੍ਰਸੂ) ੨. ਕਿਸੇ ਵਸਤੁ ਦੇ ਗੁਣ ਨੂੰ ਦੂਜੀ ਵਸਤੁ ਵਿੱਚ ਖਿਆਲ ਕਰਨਾ, ਅਥਵਾ ਮੰਨਣਾ। ੩. ਭ੍ਰਮ. ਮਿਥ੍ਯਾਗ੍ਯਾਨ.

ਆਰੋੜਾ: ਦੇਖੋ, ਅਰੋੜਾ.

ਆਰੰਨ: ਦੇਖੋ, ਆਰਨ੍ਯ.

ਆਰੰਨਕ: ਦੇਖੋ, ਆਰਨ੍ਯਕ.

ਆਰੰਭ: ਸੰ. ਸੰਗ੍ਯਾ- ਮੁੱਢ. ਸ਼ੁਰੂ. "ਆਰੰਭ ਕਾਜ ਰਚਾਇਆ." (ਸੂਹੀ ਛੰਤ ਮਃ ੪) ੨. ਉਤਪੱਤਿ. ਪੈਦਾਇਸ਼.

ਆਰੰਭ ਵਾਦ: ਸੰਗ੍ਯਾ- ਵੈਸ਼ੇਸ਼ਿਕ ਆਦਿ ਸ਼ਾਸਤ੍ਰਾਂ ਦਾ ਉਹ ਮਤ, ਜੋ ਪ੍ਰਮਾਣੂਆਂ ਦੇ ਮੇਲ ਤੋਂ ਜਗਤਰਚਨਾ ਦਾ ਆਰੰਭ ਮੰਨਦਾ ਹੈ.

ਆਰ੍ਯ, ਆਰ੍ਯਸਮਾਜ: ਦੇਖੋ, ਆਰਯ ਅਤੇ ਆਰਯ ਸਮਾਜ.

ਆਲ: ਪ੍ਰਾ. ਸੰਗ੍ਯਾ- ਗਿੱਲ. ਨਮੀ. ਤਰੀ। ੨. ਸੰ. ਵਿ- ਅਧਿਕ. ਜ੍ਯਾਦਾ। ੩. ਸਭ. ਤਮਾਮ. "ਆਲ ਜੰਜਾਲ ਬਿਕਾਰ ਤੇ ਰਹਿਤੇ." (ਸੁਖਮਨੀ) ਦੇਖੋ, ਅੰ all । ੪. ਸੰ. आलय- ਆਲਯ. ਘਰ. ਰਹਿਣ ਦੀ ਥਾਂ। ੫. ਅ਼. آل ਵੰਸ਼. ਔਲਾਦ। ੬. ਪੁਤ੍ਰੀ ਦੀ ਸੰਤਾਨ। ੭. ਫ਼ਾ. ਇੱਕ ਤਰਾਂ ਦੀ ਸ਼ਰਾਬ। ੮. ਤੁ. ਬਾਦਸ਼ਾਹ। ੯. ਵਿ- ਲਾਲ. ਸੁਰਖ਼। ੧੦. ਦੇਖੋ, ਅਲ.

ਆਲਸ: ਸੰਗ੍ਯਾ- ਆਲਸ੍ਯ. ਸੁਸਤੀ. ਘਾਉਲ. "ਆਲਸੁ ਛੀਜ ਗਇਆ ਸਭੁ ਤਨ ਤੇ." (ਧਨਾ ਮਃ੫) ੨. ਸੰ. ਵਿ-

ਆਲਸੀ: ਸੁਸਤ. ਉੱਦਮ ਰਹਿਤ.

ਆਲਸਹਰ: ਸੰਗ੍ਯਾ- ਸੁਸਤੀ ਦੂਰ ਕਰਨ ਵਾਲਾ, ਅਮ੍ਰਿਤ. (ਸਨਾਮਾ)

ਆਲਸੀ, ਆਲਸੀਆ: ਦੇਖੋ, ਆਲਸ ੨. "ਜਨਮੁ ਗਵਾਇਓ ਆਲਸੀਆ." (ਸ੍ਰੀ ਤ੍ਰਿਲੋਚਨ)

ਆਲਸੁ: ਦੇਖੋ, ਆਲਸ.

ਆਲਸੂਨ: ਨਾਦੌਣ ਦੇ ਪਾਸ ਇੱਕ ਪਿੰਡ, ਜਿਸ ਦੇ ਵਸਨੀਕ ਫ਼ਿਸਾਦੀ ਆਦਮੀਆਂ ਨੂੰ ਦਸ਼ਮੇਸ਼ ਨੇ ਦੰਡ ਦਿੱਤਾ, ਅਤੇ ਆਨੰਦਪੁਰ ਨੂੰ ਆਂਉਦੇ ਹੋਏ ਕੁਝ ਚਿਰ ਠਹਿਰੇ. ਦੇਖੋ, ਵਿਚਿਤ੍ਰ ਨਾਟਕ ਦਾ ਅਧ੍ਯਾਯ ੯, ਛੰਦ ੨੪. ਸਿੱਖਾਂ ਦੀ ਅਨਗਹਿਲੀ ਕਰਕੇ

ਇੱਥੇ ਗੁਰੁਦ੍ਵਾਰਾ ਨਹੀਂ ਬਣਿਆ.

ਆਲਸਜ: ਸੰ. ਸੰਗਯਾ- ਸੁਸਤੀ ਉੱਦਮ ਦਾ ਅਭਾਵ.

ਆਲਕ: ਸੰਗਯਾ- ਆਲਸ. ਸੁਸਤੀ. "ਕਿਉ ਸਿਮਰਤ ਕੀਜੈ ਆਲਕਾ?" (ਮਾਰੂ ਸੋਲਹੇ ਮਃ ੫)

ਆਲਕਾਪਤੀ: ਦੇਖੋ, ਅਲਕਾ ਪਤੀ.

ਆਲਕੁ: ਆਲਸ. ਦੇਖੋ, ਆਲਕ. "ਚੰਗਿਆਈ ਆਲਕੁ ਕਰੇ." (ਵਾਰ ਗੂਜ ੨. ਮਃ ੫)

ਆਲਜ: ਦੇਖੋ, ਆਲਜੁ.

ਆਲ ਜਾਲ: ਦੇਖੋ, ਆਲ ਅਤੇ ਜਾਲ. ਸੰਗਯਾ- ਘਰ ਦੇ ਬੰਧਨ. ਸੰਤਾਨ ਦੇ ਫੰਧੇ. "ਆਲ ਜਾਲ ਭ੍ਰਮ ਮੋਹ ਤਜਾਵੈ." (ਗੂਜ ਮਃ ੫) ੨. ਸਿੰਧੀ. ਵਿ- ਬਹੁਤ. ਅਧਿਕ। ੩. ਕ੍ਰਿ. ਵਿ- ਬਹੁਤ ਕਰਕੇ.

ਆਲਜਿ, ਆਲਜੁ: ਵਿ- ਲੱਜਾ ਰਹਿਤ. ਨਿਰਲੱਜ. ਬੇਸ਼ਰਮ. ਬੇਹ਼ਯਾ. "ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰ." (ਬਿਲਾ ਰਵਿਦਾਸ)

ਆਲ ਜੰਜਾਲ: ਦੇਖੋ, ਆਲ ਅਤੇ ਜੰਜਾਲ. ਸੰਗਯਾ- ਘਰ ਦੇ ਬੰਧਨ. ਸੰਤਾਨ ਦੇ ਮੋਹ ਦਾ ਫੰਧਾ. "ਆਲ ਜੰਜਾਲ ਬਿਕਾਰ ਤੇ ਰਹਿਤੇ." (ਸੁਖਮਨੀ)

ਆਲਣਾ: ਦੇਖੋ, ਆਲਨਾ.

ਆਲਤ: ਅ਼. آلت ਸੰਗਯਾ- ਚੋਬ। ੨. ਲਿੰਗ. ਉਪਸ੍ਥ. ਜਨਨੇਂਦ੍ਰਿਯ। ੩. ਸੰਦ. ਔਜ਼ਾਰ

ਆਲਨ: ਸੰਗਯਾ- ਸਾਗ ਆਦਿਕ ਸਬਜ਼ੀ ਵਿੱਚ ਮਿਲਾਇਆ ਹੋਇਆ ਅੰਨ. ਅੱਲਣ.

ਆਲਨਾ: ਸੰਗਯਾ- ਪੰਛੀ ਦਾ ਆਲਯ. ਘੋਂਸਲਾ. ਫ਼ਾ. آلانہ ਆਲਾਨਹ. "ਸੁਸਕ ਆਲਨੇ ਤੇ ਤ੍ਰਿਣ ਗੇਰੇ." (ਗੁਪ੍ਰਸੂ)

ਆਲਪਤਾਲ: ਸੰਗਯਾ- ਆਕਾਸ਼ ਅਤੇ ਪਾਤਾਲ। ੨. ਉਸਤਤਿ ਨਿੰਦਾ. "ਗਾਵਹਿ ਰਾਜੇ ਰਾਣੀਆਂ ਬੋਲਹਿ ਆਲ ਪਤਾਲ." (ਵਾਰ ਆਸਾ) ੩. ਉਲਟ ਪੁਲਟ. ਅਸ੍ਰੁ ਵਜਸ੍ਰੁ. "ਆਲ ਪਤਾਲ ਮੁਹਹੁ ਬੋਲਦੇ ਜਿਉ ਪੀਤੇ ਮਦ ਮਤਵਾਲੇ." (ਗਉ ਵਾਰ ੧. ਮਃ ੪) ੪. ਉਚ ਨੀਚ. ਸ਼ੁਭਾਸ਼ੁਭ. "ਲਿਖਲਿਹੁ ਆਲ ਪਤਾਲ, ਮੋਹਿ ਜਮ ਡੰਡ ਨ ਲਾਗਈ." (ਗਉ ਰਵਿਦਾਸ)

ਆਲਪਲਾਲ: ਦੇਖੋ, ਆਲ ਅਤੇ ਪਲਾਲ। ੨. ਦੇਖੋ, ਅਲਪਲਾਲ.

ਆਲਬਾਲ. ਸੰ. ਆਲਵਾਲ. ਸੰਗਯਾ- ਗੋਲ ਕਿਆਰਾ. ਤਗਾਰ। ੨. ਬਿਰਛ ਦੇ ਚੁਫੇਰੇ ਗੋਲ ਵੱਟ, ਜਿਸ ਵਿੱਚ ਪਾਣੀ ਠਹਿਰਦਾ ਹੈ.

ਆਲਬਾਲਿਤ: ਦੇਖੋ, ਅਲਬਾਲਿਤ.

ਆਲਮ: ਅ਼. عالم ਅ਼ਾਲਿਮ. ਵਿ- ਇ਼ਲਮ ਰੱਖਣ ਵਾਲਾ. ਵਿਦ੍ਵਾਨ. ਪੰਡਿਤ. "ਜਾਨਤ ਬੇਦ ਭੇਦ ਅਰ ਆਲਮ." (ਚੌਪਈ) ੨. ਸੰਗਯਾ- ਅ਼ਾਲਮ. ਸੰਸਾਰ. ਜਗਤ. "ਆਲਮ ਕੁਸਾਇ ਖ਼ੂਬੀ." (ਰਾਮਾਵ) ੩. ਸਮਾਂ. ਵੇਲਾ. ਕਾਲ। ੪. ਪ੍ਰਾਣੀ. ਜੀਵ. "ਚੰਦੀਂ ਹਜਾਰ ਆਲਮ ਏਕਲ ਖਾਨਾ." (ਤਿਲੰ ਨਾਮਦੇਵ) ੫. ਦਸ਼ਮੇਸ਼ ਦਾ ਦਰਬਾਰੀ ਇੱਕ ਕਵੀ, ਜਿਸ ਦੀ ਕਵਿਤਾ ਇਹ ਹੈ-

ਸੋਭਾ ਹੂੰ ਕੇ ਸਾਗਰ ਨਵਲ ਨੇਹ ਨਾਗਰ ਹੈਂ,

ਬਲ ਭੀਮ ਸਮ ਸੀਲ ਕਹਾਂ ਲੌ ਗਨਾਈਏ,

ਭੂਮਿ ਕੇ ਵਿਭੂਖਨ ਜੁ ਦੂਖਨ ਕੇ ਦੂਖਨ,

ਸਮੂਹ ਸੁਖ ਹੂੰ ਕੇ ਸੁਖ ਦੇਖੇ ਤੇ ਅਘਾਈਏ,

ਹਿੰਮਤ ਨਿਧਾਨ ਆਨ ਦਾਨ ਕੋ ਬਖਾਨੈ ਜਾਨ?

ਆਲਮ ਤਮਾਮ ਜਾਮ ਆਠੋਂ ਗੁਨ ਗਾਈਏ,

ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਜੀ!

ਭੋਜ ਕੀ ਸੀ ਮੌਜ ਤੇਰੇ ਰੋਜ ਰੋਜ ਪਾਈਏ.

੬. ਫ਼ਾਰਸੀ ਅਤੇ ਹਿੰਦੀ ਦਾ ਇੱਕ ਪ੍ਰਸਿੱਧ ਕਵੀ, ਜਿਸ ਨੇ ਸਨ ੯੯੧ ਹਿਜਰੀ ਵਿੱਚ ਮਾਧਵਾਨਲ ਸੰਗੀਤ ਦਾ ਵ੍ਰਿਜਭਾਸ਼ਾ ਵਿੱਚ ਉਲਥਾ (ਅਨੁਵਾਦ) ਕੀਤਾ ਹੈ. ਰਾਗਮਾਲਾ ਇਸੇ ਗ੍ਰੰਥ ਦਾ ਇੱਕ ਹਿੱਸਾ ਹੈ। ੭. ਦਸ਼ਮੇਸ਼ ਦਾ ਇੱਕ ਸੇਵਕ. "ਜਬ ਦਲ ਪਾਰ ਨਦੀ ਕੇ ਆਯੋ। ਆਨ ਆਲਮੇ ਹਮੈ ਜਗਾਯੋ." (ਵਿਚਿਤ੍ਰ)

੮. ਬ੍ਰਾਹਮਣ ਤੋਂ ਮੁਸਲਮਾਨ ਹੋਇਆ ਇੱਕ ਕਵੀ, ਜੋ ਬਹਾਦੁਰ ਸ਼ਾਹ ਦਿੱਲੀਪਤਿ ਦੇ ਦਰਬਾਰ ਵਿੱਚ ਹਾਜਿਰ ਰਹਿੰਦਾ ਸੀ.

ਆਲਮ ਸਿੰਘ: ਸਿਆਲਕੋਟ ਦਾ ਵਸਨੀਕ ਇੱਕ ਰਾਜਪੂਤ, ਜਿਸਨੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ. ਇਸ ਨੂੰ ਕਲਗੀਧਰ "ਨੱਚਣਾ" ਆਲਮ ਸਿੰਘ ਕਹਿਕੇ ਬੁਲਾਇਆ ਕਰਦੇ ਸਨ- ਕਿਉਂਕਿ ਇਹ ਵਡਾ ਚਪਲ ਅਤੇ ਯੁੱਧ ਦੇ ਕਰਤਬਾਂ ਵਿੱਚ ਨਿਪੁਣ ਸੀ.

ਆਲਮਕੁਸ਼ਾ, ਆਲਮਕੁਸ਼ਾਇ: ਫ਼ਾ. عالم کشا ਵਿ- ਸੰਸਾਰ ਨੂੰ ਜਿੱਤਣ ਵਾਲਾ. "ਆਲਮ ਕੁਸਾਇ ਖੂਬੀ." (ਰਾਮਾਵ)

ਆਲਮਗੀਰ, ਆ਼ਲਮਗੀਰ: ਫ਼ਾ. عالمگیر ਵਿ- ਦੁਨੀਆਂ ਨੂੰ ਕ਼ਾਬੂ ਰੱਖਣ ਵਾਲਾ, ਜਗਤ ਜਿੱਤਣ ਵਾਲਾ। ੨. ਔਰੰਗਜ਼ੇਬ ਦਾ ਇੱਕ ਖਿਤਾਬ. ਦੇਖੋ, ਔਰੰਗਜ਼ੇਬ. "ਆਲਮਗੀਰ ਅਹੈਂ ਤੂੰ ਏਕ." (ਗੁਪ੍ਰਸੂ) ੩. ਸੰਗਜਾ- ਲੁਧਿਆਨੇ ਤੋਂ ਸੱਤ ਕੋਹ ਦੱਖਣ ਇੱਕ ਪਿੰਡ. ਦਸ਼ਮੇਸ਼ ਮਾਛੀਵਾੜੇ ਤੋਂ ਪਲੰਘ ਤੇ ਅਸਵਾਰ ਇਸ ਥਾਂ ਆਏ, ਇਥੋਂ ਘੋੜੇ ਉੱਪਰ ਸਵਾਰ ਹੋਏ. ਗੁਰਦ੍ਵਾਰੇ ਨੂੰ ਸਿੱਖ ਰਾਜ ਵੇਲੇ ਦੀ ੭੦ ਵਿੱਘੇ ਜ਼ਮੀਨ ਹੈ. ਸਟੇਸ਼ਨ ਗਿੱਲ ਤੋਂ ਇਹ ਅਸਥਾਨ ਕਰੀਬ ਦੋ ਮੀਲ ਦੱਖਣ ਵੱਲ ਹੈ. ਪੁਜਾਰੀ ਸਿੰਘ ਹੈ.

ਆਲਮਗੰਜ: ਬਿਹਾਰ ਦੇ ਇਲਾਕੇ ਪਟਨਾ ਜਿਲੇ ਦਾ ਇੱਕ ਪਿੰਡ. "ਮੋਹਣ ਆਲਮਗੰਜ ਰਹੰਦਾ." (ਭਾਗੁ)

ਆਲਮ ਚੰਦ: ਲਹੌਰ ਦਾ ਮਸੰਦ, ਜੋ ਗੁਰੂ ਅਰਜਨ ਦੇਵ ਜੀ ਦਾ ਸਿੱਖ ਸੀ। ੨. ਹਾਡਾ ਰਾਜਪੂਤ ਗੁਰੂ ਅਰਜਨ ਦੇਵ ਜੀ ਦਾ ਸਿੱਖ। ੩. ਪਹਾੜੀ ਸੈਨਾ ਦਾ ਸਰਦਾਰ, ਜੋ ਬਲੀਆ ਚੰਦ ਨਾਲ ਮਿਲਕੇ ਗਸ਼ਤੀ ਫ਼ੌਜ ਲੈ ਕੇ ਸਿੱਖਾਂ ਦੇ ਵਿਰੁੱਧ ਆਨੰਦ ਪੁਰ ਦੇ ਆਸ ਪਾਸ ਫਿਰਦਾ ਰਹਿੰਦਾ ਸੀ. ਇਨ੍ਹਾਂ ਦੋਹਾਂ ਨੇ ਉਦਯ ਸਿੰਘ ਅਤੇ ਆਲਮ ਸਿੰਘ ਤੋਂ ਭਾਰੀ ਹਾਰ ਖਾਧੀ. ਆਲਮ ਚੰਦ ਦਾ ਹੱਥ ਆਲਮ ਸਿੰਘ ਨੇ ਵੱਢ ਦਿੱਤਾ ਅਤੇ ਬਲੀਆ ਚੰਦ ਭੀ ਜ਼ਖਮੀ ਹੋ ਕੇ ਨੱਸ ਗਿਆ.

ਆਲਮ ਦੁਨੀਆਂ: ਬ੍ਰਹਮਾਂਡ ਮਾਲਾ. Universes and worlds. "ਖਾਕ ਨੂਰ ਕਰਦੰ ਆਲਮ ਦਨੀਆਇ." (ਤਿਲੰ ਮਃ ੫)

ਆਲਮ ਪਨਾਹ: ਫ਼ਾ. عالم پناہ ਵਿ- ਸੰਸਾਰ ਦਾ ਆਸਰਾ. ਦੁਨੀਆਂ ਦਾ ਆਧਾਰ.

ਆਲਮਪੁਰ: ਜਿਲਾ ਹੁਸ਼ਿਆਰਪੁਰ, ਤਸੀਲ ਦਸੂਹਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਟਾਂਡਾ ਉੜਮੁੜ" ਤੋਂ ਉੱਤਰ ਕ਼ਰੀਬ ਦੋ ਮੀਲ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ. ਗੁਰੂ ਜੀ ਕਰਤਾਰ ਪੁਰ ਤੋਂ ਇੱਥੇ ਸ਼ਿਕਾਰ ਖੇਡਣ ਲਈ ਆਏ, ਅਤੇ ਕਈ ਦਿਨ ਡੇਰਾ ਰੱਖਿਆ.

ਇਸ ਥਾਂ ਕੇਵਲ ਮੰਜੀ ਸਾਹਿਬ ਹੈ. ਗੁਰਦ੍ਵਾਰੇ ਨਾਲ ੭੫ ਘਮਾਉਂ ਜ਼ਮੀਨ ਹੈ. ਪੁਜਾਰੀ ਨਿਰਮਲਾ ਸਿੰਘ ਹੈ. ਹਾੜ ਵਦੀ ਏਕਮ ਨੂੰ ਮੇਲਾ ਲੱਗਦਾ ਹੈ.

**ਆਲਯ, ਆਲਯਹ:** ਸੰ. आलय. ਸੰਗਯਾ- ਘਰ. ਗ੍ਰਿਹ। ੨. ਜਗਾ. ਸਥਾਨ. ਥਾਂ. "ਸਰਬ ਅਰਥ ਆਲਯਹ." (ਸਹਸ ਮਃ ੫) ਹਾਹਾ ਵਿਸਰਗਾਂ ਦੇ ਥਾਂ ਹੈ.

**ਆਲਾ:** ਸੰਗਯਾ- ਆਲਯ. ਤਾਕ. ਤਾਕੀ। ੨. ਭਾਵ- ਦਸਮ- ਦ੍ਵਾਰ. "ਉਪਰਿ ਹਾਟ, ਹਾਟ ਪਰ ਆਲਾ, ਆਲੇ ਭੀਤਰਿ ਥਾਤੀ." (ਰਾਮ ਬੇਣੀ) ਸ਼ਰੀਰ ਉੱਪਰ ਸਿਰ ਹੈ, ਸਿਰ ਉੱਪਰ ਦਸ਼ਮਦ੍ਵਾਰ ਹੈ, ਉਸ ਵਿੱਚ ਆਤਮਗਯਾਨ ਰੂਪ ਥੈਲੀ ਹੈ। ੩. ਮਾਇਆ ਜੋ ਸਾਰੇ ਪ੍ਰਪੰਚ ਦੇ ਨਿਵਾਸ ਦਾ ਆਲਯ (ਘਰ) ਹੈ. "ਆਲਾ ਤੇ ਨਿਵਾਰਣਾ." (ਧਨਾ ਨਾਮਦੇਵ) ੪. ਅ਼. اعلیٰ ਅਅ਼ਲਾ ਵਿ- ਮੁੱਖ. ਸ਼੍ਰੇਸ਼੍ਠ. ਉੱਤਮ "ਬੰਦਗੀ ਅਲਹ ਆਲਾ ਹੁਜਰਾ." (ਮਾਰੂ ਸੋਲਹੇ ਮਃ ੫) ੫. ਉੱਚਾ. ਬਲੰਦ। ੬. آلہ ਆਲਹ. ਸੰਦ. ਔਜ਼ਾਰ. ਹਥਿਆਰ.

**ਆਲਾਉ, ਆਲਾਇ:** ਸੰਗਯਾ- ਆਲਾਪ. ਕਥਨ "ਮਨਮੁਖ ਝੂਠਾ ਆਲਾਉ". (ਸਵਾ ਮਃ ੧) "ਉਠਦਿਆਂ ਭੀ ਗੁਰੁ ਆਲਾਉ." (ਸੂਹੀ ਅਃ. ਮਃ ੪) "ਹਰਿ ਰਸ ਨ ਚਾਖੈ ਫੀਕਾ ਆਲਾਇ." (ਗਉ ਮਃ ੩)

**ਆਲਾਇਆ:** ਵਿ- ਕਥਨ ਕੀਤਾ. ਬਿਆਨ ਕੀਤਾ ਹੋਇਆ. ਆਲਾਪਿਤ.

**ਆਲਾ ਸਿੰਘ:** ਫੂਲਵੰਸ਼ ਦੇ ਰਤਨ ਬਾਬਾ ਰਾਮ ਸਿੰਘ ਜੀ ਦੇ ਘਰ ਮਾਈ ਸਾਬੀ ਦੇ ਉਦਰ ਤੋਂ ਪੰਥਰਤਨ ਬਾਬਾ ਆਲਾ ਸਿੰਘ ਜੀ ਦਾ ਜਨਮ ੧੭੪੮ ਵਿੱਚ ਫੂਲ ਨਗਰ ਹੋਇਆ.[138] ਆਪ ਨੇ ਠੀਕਰੀ ਵਾਲੇ ਪਿੰਡ, ਸਿੰਘਦਲ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਤੋਂ ਅਮ੍ਰਿਤ ਛਕਿਆ. ਸੰਮਤ ੧੮੧੦ ਵਿੱਚ ਪਟਿਆਲੇ ਦੇ ਕੱਚੇ ਕਿਲੇ ਦੀ ਨਿਉਂ ਰੱਖੀ ਅਤੇ ੪. ਫੱਗੁਣ ਸੰਮਤ ੧੮੨੦ ਨੂੰ ਪੱਕਾ ਕਿਲਾ ਬਣਾਉਣਾ ਆਰੰਭਿਆ ਤੇ ਪਟਿਆਲਾ ਸ਼ਹਿਰ ਆਬਾਦ ਕੀਤਾ. ੭੭ ਸਾਵਣ ਸੰਮਤ ੧੮੨੨ (੨੨ ਅਗਸਤ ਸਨ ੧੭੬੫) ਨੂੰ ਬਾਬਾ ਜੀ ਦਾ ਦੇਹਾਂਤ ਪਟਿਆਲੇ ਹੋਇਆ, ਜਿਸ ਥਾਂ ਸੁੰਦਰ ਸਮਾਧਿ ਬਣੀ ਹੋਈ ਹੈ, ਅਤੇ ਅਭ੍ਯਾਗਤਾਂ ਨੂੰ ਅੰਨ ਮਿਲਦਾ ਹੈ. ਦੇਖੋ, ਫੂਲਵੰਸ਼.

**ਆਲਾ ਸਿੰਘ ਦਾ ਬੁਰਜ:** ਦੇਖੋ, ਪਟਿਆਲਾ.

**ਆਲਾਹਣੀ:** ਦੇਖੋ, ਅਲਾਹਣੀ.

**ਆਲਾਤ:** ਦੇਖੋ, ਅਲਾਤ। ੨. ਆਲਹ ਦਾ ਬਹੁ ਵਚਨ. ਦੇਖੋ, ਆਲਾ ੬.

**ਆਲਾਨ:** ਸੰ. ਸੰਗਯਾ- ਹਾਥੀ ਬੰਨ੍ਹਣ ਦਾ ਰੱਸਾ ਅਥਵਾ ਸੰਗੁਲ। ੨. ਦੇਖੋ, ਏਲਾਨ.

**ਆਲਾਪ:** ਸੰ. ਸੰਗਯਾ- ਕਥਨ. ਬਾਤਚੀਤ. ਸੰਭਾਖਣ। ੨. ਸੰਗੀਤ ਅਨੁਸਾਰ ਸੁਰਾਂ ਦਾ ਸਾਧਨ. ਸੁਰਾਂ ਨਾਲ ਰਾਗ ਦੇ ਸਰੂਪ ਨੂੰ ਪ੍ਰਗਟ ਕਰਨ ਦੀ ਕ੍ਰਿਯਾ. "ਗੁਣ ਗੋਬਿੰਦ ਗਾਵਹੁ ਸਭਿ ਹਰਿਜਨ, ਰਾਗ ਰਤਨ ਰਸਨਾ ਆਲਾਪ." (ਬਿਲਾ ਮਃ ੫)

**ਆਲਾਪਨ, ਆਲਾਪਨਾ:** ਕ੍ਰਿ. - ਕਹਿਣਾ. ਬੋਲਣਾ. ਕਥਨ। ੨. ਰਾਗ ਦਾ ਸਰੂਪ ਸ਼ਰਗਮ ਨਾਲ ਕ਼ਾਇਮ ਕਰਨਾ। ੩. ਸੁਰਾਂ ਦਾ ਪ੍ਰਸ੍ਤਾਰ (ਫੈਲਾਉ) ਕਰਨਾ.

**ਆਲਾਪਿ:** ਆਲਾਪ ਕਰਕੇ. ਸੰਗੀਤ ਅਨੁਸਾਰ ਰਾਗ ਦਾ ਸਰੂਪ ਬੰਨ੍ਹਕੇ.

**ਆਲਾਵ ਦੀਂ:** ਦੇਖੋ, ਅਲਾਉੱਦੀਨ.

**ਆਲਾਵੰਤ:** ਵਿ- ਆਲਯਵੰਤ. ਘਰ ਵਾਲਾ. ਮਕਾਨ ਦਾ ਮਾਲਿਕ. "ਆਲਾਵੰਤੀ ਇਹੁ ਭ੍ਰਮ ਜੋਹੈ." (ਮਲਾ ਨਾਮਦੇਵ) ਇਸ ਮੰਦਿਰ ਦੇ ਮਾਲਿਕਾਂ ਨੂੰ ਇਹ ਭਰਮ ਹੋ ਰਹਿਆ ਹੈ ਕਿ ਸ਼ੂਦ੍ਰ ਦਾ ਅਧਿਕਾਰ ਦੇਵਪੂਜਨ ਵਿੱਚ ਨਹੀਂ.

**ਆਲਾਵੰਤੀ:** ਆਲਯਵੰਤੀਂ. ਘਰ ਵਾਲਿਆਂ ਨੂੰ. ਦੇਖੋ, ਆਲਾਵੰਤ.

---

[138] ਖਲੀਫਾ ਮੁਹੰਮਦ ਹਸਨ ਕ੍ਰਿਤ ਤਵਾਰੀਖ ਵਿੱਚ ਸੰਮਤ ੧੭੫੨ (ਸਨ ੧੬੯੫) ਦਾ ਜਨਮ ਲਿਖਿਆ ਹੈ.

ਆਲਿ: ਸੰਗਯਾ- ਆਲਯ (ਘਰ) ਦੇ. "ਮਨ ਲਗਾ ਆਲਿ ਜੰਜਾਲ." (ਸ੍ਰੀ ਮਃ ੪. ਪਹਿਰੇ) ੨. ਸੰ. ਆਲੀ. ਸਖੀ. ਸਹੇਲੀ। ੩. ਪੰਕਤਿ. ਕਤਾਰ. ਸ਼੍ਰੇਣੀ.

ਆਲਿਸਜ: ਦੇਖੋ, ਆਲਸਜ। ੨. ਸੰ. ਆਲਾਸ੍ਯ- ਆਲਾਸਜ. ਚੰਗੀ ਤਰਾਂ ਨ੍ਰਿਤ੍ਯ (ਨਾਚ) ਕਰਾਉਣ ਦੀ ਕ੍ਰਿਯਾ. ਜਗਤ ਤੋਂ ਨਿਰਤਕਾਰੀ ਕਰਾਉਣ ਦਾ ਕਰਮ. "ਆਲਿਸਜ ਕਰਮ." (ਜਾਪੁ)

ਆਲਿੰਗਨ: ਸੰ. ਆਲਿਙ੍ਗਨ. ਸੰਗਯਾ- ਛਾਤੀ ਨਾਲ ਲਾਉਣ ਦੀ ਕ੍ਰਿਯਾ. ਅੰਗ ਨਾਲ ਲਾਉਣਾ.

ਆਲਿਮ: ਦੇਖੋ, ਆਲਮ.

ਆਲੀ: ਸੰ. ਸੰਗਯਾ- ਸਖੀ. ਸਹੇਲੀ। ੨. ਕਤਾਰ. ਪੰਕਤਿ. ੩. ਅ਼. عالی ਅ਼ਾਲੀ. ਵਿ- ਵਡਾ. ਉੱਚਾ। ੪. ਸ਼੍ਰੇਸ਼੍ਠ. ਉੱਤਮ। ੫. ਭਾਈ ਸੰਤੋਖ ਸਿੰਘ ਨੇ ਸਿੰਧੀ ਆਲੋ (ਗਿੱਲੇ) ਦੀ ਥਾਂ ਆਲੀ ਇਸਤ੍ਰੀ (ਸਤ੍ਰੀ) ਲਿੰਗ ਵਰਤਿਆ ਹੈ. "ਉਰ ਸੁਲਗਤ ਲਕਰੀ ਜਿਮਿ ਆਲੀ." (ਗੁਪ੍ਰਸੂ) ਦੇਖੋ, ਆਲੋ.

ਆਲੀ ਸਿੰਘ: ਇਹ ਸੱਜਨ ਸਲੌਦੀ ਪਿੰਡ ਦਾ ਵਸਨੀਕ ਆਪਣੇ ਭਾਈ ਮਾਲੀ ਸਿੰਘ ਸਮੇਤ ਸਰਹਿੰਦ ਦੇ ਸੂਬੇ ਵਜ਼ੀਰ ਖ਼ਾਨ ਪਾਸ ਨੌਕਰ ਸੀ. ਜਦ ਬੰਦਾ ਬਹਾਦੁਰ ਖਾਲਸਾਦਲ ਨਾਲ ਪੰਜਾਬ ਪੁੱਜਾ, ਤਦ ਸੂਬੇ ਨੇ ਇਨ੍ਹਾਂ ਨੂੰ ਤਰਕ ਮਾਰੀ. ਇਹ ਆਪਣਾ ਅਪਮਾਨ ਨਾ ਸਹਾਰਦੇ ਹੋਏ ਨੌਕਰੀ ਛੱਡਕੇ ਖਾਲਸਾਦਲ ਨਾਲ ਜਾ ਮਿਲੇ, ਸਰਹਿੰਦ ਫਤੇ ਹੋਣ ਪੁਰ ਆਲੀ ਸਿੰਘ ਸਰਹਿੰਦ ਦਾ ਨਾਇਬ ਸੂਬਾ ਥਾਪਿਆ ਗਿਆ. ਦਿੱਲੀ ਵਿੱਚ ਬੰਦੇ ਬਹਾਦੁਰ ਦੇ ਨਾਲ ਹੀ ਆਲੀ ਸਿੰਘ ਸ਼ਹੀਦ ਹੋਇਆ।

ਆਲੀਢ: ਸੰ. ਵਿ- ਚੱਟਿਆ ਹੋਇਆ. ਸੜੱਪਿਆ। ੨. ਸੰਗਯਾ- ਸ਼ਿਕਾਰ ਖੇਡਣ ਵੇਲੇ ਇਉਂ ਲੇਟਣ ਦੀ ਕ੍ਰਿਯਾ, ਜਿਸ ਤੋਂ ਜਾਨਵਰ ਨਿਡਰ ਹੋ ਕੇ ਪਾਸ ਆਜਾਣ.

ਆਲੀਣ, ਆਲੀਣਾ, ਆਲੀਨ: ਦੇਖੋ, ਅਲੀਣ। ੨. ਸੰ. ਆਲੀਨ. ਵਿ- ਲੈ ਹੋਇਆ. ਲੀਨ ਹੋਇਆ. ਅਭੇਦ ਹੋਇਆ. "ਜਨਕ ਰਾਜ ਵਰਤਾਇਆ ਸਤਯੁਗ ਆਲੀਣਾ" (ਸਵੈਯੇ ਮਃ ੫. ਕੇ) ਕਲਯੁਗ ਵਿੱਚ ਸਤਯੁਗ ਆ ਸਮਾਇਆ ਹੈ.

ਆਲੁ, ਆਲੂ: ਸੰ. ਸੰਗਯਾ- ਇੱਕ ਪ੍ਰਕਾਰ ਦਾ ਕੰਦ, ਜੋ ਗੋਲ ਅਤੇ ਆਂਡੇ ਦੀ ਸ਼ਕਲ ਦਾ ਜ਼ਮੀਨ ਵਿੱਚ ਹੁੰਦਾ ਹੈ, ਜਿਸ ਦੀ ਤਰਕਾਰੀ ਆਮ ਲੋਕ ਵਰਤਦੇ ਹਨ. ਇਸ ਦਾ ਬੀਜ ਪਹਲੇ ਪਹਲ ਸਰ ਵਾਲਟਰ ਰੇਲੇ (Sir walter Raleigh) ਸਨ ੧੫੮੪ ਵਿੱਚ ਅਮਰੀਕਾ ਤੋਂ ਲਿਆਇਆ ਸੀ. ਅੰ. Potato. L. Solanum tuberosum. ੨. ਸੁਰਾਹੀ. ਝਾਰੀ। ੩. ਫ਼ਾ. آلوُ ਆਲੂ. ਸੰ. ਆਲੂਕ. ਇੱਕ ਪ੍ਰਕਾਰ ਦਾ ਫਲ, ਜੋ ਗਰਮੀਆਂ ਵਿੱਚ ਪਕਦਾ ਹੈ ਅਤੇ ਖਟ ਮਿਠਾ ਹੁੰਦਾ ਹੈ. "ਨਾਸਪਾਤਿ ਪਿਸਤਾ ਰਸ ਆਲੂ." (ਗੁਪ੍ਰਸੂ) ਦੇਖੋ, ਆਲੂਚਾ ਅਤੇ ਆਲੂ ਬੁਖਾਰਾ.

ਆਲੂਚਾ: ਫ਼ਾ. آلوُچہ ਸੰ. ਆਲੂਕ ਅਤੇ ਵੀਰਾਰੁਕ. ਸੰਗਯਾ- ਆਲੂ. L. Prunus domestica. ਅੰ. Plum.

ਆਲੂਦਹ ਮਗ਼ਜ਼: ਫ਼ਾ. آلوُدہمغز ਵਿ- ਗੰਦੇ ਦਿਮਾਗ਼ ਵਾਲਾ. ਦੇਖੋ, ਆਲੂਦਾ.

ਆਲੂਦਨ: ਫ਼ਾ. آلوُدن ਲਬੇੜਨਾ। ੨. ਲਿਬੜਨਾ.

ਆਲੂਦਾ, ਆਲੂਦਿਆ: ਫ਼ਾ. آلوُدہ ਵਿ- ਲਿਬੜਿਆ ਹੋਇਆ। ੨. ਗੰਦਾ. ਅਪਵਿਤ੍ਰ. ਇਸ ਦਾ ਧਾਤੁ ਆਲੂਦਨ ਹੈ. "ਨਾਨਕ ਵਿਣੁ ਨਾਵੈ ਆਲੂਦਿਆ." (ਵਾਰ ਮਾਰੂ ੨. ਮਃ ੫)

ਆਲੂ ਬੁਖ਼ਾਰਾ: ਫ਼ਾ. آلوُبخارا ਸੰਗਯਾ- ਬੁਖ਼ਾਰੇ ਦਾ ਆਲੂਚਾ. ਦਮਿਸ਼ਕ ਦਾ ਆਲੂ. ਯੂਨਾਨੀ ਹਕੀਮ ਇਸ ਨੂੰ ਅਨੇਕ ਨੁਸਖਿਆਂ ਵਿੱਚ ਵਰਤਦੇ ਹਨ. ਇਸ ਦੀ ਤਾਸੀਰ ਸਰਦ ਤਰ ਹੈ. ਇਹ ਅੰਤੜੀਆਂ ਨੂੰ ਨਰਮ ਕਰਦਾ ਹੈ. ਪਿੱਤੀ ਤਾਪ ਨੂੰ ਮਿਟਾਉਂਦਾ ਹੈ. ਲਹੂ ਨੂੰ ਸਾਫ ਅਤੇ ਕ੍ਰੈ ਬੰਦ ਕਰਦਾ ਹੈ. ਪਿਆਸ ਹਟਾਉਂਦਾ ਹੈ. ਇਹ ਖੱਟਾ ਹੋਣ ਤੇ ਭੀ ਖਾਂਸੀ ਨਹੀਂ ਵਧਾਉਂਦਾ.

ਆਲੇ: ਦੇਖੋ, ਆਲੀ ੩.

ਆਲੇਖ: ਸੰ. ਸੰਗਯਾ- ਲਿਖਣਾ. ਤਹ਼ਰੀਰ ਕਰਨਾ। ੨. ਦੇਖੋ, ਅਲੇਖ.

ਆਲੋ: ਸਿੰਧੀ. ਗਿੱਲਾ. ਭਿੱਜਿਆ. "ਪਟ ਪਾਲੋ ਭੀ ਆਲੋ ਹੈਨ." (ਗੁਪ੍ਰਸੂ) ੨. ਹਰਾ. ਸ਼ਬਜ.

ਆਲੋਹਰਖ: ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਥਾਣਾ ਭਵਾਨੀ ਗੜ੍ਹ ਵਿੱਚ ਇੱਕ ਪਿੰਡ. ਇਸ ਪਿੰਡ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਗੁਣੀਕੇ ਤੋਂ ਇੱਥੇ ਆਏ ਹਨ.

ਗੁਰੁਦ੍ਵਾਰਾ ਪੱਕਾ ਬਹੁਤ ਸੁੰਦਰ ਸੰਮਤ ੧੯੬੬ ਵਿੱਚ ਸੰਗਤਾਂ ਨੇ ਬਣਾਇਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਬੀੜਾਂ ਦਾ ਪ੍ਰਕਾਸ਼ ਹੁੰਦਾ ਹੈ. ਗੁਰੂ ਜੀ ਦੇ ਚਰਣ ਪਾਉਣ ਵਾਲੀ ਥਾਂ ਛੋਟਾ ਜਿਹਾ ਦਰਬਾਰ ਜੁਦਾ ਹੈ. ਪਾਸ ਰਿਹਾਇਸ਼ੀ ਮਕਾਨ ਹਨ. ਪੁਜਾਰੀ ਪ੍ਰੇਮੀ ਅਤੇ ਉੱਦਮੀ ਸਿੰਘ ਹੈ. ਗੁਰਦ੍ਵਾਰੇ ਨਾਲ ੧੨੫ ਵਿੱਘੇ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਨਾਭਾ ਰੇਲਵੇ ਸਟੇਸ਼ਨ ਤੋਂ ਨੌ ਮੀਲ ਪੱਛਮ, ਭਵਾਨੀ ਗੜ੍ਹ ਵਾਲੀ ਪੱਕੀ ਸੜਕ ਦੇ ਨੇੜੇ ਹੀ ਹੈ.

ਆਲੋਕ: ਸੰ. ਸੰਗਯਾ- ਪ੍ਰਕਾਸ਼. ਚਮਤਕਾਰ। ੨. ਦਰਸ਼ਨ. ਦੀਦਾਰ.

ਆਲੋਚਨ: ਸੰ. ਸੰਗਯਾ- ਦਰਸ਼ਨ. ਦੀਦਾਰ। ੨. ਜਾਂਚ. ਵਿਚਾਰ.

ਆਲੋਚਨਾ: ਸੰ. ਸੰਗਯਾ- ਜਾਂਚ. ਪੜਤਾਲ. ਗੁਣ ਦੋਸ਼ ਦਾ ਨਿਰਣਾ। ੨. ਨਜਰ ਸ਼ਾਨੀ। ੩. ਕਿਸੇ ਗ੍ਰੰਥ ਦੇ ਵਿਸ਼ਿਆਂ ਦੀ ਪੜਤਾਲ ਅਤੇ ਯਥਾਰਥ ਨਿਰਣੇ ਦਾ ਸਿੱਟਾ. Review.

ਆਲੰਬ: ਦੇਖੋ, ਅਲੰਬ.

ਆਲੰਬਨ: ਦੇਖੋ, ਅਲੰਬਨ.

ਆਲੰਬਨ ਵਿਭਾਵ: ਜਿਸ ਦੇ ਅਵਲੰਬ (ਆਸਰੇ) ਰਸ ਉਪਜੇ ਉਹ ਵਿਭਾਵ. ਜੈਸੇ ਸ਼੍ਰਿੰਗਾਰ ਰਸ ਵਿੱਚ ਨਾਇਕ ਨਾਇਕਾ, ਰੌਦ੍ਰ ਰਸ ਵਿੱਚ ਵੈਰੀ, ਹਾਸ੍ਯ ਰਸ ਵਿੱਚ ਅਨੋਖਾਰੂਪ ਅਥਵਾ ਸ਼ਬਦ, ਕਰੁਣਾ ਰਸ ਵਿੱਚ ਚਿੱਤ ਨੂੰ ਪਘਰਾ ਦੇਣ ਵਾਲੀ ਬਾਤ ਅਥਵਾ ਸ਼ਕਲ, ਵੀਰ ਰਸ ਵਿੱਚ ਵੈਰੀ ਅਥਵਾ ਉਸ ਦੀ ਵਸ੍ਤੂ ਭਯਾਨਕ ਰਸ ਵਿੱਚ ਭਯੰਕਰ ਰੂਪ, ਵੀਭਤਸ ਰਸ ਵਿੱਚ ਗਲਾਨੀ ਪੈਦਾ ਕਰਨ ਵਾਲੇ ਪੂੰ ਮਿੰਜ ਆਦਿ ਪਦਾਰਥ, ਅਦਭੁਤ ਰਸ ਵਿੱਚ ਅਲੌਕਿਕ ਵਸਤੂ ਅਤੇ ਸ਼ਾਂਤ ਰਸ ਵਿੱਚ ਅਨਿੱਤ ਵਸਤੂ, ਅਤੇ ਵਾਤਸਲ੍ਯ ਰਸ ਵਿੱਚ ਪੁਤ੍ਰ ਆਦਿਕ ਆਲੰਬਨ ਵਿਭਾਵ ਹਨ.

ਆਲ੍ਹਣਾ: ਦੇਖੋ, ਆਲਨਾ.

ਆਵ, ਆਂਵ: ਆਯੁ. ਸੰਗਯਾ- ਉਮਰ ਅਵਸ੍ਥਾ. "ਆਵ ਘਟੈ ਤਨ ਛੀਜੈ." (ਵਡ ਮਃ ੩. ਅਲਾਹਣੀਆਂ) "ਆਂਵ ਘਟੈ ਦਿਨ ਜਾਇ." (ਸ੍ਰੀ ਮਃ ੧. ਪਹਿਰੇ) ੨. ਆਓ. ਦੇਖੋ, ਆਵਨ. "ਆਵ ਆਵ ਸੁ ਭਾਵ ਸੋਂ ਕਹਿ." (ਪਾਰਸਾਵ) "ਜੇ ਤਿਸੁ ਨਦਰਿ ਨ ਆਵਈ." (ਜਪੁ).

ਆਵਈ: ਆਉਂਦਾ. ਆਵੇ. ਦੇਖੋ, ਆਵ ਅਤੇ ਆਵਨ.

ਆਵਸ, ਆਵਸਿ: ਦੇਖੋ, ਆਵਨ। ੨. ਦੇਖੋ, ਅਵਸ਼੍ਯ। ੩. ਆਵੇਗਾ (ਗੀ).

ਆਵਸ਼੍ਯਕ: ਸੰ. ਵਿ- ਜ਼ਰੂਰੀ.

ਆਵਸ਼੍ਯਕਤਾ: ਸੰ. ਸੰਗਯਾ- ਲੋੜ. ਜ਼ਰੂਰਤ.

ਆਵਹੁ, ਆਵਹੋ: ਆਓ. "ਆਵਹੁ ਭੈਣੇ ਗਲਿ ਮਿਲਹਿ." (ਸ੍ਰੀ ਮਃ ੧) "ਆਵਹੋ ਸੰਤਜਨਹੁ !" (ਸੂਹੀ ਛੰਤ ਮਃ ੪)

ਆਵਗਿ: ਆਵੇਗੀ. "ਆਵਗ ਆਗਿਆ ਪਾਰਬ੍ਰਹਮ ਕੀ." (ਆਸਾ ਮਃ ੫)

ਆਵਗੀਰ: ਦੇਖੋ, ਆਬਗੀਰ.

ਆਵਗਜਕ: ਸੰ. ਅਾਵਜ੍ਞਕ. ਵਿ- ਅਵਗਜਾ- ਕਰਨ ਵਾਲਾ. ਨਿਰਾਦਰ ਕਰਤਾ। ੨. ਬੇਅਦਬ.

ਆਵਜ: ਦੇਖੋ, ਆਵਾਜ। ੨. ਪ੍ਰਾ. ਸੰਗਜਾ- ਤਾਸ਼ੇ ਦੇ ਢੰਗ ਦਾ ਇੱਕ ਵਾਜਾ. "ਸੁਰੇਸ ਕੇ ਆਵਜ ਸੂਰ ਕੇ ਨਾਦ ਸੁਨੇ ਦਰਵਾਜੇ." (ਚਰਿਤ੍ਰ ੧੦੮)

ਆਵਟਣ, ਆਵਟਣੁ, ਆਵਟਨ: ਕ੍ਰਿ- ਉੱਤਾਪਨ. ਕਾੜ੍ਹਨਾ. ਤਪਾਉਣਾ। ੨. ਸੰਗਜਾ- ਔਟਾਨੇ (ੳਬਾਲਨੇ) ਅਰਥ ਦੁੱਧ ਵਿੱਚ ਪਾਇਆ ਪਾਣੀ. ਹੰਘਾਲ. "ਆਵਟਣੁ ਆਪੇ ਖਵੈ ਦੁਧ ਕਉ ਖਪਣ ਨ ਦੇਇ." (ਸ੍ਰੀ ਮਃ ੧) ੩. ਸੰ. ਅਾਵਰ੍ਤਿਨ- ਆਵਰ੍ਤਿੰਨ. ਜਿਸ ਵਿੱਚ ਭੌਰੀਆਂ (ਚਕ੍ਰ) ਪੈਂਦੇ ਹਨ, ਐਸਾ ਜਲ। ੪. ਸੰ. ਅਾਾਵਰ੍ਤਨ- ਆਵਰ੍ਤੰਨ. ਸੰਗਜਾ- ਘੁਮਾਉ. ਚਕ੍ਰ. ਗੇੜਾ। ੫. ਮਥਨਾ. ਰਿੜਕਨਾ। ੬. ਧਾਤੁ ਦਾ ਪਘਾਰਨਾ. ਗਾਲਨਾ। ੭. ਕੁੱਟਣਾ. ਤਾੜਨਾ. ਪੀਟਨਾ. "ਜਹਿ ਆਵਟੇ ਬਹੁਤ ਘਨ ਸਾਥ." (ਆਸਾ ਮਃ ੫)

ਆਵਟੇ: ਦੇਖੋ, ਆਵਟਨ ੭.

ਆਵਣ: ਸੰਗਜਾ- ਆਗਮਨ. ਆਉਣ ਦੀ ਕ੍ਰਿਯਾ। ੨. ਜਨਮ ਧਾਰਣ.

ਆਵਣ ਜਾਣ, ਆਵਣ ਜਾਣਾ: ਸੰਗਜਾ- ਆਵਾਗਮਨ. ਜਨਮ ਮਰਣ. ਦੇਖੋ, ਆਵਾਗਮਨ. "ਆਵਣ ਜਾਣ ਰਹੇ ਸੁਖ ਪਾਇਆ." (ਸੂਹੀ ਛੰਤ ਮਃ ੩) "ਤਨ ਮਨ ਥਾਪਿ ਕੀਤਾ ਸਭ ਅਪਨਾ ਏਹੋ ਆਵਣ ਜਾਣਾ." (ਰਾਮ ਮਃ ੫) ੨. ਵਿ- ਕ੍ਸ਼ਣ- ਭੰਗੁਰ. ਖਿਨ ਵਿੱਚ ਨਾਸ਼ ਹੋਣ ਵਾਲਾ. ਨਾਪਾਇਦਾਰ। ੩. ਕ੍ਰਿ- ਆਉਣਾ ਅਤੇ ਜਾਣਾ.

ਆਵਣ ਜਾਣੀ: ਦੇਖੋ, ਆਵਣ ਜਾਣਾ। ੨. ਇਸਥਿਤ ਨਾ ਰਹਿਣ ਵਾਲੀ. ਵਿਨਸਨਹਾਰ. "ਇਨਿ ਮਨਿ ਡੀਠੀ ਸਭ ਆਵਣ ਜਾਣੀ." (ਮਾਝ ਅਃ ਮਃ ੩) ੩. ਸੰਗਜਾ- ਸ੍ਰਿਸ਼੍ਟਿ. ਮਖ਼ਲੂਕ਼ਾਤ. "ਨਾਮ ਤੇਰਾ ਸਭ ਕੋਈ ਲੇਤ ਹੈ ਜੇਤੀ ਆਵਣਜਾਣੀ." (ਆਸਾ ਅਃ ਮਃ ੩)

ਆਵਣ ਜਾਣੁ: ਆਗਮਨ ਦਾ ਗਜਾਨ. ਸੰਸਾਰ ਵਿੱਚ ਮਨੁੱਖ ਜਨਮ ਕਿਸ ਵਾਸਤੇ ਮਿਲਿਆ ਹੈ ਇਹ ਗਜਾਨ। ੨. ਦੇਖੋ, ਆਵਣ ਜਾਣ.

ਆਵਣ ਜਾਵਣ: ਦੇਖੋ, ਆਵਣ ਜਾਣਾ. "ਆਵਣ ਜਾਵਣ ਤਉ ਰਹੈ, ਪਾਈਐ ਗੁਰੁ ਪੂਰਾ." (ਆਸਾ ਅਃ ਮਃ ੧)

ਆਵਣ ਵਾਰ. ਵਿ- ਆਉਣ ਵਾਲਾ. ਆਗਮਨ ਕਰਤਾ। ੨. ਸੰਗਜਾ- ਜਨਮ ਦਾ ਵੇਲਾ. ਜਨਮ ਸਮਾਂ. "ਬਹੁੜਿ ਨ ਆਵਣ ਵਾਰ." (ਪ੍ਰਭਾ ਮਃ ੧)

ਆਵਣਾ: ਦੇਖੋ, ਆਵਣ.

ਆਵਣਿ ਜਾਣਿ: ਆਉਣ ਜਾਣ ਵਿੱਚ. ਆਨੇ ਜਾਨੇ (ਜਨਮ ਮਰਨ) ਮੇਂ "ਆਵਣਿ ਜਾਣਿ ਵਿਗੁਚੀਐ." (ਓਅੰਕਾਰ)

ਆਵਣੁ. ਦੇਖੋ, ਆਵਣ.

ਆਵਣੁ ਜਾਣੁ: ਦੇਖੋ, ਆਵਣ ਜਾਣਾ. "ਆਵਣੁ ਜਾਣੁ ਨ ਚੁਕਈ." (ਸ੍ਰੀ ਮਃ ੧) ੨. ਸੰਗਜਾ- ਆਗਮਨ ਦਾ ਜਾਣੁ (ਗਜਾਨ). ਦੁਨੀਆਂ ਵਿੱਚ ਅਸੀਂ ਕਿਉਂ ਆਏ ਹਾਂ ਅਤੇ ਅਸੀਂ ਕੀ ਕਰਨਾ ਹੈ? ਇਹ ਗਜਾਨ. "ਆਵਣੁ ਜਾਣੁ ਬਿਭੂਤਿ ਲਾਇ ਜੋਗੀ! ਤਾ ਤੀਨ ਭਵਣ ਜਿਣਿ ਲਇਆ." (ਰਾਮ ਅਃ ਮਃ ੩)

ਆਵਣੁ ਵੰਞਣੁ: ਸੰਗਜਾ- ਜਨਮ ਮਰਣ. ਆਵਾਗਮਨ. "ਆਵਣੁ ਵੰਞਣੁ ਡਾਖੜੋ." (ਸ੍ਰੀ ਅਃ ਮਃ ੧) ੨. ਕਿ- ਜੰਮਣਾ ਮਰਨਾ। ੩. ਆਉਣਾ ਅਤੇ ਜਾਣਾ.

ਆਵਣੇ ਜਾਵਣੇ: ਵਿ- ਆਉਣ ਜਾਣ ਵਾਲੇ. ਜਨਮ ਮਰਨ ਵਾਲੇ. "ਆਵਣੇ ਜਾਵਣੇ ਖਰੇ ਡਰਾਵਣੇ." (ਸੂਹੀ ਛੰਤ ਮਃ ੧) ੨. ਕ੍ਰਿ. ਵਿ- ਆਉਂਦੇ ਜਾਂਦੇ.

ਆਵਤ: ਆਉਂਦਾ. ਦੇਖੋ, ਆਵਨ.

ਆਵਤ ਜਾਤ: ਵਿ- ਆਉਂਦਾ ਜਾਂਦਾ. ਜੰਮਦਾ ਮਰਦਾ। ੨. ਸੰਗਯਾ- ਜਨਮ ਮਰਣ. "ਆਵਤ ਜਾਤ ਰਹੇ ਸ੍ਰਮ ਨਾਸੇ." (ਕਾਨ ਮਃ ੫)

ਆਵਧ: ਸੰ. ਆਯੁਧ. ਸੰਗਯਾ- ਜਿਸ ਨਾਲ ਯੁੱਧ ਕਰੀਏ ਸ਼ਸਤ੍ਰ. ਹਥਿਆਰ "ਕੋਟਿ ਆਵਧ ਤਿਸੁ ਬੇਧਤ ਨਾਹੀ." (ਸੂਹੀ ਮਃ ੫) "ਪ੍ਰਹਾਰੇਣ ਲਖਯ ਆਵਧਹ." (ਸਹਸ ਮਃ ੫) ੨. ਅਵਧ. ਅਯੋਧਯਾ. ਔਧ. "ਆਵਧ ਰਾਜ ਤ੍ਰਿਯਾ ਜਹਿ ਸੋਭਤ." (ਰਾਮਾਵ) ੩. ਦੇਖੋ, ਆਵੱਧ.

ਆਵਧਰਾਜ: ਅਯੋਧਯਾ ਦਾ ਰਾਜਾ ਦਸ਼ਰਥ. ਦੇਖੋ, ਆਵਧ ੨.

ਆਵੱਧ: ਸੰ. ਅਵਧਯ. ਵਿ- ਨਾ ਮਾਰਣ ਯੋਗਯ। ੨. ਜਿਸ ਦਾ ਵਧ (ਮਾਰਨਾ) ਔਖਾ ਹੈ। ੩. ਸੰ. आविद्ध- ਆਵਿੱਧ. ਵਿੰਨ੍ਹਿਆ ਹੋਇਆ. ਪਰੋਇਆ. "ਆਵੱਧ ਸਾਵੰਤ ਖੇਤੰ." (ਗਯਾਨ) ਵੇਧਨ ਹੋਏ (ਘਾਇਲ) ਯੋਧਾ ਖੇਤ ਵਿੱਚ.

ਆਵਨ: ਸੰਗਯਾ- ਆਗਮਨ. ਆਉਣਾ। ੨. ਜਨਮ. "ਆਵਨ ਆਏ ਸ੍ਰਿਸਟਿ ਮਹਿ." (ਬਾਵਨ)

ਆਵਨਜਾਨੁ, ਅਵਨਜਾਵਨੁ: ਦੇਖੋ, ਆਵਣੁ ਜਾਣੁ. "ਆਵਨਜਾਨੁ ਇਕ ਖੇਲ ਰਚਾਇਆ." (ਸੁਖਮਨੀ) "ਆਵਨਜਾਵਨੁ ਮਾਇਆ ਧੰਧ." (ਰਾਮ ਮਃ ੫)

ਆਵਨਿ: ਆਉਂਦੇ ਹਨ। ੨. ਆਉਣਗੇ.

ਆਵਨਿ ਅਠਤਰੈ: ਵਾ- ਤਿਲੰਗ ਰਾਗ ਵਿੱਚ ਗੁਰੂ ਨਾਨਕ ਦੇਵ ਦਾ ਇਹ ਭਵਿਸ਼ਯਤ ਦਾ ਹਾਲ ਪ੍ਰਗਟ ਕਰਨ ਵਾਲਾ ਵਾਕ ਹੈ, ਜੋ ਭਾਈ ਲਾਲੋ ਪ੍ਰੇਮੀ ਨੂੰ ਸੰਬੋਧਨ ਕਰਕੇ ਉਚਾਰਿਆ ਹੈ. ਯਥਾ:-

"ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ." ਇਸ ਦਾ ਅਰਥ ਹੈ ਕਿ ਇਸ ਥਾਂ ਸੈਦਪੁਰ (ਏਮਨਾਬਾਦ) ਵਿੱਚ ਮੁਗਲ ੧੫੭੮ ਬਿਕ੍ਰਮੀ ਨੂੰ ਆਕੇ ਹੰਕਾਰੀ ਪਠਾਣਾਂ ਨੂੰ ਤਬਾਹ ਕਰਨਗੇ, ਅਤੇ ਭਾਰਤ ਤੋਂ ਸੰਮਤ ੧੫੯੭ ਨੂੰ ਚਲੇ ਜਾਣਗੇ, ਪਠਾਣਾਂ ਵਿੱਚੋਂ ਭੀ ਇੱਕ ਹੋਰ ਮਰਦ ਦਾ ਚੇਲਾ ਪ੍ਰਗਟ ਹੋਵੇਗਾ.

ਬਾਬਰ ਦੇ ਹਿੰਦੁਸਤਾਨ ਉੱਪਰ ਪੰਜ ਹੱਲੇ ਹੋਏ ਹਨ. ਇਹ ਤੀਜਾ ਹੱਲਾ ਸੰਮਤ ੧੫੭੮ ਦਾ ਸੀ, ਜਿਸ ਵਿੱਚ ਸੈਦਪੁਰ ਦੇ ਅਹੰਕਾਰੀ ਪਠਾਣ ਬਾਬਰ ਨੇ ਕਤਲ ਕੀਤੇ. ਸੰਮਤ ੧੫੯੭ ਵਿੱਚ ਕਨੌਜ ਦੀ ਲੜਾਈ ਅੰਦਰ ਸ਼ੇਰ ਸ਼ਾਹ ਤੋਂ ਹਾਰ ਖਾ ਕੇ ਹੁਮਾਯੂੰ ਭਾਰਤ ਛੱਡ ਗਿਆ."ਭੀ" ਸ਼ਬਦ ਬੋਧਨ ਕਰਦਾ ਹੈ ਕਿ ਮੁਗਲਾਂ ਕਰਕੇ ਜਿੱਤੇ ਹੋਏ ਪਠਾਣ ਫੇਰ ਭੀ ਰਾਜ ਪਾਉਣਗੇ, ਸੋ ਸ਼ੇਰ ਸ਼ਾਹ ਨੇ ਦਿੱਲੀ ਦਾ ਤਖ਼ਤ ਪ੍ਰਾਪਤ ਕੀਤਾ.

ਕਈ ਵਿਦ੍ਵਾਨ ਇਸ ਪੇਸ਼ੀਨਗੋਈ ਨੂੰ ਬਿਕ੍ਰਮੀ ਸੋਲਵੀਂ ਸਦੀ ਤੋਂ ਲੈ ਕੇ ਬੀਸਵੀਂ ਸਦੀ ਤਕ ਵਰਤਦੇ ਹਨ, ਅਰ "ਮਰਦ ਕਾ ਚੇਲਾ" ਦਸ਼ਮੇਸ਼ ਅਤੇ ਖ਼ਾਲਸਾ ਪੰਥ ਨੂੰ, ਤਥਾ ਬੰਦਾ ਬਹਾਦੁਰ ਆਦਿ ਅਨੇਕਾਂ ਨੂੰ ਕਲਪਦੇ ਹਨ, ਪਰ ਇਹ ਉਨਾਂ ਦੀ ਭੁੱਲ ਹੈ, ਕਿਉਂਕਿ ਸਦੀ ਦਾ ਅੰਗ ਸਾਥ ਲਾਏ ਬਿਨਾ ਵਿਚਕਾਰਲੇ ਅੰਗ ਕੇਵਲ ਵਰਤਮਾਨ ਸਦੀ ਦੇ ਹੀ ਵਰਤੇ ਜਾ ਸਕਦੇ ਹਨ, ਜੋ ਸੋਲਵੀਂ ਸਦੀ ਤੋਂ ਬਾਹਰ ਦੀ ਘਟਨਾ ਸਤਿਗੁਰੂ ਵਰਣਨ ਕਰਦੇ, ਤਦ ਸਦੀ ਦਾ ਅੰਗ ਜਰੂਰ ਜੋੜਦੇ. ਏਥੇ ਕੇਵਲ ਸੋਲਵੀਂ ਸਦੀ ਦਾ ੭੮ ਅਤੇ ੯੭ ਹੈ.

ਆਵਨਿ ਵੰਵਨਿ: ਦੇਖੋ, ਆਵਿਣ ਜਾਣਿ.

ਆਵਨੁ: ਦੇਖੋਂ, ਆਵਣ.

ਆਵਰ: ਫ਼ਾ. آور ਪ੍ਰਤ੍ਯ- ਇਹ ਨਾਉਂ ਦੇ ਅੰਤ ਲਗਣ ਤੋਂ ਵਿਸ਼ੇਸ਼ਣ ਬਣਾ ਦਿੰਦਾ ਹੈ. ਜੈਸੇ- ਦਿਲਾਵਰ. ਇਹ ਸ਼ਬਦ ਆਵੁਰਦਨ ਧਾਤੁ ਤੋਂ ਨਿਕਲਿਆ ਹੈ.

ਆਵਰਕ: ਵਿ- ਆਵਰਣ ਕਰਤਾ. ਢਕਣ ਵਾਲਾ.

ਆਵਰਣ: ਸੰ. ਸੰਗਯਾ- ਪਰਦਾ. ਢੱਕਣ. ਗ਼ਿਲਾਫ਼। ੨. ਢਾਲ. ਸਿਪਰ. ਚਰਮ। ੩. ਅਵਿਦ੍ਯਾ- ਅਗ੍ਯਾਨ.

ਆਵਰਤ: ਸੰ. आवर्त- ਆਵਰ੍ਤ. ਸੰਗ੍ਯਾ- ਪਾਣੀ ਦਾ ਚੱਕਰ. ਭੌਰੀ. "ਤੀਨਿ ਆਵਰਤ ਕੀ ਚੂਕੀ ਘੇਰ." (ਰਾਮ ਮਃ ੫) ਤਿੰਨ ਗੁਣਾਂ ਦੀ ਘੁੰਮਣਘੇਰੀ ਮਿਟ ਗਈ। ੨. ਚਿੰਤਾ. ਸੋਚ। ੩. ਆਵਾਗਮਨ. ਚੌਰਾਸੀ ਦਾ ਗੇੜ.

ਆਵਰਤਏਥਹ: ਦੇਖੋ, ਅਵਰਤਏਥਹ.

ਆਵਰਦ: ਸੰਗ੍ਯਾ- ਸੁਰਾਂ ਦੀ ਆਵਰ੍ਤ (ਲਹਿਰ). ਤਾਨ. ਆਰੋਹੀ ਅਵਰੋਹੀ ਤਾਨ ਦਾ ਮਿਲਾਪ। ੨. ਫ਼ਾ. آورد ਲਿਆਵੇ. ਲਿਆਉਂਦਾ ਹੈ. ਲਿਆਵੇਗਾ.

ਆਵਰਦਾ: ਡਿੰਗ. ਸੰਗ੍ਯਾ- ਅਵਸਥਾ. . ਉਮਰ. ਜੀਵਨ. "ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ." (ਧਨਾ ਮਃ ੫) ੨. ਫ਼ਾ. آوردا ਵਿ- ਲਿਆਂਦਾ ਹੋਇਆ। ੩. ਪੇਸ਼ ਕੀਤਾ. ਦੇਖੋ, ਆਵੁਰਦਨ.

ਆਵਲ: ਦੇਖੋ, ਆਉਲ। ੨. ਇੱਕ ਜੱਟ ਗੋਤ. ਦੇਖੋ, ਅਉਲ ੪। ੩. ਸੰ. ਆਵਿਲ. ਵਿ- ਮਲੀਨ। ੪. ਪਰੇਸ਼ਾਨ. "ਹਉ ਫਿਰਉ ਦਿਵਾਨੀ ਆਵਲ ਬਾਵਲ." (ਦੇਵ ਮਃ ੪)

ਆਵਲ ਖੇੜੀ: ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਕੁਰੁਛੇਤ੍ਰ (ਕੁਰੁਕ੍ਸ਼ੇਤ੍ਰ) ਤੋਂ ਚਲਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਪਿੰਡ ਡੇਰਾ ਕੀਤਾ ਹੈ. "ਚਢੇ ਇਕਾਕੀ ਸਤਿਗੁਰੂ ਆਵਲ ਖੇੜੀ ਗ੍ਰਾਮ। ਪਹੁਚੇ ਤਿਸ ਥਲ ਜਾਇਕਰ ਉਤਰੇ ਹਿਤ ਬ੍ਰਿਸਾਮ." (ਗੁਪ੍ਰਸੂ)

ਆਵਲ ਬਾਵਲ: ਹੈਰਾਨ ਪਰੇਸ਼ਾਨ ਅਤੇ ਮਜਨੂਨ ਦੇਖੋ ਆਵਲ.

ਆਵਲਾ: ਆਮਲਕ. ਦੇਖੋ, ਆਉਲਾ. "ਜਣੁ ਡਾਲਿ ਚਮੁੱਟੇ ਆਵਲੇ." (ਚੰਡੀ ੩)

ਆਵਲਿ: ਸੰ. ਸੰਗ੍ਯਾ- ਕ਼ਤ਼ਾਰ. ਪੰਕਤਿ. ਸ਼੍ਰੇਣੀ.

ਆਵੜਨਾ: ਦੇਖੋ, ਔੜਨਾ. ਔਸਾਨ ਵਿੱਚ ਆਉਣਾ.

ਆਵਾ: ਸੰਗ੍ਯਾ- ਇੱਟਾਂ ਪਕਾਉਣ ਦਾ ਪਚਾਵਾ. ਭੱਠਾ.

ਆਵਾਇਲ: ਅਵਾਇਲਪਨ ਦੇ ਕਰਮ. ਦੇਖੋ, ਅਵਾਇਲ. "ਮਨ ਸਮਝੁ ਛੋਡਿ ਆਵਾਇਲੇ." (ਗੌਂਡ ਮਃ ੫)

ਆਵਾਸ: ਦੇਖੋ, ਅਵਾਸ.

ਆਵਾਹਨ: ਸੰ. ਸੰਗ੍ਯਾ- ਬੁਲਾਉਣ ਦੀ ਕ੍ਰਿਯਾ. ਸੱਦਣਾ। ੨. ਮੰਤ੍ਰ ਦ੍ਵਾਰਾ ਕਿਸੇ ਦੇਵਤੇ ਨੂੰ ਸੱਦਣ ਦੀ ਕ੍ਰਿਯਾ. "ਆਵਾਹਨ ਸਗਰੇ ਸੁਰ ਕਰੇ." (ਗੁਪ੍ਰਸੂ)

ਆਵਾਗਉਣ, ਆਵਾਗਉਨ, ਆਵਾਗਮਨ, ਆਵਾਗਵਣੁ, ਆਵਾਗਵਨ, ਆਵਾਗੌਣ, ਆਵਾਗੌਨ: ਸੰ. आवागमन. ਸੰਗ੍ਯਾ- ਆਉਣਜਾਣ ਦੀ ਕ੍ਰਿਯਾ. ਆਗਮਨ ਅਤੇ ਗਮਨ. ਆਵਾਜਾਈ। ੨. ਜਨਮ ਮਰਣ. ਪੈਦਾ ਹੋਣਾ ਅਤੇ ਮਰਨਾ। ੩. ਜੀਵਾਤਮਾ ਦਾ ਸ਼ੁਭ ਅਸ਼ੁਭ ਕਰਮਾ ਦੇ ਫਲ ਭੋਗਣ ਲਈ ਮਨੁੱਖ ਪਸੂ ਪੰਖੀ ਆਦਿ ਚੌਰਾਸੀ ਲੱਖ ਜੂਨਾਂ ਵਿੱਚ ਜੰਮਣਾ ਅਤੇ ਮਰਨਾ. ਇਸ ਸੰਸਾਰਚਕ੍ਰ ਤੋਂ, ਆਤਮਗ੍ਯਾਨ ਪ੍ਰਾਪਤ ਹੋਣ ਪੁਰ, ਜਦ ਕਰਮਜਾਲ ਤੋਂ ਛੁਟਕਾਰਾ ਹੁੰਦਾ ਹੈ ਤਦ ਜੀਵ ਮੁਕਤਿ ਪਾਕੇ ਸਦਾ ਲਈ ਆਵਾਗਮਨ ਤੋਂ ਰਹਿਤ ਹੋ ਜਾਂਦਾ ਹੈ.

ਕਈ ਜਨਮ ਭਏ ਕੀਟ ਪਤੰਗਾ,

ਕਈ ਜਨਮ ਗਜ ਮੀਨ ਕੁਰੰਗਾ.

ਕਈ ਜਨਮ ਪੰਖੀ ਸਰਪ ਹੋਇਓ,

ਕਈ ਜਨਮ ਹੈਵਰ ਬ੍ਰਿਖ ਜੋਇਓ.

ਮਿਲੁ ਜਗਦੀਸ ਮਿਲਨ ਕੀ ਬਰੀਆ,

ਚਿਰੰਕਾਲ ਇਹ ਦੇਹ ਸੰਜਰੀਆ.

ਕਈ ਜਨਮ ਸੈਲ ਗਿਰਿ ਕਰਿਆ,

ਕਈ ਜਨਮ ਗਰਭ ਹਿਰਿ ਖਰਿਆ.

ਕਈ ਜਨਮ ਸਾਖ ਕਰਿ ਉਪਾਇਆ.

ਲਖ ਚਉਰਾਸੀਹ ਜੋਨਿ ਭ੍ਰਮਾਇਆ. ***

(ਆਸਾ ਮਃ ੫)

ਉਦਮ ਕਰਹਿ ਅਨੇਕ ਹਰਿਨਾਮੁ ਨ ਗਾਵਹੀ,

ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀਂ

ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ,

ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ. ***

(ਜੈਤ ਮਃ ੫)

ਨਿਜਘਰਿ ਮਹਲੁ ਪਾਵਹੁ

ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ.

(ਗਉ ਮਃ ੫)

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ,

ਨਾਨਕ ਗੁਰ ਤੇ ਥਿਤਿ ਪਾਈ ਫਿਰਨ ਮਿਟੇ ਨਿਤਨੀਤ.

(ਬਾਵਨ)

ਜਨਮ ਮਰਨ ਕੇ ਮਿਟੇ ਅੰਦੇਸੇ,

ਸਾਧੂ ਕੇ ਪੂਰਨ ਉਪਦੇਸੇ. ***

ਥਿਤਿ ਪਾਈ ਚੂਕੇ ਭ੍ਰਮ ਗਵਨ,

ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ.

(ਸੁਖਮਨੀ)

"ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ,

ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਹਵਨੁ.

(ਗਉ ਥਿਤੀ ਮਃ ੫)

ਭਾਰਤ ਦੇ ਲੋਕ ਪਰੰਪਰਾ ਤੋਂ ਆਵਾਗਮਨ (ਤਨਾਸੁਖ਼, L. metempsychosis. ਅੰ. transmigration of souls) ਮੰਨਦੇ ਚਲੇ ਆਏ ਹਨ. ਯੂਨਾਨੀ ਇਤਿਹਾਸਕਾਰ ਹੀਰਾਡੋਟਸ (Herodotus II. 53. 81. 123) ਦੇ ਲੇਖ ਅਨੁਸਾਰ ਪ੍ਰਾਚੀਨ ਮਿਸਰੀ ਭੀ ਆਵਾਗਮਨ ਦੇ ਵਿਸ਼੍ਵਾਸੀ ਸਨ. ਯੂਨਾਨੀ ਤਤ੍ਵੇਤਾ ਆਪ ਭੀ ਇਸ ਮਤ ਦਾ ਪ੍ਰਚਾਰ ਕਰਦੇ ਰਹੇ ਹਨ. ਨਵੀਨ ਬ੍ਰਹਮਵੇਤਿਆਂ (modern Theosophists) ਦਾ ਖ਼ਿਆਲ ਹੈ ਕਿ ਪ੍ਰਾਚੀਨ ਯਹੂਦੀ ਈਸਾਈ ਮੁਸਲਮਾਨ ਅਤੇ ਹੋਰ ਮਤਾਵਲੰਬੀ ਭੀ ਕਿਸੇ ਨਾ ਕਿਸੇ ਸ਼ਕਲ ਵਿੱਚ ਆਵਾਗਮਨ ਨੂੰ ਜਰੂਰ ਮੰਨਦੇ ਸਨ. ਅੱਜ ਕੱਲ ਕੇਵਲ ਉਹ ਲੋਕ ਆਵਾਗਮਨ ਦੇ ਮੰਨਣ ਵਾਲੇ ਹਨ ਜਿਨ੍ਹਾਂ ਦੇ ਧਾਰਮਿਕ ਬਜ਼ੁਰਗ ਕਦੇ ਪ੍ਰਾਚੀਨ ਭਾਰਤ ਨਿਵਾਸੀਆਂ ਨਾਲ ਸੰਬੰਧ ਰਖਦੇ ਸਨ, ਜਾਂ ਉਹ, ਜੋ ਹੁਣ ਆਪ ਉਨ੍ਹਾਂ ਬਿਰਧਾਂ ਦਾ ਸਤਕਾਰ ਕਰਦੇ ਹਨ. ਬੌੱਧ, ਜੈਨੀ, ਹਿੰਦੂ, ਸਿੱਖ ਅਤੇ ਨਵੀਨ ਬ੍ਰਹਮਵੇੱਤਾ (Theosophists) ਸਾਰੇ ਇਸ ਸਿੱਧਾਂਤ ਨੂੰ ਅੰਗੀਕਾਰ ਕਰਦੇ ਹਨ.

ਵਰਤਮਾਨ ਸਿਆਣਿਆਂ ਨੇ ਆਵਾਗਮਨ ਦੇ ਤਿੰਨ ਭੇਦ ਕਰ ਦਿੱਤੇ ਹਨ-

(ੳ) ਜਦ ਕੋਈ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਲਈ ਰੱਬ ਉਸੇ ਵੇਲੇ ਨਵਾਂ ਆਤਮਾ ਨਹੀਂ ਸਿਰਜਦਾ. ਆਤਮਾ ਪਹਿਲਾਂ ਤੋਂ ਹੀ ਮੌਜੂਦ ਰਹਿੰਦਾ ਹੈ, ਪਰ ਵਿਦੇਹ ਦਸ਼ਾ ਵਿੱਚ. ਜਦੋਂ ਇਹ ਮਨੁੱਖਦੇਹ ਵਿੱਚ ਪ੍ਰਵੇਸ਼ ਕਰਦਾ ਹੈ, ਤਾਂ ਇਸ ਲਈ ਦੇਹ ਧਾਰਣ ਦਾ ਏਹੋ ਪਹਿਲਾ ਮੌਕਾ ਹੁੰਦਾ ਹੈ, ਅਰ ਮਰਨ ਪਿੱਛੋਂ ਅੱਗੋਂ ਭੀ ਕਦੇ ਦੇਹ ਨਹੀਂ ਧਾਰੇਗਾ. ਇਸ ਸਿੱਧਾਂਤ ਦਾ ਨਾਮ "ਪੂਰਵਅਸ੍ਤਿਤ੍ਵ" (the doctrine of Pre existence) ਪ੍ਰਸਿੱਧ ਹੈ.

(ਅ) ਆਤਮਾ ਇਸ ਸ਼ਰੀਰ ਤੋਂ ਪਹਿਲਾਂ ਕੋਟਾਨ ਕੋਟਿ ਮਨੁੱਖ ਪਸ਼ੂ ਪੰਖੀ ਬਿਰਛ ਆਦਿਕ ਜੂਨੀਆਂ ਵਿੱਚ ਭ੍ਰਮਣ ਕਰਦਾ ਰਿਹਾ ਹੈ, ਅਰ ਮੌਜੂਦਾ ਸ਼ਰੀਰ ਤਿਆਗਣ ਮਗਰੋਂ ਭੀ ਮੁੜ ਮਨੁੱਖ ਜੂਨੀ ਵਿੱਚ ਆਉਣ ਤੋਂ ਪਹਿਲਾਂ ਕਈ ਪਸ਼ੂ ਪੰਖੀ ਬਿਰਛ ਆਦਿਕ ਜੂਨੀਆਂ ਵਿੱਚ ਜਨਮ ਲਏਗਾ ਇਸ ਸਿੱਧਾਂਤ ਦਾ ਨਾਮ ਤਨਾਸੁਖ਼ ਅਥਵਾ ਯਥਾਰਥ ਆਵਾਗਮਨ (transmigration. or metempsychosis) ਹੈ.

(ੲ) ਮਨੁੱਖ ਦਾ ਆਤਮਾ ਇਸ ਸ਼ਰੀਰ ਤੋਂ ਪਹਿਲੇ ਪੁਰਖ ਜਾਂ ਇਸਤ੍ਰੀ ਰੂਪ ਵਿੱਚ ਤਾਂ ਜਨਮ ਲੈਂਦਾ ਰਿਹਾ ਹੈ, ਪਰ ਪਸ਼ੂ ਪੰਖੀ ਬਿਰਛ ਆਦਿਕ ਹੋ ਕੇ ਕਦੇ ਨਹੀਂ ਜੰਮਿਆ, ਅਰ ਮੌਜੂਦਾ ਸ਼ਰੀਰ ਤਿਆਗਣ ਮਗਰੋਂ ਭੀ ਇਹ ਮੁਕਤ ਹੋਣ ਤਕ ਪੁਰਖ ਜਾਂ ਇਸਤ੍ਰੀ ਰੂਪ ਵਿਚ ਹੀ ਪੁਨਰ ਜਨਮ ਧਾਰਣ ਕਰੇਗਾ. ਇਸ ਸਿੱਧਾਂਤ ਦਾ ਨਾਉਂ ਪੁਨਰਭਵ (पुर्नभव) Re-incarnation ਹੈ.

ਆਵਾਜ: ਫ਼ਾ. آواز ਸੰਗਯਾ- ਧੁਨਿ. ਸ਼ਬਦ। ੨. ਸੱਦ. ਪੁਕਾਰ। ੩. ਦੇਖੋ, ਆਵਾਜ ਲੈਣੀ.

ਆਵਾਜ ਲੈਣੀ: ਕ੍ਰਿ- ਸ਼੍ਰੀ ਗੁਰੂ ਗ੍ਰੰਥਸਾਹਿਬ ਦੀ ਆਗਯਾ ਲੈਣੀ. ਸਤਿਗੁਰੂ ਦਾ ਹੁਕਮ ਸੁਣਨਾ. ਸਿੱਖਾਂ ਵਿੱਚ ਇਸ ਦੀ ਰੀਤਿ ਇਉਂ ਹੈ:-

ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਪ੍ਰਕਾਸ਼ ਹੋਣ ਸਮੇਂ ਸਾਡੇ ਸਨਮੁਖ ਦੋ ਸਫੇ ਹੁੰਦੇ ਹਨ, ਇੱਕ ਜਪੁ ਜੀ ਵੱਲ ਦਾ, ਦੂਜਾ ਮੁੰਦਾਵਣੀ ਵੱਲ ਦਾ, ਅਥਵਾ ਇਉਂ ਕਹੋ ਕਿ ਜਪੁ ਜੀ ਵੱਲ ਅੰਕ ੫੦੬ ਹੈ ਅਤੇ ਮੁੰਦਾਵਣੀ ਵੱਲ ੫੦੭. ਜੇ ੫੦੬ ਸਫ਼ੇ ਦੇ ਮੁੱਢ ਤੋਂ ਕੋਈ ਸ਼ਬਦ ਆਰੰਭ ਹੁੰਦਾ ਹੈ ਤਦ ਉਹ ਪੜ੍ਹਨਾ ਚਾਹੀਏ. ਜੇ ੫੦੬ ਸਫ਼ੇ ਪੁਰ ੫੦੫ ਦਾ ਚੱਲਿਆ ਹੋਇਆ ਸ਼ਬਦ ਸਮਾਪਤ ਹੁੰਦਾ ਹੈ ਤਦ ਪੱਤਰਾ ਪਰਤਕੇ ੫੦੫ ਸਫੇ ਤੋਂ ਸ਼ਬਦ ਆਰੰਭ ਕਰਕੇ ੫੦੬ ਪੁਰ ਸਮਾਪਤ ਕਰਨਾ ਚਾਹੀਏ. ਇਹੀ ਰੀਤਿ ਅਮ੍ਰਿਤ ਸੰਸਕਾਰ ਸਮੇਂ ਨਾਉਂ ਰੱਖਣ ਵੇਲੇ ਸ਼ਬਦ ਦੇ ਮੁੱਢ ਦਾ ਅੱਖਰ ਦੇਖਣ ਦੀ ਹੈ.

ਆਵਾਜਾਈ. ਸੰਗਯਾ- ਆਉਣਾ ਜਾਣਾ. ਆਮਦ ਰਫ਼ਤ. "ਆਵਾਜਾਈ ਸਚਿਵਨ ਕੇਰੀ." (ਗੁਪ੍ਰਸੂ) ਮੰਤ੍ਰੀਆਂ ਦੀ ਆਮਦ ਰਫ਼ਤ। ੨. ਜਨਮ ਮਰਣ. ਸੰਸਾਰਚਕ੍ਰ.

ਆਵਿਗਜਕ: ਵਿ- ਆਵਗਜਕ. ਅਵਗਜਾ ਕਰਨ ਵਾਲਾ. ਅਪਮਾਨ ਕਰਤਾ. "ਸੁਰਗ ਦੇਵ ਆਵਿਗਜਕ ਹੋਇ." (ਗੁਪ੍ਰਸੂ) ਦੇਖੋ, ਆਵਗਜਕ.

ਆਵਿੰਧ: ਸੰ. ਆਵਿन्धय. ਆਵਿੰਧਜ. ਵਿ- ਵਿੰਧਜਾਚਲ ਤੀਕ (ਤੋੜੀ). ਦੇਖੋ, ਵਿੰਧ.

ਆਵਿਰਤ: ਸੰ. ਆ- ਵਿਰਤ. ਵਿ- ਬਹੁਤ ਹੀ ਵਿਰਾਗ ਵਾਲਾ. ਅਤਜੰਤ ਵੈਰਾਗੀ। ੨. ਸੰ. ਅਵਿਰਤ. ਨਿਰੰਤਰ. ਲਗਾਤਾਰ. ਇੱਕ ਰਸ। ੩. ਦੇਖੋ, ਆਵ੍ਰਿਤ.

ਆਵਿਰਭਾਵ: ਸੰ. आविर्भाव. ਸੰਗਜਾ- ਆਉਣ ਦਾ ਭਾਵ. ਪ੍ਰਗਟ ਹੋਣ ਦੀ ਕ੍ਰਿਯਾ। ੨. ਜਨਮ. ਉਤਪੱਤਿ.

ਆਵੀ: ਸੰਗਜਾ- ਛੋਟਾ ਆਵਾ. ਮਿੱਟੀ ਦੇ ਬਰਤਨ ਪਕਾਉਣ ਦੀ ਭੱਠੀ "ਘੜਿ ਭਾਂਡੇ ਜਿਨਿ ਆਵੀ ਸਾਜੀ." (ਆਸਾ ਪਟੀ ਮਃ ੧) ੨. ਆਵਈ. ਦੇਖੋ, ਆਵਨ. "ਮਨਮੁਖਾ ਨੋ ਪਰਤੀਤਿ ਨ ਆਵੀ." (ਸੋਰ ਅਃ ਮਃ ੩) ਨਿਸ਼ਚਾ ਨ ਆਵਈ। ੩. ਸੰ. ਗਰਭਵਤੀ ਇਸਤ੍ਰੀ। ੪. ਪ੍ਰਸੂਤ ਸਮੇਂ ਦੀ ਪੀੜਾ.

ਆਵੁਰਦਨ: ਫ਼ਾ. آوُردن ਵਿ- ਆਨਯਨ. ਲਿਆਉਣਾ.

ਆਵੁਰਦਾ: ਦੇਖੋ, ਆਵਰਦਾ ੨. ਇਸ ਦਾ ਉੱਚਾਰਣ ਆਵਰਦਾ ਭੀ ਸਹੀ ਹੈ.

ਆਵੇਸ਼: ਸੰ. ਸੰਗਜਾ- ਪ੍ਰਵੇਸ਼. ਦਾਖ਼ਿਲਾ। ੨. ਜੋਸ਼. ਚਿੱਤ ਦਾ ਵੇਗ। ੩. ਮਿਰਗੀ ਰੋਗ। ੪. ਭਰਮੀ ਲੋਕਾਂ ਦਾ ਮੰਨਿਆ ਹੋਇਆ ਭੂਤ ਪ੍ਰੇਤਾਦਿਕ ਦਾ ਕਿਸੇ ਸ਼ਰੀਰ ਵਿਚ ਪ੍ਰਵੇਸ਼.

ਆਵੇਸ਼੍ਟਨ: ਸੰ. ਸੰਗਜਾ- ਘੇਰਣ ਦੀ ਕ੍ਰਿਯਾ। ੨. ਆਵਰਣ. ਪੜਦਾ। ੩. ਗ਼ਿਲਾਫ਼। ੪. ਚਾਰਦੀਵਾਰੀ. ਵਲਗਣ ਦੀ ਕੰਧ.

ਆਵੇਖ਼ਤਨ: ਫ਼ਾ. آویختن ਕ੍ਰਿ- ਲਟਕਾਉਣਾ। ੨. ਲਟਕਣਾ.

ਆਵੇਗ: ਸੰ. ਸੰਗਜਾ- ਜੋਸ਼. ਉਭਾਰ। ੨. ਮਨ ਦਾ ਪ੍ਰਬਲ ਵੇਗ। ੩. ਕਾਵਜ ਅਨੁਸਾਰ ਇੱਕ ਸੰਚਾਰੀ ਭਾਵ, ਜਿਸ ਦਾ ਸਰੂਪ ਹੈ ਕਿ ਕਿਸੇ ਮਨਵਾਂਛਿਤ ਅਥਵਾ ਇੱਛਾ ਤੋਂ ਵਿਰੁੱਧ ਪਦਾਰਥ ਦੀ ਪ੍ਰਾਪਤੀ ਤੇ ਚਿੱਤ ਦੀ ਵਜਾਕੁਲਤਾ ਹੋਣੀ.

ਆਵੇੜਨ, ਆਵੇੜੁ: ਸੰ. ਆਵੇਸ਼੍ਟਨ. ਸੰਗਜਾ- ਢਕਣ ਦੀ ਕ੍ਰਿਯਾ। ੨. ਘੇਰਾ. ਲਪੇਟਾ. "ਪਾਇ ਆਵੇੜੁ ਮਾਇਆ ਸਰਬ ਭੁਇਅੰਗਾ." (ਬਿਲਾ ਮਃ ੫)

ਆਵੰਤ: ਆਉਂਦਾ ਦੇਖੋ, ਆਵਤ. "ਆਵੰਤ ਜਾਵੰਤ ਥਕੰਤ." (ਸਹਸ ਮਃ ੫)

ਆਵੰਨ, ਆਵੰਨਿ: ਦੇਖੋ, ਆਵਨ. "ਨਾਨਕ ਸੇ ਦਿਹ ਆਵੰਨਿ." (ਸੋਹਿਲਾ)

ਆਵ੍ਰਿਤ: ਸੰ. आवृत. ਸੰਗਜਾ- ਢਕਿਆ ਹੋਇਆ। ੨. ਘਿਰਿਆ ਹੋਇਆ। ੩. ਲੁਕਿਆ ਹੋਇਆ.

ਆਵ੍ਰਿੱਤਿ: ਸੰ. आवृत्ति. ਸੰਗਜਾ- ਵਾਰੰਵਾਰ ਅਭਜਾਸ ਦਾ ਕਰਨਾ। ੨. ਕਿਸੇ ਗੱਲ ਦਾ ਵਾਰ ਵਾਰ ਚੇਤੇ ਕਰਨਾ। ੩. ਪੁਸਤਕ ਦੇ ਪਾਠ ਨੂੰ ਅਨੇਕ ਵਾਰ ਪੜ੍ਹਨਾ.

ਆਵ੍ਰਿੱਤਿ ਦੀਪਕ: ਦੇਖੋ, ਦੀਪਕ (ਸ)

ਆੜ: ਸੰਗਜਾ- ਓਟ. ਪੜਦਾ। ੨. ਪਨਾਹ. ਰਖਜਾ। ੩. ਟੇਢਾਪਨ. ਵਿੰਗ। ੪. ਦੇਖੋ, ਆੜਿ.

ਆੜਬੰਦ: ਸੰਗਜਾ- ਲਿੰਗੋਟ. ਕਮਰ ਲਪੇਟਿਆ ਵਸਤ੍ਰ, ਜਿਸ ਦਾ ਇੱਕ ਸਿਰਾ ਆੜ (ਟੇਢਾ) ਨਿਤੰਬਾਂ ਵਿੱਚਦੀਂ ਪਿੱਛੇ ਕਸੀਦਾ ਹੈ.

ਆੜਾ ਗੋਟੀ: ਸੰਗਜਾ- ਗੋਟੀ (ਨਰਦ) ਦੀ ਟੇਢੀ ਚਾਲ। ੨. ਕਪਟ ਦੀ ਖੇਲ. "ਆੜਾ ਗੋਟੀ ਨਿਤ ਕਰੈਂ ਹਿੰਦੂ ਮੁਸਲਮਾਨ."

(ਮਗੋ) ੩. ਸਿੰਧੀ. ਆੜੀ ਗੋੜ. ਪ੍ਰਤਿਬੰਧ. ਰੁਕਾਵਟ. ਵਿਘਨ.

ਆੜਿ: ਸੰ. ਆਡਿ- ਆਡਿ. ਸੰਗਯਾ- ਇੱਕ ਕਿਸਮ ਦੀ ਮੱਛੀ Cod. "ਤੂੰ ਕੈਸੇ ਆੜਿ ਫਾਥੀ ਜਾਲਿ?" (ਮਲਾ ਅਃ ਮਃ ੧) ੨. ਬਗੁਲੇ ਦਾ ਇੱਕ ਭੇਦ. ਨੜੀ. ਸਿੰਧੀ- ਆੜੀ.

ਆੜੀ: ਦੇਖੋ, ਆੜਿ। ੨. ਸੰਗਯਾ- ਯਾਰ. ਮਿਤ੍ਰ. ਯਾੜੀ. ਨਾਲ ਦਾ ਸਾਥੀ। ੩. ਯਾਰੀ. ਮਿਤ੍ਰਤਾ.

ਆੜੂ: ਸੰ. ਆਰੁਕ. ਸੰਗਯਾ- ਇੱਕ ਫਲਦਾਰ ਬੂਟਾ ਅਤੇ ਉਸ ਦਾ ਫਲ, ਜੋ ਗਰਮੀ ਦੀ ਰੁੱਤ ਪਕਦਾ ਹੈ. ਇਸ ਦੀ ਤਾਸੀਰ ਗਰਮ ਤਰ ਹੈ. L. Prunus Persica. ਅੰ. Peach.

ਆੜ੍ਹਤ: ਸੰਗਯਾ- ਰੁਕਾਵਟ। ੨. ਆਢਕ (੪ ਸੇਰ) ਅੰਨ ਅਥਵਾ ਕੋਈ ਹੋਰ ਪਦਾਰਥ ਮਜ਼ਦੂਰੀ ਵਿੱਚ ਲੈ ਕੇ ਵਪਾਰ ਕਰਨ ਦੀ ਕ੍ਰਿਯਾ[139]। ੩. ਮਜ਼ਦੂਰੀ ਵਿੱਚ ਲਈ ਵਸਤੁ.

ਆੜ੍ਹਤਿਯਾ, ਆੜ੍ਹਤੀ: ਸੰਗਯਾ- ਆੜ੍ਹਤ ਕਰਨ ਵਾਲਾ. ਦੇਖੋ, ਆੜ੍ਹਤ ੨.

ਐ[140]: ਹੈ ਦੀ ਥਾਂ ਪੰਜਾਬੀ ਵਿੱਚ ਐ ਸ਼ਬਦ ਵਰਤਿਆ ਜਾਂਦਾ ਹੈ. "ਹਰਿਪ੍ਰੇਮ ਭੀਨੀ ਚੋਲੀਐ." (ਦੇਵ ਮਃ ੪) ੨. ਫ਼ਾ. ਸੰਬੋਧਨ. ਹੇ! ਰੇ!

ਐਸ: ਸਰਵ. ਇਸ. "ਐਸ ਜਗਾ ਆਵੈ." (ਜਸਾ) ੨. ਕ੍ਰਿ. ਵਿ- ਐਸਾ. ਅਜੇਹਾ. ਇਸ ਤਰਾਂ ਦਾ. "ਐਸ ਘਾਤ ਫਿਰ ਹਾਥ ਨ ਐਹੈ." (ਵਿਚਿਤ੍ਰ) ੩. ਅ਼. عیش ਐ਼ਸ਼. ਸੰਗਯਾ- ਜੀਵਨ. ਜ਼ਿੰਦਗੀ। ੪. ਆਨੰਦ. ਖ਼ੁਸ਼ੀ। ੫. ਭੋਗ ਵਿਲਾਸ. "ਐਸ ਹੀ ਐਸ ਸੁ ਬੈਸ ਬਿਤਾਯੋ." (ਅਕਾਲ)

ਐਸਾ: ਕ੍ਰਿ. ਵਿ- ਅਜੇਹਾ. ਇਸ ਪ੍ਰਕਾਰ ਦਾ. "ਐਸਾ ਸਤਿਗੁਰ ਜੇ ਮਿਲੈ." (ਸ੍ਰੀ ਅਃ ਮਃ ੧)

ਐਸੀ: ਅਜੇਹੀ. "ਐਸੀ ਕ੍ਰਿਪਾ ਕਰਹੁ ਪ੍ਰਭੁ ਨਾਨਕ." (ਬਾਵਨ)

ਐਸੁਪਰਾਜਾ: ਵਾ- ਐਸਾ- ਉਪਰਾਜਾ. ਐਸਾ ਉਪਰਾਜਨ ਕੀਤਾ (ਰਚਿਆ). "ਮਤ ਐਸੁਪਰਾਜਾ." (ਅਰਹੰਤਾਵ) ਅਜੇਹਾ ਮਤ ਜਾਰੀ ਕੀਤਾ.

ਐਸੁਰਜ: ਦੇਖੋ, ਐਸ੍ਵਰਜ.

ਐਸੇ: ਅਜੇਹੇ. ਏਹੇ ਜੇਹੇ. "ਐਸੇ ਸੰਤ ਨ ਮੋਕਉ ਭਾਵਹਿ." (ਆਸਾ ਕਬੀਰ) ੨. ਇਸ ਪ੍ਰਕਾਰ. ਇਸ ਤਰਾਂ. "ਰਾਮ ਜਪਹੁ ਜੀਅ ਐਸੇ ਐਸੇ." (ਗਉ ਕਬੀਰ)

ਐਸੋ: ਦੇਖੋ, ਐਸਾ. "ਐਸੋ ਗਿਆਨ ਬਿਰਲੋਈ ਪਾਏ." (ਬਿਲਾ ਮਃ ੫)

ਐਸ੍ਵਰਜ: ਏਸ਼੍ਵਰ੍‍ਯੰ. ਸੰਗਯਾ- ਈਸ਼੍ਵਰਪੁਣਾ. ਮਾਲਿਕ ਹੋਣ ਦਾ ਭਾਵ. ਪ੍ਰਭੁਤਾ। ੨. ਧਨ. ਵਿਭੂਤਿ. ਸੰਪਦਾ. "ਦਾਸਨ ਕੋ ਬਖਸੈਂ ਐਸ੍ਵਰਜੰ." (ਗੁਪ੍ਰਸੂ)

ਐਹਦ: ਦੇਖੋ, ਅਹਦ.

ਐਹੈ: ਹੈ ਦਾ ਭਵਿਸ਼ਯਤ ਕਾਲ. ਆਵੇਗਾ. "ਐਸ ਸਮੋ ਫਿਰ ਹਾਥ ਨ ਐਹੈ." (ਵਿਚਿਤ੍ਰ) ੨. ਵ੍ਯ- ਸ਼ੋਕ ਬੋਧਕ ਸ਼ਬਦ. ਹੈ! ਹੈ!

ਐਕ੍ਯ: ਸੰ. ਏਕ੍ਯ. ਸੰਗਯਾ- ਏਕਤਾ. ਏਕਾ.

---

[139] ਪੁਰਾਣੇ ਜ਼ਮਾਨੇ ਵਿੱਚ ਆੜ੍ਹਤੀਏ ਨੂੰ ਅੰਨ ਦਿੱਤਾ ਜਾਂਦਾ ਸੀ.

[140] ਸੰਸਕ੍ਰਿਤ ऐ ਦੀ ਥਾਂ ਪੰਜਾਬੀ ਵਿਚ ਐ ਲਿਖੀਦਾ ਹੈ, ਜਿਵੇਂ-ऐक्य ਦੀ ਥਾਂ ਐਕ੍ਯ ਅਤੇ ऐश्वर्य ਦੀ ਥਾਂ ਐਸ੍ਵਰ੍ਯ ਆਦਿ.

ਐਖ: ਸੰ. ਇਸ਼ੁ. ਸੰਗਯਾ- ਤੀਰ. ਬਾਣ. "ਲਾਗੇ ਤਿਸੈ ਐਖ." (ਕਲਕੀ)

ਐਖਾਂ: ਐਸੇ ਆਖਾਂ ਦਾ ਸੰਖੇਪ. ਇਉਂ ਆਖਾਂ। ੨. ਇਹ ਦੇਖਾਂ ਦਾ ਸੰਖੇਪ.

ਐਚਨ, ਐਂਚਨਾ: ਸੰ. ਆਕੁਞ੍ਚਨ- ਆਕੁੰਚਨ. ਖਿੱਚਣਾ. ਖੈਂਚਨਾ। ੨. ਸਿਕੋੜਨਾ. ਕੱਠਾ ਕਰਨਾ.

ਐਜਨ: ਅ਼. ایضاً ਐਜ਼ਨ. ਵਯ- ਅਲਾਹਾਜ਼ਾ. ਉਸੇ ਪ੍ਰਕਾਰ. ਤਿਵੇਂ ਹੀ. ਐਸੇ ਹੀ. Ditto.

ਐਜੀ: ਵਯ- ਸੰਬੋਧਨ ਸ਼ਬਦ. ਅਜੀ ! ਜੀ ! ਹੇ ਸ਼੍ਰੀ ਮਾਨ ! "ਐਜੀ ! ਨਾ ਹਮ ਉਤਮ ਨੀਚ ਨ ਮਧਮ." (ਗੂਜ ਅਃ ਮਃ ੧)

ਐਠ, ਐਂਠ: ਸੰਗਯਾ- ਆਕੜ. ਮਰੋੜ। ੨. ਅਭਿਮਾਨ. "ਐਸੇ ਗੜ ਮਹਿ ਐਠ ਹਠੀਲੋ." (ਬਿਲਾ ਮਃ ੫) ੩. ਵੱਟ. ਵਲ. ਪੇਚ.

ਐਂਠਨਾ: ਕ੍ਰਿ- ਆਕੜਨਾ. ਹੰਕਾਰ ਕਰਨਾ। ੨. ਵੱਟ ਦੇਣਾ. ਮਰੋੜਨਾ.

ਐਠਿ: ਕ੍ਰਿ. ਵਿ- ਐਂਠਕੇ. ਆਕੜਕੇ.

ਐਂਠੀ: ਵਿ- ਅਭਿਮਾਨੀ। ੨. ਬਾਂਕਾ. ਬਾਂਕੀ. "ਐਂਠੀ ਸੋਂ "ਬੱਧ ਗਯੋ ਸਨੇਹਾ." (ਚਰਿਤ੍ਰ ੩੫੧)

ਐਡਣਾ, ਐਂਡਨਾ: ਕ੍ਰਿ- ਐਂਠਨਾ. ਅਭਿਮਾਨੀ ਹੋਣਾ. ਆਕੜਨਾ. "ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾਂ ਐਡਾਨੋ." (ਬਸੰ ਮਃ ੯)

ਐਡਾ: ਵਿ- ਇਤਨਾ ਵਡਾ.

ਐਂਡਾ, ਐਂਡੌ: ਵਿ- ਐਂਠਿਆ ਹੋਇਆ. ਆਕੜਿਆ ਹੋਇਆ. ਹੰਕਾਰੀ. "ਟਕਾ ਚਾਰ ਗਾਂਠੀ ਐਂਡੌ ਟੇਢੌ ਜਾਤ." (ਸਾਰ ਕਬੀਰ)

ਐਤ, ਐਤੁ: ਸੰਗਯਾ- ਆਦਿਤਯ. ਸੂਰਜ। ੨. ਐਤਵਾਰ। ੩. ਦਸ ਹਜਾਰ. ਦੇਖੋ, ਅਯੁਤ. "ਐਤ ਤੁਰੰਗ ਚਮੂ ਹਨਡਾਰੀ." (ਕ੍ਰਿਸਨਾਵ) "ਤੀਸ ਐਤੁ ਪੈਦਲ ਕਹਿਂ ਮਾਰਯੋ." (ਚਰਿਤ੍ਰ ੫੨) ੪. ਸੰ. ਆਯਤਿ. ਸੰਤਾਨ. ਔਲਾਦ। ੫. ਭਾਵ- ਜਨਮ. "ਪ੍ਰਿਥਮ ਐਤ ਭਵ ਪਾਇ ਬਹੁਰ ਪਰਮੇਸ਼੍ਵਰ ਪਾਯੋ." (ਚਰਿਤ੍ਰ ੮੧) ਪਹਿਲਾਂ ਸੰਸਾਰ ਵਿੱਚ ਜਨਮ ਲੈ ਕੇ, ਫੇਰ ਪਰਮੇਸ਼੍ਵਰ ਪਾਯੋ.

ਐਥਾਉ, ਐਥੇ, ਐਥੈ: ਕ੍ਰਿ. ਵਿ- ਅਤ੍ਰ. ਯਹਾਂ. ਇਸ ਥਾਂ. ਇਸ ਲੋਕ ਵਿੱਚ. ਇੱਥੇ. "ਇਕ ਹੋਦਾ ਖਾਇ ਚਲਹਿ ਐਥਾਊ." (ਵਾਰ ਆਸਾ) "ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ." (ਸ੍ਰੀ ਮਃ ੫)

ਐਥੈ ਓਥੈ: ਕ੍ਰਿ. ਵਿ- ਇਸ ਥਾਂ ਤੇ ਉਸ ਥਾਂ. ਯਹਾਂ ਵਹਾਂ. ਲੋਕ ਪਰਲੋਕ ਵਿੱਚ. "ਐਥੈ ਓਥੈ ਸਦਾ ਸੁਖ ਹੋਇ." (ਮਲਾ ਮਃ ੩)

ਐਨ: ਘਰ. ਦੇਖੋ, ਅਯਨ. "ਦਯਾ ਐਨ ਸੁਨ ਬੈਨ ਏ." (ਨਾਪ੍ਰ) ੨. ਅ਼. عین ਐ਼ਨ. ਸੰਗਯਾ- ਨੇਤ੍ਰ. ਅੱਖ। ੩. ਦ੍ਰਿਸ਼੍ਟਿ. ਨਜਰ। ੪. ਸੁਰਗ। ੫. ਸੂਰਜ। ੬. ਕਿਰਣ। ੭. ਧਨ। ੮. ਵਿ- ਉਸ ਜੈਸਾ. ਓਹੋ ਜੇਹਾ.

ਐਨਕ: ਫ਼ਾ. عینک ਐ਼ਨਕ. ਸੰਗਯਾ- ਐ਼ਨ (ਅੱਖ) ਤੇ ਲਾਉਣ ਦੀ ਸ਼ੀਸ਼ਾ. ਚਸ਼ਮਾ.

ਐਨੁਲਯਕੀਨ, ਐ਼ਨੁਲਯਕ਼ੀਨ: ਅ਼. ਐ਼ਨੁਲਯਕ਼ੀਨ. ਸਹੀ (ਯਥਾਰਥ) ਨਿਸ਼ਚਾ. ਸੰਸੇ ਬਿਨਾ ਗਜਾਨ.

ਵਿਦ੍ਵਾਨਾਂ ਨੇ ਯਕ਼ੀਨ (ਨਿਸ਼ਚੇ) ਦੇ ਤਿੰਨ ਭੇਦ ਮੰਨੇ ਹਨ- ਇ਼ਲਮੁਲਯਕ਼ੀਨ. ਐ਼ਨੁਲਯਕ਼ੀਨ ਅਤੇ ਹੱਕ਼ੁਲਯਕ਼ੀਨ.

(ੳ) ਅਮ੍ਰਿਤਸਰ, ਪੰਜਾਬ ਵਿੱਚ ਇੱਕ ਸ਼ਹਿਰ ਹੈ, ਇਹ ਜਾਣਨਾ ਇ਼ਲਮੁਲਯਕ਼ੀਨ ਹੈ.

(ਅ) ਅਮ੍ਰਿਤਸਰ ਨੂੰ ਨੇਤ੍ਰਾਂ ਨਾਲ ਵੇਖਕੇ ਉਸ ਦੀ ਵਸੋਂ, ਰੂਪ, ਬਣਾਉਟ ਦਾ ਜਾਣਨਾ ਐ਼ਨੁਲਯਕ਼ੀਨ ਹੈ.

(ੲ) ਅਮ੍ਰਿਤਸਰ ਕਿਸ ਗੁਰੂ ਨੇ ਬਣਾਇਆ ਕਿਸ ਤਰਾਂ ਬਣਿਆ, ਇਸ ਦੇ ਦਰਸ਼ਨ ਦਾ ਕੀ ਲਾਭ ਹੈ, ਇਤਯਾਦਿ ਜਾਣਨਾ ਹ਼ੱਕੁਲਯਕ਼ੀਨ ਹੈ.

ਐਬ, ਐ਼ਬ: ਅ਼. عیب ਸੰਗ੍ਯਾ- ਵ੍ਯਸਨ. ਭੈੜੀ ਵਾਦੀ। ੨. ਔਗੁਣ. ਦੋਸ਼. "ਐਬ ਤਨਿ ਚਿਕੜੋ." (ਸ੍ਰੀ ਮਃ ੧)

ਐਬੀ: ਵਿ- ਐ਼ਬ ਵਾਲਾ. ਔਗੁਣੀ.

ਐਯੜ: ਦੇਖੋ, ਅੱਯੜ.

ਐਰ ਗੈਰ: ਵਿ- ਓਪਰਾ. ਬੇਗਾਨਾ. ਅਜਨਬੀ. ਅਪਰ ਅਤੇ ਗ਼ੈਰ. ਅਪਰਿਚਿਤ ਅਤੇ ਬੇਗਾਨਾ.

ਐਰਾਕ, ਐਰਾਕੀ: ਦੇਖੋ, ਅਰਾਕ ਅਤੇ ਇਰਾਕ.

ਐਰਾਨ: ਦੇਖੋ, ਈਰਾਨ.

ਐਰਾਪਤ, ਐਰਾਪਤਿ, ਐਰਾਵਤ: ਸੰ. ਏਰਾਵਤ. ਸੰਗ੍ਯਾ- ਇਰਾਵਾਨ (ਸਮੁੰਦਰ) ਤੋਂ ਨਿਕਲਿਆ ਹੋਇਆ ਹਾਥੀ. ਪੁਰਾਣਕਥਾ ਹੈ ਕਿ ਦੇਵਤਿਆਂ ਅਤੇ ਦੈਤਾਂ ਨੇ ਸਮੁੰਦਰ ਰਿੜਕਕੇ ਚੌਦਾਂ ਰਤਨ ਕੱਢੇ, ਜਿਨ੍ਹਾਂ ਵਿੱਚ ਇੱਕ ਚਿੱਟੇ ਰੰਗ ਦਾ ਚਾਰ ਦੰਦਾਂ ਵਾਲਾ ਹਾਥੀ ਭੀ ਸੀ, ਜੋ ਇੰਦ੍ਰ ਨੂੰ ਸਵਾਰੀ ਲਈ ਦਿੱਤਾ ਗਿਆ.

ਐਰਾਵਤੀ. ਸੰ. ਏਰਾਵਤੀ. ਸੰਗ੍ਯਾ- ਰਾਵੀ ਨਦੀ. ਪਰੁਸ਼੍ਣੀ. ਦੇਖੋ, ਰਾਵੀ. "ਐਰਾਵਤੀ ਉਲੰਘਤ ਚਾਲਾ." (ਗੁਪ੍ਰਸੂ) ੨. ਬ੍ਰਹਮਾ (Burma) ਦੇਸ਼ ਦੀ ਇੱਕ ਨਦੀ। ੩. ਬਿਜਲੀ.

ਐਲ: ਸੰ. ਏਲ. ਵਿ- ਇਲਾ ਨਾਲ ਸੰਬੰਧ ਰੱਖਣ ਵਾਲਾ. ਇਲਾ ਦੀ ਸੰਤਾਨ। ੨. ਸੰਗ੍ਯਾ- ਪੁਰੂਰਵਾ, ਜੋ ਇਲਾ ਦਾ ਪੁਤ੍ਰ ਹੈ। ੩. ਬਿਰਛ, ਜੋ ਇਲਾ (ਪ੍ਰਿਥਿਵੀ) ਤੋਂ ਪੈਦਾ ਹੋਇਆ ਹੈ। ੪. ਘਾਸ। ੫. ਮੰਗਲ ਗ੍ਰਹਿ. ਦੇਖੋ, ਇਲਾ। ੬. ਅ਼. عیل ਐ਼ਲ. ਭ੍ਰਮਣ. ਫਿਰਨਾ। ੭. ਬੋਲੇ (ਡੋਰੇ) ਨੂੰ ਉੱਚੀ ਆਵਾਜ਼ ਨਾਲ ਗੱਲ ਸੁਣਾਉਣੀ। ੮. ਸ਼ੋਰ. ਰੌਲਾ. "ਚਲੇ ਜਾਤ ਪਾਵਤ ਬਡ ਐਲ." (ਗੁਪ੍ਰਸੂ) ੯. ਸਿੰਧੀ- ਕ਼ੈਦ ਕਰਨ ਦੀ ਕ੍ਰਿਯਾ। ੧੦. ਅਧੀਨ ਕਰਨ ਦਾ ਭਾਵ.

ਐਲ ਗੈਲ: ਸੰਗ੍ਯਾ- ਮਾਰਗ ਵਿੱਚ ਸ਼ੋਰ. ਚਾਰੋਂ ਓਰ ਰੌਲੇ ਦੀ ਧੁਨਿ. "ਡਫ ਅਰ ਬੰਸਰੀ ਬਜਾਈ ਐਲ ਗੈਲ ਭਯੋ." (ਗੁਪ੍ਰਸੂ) ਦੇਖੋ, ਐਲ ਅਤੇ ਗੈਲ.

ਐਲ ਭੈਲ: ਸੰਗ੍ਯਾ- ਭੈ ਦਾਇਕ ਸ਼ੋਰ. "ਪਰਯੋ ਐਲ ਭੈਲਾ." (ਗੁਪ੍ਰਸੂ) ਦੇਖੋ, ਐਲ ਅਤੇ ਭੈਲ.

ਐਲਾਰਡ: Allard ਅਤੇ ਵੈਨਤੂਰਾ (Ventura) ਇਹ ਦੋਵੇਂ ਫਰਾਂਸ ਦੇ ਸ਼ਹਨਸ਼ਾਹ ਨਪੋਲੀਅਨ ਬੋਨਾਪਾਰਟ Napoleon Bonaparte[141] ਦੇ ਫੌਜੀ ਅਹੁਦੇਦਾਰ ਸਨ. ਵਾਟਰਲੂ ਦੀ ਲੜਾਈ ਵਿੱਚ ਨਪੋਲੀਅਨ ਦੀ ਹਾਰ ਹੋਣ ਤੋਂ ਫੌਜ ਛਿੰਨ ਭਿੰਨ ਹੋ ਗਈ, ਇਸ ਲਈ ਨੌਕਰੀ ਦੀ ਤਲਾਸ਼ ਵਿੱਚ ਈਰਾਨ ਦੇ ਰਾਹ ਇਹ ਹਿੰਦੁਸਤਾਨ ਪੁੱਜੇ. ਵੈਨਤੂਰਾ ਇਟੇਲੀਅਨ ਅਤੇ ਐਲਾਰਡ ਫ੍ਰੈਂਚ (ਫ਼੍ਰਾਂਸੀਸੀ) ਸੀ. ਮਾਰਚ ਸਨ ੧੮੨੨ ਵਿੱਚ ਇਹ ਲਹੌਰ ਆਏ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਅੱਗੇ ਨੌਕਰੀ ਦੀ ਪ੍ਰਾਰਥਨਾ ਕੀਤੀ. ਮਹਾਰਾਜਾ ਨੇ ਦੋਹਾਂ ਨੂੰ, ਹੇਠ ਲਿਖੀਆਂ ਸ਼ਰਤਾਂ ਲਿਖਵਾਕੇ ਪੱਚੀ ਪੱਚੀ ਸੌ ਰੁਪਯਾ ਮਹੀਨਾ ਮੁਕਰਰ ਕਰਕੇ, ਫੌਜ ਨੂੰ ਕਵਾਇਦ ਸਿਖਾਉਣ ਲਈ ਜਰਨੈਲ ਥਾਪਿਆ.

ਪ੍ਰਤਿਗ੍ਯਾ ਪਤ੍ਰ:-

੧. ਜੇ ਕਦੇ ਯੂਰਪ ਦੀ ਕਿਸੇ ਤਾਕਤ ਨਾਲ ਸਿਖਰਾਜ ਦੀਆਂ ਫੌਜਾਂ ਨੂੰ ਲੜਨ ਦਾ ਮੌਕਾ ਆ ਬਣੇ, ਤਾਂ ਅਸੀਂ ਸਿੱਖਰਾਜ ਦੇ ਵਫਾਦਾਰ ਰਹਾਂਗੇ.

---

[141] ਨਪੋਲੀਅਨ ਸਨ ੧੮੦੪ ਤੋਂ ੧੫. ਤੀਕ ਫ਼੍ਰਾਂਸ ਦਾ ਸ਼ਹਨਸ਼ਾਹ ਰਿਹਾ. ਇਸ ਦਾ ਜਨਮ ਸਨ ੧੭੬੯ ਵਿੱਚ ਅਤੇ ਦੇਹਾਂਤ ਸਨ ੧੮੨੧ ਵਿੱਚ ਹੋਇਆ.

੨. ਯੂਰਪ ਦੀ ਕਿਸੇ ਸਲਤਨਤ ਨਾਲ ਸਿੱਧਾ ਪਤ੍ਰਵਿਹਾਰ ਨਹੀਂ ਕਰਾਂਗੇ.

੩. ਦਾੜ੍ਹੀ ਨਹੀਂ ਮੁਨਾਵਾਂਗੇ.

੪. ਗੋਮਾਂਸ ਨਹੀਂ ਖਾਵਾਂਗੇ.

੫. ਤਮਾਕੂ ਨਹੀਂ ਪੀਵਾਂਗੇ.

ਇਨ੍ਹਾਂ ਦੋਹਾਂ ਜਰਨੈਲਾਂ ਨੇ ਮਹਾਰਾਜਾ ਦੀ ਪੂਰੀ ਆਗਜਾਪਾਲਨ ਕੀਤੀ. ਵੈਨਤੂਰਾ ਨੇ ਸਨ ੧੮੩੧ ਵਿੱਚ ਸ਼ਾਹਜ਼ਾਦਾ ਖੜਕ ਸਿੰਘ ਨਾਲ ਹੋਕੇ ਪੇਸ਼ਾਵਰ ਫਤੇ ਕਰਨ ਵਿੱਚ ਉੱਤਮ ਸੇਵਾ ਕੀਤੀ.

ਐਵੇ, ਐਂਵੇ: ਕ੍ਰਿ. ਵਿ- ਯੋਂਹੀ. ਵ੍ਰਿਥਾ. ਨਿਸ਼ਫਲ। ੨. ਇਉਂ. ਇਸ ਤਰਾਂ.

ਔ: ਵਜ- ਔਰ ਸੰਖੇਪ. "ਔ ਮਤਿ ਸਿੰਘ ਸਜਜੋ ਤਨ ਕੌਚ." (ਕ੍ਰਿਸਨਾਵ) ੨. ਸੰ. ਔ ਸੰਗਜਾ- ਸ਼ੇਸ਼ਨਾਗ। ੩. ਪ੍ਰਿਥਿਵੀ.

ਔਸਤ, ਔਸਤ਼: ਅ਼. اوَسط ਸੰਗਜਾ- ਵਸਤ (ਸਮ) ਵਿਭਾਗ. ਸਾਮਾਨਜ. ਬਰਾਬਰ ਦਾ ਪੜਤਾ.

ਔਸਦੀ, ਔਸਧੀ: ਦੇਖੋ. ਅਉਖਧ.

ਔਸਰ: ਦੇਖੋ, ਅਉਸਰ। ੨. ਵਿ- ਅ- ਪ੍ਰਸਵ. ਜੋ ਸੂਈ ਨਹੀਂ, ਜਿਵੇਂ- ਔਸਰ ਝੋਟੀ.

ਔਸਾਣ, ਔਸਾਨ: ਅਵਸਾਨ. ਦੇਖੋ, ਉਸਾਣ.

ਔਸਾਫ਼: ਦੇਖੋ, ਅਉਸਾਫ.

ਔਂਸੀ: ਸੰ. ਅਾਵਨਿ ਸੀਤਾ. ਅਵਨਿ (ਜਮੀਨ) ਉੱਪਰ ਖਿੱਚੀ ਹੋਈ ਸੀਤਾ (ਲੀਕ). ਇਹ ਇੱਕ ਪ੍ਰਕਰਾਰ ਦਾ ਪੁਰਾਣਾ ਸ਼ਕੁਨ (ਸਗਨ) ਵਿਚਾਰ ਹੈ. ਖ਼ਾਸ ਕਰਕੇ ਹਿੰਦੂ ਇਸਤ੍ਰੀਆਂ ਇਸ ਸਗਨ ਉੱਤੇ ਬਹੁਤ ਨਿਸ਼ਚਾ ਰਖਦੀਆਂ ਹਨ. ਇਸ ਦਾ ਫਲ ਵਿਚਾਰਣ ਦੀ ਰੀਤਿ ਇਹ ਹੈ-

ਜ਼ਮੀਨ ਉੱਪਰ ਬਿਨਾ ਗਿਣਤੀ ਲੀਕਾਂ ਕੱਢਕੇ ਉਨ੍ਹਾਂ ਦੀ ਗਿਣਤੀ ਕੀਤੀ ਜਾਂਦੀ ਹੈ. ਜੇ ਲੀਕਾਂ ਜਿਸਤ (ਸਮ) ਹੋਣ, ਤਦ ਸਮਝੀਦਾ ਹੈ ਕਿ ਪਰਦੇਸ ਗਿਆ ਸੰਬੰਧੀ ਛੇਤੀ ਮਿਲੇਗਾ, ਜੇ ਤਾਕ (ਵਿਖਮ) ਹੋਣ, ਤਦ ਜਾਣੀਦਾ ਹੈ ਕਿ ਅਜੇ ਮਿਲਣ ਵਿੱਚ ਢਿੱਲ ਹੈ. "ਮੋਰੇ ਪਤਿ ਪਰਦੇਸ ਸਿਧਾਰੇ xxx ਤਾਂਤੇ ਮੈ ਔਂਸੀ ਕੋ ਡਾਰੋਂ" (ਚਰਿਤ੍ਰ ੭੦) "ਕਾਮਣ ਟੂਣੇ ਔਂਸੀਆਂ." (ਭਾਗੁ)

ਔਹ: ਸਰਵ- ਓਹ. ਵਹ. ਵੋਹ। ੨. ਵਜ- ਸ਼ੋਕ ਅਤੇ ਅਚਰਜ ਬੋਧਕ ਸ਼ਬਦ। ੩. ਕਿਸੇ ਦੂਰ ਦੀ ਚੀਜ ਵੱਲ ਇਸ਼ਾਰਾ ਕਰਕੇ ਧਿਆਨ ਦਿਵਾਣ ਲਈ ਭੀ ਇਹ ਵਰਤਿਆ ਜਾਂਦਾ ਹੈ.

ਔਹਠ: ਅਪਹਠ. ਦੁਰਾਗ੍ਰਹ. ਦੇਖੋ, ਅਉ ਅਤੇ ਅਉਹਠ.

ਔਕੜ: ਸੰਗਜਾ- ਔਖ. ਕਠਿਨਾਈ। ੨. ਵਿਪਦਾ. ਮੁਸੀਬਤ.

ਔਕਾਤ, ਔਕ਼ਾਤ: ਅ਼. اوَقات ਵਕ਼ਤ ਦਾ ਬਹੁ ਵਚਨ.

ਔਖ: ਦੇਖੋ, ਅਉਖ.

ਔਖਦ, ਔਖਧ: ਦੇਖੋ, ਅਉਖਧ.

ਔਖੜਨਾ: ਕ੍ਰਿ- ਪੈਰ ਦਾ ਉਖੜਨਾ. ਠੋਕਰ ਖਾਣੀ.

ਔਖਾ: ਦੇਖੋ, ਅਉਖਾ.

**ਔਗਣ:** ਦੇਖੋ, ਅਉਗੁਣ.

**ਔਗਤ:** ਸੰ. ਅਪਗਤ. ਵਿ- ਭੱਜਿਆ ਹੋਇਆ. ਨੱਠਿਆ। ੨. ਹਟਿਆ ਹੋਇਆ। ੩. ਮਰਿਆ. ਮੋਇਆ.

**ਔਗਤਿ:** ਸੰ. ਅਪਗਤਿ. ਸੰਗ੍ਯਾ- ਦੁਰਗਤਿ. ਮੰਦ ਦਸ਼ਾ. ਭੈੜੀ ਹਾਲਤ.

**ਔਗਾਹਨ:** ਦੇਖੋ, ਅਵਗਾਹਨ. "ਔਗਾਹਨ ਸਭ ਕਿਯ ਪੁਰਾਨ ਤਿਨ." (ਚਰਿਤ੍ਰ ੨੬੬)

**ਔਗੁਣ:** ਦੇਖੋ, ਅਉਗੁਣ.

**ਔਘ:** ਸੰ. ਸੰਗ੍ਯਾ- ਹੜ੍ਹ. ਪ੍ਰਵਾਹ. ਵਹਾਉ। ੨. ਦੇਖੋ, ਓਘ.

**ਔਘਟ:** ਦੇਖੋ, ਅਉਘਟ.

**ਔਘੜ:** ਦੇਖੋ, ਅਉਘੜ.

**ਔਘੀ:** ਸੰਗ੍ਯਾ- ਅਪਘਾਤ (ਪ੍ਰਹਾਰ) ਲਈ ਲੰਮਾ ਕੋਰੜਾ, ਜੋ ਘੋੜਿਆਂ ਨੂੰ ਸਿੱਧਾ ਕਰਨ ਵਾਸਤੇ ਚਾਬੁਕ- ਸਵਾਰ ਵਰਤਦੇ ਹਨ.

**ਔਚਕ, ਔਂਚਕ:** ਕ੍ਰਿ. ਵਿ- ਅਕਸਮਾਤ. ਅਚਾਨਕ. ਅੱਚਨਚੇਤ. "ਪਰਜੋ ਸ਼ੋਰ ਔਚਕ ਹੀ ਦ੍ਰਿਗ ਲਹ." (ਗੁਪ੍ਰਸੂ)

**ਔਚਰ:** ਦੇਖੋ, ਅਉਚਰ.

**ਔਚਰ ਚਰਣਾ:** ਕ੍ਰਿ- ਜਿਸ ਦਾ ਚਰਨਾ ਦੁਰਲਭ ਹੈ, ਉਸ ਨੂੰ ਖਾਣਾ ਪੀਣਾ, ਜੋ ਖਾਣ ਪੀਣ ਲਈ ਪ੍ਰਾਪਤ ਹੋਣੀ ਕਠਿਨ ਵਸਤੁ ਹੈ ਉਸ ਦਾ ਛਕਣਾ. "ਸਬਦ ਸੁਰਤਿ ਲਿਵ ਲੀਣ ਹੋਇ ਅਪਿਉ ਪੀਅਣ ਹੈ ਔਚਰ ਚਰਣਾ." (ਭਾਗੁ) ੨. ਨਾ ਚਰਣ ਯੋਗ੍ਯ (ਅਭਕ੍ਸ਼੍ਯ) ਦਾ ਖਾਣਾ.

**ਔਛਕ:** ਦੇਖੋ, ਅਉਛਕ.

**ਔਜ:** ਦੇਖੋ, ਓਜ. ੨. ਅ਼. اَوج ਸੰਗ੍ਯਾ- ਵ੍ਰਿੱਧੀ. ਉੱਨਤੀ। ੩. ਚੋਟੀ. ਸ਼ਿਖਰ। ੪. ਬਲੰਦੀ. ਉਚਿਆਈ.

**ਔਜਾਅ, ਔਜਾਅ਼:** ਅ਼. اَوجاع ਸੰਗ੍ਯਾ- ਬਹੁ ਵਚਨ ਵਜਅ਼ ਦਾ ਹੈ. ਦੁੱਖ. ਕਲੇਸ਼। ੨. ਅ਼. اَوضاع ਔਜਾਅ਼. ਵਜਅ਼ ਦਾ ਬਹੁ ਵਚਨ ਹੈ. ਢੰਗ. ਤ਼ਰੀਕ਼ੇ.

**ਔਜ਼ਾਰ:** ਅ਼. اَوزار ਸੰਗ੍ਯਾ- ਸ਼ਸਤ੍ਰ. ਹਥਿਆਰ. ਸੰਦ। ੨. ਗੁਨਾਹ. ਅਪਰਾਧ.

**ਔਝੜ:** ਦੇਖੋ, ਅਉਝੜ.

**ਔਟਲਨਾ:** ਕ੍ਰਿ- ਥਾਂ ਤੋਂ ਟਲਨਾ. ਜਗਾ ਤੋਂ ਖਿਸਕਣਾ। ੨. ਖੋਇਆ ਜਾਣਾ. ਗਵਾਚਣਾ.

**ਔਟਾਉਣਾ:** ਕ੍ਰਿ- ਉੱਤਾਪਨ. ਤਪਾਉਣਾ. ਉਬਾਲਨਾ. ਜੋਸ਼ ਦੇਣਾ. ਔਟਾਨਾ.

**ਔਟਾਨ:** ਸੰਗ੍ਯਾ- ਉੱਤਾਪ. ਤਾਉ. ਆਂਚ. ਸੇਕ। ੨. ਉਬਾਲ. ਜੋਸ਼.

**ਔਟਾਨਾ:** ਦੇਖੋ, ਔਟਾਉਣਾ.

**ਔਢਰ:** ਵਿ- ਛੇਤੀ ਢਲ ਜਾਣ ਵਾਲਾ. ਤੁਰੰਤ ਰੀਝਣ ਵਾਲਾ। ੨. ਕਰੜੇ ਦਿਲ ਵਾਲਾ. ਜਿਸ ਦਾ ਮਨ ਪਘਰਦਾ ਨਹੀਂ। ੩. ਸਿੰਧੀ. ਪੜਦਾ। ੪. ਸਹਾਇਤਾ. ਇਮਦਾਦ.

**ਔਂਢਾ, ਔਂਢੀ:** ਬੰਬਈ ਹਾਤੇ ਦੇ ਸ਼ੋਲਾਪੁਰ ਜਿਲੇ ਵਿੱਚ ਪੰਡਰਪੁਰ ਤੋਂ ੧੫. ਮੀਲ ਪੂਰਵ ਵੱਲ ਇੱਕ ਨਗਰ ਹੈ, ਜਿਸ ਵਿੱਚ ਨਾਮਦੇਵ ਭਗਤ ਦਾ ਪਿਆਰਾ ਮੰਦਿਰ "ਨਾਗਨਾਥ" ਦਾ ਪ੍ਰਸਿੱਧ ਹੈ। "ਫੇਰ ਦੀਆ ਦੇਹੁਰਾ ਨਾਮੇ ਕਉ, ਪੰਡੀਅਨ ਕਉ

ਪਿਛਵਾਰਲਾ." ਇਹ ਸ਼ਬਦ ਜਿਸ ਪਰਥਾਇ ਹੈ, ਓਹ "ਔਧੀਆ ਨਾਗਨਾਥ" ਦਾ ਮੰਦਿਰ "ਧਰ" (ਮੱਧ ਭਾਰਤ C. P. ) ਵਿੱਚ ਹੈ.

ਔਤ: ਦੇਖੋ, ਅਉਤ.

ਔਤਾਰ: ਦੇਖੋ, ਅਉਤਾਰ.

ਔਤ੍ਰਾ: ਦੇਖੋ, ਅਉਤ.

ਔਦ, ਔਦ਼: ਅ਼. عوَد ਲੌਟਨਾ. ਵਾਪਿਸ ਆਉਣਾ. ਪਰਤਣਾ ਮੁੜਨਾ.

ਔਧ: ਦੇਖੋ, ਅਉਧ.

ਔਂਧ, ਔਂਧਾ: ਵਿ- ਅਧঃ ਉਲਟਾ. ਮੂਧਾ. "ਬਾਂਧ ਔਂਧ ਸਿਹਜਾ ਤਰ ਲਿਯਾ." (ਚਰਿਤ੍ਰ ੩੦੬)

ਔਧੀਆ ਨਾਗਨਾਥ: ਦੇਖੋ, ਔਂਢਾ.

ਔਨ, ਔਨਿ: ਪ੍ਰਿਥਿਵੀ. ਦੇਖੋ, ਅਵਨ ਅਤੇ ਅਵਨਿ. "ਨੈਨਨ ਮੇ ਨੀਰ ਔਨਿ ਡਾਰੈ ਬ੍ਰਿੰਦ ਬੁੰਦ ਕੋ." (ਗੁਪ੍ਰਸੂ)

ਔਰ: ਵਯ- ਦੋ ਪਦਾਂ ਨੂੰ ਜੋੜਨ ਵਾਲਾ ਸ਼ਬਦ. ਅਤੇ. ਅਰ। ੨. ਵਿ- ਦੂਜਾ. ਅਪਰ. ਹੋਰ। ੩. ਜਾਦਾ. ਅਧਿਕ.

ਔਰਸ: ਸੰ. ਸੰਗਯਾ- ਉਰ (ਛਾਤੀ) ਨਾਲ ਸੰਬੰਧ ਰੱਖਣ ਵਾਲਾ. ਉਰ ਤੋਂ ਪੈਦਾ ਹੋਇਆ ਪੁਤ੍ਰ. ਭਾਵ- ਪਿਤਾ ਦੇ ਵੀਰਜ ਤੋਂ ਉਪਜੀ ਸੰਤਾਨ। ੨. ਧਰਮਪਤਨੀ ਤੋਂ ਪੈਦਾ ਹੋਈ ਸੰਤਾਨ.

ਔਰਤ: ਦੇਖੋ, ਅਉਰਤ.

ਔਰਾ ਬੌਰਾ: ਵਿ- ਨੀਮ ਸੁਦਾਈ. ਮਸਤਾਨਾ. "ਨਾਥ ਸੁਨੋ ਔਰੀ ਬੌਰੀ ਬਾਤੇਂ ਬਕਤ ਸੋਊ." (ਨਾਪ੍ਰ)

ਔਰੋਤਰੀ: ਵਾ- ਅਪਰ- ਅਵਤਰੀ. ਹੋਰ- ਜਨਮੀ. "ਅਸ ਸੁੰਦਰ ਨਹਿ ਔਰੋਤਰੀ." (ਚਰਿਤ੍ਰ ੩੧੯)

ਔਰੰਗ: ਫ਼ਾ. اَوَرنگ ਸੰਗਯਾ- ਤਖ਼ਤ. ਰਾਜ ਸਿੰਘਾਸਨ। ੨. ਔਰੰਗਜ਼ੇਬ ਦਾ ਸੰਖੇਪ ਨਾਉਂ. "ਤਬ ਔਰੰਗ ਜਿਯ ਮਾਹਿ ਰਿਸਾਏ." (ਵਿਚਿਤ੍ਰ) ੩. ਦਾਨਾਈ. ਚਤੁਰਾਈ। ੪. ਛਲ. ਕਪਟ। ੫. ਖ਼ੁਸ਼ੀ. ਪ੍ਰਸੰਨਤਾ। ੬. ਘੁਣ. ਲਕੜੀ ਦਾ ਕੀੜਾ.

ਔਰੰਗਜ਼ੇਬ[142]: اَوَرنگزیب ਇਹ ਸ਼ਾਹਜਹਾਂ ਦਾ ਤੀਜਾ ਪੁਤ੍ਰ ਸੀ. ਇਸ ਦਾ ਜਨਮ ਅਰਜਮੰਦ ਬਾਨੋ ਦੇ ਉਦਰ ਤੋਂ ੩. ਨਵੰਬਰ ਸਨ ੧੬੧੮[143] ਨੂੰ ਦੋਹਦ[144] (ਜਿਲਾ ਪਾਂਚ ਮਹਾਲ- ਇਲਾਕਾ ਬੰਬਈ) ਵਿੱਚ ਹੋਇਆ.

ਸਨ ੧੬੫੮ ਵਿੱਚ ਔਰੰਗਜ਼ੇਬ ਆਪਣੇ ਪਿਤਾ ਸ਼ਾਹਜਹਾਂ ਨੂੰ ਆਗਰੇ ਦੇ ਕਿਲੇ ਕੈਦ ਕਰਕੇ ੨੧. ਜੁਲਾਈ ਨੂੰ ਦਿੱਲੀ ਦੇ ਤਖ਼ਤ ਉੱਪਰ ਬੈਠਾ. ਦਾਰਾਸ਼ਿਕੋਹ ਵਡੇ ਭਾਈ ਨੂੰ ਕਾਜੀਆਂ ਤੋਂ ਫਤਵਾ ਲੈ ਕੇ ਕਿ ਇਹ ਇਸਲਾਮ ਦੇ ਨਿਯਮਾਂ ਤੋਂ ਵਿਰੁੱਧ ਚਲਦਾ ਹੈ, ਸਿਤੰਬਰ ਸਨ ੧੬੫੯ ਵਿੱਚ ਦਿੱਲੀ ਕ਼ਤਲ ਕਰਵਾ ਦਿੱਤਾ. ਛੋਟਾ ਭਾਈ ਮੁਰਾਦ ਜੋ ਤਖਤ ਦਾ ਅਭਿਲਾਖੀ ਸੀ, ਉਸ ਨੂੰ ਪਹਿਲਾਂ ਹੀ ਇਹ ਸਮਝਾਇਆ ਕਿ ਮੈਂ ਬਾਦਸ਼ਾਹਤ ਨਹੀਂ ਚਾਹੁੰਦਾ. ਕੇਵਲ ਕਾਫਰ ਦਾਰਾ ਨੂੰ ਬਾਦਸ਼ਾਹ ਦੇਖਣਾ ਪਸੰਦ ਨਹੀਂ ਕਰਦਾ, ਇਸ ਲਈ ਤੇਰੀ ਸਹਾਇਤਾ ਨਾਲ ਦਾਰਾ ਨੂੰ ਮਾਰ, ਤਾਜ ਤੇਰੇ ਸਿਰ ਦੇ ਕੇ ਮੈਂ ਮੱਕੇ ਨੂੰ ਜਾਵਾਂਗਾ. ਨਾਮੁਰਾਦ ਮੁਰਾਦ, ਦੰਭੀ ਦੇ ਪੇਚ ਵਿੱਚ ਫਸ ਗਿਆ ਅਤੇ ਔਰੰਗਜ਼ੇਬ ਨਾਲ ਮਿਲਕੇ ਆਗਰੇ ਪਾਸ ਫ਼ਤਹਬਾਦ ਦੇ ਮੁਕਾਮ ਤੇ ਦਾਰਾ ਨੂੰ ਸ਼ਿਕਸਤ ਦੇਣ ਦਾ ਕਾਰਣ ਬਣਿਆ.

---

[142] ਇਸ ਦਾ ਪੂਰਾ ਨਾਉਂ ਹੈ-ਅਬੁਜ਼ਫਰ ਮੁਹ਼ੀਉੱਦੀਨ ਮੁਹ਼ੰਮਦ ਔਰੰਗਜ਼ੇਬ. ਇਸ ਦਾ ਖ਼ਿਤਾਬ ਹੈ-ਆ਼ਲਮਗੀਰ.

[143] ਕਈ ਇਤਿਹਾਸਕਾਰ ਨੇ ੧੦. ਅਕਤੂਬਰ ਸਨ ੧੬੧੯ ਲਿਖਿਆ ਹੈ.

[144] ਇਹ ਨਗਰ ਗੁਜਰਾਤ ਅਤੇ ਮਾਲਵੇ ਦੀ ਹੱਦਾਂ ਦੇ ਮੱਧ ਹੈ. ਇਸ ਲਈ ਨਾਉਂ 'ਦੋਹਦ' ਹੈ.

ਔਰੰਗਜ਼ੇਬ ਨੇ ਜੰਗ ਜਿੱਤਕੇ ਭਾਰੀ ਜਿਆਫ਼ਤ ਕੀਤੀ ਅਤੇ ਮੁਰਾਦ ਨੂੰ ਸ਼ਰਾਬ ਵਿੱਚ ਮਸਤ ਕਰਕੇ ਗਵਾਲੀਅਰ ਦੇ ਕਿਲੇ ਕੈਦ ਕੀਤਾ. ਤਿੰਨ ਵਰ੍ਹੇ ਪਿੱਛੋਂ ਇੱਕ ਸੱਯਦ ਦੇ ਖ਼ੂਨ ਦਾ ਅਪਰਾਧ ਉਸ ਦੇ ਮੱਥੇ ਮੜ੍ਹਕੇ ਕ਼ਤਲ ਕਰਵਾ ਦਿੱਤਾ.

ਇਸ ਤਰਾਂ ਪਰਿਵਾਰ ਨੂੰ ਕੈਦ ਅਥਵਾ ਕਤਲ ਕਰਕੇ ਔਰੰਗਜ਼ੇਬ ਨੇ "ਆ਼ਲਮਗੀਰ" ਖ਼ਿਤਾਬ ਧਾਰਣ ਕੀਤਾ. ਇਹ ਸੁੰਨੀ ਮਤ ਦਾ ਪੱਕਾ ਮੁਸਲਮਾਨਬਾਦਸ਼ਾਹ, ਵਿਦ੍ਵਾਨ ਮਿਹਨਤੀ ਅਤੇ ਰਾਜਪ੍ਰਬੰਧ ਕਰਨ ਵਿੱਚ ਵੱਡਾ ਚਤੁਰ ਸੀ। ਇਹ ਬਹੁਤ ਸਾਦੇ ਕਪੜੇ ਪਹਿਰਦਾ ਤੇ ਸਾਦੀ ਖੁਰਾਕ ਖਾਂਦਾ ਸੀ. ਸ਼ਰਾਬ ਜਾਂ ਕੋਈ ਹੋਰ ਨਸ਼ਾ ਨਹੀਂ ਵਰਤਦਾ ਸੀ. ਆਪਣੇ ਨਿਜ ਦੇ ਖਰਚ ਬਹੁਤ ਘਟਾਏ ਹੋਏ ਸਨ. ਵੇਹਲੇ ਸਮੇਂ ਵਿੱਚ ਆਪਣੇ ਹੱਥੀਂ ਟੋਪੀਆਂ ਬਣਾਨ ਅਤੇ ਕੁਰਾਨ ਦੀਆਂ ਖ਼ੁਸ਼ਖ਼ਤ ਨਕਲਾਂ ਕਰਨ ਦਾ ਕੰਮ ਕਰਦਾ ਸੀ, ਪਰ ਇਸਲਾਮ ਅਤੇ ਹਿੰਦੂ ਆਦਿਕ ਧਰਮਾਂ ਨੂੰ ਸਮ ਭਾਵ ਨਾਲ ਨਹੀਂ ਦੇਖਦਾ ਸੀ, ਸਗੋਂ ਇਤਨਾ ਮਤਾਂਧ ਹੋ ਗਿਆ ਸੀ ਕਿ ਵਡੇ ਵਡੇ ਅਨਰਥ ਕਰਣ ਤੋਂ ਇਸ ਦਾ ਮਨ ਸੰਕੋਚ ਨਹੀਂ ਕਰਦਾ ਸੀ. ਆਪਣੇ ਦੀਨੀ ਭਾਈਆਂ ਤੋਂ "ਮੁਹ਼ੀਉੱਦੀਨ (محی الدین)" ਪਦਵੀ ਪ੍ਰਾਪਤ ਕਰਕੇ ਜਾਮੇ ਵਿੱਚ ਨਹੀਂ ਸਮਾਉਂਦਾ ਸੀ.

ਇਸ ਨੇ ਹਿੰਦੂਆਂ ਦੇ ਮੇਲੇ, ਮੰਦਿਰਾਂ ਦੇ ਉਤਸਵ, ਕਾਸ਼ੀ ਦੇ ਵੈਦਿਕ ਸਕੂਲ ਹੁਕਮਨ ਬੰਦ ਕਰ ਦਿੱਤੇ ਸਨ, ਬਲਕਿ ਮਥੁਰਾ ਬਨਾਰਸ ਆਦਿਕ ਅਸਥਾਨਾਂ ਦੇ ਪ੍ਰਸਿੱਧ ਦੇਵਾਲਯ ਢਾਹਕੇ ਉਨ੍ਹਾਂ ਦੀ ਥਾਂ ਮਸੀਤਾਂ ਚਿਣਵਾ ਦਿੱਤੀਆਂ ਸਨ. ਇਸ ਨੇ ਅਕਬਰ ਦਾ ਹਟਾਇਆ ਹੋਇਆ ਜੇਜ਼ੀਆ ਹਿੰਦੂਆਂ ਤੇ ਫੇਰ ਜਾਰੀ ਕੀਤਾ.

ਜੇਜ਼ੀਆ ਆਦਿਕ ਟੈਕਸ ਅਤੇ ਹਿੰਦੂਆਂ ਉੱਪਰ ਅਤੀ ਜੁਲਮ ਹੁੰਦਾ ਦੇਖਕੇ ਸਾਰੇ ਰਾਜਪੂਤ, ਜੋ ਅਕਬਰ ਦੇ ਮਿਤ੍ਰ ਸਨ, ਇਸ ਦੇ ਵੈਰੀ ਹੋ ਗਏ. ਇਸ ਦੇ ਸੰਬੰਧ ਵਿਚ ਉਦਯ ਪੁਰ ਦੇ ਰਾਜਾ ਰਾਜ ਸਿੰਘ ਨੇ ਜੋ ਔਰੰਗਜ਼ੇਬ ਨੂੰ ਸਨ ੧੬੮੦ ਵਿੱਚ ਚਿੱਠੀ ਲਿਖੀ ਹੈ (ਜਿਸ ਦਾ ਜਿਕਰ ਕਰਨਲ ਟਾਡ Col. Tod ਨੇ ਰਾਜਸਥਾਨ ਵਿੱਚ ਕੀਤਾ ਹੈ) ਦੇਖਣ ਯੋਗ ਹੈ. ਰਾਜਾ ਲਿਖਦਾ ਹੈ-

"ਆਪ ਦੇ ਵਡਿਆਂ ਨੇ ਹਿੰਦੂ, ਮੁਸਲਮਾਨ, ਯਹੂਦੀ, ਈਸਾਈ, ਬਲਕਿ ਜੋ ਰੱਬ ਨੂੰ ਭੀ ਨਹੀਂ ਮੰਨਦੇ ਸਨ, ਉਨਾਂ ਨੂੰ ਇੱਕੋ ਜੇਹਾ ਪਾਲਿਆ. ਆਪ ਦੀ ਅਮਲਦਾਰੀ ਵਿੱਚ ਕਈ ਘਰੋਂ ਬਾਹਰ ਹੋਏ ਫਿਰਦੇ ਹਨ, ਕਈ ਦੇਸ ਛੱਡ ਗਏ ਹਨ, ਸਾਰੇ ਪਰਲੋਂ (ਪ੍ਰਲਯ) ਆ ਰਹੀ ਹੈ, ਲੋਕ ਭੁੱਖ ਨਾਲ ਮਰ ਰਹੇ ਹਨ. ਆਪ ਦੀ ਪ੍ਰਜਾ ਪੈਰਾਂ ਹੇਠ ਕੁਚਲੀ ਜਾ ਰਹੀ ਹੈ, ਸਿਪਾਹੀ ਰੋ ਰਹੇ ਹਨ, ਸੌਦਾਗਰ ਪਿੱਟ ਰਹੇ ਹਨ. ਜੋ ਬਾਦਸ਼ਾਹ ਐਸੀ ਦੁਖੀ ਪ੍ਰਜਾ ਤੋਂ ਟੈਕਸ ਮੰਗੇ ਉਸ ਦਾ ਰਾਜ ਕਿਸ ਤਰਾਂ ਕਾਇਮ ਰਹਿ ਸਕਦਾ ਹੈ? ਜੇ ਆਪ ਨੂੰ ਆਪਣੀ ਧਰਮਪੁਸ੍ਤਕ ਤੇ ਨਿਸ਼ਚਾ ਹੈ, ਤਾਂ ਉਸ ਵਿੱਚ ਦੇਖੋਗੇ ਕਿ ਖ਼ੁਦਾ ਸਭ ਦਾ ਸਾਂਝਾ ਹੈ, ਕੇਵਲ ਮੁਸਲਮਾਨਾਂ ਦਾ ਹੀ ਨਹੀਂ, ਮਸੀਤਾਂ ਵਿੱਚ ਜਿਸ ਦੀ ਆਰਾਧਨਾ ਹੁੰਦੀ ਹੈ, ਉਸੇ ਦੇ ਘੰਟੇ ਠਾਕੁਰਦ੍ਵਾਰੇ ਅੰਦਰ ਵਜਦੇ ਹਨ. ਜਦ ਅਸੀਂ ਕਿਸੇ ਮੁਸੱਵਰ ਦੀ ਲਿਖੀ ਮੂਰਤੀ ਵਿਗਾੜਦੇ ਹਾਂ ਤਦ ਬਿਨਾ ਸੰਸੇ ਚਿਤ੍ਰਕਾਰ ਨੂੰ ਨਾਰਾਜ ਕਰਦੇ ਹਾਂ. ਇਸੇ ਤਰਾਂ ਜੋ ਰੱਬ ਦੀ ਰਚਨਾ ਨੂੰ ਭੰਗ ਕਰਦਾ ਹੈ, ਉਹ ਉਸ ਦੇ ਕ੍ਰੋਧ ਦਾ ਅਧਿਕਾਰੀ ਹੁੰਦਾ ਹੈ. ਜੋ ਮਹਿਸੂਲ ਆਪ ਗਰੀਬ ਹਿੰਦੂਆਂ ਤੋਂ ਮੰਗਦੇ ਹੋ, ਇਹ ਨਾਵਾਜਿਬ ਹੈ, ਉਨ੍ਹਾਂ ਪਾਸ ਦੇਣ ਨੂੰ ਕਿੱਥੇ ਹੈ? ਪਰ ਜੇ ਆਪ ਨੇ ਜੇਜ਼ੀਆ ਲਾਉਣਾ ਹੀ ਹੈ ਤਾਂ ਮਹਾਰਾਜ ਰਾਮ ਸਿੰਘ ਅਤੇ ਮੇਥੋਂ ਮੰਗੋ. ਨਿੱਕੀਆਂ ਮੱਖੀਆਂ ਮਾਰਨ ਤੋਂ ਆਪ ਦੀ ਬਜ਼ੁਰਗੀ ਨੂੰ ਦਾਗ ਲਗਦਾ ਹੈ. ਮੈਂ ਹੈਰਾਨ ਹਾਂ ਕਿ ਆਪ ਦੇ ਮੰਤ੍ਰੀ ਆਪ ਨੂੰ ਕਿਉਂ ਨਹੀਂ ਦਸਦੇ ਕਿ ਅਜੇਹੀਆਂ ਗੱਲਾਂ ਆਪ ਦੀ ਸ਼ਾਨ ਦੇ ਵਿਰੁੱਧ ਹਨ."

ਇਹ ਬਾਦਸ਼ਾਹ ਰਾਗਵਿਦਯਾ ਦਾ ਭਾਰੀ ਵੈਰੀ ਸੀ, ਕਿਉਂਕਿ ਗਾਉਣਾਂ ਬਜਾਉਣਾਂ ਮੁਹੰਮਦੀ ਸ਼ਰਾ ਦੇ ਵਿਰੁੱਧ ਜਾਣਦਾ ਸੀ, ਇਸੇ ਲਈ ਸ਼ਾਹੀ ਗਵੱਯੇ ਸਭ ਮੌਕੂਫ ਕਰ ਦਿੱਤੇ ਸਨ. ਇੱਕ ਵੇਰ ਦਿੱਲੀ ਦੇ ਸਾਰੇ ਰਾਗੀ ਵਡਾ ਕੁਲਾਹਲ ਕਰਦੇ ਹੋਏ ਸ਼ਾਹੀ ਮਹਿਲ ਪਾਸਦੀਂ ਇੱਕ ਜਨਾਜ਼ੇ ਪਿੱਛੇ ਜਾ ਰਹੇ ਸਨ, ਪੁੱਛਣ ਤੋਂ ਬਾਦਸ਼ਾਹ ਨੂੰ ਉੱਤਰ ਮਿਲਿਆ ਕਿ ਆਪ ਦੀ ਅਮਲਦਾਰੀ ਵਿੱਚ ਰਾਗ ਮਰ ਗਿਆ ਹੈ ਉਸ ਨੂੰ ਦਫਨ ਕਰਨ ਜਾ ਰਹੇ ਹਾਂ. ਔਰੰਗਜ਼ੇਬ ਨੇ ਆਖਿਆ ਕਿ ਇਸ ਸ਼ੈਤਾਨ ਨੂੰ ਡੂੰਘਾ ਦੱਬਣਾ ਤਾਕਿ ਫੇਰ ਬਾਹਰ ਨਾ ਨਿਕਲੇ.

ਔਰੰਗਜ਼ੇਬ ਦੇ ਅਤਯਾਚਾਰ (ਜ਼ੁਲਮ ਅਤੇ ਅਨਯਾਯ) ਨੇ ਹੀ ਸ਼ਿਵਾ ਜੀ ਨੂੰ ਇਸ ਦਾ ਵੈਰੀ ਬਣਾਇਆ, ਜਿਸ ਤੋਂ ਮਰਹਟੇ ਮੁਗਲਰਾਜ ਦੀ ਜੜ ਪੁੱਟਣ ਦੇ ਆਹਰ ਲੱਗੇ. ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਕਤਲ ਕਰਕੇ ਸਾਰੇ ਸਿੱਖਾਂ ਦੇ ਮਨਾਂ ਵਿੱਚ ਦੁਸ਼ਮਨੀ ਦਾ ਬੀਜ ਬੀਜ ਦਿੱਤਾ, ਜਿਸ ਦਾ ਫਲ ਉਸ ਦੀ ਔਲਾਦ ਨੂੰ ਭੋਗਣਾ ਪਿਆ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਜ਼ਫ਼ਰਨਾਮਹ" ਇਸੇ ਨੂੰ ਭੇਜਿਆ ਸੀ, ਜਿਸ ਵਿੱਚ ਸ਼ੁਭ ਉਪਦੇਸ਼ ਭਰੇ ਹੋਏ ਹਨ.

ਔਰੰਗਜ਼ੇਬ ਮਰਣ ਸਮੇਂ ਆਪਣੀ ਕਰਣੀ ਉੱਪਰ ਖ਼ੁਦ ਪਛਤਾਉਂਦਾ ਸੀ, ਉਹ ਆਪਣੇ ਪੁਤ੍ਰ ਨੂੰ ਲਿਖਦਾ ਹੈ- "ਅਵਗੁਣਾਂ ਤੋਂ ਛੁਟ ਮੈਂ ਇਸ ਸੰਸਾਰ ਵਿੱਚ ਆਪਣੇ ਨਾਲ ਕੁਝ ਨਹੀਂ ਲਿਆਇਆ, ਅਤੇ ਪਾਪ ਹੀ ਇਕੱਠੇ ਕਰਕੇ ਲੈ ਚੱਲਿਆ ਹਾਂ. ਮੈ ਭਾਰੀ ਭੁੱਲਾਂ ਕੀਤੀਆਂ ਹਨ, ਅਤੇ ਪਤਾ ਨਹੀਂ ਕਿ ਕੀ ਸਜ਼ਾ ਮਿਲੇਗੀ. ਮੈਨੂੰ ਨਜਾਤ ਲਈ ਭਾਰੀ ਚਿੰਤਾ ਹੈ."

ਆ਼ਲਮਗੀਰ ੫੦ ਵਰ੍ਹੇ ਬਾਦਸ਼ਾਹੀ ਕਰਕੇ ੯੦ ਬਰਸ ੧੭. ਦਿਨ[145] ਦੀ ਉਮਰ ਭੋਗਕੇ ਅਹ਼ਮਦਨਗਰ ਦੱਖਣ ਵਿੱਚ ੨੧. ਫਰਵਰੀ ਸਨ ੧੭੦੭ (ਸੰਮਤ ੧੭੬੩) ਨੂੰ ਇਸ ਦੁਨੀਆਂ ਤੋਂ ਕੂਚ ਕਰ ਗਿਆ ਅਤੇ ਦੌਲਤਾਬਾਦ ਦੇ ਪਾਸ ਰੌਜ਼ੇ ਵਿੱਚ ਦਫ਼ਨ ਕੀਤਾ ਗਿਆ.

ਔਰੰਗਜ਼ੇਬ ਜੇ ਪੰਜ ਪੁਤ੍ਰ (ਸੁਲਤ਼ਾਨ ਮੁਹ਼ੰਮਦ, ਬਹਾਦੁਰ ਸ਼ਾਹ, ਆ਼ਜ਼ਮ ਸ਼ਾਹ, ਮੁਹੰਮਦ ਅਕਬਰ, ਕਾਮ ਬਖ਼ਸ਼) ਅਤੇ ਚਾਰ ਪੁਤ੍ਰੀਆਂ (ਜ਼ੇਬੁੱਨਿਸਾ, ਜ਼ਿਨੱਤੁੱਨਿਸਾ, ਬਦਰੁੱਨਿਸਾ, ਮਿਹਰੁੱਨਿਸਾ) ਸਨ.

ਇਸ ਦੇ ਮਰਣ ਸਮੇਂ ਰਿਆਸਤ ਦੀ ਆਮਦਨ ੩੧੭, ੯੩੫, ੦੫੦ ਰੁਪਯੇ ਸੀ.

ਔਰੰਗਾ: ਔਰੰਗਜ਼ੇਬ ਬਦਸ਼ਾਹ. "ਔਰੰਗਾ ਚੜਿਆ ਜੁੱਧ ਨੂੰ ਜੇਬੁਨਿਸਾ ਪੁਕਾਰੇ." (ਜੰਗਨਾਮਾ)

ਔਰੰਗਾਬਾਦ: ਹੈਦਰਾਬਾਦ ਦੱਖਣ ਦੇ ਇਲਾਕੇ ਇੱਕ ਪ੍ਰਸਿੱਧ ਨਗਰ, ਜਿਸ ਦਾ ਪਹਿਲਾ ਨਾਉਂ ਖਿਰਕੀ ਸੀ. ਸਨ ੧੬੫੩ ਵਿੱਚ ਸ਼ਾਹਜ਼ਾਦਾ ਔਰੰਗਜ਼ੇਬ ਨੇ ਆਪਣੇ ਨਾਉਂ ਤੇ ਇਸ ਦਾ ਨਾਉਂ ਔਰੰਗਾਬਾਦ ਥਾਪਿਆ.

ਔਲ: ਦੇਖੋ, ਅੱਵਲ ਅਤੇ ਅਉਲਿ. ੨. ਸੰਗਜਾ- ਚਿੱਟੇ ਰੰਗ ਦਾ ਜ਼ਿਮੀਕੰਦ. L. Arum Campanulatum.

ਔਲਾ: ਅ਼. اولےٰ ਵਿ- ਸਭ ਤੋਂ ਚੰਗਾ. ਅਤਿ ਉੱਤਮ. ਬਿਹਤਰ.

ਔਲਾਦ: ਅ਼. اوَلاد ਸੰਗਜਾ- ਵਲਦ ਦਾ ਬਹੁ ਵਚਨ. ਸੰਤਾਨ। ੨. ਵੰਸ਼. ਨਸਲ.

ਔਲੀਆ: ਦੇਖੋ, ਅਉਲੀਆ.

ਔਵਲ: ਦੇਖੋ, ਅਵਲ.

ਔੜ: ਅਵ੍ਰਿਸ਼੍ਟਿ. ਵਰਖਾ ਦਾ ਅਭਾਵ. ਦੇਖੋ, ਅਉੜ. "ਮਾਸ ਭਾਦ੍ਰਪਦ ਔੜ ਲਗੀ ਅਸ." (ਗੁਪ੍ਰਸੂ)

ਔੜਨਾ: ਕ੍ਰਿ- ਔਸਾਨ ਵਿੱਚ ਆਉਣਾ. ਝਟ ਪਟ ਕਿਸੇ ਖ਼ਿਆਲ ਦਾ ਫੁਰਨਾ. ਬਾਤ ਦਾ ਸੁਝਣਾ.

ਔੜਵ: ਸੰ. ਪੰਜ ਸੁਰ ਦਾ ਰਾਗ. ਜੈਸੇ- ਮਾਲਕਸ. ਦੇਖੋ, ਓੜਵ.

ਅੰ: ਦੇਖੋ, ਅਮ। ੨. ਭਾਈ ਸੰਤੋਖ ਸਿੰਘ ਜੀ ਨੇ "ਓ" ਦੀ ਥਾਂ "ਅੰ" ਸ਼ਬਦ. ਵਰਤਿਆ ਹੈ. "ਅੰ ਪਰਮਾਤਮ ਆਤਮਭੂ." (ਨਾਪ੍ਰ) ੩. ਅਨ ਦੀ ਥਾਂ ਭੀ ਅੰ ਸ਼ਬਦ ਆਉਂਦਾ ਹੈ. ਦੇਖੋ, ਅੰਅਕਿਤ.

ਅੰਅਕਿਤ ਭੇਵ: (ਦੱਤਾਵ) ਅਨ ਅੰਕਿਤ ਭੇਦ. ਜਿਸ ਦਾ ਮਰਮ (ਭੇਤ) ਲਿਖਣ ਵਿੱਚ ਨਹੀਂ ਆਉਂਦਾ.

ਅੰਸ: ਸੰ. ਡ੍ਰਸ੍. ਧਾ- ਵਿਭਾਗ ਕਰਨਾ. ਵੰਡਣਾ. ਹਿੱਸੇ ਕਰਨਾ। ੨. ਸੰ. ਅੰਸ਼. ਸੰਗਜਾ- ਹ਼ਿੱਸਾ (ਭਾਗ). ੩. ਵੰਸ਼ ਦੀ ਥਾਂ ਭੀ ਅੰਸ ਸ਼ਬਦ ਵਰਤਿਆ ਜਾਂਦਾ ਹੈ, ਯਥਾ- "ਗੁਰੁਅੰਸ।" ੪. ਕਲਾ. ਸੋਲਵਾਂ ਹਿੱਸਾ। ੫. ਦੇਖੋ, ਅੰਸੁ। ੬. ਸੰ. ਡ੍ਰਸ੍- ਅੰਸ. ਮੋਢਾ.

ਅੰਸ ਭੇਵੀ: ਵਿ- ਅੰਸ਼ ਤੋਂ ਭਈ. ਈਸ਼੍ਵਰ ਦੀ ਕਲਾ ਤੋਂ ਉਪਜੀ। ੨. ਸੰਗਜਾ- ਬਿਜਲੀ. ਚਪਲਾ. ਜਿਸਦੀਆਂ ਅੰਸ਼ੁ (ਕਿਰਨਾਂ) ਭੈ ਦਾਇਕ ਹਨ. "ਗਜੈ ਗੈਣ ਦੇਵੀ, ਮਹਾਂ ਅੰਸ ਭੇਵੀ." (ਵਿਚਿਤ੍ਰ)

---

[145] ਹਿਜਰਾਂ ਸਾਲ ਦੇ ਹਿਸਾਬ.

ਅੰਸ ਮਾਲੰ: ਦੇਖੋ, ਅੰਸੁਮਾਲੀ.

ਅੰਸਾ ਅਉਤਾਰ, ਅੰਸਾ ਅਵਤਾਰ, ਅੰਸਾਵਤਾਰ: ਸੰ. ਅੰਸ਼ਾਵਤਾਰ. ਸੰਗਯਾ- ਪੁਰਾਣਾਂ ਵਿੱਚ ਦੇਵਤਿਆਂ ਦੀ ਕਲਾ ਦੇ ਕਈ ਅੰਸ਼ (ਭਾਗ) ਮੰਨੇ ਹਨ. ਉਨ੍ਹਾਂ ਕਲਾ ਵਿੱਚੋਂ ਜਿਨ੍ਹਾਂ ਅਵਤਾਰਾਂ ਵਿੱਚ ਕੁਝ ਹਿੱਸੇ ਪਾਈਦੇ ਹਨ, ਉਹ "ਅੰਸ਼ਾਵਤਾਰ" ਸਦਾਉਂਦੇ ਹਨ. ਇਸੇ ਵਿਚਾਰ ਨਾਲ ਕਿਸੇ ਅਵਤਾਰ ਨੂੰ ਨੌ ਕਲਾ ਵਾਲਾ, ਕਿਸੇ ਨੂੰ ਸੋਲਾਂ ਕਲਾ ਵਾਲਾ ਮੰਨਿਆ ਹੈ. "ਅੰਸਾਅਉਤਾਰੁ ਉਪਾਇਓਨੁ." (ਵਾਰ ਗੂਜ ੧, ਮਃ ੩)

"ਅਨਿਕ ਪੁਰਖ ਅੰਸਾ ਅਵਤਾਰ." (ਸਾਰ ਅਃ ਮਃ ੫)

ਅੰਸੀ: ਸੰ. अंशिन्. ਵਿ- ਅੰਸ਼ ਵਾਲਾ. ਹਿੱਸੇ ਵਾਲਾ। ੨. ਕਲਾ ਵਾਲਾ.

ਅੰਸੁ: ਸੰ. ਅੰਸ਼ੁ. ਸੰਗਯਾ- ਕਿਰਣ. "ਜਿਸ ਮਹਿ ਨਾਮੁ ਨਿਰੰਜਨ ਅੰਸੁ." (ਮਲਾ ਮਃ ੧) "ਕਹੁ ਕਬੀਰ ਇਹੁ ਰਾਮ ਕੀ ਅੰਸੁ." (ਗੌਂਡ ਕਬੀਰ) ੨. ਸੂਰਜ। ੩. ਸੂਤ੍ਰ. ਤਾਰ. ਤਾਗਾ। ੪. ਜਿਨ੍ਹਾਂ ਗ੍ਰੰਥਾਂ ਨੂੰ ਸੂਰਜ ਦਾ ਨਾਉਂ ਦਿੱਤਾ ਜਾਂਦਾ ਹੈ ਉਨ੍ਹਾਂ ਦੇ ਅਧ੍ਯਾਯ ਰੂਪਕ ਅਲੰਕਾਰ ਅਨੁਸਾਰ "ਅੰਸ਼ੁ" ਕਹੇ ਜਾਂਦੇ ਹਨ, ਕਿਉਂਕਿ ਅੰਸ਼ੁ ਨਾਉਂ ਕਿਰਣ ਦਾ ਹੈ. ਦੇਖੋ, ਗੁਰੁਪ੍ਰਤਾਪ ਸੂਰਯ.

ਅੰਸ਼ੁਕ: ਸੰਗਯਾ- ਵਸਤ੍ਰ, ਜੋ ਅੰਸ਼ੁ. (ਸੂਤ) ਤੋਂ ਬਣਿਆ ਹੈ. ਲੀੜਾ। ੨. ਚਾਦਰ. ਉਪਰਨਾ। ੩. ਰੇਸ਼ਮੀ ਵਸਤ੍ਰ.

ਅੰਸੁਭੇਵੀ: ਦੇਖੋ, ਅੰਸ ਭੇਵੀ.

ਅੰਸ਼ੁਮਾਨ: ਸੂਰਯ ਵੰਸ਼ੀ ਰਾਜਾ ਸਗਰ ਦਾ ਪੋਤ੍ਰਾ ਅਤੇ ਅਸਮੰਜਸ ਦਾ ਬੇਟਾ. ਦੇਖੋ, ਸਗਰ। ੨. ਵਿ- ਕਿਰਣਾਂ ਵਾਲਾ.

ਅੰਸੁਮਾਲ, ਅੰਸੁਮਾਲਿ, ਅੰਸੁਮਾਲੀ: ਸੰ. अंशुमालिन्. ਸੰਗਯਾ- ਸੂਰਜ, ਜੋ ਅੰਸ਼ੁ (ਕਿਰਣਾਂ) ਦੀ ਮਾਲਾ ਰਖਦਾ ਹੈ. "ਭਈ ਪ੍ਰਭਾਤ ਉਦਯੋ ਅੰਸੁਮਾਲ." (ਗੁਪ੍ਰਸੂ)

ਅੰਸੂ: ਸੰਗਯਾ- ਅਸ਼੍ਰੂ. ਆਂਸੂ. ਅੰਝੂ. ਹੰਝੂ। ੨. ਅਧ੍ਯਾਯ. ਦੇਖੋ, ਅੰਸ ੪.

ਅੰਕ: ਸੰ. अङ् क. ਧਾ- ਚਿੰਨ੍ਹ ਕਰਨਾ. ਗਿਣਨਾ. ਵਿਚਰਨਾ. . ਗੋਦੀ ਵਿੱਚ ਲੈਣਾ. ਨਿੰਦਾ ਕਰਨਾ। ੨. अङ्क. ਸੰਗਯਾ- ਚਿੰਨ੍ਹ. ਨਿਸ਼ਾਨ। ੩. ਅੱਖਰ. ਵਰਣ। ੪. ਲਿਖਤ. ਤਹਿਰੀਰ। ੫. ਦੇਹ. ਸ਼ਰੀਰ। ੬. ਨੌ ਦੀ ਗਿਣਤੀ, ਕਿਉਂਕਿ ਅੰਗ ਨੌ ਹਨ। ੭. ਪਾਪ. ਦੋਸ਼। ੮. ਗੋਦੀ. ਉਛੰਗ. "ਅਤਿ ਸਨੇਹ ਸੋਂ ਲੀਨੋ ਅੰਕ." (ਗੁਪ੍ਰਸੂ) ੯. ਲਿਬਾਸ। ੧੦. ਅੰਤਹਕਰਣ. ਦਿਲ। ੧੧. ਕਲੰਕ. "ਬਿਨ ਅੰਕ ਮਯੰਕ ਬਨੱਜੋ ਬਦਨੰ," (ਨਾਪ੍ਰ) ਬਿਨਾ ਕਲੰਕ ਮਯੰਕ (ਚੰਦ੍ਰਮਾ).

ਅੰਕਸ: ਦੇਖੋ, ਅੰਕੁਸ.

ਅੰਕ ਸਹੇਲੜੀ, ਅੰਕ ਸਹੇਲੀ: ਵਿ- ਪਿਆਰੀ ਸਖੀ. ਮਨ ਵਿੱਚ ਵਸਣ ਵਾਲੀ ਸਹੇਲੀ. ਦੇਖੋ, ਅੰਕ. "ਅੰਕ ਸਹੇਲੜੀਆਹ." (ਸ੍ਰੀ ਮਃ ੧)

ਅੰਕਸੁ: ਦੇਖੋ, ਅੰਕੁਸ. "ਅੰਕਸੁ ਗਯਾਨੁ ਰਤਨ ਹੈ ਖੇਵਟ ਬਿਰਲਾ ਸੰਤ." (ਸ. ਕਬੀਰ)

ਅੰਕ ਪਲਈ, ਅੰਕ ਪਲੀ, ਅੰਕਪਾਲੀ: ਸੰ. अङ्कपल्लव- ਅੰਕਪੱਲਵ. ਸੰਗਯਾ- ਅੱਖਰਾਂ ਦੀ ਥਾਂ, ਅੰਗ (ਹਿੰਦਸੇ) ਜਿਸ ਵਰਣਮਾਲਾ ਵਿੱਚ ਵਰਤੇ ਜਾਣ, ਉਸ ਦਾ ਨਾਉਂ "ਅੰਕਪਲੀ" ਹੈ.

ਅੰਕਪਲੀਆਂ ਬੇਸ਼ੁਮਾਰ ਹਨ, ਪਰ ਜਿਸ ਨੂੰ ਦਸ਼ਮੇਸ਼ ਸ੍ਵਾਮੀ ਦੀ ਸੰਕੇਤ ਕੀਤੀ ਦੱਸਿਆ ਜਾਂਦਾ ਹੈ, ਇਸ ਥਾਂ ਉਹ ਦਿਖਾਂਉਨੇ ਹਾਂ:-

| | | | | | | | | | | |
|---|---|---|---|---|---|---|---|---|---|---|
| ਸ | ਮ | ਰ | ਗ | ਹ | ਕ | ਭ | ਝ | ਙ | ਲ | ਚ |
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੨ |

| | | | | | | | | | | |
|---|---|---|---|---|---|---|---|---|---|---|
| | | | | | | | | | | ੦ |
| | ਦ | ਢ | ਪ | ਞ | ਫ | ਧ | ਖ | ਥ | | |
| | ੩੦ | ੪੦ | ੫੦ | ੬੦ | ੭੦ | ੮੦ | ੯੦ | ੧੦੦ | | |
| | ਯ | ਛ | ਠ | ਬ | ਵ | ਟ | ਅ | | | |
| | ੨੦੦ | ੩੦੦ | ੪੦੦ | ੫੦੦ | ੬੦੦ | ੭੦੦ | ੮੦੦ | | | |
| | | | ਓ | ਤ | ੜ | ਜ | ਏ | | | |
| | | | ੯੦੦ | ੧੦੦<br>੦ | ੨੦੦੦ | ੩੦੦੦ | ੪੦੦<br>੦ | | | |
| | | | ਨ | ਘ | ਣ | ਙ | | | | |
| | | | ੫੦੦<br>੦ | ੬੦੦੦ | ੭੦੦੦ | ੮੦੦<br>੦ | | | | |

ਇਨ੍ਹਾਂ ਅੰਗਾਂ ਨੂੰ ਮਾਤ੍ਰਾ ਗੁਰਮੁਖੀ ਅੱਖਰਾਂ ਵਾਂਙ ਹੀ ਲਗਦੀਆਂ ਹਨ, ਯਥਾ: :-

| ਅਂ | ਕ | ਪਾ | ਲੀ |
|---|---|---|---|
| ੮੦੦ਂ | ੬ | ੫੦ਾ | ੧੦ੀ |

ਅ਼ਰਬੀ ਫ਼ਾਰਸੀ ਦੇ ਵਿਦ੍ਵਾਨਾਂ ਨੇ ਭੀ ਅਨੇਕ ਅੰਕਪਾਲੀ ਕਲਪਨਾ ਕੀਤੀਆਂ ਹਨ। ੨. ਅङ्कपालि- ਅੰਕਪਾਲਿ. ਸੰਗ੍ਯਾ- ਦਾਈ. ਧਾਤ੍ਰਿ. ਚੁੰਘਾਵੀ। ੩. ਆਲਿੰਗਨ ਜੱਫੀ ਭਰਨੀ. ਅੰਗ ਲਾਉਣ ਦੀ ਕ੍ਰਿਯਾ.

**ਅੰਕਵਾਰ:** ਹਿੰ. ਸੰਗ੍ਯਾ- ਗੋਦੀ. ਉਛੰਗ, ਕੁੱਛੜ.

**ਅੰਕੜ:** ਸੰਗ੍ਯਾ- ਆਕੜ. ਐਂਠ. ਅਭਿਮਾਨ. ੨. ਦੇਖੋ, ਅੰਕੁੜਾ.

**ਅੰਕਿ:** ਕ੍ਰਿ. ਵਿ- ਅੰਗ ਨਾਲ. "ਅੰਕਿ ਮਿਲਾਈ." (ਜੈਤ ਛੰਤ ਮਃ ੫) ੨. ਦਿਲ ਵਿੱਚ. ਮਨ ਮੇਂ. ਦੇਖੋ, ਅੰਕ ੧੦. "ਗੁਰੁ ਕਾ ਕਹਿਆ ਅੰਕਿ ਸਮਾਵੈ." (ਓਅੰਕਾਰ)

**ਅੰਕਿਤ:** ਸੰ. ਅਙ੍ਕਿਤ- ਵਿ- ਲਿਖਿਆ ਹੋਇਆ. ਤਹ਼ਰੀਰ ਵਿੱਚ ਆਇਆ। ੨. ਚਿੰਨ੍ਹਿਤ. ਨਿਸ਼ਾਨ ਸਹਿਤ। ੩. ਦਾਗੀ.

**ਅੰਕੁ:** ਲਿਬਾਸ. ਦੇਖੋ, ਅੰਕ ੯. "ਅੰਕੁ ਜਲਉ ਤਨੁ ਜਾਲੀਅਉ." (ਸ੍ਰੀ ਅਃ ਮਃ ੧)

**ਅੰਕੁਸ:** ਸੰ. ਅਙ੍ਕੁਸ਼. ਅੰਕੁਸ਼. ਸੰਗ੍ਯਾ- ਹੁਕੂਮਤ ਦਾ ਦਬਾਉ। ੨. ਹਾਥੀ ਹੱਕਣ ਦਾ ਲੋਹੇ ਦਾ ਕੁੰਡਾ (ਖੁੰਡਾ).

**ਅੰਕੁਰ, ਅੰਕੁਰੁ:** ਸੰ. ਅਙ੍ਕੁਰ. ਸੰਗ੍ਯਾ- ਲਹੂ. ਖ਼ੂਨ। ੨. ਜਲ. ਪਾਣੀ। ੩. ਬੀਜ ਵਿੱਚੋਂ ਨਿਕਲਿਆ ਹੋਇਆ ਡੰਘੂਰ. ਅੰਖੁਆ. ਕੂਮਲ. "ਪੂਰਬ ਕਰਮ ਅੰਕੁਰ ਜਬ ਪ੍ਰਗਟੇ." (ਗਉ ਮਃ ੫) ੪. ਭਾਗ. ਨਸੀਬ. "ਅੰਕੁਰ ਭਲੋ ਹਮਾਰਾ." (ਟੋਡੀ ਮਃ ੫. ) ੫. ਬੀਜ. ਮੂਲ. "ਭਗਤਨ ਕਾ ਅੰਕੁਰੁ ਰਾਖਿਓ." (ਧਨਾ ਮਃ ੫)

**ਅੰਕੁੜਾ:** ਸੰਗ੍ਯਾ- ਖੁੰਡੀ ਦੀ ਸ਼ਕਲ ਦਾ ਕੁੰਡਾ. ਹੁੱਕ.

**ਅੰਕੂਰ:** ਦੇਖੋ, ਅੰਕੁਰ. "ਪੂਰਨ ਲਿਖਤ ਨਿਸਾਨ ਕਰਮ ਅੰਕੂਰ ਹੈ." (ਭਾਗੁ)

**ਅੰਖ:** ਸੰ. ਅਙ੍ਖ੍. ਧਾ- ਰੁੜ੍ਹਨਾ. ਲਟਕਣਾ. ਲਗੇ ਰਹਿਣਾ। ੨. ਸੰਗ੍ਯਾ- ਅਕ੍ਸ਼ਿ. ਅੱਖ. ਆਂਖ.

ਅੰਗ: ਸੰ. ਅੰਗ੍ ਗ੍. ਧਾ- ਚਿੰਨ੍ਹ ਕਰਨਾ. ਚਲਨਾ. ਪ੍ਰਵ੍ਰਿੱਤ ਕਰਨਾ. ੨. ਸੰ. ਅੰਗ੍ ਗ੍. ਸੰਗਯਾ ਸ਼ਰੀਰ. ਦੇਹ। ੩. ਹੱਥ. ਪੈਰ, ਸਿਰ ਆਦਿਕ ਸ਼ਰੀਰ ਦੇ ਭਾਗ। ੪. ਉਪਾਯ (ਉਪਾਉ). ਯਤਨ। ੫. ਮਿਤ੍ਰ. ਦੋਸ੍ਤ. ਪਿਆਰਾ। ੬. ਪੱਖ. ਸਹਾਇਤਾ. "ਜਿਨ ਕਾ ਅੰਗ ਕਰੈ ਮੇਰਾ ਸੁਆਮੀ." (ਸਾਰ ਮਃ ੪. ਪੜਤਾਲ) ੭. ਹਿੱਸਾ. ਭਾਗ। ੮. ਅੰਕ. ਹਿੰਦਸਾ। ੯. ਬੰਗਾਲ ਵਿੱਚ ਭਾਗਲ ਪੁਰ ਦੇ ਆਸ ਪਾਸ ਦਾ ਦੇਸ਼, ਜਿਸ ਦੀ ਰਾਜਧਾਨੀ ਕਿਸੇ ਵੇਲੇ ਚੰਪਾਪੁਰੀ ਸੀ. "ਤਿਸ ਦਿਸ ਅੰਗ ਬੰਗ ਤੇ ਆਦੀ." (ਗੁਪ੍ਰਸੂ) ਮਹਾਂਭਾਰਤ ਵਿੱਚ ਕਥਾ ਹੈ ਕਿ ਬਲਿ ਦੀ ਇਸਤ੍ਰੀ ਸੁਦੇਸ਼੍ਨਾ ਦੇ ਉਦਰ ਤੋਂ ਰਿਖੀ ਦੀਰਘਤਮਾ ਦੇ ਪੰਜ ਪੁਤ੍ਰ ਹੋਏ. ਅੰਗ, ਵੰਗ, ਕਲਿੰਗ, ਪੁੰਡ੍ਰ, ਅਤੇ ਸੁਕ੍ਸ਼. ਜਿਨ੍ਹਾਂ ਨੇ ਆਪਣੇ ਆਪਣੇ ਨਾਉਂ ਪੁਰ ਦੇਸ਼ਾਂ ਦੇ ਨਾਮ ਠਹਿਰਾਏ.

ਅੰਗ ਸੰਗ: ਵਿ- ਸ਼ਰੀਰ ਦੇ ਨਾਲ. "ਗੁਰੂ ਅੰਗ ਸੰਗ ਰਹੇ." ੨. ਹਰ ਵੇਲੇ ਸਾਥ.

ਅੰਗਹੀਨ: ਵਿ- ਜਿਸ ਦਾ ਕੋਈ ਅੰਗ ਘੱਟ ਹੈ. ਅੰਗ ਭੰਗ.

ਅੰਗਜ: ਸੰ. ਵਿ- ਅੰਗ ਤੋਂ ਪੈਦਾ ਹੋਇਆ। ੨. ਸੰਗਯਾ- ਪੁਤ੍ਰ. ਸੰਤਾਨ। ੩. ਰੋਮ. ਕੇਸ਼. ੪. ਰੋਗ। ੫. ਕਾਮਦੇਵ.

ਅੰਗਣ: ਸੰ. ਅਙ੍ਗਣ ਅਤੇ ਅਙ੍ਗਨ. ਸੰਗਯਾ- ਵੇਹੜਾ. ਸਹ਼ਨ. ਅਜਿਰ। ੨. ਵਿਚਰਨਾ. ਫਿਰਨਾ.

ਅੰਗਤ੍ਰਾਣ: ਸੰ. ਸੰਗਯਾ- ਸ਼ਰੀਰ ਦੀ ਰਖ੍ਯਾ ਕਰਨ ਵਾਲਾ, ਵਸਤ੍ਰ। ੨. ਕਵਚ. ਜਿਰਹਿ.

ਅੰਗਦ: ਸੰ. ਅਙ੍ਗਦ. ਸੰਗਯਾ- ਅੰਗ ਨੂੰ ਸ਼ੋਭਾ ਦੇਣ ਵਾਲਾ ਭੂਸ਼ਣ. ਭੁਜਬੰਦ. ਬਾਜ਼ੂਬੰਦ. ਕੇਯੂਰ। ੨. ਬਾਲਿ ਦਾ ਪੁਤ੍ਰ, ਸੁਗ੍ਰੀਵ ਦਾ ਭਤੀਜਾ, ਜੋ ਤਾਰਾ ਦੇ ਉਦਰ ਤੋਂ ਪੈਦਾ ਹੋਇਆ. ਇਹ ਰਾਮ ਚੰਦ੍ਰ ਜੀ ਦਾ ਦੂਤ ਬਣਕੇ ਰਾਵਣ ਦੀ ਸਭਾ ਵਿੱਚ ਗਿਆ ਸੀ. "ਇਤ ਕਪਿਪਤਿ ਅਰ ਰਾਮ ਦੂਤ ਅੰਗਦਹਿਂ ਪਠਾਯੋ." (ਰਾਮਾਵ) ੩. ਲਛਮਨ (ਲਕ੍ਸ਼ਮਣ) ਦਾ ਇੱਕ ਪੁਤ੍ਰ, ਜਿਸ ਨੇ ਆਪਣੇ ਨਾਉਂ ਪੁਰ ਆਂਗਦੀ ਨਗਰੀ ਵਸਾਈ। ੪. ਦੇਖੋ, ਅੰਗਦ ਸਤਿਗੁਰੂ.

ਅੰਗਦ ਸਤਿਗੁਰੂ: ਸੱਖਕੌਮ ਦੇ ਦੂਜੇ ਪਾਤਸ਼ਾਹ, ਜਿਨ੍ਹਾਂ ਦਾ ਜਨਮ ਐਤਵਾਰ ਵੈਸਾਖ ਵਦੀ ੧. (੫ ਵੈਸਾਖ) ਸੰਮਤ ੧੫੬੧ (੩੧ ਮਾਰਚ ਸਨ ੧੫੦੪) ਨੂੰ ਫੇਰੂ ਮੱਲ ਖਤ੍ਰੀ ਦੇ ਘਰ ਮਾਤਾ ਦਯਾ (ਦਇਆ) ਕੌਰਿ ਦੇ ਉਦਰ ਤੋਂ ਮਤੇ ਦੀ ਸਰਾਇ (ਜਿਲਾ ਫ਼ਿਰੋਜ਼ਪੁਰ) ਵਿੱਚ ਹੋਇਆ. ਇਨ੍ਹਾਂ ਦਾ ਪਹਿਲਾ ਨਾਉਂ ਲਹਿਣਾ ਸੀ. ਸੰਮਤ ੧੫੭੬ ਵਿੱਚ ਦੇਵੀ ਚੰਦ ਖਤ੍ਰੀ ਦੀ ਸੁਪੁਤ੍ਰੀ ਖੀਵੀ ਜੀ ਨਾਲ ਸੰਘਰ ਪਿੰਡ, ਜਿਸ ਦਾ ਹੁਣ ਖਡੂਰ ਪਾਸ ਥੇਹ ਹੈ, ਵਿਆਹ ਹੋਇਆ, ਜਿਸ ਤੋਂ ਦੋ ਪੁਤ੍ਰ ਦਾਸੂ ਜੀ ਅਤੇ ਦਾਤੂ ਜੀ ਅਤੇ ਦੋ ਪੁਤ੍ਰੀਆਂ ਬੀਬੀ ਅਮਰੋ ਅਤੇ ਅਣੋਖੀ ਜੀ ਜਨਮੇ.

ਲਹਿਣਾ ਜੀ ਆਪਣੇ ਪਿਤਾ ਵਾਂਙ ਦੇਵੀਭਗਤ ਸਨ ਅਤੇ ਦੇਵੀ ਦੇ ਭਗਤਾਂ ਦੀ ਜਮਾਤ ਦੇ ਮੁਖੀਏ ਹੋ ਕੇ ਦੁਰਗਾ ਦੇ ਦਰਸ਼ਨ ਨੂੰ ਹਰ ਸਾਲ ਜਾਇਆ ਕਰਦੇ ਸਨ. ਸੰਮਤ ੧੫੮੯ ਵਿੱਚ ਵੈਸ਼ਨਵ ਦੇਵੀ (ਨਾਨਕ ਪ੍ਰਕਾਸ਼ ਅਨੁਸਾਰ ਜ੍ਵਾਲਾਮੁਖੀ) ਦੀ ਯਾਤ੍ਰਾ ਜਾਂਦੇ ਹੋਏ ਕਰਤਾਰਪੁਰ ਸਤਿਗੁਰੂ ਨਾਨਕ ਦੇਵ ਨੂੰ ਮਿਲੇ. ਦਰਸ਼ਨ ਕਰਦੇ ਹੀ ਮਨ ਸ਼ਾਂਤ ਹੋ ਗਿਆ. ਗੁਰੁ ਉਪਦੇਸ਼ ਸੁਣਕੇ ਦੇਵੀ ਦੀ ਉਪਾਸਨਾ ਛੱਡਕੇ ਸਤਿਗੁਰੂ ਦੇ ਅਨੰਨ ਸਿੱਖ ਹੋ ਗਏ. ਸ਼੍ਰੀ ਗੁਰੂ ਨਾਨਕ ਦੇਵ ਇਨ੍ਹਾਂ ਦੀ ਸੇਵਾ ਅਤੇ ਭਗਤੀ ਤੋਂ ਅਜੇਹੇ ਰੀਝੇ ਕਿ ਅੰਗਦ ਨਾਉਂ ਰੱਖ ਕੇ ੧੭. ਹਾੜ ਸੰਮਤ ੧੫੯੬ ਨੂੰ ਗੁਰਗੱਦੀ ਪੁਰ ਅਸ੍ਥਾਨ ਕਰ ਦਿੱਤੇ. ਆਪ ਨੇ ੨੩ ਅੱਸੂ ਸੰਮਤ ੧੫੯੬ ਤੋਂ ਗੁਰੁਤਾ ਦਾ ਕੰਮ ਆਰੰਭਿਆ, ਅਤੇ ਪਰਮ ਗੁਰੂ ਦੇ ਸਿੱਧਾਂਤ ਦਾ ਪ੍ਰਚਾਰ ਬਹੁਤ ਉੱਤਮ ਰੀਤੀ ਨਾਲ ਕੀਤਾ. ਸੰਮਤ ੧੫੯੮ ਵਿੱਚ ਗੁਰੁਮੁਖੀ ਅੱਖਰਾਂ ਵਿੱਚ ਵਿਦਯਾ ਦਾ ਪ੍ਰਚਾਰ ਜਾਤਿ ਪਾਤਿ ਦੇ ਲਿਹਾਜ ਬਿਨਾ ਅਰੰਭਿਆ. ਸੰਮਤ ੧੬੦੧ ਵਿੱਚ ਗੁਰੂ ਨਾਨਕ ਦੇਵ ਦੀ ਜਨਮਸਾਖੀ ਲਿਖਵਾਈ, ਜਿਸ ਦਾ ਵਿਗੜਿਆ ਸਰੂਪ ਇਸ ਵੇਲੇ ਭਾਈ ਬਾਲੇ ਵਾਲੀ ਸਾਖੀ ਹੈ. ਆਪ ੩. ਵੈਸਾਖ (ਚੇਤ ਸੁਦੀ ੪) ਸੰਮਤ ੧੬੦੯ (੨੯ ਮਾਰਚ ਸਨ ੧੫੫੨) ਨੂੰ ਖਡੂਰ ਵਿੱਚ ੧੨. ਸਾਲ ੯. ਮਹੀਨੇ ੧੭. ਦਿਨ ਗੁਰੁਤਾ ਕਰਕੇ, ਅਤੇ ਸਾਰੀ ਅਵਸਥਾ ੪੭ ਵਰ੍ਹੇ ੧੧. ਮਹੀਨੇ ੨੯ ਦਿਨ ਭੋਗਕੇ ਜੋਤੀਜੋਤਿ ਸਮਾਏ.

ਅੰਗਨ: ਦੇਖੋ, ਅੰਗਣ। ੨. ਅੰਗਨਾ ਦਾ ਸੰਖੇਪ. ਇਸਤ੍ਰੀ. "ਸੁੰਦਰ ਮੰਦਿਰ ਅੰਗਨ ਸੇਜਾ." (ਨਾਪ੍ਰ) ਦੇਖੋ, ਅੰਗਨਾ.

ਅੰਗਨਾ: ਸੰ. ਅਙ੍ਗਨਾ. ਸੰਗਯਾ- ਸੁੰਦਰ ਅੰਗਾਂ ਵਾਲੀ ਇਸਤ੍ਰੀ. ਕਾਮਿਨੀ. "ਅੰਗਨਾ ਅਧੀਨ ਕਾਮ ਕ੍ਰੋਧ ਮੇ ਪ੍ਰਬੀਨ." (ਅਕਾਲ)

ਅੰਗਨਜਾਸ: ਸੰ. ਅਙ੍ਗਨ੍ਯਾਸ. ਸੰਗਜਾ- ਹਿੰਦੂਮਤ ਅਨੁਸਾਰ ਮੰਤ੍ਰਾਂ ਪਾਠ ਕਰਦੇ ਹੋਏ ਇੱਕ ਇੱਕ ਅੰਗ ਨੂੰ ਛੁਹਿਣਾ. ਦੇਖੋ, ਕਾਤਜਾਯਨ ਸਿਮ੍ਰਿਤਿ, ਖੰਡ ੧, ਸ਼ਃ ੫. ਤੋਂ ੮.

ਅੰਗ ਫਰਕਣਾ, ਅੰਗ ਫੁਰਣਾ: ਕ੍ਰਿ- ਸ਼ਰੀਰ ਦੇ ਅੰਗਾਂ ਦਾ ਪੱਠਿਆਂ ਦੀ ਹਰਕਤ ਅਨੁਸਾਰ ਥਰਕਣਾ. ਹਿੰਦੂਮਤ ਵਿੱਚ ਅੰਗ ਫਰਕਣ ਤੋਂ ਕਈ ਸ਼ੁਭ ਅਸ਼ੁਭ ਫਲ ਮੰਨੇ ਹਨ. ਦੇਖੋ, ਵਾਲਮੀਕੀਯ ਰਾਮਾਇਣ ਆਰਨਜ ਕਾਂਡ, ਅਃ ੫੯. ਗੁਰੁਮਤ ਵਿੱਚ ਇਸ ਨਿਸ਼ਚੇ ਦਾ ਖੰਡਨ ਹੈ. "ਦੇਵੀ ਦੇਵ ਨ ਸੇਵਕਾ, ਤੰਤ ਨ ਮੰਤ ਨ ਫੁਰਣ ਵਿਚਾਰੇ." (ਭਾਗੁ)

ਅੰਗਬੀਨ: ਦੇਖੋ, ਸਿਕੰਜਬੀ.

ਅੰਗ ਭੰਗ: ਸੰ. ਵਿ- ਜਿਸ ਦਾ ਕੋਈ ਅੰਗ ਟੁੱਟਿਆ ਹੋਇਆ ਹੋਵੇ। ੨. ਸੰਗਜਾ- ਸ਼ਰੀਰ ਦੇ ਕਿਸੇ ਅੰਗ ਦਾ ਨਾ ਹੋਣਾ. ਅੰਗ ਦਾ ਅਭਾਵ.

ਅੰਗਮ: ਪ੍ਰਾ. ਵਿ- ਪ੍ਰਿਯ. ਪਿਆਰਾ. "ਤੂੰ ਅੰਗਮ ਵਡ ਜਾਣਿਆ" (ਤੁਖਾ ਮਃ ੪) ਦੇਖੋ, ਅੰਗਾ.

ਅੰਗਰਉ: ਸੰਗਜਾ- ਗੁਰੂ ਅੰਗਦ ਦੇਵ. "ਗੁਰੁਜਗਤ ਫਿਰਣ ਸੀਹ ਅੰਗਰਉ." (ਸਵੈਯੇ ਮਃ ੨. ਕੇ) ਫੇਰੂ ਦੇ ਸਿੰਘ ਰੂਪ ਸੁਪੁਤ੍ਰ ਗੁਰੂ ਅੰਗਦ ਜਗਤਗੁਰੂ. ੨. ਅੰਗਿਰਾ ਰਿਖੀ. ਦੇਖੋ, ਅੰਗਰੈ ਅਤੇ ਅੰਗਿਰਾ.

ਅੰਗਰਖਾ: ਸੰਗਜਾ- ਅੰਗਰਕ੍ਸ਼ਕ ਇੱਕ ਵਸਤ੍ਰ, ਜੋ ਗੋਡਿਆਂ ਤੀਕ ਲੰਮਾ ਤਣੀਦਾਰ ਹੁੰਦਾ ਹੈ. ਅੰਗਾਂ. ਚਪਕਨ.

ਅੰਗਰਾ: ਦੇਖੋ, ਅੰਗਿਰਾ। ੨. ਸੰਗਜਾ- ਅੰਗਾਰ. ਦਗਦਾ ਹੋਇਆ ਕੋਲਾ. "ਅੰਗਰਾ ਬਿਰਹਾਗਨਿ ਕੇ ਨਿਕਰੇ." (ਕ੍ਰਿਸਨਾਵ)

ਅੰਗਰਾਈ: ਦੇਖੋ, ਅੰਗੜਾਈ.

ਅੰਗਰਾਗ: ਸੰ. ਸੰਗਜਾ- ਅੰਗਾਂ ਨੂੰ ਰੰਗਣ ਵਾਲਾ ਇੱਕ ਲੇਪ. ਕੇਸਰ ਕਸਤੂਰੀ ਚੰਦਨ ਆਦਿਕ ਦਾ ਬਟਨਾ (ਵਟਣਾ). ੨. ਵਸਤ੍ਰ ਗਹਿਣੇ ਆਦਿਕ ਅੰਗਾਂ ਦੇ ਸ਼ਿੰਗਾਰਣ ਦਾ ਸਾਮਾਨ। ੩. ਕਵਚ. ਸੰਜੋ.

ਅੰਗਰਾਨਾ: ਕ੍ਰਿ- ਅੰਗੜਾਈ ਲੈਣੀ. ਆਲਸ ਦੂਰ ਕਰਨ ਲਈ ਅੰਗਾਂ ਦਾ ਪਸਾਰਨਾ.

ਅੰਗਰੇਜ, ਅੰਗਰੇਜੀ: ਦੇਖੋ, ਇੰਗ੍ਰੇਜ ਅਤੇ ਇੰਗ੍ਰੇਜੀ.

ਅੰਗਰੈ: ਸੰਗਜਾ- ਅੰਗਿਰਾ ਰਿਖੀ. ਦੇਖੋ, ਅੰਗਿਰਾ. "ਪਰੂਰਉ ਅੰਗਰੈ ਗੁਰੁ ਨਾਨਕ ਜਸ ਗਾਇਅਉ." (ਸਵੈਯੇ ਮਃ ੧. ਕੇ) ਪੁਰੂਰਵਾ ਅਤੇ ਅੰਗਿਰਾ ਨੇ.

ਅੰਗੜਾਈ: ਸੰਗਜਾ- ਆਲਸ ਕਰਕੇ ਅੰਗਾਂ ਨੂੰ ਆੜਾ (ਟੇਢਾ) ਕਰਨ ਦੀ ਕ੍ਰਿਯਾ. ਅੰਗਾਂ ਨੂੰ ਸੁਸਤੀ ਦੂਰ ਕਰਨ ਲਈ ਫੈਲਾਉਣਾ.

ਅੰਗਾ: ਅੰਗਮ (ਪਿਆਰੇ) ਦਾ. "ਬਰਨਿ ਨ ਸਾਕਉ ਗੁਣ ਅੰਗਾ." (ਮਾਰੂ ਸੋਲਹੇ ਮਃ ੫) ਦੇਖੋ, ਅੰਗ ੫। ੨. ਦੇਖੋ, ਅੰਗਰਖਾ.

ਅੰਗਾਰ, ਅੰਗਿਆਰ: ਸੰ. ਅਙ੍ਗਾਰ. ਸੰਗਜਾ- ਅਗਨਿ ਰੂਪ ਹੋਇਆ ਲੱਕੜ ਅਥਵਾ ਕੋਲੇ ਦਾ ਭਾਗ. "ਕਛੂਆ ਕਹੈ ਅੰਗਾਰ ਭਿ ਲੋਰਉ." (ਆਸਾ ਕਬੀਰ) ਇਸ ਥਾਂ ਅੰਗਾਰ ਤੋਂ ਭਾਵ ਆਤਮਗਜਾਨ ਹੈ.

ਅੰਗਿਕਾ: ਸੰ. ਅਙ੍ਗਿਕਾ. ਸੰਗਜਾ- ਇਸਤ੍ਰੀਆਂ ਦੀ ਚੋਲੀ. ਅੰਗੀਆ. ਕੁੜਤੀ. "ਅੰਗਿਕਾ ਸੁਰੰਗੀ ਨਟ ਵਰ ਰੰਗੀ." (ਰਾਮਾਵ)

ਅੰਗਿਰਾ: ਅਙਗਿਰਸ੍- ਅੰਗਿਰਸ੍. ਸੰਗਜਾ- ਰਿਗ ਵੇਦ ਦੇ ਕਈ ਮੰਤ੍ਰਾਂ ਦਾ ਕਰਤਾ, ਜੋ ਸੱਤ ਵਡੇ ਰਿਖੀਆਂ ਅਤੇ ਦਸ ਪ੍ਰਜਾਪਤੀਆਂ ਵਿੱਚੋਂ ਹੈ. ਇਸ ਨੂੰ ਦੇਵਤਿਆਂ ਦਾ ਪੁਰੋਹਿਤ ਅਤੇ ਆਹੁਤਿ ਦਾ ਦੇਵਤਾ ਭੀ ਮੰਨਦੇ ਹਨ. ਕਈ ਕਹਿੰਦੇ ਹਨ ਕਿ ਅੰਗਿਰਾ ਉਰੂ ਅਤੇ ਆਗਨੇਯੀ ਦੀ ਸੰਤਾਨ ਹੈ. ਇੱਕ ਥਾਂ ਤੇ ਲਿਖਿਆ ਹੈ ਕਿ ਇਹ ਬ੍ਰਹਮਾਂ ਦੇ ਮੂੰਹ ਵਿੱਚੋਂ ਪੈਦਾ ਹੋਇਆ ਸੀ, ਸਿਮ੍ਰਿਤਿ, ਸ਼੍ਰੱਧਾ, ਸੁਧਾ, ਇਸ ਦੀਆਂ ਇਸਤ੍ਰੀਆਂ- ਉਤਥਜ, ਵ੍ਰਿਹਸਪਤਿ ਅਤੇ ਮ੍ਰਿਕੰਡੂ ਇਸ ਦੇ ਪੁਤ੍ਰ ਭਾਨੁਮਤੀ, ਰਾਕਾ,

ਸਿਨੀਵਾਲੀ, ਅਚਿੰਸ਼੍ਮਤੀ, ਹਵਿਸ਼੍ਮਤੀ ਅਤੇ ਪੁਨਰਜਨਿਕਾ ਇਸ ਦੀਆਂ ਪੁਤ੍ਰੀਆਂ ਹਨ.

ਮਹਾਂਭਾਰਤ ਦੇ ਵਨ ਪਰਵ ਵਿੱਚ ਲਿਖਿਆ ਹੈ ਕਿ ਅੰਗਿਰਾ ਅਗਨਿ ਦਾ ਪੁਤ੍ਰ ਹੋਇਆ ਅਤੇ ਇਸ ਦੀ ਇਸਤ੍ਰੀ ਦਾ ਨਾਉਂ "ਸ਼ੁਭਾ" ਸੀ. ਦੇਖੋ ਅੰਗਰੈ.

ਅੰਗੀ: ਸੰ. ਅਙ੍‌ਗਿਨ੍- ਵਿ- ਅੰਗ ਵਾਲਾ. ਦੇਹਧਾਰੀ. ਪ੍ਰਾਣੀ. "ਰਾਖੋ ਅੰਗੀ ਅੰਙ." (ਸੂਹੀ ਮਃ ੪) ੨. ਅੰਗ ਦੇਸ਼ ਦਾ ਵਸਨੀਕ. "ਬੰਗੀ ਕਲਿੰਗ ਅੰਗੀ ਅਜੀਤ." (ਕਲਕੀ) ੩. ਅੰਗ (ਪੱਖ) ਕਰਨ ਵਾਲਾ। ੪. ਸੰਗਯਾ- ਅੰਗਿਕਾ. ਅੰਗੀਆ. ਚੋਲੀ.

ਅੰਗੀਆ: ਦੇਖੋ, ਅੰਗਿਕਾ.

ਅੰਗੀਕਾਰ, ਅੰਗੀਕਾਰੁ: ਸੰ. ਅਙ੍‌ਗੀਕਾਰ. ਸੰਗਯਾ- ਕਬੂਲ. ਗ੍ਰਹਣ. ਸ੍ਵੀਕਾਰ. "ਅੰਗੀਕਾਰ ਕੀਓ ਮੇਰੈ ਕਰਤੈ." (ਗੂਜ ਮਃ ੫)

ਅੰਗੀਕ੍ਰਿਤ, ਅੰਗੀਕ੍ਰਿਤੁ: ਸੰ. ਅਙ੍‌ਗੀਕ੍ਰਿਤ. ਵਿ- ਸ੍ਵੀਕਾਰ ਕੀਤਾ ਹੋਇਆ. ਕਬੂਲ ਕੀਤਾ. "ਪ੍ਰਭਿ ਦੀਨ ਦਇਆਲ ਕੀਓ ਅੰਗੀਕ੍ਰਿਤੁ." (ਕਾਨ ਮਃ ੪)

ਅੰਗੀਠਾ, ਅੰਗੀਠੀ: ਸੰਗਯਾ- ਅਗਨਿ ਸ੍ਥਾਨ. ਆਤਸ਼ਦਾਨ. ਅੱਗ ਮਚਾਉਣ ਅਤੇ ਰੱਖਣ ਦੀ ਥਾਂ। ੨. ਖ਼ਾ- ਚਿਤਾ. ਮੁਰਦਾ ਜਲਾਉਣ ਲਈ ਬਣਾਈ ਚਿਖਾ.

ਅੰਗੁਸਟ, ਅੰਗੁਸ੍ਟ: ਸੰ. ਅਙ੍‌ਗੁਸ਼੍ਠ. ਸੰਗਯਾ- ਅੰਗੂਠਾ. ਗੂਠਾ. "ਕੁਬਿਜਾ ਉਧਰੀ ਅੰਗੁਸਟ ਧਾਰ." (ਬਸੰ ਅਃ ਮਃ ੫) ਕ੍ਰਿਸ਼ਨ ਜੀ ਨੇ ਪੈਰ ਦੇ ਅੰਗੂਠੇ ਨਾਲ ਕੁਬਜਾ (ਕੁਬੜੀ) ਦੇ ਪੈਰ ਦਾ ਅੰਗੂਠਾ ਦੱਬਕੇ ਅਤੇ ਠੋਡੀ ਹੇਠ ਅੰਗੂਠਾ ਦੇ ਕੇ ਜੋ ਝਟਕਾ ਮਾਰਿਆ, ਤਾਂ ਉਸ ਦਾ ਕੁਬੜਾਪਨ ਦੂਰ ਹੋ ਗਿਆ. ਦੇਖੋ, ਅੰਗੁਲਿ.

ਅੰਗੁਸ਼੍ਤ: ਫ਼ਾ. انگشت ਸੰਗਯਾ- ਉਂਗਲੀ.

ਅੰਗੁਸ਼੍ਤਰੀ: ਫ਼ਾ. انگشتری ਸੰਗਯਾ- ਅੰਗੂਠੀ. ਅੰਗੁਲੀਕ.

ਅੰਗੁਰਿ, ਅੰਗੁਰੀ, ਅੰਗੁਰੀਆ: ਸੰ. ਅਙ ਗੁਰਿ. ਸੰਗਯਾ- ਉਂਗਲ. ਅੰਗੁਲੀ. ਦੇਖੋ, ਅੰਗੁਲਿ.

ਅੰਗੁਲ: ਸੰ. ਸੰਗਯਾ- ਅੰਗੁਲੀ ਪ੍ਰਮਾਣ. ਉਂਗਲ ਜਿਤਨਾ ਮਾਪ। ੨. ਦੇਖੋ, ਅੰਗੁਲਿ.

ਅੰਗੁਲਿ: ਸੰ. ਅਙ੍ ਗੁਲਿ. ਸੰਗਯਾ- ਉਂਗਲ. ਅੰਗੁਲੀ। ੨. ਅੰਗੂਠਾ. ਅੰਗੁਸ਼੍ਠ. ਪੰਜਾਂ ਉਂਗਲਾਂ ਦੇ ਇਹ ਨਾਮ ਹਨ- ਅੰਗੁਸ਼੍ਠ, ਤਰਜੰਨੀ, ਮਧ੍ਯਮਾ, ਅਨਾਮਿਕਾ, ਕਨਿਸ਼੍ਠਿਕਾ. Thumb, fore- finger, middle- finger, ring- finger, little- finger.

ਅੰਗੁਲਿਕਾ: ਦੇਖੋ, ਅੰਗੁਲਿ। ੨. ਦੇਖੋ, ਅੰਗੁਲੀਕ

ਅੰਗੁਲਿਤ੍ਰ, ਅੰਗੁਲਿਤ੍ਰਾਣ: ਸੰ. ਸੰਗਯਾ- ਉਂਗਲ ਨੂੰ ਤ੍ਰਾਣ (ਬਚਾਉਣ) ਵਾਲਾ ਚਮੋਟਾ, ਜੋ ਤੀਰ ਚਲਾਉਣ ਸਮੇਂ ਅੰਗੂਠੇ ਅਤੇ ਉਸ ਦੇ ਪਾਸ ਦੀ ਉਂਗਲ (ਤਰਜਨੀ) ਉੱਪਰ ਪਹਿਰਿਆ ਜਾਂਦਾ ਹੈ. ਵਾਲਮੀਕਿ ਦੇ ਲੇਖ ਅਨੁਸਾਰ ਅੰਗੁਲਿਤ੍ਰਾਣ ਗੋਧਾ (ਗੋਹ) ਦੇ ਚੰਮ ਦਾ ਹੋਇਆ ਕਰਦਾ ਸੀ. ਦੂਜੇ ਚੰਡੀ ਚਰਿਤ੍ਰ ਵਿੱਚ ਭੀ ਲੇਖ ਹੈ- "ਬਧੇ ਬੱਧ ਗੋਧਾਂਗੁਲਿਤ੍ਰਾਣ ਬੱਧੰ." "ਕਹੂੰ ਅੰਗੁਲਿਤ੍ਰਾਣ ਕਾਟੇ ਪਰੇ ਹੈਂ." (ਚਰਿਤ੍ਰ ੩੨੦) ੨. ਦਰਜ਼ੀ ਦੀ ਉਂਗਲ ਉੱਪਰ ਪਹਿਰੀ ਹੋਈ ਧਾਤੁ ਦੀ ਟੋਪੀ, ਜੋ ਸੂਈ ਤੋਂ ਉਂਗਲ ਦੀ ਰਖ੍ਯਾ ਕਰਦੀ ਹੈ.

ਅੰਗੁਲੀ: ਦੇਖੋ, ਅੰਗੁਲਿ.

ਅੰਗੁਲੀਕ: ਸੰ. ਅੰਙ੍‌ਗੁਲੀਯਕ. ਅੰਗੁਲੀਯਕ. ਸੰਗਯਾ- ਦਸਤਾਨਾ। ੨. ਅੰਗੂਠੀ. ਛਾਪ. "ਕਹੂੰ ਅੰਗੁਲੀਕਾਦਿ ਕੇ ਰਤਨ ਰਾਜੈਂ" (ਚਰਿਤ੍ਰ ੪੦੫)

ਅੰਗੁਲੀਤ੍ਰਾਣ, ਅੰਗੁਲੀਤ੍ਰਿਣ: ਦੇਖੋ, ਅੰਗੁਲਿਤ੍ਰਾਣ. "ਸੁ ਸੋਭ ਅੰਗੁਲੀਤ੍ਰਿਣੰ." (ਰਾਮਾਵ)

ਅੰਗੁਲੀਯਕ: ਦੇਖੋ, ਅੰਗੁਲੀਕ.

ਅੰਗੂਠਾ: ਗੂਠਾ. ਦੇਖੋ, ਅੰਗੁਸ਼੍ਠ ਅਤੇ ਅੰਗੁਲਿ ੨.

ਅੰਗੂਠੀ: ਸੰਗਯਾ- ਅੰਗੂਠੇ ਤੇ ਪਹਿਰਾਇਆ ਗਹਿਣਾ. ਆਰਸੀ। ੨. ਛਾਪ. ਮੁੰਦਰੀ.

ਅੰਗੂਰ: ਦੇਖੋ, ਅੰਕੁਰ. "ਪਾਛੈ ਹਰਿਓ ਅੰਗੂਰ." (ਸ੍ਰੀ ਮਃ ੧) ੨. ਫ਼ਾ. انگور ਦਾਖ. ਬੇਦਾਣਾ ਅੰਗੂਰ ਸੁੱਕਿਆ ਹੋਇਆ ਕਿਸ਼ਮਿਸ਼, ਅਤੇ ਦਾਣੇ ਦਾਰ ਮੁਨੱਕਾ ਕਹਾਉਂਦਾ ਹੈ. ਅੰਗੂਰ ਤੋਂ ਸ਼ਰਾਬ ਅਤੇ ਸਿਰਕਾ ਭੀ ਉਮਦਾ ਬਣਦਾ ਹੈ. ਭਾਰਤ ਵਿੱਚ ਕੋਇਟੇ (Quetta) ਅਤੇ ਕੰਧਾਰ ਦੇ ਅੰਗੂਰ ਬਹੁਤ ਚੰਗੇ ਹੁੰਦੇ ਹਨ। ੩. ਅੰਗੂਰ ਦੀ ਬੇਲ.

ਅੰਗੂਰੀ: ਸੰਗਯਾ- ਅੰਕੁਰਿਤ ਹੋਈ ਨਵੀਂ ਖੇਤੀ. ਨਵੀਂ ਫੁੱਟੀ ਹਰਿਆਈ. "ਚੋਰੀ ਮਿਰਗ ਅੰਗੂਰੀ ਖਾਇ." (ਓਅੰਕਾਰ) "ਹਰੀ ਅੰਗੂਰੀ ਗਦਹਾ ਚਰੈ." (ਗਉ ਕਬੀਰ) ਇਸ ਥਾਂ ਅੰਗੂਰੀ ਤੋਂ ਭਾਵ ਹੈ ਜਪ ਦਾਨ ਆਦਿਕ ਸ਼ੁਭ ਕਰਮ, ਅਤੇ ਗਧੇ ਤੋਂ ਭਾਵ ਹੈ ਅਭਿਮਾਨ। ੨. ਅੰਗੂਰ ਤੋਂ ਬਣੀ ਹੋਈ ਵਸਤੁ, ਜੈਸੇ- ਸ਼ਰਾਬ ਸਿਰਕਾ ਆਦਿ। ੩. ਵਿ- ਅੰਗੂਰ ਰੰਗਾ. ਅੰਗੂਰ ਜੇਹਾ ਹੈ ਜਿਸ ਦਾ ਰੰਗ.

ਅੰਗੋਛਾ: ਸੰ. ਅੰਗ ਪ੍ਰੋਂਛਕ. ਅੰਗ ਨੂੰ ਉਂਛ (ਸਾਫ) ਕਰੀਏ ਜਿਸ ਨਾਲ. ਅੰਗ ਪੂੰਝਣ ਦਾ ਵਸਤ੍ਰ. ਪਰਣਾ. ਤੌਲੀਆ. "ਇਸਨਾਨ ਦੀਓ ਕਰ ਆਪ ਅੰਗੋਛਨ ਪੋਂਛ ਸੁਧਾਰੇ." (ਗੁਰੁਸੋਭਾ)

ਅੰਗ੍ਰੇਜ਼, ਅੰਗ੍ਰੇਜ਼ੀ: ਦੇਖੋ, ਇੰਗ੍ਰੇਜ ਅਤੇ ਇੰਗ੍ਰੇਜੀ.

ਅੰਘ: ਸੰ. अङ्घ्. ਧਾ- ਜਾਣਾ. ਆਰੰਭ ਕਰਨਾ. ਜੂਆ ਖੇਡਣਾ. ਦਾਗ ਲਾਉਣਾ. ਨਿਸ਼ਾਨ ਕਰਨਾ. ਝਿੜਕਨਾ. ਉਲਾਂਭਾ ਦੇਣਾ. ਛੇਤੀ ਕਰਨਾ.

ਅੰਘ੍ਰਿ, ਅੰਘ੍ਰੀ: ਸੰ. अङ्घ्रि. ਸੰਗਯਾ- ਜੜ. ਮੂਲ। ੨. ਪੈਰ. ਚਰਣ, ਜਿਸ ਨਾਲ ਜਮੀਨ ਤੇ ਨਿਸ਼ਾਨ ਹੁੰਦਾ ਹੈ. ਦੇਖੋ, ਅੰਘ ਧਾ. "ਅੰਘ੍ਰੀ ਸਮ ਅਰਬਿੰਦ ਸਰਸ ਤਵ ਮਨ ਸਮ ਮਧੁਪ ਕਰੀਜੈ." (ਨਾਪ੍ਰ)

ਅੰਙ: ਦੇਖੋ, ਅੰਕ, ਅੰਗ ਅਤੇ ਅੰਙੁ.

ਅੰਙਣ, ਅੰਙਣੁ, ਅੰਙਨ, ਅੰਙਨੜਾ: ਦੇਖੋ, ਅੰਗਣ. "ਸਹੁ ਬੈਠਾ ਅੰਙਣੁ ਮਲਿ." (ਵਾਰ ਮਾਰੂ ੨, ਮਃ ੫) ਇਸ ਥਾਂ ਅੰਙਣੁ ਤੋਂ ਭਾਵ ਮਨ ਹੈ. "ਮਿਰਤਕੜਾ ਅੰਙਨੜੇ ਬਾਰੇ." (ਵਡ ਅਲਾਹਣੀਆਂ ਮਃ ੧)

ਅੰਙੁ: ਦੇਖੋ, ਅੰਕ ਅਤੇ ਅੰਗ. "ਹਮ ਮੈਲ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ" (ਸੂਹੀ ਮਃ ੪) ਹੇ ਅੰਗ (ਪੱਖ) ਕਰਤਾ ਹਰੀ ! ਸਾਡਾ ਅੰਙੁ (ਪੱਖ) ਰਾਖਹੁ.

ਅੰਙੈ: ਅੰ- ਅਃ ਦੇਖੋ, ਅਯੋਅੰਙੈ.

ਅੰਚ: ਸੰ. अञ्च. ਧਾ- ਝੁਕਣਾ. ਪੂਜਣਾ. ਸਿੰਗਾਰਨਾ. ਮੰਗਣਾ. ਪ੍ਰਗਟ ਕਰਨਾ. ਹਟਾਉਣਾ. ਫੈਲਾਉਣਾ. ਜਮਾ ਕਰਨਾ। ੨. अर्चि- ਅਚਿੰ. ਸੰਗਯਾ- ਅੱਗ ਦੀ ਲਾਟ. ਆਂਚ. ਭਾਵ- ਸੰਤਾਪ. "ਰਤੀ ਅੰਚ ਦੂਖ ਨ ਲਾਈ." (ਭੈਰ ਅਃ ਮਃ ੩) ੩. ਸੰ. अञ्ञ. ਝਰੀਟ. ਰਗੜ. "ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ। ਜੋ ਨਰ ਪੀਰ ਨਿਵਾਜਿਆ ਤਿਨਾ ਅੰਚ ਨ ਲਾਗ." (ਵਾਰ ਰਾਮ ੨, ਮਃ ੫) ਤਿੱਖੇ ਸੂਲਾਂ ਵਾਲੇ ਬਾਗ਼ ਵਿੱਚ ਰਹਿਕੇ ਭੀ ਕੰਡੇ ਦੀ ਝਰੀਟ ਨਹੀਂ ਲਗਦੀ.

ਅੰਚਰ, ਅੰਚਰਾ, ਅੰਚਲ, ਅੰਚਲਾ, ਅੰਚਲੁ: ਸੰ. अञ्चल- ਅੰਚਲ. ਸੰਗਯਾ- ਦਾਮਨ. ਲੜ. ਪੱਲਾ. "ਅੰਚਲ ਗਹਿਆ ਸਾਧੁ ਕਾ." (ਆਸਾ ਮਃ ੫. ਬਿਰਹੜੇ) "ਅੰਚਲਾ ਗਹਾਇਓ ਜਨ ਅਪਨੇ ਕਉ." (ਨਟ ਮਃ ੫)੨ ਵਸਤ੍ਰ. "ਕਹੂੰ ਚੰਚਲਾ ਅੰਚਲਾ ਕੋ ਬਨਾਵੈ." (ਚਰਿਤ੍ਰ ੪੦੫)

ਅੰਚੁਰੀ: ਦੇਖੋ, ਅੰਜਲੀ.

ਅੰਜ: ਸੰ. ਅਞ੍ਜ. ਧਾ- ਸਾਫ਼ ਕਰਨਾ. ਜਾਣਾ. ਸਲਾਹੁਣਾ. ਚਮਕਨਾ. ਤੇਲ ਮਲਨਾ. ਸ਼ਿੰਗਾਰਨਾ.

ਅੰਜਣ: ਦੇਖੋ, ਅੰਜਨ। ੨. ਸੰਗਯਾ- ਆਨਯਨ. ਲਿਆਉਣਾ. ਆਣਨਾ. "ਚੁਣ ਚੁਣ ਅੰਜਣ ਬੂਟੀਆਂ." (ਭਾਗੁ)

ਅੰਜਨ: ਸੰ. ਅਞ੍ਜਨ. ਸੰਗਯਾ- ਸੁਰਮਾ. ਕੱਜਲ. ਦੇਖੋ, ਅੰਜ ਧਾ. "ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸ." (ਸੁਖਮਨੀ) ੨. ਸਯਾਹੀ. ਰੌਸ਼ਨਾਈ। ੩. ਮਾਇਆ. "ਅੰਜਨ ਮਾਹਿ. ਨਿਰੰਜਨ ਰਹੀਐ." (ਸੂਹੀ ਮਃ ੧) ੪. ਅੰਜਨ ਗਿਰਿ. ਸੁਰਮੇ ਦਾ ਪਹਾੜ, ਜਿਸ ਦਾ ਜਿਕਰ ਵਾਲਮੀਕਿ ਰਾਮਾਇਣ ਵਿੱਚ ਆਇਆ ਹੈ। ੫. ਰਾਤ। ੬. ਅਭ੍ਯੰਜਨ. ਲੇਪ. ਬਟਨਾ. ਦੇਖੋ, ਅੰਜ ਧਾ. "ਗਿਆਨ ਅੰਜਨਿ ਮੇਰਾ ਮਨੁ ਇਸਨਾਨੈ." (ਧਨਾ ਅਃ ਮਃ ੫) ੭. ਕਿਰਲੀ. ਛਿਪਕਲੀ। ੮. ਸੰ. ਅਜਨ- ਅਜਨ. ਗੋਸ਼ਾ ਨਸ਼ੀਨੀ. ਤਨਹਾਈ. ਏਕਾਂਤ. "ਆਪੇ ਸਭ ਘਟ ਭੋਗਵੈ ਸੁਆਮੀ. ਆਪੇ ਹੀ ਸਭ ਅੰਜਨ." (ਵਾਰ ਬਿਹਾ ਮਃ ੪) "ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨ." (ਮਲਾ ਅਃ ਮਃ ੧) ੯. ਚੰਬੇ ਦੇ ਪਹਾੜ ਦੀ ਬੋਲੀ ਵਿੱਚ ਅੰਜਨ ਦਾ ਅਰਥ ਹੈ ਗੱਠਜੋੜਾ. ਦੁਲਹਾ ਦੁਲਹਨ ਦੇ ਵਸਤ੍ਰ ਨੂੰ ਦਿੱਤੀ ਗੰਢ.

ਅੰਜਨ ਗਿਰਿ: ਦੇਖੋ, ਅੰਜਨ ੪.

ਅੰਜਨਾ: ਕ੍ਰਿ. - ਅੰਜਨ ਲਾਉਣਾ. ਸੁਰਮਾ ਪਾਉਣਾ. "ਅੰਜਨ ਤੈਸਾ ਅੰਜੀਐ ਜੈਸਾ ਪਿਰੁ ਭਾਵੈ." (ਸੂਹੀ ਛੰਤ ਮਃ ੧) ੨. ਸੰ. ਸੰਗਯਾ- ਗੁਹਾਂਜਣੀ. ਅੱਖ ਦੀ ਪਲਕ ਵਿੱਚ ਨਿਕਲੀ ਫੁਨਸੀ. ਗੂੰਹਤ੍ਰਿੱਕੀ. Sty. 3. ਸ਼ਸਤ੍ਰਨਾਮਮਾਲਾ ਵਿੱਚ ਕੱਜਲ ਆਦਿਕ ਸਿੰਗਾਰ ਲਾਉਣ ਵਾਲੀ ਯੁਵਾ ਇਸਤ੍ਰੀ ਦਾ ਨਾਉਂ ਅੰਜਨਾ ਆਇਆ ਹੈ. "ਅੰਜਨਾਨ ਕੇ ਨਾਮ ਲੈ." ੪. ਹਨੂਮਾਨ ਦੀ ਮਾਂ. ਦੇਖੋ, ਅੰਜਨੀ.

ਅੰਜਨਿ: ਕ੍ਰਿ. ਵਿ- ਅੰਜਨ ਨਾਲ। ੨. ਅਭ੍ਯੰਜਨ (ਬਟਨੇ) ਨਾਲ. ਦੇਖੋ, ਅੰਜਨ ੬.

ਅੰਜਨੀ: ਸੰ. ਅਞ੍ਜਨੀ. ਸੰਗਯਾ- ਕੇਸ਼ਰੀ ਵਾਨਰ ਦੀ ਇਸਤ੍ਰੀ ਅਤੇ ਹਨੂਮਾਨ ਦੀ ਮਾਤਾ. ਅੰਜਨਾ। ੨. ਮਾਇਆ। ੩. ਚੰਦਨ ਆਦਿਕ ਲੇਪ ਲਾਏ ਹੋਏ ਇਸਤ੍ਰੀ. "ਅੰਜਨੀ ਕੇ ਧੀਰ ਹੈਂ." (ਰਾਮਾਵ) ਘੋੜੇ ਅਜੇਹੇ ਚਪਲ ਹਨ, ਜੇਹੀ ਇਸਤ੍ਰੀ ਦੇ ਨੇਤ੍ਰਾਂ ਦੀ ਧੀਰੀ। ੪. ਗੁਹਾਂਜਣੀ. ਅੱਖ ਦੀ ਪਲਕ ਵਿੱਚ ਨਿਕਲੀ ਫੁਨਸੀ.

ਅੰਜਨੀਸੁਤ, ਅੰਜਨੀਯ, ਅੰਜਨੀਤਨਯ: ਅੰਜਨਾ (ਅੰਜਨੀ) ਦਾ ਪੁਤ੍ਰ. ਅੰਜਨੀ ਤੋਂ ਪੈਦਾ ਹੋਇਆ ਹਨੂਮਾਨ. ਅੰਜਨੀ ਕੁਮਾਰ.

ਅੰਜਮਨ: ਦੇਖੋ, ਅੰਜੁਮਨ.

ਅੰਜਲਿ, ਅੰਜਲੀ: ਸੰ. ਅਞ੍ਜਲਿ. ਸੰਗਯਾ- ਉਂਜਲ. ਬੁੱਕ. ਡੂਨੇ ਦੀ ਸ਼ਕਲ ਬਣਾਏ ਹੋਏ ਹੱਥ। ੨. ਪਿਤਰ ਦੇਵਤਾ ਆਦਿਕ ਨੂੰ ਅਰਪਣ ਕੀਤੀ ਪਾਣੀ ਦੀ ਚੁਲੀ. ਮੋਏ ਪ੍ਰਾਣੀ ਵਾਸਤੇ ਤਿਲਾਂਜਲੀ ਆਦਿਕ ਅਵਿਦ੍ਯਾ- ਕਰਮ ਦੱਸਕੇ ਗੁਰੂ ਸਾਹਿਬ ਨੇ "ਅੰਜਲੀ" ਸਿਰਲੇਖ ਹੇਠ ਮਾਰੂ ਰਾਗ ਵਿੱਚ- "ਸੰਜੋਗ ਵਿਜੋਗ ਧੁਰਹੁ ਹੀ ਹੂਆ"- ਆਦਿਕ ਸ਼ਬਦ ਲਿਖਕੇ ਭਾਣਾ ਮੰਨਣ ਦੀ ਸ਼ੁਭ ਸਿਖ੍ਯਾ ਦਿੱਤੀ ਹੈ। ੩. ਦੇਖੋ, ਅੰਜੁਲੀ.

ਅੰਜਾਮ: ਫ਼ਾ. انجام ਸੰਗਯਾ- ਅੰਤ. ਆਖ਼ਰ. ਸਮਾਪਤਿ. ਓੜਕ। ੨. ਫਲ. ਨਤੀਜਾ.

ਅੰਜੀਐ. ਦੇਖੋ, ਅੰਜਨਾ.

ਅੰਜੀਰ: ਸੰ. ਅਞ੍ਜੀਰ. ਫ਼ਾ. انجیر ਸੰਗਯਾ- ਇੱਕਬੂਟਾ ਅਤੇ ਉਸ ਦਾ ਫਲ, ਜੋ ਬੜ (ਵਟ) ਦੀ ਬਾਟੀ ਜੇਹਾ ਬੀਜਦਾਰ ਹੁੰਦਾ ਹੈ. L. Ficus carica. ਇਹ ਖਾਣ ਵਿੱਚ ਮਿੱਠਾ ਅਤੇ ਦ੍ਰਾਵਕ ਹੁੰਦਾ ਹੈ. ਯੂਨਾਨੀ ਹਕੀਮ ਇਸ ਫਲ ਨੂੰ ਅਨੇਕ ਨੁਸਖ਼ਿਆਂ ਵਿੱਚ ਵਰਤਦੇ ਹਨ. ਕਾਬੁਲ ਅਤੇ ਈਰਾਨ ਦੇ ਅੰਜੀਰ ਬਹੁਤ ਮਿੱਠੇ ਹੁੰਦੇ ਹਨ. ਇਸ ਦੀ ਤਾਸੀਰ ਗਰਮ ਤਰ ਹੈ।

੨. ਬਲੋਚਿਸ੍ਤਾਨ ਵਿੱਚ ਇੱਕ ਨਗਰ, ਜੋ ਕਿਲਾਤ ਤੋਂ ੩੦ ਮੀਲ ਹੈ.

ਅੰਜੀਲ: ਦੇਖੋ, ਇੰਜੀਲ.

ਅੰਜੁਮ: ਅ਼. انجُم ਨਜਮ (ਨਕ੍ਸ਼ਤ੍ਰ) ਦਾ ਬਹੁ ਵਚਨ. ਸਿਤਾਰੇ. ਤਾਰੇ.

ਅੰਜੁਮਨ: ਫ਼ਾ. انجُمن ਸੰਗਯਾ- ਮੰਡਲੀ. ਸਮਾਜ. ਸਭਾ. ਅੰਜੁਮ ਬਹੁ ਵਚਨ ਹੈ ਨਜਮ ਦਾ. ਨਜਮ ਦਾ ਅਰਥ ਹੈ ਨਕ੍ਸ਼ਤ੍ਰ (ਤਾਰਾ). ਸਿਤਾਰਿਆਂ ਵਾਕਰ ਚਮਕਣ ਵਾਲੇ ਲੋਕ ਜਿਸ ਵਿੱਚ ਜਮਾ ਹੋਣ, ਉਹ 'ਅੰਜੁਮਨ' ਹੈ.

ਅੰਜੁਰੀ, ਅੰਜੁਲੀ: ਦੇਖੋ, ਅੰਜਲੀ। ੨. ਦੋਵੇਂ ਹੱਥ ਜੋੜਨ ਦੀ ਕ੍ਰਿਯਾ, ਜੋ ਪ੍ਰਣਾਮ ਲਈ ਕਰੀਦੀ ਹੈ. "ਕਰਿ ਸਾਧੂ ਅੰਜੁਲੀ ਪੁਨੁ ਵਡਾ." (ਸੋਹਿਲਾ)

ਅੰਝੂ: ਸੰਗਯਾ- ਹੰਝੂ. ਅਸ਼੍ਰੁ, ਆਂਸੂ. ਅੱਥਰੂ.

ਅੰਞ, ਅੰਞੁ: ਕ੍ਰਿ. ਵਿ- ਐਸੇ. ਇਸ ਪ੍ਰਕਾਰ. ਇਸ ਤਰਾਂ. ਇਉਂ.

ਅੰਡ: ਸੰ. ਅਾਣ੍ਡ. ਸੰਗਯਾ- ਅੰਡਾ. ਆਂਡਾ। ੨. ਫੋਤਾ- ਅੰਡਕੋਸ਼. "ਤਬ ਤੇਰੇ ਦੋਉ ਅੰਡ ਚਬੈਹੈ." (ਚਰਿਤ੍ਰ ੪੩) ੩. ਬ੍ਰਹਮੰਡ, ਜੋ ਆਂਡੇ ਦੀ ਸ਼ਕਲ ਦਾ ਹੈ। ੪. ਕਸਤੂਰੀ ਦਾ ਨਾਫ਼ਾ। ੫. ਕਾਮਦੇਵ। ੬. ਮੰਦਿਰ ਦਾ ਕਲਸ਼। ੭. ਵੀਰਯ। ੮. ਅੰਡਜ ਦਾ ਸੰਖੇਪ. "ਅੰਡ ਬਿਨਾਸੀ ਜੇਰ ਬਿਨਾਸੀ." (ਸਾਰ ਮਃ ੫) ੯. ਰਾਜਾ ਯਯਾਤਿ ਦਾ ਇੱਕ ਪੁਤ੍ਰ.

ਅੰਡਜ: ਸੰ. ਸੰਗਯਾ- ਅੰਡੇ ਵਿੱਚੋਂ ਪੈਦਾ ਹੋਣ ਵਾਲੇ ਪੰਛੀ, ਮੱਛੀ, ਸੱਪ ਆਦਿਕ ਜੀਵ. "ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ." (ਸੋਰ ਮਃ ੧) ੨. ਸੰਸਾਰ. ਵਿਸ਼੍ਵ. ਜਗਤ. "ਅੰਡਜ ਫੋੜ ਜੋੜ ਵਿਛੋੜ." (ਬਿਲਾ ਥਿਤੀ ਮਃ ੧) ਦੇਖੋ, ਅੰਡਟੂਕ ਅਤੇ ਸ੍ਰਿਸ਼੍ਟਿ ਰਚਨਾ.

ਅੰਡਟੂਕ: ਸੰਗਯਾ- ਪ੍ਰਿਥਵੀ. ਅੰਡੇ ਦਾ ਅੱਧਾ ਭਾਗ ਪ੍ਰਿਥਿਵੀ, ਅਤੇ ਅੱਧਾ ਆਕਾਸ਼ ਮੰਡਲ ਹੈ. ਮਰਤ੍ਯ ਲੋਕ. "ਅੰਡਟੂਕ ਜਾਂਚੈ ਭਸਮਤੀ." (ਮਲਾ ਨਾਮਦੇਵ) ਮਰਤ ਲੋਕ ਜਿਸ ਦੀ ਪਾਕਸ਼ਾਲਾ ਹੈ. ਦੇਖੋ, ਭਸਮਤੀ.

ਅੰਡ ਬੰਡ: ਸੰਗਯਾ- ਬੇਮੇਲ ਗੱਲ। ੨. ਪ੍ਰਕਰਣ ਵਿਰੁੱਧ ਬਕਬਾਦ। ੩. ਵਿ- ਟੇਢਾ. ਵਿੰਗਾ.

ਅੰਡ ਵ੍ਰਿੱਧਿ: ਅੰਡ (ਫੋਤਿਆਂ) ਵਿੱਚ ਪਾਣੀ ਉਤਰਨਾ ਅਤੇ ਉਨ੍ਹਾਂ ਦਾ ਵਧ ਜਾਣਾ. قیلائہ مایہ ਕ਼ੀਲਾਏ ਮਾਯਹ. Hydrocele. ਬਾਦੀ ਵਾਲੀ ਚੀਜਾਂ ਖਾਣ, ਬਾਦੀ ਵਾਲੇ ਦੇਸ਼ ਵਿੱਚ ਰਹਿਣ, ਮਲ ਮੂਤ ਰੋਕਕੇ ਵਿਸ਼ੇ ਭੋਗ ਕਰਨ, ਤਾੜੀ ਦੀ ਸ਼ਰਾਬ ਬਹੁਤ ਪੀਣ ਤੋਂ ਇਹ ਰੋਗ ਹੁੰਦਾ ਹੈ. ਵੈਦਕ ਵਿੱਚ ਵਾਤਜ, ਪਿੱਤਜ, ਰਕਤਜ ਆਦਿ ਇਸ ਦੇ ਸੱਤ ਭੇਦ ਲਿਖੇ ਹਨ. ਰੋਗੀ ਨੂੰ ਚਾਹੀਏ ਕਿ ਕਿਸੇ ਸਿਆਣੇ ਵੈਦ ਅਥਵਾ ਡਾਕਟਰ ਤੋਂ ਇਲਾਜ ਕਰਾਵੇ. ਇਸ ਵਿੱਚ ਲੇਪ ਮਾਲਿਸ਼ ਅਤੇ ਖਾਣ ਦੀਆਂ ਦਵਾਈਆਂ ਤਜਰਬੇਕਾਰ ਹਕੀਮ ਦੀਆਂ ਵਰਤਣੀਆਂ ਲੋੜੀਏ, ਕਿਉਂਕਿ ਜਿਸ ਕਾਰਣ ਤੋਂ ਅੰਡ ਵ੍ਰਿੱਧਿ ਹੋਈ ਹੈ ਉਸੇ ਅਨੁਸਾਰ ਇਲਾਜ ਹੋਣਾ ਠੀਕ ਹੈ. ਹੇਠ ਲਿਖੀ ਦਵਾ ਖਾਣੀ ਲਾਭਦਾਇਕ ਸਿੱਧ ਹੋਈ ਹੈ- ਵਡੀ ਹਰੜ ਦੀ ਛਿੱਲ ਜੰਗ ਹਰੜਾਂ, ਚਰਾਇਤਾ, ਧਨੀਆਂ ਦੋ ਦੋ ਤੋਲੇ, ਲੌਂਗ ਇੱਕ ਤੋਲਾ, ਸਨਾ ਚਾਰ ਤੋਲੇ ਸਭ ਦਾ ਚੂਰਣ ਕਪੜਛਾਣ ਕਰਕੇ ਚੂਰਣ ਤੋਂ ਡਿਉਢੀ ਖੰਡ ਅਤੇ ਖੰਡ ਦੇ ਬਰਾਬਰ ਸ਼ਹਿਦ ਮਿਲਾਕੇ ਮਿੱਟੀ ਦੇ ਭਾਂਡੇ ਵਿੱਚ ਰੱਖੋ. ਉਮਰ ਅਤੇ ਬਲ ਅਨੁਸਾਰ ਇਹ ਚਟਨੀ ਜਲ ਨਾਲ ਨਿੱਤ ਖਾਵੋ.

ਇੱਕ ਤੋਲਾ ਸੁੱਕੀ ਭੰਗ ਗੁੜ ਵਿੱਚ ਮਿਲਾਕੇ ਫੋਤਿਆਂ ਤੇ ਬੰਨ੍ਹਣੀ ਅਥਵਾ ਕੇਸੂ ਭਿਉਂਕੇ ਅਤੇ ਘੀ ਵਿੱਚ ਝੱਸਕੇ ਬੰਨ੍ਹਣੇ ਗੁਣਕਾਰੀ ਹਨ.

ਅੰਡਾ: ਦੇਖੋ, ਅੰਡ.

ਅੰਡਾਕਾਰ: ਸੰ. ਵਿ- ਅੰਡੇ ਦੀ ਸ਼ਕਲ ਜੇਹਾ. ਅੰਡੇ ਜੇਹਾ ਹੈ ਜਿਸ ਦਾ ਆਕਾਰ। ੨. ਸੰਗਯਾ- ਭੂਗੋਲ ਅਤੇ ਖਗੋਲ.

ਅੰਤ: ਸੰ. ਅਨ੍ਤ. ਧਾ- ਬਾਂਧਨਾ. ਬੰਨ੍ਹਣਾ। ੨. ਸੰ. ਅਨ੍ਤ. ਸੰਗਯਾ- ਸਮਾਪਤਿ. ਓੜਕ. ਖ਼ਾਤਿਮਾ। ੩. ਪਰਿਣਾਮ. ਫਲ.

ਨਤੀਜਾ। ੪. ਸੀਮਾ. ਹੱਦ। ੫. ਅੰਤਕਾਲ. ਮਰਣ. "ਅੰਤ ਕੀ ਬਾਰ ਨਹੀਂ ਕਛੁ ਤੇਰਾ." (ਗਉ ਕਬੀਰ) ੬. ਮਧ੍ਯ (ਮੱਧ). ਦਰਮਿਆਨ. ਵਿਚਕਾਰ। ੭. ਦੇਖੋ, ਅੰਤ੍ਯ.

ਅੰਤ ਸਖਾਈ: ਵਿ- ਅਖੀਰ ਵੇਲੇ ਸਹਾਇਤਾ ਕਰਨ ਵਾਲਾ। ੨. ਅੰਤ ਤੀਕ ਮਿਤ੍ਰਤਾ ਨਿਬਾਹੁਣ ਵਾਲਾ। ੩. ਸੰਗਯਾ- ਧਰਮ। ੪. ਕਰਤਾਰ.

ਅੰਤਸ੍ਥ: ਸੰ. अन्तःस्थ. ਵਿ- ਜੋ ਅੰਤ (ਦਰਮਿਆਨ) ਠਹਿਰੇ. ਵਿਚਕਾਰ ਹੋਣ ਵਾਲਾ। ੨. ਸੰਗਯਾ- ਵ੍ਯਾਕਰਣ ਅਨੁਸਾਰ ਯ ਰ ਲ ਵ ਇਹ ਚਾਰ ਅੱਖਰ, ਜੋ ਕਵਰਗ ਆਦਿ ਅੱਖਰ ਅਤੇ ਉਸ਼੍ਮਵਰਣ (श, ष, स, ह) ਇਨ੍ਹਾਂ ਦੇ ਵਿਚਾਲੇ ਹਨ। ੩. ਜੀਵਾਤਮਾ.

ਅੰਤਹਕਰਣ: ਸੰ. अन्तः करण. ਸੰਗਯਾ- ਅੰਤਰ ਦੀ ਇੰਦ੍ਰੀ (ਇੰਦ੍ਰਿਯ) ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦ੍ਰੀਆਂ ਕਾਰਜ ਕਰਦੀਆਂ ਹਨ. ਇਸ ਦੇ ਚਾਰ ਭੇਦ ਹਨ-

੧. ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ.

੨. ਬੁੱਧਿ, ਜਿਸਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ.

੩. ਚਿੱਤ, ਜਿਸ ਕਰਕੇ ਸ੍ਮਰਣ (ਚੇਤਾ) ਹੁੰਦਾ ਹੈ.

੪. ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ. ਮਮਤ੍ਵ. ਮਮਤਾ. ਸਤਿਗੁਰੂ ਨਾਨਕ ਦੇਵ ਨੇ ਜਪੁ ਜੀ ਵਿੱਚ ਇਨ੍ਹਾਂ ਦਾ ਜਿਕਰ ਕੀਤਾ ਹੈ- "ਤਿਥੈ ਘੜੀਐ ਸੁਰਤਿ (ਚਿੱਤ) ਮਤਿ (ਮਮਤ੍ਵ- ਅਹੰਕਾਰ) ਮਨਿ, ਬੁਧਿ."

ਅੰਤਹ ਪੁਰ: ਸੰ. अन्तः पुर. ਸੰਗਯਾ- ਇਸਤ੍ਰੀਆਂ ਦੇ ਰਹਿਣ ਦਾ ਮਹਿਲ, ਜੋ ਨਗਰ (ਪੁਰ) ਅਤੇ ਰਾਜਭਵਨ ਦੇ ਅੰਤ (ਵਿਚਕਾਰ) ਹੁੰਦਾ ਹੈ। ੨. ਘਰ ਦਾ ਅੰਦਰਲਾ ਭਾਗ.

ਅੰਤਕ: ਸੰ. ਸੰਗਯਾ- ਕਾਲ. ਮੌਤ। ੨. ਯਮ। ੩. ਵਿ- ਅੰਤ ਕਰਨ ਵਾਲਾ. "ਅੰਤਕ ਜਮ ਜਬ ਲੈਨੇ ਆਵੈ." (ਕ੍ਰਿਸਨਾਵ) ੪. ਅਤੰਕ (ਭਯ) ਦੀ ਥਾਂ ਭੀ ਇਹ ਸ਼ਬਦ ਵਰਤਿਆ ਜਾਂਦਾ ਹੈ- "ਅਨੰਗ ਅਰਧੰਗਕ ਕੇ ਅੰਤਕ ਤੇ." (ਚਰਿਤ੍ਰ) ਸ਼ਿਵ ਦੇ ਡਰ ਤੋਂ ਕਾਮ ਨੇ.

ਅੰਤਕ ਧਾਮ: ਸੰਗਯਾ- ਯਮਪੁਰਿ. ਯਮਲੋਕ. "ਅੰਤ ਕੋ ਅੰਤਕ ਧਾਮ ਪਧਾਰੇ." (ਅਕਾਲ)

ਅੰਤਕਨੀ: ਸੰਗਯਾ- ਬੰਦੂਕ਼. ਅੰਤ ਕਰਨ ਵਾਲੀ. (ਸਨਾਮਾ)

ਅੰਤਕਾਲ: ਸੰਗਯਾ- ਅੰਤ ਸਮਾਂ. ਮਰਨ ਦਾ ਵੇਲਾ.

ਅੰਤ ਕੇ ਧਾਮ: ਦੇਖੋ, ਅੰਤਕ ਧਾਮ.

ਅੰਤ ਕ੍ਰਿਯਾ: ਸੰਗਯਾ- ਮਰਨ ਸਮੇਂ ਦਾ ਕਰਮ। ੨. ਮਰਣ ਪਿੱਛੋਂ ਪ੍ਰਾਣੀ ਦੇ ਨਿਮਿੱਤ ਕੀਤੀ ਹੋਈ ਕ੍ਰਿਯਾ. ਮ੍ਰਿਤਕ ਸੰਬੰਧੀ ਕਰਮ. ਅੰਤ੍ਯੇਸ਼੍ਟਿ. ਦੇਖੋ, ਪਿਤ੍ਰਿਮੇਧ ਅਤੇ ਮ੍ਰਿਤਕ ਸੰਸਕਾਰ.

ਅੰਤਜ: ਸੰ. ਅੰਤ੍ਯਜ. ਸੰਗਯਾ- ਅੰਤਿਮ ਵਰਣ ਵਿੱਚ ਜੋ ਪੈਦਾ ਹੋਇਆ ਹੈ. ਸ਼ੂਦ੍ਰ। ੨. ਨੀਚ. ਅਤ੍ਰਿ. ਰਿਖੀ ਨੇ ਸੱਤ ਅੰਤਜ ਲਿਖੇ ਹਨ- ਧੋਬੀ, ਚਮਾਰ, ਨਟ, ਭੰਜੜਾ, ਝਿਉਰ, ਕਲਾਲ ਅਤੇ ਭੀਲ.

ਅੰਤ ਦਸਾਨ: ਸੰਗਯਾ- ਅੰਤ ਦਸ਼ਾ ਕਰਨ ਵਾਲਾ. ਕਾਲ. ਯਮ. "ਤਿਹ ਊਪਰ ਅੰਤਦਸਾਨਹਿ ਧਾਯੋ." (ਕ੍ਰਿਸਨਾਵ).

ਅੰਤਮ: ਦੇਖੋ, ਅੰਤਿਮ.

ਅੰਤਰ: ਸੰ. अन्तर. ਸੰਗਯਾ- ਫਾਸਲਾ. ਵਿੱਥ. ਤਫ਼ਾਵਤ। "ਨਿਸਿ ਦਿਨ ਅੰਤਰ ਜਨੋਂ ਅੰਤਰ ਬਖਾਨਿਯਤ." (ਭਾਗੁ) ੨. ਓਟ.

ਪੜਦਾ. ਆਵਰਣ. "ਜਿਨ ਕਉ ਪਿਆਸ ਤੁਮਾਰੀ ਪ੍ਰੀਤਮ. ਤਿਨ ਕਉ ਅੰਤਰ ਨਾਹੀ." (ਮਲਾ ਮਃ ੫) ੩. ਭੇਦ. ਫ਼ਰਕ. "ਹਰਿਜਨ ਹਰਿ ਅੰਤਰੁ ਨਹੀ." (ਸ. ਮਃ ੯) ੪. ਮਰਮ. ਭੇਤ. ਰਾਜ਼. "ਲੈ ਤਾਂਕੋ ਅੰਤਰ ਮੁਹਿ ਕਹਿਯਹੁ." (ਚਰਿਤ੍ਰ ੫੫) ੫. ਅੰਦਰ. ਵਿੱਚ. ਭੀਤਰ। ੬. ਅੰਤਹਕਰਣ. ਮਨ। ੭. ਆਂਤ੍ਰ. ਆਂਦ. ਅੰਤੜੀ। ੮. ਅੰਤ- ਅਰਿ. "ਪ੍ਰਿਥਮੇ ਭੀਖਮ ਨਾਮ ਲੈ ਅੰਤ ਸਬਦ ਅਰਿ ਦੇਹੁ। ਸੁਤ ਆਦਿ ਅੰਤਰ ਉਚਰ ਨਾਮ ਬਾਨ ਲਖ ਲੇਹੁ." (ਸਨਾਮਾ) ਭੀਸ਼ਮ ਦਾ ਵੈਰੀ ਅਰਜੁਨ, ਉਸ ਦਾ ਰਥਵਾਹੀ ਕ੍ਰਿਸ਼ਨ, ਉਸ ਦਾ ਵੈਰੀ ਤੀਰ.

ਅੰਤਰ ਸਖਾਈ: ਵਿ- ਦਿਲੀ ਦੋਸਤ. ਅੰਤਰੰਗ ਸਖਾ. "ਅੰਤਰ ਸਖਾਈ ਪ੍ਰਭੁ ਸੋਇ." (ਵਡ ਮਃ ੩)

ਅੰਤਰ ਹਿਰਦਾ: ਸੰਗਯਾ- ਅੰਤਹਕਰਣ. ਭੀਤਰੀ ਇੰਦ੍ਰਿਯ (ਇੰਦ੍ਰੀ). "ਜਿਸੁ ਅੰਤਰੁ ਹਿਰਦਾ ਸੁਧੁ ਹੈ." (ਬਿਹਾ ਮਃ ੪)

ਅੰਤਰਗਤ: ਸੰ. अन्तर्गत. ਵਿ- ਅੰਦਰ ਪ੍ਰਾਪਤ.

ਅੰਤਰਗਤਿ: ਸੰਗਯਾ- ਅੰਤਰ ਮੁਖੀ ਵ੍ਰਿੱਤਿ. ਵਿਸ਼ੇ ਵਿਕਾਰਾਂ ਤੋ ਹਟਕੇ ਮਨ ਦੇ ਇਸਥਿਤ ਹੋਣ ਦੀ ਕ੍ਰਿਯਾ. "ਮਨ ਤਨ ਅਰਪਿਓ ਅੰਤਰਗਤਿ ਕੀਨੀ." (ਗਉ ਅਃ ਮਃ ੧) ੨. ਕ੍ਰਿ- ਵਿ- ਅੰਦਰ ਪ੍ਰਾਪਤ ਹੋਏ ਹੋਏ. "ਅੰਤਰ ਗਤਿ ਤੀਰਥਿ ਮਲਿ ਨਾਉ." (ਜਪੁ)

ਅੰਤਰਜਾਮ, ਅੰਤਰਜਾਮਿ, ਅੰਤਰਜਾਮੀ: ਸੰ. अन्तर्यामिन- ਅੰਤਰਯਾਮੀ. ਵਿ- ਅੰਦਰ ਦੀ ਜਾਣਨ ਵਾਲਾ. ਮਨ ਦੀ ਬੁੱਝਣ ਵਾਲਾ। ੨. ਅੰਤਹਕਰਣ ਵਿੱਚ ਇਸਥਿਤ ਹੋਕੇ ਪ੍ਰੇਰਣਾ ਕਰਨ ਵਾਲਾ. "ਠਾਕੁਰ ਅੰਤਰਜਾਮ." (ਸਾਰ ਮਃ ੫) "ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ." (ਧਨਾ ਮਃ ੫)

ਅੰਤਰ ਧਾਨ: ਸੰ. अन्तर्द्धान. ਸੰਗਯਾ- ਦੁਰਾਉ. ਛਿਪਾਉ. ਅਦਰਸ਼ਨ। ੨. ਵਿ- ਗੁਪਤ. ਲੋਪ. ਗ਼ਾਇਬ.

ਅੰਤਰ ਧਿਆਨ, ਅੰਤਰ ਧ੍ਯਾਨ: ਦੇਖੋ, ਅੰਤਰ ਧਾਨ। ੨. ਸੰਗਯਾ- ਆਤਮਾ ਦਾ ਮਨ ਵਿੱਚ ਕੀਤਾ ਧਿਆਨ. ਮਾਨਸਿਕ ਧ੍ਯਾਨ.

ਅੰਤਰ ਭਾਵ: ਸੰ. अन्तर्भाव. ਸੰਗਯਾ- ਦਿਲ ਦਾ ਮਤਲਬ ਮਨਸ਼ਾ. ਅਭਿਪ੍ਰਾਯ। ੨. ਵਿੱਚ ਸਮਾਉਣਾ. ਅੰਦਰ ਪ੍ਰਾਪਤ ਹੋਣਾ। ੩. ਵਿਨਾਸ਼. ਅਭਾਵ.

ਅੰਤਰ ਭੂਤ: ਸੰ. अन्तर्भूत. ਵਿ- ਅੰਦਰ ਹੋਇਆ ਹੋਇਆ. ਸ਼ਾਮਿਲ। ੨. ਸੰਗਯਾ- ਜੀਵਾਤਮਾ.

ਅੰਤਰ ਮਲ: ਸੰ. अन्तर्मल. ਸੰਗਯਾ- ਮਨ ਦੀ ਮੈਲ. ਅੰਤਹਕਰਣ ਦੀ ਮਲੀਨਤਾ। ੨. ਉਦਰ (ਪੇਟ) ਦੀ ਮੈਲ.

ਅੰਤਰ ਮੁਖ: ਸੰ. अन्तर्मुख. ਵਿ- ਮਨ ਦੇ ਵੇਗ ਨੂੰ ਬਾਹਰੋਂ ਰੋਕਕੇ ਅੰਦਰ ਕਰਨ ਵਾਲਾ. ੨. ਅੰਦਰ ਵੱਲ ਮੂੰਹ ਵਾਲਾ. ਜਿਸ ਦਾ ਮੁਖ ਅੰਦਰ ਨੂੰ ਹੈ.

ਅੰਤਰ ਲਾਪਿਕਾ: ਸੰ. अन्तर्लापिका. ਸੰਗਯਾ- ਇੱਕ ਕਾਵ੍ਯਾਲੰਕਾਰ. ਦੇਖੋ, ਪ੍ਰਹੇਲਿਕਾ.

ਅੰਤਰਵੇਦ: ਸੰ. अन्तर्वेद. ਵਿ- ਉਹ ਦੇਸ, ਜਿਸ ਵਿੱਚ ਜੱਗ ਦੀਆਂ ਵੇਦੀਆਂ ਹੋਣ। ੨. ਸੰਗਯਾ- ਗੰਗਾ ਅਤੇ ਯਮੁਨਾ (ਜਮਨਾ) ਦੇ ਵਿਚਕਾਰ ਦਾ ਦੇਸ਼, ਜਿਸ ਨੂੰ ਬ੍ਰਹ੍ਮਾਵਰਤ ਭੀ ਹਿੰਦੂਸ਼ਾਸਤ੍ਰਾਂ ਵਿੱਚ ਲਿਖਿਆ ਹੈ। ੩. ਦੋ ਨਦੀਆਂ ਦੇ ਮੱਧ ਦਾ ਦੇਸ਼. ਦੁਆਬ.

ਅੰਤਰਵੇਦੀ: ਵਿ- ਅੰਤਰਵੇਦ ਦੇ ਰਹਿਣ ਵਾਲਾ. ਦੇਖੋ, ਅੰਤਰਵੇਦ. ਬ੍ਰਹ੍ਮਾਵਰਤ ਦਾ ਵਸਨੀਕ.

ਅੰਤਰਾ: ਸੰਗਯਾ- ਟੇਕ (ਸ੍ਥਾਈ- ਰਹਾਉ) ਦੀਆਂ ਤੁਕਾਂ ਤੋਂ ਭਿੰਨ, ਸ਼ਬਦ ਦੀਆਂ ਬਾਕੀ ਤੁਕਾਂ. ਉਹ ਪਦ ਅਤੇ ਵਾਕ, ਜੋ ਰਹਾਉ ਦੀ ਤੁਕ ਦੇ ਅੰਦਰ ਗਾਏ ਜਾਣ। ੨. ਫਾਸਲਾ. ਵਿੱਥ। ੩. ਪੜਦਾ. ਆਵਰਣ. "ਜਿਨ ਕੈ ਭੀਤਰਿ ਹੈ ਅੰਤਰਾ। ਜੈਸੇ ਪਸੁ ਤੈਸੇ ਉਇ ਨਰਾ." (ਭੈਰ ਨਾਮਦੇਵ) ੪. ਯੋਗ ਮਤ ਅਨੁਸਾਰ ਅੰਤਰਾ ਉਸ ਵਿਘਨ ਨੂੰ ਆਖਦੇ ਹਨ, ਜੋ ਮਨ ਦੀ

ਇਸਥਿਤੀ ਵਿੱਚ ਵਿਘਨ ਪਾਵੇ. ਦੇਖੋ, ਯੋਗ ਦਰਸ਼ਨ ੧- ੩੦ ੫. ਕ੍ਰਿ. ਵਿ- ਸਿਵਾਇ. ਬਿਨਾ.

ਅੰਤਰਿ: ਵਿ- ਭੀਤਰੀ. ਅੰਦਰ ਦਾ. "ਅੰਤਰਿ ਰੋਗ ਮਹਾ ਦੁਖ." (ਮਾਰੂ ਸੋਲਹੇ ਮਃ ੩) ੨. ਕ੍ਰਿ. ਵਿ- ਭੀਤਰ. ਵਿੱਚ. "ਨਾਨਕ ਰਵਿ ਰਹਿਓ ਸਭ ਅੰਤਰਿ." (ਮਲਾ ਮਃ ੫) ੩. ਅੰਤਹਕਰਣ ਮੇਂ. ਮਨ ਵਿੱਚ. "ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ." (ਗਉ ਮਃ ੫) "ਅੰਤਰਿ ਚਿੰਤਾ ਨੀਦ ਨ ਸੋਵੈ" (ਵਾਰ ਸੋਰ ਮਃ ੩)

ਅੰਤਰਿਛ, ਅੰਤਰਿੱਖ, ਅੰਤਰੀਛ: ਸੰ. अन्तरिक्ष. ਸੰਗਯਾ- ਪ੍ਰਿਥਵੀ ਅਤੇ ਸੁਰਗ ਦੇ ਵਿਚਕਾਰਲਾ ਦੇਸ਼। ੨. ਆਕਾਸ਼। ੩. ਪਰਲੋਕ. "ਅੰਤਰੀਛ ਭਏ ਪਾਛੇ ਲੋਕ ਪਛਤਾਤ ਹੈਂ." (ਭਾਗੁ ਕ) ਮਹਾਤਮਾਂ ਲੋਕਾਂ ਦੀ ਜੀਵਨ ਸਮੇਂ ਕਦਰ ਨਹੀਂ ਕਰਦੇ, ਮਰਨ ਪਿੱਛੋਂ ਪਛਤਾਉਂਦੇ ਹਨ.

ਅੰਤਰੀਯ, ਅੰਤਰੀਵ: ਸੰ. अन्तरीय. ਵਿ- ਅੰਤਰਲਾ. ਭੀਤਰੀ। ੨. ਸੰਗਯਾ- ਤੇੜ ਦਾ ਵਸਤ੍ਰ. ਕੱਛ ਧੋਤੀ ਆਦਿਕ.

ਅੰਤਰੁ: ਦੇਖੋ, ਅੰਤਰ. "ਅੰਤਰੁ ਸੀਤਲੁ ਸਾਂਤਿ ਹੋਇ." (ਆਸਾ ਅਃ ਮਃ ੩) ੨. ਮਨ.

ਅੰਤਰੁ ਹਿਰਦਾ: ਦੇਖੋ, ਅੰਤਰ ਹਿਰਦਾ.

ਅੰਤਰੰਗ: ਸੰ. अन्तरङ्ग. ਵਿ- ਦਿਲੀ. ਜਿਗਰੀ। ੨. ਭੀਤਰੀ. ਅੰਦਰਲਾ.

ਅੰਤਰੰਗ ਸਭਾ: ਖ਼ਾਸ ਮੈਂਬਰਾਂ ਦੀ ਸਭਾ. ਪ੍ਰਬੰਧ ਕਰਨ ਵਾਲੇ ਸਭਾਸਦਾਂ ਦੀ ਮੰਡਲੀ.

ਅੰਤਵੰਤ: ਸੰ. अन्त वन्त. ਵਿ- ਨਾਸ਼ ਹੋਣ ਵਾਲਾ.

ਅੰਤੜੀ: ਦੇਖੋ, ਆਂਤ.

ਅੰਤਾ: ਦੇਖੋ, ਅੰਤਿਮ.

ਅੰਤਿ: ਓੜਕ ਨੂੰ. "ਅੰਤਿ ਗਇਆ ਪਛੁਤਾਇ." (ਸ੍ਰੀ ਮਃ ੩) ੨. ਅੰਤ ਸਮੇਂ. ਮਰਨ ਵੇਲੇ.

ਅੰਤਿਮ: ਸੰ. अन्तिम. ਵਿ- ਅਖ਼ੀਰੀ. ਅੰਤ ਦਾ.

ਅੰਤਿਵਾਰ: ਦੇਖੋ, ਅੰਤਿ. "ਅੰਤਿਵਾਰ ਨਾਮੁ ਗਹਿਣਾ." (ਆਸਾ ਮਃ ੫)

ਅੰਤੀ: ਵਿ- ਅੰਤਿਮ. ਅਖ਼ੀਰੀ. "ਜਹਿ ਅੰਤੀ ਅਉਸਰ ਆਇ ਬਨਤ ਹੈ." (ਕਲਿ ਮਃ ੪)

ਅੰਤੁ: ਦੇਖੋ, ਅੰਤ ਅਤੇ ਅੰਤਜ. "ਅੰਤੁ ਨ ਜਾਪੈ ਕੀਤਾ ਆਕਾਰ." (ਜਪੁ)

ਅੰਤੇ: ਅੰਤ ਸਮੇਂ. "ਅੰਤੇ ਸਤਿਗੁਰ ਬੋਲਿਆ." (ਸਦੁ)

ਅੰਤਜ: ਸੰ. अन्त्य. ਵਿ- ਅੰਤਿਮ. ਅਖ਼ੀਰੀ। ੨. ਸੰਗਯਾ- ਯਮ। ੩. ਇੱਕ ਗਿਣਤੀ ੧੦, ੦੦੦, ੦੦੦, ੦੦੦, ੦੦੦, ੦੦੦ ਦੇਖੋ, ਸੰਖਯਾ.

ਅੰਤਜਜ: ਦੇਖੋ, ਅੰਤਜ.

ਅੰਤਜਾਂਤਕ: ਅੰਤਜ- ਅੰਤਕ. ਅੰਤ ਵਿੱਚ ਅੰਤਕ ਪਦ. "ਆਦਿ ਸ਼ਬਦ ਖਲ ਉਚਰਕੈ ਅੰਤਜਾਂਤਕ ਪਦ ਦੀਨ." (ਸਨਾਮਾ) ਖਲ ਸ਼ਬਦ ਦੇ ਅੰਤ ਵਿੱਚ ਅੰਤਕ ਪਦ ਦੇਣ ਤੋਂ "ਖਲਾਂਤਕ" ਫਾਸੀ ਦਾ ਨਾਉਂ ਹੈ.

ਅੰਤਜਾਨੁਪ੍ਰਾਸ: ਦੇਖੋ, ਅਨੁਪ੍ਰਾਸ (੫)

ਅੰਤਜੇਸ਼੍ਟਿ: ਦੇਖੋ, ਅੰਤਕ੍ਰਿਯਾ ਅਤੇ ਪਿਤ੍ਰਿਮੇਧ.

**ਅੰਤ੍ਰ:** ਦੇਖੋ, ਅੰਤਰ। ੨. ਸੰ. ਅਨ੍ਤ੍ਰ. ਸੰਗਯਾ- ਆਂਦਰ. ਅੰਤੜੀ. ਆਂਤ, ਜੋ ਦੇਹ ਨੂੰ ਅਤਿ (ਬੰਧਨ) ਕਰੇ ਸੋ ਅੰਤ੍ਰ.

**ਅੰਤ੍ਰਕ:** ਸੰਗਯਾ- ਭੇਦ. ਫ਼ਰਕ਼। ੨. ਵਿ- ਆਂਤਰਿਕ. ਭੀਤਰੀ. ਅੰਦਰੂਨੀ. "ਇਹ ਅੰਤ੍ਰਕ ਮਨ ਮੇ ਪਹਿਚਾਨੋ." (ਨਾਪ੍ਰ)

**ਅੰਤ੍ਰ ਜ੍ਵਰ:** ਇੱਕ ਪ੍ਰਕਾਰ ਦਾ ਤਾਪ, ਜਿਸਦਾ ਆਂਤ (ਅੰਤੜੀ) ਨਾਲ ਸੰਬੰਧ ਹੈ. ਦੇਖੋ, ਤਾਪ (ਘ)

**ਅੰਤ੍ਰ ਧਾਨ, ਅੰਤ੍ਰ ਧ੍ਯਾਨ:** ਦੇਖੋ, ਅੰਤਰ ਧਾਨ ਅਤੇ ਅੰਤਰ ਧਿਆਨ.

**ਅੰਤ੍ਰੀਕ:** ਦੇਖੋ, ਆਂਤਰਿਕ. "ਬਾਹਯ ਕਾ ਅੰਤ੍ਰੀਕ ਬਖਾਨਾ." (ਨਾਪ੍ਰ) ਵਾਹਜ ਦਾ ਅਤੇ ਆਂਤਰਿਕ. ਬੇਰੂਨੀ ਅਤੇ ਅੰਦਰੂਨੀ.

**ਅੰਦ:** ਸੰ. ਅਨ੍ਦ੍. ਧਾ- ਬੰਨ੍ਹਣਾ। ੨. ਫ਼ਾ. اَنّد ਸੰਗਯਾ- ਇੱਛਾ। ੩. ਅਚਰਜ। ੪. ਪੰਜ ਸੌ ਅਥਵਾ ਪੰਦ੍ਰਾਂ ਹਜ਼ਾਰ ਵਰ੍ਹੇ ਦਾ ਸਮਾਂ। ੫. ਹਸੁੰਦ ਦਾ ਸੰਖੇਪ. ਹੈਂ. ਵੇ ਹੈਂ. ਉਹ ਹਨ. ਐਸੀ ਦਸ਼ਾ ਵਿੱਚ ਇਹ ਸ਼ਬਦ ਦੇ ਅੰਤ ਆਉਂਦਾ ਹੈ. ਜਿਵੇਂ "ਮਰਦਾਂ ਆ਼ਕ਼ਿਲ ਅੰਦ."

**ਅੰਦਕ:** ਫ਼ਾ. اَنّدک ਵਿ- ਥੋੜਾ. ਘੱਟ. ਕਮ.

**ਅੰਦਰ:** ਫ਼ਾ. اَنّدر ਕ੍ਰਿ. ਵਿ- ਵਿੱਚ. ਭੀਤਰ। ੨. ਅ਼. ਦੁਰਲਭ। ੩. ਸੰਗਯਾ- ਬੰਜਰ ਜ਼ਮੀਨ। ੪. ਪਿੜ. ਖਲਹਾਨ। ੫. ਦੇਖੋ, ਅੰਦਰੁ.

**ਅੰਦਰਹੁ:** ਅੰਦਰੋਂ ਅੰਦਰ ਤੋਂ "ਅੰਦਰਹੁ ਜਿਨ ਕਾ ਮੋਹੁ ਤੁਟਾ." (ਅਨੰਦੁ)

**ਅੰਦਰੁ:** ਦੇਖੋ, ਅੰਦਰ. "ਅੰਦਰੁ ਸੀਤਲ ਸਾਂਤਿ." (ਵਾਰ ਬਿਲਾ ਮਃ ੩) ੨. ਮਨ. ਅੰਤਹਕਰਣ. "ਅੰਦਰੁ ਲਗਾ ਰਾਮ ਨਾਮਿ." (ਸ੍ਰੀ ਮਃ ੫)

**ਅੰਦਰੁ ਚਿਤੁ:** ਸੰਗਯਾ- ਅੰਤਹਕਰਣ. "ਤਿਸ ਦਾ ਅੰਦਰੁ ਚਿਤੁ ਨ ਭਿਜਈ." (ਵਾਰ ਗੂਜ ੧. ਮਃ ੩)

**ਅੰਦਰੂਨੀ:** ਫ਼ਾ. اَنّدرُوٗنی ਵਿ- ਭੀਤਰੀ. ਅੰਦਰ ਦਾ.

**ਅੰਦਲੀਬ, ਅ਼ੰਦਲੀਬ:** ਅ਼. عندلیب ਸੰਗਯਾ- ਬੁਲਬੁਲ.

**ਅੰਦਾਖ਼ਤਨ:** ਫ਼ਾ. اَنّداختن ਕ੍ਰਿ- ਸਿੱਟਣਾ. ਗਿਰਾਉਣਾ. ਫੈਂਕਣਾ.

**ਅੰਦਾਜ, ਅੰਦਾਜਾ:** ਫ਼ਾ. اَنّدازہ ਅੰਦਾਜ਼ਹ. ਸੰਗਯਾ- ਅਨੁਮਾਨ. ਅਟਕਲ। ੨. ਤੋਲ, ਵਜ਼ਨ ੩. ਮਾਪ, ਮਿਣਤੀ ੪. ਭਾਗ. ਹਿੱਸਾ। ੫. ਦ੍ਰਿਸ਼੍ਟਾਂਤ. ਮਿਸਾਲ। ੬. ਯੋਗਯ. ਮੁਨਾਸਿਬ. "ਬੋਲਿ ਸਕੈ ਨ ਅੰਦਾਜਾ." (ਬਿਲਾ ਕਬੀਰ) ਅਯੋਗ ਬੋਲਣਾ ਤਾਂ ਇੱਕ ਪਾਸੇ ਰਿਹਾ ਯੋਗ ਉੱਤਰ ਭੀ ਸਾਮ੍ਹਣੇ ਨਹੀਂ ਬੋਲ ਸਕਦਾ. "ਲਫਜ ਕਮਾਇ ਅੰਦਾਜਾ." (ਮਾਰੂ ਸੋਲਹੇ ਮਃ ੫)

**ਅੰਦਾਮ:** ਫ਼ਾ. اَنّدام ਸੰਗਯਾ- ਸ਼ਰੀਰ. ਦੇਹ। ੨. ਪ੍ਰਬੰਧ. ਇੰਤਜਾਮ। ੩. ਸੁੰਦਰਤਾ. ਖ਼ੂਬਸੂਰਤੀ.

**ਅੰਦੇਸ਼:** ਫ਼ਾ. اَنّدیش ਵਿ- ਸੋਚ (ਵਿਚਾਰ) ਕਰਨ ਵਾਲਾ. ਇਹ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਦੂਰਅੰਦੇਸ਼.

**ਅੰਦੇਸਰਾ, ਅੰਦੇਸਰੋ, ਅੰਦੇਸਾ:** ਫ਼ਾ. اندیشہ ਅੰਦੇਸ਼ਹ. ਸੰਗਯਾ- ਫ਼ਿਕਰ. ਚਿੰਤਾ. "ਸਭ ਰਹਿਓ ਅੰਦੇਸਰੋ ਮਾਇਓ." (ਸੋਰ ਮਃ ੫) "ਜੋ ਜਨ ਭਜਨੁ ਕਰੇ ਪ੍ਰਭੁ ਤੇਰਾ ਤਿਸੈ ਅੰਦੇਸਾ ਨਾਹੀ." (ਸੋਰ ਮਃ ੫) ੨. ਦੁਬਿਧਾ. ਦੁਚਿਤਾ। ੩. ਭੈ. ਖਟਕਾ. ਧੜਕਾ.

**ਅੰਦੋਹ:** ਫ਼ਾ. اَنّدوہ ਸੰਗਯਾ- ਸ਼ੋਕ। ੨. ਸੋਚ. ਚਿੰਤਾ. "ਦੁਖ ਅੰਦੋਹ ਨਹੀਂ ਤਿਹ ਠਾਉ." (ਗਉ ਰਵਿਦਾਸ)

**ਅੰਦੋਖਤਨ:** ਫ਼ਾ. اَنّدوختن ਕ੍ਰਿ- ਜੋੜਨਾ. ਜਮਾ ਕਰਨਾ. ਕ਼ਰਜ਼ ਅਦਾ ਕਰਨਾ. ਰਿਣ ਚੁਕਾਉਣਾ.

**ਅੰਦੋਲ:** ਸੰ. ਅਨ੍ਦੋਲ. ਧਾ- ਹਿਲਾਉਣਾ. ਝੁਲਾਣਾ. ਝੂਟਾ ਦੇਣਾ.

ਅੰਦੋਲਨ: ਦੇਖੋ, ਆਂਦੋਲਨ.

ਅੰਦ੍ਰ: ਦੇਖੋ, ਅੰਦਰ। ੨. ਦੇਖੋ, ਅੰਤ੍ਰ.

ਅੰਦ੍ਰਹੁ: ਕ੍ਰਿ. ਵਿ- ਵਿੱਚੋਂ. ਅੰਦਰੋਂ. ਭਾਵ- ਦਿਲੋਂ. "ਤਪਾ ਨ ਹੋਵੈ ਅੰਦ੍ਰਹੁ ਲੋਭੀ." (ਵਾਰ ਗਉ ੧. ਮਃ ੪)

ਅੰਦ੍ਰਾਉਲ: ਸੰਗਜਾ- ਅੰਤ੍ਰ- ਆਵਲਿ. ਆਂਦ੍ਰਾਂ ਦਾ ਸਮੂਹ. ਅੰਤੜੀਆਂ. ਦੇਖੋ, ਅੰਤ੍ਰ.

ਅੰਧ: ਸੰ. ਅ੍ਰਨ੍ਧ੍. ਧਾ- ਨੇਤ੍ਰ ਮੁੰਦਣੇ. ਦਿਖਾਈ ਨਾ ਦੇਣਾ। ੨. ਸੰ. ਵਿ- ਨੇਤ੍ਰਹੀਨ। ੩. ਅਗਜਾਨੀ. ਵਿਚਾਰਹੀਨ। ੪. ਸੰਗਜਾ- ਅੰਨ੍ਹਾ. ਅੰਧਾ। ੫. ਜਲ। ੬. ਉੱਲੂ। ੭. ਅੰਧੇਰਾ। ੮. ਅਗਜਾਨ. "ਅਗਿਆਨੀ ਅੰਧ ਕਮਾਇ. "(ਵਾਰ ਸੋਰ ਮਃ ੩) ੯. ਕਾਵਜ ਦਾ ਇੱਕ ਦੋਸ਼. ਜਿਸ ਦਾ ਰੂਪ ਹੈ ਕਿ ਕਵੀਆਂ ਦੇ ਨਿਯਮ ਵਿਰੁੱਧ ਰਚਨਾ ਕਰਨੀ, ਯਥਾ- "ਨਾਸਿਕਾ ਕਮਲ ਜੈਸੀ ਨੈਨ ਹੈਂ ਨਗਾਰੇ ਸੇ." ਦੇਖੋ, ਕਾਵਜ ਦੋਸ਼। ੧੦. ਸੰ. ਅ੍ਰਨ੍ਦੁ- ਅੰਦੁ. ਸੰਗਜਾ- ਜ਼ੰਜੀਰ. ਸੰਗੁਲ. "ਜਰੀਆ ਅੰਧ ਕੰਧ ਪਰ ਡਾਰੇ." (ਦੱਤਾਵ) ਜਾਲੀ ਅਤੇ ਜ਼ੰਜੀਰ ਮੋਢੇ ਉੱਪਰ ਰੱਖਕੇ.

ਅੰਧਉ: ਅੰਧਾ. ਜੋ ਦੇਖ ਨਹੀਂ ਸਕਦਾ। ੨. ਅਗਜਾਨੀ। ੩. ਹੰਕਾਰੀ।

ਅੰਧ ਅੰਧਾਰ, ਅੰਧ ਅੰਧਾਰਾ: ਸੰਗਜਾ- ਮਹਾਂ ਅੰਧਕਾਰ. ਘੋਰ ਅੰਧੇਰਾ। ੨. ਅਗਜਾਨ. ਅਵਿਦਜਾ. "ਬਾਝ ਗੁਰੂ ਹੈ ਅੰਧ ਅੰਧਾਰਾ." (ਮਾਝ ਅਃ ਮਃ ੧) ੩. ਵਿ- ਸ੍ਵਰੂਪ ਦਾ ਜਿਸ ਨੂੰ ਗਜਾਨ ਨਹੀਂ "ਅਗਿਆਨੀ ਅੰਧਾ ਅੰਧ ਅੰਧਾਰਾ." (ਮਾਝ ਅਃ ਮਃ ੧)

ਅੰਧ ਸੁਤ: ਸੰਗਜਾ- ਅੰਧ (ਧ੍ਰਿਤਰਾਸ਼੍ਟ੍ਰ) ਦਾ ਪੁਤ੍ਰ ਦੁਰਯੋਧਨ, ਅਤੇ ਉਸ ਦੇ ਦੁੱਸਾਸਨ ਆਦਿਕ ਭਾਈ.

ਅੰਧਕ: ਸੰ. ਸੰਗਜਾ- ਅੰਧਾ. ਅੰਨ੍ਹਾ "ਤਮ ਪ੍ਰਕਾਸ ਅੰਧਕਹ." (ਸਹਸ ਮਃ ੫) ੨. ਯਾਦਵਾਂ ਦਾ ਇੱਕ ਗੋਤ, ਜੋ ਯੁਧਾਜਿਤ ਦੇ ਪੁਤ੍ਰ ਅੰਧਕ ਤੋਂ ਚੱਲਿਆ। ੩. ਕਸ਼ਜਪ ਦਾ ਪੁਤ੍ਰ ਇੱਕ ਦੈਤ, ਜੋ ਮਦਾਂਧ ਹੋਣ ਕਰਕੇ ਅੰਧਕ ਪ੍ਰਸਿੱਧ ਹੋਇਆ.[146] ਇਸ ਦੇ ਹਜ਼ਾਰ ਸਿਰ ਦੋ ਹਜ਼ਾਰ ਭੁਜਾ ਅਤੇ ਦੋ ਹਜ਼ਾਰ ਨੇਤ੍ਰ ਲਿਖੇ ਹਨ. ਇਹ ਸੁਰਗ ਤੋਂ ਪਾਰਿਜਾਤ ਬਿਰਛ ਇੰਦ੍ਰ ਦੇ ਬਾਗ (ਨੰਦਨ) ਤੋਂ ਲੈ ਆਇਆ ਸੀ. ਸ਼ਿਵ ਨੇ ਇਸ ਦਾ ਨਾਸ਼ ਕੀਤਾ. "ਜਿਮ ਅੰਧਕ ਸੋਂ ਹਰ ਯੁੱਧ ਕਰਜੋ." (ਰੁਦ੍ਰਾਵ) ੪. ਇੱਕ ਵੈਸ਼ਜ ਮੁਨਿ, ਜੋ ਨੇਤ੍ਰਹੀਨ ਸੀ, ਜਿਸਦੇ ਪੁਤ੍ਰ ਸ੍ਰਵਣ (ਸਿੰਧੁ) ਨੂੰ ਰਾਜਾ ਦਸ਼ਰਥ ਨੇ ਬਨ ਦਾ ਜੀਵ ਸਮਝਕੇ ਅੰਧੇਰੀ ਰਾਤ ਵਿੱਚ ਸ਼ਬਦਵੇਧੀ ਬਾਣ ਨਾਲ ਮਾਰਿਆ ਸੀ.

ਅੰਧਕਹ: ਅੰਧੇ ਨੂੰ. ਦੇਖੋ, ਅੰਧਕ ੧.

ਅੰਧ ਕਰਮ: ਸੰਗਜਾ- ਵਿਚਾਰ ਰਹਿਤ ਕਰਮ. ਅਗਜਾਨ ਨਾਲ ਕੀਤੇ ਕਰਮ. "ਜਗ ਅੰਧ ਹੈ ਅੰਧੇ ਕਰਮ ਕਮਾਇ." (ਵਾਰ ਬਿਹਾ ਮਃ ੩)

ਅੰਧਕ ਰਿਪੁ. ਸੰਗਜਾ- ਸ਼ਿਵ. ਦੇਖੋ, ਅੰਧਕ ੩.

ਅੰਧਕਾਰ: ਸੰ. ਸੰਗਜਾ- ਅੰਧੇਰਾ। ੨. ਅਗਜਾਨ. ਅਵਿਦਜਾ. ਨਾਦਾਨੀ. "ਅੰਧਕਾਰ ਮਹਿ ਭਇਆ ਪ੍ਰਗਾਸ." (ਗੋਂਡ ਮਃ ੫) ਗਜਾਨ ਦਾ ਪ੍ਰਕਾਸ਼ ਹੋਇਆ.

ਅੰਧਕੂਪ: ਵਿ- ਅਨ੍ਹੇਰਾ ਖੂਹ। ੨. ਖੂਹ ਦਾ ਅੰਧਕਾਰ, ਜੋ ਹਮੇਸ਼ਾ ਬਣਿਆ ਰਹਿੰਦਾ ਹੈ। ੩. ਸੰਗਜਾ- ਅਵਿਦਜਾ ਰੂਪ ਜਗਤ. "ਅੰਧਕੂਪ ਤੇ ਕੰਢੈ ਚਾੜੇ." (ਮਾਝ ਮਃ ੫) ੪. ਖੂਹ ਦੀ ਬਗਲ ਵਿੱਚ ਬਣਿਆ ਹੋਇਆ ਭੋਰਾ. ਤਹਖ਼ਾਨਾ.

ਅੰਧਕੰਧ: ਅੰਧਕ- ਅੰਧ. ਅੰਧਕ ਦੈਤ ਮਦ ਵਿੱਚ ਅੰਧਾ. "ਅੰਧਕੰਧ ਫਿਰਜੋ ਤਬੈ ਜਯ ਦੁੰਦਭੀਨ ਬਜਾਇ." (ਰੁਦ੍ਰਾਵ) ੨.

---

[146] ਪੁਰਾਣਕਥਾ ਇਹ ਭੀ ਹੈ ਕਿ ਇੱਕ ਵਾਰੀ ਪਾਰਵਤੀ ਨੇ ਹਾਸੀ ਵਿੱਚ ਸ਼ਿਵ ਦੀਆਂ ਅੱਖਾਂ ਹੱਥਾਂ ਨਾਲ ਬੰਦ ਕਰ ਲਈਆਂ. ਜਿਸ ਤੋਂ ਅੰਧਕ ਪੈਦਾ ਹੋਇਆ. ਇਸ ਨੂੰ ਤਪਸਾ ਕਰਨ ਤੋਂ ਨੇਤ੍ਰ ਪ੍ਰਾਪਤ ਹੋਏ.

ਅਗਜਾਨੀ ਅਤੇ ਜੜ੍ਹਮਤਿ.

**ਅੰਧ ਕੰਮ:** ਦੇਖੋ, ਅੰਧ ਕਰਮ.

**ਅੰਧ ਗਤਿ:** ਸੰਗਜਾ- ਅੰਧੇ ਦੀ ਚਾਲ। ੨. ਬਿਨਾ ਵਿਚਾਰ ਆਚਰਣ. "ਢੂੰਡਤ ਡੋਲਹਿਂ ਅੰਧ ਗਤਿ." (ਸਃ ਕਬੀਰ)

**ਅੰਧ ਘੋਰ:** ਸੰਗਜਾ- ਘੋਰ ਅੰਧਕਾਰ. ਭੈਦਾਇਕ ਅੰਧੇਰਾ। ੨. ਵਿ- ਮਹਾ ਅਗਜਾਨੀ। ੩. ਭੈਦਾਇਕ ਅਗਜਾਨੀ. "ਅਸੰਖ ਮੂਰਖ ਅੰਧ ਘੋਰ." (ਜਪੁ)

**ਅੰਧਤਾਮਿਸ੍ਰ:** ਸੰਗਜਾ- ਇੱਕ ਖਾਸ ਨਰਕ, ਜਿਸ ਵਿੱਚ ਹੱਥ ਪਸਾਰਿਆ ਨਹੀਂ ਦਿਸਦਾ। ੨. ਅਗਜਾਨ, ਜੋ ਘੋਰ ਅੰਧਕਾਰ ਰੂਪ ਹੈ.

**ਅੰਧ ਧੁੰਦ, ਅੰਧ ਧੁੰਧ:** ਸੰਗਜਾ- ਧੁੰਦ ਨਾਲ ਮਿਲਿਆ ਅੰਧਕਾਰ. ਗਾੜ੍ਹਾ ਅੰਧੇਰਾ (ਹਨੇਰਾ). ੨. ਕੁਰੀਤਿ. ਕੁਚਾਲ। ੩. ਅਨਜਾਯ (ਅਨਿਆਂ). ਬੇਇਨਸਾਫੀ। ੪. ਅਗਜਾਨ.

**ਅੰਧ ਧੰਧ:** ਦੇਖੋ, ਅੰਧਕਰਮ। ੨. ਸਿੰਧੀ. ਜੁਲਮ। ੩. ਪ੍ਰਬੰਧ ਵਿੱਚ ਗੜਬੜ

**ਅੰਧ ਨੇਤ੍ਰਾ:** ਅੱਖਾਂ ਦੀ ਜੋਤ ਦਾ ਜਾਂਦਿਆਂ ਰਹਿਣਾ. ذہاب البصر ਜਹਾਬੁਲਬਸਰ. Amaurosis. ਇਸ ਰੋਗ ਵਿੱਚ ਨਜਰ ਸਹਜੇ ਸਹਜੇ ਅਥਵਾ ਅਚਾਨਕ ਹੀ ਨਸ਼੍ਟ ਹੋ ਜਾਂਦੀ ਹੈ. ਇਸ ਦੇ ਕਾਰਨ ਹਨ- ਸਿਰ ਤੇ ਸੱਟ ਲੱਗਣੀ, ਦਿਮਾਗ ਵਿੱਚ ਰਸੌਲੀ ਜਾਂ ਆਤਸ਼ਕ ਦਾ ਫੋੜਾ ਹੋਣਾ, ਬਹੁਤ ਮੈਥੁਨ ਕਰਨਾ, ਅੱਖਾਂ ਦੇ ਪਰਦਿਆਂ ਵਿੱਚ ਦੋਸ਼ ਹੋਣਾ, ਘੱਟ ਚਾਨਣੇ ਵਿੱਚ ਪੜ੍ਹਨਾ, ਉੱਲ ਰੋਗ ਹੋਣਾ, ਸ਼ਰਾਬ ਅਤੇ ਤਮਾਕੂ ਬਹਤ ਪੀਣਾ, ਇਸਤ੍ਰੀਆਂ ਦੇ ਇੱਕ ਬਾਰ ਹੀ ਰਿਤੂ ਬੰਦ ਹੋਣੇ ਆਦਿ.

ਇਸ ਰੋਗ ਵਿੱਚ ਸਿਆਣੇ ਵੈਦ ਡਾਕਟਰ ਦਾ ਇਲਾਜ ਕਰਾਉਣਾ ਚਾਹੀਏ ਜੋ ਕਾਰਣ ਨੂੰ ਚੰਗੀ ਤਰਾਂ ਪਰਖਕੇ ਯੋਗ ਉਪਾਉ ਕਰੇ.

ਅੰਧਨੇਤ੍ਰੇ ਦੇ ਰੋਗੀ ਨੂੰ ਤਾਕਤ ਵਾਲੀ ਗਿਜਾ ਖਾਣੀ ਚਾਹੀਏ ਅਤੇ ਨੇਤ੍ਰਾਂ ਵਿੱਚ ਚੰਗੇ ਅੰਜਨ ਪਾਉਣੇ ਲੋੜੀਏ. ਮੈਥੁਨ ਤੋਂ ਪੂਰਾ ਪਰਹੇਜ ਰਖਣਾ ਚਾਹੀਏ. ਹੇਠ ਲਿਖਿਆ ਦਾਰੂ ਨੇਤ੍ਰਰੋਗਾਂ ਲਈ ਬਹੁਤ ਉੱਤਮ ਹੈ-

ਇੱਕ ਤੋਲਾ ਸੁੱਧ ਸਿੱਕਾ ਢਾਲਕੇ ਉਸ ਵਿੱਚ ਇਕ ਤੋਲਾ ਪਾਰਾ ਮਿਲਾਕੇ ਗਰਮ ਗਰਮ ਪੀਸੋ. ਨੀਲਾ ਕੱਚ, ਜਿਸ ਦਾ ਕੁਸ਼ਤਾ, ਛੋਟੀ ਇਲਾਚੀ ਦੇ ਦਾਣੇ, ਸੁਹਾਗਾ ਫੁੱਲ, ਸੁੱਚਾ ਸਿੱਪ, ਸੰਗ ਬਸਰੀ, ਮਮੀਰੀ, ਸਮੁੰਦਰਝੱਗ, ਸਰਦ ਚੀਨੀ, ਕਪੂਰ, ਇਹ ਸਾਰੇ ਇੱਕ ਇੱਕ ਤੋਲਾ ਲੈਣੇ, ਚਿੱਟਾ ਸੁਰਮਾ ਚਾਰ ਤੋਲੇ, ਕਾਲਾ ਸੁਰਮਾ ੧੦. ਤੋਲੇ, ਅਫੀਮ ਕਚਕਰਾ ਤਿੰਨ ਮਾਸ਼ੇ, ਇਹ ਸਾਰੀ ਚੀਜਾਂ ਬਰੀਕ ਪੀਸ ਲੈਣੀਆਂ, ਇੱਕ ਬੋਤਲ ਅਰਕ ਗੁਲਾਬ, ਦੋ ਛਟਾਂਕ ਨਿੰਮ ਦੇ ਪੱਤਰਾਂ ਦਾ ਰਸ, ਦੋ ਛਟਾਂਕ ਹਰੜ ਬਹੇੜੇ ਆਉਲਿਆਂ ਦਾ ਕਾੜ੍ਹਾ, ਛਟਾਂਕ ਰਸੌਂਤ, ਇਨ੍ਹਾਂ ਸਾਰੇ ਰਸਾਂ ਵਿੱਚ ਘੋਲ ਲੈਣੀ. ਇਸ ਪਾਣੀ ਵਿੱਚ ਉੱਪਰ ਲਿਖੀਆਂ ਦਵਾਈਆਂ ਖਰਲ ਕਰਨੀਆਂ, ਜਦ ਕੱਜਲ ਵਾਂਙ ਬਰੀਕ ਹੋ ਜਾਣ ਤਦ ਨੀਲੀ ਸ਼ੀਸ਼ੀ ਵਿੱਚ ਪਾਲਓ. ਰਾਤ ਨੂੰ ਸੌਣ ਵੇਲੇ ਸਲਾਈ ਨਾਲ ਪਾਉਣ ਤੋਂ ਨੇਤ੍ਰ ਦੇ ਰੋਗ ਮਿਟ ਜਾਂਦੇ ਹਨ. ਇਸ ਬਾਤ ਦਾ ਖਿਆਲ ਰੱਖਣਾ ਚਾਹੀਏ ਕਿ ਦੂਜੇ ਦੇ ਨੇਤ੍ਰਾਂ ਨੂੰ ਲੱਗੀ ਸਲਾਈ ਨਾ ਹੋਵੇ ਅਤੇ ਨਾ ਸਾਫ ਕੀਤੇ ਬਿਨਾ ਸਲਾਈ ਸੀਸੀ ਵਿੱਚ ਪਾਉਣੀ ਚਾਹੀਏ. ਸਬਜ ਮੋਤੀਆ ਬਿੰਦ ਵਿੱਚ ਜੋ ਦਵਾਈਆਂ ਲਿਖੀਆਂ ਹਨ ਉਹ ਸਭ ਅੰਧਨੇਤ੍ਰੇ ਲਈ ਗੁਣਕਾਰੀ ਹਨ.

ਅੰਧਨੇਤ੍ਰੇ ਦੇ ਦਿਵਾਂਧ ਅਤੇ ਨਕਤਾਂਧ ਦੋ ਭੇਦ ਹੋਰ ਭੀ ਹਨ, ਅਰਥਾਤ ਦਿਨ ਨੂੰ ਅੰਧੇ ਹੋ ਜਾਣਾ ਅਤੇ ਰਾਤ ਨੂੰ ਦਿਖਾਈ ਦੇਣਾ, ਅਤੇ ਰਾਤ ਨੂੰ ਅੰਧੇ ਹੋ ਜਾਣਾ ਦਿਨ ਨੂੰ ਨਜਰ ਆਉਣਾ. ਪਿੱਤ ਦੇ ਵਿਕਾਰੀ ਹੋਣ ਤੋਂ ਦਿਨ ਨੂੰ ਦਿਖਾਈ ਨਹੀਂ ਦਿੰਦਾ, ਕਫ ਦਾ ਵਿਕਾਰ ਹੋਣ ਕਰਕੇ ਰਾਤ ਨੂੰ ਨਜਰ ਆਉਂਦਾ.

ਬਹੇੜੇ ਦੀ ਗਿਰੀ ਜਲ ਵਿੱਚ ਘਸਾਕੇ ਨੇਤ੍ਰਾਂ ਵਿੱਚ ਪਾਉਣ ਤੋਂ ਅਤੇ ਕਣਕ ਦੀ ਗਰਮ ਰੋਟੀ ਤੇ ਤਾਜਾ ਘੀ ਪਾਕੇ ਸੱਤ ਦਿਨ ਖਾਣ ਤੋਂ ਨੇਤ੍ਰਾਂ ਦਾ ਇਹ ਰੋਗ ਦੂਰ ਹੋ ਜਾਂਦਾ ਹੈ.

ਤ੍ਰਿਫਲੇ ਦਾ ਚੂਰਣ ਛੀ ਮਾਸ਼ੇ ਗਊ ਦੇ ਘੀ ਵਿੱਚ ਮਿਲਾਕੇ ਰੋਜ ਚੱਟਣਾ ਭੀ ਗੁਣਕਾਰੀ ਹੈ.

ਖ਼ੁਰਫੇ ਦੇ ਬੀਜ ਤਿੰਨ ਮਾਸ਼ੇ, ਧਨੀਆ ਤਿੰਨ ਮਾਸ਼ੇ ਪੀਸਕੇ ਤਿੰਨ ਮਾਸ਼ੇ ਬੀਹਦਾਣੇ ਦੇ ਲੁਆਬ ਵਿੱਚ ਮਿਲਾਕੇ ਚਾਰ ਤੋਲੇ ਸ਼ਰਬਤ ਉਨਾਬ ਨਾਲ ਪੀਣਾ ਲਾਭਦਾਇਕ ਹੈ. ਗੁਲਾਬ ਵਿੱਚ ਚਿੱਟਾ ਚੰਦਨ ਘਸਾਕੇ ਮੱਥੇ ਤੇ ਮਲਨਾ ਉੱਤਮ ਹੈ.

"ਪਥਰੀ ਬਾਇਫਿਰੰਗ ਅੰਧਨੇਤ੍ਰਾ." (ਚਰਿਤ੍ਰ ੪੦੫)

ਅੰਧ ਪਤਿ: ਸੰਗਯਾ- ਰਾਤ. ਰਾਤ੍ਰੀ. ਦੇਖੋ, ਮਹਾਨਿਸ.

ਅੰਧ ਪਰੰਪਰਾ: ਸੰਗਯਾ- ਵਿਚਾਰ ਬਿਨਾ ਪੁਰਾਣੀ ਰੀਤੀ ਦੀ ਪੈਰਵੀ ਕਰਨੀ. ਭੇਡਚਾਲ. ਦੇਖਾ ਦੇਖੀ ਕਰਮ.

ਅੰਧ ਬਿਲ, ਅੰਧ ਬਿਲਾ: ਸੰਗਯਾ- ਅੰਧੇਰੀ ਖੁੱਡ. ਗਰਭਯੋਨਿ. ੨. ਅਵਿਦਯਾ. "ਅੰਧ ਬਿਲਾ ਤੇ ਕਾਢਹੁ ਕਰਤੇ." (ਦੇਵ ਮਃ ੫)

ਅੰਧ ਬੀਚਾਰ: ਸੰਗਯਾ- ਨਾ ਮੁਕੰਮਲ ਵਿਚਾਰ. ਗਯਾਨਹੀਨ ਵਿਚਾਰ. "ਅੰਧਿਆ ਅੰਧ ਬੀਚਾਰ." (ਵਾਰ ਸਾਰ ਮਃ ੧)

ਅੰਧਰਾ: ਸੰਗਯਾ- ਅੰਨ੍ਹਾ. ਦੇਖੋ, ਅੰਧ.

ਅੰਧਰਾਤਾ, ਅੰਧਰਾਤ੍ਰਾ: ਸੰਗਯਾ- ਇੱਕ ਨੇਤ੍ਰ ਰੋਗ, ਜਿਸ ਕਰਕੇ ਰਾਤ ਨੂੰ ਨਜ਼ਰ ਨਹੀਂ ਆਉਂਦਾ. ਦੇਖੋ, ਅੰਧਨੇਤ੍ਰਾ.

ਅੰਧਰੀ: ਵਿ- ਅੰਧੇਰੇ ਸਹਿਤ. ਅੰਧੇਰੀ. "ਜੈਸੇ ਰਾਤ ਅੰਧਰੀ." (ਭਾਗੁ)

ਅੰਧਲਾ, ਅੰਧਲੀ: ਸੰਗਯਾ- ਅੰਧ. ਅੰਨ੍ਹਾ। ੨. ਵਿ- ਅਗਯਾਨੀ. ਵਿਚਾਰਹੀਨ. "ਅੰਧਰੀ ਮਤਿ ਅੰਧਲੀ." (ਸੂਹੀ ਛੰਤ ਮਃ ੧) ੩. ਸ਼੍ਰਵਣ ਦੇ ਪਿਤਾ ਮਾਤਾ.

ਅੰਧ ਵਰਤਾਰਾ, ਅੰਧ ਵਰਤਾਵਾ: ਸੰਗਯਾ- ਅੰਧਾ ਤ਼ਰੀਕ਼ਾ. ਵਿਚਾਰ ਰਹਿਤ ਚਾਲ. "ਅੰਧ ਵਰਤਾਵਾ ਭਾਉ ਦੂਜਾ." (ਸਵਾ ਮਃ ੧)

ਅੰਧ ਵਿਸ਼੍ਵਾਸ: ਸੰ. ਸੰਗਯਾ- ਬਿਨਾ ਵਿਚਾਰੇ ਕਿਸੇ ਗੱਲ ਉੱਪਰ ਭਰੋਸਾ. ਵਿਵੇਕ ਰਹਿਤ ਨਿਸ਼ਚਾ.

ਅੰਧਾ: ਅੰਨ੍ਹਾ ਅਤੇ ਅਗਯਾਨੀ. ਦੇਖੋ, ਅੰਧ. "ਅੰਧਾ ਆਗੂ ਜੇ ਥੀਐ ਕਿਉ ਪਾਧਰ ਜਾਣੈ." (ਸੂਹੀ ਛੰਤ ਮਃ ੧) "ਨਾਨਕ ਹੁਕਮ ਨ ਬੁਝਈ ਅੰਧਾ ਕਹੀਐ ਸੋਇ." (ਵਾਰ ਰਾਮ ੧, ਮਃ ੨) "ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ। ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ." (ਵਾਰ ਰਾਮ ੧, ਮਃ ੨) ਦੇਖੋ, ਕਾਣਾ.

ਅੰਧਾ ਅਖਰ: ਦੇਖੋ, ਵਾਉਦੁਆਉ.

ਅੰਧਾ ਕੂਪ: ਦੇਖੋ, ਅੰਧ ਕੂਪ। ੨. ਹਠੀ ਅਤੇ ਅਗਯਾਨੀ. ਜੋ ਬਾਹਰ ਤੋਂ ਅੰਦਰ ਰੌਸ਼ਨੀ ਨਹੀਂ ਆਉਣ ਦਿੰਦੇ. "ਮਨਹੁ ਜਿ ਅੰਧੇ ਕੂਪ ਕਹਿਆ ਬਿਰਦ ਨ ਜਾਣਨੀ." (ਵਾਰ ਸਾਰ ਮਃ ੧)

ਅੰਧਾ ਧੁੰਧ: ਦੇਖੋ, ਅੰਧ ਧੁੰਧ.

ਅੰਧਾਰ: ਅਗਯਾਨ. ਦੇਖੋ, ਅੰਧਕਾਰ. "ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖ ਅੰਧਾਰ." (ਸ੍ਰੀ ਮਃ ੫)

ਅੰਧਾਰੀ: ਵਿ- ਅੰਧੇਰੀ. ਅੰਧਕਾਰ ਵਾਲੀ। ੨. ਅਵਿਦਯਾ ਵਾਲੀ. "ਦੇਹ ਅੰਧਾਰੀ ਅੰਧ." (ਵਡ ਛੰਤ ਮਃ ੫)

ਅੰਧਾਲੀ: ਮੇਦੇ ਅਤੇ ਦਿਮਾਗ ਵਿੱਚ ਵਿਗਾੜ ਹੋਣ ਕਾਰਣ ਅਥਵਾ ਬਹੁਤ ਕਮਜ਼ੋਰੀ ਹੋਣ ਕਰਕੇ ਸਿਰ ਨੂੰ ਘੁਮੇਰ ਆਕੇ ਅੱਖਾਂ ਅੱਗੇ ਹਨੇਰਾ ਆ ਜਾਣ ਦਾ ਭਾਵ.

ਅੰਧਿਆਰ, ਅੰਧਿਆਰਾ: ਸੰਗਯਾ- ਅੰਧਕਾਰ. ਅੰਧੇਰਾ। ੨. ਅਗਯਾਨ. "ਨਾਮ ਮਿਲੈ ਚਾਨਣ ਅੰਧਿਆਰ." (ਬਿਲਾ ਮਃ ੧) "ਕਿਉ ਕਰਿ ਨਿਰਮਲ ਕਿਉ ਕਰਿ ਅੰਧਿਆਰਾ." (ਸਿਧ ਗੋਸਟਿ)

ਅੰਧਿਆਰੀ: ਵਿ- ਅੰਧੇਰੀ. ਅੰਧਕਾਰ ਸਹਿਤ। ੨. ਸੰਗ੍ਯਾ- ਅਵਿਦ੍ਯਾ- "ਬਿਨ ਸਤਿਗੁਰ ਅੰਧਿਆਰੀ." (ਗੂਜ ਮਃ ੫)

ਅੰਧੀ: ਵਿਦ੍ਯਾਹੀਨ. ਦੇਖੋ, ਆਂਧੀ ਅਤੇ ਅੰਧ. "ਅੰਧੀ ਰਯਤਿ ਗਿਆਨ ਵਿਹੂਣੀ." (ਵਾਰ ਆਸਾ)

ਅੰਧੀ ਕੋਠੀ: ਸੰਗ੍ਯਾ- ਹਨੇਰੀ ਕੋਠੜੀ। ੨. ਅਗ੍ਯਾਨ ਸਹਿਤ ਅੰਤਹਕਰਣ. "ਅੰਧੀ ਕੋਠੀ ਤੇਰਾ ਨਾਮ ਨਹੀਂ." (ਆਸਾ ਮਃ ੧) ੩. ਗਰਭ. ਰਹ਼ਿਮ.

ਅੰਧੁਲਉ, ਅੰਧੁਲਾ: ਵਿ- ਅੰਧਕਾਰ ਸਹਿਤ। ੨. ਅਗ੍ਯਾਨੀ. "ਅੰਧੁਲਉ ਧੰਧ ਕਮਾਈ." (ਭੈਰ ਮਃ ੧) "ਭਰਮਿ ਭੁਲਾਣਾ ਅੰਧੁਲਾ." (ਸ੍ਰੀ ਮਃ ੩) ੩. ਹੰਕਾਰ ਵਿੱਚ ਮੱਤਾ. ਮਦ ਮੱਤ। ੪. ਸੰਗ੍ਯਾ- ਅੰਧ. ਜਿਸ ਦੇ ਨੇਤ੍ਰ ਨਹੀਂ.

ਅੰਧੂਲਾ: ਦੇਖੋ, ਅੰਧੁਲਾ। ੨. ਵਿ- ਆਲੂਦਾ. ਧੂਲਿ ਨਾਲ ਲਿਬੜਿਆ ਹੋਇਆ. "ਮਤੁ ਭਸਮ ਅੰਧੂਲੇ ਗਰਬ ਜਾਹਿ." (ਬਸੰ ਅਃ ਮਃ ੧)

ਅੰਧੇ ਕੂਪ: ਦੇਖੋ, ਅੰਧ ਕੂਪ. "ਮਨਹੁ ਜਿ ਅੰਧੇ ਕੂਪ." (ਵਾਰ ਸਾਰ ਮਃ ੧)

ਅੰਧੇਰ, ਅੰਧੇਰਾ: ਦੇਖੋ, ਅੰਧਕਾਰ. "ਅਗਿਆਨ ਅੰਧੇਰ ਬਿਨਾਸ." (ਸੁਖਮਨੀ) ੨. (ਅਨ੍ਯਾਯ). ਬੇਇਨਸਾਫੀ। ੩. ਅਗ੍ਯਾਨ। ੪. ਵਿ- ਅਗ੍ਯਾਨੀ। ੫. ਨੇਤ੍ਰਹੀਨ. ਅੰਧਾ. "ਕੋਟਿ ਪ੍ਰਗਾਸ ਨ ਦਿਸੈ ਅੰਧੇਰਾ." (ਰਾਮ ਮਃ ੫) ਅਨੇਕ ਪ੍ਰਕਾਰ ਦੇ ਪ੍ਰਕਾਸ਼ ਹੋਣ ਪੁਰ ਭੀ ਅੰਨ੍ਹਾਂ (ਅੰਧਾ) ਨਹੀਂ ਦੇਖ ਸਕਦਾ. ਦੇਖੋ, ਦਿਸੈ.

ਅੰਧੇਰੀ: ਦੇਖੋ, ਆਂਧੀ.

ਅੰਧੇਰੀ ਕੋਠੜੀ: ਸੰਗ੍ਯਾ- ਜੇਲਖ਼ਾਨੇ ਦੀ ਉਹ ਕੋਠੜੀ ਜਿਸ ਵਿੱਚ ਰੌਸ਼ਨੀ ਨਹੀਂ ਹੁੰਦੀ। ੨. ਗਰਭ. ਰਹ਼ਿਮ.

ਅੰਧੌ: ਦੇਖੋ, ਅੰਧ ਅਤੇ ਅੰਧਉ. "ਅੰਧੌ ਬੋਲੌ ਮੁਗਧ ਗਵਾਰ." (ਪ੍ਰਭਾ ਮਃ ੧) ਮਦ ਨਾਲ ਅੰਧਾ ਅਥਵਾ ਵਿਚਾਰ ਨਾਲ ਨਾ ਦੇਖਣ ਵਾਲਾ ਅਤੇ ਗੁਰੁਉਪਦੇਸ਼ ਸੁਣਨ ਲਈ ਬੋਲਾ (ਡੋਰਾ. )

ਅੰਧਜਾਰ, ਅੰਧਜਾਰਾ: ਦੇਖੋ, ਅੰਧਕਾਰ। ੨. ਅਗ੍ਯਾਨ. "ਦੂਖ ਦਰਿਦ੍ਰ ਅੰਦ੍ਯਾਰ ਕੋ ਨਾਸ." (ਸਵੈਯੇ ਮਃ ੪. ਕੇ) "ਤਾ ਮਿਟਿਆ ਸਗਲ ਅੰਧ੍ਯਾਰਾ." (ਸੋਰ ਮਃ ੧)

ਅੰਧ੍ਰ: ग्रन्ध्र. ਸੰਗ੍ਯਾ- ਇੱਕ ਸੰਕਰ ਵਰਣ. ਅਹੇੜੀ ਵ੍ਯਾਧ। ੨. ਇੱਕ ਦੇਸ਼, ਜੋ ਕ੍ਰਿਸ਼ਨਾ ਅਤੇ ਗੁਦਾਵਰੀ ਨਦੀ ਦੇ ਵਿਚਕਾਰ ਹੈ. ਇਸ ਨੂੰ ਹੁਣ ਤਿਲੰਗਾਨਾ ਆਖਦੇ ਹਨ। ੩. ਅੰਧ੍ਰ ਦੇਸ਼ ਦੇ ਲੋਕ. ਇਹ ਸ਼ੁਰੂ ਵਿੱਚ ਆਜ਼ਾਦ ਸਨ ਫੇਰ ਅਸ਼ੋਕ ਦੇ ਅਧੀਨ ਹੋ ਗਏ. ਉਸ ਤੋਂ ਪਿੱਛੋਂ ਮੁੜ ਸੁਤੰਤ੍ਰ ਹੋ ਕੇ ਇਨੇ ਵਧੇ ਕਿ ਪੱਛਮੀ ਘਾਟ ਤਕ ਇਨ੍ਹਾਂ ਦਾ ਰਾਜ ਫੈਲਗਿਆ. ਮਗਧ ਦੇਸ਼ ਦੇ 'ਕਾਨਵ' ਵੰਸ਼ ਨੂੰ ਹਟਾਕੇ ਆਪ ਰਾਜ ਕਰਨ ਲਗ ਪਏ. ਇਸ ਅੰਧ੍ਰ ਵੰਸ਼ ਦੇ ਕੁੱਲ ੩੦ ਰਾਜੇ ਹੋਏ ਹਨ, ਜਿਨਾਂ ਨੇ ਸਾਢੇ ਚਾਰਕੁ ਸੌ ਵਰ੍ਹੇ ਤਕ ਰਾਜ ਕੀਤਾ. ਅੰਤ ਸਨ ੨੨੫ ਦੇ ਕਰੀਬ ਇਨ੍ਹਾਂ ਦਾ ਰਾਜ ਖਤਮ ਹੋਇਆ. ਇਨ੍ਹਾਂ ਰਾਜਿਆਂ ਦਾ ਖਿਤਾਬ "ਸ਼ਤਕਰਨੀ" ਸੀ. ਸਭ ਤੋਂ ਅਖੀਰਲਾ ਰਾਜਾ ਪੁਲਮਾਈ ਚੌਥਾ ਹੋਇਆ ਹੈ.

ਅੰਧ੍ਰ ਵੰਸ਼: ਦੇਖੋ, ਅੰਧ੍ਰ ੩.

ਅੰਨ: ਦੇਖੋ, ਅੱਨ. ਸੰਗ੍ਯਾ- ਅਨਾਜ. ਖਾਣ ਯੋਗ੍ਯ ਪਦਾਰਥ. "ਅੰਨ ਤੇ ਰਹਤਾ ਦੁਖ ਦੇਹੀ ਸਹਤਾ." (ਪ੍ਰਭਾ ਅਃ ਮਃ ੫) ੨. ਪ੍ਰਾਣ. "ਲਗੜੀਆ ਪਿਰੀ ਅੰਨ." (ਵਾਰ ਮਾਰੂ ੨. ਡਖਣੇ ਮਃ ੫) ੩. ਹੋਰ. ਦੂਜਾ ਦੇਖੋ, ਅਨ੍ਯ. "ਅੰਨ ਮਾਰਗ ਤਜਹੁ." (ਸਵੈਯੇ ਮਃ ੪. ਕੇ)

ਅੰਨਸਾਲ, ਅੰਨਸ਼ਾਲਾ: ਸੰਗ੍ਯਾ- ਅੱਨਛੇਤ੍ਰ. ਅੰਨ ਮਿਲਣ ਦੀ ਥਾਂ. "ਘਰ ਘਰ ਅੰਨਸਾਲ ਕਰਛਾਡਾ." (ਦਿਲੀਪ)

ਅੰਨਕਾ: ਸੰਗ੍ਯਾ- ਪ੍ਰਿਥਿਵੀ. ਅੰਨ ਪੈਦਾ ਕਰਨ ਵਾਲੀ. ਅੰਨਦਾਤੀ। ੨. ਅੰਨਪੂਰਣਾ ਦੇਵੀ.

ਅਨਕੂਟ: ਸੰ. अन्नकूट. ਸੰਗਜਾ- ਅੰਨ ਦਾ ਅੰਬਾਰ. ਇੱਕ ਹਿੰਦੂ ਪਰਵ, ਜੋ ਦਿਵਾਲੀ ਤੋਂ ਦੂਜੇ ਦਿਨ ਹੁੰਦਾ ਹੈ. ਇਸ ਦਿਨ ਠਾਕੁਰ ਅੱਗੇ ਅਨੇਕ ਪ੍ਰਕਾਰ ਦੇ ਅੰਨਾਂ ਦਾ ਕੂਟ (ਢੇਰ) ਲਗਾਕੇ ਭੋਗ ਲਗਾਉਂਦੇ ਹਨ. ਹਿੰਦੂ ਧਰਮਸ਼ਾਸਤ੍ਰਾਂ ਦੀ ਆਗਜਾ ਹੈ ਕਿ ਕੱਤਕ ਸੁਦੀ ਏਕਮ ਤੋਂ ਲੈ ਕੇ ਕੱਤਕ ਸੁਦੀ ਪੂਰਣਮਾਸੀ ਤਕ ਕਿਸੇ ਭੀ ਦਿਨ ਇਹ ਪਰਵ ਮਨਾਇਆ ਜਾ ਸਕਦਾ ਹੈ.

ਅੰਨਚ: ਸੰ. अन्यच्च. ਅਨਜਚ. ਕ੍ਰਿ. ਵਿ- ਹੋਰ ਭੀ. ਪੁਨਹ ਔਰ.

ਅੰਨਛੇਤ੍ਰ: ਸੰ. अन्नसत्र- ਅੱਨਸਤ੍ਰ. ਸੰਗਜਾ- ਅਜਿਹਾ ਥਾਂ, ਜਿੱਥੇ ਭੁੱਖਿਆਂ ਨੂੰ ਅੰਨ ਮਿਲੇ. ਜਿਸ ਥਾਂ ਅੰਨ ਦਾ ਸਦਾਵ੍ਰਤ ਹੋਵੇ.

ਅੰਨਤ: ਸੰ. ਅਨਜਤ੍ਰ. ਕ੍ਰਿ. ਵਿ- ਦੂਜੀ ਜਗ੍ਹਾ. ਹੋਰ ਥਾਂ.

ਅੰਨਥਾ: ਦੇਖੋ, ਅਨਜਥਾ.

ਅੰਨਦਾਤਾ: ਸੰਗਜਾ- ਅੰਨ ਦੇਣ ਵਾਲਾ. ਪ੍ਰਤਿਪਾਲਕ ੨. ਵਿ- ਰਾਜਪੂਤਾਨੇ ਵਿੱਚ ਰਾਜੇ ਦਾ ਖਾਸ ਵਿਸ਼ੇਸ਼ਣ ਅੰਨਦਾਤਾ ਹੈ.

ਅੰਨਪੂਰਣਾ: ਸੰ. अन्नपूर्णा. ਸੰਗਜਾ- ਹਿੰਦੂਮਤ ਮੰਨੀ ਇੱਕ ਦੇਵੀ, ਜੋ ਅੰਨ ਨਾਲ ਸੇਵਕਾਂ ਦੇ ਘਰ ਭਰਦੀ ਹੈ. ਇਸ ਦਾ ਪ੍ਰਸਿੱਧ ਮੰਦਿਰ ਕਾਸ਼ੀ ਵਿੱਚ ਹੈ. ਇਸ ਦੀ ਪੂਜਾ ਦਾ ਤਜੋਹਾਰ ਚੇਤ ਸੁਦੀ ੮. ਹੈ.

ਅੰਨ ਪ੍ਰਾਸ਼ਨ: ਸੰ. अन्न- प्राशन. ਸੰਗਜਾ- ਅੰਨ ਪ੍ਰਾਸ਼ਨ (ਚਟਾਉਣ) ਦਾ ਕਰਮ. ਹਿੰਦੂਆਂ ਦਾ ਇੱਕ ਸੰਸਕਾਰ, ਜਿਸ ਵਿੱਚ ਪਹਿਲੇ ਪਹਿਲ ਬੱਚੇ ਨੂੰ ਅੰਨ ਚਟਾਇਆ ਜਾਂਦਾ ਹੈ. ਹਿੰਦੂ ਧਰਮਸ਼ਾਸਤ੍ਰਾਂ ਦੀ ਆਗਜਾ ਹੈ ਕਿ ਇਹ ਸੰਸਕਾਰ ਬੱਚੇ ਦੀ ਛੀ ਮਹੀਨੇ ਦੀ ਉਮਰ ਹੋਣ ਪੁਰ ਕਰਨਾ ਚਾਹੀਏ.

ਅੰਨਮਯ ਕੋਸ਼: ਦੇਖੋ, ਕੋਸ਼.

ਅੰਨਾ: ਅੰਧ. ਅੰਨ੍ਹਾ. ਨੇਤ੍ਰਹੀਨ. ਭਾਵ- ਵਿਚਾਰ ਰਹਿਤ. "ਅੰਨਾ ਬੋਲਾ ਕਿਛੁ ਨਦਰਿ ਨ ਆਵੈ." (ਮਾਝ ਅਃ ਮਃ ੩)

ਅੰਨਿ: ਅੰਨ (ਅਨਾਜ) ਨਾਲ. ਅੰਨ ਤੋਂ. "ਦੇਹੁਰੀ ਚਲੈ ਪਾਣੀ ਅੰਨਿ." (ਸ. ਫਰੀਦ) ੨. ਦੇਖੋ, ਅਨਜ.

ਅੰਨਿਆ: ਅਨਜ. ਹੋਰ. "ਜਿਹ ਸਮਾਨ ਕਹਿਂ ਲਗੈ ਨ ਅੰਨਿਆ." (ਵਿਚਿਤ੍ਰ)

ਅੰਨੁ: ਦੇਖੋ, ਅੰਨ. "ਅੰਨੁ ਨ ਖਾਹਿ ਦੇਹੀ ਦੁਖੁ ਦੀਜੈ." (ਰਾਮ ਅਃ ਮਃ ੧)

ਅੰਨ੍ਹਾ: ਦੇਖੋ, ਅੰਧ.

ਅੰਨਜ: ਸੰ. ਅਨਜ ਵਿ- ਦੂਜਾ. ਹੋਰ. ਭਿੰਨ। ੨. ਪਰਾਇਆ. ਓਪਰਾ.

ਅੰਨਜਚ: ਦੇਖੋ, ਅੰਨਚ.

ਅੰਨਜਤ੍ਰ: ਸੰ. ਅਨਜਤ੍ਰ. ਕ੍ਰਿ. ਵਿ- ਹੋਰ ਥਾਂ। ੨. ਬਿਨਾਂ.

ਅੰਨਜਥਾ: ਦੇਖੋ, ਅਨਜਥਾ.

ਅੰਨਜਾਯ: ਦੇਖੋ, ਅਨਜਾਯ.

ਅੰਨਜੋਨਯ: ਦੇਖੋ, ਅਨਜੋਨਜ.

ਅੰਨ੍ਯ, ਅੰਨ੍ਯੈ: ਦੇਖੋ, ਅਨ੍ਯ.

ਅੰਨ੍ਵਿਤ: ਸੰ. अन्वित. ਵਿ- ਮਿਲਿਆ ਹੋਇਆ. ਸ਼ਾਮਿਲ.

ਅੰਬ: ਛੋਲਿਆਂ ਦੀ ਪੱਤੀ. ਚਣੇ ਦਾ ਓਹ ਭੂਸਾ ਜੋ ਕੇਵਲ ਪਤ੍ਰਾਂ ਦਾ ਹੋਵੇ। ੨. ਸੰ. ਆਮ੍ਰ. ਆਮ. ਅੰਬ ਦਾ ਬੂਟਾ ਅਤੇ ਉਸ ਦਾ

ਫਲ। ੩. ਸੰ. ਅਮ੍ਬ੍. ਧਾ- ਜਾਣਾ. ਸ਼ਬਦ ਕਰਨਾ। ੪. ਸੰਗਯਾ- ਪੁਕਾਰ. ਸੱਦ। ੫. ਗਮਨ. ਜਾਣਾ। ੬. ਪਿਤਾ। ੭. ਨੇਤ੍ਰ। ੮. ਜਲ। ੯. ਦੇਖੋ, ਅੰਬਾ ਅਤੇ ਅੰਬੁ। ੧੦. ਦੇਖੋ, ਅੰਬਣਾ.

ਅੰਬਸਟ, ਅੰਬਸ਼੍ਟ: ਸੰ. ਅਮ੍ਬਸ਼੍ਠ. ਸੰਗਯਾ- ਮਹਾਵਤ. ਹਾਥੀਵਾਨ। ੨. ਬ੍ਰਾਹਮਣ ਪਿਤਾ ਅਤੇ ਵੈਸ਼੍ਯ ਵਰਣ ਦੀ ਮਾਤਾ ਤੋਂ ਪੈਦਾ ਹੋਈ ਔਲਾਦ। ੩. ਪੰਜਾਬ ਦੇ ਮਧ੍ਯ ਭਾਗ ਦਾ ਪੁਰਾਣਾ ਨਾਉਂ. ਮਾਝਾ. "ਇੱਕ ਅੰਬਸਟ ਦੇਸ ਨਿਰਪਾਲਾ." (ਚਰਿਤ੍ਰ ੨੭੪)

ਅੰਬਕ: ਅਮ੍ਬਕ. ਸੰਗਯਾ- ਪਿਤਾ. ਬਾਪ। ੨. ਤਾਂਬਾ. ਤਾਮ੍ਰ। ੩. ਨੇਤ੍ਰ. ਅੱਖ. "ਅੰਬਕ ਅੰਬੁਜ ਮੇ ਅੰਬੁ ਛਾਏ." (ਨਾਪ੍ਰ) ਕਮਲ ਜੇਹੇ ਨੇਤ੍ਰਾਂ ਵਿੱਚ ਅੰਬੁ (ਜਲ) ਛਾਏ.

ਅੰਬਕਾ: ਦਖੋ, ਅੰਬਿਕਾ.

ਅੰਬਣਾ: ਕ੍ਰਿ- ਆਮਯ (ਰੋਗ) ਸਹਿਤ ਹੋਣਾ. ਪੀੜਿਤ ਹੋਣਾ। ੨. ਥੱਕਣਾ। ੩. ਆਕੜਨਾ.

ਅੰਬਰ: ਸੰ. ਅਮ੍ਬਰ੍. ਧਾ- ਏਕਤ੍ਰ (ਇਕੱਠਾ) ਕਰਨਾ. ਬਟੋਰਨਾ। ੨. ਸੰ. ਅਮ੍ਬਰ. ਸੰਗਯਾ- ਆਕਾਸ਼. ਆਸਮਾਨ. "ਅੰਬਰ ਧਰਤਿ ਵਿਛੋੜਿਅਨੁ." (ਵਾਰ ਰਾਮ ੧. ਮਃ ੩) ੩. ਭਾਵ- ਦਸ਼ਮਦ੍ਵਾਰ. ਦਿਮਾਗ. "ਅੰਬਰ ਕੂੰਜਾਂ ਕੁਰਲੀਆਂ." (ਸੂਹੀ ਮਃ ੧. ਕੁਚਜੀ) ਦਿਮਾਗ ਵਿੱਚ ਕੂੰਜਾਂ ਜੇਹੀ ਆਵਾਜ਼ ਹੋਣ ਲਗ ਪਈ, ਅਰਥਾਤ ਸਿਰ ਭਾਂ ਭਾਂ ਕਰਨ ਲੱਗਿਆ ਹੈ। ੪. ਵਸਤ੍ਰ. "ਦੁਹਸਾਸਨ ਕੀ ਸਭਾ. ਦ੍ਰੋਪਤੀ, ਅੰਬਰ ਲੇਤ ਉਬਾਰੀਅਲੇ." (ਮਾਲੀ ਨਾਮਦੇਵ) ੫. ਇੱਕ ਪ੍ਰਕਾਰ ਦਾ ਇਤ੍ਰ, ਜੋ ਹ੍ਵੇਲ ਮੱਛੀ ਦੀ ਚਿਕਨਾਈ ਤੋਂ ਪੈਦਾ ਹੁੰਦਾ ਹੈ. ਅ਼. عنبر ੬. ਅਭਰਕ ਧਾਤੁ। ੭. ਕਪਾਸ (ਕਪਾਹ). ੮. ਰਾਜਪੂਤਾਨੇ ਦਾ ਇੱਕ ਪੁਰਾਣਾ ਨਗਰ ਅੰਬੇਰ (ਆਮੇਰ), ਜੋ ਕਛਵਾਹਾ ਰਾਜਪੂਤਾਂ ਦੀ ਜਯਪੁਰ ਤੋਂ ਪਹਿਲਾਂ ਰਾਜਧਾਨੀ ਸੀ. ਦੇਖੋ, ਅੰਬੇਰ। ੯. ਆਂਗਿਰ ਦੀ ਥਾਂ ਦਸਮਗ੍ਰੰਥ ਵਿੱਚ ਅਵਾਣ ਲਿਖਾਰੀ ਨੇ ਅੰਬਰ ਲਿਖਿਆ ਹੈ. "ਭਜਤ ਭਯੋ ਅੰਬਰ ਕੀ ਦਾਰਾ." (ਚੰਦ੍ਰਾਵ) ਚੰਦ੍ਰਮਾਂ ਨੇ ਆਂਗਿਰਸ (ਵ੍ਰਿਹਸਪਤਿ) ਦੀ ਇਸਤ੍ਰੀ ਭੋਗੀ। ੧੦. ਫ਼ਾ. انبر ਮੋਚਨਾ. ਚਿਮਟਾ.

ਅੰਬਰ ਕੂੰਜਾਂ: ਦੇਖੋ, ਅੰਬਰ ੩.

ਅੰਬਰ ਚੂਰ: ਸੰਗਯਾ- ਅੰਬਰ ਦੀ ਸੁਗੰਧ ਨਾਲ ਬਣਾਇਆ ਚੂਰਣ. ਇਹ ਬਟਨੇ (ਵਟਣੇ) ਦੀ ਥਾਂ ਅਮੀਰ ਵਰਤਦੇ ਹਨ.

ਅੰਬਰ ਬੇਲ: ਦੇਖੋ, ਅਕਾਸਬੇਲ ਅਤੇ ਅਮਰ ਬੇਲ.

ਅੰਬਰਾਉਣਾ: ਕ੍ਰਿ- ਅਪੜਾਉਣਾ. ਪਹੁਚਾਉਣਾ. "ਜਿਨ ਜੀਉ ਦੀਆ ਸੋ ਰਿਜਕ ਅੰਬਰਾਵੈ." (ਸੂਹੀ ਰਵਿਦਾਸ)

ਅੰਬਰਾਈ: ਦੇਖੋ, ਅੰਬਰਾਉਣਾ। ੨. ਸੰਗਯਾ- ਅਮਰਾਈ. ਅੰਬ (ਆਮ੍ਰ) ਦੀ ਕਤਾਰ. ਅੰਬਾਂ ਦਾ ਬਾਗ.

ਅੰਬਰੀ: ਵਿ- ਅੰਬਰ ਨਾਲ ਸੰਬੰਧਿਤ. ਦੇਖੋ, ਅੰਬਰ। ੨. ਸੰਗਯਾ- ਮਰੁ ਭੂਮਿ. ਮਾਰੂ ਜ਼ਮੀਨ, ਜੋ ਕੇਵਲ ਅੰਬਰ (ਬੱਦਲ) ਦੇ ਆਸਰੇ ਹੈ.

ਅੰਬਰੀਂ, ਅ਼ੰਬਰੀਂ: ਫ਼ਾ. عنبری ਵਿ- ਅੰਬਰ ਜੇਹੀ ਸੁਗੰਧ ਵਾਲਾ ਅਤੇ ਕਾਲਾ.

ਅੰਬਰੀਸ, ਅੰਬਰੀਕ, ਅੰਬਰੀਖ: ਸੰ. ਅਮ੍ਬਰੀਸ਼- ਅੰਬਰੀਸ਼. ਸੰਗਯਾ- ਭੱਠੀ। ੨. ਦਾਣੇ ਭੁੰਨਣ ਦੀ ਕੜਾਹੀ। ੩. ਵਿਸ਼ਨੁ। ੪. ਸੂਰਜ। ੫. ਸ਼ਿਵ। ੬. ਯੁੱਧ. ਜੰਗ। ੭. ਵਾਲਮੀਕਿ ਰਾਮਾਇਣ ਅਨੁਸਾਰ ਪ੍ਰਸ਼ੁਸ਼੍ਰੁਕ ਦਾ ਪੁਤ੍ਰ ਅਯੋਧ੍ਯਾਪਤਿ ਸੂਰਯ ਵੰਸ਼ੀ ਰਾਜਾ ਜੋ ਇਕ੍ਵਾਕ ਤੋਂ ੨੮ ਵੀਂ ਪੀੜ੍ਹੀ ਸੀ.[147] ਇਸ ਦੀ ਰਖ੍ਯਾ ਕਰਨ ਲਈ ਵਿਸ਼ਨੁ ਦੇ ਸੁਦਰਸ਼ਨ ਚਕ੍ਰ ਨੇ ਦੁਰਵਾਸਾ ਰਿਖੀ ਦਾ ਪਿੱਛਾ ਕੀਤਾ ਸੀ, ਜਿਸ ਦੀ ਕਥਾ ਇਉਂ ਹੈ-

ਕੱਤਕ ਦੀ ਦ੍ਵਾਦਸੀ ਨੂੰ ਰਾਜਾ ਅੰਬਰੀਕ ਏਕਾਦਸ਼ੀ ਦਾ ਵ੍ਰਤ ਉਪਾਰਣ ਨੂੰ ਤਿਆਰ ਸੀ, ਇਤਨੇ ਵਿੱਚ ਦੁਰਵਾਸਾ ਰਿਖੀ ਆਇਆ. ਰਾਜਾ ਨੇ ਕਿਹਾ ਆਪ ਮੇਰੇ ਘਰ ਭੋਜਨ ਕਰੋ, ਰਿਖੀ ਨੇ ਆਖਿਆ ਮੈ ਇਸਨਾਨ ਕਰਕੇ ਆਉਂਨਾ ਹਾਂ। ਰਿਖੀ ਬਹੁਤ ਚਿਰ

---

[147] ਭਾਗਵਤ ਵਿੱਚ ਅੰਬਰੀਸ ਨੂੰ ਨਾਭਾਗ ਦਾ ਪੁਤ੍ਰ ਲਿਖਿਆ ਹੈ. ਦੇਖੋ, ਸਕੰਧ ੯, ਅਃ ੪-੫, ਮਹਾਂਭਾਰਤ ਦੀ ਭਾਗਵਤ ਦੀ ਤਾਈਦ ਕਰਦਾ ਹੈ.

ਤੀਕ ਨਾ ਮੁੜਿਆ, ਰਾਜਾ ਨੇ ਪੁਰੋਹਿਤ ਦੇ ਕਹਿਣ ਤੋਂ ਵ੍ਰਤ ਤੋੜ ਲਿਆ. ਜਦ ਦੁਰਵਾਸਾ ਨੂੰ ਮਲੂਮ ਹੋਇਆ ਕਿ ਮੇਰੇ ਆਉਣ ਤੋਂ ਪਹਿਲਾਂ ਹੀ ਭੋਜਨ ਕਰ ਲਿਆ ਹੈ, ਤਦ ਆਪਣੀ ਜਟਾ ਪੱਟਕੇ ਇੱਕ ਤੇਜਪੁੰਜ ਪੁਰਖ ਪੈਦਾ ਕੀਤਾ, ਜੋ ਅੰਬਰੀਕ ਨੂੰ ਮਾਰਣ ਲੱਗਾ. ਵਿਸ਼ਨੁ ਨੇ ਸੁਦਰਸ਼ਨ ਚਕ੍ਰ ਰਾਜੇ ਦੀ ਰਖ੍ਯਾ ਲਈ ਭੇਜਿਆ, ਜਿਸ ਨੇ ਤੇਜਪੁੰਜ ਪੁਰਖ ਨੂੰ ਨਾਸ਼ ਕਰਕੇ ਦੁਰਵਾਸਾ ਦਾ ਪਿੱਛਾ ਕੀਤਾ. ਜਦ ਕਿਸੇ ਲੋਕ ਵਿੱਚ ਦੁਰਵਾਸਾ ਦਾ ਬਚਾਉ ਨਾ ਹੋਇਆ, ਤਦ ਹਾਰਕੇ ਅੰਬਰੀਕ ਦੀ ਸ਼ਰਣ ਲਈ, ਜਿਸ ਪੁਰ ਰਾਜੇ ਨੇ ਸੁਦਰਸ਼ਨ ਚਕ੍ਰ ਤੋਂ ਰਿਖੀ ਨੂੰ ਬਚਾਇਆ.[148]

ਲਿੰਗ ਪੁਰਾਣ ਵਿੱਚ ਕਥਾ ਹੈ ਕਿ ਅੰਬਰੀਸ਼ ਦੀ ਪੁਤ੍ਰੀ "ਸੁੰਦਰੀ" ਦਾ ਰੂਪ ਦੇਖਕੇ ਨਾਰਦ ਅਤੇ ਪਰਵਤ ਰਿਖੀ ਮੋਹਿਤ ਹੋ ਗਏ, ਉਨ੍ਹਾਂ ਨੇ ਰਾਜਾ ਨੂੰ ਕੰਨ੍ਯਾ ਦੇਣ ਲਈ ਆਖਿਆ, ਤਦ ਉਸ ਨੇ ਆਖਿਆ ਕਿ ਆਪ ਦੋਹਾਂ ਵਿੱਚੋਂ ਜਿਸ ਨੂੰ ਮੇਰੀ ਪੁਤ੍ਰੀ ਪਸੰਦ ਕਰੇ ਮੈਂ ਉਸ ਨੂੰ ਦੇਵਾਂਗਾ. ਦੋਵੇਂ ਰਿਖੀ ਜੁਦੇ ਜੁਦੇ ਸਮੇਂ ਤੇ ਵਿਸ਼ਨੁ ਪਾਸ ਗਏ ਅਤੇ ਹਰ ਇੱਕ ਨੇ ਇੱਕ ਦੂਜੇ ਦੀ ਸ਼ਕਲ ਬਾਂਦਰ ਦੀ ਹੋ ਜਾਣੀ ਚਾਹੀ, ਤਾਕਿ ਕੁਰੂਪ ਨੂੰ ਸੁੰਦਰੀ ਨਾ ਵਰੇ. ਇਸ ਪੁਰ ਦੋਵੇਂ ਬਾਂਦਰਮੂੰਹੇਂ ਹੋ ਗਏ, ਅਤੇ ਸੁੰਦਰੀ ਨੂੰ ਵਿਆਹ ਨਾ ਸਕੇ. ਦੋਹਾਂ ਰਿਖੀਆਂ ਨੇ ਗੁਸੇ ਵਿੱਚ ਆ ਕੇ ਅੰਬਰੀਸ਼ ਨੂੰ ਸ੍ਰਾਪ ਦਿੱਤਾ ਕਿ ਤੂੰ ਅੰਧੇਰੇ ਵਿੱਚ ਘਿਰਿਆ ਰਹੇਂਗਾ. ਵਿਸ਼ਨੁਭਗਤ ਅੰਬਰੀਸ਼ ਦੀ ਰਖ੍ਯਾ ਲਈ ਸੁਦਰਸ਼ਨ ਚਕ੍ਰ ਆਇਆ, ਜਿਸ ਨੇ ਸੂਰਜ ਜੇਹਾ ਪ੍ਰਕਾਸ਼ ਕਰਕੇ ਅੰਧੇਰਾ ਦੂਰ ਕੀਤਾ ਅਤੇ ਦੋਹਾਂ ਰਿਖੀਆਂ ਦਾ ਅਜੇਹਾ ਪਿੱਛਾ ਕੀਤਾ ਕਿ ਜਦ ਤੀਕ ਉਨ੍ਹਾਂ ਨੇ ਆਕੇ ਅੰਬਰੀਸ਼ ਤੋਂ ਮੁਆਫ਼ੀ ਨਾ ਮੰਗੀ, ਤਦ ਤੀਕ ਟਿਕਣੇ ਨ ਪਾਏ. "ਅੰਬਰੀਕ ਕਉ ਦੀਓ ਅਭੈ ਪਦ." (ਮਾਰੂ ਨਾਮਦੇਵ) "ਜਾਨਜੋ ਭਗਤ ਭੂਪ ਅੰਬਰੀਸ." (ਗੁਪ੍ਰਸੂ)

ਅੰਬਵਾ: ਵਿ- ਅੰਬ ਰੰਗਾ. ਆਮ੍ਰ ਦੇ ਰਸ ਜੇਹਾ ਵਰਣ. ਅਮਰਸੀ. "ਅੰਬਵਾ ਰੰਗ ਬਾਧੇ." (ਕ੍ਰਿਸਨਾਵ)

ਅੰਬੜਨਾ: ਕ੍ਰਿ- ਪਹੁਚਣਾ. ਅੱਪੜਨਾ. "ਬਿਨ ਬੇੜੀ ਪਾਰਿ ਨ ਅੰਬੜੈ." (ਵਡ ਮਃ ੧) ੨. ਤੁੱਲ ਹੋਣਾ. ਸਮਾਨਤਾ ਪਾਉਣੀ. "ਇਕਤੁ ਟੋਲ ਨ ਅੰਬੜਾ." (ਸੂਹੀ ਮਃ ੧. ਕੁਚਜੀ) "ਅਮਲੀ ਅਮਲ ਨ ਅੰਬੜੈ." (ਵਡ ਮਃ ੧) ਅਮਲੀ ਦੇ ਨਜ਼ਦੀਕ ਨਸ਼ੇ ਨੂੰ ਕੋਈ ਵਸਤੁ ਨਹੀਂ ਪਹੁੰਚ ਸਕਦੀ, ਭਾਵ, ਤੁੱਲ ਨਹੀਂ ਹੋ ਸਕਦੀ.

ਅੰਬਾ. ਸੰ. ਅਮ੍ਬਾ. ਸੰਗ੍ਯਾ- ਮਾਤਾ. ਮਾਂ. "ਅੰਬੁ ਲਿਯੇ ਅੰਬਾ ਅੰਗ ਧੋਏ." (ਨਾਪ੍ਰ) ੨. ਦੁਰਗਾ। ੩. ਕਾਸ਼ੀ ਦੇ ਰਾਜਾ ਇੰਦਰਦ੍ਯੁਮਨ ਦੀ ਵਡੀ ਬੇਟੀ, ਜਿਸ ਨੂੰ ਭੀਸ਼ਮਪਿਤਾਮਾ ਆਪਣੇ ਭਾਈ ਵਿਚਿਤ੍ਰਵੀਰਜ ਵਾਸਤੇ ਖੋਹਕੇ ਲੈ ਆਇਆ ਸੀ. ਅੰਬਾ ਦਾ ਮਨਸ਼ਾ ਰਾਜਾ ਸ਼ਾਲ੍ਵ ਨਾਲ ਵਿਆਹ ਕਰਨ ਨੂੰ ਸੀ. ਭੀਸ਼ਮ ਨੇ ਇਹ ਜਾਣਕੇ ਉਸ ਨੂੰ ਸ਼ਾਲ੍ਵ ਪਾਸ ਭੇਜ ਦਿੱਤਾ, ਪਰ ਉਸ ਨੇ ਕਬੂਲ ਨਾ ਕੀਤੀ. ਅੰਬਾ ਨੇ ਨਿਰਾਸ ਹੋ ਕੇ ਸ਼ਿਵ ਦੀ ਅਰਾਧਨਾ ਕੀਤੀ ਅਤੇ ਦੂਜੇ ਜਨਮ ਸ਼ਿਖੰਡੀ ਦਾ ਰੂਪ ਧਾਰਕੇ ਮਹਾਂਭਾਰਤ ਦੇ ਜੰਗ ਵਿੱਚ ਭੀਸ਼ਮ ਦੇ ਪ੍ਰਾਣ ਲੈਣ ਦਾ ਕਾਰਣ ਬਣੀ.

ਅੰਬਾਕੜੀ, ਅੰਬਾਖੜੀ: ਸੰਗ੍ਯਾ- ਕੱਚੇ ਅੰਬ ਦੀ ਸੁੱਕੀ ਹੋਈ ਫਾੜੀ। ੨. ਕੱਚੀ ਅੰਬੀ. "ਅੰਬਾਕੜੀਆਂ ਜੇ ਖਾਏ." (ਭਾਗੁ)

ਅੰਬਾਰ: ਫ਼ਾ. انبار ਸੰਗ੍ਯਾ- ਢੇਰ. ਸਮੁਦਾਯ. ਇਕੱਠ। ੨. ਟੋਆ. ਤਾਲ.

ਅੰਬਾਰੀ: ਫ਼ਾ. انباری ਸੰਗ੍ਯਾ- ਛੱਤਦਾਰ ਹਾਥੀ ਦਾ ਹੌਦਾ. ਅ਼. عماری ਅ਼ਮਾਰੀ. ਦੇਖੋ, ਮੇਘਾਡੰਬਰ.

ਅੰਬਾਲਾ: ਸੰ. ਆਮ੍ਰਾਲਯ. ਸੰਗ੍ਯਾ- ਇੱਕ ਨਗਰ, ਜੋ ਲੁਦਿਆਨਾ ਅਤੇ ਕਰਨਾਲ ਦੇ ਮੱਧ ਹੈ, ਜਿਸਦੇ ਪਾਸ ਪੁਰਾਣੇ ਜ਼ਮਾਨੇ ਵਿੱਚ ਬਹੁਤ ਅੰਬਾਂ ਦੇ ਬਾਗ ਸਨ. ਹੁਣ ਇਹ ਪੰਜਾਬ ਦੀ ਕਮਿਸ਼ਨਰੀ ਅਤੇ ਜਿਲੇ ਦਾ ਪ੍ਰਧਾਨ ਅਸਥਾਨ ਹੈ, ਅਤੇ ਛਾਵਨੀ ਭੀ ਹੈ. ਕਾਲਕਾ ਸ਼ਿਮਲਾ ਨੂੰ ਰੇਲ ਇਸੇ ਥਾਂ ਤੋਂ ਜਾਂਦੀ ਹੈ. ਇਸ ਨਗਰ ਵਿੱਚ ਇਹ ਗੁਰਦ੍ਵਾਰੇ ਹਨ-

(੧) ਸ਼ਹਿਰ ਤੋਂ ਵਾਯਵੀ ਕੋਣ ਲੱਖੂ ਵਾਲੇ ਤਲਾਬ ਦੇ ਕਿਨਾਰੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਲਖਨੌਰ ਤੋਂ ਸੈਰ ਅਤੇ ਸ਼ਿਕਾਰ ਲਈ ਆਏ ਇੱਥੇ ਵਿਰਾਜੇ ਹਨ.

ਗੁਰਦ੍ਵਾਰਾ ਛੋਟਾ ਜਿਹਾ ਬਹੁਤ ਚੰਗਾ ਬਣਿਆ ਹੋਇਆ ਹੈ. ਪਾਸ ਕੁਝ ਰਿਹਾਇਸ਼ੀ ਮਕਾਨ ਹਨ. ਹੁਣ ਗੁਰਦ੍ਵਾਰੇ ਨਾਲ ਹੀ ਇੱਕ ਜ਼ਮੀਨ ਦਾ ਟੁਕੜਾ ਸਰਦਾਰ ਗੁਰੁਬਖ਼ਸ਼ ਸਿੰਘ ਜੀ ਨੇ ਦਿੱਤਾ ਹੈ. ਲੰਗਰ ਦਾ ਪ੍ਰਬੰਧ ਇਲਾਕੇ ਦੇ ਸਿੰਘਾਂ ਵੱਲੋਂ ਹੈ. ੧੦. ਸੱਜਣਾਂ

---

[148] ਦੇਖੋ, ਭਾਈ ਗੁਰਦਾਸ ਜੀ ਦੀ ਵਾਰ ੧੦. ਪੌੜੀ ੪.

ਦੇ ਰਹਿਣ ਦਾ ਪ੍ਰਬੰਧ ਭੀ ਹੋ ਸਕਦਾ ਹੈ. ਪੁਜਾਰੀ ਅਕਾਲੀ ਸਿੰਘ ਹੈ.

ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਈਸ਼ਾਨ ਕੋਣ ਅੱਧ ਮੀਲ ਦੇ ਕਰੀਬ ਹੈ.

(੨) ਸ਼ਹਿਰ ਵਿੱਚ ਘੁਮਾਰਾਂ ਦੇ ਮਹੱਲੇ ਪਾਸ ਧੂਮੀ ਗੁੱਜਰ ਦੇ ਮਹੱਲੇ ਅੰਦਰ ਭਾਈ ਸੁੰਦਰ ਸਿੰਘ ਪੁਜਾਰੀ ਦੇ ਘਰ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੁਦ੍ਵਾਰਾ ਹੈ. ਛੱਤ ਅੰਦਰ ਮੰਜੀ ਸਾਹਿਬ ਹੈ. ਸ਼ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਲਖਨੌਰ ਤੋਂ ਗੁਰੂ ਜੀ ਸੈਰ ਕਰਨ ਆਏ ਇੱਥੇ ੩. ਦਿਨ ਰਹੇ. ਇਹ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਵ ਦਿਸ਼ਾ ਅੱਧ ਮੀਲ ਹੈ.

(੩) ਸ਼ਹਿਰ ਤੋਂ ਨੈਰਤ ਕੋਣ ਵੱਡੀਆਂ ਕਚਹਿਰੀਆਂ ਦੇ ਪਾਸ ਦੱਖਣ ਦੇ ਪਾਸੇ ਖੇਤਾਂ ਵਿੱਚ ਮੰਜੀ ਸਾਹਿਬ ਨਾਮੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਸਥਾਨ ਹੈ. ਗੁਰੂ ਜੀ ਲਖਨੌਰ ਤੋਂ ਸੈਰ ਕਰਨ ਆਏ ਇੱਥੇ ਠਹਿਰੇ. ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ. ਕੋਈ ਸੇਵਾਦਾਰ ਨਾ ਹੋਣ ਕਰਕੇ ਢਹਿ ਰਿਹਾ ਹੈ.

ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਨੈਰਤ ਕੋਣ ਅੱਧ ਮੀਲ ਦੇ ਕ਼ਰੀਬ ਹੈ.

(੪) ਦਰਵਾਜ਼ਾ ਸਪਾਟੂ ਤੋਂ ਬਾਹਰ ਗਊਸ਼ਾਲਾ ਦੇ ਬਰਾਬਰ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਦਿੱਲੀ ਜਾਂਦੇ ਠਹਿਰੇ. ਗੁਰੁਦ੍ਵਾਰਾ ਛੋਟਾ ਜਿਹਾ ਬਣਿਆ ਹੋਇਆ ਹੈ. ਨਾਲ ੧੦. ਵਿੱਘੇ ਜ਼ਮੀਨ ਭੀ ਹੈ. ਪੁਜਾਰੀ ਸਿੰਘ ਹੈ.

ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਵ ਦਿਸ਼ਾ ੧. ਮੀਲ ਦੇ ਕ਼ਰੀਬ ਪੱਕੀ ਸੜਕ ਹੈ.

(੫) ਸ਼ਹਿਰ ਦੇ ਪੂਰਵ ਕੈਂਥਮਾਜਰੀ ਵਿੱਚ ਤਬੱਕਲ ਸ਼ਾਹ ਦੀ ਮਸਜਿਦ ਪਾਸ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਦਾ ਸੀਸ ਦਿੱਲੀ ਤੋਂ ਆਨੰਦਪੁਰ ਨੂੰ ਲਈ ਜਾਂਦਾ ਸਿੱਖ ਕੁਝ ਸਮਾਂ ਇੱਥੇ ਠਹਿਰਿਆ ਸੀ. ਹੁਣ ਇੱਥੇ ਸੋਹਣਾ ਗੁਰੁਦ੍ਵਾਰਾ ਬਣ ਗਿਆ ਹੈ. ਇਹ ਗੁਰੁਦ੍ਵਾਰਾ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਵ ਵੱਲ ਕਰੀਬ ਇੱਕ ਮੀਲ ਹੈ.

ਅੰਬਾਲਿਕਾ: ਸੰ. अम्बालिका. ਸੰਗਯਾ- ਮਾਤਾ. "ਕਿ ਅੰਬਾਲਿਕਾ ਛੈ." (ਦੱਤਾਵ) ੨. ਕਾਸ਼ੀ ਦੇ ਰਾਜਾ ਇੰਦ੍ਰਦੁਮਨ ਦੀ ਪੁਤ੍ਰੀ, ਜੋ ਅੰਬਾ ਦੀ ਛੋਟੀ ਭੈਣ ਸੀ, ਜਿਸ ਨੂੰ ਭੀਸ਼ਮਪਿਤਾਮਾ ਆਪਣੇ ਭਾਈ ਵਿਚਿਤ੍ਰਵੀਰਯ ਵਾਸਤੇ ਖੋਹ ਲੈ ਆਇਆ ਸੀ. ਵਿਚਿਤ੍ਰਵੀਰਯ ਦੇ ਮਰਣ ਪੁਰ ਵ੍ਯਾਸ ਨੇ ਇਸ ਨਾਲ ਨਿਯੋਗ ਕਰਕੇ ਪਾਂਡੁ ਉਤਪੰਨ ਕੀਤਾ, ਜਿਸ ਦੀ ਸੰਤਾਨ ਪਾਂਡਵ ਹੋਏ.

ਅੰਬਿ. ਆਂਬ (ਆਮ੍ਰ) ਉੱਪਰ. ਅੰਬ ਤੇ. "ਕੋਇਲ ਹੋਵਾਂ ਅੰਬਿ ਬਸਾਂ." (ਗਉ ਮਃ ੧)

ਅੰਬਿਕਾ: ਸੰ. अम्बिका. ਸੰਗ੍ਯਾ- ਕਾਸ਼ੀਰਾਜ ਇੰਦ੍ਰਦੁਮਨ ਦੀ ਮੰਝਲੀ ਪੁਤ੍ਰੀ, ਜੋ ਅੰਬਾ ਅਤੇ ਅੰਬਾਲਿਕਾ ਦੀ ਸਕੀ ਭੈਣ ਸੀ. ਇਹ ਭੀਸ਼ਮ ਨੇ ਖੋਹਕੇ ਲਿਆਂਦੀ ਸੀ ਅਰ ਆਪਣੇ ਭਾਈ ਵਿਚਿਤ੍ਰਵੀਰਯ ਨੂੰ ਵਿਆਹੀ ਸੀ. ਇਸ ਦੇ ਵਿਧਵਾ ਹੋਣ ਪੁਰ ਵ੍ਯਾਸ ਰਿਖੀ ਨੇ ਇਸ ਨਾਲ ਨਿਯੋਗ ਕਰਕੇ ਧ੍ਰਿਤਰਾਸ਼ਟ੍ਰ ਪੈਦਾ ਕੀਤਾ, ਜੋ ਦੁਰਯੋਧਨ ਆਦਿਕ ਕੌਰਵਾਂ ਦਾ ਪਿਤਾ ਸੀ। ੨. ਮਾਤਾ। ੩. ਦੁਰਗਾ. "ਨਮੋ ਹਿੰਗੁਲਾ ਪਿੰਗੁਲਾ ਅੰਬਿਕਾਯੰ." (ਚੰਡੀ ੨)

ਅੰਬਿਯਾ: ਸੰਗ੍ਯਾ- ਅੰਬੀ. ਕੱਚਾ ਅੰਬ। ੨. ਦੇਖੋ, ਅੰਬੀਆ। ੩. ਵਿ- ਅੰਬ ਰੰਗਾ. ਅਮਰਸੀ.

ਅੰਬੀ: ਸੰਗ੍ਯਾ- ਛੋਟਾ ਅਤੇ ਕੱਚਾ ਅੰਬ। ੨. ਸੰ. अम्बी. ਮਾਤਾ. ਮਾਂ। ੩. ਉੱਤਮ ਇਸਤ੍ਰੀ.

ਅੰਬੀਆ: ਅ਼. انبیا ਸੰਗ੍ਯਾ- ਨਬੀ ਦਾ ਬਹੁ ਵਚਨ. "ਜਿਤੇ ਔਲੀਆ ਅੰਬੀਆ ਹੋਇ ਬੀਤੇ." (ਵਿਚਿਤ੍ਰ) ੨. . ਕੁਰਾਨ ਦੀ ਇੱਕੀਸਵੀਂ ਸੂਰਤ, ਜਿਸ ਵਿੱਚ ਨਬੀਆਂ ਦਾ ਜਿਕਰ ਹੈ. ੩. ਦੇਖੋ, ਅੰਬਿਯਾ.

ਅੰਬੀ ਛਾਵ, ਅੰਬੀ ਛਾਵੜੀ: ਸੰਗ੍ਯਾ- ਭਾਵ- ਨਿਤ੍ਯਾਨੰਦ. ਅੰਬਾਂ ਦੀ ਛਾਉਂ ਬਾਰਾਂ ਮਹੀਨੇ ਇੱਕ ਰਸ ਰਹਿੰਦੀ ਹੈ, ਕਿਉਂਕਿ ਪਤਝਾੜ ਨਹੀਂ ਹੁੰਦੀ. "ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹ ਜੀਉ." (ਸੂਹੀ ਮਃ ੧. ਕੁਚੱਜੀ)

ਅੰਬੀਰ: ਦੇਖੋ, ਅਮੀਰ। ੨. ਦੇਖੋ, ਅਬੀਰ. "ਗੁਲਾਬ ਅੰਬੀਰ ਗੁਲਾਲ ਉਡਾਈ." (ਕ੍ਰਿਸਨਾਵ) ੩. ਫ਼ਾ. انبیر ਗਿੱਲੀ ਅਥਵਾ ਸੁੱਕੀ ਮਿੱਟੀ ਦਾ ਭਰਨਾ.

ਅੰਬੁ: ਸੰ. ऋम्बु. ਸੰਗਯਾ- ਜਲ, ਜੋ ਅੰਬ (ਸ਼ਬਦ) ਕਰਦਾ ਹੈ. ਪਾਣੀ. "ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ." (ਵਾਰ ਗਉ ੧. ਮਃ ੪) ਦਿਲ ਵਿੱਚ ਨਿੰਦਾ ਦਾ ਭਾਵ ਹੈ ਅਤੇ ਮੂੰਹ ਵਿੱਚ ਪਾਣੀ ਹੈ. ਭਾਵ- ਲਾਲਚ ਦੇ ਮਾਰੇ ਮੂੰਹ ਪਾਣੀ ਭਰ ਆਉਂਦਾ ਹੈ। ੨. ਬਾਲਕ. ਬੱਚਾ.

ਅੰਬੁਕ: ਸੰ. ਸੰਗਯਾ- ਲਾਲ ਰੰਗ ਦਾ ਏਰੰਡ। ੨. ਦੇਖੋ, ਅੰਬਕ.

ਅੰਬੁਜ: ਸੰ. ऋम्बुज. ਸੰਗਯਾ- ਕਮਲ, ਜੋ ਅੰਬੁ (ਪਾਣੀ) ਤੋਂ ਪੈਦਾ ਹੁੰਦਾ ਹੈ. ਦੇਖੋ, ਅੰਬਕ। ੨. ਸਾਰਸ। ੩. ਚੰਦ੍ਰਮਾ। ੪. ਕਪੂਰ। ੫. ਸੰਖ। ੬. ਬਿਰਛ. (ਸਨਾਮਾ)

ਅੰਬੁਜਨੀ: ਸੰਗਯਾ- ਪ੍ਰਿਥਿਵੀ. ਅੰਬੁ (ਪਾਣੀ) ਤੋਂ ਉਪਜਣ ਵਾਲੀ. (ਸਨਾਮਾ)

ਅੰਬੁਜ ਭੂ, ਅੰਬੁਜਾਸਨ: ਸੰ. ਸੰਗਯਾ- ਬ੍ਰਹ੍ਮਾ, ਜੋ ਅੰਬੁਜ (ਕਮਲ) ਤੋਂ ਪੈਦਾ ਹੋਇਆ, ਅਤੇ ਕਮਲ ਉੱਪਰ ਆਸਨ ਰਖਦਾ ਹੈ.

ਅੰਬੁਦ: ਸੰ. ऋम्बुद. ਸੰਗਯਾ- ਬੱਦਲ. ਮੇਘ, ਜੋ ਅੰਬੁ (ਪਾਣੀ) ਦਿੰਦਾ ਹੈ। ੨. ਵਿ- ਪਾਣੀ ਦੇਣ ਵਾਲਾ.

ਅੰਬੁਦਜ: ਸੰਗਯਾ- ਅੰਬੁ (ਜਲ) ਦੇਣ ਵਾਲਾ ਬੱਦਲ, ਉਸ ਤੋਂ ਪੈਦਾ ਹੋਇਆ ਪਾਣੀ. (ਸਨਾਮਾ)

ਅੰਬੁਦਜਾਧਰ: ਸੰਗਯਾ- ਅੰਬੁਦਜ (ਜਲ) ਉਸ ਨੂੰ ਧਾਰਨ ਵਾਲਾ ਤਾਲ। ੨. ਸਮੁੰਦਰ. (ਸਨਾਮਾ)

ਅੰਬੁਦ ਧੁਨ: ਵਿ- ਬੱਦਲ ਵਾਂਙ ਗੱਜਣ ਵਾਲਾ। ੨. ਸੰਗਯਾ- ਮੇਘਨਾਦ, ਰਾਵਣ ਦਾ ਪੁਤ੍ਰ, ਜੋ ਅੰਬੁਦ (ਬੱਦਲ) ਜੇਹੀ ਧੁਨਿ ਕਰਦਾ ਸੀ. (ਸਨਾਮਾ)

ਅੰਬੁਦਨੀ: ਸੰਗਯਾ- ਅੰਬੁ ਦੈਨੀ. ਜਲ ਦੇਣ ਵਾਲੀ, ਪ੍ਰਿਥਿਵੀ. ਜਿਸ ਵਿੱਚੋਂ ਜਲ ਨਿਕਲਦਾ ਹੈ. (ਸਨਾਮਾ) ੨. ਮੇਘ ਮਾਲਾ। ੩. ਨਦੀ.

ਅੰਬੁਧ, ਅੰਬੁਧਿ, ਅੰਬੁਨਾਥ, ਅੰਬੁਨਿਧਿ, ਅੰਬੁਪਤਿ: ਸੰਗਯਾ- ਸਮੁੰਦਰ. ਵਾਰਿਨਿਧਿ. ਜਲ- ਨਿਧਿ. ਅੰਬੁ (ਜਲ) ਨੂੰ ਧਾਰਨ ਵਾਲਾ. ਜਲਾਂ ਦਾ ਸ੍ਵਾਮੀ। ੨. ਅੰਬੁ ਨਾਥ ਅਤੇ ਅੰਬੁਪਤਿ ਨਾਉਂ ਵਰੁਣ ਦੇਵਤਾ ਦਾ ਭੀ ਹੈ.

ਅੰਬੁਰੁਹ: ਸੰ. ਸੰਗਯਾ- ਕਮਲ. ਅੰਬੁ (ਪਾਣੀ) ਤੋਂ ਰੁਹ (ਪੈਦਾ) ਹੋਇਆ.

ਅੰਬੁਵਾ: ਵਿ- ਅੰਬ ਦਾ। ੨. ਅੰਬ ਜੇਹਾ. ੩. ਸੰਗਯਾ- ਅਮਰਸੀ ਰੰਗ. ਅੰਬ ਦੇ ਰਸ ਜੇਹਾ ਵਰਣ. ਦੇਖੋ, ਅੰਬਵਾ.

ਅੰਬੂਹ: ਦੇਖੋ, ਅੰਬੋਹ.

ਅੰਬੇਰ: ਰਾਜਪੂਤਾਨੇ ਅੰਦਰ ਕਛਵਾਹਾ ਵੰਸ਼ੀ ਰਾਜਪੂਤਾਂ ਦੀ ਪੁਰਾਣੀ ਰਾਜਧਾਨੀ. ਇਸ ਥਾਂ ਅੰਬਕੇਸ਼੍ਵਰ ਮਹਾਦੇਵ ਦਾ ਮੰਦਿਰ ਹੈ ਉਸ ਤੋਂ ਨਗਰ ਦਾ ਨਾਉਂ ਅੰਬੇਰ ਪਿਆ. ਕਈ ਕਲਪਨਾ ਕਰਦੇ ਹਨ ਕਿ ਰਾਜਾ ਅੰਬਰੀਸ਼ ਦੇ ਨਾਉਂ ਤੋਂ ਇਸ ਦੀ ਸੰਗਯਾ- ਅੰਬਰੀਸ਼ ਨਗਰ ਸੀ.[149] ਇਹ ਜਯਪੁਰ ਰੇਲਵੇ ਸਟੇਸ਼ਨ ਤੋਂ ਸੱਤ ਮੀਲ ਉੱਤਰ ਪੂਰਵ ਹੈ. ਇਥੇ 'ਜਯਗੜ੍ਹ' ਕਿਲਾ, ਜੋ ਪੰਜ ਸੌ ਫੁਟ ਦੀ ਉੱਚੀ ਪਹਾੜੀ ਤੇ ਹੈ, ਵੇਖਣ ਲਾਇਕ ਹੈ. ਰਾਜਾ ਮਾਨ ਸਿੰਘ ਅਤੇ ਜਯ ਸਿੰਘ ਮਿਰਜ਼ਾ ਦੇ ਬਣਵਾਏ ਸੁੰਦਰ ਮਕਾਨ ਅੰਬੇਰ ਵਿੱਚ ਵੇਖੇ ਜਾਂਦੇ ਹਨ.

ਸਨ ੧੭੨੮ ਵਿੱਚ ਮਹਾਰਾਜਾ ਜਯ ਸਿੰਘ ਸਵਾਈ ਨੇ ਨਵਾਂ ਨਗਰ ਜਯਪੁਰ ਵਸਾਕੇ ਉਸ ਨੂੰ ਰਾਜਧਾਨੀ ਥਾਪਿਆ. ਹਣ ਰਿਆਸਤ ਦਾ ਨਾਉਂ ਜਯਪੁਰ ਹੈ. ਅੰਬੇਰ ਦਾ ਨਾਉਂ ਆਮੇਰ ਅਤੇ ਅੰਬਰ ਭੀ ਵੇਖਣ ਵਿੱਚ ਆਉਂਦਾ ਹੈ. "ਮੇੜਤੇਸ ਅੰਬੇਰਪਤਿ ਅਮਿਤ ਸੈਨ ਲੈ ਸਾਥ." (ਚਰਿਤ੍ਰ ੫੨)

---

[149] ਦੇਖੋ, ਅੰਬਰੀਸ.

ਅੰਬੇਰ ਨਾਥ, ਅੰਬੇਰ ਪਤਿ, ਅੰਬੇਰਾਧੀਸ਼: ਅੰਬੇਰ ਦਾ ਰਾਜਾ. ਵਰਤਮਾਨ ਜਯ- ਪੁਰ ਦਾ ਮਹਾਰਾਜਾ. ਦੇਖੋ, ਅੰਬੇਰ.

ਅੰਬੋਹ: ਫ਼ਾ. انبوہ ਸੰਗਯਾ- ਇਕੱਠ. ਗਰੋਹ. ਹਜੂਮ। ੨. ਢੇਰ. ਅੰਬਾਰ.

ਅੰਬ੍ਰਿਤ: ਦੇਖੋ, ਅਮ੍ਰਿਤ. "ਕਹਿ ਮਥੁਰਾ ਅੰਬ੍ਰਿਤ ਬਯਣ." (ਸਵੈਯੇ ਮਃ ੫. ਕੇ) ੨. ਸੰ. अव्रित- ਅਵ੍ਰਿਤ. ਵਿ- ਅਰੋਕ. ਬਿਨਾ ਰੁਕਾਵਟ। ੩. ਵਿਘਨ ਰਹਿਤ. ਅਖੰਡ. "ਅੰਬ੍ਰਿਤ ਧਰਮੇ." (ਜਾਪੁ)

ਅੰਬ੍ਰਿਤ ਜਲ: ਦੇਖੋ, ਅਮ੍ਰਿਤ ਜਲ.

ਅੰਭ: ਸੰ. ਅਸ੍ਭ. ਧਾ- ਸ਼ਬਦ ਕਰਨਾ. ੨. ਸੰ. ਅਸ੍ਭਸ. ਸੰਗਯਾ- ਜਲ. ਪਾਨੀ. "ਕਾਚ ਗਗਰੀਆ ਅੰਭ ਮਝਰੀਆ." (ਆਸਾ ਮਃ ੫) "ਕੁੰਭ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ." (ਸਾਰ ਮਃ ੫) ੩. ਦੇਵਤਾ। ੪. ਪਿਤਰ.

ਅੰਭਰੀ: ਸੰਗਯਾ- ਅੰਭਧਰੀ. ਨਦੀ। ੨. ਗੰਗਾ ਜਮੁਨਾ ਆਦਿਕ ਨਦੀਆਂ. (ਸਨਾਮਾ)

ਅੰਭੁਲਾ: ਸੰਗਯਾ- ਜਲ. ਦੇਖੋ, ਅੰਭ. "ਨਾਮ ਤੇਰੋ ਅੰਭੁਲਾ ਨਾਮ ਤੇਰੋ ਚੰਦਨੋ." (ਧਨਾ ਰਵਿਦਾਸ)

ਅੰਭੋਜ: ਸੰ. ਅਸ੍ਭੋਜ. ਸੰਗਯਾ- ਅੰਭ (ਜਲ) ਤੋਂ ਪੈਦਾ ਹੋਣ ਵਾਲਾ ਕਮਲ.

ਅੰਭੋਦ: ਸ. ਅਸ੍ਭੋਦ. ਸੰਗਯਾ- ਅੰਭ (ਜਲ) ਦੇਣ ਵਾਲਾ. ਬੱਦਲ. ਮੇਘ.

ਅੰਭੋਧਰ, ਅੰਭੋਧਿ: ਸੰ. ਸੰਗਯਾ- ਅੰਭ (ਜਲ) ਧਾਰਣ ਵਾਲਾ ਬੱਦਲ। ੨. ਸਮੁੰਦਰ.

ਅੰਭੋਰੁਹ: ਸੰ. ਸੰਗਯਾ- ਅੰਭ (ਜਲ) ਤੋਂ ਰੁਹ (ਉਪਜਿਆ) ਕਮਲ. ਜਲਜ। ੨. ਸਾਰਸ। ੩. ਵਿ- ਜਲ ਤੋਂ ਪੈਦਾ ਹੋਇਆ.

ਅੰਮ: ਅ਼. اُمّ ਉੱਮ. ਸੰਗਯਾ- ਮਾਂ. ਮਾਤਾ. "ਅੰਮ ਅਬੇ ਥਾਵਹੁ ਮਿਠੜਾ." (ਸ੍ਰੀ ਮਃ ੫. ਪੈਪਾਇ) ਦੇਖੋ, ਅੰਬਾ.

ਅੰਮਰੀਕ: ਦੇਖੋ, ਅੰਬਰੀਖ. "ਅੰਮਰੀਕ ਪ੍ਰਹਲਾਦ ਸਰਣ ਗੋਬਿੰਦ." (ਸਵੈਯੇ ਮਃ ੩. ਕੇ)

ਅੰਮੜਨਾ: ਕ੍ਰਿ- ਅੱਪੜਨਾ. ਪਹੁਚਣਾ. "ਰਾਹ ਦਸਾਈ ਨਾ ਜੁਲਾ ਆਖਾਂ ਅੰਮੜੀਆਸ." (ਵਡ ਮਃ ੧)

ਅੰਮੜੀ: ਦੇਖੋ, ਅੰਮੜਨਾ। ੨. ਸੰਗਯਾ- ਮਾਤਾ. ਅੰਮਾ.

ਅੰਮਾ: ਸੰ. अम्बा. ਅੰਬਾ. ਅ਼. اما ਉੱਮ. ਮਾਤਾ. ਮਾਂ.

ਅੰਮਾਲ: ਅ਼. اعمال ਅਅ਼ਮਾਲ. ਸੰਗਯਾ- ਅ਼ਮਲ ਦਾ ਬਹੁ ਵਚਨ. ਕਰਮ. ਆਚਾਰ.

ਅੰਮਾਲੀ: ਅੰਬੀ- ਆਲੀ. ਉੱਤਮ ਸਖੀ. ਸ਼੍ਰੇਸ਼੍ਠ ਸਹੇਲੀ. "ਮੇਰੈ ਅੰਤਰਿ ਭੁਖ ਨ ਉਤਰੈ, ਅੰਮਾਲੀ." (ਵਡ ਮਃ ੫) ੨. ਅਅ਼ਮਾਲ (ਕਰਮਾਂ) ਕਰਕੇ. ਭਾਵ- ਦੁਨਿਆਵੀ ਕਰਮਾਂ ਵਿੱਚ. "ਅੰਮਾਲੀ ਹਉ ਖਰੀ ਸੁਚਜੀ ਤੈ ਸਹਿ ਏਕ ਨ ਭਾਵਾ." (ਵਡ ਮਃ ੧) ਕਰਮ ਕਾਂਡ ਦੇ ਆਚਾਰਾਂ ਵਿੱਚ ਮੈਂ ਵਡੀ ਸੁਚੱਜੀ ਹਾਂ, ਪਰ ਹੇ ਸ੍ਵਾਮੀ! ਤੈਨੂੰ ਇਨ੍ਹਾਂ ਕਰਮਾਂ ਵਿਚੋਂ ਇੱਕ ਭੀ ਨਹੀਂ ਭਾਉਂਦਾ.

ਅੰਮਾਵਸ, ਅੰਮਾਵਿਸ: ਅਮਾਵਸ੍ਯਾ. ਮੌਸ. ਦੇਖੋ, ਅਮਾਵਸ. "ਅੰਮਾਵਸਿ ਮਹਿ ਆਸ ਨਿਵਾਰਉ." (ਗਉ ਥਿਤੀ ਕਬੀਰ)

ਅੰਮਾਵਣ: ਵਿ- ਮਾਵਣ (ਮਾਂਉਣ) ਤੋਂ ਰਹਿਤ. ਅਪ੍ਰਮੇਯ. ਬੇਅੰਤ. ਅਗਣਿਤ. "ਮੰਞ ਕੁਚਜੀ ਅੰਮਾਵਣ ਡੋਸੜੇ." (ਸੂਹੀ ਮਃ ੧. ਕੁਚਜੀ)

ਅੰਮੁਹਾ: ਦੇਖੋ, ਅਮੁਹਾ. "ਮਾਤਾ ਭੈਸਾ ਅੰਮੁਹਾ ਜਾਇ." (ਗਉ ਕਬੀਰ) ਇਸ ਥਾਂ ਅਮੋੜ ਭੈਸਾ ਮਨ ਹੈ.

ਅੰਮ੍ਰਿਤ: ਦੇਖੋ, ਅਮ੍ਰਿਤ.

ਅੰਮ੍ਰਿਤੀ: ਦੇਖੋ, ਅੰਮ੍ਰਿਤੀ.

**ਅੰਮ੍ਰਿਤ:** ਦੇਖੋ, ਅਮ੍ਰਿਤ। ੨. ਸੰਗਜਾ- ਮੱਖਨ. ਨਵਨੀਤ. "ਤਬ ਮਥੀਐ, ਇਨ ਬਿਧਿ ਅੰਮ੍ਰਿਤ ਪਾਵਹੁ." (ਸੂਹੀ ਮਃ ੧) ੩. ਦੁੱਧ. "ਸੋਇਨ ਕਟੋਰੀ ਅੰਮ੍ਰਿਤ ਭਰੀ." (ਭੈਰ ਨਾਮਦੇਵ) ੪. ਵਿ- ਅਮ੍ਰਿਤਜੁ. ਮੌਤ ਬਿਨਾ. ਅਮਰ. "ਹਰਿ ਅੰਮ੍ਰਿਤ ਸਜਣ ਮੇਰਾ." (ਸੂਹੀ ਛੰਤ ਮਃ ੫) ੫. ਮਧੁਰ. ਮਿਠਾਸ ਸਹਿਤ. "ਗੁਰਮੁਖ ਅੰਮ੍ਰਿਤ ਬਾਣੀ ਬੋਲਹਿ." (ਸ੍ਰੀ ਅਃ ਮਃ ੩)

**ਅੰਮ੍ਰਿਤ ਸ਼ਬਦ:** ਸੰਗਜਾ- ਗੁਰੁਬਾਣੀ। ੨. ਗੁਰੁਉਪਦੇਸ਼. "ਅੰਮ੍ਰਿਤ ਸਬਦ ਪੀਵੈ ਜਨ ਕੋਇ." (ਆਸਾ ਮਃ ੫)

**ਅੰਮ੍ਰਿਤਸਰ, ਅੰਮ੍ਰਿਤਸਰੁ:** ਦੇਖੋ, ਅਮ੍ਰਿਤਸਰ। ੨. ਸਤਸੰਗ. ਸਾਧੁ ਸਮਾਜ. "ਅੰਮ੍ਰਿਤਸਰੁ ਸਿਫਤੀ ਦਾ ਘਰੁ." (ਸਵਾ ਮਃ ੩) ੩. ਮੁਕਿਤ ਦਾ ਸਰੋਵਰ. "ਸਤਿਗੁਰੁ ਹੈ ਅੰਮ੍ਰਿਤਸਰ ਸਾਚਾ." (ਮਾਝ ਅਃ ਮਃ ੩) ੪. ਆਤਮਗਜਾਨ। ੫. ਆਤਮ ਸ੍ਵਰੂਪ. "ਕਾਇਆ ਅੰਦਰਿ ਅਮ੍ਰਿਤਸਰ ਸਾਚਾ." (ਮਾਰੂ ਸੋਲਹੇ ਮਃ ੩)

**ਅੰਮ੍ਰਿਤ ਕਥਾ:** ਸੰਗਜਾ- ਅਮ੍ਰਿਤ ਰੂਪ ਕਥਾ। ੨. ਮੁਕਤਿ ਦਾਇਕ ਕਥਾ। ੩. ਕਰਤਾਰ ਦੀ ਕਥਾ. "ਅੰਮ੍ਰਿਤ ਕਥਾ ਸੰਤ ਸੰਗਿ ਸੁਨੁਆ." (ਬਾਵਨ)

**ਅੰਮ੍ਰਿਤ ਦ੍ਰਿਸਟਿ:** ਸੰਗਜਾ- ਅਮ੍ਰਿਤ ਰੂਪ ਨਜ਼ਰ. ਕ੍ਰਿਪਾ ਦ੍ਰਿਸ਼੍ਰਿ. "ਅੰਮ੍ਰਿਤ ਦ੍ਰਿਸਟਿ ਪੇਖੈ, ਹੁਇ ਸੰਤ." (ਸੁਖਮਨੀ)

**ਅੰਮ੍ਰਿਤਧਾਰ, ਅੰਮ੍ਰਿਤਧਾਰਾ:** ਅੰਮ੍ਰਿਤ ਦਾ ਪ੍ਰਵਾਹ। ੨. ਗੁਰੁਬਾਣੀ ਅਤੇ ਨਾਮ ਦੀ ਵਰਖਾ. "ਝਿਮਿ ਝਿਮਿ ਬਰਸੈ ਅੰਮ੍ਰਿਤਧਾਰਾ." (ਮਾਝ ਮਃ ੫) ੩. ਯੋਗ ਮਤ ਅਨੁਸਾਰ ਦਿਮਾਗ਼ ਤੋਂ ਟਪਕਿਆ ਰਸ. "ਅੰਮ੍ਰਿਤ ਧਾਰ ਗਗਨ ਦਸ ਦੁਆਰਿ." (ਗਉ ਮਃ ੧)

**ਅੰਮ੍ਰਿਤ ਧਾਰੀ:** ਅਮ੍ਰਿਤ ਧਾਰਾ (ਪ੍ਰਵਾਹ) ਵਾਲੀ ਹਰਿਕਥਾ. "ਹਮਾਰੀ ਪਿਆਰੀ ਅੰਮ੍ਰਿਤ ਧਾਰੀ." (ਆਸਾ ਮਃ ੫) ੨. ਪਾਹੁਲਧਾਰੀ. ਖੰਡੇ ਦਾ ਅਮ੍ਰਿਤ ਜਿਸ ਨੇ ਪੀਤਾ ਹੈ.

**ਅੰਮ੍ਰਿਤ ਫਲ:** ਮੁਕਤਿ ਰੂਪ ਫਲ. ਆਤਮਗਜਾਨ. "ਬਿਨ ਗੁਰੁ ਮਹਿਲ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ." (ਸ੍ਰੀ ਅਃ ਮਃ ੩) ਦੇਖੋ, ਅਮ੍ਰਿਤ ਫਲ.

**ਅੰਮ੍ਰਿਤ ਬਚਨ:** ਸੰਗਜਾ- ਅਮ੍ਰਿਤ ਜੇਹੇ ਵਾਕ. ਅਮ੍ਰਿਤ ਰੂਪ ਬਚਨ. ਮਿੱਠੇ ਬੋਲ. "ਅੰਮ੍ਰਿਤ ਬਚਨ ਸਤਿਗੁਰੁ ਕੀ ਬਾਣੀ." (ਗੂਜ ਮਃ ੪) ੨. ਗੁਰੁਵਾਕਜ.

**ਅੰਮ੍ਰਿਤ ਵੇਲਾ:** ਦੇਖੋ, ਅਮ੍ਰਿਤ ਵੇਲਾ. "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ." (ਜਪੁ)

**ਅੰਮ੍ਰਿਤੀ:** ਸੰਗਜਾ- ਮਿੱਠੀ ਕੜੀ. ਲਾਪਸੀ। ੨. ਜਲੇਬੀ ਦੀ ਕਿਸਮ ਦੀ ਇੱਕ ਮਿਠਾਈ, ਜੋ ਮਾਹਾਂ ਦੇ ਆਟੇ ਦੀ ਹੁੰਦੀ ਹੈ. "ਅੰਮ੍ਰਿਤੀਆਂ ਖੁਰਮੇ ਸੁ ਬਰੇ ਬਰ ਘੇਵਰ ਸੇਤ ਸਿਤਾ ਬਹੁ ਪਾਏ." (ਨਾਪ੍ਰ)

**ਅੰਮ੍ਰਿਤੁ:** ਦੇਖੋ, ਅਮ੍ਰਿਤ. "ਅੰਮ੍ਰਿਤੁ ਹਰਿ ਕਾ ਨਾਉ" (ਸੂਹੀ ਮਃ ੧)

**ਅੰਮ੍ਰੀਕ:** ਦੇਖੋ, ਅੰਬਰੀਕ. "ਜਜੋਂ ਅੰਮ੍ਰੀਕ ਭਗਤ ਢਿਗ ਆਯੋ." (ਨਾਪ੍ਰ)

**ਅੰਮ੍ਰੇਤ:** ਦੇਖੋ, ਅਮ੍ਰਿਤ। ੨. ਅਮ੍ਰਿਤ ਰੂਪ। ੩. ਸੰ. ਅਮ੃ਤ੍ਯੁ- ਅਮ੍ਰਿਤਜੁ. ਵਿ- ਅਮਰ. ਅਵਿਨਾਸ਼ੀ. ਜਿਸ ਦਾ ਕਦੇ ਕਾਲ ਨਹੀਂ. "ਪਾਇਆ ਸਾਧੁ ਸੰਗ ਹਰਿ ਹਰਿ ਅੰਮ੍ਰੇਤ." (ਬਿਲਾ ਮਃ ੫)

**ੲ:** ਪੰਜਾਬੀ ਵਰਣਮਾਲਾ ਦਾ ਤੀਜਾ ਸ੍ਵਰ ਅੱਖਰ. ਇਸ ਦਾ ਉੱਚਾਰਣ ਅਸਥਾਨ ਤਾਲੂ ਹੈ. ਇਸ ਅੱਖਰ ਤੋਂ (ਿ) (ੀ) (ੇ) ਅਤੇ (ੈ) ਮਾਤ੍ਰਾਂ ਬਣਦੀਆਂ ਹਨ। ੨. ਦੇਖੋ, ਇ.

**ਇ:** ਸੰ. इ. ਧਾ- ਉਦੈ ਹੋਣਾ. ਦੌੜਨਾ. ਜਾਣਾ. ਅਧਿਕ ਹੋਣਾ. ਅੰਗੀਕਾਰ ਕਰਨਾ. ੨. ਸੰਗਜਾ- ਕਾਮਦੇਵ। ੩. ਕ੍ਰਿਪਾ। ੪. ਵਜ- ਆਸ਼ਚਰਯ (ਅਚਰਝ) ਬੋਧਕ। ੫. ਪੰਜਾਬੀ ਵਿੱਚ ਦੁਲਾਈਆ ਦੇ ਥਾਂ ਭੀ 'ਇ' (ਆਉਂਦਾ) ਹੈ, ਜਿਵੇਂ- "ਪ੍ਰੇਮ ਰਸੁ ਆਪੇ ਜਾਣਇ." (ਸਵੈਯੇ ਮਃ ੪. ਕੇ) ਆਪੇ ਜਾਣੈ. ਮਾਣਇ- ਮਾਣੈ ਆਦਿ.

**ਇਉ, ਇਉਂ:** ਸੰ. ਏਵੰ- ਏਵੰ. ਕ੍ਰਿ. ਵਿ- ਇਸੇ ਤਰਾਂ. ਇਸ ਢੰਗ ਨਾਲ. "ਨਾਨਕ ਕਹੈ ਸਿਆਣੀਏ! ਇਉ ਕੰਤ ਮਿਲਾਵਾ ਹੋਇ." (ਵਾਰ ਸੂਹੀ, ਮਃ ੨) ੨. ਐਸੇ ਹੀ ਔਰ. ਇਵੇਂ ਹੀ ਹੋਰ.

**ਇਉ ਹੀ, ਇਓ ਹੀ:** ਕ੍ਰਿ. ਵਿ- ਇਸੇ ਤਰਾਂ. ਇਸੇ ਪ੍ਰਕਾਰ। ੨. ਯੌਂਹੀ. ਐਵੇਂ ਹੀ. ਵ੍ਰਿਥਾ ਹੀ. "ਤਰਨਾਪੋ ਇਉ ਹੀ ਗਇਓ." (ਸ. ਮਃ ੯)

**ਇਅਤਬਾਰ, ਇਅ਼ਤਬਾਰ:** ਅ਼. إعتبار ਸੰਗਯਾ- ਸਮਝਣ ਦਾ ਭਾਵ। ੨. ਨਿਸ਼੍ਚਯ (ਨਿਸਚਾ). ਯਕ਼ੀਨ। ੩. ਸਿਖ੍ਯਾ ਗ੍ਰਹਣ ਕਰਨੀ.

**ਇਆ:** ਸੰ. ਅਯੰ. ਸਰਵ- ਯਹ. ਇਹ. "ਪੁਨ ਇਆ ਅਉਸਰ ਚਰੈ ਨ ਹਾਥਾ." (ਬਾਵਨ) ੨. ਇਸ ਦੇਖੋ, ਇਸ. "ਇਆ ਸੁਖ ਤੇ ਭਿਖਿਆ ਭਲੀ." (ਸ. ਕਬੀਰ) ੨. ਵ੍ਯ- ਯਾ. ਵਾ. ਜਾਂ. ਅਥਵਾ.

**ਇਆਹੂ:** ਇਸੇ. ਇਸ ਹੀ. "ਇਆਹੂ ਜੁਗਤਿ ਬਿਹਾਨੇ ਕਈ ਜਨਮ." (ਸੁਖਮਨੀ)

**ਇਆਣ:** ਵਿ- ਅਜਾਨ. ਗ੍ਯਾਨ ਰਹਿਤ. ਅਨਜਾਣ। ੨. ਸੰਗਯਾ- ਬੱਚਾ। ੩. ਅਗ੍ਯਾਨ.

**ਇਆਣਪ:** ਸੰਗਯਾ- ਅਨਜਾਣਪੁਣਾ. ਅਗ੍ਯਾਨਤਾ। ੨. ਬਾਲ੍ਯ (ਬਾਲ) ਅਵਸਥਾ.

**ਇਆਣਾ:** ਵਿ- ਗ੍ਯਾਨਹੀਨ. ਅਨਜਾਣ. ਅਗ੍ਯਾਨੀ. "ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ." (ਵਾਰ ਆਸਾ ਮਃ ੨) ੨. ਸੰਗਯਾ- ਬੱਚਾ। ੩. ਜੋ ਨਸ਼ੇ ਦਾ ਇਸਤਾਮਾਲ ਨਹੀਂ ਕਰਦਾ, ਸੋਫੀ. "ਪੀਤਾ ਫੁੱਲ ਇਆਣੀ ਘੂਮਨ ਸੂਰਮੇ." (ਚੰਡੀ ੩) ਜਿਵੇਂ ਸੋਫੀ ਅਫੀਮ ਦਾ ਰਸ ਪੀਕੇ ਝੂਮਣ ਲਗਦੇ ਹਨ, ਤਿਵੇਂ ਸੂਰਮੇ ਝੂਮਦੇ ਹਨ. ਦੇਖੋ, ਫੁੱਲ ੩.

**ਇਆਨਥ, ਇਆਨਪ:** ਸੰਗਯਾ- ਅਗ੍ਯਾਨਤ੍ਵ. ਅਨਜਾਣਪੁਣਾ. "ਰੇ ਮਨ! ਐਸੀ ਕਰਹਿ ਇਆਨਥ." (ਮਾਰੂ ਮਃ ੫) "ਮੇਰੀ ਬਹੁਤ ਇਆਨਪ ਜਰਤ." (ਦੇਵ ਮਃ ੫) "ਇਆਨਪ ਤੇ ਸਭ ਭਈ ਸਿਆਨਪ." (ਬਿਲਾ ਮਃ ੫) ੨. ਬਚਪਨ. ਬਾਲਪੁਣਾ.

**ਇਆਨੜਾ, ਇਆਨੜੀ:** ਵਿ- ਇਆਨ (ਅਗ੍ਯਾਨ) ਅੱਗੇ ੜਾ ਪ੍ਰਤ੍ਯਯ ਵਾਨ (ਵਾਲਾ) ਅਰਥ ਵਿੱਚ ਹੈ. ਅਗ੍ਯਾਨੀ. ੨. ਜਿਸ ਦੀ ਛੋਟੀ ਉਮਰ ਹੈ. ਬਾਲ। ੩. ਜਿਸ ਨੂੰ ਸ੍ਵਾਮੀ ਦੇ ਪ੍ਰਸੰਨ ਕਰਨ ਦਾ ਗ੍ਯਾਨ ਨਹੀਂ. "ਇਆਨੜੀਏ! ਮਾਨੜਾ ਕਾਇ ਕਰੇਹਿ?" (ਤਿਲੰ ਮਃ ੧)

**ਇਆਨਾ:** ਦੇਖੋ, ਇਆਣਾ.

**ਇਆਲੀਕਲਾਂ:** ਇਹ ਪਿੰਡ ਜਿਲਾ, ਤਸੀਲ ਲੁਦਿਆਨਾ ਵਿੱਚ ਹੈ. ਰੇਲਵੇ ਸਟੇਸ਼ਨ ਬੱਦੋਵਾਲ ਤੋਂ ਵਾਯਵੀ ਕੋਣ ਇੱਕ ਮੀਲ ਦੇ ਕਰੀਬ ਹੈ.

ਇਸ ਪਿੰਡ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ. ਸਤਿਗੁਰੂ ਨੇ ਮਾਲਵੇ ਨੂੰ ਕ੍ਰਿਤਾਰਥ ਕਰਦੇ ਇੱਥੇ ਚਰਣ ਪਾਏ ਹਨ. ਗੁਰੁਦ੍ਵਾਰਾ ਪੁਰਾਣਾ ਬਣਿਆ ਹੋਇਆ ਹੈ. ਪੁਜਾਰੀ ਉਦਾਸੀ ਸਾਧੂ ਹੈ. ਗੁਰੁਦ੍ਵਾਰੇ ਨਾਲ ੮੦ ਵਿੱਘੇ ਜ਼ਮੀਨ ਹੈ, ਜੋ ਇਸ ਨਗਰ ਵੱਲੋਂ ਹੈ.

**ਇਅੰਗ:** ਵਿ- ਇ (ਕਾਮ) ਜਿਹਾ ਹੈ ਜਿਸ ਦਾ ਅੰਗ (ਸ਼ਰੀਰ) ਕਾਮਾਂਗ. ਸੁੰਦਰ ਅੰਗਾਂ ਵਾਲਾ. "ਇਅੰਗਸਤ." (ਗ੍ਯਾਨ)

**ਇਸ:** ਸਰਵ- ਇਹ. ਯਹ. ਇਸ 'ਇਹ' ਦਾ ਉਹ ਰੂਪ ਹੈ, ਜਿਸ ਨਾਲ ਵਿਭਗਤੀ (ਵਿਭਕ੍ਤਿ) ਲਗਕੇ ਇਸ ਨੂੰ ਇਸ ਵਿੱਚ ਆਦਿ ਰੂਪ ਬਣਦੇ ਹਨ. "ਤਬ ਇਸ ਕਉ ਸੁਖ ਨਾਹੀ ਕੋਇ." (ਸੁਖਮਨੀ) ੨. ਸੰ. ਈਸ਼- ਈਸ਼. ਸੰਗਯਾ- ਰਾਜਾ. "ਤਿਯੰ ਇਸੰ, ਗਹ੍ਯੋ ਕਿਸੰ." (ਰਾਮਾਵ) ਈਸ਼ (ਰਾਜਾ ਰਾਵਣ) ਦੀ ਇਸਤ੍ਰੀ ਮੰਦੋਦਰੀ ਨੂੰ, ਕੀਸ਼ (ਬਾਂਦਰਾਂ) ਨੇ ਫੜਲਿਆ.

**ਇਸਹਾਕ:** ਦੇਖੋ, ਇਬਰਾਹੀਮ.

ਇਸਕ: ਅ਼. عشق ਇ਼ਸ਼ਕ਼ ਸੰਗਯਾ- ਆਸਕ੍ਤਤਾ. ਪ੍ਰੇਮ. ਪ੍ਰੀਤੀ. "ਇਸਕ ਮੁਹਬਤਿ ਨਾਨਕਾ, ਲੇਖਾ ਕਰਤੇ ਪਾਸਿ." (ਵਾਰ ਮਾਰੂ ੧, ਮਃ ੧)

ਇਸਕਾਤ, ਇਸਕ਼ਾਤ਼: ਅ਼. اسقاط ਸੰਗਯਾ- ਸਕ਼ੂਤ਼ (ਗਿਰਾਉਣ) ਦੀ ਕ੍ਰਿਯਾ. ਡੇਗਣਾ। ੨. ਗਰਭ ਡੇਗਣਾ. ਹਮਲ ਕੱਢਣਾ.

ਇਸਟ: ਸੰ. ਇਸ਼੍ਟ. ਸੰਗਯਾ- ਧਰਮ ਦਾ ਕੰਮ[150]। ੨. ਪੂਜ੍ਯ ਦੇਵ। ੩. ਮਿਤ੍ਰ। ੪. ਵਿ- ਚਾਹਿਆ ਹੋਇਆ. ਲੋੜੀਂਦਾ। ੫. ਪੂਜਿਤ. ਉਪਾਸਿਆ। ੬. ਪਿਆਰਾ. "ਇਸਟ ਮੀਤ ਅਰੁ ਭਾਈ." (ਜੈਤ ਮਃ ੫)

ਇਸਟਕਾ: ਦੇਖੋ, ਇਟ.

ਇਸਟ ਦੇਵ: ਸੰ. ਇਸ਼੍ਟ. ਦੇਵ. ਸੰਗਯਾ- ਆਪਣੇ ਮਤ ਦਾ ਪੂਜ੍ਯ ਦੇਵ. ਧਰਮ ਅਨੁਸਾਰ ਜਿਸ ਦੀ ਉਪਾਸਨਾ ਵਿਧਾਨ ਹੈ, ਉਹ ਦੇਵ. ਜਿਵੇਂ ਸਿੱਖਾਂ ਦਾ ਕਰਤਾਰ ਹੈ। ੨. ਕੁਲ ਦੇਵਤਾ. ਕ਼ੌਮ ਦਾ ਪੂਜ੍ਯ ਦੇਵ.

ਇਸਟ ਮੀਤ: ਵਿ- ਲੋੜੀਂਦਾ ਮਿਤ੍ਰ. ਪਿਆਰਾ ਮਿਤ੍ਰ. ਦੇਖੋ, ਇਸਟ ੬.

ਇਸਟਾਪੱਤਿ: ਸੰ. इष्टापत्ति. ਸੰਗਯਾ- ਇਸ਼੍ਟ (ਮਨ ਭਾਉਂਦੀ) ਆਪੱਤਿ (ਪ੍ਰਾਪਤੀ). ਵਾਦੀ ਦੇ ਕਥਨ ਵਿੱਚੋਂ ਪ੍ਰਤਿਵਾਦੀ ਦੇ ਮਨ ਭਾਉਂਦੀ ਬਾਤ ਦੀ ਪ੍ਰਾਪਤੀ. ਇਸ਼੍ਟਸਿੱਧਿ. "ਤੌ ਭੀ ਇਸਟਾਪਤਿ ਹਮ ਜੋਵਾ." (ਗੁਪ੍ਰਸੂ) ੨. ਲਾਭ. ਨਫਾ.

ਇਸਟਾਮ: ਦੇਖੋ, ਅਸਟਾਮ.

ਇਸਟੀ: ਵਿ- ਇਸ਼੍ਟ ਰੱਖਣ ਵਾਲਾ। ੨. ਮੰਤ੍ਰ ਸਿੱਧ ਕਰਨ ਵਾਲਾ. "ਕਹਜੋ ਕਿ ਇਸਟੀ ਤੂੰ ਬਡਾ ਟਾਮਨ ਕਰਤ ਬਨਾਇ." (ਨਾਪ੍ਰ) ੩. ਸੰ. इष्टि- ਇਸ਼੍ਟਿ. ਸੰਗਯਾ- ਯਗ੍ਯ (ਜੱਗ). ੪. ਇੱਛਾ. ਅਭਿਲਾਖਾ.

ਇਸ਼ਤਹਾਰ: ਅ਼. اشتہار ਸੰਗਯਾ- ਸ਼ੁਹਰਤ ਦੀ ਕ੍ਰਿਯਾ. ਵਿਗ੍ਯਾਪਨ. ਨੋਟਿਸ. ਏਲਾਨ.

ਇਸਤਕਬਾਲ: ਅ਼. استقبال ਇਸਤਿਕ਼ਬਾਲ. ਸੰਗਯਾ- ਅਗਵਾਨੀ. ਪੇਸ਼ਵਾਈ. ਮਾਨਯੋਗ੍ਯ ਨੂੰ ਸ੍ਵਾਗਤ ਕਰਨ ਲਈਂ ਅੱਗੇ ਵਧਕੇ ਲੈਣ ਦਾ ਭਾਵ.

ਇਸਤਦੁਆ, ਇਸਤਦੁਅ਼ਾ: ਅ਼. استدعا ਸੰਗਯਾ- ਇੱਛਾ ਕਰਨਾ. ਚਾਹੁਣਾ। ੨. ਪ੍ਰਾਰਥਨਾ ਕਰਨਾ. ਅਰਦਾਸ ਕਰਨੀ.

ਇਸਤਮਰਾਰ: ਅ਼. استمرار ਇਸਤਿਮਰਾਰ. ਸੰਗਯਾ- ਦ੍ਰਿੜ੍ਹਤਾ. ਕ਼ਾਇਮੀ। ੨. ਨਿੱਤ ਜਾਰੀ ਰਹਿਣਾ ਨਿਰੰਤਰਤਾ। ੩. ਬਿਨਾ ਅਦਲ ਬਦਲ.

ਇਸ ਤਰਾਂ: ਕ੍ਰਿ. ਵਿ- ਇਸ ਪ੍ਰਕਾਰ. ਇਉਂ. ਇਵੇਂ.

ਇਸਤਾਦਨ: ਫ਼ਾ. استادن ਕ੍ਰਿ- ਖੜਾ ਹੋਣਾ। ੨. ਠਹਿਰਨਾ.

ਇਸਤਾਦਾ: ਫ਼ਾ. استادہ ਵਿ- ਖੜਾ. ਖਲੋਤਾ.

ਇਸਤਾਮਾਲ: ਅ਼. استعمال ਇਸਤਅ਼ਮਾਲ. ਅ਼ਮਲ ਵਿੱਚ ਲਿਆਉਣ ਦਾ ਕਰਮ. ਵਰਤੋਂ.

ਇਸਤਿਹਕਾਕ, ਇਸਤਿਹ਼ਕ਼ਾਕ਼: ਅ਼. استحقاق ਹ਼ੱਕ਼ਦਾਰ ਹੋਣਾ.

ਇਸਤਿਗਾਸਾ: ਅ਼. استغاثہ ਇਸਤਗ਼ਾਸਾ. ਗ਼ਯਾਸ (ਫ਼ਰਯਾਦ) ਕਰਨ ਦੀ ਕ੍ਰਿਯਾ. ਨਿਆਂ ਲਈ ਕਿਸੇ ਹਾਕਿਮ ਅੱਗੇ ਨਾਲਿਸ਼ ਜਾਂ ਦਾਵਾ ਪੇਸ਼ ਕਰਨਾ.

---

[150] ਦੇਖੋ, ਅਤ੍ਰਿ ਸਿਮ੍ਰਿਤਿ ਸ਼ ੪੪.

**ਇਸਤਿੰਜਾ:** ਅ਼. اِستِنّجا ਸੰਗ੍ਯਾ- ਨਾਲੀ ਦੀ ਸਫ਼ਾਈ। ੨. ਮਲ ਮੂਤ੍ਰ ਤ੍ਯਾਗਕੇ ਮਿੱਟੀ ਦੀ ਡਲੀ ਜਾਂ ਜਲ ਨਾਲ ਅੰਗ ਨੂੰ ਸਾਫ ਕਰਨ ਦੀ ਕ੍ਰਿਯਾ. ਇਸਲਾਮ ਦੇ ਧਰਮਪੁਸ੍ਤਕਾਂ ਵਿੱਚ ਲਿਖਿਆ ਹੈ ਕਿ ਵਸਤ੍ਰ ਨੂੰ ਮੂਤ੍ਰ ਲਗ ਜਾਣ ਤੋਂ ਨਮਾਜ਼ ਪੜ੍ਹਨ ਲਾਇਕ਼ ਆਦਮੀ ਨਹੀਂ ਰਹਿੰਦਾ. ਇਸ ਲਈ ਡਲੀ ਨਾਲ ਮੂਤ੍ਰ ਦੀ ਬੂੰਦ ਖ਼ੁਸ਼ਕ ਕਰ ਲੈਣੀ ਚਾਹੀਏ ਤਾਕਿ ਪਜਾਮੇ ਨੂੰ ਨਾ ਲਗੇ.

**ਇਸਤਿਮਰਾਰ:** ਦੇਖੋ, ਇਸਤਮਰਾਰ.

**ਇਸ਼ਤਿਯਾਕ, ਇਸ਼ਤਿਯਾਕ਼:** ਅ਼. اِشتِیاق ਸੰਗ੍ਯਾ- ਸ਼ੌਕ਼ ਦਾ ਭਾਵ। ੨. ਅਭਿਲਾਖਾ. ਚਾਹ। ੩. ਪ੍ਰੇਮ.

**ਇਸਤਿਲਾਹ:** ਅ਼. اِصطِلاح ਇਸਤ਼ਿਲਾਹ਼. ਸਲਾਹ਼ ਕਰਨ ਦੀ ਕ੍ਰਿਯਾ। ੨. ਕਿਸੇ ਸ਼ਬਦ ਨੂੰ ਖਾਸ ਅਰਥ ਲਈ ਸੰਕੇਤ ਕਰਨਾ. ਜਿਵੇਂ- ਦੇਗ ਤੇਗ ਚਲਦੀ ਰਹੇ. ਭਾਵ- ਲੰਗਰ ਜਾਰੀ ਅਤੇ ਵੈਰੀਆਂ ਦਾ ਨਾਸ਼ ਹੁੰਦਾ ਰਹੇ. ਅਨਾਥਾਂ ਦਾ ਪਾਲਨ ਅਤੇ ਪਾਪੀਆਂ ਦਾ ਸੰਘਾਰ ਹੋਵੇ. ਦੇਖੋ, ਖਾਲਸੇ ਦੇ ਬੋਲੇ.

**ਇਸਤ੍ਰਿਜ:** ਸੰਗ੍ਯਾ- ਇਸਤ੍ਰੀ ਤੋਂ ਉਪਜਿਆ ਰਜ. ਰਿਤੁ ਸਮੇਂ ਆਇਆ ਖ਼ੂਨ (ਰੁਧਿਰ). (ਸਨਾਮਾ) ੨. ਭਾਵ- ਲਾਲ ਸਮੁੰਦਰ. (ਸਨਾਮਾ)

**ਇਸਤ੍ਰੀ:** ਸੰਗ੍ਯਾ- ਕਪੜਾ ਤਹਿ ਕਰਨ ਦਾ ਇੱਕ ਔਜ਼ਾਰ, ਜਿਸ ਨੂੰ ਦਰਜ਼ੀ ਅਤੇ ਧੋਬੀ ਵਰਤਦੇ ਹਨ। ੨. ਸੰ. ਸ੍ਤ੍ਰੀ. ਨਾਰੀ। ੩. ਧਰਮਪਤਨੀ. ਵਹੁਟੀ. "ਇਸਤ੍ਰੀ ਤਜ ਕਰਿ ਕਾਮ ਵਿਆਪਿਆ." (ਮਾਰੂ ਅਃ ਮਃ ੧) ਦੇਖੋ, ਨਾਰੀ.

**ਇਸਤ੍ਰੀ ਜਾਤਿ:** ਕਾਮਸ਼ਾਸਤ੍ਰ ਅਨੁਸਾਰ ਇਸਤ੍ਰੀ ਮਾਤ੍ਰ ਦੀਆਂ ਚਾਰ ਵੰਡਾਂ. ਚਾਰ ਪ੍ਰਕਾਰ ਦੀ ਇਸਤ੍ਰੀ. ਦੇਖੋ, ਸੰਖਿਨੀ, ਹਸਤਿਨੀ, ਚਿਤ੍ਰਿਨੀ ਅਤੇ ਪਦਮਿਨੀ ਸ਼ਬਦ, ਤਥਾ ਪੁਰੁਸ਼ ਜਾਤਿ.

**ਇਸਤ੍ਰੀਜਿਤ:** ਵਿ- ਸ੍ਤ੍ਰੀਜਿਤ. ਜਿਸ ਨੂੰ ਇਸਤ੍ਰੀ ਨੇ ਜਿੱਤ ਲਿਆ ਹੈ. ਭਾਵ- ਕਾਮੀ.

**ਇਸਤ੍ਰੀ ਧਨ:** ਸੰਗ੍ਯਾ ਸ੍ਤ੍ਰੀਧਨ. ਗਹਿਣੇ ਨਕਦੀ ਆਦਿ ਉਹ ਧਨ, ਜੋ ਵਿਆਹ ਵੇਲੇ ਇਸਤ੍ਰੀ ਨੂੰ ਪਿਤਾ ਅਥਵਾ ਪਤੀ ਤੋਂ ਪ੍ਰਾਪਤ ਹੋਇਆ ਹੈ. ਕਾਤ੍ਯਾਯਨ ਅਤੇ ਮਨੂ ਨੇ ਇਸਤ੍ਰੀ ਧਨ ਛੀ ਪ੍ਰਕਾਰ ਦਾ ਲਿਖਿਆ ਹੈ-

(੧) ਵਿਆਹ ਵੇਲੇ ਦਿੱਤਾ ਮਾਲ ਧਨ.

(੨) ਮੁਕਲਾਵੇ ਵੇਲੇ ਜਾਂ ਕੰਨ੍ਯਾ ਦੀ ਵਿਦਾਇਗੀ ਵੇਲੇ ਦਿੱਤਾ ਸਾਮਾਨ.

(੩) ਪਤੀ ਦਾ ਇਸਤ੍ਰੀ ਨੂੰ ਪ੍ਰਸੰਨ ਕਰਨ ਲਈ ਦਿੱਤਾ ਸਾਮਾਨ.

(੪) ਭਾਈ ਦਾ ਦਿੱਤਾ ਧਨ ਆਦਿ ਪਦਾਰਥ.

(੫) ਮਾਤਾ ਦਾ ਦਿੱਤਾ ਮਾਲ.

(੬) ਸਮੇਂ ਸਮੇਂ ਸਿਰ ਪਿਤਾ ਵੱਲੋਂ ਅਨੇਕਵਾਰ ਮਿਲਿਆ ਧਨ. ਦੇਖੋ, ਮਨੁ ਸਿਮ੍ਰਿਤਿ ਅਃ ੯, ਸ਼ ੧੯੪.

**ਇਸਤ੍ਰੀ ਰਾਜਾ:** ਸੰਗ੍ਯਾ- ਮੋਹਿਨੀ ਅਵਤਾਰ. (ਦਸਮਗ੍ਰੰਥ)

**ਇਸਥਿਰ:** ਸੰ. ਸ੍ਥਿਰ. ਵਿ- ਕ਼ਾਇਮ. ਅਚਲ.

**ਇਸਨਾਨ:** ਸੰ. स्नान- ਸ੍ਨਾਨ. ਸੰਗ੍ਯਾ- ਮੈਲ ਉਤਾਰਨੀ. ਸਾਫ ਕਰਨਾ। ੨. ਨ੍ਹਾਉਣਾ. ਗੁਸਲ. ਸ਼ਰੀਰ ਧੋਣਾ. ਇਸਨਾਨ ਨੂੰ ਵਿਦ੍ਵਾਨਾਂ ਨੇ ਅਰੋਗ ਦਾ ਮੂਲ ਮੰਨਿਆ ਹੈ ਅਤੇ ਸੂਖਮ ਵਿਚਾਰ ਨਾਲ ਵੇਖੀਏ ਤਾਂ ਇਸ ਦਾ ਅੰਤਹਕਰਣ ਦੀ ਪਵਿਤ੍ਰਤਾ ਅਤੇ ਸ਼ਾਂਤੀ ਤੇ ਭਾਰੀ ਅਸਰ ਹੈ. ਸਿੱਖਧਰਮ ਵਿੱਚ ਇਸਨਾਨ ਦੀ ਜੋ ਮਹਿਮਾ ਹੈ ਉਹ ਜਗਤ ਪ੍ਰਸਿੱਧ ਹੈ. ਪਰ ਗੁਰੂ ਸਾਹਿਬ ਨੇ ਮਨ ਦੀ ਨਿਰਮਲਤਾ ਬਿਨਾ, ਕੇਵਲ ਤਨ ਦਾ ਸਨਾਨ ਪਰਮਾਰਥ ਦਾ ਸਹਾਇਕ ਨਹੀਂ ਦੱਸਿਆ.

"ਕਰਿ ਇਸਨਾਨ ਸਿਮਰਿ ਪ੍ਰਭੁ ਅਪਨਾ ਤਨ ਮਨ ਭਏ ਅਰੋਗਾ." (ਸੋਰ ਮਃ ੫) ਵਿਸ਼ੇਸ਼ ਨਿਰਣੇ ਲਈ ਦੇਖੋ, ਨਾਮ ਦਾਨ

ਇਸਨਾਨ.

ਵਰਤਮਾਨ ਸਮੇਂ ਬਿਜਲੀ, ਧੁੱਪ, ਭਾਪ, ਚਿੱਕੜ ਅਤੇ ਔਖਧਾਂ ਨਾਲ ਮਿਲੇ ਜਲ ਆਦਿਕ ਦੇ ਸਨਾਨਾਂ ਤੋਂ ਕਈ ਅਸਾਧ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ.

ਇਸਨਾਨੀ: ਸੰ. स्नानिन. ਵਿ- ਸਨਾਨ ਕਰਨ (ਨ੍ਹਾਉਣ) ਵਾਲਾ। ੨. ਸਾਫ ਰਹਿਣ ਵਾਲਾ.

ਇਸਨਾਨੁ: ਦੇਖੋ, ਇਸਨਾਨ. "ਇਸਨਾਨੁ ਕਰਹਿ ਦਿਨੁ ਰਾਤੀ." (ਮਾਝ ਅਃ ਮਃ ੩)

ਇਸਪਾਤ: ਦੇਖੋ, ਅਸਪਾਤ.

ਇਸਮ: ਅ਼. اِسم ਇਸਮ ਸੰਗਯਾ- ਨਾਉਂ ਨਾਮ। ੨. ਪਾਰਬ੍ਰਹਮ ਦਾ ਇੱਕ ਨਾਉਂ. ਦੇਖੋ, ਤਸਬੀ.

ਇਸਮਾਈਲ: ਦੇਖੋ, ਇਬਰਾਹੀਮ.

ਇਸ਼ਰਤ, ਇ਼ਸ਼ਰਤ: ਅ਼. عِشرت ਐ਼ਸ਼ ਕਰਨ ਦਾ ਭਾਵ। ੨. ਮਿਲਕੇ ਜ਼ਿੰਦਗੀ ਵਿਤਾਉਣ ਦੀ ਕ੍ਰਿਯਾ.

ਇਸਰਾਈਲ: ਅ਼. اِسرائیل ਵਿ- ਇਸਰਾ (ਚੁਣਿਆ ਹੋਇਆ) ਈਲ (ਖ਼ੁਦਾ) ਦਾ ਖ਼ੁਦਾ ਦਾ ਚੁਣਿਆ ਹੋਇਆ. ਇਬਰਾਨੀ (ਹੀਬਰੂ) ਭਾਸ਼ਾ ਵਿੱਚ ਇਸਰਾਈਲ ਦਾ ਅਰਥ ਖ਼ੁਦਾ ਦਾ ਸੱਚਾ ਦੋਸ੍ਤ ਭੀ ਹੈ। ੨. ਸੰਗਯਾ- ਇਹ ਯਅ਼ਕੂਬ ਦਾ ਦੂਜਾ ਨਾਉਂ ਹੈ, ਜਿਸ ਤੋਂ ਇਸਰਾਈਲ ਵੰਸ਼ ਚੱਲਿਆ ਹੈ. ਦੇਖੋ, ਇਬਰਾਹੀਮ ਅਤੇ ਯਕੂਬ.

ਇਸਰਾਸਤ੍ਰ: ਦੇਖੋ, ਈਸਰਾਸਤ੍ਰ.

ਇਸਰਾਫ਼ੀਲ: ਦੇਖੋ, ਫ਼ਰਿਸ਼ਤਾ.

ਇਸਰਾਰ: ਸੰਗਯਾ- ਹਠ. ਦੇਖੋ, ਅਸਰਾਰ ਸ਼ਬਦ.

ਇਸਲਾਹ: ਅ਼. اِصلاح ਇਸਲਾਹ. ਸੰਗਯਾ- ਦੁਰੁਸ੍ਤੀ. ਸ਼ੋਧਨ.

ਇਸਲਾਮ: ਅ਼. اِسلام ਸੰਗਯਾ- ਤਰਕ. ਤਯਾਗ। ੨. ਸਿਰ ਝੁਕਾਉਣਾ। ੩. ਖ਼ੁਦਾ ਦੀ ਰਜਾ ਨੂੰ ਸਲਮ (ਅੰਗੀਕਾਰ) ਕਰਨਾ, ਅਰਥਾਤ ਭਾਣਾ ਮੰਨਣਾ। ੪. ਪੈਗੰਬਰ ਮੁਹੰਮਦ ਨੇ ਆਪਣੇ ਦੀਨ ਦਾ ਨਾਉਂ "ਇਸਲਾਮ" ਰੱਖਿਆ ਹੈ, ਜਿਸ ਦੇ ਧਾਰਣ ਵਾਲਾ "ਮੁਸਲਿਮ" ਅਥਵਾ ਮੁਸਲਮਾਨ ਸੱਦੀਦਾ ਹੈ. ਇਸਲਾਮ ਦੇ ਪੰਜ ਨਿਯਮ ਹਨ-

(ੳ) ਇੱਕ ਖ਼ੁਦਾ ਦਾ ਮੰਨਣਾ.

(ਅ) ਪੰਜ ਵੇਲੇ ਨਮਾਜ਼ ਪੜ੍ਹਨੀ.

(ੲ) ਜ਼ਕਾਤ ਦੇਣੀ.

(ਸ) ਰਮਜ਼ਾਨ ਵਿੱਚ ਰੋਜ਼ੇ ਰਖਣੇ.

(ਹ) ਕਾਬੇ ਦਾ ਹੱਜ ਕਰਨਾ.

ਇਨ੍ਹਾਂ ਨਿਯਮਾਂ ਤੋਂ ਛੁੱਟ, ਜੋ ਰਸੂਲ ਮੁਹੰਮਦ, ਖ਼ੁਦਾ ਦੇ ਫ਼ਰਿਸ਼ਤੇ, ਇਲਹਾਮੀ ਕਿਤਾਬ ਕੁਰਾਨ, ਅਖ਼ੀਰੀ ਫ਼ੈਸਲੇ ਦਾ ਦਿਨ ਅਤੇ ਖ਼ੁਦਾ ਦਾ ਵਿਸ਼੍ਵਾਸੀ ਹੈ, ਓਹ ਮੁਸਲਮਾਨ ਹੈ, ਅਤੇ ਉਸੇ ਨੂੰ "ਮੋਮਿਨ" (مومِن) ਆਖਦੇ ਹਨ, ਜਿਸ ਦਾ ਅਰਥ ਹੈ ਸ਼੍ਰੱਧਾਵਾਨ.

ਇਸਲਾਮ ਖ਼ਾਂ: ਇਹ ਕਾਬੁਲ ਦੇ ਮੌਲਵੀਜ਼ਾਦਿਆਂ ਵਿੱਚੋਂ ਸ਼ਫ਼ੀ ਖ਼ਾਂ ਦਾ ਪੁਤ੍ਰ ਬਹਾਦੁਰ ਸ਼ਾਹ ਦੇ ਵੇਲੇ ਲਹੌਰ ਦਾ ਗਵਨਰ ਸੀ. ਜਦ ਬੰਦੇ ਦੇ ਪੰਜਾਬ ਵਿੱਚ ਆਉਣ ਤੋਂ ਮਾਝੇ ਦੇ ਸਿੱਖ ਉਠ ਪਏ, ਤਾਂ ਇਹ ਸੂਬੇਦਾਰ ਪਹਿਲਾਂ ਤਾਂ ਲਹੌਰ ਵਿੱਚ ਹੀ ਦਬਕਿਆ ਰਿਹਾ, ਪਰ ਜਦ ਮੁਲਾਣਿਆਂ ਨੇ 'ਹੈਦਰੀ ਝੰਡਾ' ਖੜਾ ਕਰ ਦਿੱਤਾ, ਤਾਂ ਇਸ ਨੇ ਭੀ ਔਖੇ ਸੌਖੇ ਸਿੱਖਾਂ ਦੇ ਟਾਕਰੇ ਲਈ ਫੌਜਾਂ

ਤੋਰ ਦਿੱਤੀਆਂ, ਪਰ ਸਾਵਣ ਸੰਮਤ ੧੭੬੭ ਵਿੱਚ ਹਾਰ ਖਾਧੀ. ਇਸ ਦਾ ਦੇਹਾਂਤ ਸੰਮਤ ੧੭੬੮ ਵਿੱਚ ਲਹੌਰ ਹੋਇਆ. ਕਈ ਲੇਖਕਾਂ ਨੇ ਇਸੇ ਨੂੰ ਅਸਲਮ ਖ਼ਾਂ ਅਤੇ ਮੁਸਲਿਮ ਖ਼ਾਂ ਲਿਖਿਆ ਹੈ.

ਇਸਲਾਮ ਦੇ ਫ਼ਿਰਕੇ: ਹਦੀਸ ਤਿਰਮਜ਼ੀ ਵਿੱਚ ਲੇਖ ਹੈ ਕਿ ਉਹ ਮੁਹੰਮਦ ਸਾਹਿਬ ਨੇ ਫਰਮਾਇਆ ਕਿ ਬਨੀ ਇਸਰਾਈਲ ਦੇ ਬਹੱਤਰ ਫਿਰਕੇ ਹੋ ਗਏ ਹਨ, ਪਰ ਮੇਰੀ ਉੱਮਤ ਦੇ ਤਿਹੱਤਰ ਹੋਣਗੇ, ਪਰੰਤੂ ਇੱਕ ਤੋਂ ਛੁੱਟ ਬਾਕੀ ਸਭ ਨਰਕ ਵਿੱਚ ਜਾਣਗੇ. ਪੁੱਛਣ ਤੋਂ ਦੱਸਿਆ ਕਿ ਬਹਿਸ਼ਤ ਵਿੱਚ ਜਾਣ ਵਾਲਾ ਉਹ ਫਿਰਕਾ ਹੋਊ, ਜੋ ਮੇਰੀ ਅਤੇ ਮੇਰੇ ਸਹ਼ਾਬ ਦੀ ਰੀਤਿ ਤੇ ਚਲੇਗਾ. ਸੁੰਨੀ ਖ਼ਿਆਲ ਕਰਦੇ ਹਨ ਕਿ ਫਿਰਕਾ ਸੁੰਨੀ ਹੈ.

ਸੁੰਨੀਆਂ ਨੂੰ ਛੱਡਕੇ ਇਸਲਾਮ ਦੇ ਬਹੱਤਰ ਫ਼ਿਰਕੇ ਇਹ ਹਨ, ਜੋ ਮੁੱਖ ਅੱਠ ਜਮਾਤਾਂ ਵਿੱਚ ਵੰਡੇ ਹੋਏ ਹਨ-

(ੳ) ਮੁਅ਼ਤਜ਼ਿਲਹ. (ਅ) ਸ਼ੀਅ਼ਹ. (ੲ) ਖ਼ਵਾਰਿਜ. (ਸ) ਮੁਰਜੀਯਹ. (ਹ) ਨੱਜਾਰੀਯਹ. (ਕ) ਜਬਰੀਯਹ. (ਖ) ਕ਼ਦਰੀਯਹ. (ਗ) ਮੁਸ਼ੱਬੀਹ. ਇਨ੍ਹਾਂ ਅੱਠਾਂ ਦਾ ਨਿਰਣਾ ਇਉਂ ਹੈ-

(ੳ) ਪਹਿਲਾ ਫ਼ਿਰਕ਼ਹ ਮੁਅ਼ਤਜ਼ਿਲਹ مُعتزلہ ਇਸ ਦਾ ਮੁਖੀਆ ਵਾਸਿਲ ਬਿਨ ਅ਼ਤ਼ਾ ਹੈ, ਜਿਸ ਨੇ ਹਿਜਰੀ ਦੂਜੀ ਸਦੀ ਵਿੱਚ ਆਪਣਾ ਮਤ ਚਲਾਇਆ. ਇਸ ਦਾ ਜਨਮ ਮਦੀਨੇ ਸਨ ਹਿਜਰੀ ੮੦ ਵਿੱਚ ਅਤੇ ਦੇਹਾਂਤ ੧੩੧ ਵਿੱਚ ਹੋਇਆ. ਮੁਅ਼ਤਜ਼ਿਲਹ ਦਾ ਅਰਥ ਹੈ ਕਿਨਾਰਾ ਕਰਨ ਵਾਲਾ, ਸੋ ਵਾਸਿਲ ਨੇ ਇਮਾਮ ਬਸਰੀ ਤੋਂ ਕਿਨਾਰਾ ਕਰਕੇ ਆਪਣਾ ਫਿਰਕਾ ਵੱਖਰਾ ਥਾਪਿਆ. ਇਸ ਮੁਅ਼ਤਜ਼ਿਲਹ ਫਿਰਕੇ ਦੇ ਇਹ ਭੇਦ ਹੋ ਗਏ ਹਨ.

(੨) ਵਾਸਿਲੀਯਹ واصلیہ ਇਸ ਮਤ ਅਨੁਸਾਰ ਆਦਮੀ ਕਰਮ ਕਰਨ ਵਿੱਚ ਸ੍ਵਤੰਤ੍ਰ ਹੈ. ਖ਼ੁਦਾ ਦੀ ਕੇਵਲ ਜਾਤ ਹੈ. ਸਿਫ਼ਾਤ ਕੋਈ ਨਹੀਂ.

(੩) ਅ਼ਮਰੀਯਹ. عمریہ ਇਹ ਫ਼ਿਰਕ਼ਾ ਅ਼ਮਰ ਬਿਨ ਅ਼ਬੀਦ ਨੇ ਕਾਇਮ ਕੀਤਾ.

(੪) ਹੁਜ਼ੈਲੀਯਹ ہُزیلیہ ਇਸ ਦਾ ਬਾਨੀ ਅਬੂ ਹੁਜ਼ੈਲ ਹੈ. ਇਸ ਫਿਰਕੇ ਦਾ ਨਿਸ਼ਚਾ ਹੈ ਕਿ ਮੌਤ ਦਾ ਵੇਲਾ ਖੁਦਾ ਵੱਲੋਂ ਹਰੇਕ ਦਾ ਖਾਸ ਨਿਯਤ ਕੀਤਾ ਗਿਆ ਹੈ.

(੫) ਨੱਜਾਮੀਯਹ نّضامیہ ਇਹ ਮਤ ਇਬਰਾਹੀਮ ਇਬਨ ਸੱਯਾਰ ਨਜਾਮ ਦਾ ਚਲਾਇਆ ਹੋਇਆ ਹੈ.

(੬) ਅਸਵਾਰੀਯਹ اسواریہ ਇਹ ਮਤ ਅਬੂ ਅ਼ਲੀ. ਉਮਰ ਬਿਨ ਕ਼ਾਯਦ ਅਸਵਾਰੀ ਦਾ ਪੈਰੋ ਹੈ.

(੭) ਇਸਕਾਫ਼ੀਯਹ إسکافیہ ਅਬੂਜਾਫ਼ਰ ਮੁਹੰਮਦ ਇਬਨ ਅ਼ਬਦੁੱਲਾ ਇਸਕਾਫ਼ੀ ਦਾ ਚਲਾਇਆ ਮਤ. ਇਸ ਅਨੁਸਾਰ ਖੁਦਾ ਆ਼ਕਿ਼ਲ ਆਦਮੀ ਪੁਰ ਸਖਤੀ ਨਹੀਂ ਕਰਦਾ.

(੮) ਜਅ਼ਫ਼ਰੀਯਹ جعفریہ ਇਸ ਦਾ ਮੁਖੀਆ ਜਅ਼ਫ਼ਰ ਬਿਨ ਮੁਬੱਸ਼ਿਰ ਹੈ. ਇਸ ਮਤ ਅਨੁਸਾਰ ਸ਼ਰਾਬ ਪੀਣ ਵਾਲੇ ਨੂੰ ਕੋਈ ਦੰਡ ਨਹੀਂ, ਪਰ ਚੋਰੀ ਕਰਨ ਤੋਂ ਈਮਾਨ ਜਾਂਦਾ ਰਹਿੰਦਾ ਹੈ.

(੯) ਬਿਸ਼ਰੀਯਹ بشریہ ਇਸ ਦਾ ਮੁਖੀਆ ਬਿਸ਼ਰ ਬਿਨ ਮੁਅ਼ਤਮਿਰ ਹੈ.

(੧੦) ਮਿਜ਼ਵਾਰੀਯਹ مزواریہ ਇਹ ਮਤ ਅਬੂ ਮੂਸਾ ਮਿਜ਼ਵਾਰ ਤੋਂ ਚੱਲਿਆ ਹੈ.

(੧੧) ਹਿਸ਼ਾਮੀਯਹ ہشامیہ ਇਹ ਫਿਰਕਾ ਹਿਸ਼ਾਮ ਬਿਨ ਅ਼ਮਰ ਤੋਂ ਚੱਲਿਆ ਹੈ. ਇਹ ਮਤ ਪੈਗੰਬਰਾਂ ਦੀਆਂ ਕਰਾਮਾਤਾਂ ਨਹੀਂ ਮੰਨਦਾ.

(੧੨) ਹ਼ਾਬਿੱਤ਼ੀਯਹ حابطّیہ ਅਹ਼ਮਦ ਬਿਨ ਹ਼ਾਬਿਤ਼ ਤੋਂ ਇਹ ਫ਼ਿਰਕ਼ਾ ਤੁਰਿਆ ਹੈ. ਇਹ ਈਸਾ ਨੂੰ ਖ਼ੁਦਾ ਦਾ ਬੇਟਾ ਈਸਾਈਆਂ ਵਾਂਙ ਮੰਨਦਾ ਹੈ.

(੧੩) ਹ਼ਦਸਿਯਹ صالحیہ ਇਹ ਮਤ ਫ਼ਜਲ ਹਦਸੀ ਤੋਂ ਹੈ. ਇਸ ਫ਼ਿਰਕੇ. ਦੇ ਲੋਕ ਆਵਾਗੌਣ ਮੰਨਦੇ ਹਨ.

(੧੪) ਸਾਲਿਹ਼ੀਯਹ معمریہ ਇਹ ਫ਼ਿਰਕ਼ਾ ਸਾਲਿਹ਼ ਬਿਨ. ਉਮਰ ਦਾ ਪੈਰੋ ਹੈ. ਇਸ ਵਿੱਚ ਨੇਕ ਅਤੇ ਬਦ ਕਰਮਾਂ ਦੇ ਪੈਦਾ ਕਰਨੇ ਵਾਲਾ ਬੰਦੇ ਨੂੰ ਮੰਨਿਆ ਹੈ. ਖ਼ੁਦਾ ਦਾ ਇਸ ਨਾਲ ਕੋਈ ਸੰਬੰਧ ਨਹੀਂ.

(੧੫) ਮਅ਼ਮਰੀਯਹ شمامیہ ਮਅ਼ਮਰ ਬਿਨ ਅ਼ਬਾਦ ਸਲਮੀ ਦਾ ਚਲਾਇਆ ਮਤ, ਜੋ ਈਸ਼੍ਵਰ ਦੇ ਗੁਣ ਬੰਦੇ ਵਿੱਚ ਭੀ ਹੋਣੇ ਮੁਮਕਿਨ ਮੰਨਦਾ ਹੈ.

(੧੬) ਸ਼ਮਾਮੀਯਹ خزّاطیہ ਸ਼ਮਾਮ ਬਿਨ ਅਸ਼ਰਸ ਨਮੀਰੀ ਦੇ ਪੈਰੋ. ਇਸ ਮਤ ਅਨੁਸਾਰ ਨਾਸ੍ਤਿਕ ਲੋਕਾਂ ਨੂੰ ਕ਼ਿਆਮਤ ਵੇਲੇ ਕੁਝ ਦੰਡ ਨਹੀਂ ਮਿਲੇਗਾ.

(੧੭) ਖ਼ੱਯਾਤ਼ੀਯਹ جارحضیہ ਅੱਬੁਲਹੁਸੈਨ ਬਿਨ ਅਬੀ. . ਉਮਰ ਖ਼ੱਯਾਤ਼ ਦਾ ਚਲਾਇਆ ਮਤ. ਇਸ ਅਨੁਸਾਰ ਬੰਦਾ ਕਰਮਾਂ ਦੇ ਕਰਨ ਵਿੱਚ ਸ੍ਵਤੰਤ੍ਰ ਹੈ.

(੧੮) ਜਾਹ਼ਿਜ਼ੀਯਹ. جاحضیہ ਅਬੂ. . ਉਮਰਾਨ ਜਾਹ਼ਿਜ਼ ਦਾ ਚਲਾਇਆ ਮਤ, (ਜਿਸ ਦਾ ਦੇਹਾਂਤ ੨੫੫ ਹਿਜਰੀ ਵਿੱਚ ਹੋਇਆ ਹੈ).

(੧੯) ਕਅ਼ਬੀਯਹ کعبیہ ਅੱਬੁਲ ਕ਼ਾਸਿਮ ਕਅ਼ਬੀ ਦਾ ਮਤ. ਇਸ ਅਨੁਸਾਰ ਅੱਲਾ ਨੂੰ ਕੋਈ ਸੰਕਲਪ ਨਹੀਂ ਫੁਰਦਾ, ਪਰ ਉਸ ਤੋਂ ਅਨੇਕ ਕਰਮ ਅਨਿੱਛਿਤ ਹੀ ਹੋ ਜਾਂਦੇ ਹਨ.

(੨੦) ਜਬਾਈਯਹ جبائیہ ਅਬੂ ਅ਼ਲੀ ਮੁਹ਼ੰਮਦਬਿਨ ਬਿਨ ਅ਼ਬਦੁਲ ਵਹਾਬ ਜਬਾਈ ਦਾ, (ਜਿਸ ਦਾ ਦੇਹਾਂਤ ੩੦੩ ਹਿਜਰੀ ਵਿੱਚ ਹੋਇਆ ਹੈ) ਚਲਾਇਆ ਮਤ.

(੨੧) ਬੁਹੱਸ਼ਮੀਯਹ بُہّصمیہ ਅਬੂ ਅ਼ਲੀ ਜਬਾਈ ਦੇ ਪੁਤ੍ਰ ਅਬੂ ਹਾਸ਼ਿਮ ਅ਼ਬਦੁਲ ਸਲਾਮ ਦਾ ਪੈਰੋ ਫ਼ਿਰਕ਼ਾ.

(ਅ) ਸ਼ੀਅ਼ਹ شعہ ਇਹ ਫ਼ਿਰਕ਼ਾ ਮੁਹੰਮਦ ਸਾਹਿਬ ਦਾ ਅਸਲ ਜਾਨਸ਼ੀਨ ਇਮਾਮ ਅਲੀ ਨੂੰ ਮੰਨਦਾ ਹੈ, ਬਾਕੀ ਇਮਾਮ ਆਪਣੇ ਆਪ ਬਣੇ ਆਗੂ ਹਨ. ਇਸ ਮਤ ਦਾ ਪ੍ਰਚਾਰਕ ਅ਼ਬਦੁੱਲਾ ਬਿਨ ਸਬਾ ਹੈ, ਜਿਸ ਦਾ ਵਿਸ਼੍ਵਾਸ ਸੀ ਕਿ ਹਜਰਤ ਅਲੀ ਮੋਏ ਨਹੀਂ, ਅਤੇ ਮੁਹੰਮਦ ਸਾਹਿਬ ਫੇਰ ਦੁਨੀਆਂ ਵਿੱਚ ਆਉਣਗੇ. ਸ਼ੀਅ਼ਹ ਮਤ ਦੇ ਅੱਗੇ ਅਨੇਕ ਭੇਦ ਹੋ ਗਏ ਹਨ-

(੨) ਕਾਮਲੀਯਹ کاملیہ ਅਬੂ ਕਾਮਿਲ ਦੇ ਪੈਰੋ. ਇਹ ਮੁਹੰਮਦ ਸਾਹਿਬ ਦੇ ਤਿੰਨ ਯਾਰਾਂ ਨੂੰ ਕਾਫਿਰ ਮੰਨਦੇ ਹਨ. ਆਵਾਗੌਣ ਦੇ ਵਿਸ਼੍ਵਾਸੀ ਹਨ, ਅਤੇ ਪੈਗੰਬਰਾਂ ਵਿੱਚ ਖ਼ੁਦਾ ਦੀ ਰੂਹ ਜਾਣਦੇ ਹਨ.

(੩) ਮੁਗ਼ੀਰੀਯਹ مُغیریہ ਮੁਗ਼ੀਰਹ ਬਿਨ ਸਈ਼ਦ ਇਜਲੀ ਦਾ ਮਤ. ਇਹ ਲੋਕ ਅੱਲਾ ਨੂੰ ਹਿੰਦੂਆਂ ਦੇ ਵਿਸ਼ਨੁ ਵਾਙ ਇੱਕ ਖਾਸ ਮੂਰਤਿ ਵਾਲਾ ਮੰਨਦੇ ਹਨ.

(੪) ਬਨਾਨੀਯਹ بنانیہ ਬਨਾਨ ਬਿਨ ਸਮਅ਼ਾਨ ਦੇ ਪੈਰੋ. ਇਹ ਅੱਲਾ ਅਤੇ ਅ਼ਲੀ ਵਿੱਚ ਭੇਦ ਨਹੀਂ ਮੰਨਦੇ.

(੫) ਜਨਾਹ਼ੀਯਹ جناحیہ ਅ਼ਬਦੁੱਲਾ ਬਿਨ ਮੁਆ਼ਵੀਯਹ ਦੇ, (ਜੋ ਆਪਣੇ ਵਿੱਚ ਖ਼ੁਦਾ ਦੀ ਰੂਹ ਮੰਨਦਾ ਸੀ) ਪੈਰੋ. ਇਹ ਲੋਕ ਕ਼ਿਆਮਤ ਨਹੀਂ ਮੰਨਦੇ.

(੬) ਮਨਸੂਰੀਯਹ منصریہ ਅਬੂ ਮਨਸੂਰ ਇ਼ਜਲੀ ਦਾ ਚਲਾਇਆ ਮਤ.

(੭) ਖ਼ੱਤ਼ਾਬੀਯਹ خطّابیہ ਅ਼ਬਦੁਲ ਖ਼ੱਤ਼ਾਬ ਦੇ ਵਿਸ਼੍ਵਾਸੀ ਲੋਕ, ਜੋ ਹਜਰਤ ਅਲੀ ਦੀ ਔਲਾਦ ਵਿੱਚ ਨਬੀਆਂ ਦਾ ਸਿਲਸਿਲਾ ਮੰਨਦੇ ਹਨ.

(੮) ਕੈਸਾਨੀਯਹ کیسانیہ ਕੈਸਾਨ ਹਜਰਤ ਅਲੀ ਦਾ ਗੁਲਾਮ ਸੀ, ਉਸ ਨੇ ਆਪਣੇ ਮਤ ਦੀ ਨਿਉਂ ਹਿਜਰੀ ਸਨ ੬੪ ਵਿੱਚ ਰੱਖੀ.

(੯) ਮੁਖ਼ਤਾਰਿਯਹ مقتاریہ ਮੁਖ਼ਤਾਰ ਬਿਨ ਅਬੂ ਅ਼ਬੈਦੁੱਲਾ, ਜਿਸ ਨੇ ਸਨ ੬੬ ਹਿਜਰੀ ਵਿੱਚ ਇਮਾਮ ਹੁਸੈਨ ਦਾ ਬਦਲਾ ਲੈਣ ਲਈ ਘੋਰ ਯੁੱਧ ਕੀਤਾ ਅਤੇ ਹੁਸੈਨ ਦੇ ਕਾਤਿਲਾਂ ਨੂੰ ਮਾਰਿਆ, ਅਤੇ ਮੁਹੱਰਮ ਵਿੱਚ ਤਾਜੀਆ (ਤਅ਼ਜ਼ੀਯਹ) ਕੱਢਣ ਦੀ ਰਸਮ ਥਾਪੀ, ਉਸ ਦਾ ਚਲਾਇਆ ਮਤ.

(੧੦) ਕੁਰੈਬੀਯਹ كريبيه ਅਬੂ ਕੁਰੈਬ ਜਰੀਰ ਦੇ ਚੇਲੇ.

(੧੧) ਇਸਹ਼ਾਕ਼ੀਯਹ اسحقيه ਇਸਹ਼ਾਕ਼ ਬਿਨ. ਉਮਰ ਦੇ ਪੈਰੋ.

(੧੨) ਹ਼ਰਬੀਯਹ حربيه ਅ਼ਬਦੁੱਲਾ ਬਿਨ ਹ਼ਰਬ ਦਾ ਚਲਾਇਆ ਮਤ.

(੧੩) ਇਸਮਾਈ਼ਲੀਯਹ اماعيليه ਇਮਾਮ ਜਅ਼ਫਰ ਸਾਦਿਕ਼ ਦੇ ਚੇਲਿਆਂ ਦਾ ਮਤ.

(੧੪) ਕ਼ਿਰਾਮਤ਼ਹ قرامطه ਹ਼ਮਦਾਨ ਕ਼ਿਰਮਤ਼ ਦਾ ਥਾਪਿਆ ਮਤ, ਜੋ ੨੬੪ ਸਨ ਹਿਜਰੀ ਵਿੱਚ ਕਾਇਮ ਹੋਇਆ.

(੧੫) ਮੂਸੂਵੀਯਹ مؤسؤويه ਇਮਾਮ ਮੂਸਾ ਕਾਜਿਮ ਦਾ ਚਲਾਇਆ ਫਿਰਕਾ.

(੧੬) ਮਹਦਵੀਯਹ مہدويه. ਉਬੈਦੁੱਲਾ ਦਾ, ਜੋ ਆਪਣੇ ਤਾਈਂ ਇਮਾਮ ਮਹਦੀ ਪ੍ਰਗਟ ਕਰਦਾ ਸੀ, ਚਲਾਇਆ ਮਤ.

(੧੭) ਜ਼ੈਦੀਯਹ زيديه ਇਮਾਮ ਹੁਸੈਨ ਦੇ ਪੋਤੇ ਜ਼ੈਦ ਨੂੰ ਆਪਣਾ ਇਮਾਮ ਮੰਨਣ ਵਾਲੇ. ਜ਼ੈਦ ਸਨ ੧੨੧ ਹਿਜਰੀ ਵਿੱਚ ਖ਼ਲੀਫ਼ਾ ਹਸ਼ਾਮ ਨਾਲ ਲੜਕੇ ਸ਼ਹੀਦ ਹੋਇਆ ਸੀ.

(੧੮) ਇਸ਼ਨਾਅ਼ਸ਼ਰੀਯਹ اسناعشريه ਇਸ ਫਿਰਕੇ ਦਾ ਦੂਜਾ ਨਾਉਂ ਇਮਾਮੀਯਹ ਹੈ. ਇਸ ਮਤ ਦੇ ਲੋਕ ਸਭ ਤੋਂ ਆਖਿਰੀ ਇਮਾਮ, ਮੁਹੰਮਦ ਮਹਦੀ ਨੂੰ ਮੰਨਦੇ ਹਨ, ਜੋ ੨੫੫ ਹਿਜਰੀ ਵਿੱਚ ਪੈਦਾ ਹੋਇਆ ਸੀ. ਇਸ ਮਤ ਦਾ ਯਕ਼ੀਨ ਹੈ ਕਿ ਮਹਦੀ ਅਜੇ ਭੀ ਜਿਉਂਦਾ ਹੈ, ਪਰ ਗੁਪਤ ਹੈ, ਅਤੇ ਕ਼ਿਆਮਤ ਵੇਲੇ ਪ੍ਰਗਟ ਹੋਵੇਗਾ.

(੧੯) ਹ਼ਸਨੀਯਹ حسنيه ਇਹ ਫ਼ਿਰਕ਼ਾ ਸਨ ੧੯੫ ਹਿਜਰੀ ਵਿੱਚ ਕ਼ਾਇਮ ਹੋਇਆ ਹੈ.

(੨੦) ਨੁਅ਼ਮਾਨੀਯਹ نعمانيه ਮੁਹੰਮਦ ਬਿਨ ਅ਼ਲੀ ਬਿਨ ਨੁਅ਼ਮਾਨ ਦੇ ਪੈਰੋ ਲੋਕ. ਸੁੰਨੀ ਇਸ ਫਿਰਕੇ ਨੂੰ ਸ਼ੈਤ਼ਾਨੀਯਹ ਭੀ ਆਖਦੇ ਹਨ. ਇਹ ਮਤ ਸਨ ੧੧੩ ਹਿਜਰੀ ਵਿੱਚ ਕ਼ਾਇਮ ਹੋਇਆ ਹੈ.

(੨੧) ਬਦਾਈਯਹ بدائيه ਬਦ ਦਾ ਅਰਥ ਹੈ ਨਵੀਂ ਗੱਲ ਦਾ ਮਾਲੂਮ ਹੋਣਾ. ਇਹ ਮਤ ਨਵੀਂ ਕਾਢ ਦਾ ਪ੍ਰੇਮੀ ਹੈ. ਇਸ ਦਾ ਨਿਸ਼ਚਾ ਹੈ ਕਿ ਖ਼ੁਦਾ ਭੀ ਨਵੀਂ ਬਾਤ ਮਾਲੂਮ ਕਰਕੇ ਪਿਛਲੀ ਤੇ ਪਸ਼ ਾਤਾਪ ਕਰ ਸਕਦਾ ਹੈ.

(੨੨) ਹ਼ਕਮੀਯਹ حكميه ਹਸ਼ਾਮ ਬਿਨ ਹੁਕਮ ਕਿੰਦੀ ਦਾ ਅਨੁਗਾਮੀ (ਪੈਰੋ) ਪੰਥ. ਇਸ ਮਤ ਦੇ ਲੋਕ ਖ਼ੁਦਾ ਨੂੰ ਚਾਂਦੀ ਜੇਹਾ ਉੱਜਲ ਮੂਰਤਿਧਾਰੀ ਮੰਨਦੇ ਹਨ.

(੨੩) ਮੁਕ਼ੰਨਈ਼ਯਹ مقنعيه ਇਹ ਫ਼ਿਰਕ਼ਾ ਇਬਨ ਮੁਕ਼ੰਨਅ਼ ਤੋਂ ਸਨ ੨੭੮ ਹਿਜਰੀ ਵਿੱਚ ਚੱਲਿਆ ਹੈ. ਇਹ ਲੋਕ ਆਪਣੇ ਪੇਸ਼ਵਾ ਨੂੰ ਖ਼ੁਦਾ ਦਾ ਰੂਪ ਜਾਣਦੇ ਹਨ.

(੨੪) ਨਸੀਰੀਯਹ نصيريه ਮੁਹੰਮਦ ਬਿਨ ਨਸੀਰ ਫ਼ਹਰੀ ਦੀ ਪੈਰੋ ਜਮਾਤ, ਜੋ ਹਜਰਤ ਅਲੀ ਦੇ ਜਿਸਮ ਵਿੱਚ ਖ਼ੁਦਾ ਨੂੰ ਦਾਖਿਲ ਮੰਨਦੀ ਹੈ.

(ੲ) ਖ਼ਵਾਰਿਜ خوارج ਇਸ ਫ਼ਿਰਕੇ. ਦਾ ਨਾਉਂ ਖ਼ਾਰਜੀਯਹ, ਨਵਾਸਿਵ ਅਤੇ ਨਾਸਿਬੀਯਹ ਭੀ ਹੈ. ਜਿਸ ਵੇਲੇ ਹਜਰਤ ਅਲੀ ਅਮੀਰ ਮਆ਼ਵੀਯਹ ਨਾਲ ਜੰਗ ਕਰ ਰਹੇ ਸਨ, ਉਸ ਵੇਲੇ ਕੁਝ ਲੋਗ ਉਨ੍ਹਾਂ ਤੋਂ ਵੱਖ ਹੋ ਗਏ, ਜਿਨ੍ਹਾਂ ਤੋਂ ਇਹ ਫਿਰਕਾ ਕਾਇਮ ਹੋਇਆ. ਇਸ ਦੀਆਂ ਅੱਗੇ ਕਈ ਹੋਰ ਸ਼ਾਖਾਂ ਹੋ ਗਈਆਂ.

(੨) ਮੁਹ਼ੱਕਿਮਹ محكّمه ਅ਼ਬਦੁੱਲਾ ਬਿਨ ਵਾਹਬ ਦਾ ਚਲਾਇਆ ਮਤ. ਇਹ ਇਮਾਮ ਦਾ ਕੇਵਲ. ਕੁਰੈਸ਼ ਵੰਸ਼ ਵਿੱਚ ਹੋਣਾ ਜਰੂਰੀ ਨਹੀਂ ਮੰਨਦਾ. ਇਸ ਮਤ ਅਨੁਸਾਰ ਗੁਨਾਹਾਂ ਨਾਲ ਆਦਮੀ ਪਤਿਤ ਹੀ ਨਹੀਂ ਹੁੰਦਾ, ਕਾਫ਼ਿਰ ਹੋ ਜਾਂਦਾ ਹੈ.

(੩) ਬੈਹਸੀਯਹ بيهسيه ਬੈਹਸ ਬਿਨ ਹੈਸਮ ਦਾ ਪੈਰੋ ਫਿਰਕਾ.

(੪) ਅਜ਼ਾਰਕ਼ਹ ازارقه ਰਬੀ ਰਾਸ਼ਿਦ ਨਾਫ਼ਿਰ ਬਿਨ ਅਜ਼ਰਕ ਦੇ ਪੈਰੋ ਲੋਗ. ਇਹ ਹਜਰਤ ਅ਼ਲੀ ਨੂੰ ਕਾਫਿਰ ਸਮਝਦੇ ਹਨ.

(੫) ਨਜਦਾਤ نجدات ਨਜਦਾ ਬਿਨ ਆ਼ਮਿਰ ਦਾ ਪੈਰੋ ਮਤ.

(੬) ਅਸਫ਼ਰੀਯਹ اصفریہ ਜ਼ਿਆਦ ਬਿਨ ਅਸਫ਼ਰ ਦਾ ਚਲਾਇਆ ਮਤ.

(੭) ਅਬਾਜੀਯਹ اباضیہ ਅ਼ਬਦੁੱਲਾ ਬਿਨ ਅਬਾਜ ਤੋਂ ਚੱਲਿਆ ਫ਼ਿਰਕ਼ਾ.

(ਸ) ਮੁਰਜੀਯਹ مُرجیہ ਹ਼ੱਸਾਨ ਬਿਨ ਬਲਾਲ ਮੁਜ਼ਨੀ ਦਾ ਮਤ. ਇਸ ਦਾ ਨਿਸ਼ਚਾ ਹੈ ਕਿ ਜੋ ਖ਼ੁਦਾ ਅਤੇ ਰਸੂਲ ਤੇ ਭਰੋਸਾ ਕਰਦਾ ਹੈ ਉਸ ਤੋਂ ਕਿਸੇ ਤਰਾਂ ਦੀ ਖ਼ੁਦਾ ਵੱਲੋਂ ਪੁਛ ਗਿੱਛ ਨਹੀਂ ਹੋਊ. ਇਸ ਫ਼ਿਰਕ਼ੇ ਦੇ ਅੱਗੇ ਭੇਦ ਹਨ-

(੨) ਯੂਨਸੀਯਹ زُونشیہ ਯੂਨਸ ਬਿਨ. ਉਮਰ ਨਮੀਰੀ ਦੇ ਪੈਰੋ ਲੋਕ.

(੩). ਉਬੈਦੀਯਹ عُبَیدیہ. ਉਬੈਦ ਮੁਕੱਜਿਬ ਦੇ ਪੈਰੋ. ਇਹ ਖ਼ੁਦਾ ਨੂੰ ਆਦਮੀ ਦੀ ਸੂਰਤ ਦਾ ਸਮਝਦੇ ਹਨ.

(੪) ਗ਼ੱਸਾਨੀਯਹ غّسانیہ ਗ਼ੱਸਾਨ ਬਿਨ ਇਮਾਨ ਕੂਫ਼ੀ ਦੇ ਚੇਲੇ. ਇਹ ਹਜਰਤ ਈਸਾ ਨੂੰ ਪੈਗੰਬਰ ਨਹੀਂ ਮੰਨਦੇ.

(੫) ਸ਼ੌਬਾਨੀਯਹ ثوَبانیہ ਸ਼ੌਬਾਨ ਦੇ ਪੈਰੋ.

(੬) ਸ਼ੌਮਨੀਯਹ ثمنیہ ਅਬੂ ਮਅ਼ਾਜ ਸ਼ੌਮਨੀ ਦੇ ਪੈਰੋ

(੭) ਮੁਰੈਸੀਯਹ مُراسیہ ਬਿਸ਼ਰ ਬਿਨ ਗ਼ਿਆਸ ਮੁਰੈਸੀ ਦੇ ਚੇਲੇ.

(੮) ਗ਼ੀਲਾਨੀਯਹ غیلانیہ ਮਰਵਾਨ ਬਿਨ ਗ਼ੀਲਾਨ ਦਾ ਪੈਰੋ ਪੰਥ.

(੯) ਸ਼ਬੀਬੀਯਹ شبیبیہ ਮੁਹ਼ੰਮਦ ਬਿਨ ਸ਼ਬੀਬ ਦਾ ਮਤ.

(੧੦) ਸ਼ਿਮਰੀਯਹ شمریہ ਅਬੂ ਸ਼ਿਮਰ ਦਾ ਚਲਾਇਆ ਫ਼ਿਰਕ਼ਾ.

(ਹ) ਨੱਜਾਰੀਯਹ نجّاریہ ਹ਼ਸੈਨ ਬਿਨ ਮੁਹ਼ੰਮਦ ਬਿਨ ਅ਼ਬੁਦੁੱਲਾ ਨੱਜਾਰ ਦਾ ਚਲਾਇਆ ਮਤ. ਇਸ ਫਿਰਕੇ ਦੇ ਖਲਾਫ਼ਤ ਸੰਬੰਧੀ ਨਿਯਮ ਸੁੰਨੀਆਂ ਨਾਲ ਮਿਲਦੇ ਹਨ. ਇਸ ਦੇ ਭੇਦ ਹਨ-

(੨) ਬਰਗ਼ੂਸ਼ੀਯਹ برغوُثیہ ਮੁਹ਼ੰਮਦ ਬਿਨ ਈ਼ਸਾ ਬਰਗ਼ੂਸ਼ ਦੇ ਪੈਰੋ ਲੋਕ.

(੩) ਜ਼ਅ਼ਫ਼ਰਾਨੀਯਹ جعفرانیہ ਇਸ ਫ਼ਿਰਕੇ ਦੇ ਮਤ ਅਨੁਸਾਰ ਖ਼ੁਦਾ ਦੀ ਕਲਾਮ ਖ਼ੁਦਾ ਦੀ ਜਾਤ ਤੋਂ ਵੱਖਰੀ ਹੈ.

(੪) ਮੁਸਤਦਰਿਕਹ مُسورکہ ਇਹ ਲੋਕ ਭੀ ਖ਼ੁਦਾ ਦੀ ਕਲਾਮ ਨੂੰ ਪੈਦਾ ਹੋਈ ਮੰਨਦੇ ਹਨ. ਹਿੰਦੂਆਂ ਦੇ ਵੇਦਾਂ ਵਾਂਙ ਨਿੱਤ ਨਹੀਂ ਜਾਣਦੇ.

(ਕ) ਜਬਰੀਯਹ زبریہ ਇਹ ਫਿਰਕਾ ਮੰਨਦਾ ਹੈ ਕਿ ਸ਼ੁਭ ਅਸ਼ੁਭ ਕਰਨ ਵਿੱਚ ਪੁਰਖ ਬੇਵਸ਼ ਹੈ. ਸਭ ਪ੍ਰੇਰਣਾ ਖ਼ੁਦਾ ਵੱਲੋਂ ਹੁੰਦੀ ਹੈ. ਇਸ ਦੇ ਭੇਦ ਹਨ-

(੨) ਜਹਮੀਯਹ جہمیہ ਜਹਮ ਬਿਨ ਸਫ਼ਵਾਨ ਦੇ ਪੈਰੋ ਲੋਕ.

(੩) ਬਕਰੀਯਹ بکریہ ਬਕਰ ਬਿਨ ਉਖ਼ਤ ਦਾ ਮਤ. ਇਸ ਫ਼ਿਰਕੇ ਦੇ ਲੋਕ ਗਠਾ ਅਤੇ ਲਸਨ ਖਾਣਾ ਹਰਾਮ ਜਾਣਦੇ ਹਨ.

(੪) ਜ਼ਿਰਾਰੀਯਹ ضراریہ ਜਰਾਰ ਬਿਨ. ਉਮਰ ਦੇ ਅਨੁਗਾਮੀ (ਪੈਰੋ). ਇਹ ਮੰਨਦੇ ਹਨ ਕਿ ਕ਼ਿਆਮਤ ਦੇ ਦਿਨ ਖ਼ੁਦਾ ਦਾ ਦੀਦਾਰ ਹੋਵੇਗਾ, ਪਰੰਤੂ ਇਨ੍ਹਾਂ ਅੱਖਾਂ ਨਾਲ ਨਹੀਂ, ਉਹ ਹੋਰ ਨੇਤ੍ਰ ਹੋਣਗੇ.

(ਖ) ਕ਼ਦਰੀਯਹ مُشّبیہ ਮਅ਼ਬਿਦ ਬਿਨ ਖ਼ਾਲਾ ਜਹਨੀ ਦਾ ਚਲਾਇਆ ਮਤ. ਇਸ ਦਾ ਨਿਸ਼ਚਾ ਹੈ ਕਿ ਸ਼ੁਭ ਅਸ਼ੁਭ ਕਰਮ ਜੀਵ ਆਪ ਕਰਦਾ ਹੈ, ਖ਼ੁਦਾ ਦਾ ਇਸ ਵਿੱਚ ਕੋਈ ਦਖ਼ਲ ਨਹੀਂ. ਮਅ਼ਬਿਦ ਨੇ ਆਪਣੇ ਮਤ ਦਾ ਬਸਰੇ ਵਿੱਚ ਬਹੁਤ ਪ੍ਰਚਾਰ ਕੀਤਾ, ਅਤੇ ਸਨ ੯੦ ਹਿਜਰੀ ਵਿੱਚ ਉਸ ਥਾਂ ਦੇ ਗਵਰਨਰ ਨੇ ਇਸ ਨੂੰ ਸਲੀਬ ਤੇ ਚੜ੍ਹਾਕੇ ਮਾਰਿਆ.

(ਗ) ਮੁਸ਼ੱਬੀਹਃ إشرت ਇਹ ਫ਼ਿਰਕ਼ਾ ਆਦਮੀ ਸਮਾਨ ਦੇਖਣ, ਬੋਲਣ, ਸੁਣਨ ਵਾਲਾ ਖ਼ੁਦਾ ਨੂੰ ਜਾਣਦਾ ਹੈ. ਆਦਮੀ ਦੀ ਮੁਸ਼ਾਹਬਤ ਖ਼ੁਦਾ ਨੂੰ ਦੇਣ ਕਾਰਣ ਇਹ ਨਾਉਂ ਹੋਇਆ ਹੈ.

ਇਸਲੋਕ: ਸੰ. श्लोक- ਸ਼੍ਲੋਕ. ਸੰਗ੍ਯਾ- ਪਦ੍ਯ. ਛੰਦ। ੨. ਵਾਕ੍ਯ. ਪਦ. "ਅਰਥ ਬਿਨ ਇਸਲੋਕ." (ਪ੍ਰਿਥੁਰਾਜ) ੩. ਕ੍ਰਿ. ਵਿ- ਇਸ ਲੋਕ ਵਿੱਚ. ਇੱਥੇ.

ਇਸ਼ਾਰਤ, ਇਸ਼ਾਰਾ: ਅ਼. اِشارت اِشارہ ਸੰਗ੍ਯਾ- ਸੈਨ. ਸੰਨਤ. ਸੈਣਤ। ੨. ਸੰਖੇਪ ਕਥਨ.

ਇਸੁ: ਦੇਖੋ, ਇਸ. "ਇਸੁ ਧਰਤੀ ਮਹਿ ਤੇਰੀ ਸਿਕਦਾਰੀ." (ਆਸਾ ਮਃ ੫)

ਇਸੋ: ਵਿ- ਈਦ੍ਰਿਸ਼ ਐਸਾ. ਐਜਹਾ. "ਇਸੋ ਪ੍ਰਭੂ, ਤੈਂ ਕਿਹ ਕਾਜ ਕਹੋ ਬਿਸਰਾਯੋ?" (੩੩ ਸਵੈਯੇ)

ਇਸੰ: ਦੇਖੋ, ਏਸੋ। ੨. ਦੇਖੋ, ਇਸ.

ਇਸ਼੍ਰ: ਦੇਖੋ, ਇਸਟ.

ਇਸ੍ਨਾਨ, ਇਸ੍ਨਾਨੁ: ਦੇਖੋ, ਇਸਨਾਨ. "ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ." (ਸਵੈਯੇ ਮਃ ੪. ਕੇ)

ਇਸ੍ਵਰਜ: ਦੇਖੋ, ਏਸ੍ਵਰਯ.

ਇਹ: ਸਰਵ- ਅਯੰ. ਯਹ. "ਇਹ ਅਉਸਰ ਤੇ ਚੂਕਿਆ." (ਬਿਲਾ ਮਃ ੫) ੨. ਕ੍ਰਿ. ਵਿ- ਇੱਥੇ. ਇਸ ਜਗਾ. ਇਸ ਲੋਕ ਵਿੱਚ "ਪਰਵਾਣ ਗਣੀ ਸੇਈ ਇਹ ਆਏ." (ਸੂਹੀ ਮਃ ੫) "ਜਉ ਕਹਹੁ ਮੁਖਹੁ ਸੇਵਕ, ਇਹ ਬੈਸੀਐ." (ਸਾਰ ਮਃ ੫) ਇੱਥੇ ਬੈਠੋ. ੩. ਕਿਸੇ ਨੇੜੇ ਪਈ ਚੀਜ ਵੱਲ ਇਸ਼ਾਰਾ ਕਰਕੇ ਦੱਸਣ ਵਾਲਾ ਸ਼ਬਦ। ੪. ਸੰਗ੍ਯਾ- ਇਹ ਸੰਸਾਰ. ਇਹ ਲੋਕ.

ਇਹਸਾਨ, ਇਹ਼ਸਾਨ: ਅ਼. اِحسان ਸੰਗ੍ਯਾ- ਭਲਾ ਕਰਨਾ. ਉਪਕਾਰ ਕਰਨ ਦੀ ਕ੍ਰਿਯਾ.

ਇਹਤਿਆਜ: ਅ਼. اِحتیاج ਸੰਗ੍ਯਾ- ਲੋੜ. ਜਰੂਰਤ. ਇਸ ਦਾ ਮੂਲ ਹ਼ਾਜਤ ਹੈ.

ਇਹਤਿਮਾਮ: ਅ਼. اِہتمام ਸੰਗ੍ਯਾ- ਯਤਨ. ਪ੍ਰਬੰਧ. ਇੰਤਜਾਮ.

ਇਹਤਿਮਾਲ, ਇਹ਼ਤਿਮਾਲ: ਅ਼. اِحتمال ਸੰਗ੍ਯਾ- ਖ਼ਿਆਲ ਕਰਨਾ.

ਇਹਤਿਯਾਤ, ਇਹ਼ਤਿਯਾਤ਼: ਅ਼. اِحتیاط ਸੰਗ੍ਯਾ- ਬਚਾਉ ਦਾ ਖ਼ਿਆਲ। ੨. ਹਾਤਾ (ਘੇਰਾ) ਕਰਨ ਦੀ ਕ੍ਰਿਯਾ.

ਇਹ ਬਿਧਿ: ਕ੍ਰਿ. ਵਿ- ਇਸ ਢਬ. ਇਸ ਪ੍ਰਕਾਰ. ਇਸ ਰੀਤਿ ਨਾਲ. "ਇਹ ਬਿਧਿ ਨਾਨਕ ਹਰਿ ਨੈਣ ਅਲੋਇ." (ਟੋਢੀ ਮਃ ੫) ੨. ਦੇਖੋ, ਬਿਧਿ.

ਇਹਾ: ਕ੍ਰਿ. ਵਿ- ਯਹਾਂ. ਈਹਾਂ. ਇੱਥੇ। ੨. ਸਰਵਇਹੀ. ਯਹੀ. "ਇਹਾ ਕਾਮਾਨੀ ਰੀਤਿ." (ਧਨਾ ਮਃ ੫) ੩. ਦੇਖੋ, ਈਹਾ.

ਇਹਾਮੁਤ੍ਰ: ਸੰ. ਸੰਗ੍ਯਾ- ਇਹ- ਅਮੁਤ੍ਰ. ਲੋਕ ਪਰਲੋਕ. ਇਹ ਲੋਕ ਅਤੇ ਆਉਣ ਵਾਲਾ ਲੋਕ। ੨. ਕ੍ਰਿ. ਵਿ- ਇੱਥੇ ਉੱਥੇ.

ਇਹੀ: ਇਹ ਦੇ ਅੰਤ ਈ ਪ੍ਰਤ੍ਯਯ ਨਿਸ਼ਚਾ ਅਤੇ ਕੇਵਲ ਅਰਥ ਪ੍ਰਗਟ ਕਰਦਾ ਹੈ. ਇਹੋ. ਯਹੀ. ਕੇਵਲ ਇਹ. "ਇਹੀ ਹਮਾਰੈ ਸਫਲ ਕਾਜ." (ਮਾਲੀ ਮਃ ੫) "ਇਹੀ ਤੇਰਾ ਅਉਸਰ ਇਹ ਤੇਰੀ ਬਾਰ." (ਭੈਰ ਕਬੀਰ)

ਇਹੁ: ਦੇਖੋ, ਇਹ. "ਇਹੁ ਰੰਗੁ ਕਦੇ ਨ ਉਤਰੈ." (ਬਿਲਾ ਮਃ ੩)

ਇਕ: ਸੰ. ਏਕ. ਵਿ- ਗਿਣਤੀ ਵਿੱਚ ਪਹਿਲਾ. ਦੇਖੋ, ਫ਼ਾ. یک ਯਕ। ੨. ਇਕੱਲਾ। ੩. ਲਾਸਾਨੀ. ਅਦੁਤੀ। ੪. ਸੰਗ੍ਯਾ- ਕਰਤਾਰ. ਪਾਰਬ੍ਰਹਮ. "ਇਕ ਦੇਖਿਆ ਇਕ ਮੰਨਿਆ." (ਵਾਰ ਗਉ ੧. ਮਃ ੪) ੫. ਸਰਵ. ਕੋਈ.

ਇਕਉ: ਇਕ ਦੇ ਅੱਗੇ 'ਉ' ਪਰਤ੍ਯਯ. ਕੇਵਲ ਇੱਕ. ਇੱਕ ਹੀ. ਇੱਕੋ.

ਇੱਕ ਅਧ, ਇਕ ਅਧੁ, ਇਕ ਆਧ: ਸਰਵ- ਕੋਈ ਇਕ. ਕੋਈ ਵਿਰਲਾ. "ਕਬੀਰ ਐਸਾ ਏਕ ਆਧ." (ਸਃ) ਦੇਖੋ, ਇਕੁ

ਅਧੁ.

ਇਕ ਇਕੋ, ਇਕ ਏਕਾ: ਵਿ- ਦ੍ਵੈਤ ਰਹਿਤ. ਅਦੁਤੀ. "ਨਹਿ ਬੂਝਹਿ ਇਕ ਇਕਾ." (ਭੈਰ ਅঃ ਮঃ ੧)

ਇਕਸ: ਇੱਕ ਹੀ. ਕੇਵਲ ਇੱਕ. ਇੱਕੋ. "ਇਕਸ ਕਾ ਮਨਿ ਆਸਰਾ." (ਸ੍ਰੀ ਮঃ ੫)

ਇਕਸਠ: ਵਿ ਏਕ ਸ਼ਸ਼੍ਰਿ. ਸੱਠ ਉੱਪਰ ਇੱਕ. ੬੧

ਇਕਸਬਦੀ: ਸੰਗਯਾ- ਇੱਕ ਵੇਰ "ਅਲੱਖ" ਆਦਿਕ ਸ਼ਬਦ ਕਹਿਕੇ ਘਰਾਂ ਤੋਂ ਭਿਖ੍ਯਾ ਮੰਗਣ ਵਾਲਾ ਫ਼ਕ਼ੀਰ. ਇੱਕ ਸ਼ਬਦੀ ਕਿਸੇ ਦੇ ਘਰ ਅੱਗੇ ਅੰਨ ਆਦਿਕ ਪਦਾਰਥ ਲੈਣ ਲਈ ਨਹੀਂ ਠਹਿਰਦੇ ਅਤੇ ਦੂਜੀ ਵੇਰ ਅਵਾਜ਼ ਨਹੀਂ ਦਿੰਦੇ. "ਹਰੀ ਨਾਰਾਯਣ"- "ਸ਼ਿਵ ਸ਼ਿਵ"- "ਅਲੱਖ" ਆਦਿਕ ਬੋਲਦੇ ਘਰਾਂ ਅੱਗੋਂ ਗੁਜਰ ਜਾਂਦੇ ਹਨ. "ਇਕਸਬਦੀ ਬਹੁਰੂਪਿ ਅਵਧੂਤਾ." (ਸ੍ਰੀ ਅঃ ਮঃ ੫) ੨. ਅਦ੍ਵੈਤਵਾਦੀ। ੩. ਦੇਖੋ, ਇਕ ਸੁਖਨੀ.

ਇਕ ਸਰ: ਵਿ- ਯਕਸਾਂ. ਸਮਾਨ. ਤੁੱਲ. ਇੱਕੋ ਜੇਹਾ. "ਇਕ ਸਰ ਦੁਖ ਪਾਇਆ." (ਸੂਹੀ ਕਬੀਰ)

ਇਕ ਸਾਹਾ: ਵਿ- ਲਗਾਤਾਰ ਬੋਲਣ ਵਾਲਾ. ਬਿਨਾ ਠਹਿਰਾਉ ਗੱਲ ਕਰਨ ਵਾਲਾ। ੨. ਗੱਲ ਕਰਦਿਆਂ ਸਾਹ ਨਾ ਲੈਣ ਵਾਲਾ। ੩. ਨਿਰੰਤਰ. ਲਗਾਤਾਰ. "ਇਕਸਾਹਾ ਤੁਧੁ ਧਿਆਇਦਾ." (ਸ੍ਰੀ ਮঃ ੫. ਪੈਪਾਇ)

ਇਕਸਾਰ: ਇੱਕ ਸਮਾਨ. ਦੇਖੋ, ਇਕਸਟ. "ਸਤ੍ਰ ਮਿਤ੍ਰ ਦੋਊ ਇਕਸਾਰ." (ਅਕਾਲ)

ਇਕਸੀਰ: ਦੇਖੋ, ਅਕਸੀਰ.

ਇਕਸੁ: ਇੱਕੋ. ਕੇਵਲ ਇੱਕ. "ਇਕਸੁ ਹਰਿ ਕੇ ਨਾਮ ਬਿਨ." (ਮਾਝ ਬਾਰਹਮਾਹਾ)

ਇਕਸੁਖਨੀ: ਵਿ- ਇੱਕ ਗੱਲ ਕਹਿਣ ਵਾਲਾ. ਉਹ ਵਪਾਰੀ. ਜੋ ਵਸਤੁ ਦਾ ਇੱਕ ਮੁੱਲ ਕਰੇ. "ਇਕਸੁਖਨੀ ਭਾ ਤਿਨ ਕੋ ਨਾਮ." (ਗੁਪ੍ਰਸੂ)

ਇਕਹੱਤਰ: ਵਿ- ਏਕ ਸਪ੍ਤਤਿ. ਇੱਕ ਉੱਪਰ ਸੱਤਰ. ੭੧.

ਇਕਹਰਾ, ਇਕਹਰੀ: ਵਿ- ਇੱਕ ਤਹ ਵਾਲਾ (ਵਾਲੀ). ਦੂਜਾ ਵਸਤ੍ਰ ਅਥਵਾ ਡੋਰਾ (ਤੰਤੁ) ਜਿਸ ਨਾਲ ਨਹੀਂ

ਇਕਛਤਰਾਜ: ਸੰਗਯਾ- ਚਕ੍ਰਵਰਤੀ ਰਾਜ. ਅਜਿਹਾ ਰਾਜ, ਜਿਸ ਵਿੱਚ ਮੁਕਾਬਲੇ ਦਾ ਛਤ੍ਰਧਾਰੀ (ਰਾਜਾ) ਕੋਈ ਨਹੀਂ "ਇਕਛਤਰਾਜ ਕਮਾਇੰਦਾ." (ਭਾਗੁ) ਦੇਖੋ, ਏਕਛਤ੍ਰ.

ਇਕ ਟੰਗਾ: ਵਿ- ਇੱਕ ਟੰਗ ਰੱਖਣ ਵਾਲਾ. ਲੱਤੋਂ ਲਾਵਾਂ। ੨. ਇੱਕ ਟੰਗ ਪੁਰ ਖੜਾ ਹੋ ਕੇ ਤਪ ਕਰਨ ਵਾਲਾ। ੩. ਦੇਖੋ, ਏਕ ਪਾਦ.

ਇਕਠਾ: ਵਿ- ਇੱਕ ਥਾਂ ਜਮਾਂ. ਏਕਤ੍ਰਿਤ. "ਸਭ ਇਕਠੇ ਹੁਇ ਆਇਆ." (ਸ੍ਰੀ ਮঃ ੫. ਪੈਪਾਇ)

ਇਕੱਠ: ਸੰਗਯਾ- ਇੱਕ ਥਾਂ ਸ੍ਥਿਤ ਹੋਏ ਲੋਕ. ਹਜੂਮ. ਜੋੜ ਮੇਲ. ਮੇਲਾ.

ਇਕਤ: ਸੰ. ਏਕਤ੍ਰ. ਕ੍ਰਿ. ਵਿ- ਇਕੱਠ. ਇੱਕ ਜਗਾ. "ਮਾਇਆ ਕਰਹਿ ਇਕਤ." (ਸ੍ਰੀ ਮঃ ੫) ਮਾਇਆ ਜੋੜਦਾ ਹੈ। ੨. ਦੇਖੋ, ਇਕਤੁ.

ਇਕਤਰ: ਦੇਖੋ, ਇਕਤ ਅਤੇ ਏਕਤ੍ਰ। ੨. ਦੇਖੋ, ਏਕਤਰ.

ਇਕਤਾ, ਇਕਤਾਈ: ਸੰਗਯਾ- ਏਕਤ੍ਵ. ਏਕਤਾ. ਐਕ੍ਯ. ਏਕੇ ਦਾ ਭਾਵ. "ਜੀਵ ਬ੍ਰਹਮ ਇਕਤਾ ਨਿਰਧਾਰੈ."(ਗੁਪ੍ਰਸੂ)

ਇਕਤਾਰਾ: ਸੰਗਯਾ- ਇੱਕ ਤਾਰ ਦਾ ਵਾਜਾ, ਜੋ ਜੰਗਮ ਜੋਗੀ ਬਜਾਇਆ ਕਰਦੇ ਹਨ. ਮੜ੍ਹੇ ਹੋਏ ਤੂੰਬੇ ਨਾਲ ਇੱਕ ਬਾਂਸ ਦੀ

ਡੰਡੀ ਲਗਾਉਣ ਤੋਂ ਇਹ ਸਾਜ ਬਣਦਾ ਹੈ.

ਇਕਤਾਲੀ: ਵਿ- ਏਕਚਤ੍ਵਾਰਿੰਸ਼ਤ. ਇੱਕ ਉੱਪਰ ਚਾਲੀ. ੪੧.

ਇਕਤਿਆਰ, ਇਕਤੀਆਰ: ਅ਼. اختیار ਇਖ਼ਤਯਾਰ. ਸੰਗ੍ਯਾ- ਅਧਿਕਾਰ। ੨. ਵਸ਼. ਕ਼ਾਬੂ। ੩. ਅੰਗੀਕਾਰ. ਸ੍ਵੀਕਾਰ. "ਬੰਦੇ, ਬੰਦਗੀ ਇਕਤੀਆਰ." (ਗਉ ਕਬੀਰ)

ਇਕਤੀਸ, ਇਕਤੀਹ: ਵਿ- ਏਕਤ੍ਰਿੰਸ਼ਤ. ਤੀਸ ਉੱਪਰ ਇੱਕ ੩੧.

ਇਕਤੁ: ਦੇਖੋ, ਇਕਤ। ੨. ਵਿ- ਸਿਰਫ. ਕੇਵਲ. "ਇਕਤੁ ਨਾਮ ਨਿਵਾਸੀ." (ਮਾਰੂ ਸੋਲਹੇ ਮਃ ੩) ੩. ਸੰ. ਏਕਤ੍ਵ. ਸੰਗ੍ਯਾ- ਏਕਤਾ. ਏਕਾ.

ਇਕਤੁਕਾ, ਇਕਤੁਕੀਆ: ਸੰਗ੍ਯਾ- ਤੁਕਾਂਤ ਮਿਲਣ ਵਾਲੀ ਦੋ ਤੁਕਾਂ ਦਾ ਪਦ, ਜਿਸ ਦੇ ਅੰਤ ਅੰਗ ਹੁੰਦਾ ਹੈ. ਗਾਉਣ ਸਮੇਂ ਇਨ੍ਹਾਂ ਦੋ ਤੁਕਾਂ ਦੀ ਇੱਕ ਹੀ ਤੁਕ ਹੋਇਆ ਕਰਦੀ ਹੈ. ਗੁਰਬਾਣੀ ਵਿੱਚ "ਇਕ ਤੁਕੇ" ਸਿਰਲੇਖ ਹੇਠ ਅਨੇਕ ਸ਼ਬਦ ਦੇਖੀਦੇ ਹਨ. ਦੇਖੋ, ਰਾਗ ਬਸੰਤ ਵਿੱਚ- "ਕਿਰਣ ਜੋਤੀ" ਸ਼ਬਦ.

ਇਕਤੈ: ਇੱਕ (ਅਦੁਤੀ ਕਰਤਾਰ) ਦੇ. "ਇਕਿ ਸਦਾ ਇਕਤੈ ਰੰਗਿ ਰਹਹਿ." (ਵਾਰ ਵਡ ਮਃ ੩)

੨. ऐकत. ਏਕਤ. ਵਯ- ਇੱਕ ਪਾਸੇ। ੩. ਇੱਕ ਪੱਖ ਵਿੱਚ। ੪. ਪ੍ਰਥਮ. ਪਹਿਲਾਂ.

ਇਕੱਤੀ, ਇੱਕਤੀਹ: ਵਿ- ਏਕਤ੍ਰਿੰਸ਼ਤ. ਤੀਹ ਅਤੇ ਇੱਕ. ੩੧.

ਇਕਤ੍ਰ: ਕ੍ਰਿ. ਵਿ- ਏਕਤ੍ਰ. ਇੱਕ ਅਸਥਾਨ ਵਿੱਚ। ੨. ਇਕੱਠੇ. "ਹੋਇ ਇਕਤ ਮਿਲਹੁ ਮੇਰੇ ਭਾਈ." (ਬਸੰ ਮਃ ੫)

ਇਕਥਾਂ, ਇਕਥੈ: ਕ੍ਰਿ. ਵਿ- ਇੱਕ ਜਗਾ. ਇਕ ਅਸਥਾਨ ਵਿੱਚ. "ਇਕਥੈ ਗੁਪਤੁ ਪਰਗਟੁ ਹੈ ਆਪੇ." (ਮਾਰੂ ਸੋਲਹੇ ਮਃ ੩)

ਇਕ ਦਮੀ: ਵਿ- ਇੱਕ ਸ੍ਵਾਸ ਵਾਲਾ, ਸ੍ਵਾਸ ਭਰ ਹੈ ਜਿਸ ਦਾ ਜੀਵਨ. ਭਾਵ ਇਹ ਕਿ ਜਿਸ ਨੂੰ ਅੰਦਰੋਂ ਬਾਹਰ ਗਏ ਸ੍ਵਾਸ ਦਾ ਮੁੜ ਆਉਣ ਦਾ ਭਰੋਸਾ ਨਹੀਂ "ਹਮ ਆਦਮੀ ਹਾਂ ਇਕਦਮੀ." (ਧਨਾ ਮਃ ੧)

ਇਕਦਾ: ਇੱਕ ਵਾਰ. ਦੇਖੋ, ਏਕਦਾ. "ਓਅੰਕਾਰ ਕਹਿਂ ਇਕਦਾ ਕਹਾ." (ਪਾਰਸਾਵ)

ਇਕਦਾਤ: ਵਿ- ਅਦੁਤੀ ਦਾਨ. "ਤੂ ਸਭਨਾ ਕਰਹਿ ਇਕਦਾਤ." (ਧਨਾ ਮਃ ੪) ੨. ਇੱਕੋ ਜੇਹੀ ਦਾਤ. ਤੁੱਲ ਦਾਨ.

ਇਕਦੂ ਇਕਿ: ਵਾ- ਇੱਕ ਤੋਂ ਇੱਕ- ਏਕ ਸੇ ਏਕ. "ਇਕਦੂ ਇਕਿ ਚੜੰਦੀਆ." (ਸੂਹੀ ਮਃ ੧. ਕੁਚਜੀ)

ਇਕਨ, ਇਕਨਿ: ਸਰਵ- ਕੋਈ ਇੱਕ ਕਤਿਪਯ। ੨. ਇੱਕ ਨੇ. ਵਿਰਲੇ ਨੇ. "ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ." (ਸ. ਫਰੀਦ)

ਇਕਫ਼ਾ: ਅ਼. اکفا ਸੰਗ੍ਯਾ- ਮਾਇਲ ਕਰਨ ਦੀ ਕ੍ਰਿਯਾ। ੨. ਹੋਰ ਵੱਲੋਂ ਮੋੜਕੇ ਆਪਣੀ ਵੱਲ ਝੁਕਾ ਲੈਣਾ. "ਜਨ ਨਾਨਕ ਹਰਿ ਪ੍ਰਭੁ ਇਕਫਾ." (ਪ੍ਰਭਾ ਮਃ ੪) ੨. ਇੱਕ ਭਯਾ (ਹੋਇਆ)

ਇਕਬਾਲ, ਇਕ਼ਬਾਲ: ਅ਼. اقبال ਸੰਗ੍ਯਾ- ਕ਼ਬੂਲ ਕਰਨਾ। ੨. ਸਨਮੁਖ ਆਉਣਾ। ੩. ਭਾਗ. ਕ਼ਿਸਮਤ। ੪. ਸੌਭਾਗ੍ਯ. ਖ਼ੁਸ਼ਨਸੀਬੀ. "ਜਾਇ ਜੰਗ ਕਰਨ ਨਾਲ ਗੁਰੂ ਦੇ ਇਕਬਾਲ ਤੁਮਾਰਾ." (ਜੰਗਨਾਮਾ)

ਇਕ ਭਾਇ: ਸੰਗ੍ਯਾ- ਇਕ ਭਾਵ. ਦੁਵਿਧਾ (ਦੁਬਿਧਾ) ਦੀ ਅਣਹੋਂਦ। ੨. ਕ੍ਰਿ. ਵਿ- ਏਕ ਭਾਵ ਨਾਲ. "ਇਕ ਭਾਇ ਇਕ ਮਨਿ ਨਾਮ ਵਸਿਆ." (ਬਿਲਾ ਛੰਤ ਮਃ ੧)

ਇਕਮਨ: ਵਿ- ਇੱਕ ਚਿੱਤ. ਏਕਾਗ੍ਰ ਮਨ. ਜਿਸ ਦਾ ਚਿੱਤ ਦੂਜੇ ਵੱਲ ਨਹੀਂ.

ਇਕਮਨਿ: ਸੰਗਜਾ- ਕਰਤਾਰ. ਜਿਸ ਦਾ ਸੰਕਲਪ ਇੱਕ ਹੈ. ਸਤਜ ਸੰਕਲਪ. "ਜਿਨ ਇਕਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ." (ਗਉ ਮਃ ੩) ੨. ਕ੍ਰਿ. ਵਿ- ਇੱਕ ਚਿੱਤ ਹੋਕੇ. ਮਨ ਠਹਿਰਾਕੇ. ਤਨਮਯ ਹੋਕੇ. "ਇਕਮਨਿ ਪੁਰਖੁ ਧਿਆਇ ਬਰਦਾਤਾ." (ਸਵੈਯੇ ਮਃ ੧. ਕੇ)

ਇੰਕਰ: ਕ੍ਰਿ. ਵਿ- ਇਉਂਕਰ. ਇਸ ਤਰਾਂ. ਇਸ ਢਬ. ਯੌਂਕਰ। ੨. ਸੰਗਜਾ- ਇੰਦਿਰਾ ਦੀ ਥਾਂ ਕ੍ਰਿਸਨਾਵਤਾਰ ਵਿੱਚ ਇੰਕਰ ਸ਼ਬਦ ਲਿਖਿਆ ਗਿਆ ਹੈ. ਇੰਦਿਰਾ ਦਾ ਅਰਥ ਹੈ ਲੱਛਮੀ. "ਇੰਕਰ ਆਇ ਗਈ ਹਰਿ ਪਾਹੀ." (ਕ੍ਰਿਸਨਾਵ)

ਇਕਰਾਰ, ਇਕ਼ਰਾਰ: ਅ਼. إقرار ਸੰਗਜਾ- ਸ੍ਵੀਕਾਰ. ਅੰਗੀਕਾਰ। ੨. ਮਨਜੂਰੀ। ੩. ਪ੍ਰਤਿਗਜਾ.

ਇਕਰੰਗੀ: ਵਿ- ਇੱਕ ਰੰਗ ਵਿੱਚ ਰਹਿਣ ਵਾਲਾ. ਇੱਕ ਕਰਤਾਰ ਦੇ ਪ੍ਰੇਮ ਵਿੱਚ ਮਗਨ. "ਸਾਚਿ ਰਤੇ ਭਗਤ ਇਕਰੰਗੀ." (ਸੂਹੀ ਛੰਤ ਮਃ ੩) ੨. ਇੱਕੋ ਹੈ ਰੰਗ (ਵਰਣ) ਜਿਸ ਦਾ.

ਇਕਲ, ਇਕਲਾ: ਵਿ- ਏਕਲ. ਅਕੇਲਾ. ਬਿਨਾ ਸਾਥੀ. "ਥਕੇ ਕਵਲ ਇਕਲ." (ਸ. ਫਰੀਦ) ਇਸ ਥਾਂ ਕਮਲ ਤੋਂ ਭਾਵ ਰੂਹ ਹੈ.

ਇਕਲਾਈ, ਇਕਲਾਈ: ਸੰਗਜਾ- ਇਕਲਾਪਨ. ਤਨਹਾਈ। ੨. ਲੋਈ ਅਥਵਾ ਦੋਸ਼ਾਲੇ ਦਾ ਇੱਕ ਪੱਟ. ਇਕਹਿਰੀ ਚਾਦਰ. "ਚਾਰੁ ਪਟੰਬਰ ਕੀ" (ਨਾਪ੍ਰ) ੩. ਦੇਖੋ, ਕਲਾਈ.

ਇਕਲਾਹਾ: ਦੇਖੋ, ਇਕੁਲਾਹਾ.

ਇਕਲੀਮ, ਇਕ਼ਲੀਮ: ਅ. ਯੂ. ਫ਼ਾ. اقلیم ਸੰਗਜਾ- ਵਲਾਇਤ. ਵਰ੍ਸ਼. ਦੇਸ਼ ਦੇਖੋ, ਅੰ. Clime.

ਇਕਲੋਇਣ: ਡਿੰਗ. ਸੰਗਜਾ- ਇੱਕ ਨੇਤ੍ਰ ਵਾਲਾ. ਕਾਉਂ. ਕਾਕ. ਦੇਖੋ, ਕਾਣਾ ੨.

ਇਕਲੋਤਾ, ਇਕਲੌਤਾ: ਵਿ- ਏਕਲ ਪੁਤ੍ਰ. ਇੱਕਲਾ ਪੁਤ੍ਰ. ਇੱਕੋ ਬੇਟਾ। ੨. ਇਕੱਲਾ. ਜਿਸ ਦਾ ਦੂਜਾ ਸਾਥੀ ਨਹੀਂ। ੩. ਜਿਸ ਦੇ ਤੁੱਲ ਦੂਜਾ ਨਹੀਂ

ਇਕ ਵਰਣ, ਇਕ ਵਰਨ: ਵਿ- ਜਿਸ ਦੀ ਦੂਜੀ ਜਾਤਿ ਨਹੀਂ. ਇੱਕ ਜਾਤੀਆ. "ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ." (ਧਨਾ ਮਃ ੧) ਇਸ ਥਾਂ ਇੱਕ ਵਰਨ ਤੋਂ ਭਾਵ ਮੁਸਲਮਾਨ ਹੈ. ਅਰਥਾਤ ਹਿੰਦੁਸਤਾਨ ਦੇ ਲੋਕ ਮੁਸਲਮਾਨ ਬਣ ਗਏ ਹਨ। ੨. ਇਕ ਰੰਗਾ. ਜਿਸ ਵਿੱਚ ਦੂਜਾ ਵਰਣ (ਰੰਗ) ਨਹੀਂ.

ਇਕਵਾਕੀ: ਵਿ- ਇੱਕ ਵਚਨ ਕਹਿਣ ਵਾਲਾ. ਇੱਕ ਸੁਖ਼ਨੀ. ਸੱਚਾ। ੨. ਏਕ ਵਾਕਜਤਾ ਵਾਲਾ. ਸਹਿਮਤ. ਇੱਤਫ਼ਾਕ ਰਾਇ ਕਰਨ ਵਾਲਾ. "ਇਕਵਾਕੀ ਕੋੜਮਾ ਵਿਚਾਰੀ." (ਭਾਗੁ)

ਇਕਵੰਜਾ: ਵਿ- ਏਕਪੰਚਾਸ਼ਤ. ਪੰਜਾਹ ਪੁਰ ਇੱਕ ੫੧.

ਇਕਾਸੀ: ਵਿ- ਏਕਾਸ਼ੀਤਿ. ਅੱਸੀ ਪੁਰ ਇੱਕ. ੮੧.

ਇਕਾਹਠ: ਵਿ- ਏਕਸ਼ਸ੍ਠਿ. ਸੱਠ ਪੁਰ ਇੱਕ. ੬੧.

ਇਕਾਕੀ: ਵਿ- ਏਕ ਮਾਤ੍ਰ. ਕੇਵਲ. "ਹਮ ਮਾਂਗੀ ਭਗਤਿ ਇਕਾਕੀ." (ਧਨਾ ਮਃ ੪) ੨. ਸੰ. एकाकिन- ਏਕਾਕੀ. ਵਿ- ਇੱਕਲਾ. ਤਨਹਾ. ਨਿਵੇਕਲਾ. ਸਹਾਇਕ ਬਿਨਾ. "ਜੇਕਰ ਵਹਿਰ ਇਕਾਕੀ ਪਾਇ." (ਗੁਪ੍ਰਸੂ).

ਇਕਾਂਗ: ਸੰ. एकाङ्ग- ਏਕਾਂਗ. ਵਿ- ਇੱਕ ਅੰਗ ਰੱਖਣ ਵਾਲਾ. ਜਿਸ ਦੇ ਇੱਕ ਅੰਗ ਹੋਵੇ। ੨. ਸੰਗਜਾ- ਏਕਾ ਅੰਗ ੧. "ਏਕੰਕਾਰ ਇਕਾਂਗ ਲਿਖ, ਊੜਾ ਓਅੰਕਾਰ ਲਿਖਾਯਾ." (ਭਾਗੁ)

ਇਕਾਗ੍ਰਤਾ: ਦੇਖੋ, ਏਕਾਗ੍ਰਤਾ.

**ਇਕਾਤ, ਇਕਾਂਤ:** ਸੰ. ऐकांत- ਏਕਾਂਤ. ਸੰਗਜਾ- ਸਿੱਧਾਂਤ. ਨਤੀਜਾ. "ਯਾਹਿ ਵਿਖੈ ਬੁਧ ਕਹੈਂ ਇਕਾਂਤ." (ਭਾਈ ਗੁਲਾਬ ਸਿੰਘ) ੨. ਸੁੰਨਾ ਅਸਥਾਨ. ਨਿਰਜਨ ਅਸਥਾਨ। ੩. ਵਿ- ਅਤਜੰਤ. ਅਤਿ। ੪. ਅਲਗ. ਇਕੱਲਾ. ਵੱਖ. "ਪ੍ਰਭੁ ਅਪਨਾ ਇਕਾਂਤ." (ਕਾਨ ਮਃ ੫) ੫. ਨਿਸ਼ਚੇ ਕੀਤਾ ਹੋਇਆ.

**ਇਕਾਤੀ, ਇਕਾਂਤੀ:** ਸੰ. एकान्तिन. ਏਕਾਂਤੀ. ਵਿ- ਉਹ ਭਗਤ, ਜੋ ਪ੍ਰੇਮ ਨੂੰ ਮਨ ਵਿੱਚ ਗੁਪਤ ਰਖਦਾ ਹੈ, ਅਤੇ ਕਿਸੇ ਪ੍ਰਕਾਰ ਪ੍ਰਗਟ ਨਹੀਂ ਹੋਣ ਦਿੰਦਾ. "ਸੋਈ ਭਗਤ ਇਕਾਤੀ ਜੀਉ." (ਮਾਝ ਮਃ ੫)

੨. ਏਕਾਂਤ ਨਿਵਾਸੀ. ਇਕੱਲਾ ਰਹਿਣ ਵਾਲਾ. "ਸੋ ਇਕਾਂਤੀ ਜਿਸੁ ਰਿਦਾ ਥਾਇ." (ਬਸੰ ਮਃ ੫) ੩. ਇਕੱਲਾ. ਨਿਵੇਕਲਾ. ਤਨਹਾ. "ਆਪਿ ਇਕਾਤੀ ਹੋਇ ਰਹੈ, ਆਪੇ ਵਡ ਪਰਵਾਰੁ." (ਵਾਰ ਬਿਹਾ ਮਃ ੪)

**ਇਕਾਦਸ:** ਦੇਖੋ, ਏਕਾਦਸ.

**ਇਕਾਦਸੀ:** ਦੇਖੋ, ਏਕਾਦਸੀ.

**ਇਕਾਦ ਪਾਵ:** ਦੇਖੋ, ਏਕ ਪਾਦ.

**ਇਕਾਨਵੇ:** ਵਿ- ਏਕਨਵਤਿ. ਨੱਵੇ ਪੁਰ ਇੱਕ. ੯੧.

**ਇਕਾਪ:** ਵਾ- ਇੱਕ- ਆਪ.

**ਇਕਾਯਤ:** ਸੰਗਜਾ- ਏਕਤਾ. ਏਕਾ. ਮਿਲਾਪ. ਯਗਾਨਗਤ। ੨. ਅਦੁਤੀਪੁਣਾ.

**ਇਕਿ:** ਕੋਈ ਇੱਕ. ਕਈ. "ਇਕਿ ਆਵਹਿ ਇਕਿ ਜਾਹਿ ਉਠਿ." (ਸ੍ਰੀ ਮਃ ੧)

**ਇਕੀਸ:** ਵਿ- ਵੀਹ ਉੱਤੇ ਇੱਕ. ਏਕਵਿੰਸ਼ਤਿ, ੨੧. "ਗਜ ਇਕੀਸ ਪੁਰੀਆ ਏਕ ਤਨਾਈ." (ਗਉ ਕਬੀਰ) ਇਸ ਥਾਂ ਇੱਕੀ ਗਜ ਤਾਣੀ ਤੋਂ ਭਾਵ ਹੈ- ਪੰਜ ਤੱਤ, ਪੰਜ ਵਿਸ਼ੇ (ਸ਼ਬਦ, ਸਪਰਸ, ਰੂਪ, ਰਸ, ਗੰਧ) ਦਸ ਪ੍ਰਾਣ ਅਤੇ ਜੀਵਾਤਮਾ। ੨. ਵਿਦ੍ਵਾਨਾਂ ਨੇ ਸਾਰੀ ਵਿਸ਼੍ਵ ਵੀਹ ਅੰਸ਼ ਕਲਪਕੇ ਆਤਮਾ ਨੂੰ ਇਕੀਹ ਕਥਨ ਕੀਤਾ ਹੈ. "ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ." (ਜਪੁ) ਇਸ ਪਤੀ ਦੇ ਰਸਤੇ ਵਿੱਚ ਪੌੜੀਆਂ ਹਨ, ਜਿਨ੍ਹਾ ਤੇ ਚੜ੍ਹਕੇ ਈਸ਼੍ਵਰ ਵਿੱਚ ਲੀਨ ਹੋ ਜਾਈਦਾ ਹੈ. ੩. ਇੱਕ- ਈਸ਼. ਇੱਕ ਈਸ਼੍ਵਰ। ੪. ਦੇਖੋ, ਇਕੀਹ ੨.

**ਇਕੀਹ:** ਦੇਖੋ, ਇਕੀਸ। ੨. ਇਕੀਸਵਾਂ. "ਬੀਸ ਬਿਸਵੇ ਤ੍ਰੈ ਗੁਣ ਹੈ, ਤੇ ਇਕੀਹ ਤੁਰੀਆ ਪਦ ਹੈ." (ਭਗਤਾਵਲੀ)

**ਇਕੀਹ ਕੁਲ:** ਭਗਤਮਾਲਾ ਆਦਿਕ ਪੁਸ੍ਤਕਾਂ ਵਿੱਚ ਦੇਖੀਦਾ ਹੈ ਕਿ ਜੋ ਵਾਹਗੁਰੂ ਦਾ ਭਗਤ ਹੈ, ਉਹ ਆਪ ਭੀ ਉਧਰਦਾ ਹੈ ਅਤੇ ਉਸ ਦੀਆਂ ਦਸ਼ ਪੀੜੀਆਂ ਪਹਿਲੀਆਂ ਅਤੇ ਦਸ਼ ਪੀੜੀਆਂ ਅੱਗੇ ਆਉਣ ਵਾਲੀਆਂ ਭੀ ਉਧਰ ਜਾਂਦੀਆਂ ਹਨ. "ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ." (ਭੈਰ ਮਃ ੩) ਕਈ ਗਜਾਨੀ ਲਿਖਦੇ ਹਨ ਕਿ ਸੱਤ ਪੀੜੀਆਂ ਪਿਤਾ ਦੀਆਂ, ਸੱਤ ਨਾਨੇ ਦੀਆਂ ਅਤੇ ਸੱਤ ਸਹੁਰੇ ਕੁਲ ਦੀਆਂ. ਭਾਵ ਇਹ ਹੈ ਕਿ ਤਤ੍ਵਗਜਾਨੀ ਦੀ ਸੰਗਤਿ ਵਾਲੇ ਮੁਕਤਿ ਪਾਉਂਦੇ ਹਨ.

**ਇਕੁ:** ਏਕ. ਦੇਖੋ, ਇਕ "ਇਕੁ ਖਿਨੁ ਤਿਸੁ ਬਿਨ ਜੀਵਣਾ." (ਮਾਝ ਬਾਰਹਮਾਹਾ)

**ਇਕੁ ਅਧੁ:** ਦੇਖੋ, ਇਕ ਅਧ. "ਇਕੁ ਅਧੁ ਨਾਇ ਰਸੀਅੜਾ." (ਗਉ ਮਃ ੫)

**ਇਕੁਲਾਹਾ:** ਜਿਲਾ ਲੁਦਿਆਨਾ, ਤਸੀਲ ਸਮਰਾਲਾ, ਥਾਣਾ ਖੰਨੇ ਵਿੱਚ ਇੱਕ ਪਿੰਡ ਹੈ. ਇਸ ਪਿੰਡ ਦੇ ਨੇੜੇ ਹੀ ਲਹਿੰਦੇ ਵੱਲ ਸ਼੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਧਮੋਟ ਵੱਲੋਂ ਸੌਂਟੀ ਵੱਲ ਜਾਂਦੇ ਇੱਥੇ ਠਹਿਰੇ ਹਨ.

ਸੰਮਤ ੧੯੬੪- ੬੫ ਵਿੱਚ ਭਾਈ ਰਲਾ ਸਿੰਘ ਜੀ ਇਕੁਲਾਹਾ ਨਿਵਾਸੀ ਅਫਰੀਕਾ ਵਿੱਚ ਮੁਲਾਜ਼ਮ ਸਨ, ਉੱਥੇ ਹੀ ਉਨ੍ਹਾਂ ਨੂੰ ਗੁਰੁਅਸਥਾਨ ਸੰਬੰਧੀ ਸਤਿਗੁਰੂ ਵੱਲੋਂ ਪ੍ਰੇਰਣਾ ਹੋਈ, ਤਾਂ ਉਨ੍ਹਾਂ ਨੇ ਇਕੁਲਾਹੇ ਆਕੇ ਗੁਰੁਦ੍ਵਾਰੇ ਦੀ ਰਚਨਾ ਆਰੰਭ ਦਿੱਤੀ.

ਭਾਈ ਸਾਹਿਬ ਤੋਂ ਪਿੱਛੋਂ ਮਾਈ ਮਤਾਬ ਕੌਰ ਤੇ ਨਗਰਵਾਸੀਆਂ ਦੇ ਉੱਦਮ ਨਾਲ ਗੁਰੁਦ੍ਵਾਰਾ ਕਮਰੇ ਦੀ ਸ਼ਕਲ ਦਾ ਬਣ ਗਿਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਇਸ ਗੁਰੁਦ੍ਵਾਰੇ ਨਾਲ ੫੦ ਵਿੱਘੇ ਜ਼ਮੀਨ ਹੈ. ੨੦. ਵੈਸਾਖ ਨੂੰ (ਜਿਸ ਦਿਨ ਗੁਰੂ ਜੀ ਨੇ ਇੱਥੇ ਚਰਣ ਪਾਏ ਹਨ) ਮੇਲਾ ਲਗਦਾ ਹੈ. ਖੰਨਾ ਰੇਲਵੇ ਸਟੇਸ਼ਨ ਤੋਂ ੩. ਮੀਲ ਪੱਛਮ ਹੈ ਅਤੇ ਕੱਚਾ ਰਸਤਾ ਹੈ.

ਇਕੇ: ਵਯ- ਜਾਂ. ਯਾ. ਅਥਵਾ. ਦੇਖੋ, ਇਕੈ.

ਇਕੇਰਾਂ: ਕ੍ਰਿ. ਵਿ- ਇੱਕ ਵੇਰ. ਏਕ ਦਫ਼ਅ਼.

ਇਕੇਲਾ: ਇਕੱਲਾ. ਤਨਹਾ. ਨਿਵੇਕਲਾ. ਦੇਖੋ, ਇਕਲਾ. "ਇਕੇਲਾ ਹੀ ਆਇਆ ਇਕੇਲਾ ਚਲਾਯਾ." (ਨਸੀਹਤ)

ਇਕੈ: ਵਜ- ਜਾਂ. ਯਾ. ਅਥਵਾ. "ਇਕੈ ਤ ਲੋੜ ਮੁੱਕਦਮੀ ਇਕੈ ਤ ਅੱਲਾ ਲੋੜ" (ਜਸਾ) ਜਾਂ ਦੁਨੀਆਂ ਦੀ ਸਰਦਾਰੀ ਯਾ ਖ਼ੁਦਾ ਲੋੜ.

ਇਕੈਠ: ਵਿ- ਇੱਕ ਥਾਂ. ਇਕੱਠ.

ਇਕੈਠਨ: ਕ੍ਰਿ- ਇਕੱਠਾ ਕਰਨਾ. ਇੱਕ ਥਾਂ ਜਮਾਂ ਕਰਨਾ। ੨. ਸੰਗਯਾ- ਨਿਗ੍ਰਹਿ. ਮਨ ਇੰਦ੍ਰੀਆਂ ਦਾ ਰੋਕਣਾ. "ਮਨ ਇੰਦ੍ਰੀ ਕੇ ਸਹਿਤ ਇਕੈਠਜੋ." (ਗੁਪ੍ਰਸੂ) ੩. ਸੁਕੜਨਾ. ਸੰਕੁਚਿਤ ਹੋਣਾ.

ਇਕੈਠਾ: ਵਿ- ਇਕੱਠਾ ਹੋਇਆ. ਸੰਕੁਚਿਤ. "ਕਹੂੰ ਸਿਮਟ ਭਯੋ ਸੰਕਰ ਇਕੈਠਾ." (ਚੌਪਈ) ੨. ਏਕਸ੍ਥਾਨ ਮੇਂ. ਇੱਕੋ ਥਾਂ.

ਇਕੋ: ਕੇਵਲ ਇੱਕ. ਏਕ ਹੀ. "ਇਕੋ ਸਿਰਜਣਹਾਰੁ." (ਵਾਰ ਗੂਜ ਮਃ ੫)

ਇਕੋਡਾ, ਇਕੋਡੀ: ਵਿ- ਗੋਡੇ ਪਰਣੇ ਹੋਇਆ. ਜਾਨੁਬਲ ਹੋਇਆ। ੨. ਟੇਢਾ ਹੋਇਆ. ਝੁਕਿਆ। ੩. ਮੂਧਾ. ਮੂਧੀ. ਔਂਧੀ. ਉਲਟੀ. "ਕਹਹਿ ਤ ਧਰਨਿ ਇਕੋਡੀ ਕਰਉ." (ਭੈਰ ਨਾਮਦੇਵ)

ਇਕੋਤਰ: ਦੇਖੋ, ਏਕੋਤਰ.

ਇਕੋਤਰ ਸੌ: ਵਿ- ਏਕੋਤਰ ਸ਼ਤ. ਸੌ ਉੱਪਰਇੱਕ. ੧੦੧.

ਇਕੰਗੀ: ਵਿ- ਇੱਕ ਅੰਗ ਰੱਖਣ ਵਾਲਾ। ੨. ਜਿਸ ਨੂੰ ਇੱਕ ਦਾ ਪੱਖ ਹੈ। ੩. ਇਕੱਲਾ. ਸਹਾਇਕ ਬਿਨਾ. "ਸਹੈ ਜੀਵ ਯਹਿ ਦੂਖ ਇਕੰਗੀ." (ਨਾਪ੍ਰ) ਦੇਖੋ, ਏਕਾਂਗੀ.

ਇਕੰਜਸ: ਵਿ- ਇੱਕ ਜੈਸਾ. ਇੱਕੋ ਜੇਹਾ. ਇੱਕ ਰਸ. "ਕਿ ਅਗੰਜਸ, ਕਿ ਇਕੰਜਸ." (ਗਜਾਨ) ੨. ਇੱਕ (ਆਦੁਤੀ) ਹੈ ਜਿਸ ਦੀ ਅੰਜਸ (ਸ਼ਕਤਿ).

ਇਕੰਤ: ਦੇਖੋ, ਇਕਾਂਤ.

ਇਕੰਤੀ: ਦੇਖੋ, ਇਕਾਂਤੀ. "ਆਪਿ ਇਕੰਤੀ ਆਪਿ ਪਸਾਰਾ." (ਮਾਝ ਮਃ ੫)

ਇਕੰਤ੍ਰ: ਦੇਖੋ ਇਕਾਂਤ. "ਸੁ ਬੈਠ ਇਕੰਤ੍ਰ." (ਕਲਕੀ) ਏਕਾਂਤ ਬੈਠਕੇ.

ਇੱਕੀ, ਇੱਕੀਹ: ਦੇਖੋ, ਇਕੀਸ.

ਇੱਕੀ ਕੁਲ: ਦੇਖੋ, ਇਕੀਹ ਕੁਲ.

ਇੱਕੁਰ: ਕ੍ਰਿ. ਵਿ- ਇਉਂ- ਕਰ. ਯੌਂਕਰ. ਇਸ ਪ੍ਰਕਾਰ. ਇਸ ਢਬ.

ਇੱਕੋ: ਦੇਖੋ, ਇਕਉ.

ਇਕ੍ਸ਼ੁ: ਦੇਖੋ, ਇੱਖ.

ਇਕ੍ਸ਼੍ਵਾਕੁ: ਸੰ. इक्ष्वाकु. ਸੰਗਜਾ- ਇਕ੍ਸ਼ੁ (ਇੱਖ) ਦੀ ਇੱਛਾ ਕਰਾਉਣ ਵਾਲਾ. ਭਾਵ- ਜਿਸ ਨੂੰ ਖਾਕੇ ਮੂੰਹ ਮਿੱਠਾ ਕਰਨ ਲਈ ਇੱਖ ਚੂਪਣ ਦੀ ਲੋੜ ਪਵੇ. ਕੌੜਾ ਕੱਦੂ। ੨. ਇੱਕ ਸੂਰਜਵੰਸ਼ੀ ਰਾਜਾ, ਜੋ ਵੈਵਸ੍ਵਤਮਨੁ ਦਾ ਪੁਤ੍ਰ ਅਤੇ ਅਯੋਧਯਾ ਦਾ ਪਹਿਲਾ ਨਰੇਸ਼ ਸੀ. ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ ਕਿ ਮਨੁ ਨੂੰ ਛਿੱਕ ਆਈ ਤਾਂ ਨੱਕ ਵਿੱਚੋਂ ਇਕ੍ਸ਼੍ਵਾਕੁ ਪੈਦਾ ਹੋਇਆ.[151] ਇਸ ਦੇ ਸੌ ਪੁਤ੍ਰ ਸਨ, ਪਰ ਮਹਾਂ ਪ੍ਰਤਾਪੀ ਦੋ ਹੋਏ, ਵਿਕੁਕ੍ਸ਼ੀ ਅਤੇ ਨਿਮਿ. ਵਿਕੁਕ੍ਸ਼ੀ ਤੋਂ ਅਯੋਧਯਾ ਦੇ ਰਾਜੇ ਰਘੁ ਆਦਿਕ ਹੋਏ, ਅਤੇ ਨਿਮਿ ਤੋਂ ਮਿਥਿਲਾ ਦਾ ਜਨਕ ਵੰਸ਼ ਚਲਿਆ.

ਭਾਈ ਸੰਤੋਖ ਸਿੰਘ ਨੇ ਗੁਰੁਪ੍ਰਤਾਪ ਸੂਰਯ ਦੀ ਦੂਜੀ ਰਾਸਿ ਦੇ ਗਯਾਰਵੇਂ ਅਧਯਾਯ ਵਿੱਚ ਲਿਖਿਆ ਹੈ ਕਿ ਅੰਮ੍ਰਿਤਸਰ ਇਕ੍ਸ਼ਾਕੁ ਦਾ ਯਗਯਕੁੰਡ ਅਸਥਾਨ ਹੈ.

ਇਖ: ਦੇਖੋ, ਇੱਖ.

ਇਖਆਸ: ਦੇਖੋ, ਇਖੁਆਸ.

ਇਖ਼ਤਸਾਰ: ਅ਼. اختصار ਇਖ਼ਤਸਾਰ. ਸੰਗਜਾ- ਖ਼ੁਲਾਸਾ. ਸੰਖੇਪ. ਸਾਰ.

ਇਖ਼ਤਲਾਫ: ਅ਼. اختلاف ਇਖ਼ਤਿਲਾਫ਼. ਸੰਗਜਾ- ਭੇਦ. ਫ਼ਰਕ. ਜੁਦਾਈ। ੨. ਵਿਰੋਧ. ਵੱਖਰੀ ਰਾਇ.

ਇਖਤਿਆਰ, ਇਖਤਯਾਰ: ਦੇਖੋ, ਇਕਤਿਆਰ.

ਇਖਬਾਰ: ਦੇਖੋ, ਅਖ਼ਬਾਰ.

ਇਖ਼ਰਾਜ: ਅ਼. اخراج ਖ਼ਾਰਿਜ ਕਰਨ ਦੀ ਕ੍ਰਿਯਾ. ਕੱਢ ਦੇਣਾ.

ਇਖ਼ਲਾਸ, ਇਖ਼ਲਾਸੁ: ਅ਼. اخلاص ਇਖ਼ਲਾਸ. ਸੰਗਜਾ- ਖ਼ਾਲਿਸ ਹੋਣ ਦਾ ਭਾਵ. ਨਿਰੋਲਤਾ। ੨. ਪਵਿਤ੍ਰਤਾ. "ਰਿਦੈ ਇਖਲਾਸੁ ਨਿਰਖਲੇ ਮੀਰਾ." (ਭੈਰ ਕਬੀਰ) ੩. ਮਿਤ੍ਰਤਾ. ਦੋਸਤੀ.

ਇਖਲਾਕ: ਦੇਖੋ, ਅਖਲਾਕ.

ਇਖਵਾਕ, ਇਖਵਾਕੁ: ਦੇਖੋ, ਇਕ੍ਸ਼੍ਵਾਕੁ. "ਨ੍ਰਿਪ ਇਖਵਾਕ ਬਲੀ ਇਕ ਕਾਲ." (ਗੁਪ੍ਰਸੂ)

ਇਖੀਕਾ: ਸੰ. ਇਸ਼ੀਕਾ. ਸੰਗਜਾ- ਤੀਰ। ੨. ਤੀਲਾ. ਕਾਨਾ। ੩. ਉਹ ਕਾਨਾ, ਜਿਸ ਤੇ ਮੁੰਜ ਲਿਪਟੀ ਹੋਵੇ. ਸਰਕੁੜੇ ਦੇ ਸਿੱਟੇ ਹੇਠ ਦਾ ਤੀਲਾ.

ਇਖੁ: ਸੰ. ਇਸ਼ੁ. ਸੰਗਜਾ- ਤੀਰ. ਬਾਣ। ੨. ਕਾਨਾ. ਸਰਕੁੜੇ ਦਾ ਕਾਂਡ.

ਇਖੁਆਸ: ਸੰ. ਇਸ਼੍ਵਾਸ. ਸੰਗਜਾ- ਧਨੁਖ, ਜਿਸ ਤੋਂ ਇਸ਼ੁ (ਤੀਰ) ਫੈਂਕਿਆ (ਵਾਹਿਆ) ਜਾਂਦਾ ਹੈ.

ਇਖੁਆਸਜ: ਸੰਗਜਾ- ਇਸ਼੍ਵਾਸ (ਧਨੁਖ) ਤੋਂ ਪੈਦਾ ਹੋਇਆ ਤੀਰ. ਕਮਾਣ ਨਾਲ ਚਲਾਇਆ ਬਾਣ. (ਸਨਾਮਾ)

ਇਖੁਆਸਜਨੀ: ਸੰਗਜਾ- ਇਸ਼੍ਵਾਸਜ (ਤੀਰ) ਦੇ ਧਾਰਨ ਵਾਲੀ ਸੈਨਾ. (ਸਨਾਮਾ)

ਇਖੁਆਸਨੀ: ਸੰਗਜਾ- ਇਸ਼੍ਵਾਸ (ਧਨੁਖ) ਦੇ ਧਾਰਨ ਵਾਲੀ ਸੈਨਾ. (ਸਨਾਮਾ)

ਇਖੁਧ: ਸੰ. इषुध्. ਧ- ਬਾਣਾਂ (ਤੀਰਾਂ) ਦਾ ਧਾਰਨ ਕਰਨਾ.

---

[151] ਦੇਖੋ, ਵਿਸ਼ਨੁ ਪੁਰਾਣ ਅੰਸ਼ ੪. ਅਃ ੨.

ਇਖੁਧਿ, ਇਖੁਧੀ: ਸੰ. ਇਸ਼ੁਧਿ. ਸੰਗਯਾ- ਇਸ਼ੁ (ਤੀਰ) ਧਾਰਣ ਵਾਲਾ. ਭੱਥਾ. ਸ਼ਰਧਿ. ਤੀਰਕਸ਼. ਤਰਕਸ਼. "ਇਕੁਧੀ ਕਟਿ ਸੋਂ ਕਸ ਪਾਰਥ ਆਯੋ." (ਕ੍ਰਿਸਨਾਵ)

ਇੱਖ: ਸੰ. ਇਕ੍ਸ਼ੁ. ਸੰਗਯਾ- ਕਮਾਦ. ਈਖ. L. Saccharum officinarum. ਅੰ. Sugar- cane.

ਇਖ੍ਵਧੀ: ਦੇਖੋ, ਇਖੁਧਿ. "ਦਏ ਇਖ੍ਵਧੀ ਦ੍ਵੈ." (ਪਾਰਸਾਵ) ਦੋ ਭੱਥੇ (ਤੀਰਕਸ਼) ਦਿੱਤੇ.

ਇਖ੍ਵਾਕੁ: ਦੇਖੋ, ਇਕ੍ਸ਼੍ਵਾਕੁ. "ਕੁਲ ਇਖ੍ਵਾਕੁ ਵਿਖੇ ਜੋ ਰਾਜਾ." (ਗੁਪ੍ਰਸੂ)

ਇੰਗ: ਸੰ. ਇਙ੍ ਗ੍. ਧਾ- ਜਾਣਾ. ਕੰਬਣਾ। ੨. ਸੰਗਯਾ- ਚਿੰਨ੍ਹ. ਨਿਸ਼ਾਨ। ੩. ਹਰਕਤ. ਚੇਸ਼੍ਟਾ। ੪. ਇਸ਼ਾਰਾ. ਸੰਨਤ. ਸੈਨਤ.

ਇੰਗਤ: ਦੇਖੋ, ਇੰਗਿਤ.

ਇੰਗਲਿਸ਼: ਅੰ. English. ਵਿ- ਅੰਗ੍ਰੇਜ਼ੀ. ਇੰਗਲੈਂਡ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਅੰਗ੍ਰੇਜ਼ੀ ਭਾਸ਼ਾ. ਇੰਗਲੈਂਡ ਦੀ ਬੋਲੀ। ੩. ਪੰਜਾਬੀ ਵਿੱਚ ਪੈਨਸ਼ਨ (Pension) ਨੂੰ ਭੀ ਇੰਗਲਿਸ਼ ਆਖਦੇ ਹਨ.

ਇੰਗਲਿਸਤਾਨ, ਇੰਗਲੈਂਡ: ਫ਼ਾ. اِنگلِستان ਅੰ. England. ਸੰਗਯਾ- ਅੰਗ੍ਰੇਜ਼ਾਂ ਦਾ ਦੇਸ਼. ਇਹ ਯੂਰਪ ਦੇ ਉੱਤਰ ਪੱਛਮ ਇੱਕ ਮੁਲਕ ਹੈ. ਇਸ ਦੇ ਉੱਤਰ ਸਕਾਟਲੈਂਡ, ਪੂਰਬ ਨੌਰਥ ਸੀ (North Sea) ਦੱਖਣ ਵੱਲ ਇੰਗਲਿਸ਼ ਚੈਨਲ (English Channel) ਅਤੇ ਪੱਛਮ ਵੱਲ ਆਇਰਿਸ਼ ਸੀ (Irish Sea) ਹੈ. ਇਹ ਦੇਸ਼ ਤਿਕੋਣ ਸ਼ਕਲ ਦਾ ਹੈ ਅਤੇ ਇਸ ਦਾ ਰਕਬਾ ੫੦੮੭੪ ਵਰਗ ਮੀਲ ਹੈ. ਇਸ ਦੀ ਲੰਬਾਈ ਵੱਧ ਤੋਂ ਵੱਧ ੪੨੦ ਅਤੇ ਚੌੜਾਈ ੩੬੦ ਮੀਲ ਹੈ. ਪਰ ਇਸ ਦੇ ਨਾਲ ਲਗਦੇ ਇਸ ਦੇਸ਼ ਦੇ ਰਾਜ ਦੇ ਇਲਾਕੇ- ਸਕਾਟਲੈਂਡ, ਵੇਲਜ਼ ਅਤੇ ਆਇਰਲੈਂਡ ਨੂੰ ਰਲਾਕੇ, ਜੋ ਸੰਮਿਲਿਤ ਦੇਸ਼ ਬਣਦਾ ਹੈ, ਉਸ ਦਾ ਰਕਬਾ ੧੨੧੦੨੭ ਵਰਗ ਮੀਲ ਹੈ.

ਸਨ ੧੯੧੧ ਦੀ ਮਰਦੁਮਸ਼ੁਮਾਰੀ ਅਨੁਸਾਰ ਇੰਗਲੈਂਡ ਦੀ ਵਸੋਂ ੪੭੨੬੩੫੩੦ ਮਨੁੱਖਾਂ ਦੀ ਹੈ. ਇੱਥੇ ਦੇ ਲੋਕਾਂ ਨੂੰ ਅੰਗ੍ਰੇਜ਼ ਆਖਦੇ ਹਨ, ਉਨ੍ਹਾਂ ਦਾ ਧਰਮ ਈਸਾਈ ਮਤ ਦੀ ਪ੍ਰੋਟੈਸਟੰਟ ਸ਼ਾਖ ਹੈ. ਕੁਝਕੁ ਰੋਮਨ ਕੈਥੋਲਕ ਲੋਕ ਭੀ ਹਨ, ਜਿਨ੍ਹਾਂ ਦੀ ਗਿਣਤੀ ਕੇਵਲ ੨੨ ਲੱਖ ਦੇ ਕਰੀਬ ਹੈ. ਇੰਗਲੈਂਡ ਪੰਜਾਹ ਪਰਗਨਿਆ (Counties) ਵਿੱਚ ਵੰਡਿਆ ਹੋਇਆ ਹੈ. ਰੇਲਵੇ ਲੈਨ ਦੇਸ ਵਿੱਚ ੧੬੦੦੦ ਮੀਲ ਤੋਂ ਕੁਝ ਉੱਪਰ ਫੈਲੀ ਹੋਈ ਹੈ. ਡਾਕਖਾਨਾ, ਤਾਰਘਰ, ਹਸਪਤਾਲ, ਮਦਰਸਾ, ਪੁਸਤਕਾਲੈ ਅਤੇ ਧਰਮਮੰਦਿਰ ਤੋਂ ਖਾਲੀ ਸ਼ਾਇਦ ਹੀ ਕੋਈ ਪਿੰਡ ਹੋਵੇ. ਮੁੰਢਲੀ ਵਿਦਯਾ ਮੁਫਤ ਤੇ ਲਾਜ਼ਮੀ ਹੈ, ਜਿਸ ਕਾਰਨ ਕੋਈ ਅਨਪੜ੍ਹ ਨਹੀਂ.

ਇੰਗਲੈਂਡ ਦੀ ਰਾਜਧਾਨੀ ਲੰਡਨ ਹੈ, ਜਿਸ ਦੀ ਆਬਾਦੀ ਸੱਤਰ ਲੱਖ ਹੈ. ਇਹ ਦੁਨੀਆਂ ਵਿੱਚ ਸਭ ਤੋਂ ਵਡਾ ਸ਼ਹਿਰ ਹੈ. ਇੰਗਲਿਸਤਾਨ ਨੇ ਹਿੰਦੁਸਤਾਨ ਤੇ ਜਿਸ ਤਰਾਂ ਆਪਣਾ ਰਾਜ ਪ੍ਰਤਾਪ ਜਮਾਇਆ, ਉਸ ਦਾ ਹਾਲ ਦੇਖੋ, 'ਈਸਟ ਇੰਡੀਆ ਕੰਪਨੀ' ਸ਼ਬਦ ਵਿੱਚ.

ਇੰਗਲੈਂਡ ਦੇ ਰਾਜ ਦੀ ਦੁਨੀਆਂ ਵਿੱਚ ਵਡੀ ਭਾਰੀ ਸਲਤਨਤ ਹੈ, ਜਿਸ ਉੱਤੇ ਅੱਠ ਪਹਿਰ ਸੂਰਜ ਦਾ ਪ੍ਰਕਾਸ਼ ਰਹਿੰਦਾ ਹੈ, ਅਰਥਾਤ ਕਦੇ ਸੂਰਜ ਨਹੀਂ ਡੁਬਦਾ. ਕਿਉਂਕਿ ਇਹ ਸੰਸਾਰ ਦੀ ਦੂਰ ਦੂਰ ਗੁੱਠਾਂ ਤਕ ਖਿਲਰੀ ਹੋਈ ਹੈ. ਇਸ ਦੇ ਅਧੀਨ ਯੂਰਪ, ਅਮਰੀਕਾ, ਆਸਟ੍ਰੇਲੀਆ, ਅਫਰੀਕਾ ਅਤੇ ਏਸ਼ੀਆ ਵਿੱਚ ਕਈ ਦੇਸ਼ ਹਨ, ਜਿਨ੍ਹਾਂ ਵਿੱਚੋਂ ਸਾਡਾ ਭਾਰਤ ਸਭ ਤੋਂ ਉੱਘਾ ਹੈ. ਇਸ ਸਲਤਨਤ ਨੇ ਸਾਰੀ ਧਰਤੀ ਦਾ ਚੌਥਾ ਹਿੱਸਾ ਮੱਲਿਆ ਹੋਇਆ ਹੈ ਅਤੇ ਵਸੋਂ ਦੀ ਸਾਰੀ ਆਦਮ ਗਿਣਤੀ ਦੇ ਪੰਜਵੇਂ ਹਿੱਸੇ ਦੇ ਬਰਾਬਰ ਹੈ.

ਅੰਗ੍ਰੇਜ਼ੀ ਰਾਜ ਦਾ ਸਾਰਾ ਰਕਬਾ ੧੩੯੦੯੭੮੨ ਵਰਗ ਮੀਲ ਅਤੇ ਇਸ ਦੀ ਵਸੋਂ ੪੬੦੦੯੪੦੦੦ ਮਨੁੱਖਾਂ ਦੀ ਹੈ. ਅਥਵਾ ਇਉਂ ਸਮਝੋ ਕਿ ਰਕਬੇ ਦੇ ਲਿਹਾਜ ਨਾਲ ਇੰਗਲਿਸਤਾਨ ਦਾ ਰਾਜ ਇੰਗਲੈਂਡ ਦੇ ਆਪਣੇ ਦੇਸ਼ ਕੋਲੋਂ ੨੭੩ ਗੁਣਾ ਵਡਾ ਹੈ. ਇਸ ਰਾਜ ਦੀ ਕੁੱਲ ਵਸੋਂ ਵਿੱਚੋਂ, ਗੋਰੀ ਨਸਲਦੇ ਲੋਕ ਕੇਵਲ ਪੰਜ ਕਰੋੜ ਦੇ ਲਗਪਗ ਹਨ.

ਇਸ ਦੇਸ਼ ਦਾ ਰਾਜਪ੍ਰਬੰਧ ਬਾਦਸ਼ਾਹ ਦੇ ਅਧੀਨ ਪੰਚਾਇਤੀ ਹੈ ਅਤੇ ਇਸ ਵੇਲੇ ਰਾਜਸਿੰਘਾਸਨ ਤੇ ਸ਼ਹਨਸ਼ਾਹ ਜਾਰਜ ਪੰਜਵਾਂ (George V) ਹੈ.

ਇੰਗਲੈਂਡ, ਵੇਲਜ਼ ਅਤੇ ਸਕਾਟਲੈਂਡ ਦੀ ਸੰਮਿਲਿਤ ਸੰਗਯਾ- ਬ੍ਰਿਟੇਨ (Britain) ਹੈ ਅਤੇ ਇਸਦੇ ਵਸਨੀਕ ਅਥਵਾ ਇਸ ਨਾਲ ਸੰਬੰਧਿਤ ਬ੍ਰਿਟਿਸ਼ (British) ਸੱਦੀਦੇ ਹਨ.

ਇੰਗਿਤ: ਸੰ. इङ गित. ਵਿ- ਹਰਕਤ ਕਰਦਾ ਹੋਇਆ, ਹਿਲਦਾ ਹੋਇਆ। ੨. ਚਿੰਨ੍ਹਿਤ. ਨਿਸ਼ਾਨ ਸਹਿਤ। ੩. ਸੰਗਯਾ- ਇਸ਼ਾਰਾ. ਸੈਨਤ। ੪. ਚੇਸ਼੍ਟਾ. ਹਰਕਤ. "ਇੰਗਿਤ ਬੋਲ ਵਿਲੋਕਨ ਕੇਰੀ." (ਗੁਪ੍ਰਸੂ).

ਇੰਗੁਦੀ: ਸੰ. इङ गुदी. ਸੰਗਯਾ- ਗੋਂਦਨੀ. ਇਸ ਦੇ ਲੇਸਦਾਰ ਫਲ ਖਾਣ ਦੇ ਕੰਮ ਆਉਂਦੇ ਹਨ. ਗਲੇ ਦੀ ਸੋਜ ਅਤੇ ਮੂੰਹ ਦੇ ਛਾਲਿਆਂ ਨੂੰ ਗੋਂਦਨੀ ਦੂਰ ਕਰਦੀ ਹੈ. L. Gordia augustifolia "ਇੰਗੁਦੀ ਖਰੇ ਵਿਸਾਲ." (ਗੁਪ੍ਰਸੂ)

ਇੰਗ੍ਰੇਜ: ਪੁਰਤ. ਇੰਗਲੇਜ਼. ਫ੍ਰ. Anglais. ਇੰਗਲਿਸਤਾਨ England ਦਾ ਨਿਵਾਸੀ.

ਇੰਗ੍ਰੇਜੀ: ਇੰਗਲੈਂਡ ਨਿਵਾਸੀਆਂ ਦੀ ਬੋਲੀ. English.

ਇੰਚ: ਅੰ. Inch. ਸੰਗਯਾ- ਫੁੱਟ ਦਾ ਬਾਰਵਾਂ ਹਿੱਸਾ. ਗਜ਼ ਦਾ ਛੱਤੀਹਵਾਂ ਭਾਗ.

ਇਛ: ਦੇਖੋ, ਇਛਾ. "ਮਨਇਛ ਪਾਈ ਪ੍ਰਭੁ ਧਿਆਈ." (ਆਸਾ ਛੰਤ ਮਃ ੫)

ਇਛਅੜਾ: ਵਿ- ਇੱਛਾ ਅੱਗੇ ਅੜਾ ਪ੍ਰਤ੍ਯਯ. ਇੱਛਿਤ. ਵਾਂਛਿਤ ਚਾਹਿਆ ਹੋਇਆ. ਲੋੜੀਂਦਾ.

ਇਛਸਿ: ਚਾਹੇਗਾ. ਚਾਹੁੰਦਾ ਹੈ. ਤੂੰ ਇੱਛਾ ਕਰਦਾ ਹੈਂ. "ਇਛਸਿ ਜਮਾਦਿ ਪਾਰਭਯੰ." (ਗੂਜ ਜੈਦੇਵ) ਦੇਖੋ, ਪਰਾਭਯੰ.

ਇਛਤ, ਇੰਛਤ: ਸੰ. इच्छित. ਇੱਛਿਤ. ਵਿ- ਚਾਹਿਆ ਹੋਇਆ. ਵਾਂਛਿਤ. ਲੋੜੀਂਦਾ. "ਮਨਇੰਛਤ ਹੀ ਫਲ ਪਾਵਤ ਹੈ." (ਸਵੈਯੇ ਮਃ ੪. ਕੇ)

ਇਛਾ: ਸੰ. इच्छा. ਇੱਛਾ. ਸੰਗਯਾ- ਚਾਹ. ਲੋੜ. ਖ਼੍ਵਾਹਿਸ਼. ਕਾਮਨਾ। ੨. ਅਪ੍ਰਾਪਤ ਵਸਤੁ ਦੀ ਅਭਿਲਾਖਾ.

ਇਛਾਚਾਰੀ: इच्छाचारिन. ਵਿ- ਆਪਣੀ ਇੱਛਾ ਅਨੁਸਾਰ ਵਿਚਰਣ (ਫਿਰਨ) ਵਾਲਾ.

ਇਛਾਪੂਰਕ, ਇਛਾਪੂਰਕੁ: ਵਿ- ਇੱਛਾ (ਕਾਮਨਾ) ਪੂਰੀ ਕਰਨ ਵਾਲਾ. "ਇਛਾਪੂਰਕੁ ਸਰਬ ਸੁਖਦਾਤਾ." (ਧਨਾ ਮਃ ੪) ੨. ਸੰਗਯਾ- ਵਾਹਗੁਰੂ. "ਇਛਾਪੂਰਕੁ ਰਖੈ ਨਿਦਾਨ." (ਆਸਾ ਮਃ ੫)

ਇੱਛਾ: ਦੇਖੋ, ਇਛਾ.

ਇੱਛਿਤ: ਦੇਖੋ, ਇਛਤ.

ਇੱਛੁ: ਸੰ. इच्छु. ਵਿ- ਇੱਛਾ ਵਾਲਾ. ਕਾਮਨਾ ਵਾਲਾ। ੨. ਸੰਗਯਾ- ਦੇਖੋ, ਇਖੁ। ੩. ਡਿੰਗ. ਗੁੜ.

ਇੱਛੁਕ: ਦੇਖੋ, ਇੱਛੁ.

ਇੱਛੰ: ਦੇਖੋ, ਇੱਛਾ। ੨. ਸੰ. ईक्षणीय. ਈਕ੍ਸ਼ਣੀਯ. ਵਿ- ਦੇਖਣ ਲਾਇਕ. ਦੇਖਨੇ ਯੋਗ੍ਯ. "ਉਠੀ ਛਿੱਛ ਇੱਛੰ." (ਵਿਚਿਤ੍ਰ) ਦੇਖਣ ਯੋਗ ਛਿੱਟਾਂ ਉੱਠੀਆਂ.

ਇਜ: ਦੇਖੋ, ਇਜ੍ਯ.

ਇੰਜ: ਦੇਖੋ, ਇੰਞੁ.

ਇਜਹਾਰ: ਅ਼. اظہار ਇਜਹਾਰ. ਸੰਗਯਾ- ਜਾਹਿਰ ਕਰਨ ਦੀ ਕ੍ਰਿਯਾ. ਬਿਆਨ.

ਇਜਨਾਸ: ਦੇਖੋ, ਅਜਨਾਸ.

ਇਜਰਾ, ਇਜਰਾਯ: ਅ਼. اجرا ਸੰਗਯਾ- ਜਾਰੀ ਕਰਨ ਦੀ ਕ੍ਰਿਯਾ. ਅਮਲ ਵਿੱਚ ਲਿਆਉਣਾ. ਕਿਸੇ ਹੁਕਮ ਨੂੰ ਵਰਤੋਂ ਵਿੱਚ ਲਿਆਉਣ ਦਾ ਭਾਵ. ਜਿਵੇਂ- ਇਜਰਾ ਡਿਗਰੀ ਆਦਿ.

ਇਜਲਾਸ: ਅ਼. اجلاس ਸੰਗਯਾ- ਜਲੂਸ (ਬੈਠਣ) ਦੀ ਥਾਂ। ੨. ਹਾਕਿਮ ਦੀ ਨਿਸ਼ਸ੍ਤਗਾਹ. ਕਚਹਿਰੀ. ਨ੍ਯਾਯਸ਼ਾਲਾ.

ਇਜਾਜ਼ਤ: ਅ਼. اجازت ਸੰਗਯਾ- ਆਗ੍ਯਾ. ਹੁਕਮ। ੨. ਪਰਵਾਨਗੀ. ਮਨਜੂਰੀ.

ਇਜਾਫਤ: ਅ਼. اضافت ਇਜਾਫ਼ਤ. ਸੰਬੰਧ ਜੋੜਨ ਵਾਲਾ ਅਤੇ ਸ਼ਸ੍ਠੀ ਅਰਥ ਬੋਧਕ ਪ੍ਰਤ੍ਯਯ ਦਾ ਚਿੰਨ੍ਹ. ਇਹ ਗੁਰੁਬਾਣੀ ਵਿੱਚ ਸਿਆਰੀ ਨਾਲ ਵਰਤਿਆ ਹੈ. "ਯਕ ਅਰਜ ਗੁਫਤਮ ਪੇਸਿ ਤੋ." (ਤਿਲੰ ਮਃ ੧) ਇਸ ਗ੍ਰੰਥ ਵਿੱਚ ਇਸ ਦਾ ਇਹ "੍" ਚਿੰਨ੍ਹ ਹੈ.

ਇਜਾਫਾ: ਅ਼. اضافہ ਇਜਾਫ਼ਾ. ਸੰਗਯਾ- ਵ੍ਰਿੱਧਿ. ਬਢਤੀ. ਵੱਧਾ.

ਇਜਾਬਤ: ਅ਼. اجابت ਜਬਾਬ (ਕ਼ਬੂਲ) ਕਰਨਾ। ੨. ਖੁਲ੍ਹਕੇ ਪਾਖਾਨਾ ਆਉਣਾ.

ਇਜ਼ਾਰ: ਅ਼. ازار ਸੰਗਯਾ- ਪਜਾਮਾ. ਸਲਵਾਰ. ਸੁੱਥਣ, ਘੁਟੰਨਾ.

ਇਜ਼ਾਰਬੰਦ: ਫ਼ਾ. ازاربند ਸੰਗਯਾ- ਨਾਲਾ. ਜਿਸ ਨਾਲ ਪਜਾਮਾ ਬੰਨ੍ਹਿਆ ਜਾਵੇ.

ਇਜਾਰਾ: ਦੇਖੋ, ਇਜਾਰ. "ਸੋਲਹਿ ਸਹਿਸ ਇਜਾਰਾ." (ਭੈਰ ਨਾਮਦੇਵ) ੨. ਅ਼. اجارہ ਸੰਗਯਾ- ਠੇਕਾ. ਉਜਰਤ ਪੁਰ ਲੈਣ ਦੀ ਕ੍ਰਿਯਾ.

ਇੰਜੀਲ: ਯੂ. ਅ਼. ਫ਼ਾ. انجیل ਅੰ. Evengel. ਫ਼੍ Evengile. L. Evangelium. ਸੰਗਯਾ- ਮੰਗਲ ਸਮਾਚਾਰ. ਖ਼ੁਸ਼ਖ਼ਬਰੀ। ੨. ਈਸਾਈਆਂ ਦਾ ਧਰਮਗ੍ਰੰਥ. New Testament.

ਇਜੇਹਾ: ਕ੍ਰਿ. ਵਿ- ਐਸਾ. ਐਹੋ ਜੇਹਾ.

ਇਜੈ: ਸੰਗਯਾ- ਇ (ਕਾਮ) ਨੂੰ ਜੈ ਕਰਨ ਵਾਲਾ. ਸ਼ਿਵ। ੨. ਜਯ ਦੀ ਥਾਂ ਭੀ ਇਜੈ ਸਬਦ ਆਇਆ ਹੈ. ਦੇਖੋ, ਇਜੈ ਬਿਜੈ.

ਇਜੈ ਬਿਜੈ: ਦੇਖੋ, ਜਯ ਵਿਜਯ। ੨. ਸੰਗਯਾ- ਇਜੈ ਬਿਜੈ (ਜਯ ਵਿਜਯ) ਕ੍ਰਿਤ ਸਤੋਤ੍ਰ. "ਇਜੈ ਬਿਜੈ ਸੁ ਗਾਵਤੇ." (ਗੁਪ੍ਰਸੂ) ੩. ਈਜ੍ਯ (ਪੂਜ੍ਯ ਦੇਵਤਾ) ਦੀ ਵਿਜਯ (ਜਿੱਤ). ੪. ਸ਼ਿਵ ਦਾ ਵਿਜਯ ਗੀਤ.

ਇੱਜਤ: ਅ਼. عزّت ਇ਼ੱਜ਼ਤ. ਸੰਗਯਾ- ਮਾਨ. ਆਦਰ. ਪ੍ਰਤਿਸ਼੍ਠਾ.

ਇੱਜੜ: ਸੰਗਯਾ- ਅਜਾ ਸਮੁਦਾਯ. ਬਕਰੀ ਭੇਡਾਂ ਦਾ ਝੁੰਡ। ੨. ਬੱਕਰੀਆਂ ਰੱਖਣ ਦਾ ਵਾੜਾ.

ਇਜ੍ਯ: ਸੰ. ਵਿ- ਸਨਮਾਨ ਯੋਗ੍ਯ. ਆਦਰ ਲਾਇਕ਼। ੨. ਪੂਜਣ ਯੋਗ੍ਯ.

ਇਜ੍ਯਾ: ਸੰ. ਸੰਗਯਾ- ਪੂਜਾ। ੨. ਜੱਗ.

ਇੰਵ, ਇੰਵ੍ਹ: ਕ੍ਰਿ. ਵਿ- ਇਸ ਤਰਾਂ. ਇਸ ਢੰਗ ਨਾਲ. ਐਸੇ. ਇਵੇਂ. ਇਉਂ.

ਇਟ: ਦੇਖੋ, ਈਟਕਾ. "ਇਟ ਸਿਰਾਣੇ ਭੁਇ ਸਵਣੁ." (ਸ. ਫਰੀਦ) ੨. ਸੰ. ਇਟ੍. ਧਾ- ਜਾਣਾ.

ਇਟਾਵਾ: ਦੇਖੋ, ਏਟਾਵਾ. "ਸ਼ਹਿਰ ਇਟਾਵਾ ਮੇ ਹੁਤੋ ਨਾਨਾ ਨਾਮ ਸੁਨਾਰ." (ਚਰਿਤ੍ਰ ੯੦)

ਇੱਟ: ਦੇਖੋ, ਈਟਕਾ.

ਇਠ, ਇਠੜਾ, ਇਠਾ: ਸੰ. ਇਸ਼੍ਟ. ਵਿ- ਚਾਹਿਆ ਹੋਇਆ. ਲੋੜੀਂਦਾ. ਵਾਂਛਿਤ। ੨. ਪੂਜਿਤ. "ਹਰਿ ਇਠੈ ਨਿਤ ਧਿਆਇੰਦਾ." (ਸ੍ਰੀ ਮਃ ੫. ਪੈਪਾਇ) ੩. ਪਿਆਰਾ. ਮਨਭਾਵਨ. "ਗੁਸਾਈ ਮਿਹੰਡਾ ਇਠੜਾ." (ਸ੍ਰੀ ਮਃ ੫. ਪੈਪਾਇ) "ਮਿਤ੍ਰ ਨ ਇਠ ਧਨ ਰੂਪ ਹੀਣ." (ਵਾਰ ਜੈਤ) ਇਸ਼੍ਟ ਮਿਤ੍ਰ। ੪. ਦੇਖੋ, ਇਸਟ.

ਇਠਾਹਾਂ: ਦੇਖੋ, ਹਿਠਾਹਾਂ.

ਇਠੈ: ਦੇਖੋ, ਇਠ। ੨. ਇਸ਼੍ਟ (ਪਿਆਰੇ) ਨੂੰ. ਦੇਖੋ, ਇਠ ੩। ੩. ਪੂਜ੍ਯ (ਇਸ਼੍ਟ) ਨੂੰ. ਦੇਖੋ, ਇਠ ੨.

ਇੱਠਾ: ਦੇਖੋ, ਇਠ. "ਪੁਤ੍ਰ ਮਿਤ੍ਰ ਗੁਰੁਭਾਈ ਇੱਠਾ." (ਭਾਗੁ)

ਇੰਡਸ: ਯੂ. Indos ਅੰ. Indus. ਸੰਗ੍ਯਾ- ਸਿੰਧੁ ਨਦ. ਦਰਿਆ ਸਿੰਧ.

ਇਡਾ: ਦੇਖੋ, ਇੜਾ। ੨. ਦੇਖੋ, ਏਡਾ.

ਇੰਡੀਆ: ਅੰ. India. ਸੰਗ੍ਯਾ- ਸਿੰਧੁਨਦ (Indus) ਵਾਲਾ ਦੇਸ਼. ਹਿੰਦੁਸਤਾਨ. ਭਾਰਤ. ਹਿੰਦ. ਦੇਖੋ, ਹਿੰਦੁਸਤਾਨ.

ਇੱਡਾ: ਵਿ- ਇਤਨਾ ਵਡਾ. ਇਸ ਜੇਡਾ.

ਇਣ: ਡਿੰਗ. ਸਰਵ- ਇਨ. ਇਨ੍ਹਾਂ.

ਇਤ: ਕ੍ਰਿ. ਵਿ- ਇਸ ਪਾਸੇ. ਇਧਰ. ਇਸ ਓਰ. ਇਸੀ ਮੇ. ਇਸੇ ਵਿੱਚ. "ਜੇ ਭੁਖ ਦੇਹਿ ਤ ਇਤ ਹੀ ਰਾਜਾ." (ਸੂਹੀ ਅਃ ਮਃ ੪) ੨. ਇਸ ਲੋਕ ਵਿੱਚ। ੩. ਸੰ. ਵਿ- ਗੁਜ਼ਰਿਆ ਹੋਇਆ. ਬੀਤਿਆ। ੪. ਸੰਗ੍ਯਾ- ਗਮਨ. ਚਾਲ। ੫. ਗ੍ਯਾਨ। ੬. ਪ੍ਰਾਪਤਿ। ੭. ਦੇਖੋ, ਇਤਿ.

ਇਤ ਉਤ: ਕ੍ਰਿ. ਵਿ- ਏਧਰ ਓਧਰ। ੨. ਲੋਕ ਪਰਲੋਕ ਵਿੱਚ. "ਸੋ ਜਨ ਇਤ ਉਤ ਕਤਹਿ ਨ ਡੋਲੈ." (ਗਉ ਮਃ ੫)

ਇੰਤਸ਼ਾਰ: ਅ਼. اِنّتشار ਸੰਗ੍ਯਾ- ਬਿਖਰਨਾ. ਖਿਲਾਰ. ਫੈਲਾਉ। ੨. ਚਿੰਤਾ. ਘਬਰਾਹਟ.

ਇੰਤਹਾ: ਅ਼. اِنّتہا ਸੰਗ੍ਯਾ- ਹੱਦ. ਸੀਮਾ। ੨. ਅਵਧਿ. ਅੰਤ। ੩. ਕਿਨਾਰਾ. ਕੰਢਾ.

ਇਤਹਾਦ: ਅ਼. اِتحاد ਇੱਤਹ਼ਾਦ. ਸੰਗ੍ਯਾ- ਵਹਾਦਤ (ਏਕਤਾ) ਦਾ ਭਾਵ. ਮਿਲਾਪ. ਮੇਲ। ੨. ਪ੍ਰੇਮ. ਪਿਆਰ.

ਇਤ ਹੀ: ਇਧਰ ਹੀ. ਯਹਾਂ ਹੀ. ਇੱਥੇ ਹੀ. ਇਸੇ ਵਿੱਚ. ਦੇਖੋ, ਇਤ ੧.

ਇਤਕਾਦ: ਅ਼. اِعتقاد ਇਅ਼ਤਕ਼ਾਦ. ਸੰਗ੍ਯਾ- ਨਿਸ਼ਚਾ. ਭਰੋਸਾ. ਵਿਸ਼੍ਵਾਸ. "ਸੁਣਕੇ ਖਬਰ ਨਜੂਮ ਦੀ ਇਤਕਾਦ ਨ ਕਰਦਾ." (ਜੰਗਨਾਮਾ)

ਇੰਤਕਾਮ, ਇੰਤਕ਼ਾਮ: ਅ਼. اِنّتقام ਸੰਗ੍ਯਾ- ਬਦਲਾ ਲੈਣਾ. ਰੜਕ ਕੱਢਣੀ. ਇਸ ਦਾ ਮੂਲ ਨਕ਼ਮ (ਵੈਰ) ਹੈ.

ਇੰਤਕਾਲ, ਇੰਤਕ਼ਾਲ: ਅ਼. اِنّتقال ਸੰਗ੍ਯਾ- ਇੱਕ ਥਾਂ ਤੋਂ ਦੂਜੇ ਥਾਂ ਹੋਣ ਦੀ ਕ੍ਰਿਯਾ। ੨. ਇੱਕ ਦੇ ਅਧਿਕਾਰ ਤੋਂ ਦੂਜੇ ਦੇ ਅਧਿਕਾਰ ਵਿੱਚ ਜਾਣਾ। ੩. ਮ੍ਰਿਤ੍ਯੁ. ਪਰਲੋਕ ਗਮਨ.

ਇੰਤਜਾਮ: ਅ਼. اِنّتظام ਇੰਤਜ਼ਾਮ. ਸੰਗ੍ਯਾ- ਨਜ਼ਮ (ਪ੍ਰਬੰਧ) ਕਰਨ ਦਾ ਭਾਵ. ਬੰਦੋਬਸ੍ਤ.

ਇੰਤਜਾਰ: ਅ਼. اِنّتظار ਇੰਤਜ਼ਾਰ. ਸੰਗ੍ਯਾ- ਨਜ਼ਰ ਕਰਨ ਦੀ ਕ੍ਰਿਯਾ. ਉਡੀਕ. ਪ੍ਰਤੀਕ੍ਸ਼ਾ.

ਇਤਨਕ, ਇਤਨਕੁ, ਇਟਨਾਕੁ, ਇਤਨੀਕ: ਵਿ- ਇਤਨਾ ਇਕ. ਏਤਾਵਨ ਮਾਤ੍ਰ. ਐਨਾਂਕੁ. ਐਨੀਂਕੁ. "ਇਤਨਕ ਲਾਗੈ

ਠਨਕਾ." (ਸਾਰ ਕਬੀਰ) "ਇਤਨਕੁ ਪਸਰਿਓ ਤਾਨਾ." (ਆਸਾ ਕਬੀਰ) "ਇਤਨਾਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ." (ਸ੍ਰੀ ਕਬੀਰ) "ਹਉ ਇਤਨੀਕ ਲਹੁਰੀਆ." (ਸੂਹੀ ਛੰਤ ਮਃ ੫)

ਇਤਫ਼ਾਕ: ਅ਼. اِتفاق ਇੱਤਿਫ਼ਾਕ਼. ਸੰਗਯਾ- ਮੇਲ. ਮਿਲਾਪ. ਏਕਾ. ਦੇਖੋ, ਏਕਤਾ। ੨. ਸਹਮਤਿ. ਰਾਇ ਦਾ ਮਿਲਾਪ। ੩. ਮੌਕਾ. ਅਵਸਰ.

ਇਤਫ਼ਾਕਨ, ਇਤਫ਼ਾਕੀਆ, ਇਤਫ਼ਾਕੀਯਹ, ਇਤਫ਼ਾਕ਼ਨ, ਇਤਫ਼ਾਕ਼ੀਆ, ਇਤਫ਼ਾਕ਼ੀਯਹ: ਅ਼. اِتفاقن ਕ੍ਰਿ. ਵਿ- ਅੱਚਣਚੇਤ. ਅਚਾਨਕ. ਦੇਵਨੇਤ ਨਾਲ. ਸੰਯੋਗ ਵਸ਼. ਅਕਸਮਾਤ.

ਇਤਬਾਰ: ਅ਼. اِعتبار ਇਅ਼ਤਬਾਰ. ਸੰਗਯਾ- ਇ਼ਬਰਤ (ਨਸੀਹ਼ਤ) ਪਕੜਨਾ। ੨. ਨਿਸ਼ਚਾ. ਭਰੋਸਾ. ਵਿਸ਼੍ਵਾਸ.

ਇਤਬਾਰੀ: ਵਿ- ਜਿਸ ਪੁਰ ਭਰੋਸਾ ਕੀਤਾ ਜਾਵੇ. ਇਤਬਾਰ ਦੇ ਲਾਇਕ.

ਇਤਮੀਨਾਨ, ਇਤ਼ਮੀਨਾਨ: ਅ਼. اِطمینان ਸੰਗਯਾ- ਤਸੱਲੀ. ਨਿਸ਼ਚਾ.

ਇਤਰ: ਸੰ. ਵਿ- ਦੂਜਾ. ਹੋਰ. ਔਰ. ਅਨਯ। ੨. ਨੀਚ. ਪਾਮਰ। ੩. ਅ਼. عطر ਇ਼ਤ਼ਰ. ਸੰਗਯਾ- ਸੁਗੰਧਿਸਾਰ. ਅਤਰ। ੪. ਚੰਦਨ ਦੇ ਤੇਲ ਵਿੱਚ ਮੋਤੀਆ ਗੁਲਾਬ ਕੇਵੜੇ ਆਦਿਕ ਦੀ ਰਚਾਈ ਹੋਈ ਸੁਗੰਧ.

ਇਤਰਾਜ: ਅ਼. اِعتراض ਇਅ਼ਤਰਾਜ਼. ਸੰਗਯਾ- ਤਰਕ. ਸ਼ੰਕਾ. ਉਟੰਕਨਾ। ੨. ਵਿਰੋਧ.

ਇਤਰਾਤ: ਦੇਖੋ, ਇਤਰਾਨਾ.

ਇਤਰਾਨਾ: ਕ੍ਰਿ- ਇਤਰਾਜ ਕਰਨਾ. ਹੁੱਜਤਬਾਜ਼ੀ ਕਰਨੀ। ੨. ਐਂਠਨਾ. ਆਕੜਨਾ.

ਇਤਰੇਤਰ: ਸੰ. ਕ੍ਰਿ. ਵਿ- ਆਪੋਵਿੱਚੀ. ਪਰਸਪਰ. ਅਨਯੋਨਯ.

ਇਤੜਾ, ਇਤੜੇ: ਵਿ- ਇਯਤ. ਇਤਨਾ. ਇਸ ਕ਼ਦਰ। ੨. ਇਯੰਤ. ਇਤਨੇ. "ਜਾਲਪਾ, ਪਦਾਰਥ ਇਤੜੇ." (ਸਵੈਯੇ ਮਃ ੩. ਕੇ)

ਇਤਾ: ਵਿ- ਇਤਨਾ. ਏਤਾ.

ਇਤਾਅਤ, ਇਤ਼ਾਅ਼ਤ: ਅ਼. اِطعت ਸੰਗਯਾ- ਆਗਯਾ ਪਾਲਨ. ਤਾਬੇਦਾਰੀ. ਦੇਖੋ, ਤਾਅਤ.

ਇਤਾਬ, ਇ਼ਤਾਬ: ਅ਼. عتاب ਸੰਗਯਾ- ਗੁੱਸਾ ਪ੍ਰਗਟ ਕਰਨਾ. ਖ਼ਫ਼ਗੀ.

ਇਤਾਲ: ਕ੍ਰਿ. ਵਿ- ਇਸ ਸਮੇਂ. ਇਸ ਕਾਲ. "ਅਬ ਕਰਤਾ ਸੁ ਇਤਾਲ." (ਸ. ਕਬੀਰ) ਜੋ ਅੱਜ ਕਰਨਾ ਹੈ ਸੋ ਇਸੇ ਵੇਲੇ ਕਰ.

ਇਤਿ: ਵ੍ਯ- ਸਮਾਪਤਿ ਬੋਧਕ। ੨. ਸੰਗਯਾ- ਸਮਾਪਤੀ. ਖ਼ਾਤਿਮਾ। ੩. ਏਹੁ.

ਇੰਤਿਹਾ: ਦੇਖੋ, ਇੰਤਹਾ.

ਇਤਿਹਾਸ: ਸੰ. ਇਤਿ- ਹ- ਆਸ. ਐਸਾ ਪ੍ਰਸਿੱਧ ਥਾਂ. ਅਰਥਾਤ- ਅਜੇਹਾ ਗ੍ਰੰਥ ਜਿਸ ਵਿੱਚ ਬੀਤੀ ਹੋਈ ਘਟਨਾ ਦਾ ਕ੍ਰਮ ਅਨੁਸਾਰ ਜਿਕਰ ਹੋਵੇ. ਤਵਾਰੀਖ਼. ਹਿਸਟਰੀ (History).

ਇਤਿਹਾਸ ਗੁਰੁ ਖਾਲਸਾ: ਸਾਧੂ ਗੋਬਿੰਦ ਸਿੰਘ ਜੀ ਦਾ ਹਿੰਦੀ ਭਾਸ਼ਾ ਵਿੱਚ ਲਿਖਿਆ ਗੁਰੂ ਸਾਹਿਬਾਨ ਅਤੇ ਖ਼ਾਲਸਾਪੰਥ ਦਾ ਇਤਿਹਾਸ, ਜੋ ੭੨ ਅਧ੍ਯਾਵਾਂ ਵਿੱਚ ਹੈ. ਇਹ ਪਹਿਲੀ ਵਾਰ ਸ਼੍ਰੀ ਵੇਂਕਟੇਸ਼੍ਵਰ ਪ੍ਰੇਸ ਬੰਬਈ ਵਿੱਚ ਸੰਮਤ ੧੯੫੯ ਨੂੰ ਛਪਿਆ ਹੈ. ਭਾਵੇਂ ਇਸ ਵਿੱਚ ਐਤਿਹਾਸਿਕ ਦ੍ਰਿਸ਼੍ਟੀ ਨਾਲ ਕਈ ਭੁੱਲਾਂ ਹਨ, ਪਰੰਤੂ ਲੇਖਕ ਨੇ ਉੱਤਮ ਭਾਵ ਅਤੇ ਯੋਗ੍ਯਤਾ ਨਾਲ ਇਹ ਗ੍ਰੰਥ ਲਿਖਿਆ ਹੈ.

ਭੂਮਿਕਾ ਵਿੱਚ ਪ੍ਰਕਾਸ਼ਕ ਲਿਖਦੇ ਹਨ- "ਜਿਸ ਸਿੱਖ ਜਾਤਿ ਕੀ ਪ੍ਰਤਿਭਾ ਭਾਰਤਵਰ੍ਸ਼ ਕੇ ਇਤਿਹਾਸ ਮੇ ਸੂਰ੍ਯ ਕੇ ਸਮਾਨ ਚਮਕ ਰਹੀ ਹੈ, ਜਿਸ ਖਾਲਸਾਜਾਤਿ ਕੇ ਸੌਰ੍ਯ, ਪਰਾਕ੍ਰਮ ਦੇਸ਼ਹਿਤ ਔਰ ਪ੍ਰਾਣਪਨ ਸੇ ਦੇਸ਼ ਕੇ ਸ੍ਵਾਤੰਤ੍ਰ੍ਯ ਕੀ ਰਕ੍ਸ਼ਾ ਕੋ ਦੇਖਕਰ ਵੀਰ ਅੰਗਰੇਜ ਸਿਰ ਝੁਕਾਤੇ ਹੈਂ, ਜਿਸ ਸਿੱਖ ਜਾਤਿ ਨੇ ਅੰਗ੍ਰੇਜੀ ਸੇਨਾ ਮੇ ਉੱਚਾਸਨ ਪਾਕਰ ਅਪਨੇ ਧਵਲ ਯਸ਼ ਸੇ ਦਿਸ਼ਾ ਵਿਦਿਸ਼ਾਂਓ ਕੋ ਧਵਲ ਕਰ ਰੱਖਾ ਹੈ, ਜੋ ਸਿੱਖ ਜਾਤਿ ਦੁਦਾਂਤ ਯਵਨੋ ਕੇ ਚੰਗੁਲ ਸੇ ਹਿੰਦੁਧਰਮ ਕੋ ਛੁਡਾਨੇ ਕੇ ਲਿਯੇ ਅਪਨਾ ਪਜਾਰਾ ਰਕ੍ਤ ਬਹਾਚੁਕੀ ਹੈ, ਉਸੀ ਸਿੱਖ ਜਾਤਿ ਕਾ, ਉਸੀ ਸਿੱਖ ਜਾਤਿ ਕੇ ਪੂਜ੍ਯ ਗੁਰੂਓਂ ਕਾ ਯਹ ਇਤਿਹਾਸ ਹੈ. ਇਤਿਹਾਸ ਮੇ ਜੋ ਬਾਤੇਂ ਹੋਤੀ ਹੈਂ ਸਬ ਹੀ ਇਸ ਮੇ ਹੈਂ, ਇਸ ਮੇ ਧਰਮੋਪਦੇਸ਼ ਹੈ, ਸ਼ੂਰਤਾ ਹੈ, ਪਰਾਕ੍ਰਮ ਹੈ, ਸ੍ਵਦੇਸ਼ਪ੍ਰੀਤਿ ਹੈ, ਆਤਮਵਿਸਰਜਨ ਹੈ ਔਰ ਪਰੋਪਕਾਰ ਹੈ. ਪੁਸ੍ਤਕ ਮੇ ਕ੍ਯਾ ਕ੍ਯਾ ਵਿਸ਼ਯ ਹੈ, ਭੂਮਿਕਾ ਮੇ ਉੱਲੇਖ ਕਰਨਾ ਏਕ ਵ੍ਰਿਹਤ ਸੇਨਾ ਕੋ ਛੋਟੇ ਸ੍ਥਲ ਮੇ ਭਰ ਦੇਨਾ ਹੈ." XXX

ਇਤਿਹਾਸਿਕ: ਸੰ. ऐतिहासिक- ਐਤਿਹਾਸਿਕ. ਵਿ- ਇਤਿਹਾਸ ਨਾਲ ਹੈ ਜਿਸਦਾ ਸੰਬੰਧ. Historical.

ਇੰਤਿਕਾਮ, ਇੰਤਿਕ਼ਾਮ: ਅ਼. انتقام ਸੰਗ੍ਯਾ- ਬਦਲਾ. ਪ੍ਰਤ੍ਯ- ਪਕਾਰ। ੨. ਬਦਲਾ ਲੈਣ ਦਾ ਕਰਮ.

ਇੰਤਿਖ਼ਾਬ: ਅ਼. انتخاب ਚੋਣ. ਚੁਣਨ ਦੀ ਕ੍ਰਿਯਾ.

ਇਤੀ: ਸੰਗ੍ਯਾ- ਇਤਿ. ਸਮਾਪਤੀ. ਹੱਦ. ਅਵਧਿ. "ਸਾਧੁਨ ਹੇਤ ਇਤੀ ਜਿਨ ਕਰੀ." (ਵਿਚਿਤ੍ਰ) ੨. ਵਿ- ਇਸ ਕ਼ਦਰ. ਇਤਨਾ. "ਸਹਾਂ ਨ ਇਤੀ ਦੁਖ." (ਸ. ਫਰੀਦ)

ਇਤੁ: ਸਰਵ- ਇਹੁ. ਏਹ. ਯਹ. "ਇਤੁ ਕਮਾਣੈ ਸਦਾ ਦੁਖ ਪਾਵੈ." (ਵਾਰ ਗੂਜ ੧, ਮਃ ੩) ੨. ਇਸ. "ਇਤੁ ਮਾਰਗਿ ਚਲੇ ਭਾਈਅੜੇ." (ਸੂਹੀ ਮਃ ੫. ਗੁਣਵੰਤੀ)

ਇਤੁਕਰਿ: ਕ੍ਰਿ. ਵਿ- ਇਸ ਤਰਾਂ. ਐਸੇ. ਇਸ ਢਬ ਨਾਲ. ਇਵੇਂ. "ਇਤੁਕਰਿ ਭਗਤਿ ਕਰਹਿ ਜੋ ਜਨ." (ਧਨਾ ਨਾਮਦੇਵ)

ਇਤੇ: ਵਿ- ਇਤਨੇ. "ਜਿਸ ਗੁਰ ਕੇ ਗੁਣ ਇਤੇ." (ਵਾਰ ਸੋਰ ਮਃ ੪)

ਇੱਤਲਾ: ਅ਼. اِطّلاع ਇੱਤ਼ਲਾਅ਼. ਸੰਗ੍ਯਾ- ਸੁਧ. ਖ਼ਬਰ. ਸੂਚਨਾ.

ਇੱਤਾ: ਵਿ- ਏਤਾਵਨ. ਏਤਾ. ਇਤਨਾ.

ਇੱਤਿਹਾਦ, ਇੱਤਿਹ਼ਾਦ: ਦੇਖੋ, ਇਤਹਾਦ.

ਇੱਤਿਹਾਮ: ਅ. اتّہام ਸੰਗ੍ਯਾ- ਤੁਹਮਤ ਲਾਉਣ ਦਾ ਭਾਵ. ਦੋਸ਼ ਲਾਉਣਾ.

ਇੱਤਿਫਾਕ: ਦੇਖੋ, ਇਤਫਾਕ.

ਇਤ੍ਯਾਦਿ: ਸੰ. ਵ੍ਯ- ਇਹ ਹੈ ਜਿਸ ਦੇ ਮੁੱਢ. ਇਸੇ ਪ੍ਰਕਾਰ. ਵਗ਼ੈਰਾ.

ਇਤ੍ਯਾਦਿਕ: ਸੰ. ਵਿ- ਐਸੇ ਹੀ ਔਰ. ਇਵੇਂ ਹੀ ਹੋਰ. ਅਜੇਹਾ ਹੀ ਹੋਰ ਦੂਜਾ.

ਇਤ੍ਯੰਤ: ਦੇਖੋ, ਅਤ੍ਯੰਤ. ੨. ਸੰ. इत्यंगत- ਇੱਥੰਗਤ. ਕ੍ਰਿ. ਵਿ- ਯੌਂਕਰ. ਇੱਕੁਰ. ਇਸ ਪ੍ਰਕਾਰ. "ਇਤ੍ਯੰਤ ਮਾਇਆ ਬ੍ਯਾਪਿਤੰ." (ਸਹਸ ਮਃ ੫) ੩. ਏਥੋਂ ਤੱਕ.

ਇਥਾਊ: ਕ੍ਰਿ. ਵਿ- ਇਸ ਥਾਂ. ਏਥੇ. ਇਸ ਜਗਾ। ੨. ਇਸ ਲੋਕ ਵਿੱਚ। ੩. ਏਥੋਂ.

ਇਥੰ: ਸੰ. इत्थम. ਕ੍ਰਿ. ਵਿ- ਇਸ ਪ੍ਰਕਾਰ ਨਾਲ. ਐਸੇ. ਯੌਂ. ਇਉਂ ਇਵੇਂ.

ਇੱਥੇ: ਕ੍ਰਿ. ਵਿ- ਇਸ ਥਾਂ. ਯਹਾਂ.

ਇੱਥੰ: ਦੇਖੋ, ਇਥੰ.

ਇੰਦ: ਸੰ. ਇੰਦ੍ਰ. ਸੰਗ੍ਯਾ- ਦੇਵਰਾਜ. ਸ੍ਵਰਗਪਤਿ ਦੇਵਤਾ. "ਕੇਤੇ ਇੰਦ ਚੰਦ ਸੂਰ ਕੇਤੇ." (ਜਪੁ) ਦੇਖੋ, ਇੰਦਾਸਣ। ੨. ਦੇਖੋ, ਇੰਦੁ.

ਇੰਦਸਤਾਨ: ਸੰਗ੍ਯਾ- ਸਿੰਧੁ ਨਦ ਵਾਲਾ ਦੇਸ਼. ਹਿੰਦੁਸਤਾਨ. ਭਾਰਤ. ਇੰਡੀਆ (India). ਦੇਖੋ, ਹਿੰਦੁਸਤਾਨ.

ਇਦਮੇਵ: ਵ੍ਯ- ਇਦੰ- ਏਵ. ਯਹੀ. ਇਹੋ ਹੀ. ਇਹੀ.

ਇੰਦਰ: ਸੰ. ਇੰਦ੍ਰ. ਸੰਗ੍ਯਾ- ਰਾਜਾ। ੨. ਵਾਹਗੁਰੂ. ਜਗਤਨਾਥ। ੩. ਦੇਵਰਾਜ. ਅਮਰਾਵਤੀ ਦਾ ਸ੍ਵਾਮੀ, ਜੋ ਵਰਖਾ ਦਾ ਦੇਵਤਾ ਮੰਨਿਆ ਹੈ, ਅਤੇ ਜਿਸ ਦਾ ਜੰਗ ਵ੍ਰਿਤ੍ਰ ਨਾਮਕ ਦੁਰਭਿੱਖ ਦੇ ਸ੍ਵਾਮੀ ਦੈਤ ਨਾਲ ਹੁੰਦਾ ਰਹਿੰਦਾ ਹੈ. ਰਿਗਵੇਦ ਵਿੱਚ ਇਸ ਦੀ ਵਡੀ ਮਹਿਮਾ ਗਾਈ ਹੈ. ਪੁਰਾਣਾਂ ਅਨੁਸਾਰ ਇਹ ਅਦਿਤਿ ਦੇ ਗਰਭ ਤੋਂ ਕਸ਼੍ਯਪ ਦਾ ਪੁਤ੍ਰ ਹੈ. ਵਾਮਨ ਇਸ ਦਾ ਛੋਟਾ ਭਾਈ ਲਿਖਿਆ ਹੈ. ਇੰਦ੍ਰ ਦੀ ਇਸਤ੍ਰੀ ਦਾ ਨਾਉਂ ਸ਼ਚੀ ਅਤੇ ਪੁਤ੍ਰ ਜਯੰਤ ਹੈ. ਇਸ ਦਾ ਸ਼ਸਤ੍ਰ ਵਜ੍ਰ ਹੈ. ਸਵਾਰੀ ਏਰਾਵਤ ਹਾਥੀ ਹੈ. ਸਭਾ ਦਾ ਨਾਉਂ ਸੁਧਰਮਾ ਹੈ. ਰਥਵਾਹੀ ਮਾਤਲਿ ਹੈ. ਸਵਾਰੀ ਦਾ ਘੋੜਾ ਉੱਚੈਃ ਸ਼੍ਰਵਾ ਹੈ. "ਇੰਦਰ ਸੱਦ ਬੁਲਾਯਾ ਰਾਜਭਿਖੇਕ ਨੂੰ." (ਚੰਡੀ ੩) ੪. ਵਿ- ਸ਼੍ਰੇਸ਼੍ਠ. ਉੱਤਮ। ੫. ਵਿਭੂਤਿ ਵਾਲਾ. ਐਸ਼੍ਵਰਯ ਵਾਲਾ.

ਇੰਦਰਾਸਣ: ਦੇਖੋ, ਇੰਦ੍ਰਾਸਨ.

ਇਦਰਾਕ: ਅ਼. ادراک ਸੰਗ੍ਯਾ- ਪਾਉਣਾ. ਮਾਲੂਮ. ਕਰਨਾ. ਸਮਝਨਾ. ਇਸ ਦਾ ਮੂਲ ਦਰਕ ਹੈ.

ਇੰਦਰਾਜ: ਦੇਖੋ, ਇੰਦਿਰਾਜ.

ਇੰਦਰਾਨੀ: ਦੇਖੋ, ਇੰਦ੍ਰਾਣੀ.

ਇੰਦਵ: ਸੰਗ੍ਯਾ- ਇੱਕ ਛੰਦ. ਦੇਖੋ, ਸਵੈਯੇ ਦਾ ਰੂਪ ੧੦.

ਇੰਦਾਸਣ: ਸੰ. ਇੰਦ੍ਰਾਸਨ. ਸੰਗ੍ਯਾ- ਰਾਜਾ ਦਾ ਸਿੰਘਾਸਨ. ਸ਼ਾਹੀ ਤਖ਼ਤ। ੨. ਦੇਵਰਾਜ ਇੰਦ੍ਰ ਦਾ ਸਿੰਘਾਸਨ. "ਗਾਵਹਿ ਇੰਦ ਇੰਦਾਸਣਿ ਬੈਠੇ." (ਸੋਦਰੁ)

ਇੰਦਾਸਣਿ: ਇੰਦ੍ਰਾਸਨ ਉੱਤੇ. ਦੇਖੋ, ਇੰਦਾਸਣ ੨.

ਇਦਾਨੀ: ਸੰ. इदानीम. ਕ੍ਰਿ. ਵਿ- ਹੁਣ ਇਸ ਵੇਲੇ. ਇਸ ਸਮੇਂ

ਇੰਦਿਰਾ: ਸੰ. इन्दिरा. ਸੰਗ੍ਯਾ- ਸ਼ੋਭਾ। ੨. ਲਛਮੀ. ਕਮਲਾ. ਰਮਾ. "ਇੰਦਿਰਾ ਕੇ ਮੰਦਿਰ ਪੈ ਸੁੰਦਰ ਸਧਾਰ ਮਾਨੋ ਹੀਰਨ ਕੀ ਪੰਕਤੀ ਖਚੀ ਹੈ ਦੁਤਿ ਰਾਸਿ ਤੇ." (ਗੁਪ੍ਰਸੂ)

ਇੰਦਿਰਾਜ: ਅ਼. اِندراج ਦਰਜ ਕਰਨ ਦੀ ਕ੍ਰਿਯਾ। ੨. ਵਹੀ (ਰਜਿਸਟਰ) ਆਦਿਕ ਤੇ ਲਿਖ ਲੈਣ ਦਾ ਭਾਵ.

ਇੰਦਿਰਾ ਮੰਦਿਰ: ਕਮਲ. ਲਛਮੀ ਦੇ ਰਹਿਣ ਦਾ ਘਰ. ਪੁਰਾਣਾਂ ਵਿੱਚ ਲਿਖਿਆ ਹੈ ਕਿ ਲੱਛਮੀ ਕਮਲ ਵਿੱਚ ਨਿਵਾਸ ਕਰਦੀ ਹੈ. ਦੇਖੋ, ਇੰਦਿਰਾ ੨.

ਇੰਦੀਬਰ: ਦੇਖੋ, ਇੰਦੀਵਰ.

ਇੰਦੀਯਾ, ਇੰਦੀਯਾ: ਅ਼. عندیہ ਖ਼ਿਆਲ. ਮਨ ਦਾ ਭਾਵ.

ਇੰਦੀਵਰ: ਸੰ. इन्दीवर. ਸੰਗ੍ਯਾ- ਨੀਲਾ ਕਮਲ. ੨. ਕਮਲ. "ਲੋਚਨ ਇੰਦੀਵਰੰ ਸੇ." (ਗੁਪ੍ਰਸੂ)

ਇੰਦੁ: ਸੰਗ੍ਯਾ- ਇੰਦ੍ਰ. ਦੇਵਰਾਜ. "ਮੈਲਾ ਬ੍ਰਹਮਾ ਮੈਲਾ ਇੰਦੁ." (ਭੈਰ ਕਬੀਰ) ੨. ਮੇਘ. ਬੱਦਲ. "ਇੰਦੁ ਵਰਸੈ ਧਰਤਿ

ਸੁਹਾਵੀ." (ਮਲਾ ਅ: ਮ: ੧) ੩. ਸੰ. इन्दु. ਚੰਦ੍ਰਮਾ। ੪. ਕਪੂਰ। ੫. ਇੱਕ ਦੀ ਗਿਣਤੀ, ਕਿਉਂਕਿ ਕਵੀਆਂ ਨੇ ਚੰਦ੍ਰਮਾ ਇੱਕ ਮੰਨਿਆ ਹੈ.

ਇੰਦੁਜ: ਸੰ. ਸੰਗਯਾ- ਇੰਦੁ (ਚੰਦ੍ਰਮਾ) ਦਾ ਪੁਤ੍ਰ, ਬੁਧ.

ਇੰਦੁ ਤੁੰਡੀ: ਵਿ- ਚੰਦ੍ਰਮਾ ਜੇਹੇ ਮੁਖ ਵਾਲੀ. ਚੰਦ੍ਰਮੁਖੀ.

ਇੰਦੁ ਬਧੂ: ਦੇਖੋ, ਇੰਦ੍ਰ ਵਧੂ.

ਇੰਦੁਮਣੀ: ਸੰਗਯਾ- ਚੰਦ੍ਰਕਾਂਤਾ ਮਣਿ, ਜੋ ਵਡੇ ਪ੍ਰਕਾਸ਼ ਵਾਲੀ ਅਤੇ ਚੰਦ੍ਰਮਾ ਦੀ ਰੌਸ਼ਨੀ ਵਿੱਚ ਰੱਖਣ ਤੋਂ ਅਮ੍ਰਿਤ ਸ੍ਰਵਦੀ ਮੰਨੀ ਗਈ ਹੈ। ੨. ਦੇਖੋ, ਰੇਖ਼ਤਾ ਦਾ ਰੂਪ ੨.

ਇੰਦੁਮਤੀ: ਸੰਗਯਾ- ਪੂਰਣਮਾਸੀ. ਪੁਨ੍ਯਾ ਤਿਥਿ, ਜਿਸ ਰਾਤ ਨੂੰ ਇੰਦੁ (ਚੰਦ੍ਰਮਾ) ਪੂਰਣ ਹੁੰਦਾ ਹੈ। ੨. ਵਿਦਰਭਪਤਿ ਰਾਜਾ ਭੋਜ ਦੀ ਭੈਣ, ਜਿਸ ਨੇ ਸ੍ਵਯੰਵਰ ਵਿੱਚ ਰਘੁ ਦੇ ਪੁਤ੍ਰ ਰਾਜਾ ਅਜ ਨੂੰ ਵਰਿਆ. ਦੇਖੋ, ਅਜ. "ਇੰਦੁਮਤੀ ਹਿਤ ਅਜ ਨ੍ਰਿਪਤਿ ਜਿਮ ਗ੍ਰਿਹ ਤਜ ਲਿਯ ਜੋਗ." (ਰਾਮਾਵ)

ਇੰਦੁਰ: ਸੰ. इन्दुर. ਸੰਗਯਾ- ਚੂਹਾ. ਮੂਸ਼.

ਇੰਦੂ: ਦੇਖੋ, ਇੰਦੁ ਅਤੇ ਇੰਦ੍ਰ.

ਇਦੰ: ਸੰ. इदम. ਸਰਵ. ਇਹ. ਯਹ. "ਪਰਮੰ ਪ੍ਰਸੰਨ ਮਿਦੰ." (ਗੂਜ ਜੈਦੇਵ) ਪ੍ਰਸੰਨੰ- ਇਦੰ.

ਇਦੰਤਾ: ਸੰ. ਸੰਗਯਾ- ਇਹ ਹੋਣ ਦਾ ਭਾਵ. ਅਰਥਾਤ ਅਪਣੱਤ. "ਸੰਬੰਧਿਨ ਮੇ ਲਖੋ ਇਦੰਤਾ." (ਨਾਪ੍ਰ)

ਇੰਦ੍ਰ: ਦੇਵਰਾਜ. ਦੇਖੋ, ਇੰਦਰ. "ਇੰਦ੍ਰ ਕੋਟਿ ਜਾਕੇ ਸੇਵਾ ਕਰਹਿ." (ਭੈਰ ਅ: ਕਬੀਰ) ੨. ਕੁਟਜ ਬਿਰਛ. ਦੇਖੋ, ਇੰਦ੍ਰਜੌਂ ਅਤੇ ਕੁਟਜ.

ਇੰਦ੍ਰ ਇੰਦ੍ਰਣੀ: ਸੰਗਯਾ- ਇੰਦ੍ਰ ਦਾ ਇੰਦ੍ਰ ਕਸ਼ਯਪ, ਤਿਸ ਦੀ ਪ੍ਰਿਥਵੀ. ਜਮੀਨ. ਭੂਮਿ. (ਸਨਾਮਾ)

ਇੰਦ੍ਰ ਇੰਦ੍ਰਾਣ: ਵਿ- ਇੰਦ੍ਰਾਨ ਇੰਦ੍ਰ. ਸ਼ਹਨਸ਼ਾਹ। ੨. ਇੰਦ੍ਰ ਦਾ ਭੀ ਸ੍ਵਾਮੀ. "ਕੋਟਿ ਇੰਦ੍ਰ ਇੰਦ੍ਰਾਣ." (ਜਾਪੁ)

ਇੰਦ੍ਰ ਸੁਤ ਆਯੁਧ: ਸੰਗਯਾ- ਇੰਦ੍ਰ ਦਾ ਪੁਤ੍ਰ ਅਰਜੁਨ, ਇਸ ਦਾ ਸ਼ਸ੍ਤ੍ਰ ਧਨੁਖ ਅਤੇ ਤੀਰ (ਸਨਾਮਾ)

ਇੰਦ੍ਰਸੇਨ: ਰਾਜਾ ਯੁਧਿਸ੍ਠਿਰ ਦਾ ਰਥਵਾਹੀ.

ਇੰਦ੍ਰ ਚਾਪ: ਦੇਖੋ, ਇੰਦ੍ਰ ਧਨੁਖ.

ਇੰਦ੍ਰ ਜਾਲ: ਸੰ. ਸੰਗਯਾ- ਮੋਹ ਲੈਣ ਵਾਲੀ ਕ੍ਰਿਯਾ. ਰਿਖੀ ਮੁਨੀਆਂ ਨੂੰ ਮੋਹਣ (ਫਸਾਉਣ) ਲਈ ਦੇਵਰਾਜ ਇੰਦ੍ਰ, ਬਹੁਤ ਜਾਲ ਬਣਾਇਆ ਕਰਦਾ ਸੀ. ਇਸ ਲਈ ਇਹ ਸੰਗਯਾ ਹੋਈ ਹੈ। ੨. ਦੇਖੋ, ਜਾਦੂਗਰੀ.

ਇੰਦ੍ਰਜੀਤ: ਸੰ. इन्द्रजीत. ਸੰਗਯਾ- ਰਾਵਣ ਦਾ ਪੁਤ੍ਰ. ਮੇਘਨਾਦ. ਇੰਦ੍ਰ ਨੂੰ ਇਸ ਨੇ ਜੰਗ ਵਿੱਚ ਜਿੱਤਿਆ ਸੀ, ਇਸ ਕਾਰਨ ਇਹ ਸੰਗਯਾ ਹੋਈ.

ਇੰਦ੍ਰ ਜੌਂ: ਸੰ. इन्द्रयव- ਇੰਦ੍ਰਯਵ. ਸੰਗਯਾ- ਇੰਦ੍ਰ (ਕੁਟਜ) ਬਿਰਛ ਦੇ ਬੀਜ, ਜੋ ਜੌਂ ਜੇਹਾ ਆਕਾਰ ਰਖਦੇ ਹਨ. ਇਹ ਕਈ ਰੋਗਾਂ ਲਈ ਵਰਤੇ ਜਾਂਦੇ ਹਨ. L. Holarrhena antidysenterica. ਦੇਖੋ, ਕੁਟਜ.

ਇੰਦ੍ਰਤੁ, ਇੰਦ੍ਰਤ੍ਵ: ਸੰਗਯਾ- ਇੰਦ੍ਰਪੁਣਾ. ਇੰਦ੍ਰ ਪਦਵੀ. "ਇੰਦ੍ਰਤੁ ਦੇਤ ਜਜਾਤਿਹਿਂ ਭਏ." (ਚਰਿਤ੍ਰ ੧੧੭) ੨. ਰਾਜ੍ਯ. ਬਾਦਸ਼ਾਹਤ.

ਇੰਦ੍ਰ ਦੌਨ, ਇੰਦ੍ਰ ਦੁਸ਼ਮਨ: ਦੇਖੋ, ਗਜੇਂਦ੍ਰ.

ਇੰਦ੍ਰ ਧਨੁ, ਇੰਦ੍ਰ ਧਨੁਖ: ਸੰ. इन्द्र धनुष. ਸੰਗ੍ਯਾ- ਆਕਾਸ਼ ਵਿੱਚ ਜਲ ਦੇ ਕਿਣਕਿਆਂ ਉੱਪਰ ਪਿਆ ਹੋਇਆ ਸੂਰਜ ਦੀ ਕਿਰਣਾਂ ਦਾ ਰੰਗ, ਜੋ ਕਮਾਣ ਦੀ ਸ਼ਕਲ ਦਾ ਹੁੰਦਾ ਹੈ. ਸੁਰਚਾਪ. ਬੁੱਢੀ ਦੀ ਪੀਂਘ. ਫ਼ਾ- ਕ਼ਮਾਨੇ ਰੁਸ੍ਤਮ. ਅ਼. قوس قزح ਕ਼ੌਸ ਕ਼ਜ਼ਹ਼.

ਬਾਈਬਲ (Bible) ਵਿੱਚ ਲਿਖਿਆ ਹੈ ਕਿ ਖ਼ੁਦਾ ਨੇ ਹਜਰਤ ਨੂਹ ਨੂੰ ਪ੍ਰਲੈ ਤੋਂ ਬਚਾਕੇ ਆਦਮੀਆਂ ਨਾਲ ਨੇਮ ਕੀਤਾ ਕਿ ਮੈਂ ਫੇਰ ਕਦੇ ਪ੍ਰਲੈ ਨਹੀਂ ਕਰਾਂਗਾ. ਅਤੇ ਇਸੇ ਪ੍ਰਤਿਗ੍ਯਾ ਦੀ ਨਿਸ਼ਾਨੀ ਆਪਣੀ ਕਮਾਣ ਧਰਤੀ ਅਤੇ ਆਕਾਸ਼ ਦੇ ਵਿਚਕਾਰ ਥਾਪੀ, ਜੋ ਉਸ ਪ੍ਰਤਿਗ੍ਯਾ ਨੂੰ ਚੇਤੇ ਕਰਾਵੇ. ਦੇਖੋ, Gen ਕਾਂਡ ੯.

ਇੰਦ੍ਰ ਪਥ: ਦੇਖੋ, ਇੰਦ੍ਰਪ੍ਰਸਥ.

ਇੰਦ੍ਰਪੁਰੀ: ਸ਼ੰਗ੍ਯਾ- ਅਮਰਾਵਤੀ. "ਇੰਦ੍ਰਪੁਰੀ ਮਹਿ ਸਰਪਰ ਮਰਣਾ." (ਗਉ ਅਃ ਮਃ ੫)

ਇੰਦ੍ਰਪ੍ਰਸਥ: ਸੰ. इन्द्रप्रस्थ. ਸੰਗ੍ਯਾ- ਜਮੁਨਾ ਦੇ ਕਿਨਾਰੇ ਇੰਦ੍ਰ ਦਾ ਖਾਂਡਵ ਵਨ (ਬਨ) ਜਲਾਕੇ ਅਰਜੁਨ ਦਾ ਬਸਾਇਆ ਹੋਇਆ ਨਗਰ, ਜੋ ਪਾਂਡਵਾਂ ਦੀ ਰਾਜਧਾਨੀ ਸੀ. ਇਹ ਵਰਤਮਾਨ ਦਿੱਲੀ ਦੇ ਪਾਸ ਹੈ. ਦੇਖੋ, ਦਿੱਲੀ. "ਇੰਦ੍ਰਪ੍ਰਸਥ ਮੇ ਕ੍ਰਿਸਨ ਜੂ ਰਹੇ ਮਾਸ ਤਬ ਚਾਰ." (ਕ੍ਰਿਸਨਾਵ)

ਇੰਦ੍ਰਬਧੂ: ਦੇਖੋ, ਇੰਦ੍ਰ ਵਧੂ. "ਮੱਤਗਯੰਦਨ ਇੰਦ੍ਰਬਧੂ." (ਰਾਮਾਵ).

ਇੰਦ੍ਰਮਤੀ: ਇੰਦੁਮਤੀ ਦੀ ਥਾਂ ਰਾਮਾਵਤਾਰ ਵਿੱਚ ਇਹ ਪਾਠ ਆਇਆ ਹੈ. ਕਿਸੇ ਅਵਾਣ ਲਿਖਾਰੀ ਨੇ ਉਂਕੜ ਨੂੰ ਰਾਰਾ ਸਮਝਕੇ ਇਹ ਭੁੱਲ ਕੀਤੀ ਹੈ.

ਇੰਦ੍ਰਲੋਕ: ਸੰਗ੍ਯਾ- ਸ੍ਵਰਗ. ਅਮਰਾਵਤੀ. ਇੰਦ੍ਰਪੁਰੀ. "ਇੰਦ੍ਰਲੋਕ ਸਿਵਲੋਕਹਿ ਜੈਬੋ." (ਧਨਾ ਕਬੀਰ)

ਇੰਦ੍ਰਵਜ੍ਰਾ: ਇੱਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ, ਤ, ਤ, ਜ, ਗ, ਗ. SSI, SSI. ISI, SS.

ਉਦਾਹਰਣ-

ਆਨੰਦ ਮੂਲੰ ਜਨ ਗ੍ਯਾਨ ਦਾਤਾ

ਸ਼ਤ੍ਰੂਨ ਸ਼ੂਲੰ ਧਨ ਧਾਮ ਤ੍ਰਾਤਾ. xxx

ਇੰਦ੍ਰਵਧੂ: ਸੰ. ਸੰਗ੍ਯਾ- ਸ਼ਚਿ. ਇੰਦ੍ਰਾਣੀ. ਇੰਦ੍ਰ ਦੀ ਵਹੁਟੀ। ੨. ਚੀਚ ਵਹੁਟੀ. ਲਾਲ ਮਖ਼ਮਲ ਜੇਹੇ ਰੰਗ ਦਾ ਇੱਕ ਜੀਵ, ਜੋ ਵਰਖਾ ਰੁੱਤ ਵਿੱਚ ਵੇਖਿਆ ਜਾਂਦਾ ਹੈ. ਵੀਰ ਵਹੁਟੀ. Lady fly.

ਇੰਦ੍ਰਾ: ਸੰਗ੍ਯਾ- ਇੰਦ੍ਰਾਣੀ. ਸ਼ਚਿ। ੨. ਲਕ੍ਸ਼ਮੀ. ਦੇਖੋ, ਇੰਦਿਰਾ. "ਸਾਗਰ ਇੰਦ੍ਰਾ ਅਰ ਧਰਤੇਵ." (ਭੈਰ ਕਬੀਰ)

ਇੰਦ੍ਰਾਇਨ: ਦੇਖੋ, ਇੰਦ੍ਰਾਯਨ.

ਇੰਦ੍ਰਾਸਣ: ਦੇਖੋ, ਇੰਦ੍ਰਾਸਨ.

ਇੰਦ੍ਰਾਸਣਿ: ਇੰਦ੍ਰ ਦੇ ਸਿੰਘਾਸਨ ਉੱਤੇ। ੨. ਰਾਜਸਿੰਘਾਸਨ ਤੇ. "ਗਾਵਹਿ ਇੰਦ੍ਰ ਇੰਦ੍ਰਾਸਣਿ ਬੈਠੇ." (ਜਪੁ)

ਇੰਦ੍ਰਾਸਨ: ਦੇਵਰਾਜ ਇੰਦ੍ਰ ਦਾ ਸਿੰਘਾਸਨ (ਤਖ਼ਤ).

ਇੰਦ੍ਰਾਣੀ: ਸੰਗ੍ਯਾ- ਇੰਦ੍ਰ ਦੀ ਰਾਣੀ, ਸ਼ਚੀ.

ਇੰਦ੍ਰਾਦਿ: ਵਿ- ਇੰਦ੍ਰਾਦਿਕ. ਇੰਦ੍ਰ ਅਤੇ ਹੋਰ ਦੇਵਤੇ. ਇੰਦ੍ਰ ਤੋਂ ਲੈ ਕੇ.

ਇੰਦ੍ਰਾਨੁਜ: ਸੰ. ਸੰਗਜਾ- ਇੰਦ੍ਰ ਦਾ ਅਨੁਜ (ਛੋਟਾ ਭਾਈ). ਵਾਮਨ ਅਵਤਾਰ.

ਇੰਦ੍ਰਾਯਨ: ਸੰ. ਸੰਗਜਾ- ਕੌੜਤੁੰਮਾ. ਤੁੰਮਾ। ੨. ਕੌੜ ਤੁੰਮੇ ਦੀ ਬੇਲ. ਇਸ ਦਾ ਨਾਉਂ ਇੰਦ੍ਰਵਾਰੁਣੀ ਭੀ ਹੈ.

L. Cucumis Colocynthis.

ਇੰਦ੍ਰਾਯੁਧ: ਸੰ. ਸੰਗਜਾ- ਇੰਦ੍ਰ ਦਾ ਆਯੁਧ (ਸ਼ਸਤ੍ਰ) ਵਜ੍ਰ.

ਇੰਦ੍ਰਾਰਿ: ਸੰਗਜਾ- ਇੰਦ੍ਰ ਦਾ ਅਰਿ (ਵੈਰੀ). ਇੰਦ੍ਰਜੀਤ. ਮੇਘਨਾਦ. "ਇੰਦ੍ਰਾਰਿ ਵੀਰ ਕੁਪਯੋ ਕਰਾਲ." (ਰਾਮਾਵ) ੨. ਦੈਤਜ. ਅਸੁਰ. ਰਾਖਸ.

ਇੰਦ੍ਰਾਵਤੀ: ਸੰਗਜਾ- ਇੰਦ੍ਰਪੁਰੀ. ਅਮਰਾਵਤੀ.

ਇੰਦ੍ਰਿਯ, ਇੰਦ੍ਰੀ: ਸੰ. इन्द्रिय. ਸੰਗਜਾ- ਸ਼ਬਦ ਸਪਰਸ਼ ਆਦਿਕ ਵਿਸ਼ਿਆਂ ਦੇ ਗ੍ਰਹਣ ਕਰਨ ਵਾਲੇ ਅਤੇ ਸ਼ਰੀਰ ਦੇ ਅੰਦਰ ਬਾਹਰਲੇ ਕਾਰਜ ਸਿੱਧ ਕਰਨ ਵਾਲੇ ਸੂਖਮ ਅਤੇ ਅਸਥੂਲ ਅੰਗ। ੨. ਉਹ ਸ਼ਕਤਿ ਜਿਸ ਨਾਲ ਬਾਹਰਲੇ ਵਿਸ਼ਿਆਂ ਦਾ ਗਜਾਨ ਪ੍ਰਾਪਤ ਹੁੰਦਾ ਹੈ. ਵਿਦ੍ਵਾਨਾਂ ਨੇ ਇੰਦ੍ਰੀਆਂ ਦੇ ਦੋ ਭਾਗ ਕੀਤੇ ਹਨ. ਪੰਜ ਗਜਾਨੇਂਦ੍ਰਿਯ, ਅਤੇ ਪੰਜ ਕਰਮੇਂਦ੍ਰਿਯ. ਕਿਤਨਿਆਂ ਨੇ ਇਨ੍ਹਾਂ ਨਾਲ ਅੰਤਹਕਰਣ ਮਿਲਾਕੇ ਗਿਆਰਾਂ ਇੰਦ੍ਰੀਆਂ ਲਿਖੀਆਂ ਹਨ. "ਇੰਦ੍ਰੀ ਏਕਾਦਸ਼ ਪਰਕਾਰਾ." (ਨਾਪ੍ਰ) "ਦਸ ਇੰਦ੍ਰੀ ਕਰਿ ਰਾਖੈ ਵਾਸਿ." (ਗਉ ਅਃ ਮਃ ੫) ਦੇਖੋ, ਗਜਾਨ ਇੰਦ੍ਰਿਯ ਅਤੇ ਕਰਮ ਇੰਦ੍ਰਿਯ। ੨. ਲਿੰਗ. ਜਨਨੇਂਦ੍ਰਿਯ ਉਪਸਥ। ੪. ਤੁਚਾ. ਸਪਰਸ਼ ਦੀ ਇੰਦ੍ਰੀ. "ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ." (ਮਾਰੂ ਕਬੀਰ) ਨੇਤ੍ਰ ਨੱਕ ਕੰਨ ਜੀਭ ਅਤੇ ਤੁਚਾ ਨੇ ਕਿਹਾ ਨਾ ਮੰਨਿਆਂ.

ਇੰਦ੍ਰੀਜਿਤ: ਸੰ. इन्द्रियजित. ਵਿ- ਇੰਦ੍ਰੀਆਂ ਨੂੰ ਜਿੱਤਣ ਵਾਲਾ. "ਇੰਦ੍ਰੀਜਿਤ ਪੰਚ ਦੋਖ ਤੇ ਰਹਿਤ." (ਸੁਖਮਨੀ)

ਇੰਦ੍ਰੇਣੀ ਇੰਦ੍ਰਾਣੀ: ਯੌ. ਐਂਦ੍ਰ ਕਸ਼ਜਪ, ਉਸ ਦੀ ਪ੍ਰਿਥਿਵੀ, ਉਸ ਦਾ ਇੰਦ੍ਰ (ਰਾਜਾ) ਉਸ ਦੀ ਸੈਨਾ. ਫੌਜ. "ਇੰਦ੍ਰੇਣੀ ਇੰਦ੍ਰਾਣੀ ਆਦਿ ਬਖਾਨਕੈ." (ਸਨਾਮਾ)

ਇੰਧ: ਸੰ. इन्ध्. ਧਾ- ਚਮਕਨਾ. ਜਲਨਾ. ਮੱਚਣਾ. ਪ੍ਰਜ੍ਵਲਿਤ ਹੋਣਾ.

ਇੰਧਣ, ਇੰਧਨ, ਇੰਧਮ: ਸੰ. इन्धन ਅਤੇ इध्म. ਸੰਗਜਾ- ਜਲਾਉਣ ਦੀ ਲੱਕੜ. ਬਾਲਣ. ਦੇਖੋ, ਈਂਧਨ। ੨. ਹਵਨ ਅਤੇ ਜੱਗ ਦੀ ਅਗਨਿ ਦਾ ਬਾਲਣ. ਸਮਿਧਾ.

ਇਧਰ: ਕ੍ਰਿ. ਵਿ- ਇਸ ਪਾਸੇ. ਏਧਰ. ਇਸ ਤਰਫ.

ਇਨ: ਸਰਵ- ਇਸ ਦਾ ਬਹੁ ਵਚਨ. "ਇਨ ਸਿਉ ਪ੍ਰੀਤਿ ਕਰੀ ਘਨੇਰੀ." (ਆਸਾ ਮਃ ੫) ੨. ਸੰ. इन ਸੰਗਜਾ- ਸੂਰਜ। ੩. ਸ੍ਵਾਮੀ. ਮਾਲਿਕ.

ਇਨਸ਼ਾ: ਅ਼. انشا ਸੰਗਜਾ- ਲੇਖ. ਲਿਖਤ. ਲਿਪਿ. ਤਹਰੀਰ। ੨. ਰਚਨਾ. ਤਸਨੀਫ.

ਇਨਸਾਂ, ਇਨਸਾਨ: ਅ਼. انسان ਸੰਗਜਾ- ਆਦਮੀ. ਮਨੁੱਖ.

ਇਨਸਾਫ: ਅ਼. انصاف ਇਨਸਾਫ਼. ਸੰਗਜਾ- ਨਿਸਫ਼ ਨਿਸਫ਼ (ਅੱਧੋ ਅੱਧ) ਕਰਨ ਦੀ ਕ੍ਰਿਯਾ. ਦੋ ਖੰਡ ਕਰਨਾ. ੨. ਸੱਚ ਤੇ ਝੂਠ ਨਿਤਾਰਨਾ. ਨਜਾਯ. ਨਿਆਂ.

ਇਨਹਿਰਾਫ: ਅ਼. انحراف ਇਨਹ਼ਿਰਾਫ਼. ਮੂੰਹ ਫੇਰਨ ਦੀ ਕ੍ਰਿਯਾ. ਬੇਮੁਖ ਹੋਣਾ। ੨. ਹੁਕਮ ਫੇਰਨਾ. ਨਾਫ਼ਰਮਾਨੀ ਕਰਨੀ.

ਇਨਕਾਰ: ਅ਼. انکار ਸੰਗਜਾ- ਅੰਗੀਕਾਰ ਕਰਨ ਦਾ ਅਭਾਵ. ਅਸ੍ਵੀਕਾਰ. ਨਾ ਮਨਜੂਰੀ. ਨਾਂਹ.

ਇੰਨਣ: ਦੇਖੋ, ਇੰਧਨ. "ਇੰਨਣ ਜਾਲ ਤਵੇ ਨੋ ਤਾਵੈ." (ਭਾਗੁ)

ਇਨਫ਼ਿਰਾਗ਼: ਅ਼. اِنفراغ ਸੰਗਜਾ- ਵੇਲ੍ਹ. ਛੁੱਟੀ. ਇਸ ਦਾ ਮੂਲ ਫ਼ਰਾਗ਼ਤ ਹੈ.

ਇਨਬਿਸਾਤ, ਇਨਬਿਸਾਤ਼: ਅ਼. اِنبساط ਸੰਗਜਾ- ਖ਼ੁਸ਼ੀ. ਪ੍ਰਸੰਨਤਾ. ਇਸ ਦਾ ਮੂਲ ਬਸਤ਼ (ਖੁਲ੍ਹ ਆਜ਼ਾਦੀ) ਹੈ.

ਇਨ ਬਿਧਿ: ਕ੍ਰਿ. ਵਿ- ਐਸੇ. ਇਸ ਪ੍ਰਕਾਰ. ਇਉਂ। ੨. ਇਸ ਢੰਗ ਨਾਲ. "ਇਨ ਬਿਧਿ ਸਾਗਰੁ ਤਰੀਐ." (ਰਾਮ ਮਃ ੧)

ਇਨਾ: ਵਿ- ਏਤਾਵਨ. ਇਤਨਾ. ਇਸ ਕ਼ਦਰ। ੨. ਦੇਖੋ, ਇਨ੍ਹਾ.

ਇਨਾਇਤ: ਦੇਖੋ, ਇਨਾਯਤ.

ਇਨਾਨ, ਇ਼ਨਾਨ: ਅ਼. عنان ਸੰਗਜਾ- ਵਾਗ. ਲਗਾਮ ਦੀ ਡੋਰ। ੨. ਨੇਤ੍ਰਾਂ ਦਾ ਵਿਸ਼ਯ. ਦ੍ਰਿਸ਼ਯ ਪਦਾਰਥ। ੩. ਵਿਰੋਧ. ਮੁਖ਼ਾਲਿਫਤ.

ਇਨਾਮ: ਅ਼. اِنعام ਇਨਅ਼ਾਮ. ਸੰਗਜਾ- ਬਖ਼ਸ਼ਿਸ਼. ਪੁਰਸਕਾਰ

ਇਨਾਯਤ, ਇ਼ਨਾਯਤ: ਅ਼. عنایت ਸੰਗਜਾ- ਕ੍ਰਿਪਾ. ਮਿਹਰਬਾਨੀ। ੨. ਪ੍ਰਯਤਨ. ਕੋਸ਼ਿਸ਼.

ਇਨਾਯਤਖ਼ਾਨ: ਰਾਹੋਂ ਦਾ ਹਾਕਿਮ, ਜਿਸ ਨੂੰ ਬੰਦੇ ਬਹਾਦੁਰ ਨੇ ਜਿੱਤਕੇ ਰਾਹੋਂ ਤੇ ਕਬਜਾ ਕੀਤਾ.

ਇਨੀ: ਇਨ੍ਹਾਂ ਜੀਵਾਂ ਤੋਂ. "ਇਨੀ ਹੁਕਮੁ ਨ ਬੂਝਿਆ ਜਾਇ." (ਸਵਾ ਮਃ ੪) ੨. ਇਨ੍ਹਾਂ ਨੇ। ੩. ਇਤਨੀ. ਏਤੀ.

ਇੰਨੂ: ਦੇਖੋ, ਏਡੂਆ.

ਇਨੇਹਾ, ਇਨੇਹੀ: ਕ੍ਰਿ. ਵਿ- ਅਜੇਹਾ. ਐਸੀ. "ਚੰਦਨ ਭਗਤਾਂ ਜੋਤਿ ਇਨੇਹੀ ਸਰਬੇ ਪਰਮਲ ਕਰਣਾ." (ਤਿਲੰ ਮਃ ੧)

ਇਨ੍ਹਾ: ਸਰਵ. ਇਨ੍ਹਾਂ ਨੂੰ. ਇਨ ਕੋ। ੨. ਏਨ੍ਹਾ ਨੇ. ਇਨ੍ਹੋ ਨੇ.

ਇਫਜਾਲ: ਅ਼. اِفضال ਇਫ਼ਜ਼ਾਲ. ਸੰਗਜਾ- ਕ੍ਰਿਪਾ ਦਾ ਭਾਵ. ਮਿਹਰਬਾਨੀ. ਇਸ ਦਾ ਮੂਲ ਫ਼ਜ਼ਲ ਹੈ.

ਇਫ਼ਤਰਾ: ਅ਼. اِفترا ਇਫ਼ਤਿਰਾ. ਸੰਗਜਾ- ਨਿੰਦਾ। ੨. ਤੁਹਮਤ। ੩. ਬੋਹਤਾਨ. ਮੁਬਾਲਿਗ਼ਾ. ਅਤਿਸ਼ਯੋਕ੍ਤਿ। ੪. ਝੂਠ. ਅਸਤ੍ਯ. "ਬੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰ ਨਾ ਜਾਇ." (ਤਿਲੰ ਕਬੀਰ) ਜੇ ਦਿਲ ਦਾ ਫ਼ਿਕਰ ਨਾ ਜਾਵੇ, ਤਾਂ ਵੇਦ. ਕੁਰਾਨ ਆਦਿ ਇਫ਼ਤਰਾ ਹਨ.

ਇਫਤਰਾਕ: ਅ਼. اِفتراق ਇਫ਼ਤਰਾਕ਼. ਸੰਗਜਾ- ਜੁਦਾਈ. ਵਿਛੋੜਾ. ਹਿਜਰ. ਇਸ ਦਾ ਮੂਲ ਫ਼ਰਕ਼ ਹੈ.

ਇਫ਼ਰਾਤ, ਇਫ਼ਰਾਤ਼: ਅ਼. اِفراط ਅਧਿਕਤਾ. ਜ਼ਜਾਦਤੀ.

ਇਫ਼ਰੀਤ, ਇ਼ਫ਼ਰੀਤ: ਅ਼. عفریت ਸੰਗਜਾ- ਜਿੰਨ. ਦੇਉ। ੨. ਵਿ- ਬਲਵਾਨ. ਸ਼ਕਤਿਮਾਨ.

ਇਫ਼ਲਾਸ: ਅ਼. اِفلاس ਸੰਗਜਾ- ਦਰਿਦ੍ਰਤਾ. ਮੁਫ਼ਲਿਸੀ. ਨਿਰਧਨਤਾ.

ਇਫ਼ਾਕਹ, ਇਫ਼ਾਕ਼ਹ: ਅ਼. اِفقاہ ਦੇਖੋ, ਅਫਾਕਾ.

ਇਬ: ਕ੍ਰਿ. ਵਿ- ਹੁਣ. ਇਸ ਸਮੇਂ. ਅਬ. "ਇਬ ਕੇ ਰਾਹੇ ਜੰਮਨਿ ਨਾਹੀ." (ਵਡ ਮਃ ੧. ਅਲਾਹਣੀਆਂ) ਹੁਣ ਦੇ ਬੀਜੇ ਖੇਤ ਜੰਮਦੇ (ਉਗਦੇ) ਨਹੀਂ.

ਇਬ ਤਬ: ਦੇਖੋ, ਅਬ ਤਬ. "ਇਬ ਤਬ ਫਿਰਿ ਪਛਤਾਈ." (ਓਅੰਕਾਰ)

ਇਬਤਿਦਾ: ਅ. ابتدا ਇਬਤਿਦਾ. ਸੰਗਯਾ- ਆਰੰਭ. ਮੁੱਢ. ਆਦਿ। ੨. ਉਤਪੱਤਿ.

ਇਬਨ: ਅ. ابن ਬੇਟਾ. ਪੁਤ੍ਰ.

ਇ਼ਬਰਤ: ਅ. عبرت ਸੰਗਯਾ- ਨਸੀਹਤ ਹਾਸਿਲ ਕਰਨਾ. ਸਿਖ੍ਯਾ ਲੈਣੀ.

ਇਬਰਾਹੀਮ: ਅ. ابراہیم ਹੀ. ਅਬਰਾਹਮ. Abraham. ਵਿ- ਕ਼ੌਮ ਦਾ ਬਾਨੀ. ਵੰਸ਼ ਦਾ ਮੁਖੀਆ। ੨. ਸੰਗਯਾ- ਬਾਈਬਲ ਅਤੇ ਕੁਰਾਨ ਅਨੁਸਾਰ ਖ਼ੁਦਾ ਵੱਲੋਂ ਭੇਜਿਆ ਹੋਇਆ ਇੱਕ ਪੈਗੰਬਰ, ਜੋ ਨੂਹ ਦੀ ੧੧. ਵੀਂ ਪੀੜ੍ਹੀ ਵਿੱਚੋਂ ਆਜ਼ਰ (ਤੇਰਾਹ) ਦਾ ਪੁਤ੍ਰ ਸੀ. ਇਬਰਾਹੀਮ ਦੀ ਪਹਿਲੀ ਇਸਤ੍ਰੀ "ਸਾਰਾਹ" ਸੀ, ਜਿਸ ਦੇ ਔਲਾਦ ਨਹੀਂ ਸੀ. ਫੇਰ ਇਬਰਾਹੀਮ ਨੇ "ਹਾਜਿਰਾ" (Hagar) ਨਾਮਕ ਗੋਲੀ ਨਾਲ ਸ਼ਾਦੀ ਕੀਤੀ. ਜਿਸ ਤੋਂ "ਇਸਮਾਈਲ" ਪੁਤ੍ਰ ਜੰਮਿਆ. ਸਮਾ ਪਾਕੇ ਸਾਰਾਹ ਦੇ ਪੇਟੋਂ ਭੀ ਇਸਹਾਕ ਪੁਤ੍ਰ ਜੰਮਿਆ. ਜਦ ਸਾਰਾਹ ਦੇ ਆਪਣੀ ਔਲਾਦ ਹੋਂਪਈ. ਤਾਂ ਦੋਹਾਂ ਸੌਕਣਾ ਦਾ ਝਗੜਾ ਹੋਣ ਲੱਗਾ. ਸਾਰਾਹ ਦੇ ਆਖੇ ਇਬਰਾਹੀਮ ਨੇ ਹਾਜਿਰਾ ਨੂੰ ਇਸਮਾਈਲ ਸਮੇਤ ਘਰੋਂ ਕੱਢ ਦਿੱਤਾ. ਦੇਖੋ. ਜ਼ਮ ਜ਼ਮ.

ਇਸਹਾਕ ਦੀ ਔਲਾਦ ਇਸਰਾਈਲ ਵੰਸ਼ ਹੈ, ਜਿਸ ਤੋਂ ਯਹੂਦੀ ਤੇ ਈਸਾਈ ਚੱਲੇ. ਅਤੇ ਇਸਮਾਈਲ ਦੀ ਔਲਾਦ. ਕੁਰੈਸ਼ ਵੰਸ਼ ਹੈ, ਜਿਸ ਵਿਚੋਂ ਮੁਹੰਮਦ ਸਾਹਿਬ ਪੈਦਾ ਹੋਏ.

ਸੁੰਨਤ (ਖ਼ਤਨਹ) ਦੀ ਰਸਮ ਇਬਰਾਹੀਮ ਨੇ ਹੀ ਚਲਾਈ ਹੈ. ਇਸ ਤੋਂ ਪਹਿਲਾਂ ਇਸ ਦਾ ਜਿਕਰ ਕਿਸੇ ਧਰਮਗ੍ਰੰਥ ਵਿੱਚ ਨਹੀਂ ਹੈ. ਯਹੂਦੀ ਅਤੇ ਮੁਸਲਮਾਨਾਂ ਨੇ ਇਸ ਰਸਮ ਨੂੰ ਇਬਰਾਹੀਮ ਦ੍ਵਾਰਾ ਖ਼ੁਦਾ ਦਾ ਹੁਕਮ ਆਇਆ ਮੰਨਕੇ ਅੰਗੀਕਾਰ ਕੀਤਾ ਹੈ. ਪੁਰਾਣੇ ਸਮੇਂ ਵਿੱਚ ਈਸਾਈ ਭੀ ਸੁੰਨਤ ਕਰਾਇਆ ਕਰਦੇ ਸਨ, ਬਲਕਿ ਹਜਰਤ ਈ਼ਸਾ ਦੀ ਭੀ ਸੁੰਨਤ ਹੋਈ ਸੀ. ਅਤੇ ਐਬਸੀਨੀਆਂ ਦੇ ਈਸਾਈ ਹੁਣ ਤੋੜੀ ਭੀ ਸੁੰਨਤ ਕਰਾਉਂਦੇ ਹਨ.

ਜਦ ਇਬਰਾਹੀਮ ਨੇ ਸੁੰਨਤ ਆਪ ਕਰਵਾਈ ਅਤੇ ਆਪਣੀ ਵੰਸ਼ ਵਿੱਚ ਇਸ ਦਾ ਪ੍ਰਚਾਰ ਕੀਤਾ, ਤਦ ਉਸ ਦੀ. ਉਮਰ ੯੯ ਵਰ੍ਹੇ ਦੀ ਸੀ. ਕੁਰਾਨ ਵਿੱਚ ਇਬਰਾਹੀਮ ਨੂੰ ਖ਼ਲੀਲੁੱਲਾ (ਅੱਲਾ ਦਾ ਮਿਤ੍ਰ) ਲਿਖਿਆ ਹੈ. ਇਬਰਾਹੀਮ ਦੀ ਸਾਰੀ ਉਮਰ ੧੭੫ ਵਰ੍ਹੇ ਦੀ ਸੀ. ਉਸ ਦੀ ਕਬਰ ਹ਼ਬ੍ਰੂੰ (Hebron) ਫ਼ਿਲਸ੍ਤੀਨ (Palestine) ਵਿੱਚ ਯਾਤ੍ਰਾ ਦਾ ਅਸਥਾਨ ਹੈ.

ਕਬੀਰ ਜੀ ਦੀ ਇਸ ਤੁਕ ਦਾ- "ਸਕਤਿ ਸਨੇਹ ਕਰਿ ਸੁੰਨਤਿ ਕਰੀਐ, ਮੈ ਨ ਬਦਉਗਾ ਭਾਈ।"[152] ਅਰਥ ਕਰਦੇ ਹੋਏ ਗਜਾਨੀ, ਇੱਕ ਲੋਕਪ੍ਰਸਿੱਧ ਕਥਾ ਸੁਣਾਇਆ ਕਰਦੇ ਹਨ ਕਿ ਸਾਰਾਹ ਨੇ ਇਬਰਾਹੀਮ ਤੋਂ ਪ੍ਰਣ ਕਰਾਇਆ ਸੀ ਕਿ ਉਹ ਹਾਜਿਰਾ ਨਾਲ ਸੰਗ ਨਾ ਕਰੇ, ਜੇ ਕਰੇਗਾ ਤਦ ਭਾਰੀ ਦੰਡ ਦਾ ਅਧਿਕਾਰੀ ਹੋਵੇਗਾ. ਪਰੰਤੂ ਇਬਰਾਹੀਮ ਨੇ ਪ੍ਰਤਿਗਯਾ ਭੰਗ ਕੀਤੀ, ਜਿਸ ਤੇ ਸਾਰਾਹ ਨੇ ਪਤਿ ਦੇ ਪ੍ਰੇਮ ਵਿੱਚ ਆਕੇ ਵਡੀ ਸਜ਼ਾ ਨੂੰ ਛੋਟੀ ਵਿੱਚ ਬਦਲ ਦਿੱਤਾ, ਅਰਥਾਤ ਮੁੱਛਾਂ ਅਤੇ ਇੰਦ੍ਰੀ ਦਾ ਅਵਰਣ ਰੂਪ ਮਾਸ ਕੱਟਕੇ ਪ੍ਰਣਭੰਗ ਦਾ ਪ੍ਰਾਇਸ਼ਚਿਤ ਕੀਤਾ. ਚਾਹੋ ਏਹ ਕਥਾ ਬਾਈਬਲ ਅਤੇ ਕੁਰਾਨ ਵਿੱਚ ਨਹੀਂ ਹੈ, ਪਰੰਤੂ ਇਸ ਦਾ ਬੀਜ ਮੌਜੂਦ ਹੈ ਕਿ ਸਾਰਾਹ ਦੇ ਕਹਿਣ ਤੇ ਇਬਰਾਹੀਮ ਨੇ ਹਾਜਿਰਾ ਨੂੰ ਪੁਤ੍ਰ ਸਮੇਤ ਘਰੋਂ ਕੱਢ ਦਿੱਤਾ ਸੀ. ਅਤੇ ਸੁੰਨਤ ਦੀ ਰਸਮ ਇਬਰਾਹੀਮ ਤੋਂ ਚੱਲੀ।

੩. ਪੈਗੰਬਰ ਮੁਹ਼ੰਮਦ ਦਾ ਇੱਕ ਪੁਤ੍ਰ ਜੋ ਉਸ ਦੀ ਦਾਸੀ "ਮੇਰੀ" ਤੋਂ ਜਨਮਿਆ, ਅਤੇ ਦੋ ਵਰ੍ਹੇ ਦਾ ਹੋਕੇ ਹੀ ਮਰ ਗਿਆ ਸੀ। ੪. ਬਲਖ਼ ਦਾ ਬਾਦਸ਼ਾਹ, ਜੋ ਇਬਰਾਹੀਮ ਅਧਮ ਕਰਕੇ ਪ੍ਰਸਿੱਧ ਹੈ. ਇਹ ਰਾਜ ਤਯਾਗਕੇ ਸੰਨਯਾਸੀ ਹੋ ਗਿਆ, ਅਤੇ ਪੂਰਣ ਬ੍ਰਹਮਗ੍ਯਾਨੀ ਹੋਇਆ ਹੈ। ੫. ਦੇਖੋ, ਬਹਮੀਸ਼ਾਹ.

ਇਬਰਾਹੀਮ ਲੋਦੀ: ابراہیم لودی ਸਿਕੰਦਰ ਲੋਦੀ ਦਾ ਪੁਤ੍ਰ, ਜੋ ਸਨ ੧੫੧੭ ਵਿੱਚ ਭਾਰਤ ਦਾ ਸ਼ਹਨਸ਼ਾਹ ਹੋਇਆ. ੨੦. ਏਪ੍ਰਲ ਸਨ ੧੫੨੬ (ਸੰਮਤ ੧੫੮੩) ਨੂੰ ਪਾਨੀਪਤ ਦੇ ਜੰਗ ਵਿੱਚ ਬਾਬਰ ਨੇ ਇਸ ਨੂੰ ਮਾਰਿਆ, ਅਤੇ ਲੋਦੀ ਵੰਸ਼ ਦੀ ਹੁਕੂਮਤ ਮਿਟਾਕੇ ਮੁਗ਼ਲ ਵੰਸ਼ ਨੂੰ ਭਾਰਤ ਦਾ ਸ੍ਵਾਮੀ ਬਣਾਇਆ.

ਇਬਰਾਨੀ: ਅ. عبارنی ਸੰਗਯਾ- ਫ਼ਲਸ੍ਤ਼ੀਨ ਦੇਸ਼ ਦੀ ਪੁਰਾਣੀ ਬੋਲੀ. ਹ਼ੀਬ੍ਰੂ (Hebrew). ੨. ਯਹੂਦੀ. Jew.

---

[152] ਆਸਾ ਕਬੀਰ.

ਇਬਲੀਸ: ਅ਼. ابلیس ਵਿ- ਕਰਤਾਰ ਦੀ ਕ੍ਰਿਪਾ ਤੋਂ ਵਾਂਜਿਆ ਹੋਇਆ। ੨. ਸੰਗਯਾ- ਸ਼ੈਤ਼ਾਨ. ਦੇਖੋ, ਸ਼ੈਤਾਨ.

ਇਬਲੀਸੀ: ਵਿ- ਸ਼ੈਤਾਨ ਨਾਲ ਸੰਬੰਧਿਤ. ਸ਼ੈਤਾਨੀ. ਸ਼ੈਤਾਨ ਦਾ. ਦੇਖੋ, ਇਬਲੀਸ.

ਇਬੜੋ: ਇਤਨਾ ਵਡਾ. "ਇਬੜੋ ਜਾਂਕੋ ਪੇਟੋ." (ਬੰਨੋ)

ਇਬਾਦਤ, ਇ਼ਬਾਦਤ: ਅ਼. عبادت ਸੰਗਯਾ- ਪੂਜਾ. ਭਗਤਿ. ਬੰਦਗੀ. "ਨ ਕੀਤੀ ਇਬਾਦਤ ਨ ਰੱਖਾ ਇਮਾਨ." (ਨਸੀਹਤ)

ਇਬਾਰਤ, ਇ਼ਬਾਰਤ: ਅ਼. عبارت ਸੰਗਯਾ- ਵਾਕਯਰਚਨਾ. ਸ਼ਬਦਾਂ ਨੂੰ ਵ੍ਯਾਕਰਣ ਦੀ ਰੀਤੀ ਨਾਲ ਜੋੜਨ ਦੀ ਕ੍ਰਿਯਾ.

ਇਭ: ਸੰ. ਸੰਗਯਾ- ਹਾਥੀ। ੨. ਪਰਿਵਾਰ. ਕੁਟੁੰਬ (ਕੁਟੰਬ)

ਇੰਭ: ਸੰ. इम्भ्. ਧਾ- ਇਕੱਠਾ ਕਰਨਾ. ਬਟੋਰਨਾ.

ਇਭੀ: ਸੰ. ਸੰਗਯਾ- ਹਥਣੀ. ਇਭ ਦੀ ਮਦੀਨ। ੨. ਸੰ. ਇਭ੍ਯ. ਵਿ- ਹਾਥੀ ਵਾਲਾ. ਜਿਸ ਪਾਸ ਹਾਥੀ ਹੋਵੇ। ੩. ਸੰਗਯਾ- ਰਾਜਾ। ੪. ਮਹਾਵਤ। ੫. ਸ਼ਸਤ੍ਰਨਾਮਮਾਲਾ ਵਿੱਚ ਹਾਥੀਆਂ ਦੀ ਫੌਜ ਦਾ ਨਾਉਂ ਇਭੀ ਆਇਆ ਹੈ. ਦੇਖੋ, ਅੰਗ ੪੫੩.

ਇੰਭੀ: ਦੇਖੋ, ਇਭੀ.

ਇਮ: ਕ੍ਰਿ. ਵਿ- ਏਵੰ. ਐਸੇ. ਇਸ ਪ੍ਰਕਾਰ. ਇਸ ਢਬ. ਇਉਂ। ੨. ਫ਼ਾ. ام ਸਰਵ- ਈਂ ਦਾ ਸਰੂਪ. ਜਿਵੇਂ- ਇਮਸ਼ਬ. ਇਮਰੋਜ਼ (ਇਸ ਰਾਤ. ਇਸ ਦਿਨ) ਆਦਿ.

ਇਮਸ਼ਬ: ਫ਼ਾ. امشب ਅੱਜ ਦੀ ਰਾਤ.

ਇਮਕਾਨ: ਅ਼. امکان ਮੁਮਕਿਨ ਹ਼ੋਨਾ. ਹੋ ਸਕਨਾ. ਸੰਭਵ ਹੋਨਾ.

ਇਮਤਹਾਨ, ਇਮਤਿਹ਼ਾਨ: ਅ਼. امتحان ਸੰਗਯਾ- ਪਰਿਕ੍ਸ਼ਾ (ਪਰੀਖ੍ਯਾ). ਜਾਂਚ.

ਇਮਤਿਯਾਜ਼: ਅ਼. امتیاز ਮੈਜ਼ (ਜੁਦਾ) ਕਰਨ ਦੀ ਕ੍ਰਿਯਾ. ਫ਼ਰਕ਼ ਕਰਨਾ. ਭੇਦ ਕਰਨਾ.

ਇਮਦਾਦ: ਅ਼. امداد ਸੰਗਯਾ- ਮਦਦ ਦੇਣ ਦੀ ਕ੍ਰਿਯਾ. ਸਹਾਇਤਾ.

ਇਮਰੋਜ਼: ਫ਼ਾ. امروز ਅੱਜ ਦਾ ਦਿਨ.

ਇਮਲਾ: ਅ਼. املا ਸੰਗਯਾ- ਲਿਖਣ ਦਾ ਢੰਗ. ਅੱਖਰ ਅਤੇ ਮਾਤ੍ਰਾ ਦਾ ਯਥਾਯੋਗ ਵਰਤਣਾ. Orthography.

ਇਮਲੀ: ਦੇਖੋ, ਅਮਲੀ.

ਇਮਾਂ, ਇਮਾਨ: ਦੇਖੋ, ਈਮਾਨ. "ਅਮੀਕੁਲ ਇਮਾਂ ਹੈ." (ਜਾਪੁ) ਗੰਭੀਰ ਧਰਮ ਵਾਲਾ ਹੈ.

ਇਮਾਮ: ਅ਼. امام ਸੰਗਯਾ- ਗੁਰੂ. ਧਰਮ ਦਾ ਆਚਾਰਯ. "ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ." (ਅਕਾਲ) ਦੇਖੋ, ਇਮਾਮਸਾਫੀ। ੨. ਬਾਦਸ਼ਾਹ। ੩. ਆਗੂ. ਪੇਸ਼ਵਾ। ੪. ਮਾਲਾ ਦਾ ਸਿਰੋਮਣਿ ਮਣਕਾ. "ਮੇਰੁ ਇਮਾਮ ਰਲਾਇਕੈ ਰਾਮ ਰਹੀਮ ਨ ਨਾਉਂ ਗਣਾਯਾ." (ਭਾਗੁ) ੫. ਇਮਾਮ ਸ਼ਬਦ ਧਰਮਗ੍ਰੰਥ ਲਈ ਭੀ ਵਰਤਿਆ ਹੈ. ਦੇਖੋ, ਕੁਰਾਨ ਸੂਰਤ ੧੧, ਆਯਤ ੨੦.

ਇਮਾਮ ਸਾਫੀ: ਫ਼ਾ. امام شافعی ਸੰਗਯਾ- ਸੁੰਨੀ ਫ਼ਿਰਕੇ ਦਾ ਇੱਕ ਪ੍ਰਧਾਨ ਆਚਾਰਯ. ਦੇਖੋ, ਸੁੰਨੀ ਸ਼ਬਦ। ੨. ਇਮਾਮ ਸ਼ਾਫ਼ਈ. ਸ਼ਾਫ਼ਈ ਇਮਾਮ ਦਾ ਚੇਲਾ. ਭਾਵ, ਸੁੰਨੀ. "ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ." (ਅਕਾਲ) ਕੋਈ ਰਾਫ਼ਜ਼ੀ (ਸ਼ੀਅ਼ਾ) ਹੈ ਅਤੇ ਕੋਈ ਇਮਾਮ ਸ਼ਾਫ਼ਈ (ਸੁੰਨੀ) ਹੈ.

ਇਮਾਮ ਬਖ਼ਸ਼: ਇੱਕ ਸ਼ਾਹੀ ਫ਼ੌਜ ਦਾ ਸਰਦਾਰ, ਜੋ ਹਰਿਗੋਬਿੰਦਪੁਰ ਦੇ ਜੰਗ ਵਿੱਚ ਭਾਈ ਜਗਤੇ ਦੇ ਹੱਥੋਂ ਸ਼ਹੀਦ ਹੋਇਆ.

ਇਮਾਮ ਬਾੜਾ: ਫ਼ਾ. امام باڑہ ਸੰਗਯਾ- ਇਮਾਮ ਹੁਸੈਨ ਦੇ ਨਾਉਂ ਜੋ ਮੁਹੱਰਮ ਵਿੱਚ ਤਾਜੀਏ ਬਣਾਏ ਜਾਂਦੇ ਹਨ, ਉਨ੍ਹਾਂ ਦੇ ਦੱਬਣ ਦਾ ਅਹਾਤਾ,[153] ਜੋ ਕਰਬਲਾ ਦੀ ਨਕਲ ਹੈ. ਦੇਖੋ, ਕਰਬਲਾ.

ਇਮਾਮਾ, ਇ਼ਮਾਮਾ: ਅ਼. عمامہ ਦਸਤਾਰ. ਸਰਬੰਦ। ੨. ਲੋਹੇ ਦਾ ਟੋਪ, ਜੋ ਕਵਚ ਨਾਲ ਪਹਿਨੀਦਾ ਹੈ.

ਇਮਾਰਤ: ਅ਼. عمارت ਇ਼ਮਾਰਤ. ਸੰਗਯਾ- ਤਾਮੀਰ. ਉਸਾਰੀ। ੨. ਸ਼ਾਨਦਾਰ ਮਕਾਨ। ੩. ਅ਼. امارت ਅਮੀਰੀ ਭਾਵ. ਅਮੀਰਪੁਣਾ.

ਇਮਾਲਹ, ਇਮਾਲਾ: ਅ਼. ਸੰਗਯਾ- ਝੁਕਣ (ਮਾਯਲ ਹੋਣ) ਦਾ ਭਾਵ। ੨. ਵ੍ਯਾਕਰਣ ਅਨੁਸਾਰ ਆ ਦਾ ਏ ਹੋ ਜਾਣਾ, ਜੈਸੇ- ਹਿਸਾਬ ਦਾ ਹਸੇਬ ਅਤੇ ਕਿਤਾਬ ਦਾ ਕਤੇਬ ਆਦਿ.

ਇਮਿ: ਦੇਖੋ, ਇਮ.

ਇਮੀ: ਇਮ ਹੀ ਦਾ ਸੰਖੇਪ. ਐਸੇ ਹੀ. ਯੌਂਹੀ. ਇਵੇਂ ਹੀ. ਦੇਖੋ, ਇਮ.

ਇਯੰ: ਸੰ. इयम्. ਸਰਵ. ਇਹ. ਯਹ.

ਇਰਸ਼ਾਦ: ਅ਼. ارشاد ਸੰਗਯਾ- ਰੁਸ਼ਦ (ਠੀਕ ਰਸਤੇ ਪੁਰ ਚਲਣਾ). ਇਰਸ਼ਾਦ ਠੀਕ ਰਸਤੇ ਪੁਰ ਚਲਾਉਣਾ। ੨. ਭਾਵ- ਹੁਕਮ. ਆਗ੍ਯਾ.

ਇਰਸਾਲ: ਅ਼. ارسال ਰਸਲ (ਭੇਜਣ) ਦਾ ਭਾਵ. ਭੇਜਣਾ.

ਇਰਖਾ: ਦੇਖੋ, ਈਰਖਾ.

ਇਰਣ: ਦੇਖੋ, ਈਰਣ.

ਇਰਣੀ: ਵਿ- ਈਰਣ ਕਰਨ ਵਾਲੀ. ਪ੍ਰੇਰਣ ਵਾਲੀ. "ਨਮੋ ਪੋਖਣੀ ਸੋਖਣੀ ਸਰਬ ਇਰਣੀ." (ਚੰਡੀ ੨) ੨. ਇਰਾ (ਪ੍ਰਿਥਿਵੀ) ਵਾਲੀ.

ਇਰਤਬਾਤ, ਇਰਤਬਾੜ: ਅ਼. ارتباط ਸੰਗਯਾ- ਲਗਾਉ. ਸੰਬੰਧ. ਤਅ਼ੱਲੁਕ਼. ਇਸ ਦਾ ਮੂਲ ਰਬਤ਼ ਹੈ, ਜਿਸ ਦਾ ਅਰਥ ਹੈ ਬੰਨ੍ਹਣਾ.

ਇਰਮ: ਅ਼. ارم ਇੱਕ ਬਾਗ, ਜੋ ਸ਼ਾਮ ਦੇ ਬਾਦਸ਼ਾਹ ਸ਼ੱਦਾਦ ਨੇ ਆਪਣੇ ਖਿਆਲ ਅਨੁਸਾਰ ਸੁਰਗ ਦੇ ਬਾਗ ਅਦਨ ਦੇ ਨਮੂਨੇ ਤੇ ਬਣਾਇਆ ਸੀ.

ਇਰਮਨ: ਫ਼ਾ. ارمن ਸੰਗਯਾ- ਈਰਾਨ, ਰੂਮ ਅਤੇ ਫ਼ਰੰਗ ਦੇ ਵਿਚਕਾਰ ਇੱਕ ਦੇਸ਼, ਜਿਸ ਨੂੰ ਅਰਮੇਨੀਆ ਆਖਦੇ ਹਨ.

ਇਰਮਨੀ: ਵਿ- ਇਰਮਨ ਦਾ ਵਸਨੀਕ. ਆਰਮੇਨੀਅਨ. Armenian. "ਇਮਰਨੀ ਰੂਮੀ ਜੰਗੀ ਦੁਸਮਨ ਦਾਰਾ." (ਭਾਗੁ) ਦੇਖੋ, ਰੂਮੀ ਜੰਗੀ.

ਇਰਾ: ਸੰ. ਸੰਗਯਾ- ਪ੍ਰਿਥਿਵੀ। ੨. ਨਦੀ। ੩. ਵ੍ਰਿਹਸਪਤਿ ਦੀ ਮਾਤਾ। ੪. ਸ਼ਰਾਬ। ੫. ਵਾਣੀ (ਬਾਣੀ). ੬. ਖ਼ੁਸ਼ੀ. ਪ੍ਰਸੰਨਤਾ.

ਇਰਾਕ, ਇ਼ਰਾਕ਼: ਅ਼. عراق ਸੰਗਯਾ- ਦਰਿਆ ਦਾ ਕਿਨਾਰਾ. ਕਛਾਰ। ੨. ਈਰਾਨ ਦਾ ਇੱਕ ਭਾਗ, ਜੋ ਖ਼ੁਰਾਸਾਨ ਦੇ ਪੂਰਵ ਹੈ। ੩. ਫ਼ਾਰਸ ਅਤੇ ਅ਼ਰਬ ਦੇ ਮੱਧ, ਦਰਿਆ ਦਜਲਾ ਅਤੇ ਫ਼ਰਾਤ ਦੇ ਕਿਨਾਰੇ ਦਾ ਇਲਾਕਾ, ਜੋ ਇ਼ਰਾਕ਼ੇ ਅ਼ਰਬ ਦੇ ਨਾਉਂ

---

[153] ਹਿੰਦੁਸਤਾਨ ਵਿੱਚ ਲਖਨਊ ਦਾ ਇਮਾਮਬਾੜਾ ਸਭ ਤੋਂ ਵੱਡਾ ਅਤੇ ਸੁੰਦਰ ਹੈ.

ਤੋਂ ਪ੍ਰਸਿੱਧ ਹੈ. ਇਸ ਵਿੱਚ ਬਗਦਾਦ ਅਤੇ ਬਸਰਾ ਪ੍ਰਸਿੱਧ ਸ਼ਹਰ ਹਨ. Mesopotamia। ੪. ਅੰਗਣ. ਸਹ਼ਨ. ਵੇਹੜਾ। ੫. ਚਮਨ। ੬. ਦੇਖੋ, ਅਰਾਕ.

ਇਰਾਕੀ, ਇ਼ਰਾਕ਼ੀ: ਅ਼. عراقی ਵਿ- ਇ਼ਰਾਕ਼ ਦੇਸ਼ ਦਾ। ੨. ਸੰਗਯਾ- ਇਰਾਕ ਦਾ ਘੋੜਾ। ੩. ਖ਼ਾ- ਟੱਟੂ. ਟੈਰਾ। ੪. ਘੋੜਾ, ਚਾਹੋ ਕਿਸੇ ਦੇਸ਼ ਦਾ ਹੋਵੇ.

ਇਰਾਦਾ: ਅ਼. ارادہ ਸੰਗਯਾ- ਸੰਕਲਪ. ਫੁਰਣਾ. "ਜੰਗ ਇਰਾਦਾ ਕੀਨ." (ਗੁਪ੍ਰਸੂ) ੨. ਇੱਛਾ। ੩. ਨਿਸ਼ਚਾ. ਯਕੀਨ.

ਇਰਾਵਤੀ: ਐਰਾਵਤੀ. ਦੇਖੋ, ਰਾਵੀ.

ਇਰਾਵਾਨ: ਸੰ. ਸੰਗਯਾ- ਇਰਾ (ਜਲ) ਵਾਲਾ. ਵਾਰਿਧਿ. ਸਮੁੰਦਰ। ੨. ਐਰਾਵਤ ਨਾਗ ਦੀ ਕੰਨਯਾ ਤੋਂ ਪੈਦਾ ਹੋਇਆ ਅਰਜੁਨ ਦਾ ਪੁਤ੍ਰ.

ਇਰੰਡ: ਦੇਖੋ, ਏਰੰਡ. "ਤੁਮ ਚੰਦਨ ਹਮ ਇਰੰਡ ਬਾਪੁਰੇ." (ਆਸਾ ਰਵਿਦਾਸ)

ਇਲ: ਸੰਗਯਾ- ਚੀਲ. ਚਾਂਵਡਾ. ਇਲ੍ਹ. ਦੇਖੋ, ਚਿੱਲ. "ਜਿਥੇ ਡਿਠਾ ਮਿਰਤ ਕੋ ਇਲ ਬਹਿਠੀ ਆਇ." (ਵਾਰ ਗਉ ੨. ਮਃ ੫) ੨. ਸੰ. इल्. ਧਾ- ਜਾਣਾ. ਭੇਜਣਾ. ਨੀਂਦ ਲੈਣਾ. ਫੈਂਕਣਾ. ਸਿੱਟਣਾ. ਫੈਲਾਉਣਾ.

ਇਲਹਾਮ: ਅ਼. الہام ਸੰਗਯਾ- ਦਿਲ ਵਿੱਚ ਕਿਸੇ ਗੱਲ ਦਾ ਪਰਮੇਸ਼੍ਵਰ ਵੱਲੋਂ ਉਤਰਨਾ. ਮਨ ਵਿੱਚ ਕਰਤਾਰ ਦੀ ਆਗਯਾ ਦਾ ਫੁਰਨਾ. Revelation.

ਇਲਜ਼ਾਮ: ਅ਼. الزام ਸੰਗਯਾ- ਕਲੰਕ. ਦੋਸ਼। ੨. ਦੋਸ਼ਾਰੋਪਣ. ਕਲੰਕ ਲਾਉਣ ਦਾ ਭਾਵ.

ਇਲਤ: ਸੰਗਯਾ- ਔਲੋ। ੨. ਚੰਚਲਤਾ। ੩. ਸ਼ਰਾਰਤ। ੪. ਅ਼. علّت ਇ਼ੱਲਤ. ਕਾਰਣ. ਸਬਬ. ਹੇਤੁ। ੫. ਰੋਗ.

ਇਲਤਿ: ਵਿ- ਇੱਲਤ ਕਰਨ ਵਾਲਾ. ਸ਼ਰੀਰ. ਇੱਲਤੀ. "ਇਲਤਿ ਕਾ ਨਾਉ ਚਉਧਰੀ." (ਵਾਰ ਮਲਾ ਮਃ ੨) ੨. ਦੇਖੋ, ਇਲਤ ੪. ਗੁਰਬਾਣੀ ਵਿੱਚ ਅਜੇਹੇ ਅ਼ਰਬੀ ਫ਼ਾਰਸੀ ਸ਼ਬਦਾਂ ਦੇ ਅੰਤ ਸਿਹਾਰੀ ਆ ਜਾਂਦੀ ਹੈ, ਜਿਵੇਂ ਕ਼ੁਦਰਤਿ ਰਹਿਮਤਿ ਆਦਿ.

ਇਲਤਿਜਾ: ਅ਼. التجا ਸੰਗਯਾ- ਪ੍ਰਾਰਥਨਾ. ਅਰਦਾਸ। ੨. ਰਖ੍ਯਾ (ਰਕ੍ਸ਼ਾ).

ਇਲਤਿਮਾਸ: ਅ਼. التماس ਸੰਗਯਾ- ਪ੍ਰਾਰਥਨਾ. ਬੇਨਤੀ. ਅਰਦਾਸ। ੨. ਤਲਾਸ਼. ਢੂੰਢ। ੩. ਰੁਚੀ. ਇੱਛਾ.

ਇਲਮ, ਇ਼ਲਮ: ਅ਼. علم ਸੰਗਯਾ- ਗ੍ਯਾਨ. ਵਿਦ੍ਯਾ. ਜਾਣਨਾ. ਦੇਖੋ, ਵਿਦ੍ਯਾ ਸ਼ਬਦ ਵਿੱਚ ਇ਼ਲਮ ਦੇ ਭੇਦ.

ਇਲ ਮਲਾਲੀ: ਦੇਖੋ, ਇਲ ਅਤੇ ਮਲਾਲੀ. "ਇਲ ਮਲਾਲੀ ਗਿਦੜ ਛਾਰਾ." (ਭਾਗੁ) ਇਲ੍ਹ, ਕਾਲ ਕੜਛੀ (ਸ਼ਯਾਮਾ), ਗਿੱਦੜਾਂ ਦਾ ਬੋਲਣਾ, ਛਾਰ (ਧੂੜ) ਦਾ ਉਡਣਾ (ਵਾਉਵਰੋਲੇ) ਆਦਿਕ ਸ਼ਗਨ.

ਇਲਮਾਸ: ਹੀਰਾ. ਵਜ੍ਰ. ਦੇਖੋ, ਅਲਮਾਸ. "ਕਲਧੌਤ ਮੜ੍ਹੇ ਇਲਮਾਸ ਜਰੀ." (ਸਲੋਹ)

ਇਲਮਾਨੀ: الیمانی ਅਲੀਮਾਨੀ. ਸੰਗਯਾ- ਯਮਨ ਵਿੱਚ ਬਣੀ ਹੋਈ ਇੱਕ ਤਲਵਾਰ ਦੀ ਜਾਤਿ. "ਇਲਮਾਨੀਰੁ ਹਲੱਬੀ ਮਗ਼ਰਬਿ ਕਿਰਚ ਜਨੂਬੀ ਜਾਤੀ." (ਗੁਪ੍ਰਸੂ) ਇਲਮਾਨੀ ਅਰੁ (ਅਤੇ) ਹਲੱਬੀ.

ਇਲਵਿਲਾ: ਸੰਗਯਾ- ਵਿਸ਼੍ਰਵਾ ਮੁਨਿ ਦੀ ਇਸਤ੍ਰੀ ਅਤੇ ਕੁਬੇਰ ਦੀ ਮਾਤਾ. ਇਹ ਤ੍ਰਿਣਵਿੰਦੁ ਦੀ ਪੁਤ੍ਰੀ ਸੀ.

ਇਲਾ: ਸੰ. ਸੰਗਯਾ- ਪਾਰਵਤੀ. ਦੁਰਗਾ। ੨. ਗਊ। ੩. ਪ੍ਰਿਥਿਵੀ। ੪. ਸਰਸ੍ਵਤੀ। ੫. ਰਾਜਾ ਇਕ੍ਸ਼੍ਵਾਕੁ ਦੀ ਇੱਕ ਪੁਤ੍ਰੀ। ੬. ਚਤੁਰ ਇਸਤ੍ਰੀ। ੭. ਧਾ- ਵਿਲਾਸ ਕਰਨਾ.

ਇਲਾਇਚੀ: ਦੇਖੋ, ਇਲਾਯਚੀ.

ਇਲਾਹ: اِلہ ਵਿ- ਪੂਜ੍ਯ। ੨. ਸੰਗ੍ਯਾ- ਈਸ਼੍ਵਰ. ਕਰਤਾਰ. ਅੱਲਾ. "ਏ ਇਲਾਹ! ਤੈਂ ਇਹ ਕਸ ਕੀਨਾ?" (ਚਰਿਤ੍ਰ ੨੭੭)

ਇਲਾਹੀ: ਅ਼. اِلاٰہی ਵਿ- ਈਸ਼੍ਵਰੀਯ. ਕਰਤਾਰ ਨਾਲ ਸੰਬੰਧਿਤ. ਰੱਬੀ. "ਗੁਰਮੁਖਿ ਪਾਈ ਦਾਤ ਇਲਾਹੀ." (ਭਾਗੁ)

ਇਲਾਕ, ਇਲਾਕ਼: اِلاق ਪ੍ਰਕਾਸ਼. ਚਮਤਕਾਰ. ਚਮਕ.

ਇਲਾਕਾ: ਅ਼. علاقہ ਅ਼ਲਾਕ਼ਹ. ਸੰਗ੍ਯਾ- ਸੰਬੰਧ. ਤਅ਼ੱਲੁਕ਼। ੨. ਪ੍ਰਾਂਤ. ਦੇਸ਼। ੩. ਰਾਜ (ਰਾਜ੍ਯ).

ਇਲਾਚੀ: ਦੇਖੋ, ਇਲਾਯਚੀ.

ਇਲਾਜ, ਇ਼ਲਾਜ: ਅ਼. عِلاج ਸੰਗ੍ਯਾ- ਯਤਨ. ਉਪਾਇ। ੨. ਰੋਗ ਦੂਰ ਕਰਨ ਦਾ ਸਾਧਨ। ੩. ਯੁਕਤਿ. ਤਦਬੀਰ.

ਇਲਾਬ੍ਰਤ: ਦੇਖੋ, ਇਲਾਵਰਤ.

ਇਲਾਮ: ਅ਼. اِعلام ਇਅ਼ਲਾਮ. ਸਰਟੀਫ਼ਿਕੇਟ. ਸਿਫ਼ਾਰਸ਼ੀ ਪਤ੍ਰ. ਪ੍ਰਸ਼ੰਸਾ ਪਤ੍ਰ. ੨. ਪਰਵਾਨਾ. ਆਗ੍ਯਾਪਤ੍ਰ. "ਤਬ ਕਾਜੀ ਲਿਖਦੀਨ ਇਲਾਮ." (ਗੁਪ੍ਰਸੂ) "ਤਾਂ ਸੋਂ ਲਰ ਕਾਜੀ ਪਹਿ ਗਈ। ਲੈ ਇਲਾਮ ਪਜਾਦਨ ਸੰਗ ਅਈ." (ਚਰਿਤ੍ਰ ੩੩੪)

ਇਲਾਮਤ: ਦੇਖੋ, ਅਲਾਮਤ.

ਇਲਾਯਚੀ: ਸੰ. ਏਲਾ. ਏਲਾ. ਸੰਗ੍ਯਾ- ਲਾਇਚੀ. L. Alpinia Cardamomum. ਹ਼ਕੀਮਾਂ ਨੇ ਇਸ ਦੀ ਤਾਸੀਰ ਗਰਮ ਖ਼ੁਸ਼ਕ ਲਿਖੀ ਹੈ. ਇਹ ਦਿਲ ਅਤੇ ਦਿਮਾਗ ਨੂੰ ਤਾਜ਼ਾ ਕਰਨ ਵਾਲੀ ਹੈ. ਭੁੱਖ ਵਧਾਉਂਦੀ ਅਤੇ ਮੂੰਹ ਦੀ ਦੁਰਗੰਧ ਹਟਾਉਂਦੀ ਹੈ. ਕੰਠ ਸਾਫ ਕਰਦੀ ਹੈ. ਗੁਰਦੇ ਅਤੇ ਮਸਾਨੇ ਦੇ ਰੋਗ ਦੂਰ ਕਰਦੀ ਹੈ. ਛਰਦਿ (ਕ਼ਯ) ਬੰਦ ਕਰਦੀ ਹੈ.

ਇਲਾਯਚੀ ਦਾਣਾ: ਸੰਗ੍ਯਾ- ਇਲਾਇਚੀ ਦਾ ਬੀਜ ਖੰਡ ਵਿੱਚ ਪਾਗਿਆ ਹੋਇਆ. ਅੰਮ੍ਰਿਤਸਰ ਜੀ ਇਹ ਮਿਠਾਈ ਗੁਰੂ ਸਾਹਿਬ ਨੂੰ ਅਰਪਨ ਕਰਕੇ ਲੋਕ ਘਰੀਂ ਪ੍ਰਸਾਦ ਲੈ ਜਾਂਦੇ ਹਨ. ਇਸ ਨੂੰ ਮਖਾਣਾ ਭੀ ਆਖਦੇ ਹਨ. ਦੇਖੋ, ਮਖਾਣਾ.

ਇਲਾਵਰਤ: ਸੰ. इलावर्त. ਅਥਵਾ इलावृत. ਸੰਗ੍ਯਾ- ਭਾਗਵਤ ਅਨੁਸਾਰ ਜੰਬੂਦ੍ਵੀਪ ਦਾ ਇੱਕ ਖੰਡ, ਜੋ ਮਾਲ੍ਯਵਾਨ ਪਰਬਤ ਤੋਂ ਪੱਛਮ ਵੱਲ, ਗੰਧਮਾਦਨ ਤੋਂ ਪੂਰਵ, ਨੀਲਗਿਰਿ ਤੋਂ ਦੱਖਣ, ਅਤੇ ਨਿਸ਼ਿਧ ਪਹਾੜ ਤੋਂ ਉੱਤਰ ਵੱਲ ਹੈ.

ਇਲਾਵਾ: ਦੇਖੋ, ਅਲਾਵਾ.

ਇਲਾਵ੍ਰਿਤ: ਦੇਖੋ, ਇਲਾਵਰਤ.

ਇੱਲ: ਦੇਖੋ, ਇਲ ਅਤੇ ਚਿੱਲ.

ਇੱਲਤੀ: ਦੇਖੋ, ਇਲਤਿ ੧.

ਇੱਲਾ: ਅ਼. اِلّا ਵ੍ਯ- ਪਰੰਤੂ. ਲੇਕਿਨ. ਪਰ.

ਇਲ੍ਵਲ: ਸੰ. ਸੰਗ੍ਯਾ- ਇੱਕ ਦੈਤ, ਜੋ ਸਿੰਹਿਕਾ ਦੇ ਗਰਭ ਤੋਂ ਵਿਪ੍ਰਚਿੱਤਿ ਦਾ ਪੁਤ੍ਰ ਸੀ. ਇਸ ਦੀ ਕਥਾ ਮਹਾਭਾਰਤ ਅਤੇ ਰਾਮਾਇਣ ਵਿੱਚ ਇਉਂ ਲਿਖੀ ਹੈ ਕਿ ਉਹ ਆਪਣੇ ਭਾਈ 'ਵਾਤਾਪਿ' ਨੂੰ ਮੀਢਾ ਬਣਾਕੇ ਉਸ ਦਾ ਮਾਸ ਰਿੰਨ੍ਹਕੇ ਬ੍ਰਾਹਮਣਾਂ ਨੂੰ ਖਵਾਇਆ ਕਰਦਾ ਸੀ. ਭੋਜਨ ਪਿੱਛੋਂ ਜਦ ਵਾਤਾਪਿ ਨੂੰ ਆਵਾਜ਼ ਦਿੰਦਾ, ਤਦ ਉਹ ਬ੍ਰਾਹਮਣਾਂ ਦੇ ਪੇਟ ਪਾੜਕੇ ਬਾਹਰ ਆ ਜਾਂਦਾ. ਇਸ ਤਰਾਂ ਬੇਅੰਤ ਬ੍ਰਾਹਮਣ ਇਲ੍ਵਲ ਨੇ ਮਾਰੇ. ਪਰ ਇੱਕ ਵੇਰ ਅਗਸ੍ਤ੍ਯ ਮੁਨੀ ਵਾਤਾਪਿ ਨੂੰ ਖਾਕੇ ਹਜਮ ਕਰ ਗਿਆ, ਜਿਸ ਤੋਂ ਇਲ੍ਵਲ ਦਾ ਬੁਲਾਇਆ ਪੇਟ ਪਾੜਕੇ ਬਾਹਰ ਨਾ ਆ ਸਕਿਆ.

ਇਵ, ਇੰਵ: ਸੰ. इव्. ਧਾ- ਤ੍ਰਿਪਤ ਹੋਣਾ. ਵ੍ਯਾਪਨਾ. ਪ੍ਰਸੰਨ ਕਰਨਾ। ੨. ਕ੍ਰਿ. ਵਿ- ਏਵੰ. ਇਸ ਤਰਾਂ. ਇਸ ਪ੍ਰਕਾਰ. ਐਸੇ.

ਇਉਂ. "ਜੋ ਇਵ ਬੂਝੈ ਸੁ ਸਹਜਿ ਸਮਾਣਾ." (ਪ੍ਰਭਾ ਕਬੀਰ) ੩. ਅਬ. ਹੁਣ. "ਇਵ ਛੂਟੈ ਫਿਰਿ ਫਾਸ ਨ ਪਾਇ." (ਓਅੰਕਾਰ) ੪. ਸੰ. ਇਵ. ਵਜ- ਤੁੱਲ. ਬਰੋਬਰ। ੫. ਜ਼ਰੂਰ. ਨਿਸ਼ਚਯ। ੬. ਮਾਨੋ ਗੋਯਾ.

ਇਵ ਹੀ: ਯੌਂਹੀ. ਐਸੇ ਹੀ. ਇਉਂ ਹੀ. ਇਵੇਂ ਹੀ. ਦੇਖੋ, ਇਵ. "ਬਿਖਈ ਦਿਨ ਰੈਨ ਇਵ ਹੀ ਗੁਦਾਰੈ." (ਸਾਰ ਮਃ ੫) ਭਾਵ- ਵ੍ਰਿਥਾ ਵਿਤਾਉਂਦਾ ਹੈ.

ਇਵਜ: ਅ਼. عوض ਇ਼ਵਜ, ਸੰਗਯਾ- ਬਦਲਾ. ਪ੍ਰਤਿ- ਬਦਲਾ. ਵਟਾਂਦਰਾ.

ਇਵੇਂ: ਕ੍ਰਿ. ਵਿ- ਏਵੰ. ਇਸ ਤਰਾਂ. ਐਸੇ. ਇਉਂ.

ਇਵੇਹਾ: ਕ੍ਰਿ. ਵਿ- ਐਹੋ ਜੇਹਾ. ਅਜੇਹਾ. ਐਸਾ. "ਫਿਟ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟ." (ਵਾਰ ਸੂਹੀ ਮਃ ੧)

ਇੜਾ: ਸੰ. ਇਡਾ. ਇਡਾ. (ਇਲ੍- ਅਚ੍) ਸੰਗਯਾ- ਯੋਗੀਆਂ ਦੀ ਮੰਨੀ ਹੋਈ ਇੱਕ ਨਾੜੀ, ਜੋ ਖੱਬੀ ਨਾਸਿਕਾ ਤੋਂ ਲੈ ਕੇ ਕੰਗਰੋੜ ਦੇ ਖੱਬੇ ਪਾਸੇ ਹੁੰਦੀ ਹੋਈ ਦਿਮਾਗ਼ ਵਿੱਚ ਪਹੁੰਚਦੀ ਹੈ. ਇਸ ਨਾੜੀ ਦੁਆਰਾ ਯੋਗੀ ਪ੍ਰਾਣਾਯਾਮ ਦਾ ਅਭਿਆਸ ਕਰਦੇ ਹਨ. ਇਸ ਦਾ ਨਾਉਂ ਚੰਦ੍ਰਨਾੜੀ ਭੀ ਹੈ, ਕਿਉਂਕਿ ਇਸ ਦਾ ਦੇਵਤਾ ਚੰਦ੍ਰਮਾ ਮੰਨਿਆ ਹੈ. "ਇੜਾ ਪਿੰਗਲਾ ਸੁਖਮਨ ਬੰਦੇ." (ਗਉ ਕਬੀਰ) ੨. ਗਊ। ੩. ਪ੍ਰਿਥਿਵੀ। ੪. ਉਸਤਤਿ. ਤਅ਼ਰੀਫ਼। ੫. ਦੇਵੀ. ਦੁਰਗਾ. "ਇੜਾ ਮ੍ਰਿੜਾ ਭੀਮਾ ਜਗਧਾਤ੍ਰੀ." (ਸਲੋਹ) ੬. ਪੁਰੂਰਵਾ ਦੀ ਮਾਂ, ਜੋ ਬੁਧ ਦੀ ਇਸਤ੍ਰੀ ਅਤੇ ਵੈਵਸ੍ਵਤ ਮਨੁ ਦੀ ਪੁਤ੍ਰੀ ਲਿਖੀ ਹੈ। ੭. ਕ੍ਰਿਸ਼ਨ ਜੀ ਦੀ ਮਤੇਈ, ਵਸੁਦੇਵ ਦੀ ਇਕ ਇਸਤ੍ਰੀ.

ਈ: ਸੰ. ਈ. ਧਾ- ਜਾਣਾ. ਫੈਲਨਾ. ਇੱਛਾ ਕਰਨਾ. ਖਾਣਾ ਸਿੱਟਣਾ. ਭੇਜਣਾ. ਪ੍ਰੇਰਨਾ। ੨. ਪ੍ਰਤ੍ਯ- ਇਸ ਨੂੰ ਕਿਤਨੇਕ ਵਿਸ਼ੇਸ਼ਣਾਂ ਦੇ ਅੰਤ ਲਾਕੇ ਸੰਗਯਾ ਬਣਾਈ ਜਾਂਦੀ ਹੈ, ਜਿਵੇਂ ਸੁਰਖ਼ ਤੋਂ ਸੁਰਖ਼ੀ, ਸਜਾਹ ਤੋਂ ਸਜਾਹੀ ਆਦਿਕ. ਅਤੇ ਅਨੇਕ ਸ਼ਬਦ ਇਸ੍ਤ੍ਰੀਲਿੰਗ ਬਣਾਈਦੇ ਹਨ, ਜੈਸੇ- ਸੋਟਾ ਤੋਂ ਸੋਟੀ, ਘੋੜੇ ਤੋ ਘੋੜੀ ਆਦਿਕ। ੩. ਸੰਗਯਾ- ਲਕ੍ਸ਼ਮੀ। ੪. ਸਰਸ੍ਵਤੀ. "ਗੁਰ ਪਾਰਬਤੀ ਮਾ ਈ." (ਜਪੁ) ਗੁਰੂ ਹੀ ਦੁਰਗਾ, ਮਾ (ਲੱਛਮੀ) ਅਤੇ ਈ (ਸਰਸ੍ਵਤੀ) ਹੈ। ੫. ਸਰਵ- ਇਹ. ਯਹ। ੬. ਵਜ- ਪੁਸ਼੍ਟਿ ਕਰਨ ਵਾਲਾ ਸ਼ਬਦ. ਨਿਸ਼ਚੇ ਹੀ. "ਕਰਮ ਧਰਮ ਸਗਲਾ ਈ ਖੋਵੈ." (ਧਨਾ ਮਃ ੫) ੭. ਦੂਸਰੇ ਕਾਰਕ ਦਾ ਭੀ ਇਸ ਤੋਂ ਅਰਥ ਪ੍ਰਗਟ ਹੁੰਦਾ ਹੈ, ਜਿਵੇਂ- "ਸਿਖੀ ਅਤੈ ਸੰਗਤੀ ਪਾਰਬ੍ਰਹਮ ਕਰਿ ਨਮਸਕਾਰਿਆ." (ਰਾਮ ਵਾਰ ੩) ਸਿੱਖ ਸੰਗਤਾਂ ਨੇ ਪਾਰਬ੍ਰਹਮ ਕਰਕੇ (ਜਾਣਕੇ) ਨਮਸਕਾਰਿਆ। ੮. ਦੇਖੋ, ਈਂ.

ਈਂ: ਪ੍ਰਤ੍ਯ- ਜਿਸ ਦਾ ਅਰਥ ਨੇ, ਸੇ, ਤੋਂ, ਸੰਗ, ਸਾਥ ਆਦਿਕ ਹੁੰਦਾ ਹੈ. "ਮੋਰੀਂ ਰੁਣ ਝੁਣ ਲਾਇਆ." (ਵਡ ਮਃ ੧) ਮੋਰਾਂ ਨੇ. "ਗਲੀਂ ਹਉ ਸੋਹਾਗਣਿ ਭੈਣੇ." (ਆਸਾ ਪਟੀ ਮਃ ੧) ਗੱਲਾਂ ਨਾਲ। ੨. ਫ਼ਾ. این ਸਰਵ- ਇਹ. ਯਹ.

ਈਸ: ਸੰ. ਈਸ਼. ਸੰਗਯਾ- ਸ੍ਵਾਮੀ. ਮਾਲਿਕ। ੨. ਕਰਤਾਰ. ਜਗਤਨਾਥ. "ਤਉ ਗੁਣ ਈਸ ਬਰਨ ਨਹੀ ਸਾਕਉ." (ਨਟ ਅਃ ਮਃ ੪) ੩. ਰਾਜਾ। ੪. ਰੁਦ੍ਰ. ਸ਼ਿਵ। ੫. ਵਿਸ਼ਨੁ. "ਈਸ ਮਹੇਸਰੁ ਦੇਵ ਤਿਨ੍ਹੀ ਅੰਤੁ ਨ ਪਾਇਆ." (ਵਾਰ ਮਲਾ ਮਃ ੧) ੬. ਸੰ. ਈਸ਼੍. ਧਾ- ਅਧਿਕਾਰ ਹੋਣਾ. ਸ਼ਕਤਿ ਦਾ ਹੋਣਾ। ੭. ਸੰ. ਈਸ਼. ਧਾ- ਮਾਰਨਾ. ਜਾਣਾ. ਦੇਖਣਾ. ਚੁਗਣਾ। ੮. ਡਿੰਗ. ਈਸ. ਹਲ ਦੀ ਲੀਕ. ਓਰਾ. ਸਿਆੜ.

ਈਸਟ ਇੰਡੀਆ ਕੰਪਨੀ: East India Company. ਇਸ ਨਾਉਂ ਦੀਆਂ ਕਈ ਕੰਪਨੀਆਂ ਪੂਰਬੀ ਅਤੇ ਦੱਖਣੀ ਏਸ਼ੀਆ ਵਿੱਚ ਹੋਈਆਂ ਹਨ, ਜਿਨ੍ਹਾਂ ਵਿੱਚੋਂ ਫ੍ਰਾਂਸ ਅਤੇ ਇੰਗਲੈਂਡ ਦੀਆਂ ਬਹੁਤ ਮਸ਼ਹੂਰ ਹਨ.

ਫ੍ਰਾਂਸ ਦੀ ਪਹਿਲੀ ਕੰਪਨੀ ਸਨ ੧੬੦੪ ਵਿੱਚ ਬਣੀ, ਅਤੇ ਇੰਗਲਿਸ਼ ਈਸਟ ਇੰਡੀਆ ਕੰਪਨੀ ੩੧ ਦਿਸੰਬਰ ਸਨ ੧੬੦੦ ਨੂੰ ੭੨੦੦੦ ਪੌਂਡ ਦੀ ਪੂੰਜੀ ਨਾਲ ਕਾਇਮ ਹੋਈ. ਇਸ ਕੰਪਨੀ ਨੂੰ ਹਿੰਦੁਸਤਾਨ ਚੀਨ ਆਦਿ ਪੂਰਬੀ ਦੇਸਾਂ ਨਾਲ ਵਪਾਰ ਕਰਨ ਦਾ ਅਧਿਕਾਰ ਸੀ. ਸਨ ੧੬੧੦- ੧੧ ਵਿੱਚ ਕਪਤਾਨ ਹਿੱਪਨ ਨੇ ਹਿੰਦੁਸਤਾਨ ਵਿੱਚ ਪਹਿਲੀ ਕੋਠੀ ਖੋਲ੍ਹੀ.

ਸਨ ੧੬੧੨ ਵਿੱਚ ਜਹਾਂਗੀਰ ਬਾਦਸ਼ਾਹ ਤੋਂ ਪਰਵਾਨਗੀ ਲੈ ਕੇ ਸਨ ੧੬੧੩ ਵਿੱਚ ਵਪਾਰ ਦੇ ਵਾਧੇ ਲਈ ਫੈਕਟਰੀ ਖੋਲੀ. ਫੇਰ ਸ਼ਾਹਜਹਾਂ ਤੋਂ ਸਨ ੧੬੩੪ ਵਿੱਚ ਬੰਗਾਲ ਅੰਦਰ ਦੋ ਕਾਰਖਾਨੇ ਖੋਲਣ ਦਾ ਹੁਕਮ ਹਾਸਿਲ ਕੀਤਾ. ਸਨ ੧੬੬੮ ਵਿੱਚ

ਇੰਗਲੈਂਡ ਦੇ ਬਾਦਸ਼ਾਹ ਚਾਰਲਸ ਦੂਜੇ ਤੋਂ ਬੰਬਈ ਪ੍ਰਾਪਤ ਕੀਤੀ, ਜੋ ਚਾਰਲਸ ਨੂੰ ਪੁਰਤਗਾਲ ਵੱਲੋਂ ਦਹੇਜ (ਦਾਜ) ਵਿੱਚ ਮਿਲੀ ਹੋਈ ਸੀ. ਬਾਦਸ਼ਾਹ ਜੇਮਸ ਦੂਜੇ ਦੇ ਸਮੇਂ ਸਨ ੧੬੯੦ ਵਿੱਚ ਜਹਾਜਾਂ ਦੇ ਬੇੜੇ ਦੇ ਸਰਦਾਰ ਨਿਕਲਸਨ ਨੂੰ ਸੂਰਖਜਾ ਅਤੇ ਮੁਲਕਗੀਰੀ ਦੇ ਖਿਆਲ ਨਾਲ ਕੰਪਨੀ ਨੇ ਬੁਲਾਇਆ, ਜੋ ੧੨. ਜੰਗੀ ਜਹਾਜ, ੨੦੦ ਤੋਪਾਂ, ੬੦੦ ਸਿਪਾਹੀ ਲੈ ਕੇ ਹਿੰਦੁਸਤਾਨ ਪੁੱਜਾ. ਕੰਪਨੀ ਨੇ ਹੌਲੀ ਹੌਲੀ ਆਪਣੀ ਫੌਜੀ ਤਾਕਤ ਬਹੁਤ ਵਧਾ ਲਈ. ਸਨ ੧੬੯੮ ਵਿੱਚ ਕਲਕੱਤਾ ਅਤੇ ਹੋਰ ਕਈ ਨਗਰ ਖਰੀਦੇ. ਫੋਰਟਵਿਲੀਯਮ ਦੀ ਰਚਨਾ ਕੀਤੀ. ਸਨ ੧੭੫੭ ਵਿੱਚ ਕਲਾਇਵ ਨੇ ਬੰਗਾਲ ਦੇ ਸੂਬੇਦਾਰ ਨਵਾਬ ਸਿਰਾਜੁੱਦੌਲਾ ਨੂੰ ਜਿੱਤਕੇ ਬਹੁਤ ਮੁਲਕ ਕਬਜੇ ਕੀਤਾ. ਇਸੇ ਤਰਾਂ ਭਾਰਤ ਦੇ ਅਨੇਕ ਦੇਸਾਂ ਵਿੱਚ ਪੈਰ ਪੱਕੇ ਜਮਾਏ. ਸਨ ੧੭੭੨ ਵਿੱਚ ਪਾਰਲੀਮੈਂਟ ਨੇ ਕੰਪਨੀ ਤੇ ਆਪਣਾ ਕੁੰਡਾ ਰੱਖਣਾ ਨੀਅਤ ਕੀਤਾ. ਸਨ ੧੭੮੪ ਵਿੱਚ ਇੱਕ ਬੋਰਡ ਬਣਾਇਆ, ਜੋ ਕੰਪਨੀ ਦੇ ਰਾਜਸੀ ਕੰਮਾਂ ਤੇ ਪੂਰੀ ਨਿਗਰਾਨੀ ਰੱਖੇ. ਅੰਤ ਸਨ ੧੮੫੮ ਵਿੱਚ ਪਾਰਲੀਮੈਂਟ ਦੀ ਇੱਛਾ ਅਨੁਸਾਰ ਕੰਪਨੀ ਨੇ ਹਿੰਦੁਸਤਾਨ ਦਾ ਰਾਜ ਕ੍ਵੀਨ ਵਿਕਟੋਰੀਆ (Queen Victoria) ਦੇ ਸਪੁਰਦ ਕੀਤਾ ਅਤੇ ਸਨ ੧੮੭੭ ਵਿੱਚ ਇੰਗਲੈਂਡ ਦੀ ਰਾਣੀ ਭਾਰਤ ਦੀ ਮਹਾਰਾਣੀ (Empress) ਪਦਵੀ ਤੇ ਸੁਸ਼ੋਭਿਤ ਹੋਈ.

**ਈਸਫਜਈ:** ਦੇਖੋ, ਈਸਬਜਈ.

**ਈਸਬਗੋਲ:** ਫ਼ਾ. اسپغول ਅਸ ਪਗ਼ੂਲ. ਸੰਗਯਾ- ਇੱਕ ਦਵਾਈ, ਜਿਸ ਦੇ ਪੱਤੇ ਘੋੜੇ ਦੇ ਕੰਨ ਦੀ ਸ਼ਕਲ ਦੇ ਹੁੰਦੇ ਹਨ. ਇਸ ਦੀ ਤਾਸੀਰ ਸਰਦ ਤਰ ਹੈ. ਹਕੀਮ ਇਸ ਨੂੰ ਅਨੇਕ ਦਵਾਈਆਂ ਵਿੱਚ ਵਰਤਦੇ ਹਨ. ਇਹ ਮਰੋੜੇ (ਪੇਚਿਸ਼) ਨੂੰ ਹਟਾਉਂਦੀ ਅਤੇ ਅੰਤੜੀ ਨੂੰ ਮੁਲਾਇਮ ਕਰਦੀ ਹੈ. ਅ਼. بزرقتونا ਬਜ਼ਰਕ਼ਤੂਨਾ L. Plantango isphagula

**ਈਸਬਜਈ:** ਇੱਕ ਪਠਾਣ ਜਾਤਿ. "ਈਸਬਜਈ ਬਢੋ ਦਲ ਏਕ." (ਗੁਪ੍ਰਸੂ) ਈਸਾਜ਼ਈ ਇਸ ਤੋਂ ਵੱਖਰੀ ਕੌਮ ਹੈ.

**ਈਸਰ, ਈਸਰੁ:** ਸੰ. ਈਸ਼੍ਵਰ. ਸੰਗਯਾ- ਐਸ਼੍ਵਰਯ ਵਾਲਾ. ਕਰਤਾਰ. ਜਗਤਨਾਥ। ੨. ਸ਼ਿਵ. "ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹੀ ਨ ਲਹੀਆ." (ਵਾਰ ਗੂਜ ੧. ਮਃ ੩) ੩. ਇੱਕ ਖਾਸਯੋਗੀ, ਜੋ ਗੋਰ੍‍ਖਨਾਥ ਦੇ ਮਤ ਦਾ ਪ੍ਰਚਾਰਕ ਸੀ. "ਬੋਲੈ ਈਸਰੁ ਸਤਿ ਸਰੂਪ." (ਵਾਰ ਰਾਮ ੧, ਮਃ ੧) ੪. ਰਾਜਾ. "ਬਰਨ ਅਬਰਨ ਰੰਕੁ ਨਹੀ ਈਸਰੁ." (ਬਿਲਾ ਰਵਿਦਾਸ) ੫. ਮਾਲਿਕ. ਸ੍ਵਾਮੀ। ੬. ਸ਼ਕਤਿ ਅਤੇ ਵਿਭੂਤਿ ਵਾਲਾ.

**ਈਸਰ ਸਿੰਘ:** ਦੇਖੋ, ਅਗਮਪੁਰ। ੨. ਬਾਂਗਰ ਦੇ ਸੀਹੋਂ ਪਿੰਡ ਦਾ ਵਸਨੀਕ ਇੱਕ ਪੰਥਰਤਨ, ਜੋ ਨਿਸ਼ਾਨ ਵਾਲੀ ਮਿਸਲ ਨਾਲ ਸੰਬੰਧ ਰਖਦਾ ਸੀ. ਇਸ ਨੇ ਪੰਥ ਦੀ ਵਡੀ ਸੇਵਾ ਕੀਤੀ. ਵਡੇ ਘੱਲੂਘਾਰੇ ਵਿੱਚ ਇਸ ਧਰਮਵੀਰ ਦੇ ਸਰੀਰ ਤੇ ਸੱਤ ਫੱਟ ਲੱਗੇ ਸਨ. ਅਕਾਲੀ ਫੂਲਾ ਸਿੰਘ ਇਸੇ ਦਾ ਸੁਪੁਤ੍ਰ ਸੀ. ਦੇਖੋ, ਫੂਲਾ ਸਿੰਘ.

**ਈਸਰਾਸ੍ਤ੍ਰ:** ਵਿ- ਈਸ਼੍ਵਰ- ਅਸਤ੍ਰ. ਸ੍ਵਾਮੀ ਦਾ ਸ਼ਸਤ੍ਰ. "ਕ੍ਰਿਸਨਬੱਲਭਾ ਪ੍ਰਥਮ ਕਹਿ ਈਸਰਾਸਤ੍ਰ ਕਹਿ ਅੰਤ." (ਸਨਾਮਾ) ਕ੍ਰਿਸ਼ਨ ਦੀ ਪਿਆਰੀ (ਜਮੁਨਾ) ਦਾ ਸ੍ਵਾਮੀ ਵਰੁਣ, ਉਸ ਦਾ ਸ਼ਸਤ੍ਰ ਫਾਸੀ (ਪਾਸ਼).

**ਈਸਰੁ:** ਦੇਖੋ, ਈਸਰ। ੨. ਈਸ਼੍ਵਰਤ੍ਵ. ਸ੍ਵਾਮੀਪੁਣਾ.

**ਈਸਵੀ, ਈ਼ਸਵੀ:** ਅ਼. عیسوی ਵਿ- ਈ਼ਸਾ ਨਾਲ ਸੰਬੰਧਿਤ. ਈ਼ਸਾ ਦਾ. ਜਿਵੇਂ- ਈਸਵੀ ਸਨ.

**ਈਸਵੀ ਸਨ, ਈ਼ਸਵੀ ਸਨ:** ਸੰਗਯਾ- ਈਸਾ ਦੇ ਜਨਮ ਤੋਂ ਆਰੰਭ ਹੋਇਆ ਸਾਲ, ਜੋ ਬਿਕ੍ਰਮੀ ਸੰਮਤ ੫੭ ਤੋਂ ਸ਼ੁਰੂ ਹੋਇਆ ਹੈ.[154] ਅੰਗ੍ਰੇਜ਼ੀ ਪੁਸਤਕਾਂ ਵਿੱਚ ਈ਼ਸਵੀ ਸਨ ਲਿਖਣ ਸਮੇਂ ਏ. ਡੀ. (A. D. ) ਲਿਖਿਆ ਕਰਦੇ ਹਨ, ਜੋ ਲੈਟਿਨ (Latin) ਪਦ Anno- Domini ਦਾ ਸੰਖੇਪ ਹੈ. ਇਸ ਦਾ ਅਰਥ ਹੈ ਸਾਡੇ ਸ੍ਵਾਮੀ ਦਾ ਸਾਲ. Anno (ਸਾਲ) Domini (ਸਾਡਾ ਸ੍ਵਾਮੀ). ਜੇ ਈ਼ਸਵੀ ਸਨ ਤੋਂ ਪਹਿਲਾਂ ਲਿਖਣਾ ਹੋਵੇ, ਤਦ ਉਸ ਦਾ ਸੰਕੇਤ ਹੈ- ਬੀ. ਸੀ. (B. C. ) ਜੋ Before Christ ਦਾ ਸੰਖੇਪ ਹੈ, ਅਰਥਾਤ ਈ਼ਸਾ ਤੋਂ ਪਹਿਲਾਂ.

---

[154] ਈਸਵੀ ਸਨ ਮਿਥਣ ਵੇਲੇ ਗਿਣਤੀ ਵਿੱਚ ਚਾਰ ਸਾਲ ਛੀ ਦਿਨ ਦੀ ਭੁੱਲ ਹੋ ਗਈ. ਸਹੀ ਹਿਸਾਬ ਅਨੁਸਾਰ ਈਸਵੀ ਸਨ ੪. ਬੀ. ਸੀ. ਤੋਂ ਆਰੰਭ ਹੋਣਾ ਚਾਹੀਦਾ ਸੀ, ਪਰ ਗੜ ਬੜ ਤੋਂ ਬਚਣ ਲਈ ਇਸ ਭੁੱਲ ਦਾ ਸੋਧਨ ਨਹੀਂ ਕੀਤਾ ਗਿਆ. ਇਸ ਸਨ ਦੀ ਵਰਤੋਂ ੫੩੨ ਏ. ਡੀ. ਤੋਂ ਆਰੰਭ ਹੋਈ ਹੈ.

ਈਸੜੂ: ਇੱਕ ਪਿੰਡ, ਜੋ ਜਿਲਾ ਲੁਦਿਆਨਾ, ਤਸੀਲ ਸਮਰਾਲਾ ਵਿੱਚ ਹੈ. ਇੱਥੇ ਛੀਵੇਂ ਗੁਰੂ ਜੀ ਦਾ ਗੁਰਦ੍ਵਾਰਾ ਹੈ. ਕਿਸੇ ਸਮੇਂ ਇਹ ਨਾਭਾ ਰਾਜ ਵਿੱਚ ਸੀ.

ਈਸਾ, ਈ਼ਸਾ: عیسےٰ Jesus. ਇਹ ਫਿਲਸਤੀਨ ਦੇ ਵਸਨੀਕ ਯੂਸਫ ਨਾਮੇ ਤਰਖਾਣ ਦਾ ਪੁਤ੍ਰ ਸੀ.[155]

ਬਾਈਬਲ ਵਿੱਚ ਲਿਖਿਆ ਹੈ ਕਿ ਮੇਰੀ (Mary) ਨਾਮਕ ਕੁਆਰੀ ਕੰਨਜਾ ਨੂੰ ਜਬਰਾਈਲ ਫ਼ਰਿਸ਼ਤੇ ਨੇ ਆਕੇ ਆਖਿਆ ਕਿ ਤੂੰ ਗਰਭਵਤੀ ਹੋਵੇਂਗੀ, ਅਤੇ ਬੈਤਲਹਮ (Bethlehem)[156] ਵਿੱਚ ਇੱਕ ਧਰਮ ਪ੍ਰਚਾਰਕ ਪੁਤ੍ਰ ਜਣੇਗੀ. ਸੋ ਇਸ ਕਥਨ ਅਨੁਸਾਰ ਸੰਮਤ ੫੭ ਬਿਕ੍ਰਮੀ ਵਿੱਚ ਹਜਰਤ ਈਸਾ ਦਾ ਜਨਮ ਹੋਇਆ, ਜੋ ਈਸਾਈਆਂ ਵਿੱਚ ਖ਼ੁਦਾ ਦਾ ਬੇਟਾ ਮੰਨਿਆ ਗਿਆ. ਕੁਰਾਨ ਵਿੱਚ ਲਿਖਿਆ ਹੈ ਕਿ ਈ਼ਸਾ ਦੇ ਜਨਮ ਤੇ ਕੁਲ ਦੇ ਲੋਕਾਂ ਨੇ ਮੇਰੀ ਤੋਂ ਪੁੱਛਿਆ ਕਿ ਤੈਂ ਕੁਆਰੀ ਨੇ ਬਾਲਕ ਕਿਸ ਤਰਾਂ ਜਣਿਆ? ਮੇਰੀ ਨੇ ਬਾਲਕ ਵੱਲ ਇਸ਼ਾਰਾ ਕਰਕੇ ਆਖਿਆ ਕਿ ਤੁਸੀਂ ਇਸੇ ਤੋਂ ਹੀ ਪੁੱਛ ਲਓ. ਇਸ ਤੇ ਬਾਲਕ ਨੇ ਆਪਣਾ ਖ਼ੁਦਾ ਵੱਲੋਂ ਆਉਣਾ ਦੱਸਕੇ ਲੋਕਾਂ ਨੂੰ ਨਿਰਸੰਦੇਹ ਕੀਤਾ. (ਦੇਖੋ, . ਕੁਰਾਨ, ਸੂਰਤ ਮਰਿਯਮ, ਆਯਤ ੨੭ ਤੋਂ ੩੧)

ਹਜਰਤ ਈਸਾ ਦੀ ਯਹੂਦੀ ਮਤ ਅਨੁਸਾਰ ਸੁੰਨਤ ਹੋਈ, ਅਤੇ ਉਸ ਨੇ ਜੌਨ (John) ਤੋਂ ਬਪਤਿਸਮਾ (Baptism) ਲਿਆ. ੩੦ ਵਰ੍ਹੇ ਦੀ ਉਮਰ ਵਿੱਚ ਧਰਮਪ੍ਰਚਾਰ ਆਰੰਭਿਆ ਅਤੇ ਕਈ ਚੇਲੇ ਬਣਾਏ, ਜਿਨ੍ਹਾਂ ਵਿੱਚੋਂ ੧੨. ਪ੍ਰਧਾਨ ਗਿਣੇ ਜਾਂਦੇ ਹਨ. ਅਨੇਕ ਸ਼ਹਿਰ ਅਤੇ ਪਿੰਡਾਂ ਵਿੱਚ ਫਿਰਕੇ ਪੈਗੰਬਰ ਈਸਾ ਨੇ ਆਪਣੇ ਨਵੇਂ ਮਤ ਦਾ ਪ੍ਰਚਾਰ ਕੀਤਾ, ਅਤੇ ਕਈ ਚਮਤਕਾਰ ਵਿਖਾਏ, ਪਰੰਤੂ ਪੁਰਾਣੀਆਂ ਰਸਮਾਂ ਦੇ ਉਲਟ ਉਪਦੇਸ਼ ਦੇਣ ਪੁਰ ਯਹੂਦੀ ਲੋਕ ਅਤੇ ਉਸ ਮਤ ਦੇ ਧਰਮ ਆਗੂ ਈਸਾ ਦੇ ਵਿਰੋਧੀ ਹੋ ਗਏ. ਖਾਸ ਕਰਕੇ ਜਰੂਸਲਮ (Jerusalem) ਦਾ ਵਡਾ ਮਹੰਤ ਆਪਣੀ ਪ੍ਰਭੁਤਾ ਵਿੱਚ ਵਿਘਨ ਪੈਂਦਾ ਵੇਖਕੇ ਹਜਰਤ ਈਸਾ ਦਾ ਭਾਰੀ ਵੈਰੀ ਬਣ ਗਿਆ, ਅਤੇ ਈਸਾ ਤੇ ਇਹ ਦੋਸ਼ ਲਗਾਕੇ ਕਿ ਉਹ ਆਪਣੇ ਤਾਈਂ ਖ਼ੁਦਾ ਦਾ ਪੁਤ੍ਰ ਦੱਸਦਾ ਹੈ ਅਤੇ ਦੇਸ਼ ਵਿੱਚ ਬੇਅਮਨੀ ਫੈਲਾਉਂਦਾ ਹੈ, ਅਦਾਲਤੀ ਪਾਈਲੇਟ (Pilate) ਦੇ ਪੇਸ਼ ਕੀਤਾ. ਭਾਵੇਂ ਜੱਜ ਜਾਣਦਾ ਸੀ ਕਿ ਈਸਾ ਨਿਰਪਰਾਧ ਹੈ, ਪਰ ਵਿਰੋਧੀਆਂ ਦੇ ਜ਼ੋਰ ਦੇਣ ਪੁਰ ਬਾਦਸ਼ਾਹ ਹੀਰੋਡ (Herod) ਪਾਸ ਚਾਲਾਨ ਕੀਤਾ ਗਿਆ, ਜਿਸ ਪੁਰ ਹੁਕਮ ਹੋਇਆ ਕਿ ਈਸਾ ਨੂੰ ਸਲੀਬ ਉੱਤੇ ਚੜ੍ਹਾਇਆ ਜਾਵੇ. ਇਸ ਹੁਕਮ ਅਨੁਸਾਰ ✞ ਇਸ ਆਕਾਰ ਦੀ ਸੂਲੀ ਤੇ ਹੱਥਾਂ ਪੈਰਾਂ ਵਿੱਚ ਮੇਖਾਂ ਗੱਡਕੇ ਈਸਾ ਮਾਰਿਆ ਗਿਆ. ਇਸ ਮਹਾਤਮਾ ਦੀ ਕਬਰ ਜਰੂਸ਼ਲਮ ਵਿੱਚ ਹੈ. ਹ਼ਜਰਤ ਈ਼ਸਾ ਦੀ ਸਾਰੀ ਉਮਰ ੩੩ ਵਰ੍ਹੇ ਦੀ ਸੀ.

ਬਾਈਬਲ ਵਿੱਚ ਇਹ ਭੀ ਲਿਖਿਆ ਹੈ ਕਿ ਹਜਰਤ ਈਸਾ ਮਰਣ ਪਿੱਛੋਂ ਫੇਰ ਜੀ ਉੱਠਿਆ, ਅਤੇ ਉਸ ਦਾ ਸ਼ਰੀਰ ਕਬਰ ਵਿੱਚੋਂ ਲੋਪ ਹੋਗਿਆ ਅਤੇ ਉਸ ਨੇ ਕਈ ਪੁਰਖਾਂ ਨੂੰ ਦਿਖਾਲੀ ਦਿੱਤੀ.

ਈਸਾਈਆਂ ਦੇ ਮੰਦਿਰ ਅਤੇ ਗਲੇ ਵਿੱਚ ਜੋ ਸਲੀਬ (Cross) ਦਾ ਚਿੰਨ੍ਹ ਵੇਖਿਆ ਜਾਂਦਾ ਹੈ ਇਹ ਉੱਪਰ ਲਿਖੀ ਘਟਨਾ ਦਾ ਬੋਧਕ ਹੈ. ਈਸਾਈਆਂ ਦਾ ਵਿਸ਼੍ਵਾਸ ਹੈ ਕਿ ਹਜਰਤ ਈਸਾ ਨੇ ਪ੍ਰਾਣ ਦੇਕੇ ਆਪਣੇ ਸੇਵਕਾਂ ਦਾ ਸਾਰਾ ਪਾਪ ਦੂਰ ਕਰ ਦਿੱਤਾ, ਅਤੇ ਜੋ ਉਸ ਪੁਰ ਭਰੋਸਾ ਲਿਆਉਣਗੇ, ਓਹ ਬਖ਼ਸ਼ੇ ਜਾਣਗੇ। ੨. ਦੇਖੋ, ਈਸ। ੩. ਸੰ. ਈਸ਼ਾ. ਦੁਰਗਾ. ਦੇਵੀ। ੪. ਸ੍ਵਾਮੀ ਦੀ ਇਸਤ੍ਰੀ। ੫. ਸ਼ਕਤਿ. ਤਾਕਤ। ੬. ਹਲ ਦਾ ਲੰਮਾ ਡੰਡਾ। ੭. ਗੱਡੇ ਗੱਡੀਆਂ ਆਦਿ ਦੇ ਪਹੀਏ ਦਾ ਤੀਰ, ਜੋ ਨਾਭਿ ਅਤੇ ਪੁੱਠੀ ਦੇ ਮੱਧ ਹੁੰਦਾ ਹੈ.

ਈਸਾਈ, ਈ਼ਸਾਈ: ਫ਼ਾ. عیسائی ਵਿ- ਈ਼ਸਾ ਨਾਲ ਸੰਬੰਧਿਤ। ੨. ਸੰਗਯਾ- ਈ਼ਸਾ ਦਾ ਧਰਮ ਧਾਰਣ ਵਾਲਾ. ਈਸਾ ਮਸੀਹ ਦਾ ਪੈਰੋ (ਅਨੁਗਾਮੀ). Christian.

ਈਸਾ ਖ਼ਾਨ, ਈ਼ਸਾ ਖ਼ਾਨ: ਇੱਕ ਮੰਝ ਜਾਤੀ ਦਾ ਸਰਦਾਰ, ਜੋ ਕੁਝ ਚਿਰ ਦੁਆਬੇ ਦਾ ਹਾਕਮ ਰਿਹਾ. ਇਸ ਨੇ ਲਗਦੀ ਵਾਹ ਸਿੱਖਾਂ ਨੂੰ ਭਾਰੀ ਤਸੀਹੇ ਦਿੱਤੇ ਅਤੇ ਕਪੂਰ ਸਿੰਘ ਬੈਰਾੜ ਨੂੰ ਕਤਲ ਕੀਤਾ. ਦੇਖੋ, ਕਪੂਰਾ.

---

[155] ਦੇਖ, Swinton's outlines of the worlds History p. 189.

[156] ਇਹ ਨਗਰ ਪੈਲਸਟਾਈਨ ਵਿੱਚ ਜਰੂਸਲਮ ਤੋਂ ਪੰਜ ਮੀਲ ਦੱਖਣ ਹੈ.

ਈਸਾਖ਼ੈਲ: ਉਸਮਾਨ ਖ਼ੈਲ ਪਠਾਣਾਂ ਦੀ ਇੱਕ ਸ਼ਾਖ਼। ਹੋਰ ਕਈ ਪਠਾਣ ਗੋਤ ਦੀ ਸ਼ਾਖਾ ਭੀ ਈਸਾਖੈਲ ਹਨ।

ਈਸਾਨ: ਸੰ. ਈਸ਼ਾਨ. ਸੰਗਜਾ- ਸ਼ਿਵ. ਰੁਦ੍ਰ। ੨. ਪੂਰਵ ਅਤੇ ਉੱਤਰ ਦੇ ਵਿਚਕਾਰ ਦੀ ਉਪਦਿਸ਼ਾ। ੩. ਸ੍ਵਾਮੀ. ਮਾਲਿਕ.

ਈਸ਼ਿਨੀ: ਦੇਖੋ, ਏਸਨਿ. ੨.

ਈਸੁ, ਈਸੁਰ, ਈਸੁਰੁ: ਦੇਖੋ, ਈਸਰ। ੨. ਐਸ਼੍ਵਰਯ ਵਾਲਾ. ਧਨੀ। ੩. ਰਾਜਾ. "ਰੰਕ ਨਹੀ ਈਸੁਰੁ." (ਬਿਲਾ ਰਵਿਦਾਸ)

ਈਸੈ: ਈਸ਼੍ਵਰ ਨੂੰ। ੨. ਈਸ਼੍ਵਰ ਤੋਂ. "ਬਲਿ ਬਲਿ ਜਾਈ ਪ੍ਰਭੁ ਅਪਨੈ ਈਸੈ." (ਮਾਰੂ ਸੋਲਹੇ ਮਃ ੫) ੩. ਈਸ਼੍ਵਰ ਦੇ. "ਨਹਿ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ." (ਜੈਤ ਛੰਤ ਮਃ ੫)

ਈਸ੍ਰ: ਦੇਖੋ, ਈਸਰ,

ਈਸ੍ਰਨਿ, ਈਸ੍ਰਣੀ, ਈਸ੍ਰਨੀ: ਸੰਗਜਾ- ਈਸ਼੍ਵਰ (ਰਾਜਾ) ਦੀ ਅਨੀਕਨੀ (ਫ਼ੌਜ). ਰਾਜਾ ਦੀ ਸੈਨਾ. (ਸਨਾਮਾ)

ਈਸ਼੍ਵਰ: ਦੇਖੋ, ਈਸਰ.

ਈਹ: ਸੰ. ईह्. ਧਾ- ਯਤਨ ਕਰਨਾ. ਉੱਦਮ ਕਰਨਾ. ਇੱਛਾ ਕਰਨਾ.

ਈਂਹਮ: ਫ਼ਾ. ایں ہم ਇਹ ਭੀ. ਅਯੰ ਅਪਿ.

ਈਹਾ: ਸੰ. ਸੰਗਜਾ- ਇੱਛਾ. "ਪ੍ਰਭੁ ਦਰਸਨ ਕੀ ਮਨ ਮਹਿੰ ਈਹਾ." (ਗੁਪ੍ਰਸੂ) ੨. ਹ਼ਰਕਤ ਚੇਸ਼੍ਟਾ। ੩. ਯਤਨ. ਕੋਸ਼ਿਸ਼। ੪. ਕ੍ਰਿ. ਵਿ- ਇੱਥੇ. ਦੇਖੋ, ਈਹਾਂ. "ਈਹਾ ਖਾਟਿ ਚਲਹੁ ਹਰਿ ਲਾਹਾ." (ਸੋਹਿਲਾ)

ਈਹਾਂ: ਕ੍ਰਿ. ਵਿ- ਇੱਥੇ. ਇਸ ਥਾਂ. ਯਹਾਂ। ੨. ਇਸ ਲੋਕ ਵਿੱਚ. "ਈਹਾਂ ਸੁਖ ਆਗੈ ਗਤਿ ਪਾਈ." (ਆਸਾ ਮਃ ੫)

ਈਹਾਂ ਊਹਾਂ: ਇੱਥੇ ਉੱਥੇ। ੨. ਲੋਕ ਪਰਲੋਕ ਵਿੱਚ. "ਈਹਾਂ ਊਹਾਂ ਸਦਾ ਸੁਹੇਲੀ." (ਗਉ ਮਃ ੫)

ਈਕ: ਵਿ- ਏਕ. ਇੱਕ. ਅਦ੍ਵਿਤੀਯ (ਅਦੁਤੀ). "ਵਰਤਹਿ ਸਭ ਮਹਿ ਈਕ." (ਪ੍ਰਭਾ ਮਃ ੪)

ਈਕੜੇ: ਦਖ. ਕ੍ਰਿ. ਵਿ- ਏਧਰ. ਇਸ ਤ਼ਰਫ. ਇਸ ਪਾਸੇ.

ਈਕ੍ਸ਼: ਸੰ. ईक्ष. ਧਾ- ਦੇਖਣਾ. ਉਡੀਕਣਾ.

ਈਕ੍ਸ਼ਕ: ਸੰ. ਵਿ- ਦੇਖਣ ਵਾਲਾ. ਨਾਜਿਰ. ਦ੍ਰਸ਼੍ਟਾ.

ਈਕ੍ਸ਼ਣ: ਸੰ. ਸੰਗਜਾ- ਦਰਸ਼ਨ. ਦੇਖਣਾ। ੨. ਵਿਚਾਰ. ਜਾਂਚ। ੩. ਨੇਤ੍ਰ. ਅੱਖ.

ਈਖ: ਦੇਖੋ, ਇੱਖ. "ਸਬਦ ਰਤੇ ਮੀਠੇ ਰਸ ਈਖ." (ਗਉ ਮਃ ੧) ੨. ਦੇਖੋ, ਈਕ੍ਸ਼। ੩. ਸੰ. ईख. ਧਾ- ਜਾਣਾ.

ਈਖਣਾ: ਸੰ. ਏਸ਼ਣਾ- ਸੰਗਜਾ- ਇੱਛਾ. ਰੁਚੀ। ੨. ਢੂੰਢ. ਤਲਾਸ਼. ਭਾਲ.

ਈਖਤ, ਈਖਦ: ਸੰ. ਈਸ਼ਤ੍. ਵਿ- ਅਲਪ. ਥੋੜਾ. "ਨਹਿ ਸੁਧ ਈਖਦ ਰਹੀ ਸਰੀਰਾ." (ਨਾਪ੍ର)

ਈਖਨ: ਨੇਤ੍ਰ. ਦੇਖੋ, ਈਕ੍ਸ਼ਣ. "ਪਿਖੈ ਸ਼ੀਘ੍ਰ ਹੀ ਸੁਖ ਲਹਿਂ ਈਖਨ." (ਗੁਪ੍ਰਸੂ) ੨. ਸੰ. ਈਸ਼ਣ. ਕ੍ਰਿ. ਵਿ- ਛੇਤੀ. ਜਲਦ.

ਈਖਨਾ: ਦੇਖੋ, ਈਖਣਾ.

ਈਂਗਰ, ਈਂਗੁਰ: ਸੰ. हिङ्गुल. ਹਿੰਗੁਲ. ਸਿੰਗਰਫ. ਖਾਨਿ ਤੋਂ ਨਿਕਲਿਆ ਹੋਇਆ ਇੱਕ ਪਦਾਰਥ, ਜਿਸ ਵਿੱਚ ਬਹੁਤ ਹਿੱਸਾ ਪਾਰੇ ਦਾ ਹੁੰਦਾ ਹੈ. ਇਹ ਵਿਸ਼ੇਸ਼ ਕਰਕੇ ਚੀਨ ਤੋਂ ਆਉਂਦਾ ਹੈ. ਇਸ ਦਾ ਰੰਗ ਬਹੁਤ ਚਟਕੀਲਾ ਲਾਲ ਹੁੰਦਾ ਹੈ.

ਇਸਤ੍ਰੀਆਂ ਇਸ ਦੀ ਬਿੰਦੀ (ਤਿਲਕ) ਮੱਥੇ ਪੁਰ ਸ਼ੋਭਾ ਲਈ ਲਾਉਂਦੀਆਂ ਹਨ. "ਈਂਗਰ ਕੀ ਬਿੰਦੁਰੀ ਜੁ ਬਿਰਾਜੈ." (ਕ੍ਰਿਸਨਾਵ) ਇਹ ਅਨੇਕ ਦਵਾਈਆਂ ਵਿੱਚ ਭੀ ਵਰਤੀਦਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. L. Sulphunatum Hydrargyrium.

ਈਘਾਂ, ਈਘੇ, ਈਂਘੇ, ਈਘੈ, ਈਂਘੈ: ਬਾਂਗਰ. ਕਿਰ. ਵਿ- ਈਂ (ਇਹ) ਘਾਂ (ਦਿਸ਼ਾ). ਏਥੇ. ਇਧਰ. ਇਸ ਪਾਸੇ. ਇਸ ਓਰ। ੨. ਇਸ ਲੋਕ ਵਿੱਚ.

ਈਘੈ ਊਘੈ, ਈਂਘੈ ਊਂਘੈ: ਏਧਰ ਓਧਰ. ਏਥੇ ਓਥੇ. "ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ." (ਬਿਲਾ ਮਃ ੫) ੨. ਲੋਕ ਪਰਲੋਕ ਵਿੱਚ.

ਈਚਿਨੀ, ਈਂਚੁਨੀ: ਫ਼ਾ. این چنیں ਕ੍ਰਿ. ਵਿ- ਐਸਾ. ਇਸ ਪ੍ਰਕਾਰ ਦਾ. ਐਹੋ ਜੇਹਾ. "ਮਮ ਈਚਿਨੀ ਅਹਵਾਲ." (ਤਿਲੰ ਮਃ ੧)

ਈਛਨ: ਨੇਤ੍ਰ. ਦੇਖੋ, ਈਕ੍ਸ਼ਣ. "ਪੋਂਛਤ ਈਛਨ ਸ੍ਰਿਛਾਨਨ ਛਬਿ." (ਨਾਪ੍ਰ)

ਈਜਾ: ਅ਼. ایذا ਈਜਾ. ਸੰਗਯਾ- ਦੁੱਖ ਦੇਣ ਦੀ ਕ੍ਰਿਯਾ. ਕਸ਼੍ਟ ਪਹੁਚਾਉਣਾ.

ਈਜਾਦ: ਅ਼. ایجاد ਸੰਗਯਾ- ਕਾਢ. ਨਵੀਂ ਤਜਵੀਜ਼.

ਈਟ, ਈਂਟ, ਈਟਿਕਾ: ਸੰ. ਇਸ਼੍ਟਕਾ. ਸੰਗਯਾ- ਇੱਟ. "ਮਤ ਕੋਊ ਮਾਰੈ ਈਂਟ ਢੇਮ." (ਬਸੰ ਕਬੀਰ)

ਈਟ: ਸਿੰਧੀ. ਈਂਟੀ. ਸੰਗਯਾ- ਜੌਂ ਦੇ ਆਕਾਰ ਦੀ ਕਾਠ ਦੀ ਗੁੱਲੀ, ਜੋ ਪੰਜ ਛੇ ਇੰਚ ਲੰਮੀ ਅਤੇ ਡੇਢ ਦੋ ਇੰਚ ਮੱਧ ਭਾਗ ਤੋਂ ਮੋਟੀ ਹੁੰਦੀ ਹੈ. ਇਹ ਰਿੜਕਣ ਦੀ ਰੱਸੀ (ਨੇਤ੍ਰੇ) ਦੇ ਸਿਰੇ ਬੱਧੀ ਰਹਿੰਦੀ ਹੈ. ਦੋਹਾਂ ਸਿਰਿਆਂ ਪੁਰ ਬੰਨ੍ਹੀਆਂ ਈਟੀਆਂ ਨੂੰ ਹੱਥ ਵਿੱਚ ਫੜਕੇ ਨੇਤ੍ਰਾ ਮਧਾਣੀ ਨੂੰ ਲਪੇਟਕੇ ਘੁਮਾਈਦਾ ਹੈ, ਜਿਸ ਤੋਂ ਮੱਖਣ ਨਿਕਲਦਾ ਹੈ. "ਇਹੁ ਮਨੁ ਈਟੀ ਹਾਥਿ ਕਰਹੁ ਫੁਨ ਨੇਤ੍ਰਉ ਨੀਦ ਨ ਆਵੈ." (ਸੂਹੀ ਮਃ ੧) ਮਨ ਨੂੰ ਹੱਥ ਲੈਣਾ (ਕਾਬੂ ਕਰਨਾ) ਈਟੀਆਂ ਕਰੋ, ਅਤੇ ਨਿਰਾਲਸ ਹੋਣਾ ਨੇਤ੍ਰਾ ਬਣਾਓ.

ਈਠ, ਈਠਾ: ਸੰ. ਇਸ਼੍ਟ. ਵਿ- ਲੋੜੀਂਦਾ. ਪਿਆਰਾ. ਦੇਖੋ, ਇਸਟ. "ਈਠ ਮੀਤ ਕੋਊ ਸਖਾ ਨਾਹਿ." (ਬਸੰ ਅਃ ਮਃ ੫) ਲੋੜੀਂਦਾ ਮਿਤ੍ਰ ਅਤੇ ਕੋਈ ਸਾਥੀ ਨਹੀਂ। ੨. ਪਿਆਰਾ. ਪ੍ਰਿਯ. "ਸੁਨਹਿ ਨਾਰਿ ਨਰ ਲਾਗਹਿਂ ਈਠੇ." (ਨਾਪ੍ਰ)

ਈੜ੍: ਸੰ. ਧਾ- ਪ੍ਰਸ਼ੰਸਾ (ਉਸਤਤਿ) ਕਰਨਾ. ਤਅ਼ਰੀਫ਼ ਕਰਨਾ.

ਈਡਕ: ਡਿੰਗ. ਸੰਗਯਾ- ਨਗਾਰਾ. ਧੌਂਸਾ.

ਈਡੁਰੀ: ਸੰਗਯਾ- ਪਿੰਜਣੀ. ਗੋਡੇ ਤੋਂ ਗਿੱਟੇ ਦੇ ਵਿੱਚਕਾਰਲਾ ਲੱਤ ਦਾ ਪਿਛਲਾ ਭਾਗ। ੨. ਇੰਨੂ. ਵਸਤ੍ਰ ਰੱਸੀ ਆਦਿਕ ਦਾ ਬਣਾਇਆ ਗੋਲ ਚੱਕ੍ਰ, ਜੋ ਸਿਰ ਪੁਰ ਰੱਖਕੇ ਘੜਾ ਆਦਿਕ ਉਠਾਈਦਾ ਹੈ. ਦੇਖੋ, ਈਨੂ.

ਈਤ: ਕ੍ਰਿ. ਵਿ- ਅਤ੍ਰ. ਇਧਰ. ਇਸ ਤਰਫ। ੨. ਇਸ ਲੋਕ ਵਿੱਚ. "ਨਾਮ ਏਕ ਅਧਾਰ ਭਗਤਾ ਈਤ ਆਗੈ ਟੇਕ." (ਗੂਜ ਮਃ ੫) ੩. ਦੇਖੋ, ਈਤਿ.

ਈਤ ਊਤ, ਈਤਹਿ ਊਤਹਿ: ਕ੍ਰਿ. ਵਿ- ਏਧਰ- ਓਧਰ. ਏਥੇ ਓਥੇ। ੨. ਲੋਕ ਪਰਲੋਕ ਵਿੱਚ "ਈਤ ਊਤ ਨਹੀਂ ਬੀਛੁੜੈ." (ਧਨਾ ਮਃ ੫) "ਈਤਹਿ ਊਤਹਿ ਘਟਿ ਘਟਿ." (ਆਸਾ ਮਃ ੫)

ਈਤਿ, ਈਤੀ: ਸੰ. ईति. ਸੰਗਯਾ- ਖੇਤੀ ਨਾਸ਼ਕ ਵਿਘਨ. ਐਸਾ ਉਪਦ੍ਰਵ ਜਿਸ ਤੋਂ ਖੇਤੀ ਦਾ ਨੁਕਸਾਨ ਹੋਵੇ. ਬਹੁਤਿਆਂ ਨੇ ਛੀ, ਅਤੇ ਅਨੇਕਾਂ ਨੇ ਸੱਤ ਈਤਿ ਲਿਖੀਆਂ ਹਨ-

(ੳ) ਬਹੁਤ ਮੀਂਹ.

(ਅ) ਮੀਂਹ ਦਾ ਨਾ ਪੈਣਾ.

(ੲ) ਚੂਹਿਆਂ ਦੀ ਅਧਿਕਤਾ.

(ਸ) ਟਿੱਡ (ਆਹਣ- ਸ਼ਲਭ) ਤੋਤੇ ਚਿੜੀਆਂ ਆਦਿਕ ਜੀਵਾਂ ਦਾ ਜਾਦਾ ਹੋਣਾ.

(ਹ) ਗੜੇ- ਉਪਲ.

(ਕ) ਗ਼ਨੀਮ ਦੀ ਫੌਜ ਦਾ ਖੇਤੀਆਂ ਵਿੱਚਦੀਂ ਗੁਜ਼ਰ.

(ਖ) ਤੇਲਾ ਕੁੰਗੀ ਆਦਿਕ ਰੋਗ. "ਸਪਤ ਈਤਿ ਕੋ ਭੀਤਿ ਨ ਪਾਵਾ." (ਨਾਪ੍ਰ) ੨. ਝਗੜਾ. ਫਿਸਾਦ। ੩. ਛੂਤ ਦਾ ਰੋਗ. ਡਾਕੀ, ਪਲੇਗ ਆਦਿ.

**ਈਦ, ਈ਼ਦ:** ਅ਼. عید ਸੰਗਯਾ- ਉਤਸਵ. ਤਯੋਹਾਰ. ਪਰ੍ਵ. ਮੁਸਲਮਾਨਾਂ ਦੇ ਮੁਖ ਪਰਵ ਇਹ ਹਨ-

(੧) ਈ਼ਦੁਲਫ਼ਿਤ਼ਰ. عید الفطر ਵ੍ਰਤ ਉਪਾਰਣ ਦਾ ਤਯੋਹਾਰ. ਰਮਜ਼ਾਨ ਦੇ ਰੋਜ਼ੇ ਸਮਾਪਤ ਹੋਣ ਪੁਰ ਨਵੇਂ ਚੰਦ ਨੂੰ ਵੇਖਕੇ ਇਹ ਉਤਸਵ ਮਨਾਇਆ ਜਾਂਦਾ ਹੈ.

(੨) ਈ਼ਦੁਲਅਜਹ਼ਾ. عید الاضحےٰ. ਕੁਰਬਾਨੀ ਦਾ ਤਯੋਹਾਰ. ਮਹੀਨੇ ਜ਼ੁਅਲਹਿੱਜਾਹ ਦੀ ਦਸਵੀਂ ਤਾਰੀਖ਼ ਨੂੰ ਇਹ ਪਰਵ ਮਨਾਇਆ ਜਾਂਦਾ ਹੈ. ਇਸ ਵਿਚ ਪਸ਼ੂ ਦੀ ਕੁਰਬਾਨੀ ਕਰਨੀ ਜਰੂਰੀ ਹੈ। ਕੁਰਬਾਨ ਕੀਤੇ ਪਸ਼ੂ ਦਾ ਇੱਕ ਹਿੱਸਾ ਰਿਸ਼ਤੇਦਾਰਾਂ ਨੂੰ, ਇੱਕ ਹਿੱਸਾ ਗਰੀਬਾਂ ਨੂੰ, ਤੀਜਾ ਹਿੱਸਾ ਆਪਣੇ ਵਰਤਣ ਲਈ ਰੱਖਣਾ ਚਾਹੀਏ. ਗਊ ਦੀ ਕੁਰਬਾਨੀ ਕਰਨ ਵਾਲੇ ਇਸ ਨੂੰ "ਬਕਰਹ ਈ਼ਦ" ਆਖਦੇ ਹਨ. ਅ਼ਰਬੀ ਵਿੱਚ ਬਕਰਹ ਨਾਉਂ ਗਊ ਦਾ ਹੈ. ਇਸ ਈ਼ਦ ਦਾ ਨਾੱਉਂ "ਈ਼ਦੁਲ ਕਬੀਰ" (ਵੱਡੀ ਈ਼ਦ) ਭੀ ਹੈ. "ਜਾਕੇ ਈਦਿ ਬਕਰੀਦਿ ਕੁਲ ਗਊ ਰੇ ਬਧ ਕਰਹਿ." (ਮਲਾ ਰਵਿਦਾਸ)

੩. ਸ਼ਬੇ ਬਰਾਤ. شب برات ਸ਼ਅ਼ਬਾਨ ਮਹੀਨੇ ਦੀ ਪੰਦਰਵੀਂ ਰਾਤ. ਪੈਗੰਬਰ ਮੁਹੰਮਦ ਦਾ ਹੁਕਮ ਹੈ ਕਿ ਇਸ ਰਾਤ ਮੁਸਲਮਾਨਾਂ ਨੂੰ ਸੌਣਾ ਨਹੀਂ ਚਾਹੀਏ. ਵ੍ਰਤ ਰੱਖਕੇ ਕੁਰਾਨ ਦੇ ਪੰਜਾਹ ਰੁਕੂ ਪੜ੍ਹਨੇ ਚਾਹੀਏ. ਇਸ ਰਾਤ ਖ਼ੁਦਾ, ਪ੍ਰਾਣੀਆਂ ਦੇ ਵਰ੍ਹੇ ਦੇ ਕੀਤੇਕਰਮ ਵਹੀ (ਰਜਿਸਟਰ) ਪੁਰ ਦਰਜ ਕਰਦਾ ਹੈ. ਅੱਜ ਕਲ ਇਸ ਰਾਤ ਨੂੰ ਰਸੂਲ ਦੇ ਹੁਕਮ ਦੇ ਵਿਰੁੱਧ ਲੋਕ ਆਤਸ਼ਬਾਜ਼ੀ ਚਲਾਉਂਦੇ ਅਤੇ ਬਹੁਤ ਖਾਣ ਪੀਣ ਤੇ ਖਰਚ ਕਰਦੇ ਹਨ.

੪. ਨੌਰੋਜ਼. نَوروز ਨਵਾਂ ਦਿਨ. ਹਿਜਰੀ ਸਾਲ ਦਾ ਪਹਿਲਾ ਦਿਨ. ਨੌਰੋਜ਼ ਦਾ ਉਤਸਵ ਇੱਕ ਹਫਤਾ ਭਰ ਮੁਸਲਮਾਨਾਂ ਵਿੱਚ ਰਹਿੰਦਾ ਹੈ.[157]

੫. ਆਖ਼ਿਰੀ ਚਹਾਰ ਸ਼ੰਬਹ. آخری چہار شنبہ ਸਫ਼ਰ ਮਹਨੇ ਦਾ ਅਖ਼ੀਰੀ ਬੁਧਵਾਰ. ਇਸ ਦਿਨ ਮੁਹੰਮਦ ਸਾਹਿਬ ਨੇ ਅਰੋਗ ਹੋਕੇ ਸਨਾਨ ਕੀਤਾ ਸੀ.

੬. ਲੈਲਤੁੱਰ ਗ਼ਾਇਬ. لیلتہ الرغائب ਫ਼ਰਜ਼ ਪੂਰਾ ਕਰਨ ਦੀ ਰਾਤ. ਰਜਬ ਮਹੀਨੇ ਦੇ ਪਹਿਲੇ ਸ਼ੁਕ੍ਰ ਵਾਰ ਦੀ ਰਾਤ, ਜਿਸ ਵਿੱਚ ਵ੍ਰਤ ਅਤੇ ਪ੍ਰਾਰਥਨਾ ਕਰਨੀ ਵਿਧਾਨ ਹੈ.

੭. ਮੌਲੂਦ. مؤلُوده ਤਵੱਲਦ ਹੋਣ ਦਾ ਦਿਨ. ਰਬੀਉਲ ਅੱਵਲ ਦੀ ੧੨. ਵੀਂ ਤਾਰੀਖ, ਇਸ ਦਿਨ ਪੈਗੰਬਰ ਮੁਹੰਮਦ ਦਾ ਜਨਮ ਹੋਇਆ ਸੀ.

**ਈਦਗਾਹ, ਈ਼ਦਗਾਹ:** ਫ਼ਾ. عیدگاه ਸੰਗਯਾ- ਈ਼ਦ ਦੇ ਦਿਨ ਨਮਾਜ਼ ਪੜ੍ਹਨ ਦੀ ਥਾਂ. ਉਹ ਮਸਜਿਦ, ਜਿਸ ਵਿੱਚ ਈਦ ਦੇ ਦਿਨ ਮੁਸਲਮਾਨ ਇੱਕਠੇ ਹੋ ਕੇ ਨਮਾਜ਼ ਪੜ੍ਹਨ.

---

[157] ਪਾਰਸੀਆਂ ਦਾ ਨੌਰੋਜ਼ ਇਸ ਤੋਂ ਜੁਦਾ ਹੈ.

ਈਦਿ: ਈਦ ਪੁਰ. ਈਦ ਦੇ ਦਿਨ. ਦੇਖੋ, ਈਦ ੨.

ਈਦ੍ਰਿਸ, ਈਦ੍ਰਿਕ: ਸੰ. ਈਦ੍ਰਸ਼, ਈਦ੍ਰਕ੍ਸ਼ ਕ੍ਰਿ. ਵਿ- ਵੇਖਣ ਵਿੱਚ ਅਜੇਹਾ. ਇਸ ਮਾਨਿੰਦ। ੨. ਇਸ ਤਰਾਂ ਦਾ.

ਈਧਣ, ਈਧਣੁ, ਈਂਧਨ: ਦੇਖੋ, ਇੰਧਨ. "ਈਧਣੁ ਕੀਤੋਮੂ ਘਣਾ." (ਵਾਰ ਜੈਤ) "ਈਧਨੁ ਅਧਿਕ ਸਕੇਲੀਐ ਭਾਈ, ਪਾਵਕੁ ਰੰਚਕ ਪਾਇ." (ਸੋਰ ਅਃ ਮਃ ੧)

ਈਧਨ ਤੇ ਬੈਸੰਤਰੁ: ਰਾਮਕਲੀ ਰਾਗ ਵਿੱਚ ਗੁਰੂ ਅਰਜਨ ਸਾਹਿਬ ਦਾ ਸ਼ਬਦ ਹੈ-

(੧) ਈਧਨ ਤੇ ਬੈਸੰਤਰੁ ਭਾਗੈ.

(੨) ਮਾਟੀ ਕਉ ਜਲੁ ਦਹਦਿਸ ਤਿਆਗੈ.

(੩) ਊਪਰਿ ਚਰਨ ਤਲੈ ਆਕਾਸੁ.

(੪) ਘਟਿ ਮਹਿ ਸਿੰਧੁ ਕੀਓ ਪਰਗਾਸੁ. xxx

(੫) ਪ੍ਰਥਮੈ ਮਾਖਨੁ ਪਾਛੈ ਦੂਧੁ.

(੬) ਮੈਲੂ ਕੀਨੋ ਸਾਬੁਨੁ ਸੂਧੁ.

(੭) ਭੈ ਤੇ ਨਿਰਭਉ ਡਰਤਾ ਫਿਰੈ.

(੮) ਹੋਦੀ ਕਉ ਅਣਹੋਦੀ ਹਿਰੈ.

(੯) ਦੇਹੀ ਗੁਪਤ ਬਿਦੇਹੀ ਦੀਸੈ. xxx

(੧੦) ਠਗਣਹਾਰ ਅਣਠਗਦਾ ਠਾਗੈ.

(੧੧) ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ.

(ਰਾਮ ਮਃ ੫)

ਇਸ ਦਾ ਭਾਵ ਹੈ-

(੧) ਭੋਗਾਂ ਦੀ ਸਾਮਗ੍ਰੀ ਤੋਂ ਭੋਗਾਂ ਦੀ ਰੁਚੀ ਪਰੇ ਨੱਠਦੀ ਹੈ.

(੨) ਸਖ਼ਤੀ ਅਤੇ ਸੁਸਤੀ ਦੀ ਆਦਤ ਨੂੰ ਦ੍ਰਵਿਆ ਹੋਇਆ ਸ਼ਾਂਤ ਮਨ ਸਭ ਪਾਸਿਓਂ (ਭਾਵ- ਪੂਰੀ ਤਰਾਂ) ਤਿਆਗਦਾ ਹੈ.

(੩) ਸੇਵਕਭਾਵ ਨੇ ਉੱਚਤਾ ਪਾਈ ਹੈ, ਹੌਮੈ ਹੇਠਾਂ ਆ ਗਈ ਹੈ.

(੪) ਦਿਲ ਵਿੱਚ ਗੁਣਾਂ ਦੇ ਸਮੁੰਦਰ ਨੇ ਨਿਵਾਸ ਕੀਤਾ ਹੈ.

(੫) ਵਿਦਯਾ ਦਾ ਤੱਤ ਪਹਿਲਾਂ ਪ੍ਰਾਪਤ ਹੋਇਆ ਹੈ ਅਤੇ ਕਿਤਾਬੀ ਇਲਮ ਪਿੱਛੋਂ।

(੬) ਨੀਚ ਅਤੇ ਤੁੱਛ ਲੋਕਾਂ ਨੇ ਸੁਧਾਰਕ ਪੰਡਿਤਾਂ ਨੂੰ ਸ਼ੁੱਧ ਕਰ ਦਿੱਤਾ ਹੈ.

(੭) ਜੋ ਭੈ ਨਾਲ ਡਰਦਾ ਫਿਰਦਾ ਸੀ ਹੁਣ ਨਿਰਭੈ ਹੋ ਗਿਆ ਹੈ.

(੮) ਜਗਤ ਦੀ ਹੋਂਦ ਨੂੰ, ਸੰਸਾਰ ਦੀ ਅਣਹੋਂਦ (ਭਾਵ- ਅਸੱਤ ਭਾਵਨਾ) ਮਿਟਾ ਰਹੀ ਹੈ।

(੯) ਦੇਹੀ ਵਿੱਚ ਗੁਪਤ ਹੋਇਆ ਵਿਦੇਹੀ (ਆਤਮਾ) ਦਾ ਸਾਖ੍ਯਾਤਕਾਰ ਹੋ ਰਹਿਆ ਹੈ.

(੧੦) ਜਗਤ ਨੂੰ ਠਗਣ ਵਾਲੇ ਵਿਕਾਰ ਅਤੇ ਵਿਕਾਰੀਆਂ ਨੂੰ, ਨਾ ਠਗਾਈ ਖਾਣ ਵਾਲਾ (ਆਤਮ- ਗ੍ਯਾਨੀ) ਠਗਦਾ ਹੈ.

(੧੧) ਜੋ ਵਸਤੁ ਵਖਰ (ਵਿਕ੍ਰਯ- ਵੇਚਣ ਯੋਗਜ) ਨਹੀਂ, ਉਸ ਨੂੰ ਵਾਰੰਵਾਰ ਜਤਨ ਨਾਲ ਸਿੱਧ ਕਰਦਾ ਹੈ. ਭਾਵ- ਆਤਮਵਿਦਯਾ ਦਾ ਨਿਰੰਤਰ ਅਭ੍ਯਾਸ ਕਰਦਾ ਹੈ.

ਈਧਨਿ: ਇੰਧਨ (ਬਾਲਣ) ਨਾਲ. "ਜਿਉ ਪਾਵਕੁ ਈਧਨਿ ਨਹੀ ਧ੍ਰਾਪੈ" (ਸੁਖਮਨੀ)

ਈਧਨੁ: ਦੇਖੋ, ਈਂਧਨ.

ਈਨ: ਫ਼ਾ. آئین ਆਈਨ. ਸੰਗ੍ਯਾ- ਨਿਯਮ. ਕਾਇਦਾ। ੨. ਕਾਨੂਨ। ੩. ਪ੍ਰਬੰਧ. ਇੰਤਜਾਮ.

ਈਨ ਹਯਾਤ: ਫ਼ਾ. آئین حیات ਆਈਨ ਹ਼ਯਾਤ. ਸੰਗ੍ਯਾ- ਹ਼ਯਾਤ (ਜੀਵਨ) ਭਰ ਲਈ ਨਿਯਮ। ੨. ਉਹ ਗੁਜਾਰਾ, ਜੋ ਕਿਸੇ ਨੂੰ ਜੀਵਨ ਪ੍ਰਯੰਤ ਮਿਲੇ.

ਈਨੁ: ਇੰਨੂ. ਦੇਖੋ, ਈਂਡੁਰੀ ਅਤੇ ਏਙੂਆ. "ਈਨੁ ਗਾਗਰ ਤਰੇ ਟਿਕਾਵਤ." (ਗੁਪ੍ਰਸੂ)

ਈਪਸਾ: ਸੰ. ईप्सा. ਸੰਗ੍ਯਾ- ਇੱਛਾ. ਚਾਹ. ਕਾਮਨਾ. ਅਭਿਲਾਖਾ.

ਈਭੈ: ਡਿੰਗ. ਕ੍ਰਿ. ਵਿ- ਇਸ ਪਾਸੇ. ਇੱਥੇ. ਇਸ ਤਰਫ। ੨. ਇਸ ਲੋਕ ਵਿੱਚ.

ਈਭੈ ਊਭੈ: ਕ੍ਰਿ. ਵਿ- ਏਧਰ ਓਧਰ. ਏਥੇ ਓਥੇ। ੨. ਲੋਕ ਪਰਲੋਕ ਵਿੱਚ. "ਈਭੈ ਬੀਠਲੁ ਊਭੈ ਬੀਠਲੁ." (ਆਸਾ ਨਾਮਦੇਵ)

ਈਮਾ: ਅ਼. ایما ਇਸ਼ਾਰਾ.

ਈਮਾਂ, ਈਮਾਨ, ਈਮਾਨੁ: ਅ਼. ایمان ਸੰਗ੍ਯਾ- ਮੰਨ ਲੈਣਾ. ਯਕ਼ੀਨ ਕਰਨਾ. ਸ਼ਰੱਧਾ. ਵਿਸ਼੍ਵਾਸ. "ਹੋਇ ਕਿਰਸਾਣ ਈਮਾਨ ਜੰਮਾਇਲੈ." (ਸ੍ਰੀ ਮਃ ੧) ੨. ਧਰਮ.

ਈਮਾਂ ਪਰਸ੍ਤੀ: ਫ਼ਾ. ایمان پرستی ਸੰਗ੍ਯਾ- ਧਰਮ ਪਾਲਨ. ਈਮਾਨ ਪੁਰ ਚੱਲਣਾ.

ਈਮਾਂ ਫ਼ਗਨ: ਫ਼ਾ. ایمان فگن ਵਿ- ਈਮਾਨ ਫੈਂਕ ਦੇਣ ਵਾਲਾ. ਧਰਮ ਦਾ ਤ੍ਯਾਗੀ.

ਈਰ: ਸੰ. ईर ਸੰਗ੍ਯਾ- ਪੌਣ. ਹਵਾ। ੨. ਹਰਕਤ. ਪ੍ਰੇਰਣਾ। ੩. ईर् ਧਾ- ਹੱਕਣਾ. ਧਕੇਲਨਾ. ਜਾਣਾ. ਪ੍ਰੇਰਣ ਕਰਨਾ.

ਈਰਖ, ਈਰਖਾ: ਸੰ. (ईर. ਧਾ- ਈਰਖਾ ਕਰਨਾ) ईर्षा ਈਸ਼ਾਂ. ਸੰਗ੍ਯਾ- ਡਾਹ. ਹਸਦ. ਦ੍ਵੇਸ਼. "ਸੁਆਦ ਬਾਦ ਈਰਖ ਮਦ ਮਾਇਆ." (ਸੂਹੀ ਮਃ ੫)

ਈਰਜ: ਫ਼ਾ. ایرج ਫਰੀਦੂਨ ਬਾਦਸ਼ਾਹ ਦਾ ਛੋਟਾ ਬੇਟਾ, ਜਿਸਤੋਂ ਵਲਾਇਤ ਦਾ ਨਾਉਂ ਈਰਾਨ ਪ੍ਰਸਿੱਧ ਹੋਇਆ. ਦੇਖੋ, ਤੂਰਜ.

ਈਰਣ: ਸੰ. ਸੰਗ੍ਯਾ- ਧਕੇਲਨਾ. ਚਲਾਉਣਾ. ਹੱਕਣਾ। ੨. ਨਿਚੋੜਨਾ। ੩. ਕਥਨ. ਬਿਆਨ. ਦੇਖੋ, ਈਰ.

ਈਰਾਨ: ਫ਼ਾ. ایران ਦੇਖੋ, ਈਰਜ ਅਤੇ ਫ਼ਾਰਸ.

ਈਰਾਨੀ: ਫ਼ਾ. ایرانی ਵਿ- ਫ਼ਾਰਸ ਦਾ ਵਸਨੀਕ। ੨. ਸੰਗ੍ਯਾ- ਪਾਰਸੀ। ੩. ਈਰਾਨ ਦੀ ਬੋਲੀ.

ਈਰਿਤ: ਸੰ. ਵਿ- ਕਹਿਆ ਹੋਇਆ। ੨. ਪ੍ਰੇਰਿਆ ਹੋਇਆ। ੩. ਨਿਚੋੜਿਆ ਹੋਇਆ.

ਈਵੜੀ: ਸੰਗ੍ਯਾ- ਈੜੀ ਅੱਖਰ. ਪੰਜਾਬੀ ਵਰਣਮਾਲਾ ਦਾ ਤੀਜਾ ਵਰਣ. "ਈਵੜੀ ਆਦਿਪੁਰਖ ਹੈ ਦਾਤਾ." (ਆਸਾ ਪਟੀ ਮਃ ੧) ਦੇਖੋ, ੲ.

ਈਂਵੇ, ਈਂਵੇਂ: ਕ੍ਰਿ. ਵਿ- ਐਵੇਂ. ਯੌਂਹੀ. ਵ੍ਰਿਥਾ। ੨. ਐਸੇ. ਇਉਂ. ਇਸ ਤਰਾਂ.

ਈੜ: ਸੰ. ईड ਈਡ. ਸੰਗ੍ਯਾ- ਉਸਤਤਿ. ਤਅ਼ਰੀਫ.

ਈੜੀ: ਦੇਖੋ ੲ ਅਤੇ ਈਵੜੀ.

ਏ: ਸਰਵ- ਵੇ. ਉਹ। ੨. ਇਹ. ਯਹ. "ਮਾਈ! ਮਨੁ ਮੇਰੋ ਬਸਿ ਨਾਹਿ। ਨਿਸ ਬਾਸੁਰ ਬਿਖਿਅਨ ਕਉ ਧਾਵਤ, ਕਿਹਿ ਬਿਧਿ ਰੋਕਉ ਤਾਹਿ? ਬੇਦ ਪੁਰਾਨ ਸਿਮ੍ਰਿਤਿ ਕੇ ਮਤਿ ਸੁਨਿ ਨਿਮਖ ਨਹੀ ਏ[158] ਬਸਾਵੈ." (ਸੋਰ ਮਃ ੯) ਇਹ ਮਨ ਨਿਮਖ ਮਾਤ੍ਰ ਧਾਰਣ ਨਹੀਂ ਕਰਦਾ. "ਏ ਅਖਰ ਖਿਰਿ ਜਾਹਿਗੇ." (ਗਉ ਬਾਵਨ ਕਬੀਰ) ੩. ਵ੍ਯ- ਇਸ ਦੀ ਵਰਤੋਂ ਸੰਬੋਧਨ ਲਈ ਹੁੰਦੀ ਹੈ. ਹੇ! "ਏ ਮਨ ਚੰਚਲਾ! ਚਤੁਰਾਈ ਕਿਨੈ ਨ ਪਾਇਆ." (ਅਨੰਦੁ) ੪. ਸੰ. ਸੰਗ੍ਯਾ- ਵਿਸ਼ਨੁ। ੫. ਪੰਜਾਬੀ ਵਿੱਚ ਕ੍ਰਿਯਾ "ਹੈ" ਵਾਸਤੇ ਭੀ ਏ ਸ਼ਬਦ ਆਉਂਦਾ ਹੈ. ਜੈਸੇ- ਕਰਤਾਰ ਨਾਲ ਪਿਆਰ ਕਰਦਾ ਏ.

ਏਉ: ਸਰਵ- ਇਹ. ਯਹ. ਏਹ। ੨. ਕ੍ਰਿ. ਵਿ- ਇਉਂ. ਇਸ ਪ੍ਰਕਾਰ. ਐਸੇ. "ਭੂਲੀ ਮਾਲਨੀ! ਹੈ ਏਉ." (ਆਸਾ ਕਬੀਰ)

ਏਊ: ਸਰਵ- ਏਹ. "ਏਊ ਜੀਅ ਬਹੁਤ ਗ੍ਰਭਿ ਵਾਸੇ." (ਬਾਵਨ) ੨. ਯਹੀ. ਇਹੀ.

ਏਆਣਾ: ਵਿ- ਅਣਜਾਣ. ਅਞਾਣ. ਅਗ੍ਯਾਨੀ "ਅੰਧਾ ਲੋਕ ਨ ਜਾਣਈ ਮੂਰਖ ਏਆਣਾ." (ਗਉ ਕਬੀਰ) ੨. ਬਾਲਕ.

ਏਆਨਤ, ਏਆ਼ਨਤ: ਅ਼. اعانت ਸਹਾਇਤਾ ਕਰਨ ਦੀ ਕ੍ਰਿਯਾ। ੨. عیانت ਅ਼ਯਾਨਤ. ਤਾੜਨਾ. ਤੱਕਣਾ. ਖੋਜਣਾ.

ਏਇ: ਸਰਵ. ਇਹ. ਯਹ. "ਏਇ ਕਹਹਿ ਸਿਧਿ ਪਾਈ." (ਗਉ ਕਬੀਰ)

ਏਈ: ਸਰਵ- ਏਹੀ. ਯਹੀ."ਏਈ ਸਗਲ ਵਿਕਾਰ." (ਮਾਰੂ ਮਃ ੩) "ਹਉਮੈ ਏਈ ਬੰਧਨਾ." (ਵਾਰ ਆਸਾ ਮਃ ੨)

ਏਸ: ਸਰਵ- ਦੇਖੋ, ਇਸ. "ਏਸ ਨਉ ਹੋਰ ਥਾਉ ਨਾਹੀ." (ਅਨੰਦੁ) ੨. ਸੰਗ੍ਯਾ- ਈਸ਼. ਸ੍ਵਾਮੀ। ੩. ਵਿ- ਪੂਜ੍ਯ. ਇਸ਼੍ਟ. "ਕਾਹੂੰ ਮਹੇਸ ਕੋ ਏਸ ਬਖਾਨਜੋ." (੩੩ ਸਵੈਯੇ) "ਏਸਨ ਏਸ ਨਰੇਸਨ ਕੇ ਸੁਤ." (ਰਾਮਾਵ) ੪. ਦਸਮਗ੍ਰੰਥ ਵਿੱਚ "ਸਿੰਘ" ਦੀ ਥਾਂ ਭੀ ਏਸ ਸ਼ਬਦ ਵਰਤਿਆ ਹੈ. ਯਥਾ, ਖੜਗੇਸ (ਖੜਗ ਸਿੰਘ), ਸਬਲੇਸ, ਅਣਗੇਸ ਆਦਿਕ. ਹੁਣ ਸਿੱਖਕਵੀ ਆਪਣੇ ਨਾਉਂ ਨਾਲ ਸਿੰਘ ਦੀ ਥਾਂ ਏਸ ਸ਼ਬਦ ਅਕਸਰ ਵਰਤਦੇ ਹਨ. ਯਥਾ- "ਸੁਮੇਰੇਸ ਤੋਪ ਕੇ ਧੜਾਕੇ ਤਹਾਂ ਐਸੇ ਹੋਤ." ਦੇਖੋ, ਸੁਮੇਰ ਸਿੰਘ.

ਏਸਨਿ: ਸੰਗ੍ਯਾ- ਈਸ਼ (ਰਾਜਾ) ਅਨਿ (ਫੌਜ) ਰਾਜੇ ਦੀ ਸੈਨਾ. (ਸਨਾਮਾ) ੨. ਈਸ਼ਿਨੀ. ਸ੍ਵਾਮਿਨੀ.

ਏਸ ਭੁ, ਏਸ ਭੁਅ: ਸੰਗ੍ਯਾ- ਭੂ- ਈਸ਼. ਭੂਪਤਿ. ਰਾਜਾ "ਸੁਤਾ ਤੈਂ ਏਸ ਭੁਅ." (ਚਰਿਤ੍ਰ. ੨੫੯)

ਏਸਾ: ਵਿ- ਐਸਾ. ਅਜੇਹਾ। ੨. ਈਸ਼ (ਸ੍ਵਾਮੀ) ਦਾ ਬਹੁ ਵਚਨ ਅਤੇ ਸੰਬੋਧਨ. ਹੇ ਈਸ਼!

ਏਸੁ: ਦੇਖੋ, ਏਸ.

ਏਸੁਰਜ: ਦੇਖੋ, ਏਸ਼੍ਵਰਯ.

ਏਸੁਰ, ਏਸੁਰਣੰ: ਸੰ. ऐश्वर. ਐਸ਼੍ਵਰ. ਵਿ- ਸ਼੍ਵਾਮੀ ਨਾਲ ਸੰਬੰਧਿਤ. ਈਸ਼੍ਵਰ ਦਾ. ਰਾਜੇ ਦਾ. "ਰਣ ਗੱਜਿਯ ਕੇਤਕ ਏਸੁਰਣੰ." (ਕਲਕੀ) ਕਈ ਰਾਜ ਕਰਮਚਾਰੀ ਗੱਜੇ। ੨. ਸੰਗ੍ਯਾ- ਰਾਜ੍ਯ ਪਦਵੀ.

ਏਸ੍ਵਰ: ਦੇਖੋ, ਈਸਰ ਅਤੇ ਏਸ੍ਵਰਜਾ.

ਏਸ੍ਵਰਜ: ਦੇਖੋ, ਏਸ਼੍ਵਰਯ.

ਏਸ੍ਵਰਜਾ: ਯੌ- ਈਸ਼੍ਵਰ (ਰਾਜਾ) ਦੀ ਪੁਤ੍ਰੀ. "ਮਦ੍ਰ ਦੇਸ ਏਸ੍ਵਰਜਾ ਬਰਿ ਜਬ." (ਵਿਚਿਤ੍ਰ)

ਏਸ਼੍ਵਰਯ: ਸੰ. ऐश्वर्य. ਐਸ਼੍ਵਰ੍ਯ. ਸੰਗ੍ਯਾ- ਈਸ਼੍ਵਰਪਨ. ਪ੍ਰਭੁਤਾ। ੨. ਵਿਭੂਤਿ. ਸੰਪਦਾ। ੩. ਸਿੱਧਿ। ੪. ਬਾਦਸ਼ਾਹਤ। ੫.

---

[158] ਜੋ ਹੀਏ ਪਾਠ ਕਰਦੇ ਹਨ, ਉਹ ਅਰਥ ਨਹੀਂ ਸਮਝਦੇ, ਕਿਉਂਕਿ ਮਨ ਹਿਰਦੇ ਵਿੱਚ ਨਹੀਂ ਵਸਾਉਂਦਾ, ਕਹਿਣਾ ਠੀਕ ਨਹੀਂ.

ਹੁਕੂਮਤ.

ਏਹ: ਸਰਵ- ਯਹ. ਇਹ। ੨. ਇਹ ਲੋਕ. "ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹ." (ਸ੍ਰੀ ਮਃ ੧) ੩. ਸੰ. ਸੰਗਯਾ- ਕ੍ਰੋਧ.

ਏਹ ਓਹ: ਸਰਵ- ਇਹ ਉਹ. ਯਹ ਵਹ। ੨. ਸੰਗਯਾ- ਲੋਕ ਪਰਲੋਕ.

ਏਹਸਾਨ, ਏਹ਼ਸਾਨ: ਅ਼. احسان ਸੰਗਯਾ- ਕ੍ਰਿਤਗਯਤਾ। ੨. ਉਪਕਾਰ.

ਏਹਰ, ਏਹੜ: ਵਿ- ਇਸ ਦਾ। ੨. ਕ੍ਰਿ. ਵਿ- ਏਧਰ. ਇਸ ਪਾਸੇ.

ਏਹੜ ਤੇਹੜ: ਅਹੰਤਾ ਤ੍ਵੰਤਾ. ਮੈ ਅਤੇ ਤੇਰਾ. "ਏਹੜ ਤੇਹੜ ਛਡਿ ਤੂੰ ਗੁਰੁ ਕਾ ਸਬਦੁ ਪਛਾਣੁ." (ਵਾਰ ਸੋਰ ਮਃ ੩) ੨. ਇਸ ਦਾ ਤਿਸ ਦਾ.

ਏਹਾ: ਸਰਵ- ਇਹੋ. ਇਹੀ. "ਏਹਾ ਮਤਿ ਵਿਸੇਖ." (ਸ੍ਰੀ ਮਃ ੪) "ਹਉਮੈ ਏਹਾ ਜਾਤਿ ਹੈ." (ਵਾਰ ਆਸਾ ਮਃ ੨) ੨. ਵਿ- ਐਸਾ. ਅਜੇਹਾ.

ਏਹੀ: ਸਰਵ- ਯਹੀ. ਇਹੋ। ੨. ਵਿ- ਅਜੇਹੀ. ਐਸੀ.

ਏਹੁ: ਦੇਖੋ, ਏਹ.

ਏਹੋ: ਸਰਵ- ਯਹੀ. ਇਹੋ. "ਏਹੋ ਪਛੋਤਾਉ." (ਸ. ਫਰੀਦ) ੨. ਕੇਵਲ ਇਹ.

ਏਕ: ਵਿ- ਇੱਕ. "ਏਕ ਦਿਵਸ ਮਨ ਭਈ ਉਮੰਗ." (ਬਸੰ ਰਾਮਾਨੰਦ) ੨. ਅਦੁਤੀ (ਅਦ੍ਵਿਤੀਯ). "ਮਨਿ ਤਨਿ ਜਾਪਿ ਏਕ ਭਗਵੰਤ." (ਸੁਖਮਨੀ) ੩. ਸੰਗਯਾ- ਐਕ੍ਯ. ਏਕਾ. ਇੱਤਿਫਾਕ. ਮੇਲ ਜੋਲ। ੪. ਕਰਤਾਰ. ਵਾਹਗੁਰੂ. ਦੇਖੋ, ਏਕੁ.

ਏਕਉ: ਵਿ- ਏਕ ਹੀ. ਇੱਕੋ. ਕੇਵਲ ਇੱਕ. "ਏਕਉ ਸਿਮਰਉ ਨਾਨਕਾ." (ਜਸਾ)

ਏਕ ਅੱਖਰੀ, ਏਕ ਅੱਛਰੀ: ਸੰ. एकाक्षरी. ਇੱਕ ਵਰਣਿਕ ਛੰਦ, ਜਿਸ ਦੇ ਕਈ ਰੂਪ ਦੇਖੀਦੇ ਹਨ. ੧. ਚੌਹਾਂ ਚਰਣਾਂ ਵਿੱਚ ਇੱਕ ਇੱਕ ਗੁਰੁ ਅੱਖਰ ਹੋਵੇ, ਇਹ ਪਹਿਲਾ ਰੂਪ ਹੈ. ਇਸ ਦਾ ਨਾਉਂ "ਸ਼੍ਰੀ" ਭੀ ਹੈ. ਉਦਾਹਰਣ- 'ਹੈ ਗੈ ਲੈ ਕੈ.' ਘੋੜੇ ਹਾਥੀ ਲੈ ਕੇ.

੨. ਮਹੀ ਛੰਦ ਦੇ ਚਾਰੇ ਚਰਣਾਂ ਦੇ ਆਦਿ ਇੱਕੋ ਅੱਖਰ ਹੋਵੇ, ਇਹ ਏਕ ਅੱਖਰੀ ਦਾ ਦੂਜਾ ਰੂਪ ਹੈ. ਮਹੀ ਦਾ ਲੱਛਣ ਹੈ ਪ੍ਰਤਿ ਚਰਣ ਇੱਕ ਲਘੁ ਇੱਕ ਗੁਰੁ. ਉਦਾਹਰਣ- "ਅਜੈ, ਅਲੈ, ਅਭੈ, ਅਬੈ." (ਜਾਪੁ)

੩. ਮ੍ਰਿਗੇਂਦ੍ਰ ਛੰਦ ਦੇ ਚਾਰੇ ਚਰਣਾਂ ਦੇ ਆਦਿ ਇੱਕੋ ਅੱਖਰ ਹੋਵੇ, ਇਹ ਤੀਜਾ ਰੂਪ ਹੈ. ਮ੍ਰਿਗੇਂਦ੍ਰ ਦਾ ਸਰੂਪ ਹੈ ਪ੍ਰਤਿ ਚਰਣ ਇੱਕ ਜਗਣ. ਉਦਾਹਰਣ- "ਅਗੰਜ, ਅਭੰਜ, ਅਲੱਖ, ਅਭੱਖ." (ਜਾਪੁ)

੪. ਸ਼ਸ਼ੀ ਛੰਦ ਦੇ ਚੌਹਾਂ ਚਰਣਾਂ ਦੇ ਆਦਿ ਇੱਕੋ ਅੱਖਰ ਲਾਉਣ ਤੋਂ ਚੌਥਾ ਰੂਪ ਹੁੰਦਾ ਹੈ. ਸ਼ਸ਼ੀ ਦੇ ਪ੍ਰਤਿ ਚਰਣ ਇੱਕ ਯਗਣ ਹੁੰਦਾ ਹੈ. ਉਦਾਹਰਣ- "ਨ ਰਾਗੇ, ਨ ਰੰਗੇ, ਨ ਰੂਪੇ, ਨ ਰੇਖੇ." (ਜਾਪੁ)

੫. ਇੱਕ ਅੱਖਰ ਨਾਲ ਹੀ ਸਾਰਾ ਛੰਦ ਰਚੀਏ, ਦੂਜਾ ਅੱਖਰ ਨਾ ਲਾਈਏ. ਛੰਦ ਚਾਹੋ ਕਿਸੇ ਜਾਤਿ ਦਾ ਹੋਵੇ, ਇਹ ਪੰਜਵਾਂ ਰੂਪ ਹੈ. ਉਦਾਹਰਣ- "ਕੇਕੀ ਕੋਕ ਕੰਕ ਦੀ ਕੂਕ." xxx ਮੋਰ ਚਕਵਾ ਅਤੇ ਗਿੱਧ ਦੀ ਪੁਕਾਰ.

ਏਕ ਆਧ: ਵਿ- ਵਿਰਲਾ. "ਤੇਰਾ ਜਨ ਏਕ ਆਧ ਕੋਈ." (ਕੇਦਾ ਕਬੀਰ) ੨. ਸਰਵ- ਕੋਈ ਇੱਕ.

ਏਕਸ: ਦੇਖੋ, ਇਕਸ. "ਏਕਸ ਕੇ ਗੁਨ ਗਾਉ ਅਨੰਤ." (ਸੁਖਮਨੀ)

ਏਕਸਬਦ: ਵਿ- ਇੱਕ (ਅਦ੍ਵੈਤ) ਪਰਮਾਤਮਾ ਦਾ ਪ੍ਰਤਿਪਾਦਕ ਵਾਕਯ। ੨. ਜਿਸ ਦੇ ਤੁੱਲ ਹੋਰ ਕੋਈ ਉਪਦੇਸ਼ ਨਹੀਂ, ਗੁਰੁਸ਼ਬਦ. "ਏਕਸਬਦ ਇਕ ਭਿਖਿਆ ਮਾਗੈ." (ਗਉ ਮਃ ੧)

ਏਕਸਬਦੀ: ਦੇਖੋ, ਇਕਸਬਦੀ.

ਏਕ ਸਮੈ ਸ੍ਰੀ ਆਤਮਾ: ਅਕਾਲਉਸਤਤਿ ਵਿੱਚ ੨੦੧ ਅੰਕ ਤੋਂ ੨੧੦ ਤੀਕ ਦਸ ਦੋਹਰੇ ਹਨ, ਜਿਨ੍ਹਾਂ ਵਿੱਚੋਂ ਨੌ ਦੋਹੇ ਮਤਿ ਨੂੰ ਮਨ ਦੇ ਪ੍ਰਸ਼ਨ ਰੂਪ ਹਨ, ਪਰੰਤੂ ਇਨ੍ਹਾਂ ਦਾ ਉੱਤਰ ਦਰਜ ਨਹੀਂ. ਸੰਪ੍ਰਦਾਈ ਗ੍ਯਾਨੀਆਂ ਨੇ ਜੋ ਉੱਤਰ ਕਲਪੇ ਹਨ ਉਨ੍ਹਾਂ ਨੂੰ ਇਨ੍ਹਾਂ ਦੋਹਿਆਂ ਨਾਲ ਮਿਲਾਕੇ ਇਸ ਥਾਂ ਲਿਖਦੇ ਹਾਂ-

ਏਕ ਸਮੈ ਸ੍ਰੀ ਆਤਮਾ ਉਚਰਯੋ ਮਤਿ ਸਿਉ ਬੈਨ,

ਸਭ ਪ੍ਰਤਾਪ ਜਗਦੀਸ ਕ ਕਹੋ ਸਗਲ ਬਿਧਿ ਤੈਨ.

(ਮਨ ਵੱਲੋਂ ਪ੍ਰਸ਼ਨ- )

੧. ਕੋ ਆਤਮਾ ਸਰੂਪ ਹੈ, ਕਹਿਂ ਸ੍ਰਿਸ਼੍ਟਿ ਬਿਚਾਰ,

ਕੌਨ ਧਰਮ, ਕੋ ਕਰਮ ਹੈ, ਕਹੋ ਸਗਲ ਵਿਸ੍ਤਾਰ.

੨. ਕਹਿਂ ਜੀਤਬ, ਕਹਿਂ ਮਰਨ ਹੈ, ਕਵਨ ਸੁਰਗ, ਕਹਿਂ ਨਰਕ,

ਕੋ ਸੁਘੜਾ, ਕੋ ਮੂੜ੍ਹਤਾ, ਕਹਾਂ ਤਰਕ, ਅਵਿਤਰਕ.

੩. ਕੋ ਨਿੰਦਾ, ਜਸ ਹੈ ਕਵਨ, ਕਵਨ ਪਾਪ, ਕਹਿਂ ਧਰਮ,

ਕਵਨ ਜੋਗ, ਕੋ ਭੋਗ ਹੈ, ਕਵਨ ਕਰਮ, ਅਪਕਰਮ.

੪. ਕਹੋ ਸੁ ਸ੍ਰਮ ਕਾਸੋਂ ਕਹੈਂ, ਦਮ ਕੋ ਕਹਾਂ ਕਹੰਤ,

ਕੋ ਸੂਰਾ, ਦਾਤਾ ਕਵਨ, ਕਹੋ ਤੰਤ ਕੋ ਮੰਤ.

੫. ਕਹਾਂ ਰੰਕ, ਰਾਜਾ ਕਵਨ, ਹਰਖ ਸੋਗ ਹੈ ਕੌਨ,

ਕੋ ਰੋਗੀ, ਰਾਗੀ ਕਵਨ, ਕਹੋ ਤੱਤ ਮੁਹਿ ਤੌਨ.

੬. ਕਵਨ ਰਿਸ਼੍ਟ, ਕੋ ਪੁਸ਼੍ਟ ਹੈ. ਕਹਿਂ ਸ੍ਰਿਸ਼੍ਟਿ ਵਿਚਾਰ,

ਕਵਨ ਸ੍ਰਿਸ਼੍ਟ, ਕੋ ਭ੍ਰਿਸ਼੍ਟ ਹੈ, ਕਹੋ ਸਗਲ ਵਿਸ੍ਤਾਰ.

੭. ਕਹਾਂ ਕਰਮ ਕੁੱਕਰਮ ਹੈ, ਕਹਾਂ ਭਰਮ ਕੋ ਨਾਸ,

ਕਹਾਂ ਚਿਤਨ ਕੀ ਚੇਸ਼ਟਾ, ਕਹਾਂ ਅਚੇਤ ਪ੍ਰਕਾਸ.

੮. ਕਹਾਂ ਨੇਮ, ਸੰਜਮ ਕਹਾਂ, ਕਹਾਂ ਗ੍ਯਾਨ ਅਗ੍ਯਾਨ,

ਕੋ ਰੋਗੀ, ਸੋਗੀ ਕਵਨ, ਕਹਾਂ ਭਰਮ ਕੀ ਹਾਨ.

੯. ਕੋ ਸੂਰਾ, ਸੁੰਦਰ ਕਵਨ, ਕਹਾਂ ਜੋਗ ਕੋ ਸਾਰ,

ਕੋ ਦਾਤਾ, ਗ੍ਯਾਨੀ ਕਵਨ, ਕਹਿਂ ਵਿਚਾਰ ਅਵਿਚਾਰ.

(ਅਕਾਲ)

ਮਤਿ ਵੱਲੋਂ ਉੱਤਰ-

੧. ਸਤਿ ਚਿਤ ਆਨੰਦ ਅਜ ਅਮਰ ਵਜਾਪਕ ਪਰਮ ਅਨੂਪ,

ਵਿਸ਼੍ਵਨਾਥ ਦੇਵਾਧਿਪਤਿ ਹੈ ਯਹ ਆਤਮ ਰੂਪ.

ਜੈਸੇ ਜਲ ਤੇ ਬੁਦਬੁਦਾ ਔਰ ਤਰੰਗ ਅਕਾਰ,

ਤੈਸੇ ਪੂਰਨ ਬ੍ਰਹਮ ਤੇ ਜਾਨੋ ਸ੍ਰਿਸ਼੍ਰਿ ਵਿਚਾਰ.

ਤਤ੍ਵਗਜਾਨ ਹਿਤ ਯਤਨ ਸਦ ਯਹੈ ਧਰਮ ਨਿਜ ਜਾਨ,

ਤਤਪਰ ਹੋ ਉਪਕਾਰ ਮੇ ਕਰਮ ਪਰਮ ਸ਼ੁਭ ਮਾਨ.

੨. ਸਦਾਚਾਰ ਅਰੁ ਯਸ਼ ਸਹਿਤ ਜੀਵਨ ਜੀਵਨ ਆਹਿ,

ਅਪਯਸ਼ ਔਰ ਵਿਕਾਰ ਯੁਤ ਜਿਯਨ ਮਰਨ ਜਗ ਮਾਹਿ.

ਮਨ ਕੀ ਸ਼ਾਂਤੀ ਸ੍ਵਰਗ ਹੈ ਨਰਕ ਦੇਹ ਅਭਿਮਾਨ,

ਪਰੈ ਨ ਵਸ਼ ਕਿਹ ਵਿਸ਼ਯ ਕੇ ਤਾਂਕੋ ਸੁਘੜਾ ਜਾਨ.

ਵਿਸ਼ਯਪਰਾਯਣ ਮੂੜ੍ਹ ਹੈ ਤਰਕ ਸੱਚ ਪਰਤੀਤਿ,

ਸੋ ਅਵਿਤਰਕ ਪਛਾਨੀਐ ਜੋ ਯਾਂਤੇ ਵਿਪਰੀਤਿ.

੩. ਭਗਨਪ੍ਰਤਿਗਜਾ ਨਿੰਦ ਹੈ ਅਰੁ ਰਣ ਪੀਠ ਦਿਖਾਨ,

ਸਤਜਪ੍ਰਤਿਗਜਾ ਵੀਰਤਾ ਯਹੈ ਜਗਤ ਯਸ਼ ਜਾਨ.

ਧਰਮਕਿਰਤ ਕੋ ਤਜਾਗਨੋ ਪਾਪ ਮਹਾਂ ਜਿਯ ਮਾਨ,

ਖੱਟ ਘਾਲਿਕੈ ਦੇਵਨੋ ਪੁੰਨ ਨ ਯਾ ਸਮ ਆਨ.

ਵਾਹਗੁਰੂ ਮੇ ਚਿੱਤ ਕੀ ਲਗਨ ਕਹਾਵੈ ਜੋਗ,

ਦਾਸ਼ ਇੰਦ੍ਰਿਅਨ ਹੋਯਕੈ ਸੁਖ ਭੋਗਨ ਹੈ ਭੋਗ.

ਜਗ ਕੋ ਸੁਖਦਾਯਕ ਕ੍ਰਿਯਾ ਗੁਰੁਮਤ ਮੇ ਹੈ ਕਰਮ,

ਵਿਸ਼੍ਵ ਦੁਖਾਵਨ ਲੋਭ ਵਸ਼ਿ ਜਾਨੋ ਸੋ ਅਪਕਰਮ.

੪. ਮਨ ਵਸ਼ ਕਰਨੋ ਸਮ ਅਹੈ ਦਮ ਇੰਦ੍ਰਿਨ ਜੈਕਾਰ,

ਦੂਰ ਕਰਨ ਅਨਜਾਯ ਹਿਤ ਲੜੈ ਸੁ ਸ਼ੂਰ ਵਿਚਾਰ.

ਦਾਤਾ ਵਿਦਜਾਦਾਨਿ ਹੈ ਅਰੁ ਨਿਸ਼ਕਾਮ ਉਦਾਰ,

ਸਤਜਨਾਮ ਅਰੁ ਵਾਹਗੁਰੁ ਮੰਤ੍ਰ ਤਤ੍ਵ ਨਿਰਧਾਰ.

੫. ਜਾਂਕੇ ਤ੍ਰਿਸ਼ਨਾ ਅਧਿਕ ਹੈ ਸੋਈ ਰੰਕ ਪਛਾਨ,

ਸੰਤੋਖੀ ਉਤਸਾਹ ਯੁਤ ਰਾਜਾ ਲੇਵੋ ਜਾਨ.

ਦੁਵਿਧਾ ਤਜਾਗਨ ਹਰਸ਼ ਹੈ ਚਿੰਤਾ ਜਾਨੋ ਸ਼ੋਕ,

ਰੋਗੀ ਵਿਸ਼ਯਾਸਕ੍ਤ ਹੈ ਰਾਗੀ ਚਿੱਤ ਅਰੋਕ.

੬. ਸਹਿਤ ਵਿਵੇਕ ਸੁ ਰਿਸ਼੍ਟ ਹੈ ਪੁਸ਼੍ਟ ਪਰਾਕ੍ਰਮਵਾਨ,

ਮ੍ਰਿਗਤ੍ਰਿਸ਼ਨਾ ਅਰੁ ਸ੍ਵਪਨ ਵਤ ਸ੍ਰਿਸ਼੍ਟਿ ਦਸ਼ਾ ਲਿਹੁ ਜਾਨ.

ਮਾਨੁਸ਼ ਤਨ ਸਫਲੋ ਕਿਯੋ ਜਿਨ ਸ਼ੁਭ ਕਰ੍ਮ ਕਮਾਇ,

ਸੁਈ ਸ੍ਰੇਸ਼੍ਠ, ਯਾਂਤੇ ਉਲਟ ਜਗ ਮੇ ਭਰਸ਼੍ਟ ਕਹਾਇ.

੭. ਸਦਾਚਾਰ ਜਗ ਕਰ੍ਮ ਹੈ ਦੁਰਾਚਾਰ ਅਪਕਰ੍ਮ,

ਗੁਰੁਸਿਖ੍ਯਾ ਕਰ ਬ੍ਰਹ੍ਮ ਕੋ ਗ੍ਯਾਨ, ਨਾਸ਼ ਹੈ ਭਰ੍ਮ.

ਮਾਯਾ ਕੇ ਸੰਯੋਗ ਕਰ ਚੇਤਨ ਚੇਸ਼੍ਟਾ ਜਾਨ,

ਤ੍ਰਿਗੁਣ ਅਸੰਗਤ ਬ੍ਰਹਮ ਮੇ ਤਿਮ ਅਚੇਸ਼ਟਾ ਮਾਨ.

੮. ਇਕਰਸ ਜਪ ਵ੍ਰਤ ਧਾਰਬੋ ਤਾਂਕੋ ਕਹਿਯੇ ਨੇਮ,

ਤ੍ਯਾਗ ਫਜੂਲੀ ਸਰਵਦਾ ਸੰਜਮ ਦਾਯਕ ਖੇਮ.

ਗ੍ਯਾਨ ਯਥਾਰਥ ਵਸ੍ਤੁ ਕੋ ਭਾਖਤ ਗ੍ਯਾਨੀ ਗ੍ਯਾਨ,

ਲਖਨ ਔਰ ਕੋ ਔਰ ਹੀ ਯਹੀ ਰੂਪ ਅਗ੍ਯਾਨ.

ਰੋਗੀ ਸਦਾ ਅਸੰਜਮੀ ਸੋਗੀ ਚਿੰਤਾਵਾਨ,

ਜਾਤਿ ਪਾਤਿ ਅਰੁ ਛੂਤ ਕੋ ਤ੍ਯਾਗਨ ਭ੍ਰਮ ਕੀ ਹਾਨ.

੯. ਮਨਜੇਤਾ ਸੂਰਾ ਅਹੈ ਸੁੰਦਰ ਹੈ ਗੁਣਵਾਨ,

ਜਬ ਚਿਤ ਕੀ ਥਿਰਤਾ ਭਈ ਸਾਰ ਯੋਗ ਯਹ ਮਾਨ.

ਦਾਤਾ ਇਕ ਕਰਤਾਰ ਹੈ ਗ੍ਯਾਨੀ ਨਾਨਕ ਦੇਵ,

ਜੋ ਅਗ੍ਯਾਨੀ ਪਸ਼ੁ ਨਰਨ ਤੁਰਤ ਬਨਾਵੈ ਦੇਵ.

ਗੁਰੁਮਤ ਅਨਮਤ ਸਤ੍ਯ ਕੋ ਖੋਜਨ ਅਹੈ ਵਿਚਾਰ,

ਭੇਡਚਾਲ ਕੀ ਅੰਧਗਤਿ ਜਾਨ ਲੇਹੁ ਅਵਿਚਾਰ.

ਏਕਸਾਰ: ਦੇਖੋ, ਇਕਸਾਰ.

ਏਕਸਿਧੁ: ਸੰਗ੍ਯਾ- ਕਰਤਾਰ. ਵਾਹਗੁਰੂ, ਜੋ ਨਿਰਣੇ ਕਰਨ ਤੋਂ ਅਦੁਤੀ (ਲਾਸ਼ਾਨੀ) ਸਿੱਧ (ਸਾਬਤ) ਹੋਇਆ ਹੈ. "ਏਕਸਿਧੁ ਜਿਨੀ ਧਿਆਇਆ." (ਰਾਮ ਮਃ ੧)

ਏਕ ਸੁਆਨ ਕੈ: ਘਰਿ ਗਾਵਣਾ. ਵਾ- ਜਿਸ ਸ੍ਵਰ ਪ੍ਰਸ੍ਤਾਰ ਦੇ ਨਿਯਮ ਅਨੁਸਾਰ ਸ਼੍ਰੀ ਰਾਗ ਦਾ ਸ਼ਬਦ- "ਏਕ ਸੁਆਨ ਦੁਇ ਸੁਆਨੀ ਨਾਲਿ."- ਗਾਈਦਾ ਹੈ, ਉਸੇ ਵਿੱਚ ਇਹ ਸ਼ਬਦ ਗਾਉਣ ਦੀ ਸਿਖ੍ਯਾ ਹੈ। ੨. ਦੇਖੋ, ਘਰ.

ਏਕਸੂਤ: ਵਿ- ਸਹਿਮਤ. ਇੱਤਿਫਾਕ ਰੱਖਣ ਵਾਲਾ। ੨. ਇੱਕ ਡੋਰੇ ਵਿੱਚ ਪਰੋਇਆ ਹੋਇਆ.

ਏਕਸੈ: ਇੱਕ ਨੂੰ. "ਸਭ ਲੋਕ ਸਲਾਹੇ ਏਕਸੈ." (ਬਸੰ ਮਃ ੧) ੨. ਇੱਕ ਸ਼ਯ (ਵਾਸ੍ਤੁ).

ਏਕਚਕ੍ਸ਼ੁ, ਏਕਚੱਛ: ਵਿ- ਇੱਕ ਚਕ੍ਸ਼ੁ (ਅੱਖ) ਵਾਲਾ. ਕਾਣਾ. "ਏਕਚੱਛ ਕੀ ਬਾਤ ਸੁਨ ਰੀਝ ਰਹੇ ਮਹਾਰਾਜ." (ਚਰਿਤ੍ਰ ੫੪) ੨. ਇੱਕ ਨਜਰ ਸਭ ਨੂੰ ਵੇਖਣ ਵਾਲਾ। ਸਮਦ੍ਰਿਸ਼੍ਟਾ। ੩. ਸੰਗਯਾ- ਸ਼ੁਕ੍ਰ. ਦੈਤਾਂ ਦਾ ਗੁਰੂ। ੪. ਇੰਦ੍ਰ ਦਾ ਪੁਤ੍ਰ ਜਯੰਤ. ਦੇਖੋ, ਜਯੰਤ। ੫. ਕਾਉਂ. ਦੇਖੋ, ਜਯੰਤ.

ਏਕਚਿੱਤ: ਵਿ- ਏਕਾਗ੍ਰ ਚਿੱਤ. ਸ੍ਥਿਰ ਹੈ ਜਿਸ ਦਾ ਮਨ. "ਏਕਚਿੱਤ ਜਿਹ ਇਕ ਛਿਨ ਧ੍ਯਾਯੋ." (ਅਕਾਲ)

ਏਕਛਤ੍ਰ: ਵਿ- ਅਜਿਹਾ ਰਾਜ, ਜਿਸ ਵਿੱਚ ਇੱਕੋ ਛਤ੍ਰਧਾਰੀ ਮਹਾਰਾਜਾ ਹੈ. ਦੂਜਾ ਕੋਈ ਸਿਰ ਉੱਪਰ ਛਤ੍ਰ ਫਿਰਾਉਣ ਦਾ ਅਧਿਕਾਰ ਜਿਸ ਰਾਜ ਵਿੱਚ ਨਹੀਂ ਰਖਦਾ. ਦੇਖੋ, ਇਕਛਤਰਾਜ.

ਏਕਡਾਲ: ਵਿ- ਉਹ ਸ਼ਸਤ੍ਰ, ਜਿਸ ਦਾ ਕਬਜਾ (ਦਸ੍ਤਾ) ਅਲਗ ਨਾ ਹੋਵੇ, ਕਿੰਤੂ ਫਲ ਅਤੇ ਕਬਜਾ ਇੱਕ ਹੀ ਲੋਹੇ ਦੇ ਢਲੇ ਅਥਵਾ ਘੜੇ ਹੋਏ ਹੋਣ.

ਏਕਤ: ਸੰ. एकत्र. ਏਕਤ੍ਰ. ਵਿ- ਇੱਕ ਥਾਂ. ਏਕਥੈ. "ਨੀਰੁ ਧਰਣਿ ਕਰਿ ਰਾਖੇ ਏਕਤ." (ਸਾਰ ਅਃ ਮਃ ੫) ੨. ਏਕਤ੍ਵ. ਦੇਖੋ, ਏਕਤਾ.

ਏਕਤਰ: ਸੰ. ਵਿ- ਦੋ ਵਿੱਚੋਂ ਇੱਕ.

ਏਕਤਾ, ਏਕਤੁ: ਸੰ. ਸੰਗਯਾ- ਏਕਤਾ. ਏਕਾ. ਏਕਤ੍ਵ. ਐਕਯ.

ਸ਼ਾਮਿਲ ਹੋ ਪੀਰ ਮੇ ਸ਼ਰੀਰ ਮੇ ਨ ਭੇਦ ਰਾਖ

ਅੰਤਰ ਕਪਟ ਜੌ ਉਘਾਰੈ ਤੋ ਉਘਰਜਾਇ,

ਐਸੋ ਠਾਟ ਠਾਨੈ ਜੌ ਬਿਨਾ ਹੂੰ ਯੰਤ੍ਰ ਮੰਤ੍ਰ ਕਰੇ

ਸਾਂਪ ਕੋ ਜਹਿਰ ਯੌਂ ਉਤਾਰੈ ਤੋ ਉਤਰਜਾਇ,

"ਠਾਕੁਰ" ਕਹਿਤ ਯਹ ਕਠਿਨ ਨ ਜਾਨੋ ਕਛੂ

ਏਕਤਾ ਕਿਯੇ ਤੇ ਕਹੋ ਕਹਾਂ ਨ ਸੁਧਰਜਾਇ?

ਚਾਰ ਜਨੇ ਚਾਰ ਹੂ ਦਿਸ਼ਾ ਤੇ ਚਾਰ ਕੋਨੇ ਗਹਿ

ਮੇਰੁ ਕੋ ਹਿਲਾਯਕੈ ਉਖਾਰੈਂ ਤੋ ਉਖਰਜਾਇ.

੨. ਸਮਾਨਤਾ. ਬਰਾਬਰੀ. "ਏਕਤੁ ਰਾਚੈ ਪਰਹਰਿ ਦੋਇ." (ਬਸੰ. ਅਃ ਮਃ ੧)

ਏਕਤ੍ਰ: ਦੇਖੋ, ਏਕਤ.

ਏਕਤ੍ਵ: ਦੇਖੋ, ਏਕਤਾ.

ਏਕਥੈ: ਵਿ- ਇੱਕ ਥਾਂ. ਏਕਤ੍ਰ.

ਏਕਦਾ: ਸੰ. ਕ੍ਰਿ. ਵਿ- ਇੱਕ ਸਮੇਂ। ੨. ਏਕ ਦਫ਼ਹ. ਇੱਕ ਵੇਰ.

ਏਕਦੇਸੀ: ਸੰ. ਏਕ ਦੇਸ਼ੀਯ. ਵਿ- ਇੱਕ ਥਾਂ ਅਤੇ ਦੇਸ਼ ਨਾਲ ਸੰਬੰਧ ਰੱਖਣ ਵਾਲਾ. ਜੋ ਸਭ ਅਸਥਾਨਾਂ ਨਾਲ ਸੰਬੰਧ ਨਾ ਰੱਖੇ.

ਏਕਦੰਤ: ਸੰ. ਸੰਗਯਾ- ਗਣੇਸ਼. ਗਜਾਨਨ, ਜਿਸ ਦੇ ਇੱਕ ਦੰਦ ਹੈ. ਦੇਖੋ, ਗਣੇਸ਼.

ਏਕਦ੍ਰਿਸਟਿ: ਸੰਗਯਾ- ਸਮਾਨ ਦ੍ਰਿਸ਼੍ਟਿ. ਸਭ ਨੂੰ ਤੁੱਲ ਦੇਖਣ ਦਾ ਭਾਵ. "ਏਕਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ

ਸੋਈ." (ਸੂਹੀ ਮਃ ੧)

ਏਕਦ੍ਰਿਕ: ਵਿ- ਇੱਕ ਅੱਖਾ. ਕਾਣਾ। ੨. ਸਮ ਦ੍ਰਿਸ਼੍ਟਾ. ਬ੍ਰਹਮਗਜਾਨੀ। ੩. ਸੰਗਜਾ- ਸ਼ਿਵ। ੪. ਕਾਉਂ। ੫. ਸ਼ੁਕ੍ਰ.

ਏਕਨਾਰੀਵ੍ਰਤ: ਇੱਕ ਇਸਤ੍ਰੀ ਤੋਂ ਵੱਧ ਵਿਆਹ ਨਾ ਕਰਨਾ. ਇੱਕ ਵਿਵਾਹਿਤਾ ਇਸਤ੍ਰੀ ਦੇ ਹੁੰਦੇ ਦੂਜੀ ਦੇ ਤਜਾਗ ਦਾ ਨਿਯਮ. "ਏਕਾ ਨਾਰੀ ਜਤੀ ਹੁਇ." (ਭਾਗੁ) "ਤ੍ਰਿਯ ਏਕ ਵਜਾਹ ਨਹਿ ਕੀਨ ਵਜਾਹ." (ਦੱਤਾਵ)

ਏਕਪਦ, ਏਕਪਾਦ: ਸੰ. ਸੰਗਜਾ- ਵੈਕੁੰਠ। ੨. ਕੈਲਾਸ਼। ੩. ਕੇਰਲ ਦੇਸ਼, ਜਿਸ ਨੂੰ ਹੁਣ ਮਾਲਾਬਾਰ ਆਖਦੇ ਹਨ। ੪. ਮਾਲਾਵਾਰ ਦਾ ਵਸਨੀਕ। ੫. ਇੱਕ ਪੈਰ ਪੁਰ ਖਲੋਕੇ ਤਪ ਕਰਨ ਵਾਲਾ। ੬. ਪਰਮਾਤਮਾ, ਜਿਸ ਦਾ ਇੱਕ ਚਰਣ ਸਾਰੀ ਵਿਸ਼੍ਵ ਹੈ। ੭. ਗਜਾਰਾਂ ਰੁਦ੍ਰਾਂ ਵਿੱਚੋਂ ਇੱਕ ਸ਼ਿਵ.

ਏਕਬ: ਏਕ- ਅਬ. "ਪ੍ਰਨ ਏਕਬ ਕਰਹੌਂ." (ਕ੍ਰਿਸਨਾਵ)

ਏਕਭਟ: ਵਿ- ਅਦੁਤੀ ਸੂਰਮਾ. ਜਿਸ ਦੇ ਬਰਾਬਰ ਦੂਜਾ ਯੋਧਾ ਨਹੀਂ. "ਪਤਿਤਉਧਾਰਣ ਏਕਭਟੇ." (ਅਕਾਲ)

ਏਕਭਾਇ: ਸੰਗਜਾ- ਏਕਤਾ ਦਾ ਭਾਵ. ਦ੍ਵੈਤ ਦਾ ਅਭਾਵ। ੨. ਕ੍ਰਿ. ਵਿ- ਇੱਕ ਭਾਵ (ਖ਼ਿਆਲ) ਨਾਲ. "ਏਕਭਾਇ ਦੇਖਉ ਸਭ ਨਾਰੀ." (ਗਉ ਕਬੀਰ)

ਏਕਭਾਰ: ਵਿ- ਤਰਾਜ਼ੂ ਦੇ ਪਲੜੇ ਵਿੱਚ ਇੱਕ ਪਾਸੇ ਤੋਲਣ ਲਈ ਪਾਇਆ ਹੋਇਆ ਪਦਾਰਥ। "ਪਾਤਾਲ ਪੁਰੀਆ ਏਕ ਭਾਰ ਹੋਵਹਿ." (ਪ੍ਰਭਾ ਮਃ ੧) ਦੇਖੋ, ਭਾਰ.

ਏਕਮ: ਸੰਗਜਾ- ਚੰਦ੍ਰਮਾ ਦੇ ਮਹੀਨੇ ਦੀ ਅੰਧੇਰੇ ਅਤੇ ਚਾਂਦਨੇ ਪੱਖ ਦੀ ਪਹਿਲੀ ਤਿਥਿ. ਏਕੋਂ. ਦੇਖੋ, ਫ਼ਾ. ਯਕਮ. "ਏਕਮ ਏਕੰਕਾਰ ਨਿਰਾਲਾ." (ਬਿਲਾ ਮਃ ੧. ਥਿਤੀ) ੨. ਵਿ- ਅਦੁਤੀ. ਲਾਸਾਨੀ. "ਏਕਮ ਏਕੈ ਆਪਿ ਉਪਾਇਆ." (ਮਾਝ ਅਃ ਮਃ ੩) ੩. ਪ੍ਰਥਮ. ਪਹਿਲਾ.

ਏਕਮਇ, ਏਕਮਇਆ, ਏਕਮਈ, ਏਕਮਯ: ਵਿ- ਇੱਕ ਰੂਪ. ਜੋ ਮਿਲਕੇ ਵੱਖ ਨਾ ਪ੍ਰਤੀਤ ਹੋਵੇ. ਤਦਰੂਪ. "ਸਾਚੇ ਸੂਚੇ ਏਕਮਇਆ." (ਸਿਧਗੋਸਟਿ)

ਏਕ ਮਰੇ ਪੰਚੇ: ਮਿਲਿ ਰੋਵਹਿ. (ਆਸਾ ਅਃ ਮਃ ੧) ਇੱਕ ਸੰਬੰਧੀ ਦੇ ਮਰਣ ਤੋਂ ਮਾਤਾ, ਪਿਤਾ, ਭਾਈ, ਇਸਤ੍ਰੀ, ਪੁਤ੍ਰ ਰੋਵਹਿਂ। ੨. ਇੱਕ ਮਨ ਦੇ ਮਰਣ ਪੁਰ ਪੰਜੇ ਵਿਕਾਰ ਰੋਂਦੇ ਹਨ, ਕਿਉਂਕਿ ਹੁਣ ਉਨ੍ਹਾਂ ਦਾ ਜ਼ੋਰ ਨਹੀਂ ਚਲਦਾ.

ਏਕ ਮਰੰਤੇ ਦੋਇ ਮੂਏ: ਦੋਇ ਮਰੰਤਹ ਚਾਰਿ। ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੋਇ ਨਾਰਿ. (ਸ. ਕਬੀਰ) ਇੱਕ ਦੇਹਾਭਿਮਾਨ (ਹੌਮੈ) ਦੇ ਮਰਣ ਨਾਲ, ਰਾਗ ਦ੍ਵੇਸ਼ ਦੋਵੇਂ ਮਰ ਗਏ. ਦੋ ਦੇ ਮਰਣ ਤੋਂ ਕਾਮ, ਕ੍ਰੋਧ, ਲੋਭ, ਮੋਹ ਚਾਰੇ ਨਾਸ਼ ਹੋਏ. ਚਾਰ ਦੇ ਨਸ਼੍ਟ ਹੋਣ ਤੇ ਹਰਖ, ਸ਼ੋਕ, ਜਨਮ, ਮਰਣ, ਈਰਖਾ, ਕਾਮਨਾ, ਛੀ ਮਰ ਗਏ, ਇਨ੍ਹਾਂ ਵਿੱਚੋਂ ਚਾਰ ਪੁਲਿੰਗ ਅਤੇ ਦੋ ਇਸਤ੍ਰੀਲਿੰਗ ਹਨ। ੨. ਇੱਕ ਅਗਜਾਨ ਦੇ ਮਰਣ ਤੋਂ ਆਵਰਣ ਅਤੇ ਵਿਕ੍ਸ਼ੇਪ ਦੋ ਮਰੇ, ਦੋ ਮਰਣ ਤੋਂ ਚਾਰ ਪ੍ਰਕਾਰ ਦੇ ਮਿਥਜਾਭ੍ਰਮ, (ਅਨਾਤਮਾ ਵਿੱਚ ਆਤਮ ਬੁੱਧਿ, ਅਨਿਤਜ ਵਿੱਚ ਨਿਤਜ ਬੁੱਧਿ, ਦੁਖ ਵਿੱਚ ਸੁਖ ਬੁੱਧਿ ਅਤੇ ਅਸ਼ੁਚਿ ਵਿੱਚ ਸ਼ੁਚਿ ਬੁੱਧਿ) ਦਾ ਅਭਾਵ ਹੋਇਆ. ਚਾਰ ਮਰਣ ਤੋਂ ਛੀ- ਹਰਖ, ਸ਼ੋਕ, ਜਨਮ, ਮਰਣ, ਈਰਖਾ, ਤ੍ਰਿਸ਼ਨਾ, ਮਰੇ ਇਨ੍ਹਾਂ ਛੀਆਂ ਵਿੱਚੋਂ ਦੋ ਇਸ੍ਤ੍ਰੀਲਿੰਗ ਅਤੇ ਚਾਰ ਪੁਲਿੰਗ ਹਨ.

ਏਕ ਰਦਨ: ਸੰਗਜਾ- ਗਣੇਸ਼, ਇਸ ਦੇ ਇੱਕ ਰਦਨ (ਦੰਦ) ਹੈ. ਦੇਖੋ, ਗਣੇਸ਼.

ਏਕਲ, ਏਕਲਾ: ਵਿ- ਇਕੇਲਾ. ਦੂਜੇ ਦੇ ਸਾਥ ਬਿਨਾ। ੨. ਅਦੁਤੀ. ਲਾਸਾਨੀ. ਯੱਕਾ। ੩. ਇੱਕੋ. ਏਕ ਹੀ. "ਏਕਲ ਮਾਟੀ ਕੁੰਜਰ ਚੀਟੀ ਭਾਂਜਨ ਹੈਂ ਬਹੁ ਨਾਨਾ ਰੇ." (ਮਾਲੀ ਨਾਮਦੇਵ)

ਏਕ ਵਚਨ: ਸੰਗਜਾ- ਵਜਾਕਰਣ ਅਨੁਸਾਰ ਉਹ ਸ਼ਬਦ, ਜਿਸ ਤੋਂ ਇੱਕ ਦਾ ਗਜਾਨ ਹੋਵੇ। ੨. ਇੱਕ ਸੁਖ਼ਨ. ਇੱਕ ਬੋਲ.

ਏਕ ਵਾਕ, ਏਕ ਵਾਕ੍ਯਤਾ: ਸੰ. एकवाक्यता. ਸੰਗ੍ਯਾ- ਮਤ ਦਾ ਮੇਲ. ਰਾਇ ਦਾ ਇੱਤਿਫਾਕ. ਸਹਮਤਿ.

ਏਕੜ: ਵਿ- ਇਕੱਲਾ। ੨. ਸੰਗ੍ਯਾ- ਜ਼ਮੀਨ ਦੀ ਮਿਣਤੀ, ਜੋ ੪੮੪੦ ਮੁਰੱਬਾ ਗਜ਼ ਹੈ.

ਏਕਾ: ਸੰਗ੍ਯਾ- ਇੱਕ ਸੰਖ੍ਯਾ ਬੋਧਕ ਅੰਗ ੧। ੨. ਕਰਤਾਰ. ਅਦੁਤੀ ਬ੍ਰਹਮ। ੩. ਅਨਨ੍ਯ ਉਪਾਸਕ. "ਏਕੇ ਕਉ ਸਚੁ ਏਕਾ ਜਾਣੈ." (ਸਿਧਗੋਸਟਿ) ੪. ਐਕ੍ਯ. ਏਕਤਾ. ਮਿਲਾਪ। ੫. ਵ੍ਯ- ਇੱਕ. ਕੇਵਲ. ਫ਼ਕ਼ਤ਼. "ਏਕਾ ਓਟ ਗਹੁਹਾਂ." (ਆਸਾ ਮਃ ੫) ੬. ਸੰ. एका. ਸੰਗ੍ਯਾ- ਦੁਰਗਾ. ਦੇਵੀ.

ਏਕਾ ਏਕ: ਕ੍ਰਿ. ਵਿ- ਅਚਾਨਕ. ਯਕਾਯਕ। ੨. ਵਿ- ਭਿੰਨ ਭਿੰਨ. ਵੱਖੋ- ਵੱਖ. ਇੱਕੋ ਤੋਂ ਇੱਕ ਨਿਰਾਲਾ.

ਏਕਾ ਏਕੀ: ਵਿ- ਏਕਾਂਤ ਨਿਵਾਸੀ। ੨. ਸਭ ਤੋਂ ਵੱਖ ਰਹਿਣ ਵਾਲਾ। ੩. ਅਦ੍ਵੈਤ ਦਾ ਅਨਨ੍ਯ ਉਪਾਸਕ. "ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ." (ਗੂਜ ਅਃ ਮਃ ੧) ੪. ਸੰਗ੍ਯਾ- ਨਿਬੇੜਾ. ਫ਼ੈਸਿਲਾ. "ਏਕਾ ਏਕੀ ਕਿਯੇ ਬਿਨ ਹਮ ਮਿਲਹਿ ਨ ਜਾਵੈਂ." (ਗੁਪ੍ਰਸੂ)

ਏਕਾਸੀ, ਏਕਾਸੀਹ: ਸੰ. ਏਕਾਸ਼ੀਤਿ. ਅੱਸੀ ਪੁਰ ਇੱਕ. ਇਕਾਸੀ, ੮੧.

ਏਕਾਹਾਰੀ: ਵਿ- ਇੱਕ ਵਸ੍ਤੁ ਦਾ ਆਹਾਰ ਕਰਨ ਵਾਲਾ. ਜੋ ਦੂਜੀ ਚੀਜ਼ ਨਾ ਖਾਵੇ। ੨. ਇੱਕ ਵੇਲੇ ਭੋਜਨ ਕਰਨ ਵਾਲਾ.

ਏਕਾਕੀ: ਦੇਖੋ, ਇਕਾਕੀ ੨.

ਏਕਾਕ੍ਸ਼: ਸੰ. ਵਿ- ਇੱਕ ਅੱਖ ਵਾਲਾ. ਕਾਣਾ. ਦੇਖੋ, ਏਕਚੱਛ.

ਏਕਾਕ੍ਸ਼ਰ: ਦੇਖੋ, ਏਕਾਖਰ.

ਏਕਾਕ੍ਸ਼ਰੀ: ਏਖੋ, ਏਕ ਅੱਛਰੀ। ੨. ਇੱਕ ਸੰਸਕ੍ਰਿਤ ਕੋਸ਼, ਜਿਸ ਵਿੱਚ ਇੱਕ ਇੱਕ ਅੱਖਰ ਦੇ ਨਾਮਾ ਦੇ ਅਰਥ ਲਿਖੇ ਹਨ. ਇਹ ਗ੍ਰੰਥ ਪੁਰੁਸ਼ੋਤਮ ਦੇਵ ਵਿਦ੍ਵਾਨ ਦੀ ਰਚਨਾ ਹੈ. ਹਿੰਦੀ ਭਾਸ਼ਾ ਵਿੱਚ ਨੰਦ ਦਾਸ ਨੇ ਭੀ ਅਨੇਕਾਰਥੰ ਕੋਸ਼ ਵਿੱਚ ਕਈ ਦੋਹੇ ਇੱਕ ਅੱਖਰ ਦੇ ਅਨੇਕ ਅਰਥ ਪ੍ਰਗਟ ਕਰਨ ਵਾਲੇ ਲਿਖੇ ਹਨ. ਯਥਾ- "ਗੋ ਇੰਦ੍ਰੀ ਗੋ ਵਾਕ ਜਲ ਗੋ ਅਕਾਸ਼ ਦਿਸਿ ਛੰਦ, ਗੋ ਧਰ ਗੋ ਤਰੁ ਗੋ ਕਿਰਨ ਗੋ ਪਾਲਕ ਗੋਬਿੰਦ."

ਏਕਾਖਰ: ਏਕ- ਅਕ੍ਸ਼ਰ. ਇੱਕ ਵਰਣ। ੨. ਇੱਕ ਅਵਿਨਾਸੀ ਬ੍ਰਹ੍ਮ.

ਏਕਾਂਗ: ਸੰਗ੍ਯਾ- ਇੱਕ ਗਿਣਤੀ ਦਾ ਬੋਧਕ ਅੰਕ ੧. ਦੇਖੋ, ਇਕਾਂਗ। ੨. ਸੰ. एकाङ्ग. ਸ਼ਰੀਰ ਦਾ ਇੱਕ ਅੰਗ। ੩. ਇੱਕ ਅਵੈਵ. ਕਿਸੇ ਪਦਾਰਥ ਦਾ ਇੱਕ ਭਾਗ.

ਏਕਾਗਰ: ਸੰ. एकाग्र. ਵਿ- ਇੱਕ ਤਰਫ ਹੈ ਜਿਸ ਦਾ ਧ੍ਯਾਨ। ੨. ਚੰਚਲਤਾ ਰਹਿਤ. "ਸਾਵਧਾਨ ਏਕਾਗਰ ਚੀਤ." (ਸੁਖਮਨੀ)

ਏਕਾਂਗੀ: ਸੰ. एकाङ गिन. ਵਿ- ਇੱਕ ਅੰਗ ਵਾਲਾ। ੨. ਇੱਕ ਪੱਖ ਰੱਖਣ ਵਾਲਾ.

ਏਕਾਗ੍ਰ: ਦੇਖੋ, ਏਕਾਗਰ.

ਏਕਾਗ੍ਰਤਾ: ਸੰ. ਸੰਗ੍ਯਾ- ਠਹਿਰਾਉ. ਚੰਚਲਤਾ ਦਾ ਅਭਾਵ। ੨. ਚਿੱਤ ਦੀ ਇਸਥਿਤੀ.

ਏਕਾਛ: ਦੇਖੋ, ਏਕਾਕ੍ਸ਼.

ਏਕਾਛਰੀ: ਦੇਖੋ, ਏਕ ਅੱਛਰੀ। ੨. ਦੇਖੋ, ਏਕਾਕ੍ਸ਼ਰੀ.

ਏਕਾਂਤ: ਦੇਖੋ, ਇਕਾਤ.

ਏਕਾਂਤੀ: ਦੇਖੋ, ਇਕਾਂਤੀ.

ਏਕਾਦਸ: ਸੰ. एकादश. ਵਿ- ਦਸ਼ ਉੱਪਰ ਇੱਕ. ਗਿਆਰਾਂ। ੨. ਸੰਗਯਾ- ਗ੍ਯਾਰਾਂ ਦਾ ਬੋਧਕ ਅੰਗ, ੧੧। ੩. ਭਾਗਵਤ ਦਾ ਗ੍ਯਾਰਵਾਂ ਸਕੰਧ.

ਏਕਾਦਸ਼ੀ: ਸੰ. एकादशी. ਸੰਗ੍ਯਾ- ਚੰਦ੍ਰਮਹੀਨੇ ਦੀ ਅੰਧੇਰੇ ਅਤੇ ਚਾਨਣੇ ਪੱਖ ਦੀ ਗਿਆਰਵੀਂ ਤਿਥਿ. ਵੈਸ਼ਨਵਮਤ ਵਿੱਚ ਏਕਾਦਸ਼ੀ ਨੂੰ ਵ੍ਰਤ ਰੱਖਣਾ ਪੁੰਨਕਰਮ ਹੈ. ਇਸ ਦਿਨ ਅੰਨ ਖਾਣਾ ਪਾਪ ਹੈ. ਦੇਖੋ, ਹਰਿਵਾਸਰ. ਸਿੱਖਧਰਮ ਵਿੱਚ ਇਹ ਵ੍ਰਤ ਦੱਸਿਆ ਹੈ-

"ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ,

ਇੰਦ੍ਰੀ ਬਸਿ ਕਰਿ ਸੁਣਹੁ ਹਰਿਨਾਮ,

ਮਨਿ ਸੰਤੋਖ ਸਰਬ ਜੀਅ ਦਇਆ,

ਇਨ ਬਿਧਿ ਬਰਤੁ ਸੰਪੂਰਨ ਭਇਆ."

(ਗਉ ਥਿਤੀ ਮਃ ੫)

ਏਕਾਦੇਸੀ: ਦੇਖੋ, ਏਕ ਦੇਸੀ। ੨. ਵਿ- ਇੱਕ ਉੱਦੇਸ਼ (ਮਨੋਰਥ) ਰੱਖਣ ਵਾਲਾ. "ਏਕਾਦੇਸੀ ਏਕ ਦਿਖਾਵੈ." (ਰਾਮ ਮਃ ੫)

ਏਕਾਵਲਿ, ਏਕਾਵਲੀ: ਸੰਗ੍ਯਾ- ਇੱਕ ਵਰਣਿਕ ਛੰਦ. ਦੇਖੋ, ਪੰਕਜ ਵਾਟਿਕਾ ਦਾ ਰੂਪ ੨।

੨. ਇੱਕ ਅਰਥਾਲੰਕਾਰ, ਜਿਸਦਾ ਰੂਪ ਹੈ ਪਦਾਂ ਦਾ ਗ੍ਰਹਣ ਅਤੇ ਤ੍ਯਾਗ, ਅਰਥਾਤ ਜੋ ਪਦ ਪਹਿਲਾਂ ਕਥਨ ਕੀਤਾ ਹੈ, ਉਸ ਨੂੰ ਦੁਬਾਰਾ ਕਹਿਣਾ.

ਉਦਾਹਰਣ-

"ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।

ਤੁਮ ਸਿਉ ਜੋਰਿ ਅਵਰ ਸੰਗਿ ਤੋਰੀ."

(ਸੋਰ ਰਵਿਦਾਸ)

"ਏਕ ਮਰੰਤੇ ਦੋਇ ਮੂਏ, ਦੋਇ ਮਰੰਤਹ ਚਾਰਿ,

ਚਾਰਿ ਮਰੰਤਹ ਛਹ ਮੂਏ, ਚਾਰਿ ਪੁਰਖ ਦੋਇ ਨਾਰਿ."

(ਸ. ਕਬੀਰ)

ਏਕਿ: ਕਈਆਂ ਵਿੱਚੋਂ ਇੱਕ। ੨. ਕਈ ਇੱਕ. "ਏਕਿ ਚਲੇ ਹਮ ਦੇਖਹ ਸੁਆਮੀ." (ਰਾਮ ਮਃ ੧) ੩. ਇਕਨਾ ਨੂੰ. ਕਈਆਂ ਨੂੰ. "ਏਕਿ ਨਚਾਵਹਿ ਏਕਿ ਭਵਾਵਹਿ." (ਰਾਮ ਮਃ ੫)

ਏਕਿਆ: ਸੰਗ੍ਯਾ- ਐਕ੍ਯ. ਏਕਤਾ. ਮੇਲ। ੨. ਇੱਕ ਹੋਇਆ. "ਠਾਕੁਰ ਸੇਵਕ ਰਲਿ ਏਕਿਆ." (ਵਾਰ ਕਾਨ ਮਃ ੪)

ਏਕੀ: ਏਕ ਹੀ ਦਾ ਸੰਛੇਪ. "ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ." (ਮਾਰੂ ਮਃ ੧)

ਏਕੁ: ਦੇਖੋ, ਏਕ. "ਏਕੁ ਅਧਾਰੁ ਨਾਮੁ ਧਨੁ ਮੋਰਾ." (ਦੇਵ ਮਃ ੫) ੨. ਕਰਤਾਰ. ਵਾਹਗੁਰੂ. "ਏਕੁ ਅਰਾਧਿ ਪਰਾਛਤ ਗਏ." (ਸੁਖਮਨੀ) ੩. ਐਕ੍ਯ. ਇੱਤਿਫ਼ਾਕ. ਮੇਲ ਜੋਲ. "ਪੰਚਾ ਤੇ ਏਕੁ ਛੁਟਾ." (ਸਾਰ ਮਃ ੫. ਪੜਤਾਲ)

ਏਕੇਂਦ੍ਰਿਯ: ਸੰ. एकेन्द्रिय ਸੰਗ੍ਯਾ- ਇੱਕ ਇੰਦ੍ਰੀ ਰੱਖਣ ਵਾਲਾ ਜੀਵ, ਜੈਸੇ ਜੋਕ। ੨. ਸਾਂਖ੍ਯ ਮਤ ਅਨੁਸਾਰ ਵੈਰਾਗ ਦਾ ਇੱਕ

ਭੇਦ. ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਵਰਜ ਮਨ ਵਿੱਚ ਲੈ ਕਰਨ ਦਾ ਭਾਵ. "ਏਕੇਂਦ੍ਰਿਯ ਅਰ ਵਸ਼ੀਕਾਰ ਕਹਿ." (ਗੁਪ੍ਰਸੂ)

ਏਕੈ ਸ਼ਬਦੀ: ਦੇਖੋ, ਇਕ ਸਬਦੀ.

ਏਕੋ: ਇੱਕੋ. ਕੇਵਲ ਇੱਕ. ਇੱਕ ਹੀ. ਫ਼ਕ਼ਤ਼ ਏਕ. "ਏਕੋ ਜਪਿ ਏਕੋ ਸਾਲਾਹ." (ਸੁਖਮਨੀ) "ਸਤ- ਸੰਗਤਿ ਕੈਸੀ ਜਾਣੀਐ? ਜਿਥੈ ਏਕੋ ਨਾਮ ਵਖਾਣੀਐ." (ਸ੍ਰੀ ਮਃ ੧. ਜੋਗੀ ਅੰਦਰਿ)

ਏਕੋਇਕ, ਏਕੋਏਕ, ਏਕੋਏਕੀ: ਵਿ- ਪਰਮ ਅਦੁਤੀ. ਕੇਵਲ ਇੱਕ. ਦੁਈ ਰਹਿਤ. "ਸਭ ਏਕੋਇਕ ਵਰਤਦਾ." (ਸ੍ਰੀ ਮਃ ੩) "ਏਕੋਏਕ ਵਸੈ ਮਨਿ ਸੁਆਮੀ." (ਮਲਾ ਮਃ ੩) "ਏਕੋਏਕੀ ਨੈਨ ਨਿਹਾਰਉ." (ਆਸਾ ਮਃ ੫) ੨. ਏਕੇ ਪੁਰ ਏਕਾ. ਭਾਵ- ਏਕਾਦਸ਼ੀ. "ਏਕੋਏਕੁ ਬਖਾਨੀਐ." (ਗਉ ਥਿਤੀ ਮਃ ੫) ਇੱਥੇ ਏਕੋਏਕ ਪਦ ਵਿੱਚ ਸਲੇਸ਼ ਹੈ, ਏਕਾਦਸ਼ੀ ਅਤੇ ਅਦੁਤੀ ਕਰਤਾਰ.

ਏਕੋ ਹੰ ਬਹੁਸਯਾਂ: ਇਹ ਉਪਨਿਸ਼ਦ ਦਾ ਵਾਕ ਹੈ, ਜਿਸ ਦਾ ਅਰਥ ਹੈ- ਮੈ ਇੱਕ ਬਹੁਤ ਹੋਵਾਂ. ਅਰਥਾਤ ਬ੍ਰਹਮ ਨੇ ਸੰਕਲਪ ਕੀਤਾ ਕਿ ਮੈ ਇੱਕ ਤੋਂ ਬਹੁਤ ਰੂਪ ਹੋ ਜਾਵਾਂ.[159]

ਏਕੋਤੱਰ: ਵਿ- ਇੱਕ ਵੱਧ. ਕਿਸੇ ਗਿਣਤੀ ਤੋਂ ਇੱਕ ਉੱਪਰ. ਜਿਵੇਂ ਏਕੋਤੱਰ ਸੌ.

ਏਕੋਧਰਮ: ਸੰਗ੍ਯਾ- ਸਾਧਾਰਣ ਧਰਮ, ਉਹ ਧਰਮ ਜੋ ਸਭ ਦਾ ਸਾਮਾਨ੍ਯ ਹੋਵੇ. ਸਾਂਝਾ ਧਰਮ. "ਏਕੋਧਰਮੁ ਦ੍ਰਿੜੈ ਸਚੁ ਕੋਈ। ਗੁਰਮਤਿ ਪੂਰਾ ਜੁਗਿ ਜੁਗਿ ਸੋਈ." (ਬਸੰ ਅਃ ਮਃ ੧) ੨. ਸਿੱਖਧਰਮ.

ਏਕੋਨੇਤ੍ਰਾ: ਵਿ- ਸਮਦ੍ਰਸ਼੍ਟਾ. "ਸਦਾ ਨਿਹਾਰਹਿ ਏਕੋਨੇਤ੍ਰੇ." (ਸੁਖਮਨੀ)

ਏਕੰਕਾਰ: ਸੰਗ੍ਯਾ- ਅਦ੍ਵੈਤ ਬ੍ਰਹਮ. "ਏਕੰਕਾਰ ਧਿਆਏ ਰਾਮ." (ਸੂਹੀ ਛੰਤ ਮਃ ੫) "ਪ੍ਰਣਵੋ ਆਦੀ ਏਕੰਕਾਰਾ." (ਅਕਾਲ) ੨. ਇੱਕ ਓਅੰਕਾਰ ☬ "ਸਾਹਾ ਗਣਹਿ ਨ ਕਰਹਿ ਬੀਚਾਰ। ਸਾਹੇ ਊਪਰਿ ਏਕੰਕਾਰ." (ਰਾਮ ਮਃ ੧) ੩. ਵਿ- ਇੱਕ ਰੂਪ. ਇੱਕ ਆਕਾਰ. "ਭ੍ਰਮ ਛੂਟੇ ਤੇ ਏਕੰਕਾਰ." (ਸੂਹੀ ਮਃ ੫) "ਫਲ ਪਾਕੇ ਤੇ ਏਕੰਕਾਰਾ." (ਸੂਹੀ ਮਃ ੫) "ਏਕਾ ਏਕੰਕਾਰ ਲਿਖ ਵੇਖਾਲਿਆ." (ਭਾਗੁ) ਦੇਖੋ, ਓਅੰਕਾਰ.

ਏਕੰਕਾਰੀ: ਵਿ- ਇੱਕ ਓਅੰਕਾਰ ਦਾ ਉਪਾਸਕ। ੨. ਇੱਕ ਆਕਾਰ ਵਾਲਾ. ਨਾਨਾ ਭੇਦ ਰਹਿਤ. "ਸੂਤ ਖਿੰਚੈ ਏਕੰਕਾਰੀ." (ਗਉ ਅਃ ਮਃ ੪)

ਏਕੰਕਾਰੁ: ਦੇਖੋ, ਏਕੰਕਾਰ "ਏਕੰਕਾਰੁ ਵਸੈ ਮਨਿ ਭਾਵੈ." (ਮਾਰੂ ਸੋਲਹੇ ਮਃ ੧)

ਏਕੰਗਾ, ਏਕੰਗੀ: ਦੇਖੋ, ਏਕਾਂਗੀ.

ਏਖ: ਸੰ. ਏਸ਼. ਸੰਗ੍ਯਾ- ਢੂੰਡ. ਭਾਲ. ਤਲਾਸ਼. ੨. ਇੱਛਾ. ਚਾਹ.

ਏਖਣਾ: ਦੇਖੋ, ਈਖਣਾ.

ਏਜ਼ਦ: ਫ਼ਾ. ایزد ਏਜ਼ਿਦ. ਸੰਗ੍ਯਾ- ਕਰਤਾਰ. ਖ਼ੁਦਾ.

ਏਜ਼ਾਜ਼: ਅ਼. اعزاز ਇਅ਼ਜ਼ਾਜ਼. ਇੱਜ਼ਤ ਦੇਣ ਦੀ ਕ੍ਰਿਯਾ. ਮਾਨ. ਪ੍ਰਤਿਸ਼੍ਠਾ.

ਏਟਾਯਾ, ਏਟਾਵਾ: ਯੂ. ਪੀ. ਵਿੱਚ ਜਮੁਨਾ ਕਿਨਾਰੇ ਇੱਕ ਸ਼ਹਿਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਅਤੇ ਈ. ਆਈ. ਰੇਲਵੇ ਦਾ ਜੱਕਸ਼ਨ ਹੈ. ਇਸ ਥਾਂ ਨੌਮੇਂ ਸਤਿਗੁਰੂ ਪਧਾਰੇ ਹਨ. ਭਾਈ ਤਾਰਾ ਸਿੰਘ ਜੀ ਨੇ ਇਸ ਦਾ ਨਾਉਂ ਏਟਾਯਾ ਲਿਖਿਆ ਹੈ.

---

[159] "तदचन एकोध बहुम्यां प्रजायेयेति." (ਛਾਂਦੋਗ੍ਯ ਅਃ ੬. ਖੰਡ ੨. ਮੰਤ੍ਰ ੩) ਉਸ ਨੇ ਚਾਹਿਆ ਕਿ ਮੈਂ ਇੱਕ, ਬਹੁਤ ਰੂਪ ਕਰਕੇ ਪੈਦਾ ਹੋਵਾਂ.

ਏਠ: ਸੰ. ਏਠ੍ ਧਾ- ਰੋਕਣਾ. ਦੁੱਖ ਦੇਣਾ. ਹਰਕਤ ਕਰਨਾ.

ਏੇਂਠਨਾ: ਕ੍ਰਿ- ਆਕੜਨਾ ੨. ਵਲ (ਪੇਂਚ) ਖਾਣਾ.

ਏਡਕ: ਵਿ- ਇਤਨਾ ਵਡਾ। ੨. ਸੰ. ਸੰਗਯਾ- ਮੀਢਾ. ਛੱਤਰਾ.

ਏਡਕਾ: ਸੰ. ਸੰਗਯਾ- ਭੇਡ.

ਏਡਾ: ਵਿ- ਇਤਨਾ ਵਡਾ. ਇਤਨਾ.

ਏ. ਡੀ.: ਦੇਖੋ, ਈ਼ਸਵੀ ਸਨ.

ਏਡੀ: ਸੰਗਯਾ- ਅੱਡੀ. ਪੈਰ ਦਾ ਪਿਛਲਾ ਭਾਗ, ਜੋ ਗਿੱਟਿਆਂ ਦੇ ਹੇਠ ਹੁੰਦਾ ਹੈ। ੨. ਵਿ- ਇਤਨੀ ਵਡੀ ਦਾ ਸੰਖੇਪ.

ਏ. ਡੀ. ਸੀ.: ਫ੍ਰ Aide- de- Camp. ਏ਼ਡੀ ਕੈਂਪ ਏਡੀਕਾਂਗ. ਸੈਨਾਪਤਿ ਦਾ ਸਹਾਇਕ। ੨. ਮੁਸਾਹਿਬ. ਪਾਸ਼ੰਦ.

ਏਡੂਆ, ਏਂਡੂਆ: ਸੰਗਯਾ- ਇਂਨੁ. ਵਸਤ੍ਰ ਰੱਸੀ ਆਦਿਕ ਦਾ ਚਕ੍ਰਾਕਾਰ ਸਿਰਤ੍ਰਾਣ, ਜੋ ਘੜਾ ਆਦਿਕ ਚੁੱਕਣ ਸਮੇਂ ਵਰਤੀਦਾ ਹੈ. "ਪੁਨਰ ਏਡੂਆ ਸੀਸ ਤਾਂਕੇ ਟਿਕਾਏ." (ਗਜਾਨ) ੨. ਸੰ. ਇਏਡ੍ਵ ਇੰਡ੍ਵ. ਮੁੰਜ ਦੇ ਬਣੇ ਹੋਏ ਦਸ੍ਤਾਨੇ, ਜੋ ਗਰਮ ਵਸ੍ਤੁ ਉਠਾਉਣ ਸਮੇਂ ਹੱਥਾਂ ਦੀ ਰਖ੍ਯਾ ਕਰਦੇ ਹਨ.

ਏਢਕ: ਮੀਢਾ. ਦੇਖੋ, ਏਡਕ ੨. "ਏਢਕ ਰੂਪ ਸੁ ਦੀਸਨ ਲਾਗਾ." (ਨਾਪ੍ਰ)

ਏਣ: ਸੰ. ਸੰਗਯਾ- ਕਾਲਾ ਮ੍ਰਿਗ. ਹਰਿਣ (ਹਰਨ). "ਬਿਨਾ ਸਸਤ੍ਰ ਝਾਰੇ ਭਏ ਏਣ ਜੈਸੇ." (ਗੁਪ੍ਰਸੂ) ੨. ਸੰ. ਅ੍ਰਨੇਨਸ੍ ਅਨੇਨਸ੍. ਵਿ- ਦੋਸ਼ ਰਹਿਤ. ਕਲੰਕ ਬਿਨਾ. "ਰਾਜਾ ਯੁਧਿਸ੍ਟ੍ਰ ਭੂ ਭਰਤ ਏਣ." (ਗਜਾਨ) ਦੋਸ਼ ਰਹਿਤ ਰਾਜਾ ਯੁਧਿਸ਼੍ਠਿਰ ਪ੍ਰਿਥਿਵੀ (ਪ੍ਰਜਾ) ਨੂੰ ਪਾਲਨ ਵਾਲਾ.

ਏਣਰਾਜ: ਸੰਗਯਾ- ਕਾਲਾ ਮ੍ਰਿਗ. ਹਰਿਣ (ਹਰਨ). ੨. ਮ੍ਰਿਗਰਾਜ. ਸਿੰਘ। ੩. ਚੰਦ੍ਰਮਾ. ਮ੍ਰਿਗ ਦਾ ਸੁਆਮੀ. "ਚੜਯੋ ਏਣਰਾਜੰ ਧਰੇ ਬਾਣ ਪਾਣੰ." (ਅਜਰਾਜ)

ਏਣੀ: ਸੰ. ਸੰਗਯਾ- ਹਰਿਣੀ (ਹਰਨੀ). ਮ੍ਰਿਗੀ.

ਏਣੀ ਪਤਿ: ਸੰਗਯਾ- ਹਰਿਣ (ਹਰਨ). ਕਾਲਾ ਮ੍ਰਿਗ.

ਏਤ: ਸਰਵ- ਇਸ. "ਏਤ ਛਡਾਈ ਮੋਹ ਤੇ." (ਬਿਲਾ ਮਃ ੫) ਇਸ ਮੋਹ ਤੋਂ ਛੁਡਾਈ। ੨. ਵਿ- ਇਤਨਾ। ੩. ਸੰ. ਆਇਆ ਹੋਇਆ.

ਏਤੱਝ: ਦੇਖੋ, ਏਤਿਹਯ.

ਏਤਤ, ਏਤਦ: ਸੰ. ਏਤਦ੍. ਸਰਵ- ਇਹ. ਯਹ. ਏਹ। ੨. ਕ੍ਰਿ. ਵਿ- ਐਸੇ. ਇਸ ਪ੍ਰਕਾਰ. ਇਉਂ.

ਏਤਦਾਲ: ਅ਼. اعتدال ਇਅ਼ਤਦਾਲ. ਸੰਗਯਾ- ਅਦਲ ਦਾ ਹੋਣਾ. ਸਮਭਾਵ. ਬਰਾਬਰੀ.

ਏਤਬਾਰ: ਫ਼ਾ. اعتبار ਇਅ਼ਤਬਾਰ. ਸੰਗਯਾ- ਭਰੋਸਾ. ਵਿਸ਼੍ਵਾਸ. ਯਕ਼ੀਨ.

ਏਤੜਾ, ਏਤੜੇ: ਵਿ- ਇਤਨਾ. ਇਤਨੇ. "ਮੈ ਤਨਿ ਅਵਗਣ ਏਤੜੇ." (ਵਾਰ ਸੂਹੀ ਮਃ ੧) "ਏਤੜਿਆ ਵਿਚਹੁ ਸੋ ਜਨ ਸਮਧਾ." (ਵਾਰ ਗੂਜ ੧, ਮਃ ੩) ਦੇਖੋ, ਸਮਧਾ.

ਏਤਾ: ਵਿ- ਇਤਨਾ. "ਏਤਾ ਭਵਿ ਥਕੀ." (ਮਾਰੂ ਅਃ ਮਃ ੧)

ਏਤਾਦ੍ਰਿਸ਼: ਸੰ. एताद्दश ਵਿ- ਜੋ ਵੇਖਣ ਵਿੱਚ ਏਹੋ ਜੇਹਾ ਹੋਵੇ. ਅਜੇਹਾ. ਐਹੋ ਜੇਹਾ.

ਏਤਾਵਨਮਾਤ੍ਰ: ਸੰ. एतावन्मात्र ਇਸ ਕ਼ਦਰ. ਏੱਤਾ. ਇਤਨਾ. ਕੇਵਲ ਇਤਨਾ.

ਏਤਿਹਜ, ਏਤਿੱਝ: ਸੰ. ऐतिझ ਸੰਗਜਾ- ਇਤਿ- ਹ- ਦਾ ਭਾਵ. ਇਸ ਤਰਾਂ ਹੋਣਾ ਅਰਥਾਤ- ਪਰੰਪਰਾ ਤੋਂ ਚਲੀ ਆਈ ਗੱਲ ਦਾ ਅੰਗੀਕਾਰ ਰੂਪ ਪ੍ਰਮਾਣ. ਪਰੰਪਰਾ ਪ੍ਰਸਿੱਧ ਬਾਤ. ਦੇਖੋ, ਪ੍ਰਮਾਣ.

ਏਤਿੜਾ: ਦੇਖੋ, ਏਤੜਾ.

ਏਤੁ: ਦੇਖੋ, ਏਤ. "ਏਤੁ ਮੋਹਿ ਡੂਬਾ ਸੰਸਾਰ." (ਆਸਾ ਮਃ ੧)

ਏਤੇ: ਇਤਨੇ. ਐਨੇ. ਇਸ ਕ਼ਦਰ. "ਏਤੇ ਗੁਣ ਏਤੀਆ ਚੰਗਿਆਈਆ." (ਪ੍ਰਭਾ ਮਃ ੧)

ਏਤੈ: ਵਿ- ਇਸ ਕ਼ਦਰ. ਇਤਨੇ. "ਏਤੈ ਜਲਿ ਵਰਸਦੈ ਤਿਖ ਮਰਹਿ." (ਵਾਰ ਮਲਾ ਮਃ ੩)

ਏਥਹ: ਦੇਖੋ, ਅਵਰਤਏਥਹ.

ਏਥਹੁ: ਕ੍ਰਿ. ਵਿ- ਇਸ ਥਾਂ ਤੋਂ. ਯਹਾਂ ਸੇ. "ਏਥਹੁ ਛੁੜਕਿਆ ਠਉਰ ਨ ਪਾਇ." (ਆਸਾ ਮਃ ੩)

ਏਥੇ, ਏਥੈ: ਕ੍ਰਿ. ਵਿ- ਇਸ ਥਾਂ. ਇਸ ਜਗਾ। ੨. ਇਸ ਲੋਕ ਵਿੱਚ. "ਏਥੈ ਓਥੈ ਨਾਨਕਾ ਕਰਤਾ ਰਖੈ ਪਤਿ." (ਜਸਾ)

ਏਦਾ, ਏਦਾਂ: ਕ੍ਰਿ. ਵਿ- ਇਸ ਢੰਗ ਨਾਲ. ਇਸ ਪ੍ਰਕਾਰ. ਇਉਂ.

ਏਦੂ, ਏਦੂੰ: ਇਸ ਤੋਂ. ਇਸ ਸੇ. "ਏਦੂ ਉਪਰਿ ਕਰਮ ਨਹੀਂ." (ਰਾਮ ਅਃ ਮਃ ੧)

ਏਧਰ: ਕ੍ਰਿ. ਵਿ- ਇਸ- ਧਰ. ਇਸ ਪਾਸੇ. ਇਸ ਤਰਫ। ੨. ਇਸ ਲੋਕ ਵਿੱਚ.

ਏਨ: ਦੇਖੋ, ਇਨ ਅਤੇ ਏਣ. "ਗਜਾਨ ਅਭਿਰਾਮ ਸ਼ੇਰ, ਮੋਹ ਸਮ ਏਨ ਕੀ." (ਗੁਪ੍ਰਸੂ) ਮੋਹ ਮ੍ਰਿਗ ਤੁੱਲ ਹੈ.

ਏਨਾ: ਵਿ- ਇਤਨਾ। ੨. ਸਰਵ- ਇਨ੍ਹਾਂ ਨੂੰ. "ਏਨਾ ਠਗਨਿ ਠਗ ਸੇ." (ਵਾਰ ਮਲਾ ਮਃ ੧)

ਏਨੀ: ਦੇਖੋ, ਏਣੀ। ੨. ਵਿ- ਇਤਨੀ। ੩. ਸਰਵ- ਇਨ੍ਹਾਂ ਨੇ. "ਏਨੀ ਠਗੀ ਜਗੁ ਠਗਿਆ." (ਵਾਰ ਮਲਾ ਮਃ ੧)

ਏਨੂੰ: ਦੇਖੋ, ਏਡੂਆ.

ਏਮ: ਦੇਖੋ, ਇਮ. "ਬੁਲਯੋ ਏਮ ਬਾਕੰ." (ਗਜਾਨ)

ਏਮਨਾਬਾਦ: ਜਿਲਾ ਗੁੱਜਰਾਂਵਾਲਾ ਦੀ ਤਸੀਲ ਵਿੱਚ ਇੱਕ ਨਗਰ, ਜੋ ਗੁੱਜਰਾਂਵਾਲੇ ਤੋਂ ਅੱਠ ਮੀਲ ਪੂਰਵ ਦੱਖਣ ਹੈ. ਇਸ ਦਾ ਪਹਿਲਾ ਨਾਉਂ 'ਸੈਦਪੁਰ' ਸੀ. ਸ਼ੇਰਸ਼ਾਹ ਨੇ ਇਸ ਨੂੰ ਤਬਾਹ ਕਰਕੇ ਨਵੀਂ ਆਬਾਦੀ ਦਾ ਨਾਉਂ ਸ਼ੇਰਗੜ੍ਹ ਰੱਖਿਆ. ਫੇਰ ਮੁਹੰਮਦ ਅਮੀਨ ਅਕਬਰ ਦੇ ਅਹਿਲਕਾਰ ਨੇ ਸ਼ੇਰਗੜ੍ਹ ਦਾ ਨਾਉਂ ਬਦਲਕੇ ਏਮਨਾਬਾਦ ਥਾਪਿਆ. ਸ਼੍ਰੀ ਗੁਰੂ ਨਾਨਕ ਦੇਵ ਸੈਦਪੁਰ ਵਿੱਚ ਭਾਈ ਲਾਲੋ ਤਖਾਣ ਸਿੱਖ ਦੇ ਘਰ ਕੁਝ ਕਾਲ ਵਿਰਾਜੇ ਹਨ. ਦੇਖੋ, ਭਾਗੂ ਮਲਿਕ.

ਕਿਤਨੇ ਵਿਦ੍ਵਾਨਾਂ ਦਾ ਖ਼ਿਆਲ ਹੈ ਕਿ ਸੰਮਤ ੧੫੭੮ ਵਿੱਚ ਗੁਰੂ ਨਾਨਕ ਦੇਵ ਨੇ ਜਦ ਬਾਬਰ ਤੋਂ ਸੈਦਪੁਰ ਦੇ ਵਸਨੀਕਾਂ ਨੂੰ ਗੁਲਾਮੀ ਤੋਂ ਛੁਡਵਾਕੇ ਜੰਗੀ ਕਾਨੂਨ ਤੋਂ ਅਮਾਨ ਦਿਵਾਈ, ਤਦ ਤੋਂ ਇਸ ਦਾ ਨਾਉਂ ਏਮਨਾਬਾਦ ایمن آباد ਹੋ ਗਿਆ ਹੈ. ਏਮਨਾਬਾਦ ਰੇਲਵੇ ਸਟੇਸ਼ਨ ਤੋਂ ਇਹ ਨਗਰ ੩. ਮੀਲ ਪੂਰਵ ਹੈ. ਏਮਨਾਬਾਦ ਵਿੱਚ ਇਹ ਗੁਰਦ੍ਵਾਰੇ ਹਨ-

(ੳ) ਖੂਹੀ ਭਾਈ ਲਾਲੋ ਕੀ. ਭਾਈ ਲਾਲੋ ਦੇ ਮਕਾਨ ਵਿੱਚ ਜੋ ਖੂਹੀ ਸੀ, ਇਸ ਦਾ ਜਲ ਗੁਰੂ ਨਾਨਕ ਦੇਵ ਛਕਦੇ ਅਤੇ ਇਸਨਾਨ ਲਈ ਵਰਤਦੇ ਰਹੇ.

(ਅ) ਚੱਕੀ ਸਾਹਿਬ. ਉਹ ਚੱਕੀ ਇੱਥੇ ਰੱਖੀ ਹੋਈ ਹੈ, ਜੋ ਸੈਦਪੁਰ ਦੇ ਕਤਲਾਮ ਵੇਲੇ ਆਮ ਕੈਦੀਆਂ ਵਿੱਚ ਫੜੇ ਗਏ ਗੁਰੂ ਨਾਨਕ ਦੇਵ ਨੂੰ ਦਾਣਾ ਪੀਹਣ ਲਈ ਦਿੱਤੀ ਗਈ ਸੀ. ਅਤੇ ਜਗਤਗੁਰੂ ਨੇ ਬਾਦਸ਼ਾਹ ਤੋਂ ਸਾਰੇ ਕੈਦੀ ਛੁਡਵਾਏ ਸਨ. ਇਸ ਅਸਥਾਨ ਨੂੰ ੧੪. ਘੁਮਾਉਂ ਜ਼ਮੀਨ ਹੈ. ਮੇਲਾ ਵੈਸਾਖੀ ਨੂੰ ਲਗਦਾ ਹੈ.

(ੲ) ਰੋੜੀ ਸਾਹਿਬ. ਸ਼ਹਿਰ ਤੋਂ ਨੈਰਤ ਕੋਣ ਅੱਧ ਮੀਲ ਪੁਰ ਗੁਰੁਦ੍ਵਾਰਾ ਹੈ. ਇਸ ਥਾਂ ਗੁਰੂ ਨਾਨਕ ਦੇਵ ਰੋੜਾਂ ਦੇ ਆਸਨ ਤੇ ਵਿਰਾਜਕੇ ਧ੍ਯਾਨਪਰਾਇਣ ਹੁੰਦੇ ਸਨ. ਮਹਾਰਾਜਾ ਰਣਜੀਤ ਸਿੰਘ ਵੇਲੇ ਦੀ ਹਜ਼ਾਰ ਰੁਪਯੇ ਸਾਲਾਨਾ ਜਾਗੀਰ ਹੈ, ਅਤੇ ਗੁਰੁਦ੍ਵਾਰੇ ਨੂੰ ੯. ਮੁਰੱਬੇ ਜ਼ਮੀਨ ਭੀ ਹੈ. ਦਰਬਾਰ ਅਤੇ ਰਿਹਾਇਸ਼ੀ ਮਕਾਨ ਸੁੰਦਰ ਬਣੇ ਹੋਏ ਹਨ. ਵੈਸਾਖੀ ਅਤੇ ਕੱਤਕ ਦੀ ਪੂਰਣਮਾਸੀ ਨੂੰ ਮੇਲਾ ਲਗਦਾ ਹੈ.

ਏਰਣਾ, ਏਰਨਾ: ਸੰ. ग्रारणय. ਆਰਣ੍ਯ. ਵਿ- ਜੰਗਲੀ. ਅਰਣ੍ਯ (ਜੰਗਲ) ਨਾਲ ਹੈ ਸੰਬੰਧ ਜਿਸ ਦਾ.

ਏਰਨਾ ਗੋਹਾ: ਸੰਗ੍ਯਾ- ਆਰਨ੍ਯ ਗੋਮਯ. ਜੰਗਲੀ ਗੋਬਰ. ਆਰਣ੍ਯੋਪਲ.

ਏਰਾਕ: ਦੇਖੋ, ਇਰਾਕ.

ਏਰਾਕੀ: ਦੇਖੋ ਇਰਾਕੀ.

ਏਰਾਵਤ: ਦੇਖੋ, ਐਰਾਵਤ.

ਏਰਾਵਤੀ: ਦੇਖੋ, ਰਾਵੀ.

ਏਰੰਡ: ਸੰ. एरणड. ਸੰਗ੍ਯਾ- ਇਰੰਡ. ਰੇਂਡ. ਇੱਕ ਬੂਟਾ, ਜਿਸ ਦੇ ਬੀਜਾਂ ਦਾ ਤੇਲ ਜਲਾਉਂਣ, ਕਲਾਂ ਦੇ ਲਾਉਣ ਅਤੇ ਜੁਲਾਬ ਆਦਿ ਲਈ ਵਰਤੀਦਾ ਹੈ. ਇਸ ਦੀ ਤਾਸੀਰ ਗਰਮ ਤਰ ਹੈ. ਇਹ ਸੂਲ, ਜੋੜਾਂ ਦਾ ਦਰਦ ਅਤੇ ਕਫ ਨਾਸ਼ ਕਰਨ ਵਾਲਾ ਹੈ. ਇਸ ਦੇ ਪੱਤੇ ਸੋਜ ਅਤੇ ਫੋੜੇ ਤੇ ਬੱਧੇ ਗੁਣਕਾਰੀ ਹਨ. L. Ricinus Communis। ੨. ਸਕੰਦ ਪੁਰਾਣ ਅਨੁਸਾਰ ਇੱਕ ਤੀਰਥ.

ਏਲਚੀ: ਤੁ. ایلچی ਸੰਗ੍ਯਾ- ਰਾਜਦੂਤ. ਵਕੀਲ। ੨. ਕਿਸੇ ਰਾਜ ਦਾ ਪ੍ਰਤਿਨਿਧ. Envoy.

ਏਲਵਿਲ: ਸੰਗ੍ਯਾ- ਇਲਵਿਲਾ ਦੇ ਉਦਰ ਤੋਂ ਜਨਮਿਆ ਹੋਇਆ, ਕੁਬੇਰ. ਦੇਖੋ, ਇਲਵਿਲਾ.

ਏਲਾ: ਇਲਾਚੀ. ਦੇਖੋ, ਇਲਾਯਚੀ। ੨. ਇੱਕ ਮਾਤ੍ਰਿਕ ਛੰਦ, ਜਿਸ ਦੇ ਤਿੰਨ ਚਰਣ ਹੁੰਦੇ ਹਨ. ਪ੍ਰਤਿ ਚਰਣ ਚੌਬੀਹ ਮਾਤ੍ਰਾ. ਪਹਿਲਾ ਵਿਸ਼੍ਰਾਮ ਗ੍ਯਾਰਾਂ ਤੇ, ਦੂਜਾ ਤੇਰਾਂ ਤੇ, ਅੰਤ ਦੋ ਗੁਰੁ.[160]

ਉਦਾਹਰਣ-

"ਨਹਿ ਲੈਹੈਂ ਹਰਿਨਾਮ, ਦਾਨ ਕਾਹੂੰ ਨਹਿਂ ਦੈਹੈਂ."

(ਕਲਕੀ)

(ਅ) ਏਲਾ ਦਾ ਦੂਜਾ ਰੂਪ- ਚਾਰ ਚਰਣ, ਪ੍ਰਤਿ ਚਰਣ ਸ- ਜ- ਨ- ਨ- ਯ. ||S, |S|, |||, |||, |SS. ਪੰਜ ਅਤੇ ਦਸ ਅੱਖਰਾਂ ਪੁਰ ਵਿਸ਼੍ਰਾਮ.

ਉਦਾਹਰਣ-

"ਜਗ ਮੇ ਨਹੀ, ਸੁਖ ਤਨਿਕ ਕਰ ਵਿਚਾਰੋ." xxx

੩. ਸੰ. ਧਾ- ਕ੍ਰੀੜਾ ਕਰਨਾ. ਖੇਲਨਾ.

---

[160] ਜੇ ਇਸ ਛੰਦ ਦੇ ਚਾਰ ਚਰਣ ਹੋਣ ਅਤੇ ਅੰਤ ਦੋ ਗੁਰੁ ਦਾ ਨਿਯਮ ਨਾ ਹੋਵੇ, ਤਦ ਰੋਲਾ ਛੰਦ ਕਹਾਵੇਗਾ.

ਏਲਾਨ: ਅ. إعلان ਇਅ਼ਲਾਨ. ਸੰਗਯਾ- ਹੁਕਮ. ਆਗਯਾ। ੨. ਆਗਯਾਪਤ੍ਰ। ੩. ਇੱਤ਼ਲਾਅ਼ਨਾਮਾ. ਨੋਟਿਸ. ਵਿਗ੍ਯਾਪਨ.

ਏਵ: ਕ੍ਰਿ. ਵਿ- ਇਉਂ. ਇਸ ਪ੍ਰਕਾਰ. ਐਸੇ. ਇਸ ਢਬ. "ਏਵ ਭਿ ਆਖਿ ਨ ਜਾਪਈ." (ਵਾਰ ਆਸਾ) ੨. ਸੰ. ਵ੍ਯ- ਨਿਸ਼ਚੇ ਨਾਲ. ਯਕੀਨਨ। ੩. ਭੀ। ੪. ਹੀ.

ਏਵਜ: ਦੇਖੋ, ਇਵਜ.

ਏਵਡ, ਏਵਡੁ: ਇਤਨਾ ਵਡਾ. "ਏਵਡੁ ਊਚਾ ਹੋਵੈ ਕੋਇ." (ਜਪੁ)

ਏਵਮਸਤੁ, ਏਵਮਸ੍ਤੁ: ਸੰ. ਵ੍ਯ- ਏਵੰ- ਅਸ੍ਤੁ. ਐਸੇ ਹੀ ਹੋ. ਅਜਿਹਾ ਹੋਵੇ.

ਏਵੜ: ਇਤਨਾ ਵਡਾ. "ਨਖ ਏਵੜ ਹੈ ਜਾਂਕੋ." (ਬੰਨੋ)

ਏਵੇ, ਏਵੇਂ, ਏਵੈ, ਏਵੈਂ, ਏਵੰ: ਵ੍ਯ- ਇਉਂ ਹੀ. ਇਸੇ ਤਰਾਂ. ਯੌਂਹੀ। ੨. ਭਾਵ- ਵ੍ਰਿਥਾ. ਨਿਸ਼ਫਲ. "ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ." (ਵਡ ਮਃ ੧. ਅਲਾਹਣੀਆਂ) ੩. ਸੰ. एवं. ਇਸੇ ਤਰਾਂ ਦਾ। ੪. ਇਸ ਪ੍ਰਕਾਰ. "ਨਾਨਕ ਏਵੈ ਜਾਣੀਐ." (ਵਾਰ ਆਸਾ)

ਸ: ਪੰਜਾਬੀ ਵਰਣਮਾਲਾ ਦਾ ਚੌਥਾ ਅੱਖਰ. ਇਸ ਦਾ ਉੱਚਾਰਣ ਅਸਥਾਨ ਦੰਦ ਹੈ[161] ੨. ਕ੍ਰਿ- ਅਸ੍ਤਿ ਦਾ ਸੰਖੇਪ. ਹੈ. "ਕਿ ਅਗੰਜਸ ਕਿ ਅਭੰਜਸ." (ਗ੍ਯਾਨ) ੩. ਸੰ. श- ਸ਼. ਸੰਗ੍ਯਾ- ਸ਼ਿਵ. ਮਹਾਦੇਵ। ੪. ਸ਼ਸਤ੍ਰ। ੫. ਮਨ। ੬. ਸੌਣਾ. ਸ਼ਯਨ। ੭. ਮੰਗਲ. ਕਲ੍ਯਾਣ। ੮. ਸੰ. स. ਈਸ਼੍ਵਰ. ਪਰਮਾਤਮਾ। ੯. ਸੱਪ. ਸਰਪ। ੧੦. ਪੰਛੀ। ੧੧. ਪੌਣ. ਹਵਾ। ੧੨. ਚਮਕ. ਪ੍ਰਕਾਸ਼। ੧੩. ਚੰਦ੍ਰਮਾ। ੧੪. ਗ੍ਯਾਨ। ੧੫. ਚਿੰਤਾ। ੧੬. ਸੜਕ। ੧੭. ਛੰਦਸ਼ਾਸਤ੍ਰ ਅਨੁਸਾਰ ਸਗਣ ਦਾ ਸੰਖੇਪ ਨਾਉਂ। ੧੮. ਉਪ. ਸਾਥ. ਨਾਲ. ਸਹਿਤ. ਇਸ ਦੀ ਵਰਤੋਂ ਸ਼ਬਦ ਦੇ ਆਦਿ ਹੁੰਦੀ ਹੈ, ਜੈਸੇ- "ਰੋਗੀ ਬ੍ਰਹਮਾ ਬਿਸਨ ਸਰੁਦ੍ਰਾ." (ਭੈਰ ਅਃ ਮਃ ੧) "ਗੁਰਮੁਖਿ ਨਿਬਹੈ ਸਪਰਿਵਾਰ" (ਸਿਧਗੋਸਟਿ) ੧੯. ਸਰਵਉਹ. ਵਹ. "ਸੁਪਚ ਤੁਲਿ ਸ ਮਾਨਿ." (ਕੇਦਾ ਰਵਿਦਾਸ) ਉਸ ਨੂੰ ਚੰਡਾਲ ਸਮਾਨ ਜਾਣ। ੨੦. ਫ਼ਾ. ش ਉਸ ਦਾ. ਉਸ ਨੂੰ. ਇਸ ਦੀ ਵਰਤੋਂ ਸ਼ਬਦ ਦੇ ਅੰਤ ਹੁੰਦੀ ਹੈ, ਜੈਸੇ ਕ਼ਲਮਸ਼ (ਉਸ ਦੀ ਕ਼ਲਮ).

ਸਉ: ਸੰ. ਸ਼ਤ. ਸੰਗ੍ਯਾ- ਸੌ. ਸੈਂਕੜਾ. "ਬਹੁਤੁ ਪ੍ਰਤਾਪੁ ਗਾਂਉ ਸਉ ਪਾਏ." (ਸਾਰੰ ਕਬੀਰ) ੨. ਸੰ. ਸ਼ਯਨ. ਸੌਣਾ. "ਸਉ ਨਿਸੁਲ ਜਨ ਟੰਗ ਧਰਿ." (ਵਾਰ ਬਿਲਾ ਮਃ ੪) "ਨਿਤ ਸੁਖ ਸਉਦਿਆ." (ਸੂਹੀ ਛੰਤ ਮਃ ੪) ੩. ਸੰ. ਸ਼ਪਥ. ਸੁਗੰਦ. ਸੌਂਹ. "ਸਾਚ ਕਹੌਂ ਅਘ ਓਘ ਦਲੀ ਸਉ." (ਦੱਤਾਵ) ੪. ਵ੍ਯ- ਸਹ. ਸਾਥ. "ਪਾਖੰਡ ਧਰਮ ਪ੍ਰੀਤਿ ਨਹੀ ਹਰਿ ਸਉ." (ਮਾਰੂ ਸੋਲਹੇ ਮਃ ੧) ੫. ਨੂੰ. ਪ੍ਰਤਿ. "ਮੋ ਸਉ ਕੋਊ ਨ ਕਹੈ ਸਮਝਾਇ." (ਗਉ ਰਵਿਦਾਸ) ੬. ਤੋਂ. ਪਾਸੋਂ. ਦੇਖੋ, ਸਉ ਪਾਈ. ੭. ਫ਼ਾ. شو ਸ਼ੌ. ਸੰਗ੍ਯਾ- ਪਤਿ. ਭਰਤਾ. ਸ੍ਵਾਮੀ. "ਕਹੁ ਨਾਨਕ ਸਉ ਨਾਹ." (ਵਾਰ ਆਸਾ) "ਕੁਲਹ ਸਮੂਹ ਉਧਾਰਨ ਸਉ." (ਸਵੈਯੇ ਮਃ ੫. ਕੇ)

ਸਉਂਹ: ਦੇਖੋ, ਸੌਂਹ.

ਸਉਹੇ, ਸਉਹੇਂ: ਕ੍ਰਿ. ਵਿ- ਸਨਮੁਖ. ਮੁਕਾਬਲੇ ਵਿੱਚ. ਸਾਮ੍ਹਣੇ. "ਸਉਹੇ ਉਤਰੁ ਦੇਇ." (ਓਅੰਕਾਰ)

ਸਉਕਣ, ਸਉਕਨਿ: ਸੰ. सप.त्नी. ਸਪਤ੍ਨੀ. ਸੰਗ੍ਯਾ- ਉਸੇ ਪਤੀ ਦੀ ਦੂਜੀ ਇਸਤ੍ਰੀ. ਸੌਕਣ. "ਸਉਕਨਿ ਘਰ ਕੀ ਕੰਤ ਤਿਆਗੀ." (ਆਸਾ ਮਃ ੫)

ਸਉਖ: ਦੇਖੋ, ਸੌਖ.

ਸਉਗਾਤ: ਦੇਖੋ, ਸੁਗਾਤ.

---

[161] ਜਦ ਇਹ ਸ਼ (श) ਦਾ ਰੂਪ ਹੈ ਤਦ ਉੱਚਾਰਣ ਅਸਥਾਨ ਤਾਲੂ ਹੈ. ਜਦ ਸ਼ (ष) ਹੈ ਤਦ ਉੱਚਾਰਣ ਅਸਥਾਨ ਮੂਧਾ (ਮੱਥਾ) ਹੈ.

ਸਉਂਡਿ: ਸੰ. शुण्डिन. ਸ਼ੁੰਡੀ. ਸੰਗਯਾ- ਸੁੰਡ (ਸ਼ੁੰਡਾ) ਵਾਲਾ ਹਾਥੀ. ਗਜ. ਕਰੀ। ੨. ਦੇਖੋ, ਸੁੰਡਾ ਅਤੇ ਸੌਂਡੀ.

ਸਉਂਡਿਅਰਿ, ਸਉਂਡਿਆਰਿ: ਸੰਗਯਾ- ਸ਼ੁੰਡੀ (ਹਾਥੀ) ਦਾ ਵੈਰੀ ਸ਼ੇਰ. (ਸਨਾਮਾ)

ਸਉਂਡਿਨੀ: ਸੰਗਯਾ- ਸ਼ੁੰਡੀ (ਹਾਥੀਆਂ) ਵਾਲੀ ਸੈਨਾ. ਗਜਸੈਨਾ. (ਸਨਾਮਾ)

ਸਉਡੀ: ਸੰ. सोढृ- ਸੋਢ੍ਰਿ. ਵਿ- ਸਹਾਰਨ ਵਾਲਾ. "ਮਹਾ ਸਸਤ੍ਰ ਸਉਡੀ." (ਰਾਮਾਵ) ੨. ਦੇਖੋ, ਸੌਂਡੀ.

ਸਉਂਡੀ: ਦੇਖੋ, ਸੌਂਡੀ.

ਸਉਂਡਜਾਂਤਕ: ਸੰਗਯਾ- ਸ਼ੁੰਡੀ (ਹਾਥੀ) ਦਾ ਅੰਤ ਕਰ ਦੇਣ ਵਾਲਾ, ਸ਼ੇਰ. (ਸਨਾਮਾ)

ਸਉਂਡਜਾਂਤਕ ਧੁਨਿਨੀ: ਸੰਗਯਾ- ਸ਼ੁੰਡੀ (ਹਾਥੀ) ਦਾ ਅੰਤ ਕਰ ਦੇਣ ਵਾਲਾ ਸ਼ੇਰ, ਉਸ ਜੇਹੀ ਆਵਾਜ਼ ਕਰਨ ਵਾਲੀ, ਬੰਦੂਕ. (ਸਨਾਮਾ)

ਸਉਣ: ਸੰ. ਸ਼ਯਨ. ਸੰਗਯਾ- ਸੋਣਾ. ਨੀਂਦ ਲੈਣੀ। ੨. ਸੰ. ਸ਼ਕੁਨ. ਭਲਾ ਅਥਵਾ ਬੁਰਾ ਫਲ ਸੂਚਕ ਕਾਰਣ ਅਤੇ ਚਿੰਨ੍ਹ ਆਦਿਕ. "ਸੋਈ ਸਾਸਤੁ ਸਉਣ ਸੋਇ." (ਸ੍ਰੀ ਮਃ ੫) ਦੇਖੋ, ਅਪਸਗੁਨ ਅਤੇ ਸਕੁਨ.

ਸਉਣਸਾਸਤ, ਸਉਣਸਾਸਤ੍ਰ: ਸੰ. ਸ਼ਕੁਨ ਸ਼ਾਸ੍ਤ੍ਰ. ਸੰਗਯਾ- ਉਹ ਸ਼ਾਸਤ੍ਰ ਜਿਸ ਤੋਂ ਭਲੇ ਬੁਰੇ ਸ਼ਗਨਾਂ ਦਾ ਫਲ ਜਾਣਿਆ ਜਾਵੇ. "ਛਨਿਛਰਵਾਰ ਸਉਣਸਾਸਤ ਬੀਚਾਰੁ." (ਬਿਲਾ ਵਾਰ ੭) "ਪ੍ਰਭੂ ਹਮਾਰੈ ਸਾਸਤ੍ਰਸਾਉਣ." (ਭੈਰ ਮਃ ੫)

ਸਉਣਾ: ਕ੍ਰਿ- ਸੌਣਾ. ਸ਼ਯਨ ਕਰਨਾ. "ਬਾਬਾ, ਹੋਰ ਸਉਣਾ ਖੁਸੀ ਖੁਆਰੁ." (ਸ੍ਰੀ ਮਃ ੧)

ਸਉਤ: ਦੇਖੋ, ਸਉਕਣ ਅਤੇ ਸਉਤੁ.

ਸਉਤਨਿ: ਸਪਤਨੀ. ਸੌਕਣ ਦੇਖੋ, ਸਉਕਨਿ.

ਸਉਤੁ: ਸੰ. ਸਪੁਤ੍ਰ. ਪੁਤ੍ਰ ਵਾਲਾ. ਔਲਾਦ ਵਾਲਾ. "ਸਫਲੁ ਜਨਮੁ ਹਰਿਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ." (ਦੇਵ ਮਃ ੫) ੨. ਦੇਖੋ, ਸਉਤਨਿ.

ਸਉਦਰਜ: ਸੰ. सौन्दर्य. ਸੌਂਦਯੰ. ਸੰਗਯਾ- ਸੁੰਦਰ ਹੋਣ ਦਾ ਭਾਵ. ਖੂਬਸੂਰਤੀ. "ਦਿਪੈ ਜੋਤਿ ਸਉਦਰਜ ਧਾਰੇ ਅਨੂਪੰ" (ਨਰਾਵ) ੨. ਸੰ. सौन्दर्य- ਸੌਂਦਯੰ. ਸਹੋਦਰਤਾ. ਸਕੇ ਭਾਈ ਦਾ ਸੰਬੰਧ.

ਸਉਦਾ: ਤੁ. سَوْدا ਸੌਦਾ. ਸੰਗਯਾ- ਲੈਣ ਦੇਣ. ਖ਼ਰੀਦ ਫ਼ਰੋਖ਼ਤ. ਕ੍ਰਯਵਿਕ੍ਰਯ. "ਸਚ ਸਉਦਾ ਵਾਪਾਰ." (ਸ੍ਰੀ ਮਃ ੧) "ਬੰਧਨ ਸਉਦਾ ਅਣਵੀਚਾਰੀ." (ਆਸਾ ਅਃ ਮਃ ੧) ੨. ਖਰੀਦਣ ਯੋਗ੍ਯ ਵਸਤੁ. ਜਿਸ ਵਸਤੁ ਦਾ ਵਪਾਰ ਕਰੀਏ. "ਨਾਨਕ ਹਟ ਪਟਣ ਵਿਚਿ ਕਾਇਆ ਹਰਿ ਲੈਦੇ ਗੁਰਮੁਖਿ ਸਉਦਾ ਜੀਉ." (ਮਾਝ ਮਃ ੪) ੩. ਅ. سودا ਸੌਦਾ. ਇੱਕ ਤੱਤ, ਜਿਸ ਦਾ ਰੰਗ ਸਿਆਹ ਹੈ. ਵਾਤ. ਵਾਯੁ। ੪. ਫ਼ਾ. ਸੌਦਾ ਤੱਤ ਦੀ ਅਧਿਕਤਾ ਕਰਕੇ ਹੋਇਆ ਇੱਕ ਦਿਮਾਗ ਦਾ ਰੋਗ. ਸਿਰੜ. ਦੇਖੋ, ਉਦਮਾਦ। ੫. ਦੇਖੋ, ਸਉਂਦਾ.

ਸਉਂਦਾ: ਸ਼ਯਨ ਕਰਦਾ. ਸੌਂਦਾ. "ਸਉਂਦੇ ਵਾਹੁ ਵਾਹੁ ਉਚਰਹਿ." (ਵਾਰ ਗਉ ੧. ਮਃ ੪)

ਸਉਦਾਈ: ਵਿ- ਸੌਦਾ ਤੱਤ ਦੀ ਅਧਿਕਤਾ ਵਾਲਾ, ਸੁਦਾਈ. ਸਿਰੜੀ. ਪਾਗਲ, ਦੇਖੋ, ਸਉਦਾ ੪.

ਸਉਦਾਗਰ: ਫ਼ਾ. سوداگر ਵਿ- ਸੌੱਦਾ (ਵਪਾਰ) ਕਰਨ ਵਾਲਾ. ਵਪਾਰੀ. ਵਣਿਕ.

ਸਉਦਾਗਰੀ: ਫ਼ਾ. سَوْداگری ਸੌਦਾਗਰੀ. ਸੰਗਯਾ- ਸੌੱਦਾ ਕਰਨ ਦੀ ਕ੍ਰਿਯਾ. ਵਾਣਿਜ੍ਯ. ਤਜਾਰਤ. ਵਪਾਰ. "ਸੁਣਿ ਸਾਸਤ ਸਉਦਾਗਰੀ." (ਸੋਰ ਮਃ ੧)

ਸਉਪਣਾ, ਸਉਪਨਾ: ਸੰ. समर्पण- ਸਮਪੰਣ. ਸੰ- ਅਰਪਣ. ਫ਼ਾ. سپردن ਸਿਪੁਰਦਨ. ਸੰਗਯਾ- ਸਪੁਰਦ ਕਰਨ ਦੀ ਕ੍ਰਿਯਾ. ਸੌਂਪਨਾ. ਹਵਾਲੇ ਕਰਨਾ. "ਤਨੁ ਮਨੁ ਸਉਪੀ ਆਗੈ ਧਰੀ." (ਸੂਹੀ ਅਃ ਮਃ ੩) "ਕੁੰਜੀ ਗੁਰੁ ਸਉਪਾਈ." (ਗਉ ਮਃ ੫) ਕਰਤਾਰ ਨੇ ਖਜਾਨੇ ਦੀ ਕੁੰਜੀ ਗੁਰੂ ਦੇ ਹਵਾਲੇ ਕੀਤੀ ਹੈ.[162]

ਸਉਪਾਈ: ਸੌਂਪੀ. ਸਿਪੁਰਦ ਕੀਤੀ. ਦੇਖੋ, ਸਉਪਣਾ.

ਸਉਪਿ: ਕ੍ਰਿ. ਵਿ- ਸਮਰਪਣ ਕਰਕੇ. ਸੌਂਪਕੇ. "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ." (ਅਨੰਦੁ)

ਸਉਰ: ਦੇਖੋ, ਸਉਰਣਾ। ੨. ਸੰ. स्वैर. ਸ੍ਵੈਰ. ਸੰਗ੍ਯਾ- ਸ੍ਵ ਇੱਛਾ. ਆਪਣੀ ਮਰਜੀ. ੩. ਆਪਣੀ ਇੱਛਾ ਅਨੁਸਾਰ ਵਿਚਰਣ ਦੀ ਕ੍ਰਿਯਾ. "ਔਰ ਪਿਖੈਂ ਗਜਗਾਮਨਿ ਸਉਰੈਂ" (ਕ੍ਰਿਸਨਾਵ) ੪. ਵਿ- ਆਪਣੀ ਮਰਜੀ ਕਰਨ ਵਾਲਾ.

ਸਉਰਣਾ: ਕ੍ਰਿ- ਦੁਰੁਸਤ ਹੋਣਾ. ਸੁਧਰਨਾ. ਸੰਵਰਨਾ। ੨. ਸੌਰਭ (ਸੁਗੰਧ) ਸਾਥ ਹੋਣਾ. ਸੁਰਭਿਤ ਹੋਣਾ. ਮਹਿਕਣਾ. "ਜਾਕੀ ਵਾਸੁ ਬਨਾਸਪਤਿ ਸਉਰੈ." (ਪ੍ਰਭਾ ਮਃ ੧)

ਸਉਰੁ: ਵਿ- ਉਰ (ਪੱਟ) ਸਹਿਤ। ੨. ਵਾ- ਸੋਂ- ਅਰੁ ਦਾ ਸੰਖੇਪ. ਸ਼ਾਥ- ਅਤੇ. "ਬੈਰ ਪਰਜੋ ਹਮਰੋ ਹਰਿ ਸਉਰੁ ਕਲੰਕ ਚਢਜੋ." (ਕ੍ਰਿਸਨਾਵ) ਹਰਿ ਨਾਲ ਵੈਰ ਪਿਆ ਅਤੇ ਕਲੰਕ ਚੜ੍ਹਿਆ.

ਸਉਰੈ: ਦੇਖੋ, ਸਉਰਣਾ.

ਸਉਲਾ: ਸਵੱਲਾ. ਸਸਤਾ। ੨. ਸੁਗਮ. ਸੌਖਾ। ੩. ਸੰ. सबल. ਸਬਲ. ਵਿ- ਬਲ ਸਹਿਤ. ਜ਼ੋਰਾਵਰ। ੪. सोल्लास ਸ ਉੱਲਾਸ. ਪ੍ਰਸੰਨਤਾ ਸਹਿਤ. ਰੀਝਿਆ. "ਜਿਸੁ ਸਤਿਗੁਰੁ ਪੁਰਖ ਪ੍ਰਭੁ ਸਉਲਾ." (ਵਾਰ ਕਾਨ ਮਃ ੪) ੫. ਸ਼ਜਾਮਲ. ਸਾਉਲਾ. ਸਾਂਵਲਾ.

ਸਉੜ, ਸਉੜਾ, ਸਉੜਿ, ਸਉੜੀ: ਵਿ- ਸੰਕੁਚਿਤ. ਤੰਗ. ਭੀੜਾ. ਭੀੜੀ. "ਨੱਚ ਨ ਜਾਣਈ ਆਖੈ ਭੁਇ ਸਉੜੀ." (ਭਾਗੁ) ੨. ਸੰਗਯਾ- ਸੌਣ ਸਮੇਂ ਓਢਣ ਦਾ ਵਸਤ੍ਰ. "ਉਘੈ ਸਉੜ ਪਲੰਘ." (ਵਾਰ ਮਲਾ ਮਃ ੧) ਉਨੀਂਦ੍ਰੇ ਨੂੰ ਸੋਤ ਅਤੇ ਮੰਜੇ ਨਾਲ ਪਿਆਰ ਹੈ. "ਜੇ ਜੂੰਅ ਸਉੜੀ ਸੰਜਰੀ ਰਾਜਾ ਨ ਭਤਾਰ." (ਭਾਗੁ) ਜੇ ਸੋਤ ਵਿੱਚ ਜੂਆਂ ਫੈਲ ਜਾਣ, ਤਦ ਉਸ ਦਾ ਮਾਲਿਕ ਬਹੁਤੇ ਜੀਵਾਂ ਦਾ ਸ੍ਵਾਮੀ ਹੋਣ ਕਰਕੇ ਰਾਜਾ ਨਹੀਂ ਹੋ ਸਕਦਾ.

ਸਊਅਨ: ਸਾਊਆਂ ਨੂੰ. ਸਾਊਆਂ ਦੇ. ਦੇਖੋ, ਸਊਆ.

ਸਊਆ: ਦੇਖੋ, ਸਾਊ. "ਰਾਜਾ ਕੋ ਨਜੋਤਾ ਕਹਜੋ ਸਊਅਨ ਸਹਿਤ ਬੁਲਾਇ." (ਚਰਿਤ੍ਰ ੫੮)

ਸਊਹਾਗ, ਸਊਭਾਗ: ਸੰ. सौभाग्य- ਸੌਭਾਗਜ. ਸੰਗਯਾ- ਖੁਸ਼- ਨਸੀਬੀ। ੨. ਸੁਹਾਗ ਦੀ ਦਸ਼ਾ. ਪਤੀ ਦਾ ਸਿਰ ਤੇ ਕਾਇਮ ਰਹਿਣਾ. "ਸਊਹਾਗ ਭਾਗ ਬਹੁ ਬਿਧਿ ਲਸੰਤ." (ਦੱਤਾਵ)

ਸਊਰ: ਸੰਗਯਾ- ਸਵਾਰ. ਘੋੜਚੜ੍ਹਾ. ਅਸ਼੍ਵਾਰੋਹ. "ਸੰਗ ਸਊਰ ਇਕਾਦਸ਼ ਕਰੇ." (ਗੁਪ੍ਰਸੂ) "ਇਤੈ ਸਊਰ ਪਠਾਵਤ ਭਏ." (ਵਿਚਿਤ੍ਰ) ੨. ਅ਼. شعوٗر ਸ਼ਊਰ. ਸਮਝ. ਬੁੱਧਿ. ਗਯਾਨ.

ਸਊਰਭ: ਦੇਖੋ, ਸੌਰਭ.

ਸਓਤਾ, ਸਓਤੀ: ਵਿ- ਸਪੁਤ੍ਰ, ਸਪੁਤ੍ਰੀ. ਸੰਤਾਨ ਵਾਲਾ, ਵਾਲੀ। ੨. समर्घ. ਸਮਘੰ. ਸਸਤਾ ਸਸਤੀ. ਦੇਖੋ, ਅਰਘ. "ਗਿਆ ਦੇ ਵਣਿਜ ਸਓਤਾ." (ਭਾਗੁ) "ਇਹ ਖੇਪ ਸਓਤੀ." (ਭਾਗੁ)

ਸਅਦ, ਸਅ਼ਦ: ਅ਼. سعد ਵਿ- ਭਲਾ। ੨. ਨੇਕਬਖ਼ਤ. ਸੁਭਾਗੀ. ਦੇਖੋ, ਸਾਦਤਮੰਦ.

---

[162] ਇਸ ਤੁਕ ਦਾ ਪਾਠ-"ਕੁੰਜੀ ਗੁਰੁ ਸਉ ਪਾਈ." ਸ਼ੁੱਧ ਨਹੀਂ ਹੈ.

ਸਇ: ਸੰਗਜਾ- ਸ਼ਤ. ਸੌ। ੨. ਦੇਖੋ, ਸ਼ਯ.

ਸਇਆਨਾ: ਸੰਗਜਾ- ਸਦ ਗਜਾਨ. ਉੱਤਮ ਗਜਾਨ। ੨. ਵਿ- ਸਦ ਗਜਾਨੀ. ਸਿਆਣਾ. ਸੁਗਜਾਨੀ. "ਘ੍ਰਿਤ ਕਾਰਨ ਦਧਿ ਮਥੈ ਸਇਆਨ." (ਭੈਰ ਰਵਿਦਾਸ)

ਸਇਆਨਪ: ਸੰਗਜਾ- ਸੁਗਜਾਨਤਾ. ਦਾਨਾਈ. ਸੁਜਾਨਪਨ. ੨. ਚਤੁਰਾਈ। ੩. ਚਾਲਾਕੀ। ੪. ਕ੍ਰਿਪਣਤਾ. ਕੰਜੂਸੀ.

ਸਇਆਨਾ: ਦੇਖੋ, ਸਇਆਨ ੨.

ਸਇੰਦ: ਰਥ. ਦੇਖੋ, ਸਜੰਦਨ. "ਗਜ ਬਾਜਿ ਸਵਾਰ ਸਇੰਦ ਚਲੇ." (ਸਲੋਹ)

ਸਈ: ਵਿ- ਸ਼ਤੀ. ਸੌ ਦਾ ਸਮੁਦਾਯ. ਸਦੀ। ੨. ਸ੍ਵਯੰ ਹੋਈ ਖੇਤੀ. ਆਪੇ ਉਪਜੀ ਖੇਤੀ। ੩. ਸੰਗਜਾ- ਸ੍ਵਾਮੀ. ਸਾਂਈ। ੪. ਸਖੀ. "ਚਰਚਾ ਜਬ ਜਾ ਉਨ ਸਈਅਨ ਕੀ." (ਕ੍ਰਿਸਨਾਵ) ੫. ਅ਼. سعی ਸਈ਼. ਯਤਨ. ਕੋਸ਼ਿਸ਼.

ਸਈਅਦ: ਦੇਖੋ, ਸੱਯਦ ਅਤੇ ਸੈਯਦ.

ਸਈਆਹ, ਸਈਆਹ਼: ਅ਼. سیّاح ਸਫ਼ਰ ਕਰਨ ਵਾਲਾ. ਦੇਸ਼ ਦੇਸ਼ਾਂਤਰਾਂ ਵਿੱਚ ਭ੍ਰਮਣ ਵਾਲਾ. ਸੈਲੀ.

ਸਈਆਦ: ਅ਼. صیّاد ਸਈਆਦ. ਸੈਦ (ਸ਼ਿਕਾਰ) ਕਰਨ ਵਾਲਾ. ਸ਼ਿਕਾਰੀ. ਅਹੇਰੀ. "ਰੰਨਾ ਹੋਈਆਂ ਬੋਧੀਆਂ ਪੁਰਖ ਹੋਏ ਸਈਆਦ." (ਵਾਰ ਸਾਰ ਮਃ ੧) ਇਸਤ੍ਰੀਆਂ ਅਹਿੰਸਾ ਧਰਮ ਧਾਰਨ ਵਾਲੀਆਂ, ਅਤੇ ਪਤਿ ਮਾਂਸਾਹਾਰੀ. ਭਾਵ- ਬੇਮੇਲ ਸੰਯੋਗ। ੨. ਜਾਲਿਮ.

ਸਈਸ: ਅ਼. سائیس ਸਾਈਸ. ਸੰਗਜਾ- ਸਾਇਸ (ਨਿਗਰਾਨੀ) ਕਰਨ ਵਾਲਾ. ਬਖ਼ਸ਼ੀ। ੨. ਕੋਤਵਾਲ। ੩. ਘੋੜੇ ਦੀ ਖਬਰਦਾਰੀ ਕਰਨ ਵਾਲਾ ਸੇਵਕ. ਘੁੜਵਾਲ.

ਸਈਧਵ: ਦੇਖੋ, ਸੈਂਧਵ.

ਸਈਯਦ: ਦੇਖੋ, ਸੱਯਦ ਅਤੇ ਸੈਯਦ.

ਸਈਯਾ, ਸਈਯਾਂ: ਸੰਗਜਾ- ਸੈਂਯਾਂ. ਸ੍ਵਾਮੀ. ਸਾਂਈਂ. "ਰੱਛ ਕਰੋ ਉਠ ਸਈਯਾ." (ਕ੍ਰਿਸਨਾਵ)

ਸਈਯਾਦ: ਦੇਖੋ, ਸਈਆਦ.

ਸਸ: ਸੰ. शस् ਧਾ- ਉਸਤਤਿ ਕਰਨਾ. ਦੁੱਖ ਦੇਣਾ. ਇੱਛਾ ਕਰਨਾ. ਸੌਣਾ. ਬੋਲਨਾ. ਕੱਟਣਾ। ੨. ਸ਼ਸਤ੍ਰ ਦਾ ਸੰਖੇਪ. ਦੇਖੋ, ਪਤਿ ਸਸ। ੩. ਸੰ शश्. ਸ਼ਸ਼ਕ. ਸਹਾ. ਖ਼ਰਗੋਸ਼. "ਸਸ ਹਤ ਅਸੁ ਦੁਹੁ ਦਿਸਿ ਲਰਕਾਏ." (ਗੁਪ੍ਰਸੂ) ੪. ਸੰ. ਸ਼ਸਜ. ਖੇਤੀ. "ਸਭ ਹੀ ਸੁਸਕ ਹੋ ਗਈ ਬਡ ਸਸ" (ਗੁਪ੍ਰਸੂ) ੫. ਸੰ. ਸ਼ਸ਼ਿ. ਚੰਦ੍ਰਮਾ. "ਸਸ ਪੂਰਣਮਾ ਕੋ." (ਗੁਪ੍ਰਸੂ) ੬. ਸੰ. ਸਸ. ਘਾਹ। ੭. सस् ਵਿ- ਸੁਸਤ. "ਮਮ ਜਿਹਵਾ ਸਸ ਕਥਾ ਬਹੁ." (ਗੁਵਿ ੬) ੮. ਫ਼ਾ. شش ਸ਼ਸ਼. ਛੀ. ਸ਼ਟ. ਦੇਖੋ, ਅੰ. Six । ੯. ਦੇਖੋ, ਸਸੁ.

ਸਸਕ: ਸੰ. शशक. ਸੰਗਜਾ- ਸਹਾ. ਖ਼ਰਗੋਸ਼। ੨. ਦੇਖੋ, ਪੁਰੁਸ਼ ਜਾਤਿ। ੩. ਦੇਖੋ, ਸਸਕਣਾ.

ਸਸਕਣਾ, ਸਸਕਨਾ: ਕ੍ਰਿ- ਅਕ (ਦੁੱਖ) ਨਾਲ ਸਾਹ ਲੈਣਾ. ਔਖਾ ਸ੍ਵਾਸ ਲੈਣਾ. "ਤੇਰੇ ਭਯ ਭੀਤ ਭਾਰੀ ਭੂਪ ਸਸਕਤ ਹੈਂ" (ਕਵਿ ੫੨)

ਸਸਕਾਰ: ਸੰਗਜਾ- ਸ਼ਵ ਸੰਸਕਾਰ. ਸ਼ਵ (ਮੁਰਦੇ) ਦਾ ਅੰਤਿਮ ਸੰਸਕਾਰ. ਮੁਰਦੇ ਦਾ ਅਗਨਿ ਸੰਸਕਾਰ. ਦਾਹ.

ਸਸਕੁਲਿ, ਸਸਕੁਲੀ: ਸੰ. शष्कुली. ਸੰਗਜਾ- ਕੰਨਾਂ ਦੀ ਬੂਜਲੀ। ੨. ਜਲੇਬੀ। ੩. ਮਾਹਾਂ ਦੀ ਪੀਠੀ ਦੀ ਜਲੇਬੀ. ਅਮ੍ਰਿਤੀ.

"ਮੋਦਕ ਸਸਕੁਲਿ ਪਰਪਾ ਪੂਰੀ." (ਨਾਪ੍ਰ) ੪. ਸਮੋਸਾ ਪਕਵਾਨ.

ਸ਼ਸ਼ਗਾਨੀ: ਸੋਨੇ ਦਾ ਇੱਕ ਪੁਰਾਣਾ ਸਿੱਕਾ. ਦੇਖੋ, ਸ਼ਸਦਾਂਗ। ੨. ਫਿਰੋਜਸ਼ਾਹ ਦੇ ਵੇਲੇ ਦਾ ਇੱਕ ਚਾਂਦੀ ਦਾ ਸਿੱਕਾ, ਜੋ ਦੁਆਨੀ ਦੇ ਬਰਾਬਰ ਸੀ.

ਸਸਘਰ: ਦੇਖੋ, ਸਸਿਘਰ.

ਸਸਘਰਿ: ਦੇਖੋ, ਸਸਿਘਰਿ.

ਸਸਤ: ਵਿ- ਸਸਤਾ. ਦੇਖੋ, ਸਹਘਾ। ੨. ਸੰ. शस्त- ਸ਼ਸ੍ਤ. ਪ੍ਰਸ਼ੰਸਿਤ. ਸਲਾਹਿਆ. ਲਾਇਕ ਤਾਰੀਫ਼. "ਸਸਤ ਵਖਰ ਤੂੰ ਘਿੰਨਹਿ ਨਾਹੀ." (ਆਸਾ ਮਃ ੫) ਭਾਵ- ਉੱਤਮ ਵਪਾਰ ਨਹੀਂ ਕਰਦਾ। ੩. ਪ੍ਰਸੰਨ. ਖ਼ੁਸ਼। ੪. ਕੱਟਿਆ ਹੋਇਆ. ਟੁਕੜੇ ਟੁਕੜੇ ਕੀਤਾ। ੫. ਫ਼ਾ. شصت ਸ਼ਸ੍ਤ. ਸੱਠ. ਸ਼ਸ਼੍ਟਿ. ਦੇਖੋ, ਅੰ. Sixty. 6. ਉਹ ਅੰਗੂਠੀ, ਜੋ ਅਕਬਰ ਪਾਤਸ਼ਾਹ ਵੱਲੋਂ "ਦੀਨ ਇਲਾਹੀ" ਮੰਨਣ ਵਾਲਿਆਂ ਨੂੰ ਦਿੱਤੀ ਜਾਂਦੀ ਸੀ. ਦੇਖੋ, Vincent Smith's "Akbar." p. 217.

ਸਸਤਰ: ਦੇਖੋ, ਸਸਤ੍ਰ.

ਸਸਤਾ: ਦੇਖੋ, ਸਸਤ ੧. ਅਤੇ ਸਹਘਾ.

ਸਸਤਾਉਣਾ, ਸਸਤਾਨਾ: ਸੰ. श्वसन. ਸ਼੍ਵਸਨ. ਸ੍ਵਾਸ (ਦਮ) ਲੈਣਾ. ਠਹਿਰਨਾ. ਭਾਵ ਥੋੜੇ ਸਮੇਂ ਲਈ ਦਮ ਲੈਣ ਵਾਸਤੇ ਠਹਿਰਣਾ "ਤਾਂ ਘੜੀ ਇਕ ਸਸਤਾਇਕੇ." (ਜਸਾ)

ਸਸਤਿ, ਸਸਤੀ: ਸਸਤਾ ਦਾ ਇਸਤ੍ਰੀ ਲਿੰਗ। ੨. ਸੰ. शस्ति. ਸ਼ਸ੍ਤਿ. ਸੰਗਜਾ- ਉਸਤਤਿ. ਤਾਰੀਫ਼। ੩. ਦੇਖੋ, ਸਸਤ੍ਰੀ.

ਸਸਤੋ: ਦੇਖੋ, ਸਸਤ ੧. ਅਤੇ ਸਹਘੋ.

ਸਸਤ੍ਰ: ਸੰ. शस्त्र. ਸ਼ਸਤ੍ਰ. ਸੰਗਜਾ- ਜੋ ਸ਼ਸ (ਕੱਟਣਾ) ਕਰੇ. ਵੱਢਣ ਦਾ ਸੰਦ. ਹਥਿਆਰ. ਸੰਸਕ੍ਰਿਤ ਦੇ ਵਿਦ੍ਵਾਨਾ ਨੇ ਸ਼ਸਤ੍ਰ ਚਾਰ ਭਾਗਾਂ ਵਿੱਚ ਵੰਡੇ ਹਨ-

(ੳ) ਮੁਕ੍ਤ, ਜੋ ਹੱਥੋਂ ਛੱਡੇ ਜਾਣ. ਜੇਹਾਕਿ ਚਕ੍ਰ.

(ਅ) ਅਮੁਕ੍ਤ, ਜੋ ਹੱਥੋਂ ਨਾ ਛੱਡੇ ਜਾਣ. ਤਲਵਾਰ ਕਟਾਰ ਆਦਿ.

(ੲ) ਮੁਕ੍ਤਾਮੁਕ੍ਤ, ਜੋ ਹੱਥੋਂ ਛੱਡੇ ਭੀ ਜਾਣ ਅਤੇ ਹੱਥ ਵਿੱਚ ਰੱਖਕੇ ਭੀ ਵਰਤੇ ਜਾਣ. ਬਰਛੀ ਗਦਾ ਆਦਿਕ.

(ਸ) ਯੰਤ੍ਰ ਮੁਕ੍ਤ, ਜੋ ਕਲ ਨਾਲ ਛੱਡੇ ਜਾਣ. ਜੈਸੇ ਤੀਰ, ਗੋਲੀ ਆਦਿ.

ਜੋ ਮੁਕ੍ਤ ਸ਼ਸਤ੍ਰ ਹਨ ਉਨ੍ਹਾਂ ਦੀ "ਅਸ੍ਤ੍ਰ" ਸੰਗਜਾ ਭੀ ਹੈ. ਦੇਖੋ, ਅਸਤ੍ਰ.

ਦਸਮਗ੍ਰੰਥ, ਗੁਰੁਪ੍ਰਤਾਪ ਸੂਰਯ ਅਤੇ ਗੁਰੁ ਵਿਲਾਸ ਆਦਿ ਗ੍ਰੰਥਾਂ ਵਿੱਚ ਸ਼ਸਤ੍ਰਾਂ ਦੇ ਬਹੁਤ ਨਾਮ ਆਏ ਹਨ, ਜਿਨ੍ਹਾਂ ਵਿਚੋਂ ਕੁਝ ਅੱਗੇ ਲਿਖਦੇ ਹਾਂ-

ਚੰਦ੍ਰਹਾਸ ਏਕੈ ਕਰ ਧਾਰੀ,

ਦੁਤਿਯ ਧੋਪ ਗਹਿ ਤ੍ਰਿਤਿਯ ਕਟਾਰੀ,

ਚਤੁਰ ਹਾਥ ਸਹਿਥੀ ਉਜਿਆਰੀ,

ਗੋਫਨ ਗੁਰਜ ਕਰਤ ਚਮਕਾਰੀ, -

ਪੱਟਹਸੰਭਾਰੀ ਗਦਾ ਉਭਾਰੀ ਤ੍ਰਿਸੂਲ ਸੁਧਾਰੀ ਛੁਰਕਾਰੀ,

ਜੰਬੂਆ ਅਰੁ ਬਾਨੰਸੁਕਸ ਕਮਾਨੰਚਰਮ ਪ੍ਰਮਾਨੰਧਰਭਾਰੀ,
ਪੰਦ੍ਰਏ ਗਲੋਲੰ ਪਾਸ਼ ਅਮੋਲੰ ਪਰਸੁ ਅਡੋਲੰ ਹਥਨਾਲੰ,
ਬਿਛੂਆ ਪਹਿਰਾਯੰ ਪਟਾ ਭ੍ਰਮਾਯੰ ਜਿਮਿ ਯਮ ਧਾਯੰ
ਵਿਕਰਾਲੰ. (ਰਾਮਾਵ)
ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ,
ਸੈਫ ਸਿਰੋਹੀ ਸੈਹਥੀ ਯਹੈ ਹਮਾਰੇ ਪੀਰ. xx
ਤੁਹੀ ਕਟਾਰੀ ਦਾੜ੍ਹਜਮ ਤੂੰ ਬਿਛੂਓ ਅਰੁ ਬਾਨ. xx
ਤੁਹੀ ਗੁਰਜ ਤੁਮ ਹੀ ਗਦਾ ਤੁਮਹੀ ਤੀਰ ਤੁਫੰਗ. xx
(ਸਨਾਮਾ)
ਵਡੇ ਬਾਣ ਚੌਰੇ ਸੁ ਤੇਗੇ ਜੁ ਮਜਾਨੀ,
ਦੁਧਾਰੇ ਪੁਲਾਦੀ ਅਨੇਕੈਂ ਮਹਾਨੀ,
ਸਿਰੋਹੀ ਹਲੱਬੀ ਜਨੱਬੀ ਦਈ ਹੈਂ,
ਕਰਾਚੋਲ ਖੰਡੇ ਜੁ ਕੱਤੀ ਲਈ ਹੈਂ.
ਸਭੈ ਲੋਹ ਕੀ ਸਾਂਗ ਨੇਜੇ ਬਿਸਾਲੇ,
ਬਿਛੂਏ ਵਡੇ ਬਾਂਕ ਜੰਬੂਏ ਕਰਾਲੇ,
ਛੁਰੇ ਖੋਖਨੀ ਸੈਫ ਲਾਂਬੀ ਬਲੰਦੇ,
ਘਨੇ ਸੇਲ ਭਾਲੇ ਪ੍ਰਕਾਸੇ ਅਮੰਦੇ.
ਮਲੈਹੀਨ ਸਾਫੰ ਬਨੇ ਅੰਗ ਚੰਗੇ,
ਤਮਾਚੇ ਕਲਾਦਾਰ ਸਤ੍ਰੂਨ ਭੰਗੇ.
ਤੁਫੰਗੇ ਜੰਜੈਲੰ ਜੰਬੂਰੇ ਧਮਾਕੇ,
ਦਏ ਚਕ੍ਰ ਵਕ੍ਰੰ ਚਮੰਕੈਂ ਚਲਾਕੇ.
ਵਡੇ ਮੋਲ ਕੇ ਦੂਰ ਤੇ ਆਇ ਢਾਲੇ,
ਕਠੋਰੰ ਕੁਦੰਡੰ ਵਡੇ ਓਜ ਵਾਲੇ.
ਭਰੇ ਬਾਣ ਭਾਥੇ ਅਨੇਕੈਂ ਪ੍ਰਕਾਰੇ,
ਧਰੇ ਬਾਣ ਪੈਨੇ ਲਗੇ ਬੀਂਧ ਪਾਰੇ. (ਗੁਪ੍ਰਸੂ) ਇਤਯਾਦਿ.

ਸ਼ੋਕ ਦੀ ਗੱਲ ਹੈ ਕਿ ਹੁਣ ਬਹੁਤੇ ਸ਼ਸਤ੍ਰਾਂ ਦੇ ਨਾਉਂ ਅਤੇ ਉਨ੍ਹਾਂ ਦੇ ਅਰਥ ਲੋਕ ਨਹੀਂ ਜਾਣਦੇ, ਅਤੇ ਕਿਤਨਿਆਂ ਦੀ ਸ਼ਕਲ ਤੋਂ ਮੂਲੋਂ ਅਣਜਾਣ ਹਨ. ਇਸ ਲਈ ਅਸੀਂ ਯੋਗ ਸਮਝਿਆ ਹੈ ਕਿ ਸ਼ਸ਼ਤ੍ਰਾਂ ਦੀਆਂ ਤਸਵੀਰਾਂ ਪਾਠਕਾਂ ਦੇ ਗਜਾਨ ਲਈ ਇੱਥੇ ਦਿੱਤੀਆਂ ਜਾਣ.

ਸਸਤ੍ਰ ਈਸ, ਸਸਤ੍ਰ ਈਸ੍ਰ: ਸੰਗਯਾ- ਸ਼ਸਤ੍ਰਾਂ ਦਾ ਈਸ਼੍ਵਰ ਖੜਗ. (ਸਨਾਮਾ)

ਸਸਤ੍ਰ ਈਸ੍ਰਣੀ: ਸੰਗਯਾ- ਸ਼ਸਤ੍ਰਾਂ ਦੇ ਈਸ਼੍ਵਰ (ਖੜਗ) ਵਾਲੀ, ਸੈਨਾ. ਤਲਵਾਰਬੰਦ ਫੌਜ. (ਸਨਾਮਾ)

ਸਸਤ੍ਰਸ਼ੇਰ: ਸੰਗਯਾ- ਸ਼ਸਤ੍ਰਾਂ ਵਿਚੋਂ ਸਿੰਘ ਰੂਪ, ਕ੍ਰਿਪਾਣ. ਤਲਵਾਰ (ਸਨਾਮਾ)

ਸਸਤ੍ਰਗਿਆ: ਵਿ- ਸ਼ਸਤ੍ਰਗ੍ਯ. ਸ਼ਸਤ੍ਰਵਿਦ੍ਯਾ ਦਾ ਜਾਣਨ ਵਾਲਾ। ੨. ਸ਼ਾਸ੍ਤ੍ਰਜ੍ਞ- ਸ਼ਸਤ੍ਰਗ੍ਯ. ਸ਼ਾਸਤ੍ਰਾਂ ਦਾ ਗ੍ਯਾਤਾ. "ਧਰਤ ਧਿਆਨ ਗਿਆਨ ਸਸਤ੍ਰਗਿਆ." (ਕਲਿ ਮਃ ੫)

ਸਸਤ੍ਰਣੀ: ਦੇਖੋ, ਸਸਤ੍ਰਨੀ.

ਸਸਤ੍ਰਧਾਰੀ: ਹਥਿਆਰ ਪਹਿਰਨ ਵਾਲਾ. ਮੁਸੱਲਹ। ੨. ਅਮ੍ਰਿਤੀਆ ਸਿੰਘ. ਖਾਲਸਾ. ਕ੍ਰਿਪਾਨਧਾਰੀ.

ਸਸਤ੍ਰਨਾਮਮਾਲਾ ਪੁਰਾਣ: ਦਸਮਗ੍ਰੰਥ ਵਿੱਚ ਇਸ ਨਾਉਂ ਦਾ ਇੱਕ ਗ੍ਰੰਥ ਹੈ, ਜਿਸ ਵਿੱਚ ਅਦ੍ਰਿਸ਼੍ਰਕੂਟ (ਪਹੇਲੀ) ਦੀ ਰੀਤਿ ਕਰਕੇ ਖੜਗ, ਕਟਾਰ, ਬਰਛੀ, ਚਕ੍ਰ, ਵਾਣ (ਤੀਰ), ਪਾਸ਼ (ਫਾਹੀ) ਅਤੇ ਬੰਦੂਕ ਦੇ ਨਾਉਂ ਲਿਖੇ ਹਨ, ਜਿਨ੍ਹਾਂ ਦਾ ਸਮਝਣਾ ਸਾਧਾਰਣ ਵਿਦ੍ਵਾਨ ਲਈ ਬਹੁਤ ਔਖਾ ਹੈ. ਇਸ ਦਾ ਮੁੱਖ ਕਾਰਣ ਇਹ ਹੈ ਕਿ ਅਜਾਣ ਲਿਖਾਰੀਆਂ ਦੇ ਬਿਗਾੜੇ ਹੋਏ ਪਦਾਂ ਦਾ ਮੂਲ ਜਾਣਨ ਲਈ ਸੂਖਮ ਬੁੱਧਿ ਦੀ ਲੋੜ ਹੈ.

ਦਯਾਰਹਿਤ ਲੇਖਕਾਂ ਨੇ- ਸ੍ਰਾਵੀ ਦੀ ਥਾਂ ਸਾਵੀ, ਛਤਜ ਦੀ ਥਾਂ ਛਿਤਜ, ਛੇਦਕ ਦੀ ਥਾਂ ਛਾਦਕ, ਸਿਪਿਹਿਰ ਦੀ ਥਾਂ ਸਿਪੈਹਰ, ਸ਼ਸਨ ਕੁੰਭੇਸ਼ ਦੀ ਥਾਂ ਸਸਨ ਕੇ ਭੇਸ, ਅਸ੍ਰ ਦੀ ਥਾਂ ਅਸੁਰ, ਵ੍ਰਿਸ਼੍ਰਿ ਅਧਿਪ ਦੀ ਥਾਂ ਬਿਸਨਾਧਪ, ਸ਼੍ਰੁਤਰਿ ਦੀ ਥਾਂ ਸੱਤਰ, ਆਰਵਲਾ ਅਰਿ ਦੀ ਥਾਂ ਅਰਬਲਾਰ, ਧ੍ਵਨਿਨਿ ਦੀ ਥਾਂ ਧਨਨੀ, ਸੂਰਜਜ ਦੀ ਥਾਂ ਸਰਜਜ, ਸੁਧੁਨਿ ਦੀ ਥਾਂ ਸੁਧਨ, ਸੰਕ੍ਰੰਦਨ ਦੀ ਥਾਂ ਸਕ੍ਰਦਨ, ਹਰ ਥੀ ਥਾਂ ਹਰਿ, ਹਰਿ ਦੀ ਥਾਂ ਹਰ, ਯਾਗਜਸੇਨੀ ਦੀ ਥਾਂ ਯਾਗਮੇਨ, ਬਾਸੀ ਦੀ ਥਾਂ ਬੰਸੀ, ਵਿਬੁਧ ਦੀ ਥਾਂ ਬਿਬਿਧ, ਬਿਹਸ ਦੀ ਥਾਂ ਬਹਸਿ, ਸਹਸ ਦੀ ਥਾਂ ਸਪਤ, ਤੁਰੰਗਨਿ ਦੀ ਥਾਂ ਤਰੰਗਨਿ ਆਦਿ ਸੈਂਕੜੇ ਸ਼ਬਦ ਬਿਗਾੜਕੇ ਅਰਥ ਤੋਂ ਅਨਰਥ ਕਰ ਦਿੱਤਾ ਹੈ.

ਪਾਠਕਾਂ ਦੇ ਹਿਤ ਲਈ ਭਾਵੇਂ ਇਸ ਕੋਸ਼ ਅੰਦਰ ਅੱਖਰ ਕ੍ਰਮ ਅਨੁਸਾਰ ਬਹੁਤ ਕਠਿਨ ਪਦਾਂ ਦੀ ਵ੍ਯਾਖ੍ਯਾ ਕੀਤੀ ਗਈ ਹੈ, ਪਰ ਇਸ ਥਾਂ ਜੋਗ ਮਲੂਮ ਹੁੰਦਾ ਹੈ ਕਿ ਸ਼ਸਤ੍ਰਨਾਮਮਾਲਾ ਦੀ ਕੁੰਜੀ ਦੱਸਕੇ ਮੁਸ਼ਕਲ ਨੂੰ ਆਸਾਨ ਕੀਤਾ ਜਾਵੇ, ਅਤੇ ਉਹ ਨਿਯਮ ਦੱਸੇ ਜਾਣ ਜਿਨ੍ਹਾਂ ਅਨੁਸਾਰ ਸ਼ਸਤ੍ਰਾਂ ਦੇ ਨਾਉਂ ਕਲਪੇ ਹਨ-

(ੳ) ਖੜਗ ਦਾ ਨਾਉਂ ਸ੍ਰਿਸਟੇਸ (ਸ੍ਰਿਸ਼੍ਰਿ- ਈਸ਼) ਲਿਖਿਆ ਹੈ. ਪਾਠਕ ਨੂੰ ਚਾਹੀਏ ਕਿ ਵਿਸ਼੍ਵ, ਜਗਤ, ਸੰਸਾਰ, ਦੁਨੀਆਂ ਆਦਿ ਜਿਤਨੇ ਨਾਉਂ ਸ੍ਰਿਸ਼੍ਰਿ ਦੇ ਹਨ ਉਨ੍ਹਾਂ ਨਾਲ ਈਸ਼, ਏਸ਼, ਪਤਿ ਆਦਿ ਪਦ ਜੁੜਨ ਤੋਂ ਖੜਗ ਦੇ ਨਾਉਂ ਜਾਣੇ. ਖੜਗ ਦਾ ਹੋਰ ਨਾਉਂ ਹੈ- ਪ੍ਰਿਥੀਪਾਲਕ, ਤਦ ਭੂਮਿ, ਵਸੁਧਾ, ਵਸੁੰਧਰਾ, ਥਿਰਾ ਆਦਿ ਪ੍ਰਿਥਿਵੀ ਦੇ ਨਾਉਂ ਨਾਲ ਪਾਲਕ ਪਦ ਲਗਾਕੇ ਖੜਗ ਨਾਉਂ ਸਮਝੇ. ਇਵੇਂ ਹੀ ਤਲਵਾਰ ਨੂੰ ਗ੍ਰੀਵਾ ਅਰਿ ਦੱਸਿਆ ਹੈ, ਤਦ ਜਾਣਨਾ ਚਾਹੀਏ ਕਿ ਗਰਦਨ, ਨਾਰ, ਕੰਠ, ਆਦਿ ਪਦਾਂ ਨਾਲ ਅਰਿ, ਸਤ੍ਰ, ਵੈਰੀ ਆਦਿ ਪਦ ਲਾਉਣ ਤੋ ਖੜਗ ਬੋਧਕ ਨਾਮ ਬਣਦੇ ਹਨ। ਇਸੇ ਤਰਾਂ- ਜਗਮਾਤ ਸਸਤ੍ਰਪਤਿ, ਕਵਚਾਂਤਕ, ਖੇਲਾਂਤਕ, ਖਲਮਾਰਕ, ਭੂਤਾਂਤਕ, ਭਵਹਾ, ਖਗਅਰਿ, ਮ੍ਰਿਗਅਰਿ ਆਦਿ ਖੜਗ ਦੇ ਨਾਮਾਂ ਬਾਬਤ ਸਮਝ ਲੈਣਾ ਚਾਹੀਏ.

ਕਈ ਪਾਠਕ ਖ਼ਾਸ ਸੰਕੇਤ ਜਾਣੇ ਬਿਨਾ, ਭਰਮ ਵਿੱਚ ਪੈ ਜਾਂਦੇ ਹਨ, ਜੈਸੇ- "ਜਗਤਮਾਤ" ਨਾਉਂ ਮਾਇਆ ਅਤੇ ਭਵਾਨੀ ਦਾ ਹੈ, ਕਵਚਾਂਤਕ ਬੰਦੂਕ ਭੀ ਹੈ, ਭੂਤਾਂਤਕ ਸ਼ਿਵ ਹੈ, ਖਗਅਰਿ ਬਾਜ਼ ਹੈ, ਮ੍ਰਿਗਅਰਿ ਸ਼ੇਰ ਹੈ ਆਦਿ. ਪਰ ਨਿਸਚੇ ਕਰਣਾ ਚਾਹੀਏ ਕਿ ਖੜਗ ਦਾ ਖਾਸ ਅਰਥ ਬੋਧ ਕਰਨ ਲਈ ਇਨ੍ਹਾਂ ਪਦਾਂ ਵਿੱਚ ਰੂਢੀ ਸ਼ਕਤਿ ਹੈ. ਐਸੇ ਹੀ ਬਰਛੀ ਦਾ ਨਾਉਂ ਭਟਹਾ, ਵਰੁਣ ਦਾ ਨਾਉਂ ਜਮੁਨਾਈਸ਼, ਮ੍ਰਿਗ ਦਾ ਨਾਉਂ ਤ੍ਰਿਣਰਿਪੁ, ਚੰਦ੍ਰਮਾ ਦਾ ਨਾਉਂ ਤਿਮਿਰਹਾ, ਘਾਹ ਦਾ ਨਾਉਂ ਨਦੀਜ, ਬਿਰਛ ਦਾ ਨਾਉਂ ਜਲਜ ਆਦਿ ਚੰਗੀ ਤਰਾਂ ਸਮਝ ਲੈਣੇ ਚਾਹੀਏ.

(ਅ) ਕਟਾਰ ਦੇ ਨਾਮ ਜਮਧਰ ਜਮਦਾੜ ਉਦਰ ਅਰਿ ਆਦਿ ਲਿਖੇ ਹਨ. ਪਾਠਕ ਨੂੰ ਜਾਣਨਾ ਚਾਹੀਏ ਕਿ ਜਮ (ਯਮ) ਦੇ ਨਾਉਂ

ਨਾਲ ਦਾੜ੍ਹ ਅਤੇ ਪੇਟ ਦੇ ਨਾਮਾਂ ਨਾਲ ਅਰਿ ਸਤ੍ਰੂ ਆਦਿ ਪਦ ਲਗਾਕੇ ਕਟਾਰ ਦੇ ਨਾਉਂ ਬਣਦੇ ਹਨ.

(ੲ) ਬਰਛੀ ਨੂੰ ਸੈਹਥੀ, ਸ਼ਕਤਿ, ਸੁਭਟਅਰਿ, ਸੈਨਾਰਿਪੁ, ਕੁੰਭਅਰਿ, ਯਸਟੀਅਰਧੰਗ, ਭਟਹਾ, ਕੁੰਭਹਾ, ਕੁੰਭੀਰਿਪੁ, ਲਛਮਨ ਅਰਿ, ਘਟੋਤਕਚ ਅਰਿ ਆਦਿ ਨਾਉਂ ਦਿੱਤੇ ਹਨ. ਪਾਠਕ ਨੂੰ ਸਮਝਣਾ ਚਾਹੀਏ ਕਿ ਸੁਭਟ ਅਰਿ ਦੀ ਥਾਂ ਜੇ ਯੋਧਾ ਰਿਪੁ ਹੋਵੇ ਅਥਵਾ ਕੁੰਭੀ ਅਰਿ ਦੀ ਥਾਂ ਕੁੰਜਰ ਰਿਪੁ ਹੋਵੇ ਤਦ ਕੇਵਲ ਪਦਾਂ ਦਾ ਹੇਰ ਫੇਰ ਹੈ, ਵਾਸਤਵ ਵਿੱਚ ਅਰਥ ਇੱਕੋ ਹੈ.

ਸਸਤ੍ਰਨਾਮਮਾਲਾ ਦੇ ਨਾਮਾਂ ਦੇ ਗਜਾਨ ਲਈ ਇਤਿਹਾਸ ਦਾ ਗਜਾਨ ਹੋਣਾ ਭੀ ਜਰੂਰੀ ਹੈ, ਕਿਉਂਕਿ ਉਸ ਬਿਨਾ ਇਹ ਨਹੀਂ ਜਾਣਿਆ ਜਾਂਦਾ ਕਿ ਲਛਮਨ ਬਰਛੀ ਨਾਲ ਮੂਰਛਿਤ ਹੋਇਆ ਅਤੇ ਘਟੋਤਕਚ ਮੋਇਆ ਸੀ, ਜਿਸ ਕਾਰਣ ਸੈਹਥੀ ਦਾ ਨਾਉਂ ਲਛਮਨ ਰਿਪੁ ਅਤੇ ਘਟੋਤਕਚ ਰਿਪੁ ਹੋਇਆ.

(ਸ) ਚਕ੍ਰ ਦੇ ਨਾਉਂ ਬਣਾਉਣ ਵਾਸਤੇ ਵਿਸਨੁ ਅਤੇ ਕ੍ਰਿਸਨ ਦੇ ਸਭ ਨਾਮਾਂ ਦੇ ਅੰਤ ਸਸਤ੍ਰ ਅਥਵਾ ਆਯੁਧ ਪਦ ਜੋੜਿਆ ਹੈ, ਅਥਵਾ ਜੋ ਵੈਰੀ ਚਕ੍ਰ ਨਾਲ ਮਾਰੇ ਹਨ ਉਨ੍ਹਾਂ ਦਾ ਨਾਸ਼ਕ ਚਕ੍ਰ ਦਾ ਨਾਉਂ ਠਹਿਰਾਇਆ ਹੈ, ਜਿਵੇਂ- ਵਿਸਨੁ ਸਸਤ੍ਰ, ਕ੍ਰਿਸਨਾਯੁਧ, ਮੁਰਮਰਦਨ, ਮਧੁਹਾ ਨਰਕਾਸੁਰ ਰਿਪੁ, ਇਤਯਾਦਿ. ਜੇ ਪਾਠਕ ਨੂੰ ਕ੍ਰਿਸਨ ਅਤੇ ਵਿਸਨੁ ਦੇ ਨਾਮਾਂ ਦਾ ਪੂਰਣ ਗਜਾਨ ਹੋਵੇ, ਤਦ ਚਕ੍ਰ ਦੇ ਨਾਮ ਸਮਝਣ ਵਿੱਚ ਕਠਿਨਾਈ ਨਹੀਂ

(ਹ) ਤੀਰ ਦੇ ਨਾਮ ਜੋ ਕੋਸ਼ਾਂ ਵਿੱਚ ਲਿਖੇ ਹਨ ਉਨ੍ਹਾਂ ਤੋਂ ਛੁੱਟ ਧਨੁਖਗ੍ਰਜ, ਚਰਮਛੇਦਕ, ਮ੍ਰਿਗਹਾ, ਆਦਿਕ ਅਨੇਕ ਕਲਪੇ ਹਨ, ਪਰ ਵਾਣ ਨੂੰ ਆਕਾਸਚਾਰੀ ਮੰਨਕੇ ਜੋ ਸਭ ਤੋਂ ਔਖੇ ਨਾਮ ਬਣਾਏ ਹਨ ਉਹ ਅਣੋਖੇ ਢੰਗ ਦੇ ਹਨ, ਯਥਾ- "ਰਜਨੀਸੁਰ ਧਰਧਰ", "ਚੰਦ੍ਰਧਰਚਰ", ਅਰਥਾਤ ਚੰਦ੍ਰਮਾ ਦੇ ਧਾਰਣ ਵਾਲਾ ਆਕਾਸ਼, ਤਿਸ ਵਿੱਚ ਵਿਚਰਣ ਵਾਲਾ ਤੀਰ. ਇਸ ਸਿਲਸਿਲੇ ਵਿੱਚ ਚੰਦ੍ਰਮਾ ਦੇ ਨਾਉਂ ਬਹੁਤ ਹੀ ਔਖੇ ਹਨ, ਜੈਸੇ- ਝਖਧਰਸੁਤ, ਵਾਸਵ ਅਰਿ[163] ਧਰ ਤਨਯ, ਅਰਥਾਤ ਮੱਛੀਆਂ ਦੇ ਧਾਰਣ ਵਾਲਾ ਸਮੁੰਦਰ ਉਸ ਦਾ ਪੁਤ੍ਰ ਚੰਦ੍ਰਮਾ, ਅਤੇ ਇੰਦ੍ਰ ਹੈ ਜਿਸ ਦਾ ਵੈਰੀ, ਮੈਨਾਕ ਪਰਬਤ, ਉਸ ਦੇ ਧਾਰਣ ਵਾਲਾ ਸਮੁੰਦਰ, ਉਸ ਤੋਂ ਉਪਜਿਆ ਚੰਦ੍ਰਮਾ, ਇਤਯਾਦਿ.

ਕਾਮ ਦੇ ਸਭ ਨਾਮ ਲੈ ਕੇ ਅੰਤ ਸ਼ਸਤ੍ਰ ਪਦ ਜੋੜਕੇ ਭੀ ਤੀਰ ਦੇ ਨਾਮ ਥਾਪੇ ਹਨ, ਯਥਾ-

ਪੁਹਪਧਨੁਖਾਯੁਧ, ਮੀਨਕੇਤ੍ਵਾਯੁਧ, ਸ਼ਿਵਅਰਿ ਸ਼ਸਤ੍ਰ, ਆਦਿ.

ਅਰਜੁਨ ਦੇ ਨਾਮਾਂ ਨਾਲ ਸ਼ਸਤ੍ਰ ਪਦ ਲਗਾਕੇ ਭੀ ਬਾਣ ਦੇ ਨਾਮ ਬਣਾਏ ਹਨ, ਯਥਾ- ਇੰਦ੍ਰਸੁਤ ਆਯੁਧ, ਗੁੜਾਕੇਸ਼ ਸ਼ਸਤ੍ਰ, ਧਨੰਜਯ ਅਸਤ੍ਰ, ਆਦਿ.

ਕਰਣ, ਸ਼੍ਰੀ ਕ੍ਰਿਸਨ ਅਤੇ ਰਾਵਣ ਦਾ ਦੇਹਾਂਤ ਤੀਰ ਨਾਲ ਹੋਇਆ ਸੀ, ਇਸ ਲਈ ਕਰਣਾਂਤਕ, ਸੁਰਯਸੁਤਅਰਿ, ਕ੍ਰਿਸਨਾਂਤਕ, ਹਲਧਰ ਅਨੁਜ ਅਰਿ ਆਦਿ ਬਾਣ ਦੇ ਨਾਮ ਹਨ.

ਕ੍ਰਿਸਨ ਜੀ ਅਰਜੁਨ ਦੇ ਰਥਵਾਹੀ ਹੋਏ ਸਨ ਇਸ ਲਈ ਭੀਖਮ ਅਰਿ ਸੂਤ ਅਰਿ, ਗੰਗਾਪੁਤ੍ਰ ਅਰਿ ਸੂਤ ਅਰਿ, ਇੰਦ੍ਰ ਤਾਤ ਸੂਤਰਿ, ਯੁਧਿਸਟਿਰ ਅਨੁਜ ਸੂਤਰਿ ਆਦਿ ਬਹੁਤ ਨਾਉਂ ਰਚੇ ਹਨ.

ਸਸਤ੍ਰਨਾਮਮਾਲਾ ਵਿੱਚ ਕਈ ਥਾਈਂ ਅੱਗਾਪਿੱਛਾ ਦੇਖਕੇ ਪਦਾਂ ਦਾ ਅਧਯਾਹਾਰ[164] ਕਰਨਾ ਪੈਂਦਾ ਹੈ, ਯਥਾ- "ਪ੍ਰਿਥਮ ਜੁਧਿਸਟਰ ਭਾਖ, ਬੰਧੁ ਸ਼ਬਦ ਪੁਨ ਭਾਖੀਏ। ਜਾਨ ਹ੍ਰਿਦੈ ਮੇ ਰਾਖ, ਸਕਲ ਨਾਮ ਏ ਬਾਨ ਕੇ." (੧੯੮) ਯੁਧਿਸ਼੍ਰਿਰ ਦਾ ਭਾਈ ਹੋਇਆ ਅਰਜੁਨ, ਪਰ ਇਸ ਤੋਂ ਕੁਝ ਅਰਥ ਸਿੱਧ ਨਾ ਹੋਇਆ, ਇਸ ਲਈ "ਸੂਤਰਿ" ਪਦ ਬਾਹਰੋਂ ਜੋੜਨਾ ਚਾਹੀਏ, ਅਰਥਾਤ ਅਰਜੁਨ ਦੇ ਸੂਤ ਦਾ ਵੈਰੀ ਤੀਰ. ਐਸੇ ਹੀ ਬੰਦੂਕ ਦੇ ਨਾਮਾਂ ਵਿੱਚ ਪਾਠ ਹੈ-

"ਪ੍ਰਿਥੀ ਸ਼ਬਦ ਕੋ ਆਦਿ ਉਚਾਰੋ।

ਤਾਂ ਪਾਛੇ ਜਾ ਪਦ ਦੈ ਡਾਰੋ।

---

[163] वासवो ऽ रिर्यस्य.

[164] ਅਰਥ ਦੀ ਸਿੱਧੀ ਵਾਸਤੇ ਬਾਹਰੋਂ ਸ਼ਬਦ ਦੇ ਲਿਆਉਣ ਦੀ ਕ੍ਰਿਯਾ.

ਨਾਮ ਤੁਫੰਗ ਜਾਨ ਹਿਯ ਲੀਜੈ।

ਚਹਿਯੈ ਜਹਾਂ ਤਹਾਂ ਪਦ ਦੀਜੈ." (੭੨੧) ਇਸ ਥਾਂ ਪ੍ਰਿਥੀਜ ਦੇ ਨਾਲ ਪ੍ਰਿਸਟਨਿ ਪਦ ਵਾਧੂ ਜੋੜਨ ਤੋਂ ਬੰਦੂਕ ਨਾਉਂ ਬਣੇਗਾ, ਕਿਉਂਕਿ ਪ੍ਰਿਥੀ ਤੋਂ ਪੈਦਾ ਹੋਇਆ ਕਾਠ, ਉਸ ਦੇ ਕੁੰਦੇ ਵਾਲੀ ਤੁਫੰਗ.

ਕਦੇ ਕਦੇ ਅਨ੍ਵਯ ਦੀ ਲੋੜ ਹੁੰਦੀ ਹੈ, ਜੈਸੇ- "ਤਿਮਰ ਉਚਰ ਹਾ ਭਗਣਿ ਬਖਾਨੋ." (੧੦੦੬) ਅਰਥ ਲਈ ਪਾਠ ਹੋਵੇਗਾ ਤਿਮਰਹਾ ਉਚਰ ਭਗਣਿ ਬਖਾਨੋ, ਅਰਥਾਤ ਅੰਧਕਾਰ ਵਿਨਾਸ਼ਕ ਆਖਕੇ ਭੈਣ ਪਦ ਕਹੋ[165] ਆਦਿ.

(ਕ) ਪਾਸ਼ (ਫਾਹੀ) ਦੇ ਨਾਉਂ ਵਰੁਣਾਸਤ੍ਰ, ਯਮ ਸ਼ਸਤ੍ਰ ਆਦਿ ਕਲਪੇ ਹਨ, ਯਥਾ- ਗੰਗਾਈਸੁਰਾਸਤ੍ਰ, ਕ੍ਰਿਸਨ ਬੱਲਭਾ ਈਸੁਰਾਸਤ੍ਰ, ਅਰਥਾਤ ਗੰਗਾ ਅਤੇ ਕ੍ਰਿਸ਼ਨ ਦੀ ਪਿਆਰੀ ਯਮੁਨਾ ਦਾ ਈਸ਼੍ਵਰ ਵਰੁਣ, ਉਸ ਦਾ ਸ਼ਸਤ੍ਰ ਪਾਸ਼, ਅਤੇ ਅੰਤਕਾਸਤ੍ਰ, ਰਵਿਸੁਤਾਸ੍ਤ੍ਰ, ਪ੍ਰਾਣਾਂਤਕ ਸ਼ਸਤ੍ਰ ਆਦਿ, ਯਮ ਦਾ ਸ਼ਸਤ੍ਰ ਸਿੱਧ ਕਰਨ ਲਈ ਫਾਸੀ ਦੇ ਨਾਉਂ ਥਾਪੇ ਹਨ.

ਸੈਨਾ ਦੀ ਵੈਰਣ ਭੀ ਪਾਸ਼ ਦਾ ਨਾਉਂ ਹੈ, ਪਰ ਸੈਨਾ ਦੇ ਨਾਉਂ ਣੀ- ਨੀ- ਪ੍ਰਤ੍ਯਯ ਲਗਾਕੇ ਅਦਭੁਤ ਰੀਤਿ ਨਾਲ ਰਚੇ ਹਨ, ਜੈਸੇ- ਬੀਰਣੀ, ਭਟਨੀ, ਤਨੁਤ੍ਰਾਣਨੀ, ਆਦਿ. ਇਨ੍ਹਾਂ ਦੇ ਅੰਤ ਅਰਿ ਅਥਵਾ ਅਰਿਣੀ ਜੋੜਕੇ ਪਾਸ਼ ਦੇ ਨਾਉਂ ਹਨ.

ਫਾਸੀ ਦਾ ਨਾਉਂ ਠਗਆਯੁਧ ਭੀ ਆਇਆ ਹੈ. ਪਾਠਕ ਨੂੰ ਜਾਣਨਾ ਚਾਹੀਏ ਕਿ ਬਾਟਪਾਰ, ਧਨਹਾਰਕ, ਪਥਘਾਤਕ, ਮਗਹਾ, ਮਾਯਾਹਰ, ਵਿਖਦਾਯਕ ਆਦਿ ਪਦਾਂ ਨਾਲ ਸਸਤ੍ਰ ਪਦ ਜੋੜਨ ਤੋਂ ਪਾਸ਼ ਦੇ ਨਾਉਂ ਹੋ ਜਾਂਦੇ ਹਨ.

(ਖ) ਸਭ ਤੋਂ ਪਿੱਛੋਂ ਤੁਫੰਗ (ਬੰਦੂਕ) ਦੇ ਨਾਉਂ ਆਏ ਹਨ, ਜੋ ਗਿਣਤੀ ਵਿੱਚ ਸਭ ਤੋਂ ਵੱਧ ਹਨ ਅਤੇ ਅਲੌਕਿਕ ਰੀਤਿ ਨਾਲ ਰਚੇ ਹਨ, ਜੈਸੇ- ਜਲਜ- ਕੁੰਦਿਨੀ, ਧਰਾਰਾਟ ਪ੍ਰਿਸਟਿਣੀ, ਅਰਥਾਤ ਕਾਠ ਦਾ ਕੁੰਦਾ ਧਾਰਣ ਵਾਲੀ. ਬੰਦੂਕ ਦਾ ਹੋਰ ਨਾਉਂ ਲਿਖਿਆ ਹੈ ਫੌਜ ਦੀ ਵੈਰਣ, ਅਰ ਣੀ- ਨੀ- ਪ੍ਰਤ੍ਯਯ ਨਾਲ ਸੈਨਾ ਦੇ ਅਨੰਤ ਨਾਮ ਕਲਪੇ ਹਨ. ਜੈਸੇ- ਬਾਰਨਿ, ਹਥਨੀ, ਰਥਨਿ, ਹਯਨੀ, ਘੋਰਨਿ, ਪਦਾਤਨਿ, ਬਰਮਣੀ, ਚਕ੍ਰਣੀ, ਖੜਗਣੀ, ਪੰਚਾਨਨ ਘੋਖਨੀ, ਅਭਿਮਾਨਿਨੀ, ਸਮਯਨੀ, ਸੋਭਨੀ, ਪ੍ਰਭਾਧਰਨਿ, ਭਾਨੀ, ਮੇਧਣੀ, ਧਿਖਣੀ, ਨ੍ਰਿਪਣੀ, ਭੂਪਣੀ, ਧਨੁਨੀ, ਕੋਵੰਡਨੀ ਆਦਿ, ਇਨ੍ਹਾਂ ਦੇ ਅੰਤ ਰਿਪੁ ਸਤ੍ਰੁ ਅਰਿ ਅੰਤਕ ਆਦਿ ਪਦ ਲਗਾਕੇ ਬੰਦੂਕ ਦੇ ਨਾਮ ਬਣਾਏ ਹਨ.

ਤੁਫੰਗ ਦਾ ਹੋਰ ਨਾਉਂ ਥਾਪਿਆ ਹੈ ਸ਼ੇਰ ਦੀ ਵੈਰਣ, ਇਸ ਪ੍ਰਸੰਗ ਵਿੱਚ ਸ਼ੇਰ ਦੇ ਨਾਉਂ ਇਉਂ ਲਿਖੇ ਹਨ-

"ਆਦਿ ਤਰੰਗਨਿ ਸਬਦ ਉਚਾਰੋ ਜਾਨਕੈ.

ਜਾਚਰ ਕਹਿ ਨਾਇਕ ਪਦ ਬਹੁਰੋ ਠਾਨਕੈ,

ਸਤ੍ਰੁ ਸ਼ਬਦ ਕੋ ਤਾਂਕੇ ਅੰਤ ਉਚਾਰੀਐ,

ਹੋ ! ਸਕਲ ਤੁਪਕ ਕੇ ਨਾਮ ਸੁਮਿਤ੍ਰ ਵਿਚਾਰੀਐ."

(੮੧੧)

ਤਰੰਗਿਨੀ (ਨਦੀ) ਤੋਂ ਜਾ (ਉਤਪੰਨ ਹੋਇਆ) ਘਾਸ, ਉਸ ਨੂੰ ਚਰਣ ਵਾਲਾ ਮ੍ਰਿਗ, ਉਸ ਦਾ ਨਾਇਕ ਸ਼ੇਰ, ਉਸ ਦੀ ਸਤ੍ਰੁ (ਵੈਰਣ) ਬੰਦੂਕ.

ਨਦੀਆਂ ਦੇ ਨਾਮ ਭੀ ਸਾਧਾਰਣ ਨਹੀਂ ਹਨ. ਕਿਤੇ ਨਦੀ ਨੂੰ ਕਿਨਾਰੇ ਢਾਹੁਣ ਵਾਲੀ ਮੰਨਕੇ ਅਭਿਮਾਨਿਨੀ ਆਖਿਆ ਹੈ, ਕਿਤੇ ਪਰਬਤਾਂ ਨੂੰ ਵਿਦਾਰਣ ਵਾਲੀ ਦੱਸਿਆ ਹੈ ਅਤੇ ਕਿਤੇ ਜਮੁਨਾ ਆਦਿਕ ਨਦੀਆਂ ਦੇ ਪੁਰਾਣਾਂ ਨਾਲ ਸੰਬੰਧ ਰੱਖਣ ਵਾਲੇ ਨਾਉਂ ਲਿਖੇ ਹਨ, ਯਥਾ- ਦ੍ਵਾਰਾਵਤਿਨਾਇਕ ਪ੍ਰਿਯਾ ਜਮੁਨਾ ਦਾ, ਭੀਸਮ ਮਾਤਾ ਗੰਗਾ ਦਾ, ਸਸਿਅਨੁਜਨਨਿ ਚੰਦ੍ਰਭਾਗਾ ਦਾ ਆਦਿ.

ਕਿਤੇ ਪ੍ਰਿਥਵੀ ਤੋਂ ਘਾਸ ਦੀ ਉਤਪੱਤੀ ਦੱਸਣ ਲਈ ਬਹੁਤ ਪੇਚਦਾਰ ਨਾਉਂ ਰਚੇ ਹਨ, ਯਥਾ- "ਨਿਸਨਾਇਕਨਿ ਸੂਨਚਰ ਪਤਿ

---

[165] ਚੰਦ੍ਰਮਾ ਦੀ ਭੈਣ ਚੰਦ੍ਰਭਾਗਾ ਨਦੀ.

ਅਰਿ." ਚੰਦ੍ਰਭਾਗਾ ਵਾਲੀ (ਅਰਥਾਤ ਚੰਦ੍ਰਭਾਗਾ ਨੂੰ ਧਾਰਣ ਵਾਲੀ) ਪ੍ਰਿਥਿਵੀ, ਉਸ ਦਾ ਬੱਚਾ ਘਾਸ, ਉਸ ਦੇ ਚਰਣ ਵਾਲਾ ਮ੍ਰਿਗ, ਉਸ ਦਾ ਪਤਿ ਸ਼ੇਰ, ਉਸ ਦੀ ਵੈਰਣ ਬੰਦੂਕ.

ਪ੍ਰਿਥਿਵੀ ਨੂੰ ਕਸ਼ਜਪ ਪ੍ਰਜਾਪਤਿ ਦੀ ਮੰਨਕੇ ਜੋ ਨਾਉਂ ਬੰਦੂਕ ਦੇ ਲਿਖੇ ਹਨ, ਉਹ ਸਭ ਤੋਂ ਔਖੇ ਹਨ, ਯਥਾ- "ਉੱਚਸ੍ਰਵਾਇਸ ਏਸ ਏਸਣੀ ਇਸਣੀ ਅਰਣੀ." ਉਚੈਃ ਸ੍ਰਵਾ ਘੋੜੇ ਦਾ ਈਸ਼੍ਵਰ ਇੰਦ੍ਰ, ਉਸ ਦਾ ਈਸ਼੍ਵਰ ਕਸ਼ਜਪ, ਉਸ ਦੀ ਮਾਲਕੀਯਤ ਪ੍ਰਿਥਿਵੀ, ਉਸ ਦੇ ਈਸ਼੍ਵਰ ਰਾਜਾ ਦੀ ਸੈਨਾ, ਉਸ ਦੀ ਵੈਰਣ ਬੰਦੂਕ.

ਕਈ ਥਾਈਂ ਚਾਰ ਬਾਰ ਨ੍ਰਿਪ ਪਦ ਦੇਕੇ ਤੁਫੰਗ ਦਾ ਨਾਉਂ ਬਣਾਇਆ ਹੈ. ਯਥਾ-

ਆਦਿ ਸ਼ਬਦ ਮਾਤੰਗ ਭਣੀਜੈ,

ਚਾਰ ਬਾਰ ਨ੍ਰਿਪ ਪਦ ਕੋ ਦੀਜੈ,

ਅਰਣੀ ਤਾਂਕੇ ਅੰਤ ਬਖਾਨੋ,

ਸਭ ਸ੍ਰੀ ਨਾਮ ਤੁਪਕ ਕੇ ਜਾਨੋ. (੧੨੫੧)

ਮਾਤੰਗ (ਐਰਾਵਤ ਹਾਥੀ) ਦਾ ਨ੍ਰਿਪ (ਭਾਵ- ਸ੍ਵਾਮੀ) ਇੰਦ੍ਰ, ਉਸ ਦਾ ਸ੍ਵਾਮੀ ਕਸ਼ਜਪ, ਉਸ ਦੀ ਮਾਲਕੀਯਤ ਪ੍ਰਿਥਿਵੀ, ਉਸ ਦੀ ਰੱਛਕ ਰਾਜਸੈਨਾ, ਉਸ ਦੀ ਘਾਤਕ ਬੰਦੂਕ.

ਜੇ ਪਾਠਕ ਉੱਪਰ ਦੱਸੇ ਨਿਯਮਾਂ ਨੂੰ ਵਿਚਾਰਕੇ ਸਸਤ੍ਰਨਾਮਮਾਲਾ ਦਾ ਪਾਠ ਕਰਨਗੇ, ਤਦ ਅਰਥ ਸਮਝਣ ਵਿੱਚ ਬਹੁਤ ਆਸਾਨੀ ਹੋਵੇਗੀ.

ਸਸਤ੍ਰਨੀ: ਸੰਗਜਾ- ਸ਼ਸ੍ਤ੍ਰ ਧਾਰਣ ਵਾਲੀ ਸੈਨਾ. (ਸਨਾਮਾ)

ਸਸਤ੍ਰਪਤਿ, ਸਸਤ੍ਰਰਾਜ, ਸਸਤ੍ਰਰਾਟ: ਸੰਗਜਾ- ਸ਼ਸ੍ਤ੍ਰਾਂ ਦਾ ਰਾਜਾ, ਖੜਗ. ਸ੍ਰੀ ਸਾਹਿਬ. (ਸਨਾਮਾ)

ਸਸਤ੍ਰਵਰਤੀ: ਵਿ- ਸ਼ਸ੍ਤ੍ਰਾਂ ਦੇ ਵਰਤਣ ਨੂੰ ਜਾਣਨ ਵਾਲਾ. ਸ਼ਸ੍ਤ੍ਰਵਿਦਯਾ ਦਾ ਗਯਾਤਾ. ਸ਼ਸ੍ਤ੍ਰਾਂ ਦੇ ਇਸਤਾਮਾਲ ਦੀ ਵਿਧਿ ਜਿਸ ਨੂੰ ਆਉਂਦੀ ਹੈ. "ਦੋਊ ਸਸਤ੍ਰਵਰਤੀ." (ਗਯਾਨ)

ਸਸਤ੍ਰਾਗਾਰ: ਸੰ. ਸ਼ਸਤ੍ਰਾਂ ਦਾ ਆਗਾਰ (ਘਰ). ਸਿਲਹਖਾਨਾ. Armoury.

ਸਸਤ੍ਰਿ: ਸ਼ਸ੍ਤ੍ਰ ਨਾਲ. "ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸ." (ਮਾਰੂ ਅਃ ਮਃ ੫) ਬਿਰਛ ਨੂੰ ਆਦਮੀ ਨੇ ਤਿੱਖੇ ਸ਼ਸਤ੍ਰ ਨਾਲ ਵੱਢ ਸਿੱਟਿਆ, ਪਰ ਉਸ ਨੇ ਮਨ ਵਿੱਚ ਰੋਸ ਨਹੀਂ ਕੀਤਾ.[166]

ਸਸਤ੍ਰੀ: ਸੰ. शस्त्रिन् ਵਿ- ਸ਼ਸਤ੍ਰ ਵਾਲਾ. ਸ਼ਸਤ੍ਰਧਾਰੀ। ੨. ਸੰ. शस्तृ. ਕੱਟਣ ਵਾਲਾ. ਕਾਤਿਲ.

ਸ਼ਸ਼ਦਾਂਗ: ਫ਼ਾ. شش دانگ ਸੰਗਜਾ- ਸਾਢੇ ਚਾਰ ਮਾਸ਼ੇ ਦਾ ਇੱਕ ਸੋਨੇ ਦਾ ਸਿੱਕਾ. ਸ਼ਸ਼ਗਾਨੀ.

ਸਸਧਰ: ਸੰ. शशधर ਸੰਗਜਾ- ਸਹੇ ਨੂੰ ਧਾਰਣ ਵਾਲਾ ਚੰਦ੍ਰਮਾ. (ਸਨਾਮਾ)

ਸਸਨ: ਸੰ. शसन ਸੰਗਜਾ- ਕੱਟਣ ਦੀ ਕ੍ਰਿਯਾ. ਵਧ. ਦੇਖੋ, ਕੁੰਭੇਸ। ੨. ਸੰ श्वसन- ਸ਼੍ਵਸਨ. ਸਾਹ ਲੈਣਾ. ਸਾਸ ਲੈਣਾ. "ਤਿਹ ਜਾਨ ਰਿਖੀ ਨਹਿ ਸਾਸ ਸਸਯੋ." (ਦੱਤਾਵ)

ਸਸਨ ਕੇ ਭੇਸ: ਦੇਖੋ, ਕੁੰਭੇਸ.

ਸਸਪਾਲ: ਦੇਖੋ, ਸਿਸੁਪਾਲ। ੨. ਦੇਖੋ, ਸਸਧਰ। ੩. ਸਹੇ ਪਾਲਣ ਵਾਲਾ. ਦੇਖੋ, ਸਸ ੩.

---

[166] ਗੁਰੁਬਾਣੀ ਵਿੱਚ ਬ੍ਰਿਛਾਂ ਦਾ ਜੀਵਨ ਮੰਨਿਆ ਹੈ.

ਸਸਪੰਜ: ਦੇਖੋ, ਸ਼ਸ਼ੋਪੰਜ.

ਸਸਬਦਨਾ: ਦੇਖੋ, ਸਸਿਵਦਨਾ.

ਸਸਬਾਨ: ਦੇਖੋ, ਸਸਿਬਾਨ.

ਸਸਬੇਲ: ਦੇਖੋ, ਸੋਮਵੱਲੀ. "ਸਸਬੇਲ ਬਿਜਿਯਾ ਅਰੁ ਚਕ੍ਰਗਦਾ." (ਸਮੁਦ੍ਰਮਥਨ)

ਸ਼ਸ਼ਮ: ਫ਼ਾ. ششم ਵਿ- ਛੀਵਾਂ. ਸੰ. ਸ਼ਸ਼੍ਠ. ਦੇਖੋ, ਅੰ. Sixth.

ਸਸਰਾਮ: ਬੰਗਾਲ ਦਾ ਇੱਕ ਨਗਰ, ਜੋ ਸ਼ਾਹਬਾਦ ਜਿਲੇ ਦਾ ਸਬ ਡਿਵੀਜ਼ਨ ਹੈ. ਇਹ ਕਾਸ਼ੀ ਤੋਂ ਤੀਹ ਕੋਹ ਅਤੇ ਕਲਕੱਤੇ ਤੋਂ ੪੦੬ ਮੀਲ ਹੈ. ਇਸ ਥਾਂ ਨੌਮੇ ਸਤਿਗੁਰੂ ਚਚਾ ਫੱਗੋ ਦੇ ਘਰ ਵਿਰਾਜੇ ਸਨ. ਗੁਰੁਦ੍ਵਾਰੇ ਦਾ ਨਾਉਂ "ਵਡੀ ਸੰਗਤਿ." ਹੈ. ਇੱਥੇ ਇੱਕ ਗੁਰੂ ਕਾ ਬਾਗ ਹੈ, ਜਿਸ ਵਿੱਚ ਸਤਿਗੁਰੂ ਦੇ ਚਰਣ ਪਏ ਹਨ.

ਇੱਥੇ ਇੱਕ ਪੁਰਾਣਾ ਸੈਲਪੱਥਰ ਹੈ, ਜਿਸ ਉੱਤੇ ਰਾਜਾ ਅਸ਼ੋਕ ਦਾ ਉੱਕਰਿਆ ਹੋਇਆ ਹੁਕਮ ਹੈ.

ਇਸ ਨਗਰ ਦੇ ਪੱਛਮ ਸ਼ੇਰਸ਼ਾਹ ਸੂਰੀ ਦਾ ਮਕਬਰਾ ਪ੍ਰਸਿੱਧ ਇਮਾਰਤ ਹੈ. ਸਸਰਾਮ ਦਾ ਨਾਉਂ ਕਈਆਂ ਨੇ ਸਸਰਾਂਵ ਅਤੇ ਸਹਸਰਾਮ ਭੀ ਲਿਖਿਆ ਹੈ.

ਹਿੰਦ ਦੇ ਗ਼ੈਜ਼ਟੀਅਰ (The Imperial Gadetteer of India) ਵਿੱਚ ਲਿਖਿਆ ਹੈ ਕਿ ਇਸ ਦਾ ਪੁਰਾਣਾ ਨਾਉਂ "ਸਹਸ੍ਰ- ਰਾਮ" ਸੀ, ਕਿਉਂਕਿ ਇੱਕ ਅਸੁਰ ਇੱਥੇ ਹਜ਼ਾਰ ਬਾਹਾਂ ਵਾਲਾ ਹਜ਼ਾਰ ਖੇਲਨਿਆਂ ਨਾਲ ਖੇਲਿਆ ਕਰਦਾ ਸੀ, ਪਰ ਸਾਡੇ ਖਿਆਲ ਵਿੱਚ ਇਸ ਦਾ ਨਾਉਂ "ਸਹਸ੍ਰਾਰਾਮ" ਹੈ ਅਰਥਾਤ ਜਿਸ ਥਾਂ ਬਹੁਤ ਆਰਾਮ (ਬਾਗ) ਹੋਣ. ਦੇਖੋ, ਆਰਾਮ.

ਸਸਰਾਂਵ: ਦੇਖੋ, ਸਸਰਾਮ.

ਸਸੜੀ: ਦੇਖੋ, ਸਸੁ ਅਤੇ ਸਸੁੜਿ.

ਸਸਾ: ਸ. ਅੱਖਰ. "ਸਸਾ ਸਿਆਨਪ ਛਾਡੁ ਇਆਨਾ." (ਬਾਵਨ) ੨. ਸ ਦਾ ਉੱਚਾਰਣ. ਸਕਾਰ। ੩. ਸੰ. शश ਅਤੇ शशक. ਸੰਗਯਾ- ਖ਼ਰਗੋਸ਼. ਦੇਖੋ ਸਹਾ ੪. ਦੇਖੋ, ਫੀਲੁ.

ਸਸਾਂਕ: ਸੰ. शशाङ्क. ਸੰਗਯਾ- ਸਹੇ ਦੇ ਆਕਾਰ ਦੇ ਹਨ ਚਿੰਨ੍ਹ ਜਿਸ ਵਿੱਚ, ਚੰਦ੍ਰਮਾ. ਕਵੀਆਂ ਨੇ ਚੰਦ੍ਰਮਾਂ ਦੇ ਕਾਲੇ ਦਾਗਾਂ ਨੂੰ ਸਹੇ ਦੀ ਸ਼ਕਲ ਦਾ ਮੰਨਿਆ ਹੈ। ੨. ਕਪੂਰ। ੩. ਇਸ ਨਾਉਂ ਦਾ ਇੱਕ ਸ਼ੈਵ ਰਾਜਾ ਮੱਧ ਬੰਗਾਲ ਵਿੱਚ ਹੋਇਆ ਹੈ, ਜਿਸ ਨੇ ਰਾਜਾ ਹਰਸ਼ ਦੇ ਭਾਈ ਨੂੰ ਮਾਰ ਦਿੱਤਾ ਸੀ. ਇਸ ਨੇ ਗਯਾ ਦੇ ਬੋਧੀ ਬਿਰਛ ਨੂੰ ਸਾੜਿਆ ਅਤੇ ਬੁੱਧਮਤ ਦੇ ਲੋਕਾਂ ਤੇ ਤਰਾਂ ਤਰਾਂ ਦੇ ਜ਼ੁਲਮ ਢਾਹੇ.

ਸ਼ਸ਼ਾਂਕ ਸ਼ੇਖਰ, ਸ਼ਸ਼ਾਂਕ ਚੂੜ, ਸ਼ਸ਼ਾਂਕ ਮੌਲਿ: ਸੰ. ਸੰਗਯਾ- ਚੰਦ੍ਰਮਾਂ ਨੂੰ ਮੱਥੇ ਉੱਪਰ ਧਾਰਣ ਵਾਲਾ ਸ਼ਿਵ.

ਸਸਾਨਨ: ਵਿ- ਸ਼ਸ਼ਿ (ਚੰਦ੍ਰਮਾ) ਜੇਹਾ ਹੈ ਜਿਸ ਦਾ ਆਨਨ (ਮੁਖ). ਸੰ. ਸ਼ਸ਼ਯਾਨਨ. ਚੰਦ੍ਰਮੁਖ.

ਸਸਿ: ਸੰ. शशिन- ਸ਼ਸ਼ਿਨ. ਸੰਗਯਾ- ਸਹੇ ਵਾਲਾ, ਚੰਦ੍ਰਮਾ. ਸਹੇ ਦਾ ਚਿੰਨ੍ਹ ਧਾਰਣ ਵਾਲਾ ਚੰਦ੍ਰ. ਦੇਖੋ, ਸ਼ਸ਼ਾਂਕ. "ਅਸਿਤਾ[167] ਨਿਸਿ ਮੇ ਸਸਿ ਸੇ ਬਿਗਸੇ." (ਸਮੁਦ੍ਰਮਥਨ) ੨. ਯੋਗਮਤ ਅਨੁਸਾਰ ਖੱਬਾ ਸੁਰ ਅਤੇ ਮਸ੍ਤਕ ਵਿੱਚ ਇਸਥਿਤ ਚੰਦ੍ਰਮਾ, ਜਿਸ ਤੋਂ ਅਮ੍ਰਿਤ ਟਪਕਦਾ ਹੈ "ਸਸਿ ਕੀਨੋ ਸੂਰ ਗਿਰਾਸਾ." (ਰਾਮ ਕਬੀਰ) ੩. ਇੱਕ ਗਿਣਤੀ ਬੋਧਕ, ਕਿਉਂਕਿ ਚੰਦ੍ਰਮਾ ਇੱਕ ਮੰਨਿਆ ਹੈ. "ਸੰਮਤ ਬਾਨ ਸੁ ਚੰਦ, ਖੰਭ ਸਸੀ ਸਾਵਨ ਵਿਖੇ." (ਨਿਹਾਲ ਸਿੰਘ) ਸੰਮਤ ੧੯੧੫[168] ੪. ਸੋਮਵਾਰ ਲਈ ਭੀ ਸਸਿ ਸ਼ਬਦ ਵਰਤਿਆ ਹੈ. "ਜਮਦੁਤਿਯਾ ਸਸਿ ਦਿਨ ਤਬ ਹੁਤੋ." (ਗੁਪ੍ਰਸੂ) ੫. ਸੰ. शस्य ਸ਼ਸਯ. ਖੇਤੀ. "ਸਦਾ ਸੁਕਾਲ

[167] ਕਾਲੀ ਅੰਧੇਰੀ.
[168] ਕਸ ਦੇ ਬਾਣ ਪੰਜ, ਚੰਦ ਇੱਕ, ਖੰਡ ਨੌਂ ਸਸਿ (ਚੰਦ੍ਰਮਾ) ਇੱਕ. ਇਕ ਸੰਕੇਤ ਸੱਜੇ ਤੋਂ ਖੱਬੇ ਨੂੰ ਗਿਣੀਦਾ ਹੈ.

ਸਸਿਨ ਕੋ ਸਾਲੀ." (ਨਾਪ੍ਰ)

ਸਸਿਉ ਪਸਖਿਨੀ: (ਸਨਾਮਾ) ਚੰਦ੍ਰਭਾਗਾ ਨਦੀ. ਚਨਾਬ. ਚਨ੍ਹਾਂ.

ਸਸਿ ਉਪਰਾਜਨਿ: ਸੰਗਯਾ- ਚੰਦ੍ਰਮਾ ਨੂੰ ਸ਼ੋਭਾ ਦੇਣ ਵਾਲੀ, ਰਾਤ੍ਰੀ. ਰਾਤ (ਸਨਾਮਾ)

ਸਸਿ ਅਨੁਜਨਨਿ: ਸੰਗਯਾ- ਚੰਦ੍ਰਮਾ ਦੀ ਛੋਟੀ ਭੈਣ ਨੂੰ ਧਾਰਣਵਾਲੀ, ਅਰਥਾਤ ਚੰਦ੍ਰਭਾਗਾ ਨਦੀ ਨੂੰ ਧਾਰਣਵਾਲੀ, ਪ੍ਰਿਥਿਵੀ. (ਸਨਾਮਾ)

ਸਸਿ ਅਨੁਜਨਨਿ ਜਾ ਚਰ ਨਾਥ ਸਤ੍ਰੁ: ਸੰਗਯਾ- ਬੰਦੂਕ. ਚੰਦ੍ਰਮਾ ਦੀ ਛੋਟੀ ਭੈਣ (ਚੰਦ੍ਰਭਾਗਾ ਨਦੀ) ਨੂੰ ਧਾਰਣ ਵਾਲੀ ਪ੍ਰਿਥਿਵੀ, ਉਸ ਤੋਂ ਉਤਪੰਨ ਹੋਇਆ ਘਾਹ, ਉਸ ਨੂੰ ਚਰਣ ਵਾਲਾ ਮ੍ਰਿਗ, ਉਸ ਦਾ ਸ੍ਵਾਮੀ ਸ਼ੇਰ, ਉਸ ਦੀ ਵੈਰਣ ਬੰਦੂਕ. (ਸਨਾਮਾ)

ਸਸਿ ਅਨੁਜਨਿ: ਸੰਗਯਾ- ਚੰਦ੍ਰਮਾ ਦੀ ਛੋਟੀ ਭੈਣ, ਚੰਦ੍ਰਭਾਗਾ ਨਦੀ ਨੂੰ ਧਾਰਣ ਵਾਲੀ ਪ੍ਰਥਿਵੀ. (ਸਨਾਮਾ)

ਸਸਿਅਨੁਜਾ: ਸੰਗਯਾ- ਚੰਦ੍ਰਮਾ ਦੀ ਛੋਟੀ ਭੈਣ, ਚੰਦ੍ਰਭਾਗਾ ਨਦੀ. (ਸਨਾਮਾ)

ਸਸਿ ਸੇਖਰ: ਸੰ. शशि शेखर. ਸੰਗਯਾ- ਚੰਦ੍ਰਮਾ ਨੂੰ ਮੱਥੇ ਉੱਪਰ ਧਾਰਣ ਵਾਲਾ ਸ਼ਿਵ. ਸ਼ਸ਼ਿਮੌਲਿ.

ਸ਼ਸ਼ਿ ਸ਼ੇਖਰੀ: ਸੰਗਯਾ- ਚੰਦ੍ਰਮਾ ਨੂੰ ਮਸ੍ਤਕ ਤੇ ਧਾਰਣ ਵਾਲੀ, ਦੁਰਗਾ.

ਸਸਿਕੀਕ: ਸੰ. शशङ्क- ਸ਼ਸ਼ਾਂਕ ਇੱਕ. ਅਦੁਤੀ ਚੰਦ੍ਰਮਾ. "ਜਿਉ ਵਿਚਿ ਉਡਵਾ ਸਸਿਕੀਕ." (ਪ੍ਰਭਾ ਮਃ ੪) ਜਿਵੇਂ ਤਾਰਾਗਣ ਵਿੱਚ ਸ਼ਸ਼ਾਂਕ (ਚੰਦ੍ਰਮਾ) ਇੱਕ ਹੈ. ਦੇਖੋ, ਉਡਵਾ.

ਸਸਿ ਘਰ: ਸੰਗਯਾ- ਚੰਦ੍ਰਮਾ ਦਾ ਨਿਵਾਸ ਹੈ ਜਿਸ ਵਿੱਚ, ਰਾਤ੍ਰਿ. ਸ਼ਸ਼ਿਘਰ। ੨. ਭਾਵ- ਅਵਿਦਯਾ.

ਸਸਿ ਘਰਿ: ਚੰਦ੍ਰਮਾ ਦੇ ਘਰ ਵਿੱਚ. "ਸਸਿ ਘਰਿ ਸੂਰ ਵਸੈ ਮਿਟੈ ਅੰਧਿਆਰਾ." (ਸਿਧਗੋਸਟਿ) ਸੂਰਜ ਤੋਂ ਭਾਵ ਆਤਮਗਯਾਨ ਹੈ. ਚੰਦ ਦੀ ਆਪਣੀ ਰੌਸ਼ਨੀ ਕੋਈ ਨਹੀਂ ਉਸ ਵਿੱਚ ਸੂਰਜ ਦਾ ਚਾਨਣਾ ਪੈਂਦਾ ਹੈ, ਤਾਂ ਉਹ ਚਮਕਦਾ ਹੈ. "ਸਸਿ ਘਰਿ ਸੂਰ ਸਮਾਇਆ." (ਪ੍ਰਭਾ ਮਃ ੧) ੩. ਖੱਬੇ ਸੁਰ ਵਿੱਚ. ਯੋਗਮਤ ਅਨੁਸਾਰ ਖੱਬਾ ਸੁਰ. ਇੜਾ ਨਾੜੀ ਵਿੱਚ ਚੰਦ੍ਰਮਾ ਦਾ ਨਿਵਾਸ ਮੰਨਿਆ ਹੈ.

ਸਸਿਬਾਨ: ਸੰਗਯਾ- ਚੰਦ੍ਰਵਾਣ. ਅਰਧਚੰਦ੍ਰਾਕਾਰ ਤੀਰ. ਦੇਖੋ, ਅਰਧ ਚੰਦ੍ਰ.

ਸਸਿਬਾਮ: ਡਿੰਗ. ਚੰਦ੍ਰਮਾ ਦੀ ਵਾਮਾ (ਇਸਤ੍ਰੀ) ਰਾਤ੍ਰਿ. ਰਾਤ.

ਸਸਿਭਗਨਿ: ਸੰਗਯਾ- ਚੰਦ੍ਰਮਾ ਦੀ ਭੈਣ. ਚੰਦ੍ਰਭਾਗਾ. ਦੇਖੋ, ਚੰਦ੍ਰਭਗਾ.

ਸਸਿਭਾਲ, ਸਸਿ ਭੂਖਨ, ਸਸਿ ਮੌਲਿ: ਸੰ. शशिभाल, शशिभूषण, शशिमौल। ਸੰਗਯਾ- ਚੰਦ੍ਰਮਾ ਨੂੰ ਮੱਥੇ ਤੇ ਰੱਖਣ ਵਾਲਾ ਸ਼ਿਵ.

ਸਸਿਯਾ: ਸੰਗਯਾ- ਸੱਸੀ. ਪੁੰਨੂ ਦੀ ਜਿਸ ਨਾਲ ਪ੍ਰੀਤਿ ਸੀ. "ਜੀਤ ਲਈ ਸਸਿ ਕੀ ਕਲਾ ਯਾਂਤੇ ਸਸਿਯਾ ਨਾਮ." (ਚਰਿਤ੍ਰ ੧੦੮) ਦੇਖੋ, ਸੱਸੀ ਅਤੇ ਪੁੰਨੂ। ੨. ਸਹੇ ਦੇ ਚਿੰਨ੍ਹ ਵਾਲਾ, ਚੰਦ੍ਰਮਾ। ੩. ਸਸਿ (ਚੰਦ੍ਰਮਾ) ਵਾਲਾ ਸ਼ਿਵ। ੪. ਸਸ੍ਯ (ਖੇਤੀ) ਵਾਲਾ, ਕਾਸ਼ਤਕਾਰ, ਕਿਰਸਾਨ. ੫. ਜ਼ਮੀਨ, ਜੋ ਖੇਤੀ ਧਾਰਣ ਕਰਦੀ ਹੈ.

ਸਸਿਵਦਨਾ: शशिवदना ਇੱਕ ਗਣ ਛੰਦ, ਜਿਸ ਦਾ ਨਾਉਂ "ਅਕਰਾ", "ਅਣਕਾ", "ਅਨਹਦ", "ਅਨੁਭਵ" "ਢੰਡਰਸਾ", ਅਤੇ "ਮਧੁਰਧੁਨਿ" ਭੀ ਹੈ. ਇਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਇੱਕ ਨਗਣ ਇੱਕ ਯਗਣ.

।।।, ।ऽऽ.

ਉਦਾਹਰਣ-

ਜਬਕਰ ਲੇਖਾ। ਬਧਤ ਵਿਸੇਖਾ।

ਨਹਿ ਘਟਜਾਈ। ਭਲ ਪਤਿਆਈ. (ਨਾਪ੍ਰ)

ਸਸੀ: ਦੇਖੋ, ਸਸਿ। ੨. ਇੱਕ ਛੰਦ. ਦੇਖੋ, ਅਨਕਾ ਅਤੇ ਏਕਾੱਖਰੀ ਦਾ ਚੌਥਾ ਭੇਦ, ਤਥਾ ਚਾਚਰੀ ਦਾ ਰੂਪ ੨.

ਸਸੀਅ, ਸਸੀਅਰ: ਸੰ. ਸ਼ਸ਼ਧਰ. ਸੰਗਯਾ- ਚਦ੍ਰਮਾ. "ਅੰਮ੍ਰਿਤ ਸਸੀਅ ਧੇਨੁ ਲਛਮੀ ਕਲਪਤਰੁ." (ਧਨਾ ਤ੍ਰਿਲੋਚਨ) "ਰਵਿ ਸਸੀਅਰ ਬੇਨਾਧਾ." (ਸਾਰ ਮਃ ੫)

ਸਸੀਅਰ ਕੈ ਘਰਿ ਸੂਰੁ ਸਮਾਵੈ: (ਬਿਲਾ ਥਿਤੀ ਮਃ ੧) ਚੰਦ੍ਰਮਾ ਦਾ ਘਰ ਰਾਤ੍ਰੀ (ਅਵਿਦਯਾ), ਸੂਰ (ਆਤਮ ਗਯਾਨ)

ਸਸੀਅਰੁ: ਦੇਖੋ, ਸਸੀਅਰ. "ਸਸੀਅਰੁ ਗਗਨਿ ਜੋਤਿ ਤਿਹੁ ਲੋਈ." (ਬਿਲਾ ਥਿਤੀ ਮਃ ੧) ਸ਼ਾਂਤਰੂਪ ਆਤਮਾ ਜੋ ਦਿਮਾਗ ਵਿੱਚ ਨਿਸ਼ਚੇ ਕੀਤਾ ਹੈ.

ਸਸੁ: ਸੰ. श्वश्रु ਸ਼੍ਵਸ੍ਰੁ. ਸੰਗਯਾ- ਸ਼੍ਵਸ਼ੁਰ (ਸਹੁਰੇ) ਦੀ ਇਸਤ੍ਰੀ. ਵਹੁਟੀ ਦੀ ਮਾਂ. "ਸਸੁ ਵਿਰਾਇਣਿ." (ਵਾਰ ਰਾਮ ੨. ਮਃ ੫) ਦੇਖੋ, ਵਿਰਾਇਣਿ.

ਸਸੁਰ, ਸਸੁਰਾ: ਸੰ. श्वशुर ਸ਼੍ਵਸ਼ੁਰ. ਆਸ਼ੁ- ਅਸ਼. ਜੋ ਆਸ਼ੁ (ਛੇਤੀ) ਅਸ਼ੁ (ਫੈਲ ਜਾਂਦਾ ਹੈ). ਭਾਵ- ਆਦਰ ਲਾਇਕ ਹੁੰਦਾ ਹੈ. ਸਹੁਰਾ. ਵਹੁਟੀ ਦਾ ਪਿਤਾ.

ਸਸੁਰਾਰ, ਸਸੁਰਾਲ, ਸਸੁਰਾਲਾ: ਸੰਗਯਾ- ਸ੍ਵਸ਼ੁਰ (ਸਹੁਰੇ) ਦਾ ਆਲਯ (ਘਰ). ਵਹੁਟੀ ਦੇ ਪਿਓਕੇ. "ਸਸੁਰੈ ਪੇਈਐ ਤਿਸੁ ਕੰਤ ਕੀ." (ਮਾਝ ਮਃ ੫. ਦਿਨਰੈਣ) ਭਾਵ- ਲੋਕ ਪਰਲੋਕ ਵਿੱਚ.

ਸਸੁਰਿ, ਸਸੁੜਿ, ਸਸੁੜੀ, ਸਸੂ: ਦੇਖੋ, ਸਸੁ. "ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ." (ਮਾਰੂ ਅਃ ਮਃ ੧) "ਸਸੂ ਤੇ ਪਿਰਿ ਕੀਨੀ ਵਾਖਿ." (ਆਸਾ ਮਃ ੫) ਅਵਿਦਯਾ ਤੋਂ ਵੱਖ (ਅਲਗ) ਕਰ ਦਿੱਤੀ.

ਸਸੂਖਾ: ਸੇਵਾ. ਸਨਮਾਨ ਦੇਖੋ, ਸੁਸ਼੍ਰੂਖਾ. "ਕਟੈਗੋ ਕਲੂਖਨ ਸਸੂਖਾ ਚਹੁੰ ਕੋਦ ਮੇ." (ਗੁਪ੍ਰਸੂ)

ਸ਼ਸ਼ੋਪੰਜ: ਫ਼ਾ. شش و پنج ਛੀ ਅਤੇ ਪੰਜ. ਭਾਵ- ਚਿੰਤਾ. ਗਿਣਤੀ. ਔਕੜ.

ਸਸੰ ਸੇਖਰੀ: ਦੇਖੋ, ਸਸਿਸੇਖਰੀ. "ਸਸੰਸੇਖਰੀ ਚੰਦ੍ਰਭਾਲਾ ਭਵਾਨੀ." (ਚੰਡੀ ੨)

ਸਸੰਕ: ਸੰ. सशङ्क ਸਸ਼ੰਕ. ਵਿ- ਸ਼ੰਕਾ ਸਹਿਤ। ੨. ਭੈਭੀਤ. ਡਰਿਆ ਹੋਇਆ। ੩. ਸੰ. शशङ्क ਸ਼ਸ਼ਾਂਕ. ਸੰਗਯਾ- ਸਹੇ ਦੇ ਚਿੰਨ੍ਹ ਵਾਲਾ ਚੰਦ੍ਰਮਾ.

ਸਸੰਬਰ: ਸੰ. सस्यसंवर ਸਸਯਸੰਵਰ. ਸੰਗਯਾ- ਇੱਕ ਬਿਰਛ, ਜਿਸ ਦੇ ਪੱਤੇ ਘੋੜੇ ਦੇ ਕੰਨ ਜੇਹੇ ਹੁੰਦੇ ਹਨ. ਇਸ ਦਾ ਨਾਉਂ ਅਸ਼੍ਵਕਰਣ ਭੀ ਹੈ. L. Vatica Robusta.

"ਸਮੀ ਸਸੰਬਰ ਸਾਵਰ ਸਾਰ." (ਗੁਪ੍ਰਸੂ) ਜੰਡੀ, ਅਸ਼੍ਵਕਰਣ ਅਤੇ ਸਾਉਲੇ ਰੰਗ ਦੇ ਸਾਲ.

ਸੱਸ: ਦੇਖੋ, ਸਸੁ.

ਸੱਸਾ: ਸੰਗਯਾ- ਸ ਅੱਖਰ। ੨. ਸੱਸੇ ਦਾ ਉੱਚਾਰਣ. ਸਕਾਰ.

ਸੱਸੀ: ਵਿ- ਸ਼੍ਵੇਤ- ਸ਼ਯਾਮ. ਕਰੜਬਰੜੀ. ਚਿੱਟੀ ਕਾਲੀ. "ਸੱਸੀਏ ਦਾੜੀਏ ਚਿੱਟੀਏ ਪੱਗੇ." (ਗੁਪ੍ਰਸੂ) ੨. ਸੰਗਯਾ- ਪੁੰਨੂ ਦੀ ਪ੍ਰੇਮਪਾਤ੍ਰਾ, ਜਿਸ ਬਾਬਤ ਚਰਿਤ੍ਰਾਂ ਵਿੱਚ ਕਥਾ ਹੈ ਕਿ ਕਪਿਲਮੁਨਿ ਦਾ ਰੰਭਾ ਅਪਸਰਾ ਨੂੰ ਦੇਖਕੇ ਵੀਰਯ ਡਿਗਿਆ, ਜਿਸ ਤੋਂ

ਰੰਭਾ ਦੇ ਉਦਰੋਂ ਸੱਸੀ ਪੈਦਾ ਹੋਈ. ਦੇਖੋ, ਚਰਿਤ੍ਰ ੧੦੮। ਦੇਖੋ, ਸਸਿਯਾ ੧. ਅਤੇ ਪੁੰਨੂ.

ਸਸ੍ਤ੍ਰ: ਦੇਖੋ, ਸਸਤ੍ਰ.

ਸਸ੍ਤ੍ਰਧਾਰੀ: ਦੇਖੋ, ਸ਼ਸਤ੍ਰਧਾਰੀ.

ਸਸ੍ਤ੍ਰਨਾਮਮਾਲਾ: ਦੇਖੋ, ਸਸਤ੍ਰਨਾਮਮਾਲਾ.

ਸਸਜ[169]: ਸੰ. ਸੰਗਯਾ- ਖੇਤੀ। ੨. ਖੇਤੀ ਦੀ ਪੈਦਾਵਾਰ ਅੰਨ ਫਲ ਆਦਿ। ੩. ਸ਼ਸਤ੍ਰ। ੪. ਗੁਣ.

ਸਸਜਪਾਲ, ਸਸਜਪਾਲਕ: ਸੰ. ਸੰਗਯਾ- ਖੇਤੀ ਦਾ ਰਖਵਾਲਾ। ੨. ਕਾਸ਼੍ਤਕਾਰ.

ਸਹ: ਸਹਾਰਾ. ਆਸਰਾ. ਪਨਾਹ. "ਨਾਨਕ ਸਹ ਪਕਰੀ ਸੰਤਨ ਕੀ." (ਸੋਰ ਮਃ ੫) ੨. ਫ਼ਾ. شوُ ਸ਼ੌ. ਸੰਗਯਾ- ਪਤਿ. ਨੌਸ਼ਾ. "ਸਹ ਕੀ ਸਾਰ ਸੁਹਾਗਨਿ ਜਾਨੈ." (ਸੂਹੀ ਰਵਿਦਾਸ) ੩. ਫ਼ਾ. شہ ਸ਼ਹ. ਸ਼ਾਹ ਦਾ ਸੰਖੇਪ. ਬਾਦਸ਼ਾਹ। ੪. ਸ਼ਤਰੰਜ ਦੀ ਰੋਕ। ੫. ਲਾੜਾ. ਦੁਲਹਾ। ੬. ਵਿ- ਸ਼ਿਰੋਮਣਿ. ਮੁਖੀਆ. ੭. ਪੂਰਣ. ਭਰਿਆ ਹੋਇਆ. "ਨਾਉ ਜਿਵੇਹੇ ਹਾਲੀ ਸਹ ਦਰੀਆਉ ਵਿੱਚ." (ਚੰਡੀ ੩) ੮. ਸੰ. सह ਵਯ- ਸਾਥ. ਸੰਗ. ਸਮੇਤ। ੯. ਵਿ- ਪ੍ਰਬਲ। ੧੦. ਯੋਗਯ. ਲਾਇਕ। ੧੧. ਸੰ. सह्. ਧਾ- ਸਹਾਰਨਾ. ਪ੍ਰਸੰਨ ਹੋਣਾ. ਉਤਸਾਹਿਤ ਹੋਣਾ. ਜੁਲਮ ਕਰਨਾ. ਦ੍ਰਿੜ੍ਹ ਨਿਸ਼ਚਾ ਕਰਨਾ.

ਸਹਸ: ਸ਼ਤ. ਸੌ. "ਸੰਮਤ ਸਤ੍ਰਹਿ ਸਹਸ ਪਚਾਵਨ." (ਰਾਮਾਵ) ਵਿਕ੍ਰਮੀ ੧੭੫੫.[170] "ਸੰਮਤ ਸਤ੍ਰਹ ਸਹਸ ਭਣਿੱਜੈ। ਅਰਧ ਸਹਸ ਫੁਨ ਤੀਨ ਕਹਿੱਜੈ." (ਚਰਿਤ੍ਰ ੪੦੫) ੨. ਸੰ. सहस्त्र ਸਹਸ੍ਰ. ਹਜ਼ਾਰ. ਦਸ ਸੌ। ੩. ਭਾਵ- ਅਨੰਤ. ਬੇਸ਼ੁਮਾਰ. ਦੇਖੋ, ਸਹਸ੍ਰ. "ਸਹਸ ਸਿਆਣਪਾ ਲਖ ਹੋਹਿ." (ਜਪੁ) "ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ." (ਸੋਹਿਲਾ) ੪. ਸੰ. सहस् ਬਲਵਾਨ। ੫. ਵਿਜਈ. ਜਿੱਤਣ ਵਾਲਾ. ੬. ਸੰਗਯਾ- ਜਿੱਤ. ਫਤੇ। ੭. ਬਲ। ੮. ਸੰ. सहर्ष ਸਹਰ੍ਸ਼. ਵਿ- ਆਨੰਦ ਸਹਿਤ. ਆਨੰਦੀ. ਖ਼ੁਸ਼। ੯. ਫ਼ਾ. شہش ਉਸ ਦਾ ਬਾਦਸ਼ਾਹ.

ਸਹਸ ਅਠਾਰਹ: ਕਿਤਾਬ "ਬਸਾਯਰ" ਵਿੱਚ ਜਿਕਰ ਹੈ ਕਿ ਖ਼ੁਦਾ ਨੇ ਸਾਰੀ ਰਚਨਾ (ਮਖ਼ਲੂਕ਼ਾਤ) ਅਠਾਰਾਂ ਹਜ਼ਾਰ ਪ੍ਰਕਾਰ ਦੀ ਬਣਾਈ ਹੈ, ਜਿਸ ਵਿੱਚ ਜੜ੍ਹ ਚੈਤੰਨ ਸਭ ਸ਼ਾਮਿਲ ਹੈ. "ਸਹਸ ਅਠਾਰਹ ਕਹਨਿ ਕਤੇਬਾ." (ਜਪੁ) ਭਾਵ ਇਹ ਹੈ ਕਿ ਹਿੰਦੂਆਂ ਦੀਆਂ ਪੁਸਤਕਾਂ ਕਹਿੰਦੀਆਂ ਹਨ ਕਿ ਓੜਕ ਢੂੰਡ ਢੂੰਡਕੇ ਥਕ ਗਏ ਹਾਂ, ਮੁਸਲਮਾਨਾਂ ਦੀਆਂ ਕਿਤਾਬਾਂ ਦਾ ਭਾਵ ਅਠਾਰਾਂ ਹਜਾਰ ਕਹਿਣ ਤੋਂ ਭੀ ਬੇਅੰਤਤਾ ਪ੍ਰਗਟ ਕਰਦਾ ਹੈ.

ਸਹਸ ਕਰ: ਸੰਗਯਾ- ਸਹਸ੍ਰ (ਹਜ਼ਾਰ) ਹੱਥਾਂ ਵਾਲਾ. ਦੇਖੋ, ਸਹਸ੍ਰਬਾਹੁ। ੨. ਹਜ਼ਾਰ (ਅਨੰਤ) ਕਰ (ਕਿਰਣਾਂ) ਵਾਲਾ ਸੂਰਜ. ਸਹਸ੍ਰ ਕਰ.

ਸਹਸਕਿਰਤ: ਸੰ. सहस्कृत. ਵਿ- ਪੁਸ਼੍ਟ ਕੀਤਾ। ੨. ਭੜਕਾਇਆ। ੩. ਸੰ. संस्कृत ਸੰਸਕ੍ਰਿਤ. ਜਿਸ ਦਾ ਸੰਸਕਾਰ ਕੀਤਾ ਹੈ. ਸੰਵਾਰਿਆ. ਦੁਰੁਸ੍ਤ ਕੀਤਾ. ੪. ਵ੍ਯਾਕਰਣ ਦੇ ਨਿਯਮਾਂ ਵਿੱਚ ਆਈ ਅਤੇ ਕੁਦਰਤੀ (ਪ੍ਰਾਕ੍ਰਿਤ) ਬੋਲੀ ਦੇ ਮੁਕਾਬਲੇ ਤੇ ਸੰਵਾਰੀ ਹੋਈ ਭਾਸ਼ਾ। ੫. ਸੰਗਯਾ- ਸੰਸਕ੍ਰਿਤ ਬੋਲੀ. ਦੇਵਵਾਣੀ। ੬. ਦੇਖੋ, ਸਹਸਕ੍ਰਿਤੀ ਅਤੇ ਸਹਸਾ ਕਿਰਤਾ.

ਸਹਸਕ੍ਰਿਤੀ[171]: ਸੰਗਯਾ- ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਤੋਂ ਬਣੀ ਹੋਈ ਇੱਕ ਭਾਸ਼ਾ, ਜਿਸ ਦਾ ਨਾਉਂ "ਗਾਥਾ" ਭੀ ਹੈ. ਇਸੇ ਵਿੱਚ "ਸਲੋਕ ਸਹਸਕ੍ਰਿਤੀ" ਲਿਖੇ ਗਏ ਹਨ. ਦੇਖੋ, ਗਾਥਾ.

ਸਹਸ ਨਯਨ: ਸੰ. सहस्त्र नयन. ਸਹਸ੍ਰ ਨਯਨ. ਸੰਗਯਾ- ਅਨੰਤ ਨੇਤ੍ਰਾਂ ਵਾਲਾ ਕਰਤਾਰ. ਦੇਖੋ, ਸਹਸ ਅਤੇ ਸਹਸਾ। ੨. ਇੰਦ੍ਰ

---

169 ਇਹ ਸ਼ਸਜ ਭੀ ਸਹੀ ਹੈ.

170 ਪੰਡਿਤ ਤਾਰਾ ਸਿੰਘ ਜੀ ਦਾ ਖ਼ਯਾਲ ਹੈ ਕਿ ਅਸਲ ਪਾਠ ਹੈ-"ਸੰਮਤ ਸਤ੍ਰਹ ਸੈ ਸੁ ਪਚਾਵਨ," ਪਰ ਇਹ ਪੰਡਿਤ ਜੀ ਦੀ ਭੁੱਲ ਹੈ. ਦੇਖੋ, ਅਗਲਾ ਉਦਾਰਣ.

171 सहस्त्रधा कृतिर्यस्या सा सहसकृतिः

ਜਿਸ ਦੇ ਹਜ਼ਾਰ ਭਗਚਿੰਨ੍ਹਾਂ ਦੇ ਨੇਤ੍ਰ ਹੋ ਗਏ ਲਿਖੇ ਹਨ.

ਸਹਸ ਨਾਰ ਸਰਿਤਾ: ਸੰਗਯਾ- ਸੌ ਨਾਲੇ (ਪ੍ਰਵਾਹ) ਵਾਲੀ ਨਦੀ, ਸ਼ਤਦ੍ਰੂ. ਸਤਲੁਜ (ਸਨਾਮਾ) ਇਹ ਸ਼ਬਦ ਭਾਈ ਸੁੱਖਾ ਸਿੰਘ ਨੇ ਭੀ ਗੁਰੁਵਿਲਾਸ ਵਿੱਚ ਸਤਲੁਜ ਲਈ ਵਰਤਿਆ ਹੈ.

ਸਹਸ ਨੇਤ੍ਰ, ਸਹਸ ਨੈਨ: ਦੇਖੋ, ਸਹਸ ਨਯਨ.

ਸਹਸ ਫਣੀ, ਸਹਸ ਫਨੀ: ਸੰਗਯਾ- ਸਹਸ੍ਰ (ਹਜਾਰ) ਫਣਾਂ ਵਾਲਾ ਸ਼ੇਸ਼ਨਾਗ। ੨. ਵਿ- ਹਜ਼ਾਰ ਫਣਾਂ ਵਾਲਾ. "ਸਹਸ ਫਨੀ ਜਪਿਓ ਸੇਖਨਾਗੈ." (ਕਾਨ ਅਃ ਮਃ ੪)

ਸਹਸ ਬਾਹੁ: ਸੰ. ਸਹਸ੍ਰ ਬਾਹੁ. ਸੰਗਯਾ- ਹਜ਼ਾਰ ਬਾਹਾਂ ਵਾਲਾ ਅਰਜੁਨ. ਦੇਖੋ, ਸਹਸ੍ਰਬਾਹੁ. "ਸਹਸਬਾਹੁ ਮਧੁ ਕੀਟ ਮਹਿਖਾਸਾ." (ਗਉ ਅਃ ਮਃ ੧) ਸਹਸ੍ਰਬਾਹੁ, ਮਧੁ, ਕੈਟਭ ਮਹਿਖਾਸੁਰ.

ਸਹਸ ਭਗ ਗਾਮੀ: ਸੰਗਯਾ- ਇੰਦ੍ਰ ਜੋ ਹਜ਼ਾਰ ਭਗ ਨੂੰ ਪ੍ਰਾਪਤ ਹੋਇਆ ਹੈ। ੨. ਪਰਇਸਤ੍ਰੀਗਾਮੀ ਇੰਦ੍ਰ ਹਜ਼ਾਰ ਭਗ ਧਾਰਣ ਵਾਲਾ.

ਸਹਸਮੁਖ: ਸੰਗਯਾ- ਹਜ਼ਾਰ ਮੁਖ ਧਾਰਣ ਵਾਲਾ ਸ਼ੇਸ਼ਨਾਗ। ੨. ਅਨੰਤ ਮੁਖਾਂ ਵਾਲਾ ਕਰਤਾਰ.

ਸਹਸਮੂਰਤਿ: ਸੰਗਯਾ- ਸਹਸ੍ਰ (ਅਨੰਤ) ਮੂਰਤਿ ਕਰਤਾਰ. ਵਿਰਾਟਰੂਪ.

ਸਹਸਰਾਛ: ਸੰ. सहस्त्राक्ष ਸਹਸ੍ਰਾੱਕ. ਸੰਗਯਾ- ਹਜਾਰ ਅੱਖਾਂ ਵਾਲਾ ਇੰਦ੍ਰ। ੨. ਅਨੰਤ ਨੇਤ੍ਰਾਂ ਵਾਲਾ ਅਕਾਲ. ਦੇਖੋ, ਸਹਸ। ੩. ਵਿਸ਼ਨੁ. "ਸਹਸਰਾਛ ਜਾਂਕੇ ਸੁਭ ਸੋਹੈ." (ਵਿਚਿਤ੍ਰ) ੪. ਸ਼ੇਸ਼ਨਾਗ.

ਸਹਸਰਾਮ, ਸਹਸਰਾਂਵ: ਦੇਖੋ, ਸਸਰਾਮ. "ਗਮਨੇ ਸਤਿਗੁਰੁ ਗਏ ਅਗਾਰੀ। ਸਹਸਰਾਂਵ ਕੇ ਪਹੁਚ ਮਝਾਰੀ." (ਗੁਪ੍ਰਸੂ)

ਸ਼ਹ ਸਵਾਰ: ਫ਼ਾ. شہسوار ਪੱਕਾ ਸਵਾਰ. ਚਾਬੁਕ ਸਵਾਰ.

ਸਹਸਾ: ਸੰ. संशय- ਸੰਸ਼ਯ. ਸੰਗਯਾ- (सम्- शी) ਸ਼ੱਕ. ਸੰਦੇਹ. ਸੰਸਾ. "ਵਿਣੁ ਸਹਜੈ ਸਹਸਾ ਨ ਜਾਇ." (ਅਨੰਦੁ) "ਸਹਸੈ ਜੀਉ ਮਲੀਣੁ ਹੈ." (ਅਨੰਦੁ) "ਨਾਹੀ ਸਹਸਾ ਸੋਗ." (ਸ੍ਰੀ ਮਃ ੧) ੨. ਸਹਸ੍ਰੋਂ. ਹਜਾਰਾਂ. ਭਾਵ- ਬੇਅੰਤ. "ਸਹਸ ਨੇਤ੍ਰ ਮੂਰਤਿ ਹੈ ਸਹਸਾ." (ਮਾਰੂ ਸੋਲਹੇ ਮਃ ੫) ੩. ਸੰ. ਕ੍ਰਿ. ਵਿ- ਛੇਤੀ ਨਾਲ. ਸ਼ੀਘ੍ਰਤਾ ਸਹਿਤ. "ਸਹਸਾ ਕੀਨੋ ਕਾਮ." (ਗੁਪ੍ਰਸੂ) ੪. ਬਲ ਨਾਲ। ੫. ਬਿਨਾ ਵਿਚਾਰੇ.

ਸਹਸਾਇਆ: ਵਿ- ਸੰਸੇ (ਸੰਸ਼ਯ) ਵਾਲਾ. ਦੇਖੋ, ਸਹਸਾ ੧. "ਨਾਹੀ ਸਹਸਾਇਆ." (ਬਿਲਾ ਮਃ ੫) ੨. ਕਾਹਲੀ ਵਾਲਾ. ਦੇਖੋ, ਸਹਸਾ ੩.

ਸਹਸਾਈ: ਸੰਗਯਾ- ਕਾਹਲੀ. ਸ਼ੀਘ੍ਰਤਾ. "ਉਤ ਕੀ ਹੁਤੀ ਅਧਿਕ ਸਹਸਾਈ." (ਗੁਪ੍ਰਸੂ) ਦੇਖੋ, ਸਹਸਾ ੩। ੨. ਸੰ. सहशायिन्- ਸਹਸ਼ਾਯੀ. ਵਿ- ਨਾਲ ਸੌਣ ਵਾਲਾ.

ਸਹਸਾਸਤ੍ਰ: ਸੰਗਯਾ- ਸਹਸ੍ਰ (ਹਜ਼ਾਰ) ਅਸ੍ਤ੍ਰ ਧਾਰਨ ਵਾਲਾ ਸਹਸ੍ਰਬਾਹੁ. ਦੇਖੋ, ਸਹਸ੍ਰਬਾਹੁ. "ਜਿਹਿ ਛੀਨ ਲਯੋ ਸਹਸਾਸਤ੍ਰ ਬਲੀ." (ਸਮੁਦ੍ਰਮਥਨ)

ਸਹਸਾਕਿਰਤਾ: ਸੰਗਯਾ- ਦੇਖੋ, ਸਹਸਕ੍ਰਿਤੀ, "ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ." (ਰਾਮ ਮਃ ੧) ਜੇ ਇਸ ਥਾਂ ਸਹਸਾਕਿਰਤਾ ਦਾ ਅਰਥ ਸੰਸਕ੍ਰਿਤ ਕਰੀਏ, ਤਦ ਪੁਰਾਣਰਚਨਾ ਕੀ ਸੰਸਕ੍ਰਿਤ ਨਹੀਂ ਹੈ? ਇਹ ਸ਼ਬਦ, ਪੁਰਾਣਭਾਸ਼ਾ ਤੋਂ ਭਿੰਨ ਭਾਸ਼ਾ ਦਾ ਬੋਧਨ ਕਰਦਾ ਹੈ. ਇਥੇ ਅਰਥ ਹੈ- ਕੋਈ ਮਾਗਧੀ ਪ੍ਰਾਕ੍ਰਿਤ ਭਾਸ਼ਾ ਵਿੱਚ (ਬੌੱਧ ਅਤੇ ਜੈਨ) ਗ੍ਰੰਥ ਪੜ੍ਹਦਾ ਹੈ, ਕੋਈ (ਸੰਸਕ੍ਰਿਤ ਵਿੱਚ) ਹਿੰਦੂਮਤ ਦੇ ਪੁਰਾਣ ਪੜ੍ਹਦਾ ਹੈ.

ਸਹਸਾਗੁਣਾ: ਵਿ- ਸਹਸ੍ਰ ਗੁਣਾ. ਹਜ਼ਾਰ ਗੁਣਾ. "ਦੇ ਦੇ ਮੰਗਹਿ ਸਹਿਸਾ ਗੂਣਾ." (ਵਾਰ ਆਸਾ)

ਸਹਸਾਨਨ: ਸੰਗਜਾ- ਸਹਸ੍ਰ ਆਨਨ (ਮੁਖ) ਵਾਲਾ, ਸ਼ੇਸ਼ਨਾਗ. "ਕਾਂਪ ਉਠ੍ਯੋ ਸੁਨ ਧੌਂ ਸਹਸਾਨਨ." (ਕ੍ਰਿਸਨਾਵ) ੨. ਅਨੰਤ ਮੁਖ ਵਾਲਾ ਕਰਤਾਰ.

ਸਹਸਾਭੁਜ: ਦੇਖੋ, ਸਹਸ੍ਰਬਾਹੁ. "ਸ੍ਰੀ ਜਦੁਬੀਰ ਤੇ ਜੋ ਸਹਸਾਭੁਜ ਭਾਜਗਯੋ ਨਹਿ ਜੁੱਧ ਮਚਾਯੋ." (ਕ੍ਰਿਸਨਾਵ)

ਸਹਸੇਗੰਠ, ਸਹਸੇਗੰਠਿ: ਸੰਗਜਾ- ਸੰਸੇ (ਸੰਸ਼ਯ) ਦੀ ਗ੍ਰੰਥਿ (ਗੰਠ- ਗੰਢ). ਭ੍ਰਮਗ੍ਰੰਥਿ. .

ਸਹਸ੍ਰ: ਹਜ਼ਾਰ. ਦਸ ਸੌ- ੧੦੦੦। ੨. ਨਿਘੰਟੁ ਵਿੱਚ ਸਹਸ੍ਰ ਦਾ ਅਰਥ ਅਨੰਤ ਹੈ. ਦੇਖੋ, ਸਹਸ.

ਸਹਸ੍ਰਦਾਨ: ਵਿ- ਸਹਸ੍ਰ (ਅਨੰਤ) ਦਾਤਾਂ ਦੇਣ ਵਾਲਾ। ੨. ਸੰਗਜਾ- ਕਰਤਾਰ। ੨. ਦੇਖੋ, ਸਹੰਸਰ ਦਾਨ.

ਸਹਸ੍ਰਫਣੀ, ਸਹਸ੍ਰਫਨੀ: ਸੰਗਜਾ- ਹਜ਼ਾਰ ਫਣਾਂ ਦੇ ਧਾਰਨ ਵਾਲਾ ਸ਼ੇਸ਼ਨਾਗ. ਦੇਖੋ, ਸੇਸਨਾਗ.

ਸਹਸ੍ਰਬਾਹੁ: ਸੰਗਜਾ- ਹੈਹਯ ਵੰਸ਼ ਦਾ ਪ੍ਰਤਾਪੀ ਰਾਜਾ, ਜੋ ਸੰਸਕ੍ਰਿਤ ਦੇ ਕਵੀਆਂ ਦੇ ਕਥਨ ਅਨੁਸਾਰ ਹਜ਼ਾਰ ਬਾਹਾਂ ਵਾਲਾ ਸੀ. ਇਹ ਚੰਦ੍ਰਵੰਸ਼ੀ ਰਾਜਾ ਕ੍ਰਿਤਵੀਰਯ ਦਾ ਪੁਤ੍ਰ ਹੋਣ ਕਰਕੇ ਕਾਰਤਵੀਰਯ ਸੱਦੀਦਾ ਹੈ ਅਤੇ ਇਸ ਦਾ ਨਾਉਂ ਅਰਜੁਨ ਭੀ ਹੈ. ਇਹ ਮਾਹਿਸ਼ਮਤੀ[172] ਨਗਰੀ ਦਾ ਰਾਜਾ ਅਤੇ ਦੱਤਾਤ੍ਰੇਯ ਦਾ ਸਿੱਖ ਸੀ. ਇਸ ਨੇ ਸਾਰੀ ਵਿਸ਼੍ਵ ਨੂੰ ਜਿੱਤਕੇ ੮੫੦੦੦ ਵਰ੍ਹੇ ਰਾਜ ਕੀਤਾ.

ਬ੍ਰਹਮਵੈਵਰਤ ਪੁਰਾਣ ਵਿੱਚ ਲਿਖਿਆ ਹੈ ਕਿ ਇੱਕ ਵਾਰ ਸਹਸ੍ਰਬਾਹੁ ਜਮਦਗਨਿ ਰਿਖੀ ਦੇ ਆਸ਼੍ਰਮ ਤੇ ਸੈਨਾ ਸਮੇਤ ਗਿਆ. ਰਿਖੀ ਨੇ ਕਪਿਲਾ ਨਾਮਕ ਕਾਮਧੇਨੁ ਗਊ ਦੀ ਸਹਾਇਤਾ ਨਾਲ ਰਾਜੇ ਦੀ ਅਜੇਹੀ ਦਾਵਤ ਕੀਤੀ ਕਿ ਸਹਸ੍ਰਬਾਹੁ ਹੈਰਾਨ ਹੋ ਗਿਆ. ਤੁਰਨ ਵੇਲੇ ਰਾਜੇ ਨੇ ਰਿਖੀ ਤੋਂ ਗਾਂ ਮੰਗੀ, ਜਿਸ ਪੁਰ ਜਮਦਗਨਿ ਨੇ ਇਨਕਾਰ ਕੀਤਾ. ਇਸ ਪੁਰ ਸਹਸ੍ਰਬਾਹੁ ਨੇ ਜੋਰੋ ਜੋਰੀ ਖੋਹਣੀ ਚਾਹੀ, ਪਰ ਗਊ ਤੋਂ ਪੈਦਾ ਹੋਈ ਫੌਜ ਨੇ ਰਾਜੇ ਦੀ ਸੈਨਾ ਨੂੰ ਭਾਰੀ ਹਾਰ ਦਿੱਤੀ. ਇਸ ਅਪਮਾਨ ਨੂੰ ਚਿੱਤ ਵਿੱਚ ਰੱਖਕੇ ਇੱਕ ਵਾਰ ਫੇਰ ਸਹਸ੍ਰਬਾਹੁ ਜਮਦਗਨਿ ਦੇ ਆਸ਼੍ਰਮ ਤੇ ਦਲ ਬਲ ਸਮੇਤ ਅਚਾਨਕ ਆਇਆ ਅਤੇ ਰਿਖੀ ਨੂੰ ਮਾਰ ਦਿੱਤਾ. ਉਸ ਵੇਲੇ ਜਮਦਗਨਿ ਦਾ ਪੁਤ੍ਰ ਪਰਸ਼ੁਰਾਮ ਘਰ ਨਹੀਂ ਸੀ. ਪਰ ਜਦ ਉਹ ਆਸ਼ਰਮ ਵਿੱਚ ਪਹੁੰਚਿਆ ਤਾਂ ਉਸ ਦੀ ਮਾਂ ਰੇਣੁਕਾ ਨੇ ਸੱਤ ਵਾਰ ਤਿਹੱਥੜ ਮਾਰਕੇ ਵਿਲਾਪ ਕੀਤਾ. ਇਸ ਪੁਰ ਪਰਸ਼ੁਰਾਮ ਨੇ ਪ੍ਰਤਿਗਜਾ ਕੀਤੀ ਕਿ ਮੈਂ ੨੧. ਵਾਰ ਪ੍ਰਿਥਿਵੀ ਨੂੰ ਕ੍ਸ਼ਤ੍ਰਿਯ ਰਹਿਤ ਕਰਾਂਗਾ, ਅਤੇ ਜੰਗ ਕਰਕੇ ਸਹਸ੍ਰਬਾਹੁ ਨੂੰ ਮਾਰਿਆ. ਦੇਖੋ, ਹੈਹਯ ਅਤੇ ਪਰਸ਼ੁਰਾਮ। ੨. ਵਾਣਾਸੁਰ (ਭੌਮਾਸੁਰ) ਜਿਸ ਦੇ ਹਜ਼ਾਰ ਬਾਹਾਂ ਸਨ. ਦੇਖੋ, ਵਾਣ ੫.

ਸਹਸ੍ਰਬਾਹੁ ਅਰਿ: ਪਰਸ਼ੁਰਾਮ। ੨. ਕ੍ਰਿਸ਼ਨ ਜੀ.

ਸਹਸ੍ਰਮੁਖਰਾਵਣ: ਦੇਖੋ, ਮਹਰਾਵਣ.

ਸਹਸ੍ਰਾਂਸ਼ੁ: ਹਜ਼ਾਰ (ਅਨੰਤ) ਅੰਸ਼ੁ (ਕਿਰਣਾਂ) ਵਾਲਾ, ਸੂਰਜ.

ਸਹਸ੍ਰਾਕ੍ਸ਼: ਸੰਗਜਾ- ਸਹਸ੍ਰ (ਅਨੰਤ) ਨੇਤ੍ਰਾਂ ਵਾਲਾ. ਕਰਤਾਰ. ਦੇਖੋ, ਸਹਸ ਅਤੇ ਸਹਸ੍ਰ। ੨. ਇੰਦ੍ਰ. ਪੁਰਾਣਕਥਾ ਹੈ ਕਿ ਗੋਤਮ ਦੇ ਸ੍ਰਾਪ ਨਾਲ ਇੰਦ੍ਰ ਦੇ ਸਰੀਰ ਤੇ ਹੋਏ ਹਜ਼ਾਰ ਭਗ ਦੇ ਚਿੰਨ੍ਹ, ਨੇਤ੍ਰਾਂ ਵਿੱਚ ਬਦਲ ਗਏ ਸਨ.

ਸਹਸ੍ਰੀ ਭੁਜਾਨ: ਦੇਖੋ, ਸਹਸ੍ਰਬਾਹੁ। ੨. ਅਨੰਤ ਭੁਜਾ ਵਾਲੀ ਦੇਵੀ. "ਜਪੈ ਰਾਤ੍ਰ ਦਯੋਸੰ ਸਹਸ੍ਰੀ ਭੁਜਾਨੰ. (ਅਜਰਾਜ)

ਸਹਕ: ਸੰਗਜਾ- ਸਾਹ ਦੀ ਕਸ਼ਿਸ਼ (ਖਿੱਚ). ਦਮਕਸ਼ੀ। ੨. ਵਿ- ਸੁਸ਼੍ਕ. ਖ਼ੁਸ਼ਕ "ਤ੍ਰਿਣੰ ਤ ਮੇਰੰ ਸਹਕੰ ਤ ਹਰੀਅੰ." (ਸਹਸ ਮਃ ੫) ਤਿਨਕੇ ਨੂੰ ਪਹਾੜ, ਸੁੱਕੇ ਨੂੰ ਹਰਾ.

---

[172] ਕਨਿੰਘਮ ਸਾਹਿਬ ਦੇ ਲੇਖ ਅਨੁਸਾਰ ਮੱਧਭਾਰਤ (ਸੀ. ਪੀ) ਦੀ 'ਮੰਡਲਾ' ਨਗਰੀ ਮਹਿਸ਼ਮਤੀ ਹੈ.

ਸਹਕਣਾ: ਕ੍ਰਿ- ਕਸ਼ਿਸ਼ ਨਾਲ ਸਾਹ ਲੈਣਾ. ਖਿੱਚਵਾਂ ਸਾਹ ਲੈਣਾ. ਹਾਹੁਕਾ ਲੈਣਾ। ੨. ਤਰਸਣਾ. "ਸੰਤ ਕਾ ਦੋਖੀ ਸਦਾ ਸਹਕਾਈਐ." (ਸੁਖਮਨੀ)

ਸਹਕਾਰ: ਸੰ. ਸੰਗਯਾ- ਸਾਥ ਕਰਨਾ। ੨. ਸਹਾਇਤਾ। ੩. ਅਜਿਹਾ ਅੰਬ, ਜਿਸ ਦੀ ਸੁਗੰਧ ਦੂਰ ਤੀਕ ਫੈਲੇ। ੪. ਸਹਾਇਕ. ਮਦਦਗਾਰ.

ਸਹਕਾਰੀ: ਸੰ. सहकारिन् ਵਿ- ਸਹਾਇਕ. ਸਾਥ ਮਿਲਕੇ ਕੰਮ ਕਰਨ ਵਾਲਾ. ਸਾਥੀ. "ਫਿਰਤ ਫਿਰਤ ਸਹਕਾਰੀ ਲੋਗ." (ਗੁਪ੍ਰਸੂ)

ਸਹਗਲ: ਸੰਗਯਾ- ਖਤ੍ਰੀਆਂ ਦੀ ਇੱਕ ਜਾਤਿ. "ਪ੍ਰਿਥੀ ਮੱਲ ਸਹਗਲ ਭਲਾ." (ਭਾਗੁ)

ਸਹਗਾਮਿਨੀ: ਵਿ- ਨਾਲ ਜਾਣ ਵਾਲੀ। ੨. ਮਰੇ ਪਤੀ ਦੇ ਨਾਲ ਪਰਲੋਕ ਵਿੱਚ ਜਾਣ ਵਾਲੀ. ਸਤੀ. "ਅੰਤਕਾਲ ਜਾਇ ਪ੍ਰਿਯ ਸੰਗ ਸਹਗਾਮਿਨੀ ਹਨਐ." (ਭਾਗੁ ਕ)

ਸਹਗਾਮੀ: ਵਿ- ਸਾਥ ਜਾਣ ਵਾਲਾ. ਨਾਲ ਤੁਰਨ ਵਾਲਾ। ੨. ਸੰਗਯਾ- ਸਾਥੀ. ਸੰਗੀ.

ਸਹਘਾ, ਸਹਘੋ: ਸੰ समर्घ- ਸਮਘੰ. ਸਿੰਧੀ. ਸਹਾਂਗੋ. ਵਿ- ਸਸਤਾ. "ਵਿਣੁ ਗਾਹਕ ਗੁਣ ਵੇਚੀਐ ਤਉ ਗੁਣ ਸਹਘੋ ਜਾਇ." (ਵਾਰ ਮਾਰੂ ੧. ਮਃ ੧)

ਸਹਚਰ: ਵਿ- ਸਾਥ ਜਾਣ ਵਾਲਾ. ਨਾਲ ਫਿਰਨ ਵਾਲਾ। ੨. ਸੰਗਯਾ- ਮਿਤ੍ਰ. ਸਖਾ। ੩. ਸੇਵਕ. ਨੌਕਰ.

ਸਹਚਰੀ: ਵਿ- ਸਾਥ ਵਿਚਰਣ ਵਾਲੀ. ਨਾਲ ਫਿਰਨ ਵਾਲੀ। ੨. ਸੰਗਯਾ- ਸਖੀ. ਸਹੇਲੀ.

ਸਹਚਾਰ: ਸੰਗਯਾ- ਸਾਥ ਜਾਣ ਦੀ ਕ੍ਰਿਯਾ। ੨. ਮਿਲਾਪ. ਮਿਤ੍ਰਤਾ.

ਸਹਚਾਰੀ: ਸੰਗਯਾ- ਮਿਤ੍ਰ. ਸਖਾ. ਬੇਲੀ. ਸ਼ੱਜਣ. ਮੀਤ। ੨. सहचारिन् ਵਿ- ਸਾਥ ਵਿਚਰਣ ਵਾਲਾ. ਸੰਗੀ.

ਸਹਜ, ਸਹਜੁ: ਸੰ. सहज ਵਿ- ਸਾਥ ਪੈਦਾ ਹੋਣ ਵਾਲਾ. ਜੋ ਨਾਲ ਜੰਮੇ। ੨. ਸੰਗਯਾ- ਸਾਥ ਪੈਦਾ ਹੋਣ ਵਾਲਾ (ਜੌੜਾ ਜੰਮਿਆ) ਭਾਈ। ੩. ਸੁਭਾਵ. ਖ਼ੋ. ਆਦਤ. ਫ਼ਿਤਰਤ. ਅਸਲ ਪ੍ਰਕ੍ਰਿਤਿ. "ਅੰਮ੍ਰਿਤੁ ਲੈ ਲੈ ਨੀਮ ਸਿੰਚਾਈ। ਕਹਿਤ ਕਬੀਰ ਉਆ ਕੋ ਸਹਜੁ ਨ ਜਾਈ।।" (ਆਸਾ) ੪. ਵਿਚਾਰ. ਵਿਵੇਕ. "ਸਹਜੇ ਗਾਵਿਆ ਥਾਇ ਪਵੈ." (ਸ੍ਰੀ ਅਃ ਮਃ ੩) ੫. ਗ੍ਯਾਨ. "ਕਰਮੀ ਸਹਜ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ." (ਅਨੰਦੁ) "ਗੁਰੁ ਬਿਨ ਸਹਜ ਨ ਊਪਜੈ ਭਾਈ, ਪੂਛਹੁ ਗਿਆਨੀਆ ਜਾਇ." (ਸੋਰ ਅਃ ਮਃ ੩) ੬. ਆਨੰਦ. ਸ਼ੋਕ ਦਾ ਅਭਾਵ. "ਚਉਥੈ ਪਦ ਮਹਿ ਸਹਜ ਹੈ ਗੁਰਮੁਖਿ ਪਲੈ ਪਾਇ." (ਸ੍ਰੀ ਅਃ ਮਃ ੩) ੭. ਸੁਸ਼ੀਲ. ਪਤਿਵ੍ਰਤ। ੮. ਪਾਰਬ੍ਰਹਮ. ਕਰਤਾਰ. "ਸਹਜ ਸਾਲਾਹੀ ਸਦਾ ਸਦਾ." (ਸ੍ਰੀ ਅਃ ਮਃ ੩) ੯. ਸਨਮਾਨ. ਆਦਰ। ੧੦. ਕ੍ਰਿ. ਵਿ- ਨਿਰਯਤਨ. "ਸਤਿਗੁਰੁ ਤ ਪਾਇਆ ਸਹਜ ਸੇਤੀ." (ਅਨੰਦੁ) ੧੧. ਸ੍ਵਾਭਾਵਿਕ. "ਜੋ ਕਿਛੁ ਹੋਇ ਸੁ ਸਹਜੇ ਹੋਇ." (ਵਾਰ ਬਿਲਾ ਮਃ ੩) "ਸਹਜੇ ਜਾਗੈ ਸਹੇਜੇ ਸੋਵੈ." (ਵਾਰ ਸੋਰ ਮਃ ੩) ੧੨. ਆਸਾਨੀ ਨਾਲ. "ਮੁਕਤਿ ਦੁਆਰਾ ਮੋਕਲਾ ਸਹਿਜੇ ਆਵਉ ਜਾਉ." (ਸ. ਕਬੀਰ) ੧੩. ਸਿੰਧੀ. ਸੰਗਯਾ- ਘੋਟੀ ਹੋਈ ਭੰਗ.

ਸਹਜਆਨੰਦ: ਸੰਗਯਾ- ਸਹਜਾਨੰਦ. ਆਤਮਾਨੰਦ. ਗ੍ਯਾਨਾਨੰਦ। ੨. ਕੁਦਰਤੀ ਆਨੰਦ.

ਸਹਜਸਮਾਧਿ: ਸੰਗਯਾ- ਹਠ ਯੋਗ ਦੇ ਕਸ਼੍ਟ ਸਾਧਨਾ ਤੋਂ ਬਿਨਾ ਸੁਗਮ ਸਮਾਧਿ. "ਜੋਗੀਆਂ ਦੀ ਹਠ ਸਮਾਧਿ ਹੈ, ਤੇ ਸਿੱਖਾਂ ਦੀ ਸਹਜ ਸਮਾਧਿ ਹੈ. ਅੱਠੇ ਪਹਿਰ ਕਥਾ ਕੀਰਤਨ ਵਿੱਚ ਗੁਜਾਰਦੇ ਹਨ, ਓਨਾਂ ਦੇ ਸ੍ਵਾਸ ਵਿਰਥਾ ਨਹੀਂ ਜਾਂਦੇ." (ਭਗਤਾਵਲੀ) "ਸਹਜ ਸਮਾਧਿ ਸਦਾ ਲਿਵ ਹਰਿ ਸਿਉ." (ਸਾਰ ਅਃ ਮਃ ੧)

ਸਹਜਸਰੋਵਰ: ਗ੍ਯਾਨ ਦਾ ਸਰੋਵਰ (ਤਾਲ). ੨. ਗ੍ਯਾਨ ਦਾ ਸਮੁੰਦਰ। ੩. ਭਾਵ- ਗੁਰੂ। ੪. ਸਤਸੰਗ.

ਸਹਜਸਰੋਵਰਿ: ਸਹਜ ਸਰੋਵਰ ਵਿੱਚ. "ਤੁਅ ਸਹਜ ਸਰੋਵਰਿ ਬਾਸ." (ਸਵੈਯੇ ਮਃ ੪. ਕੇ)

**ਸਹਜਸੁਖ:** ਸੰਗਯਾ- ਸਹਜਾਨੰਦ. ਗ੍ਯਾਨਾ ਨੰਦ। ੨. ਵਿ- ਨਿਰਯਤਨ ਸੁਖ.

**ਸਹਜ ਸੁੰਨ ਕਾ ਘਾਟ:** ਸੰਗਯਾ- ਦਸ਼ਮਦ੍ਵਾਰ. "ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ." (ਸ. ਕਬੀਰ) ਗੰਗਾ ਤੋਂ ਭਾਵ ਇੜਾ, ਜਮੁਨਾ ਤੋਂ ਭਾਵ ਪਿੰਗਲਾ ਹੈ। ੨. ਸਹਜ ਸ਼ੂਨ (ਧੁਨੀ) ਦਾ ਮਾਰਗ. ਦੇਖੋ, ਸੁੰਨ ੯.

**ਸਹਜ ਸੁਭਾਉ, ਸਹਜ ਸੁਭਾਇ:** ਵਿ- ਸਾਥ ਪੈਦਾ ਹੋਇਆ ਸੁਭਾਉ. . ਕੁਦਰਤੀ ਸੁਭਾਵ. "ਜਿਉ ਪਾਵਕ ਕਾ ਸਹਜ ਸੁਭਾਉ." (ਸੁਖਮਨੀ) ੨. ਕ੍ਰਿ. ਵਿ. - ਕੁਦਰਤੀ ਨਿਯਮ ਅਨੁਸਾਰ. "ਮੀਹ ਵੁਠਾ ਸਹਜ ਸੁਭਾਇ." (ਵਾਰ ਗਉ ੨. ਮਃ ੫) ੩. ਸ੍ਵਾਭਾਵਿਕ. ਨਿਰਯਤਨ. "ਸਹਜ ਸੁਭਾਇ ਮਿਲੇ ਗੋਪਾਲਾ." (ਸੋਰ ਮਃ ੫)

**ਸਹਜਸੂਖ:** ਦੇਖੋ, ਸਹਜ ਸੁਖ. "ਸਹਜ ਸੂਖ ਆਨੰਦ ਘਨੇਰੇ." (ਸੂਹੀ ਛੰਤ ਮਃ ੫)

**ਸਹਜ ਸੈਨ:** ਸੰਗਯਾ- ਯੋਗ ਨਿਦ੍ਰਾ. ਸਮਾਧਿ ਵਿੱਚ ਇਸਥਿਤੀ. "ਸਹਜ ਸੈਨ ਅਰੁ ਸੁਖਮਨ ਨਾਰੀ ਉਧ ਕਮਲ ਬਿਗਸਇਆ." (ਸੋਰ ਮਃ ੫)

**ਸਹਜ ਕਥਾ:** ਸੰਗਯਾ- ਗ੍ਯਾਨ ਕਥਾ। ੨. ਕਰਤਾਰ ਦਾ ਗੁਣ ਕੀਰਤਨ.

**ਸਹਜਕੇਲ:** ਸੰਗਯਾ- ਆਤਮਾਨੰਦ. ਅਵਿਨਾਸ਼ੀ ਆਨੰਦ.

**ਸਹਜਗੁਫਾ:** ਸੰਗਯਾ- ਮਨ ਦੀ ਸ਼ਾਂਤ ਦਸ਼ਾ। ੨. ਕ੍ਸ਼ੋਭ ਰਹਿਤ ਦਿਮਾਗ. "ਸਹਜਗੁਫਾ ਮਹਿ ਆਸਣੁ ਬਾਧਿਆ." (ਆਸਾ ਮਃ ੫)

**ਸਹਜਜੋਗ:** ਸੰਗਯਾ- ਹਠਯੋਗ ਦੇ ਕਠਿਨ ਸਾਧਨਾ ਤੋਂ ਨਿਰਾਲਾ ਸੁਖਾਲਾ ਯੋਗ. ਨਾਮ ਸਿਮਰਣ ਦ੍ਵਾਰਾ ਮਨ ਦੀ ਏਕਾਗ੍ਰਤਾ ਰੂਪ ਯੋਗ. ਗੁਰੁਬਾਣੀ ਵਿੱਚ ਇਸ ਯੋਗ ਦੇ ਭਗਤਿਜੋਗ, ਤੱਤਜੋਗ, ਬ੍ਰਹਮਜੋਗ ਆਦਿ ਨਾਮ ਆਏ ਹਨ, ਅਤੇ ਸਹਜਜੋਗ ਦਾ ਸਰੂਪ ਇਉਂ ਵਰਣਨ ਕੀਤਾ ਹੈ-

"ਗੁਰੁ ਕਾ ਸ਼ਬਦੁ ਮਨੈ ਮਹਿ ਮੁੰਦ੍ਰਾ, ਖਿੰਥਾ ਖਿਮਾ ਹਢਾਵਉ। ਜੋ ਕਿਛੁ ਕਰੈ ਭਲਾ ਕਰਿ ਮਾਨਉ, ਸਹਜ ਜੋਗ ਨਿਧਿ ਪਾਵਉ। ਬਾਬਾ ! ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ। ਅੰਮ੍ਰਿਤੁ ਨਾਮੁ ਨਿਰੰਜਨੁ ਪਾਇਆ ਗਿਆਨ ਕਾਇਆ ਰਸ ਭੋਗੰ। ਸਿਵਨਗਰੀ ਮਹਿ ਆਸਨਿ ਬੈਸਉ ਕਲਪ ਤਿਆਗੀ ਬਾਦੰ। ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿ ਨਿਸਿ ਪੂਰੈ ਨਾਦੰ। ਪਤੁ ਵੀਚਾਰੁ ਗਿਆਨੁਮਤਿ ਡੰਡਾ ਵਰਤਮਾਨ ਬਿਭੂਤੰ। ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ. ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ। ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ." (ਆਸਾ ਮਃ ੧)

"ਗੁਰਿ ਮਨੁ ਮਾਰਿਓ ਕਰਿ ਸੰਜੋਗੁ,

ਅਹਿਨਿਸ ਰਾਵੈ ਭਗਤਿਜੋਗੁ,

ਗੁਰ ਸੰਤਸਭਾ ਦੁਖੁ ਮਿਟੈਰੋਗੁ,

ਜਨ ਨਾਨਕ ਹਰਿਵਰੁ ਸਹਜਜੋਗੁ."

(ਬਸੰ ਮਃ ੧)

"ਜੋਗੁ ਨ ਭਗਵੀ ਕਪੜੀ, ਜੋਗੁ ਨ ਮੈਲੇ ਵੇਸਿ।

ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ." (ਸਵਾ ਮਃ ੩)

**ਸਹਜਧਾਰੀ:** ਵਿ- ਸਹਜ (ਗ੍ਯਾਨ) ਧਾਰਣ ਵਾਲਾ. ਵਿਚਾਰਵਾਨ। ੨. ਸੁਖਾਲੀ ਧਾਰਣਾ ਵਾਲਾ. ਸੌਖੀ ਰੀਤਿ ਅੰਗੀਕਾਰ ਕਰਨ ਵਾਲਾ। ੩. ਸੰਗਯਾ- ਸਿੱਖਾਂ ਦਾ ਇੱਕ ਅੰਗ, ਜੋ ਖੰਡੇ ਦਾ ਅਮ੍ਰਿਤ ਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ

ਰਖਦਾ, ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਬਿਨਾ ਆਪਣਾ ਹੋਰ ਧਰਮਪੁਸ੍ਤਕ ਨਹੀਂ ਮੰਨਦਾ.[173]

ਸਹਜਧੁਨਿ: ਸੰਗਯਾ- ਹਠਯੋਗ ਦੀ ਸਾਧਨਾ ਕਰਕੇ ਦਸਮਦ੍ਵਾਰ ਵਿੱਚ ਅਨਾਹਤ ਸ਼ਬਦ ਸੁਣਨ ਤੋਂ ਭਿੰਨ, ਨਾਮ ਦੀ ਅਖੰਡ ਧੁਨੀ ਦਾ ਹਰ ਸਮੇਂ ਹੋਣਾ. ਅਖੰਡ ਨਾਮਚਿੰਤਨ. "ਸਤਿਗੁਰੁ ਸੇਵੇ ਤਾਂ ਸਹਜਧੁਨਿ ਉਪਜੈ." (ਸੋਰ ਮਃ ੩)

ਸਹਜਧ੍ਯਾਨ: ਸੰਗਯਾ- ਹਠਯੋਗ ਦੇ ਧ੍ਯਾਨ ਤੋਂ ਭਿੰਨ, ਗੁਰਸ਼ਬਦ ਦਾ ਦ੍ਰਿੜ੍ਹ ਨਿਸ਼ਚਾ। ੨. ਆਤਮ ਸਰੂਪ ਦਾ ਧ੍ਯਾਨ.

ਸਹਜਪੰਥ: ਸ੍ਵਰੂਪ ਦਾਮੋਦਰ ਆਦਿ ਵੈਸ਼ਨਵਾਂ ਦਾ ਚਲਾਇਆ ਵੈਸ਼ਨਵਾਂ ਦਾ ਇੱਕ ਫਿਰਕਾ, ਜੋ ਜਵਾਨ ਸੁੰਦਰ ਇਸਤ੍ਰੀ ਅੱਗੇ ਬੈਠਕੇ ਰਸਿਕ ਸ਼ਿਰੋਮਣਿ ਕ੍ਰਿਸ਼ਨ ਜੀ ਦਾ ਧ੍ਯਾਨ ਅਤੇ ਭਜਨ ਕਰਦਾ ਹੈ.

ਸਹਜਭਾਉ, ਸਹਜਭਾਇ: ਸੰਗਯਾ- ਸ਼ਾਂਤਿ ਸੁਭਾਵ। ੨. ਆਤਮਿਕ ਪ੍ਰੇਮ. "ਸਹਜਭਾਇ ਮਿਲੀਐ ਸੁਖ ਹੋਵੈ." (ਸਿਧਗੋਸਟਿ) ੩. ਕ੍ਰਿ. ਵਿ- ਸ੍ਵਾਭਾਵਿਕ. ਸੁਤੇ.

ਸਹਜਮਤਾ: ਸੰਗਯਾ- ਆਤਮਚਿੰਤਨ। ੨. ਆਤਮ ਸਿੱਧਾਂਤ। ੩. ਕ੍ਰਿ. ਵਿ- ਨਿਰਯਤਨ. ਸ੍ਵਾਭਾਵਿਕ. "ਸਹਜਮਤੇ ਬਣਿਆਈ ਹੇ." (ਮਾਰੂ ਸੋਲਹੇ ਮਃ ੩)

ਸਹਜਯੋਗ: ਦੇਖੋ, ਸਹਜ ਜੋਗ.

ਸਹਜਰੀਆ: ਵਿ- ਸਹਜ ਸੰਬੰਧੀ. ਆਤਮ ਸੰਬੰਧੀ. ਆਤਮਿਕ. ੨. ਸਹਜ ਰੂਪ. "ਤਉ ਸੁਖ ਸਹਜਰੀਆ." (ਬਿਹਾ ਮਃ ੫)

ਸਹਜਾ: ਦੇਖੋ, ਸੇਜਾ। ੨. ਦੇਖੋ, ਸਹਜ। ੩. ਸਹ (ਸਾਥ) ਜਾ (ਪੈਦਾ ਹੋਈ).

ਸਹਜਾਇਆ: ਵਿ- ਸਹ (ਨਾਲ) ਪੈਦਾ ਹੋਇਆ। ੨. ਸਹਜ (ਗ੍ਯਾਨ) ਨੂੰ ਪ੍ਰਾਪਤ ਹੋਇਆ। ੩. ਸਹਜ- ਆਇਆ. "ਮਹਾ ਅਨੰਦ ਅਚਿੰਤ ਸਹਜਾਇਆ." (ਆਸਾ ਮਃ ੫)

ਸਹਜਾਤ: ਨਾਲ ਪੈਦਾ ਹੋਇਆ.

ਸਹਜਾਦਾ: ਦੇਖੋ, ਸਾਹਜਾਦਾ.

ਸਹਜਾਰਿ, ਸਹਿਜਾਰੀ: ਵਿ- ਸਹਜ (ਗ੍ਯਾਨ) ਸੰਬੰਧੀ. "ਨਿਰਾਰੀ ਅਪਾਰੀ ਸਹਜਾਰੀ." (ਆਸਾ ਮਃ ੫) ੨. ਸੰ. ਸਹਜ- ਅਰਿ. ਸ੍ਵਾਭਾਵਿਕ ਵੈਰੀ. . ਕੁਦਰਤੀ ਵਿਰੋਧੀ। ੩. ਸੰਗਯਾ- ਮਤੇਰ ਅਤੇ ਚਚੇਰਾ ਭਾਈ, ਜੋ ਧਨ ਸੰਪਦਾ ਦੇ ਲਾਲਚ ਪਿੱਛੇ ਵੈਰ ਕਰਦਾ ਹੈ.

ਸਹਜਿ: ਕ੍ਰਿ. ਵਿ- ਗ੍ਯਾਨ ਕਰਕੇ। ੨. ਸ੍ਵਾਭਾਵਿਕ। ੩. . ਕੁਦਰਤੀ ਤੌਰ ਪੁਰ। ੪. ਸਹਜ (ਬ੍ਰਹਮ) ਵਿੱਚ. "ਲਾਗੈ ਸਹਜਿ ਧਿਆਨੁ." (ਜਪੁ) ੪. ਸੁਸ਼ੀਲਤਾ (ਸਾਦਾਚਾਰ) ਦਾ. "ਸਹਜਿ ਸੀਗਾਰ ਕਾਮਣਿ ਕਰਿ ਆਵੈ." (ਸੂਹੀ ਅਃ ਮਃ ੧) ੫. ਸ਼ਨੇ ਸ਼ਨੇ. ਹੌਲੀ ਹੌਲੀ. "ਸਹਜਿ ਪਕੈ ਸੋ ਮੀਠਾ." (ਤੁਖਾ ਬਾਰਹਮਾਹਾ) ੬. ਧੀਰਜ ਅਤੇ ਸ਼ਾਂਤਿ ਨਾਲ. "ਸਹਜਿ ਸਹਜਿ ਗੁਣ ਰਮੈ ਕਬੀਰਾ." (ਗਉ ਕਬੀਰ) "ਬਾਬੀਹਾ ਤੂੰ ਸਹਿਜ ਬੋਲ." (ਸਵਾ ਮਃ ੩)

ਸਹਜੀ: ਸੰਗਯਾ- ਸਹਜਧਾਰੀ ਸਿੱਖ. "ਤ੍ਰੈ ਪ੍ਰਕਾਰ ਮਮ ਸਿੱਖ ਹੈਂ ਸਹਜੀ ਚਰਨੀ ਖੰਡ." (ਰਤਨਮਾਲ) ਸਹਜਧਾਰੀ, ਚਰਨਪਾਹੁਲੀ ਅਤੇ ਖੰਡਾ ਅਮ੍ਰਿਤਧਾਰੀ. ਦੇਖੋ, ਸਹਜਧਾਰੀ.

ਸਹਜੁ: ਦੇਖੋ, ਸਹਜ.

ਸਹਜੇ: ਕ੍ਰਿ. ਵਿ- ਸ੍ਵਾਭਾਵਿਕ. "ਸਹਜੇ ਆਸਣੁ ਅਸਥਿਰੁ ਭਇਆ." (ਗਉ ਅਃ ਮਃ ੫) ੨. ਸਨੇ ਸਨੇ. ਧੀਰਜ ਨਾਲ.

---

[173] ਪੰਜਾਬ ਅਤੇ ਸਿੰਧ ਵਿੱਚ ਸਹਜਧਾਰੀ ਬਹੁਤ ਗਿਣਤੀ ਦੇ ਹਨ. ਖ਼ਾਸ ਕਰਕੇ ਸਿੰਧ ਦੇ ਸਹਜਧਾਰੀ ਵਡੇ ਪ੍ਰੇਮੀ ਅਤੇ ਸ਼੍ਰੱਧਾਵਾਨ ਹਨ, ਜੋ ਸਿੰਘ, ਸਹਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖ ਧਰਮ ਤੋਂ ਅਞਾਣ ਹਨ.

**ਸਹਣ, ਸਹਣਸੀਲ:** ਦੇਖੋ, ਸਹਨ ਅਤੇ ਸਹਨਸੀਲ. "ਸਹਣਸੀਲ ਸੰਤੰ." (ਸਹਸ ਮਃ ੫)

**ਸਹਣਾ:** ਕ੍ਰਿ. - ਸਹਾਰਨਾ. ਬਰਦਾਸ਼੍ਤ ਕਰਨਾ. ਦੇਖੋ, ਸਹ ੧੧.

**ਸ਼ਹਤੀਰ:** ਫ਼ਾ. شہتیر ਵਡਾ ਤੀਰ. ਲੰਮਾ ਅਤੇ ਮੋਟਾ ਬਾਲਾ. ਬੀਮ. ਸ਼ਤੀਰ.

**ਸਹਤੂਤ:** ਦੇਖੋ, ਸਤੂਤ.

**ਸਹੱਤ, ਸਹੱਤਾ:** ਸੰ. सहत्व ਸਹਤ੍ਵ. ਸੰਗਜਾ- ਨਾਲ ਹੋਣ ਦਾ ਭਾਵ. ਸੰਬੰਧ. ਤੱਲੁਕ. ਸਾਥਪਨ। ੨. ਬਰਦਾਸ਼੍ਤ. ਸਹਾਰਣ ਦੀ ਕ੍ਰਿਯਾ. ਦੇਖੋ, ਸਹ ੧੧.

**ਸਹਦ:** ਸੰ. ਸਹ (ਸਾਥ) ਦ (ਦੇਨ ਵਾਲਾ). ੨. ਅ਼. شہد ਸ਼ਹਦ. ਸੰਗਜਾ- ਮਧੁ. ਸ਼ੰ. ਸਾਰਘ. ਸ਼ਹਦ ਦੀਆਂ ਮੱਖੀਆਂ (ਮਧੁ ਮਕ੍ਸ਼ਿਕਾ) ਕਰਕੇ ਕੱਠਾ ਕੀਤਾ ਫੁੱਲਾਂ ਦਾ ਮਿੱਠਾ. ਇਸ ਦੀ ਤਾਸੀਰ ਗਰਮ ਤਰ ਹੈ. ਇਹ ਲਹੂ ਨੂੰ ਸਾਫ ਕਰਦਾ ਅਤੇ ਖਾਂਸੀ ਆਦਿ ਰੋਗਾਂ ਨੂੰ ਘਟਾਉਂਦਾ ਹੈ.

**ਸਹਦੇਵ:** ਸੰਗਜਾ- ਪਾਂਡਵਾਂ ਵਿੱਚੋਂ ਸਭ ਤੋਂ ਛੋਟਾ, ਜੋ ਅਸ਼੍ਵਿਨੀ ਕੁਮਾਰਾਂ ਦੇ ਸੰਯੋਗ ਤੋਂ ਮਾਦ੍ਰੀ ਦੇ ਉਦਰੋਂ ਜਨਮਿਆ. ਦੇਖੋ, ਪਾਂਡਵ। ੨. ਮਗਧਪਤਿ ਰਾਜਾ ਜਰਾਸੰਧ ਦਾ ਪੁਤ੍ਰ.

**ਸਹਧਰਮੀ:** सहधार्मिक. ਉਸੇ ਧਰਮ ਵਾਲਾ. ਹਮ- ਮਜਹਬ.

**ਸਹਨ:** ਸੰ. ਵਿ- ਬਲਵਾਨ। ੨. ਸਹਾਰਨੇ ਵਾਲਾ. ਬਰਦਾਸ਼੍ਤ ਕਰਨ ਵਾਲਾ। ੩. ਸੰਗਜਾ- ਸਹਾਰਨ ਦੀ ਕ੍ਰਿਯਾ. ਬਰਦਾਸ਼੍ਤ. "ਕਸ ਕਸਵਟੀ ਸਹੈ ਸੁ ਤਾਉ." (ਓਅੰਕਾਰ) ੪. ਧਾਰਣ. ਅੰਗੀਕਾਰ. "ਗੁਰ ਕੀ ਆਗਿਆ ਮਨ ਮਹਿ ਸਹੈ." (ਸੁਖਮਨੀ) ੫. ਅ਼. صحن ਸਹ਼ਨ. ਵੇੜ੍ਹਾ. ਅੰਗਣ। ੬. ਵਡਾ ਥਾਲ.

**ਸ਼ਹਨਸ਼ਾਹ:** ਫ਼ਾ. شہنشاہ ਵਿ- ਬਾਦਸ਼ਾਹਾਂ ਦਾ ਬਾਦਸ਼ਾਹ. ਮਹਾਰਾਜਾਧਿਰਾਜ. ਉਹ ਬਾਦਸ਼ਾਹ ਜਿਸ ਦੇ ਮਾਤਹਤ ਕਈ ਮੁਲਕਾਂ ਜਾਂ ਰਿਆਸਤਾਂ ਦੇ ਰਾਜੇ ਸ਼ਾਹ ਆਦਿਕ ਹੋਵਨ. ਦੇਖੋ, ਸਾਹ ਸਾਹਾਣ.

**ਸਹਨਸੀਲ:** ਸੰ. सहनशील ਵਿ- ਸਹਾਰਨ ਦਾ ਹੈ ਜਿਸ ਦਾ ਸੁਭਾਉ. ਬਰਦਾਸ਼੍ਤ ਕਰਨ ਵਾਲਾ। ੨. ਖਿਮਾ (ਕ੍ਸ਼ਮਾ) ਵਾਲਾ. "ਸਹਨਸੀਲ ਪਵਨ ਅਰੁ ਪਾਣੀ." (ਮਾਰੂ ਮਃ ੫)

**ਸਹਨਕ:** ਫ਼ਾ. صحنک ਸਹ਼ਨਕ. ਸੰਗਜਾ- ਰਕੇਬੀ. ਤਸ਼ਤਰੀ. ਥਾਲੀ. ਕੁਨਾਲੀ. "ਸਹਨਕ ਸਭ ਸੰਸਾਰਾ." (ਭੈਰ ਨਾਮਦੇਵ)

**ਸਹਨਾ:** ਦੇਖੋ, ਸਹਣਾ ਅਤੇ ਸਹਨ.

**ਸਹਨਾਈ:** ਫ਼ਾ. شہنائی ਸ਼ਹਨਾਈ. ਸੰਗਜਾ- ਨਫ਼ੀਰੀ. ਤੂਤੀ. ਸਰਨਾ. "ਕਹਾਂ ਸੁ ਭੇਰੀ ਸਹਨਾਈ." (ਆਸਾ ਅਃ ਮਃ ੧)

**ਸਹਪੂਰ:** ਫ਼ਾ. شیپور ਸ਼ੈਪੂਰ. ਸੰਗਜਾ- ਇੱਕ ਵਾਜਾ, ਜੋ ਬਿਗਲ ਦੀ ਕਿਸਮ ਦਾ ਹੈ. "ਡਫ ਬੀਨ ਰਬਾਬ ਸਹਪੂਰ ਬਜੇ." ਅਰ- "ਖੰਜਰੀ ਸਹਪੂਰ." (ਸਲੋਹ)

**ਸਹਬਾਜ:** ਫ਼ਾ. شہباز ਸੰਗਜਾ- ਬਾਜ਼ ਦਾ ਨਰ. ਜੁੱਰਹ. "ਜਜੋਂ ਸਹਬਾਜ ਮਨੋ ਚਕਵਾ ਸੰਗ ਏਕਧਾ ਕਾਹੂੰ ਸੁ ਮਾਰ ਗਿਰਾਯੋ." (ਕ੍ਰਿਸਨਾਵ) "ਪੰਖੇਰੂ ਸ਼ਹਬਾਜ ਪੇਖ ਢੁੱਕ ਨ ਹੰਘਨ ਮਿਲੈ ਨ ਢੋਈ." (ਭਾਗੁ) ਦੇਖੋ, ਸ਼ਿਕਾਰੀ ਪੰਛੀ.

**ਸਹਬਾਲਾ:** ਫ਼ਾ. شہبالا ਸੰਗਜਾ- ਦੁਲਹਾ (ਲਾੜੇ) ਦਾ ਸਖਾ. ਲਾੜੇ ਦਾ ਸਾਥੀ. ਲਾੜੇ ਦੇ ਕ਼ੱਦ ਦਾ. ਲਾੜੇ ਦੀ ਉਮਰ ਦਾ.

**ਸਹਮ:** ਫ਼ਾ. سہم ਸੰਗਜਾ- ਡਰ. ਭੈ. "ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂੰ ਭਲਾ." (ਤੁਖਾ ਬਾਰਹਮਾਹਾ) ੨. ਅ਼. سحم ਸਹ਼ਮ. ਸਿਆਹੀ. ਕਾਲਸ। ੩. ਭਾਵ- ਕਲੰਕ. "ਖਟੇ ਦੰਮ ਸਹੰਮੀ." (ਸਵਾ ਮਃ ੧) ਅਨਰਥ ਕਰਕੇ ਖੱਟੇ ਦਾਮ। ੪. ਅ਼. سہم ਹਿੱਸਾ. ਭਾਗ। ੫. ਤੀਰ.

ਸਹਮਤ: ਸੰ. ਵਿ- ਜਿਸ ਦਾ ਮਤ ਦੂਜੇ ਨਾਲ ਮਿਲਦਾ ਹੈ. ਇੱਕੋ ਰਾਇ ਰੱਖਣ ਵਾਲਾ.

ਸਹਰ: ਫ਼ਾ. شہر ਸ਼ਹਰ. ਸੰਗਯਾ- ਨਗਰ. ਪੱਤਨ। ੨. ਅ਼. ਮਹੀਨਾ. ਮਾਸ। ੩. ਅ਼. سحر ਸਹ਼ਰ. ਪ੍ਰਾਤਹਕਾਲ. ਭੋਰ. ਤੜਕਾ.

ਸ਼ਹਰਗ: ਫ਼ਾ. شہرگ ਸੰਗਯਾ- ਰਕਤਵਾਹ ਨਾੜੀ. ਪ੍ਰਧਾਨ ਨਾੜੀ. ਦੇਖੋ, ਸ਼ਾਹਰਗ.

ਸ਼ਹਰਪਨਾਹ: ਸੰਗਯਾ- ਸ਼ਹਰ ਦੀ ਰਖਯਾ ਕਰਨ ਵਾਲਾ ਕੋਟ. ਨਗਰ ਦੀ ਚਾਰਦੀਵਾਰੀ. ਫ਼ਸੀਲ.

ਸਹਰਾ: ਅ਼. صحرا ਸਹ਼ਰਾ. ਸੰਗਯਾ- ਜੰਗਲ. ਰੋਹੀ. ਰੇਤਲੇ ਮੈਦਾਨ. ਖ਼ਾਸ ਕਰਕੇ ਅਰਬ, ਅਫ਼ਰੀਕਾ ਤੇ ਮਾਲਵੇ ਦੇ.

ਸਹਰਾਨਾ: ਦੇਖੋ, ਸਿਰਹਾਨਾ। ੨. ਪ੍ਰਾ. ਕ੍ਰਿ. - ਪਲੋਸਣਾ. ਪਲੋਟਨਾ. "ਤੇ ਪਦਪੰਕਜ ਕੇਸਵ ਕੇ ਅਬ ਊਧਵ ਲੈ ਕਰ ਮੇ ਸਹਰਾਏ." (ਕ੍ਰਿਸਨਾਵ) ੩ਗੁਦਗੁਦੀ ਕਰਨੀ. ਕੁਤਕੁਤੀ ਕਰਨੀ। ੪. ਸੰ. ਸ਼ੁਸ਼੍ਰੂਸ਼ਣ. ਸੰਗਯਾ- ਸੇਵਨ.

ਸਹਰੀ: ਦੇਖੋ, ਸਰਘੀ। ੨. ਸ਼ਹਰ ਵਿੱਚ ਰਹਿਣ ਵਾਲਾ. ਸ਼ਹਰੀ. ਨਾਗਰ. ਦੇਖੋ, ਹਮਸਹਰੀ.

ਸਹਰੁ: ਦੇਖੋ, ਸਹਰ.

ਸਹਲ: ਅ਼. سہل ਵਿ- ਸੁਗਮ. ਸੌਖਾ ਆਸਾਨ. "ਜਿਯਬੋ ਜਗ ਕੋ ਸਹਲ ਹੈ ਯਹੈ ਕਠਿਨ ਦ੍ਵੈ ਕਾਮ। ਪ੍ਰਾਤ ਸੱਭਰਬੋ ਰਾਜ ਕੋ ਰਾਤ ਸੱਭਰਬੋ ਰਾਮ." (ਚਰਿਤ੍ਰ ੯੧) ੨. ਪੱਧਰ ਅਤੇ ਨਰਮ ਜਮੀਨ। ੩. ਅਬਦੁੱਲਾ ਤਸ਼ਤਰੀ ਦਾ ਪੁਤ੍ਰ ਇੱਕ ਮਹਾਤਮਾ ਸਾਧੂ ਅਬੂ ਮੁਹੰਮਦ. ਜਿਸ ਦਾ ਦੇਹਾਂਤ ਸਨ ੯੨੩ ਹਿਜਰੀ ਵਿੱਚ ਹੋਇਆ.

ਸਹਲਾ, ਸਹਲੀ: ਵਿ- ਸੁ- ਲਭ। ੨. ਸਹ- ਲਾਭ. ਲਾਭਵੰਤ. "ਸਹਲੀ ਖੇਪ ਨਾਨਕ ਲੈ ਆਇਆ." (ਆਸਾ ਮਃ ੫) ੩. ਸੁਖਾਲਾ, ਸੁਖਾਲੀ. ਦੇਖੋ, ਸਹਲ.

ਸਹਲੰਗ, ਸਹਲੰਙ: ਸੰ. ਸਹਲਗ੍ਨ. ਵਿ- ਨਾਲ ਲੱਗਾ ਹੋਇਆ. ਜੁੜਿਆ ਹੋਇਆ. ਸੰਬੰਧਿਤ "ਪਉਣ ਪਾਣੀ ਬੈਸੰਤਰ ਸਭ ਸਹਲੰਗਾ." (ਗਉ ਮਃ ੩) "ਮਨ ਦੂਜਾਭਾਉ ਸਹਲੰਙੁ." (ਸੂਹੀ ਮਃ ੪)

ਸ਼ਹਵਤ: ਅ਼. شہوت ਸੰਗਯਾ- ਇੱਛਾ. ਰੁਚਿ. ਚਾਹ। ੨. ਭੋਗਇੱਛਾ. ਕਾਮਚੇਸ਼੍ਟਾ.

ਸ਼ਹਵਤੀ: ਵਿ- ਕਾਮੀ.

ਸਹਵਾਸ: ਸੰਗਯਾ- ਸਾਥ ਦੀ ਰਹਾਇਸ਼. ਨਾਲ ਵਸਣਾ. ਪਾਸ ਰਹਿਣਾ.

ਸਹਵਾਸੀ: ਸੰ. सहवासिन् ਵਿ- ਸਾਥ ਵਸਣ ਵਾਲਾ. ਨਾਲ ਰਹਿਣ ਵਾਲਾ। ੨. ਗਵਾਂਢੀ. ਪੜੋਸੀ. ਹਮਸਾਇਆ.

ਸਹਾ: ਸੰ. ਸ਼ਸ਼ਕ. ਸਸਾ. ਖ਼ਰਗੋਸ਼. ਪੈਗ਼ੰਬਰ ਮੂਸਾ ਨੇ ਸਹਾ ਅਪਵਿਤ੍ਰ ਜੀਵਾਂ ਵਿੱਚ ਗਿਣਿਆ ਹੈ, ਇਸ ਲਈ ਯਹੂਦੀ ਇਸ ਦਾ ਮਾਸ ਖਾਣਾ ਪਾਪ ਸਮਝਦੇ ਹਨ. ਪਾਰਸੀ ਅਤੇ ਆਰਮੀਨੀਅਨ ਸਹੇ ਦੇ ਮਾਸ ਤੋਂ ਹੁਣ ਭੀ ਪਰਹੇਜ਼ ਕਰਦੇ ਹਨ. ਭਾਵੇਂ ਹਜਰਤ ਮੁਹੰਮਦ ਨੇ ਸਹੇ ਦਾ ਨਿਸ਼ੇਧ ਨਹੀਂ ਕੀਤਾ, ਪਰ ਮੂਸਾ ਨੂੰ ਪੈਗੰਬਰ ਮੰਨਣ ਕਰਕੇ ਬਹੁਤ ਸਾਰੇ ਮੁਸਲਮਾਨ ਯਹੂਦੀਆਂ ਦੀ ਪੈਰਵੀ ਕਰਦੇ ਹਨ. ਚੂੜ੍ਹਿਆਂ ਦਾ ਪੀਰ ਮਖ਼ਦੂਮ ਜਹਾਨੀਆਂ ਉੱਚ ਨਿਵਾਸੀ ਇਸੇ ਖ਼ਿਆਲ ਦਾ ਆਦਮੀ ਸੀ. ਉਸ ਦੀ ਹਦਾਇਤ ਅਨੁਸਾਰ ਚੂੜ੍ਹੇ ਸਹੇ ਦਾ ਮਾਸ ਹਰਾਮ ਜਾਣਦੇ ਹਨ. "ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜ." (ਭਾਗੁ)

ਚੂੜ੍ਹੇ ਹੋਰ ਭੀ ਕਈ ਕਥਾ ਕਹਿੰਦੇ ਹਨ ਕਿ ਲਾਲਬੇਗ ਜੋ ਵਾਲੀਮੀਕਿ ਦਾ ਅਵਤਾਰ ਹੈ ਓਹ ਸਹੀ ਦੇ ਦੁੱਧ ਨਾਲ ਬਚਪਨ ਵਿੱਚ ਪਲਿਆ ਸੀ ਇਸ ਕਰਕੇ ਸਹਾ ਖਾਣਾ ਹਰਾਮ ਹੈ. ਹੋਰ ਆਖਦੇ ਹਨ ਕਿ ਇੱਕ ਵਾਰ ਚੂਹੜੇ ਨੇ ਗਊ ਦਾ ਵੱਛਾ ਮਾਰਕੇ ਟੋਕਰੇ ਹੇਠ ਲੁਕੋ ਦਿੱਤਾ, ਜਦ ਮਾਲਿਕ ਨੇ ਆਕੇ ਤਲਾਸ਼ੀ ਲਈ ਤਦ ਲਾਲਬੇਗ ਦੇ ਪ੍ਰਭਾਵ ਕਰਕੇ ਵੱਛਾ ਸਹੇ ਵਿੱਚ ਬਦਲ ਗਿਆ, ਤਦ ਤੋਂ ਸਹਾ ਖਾਣਾ ਵਰਜਿਆ ਗਿਆ। ੨. ਸੰ. ਸਹਾ ਘੀਕੁਆਰ। ੩. ਹਿਮ ਰੁੱਤ। ੪. ਮੇਂਹਦੀ.

ਸਹਾਉ: ਸੰਗਯਾ- ਸ੍ਵਭਾਵ. "ਹਮਰੋ ਸਹਾਉ ਸਦਾ ਸਦ ਭੂਲਨ." (ਬਿਲਾ ਮਃ ੫) ੨. ਸਹਿਨਸ਼ੀਲਤਾ. ਸਹਾਰਣ (ਬਰਦਾਸ਼ਤ)

ਦਾ ਸੁਭਾਉ. ੩. ਵਿ- ਸਹ- ਆਯੁ. ਉਸੇ ਉਮਰ ਦਾ. ਹਮਉਮਰ.

ਸਹਾਇ: ਸੰ. ਸਹਾਯ. ਵਿ- ਜੋ ਸਹ (ਸਾਥ) ਜਾਂਦਾ ਹੈ. ਸਹਾਇਤਾ ਕਰਨ ਵਾਲਾ. ਸਹਾਇਕ. ਮਦਦ ਦੇਣ ਵਾਲਾ. ਯਥਾ- "ਸ੍ਰੀ ਅਕਾਲ ਜੀ ਸਹਾਇ."

ਸਹਾਇਕ: ਵਿ- ਸਹਾਯਕ. ਸਹਾਇਤਾ ਕਰਨ ਵਾਲਾ.

ਸਹਾਇਤਾ: ਸੰਗਯਾ- ਸਹਾਯਤਾ. ਮਦਦ. ਇਮਦਾਦ.

ਸਹਾਈ: ਸੰ. सहायिन् ਸਹਾਯੀ. ਵਿ- ਮਦਦ ਦੇਣ ਵਾਲਾ. ਸਹਾਇਕ.

ਸਹਾਸ: ਵਿ- ਹਾਸੀ ਸਹਿਤ। ੨. ਪਾਸ ਬੈਠਣ ਵਾਲਾ.

ਸਹਾਸਨ: ਸਹ- ਆਸਨ. ਸੰਗਯਾ- ਸਾਥ ਬੈਠਣ ਦੀ ਕ੍ਰਿਯਾ. ਨਾਲ ਬੈਠਣਾ.

ਸਹਾਤ: ਵਿ- ਸਹਾਇਤਾ ਪ੍ਰਦਾਤਾ. ਸਹਾਇਕ. "ਪ੍ਰਭੁ ਜੀਉ ਹੋਇ ਸਹਾਤ." (ਕੇਦਾ ਮਃ ੫) ੨. ਸਹਿੰਦਾ (ਸਹਾਰਦਾ) ਹੈ.

ਸ਼ਹਾਦਤ: ਅ਼. شہادت ਸੰਗਯਾ- ਸੱਚੀ ਗਵਾਹੀ. ਸਾ>ਯ। ੨. ਸ਼ਹੀਦੀ. ਧਰਮਯੁੱਧ ਵਿੱਚ ਮੌਤ.

ਸ਼ਹਾਨਾ: ਫ਼ਾ. شہانہ ਵਿ- ਬਾਦਸ਼ਾਹ ਸੰਬੰਧੀ. ਸ਼ਾਹ ਦਾ ਰਾਜਨਯ.

ਸਹਾਧ੍ਯਾਯੀ: ਸੰ. सहाध्यायिन् ਵਿ- ਸਾਥ ਅਧ੍ਯਯਨ (ਪੜ੍ਹਨ) ਵਾਲਾ. ਹਮਸਬਕ. ਹਮਜਮਾਤੀ.

ਸ਼ਹਾਨਾ: ਫ਼ਾ. . . ਵਿ- ਬਾਦਸ਼ਾਹ ਸੰਬੰਧੀ. ਸ਼ਾਹ ਦਾ. ਰਾਜਨਯ.

ਸਹਾਨੁਭੂਤਿ: ਸੰ. ਸੰਗਯਾ- ਸਹ- ਅਨੁਭੂਤਿ. ਸਾਥ ਅਨੁਭਵ ਕਰਨ ਦੀ ਕ੍ਰਿਯਾ. ਹਮਦਰਦੀ. ਕਿਸੇ ਨਾਲ ਦੁੱਖ ਸੁਖ ਮਹਸੂਸ ਕਰਨ ਦਾ ਭਾਵ.

ਸਹਾਬ: ਫ਼ਾ. شہاب ਸ਼ਹਾਬ. ਵਿ- ਸੰਖੇਪ ਹੈ ਸ਼ਹਆਬ ਦਾ. ਸ਼ਿਰੋਮਣਿ ਰੰਗ। ੨. ਸੁਰਖ਼. "ਰਣੰ ਦੇਖੀਐ ਰੰਗ ਰੂਪੰ ਸਹਾਬੰ." (ਵਿਚਿਤ੍ਰ) ੩. ਅ਼. ਚਮਕੀਲਾ ਤਾਰਾ। ੪. ਨਕ੍ਸ਼ਤ੍ਰ ਦੇ ਡਿਗਣ ਤੋਂ ਆਕਾਸ਼ ਵਿੱਚ ਹਵਾ ਦੀ ਰਗੜ ਤੋਂ ਉਪਜੀ ਅਗਨਿ ਰੇਖਾ। ੫. ਦੇਖੋ, ਸਿਹਾਬ.

ਸਹਾਬਾ: ਅ਼. صائِبہ ਸਾਇਬਹ. ਵਿ- ਰਾਸ੍ਤੀ ਨਾਲ ਕੰਮ ਕਰਨ ਵਾਲਾ. ਭੁੱਲ ਤੋਂ ਦੂਰ ਰਹਿਣ ਵਾਲਾ. "ਸਤਿਗੁਰੁ ਸੱਚਾ ਪਾਤਸਾਹ ਬੇਪਰਵਾਹ ਅਥਾਹ ਸਹਾਬਾ." (ਭਾਗੁ) ੨. ਸਾਹਿਬੀ ਵਾਲਾ.

ਸ਼ਹਾਬੁੱਦੀਨਮੁਹੰਮਦਗ਼ੋਰੀ, ਸ਼ਹਾਬੁੱਦੀਨਮੁਹ਼ੰਮਦਗ਼ੋਰੀ: شہاب اُلدین محمد غوری ਗ਼ਜ਼ਨੀ ਤੋਂ ਉੱਤਰ ਵੱਲ ਇੱਕ ਜਗਾ ਦਾ ਨਾਉਂ ਗ਼ੋਰ ਹੈ, ਉਸ ਥਾਂ ਤੋਂ ਨਿਕਾਸ ਹੋਣ ਕਰਕੇ ਗ਼ੋਰੀ ਸੰਗਯਾ ਹੋ ਗਈ. ਮੁਸਲਮਾਨਾਂ ਦੇ ਰਾਜ ਦੀ ਜੜ ਭਾਰਤ ਵਿੱਚ ਕਾਇਮ ਕਰਨ ਵਾਲਾ ਏਹੀ ਸ਼ਹਾਬੁੱਦੀਨ ਹੈ. ਇਸ ਨੇ ਸਨ ੧੧੭੫ ਵਿੱਚ ਮੁਲਤਾਨ ਫਤੇ ਕੀਤਾ ਫਿਰ ਉੱਚ ਲੈ ਲਿਆ. ਸਨ ੧੧੮੬ ਵਿੱਚ ਲਹੌਰ ਕਾਬੂ ਕਰਕੇ ਪੰਜਾਬ ਉਤੇ ਕਬਜ਼ਾ ਕਰ ਲਿਆ. ਸਨ ੧੧੯੧ ਵਿੱਚ ਦਿੱਲੀ ਵੱਲ ਵਧਿਆ, ਪਰ ਕਰਨਾਲ ਦੇ ਪਾਸ ਤ੍ਰਾਵੜੀ ਦੇ ਮਦਾਨ ਉੱਤੇ ਰਾਜਾ ਪ੍ਰਿਥੀ ਰਾਜ ਚੌਹਾਨ ਤੋਂ ਭਾਜ ਖਾਧੀ. ਅਗਲੇ ਸਾਲ ਮੁੜ ਉਸੇ ਮਦਾਨ ਵਿੱਚ ਪ੍ਰਿਥੀ ਰਾਜ ਨੂੰ ਜਿੱਤਕੇ ਹਿੰਦ ਦਾ ਬਾਦਸ਼ਾਹ ਬਣਿਆ. ਪੰਜਾਬ ਤੋਂ ਵਾਪਿਸ ਜਾਂਦਿਆਂ ਹੋਇਆਂ ਜੇਹਲਮ ਨਦੀ ਦੇ ਕੰਢੇ ਤੇ ੧੪. ਮਾਰਚ ਸਨ ੧੨੦੬ (ਸੰਮਤ ੧੨੬੪) ਨੂੰ ਇੱਕ ਗੱਖਰ (ੜ) ਵੈਰੀ ਦੇ ਹੱਥੋਂ ਕੈਂਪ ਵਿੱਚ ਮਾਰਿਆ ਗਿਆ.

ਸਹਾਮ: ਸੰ. ਵਾ- ਹਮ (ਅਸੀਂ) ਸਹਾਰਦੇ (ਬਰਦਾਸ਼੍ਤ ਕਰਦੇ) ਹਾਂ, ਦੇਖੋ, ਸਹਨ। ੨. ਮੈ ਸਹਿੰਦਾ ਹਾਂ। ੩. ਅ਼. سہام ਸਹਮ ਦਾ ਬਹੁ ਵਚਨ। ੪. ਸੰਖੇਪ ਹੈ ਸਹਮੁਲਗ਼ੈਬ ਦਾ, ਜਿਸ ਦਾ ਅਰਥ ਹੈ ਆਸਮਾਨੀ ਤੀਰ. ਅਦ੍ਰਿਸ਼੍ਟਬਾਣ. ਕਿਸਮਤ. "ਸਿਰਿ ਸਿਰਿ ਲੇਖ ਸਹਾਮੰ." (ਸੋਰ ਅਃ ਮਃ ੧)

ਸਹਾਯ, ਸਹਾਯਕ, ਸਹਾਯਤਾ, ਸਹਾਯੀ: ਦੇਖੋ, ਸਹਾਇ, ਸਹਾਇਕ, ਸਹਾਇਤਾ, ਸਹਾਈ.

ਸਹਾਰ: ਸਹ- ਆਧਾਰ. ਓਟ. ਆਸਰਾ. ਪਨਾਹ. "ਸੰਤਸਹਾਰ ਗੁਰੂ ਰਾਮਦਾਸ." (ਸਵੈਯੇ ਮਃ ੪. ਕੇ) "ਸੰਤਸਹਾਰਤ ਸਜਾਮ ਕੇ ਪਾਇ." (ਕ੍ਰਿਸਨਾਵ) ੨. ਸੰ. (ਸਮ੍- ਹ੍ਰ) ਵਿਨਾਸ਼. ੩. ਲੈ (ਲਯ). ਲੀਨ। ੪. ਸੰਬੰਧ. ਤਅ਼ੱਲੁਕ. "ਉਲਟੀ ਲੇ ਸਕਤਿ ਸਹਾਰੰ." (ਰਾਮ ਕਬੀਰ) ਸ਼ਕਤਿ (ਮਾਇਆ) ਦੇ ਸੰਬੰਧ ਤੋਂ ਪਰਤਕੇ.

ਸਹਾਰਣਾ: ਕ੍ਰਿ- ਸਹਨ ਕਰਨਾ. ਬਰਦਾਸ਼੍ਤ ਕਰਨਾ. ੨. ਖਿੱਚਣਾ. ਤਣਨਾ। ੩. ਰੋਕਣਾ. ਥੰਮ੍ਹਣਾ.

ਸਹਾਰਾ: ਦੇਖੋ, ਸਹਾਰ. ਸੰਗਯਾ- ਆਧਾਰ. ਆਸਰਾ (ਆਸ਼੍ਰਯ). ੨. ਘਰ. ਨਿਵਾਸ ਦਾ ਥਾਂ। ੩. ਖਿੱਚ. ਕਸ਼ਿਸ਼.

ਸਹਾਰੀ ਮੱਲ, ਸਹਾਰੀ ਰਾਮ: ਸ਼੍ਰੀ ਗੁਰੂ ਰਾਮ ਦਾਸ ਸਾਹਿਬ ਦਾ ਚਚੇਰਾ ਵਡਾ ਭਾਈ, ਜੋ ਲਹੌਰ ਰਹਿੰਦਾ ਸੀ. ਇਸੇ ਦੇ ਪੁਤ੍ਰ ਦੀ ਸ਼ਾਦੀ ਪੁਰ ਗੁਰੂ ਸਾਹਿਬ ਨੇ ਸ਼੍ਰੀ ਅਰਜਨ ਜੀ ਨੂੰ ਭੇਜਕੇ ਹੁਕਮ ਦਿੱਤਾ ਸੀ ਕਿ ਬਿਨਾ ਬੁਲਾਏ ਨਾ ਆਉਣਾ ਅਤੇ ਲਹੌਰ ਰਹਿਕੇ ਧਰਮਪ੍ਰਚਾਰ ਕਰਨਾ. ਇਸ ਆਗਯਾਨੁਸਾਰ ਗੁਰੂ ਸਾਹਿਬ ਦੇ ਸੁਪੁਤ੍ਰ ਲਹੌਰ ਦਿਵਾਨਖਾਨੇ ਨਾਮੇ ਅਸਥਾਨ ਵਿੱਚ ਵਿਰਾਜਕੇ ਕਈ ਮਹੀਨੇ ਪ੍ਰਚਾਰ ਕਰਦੇ ਰਹੇ, ਅਤੇ ਸਤਿਗੁਰੂ ਦੇ ਦਰਸ਼ਨ ਲਈ ਵਯਾਕੁਲ ਹੋ ਕੇ "ਮੇਰਾ ਮਨੁ ਲੋਚੈ ਗੁਰਦਰਸਨ ਤਾਈ" ਆਦਿ ਪਦ ਲਿਖਕੇ ਚੌਥੇ ਸਤਿਗੁਰੂ ਦੀ ਸੇਵਾ ਵਿੱਚ ਚਿੱਠੀਆਂ ਘੱਲੀਆਂ.

ਸਹਾਰੂ: ਇੱਕ ਛੀਂਬਾ, ਜੋ ਸ਼੍ਰੀ ਗੁਰੂ ਅਮਰਦੇਵ ਦਾ ਸਿੱਖ ਹੋਕੇ ਮਹਾਨ ਪਰੋਪਕਾਰੀ ਹੋਇਆ. "ਗੰਗੂ ਅਪਰ ਸਹਾਰੂ ਭਾਰੂ." (ਗੁਪ੍ਰਸੂ)

ਸਹਾਰੋਹੀ: ਸਹ- ਆਰੋਹਿਨ੍. ਵਿ- ਨਾਲ ਸਵਾਰ ਹੋਣ ਵਾਲਾ. ਜੋ ਸਵਾਰੀ ਉੱਪਰ ਕੋਲ ਬੈਠੇ.

ਸਹਿ: ਦੇਖੋ, ਸਹ ਅਤੇ ਸ਼ਾਹ. "ਸਹਿ ਟਿਕਾ ਦਿਤੋਸੁ ਜੀਵਦੈ." (ਵਾਰ ਰਾਮ ੩) ਗੁਰੂ ਨਾਨਕ ਸ਼ਾਹ ਨੇ ਜੀਵਨ (ਹਯਾਤ) ਵਿੱਚ ਗੁਰੂ ਅੰਗਦ ਜੀ ਨੂੰ ਤਿਲਕ ਦਿੱਤਾ। ੨. ਸ਼ੌ. ਸ੍ਵਾਮੀ. ਪਤਿ. "ਮਤੁ ਜਾਣ ਸਹਿ ਗਲੀਂ ਪਾਇਆ." (ਸ੍ਰੀ ਮਃ ੧) ੩. ਸਹਾਰਕੇ. ਸਹਨ ਕਰਕੇ. ਦੇਖੋ, ਸਹਨ. "ਸਨਮੁਖ ਸਹਿ ਬਾਨ ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ." (ਆਸਾ ਛੰਤ ਮਃ ੫)

ਸਹਿਆ: ਸੰਗਯਾ- ਸ਼ਸ਼ਕ. ਸਹਾ। ੨. ਵਿ- ਸਹਿਨ ਕੀਤਾ. ਸਹਾਰਿਆ.

ਸਹਿਸ: ਦੇਖੋ, ਸਹਸ.

ਸਹਿਸਕਿਰਤ: ਦੇਖੋ, ਸਹਸਕਿਰਤ ਅਤੇ ਸਹਸਕ੍ਰਿਤੀ.

ਸਹਿੰਸਰਾ: ਦੇਖੋ, ਘੁੱਕੇਵਾਲੀ.

ਸਹਿਸਾ: ਦੇਖੋ, ਸਹਸਾ.

ਸਹਿਸਾਕਿਰਤਾ: ਦੇਖੋ, ਸਹਸਾਕਿਰਤਾ ਅਤੇ ਸਹਸਕ੍ਰਿਤੀ.

ਸਹਿਸ੍ਨੁ: ਸੰ. ਸਹਿਸ਼੍ਣੁ ਵਿ- ਸਹਾਰਨ (ਬਰਦਾਸ਼ਤ) ਕਰਨ ਵਾਲਾ.

ਸਹਿਕਣਾ: ਦੇਖੋ, ਸਹਕਣਾ.

ਸਹਿਕਾਰ, ਸਹਿਕਾਰੀ: ਦੇਖੋ, ਸਹਕਾਰ ਅਤੇ ਸਹਕਾਰੀ.

ਸਹਿਗਲ: ਦੇਖੋ, ਸਹਗਲ.

ਸਹਿਚਰ, ਸਹਿਚਰੀ: ਦੇਖੋ, ਸਹਚਰ ਅਤੇ ਸਹਚਰੀ.

ਸਹਿਚੇਤ: ਵਿ- ਸਹ- ਚੇਤ. ਚੇਤਨਾ ਸਹਿਤ. ਸਚੇਤ. "ਵੈ ਤੋ ਸਹਿਚੇਤ ਦੇਤ ਕਾਮਨਾ ਭਗਤ ਨਿਜ." (ਨਾਪ੍ਰ)

ਸਹਿਜ: ਦੇਖੋ, ਸਹਜ.

ਸਹਿਜ ਅਨੰਦੁ: ਦੇਖੋ, ਸਹਜ ਆਨੰਦ. "ਪਾਇਆ ਸਹਿਜ ਅਨੰਦੁ." (ਸ੍ਰੀ ਮਃ ੩)

ਸਹਿਜੁ: ਦੇਖੋ, ਸਹਜੁ.

ਸਹਿਣ, ਸਹਿਣਾ: ਦੇਖੋ, ਸਹਨ.

ਸਹਿਤ: ਸੰ. ਵਯ- ਸਾਥ. ਸੰਗ. ਸਮੇਤ. "ਪੁਤ੍ਰ ਸਹਿਤ ਗੁਰੁ ਦਰਸਨ ਕੀਨ." (ਗੁਪ੍ਰਸੂ) ੨. ਕ੍ਰਿ. ਵਿ- ਸਹਿਤ. ਹਿਤ ਸਹਿਤ. ਪ੍ਰੇਮ ਨਾਲ. ਸਨੇਹ ਕਰਕੇ. "ਭੋਜਨ ਮਧੁਰ ਸਹਿਤ ਕਰਵਾਏ." (ਗੁਪ੍ਰਸੂ) ੩. ਵਿ- ਹੱਛਾ ਹਿਤਕਾਰੀ. ਮਿਤ੍ਰ. "ਪਵਿਤ ਮਾਤਾ ਪਿਤਾ ਕੁਟੰਬ ਸਹਿਤ ਸਿਉ." (ਅਨੰਦੁ) ੪. ਦੇਖੋ, ਸਹਦ ੨.

ਸਹਿਤਾ: ਸੰ. ਸਹਿਤ੍ਰ ਸਹਿਤ੍ਰਿ. ਵਿ- ਸਹਾਰਨ ਵਾਲਾ. ਬਰਦਾਸ਼੍ਤ ਕਰਨ ਵਾਲਾ। ੨. ਸਹਾਰਦਾ. ਦੇਖੋ, ਭਰੁ.

ਸਹਿਦ: ਦੇਖੋ, ਸਹਦ ੨.

ਸਹਿੰਦ, ਸਹਿੰਦਾ: ਵਿ- ਸਹਨ ਕਰਿੰਦਾ. ਸਹਨਸ਼ੀਲ.

ਸਹਿਦੇਵ: ਦੇਖੋ, ਸਹਦੇਵ.

ਸਹਿਨ, ਸਹਿਨਸੀਲ: ਦੇਖੋ, ਸਹਨ ਅਤੇ ਸਹਨਸੀਲ.

ਸਹਿਬਾਜਪੁਰਾ: ਦੇਖੋ, ਸੰਮਨ.

ਸਹਿਮ: ਦੇਖੋ, ਸਹਮ.

ਸਹਿਰ: ਦੇਖੋ, ਸਹਰ.

ਸਹਿਰੀ: ਦੇਖੋ, ਸਹਰੀ.

ਸਹਿਲ, ਸਹਿਲਾ: ਸੁਗਮ. ਦੇਖੋ, ਸਹਲ ਅਤੇ ਸਹਲਾ। ੨. ਸਹ- ਲਾਭ. ਨਫੇ ਵਾਲਾ. "ਸਹਿਲਾ ਮਰਣਾ ਹੋਇ." (ਵਾਰ ਬਿਹਾ ਮਃ ੩) "ਸਹਿਲਾ ਆਇਆ ਸੋਇ." (ਵਾਰ ਰਾਮ ੧. ਮਃ ੩)

ਸ਼ਹਿਵਤ: ਦੇਖੋ, ਸ਼ਹਵਤ.

ਸਹੀ: ਪ੍ਰਾ. ਸਹੇਲੀ. ਸੰ. ਸਖੀ "ਸਹੀਆਂ ਵਿਚਿ ਫਿਰੈ ਸੁਹੇਲੀ." (ਸ੍ਰੀ ਛੰਤ ਮਃ ੪) "ਸੋਈ ਸਹੀ ਸੰਦੇਹ ਨਿਵਾਰੈ." (ਗਉ ਬਾਵਨ ਕਬੀਰ) ਸ਼ਸ਼ਕੀ. ਸਹੇ ਦੀ ਮਦੀਨ। ੩. ਫ਼ਾ. سہی ਵਿ- ਸਿੱਧਾ. ਰਾਸ੍ਤ। ੪. ਅ਼. صحیح ਸਹ਼ੀਹ਼. ਕ੍ਰਿ. ਵਿ- ਬਿਨਾ ਸੰਸੇ. ਨਿਸ਼ਚੇ ਕਰਕੇ. "ਹੈ ਤਉ ਸਹੀ ਲਖੈ ਜਉ ਕੋਈ." (ਗਉ ਬਾਵਨ ਕਬੀਰ) ੫. ਠੀਕ. ਯਥਾਰਥ. "ਸੁਣੀਐ ਸਿਖ ਸਹੀ." (ਵਾਰ ਰਾਮ ੧. ਮਃ ੧) "ਜਿਨੀ ਚਲਣੁ ਸਹੀ ਜਾਣਿਆ." (ਵਡ ਮਃ ੩. ਅਲਾਹਣੀ) "ਭਜਨ ਰਾਮ ਕੋ ਸਹੀ." (ਸੋਰ ਮਃ ੯) ੬. ਸੰਗਯਾ- ਨਿਰਣਾ. "ਮਿਲਿ ਸਾਧਹ ਕੀਨੋ ਸਹੀ." (ਸਾਰ ਮਃ ੫) ੭. ਹਸ੍ਤਾਕ੍ਸ਼ਰ. ਦਸ੍ਤਖ਼ਤ਼ "ਸ਼੍ਰੀ ਗੁਰੁ ਤੇ ਨਹਿ ਸਹੀ ਪਵਾਈ." (ਗੁਪ੍ਰਸੂ) ੮. ਹਿਸਾਬ ਦੀ ਵਹੀ. ੯. ਦੇਖੋ, ਸਹਨ. "ਮੈ ਤੇਰੀ ਕਠੋਰ ਬਾਣੀ ਬਹੁਤ ਸਹੀ ਹੈ." (ਜਸਾ)

ਸਹੀਆਹ: ਸਖੀਆਂ (ਜਿਗ੍ਯਾਸੂਆਂ) ਨੂੰ. "ਗੁਰੁ ਮੇਲੇ ਸਹੀਆਹ." (ਮਾਰੂ ਅਃ ਕਾਫੀ ਮਃ ੧)

ਸਹੀ ਸਲਾਮਤਿ: ਵਾ- ਅਰੋਗ ਅਤੇ ਨੁਕਸਾਨ ਤੋਂ ਬਿਨਾ. ਬਿਨਾ ਖੇਦ ਅਤੇ ਹਾਨੀ. "ਘਰਿ ਸਹੀ ਸਲਮਤਿ ਆਏ." (ਸੋਰ ਮਃ ੫)

ਸ਼ਹੀਦ: ਅ਼. شہید ਵਿ- ਸ਼ਹਾਦਤ ਦੇਣ ਵਾਲਾ. ਗਵਾਹ. ਸਾਕ੍ਸ਼ੀ (ਸਾਖੀ). ੨. ਸੰਗ੍ਯਾ- ਅਜੇਹਾ ਕੰਮ ਕਰਨ ਵਾਲਾ ਜਿਸ ਦੀ ਲੋਕ

ਸਾਖੀ ਦੇਣ। ੩. ਧਰਮਯੁੱਧ ਵਿੱਚ ਜਿਸ ਨੇ ਜੀਵਨ ਅਰਪਿਆ ਹੈ। ੪. ਵਿ- ਸ਼ਹੀਦਾਂ ਦੀ ਮਿਸਲ ਦਾ. ਦੇਖੋ, ਸ਼ਹੀਦਾਂ ਦੀ ਮਿਸਲ.

ਸ਼ਹੀਦਗੰਜ: ਸੰਗਯਾ- ਸ਼ਹੀਦੀ ਅਸਥਾਨ. ਉਹ ਥਾਂ, ਜਿੱਥੇ ਸ਼ਹੀਦ ਦਾ ਸਮਾਰਕ ਮੰਦਿਰ ਅਥਵਾ ਕੋਈ ਚਿੰਨ੍ਹ ਹੋਵੇ. ਸਿੱਖਾਂ ਦੇ ਅਨੰਤ ਸ਼ਹੀਦਗੰਜ ਹਨ, ਪਰ ਵਿਸ਼ੇਸ਼ ਪ੍ਰਸਿੱਧ ਇਹ ਹਨ-

੧. ਅਮ੍ਰਿਤਸਰ ਜੀ ਸਰੋਵਰ ਦੇ ਦੱਖਣ ਵੱਲ ਅਨੇਕ ਸੂਰਵੀਰ ਸਿੰਘਾਂ ਦਾ.

੨. ਅਕਾਲਬੁੰਗੇ ਪਾਸ ਬਾਬਾ ਗੁਰੁਬਖਸ ਸਿੰਘ ਜੀ ਦਾ.

੩. ਰਾਮਸਰ ਪਾਸ ਬਾਬਾ ਦੀਪ ਸਿੰਘ ਜੀ ਦਾ.

੪. ਗੁਰੂ ਕੇ ਬਾਗ ਥੜੇ ਪਾਸ ਬਾਬਾ ਬਸੰਤ ਸਿੰਘ ਜੀ ਦਾ ਅਤੇ ਬਾਬਾ ਹੀਰਾ ਸਿੰਘ ਜੀ ਦਾ.

੫. ਰਾਮਗੜ੍ਹੀਆਂ ਦੇ ਕਟੜੇ ਅਨੇਕ ਸੂਰਵੀਰ ਸਿੰਘਾਂ ਦਾ.

੬. ਜਮਾਦਾਰ ਦੀ ਹਵੇਲੀ ਪਾਸ ਖੋਸਲੇ ਖਤ੍ਰੀਆਂ ਦੀ ਗਲੀ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਫੌਜਦਾਰ ਭਾਈ ਤੋਤਾ ਤਿਲੋਕਾ ਆਦਿ ਤੇਰਾਂ ਸਿੱਖਾਂ ਦਾ.

੭. ਆਨੰਦ ਪੁਰ ਵਿੱਚ "ਤਾਰਾਗੜ੍ਹ" ਅਤੇ "ਫਤੇ ਗੜ੍ਹ" ਨਾਮੇ ਸ਼ਹੀਦੀ ਗੰਜ ਹਨ.

੮. ਸਰਹਿੰਦ ਵਿੱਚ ਫਤੇਗੜ੍ਹ ਨਾਮੇ ਛੋਟੇ ਸਾਹਿਬਜ਼ਾਦਿਆਂ ਦਾ ਅਤੇ ਸ਼ਾਹਬੂਅਲੀ ਦੇ ਮਕਬਰੇ ਪਾਸ ਅਨੇਕ ਸੂਰਵੀਰ ਸਿੰਘਾਂ ਦਾ.

੯. ਮੁਕਤਸਰ ਦੇ ਸਰੋਵਰ ਦੇ ਕਿਨਾਰੇ ਪਰੋਪਕਾਰੀ ਭਾਈ ਮਹਾਂ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ੩੯ ਸਿੰਘਾਂ ਦਾ.

੧੦ ਲਹੌਰ ਵਿੱਚ ਭਾਈ ਤਾਰੂ ਸਿੰਘ ਜੀ ਅਤੇ ਬਾਬਾ ਮਨੀ ਸਿੰਘ ਜੀ ਦਾ. xx ਆਦਿਕ.

ਸ਼ਹੀਦਾਂ ਦੀ ਮਿਸਲ: ਸਿੱਖਾਂ ਦੀਆਂ ੧੨. ਮਿਸਲਾਂ ਵਿੱਚੋਂ ਇੱਕ ਮਿਸਲ. ਇਸ ਦਾ ਜਥੇਦਾਰ ਸ਼ਹੀਦ ਦੀਪ ਸਿੰਘ ਪੋਹੂਵਿੰਡ ਪਿੰਡ (ਜਿਲਾ ਅਮ੍ਰਿਤਸਰ) ਦਾ ਜਿਮੀਦਾਰ ਸੀ, ਜਿਸ ਨੂੰ ਪੰਥ ਨੇ ਦਮਦਮਾ ਸਹਿਬ (ਤਲਵੰਡੀ ਸਾਬੋ ਦੇ ਗੁਰੁਧਾਮ) ਦੀ ਮਹੰਤੀ ਦਿੱਤੀ. ਇਹ ਧਰਮਵੀਰ ਦਰਬਾਰ ਅਮ੍ਰਿਤਸਰ ਦੀ ਰਖਯਾ ਲਈ ਸੰਮਤ ੧੮੧੭ ਵਿੱਚ ਸ਼ਹੀਦ ਹੋਇਆ. ਇਸ ਮਿਸਲ ਦੇ ਭਾਈ ਕਰਮ ਸਿੰਘ, ਗੁਰੁਬਖਸ਼ ਸਿੰਘ, ਸੁਧਾ ਸਿੰਘ ਆਦਿਕ ਮਸ਼ਹੂਰ ਸ਼ਹੀਦ ਹੋਏ ਹਨ, ਸ਼ਾਹਜ਼ਾਦਪੁਰੀਏ ਸਰਦਾਰ ਇਸ ਮਿਸਲ ਵਿਚੋਂ ਹਨ। ਜਿਨ੍ਹਾਂ ਨੂੰ ਪੰਥ ਨੇ ਦਮਦਮੇ ਸਾਹਿਬ ਦੀ ਸੇਵਾ ਸਪੁਰਦ ਕੀਤੀ ਸੀ. ਸਰਦਾਰ ਧਰਮ ਸਿੰਘ ਅਤੇ ਇਸ ਦੇ ਭਾਈ ਕਰਮ ਸਿੰਘ ਨੇ ਸੰਮਤ ੧੮੨੦ (ਸਨ ੧੭੬੩) ਵਿੱਚ ਸ਼ਾਹਜ਼ਾਦਪੁਰ ਫਤੇ ਕਰਕੇ ਆਪਣੀ ਰਿਆਸਤ ਕਾਇਮ ਕੀਤੀ. ਡਰੌਲੀ ਅਤੇ ਤੰਗੌਰੀਏ (ਜਿਲਾ ਅੰਬਾਲਾ ਦੇ) ਸਰਦਾਰ ਭੀ ਸ਼ਹੀਦਾਂ ਦੀ ਮਿਸਲ ਵਿੱਚੋਂ ਹਨ. ਸ਼ਹੀਦ ਨੱਥਾ ਸਿੰਘ, ਜਿਸ ਨੇ ਸਿਆਲਕੋਟ ਬਾਬੇ ਦੀ ਬੇਰ ਦੀ ਸੇਵਾ ਕੀਤੀ ਅਤੇ ਜਗੀਰ ਲਾਈ, ਉਹ ਭੀ ਇਸੇ ਮਿਸਲ ਵਿੱਚੋਂ ਸੀ.

ਸ਼ਹੀਦੀ: ਸੰਗਯਾ- ਸ਼ਹੀਦਪਨ. ਸ਼ਹਾਦਤ. ਗਵਾਹੀ. ੨. ਸ਼ਹਾਦਤ ਪ੍ਰਾਪਤ ਕਰਨ ਦੀ ਕ੍ਰਿਯਾ। ੩. ਧਰਮਹਿਤ ਪ੍ਰਾਣ ਅਰਪਣ ਦੀ ਕ੍ਰਿਯਾ.

ਸ਼ਹੀਦੀ ਦੇਗ: ਵਿ- ਸ਼ਹੀਦਾਂ ਦੇ ਪੁਰਬ (ਪਰਵੰ) ਤੇ ਤਿਆਰ ਹੋਈ ਦੇਗ. ਸ਼ਹੀਦਾਂ ਦੀ ਯਾਦਗਾਰ ਵਿੱਚ ਕੀਤਾ ਜੱਗ। ੨. ਨਿਹੰਗ ਸਿੰਘਾਂ ਦੇ ਸੰਕੇਤ ਵਿੱਚ ਮਿੱਠੀ ਭੰਗ ਦੀ ਦੇਗ.

ਸਹੀੜੀ: ਸੰ. ਸਹੁਰਿ. ਸੰਗਯਾ- ਸੂਰਜ। ੨. ਅੱਕ। ੩. ਵਿ- ਪ੍ਰਬਲ। ੪. ਉੱਤਮ. "ਗੁਰੁ ਸਬਦ ਸਹੀੜੀ." (ਭਾਗੁ) ੫. ਸੰਗਯਾ- ਸਹੀ ਦੇ ਅੰਤ ੜੀ ਪ੍ਰਤਯਯ ਤੋਂ ਸਤਯਤਾ. ਸਚਾਈ.

ਸਹੁ: ਦੇਖੋ, ਸਹ। ੨. ਸ਼ੌ. ਪਤੀ. ਦੇਖੋ, ਸਹ ੨. "ਸਹੁ ਕਹੈ ਸੁ ਕੀਜੈ." (ਤਿਲੰ ਮਃ ੧) ੩. ਦੇਖੋ, ਸਹਨ. "ਸਹੁ ਵੇ ਜੀਆ, ਅਪਣਾ ਕੀਆ." (ਵਾਰ ਆਸਾ)

ਸਹੁੰ, ਸਹੁੱ: ਸੰਗਯਾ- ਸੌਂਹ. ਸ਼ਪਥ. ਸੁਗੰਦ. ਕਸਮ. ਪ੍ਰਤਿਗ੍ਯਾ.

ਸਹੁ ਸੋਹਾਗਣ: ਇੱਕ ਪਾਖੰਡੀ ਫਕੀਰ, ਜੋ ਰਾਤ ਨੂੰ ਇਸਤ੍ਰੀ ਦਾ ਵੇਸ਼ ਧਾਰਕੇ ਆਖਦਾ ਸੀ ਕਿ ਮੇਰੇ ਪਾਸ ਪਤੀ ਹੋਕੇ ਪਰਮੇਸ਼੍ਵਰ ਸੇਜਾ ਤੇ ਆਉਂਦਾ ਹੈ. "ਦੂਜ ਚਾਂਦਨੀ ਰਾਤ ਕੋ ਸਹੁ ਆਵੈ ਮੁਝ ਪਾਸ." (ਨਾਪ੍ਰ) ਸਤਿਗੁਰੂ ਨਾਨਕ ਦੇਵ ਦੇ ਉਪਦੇਸ਼ ਨਾਲ ਇਹ ਪਾਖੰਡ ਤਿਆਗਕੇ ਸੱਚਾ ਸਾਧੁ ਬਣਿਆ.

ਸਹੁਰਾ: ਦੇਖੋ, ਸਸੁਰਾਰ. "ਸਹੁਰਾ ਵਾਦੀ." (ਵਾਰ ਰਾਮ ੨. ਮਃ ੫) ਭਾਵ- ਅਗ੍ਯਾਨ.

ਸਹੂਟਾ: ਵਿ- ਹੁਟਣ (ਥਕਾਨ) ਸਹਿਤ. ਥੱਕਿਆ ਹੋਇਆ। ੨. ਸਹਾਰਨ ਵਾਲਾ.

ਸਹੂਰ: ਸ਼ਊਰ. ਸਮਝ. ਦੇਖੋ, ਸਊਰ. "ਬੋਲੇ ਪ੍ਰਭੁ ਪੂਰਨ ਸਹੂਰ ਸੰਗ ਜੰਗ ਕਰੋ." (ਗੁਪ੍ਰਸੂ)

ਸਹੂਲਤ: ਅ਼. سہوُلت ਸੰਗਯਾ- ਆਸਾਨੀ. ਸੁਗਮਤਾ. ਸੌਖ.

ਸਹੇ: ਸਹਾ ਦਾ ਬਹੁ ਵਚਨ. ਦੇਖੋ, ਸਹਾ। ੨. ਦੇਖੋ, ਸਹਨ। ੩. ਦੇਖੋ, ਸਹੀ. "ਮਤਿ ਗੁਰੁਮਤਿ ਹਰਿ ਹਰਿ ਸਹੇ." (ਪ੍ਰਭਾ ਮਃ ੪) ਸਹੀ ਕਰੇ. ਸਿੱਧ ਕੀਤੇ.

ਸ਼ਹੇ ਸ਼ਬ: ਫ਼ਾ. شہ شب ਸੰਗਯਾ- ਰਾਤ ਦਾ ਸ੍ਵਾਮੀ. ਨਿਸ਼ਾਨਾਥ. ਚੰਦ੍ਰਮਾ.

ਸਹੇਸਿਆ: ਕ੍ਰਿ. ਵਿ- ਸਹਨਤਾ ਸਹਿਤ. ਬਰਦਾਸ਼੍ਤ ਕਰਕੇ. ਸਹਿਸ਼੍ਣੁਤਾ ਸੇ. "ਸੇਵ ਸਹੇਸਿਆ." (ਭਾਗੁ) ੨. ਸਹ- ਈਸ਼- ਹੋਇਆ. ਈਸ਼੍ਵਰ ਨਾਲ ਮਿਲਿਆ.

ਸਹੇਟ: ਦੇਖੋ, ਸਹੋਟਜ। ੨. ਪ੍ਰਾ. ਸੰਗਯਾ- ਸ਼ੌਭੇਟ. ਪ੍ਰੀਤਮ ਦੇ ਮਿਲਣ ਲਈ ਸੰਕੇਤ ਕੀਤੀ ਥਾਂ. "ਪਜਾਰੇ ਕੋ ਐਸੀ ਸਹੇਟ ਬਤਾਈ." (ਚਰਿਤ੍ਰ ੯੮)

ਸਹੇਟਾ: ਦੇਖੋ, ਸਹੋਟਜ. ਸੰਗਯਾ- ਆਸ਼੍ਰਮ. ਵਿਸ਼੍ਰਾਮ ਦਾ ਥਾਂ। ੨. ਕ੍ਰਿ. ਵਿ- ਸਹਿਸ਼੍ਣੁਤਾਂ ਸੇ. ਸਹਨਸ਼ੀਲਤਾ ਨਾਲ. "ਗ੍ਯਾਨ ਧ੍ਯਾਨ ਕਰ ਭਗਤਿ ਸਹੇਟਾ." (ਭਾਗੁ) ੩. ਵ੍ਯ- ਸਹਿਤ. ਸਾਥ.

ਸਹੇਤ: ਵਿ- ਹਿਤ ਨਾਲ। ੨. ਵ੍ਯ- ਸਹਿਤ. ਸਮੇਤ. "ਮੈਲੇ ਜੋਗੀ ਜੰਗਮ ਜਟਾ ਸਹੇਤ." (ਭੈਰ ਕਬੀਰ)

ਸਹੇਤੁ, ਸਹੇਤੁਕ: ਸੰ. ਵਿ- ਹੇਤੁ (ਕਾਰਣ) ਸਹਿਤ. ਜਿਸ ਦਾ ਕੋਈ ਸਬਬ ਹੋਵੇ.

ਸਹੇਰਨ, ਸਹੇਰਨਾ: ਦੇਖੋ, ਸਹੇੜਨਾ.

ਸਹੇਰਾ: ਸਖਾ. ਮਿਤ੍ਰ. ਸਹੇਲਾ. "ਭਾਈ ਬੰਧੁ ਕੁਟੰਬ ਸਹੇਰਾ." (ਸੂਹੀ ਰਵਿਦਾਸ) ੨. ਸਹੇੜਿਆ. ਦੇਖੋ, ਸਹੇੜਨਾ.

ਸਹੇਰੀ, ਸਹੇਲੜੀ, ਸਹੇਲਾ, ਸਹੇਲੀ: ਸੰ. स- हेला. ਵਿ- ਨਾਲ ਖੇਡਣ ਵਾਲਾ। ੨. ਅਵਗ੍ਯਾ ਕਰਨ ਵਾਲਾ, ਵਾਲੀ. "ਸਖੀ ਸਹੇਲੀ ਨਨਦ ਗਹੇਲੀ." (ਆਸਾ ਕਬੀਰ) ਸਖੀ ਹੇਲਾ (ਆਵਗ੍ਯਾ) ਕਰਨ ਵਾਲੀ ਹੈ। ੩. ਹੇਲਾ ਸਹਿਤ. ਹੇਲਾ ਦਾ ਅਰਥ ਹੈ ਸ਼੍ਰਿੰਗਾਰ ਭਾਵ ਤੋਂ ਉਪਜੀ ਚੇਸ਼੍ਟਾ. ਸੰ. सहेल ਖਿਲਾਰੀ। ੪. ਸੰਗਯਾ- ਮਿਤ੍ਰ. ਸਖਾ. "ਸੁਨਹੁ ਸਹੇਰੀ ਮਿਲਨ ਬਾਤ ਕਹਉ।" (ਬਿਲਾ ਮਃ ੫) "ਸਗਲ ਸਹੇਲੀ ਅਪਨੇ ਰਸਿ ਮਾਤੀ." (ਗਉ ਮਃ ੫) ਇਸ ਥਾਂ ਸਹੇਲੀ ਤੋਂ ਭਾਵ ਇੰਦ੍ਰੀਆਂ ਹੈ. "ਮੇਰੀ ਸਖੀ ਸਹੇਲੜੀਹੋ ! ਪ੍ਰਭੁ ਕੈ ਚਰਣਿ ਲਗਹ." (ਬਿਹਾ ਛੰਤ ਮਃ ੫)

ਸਹੇੜਨਾ: ਦੇਖੋ, ਸਹ ਅਤੇ ਈਰਣ. ਕ੍ਰਿ- ਨਾਲ ਚਮੇੜਨਾ. ਨਾਲ ਲਾਉਣਾ. ਗਲ ਪਾਉਂਣਾ।

੨. ਅਵਗ੍ਯਾ ਕਰਨਾ। ੩. ਪਤਿ ਧਾਰਣ ਕਰਨਾ। ੪. ਇਸਤ੍ਰੀ ਅੰਗੀਕਾਰ ਕਰਨੀ. ਦੇਖੋ, ਚਰਖਾ ਸਹੇੜਨਾ.

ਸਹੇੜੀ: ਸਹੇੜਨਾ ਦਾ ਭੂਤ. ਦੇਖੋ, ਸਹੇੜਨਾ। ੨. ਸੰਗਯਾ- ਜਿਲਾ ਅੰਬਾਲਾ, ਤਸੀਲ ਰੋਪੜ, ਥਾਣਾ ਮੋਰੰਡਾ ਦਾ ਇੱਕ ਪਿੰਡ, ਜੋ

ਰੇਲਵੇ ਸਟੇਸ਼ਨ ਸਰਹਿੰਦ ਤੋਂ ੧੧. ਮੀਲ ਤੇ ਈਸ਼ਾਨ ਕੌਣ ਹੈ. ਇਸ ਪਿੰਡ ਤੋਂ ਪੱਛਮ ਵੱਲ ਤਕਰੀਬਨ ਇੱਕ ਫਰਲਾਂਗ ਤੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤੇ ਸਿੰਘ ਜੀ ਦਾ ਗੁਰੁਦ੍ਵਾਰਾ ਹੈ. ਇਹ ਗੰਗੂ ਬ੍ਰਾਹਮਣ ਦਾ ਪਿੰਡ ਸੀ. ਮਾਤਾ ਗੂਜਰੀ ਜੀ ਨੂੰ ਦੋਹਾਂ ਸਾਹਿਬਜ਼ਾਦਿਆਂ ਸਮੇਤ, ਇਹ ਕ੍ਰਿਤਘਨ ਇੱਥੇ ਹੀ ਨਾਲ ਲੈ ਆਇਆ ਸੀ ਅਤੇ ਮੋਰੰਡੇ ਦੇ ਹਾਕਮ ਨੂੰ ਖਬਰ ਦੇ ਕੇ ਤੇਹਾਂ ਨੂੰ ਫੜਾ ਦਿੱਤਾ ਸੀ. ਗੁਰੁਦ੍ਵਾਰੇ ਦੀ ਇਮਾਰਤ ਨਹੀਂ ਬਣੀ, ਕੇਵਲ ਮੰਜੀ ਸਾਹਿਬ ਹੈ. ਇਤਿਹਾਸਕਾਰਾਂ ਨੇ ਇਸੇ ਦਾ ਨਾਉਂ ਖੇੜੀ ਲਿਖਿਆ ਹੈ. ਖੇੜੀ ਬੰਦਾ ਬਹਾਦੁਰ ਨੇ ਥੇਹ ਕਰ ਦਿੱਤੀ ਸੀ, ਮੁੜਕੇ ਜੋ ਨਵੀਂ ਬਸਤੀ ਆਬਾਦ ਹੋਈ ਉਸ ਦਾ ਨਾਉਂ ਸਹੇੜੀ ਹੋਇਆ. ਦੇਖੋ, ਖੇੜੀ ਅਤੇ ਗੰਗੂ.

ਸਹੈ: ਦੇਖੋ, ਸਹਨ.

ਸਹੈਯਾ: ਵਿ- ਸਹਾਰਣ ਵਾਲਾ. ਸਹਨ ਕਰਤਾ। ੨. ਸਹਾਇਤਾ ਕਰਨ ਵਾਲਾ. ਸਹਾਇਕ.

ਸਹੋ: ਦੇਖੋ, ਸਹਨ। ੨. ਸੰਗ੍ਯਾ- ਸ਼ੌ. ਸ਼ਹੁ. ਪਤਿ. ਭਰਤਾ. "ਸੋ ਸਹੋ ਅਤਿ ਨਿਰਮਲ ਦਾਤਾ." (ਸੂਹੀ ਛੰਤ ਮਃ ੩)

ਸਹੋਕ੍ਤਿ: ਸਹ- ਉਕ੍ਤਿ. (ਸਹ- ਸਾਥ- ਉਕ੍ਤਿ- ਕਥਨ). ਜੇ ਇੱਕ ਪ੍ਰਧਾਨ ਕਾਰਜ ਦੇ ਨਾਲ ਹੋਰ ਅਨੇਕ ਕਾਰਯਾਂ ਦਾ ਨਾਲ ਹੀ ਉਪਜਣਾ ਅਥਵਾ ਨਾਸ਼ ਹੋਣਾ ਕਥਨ ਕੀਤਾ ਜਾਵੇ, ਤਦ "ਸਹੋਕ੍ਤਿ" ਅਲੰਕਾਰ ਹੁੰਦਾ ਹੈ.

ਉਦਾਹਰਣ-

ਕਾਮ ਕੁਮਲਾਨੇ ਕੋਰ ਪਰਤ ਨ ਜਾਨੇ ਮੋਹ

ਮਦ ਥੇ ਪਰਾਨੇ ਜਾਨੇ ਪਰਤ ਨ ਸੋ ਤਹੀ,

ਲੀਨ ਭਏ ਲੋਭ ਮਹਾਂ ਮਮਤਾ ਮਲੀਨ ਭਈ

ਛੀਨ ਭਈ ਈਰਖਾ ਰਹੀ ਨ ਜਗ ਮੋ ਕਹੀ,

ਸ਼ੇਖਰ ਵਿਸ਼ੇਖ ਸਤਜ ਸੀਲਤਾ ਸੰਤੋਖ ਸ਼ੁੱਧਿ

ਦੀਰਘ ਦਯਾਲੁਤਾ ਸਮੇਤ ਨਿਜ ਗੋਤ ਹੀ,

ਗਜ੍ਯਾਨ ਕੋ ਪ੍ਰਕਾਸ਼ ਔ ਵੈਰਾਗ ਕੋ ਵਿਭਵ ਹੋਤ

ਗੁਰੁਦੇਵ ਨਾਨਕ ਕੋ ਦਰਸ਼ਨ ਹੋਤ ਹੀ.

(ਗੁਰੁ ਪੰਚਾਸ਼ਿਕਾ)

ਗੁਰੁਦਰਸ਼ਨ ਦੇ ਨਾਲ ਹੀ ਉੱਪਰ ਲਿਖੀ ਵਸਤੂਆਂ ਦਾ ਵਿਨਾਸ਼ ਅਤੇ ਉਦੇ ਵਰਣਨ ਕੀਤਾ ਹੈ. "ਟੂਟ ਗਯੋ ਇਕ ਬਾਰ ਬਿਦੇਹ ਮਹੀਪਤਿ ਸੋਚ ਸਰਾਸਨ ਸ਼ੰਭੁ ਕੋ." (ਦੇਵ ਕਵਿ)

ਸਹੋਟਜ: ਸੰ. ਸੰਗ੍ਯਾ- ਪੱਤਿਆਂ ਦੀ ਕੁਟੀ. ਪਰਣਸ਼ਾਲਾ। ੨. ਮੁਨਿ ਦਾ ਆਸ਼੍ਰਮ.

ਸਹੋਟਾ: ਸੰਗ੍ਯਾ- ਸਹੇ ਦਾ ਬੱਚਾ। ੨. ਸ਼ਸ਼ਕ. ਸਹਾ. "ਨਤੁ ਪ੍ਰਾਪਤ ਮੈਦਾਨ ਸਹੋਟਾ." (ਗੁਪ੍ਰਸੂ) ੩. ਵਿ- ਓਟ ਸਹਿਤ.

ਸਹੋਦ, ਸਹੋਦਰ: ਸੰ. ਸਹ- ਉਦਰ. ਵਿ- ਉਸੇ ਉਦਰ (ਪੇਟ) ਤੋਂ ਜਨਮਿਆਂ ਹੋਇਆ। ੨. ਸੰਗ੍ਯਾ- ਸਕਾ ਭਾਈ. "ਗੋਦ ਮੈ ਅਚੇਤ ਹੇਤ ਸੰਪੈ ਨ ਸਹੋਦ ਕੋ." (ਭਾਗੁ ਕ) ਗੋਦੀ ਦਾ ਅਚੇਤ ਪੁਤ੍ਰ ਵਿਭੂਤੀ ਦਾ ਹਿਤ ਅਤੇ ਭਾਈ ਦਾ ਪਿਆਰ ਨਹੀਂ ਰੱਖਦਾ.

ਸਹੋਦਰਾ, ਸਹੋਦਰੀ: ਉਸੇ ਉਦਰ (ਪੇਟ) ਤੋਂ ਜਨਮੀ ਹੋਈ ਸਕੀ ਭੈਣ. ਦੇਖੋ, ਸਹੋਦਰ. "ਗੁਰਦੇਵ ਬੰਧਮ ਸਹੋਦਰਾ." (ਬਾਵਨ)

ਸਹੰਸ, ਸਹੰਸਰ: ਹਜਾਰ ਅਤੇ ਅਨੰਤ. ਦੇਖੋ, ਸਹਸ੍ਰ. "ਸਹੰਸ ਨਾਮ ਲੈ ਲੈ ਕਰਉ ਸਲਾਮ." (ਆਸਾ ਕਬੀਰ)

ਸਹੰਸਰ ਦਾਨ: ਦੇਖੋ, ਸਹਸ੍ਰ ਦਾਨ। ੨. ਵਿ- ਸਹਸ੍ਰ (ਅਨੰਤ) ਜੱਗ (ਯਗ੍ਯ). "ਸਹੰਸਰ ਦਾਨ ਦੇ ਇੰਦ੍ਰ ਰੋਆਇਆ." (ਵਾਰ ਰਾਮ ੧. ਮ: ੧) ਅਨੰਤ ਯੱਗਾਂ ਅਰ ਦਾਨਾਂ ਦੇ ਪ੍ਰਭਾਵ ਕਰਕੇ ਇੰਦ੍ਰ ਉੱਚ ਪਦਵੀ ਪੁਰ ਪਹੁਚਿਆ, ਪਰ ਅੰਤ ਨੂੰ ਉਸ ਤੋਂ ਪਤਿਤ ਹੋਣ ਤੇ ਰੋਇਆ.

ਸਹੰਸਰਾ: ਹਜਾਰਾਂ. ਦੇਖੋ, ਸਹਸ੍ਰ। ੨. ਸੰਗਯਾ- ਅਮ੍ਰਿਤਸਰ ਤੋਂ ਪੰਦਰਾਂ ਮੀਲ ਉੱਤਰ ਇੱਕ ਪਿੰਡ, ਜਿੱਥੇ ਗੁਰੂ ਅਰਜਨ ਦੇਵ ਜੀ ਦਾ ਗੁਰਦ੍ਵਾਰਾ "ਰੋੜ ਸਾਹਿਬ" ਹੈ. ਇੱਥੇ ਗੁਰੂ ਸਾਹਿਬ ਦੇ ਵੇਲੇ ਦਾ ਪਲਾਸ ਬਿਰਛ ਹੈ. ਦੇਖੋ, ਘੁੱਕੇਵਾਲੀ.

ਸਹੰਸ੍ਰ: ਦੇਖੋ, ਸਹਸ੍ਰ.

ਸਹੰਸ੍ਰਬਾਹੁ: ਦੇਖੋ, ਸਹਸ੍ਰਬਾਹੁ.

ਸਹੰਸ੍ਰਾਸਤ੍ਰ: ਸੰਗਯ- ਸਹਸ੍ਰ (ਹਜ਼ਾਰ) ਅਸਤ੍ਰ ਧਾਰਣ ਵਾਲਾ, ਸਹਸ੍ਰਬਾਹੁ. "ਹਣਜੇ ਜਾਹਿ ਜੌਨੈ ਸਹੰਸ੍ਰਾਸਤ੍ਰ ਭੂਪੰ." (ਪਾਰਸਾਵ) ਦੇਖੋ, ਸਹਸ੍ਰਬਾਹੁ.

ਸਹੰਦ: ਸਹਨ ਕਰੰਤ. ਸਹਾਰਦਾ। ੨. ਫ਼. سہند ਸੰਗਯਾ- ਈਰਾਨ ਦਾ ਇੱਕ ਪ੍ਰਸਿੱਧ ਪਹਾੜ.

ਸਹੰਦਾ: ਦੇਖੋ, ਸਹਿੰਦਾ.

ਸਹੰਮ: ਡਰ. ਭੈ. ਦੇਖੋ, ਸਹਮ. "ਕਿਤੀ ਲਹਾ ਸਹੰਮ." (ਵਾਰ ਸੂਹੀ ਮ: ੧) ੨. ਦੇਖੋ, ਸਹਨ. "ਤਿਨ ਬਡ ਦੁਖ ਸਹੰਮਾ." (ਬਿਲਾ ਮ: ੪)

ਸਹੰਮਾ, ਸਹੰਮੀ: ਦੇਖੋ, ਸਹਮ ਅਤੇ ਸਹੰਮ.

ਸਹਜ: ਸੰ. सह्य ਵਿ- ਸਹਨ ਯੋਗ੍ਯ. ਸਹਾਰਨ ਲਾਇਕ। ੨. ਅਰੋਗ. ਨਰੋਆ। ੩. ਪਿਆਰਾ। ੪. ਸੰਗਯਾ- ਪੱਛਮੀ ਘਾਟ ਦਾ ਉਹ ਭਾਗ, ਜੋ ਮਲਯ ਪਰਬਤ ਦੇ ਉੱਤਰ ਨੀਲਗਿਰੀ ਤਕ ਹੈ. ਇਹ ਦੱਖਣ ਦਾ ਪ੍ਰਸਿੱਧ ਪਹਾੜ ਹੈ. ਸ਼ਿਵਾ ਜੀ ਵੈਰੀਆਂ ਤੋਂ ਬੱਚਣ ਲਈ ਇਸੇ ਪਰਬਤ ਮਾਲਾ ਵਿੱਚ ਰਿਹਾ ਕਰਦੇ ਸਨ.

ਸਕ: ਸੰ. शक् ਧਾ- ਯੋਗ੍ਯ ਹੋਣਾ. ਸਮਰਥ ਹੋਣਾ. ਬਲਵਾਨ ਹੋਣਾ. ਇਸ ਧਾਤੁ ਤੋਂ ਸ਼ਕ੍ਰ, ਸ਼ਕ੍ਤਿ ਆਦਿ ਸ਼ਬਦ ਹਨ। ੨. ਸੰ. शक ਸੰਗਯਾ- ਉੱਤਰ ਦਿਸ਼ਾ ਵੱਲ ਵਸਣ ਵਾਲੀ ਇੱਕ ਜਾਤਿ. ਪਹਿਲਾਂ ਇਹ ਲੋਕ ਸਾਇਰ ਦਰਿਆ ਦੇ ਕਿਨਾਰੇ ਤੁਰਕਿਸਤਾਨ ਵਿੱਚ ਵਸਦੇ ਸਨ, ਸਨ ਈਸਵੀ ਤੋਂ ੧੬੦ ਵਰ੍ਹੇ ਪਹਿਲੋਂ ਤੁਰਕਿਸਤਾਨ ਵਿੱਚੋਂ ਨਿਕਲਕੇ ਦੱਖਣ ਵੱਲ ਤੁਰ ਪਏ, ਸਰਹੱਦੀ ਯਵਨਾਂ ਦੇ ਰਾਜ ਨੂੰ ਗਾਹੁੰਦੇ ਹੋਏ ਹਿੰਦ ਵਿੱਚ ਆਵੜੇ. ਇਨ੍ਹਾਂ ਦੀ ਵਸੋਂ ਟੈਕਸਿਲਾ ਮਥੁਰਾ ਅਤੇ ਸੁਰਾਸ਼ਟ੍ਰ (ਕਾਠੀਆਵਾੜ) ਵਿੱਚ ਸੀ. ਸਨ ੩੯੫ ਦੇ ਕਰੀਬ ਗੁਪਤ ਵੰਸ਼ ਦੇ ਰਾਜਾ ਚੰਦ੍ਰਗੁਪਤ ਵਿਕ੍ਰਮਾਦਿਤ੍ਯ ਨੇ ਇਨ੍ਹਾਂ ਨੂੰ ਜਿੱਤਕੇ ਪੱਛਮੀ ਹਿੰਦ ਨੂੰ ਆਪਣੇ ਰਾਜ ਨਾਲ ਮਿਲਾਇਆ, ਇਸੇ ਲਈ ਉਸ ਦਾ ਨਾਉਂ ਸ਼ਕਾਰਿ ਪਿਆ.

ਸ਼ਕਾਂ ਦਾ ਉੱਪਰਲੇ ਪਾਸਿਓਂ ਅੱਧਾ ਸਿਰ ਮੁੰਨਿਆ ਹੋਇਆ ਹੋਣ ਦੇ ਕਾਰਣ ਮਲੂਮ ਹੁੰਦਾ ਹੈ ਕਿ ਰਾਜਾ ਸਗਰ ਨੇ ਇਨ੍ਹਾਂ ਨੂੰ ਸ਼ਿਕਸ੍ਤ ਦਿੱਤੀ ਸੀ.[174] ਦੇਖੋ, ਸਗਰ ੨. ਸੀਸਤਾਨ (ਸ਼ਕ ਅਸਥਾਨ) ਦੇਸ਼ ਦਾ ਨਾਉਂ ਭੀ ਇਸ ਜਾਤੀ ਦੇ ਸੰਬੰਧ ਤੋਂ ਹੀ ਜਾਪਦਾ ਹੈ.[175] ਮਹਾਭਾਰਤ ਵਿੱਚ ਸ਼ਕਾਂ ਦੀ ਉਤਪੱਤੀ ਵਸਿਸ਼੍ਠ ਦੀ ਗਾਂ ਦੇ ਪਸੀਨੇ ਤੋਂ ਲਿਖੀ ਹੈ। ੩. ਅ਼. شّک ਸ਼ੱਕ. ਸੰਸਾ. "ਸਕ ਕਰਉ ਜਿ ਦੂਸਰ ਹੋਇ." (ਤਿਲੰ ਕਬੀਰ)

ਸ਼ਕ ਸੰਮਤ, ਸ਼ਕ ਸੰਵਤ: ਦੇਖੋ, ਸਾਲਿਵਾਹਨ.

ਸਕਟ: ਸੰ. शकट ਸੰਗਯਾ- ਗੱਡਾ. ਛਕੜਾ। ੨. ਸ਼ਰੀਰ. ਦੇਹ। ੩. ਦੇਖੋ, ਸ਼ਕਟਾਸੁਰ.

---

[174] ਦੇਖੋ, ਮਹਾਂਭਾਰਤ.

[175] ਚੀਨੀ ਬੋਲੀ ਵਿੱਚ ਸ਼ਕਾਂ ਦਾ ਨਾਉਂ 'ਸੀ' ਇਸ ਲਈ "ਸੀ-ਸਤਾਂ" ਬਹੁਤ ਸਹੀ ਜਾਪਦਾ ਹੈ.

ਸਕਟਹਾ: ਸਕਟ ਦੈਤ ਨੂੰ ਮਾਰਨ ਵਾਲੇ ਕ੍ਰਿਸ਼ਨ ਜੀ. ਦੇਖੋ, ਸ਼ਕਟਾਸੁਰ.

ਸਕਟ ਨਾਲ, ਸਕਟ ਨਾਲਿਕਾ: ਸੰਗਯਾ- ਸ਼ਕਟ (ਗੱਡੇ) ਉੱਤੇ ਰੱਖੀ ਤੋਪ. ਅਰਥਾਤ ਪਹੀਏਦਾਰ ਤਖ਼ਤੇ ਉੱਪਰ ਜੜੀ ਹੋਈ ਤੋਪ। ੨. ਤੋਪ ਦੀ ਗੱਡੀ. Gun- carriage.

ਸਕਟਨੀ: ਸੰਗਯਾ- ਸ਼ਕਟ (ਗੱਡਿਆਂ) ਵਾਲੀ ਸੈਨਾ, ਅਰਥਾਤ ਜਿਸ ਨਾਲ ਸਾਮਾਨ ਦੇ ਗੱਡੇ ਰਹਿੰਦੇ ਹੋਣ. (ਸਨਾਮਾ).

ਸਕਟਬ੍ਯੂਹ: ਸੰ. ਸ਼ਕਟ- ਵ੍ਯੂਹ. ਗੱਡੇ ਦੇ ਆਕਾਰ ਦਾ ਬਣਾਇਆ ਹੋਇਆ ਫੌਜ ਦਾ ਦਸ੍ਤਾ. ਜੰਗ ਵਿੱਚ ਗੱਡੇ ਵਾਙ ਬਣੀ ਹੋਈ ਫੌਜ. "ਸਕਟਾਬ੍ਯੂਹ ਰਚਾ ਸੁਰਪਤਿ ਤਬ." (ਚਰਿਤ੍ਰ ੪੦੫)

ਸਕਟਾ: ਦੇਖੋ, ਸਕਟ.

ਸਕਟਾਸੁਰ: ਸੰ. ਸ਼ਕਟ- ਅਸੁਰ. ਗੱਡੇ ਦੀ ਸ਼ਕਲ ਦਾ ਇੱਕ ਦੈਤ. ਇੱਕ ਕੰਸ ਦਾ ਭੇਜਿਆ ਕ੍ਰਿਸ਼ਨ ਜੀ ਨੂੰ ਮਾਰਨ ਲਈ ਆਇਆ ਸੀ ਅਤੇ ਕ੍ਰਿਸ਼ਨ ਜੀ ਤੋਂ ਮਾਰਿਆ ਗਿਆ. "ਪ੍ਰਿਥਮ ਪੂਤਨਾ ਹਨੀ ਬਹੁਰ ਸਕਟਾਸੁਰ ਖੰਡ੍ਯੋ." (ਕ੍ਰਿਸਨਾਵ) ਦੇਖੋ, ਇਸ ਦੀ ਕਥਾ ਭਾਗਵਤ ਦੇ ਦਸਵੇਂ ਸਕੰਧ ਦੇ ੫੦ਵੇਂ ਅਧ੍ਯਾਯ ਵਿੱਚ.

ਸਕਟਾਬ੍ਯੂਹ: ਦੇਖੋ, ਸਕਟ ਬ੍ਯੂਹ.

ਸਕਣਾ: ਦੇਖੋ, ਸਕ। ੨. ਕ੍ਰਿ- ਸ਼ਕਤਿ ਸਹਿਤ ਹੋਣਾ. ਸਮਰਥ ਹੋਣਾ. ਕਿਸੇ ਕੰਮ ਦੇ ਕਰਨ ਦੀ ਸ਼ਕਤੀ ਰੱਖਣੀ. ਸਕਨਾ. "ਮੋਨਿ ਜਨ ਗਹਿ ਨ ਸਕਾਹਿ ਗਤਾ." (ਗੂਜ ਮਃ ੫) "ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ." (ਸਵਾ ਮਃ ੪)

ਸਕਤ: ਸੰ ਸਕ੍ਤ. ਵਿ- ਲਗਿਆ ਹੋਇਆ. ਸੰਬੰਧਿਤ। ੨. ਸੰ. ਸ਼ਕ੍ਤ. ਸ਼ਕਤਿ ਵਾਲਾ. ਤਾਕਤਵਰ. "ਹਰਿ ਸਕਤ ਸਰਨ ਸਮਰਥ ਨਾਨਕ." (ਕੇਦਾ ਮਃ ੫)

ਸਕਤਣੀ: ਵਿ- ਸ਼ਕ੍ਤਿ (ਬਰਛੀ) ਧਾਰਨ ਵਾਲੀ. "ਨਮੋ ਸਕਤਣੀ ਸੂਲਣੀ." (ਚੰਡੀ ੨)

ਸਕਤ ਬਿਸੇਖ: ਦੇਖੋ, ਸਕਤਿ ਬਿਸੇਖ.

ਸਕਤਵਾਰ: ਵਿ- ਸ਼ਕਤਿ ਵਾਲਾ. ਪ੍ਰਬਲ. "ਸਕਤਵਾਰ ਜਮਦੂਤ." (ਮਲਾ ਮਃ ੧)

ਸਕਤਾ: ਵਿ- ਸ਼ਕਤਿ ਵਾਲਾ. ਸਮਰਥ. ਬਲਵਾਨ "ਸਕਤਾ ਸੀਹੁ ਮਾਰੇ ਪੈ ਵਗੈ." (ਆਸਾ ਮਃ ੧) ੨. ਅ਼. سکتہ ਸੰਗ੍ਯਾ- ਬਿਨਾ ਹਰਕਤ ਹੋਣ ਦੀ ਹਾਲਤ. ਸੁੰਭ ਹੋਣਾ। ੩. ਇੱਕ ਰੋਗ. ਸੰ. संन्यास ਸੰਨ੍ਯਾਸ. Apoplexy. ਇਹ ਰੋਗ ਚਾਲੀ ਵਰ੍ਹੇ ਦੀ ਉਮਰ ਪਿੱਛੋਂ ਜਾਂਦਾ ਹੁੰਦਾ ਹੈ. ਇਸ ਦੇ ਕਾਰਣ ਦਿਮਾਗ ਤੇ ਸੱਟ ਵੱਜਣੀ, ਗੁਰਦੇ ਦੀਆਂ ਬੀਮਾਰੀਆਂ ਹੋਣੀਆਂ, ਸ਼ਰਾਬ, ਅਫੀਮ, ਚੰਡੂ, ਸੁਲਫਾ ਆਦਿ ਬਹੁਤ ਨਸ਼ੇ ਸੇਵਨ ਕਰਨੇ, ਬਹੁਤ ਭੋਗ ਕਰਨਾ ਆਦਿ ਹਨ.

ਸਕਤੇ ਵਿੱਚ ਸ਼ਰੀਰ ਜੜ੍ਹ ਹੋ ਜਾਂਦਾ ਹੈ, ਦਿਲ ਹਰਕਤ ਕਰਦਾ ਹੈ ਪਰ ਦਿਮਾਗ ਆਪਣਾ ਕੰਮ ਛੱਡ ਦਿੰਦਾ ਹੈ, ਨਬਜ ਮੱਧਮ ਪੈ ਜਾਂਦੀ ਹੈ, ਸ਼ਰੀਰ ਠੰਢਾ ਹੋ ਜਾਂਦਾ ਹੈ. ਕਦੇ ਕਦੇ ਮਲ ਮੂਤ੍ਰ ਅਚਾਨਕ ਹੀ ਨਿਕਲ ਜਾਂਦੇ ਅਥਵਾ ਬੰਦ ਹੋ ਜਾਂਦੇ ਹਨ.

ਇਸ ਦਾ ਇਲਾਜ ਇਹ ਹੈ ਕਿ ਰੋਗੀ ਦਾ ਸਿਰ ਉੱਚਾ ਰੱਖਕੇ ਸ਼ਾਂਤਿ ਨਾਲ ਲਿਟਾ ਦਿੱਤਾ ਜਾਵੇ. ਕੁੜਤੇ ਆਦਿ ਦੇ ਗਲਾਵੇਂ ਦੇ ਬਟਨ ਖੋਲ੍ਹ ਦਿੱਤੇ ਜਾਣ. ਸਿਰਕੇ ਵਿੱਚ ਚੰਦਨ ਤੇ ਕਪੂਰ ਘਸਾਕੇ ਇਸ ਨਾਲ ਵਸਤ੍ਰ ਤਰ ਕਰਕੇ ਮੱਥੇ ਤੇ ਰੱਖਿਆ ਜਾਵੇ. ਲਹੂ ਦੀ ਅਧਿਕਤਾ ਹੋਵੇ ਤਾਂ ਸਿਆਣੇ ਆਦਮੀ ਤੋਂ ਫਸਦ ਖੁਲ੍ਹਵਾਕੇ ਕੁਝ ਕਢਵਾ ਦਿੱਤਾ ਜਾਵੇ. ਪਿੰਨਣੀਆਂ (ਪਿੰਨੀਆਂ) ਅਤੇ ਡੌਲਿਆਂ ਨੂੰ ਰੁਮਾਲਾਂ ਨਾਲ ਘੁੱਟਕੇ ਬੰਨ੍ਹਿਆ ਜਾਵੇ. ਹੁਕਨਾ ਅਤੇ ਹੱਥ ਪੈਰ ਦੀਆਂ ਤਲੀਆਂ, ਤੇ ਮਾਲਿਸ਼ ਕੀਤੀ ਜਾਵੇ.

ਇਸ ਬੀਮਾਰੀ ਵਿੱਚ ਮਾਜੂਨ ਫ਼ਿਲਾਸਫ਼ਾ, ਖ਼ਮੀਰਾ, ਗਾਉਜੁਬਾਨ ਅਤੇ ਯੋਗਰਾਜ ਗੁੱਗਲ ਦਾ ਖਵਾਉਣਾ ਅਤੇ ਅਰਕ ਕਾਸਨੀ ਪਿਲਾਉਣਾ ਗੁਣਕਾਰੀ ਹੈ. ਅੰਤੜੀ ਦੀ ਮੈਲ ਜਿਨ੍ਹਾਂ ਚੀਜਾਂ ਤੋਂ ਖਾਰਿਜ ਹੋਵੇ ਉਨ੍ਹਾਂ ਦਾ ਵਰਤਣਾ ਅਤੇ ਜੌਂ ਦਾ ਰਸ, ਮੂੰਗੀ ਦਾ ਪਾਣੀ ਅਤੇ ਚਿੱਟੇ ਮਾਸਾਂ ਦਾ ਸ਼ੋਰਵਾ ਆਦਿ ਨਰਮ ਗਿਜਾ ਦੇਣੀ ਚਾਹੀਏ। ਯਤਿ ਭੰਗ ਦੋਸ਼. ਦੇਖੋ, ਕਾਵ੍ਯਦੋਸ਼ ਅਤੇ ਯਤਿ.

ਸਕਤਿ: ਸੰ. ਸ਼ਕ੍ਤਿ. ਸੰਗਯਾ- ਤਾਕਤ. ਸਾਮਰਥ੍ਯ. "ਮਾਨੁ ਮਹਤੁ ਨ ਸਕਤਿ ਹੀ ਕਾਈ." (ਬਿਲਾ ਮਃ ੫) ੨. ਪ੍ਰਭਾਵ. ਅਸਰ. "ਸਕਤਿ ਅੰਧੇਰ ਜੇਵੜੀ ਭ੍ਰਮ ਚੁਕਾ." (ਗਉ ਕਬੀਰ) ੩. ਮਾਇਆ. "ਜਹਿ ਦੇਖਾ ਤਹਿ ਰਵਿਰਹੇ ਸਿਵ ਸਕਤੀ ਕਾ ਮੇਲ." (ਸ੍ਰੀ ਮਃ ੧) ੪. ਭਾਵ- ਇਸਤ੍ਰੀ. "ਸਕਤਿ ਸਨੇਹ ਕਰਿ ਸੁੰਨਤਿ ਕਰੀਐ." (ਆਸਾ ਕਬੀਰ) "ਤਉ ਆਨਿ ਸਕਤਿ ਗਲਿ ਬਾਂਧਿਆ." (ਸ੍ਰੀ ਬੇਣੀ) ੫. . ਕੁਦਰਤ. ਪ੍ਰਕ੍ਰਿਤਿ। ੬. ਬਰਛੀ. ਸੈਹਥੀ. "ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ." (ਸਵੈਯੇ. ਮਃ ੨. ਕੇ) ਇਸ ਥਾਂ "ਸਕਤਿ" ਸ਼ਬਦ ਸ਼ਲੇਸ਼ ਹੈ. ਮਾਇਆ ਅਤੇ ਬਰਛੀ। ੭. ਪਦ ਤੇ ਵਾਕ੍ਯ ਦੀ ਉਹ ਵ੍ਰਿੱਤਿ (ਸੱਤਾ) ਜੋ ਅਰਥ ਬੋਧਨ ਕਰਾਉਂਦੀ ਹੈ। ੮. ਦੇਵਤਿਆਂ ਦੀ ਸਾਮਰਥ੍ਯ ਅਤੇ ਉਨ੍ਹਾਂ ਦੀਆਂ ਇਸਤ੍ਰੀਆਂ ਨੂੰ ਭੀ ਸ਼ਕਤਿ ਲਿਖਿਆ ਹੈ. ਇਨ੍ਹਾਂ ਦੀ ਗਿਣਤੀ ਬਹੁਤ ਹੈ ਪਰ ਮੁੱਖ ਇਹ ਹਨ- ਇੰਦ੍ਰਾਣੀ, ਵੈਸ਼ਨਵੀ, ਸ਼ਾਂਤਾ, ਬ੍ਰਹਮਾਣੀ, ਰੌਦ੍ਰੀ, ਕੌਮਾਰੀ, ਨਾਰਸਿੰਘੀ, ਵਾਰਾਹੀ, ਮਾਹੇਸ਼੍ਵਰੀ, ਚਾਮੁੰਡਾ, ਚੰਡਿਕਾ, ਕਾਰਤਿਕੀ, ਪ੍ਰਧਾਨਾ, ਕੀਰ੍ਤਿ, ਕਾਂਤਿ, ਤੁਸ਼੍ਟਿ, ਪੁਸ਼੍ਟਿ, ਧ੍ਰਿਤਿ, ਸ਼ਾਂਤਿ, ਕ੍ਰਿਯਾ, ਦਯਾ, ਮੇਧਾ, ਲੋਲਾਕ੍ਸ਼ੀ, ਦੀਰਘਜਿਹ੍ਵਾ, ਗੋਮੁਖੀ, ਕੁੰਡੋਦਰੀ, ਵਿਰਜਾ ਆਦਿ। ੯. ਸੰ. ਸਕ੍ਤਿ. ਸੰਬੰਧ. ਸੰਯੋਗ. "ਜੈਸੇ ਸਕਤਿ ਸੁਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ." (ਗੌਂਡ ਮਃ ੪) ਸੂਰਜ ਦੇ ਸੰਬੰਧ ਨਾਲ ਤਪਤ.

ਸ਼ਕਤਿ ਪਾਣਿ: ਵਿ- ਸ਼ਕ੍ਤਿ (ਬਰਛੀ) ਹੈ ਜਿਸ ਦੇ ਹੱਥ ਵਿੱਚ। ੨. ਸੰਗ੍ਯਾ- ਕਾਰਤਿਕੇਯ. ਸ਼ਿਵ ਦਾ ਪੁਤ੍ਰ ਖੜਾਨਨ.

ਸਕਤਿ ਬਿਸੇਖ: ਸੰਗ੍ਯਾ- ਵਿਸ਼ੇਸ਼ ਸ਼ਕਤਿ. ਖ਼ਾਸ ਤਾਕਤ। ੨. ਸਕ੍ਰ- ਅਵਸ਼ੇਸ਼. ਬਲ ਦਾ ਅੰਤ. "ਪ੍ਰਿਥਮ ਸਕਤ ਪਦ ਉਚਰਿਕੈ ਪੁਨ ਕਹੁ ਸਕਤਿ ਬਿਸੇਸ." (ਸਨਾਮਾ) ਸ਼ਕ੍ਰ (ਬਲਵਾਨ) ਦੀ ਸ਼ਕ੍ਤਿ ਦਾ ਅੰਤ ਕਰਨ ਵਾਲੀ ਬਰਛੀ.

ਸਕਤੀ: ਦੇਖੋ, ਸਕਤਿ.

ਸਕਤੀ ਸਬਲ: ਵਿ- ਮਾਇਆ ਨੂੰ ਸੱਤਾ ਦੇਣ ਵਾਲਾ. ਸ਼ਕਤਿ ਨੂੰ ਪ੍ਰੇਰਣ ਵਾਲਾ. "ਆਪੇ ਸਕਤੀ ਸਬਲ ਕਹਾਇਆ." (ਮਾਰੂ ਸੋਲਹੇ ਮਃ ੫) ੨. ਪ੍ਰਕ੍ਰਿਤਿ ਕਰਕੇ ਅਨੇਕ ਰੰਗ ਦਾ (ਸ਼ਵਲ- ਡੱਬ ਖੜੱਬਾ) ਹੋਇਆ. ਦੇਖੋ, ਸਬਲ ੩.

ਸਕਤੀ ਘਰਿ: ਮਾਇਆ ਦੇ ਨਿਵਾਸ ਅਸਥਾਨ ਵਿੱਚ. ਅਰਥਾਤ ਅਵਿਦ੍ਯਾ ਵਿੱਚ. "ਸਕਤੀ ਘਰਿ ਜਗਤ ਸੂਤਾ ਨਾਚੈ ਟਾਪੈ." (ਗੂਜ ਅਃ ਮਃ ੩)

ਸਕਤੂ: ਸੰਗ੍ਯਾ- ਆਗਰਾ ਨਿਵਾਸੀ ਮਹਿਤਾ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਵਿੱਚ ਉੱਤਮ ਯੋਧਾ ਸੀ. ਇਸ ਨੇ ਹਰਿਗੋਬਿੰਦਪੁਰ ਦੇ ਜੰਗ ਵਿੱਚ ਭਾਰੀ ਵੀਰਤਾ ਵਿਖਾਈ. ਦੇਖੋ, ਨਬੀ ਬਖ਼ਸ਼. "ਪਰਸ ਰਾਮ ਸਕਤੁ ਦੁਇ ਆਏ। ਤਰਕਸ ਧਨੁਖ ਸਰੀਰ ਸਜਾਏ." (ਗੁਪ੍ਰਸੂ)

ਸਕੱਤਰ, ਸਕਤ੍ਰ: ਅੰ. Secretary. ਮੀਰਮੁਨਸ਼ੀ। ੨. ਮੰਤ੍ਰੀ. ਵਜ਼ੀਰ.

ਸਕਥ: ਦੇਖੋ, ਸਕਯਥ.

ਸਕਨ: ਅ਼. سکن ਸੰਗ੍ਯਾ- ਨਿਵਾਸ. ਰਹਾਇਸ਼। ੨. ਵਿਸ਼੍ਰਾਮ। ੩. ਸ਼ਾਂਤਿ। ੪. ਕ੍ਰਿਪਾਲੁਤਾ.

ਸਕਫ, ਸਕ਼ਫ: ਅ਼. سقف ਸੰਗ੍ਯਾ- ਛੱਤ.

ਸਕਯਥ, ਸਕਯਥਉ, ਸਕਯਥੁ: ਸੰ. शक्यार्थ- ਸ਼ਕ੍ਯਾਰ੍ਥ. ਯੋਗਜ ਅਰਥ। ੨. ਸਿੰਧੀ. सक्यार्थो ਸਕ੍ਯਾਰ੍ਥੋ. ਸਫਲ. ਸਾਰਥਕ. ਸਕਾਰਥ. "ਜਨਮੁ ਸਕਯਥੁ ਭਲੌ ਜਗਿ." (ਸਵੈਯੇ ਮਃ ੧. ਕੇ) "ਚਰਣ ਤਪਰ ਸਕਯਥ." (ਸਵੈਯੇ ਮਃ ੩. ਕੇ) "ਤਿਨ ਸਕਯਥਉ ਜਨਮੁ ਜਗਿ." (ਸਵੈਯੇ ਮਃ ੪. ਕੇ)

ਸਕਰ: ਫ਼ਾ. شکر ਸੰ. ਸ਼ਰ੍ਕਰਾ. ਸ਼ਕਰ. ਖੰਡ. ਅੰ. Sugar ਫ੍ਰ sucre । ੨. ਪੰਜਾਬੀ ਵਿੱਚ ਸ਼ੱਕਰ ਸਜਾਹ ਨੂੰ ਖਾਸ ਕਰਕੇ ਸ਼ੱਕਰ ਆਖਦੇ ਹਨ. "ਸਕਰ ਖੰਡ ਨਿਵਾਤ ਗੁੜ." (ਸ. ਫਰੀਦ)

ਸਕਰਕੰਦ, ਸਕਰਕੰਦੀ: ਮਿੱਠਾ ਕੰਦ. ਗਾਗਟੀ (ਅਰਬੀ) ਦੀ ਸ਼ਕਲ ਦਾ ਇੱਕ ਕੰਦ, ਜਿਸ ਵਿੱਚ ਬਹੁਤ ਸ਼ੱਕਰ ਹੁੰਦੀ ਹੈ. ਇਸ ਨੂੰ ਉਬਾਲਕੇ ਖਾਧਾ ਜਾਂਦਾ ਹੈ. ਸੰ ਸ਼ਰ੍ਕਰਾਕੰਦ. L. Convolvulus Catatas.

**ਸ਼ਕਰ ਖ਼ਾ:** ਫ਼ਾ. شکرخا ਵਿ- ਖੰਡ ਖਾਣ ਵਾਲਾ. ਸ਼ਕਰਖ਼ੋਰਾ.

**ਸ਼ਕਰ ਗੰਗ:** ਸੰਗਯਾ- ਕਰਤਾਰਪੁਰ (ਜਿਲਾ ਜਲੰਧਰ) ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲਵਾਇਆ ਹੋਇਆ ਇੱਕ ਵਡਾ ਚੌੜਾ ਖੂਹ. ਦੇਖੋ, ਕਰਤਾਰ ਪੁਰ.

**ਸ਼ਕਰ ਗੰਜ:** ਵਿ- ਬਾਬਾ ਫਰੀਦ ਜੀ ਦਾ ਇੱਕ ਵਿਸ਼ੇਸ਼ਣ. ਇਸ ਦਾ ਕਾਰਣ ਇਹ ਦੱਸਿਆ ਜਾਂਦਾ ਹੈ ਕਿ ਫਰੀਦ ਜੀ ਨੇ ਆਪਣੀ ਸ਼ਕਤਿ ਨਾਲ ਸ਼ੱਕਰ ਅਤੇ ਗੰਨਿਆਂ ਦੀ ਵਰਖਾ ਕਰਾਕੇ ਢੇਰ ਲਗਾ ਦਿੱਤੇ ਸਨ.

**ਸ਼ਕਰਪਾਰਾ:** ਸੰਗਯਾ- ਸ਼ਕਰ (ਖੰਡ) ਦਾ ਪਾਰਾ (ਟੁਕੜਾ). ਖੰਡ ਦੀ ਡਲੀ। ੨. ਇੱਕ ਪ੍ਰਸਿੱਧ ਮਿਠਾਈ, ਜੋ ਮੈਦੇ ਦੀਆਂ ਚੌਕੋਣ ਡਲੀਆਂ ਨੂੰ ਘੀ ਵਿੱਚ ਤਲਕੇ ਖੰਡ ਪਾਗਣ ਤੋਂ ਬਣਦੀ ਹੈ. ਮਿੱਠੇ ਖੁਰਮੇ. ਸੰ ਸ਼ਙ੍ਖਪਾਲ.

**ਸਕਲ:** ਸੰ. ਵਿ- ਕਲਾ ਸਹਿਤ. ਹੁਨਰ ਜਾਣਨ ਵਾਲਾ। ੨. ਸਗਲ. ਸਾਰਾ. ਸੰਪੂਰਣ. ਤਮਾਮ. "ਸਕਲ ਸੈਨ ਇਕ ਠਾਂ ਭਈ." (ਗੁਪ੍ਰਸੂ) ੩. ਸੰ. शकल- ਸ਼ਕਲ. ਸੰਗਯਾ- ਟੁਕੜਾ. ਖੰਡ. "ਨਖ ਸਸਿ ਸਕਲ ਸੇ ਉਪਮਾ ਨ ਲਟੀ ਸੀ." (ਨਾਪ੍ਰ) ੪. ਛਿਲਕਾ. ਵਲਕਲ। ੫. ਤਰਾਜੂ ਦਾ ਪਲੜਾ. ਦੇਖੋ, ਅੰ. Scales । ੬. ਅ਼. شکل ਸੂਰਤ. ਮੂਰਤਿ। ੭. ਨੁਹਾਰ. ਮੁਹਾਂਦਰਾ.

**ਸਕਾ:** ਦੇਖੋ, ਸਕਣਾ. "ਆਇ ਨ ਸਕਾ ਤੁਝ ਕਨਿ ਪਿਆਰੇ." (ਵਡ ਮਃ ੧) ੨. ਸੰ. ਸ੍ਵਕੀਯ. ਵਿ- ਆਪਣਾ. ਸਗਾ. ਨਜ਼ਦੀਕੀ. "ਪੁਤੀ ਭਾਤੀਈ ਜਾਵਾਈ ਸਕੀ." (ਵਾਰ ਬਿਲਾ ਮਃ ੪)

**ਸਕਾਈ:** ਸੰਗਯਾ- ਸ੍ਵਕੀਯਤਾ. ਅਪੱਣਤ। ੨. ਰਿਸ਼ਤਾ. ਸੰਬੰਧ. ਸਕੀਰੀ.

**ਸਕਾਸ:** ਸੰ. ਸਕਾਸ਼. ਕ੍ਰਿ. ਵਿ- ਸਮੀਪ. ਪਾਸ. ਨੇੜੇ. ਕੋਲ. ਨਿਕਟ। ੨. ਸੰਗਯਾ- ਸੰਬੰਧ. ਤਅ਼ੱਲੁਕ.

**ਸਕਾਬਦ:** ਸੰ. शकाब्द ਸ਼ਕ ਸੰਵਤ. ਦੇਖੋ, ਸਾਲਿਬਾਹਨ.

**ਸਕਾਮ:** ਕ੍ਰਿ. ਵਿ- ਕਾਮਨਾ ਸਹਿਤ. ਇੱਛਾ ਪੂਰਵਕ। ੨. ਸੰਗਯਾ- ਇੱਛਾ ਵਾਲਾ ਪੁਰਖ। ੩. ਕਾਮ (ਅਨੰਗ) ਦੀ ਵਾਸਨਾ ਵਾਲਾ. ਕਾਮੀ। ੪. ਪ੍ਰੇਮ ਕਰਨ ਵਾਲਾ.

**ਸਕਾਮੀ:** ਵਿ- ਕਾਮਨਾਵਾਨ. ਕਾਮਨਾ ਰੱਖਣ ਵਾਲਾ.

**ਸਕਾਰ:** ਸੰਗਯਾ- ਸ ਅੱਖਰ. ਸ ਦਾ ਉੱਚਾਰਣ। ੨. ਦੇਖੋ, ਸਾਕਾਰ। ੩. ਦੇਖੋ, ਸ਼ਿਕਾਰ। ੪. ਪ੍ਰਾ. ਭੋਰ. ਤੜਕਾ. ਭੁਨਸਾਰ.

**ਸਕਾਰਥ, ਸਕਾਰਥਾ:** ਦੇਖੋ, ਸਕਯਥ. ਵਿ- ਸਫਲ. ਸਾਰ੍ਥਕ. ਲਾਭਵੰਤ. "ਗੁਰਮੁਖਿ ਜਨਮੁ ਸਕਾਰਥਾ." (ਵਾਰ ਸਾਰ ਮਃ ੪)

**ਸਕਾਰਾ:** ਪ੍ਰਾ. ਸੰਗਯਾ- ਭੋਰ. ਤੜਕਾ.

**ਸ਼ਕਾਰਿ, ਸ਼ਕਾਰੀ:** ਸੰ. ਸੰਗਯਾ- ਸ਼ਕ ਵੰਸ਼ੀਆਂ ਦਾ ਵੈਰੀ ਵਿਕ੍ਰਮਾ- ਦਿਤਯ. ਦੇਖੋ, ਸਕ ੨। ੨. ਦੇਖੋ, ਸ਼ਿਕਾਰੀ.

**ਸਕਾਲ:** ਵਿ- ਕਾਲ ਸਹਿਤ. ਸਮੇ ਅਨੁਸਾਰ। ੨. ਜਿਸ ਉੱਪਰ ਕਾਲ ਦਾ ਅਸਰ ਹੈ. ਅਕਾਲ ਦੇ ਵਿਰੁੱਧ. ਮਰਣਧਰਮਾ. "ਔਰ ਸਕਾਲ ਸਭੈ ਵਸਿ ਕਾਲ ਕੇ." (ਵਿਚਿਤ੍ਰ)

**ਸਕਾਵਤ:** ਦੇਖੋ, ਸਕਣਾ। ੨. ਅ਼. شقاوت ਸ਼ਕ਼ਾਵਤ. ਸੰਗਯਾ- ਬਦ ਕ਼ਿਸਮਤੀ। ੩. ਵਿ- ਬਦਨਸੀਬ. ਕਮਬਖ਼ਤ.

**ਸਕਿਨਰ:** Col. James Skinner. (ਸਨ ੧੭੭੮- ੧੮੪੧) ਕਰਨੈਲ ਜੇਮਸ ਸਕਿੰਨਰ. ਇਹ ਸਕਾਟਲੈਂਡ ਨਿਵਾਸੀ ਅਫਸਰ ਦਾ ਰਾਜਪੂਤਨੀ ਮਾਂ ਦੇ ਪੇਟੋਂ ਪੁਤ੍ਰ ਸੀ. ਇਸ ਨੇ ਮਰਹਟਾ ਫੌਜ ਵਿੱਚ ਡੀਬੋਈਂ ਅਤੇ ਪੇਰੋਂ (De Boigne and Perron) ਦੇ ਮਾਤਹਿਤ ਨੌਕਰੀ ਕੀਤੀ, ਫੇਰ ਲਾਰਡ ਲੇਕ ਦੇ ਅਧੀਨ ਰਹਿਕੇ ਬਹੁਤ ਬਹਾਦੁਰੀ ਵਿਖਾਈ. ਇਹ ਫਾਰਸੀ ਦਾ

ਵਿਦ੍ਵਾਨ ਸੀ. ਇਸ ਦੇ ਨਾਉਂ ਤੋਂ ਹਿੰਦੁਸਤਾਨੀ ਫੌਜ ਵਿੱਚ ਇੱਕ ਰਸਾਲਾ (Skinner's Horse) ਕਾਇਮ ਹੋਇਆ.[176] ਸਕਿਨਰ ਨੂੰ ਵੀਹ ਹਜਾਰ ਦੀ ਜਾਗੀਰ ਅਤੇ ਸੀ. ਬੀ. ਦੀ ਪਦਵੀ ਮਿਲੀ. ਇਸ ਦਾ ਦੇਹਾਂਤ ਸਨ ੧੮੪੧ ਵਿੱਚ ਹੋਇਆ. ਪੰਜਾਬੀ ਇਤਿਹਾਸਕਾਰਾਂ ਨੇ ਇਸ ਨੂੰ ਸਿਕੰਦਰ ਸਾਹਿਬ ਭੀ ਲਿਖਿਆ ਹੈ.

ਸਕੀਮ: ਅ. سقیم ਸਕ਼ੀਮ ਵਿ- ਰੋਗੀ। ੨. ਐਬੀ. ਵੈਲਦਾਰ। ੩. ਅੰ. Scheme. ਸੰਗਯਾ- ਤਜਵੀਜ਼। ੪. ਬੰਦੋਬਸ੍ਤ. ਪ੍ਰਬੰਧ.

ਸਕੀਮੀ: ਸੰਗਯਾ- ਬੀਮਾਰੀ। ੨. ਨਿਰਧਨਤਾ. ਗਰੀਬੀ. ਦੇਖੋ, ਸਕੀਮ.

ਸਕੀਰਣ: ਦੇਖੋ, ਸੰਕੀਰਣ. "ਧਰਾ ਸਕੀਰਣੈ ਭਈ ਸਰੋਣ ਮਾਸ ਗੱਤਲੇ." (ਪੰਪ੍ਰ) ਜਮੀਨ ਢਕੀ ਗਈ.

ਸਕੀਲ: ਅ. صقیل ਸਕ਼ੀਲ. ਵਿ- ਸਿਕ਼ਲ ਕੀਤਾ। ੨. ਬਾਢਦਾਰ. "ਬਿਛੂਆ ਸੈਫ ਸਕੀਲ." (ਸਲੋਹ) ੩. ثقیل ਸਕ਼ੀਲ. ਭਾਰੀ. ਵਜ਼ਨਦਾਰ। ੪. ਜੋ ਮੁਸ਼ਕਿਲ ਜਾਂ ਤਕਲੀਫ਼ ਨਾਲ ਹਜਮ ਹੋਵੇ। ੫. شکیل ਸ਼ਕੀਲ. ਹੱਛੀ ਸ਼ਕਲ ਵਾਲਾ. ਸੁਡੌਲ. ਸੁੰਦਰ.

ਸਕੁਚ: ਸੰ. ਸੰਕੋਚ. ਸੰਖੇਪ। ੨. ਸੁਕੜਨਾ। ੩. ਝਿਝਕਣਾ.

ਸਕੁਚਿ: ਸੰਕੋਚ ਕਰਕੇ. ਝਿਝਕਕੇ. "ਚਾਰ ਪਦਾਰਥ ਸਕੁਚਿ ਪਠਾਏ." (ਭਾਗੁ)

ਸਕੁੰਤ: ਸੰ. शकुन्त. ਸ਼ਕੁੰਤ. ਸੰਗਯਾ- ਪੰਛੀ। ੨. ਵਿਸ਼੍ਵਾਮਿਤ੍ਰ ਦਾ ਇੱਕ ਬੇਟਾ.

ਸਕੁੰਤਲ, ਸਕੁੰਤਲਾ: ਸੰ शकुन्तला. ਸ਼ਕੁੰਤਲਾ. ਸੰਗਯਾ- ਸਕੁੰਤ (ਪੰਛੀਆਂ) ਕਰਕੇ ਪਾਲੀ ਹੋਈ ਇੱਕ ਕੰਨਯਾ. ਇਹ ਮੇਨਕਾ ਅਪਸਰਾ ਦੇ ਗਰਭ ਤੋਂ ਵਿਸ਼੍ਵਾਮਿਤ੍ਰ ਰਿਖੀ ਦੀ ਪੁਤ੍ਰੀ ਸੀ. ਮੇਨਕਾ ਨੇ ਇਸ ਨੂੰ ਜਣਕੇ ਜੰਗਲ ਵਿੱਚ ਸਿੱਟ ਦਿੱਤਾ. ਪੰਛੀਆਂ ਨੇ ਇਸ ਦਾ ਪਾਲਨ ਕੀਤਾ. ਫੇਰ ਕਨ੍ਵ (कणव) ਮੁਨਿ ਦਯਾ ਕਰਕੇ ਇਸ ਨੂੰ ਆਪਣੇ ਆਸ਼੍ਰਮ ਲੈ ਗਏ. ਰਾਜਾ ਦੁਸ਼ਯੰਤ ਇੱਕ ਵਾਰ ਜੰਗਲ ਵਿੱਚ ਸ਼ਕੁੰਤਲਾ ਨੂੰ ਵੇਖਕੇ ਮੋਹਿਤ ਹੋ ਗਿਆ ਅਤੇ ਗਾਂਧਰਵ ਵਿਵਾਹ ਕਰਕੇ ਉਸ ਤੋਂ ਭਰਤ ਪੁਤ੍ਰ ਪੈਦਾ ਕੀਤਾ. ਜਿਸ ਤੋਂ ਭਰਤ ਵੰਸ਼ ਅਤੇ ਦੇਸ਼ ਦਾ ਨਾਉਂ ਭਾਰਤ ਹੋਇਆ. ਕਵਿ ਕਾਲਿਦਾਸ ਨੇ ਸ਼ਕੁੰਤਲਾ ਦੀ ਕਥਾ ਮਨੋਹਰ ਕਾਵ੍ਯ ਵਿੱਚ ਲਿਖੀ ਹੈ, ਜਿਸ ਦਾ ਨਾਉਂ ਸ਼ਕੁੰਤਲਾ ਨਾਟਕ ਹੈ.

ਦਸਮਗ੍ਰੰਥ ਵਿੱਚ ਸ਼ਕੁੰਤਲਾ ਪ੍ਰਿਥੁ ਰਾਜਾ ਦੀ ਇਸਤ੍ਰੀ ਲਿਖੀ ਹੈ. ਦੇਖੋ, ਪ੍ਰਿਥੁਰਾਜ. "ਤਹਿਂ ਨਾਰਿ ਸਕੁੰਤਲ ਰੂਪ ਧਰੇ। ਸਸਿ ਸੂਰਜ ਕੀ ਜਨੁ ਕ੍ਰਾਂਤਿ ਹਰੇ." (ਪ੍ਰਿਥੁਰਾਜ)

ਸਕੁਨ: ਸੰ. ਸ਼ਕੁਨ. ਸੰਗਯਾ- ਪੰਛੀ. ਪਰੰਦ. ਪੰਖੇਰੂ। ੨. ਸਗਨ. ਸ਼ੁਭ ਅਸ਼ੁਭ ਫਲ ਦੱਸਣ ਵਾਲੇ ਚਿੰਨ੍ਹ. ਦੇਖੋ, ਅਪਸਗੁਨ. ਇਸ ਦਾ 'ਸ਼ਕੁਨ' ਨਾਉਂ ਹੋਣ ਦਾ ਕਾਰਣ ਇਹ ਹੈ ਕਿ ਪੁਰਾਣੇ ਸਮੇਂ ਪੰਛੀਆਂ ਦੀ ਬੋਲੀ ਅਤੇ ਚਾਲ ਤੋਂ ਲੋਕ ਭਲੇ ਬੁਰੇ ਨਤੀਜੇ ਕਢਦੇ ਸਨ. ਪੰਜਾਬੀ ਵਿੱਚ ਕੱਕੇ ਦੀ ਥਾਂ ਗੱਗਾ ਹੋ ਕੇ "ਸਗਨ" ਬਣ ਗਿਆ ਹੈ.

ਸਕੁਨਿ: ਸੰ. ਸ਼ਕੁਨਿ. ਸੰਗਯਾ- ਪੰਛੀ। ੨. ਇੱਕ ਖਾਸ ਸਰਪ। ੩. ਇੱਕ ਦੈਤ, ਜੋ ਹਰਣਾਖਸ ਦਾ ਪੁਤ੍ਰ ਅਤੇ ਵ੍ਰਿਕ ਦਾ ਪਿਤਾ ਸੀ. "ਸਕੁਨਿ ਪੁਲੋਮਨ ਅਤਿ ਬਲ ਜਾਂਕਾ." (ਨਾਪ੍ਰ) ੪. ਸੁਬਲ ਦਾ ਪੁਤ੍ਰ ਅਤੇ ਗਾਂਧਾਰੀ ਦਾ ਭਾਈ, ਕੌਰਵਾਂ ਦਾ ਮਾਮਾ, ਜੋ ਜੂਆ ਖੇਡਣ ਵਿੱਚ ਵਡਾ ਚਤੁਰ ਸੀ. ਯੁਧਿਸ਼੍ਠਿਰ ਨੂੰ ਜੂਏ ਵਿੱਚ ਇਸੇ ਨੇ ਹਰਾਇਆ ਸੀ.

ਸ਼ਕੁਨੀ: ਦੇਖੋ, ਸਕੁਨਿ.

ਸਕੁਲ: ਵਿ- ਕੁਲ ਸਹਿਤ. ਵੰਸ਼ ਸਮੇਤ। ੨. ਦੇਖੋ, ਸੰਕੁਲ.

ਸਕੁਲੀ: ਸ਼ਸਕੁਲੀ (ਜਲੇਬੀ) ਦਾ ਸੰਖੇਪ. "ਸਕੁਲੀ ਪੂਪ ਤਿਹਾਵਲ ਪੂਰੀ." (ਨਾਪ੍ਰ) ਦੇਖੋ, ਸਸਕੁਲੀ। ੨. ਸੰ. ਸਕੁਲੀ ਜਾਤਿ ਦੀ ਮੱਛੀ.

---

[176] ਇਸ ਦਾ ਨਾਉਂ Yellow Boys ਭੀ ਸੀ.

**ਸਕੂਨਤ:** ਅ਼. سکوُنت ਸੰਗ੍ਯਾ- ਸਕਨ (ਰਹਿਣ) ਦਾ ਭਾਵ. ਨਿਵਾਸ ਦੀ ਕ੍ਰਿਯਾ. ਰਹਾਇਸ਼. ਨਿਵਾਸ. ਦੇਖੋ, ਸਕਨ.

**ਸਕੇਸ਼:** ਸੰ. ਵਿ- ਕੇਸ਼ ਸਹਿਤ. ਕੇਸਾਂ ਸਣੇ. ਜਿਵੇਂ- ਸਕੇਸ਼ ਸਨਾਨ.

**ਸਕੇਤ:** ਸੰ. ਵਿ- ਇੱਕ ਧ੍ਯਾਨ ਪਰਾਇਣ। ੨. ਪ੍ਰਾ. ਭੀੜਾ. ਤੰਗ। ੩. ਦੇਖੋ, ਸੁਕੇਤੁ। ੪. ਦੇਖੋ, ਸੰਕੇਤ. "ਯਹੈ ਸਕੇਤ ਤਹਾਂ ਬਦ ਆਈ." (ਚਰਿਤ੍ਰ ੧੦੩)

**ਸਕੇਲਨ:** ਸੰ. ਸੰਕਲਨ. ਸੰਗ੍ਯਾ- ਕਲਨ (ਜਮਾ) ਕਰਨ ਦੀ ਕ੍ਰਿਯਾ. ਇਕੱਠਾ ਕਰਨਾ. "ਧੂਰਿ ਸਕੇਲਕੈ ਪੁਰੀਆ ਬਾਂਧੀ ਦੇਹ." (ਸ. ਕਬੀਰ) "ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ." (ਸੋਰ ਅਃ ਮਃ ੧)

**ਸਕੇਲਾ:** ਸੰ. ਸ਼ੰਕੁਲਾ (शङ कुला) ਸੰਗ੍ਯਾ- ਪੱਕਾ ਲੋਹਾ। ੨. ਸਕੇਲੇ ਦੀ ਤਲਵਾਰ. ਇਹ ਫੌਲਾਦ ਤੋਂ ਭੀ ਚੰਗੀ ਹੁੰਦੀ ਹੈ. ਕਿਉਂਕਿ ਸਕੇਲਾ ਲਚਕੀਲਾ ਹੁੰਦਾ ਹੈ, ਇਸ ਕਰਕੇ ਟੁਟਦਾ ਨਹੀਂ ਸਕੇਲਾ ਫੌਲਾਦ ਤੋ ਵੱਧ ਚਮਕੀਲਾ ਹੁੰਦਾ ਹੈ. ਸ਼ੁੱਧ ਸਕੇਲੇ ਦੀ ਤਲਵਾਰ ਵਿੱਚ ਫੌਲਾਦ ਦੇ ਜਹੁਰ ਵਾਙ 'ਖ਼ਮੀਰ' ਹੋਇਆ ਕਰਦਾ ਹੈ. "ਬੰਧ ਸਕੇਲਾ ਫਿਰੈ ਇਕੇਲਾ." (ਲੋਕੋ)

**ਸਕੋਈ:** ਸਕਦਾ. ਸਮਰਥ ਹੁੰਦਾ. ਦੇਖੋ, ਸਕਣਾ. "ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ." (ਵਾਰ ਗਉ ੧. ਮਃ ੪) ਕੋਈ ਪਹੁੰਚ ਨਹੀਂ ਸਕਦਾ.

**ਸਕੰਦ:** ਸੰ. स्कन्द् ਧਾ- ਕੁੱਦਣਾ. ਉਛਲਨਾ. ਹੱਲਾ ਕਰਨਾ. ੨. ਸੰਗ੍ਯਾ- ਸ਼ਿਵ ਦਾ ਪੁਤ੍ਰ ਕਾਰ੍ਤਿਕੇਯ, ਜੋ ਉਛਲਕੇ ਚਲਦਾ ਅਤੇ ਵੈਰੀਆਂ ਉੱਤੇ ਹੱਲਾ ਕਰਦਾ ਹੈ. ਇਹ ਦੇਵਤਿਆਂ ਦਾ ਸੈਨਾਪਤੀ (ਸਿਪਹਸਾਲਾਰ) ਹੈ. ਇਸ ਦੇ ਛੀ ਮੁਖ ਪੁਰਾਣਾਂ ਵਿੱਚ ਲਿਖੇ ਹਨ. ਦੇਖੋ, ਕਾਰਤਿਕੇਯ। ੩. ਦੇਖੋ, ਸਕੰਧ.

**ਸਕੰਧ:** ਸੰ. स्कन्ध. ਸੰਗ੍ਯਾ- ਕੰਨ੍ਹਾ. ਮੋਢਾ. ਕੰਧਾ। ੨. ਡਾਹਣਾ. ਕਾਂਡ। ੩. ਗ੍ਰੰਥ ਦਾ ਭਾਗ. ਬਾਬ. ਜਿਸ ਗ੍ਰੰਥ ਨੂੰ ਬਿਰਛ ਦਾ ਰੂਪਕ ਦੇਈਏ ਖਾਸ ਕਰਕੇ ਉਸ ਦੇ ਅਧ੍ਯਾਯ ਅਥਵਾ ਭਾਗ ਸਕੰਧ ਕਹੇ ਜਾਂਦੇ ਹਨ। ੪. ਵਾਣਾਸੁਰ ਦਾ ਪੁਤ੍ਰ.

**ਸੱਕ:** ਦੇਖੋ, ਸਕ ਅਤੇ ਸ਼ਕ੍ਯ। ੨. ਸੰਗ੍ਯਾ- ਲੱਕੜ ਦਾ ਛਿਲਕਾ (ਤ੍ਵਕ).

**ਸੱਕਰ:** ਦੇਖੋ, ਸਕਰ। ੨. ਸਰਸੂੰਬ. ਸਰਕੁੜਾ. ਦੇਖੋ, ਸੱਕਰ ਕਾਨ। ੩. ਸੰ. ਸ਼ੱਕਰ. ਬੈਲ। ੪. ਤੜਾਗੀ.

**ਸੱਕਰ ਕਾਨ:** ਸੰਗ੍ਯਾ- ਤੀਰ. ਸਰਕੁੜੇ ਦਾ ਕਾਨਾ ਹੈ ਜਿਸ ਨੂੰ ਲੱਗਾ ਹੋਇਆ. ਸਰਸੂੰਬ ਦੀ ਕਾਨੀ ਵਾਲਾ. "ਸੱਕਰ ਕਾਨ ਨਰਾਚ ਭਨ." (ਸਨਾਮਾ)

**ਸੱਕਾ:** ਅ਼. سقّا ਸੰਗ੍ਯਾ- ਬਹਿਸ਼ਤੀ. ਪਾਣੀ ਢੋਣ ਵਾਲਾ. ਕਹਾਰ. ਸੰ. सेक्तृ- ਸੇਕ੍ਤ੍ਰਿ ਛਿੜਕਣ ਵਾਲਾ.

**ਸ਼ੱਕੀ:** ਵਿ- ਸ਼ੱਕ (ਸੰਦੇਹ) ਕਰਨ ਵਾਲਾ.

**ਸ਼ਕ੍ਯ:** ਸੰ. शक्य. ਵਿ- ਹੋ ਸਕਣ ਯੋਗ੍ਯ. ਮੁਮਕਿਨ. ਸੰਭਵ। ੨. ਸ਼ਕਤਿ ਵਾਲਾ. ਬਲਵਾਨ। ੩. ਪਦ ਦੀ ਅਰਥਸ਼ਕਤਿ ਨੂੰ ਬੋਧਨ ਕਰਨ ਵਾਲਾ ਸਮਰਥ ਪਦ ਦਾ ਵਾਚ੍ਯ ਅਰਥ.

**ਸਕ੍ਯਥ:** ਦੇਖੋ, ਸਕਥ.

**ਸਕ੍ਰ:** ਸੰ. शक ਵਿ- ਸ਼ਕ (ਬਲ) ਰੱਖਣ ਵਾਲਾ. ਬਲਵਾਨ। ੨. ਸੰਗ੍ਯਾ- ਇੰਦ੍ਰ। ੩. ਦੇਖੋ, ਸਕ੍ਰਵਰਣ.

**ਸਕ੍ਰਸੁਤ:** ਸ਼ਕ੍ਰ (ਇੰਦ੍ਰ) ਦਾ ਪੁਤ੍ਰ ਅਰਜੁਨ। ੨. ਜਯੰਤ.

**ਸਕ੍ਰਤਾਤ:** ਸੰਗ੍ਯਾ- ਕਸ਼ਯਪ, ਜੋ ਸ਼ਕ੍ਰ (ਇੰਦ੍ਰ) ਦਾ ਤਾਤ (ਪਿਤਾ) ਹੈ। ੨. ਜਯੰਤ, ਜੋ ਇੰਦ੍ਰ ਦਾ ਤਾਤ (ਪੁਤ੍ਰ) ਹੈ। ੩. ਅਰਜੁਨ, ਜੋ ਕੁੰਤੀ ਦੇ ਉਦਰੋਂ ਇੰਦ੍ਰ ਦੇ ਸੰਯੋਗ ਨਾਲ ਪੈਦਾ ਹੋਇਆ.

ਸ਼ਕ੍ਰਭਵਨ: ਸ਼ਕ੍ਰ (ਇੰਦ੍ਰ) ਦਾ ਘਰ. ਸ੍ਵਰਗ.

ਸਕ੍ਰਰਦਨ: ਸੰਗਯਾ- ਸ਼ਕ੍ਰ- ਅਦੰਨ. ਦੈਤ, ਜੋ ਸ਼ਕ੍ਰ (ਇੰਦ੍ਰ) ਨੂੰ ਅਰਦਨ (ਪੀੜਨ) ਕਰਦੇ ਹਨ। ੨. ਸ਼ਸਤ੍ਰਨਾਮਮਾਲਾ ਵਿੱਚ ਸੰਕ੍ਰੰਦਨ (संक्रन्दन) ਦੀ ਥਾਂ ਭੀ ਸਕ੍ਰਰਦਨ ਪਾਠ ਲਿਖਾਰੀ ਦੀ ਲਾਪਰਵਾਹੀ ਕਰਕੇ ਹੋ ਗਿਆ ਹੈ, ਯਥਾ- "ਸਕ੍ਰਰਦਨ, ਅਰ ਰਿਪੁ ਪਦ ਆਦਿ ਬਖਾਨਕੈ." (ਸਨਾਮਾ) ਇੱਥੇ "ਸੰਕ੍ਰੰਦਨ ਅਰ ਰਿਪੁ ਪਦ ਆਦਿ ਬਖਾਨਕੈ" ਚਾਹੀਏ. ਸੰਕ੍ਰੰਦਨ ਨਾਉਂ ਇੰਦ੍ਰ ਦਾ ਹੈ, ਕਿਉਂਕਿ ਉਹ ਵੈਰੀਆਂ ਨੂੰ ਕ੍ਰੰਦਨ (ਰੁਆ) ਦਿੰਦਾ ਹੈ.

ਸਕ੍ਰਵਰਣ: ਸ਼ਕ੍ਰ (ਇੰਦ੍ਰ) ਦਾ ਰੰਗ ਗੋਰਾ ਲਿਖਿਆ ਹੈ, ਇਸ ਲਈ ਸ਼ੁਕਲ (ਚਿੱਟੇ) ਰੰਗ ਵਾਸਤੇ ਇਹ ਸ਼ਬਦ ਵਰਤਿਆ ਹੈ. "ਸਕ੍ਰਵਰਣ ਅਤਿ ਤਾਂਹਿ ਵਿਰਾਜੈ." (ਚਰਿਤ੍ਰ ੧੪੫)

ਸਕ੍ਰਾਚਾਰਜ, ਸਕ੍ਰਾਚਾਰਯ: ਸੰਗਯਾ- ਸ਼ਕ੍ਰ (ਇੰਦ੍ਰ) ਦਾ ਆਚਾਰਯ (ਗੁਰੂ) ਵ੍ਰਿਹਸਪਤਿ.

ਸ਼ਕ੍ਰਾਣੀ, ਸਕ੍ਰਾਨੀ: ਸੰਗਯਾ- ਸ਼ਕ੍ਰ (ਇੰਦ੍ਰ) ਦੀ ਰਾਣੀ, ਸ਼ਚੀ. ਇੰਦ੍ਰਾਣੀ.

ਸ਼ਕ੍ਰਾਨੁਜ: ਸ਼ਕ੍ਰ (ਇੰਦ੍ਰ) ਦਾ ਅਨੁਜ (ਛੋਟਾ ਭਾਈ) ਵਾਮਨ ਭਗਵਾਨ.

ਸਕ੍ਰਿਤ: ਸੰ. सकृत. ਵਯ- ਇੱਕ ਵਾਰ। ੨. ਸਦਾ। ੩. ਸਾਥ. ਨਾਲ। ੪. ਸੰਗਯਾ- ਕਾਉਂ. ਕਾਗ। ੫. ਪਸ਼ੂਆਂ ਦਾ ਮੈਲਾ ਗੋਹਾ ਲਿੱਦ ਆਦਿ ਗੰਦ.

ਸਕ੍ਰੀ: ਸੰ. ਸੰਗਯਾ- ਬੱਦਲ। ੨. ਪਹਾੜ। ੩. ਹਾਥੀ। ੪. ਬਿਜਲੀ.

ਸਕ੍ਰੰਦਨ: ਦੇਖੋ, ਸਕ੍ਰਰਦਨ ਅਤੇ ਸੰਕ੍ਰੰਦਨ.

ਸਖ: ਸੰ. ਸਖਿ. ਸੰਗਯਾ- ਜੋ ਸਮਾਨ ਕਹਿਆ ਜਾਵੇ. ਸਮਾਨ ਚਿੱਤ ਵਾਲਾ. ਸਾਥੀ. "ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ." (ਸਵੈਯੇ ਮਃ ੫. ਕੇ) ੨. ਦੇਖੋ, ਸਖਯ.

ਸ਼ਖਸ: ਅ਼. شخص ਸ਼ਖ਼ਸ. ਸੰਗਯਾ- ਲੋਕ. ਆਦਮੀ. ਜਨ. ਪੁਰਖ. ੨. ਸ਼ਰੀਰ. ਬਦਨ. ਦੇਹ.

ਸ਼ਖਸੀ: ਅ਼. شخصی ਸ਼ਖ਼ਸੀ. ਵਿ- ਸ਼ਖ਼ਸ ਨਾਲ ਸੰਬੰਧਿਤ. Personal. ਜ਼ਾਤੀ.

ਸਖਣਾ, ਸਖਣੀ: ਵਿ- ਖ਼ਾਲੀ. ਛੀਣਤਾ ਸਹਿਤ. "ਵਿਚਹੁ ਸਖਣੀ ਆਹਾ." (ਸੂਹੀ ਮਃ ੧) ੨. ਸੰ शङ् खनख ਸ਼ੰਖਨਖ. ਖਾਲੀ ਕੌਡੀ. ਤੁੱਛ ਕੌਡੀ.

ਸਖ਼ਤ: ਫ਼ਾ. سخت ਵਿ- ਕਰੜਾ. ਕਠੋਰ। ੨. ਕਮੀਨਾ.

ਸਖ਼ਤੀ: ਫ਼ਾ. سختی ਕਠੋਰਤਾ. ਨਰਮੀ ਦੇ ਵਿਰੁੱਧ ਭਾਵ. ਕਰੜਾਈ.

ਸਖਨਾ, ਸਖਨੀ: ਦੇਖੋ, ਸਖਣਾ. "ਰੀਤੇ ਭਰੇ, ਭਰੇ ਸਖ਼ਨਾਵੈ." (ਬਿਹਾ ਮਃ ੯) ਖਾਲੀ ਕਰਦਾ ਹੈ.

ਸਖਲਨ: ਸੰ. स्खलन (स्खल्. ) ਧਾ- ਡਿਗਣਾ. ਇਕੱਠਾ ਕਰਨਾ. ਕੰਬਣਾ) ਸੰਗਯਾ- ਪਤਨ. ਗਿਰਾਉ। ੨. ਕੰਪ. ਕਾਂਬਾ। ੩. ਵੀਰਯ ਦਾ ਡਿਗਣਾ. ਵੀਰਯ ਨਿਕਲਨ ਵੇਲੇ ਸ਼ਰੀਰ ਕੰਬ ਉਠਦਾ ਹੈ, ਇਸ ਲਈ ਇਹ ਸੰਗਯਾ ਹੈ.

ਸਖਾ: ਸੰ. ਸਮਾਨ ਹੋਵੇ ਕਥਨ ਜਿਸ ਦਾ. ਜੋ ਸਮਾਨ ਕਹਿਆ ਜਾਵੇ. ਮਿਤ੍ਰ. ਦੋਸ੍ਤ. "ਸੰਗ ਸਖਾ ਸਭ ਤਜਿ ਗਏ." (ਸਃ ਮਃ ੯)

ਸਖਾਇ, ਸਖਾਇਆ: ਵਿ- ਸਖਯਤਾ ਵਾਲਾ. ਦੋਸਤੀ ਰੱਖਣ ਵਾਲਾ. "ਤੂੰ ਗੁਰੁ ਬੰਧਪੁ. ਮੇਰਾ ਸਖਾ ਸਖਾਇ." (ਗਉ ਮਃ ੪) "ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ." (ਸ੍ਰੀ ਮਃ ੧)

ਸਖਾਈ: ਵਿ- ਸਖਯਤਾ ਵਾਲਾ. ਸਹਾਈ. "ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ." (ਆਸਾ ਮਃ ੪) "ਹਰਿ ਮੇਰਾ ਸਾਕੁ ਅੰਤਿ

ਹੋਇ ਸਖਾਈ." (ਗੂਜ ਮਃ ੩) ੨. ਸੰਗਯਾ- ਮਿਤ੍ਰਤਾ. ਸਖ੍ਯਤਾ. ਦੋਸ੍ਤੀ.

ਸਖਾਤਾ: ਸੰਗ੍ਯਾ- ਸਖ੍ਯਤ੍ਵ. ਮਿਤ੍ਰਤਾ। ੨. ਵਿ- ਸਖ੍ਯਤਾ ਵਾਲਾ ਮਿਤ੍ਰ. "ਦੁਖ ਭੰਜਨ ਸੰਗਿ ਸਖਾਤਾ." (ਮਾਰੂ ਸੋਲਹੇ ਮਃ ੧)

ਸਖ਼ਾਵਤ: ਅ਼. سخاوت ਸੰਗ੍ਯਾ- ਉਦਾਰਤਾ. ਫ਼ੱਯਾਜ਼ੀ.

ਸਖੀ: ਸੰ. ਸਹੇਲੀ। ੨. ਅ਼. سخی ਸਖ਼ੀ. ਵਿ- ਉਦਾਰ. ਸ਼ਖ਼ਾਵਤ ਕਰਨ ਵਾਲਾ.

ਸਖੀ ਸਰਵਰ: ਦੇਖੋ, ਸੁਲਤਾਨ। ੨. ਜਿਲਾ ਅਤੇ ਤਸੀਲ ਡੇਰਾ ਗ਼ਾਜ਼ੀ ਖਾਂ ਵਿੱਚ ਇੱਕ ਨਗਰ. ਇਸ ("ਸਖੀ ਸਰਵਰ" ਪਿੰਡ) ਦੇ ਪੱਛੋਂ ਵੱਲ ਬਸਤੀ ਦੇ ਪਾਸ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ "ਥੜਾ ਸਾਹਿਬ" ਨਾਉਂ ਤੋਂ ਪ੍ਰਸਿੱਧ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਗ਼ਾਜ਼ੀਘਾਟ ਤੋਂ ਕ਼ਰੀਬਨ ਚਾਲੀ ਮੀਲ ਹੈ.

ਸਖੀਮੀ: ਦੇਖੋ, ਸਕੀਮੀ.

ਸਖ਼ੁਨ: ਫ਼ਾ. سخن ਵਚਨ. ਬਾਤ। ੨. ਕਵਿਤਾ. ਇਸ ਸ਼ਬਦ ਦਾ ਉੱਚਾਰਣ ਸੁਖ਼ਨ ਭੀ ਠੀਕ ਹੈ.

ਸਖੈਨੀ: ਵਿ- ਸਖ੍ਯਤਾ ਵਾਲੀ. ਪਿਆਰੀ. "ਰਾਮ ਜਪਹੁ ਮੇਰੀ ਸਖੀ ਸਖੈਨੀ." (ਆਸਾ ਅਃ ਮਃ ੧)

ਸੱਖਣਾ: ਦੇਖੋ, ਸਖਣਾ.

ਸੱਖਰ: ਸੰਗ੍ਯਾ- ਸਿੰਧੁ ਦੇ ਕਿਨਾਰੇ ਸ਼ਿਕਾਰਪੁਰ ਪਾਸ ਇੱਕ ਨਗਰ, ਜਿਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਸਿੱਧ ਅਸਥਾਨ "ਸਾਧਬੇਲਾ"[177] ਹੈ. ਦੇਖੋ, ਬਨਖੰਡੀ.

ਸੱਖਾ: ਦੇਖੋ, ਸਖ੍ਯ.

ਸੱਖੰ: ਦੇਖੋ, ਸਖ੍ਯ। ੨. ਦੇਖੋ, ਸੱਖਣਾ. "ਕਹੂੰ ਸਸਤ੍ਰ ਸੱਖੰ." (ਵਿਚਿਤ੍ਰ) ਸਸਤ੍ਰਾਂ ਤੋਂ ਸੱਖਣੇ.

ਸਖ੍ਯ: ਸੰ. ਸੰਗ੍ਯਾ- ਸਖਾ ਭਾਵ. ਮਿਤ੍ਰਤਾ. ਦੋਸ੍ਤੀ.

ਸਗ: ਸੰ. ਵਿ- ਸ (ਨਾਲ) ਗ (ਜਾਣ ਵਾਲਾ). ਸਹਗਾਮੀ। ੨. ਫ਼ਾ. سگ ਸੰਗ੍ਯਾ- ਕੁੱਤਾ. "ਸਗ ਨਾਨਕ ਦੀਬਾਨ ਮਸਤਾਨਾ." (ਵਾਰ ਮਲਾ ਮਃ ੧) ੩. ਸੰਗ (ਸ਼ੰਕਾ) ਵਾਸਤੇ ਭੀ ਸਗ ਸ਼ਬਦ ਆਇਆ ਹੈ, ਯਥਾ- "ਪਾਣੀ ਦੇਖਿ ਸਗਾਹੀ." (ਵਾਰ ਮਾਝ ਮਃ ੧) ਪਾਣੀ ਨੂੰ ਦੇਖਕੇ ਸਪਰਸ਼ ਕਰਨ ਤੋਂ ਸੰਗਦੇ (ਸੰਕੋਚ ਕਰਦੇ) ਹਨ.

ਸਗਣ: ਵਿ- ਗਣ ਸਹਿਤ. ਦੇਖੋ, ਗਣ। ੨. ਪਿੰਗਲ ਅਨੁਸਾਰ ਇੱਕ ਵਰਣਿਕ ਗਣ, ਜਿਸ ਦਾ ਸਰੂਪ ਹੈ. ਦੋ ਲਘੁ ਅਤੇ ਅੰਤ ਗੁਰੁ ।SS. ਦੇਖੋ, ਗਣ ੭। ੩. ਦੇਖੋ, ਸਗੁਣ.

ਸਗਣੁ: ਦੇਖੋ, ਸਕੁਨ। ੨. ਸ਼ੁਭ ਸ਼ਕੁਨ ਅਨੁਸਾਰ ਲਿਖੀ ਹੋਈ ਵਿਆਹ ਦੇ ਸਾਹੇ ਦੀ ਚਿੱਠੀ. "ਸਗਣੁ ਲਿਖਿਆ ਧੁਰਹੁ ਆਇਆ." (ਰਾਮ ਮਃ ੫. ਬੰਨੋ) ਭਾਵ- ਮੌਤ ਦਾ ਵੇਲਾ.

ਸਗਨ: ਦੇਖੋ, ਸਕੁਨ। ੨. ਦੇਖੋ, ਸਗਣ। ੩. ਸੰਗ੍ਯਾ- ਸਾਤ੍ਵਿਕ ਗੁਣ. ਸ਼ੁਭ ਗੁਣ. "ਸਭੈ ਸਗਨੰ ਗੁਣ ਹੀ ਧਰ ਹੋਂ." (ਕ੍ਰਿਸਨਾਵ)

ਸਗਮਾ: ਸਗੋਂ. ਬਲਕਿ. ਦੇਖੋ, ਸਗਵਾ.

ਸਗਰ: ਸੰ. ਸਮਗ੍ਰ. ਵਿ- ਸਕਲ. ਸਗਲ. ਸਾਰਾ. ਸਭ. ਤਮਾਮ. "ਆਨ ਉਪਾਵ ਸਗਰ ਕੀਏ." (ਮਲਾ ਮਃ ੫. ਪੜਤਾਲ) ੨. ਸੰਗ੍ਯਾ- ਰਾਜਾ ਬਾਹੁ (ਅਥਵਾ ਅਸਿਤ) ਦਾ ਪੁਤ੍ਰ, ਅਯੋਧ੍ਯਾ ਦਾ ਸੂਰਜਵੰਸ਼ੀ ਰਾਜਾ, ਜਿਸ ਦੀ ਕਥਾ ਮਹਾਭਾਰਤ ਆਦਿ ਗ੍ਰੰਥਾਂ ਵਿੱਚ ਵਿਸ੍ਤਾਰ ਨਾਲ ਲਿਖੀ ਹੈ. ਸਗਰ ਦੇ ਪਿਤਾ (ਬਾਹੁ) ਨੂੰ ਹੈਹਯਾਂ ਨੇ ਰਾਜਧਾਨੀ ਤੋਂ ਬਾਹਰ ਕੱਢ ਦਿੱਤਾ ਸੀ. ਬਾਹੁ ਬਣ ਵਿੱਚ

---

[177] ਇਹ ਸ਼ੁੱਧ ਸ਼ਬਦ "ਸਾਧੁਵੇਲਾ" ਹੈ.

ਆਪਣੀਆਂ ਇਸਤ੍ਰੀਆਂ ਸਮੇਤ ਜਾ ਰਿਹਾ. ਸਗਰ ਦੀ ਮਾਤਾ ਓਦੋਂ ਗਰਭਵਤੀ ਸੀ. ਇੱਕ ਸੌਕਣ ਨੇ ਸਾੜਾ ਕਰਕੇ ਉਸ ਨੂੰ ਕੋਈ ਜ਼ਹਿਰ ਦੇ ਦਿੱਤੀ, ਜਿਸਨਾਲ ਉਸ ਦਾ ਗਰਭ ਰੁਕ ਗਿਆ. ਇਸ ਕਾਰਣ ਸਗਰ ਸੱਤ ਵਰ੍ਹੇ ਮਾਤਾ ਦੇ ਉਦਰ ਵਿੱਚ ਰਿਹਾ ਅਤੇ ਇਸ ਸਮੇਂ ਅੰਦਰ ਬਾਹੁ ਮਰਗਿਆ. ਗਰਭਵਤੀ ਰਾਣੀ ਨੇ ਆਪਣੇ ਪਤੀ ਨਾਲ ਸੜਨਾ ਚਾਹਿਆ, ਪਰ ਔਰਵ ਰਿਖੀ ਨੇ ਉਸ ਨੂੰ ਰੋਕਿਆ ਅਤੇ ਆਖਿਆ ਕਿ ਤੇਰੇ ਉਦਰ ਵਿਚੋਂ ਇੱਕ ਪ੍ਰਤਾਪੀ ਬਾਲਕ ਜਨਮ ਲਵੇਗਾ. ਜਦ ਇਹ ਬਾਲਕ ਜਨਮਿਆ ਤਾਂ ਰਿਖੀ ਨੇ ਨਾਉਂ ਸਗਰ (ਸ- ਸਹਿਤ, ਗਰ- ਜ਼ਹਿਰ) ਰੱਖਿਆ, ਕਿਉਂਕਿ ਸੌਕਣ ਦੀ ਦਿੱਤੀ ਹੋਈ ਜ਼ਹਿਰ ਭੀ ਨਾਲ ਹੀ ਗਰਭੋਂ ਬਾਹਰ ਆਈ ਸੀ.

ਜਦ ਸਗਰ ਨੇ ਜਵਾਨ ਹੋ ਕੇ ਆਪਣੇ ਪਿਤਾ ਦੀ ਕਥਾ ਸੁਣੀ ਤਾਂ ਉਸ ਨੇ ਪ੍ਰਣ ਕੀਤਾ ਕਿ ਮੈ ਹੈਹਯਾਂ ਅਤੇ ਹੋਰ ਰਾਖਸਾਂ ਤੋਂ ਪ੍ਰਿਥਵੀ ਖਾਲੀ ਕਰ ਦੇਵਾਂਗਾ ਅਤੇ ਆਪਣੇ ਪਿਤਾ ਦਾ ਸਾਰਾ ਰਾਜ ਵਾਪਿਸ ਲਵਾਂਗਾ. ਔਰਵ ਰਿਖੀ ਤੋਂ ਉਸ ਨੇ ਅਗਨਿ ਅਸਤ੍ਰ ਲੈ ਕੇ ਸਭ ਹੈਹਯਾਂ ਨੂੰ ਮਾਰ ਮੁਕਾਇਆ, ਅਤੇ ਆਪਣਾ ਰਾਜ ਸਾਂਭ ਲੀਤਾ. ਸਗਰ ਨੇ ਸ਼ਕ, ਯਵਨ. ਕਾਂਬੋਜ, ਪਾਰਦ ਅਤੇ ਪਰ੍ਹਲਵ ਸਾਰਿਆਂ ਦਾ ਨਾਸ਼ ਕਰ ਦੇਣਾ ਸੀ, ਪਰ ਵਸਿਸ਼੍ਠ ਰਿਖੀ ਦੇ ਕਹਿਣ ਪੁਰ ਉਸ ਨੇ ਉਨ੍ਹਾਂ ਨੂੰ ਇਸ ਸ਼ਰਤ ਤੇ ਛੱਡ ਦਿੱਤਾ ਕਿ ਯਵਨ ਆਪਣਾ ਸਾਰਾ ਸਿਰ ਮੁਨਾ ਲੈਣ, ਸ਼ਕ ਉੱਪਰਲੇ ਪਾਸਿਓਂ ਅੱਧਾ ਮੁਨਾਉਣ, ਪਾਰਦ ਲੰਬੇ ਕੇਸ਼ ਰੱਖਣ ਅਤੇ ਪਹ੍ਲਵ ਲੰਬੀਆਂ ਦਾੜ੍ਹੀਆਂ ਰੱਖਣ.

ਸਗਰ ਨੇ ਦੋ ਵਿਆਹ ਕੀਤੇ ਇੱਕ ਤਾਂ ਕਸ਼ਜਪ ਦੀ ਪੁਤ੍ਰੀ ਸੁਮਤਿ ਨਾਲ ਅਤੇ ਦੂਸਰਾ ਰਾਜਾ ਵਿਦਰਭ ਦੀ ਪੁਤ੍ਰੀ ਕੇਸ਼ਿਨੀ ਨਾਲ, ਪਰ ਉਨ੍ਹਾਂ ਤੋਂ ਕੋਈ ਪੁਤ੍ਰ ਨਾ ਹੋਣ ਕਰਕੇ ਉਸ ਨੇ ਔਰਵ ਰਿਖੀ ਦੀ ਓਟ ਲਈ. ਔਰਵ ਨੇ ਕਿਹਾ ਕਿ ਇੱਕ ਇਸਤ੍ਰੀ ਨੂੰ ਤਾਂ ਇੱਕੋ ਪੁਤ੍ਰ ਹੋਵੇਗਾ ਪਰ ਦੂਸਰੀ ਦੇ ਘਰ ੬0000 ਪੁਤ੍ਰ ਹੋਣਗੇ. ਕੇਸ਼ਿਨੀ ਨੇ ਕਿਹਾ ਕਿ ਮੇਰੇ ਘਰ ਤਾਂ ਇੱਕੋ ਹੋਵੇ, ਤਾਂ ਉਸ ਦੇ ਘਰ ਇੱਕ ਪੁਤ੍ਰ ਅਸਮੰਜਸ ਹੋਇਆ ਅਰ ਸੁਮਤਿ ਦੇ ੬0000 ਪੁਤ੍ਰ ਹੋਏ. ਅਸਮੰਜਸ ਵਡਾ ਕੁਕਰਮੀ ਸੀ ਇਸ ਲਈ ਸਗਰ ਨੇ ਉਸ ਨੂੰ ਤਜਾਗ ਦਿੱਤਾ. ਬਾਕੀ ਸੱਠ ਹਜ਼ਾਰ ਪੁਤ੍ਰਾਂ ਨੇ ਭੀ ਐਸਾ ਉਪਦ੍ਰਵ ਮਚਾਇਆ ਕਿ ਦੇਵਤਿਆਂ ਨੇ ਇਨਾਂ ਦੀ ਰਿਖੀ ਕਪਿਲ ਅਤੇ ਵਿਸ਼ਨੁ (ਦੇਵਤਾ) ਪਾਸ ਸ਼ਕਾਇਤ ਕੀਤੀ. ਸਗਰ ਨੇ ਅਸ਼੍ਵਮੇਧ ਯੱਗ ਕੀਤਾ ਅਤੇ ਘੋੜੇ ਦੀ ਰਾਖੀ ਕਰਨ ਵਾਲੇ ਭਾਵੇਂ ਉਸ ਦੇ ੬0000 ਪੁਤ੍ਰ ਭੀ ਸਨ, ਪਰ ਤਦ ਭੀ ਇੰਦ੍ਰ ਕਰਕੇ ਘੋੜਾ ਪਾਤਾਲ ਵਿੱਚ ਪਹੁਚਾਇਆ ਗਿਆ. ਸਗਰ ਨੇ ਆਪਣੇ ਪੁਤ੍ਰਾਂ ਨੂੰ ਘੋੜਾ ਲੱਭਣ ਲਈ ਆਖਿਆ, ਉਨ੍ਹਾਂ ਨੇ ਪਾਤਾਲ ਤਕ ਪ੍ਰਿਥਿਵੀ ਨੂੰ ਪੁੱਟ ਸੁੱਟਿਆ ਅਤੇ ਹੇਠਾਂ ਜਾਕੇ ਕੀ ਦੇਖਿਆ ਕਿ ਘੋੜਾ ਤਾਂ ਚਰ ਰਿਹਾ ਹੈ ਅਰ ਉਸ ਦੇ ਪਾਸ ਹੀ ਰਿਖੀ ਕਪਿਲ ਸਮਾਧੀ ਲਾਈ ਬੈਠਾ ਹੈ. ਇਹ ਸਮਝਕੇ ਕਿ ਘੋੜੇ ਦਾ ਚੋਰ ਇਹੀ ਹੈ, ਉਨ੍ਹਾਂ ਨੇ ਕਪਿਲ ਨੂੰ ਭੈ ਦੇਣ ਦਾ ਯਤਨ ਕੀਤਾ. ਗੁੱਸੇ ਵਿੱਚ ਆਕੇ ਰਿਖੀ ਨੇ ਜਦ ਸਗਰ ਦੇ ਪੁਤ੍ਰਾਂ ਵੱਲ ਤੱਕਿਆ ਤਾਂ ਰਿਖੀ ਦੇ ਅੰਦਰੋਂ ਅੱਗ ਪ੍ਰਗਟ ਹੋਈ, ਜਿਸ ਨਾਲ ਉਹ ਸਾਰੇ ਭਸਮ ਹੋ ਗਏ.

ਜਦ ਘੋੜਾ ਚਿਰ ਤੀਕ ਵਾਪਿਸ ਨਾ ਆਇਆ ਤਦ ਸਗਰ ਨੇ ਆਪਣਾ ਪੋਤਾ ਅੰਸ਼ੁਮਾਨ ਤਲਾਸ਼ ਲਈ ਭੇਜਿਆ, ਉਸ ਨੇ ਆਪਣੇ ਚਾਚਿਆਂ ਦੀਆਂ ਹੱਡੀਆਂ ਕਪਿਲ ਪਾਸ ਢੇਰੀ ਹੋਈਆਂ ਦੇਖੀਆਂ. ਅੰਸ਼ੁਮਾਨ ਨੇ ਦੁਖੀ ਹੋ ਕੇ ਕਪਿਲ ਅੱਗੇ ਅਰਦਾਸ ਕੀਤੀ ਕਿ ਇਨ੍ਹਾਂ ਨੂੰ ਕਿਸੇ ਤਰਾਂ ਸ੍ਵਰਗ ਲੋਕ ਪ੍ਰਾਪਤ ਹੋਵੇ. ਕਪਿਲ ਨੇ ਭਰੋਸਾ ਦਿੱਤਾ ਕਿ ਤੇਰਾ ਪੋਤ੍ਰਾ ਗੰਗਾ ਨੂੰ ਪ੍ਰਿਥਿਵੀ ਤੇ ਲਿਆਵੇਗਾ ਤਾਂ ਇਨਾਂ ਦੀ ਗਤਿ ਹੋਵੇਗੀ.

ਅੰਸ਼ੁਮਾਨ ਘੋੜਾ ਲੈ ਕੇ ਸਗਰ ਪਾਸ ਪਹੁੰਚਿਆ ਅਤੇ ਯਗਜ ਸੰਪੂਰਣ ਹੋਇਆ. ਉਸ ਵੱਡੇ ਖਾਤ (ਗਰਤ) ਦਾ, ਜੇਹੜਾ ਕਿ ੬0000 ਪੁਤ੍ਰਾਂ ਨੇ ਖੋਦਿਆ ਸੀ, ਨਾਉਂ ਸਾਗਰ ਰੱਖ ਦਿੱਤਾ, ਜੋ ਹੁਣ ਸਮੁੰਦਰ ਹੈ.

ਅੰਸ਼ੁਮਾਨ ਦਾ ਪੁਤ੍ਰ ਦਿਲੀਪ ਅਤੇ ਉਸ ਦਾ ਪੁਤ੍ਰ ਭਗੀਰਥ ਹੋਇਆ. ਭਗੀਰਥ ਦੇ ਪੁੰਨ ਕਰਮਾਂ ਕਰਕੇ ਗੰਗਾ ਸ੍ਵਰਗਲੋਕ ਤੋਂ ਉਤਰੀ ਅਤੇ ਉਸ ਦੇ ਜਲ ਨਾਲ ਸਗਰ ਦੇ ਪੁਤ੍ਰਾਂ ਦੀ ਭਸਮ ਤਰ ਹੋਈ ਅਤੇ ਉਹ ਮੁਕ੍ਤਿ ਨੂੰ ਪ੍ਰਾਪਤ ਹੋਏ.[178] ਸਗਰ ਦੇ ਕਾਰਣ ਗੰਗਾ ਦਾ ਨਾਉਂ ਸਾਗਰਾ ਅਤੇ ਭਗੀਰਥ ਕਰਕੇ ਭਾਗੀਰਥੀ ਹੋਇਆ.

ਹਰਿਵੰਸ਼ ਵਿੱਚ ਇੱਕ ਹੋਰ ਭੀ ਅਚੰਭੇ ਦੀ ਗੱਲ ਲਿਖੀ ਹੈ ਕਿ ਸਗਰ ਦੀ ਇਸਤ੍ਰੀ ਸੁਮਤਿ ਨੂੰ ਇੱਕ ਤੂੰਬਾ ਜੰਮਿਆ ਜਿਸ ਵਿੱਚ ੬0000 ਬੀਜ ਸਨ, ਜਿਨ੍ਹਾਂ ਨੂੰ ਸਗਰ ਨੇ ਘੀ ਦੇ ਭਾਡਿਆਂ ਵਿੱਚ ਅੱਡ ਅੱਡ ਰੱਖ ਦਿੱਤਾ ਅਤੇ ੧੦. ਮਹੀਨਿਆਂ ਪਿਛੋ ਇਹ

---

[178] ਗੰਗਾ ਵਿੱਚ ਮ੍ਰਿਤਕ ਪ੍ਰਾਣੀ ਦੀਆਂ ਹੱਡੀਆਂ ਪਾਉਣ ਦੀ ਰੀਤਿ ਦਾ ਮੁੱਢ ਇਹੀ ਕਥਾ ਹੈ.

ਸਾਰੇ ਬਾਲਕ ਹੋਕੇ ਆਪ ਹੀ ਦੌੜਨ ਭੱਜਣ ਲੱਗ ਪਏ. "ਲਹਿ ਸਗਰ ਬੀਰ. ਚਿੱਤ ਹਨਐ ਅਧੀਰ." (ਪ੍ਰਿਥੁਰਾਜ)

ਸਗਰਵਾ: ਵਿ- ਸਕਲ. ਸਭ. ਤਮਾਮ. ਸਾਰਾ। ੨. ਗੌਰਵ ਸਹਿਤ. ਦੇਖੋ, ਸਗਾਰਵਾ.

ਸਗਰਾ: ਸੰ. ਸਮਗ੍ਰ. ਵਿ- ਸਾਰਾ. ਤਮਾਮ. ਸਕਲ. ਕੁੱਲ. ਦੇਖੋ, ਸਗਰਿ.

ਸਗਰਾਇਆ: ਵਿ- ਸੰਪੂਰਣਤਾ ਵਾਲਾ. ਕੁੱਲੀਆ। ੨. ਗਰ (ਜ਼ਹਿਰ) ਨਾਲ ਮਿਲਿਆ ਹੋਇਆ. ਵਿਸ਼ਮਯ। ੩. ਸੰਗਯਾ- ਸਗਰ ਨਾਲ ਸੰਬੰਧਿਤ. ਸਾਗਰ. "ਪਾਵਕ ਸਗਰਾਇਆ." (ਸੂਹੀ ਪੜਤਾਲ ਮਃ ੫) ਅਗਨਿ ਦਾ ਸਮੁੰਦਰ ਹੈ.

ਸਗਰੀ, ਸਗਰੇ: ਵਿ- ਸਮਗ੍ਰ. ਸਾਰੀ. ਸਾਰੇ. ਸਕਲ. "ਸਗਰੀ ਸ੍ਰਿਸਟਿ ਦਿਖਾਯ ਅਚੰਭਵ." (ਚੌਪਈ) "ਸਗਰੇ ਧਨ ਸਿਉ ਲਾਗੇ." (ਸੋਰ ਮਃ ੯)

ਸਗਲ: ਵਿ- ਸਕਲ. ਸਭ. ਤਮਾਮ. "ਸਗਲ ਨਾਮ ਨਿਧਾਨ ਤਿਨ ਪਾਇਆ." (ਮਾਰੂ ਸੋਲਹੇ ਮਃ ੫) ਸਗਲ ਨਿਧਾਨ ਨਾਮ ਤਿਨ ਪਾਇਆ। ੨. ਅ਼. شغل ਸ਼ਗ਼ਲ. ਸੰਗਯਾ- ਕੰਮ. ਕਿਰਤ। ੩. ਅ਼. صغل ਸ.ਗ਼ਲ. ਬਦ ਦਿਮਾਗ਼. ਪਾਂਮਰ.

ਸਗਲ ਸਮੂਹ: ਸਕਲ ਸੰਵਜੂਹ. ਸਾਰੇ ਟੋਲੇ. ਸਾਰੀਆਂ ਜਮਾਤਾਂ. "ਸਗਲ ਸਮੂਹ ਲੈ ਉਧਰੇ ਨਾਨਕ." (ਦੇਵ ਮਃ ੫)

ਸਗਲ ਪਰਾਧ: ਸਕਲ- ਅਪਰਾਧ "ਸਗਲ ਪਰਾਧ ਦੇਹਿ ਲੋਰੋਨੀ." (ਭੈਰ ਮਃ ੫)

ਸਗਲੀ ਭਰੀ: ਵਿ- ਸਭ ਨੂੰ ਭਰਨ ਵਾਲਾ. ਸਭ ਨੂੰ ਪੋਸ਼ਣ (ਪਾਲਨ) ਵਾਲਾ। ੨. ਸਾਰੇ ਪਰਿ ਪੂਰਣ. "ਊਨ ਨ ਕਾਹੂ ਸਗਲ ਭਰੀ." (ਬਿਲਾ ਮਃ ੫)

ਸਗਲਾਣਾ: ਵਿ- ਸਾਰਾ. ਸਭ. ਤਮਾਮ. "ਸੰਸਾਰ ਸਗਲਾਣਾ." (ਸ੍ਰੀ ਮਃ ੫) ੨. ਸਭ ਦਾ.

ਸਗਵਾ, ਸਗਵੀ: ਵ੍ਯ- ਸਗੋਂ. ਬਲਕਿ. "ਸਗਵਾ ਭੀ ਆਪ ਲਖਾਹਿ." (ਵਾਰ ਬਿਲਾ ਮਃ ੪) "ਛਪੜਿ ਨਾਤੈ ਸਗਵੀ ਮਲ ਲਾਏ." (ਵਾਰ ਮਾਝ ਮਃ ੪) ੨. ਪੇਠੋ, ਇੰਨ ਬਿੰਨ. ਹੂਬਹੂ.

ਸਗਾ: ਦੇਖੋ. ਸਕਾ। ੨. ਸ- ਗੋਤ੍ਰ. ਸਗੋਤ੍ਰੀ. ਉਸੇ ਗੋਤ ਦਾ। ੩. ਸਹ- ਗਾਮੀ. ਸਾਥ ਜਾਣ ਵਾਲਾ. ਭਾਵ- ਸਦਾ ਸੰਗੀ. "ਮਾਯਾ ਸਗੀ ਨ ਮਨ ਸਗਾ, ਸਗਾ ਨ ਯਹ ਸੰਸਾਰ। ਪਰਸੁਰਾਮ ਯਾ ਜੀਵ ਕੋ ਸਗਾ ਸੁ ਸਿਰਜਨਹਾਰ."

ਸਗਾਈ: ਸੰਗਯਾ- ਸ੍ਵਕੀਯਤਾ. ਰਿਸ਼ਤਾ. ਸੰਬੰਧ.

ਸਗਾਹੀ: ਸ਼ੰਕਾਹੀਂ. ਦੇਖੋ, ਸਗ ੩.

ਸ਼ਗਾਫ਼: ਫ਼ਾ. شگاف ਸੰਗਯਾ- ਦਰਜ. ਤੇੜ. ਸੁਰਾਖ. ਛਿਦ੍ਰ. ਮੋਰੀ.

ਸਗਾਰਵਾ: ਵਿ- ਨਾਲਗੌਰਵਤਾ ਦੇ. ਸਗੌਰਵ. ਵਜ਼ਨਦਾਰ. ਪ੍ਰਤਿਸ਼੍ਠਾ ਸਹਿਤ. "ਮਨੁ ਤਨੁ ਤਾਮਿ ਸਗਾਰਵਾ ਜਾ ਦੇਖਾ ਹਰਿ ਨੈਣੇ." (ਵਾਰ ਕਾਨ ਮਃ ੪) ਤਦੋਂ ਹੀ ਸਗੌਰਵ ਹੈ, ਜਾਂ ਹਰਿ ਦੇਖਾਂ.

ਸਗੀ: ਸਗਾ ਦਾ ਇਸਤ੍ਰੀ ਲਿੰਗ.

ਸਗੀਰ: ਅ਼. صغیر ਸ.ਗ਼ੀਰ. ਵਿ- ਛੋਟਾ. ਕਮ. ਨਜ਼ੂਨ ਨਿੱਕਾ। ੨. ਅਦਨਾ. ਘਟੀਆ.

ਸਗੁਣ, ਸਗੁਨ: ਵਿ- ਗੁਣ ਸਹਿਤ. ਵਿਦ੍ਯਾ- ਅਤੇ ਹੁਨਰ ਵਾਲਾ। ੨. ਡੋਰੀ ਸਹਿਤ। ੩. ਚਿੱਲੇ ਸਹਿਤ। ੪. ਸਤ ਰਜ ਤਮ ਸਹਿਤ। ੫. ਦੇਖੋ, ਸਕੁਨ ਅਤੇ ਸਗਨ. "ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ." (ਆਸਾ ਮਃ ੫)

ਸਗੁਨ ਅਪਸਗੁਨ: ਜਦ ਅਪਸ਼ਕੁਨ ਨਾਲ ਮਿਲਕੇ ਸਗੁਨ ਸ਼ਬਦ ਆਉਂਦਾ ਹੈ ਤਾਂ ਅਰਥ ਹੁੰਦਾ ਹੈ ਚੰਗਾ ਸ਼ਕੁਨ. ਦੇਖੋ, ਸਗੁਨ ੫.

ਸ਼ਗੁਫ਼ਤਨ, ਸ਼ਗੁਫ਼ਤਾ: ਦੇਖੋ, ਸ਼ਿਗੁਫ਼ਤਹ ਅਤੇ ਸ਼ਿਗੁਫ਼ਤਨ.

ਸਗੂਆ: ਪ੍ਰਾ. ਸੰਗਯਾ- ਰੱਸਾ. ਨਾੜਾ। ੨. ਪੰਘੂੜਾ. ਪੀੜ੍ਹਾ. "ਸਗੂਆ ਕੈ ਯਾਕੋ ਪਹਿਚਾਨਹੁ." (ਚਰਿਤ੍ਰ ੨੨੮)

ਸ਼ਗੂਨ: ਫ਼ਾ. شگوُن ਸ਼ਕੁਨ (ਸਗਨ) ਦਾ ਬਹੁ ਵਚਨ.

ਸ਼ਗੂਫ਼ਾ: ਫ਼ਾ. شگوُفہ ਸ਼ਗੂਫ਼ਹ. ਸੰਗਯਾ- ਕਲੀ. ਡੋਡੀ. ਅਣਖਿੜਿਆ ਫੁੱਲ। ੨. ਕਿਸਲਯ. ਨਵਾਂ ਪੱਤਾ.

ਸਗੂੜ, ਸਗੂੜਉ, ਸਗੂੜਾ, ਸਗੂੜੌ: ਵਿ- ਗੂੜ੍ਹਤਾ ਸਹਿਤ. ਲੁਕਿਆ ਹੋਇਆ. ਗੁਪਤ. ਗੁੱਝਾ। ੨. ਪ੍ਰਗਾਢ (ਗੂੜ੍ਹਾਪਨ) ਸਹਿਤ. ਗਾੜ੍ਹਾ. "ਲਾਲ ਸਗੂੜੌ." (ਪ੍ਰਭਾ ਮਃ ੧)

ਸਗੋਂ: ਵਜ- ਪ੍ਰਤਯੁਤ. ਬਲਕਿ. ਹੱਥੋਂ. ਦੇਖੋ, ਸਗਵਾ.

ਸਗੋਈ: ਵਿ- ਗੋਪਨ (ਲੁਕਾਉਣ ਦੀ ਕ੍ਰਿਯਾ) ਸਹਿਤ। ੨. ਸ੍ਵ- ਗੋਈ. ਆਪਣੇ ਅੰਦਰ ਗੁਪਤ. "ਬਾਹਰ ਜਾਂਦਾ ਰੱਖ ਸਗੋਈ." (ਭਾਗੁ) ਧਾਵਤ ਮਨ ਨੂੰ ਅੰਦਰ ਠਹਿਰਾ.

ਸਗੋਤੀ, ਸਗੋਤ੍ਰ: ਉਸੇ ਕੁਲ ਅਤੇ ਵੰਸ਼ ਦਾ.

ਸਗੋਨੀ: ਵਿ- ਸੁਗੁਣ ਵਾਲੀ. ਉੱਤਮ. ਸ਼੍ਰੇਸ਼੍ਠ. "ਅਸਥਿਰ ਚੀਤ ਸਮਾਧਿ ਸਗੋਨੀ." (ਓਅੰਕਾਰ)

ਸਗੌਤੀ: ਪ੍ਰਾ. ਸੰਗਯਾ- ਮਾਸ. "ਰੁਧਿਰ ਮੱਜਨੀ ਬਸ਼ੰਜਨੀ ਹੈ ਸਗੌਤੀ." (ਛੱਕੇ) ਮਾਸ ਖਾਣ ਵਾਲੀ ਹੈ। ੨. ਲਾਵਣ. ਤਰਕਾਰੀ.

ਸਗੌਨਾ: ਦੇਖੋ, ਸੁਖਦਾ ਬ੍ਰਿੱਧ.

ਸੱਗਾਰੱਤਾ: ਸਕਾ (ਸ੍ਵਕੀਯ) ਅਤੇ ਰਕ੍ਤ (ਪਿਆਰ ਵਾਲਾ).

ਸਘਟ: ਦੇਖੋ, ਸੰਘੱਟ.

ਸਘਨ: ਵਿ- ਸੰਘਣਾ. ਗਾੜ੍ਹਾ. ਦੇਖੋ, ਘਨ. "ਅਹੰਬੁਧਿ ਬਹੁ ਸਘਨ ਮਾਇਆ." (ਗੂਜ ਮਃ ੫) ੨. ਘਨ (ਬਾਜਾ) ਸਹਿਤ. "ਹੈ ਗੈ ਬਾਹਨ ਸਘਨ ਘਨ." (ਸ. ਕਬੀਰ) ਦੇਖੋ, ਘਨ। ੩. ਬੱਦਲ ਸਹਿਤ.

ਸਘਾਰਣ, ਸਘਾਰਨ: ਕ੍ਰਿ- ਸੰਹਾਰ ਕਰਨਾ. ਸੰਘਾਰਨਾ. ਵਿਨਾਸ਼ ਕਰਨਾ. "ਅਸੁਰ ਸਘਾਰਣ ਰਾਮ ਹਮਾਰਾ." (ਮਾਰੂ ਸੋਲਹੇ ਮਃ ੧) "ਇਕ ਇੰਦ੍ਰੀ ਪਕਰਿ ਸਘਾਰੇ." (ਨਟ ਅਃ ਮਃ ੪) ੨. ਜਮਾ ਕਰਨਾ. ਇਕੱਠਾ ਕਰਨਾ. "ਅਘਾਏ ਸੁਖ ਸਘਾਰੈ." (ਸਾਰ ਮਃ ੫)

ਸਘਾਰੈ: ਦੇਖੋ, ਸਘਾਰਨ.

ਸਚ: ਸੰ. ਸਚ੍ ਧਾ- ਗਿੱਲਾ ਕਰਨਾ. ਸੇਵਾ ਕਰਨਾ. ਪੂਰਾ ਸਮਝਣਾ. ਸੰਬੰਧੀ ਹੋਣਾ। ੨. ਵਿ- ਸੇਵਾ ਕਰਨ ਵਾਲਾ। ੩. ਸੰਗਯਾ- ਸਤ੍ਯ. ਸੱਚ. "ਸਚ ਬਿਨੁ ਸਾਖੀ ਮੂਲੋ ਨ ਬਾਕੀ." (ਸਵਾ ਮਃ ੧) ੪. ਪਾਰਬ੍ਰਹਮ. ਸਤ੍ਯਰੂਪ. " ਸਚ ਕੀ ਬਾਣੀ ਨਾਨਕ ਆਖੈ." (ਤਿਲੰ ਮਃ ੧) ੫. ਆਨੰਦ. "ਤਤਹਿ ਤਤੁ ਮਿਲਿਆ ਸਚ ਪਾਵਾ." (ਗਉ ਬਾਵਨ ਕਬੀਰ) ੬. ਦੇਖੋ, ਸਚੁ ਅਤੇ ਸੱਚ। ੭. ਡਿੰਗ. ਸੰਗਯਾ- ਗੋਤ੍ਰ. ਕੁਲ. ਵੰਸ਼.

ਸਚਉ: ਦੇਖੋ, ਸੱਚਾ.

ਸਚ ਸਾਖੀ: ਸੱਚਾ ਗਵਾਹ। ੨. ਸੱਚੀ ਗਵਾਹੀ। ੩. ਸੱਚੀ ਕਥਾ.

ਸਚ ਸੋਹਿਲਾ: ਸੱਚਾ ਗੀਤ. ਕਰਤਾਰ ਦੀ ਮਹਿਮਾ ਵਾਲਾ ਛੰਦ.

ਸਚਖੰਡ: ਸਤ੍ਯ ਲੋਕ।੨ ਨਿਰਵਾਣ ਪਦ. ਤੁਰੀਯ (ਤੁਰੀਆ) ਪਦ। ੩. ਅਵਿਨਾਸ਼ੀ ਮੰਡਲ.

**ਸਚਖੰਡਿ:** ਸੱਚਖੰਡ ਵਿੱਚ. "ਸਚਖੰਡਿ ਵਸੈ ਨਿਰੰਕਾਰੁ." (ਜਪੁ)

**ਸਚਘਰ:** ਸਤਿਗੁਰੂ ਦਾ ਘਰ। ੨. ਸਤਸੰਗ। ੩. ਪਰਮਪਦ. ਅਵਿਨਾਸ਼ੀ ਪਦ.

**ਸਚਘਰਿ:** ਸਤਸੰਗ ਵਿੱਚ. "ਸਚਘਰਿ ਬੈਸਿ ਰਹੇ ਗੁਣ ਗਾਏ." (ਮਾਝ ਮਃ ੫)

**ਸਚਘਰੁ:** ਦੇਖੋ, ਸਚ ਘਰ. "ਸਚ ਘਰੁ ਲੇਹੁ ਬਤਾਇ." (ਪ੍ਰਭਾ ਮਃ ੧)

**ਸਚਦਾਨੰਦ:** ਦਖੋ, ਸੱਚਿਦਾਨੰਦ.

**ਸਚਨ:** ਸੰ. ਸਹਾਇਤਾ ਕਰਨਾ। ੨. ਮਿਹਰਬਾਨੀ ਕਰਨਾ। ੩. ਸੰ. ਸੰਚਯਨ. ਜਮਾ ਕਰਨਾ. "ਸਾਧੁ ਮਤਿ ਨੰਮ੍ਰਤਾ ਸਚਨ ਕਉ." (ਭਾਗੁ ਕ) ੪. ਚਿਣਨਾ. ਉਸਾਰਨਾ. "ਨਵ ਖੰਡ ਸਚਿਓ." (ਅਕਾਲ)

**ਸਚਪੀਰ:** ਸੱਚਾ ਪੀਰ. ਜਗਤ ਗੁਰੂ ਨਾਨਕ ਦੇਵ.

**ਸਚ ਭਾਉ:** ਸੱਚਾ ਪ੍ਰੇਮ. ਸਤਜ ਸ਼੍ਰੱਧਾ.

**ਸਚ ਮਹਿਲ:** ਪਰਮ ਪਦ. ਨਿਰਵਾਣ ਪਦ। ੨. ਸਤਸੰਗ.

**ਸਚਮਨ, ਸਚਮਨਾ:** ਵਿ- ਮਨ ਵਿੱਚ ਸਤਜ ਧਾਰਨ ਵਾਲਾ ਮਲੀਨਤਾ ਤੋਂ ਰਹਿਤ ਅੰਤਹਕਰਣ ਵਾਲਾ. "ਮੈਲ ਨਾਹੀ ਸਚਮਨੇ." (ਧਨਾ ਛੰਤ ਮਃ ੧)

**ਸਚਮੁਚ:** ਕ੍ਰਿ. ਵਿ- ਠੀਕ ਠੀਕ. ਬਿਨਾ ਸੰਸੇ. ਵਾਸਤਵ ਵਿੱਚ. ਦਰ ਅਸਲ.

**ਸਚਰ:** ਵਿ- ਚੇਤਨਤਾ ਸਹਿਤ. ਚਲਣ ਵਾਲਾ। ੨. ਸੰਗਜਾ- ਸੰਚਾਰ. ਪ੍ਰਵੇਸ਼. "ਭਾਇ ਮਿਲੈ ਸਚੁ ਸਾਚੈ ਸਚਰੇ." (ਗਉ ਅਃ ਮਃ ੧)

**ਸਚਵ:** ਦੇਖੋ, ਸਚਿਵ.

**ਸਚੜਾ:** ਵਿ- ਸਤਜਤਾ ਵਾਲਾ. ਸੱਚਾ. "ਗੋਸਾਈ ਸੇਵੀ ਸਚੜਾ." (ਸ੍ਰੀ ਮਃ ੫. ਪੈਪਾਇ)

**ਸਚੜਾਉ:** ਵਿ- ਸਤਜਤਾ ਵਾਲਾ. ਸੱਚਾ। ੨. ਪੱਕਾ. ਪਾਇਦਾਰ. "ਜਿਉ ਰੰਗ ਮਜੀਠ ਸਚੜਾਉ." (ਵਾਰ ਸੂਹੀ ਮਃ ੩) ੩. ਚੜਾਉ (ਉੱਨਤੀ) ਸਹਿਤ.

**ਸਚਾ:** ਵਿ- ਸਤਜਵਾਦੀ. ਸੱਚਾ. "ਸਚਾ ਸਤਿਗੁਰੁ ਸਾਚੀ ਜਿਸੁ ਬਾਣੀ." (ਸੋਰ ਅਃ ਮਃ ੩) ੨. ਅਨਿਤਜਤਾ ਰਹਿਤ. "ਸਚਾ ਤੇਰਾ ਅਮਰੁ ਸਚਾ ਦੀਬਾਣੁ." (ਵਾਰ ਆਸਾ) ੩. ਸੰਗਜਾ- ਸਤਜਰੂਪ ਪਾਰਬ੍ਰਹਮ. ਕਰਤਾਰ. "ਸਚਾ ਸੇਵੀ ਸਚੁ ਸਲਾਹੀ." (ਮਾਝ ਅਃ ਮਃ ੩) ੪. ਸੰਚਾ. ਕਾਲਬੁਦ. "ਅੰਧਾ ਸਚਾ ਅੰਧੀ ਸਟ." (ਗਉ ਮਃ ੧) ੫. ਸੁਚਿ. ਪਵਿਤ੍ਰ. "ਸਚਾ ਚਉਕਾ ਸੁਰਤਿ ਕੀ ਕਾਰਾ." (ਮਾਰੂ ਸੋਲਹੇ ਮਃ ੩) ੬. ਸੰ. ਸਚਾ ਕ੍ਰਿ. ਵਿ- ਨੇੜੇ. ਪਾਸ ਮੌਜੂਦ.

**ਸਚਾਈ:** ਸੰਗਜਾ- ਸਤਜਤਾ. ਸੱਚਾਪਨ.

**ਸਚਾ ਸਤਿਗੁਰ:** ਸੰਗਜਾ- ਗੁਰੂ ਨਾਨਕ ਦੇਵ. "ਸਚਾ ਸਤਿਗੁਰ ਸਚੀ ਬਾਣੀ." (ਸੂਹੀ ਛੰਤ ਮਃ ੩)

**ਸਚਾ ਸਬਦ:** ਗੁਰੁ ਉਪਦੇਸ਼. ਗੁਰੁਵਾਕਜ.

**ਸਚਾਵਾ, ਸਚਾਵੀ:** ਵਿ- ਸਤਜਤਾ ਵਾਲਾ. ਸੱਚਾ ਸੱਚੀ. "ਏਹੁ ਸਚਾਵਾ ਸਾਜ." (ਸ. ਫਰੀਦ)

**ਸਚਿ:** ਦੇਖੋ, ਸਚੀ। ੨. ਸਤਜ ਮੇ. ਸੱਚ ਵਿੱਚ. "ਸਚਿ ਰਹਹੁ ਸਦਾ ਸਹਜੁ ਸੁਖ ਉਪਜੈ." (ਰਾਮ ਅਃ ਮਃ ੩) ੩. ਸੱਚ ਨੂੰ. "ਸਚਿ ਮੈਲੁ ਨ ਲਾਗੈ ਭ੍ਰਮ ਭਉ ਭਾਗੈ." (ਬਿਲਾ ਥਿਤੀ ਮਃ ੧) ੪. ਸੱਚ (ਸਤਜ) ਦਾ. "ਸਚਿ ਕਾਲੁ ਕੂੜ ਵਰਤਿਆ." (ਵਾਰ

ਆਸਾ) ੫. ਸਤ੍ਯ ਦ੍ਵਾਰਾ. ਸੱਚ ਕਰਕੇ. "ਸਚਿ ਸਚੁ ਜਾਣੀਐ." (ਸਵੈਯੇ ਮਃ ੩. ਕੇ)

ਸਚਿਆਰ: ਸਤ੍ਯ ਦੇ ਧਾਰਣ ਵਾਲਾ. ਸੱਚਾ. "ਸਚਿਆਰ ਸਿਖ ਬੈਠੇ ਸਤਿਗੁਰ ਪਾਸਿ." (ਵਾਰ ਗਉ ੧. ਮਃ ੪)

ਸਚਿਆਰੀ: ਸਚਿਆਰੀਂ. ਸਚਿਆਰਾਂ ਨੇ. "ਸਚਿਆਰੀ ਸਚੁ ਸੰਚਿਆ." (ਓਅੰਕਾਰ)

ਸਚਿ ਸੰਜਮਿ: ਸੱਚ ਅਤੇ ਸੰਜਮ ਵਿੱਚ। ੨. ਸਤ੍ਯ ਅਤੇ ਸੰਜਮ ਕਰਕੇ. "ਸਚਿ ਸੰਜਮਿ ਸਦਾ ਹੈ ਨਿਰਮਲ." (ਸੂਹੀ ਛੰਤ ਮਃ ੩)

ਸਚਿਵ: ਸੰ. ਸੰਗ੍ਯਾ- ਨੇੜੇ ਹੋਣ ਵਾਲਾ. ਨਿਕਟਵਰਤੀ। ੨. ਮੰਤ੍ਰੀ. ਵਜ਼ੀਰ। ੩. ਵਿ- ਸਹਾਇਕ. ਇਮਦਾਦ ਕਰਨ ਵਾਲਾ.

ਸਚੀ: ਸਤ੍ਯਤਾ ਵਾਲੀ. ਸੱਚੀ. "ਸਚੀ ਤੇਰੀ ਕੁਦਰਤਿ ਸਚੇ ਪਾਤਸਾਹ!" (ਵਾਰ ਆਸਾ) ੨. ਸੰ. ਸ਼ਚੀ. ਸੰਗ੍ਯਾ- ਤਾਕਤ. ਸ਼ਕ੍ਤਿ। ੩. ਇੰਦ੍ਰ ਦੀ ਰਾਣੀ. "ਮਾਨੋ ਸਿੰਘਾਸਨ ਬੈਠੀ ਸਚੀ ਹੈ." (ਚੰਡੀ ੧)

ਸਚੀ ਟਕਸਾਲ: ਭਾਵ- ਸਤਸੰਗਤਿ। ੨. ਦੇਖੋ, ਸਬਦੁ.

ਸਚੀ ਦਾੜੀ: ਵਿ- ਕਲੰਕ ਰਹਿਤ ਦਾੜ੍ਹੀ. ਭਾਵ- ਨਿਰਵਿਕਾਰ ਜ਼ਿੰਦਗੀ। ੨. ਸ਼ਰੇਸ਼੍ਠਾਚਾਰੀ ਦੇਹ. "ਸੇ ਦਾੜੀਆ ਸਚੀਆ ਜਿ ਗੁਰਚਰਨੀ ਲਗੰਨਿ." (ਸਵਾ ਮਃ ੩) ੩. ਦੇਖੋ, ਫੇਰੂ ੩.

ਸਚੀ ਨਾਥ: ਸੰਗ੍ਯਾ- ਸ਼ਚੀ ਦਾ ਪਤਿ ਇੰਦ੍ਰ.

ਸਚੀ ਪਤ, ਸਚੀ ਪਤਿ: ਸੱਚੀ ਪ੍ਰਤਿਸ਼੍ਠਾ. ਸੱਚਾ ਮਾਨ. "ਮੰਨੇ ਨਾਮੁ ਸਚੀ ਪਤਿ ਪੂਜਾ." (ਬਿਲਾ ਅਃ ਮਃ ੧) ੨. ਸ਼ਚੀ ਦਾ ਸ੍ਵਾਮੀ ਇੰਦ੍ਰ. "ਬ੍ਰਹਮ ਮਹੇਸੁਰ ਬਿਸਨੁ ਸਚੀ ਪਤਿ ਅੰਤ ਫਸੇ ਯਮਫਾਸਿ ਪਰੈਂਗੇ." (ਅਕਾਲ)

ਸਚੀਪਤਿਸਨੀਇਸਨੀ: ਸੰਗ੍ਯਾ- ਸੈਨਾ. ਫ਼ੌਜ. (ਸਨਾਮਾ) ਸ਼ਚੀ ਦਾ ਪਤਿ ਇੰਦ੍ਰ, ਉਸ ਦਾ ਈਸ਼ ਕਸ਼੍ਯਪ, ਉਸ ਦੀ ਪ੍ਰਿਥਿਵੀ, ਉਸ ਦਾ ਸ੍ਵਾਮੀ ਰਾਜਾ, ਉਸ ਦੀ ਸੈਨਾ.

ਸਚੀ ਪਾਲ: ਸੱਚੀ ਓਟ. ਸੱਚੀ ਪਨਾਹ। ੨. ਸ਼ਚੀ ਦੀ ਪਾਲਨਾ ਕਰਨ ਵਾਲਾ. ਸ਼ਚੀ ਦਾ ਭਰਤਾ ਇੰਦ੍ਰ.

ਸਚੀ ਬਾਣੀ: ਵਿ- ਸਤ੍ਯ ਦਾ ਪ੍ਰਕਾਸ਼ ਕਰਨ ਵਾਲੀ ਬਾਣੀ। ੨. ਅਸਤ੍ਯ ਰਹਿਤ ਸਤ੍ਯ ਰੂਪ ਬਾਣੀ। ੩. ਸੰਗ੍ਯਾ- ਗੁਰਬਾਣੀ. "ਸਤਿਗੁਰ ਕੇ ਪਿਆਰਿਹੋ! ਗਾਵਹੁ ਸਚੀਬਾਣੀ." (ਅਨੰਦੁ)

ਸਚੀ ਬੇੜੀ: ਸੰਗ੍ਯਾ- ਗੁਰੁਸਿੱਖੀ। ੨. ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖ੍ਯਾ. "ਨਾਨਕ ਸਚੀ ਬੇੜੀ ਚਾੜਿ ਜੀਉ." (ਸ੍ਰੀ ਮਃ ੫. ਪੈਪਾਇ)

ਸਚੀਰਾਸ, ਸਚੀਰਾਸਿ: ਸੰਗ੍ਯਾ- ਨਾ ਵਿਨਾਸ ਹੋਣ ਵਾਲੀ ਪੂੰਜੀ. ਸ਼ੁਭਗੁਣ। ੨. ਕਰਤਾਰ ਦਾ ਨਾਮ. ਦੇਖੋ, ਸਾਚੀ ਰਾਸਿ.

ਸਚੁ: ਦੇਖੋ, ਸਚ. ਸੰਗ੍ਯਾ- ਸਤ੍ਯ. ਝੂਠ ਦਾ ਅਭਾਵ. "ਸਚੁ ਤਾਪਰ ਜਾਣੀਐ ਜਾ ਰਿਦੈ ਸਚਾ ਹੋਇ" (ਵਾਰ ਆਸਾ) ੨. ਆਨੰਦ. "ਸਚੁ ਮਿਲੈ ਸਚੁ ਊਪਜੈ." (ਸ੍ਰੀ ਮਃ ੧) "ਜਿਹ ਪ੍ਰਸਾਦਿ ਸਚੁ ਹੋਇ." (ਨਾਪ੍ਰ) ੩. ਸਤ੍ਯ ਰੂਪ ਕਰਤਾਰ. "ਆਦਿ ਸਚੁ ਜੁਗਾਦਿ ਸਚੁ." (ਜਪੁ) ੪. ਵਿ- ਸ਼ੁਚਿ. ਪਵਿਤ੍ਰ. "ਮਨ ਮਾਂਜੈ ਸਚੁ ਸੋਈ." (ਧਨਾ ਛੰਤ ਮਃ ੧) ੫. ਦੇਖੋ, ਸੱਚ.

ਸਚੁਸਚਾ: ਵਿ- ਅਤ੍ਯੰਤ ਸੱਚਾ. ਪੂਰਣ ਸਤ੍ਯ ਰੂਪ. "ਸਚੁਸਚਾ ਹਰਿ ਰਖਵਾਲੇ." (ਵਾਰ ਗਉ ੧, ਮਃ ੪) ੨. ਸਤ੍ਯ ਪ੍ਰਤਿਗ੍ਯ ਅਤੇ ਸਤ੍ਯਵਾਦੀਆਂ ਵਿਚੋਂ ਸ਼ਿਰੋਮਣਿ. "ਸਚੁਸਚਾ ਸਤਿਗੁਰੁ ਅਮਰ ਹੈ." (ਵਾਰ ਗਉ ੧. ਮਃ ੪)

ਸਚੁਧਰਮਾ: ਸੰਗ੍ਯਾ- ਸਤ੍ਯ ਧਰਮ ਦੇ ਧਾਰਨ ਵਾਲਾ, ਗੁਰਸਿੱਖ। ੨. ਵਿ- ਸਤ੍ਯ ਧਰਮ ਧਾਰਨ ਵਾਲਾ. ਜਿਸ ਨੇ ਸੱਚਾ ਧਰਮ ਅੰਗੀਕਾਰ ਕੀਤਾ ਹੈ.

ਸਚੁ ਨਿਆਈ: ਵਿ- ਸੱਚਾ ਨਿਆਉਂ (ਨਜਾਯ) ਕਰਨ ਵਾਲਾ. "ਤਖਤਿ ਬਹੈ ਸਚੁਨਿਆਈ." (ਮਾਝ ਮਃ ੫) ੨. ਸੰਗਯਾ- ਕਰਤਾਰ, ਜੋ ਬਿਨਾ ਪੱਖ ਪਾਤ ਦੇ ਨਿਆਉਂ ਕਰਦਾ ਹੈ.

ਸਚੇਤ: ਸੰ. ਸਚੇਤਸ੍. ਵਿ- ਚੇਤਨਤਾ ਸਹਿਤ. ਸਾਵਧਾਨ। ੨. ਇਕਮਨ. ਜਿਸਨੇ ਇੱਕ ਪਾਸੇ ਮਨ ਲਾਇਆ ਹੈ.

ਸਚੋਸਚ, ਸਚੋਸਚੁ: ਵਿ- ਕੇਵਲ ਸਤਯ. ਨਿਰੋਲ ਸੱਚ. "ਸਚੋ- ਸਚ ਵਖਾਣੈ ਕੋਇ." (ਵਾਰ ਰਾਮ ੧. ਮਃ ੧) "ਓਥੈ ਸਚੋ ਹੀ ਸਚੁ ਨਿਬੜੈ." (ਵਾਰ ਆਸਾ)

ਸੱਚ: ਸਤਯ. ਮਿਥ੍ਯਾ ਦੇ ਵਿਰੁੱਧ। ੨. ਰਾਸ੍ਤੀ. ਸਚਾਈ। ੩. ਸਤ- ਚ ਸਤਯ- ਅਤੇ.

ਸੱਚਨ ਸੱਚ: ਦੇਖੋ, ਸਚੋਸਚ। ੨. ਮੰਦਰ ਨਾਮੇ ਪਿੰਡ (ਜਿਲਾ ਲਹੌਰ, ਤਸੀਲ ਸ਼ਰਕਪੁਰ) ਦਾ ਵਸਨੀਕ ਇੱਕ ਬ੍ਰਾਹਮਣ, ਜੋ ਸ਼੍ਰੀ ਗੁਰੂ ਅਮਰ ਦੇਵ ਜੀ ਦਾ ਸਿੱਖ ਹੋਇਆ. ਇਹ ਹਰ ਵੇਲੇ "ਸੱਚਨ ਸੱਚ" ਸ਼ਬਦ ਕਹਿਆ ਕਰਦਾ ਸੀ, ਇਸ ਲਈ ਇਸ ਦਾ ਏਹੋ ਨਾਉਂ ਪ੍ਰਸਿੱਧ ਹੋ ਗਿਆ. ਹਰੀਪੁਰ ਦੇ ਰਾਜਾ ਦੀ ਇੱਕ ਪਾਗਲ ਰਾਣੀ ਨੂੰ ਸਤਿਗੁਰੂ ਨੇ ਅਰੋਗ ਕਰਕੇ ਇਸ ਦਾ ਆਨੰਦ ਕਰਵਾ ਦਿੱਤਾ. ਇਹ ਜੋੜਾ ਜੀਵਨ ਭਰ ਗੁਰੁਮਤ ਦਾ ਪ੍ਰਚਾਰ ਕਰਦਾ ਰਿਹਾ. ਸ਼੍ਰੀ ਗੁਰੂ ਅਮਰਦਾਸ ਜੀ ਨੇ ਸੱਚਨਸੱਚ ਨੂੰ ਮੰਜੀ ਬਖਸ਼ੀ. ਭਾਈ ਸੰਤੋਖ ਸਿੰਘ ਨੇ ਇਸ ਦਾ ਪਿੰਡ ਸੇਖੋਪੁਰ ਭੁੱਲਕੇ ਲਿਖਿਆ ਹੈ. ਦੇਖੋ ਰਾਸਿ ੧. ਅਃ ੩੪. ਸੱਚਨਸੱਚ ਦੀ ਔਲਾਦ ਹੁਣ ਸ਼ਰਕਪੁਰ ਦੇ ਪਰਗਣੇ ਮੰਦਰ ਪਿੰਡ ਵਿੱਚ ਰਹਿੰਦੀ ਹੈ.

ਸੱਚਾ: ਵਿ- ਸਤਯਵਾਦੀ. ਝੂਠ ਦਾ ਤਯਾਗੀ। ੨. ਨਿੱਤ ਹੋਣ ਵਾਲਾ। ੩. ਬਿਨਾ ਮਿਲਾਵਟ. ਖਰਾ। ੪. ਸੰਗਯਾ- ਕਰਤਾਰ। ੫. ਦੇਖੋ, ਸਚਾ.

ਸੱਚਾ ਪਾਤਸ਼ਾਹ: ਸੰਗਯਾ- ਕਰਤਾਰ. ਵਾਹਗੁਰੂ। ੨. ਸਤਿਗੁਰੂ. "ਤੇਗ ਸਾਚੋ ਦੇਗ ਸਾਚੋ ਸੂਰਮਾ ਸਰਨ ਸਾਚੋ, ਸਾਚੋ ਪਾਤਸਾਹ ਗੁਰੁ ਗੋਬਿੰਦ ਕਹਾਯੋ ਹੈ." xxx "ਔਰ ਪਾਤਸਾਹੀ ਸਭ ਲੋਗਨ ਕੀ ਪਾਤਸਾਹੀ, ਪਾਤਸਾਹੋਂ ਪਰ ਸਾਚੀ ਤੇਰੀ ਪਾਤਸਾਹੀ ਹੈ." (ਕਾਵਿ ੫੨)

ਸੱਚਿਦਾ ਨੰਦ: ਸੰ. ਸਚ੍ਚਿਦਾਨਨ੍ਦ ਸੰਗਯਾ- ਸਤ- ਚਿਤ- ਆਨੰਦ. ਸਤਯ ਚੈਤਨਯ ਆਨੰਦ ਰੂਪ ਕਰਤਾਰ. "ਸਦਾ ਸੱਚਿਦਾਨੰਦ ਸਤ੍ਰੰ ਪ੍ਰਣਾਸੀ." (ਜਾਪੁ)

ਸੱਚੀ ਦਾੜ੍ਹੀ: ਦੇਖੋ, ਸਚੀ ਦਾੜ੍ਹੀ। ੨. ਦੇਖੋ, ਫੇਰੂ ੩.

ਸੱਚੀ ਮੰਜੀ: ਦੇਖੋ, ਮਦੂ.

ਸੱਚੇ ਸਾਹਿਬ ਕੀ ਫਤੇ: ਬੰਦੇ ਬਹਾਦੁਰ ਨੇ ਵਾਹਗੁਰੂ ਜੀ ਕੀ ਫਤੇ ਦੀ ਥਾਂ ਇਸ ਦਾ ਪ੍ਰਚਾਰ ਕਰਨਾ ਆਰੰਭਿਆ ਸੀ, ਜਿਸ ਨੂੰ ਕਈ ਇਤਿਹਾਸਕਾਰਾਂ ਨੇ ਭੁੱਲਕੇ "ਫਤੇ ਦਰਸ਼ਨ" ਲਿਖਿਆ ਹੈ. ਬਾਬੇ ਬੰਦੇ ਦੇ ਦੇਹਰੇ ਤੋਂ ਜੋ ਹੁਕਮਨਾਮੇ ਜਾਰੀ ਹੁੰਦੇ ਹਨ ਉਨ੍ਹਾਂ ਉੱਤੇ ਹੁਣ ਭੀ 'ਸੱਚੇ ਸਾਹਿਬ ਕੀ ਫਤੇ' ਲਿਖਿਆ ਜਾਂਦਾ ਹੈ. ਸੱਚੇ ਸਾਹਿਬ ਤੋਂ ਭਾਵ ਗੁਰੂ ਗੋਬਿੰਦ ਸਿੰਘ ਜੀ ਹੈ, ਜਿਨ੍ਹਾਂ ਦਾ, ਬੰਦਾ ਬਹਾਦੁਰ ਆਪਣੇ ਤਾਈਂ ਬੰਦਾ (ਗੁਲਾਮ) ਮੰਨਦਾ ਸੀ.

ਸਛੀਲਕ: ਵਿ- ਛਿਲਕੇ ਸਮੇਤ. ਦੇਖੋ, ਛੀਲਕ.

ਸਜ: ਸੰਗਯਾ- ਸ਼ੋਭਾ. ਸਜਾਵਟ. ਸ਼੍ਰਿੰਗਾਰ। ੨. ਸੰ. ਸਜ. ਸੱਜ. ਵਿ- ਜਯਾ (ਚਿੱਲੇ) ਸਹਿਤ. ਜੋ ਕਮਾਣ ਉੱਤੇ ਚਿੱਲਾ ਚੜ੍ਹਾਕੇ ਤਿਆਰ ਹੋਇਆ ਹੈ। ੩. ਸ਼ਸਤ੍ਰ ਪਹਿਨਕੇ ਜੋ ਤਿਆਰ ਹੈ.

ਸਜਗ: ਵਿ- ਜਾਗਰਣ ਸਹਿਤ. ਸਾਵਧਾਨ. ਹੁਸ਼ਿਆਰ. ਤਿਆਰ ਬਰ ਤਿਆਰ.

ਸਜਣ, ਸਜਣੁ: ਸ਼ੋਭਾ (ਸ਼੍ਰਿੰਗਾਰ) ਸਹਿਤ ਹੋਣਾ। ੨. ਵਿ- ਸਤ੍- ਜਨ. ਭਲਾ ਆਦਮੀ. ਨੇਕ ਜਨ. ਸੱਜਨ। ੩. ਕੁਲੀਨ। ੪. ਸੰਗਯਾ- ਮਿਤ੍ਰ. "ਸਜਣੁ ਸਤਿਗੁਰੁ ਪੁਰਖ ਹੈ." (ਸ੍ਰੀ ਮਃ ੪)

ਸਜਧਜ: ਧ੍ਵਜ (ਨਿਸ਼ਾਨ ਝੰਡੀ) ਆਦਿ ਦੀ ਸਜਾਵਟ. ਠਾਟ ਵਾਟ.

ਸਜਨ: ਦੇਖੋ, ਸਜਣ ਅਤੇ ਸੱਜਨ. "ਸੰਤ ਸਜਨ ਸੁਖਿ ਮਾਣਹਿ ਰਲੀਆ." (ਸੂਹੀ ਛੰਤ ਮਃ ੫) ੨. ਵੈਦ੍ਯ. ਤਬੀਬ. "ਨਾਨਕ ਰੋਗ ਗਵਾਇ ਮਿਲਿ ਸਤਿਗੁਰੁ ਸਾਧੂ ਸਜਨਾ." (ਵਾਰ ਗਉ ੧. ਮਃ ੪) ਦੇਖੋ, ਅੰ. Surgeon.

ਸਜਨਈ, ਸਜਨਾਈ: ਸੰਗਯਾ- ਸੱਜਨਤਾ. ਨੇਕੀ. ਭਲਾਈ. ਮਿਤ੍ਰਤਾ. "ਦੁਸਟ ਦੂਤ ਸਜਨਈ." (ਆਸਾ ਮਃ ੫) ਸੱਜਨ ਹੋ ਗਏ.

ਸਜਨੀ: ਸੰਗਯਾ- ਸਖੀ. ਸਹੇਲੀ। ੨. ਵਿ- ਭਲੀ. ਨੇਕ ਔਰਤ.

ਸਜਨੁ: ਦੇਖੋ, ਸੱਜਨ. "ਸਜਨੁ ਸੁਰਿਦਾ ਸੁਹੇਲਾ ਸਹਿਜੇ." (ਸਾਰ ਮਃ ੫)

ਸ਼ਜਰਾ: ਅ਼. شجرہ ਬਿਰਛ। ੨. ਭਾਵ- ਵੰਸ਼ ਦਾ ਸਿਲਸਿਲਾ. ਵੰਸ਼ਵ੍ਰਿਕ੍ਸ਼. Genealogical- tree.

ਸਜਲ: ਵਿ- ਜਲ ਸਹਿਤ। ੨. ਗਿੱਲਾ. ਤਰ. "ਸਜਲ ਨੈਨ ਚਰਨਨ ਲਪਟਾਏ." (ਗੁਪ੍ਰਸੂ)

ਸਜਾ: ਫ਼ਾ. سزا ਸਜ਼ਾ. ਸੰਗਯਾ- ਦੰਡ. ਤਾੜਨਾ। ੨. ਬਦਲਾ। ੩. ਵਿ- ਯੋਗ੍ਯ. ਲਾਇਕ। ੪. ਦੇਖੋ, ਸੱਜਾ.

ਸਜਾਉਟ: ਦੇਖੋ, ਸਜਾਵਟ.

ਸਜਾਇ: ਦੇਖੋ, ਸਜਾ. ਦੰਡ. "ਦੇਣ ਸੁ ਮਲ ਸਜਾਇ." (ਵਾਰ ਮਾਝ ਮਃ ੧) ੨. ਕ੍ਰਿ. ਵਿ- ਸਜਾਕੇ. ਸਿੰਗਾਰਕੇ. "ਸਸਤ੍ਰ ਸਜਾਇ." (ਗੁਵਿ ੧੦)

ਸਜਾਤਿ: ਵਿ- ਸਮਾਨ ਜਾਤਿ। ੨. ਉਸੇ ਜਾਤਿ ਦਾ.

ਸਜਾਦਪੁਰ: ਸ਼ਾਹਜ਼ਾਦਪੁਰ. ਅੰਬਾਲੇ ਦੇ ਜਿਲੇ ਇੱਕ ਨਗਰ, ਜਿੱਥੇ ਸ਼ਹੀਦ ਮਿਸਲ ਦੇ ਸਰਦਾਰਾਂ ਦੀ ਰਾਜਧਾਨੀ ਹੈ. ਦੇਖੋ, ਸਹੀਦਾਂ ਦੀ ਮਿਸਲ.

ਸਜਾਦਾ: ਵਿ- ਸਾਦਾ. ਬਿਨਾ ਠਾਟ। ੨. ਸੰਗਯਾ- ਭਾਈ ਮਰਦਾਨੇ ਦਾ ਪੁਤ੍ਰ, ਜੋ ਪਿਤਾ ਦੇ ਦੇਹਾਂਤ ਪਿੱਛੋਂ ਸਤਿਗੁਰੂ ਨਾਨਕ ਦੇਵ ਦੇ ਦਰਬਾਰ ਕੀਰਤਨ ਕਰਦਾ ਰਿਹਾ। ੩. ਫ਼ਾ. شاہزادہ ਸ਼ਾਹਜ਼ਾਦਾ. ਰਾਜਕੁਮਾਰ. ਬਾਦਸ਼ਾਹ ਦਾ ਪੁਤ੍ਰ। ੪. ਅ਼. سجّادہ ਸੱਜਾਦਾ. ਮੁਸੱਲਾ. ਨਮਾਜ਼ ਪੜ੍ਹਨ ਦੀ ਚਟਾਈ.

ਸਜਾਵਟ: ਸੰਗਯਾ- ਸ਼ੋਭਾ। ੨. ਸ਼੍ਰਿੰਗਾਰ.

ਸਜ਼ਾਵਾਰ: ਫ਼ਾ. سزاوار ਵਿ- ਯੋਗ੍ਯਤਾ ਵਾਲਾ. ਲਾਇਕ। ੨. ਸ਼ੋਭਾ ਸਹਿਤ.

ਸਜੀਉ: ਦੇਖੋ, ਸਜੀਵ.

ਸਜੀਨ: ਵਿ- ਜ਼ੀਨ (ਕਾਠੀ) ਸਹਿਤ. "ਹਯ ਸਜੀਨ ਕੋ ਲੀਨ ਹਕਾਰੇ." (ਗੁਪ੍ਰਸੂ)

ਸਜੀਲਾ: ਵਿ- ਸਜਾਵਟ ਵਾਲਾ। ੨. ਸੁੰਦਰ.

ਸਜੀਵ: ਵਿ- ਜੀਵਾਤਮਾ ਸਹਿਤ। ੨. ਜੀਵਨ ਸਹਿਤ. ਪ੍ਰਾਣ ਸਹਿਤ.

ਸਜੀਵਨੀ: ਦੇਖੋ, ਕਚ ਅਤੇ ਵਿਸ਼ਲ੍ਯ ਕਰਣੀ.

ਸਜੁਤ, ਸਜੁਤਾ, ਸਜੁਤੀਆ: ਸੰ. ਸੰਯੁਕ੍ਤ. ਵਿ- ਸੰਯੋਗ ਵਾਲਾ. ਸੰਬੰਧਿਤ. ਮਿਲਿਆ ਹੋਇਆ. "ਮੋਹੁ ਮਾਇਆ ਵੇ ਸਭ ਕਾਲਖਾ, ਇਨਿ ਮਨਮੁਖਿ ਮੂੜਿ ਸਜੁਤੀਆ." (ਸੂਹੀ ਛੰਤ ਮਃ ੪)

ਸਜੂਦ: ਅ਼. سجُود ਸੁਜੂਦ. ਸਿਜਦਾ (ਪ੍ਰਣਾਮ) ਕਰਨ ਦੀ ਕ੍ਰਿਯਾ. ਨਮਸਕਾਰ.

ਸਜੋਗੀ: ਦੇਖੋ, ਸੰਯੋਗੀ.

ਸੱਜ: ਸੰ. सज्ज ਵਿ- ਤਿਆਰ ਹੋਇਆ। ੨. ਕਮਾਣ ਤੇ ਚਿੱਲਾ ਚਾੜ੍ਹਕੇ ਤਿਆਰ ਹੋਇਆ। ੩. ਦੇਖੋ, ਸਜ.

ਸੱਜਣ: ਦੇਖੋ, ਸੱਜਣ.

ਸੱਜਣ ਠਗ: ਤੁਲੰਬਾ ਅਥਵਾ ਤੁਲੰਭਾ ਪਿੰਡ(ਜਿਲਾ ਮੁਲਤਾਨ) ਦਾ ਵਸਨੀਕ ਬਗੁਲਸਮਾਧੀ ਇੱਕ ਠਗ ਸੀ, ਜਿਸ ਨੇ ਧਰਮਮੰਦਿਰ ਬਣਾਕੇ ਲੋਕਾਂ ਦੇ ਫਸਾਉਣ ਲਈ ਅਨੇਕ ਉਪਾਇ ਰਚ ਰੱਖੇ ਸਨ. ਜੋ ਮੁਸਾਫਰ ਇਸ ਦੇ ਪੰਜੇ ਵਿੱਚ ਆਉਂਦਾ, ਉਸ ਦਾ ਧਨ ਪ੍ਰਾਣਾਂ ਸਮੇਤ ਲੈਂਦਾ. ਸਤਿਗੁਰੂ ਨਾਨਕ ਦੇਵ ਜਦ ਇਸ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਭੀ ਇਸ ਨੇ ਆਪਣਾ ਸ਼ਿਕਾਰ ਬਣਾਉਣਾ ਚਾਹਿਆ, ਪਰ ਜਗਤਗੁਰੂ ਦੇ ਸ਼ਬਦਬਾਣ ਤੋਂ ਵੇਧਨ ਹੋਕੇ ਆਪ ਹੀ ਸ਼ਿਕਾਰ ਬਣ ਗਿਆ. ਗੁਰੂ ਸਾਹਿਬ ਨੇ ਇਸ ਨੂੰ ਸੱਚਾ ਸੱਜਣ ਬਣਾਕੇ ਗੁਰਸਿੱਖਾਂ ਦੀ ਪੰਗਤਿ ਵਿੱਚ ਮਿਲਾਇਆ ਅਤੇ ਪ੍ਰਚਾਰਕ ਥਾਪਿਆ. ਦੇਖੋ, ਮਖ਼ਦੂਮਪੁਰ.

ਸੱਜਨ: ਦੇਖੋ, ਸਜਣ.

ਸੱਜਰਾ: ਸੰ. ਸਦਯਤਰ. ਵਿ- ਬਹੁਤ ਤਾਜਾ.

ਸੱਜਾ: ਸੰ. सव्य ਸਵ੍ਯ. ਦਹਿਨਾ. ਦਕ੍ਸ਼ਿਣ। ੨. ਖੱਬਾ ਭੀ ਇਸ ਦਾ ਅਰਥ ਹੈ। ੩. ਸੰ. शय्या. ਸ਼ੱਯਾ. ਸੰਗਯਾ- ਸੇਜਾ. ਪਲੰਘ.

ਸੱਜਿ: ਦੇਖੋ, ਸੱਜੀ.

ਸੱਜੀ: ਸੱਜਾ ਦਾ ਇਸਤ੍ਰੀ ਲਿੰਗ। ੨. ਸੰ. सर्जी ਸੰਗਯਾ- ਇੱਕ ਪ੍ਰਕਾਰ ਦਾ ਖਾਰ, ਜੋ ਬੂਈਂ ਦੀ ਭਸਮ ਤੋਂ ਬਣਦਾ ਹੈ. ਸੱਜੀ ਵਸਤ੍ਰ ਧੋਣ ਦੇ ਕੰਮ ਆਉਂਦੀ ਹੈ। ੩. ਸੰ. सज्जी ਵਿ- ਸੰਨੱਧ. ਕਵਚ ਪਹਿਨੇ ਹੋਏ। ੪. ਸਜ੍ਯ. ਜ੍ਯਾ (ਚਿੱਲਾ) ਚੜ੍ਹਾਏ ਹੋਏ. ਸਹਿਤ ਜੇਹ ਦੇ.

ਸਞਾਨ: ਸੰ. ਸਗ੍ਯਾਨ। ੨. ਜਾਣ ਪਛਾਣ.

ਸਞਾਪਣ, ਸਞਾਪਨ: ਸੰ. सं- ज्ञापन ਸੰ- ਗ੍ਯਾਪਨ. ਸੰਗ੍ਯਾ- ਜਣਾਉਣ ਦੀ ਕ੍ਰਿਯਾ. ਜਤਲਾਉਣਾ.

ਸਟ: ਦੇਖੋ, ਸਟਨਾ, ਸਟਾ ਅਤੇ ਸੱਟ। ੨. ਸੰ. सट् ਧਾ- ਭਾਗ (ਹਿੱਸਾ) ਹੋਣਾ. ਪ੍ਰਸਿੱਧ ਕਰਨਾ.

ਸਟਕਨਾ: ਪ੍ਰਾ. ਕ੍ਰਿ- ਖਿਸਕਣਾ. ਭੱਜਣਾ. "ਅਰਿ ਯੌਂ ਸਟਕੇ ਮ੍ਰਿਗ ਕੇ ਗਨ ਜਯੋਂ" (ਕ੍ਰਿਸਨਾਵ) "ਮਨੁ ਸੂਰ ਚਢ੍ਯੋ ਉਡੁ ਸੇ ਸਟਕੇ." (ਚਰਿਤ੍ਰ ੧) ੨. ਲੋਪ ਹੋਣਾ.

ਸਟਕਾ: ਸੰ. कामला ਕਾਮਲਾ. ضُعف الکبِد ਜ਼ੁਅ਼ਫ਼ੁਲ- ਕਬਦ Anaemia. ਇਹ ਪਾਂਡੁ ਰੋਗ ਦਾ ਹੀ ਇੱਕ ਨਾਉਂ ਹੈ. ਇਸ ਨੂੰ ਭੁੱਸ ਭੀ ਆਖਦੇ ਹਨ. ਜਿਗਰ ਜਦ ਆਪਣਾ ਕੰਮ ਛੱਡ ਬੈਠਦਾ ਹੈ ਤਾਂ ਇਸ ਦੀ ਉਤਪੱਤੀ ਹੁੰਦੀ ਹੈ.

ਇਸ ਰੋਗ ਦੇ ਕਾਰਣ ਹਨ- ਖਾਰੀਆਂ, ਖੱਟੀਆਂ, ਗਰਮ ਮਲੀਨ ਗਲੀਆਂ ਸੜੀਆਂ ਚੀਜਾਂ ਦਾ ਖਾਣਾ, ਸ਼ਰਾਬ ਆਦਿ ਨਸ਼ਿਆਂ ਦਾ ਬਹੁਤ ਵਰਤਣਾ, ਬਹੁਤਾ ਮੈਥੁਨ ਕਰਨਾ, ਚਿੰਤਾ ਸ਼ੋਕ ਡਰ ਦਾ ਹੋਣਾ, ਮਲ ਮੂਤ੍ਰ ਨੀਂਦ ਆਦਿ ਦਾ ਵੇਗ ਰੋਕਣਾ, ਮਿੱਟੀ ਖਾਣੀ ਆਦਿ.

ਪਾਂਡੁ ਰੋਗ ਦੇ ਲੱਛਣ ਹਨ- ਹਾਜਮਾ ਵਿਗੜਨਾ, ਦਿਲ ਧੜਕਣਾ, ਸ਼ਰੀਰ ਦਾ ਰੰਗ ਡੱਡੂ ਜੇਹਾ ਪੀਲਾ ਹੋਣਾ, ਲਹੂ ਦੀ ਸੁਰਖੀ ਦਾ ਜਾਂਦਿਆ ਰਹਿਣਾ, ਨੌਹਾਂ ਅਤੇ ਸ਼ਰੀਰ ਦੀ ਲਾਲੀ ਮਿਟ ਜਾਣੀ, ਸ਼ਰੀਰ ਰੁੱਖਾ ਹੋਣਾ, ਹਰ ਵੇਲੇ ਥਕਾਵਟ ਬਣੀ ਰਹਿਣੀ, ਭੁੱਖ ਨਾ ਲਗਣੀ, ਗਿਜਾ ਹਜਮ ਨਾ ਹੋਣੀ, ਭਸ (ਭੁਸੇ) ਡਕਾਰ ਆਉਣੇ, ਲੱਤਾਂ ਬਾਹਾਂ ਫੁੱਲਣੀਆਂ, ਅੰਧਾਲੀ ਆਉਣੀ, ਚੇਹਰਾ ਉਦਾਸ ਰਹਿਣਾ ਆਦਿ.

ਇਸ ਰੋਗ ਦੇ ਹੇਠ ਲਿਖੇ ਉੱਤਮ ਇਲਾਜ ਹਨ-

(੧) ਫੌਲਾਦ ਦਾ ਕੁਸ਼ਤਾ ਅਥਵਾ ਕਿਸੇ ਭੀ ਸ਼ਕਲ ਵਿੱਚ ਫੌਲਾਦ ਦਾ ਸੇਵਨ ਕਰਨਾ.

(੨) ਕੁਸ਼ਤਾ ਫੌਲਾਦ ਆਬੀ, ਤਬਾਸ਼ੀਰ, ਇਲਾਇਚੀਆਂ ਦੇ ਦਾਣੇ, ਸਤ ਗਿਲੋ, ਮਿਸ਼ਰੀ, ਸਭ ਇੱਕ ਇੱਕ ਤੋਲਾ ਪੀਸਕੇ ਪਚਾਸ ਪੁੜੀਆਂ ਬਣਾਓ. ਇੱਕ ਪੁੜੀ ਸਵੇਰੇ ਪਤਲੇ ਅਧਰਿੜਕ ਨਾਲ ਲੈਣੀ.

(੩) ਮਨੂਰ ਦੀ ਭਸਮ ਦੁੱਧ ਅਥਵਾ ਅਧਰਿੜਕ ਨਾਲ ਵਰਤਣੀ.

(੪) ਜਿਗਰ ਤੋਂ ਪਿੱਤ ਖਾਰਿਜ ਕਰਨ ਵਾਲੇ ਪਦਾਰਥ ਖਾਣੇ.

(੫) ਅੱਠ ਮਾਸ਼ੇ ਨਿਸੋਥ ਦਾ ਚੂਰਣ ਸੋਲਾਂ ਮਾਸ਼ੇ ਮਿਸ਼ਰੀ, ਦੋਹਾਂ ਨੂੰ ਮਿਲਾਕੇ ਨਿੱਤ ਸਵੇਰੇ ਜਲ ਨਾਲ ਛਕਣਾ.

(੬) ਹਰੀ ਗਿਲੋ ਦਾ ਕਾੜ੍ਹਾ ਸ਼ਹਦ ਮਿਲਾਕੇ ਪੀਣਾ.

(੭) ਸਟਕੇ ਵਾਲੇ ਨੂੰ ਪੁਰਾਣੇ ਜੌਂ ਕਣਕ ਚਾਉਲ ਮੂੰਗੀ ਮਸਰ ਫਲ ਤਕ੍ਰ (ਖੱਟੀ ਲੱਸੀ) ਅਧਰਿੜਕ ਅਤੇ ਮੱਖਣ ਆਦਿ ਪਦਾਰਥ ਵਰਤਣੇ ਚਾਹੀਏ.

ਸਟਕਾਰਨਾ: ਕ੍ਰਿ. ਸਟਾ ਨੂੰ ਫਟਕਾਰਨਾ. ਗਰਦਨ ਦੇ ਬਾਲ ਝਾੜਨੇ. ਚੋਟੀ ਨੂੰ ਫਟਕਾਰਨਾ. "ਬੇਨੀ ਸਰਪਨਿ ਸੀ ਸਟਕਾਰੀ." (ਗੁਪ੍ਰਸੂ)

ਸਟਨਾ: ਪ੍ਰਾ. ਕ੍ਰਿ- ਚਿਪਕਣਾ. ਚਿਮਟਣਾ। ੨. ਸੁੱਟਣਾ. ਫੈਂਕਣਾ. "ਕੁਹਥੀ ਜਾਈ ਸਟਿਆ." (ਵਾਰ ਆਸਾ)

ਸਟਪਟ: ਵਜ- ਤੁਰੰਤ. ਛੇਤੀ. ਝਟਤਿ. ਝਟਪਟ. "ਸਟਪਟ ਬੈਠਤ." (ਨਾਪ੍ਰ)

ਸਟਪਟਾ: ਦੇਖੋ, ਹਰਿਗੀਤਿਕਾ ਦਾ ਰੂਪ ੨.

ਸਟਪਟਾਨਾ: ਕ੍ਰਿ- ਝਟਪਟ ਜਾਣਾ. ਫੁਰਤੀ ਨਾਲ ਨੱਠਣਾ.

ਸਟਪਾਨਾ: ਕ੍ਰਿ. - ਸਿੱਟ ਦੇਣਾ. ਫੈਂਕਣਾ. "ਮਹਾ ਕਸਾਬ ਛੁਰੀ ਸਟਪਾਈ." (ਰਾਮ ਮਃ ੫)

ਸਟੱਲੀ: ਵਿ- ਗੱਪੀ. ਬਾਤ ਨੂੰ ਬਹੁਤ ਵਧਾਕੇ ਕਹਿਣ ਵਾਲਾ. ਦੇਖੋ, ਸਟ ਧਾ.

ਸਟਾ: ਵਟਾਂਦਰਾ. ਦਖੋ, ਸੱਟਾ. "ਮੈ ਤਉ ਮੋਲਿ ਮਹਿਗੀ ਲਈ ਜੀਅ ਸਟੈ." (ਧਨਾ ਰਵਿਦਾਸ) ੨. ਸੰ. ਸੰਗਯਾ- ਗਰਦਨ ਦੇ ਬਾਲ। ੩. ਪੂਛ ਉੱਪਰ ਬਾਲਾਂ ਦਾ ਗੁੱਛਾ. "ਉੱਧਿਤ ਸਟਾਯੰ ਉਤੈ ਸਿੰਘ ਧਾਯੋ." (ਚੰਡੀ ੨) ੪. ਜਟਾ.

ਸਟਾਸੱਟ, ਸਟਾਪੱਟ: ਵਜ- ਝਟਪਟ. ਤੁਰੰਤ ਝਟਤਿ. ਦੇਖੋ, ਸਟਪਟ.

ਸਟਾਲ: ਸੰ. ਸਟਾ ਵਾਲਾ ਸ਼ੇਰ ਬਬਰ. ਕੇਸ਼ਰੀ ਸਿੰਘ.

ਸਟਿਘਤਨਾ: ਦੇਖੋ, ਸਟਪਾਨਾ. ਸੁੱਟ ਦੇਣਾ. ਫੈਂਕਣਾ. "ਤਿਨ੍ਹ ਡਰੁ ਸਟਿਘਤਿਆ." (ਵਾਰ ਸੋਰ ਮਃ ੪)

ਸਟੀ: ਦੇਖੋ, ਸਟਨਾ. ਵਿ- ਚਿਪਕੀ ਹੋਈ. ਜੁੜੀ ਹੋਈ। ੨. ਸਿੱਟੀ. ਫੈਂਕੀ. ਸੁੱਟੀ.

ਸਟੀਕ: ਟੀਕਾ ਸਹਿਤ. ਮੂਲ ਪਾਠ ਵਯਾਖਯਾ ਸਹਿਤ.

ਸਟੋਮ: ਦੇਖੋ, ਅਗਨਿ ਸਟੋਮ.

ਸਟੋਰੀ: ਸੰਗਯਾ- ਸੋਟੀ. ਡੰਗੋਰੀ. "ਝੂਲ ਪਾਗ ਸਿਰ ਹਾਥ ਸਟੋਰੀ." (ਗੁਪ੍ਰਸੂ)

ਸੱਟ: ਸੰ. ਸਟ੍ਟ ਧਾ- ਵਸਣਾ. ਰਹਿਣਾ. ਮਾਰ ਦੇਣਾ. ਦੁੱਖ ਦੇਣਾ. ਮੋਟਾ ਹੋਣਾ. ਦਾਨ ਕਰਨਾ। ੨. ਸੰਗਯਾ- ਚੋਟ. ਪ੍ਰਹਾਰ.

ਸੱਟਾ: ਪ੍ਰਾ. ਸੰਗਯਾ- ਸਾਂਟਾ. ਬਦਲਾ. ਵਟਾਂਦਰਾ। ੨. ਦਾਉ. ਜੂਏ ਦਾ ਦਾਉ। ੩. ਇਕਰਾਰਨਾਮਾ.

ਸਠ: ਸੰ. शठ् ਧਾ- ਠਗਣਾ. ਮਾਰ ਸਿੱਟਣਾ. ਦੁੱਖ ਦੇਣਾ. ਜਾਣਾ. ਮੌਨ ਧਾਰਨ ਕਰਨਾ. ਖੋਟੇ ਬਚਨ ਬੋਲਣਾ। ੨. ਵਿ- ਝੂਠਾ। ੩. ਲੁੱਚਾ। ੪. ਮੂਰਖ. ਦੇਖੋ, ਅੰ. sot. "ਗੁਰੁ ਸੰਗਤਿ ਤੇ ਸਠ ਮਤਿਵਾਨ." (ਗੁਪ੍ਰਸੂ) ੫. ਸ਼ਰਾਰਤੀ। ੬. ਸੰਗਯਾ- ਧਤੂਰਾ। ੭. ਲੋਹਾ। ੮. ਦੇਖੋ, ਸਠਿ। ੯. ਕਾਵ੍ਯ ਅਨੁਸਾਰ ਨਾਇਕ ਦਾ ਇੱਕ ਭੇਦ. "ਮੁਖ ਮੀਠੀ ਬਾਤੇਂ ਕਹੈ, ਨਿਪਟ ਕਪਟ ਜਿਯ ਜਾਨ। ਜਾਂਹਿ ਨ ਡਰ ਅਪਰਾਧ ਕੋ ਸਠ ਕਰ ਤਾਂਹਿ ਬਖਾਨ।।" (ਰਸਿਕਪ੍ਰਿਯਾ)

ਸਠਤਾ: ਸੰ. शठता ਸੰਗਯਾ- ਮੂਰਖਤਾ। ੨. ਸ਼ਰਾਰਤ। ੩. ਲੁਚਪੁਣਾ.

ਸਠਿ: ਸੰ. ਸ਼ਸ਼੍ਠਿ. ਵਿ- ਸੱਠ. ੬੦. "ਅਠਸਠਿ ਤੀਰਥ ਜਹਿ ਸਾਧੁ ਪਗ ਧਰਹਿ." (ਰਾਮ ਮਃ ੫) ਦੇਖੋ, ਅੰ. Sixty.

ਸਠਿਆਲਾ: ਇੱਕ ਪਿੰਡ, ਜੋ ਜਿਲਾ ਤਸੀਲ ਅੰਮ੍ਰਿਤਸਰ ਵਿੱਚ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਵਿਰਾਜਣ ਦੇ ਦੋ ਪਵਿਤ੍ਰ ਅਸਥਾਨ ਹਨ.

ਸਠਿ ਸੰਬਤ: ਸੰ. षष्टि संवतसर. ਸੰਗਯਾ- ਪ੍ਰਭਵ ਆਦਿਕ (ਜੋਤਿਸ਼ ਮਤ ਵਿੱਚ ਮੰਨੇ ਹੋਏ) ਸੱਠ ਵਰ੍ਹੇ. ਇਹ ਤਿੰਨਾਂ ਹੀ ਦੇਵਤਿਆਂ ਦੇ ਵੀਹ ਵੀਹ ਵਰ੍ਹੇ ਹਨ ਅਤੇ ਮੁੜ ਮੁੜ ਇਨ੍ਹਾਂ ਦਾ ਚਕ੍ਰ ਆਉਂਦਾ ਰਹਿੰਦਾ ਹੈ. "ਤੇਰੇ ਸਠਿ ਸੰਬਤ ਸਭ ਤੀਰਥਾ." (ਬਸੰ ਮਃ ੧) ਹੇ ਕਰਤਾਰ ! ਤੇਰੇ ਹੀ ਸੱਠ ਸੰਬਤ ਹਨ (ਹੋਰ ਕਿਸੇ ਦੇਵਤਾ ਦੇ ਨਹੀਂ) ਅਤੇ ਤੇਰੇ ਹੀ ਸਾਰੇ ਤੀਰਥ ਹਨ.

ਸਠੋਰ: ਵਿ- ਸ਼ਠਤਾ ਵਾਲਾ. ਸ਼ਰੀਰ. ਲੁੱਚਾ. ਧੂਰਤ। ੨. ਸ੍ਵ- ਬਟੋਰ. ਸ੍ਵ (ਧਨ) ਬਟੋਰਨ ਵਾਲਾ. ਕ੍ਰਿਪਣ. ਕੰਜੂਸ. "ਜਿਉ ਮਧੁ ਮਾਖੀ ਤਿਉ ਸਠੋਰ ਰਸ ਜੋਰਿ ਜੋਰਿ ਧਨ ਕੀਆ." (ਸੋਰ ਕਬੀਰ)

ਸੱਠੀ: ਸ਼ਸ਼੍ਠਿਕ. ਸੱਠ ਦਿਨਾਂ ਵਿੱਚ ਤਿਆਰ ਹੋਣ ਵਾਲੀ ਧਾਨ (ਚਾਵਲ) ਦੀ ਇੱਕ ਜਾਤਿ. ਇਸ ਦਾ ਛਿਲਕਾ ਕਾਲਾ ਅਤੇ ਚਾਵਲ ਲਾਲ ਹੁੰਦਾ ਹੈ. ਸੱਠੀ ਦੇ ਚਾਵਲਾਂ ਦੀ ਪਿੱਛ ਮਰੋੜੇ (ਪੇਚਿਸ਼) ਨੂੰ ਦੂਰ ਕਰਦੀ ਹੈ. ਦੇਖੋ, ਬਗੜ.

ਸਡ, ਸਡੁ: ਸਿੰਧੀ. ਸੰਗਯਾ- ਸ਼ਬ੍ਦ. ਧ੍ਵਨਿ। ੨. ਸੱਦ. ਗੁਹਾਰ. ਪੁਕਾਰ. "ਗੋਰ ਨਿਮਾਣੀ ਸਡੁ ਕਰੇ." (ਸ. ਫਰੀਦ)

ਸਡੋਰਡ: ਦੇਖੋ, ਰਡ.

ਸਢਾਲ, ਸਢੈਲ: ਵਿ- ਸ (ਸਾਥ) ਢਾਲ (ਸਿਪਰ). ਢਾਲ ਬੰਨ੍ਹਣ ਵਾਲਾ. ਢਾਲ ਤਲਵਾਰ ਵਾਲਾ। ੨. ਸੰਗਯਾ- ਢਾਲਬੰਦ ਸਿਪਾਹੀ.

ਸਢੌਰਾ: ਜਿਲਾ ਅੰਬਾਲਾ ਦੀ ਤਸੀਲ ਨਰਾਇਣਗੜ੍ਹ ਦਾ ਇੱਕ ਪਿੰਡ, ਜੋ ਕਿਸੇ ਵੇਲੇ ਸਰਹਿੰਦ ਦੇ ਅਠਾਈ ਪਰਗਨਿਆਂ ਵਿੱਚੋਂ ਇੱਕ ਪਰਗਨੇ ਦਾ ਪ੍ਰਧਾਨ ਨਗਰ ਸੀ. ਇਸ ਥਾਂ ਦੇ ਰਹਿਣ ਵਾਲੇ ਸਾਈਂ ਬੁੱਧੂਸ਼ਾਹ ਨੇ ਦਸ਼ਮੇਸ਼ ਨੂੰ ਭੰਗਾਣੀ ਦੇ ਯੁੱਧ ਵਿੱਚ ਸਹਾਇਤਾ ਦਿੱਤੀ ਸੀ. ਦੇਖੋ, ਬੁੱਧੂ ਸ਼ਾਹ.

ਪੀਰ ਬੁੱਧੂ ਸ਼ਾਹ ਨੂੰ ਦੁੱਖ ਦੇਣ ਵਾਲੇ ਜ਼ਾਲਿਮਾਂ ਨੂੰ, ਸਨ ੧੭੧੦ ਵਿੱਚ ਬੰਦੇ ਬਹਾਦੁਰ ਨੇ ਸਢੌਰੇ ਤੇ ਚੜ੍ਹਾਈ ਕਰਕੇ ਕਰੜਾ ਦੰਡ ਦਿੱਤਾ ਸੀ.

ਸਣ: ਸੰ. सन् ਵ੍ਯ- ਸਾਥ. ਸੰਗ. ਸਮੇਤ. ਸਹਿਤ। ੨. ਸੰ. शण ਸ਼ਣ. ਸੰਗਯਾ- ਸਣੀ, ਜਿਸ ਦੇ ਰੱਸੇ ਵੱਟੀਦੇ ਹਨ. L. Crotolaria Juncea. ਇਹ ਸਾਉਣੀ ਦੀ ਫਸਲ ਵਿੱਚ ਹੁੰਦੀ ਹੈ. ਸਣ ਨੂੰ ਕੱਟਕੇ ਪਾਣੀ ਵਿੱਚ ਦੱਬ ਦਿੰਦੇ ਹਨ, ਐਸਾ ਕਰਨ ਨਾਲ ਇਸ ਦਾ ਛਿਲਕਾ ਕਾਨੇ ਤੋਂ ਅਲਗ ਹੋ ਜਾਂਦਾ ਹੈ.

ਸਣਖਤਾ, ਸਣਖਤੀ: ਸੰ. स्नुषा ਸਨੁਖਾ. ਸੰਗਯਾ- ਨੂੰਹ. ਬੇਟੇ ਦੀ ਵਹੁਟੀ. "ਮਾਂ ਦਾਦੀ ਪੜਦਾਦੀਓਂ ਫੁੱਫੀ ਭੈਣਾ ਧੀ ਸਣਖਤਾ." (ਭਾਗੁ) ੨. ਵਿ- ਸੁਨਕ੍ਸ਼ਤ੍ਰਾ. ਅੱਛੇ ਨਕ੍ਸ਼ਤ੍ਰ ਵਾਲੀ. ਉੱਤਮ ਭਾਗਾਂ ਵਾਲੀ. "ਸਾਹੁਰੜੈ ਘਰ ਮੰਨੀਐ ਸਣਖਤੀ ਪਰਿਵਾਰ ਸਧਾਰੀ." (ਭਾਗੁ)

ਸਣਿ: ਦੇਖੋ, ਸਣ ਅਤੇ ਸਣੁ। ੨. ਨਾਲ ਹੀ. ਸੰਗਤਿ ਵਿੱਚ. "ਜਣੀ ਲਖਾਵਹੁ ਅਸੰਤ ਪਾਪੀ ਸਣਿ." (ਆਸਾ ਰਵਿਦਾਸ) ਅਸੰਤ ਪਾਪੀ ਦੀ ਸੰਗਤਿ ਵਿੱਚ ਸਾਡੀ ਜ਼ਿੰਦਗੀ ਜਿਨ (ਮਤ) ਗੁਜ਼ਾਰੋ.

ਸਣੁ: ਵਜ- ਨਾਲ. ਸਹਿਤ. ਸਮੇਤ. ਦੇਖੋ, ਸਣ. "ਡੁਬੇ ਸਣੁ ਪਰਿਵਾਰੀ." (ਗੂਜ ਅਃ ਮਃ ੪) "ਸੋ ਸਣੁ ਤੁਝੈ ਅਨਿਤ." (ਸ੍ਰੀ ਮਃ ੫)

ਸਤ: ਸੰ. सत् ਸੰਗਯਾ- ਸੱਚ. ਸਤਯ। ੨. ਪਤਿਵ੍ਰਤ. "ਬਿਨੁ ਸਤ ਸਤੀ ਹੋਇ ਕੈਸੇ ਨਾਰਿ." (ਗਉ ਕਬੀਰ) ੩. ਪਰਮਾਤਮਾ. ਬ੍ਰਹਮ। ੪. ਆਦਰ. ਸਨਮਾਨ। ੫. ਸਤੋਗੁਣ. "ਰਜ ਤਮ ਸਤ ਕਲ ਤੇਰੀ ਛਾਇਆ." (ਮਾਰੂ ਸੋਲਹੇ ਮਃ ੧) ੬. ਵਿ- ਸਾਧੁ. ਭਲਾ। ੭. ਪੂਜਯ। ੮. ਪ੍ਰਸ਼ੰਸਿਤ. ਸਲਾਹਿਆ ਹੋਇਆ। ੯. ਪ੍ਰਤੱਖ. ਵਿਦਯਮਾਨ। ੧੦. ਸੰ. सत्य ਸਤਯ. ਸੰਗਯਾ- ਸਤਯੁਗ। ੧੧. ਸੁਗੰਦ. ਕਸਮ। ੧੨. ਸਿੱਧਾਂਤ. ਤਾਤਪਰਯ। ੧੩. ਤਪੋ ਲੋਕ ਤੋਂ ਉਪਰਲਾ ਲੋਕ. ਬ੍ਰਹਮਲੋਕ। ੧੪. ਸੰ. सत्व ਸਤ੍ਵ ਪ੍ਰਾਣ. "ਚੰਦ ਸਤ ਭੇਦਿਆ, ਨਾਦ ਸਤ ਪੂਰਿਆ, ਸੂਰ ਸਤ ਖੋੜਸਾ ਦਤੁ ਕੀਆ." (ਮਾਰੂ ਜੈਦੇਵ) ਚੰਦ੍ਰਮਾ ਨਾੜੀ ਦ੍ਵਾਰਾ ਸ੍ਵਾਸ ਅੰਦਰ ਕੀਤੇ, ਓਅੰਨਾਦ (ਧੁਨਿ) ਨਾਲ ਪ੍ਰਾਣਾਂ ਨੂੰ ਠਹਿਰਾਇਆ, ਸੂਰਜ ਦੀ ਨਾੜੀ ਦ੍ਵਾਰਾ ਸੋਲਾਂ ਵਾਰ ਓਅੰ ਧੁਨਿ ਨਾਲ ਬਾਹਰ ਕੱਢਿਆ. ਅਰਥਾਤ- ਪੂਰਕ ਕੁੰਭਕ ਅਤੇ ਰੇਚਕ ਕੀਤਾ। ੧੫. ਜੀਵਾਤਮਾ। ੧੬. ਮਨ। ੧੭. ਬਲ। ੧੮. ਅਰਕ. ਸਾਰ. ਨਿਚੋੜ। ੧੯. ਸੁਭਾਉ। ੨੦. ਉਮਰ। ੨੧. ਧਨ। ੨੨. ਉਤਸਾਹ। ੨੩. ਧੀਰਜ। ੨੪. ਜੀਵਨ. ਜ਼ਿੰਦਗੀ। ੨੫. ਧਰਮ। ੨੬. ਪੁੰਨ. "ਸਤੀ ਪਾਪ ਕਰਿ ਸਤ ਕਮਾਹਿ." (ਵਾਰ ਰਾਮ ੧ ਮਃ ੧) ੨੭. ਸੰ. सप्त ਸਪ੍ਤ. ਸਾਤ. "ਪੰਦ੍ਰਹਿ ਥਿਤੀਂ ਤੈ ਸਤ ਵਾਰ." (ਬਿਲਾ ਮਃ ੩ ਵਾਰ ੭) ੨੮. ਸੰ शत ਸ਼ਤ ਸੌ. "ਰੇ ਜਿਹਵਾ ਕਰਉ ਸਤ ਖੰਡ। ਜਾਮਿ ਨ ਉਚਰਹਿ ਸ੍ਰੀ ਗੋਬਿੰਦ।।" (ਭੈਰ ਨਾਮਦੇਵ) ੨੯. ਨਿਘੰਟੁ ਵਿੱਚ ਸ਼ਤ ਦਾ ਅਰਥ ਅਨੰਤ ਭੀ ਹੈ, ਜਿਵੇਂ ਸਹਸ੍ਰ ਸ਼ਬਦ ਬੇਅੰਤ (ਅਗਣਿਤ) ਅਰਥ ਵਿੱਚ ਆਇਆ ਹੈ। ੩੦. ਸਤਲੁਜ ਦਾ ਸੰਖੇਪ ਭੀ ਸਤ ਸ਼ਬਦ ਵਰਤਿਆ ਹੈ, ਯਥਾ- "ਸਤ ਸਬਦਾਦਿ ਬਖਾਨਕੈ ਈਸਰਾਸਤ੍ਰ ਕਹਿ ਅੰਤ." (ਸਨਾਮਾ) ਸ਼ਤਦ੍ਰਵ ਦਾ ਈਸ਼ ਵਰੁਣ, ਉਸ ਦਾ ਅਸਤ੍ਰ ਫਾਸੀ। ੩੧. ਸ਼ਸਤ੍ਰਨਾਮਮਾਲਾ ਵਿੱਚ ਕਿਸੇ ਲਿਖਾਰੀ ਨੇ ਸੁਤ ਦੀ ਥਾਂ ਭੀ ਸਤ ਸ਼ਬਦ ਲਿਖ ਦਿੱਤਾ ਹੈ, ਯਥਾ- "ਸਭ ਸਮੁਦ੍ਰ ਕੇ ਨਾਮ ਲੈ ਅੰਤ ਸ਼ਬਦ ਸਤ ਦੇਹੁ." (੯੫) ਅਸਲ ਵਿੱਚ ਸਮੁਦ੍ਰਸੁਤ ਚੰਦ੍ਰਮਾ ਹੈ. ਅਰ- "ਪ੍ਰਿਥਮ ਪਵਨ ਕੇ ਨਾਮ ਲੈ ਸਤ ਪਦ ਬਹੁਰ ਬਖਾਨ." ਪਵਨਸੁਤ ਭੀਮਸੇਨ ਹੈ। ੩੨. ਵਿਸ਼ੇਸ਼ ਨਿਰਣੇ ਲਈ ਦੇਖੋ, ਸਤਿ, ਸੱਤ, ਸਤਯ ਅਤੇ ਸਪਤ ਸ਼ਬਦ.

ਸਤਏ, ਸਤਏਂ: ਵਿ- ਸਾਤਵੇਂ। ੨. ਕ੍ਰਿ. ਵਿ- ਸੱਤਵੇਂ ਨਾਲ. "ਸਤਏਂ ਲਖਿ ਰਘੁਪਤਿ ਕਪਿਦਲ ਅਧਿਪਤਿ ਸੁਭਟ ਵਿਕਟ ਮਤਿ ਯੁਤ ਭ੍ਰਾਤੰ." (ਰਾਮਾਵ)

ਸਤਸਉ, ਸਤਸਇਆ, ਸਤਸਈ: ਸੰ. सप्तशती- ਸਪ੍ਤਸ਼ਤੀ. ਸੰਗਯਾ. - ਸਪ੍ਤ ਸ਼ਤਕ. ਸੱਤ ਸੌ ਸ਼ਲੋਕਾਂ ਦਾ ਪਾਠ. ਮਾਰਕੰਡੇਯ ਪੁਰਾਣ ਵਿੱਚੋਂ ਲਿਆ ਹੋਇਆ ਦੁਰਗਾ ਦੀ ਕਥਾ ਦਾ ਸੱਤ ਸੌ ਸ਼ਲੋਕ, ਜਿਸ ਦਾ ਅਨੁਵਾਦ ਚੰਡੀ ਚਰਿਤ੍ਰ ਅਤੇ ਚੰਡੀ ਦੀ ਵਾਰ ਵਿੱਚ ਹੈ.[179] "ਹੋਮ ਕਰੈਂ ਜਪ ਅਉ ਸਤਸਉ ਰੇ." (ਕ੍ਰਿਸਨਾਵ) "ਗ੍ਰੰਥ ਸਤਸਇਆ ਕੋ ਕਰਯੋ." (ਚੰਡੀ ੧) "ਸਤਸੈ ਦੀ ਕਥਾ ਇਹ ਪੂਰੀ ਭਈ ਹੈ." (ਚੰਡੀ ੧) ਦੇਖੋ, ਦੁਰਗਾ ਸਪਤਸਤੀ ਅਤੇ ਦੁਰਗਾਪਾਠ.

ਸਤਸਈਆਂ: ਸੱਤ ਰਿਖੀਆਂ ਦੀਆਂ ਸੱਤ ਇਸਤ੍ਰੀਆਂ ਦੇਖੋ, ਸਪਤ ਰਿਖੀ। ੨. ਸੱਤ ਸਹੀਆਂ (ਸਖੀਆਂ)

ਸਤ ਸਤਾਈ ਚਉਦਹਿ ਚਾਰ: (ਰਤਨਮਾਲਾ ਬੰਨੋ) ਸੱਤ ਰਿਖੀ, ਸਤਾਈ ਨਛਤ੍ਰ, ਚੌਦਾਂ ਵਿਦਯਾ, ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ).

ਸਤਸਯਾ, ਸਤਸਯੀ: ਦੇਖੋ, ਸਤਸਈ.

ਸਤਸਰ: ਸੰਗਯਾ- ਸਤਯ ਰੂਪ ਸਰੋਵਰ. ਸਤਸੰਗ। ੨. ਸਤਿਗੁਰੂ। ੩. ਸਤਯ, ਸੰਤੋਖ, ਦਇਆ, ਧਰਮ, ਧੀਰਯ, ਵੈਰਾਗ ਅਤੇ ਗਯਾਨ ਰੂਪ ਸੱਤ ਪਵਿਤ੍ਰ ਸਰੋਵਰ। ੪. ਸ੍ਰੀ ਅਮ੍ਰਿਤਸਰ.

---

[179] ਇਹ ਮਾਰਕੰਡੇਯ ਪੁਰਾਣ ਦੇ ਅਃ ੮੧ ਤੋਂ ੯੪ ਤੀਕ ਦਾ ਪਾਠ ਹੈ.

ਸਤਸਰਿ: ਸੰਗਯਾ- ਸਤਸੰਗ ਰੂਪ ਨਦੀ। ੨. ਕ੍ਰਿ. ਵਿ- ਸਤਸੰਗ ਰੂਪ ਨਦੀ ਵਿੱਚ. "ਗੁਰਮਤਿ ਸਤਸਰਿ ਹਰਿਜਲਿ ਨਾਇਆ." (ਆਸਾ ਮਃ ੩) ੩. ਸਤਯ ਸਰੋਵਰ ਵਿੱਚ.

ਸਤ ਸਾਹਿਬ: ਗਰੀਬਦਾਸੀਏ ਸਾਧੂਆਂ ਦਾ ਆਪੋ ਵਿੱਚੀ ਮਿਲਣ ਸਮੇਂ ਦਾ ਸ਼ਿਸ਼੍ਟਾਚਾਰ ਬੋਧਕ ਸ਼ਬਦ.

ਸਤਿਸਾਹਿਬੀਆਂ: ਦੇਖੋ, ਗਰੀਬਦਾਸ.

ਸਤਸੀ: ਸੰ. सप्तसीता ਸਪ੍ਤ ਸੀਤਾ. ਵਿ- ਸੱਤ ਸਿਆੜਾ. ਸੱਤ ਵਾਰ ਵਾਹੀ ਹੋਈ ਜ਼ਮੀਨ. "ਅਨਾਜ ਮਾਗਉ ਸਤਸੀ ਕਾ." (ਧਨਾ ਧੰਨਾ)

ਸਤ ਸੀਵਾ: ਸੰਗਯਾ- ਸਪ੍ਤ ਸੀਮਾ. ਸੱਤ ਹੱਦਾਂ. ਗਿਆਨ ਦੀਆਂ ਸੱਤ ਭੂਮਿਕਾ. ਦੇਖੋ, ਭੂਮਿਕਾ.

ਸਤ ਸੁਹਾਗਣਾਂ: ਦੇਖੋ, ਸਤ ਸਈਆਂ। ੨. ਵਿਆਹ ਆਦਿਕ ਮੰਗਲ ਸਮੇਂ ਸੱਤ ਸੁਹਾਗਣ ਇਸਤ੍ਰੀਆਂ ਏਕਤ੍ਰ ਹੋਈਆਂ.

ਸਤ ਸੈ, ਸਤ ਸੈ ਕੀ ਕਥਾ: ਦੇਖੋ, ਸਤਸਈ.

ਸਤਸੰਗ: ਸੰ. सत्सङ्ग. ਸੰਗਯਾ- ਉੱਤਮ ਸੰਗਤ. ਨੇਕ ਸੁਹਬਤ। ੨. ਦੇਖੋ, ਸਾਧਸੰਗ.

ਸਤ ਸੰਗਤਿ: ਸੰਗਯਾ- ਸੰਤਾਂ ਦੀ ਸੁਹਬਤ. ਭਲੇ ਲੋਕਾਂ ਦੀ ਸੰਗਤਿ। ੨. ਭਲੇ ਲੋਕਾਂ ਦੀ ਮਜਲਿਸ. "ਸਤਸੰਗਤਿ ਕੈਸੀ ਜਾਣੀਐ? ਜਿਥੈ ਏਕੋ ਨਾਮ ਵਖਾਣੀਐ." (ਸ੍ਰੀ ਮਃ ੧. ਜੋਗੀ ਅੰਦਰਿ) ੩. ਦੇਖੋ, ਸਤਿਸੰਗਤਿ.

ਸਤ ਸੰਗਤੀ: ਦੇਖੋ, ਸਤਸੰਗਤਿ। ੨. ਵਿ- ਸਤਸੰਗੀ. ਉੱਤਮ ਦਾ ਸੰਗ ਕਰਨ ਵਾਲਾ। ੩. ਸਤਸੰਗਤਿ ਵਿੱਚ. ਚੰਗੀ ਮਜਲਿਸ ਵਿੱਚ. "ਸਤਸੰਗਤੀ ਸਦਾ ਮਿਲਿ ਰਹੇ." (ਸ੍ਰੀ ਮਃ ੩)

ਸਤਸੰਗਾ: ਵਿ- ਉੱਤਮ ਹੈ ਸੰਗ ਜਿਸ ਦਾ. ਜਿਸ ਦਾ ਮਿਲਾਪ ਸ਼ੁਭ ਫਲ ਦੇਣਵਾਲਾ ਹੈ. "ਮਹਾ ਸਾਰਥੀ ਸਤਸੰਗਾ." (ਮਾਰੂ ਸੋਲਹੇ ਮਃ ੫)

ਸਤਸੰਗੀ: ਸੰ. सत्सङ्गिन. ਨੇਕ ਸੁਹਬਤ ਕਰਨ ਵਾਲਾ. ਸਾਧੁ ਸੰਗ ਕਰਨ ਵਾਲਾ.

ਸਤਸੰਧ: ਸਤਯ ਪ੍ਰਤਿਗਯ. ਦੇਖੋ, ਸਤਯ ਸੰਧ. "ਸਤਸੰਧ ਸਦਾ ਸਤਬੈਨ ਕਹੈ." (ਨਾਪ੍ਰ)

ਸਤਸ੍ਰਿੰਗ: ਸੰ. शतशृङ्ग ਸੰਗਯਾ- ਹਿਮਾਲੈ ਦੀ ਧਾਰਾ ਅੰਦਰ ਇੱਕ ਪਹਾੜ, ਜੋ ਗੰਧਮਾਦਨ ਤੋਂ ਛੀ ਕੋਹ ਦੇ ਫਾਸਲੇ ਪੁਰ ਹੈ. ਦੇਖੋ, ਸਪਤਸ੍ਰਿੰਗ

ਸਤਹ, ਸਤ਼ਹ਼: ਅ਼. سطح ਸਾਫ ਤਹ। ੨. ਸਮਥਲ। ੩. ਛੱਤ.

ਸਤਕ: ਸੰ. ਸ਼ਤਕ. ਸੰਗਯਾ- ਸੈਂਕੜਾ. ਸੌ ਦਾ ਸਮੁਦਾਯ (ਇਕੱਠ). ੨. ਸ਼ਤਿਕ. ਵਿ- ਸੌ ਵਾਲਾ. ਜਿਸ ਵਿੱਚ ਸੈਂਕੜਾ ਹੈ। ੩. ਸੰਗਯਾ- ਕੋਈ ਗ੍ਰੰਥ, ਜਿਸ ਦੇ ਸੌ ਛੰਦ ਹੋਣ.

ਸਤਕਰਤਾਰੀਏ: ਵਿ- ਸਤਯ ਰੂਪ ਕਰਤਾਰ ਦੇ ਉਪਾਸਕ। ੨. ਸੰਗਯਾ- ਲਹੌਰ ਨਿਵਾਸੀ ਸੰਗਤੀਆ ਸੋਢੀ ਸੰਮਤ ੧੬੫੦ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋਇਆ. ਇਹ "ਸਤਕਰਤਾਰ" ਸ਼ਬਦ ਹਰ ਵੇਲੇ ਮੁਖੋਂ ਬੋਲਦਾ ਰਹਿੰਦਾ ਸੀ. ਸੰਗਤੀਏ ਦਾ ਚੇਲਾ ਸੰਗਤ ਦਾਸ ਵਡਾ ਕਰਣੀ ਵਾਲਾ ਨਾਮ ਦਾ ਰਸੀਆ ਹੋਇਆ. ਉਸ ਦੀ ਸੰਪ੍ਰਦਾਯ ਦੇ ਲੋਕ ਸਤਕਰਤਾਰੀਏ ਪ੍ਰਸਿੱਧ ਹੋਏ. ਇਨ੍ਹਾਂ ਦਾ ਮੁੱਖ ਅਸਥਾਨ ਬਿਆਸ ਦੇ ਕਿਨਾਰੇ ਹਰਿਗੋਬਿੰਦ ਪੁਰੇ ਹੈ.

ਸਤ ਕਰਮ: सत्कर्मन ਸੰਗਯਾ- ਸ਼ੁਭ ਕਰਮ। ੨. ਵਿ- ਅੱਛੇ ਕੰਮ ਕਰਨ ਵਾਲਾ. ਸਤਕਰਮੀ.

ਸਤਕਾਰ: ਸੰ. सत्कार ਸੰਗਯਾ- ਆਦਰ. ਮਾਨ. "ਦ੍ਵੈ ਲੋਕਨ ਸਤਕਾਰ." (ਨਾਪ੍ਰ)

ਸਤਕ੍ਰਤੁ, ਸਤਕ੍ਰਿਤੁ: ਸੰ. शतक्रतु ਸੰਗ੍ਯਾ- ਸ਼ਤ (ਸੌ) ਕ੍ਰਤੁ (ਯਗ੍ਯ) ਕਰਨ ਵਾਲਾ, ਇੰਦ੍ਰ. ਪੁਰਾਣਾਂ ਵਿੱਚ ਲੇਖ ਹੈ ਕਿ ਸੌ ਅਸ਼੍ਵਮੇਧ ਯਗ੍ਯ ਕਰਨ ਤੋਂ ਇੰਦ੍ਰ ਪਦਵੀ ਮਿਲਦੀ ਹੈ. "ਸਿਵ ਧਾਮ ਸਤਕ੍ਰਿਤੁ ਜਾਤ ਭਏ." (ਰੁਦ੍ਰਾਵ)

ਸਤਗਾਮਨਿ: ਸੰਗ੍ਯਾ- ਸ਼ਤ (ਸੌ) ਧਾਰਾ ਕਰਕੇ ਗਮਨ ਕਰਨ ਵਾਲੀ, ਸ਼ਤਦ੍ਰਵ ਨਦੀ. ਸਤਲੁਜ. (ਸਨਾਮਾ) ਦੇਖੋ, ਸਤਦ੍ਰਵ.

ਸਤਗਾਮਨਿਈਸ਼: ਸ਼ਤਦ੍ਰਵ (ਸਤਲੁਜ) ਦਾ ਸ੍ਵਾਮੀ ਵਰੁਣ. (ਸਨਾਮਾ)

ਸਤਗੁਰ: ਸੰ. सद्‌गुरू ਸੰਗ੍ਯਾ- ਸ੍ਰੀ ਗੁਰੂ ਨਾਨਕ ਦੇਵ। ੨. ਉੱਤਮ ਉਪਦੇਸ਼ ਦੇਣ ਵਾਲਾ ਆਚਾਰਯ.

ਸਤਗੁਰਏ: ਸੰ. सद्‌गुरवे ਚਤੁਰਥੀ ਵਿਭਕ੍ਤਿ ਹੈ. ਸਤਗੁਰੂ ਨੂੰ. ਸਤਗੁਰੂ ਤਾਈਂ.

ਸਤਗੁਰ ਪਰਸਾਦ: ਸਦ੍‌ਗੁਰੂ ਦੀ ਪ੍ਰਸਾਦ (ਕ੍ਰਿਪਾ). ਸਤਿਗੁਰੂ ਦੀ ਪ੍ਰਸੰਨਤਾ.

ਸਤਗੁਰ ਪਰਸਾਦਿ, ਸਤਗੁਰ ਪ੍ਰਸਾਦਿ: ਸਦ੍‌ਗੁਰੁ ਦੀ ਕ੍ਰਿਪਾ ਤੋਂ. ਸਤਿਗੁਰੂ ਦੀ ਦਇਆ ਨਾਲ. ਦੇਖੋ, ਸਤਿਗੁਰ ਪ੍ਰਸਾਦਿ.

ਸਤਗੁਰੁ: ਦੇਖੋ, ਸਤਗੁਰ.

ਸਤਘਨੀ: ਦੇਖੋ, ਸ਼ਤਘ੍ਨੀ.

ਸਤਘਰਾ: ਮਾਂਟਗੁਮਰੀ ਦੇ ਜਿਲੇ ਤਸੀਲ ਉਕਾੜਾ ਦਾ ਇੱਕ ਨਗਰ, ਜਿਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੁਦ੍ਵਾਰਾ ਹੈ. ਇੱਥੇ ਇੱਕ ਸ਼ਾਹੂਕਾਰ ਦੇ ਪਰਥਾਇ- "ਸਹੰਸਰ ਦਾਨ ਦੇ ਇੰਦ੍ਰ ਰੁਆਇਆ." ਸ਼ਬਦ ਉਚਰਿਆ ਹੈ. ਗੁਰੁਦ੍ਵਾਰਾ ਸਾਧਾਰਣ ਹਾਲਤ ਵਿੱਚ ਹੈ. ਕੋਈ ਜਾਗੀਰ ਜ਼ਮੀਨ ਨਾਲ ਨਹੀਂ ਹੈ. ਰੇਲਵੇ ਸਟੇਸ਼ਨ ਰੀਨਾਲਾ ਖ਼ੁਰਦ ਤੋਂ ਪੱਛਮ ਪੰਜ ਮੀਲ ਦੇ ਕਰੀਬ ਹੈ.

ਸ਼ਤਘ੍ਨੀ: ਸੰ. ਸੰਗ੍ਯਾ- ਇੱਕ ਪ੍ਰਕਾਰ ਦੀ ਬਰਛੀ, ਜੋ ਸੌ ਕੰਡਿਆਂ ਵਾਲੀ ਹੁੰਦੀ ਹੈ. ਸੌ ਨੋਕਾਂ ਵਾਲੀ ਸੈਹਥੀ। ੨. ਮਹਾਂਭਾਰਤ ਵਿੱਚ ਲਿਖਿਆ ਹੈ ਕਿ ਇੱਕ ਭਾਰੀ ਪੱਥਰ ਦੇ ਚਾਰੇ ਪਾਸੇ ਸੌ ਕੀਲ ਲਗਾਕੇ ਸ਼ਤਘ੍ਨੀ ਬਣਾਈ ਜਾਂਦੀ ਹੈ, ਜੋ ਵੈਰੀ ਤੇ ਗੋਲੇ ਦੀ ਤਰਾਂ ਸਿੱਟੀਦੀ ਹੈ. ੩. ਵਾਲਮੀਕ ਰਾਮਾਇਣ ਵਿੱਚ ਸ਼ਤਘ੍ਨੀ ਇੱਕ ਪ੍ਰਕਾਰ ਦਾ ਮੁਦਗਰ ਹੈ. ਦੇਖੋ, ਲੰਕਾ ਕਾਂਡ, ਅਃ ੬੦। ੪. ਅੱਜ ਕਲ ਦੇ ਕਵਿ ਸ਼ਤਘ੍ਨੀ ਦਾ ਅਰਥ ਤੋਪ ਕਰਦੇ ਹਨ, ਪਰ ਇਹ ਕੇਵਲ ਕਲਪਨਾ ਹੈ.

ਸਤਜੁਗ: ਸੰ. ਸਤ੍ਯਯੁਗ. ਸੰਗ੍ਯਾ- ਸੱਚ ਹੈ ਪ੍ਰਧਾਨ ਜਿਸ ਵਿੱਚ, ਅਜੇਹਾ ਸਮਾਂ. ਦੇਖੋ, ਯੁਗ.

ਸਤਤ: ਸੰ. ਕ੍ਰਿ. ਵਿ- ਨਿਰੰਤਰ. ਸਦਾ. ਹਮੇਸ਼ਾਂ। ੨. ਲਗਾਤਾਰ. ਇੱਕ ਰਸ.

ਸਤੱਤਰ: ਸਪ੍ਤ ਸਪ੍ਤਤਿ. ਸੱਤਰ ਉੱਪਰ ਸੱਤ- ੭੭.

ਸਤਦਾਨ: ਸੰਗ੍ਯਾ- ਸਾਤ੍ਵਿਕਦਾਨ। ੨. ਧਰਮਕਿਰਤ ਵਿੱਚੋਂ ਦਿੱਤਾ ਹੋਇਆ ਦਾਨ। ੩. ਆਤਮਗ੍ਯਾਨ ਦਾ ਦਾਨ.

ਸਤਦੀਪ: ਦੇਖੋ, ਸਪਤਦੀਪ.

ਸਤਦ੍ਰਵ: ਸੰਗ੍ਯਾ- ਸ਼ਤ (ਸੌ) ਧਾਰਾ ਕਰਕੇ ਵਹਿਣ ਵਾਲਾ ਦਰਿਆ. ਸ਼ਤਦ੍ਰੁ. ਸਤਲੁਜ. ਪੁਰਾਣਕਥਾ ਹੈ ਕਿ ਵਸਿਸ਼੍ਠ ਰਿਖੀ ਪੁਤ੍ਰਾਂ ਦੇ ਸ਼ੋਕ ਨਾਲ ਇਸ ਵਿੱਚ ਡੁੱਬਕੇ ਮਰਨ ਲੱਗਾ ਸੀ. ਦਰਿਆ ਨੇ ਆਪਣੇ ਪ੍ਰਵਾਹ ਨੂੰ ਸੌ ਥਾਂ ਕਰਕੇ ਡੁੱਬਣੋ ਬਚਾ ਲੀਤਾ. ਇਹ ਦਰਿਆ ਤਿੱਬਤ ਦੇ ਪ੍ਰਸਿੱਧ ਤਾਲ ਮਾਨਸਰੋਵਰ ਦੇ ਪਾਸ ਦੇ ਤਾਲ ਰਾਵਣਹ੍ਰਦ ਵਿੱਚੋਂ ਨਿਕਲਕੇ ਕੁੱਲੂ ਮੰਡੀ ਬਿਲਾਸਪੁਰ ਆਨੰਦਪੁਰ ਰੋਪੜ ਫਿਰੋਜਪੁਰ ਆਦਿਕ ਥਾਈਂ ੬੦੦ ਮੀਲ ਵਹਿੰਦਾ ਹੋਇਆ ਮੁਜੱਫਰਗੜ੍ਹ ਜਿਲੇ ਵਿੱਚ ਸਿੰਧ ਨਾਲ ਜਾ ਮਿਲਦਾ ਹੈ. "ਨੇਤ੍ਰਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ." (ਰਾਮਾਵ)

ਮਹਾਰਾਜ ਰਣਜੀਤ ਸਿੰਘ ਅਤੇ ਅੰਗ੍ਰੇਜਾਂ ਦੇ ਰਾਜ ਦੀ ਹੱਦ ਸਤਲੁਜ ਸੀ. ਸਨ ੧੮੮੨ ਵਿੱਚ ਇਸ ਦਰਿਆ ਤੋਂ ਲਾਰਡ ਰਿਪਨ ਦੀ ਅਮਲਦਾਰੀ ਵਿੱਚ ਰੋਪੜ ਦੇ ਮੁਕਾਮੋਂ ਭਾਰੀ ਨਹਿਰ ਖੋਲ੍ਹੀ ਗਈ ਹੈ, ਜੋ ਮਾਲਵੇ ਨੂੰ ਸੈਰਾਬ ਕਰਦੀ ਹੈ. ਇਸ ਨਹਿਰ ਤੇ ਦੋ ਕ੍ਰੋੜ ਅੱਠਤਰ ਲੱਖ ਰੁਪਯਾ ਅੰਗ੍ਰੇਜੀ ਸਰਕਾਰ ਦਾ ਅਤੇ ਇੱਕ ਕਰੋੜ ਉਣੱਤੀ ਲੱਖ ਸਿੱਖ ਰਿਆਸਤਾਂ ਦਾ ਖਰਚ ਹੋਇਆ ਹੈ.

ਸਤਦ੍ਰਵਾਦ੍ਰਿ: ਸੰਗ੍ਯਾ- ਸ਼ਤਦ੍ਰਵ ਜਿਸ ਪਹਾੜ ਵਿੱਚੋਂ ਨਿਕਲਿਆ ਹੈ ਅਰਥਾਤ ਤਿੱਬਤ ਦੀ ਪਹਾੜਧਾਰਾ। ੨. ਤਿੱਬਤ ਦੇ ਪਹਾੜਾਂ ਵਿੱਚ ਰਹਿਣ ਵਾਲੇ ਲੋਕ. ਤਿੱਬਤੀ. "ਸਤਦ੍ਰਵਾਦ੍ਰਿ ਅਤਿ ਦ੍ਰਿੜ ਪਗ ਰੋਪੇ." (ਚਰਿਤ੍ਰ ੫੨)

ਸਤਦ੍ਰੂ: ਸੰ. ਸ਼ਤਦ੍ਰ ਸੰਗ੍ਯਾ- ਸੌ ਧਾਰਾ ਹੋ ਕੇ ਵਹਿਣ ਵਾਲਾ ਦਰਿਆ. ਸਤਲੁਜ. ਦੇਖੋ, ਸਤਦ੍ਰਵ.

ਸਤਧਨ੍ਵਾ: ਸੰਗ੍ਯਾ- ਸ਼ਤਧਨ੍ਵਨ ਸੰਗ੍ਯਾ- ਸੌ ਧਨੁਖ ਰੱਖਣ ਵਾਲਾ ਇੱਕ ਯਾਦਵ, ਜੋ ਹ੍ਰਿਦਕ ਦਾ ਪੁਤ੍ਰ ਸੀ. ਇਸ ਨੇ ਕ੍ਰਿਸ਼ਨ ਜੀ ਦੇ ਸਹੁਰੇ ਸਤ੍ਰਾਜਿਤ ਨੂੰ ਮਾਰਿਆ ਸੀ, ਇਸ ਕਰਕੇ ਕ੍ਰਿਸ਼ਨ ਜੀ ਨੇ ਚਕ੍ਰ ਨਾਲ ਸਤਧਨ੍ਵਾ ਦਾ ਸਿਰ ਵੱਢ ਦਿੱਤਾ. ਦੇਖੋ, ਸਤਧੰਨਾ ਅਤੇ ਧਨਸੱਤ. ਇਸ ਦੀ ਕਥਾ ਭਾਗਵਤ ਦੇ ਦਸਵੇਂ ਸਕੰਧ ਦੇ ੫੭ ਵੇਂ ਅਧ੍ਯਾਯ ਵਿੱਚ ਆਈ ਹੈ.

ਸਤਧਰਮ: ਸੰਗ੍ਯਾ- ਸਦ ਧਰਮ. ਸਿੱਖਧਰਮ. ਖ਼ਾਲਸਾ ਧਰਮ। ੨. ਵਿ- ਉੱਤਮ ਧਰਮ. ਸ਼ੁਭ ਕਰਮ, ਜੋ ਧਾਰਣ ਯੋਗ੍ਯ ਹੋਣ.

ਸਤਧਾ: ਸੰ. ਸ਼ਤਧਾ. ਵਿ- ਸੌ ਪ੍ਰਕਾਰ ਸੇ. ਸੌ ਤਰਾਂ ਨਾਲ। ੨. ਸੌ ਭਾਗਾਂ (ਹਿੱਸਿਆਂ) ਵਿੱਚ. "ਦੁਧਾ ਕਰਕੈ ਸਤਧਾ ਕਰਡਾਰੀ." (ਕ੍ਰਿਸਨਾਵ)

ਸਤਧਾਰਾ: ਸੰਗ੍ਯਾ- ਸ਼ਤਦ੍ਰਵ। ੨. ਪਹਾੜਾਂ ਦੀਆਂ ਸਪਤਧਾਰਾ. ਦੇਖੋ, ਕੁਲਪਰਬਤ.

ਸਤਧੰਨਾ: ਦੇਖੋ, ਸਤਧਨ੍ਵਾ. "ਸਤਧੰਨਾ ਭੀ ਸੰਗ ਚਲਾਯੋ." (ਕ੍ਰਿਸਨਾਵ)

ਸਤਨ: ਦੇਖੋ, ਸੁਨ ਅਤੇ ਥਣ.

ਸਤਨਾਜ, ਸਤਨਾਜਾ: ਸੰਗ੍ਯਾ- ਸੱਤ (ਸਪ੍ਤ) ਅੰਨਾਂ ਦਾ ਇਕੱਠ. ਮਿਲਾਏ ਹੋਏ ਸੱਤ ਪ੍ਰਕਾਰ ਦੇ ਅਨਾਜ. ਸ਼ਪ੍ਤਾਂਨੱ. ਚਾਵਲ, ਮੂੰਗੀ, ਕਣਕ, ਮਾਲਕੰਗਨੀ, ਤਿਲ, ਜੌਂ, ਛੋਲੇ. ਕਾਤ੍ਯਾਯਨ ਰਿਖੀ ਨੇ ਸਤਨਾਜਾ ਲਿਖਿਆ ਹੈ- ਧਾਨ, ਮੂੰਗੀ, ਮਾਂਹ, ਕਣਕ, ਸਰਸੋਂ, ਤਿਲ, ਜੌਂ ਕਈ ਗ੍ਰਹਾਂ ਲਈ ਇਸ ਦੇ ਦਾਨ ਦੀ ਵਿਧਿ ਲਿਖੀ ਹੈ. "ਤੇਲ ਮਾਂਹ ਸਤਨਾਜ ਮੰਗਾਇ." (ਗੁਪ੍ਰਸੂ)

ਸਤਨਾਮ: ਦੇਖੋ, ਸਤਿਨਾਮ.

ਸਤਨਾਮੀ: ਵਿ- ਸਤ੍ਯਨਾਮ ਦਾ ਉਪਾਸਕ। ੨. ਸੰਗ੍ਯਾ- ਇੱਕ ਹਿੰਦੂਮਤ ਦਾ ਫਿਰਕਾ, ਜੋ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆਕੇ ਜਗਜੀਵਨ ਦਾਸ ਦੀ ਪ੍ਰਧਾਨਗੀ ਵਿੱਚ ਮੁਗਲ ਰਾਜ ਦੇ ਵਿਰੁੱਧ ਹੋ ਗਿਆ ਸੀ. ਸਤਨਾਮੀਆਂ ਨੇ ਨਾਰਨੌਲ ਤੇ, (ਜੋ ਹੁਣ ਰਿਆਸਤ ਪਟਿਆਲੇ ਦੀ ਇੱਕ ਨਜ਼ਾਮਤ ੭੫ ਮੀਲ ਦਿੱਲੀ ਤੋਂ ਦੱਖਣ ਪੱਛਮ ਹੈ), ਕਬਜਾ ਕਰਕੇ ਸ਼ਾਹੀ ਫੌਜ ਨੂੰ ਹਾਰ ਦਿੱਤੀ ਸੀ. ਔਰੰਗਜ਼ੇਬ ਦੇ ਜਰਨੈਲ ਰਅ਼ਦ ਅੰਦਾਜ਼ ਖ਼ਾਨ ਨੇ ੧੫. ਮਾਰਚ ਸਨ ੧੬੭੨ ਨੂੰ ਸਤਨਾਮੀਆਂ ਨੂੰ ਫਤੇ ਕੀਤਾ. ਲੋਕਾਂ ਵਿੱਚ ਇਹ ਚਰਚਾ ਫੈਲ ਗਈ ਸੀ ਕਿ ਸਤਨਾਮੀਆਂ ਪਾਸ ਅਜੇਹਾ ਜਾਦੂ ਹੈ ਕਿ ਉਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਦਾ, ਇਸ ਲਈ ਔਰੰਗਜ਼ੇਬ ਨੇ ਆਪਣੇ ਹੱਥੀਂ. ਕੁਰਾਨ ਦੀਆਂ ਆਯਤਾਂ ਲਿਖਕੇ ਦਿੱਤੀਆਂ ਸਨ ਕਿ ਇਨ੍ਹਾਂ ਨੂੰ ਝੰਡੇ ਤੇ ਬੰਨਣ ਤੋਂ ਸਤਨਾਮੀਆਂ ਦਾ ਜਾਦੂ ਨਹੀਂ ਚਲ ਸਕੇਗਾ.

ਗੰਗਾਰਾਮ ਦਾ ਪੁਤ੍ਰ ਜਗਜੀਵਨ ਦਾਸ ਚੰਦੇਲ ਰਾਜਪੂਤ ਸੀ. ਇਸ ਦਾ ਜਨਮ ਬਾਰਾਬੰਕੀ ਜਿਲੇ ਦੇ ਸਰਦਹਾ ਪਿੰਡ ਵਿੱਚ ਹੋਇਆ ਸੀ. ਇਹ ਬਾਬਾ ਲਾਲ (ਜੋ ਸੀ. ਪੀ. ਦਾ ਵਸਨੀਕ ਜਹਾਂਗੀਰ ਵੇਲੇ ਪ੍ਰਸਿੱਧ ਸਾਧੂ ਹੋਇਆ ਹੈ ਉਸ) ਦਾ ਚੇਲਾ ਸੀ. ਜਗਜੀਵਨ ਦਾਸ ਦੇ ਰਚੇ ਗ੍ਰੰਥ ਅਘਵਿਨਾਸ਼, ਗ੍ਯਾਨਪ੍ਰਕਾਸ਼ ਆਦਿ ਵੇਦਾਂਤਮਤ ਨਾਲ ਮਿਲਦੇ ਹਨ. ਇਸ ਦੀ ਸੰਪ੍ਰਦਾ ਦੇ ਸਤਨਾਮੀਆਂ ਨੂੰ ਮੁੰਡਾ ਅਥਵਾ ਮੁੰਡਾਪੰਥੀ ਭੀ ਆਖਦੇ ਹਨ, ਕਿਉਂਕਿ ਉਹ ਮੂੰਹ ਸਿਰ ਭੌਹਾਂ ਸਮੇਤ ਮੁਨਾ ਦਿੰਦੇ ਹਨ।

੩. ਘਾਸੀ ਦਾਸ ਦਾ ਚਲਾਇਆ ਇੱਕ ਪੰਥ. ਸਨ ੧੮੩੫ ਵਿੱਚ ਮੱਧ ਭਾਰਤ ਦੇ ਪਿੰਡ ਭੰਡਾਰਾ ਵਿੱਚ ਚਮਾਰ ਕੁਲ ਅੰਦਰ ਘਾਸੀ ਦਾਸਦਾ ਜਨਮ ਹੋਇਆ. ਇਸ ਨੇ ਆਪਣੇ ਤਾਈਂ ਕਰਤਾਰ ਦਾ ਦੂਤ ਦੱਸਕੇ ਉਪਦੇਸ਼ ਦਿੱਤਾ ਕਿ ਪੂਜਾ. ਤੀਰਥ ਜੱਗ ਆਦਿ ਦੀ ਥਾਂ ਸੱਤਨਾਮ ਦਾ ਜਾਪ ਉੱਤਮ ਹੈ. ਇਸ ਦੇ ਪੁਤ੍ਰ ਬਾਲਕ ਦਾਸ ਨੇ ਭੀ ਪਿਤਾ ਵਾਙ ਸਤਨਾਮ ਦਾ ਪ੍ਰਚਾਰ ਕੀਤਾ ਅਰ ਬਹੁਤ ਚਮਾਰ ਚੇਲੇ ਹੋ ਗਏ, ਜੋ ਸਤਨਾਮੀ ਕਹੇ ਜਾਂਦੇ ਹਨ. ਇਹ ਆਪੋ ਵਿੱਚੀ ਮਿਲਣ ਸਮੇਂ ਸਤਨਾਮ ਆਖਦੇ ਹਨ ਅਰ ਇਸੇ ਨਾਮ ਦੀ ਮਾਲਾ ਫੇਰਦੇ ਹਨ. ਇਨ੍ਹਾਂ ਦਾ ਧਰਮਗ੍ਰੰਥ "ਨਿਰਵਾਣ" ਨਾਮਕ ਫਰਰੁਖਾਬਾਦ ਦੇ ਸਤਨਾਮੀਆਂ ਪਾਸ ਹੈ. ਸਤਨਾਮੀ ਲੋਕ

ਨਸ਼ਿਆਂ ਤੋਂ ਬਹੁਤ ਬਚਦੇ ਹਨ.

ਸਤ ਪਕਵਾਨੀ: ਸੰਗਯਾ- ਸੱਤ ਪ੍ਰਕਾਰ ਦਾ ਪਕ੍ਵ ਅੰਨ. ਘੀ ਵਿੱਚ ਪੱਕੀ ਹੋਈ ਸੱਤ ਪ੍ਰਕਾਰ ਦੀ ਮਿਠਾਈ. ਲੱਡੂ, ਜਲੇਬੀ, ਬਰਫੀ, ਬਾਲੂਸ਼ਾਹੀ, ਮੱਠੀ, ਨੁਗਦੀ, ਸ਼ਕਰਪਾਰਾ. "ਸਤ ਪਕਵਾਨੀ ਆਨ ਅਹਾਰੇ." (ਗੁਪ੍ਰਸੂ)

ਸਤਪਤ: ਵਿ- ਤਪ੍ਤ ਸਹਿਤ. ਸਤਾਪ. "ਕਰਕ ਸਬਦ ਸਤਪਤ ਕਟੁ ਕਮ ਹੈ." (ਭਾਗੁ ਕ) ਕੌੜਾ ਸ਼ਬਦ ਸੰਤਾਪ ਦੇਣ ਵਾਲਾ ਹੈ ਅਤੇ ਸਾਰੀ ਕੁੜੱਤਣਾਂ ਉਸ ਤੋਂ ਘੱਟ ਹਨ.

ਸਤਪਤ੍ਰ: ਸੰ. शतपत्र ਸੰਗਯਾ- ਕਮਲ, ਜਿਸ ਦੀ ਸੌ (ਬਹੁਤ) ਪੰਖੜੀਆਂ (ਪੱਤੀਆਂ) ਹਨ. "ਨਹਿ ਤਤ੍ਰਥਲੀ ਸਤਪਤ੍ਰ ਰਹੇ." (ਰਾਮਾਵ) ੨. सत्पत्त् ਭੀ ਕਮਲ ਲਈ ਸੰਸਕ੍ਰਿਤ ਸ਼ਬਦ ਹੈ, ਜਿਸ ਦਾ ਅਰਥ ਹੈ ਸੁੰਦਰ ਪਤ੍ਰਾਂ ਵਾਲਾ. ਸ਼ੋਭਨ ਹਨ ਦਲ ਜਿਸ ਦੇ.

ਸ਼ਤਪਥ: ਸੰ. ਸੈਂਕੜੇ ਰਾਹ ਦੱਸਣ ਵਾਲਾ ਯਜੁਰਵੇਦ ਦਾ ਇੱਕ ਬ੍ਰਾਹਮਣ ਗ੍ਰੰਥ.

ਸ਼ਤਪਦ: ਸੰ. ਸ਼ਤਪਦ. ਸੰ. ਸੌ (ਬਹੁਤ) ਪੈਰਾਂ ਵਾਲਾ, ਕੰਨ ਖਜੂਰਾ. ਦੇਖੋ, ਅੰ. Centipede। ੨. ਸੌ ਕਦਮ.

ਸਤਪੁਤ੍ਰ: ਵਿ- ਉੱਤਮ ਪੁਤ੍ਰ. ਭਲਾ ਬੇਟਾ. "ਅਪਜਸੰ ਮਿਟੰਤ ਸਤਪੁਤ੍ਰਹ." (ਗਾਥਾ)

ਸਤਪੁਰਖ, ਸਤਪੁਰਖੁ: ਸੰ. सत्पुरुष. ਵਿ- ਉੱਤਮ ਪੁਰਸ਼. ਸ਼੍ਰੇਸ਼੍ਠ ਜਨ. "ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ." (ਵਾਰ ਵਡ ਮਃ ੪) ੨. ਸੰਗਯਾ- ਸਤਯ ਅਤੇ ਪੂਰਣ ਰੂਪ. ਪਾਰਬ੍ਰਹਮ. ਵਾਹਗੁਰੂ.

ਸਤਪੁਰੀਆ: ਹਿੰਦੂਆਂ ਦੀਆਂ ਸੱਤ ਪਵਿਤ੍ਰ ਪੁਰੀਆਂ- ਅਯੋਧਯਾ, ਮਥੁਰਾ, ਮਾਯਾ (ਹਰਿਦ੍ਵਾਰ), ਕਾਸ਼ੀ, ਕਾਂਚੀ (Conjeeveram), ਅਵੰਤਿਕਾ (ਉੱਜਯਨੀ), ਦ੍ਵਾਰਾਵਤੀ।[180] ੨. ਦੇਖੋ, ਕਉਲਾਸਨਿ.

ਸਤ ਪੰਜ ਨਉ: ਦੇਖੋ, ਪੰਜ ਸਤ ਨਉ.

ਸਤ ਪ੍ਰਵਾਹਨਿਨ, ਸਤ ਪ੍ਰਵਾਹਨੀ: ਸੰਗਯਾ- ਸੌ ਪ੍ਰਵਾਹ ਵਾਲੀ ਸਤਦ੍ਰੂ, ਉਸ ਵਾਲੀ ਪ੍ਰਿਥਿਵੀ. (ਸਨਾਮਾ)

ਸਤਬਚਨ: ਵਿ- ਸਤਯ ਵਾਕਯ. ਯਥਾਰਥ ਵਚਨ। ੨. ਵਯ- ਹੱਛਾ! ਚੰਗਾ! ਅੰਗੀਕਾਰ ਬੋਧਕ ਸ਼ਬਦ.

ਸਤਬਚਨੀਆ: ਵਿ- ਹਾਂ ਹਾਂ ਕਰਨ ਵਾਲਾ. ਖ਼ੁਸ਼ਾਮਦੀ. ਬਿਨਾ ਵਿਚਾਰੇ ਬਾਤ ਨੂੰ ਮੰਨਣ ਵਾਲਾ.

ਸਤਬ੍ਰਤ: ਸੰ. सत्यव्रत ਸਤਯਵ੍ਰਤ. ਵਿ- ਸੱਚ ਨਿਯਮ ਦੇ ਧਾਰਨ ਵਾਲਾ. ਸਤਯਵ੍ਰਤ ਧਾਰੀ. "ਸਤਿ ਸਰੂਪ ਸਦੈਵ ਸਤਬ੍ਰਤ." (੩੩ ਸਵੈਯੇ)

ਸਤਭਰਾਈ: ਖਹਿਰਾ ਗੋਤ ਦੇ ਜੱਟ ਮਹਿਮਾ ਦੀ ਇਸਤ੍ਰੀ, ਜੋ ਸਤਿਗੁਰੂ ਨਾਨਕ ਦੇਵ ਦੀ ਅਨਨਯ ਸੇਵਕਾ ਸੀ. ਇਹ ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਭੀ ਸੇਵਾ ਬਹੁਤ ਪ੍ਰੇਮ ਨਾਲ ਕਰਦੀ ਰਹੀ ਹੈ. ਸਤਿਗੁਰੂ ਦੀ ਆਗਯਾਨੁਸਾਰ ਪਾਉ ਕੱਚੇ ਦੀ ਅਲੂਣੀ ਅਤੇ ਅਣਚੋਪੜੀ ਰੋਟੀ ਨਿੱਤ ਸ਼੍ਰੀ ਗੁਰੂ ਅੰਗਦ ਦੇਵ ਜੀ ਨੂੰ ਅਰਪਦੀ ਸੀ, ਜਿਸਦੇ ਆਧਾਰ ਗੁਰੂ ਸਾਹਿਬ ਅੱਠ ਪਹਿਰ ਨਿਰਵਾਹ ਕਰਦੇ. ਕਈ ਲੇਖਕਾਂ ਨੇ ਇਸ ਦਾ ਨਾਉਂ ਸਭਰਾਈ ਅਤੇ ਵਿਰਾਈ ਭੀ ਲਿਖਿਆ ਹੈ.

ਸਤਭਾਉ, ਸਤਭਾਇ: ਸੰ. सद्भाव ਸਦਭਾਵ. ਸੰਗਯਾ- ਸਾਧੁ ਭਾਵ. ਨੇਕ ਖ਼ਿਆਲ. "ਕਰਮ ਧਰਮ ਸੰਜਮ ਸਤਭਾਉ." (ਆਸਾ ਮਃ ੧) "ਮਤਿ ਸਤਭਾਇ ਭਗਤਿ ਗੋਬਿੰਦ." (ਪ੍ਰਭਾ ਮਃ ੧) ੨. ਵਿਦਯ- ਮਾਨਤਾ. ਹੋਂਦ "ਸੇਵਕ ਕੈ ਸਤਭਾਇ." (ਸ੍ਰੀ ਮਃ ੫) ੩. ਪੂਰਣ ਵਿਚਾਰ. ਯਥਾਰਥ ਵਿਚਾਰ. "ਅਗੋਦੇ ਸਤਭਾਉ ਨ ਦਿਚੈ, ਪਿਛੋਦੇ ਆਖਿਆ ਕੰਮਿ ਨ ਆਵੈ." (ਵਾਰ ਗਉ ੧. ਮਃ ੪)

---

[180] अयोध्या मथुरा माया काशी काञ्ची अवन्तिका। पुरी द्वारावती चैव सप्तैता मोक्षदायिकाः॥ ਤੀਰਥ (ਪਾਰਿਜਾਤ)

ਸਤਭਾਮਨ, ਸਤਭਾਮਾ: सत्यभामा- ਸਤਜਭਾਮਾ. ਸਤ੍ਰਾਜਿਤ ਦੀ ਪੁਤ੍ਰੀ ਅਤੇ ਕ੍ਰਿਸ਼ਨ ਜੀ ਦੀ ਰਾਣੀ, ਜਿਸ ਦੇ ਆਖੇ ਕ੍ਰਿਸ਼ਨ ਜੀ ਨੇ ਇੰਦ੍ਰਲੋਕ ਤੋਂ ਪਾਰਿਜਾਤ ਲਿਆਂਦਾ ਸੀ. "ਸਤਭਾਮਨ ਕੋ ਕਬਿ ਸਜਾਮ ਭਨੈ ਜਿਹ ਕੋ ਸਭ ਲੋਗਨ ਮੇ ਜਸ ਛਾਯੋ." (ਕ੍ਰਿਸਨਾਵ) "ਘਨਸਜਾਮ ਸਾਥ ਸਤਭਾਮਾ। ਤਿਮ ਮਿਲੀ ਰਹਿਤ ਸੁਖਧਾਮਾ।।" (ਗੁਪ੍ਰਸੂ)

ਸਤਭਿਖਿਆ: ਸੰਗਯਾ- ਉੱਤਮ ਭਿਖਯਾ. ਹਠ ਲੋਭ ਪਾਖੰਡ ਆਦਿਕ ਵਿਕਾਰਾਂ ਦੇ ਅਸਰ ਬਿਨਾ ਮਿਲਿਆ ਅੰਨ. "ਛਾਦਨ ਭੋਜਨ ਨ ਲੈਹੀ ਸਤਭਿਖਿਆ." (ਵਾਰ ਗੂਜ ੧. ਮਃ ੩)

ਸਤ ਭੂਮਿਕਾ: ਦੇਖੋ, ਭੂਮਿਕਾ.

ਸਤਮ: ਸੰ. सत्तम- ਸੱਤਮ. ਵਿ- ਅਤਿ ਉੱਤਮ. ਅਤਯੰਤ ਸ਼੍ਰੇਸ਼੍ਠ. "ਸਾਧੂ ਸਤਮ ਜਾਣੋ." (ਗਾਥਾ)

ਸਤਮਖ: ਸ਼ਤ ਮਖ. ਸ਼ਤ (ਸੌ) ਮਖ (ਯਗਯ) ਕਰਨ ਵਾਲਾ, ਇੰਦ੍ਰ. ਦੇਖੋ, ਸਤਕ੍ਰਤੁ.

ਸ਼ਤਮਨਯੁ: ਦੇਖੋ, ਸਤਮੰਨੂ.

ਸਤਮਾਸਾ, ਸਤਮਾਹਾ: ਵਿ. ਅਤੇ ਸੰਗਯਾ- ਸੱਤਵੇਂ ਮਹੀਨੇ ਜੰਮਣ ਵਾਲਾ ਬੱਚਾ। ੨. ਸੱਤ ਮਹੀਨਿਆਂ ਵਿੱਚ ਹੋਣ ਵਾਲਾ ਕਰਮ.

ਸਤਮੁਖ, ਸਤਮੁਖੀ: ਦੇਖੋ, ਸ਼ਤਘ੍ਨੀ। ੨. ਕ੍ਰਿ. ਵਿ- ਸੈਂਕੜੇ ਪ੍ਰਕਾਰ ਨਾਲ. ਸੌ ਤਰਾਂ.

ਸਤਮੌਰ: ਸੰ. ਸ਼ਤਮੌਲਿ. ਸੰਗਯਾ- ਸ਼ਤ (ਅਨੰਤ) ਮੁਕੁਟ ਰੱਖਣ ਵਾਲਾ ਭੌਮਾਸੁਰ ਜਿਸ ਨੇ ਅਨੇਕ ਰਾਜਿਆਂ ਦੇ ਤਾਜ ਖੋਹਕੇ ਆਪਣੇ ਸਿਰ ਉੱਪਰ ਧਾਰਨ ਕੀਤੇ ਸਨ. "ਜਿਹ ਕੂਦ ਕਿਲੈਂ ਸਤਮੌਰ ਮਰਯੋ." (ਕ੍ਰਿਸਨਾਵ) ਦੇਖੋ, ਭੌਮਾਸੁਰ.

ਸਤਮੰਨੂ: ਸੰ. ਸ਼ਤਮਨਯੁ. ਸੰਗਯਾ- ਸੌ ਮਨਯੁ (ਯਗਯ) ਕਰਨ ਵਾਲਾ. ਇੰਦ੍ਰ. ਦੇਖੋ, ਸਤਕ੍ਰਤੁ. "ਸਤਮੰਨੂ ਅਵਿਲੋਕਯੋ ਜਬਹੀ." (ਨਾਪ੍ਰ) ੨. ਵਿ- ਵਡਾ ਕ੍ਰੋਧੀ. ਮਨਯੁ ਦਾ ਅਰਥ ਕ੍ਰੋਧ ਭੀ ਹੈ। ੩. ਸੰਗਯਾ- ਉੱਲੂ.

ਸਤਰ: ਅ਼. سطر ਸਤ਼ਰ. ਸੰਗਯਾ- ਰੇਖਾ. ਲੀਕ। ੨. ਪੰਕ੍ਤਿ. ਲਿਖੀ ਹੋਈ ਅੱਖਰ ਰੇਖਾ। ੩. ਸੰ. ਸਪ੍ਤਤਿ. ਸੱਤਰ- ੭੦। ੪. ਅ਼. ستر ਪਰਦਾ. ਦੇਖੋ, ਸੰ. ਸ੍ਤ੍ਰੀ। ੫. ਵਿ- ਮਸਤੂਰ. ਗੁਪਤ. ਪੋਸ਼ੀਦਾ. ਦੇਖੋ, ਸਤਰਿ। ੬. ਸੰ. सत्तर ਅਤਿ ਉੱਤਮ. ਬਹੁਤ ਹੱਛਾ.

ਸਤਰਦੋਇ: ਦੇਖੋ, ਸਤਰਿਦੋਇ.

ਸਤਰਾਨਾ: ਕ੍ਰਿ. ਸੰਤ੍ਰਸਨ. ਡਰਨਾ। ੨. ਵਯਾਕੁਲ ਹੋਣਾ। ੩. ਸਤ੍ਵਰ ਹੋਣਾ. ਕਾਹਲੀ ਕਰਨੀ.

ਸਤਰਿ: ਸੰ. ਸਪ੍ਤਤਿ. ਸੱਤਰ- ੭੦। ੨. ਦੇਖੋਤ ਸਤਰ ੫. "ਸਤਰਿ ਕਾਬਾ ਘਟ ਹੀ ਭੀਤਰਿ." (ਆਸਾ ਕਬੀਰ) ਗੁਪਤ ਕਾਬਾ ਘਟ ਹੀ ਭੀਤਰਿ.

ਸਤਰਿ ਸੈਇ: ਸਪ੍ਤਤਿ ਸ਼ਤ. ਸੱਤਰ ਸੌ. "ਸਤਰਿ ਸੈਇ ਸਲਾਰ ਹੈ ਜਾਕੇ." (ਭੈਰ ਕਬੀਰ) ਸੱਤਰ ਹਜ਼ਾਰ ਸਰਦਾਰ ਅਥਵਾ ਸਿਪਹਸਾਲਾਰ ਤੋਂ ਭਾਵ ਅਨੰਤ ਹੈ. ਇਸਲਾਮ ਦੀ ਕਿਤਾਬਾਂ ਵਿੱਚ ਇਹ ਭੀ ਜਿਕਰ ਆਇਆ ਹੈ ਕਿ ਕਰਤਾਰ ਆਪਣੇ ਪੈਗੰਬਰਾਂ ਦੀ ਸਹਾਇਤਾ ਲਈ ਫਰਿਸ਼ਤਿਆਂ ਨੂੰ ਯੋਧਿਆਂ ਦੀ ਸ਼ਕਲ ਵਿੱਚ ਭੇਜਦਾ ਹੈ. ਦੇਖੋ, . ਕੁਰਾਨ ਪਾਰਾ ੪, ਸੂਰਤ ਆਲ ਇ਼ਮਰਾਨ ੩, ਰੁਕੂਅ਼ ੧੩. ਦੇਖੋ, ਸਲਾਰ.

ਸਤਰਿਦੋਇ: ਸੰ. ਦ੍ਵਿਸਪ੍ਤਤਿ. ਬਹੱਤਰ- ੭੨. "ਸਤਰਿ ਦੋਇ ਭਰੇ ਅੰਮ੍ਰਿਤ ਸਰਿ." (ਧਨਾ ਨਾਮਦੇਵ) ਯੋਗੀਆਂ ਦੀਆਂ ਮੰਨੀਆਂ ਬਹੱਤਰ ਪ੍ਰਧਾ ਨਾੜੀਆਂ ਕਰਤਾਰ ਦੇ ਨਾਉਂ ਰਸ ਨਾਲ ਭਰਪੂਰ ਹੋ ਗਈਆਂ ਹਨ. ਭਾਵ- ਸਾਰਾ ਸ਼ਰੀਰ.

ਸਤਰੂਪਾ: ਸੰ. ਸ਼ਤਰੂਪਾ. ਸ਼ਤ (ਸੈਂਕੜੇ) ਹਨ ਜਿਸ ਦੇ ਰੂਪ, ਐਸੀ ਸ੍ਵਯੰਭੁ ਮਨੁ ਦੀ ਇਸਤ੍ਰੀ. ਪੁਰਾਣਾਂ ਵਿੱਚ ਜਿਕਰ ਹੈ ਕਿ ਬ੍ਰਹਮਾ ਨੇ ਆਪਣੇ ਸ਼ਰੀਰ ਦੇ ਦੋ ਭਾਗ ਕਰ ਦਿੱਤੇ. ਅੱਧੇ ਤੋਂ ਮਨੁ ਅਤੇ ਅੱਧੇ ਤੋਂ ਸ਼ਤਰੂਪਾ ਰਚੀ. ਇਸ ਜੋੜੇ ਨੇ ਸਾਰੀ

ਸੰਸਾਰਰਚਨਾ ਕੀਤੀ. "ਪੂਰਬ ਬਿਧਿ ਤੇ ਮਨੁ ਸਤਰੂਪਾ। ਨਰ ਤਿਯ ਉਪਜੇ ਗੁਣਨ ਅਨੂਪਾ." (ਨਾਪ੍ਰ) ਦੇਖੋ, ਮਨੁ.

ਸਤਰੋਹਣਿ: ਦੇਖੋ, ਸਪਤਨਾੜੀ ਚਕ੍ਰ.

ਸ਼ਤਰੰਜ, ਸ਼ਤ੍ਰੰਜ: ਅ਼. شطرنج ਸੰਗਯਾ- ਸ਼ਤ (ਸਮੁੰਦਰ) ਰੰਜ (ਫ਼ਿਕਰ). ਜੋ ਸੋਚ ਵਿਚਾਰਕੇ ਖੇਡਿਆ ਜਾਵੇ. ਜਗਤ ਪ੍ਰਸਿੱਧ ਇੱਕ ਖੇਡ. ਕਈ ਵਿਦ੍ਵਾਨ ਆਖਦੇ ਹਨ ਕਿ ਇਸ ਦਾ ਮੂਲ ਸ਼ਸ਼ਰੰਗ ਹੈ, ਅਰਥਾਤ ਛੀ ਰੰਗ. ਛੀ ਪ੍ਰਕਾਰ ਦੇ ਮੁਹਰੇ (ਪਾਤਸ਼ਾਹ, ਵਜ਼ੀਰ, ਫੀਲਾ, ਘੋੜਾ, ਰੁਖ ਅਤੇ ਪਿਆਦਾ) ਹੋਣ ਜਿਸ ਵਿੱਚ. ਇਹ ੬੪ ਖਾਨਿਆਂ ਦੀ ਬਿਸਾਤ ਉੱਪਰ ਖੇਡੀਦਾ ਹੈ. ਦੋਹੀਂ ਪਾਸੀਂ ਸੋਲਾਂ ਸੋਲਾਂ ਮੁਹਰੇ ਹੁੰਦੇ ਹਨ. ਜਦ ਬਾਦਸ਼ਾਹ ਅਜੇਹੇ ਖਾਨੇ ਵਿੱਚ ਪਹੁੰਚ ਜਾਵੇ ਕਿ ਉਸ ਦੀ ਚਾਲ ਪੂਰੀ ਤਰਾਂ ਬੰਦ ਹੋ ਜਾਵੇ ਤਦ ਬਾਜੀ ਮਾਤ ਹੋ ਜਾਂਦੀ ਹੈ. "ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ." (ਆਸਾ ਮਃ ੧) ਦੇਖੋ, ਪੱਕੀ ਸਾਰੀ.

ਸ਼ਤਰੰਜੀ, ਸ਼ਤ੍ਰੰਜੀ: ਫ਼ਾ. شطرنجی ਸੰਗਯਾ- ਉਹ ਬਿਛਾਉਣਾ, ਜਿਸ ਉੱਪਰ ਸ਼ਤ੍ਰੰਜ ਦੇ ਖਾਨੇ ਬਣੇ ਹੋਣ। ੨. ਹੁਣ ਦਰੀਮਾਤ੍ਰ ਦੀ ਸ਼ਤਰੰਜੀ ਸੰਗਯਾ ਹੋ ਗਈ ਹੈ. "ਜਾਜਮ ਅਰੁ ਸਤਰੰਜੀ ਸੰਗ." (ਗੁਪ੍ਰਸੂ)

ਸਤਲਜ: ਦੇਖੋ, ਸਤਦ੍ਰਵ.

ਸਤਲਾਣੀ: ਲਹੌਰ ਤੋਂ ਬਾਰਾਂ ਕੋਹ ਚੜ੍ਹਦੇ ਵੱਲ ਇੱਕ ਪਿੰਡ. ਛੀਵੇਂ ਸਤਿਗੁਰੂ ਜੀ ਇਸ ਥਾਂ ਪਧਾਰੇ ਹਨ. ਭਾਈ ਬਲ੍ਹਾਕਾ ਸਿੰਘ ਜੀ ਦਸ਼ਮੇਸ਼ ਦੇ ਹਜ਼ੂਰੀ ਇਸ ਗੁਰਦ੍ਵਾਰੇ ਦੇ ਪਹਿਲੇ ਮਹੰਤ ਹੋਏ. ਫੇਰ ਉਨ੍ਹਾਂ ਦੇ ਸੁਪੁਤ੍ਰ ਭਾਈ ਬਸਤੀ ਰਾਮ ਜੀ ਦੀ ਨਿਗਰਾਨੀ ਵਿੱਚ ਕਈ ਸਿੰਘ ਸੇਵਾ ਕਰਦੇ ਰਹੇ. ਇੱਥੋਂ ਦੇ ਮਹੰਤਾਂ ਵਿੱਚੋਂ ਭਾਈ ਕ੍ਰਮਾ ਸਿੰਘ ਜੀ ਕਰਣੀ ਵਾਲੇ ਗੁਰਮੁਖ ਸਿੰਘ ਸਨ, ਜਿਨ੍ਹਾਂ ਨੇ ਇਸ ਥਾਂ ਨੂੰ ਵਡੀ ਰੌਨਕ ਦਿੱਤੀ. ਭਾਈ ਵੀਰ ਸਿੰਘ ਜਿਸ ਨੂੰ ਨਿਹੰਗ ਸਿੰਘ ਅਤੇ ਦਿੱਲੀ ਤੋੜ ਸਿੰਘ ਲੋਕ ਆਖਦੇ ਸਨ, ਮਾਝੇ ਦੇਸ ਅਤੇ ਲਾਟ ਸਾਹਿਬ ਪੰਜਾਬ ਤੋਂ ਸਨਮਾਨ ਨਾਲ ਵੇਖਿਆ ਜਾਂਦਾ ਸੀ. ਇਸ ਪਿੱਛੋਂ ਮਹੰਤ ਕਿਰਪਾ ਸਿੰਘ ਵੇਲੇ ਅਸਥਾਨ ਦੀ ਮਰਜਾਦਾ ਵਿੱਚ ਫਰਕ ਆਗਿਆ, ਜਿਸ ਤੋਂ ਉਸ ਨੂੰ ਮਹੰਤੀ ਤੋਂ ਅਲਗ ਹੋਣਾ ਪਿਆ. ਹੁਣ ਕਮੇਟੀ ਦੇ ਹੱਥ ਸਾਰਾ ਪ੍ਰਬੰਧ ਹੈ. ਰੇਲਵੇ ਸਟੇਸ਼ਨ ਦਾ ਨਾਉਂ ਗੁਰੂਸਰ ਸਤਲਾਨੀ ਹੈ. ਦੇਖੋ, ਗੁਰੂਸਰ ਸਤਲਾਣੀ.

ਸਤਲੁਜ: ਦੇਖੋ, ਸਤਦ੍ਰਵ.

ਸਤਵ: ਸੰ. ਸ੍ਤਵ. ਸੰਗਯਾ- ਉਸਤਤਿ. ਵਡਿਆਈ. ਤਅ਼ਰੀਫ.

ਸਤਵਨ: ਸੰ. ਸ੍ਤਵਨ ਸੰਗਯਾ- ਸ੍ਤੁਤਿ ਕਰਨ ਦਾ ਕਰਮ. ਤਅ਼ਰੀਫ਼ ਕਰਨੀ.

ਸ਼ਤਵਾਹਨ: ਦੇਖੋ, ਸਾਲਿਬਾਹਨ.

ਸਤਵਾਦੀ: ਸੰ. सत्यवादिन. ਵਿ- ਸੱਚ ਬੋਲਣ ਵਾਲਾ.

ਸਤਵਾਰਾ, ਸਤਵਾੜਾ: ਸੰਗਯਾ- ਸੱਤ ਦਿਨ (ਵਾਰ) ਦਾ ਸਮਾ. ਹਫ਼ਤਾ.

ਸਤਵੰਜਾ: ਸਪ੍ਤਪੰਚਾਸ਼ਤ. ਪਚਾਸ ਉੱਤੇ ਸੱਤ- ੫੭.

ਸਤਵੰਤ, ਸਤਵੰਤਾ: ਵਿ- ਸਤ (ਯਤ) ਵਾਲਾ. ਜਤੀ। ੨. ਸਤਜਵ੍ਰਤੀ. ਸੱਚ ਧਾਰਣ ਵਾਲਾ.

ਸਤਵੰਤਾਸਾੜਾ: ਵਿ- ਬ੍ਰਹਮਚਾਰੀ ਦਾ ਪਲਾਸਦੰਡ ( अशाडा ) ਧਾਰਨ ਕਰਨ ਵਾਲਾ. ਜਤੀ. ਬ੍ਰਹਮਚਾਰੀ. "ਸਭ ਇੰਦ੍ਰੀ ਵਸਿ ਕਰਦਿਤੀਓ ਸਤਵੰਤਾਸਾੜਾ." (ਵਾਰ ਮਾਰੂ ੨, ਮਃ ੫)

ਸਤਾ: ਦੇਖੋ, ਸਤਹ ਅਤੇ ਸੱਤਾ.

ਸਤਾਉਣਾ: ਕ੍ਰਿ. - ਸੰਤਾਪਨ. ਸੰਤਪ੍ਤ ਕਰਨਾ. ਕ੍ਰੋਧ ਵਿੱਚ ਲਿਆਉਣਾ। ੨. ਖਿਝਾਉਣਾ। ੩. ਦੁਖਾਉਣਾ. "ਜੀਅ ਜੰਤੁ ਨ

ਸਤਾਵਉ ਗੋ." (ਰਾਮ ਨਾਮਦੇਵ)

ਸਤਾਈ, ਸਤਾਈਸ: ਸਪ੍ਤਵਿੰਸ਼ਤਿ. ਵੀਹ ਉੱਪਰ ਸੱਤ- ੨੭.

ਸਤਾਈਸ ਨਛਤ੍ਰ: ਦੇਖੋ, ਨਛਤ੍ਰ.

ਸਤਾਸੀ: ਸਪ੍ਤਾਸ਼ੀਤਿ. ਅੱਸੀ ਉੱਪਰ ਸੱਤ- ੮੭.

ਸਤਾਗਲ: ਸੰ. शपथ अाङ गुलीक ਸਪਥ ਅੰਗੁਲੀਕ. ਸੰਗਯਾ- ਪ੍ਰਤਿਗ੍ਯਾਪਤ੍ਰ ਉੱਤੇ ਲੱਗਾ ਹੋਇਆ ਪੰਜਾ. ਦੇਖੋ, ਪੰਜਾ ੫. "ਸਚ ਲਹਿਣਾ ਕੂੜ ਦੇਵਣਾ, ਖਤ ਸਤਾਗਲ ਲਿਖ ਦੇਵਾਯਾ." (ਭਾਗੁ)

ਸਤਾਗਾਮਿਨੀ: ਸ਼ਤਦ੍ਰ. (ਸਨਾਮਾ) ਦੇਖੋ, ਸਤਗਾਮਨਿ ਅਤੇ ਸਤਦ੍ਰਵ.

ਸਤਾਣ, ਸਤਾਣਾ, ਸਤਾਣੀ: ਵਿ- ਤ੍ਰਾਣ ਸਹਿਤ. ਰਖ੍ਯਾ ਸਹਿਤ। ੨. ਤਨ ( तन् ) ਧਾਤੁ ਦਾ ਅਰਥ ਫੈਲਾਉਣਾ, ਭਰੋਸਾ ਕਰਨਾ, ਆਸਾਰ ਦੇਣਾ, ਆਦਿਕ ਹਨ, ਇਸ ਲਈ ਸਤਾਣਾ ਦਾ ਅਰਥ ਹੈ ਰੱਛਕ, ਵਿਸ਼੍ਵਾਸ ਯੋਗ੍ਯ, ਵਿਸਤੀਰਣ. ਸੰਪ੍ਰਦਾਈ ਗ੍ਯਾਨੀ ਬਲ (ਤਾਣ) ਵਾਲਾ ਅਰਥ ਭੀ ਕਰਦੇ ਹਨ. "ਸੰਤ ਹਮਾਰੀ ਓਟ ਸਤਾਣੀ." (ਸੋਰ ਮਃ ੫) "ਸਚ ਕੋਟ ਸਤਾਣੀ ਨੀਵਦੈ." (ਵਾਰ ਰਾਮ ੩) ੩. ਫ਼ਾ. ਸਿਤਾਂ (ਅਸਥਾਨ) ਅਰਥ ਵਿੱਚ ਭੀ ਇਹ ਸ਼ਬਦ ਵਰਤਿਆ ਹੈ, ਯਥਾ- "ਮਰਗਸਤਾਣੀ ਚਿਤਿ ਧਰ." (ਸ. ਫਰੀਦ) ਮਰਗਿਸਤਾਂ (ਸ਼ਮਸ਼ਾਨ ਭੂਮਿ) ਨੂੰ ਚੇਤੇ ਰੱਖ.

ਸਤਾਦਹ: ਫ਼ਾ. ستادہ ਵਿ- ਅਸਤਾਦਹ ਦਾ ਸੰਖੇਪ. ਖੜਾ. ਖਲੋਤਾ.

ਸਤਾਨ: ਦੇਖੋ, ਸ਼ੈਤਾਨ। ੨. ਫ਼ਾ. ستان ਸਿਤਾਂ. ਅਸਥਾਨ. ਜਗਾ. ਥਾਂ.

ਸਤਾਨਵਾਂ: ਵਿ- ਸਪ੍ਤਨਵਤਿਤਮ. ਦੇਖੋ, ਅੰ. Seventy ninth. ਦੇਖੋ, ਆਵਨਿ ਅਠਤਰੈ.

ਸਤਾਨਵੇ: ਸਪ੍ਤਨਵਤਿ. ਨੱਵੇ ਉੱਪਰ ਸੱਤ- ੯੭। ੨. ਸਤਾਨਵੇ ਸਾਲ ਵਿੱਚ. ਦੇਖੋ, ਆਵਨਿ ਅਠਤਰੈ.

ਸਤਾਨਾ: ਦੇਖੋ, ਸਤਾਉਣਾ. "ਜਬ ਤੋ ਕੋ ਦਿਜ! ਕਾਲ ਸਤੈ ਹੈ." (ਚਰਿਤ੍ਰ ੨੬੬)

ਸਤਾਨੰਦ: ਸੰ. शतानन्द ਵਿ- ਸੈਕੜਿਆਂ ਨੂੰ ਆਨੰਦ ਦੇਣ ਵਾਲਾ। ੨. ਸੰਗ੍ਯਾ- ਅਹਲ੍ਯਾ ਦੇ ਪੇਟੋਂ ਗੋਤਮ ਦਾ ਪੁਤ੍ਰ, ਜੋ ਰਾਜਾ ਜਨਕ ਦਾ ਪੁਰੋਹਿਤ ਸੀ। ੩. ਬ੍ਰਹਮਾ. ਚਤੁਰਾਨਨ। ੪. ਵਿਸ਼ਨੁ। ੫. ਕ੍ਰਿਸ਼ਨ। ੬. ਵਿਸ਼ਨੁ ਦਾ ਰਥ.

ਸਤਾਬ: ਦੇਖੋ, ਸ਼ਿਤਾਬ.

ਸਤਾਬਦ: ਸੰ. ਸ਼ਤਾਬ੍ਦ. ਵਿ- ਸ਼ਤ (ਸੌ) ਅਬ੍ਦ (ਸਾਲ). ਸਦੀ. ਸੌ ਵਰ੍ਹਾ.

ਸਤਾਰ: ਦੇਖੋ, ਸਿਤਾਰ। ੨. ਅ਼. ستار ਸੱਤਾਰ. ਵਿ- ਪੜਦਾ ਢਕਣ ਵਾਲਾ. "ਸਿਫਤ ਕਹਾਰ ਸਤਾਰ ਹੈ ਸਾਹਿਬ ਕੀ ਦੋਹੀ." (ਗੁਪ੍ਰਸੂ) ੩. ਸੰ. शतार ਸ਼ਤ (ਸੌ) ਆਰ (ਦੰਦੇ) ਵਾਲਾ. ਸੁਦਰਸ਼ਨ ਚਕ੍ਰ। ੪. ਵਜ੍ਰ.

ਸਤਾਰਾ: ਦੇਖੋ, ਸਿਤਾਰਾ.

ਸਤਾਰਾਂ: ਸੰਗ੍ਯਾ- ਸੱਤ ਅਤੇ ਦਸ਼. ਸਪ੍ਤਦਸ਼- ੧੭

ਸਤਾਰਾਂ ਦੇਵਤਾ: ਦੇਖੋ, ਵੈਦਿਕ ਦੇਵਤੇ.

ਸਤਾਵਨ: ਸਪ੍ਤਪੰਚਾਸ਼ਤ. ਪੰਜਾਹ ਉੱਪਰ ਸੱਤ- ੫੭। ੨. ਕ੍ਰਿ- ਸਤਾਨਾ. ਸੰਤਾਪ ਦੇਣਾ. "ਮੋਕੋ ਕਹਾ ਸਤਾਵਹੁ ਬਾਰ ਬਾਰ?" (ਬਸੰ. ਕਬੀਰ)

ਸਤਿ: ਸੰਗ੍ਯਾ- ਗੁਰਬਾਣੀ ਵਿੱਚ ਕਈ ਜਗਾ ਯ ਦੀ ਥਾਂ ਸਿਆਰੀ ਲਗਾਈ ਜਾਂਦੀ ਹੈ, ਸਤ੍ਯ ਦੀ ਥਾਂ ਸਤਿ, ਸ਼ਬਦ ਹੈ. ਦੇਖੋ, ਸਤ

ਅਤੇ ਸਤ੍ਯ ਸ਼ਬਦ. ਸਤ੍ਯ ਰੂਪ ਪਾਰਬ੍ਰਹਮ. ਵਾਹਗੁਰੂ. "ਸਤਿ ਨਾਮੁ ਕਰਤਾ ਪੁਰਖੁ." (ਜਪੁ) ੨. ਸੱਚ. ਮਿਥ੍ਯਾ ਦੇ ਵਿਰੁੱਧ. "ਆਪਿ ਸਤਿ ਕੀਆ ਸਭ ਸਤਿ." (ਸੁਖਮਨੀ) ੩. ਸ਼ਰੱਧਾ. ਵਿਸ਼੍ਵਾਸ. "ਤਿਸੁ ਗੁਰ ਕੋ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ." (ਮਲਾ ਮਃ ੪) ੪. ਵਿ- ਸਦ. ਉੱਤਮ. "ਦੂਰ ਕਰੈ ਸਤਿ ਬੈਦ ਰੋਗ ਸੰਨਿਪਾਤ ਕੋ." (ਕ੍ਰਿਸਨਾਵ) ੫. ਸੰਗ੍ਯਾ- ਸੱਤਾ ਸ਼ਕਤਿ. "ਗੁਰੁਮਤਿ ਸਤਿ ਕਰ ਚੰਚਲ ਅਚਲ ਭਏ." (ਭਾਗੁ ਕ) ੬. ਯਥਾਰਥ ਗ੍ਯਾਨ. ਅਸਲੀਅਤ ਦੀ ਸਮਝ. "ਨਾ ਸਤਿ ਮੂਡ ਮੁਡਾਈ ਕੇਸੀ, ਨਾ ਸਤਿ ਪੜਿਆ ਦੇਸ ਫਿਰਹਿ." (ਵਾਰ ਰਾਮ ੧. ਮਃ ੧) ੭. ਵ੍ਯ- ਯਥਾਰਥ. ਸਹੀ. ਠੀਕ. "ਜੋ ਕਿਛੁ ਕਰੇ ਸਤਿ ਕਰਿ ਮਾਨਹੁ." (ਸਾਰ ਮਃ ੪)

ਸਤਿਆ: ਸੰਗ੍ਯਾ- ਸੱਤਾ। ੨. ਵਿ- ਸਤ੍ਯ ਰੂਪ. ਸਤ੍ਯਤਾ ਵਾਲਾ.

ਸਤਿ ਆਦਿ: ਵਾ- ਸਤ੍ਯ ਆਦਿ ਸ਼ੁਭ ਗੁਣ. "ਸਤਿ ਆਦਿ ਭਾਵ ਰਤੰ." (ਗੂਜ ਜੈਦੇਵ)

ਸਤਿ ਸਬਦ: ਸੰਗ੍ਯਾ- ਸਤਿਨਾਮ ਮੰਤ੍ਰ. ਗੁਰੁਮੰਤ੍ਰ. "ਸਤਿ ਸਬਦ ਦੇ ਮੁਕਤ ਕਰਾਯਾ." (ਭਾਗੁ) ੨. ਸਤ੍ਯੋਪਦੇਸ਼. ਗੁਰੁ ਉਪਦੇਸ਼। ੩. ਵਿ- ਸੱਚਾ ਵਾਕ੍ਯ.

ਸਤਿ ਸਰੂਪ: ਸੰਗ੍ਯਾ- ਸਤ੍ਯ ਹੈ ਜਿਸ ਦਾ ਸ੍ਵਰੂਪ ਲਕ੍ਸ਼ਣ. ਸਤ੍ਯ ਰੂਪ ਕਰਤਾਰ. "ਸਤਿ ਸਰੂਪੁ ਰਿਦੈ ਜਿਨਿ ਮਾਨਿਆ." (ਸੁਖਮਨੀ)

ਸਤਿਸੰਗ: ਦੇਖੋ ਸਤਸੰਗ.

ਸਤਿਸੰਗਤਿ: ਦੇਖੋ, ਸਤਸੰਗਤਿ. "ਸੋ ਸਤਿਸੰਗਤਿ ਜਾਨਿਯੇ ਜਹਾਂ ਵਿਵੇਕ ਵਿਚਾਰ." (ਗੁਰੁਸੋਭਾ) ੨. ਦੇਖੋ, ਸਾਧ ਸੰਗ.

ਸਤਿਸੰਧ: ਦੇਖੋ, ਸਤ੍ਯਸੰਧ.

ਸਤਿ ਸ੍ਰੀ ਅਕਾਲ: ਵਾ- ਖ਼ਾਲਸੇ ਦੀ ਜੈਕਾਰ ਧੁਨਿ, ਜਿਸ ਦਾ ਅਰਥ ਹੈ ਸਤ੍ਯ ਹੈ ਸਾਰੀ ਵਿਭੂਤੀ ਦਾ ਪਤੀ ਅਵਿਨਾਸ਼ੀ. ਕਾਰਯਾਂ ਦੇ ਆਰੰਭ ਵਿੱਚ ਭੀ ਇਹ ਮੰਗਲਕਾਰੀ ਪਦ ਵਰਤੀਦਾ ਹੈ, ਪਰ ਵਿਸ਼ੇਸ਼ ਕਰਕੇ ਦੀਵਾਨ ਦੀ ਸਮਾਪਤੀ, ਕੂਚ ਅਤੇ ਝਟਕਾ ਕਰਨ ਦੇ ਵੇਲੇ ਖਾਲਸਾ "ਸਤਿ ਸ੍ਰੀ ਅਕਾਲ" ਗਜਾਉਂਦਾ ਹੈ. ਕਈ ਆਪੋ ਵਿੱਚੀ ਮਿਲਣ ਸਮੇਂ ਭੀ ਇਸ ਪਦ ਨੂੰ ਵਰਤਦੇ ਹਨ, ਪਰ ਵਾਹਗੁਰੂ ਜੀ ਕੀ ਫਤਹ ਦੀ ਥਾਂ ਇਸ ਦਾ ਵਰਤਣਾ ਵਿਧਾਨ ਨਹੀਂ.

ਸਤਿਕ: ਦੇਖੋ, ਸਤਕ ੨- ੩.

ਸਤਿ ਕਰਤਾਰ: ਤਿੰਨ ਕਾਲ ਇੱਕ ਰਸ ਹੋਣ ਵਾਲਾ ਜਗਤਕਰਤਾ.

ਸਤਿਕਰਿ: ਕ੍ਰਿ. ਵਿ- ਸਤਕਾਰ ਪੂਰਵਕ, ਸ਼੍ਰੱਧਾ ਕਰਕੇ. "ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ." (ਮਲਾ ਮਃ ੪)

ਸਤਿਗੁਰ: ਦੇਖੋ, ਸਤਗੁਰ। ੨. ਸੰਗ੍ਯਾ- ਸ਼੍ਰੀ ਗੁਰੂ ਨਾਨਕ ਦੇਵ ਜੀ. "ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ." (ਆਸਾ ਪਟੀ ਮਃ ੩)

ਸਤਿਗੁਰਏ: ਦੇਖੋ, ਸਤਗੁਰ ਏ. "ਸਤਿਗੁਰਏ ਨਮਹ." (ਸੁਖਮਨੀ)

ਸਤਿਗੁਰ ਪਰਸਾਦਿ, ਸਤਿਗੁਰ ਪ੍ਰਸਾਦਿ: ਕ੍ਰਿ. ਵਿ- ਸਤਿਗੁਰੂ ਦੀ ਕ੍ਰਿਪਾ ਨਾਲ. "ਸਤਿਗੁਰ ਪਰਸਾਦਿ ਪਰਮਪਦੁ ਪਾਇਆ." (ਸਵੈਯੇ ਮਃ ੪. ਕੇ) ੨. ਵਿ- ਸਤ੍ਯ, ਗੁਰੁ ਅਤੇ ਕ੍ਰਿਪਾਲੁ (ਪ੍ਰਸਾਦਿਨ੍).

ਸਤਿਗੁਰਿ: ਸਦਗੁਰੂ ਨੇ. "ਸਤਿਗੁਰਿ ਸਚੁ ਦ੍ਰਿੜਾਇਆ." (ਵਾਰ ਸ੍ਰੀ ਮਃ ੩)

ਸਤਿਗੁਰੁ: ਦੇਖੋ, ਸਤਗੁਰ. "ਜਿਸੁ ਮਿਲਿਐ ਮਨਿ ਹੋਇ ਅਨੰਦ ਸੋ ਸਤਿਗੁਰੁ ਕਹੀਐ." (ਗਉ ਮਃ ੪) "ਨਾਨਕ ਸਤਿਗੁਰੁ

ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ." (ਸ੍ਰੀ ਮਃ ੧, ਜੋਗੀਅੰਦਰਿ)

ਸਤਿਗੁਰੁ ਸੰਤ: ਸੰਗਯਾ- ਸ਼ਾਂਤਾਤਮਾ ਸਤਗੁਰੁ, ਸ਼੍ਰੀ ਗੁਰੂ ਨਾਨਕ ਦੇਵ ਜੀ। ੨. ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸੱਚਾ ਸਿੱਖ. "ਸਤਿਗੁਰੁਸੰਤ ਮਿਲੈ ਸਾਂਤਿ ਪਾਈਐ." (ਸਾਰੰ ਮਃ ੪)

ਸਤਿਗੁਰੁ ਪੁਰਖੁ: ਸ਼੍ਰੀ ਗੁਰੂ ਨਾਨਕ ਦੇਵ. "ਸਤਿਗੁਰੁ ਪੁਰਖੁ ਪਾਇਆ ਵਡਭਾਗੁ." (ਆਸਾ ਮਃ ੪)

ਸਤਿਜਾਪ: ਸੰਗਯਾ- ਸਤਯ ਨਾਮ ਦਾ ਜਾਪ। ੨. ਸਤਯ ਰੂਪ ਵਾਹਿਗੁਰੂ ਦਾ ਜਪ। ੩. ਸਪਤਸਤੀ ਦਾ ਜਾਪ. ਦੇਖੋ, ਸਤਸਈ. "ਰਰੈਂ ਨਾਮ ਸਤਿਜਾਪ." (ਚੰਡੀ ੧)

ਸਤਿਜੁਗ: ਦੇਖੋ, ਸਤਜੁਗ ਅਤੇ ਯੁਗ.

ਸਤਿਨਾਮ, ਸਤਿਨਾਮੁ: ਸੰਗਯਾ- ਗੁਰੁਮਤ ਦਾ ਮੂਲ ਮੰਤ੍ਰ, ਜਿਸ ਦਾ ਅਰਥ ਹੈ ਤਿੰਨ ਕਾਲ ਵਿੱਚ ਇੱਕ ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ. "ਕਿਰਤਮ ਨਾਮ ਕਥੇ ਤੇਰੇ ਜਿਹਵਾ ਸਤਿਨਾਮੁ ਤੇਰਾ ਪਰਾ ਪੂਰਬਲਾ." (ਮਾਰੂ ਸੋਲਹੇ ਮਃ ੫) "ਸਤਿਨਾਮੁ ਪ੍ਰਭੁ ਕਾ ਸੁਖਦਾਈ." (ਸੁਖਮਨੀ) ੨. ਵਿ- ਸਤਯ ਹੈ ਨਾਮ ਜਿਸ ਦਾ.

ਸਤਿ ਨਿਰਤਿ: ਸੰ. सत्यानृत ਸਤਯਾਨ੍ਰਿਤ. ਸੰਗਯਾ- ਲੈਣ ਦੇਣ. ਵਣਿਜ. ਵਪਾਰ. ਸੱਚ ਅਤੇ ਅਨ੍ਰਿਤ (ਝੂਠ) ਮਿਲਿਆ ਹੋਣ ਕਰਕੇ ਇਹ ਸੰਗਯਾ ਹੈ। ੨. ਦੇਖੋ, ਨਿਰਤਿ.

ਸਤਿ ਪਦਾਰਥ, ਸਤਿ ਪਦਾਰਥੁ: ਸੰਗਯਾ- ਆਤਮਗਯਾਨ. "ਮਨੁ ਤਨੁ ਅਰਪਿਧਰੈ ਗੁਰ ਆਗੈ ਸਤਿ- ਪਦਾਰਥੁ ਪਾਵੈ." (ਆਸਾ ਮਃ ੫) ੨. ਕਰਤਾਰ ਦਾ ਨਾਮ।

ਸਤਿਪੁਰਖੁ: ਸੰਗਯਾ- ਕਰਤਾਰ. "ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ." (ਸੁਖਮਨੀ) ੨. ਵਿ- ਦੇਖੋ, ਸਤਪੁਰਖ. "ਸਤਿਪੁਰਖੁ ਸਤਿਗੁਰੁ ਪਰਮੇਸਰੁ." (ਮਾਰੂ ਸੋਲਹੇ ਮਃ ੫)

ਸਤਿਬਾਣੀ: ਸੰਗਯਾ- ਗੁਰਬਾਣੀ। ੨. ਵਿ- ਸੱਚੀ ਬਾਣੀ.

ਸਤਿਵਾਦੀ: ਵਿ- सत्यवादिन ਸੱਚ ਬੋਲਣ ਵਾਲਾ. "ਅਮ੍ਰਿਤਸਰ ਸਤਿਗੁਰੁ ਸਤਿਵਾਦੀ." (ਗੂਜ ਮਃ ੪)

ਸਤਿਵਿਸ੍ਵਾਸ: ਸੰ. सद्विवास ਸੱਚਾ ਯਕ਼ੀਨ. ਮਿਥ੍ਯਾ ਵਿਸ਼੍ਵਾਸ ਦੇ ਵਿਰੁੱਧ. ਰੇਤੇ ਵਿੱਚ ਖੰਡ ਸਮਝਣਾ ਮਿਥ੍ਯਾ ਵਿਸ਼੍ਵਾਸ ਹੈ, ਅਤੇ ਖੰਡ ਨੂੰ ਖੰਡ ਜਾਣਨਾ ਸਤਿਵਿਸ੍ਵਾਸ ਹੈ. ਦੇਖੋ, ਬਿਸ੍ਵਾਸ.

ਸਤਿਵੰਤ: ਦੇਖੋ, ਸਤਵੰਤ.

ਸਤੀ: ਵਿ- ਸਤਯ ਰੂਪ. ਅਵਿਨਾਸ਼ੀ. "ਗੁਰਿ ਨਾਮੁ ਦ੍ਰਿੜਾਇਆ ਹਰਿ ਹਰਿ ਨਾਮੁ ਹਰਿ ਸਤੀ." (ਵਡ ਛੰਤ ਮਃ ੪) ੨. ਸਤਯ ਵਕਤਾ. ਸੱਚ ਬੋਲਣ ਵਾਲਾ. ਜਿਸ ਨੇ ਝੂਠ ਦਾ ਪੂਰਾ ਤਯਾਗ ਕੀਤਾ ਹੈ. ਦੇਖੋ, ਮੁਕਤਾ. "ਮੁਖ ਕਾ ਸਤੀ." (ਰਤਨਮਾਲਾ ਬੰਨੋ) ੩. ਦਾਨੀ. ਉਦਾਰਤਮਾ. "ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ." (ਵਾਰ ਆਸਾ ਮਃ ੧) ੪. ਸੰਜਮੀ. ਸੰਤੋਖੀ. "ਅਸੰਖ ਸਤੀ ਅਸੰਖ ਦਾਤਾਰੁ." (ਜਪੁ) ੫. ਸੰਗਯਾ- ਸ੍ਤ੍ਰੀ. ਇਸਤ੍ਰੀ. "ਗਊਤਮ ਸਤੀ ਸਿਲਾ ਨਿਸਤਰੀ." (ਗੌਂਡ ਨਾਮਦੇਵ) ਗੋਤਮ ਦੀ ਇਸਤ੍ਰੀ ਅਹਲਯਾ। ੬. ਸੰ. सती ਪਤਿਵ੍ਰਤ ਧਾਰਨ ਵਾਲੀ ਇਸਤ੍ਰੀ. "ਬਿਨ ਸਤ ਸਤੀ ਹੋਇ ਕੈਸੇ ਨਾਰਿ." (ਗਉ ਕਬੀਰ) "ਭੀ ਸੋ ਸਤੀਆਂ ਜਾਣੀਅਨਿ ਸੀਲ ਸੰਤੋਖਿ ਰਹੰਨਿ." (ਵਾਰ ਸੂਹੀ ਮਃ ੩) ੭. ਮਨਹਠ ਨਾਲ ਮੋਏ ਪਤੀ ਨਾਲ ਪ੍ਰਾਣ ਦੇਣ ਵਾਲੀ. "ਸਤੀਆਂ ਸਉਤ ਟੋਭੜੀ ਟੋਏ." (ਭਾਗ) ਹਿੰਦੂਮਤ ਦੇ ਧਰਮਗ੍ਰੰਥਾਂ ਵਿੱਚ ਸਤੀ ਹੋਣਾ ਵਡਾ ਪੁੰਨ- ਕਰਮ ਹੈ. ਪਾਰਾਸ਼ਰ ਸਿਮ੍ਰਿਤਿ ਦੇ ਚੌਥੇ ਅਧਯਾਯ ਵਿੱਚ ਲਿਖਿਆ ਹੈ ਕਿ ਜੋ ਪਤੀ ਨਾਲ ਸਤੀ ਹੁੰਦੀ ਹੈ, ਉਹ ਉਤਨੇ ਵਰ੍ਹੇ ਸ੍ਵਰਗ ਵਿੱਚ ਰਹਿੰਦੀ ਹੈ ਜਿਤਨੇ ਪਤੀ ਦੇ ਰੋਮ ਹਨ. ਐਸੀ ਹੀ ਆਗਯਾ ਦਕ੍ਸ਼ ਸਿਮ੍ਰਿਤਿ ਦੇ ਚੌਥੇ ਅਧਯਾਯ ਵਿੱਚ ਹੈ. ਗੁਰਬਾਣੀ ਵਿੱਚ ਸਤੀ ਹੋਣ ਦਾ ਖੰਡਨ ਹੈ- "ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ। ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ." (ਵਾਰ ਸੂਹੀ ਮਃ ੩)

ਰਾਜਾ ਰਾਮ ਮੋਹਨ ਰਾਇ, ਬ੍ਰਹਮ ਸਮਾਜ ਦੇ ਬਾਨੀ ਦੀ ਪ੍ਰੇਰਣਾ ਨਾਲ ਲਾਰਡ ਬੈਂਟਿੰਕ (W Bentinck) ਨੇ ੭. ਦਸੰਬਰ ਸਨ ੧੮੨੯ ਨੂੰ ਸਤੀ ਹੋਣ ਦੇ ਵਿਰੁੱਧ ਕਾਨੂਨ ਜਾਰੀ ਕੀਤਾ. ਪੰਜਾਬ ਅਤੇ ਰਾਜਪੂਤਾਨੇ ਵਿੱਚ ਸਤੀ ਦੀ ਬੰਦੀ ਸਨ ੧੮੪੭ ਵਿੱਚ ਹੋਈ ਹੈ.

੮. ਦਕ੍ਸ਼ ਦੀ ਪੁਤ੍ਰੀ ਮਹਾਦੇਵ ਦੀ ਇਸਤ੍ਰੀ. ਦੇਵੀ ਭਾਗਵਤ ਸਕੰਧ ੭. ਅਧ੍ਯਾਯ ੩੦ ਵਿੱਚ ਅਤੇ ਕਾਲਿਕਾ ਪੁਰਾਣ ਵਿੱਚ ਕਥਾ ਹੈ ਕਿ ਜਦ ਸਤੀ ਨੇ ਪਿਤਾ ਦੇ ਜੱਗ ਵਿੱਚ ਆਪਣੇ ਪਤੀ ਮਹਾਦੇਵ ਦਾ ਨਿਰਾਦਰ ਦੇਖਕੇ ਜੱਗਕੁੰਡ ਵਿੱਚ ਡਿਗਕੇ ਪ੍ਰਾਣ ਤਿਆਗੇ, ਤਦ ਸ਼ਿਵ ਨੇ ਆਕੇ ਦਕ੍ਸ਼ ਦਾ ਜੱਗ ਨਾਸ਼ ਕੀਤਾ ਅਰ ਮੋਹ ਦੇ ਵਸ਼ ਹੋ ਕੇ ਸਤੀ ਦੀ ਲੋਥ ਨੂੰ ਅਗਨਿਕੁੰਡ ਵਿਚੋਂ ਕੱਢਕੇ ਕੰਨ੍ਹੇ ਤੇ ਰੱਖ ਲੀਤਾ ਅਤੇ ਰਾਤ ਦਿਨ ਬਿਨਾ ਵਿਸ਼੍ਰਾਮ ਦੇ ਫਿਰਨ ਲੱਗਾ. ਵਿਸ਼ਨੁ ਨੇ ਸਤੀ ਦੀ ਲੋਥ ਦਾ ਇਸ ਤਰਾਂ ਹਾਲ ਦੇਖਕੇ ਸੁਦਰਸ਼ਨ ਚਕ੍ਰ ਨਾਲ ਲੋਥ ਦੇ ਅੰਗ ਟੁਕੜੇ ਟੁਕੜੇ ਕਰ ਦਿੱਤੇ. ਜਿਸ ਜਿਸ ਥਾਂ ਸਤੀ ਦੇ ਅੰਗ ਡਿੱਗੇ, ਉਹ ਪਵਿਤ੍ਰ ਤੀਰਥ ਮੰਨੇ ਗਏ. ਜੈਸੇ ਜੀਭ ਵਾਲਾ ਅਸਥਾਨ ਜ੍ਵਾਲਾਮੁਖੀ, ਨੇਤ੍ਰਾਂ ਦੀ ਥਾਂ ਨੈਣਾਦੇਵੀ ਆਦਿ. ਤੰਤ੍ਰਚੂੜਾਮਣਿ ਵਿੱਚ ਲਿਖਿਆ ਹੈ ਕਿ ਸਤੀ ਦੇ ਅੰਗ ੫੧ ਥਾਂ ਡਿੱਗੇ ਹਨ ਅਤੇ ਉਹ ਸਭ "ਦੇਵੀ ਪੀਠ" ਕਹੇ ਜਾਂਦੇ ਹਨ. ੯. ਸੰ. ਸ਼ਤੀ ( शतिन् ). ਸੈਂਕੜਾ. ਸੌ ਦਾ ਸਮੂਹ.

ਸਤੀਤ੍ਵ: ਸੰ. ਸੰਗ੍ਯਾ- ਪਤਿਵ੍ਰਤ ਧਰਮ. ਸਤੀਪੁਣਾ.

ਸਤੀਰ: ਦੇਖੋ, ਸ਼ਹਤੀਰ.

ਸਤੀ ਰੰਨੀ ਘਰੇ ਸਿਆਪਾ, (ਸਵਾ ਮਃ ੧): ਸ਼ਤ (ਸੈਂਕੜੇ) ਇਸਤ੍ਰੀਆਂ ਦਾ ਘਰ ਵਿੱਚ ਸਿਆਪਾ ਰਹਿੰਦਾ ਹੈ. ਭਾਵ- ਦੁਰਾਚਾਰੀ ਲੋਕਾਂ ਦੇ ਘਰ ਇਸਤ੍ਰੀਆਂ ਦੇ ਕਲੇਸ਼ ਬਣੇ ਰਹਿੰਦੇ ਹਨ। ੨. ਸੱਤ ਵਹੁਟੀਆਂ ਹੋਣ ਨਾਲ ਚਾਹੀਦਾ ਸੀ ਸੁਖ, ਪਰ ਘਰ ਵਿੱਚ ਸਿਆਪਾ ਪਿਆ ਰਹਿੰਦਾ ਹੈ। ੩. ਪੰਜ ਗ੍ਯਾਨਇੰਦ੍ਰੀਆਂ, ਤ੍ਰਿਸ਼ਨਾ ਅਤੇ ਈਰਖਾ ਦਾ ਸਿਆਪਾ ਪਿਆ ਰਹਿੰਦਾ ਹੈ.

ਸਤੁ: ਸੰਗ੍ਯਾ- ਸਤ੍ਯ. "ਸਤਜੁਗਿ ਸਤੁ ਤੇਤਾ ਜਗੀ." (ਗਉ ਰਵਿਦਾਸ) ੨. ਦੇਖੋ, ਸ੍ਤੁ. ਸ੍ਤਵ. ਸ੍ਤੁਤਿ. ਜਸ. "ਸਤੁ ਪ੍ਰਗਟਿਓ ਰਵਿ ਲੋਇ." (ਸਵੈਯੇ ਮਃ ੨. ਕੇ) ਆਕਾਸ਼ ਮੰਡਲ (ਦੇਵਲੋਕ) ਵਿੱਚ ਆਪ ਦਾ ਜਸ ਪ੍ਰਗਟਿਓ। ੩. ਸੰ. ਸਤ੍ਰ. ਦਾਨ. "ਸਤੀ ਪਾਪ ਕਰਿ ਸਤੁ ਕਮਾਹਿ." (ਵਾਰ ਰਾਮ ੧. ਮਃ ੧) ਸਤੀ (ਦਾਨੀ) ਪਾਪ ਕਰਕੇ ਦਾਨ ਕਰਦੇ ਹਨ.

ਸਤੁਤਿ: ਸੰ. स्तुति ਸ੍ਤੁਤਿ. ਸੰਗ੍ਯਾ- ਪ੍ਰਸ਼ੰਸਾ. ਤਅ਼ਰੀਫ਼. ਵਡਿਆਈ. "ਸਿਮਰਤ ਸਤੁਤਿ ਬਖਾਨ." (ਨਾਪ੍ਰ)

ਸਤੁਤਿ ਵ੍ਯਾਜ ਨਿੰਦਾ: ਦੇਖੋ, ਉਸਤਤਿ ਵ੍ਯਾਜ ਨਿੰਦਾ ਅਤੇ ਵ੍ਯਾਜਨਿੰਦਾ.

ਸਤੁਰ: ਦੇਖੋ, ਸਤ੍ਵਰ.

ਸਤੁਲ: ਵਿ- ਸਮਾਨ. ਤੁਲ੍ਯ. "ਏਕਸੇ ਸਤੁਲ ਹੈਂ." (ਨਾਪ੍ਰ)

ਸਤੁਵਾ, ਸਤੂਆ: ਸੰ. ਸਕ੍ਤੁ. ਸੰਗ੍ਯਾ- ਸੱਤੂ. ਜੌਂ ਆਦਿਕ ਅੰਨ ਭੁੰਨਕੇ ਪੀਠਾ ਹੋਇਆ ਆਟਾ, ਜਿਸ ਨੂੰ ਮਿੱਠਾ ਜਾਂ ਲੂਣ ਮਿਲਾਕੇ ਪਾਣੀ ਵਿੱਚ ਨਰਮ ਕਰਕੇ ਖਾਈਦਾ ਹੈ. "ਲੈ ਸਤੂਆ ਪਤਿ ਓਰ ਸਿਧਾਈ." (ਚਰਿਤ੍ਰ ੮੯)

ਸਤੂਤ: ਫ਼ਾ. شہتوت ਸ਼ਹਤੂਤ. ਸੰਗ੍ਯਾ- ਉੱਤਮ ਤੂਤ. ਪਿਉਂਦੀ ਤੂਤ। ੨. ਤੂਤ ਦੀ ਇੱਕ ਖਾਸ ਜਾਤਿ, ਜਿਸ ਦਾ ਫਲ ਖਟਮਿਠਾ ਹੁੰਦਾ ਹੈ. ਇਸ ਦੇ ਰਸ ਦਾ ਸ਼ਰਬਤ ਉੱਤਮ ਬਣਦਾ ਹੈ. L. Morus Atropurpurea.

ਸਤੂਨ: ਫ਼ਾ. ستوُن ਸੰਗ੍ਯਾ- ਥੰਭਾ. ਸ੍ਤੰਭ. ਥਮਲਾ.

ਸਤੂਪ: ਸੰ. स्तूप ਸੰਗ੍ਯਾ- ਕੇਸਾਂ ਦਾ ਜੂੜਾ। ੨. ਮੰਦਿਰ ਦਾ ਕਲਸ। ੩. ਕਿਸੇ ਦੇ ਜਸ ਨੂੰ ਪ੍ਰਗਟ ਕਰਨ ਵਾਲਾ ਮੁਨਾਰਾ. ਕੀਰਤਿਸਤੰਭ.

ਸਤੂਯਮਾਨ: ਸੰ. ਸ੍ਤੂਯਮਾਨ. ਵਿ- ਵਡਿਆਇਆ ਹੋਇਆ. ਉਸਤਤਿ ਕੀਤਾ ਹੋਇਆ. "ਹੋਯ ਸਤੂਯਮਾਨ ਚਲ ਆਵਤ." (ਗੁਪ੍ਰਸੂ)

ਸਤੇ: ਵਿ- ਸਤਜ ਰੂਪ. "ਬੇਣੀ ਤ ਸੰਗਮੁ ਸਤ ਸਤੇ." (ਧਨਾ ਛੰਤ ਮਃ ੧) ਪਰਮ ਸਤਜ ਸੰਗਮ ਹੈ। ੨. ਦੇਖੋ, ਸਤੇਯ.

ਸਤੇਇ, ਸਤੇਈ, ਸਤੇਯ: ਸੰ. ਸ੍ਤੇਯ. ਸੰਗਜਾ- ਚੋਰੀ. "ਪੰਡਿਤ ਪਹਰੂ ਕਰਹਿ ਸਤੇਈ." (ਨਾਪ੍ਰ)

ਸਤੈ: ਸੱਤੇ ਨੇ. ਦੇਖੋ, ਸੱਤਾ ੪.

ਸਤੋਗੁਣ: ਸੰਗਜਾ- ਸਤ੍ਵਗੁਣ. ਮਾਇਆ ਦੇ ਤਿੰਨ ਗੁਣਾਂ ਵਿੱਚੋਂ ਪਹਿਲਾ ਗੁਣ, ਜਿਸ ਦਾ ਕਾਰਜ ਸ਼ਾਂਤਿ, ਦਯਾ, ਦਾਨ, ਖਿਮਾ, ਪ੍ਰਸੰਨਤਾ ਆਦਿ ਹੈ.

ਸਤੰਭ, ਸਤੰਭਾ: ਸੰ. ਸ੍ਤੰਭ. ਥਮਲਾ ਸਤੂਨ। ੨. ਸ੍ਤੰਭਨ (ਜੜ੍ਹ ਹੋਣ) ਦਾ ਭਾਵ. "ਭਯੋ ਸਤੰਭਾ ਚਲਤ ਨ ਪਗ." (ਗੁਪ੍ਰਸੂ) ੩. ਰੁਕਣ ਦੀ ਕ੍ਰਿਯਾ.

ਸੱਤ: ਦੇਖੋ, ਸਤ, ਸਤਿ ਅਤੇ ਸਤਜ। ੨. ਸਪ੍ਤ. ਸਾਤ। ੩. ਸ਼ਸਤ੍ਰਨਾਮਮਾਲਾ ਵਿੱਚ ਸੂਤ ਦੀ ਥਾਂ ਲਿਖਾਰੀ ਨੇ ਕਈ ਥਾਂ ਸੱਤ ਲਿਖ ਦਿੱਤਾ ਹੈ, ਯਥਾ- "ਸਭ ਅਰਜਨ ਕੇ ਨਾਮ ਲੈ ਸੱਤ ਸ਼ਬਦ ਪੁਨਦੇਹੁ." (੧੪੫) ਚਾਹੀਏ ਅਰਜਨ ਸੂਤ. ਅਰਜੁਨ ਦਾ ਰਥਵਾਹੀ ਕ੍ਰਿਸ਼ਨਦੇਵ. ਦੇਖੋ, ਸੱਤਰਿ.

ਸੱਤ ਅਜੂਬੇ: ਇਤਿਹਾਸਾਂ ਵਿੱਚ ਅਕਸਰ ਇਨ੍ਹਾਂ ਦਾ ਜਿਕਰ ਆਉਂਦਾ ਹੈ, ਇਸ ਲਈ ਪਾਠਕਾਂ ਦੇ ਗਜਾਨ ਹਿਤ ਇੱਥੇ ਲਿਖੇ ਜਾਂਦੇ ਹਨ-

(ੳ) ਸੱਤ ਪੁਰਾਣੇ ਅਜੂਬੇ-

(੧) ਮਿਸਰ ਦੇ ਤ੍ਰਿਕੋਨ ਮੀਨਾਰ (Pyramids of Egypt) ਜੋ ਪੰਜ ਹਜ਼ਾਰ ਬਰਸ ਤੋਂ ਜਾਦਾ ਪੁਰਾਣੇ ਹਨ.

(੨) ਬਾਬੀਲੋਨੀਆਂ ਵਿੱਚ ਮਲਕਾ ਸੀਮਿਰਾਮਿਸ ਦੇ ਝੂਲਣੇ ਬਾਗ਼ (Hanging Gardens of Semiramis, at Babylon)

(੩) ਐਫ਼ੀਸਸ (ਯੂਨਾਨ) ਵਿੱਚ ਦੀਆਨਾ ਦੇਵੀ ਦਾ ਮੰਦਿਰ (Temple of Diana, at Ephesus)

(੪) ਯੂਨਾਨੀ ਦੇਵੇਂਦ੍ਰ ਦਾ ਬੁਤ (Statue of Zeus, by Pheidias, at Athens)

(੫) ਹੈਲੀਕਾਰਨੇਸਸ (ਯੂਨਾਨ) ਵਿੱਚ ਕਾਰੀਆ ਦੇ ਬਾਦਸ਼ਾਹ ਮੌਸੋਲੂਸ ਦਾ ਮਕਬਰਾ (Mausoleum at Halicarnassus)

(੬) ਰ੍ਹੋਡੀਜ਼ (ਯੂਨਾਨ) ਵਿੱਚ ਸੂਰਯ ਦੇਵ ਦਾ ਵਿਸ਼ਾਲ ਬੁਤ (Colossus, at Rhodes)

(੭) ਸਿਕੰਦ੍ਰੀਆ ਦਾ ਰੋਸ਼ਨੀਘਰ (ਸਮੁੰਦਰ ਵਿੱਚ) (Pharos: Light house, at Alexandria)

(ਅ) ਸੱਤ ਨਵੇਂ ਅਜੂਬੇ-

(੧) ਸੈਲਿਸਬਰੀ ਮਦਾਨ (ਇੰਗਲਿਸਤਾਨ) ਵਿੱਚ ਸ੍ਟੋਨਹੈਂਜ ਦੇ ਪੱਥਰ (Stonehenge, in Salisbury Plains)

(੨) ਸਿਕੰਦ੍ਰੀਆ ਦੀਆਂ ਜ਼ਮੀਨਦੋਜ਼ ਇਮਾਰਤਾਂ (Catacombs of Alexandria)

(੩) ਚੀਨ ਦੀ ਵੱਡੀ ਕੰਧ (The Great Wall of China) (ਦੇਖੋ, ਕਹਕਹਾ ਦੀਵਾਰ)

(੪) ਪੀਸਾ (ਇਟਲੀ) ਦਾ ਸਲਾਮੀਦਾਰ ਮੀਨਾਰ (Leaning Tower of Pisa)

(੫) ਚੀਨ ਵਿੱਚ ਇੱਕ ਕਈ ਛੱਤਾ ਮੰਦਿਰ ਜੋ ਨਿਰਾ ਚੀਨੀ (ਮਿੱਟੀ) ਦਾ ਹੀ ਉਸਰਿਆ ਹੋਇਆ ਹੈ (Porcelain Temple in China)

(੬) ਕੁਸਤ੍ਨਤ੍ਨੀਆਂ ਵਿੱਚ ਸੰਤ ਸੋਫ਼ੀਆ ਦਾ ਗਿਰਜਾ (ਜੋ ਹੁਣ ਮਸਜਿਦ ਹੈ) (Church of St. Sophia at Constantinople)

(੭) ਪ੍ਰਾਚੀਨ ਰੋਮਾ (ਇਟਲੀ) ਦਾ ਵੱਡਾ ਥੀਏਟਰ ਜਿਸ ਵਿੱਚ ਅੱਸੀ ਹਜ਼ਾਰ ਤਮਾਸ਼ਬੀਨਾਂ ਦੇ ਬੈਠਣ ਲਈ ਇੰਤਜ਼ਾਮ ਹੈ (Colosseum at Rome)

ਸੱਤ ਸਤਾਈ ਚੌਦਹ ਚਾਰ: (ਰਤਨਮਾਲਾ ਬੰਨੋ) ਸਪ੍ਤ ਰਿਖਿ, ਸਤਾਈ ਨਛਤ੍ਰ, ਚੌਦਾਂ ਵਿਦਯਾ ਅਤੇ ਚਾਰ ਮੁਕਤੀਆਂ.

ਸੱਤ ਸੁਹਾਗਣਾਂ: ਸੱਤ ਰਿਖੀਆਂ ਦੀਆਂ ਇਸਤ੍ਰੀਆਂ ਦੇਖੋ, ਸੱਪਤ ਰਿਖੀ। ੨. ਵਿਆਹ ਸਮੇਂ ਸੁਹਾਗ ਵਾਲੀਆਂ ਸਤ ਇਸਤ੍ਰੀਆਂ.

ਸੱਤ ਸੁਧਾਂ: ਸੰਗਯਾ- ਸੱਤ ਹੋਸ਼. "ਧੀਰਯ ਬੁੱਧਿ ਬਿਬੇਕ ਬਲ ਗਤਿ ਮਿਤਿ ਔਸਰਬਾਤ। ਸਿੰਘ ਨ ਡਰ ਤੁਰਕਾਨ ਕੀ ਭੂਲ ਗਈ ਸੁਧ ਸਾਤ." (ਪੰਪ੍ਰ)

ਸੱਤ ਸੁਰ: ਦੇਖੋ, ਸਾਤ ਸੁਰ, ਸੁਰ ਅਤੇ ਸ੍ਵਰ.

ਸੱਤ ਕੁਕਰਮ: ਨਿਰੁਕਤ ਦੇ ਨੈਗਮ ਕਾਂਡ ਵਿੱਚ ਸੱਤ ਖੋਟੇ ਕਰਮ ਇਹ ਲਿਖੇ ਹਨ- ਚੋਰੀ, ਵਿਭਚਾਰ, ਬ੍ਰਹ੍ਮਹਤ੍ਯਾ, ਗਰਭਹਤ੍ਯਾ, ਸ਼ਰਾਬਖੋਰੀ, ਬੁਰੇ ਕਰਮਾਂ ਦਾ ਬਾਰ ਬਾਰ ਕਰਨਾ ਅਤੇ ਕਿਸੇ ਪੁਰ ਝੂਠਾ ਦੋਸ਼ ਲਾਉਣਾ. ੨. Seven deadly sins. ਦੇਖੋ. ਪਾਪ.

ਸੱਤ ਧਾਰਾ: ਦੇਖੋ, ਸਪਤਧਾਰਾ.

ਸੱਤ ਪੁਰੀਆਂ: ਦੇਖੋ, ਸਤਪੁਰੀਆਂ

ਸੱਤ ਪੰਜ ਨੌ ਲੱਗਾ ਰੱਖਣ: (ਰਤਨਮਾਲਾ ਬੰਨੋ) (੭) "ਮਾਤ ਪਿਤਾ ਗੁਰੁ ਕੀ ਟਹਲ ਸਤਿ ਤਪ ਗੁਣਨਿਗ੍ਰੇਹ। ਕ੍ਰਿਪਾ ਸਰਬ ਪਰ ਸਪ੍ਤ ਹੈਂ ਅੰਤਰ ਤੀਰਥ ਏਹ."

(੫) "ਯਤ ਸ਼ਾਂਤੀ ਸੰਤੋਖ ਜੁ ਧਾਰੈ ਔਰ ਵਿਰਾਗ ਨੰਮ੍ਰਤਾਵਾਨ। ਕਾਮ ਕ੍ਰੋਧ ਅਰੁ ਲੋਭ ਮੋਹ ਕੋ ਸਹਿਤ ਹੰਕਾਰ ਕਰੈ ਸੋ ਹਾਨ."

(੯) ਨਵਧਾਭਕ੍ਤਿ. ਦੇਖੋ, ਨਵਧਾਭਗਤਿ.

ਸੱਤ ਭੂਮਿਕਾ: ਦੇਖੋ, ਸਪਤ ਭੂਮਿਕਾ.

ਸੱਤਮ: ਦੇਖੋ, ਸਤਮ.

ਸੱਤਰ: ਸ਼ਪ੍ਤਤਿ- ੭੦.

ਸੱਤਰਿ: ਸ਼ਸਤ੍ਰਨਾਮਮਾਲਾ ਵਿੱਚ ਕਿਸੇ ਲਿਖਾਰੀ ਨੇ ਸੂਤਰਿ (ਸੂਤ- ਅਰਿ) ਦੀ ਥਾਂ ਸੱਤਰਿ ਲਿਖ ਦਿੱਤਾ ਹੈ. ਯਥਾ- "ਦੁਰਜੋਧਨ ਕੇ ਨਾਮ ਲੈ ਅੰਤ ਸਬਦ ਅਰਿ ਦੇਹੁ। ਅਨੁਜ ਉਚਰ ਸੱਤਰਿ ਉਚਰ ਨਾਮ ਬਾਣ ਲਖ ਲੇਹੁ." (੧੫੫) ਦੁਰਯੋਧਨ ਦਾ ਵੈਰੀ ਭੀਮਸੇਨ, ਉਸ ਦਾ ਛੋਟਾ ਭਾਈ ਅਰਜੁਨ. ਉਸ ਦੇ ਸੂਤ (ਰਥਵਾਹੀ) ਦਾ ਅਰਿ (ਵੈਰੀ) ਤੀਰ. ਅਰਜੁਨ ਦੇ ਰਥਵਾਰੀ ਕ੍ਰਿਸ਼ਨ ਜੀ ਦਾ ਦੇਹਾਂਤ ਤੀਰ ਨਾਲ ਹੋਇਆ ਸੀ.

ਸੱਤ ਰਿਖੀ: ਦੇਖੋ ਸਪਤਰਿਖੀ.

ਸੱਤ ਲਾਟਾ: ਅਗਨਿ ਦੀ ਸਪ੍ਤ ਸ਼ਿਖਾ- ਕਾਲੀ, ਕਰਾਲੀ, ਮਨੋਜਵਾ, ਲੋਹਿਤਾ, ਧੂਮ੍ਰਵਰਣਾ, ਉਗ੍ਰਾ ਅਤੇ ਦੀਪ੍ਰਾ.

ਸੱਤ ਲੋਕ: ਦੇਖੋ, ਚਉਦਹਿ ਲੋਕ.

ਸੱਤਾ: ਸੰ. सत्ता ਸੰਗਯਾ- ਹੋਂਦ. ਹਸ੍ਤੀ. ਹੋਣ ਦਾ ਭਾਵ। ੨. ਵਿਦਯਮਾਨਤਾ. ਮੌਜੂਦਗੀ। ੩. ਸ਼ਕਤਿ. ਸਾਮਰਥ੍ਯ। ੪. ਬਲਵੰਡ

ਦਾ ਭਾਈ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦਾ ਰਬਾਬੀ. "ਦਾਨੁ ਜਿ ਸਤਿਗੁਰੁ ਭਾਵਸੀ ਸੋ ਸਤੇ ਦਾਣੁ." (ਵਾਰ ਰਾਮ ੩)

ਇੱਕ ਵੇਰ ਇਨ੍ਹਾਂ ਦੋਹਾਂ ਭਾਈਆਂ ਨੂੰ ਲਾਲਚ ਅਤੇ ਅਭਿਮਾਨ ਨੇ ਅਜਿਹਾ ਗ੍ਰਸਿਆ ਕਿ ਗੁਰੁਦਰਬਾਰ ਵਿੱਚ ਕੀਰਤਨ ਕਰਨਾ ਛੱਡ ਦਿੱਤਾ. ਜਦ ਸਿੱਖਾਂ ਦੇ ਬੁਲਾਏ ਇਹ ਨਾ ਆਏ ਤਦ ਕ੍ਰਿਪਾਲੁ ਸਤਿਗੁਰੂ ਜੀ ਆਪ ਬੁਲਾਉਣ ਗਏ. ਇਸ ਪੁਰ ਉਨ੍ਹਾਂ ਨੇ ਕੇਵਲ ਪੰਜਵੇਂ ਗੁਰੂ ਜੀ ਦਾ ਹੀ ਨਿਰਾਦਰ ਨਹੀਂ ਕੀਤਾ, ਸਗੋਂ ਗੁਰੂ ਨਾਨਕ ਦੇਵ ਦੀ ਭੀ ਨਿੰਦਾ ਕੀਤੀ, ਜਿਸ ਕਰਕੇ ਇਹ ਦਰਬਾਰੋਂ ਖਾਰਿਜ ਕੀਤੇ ਗਏ ਅਤੇ ਦੋਹਾਂ ਦੇ ਸ਼ਰੀਰ ਕੁਸ਼੍ਠੀ ਹੋ ਗਏ. ਅੰਤ ਨੂੰ ਪਰਉਪਕਾਰੀ ਭਾਈ ਲੱਧੇ ਨੇ ਇਨ੍ਹਾਂ ਨੂੰ ਬਖਸ਼ਵਾਇਆ. ਦੇਖੋ, ਲੱਧਾ ਭਾਈ.

ਇਨ੍ਹਾਂ ਦੀ ਰਚੀ ਹੋਈ ਰਾਮਕਲੀ ਦੀ ਤੀਜੀ ਵਾਰ ਹੈ. "ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ."

ਸੱਤਾਸੱਤ: ਸਤ੍ਯ- ਅਸਤ੍ਯ. "ਲਿਖਿਯੇ ਸੱਤਾਸੱਤ ਵਿਚਾਰਾ." (ਨਾਪ੍ਰ)

ਸੱਤੂ: ਦੇਖੋ, ਸਤੂਆ.

ਸੱਤੇ ਰੋਹਣਿ: ਦੇਖੋ, ਸਪਤਨਾੜੀ ਚਕ੍ਰ.

ਸਤ੍ਯ: ਸੰ. सत्य ਸੰਗ੍ਯਾ- ਪਾਰਬ੍ਰਹਮ. ਕਰਤਾਰ, ਜੋ ਸਦਾ ਨਿਤ੍ਯ ਹੈ। ੨. ਸਤਯੁਗ। ੩. ਪ੍ਰਤਿਗ੍ਯਾ। ੪. ਸਿੱਧਾਂਤ. ਸਾਰ। ੫. ਸਭ ਤੋਂ ਉੱਚਾ ਸੱਤਵਾਂ ਲੋਕ। ੬. ਸੱਚ. ਝੂਠ ਦੇ ਵਿਰੁੱਧ। ੭. ਵਿ- ਯਥਾਰਥ. ਸਹੀ. ਠੀਕ.

ਸਤ੍ਯਸੰਧ: ਸੰ. ਵਿ- ਸੱਚੀ ਪ੍ਰਤਿਗ੍ਯਾ ਕਰਨ ਵਾਲਾ. ਵਾਇਦੇ ਦਾ ਪੂਰਾ। ੨. ਸੰਗ੍ਯਾ- ਇੱਕ ਰਾਜਾ. ਦੇਖੋ, ਚੌਪਈ.

ਸਤ੍ਯਕਰਤਾਰ: ਦੇਖੋ, ਸਤਿਕਰਤਾਰ.

ਸਤ੍ਯਪ੍ਰਤਿਗ੍ਯ: ਸੰ. ਵਿ- ਸੱਚੀ ਪ੍ਰਤਿਗ੍ਯਾ ਕਰਨ ਵਾਲਾ. ਸਤ੍ਯਸੰਧ

ਸਤ੍ਯਭਾਮਾ: ਦੇਖੋ, ਸਤਭਾਮਾ ਅਤੇ ਪਾਰਜਾਤੁ.

ਸਤ੍ਯਵਤੀ: ਸੰਗ੍ਯਾ- ਵਸੁਰਾਜ (ਉਪਰਿਚਰ) ਦੀ ਕੰਨ੍ਯਾ, ਜੋ ਮੱਛੀ ਦੇ ਪੇਟੋਂ ਜਨਮੀ, ਜਿਸ ਤੋਂ ਮਛੋਦਰੀ (ਮਤਸ੍ਯੋਦਰੀ) ਨਾਉਂ ਹੋਇਆ. ਇਸ ਦੇ ਰੂਪ ਉੱਤੇ ਪਰਾਸ਼ਰ ਰਿਖੀ ਮੋਹਿਤ ਹੋ ਗਿਆ ਅਤੇ ਸੰਯੋਗ ਕਰਕੇ ਕ੍ਰਿਸ਼ਨ ਦੈਪਾਯਨ (ਜਿਸਦਾ ਫੇਰ ਵ੍ਯਾਸ ਨਾਉਂ ਹੋਇਆ) ਪੈਦਾ ਕੀਤਾ. ਸਤ੍ਯਵਤੀ ਨੂੰ ਰਾਜਾ ਸ਼ਾਂਤਨੁ ਨੇ ਵਿਆਹਕੇ ਵਿਚਿਤ੍ਰਵੀਰਯ ਅਤੇ ਚਿਤ੍ਰਾਂਗਦ ਪੁਤ੍ਰ ਪੈਦਾ ਕੀਤੇ. ਮਹਾਭਾਰਤ ਵਿੱਚ ਲਿਖਿਆ ਹੈ ਕਿ ਇਸ ਦੇ ਸ਼ਰੀਰ ਵਿੱਚੋਂ ਮੱਛੀ ਦੀ ਬੂ ਆਉਂਦੀ ਸੀ. ਪਰ ਪਰਾਸ਼ਰ ਜੀ ਦੀ ਕ੍ਰਿਪਾ ਨਾਲ ਇਸ ਦੀ ਦੇਹ ਵਿਚੋਂ ਐਸੀ ਸੁਗੰਧ ਉਪਜੀ, ਜੋ ਚਾਰ ਚਾਰ ਕੋਹ ਤੀਕ ਫੈਲ ਗਈ, ਜਿਸ ਕਰਕੇ ਨਾਉਂ ਯੋਜਨਗੰਧਾ ਹੋਇਆ। ੨. ਦੇਖੋ, ਰਿਚੀਕ.

ਸਤ੍ਯਵਾਦੀ: ਦੇਖੋ, ਸਤਵਾਦੀ.

ਸਤ੍ਯ ਵਿਸ਼੍ਵਾਸ: ਦੇਖੋ. ਸਤਿਵਿਸ਼੍ਵਾਸ.

ਸਤ੍ਯ ਵ੍ਰਤ: ਦੇਖੋ, ਸਤਬ੍ਰਤ। ੨. ਸੰਗ੍ਯਾ- ਇੱਕ ਸੂਰਜਵੰਸ਼ੀ ਰਾਜਾ, ਜੋ ਹਰਿਸ਼ਚੰਦ੍ਰ ਦਾ ਪਿਤਾ ਸੀ. ਇਸ ਨੂੰ ਤ੍ਰਿਸ਼ੰਕੂ ਭੀ ਆਖਦੇ ਹਨ.

ਸਤ੍ਯਾ: ਦੇਖੋ, ਸੱਤਾ। ੨. ਸੰ. ਸਚਾਈ. ਸਤ੍ਯਤਾ। ੩. ਦੁਰਗਾ। ੪. ਸੀਤਾ.

ਸਤ੍ਯਾਨ੍ਰਿਤ: ਸੱਚ ਅਤੇ ਅਨ੍ਰਿਤ (ਝੂਠ). ੨. ਭਾਵ- ਵਣਿਜ. ਦੁਕਾਨਦਾਰੀ.

ਸਤ੍ਯਾਰਥ ਪ੍ਰਕਾਸ਼: ਆਰਯਸਮਾਜ ਦੇ ਆਚਾਰਯ ਸਾਧੂ ਦਯਾਨੰਦ ਦਾ ਲਿਖਿਆ ਗ੍ਰੰਥ, ਜਿਸਦੇ ੧੨. ਸਮੁੱਲਾਸ ਹਨ. ਇਸ ਵਿੱਚ ਆਰਯ- ਸਮਾਜ ਦੇ ਨਿਯਮ ਲਿਖੇ ਹਨ ਅਤੇ ਬਾਕੀ ਸਭ ਮਤਾਂ ਦਾ ਖੰਡਨ ਹੈ. ਇਸ ਦੀ ਪਹਿਲੀ ਐਡੀਸ਼ਨ ਸਨ ੧੮੭੪

ਵਿੱਚ ਛਪੀ ਹੈ.

ਸਤਜੰ: ਸੰ. ਛਾਂਦੋਗਯ ਉਪਨਿਸ਼ਦ. ਦੇ ਪ੍ਰਪਾਠਕ ੮. ਖੰਡ ੩. ਵਿੱਚ ਲਿਖਿਆ ਹੈ ਕਿ ਤਿੰਨ ਸ਼ਬਦ- ਸਤ੍- ਤਿ- ਯੰ ਦਾ ਅਰਥ ਹੈ ਜੋ ਅਵਿਨਾਸ਼ੀ ਅਤੇ ਵਿਨਾਸ਼ੀ ਦੋਹਾਂ ਨੂੰ ਮਿਲਾਉਂਦਾ ਹੈ। ੨. ਸਤਜਰੂਪ. ਸੱਚਾ. "ਸਾਧ ਸੰਗ ਸਨੇਹ ਸਤਜੰ." (ਸਹਸ ਮਃ ੫)

ਸਤ੍ਰ: ਸੰ. ਸੰਗਯਾ- ਧਨ। ੨. ਘਰ। ੩. ਤਾਲ। ੪. ਅੰਨਛੇਤ੍ਰ. ਸਦਾਵ੍ਰਤ। ੫. ਯਗ੍ਯ. ਜੱਗ. "ਕਹੂੰ ਸਾਸਤ੍ਰੀ ਸਤ੍ਰ ਕੱਥੈ ਕਥਾਨੰ." (ਗ੍ਯਾਨ) ੬. ਧੋਖਾ. ਛੱਲ। ੭. ਜੰਗਲ। ੮. ਸ਼ਤ੍ਰੁ. ਵੈਰੀ, ਦੇਖੋ, ਸੁਆਨ ਸਤ੍ਰ. ਦੇਖੋ, ਸਤ੍ਰੁ। ੯. ਦੇਖੋ, ਸਤ੍ਰੀ.

ਸਤ੍ਰੁਣਿ, ਸਤ੍ਰੁਣੀ, ਸ਼ਤ੍ਰੁਨੀ: ਸੰਗਯਾ- ਸ਼ਤ੍ਰੁ (ਵੈਰੀ) ਦੀ ਅਨੀਕਨੀ. ਦੁਸ਼ਮਨ ਦੀ ਫੌਜ. (ਸਨਾਮਾ)

ਸਤ੍ਰਾਜਿਤ: ਸੰਗਯਾ- ਨਿਘ੍ਨ ਯਾਦਵ ਦਾ ਪੁਤ੍ਰ, ਜਿਸ ਨੂੰ ਸੂਰਜ ਨੇ ਪ੍ਰਸੰਨ ਹੋਕੇ ਸ੍ਯਮੰਤਕ ਮਣਿ ਬਖ਼ਸ਼ੀ ਸੀ. ਦੇਖੋ, ਸਤਧਨ੍ਵਾ ਅਤੇ ਸਤਭਾਮਾ. "ਸਤ੍ਰਾਜਿਤ ਲਖ ਭੇਦ ਨਹਿ." (ਕ੍ਰਿਸਨਾਵ) ਦਸਮਗ੍ਰੰਥ ਵਿੱਚ ਇਸ ਦੇ ਪਰ੍ਯਾਯ ਨਾਮ ਅਰਿਜੀਤ ਅਤੇ ਅਰੰਜਿਤ ਭੀ ਆਏ ਹਨ.

ਸਤ੍ਰਾਂਤਕਰ: ਸੰਗਯਾ- ਸ਼ਤ੍ਰੁ (ਵੈਰੀ) ਦਾ ਅੰਤ ਕਰਨ ਵਾਲਾ, ਖੜਗ. "ਕਵਚਾਂਤੋਕ ਸਤ੍ਰਾਂਤਕਰ" (ਸਨਾਮਾ)

ਸਤ੍ਰੀ: ਸ਼ਤ੍ਰੁ. ਵੈਰੀ. "ਕਰਤਾ ਵਧ ਸਤ੍ਰੀ." (ਕ੍ਰਿਸਨਾਵ) "ਸਤ੍ਰੈ ਖੱਗ ਖਯਾਤਾ." (ਰਾਮਾਵ) ੨. ਸੰ. ਸਤ੍ਰਿਨ ਵਿ- ਜੱਗ ਕਰਨ ਵਾਲਾ। ੩. ਸੰਗਯਾ- ਰਾਜੇ ਦਾ ਦੂਤ. ਏਲਚੀ.

ਸਤ੍ਰੁ: ਸੰ. ਸ਼ਤ੍ਰੁ. ਸੰਗਯਾ- ਵੈਰੀ. ਦੁਸ਼ਮਨ. "ਸਤ੍ਰੁ ਦਹਨ ਹਰਿਨਾਮੁ ਕਹਨ." (ਗੂਜ ਮਃ ੫)

ਸਤ੍ਰੁਹਾ, ਸਤ੍ਰੁਹੰਤਾ, ਸਤ੍ਰੁਘਨ, ਸਤ੍ਰੁਘ੍ਨ, ਸਤ੍ਰੁਬਿਦਾਰ, ਸਤ੍ਰੁਵਿਦਾਰ: ਵਿ- ਸ਼ਤ੍ਰੁ (ਵੈਰੀ) ਦੇ ਮਾਰਨ ਵਾਲਾ। ੨. ਸੰਗਯਾ- ਲਛਮਨ ਦਾ ਛੋਟਾ ਭਾਈ ਸੁਮਿਤ੍ਰਾ ਦੇ ਉਦਰ ਤੋਂ ਦਸ਼ਰਥ ਦਾ ਪੁਤ੍ਰ. "ਮਿਲਜੋ ਸਤ੍ਰੁਹੰਤਾ." (ਰਾਮਾਵ) "ਭਰਤ ਲੱਛਮਨ ਸਤ੍ਰੁਬਿਦਾਰਾ." (ਵਿਚਿਤ੍ਰ) ੩. ਸਤ੍ਰੁਘ੍ਨ ਨਾਮਕ ਇੱਕ ਦੈਤ, ਜੋ ਰਾਵਣ ਦਾ ਸੈਨਾਪਤਿ ਸੀ। ੪. ਸ਼ਸਤ੍ਰਨਾਮਮਾਲਾ ਵਿੱਚ ਤੀਰ ਦਾ ਨਾਉਂ ਸਤ੍ਰੁਹਾ ਆਇਆ ਹੈ. "ਨਾਮ ਸਤ੍ਰੁਹਾ ਕੇ ਸਭੈ." (੨੩੮)

ਸਤ੍ਰੈਨ: ਭਾਈ ਸੰਤੋਖ ਸਿੰਘ ਨੇ ਸਤ੍ਵਰ (ਛੇਤੀ) ਲਈ ਇਹ ਪਦ ਵਰਤਿਆ ਹੈ. "ਪ੍ਰਾਪਤ ਜਜੋਂ ਅਵਿਲੰਬ ਕੋ ਬਧਤ ਬੇਲਿ ਸਤ੍ਰੈਨ." (ਨਾਪ੍ਰ) ੨. ਸੰ. ਸ੍ਤ੍ਰੈਣ ਇਸਤ੍ਰੀ ਨਾਲ ਬਹੁਤ ਪਿਆਰ ਕਰਨ ਵਾਲਾ.

ਸਤ੍ਵ: ਸੰ. ਸੰਗਯਾ- ਹੋਂਦ. ਅਸ੍ਤਿਤ੍ਵ. ਹੋਣ ਦਾ ਭਾਵ। ੨. ਸਾਰ. ਤਤ੍ਵ। ੩. ਆਤਮਤ੍ਵ। ੪. ਸਤੋਗੁਣ।੫ ਗਰਭ. ਹਮਲ। ੬. ਦ੍ਰਿਢਤਾ. ਕਾਇਮੀ। ੭. ਪ੍ਰਾਣੀ.

ਸਤ੍ਵਰ: ਸੰ. ਕ੍ਰਿ. ਵਿ- ਸ਼ੀਘ੍ਰਤਾ ਸੇ. ਕਾਹਲੀ ਨਾਲ ਝਟਪਟ। ੨. ਵਿ- ਜਲਦੀ ਕਰਨ ਵਾਲਾ. ਕਾਹਲਾ.

ਸਥ: ਸਾਥ. ਦੇਖੋ, ਸਥੁ। ੨. ਸੰਗਯਾ- ਉਹ ਥਾਂ ਜਿੱਥੇ ਲੋਕ ਮਿਲਕੇ ਬੈਠਣ. ਸਹਿ- ਸ੍ਥਿਤੀ ਦੀ ਥਾਂ। ੩. ਪੰਚਾਇਤ ਦੇ ਬੈਠਣ ਦੀ ਜਗਾ। ੪. ਸਭਾ. ਮਜਲਿਸ. "ਅੰਧਾ ਝਗੜਾ ਅੰਧੀ ਸਥੈ." (ਵਾਰ ਸਾਰ ਮਃ ੧) ੫. ਸੰ. ਸ੍ਥ ਵਿ- ਠਹਿਰਨੇ ਵਾਲਾ. ਇਸਥਿਤ (ਸ੍ਥਿਤ) ਹੋਣ ਵਾਲਾ. ਇਹ ਸ਼ਬਦ ਕਿਸੇ ਪਦ ਦੇ ਅੰਤ ਲੱਗਿਆ ਕਰਦਾ ਹੈ, ਜਿਵੇਂ- ਗ੍ਰਿਹਸ੍ਥ, ਮਾਰਗਸ੍ਥ ਆਦਿ। ੬. ਸਹਸ੍ਥ ਸਹਸ੍ਥ ਦਾ ਸੰਖੇਪ ਭੀ ਸਥ ਹੈ, ਅਰਥਾਤ- ਸਾਥ ਬੈਠਾ. ਇਸੇ ਦਾ ਰੂਪਾਂਤਰ ਸਾਥੀ ਹੈ.

ਸਥਈ: ਦੇਖੋ, ਸਥਾਈ। ੨. ਸਾਥੀ. ਸੰਗੀ.

ਸਥਈਆ: ਵਿ- ਸ੍ਥਿਤ ਹੋਣ ਵਾਲਾ। ੨. ਸੰਗੀ. ਸਾਥੀ. "ਸਾਥ ਲਏ ਜੁ ਸਥਈਆ." (ਚੰਡੀ ੧)

ਸਥਰ, ਸਥਰੁ: ਦੇਖੋ, ਸਾਥਰ. "ਯਾਰੜੇ ਦਾ ਸਾਨੂੰ ਸਥਰ ਚੰਗਾ." (ਹਜਾਰੇ ੧੦) ੨. ਸ- ਥਿਰਾ. ਜ਼ਮੀਨ ਉੱਤੇ ਕਿਸੇ ਚੀਜ ਦੇ ਲੈਣ ਲਈ ਅੜਕੇ ਬੈਠਣਾ. "ਬੈਠਾ ਸਥਰੁ ਘਤਿ." (ਮਃ ੧. ਬੰਨੋ)

ਸਥਲ: ਸੰ. ਸ੍ਥਲ. ਸੰਗਯਾ- ਥਾਂ. ਜਗਾ। ੨. ਖ਼ੁਸ਼ਕ ਜ਼ਮੀਨ.

ਸਥਾਈ: ਸੰ. स्थायिन. ਵਿ- ਇਸਥਿਤ ਹੋਣ ਵਾਲਾ. ਠਹਿਰਨ ਵਾਲਾ. ਕਾਇਮ। ੨. ਸੰਗਯਾ- ਅਚਲ ਪਦ.

ਸਥਾਈ ਭਾਵ: ਸੰਗਯਾ- ਸ੍ਥਾਈ ਭਾਵ ਉਸ ਨੂੰ ਆਖਦੇ ਹਨ ਜਿਸ ਦੇ ਆਧਾਰ ਰਸ ਇਸਥਿਤ ਰਹੇ. ਜਿਵੇਂ- ਰਤਿ ਸ਼੍ਰਿੰਗਾਰ ਦਾ, ਹਾਸੀ ਹਾਸ੍ਯ ਦਾ, ਸ਼ੋਕ ਕਰੁਣਾ ਦਾ, ਕ੍ਰੋਧ ਰੁਦ੍ਰ ਦਾ, ਉਤਸਾਹ ਵੀਰ ਦਾ, ਭੈ ਭਯਾਨਕ ਦਾ, ਗਲਾਨਿ ਬੀਭਤਸ ਦਾ, ਹੈਰਾਨੀ ਅਦਭੁਤ ਦਾ ਅਤੇ ਸ਼ਾਂਤਿ ਸ਼ਾਂਤ ਰਸ ਦਾ ਸ੍ਥਾਈ ਭਾਵ ਹੈ.

ਸਥਾਣੁ, ਸਥਾਣੂ: ਸੰ. ਸ੍ਥਾਣੁ. ਵਿ- ਠਹਿਰਿਆ ਹੋਇਆ. ਇਸਥਿਤ। ੨. ਸੰਗਯਾ- ਸ਼ਿਵ। ੩. ਕਿੱਲਾ. ਮੇਖ। ੪. ਠੂਠ. ਖੁੰਢ. "ਥਿਤ ਸਥਾਣੂ ਜੈਸਾ." (ਨਾਪ੍ਰ)

ਸਥਾਨ: ਸੰਗਯਾ- ਸ੍ਥਾਨ. ਥਾਂ. ਠਹਿਰਨ ਦੀ ਜਗਾ. ਸਿਤਾਂ.

ਸਥਾਨੀ: स्थानिन्. ਵਿ- ਸ੍ਥਾਨ ਵਾਲਾ. ਥਾਂ ਦਾ ਮਾਲਿਕ। ੨. ਕਿਸੇ ਥਾਂ ਨਾਲ ਹੈ ਜਿਸ ਦਾ ਸੰਬੰਧ.

ਸਥਾਰ: ਸੰ. स्फार- ਸ੍ਫਾਰ. ਸੰਗਯਾ- ਢੇਰ. ਸਮੁਦਾਯ. ਅੰਬਾਰ। ੨. ਵੱਢੀ ਹੋਈ ਪੈਲੀ ਦੇ ਢੇਰ। ੩. ਰੜਾ. ਸਾਫ ਮੈਦਾਨ. "ਕਰ ਸਥਾਰ ਤਹਿਂ ਤੇ ਚਲ ਆਏ." (ਗੁਪ੍ਰਸੂ)

ਸਥਾਵਰ: ਦੇਖੋ, ਅਸਥਾਵਰ.

ਸਥਿਰ: ਦੇਖੋ, ਅਸਥਿਰ ਅਤੇ ਸ੍ਥਿਰ.

ਸਥੁ: ਸਿੰਧੀ. ਸਭਾ. ਮਜਲਿਸ। ੨. ਸੁਹਬਤ. ਸੰਗਤਿ. "ਰਿਧਿ ਅਰੁ ਸਿਧਿ ਨ ਛੋਡਇ ਸਥੁ." (ਸਵੈਯੇ ਮਃ ੪. ਕੇ) ੩. ਦੇਖੋ, ਸਥ.

ਸਥੂਲ: ਦੇਖੋ, ਅਸਥੂਲ.

ਸਥੋਈ: ਵਿ- ਸ੍ਥਾਇਨ੍. ਸ੍ਥਾਈ. ਕਾਇਮ. "ਰੰਗ ਮਜੀਠ ਦਾ ਸਦਾ ਸਥੋਈ." (ਭਾਗੁ) ੨. ਸਾਥੀ. ਸੰਗੀ. "ਸਥੋਈ ਸਰਬ ਸਾਥ ਕੈ." (ਕਲਕੀ)

ਸਥੰਡਲ: ਸੰ. स्थण्डिल- ਸ੍ਥੰਡਿਲ. ਸੰਗਯਾ- ਥੜਾ. ਚੌਤਰਾ. "ਕਰਹੁ ਸਥੰਡਲ ਕਿਤਕ ਉਤੰਗ." (ਗੁਪ੍ਰਸੂ)

ਸਥੰਭ: ਸੰ. स्तम्भ. ਸ੍ਤੰਭ. ਸੰਗਯਾ- ਥਮਲਾ. ਸਤੂਨ। ੨. ਜੜ੍ਹਭਾਵ। ੩. ਰੁਕ ਜਾਣ ਦੀ ਕ੍ਰਿਯਾ.

ਸਥੰਭਨ: ਦੇਖੋ, ਅਸਥੰਭਨ.

ਸੱਥ: ਦੇਖੋ, ਸਥ। ੨. ਵ੍ਰਜ- ਸਾਥ. ਸੰਗ. "ਕਹੀ ਕੱਥ ਤਿਹ ਸੱਥ." (ਰਾਮਾਵ)

ਸਦ: ਕ੍ਰਿ. ਵਿ- ਸਦੈਵ. ਨਿਤ੍ਯ. "ਸਦ ਸੁਣਦਾ ਸਦ ਵੇਖਦਾ." (ਆਸਾ ਅਃ ਮਃ ੩) ੨. ਸੰਗਯਾ- ਸ਼ਬਦ. ਧ੍ਵਨਿ। ੩. ਉਪਦੇਸ਼ ੪. ਪੁਕਾਰ. ਹਾਕ. ਆਵਾਜ਼. ਗੁਹਾਰ. "ਸੁਣਕੈ ਸਦ ਮਾਹੀ ਦਾ ਮੇਹੀ ਪਾਣੀ ਘਾਹ ਮੁਤੋਨੇ." (ਦਸਮਗ੍ਰੰਥ) ੫. ਪੰਜਾਬੀ ਵਿੱਚ ਇੱਕ ਪ੍ਰਕਾਰ ਦਾ ਗੀਤ. ਇਹ ਛੰਦ ਦੀ ਕੋਈ ਖਾਸ ਜਾਤਿ ਨਹੀਂ, ਕਿੰਤੂ ਲੰਮੀ ਹੇਕ ਨਾਲ ਗਾਇਆ ਹੋਇਆ ਪੇਂਡੂ ਲੋਕਾਂ ਦਾ ਪਿਆਰਾ ਗੀਤ ਹੈ. ਸੱਦ ਵਿੱਚ ਛੰਦਾਂ ਦੇ ਅਨੇਕ ਰੂਪ ਹੋਇਆ ਕਰਦੇ ਹਨ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ "ਸੁੰਦਰ" ਜੀ ਦਾ ਸਦੁ ਰਾਗ ਰਾਮਕਲੀ ਵਿੱਚ ਹੈ, ਜਿਸ ਦੇ ਛੀ ਚਰਣ ਹਨ ਅਤੇ ਇਹ "ਹੁੱਲਾਸ" ਛੰਦ ਦੀ ਜਾਤਿ ਦਾ ਇੱਕ ਭੇਦ ਹੈ. ਪਹਿਲੇ ਚਰਣ ਦੀਆਂ ੨੩ ਮਾਤ੍ਰਾ, ਦੂਜੇ ਦੀਆਂ ੨੫, ਚਾਰ ਚਰਣਾਂ ਦੀਆਂ ਅਠਾਈ, ਦੂਜੀ ਤੁਕ ਦਾ ਅੰਤਿਮ ਪਦ ਸਿੰਘਾਵਲੋਕਨ ਨ੍ਯਾਯ ਨਾਲ ਤੀਜੀ ਤੁਕ ਦੇ ਮੁੱਢ.

ਉਦਾਹਰਣ-

ਜਗਦਾਤਾ ਸੋਇ ਭਗਤਵਛਲ ਤਿਹੁ ਲੋਇ ਜੀਉ,

ਗੁਰੁਸਬਦ ਸਮਾਵਏ ਅਵਰੋ ਨ ਜਾਣੈ ਕੋਇ ਜੀਉ,

ਅਵਰੋ ਨ ਜਾਣੈ ਸਬਦ ਗੁਰੁ ਕੈ ਏਕ ਨਾਮ ਧਿਆਵਹੇ,

ਪਰਸਾਦਿ ਨਾਨਕ ਗੁਰੂ ਅੰਗਦ ਪਰਮਪਦਵੀ ਪਾਵਹੇ. xx

(ਅ) ਦਸਮਗ੍ਰੰਥ ਵਿੱਚ ਵਿਖਮਪਦ "ਸਦ" ਹੈ, ਜਿਸ ਦੇ ਤਿੰਨ ਚਰਣ ਹਨ. ਪ੍ਰਤਿ ਚਰਣ ੨੯ ਮਾਤ੍ਰਾ. ਪਹਿਲਾ ਵਿਸ਼੍ਰਾਮ ੧੭. ਪੁਰ, ਦੂਜਾ ੧੨. ਪੁਰ, ਅੰਤ ਯਗਣ- ।SS.

ਉਦਾਹਰਣ-

ਸੁਣਕੈ ਸੱਦ ਮਾਹੀ ਦਾ, ਮੇਹੀ ਪਾਣੀ ਘਾਹ ਮੁਤੋਨੇ। ਕਿਸ ਹੀ ਨਾਲ ਨ ਰਲੀਆ ਕਾਈ, ਕਾਰੀ ਸ਼ੌਕ ਪਯੋਨੇ, ਗਜਾ ਫਿਰਾਕ ਮਿਲਾ ਮਿੱਤ ਮਾਹੀ, ਤਾਹੀ ਸ਼ੁਕਰ ਕਿਤੋਨੇ. ੬. ਸੰ. ਸਦ੍ ਧਾ- ਜਾਣਾ. ਚੜ੍ਹਾਈ ਕਰਨਾ. ਪੁਕਾਰ ਕਰਨਾ. ਮਿਲਨਾ. ਉੱਪਰ ਚੜ੍ਹਨਾ. ਪਾਲਨ ਕਰਨਾ. ਖ਼ੁਸ਼ ਹੋਣਾ. ਸ਼ੁੱਧ ਕਰਨਾ. ਸ਼ਾਂਤਚਿੱਤ ਹੋਣਾ. ਸਾਥ ਰਹਿਣਾ। ੭. ਫ਼ਾ. صد ਸਦ. ਸੌ. ਸ਼ਤ. "ਬਲਿਹਾਰੀ ਗੁਰੁ ਆਪਣੇ ਦਿਉਹਾੜੀ ਸਦ ਵਾਰ." (ਵਾਰ ਆਸਾ ਮਃ ੧)

ਸਦ ਸਦ, ਸਦਸਦਾ: ਕ੍ਰਿ. ਵਿ- ਸਦੈਵ ਹੀ. ਨਿਤ੍ਯ ਹੀ. "ਅਮਰ ਭਏ ਸਦ ਸਦ ਹੀ ਜੀਵਹਿ." (ਸੁਖਮਨੀ) "ਸਦਸਦਾ ਸਿਮ੍ਰਤਬ੍ਯ ਸੁਆਮੀ." (ਧਨਾ ਛੰਤ ਮਃ ੫)

ਸਦਸੰਗੀ: ਵਿ- ਸਦਾ ਨਾਲ ਰਹਿਣ ਵਾਲਾ. ਜੋ ਕਦੇ ਵੱਖ (ਅਲਗ) ਨਹੀਂ ਹੁੰਦਾ. "ਸੰਤਨ ਬਲਿਹਾਰੈ ਜੋ ਪ੍ਰਭੁ ਕੇ ਸਦਸੰਗੀ." (ਕਲਿ ਮਃ ੫) ੨. ਭਲਾ ਸਾਥੀ.

ਸਦ ਹਜਾਰਾਂ: ਫ਼ਾ. صدہزاراں ਸਦ ਹਜ਼ਾਰਾਂ. ਸੈਂਕੜੇ ਹਜਾਰ. ਲੱਖਾਂ. ਲਖੂਖਹਾ। ੨. ਭਾਵ- ਅਗਣਿਤ. ਬੇਸ਼ੁਮਾਰ.

ਸਦਹਾ: ਫ਼ਾ. صدہا ਬਹੁ ਵਚਨ ਸਦ ਦਾ. ਸੈਂਕੜੇ. ਅਨੰਤ। ੨. ਸੰ. ਯਗ੍ਯ ਕਰਨ ਵਾਲਾ। ੩. ਸਭਾ ਵਿੱਚ ਬੈਠਣ ਵਾਲਾ. ਸਭਾਸਦ.

ਸਦਕਾ: ਅ਼. صدقہ ਸਦਕ਼ਾ. ਸੰਗ੍ਯਾ- ਕ਼ਰਬਾਨੀ. ਬਲਿਦਾਨ. "ਬਾਰਿ ਬਾਰਿ ਜਾਉ ਸੰਤ ਸਦਕੇ." (ਬਾਵਨ) ੨. ਨਿਛਾਵਰ. ਉਤਾਰਾ। ੩. ਦਾਨ. "ਵਾਹਗੁਰੂ ਤੇਰਾ ਸਭ ਸਦਕਾ." (ਸਵੈਯੇ ਮਃ ੪. ਕੇ) "ਨਿਗੁਣੁ ਰਾਖਿਲੀਆ ਸੰਤਨ ਕਾ ਸਦਕਾ." (ਤੁਖਾ ਛੰਤ ਮਃ ੫)

ਸਦਕਾਰ, ਸਦਕਾਰਜ: ਸੰਗ੍ਯਾ- ਸਤਕਾਰਯ. ਉੱਤਮ ਕਰਮ. ਸਤਕ੍ਰਿਯਾ.

ਸਦਕਾਰੀ: ਵਿ- ਸਤਕ੍ਰਿਯਾ ਕਰਨ ਵਾਲਾ. ਸ਼ੁਭ ਕਰਮ ਕਰਤਾ। ੨. ਕ੍ਰਿ. ਵਿ- ਸਦਕੇ. ਪੁੰਨ ਤੋਂ "ਰਾਖ ਸੰਤ ਸਦਕਾਰੀ." (ਸਾਰ ਮਃ ੫) ਸੰਤਾਂ ਦੀ ਖੈਰਾਤ ਰੱਖ ਲਓ.

ਸਦਕੇਲਾ, ਸਦਕੇਲੀ: ਵਿ- ਸਦੈਵ ਆਨੰਦ ਕਰਨ ਵਾਲਾ. ਨਿਤ੍ਯਾਨੰਦ ਰੂਪ. "ਕਹੁ ਨਾਨਕ ਗੁਰੁ ਇਹੈ ਬੁਝਾਇਓ ਪ੍ਰੀਤਿ ਪ੍ਰਭੂ ਸਦਕੇਲਾ." (ਧਨਾ ਮਃ ੫) ੨. ਸਦੈਵ ਇਕੇਲਾ. ਨਿਤ੍ਯ ਅਸੰਗ.

ਸਦਗਤਿ: ਸੰ. ਸਦ੍ਗਤਿ. ਸੰਗ੍ਯਾ- ਉੱਤਮ ਦਸ਼ਾ. ਅੱਛੀ ਹਾਲਤ। ੨. ਮੁਕਤਿ.

ਸਦਗੁਰੁ: ਦੇਖੋ, ਸਤਗੁਰ.

ਸਦਜੀਵਣ, ਸਦਜੀਵਨ: ਸੰਗ੍ਯਾ- ਨਿਤ੍ਯ ਜੀਵਨ. ਅਮਰਪਦਵੀ। ੨. ਉੱਤਮ ਜੀਵਨ. ਭਲੀ ਜ਼ਿੰਦਗੀ. "ਸਦਜੀਵਨ ਭਲੋ ਕਹਾਹੀ." (ਸੋਰ ਕਬੀਰ) "ਸਦਜੀਵਣ ਅਰਜਨ ਅਮੋਲ." (ਸਵੈਯੇ ਮਃ ੫. ਕੇ)

**ਸਦਣਹਾਰਾ:** ਵਿ- ਬੁਲਾਉਣ ਵਾਲਾ. ੨. ਤਲਬ ਕਰਨ ਵਾਲਾ. "ਸਦਣਹਾਰਾ ਸਿਮਰੀਐ." (ਸੋਹਿਲਾ)

**ਸਦਣਾ, ਸਦਣੁ:** ਕ੍ਰਿ- ਸ਼ਬ੍ਦਨ. ਸ਼ਬਦ ਕਰਨਾ. ਬੁਲਾਉਣਾ. ਪੁਕਾਰਨਾ.

**ਸਦਨ:** ਸੰ. ਸੰਗਯਾ- ਬੈਠਣ ਦੀ ਥਾਂ. ਘਰ। ੨. ਅਸਥਾਨ. ਥਾਂ। ੩. ਜਲ। ੪. ਸ੍ਵਾਮੀ.

**ਸਦਬਰਗ:** ਫ਼ਾ. صدبرگ ਸਦਬਰਗ. ਸੰਗਯਾ- ਸੌ ਪੰਖੜੀਆਂ (ਪੱਤੀਆਂ) ਦਾ ਫੁੱਲ. ਗੇਂਦਾ। ੨. ਦੇਖੋ, ਸ਼ਤਪਤ੍ਰ.

**ਸਦਭਾਉ, ਸਦਭਾਇ, ਸਦਭਾਵ:** ਦੇਖੋ, ਸਤ ਭਾਇ.

**ਸਦਮ:** ਸੰ. ਸਦ੍ਮਨ੍. ਸੰਗਯਾ- ਠਹਿਰਨ ਦਾ ਥਾਂ. ਘਰ. ਮਕਾਨ. "ਨਤੁ ਰਾਖੋ ਸਾਦਰ ਨਿਜ ਸਦਮਾ." (ਨਾਪ੍ਰ) ੨. ਜੰਗ. ਯੁੱਧ.

**ਸਦਮਾ:** ਅ਼. صدمہ ਸਦਮਾ. ਸੰਗਯਾ- ਧੱਕਾ. ਠੋਕਰ। ੨. ਨੁਕਸਾਨ. ਹਾਨਿ। ੩. ਰੰਜ. ਸ਼ੋਕ.

**ਸਦਰ:** ਅ਼. صدر ਸਦਰ. ਸੰਗਯਾ- ਦਿਲ। ੨. ਛਾਤੀ। ੩. ਆਰੰਭ। ੪. ਜਿਲੇ ਦਾ ਆਲਾ ਅਹੁਦੇਦਾਰ। ੫. ਸ਼ਹਿਰ ਦਾ ਉਹ ਪ੍ਰਧਾਨ ਹਿੱਸਾ, ਜਿਸ ਵਿੱਚ ਸਰਕਾਰੀ ਅਫਸਰ ਅਤੇ ਕਚਹਿਰੀਆਂ ਆਦਿ ਹੋਣ। ੬. ਸਭਾ ਜਾਂ ਜਲਸੇ ਦਾ ਪ੍ਰਧਾਨ। ੭. ਕ੍ਰਿ. ਵਿ- ਉੱਪਰ. ਉੱਤੇ.

**ਸਦ ਰਹਮਤ, ਸਦ ਰਹਮਤਿ:** ਫ਼ਾ. صدرحمت ਸਦਰਹ਼ਮਤ. ਸੌ ਕ੍ਰਿਪਾ. ਅਨੰਤ ਦਯਾ। ੨. ਸ਼ਾਬਾਸ਼. "ਸਦ ਰਹਮਤ ਤੇਰੇ ਵਾਰ ਕਉ." (ਚੰਡੀ ੩)

**ਸਦਰੀ:** ਅ਼. صدری ਸਦਰੀ. ਸਦਰ (ਛਾਤੀ) ਉੱਪਰ ਪਹਿਰਨ ਦਾ ਵਸਤ੍ਰ. ਜਾਗਟ. ਫਤੂਹੀ.

**ਸਦਰੰਗ:** ਸੰਗਯਾ- ਨਿਤ੍ਯਾਨੰਦ। ੨. ਗੁਰੁਯਸ਼ ਕਰਤਾ ਇੱਕ ਭੱਟ.

**ਸਦਰੰਗਿ:** ਸਦਾ. ਪ੍ਰਸੰਨਤਾ ਨਾਲ. "ਸਦਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣ ਰਸਨ." (ਸਵੈਯੇ ਮਃ ੨. ਕੇ) ੨. ਵਿ- ਨਿਤ੍ਯਾਨੰਦੀ.

**ਸਦਵਾਉ:** ਵਿ- ਸਦਾ ਵਹਿਣ ਵਾਲਾ. ਸਦਾ ਗਤਿ। ੨. ਸੰਗਯਾ- ਪਵਨ। ੩. ਦੇਖੋ, ਪਵਣ ਵਾਉ.

**ਸਦੜਾ:** ਦੇਖੋ, ਸਦ। ੨. ਸੁਯਸ਼ ਦਾ ਗੀਤ. "ਤੇਰਾ ਸਦੜਾ ਸੁਣੀਜੈ ਭਾਈ! ਜੇ ਕੋ ਬਹੈ ਅਲਾਇ." (ਸੂਹੀ ਮਃ ੧) ੩. ਪੁਕਾਰ. ਗੁਹਾਰ। ੪. ਸੱਦਾ. "ਸਦੜੇ ਆਏ ਤਿਨਾ ਜਾਨੀਆ." (ਵਡ ਮਃ ੧. ਅਲਾਹਣੀਆ) ੫. ਸਦ੍ਯ. ਸ਼ੀਘ੍ਰ. ਬਿਨਾ ਢਿੱਲ. "ਪਿਛਹੁ ਰਾਤੀ ਸਦੜਾ ਨਾਮ ਖਸਮ ਕਾ ਲੇਹਿ." (ਮਾਰੂ ਮਃ ੧)

**ਸਦਾ:** ਵ੍ਯ- ਨਿਤ੍ਯ. ਹਮੇਸ਼ਹ. "ਸਦਾ ਸਦਾ ਆਤਮ ਪਰਗਾਸੁ." (ਆਸਾ ਮਃ ੫) ੨. ਅ਼. صدا ਸਦਾ. ਸੰਗਯਾ- ਧ੍ਵਨਿ. ਸ਼ਬਦ. ਆਵਾਜ਼। ੩. ਫ਼ਕੀਰ ਦੀ ਦੁਆ. ਆਸ਼ੀਰਵਾਦ। ੪. ਪੁਕਾਰ. ਗੁਹਾਰ. "ਰੈਣ ਦਿਨਸ ਦੁਇ ਸਦੇ ਪਏ." (ਬਸੰ ਮਃ ੪) ਦੇਖੋ, ਸੱਦਾ.

**ਸਦਾਉਣਾ:** ਕ੍ਰਿ- ਕਹਾਉਣਾ. ਬੁਲਵਾਉਣਾ. ਉੱਚਾਰਣ ਕਰਾਉਣਾ। ੨. ਮੰਗਵਾਉਣਾ. "ਕਲਉ ਮਸਾਜਨੀ ਕਿਆ ਸਦਾਈਐ?" (ਵਾਰ ਸ੍ਰੀ ਮਃ ੩) ਕਲਮ ਦਵਾਤ ਕੀ ਮੰਗਵਾਉਣੀ ਹੈ.

**ਸਦਾਸ਼ਿਵ:** ਸੰਗਯਾ- ਸਦਾ ਕਲ੍ਯਾਣ ਰੂਪ ਪਾਰਬ੍ਰਹਮ. ਮੰਗਲਰੂਪ ਵਾਹਗੁਰੂ. "ਮਹਾਦੇਵ ਕੋ ਕਹਿਤ ਸਦਾ ਸਿਵ। ਨਿਰੰਕਾਰ ਕਾ ਚੀਨਤ ਨਹਿ ਭਿਵ." (ਚੌਪਈ)

**ਸਦਾ ਸੁਹਾਗਣਿ, ਸਦਾ ਸੁਹਾਗਨਿ, ਸਦਾ ਸੁਹਾਗਿਨ:** ਵਿ- ਸਦਾ ਸੁਭਾਗਣ. ਨਿੱਤ ਸੋਭਾਗ੍ਯਵਤੀ. ਜਿਸ ਨੂੰ ਕਦੇ ਵਿਧਵਾਪਨ (ਵੈਧਵ੍ਯ) ਦਾ ਦੁੱਖ ਨਹੀਂ.

ਸ਼ਦਾਸੁਖ, ਸਦਾਸੁਖੁ: ਸੰਗਯਾ- ਨਿਤ੍ਯਾਨੰਦ. ਆਤਮਾਨੰਦ. "ਸਦਾਸੁਖੁ ਸਾਚੈ ਸਬਦਿ ਵੀਚਾਰੀ." (ਵਡ ਮਃ ੩)

ਸਦਾਕਤ, ਸਦਾਕ਼ਤ: ਅ਼. صداقت ਸਿਦਕ਼ (ਸਚਾਈ) ਦਾ ਭਾਵ. ਸੱਚਾ ਹੋਣਾ.

ਸਦਾ ਕੌਰ: ਚੰਦੂ ਦੀ ਪੁਤ੍ਰੀ ਸਦਾ ਕੁੱਵਰਿ, ਜਿਸ ਦਾ ਸੰਬੰਧ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਣਾ ਠਹਿਰਿਆ ਸੀ, ਪਰ ਦਿੱਲੀ ਦੀ ਸੰਗਤਿ ਦੀ ਬੇਨਤੀ ਮੰਨਕੇ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਅਭਿਮਾਨੀ ਦਾ ਸਾਕ ਲੈਣੋ ਨਾਂਹ ਕਰ ਦਿੱਤੀ। ੨. ਮਹਾਰਾਜਾ ਰਣਜੀਤ ਸਿੰਘ ਜੀ ਦੀ ਸੱਸ ਅਤੇ ਮਹਾਰਾਣੀ ਮਤਾਬ ਕੌਰ ਦੀ ਮਾਤਾ. ਇਹ ਕਨ੍ਹਈਆ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਦੀ ਬਿਧਵਾ ਸੀ. ਪਤੀ ਦੇ ਗੁਜ਼ਰ ਜਾਣ ਤੇ ਆਪਣੀ ਮਿਸਲ ਦੀ ਆਗੂ ਬਣੀ ਅਤੇ ਆਪਣੇ ਬਾਹੂਬਲ ਅਰ ਸਿਆਣਪ ਨਾਲ ਬਹੁਤ ਨਾਮ ਪਾਇਆ. ਇਹ ਮੁੱਦਤ ਤੱਕ ਆਪਣੀ ਮਿਸਲ ਦੀ ਤਾਕਤ ਮਹਾਰਾਜ ਰਣਜੀਤ ਸਿੰਘ ਦੀ ਸਹਾਇਤਾ ਵਿੱਚ ਵਰਤਦੀ ਰਹੀ. ਪਰ ਸਨ ੧੮੨੧ ਵਿੱਚ ਆਪਣੇ ਜਵਾਈ ਨਾਲ ਅਣਬਣ ਹੋ ਗਈ ਅਤੇ ਅੰਤ ਆਪਣਾ ਇਲਾਕਾ ਹੀ ਖੁਹਾ ਬੈਠੀ. ਇਸ ਦੀ ਪੁਤ੍ਰੀ ਮਤਾਬ ਕੌਰ ਮਹਾਰਾਜਾ ਸ਼ੇਰ ਸਿੰਘ ਦੀ ਮਾਤਾ ਸੀ। ੩. ਰਾਜਾ ਹਮੀਰ ਸਿੰਘ ਨਾਭਾਪਤਿ ਦੀ ਸੁਪੁਤ੍ਰੀ, ਜਿਸਦੀ ਸ਼ਾਦੀ ਸਰਦਾਰ ਜੈ ਸਿੰਘ ਰਈਸ ਬਟਾਲਾ ਨਾਲ ਹੋਈ.

ਸਦਾਗਤਿ: ਸੰ. ਸੰਗਯਾ- ਪੌਣ. ਹਵਾ.

ਸਦਾਗੁਲਾਬ: ਸੰਗਯਾ- ਬਾਰਾਂ ਮਹੀਨੇ ਖਿੜਨ ਵਾਲਾ ਗੁਲਾਬ। ੨. ਖ਼ਾਂ. ਕਿੱਕਰ. ਬਬੂਲ.

ਸਦਾਗੁਲਾਬ ਦਾ ਮੁਖਮਾਂਜਣਾ: ਖ਼ਾ. ਕਿੱਕਰ ਦੀ ਦਾਤਣ.

ਸਦਾਚਾਰ: ਸੰਗਯਾ- ਉੱਤਮ ਕ੍ਰਿਯਾ. ਨੇਕ ਚਲਨ. ਭਲਾ ਬਿਉਹਾਰ.

ਸਦਾਚਾਰਵੰਤ, ਸਦਾਚਾਰੀ: ਵਿ- ਚੰਗੇ ਆਚਾਰ ਵਾਲਾ. ਨੇਕ- ਚਲਨ.

ਸਦਾਛਮ: ਸੰਗਯਾ- ਸਦਾ ਕ੍ਸ਼ੇਮ ਕਰਤਾ, ਧਨ੍ਵੰਤਰਿ. ਪ੍ਰਸਿੱਧ ਵੈਦ, ਜੋ ਪੁਰਾਣਾਂ ਅਨੁਸਾਰ ਸਮੁੰਦਰ ਰਿੜਕਨ ਤੋਂ ਨਿਕਲਿਆ ਸੀ. "ਰੋਗਿਨ ਜਾਨਯੋ ਸਦਾਛਮ ਹੈ." (ਕ੍ਰਿਸਨਾਵ) ੨. ਵਿ- ਸਦਾ ਛਿਮਾ ਦੇ ਧਾਰਨ ਵਾਲਾ.

ਸਦਾਨੰਦ: ਸੰਗਯਾ- ਨਿਤ੍ਯਾਨੰਦ. ਆਤਮਾਨੰਦ। ੨. ਪਰਮੇਸੁਰ. ਕਰਤਾਰ। ੩. ਸ਼੍ਰੀ ਗੁਰੂ ਨਾਨਕ ਦੇਵ ਜੀ। ੪. ਵਿ- ਸਦਾ ਖੁਸ਼ ਰਹਿਣ ਵਾਲਾ.

ਸਦਾਬ੍ਰਤ, ਸਦਾਵ੍ਰਤ: ਸੰਗਯਾ- ਨਿਤ੍ਯਨਿਯਮ. ਨਿੱਤਨੇਮ। ੨. ਅੰਨ ਆਦਿਕ ਦਾਨ ਦੇ ਨਿੱਤਹੋਣ ਦਾ ਭਾਵ। ੩. ਵਿ- ਸਦਾ ਵ੍ਰਤ (ਨਿਯਮ) ਧਾਰਨ ਵਾਲਾ.

ਸਦਿ: ਕ੍ਰਿ. ਵਿ- ਸੱਦਕੇ. ਬੁਲਾਕੇ. "ਜਿਨੀ ਤੇਰਾ ਨਾਮ ਧਿਆਇਆ ਤਿਨ ਕਉ ਸਦਿ ਮਿਲੇ." (ਮਾਰੂ ਮਃ ੧) ੨. ਸਦ੍ਯ. ਤੁਰੰਤ. ਫ਼ੌਰਨ. "ਆਪੇ ਦੇਵੈ ਸਦਿ ਬੁਲਾਇ." (ਮਾਝ ਅਃ ਮਃ ੩)

ਸਦਿਆਨਾ: ਫ਼ਾ. شادیانہ ਸ਼ਾਦਿਆਨਹ. ਆਨੰਦ ਦਾਇਕ ਬਾਜਾ. "ਬਜੇ ਸਦਨ ਦਰ ਪਰ ਸਦਿਆਨੇ." (ਗੁਪ੍ਰਸੂ)

ਸਦੀ: ਫ਼ਾ. صدی ਸਦੀ. ਸੰ ਸ਼ਤਾਬ੍ਦ. ਸੰਗਯਾ- ਸ਼ਤ- ਅਬ੍ਦ. ਸੌ ਵਰ੍ਹੇ ਦਾ ਸਮਾ। ੨. ਸੈਂਕੜਾ. ਜਿਵੇਂ- ਦੋ ਫ਼ੀ ਸਦੀ ਅਤੇ ਵੀਹਵੀਂ ਸਦੀ.

ਸ਼ਦੀਦ: ਅ਼. شدید ਸ਼ਿੱਦਤ (ਸਖ਼ਤੀ) ਵਾਲਾ. ਸਖ਼ਤ.

ਸਦੀਵ: ਵ੍ਯ- ਸਦੈਵ. ਨਿਤ੍ਯ. ਹਮੇਸ਼ਹ. ਦੇਖੋ, ਗਨੀਵ.

ਸਦੁ: ਦੇਖੋ, ਸਦ ੫। ੨. ਸ਼ਬਦ. "ਹਉ ਜੀਵਾ ਸਦੁ ਸੁਣੇ." (ਵਾਰ ਕਾਨ ਮਃ ੪) ੩. ਭਿਖ੍ਯਾ ਲਈ ਸੱਦਾ, ਜੋ ਗ੍ਰਿਹਸਥੀ ਦੇ ਦਰ ਤੇ ਫ਼ਕੀਰ ਲੋਕ ਦਿੰਦੇ ਹਨ "ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ." (ਵਾਰ ਮਲਾ ਮਃ ੧) ੪. ਉਪਦੇਸ਼.

ਸਦੁਪਦੇਸ਼: ਸਤ੍- ਉਪਦੇਸ਼. ਉੱਤਮ ਸਿਖ੍ਯਾ. ਨੇਕ ਸਲਾਹ.

ਸਦੇਈ: ਬੁਲਾਵੇਗਾ. ਬੁਲਾਉਂਦਾ ਹੈ. ਸੱਦੇਗੀ. ਸੱਦਦੀ ਹੈ. "ਨਾਨਕ ਆਖੈ ਗੋਰ ਸਦੇਈ." (ਸ੍ਰੀ ਮਃ ੧)

ਸਦੇਸਰਾ, ਸਦੇਸਰੋ, ਸਦੇਸਾ: ਸੰ. ਸੰ- ਦਿਸ਼. ਸੰਦੇਸ਼. ਸੰਗ੍ਯਾ- ਸੁਨੇਹਾ. ਪੈਗ਼ਾਮ. "ਸੁਨਤ ਸਦੇਸਰੋ ਪ੍ਰਿਅ ਗ੍ਰਿਹ ਸੇਜ ਵਿਛਾਈ." (ਸੂਹੀ ਮਃ ੫) "ਕੋਈ ਆਇ ਸਦੇਸਾ ਦੇਇ ਪ੍ਰਭ ਕੇਰਾ." (ਬਿਲਾ ਅਃ ਮਃ ੪)

ਸਦੇਹ: ਦੇਖੋ, ਸੰਦੇਹ। ੨. ਸੰ. ਕ੍ਰਿ. ਵਿ- ਸ (ਸਾਥ) ਦੇਹ (ਸ਼ਰੀਰ). ਸ਼ਰੀਰ ਸਮੇਤ. "ਸਦੇਹ ਸੁਰਗ ਕੋ ਗਯੋ." (ਗੁਪ੍ਰਸੂ)

ਸਦੇਰੇ: ਵ੍ਯ- ਸਦੈਵ. ਨਿਤ੍ਯ. "ਸਤਿਗੁਰੁ ਸੇਵ ਦਿਨ ਰਾਤ ਸਦੇਰੇ." (ਮਾਰੂ ਸੋਲਹੇ ਮਃ ੫)

ਸ਼ਦੈਵ: ਦੇਖੋ, ਸਦੀਵ.

ਸਦੋਹ: ਸੰ. ਸੰਦੋਹ. ਵਿ- ਸਭ. ਤਮਾਮ. ਸੰਪੂਰਣ। ੨. ਅਤਿ. ਪੂਰਣ ਰੀਤਿ ਨਾਲ. "ਜਯਤਿ ਸੱਚਿਦਾਨੰਦ ਸਦੋਹੰ." (ਨਾਪ੍ਰ)

ਸਦੰ: ਦੇਖੋ, ਸਦੀਵ। ੨. ਤੁਰੰਤ. ਫੌਰਨ. ਦੇਖੋ, ਸਦ੍ਯ. "ਸਦੰ ਸੀਸ ਕਪ੍ਯੋ." (ਗ੍ਯਾਨ)

ਸੱਦ: ਦੇਖੋ, ਸਦ ਅਤੇ ਸਦੁ। ੨. ਸ਼ਬਦ. ਧੁਨਿ. "ਭਯੋ ਸੱਦ ਏਵੰ, ਹੜ੍ਯੋ ਨੀਰਧੇਵੰ." (ਵਿਚਿਤ੍ਰ)

ਸੱਦਣਾ: शब्दन ਸ਼ਬ੍ਦਨ. ਪੁਕਾਰਨਾ. ਦੇਖੋ, ਸਦਣਾ.

ਸੱਦਾ: ਸੰਗ੍ਯਾ- ਨਿਮੰਤ੍ਰਣ। ੨. ਸੁਨੇਹਾ। ੩. ਪੁਕਾਰ. ਗੁਹਾਰ। ੪. ਸੱਦਣ ਵਾਲਾ. ਬੁਲਾਵਾ.

ਸੱਦਾ ਸਿੰਘ: ਦੇਖੋ, ਕਪੂਰਥਲਾ। ੨. ਇੱਕ ਨਿਰਮਲੇ ਸਾਧੁ, ਜੋ ਵਡੇ ਪੰਡਿਤ ਸੇ. ਇਹ ਕਾਸ਼ੀ ਵਿੱਚ ਬਹੁਤ ਰਹਿਆ ਕਰਦੇ. ਇਨ੍ਹਾਂ ਨੇ ਅਦ੍ਵੈਤਸਿੱਧੀ ਨਾਮਕ ਵੇਦਾਂਤ ਦੇ ਕਠਿਨ ਗ੍ਰੰਥ ਤੇ ਸੁਗਮਸਾਰ ਚੰਦ੍ਰਿਕਾ ਉੱਤਮ ਟੀਕਾ ਲਿਖਿਆ ਹੈ.

ਸੱਦੂ: ਮੱਦੂ ਦਾ ਭਾਈ ਰਬਾਬੀ. ਇਹ ਆਪਣੇ ਭਾਈ ਨਾਲ ਮਿਲਕੇ ਦਸ਼ਮੇਸ਼ ਦੇ ਦਰਬਾਰ ਕੀਰਤਨ ਕਰਦਾ ਹੁੰਦਾ ਸੀ. "ਸੱਦੂ ਮੱਦੂ ਆਸਾ ਵਾਰ। ਕੀਰਤਨ ਕਰਤੇ ਰਾਗ ਸੁਧਾਰ." (ਗੁਪ੍ਰਸੂ)

ਸਦ੍ਯ: ਸੰ. सद्यस् ਕ੍ਰਿ. ਵਿ- ਝਬਦੇ. ਤੁਰੰਤ. ਛੇਤੀ. ਫੌਰਨ। ੨. ਅੱਜ ਹੀ। ੩. ਸੰਗ੍ਯਾ- ਸ਼ਿਵ.

ਸਦ੍ਯਫਲ: ਤੁਰੰਤ ਪ੍ਰਾਪਤ ਹੋਇਆ ਫਲ.

ਸਦ੍ਯਾਨਾ: ਦੇਖੋ, ਸਦਿਆਨਾ.

ਸਦ੍ਯੰ: ਦੇਖੋ, ਸਦ੍ਯ.

ਸਦ੍ਰਿਸ: ਸੰ. सदृश ਵਿ- ਸਦ੍ਰਿਕ੍ਸ਼. ਜੋ ਸਮਾਨ ਦਿਖਾਈ ਦੇਵੇ. ਜੇਹਾ. ਤੁੱਲ. ਸਮਾਨ. "ਕੂਰ ਕੁਪੱਤਾ ਸਦ੍ਰਿਸ ਕੁੱਤਾ." (ਗੁਪ੍ਰਸੂ)

ਸਧਉਰਾ: ਦੇਖੋ, ਸਿੰਦਉਰਾ ਅਤੇ ਸੰਧੂਰੀਆ.

ਸਧਈਆ: ਵਿ- ਸਾਧਨਾ ਸਿੱਧ ਕਰੈਯਾ. ਸਾਧਨਾ ਕਰਨ ਵਾਲਾ. "ਸਾਧਨਾ ਸਧਈਆ." (ਗ੍ਯਾਨ)

ਸਧਨ: ਸੰਗ੍ਯਾ- ਸ- ਧਨ. ਦੌਲਤਮੰਦ. ਧਨੀ.

ਸਧਨਾ: ਸੇਹਵਾਨ (ਇਲਾਕਾ ਸਿੰਧ) ਦਾ ਵਸਨੀਕ ਕਸਾਈ ਸੀ. ਇਸ ਨੂੰ ਆਤਮਗ੍ਯਾਨੀਆਂ ਦੀ ਸੰਗਤਿ ਦ੍ਵਾਰਾ ਕਰਤਾਰ ਦੇ ਪ੍ਰੇਮ ਅਤੇ ਭਗਤੀ ਦੀ ਪ੍ਰਾਪਤੀ ਹੋਈ. ਇਹ ਨਾਮਦੇਵ ਜੀ ਦਾ ਸਮਕਾਲੀ ਸੀ. ਸਧਨੇ ਦਾ ਦੇਹਰਾ ਸਰਹਿੰਦ ਪਾਸ ਵਿਦ੍ਯਮਾਨ ਹੈ. ਇਸ ਭਗਤ ਦੀ ਬਾਣੀ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਦਰਜ ਹੈ. "ਅਉਸਰ ਲਜਾ ਰਾਖਿਲੇਹੁ ਸਧਨਾ ਜਨੁ ਤੋਰਾ." (ਬਿਲਾ) ੨. ਕ੍ਰਿ- ਸਿੱਧ ਹੋਣਾ. ਪੂਰਾ ਹੋਣਾ. ਕੰਮ ਚੱਲਣਾ। ੩. ਅਭ੍ਯਾਸ ਦਾ ਪੱਕਿਆਂ ਹੋਣਾ.

ਸਧਨੁ: ਧਨੁਖ ਸਹਿਤ. ਕਮਾਨ ਨਾਲ.

ਸਧਰ: ਦੇਖੋ, ਸੱਧਰ.

ਸਧਰਨਾ: ਸੰ. संहरण ਸੰਹਰਣ. ਸੰਹਾਰ (ਸੰਘਾਰ) ਕਰਨਾ. "ਆਪਿ ਉਪਾਵਨ ਆਪਿ ਸਧਰਨਾ." (ਬਿਲਾ ਮਃ ੫) ੨. ਸ- ਆਧਾਰ- ਕਰਨਾ ਦਾ ਸੰਖੇਪ.

ਸਧਾ: ਸੰ. ਸ਼੍ਰੱਧਾ. ਵਿਸ਼੍ਵਾਸ. "ਸੇਜ ਸਧਾ ਸਹਿਜ ਛਾਵਾਣੁ." (ਸਵੈਯੇ ਮਃ ੪. ਕੇ) ਸ਼੍ਰੱਧਾ ਸੇਜਾ (ਸਿੰਘਾਸਨ) ਹੈ, ਗ੍ਯਾਨ ਸਾਇਬਾਨ ਹੈ। ੨. ਸੰ. सुधा ਸੁਧਾ. ਚੂਨਾ. ਕਲੀ. "ਪਾਨ ਸੁਪਾਰੀ ਕੱਥ ਮਿਲਿ ਰੰਗ ਸੁਰੰਗ ਸਪੂਰਣ ਸਧਾ." (ਭਾਗੁ) ਪਾਨ ਸੁਪਾਰੀ ਕੱਥ ਅਤੇ ਸੁਧਾ (ਚੂਨਾ) ਮਿਲਕੇ ਰੰਗ ਲਾਲ ਸੰਪੂਰਣ ਹੁੰਦਾ ਹੈ.

ਸਧਾਨ: ਸਿੰਨ੍ਹਣ (ਸ਼ਿਸਤ ਲੈਣ) ਦੀ ਕ੍ਰਿਯਾ. ਦੇਖੋ, ਸੰਧਾਨ. "ਆਨ ਆਨ ਸੂਰਮਾ ਸਧਾਨ ਬਾਨ ਧਾਵਹੀ." (ਕਲਕੀ)

ਸਧਾਰ: ਸ- ਆਧਾਰ. ਆਧਾਰ ਸਹਿਤ. "ਬਰਸੁ ਪਿਆਰੇ ਮਨਹਿ ਸਧਾਰੇ." (ਮਲਾ ਮਃ ੫) ਪ੍ਰਸੰਨ (ਖ਼ੁਸ਼) ਕਰਨ ਵਾਲੇ। ੨. ਜਿਲਾ ਲੁਦਿਆਨਾ ਦੀ ਤਸੀਲ ਜਗਰਾਉਂ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮੁੱਲਾਪੁਰ ਤੋਂ ਦੱਖਣ ਪੰਜ ਮੀਲ ਦੇ ਕਰੀਬ ਹੈ. ਇਸ ਪਿੰਡ ਤੋਂ ਅੱਧ ਮੀਲ ਉੱਤਰ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ, ਜਿਸ ਦੀ ਸੰਗ੍ਯਾ "ਗੁਰੂਸਰ" ਭੀ ਹੈ. ਗੁਰਦ੍ਵਾਰੇ ਨਾਲ ੨੦. ਵਿੱਘੇ ਜ਼ਮੀਨ ਹੈ. ਹਰ ਪੂਰਣਮਾਸੀ ਨੂੰ ਜੋੜ ਮੇਲਾ ਹੁੰਦਾ ਹੈ. ਇਸ ਪਿੰਡ ਦੇ ਪੰਚਾਇਤੀ ਡੇਰੇ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋੜਾ ਹੈ, ਜੋ ਸਤਿਗੁਰੂ ਨੇ ਪ੍ਰੇਮੀ ਸਿੱਖ ਨੂੰ ਬਖ਼ਸ਼ਿਆ ਸੀ.

ਸਧਾਰਣ: ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪਰਮ ਅਨਨ੍ਯ ਸੇਵਕ ਆਤਮਗ੍ਯਾਨੀ ਸਿੱਖ. "ਕਮਲੇ! ਜਾਹੁ ਸਧਾਰਣ ਸਦਨਾ." (ਨਾਪ੍ਰ) ੨. ਗੋਇੰਦਵਾਲ ਨਿਵਾਸੀ ਸ਼੍ਰੀ ਗੁਰੂ ਅਮਰਦੇਵ ਜੀ ਦਾ ਇੱਕ ਲੁਹਾਰ ਸਿੱਖ, ਜਿਸ ਨੇ ਬਾਵਲੀ ਲਈ ਕਾਠ ਦੀ ਪੌੜੀ ਤਿਆਰ ਕੀਤੀ ਸੀ। ੩. ਸ਼੍ਰੀ ਗੁਰੂ ਅਰਜਨ ਸਾਹਿਬ ਦਾ ਇੱਕ ਤਰਖਾਣ ਸਿੱਖ, ਜਿਸ ਨੇ ਕਰਤਾਰ ਪੁਰ ਵਿੱਚ ਗੁਰੂ ਕੇ ਮਹਿਲ ਬਣਾਏ। ੪. ਕ੍ਰਿ- ਸੁਧਾਰਣ। ੫. ਧਾਰਨ ਕਰਨਾ. ਭਰਨਾ. ਪੋਖਣਾ. "ਗਰਬ ਨਿਵਾਰਣ ਸਰਬ ਸਧਾਰਣ." (ਮਾਰੂ ਸੋਲਹੇ ਮਃ ੫) ੬. ਆਧਾਰ ਸਹਿਤ ਕਰਨਾ. ਆਸਰਾ ਦੇਣਾ. "ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ." (ਮਾਰੂ ਸੋਲਹੇ ਮਃ ੫) ੭. ਦੇਖੋ, ਸਾਧਾਰਣ.

ਸਧਾਰਨ: ਦੇਖੋ, ਸਧਾਰਣ. ਕ੍ਰਿ. - ਆਸਰੇ ਸਹਿਤ ਕਰਨਾ. ਆਧਾਰ ਦੇਣਾ. "ਕਲਮਲ ਡਾਰਨ ਮਨਹਿ ਸਧਾਰਨ." (ਦੇਵ ਮਃ ੫) ੨. ਦੇਖੋ, ਸਾਧਾਰਣ. "ਪਾਠ ਸਧਾਰਨ ਜੋ ਨਿਤ ਕਰੇ." (ਗੁਪ੍ਰਸੂ)

ਸਧਾਰੀ: ਵਿ- ਆਧਾਰ ਸਹਿਤ ਕਰਨ ਵਾਲਾ. ਆਸਰਾ ਦੇਣ ਵਾਲਾ. "ਪਰਉਪਕਾਰੀ ਸਰਬ ਸਧਾਰੀ." (ਦੇਵ ਮਃ ੫)

ਸਧਿੰਦਾ: ਵਿ- ਸਾਧਨ ਕਰਤਾ. ਸਾਧਕ. "ਸਿੱਧਤਾਈ ਕੋ ਸਧਿੰਦਾ." (ਗ੍ਯਾਨ)

ਸਧੀ: ਵਿ- ਧੀ (ਬੁੱਧਿ) ਸਹਿਤ. ਦਾਨਾ. "ਸਧੀ ਸ੍ਰਾਵਗੀ ਬੇਦਬਿਦ੍ਯਾ ਬਿਚਾਰੀ." (ਪਾਰਸਾਵ)

ਸਧੂਮ: ਵਿ- ਧੂੰਏਂ ਸਹਿਤ। ੨. ਸੰਗ੍ਯਾ- ਅਗਨਿ.

ਸੱਧਰ: ਸੰਗ੍ਯਾ- ਰੁਚਿ. ਇੱਛਾ। ੨. ਖਾਣ ਦੀ ਵਾਸਨਾ. "ਅੰਬਾਂ ਸੱਧਰ ਨਾ ਲਹੈ ਆਣ ਅੰਬਾਕੜੀਆਂ ਜੇ ਖਾਏ." (ਭਾਗੁ)

ਸੱਧੂ: ਲਹੌਰ ਨਿਵਾਸੀ ਪ੍ਰੇਮੀ ਸਿੱਖ, ਜਿਸ ਦੇ ਘਰ ਸ਼੍ਰੀ ਗੁਰੂ ਅਰਜਨ ਸਾਹਿਬ ਕੁਝ ਕਾਲ ਵਿਰਾਜੇ. ਇਸੇ ਦੇ ਘਰੋਂ ਬੁਲਾਕੇ ਚੰਦੂ ਨੇ ਸਤਿਗੁਰੂ ਨੂੰ ਜੇਲ ਵਿੱਚ ਪਾਇਆ ਸੀ. "ਸੱਧੂ ਸਿੱਖ ਸ ਭਾਰਯਾ ਪ੍ਰੇਮ ਕਰੇ ਮਨ ਮਾਹਿ." (ਗੁਪ੍ਰਸੂ) ੨. ਦੇਖੋ, ਸੁੱਧੂ.

ਸਨ: ਪੰਜਾਬੀ ਵਿੱਚ ਇਹ ਸੀ ਦਾ ਬਹੁ ਵਚਨ ਹੈ. ਥੇ. ਅਤੇ ਲਹਿੰਦੀ ਪੰਜਾਬੀ ਵਿੱਚ ਸ਼ਬਦਾਂ ਦੇ ਅੰਤ ਲਗਕੇ ਭਵਿਸ਼੍ਯਤ ਕਾਲ ਦਸਦਾ ਹੈ. ਜਿਵੇਂ- ਜਾਸਨ, ਖੜਸਨ, ਆਦਿ. ਦੇਖੋ, ਖੜਸਨਿ, ਜਾਸਨਿ ਆਦਿ। ੨. ਸੰ. सन् ਧਾ- ਦਾਨ ਕਰਨਾ. ਸੇਵਾ ਕਰਨਾ. ਆਦਰ ਕਰਨਾ। ੩. ਸੰ ਸੰਗ੍ਯਾ- ਲਾਭ। ੪. ਵਿ- ਪੁਰਾਣਾ. ਪ੍ਰਾਚੀਨ। ੫. ਭਾਈ ਸੰਤੋਖ ਸਿੰਘ ਨੇ ਇੱਕ ਥਾਂ

ਸਿਨਗ੍ਧਤਾ (ਚਿਕਨਾਈ- ਮੱਖਣ) ਲਈ ਇਹ ਸ਼ਬਦ ਵਰਤਿਆ ਹੈ. "ਪੈ ਮਧ ਜਜੋਂ ਸਨ ਹੋਤ ਸਦੀਵ ਹੈ." (ਨਾਪ੍ਰ) ੬. ਫ਼ਾ. سن ਰੰਗ। ੭. ਨਿਯਮ. ਨੇਮ। ੮. ਨੇਜ਼ਾ. ਭਾਲਾ। ੯. ਅ਼. سن ਸਿਨ. ਸਾਲ. ਸੰਮਤ. ਸੰਵਤ. "ਸਨ ਨੌ ਸੌ ਏਕਾਨਵ ਆਹੀ." (ਮਾਸੰ) ੧੦. ਦੇਖੋ, ਸਣ। ੧੧. ਪ੍ਰਾ. ਵਜ- ਸਾਥ. ਸੰਗ. ਨੂੰ. ਪ੍ਰਤਿ. "ਤਿਹ ਸਨ ਕਹਯੋ ਪ੍ਰੇਮ ਕੇ ਸਾਥ." (ਗੁਪ੍ਰਸੂ)

ਸਨਉਢ: ਸੰਗਯਾ- ਮਥੁਰਾ ਭਰਤਪੁਰ ਤੋਂ ਲੈ ਕੇ ਅਮਰਕੋਟ ਤੀਕ ਦਾ ਦੇਸ਼। ੨. ਸੋਢਿਵੰਸ਼। ੩. ਸਨਾਢ੍ਯ ਬ੍ਰਾਹਮਣ ਗੋਤ੍ਰ. ਦੇਖੋ, ਸਨੌਢ ਅਤੇ ਸਨੌਢੀ.

ਸਨਉਢੀ: ਵਿ- ਸਨਾਢ੍ਯ ਗੋਤ੍ਰ ਦਾ. "ਤਹਿ ਇਕ ਆਹਿ ਸਨਉਢੀ ਬ੍ਰਾਹਮਨ। ਪੰਡਿਤ ਬਡੋ ਮਹਾਂ ਬਡ ਗੁਨਿ ਜਨ." (ਅਜੈ ਸਿੰਘ ਰਾਜ) ੨. ਸੋਢੀ. ਦੇਖੋ, ਸਨੌਢੀ.

ਸਨਕ: ਸੰ. ਵਿ- ਪੁਰਾਣਾ। ੨. ਸੰਗਯਾ- ਬ੍ਰਹਮਾ ਦੇ ਚਾਰ ਮਾਨਸਿਕ ਪੁਤ੍ਰਾਂ ਵਿਚੋਂ ਵੱਡਾ. "ਸਨਕ ਸਨੰਦ ਅੰਤ ਨਹਿ ਪਾਇਆ." (ਆਸਾ ਕਬੀਰ) ੩. ਸੰ. शौनक- ਸ਼ੋਨਕ. ਸ਼ੁਨਕ ਦਾ- ਪਤ੍ਰ ਰਿਖੀ, ਜੋ ਅਥਰਵ ਵੇਦ ਦਾ ਆਚਾਰਯ ਸੀ. ਇਸ ਦਾ ਰਚਿਆ "ਬ੍ਰਿਹਦ ਦੇਵਤਾ" ਪ੍ਰਸਿੱਧ ਗ੍ਰੰਥ ਹੈ. ਇਹ ਵ੍ਯਾਕਰਣ ਦਾ ਭਾਰੀ ਪੰਡਿਤ ਸੀ। ੪. ਸ਼ੌਨਕੀਯ. ਸ਼ੌਨਕ ਦਾ ਰਚਿਆ ਗ੍ਰੰਥ. "ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ." (ਮਲਾ ਰਵਿਦਾਸ)

ਸਨਕਾਦਿ, ਸਨਕਾਦਿਕ: ਸੰਗਯਾ- ਸਨਕ ਹੈ ਜਿਨ੍ਹਾਂ ਦੇ ਮੁੱਢ, ਐਸੇ ਬ੍ਰਹਮਾ ਦੇ ਮਾਨਸਿਕ ਚਾਰ ਪੁਤ੍ਰ ਅਰਥਾਤ- ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ. "ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ ਕਉ ਮਹਲੁ ਦੁਲਭਾਵਉ." (ਆਸਾ ਮਃ ੫)

ਸਨਕੇਸ਼: ਸੰਗਯਾ- ਸਨਕ- ਈਸ਼. ਸਨਕ ਦਾ ਸ੍ਵਾਮੀ ਆਰਥਾਤ ਪਿਤਾ, ਬ੍ਰਹਮਾ. ਚਤੁਰਾਨਨ. "ਸਨਕੇਸ ਨੰਦਨ ਪਾਵਹੀ ਨਹਿ ਭੇਵ." (ਅਕਾਲ)

ਸਨਕੇਸ ਨੰਦਨ: ਬ੍ਰਹਮਾ ਦਾ ਪੁਤਰ. ਚਤੁਰਾਨਨ ਦੇ ਪੁਤ੍ਰ, ਦੇਖੋ, ਸਨਕੇਸ.

ਸਨਗਤ: ਦੇਖੋ, ਸੰਗਤ. "ਗੁਰੁ ਦਯਾਲੁ ਕੀ ਦਯਾ ਕੈ ਸਨਗਤ ਹੈ." (ਭਾਗੁ) ੨. ਸਦਗਤਿ. ਉੱਤਮ ਗਤਿ. ਮੋਕ੍ਸ਼.

ਸਨੱਢ: ਦੇਖੋ, ਸਨਾਢ੍ਯ ਅਤੇ ਸਨੌਢ। ੨. ਸੋਢੀ. "ਰਾਖੀਅੰ ਲੱਜ ਬੰਸੰ ਸਨੱਢੰ." (ਵਿਚਿਤ੍ਰ)

ਸਨਤ: ਸੰ. ਵਿ- ਨਤ- ਸਹਿਤ. ਸੱਨਤ ( सन्नत ) ਝੁਕਿਆ ਹੋਇਆ। ੨. ਸ਼ਬਦ ਕਰਨ ਵਾਲਾ। ੩. ਸੰ. सनत. ਸੰਗਯਾ- ਬ੍ਰਹਮਾ. ਚਤੁਰਾਨਨ। ੪. ਅ਼. صنعت ਸਨਅ਼ਤ. ਕਾਰੀਗਰੀ. ਹੁਨਰ. ਦਸ੍ਤਕਾਰੀ.

ਸਨਤ ਕੁਆਰ, ਸਨਤ ਕੁਮਾਰ: ਸਨਤ੍ (ਬ੍ਰਹਮਾ) ਦਾ ਕੁਮਾਰ (ਪੁਤ੍ਰ). ਚਤੁਰਾਨਨ ਦੇ ਬਾਲਕ. ਦੇਖੋ, ਸਨਕਾਦਿਕ.

ਸਨਦ: سند ਸੰਗਯਾ- ਪੱਟਾ. ਵਸੀਕਾ। ੨. ਸਿਫ਼ਾਰਿਸ਼ਨਾਮਾ.

ਸਨੱਧ, ਸਨੱਧ ਬੱਧ: ਸੰ. संनद्ध ਸੰਨੱਧ. ਵਿ- ਸੰ (ਚੰਗੀ ਤਰਾਂ) ਨੱਧ (ਬੰਨ੍ਹਿਆ ਹੋਇਆ). ੨. ਸ਼ਸਤ੍ਰਾਂ ਨਾਲ ਸਜਿਆ ਹੋਇਆ. ਜਿਸ ਨੇ ਸ਼ਸਤ੍ਰਾਂ ਨੂੰ ਸ਼ਰੀਰ ਨਾਲ ਬੰਨ੍ਹਿਆ ਹੈ। ੩. ਕਵਚ ਪਹਿਨ ਅਤੇ ਕਮਰ ਬੰਨ੍ਹਕੇ ਜੋ ਤਿਆਰ ਹੋਇਆ ਹੈ. "ਸਨੱਧ ਬੱਧ ਹਨਐ ਚਲੇ." (ਰਾਮਾਵ)

ਸਨਬੰਧ: ਦੇਖੋ, ਸੰਬੰਧ.

ਸਨਬੰਧੀ: ਦੇਖੋ, ਸੰਬੰਧੀ.

ਸਨਬੰਧੁ: ਦੇਖੋ, ਸੰਬੰਧ. "ਮੰਨੈ ਧਰਮ ਸੇਤੀ ਸਨਬੰਧੁ." (ਜਪੁ)

ਸਨਬੰਧੇਹੀ: ਵਿ- ਸੰਬੰਧ ਵਾਲਾ. ਸੰਬੰਧਿਤ. "ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ." (ਸੋਰ ਮਃ ੫)

ਸਨਮ: ਸੰ. ਵਿ- ਨੰਮ੍ਰਤਾ ਸਹਿਤ. ਝੁਕਿਆ ਹੋਇਆ। ੨. ਅ਼. صنم ਸਨਮ. ਸੰਗ੍ਯਾ- ਮੂਰਤਿ। ੩. ਵਿ- ਪਿਆਰਾ। ੪. ਸੁੰਦਰ.

ਸਨਮਾਨ: ਸੰ. सन्मान ਸੰਗ੍ਯਾ- ਆਦਰ. ਸਤਕਾਰ.

ਸਨਮਾਨ੍ਯ: ਵਿ- ਆਦਰ ਲਾਇਕ. ਸਤਕਾਰ ਯੋਗ੍ਯ.

ਸਨਮੁਖ, ਸਨਮੁਖੁ: ਸੰ. सम्मुख- ਸੰਮੁਖ. ਕ੍ਰਿ. ਵਿ- ਸਾਮ੍ਹਣੇ. ਮੁਖ ਦੇ ਅੱਗੇ. "ਸਨਮੁਖ ਸਹਿ ਬਾਨ." (ਆਸਾ ਛੰਤ ਮਃ ੫) ੨. ਭਾਵ- ਆਗ੍ਯਾਕਾਰੀ. "ਮੋਹਰੀ ਪੁਤੁ ਸਨਮੁਖੁ ਹੋਇਆ." (ਸਦੁ) ੩. ਸੰਗ੍ਯਾ- ਗੁਰੂ ਵੱਲ ਹੈ ਜਿਸ ਦਾ ਮੁਖ, ਅਤੇ ਵਿਕਾਰਾਂ ਨੂੰ ਜਿਸ ਨੇ ਪਿੱਠ ਦਿੱਤੀ ਹੈ. ਜਿਸ ਵਿੱਚ ਮੈਤ੍ਰੀ ਆਦਿ ਸ਼ੁਭ ਗੁਣ ਹਨ. "ਮੈਤ੍ਰੀ ਕਰੁਣਾ ਦਨਐ ਲਖੋ ਮੁਦਿਤਾ ਤੀਜੀ ਜਾਨ। ਚਤੁਰ ਉਪੇਖ੍ਯਾ ਜਿਸ ਵਿਖੈ ਸਨਮੁਖ ਸੋ ਪਹਿਚਾਨ." (ਨਾਪ੍ਰ)

ਸਨਯ: ਸੰ. ਵਿ- ਸ- ਨਯ. ਨੀਤਿ ਸਹਿਤ। ੨. ਪੁਰਾਣਾ. ਪ੍ਰਾਚੀਨ.

ਸਨਾ: ਦੇਖੋ, ਸਨਾਹ। ੨. ਦੇਖੋ, ਸਨਾਇ। ੩. ਅ਼. سناء ਇੱਕ ਬੇਲ, ਜਿਸ ਦੇ ਪੱਤੇ ਜੁਲਾਬ ਲਈ ਵਰਤੀਦੇ ਹਨ L. Cassia Senna. ਸੰਸਕ੍ਰਿਤ ਵਿੱਚ ਇਸ ਦਾ ਨਾਉਂ "ਮਾਰਕੰਡਿਕਾ" ਹੈ. ਵੈਦ੍ਯਕ ਵਿੱਚ ਇਹ ਅੰਤੜੀ ਦੀ ਮੈਲ, ਕੋੜ੍ਹ, ਵਾਉਗੋਲਾ, ਖਾਂਸੀ ਆਦਿ ਰੋਗਾਂ ਦੇ ਨਾਸ ਕਰਨ ਵਾਲੀ ਮੰਨੀ ਹੈ. ਹਕੀਮ ਮੱਕੇ ਦੀ ਸਨਾ ਬਹੁਤ ਅੱਛੀ ਸਮਝਦੇ ਹਨ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਪਿੱਤ ਨੂੰ ਦਸਤਾਂ ਰਸਤੇ ਖਾਰਿਜ ਕਰਦੀ, ਗਠੀਏ ਅਤੇ ਪਸਲੀ ਦੇ ਦਰਦ ਨੂੰ ਮਿਟਾਉਂਦੀ ਹੈ.

ਸਨਾਉ: ਦੇਖੋ, ਸ੍ਨਾਯੁ। ੨. ਦੇਖੋ, ਸਨਾਇ ੨.

ਸਨਾਅਤ: ਅ਼. صناعت ਸਿਨਾਅ਼ਤ. ਸੰਗ੍ਯਾ- ਕਾਰੀਗਰੀ. ਹੁਨਰਮੰਦੀ. ਇਸ ਦਾ ਮੂਲ ਸਨਅ਼ ਹੈ, ਜਿਸ ਦਾ ਅਰਥ ਕਾਰੀਗਰੀ ਕਰਨਾ ਹੈ.

ਸਨਾਇ: ਦੇਖੋ, ਸਨਾ। ੨. ਅ਼. ثنا ਸਨਾ ਸੰਗ੍ਯਾ- ਉਸਤਤਿ. ਵਡਿਆਈ. "ਪੰਜਵੀਂ ਸਿਫਤ ਸਨਾਇ" (ਵਾਰ ਮਾਝ ਮਃ ੧) ਪੰਜਵੀਂ ਨਮਾਜ਼ ਹੈ ਕਿ ਸਿਫਤੀ ਦੀ ਉਸਤਤਿ ਕਰਨੀ। ੩. ਫ਼ਾ. شہنائی ਸ਼ਹਨਾਈ. ਨਫੀਰੀ. "ਬਜੰਤ੍ਰ ਕੋਟਿ ਬਾਜਹੀਂ। ਸਨਾਇ ਭੇਰਿ ਸਾਜਹੀਂ." (ਰਾਮਾਵ)

ਸਨਾਇਤ: ਉਸਤਤਿ. ਤਅ਼ਰੀਫ, ਦੇਖੋ, ਸਨਾਇ ੨. "ਸਨਾਇਤ ਬਹੁਤ ਕਰ." (ਜਸਾ)

ਸਨਾਈ: ਸੰਗ੍ਯਾ- ਸਨਾ (ਉਸਤਤਿ) ਯੋਗ੍ਯ, ਕਰਤਾਰ। ੨. ਸ਼ਹਨਾਈ. ਹਵਾ ਭਰੀ ਮਸ਼ਕ, ਜੋ ਨਦੀ ਆਦਿਕ ਦੇ ਤਰਨ ਲਈ ਸਹਾਇਤਾ ਦਿੰਦੀ ਹੈ. "ਭੂਪਹਿ ਲਯਾ ਚੜ੍ਹਾਇ ਸਨਾਈ। ਸਰਿਤਾ ਬੀਚ ਪਰੀ ਪੁਨ ਜਾਈ।।" (ਚਰਿਤ੍ਰ ੩੪੪) ੩. ਦੇਖੋ, ਸਨਾਇ ੩.

ਸ਼ਨਾਸ: ਫ਼ਾ. شناس ਵਿ- ਪਹਿਚਾਨ (ਪਛਾਣ) ਵਾਲਾ. ਨਾਉਂ ਦੇ ਨਾਲ ਲਗਕੇ ਇਹ ਵਿਸ਼ੇਸ਼ਣ ਬਣਾ ਦਿੰਦਾ ਹੈ, ਜਿਵੇਂ ਕ਼ਦਰਸ਼ਨਾਸ, ਹ਼ਕ਼ਸ਼ਨਾਸ ਆਦਿ.

ਸ਼ਨਾਸਦ: ਫ਼ਾ. شناسد ਪਛਾਣਦਾ ਹੈ. ਪਛਾਣੇ. ਪਛਾਣੇਗਾ.

ਸ਼ਨਾਸਿੰਦਾ: ਫ਼ਾ. شناسندہ ਵਿ- ਪਛਾਣਨ ਵਾਲਾ. ਗ੍ਯਾਤਾ.

ਸ਼ਨਾਸੀ: ਫ਼ਾ. شناسی ਸੰਗ੍ਯਾ- ਪਛਾਣਨ ਦਾ ਭਾਵ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਖ਼ੁਦਾਸ਼ਨਾਸੀ.

ਸ਼ਨਾਸੇਮ: ਫ਼ਾ. شناسیم ਅਸੀਂ ਪਛਾਣਦੇ ਹਾਂ. ਅਸੀਂ ਪਛਾਣਾਗੇ. ਅਸੀਂ ਪਛਾਣੀਏ.

ਸਨਾਹ: ਸੰ. ਸੰਨਾਹ. ਚੰਗੀ ਤਰਾਂ ਬੰਨ੍ਹਿਆ ਹੋਇਆ ਕਵਚ. ਜਿਰਹ. ਸੰਜੋਆ. "ਪਾਰਬ੍ਰਹਮੁ ਜਪਿ ਪਹਿਰਿ ਸਨਾਹ." (ਸੂਹੀ ਮਃ ੫)

**ਸਨਾਹਰਿ:** ਸੰਨਾਹ (ਕਵਚ) ਦਾ ਅਰਿ (ਵੈਰੀ) ਖੜਗ. "ਸਨਾਹਰਿ ਝਾਰਤ ਹੈਂ." (ਰਾਮਾਵ) ੨. ਉਹ ਸ਼ਸਤ੍ਰ, ਜੋ ਸੰਜੋਏ ਨੂੰ ਵਿੰਨ੍ਹ ਸਕੇ.

**ਸਨਾਹਿ:** ਦੇਖੋ, ਸਨਾਹ.

**ਸਨਾਹੀ:** ਵਿ- ਜਿਸ ਨੇ ਸੰਨਾਹ ਪਹਿਰਿਆ ਹੈ. ਕਵਚਧਾਰੀ। ੨. ਦੇਖੋ, ਸਨਾਈ. ਹਵਾ ਭਰੀ ਮਸ਼ਕ."ਦੁਹੂੰ ਸਨਾਹੀ ਲਈ ਮੰਗਾਇ." (ਚਰਿਤ੍ਰ ੩੪੪)

**ਸਨਾਹੁ:** ਦੇਖੋ, ਸਨਾਹ. "ਪਹਿਰਿ ਸੀਲ ਸਨਾਹੁ." (ਸਵੈਯੇ ਮਃ ੨. ਕੇ)

**ਸ਼ਨਾਖ਼ਤ:** ਫ਼ਾ. شناخت ਸੰਗਜਾ- ਪਹਿਚਾਨ. ਪਛਾਣ.

**ਸ਼ਨਾਖ਼ਤਨ:** ਫ਼ਾ. شناختن ਕ੍ਰਿ- ਪਹਿਚਾਨਨਾ. ਜਾਣਨਾ. ਪਛਾਣਨਾ.

**ਸਨਾਢ, ਸਨਾਢ੍ਯ:** ਦੇਖੋ, ਸਨਉਢ ਅਤੇ ਸਨੌਢੀ.

**ਸਨਾਤ:** ਦੇਖੋ, ਸਨਾਤਿ। ੨. ਅ਼. شنات ਸ਼ੁਨਾਤ. ਸ਼ਾਨੀ ਦਾ ਬਹੁ ਵਚਨ, ਦੁਸ਼ਮਨੀ ਰੱਖਣ ਵਾਲੇ। ੩. ਸੰ. सनात ਵ੍ਯ- ਨਿੱਤ. ਸਦੈਵ. " ਕਰਤਾ ਸਦੀਵ ਹਰਤਾ ਸਨਾਤ." (ਅਕਾਲ) ੪. स्नात ਸ੍ਨਾਤ. ਨ੍ਹਾਤਾ ਹੋਇਆ. ਸ਼ੁੱਧ ਹੋਇਆ. ਸਾਫ ਹੋਇਆ.

**ਸਨਾਤਨ:** ਸੰ. ਵਿ- ਬਹੁਤ ਪੁਰਾਣਾ. ਅਨਾਦਿ ਕਾਲ ਦਾ। ੨. ਨਿੱਤ ਰਹਿਣ ਵਾਲਾ। ੩. ਸੰਗਜਾ- ਪਰਮੇਸੁਰ. ਕਰਤਾਰ. "ਅਬ ਮਨ ਉਲਟਿ ਸਨਾਤਨ ਹੂਆ." (ਗਉ ਕਬੀਰ) ੪. ਬ੍ਰਹਮਾ। ੫. ਵਿਸ਼ਨੁ। ੬. ਬ੍ਰਹਮਾ ਦਾ ਇੱਕ ਮਾਨਸ ਪੁਤ੍ਰ. ਦੇਖੋ, ਸਨਕਾਦਿਕ.

**ਸਨਾਤਨੀ:** ਵਿ- ਸਦਾ ਹੋਣ ਵਾਲੀ ਰੀਤਿ ਨੂੰ ਧਾਰਣ ਵਾਲਾ। ੨. ਪਰੰਪਰਾ ਦਾ ਵਿਸ਼੍ਵਾਸੀ। ੩. ਸੰਗਜਾ- ਧਰਮ ਦੇ ਪੁਰਾਣੇ ਨੇਮ ਅਤੇ ਦਸਤੂਰ ਉੱਤੇ ਅਮਲ ਕਰਨ ਵਾਲਾ ਪੁਰਖ। ੪. ਪੁਰਾਣੇ ਖਿਆਲਾਂ ਵਾਲਾ ਹਿੰਦੂ.

**ਸਨਾਤਿ, ਸਨਾਤੀ:** ਸੰਗਜਾ- ਸੰਕੀਰਣ ਜਾਤਿ। ੨. ਨੀਚ ਜਾਤਿ. "ਨਾਨਕ ਨਾਵੈ ਬਾਝ ਸਨਾਤਿ." (ਆਸਾ ਮਃ ੧) "ਵਿਚਿ ਸਨਾਤੀ ਸੇਵਕ ਹੋਇ." (ਮਲਾ ਮਃ ੧) ੩. ਦੇਖੋ, ਸਨਾਤ.

**ਸਨਾਥ, ਸਨਾਥਾ:** ਵਿ- ਨਾਥ (ਸ੍ਵਾਮੀ) ਸਹਿਤ. ਮਾਲਿਕ ਵਾਲਾ. ਜਿਸ ਦੇ ਸਿਰ ਪੁਰ ਕੋਈ ਸ੍ਵਾਮੀ ਹੈ. "ਤਿਨ ਦੇਖੇ ਹਉ ਭਇਆ ਸਨਾਥ." (ਤੁਖਾ ਛੰਤ ਮਃ ੪) "ਤਿਨ ਸਫਲਿਓ ਜਨਮੁ ਸਨਾਥਾ." (ਜੈਤ ਮਃ ੪)

**ਸਨਾਦ:** ਵਿ- ਸ (ਸਾਥ) ਨਾਦ (ਧੁਨਿ). ਆਵਾਜ ਸਹਿਤ. ਸ਼ੋਰ ਨਾਲ.

**ਸਨਾਦਿ:** ਨੰਦੀ ਗਣ ਸਹਿਤ. "ਸਨਾਦਿ ਸਿਵ ਅੰਤ ਨ ਸੁੱਝੈ." (ਗ੍ਯਾਨ)

**ਸਨਾਨ:** ਦੇਖੋ, ਇਸਨਾਨ। ੨. ਦੇਖੋ, ਸਿਨਾਨ.

**ਸਨਾਯ:** ਦੇਖੋ, ਸਨਾ.

**ਸਨਿ:** ਦੇਖੋ, ਸਣ. ਸਣੀ. "ਸਨਿ ਜਨੋਂ ਤਨ ਖੋਵਹਿ ਦੁਖਦਾਨੀ." (ਨਾਪ੍ਰ) ਸਣ ਆਪਣੇ ਸ਼ਰੀਰ ਨੂੰ ਗਾਲਕੇ ਰੱਸੇ ਦੀ ਸ਼ਕਲ ਵਿੱਚ ਹੋਰਨਾਂ ਨੂੰ ਬੰਨ੍ਹਦੀ ਹੈ। ੨. ਕ੍ਰਿ. ਵਿ- ਨਾਲ. ਸਾਥ. ਸਣੇ. ਸਮੇਤ। ੩. ਸੰ. सनि ਸੰਗਜਾ- ਦਾਨ। ੪. ਇਨਾਮ। ੫. ਸੰ. शनि- ਸ਼ਨਿ. ਛਾਯਾ ਦੇ ਗਰਭ ਤੋਂ ਸੂਰਜ ਦਾ ਪੁਤ੍ਰ ਸ਼ਨੈਸ਼੍ਚਰ. ਛਨਿੱਛਰ। ੬. ਨੌ ਗ੍ਰਹਾਂ ਵਿੱਚੋਂ ਸੱਤਵਾਂ ਗ੍ਰਹ. ਸੂਰਜ ਤੋਂ ਇਸ ਦੀ ਵਿੱਥ ੮੮੩੦੦੦੦੦੦ ਮੀਲ ਖਿਆਲ ਕੀਤੀ ਗਈ ਹੈ. ਇਹ ਬਹੁਤ ਚਮਕੀਲਾ ਗ੍ਰਹ ਹੈ. ਦੂਰਬੀਨ ਨਾਲ ਵੇਖੀਏ ਤਾਂ ਇਸ ਦੇ ਆਲੇ ਦੁਆਲੇ ਚਿੱਟੇ ਘੇਰੇ ਦਿਸਦੇ ਹਨ.

**ਸਨਿਆਸ, ਸਨਿਆਸੀ:** ਦੇਖੋ ਸੰਨਿਆਸ ਅਤੇ ਸੰਨਿਆਸੀ.

ਸਨਿਸਚਰ: ਦੇਖੋ, ਸਨਿ ੫- ੬ ਅਤੇ ਛਨਿਛਰ.

ਸਨਿਗਧ, ਸਨਿਘਧ: ਸੰ. ਸ੍ਨਿਗਧ. ਵਿ- ਸਨੇਹ (ਚਿਕਨਾਈ) ਵਾਲਾ. ਚਿਕਨਾ. ਥੰਧਾ। ੨. ਕੋਮਲ. ਨਰਮ। ੩. ਖ਼ੈਰਖ਼੍ਵਾਹ. ਸ਼ੁਭਚਿੰਤਕ.

ਸਨੀ: ਦੇਖੋ, ਸਨਿ। ੨. ਵਿ- ਸਾਨੀ. ਮਿਲੀ ਹੋਈ. "ਸਰਪੀ ਸਿਤਾ ਸ੍ਵਾਦ ਸੋਂ ਸਨੀ." (ਗੁਪ੍ਰਸੂ) ਸਰਪੀ (ਘੀ) ਸਿਤਾ (ਖੰਡ)

ਸਨੀਚਰ: ਦੇਖੋ, ਸਨਿ ੫. ਅਤੇ ੬.

ਸਨੁਖਾ, ਸਨੂਖਾ: ਸੰ. ਸ੍ਨੁਸ਼ਾ. ਸੰਗਯਾ- ਨੂੰਹ. ਪੁਤ੍ਰ ਦੀ ਵਹੁਟੀ. "ਬਜਾਹ ਕਰੇ ਸਭ ਸੁਤਨ ਕੇ ਪਿਖ ਸਹਿਤ ਸਨੂਖਾ." (ਗੁਪ੍ਰਸੂ)

ਸਨੇ: ਵਿ- ਸਾਨੇ. ਮਿਲੇ ਹੋਏ. ੨. ਸੰ. शनैः- ਸ਼ਨੈਃ ਵਜ- ਹੌਲੀ. ਆਹਿਸ੍ਤਾ. ਧੀਰੇ.

ਸਨੇਹ: ਸੰ. ਸ੍ਨੇਹ. ਸੰਗਯਾ- ਪ੍ਰੇਮ. ਪਿਆਰ. ਮੁਹੱਬਤ। ੨. ਤੇਲ. "ਰਾਮ ਸਨੇਹ ਛੁਟੀ ਨ੍ਰਿਪ ਦੇਹ ਸੁ ਪਾਛੇਉ ਮੇਲ ਸਨੇਹ ਮੇ ਰਾਖੀ." (ਹਨੂ) ੩. ਨਯਾਯਮਤ ਅਨੁਸਾਰ ਪਾਣੀ ਵਿੱਚ ਰਹਿਣ ਵਾਲਾ ਇੱਕ ਗੁਣ, ਜਿਸ ਤੋਂ ਆਟੇ ਮਿੱਟੀ ਆਦਿਕ ਦਾ ਪੇੜਾ ਬੱਝਦਾ ਹੈ.

ਸਨੇਹ ਨਿਬਾਹਣਾ, ਸਨੇਹ ਨਿਬਾਹਨਾ: ਕੋਊ ਕਹੈ ਦਾਹਬੋ ਕਠਿਨ ਵਪੁ ਪਾਵਕ ਮੇ

ਕੋਊ ਕਹੈ ਗਾਹਬੋ ਕਠਿਨ ਸਿੰਧੁ ਤੇਹ ਕੋ,[181]

ਕੋਊ ਕਹੈ ਚਾਹਬੋ[182] ਕਠਿਨ ਮ੍ਰਿਗਰਾਜ ਸੌਹੈਂ,

ਕੋਊ ਕਹੈ ਢਾਹਬੈ ਕਠਿਨ ਸਤ੍ਰੁਦੇਹ ਕੋ,

"ਗ੍ਵਾਲ ਕਵਿ" ਕਠਿਨ ਵਿਸਾਹਬੋ ਦੁਸਹ ਦੁੱਖ

ਕੋਊ ਕਹੈ ਬਾਹਬੋ ਕਠਿਨ ਅਸੁਮੇਹ[183] ਕੋ,

ਸਭ ਹੀ ਸਹਿਜ ਜਹਾਂ ਜੀਯ ਮੇ ਉਮਾਹਬੋ ਹੈ

ਮੇਰੇ ਜਾਨੇ ਕਠਿਨ ਨਿਬਾਹਬੋ ਸਨੇਹ ਕੋ.

ਸਨੇਹਾ: ਸੰਦੇਸ਼. ਸੁਨੇਹਾ. "ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ." (ਮਾਝ ਮਃ ੪)

ਸਨੇਹੀ: ਸੰ. स्नेहिन् ਵਿ- ਸਨੇਹ ਵਾਲਾ. ਪ੍ਰੇਮੀ. ਪਿਆਰਾ.

ਸਨੇਤ: ਸੰ. सन्निहित- ਸੰਨਿਹਿਤ. ਕ੍ਰਿ. ਵਿ- ਪਾਸ. ਅਖੰਡ. "ਨਿਝਰ ਧਾਰ ਅਪਾਰ ਸਨੇਤੇ." (ਭਾਗੁ)

੨. ਸੰਗਯਾ- ਵਿਸ਼ਨੁ ਦੇ ਬੈਠਣ ਦੀ ਥਾਂ ਦੇ ਪਾਸ ਦਾ ਇੱਕ ਤੀਰਥ, ਜੋ ਕੁਰੁਛੇਤ੍ਰ ਵਿੱਚ ਹੈ. ਦੇਖੋ, ਥਨੇਸਰ ਗੁਰਦ੍ਵਾਰਾ ਨੰਃ ੩.

ਸਨੈ: ਦੇਖੋ, ਸਨੇ ੧. "ਗ੍ਵਾਰ ਸਨੈ ਬਨ ਬੀਚ ਫਿਰੈਂ." (ਕ੍ਰਿਸਨਾਵ) ੨. ਦੇਖੋ, ਸਨੇ ੨। ੩. ਦੇਖੋ, ਸਨਯ.

ਸਨੈਸ਼੍ਚਰ: ਸ਼ਨੇ ਸ਼ਨੇ (ਹੌਲੀ ਹੌਲੀ) ਚੱਲਣ ਵਾਲਾ. ਦੇਖੋ, ਸਨਿ ਅਤੇ ਛਨਿਛਰ.

ਸਨੋਢ: ਦੇਖੋ, ਸਨਉਢ। ੨. ਸਨੋਢਾ ਨਾਮਕ ਬ੍ਰਾਹਮਣੀ ਤੋਂ ਜਨਮੇਜਯ ਦੇ ਪੁਤ੍ਰ ਅਜੈ ਸਿੰਘ ਦੀ ਸੰਤਾਨ. "ਵਹ ਜਾਤਿ ਸਨੋਢ ਕਹਾਤ ਭਏ." (ਅਜੈ ਸਿੰਘ ਰਾਜ)

---

[181] ਗਹਿਰਾਈ.

[182] ਤੱਕਣਾ. ਨੇਤ੍ਰ ਮਿਲਾਕੇ ਵੇਖਣਾ.

[183] ਯੱਗ ਦਾ ਘੋੜਾ. ਅਸ਼੍ਵਮੇਧ ਦਾ ਘੋੜਾ ਚਲਾਉਣਾ. ਜੋ ਘੋੜੇ ਪਿੱਛੇ ਹੁੰਦੇ ਹਨ ਉਨ੍ਹਾਂ ਨੂੰ ਵੈਰੀਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ.

ਸਨੌਢ: ਦੇਖੋ, ਸਨਉਢ. "ਭਾਜ ਸਨੌਢ ਦੇਸ ਤੇ ਗਏ." (ਵਿਚਿਤ੍ਰ)

ਸਨੌਢਿ, ਸਨੌਢੀ: ਸੰਗਯਾ- ਸੋਢੀ. ਦੇਖੋ, ਸਨਉਢ ਅਤੇ ਸਨੌਢ। ੨. ਸਨਾਢ੍ਯ ਬ੍ਰਾਹਮਣ. ਇਸ ਦਾ ਮੂਲ ਹੈ- ਸਨ (ਦੱਛਣਾ) ਆਢ੍ਯ (ਸੰਪੰਨ). ਜੋ ਭੇਟ ਪੂਜਾ ਅੰਗੀਕਾਰ ਕਰਨ ਵਾਲਾ ਹੈ. "ਬ੍ਰਹਮਾ ਜੂ ਕੇ ਚਿੱਤ ਸੇ ਪ੍ਰਗਟ ਭਏ ਸਨਕਾਦਿ। ਉਪਜੇ ਤਿਨ ਕੇ ਚਿੱਤ ਤੇਂ ਸਕਲ ਸਨੌਢੀ ਆਦਿ." (ਕਵਿਪ੍ਰਿਯਾ) "ਦੀਨੋ ਗਾਂਵ ਸਨੌਢਿਅਨ ਮਥੁਰਾ ਮੰਡਲ ਮਾਹਿ." (ਰਾਮਚੰਦ੍ਰਿਕਾ)

ਸਨੰਤ: ਸਨਕਾਦਿ ਬ੍ਰਹਮਾ ਦੇ ਪੁਤ੍ਰ. "ਸਿੱਧ ਸਨਾਥ ਸਨੰਤਨ ਧ੍ਯਾਯੋ." (ਅਕਾਲ) ਸਨਤ ਕੁਮਾਰਾਂ ਨੇ ਧ੍ਯਾਇਆ.

ਸਨੰਦ, ਸਨੰਦਨ: ਵਿ- ਪੁਤ੍ਰ ਸਹਿਤ। ੨. ਸੰਗ੍ਯਾ- ਸਨੰਦਨ ਦਾ ਸੰਖੇਪ. ਦੇਖੋ, ਸਨਕਾਦਿਕ. "ਸਨਕ ਸਨੰਦ ਮਹੇਸ ਸਮਾਨਾ." (ਧਨਾ ਕਬੀਰ)

ਸਨੰਮੁਖਾ ਨ ਠੱਢੀਯੰ: (ਚੰਡੀ ੨) ਵਾ- ਸਨਮੁਖ- ਆਨ- ਠਾਢੀਅੰ. ਸੰਮੁਖ ਆਕੇ ਖੜੇ ਹੋਏ.

ਸਨ੍ਹੇਰ: ਜਿਲਾ ਫਿਰੋਜਪੁਰ, ਤਸੀਲ ਅਤੇ ਥਾਣਾ ਜੀਰਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਤਲਵੰਡੀ ਤੋਂ ਚੜ੍ਹਦੇ ਵੱਲ ੮. ਮੀਲ ਦੇ ਕਰੀਬ ਹੈ. ਇਸ ਪਿੰਡ ਤੋਂ ਉੱਤਰ ਇੱਕ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ. ਸਾਧਾਰਣ ਮੰਦਿਰ ਬਣਿਆ ਹੋਇਆ ਹੈ. ਪੁਜਾਰੀ ਉਦਾਸੀ ਸਾਧੂ ਹੈ. ਮਾਘੀ ਅਤੇ ਵੈਸਾਖੀ ਨੂੰ ਮੇਲਾ ਲਗਦਾ ਹੈ.

ਸੱਨਾਹ: ਦੇਖੋ, ਸਨਾਹ.

ਸਨ੍ਯਾਸ, ਸਨ੍ਯਾਸੀ: ਦੇਖੋ, ਸੰਨਿਆਸ, ਸੰਨਿਆਸੀ, ਸੰਨ੍ਯਾਸ ਅਤੇ ਸੰਨ੍ਯਾਸੀ.

ਸਨ੍ਯੋ: ਵਿ- ਸਾਨਾ. ਮਿਲਿਆ ਹੋਇਆ.

ਸਪ: ਸੰ. शप्- ਸ਼ਪ੍. ਧਾ- ਪ੍ਰਤਿਗ੍ਯਾ ਕਰਨਾ. ਸਰਾਪਨਾ. ਗਾਲੀ ਦੇਣਾ। ੨. ਸੰ. सर्प- ਸਪੰ. ਸੰਗ੍ਯਾ- ਸੱਪ. ਸਾਂਪ. "ਸਪੈ ਦੁਧੁ ਪੀਆਈਐ." (ਸੂਹੀ ਅਃਮਃ ੩) ੩. ਸੰ. सप- ਸਪ. ਲਿੰਗ. ਸ਼ੇਪ. ਸ਼ੇਫ. ਜਨਨੇਂਦ੍ਰਿਯ. ਉਪਸਥ.

ਸਪਸ੍ਰ: ਸੰ. (स्पश् ਧਾ- ਰੋਕਣਾ. ਪ੍ਰਸਿੱਧ ਕਰਨਾ. ਸਮਝਾਉਣਾ) ਵਿ- स्पष्ट ਸਾਫ਼। ੨. ਪ੍ਰਗਟ. ਜਾਹਿਰ.

ਸਪਕ੍ਸ਼, ਸਪੱਖ, ਸਪੱਛ: ਵਿ- ਪੱਖ ਸਹਿਤ. ਤਰਫਦਾਰੀ ਵਾਲਾ। ੨. ਪਕ੍ਸ਼ (ਪੰਖ) ਸਹਿਤ. ਤੁਰਕੱਛ ਤੁਰੰਗ ਸਪੱਛ ਬਡੋ." (ਕਲਕੀ) ੩. ਸੰਗ੍ਯਾ- ਪਕ੍ਸ਼ੀ. ਪਰਿੰਦ. ਪੰਛੀ. "ਸਪੱਛ ਉਡ ਜਾਹਿਗੇ." (ਅਕਾਲ)

ਸਪਤ: ਸੰ. शपथ- ਸ਼ਪਥ. ਸੰਗ੍ਯਾ- ਕਸਮ. ਸੌਂਹ. ਸੁਗੰਦ. ਦੇਖੋ, ਸ਼ਪ ਧਾ. "ਕੂਰ ਸਪਤ ਕੋ ਦੋਸ ਨ ਮਾਨਾ." (ਗੁਪ੍ਰਸੂ) ੨. सप्त- ਸਪ੍ਤ. ਸੱਤ. ਸਾਤ. "ਸਪਤ ਦੀਪ ਸਪਤ ਸਾਗਰਾ." (ਵਾਰ ਸ੍ਰੀ ਮਃ ੪) ੩. ਵਿ- ਸਪ੍ਤਮ. ਸ਼ੱਤਵਾਂ. ਸੱਤਵੇਂ. "ਸਪਤ ਪਾਤਾਲਿ ਬਸੰਤੌ." (ਸਵੈਯੇ ਮਃ ੧. ਕੇ) ੪. ਅਞਾਣ ਲਿਖਾਰੀ ਨੇ ੨੦੩ ਚਰਿਤ੍ਰ ਵਿੱਚ "ਸਹਸ" ਦੀ ਥਾਂ ਸਪਤ ਸ਼ਬਦ ਲਿਖ ਦਿੱਤਾ ਹੈ. ਯਥਾ- "ਸੋਰਹ ਸਪਤ ਕ੍ਰਿਸਨ ਤ੍ਰਿਯ ਬਰੀ." ਸਹੀ ਪਾਠ ਹੈ- "ਸੋਰਹ ਸਹਸ ਕ੍ਰਿਸਨ ਤ੍ਰਿਯ ਬਰੀ." ੫. ਸੰ. ਸ਼ਪ੍ਤ. ਵਿ- ਸਰਾਫਿਆ ਹੋਇਆ.

ਸਪਤਸਤੀ: ਦੇਖੋ, ਸਤਸਈ.

ਸਪਤ ਸਮੁੰਦਰ, ਸਪਤ ਸਮੁਦ੍ਰ: ਦੇਖੋ, ਸਪਤਸਾਗਰ.

ਸਪਤਸਰ: ਦੇਖੋ, ਸਤਸਰ. "ਕਰਿ ਮਜਨੋ ਸਪਤਸਰੇ." (ਆਸਾ ਛੰਤ ਮਃ ੧)

ਸਪਤ ਸਲੋਕੀ ਗੀਤਾ: ਭਗਵਤ ਗੀਤਾ ਵਿੱਚੋਂ ਸਾਰਰੂਪ ਸੱਤ ਸਲੋਕਾਂ ਦਾ ਪਾਠ. "ਬਾਬੇ ਕਹਿਆ ਮੈ ਸਪਤ ਸਲੋਕੀ ਗੀਤਾ ਪੜ੍ਹਦਾ ਹਾਂ." (ਜਸਾ) ਗੀਤਾ ਦੇ ਇਹ ਸੱਤ ਸਲੋਕ ਹਨ-

(੧) ਓਮਿਤ੍ਯੇਕਾਕ੍ਸ਼ਰੰ- ਅਃ ੮, ਸ਼ਃ ੧੩.

(੨)ਸ੍ਥਾਨੇ- ਅ: ੧੧, ਸ਼: ੩੬.

(੩) ਸਵੰਤ- ਅ: ੧੩, ਸ਼: ੧੪.

(੪) ਕਵਿੰ- ਅ: ੮, ਸ਼: ੯.

(੫) ਊਧ੍ਵੰਮੂਲੰ- ਅ: ੧੫, ਸ਼: ੧.

(੬) ਸਵੰਸਜ- ਅ: ੧੫, ਸ਼: ੧੫.

(੭) ਮਨਮਨਾ ਭਵ- ਅ: ੯, ਸ਼: ੩੪.

ਸਪਤਸਾਗਰ: ਸੱਤ ਸਮੁੰਦਰ. ਪੁਰਾਣਾਂ ਵਿੱਚ ਇਹ ਸੱਤ ਸਾਗਰ ਲਿਖੇ ਹਨ- ਦੁੱਧ ਦਾ, ਦਹੀਂ ਦਾ, ਘੀ ਦਾ, ਇੱਖ ਦੇ ਰਸ ਦਾ, ਸ਼ਹਿਦ ਦਾ, ਮਿੱਠੇ ਪਾਣੀ ਦਾ, ਖਾਰੇ ਪਾਣੀ ਦਾ ਅਤੇ ਇਹ ਭੀ ਦੱਸਿਆ ਹੈ ਕਿ ਇਹ ਇੱਕ ਇੱਕ ਦ੍ਵੀਪ ਨੂੰ ਘੇਰੇ ਹੋਏ ਹਨ. "ਸਪਤ ਦੀਪ ਸਪਤ ਸਾਗਰਾ." (ਵਾਰ ਸ੍ਰੀ ਮ: ੪) ਦੇਖੋ, ਸਗਰ ਅਤੇ ਸਪਤਦੀਪ.

ਸਪਤ ਸਿੰਧਵ, ਸਪਤ ਸਿੰਧੁ: ਸੱਤ ਸਮੁੰਦਰ. ਦੇਖੋ, ਸਪਤ ਸਾਗਰ। ੨. ਮਹਾਭਾਰਤ ਵਿੱਚ ਸੱਤ ਸਿੰਧੁ (ਨਦੀਆਂ) ਇਹ ਹਨ- ਵਸ੍ਵੋਕਸਾਰਾ, ਨਲਿਨੀ, ਪਾਵਨੀ, ਗੰਗਾ, ਸੀਤਾ, ਜੰਬੁਨਦ ਅਤੇ ਸਿੰਧੁ (ਅਟਕ). ੩. ਘੱਗਰ ਅਤੇ ਸਿੰਧੁਨਦ ਦੇ ਮੱਧ ਦਾ ਦੇਸ਼, ਜਿਸ ਦੀ ਪੁਰਾਣੇ ਗ੍ਰੰਥਾਂ ਵਿੱਚ "ਸਪ੍ਤਸਿੰਧੁ." ਸੰਗਯਾ ਹੈ. ਪੰਜਾਬ ਦੇ ਪੰਜ ਦਰਿਆ ਘੱਗਰ ਅਤੇ ਸਿੰਧੁ।[184] ੪. ਦੇਖੋ, ਸਪਤ ਧਾਰਾ.

ਸਪਤਸੁਰ: ਦੇਖੋ, ਸਾਤ ਸੁਰ ਅਤੇ ਸੁਰ.

ਸਪਤਸ੍ਰਿੰਗ: ਸੰ. शतशृङ्ग- ਸ਼ਤਸ਼੍ਰਿੰਗ. ਹਿਮਾਲਯ ਦੀ ਧਾਰਾ ਵਿੱਚ ਬਦਰੀਨਾਰਾਇਣ ਦੇ ਕੋਲ ਇੱਕ ਪਹਾੜ. ਦੇਖੋ, ਹੇਮਕੂਟ. "ਸਪਤਸ੍ਰਿੰਗ ਤਿਹ ਨਾਮ ਕਹਾਵਾ। ਪੰਡੁ ਰਾਜ ਜਹਿਂ ਜੋਗ ਕਮਾਵਾ।।" (ਵਿਚਿਤ੍ਰ) ੨. ਬੰਬਈ ਪ੍ਰਾਂਤ ਦੇ ਨਾਸਿਕ ਜਿਲੇ ਵਿੱਚ ਚਾਂਦੋਰ ਪਹਾੜੀ ਧਾਰਾ ਦਾ ਟਿੱਲਾ, ਜੋ ੪੬੫੯ ਫੁਟ ਸਮੁੰਦਰ ਤੋਂ ਉੱਚਾ ਹੈ. ਇਸ ਉੱਪਰ ਮਹਿਖਾਸੁਰਮਰਦਨੀ ਦਾ ਮੰਦਿਰ ਹੈ, ਜਿਸ ਨੂੰ ਸਪਤਸ੍ਰਿੰਗ ਨਿਵਾਸਿਨੀ ਭੀ ਆਖਦੇ ਹਨ. ਮੇਲਾ ਚੇਤ ਸੁਦੀ ੧੫. ਨੂੰ ਭਰਦਾ ਹੈ.

ਸਪਤਕ: ਸੰ. सप्तक. ਸੰਗਯਾ- ਸੱਤ ਦਾ ਸਮੁਦਾਯ। ੨. ਸੱਤ ਸੁਰਾਂ ਦਾ ਇਕੱਠ. ਸ਼ ਰ ਗ ਮ ਪ ਧ ਨ। ੩. ਵਿ- ਸੱਤ ਗਿਣਤੀ ਵਾਲਾ.

ਸਪਤ ਕੁਕਰਮ: ਦੇਖੋ, ਸੱਤ ਕੁਕਰਮ.

ਸਪਤ ਜਿਹ੍ਵ, ਸਪਤ ਜ੍ਵਾਲ: ਸੰ. सप्तजिह्व. ਸੰਗਯਾ- ਸੱਤ ਜੀਭਾਂ ਵਾਲਾ ਅਗਨਿ. ਅਗਨਿ ਦੀਆਂ ਸੱਤ ਲਾਟਾ ਮੰਨੀਆਂ ਹਨ- ਕਾਲੀ, ਕਰਾਲੀ, ਮਨੋਜਵਾ, ਸੁਲੋਹਿਤਾ, ਸੁਧੂਮ੍ਰਵਰਣਾ, ਉਗ੍ਰਾ ਅਤੇ ਪ੍ਰਦੀਪ੍ਤਾ.

ਸਪਤਦਲ: ਸੰਗਯਾ- ਸਪ੍ਤ ਪਰਣ (ਸਤ ਪੁੜਾ) ਨਾਮਕ ਬਿਰਛ, ਜਿਸ ਦੇ ਪੱਤੇ ਵਿਆਹ ਸਮੇਂ ਸੁਹਾਗਪਿਟਾਰੀ ਵਿੱਚ ਹਿੰਦੂ ਪਾਉਂਦੇ ਹਨ. L. Alstonia Scholaris. "ਸਪਤਦਲ ਸਿੰਦੁਕ ਹੈ." (ਗੁਪ੍ਰਸੂ)

ਸਪਤ ਦੀਪ: ਸੰ. सप्तद्वीप. ਸੱਤ ਦ੍ਵੀਪ (ਟਾਪੂ). ਪ੍ਰਿਥਿਵੀ- ਮੰਡਲ ਦੇ ਸੱਤ ਉਹ ਭਾਗ, ਜੋ ਭਾਗਵਤ ਆਦਿ ਪੁਰਾਣਾਂ ਨੇ ਸੱਤ ਸਮੁੰਦਰਾਂ ਤੋਂ ਘਿਰੇ ਹੋਏ ਮੰਨੇ ਹਨ, ਇਨ੍ਹਾਂ ਦੇ ਨਾਉਂ ਇਹ ਹਨ- ਜੰਬੁ, ਪਲਕ, ਸ਼ਾਲਮਲਿ, ਕੁਸ਼, ਕ੍ਰੌਂਚ, ਸ਼ਾਕ ਅਤੇ ਪੁਸ਼ਕਰ. ਹਿੰਦੂਮਤ ਦੇ ਗ੍ਰੰਥਾਂ ਵਿੱਚ ਲੇਖ ਹੈ ਕਿ ਰਾਜਾ ਪ੍ਰਿਯਵ੍ਰਤ ਇੱਕ ਪਹੀਏ ਦੇ ਰਥ ਉੱਪਰ ਚੜ੍ਹਕੇ ਸੱਤ ਵਾਰ ਪ੍ਰਿਥਿਵੀ ਦੇ ਚਾਰੇ ਪਾਸੇ ਫਿਰਿਆ, ਜਿਸ ਦੇ ਪਹੀਏ ਦੀ ਲੀਕ ਨਾਲ ਸੱਤ ਸਮੁੰਦਰ ਬਣ ਗਏ ਅਤੇ ਉਨ੍ਹਾਂ ਸਮੁੰਦਰਾਂ ਨਾਲ ਘਿਰੇ ਹੋਏ ਪ੍ਰਿਥਵੀ ਦੇ ਹਿੱਸੇ ਦ੍ਵੀਪ ਕਹਾਏ. "ਸਪਤ ਦੀਪ ਸਪਤ ਸਾਗਰਾ." (ਵਾਰ ਸ੍ਰੀ ਮ: ੪)

---

[184] ਪੰਜਾਬ ਦਾ ਪੁਰਾਣਾ ਨਾਉਂ ਸਪਤਸਿੰਧੁ ਹੈ.

ਸਪਤ ਧਾਤੁ: ਸ਼ਰੀਰ ਨੂੰ ਧਾਰਣ ਵਾਲੇ ਉਹ ਮੂਲ ਅੰਸ਼, ਜਿਨ੍ਹਾਂ ਨਾਲ ਦੇਹ ਕਾਇਮ ਹੈ- ਰਕਤ (ਲਹੂ) ਪਿੱਤ, ਮਾਂਸ, ਮੇਦ (ਮਿੰਜ), ਚਰਬੀ, ਹੱਡੀ, ਵੀਰਯ, Chyle, blood, flesh, fat, bone, marrow and semen। ੨. ਦੇਖੋ, ਧਾਤੁ.

ਸਪਤ ਧਾਰਾ: ਆਨੰਦਪੁਰ ਦੇ ਆਸ ਪਾਸ ਦੇ ਸੱਤ ਪਹਾੜੀ ਰਾਜ, ਜੋ ਪਹਾੜ ਦੀ ਧਾਰਾ ਕਰਕੇ ਵੱਖ ਵੱਖ ਹੋਏ ਹੋਏ ਹਨ. "ਸਪਤ ਧਾਰ ਸਭ ਧੂਰਿ ਮਿਲਾਓ." (ਪੰਪ੍ਰ) ਸਾਰੇ ਪਹਾੜੀਰਾਜੇ ੨੨ ਧਾਰ ਕਹਾਉਂਦੇ ਹਨ. ਦੇਖੋ, ਬਾਈਧਾਰ। ੨. ਵੇਦਾਂ ਵਿੱਚ ਹੇਠ ਲਿਖੇ ਸੱਤ ਪ੍ਰਵਾਹ (ਧਾਰਾ) ਪਵਿਤ੍ਰ ਅਤੇ ਉੱਤਮ ਮੰਨੇ ਹਨ- ਗੰਗਾ, ਯਮੁਨਾ, ਸਰਸ੍ਵਤੀ, ਸ਼ਤਦ੍ਰ, ਐਰਾਵਤੀ, ਮਰੁਦਵ੍ਰਿੱਧਾ ਅਤੇ ਵਿਪਾਸ਼ਾ। ੩. ਰਾਮਾਇਣ ਵਿੱਚ ਗੰਗਾ ਦੀਆਂ ਸੱਤ ਧਾਰਾ ਪਰਮ ਪਵਿਤ੍ਰ ਲਿਖੀਆਂ ਹਨ- ਨਲਿਨੀ, ਹ੍ਲਾਦਿਨੀ, ਪਾਵਨੀ, ਚਕ੍ਸ਼ੁ, ਸੀਤਾ, ਸਿੰਧੁ ਅਤੇ ਭਾਗੀਰਥੀ. ਕਥਾ ਇਹ ਲਿਖੀ ਹੈ ਕਿ ਜਦ ਸ਼ਿਵ ਨੇ ਆਪਣੀ ਜਟਾ ਵਿਚੋਂ ਗੰਗਾ ਨਿਚੋੜੀ, ਤਦ ਇਹ ਸਪਤ ਧਾਰਾ ਹੋਈਆਂ.

ਸਪਤ ਨਾੜੀ ਚਕ੍ਰ: ਜੋਤਿਸ਼ ਵਿੱਚ ਮੰਨਿਆ ਸਪਤ ਨਾੜੀ ਚਕ੍ਰ, ਜਿਸ ਅਨੁਸਾਰ ਅਨੇਕ ਮੁਹੂਰਤ ਥਾਪੇ ਜਾਂਦੇ ਹਨ.

(੧) ਸੂਰਜ ਦੀ ਵਾਯੁ ਨਾੜੀ, ਜਿਸ ਵਿੱਚ ਰੋਹਿਣੀ, ਸ੍ਵਾਤਿ, ਜਜੇਸ਼੍ਠਾ ਅਤੇ ਅਸ਼੍ਵਨੀ ਨਛਤ੍ਰ ਹਨ.

(੨) ਮੰਗਲ ਦੀ ਦਹਿਨ ਨਾੜੀ, ਜਿਸ ਵਿੱਚ ਮ੍ਰਿਗਸ਼ਿਰ, ਚਿਤ੍ਰਾ, ਮੂਲਾ ਅਤੇ ਰੇਵਤੀ ਹਨ.

(੩) ਵ੍ਰਿਹਸਪਤੀ ਦੀ ਸੌਮਜ ਨਾੜੀ, ਜਿਸ ਵਿੱਚ ਆਰਦ੍ਰਾ, ਹਸਤ, ਪੂਰਬਾਸ਼ਾੜਾ ਅਤੇ ਉੱਤਰਾ ਭਦ੍ਰਪਦਾ ਹਨ.

(੪) ਸ਼ੁਕ੍ਰ ਦੀ ਨੀਰ ਨਾੜੀ, ਜਿਸ ਵਿੱਚ ਪੁਨਰਵਸੁ, ਉਤ੍ਰਾਫਾਲਗੁਣੀ, ਉਤ੍ਰਾਸ਼ਾੜਾ ਅਤੇ ਪੂਰਬ ਭਾਦ੍ਰਪਦ ਹਨ.

(੫) ਬੁਧ ਦੀ ਜਲ ਨਾੜੀ, ਜਿਸ ਵਿੱਚ ਪੁਸ਼ਜ, ਪੂਰਬਾ ਫਾਲਗੁਣੀ, ਅਭਿਜਿਤ ਅਤੇ ਸਤਭਿਸ਼ਾ ਹਨ.

(੬) ਸ਼ਨੀ ਦੀ ਊਰਧਾ ਨਾੜੀ, ਜਿਸ ਵਿੱਚ ਕ੍ਰਿੱਤਿਕਾ, ਵਿਸ਼ਾਖਾ, ਅਨੁਰਾਧਾ ਅਤੇ ਭਰਣੀ ਹਨ.

(੭) ਚੰਦ੍ਰਮਾ ਦੀ ਅਮ੍ਰਿਤਾ ਨਾੜੀ, ਜਿਸ ਵਿੱਚ ਅਸ਼ਲੇਸ਼ਾ ਮਘਾ, ਸ਼੍ਰਵਨ ਅਤੇ ਧਨਿਸ਼੍ਠਾ ਹਨ. "ਸੱਤੇ ਰੋਹਣਿ ਸੱਤ ਵਾਰ ਸੱਤ ਸੁਹਾਗਣਿ ਸਾਧੁ ਨ ਢਲਿਆ." (ਭਾਗੁ)

ਸਪਤਨੀ: ਦਖੋ, ਸਉਕਣ.

ਸਪਤ ਪਤ੍ਰ, ਸਪਤ ਪਰਣ: ਦੇਖੋ, ਸਪਤ ਦਲ.

ਸਪਤ ਪਰਬਤ: ਸੱਤ ਦ੍ਵੀਪਾਂ ਦੇ ਸੱਤ ਪ੍ਰਸਿੱਧ ਪਹਾੜ, ਜਿਨ੍ਹਾਂ ਦੇ ਨਾਮ ਭਾਗਵਤ ਵਿੱਚ ਇਹ ਲਿਖੇ ਹਨ- ਹਿਮਵਾਨ, ਹੇਮਕੂਟ, ਨਿਸ਼ਦ, ਮੇਰੁ, ਚੈਤ੍ਰ, ਕਣੰੀ ਅਤੇ ਸ਼੍ਰਿੰਗੀ। ੨. ਦੇਖੋ, ਕੁਲ ਪਰਬਤ.

ਸਪਤ ਪਾਤਾਲ: ਸੱਤ ਪਾਤਾਲ ਲੋਕ. ਹੇਠਲੇ ਸੱਤ ਲੋਕ. ਅਤਲ, ਵਿਤਲ, ਸੁਤਲ, ਰਸਾਤਲ, ਤਲਾਤਲ, ਮਹਾਤਲ, ਪਾਤਾਲ. ਦੇਖੋ, ਚੌਦਾਂ ਲੋਕ.

ਸਪਤ ਪਾਤਾਲ ਕੀ ਬਾਣੀ: (ਸ੍ਰੀ ਬੇਣੀ) ਵਾ- ਸੱਤਵੇਂ ਪਾਤਾਲ ਤੋਂ ਆਈ ਧੁਨਿ. ਭਾਵ- ਬਹੁਤ ਹੀ ਕਮਜ਼ੋਰ ਆਵਾਜ਼, ਜੋ ਮੁਸ਼ਕਲ ਨਾਲ ਸੁਣੀ ਜਾਵੇ.

ਸਪਤ ਪੁਰੀ: ਦੇਖੋ, ਸੱਤ ਪੁਰੀਆਂ.

ਸਪਤ ਭੂਮਿਕਾ: ਚਿੱਤ ਦੀਆਂ ਸੰਤ ਹਾਲਤਾਂ ਗਜਾਨ ਅਵਸ੍ਥਾ ਦੀਆਂ ਸੱਤ ਮੰਜ਼ਿਲਾਂ. ਯੋਗ ਅਤੇ ਵੇਦਾਂਤ ਸ਼ਾਸਤ੍ਰ ਨੇ ਇਹ ਸੱਤ ਭੂਮਿਕਾ ਲਿਖੀਆਂ ਹਨ-

(੧) ਸ਼ੁਭੇੱਛਾ. ਉੱਤਮ ਇੱਛਾ ਅਰਥਾਤ ਮੁਕਤੀ ਦੀ ਇੱਛਾ.

(੨) ਵਿਚਾਰਣਾ. ਵਿਵੇਕ ਦੀ ਪ੍ਰਾਪਤੀ.

(੩) ਤਨੁਮਾਨਸਾ. ਅੰਤਹਕਰਣ ਦੇ ਸੰਕਲਪਾਂ ਦਾ ਬਹੁਤ ਥੋੜਾ ਫੁਰਨਾ.

(੪) ਸਤ੍ਵਾਪੱਤਿ. ਬ੍ਰਹਮਗਜਾਨ ਦੀ ਪ੍ਰਾਪਤੀ.

(੫) ਅਸੰਸਕ੍ਤਿ. ਸਿੱਧੀ ਆਦਿਕ ਸ਼ਕਤੀਆਂ ਤੋਂ ਮਨ ਦੀ ਉਪਰਾਮਤਾ.

(੬) ਪਰਾਥੰਭਾਵਿਨੀ. ਪਰਮਾਤਮਾ ਤੋਂ ਭਿੰਨ ਹੋਰ ਵਿਚਾਰ ਦਾ ਮਿਟ ਜਾਣਾ.

(੭) ਤੁਯੰਗਾ. ਤੁਰੀਯ ਪਦ (ਚੌਥੇ ਪਦ) ਦੀ ਪ੍ਰਾਪਤੀ. (ਹਠਯੋਗ ਪ੍ਰਦੀਪਿਕਾ)

ਸਪਤਮ: ਵਿ- ਸੱਤਵਾਂ. ਸਪ੍ਤਮ. ਹਫ਼ਤਮ. ਦੇਖੋ, ਅੰ. Seventh.

ਸਪਤ ਮਾਤਾ: ਸੰ. सप्तमातृका ਸੱਤ ਦੇਵੀਆਂ, ਜਿਨ੍ਹਾਂ ਦਾ ਪੂਜਨ ਹਿੰਦੂਮਤ ਅਨੁਸਾਰ ਵਿਆਹ ਆਦਿ ਸ਼ੁਭ ਕਰਮਾਂ ਸਮੇਂ ਹੁੰਦਾ ਹੈ. ਇਨ੍ਹਾਂ ਦੇ ਨਾਉਂ ਹਨ- ਬ੍ਰਾਹ੍ਮੀ, ਮਾਹੇਸ਼੍ਵਰੀ, ਵੈਸ਼ਨਵੀ, ਕੌਮਾਰੀ, ਵਾਰਾਹੀ, ਇੰਦ੍ਰਾਣੀ, ਚਾਮੁੰਡਾ। ੨. ਜਨਮ ਦੇਣ ਵਾਲੀ ਮਾਂ, ਮਤੇਈ, ਗੁਰੂ ਦੀ ਇਸਤ੍ਰੀ, ਰਾਜੇ ਦੀ ਇਸਤ੍ਰੀ, ਸੱਸ, ਵਡੇ ਭਾਈ ਦੀ ਇਸਤ੍ਰੀ ਅਤੇ ਚੁੰਘਾਵੀ.

ਸਪਤਮਿ, ਸਪਤਮੀ: ਸੰਗਜਾ- ਸਪ੍ਤਮੀ. ਚੰਦ੍ਰਮਾ ਦੇ ਦੋਹਾਂ ਪੱਖਾਂ ਦੀ ਸੱਤਵੀਂ ਤਿਥਿ. "ਸਪਤਮਿ ਸੰਚਹੁ ਨਾਮਧਨ." (ਗਉ ਥਿਤੀ ਮਃ ੫) "ਸਪਤਮੀ ਸਤਿ ਸੰਤੋਖ ਸਰੀਰ." (ਬਿਲਾ ਥਿਤੀ ਮਃ ੧)

ਸਪਤ ਰਿਸੀ, ਸਪਤ ਰਿਖੀ: ਸੰ. सप्तर्षि- ਸਪ੍ਤਰ੍ਸ਼ਿੰ. ਮਹਾਭਾਰਤ ਅਨੁਸਾਰ ਸੱਤ ਮਹਾਨ ਰਿਖੀ. ਮਰੀਚਿ, ਅਤ੍ਰਿ, ਪੁਲਹ, ਪੁਲਸਤਜ, ਕ੍ਰਤੁ, ਅੰਗਿਰਾ ਅਤੇ ਵਸਿਸ਼੍ਠ.

ਸ਼ਤਪਥ ਬ੍ਰਾਹਮਣ ਵਿੱਚ ਅਤੇ ਭਾਗਵਤ ਦੇ ਅੱਠਵੇਂ ਸਕੰਧ ਦੇ ਤੇਰਵੇਂ ਅਧਜਾਯ ਵਿੱਚ ਇਹ ਸਪਤ ਰਿਖੀ ਲਿਖੇ ਹਨ- ਕਸ਼ਜਪ, ਅਤ੍ਰਿ, ਵਸਿਸ਼੍ਠ, , ਵਿਸ਼੍ਵਾਮਿਤ੍ਰ, ਗੌਤਮ, ਜਮਦਗ੍ਨਿ ਅਤੇ ਭਰਦ੍ਵਾਜ. ਇਨ੍ਹਾਂ ਸੱਤ ਰਿਖੀਆਂ ਦੀਆਂ ਯਥਾਕ੍ਰਮ ਇਹ ਸੱਤ ਇਸਤ੍ਰੀਆਂ ਹਨ- ਅਦਿਤਿ, , ਅਨੁਸੂਯਾ, ਅਰੁੰਧਤੀ, ਮੇਨਕਾ, ਅਹਲਜਾ, ਰੇਣੁਕਾ ਅਤੇ ਘ੍ਰਿਤਾਚੀ। ੨. ਰਿਖੀਆਂ ਦੇ ਸੱਤ ਭੇਦ. ਦੇਖੋ ਰਿਖਿ.

ਸਪਤ ਰੰਗ: ਦੇਖੋ, ਸਪਤਾਂਸੁ ੨. ਅਤੇ ਰੂਪ.

ਸਪਤ ਵਾਯੁ: ਦੇਖੋ, ਵਾਯੁ ਸ਼ਬਦ.

ਸਪਤਾਸ, ਸਪਤਾਸੁ, ਸਪਤਾਂਸੁ: ਸੰ. सप्तश्व- ਸਪ੍ਤਾਸ਼੍ਵ. ਸੰਗਜਾ- ਸੱਤ ਮੂੰਹੇਂ ਘੋੜੇ ਵਾਲਾ ਸੂਰਜ. "ਸੁਤਾ ਸਪਤਾਸੁ ਕੀ." (ਗੁਪ੍ਰਸੂ) ਸੂਰਜ ਦੀ ਪੁਤ੍ਰੀ ਜਮੁਨਾ. "ਕਿਤ ਪਟਬੀਜਨ ਕਿਤ ਸਪਤਾਸੁ." (ਗੁਪ੍ਰਸੂ) ੨. ਨਿਰੁਕ੍ਤ ਵਿੱਚ ਸੂਰਜ ਨੂੰ ਸਪ੍ਤਾਂਸੁ ( सप्तांशु ) ਇਸ ਲਈ ਆਖਿਆ ਹੈ ਕਿ ਉਸ ਦੀ ਸੱਤ ਰੰਗੀ ਅੰਸ਼ੁ (ਕਿਰਣਾਂ) ਹਨ. ਅਰਥਾਤ ਕਿਰਣਾਂ ਵਿੱਚ ਸੱਤ ਰੰਗ ਧਾਰਨ ਕਰਦਾ ਹੈ, ਜੋ ਇੰਦ੍ਰਧਨੁਖ ਵਿੱਚ ਦਿਖਾਈ ਦਿੰਦੇ ਹਨ.

ਸਪਤਾਸੁ ਸੁਤਾ: ਜਮੁਨਾ. ਦੇਖੋ, ਸਪਤਾਸੁ.

ਸਪਤਾਹ, ਸਪਤਾਹਕ: ਸੰ. सप्ताह. ਸੰਗਜਾ- ਸਪ੍ਤ- ਅਹਨ੍. ਸਤਵਾਰਾ. ਸਾਤਾ. ਹਫਤਾ। ੨. ਸੱਤ ਦਿਨਾਂ ਵਿੱਚ ਹੋਣ ਵਾਲਾ ਕਰਮ. ਜੈਸੇ- ਸਪਤਾਹ ਪਾਠ.

ਸਪਤਾਹ ਕਰਮ, ਸਪਤਾਹ ਪਾਠ: ਦੇਖੋ, ਸਪਤਾਹ ੨.

ਸਪੱਤਾ: ਵਿ- ਸ- ਪ੍ਰਤਿਸ਼੍ਠਾ. ਇੱਜ਼ਤ ਵਾਲਾ. ਪਤਵੰਤਾ.

ਸਪਥ: ਸੰਗਜਾ- ਸ਼ਪਥ. ਸੌਂਹ. ਕਸਮ. ਦੇਖੋ, ਸ਼ਪ ਧਾ.

ਸਪਦ, ਸਪਦਿ: ਸੰ. सपदि. ਕ੍ਰਿ. ਵਿ- ਛੇਤੀ. ਫੌਰਨ. ਤੁਰੰਤ. "ਭ੍ਰਮ ਤਮ ਕੋ ਸਮ ਭਾਨੁ ਕੇ ਦੇਤ ਸਪਦਿ ਉਰ ਟਾਰ." (ਨਾਪ੍ਰ)

ਸਪਰਸ: ਸੰ. स्पर्श ਸ੍ਪਸ਼ੰ. ਸੰਗਯਾ- ਤੁਚਾਇੰਦ੍ਰੀ ਦਾ ਗੁਣ. ਹਿਸ. ਛੁਹ.

ਸਪਰਧ: ਸੰ. स्पर्ध. ਧਾ- ਹਸਦ (ਈਰਖਾ) ਕਰਨਾ. ਕਿਸੇ ਦਾ ਬੁਰਾ ਚਿਤਵਨਾ.

ਸਪਰਧਾ: ਸੰ. स्पर्धा. ਸ੍ਪਧੰਾ. ਸੰਗਯਾ- ਈਰਖਾ. ਜਲਨ. ਹਸਦ. ਦਾਹ. ਦੇਖੋ, ਸਪਰਧ ਧਾ. " ਜੋ ਸਮ ਹੋਇ ਸਪਰਧਾ ਕਰਹੀਂ" (ਨਾਪ੍ਰ)

ਸਪਰਬਾਣਪਰਿ: ਕਿਸੇ ਅਵਾਣ ਲਿਖਾਰੀ ਨੇ सुपर्वन अरि (ਸੁਪਰਵਨ ਅਰਿ) ਦੀ ਥਾਂ ਇਹ ਪਾਠ ਲਿਖ ਦਿੱਤਾ ਹੈ. ਯਥਾ- "ਸਪਰਬਾਣਪਰਿ ਅਰਿ ਪਦ ਪ੍ਰਿਥਮ ਭਣੀਜੀਐ." (ਸਨਾਮਾ) ਸੁਪਰਵਾਣ ਦੇਵਤਾ, ਉਨ੍ਹਾਂ ਦੇ ਅਰਿ (ਵੈਰੀ) ਦੈਤ. ਦੇਖੋ, ਸੁਪਰਵਨ.

ਸਪਰੰਪਰ: ਕ੍ਰਿ. ਵਿ- ਪਰੰਪਰਾ ਦੇ ਨਾਲ. ਸਿਲਸਿਲੇ ਵਾਰ. ਇੱਕ ਰਸ. ਲਗਾਤਾਰ. "ਸੁੰਨ ਸਮਾਧਿ ਅਗਾਧ ਸਾਧੁ ਸੰਗਤਿ ਸਪਰੰਪਰ." (ਭਾਗੁ ਕ)

ਸਪਾਸ: ਫ਼ਾ. سپاس ਸੰਗਯਾ- ਉਸਤਤਿ. ਵਡਿਆਈ। ੨. ਅਹ਼ਸਾਨ। ੩. ਕ੍ਰਿਤਗ੍ਯਤਾ। ੪. ਸੰ. ਵਿ- ਸ- ਪਾਸ਼. ਫਾਹੀ ਸਮੇਤ.

ਸਪਾਹੀ: ਦੇਖੋ, ਸਿਪਾਹੀ.

ਸਪਾਧਾ: ਸੰਗਯਾ- ਸਪੈਲਾ. ਸਰਪ ਧਾਰਨ ਵਾਲਾ. ੨. ਦੇਖੋ, ਸਪਰਧਾ.

ਸਪਾਰਸ: ਦੇਖੋ, ਸੁਪਾਰਿਸ਼. "ਬਹੁਰ ਸਿੱਖ ਬਹੁ ਕਰਹਿ ਸਪਾਰਸ." (ਗੁਪ੍ਰਸੂ)

ਸਪੀਅਲ: ਸੰ. सर्पिल ਸਪਿੰਲ. ਸੰਗਯਾ- ਦੁੱਧ, , ਜੋ ਸਪਿੰ (ਘੀ) ਦੇ ਧਾਰਨ ਵਾਲਾ ਹੈ. ਜਿਸ ਵਿੱਚੋਂ ਘੀ ਨਿਕਲਦਾ ਹੈ. "ਤੁਮ ਮਖਤੂਲ ਸਪੇਦ ਸਪੀਅਲ ਹਮ ਬਪੁਰੇ ਜਸ ਕੀਰਾ." (ਆਸਾ ਰਵਿਦਾਸ) ਤੁਸੀਂ ਰੇਸ਼ਮ ਹੋਂ ਦੁੱਧ ਜੇਹੇ ਚਿੱਟੇ, ਅਸੀਂ ਬੇਚਾਰੇ ਕੀਰਾਨ (ਕਾਲੇ ਪੱਥਰ) ਹਾਂ. ਦੇਖੋ, ਕੀਰਾ.

ਸਪੀਤੀ: ਵਿ- ਸ- ਪ੍ਰੀਤਿ. ਪ੍ਰੇਮ ਸਹਿਤ. ਪਿਆਰ ਨਾਲ. ੨. ਸੰ. ਸਪੀਤਿ. ਸੰਗਯਾ- ਸਾਥ ਪੀਣ ਦੀ ਕ੍ਰਿਯਾ. ਕਿਸੇ ਦੇ ਨਾਲ ਪਾਨ ਕਰਨਾ। ੩. ਦੇਖੋ, ਸਿਪੀਤੀ.

ਸਪੀਦੋਂ: ਸਰਪਦਮਨ. ਦੇਖੋ, ਸਰਪਮੇਧ.

ਸਪੁ: ਸੰਗਯਾ- ਸਰਪ. ਸਾਂਪ. ਸੱਪ. "ਸਪੁ ਪਿੜਾਈ ਪਾਈਐ." (ਮਾਰੂ ਅਃ ਮਃ ੧)

ਸਪੁਤ, ਸਪੁੱਤ: ਵਿ- ਪੁਤ੍ਰ ਸਹਿਤ. ਸਪੁਤ੍ਰ। ਸੁਪੁਤ੍ਰ. ਨੇਕ ਬੇਟਾ। ੩. ਉੱਤਮ ਔਲਾਦ. "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ." (ਵਾਰ ਰਾਮ ੧. ਮਃ ੩)

ਸਪੁੱਤਾ: ਵਿ- ਪੁਤ੍ਰ ਵਾਲਾ. ਔਲਾਦ ਵਾਲਾ। ੨. ਅੱਛੇ (ਨੇਕ) ਪੁਤ੍ਰ ਵਾਲਾ.

ਸਪੁੰਨ: ਵਿ- ਪੁੰਨ ਸਹਿਤ. ਪਵਿਤ੍ਰਤਾ ਸਹਿਤ। ੨. ਦੇਖੋ, ਸਬਦ ਸਪੁੰਨ.

ਸਪੁਰਖ: ਦੇਖੋ, ਸਤ ਪੁਰਖ. ੨. ਸ- ਪੁਰਖ. ਉਹੀ (ਵਹੀ) ਆਦਮੀ.

ਸਪੁਰਦ: ਫ਼ਾ. سپُرد ਸਿਪੁਰਦ. ਹਵਾਲੇ ਕੀਤਾ ਹੋਇਆ. ਸੌਂਪਿਆ. ਦੇਖੋ, ਸਿਪੁਰਦਨ.

ਸਪੁਰਦਨ: ਦੇਖੋ, ਸਿਪੁਰਦਨ.

ਸਪੂਤ: ਦੇਖੋ, ਸਪੁੱਤ ਅਤੇ ਸੁਪੁਤ.

ਸਪੂਤਾ: ਦੇਖੋ, ਸਪੁੱਤਾ.

ਸਪੂਤੀ: ਵਿ- ਪੁਤ੍ਰਵਤੀ. ੨. ਸੁਪੁਤ੍ਰ ਵਾਲੀ.

ਸਪੂਰ: ਵਿ- ਪੂਰਣਤਾ ਸਹਿਤ. ਭਰਿਆ ਹੋਇਆ. "ਦ੍ਰੁਮ ਸਪੂਰ ਜਿਉ ਨਿਵੈ." (ਸਵੈਯੇ ਮਃ ੨. ਕੇ) ੨. ਦੇਖੋ, ਸੁਪੂਰ.

ਸਪੇਦ: ਫ਼ਾ. سپید ਵਿ- ਸ਼੍ਵੇਤ. ਚਿੱਟਾ. ਉੱਜਲ.

ਸਪੇਰਾ: ਦੇਖੋ, ਸਪੈਲਾ.

ਸਪੈਦ: ਦੇਖੋ, ਸਪੇਦ.

ਸਪੈਲਾ: ਸੰਗ੍ਯਾ- ਸੱਪ ਰੱਖਣ ਵਾਲਾ. ਸੱਪ ਪਾਲਣ ਵਾਲਾ. "ਇੱਕ ਦਯੋਸ ਬਿਖੈ ਇਕ ਆਇ ਸਪੈਲਾ." (ਗੁਪ੍ਰਸੂ) ਲਾ ਪ੍ਰਤ੍ਯਯ ਅੰਤ ਲਗਣ ਤੋਂ ਵਾਨ (ਵਾਲਾ) ਅਰਥ ਹੋ ਜਾਂਦਾ ਹੈ. ਜਿਵੇਂ- ਗੁਸੈਲਾ. ਕਟੈਲਾ.

ਸਪੋਲੀਆ: ਸੱਪ ਦਾ ਛੋਟਾ ਬੱਚਾ.

ਸਪੰਦ: ਸੰ. स्पन्द. ਧਾ- ਕੰਬਣਾ. ਥਰਥਰਾਉਣਾ. ਜਾਣਾ। ੨. ਸੰਗ੍ਯਾ- ਕੰਬਣ ਦੀ ਕ੍ਰਿਆ। ੩. ਵੇਗ. ਚਾਲ. "ਸਪੰਦ ਮਯ ਪ੍ਰਭੰਜਨੇ ਜਲੇ ਦ੍ਰਵੰਤ ਰੂਪ ਹੋਂ." (ਨਾਪ੍ਰ) ਪ੍ਰਭੰਜਨ (ਪੌਣ) ਵਿੱਚ ਵੇਗ ਰੂਪ.

ਸਪੰਨ: ਦੇਖੋ, ਸੰਪੰਨ, "ਗ੍ਯਾਨ ਸਪੰਨ ਭਏ ਸੁਖ ਪਾਈ." (ਨਾਪ੍ਰ)

ਸਪ੍ਤ: ਦੇਖੋ, ਸਤ, ਸੱਤ ਅਤੇ ਸਪਤ.

ਸਪ੍ਤਤਿ: ਦੇਖੋ, ਸਤਰ ੩. ਦੇਖੋ, ਅੰ. Seventy.

ਸਪ੍ਤਵਾਯੁ: ਦੇਖੋ, ਵਾਯੁ ਸ਼ਬਦ.

ਸਪ੍ਰਿਹ, ਸਪ੍ਰੀਹ: ਸੰ. स्पृह. ਸ੍ਪ੍ਰਹ੍. ਧਾ- ਇੱਛਾ ਕਰਨਾ. ਚਾਹਨਾ। ੨. ਦੇਖੋ, ਸਪ੍ਰੀਹਾ. "ਗੁਰੁ ਲਖੀ ਸਪ੍ਰੀਹ." (ਗੁਪ੍ਰਸੂ) ਸਤਿਗੁਰੂ ਨੇ ਇੱਛਾ ਜਾਣੀ.

ਸਪ੍ਰੀਹਾ: ਸੰ. स्पृहा. ਸ੍ਪ੍ਰਹਾ. ਸੰਗ੍ਯਾ- ਇੱਛਾ. ਕਾਮਨਾ. ਦੇਖੋ, ਸਪ੍ਰਿਹ. "ਅਬੈ ਗ੍ਯਾਨ ਕੀ ਕੀਨ ਸਪ੍ਰੀਹਾ." (ਨਾਪ੍ਰ)

ਸਪ੍ਰੀਤਿ, ਸਪ੍ਰੇਮ: ਵਿ- ਪਿਆਰ ਨਾਲ. ਮੁਹੱਬਤ ਸਾਥ.

ਸਫ: ਅ਼. صف ਸਫ਼. ਸੰਗ੍ਯਾ- ਪੰਕਤਿ. ਸ਼੍ਰੇਣੀ. ਕਤਾਰ। ੨. ਚਟਾਈ. ਨਮਾਜ਼ ਪੜ੍ਹਨ ਲਈ ਸਫ਼ (ਕਤਾਰ) ਬੰਨ੍ਹਕੇ ਇਸ ਉੱਪਰ ਖੜੇ ਹੁੰਦੇ ਹਨ, ਇਸ ਲਈ ਇਹ ਸੰਗ੍ਯਾ ਹੋ ਗਈ ਹੈ. "ਹਰਿ ਨਾਮੇ ਕੇ ਹੋਵਹੁ ਜੋੜੀ ਗੁਰਮੁਖਿ ਬੈਠਹੁ ਸਫਾ ਵਿਛਾਇ." (ਬਸੰ ਮਃ ੫) ੩. ਸੰ. शफ. ਸ਼ਫ. ਸੁੰਮ. ਖੁਰ.

ਸ਼ਫਕਤ, ਸ਼ਫ਼ਕ਼ਤ: ਅ਼. شفقت ਮਿਹਰਬਾਨੀ. ਨਰਮੀ.

ਸਫਜੰਗ: ਫ਼ਾ. صف جنگ ਸਫ਼ਜੰਗ. ਸੰਗ੍ਯਾ- ਯੋਧਿਆਂ ਦੀ ਕਤਾਰ. ਸੈਨਾ ਦੀ ਸਤਰ. "ਸਫਾਜੰਗ ਮੇ ਤੁਰੇ ਨਚਾਏ." (ਚਰਿਤ੍ਰ ੫੨) ੨. ਦੇਖੋ, ਸਫਾਜੰਗ.

ਸਫਟ: ਸੰ. स्फट. ਧਾ- ਖੁਲ੍ਹਨਾ. ਖਿੜਨਾ. ਪਾਟਣਾ.

ਸਫਟਕ, ਸਫਟਿਕ: ਸੰ. स्फटिक. ਸੰਗ੍ਯਾ- ਬਿੱਲੌਰ. ਪੁਰਾਣਾਂ ਅਨੁਸਾਰ ਇਸ ਦੀ ਮਾਲਾ ਦੇਵਤੇ ਅਤੇ ਰਿਖੀ ਪਹਿਰਦੇ ਹਨ.

ਅੱਜ ਕਲ ਉੱਤਮ ਐਨਕਾਂ ਭੀ ਇਸ ਦੀਆਂ ਬਣਦੀਆਂ ਹਨ. Crystal। ੨. ਆਤਸ਼ੀ ਸ਼ੀਸਾ.

ਸ਼ਫ਼ਤਾਲੂ: ਫ਼ਾ. شفتالوُ ਆੜੂ ਦੀ ਇੱਕ ਜਾਤਿ, ਜੋ ਸਰਦ ਦੇਸ਼ ਵਿੱਚ ਫਲ ਦਿੰਦੀ ਹੈ.

ਸਫ਼ਰ: ਅ਼. سفر ਸੰਗ੍ਯਾ- ਯਾਤ੍ਰਾ. ਮੁਸਾਫ਼ਿਰੀ। ੨. ਸੰ. शफर ਸ਼ਫਰ. ਮੱਛੀ. ਇਹ ਸ਼ਬਦ ਸਫਰ ਭੀ ਸਹੀ ਹੈ। ੩. ਸੰ. स्फर् ਧਾ- ਕੰਬਣਾ. ਥਰਕਨਾ. ਜਾਨਾ. ਪਰਗਟ ਹੋਣਾ.

ਸਫਰਮੈਨਾ: ਅੰ. Sappers and miners. ਦੇਖੋ, ਕਹੀ ੬.

ਸਫਰਾ: ਅ਼. سفرا ਸਫ਼ਰਾ. ਸੰਗ੍ਯਾ- ਪਿੱਤ. Bile.

ਸਫਰੀ: ਸੰਗ੍ਯਾ- ਸਫਰ ਕਰਨ ਵਾਲਾ. ਯਾਤ੍ਰੀ. ਮੁਸਾਫਿਰ. "ਜਿਉ ਸਫਰੀ ਉਦਰ ਭਰੈ ਬਹਿ ਹਾਟੁਲੀ." (ਸਾਰ ਮਃ ੫) ਜਿਵੇਂ ਰਾਹ ਚੱਲਣ ਵਾਲਾ ਤਨੂਰ ਉੱਪਰ ਬੈਠਕੇ ਪੇਟ ਭਰਦਾ ਹੈ। ੨. ਸ਼ਫਰ (ਮੱਛੀ) ਫੜਨ ਵਾਲਾ. ਮਾਹੀਗੀਰ. ਦੇਖੋ, ਦੰਫਾਨ। ੩. ਸ਼ਫਰ (ਮੱਛੀ) ਦੀ ਥਾਂ ਭੀ ਸਫਰੀ ਸ਼ਬਦ ਕਵੀਆਂ ਨੇ ਵਰਤਿਆ ਹੈ. "ਚੰਚਲ ਜਸੋਂ ਸਫਰੀ ਜਲ ਮੇ." (ਸਲੋਹ)

ਸਫਰੀਆ: ਦੇਖੋ, ਸਫਰੀ। ੨. ਸਫ ਪੁਰ ਬੈਠਣ ਵਾਲੀ ਮੰਡਲੀ. ਸਭਾ. ਮਜਲਿਸ. "ਥਿਰ ਸਾਧੁ ਸਫਰੀਆ." (ਬਿਹਾ ਮਃ ੫)

ਸਫਰੀ ਭੰਡਾਰ: ਡਿੰਗ. ਸ਼ਫਰ (ਮੱਛੀਆਂ) ਦਾ ਭੰਡਾਰ, ਸਮੁੰਦਰ.

ਸਫਲ: ਵਿ- ਫਲ ਸਹਿਤ। ੨. ਨਤੀਜੇ ਸਹਿਤ. ਸਾਰਥਕ. "ਆਪਿ ਤਰਹਿ ਸਗਲੇ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ." (ਮਾਰੂ ਸੋਲਹੇ ਮਃ ੧) ੩. ਫਲ (ਫੋਤੇ) ਸਹਿਤ. ਜੋ ਖੱਸੀ ਨਹੀਂ.

ਸਫਲਦਰਸਨ: ਫਲ ਸਹਿਤ ਦਰਸ਼ਨ। ੨. ਜਿਸਦਾ ਦਰਸ਼ਨ ਫਲ ਦੇਣ ਵਾਲਾ ਹੈ. ਜਿਸ ਦਾ ਦੀਦਾਰ ਫਲ ਤੋਂ ਖਾਲੀ ਨਹੀਂ. ਅਮੋਘਦਰਸਨ. "ਨਾਨਕ ਸੇਵ ਕਰਹੁ ਹਰਿ ਗੁਰੁ ਸਫਲਦਰਸਨ ਕੀ." (ਵਾਰ ਗਉ ੧. ਮਃ ੪)

ਸਫਲਮੂਰਤਿ: ਜਿਸ ਦੀ ਮੂਰਤੀ ਫਲ ਸਹਿਤ ਹੈ. ਜਿਸ ਦੀ ਦੇਹ ਫਲ ਦੇਣ ਵਾਲੀ ਹੈ. ੨. ਜਿਸਦੀ ਹੋਂਦ ਲਾਭਦਾਇਕ ਹੈ. "ਆਰਾਧ ਸ੍ਰੀਧਰ ਸਫਲਮੂਰਤਿ." (ਗੂਜ ਮਃ ੫)

ਸਫਲਾ, ਸਫਲੁ: ਦੇਖੋ, ਸਫਲ. "ਤਿਨ ਕਾ ਜਨਮੁ ਸਫਲੁ ਹੈ." (ਸ੍ਰੀ ਮਃ ੩)

ਸਫਾ: ਅ਼. صفا ਸਫ਼ਾ. ਵਿ- ਸਾਫ. ਸ੍ਵੱਛ। ੨. ਸਿੱਧਾ. ਸਰਲ। ੩. ਬਸਾਤ. ਸ਼ਤਰੰਜ ਚੌਪੜ ਆਦਿ ਬਾਜੀ ਖੇਲਨ ਦਾ ਵਸਤ੍ਰ. "ਉਠਾਵੈ ਸਫਾ ਓਸ ਲਾਗੈ ਨ ਬਾਰ." (ਨਸੀਹਤ) ੪. ਸਫ. ਕਤਾਰ. ਸ਼੍ਰੇਣੀ. ਪੰਕ੍ਤਿ. "ਗੋਪਨ ਕੀ ਉਨ ਹੀ ਸੀ ਸਫਾ." (ਕ੍ਰਿਸਨਾਵ) ੫. صفحہ ਸਫ਼ਹਃ ਪੰਨਾ ਪ੍ਰਿਸ਼੍ਠ Page। ੬. ਦੇਖੋ, ਸਿਫਾ.

ਸਫਾ ਉਠਾਉਣਾ: ਬਾਜ਼ੀ ਖ਼ਤਮ ਕਰਨੀ. ਜਿਸ ਵਸਤ੍ਰ ਉੱਤੇ ਸ਼ਤਰੰਜ ਖੇਡੀਦਾ ਹੈ ਉਹ ਉਠਾ ਦੇਣਾ. ਦੇਖੋ, ਸਫਾ ੩.

ਸਫਾਇਤ: ਦੇਖੋ, ਸਫਾਤ.

ਸਫਾਈ: ਫ਼ਾ. صفائی ਸ੍ਵੱਛਤਾ. ਨਿਰਮਲਤਾ। ੨. ਭਾਵ- ਨਿਰਦੋਸ਼ਤਾ.

ਸਫਾਜੰਗ: ਖ਼ਾ. ਸੰਗ੍ਯਾ- ਕੁਹਾੜਾ. ਟੱਕੂਆ. ਪਰਸ਼ੁ। ੨. ਦੇਖੋ, ਸਫਜੰਗ.

ਸਫਾਤ: ਅ਼. شفعت ਸ਼ਿਫ਼ਾਅ਼ਤ. ਸੰਗ੍ਯਾ- ਸਿਫ਼ਾਰਿਸ਼. ਕਿਸੇ ਦੇ ਛੁਟਕਾਰੇ ਲਈ ਨੇਕੀ ਦਾ ਬਚਨ ਆਖਣਾ. "ਸੋ ਸਫਾਤ ਮਮ ਭਰੈਗੋ." (ਗੁਪ੍ਰਸੂ)

ਸਫਾਰਿਸ: ਦੇਖੋ, ਸਿਫ਼ਾਰਿਸ਼.

ਸਫਾਲ: ਸੰ. ਸ੍ਫਾਲ. ਸੰਗ੍ਯਾ- ਸਫੂਰਤਿ. ਫੁਰਣਾ। ੨. ਸੁਖਮਬੁੱਧਿ.

ਸ਼ਫ਼ੀਅ, ਸ਼ਫ਼ੀਅ਼: ਅ਼. شفیع ਵਿ- ਸ਼ਿਫ਼ਾਅ਼ਤ (ਸਿਫ਼ਾਰਿਸ਼) ਕਰਨ ਵਾਲਾ। ੨. ਮੁਸਲਮਾਨਾਂ ਦੇ ਮਤ ਅਨੁਸਾਰ ਇਹ ਪੈਗ਼ੰਬਰ ਮੁਹੰਮਦ ਦਾ ਨਾਉਂ ਹੈ ਕਿਉਂਕਿ ਉਹ ਮੋਮਿਨਾਂ ਦੀ ਸਿਫਾਰਿਸ਼ ਕਰਨ ਵਾਲਾ ਮੰਨਿਆ ਹੈ.

ਸ਼ਫ਼ੀਕ, ਸ਼ਫ਼ੀਕ਼: ਅ਼. شفیق ਵਿ- ਸ਼ਫ਼ਕ਼ਤ (ਕ੍ਰਿਪਾ) ਰੱਖਣ ਵਾਲਾ.

ਸਫ਼ੀਰ: ਅ਼. سفیر ਸੰਗਜਾ- ਸਿਫ਼ਾਰਤ (ਵਕਾਲਤ) ਕਰਨ ਵਾਲਾ. ਏਲਚੀ. ਰਾਜਦੂਤ.

ਸਫੀਲ: ਪੰਜਾਬੀ ਵਿੱਚ ਫ਼ਸੀਲ ਦਾ ਇਹ ਰੂਪਾਂਤਰ ਹੈ. ਚਹਾਰਦੀਵਾਰੀ. ਸ਼ਹਰਪਨਾਹ. ਵਲਗਣ ਦੀ ਕੰਧ. ਦੇਖੋ, ਫਸੀਲ.

ਸਫੁਟ: ਸੰ. ਸ੍ਫੁਟ. ਵਿ- ਪ੍ਰਗਟ. ਜਾਹਿਰ. ਪ੍ਰਤੱਖ. "ਜੈ ਦੇਵ ਆਇਓ ਤਸ ਸਫੁਟੰ" (ਗੂਜਰੀ) ਜੈਦੇਵ ਜੀ ਆਖਦੇ ਹਨ, ਤਸਯ (ਤਿਸ ਨੂੰ) ਸਫੁਟ (ਪ੍ਰਤੱਖ) ਹੀ ਆਯ (ਲਾਭ) ਪ੍ਰਾਪਤ ਹੋਇਆ ਹੈ. ੨. ਜੈ ਦੇਵ ਤਿਸ ਦੀ ਹਜੂਰੀ ਵਿੱਚ ਆਇਆ ਹੈ.

ਸਫ਼ੇਦ, ਸਫੈਦ: ਫ਼ਾ سفید ਵਿ- ਸ਼੍ਵੇਤ. ਚਿੱਟਾ. ਉੱਜਲ.

ਸਫੋਟਕ: ਸੰ. स्फोटक- ਸ੍ਫੋਟਕ. ਸੰਗਜਾ- ਫੋੜਾ। ੨. ਦੇਖੋ, ਅਸਫੋਟਕ.

ਸਫੋਟਨ: ਸੰ. स्फोटन- ਸ੍ਫੋਟਨ. ਸੰਗਜਾ- ਫੋੜਨਾ. ਭੇਦਨ ਕਰਨਾ. ਭੰਨਣਾ.

ਸਬ: ਸੰ. सर्व. ਸਰ੍ਵੰ. ਵਿ- ਸਭ. ਤਮਾਮ। ੨. ਫ਼ਾ. شب ਸ਼ਬ. ਰਾਤ੍ਰਿ. ਰਾਤ. "ਸਬ ਰੋਜ ਗਸਤਮ ਦਰ ਹਵਾ." (ਤਿਲੰ ਮਃ ੧) ੩. ਅ਼. شّب ਸ਼ੱਬ. ਜੰਗ. "ਯਲੋ ਤੇਜ ਇਮ ਸਬ." (ਰਾਮਾਵ) ੪. ਅੱਗ ਮਚਾਉਣ ਦੀ ਕ੍ਰਿਯਾ

ਸ਼ਬਸ਼ਾਹ: ਸੰਗਜਾ- ਸ਼ਬ (ਰਾਤ੍ਰਿ) ਦਾ ਬਾਦਸ਼ਾਹ. ਚੰਦ੍ਰਮਾ. "ਸ਼ਾਬਸ਼ ਬੇਅਦਲੀ ਸ਼ਬ ਸ਼ਾਹਮ." (ਕ੍ਰਿਸਨਾਵ) ਦੇਖੋ, ਬੇ ਅਦਲ ਅਤੇ ਜੰਗ ਦਰਾਯਦ.

ਸਬਹ, ਸਬਹ਼: ਅ਼. سبحہ ਸੰਗਜਾ- ਮਾਲਾ. ਸਿਮਰਨੀ. ਤਸਬੀ.

ਸਬਕ, ਸਬਕ਼: ਅ਼. سبق ਸੰਗਜਾ- ਸੰਥਾ. ਨਿਤ੍ਯ ਦਾ ਸਿੱਖਿਆ ਪਾਠ। ੨. ਸ਼ਰਤ.

ਸਬਕਤ, ਸਬਕ਼ਤ: ਅ਼. سبقت ਅੱਗੇ ਵਧਣ ਦੀ ਕ੍ਰਿਯਾ.

ਸ਼ਬਖ਼ੂੰ: ਫ਼ਾ. شبخُوں ਸੰਗਜਾ- ਰਾਤ ਨੂੰ ਛਾਪਾ ਮਾਰਨਾ. ਸੁੱਤੇ ਵੈਰੀ ਨੂੰ ਵੱਢ ਟੁੱਕ ਸੁੱਟਣਾ.

ਸਬਜ਼: ਫ਼ਾ. سبز ਵਿ- ਹਰਾ.

ਸਬਜਪਾਨ: ਸੰਗਜਾ- ਹਰੇ ਰੰਗ ਦਾ ਪੀਣ ਯੋਗ੍ਯ ਪਦਾਰਥ. ਭੰਗ. "ਸਾਗਰੇ ਸਬਜ਼ ਪਾਨ." (ਹਕਾਯਤ ੬)

ਸਬਜ ਪੁਲਾਉ: ਖ਼ਾ. ਸੰਗਜਾ- ਸਾਗ.

ਸਬਜ ਮਣੀ, ਸਬਜਾ: ਫ਼ਾ. سبزہ ਸੰਗਜਾ- ਹਰੇ ਰੰਗ ਦਾ ਰਤਨ. ਮਰਕਤ। ੨. ਘੋੜੇ ਦੇ ਇੱਕ ਰੰਗ ਦਾ ਖਾਸ ਸੰਕੇਤ. ਇਹ ਨੀਲੀ ਝਲਕ ਨਾਲ ਚਿੱਟਾ ਹੁੰਦਾ ਹੈ. "ਪਿਖਹੁ ਦਾਹਨੀ ਦਿਸਾ ਮੇ ਸਬਜਾ ਬਡ ਘੋਰਾ." (ਗੁਪ੍ਰਸੂ)

ਸਬਜੀ: ਸੰਗਜਾ- ਹਰਿਆਈ. ਹਰਿਆਵਲ। ੨. ਸਾਗ ਭਾਜੀ.

ਸਬਤ, ਸਬਥ: ਅ਼. سبت ਹੀ- Shabbath. L. Sabbatum. ਫ੍ਰ- Shabath. ਸੰਗਜਾ- ਵਿਸ਼੍ਰਾਮ (ਆਰਾਮ) ਕਰਨਾ. ਛੁੱਟੀ ਮਨਾਉਣੀ। ੨. ਯਹੂਦੀਆਂ ਦੇ ਨਿਸ਼ਚੇ ਅਨੁਸਾਰ ਸ਼ਨਿਸ਼ਚਰ (ਛਨਿੱਛਰ) ਦਾ ਦਿਨ. ਬਾਈਬਲ ਅਨੁਸਾਰ ਇਸ ਦਿਨ ਖ਼ੁਦਾ ਨੇ ਦੁਨੀਆ ਬਣਾਕੇ ਆਰਾਮ ਕੀਤਾ ਹੈ। ੩. ਈਸਾਈ ਐਤਵਾਰ ਨੂੰ ਸਬਤ ਮੰਨਦੇ ਹਨ. ਦੇਖੋ, ਸ੍ਰਿਸ਼੍ਰਿਰਚਨਾ ਅਤੇ ਮੂਸਾ.

ਸਬਦ: ਸੰ. शब्द ਸ਼ਬ੍ਦ. ਸੰਗਜਾ- ਧੁਨਿ. ਆਵਾਜ਼. ਸੁਰ। ੨. ਪਦ. ਲਫਜ। ੩. ਗੁਫ਼ਤਗੂ. "ਸਬਦੌ ਹੀ ਭਗਤ ਜਾਪਦੇ ਜਿਨੑ

ਕੀ ਬਾਣੀ ਸਚੀ ਹੋਇ." (ਆਸਾ ਅਃ ਮਃ ੩) ੪. ਗੁਰਉਪਦੇਸ਼. "ਭਵਜਲ ਬਿਨ ਸਬਦੇ ਕਿਉ ਤਰੀਐ." (ਭੈਰ ਮਃ ੧) ੫. ਬ੍ਰਹਮ. ਕਰਤਾਰ. "ਸਬਦ ਗੁਰੂ ਸੁਰਤਿ ਧੁਨਿ ਚੇਲਾ." (ਸਿਧਗੋਸਟਿ) ੬. ਧਰਮ. ਮਜਹਬ. "ਜੋਗਿ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ." (ਵਾਰ ਆਸਾ) ੭. ਪੈਗ਼ਾਮ. ਸੁਨੇਹਾ. "ਧਨਵਾਂਢੀ ਪਿਰ ਦੇਸ ਨਿਵਾਸੀ ਸਚੇ ਗੁਰੁ ਪਹਿ ਸਬਦ ਪਠਾਈਂ." (ਮਲਾ ਅਃ ਮਃ ੧) ੮. ਜੈਸੇ ਤੁਕਾ ਰਾਮ ਨਾਮਦੇਵ ਆਦਿਕ ਭਗਤਾਂ ਦੀ ਪਦ- ਰਚਨਾ "ਅਭੰਗ" ਅਤੇ ਸੂਰ ਦਾਸ ਮੀਰਾਬਾਈ ਆਦਿਕ ਦੀ ਵਿਸਨੁਪਦ ਪ੍ਰਸਿੱਧ ਹੈ, ਤੈਸੇ ਹੀ ਸ਼੍ਰੀ ਗੁਰੁ ਗ੍ਰੰਥ ਸਾਹਿਬ ਦੇ ਛੰਦ ਰੂਪ ਵਾਕ੍ਯ "ਸ਼ਬਦ" ਆਖੀਦੇ ਹਨ. ਸ਼ਬਦ ਛੰਦ ਦੀ ਖਾਸ ਜਾਤਿ ਨਹੀਂ. ਅਨੇਕ ਛੰਦਾਂ ਦਾ ਰੂਪ ਸ਼ਬਦਾਂ ਵਿੱਚ ਦੇਖਿਆ ਜਾਂਦਾ ਹੈ। ੯. ਦੇਖੋ, ਸਬਦੁ। ੧੦. ਸੰ. ਸ਼ਬ੍ਦ ਸ਼ਾਬ੍ਦ. ਵਿ- ਸ਼ਬਦ ਦਾ ਵਾਚ੍ਯ ਅਰਥ. ਸ਼ਬਦ ਦਾ ਮਕਸਦ. "ਨ ਸਬਦ ਬੂਝੈ ਨ ਜਾਣੈ ਬਾਣੀ." (ਧਨਾ ਮਃ ੩) ੧੧. ਦੇਖੋ, ਪ੍ਰਮਾਣ.

ਸਬਦ ਅਤੀਤ: ਸੰ. ਸ਼ਬ੍ਦਾਤੀਤ. ਸ਼ਬ੍ਦਾਤੀਤ. ਵਿ- ਸ਼ਬਦ ਤੋਂ ਪਰੇ. ਜੋ ਬਾਣੀ ਦ੍ਵਾਰਾ ਕਥਨ ਨਾ ਕੀਤਾ ਜਾ ਸਕੇ.

ਸਬਦ ਸ਼ਕਤਿ: ਸ਼ਬ੍ਦ ਦੀ ਉਹ ਸਾਮਰਥ੍ਯ, ਜਿਸਤੋਂ ਅਰਥ ਭਾਨ ਹੁੰਦਾ ਹੈ. ਦੇਖੋ, ਵ੍ਰਿੱਤਿ ੪.

ਸਬਦ ਸਤ੍ਰੁਣੀ: ਸੰਗ੍ਯਾ- ਵੈਰੀ ਦੇ ਸ਼ਬਦ ਵਾਲੀ, ਸੈਨਾ. ਜਿਸ ਵਿੱਚ ਸ਼ਤ੍ਰੁ ਦਾ ਸ਼ੋਰ ਹੈ. (ਸਨਾਮਾ)

ਸਬਦ ਸਪੁੰਨ: ਸ਼ਬਦ (ਗ੍ਯਾਨ) ਸੰਪੰਨ. ਜਿਸਨੇ ਗ੍ਯਾਨ ਸਿੱਧ ਕੀਤਾ ਹੈ. "ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭਿ ਤੇਰੇ." (ਸਵੈਯੇ ਮਃ ੪. ਕੇ)

ਸਬਦਸਰ: ਸੰਗ੍ਯਾ- ਸਤਿਗੁਰੂ, ਜੋ ਗ੍ਯਾਨ ਦਾ ਸਮੁੰਦਰ ਹੈ। ੩. ਸ਼੍ਰੀ ਗੁਰੂ ਨਾਨਕ ਦੇਵ. "ਦੁਰਤ ਨਿਵਾਰਣ ਸਬਦਸਰੇ." (ਸਵੈਯੇ ਮਃ ੧. ਕੇ)

ਸਬਦਸਾਸਤ੍ਰ: ਸੰ. ਸ਼ਬ੍ਦਸ਼ਾਸ੍ਤ੍ਰ ਸੰਗ੍ਯਾ- ਵ੍ਯਾਕਰਣ. ਉਹ ਸ਼ਾਸਤ੍ਰ, ਜਿਸਤੋ ਸ਼ਬਦਾਂ ਦਾ ਸ਼ੁੱਧ ਸਰੂਪ ਅਤੇ ਵਰਤਣਾ ਜਾਣਿਆ ਜਾਵੇ.

ਸਬਦ ਸੁਰਤ, ਸਬਦ ਸੁਰਤਿ: ਸੰਗ੍ਯਾ- ਸ਼ਬਦਾਕਾਰ ਵ੍ਰਿੱਤਿ. ਆਤਮ ਸਰੂਪ ਵਿੱਚ ਲੀਨ ਹੋਈ ਬੁੱਧਿ। ੨. ਗੁਰੁਸ਼ਬਦ ਵਿੱਚ ਜੁੜੀ ਹੋਈ ਵ੍ਰਿੱਤਿ. "ਸਾਕਤ ਨਰ ਸਬਦ ਸੁਰਤਿ ਕਿਉ ਪਾਈਐ। ਸ਼ਬਦ ਸੁਰਤਿ ਬਿਨ ਆਈਐ ਜਾਈਐ." (ਮਾਰੂ ਮਃ ੧) "ਸਬਦ ਸੁਰਤ ਸਵਧਾਨ ਹੋ, ਬਿਨ ਗੁਰੁਸਬਦ ਨ ਸੁਣਈ ਬੋਲਾ." (ਭਾਗੁ) ੩. ਸ਼ਬਦ (ਸ੍ਵਰ) ਅਤੇ ਸ਼੍ਰੁਤਿ (ਸੁਰ ਦਾ ਹਿੱਸਾ). "ਰਾਗ ਨਾਦ ਸਭਕੋ ਸੁਣੈ ਸਬਦ ਸੁਰਤਿ ਸਮਝੈ ਵਿਰਲੋਈ." (ਭਾਗੁ) ਦੇਖੋ, ਸ਼੍ਰੁਤਿ ਅਤੇ ਮੂਰਛਨਾ.

ਸਬਦਸੂਰ: ਸੰਗ੍ਯਾ- ਸਤਿਗੁਰੂ, ਜੋ ਗ੍ਯਾਨ ਦਾ ਸੂਰਜ ਹੈ। ੨. ਜਿਸ ਵਿੱਚ ਉਪਦੇਸ਼ ਦਾ ਸ਼ੂਰਤ੍ਵ ਹੈ. "ਸਬਦਸੂਰ ਬਲਵੰਤ." (ਸਵੈਯੇ ਮਃ ੨. ਕੇ)

ਸਬਦਕਰਣੀ: ਸੰਗ੍ਯਾ- ਵ੍ਯਾਖ੍ਯਾ ਤੇ ਅਮਲ ਕਰਨ ਦੀ ਕ੍ਰਿਯਾ. ਕਹਿਣੀ. ਦੇ ਮੁਤਾਬਿਕ ਅਮਲ. "ਇਸੁ ਜਗ ਮਹਿ ਸਬਦਕਰਣੀ ਹੈ ਸਾਰ." (ਪ੍ਰਭਾ ਅਃ ਮਃ ੧) ੨. ਗੁਰੁਉਪਦੇਸ਼ ਕਮਾਉਣ ਦੀ ਕ੍ਰਿਯਾ.

ਸਬਦਘਰ: ਸੰਗ੍ਯਾ ਸਤਿਗੁਰੂ, ਜੋ ਸਤ੍ਯ ਉਪਦੇਸ਼ ਦਾ ਘਰ ਹੈ। ੨. ਸ਼੍ਰੀ ਗੁਰੂ ਗ੍ਰੰਥਸਾਹਿਬ.

ਸਬਦਤਰੰਗ: ਦੇਖੋ, ਆਗਰ। ੨. ਸੰਗ੍ਯਾ- ਸ੍ਵਰ ਤਾਨ.

ਸਬਦਨੀਸਾਣੁ: ਸ਼ਬਦ ਰੂਪ ਨਿਸ਼ਾਨ (ਨਗਾਰਾ). ਭਾਵ- ਉਪਦੇਸ਼ ਦੀ ਡੌਂਡੀ. ਵਾਹਗੁਰੂ ਦੇ ਨਾਉਂ ਦਾ ਨਿਸ਼ਾਨ (ਧੌਂਸੇ) ਦੀ ਚੋਟ ਨਾਲ, ਪ੍ਰਚਾਰ. "ਧੁਨਿ ਉਪਜੈ ਸਬਦਨੀਸਾਣੁ." (ਸ੍ਰੀ ਮਃ ੧)

ਸਬਦਬੀਣਾ: ਸੰਗ੍ਯਾ- ਅਜਪਾ ਜਾਪ ਦੀ ਅਖੰਡ ਧੁਨਿ. "ਬਾਜੰਤ ਨਾਨਕ ਸਬਦਬੀਣਾ." (ਸਹਸ ਮਃ ੫)

ਸਬਦਬੇਧ: ਸੰਗ੍ਯਾ- ਕ੍ਰੇਵਲ ਸਬਦ ਸੁਣਕੇ (ਅੱਖਾਂ ਨਾਲ ਦੇਖੇ ਬਿਨਾ) ਨਸ਼ਾਨਾ ਵਿੰਨ੍ਹਣ ਦੀ ਕ੍ਰਿਯਾ.

**ਸਬਦਬੇਧੀ:** ਵਿ- ਸ਼ਬਦ ਸੁਣਕੇ ਅੰਧੇਰੇ ਵਿੱਚ ਨਿਸ਼ਾਨਾ ਵਿੰਨ੍ਹਣ ਵਾਲਾ.

**ਸਬਦਬ੍ਰਹ੍ਮ:** ਬਾਣੀ ਰੂਪ ਬ੍ਰਹਮ. ਧਰਮਗ੍ਰੰਥ ਰੂਪ ਈਸ਼੍ਵਰ.[185] ਦੇਖੋ, ਸਬਦ.

**ਸਬਦਭੇਦਿ:** ਵਿ- ਗੁਰੁਉਪਦੇਸ਼ ਦਾ ਭੇਦ (ਮਰਮ) ਜਾਣਨ ਵਾਲਾ. "ਸਬਦਭੇਦਿ ਕੋਈ ਮਹਲੁ ਪਾਏ." (ਮਾਝ ਅਃ ਮਃ ੩) ੨. ਸ਼ਬਦ ਦਾ ਭੇਦ ਜਾਣਨ ਤੋਂ. ਗੁਰਬਾਣੀ ਦਾ ਸਿੱਧਾਂਤ ਸਮਝਣ ਕਰਕੇ. "ਸਬਦਭੇਦਿ ਸੁਖ ਹੋਇ." (ਸ੍ਰੀ ਅਃ ਮਃ ੧) ੩. ਦੇਖੋ, ਸਬਦਭੇਦੀ.

**ਸਬਦਭੇਦੀ:** ਸੰ. ਸ਼ਬ੍ਦਭੇਦਿਨ੍ ਵਿ- ਸ਼ਬਦ ਅਨੁਸਾਰ ਜੋ ਨਿਸ਼ਾਨਾ ਭੇਦਨ ਕਰੇ. ਦੇਖੋ, ਸਬਦਬੇਧੀ ਅਤੇ ਸਬਦਭੇਦਿ। ੨. ਸੰਗ੍ਯਾ- ਰਾਜਾ ਦਸ਼ਰਥ। ੩. ਅਰਜੁਨ.

**ਸਬਦਵਿਦ੍ਯਾ:** ਧਰਮਗ੍ਰੰਥਾਂ ਦਾ ਇਲਮ। ੨. ਵ੍ਯਾਕਰਣ ਵਿਦ੍ਯਾ। ੩. ਕਾਵ੍ਯ ਵਿਦ੍ਯਾ.

**ਸਬਦਵ੍ਰਿੱਤੀ:** ਦੇਖੋ, ਸਬਦਸ਼ਕਤਿ ਅਤੇ ਵ੍ਰਿੱਤਿ.

**ਸਬਦਾ:** ਸੰ. ਸਵੰਦਾ. ਕ੍ਰਿ. ਵਿ- ਸਦੈਵ. ਨਿਤ੍ਯ. ਹਮੇਸ਼ਾਂ. "ਕ੍ਯੋਂ ਇਮ ਰੀਤਿ ਚਲਾਵਤ ਹੋ, ਦਿਨ ਦ੍ਵੈਕ ਚਲੈ ਸਬਦਾ ਨ ਚਲੈਗੀ." (ਦੱਤਾਵ)

**ਸਬਦਾਹ ਮਾਹਿ ਵਖਾਣੀਐ:** (ਸ੍ਰੀ ਅਃ ਮਃ ੧) ਵਾ- ਗੁਰੁਸ਼ਬਦਾਂ ਵਿੱਚ ਵਖਿਆਨ ਕੀਤਾ ਜਾ ਰਹਿਆ ਹੈ.

**ਸ਼ਬਦਾਯਮਾਨ:** ਵਿ- ਸ਼ਬ੍ਦਾਯਮਾਨ ਸ਼ਬਦ ਕਰਦਾ ਹੋਇਆ. ਧੁਨਿ ਸਹਿਤ. ਸ਼ੋਰ ਕਰਦਾ ਹੋਇਆ. "ਬਹੁ ਸਬਦਾਯਮਾਨ ਜਿਮ ਗੰਗਾ." (ਗੁਪ੍ਰਸੂ)

**ਸਬਦਾਰਥ:** ਸੰਗ੍ਯਾ- ਸ਼ਬ੍ਦਾਰ੍‍ਥ. ਸ਼ਬਦ ਦਾ ਅਰਥ. ਵਾਕ ਦਾ ਭਾਵ.

**ਸ਼ਬਦਾਲੰਕਾਰ:** ਦੇਖੋ, ਅਲੰਕਾਰ.

**ਸਬਦਿ:** ਸੰਗ੍ਯਾ- ਸਮੁੰਦਰ. ਤਰੰਗਾਂ ਨਾਲ ਜਿਸ ਵਿੱਚ ਸ਼ਬਦ ਉਤਪੰਨ ਹੁੰਦਾ ਹੈ. "ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ." (ਵਾਰ ਰਾਮ ੩) ੨. ਆਕਾਸ਼, ਜੋ ਸਬਦ ਗੁਣ ਵਾਲਾ ਹੈ। ੩. ਕ੍ਰਿ. ਵਿ- ਸ਼ਬਦ ਕਰਕੇ. ਸ਼ਬਦ ਦ੍ਵਾਰਾ. "ਸਬਦਿ ਮਿਲਾਏ ਗੁਰਮਤੀ." (ਮਾਰੂ ਸੋਲਹੇ ਮਃ ੧) ੪. ਸ਼ਬਦ ਮੇ. ਨਾਮ ਮੇਂ. ਉਪਦੇਸ਼ ਵਿੱਚ. "ਸਬਦਿ ਰਤੀ ਸੋਹਾਗਣੀ." (ਵਾਰ ਸ੍ਰੀ ਮਃ ੩) ੫. ਦੇਖੋ, ਸਬਦੀ.

**ਸਬਦਿਅਤੀਤ:** ਸਬ੍ਦਾਤੀਤ ਮੇ. ਜੋ ਕਥਨ ਤੋਂ ਪਰੇ ਹੈ ਪਾਰਬ੍ਰਹਮ, ਉਸ ਵਿੱਚ. "ਸਬਦਿਅਤੀਤ ਅਨਾਹਦਿ ਰਾਤਾ." (ਰਾਮ ਨਾਮਦੇਵ)

**ਸਬਦਿ ਪਰਧੁਨਿ ਧੁਨਿ ਅਰ:** (ਸਾਨਾਮਾ) ਸ਼ਬਦਿ (ਆਕਾਸ਼) ਵਿੱਚ ਪ੍ਰਧ੍ਵਨਿ (ਗਰਜਨ) ਵਾਲਾ ਬੱਦਲ, ਉਸ ਜੇਹੀ ਧੁਨਿ ਕਰਨ ਵਾਲਾ (ਮੇਘਨਾਦ), ਉਸ ਦਾ ਵੈਰੀ ਤੀਰ.

**ਸਬਦੀ:** ਸੰਗ੍ਯਾ- ਉਪਦੇਸ਼ਦਾਤਾ ਸਤਿਗੁਰੂ। ੨. ਗੁਰੁਉਪਦੇਸ਼ ਧਾਰਨ ਵਾਲਾ ਸਿੱਖ। ੩. ਸੰ. ਸ਼ਬ੍ਦਿਨ੍ ਸ਼ਬ੍ਦਿਨ. ਬੋਲਣ ਵਾਲਾ. ਵਕਤਾ. "ਨਾਦੀ ਬੇਦੀ ਸਬਦੀ ਮੋਨੀ ਜਮ ਕੈ ਪਟੈ ਲਿਖਾਇਆ." (ਸੋਰ ਕਬੀਰ) ਨਾਦੀ ਵਿੰਦੀ ਵਕਤਾ ਮੌਨੀ.

**ਸਬਦੁ:** ਦੇਖੋ, ਸਬਦ। ੨. ਧਰਮਜੀਵਨ. "ਘੜੀਐ ਸਬਦੁ ਸਚੀ ਟਕਸਾਲ." (ਜਪੁ) ਸੱਚੀ ਟਕਸਾਲ ਦਾ ਧਰਮਜੀਵਨ ਇਉਂ ਘੜਿਆ ਜਾਂਦਾ ਹੈ.

**ਸਬਦੁਸੋਹਿਲਾ:** ਗੁਰੁਉਪਦੇਸ਼ ਦਾ ਗੀਤ. ਨਾਮ ਦਾ ਗੀਤ. "ਸਬਦੁਸੋਹਿਲਾ ਸਤਿਗੁਰੂ ਸੁਣਾਇਆ." (ਅਨੰਦੁ)

---

[185] ਦੇਖੋ, ਵਿਸ਼ਨੁ ਪੁਰਾਣ ਅੰਸ਼ ੬, ਅਃ ੫.

**ਸਬਦੂ:** ਸਬਦ ਕਰਕੇ. ਗੁਰਸ਼ਬਦ ਦ੍ਵਾਰਾ. "ਸਬਦੂ ਊਚਾ ਹੋਇ." (ਆਸਾ ਮਃ ੩) ੨. ਸਭ ਤੋਂ. ਸਰ੍ਵ ਸੇ.

**ਸਬਦੰਤ:** ਸੰਗਯਾ- ਸ਼ਬਦ ਦਾ ਅੰਤ. ਸ਼ਬਦ ਦਾ ਨਿਚੋੜ. ਸ਼ਬਦ ਸਿੱਧਾਂਤ.

**ਸਬਨੀਗਰ:** ਸੰਗਯਾ- ਸਾਬੂਨਗਰ. ਸਾਬਣ ਬਣਾਉਣ ਵਾਲਾ. "ਤਾਰ ਚਲਾਈ ਹੈ ਸਾਬਨ ਕੋ ਸਬਨੀਗਰ." (ਚੰਡੀ ੧)

**ਸਬਬ:** ਅ਼. سبب ਸੰਗਯਾ- ਕਾਰਣ. ਹੇਤੁ. ਨਿਮਿੱਤ.

**ਸਬਰ:** ਅ਼. صبر ਸਬ੍ਰ. ਸੰਗਯਾ- ਸੰਤੋਖ. "ਸਬਰ ਏਹੁ ਸੁਆਉ." (ਸ. ਫਰੀਦ) ੨. ਸੰ. ਸ਼ਵਰ. ਇੱਕ ਨੀਚ ਜਾਤੀ, ਜੋ ਭੀਲਾਂ ਦੀ ਸ਼ਾਖ ਹੈ। ੩. ਸ਼ਿਵ। ੪. ਤੰਤ੍ਰਸ਼ਾਸਤ੍ਰ, ਜਿਸ ਵਿੱਚ ਅਨੇਕ ਮੰਤ੍ਰਾਂ ਦਾ ਵਰਣਨ ਹੈ. ਇਹ ਸ਼ਿਵ ਦਾ ਰਚਿਆ ਦੱਸੀਦਾ ਹੈ.

**ਸਬਰਾਤ:** شب برات ਸ਼ਬੇ ਬਰਾਤ. ਮੁਸਲਮਾਨਾਂ ਦੇ ਅੱਠਵੇਂ ਮਹੀਨੇ "ਸ਼ਅਬਾਨ" ਦੀ ਪੰਦਰਵੀਂ ਰਾਤ. ਇਸਲਾਮ ਮਤ ਅਨੁਸਾਰ ਇਸ ਦਿਨ ਫ਼ਰਿਸ਼ਤੇ ਪਰਮੇਸੁਰ ਦੇ ਹੁਕਮ ਨਾਲ ਭੋਜਨ ਵੰਡਦੇ ਅਤੇ ਉਮਰ ਦਾ ਹਿਸਾਬ ਲਾਉਂਦੇ ਹਨ. ਇਸੇ ਕਾਰਣ ਮੁਸਲਮਾਨ ਇਸ ਰਾਤ ਨੂੰ ਭੋਜਨ ਵੰਡਦੇ ਅਤੇ ਰੌਸ਼ਨੀ ਕਰਦੇ ਹਨ.

**ਸਬਰੀ:** ਸ਼ਵਰ ਗੋਤ੍ਰ ਦੀ ਇੱਕ ਇਸਤ੍ਰੀ, ਜੋ ਪੰਪਾਸਰ ਦੇ ਕਿਨਾਰੇ ਰਹਿੰਦੀ ਸੀ. ਇਹ ਮਤੰਗ ਰਿਖੀ ਦੀ ਚੇਲੀ ਸੀ. ਰਾਮਚੰਦ੍ਰ ਜੀ ਵਣਵਾਸ ਸਮੇਂ ਇਸ ਦੇ ਆਸ਼੍ਰਮ ਪੁਰ ਠਹਿਰੇ ਅਤੇ ਬੇਰ ਆਦਿਕ ਫਲ ਖਾਕੇ ਬਹੁਤ ਪ੍ਰਸੰਨ ਹੋਏ. ਸ਼ਵਰੀ ਰਾਮਚੰਦ੍ਰ ਜੀ ਦੇ ਦੇਖਦੇ ਹੀ ਚਿਤਾ ਬਣਾਕੇ ਭਸਮ ਹੋ ਗਈ. ਇਸੇ ਦਾ ਨਾਉਂ ਭੀਲਨੀ ਪ੍ਰਸਿੱਧ ਹੈ ਜਿਸ ਦੇ ਜੂਠੇ ਬੇਰ ਖਾਣ ਦਾ ਕਈ ਕਵੀ ਜਿਕਰ ਕੀਤਾ ਕਰਦੇ ਹਨ. ੨. ਸਬਰ (ਸੰਤੋਖ) ਰੱਖਣਵਾਲਾ. ਸਾਬਿਰ. ਦੇਖੋ, ਸਬਰ ੧.

**ਸਬਰੋਜ:** ਰਾਤ ਦਿਨ. "ਸਬਰੋਜ ਗਸਤਮ ਦਰ ਹਵਾ." (ਤਿਲੰ ਮਃ ੧) ਦੇਖੋ, ਸ਼ਬੋਰੋਜ਼.

**ਸ਼ਬਰੰਗ:** ਫ਼ਾ. شبرنگ ਵਿ- ਸ਼ਬ (ਰਾਤ) ਦੇ ਰੰਗ ਜੇਹਾ. ਭਾਵ- ਕਾਲੇ ਰੰਗ ਵਾਲਾ। ੨. ਮੁਸ਼ਕੀ ਘੋੜਾ.

**ਸਬਲ:** ਵਿ- ਪ੍ਰਬਲ. ਬਲ ਵਾਲਾ. ਜ਼ੋਰਾਵਰ. "ਇਹ ਮਨੂਆ ਅਤਿ ਸਬਲ ਹੈ." (ਸ੍ਰੀ ਮਃ ੩) ੨. ਬਲ (ਫੌਜ) ਸਮੇਤ. ਸੈਨਾ ਸਹਿਤ। ੩. ਸੰ. ਸ਼ਵਲ. ਡੱਬਖੜੱਬਾ. ਰੰਗ ਬਰੰਗਾ. ਦੇਖੋ, ਸ਼ਕਤੀ ਸਬਲ ੨। ੪. ਯਮ ਦੇ ਦੋ ਕੁੱਤੇ ਜੋ ਚਾਰ ਚਾਰ ਅੱਖਾਂ ਵਾਲੇ ਹਨ. ਇਹ ਸ਼ਵਲ (ਚਿੱਟਾ ਅਤੇ ਕਾਲਾ) ਰੰਗ ਰੱਖਦੇ ਹਨ। ਇਸ ਲਈ ਇਹ ਸੰਗਯਾ ਹੈ.

**ਸਬਲ ਬ੍ਰਹਮ:** ਸੰ. ਸ਼ਵਲਬ੍ਰਹਮ. ਸੰਗਯਾ- ਅਨੇਕ ਰੰਗਾ ਬ੍ਰਹਮ. ਭਾਵ- ਮਾਇਆ ਸਹਿਤ ਬ੍ਰਹਮ, ਜੋ ਨਾਨਾ ਰੰਗ ਦਾ ਹੋ ਗਿਆ ਹੈ. ਦੇਖੋ, ਸਬਲ ੨. ਅਤੇ ਸ਼ਕਤੀ ਸਬਲ ੨.

**ਸਬਲਾ:** ਵਿ- ਬਲ ਵਾਲਾ. ਪ੍ਰਬਲ. ਦੇਖੋ, ਸਬਲ. "ਕਾਮ ਕਰੋਧ ਨਗਰ ਮਹਿ ਸਬਲਾ." (ਕਲਿ ਅਃ ਮਃ ੪) ੨. ਬਲ ਵਾਲੀ ਇਸਤ੍ਰੀ. ਦੇਖੋ, ਅਬਲਾ.

**ਸਬਲੀ:** ਸੰ. ਸ਼ਬਲੀ. ਡੱਬਖੜੱਬੀ ਗਊ। ੨. ਡਿੰਗ. ਸੰਝ. ਸ਼ਯਾਮ.

**ਸਬਾ:** ਅ਼. صبا ਸ਼ਬਾ. ਸੰਗਯਾ- ਪੁਰੇ ਦੀ ਪੌਣ। ੨. ਅਮ੍ਰਿਤ ਵੇਲੇ ਦੀ ਹਵਾ.

**ਸਬਾਇ:** ਸਰਵ- ਸਭ. ਕ੍ਰਿ. ਵਿ- ਸਾਰੇ. ਸਭ ਥਾਂ. "ਸਾਰੰਗਪਾਣਿ ਸਬਾਇ." (ਵਾਰ ਮਾਰੂ ੧. ਮਃ ੧)

**ਸਬਾਇਆ, ਸਬਾਇੜਾ, ਸਬਾਇੜੀ, ਸਬਾਈ, ਸਬਾਏ:** ਵਿ- ਸਪਾਦ. ਸਵਾਇਆ. ਇੱਕ ਪੂਰਾ ਅਤੇ ਦੂਜੇ ਦੇ ਚੌਥੇ ਭਾਗ ਸਹਿਤ। ੨. ਸਰਵ. ਸਭ. "ਸੁਣਿਅਹੁ ਲੋਕ ਸਬਾਇਆ." (ਵਾਰ ਆਸਾ ਮਃ ੧) "ਠਾਕੁਰ ਏਕ ਸਬਾਈ ਨਾਰਿ." (ਓਅੰਕਾਰ) "ਰੁੰਨੇ ਬੀਰ ਸਬਾਏ." (ਵਡ ਮਃ ੧. ਅਲਾਹਣੀਆ) ੩. ਸੰ. ਸਮਵਾਯ. ਸ਼ੰਬੰਧ. ਮੇਲ. ਪੁਰਖ ਏਕ ਹੈ ਹੋਰ ਸਗਲੀ ਨਾਰਿ ਸਬਾਈ." (ਵਾਰ ਵਡ ਮਃ ੩) ੪. ਦੇਖੋ, ਸਮਵਾਯ ਸੰਬੰਧ.

**ਸਬਾਸ:** ਇੱਕ ਛੰਦ, ਜਿਸ ਦਾ ਨਾਉਂ "ਸਵਾਸਨ" ਅਤੇ "ਸੁਵਾਸ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਨ, ਜ, ਲ. ।।।,

ISI, I.

ਉਦਾਹਰਣ

ਚਲਤ ਖਤੰਗਹਿ। ਭਟ ਤਨ ਭੰਗਹਿ।

ਬਰਨ ਸੁਰੰਗਹਿ। ਗਿਰਤ ਤੁਰੰਗਹਿ।। (ਗੁਪ੍ਰਸੂ) ੨. ਦੇਖੋ, ਸਾਬਾਸ। ੩. ਸ- ਵਾਸਕ੍ਰ ਸਮੇਤ.

ਸ਼ਬਾਸ਼ਬ: ਫ਼ਾ. شباشب ਕ੍ਰਿ. ਵਿ- ਰਾਤੋ ਰਾਤ.

ਸਬਾਹ: ਸੰਗਯਾ- ਭੋਰ. ਤੜਕਾ. ਅਮ੍ਰਿਤ ਵੇਲਾ. ਦੇਖੋ, ਸੁਬਹ। ੨. ਵਿ- ਸ਼ਬ (ਰਾਤ) ਦਾ. "ਚਉਥੈ ਪਹਰਿ ਸਬਾਹ ਕੈ." (ਵਾਰ ਮਾਝ ਮਃ ੧) ਰਾਤ ਦੇ ਪਿਛਲੇ ਪਹਰ ਵਿੱਚ। ੩. ਸਭ (ਸਵੇਂ) ਨੂੰ। ੪. ਪਹੁੰਚਾਉਣਾ. ਦੇਖੋ, ਸੰਵਹਨ.

ਸ਼ਬਾਹਤ: ਅ਼. شباہت ਕਿਸੇ ਜੇਹੀ ਸ਼ਬੀਹ (ਮੂਰਤਿ) ਹੋਣੀ. ਹਮਸ਼ਕਲ ਹੋਣਾ. ਕਿਸੇ ਦੀ ਸੂਰਤ ਜੇਹਾ ਹੋਣ ਦਾ ਭਾਵ.

ਸਬਾਹੀ: ਦੇਖੋ, ਸਬਾਹ, ਸਵਾਹੀ ਅਤੇ ਸਾਬਾਹੀ.

ਸ਼ਬਾਂਗਾਹ: ਫ਼ਾ شباںگاہ ਸੰਗਯਾ- ਰਾਤ ਦਾ ਵੇਲਾ.

ਸਬਾਤ: ਅ਼. ਸਾਬਾਤ਼. ਸੰਗਯਾ- ਛੱਤਦਾਰ ਰਾਹਦਾਰੀ, ਜਿਸ ਵਿੱਚ ਵੈਰੀ ਦੇ ਸ਼ਸਤ੍ਰਾਂ ਤੋਂ ਬਚ ਸਕੀਏ।[186] ੨. ਇਸੇ ਸ਼ਬਦ ਤੋਂ ਪੰਜਾਬੀ ਵਿੱਚ ਵਡੇ ਕੋਠੇ ਦਾ ਨਾਉਂ ਸਬਾਤ ਹੋ ਗਿਆ ਹੈ। ੩. ਅ਼. ثبات ਸਬਾਤ. ਦ੍ਰਿੜ੍ਹਤਾ. ਮਜਬੂਤੀ. ਸਾਬਤ ਕ਼ਦਮੀ.

ਸਬਾਬ: ਅਸਬਾਬ ਦਾ ਸੰਖੇਪ। ੨. ਅ਼. ثواب ਸਵਾਬ. ਭਲਾਈ. ਨੇਕੀ. ਪੁੰਨ. "ਨਜਾਯ ਮੋਰ ਕੀਜਿਯੇ ਸਬਾਬ ਜਾਨ ਆਪਨੋ." (ਨਾਪ੍ਰ) ੩. ਅ਼. صواب ਸਵਾਬ. ਠੀਕ ਕੰਮ ਕਰਨਾ. ਰਾਸ੍ਤੀ ਪੁਰ ਹੋਣਾ. ਭੁੱਲ ਨਾ ਕਰਨਾ। ੪. ਅ਼. ਸ਼ਬਾਬ. ਜੁਆਨੀ. ਯੌਵਨ.

ਸਬਾਰ: ਦੇਖੋ, ਸਵਾਰ। ੨. ਸ- ਵਾਰਿ. ਵਿ- ਜਲ ਸਹਿਤ. ਪਾਣੀ ਨਾਲ ਤਰ. "ਜਨ ਬਹੁਤ ਦਿਵਸ ਕੀ ਇਹ ਸਬਾਰ ਹੈ." (ਨਾਪ੍ਰ) ੩. ਦੇਖੋ, ਸਵਾਰਨਾ

ਸਬਾਰਾ: ਦੇਖੋ, ਅਸਵਾਰਾ ਅਤੇ ਸਵਾਰਾ.

ਸਬਾਰਿ: ਵਿ- ਵਾਰਿ ਸਹਿਤ. ਜਲ ਸਾਥ. "ਸਬਾਰਿ ਨੈਣੰ" (ਰਾਮਾਵ)

ਸ਼ਬਿਸਤਾਂ: ਫ਼ਾ. شبستاں ਸੰਗਯਾ- ਸ਼ਯਨ ਅਸਥਾਨ. ਬਾਦਸ਼ਾਹ ਦੇ ਸੌਣ ਦੀ ਕੋਠੜੀ। ੨. ਸਾਧੂ ਦੇ ਭਜਨ ਕਰਨ ਦੀ ਗੁਫਾ.

ਸਬਿਦ, ਸਬਿਦਜ: ਵਿ- ਸ- ਵਿਦਯਾ. ਇਲਮ ਵਾਲਾ. ਵਿਦ੍ਵਾਨ. ਜਾਨਕਾਰ. "ਪ੍ਰੇਰਤ ਸਬਿਦਜ ਤੋਰਤ ਨਿਸੰਕ." (ਗੁਪ੍ਰਸੂ)

ਸਬੀਹ: ਅ਼. شبیہ ਸ਼ਬੀਹ. ਸੰਗਯਾ- ਮੂਰਤਿ. ਪ੍ਰਤਿਮਾ। ੨. ਦ੍ਰਿਸ਼੍ਟਾਂਤ. ਨਜੀਰ। ੩. ਵਿ- ਤੁਲ੍ਯ. ਮਾਨਿੰਦ. ਸਮਾਨ.

ਸਬੀਲ: ਦੇਖੋ, ਛਬੀਲ.

ਸਬੁੱਧਿ, ਸਬੁੱਧੀ: ਵਿ- ਬੁੱਧਿ ਸਹਿਤ. ਅਕਲ ਵਾਲਾ. ਦਾਨਾ.

ਸਬੂਹ: ਦੇਖੋ, ਸਮੂਹ। ੨. ਅ਼. سبوح ਸਬੂਹ਼. ਕਰਤਾਰ, ਜੋ ਅਤਿ ਪਵਿਤ੍ਰ ਹੈ.

ਸਬੂਣ: ਦੇਖੋ, ਸਾਬੂਣ.

ਸਬੂਤ: ਅ਼. ثبوت ਸਬੂਤ. ਸਾਬਤ (ਸਿੱਧ) ਕਰਨ ਦੀ ਕ੍ਰਿਯਾ ਅਤੇ ਸਾਧਨ.

---

[186] ਅਕਬਰ ਨੇ ਚਤੌੜ ਦੇ ਜੰਗ ਵੇਲੇ "ਸਾਬਾਤ" ਵਰਤੀ ਸੀ. ਦੇਖੋ, V. Smith's Akbar p. 87

ਸਬੂਰੀ: ਫ਼ਾ. صبوُری ਸਬੂਰੀ. ਸੰਗਯਾ- ਸਬਰ ਦਾ ਭਾਵ. ਸੰਤੋਖ. "ਸਿਦਕ ਸਬੂਰੀ ਸਾਦਿਕਾ." (ਵਾਰ ਸ੍ਰੀ ਮਃ ੧) "ਸਿਦਕ ਸਬੂਰੀ ਸੰਤ ਨ ਮਿਲਿਓ." (ਮਾਰੂ ਅਃ ਮਃ ੫. ਅੰਜੁਲੀਆਂ)

ਸਬੇਗ ਸਿੰਘ: ਇਹ ਪਿੰਡ ਜੰਬਰ ਇਲਾਕਾ ਲਹੌਰ ਦੇ ਵਸਨੀਕ ਫਾਰਸੀ ਵਿਦ੍ਵਾਨ, ਬਾਦਸ਼ਾਹੀ ਨੌਕਰ ਸਨ. ਸੰਮਤ ੧੭੯੦ ਵਿੱਚ. ਖਾਨਬਹਾਦੁਰ (ਜ਼ਕਰੀਆ ਖਾਨ) ਸੂਬਾ ਲਹੌਰ ਨੇ ਇਨ੍ਹਾਂ ਨੂੰ ਆਪਣੀ ਵੱਲੋਂ ਵਕੀਲ ਬਣਾਕੇ ਲੱਖ ਰੁਪਯੇ ਦੀ ਜਾਗੀਰ ਦੀ ਸਨਦ, ਨਵਾਬੀ ਖਤਾਬ ਅਤੇ ਵਡਮੁੱਲਾ ਖਿਲਤ ਪੰਥ ਨੂੰ ਦੇਣ ਲਈ ਅੰਮ੍ਰਿਤਸਰ ਭੇਜਿਆ ਸੀ ਤਾਕਿ ਖਾਲਸਾ ਮਾਰ ਧਾੜ ਛੱਡਕੇ ਸ਼ਾਂਤਿ ਨਾਲ ਬੈਠੇ. ਇਨ੍ਹਾਂ ਨੇ ਇਸ ਵੇਲੇ ਕਪੂਰ ਸਿੰਘ ਜੀ ਨੂੰ ਨਵਾਬ ਪਦ ਦੇ ਕੇ ਆਪਣੀ ਵਕਾਲਤ ਪੂਰੀ ਕੀਤੀ, ਇਸ ਲਈ ਸਿੱਖ ਇਤਿਹਾਸ ਵਿੱਚ ਸਬੇਗ ਸਿੰਘ ਜੀ ਦਾ ਨਾਉਂ " ਵਕੀਲ" ਸੱਦੀਦਾ ਹੈ.

ਕੁਝ ਚਿਰ ਇਹ ਲਾਹੌਰ ਦੇ ਕੋਤਵਾਲ ਭੀ ਰਹੇ, ਜਿਸ ਸਮੇਂ ਕਈ ਸ਼ਹੀਦਗੰਜ ਅਤੇ ਗੁਰੁਦ੍ਵਾਰੇ ਬਣਾਏ. ਅੰਤ ਨੂੰ ਕਾਜੀਆਂ ਦੀ ਸ਼ਕਾਇਤ ਪੁਰ, ਪੁਤ੍ਰ ਸ਼ਾਹਬਾਜ਼ ਸਿੰਘ ਸਮੇਤ ਚਰਖੀ ਚੜ੍ਹਾਕੇ ਸੰਮਤ ੧੮੦੨ ਵਿੱਚ ਲਹੌਰ ਸ਼ਹੀਦ ਕੀਤੇ ਗਏ. ਦੇਖੋ, ਸ਼ਾਹਬਾਜ ਸਿੰਘ.

ਸਬੇਰ, ਸਬੇਰਾ: ਸੰਗਯਾ- ਸੁਵੇਲਾ. ਅਮ੍ਰਿਤਵੇਲਾ.

ਸਬੈਸ: ਸੰ. ਸਵਯਸ੍- ਸਵਯਸ. ਵਿ- ਉਸੇ ਉਮਰ ਦਾ. ਹਮ ਉਮਰ. "ਕੇਤਿਕ ਤਿਨ ਮੇ ਸਖਾ ਸਬੈਸ." (ਗੁਪ੍ਰਸੂ)

ਸ਼ਬੋਰੋਜ਼: ਫ਼ਾ. شب وروز ਸ਼ਬ (ਰਾਤ) ਵ (ਅਤੇ) ਰੋਜ਼ (ਦਿਨ). ਰਾਤ ਦਿਨ. ਨਿਰੰਤਰ. "ਸਬੋਰੋਜ ਸ਼ਰਾਬ ਨੇ ਜੋਰ ਲਾਯਾ." (ਰਾਮਾਵ) ਦੇਖੋ, ਸਬ ੨.

ਸਬੰਗਨ: ਸਰਵ- ਅੰਗਨ. "ਧਰੋ ਸਬੰਗਨ ਸੁੱਧ ਕੇਸਰੀ ਚੀਰ." (ਪਾਰਸਾਵ)

ਸੱਬਲ: ਸ੍ਵ- ਬਿਲ. ਧਨ ਵਾਸਤੇ ਕੀਤਾ ਛਿਦ੍ਰ. ਪਾੜ. ਨਕ਼ਬ। ੨. ਤਿੱਖੇ ਮੂੰਹ ਦਾ ਲੋਹੇ ਦਾ ਸੰਦ, ਜਿਸ ਨਾਲ ਕੰਧ ਅਥਵਾ ਜ਼ਮੀਨ ਵਿੱਚ ਛੇਦ ਕਰੀਦਾ ਹੈ। ੩. ਦੇਖੋ, ਸਾਬਲ.

ਸਬਜ: ਸੰ. ਸਵ੍ਯ ਸਵਜ. ਵਿ- ਖੱਬਾ. ਬਾਇਆਂ. ਵਾਮ। ੨. ਸੱਜਾ. ਦਕ੍ਸ਼ਿਣ ਦਾਇਆਂ. "ਚਤੁਰ ਬਾਨਯੰ ਲੈ ਸੁ ਸਬਜੰ ਪ੍ਰਹਾਰੇ, xxx ਤ੍ਰਿਤਿਯ ਬਾਣ ਲੈ ਬਾਮ ਪਾਣੰ ਚਲਾਏ." (ਵਿਚਿਤ੍ਰ)

ਸਬਜਸਾਚੀ: ਦੇਖੋ. ਸਵਜਸਾਚੀ.

ਸਭ: ਵਿ- ਸਰ੍ਵ. ਸਬ. ਤਮਾਮ. "ਸਭ ਊਪਰਿ ਨਾਨਕ ਕਾ ਠਾਕੁਰ." (ਸੂਹੀ ਛੰਤ ਮਃ ੫)

ਸਭਸ, ਸਭਸੈ: ਸਰਵ- ਪ੍ਰਤ੍ਯੇਕ. ਹਰਇਕ. "ਸਭ ਜੀਅ ਤੇਰੇ ਤੂ ਸਭਸ ਦਾ." (ਧਨਾ ਮਃ ੪) ੨. ਪ੍ਰਤ੍ਯੇਕ ਨੂੰ. ਹਰੇਕ ਨੂੰ. "ਪ੍ਰੀਤਮ ਮਨਿ ਵਸੈ ਜਿ ਸਭਸੈ ਦੇਇ ਅਧਾਰੁ." (ਸ੍ਰੀ ਮਃ ੩)

ਸਭਕਛੁ, ਸਭਕਿਹੁ, ਸਭਕਿਛੁ, ਸਭਕੇਹੁ: ਹਰੇਕ ਪਦਾਰਥ. ਪ੍ਰਤ੍ਯੇਕ ਵਸਤੁ. "ਸਭ ਕਛੁ ਉਸ ਕਾ ਓਹੁ ਕਰਨੈਹਾਰੁ." (ਸੁਖ- ਮਨੀ) "ਸਭਕਿਹੁ ਤੇਰੇ ਵਸਿ ਹੈ." (ਵਾਰ ਬਿਹਾ ਮਃ ੪) "ਸਭਕਿਛੁ ਕੀਤਾ ਤੇਰਾ ਹੋਵੈ." (ਮਾਝ ਮਃ ੫) "ਗ੍ਰਿਹ ਤੇਰੈ ਸਭਕੇਹੁ." (ਕਾਨ ਮਃ ੫)

ਸਭਕੋ, ਸਭਕੋਇ, ਸਭਕੋਈ: ਹਰੇਕ ਪ੍ਰਾਣੀ. ਪ੍ਰਤ੍ਯੇਕ ਜੀਵ. "ਸਭਕੋ ਆਸੈ ਤੇਰੀ ਬੈਠਾ." (ਮਾਝ ਮਃ ੫) "ਸਭ ਕੋਇ ਮੀਠਾ ਮੰਗਿ ਦੇਖੈ." (ਵਡ ਛੰਤ ਮਃ ੧) "ਸਭਕੋਈ ਹਰਿ ਕੈ ਵਸਿ ਹੈ." (ਵਾਰ ਬਿਲਾ ਮਃ ੪)

ਸਭਤਾ: ਦੇਖੋ, ਸਭ੍ਯਤਾ. "ਸਿੱਖਨ ਕੋ ਸਭਤਾ ਦਰਸਾਇ." (ਗੁਪ੍ਰਸੂ)

ਸਭਤੁ, ਸਭਤੈ: ਸੰ. ਸਰ੍ਵਤ੍ਰ. ਵ੍ਯ- ਸਭ ਕਾਲ ਵਿੱਚ। ੨. ਸਾਰੇ ਅਸਥਾਨਾਂ ਵਿੱਚ. "ਇਹੁ ਹਰਿਰਸ ਵਣ ਤਿਣ ਸਭਤੁ ਹੈ." (ਸ੍ਰੀ ਮਃ ੪) "ਸਭਤੈ ਰਹਿਆ ਸਮਾਇ." (ਗਉ ਅਃ ਮਃ ੩)

ਸਭਦੂ, ਸਭਦੂੰ: ਸਰਵ ਤੋਂ. ਸਭ ਸੇ. ਸਭ ਨਾਲੋਂ "ਸਭਦੂ ਵਡੇ ਭਾਗ ਗੁਰਸਿਖਾ ਕੇ." (ਵਾਰ ਸੋਰ ਮਃ ੪)

ਸਭਨਾ, ਸਭਨਾਹਾ, ਸਭਨੀ: ਸਰਵ ਕੋ. ਸਭਪ੍ਰਤਿ. ਸਾਰਿਆਂ ਨੂੰ. "ਅਣਮੰਗਿਆ ਦਾਨ ਦੇਵਣਾ ਸਭਨਾਹਾ ਜੀਆ." (ਵਾਰ ਵਡ ਮਃ ੪) ੨. ਸਭਨਾ ਨੇ.

ਸਭਜ: ਵਿ- ਭੈ ਸਹਿਤ. ਡਰਿਆ ਹੋਇਆ। ੨. ਦੇਖੋ, ਸਭੈ ੨,

ਸਭਰਵਾਲ: ਖੁਖਰਾਣਾਂ ਵਿੱਚੋਂ ਇੱਕ ਖਤ੍ਰੀ ਜਾਤਿ. ਇਸ ਗੋਤ ਦੇ ਖਤ੍ਰੀ ਖੇਤੀ ਵਾਹੀ ਦਾ ਕੰਮ ਭੀ ਬਹੁਤ ਕਰਦੇ ਹਨ. "ਪਟਨੇ ਸਭਰਵਾਲ ਹੈ ਨਵਲ ਨਿਹਾਲਾ ਸੁੱਧ ਪਰਾਣੀ." (ਭਾਗੁ)

ਸਭਰਾਈ: ਵਿ- ਸਭਨਾਂ ਵਿੱਚੋਂ ਵਧਕੇ ਪ੍ਰਕਾਸ਼ ਕਰਨ ਵਾਲੀ. ਪ੍ਰਧਾਨ ਰਾਣੀ. "ਸਾ ਕੁਲਵੰਤੀ ਸਾ ਸਭਰਾਈ ਜੋ ਪਿਰ ਕੈ ਰੰਗਿ ਸਵਾਰੀ ਜੀਉ." (ਮਾਝ ਮਃ ੫) ੨. ਸੰਗਯਾ- ਸ਼੍ਰੀ ਗੁਰੂ ਅੰਗਦਦੇਵ ਜੀ ਦੀ ਭੂਆ, ਬਾਬਾ ਫੇਰੂ ਜੀ ਦੀ ਭੈਣ, ਜਿਸ ਨੂੰ ਫਿਰਾਈ ਭੀ ਆਖਦੇ ਹਨ. ਇਸ ਦਾ ਵਿਆਹ ਖਡੂਰ ਪਿੰਡ ਵਿੱਚ ਹੋਇਆ ਸੀ। ੩. ਦੇਖੋ, ਸਤਭਰਾਈ.

ਸਭਾ: ਵਿ- ਸਰਵ ਹੀ. ਸਾਰੀ. ਤਮਾਮ. "ਜਾਣਹਿ ਬਿਰਥਾ ਸਭਾ ਮਨ ਕੀ." (ਆਸਾ ਮਃ ੫) "ਆਪਿ ਤਰਿਆ ਸਭਾ ਸ੍ਰਿਸਟਿ ਛਡਾਵੈ." (ਵਾਰ ਰਾਮ ੨. ਮਃ ੫) ੨. ਸੰ. ਸੰਗਯਾ- ਜੋ ਸ (ਸਾਥ) ਭਾ (ਪ੍ਰਕਾਸ਼ੇ). ਮਜਲਿਸ. ਮੰਡਲੀ. ੩. ਸਭਾ ਦਾ ਅਸਥਾਨ. ਦਰਬਾਰ ਦਾ ਘਰ. "ਗੁਰਸਭਾ ਏਵ ਨ ਪਾਈਐ." (ਵਾਰ ਸ੍ਰੀ ਮਃ ੩) ੪. ਰਾਜਾ ਦਾ ਦਰਬਾਰੀ ਕਮਰਾ.

ਸਭਾਸਦ: ਸੰਗਯਾ- ਦਰਬਾਰੀ. ਸਭਾ ਵਿੱਚ ਬੈਠਣ ਵਾਲਾ.

ਸਭਾਸਿੰਗਾਰ: ਵਿ- ਸਭਾ ਦਾ ਸ਼੍ਰਿੰਗਾਰ. ਸਭਾ ਦਾ ਭੂਸ਼ਣ. ਰੂਪ ਗੁਣ ਬਲ ਨੀਤਿ ਆਦਿ ਕਰਕੇ ਪੂਰਣ. "ਸਭਾਸਿੰਗਾਰ ਬਡੇ ਮਨੁਖਾ." (ਭਾਗੁ) ੨. ਸੰਗਯਾ- ਰਾਜਾ। ੩. ਕਵਿ। ੪. ਪੰਡਿਤ.

ਸਭਾ ਕੌਰ: ਦੇਖੋ, ਸੰਗਤ ਸਿੰਘ। ੨. ਰਾਜਾ ਹਮੀਰ ਸਿੰਘ ਨਾਭਾਪਤਿ ਦੀ ਸੁਪੁਤ੍ਰੀ, ਜੋ ਸਰਦਾਰ ਸਾਹਿਬ ਸਿੰਘ ਭੰਗੀ ਮਿਸਲ ਦੇ ਰਤਨ ਨੂੰ ਵਿਆਹੀ ਗਈ ਸੀ.

ਸਭਾਗ, ਸਭਾਗਾ, ਸਭਾਗੀ: ਵਿ- ਸ- ਭਾਗਯ. ਭਾਗ ਸਹਿਤ. ਖ਼ੁਸ਼ਨਸੀਬ ਚੰਗੇ ਭਾਗਾਂ ਵਾਲਾ. "ਬੂਝੈ ਬੂਝਨਹਾਰ ਸਭਾਗਾ." (ਗਉ ਕਬੀਰ) ੨. ਸੰਗਯਾ- ਸ਼੍ਰੀ ਗੁਰੂ ਨਾਨਕ ਦੇਵ ਦਾ ਇੱਕ ਪ੍ਰੇਮੀ ਸਿੱਖ। ੩. ਚੂਹਣੀਆ ਪਿੰਡ ਦਾ ਵਸਨੀਕ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਇੱਕ ਅਰੋੜਾ ਸਿੱਖ। ੪. ਪੇਸ਼ਾਵਰ ਨਿਵਾਸੀ ਇੱਕ ਸਿੱਖ, ਜੋ ਪੰਜ ਬੇਸ਼ਕੀਮਤੀ ਕਾਬੁਲੀ ਘੋੜੇ ਲੈ ਕੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਹਰਿਗੋਬਿੰਦਪੁਰ ਹਾਜਰ ਹੋਇਆ ਸੀ. "ਧਨੀ ਬਡੋ ਅਰੁ ਨਾਮ ਸਭਾਗਾ." (ਗੁਪ੍ਰਸੂ)

ਸਭਾਜ: ਸੰ. सभाज ਧਾ- ਸੇਵਾ ਕਰਨਾ. ਤ੍ਰਿਪਤ ਕਰਨਾ.

ਸਭਾਜਨ: ਸੰ. ਸੰਗਯਾ- ਪੂਜਨ ਕਰਨ ਦੀ ਕ੍ਰਿਯਾ. ਪ੍ਰਸੰਨ ਕਰਨਾ. ਦੇਖੋ, ਸਭਾਜ.

ਸਭਾਜਾ: ਵਿ- ਪੂਜਨ ਕਰਤਾ। ੨. ਪ੍ਰਸੰਨ ਕਰਨ ਵਾਲਾ. ਦੇਖੋ, ਸਭਾਜ ਧਾ. "ਮਿਥਿਲਾ ਪੁਰਿ ਰਾਜਾ। ਜਨਕ ਸਭਾਜਾ।।" (ਰਾਮਾਵ) ੩. ਸਭਾਜਿਤ ਦਾ ਰੂਪਾਂਤਰ। ੪. ਸ- ਭਾਯਾਂ. ਇਸਤ੍ਰੀ ਸਮੇਤ.

ਸਭਾਪਤਿ: ਸੰਗਯਾ- ਸਭਾ ਦਾ ਪ੍ਰਧਾਨ. ਮੀਰ ਮਜਲਿਸ. ਪ੍ਰੇਜ਼ੀਡੇਂਟ. President.

ਸਭਾਮੰਡਨ: ਸਭਾ ਦਾ ਸਿੰਗਾਰ (ਭੂਸ਼ਣ). ਦੇਖੋ, ਸਭਾਸਿੰਗਾਰ.

ਸਭਿ: ਸਰਵ. ਤਮਾਮ। ੨. ਸਰਵ ਹੀ. ਸਾਰੇ. "ਸਭਿ ਗੁਣ ਤੇਰੇ ਮੈ ਨਾਹੀ ਕੋਇ." (ਜਪੁ)

ਸਭੀਤ, ਸਭੀਤਿ: ਵਿ- ਭੀਤਿ (ਡਰ) ਸਹਿਤ. ਡਰਿਆ ਹੋਇਆ.

ਸਭੁ: ਸਰਵ. ਤਮਾਮ. ਦੇਖੋ, ਸਬ ਅਤੇ ਸਭ. "ਸਭੁ ਜਗ ਆਪਿ ਉਪਾਇਓਨੁ." (ਵਡ ਮਃ ੩)

ਸਭੁਕੋ: ਦੇਖੋ, ਸਭਕੋ.

ਸਭੂਤ: ਵਿ- ਭੂਤ ਸਹਿਤ. ਤੱਤਾਂ ਸਹਿਤ। ੨. ਸ਼ਿਵ- ਗਣ ਸਹਿਤ। ੩. ਭੂਤ (ਪ੍ਰਾਣੀ) ਸਾਥ। ੪. ਦੇਖੋ, ਸੰਭੂਤ.

ਸਭੇ: ਕ੍ਰਿ. ਵਿ- ਸਾਰੇ. ਤਮਾਮ. "ਸਭੇ ਗੁਨਹ ਬਖਸਾਇ ਲਇਓਨੁ." (ਆਸਾ ਅਃ ਮਃ ੩)

ਸਭੈ: ਦੇਖੋ, ਸਭਯ. "ਕਹੁ ਰਵਿਦਾਸ ਸਭੈ ਨਹੀ ਸਮਝਸਿ." (ਰਾਮਕਲੀ) ੨. ਸਭ ਹੀ. ਸਾਰੇ. "ਸਭੈ ਘਟਿ ਰਾਮੁ ਬੋਲੈ." (ਮਾਲੀ ਨਾਮਦੇਵ) ੩. ਸਭ੍ਯ. "ਸੋਈ ਰਾਮ ਸਭੈ ਕਹੈ ਸੋਈ ਕਉਤਕਹਾਰ." (ਸ. ਕਬੀਰ) ਸਭ੍ਯ ਅਤੇ ਨਟ ਦੇ ਰਾਮ ਉੱਚਾਰਣ ਵਿੱਚ ਭੇਦ ਹੈ.

ਸਭੋ: ਕ੍ਰਿ. ਵਿ- ਸਾਰਾ. ਤਮਾਮ. "ਸਭੋ ਵਰਤੈ ਹੁਕਮ." (ਵਾਰ ਸ੍ਰੀ ਮਃ ੩)

ਸਭੰਗਨ: ਸਭ (ਸਵੰ) ਅੰਗਨ. ਦੇਖੋ, ਭਗੌਹਾਂ.

ਸਭ੍ਯ: ਵਿ- ਸਭਾ ਦਾ ਮੈਂਬਰ. ਸਭਾਸਦ। ੨. ਸਭਾ ਵਿਚ ਬੈਠਣ ਲਾਇਕ. ਅਦਬ ਅਤੇ ਇਲਮ ਸਿੱਖਿਆ ਹੋਇਆ. ਤਹਜੀਬਯਾਫ਼ਤਾ.

ਸਭ੍ਯਤਾ: ਸੰਗ੍ਯਾ- ਸਭਾ ਵਿੱਚ ਬੈਠਣ ਬੋਲਣ ਦੀ ਯੋਗ੍ਯਤਾ. ਸਭਾ ਦੀ ਲਿਆਕਤ। ੨. ਭਲਮਣਸਊ. ਸ਼ਰਾਫ਼ਤ. ਤਹਜੀਬ.

ਸਮ: ਸੰਗ੍ਯਾ- ਇੱਕ ਸ਼ਬਦਾਲੰਕਾਰ. (ਸਮਾਨ- ਤੁੱਲ) ਸੰਬੰਧਿਤ ਵਸਤੂਆਂ ਦਾ ਯੋਗ ਸੰਬੰਧ ਵਰਣਨ ਕਰਨਾ "ਸਮ" ਅਲੰਕਾਰ ਹੈ.

ਉਦਾਹਰਣ-

ਜਉ ਹਮ ਬਾਧੇ ਮੋਹ ਫਾਸ ਹਮ, ਪ੍ਰੇਮ ਬੰਧਨ ਤੁਮ ਬਾਂਧੇ.

(ਸੋਰ ਰਵਿਦਾਸ)

ਜੇ ਅਸੀਂ ਮੋਹ ਅਤੇ ਹੌਮੇ ਦੀ ਫਾਹੀ ਵਿੱਚ ਬੰਧੇ ਹੋਏ ਹਾਂ,

ਤਦ ਤੁਸੀਂ ਪ੍ਰੇਮ ਬੰਧਨ ਵਿੱਚ ਬੱਧੇ ਹੋ.

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ,

ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ.

(ਵਾਰ ਸੂਹੀ ਮਃ ੨)

ਰੂਪ ਦਮੋਦਰਿ ਕੋ ਜਿਮ ਸੁੰਦਰ

ਤਜੋਂ ਹਰਿਗੋਬਿੰਦ ਰੂਪ ਵਿਸਾਲਾ,

ਏਰਿ ਸਖੀ! ਯਹਿ ਜੋਰੀ ਜੁਰੀ

ਸਮ ਜੀਵਹੁ ਭੋਗ ਭੁਗੋ ਚਿਰਕਾਲਾ.

(ਗੁਪ੍ਰਸੂ)

ਜਿਮ ਜੀਤਕੌਰ ਤਨ ਰੂਰਾ। ਤਿਮ ਦੂਲਹ ਬਨ ਗੁਨ ਪੂਰਾ, ਇਹ ਸੁੰਦਰ ਇਕਸਮ ਜੋਰੀ। ਮਿਲ ਜੀਵਹੁ ਬਰਖ ਕਰੋਰੀ. (ਗੁਪ੍ਰਸੂ) (ਅ) ਕਾਰਣ ਦੇ ਗੁਣ ਕਾਰਜ ਵਿੱਚ ਵਰਣਨ ਕਰਨੇ ਸਮ ਦਾ ਦੂਜਾ ਰੂਪ ਹੈ.

ਉਦਾਹਰਣ-

ਸ਼੍ਰੀ ਗੁਰੁ ਬਾਨੀ ਪਾਠ ਕਰ ਕਯੋਂ ਨਹਿ ਹੋਵੈ ਗਯਾਨ?

ਗਯਾਨਰੂਪ ਸਤਿਗੁਰੂ ਨੇ ਸ਼੍ਰੀ ਮੁਖ ਕਰੀ ਬਖਾਨ.

ਸਤਿਗੁਰੂ ਜੋ ਬਾਣੀ ਦਾ ਕਾਰਣ ਹੈ ਸੋ ਗਯਾਨਰੂਪ ਹੈ,

ਇਸ ਲਈ ਬਾਣੀ ਵਿੱਚ ਗਯਾਨ ਹੈ.

(ੲ) ਜਿਸ ਕਾਰਜ ਲਈ ਉੱਦਮ ਕਰੀਏ, ਉਹ ਬਿਨਾ ਯਤਨ ਅਤੇ ਵਿਘਨ ਦੇ ਸਿੱਧ ਹੋ ਜਾਵੇ, ਐਸਾ ਵਰਣਨ "ਸਮ" ਦਾ ਤੀਜਾ ਰੂਪ ਹੈ.

ਉਦਾਹਰਣ-

ਗੁਰੁ ਨਾਨਕ ਕੇ ਦਰਸ ਹਿਤ ਲਾਲੋ ਚਹਯੋ ਪਯਾਨ,

ਆਯ ਦ੍ਵਾਰ ਪਰ ਤੁਰਤ ਹੀ ਸ਼੍ਰੀ ਗੁਰੁ ਠਾਢੇ ਆਨ.

੨. ਜਿਸਤ. ਟੌਂਕ ਦੇ ਵਿਰੁੱਧ. ਜੋੜਾ। ੩. ਸੰਗੀਤ ਅਨੁਸਾਰ ਜਿਸ ਮਾਤ੍ਰਾ ਤੋਂ ਤਾਲ ਆਰੰਭ ਹੋਵੇ ਉਹ "ਸਮ" ਹੈ। ੪. ਤੁੱਲ. ਸਮਾਨ. "ਜੋ ਰਿਪੁ ਕੋ ਦਾਰੁ ਨ ਸਮ ਸ਼ੇਰ." (ਗੁਪ੍ਰਸੁ) ੫. ਸੰ. ਸ਼ਮ ਧ- ਸ਼ਾਂਤਿ ਕਰਾਉਣਾ। ੬. ਸੰਗ੍ਯਾ- ਸ਼ਾਂਤਿ। ੭. ਮਨ ਦਾ ਰੋਕਣਾ. ਮਨ ਦੀ ਸ਼ਾਂਤਿ। ੮. ਫ਼ਾ. شم ਸ਼ਮ. ਨੌਹ. ਨਖ. ਨਾਖ਼ੁਨ ਦੇਖੋ, ਸ਼ਮਸ਼ੇਰ। ੯. ਅ਼. سم ਵਿਸ਼ ਜ਼ਹਿਰ.

**ਸਮਉਲਾ:** ਵਿ- ਸਾਥ ਮੌਲਾ. ਦੇਖੋ, ਮੌਲਾ। ੨. ਸਮਜਕ. (ਚੰਗੀ ਤਰਾਂ) ਲੈ ਹੋਇਆ। ੩. ਸਮੁੱਲਾਸਿਤ. ਪੂਰਣ ਆਨੰਦ ਨੂੰ ਪ੍ਰਾਪਤ ਹੋਇਆ. "ਗੁਣ ਗਾਵਤ ਗੁਣੀ ਸਮਉਲਾ." (ਵਾਰ ਕਾਨ ਮਃ ੫)

**ਸਮਇਆ:** ਵਿ- ਸਮਾਇਆ. ਮਿਲਿਆ ਹੋਇਆ. "ਹਰਿ ਨਾਮ ਸਮਇਆ." (ਵਾਰ ਸੂਹੀ ਮਃ ੩)

**ਸਮਏ:** ਸੰ. ਸਮਯੇ- ਸਮਯੇ. ਸਮੇਂ (ਵੇਲੇ) ਵਿੱਚ. ਕਾਲ ਮੇ. "ਸਰੀਰ ਸ੍ਵਸਥ ਖੀਣ ਸਮਏ." (ਸਹਸ ਮਃ ੫)

**ਸਮਸ:** ਦਾੜ੍ਹੀ. ਦੇਖੋ, ਸਮਸ੍ਰ. "ਪਕਰ ਸਮਸ ਤੇ ਬ੍ਰਹਮ ਰੁਆਯੋ." (ਰੁਦ੍ਰਾਵ) "ਸਮਸ ਮਨੋ ਤਮ ਚਹਿ ਸਸਿ ਘੇਰਾ." (ਗੁਪ੍ਰਸੁ) ਦਾੜ੍ਹੀ ਅੰਧਕਾਰ ਹੈ, ਮਾਨੋ ਚੰਦ੍ਰਮਾ ਰੂਪ ਮੁਖ ਨੂੰ ਘੇਰਨਾ ਚਾਹੁੰਦਾ ਹੈ। ੨. ਅ਼. شمس ਸ਼ਮਸ. ਸੂਰਜ. "ਸਮਸ ਮਨਿੰਦ ਪ੍ਰਕਾਸ ਨਯ." (ਗੁਪ੍ਰਸੁ) ੩. ਸ਼ਮਸ ਤਬਰੇਜ਼ ਦਾ ਸੰਖੇਪ. "ਪੀਰ ਬ੍ਰਿੰਦ ਜਹਿਂ ਸਮਸ ਸਮੇਤ." (ਨਾਪ੍ਰ) ਦੇਖੋ, ਸ਼ਮਸ ਤਬਰੇਜ਼.

**ਸ਼ਮਸ ਖ਼ਾਨ:** ਮੁਖ਼ਲਸ ਖ਼ਾਂ ਦਾ ਸਾਥੀ ਸ਼ਾਹੀ ਫੌਜ ਦਾ ਅਹੁਦੇਦਾਰ, ਜੋ ਅੰਮ੍ਰਿਤਸਰ ਦੇ ਜੰਗ ਵਿੱਚ ਛੀਵੇਂ ਸਤਿਗੁਰ ਨਾਲ ਲੜਿਆ. ਦੇਖੋ, ਹਰਿਗੋਬਿੰਦ ਸਤਿਗੁਰੂ। ੨. ਦੁਆਬੇ ਦਾ ਫੌਜਦਾਰ, ਜਿਸ ਦਾ ਅਸਲ ਨਾਉਂ ਨੂਰ ਖ਼ਾਨ ਸੀ. ਇਹ ਸੰਮਤ ੧੭੬੮ ਵਿੱਚ ਰਾਇਪੁਰ ਪਾਸ ਖ਼ਾਲਸਾਦਲ ਨੇ ਮਾਰਿਆ.

**ਸਮਸਤ:** ਸੰ. ਸਮਸ੍ਤ. ਵਿ- ਸਭ. ਤਮਾਮ। ੨. ਸਮਅਸ੍ਤਿ. ਸਮਾਨ ਹੈ. "ਸਰਬ ਜੀਅ ਸਮਸਤ." (ਮਾਰੂ ਅਃ ਮਃ ੫)

**ਸਮਸਤਸਤ ਧਾਮੰ:** (ਜਾਪੁ) ਵਾ- ਸਾਰੇ ਹੈ ਜਿਸ ਦਾ ਅਸ੍ਤੁ (ਵਯਾਪਤ) ਧਾਮ (ਪ੍ਰਕਾਸ਼). ੨. ਸਾਰੇ ਅਸ੍ਤਿ (ਹੈ) ਜਿਸ ਦਾ ਘਰ. ਸਰਬ ਥਾਂ ਹੈ ਜਿਸ ਦਾ ਨਿਵਾਸ.

**ਸ਼ਮਸ ਤਬਰੇਜ਼, ਸ਼ਮਸ ਤਬਰੇਜ਼ੀ:** شمس تبریز ਇੱਕ ਸੂਫੀ ਫਕੀਰ, ਜਿਸ ਦਾ ਨਾਉਂ ਮਖਦੂਮ ਸ਼ਾਹ ਸ਼ਮਸੁੱਦੀਨ ਸੀ. ਇਸ ਦਾ ਜਨਮ ੧੭. ਰਜਬ ਸਨ ੫੬੦ ਹਿਜਰੀ ਨੂੰ ਗਜਨੀ ਦੇ ਇਲਾਕੇ ਸਬਜ਼ਵਾਰ ਵਿੱਚ ਹੋਇਆ. ਭਾਰਤ ਦੀ ਸੈਰ ਕਰਦਾ ਇਹ ਮੁਲਤਾਨ ਆਇਆ. ਮੁਤੱਸਿਬ ਮੌਲਾਨਿਆਂ ਦੀ ਸ਼ਕਾਇਤ ਪੁਰ ਕਿ ਸ਼ਮਸੁੱਦੀਨ "ਅਨਲਹੱਕ਼" (ਅਹੰ ਬ੍ਰਹਾਸਿਮ) ਆਖਦਾ ਹੈ, ਮੁਲਤਾਨ ਦੇ ਹਾਕਮ ਦੇ ਹੁਕਮ ਅਨੁਸਾਰ ਇਸ ਦੀ ਖੱਲ ਉਤਰਵਾਈ ਗਈ. ਇਸ ਸਾਧੂ ਦਾ ਅਸਥਾਨ ਮੁਲਤਾਨ ਵਿੱਚ ਪ੍ਰਸਿੱਧ ਹੈ ਅਤੇ ਇਸ ਦੀ ਸੰਪ੍ਰਦਾਇ ਦੇ ਹਿੰਦੂ ਮੁਸਲਮਾਨ "ਸ਼ਮਸੀ" ਸਦਾਉਂਦੇ ਹਨ।

੨. ਸ਼ਮਸੁਦੀਨ ਮੁਹੰਮਦ, ਤਬਰੇਜ਼ ਦਾ ਵਸਨੀਕ ਇੱਕ ਹੋਰ ਸਾਧੂ ਹੋਇਆ ਹੈ, ਇਸ ਦਾ ਜਨਮ ਸਨ ੬੦੩ ਹਿਜਰੀ ਵਿੱਚ ਹੋਇਆ. ਇੱਕ ਵੇਰ ਇਸ ਨੇ ਮੁਰਦੇ ਨੂੰ ਇਹ ਆਖਕੇ ਕਿ ਮੇਰੇ ਹੁਕਮ ਨਾਲ ਉਠ ਖੜਾ ਹੋ, ਜ਼ਿੰਦਾ ਕਰ ਦਿੱਤਾ. ਇਸ ਅਪਰਾਧ ਕਾਰਣ ਸਨ ੬੪੫ ਹਿਜਰੀ ਵਿੱਚ ਅਲਾਉੱਦੀਨ ਮਹਮੂਦ ਨੇ ਇਸ ਦੀ ਖੱਲ ਉਤਰਵਾਕੇ ਖੂਹ ਵਿੱਚ ਸਿਟਵਾ ਦਿੱਤਾ. ਇਸੇ ਬਾਬਤ ਇਹ ਕਥਾ ਪ੍ਰਚਲਿਤ ਹੈ ਕਿ ਇੱਕ ਵਾਰ ਇਸ ਭੁੱਖੇ ਸ਼ਮਸ ਤਬਰੇਜ਼ੀ ਦੀ ਮੱਛੀ (ਕਿਤਨੇ ਲੇਖਕਾਂ ਅਨੁਸਾਰ ਮੁਰਦੇ ਬੈਲ ਦਾ ਮਾਸ) ਭੁੰਨਣ ਲਈ ਸੂਰਜ ਹੇਠ ਉਤਰ ਆਇਆ ਸੀ. ਮੌਲਾਨਾ ਰੂਮੀ ਜੋ ਪ੍ਰਸਿੱਧ ਕਵੀ ਹੋਇਆ ਹੈ, ਉਹ ਇਸੇ ਮਹਾਤਮਾ ਦਾ ਚੇਲਾ ਸੀ. ਭਾਈ ਸੰਤੋਖ ਸਿੰਘ ਆਦਿਕ ਕਵੀਆਂ ਨੇ ਇਨ੍ਹਾਂ ਦੋਹਾਂ ਸੰਤਾਂ ਦੀ ਕਥਾ ਮਿਲਾਕੇ ਖਿਚੜੀ ਕਰ ਦਿੱਤੀ ਹੈ.

ਸਮਸਤੀ: ਦੇਖੋ, ਸਮਸ੍ਤੀ.

ਸਮਸਤੁਲ ਸਲਾਮ: ਵਾ- ਸਭਨਾਂ ਤੋਂ ਸਲਾਮ (ਬੰਦਨਾ) ਯੋਗਜ. "ਸਮਸਤੁਲ ਸਲਾਮੇ." (ਜਾਪੁ) ੨. ਦੇਖੋ, ਸਲਾਮ ਸ਼ਬਦ.

ਸਮਸਤੁਲ ਨਿਵਾਸੀ: (ਜਾਪੁ) ਸਭ ਵਿੱਚ ਵਸਣ ਵਾਲਾ.

ਸਮਸਤੋਪਰਾਜੀ: (ਜਾਪੁ) ਵਿ- ਸਭ ਦੇ ਉਪਰਾਜਨ (ਉਪਾਜੰਨ) ਕਰਨ ਵਾਲਾ. ਸਭ ਦੇ ਰਚਨ ਵਾਲਾ। ੨. ਸਭ ਨੂੰ ਉਪਰਾਜਨ (ਰੰਗਣ) ਵਾਲਾ. ਜਿਸ ਤੋਂ ਸਾਰੀ ਵਿਸ਼੍ਵ ਅਨੇਕ ਰੰਗ ਦੀ ਭਾਸ ਰਹੀ ਹੈ.

ਸਮਸਨ: ਦੇਖੋ, ਸਮਾਸਨ.

ਸ਼ਮਸ ਬੇਗ: ਸ਼ਾਹਜਹਾਂ ਦੀ ਫੌਜ ਦਾ ਸਰਦਾਰ, ਜੋ ਗੁਰੂਸਰ ਮੇਹਰਾਜ ਦੇ ਜੰਗ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਸੈਨਾਨੀ ਭਾਈ ਜਾਤੀਮਲਿਕ ਨੇ ਮਾਰਿਆ.

ਸਮਸਰ, ਸਮਸਰਿ: ਕ੍ਰਿ. ਵਿ- ਸਦ੍ਰਿਸ਼. ਤੁੱਲ. "ਉਨ ਸਮਸਰਿ ਅਵਰ ਨ ਦਾਤੇ." (ਗਉ ਮਃ ੫) "ਬੁਰਾ ਭਲਾ ਦੁਇ ਸਮਸਰਿ ਸਹੀਐ" (ਮਾਰੂ ਸੋਲਹੇ ਮਃ ੫) ੨. ਦੇਖੋ, ਸਮਾਸ੍ਰਿਤ.

ਸ਼ਮਸ਼ਾਦ: ਫ਼ਾ. شمشاد ਸੰਗਜਾ- ਇੱਕ ਬਿਰਛ, ਜੋ ਸਰੂ ਦੀ ਜਾਤਿ ਹੈ. ਇਸ ਦੀ ਉਪਮਾ ਕੱਦ ਨੂੰ ਦਿੱਤੀ ਜਾਂਦੀ ਹੈ. L. Marjorana.

ਸਮਸਾਨ: ਸੰ. ਸ਼ਮਸ਼ਾਨ. ਸੰਗਜਾ- ਜਿਸ ਥਾਂ ਸ਼ਮਾਨ (ਮੁਰਦੇ) ਸੌਣ. ਮੁਰਦਿਆਂ ਦੇ ਸੌਣ ਦੀ ਥਾਂ. ਮੜ੍ਹੀਆਂ ਦਾ ਥਾਂ. ਮੁਰਦੇ ਫੂਕਣ ਅਤੇ ਦੱਬਣ ਦੀ ਥਾਂ.

ਸ਼ਮਸੀ: ਅ. شمسی ਵਿ- ਸੂਰਜ ਸੰਬੰਧੀ. ਸੌਰ। ੨. ਦੇਖੋ, ਸ਼ਮਸ ਤਬਰੇਜ਼ ੧.

ਸ਼ਮਸੁੱਦੀਨ: ਦੇਖੋ, ਸ਼ਮਸ ਤਬਰੇਜ਼

ਸ਼ਮਸ਼ੇਰ: ਫ਼ਾ. شمشیر ਸੰਗਜਾ- ਸ਼ੇਰ ਦੇ ਸ਼ਮ (ਨਹੁੰ) ਜੇਹਾ ਹੈ ਜਿਸ ਦਾ ਆਕਾਰ. ਖ਼ਮਦਾਰ ਤਲਵਾਰ. "ਜੁਗ ਗਰ ਮਹਿ ਸੋਭਤ ਸਮਸੇਰ." (ਗੁਪ੍ਰਸੂ) "ਹੇਰ ਸਮਸੇਰ ਸਮਸੇਰ ਤੇਰੀ ਪਲ ਪਲ." (ਗੁਪ੍ਰਸੂ) ੨. ਸ਼ੇਰ ਸਮਾਨ.

ਸ਼ਮਸ਼ੇਰੇ ਹਿੰਦੀ: ਫ਼ਾ. شمشیرہندی ਭਾਰਤ ਦੀ ਕ੍ਰਿਪਾਣ. ਹਿੰਦੁਸਤਾਨ ਦੀ ਤਲਵਾਰ, ਜੋ ਪੁਰਾਣੇ ਸਮੇਂ ਵਿੱਚ ਬਹੁਤ ਉੱਤਮ ਗਿਣੀ ਜਾਂਦੀ ਸੀ. "ਬਰਹਨਹ ਯਕੇ ਤੇਗ ਹਿੰਦੋਸਤਾਂ." (ਹਕਾਯਤ)

ਸਮਸ਼੍ਰਿ: ਸੰ. ਸੰਗਜਾ- ਸਾਰਾਪਨ. ਸਮਸ੍ਤਤਾ.

ਸਮਸ੍ਤ: ਸੰ. ਵਿ- ਸਾਰਾ. ਤਮਾਮ. ਸਭ.

ਸਮਸ੍ਤੀ: ਦੇਖੋ, ਸਮਸ੍ਤ. "ਸਮਸ੍ਤੀ ਨਿਧਾਨੇ." (ਜਾਪੁ) ੨. ਸ਼ਮਸ੍ਰਿ. ਕਲਜਾਣ ਹੈ. ਮੰਗਲ ਹੈ.

ਸਮਸਜਾ: ਸੰ. ਸੰਗਜਾ- ਸੰਖੇਪ ਅਰਥ ਵਾਲਾ ਵਾਕ। ੨. ਛੰਦ ਦਾ ਇੱਕ ਵਾਕ ਜੋ ਪੂਰਤਿ ਲਈ ਦਿੱਤਾ ਜਾਵੇ. ਤਰਹ। ੩. ਮਿਲਾਪ. ਇਕੱਠ. "ਸਮਸਜਾ ਜਜੋਂ ਕਜੋਂ ਤੁਮ ਕਰੀਅਹਿ." (ਗੁਪ੍ਰਸੂ) ੪. ਭਾਵ- ਪੇਚੀਦਾ ਗੱਲ। ੫. ਇਸ਼ਾਰਾ.

ਸਮਸ੍ਰਾਨਨ: ਸ਼ਮਸ਼੍ਰ- ਆਨਨ. ਆਨਨਸ਼ਮਸ਼੍ਰ ਦਾ ਉਲਟ ਪਦ ਹੈ. ਮੁਖ ਉੱਪਰ ਦਾੜ੍ਹੀ. ਦੇਖੋ, ਸਮਸ੍ਰ. "ਸਮਸ੍ਰਾਨਨ ਸਜਾਮ ਭਲੀ ਉਪਮਾਹੀ." (ਨਾਪ੍ਰ)

ਸਮਸ੍ਰ: ਸੰ. ਸ਼੍ਮਸ਼੍ਰ. ਸੰਗਜਾ- ਦਾੜ੍ਹੀ. ਮੁੱਛਾਂ.

ਸਮਸ੍ਰਕੰਟਕ ਨਜਾਯ: ਦੇਖੋ, ਨਜਾਯ.

ਸਮਹਿਣਾ: ਕ੍ਰਿ- ਸਮਾਉਣਾ. ਮਿਲਨਾ। ੨. ਸਮਾਹਿਤ ਹੋਣਾ. ਲਿਵਲੀਨ ਹੋਣਾ. ਦੇਖੋ, ਸਮਾਹਿਤ. "ਵਿਸਮਾਦੇ ਵਿਸਮਾਦ ਸਮਹਿਣਾ." (ਭਾਗੁ)

ਸਮਹੀ: ਸਮਾਈ. ਮਿਲੀ. "ਜੋਤੀ ਜੋਤਿ ਸਮਹੀ." (ਸਾਰ ਮਃ ੫) ੨. ਸਮਾਨ (ਤੁੱਲ) ਹੀ.

ਸਮਕ, ਸਮਕਾ: ਸੰ. सम्यक् ਸਮਜਕ. ਵਜ- ਚੰਗੀ ਤਰਾਂ ਬਖ਼ੂਬੀ. "ਨਾਨਕ ਦ੍ਰਿਸਟਾਇਓ ਸ੍ਰਬ ਠਾਈ ਪ੍ਰਾਣਪਤੀ ਹਰਿ ਸਮਕਾ." (ਸਾਰ ਮਃ ੫) ੨. ਸਹੀ ਦੁਰੁਸ੍ਤ. ਠੀਕ.

ਸਮਕਾਲ: ਸੰਗਜਾ- ਉਹੀ ਸਮਾਂ, ਉਹੀ ਵੇਲਾ, ਇੱਕੋ ਸਮਾਂ.

ਸਮਕਾਲਿਕ, ਸਮਕਾਲੀ, ਸਮਕਾਲੀਨ: ਵਿ- ਉਸੇ ਸਮੇਂ ਹੋਣ ਵਾਲਾ.

ਸਮਕ੍ਸ਼, ਸਮੱਖ: ਸੰ. समक्ष ਕ੍ਰਿ. ਵਿ- ਅੱਖਾਂ ਦੇ ਸਾਮ੍ਹਣੇ. ਰੂਬਰੂ. ਪ੍ਰਤੱਖ (ਪ੍ਰਤਜਕ੍ਸ਼).

ਸਮਗਰੀ: ਦੇਖੋ, ਸਾਮਗ੍ਰੀ. "ਪੂਰਨ ਭਈ ਸਮਗਰੀ ਕਬਹੂ ਨਹੀ ਟੂਟ." (ਬਿਲਾ ਮਃ ੫)

ਸਮਗ੍ਰ: ਸੰ. ਵਿ- ਸਭ. ਸਾਰਾ. ਪੂਰਾ.

ਸਮਗ੍ਰਿਕਾ, ਸਮਗ੍ਰੀ: ਦੇਖੋ, ਸਾਮਗ੍ਰੀ. "ਸਗਲ ਸਮਗ੍ਰੀ ਤੇਰੀਆ." (ਬਿਲਾ ਮਃ ੫)

ਸਮਘਾ: ਸੰ. ਸਮਘੰ. ਵਿ- ਸਸਤਾ. ਬਿਨਾ ਬਹੁਤ ਮੁੱਲ ਖਰਚਣ ਦੇ. ਦੇਖੋ, ਸਹਘਾ। ੨. ਸਮਾ ਗਿਆ. ਲੀਨ ਹੋਇਆ. "ਹਰਿ ਅਸਥਿਰੁ ਸੇਵਿ ਸੁਖਿ ਸਮਘਾ." (ਸੂਹੀ ਮਃ ੪)

ਸਮੱਛ: ਦੇਖੋ, ਸਮਕ੍ਸ਼.

ਸਮਜ: ਸੰ. ਸੰਗਜਾ- ਬਨ. ਜੰਗਲ। ੨. ਪਸ਼ੂਆਂ ਦਾ ਟੋਲਾ.

ਸਮਜਿ, ਸਮਜਿਆ, ਸਮਜਜਾ: ਸੰ. समज्या. ਸੰਗਜਾ- ਕੀਰਤਿ. ਯਸ਼। ੨. ਸਭਾ. ਸਮਾਜ. ਮੰਡਲੀ. "ਪੰਚ ਭੂਤ ਏਕ ਘਰਿ ਰਾਖਿਲੇ ਸਮਜਿ." (ਸਵੈਯੇ ਮਃ ੨. ਕੇ) ਕਾਮਾਦਿਕ ਦੀ ਮੰਡਲੀ ਇੱਕ ਥਾਂ ਕਾਬੂ ਕਰਕੇ ਰੱਖੀ ਹੈ. "ਅਸਾਜਜੰ ਸਾਜਿ ਸਮਜਿਆ." (ਸਹਸ ਮਃ ੫) ਲੋਭ ਆਪਣੇ ਅਸਰ ਨਾਲ ਅਯੋਗ ਕੰਮ (ਲੁਕਕੇ ਤਾਂ ਇੱਕ ਪਾਸੇ ਰਹਿਆ), ਸਭਾ ਵਿੱਚ ਕਰਾ ਦਿੰਦਾ ਹੈ. ਭਾਵ- ਲੋਕ ਲਾਜ ਭੀ ਜਾਂਦੀ ਰਹਿੰਦੀ ਹੈ.

ਸਮਝ: ਸੰਗਜਾ- ਸੰਬੋਧ. ਪੂਰਣ ਗਜਾਨ. ਸਮਜਕ ਗਜਾਨ. ਸਮਜਕ ਬੁੱਧਿ. "ਸਮਝ ਨ ਪਰੀ ਬਿਖੈ ਰਸਿ ਰਚਿਓ." (ਜੈਤ ਮਃ ੯)

ਸਮਝ ਸੁਝ: ਸੰਗਜਾ- ਸਮਜਕਬੁੱਧਿ ਅਤੇ ਸਮਜਕਦ੍ਰਿਸ਼੍ਟਿ. "ਸਮਝੈ ਸੁਝੈ ਪੜਿ ਪੜਿ ਬੂਝੈ." (ਓਅੰਕਾਰ)

ਸਮਝਣਾ, ਸਮਝਨਾ: ਕ੍ਰਿ- ਜਾਣਨਾ. ਮਰਾ- ਸਮਜਣੇਂ ਸੰਮਜਕ ਗਜਾਨ ਪ੍ਰਾਪਤ ਕਰਨਾ. "ਸਮਝਤ ਨਹਿ ਰੇ ਅਜਾਨ!" (ਜੈਜਾ

ਮ: ੯)

ਸਮਝਾਉਣਾ, ਸਮਝਾਵਣਾ: ਕ੍ਰਿ- ਗ੍ਯਾਨ ਕਰਾਉਣਾ. ਸਮਝਕ ਬੋਧ ਕਰਾਉਣਾ.

ਸਮਟ: ਦੇਖੋ, ਸਮੇਟਨ। ੨. ਸੰ. ਸਮਿਸ਼੍ਟ. ਵਿ- ਉਦ੍ਯੋਗੀ. ਸਾਹਸੀ. "ਸਮਟ ਸਾਂਗ ਸੰਗ੍ਰਹੈ." (ਪਾਰਸਾਵ)

ਸਮਣੇ: ਸਮਾਣੇ. ਸਮਾਏ. ਮਿਲੇ. "ਸਲਲੈ ਸਲਲ ਸਮਣੇ." (ਨਟ ਮ: ੪) ੨. ਸਮਾਨਤਾ ਵਾਲੇ। ੩. ਸਮ ਵਰਣ ਹੋਏ. ਇੱਕ ਰੰਗ ਬਣੇ.

ਸਮਤ: ਸੰ. ਸਮਤ੍ਵ. ਸੰਗ੍ਯਾ- ਸਮਤਾ. ਸਮਾਨਤਾ. ਤੁਲ੍ਯਤਾ. ਸਮਭਾਵ. "ਖੇਲਹਿ ਸਮਤ ਸਾਰਿ." (ਸਵੈਯੇ ਮ: ੨. ਕੇ) ਆਪ ਖੇਡਦੇ ਹੋਂ ਸਮਤ੍ਵ ਦੀ ਬਾਜ਼ੀ. "ਦੁਖ ਸੁਖ ਉਆ ਕੈ ਸਮਤ ਬੀਚਾਰਾ." (ਬਾਵਨ) ੨. ਸੰ. ਸਮਸ੍ਤ. ਕ੍ਰਿ. ਵਿ- ਸਭ ਥਾਂ. ਸਾਰੇ. "ਹਰਿ ਸਮਤ ਨਿਵਾਸੀ." (ਮਾਰੂ ਸੋਲਹੇ ਮ: ੫)

ਸਮਤਸਰ: ਸਮਤ੍ਵ ਦਾ ਸਰੋਵਰ. ਸਮਤਾ ਦਾ ਸਮੁੰਦਰ. "ਚਾਹਕ ਤਤ ਸਮਤਸਰੇ." (ਸਵੈਯੇ ਮ: ੪. ਕੇ)

ਸਮਤਸਾਰਿ: ਸਮਤ੍ਵ ਦੀ ਬਾਜ਼ੀ. ਦੇਖੋ, ਸਮਤ ੧.

ਸਮਤਾ, ਸਮਤੁ: ਦੇਖੋ, ਸਮਤ. "ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭਕੋਇ." (ਵਾਰ ਗਉ ੧. ਮ: ੪)

ਸਮਤੁਲਿ: ਸਮਾਨ ਤੋਲ. ਹਮਵਜ਼ਨ. "ਤਾਸ ਸਮਤੁਲਿ ਨਹੀ ਆਨ ਕੋਊ." (ਮਲਾ ਰਵਿਦਾਸ)

ਸਮਥ, ਸਮਥੁ: ਸੰ. ਸਮਰ੍ਥ. ਵਿ- ਤਾਕਤ ਵਾਲਾ. ਸ਼ਕਤਿਮਾਨ. "ਸਮਥ ਅਕਥ ਸੁਖ ਦਾਤਾ." (ਬਿਲਾ ਮ: ੫) "ਭੰਜਨ ਗੜਨ ਸਮਥੁ." (ਸਵੈਯੇ ਮ: ੪. ਕੇ) ੨. ਸੰ. ਸੰਗ੍ਯਾ- ਸ਼ਮਥ. ਸ਼ਾਂਤਿ। ੩. ਮੰਤ੍ਰੀ. ਵਜ਼ੀਰ.

ਸਮਦ: ਵਿ- ਮਦ ਸਹਿਤ. ਹੰਕਾਰੀ। ੨. ਨਸ਼ਈ। ੩. صمد ਸਮਦ. ਲਾ ਪਰਵਾਹ. ਮੁਹਤਾਜੀ ਰਹਿਤ। ੪. ਸੰਗ੍ਯਾ- ਕਰਤਾਰ. ਪਰਮੇਸ਼੍ਵਰ.

ਸਮਦਖ਼ਾਨ: ਦੇਖੋ, ਅਬਦੁਲ ਸਮਦਖਾਨ.

ਸਮਦਰਸੀ: ਸੰ. समदर्शिन्. ਵਿ- ਸਮਦ੍ਰਸ਼੍ਟਾ. ਇਕਸਾਰ ਸਭ ਨੂੰ ਦੇਖਣ ਵਾਲਾ. "ਸੋ ਸਮਦਰਸੀ ਤਤੁ ਕਾ ਬੇਤਾ." (ਸੁਖਮਨੀ) ੨. ਦੇਖੋ, ਦਰਸਨ.

ਸਮਦਲ, ਸਮਦਲੁ: ਸੰਗ੍ਯਾ- ਦਲ (ਸਮੁਦਾਇ) ਵਿੱਚ ਸਮਾਨਤਾ. ਸਾਰੀ ਵਿਸ਼੍ਵ ਅੰਦਰ ਸਮਭਾਵ. ਅਨੇਕ ਵਿੱਚ ਏਕਤਾ. "ਰਵਿਦਾਸ ਸਮਦਲੁ ਸਮਝਾਵੈ ਕੋਊ." (ਸ੍ਰੀ)

ਸਮਦੜਾ: ਵਿ- ਹੰਕਾਰੀ। ੨. ਨਸ਼ਈ। ੩. ਅਭਿਮਾਨ ਵਾਲੀ. ਸਮਦਾ.

ਸਮਦਾ: ਵਿ- ਮਦ ਵਾਲੀ.

ਸਮਦਿਸਟਿ: ਦੇਖੋ, ਸਮਦ੍ਰਿਸਟਿ.

ਸਮਦ੍ਰਿਸਟਾ: ਸੰ. समद्रष्टा ਸਮਦ੍ਰਸ਼੍ਟਾ. ਵਿ- ਸਮਦਰਸੀ. "ਗੁਰਪ੍ਰਸਾਦਿ ਨਾਨਕ ਸਮਦ੍ਰਿਸਟਾ." (ਗੌਂਡ ਮ: ੫)

ਸਮਦ੍ਰਿਸਟਿ, ਸਮਦ੍ਰਿਸਟੀ: ਸੰ. ਸਮਦ੍ਰਿਸ਼੍ਟਿ. ਸੰਗ੍ਯਾ- ਇੱਕ ਨਜ਼ਰ. ਤੁਲ੍ਯ ਦੇਖਣ ਦੀ ਕ੍ਰਿਯਾ. "ਮਿਤ੍ਰ ਸਤ੍ਰੁ ਹਮ ਕਉ ਸਮਦ੍ਰਿਸਟਿ ਦਿਖਾਈ." (ਵਾਰ ਵਡ ਮ: ੪)

ਸਮਧਾ: ਸੰ. समिध ਸਮਿਧ੍. ਸੰਗ੍ਯਾ- ਹੋਮ ਲਈ ਵਰਤਣ ਯੋਗ ਕਾਠ। ੨. ਸੰ समिध. ਕਾਠ. ਲੱਕੜ. "ਮਨ ਤਨ ਸਮਧਾ ਜੇ ਕਰੀ ਅਨੁ ਦਿਨ ਅਗਨਿ ਜਲਾਇ." (ਸ੍ਰੀ ਮ: ੧) ੩. ਅਗਨਿ। ੪. ਸੰ. समृद्ध ਸਮ੍ਰਿੱਧ. ਵਿ- ਵਿਸ਼ੇਸ਼ ਰਿੱਧਿ ਵਾਲਾ. ਬਹੁਤ

ਸੰਪਦਾ ਵਾਲਾ. "ਸੋ ਘਰੁ ਲਧਾ ਸਹਜਿ ਸਮਧਾ." (ਵਡ ਛੰਤ ਮਃ ੫) "ਏਤੜਿਆ ਵਿਚਹੁ ਸੋ ਜਨ ਸਮਧਾ." (ਵਾਰ ਗੂਜ ੧. ਮਃ ੩) "ਨਾਮਿ ਰਤੇ ਸੇਈ ਜਨ ਸਮਧੇ." (ਵਾਰ ਬਿਲਾ ਮਃ ੩) ੫. ਬਹੁਤ ਵੱਡਾ.

ਸਮਧੀ: ਸੰ. संबन्धी- ਸੰਬੰਧੀ. ਸੰਗਯਾ- ਰਿਸ਼ਤੇਦਾਰ. ਨਾਤੀ. ਸਾਕ। ੨. ਕੁੜਮ. ਦੂਲਹਾ ਅਤੇ ਦੁਲਹਨ (ਲਾੜਾ ਲਾੜੀ) ਦੇ ਪਿਤਾ. "ਹੋਤ ਭਯੋ ਸਮਧੀਨ ਕੋ ਮੇਲ." (ਨਾਪ੍ਰ) ੩. ਸਮ (ਸਮਾਨ) ਧੀ (ਬੁੱਧਿ) ਵਾਲਾ.

ਸਮਧੇ: ਦੇਖੋ, ਸਮਧਾ.

ਸਮਨ: ਸੰ. ਸ਼ਮਨ. ਸੰਗਯਾ- ਹਿੰਸਾ. ਵਧ. ਵਿਨਾਸ਼. "ਜਾਂਕੇ ਆਨ ਸਮ ਨਾ ਵਿਘਨ ਗਨ ਸਮਨਾ." (ਗੁਪ੍ਰਸੂ) ਜਿਸ ਦੇ ਹੋਰ ਤੁਲਯ ਨਹੀਂ, ਵਿਘਨਾਂ ਦੇ ਸਮੁਦਾਇ ਨੂੰ ਨਾਸ਼ ਕਰਨ ਵਾਲੀ ਹੈ। ੨. ਸ਼ਾਂਤਿ ੩. ਯਮਰਾਜ. ਧਰਮਰਾਜ। ੪. ਅੰਨ. ਅਨਾਜ। ੫. ਸੱਟ. ਚੋਟ. ਪ੍ਰਹਾਰ। ੬. ਅਨਾਦਰ। ੭. ਸੰ. श्मन ਸ਼ਰੀਰ. ਦੇਹ. ਜਿਸਮ। ੮. ਮੁਖ. ਮੂੰਹ। ੯. ਸੰ. समन. ਸਭਾ. ਮਜਲਿਸ। ੧੦. ਫ਼ਾ. سمن ਚਮੇਲੀ। ੧੧. ਅ਼. ثمن ਸਮਨ. ਵਿ- ਅੱਠਵਾਂ. ਅਸ਼੍ਟਮ। ੧੨. ਫ਼ਾ. شمن ਸ਼ਮਨ. ਬੁਤਪਰਸ੍ਤ. ਮੂਰਤਿਪੂਜਕ.

ਸਮਨ੍ਵਿਤ: ਸੰ. ਵਿ- ਚੰਗੀ ਤਰਾਂ ਮਿਲਿਆ ਹੋਇਆ. ਸੰਮਿਲਿਤ.

ਸਮਪਨ, ਸਮੱਪਨ: ਸੰ. समर्पण ਸਮਪੰਣ. ਸੰਗਯਾ- ਚੰਗੀ ਤਰਾਂ ਅਰਪਣ ਕਰਨਾ. ਸਪੁਰਦ ਕਰਨਾ. ਭੇਟਾ ਚੜ੍ਹਾਉਣਾ. "ਜੀਉ ਸਮਪਉ ਆਪਣਾ." (ਓਅੰਕਾਰ) "ਤਿਨਰ ਸਯ ਸਹਸ ਸਮਪਹਿ." (ਸਵੈਯੇ ਮਃ ੩. ਕੇ)

ਸਮਬਿਅੰ, ਸਮਬਿਯਅੰ: ਸੰ- ਅਵਯਯ. ਵਿ- ਪੂਰਣ ਨਿਰਵਿਕਾਰ. ਸਦਾ ਇੱਕ ਰਸ. ਜਿਸ ਦੀ ਦਸ਼ਾ ਬਦਲਦੀ ਨਹੀਂ. "ਭਵ ਭੂਤ ਭਾਵ ਸਮਬਿਯਅੰ." (ਗੂਜ ਜੈਦੇਵ) ਭਵ (ਵਰਤਮਾਨ) ਭੂਤ (ਵੀਤਿਆ) ਭਾਵ (ਭਵਿਸ਼ਯਤ) ਤੇਹਾਂ ਕਾਲਾਂ ਵਿੱਚ ਇੱਕ ਰਸ ਹੈ.

ਸਮਯ: ਸੰਗਯਾ- ਕਾਲ. ਸਮਾਂ. ਵੇਲਾ। ੨. ਸੰ. ਸ੍ਮਯ. ਅਭਿਮਾਨ. ਅਹੰਕਾਰ। ੩. ਆਸ਼ਚਰਜ. ਅਚਰਜ.

ਸਮਯਣੀ, ਸਮਯਨੀ: ਸੰਗਯਾ- ਨਦੀ. (ਸਨਾਮਾ) ਨਦੀ ਸ੍ਮਯ. (ਅਭਿਮਾਨ) ਨਾਲ ਕਿਨਾਰਿਆਂ ਨੂੰ ਢਾਹੁੰਦੀ ਅਤੇ ਬਿਰਛਾਂ ਨੂੰ ਪੁੱਟਦੀ ਜਾਂਦੀ ਹੈ ਇਸ ਕਾਰਣ ਅਭਿਮਾਨਿਨੀ ਲਿਖਿਆ ਹੈ. ਦੇਖੋ, ਸਮਯ ੨.

ਸਮਯਾ: ਸੰ. ਵਯ- ਨੇੜੇ. ਪਾਸ। ੨. ਵਿੱਚ. ਅੰਦਰ.

ਸਮਯਾਨਾ: ਦੇਖੋ, ਸਮਿਆਨਾ.

ਸਮਰ: ਸੰ. ਸੰਗਯਾ- ਜੰਗ. ਯੁੱਧ। ੨. ਸੰ. ਸ੍ਮਰ. ਕਾਮਦੇਵ। ੩. ਯਾਦ ਕਰਨਾ. ਸਿਮਰਣ। ੪. ਸਮਰ ਇੱਕ ਛੱਪਯ ਛੰਦ ਦਾ ਭੇਦ ਹੈ, ਜਿਸ ਵਿੱਚ ੩੫ ਗੁਰੁ ਅਤੇ ੮੨ ਲਘੁ ਹੋਣ। ੫. ਅ਼. ثمر ਸਮਰ. ਫਲ. ਮੇਵਾ। ੬. ਨਤੀਜਾ। ੭. ਅ਼. سمر ਕਹਾਣੀ. ਕਥਾ। ੮. ਰਾਤ ਨੂੰ ਕਹਾਣੀ ਸੁਣਾਉਣ ਦੀ ਕ੍ਰਿਯਾ.

ਸਮਰਕੰਦ,. ਸਮਰਕ਼ੰਦ: سمرقند ਤੁਰਕਿਸਤਾਨ ਵਿੱਚ ਬੁਖ਼ਾਰੇ ਪਾਸ ਇੱਕ ਪ੍ਰਸਿੱਧ ਸ਼ਹਿਰ, ਜੋ ਸਮਰ ਬਾਦਸ਼ਾਹ ਨੇ ਵਸਾਇਆ ਹੈ. ਕਈ ਇਸ ਨੂੰ ਸ਼ਮਰ਼ਕੰਦ ਆਖਦੇ ਹਨ ਅਰਥਾਤ ਮਿਸ਼ਰੀ ਜੇਹੇ ਫਲ ਹਨ ਜਿਸ ਥਾਂ.

ਸਮਰਖ: ਕ੍ਰਿ. ਵਿ- ਸ- ਆਮਰ੍ਸ਼. ਕ੍ਰੋਧ ਸਹਿਤ. ਗੁੱਸੇ ਨਾਲ. "ਪੁਰਖ ਸਮਰਖਹਿ ਕੀਨ ਉਚਾਰੂ." (ਨਾਪ੍ਰ)

ਸਮਰਣ: ਸੰ. ਸ੍ਮਰਣ. ਸੰਗਯਾ- ਯਾਦ ਕਰਨਾ. ਚੇਤੇ ਕਰਨਾ. ਚਿੰਤਨ.

ਸਮਰਣੇਨ: ਸੰ. समरणेन ਤ੍ਰਿਤੀਯਾ ਵਿਭਕ੍ਤਿ. ਸਮਰਣ ਕਰਨ ਤੋਂ, ਯਾਦ ਕਰਨ ਨਾਲ. ਦੇਖੋ, ਦਨੋਤਿ.

ਸਮਰਥ: ਸੰ. ਸੰ- ਅਰ੍ਥ. ਸਮਰ੍ਥ. ਵਿ- ਬਲਵਾਨ. ਸ਼ਕਤਿ ਵਾਲਾ। ੨. ਯੋਗ. ਲਾਇਕ. "ਸਰਬ ਕਲਾ ਸਮਰਥ." (ਬਾਵਨ) ੩.

ਤੁਲਜ. ਬਰੋਬਰ, "ਹਮ ਹਰਿ ਸਿਉ ਧੜਾ ਕੀਆ ਜਿਸਕਾ ਕੋਈ ਸਮਰਥ ਨਾਹਿ." (ਆਸਾ ਮਃ ੪)

ਸਮਰਥਨ: ਸੰ. ਸਮਥੰਨ. ਸੰ- ਅਥੰਨ. ਸੰਗਜਾ- ਮੰਗਣਾ. ਯਾਚਨ ਕਰਨਾ। ੨. ਯੁਕਤਿ ਨਾਲ ਕਿਸੇ ਬਾਤ ਨੂੰ ਪੱਕਾ (ਪੁਸ਼੍ਰ) ਕਰਨਾ. ਤਾਈਦ ਕਰਨੀ। ੩. ਫੈਸਿਲਾ.

ਸਮਰਥ ਪੰਥ: ਵਿ- ਯੋਗਜ ਪੰਥ. "ਸਭ ਦਿਨ ਕੇ ਸਮਰਥ ਪੰਥ ਬਿਠੁਲੇ." (ਦੇਵ ਮਃ ੫)

ਸਮਰਥਾ: ਸੰ. ਸਾਮਥੰਜ. ਸੰਗਜਾ- ਬਲ. ਸ਼ਕਤਿ। ੨. ਯੋਗਜਤਾ. ਲਿਆਕਤ.

ਸਮਰਥੁ: ਦੇਖੋ, ਸਮਰਥ.

ਸਮਰਪਣ, ਸਮਰਪਨ: ਦੇਖੋ, ਸਮੱਪਨ.

ਸਮਰਾਂਤਕ, ਸਮਰਾਂਤਕਰ: ਸੰਗਜਾ- ਸਮਰ (ਜੰਗ) ਦਾ ਅੰਤ ਕਰਨ ਵਾਲਾ, ਖੜਗ. (ਸਨਾਮਾ) ੨. ਸ੍ਮਰ (ਕਾਮਦੇਵ) ਦਾ ਅੰਤ ਕਰਨ ਵਾਲਾ ਸ਼ਿਵ.

ਸਮਰਾਥ, ਸਮਰਾਥਾ: ਸਾਮਥੰਜ ਵਾਲਾ. ਦੇਖੋ, ਸਮਰਥ. "ਨਾਨਕ ਪਾਰਬ੍ਰਹਮ ਸਮਰਾਥ." (ਗਉ ਮਃ ੫)

"ਮੇਰਾ ਗੁਰੁ ਸਮਰਾਥਾ." (ਗਉ ਅਃ ਮਃ ੫)

ਸਮਰਾਰਿ, ਸਮਰਾਰੀ: ਸਮਰ (ਜੰਗ) ਦਾ ਵੈਰੀ, ਭਗੌੜਾ। ੨. ਸ੍ਮਰਾਰਿ. ਸੰਗਜਾ- ਸ੍ਮਰ (ਕਾਮ) ਦਾ ਵੈਰੀ ਸ਼ਿਵ.

ਸਮਰੁ, ਸਮਰੁ ਕੀ ਬੇਗਮ: ਇਸ ਦਾ ਅਸਲ ਨਾਉਂ Walter Reinhard ਸੀ ਪਰ ਉਪ ਨਾਉਂ Somers[187] ਸੀ, ਜਿਸ ਤੋਂ ਸਮਰੂ ਪ੍ਰਸਿੱਧ ਹੋ ਗਿਆ. ਇਹ ਫ੍ਰੈਂਚ ਅਤੇ ਜਰਮਨ ਮਾਤਾ ਪਿਤਾ ਦੇ ਮੇਲ ਤੋਂ ਸਨ ੧੭੨੦ ਦੇ ਕਰੀਬ ਪੈਦਾ ਹੋਇਆ ਸੀ. ਇਹ ਪਹਿਲਾਂ ਫ੍ਰਾਂਸ ਦੀ ਜਹਾਜੀ ਫੌਜ ਵਿੱਚ ਭਰਤੀ ਹੋਇਆ, ਫੇਰ ਅੰਗ੍ਰੇਜੀ ਫੌਜ ਵਿੱਚ ਨੌਕਰੀ ਕੀਤੀ. ਅੰਗ੍ਰੇਜ਼ੀ ਨੌਕਰੀ ਛੱਡਕੇ ਬੰਗਾਲ ਦੇ ਨਵਾਬ ਮੀਰ ਕਾਸਿਮ ਦੀ ਚਾਕਰੀ ਕੀਤੀ, ਅਤੇ ਸਨ ੧੭੬੩ ਵਿੱਚ ਪਟਨੇ ਦੇ ਰੈਜ਼ੀਡੈਂਟ ਅਤੇ ਅਨੇਕ ਅੰਗ੍ਰੇਜ਼ਾਂ ਦੀ ਜਾਨ ਲਈ. ਸਮਰੁ ਫਾਰਸੀ ਦਾ ਚੰਗਾ ਵਿਦ੍ਵਾਨ ਸੀ. ਇਸ ਨੇ ਆਪਣੇ ਉੱਦਮ ਨਾਲ ਸਰਧਨੇ[188] ਆਪਣੀ ਰਿਆਸਤ ਕਾਇਮ ਕੀਤੀ. ਸਨ ੧੭੭੮ ਵਿੱਚ ਇਸ ਦੀ ਮੌਤ ਆਗਰੇ ਹੋਈ.

ਬੇਗਮ ਸਮਰੂ ਲੁਤਫਅਲੀ ਖਾਨ ਦੀ ਪੁਤ੍ਰੀ ਸੀ. ਇਸ ਦਾ ਨਾਉਂ ਜ਼ੇਬੁੱਨਿਸਾ ਸੀ. ਇਸ ਦਾ ਜਨਮ ਸਨ ੧੭੫੧ ਵਿੱਚ ਹੋਇਆ, ਸਨ ੧੭੬੫ ਵਿੱਚ ਸਮਰੂ ਨਾਲ ਸ਼ਾਦੀ ਕੀਤੀ ਸਨ ੧੭੭੮ ਵਿੱਚ ਆਪਣੇ ਪਤੀ ਦੇ ਮਰਨ ਉੱਤੇ ਉਸ ਦੀ ਫੌਜ ਤੇ ਰਿਆਸਤ ਨੂੰ ਚੰਗੀ ਤਰਾਂ ਸਾਂਭਿਆ. ਟਾਮਸ ਅਤੇ ਲੇਵਾਸੋ ਆਦਿ ਯੂਰਪੀਨਾਂ ਨੂੰ ਨੌਕਰ ਰੱਖਕੇ ਕਈ ਬਹਾਦੁਰੀ ਨਾਲ ਜੰਗ ਕੀਤੇ. ਸਨ ੧੭੯੩ ਵਿੱਚ ਲੇਵਾਸੋ ਨਾਲ ਬੇਗਮ ਨੇ ਸ਼ਾਦੀ ਕਰ ਲਈ. ਲੇਵਾਸੋ ਦੋ ਵਰ੍ਹੇ ਪਿੱਛੋ ਆਤਮਘਾਤ ਕਰਕੇ ਮਰਗਿਆ ਅਤੇ ਬੇਗਮ ਪਕੜੀ ਗਈ, ਪਰ ਟਾਮਸ ਦੇ ਰਾਹੀਂ ਖਲਾਸੀ ਪਾਕੇ ਬਹਾਲ ਹੋ ਗਈ. ਸਨ ੧੮੦੫ ਵਿੱਚ ਸਰਕਾਰ ਅੰਗ੍ਰੇਜ਼ੀ ਦੇ ਅਧੀਨ ਹੋ ਕੇ ਰਾਜ ਕਰਨ ਲੱਗੀ. ਇਸ ਦਾ ਇਲਾਕਾ ਮੁਜੱਫਰਨਗਰ ਤੋਂ ਅਲੀਗੜ੍ਹ ਤਕ ਸੀ.

ਇਹ ਵਡੀ ਦਾਨੀ ਅਤੇ ਉਦਾਰਚਿੱਤ ਗਿਣੀ ਗਈ ਸੀ. ਇਸ ਨੇ ਕਈ ਗਿਰਜੇ ਬਣਵਾਏ ਅਤੇ ਧਰਮਪ੍ਰਚਾਰ ਵਿੱਚ ਚੋਖਾ ਹਿੱਸਾ ਲਿਆ. ੨੭ ਜਨਵਰੀ ਸਨ ੧੮੩੬ ਨੂੰ ਸਮਰੂ ਦੀ ਬੇਗਮ ਦਾ ਦੇਹਾਂਤ ਹੋਇਆ. "ਸਮਰੂ ਕੀ ਬੇਗਮ ਨੇ ਸਾਰਾ। ਬੀਚ ਅਇ ਥਾ ਕਾਜ ਸੁਧਾਰਾ." (ਪੰਪ੍ਰ)

ਸਮਰੂਪਕ: ਦੇਖੋ, ਰੂਪਕ (ੳ)

ਸਮਲ: ਦੇਖੋ, ਸਮਲਨਾ। ੨. ਸੰ. ਵਿ- ਮਲ ਸਹਿਤ. ਮਲੀਨ। ੩. ਸੰ. ਸ਼ਮਲ. ਸੰਗਜਾ- ਪਾਪ। ੪. ਦੋਸ਼. ਕਲੰਕ.

---

[187] ਕਈਆਂ ਨੇ Sombre ਲਿਖਿਆ ਹੈ.

[188] ਸਰਧਨਾ ਇਲਾਕਾ ਗੰਗ ਜਮਨ ਦੁਆਬ ਵਿੱਚ ਸੀ. ਇਹ ਸ਼ਹਿਰ ਮੇਰਠ ਤੋਂ ੧੨. ਮੀਲ ਉੱਤਰ ਪੱਛਮ ਹੈ.

ਸਮਲਨਾ: ਕ੍ਰਿ- ਸੰਭਲਨਾ. ਸਾਵਧਾਨ ਹੋਣਾ। ੨. ਚੇਤੇ ਕਰਨਾ।

ਸ਼ਮਲਾ: ਫ਼ਾ. شملہ ਸੰਗਯਾ- ਮੋਢਿਆਂ ਉੱਪਰ ਪਹਿਰਨ ਦੀ ਚਾਦਰ। ੨. ਸਾਫੇ ਦਾ ਪੱਲਾ, ਜੋ ਮੋਢਿਆਂ ਅਥਵਾ ਪਿੱਠ ਉੱਪਰ ਲਟਕਦਾ ਹੋਵੇ.

ਸਮਲੋਚਨ: ਵਿ- ਸਮਦ੍ਰਿਸ਼੍ਟਾ. ਇੱਕ ਨਜਰ ਨਾਲ ਸਭ ਨੂੰ ਦੇਖਣ ਵਾਲਾ. "ਸਦਾ ਗਾਵਹਿ ਸਮਲੋਚਨ." (ਸਵੈਯੇ ਮਃ ੧. ਕੇ)

ਸਮਵਰਤੀ: ਸੰ. समवर्तिन. ਵਿ- ਸਭ ਨਾਲ ਇੱਕੋ ਜੇਹਾ ਵਰਤਾਉ ਕਰਨ ਵਾਲਾ। ੨. ਸੰਗਯਾ- ਧਰਮਰਾਜ। ੩. ਗੁਰੂ ਨਾਨਕ ਦੇਵ.

ਸਮਵਾਯ: ਸੰ. ਸੰਗਯਾ- (समस्रव) ਮੇਲ. ਸੰਯੋਗ। ੨. ਸਮੁਦਾਇ. ਸਮੂਹ.

ਸਮਵਾਯ ਸੰਬੰਧ: ਸੰਗਯਾ- ਕਾਰਜ ਅਤੇ ਕਾਰਣ ਦਾ ਸੰਬੰਧ. ਜਿਵੇਂ- ਤਾਗੇ ਅਤੇ ਕਪੜੇ ਦਾ ਸਮਵਾਯ ਸੰਬੰਧ ਹੈ.

ਸਮਵਾਯੀ: ਸੰ. समवायिन् ਵਿ- ਸੰਬੰਧ ਵਾਲਾ. ਮੇਲ ਵਾਲਾ। ੨. ਸਮਵਾਯੀ ਕਾਰਣ. ਜਿਵੇਂ ਘੜੇ ਦਾ ਮਿੱਟੀ.

ਸਮਾ: ਸੰ. ਸੰਗਯਾ- ਵਰ੍ਹਾ. ਸਾਲ। ੨. ਰੁੱਤ. ਮੌਸਮ। ੩. ਅੱਧਾ ਸਾਲ. ਤਿੰਨ ਰੁੱਤਾਂ। ੪. ਸੰ. ਸਮਯ. ਕਾਲ. ਵੇਲਾ। ੫. ਅ਼. سما ਆਸਮਾਨ। ੬. شمع ਸ਼ਮਅ਼. ਮੋਮਬੱਤੀ.

ਸਮਾਉ: ਦੇਖੋ, ਸਮਾਉਣਾ ਅਤੇ ਸਮਾਇ। ੨. ਸਿੰਧੀ. ਗ੍ਯਾਨ. ਇ਼ਲਮ। ੩. ਸ੍ਵਰਗ.

ਸਮਾਉਣ, ਸਮਾਉਣਾ: ਸਮਜਕ- ਆਯਨ. ਚੰਗੀ ਤਰਾਂ. ਆ- ਮਿਲਨਾ. ਅਭੇਦ ਹੋਣਾ. "ਸਬਦੁ ਰਤਨੁ ਜਿਤੁ ਮਨੁ ਲਾਗਾ ਏਹੁ ਹੋਆ ਸਮਾਉ." (ਅਨੰਦੁ) ੨. ਜੋਤੀ ਜੋਤਿ ਸਮਾਉਣਾ. ਦੇਹ ਤਿਆਗਕੇ ਆਤਮ- ਸਰੂਪ ਵਿੱਚ ਲੀਨ ਹੋਣਾ. ਦੇਖੋ, ਸਮਾਵਨ.

ਸਮਾਇ: ਦੇਖੋ, ਸਮਾਉਣਾ. "ਨਾਨਕ ਸਚਿ ਸਮਾਇ." (ਵਾਰ ਸਾਰ ਮਃ ੩) ੨. ਅ਼ਮਲ. ਅਭ੍ਯਾਸ. "ਨਾਉ ਲੈਨਿ ਅਰੁ ਕਰਨਿ ਸਮਾਇ. (ਸਵਾ ਮਃ ੧) ੩. ਪ੍ਰਾਪਤੀ. "ਹਰਿਰਸੁ ਸਾਧੂ ਹਾਟਿ ਸਮਾਇ." (ਆਸਾ ਮਃ ੫) ੪. ਲਯ. ਵਿਨਾਸ਼. ਸ਼ਮਨ. "ਮਲ ਹਉਮੈ ਜਾਇ ਸਮਾਇ." (ਸ੍ਰੀ ਮਃ ੩) ੫. ਵਿ- ਸ- ਮਾਇ. ਮਾਇਆ ਸਹਿਤ. "ਦੁਖ ਮਹਿ ਸਵੈ ਸਮਾਇ." (ਸ੍ਰੀ ਮਃ ੩) ੬. ਸ- ਮਯਾ. ਕ੍ਰਿਪਾ ਸਹਿਤ. "ਦੇਦਾ ਰਿਜਕ ਸਮਾਇ." (ਵਾਰ ਸਾਰ ਮਃ ੩) ੭. ਅ਼. سماع ਸਮਾਅ਼. ਗਾਉਣਾ ਸੁਣਨਾ। ੮. ਵਜਦ. ਮਸ੍ਤੀ ਦੀ ਹਾਲਤ. ਸਮਾਧਿ. "ਤਉ ਦਰਸਨ ਕੀ ਕਰਉ ਸਮਾਇ." (ਤਿਲੰ ਮਃ ੧) "ਜਨੁ ਕਰੀ ਸਮਾਇ ਪਠਾਣੀ ਸੁਣਕੈ ਰਾਗ ਨੂੰ." (ਚੰਡੀ ੩) ੯. ਅ਼. سماعت ਸਮਾਅ਼ਤ. ਸੁਣਨਾ. ਸ਼੍ਰਵਣ. "ਕੰਨੀ ਸੁਰਤਿ ਸਮਾਇ." (ਵਾਰ ਮਾਝ ਮਃ ੧) ੧੦. ਸੰ. ਸ੍ਮਯ. ਅਭਿਮਾਨ. ਅਹੰਕਾਰ. "ਕੋਈ ਭੀਖਕ ਭੀਖਿਆ ਖਾਇ। ਕੋਈ ਰਾਜਾ ਰਹਿਆ ਸਮਾਇ." (ਆਸਾ ਮਃ ੧) ੧੧. ਦੇਖੋ, ਸਮਾਯ.

ਸਮਾਇਆ: ਵਿ- ਮਿਲਿਆ. ਅਭੇਦ ਹੋਇਆ। ੨. ਮਾਇਆ ਸਹਿਤ.

ਸਮਾਇਣ, ਸਮਾਇਣੁ, ਸਮਾਇਨ: ਸਮਾਉਣ ਦੀ ਕ੍ਰਿਯਾ. ਸਮਾਉਣਾ। ੨. ਸੰਗਯਾ- ਦੁੱਧ ਜਮਾਉਣ ਵਾਸਤੇ ਦਹੀਂ ਦੀ ਲਾਗ. ਜਾਮਣ. ਜਾਗ. "ਦੁਧੁ ਕਰਮ ਫੁਨਿ ਸੁਰਤਿ ਸਮਾਇਣੁ." (ਸੂਹੀ ਮਃ ੧) ੩. ਸ਼ਮਨ. ਵਿਨਾਸ਼. ਤਬਾਹੀ. "ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ." (ਆਸਾ ਛੰਤ ਮਃ ੫) ੪. ਸੰ. ਸ੍ਮਯਨ. ਹਾਸੀ. ਹਾਸ੍ਯ.

ਸਮਾਇਲਾ: ਲੀਨ ਹੋਇਆ. ਸਮਾਇਆ. "ਨਾਮਾ ਸਾਚਿ ਸਮਾਇਲਾ." (ਪ੍ਰਭਾ)

ਸਮਾਈ: ਸੰਗਯਾ- ਸ਼ਾਂਤਿ. ਸਹਿਨਸ਼ੀਲਤਾ. ਸ਼ਾਮਯ। ੨ ਵ੍ਯਾਪ੍ਤਿ. "ਘਟਿ ਘਟਿ ਰਹਿਆ ਸਮਾਈ." (ਮਲਾ ਅਃ ਮਃ ੧) ੩. ਲਯਤਾ. ਲੀਨਤਾ. "ਉਪਜੈ ਨਿਪਜੈ ਨਿਪਜਿ ਸਮਾਈ." (ਗਉ ਕਬੀਰ) ਸਮਾਉਂਦਾ (ਲੈ ਹੁੰਦਾ) ਹੈ। ੪. ਫ਼ਾ. شنوائی ਸ਼ਨਵਾਈ. ਸੁਣਵਾਈ. ਸੁਣਨ ਦੀ ਕ੍ਰਿਯਾ. "ਮੋਹਿ ਅਨਾਥ ਕੀ ਕਰਹੁ ਸਮਾਈ." (ਗਉ ਮਃ ੫) ੬. ਦੇਖੋ, ਸਰਣਿ ਸਮਾਈ। ੭. ਦੇਖੋ, ਸਮਾਇ ੭. ਅਤੇ ੮. "ਡਰੇ ਸੇਖ ਜੈਸੇ ਸਮਾਈ ਸਮਾਏ." (ਚਰਿਤ੍ਰ ੩੩੫) ਮੈਦਾਨ ਜੰਗ ਵਿੱਚ ਸ਼ੇਖ ਐਸੇ ਡਾਰੇ

(ਲਿਟਾਏ) ਮਾਨੋ ਰਾਗ ਸੁਣਨ ਵਾਲੇ ਮਸ੍ਤ ਹੋਏ ਪਏ ਹਨ.

ਸਮਾਸ: ਸੰ. ਸੰਗਜਾ- ਸਮ- ਆਸ. ਇੱਕ ਥਾਂ ਬੈਠਣ ਦੀ ਕ੍ਰਿਯਾ। ੨. ਇਕੱਠਾ ਕਰਨਾ। ੩. ਵ੍ਯਾਕਰਣ ਅਨੁਸਾਰ ਅਨੇਕ ਪਦਾਂ ਨੂੰ ਇੱਕ ਬਣਾਉਣ ਵਾਲਾ ਸੰਸਕਾਰ. ਜਿਵੇਂ- ਗੁਰਸਿੱਖਰੀਤਿ ਆਦਿਕ ਪਦਾਂ ਵਿੱਚ ਸਮਾਸ ਹੈ।[189] ੪. ਸੰਖੇਪ. ਖ਼ੁਲਾਸਾ. "ਦੂਜੇ ਹੁਇ ਵਿਤ ਵ੍ਯਾਸ ਸਮਾਸ." (ਗੁਪ੍ਰਸੂ) ਵਕਤਾ ਦਾ ਦੂਜਾ ਗੁਣ ਹੈ ਕਿ ਵਿਸ੍ਤਾਰ ਅਤੇ ਸੰਖੇਪ ਕਰਨ ਦਾ ਜਾਣੂ ਹੋਵੇ.

ਸਮਾਸਨ, ਸਮਾਸਮ, ਸਮਾਸਿਮ: ਅ਼. سماسم ਸਮਾਸਿਮ. ਇਹ ਬਹੁ ਵਚਨ ਹੈ ਸਮਸਿਮਤ ਦਾ. ਲਾਲ ਕੀੜੇ. ਇਹ ਕੀੜੇ ਅਕਸਰ ਬਰਸਾਤ ਦੇ ਹੁੰਮ ਵਿੱਚ ਖੁੱਡਾਂ ਤੋਂ ਨਿਕਲਿਆ ਕਰਦੇ ਹਨ. "ਮਾਨਹੁ ਪੇਖ ਸਮਾਸਨ ਕੇ ਮੁਖ ਧਾਇ ਚਲੀ ਮਿਲ ਜੂਥ ਅਹੀ ਹੈ." (ਕ੍ਰਿਸਨਾਵ) ਸੱਪਣਾਂ ਪਤੰਗਿਆਂ ਨੂੰ ਖਾਣ ਦੌੜੀਆਂ ਹਨ.

ਸਮਾਸੀ: ਸ਼ਮਾਵਸੀ. ਲੀਨ ਹੋਵੇਗਾ. ਸਮਾਵੇਗਾ. "ਜਿਨ ਸੇਵਿਆ ਮੇਰਾ ਹਰਿ ਜੀ, ਸੇ ਹਰਿ ਹਰਿ ਰੂਪ ਸਮਾਸੀ." (ਸੋਪੁਰਖੁ)

ਸਮਾਸੋਕ੍ਤਿ: ਇੱਕ ਸ਼ਬਦਾਲੰਕਾਰ. (ਸੰਖੇਪ ਕਰਕੇ ਕਥਨ) ਕਿਸੇ ਮੁੱਖ ਵਸਤੁ ਦੇ ਪ੍ਰਸੰਗ ਵਿੱਚ ਗੌਣ ਵਸਤੁ ਦਾ ਇਸ਼ਾਰੇ ਨਾਲ ਗ੍ਯਾਨ ਕਰਾਇਆ ਜਾਵੇ, ਪਰ ਸਪਸ਼੍ਟ ਕਥਨ ਨਾ ਹੋਵੇ, ਇਹ "ਸਮਾਸੋਕ੍ਤਿ" ਅਲੰਕਾਰ ਹੈ.

ਉਦਾਹਰਣ-

ਸਿੰਘਨ ਕੀ ਸੁਨ ਗਰਜ ਕੋ ਜੰਬੁਕ ਹੋਏ ਮੌਨ. xxx

ਰੋਗੀ ਨਿਰਬਲ ਸਿੰਘ ਪਿਖ ਮੂਸਾ ਭਏ ਦਿਲੇਰ.

ਇਸ ਥਾਂ ਜੰਬੁਕ ਤੋਂ ਕਾਇਰ ਦਾ ਗ੍ਯਾਨ ਹੋਇਆ,

ਸਿੰਘ ਤੋਂ ਰਾਜਾ ਅਤੇ ਮੂਸਾ ਤੋਂ ਪਾਮਰ ਲੋਕਾਂ ਦਾ ਬੋਧ ਹੋਇਆ.

ਸਮਾਸ਼੍ਰਿਤ: ਸਿੰ. ਵਿ- ਸੰ. ਆਸ਼੍ਰਿਤ. ਆਸਰੇ ਲੱਗਿਆ ਹੋਇਆ। ੨. ਸ਼ਰਣ ਆਇਆ. ਜਿਸ ਨੇ ਪਨਾਹ ਲਈ ਹੈ। ੩. ਸੰਬੰਧਿਤ.

ਸਮਾਹ: ਦੇਖੋ, ਸਮਾਉਣਾ, ਸਮਾਈ ਅਤੇ ਸਮਾਹਾ। ੨. ਸ- ਉਮਾਹ। ੩. ਸੰਵਹਨ. ਪਹੁਚਾਉਣਾ "ਸਭਨਾ ਰਿਜਕ ਸਮਾਹਦਾ ਪਿਆਰਾ." (ਸੋਰ ਮਃ ੪) ੪. ਅ਼. سمّاح ਸੱਮਾਹ਼. ਵਿ- ਉਦਾਰਾਤਮਾ। ੫. ਕ੍ਰਿਪਾਲੂ.

ਸਮਾਹਰ: ਸੰ. ਸਮਾਹਾਰ. ਸੰਗ੍ਰਹਿ. ਜਮਾ ਕਰਨਾ. "ਨਾਨਕ ਸਚੇ ਸਚਿ ਸਮਾਹਰ." (ਵਾਰ ਰਾਮ ੨. ਮਃ ੫) ੨. ਵ੍ਯਾਕਰਣ ਅਨੁਸਾਰ ਇੱਕ ਸਮਾਸ. ਅਰਥਾਤ ਬਹੁਤ ਸ਼ਬਦਾਂ ਦਾ ਸੰਬੰਧ. ਸਮਾਹਾਰ.

ਸਮਾਹਰਾ, ਸਮਾਹੜਾ: ਸੰ. समाहृत- ਸਮਾਹ੍ਰਿਤ. ਸੰ- ਆਹ੍ਰਿਤ. ਵਿ- ਜਮਾ ਕੀਤਾ। ੨. ਇੱਕ ਥਾਂ ਕੀਤਾ। ੩. ਸ਼ਾਮਿਲ ਹੋਇਆ. "ਸੋ ਭਗਤਾਂ ਮਨਿ ਵੁਠਾ ਸਚਿ ਸਮਾਹਰਾ." (ਵਾਰ ਗੂਜ ੨. ਮਃ ੫) ੪. ਸ- ਉਮਾਹੜਾ. ਪ੍ਰਸੰਨ. ਆਨੰਦ ਸਹਿਤ. "ਭਇਆ ਸਮਾਹੜਾ ਹਰਿਰਤਨ ਵਿਸਾਹਾ." (ਬਿਲਾ ਛੰਤ ਮਃ ੫)

ਸਮਾਹਾ: ਸੰ. समाहृत- ਸਮਾਹ੍ਰਿਤ. ਵਿ- ਜਮਾ ਕੀਤਾ. ਸੰਗ੍ਰਹੀਤ. ਇਕੱਠਾ ਕੀਤਾ. ਮੁਹੱਈਆ ਕੀਤਾ. "ਜੀਅ ਜੰਤ ਸਭਿ ਪਾਛੇ ਕਰਿਆ ਪ੍ਰਿਥਮੇ ਰਿਜਕੁ ਸਮਾਹਾ." (ਸਾਰਾ ਅਃ ਮਃ ੫) "ਬ੍ਰਹਮਗਿਆਨੀ ਕੈ ਗਰੀਬੀ ਸਮਾਹਾ." (ਸੁਖਮਨੀ) ੨. ਸਮਾਇਆ. ਲੀਨ ਹੋਇਆ. "ਜਪਿ ਨਾਨਕ ਭਗਤ ਸਮਾਹਾ." (ਸੋਰ ਮਃ ੪) ੩. ਦੇਖੋ, ਸਮਾਹਿਤ. "ਆਪੇ ਗੁਣ ਗਾਵਾਇਦਾ ਪਿਆਰ ਆਪੇ ਸਬਦਿ ਸਮਾਹਾ." (ਸੋਰ ਮਃ ੪)

ਸਮਾਹਾਰ: ਦੇਖੋ, ਸਮਾਹਰ ੨.

---

[189] ਵ੍ਯਾਕਰਣ ਵਿੱਚ ਅਵ੍ਯਯੀ ਭਾਵ, ਤਤਪੁਰੁਸ਼, ਸਮਾਨਾਧਿਕਰਣ, ਦ੍ਵੰਦ ਆਦਿਕ ਸਮਾਸਾਂ ਦੇ ਭੇਦ ਵਿਸਤਾਰ ਨਾਲ ਲਿਖੇ ਹਨ.

ਸਮਾਹਿਓ, ਸਮਾਹਿਆ: ਦੇਖੋ, ਸਮਾਹਿਤ.

ਸਮਾਹਿਤ: ਸੰ. ਵਿ- ਸਮਾਧਿ ਵਿੱਚ ਇਸਥਿਤ. ਏਕਾਗ੍ਰ ਮਨ. "ਸਹਿਜ ਸਮਾਧਿ ਸਮਾਹਿਓ." (ਕਾਨ ਮਃ ੫) ੨. ਸਿੱਧ ਹੋਇਆ. ਤਿਆਰ ਹੋਇਆ। ੩. ਸ਼ੁੱਧ। ੪. ਮਿਲਿਆ ਹੋਇਆ. "ਘਟਿ ਘਟਿ ਰਹਿਓ ਸਮਾਹਿਓ." (ਸੋਰ ਮਃ ੫) "ਨਾਨਕ ਸਰਬ ਸਮਾਹਿਆ ਜੀਉ." (ਮਾਝ ਮਃ ੫)

ਸਮਾਹੀ: ਮਿਲਦਾ ਹੈ. ਸਮਾਉਂਦਾ ਹੈ.

ਸਮਾਹੀਐ: ਦੇਖੋ, ਸਮਾਹ ਅਤੇ ਸਮਾਹਾ. "ਰਿਜਕ ਸਮਾਹੀਐ." (ਵਾਰ ਰਾਮ ੨, ਮਃ ੫)

ਸਮਾਹੁ: ਦੇਖੋ, ਸਮਾਹ.

ਸਮਾਗ, ਸਮਾਗਮ: ਸੰ. ਸਮਾਗਮ. ਸਮ੍- ਆ- ਗਮ. ਸੰਗਯਾ- ਮੇਲ. ਮਿਲਾਪ. ਸੰਯੋਗ. "ਏਕ ਪਲ ਸੁਖ ਸਾਧਸਮਾਗਮ ਕੋਟਿ ਬੈਕੁੰਠਹ ਪਾਏ." (ਸਾਰ ਮਃ ੫) "ਮਿਲਿ ਸਾਧਸਮਾਗੈ." (ਬਿਲਾ ਮਃ ੫) ੨. ਆਗਮਨ. ਆਉਣਾ। ੩. ਮੈਥੁਨ.

ਸਮਾਗਾ: ਸੰ. ਸਮਾਗਤ. ਵਿ- ਪ੍ਰਾਪਤ ਹੋਇਆ. ਸੰ- ਆਗਤ. ਮਿਲਿਆ ਹੋਇਆ. "ਦੇਹੀ ਮਹਿ ਦੇਉ ਸਮਾਗਾ." (ਸੋਰ ਮਃ ੧)

ਸਮਾਗੈ: ਦੇਖੋ, ਸਮਾਗਮ.

ਸਮਾਚਰ: ਸਮਾਚਰਣ ਦਾ ਸੰਖੇਪ.

ਸਮਾਚਰਣ: ਸੰ. ਸੰਗਯਾ- ਸਮਯਕ ਆਚਰਣ. ਨੇਕ ਚਾਲ ਚਲਨ। ੨. ਅਮਲ ਕਰਨਾ. ਅਭ੍ਯਾਸ ਕਰਨਾ. "ਗੁਰਸਬਦਿ ਸਮਾਚਰਿਓ." (ਸਵੈਯੇ ਮਃ ੪. ਕੇ) "ਐਸੀ ਬੁਧਿ ਸਮਾਚਰੀ." (ਬਿਲਾ ਕਬੀਰ) "ਸਤੁ ਸੰਤੋਖੁ ਸਮਾਚਰੇ." (ਸਵੈਯੇ ਮਃ ੪. ਕੇ)

ਸਮਾਚਰਿਓ, ਸਮਾਚਰੀ, ਸਮਾਚਰੇ: ਦੇਖੋ, ਸਮਾਚਰਣ.

ਸਮਾਚਾਰ: ਸੰ. ਸੰਗਯਾ- ਸਮ੍- ਆਚਾਰ. ਸਮੇਂ ਦਾ ਹਾਲ। ੨. ਖ਼ਬਰ. ਸੁਧ। ੩. ਸੁਨੇਹਾ. ਸੰਦੇਸਾ। ੪. ਰੀਤਿ. ਰਸਮ. ਰਿਵਾਜ.

ਸਮਾਚਾਰ ਪਤ੍ਰ: ਸੰਗਯਾ- ਅਖ਼ਬਾਰ. Newspaper.

ਸਮਾਚੀ: ਸਮੀਚੀਨ ਦਾ ਸੰਖੇਪ.

ਸਮਾਜ: ਸੰ. ਸੰਗਯਾ- ਸਮ੍- ਅਜ. ਇਕੱਠ। ੨. ਸਭਾ। ੩. ਸਭਾ ਦਾ ਕਮਰਾ। ੪. ਹਾਥੀ. ਇਹ "ਸਾਮਜ" ਦਾ ਰੂਪਾਂਤਰ ਹੈ. ਦੇਖੋ, ਸਾਮਜ.

ਸਮਾਣਉ: ਵਿ- ਸਮਾਇਆ. ਸੰਮਿਲਿਤ.

ਸਮਾਣਾ: ਵਿ- ਸਮਾਇਆ. ਮਿਲਿਆ. "ਸਰਬੇ ਸਮਾਣਾ ਆਪਿ." (ਵਡ ਮਃ ੧) ੨. ਸੰ. ਸੰ ਮਾਨਿਤ. ਆਦਰ ਕੀਤਾ ਗਿਆ. "ਜਜਿ ਕਾਜ ਵੀਆਹਿ ਸੁਹਾਵੈ ਓਥੈ ਮਾਸ ਸਮਾਣਾ." (ਵਾਰ ਮਲਾ ਮਃ ੧) ੨. ਦੇਖੋ, ਸਮਾਨਾ.

ਸਮਾਣੀ: ਵਿ- ਸੰਮਿਲਿਤ. ਮਿਲੀ ਹੋਈ। ੨. ਦੇਖੋ, ਸਮਾਣਾ.

ਸਮਾਣੇ: ਸਮਾਏ. ਮਿਲੇ. "ਕਾਲ ਕੰਟਕ ਮਾਰਿ ਸਮਾਣੇ ਰਾਮ." (ਸੂਹੀ ਛੰਤ ਮਃ ੩) ੨. ਸ਼ਮਨ (ਨਾਸ਼) ਕੀਤੇ. ਛੇਦਨ ਕੀਤੇ.

ਸਮਾਤ: ਦੇਖੋ, ਸਮਾਇ ੯। ੨. ਸਮਾਵਤ. ਲੈ ਹੁੰਦਾ.

ਸਮਾਤਾ, ਸਮਾਤੇ: ਵਿ- ਮਿਲਿਆ. ਮਿਲੇ. ਸਮਾਏ.

ਸ਼ਮਾਦਾਨ: ਫ਼ਾ- ਸ਼ਮਅ਼- ਦਾਨ. ਸੰਗਯਾ- ਬੱਤੀਦਾਨ। ੨. ਦੀਵਾ ਰੱਖਣ ਦੀ ਟਿਕਟਿਕੀ. ਦੀਵਟ.

ਸਮਾਦਿ: ਸ਼ਮਦਮ ਆਦਿ ਸਾਧਨ. ਦੇਖੋ, ਖਟਸੰਪੱਤਿ.

ਸਮਾਧ: ਸੰਗਯਾ- ਮੜ੍ਹੀ। ੨. ਦੇਖੋ, ਸਮਾਧਿ.

ਸਮਾਧ ਭਾਈ: ਇੱਕ ਪਿੰਡ, ਜੋ ਜਿਲਾ ਫਿਰੋਜਪੁਰ, ਤਸੀਲ ਮੋਗਾ ਵਿੱਚ ਹੈ. ਭਾਈ ਰੂਪ ਚੰਦ ਜੀ ਦੀ ਸਮਾਧ ਇੱਥੇ ਹੋਣ ਕਰਕੇ ਆਬਾਦੀ ਦਾ ਨਾਉਂ ਇਹ ਹੋਗਿਆ ਹੈ. ਇੱਥੇ ਛੀਵੇਂ ਗੁਰੂ ਜੀ ਦਾ ਗੁਰੁਦ੍ਵਾਰਾ ਹੈ. ਸਤਿਗੁਰੂ ਮਾਲਵੇ ਵਿਚਰਦੇ ਇੱਥੇ ਵਿਰਾਜੇ ਹਨ. ਉਸ ਵੇਲੇ ਇੱਥੇ ਪਿੰਡ ਆਬਾਦ ਨਹੀਂ ਸੀ. ਇੱਥੇ ਪੰਡਿਤ ਭੋਲਾ ਰਾਮ ਜੀ ਉਦਾਸੀ, ਨਯਾਯ ਦੇ ਅਦੁਤੀ ਪੰਡਿਤ ਹੋਏ ਹਨ.

ਸਮਾਧਾ: ਸੰ. ਸੰ- ਆ- ਧਾ. ਸੰਗਯਾ- ਝਗੜਾ ਮਿਟਾਉਣਾ। ੨. ਪ੍ਰਸ਼ਨ ਦਾ ਉੱਤਰ। ੩. ਚਿੱਤ ਦਾ ਇੱਕ ਪਾਸੇ ਲਾਉਣਾ। ੪. ਦੇਖੋ, ਸਮਾਧਾਨ.

ਸਮਾਧਾਨ: ਸੰ. ਸੰਗਯਾ- ਸਮ੍- ਆ- ਧਾਨ. ਧਯਾਨ. ਮਨ ਦਾ ਟਿਕਾਉ। ੨. ਧੀਰਯ। ੩. ਪ੍ਰਸ਼ਨ ਦਾ ਉੱਤਰ ਦੇਣਾ। ੪. ਫੈਸਿਲਾ.

ਸਮਾਧਿ: ਸੰ. ਸੰਗਯਾ- ਸਮ੍- ਆ- ਧੀ. ਚੰਗੀ ਤਰਾਂ ਚਿੱਤ ਦੇ ਠਹਿਰਾਉਣ ਦੀ ਕ੍ਰਿਯਾ। ੨. ਅੰਤਹਕਰਣ ਦਾ ਧਯੇਯ ਵਿੱਚ ਲਿਵਲੀਨ ਹੋਣਾ। ੩. ਇੱਕ ਵੈਸ਼ਯ, ਜੋ ਸੁਰਥ ਰਾਜਾ ਦਾ ਸਾਥੀ ਦੁਰਗਾਭਗਤ ਸੀ. "ਸਮੇਤ ਸਮਾਧਿ ਸਮਾਧਿ ਲਗਾਈ." (ਚੰਡੀ ੧) ੪. ਇੱਕ ਸ਼ਬਦਾਲੰਕਾਰ. ਹੋਰ ਕਾਰਣਾਂ ਦੇ ਸੰਬੰਧ ਨਾਲ ਕਿਸੇ ਕਾਰਜ ਦਾ ਅਚਾਨਕ ਸੁਖਾਲਾ ਹੋ ਜਾਣਾ "ਸਮਾਧਿ" ਅਲੰਕਾਰ ਦਾ ਰੂਪ ਹੈ.

ਉਦਾਹਰਣ-

ਖਿਦਰਾਣੇ ਪਰ ਸਿੰਘਾਂ ਨੇ ਜਦ ਪਾਯਾ ਹੈ ਘਮਸਾਨ,

ਮਹਾਂ ਸਿੰਘ ਅਰ ਭਾਗ ਕੌਰ ਸੰਗ ਸਿੰਘ ਪਹੁਚੇ ਆਨ,

ਕਰੀ ਮਾਰ ਸ਼ਤ੍ਰੁਨ ਪਰ ਐਸੀ ਦੀਨੇ ਪੈਰ ਹਿਲਾਯ,

ਘਾਯਲ ਥਕੇ ਤ੍ਰਿਖਾਤੁਰ ਵੈਰੀ ਭਾਗੇ ਪੀਠ ਦਿਖਾਯ.

ਸਿੰਘਾਂ ਦਾ ਅਚਾਨਕ ਪਹੁਚਨਾ ਅਤੇ ਪਾਨੀ ਦਾ ਨਾ ਮਿਲਣਾ ਵੈਰੀਆਂ ਦੇ ਭੱਜਣ ਵਿੱਚ ਸਹਾਇਕ ਹੋਏ। ੫. ਮੁਰਦੇ ਦੀ ਭਸਮ ਅਥਵਾ ਸ਼ਰੀਰ ਉੱਪਰ ਬਣਾਇਆ ਮਠ. ਛਤਰੀ। ੬. ਨਿਦ੍ਰਾ. ਨੀਂਦ.

ਸਮਾਧਿਓ: ਦੇਖੋ, ਸਮਾਧੇਯ. "ਜਹ ਨਾਮ ਸਮਾਧਿਓ." (ਸਵੈਯੇ ਮ: ੩. ਕੇ)

ਸਮਾਧਿਹਰਾ: ਵਿ- ਸਮਾਧਿਹਾਰ. ਸਮਾਧਿ ਲਾਉਣ ਵਾਲੇ. "ਸਾਧਿਕ ਸਿਧ ਸਮਾਧਿਹਰਾ." (ਸਵੈਯੇ ਮ: ੩. ਕੇ)

ਸਮਾਧੇਯ: ਸੰ. ਵਿ- ਸਿਲਸਿਲੇਵਾਰ ਕਰਨ ਯੋਗਯ. ਯਥਾਕ੍ਰਮ ਕਰਨ ਲਾਇਕ। ੨. ਸਿਖ੍ਯਾ ਯੋਗਯ। ੩. ਅੰਗੀਕਾਰ ਕਰਨ ਯੋਗਯ। ੪. ਉੱਤਰ ਦੇ ਯੋਗਯ ਪ੍ਰਸ਼੍ਨ.

ਸਮਾਨ: ਸੰ. ਵਿ- ਤੁਲ੍ਯ. ਬਰਾਬਰ. ਜੇਹਾ। ੨. ਸਮਾਇਆ. ਮਿਲਿਆ. "ਜੋਤੀ ਜੋਤਿ ਸਮਾਨ." (ਬਿਲਾ ਮ: ੫) ੩. ਦੇਖੋ, ਸਵੈਯੇ ਦਾ ਰੂਪ ੬। ੪. ਨਾਭਿ ਵਿੱਚ ਰਹਿਣ ਵਾਲੀ ਪ੍ਰਾਣ ਵਾਯੁ। ੫. ਆਦਰ. ਸੰਮਾਨ. "ਰਾਜ ਦੁਆਰੈ ਸੋਭ ਸਮਾਨੈ." (ਗਉ ਅ: ਮ: ੧) ੬. ਸ- ਮਾਨ. ਉਸ ਨੂੰ ਮੰਨ. ਉਸ ਨੂੰ ਜਾਣ. "ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨ." (ਕੇਦਾ ਰਵਿਦਾਸ) ੭. ਸਾਮਾਨ ਦਾ ਸੰਖੇਪ.

ਸਮਾਨਕਾ: ਦੇਖੋ, ਸਮਾਨਿਕਾ.

**ਸਮਾਨਤਾ:** ਸੰ. ਸੰਗਯਾ- ਬਰਾਬਰੀ. ਤੁੱਲਤਾ. ਸਮਭਾਵ.

**ਸਮਾਨਾ:** ਦੇਖੋ, ਸਮਾਣਾ। ੨. ਸੰਗਯਾ- ਸਾਯਬਾਨ. ਚੰਦੋਆ. ਸ਼ਾਮਿਆਨਾ. "ਊਚ ਸਮਾਨਾ ਠਾਕੁਰ ਤੇਰੋ, ਅਵਰ ਨ ਕਾਹੂ ਤਾਨੀ." (ਟੋਡੀ ਮਃ ੫) ਉੱਚਾ ਸਾਯਬਾਨ (ਆਕਾਸ਼ ਮੰਡਲ) ਤੇਰਾ ਹੈ ਅਤੇ ਤੇਥੋਂ ਬਿਨਾ ਉਹ ਹੋਰ ਕਿਸੇ ਦੇ ਬਲ (ਤਾਨ) ਦੇ ਆਸਰੇ ਨਹੀਂ।

੩. ਪਟਿਆਲੇ ਰਾਜ ਅੰਦਰ ਇੱਕ ਨਗਰ, ਜੋ ਰਾਜਧਾਨੀ ਤੋਂ ੧੭. ਮੀਲ ਦੱਖਣ ਪੱਛਮ ਹੈ. ਫ਼ਾਰਿਸ ਦਾ "ਸਮਾਨਿਦ" ਖ਼ਾਨਦਾਨ ਇਸ ਥਾਂ ਪਹਿਲਾਂ ਵਸਿਆ ਸੀ, ਜਿਸ ਕਾਰਣ ਇਹ ਨਾਉਂ ਹੋਇਆ. ਇਸ ਥਾਂ ਬਾਰੀਕ ਵਸਤ੍ਰ ਢਾਕੇ ਵਾਙ ਬਹੁਤ ਚੰਗਾ ਬਣਿਆ ਕਰਦਾ ਸੀ, ਜਿਸ ਦਾ ਜਿਕਰ ਕਈ ਯੂਰਪ ਦੇ ਲੇਖਕਾਂ ਨੇ ਕੀਤਾ ਹੈ. ਸਮਾਨੇ ਦੇ ਵਸਨੀਕ ਜਲਾਲੁੱਦੀਨ ਜੱਲਾਦ ਨੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਦਿੱਲੀ ਵਿੱਚ ਕਤਲ ਕੀਤਾ ਸੀ. ਇੱਥੋਂ ਦੇ ਹੀ ਸੈਯਦਾਂ ਨੇ ਸ਼੍ਰੀ ਦਸ਼ਮੇਸ਼ ਦੇ ਛੋਟੇ ਸਾਹਿਬਜ਼ਾਦਿਆਂ ਦੇ ਵਿਰੁੱਧ ਕੋਹੇ ਜਾਣ ਦਾ ਫਤਵਾ ਦਿੱਤਾ ਸੀ ਅਤੇ ਇੱਥੋਂ ਦੇ ਹੀ ਜੱਲਾਦਾਂ ਨੇ ਸਾਹਿਬਜ਼ਾਦੇ ਕੋਹੇ ਸਨ. ਇਸ ਲਈ ਬੰਦਾ ਬਹਾਦੁਰ ਨੇ ਖਾਲਸੇ ਨਾਲ ਮਿਲਕੇ ਸੰਮਤ ੧੭੬੬ (ਸਨ ੧੭੦੮) ਵਿੱਚ ਇਸ ਨਗਰ ਨੂੰ ਫਤੇ ਕਰਕੇ ਪਾਪੀਆਂ ਨੂੰ ਕਰਮਫਲ ਭੁਗਾਇਆ.

ਸ੍ਰੀ ਗੁਰੂ ਤੇਗ ਬਹੁਾਦਰ ਸਾਹਿਬ ਬਹਾਦੁਰਗੜ੍ਹ ਤੋਂ ਚਲਕੇ ਸਮਾਨੇ ਪਧਾਰੇ ਹਨ, ਪਰ ਹੁਣ ਉਹ ਅਸਥਾਨ, ਜਿਥੇ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ, ਸਮਾਨੇ ਦੀ ਹੱਦ ਤੋਂ ਬਾਹਰ ਹੈ. ਦੇਖੋ, ਗੜ੍ਹੀ ਨਜ਼ੀਰ।

੪. ਸ਼ਾਮਿਲ ਹੋਇਆ. ਭਾਵ- ਗਿਣਤੀ ਵਿੱਚ ਆਇਆ. "ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ." (ਮਾਰ ਅਃ ਮਃ ੧) ਮਨਮੁਖਾਂ ਦੀ ਗਿਣਤੀ ਪਸ਼ੂਆਂ ਵਿੱਚ ਹੈ.

**ਸਮਾਨਿ:** ਤੁੱਲ ਬਰਾਬਰ. ਦੇਖੋ, ਸਮਾਨ. "ਗੁਰ ਸਮਾਨਿ ਤੀਰਥੁ ਨਹੀ ਕੋਈ." (ਪ੍ਰਭਾ ਮਃ ੧) ੨. ਸ- ਮਾਨਜ. ਵਿ- ਸਨਮਾਨ ਯੋਗਜ. ਆਦਰ ਲਾਇਕ. "ਤੇ ਬੈਰਾਗੀ ਸੰਤ ਸਮਾਨਿ." (ਵਾਰ ਰਾਮ ੧. ਮਃ ੧)

**ਸਮਾਨਿਕਾ:** ਇੱਕ ਛੰਦ ਜਿਸ ਦੇ ਪ੍ਰਤਿ ਚਰਣ ਰ ਜ ਗ, SIS, ISI, S, ਹੁੰਦਾ ਹੈ.

ਉਦਾਹਰਣ-

ਧਗਾਰ ਕੈ ਗੁਰੂ ਗਿਰਾ। ਕਾਮ ਕ੍ਰੋਧ ਤੈਂ ਫਿਰਾ।

ਸ਼ਾਂਤਚਿੱਤ ਹਨਐ ਰਹਜੋ। ਲਾਭ ਦੇਹ ਕੋ ਲਹਜੋ।।

(ਅ) ਦਸਮਗ੍ਰੰਥ ਵਿੱਚ "ਪ੍ਰਮਾਣਿਕਾ." ਦਾ ਹੀ ਨਾਉਂ ਸਮਾਨਿਕਾ ਆਇਆ ਹੈ. ਅਰਥਾਤ ਪ੍ਰਤਿ ਚਰਣ ਜ ਰ ਲ ਗ, ISI, SIS, I, S.

ਉਦਾਹਰਣ-

ਨਰੇਸ ਸੰਗ ਕੈਦਏ। ਪ੍ਰਬੀਨ ਬੀਨਕੈ ਲਏ।

ਸਨੱਧ ਬੱਧ ਹਨਐ ਚਲੇ। ਸੁਬੀਰ ਬੀਰਹਾ ਭਲੇ।। (ਰਾਮਾਵ)

**ਸਮਾਨੀ:** ਦੇਖੋ, ਮੱਲਿਕਾ.

**ਸਮਾਨੁ:** ਦੇਖੋ, ਸਮਾਨ.

**ਸਮਾਨੈ:** ਸਮਾਨ ਹੈ. ਸਮਾਨ ਹਨ. ਦੇਖੋ, ਸਮਾਨ. "ਰਵਿ ਸਸਿ ਏਕੋ ਗ੍ਰਿਹਿ ਉਦਿਆਨੈ। ਕਰਣੀ ਕੀਰਤਿ ਕਰਮ ਸਮਾਨੈ।।" (ਗਉ ਅਃ ਮਃ ੧) ਇੜਾ ਪਿੰਗਲਾ, ਘਰ ਅਤੇ ਜੰਗਲ ਉਸ ਲਈ ਇੱਕੋ ਹਨ, ਸਾਧਾਰਣ ਕਰਮ ਅਤੇ ਜਸ ਵਾਲੀ ਕਰਣੀ ਸਮਾਨ ਹੈ.

ਸਮਾਪਤ: ਸੰ. ਸਮਾਪ੍ਤ. ਵਿ- ਖਤਮ ਹੋਇਆ। ੨. ਸੰ- ਆਪ੍ਤ. ਚੰਗੀ ਤਰਾਂ ਪਹੁੰਚਿਆ.

ਸਮਾਪਤਿ: ਸੰ. ਸਮਾਪ੍ਤਿ. ਸੰਗਜਾ- ਭੋਗ. ਖ਼ਾਤਿਮਾ। ੨. ਪ੍ਰਾਪਤੀ. ਹਾਸਿਲ ਹੋਣ ਦਾ ਭਾਵ.

ਸਮਾਯ: ਦੇਖੋ, ਸਮਾਇ। ੨. ਰਾਜ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ ਵਿੱਚ ਇੱਕ ਪਿੰਡ, ਜਿਸ ਨੂੰ ਲੋਕ "ਸਮ੍ਹਾ" ਭੀ ਸਦਦੇ ਹਨ. ਇਸ ਪਿੰਡ ਤੋਂ ਚੜ੍ਹਦੇ ਪਾਸੇ ੧. ਫਰਲਾਂਗ ਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਖੀਵਾ ਕਲਾਂ ਤੋਂ ਆ ਰਹੇ ਸਨ ਤਾਂ ਇੱਥੇ ਖ਼ਬਰ ਪੁੱਜੀ ਕਿ ਪੇਸ਼ਾਵਰ ਦੇ ਇਲਾਕੇ ਦੀ ਸੰਗਤਿ ਆਨੰਦਪੁਰ ਤੋਂ ਹੁੰਦੀ ਹੋਈ ਦਰਸ਼ਨ ਲਈ ਆ ਰਹੀ ਹੈ, ਤਾਂ ਗੁਰੂ ਜੀ ਇੱਥੇ ਹੀ ਇੱਕ ਵਣ ਕਰੀਰ ਦੇ ਹੇਠਾਂ ਆਸਣ ਵਿਛਾਕੇ ਬੈਠ ਗਏ.

ਸੰਗਤਿ ਨੇ ਮੇਵੇ ਅਤੇ ਅਨੇਕ ਪਦਾਰਥ ਗੁਰੂ ਜੀ ਦੀ ਭੇਟਾ ਕੀਤੇ. ਦਰਸ਼ਨ ਕਰਕੇ ਅਤੇ ਉਪਦੇਸ਼ ਸੁਣਕੇ ਨਿਹਾਲ ਹੋਏ. ਇੱਥੇ ਮੰਦਿਰ ਤੇ ਰਹਾਇਸ਼ੀ ਮਕਾਨ ਪੱਕੇ ਬਣੇ ਹੋਏ ਹਨ. ਪੁਜਾਰੀ ਨਾਮਧਾਰੀਆ ਸਿੰਘ ਹੈ. ਗੁਰਦ੍ਵਾਰੇ ਨਾਲ ੪੦ ਘੁਮਾਉਂ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਰੇਲਵੇ ਸਟੇਸ਼ਨ ਨਰਿੰਦ੍ਰਪੁਰਾ ਤੋਂ ਉਤਰ ਦਿਸ਼ਾ ੯. ਮੀਲ ਦੇ ਕਰੀਬ ਕੱਚਾ ਰਸਤਾ ਹੈ.

ਸਮਾਰ: ਸੰ. ਸ੍ਮਾਰ. ਸੰਗਜਾ- ਚਿੰਤਨ ਕਰਨਾ. "ਹਰਿ ਹਰਿ ਨਾਮ ਸਮਾਰ." (ਸ੍ਰੀ ਮਃ ੪. ਪਹਿਰੇ) "ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ." (ਸੁਖਮਨੀ)

ਸਮਾਰਉ: ਸ੍ਮਰਣ (ਯਾਦ) ਕਰੋ. "ਸਮਾਰਉ ਨਾਮ." (ਆਸਾ ਮਃ ੪)

ਸਮਾਰਸਿ, ਸਮਾਰਸੀ: ਸ੍ਮਰਸਿ. ਚੇਤੇ ਕਰਦਾ ਹੈ. "ਆਪਨੇ ਪ੍ਰਭੁ ਕਉ ਕਿਉ ਨ ਸਮਾਰਸਿ?" (ਮਾਰੂ ਮਃ ੫) ੨. ਸ੍ਮਾਰਿਸ. ਚੇਤੇ ਕਰਾਉਂਦਾ ਹੈ.

ਸਮਾਰਤ: ਸੰ. ਸ੍ਮਾਰ੍ਤ. ਵਿ- ਸਿਮ੍ਰਿਤੀ ਨਾਲ ਸੰਬੰਧ ਰੱਖਣ ਵਾਲਾ। ੨. ਸੰਗਜਾ- ਸਿਮ੍ਰਿਤੀ ਦਾ ਦੱਸਿਆ ਹੋਇਆ ਉਹ ਧਰਮ, ਜਿਸ ਦੇ ਨਿਯਮ ਅਨੁਸਾਰ ਪੰਜ ਦੇਵਤਿਆਂ (ਵਿਸ਼ਨੁ, ਸ਼ਿਵ, ਦੁਰਗਾ, ਗਣੇਸ਼ ਸੂਰਜ) ਦੀ ਇੱਕ ਰੂਪ ਮੰਨਕੇ ਉਪਾਸਨਾ ਕਰਨੀ ਵਿਧਾਨ ਹੈ.

ਸਮਾਰਨ, ਸਮਾਰਨਾ: ਕ੍ਰਿ. - ਸੰਵਾਰਨਾ. ਦੁਰੁਸ੍ਤ ਕਰਨਾ. ਸੁਧਾਰਨਾ। ੨. ਸੰ. ਸ੍ਮਾਰਣ. ਯਾਦ ਕਰਾਉਣਾ. ਚੇਤੇ ਕਰਾਉਣਾ. "ਸੁਮਤਿ ਸਮਾਰਨ ਕਉ." (ਸਵੈਯੇ ਮਃ ੪. ਕੇ)

ਸਮਾਰਿ: ਦੇਖੋ, ਸਮਾਰ। ੨. ਕ੍ਰਿ. ਵਿ- ਸ੍ਮਰਣ (ਚੇਤੇ) ਕਰਕੇ. "ਊਨ ਸਮਾਰਿ ਮੇਰਾ ਮਨ ਸਾਧਾਰੈ." (ਦੇਵ ਮਃ ੫)

ਸਮਾਰਿਆ: ਸ੍ਮਰਣ (ਯਾਦ) ਕੀਤਾ. "ਜਿਨਿ ਹਰਿ ਹਰਿ ਨਾਮ ਸਮਾਰਿਆ." (ਗਉ ਵਾਰ ੧. ਮਃ ੪) ੨. ਸੰਵਾਰਿਆ. ਸੁਧਾਰਿਆ.

ਸਮਾਰੀ: ਸੰਵਾਰੀ. ਸੁਧਾਰੀ। ੨. ਸ੍ਮਰਾਮਿ. ਯਾਦ ਕਰਦਾ ਹਾਂ. ਚੇਤੇ ਕਰਦਾ ਹਾਂ. "ਕਦੇ ਨ ਵਿਸਾਰੀ ਅਨਦਿਨ ਸਮਾਰੀ." (ਧਨਾ ਛੰਤ ਮਃ ੪)

ਸਮਾਰੈ: ਦੇਖੋ, ਸਮਾਰ.

ਸਮਾਲ, ਸਮਾਲਸਿ, ਸਮਾਲਸੀ: ਦੇਖੋ, ਸਮਾਰ. ਸਮਾਰਸਿ ਅਤੇ ਸਮਾਰਸੀ.

ਸਮਾਲਨ: ਦੇਖੋ, ਸਮਾਰਨ। ੨. ਦੇਖੋ, ਸੰਭਾਲਨ.

ਸਮਾਲਿ: ਸੰਭਾਲਕੇ। ੨. ਸਾਵਧਾਨੀ (ਹੋਸ਼ਿਆਰੀ) ਨਾਲ. "ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ." (ਸ੍ਰੀ ਮਃ ੧)

ਸਮਾਲੂ: ਦੇਖੋ, ਸੰਭਾਲੂ.

ਸਮਾਲੇਨ: ਸਮਰਣ ਕਰਦੇ ਹਨ। ੨. ਸੰਭਾਲਦੇ ਹਨ.

ਸਮਾਲੋਚਨਾ: ਸੰ. ਸੰਗਜਾ- ਹੱਛੀ ਤਰਾਂ ਵਿਚਾਰ ਨਾਲ ਵੇਖਣ ਦੀ ਕ੍ਰਿਯਾ। ੨. ਗੁਣ ਦੋਸ਼ ਦੀ ਪੜਤਾਲ ਕਰਨੀ. ਦੇਖੋ. ਆਲੋਚਨਾ.

ਸਮਾਵਨ, ਸਮਾਵਨਾ: ਦੇਖੋ, ਸਮਾਉਣਾ. "ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ?" (ਵਾਰ ਬਸੰ) ੨. ਜੋਤੀ ਜੋਤਿ ਸਮਾਉਣਾ. ਦੇਹ ਤਜਾਗਣਾ. "ਜਾਨਜੋ ਸਭਿਨ ਸਮਾਵਨ ਭਏ." (ਗੁਪ੍ਰਸੂ)

ਸਮਾਵੇ: ਦੇਖੋ, ਸਮਾਉਣਾ ਅਤੇ ਸਮਾਵਨ.

ਸਮਾਵੇਸ਼: ਸੰ. (ਸਮ੍- ਆ- ਵਿਸ਼੍) ਸੰਗਜਾ- ਬਹੁਤ ਅਰਥਾਂ ਨੂੰ ਇਕ ਵਚਨ ਵਿੱਚ ਲੈ ਆਉਣਾ। ੨. ਹਠ। ੩. ਪ੍ਰਵੇਸ਼. ਦਾਖ਼ਿਲਾ। ੪. ਇੱਕ ਥਾਂ ਇੱਕਠੇ ਰਹਿਣ ਦਾ ਭਾਵ। ੫. ਮਨ ਨੂੰ ਇੱਕ ਤਰਫ ਲਾਉਣ ਦਾ ਭਾਵ.

ਸਮਾਵੈ: ਦੇਖੋ, ਸਮਾਉਣਾ ਅਤੇ ਸਮਾਵਨ.

ਸਮਿਓ: ਸੰਗਜਾ- ਸਮਾ. ਵੇਲਾ. "ਨਾਨਕ ਸਮਿਓ ਰਮਿ ਗਇਓ." (ਸਃ ਮਃ ੯)

ਸਮਿਆ: ਵਿ- ਸੁੱਤਾ. ਸੰਵਿਆ। ੨. ਦੇਖੋ, ਸਮਯਾ.

ਸਮਿਆਨਾ: ਫ਼ਾ. شامیانہ ਸ਼ਾਮਯਾਨਹ. ਸੰਗਜਾ- ਚੰਦੋਆ. ਸਾਇਬਾਨ.

ਸਮਿਗ੍ਰੀ: ਦੇਖੋ, ਸਾਮਗ੍ਰੀ. "ਸਗਲ ਸਮਿਗ੍ਰੀ ਏਕਸ ਘਟ ਮਾਹਿ." (ਸੁਖਮਨੀ)

ਸਮਿਤ: ਦੇਖੋ, ਸਮਿਤਿ। ੨. ਸੰ. ਸ੍ਮਿਤ. ਵਿ- ਖਿੜਿਆ ਹੋਇਆ। ੩. ਮੁਸਕੜਾਉਂਦਾ ਹੋਇਆ. "ਕਮਲਾਨਨ ਵਾਕ ਕਹੇ ਸਮਿਤੰ." (ਨਾਪ੍ਰ) ੪. ਸੰ. ਸ਼ਮਿਤ. ਵਿ- ਸ਼ਮਨ (ਨਾਸ਼) ਕੀਤਾ। ੫. ਸ਼ਾਂਤ. ਠਹਿਰਿਆ ਹੋਇਆ।

ਸਮਿਤਪਾਣਿ: ਸੰ. समित्पाणि. ਵਿ- ਸਮਧਾ ਹੈ ਜਿਸ ਦੇ ਹੱਥ ਵਿੱਚ. ਈਂਧਨ ਨੂੰ ਹੱਥ ਵਿੱਚ ਲਏ ਹੋਏ. ੨. ਜਿਸ ਨੇ ਗੁਰੂ ਨੂੰ ਅਰਪਣ ਲਈ ਸਮਧਾ ਆਦਿ ਹੱਥ ਵਿੱਚ ਲਈ ਹੈ.

ਸਮਿਤਿ: ਸ- ਮਿਤਿ. ਵਿ- ਮਾਪ ਸਹਿਤ. ਪ੍ਰਮਾਣ ਸਹਿਤ. ਤੋਲਿਆ. ਮਾਪਿਆ। ੨. ਸੰ. ਸੰਗਜਾ- ਜੰਗ. ਯੁੱਧ। ੩. ਸਭਾ. ਮੰਡਲੀ। ੪. ਮਿਲਾਪ. ਮੇਲ.

ਸਮਿਥ: Sir Harry G. W. Smith. ਇਸ ਦਾ ਜਨਮ ਸਨ ੧੭੮੭ ਵਿੱਚ ਹੋਇਆ. ਸਨ ੧੮੦੫ ਵਿੱਚ ਅੰਗ੍ਰੇਜ਼ੀ ਫੌਜ ਵਿੱਚ ਨੌਕਰ ਹੋਕੇ ਯੂਰਪ ਦੀ ਕਈ ਲੜਾਈਆਂ ਵਿੱਚ ਬਹਾਦੁਰੀ ਦਿਖਾਈ. ਸਨ ੧੮੩੯ ਵਿੱਚ ਹਿੰਦੁਸਤਾਨ ਦੀ ਫੌਜ ਦਾ ਛੋਟਾ ਜਰਨੈਲ ਬਣਿਆ. ਸਨ ੧੮੪੬ ਵਿੱਚ ਅਲੀਵਾਲ ਦੀ ਲੜਾਈ ਵਿੱਚ ਇਸ ਨੇ ਸਿੱਖਾਂ ਨੂੰ ਜਿੱਤਕੇ ਬਹੁਤ ਨਾਮ ਪਾਇਆ. ਸਨ ੧੮੪੭ ਵਿੱਚ ਏਹ ਕੇਪ ਆਫ ਗੁਡ ਹੋਪ (Cape of Good- Hope) ਦਾ ਗਵਰਨਰ ਬਣਿਆ. ਸਨ ੧੮੬੦ ਵਿੱਚ ਇਸ ਦਾ ਦੇਹਾਂਤ ਹੋਇਆ. ਇਸ ਦੇ ਨਾਉਂ ਤੇ ਦੱਖਣੀ ਅਫਰੀਕਾ ਵਿੱਚ ਸ਼ਹਿਰ "ਹੈਰੀ ਸਮਿਥ." ਅਤੇ "ਅਲੀਵਾਲ" ਹਨ. ਇਸ ਦੀ ਸਪੇਨਿਸ਼ ਵਹੁਟੀ ਦੇ ਨਾਉਂ ਤੋਂ 'ਲੇਡੀ ਸਮਿਥ' ਨਗਰ ਵਸਿਆ ਹੈ। ੨. ਸੰ. ਅਗਨਿ। ੩. ਆਹੁਤੀ। ੪. ਜੰਗ.

ਸ਼ਮੀ: ਸੰ. ਸੰਗਜਾ- ਜੰਡੀ. ਜੰਡ ਦਾ ਬਿਰਛ. L. Mimosa Suma. ਦੇਖੋ, ਸਸੰਬਰ ਅਤੇ ਸਮੀਗਰਭ। ੨. ਸੰ. शमिन. ਵਿ- ਸ਼ਮ ਕਰਨ ਵਾਲਾ. ਚਿੱਤ ਨੂੰ ਰੋਕਣ ਵਾਲਾ.

ਸਮੀਆ: ਦੇਖੋ, ਸ਼ਮੀ. ਵਿ- ਸ਼ਾਂਤਮਨ. ਸ਼ਮ ਸਾਧਨ ਵਾਲਾ। ੨. ਸੰ. ਸਮਯਾ. ਵਜ- ਮਧਜ. ਵਿੱਚ। ੩. ਨੇੜੇ. "ਜਾਕਾ ਮੀਤ ਸਾਜਨ ਹੈ ਸਮੀਆ। ਤਿਸੁ ਜਨ ਕਉ ਕਹੁ ਕਾਕੀ ਕਮੀਆ?" (ਗਉ ਮਃ ੫)

ਸਮੀਕਣ: ਦੇਖੋ, ਸਮੀਛਨ.

ਸਮੀਗਰਭ: ਸੰ. ਸ਼ਮੀਗਭੰ, ਸੰਗਜਾ- ਅਗਨਿ, ਸ਼ਮੀ (ਜੰਡੀ) ਦੀ ਲੱਕੜਾਂ ਘਸਾਕੇ ਕੱਢੀ ਹੋਈ ਅੱਗ, ਜੋ ਯੱਗ ਅਤੇ ਅਗਨਿਹੋਤ੍ਰ ਲਈ ਰਿਖੀਆਂ ਨੇ ਪਰਮ ਪਵਿਤ੍ਰ ਮੰਨੀ ਹੈ.

ਸਮੀਚੀਨ: ਸੰ. ਵਿ- ਯੋਗਯ. ਠੀਕ. ਮੁਨਾਸਿਬ। ੨. ਪੂਰਣ. ਮੁਕੰਮਲ.

ਸਮੀਛਨ: ਸੰ. ਸਮ੍- ਈਕ੍ਸ਼ਣ. ਸਮੀਕ੍ਸ਼ਣ. ਸੰਗਯਾ- ਵਿਚਾਰ ਨਾਲ ਦੇਖਣ ਦੀ ਕ੍ਰਿਯਾ. ਚੰਗੀ ਤਰਾਂ ਧਯਾਨ ਨਾਲ ਵੇਖਣਾ.

ਸਮੀਛਾ: ਸੰ. ਸਮੀਕ੍ਸ਼ਾ ਦੇਖੋ, ਸਮੀਛਨ. ਸੰਗਯਾ- ਵਿਚਾਰਦ੍ਰਿਸ਼੍ਟਿ। ੨. ਰਾਇ. ਸੰਮਤੀ। ੩. ਨਿਰਣਾ,

ਸਮੀਜੈ: ਸ਼ਯਨ ਕਰੀਜੈ। ੨. ਸਮਾਈਜੈ. ਸਮਾ ਜਾਓ. ਮਿਲ ਜਾਓ. "ਨਾਨਕ ਸੁਖ ਸਹਜਿ ਸਮੀਜੈ" (ਰਾਮ ਮਃ ੫) ੩. ਸਮਾਈਦਾ ਹੈ.

ਸਮੀਤਾ: ਵਿ- ਸਮਾਇਆ. ਮਿਲਿਆ। ੨. ਸਿਮਤ, ਖਿੜਿਆ ਹੋਇਆ. ਵਿਕਾਸ ਨੂੰ ਪ੍ਰਾਪਤ ਹੋਇਆ. "ਬੁਝਿ ਸਚੁ ਸਮੀਤਾ." (ਵਾਰ ਗੂਜ ੧. ਮਃ ੩)

ਸਮੀਪ: ਸੰ. ਕ੍ਰਿ. ਵਿ- ਪਾਸ. ਨੇੜੇ. ਕੋਲ.

ਸਮੀਪਤ: ਵਿ- ਅਤਿ ਸਮੀਪ. ਬਹੁਤ ਨੇੜੇ। ੨. ਸੰ. ਸੰਵਯਾਪ੍ਤ. ਸੰਗਯਾ- ਆਕਾਸ਼. "ਮਿਰਤ ਲੋਕ ਪਇਆਲ ਸਮੀਪਤ ਅਸਤਿਰ ਥਾਨ ਜਿਸੁ ਹੈ." (ਮਾਰੂ ਸੋਲਹੇ ਮਃ ੫)

ਸਮੀਰ: ਸੰ. ਸੰਗਯਾ- ਸਮ੍- ਈਰ. ਪਵਨ. ਪੌਣ। ੨. ਦੇਖੋ, ਜੋਧ ਰਾਯ.

ਸਮੀਰਸੁਤ, ਸਮੀਰ ਤਨਯ: ਸੰਗਯਾ- ਸਮੀਰ (ਪੌਣ) ਦਾ ਪੁਤ੍ਰ ਹਨੂਮਾਨ ੨. ਭੀਮਸੇਨ.

ਸਮੀਰ ਦਾ ਕੋਟ: ਦੇਖੋ, ਕੋਟ ਸਮ੍ਹੀਰ.

ਸਮੀਲਾ: ਵਿ- ਸੰਮਿਲਿਤ. ਮਿਲਿਆ ਹੋਇਆ.

ਸਮੁਹ: ਵਿ- ਸੰਮੁਖ (ਸਨਮੁਖ). ਸਾਮ੍ਹਣੇ। ੨. ਮੁਖਤੀਕ. ਮੂੰਹ ਤਾਂਈ. "ਪਾਲਿ ਸਮੁਹਾ ਸਰਵਰ ਭਰਾ." (ਸ. ਕਬੀਰ) ਕਿਨਾਰਿਆਂ ਤੀਕ ਸਰੋਵਰ ਭਰਿਆ ਹੋਇਆ ਹੈ.

ਸਮੁਹਾ: ਦੇਖੋ. ਸਮੁਹ.

ਸਮੁਹਾਇ: ਸੰਮੁਖ- ਆਇ. "ਅਵਰ ਕਵਨ ਸਮੁਹਾਇ ਹੈ?" (ਪਾਰਸਾਵ) ਸਾਮ੍ਹਣੇ ਆਵੇਗਾ.

ਸਮੁਹਾਤ: ਸਨਮੁਖ ਹੁੰਦਾ ਹੈ. ਮੁਕਾਬਲਾ ਕਰਦਾ ਹੈ.

ਸਮੁਹਿ, ਸਮੁਹੇ: ਦੇਖੋ, ਸਮੁਹ.

ਸਮੁਖ: ਵਿ- ਸੰਮੁਖ. ਸਾਮ੍ਹਣੇ. ਮੂੰਹ ਦੇ ਅੱਗੇ. "ਸਮੁਖ ਪਰਾਂਮੁਖ ਕਬਿ ਵਿਚਰੰਤੇ." (ਗੁਪ੍ਰਸੂ)

ਸਮੁਚਾ, ਸਮੁਚੈ, ਸਮੁੱਚਯ: ਸੰ. समुच्चय (ਸਮ੍- ਉਦ੍- ਚਿ) ਸੰਗਯਾ- ਜੋ ਪਦ ਆਪੋ ਵਿੱਚੀ ਮੇਲ ਨਹੀਂ ਰਖਦੇ, ਉਨ੍ਹਾਂ ਦਾ ਇੱਕ ਕ੍ਰਿਯਾ ਨਾਲ ਅਨ੍ਵਯ ਕਰਨਾ. ਜੈਸੇ- ਮੂਰਖ, ਪੰਡਿਤ, ਕਵੀ, ਭੰਡ, ਰਾਜਦਰਬਾਰ ਨੂੰ ਜਾ ਰਹੇ ਹਨ. ਜਾ ਰਹੇ ਹਨ ਇਸ ਕ੍ਰਿਯਾ ਦਾ ਅਨ੍ਵਯ ਸਾਰਿਆਂ ਪਦਾਂ ਨਾਲ ਹੋਇਆ। ੨. ਇੱਕ ਅਰਥਾਲੰਕਾਰ. ਬਹੁਤ ਭਾਵ ਇਕੱਠੇ ਮਨ ਵਿੱਚ ਪੈਦਾ ਹੋਣ, ਇਹ "ਸਮੁੱਚਯ" ਅਲੰਕਾਰ ਦਾ ਰੂਪ ਹੈ.

ਉਦਾਹਰਣ-

ਪੈਂਦੇ ਖ਼ਾਂ ਦੇ ਕੰਠ ਪਰ ਚਲੀ ਗੁਰੂ ਤਲਵਾਰ,

ਸ਼ੋਕ ਕ੍ਰਿਪਾ ਪਛਤਾਉ ਤਬ ਉਦੈ ਭਏ ਇੱਕ ਬਾਰ.

(ਅ) ਇੱਕ ਕਾਰਜ ਨੂੰ ਜੇ ਅਨੇਕ ਮਿਲਕੇ ਸਿੱਧ ਕਰਨ,

ਇਹ ਸਮੁੱਚਯ ਦਾ ਦੂਜਾ ਰੂਪ ਹੈ.

ਉਦਾਹਰਣ-

ਸੁੰਦਰਤਾ ਯੋਵਨ ਔ ਧਨ ਮਿਲ ਪ੍ਰਭੁਤਾ ਸੋਂ.

ਨਹ ਮਨ ਵਿਖੇ ਬਹੁ ਮਦ ਉਪਜਾਤ ਹੈਂ।

ਸਮੁੱਛਤ: ਸੰ. ਸਮੁਚ੍ਛ੍ਰਿਤ- ਸਮੁਛ੍ਰਿਤ. (ਸਮ- ਉਦ੍- ਸ਼ਿ੍) ਵਿ- ਵਧਿਆ ਹੋਇਆ। ੨. ਉੱਚਾ. "ਸਮੁੱਛਤ ਕੈ ਬਹਿਯਾਂ ਗਹਿ." (ਕ੍ਰਿਸਨਾਵ)

ਸਮੁਝੈ: ਸਬੋਧ ਹੁੰਦਾ ਹੈ. ਸਮਝਦਾ ਹੈ. "ਸਾਧੁ ਸੰਗਤਿ ਮਿਲਿ ਸਹਜਿ ਸਮੁਝੈ." (ਭਾਗੁ)

ਸਮੁਦ: ਸੰਗਯਾ- ਸਮ੍- ਉਦ. ਸਾਗਰ. ਸਮੁੰਦਰ। ੨. ਵਿ- ਮੁਦ (ਅਨੰਦ) ਸਹਿਤ. ਖ਼ੁਸ਼.

ਸਮੁੰਦ: ਸਾਗਰ. ਦੇਖੋ, ਸਮੁਦ੍ਰ। ੨. ਵਿ- ਸੀਮਾ (ਹੱਦ) ਵਾਲਾ। ੩ਸੀਮਾ ਪ੍ਰਯੰਤ. ਹੱਦ ਤੀਕ। ੪. ਸੰਗਯਾ- ਖਾਡੀ. ਖ਼ਲੀਜ. "ਆਪਿ ਸਮੁੰਦ ਆਪਿ ਹੈ ਸਾਗਰ." (ਵਾਰ ਬਿਹਾ ਮਃ ੧)

ਸਮੁੰਦ ਸਾਗਰ: ਵਿ- ਸੀਮਾ ਪ੍ਰਯੰਤ ਸਾਗਰ. ਹੱਦ ਤੀਕ ਸਮੁੰਦਰ. "ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ." (ਗਉ ਮਃ ੧)

ਸਮੁੰਦ ਖ਼ਾਂ: ਦੇਖੋ, ਅਬਦੁਲ ਸਮਦਖ਼ਾਨ.

ਸਮੁੰਦਪਾਨ: ਸੰਗਯਾ- ਸਮੁੰਦਰ ਵਿਚੋਂ ਨਿਕਲਿਆ ਪੀਣ ਯੋਗ ਪਦਾਰਥ, ਸ਼ਰਾਬ. ਸੁਰਾ "ਸਮੁੰਦਪਾਨ ਪਾਨਕੈ। ਗਜੀ ਕ੍ਰਿਪਾਣ ਪਾਨਿ ਲੈ." (ਚੰਡੀ ੨)[190]

ਸਮੁਦਰ, ਸਮੁੰਦਰ: ਦੇਖੋ, ਸਮੁਦ੍ਰ। ੨. ਖ਼ਾ. ਦੁੱਧ.

ਸਮੁੰਦਰਾਧਾਰੀ: ਖ਼ਾ ਸਮੁੰਦਰ (ਦੁੱਧ) ਦੇ ਆਧਾਰ ਪੁਰ ਗੁਜਾਰਾ ਕਰਨ ਵਾਲਾ. ਦੂਧਾਧਾਰੀ.

ਸਮੁੰਦਾ: ਦੇਖੋ, ਸਮੰਦ। ੨. ਸ਼੍ਰੀ ਗੁਰੂ ਅਰਜਨਦੇਵ ਜੀ ਦਾ ਇੱਕ ਸਿੱਖ, ਜਿਸ ਨੂੰ ਸਤਿਗੁਰੂ ਨੇ ਸੰਮੁਖ (ਸਨਮੁਖ) ਅਤੇ ਵਿਮੁਖ (ਬੇਮੁਖ) ਨਾ ਲੱਛਣ ਦੱਸਕੇ ਪਰਮਾਰਥ ਉਪਦੇਸ਼ ਕੀਤਾ.

ਸਮੁਦਾਇ, ਸਮੁਦਾਯ: ਸੰ. ਸੰਗਯਾ- ਇਕੱਠ. ਗਰੋਹ। ੨. ਜੰਗ. ਯੁੱਧ। ੩. ਉੱਨਤੀ. ਤਰੱਕੀ.

ਸਮੁੰਦਿ: ਸਮੁੰਦਰ ਵਿੱਚ. "ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ." (ਜਪੁ)

ਸਮੁੰਦੁ ਸਾਗਰੁ: ਦੇਖੋ, ਸਮੁੰਦ ਸਾਗਰ.

ਸਮੁਦ੍ਰ: ਸੰ- ਸੰਗਯਾ- ਸਮੁ- ਉਂਦ. ਜੋ ਚੰਗੀ ਤਰਾਂ ਉਂਦ (ਗਿੱਲਾ) ਕਰੇ, ਸੋ ਸਮੁਦ੍ਰ ਹੈ. ਸਾਗਰ. ਜਲਨਿਧਿ. ਉਦਧਿ. ਸਿੰਧੁ, ਪਯੋਧਿ. ਨੀਰਧਿ. ਰਤਨਾਕਰ. ਇਹ ਉਹ ਜਲ ਦਾ ਪੁੰਜ ਹੈ ਜਿਸ ਨੇ ਸਾਰੀ ਪ੍ਰਿਥਿਵੀ ਦਾ ਤਕਰੀਬਨ ੩/੫ ਵਾਂ ਹਿੱਸਾ ਰੋਕਿਆ ਹੋਇਆ ਹੈ. ਵਿਦ੍ਵਾਨਾਂ ਨੇ ਇਸਦੇ ਪੰਜ ਭਾਗ ਕਲਪ ਲਏ ਹਨ-

(ੳ) ਪਹਿਲਾ ਭਾਗ, ਜੋ ਅਮਰੀਕਾ ਤੋਂ ਯੂਰਪ ਅਤੇ ਅਫਰੀਕਾ ਦੇ ਮੱਧ ਤੀਕ ਫੈਲਿਆ ਹੋਇਆ ਹੈ ਇਸਦੀ ਏਟਲਾਂਟਿਕ[191]

[190] ਕਈ ਖਿਆਲ ਕਰਦੇ ਹਨ ਕਿ ਇਹ ਪਾਠ ਲਿਖਾਰੀ ਦੀ ਭੁੱਲ ਹੋਇਆਹੈ, ਅਸਲ ਪਾਠ ਹੈ-"ਸੁ ਮਦਯਪਾਨ ਪਾਨਕੈ."

[191] ਮਹਾ ਸਾਗਰ.

(Atlantic) ਸੰਗਯਾ ਹੈ.

(ਅ) ਅਮਰੀਕਾ ਅਤੇ ਏਸ਼ੀਆ ਦੇ ਮੱਧ ਦਾ ਸਮੁੰਦਰ ਪੈਸਿਫਿਕ[192] (Pacific) ਸੱਦੀਦਾ ਹੈ.

(ੲ) ਜੋ ਅਫਰੀਕਾ ਤੋਂ ਭਾਰਤ ਅਤੇ ਆਸਟ੍ਰੇਲੀਆ ਤਕ ਵਿਸਤਾਰ ਰਖਦਾ ਹੈ ਉਹ ਇੰਡੀਅਨ ਓਸ਼ਨ (Indian Ocean)[193] ਆਖੀਦਾ ਹੈ.

(ਸ) ਜੋ ਏਸ਼ੀਆ ਯੂਰਪ ਅਤੇ ਅਮਰੀਕਾ ਦੇ ਉੱਤਰ ਅਰ ਉੱਤਰੀ ਧ੍ਰੁਵ ਦੇ ਚਾਰੇ ਪਾਸੇ ਹੈ, ਉਹ ਆਰਕਟਿਕ[194] (Arctic) ਸਮੁੰਦਰ ਹੈ.

(ਹ) ਜੋ ਦੱਖਣੀ ਧ੍ਰੁਵ ਦੇ ਚਾਰੇ ਪਾਸੇ ਹੈ, ਉਹ ਏਂਟਾਰਟਿਕ[195] (Antartic) ਸਾਗਰ ਹੈ.

ਜੇ ਵਿਚਾਰ ਨਾਲ ਵੇਖਿਆ ਜਾਵੇ ਤਾਂ ਦੱਖਣੀ ਅਤੇ ਉੱਤਰ ਦੇ ਹੀ ਸਮੁੰਦਰ ਹਨ, ਬਾਕੀ ਤਿੰਨ ਇਨ੍ਹਾਂ ਦੋਹਾਂ ਵਿੱਚ ਹੀ ਸਮਾਏ ਹੋਏ ਹਨ.

ਸਮੁੰਦਰ ਦੇ ਛੋਟੇ ਛੋਟੇ ਹਿੱਸੇ ਜੋ ਖੁਸ਼ਕੀ ਦੇ ਅੰਦਰ ਚਲੇ ਗਏ ਹਨ ਉਨਾਂ ਦੀ ਖਾਡੀ ਸੰਗਯਾ ਹੈ, ਜਿਵੇਂ ਬੰਗਾਲ ਦੀ ਖਾਡੀ. ਸਮੁੰਦਰ ਦੀ ਡੂੰਘਿਆਈ ਹਰ ਥਾਂ ਇੱਕੋ ਜੇਹੀ ਨਹੀਂ, ਪਰ ਵੱਧ ਤੋਂ ਵੱਧ ਤੀਸ ਹਜਾਰ ਫੁੱਟ ਡੂੰਘਾ ਹੈ. ਸਮੁੰਦਰ ਦੀ ਲਹਿਰਾਂ ਦਾ ਰੁੱਤਾਂ ਉੱਤੇ ਬਹੁਤ ਅਸਰ ਹੁੰਦਾ ਹੈ. ਇਸ ਦਾ ਪਾਣੀ ਭੂਗੋਲ ਦੀ ਅਕ੍ਸ਼ ਅੰਸ਼ਾਂ ਅਨੁਸਾਰ ਕਿਤੇ ਘੱਟ ਤੱਤਾ ਕਿਤੇ ਵੱਧ ਅਤੇ ਕਿਤੇ ਬਹੁਤ ਠੰਢਾ ਹੈ. ਧ੍ਰੁਵਾਂ ਦੇ ਆਸ ਪਾਸ ਦਾ ਸਮੁੰਦਰ ਬਹੁਤ ਹੀ ਠੰਡਾ ਹੈ. ਪਰ ਗੁਣ ਦੇ ਵਿਚਾਰ ਨਾਲ ਹਰ ਥਾਂ ਦਾ ਪਾਣੀ ਇਕੋ ਜੇਹਾ ਹੈ. ਵਿਦ੍ਵਾਨਾਂ ਨੇ ਇਸ ਦੇ ਜਲ ਵਿੱਚ ਉਂਨੀ ਤੱਤ ਵੱਖ ਵੱਖ ਮੰਨੇ ਹਨ, ਜਿਨਾਂ ਵਿੱਚੋਂ ਖਾਰ (ਲੂਣ) ਪ੍ਰਧਾਨ ਹੈ, ਸਮੁੰਦਰ ਦੇ ਪਾਣੀ ਦਾ ਦਾਬ ਹਰ ੩੩ ਫੁਟ ਦੀ ਗਹਿਰਾਈ ਤੇ ੭. ੧/੨ ਸੇਰ ਫੀ ਮੁਰੱਬਾ ਇੰਚ ਦੇ ਹਿਸਾਬ ਵਧਦੀ ਜਾਂਦੀ ਹੈ, ਇਸ ਤਰਾਂ ੧੨੦੦੦ ਫੁੱਟ ਦੀ ਗਹਿਰਾਈ ਤੇ ਪਾਣੀ ਦੀ ਦਾਬ ੭੦ ਮਣ ਫੀ ਮੁਰੱਬਾ ਇੰਚ ਹੈ.

ਸੂਰਜ ਦੀ ਕਿਰਨਾਂ ਦਾ ਪ੍ਰਕਾਸ਼ ਸਮੁੰਦਰ ਦੇ ਪਾਣੀ ਵਿੱਚ ੩੩੦ ਫੁੱਟ ਦੀ ਡੂੰਘ ਤਕ ਚੰਗਾ ਪੈਂਦਾ ਹੈ, ਫੇਰ ਘਟਣ ਲਗਦਾ ਹੈ ਅਰ ੫੫੯੦ ਤੋਂ ਅੱਗੇ ਪੂਰਾ ਅੰਧੇਰਾ ਹੁੰਦਾ ਹੈ.

ਚੰਦ੍ਰਮਾ ਦੇ ਘਟਣ ਵਧਣ ਦਾ ਸਮੁੰਦਰ ਦੇ ਜਲ ਤੇ ਬਹੁਤ ਅਸਰ ਹੁੰਦਾ ਹੈ. ਦੇਖੋ, ਜ੍ਵਾਰਭਾਟਾ.

ਇਸ ਸਮੇਂ ਸਾਗਰਵਿਦਯ (Oceanography) ਵਿੱਚ ਅਪਾਰ ਤਰੱਕੀ ਹੋਈ ਹੈ ਅਤੇ ਅਜਿਹੇ ਯੰਤ੍ਰ ਬਣਾਏ ਗਏ ਹਨ ਜਿਨ੍ਹਾਂ ਤੋਂ ਸਮੁੰਦਰ ਦੀ ਗਹਿਰਾਈ, ਖਾਰ ਦੀ ਅਧਿਕਤਾ, ਤਰੰਗਾਂ ਦੀ ਚਾਲ, ਤਾਪ ਆਦਿਕ ਦਾ ਪੂਰਾ ਗਯਾਨ ਹੁੰਦਾ ਹੈ.

ਪੁਰਾਣਾਂ ਵਿੱਚ ਸਮੁੰਦਰ ਸੱਤ ਲਿਖੇ ਹਨ. ਦੇਖੋ, ਸਪਤ ਸਾਗਰ ਅਤੇ ਇਸ ਦੀ ਉਤਪੱਤੀ ਦਾ ਨਿਰਣਾ ਦੇਖੋ, ਸਗਰ ਸ਼ਬਦ ਵਿੱਚ. "ਖਾਰ ਸਮੁਦ੍ਰ ਢੰਢੋਲੀਐ" (ਮਾਰੂ ਅਃ ਮਃ ੧) ੨. ਸੱਤ ਦੀ ਗਿਣਤੀ ਦਾ ਬੋਧਕ ਕਿਉਂਕਿ ਸਮੁੰਦਰ ਸੱਤ ਮੰਨੇ ਹਨ। ੩. ਨਿਘੰਟੁ ਵਿੱਚ ਸਮੁਦ੍ਰ ਦਾ ਅਰਥ ਆਕਾਸ਼ ਭੀ ਕੀਤਾ ਹੈ।

੪. ਕ੍ਸ਼ਾ- ਦੁੱਧ। ੫. ਵਿ- ਮੁਦ੍ਰਾ (ਮੁਹਰਛਾਪ) ਸਹਿਤ। ੬. ਰੁਪਯੇ ਪੈਸੇ ਵਾਲਾ. ਧਨੀ.

ਸਮੁਦ੍ਰਸੁਤ: ਸੰਗਯਾ- ਚੰਦ੍ਰਮਾ. (ਸਨਾਮਾ)

੨. ਜੇ ਇਸ ਵ੍ਯੁਤਪੱਤਿ ਨੂੰ ਲੈ ਕੇ ਨਾਮ ਥਾਪੀਏ, ਤਦ ਚੌਦਾਂ ਰਤਨ ਅਤੇ ਮੋਤੀ ਮੂੰਗਾ ਆਦਿ ਸਾਰੇ ਸਮੁਦ੍ਰਸੁਤ ਕਹੇ ਜਾ ਸਕਦੇ ਹਨ.

---

[192] ਸ਼ਾਂਤ.

[193] ਭਾਰਤੀਯ ਸਾਗਰ.

[194] ਉੱਤਰੀ ਸਮੁਦ੍ਰ.

[195] ਦੱਖਣੀ ਸਾਗਰ.

ਸਮੁਦ੍ਰਸੁਤ ਧਰ ਚਰ: ਸੰਗਯਾ- ਸਮੁੰਦਰ ਦਾ ਪੁਤ੍ਰ ਚੰਦ੍ਰਮਾ, ਉਸ ਨੂੰ ਧਾਰਨ ਵਾਲਾ ਆਕਾਸ਼. ਉਸ ਵਿੱਚ ਫਿਰਨ ਵਾਲਾ ਤੀਰ. (ਸਨਾਮਾ) ੨. ਪੰਛੀ। ੩. ਬੱਦਲ.

ਸਮੁਦ੍ਰਸੁਤ ਧਰ ਧਰ: ਸੰਗਯਾ- ਚੰਦ੍ਰਧਰ (ਆਕਾਸ਼) ਉਸ ਵਿੱਚ ਇਸਥਿਤ ਹੋਣ ਵਾਲਾ ਤੀਰ. (ਸਨਾਮਾ) ੨. ਚੰਦ੍ਰਧਰ ਸ਼ਿਵ, ਉਸ ਨੂੰ ਧਾਰਨ ਵਾਲਾ ਕੈਲਾਸ.

ਸਮੁਦ੍ਰਫੇਨ: ਸਮੁੰਦਰਝੱਗ.

ਸਮੁਦ੍ਰਬਾਜਿ: ਸੰਗਯਾ- ਦਰਿਆਈ ਘੋੜਾ। ੨. ਉੱਚੈਸ਼੍ਰਵਾ ਸੂਰਜ ਦਾ ਘੋੜਾ, ਜੋ ਸਮੁੰਦਰ ਰਿੜਕਨ ਸਮੇਂ ਨਿਕਲਿਆ ਸੀ. ਦੇਖੋ, ਲੋਹੀਅੰ.

ਸਮੁਦ੍ਰਮੇਖਲਾ: ਪ੍ਰਿਥਿਵੀ, ਜਿਸ ਨੇ ਸਮੁੰਦਰ ਨੂੰ ਤੜਾਗੀ ਬਣਾਇਆ ਹੈ.

ਸਮੁਦ੍ਰਰਿਪੁ: ਦੇਖੋ, ਰਿਪੁਸਮੁਦ੍ਰ.

ਸਮੁਦ੍ਰਿਕ, ਸਮੁਦ੍ਰੀਕ: ਦੇਖੋ, ਸਾਮੁਦ੍ਰਿਕ. "ਪਢਯੋ ਸਮੁਦ੍ਰਿਕ ਮੈ ਬਹੁ ਸੋਧਾ." (ਨਾਪ੍ਰ)

ਸਮੁਧਰਿਆ, ਸਮੁਧਰੇ, ਸਮੁਧਾ: ਸੰ. समुद्धृत. ਸਮੁਧ੍ਰਿਤ. ਸਮ੍- ਉਧ੍ਰਿਤ. ਵਿ- ਚੰਗੀ ਤਰਾਂ ਨਿਰਬੰਧ ਹੋਇਆ. ਮੋਕ੍ਸ਼ ਹੋਇਆ. "ਕੁਲਸੰਬੂਹ ਸਮੁਧਰੇ." (ਸਵੈਯੇ ਮਃ ੩. ਕੇ) ੨. ਉੱਚਾ ਕੀਤਾ ਗਿਆ. ਉੱਚ ਪਦਵੀ ਨੂੰ ਪਹੁਚਿਆ. "ਸ਼ਿਵ ਸਨਕਾਦਿ ਸਮੁਧਰਿਆ." (ਸਵੈਯੇ ਮਃ ੩. ਕੇ) "ਸਾਧ ਸੰਗਤਿ ਮਿਲਿ ਮਹਾਂ ਅਸਾਧ ਸਮੁਧਾ." (ਭਾਗੁ)

ਸਮੁਧ੍ਰਿਤ: ਦੇਖੋ, ਸਮੁਧਰਿਆ.

ਸਮੁੰਨਤਿ: ਸੰ. समुन्नति. ਸੰਗਯਾ- ਤਰੱਕੀ। ੨. ਉੱਚਤਾ.

ਸਮੁਲਵੈ: ਸੰਲਾਪ (ਕਥਨ) ਕਰਦਾ ਹੈ. ਉੱਚਾਰਣ ਕਰਦਾ ਹੈ. "ਹਰਿ ਪਰਸਿਓ ਕਲ ਸਮੁਲਵੈ." (ਸਵੈਯੇ ਮਃ ੨. ਕੇ)

ਸਮੁਲੇ: ਉੱਲਾਸ (ਉਮੰਗ) ਸਹਿਤ ਹੋਏ. "ਸਮੁਲੇ ਸੂਰ ਅਹੁਰੇ ਜੰਗ." (ਰਾਮਾਵ) ਦੇਖੋ, ਸਮੁੱਲਾਸ.

ਸਮੁੱਲਾਸ: ਸੰ. समुल्लास ਸਮ੍- ਉੱਲਾਸ. ਸੰਗਯਾ- ਅਤਯੰਤ ਆਨੰਦ. ਪੂਰੀ ਪ੍ਰਸੰਨਤਾ। ੨. ਚਿੱਤ ਦੀ ਉਮੰਗ.

ਸਮੂਹ: ਸੰ. ਸਮ੍- ਊਹ. ਸੰਗਯਾ- ਸਮੁਦਾਯ. ਗਰੋਹ। ੨. ਕ੍ਰਿ. ਵਿ- ਬਿਲਕੁਲ. ਪੂਰਣ ਰੀਤਿ ਨਾਲ. "ਮਾਈ ਰੀ, ਮਾਤੀ ਚਰਣ ਸਮੂਹ." (ਸਾਰ ਮਃ ੫) ਦੇਖੋ, ਸਬੂਹ ੨। ੩. ਉੱਤਮ ਕਲਪਨਾ.

ਸਮੂਚਾ: ਦੇਖੋ, ਸਮੁੱਚਯ.

ਸਮੂਰ: ਫ਼ਾ. سموٗر ਇੱਕ ਪ੍ਰਕਾਰ ਦੀ ਲੂੰਬੜੀ, ਜਿਸ ਦੀ ਖੱਲ ਦੀ ਪੋਸ਼ਾਕ ਅਮੀਰ ਪਹਿਨਦੇ ਹਨ. Sable । ੨. ਸੰ समूर ਮ੍ਰਿਗ ਦੀ ਖਲੜੀ, ਜਿਸ ਉੱਪਰ ਵਿਦਯਾਰਥੀ ਨੂੰ ਬੈਠਕੇ ਵੇਦ ਪੜ੍ਹਨਾ ਚਾਹੀਏ.

ਸਮੂਰਤੁ: ਸੰਗਯਾ- ਸੁ- ਮਹੂਰਤ. ਸ਼ੁਭ ਵੇਲਾ. "ਭਲੋ ਸਮੂਰਤੁ ਪੂਰਾ." (ਸੋਰ ਮਃ ੫) ੨. ਵਿ- ਸੁੰਦਰ ਮੂਰਤਿ ਵਾਲਾ। ੩. ਮੂਰਤਿ ਸਹਿਤ. ਸਾਕਾਰ.

ਸਮੇਉ, ਸਮੇਇ: ਸੰਗਯਾ- ਲੀਨਤਾ. ਮਿਲਾਪ. ਦੇਖੋ, ਸਮਾਉਣਾ. "ਗਰਬ ਨਿਵਾਰਿ ਸਮੇਉ." (ਸ੍ਰੀ ਮਃ ੧) "ਸੇਵਾ ਸੁਰਤਿ ਸਮੇਇ." (ਮਲਾ ਮਃ ੩) ੨. ਵਿ- ਸਮਾਉਣ ਯੋਗ੍ਯ.

ਸਮੇਹ: ਵਿ- ਵਰਖਾ ਸਹਿਤ। ੨. ਮੇਘ ਸਹਿਤ। ੩. ਸੰਗਯਾ- ਸਮਾਨ ਮੂੰਹ (ਮੁਖ). ਨੁਹਾਰ. ਮੁਤ਼ੰਗਾ. ਸ਼ਕਲ. "ਗਿਰਗਟ ਹੀ ਕੇ ਰੰਗ ਕਮਲ ਸਮੇਹ ਬਹੁ." (ਭਾਗੁ ਕ) ਗੁਲਾਬੀ ਕਮਲਾਂ ਦੇ ਰੰਗ ਜੇਹਾ ਕਿਰਲੇ ਦਾ ਭੀ ਰੰਗ ਹੋਇਆ ਕਰਦਾ ਹੈ.

**ਸਮੇਕ:** ਵਿ- ਸਮ ਏਕ. ਇੱਕ ਦੇ ਸਮਾਨ। ੨. ਦੇਖੋ, ਸਮਯਕ.

**ਸਮੇਜ:** ਵਿ- ਆਮੇਜ਼ਿਸ਼ ਸਹਿਤ. ਮਿਸ਼੍ਰਿਤ. ਮਿਲਿਆ ਹੋਇਆ. ਸਮੇਤ. "ਮਾਤ ਉਣਾਯੋ ਪ੍ਰੇਮ ਸਮੇਜ." (ਗੁਵਿ ੬)

**ਸਮੇਟਣਾ, ਸਮੇਟਨ:** ਕ੍ਰਿ- ਇਕੱਠਾ ਕਰਨਾ. ਖਿੰਡੀ ਹੋਈ ਵਸਤੁ ਨੂੰ ਇੱਕ ਥਾਂ ਕਰਨਾ. "ਲਾਇ ਧਿਆਨ ਦ੍ਰਿਸਟਿ ਸਮੇਟਿਆ." (ਵਾਰ ਗੂਜ ੨. ਮਃ ੫)

**ਸਮੇਤ:** ਵਜ- ਸਹਿਤ. ਸਾਥ. ਮਿਲਿਆ ਹੋਇਆ.

**ਸਮੇਵ:** ਵਿ- ਸੰਮਿਲਿਤ. ਸਮਾਇਆ ਹੋਇਆ. "ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ." (ਸਹਸ ਮਃ ੫) ਪ੍ਰੇਮ ਵਿੱਚ ਮਸ੍ਤ ਹੋਏ ਚਰਣਾਂ ਵਿੱਚ ਸਮਾ ਗਏ ਹਨ. "ਸ੍ਰੀ ਗੁਰੁਦੇਵ ਸਮੇਵ ਸੁ ਸੰਗਤ." (ਭਾਗੁ ਕ) ੨. ਕ੍ਰਿ. ਵਿ- ਸ੍ਵਯਮੇਵ. ਆਪ ਹੀ. ਖ਼ੁਦ.

**ਸਮੈ:** ਸੰਗਯਾ- ਸਮਯ (ਸਮਾ) ਵੇਲਾ. "ਏਕ ਸਮੈ ਮੋਕਉ ਗਹਿ ਬਾਂਧੈ." (ਸਾਰ ਨਾਮਦੇਵ) ੨. ਸ਼ਯਨ ਕਰਦਾ ਹੈ. ਸਵੈਂ. ਸੌਂਦਾ ਹੈ. "ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ." (ਸਵਾ ਮਃ ੪)

**ਸਮੈਸਰ, ਸਮੈਸਰਿ:** ਵੇਲੇ ਸਿਰ। ੨. ਦੇਖੋ, ਸਮਸਰ. "ਦ੍ਰਿਸਟਿ ਸਮੈਸਰਿ." (ਰਾਮ ਅਃ ਮਃ ੧)

**ਸਮੋਇ, ਸਮੋਈ:** ਦੇਖੋ, ਸਮਾਉਣਾ ਅਤੇ ਸਮੋਣਾ. "ਗੁਰੁ ਮਹਿ ਆਪੁ ਸਮੋਇ ਸਬਦ ਵਰਤਾਇਆ." (ਵਾਰ ਮਲਾ ਮਃ ੧) "ਘਟਿ ਘਟਿ ਜੋਤਿ ਸਮੋਈ." (ਸੋਰ ਮਃ ੧)

**ਸਮੋਗੀ:** ਸਮਾ ਗਿਆ. "ਰਾਮਦਾਸ ਗੁਰੁ ਅਮਰ ਸਮੋਗੀ." (ਭਾਗੁ)

**ਸਮੋਣਾ:** ਦੇਖੋ, ਸਮਾਉਣਾ। ੨. ਕ੍ਰਿ- ਮਿਲਾਉਣਾ। ੩. ਸਮ- ਉਸ਼੍ਣ ਕਰਨਾ. ਠੰਡੇ ਤੱਤੇ ਨੂੰ ਮਿਲਾਕੇ, ਠੰਢਾ ਤੱਤਾ ਸਮਾਨ ਕਰਨਾ.

**ਸਮੋਧ:** ਸੰਗਯਾ- ਸੰਬੋਧ. ਸੰਮਯਕ ਗ੍ਯਾਨ. "ਸਕੈ ਨ ਸਮੋਧ ਮਨ ਤ੍ਰਿਸਨਾ ਨ ਮਾਰੀ ਹੈ." (ਭਾਗੁ ਕ) ੨. ਵਿ- ਸਬੋਧ. ਗਿਆਨ ਸਹਿਤ.

**ਸਮੌਹੈਂ:** ਕ੍ਰਿ. ਵਿ- ਸਾਮ੍ਹਣੇ. ਅੱਗੇ. ਸੰਮੁਖ. "ਸਰਬ ਦਾਨੋ ਸਮੌਹੈਂ ਸਿਧ ਯੇ." (ਮਾਂਧਾਤਾ)

**ਸਮੰ:** ਦੇਖੋ, ਸਮ। ੨. ਦੇਖੋ, ਸਮੰਜੀਐ.

**ਸਮੰਜਸ:** ਸੰ. समञ्जस्. ਵਿ- ਸੰ- ਅੰਜ. ਜੋ ਚੰਗੀ ਤਰਾਂ ਅੰਜ (ਯੋਗ) ਹੋਵੇ. ਉਚਿਤ. ਮੁਨਾਸਿਬ. ਠੀਕ.

**ਸਮੰਜੀਐ:** ਦੇਖੋ, ਮੰਜੀਐ। ੨. ਸਮੰ- ਜੀਐ. "ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰ ਜੀਐ." (ਵਾਰ ਜੈਤ) ਨਾਰਕੀ ਸਮਾਨ ਜੀਵਨ ਹੈ.

**ਸਮੰਤ:** ਸੰ. ਸਮਯਕ ਅੰਤ. ਜਿਸ ਦਾ ਪਾਸਾ (ਕਿਨਾਰਾ) ਅੱਛਾ ਹੋਵੇ. ਪੜੋਸ। ੨. ਹੱਦ. ਸੀਮਾ। ੩. ਕ੍ਰਿ. ਵਿ- ਚੁਫੇਰੇ. ਚਾਰੋਂ ਓਰ। ੪. ਨੇੜੇ. ਪਾਸ। ੫. ਦੇਖੋ, ਸਾਮੰਤ.

**ਸਮੰਦ:** ਫ਼ਾ. سمند ਸੰਗਯਾ- ਮਲਾਈ ਰੰਗਾ ਘੋੜਾ.

**ਸਮ੍ਹਾ:** ਦੇਖੋ, ਸਮਾਯ ੨।

**ਸੱਮੁਲਫਾਰ:** ਦੇਖੋ, ਸੰਖੀਆ.

**ਸਮ੍ਰਥ:** ਦੇਖੋ, ਸਮਰਥ. "ਤੂੰ ਸਮ੍ਰਥ ਪੁਰਖੁ ਮਿਹਰਵਾਨੁ." (ਧਨਾ ਮਃ ੫) "ਹੇ ਸਮਰਥ ਅਗਮ ਪੂਰਨ." (ਮਲਾ ਮਃ ੫. ਪੜਤਾਲ)

ਸਮ੍ਰਾਜ, ਸਮ੍ਰਾਟ: ਸੰ. ਸਮਜਕ- ਰਾਜਤੇ. ਮਹਾਰਾਜਾਧਿਰਾਜ. ਸ਼ਾਹਨਸ਼ਾਹ. ਜਿਸ ਦੀ ਆਗਜਾ ਨਾਲ ਰਾਜੇ ਕੰਮ ਕਰਨ, ਚਕ੍ਰਵਰਤੀ ਰਾਜਾ.

ਸਮ੍ਰਿੱਧ: ਸੰ. समृद्ध ਵਿ- (सम्- ऋद्ध) ਰਿੱਧ ਵਾਲਾ. ਵਡੀ ਵਿਭੂਤੀ ਵਾਲਾ. "ਸਮ੍ਰਿੱਧ ਬੈਨ ਰਾਖੀਐ." (ਬ੍ਰਹਮਾਵ)

ਸਮ੍ਰਿੱਧਿ: ਸੰ. समृद्धि ਸੰਗਜਾ- ਵਡੀ ਵਿਭੂਤੀ. ਸੰਪਦਾ. "ਸਮ੍ਰਿੱਧਿਵਾਨ ਹਨਐ ਜੋਈ." (ਨਾਪ੍ਰ)

ਸਮ੍ਰਿੱਧੁ: ਦੇਖੋ, ਸਮ੍ਰਿੱਧ.

ਸਮਜ: ਦੇਖੋ, ਸਮਾਜ.

ਸਮਜਕ: ਦੇਖੋ, ਸਮਕ.

ਸਮਜਤਾ: ਦੇਖੋ, ਸਾਮਜਤਾ.

ਸਯ: ਸੰਗਜਾ- ਸੌ. ਸੈਂਕੜਾ. "ਸਯ ਸਹਸ ਸਮਪਹਿ." (ਸਵੈਯੇ ਮਃ ੩. ਕੇ) ਲੱਖਾਂ ਪਦਾਰਥ ਅਰਪਦੇ ਹਨ। ੨. ਅ. شے ਸ਼ਯ. ਵਸਤੁ. ਚੀਜ਼। ੩. ਸੰ. शय ਵਿਸ਼੍ਰਾਮ. ਇਸਥਿਤੀ। ੪. ਸੌਣਾ। ੫. ਮਨ.

ਸ਼ਯਨ: ਸੰ. ਸੰਗਜਾ- ਸੇਜਾ। ੨. ਸੌਣਾ.

ਸ਼ਯਨ ਏਕਾਦਸ਼ੀ: ਸੰ. शयनैकादशी ਹਾੜ ਸੁਦੀ ੧੧. ਹਿੰਦੂਮਤ ਅਨੁਸਾਰ ਵਿਸ਼ਨੁ ਭਗਵਾਨ ਇਸ ਦਿਨ ਤੋਂ ਸੋਣਾ ਆਰੰਭ ਕਰਦੇ ਹਨ. ਦੇਖੋ, ਦੇਵੋਥਾੱਨ ਏਕਾਦਸ਼ੀ.

ਸਯਾਸਤ: ਦੇਖੋ, ਸਿਆਸਤ.

ਸਯਾਨ: ਦੇਖੋ, ਸੈਆਨ.

ਸਯਾਮ: ਦੇਖੋ, ਸਜਾਮ.

ਸਯਾਰ: ਸੰਗਜਾ- ਸ੍ਰਿਗਾਲ. ਗਿੱਦੜ। ੨. ਅ. سیّار ਸੱਯਾਰ. ਸੈਰ ਕਰਨ ਵਾਲਾ। ੩. ਉਹ ਤਾਰਾ ਜੋ ਗਰਦਿਸ਼ ਕਰੇ.

ਸਯਾਲ: ਸੰਗਜਾ- ਦੇਖੋ, ਸੀਆਲ। ੨. ਦੇਖੋ, ਸਯਾਰ। ੩. ਝੰਗ ਦੇ ਜਿਲੇ ਇੱਕ ਮੁਸਲਮਾਨਾਂ ਦੀ ਪ੍ਰਸਿੱਧ ਜਾਤੀ, ਜੋ ਪਨਵਾਰ ਰਾਜਪੂਤਾਂ ਵਿੱਚੋਂ ਨਿਕਲੀ ਹੈ. ਹੀਰ ਦਾ ਪ੍ਰੇਮੀ ਰਾਂਝਾ ਇਸੇ ਜਾਤਿ ਦਾ ਸੀ. "ਜੁਨ ਸਯਾਲ ਜਾਟ ਕੀ ਧਰੋ." (ਚਰਿਤ੍ਰ ੯੮)

ਸਯੰਕਾਲ: ਦੇਖੋ, ਸਾਯੰਕਾਲ. "ਤੁਹੀ ਪੀਤ ਬਾਨਾ ਸਜੰਕਾਲ ਧਾਰਜੋ." (ਚਰਿਤ੍ਰ ੧)

ਸਯੰਦਨ: ਦੇਖੋ, ਸਜੰਦਨ.

ਸਯੰਦਰੀ: ਦੇਖੋ, ਸੈਰੰਧ੍ਰੀ.

ਸੱਯਦ: ਦੇਖੋ, ਸੈਯਦ.

ਸ਼ੱਯਾ: ਸੰ. शय्या ਸੰਗਜਾ- ਜਿਸ ਉਤੇ ਸ਼ਯਨ ਕਰੀਏ. ਸੇਜਾ. ਪਲੰਘ.

ਸੱਯਾਦ: ਦੇਖੋ, ਸਈਆਦ.

ਸਰ: ਸੰ. सरस ਸੰਗਜਾ- ਤਾਲ. "ਸਰ ਭਰਿ ਥਲ ਹਰੀਆਵਲੇ." (ਸ੍ਰੀ ਅਃ ਮਃ ੧) "ਨਉ ਸਰ ਸੁਭਰ ਦਸਵੈਂ ਪੂਰੇ." (ਸਿਧਗੋਸਟਿ) ਇਸ ਥਾਂ ਸਰ ਦਾ ਅਰਥ ਇੰਦ੍ਰੀਆਂ ਹਨ। ੨. ਜਲ. "ਭਾਣੈ ਥਲ ਸਿਰਿ ਸਰ ਵਹੈ." (ਸੂਹੀ ਮਃ ੧. ਸੁਚਜੀ) ਟਿੱਬੇ ਉੱਪਰ ਪਾਨੀ ਵਹੈ। ੩. शर. ਸ਼ਰ. ਤੀਰ. ਬਾਣ. "ਸਰ ਸੰਧੈ ਆਗਾਸ ਕਉ." (ਵਾਰ ਮਾਝ ਮਃ ੨) ੪. ਕਾਨਾ. ਸਰਕੁੜੇ

ਦਾ ਕਾਨਾ. "ਆਪੇ ਧਨੁਖ ਆਪੇ ਸਰ ਬਾਣਾ." (ਮਾਰੂ ਸੋਲਹੇ ਮਃ ੧) ਆਪੇ ਕਾਨਾ ਹੈ ਆਪੇ ਲੋਹੇ ਦੀ ਮੁਖੀ। ੫. ਪੰਜ ਸੰਖ੍ਯਾ ਬੋਧਕ ਸ਼ਬਦ, ਕਿਉਂਕਿ ਕਾਮ ਦੇ ਪੰਜ ਬਾਣ ਮੰਨੇ ਹਨ। ੬. ਦੁੱਧ ਦੀ ਮਲਾਈ। ੭. ਖਸ. ਉਸ਼ੀਰ। ੮. ਪ੍ਰਾ. ਯੋਗ੍ਯ ਸਮਾ. ਮੁਨਾਸਿਬ ਵੇਲਾ. "ਸਰ ਅਪਸਰ ਕੀ ਸਾਰ ਨ ਜਾਣਹਿ." (ਸੋਰ ਮਃ ੧) ੯. ਤੁੱਲ. ਬਰਾਬਰ. "ਨਾਮੇ ਸਰ ਭਰਿ ਸੋਨਾ ਲੇਹੁ." (ਭੈਰ ਨਾਮਦੇਵ) ੧੦. ਸਮੁੰਦਰ. ਸਾਗਰ। ੧੧. ਸ੍ਵਾਸ. ਸੁਰ. ਦਮ. "ਆਵਤ ਜਾਤ ਨਾਕ ਸਰ ਹੋਈ." (ਗੌਂਡ ਕਬੀਰ) ਨਾਕਦਮ ਹੋਈ। ੧੨. ਫ਼ਾ. سر ਸਿਰ. ਸੀਸ. "ਮਮ ਸਰ ਮੂਇ ਅਜਰਾਈਲ ਗਿਰਿਫਤਹ." (ਤਿਲੰ ਮਃ ੧) "ਨ ਅਕਲ ਸਰ." (ਵਾਰ ਸਾਰ ਮਃ ੧) ੧੩. ਫਤੇ. ਜਿੱਤ. "ਦੇਸ ਸਰਬ ਸਰ ਕੀਨੋ." (ਗੁਪ੍ਰਸੂ) ੧੪. ਸਰਦਾਰ। ੧੫. ਅ਼. شر ਸ਼ੱਰ. ਬਦੀ. ਬੁਰਾਈ। ੧੬. ਡਿੰਗ. ਸਰ. ਦੁੱਧ.

ਸਰ ਅਪਸਰ: ਦੇਖੋ, ਸਰ ਅਤੇ ਅਪਸਰ.

ਸਰਅਰਿ: ਸੰਗ੍ਯਾ- ਅਰਧਚੰਦ੍ਰ ਬਾਣ. (ਸਨਾਮਾ) ਅਰਧਚੰਦ੍ਰ, ਤੀਰ, ਜੋ ਵੈਰੀ ਦੇ ਚਲਾਏ ਤੀਰ ਨੂੰ ਕੱਟ ਦਿੰਦਾ ਹੈ। ੨. ਖੜਗ. (ਸਨਾਮਾ)

ਸ਼ਰਈ: ਦੇਖੋ, ਸ਼ਰਯੀ। ੨. ਸਰਦਾ. ਪੂਰਾ ਹੁੰਦਾ. ਦੇਖੋ, ਸਰਣਾ.

ਸਰਸ: ਸੰ. ਵਿ- ਰਸ (ਜਲ) ਸਹਿਤ. ਸਜਲ। ੨. ਕਾਵ੍ਯ ਦੇ ਨੌ ਰਸਾਂ ਸਹਿਤ। ੩. ਰਸਨਾ ਕਰਕੇ ਗ੍ਰਹਣ ਯੋਗ੍ਯ ਛੀ ਰਸਾਂ ਸਹਿਤ। ੪. ਆਨੰਦ ਸਹਿਤ. ਆਨੰਦ ਦਾਇਕ. "ਰੁਤ ਆਈਲੇ ਸਰਸ ਬਸੰਤ ਮਾਹ." (ਬਸੰ ਮਃ ੧) ੫. ਸੰ. सदृश ਸਦ੍ਰਿਸ਼. ਤੁੱਲ. ਜੇਹਾ. "ਆਪਨ ਸਰਸ ਕੀਅਉ ਨ ਜਗਤ ਕੋਈ." (ਸਵੈਯੇ ਮਃ ੪. ਕੇ) ੬. ਸੰ. सहर्ष. ਸਹਰ੍ਸ਼. ਖ਼ੁਸ਼. ਪ੍ਰਸੰਨ. "ਸਿਖ ਸੰਤ ਸਭਿ ਸਰਸੇ ਹੋਏ." (ਸੋਰ ਮਃ ੫) ੭. ਪ੍ਰਾ. ਅਧਿਕ. ਜਾਦਾ. ਬਹੁਤ.

ਸਰਸਉ: ਦੇਖੋ, ਸਰਸ। ੨. ਸੰਗ੍ਯਾ- ਸਰਸੋਂ. ਦੇਖੋ, ਸਰਸਪ. "ਕਾਚੀ ਸਰਸਉ ਪੇਲਿਕੈ." (ਸ. ਕਬੀਰ)

ਸਰਸਅੜਾ: ਵਿ- ਸਹਰ੍ਸ਼ ਹੋਇਆ. ਪ੍ਰਸੰਨ ਹੋਇਆ. ਦੇਖੋ, ਸਰਸ.

ਸਰਸਨ: ਦੇਖੋ, ਸਰਸ ੬. ਪ੍ਰਫੁੱਲਿਤ ਹੋਣਾ. ਸਰਸ ਹੋਣਾ. ਆਨੰਦ ਨਾਲ ਫੁੱਲਣਾ. "ਦਰਸਨ ਪਰਸਨ ਸਰਸਨ ਹਰਸਨ." (ਆਸਾ ਮਃ ੫)

ਸਰਸਪ: ਸੰ. ਸਸ਼ੱਪ. ਸੰਗ੍ਯਾ- ਸਰ੍ਹੋਂ. ਸਰਸੋਂ. ਦੇਖੋ, ਫ਼ਾ. سرشف ਸਰਸ਼ਫ਼.

ਸਰਸਵ: ਦੇਖੋ, ਸਰਸਪ. "ਤਾਂ ਮਹਿਂ ਡਾਰ ਸਰਸਵਹਿਂ ਦਯੋ." (ਚਰਿਤ੍ਰ ੯੫)

ਸਰਸਾ: ਜਿਲਾ ਹਿਸਾਰ ਵਿੱਚ ਸਾਰਸ ਰਾਜਪੂਤ ਦਾ ਈਸਵੀ ਛੀਵੀਂ ਸਦੀ ਵਿੱਚ ਵਸਾਇਆ ਨਗਰ, ਜਿਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਪੀਰਾਂ ਦੇ ਮਕਾਨ ਪਾਸ ਗੁਰੁਦ੍ਵਾਰਾ ਹੈ, ਅਤੇ ਦਸ਼ਮੇਸ਼ ਜੀ ਦਾ ਇੱਕ ਪ੍ਰਸਿੱਧ ਅਸਥਾਨ ਹੈ, ਜਿੱਥੇ ਮਾਲਵੇ ਤੋਂ ਦੱਖਣ ਨੂੰ ਜਾਂਦੇ ਵਿਰਾਜੇ ਹਨ. ਨਾਭਾਪਤੀ ਮਹਾਰਾਜਾ ਸਰ ਹੀਰਾ ਸਿੰਘ ਸਾਹਿਬ ਨੇ ਬਹੁਤ ਰੁਪਯਾ ਲਗਾਕੇ ਇਸ ਥਾਂ ਸੁੰਦਰ ਮੰਦਿਰ ਬਣਵਾਇਆ ਹੈ. ਗੁਰੁਦ੍ਵਾਰੇ ਨੂੰ ੩੨੫) ਰੁਪਯੇ ਪਟਿਆਲੇ ਤੋਂ ਅਤੇ ੨੬) ਰੁਪਯੇ ਨਾਭੇ ਤੋਂ ਸਾਲਾਨਾ ਮਿਲਦੇ ਹਨ. ਕਈ ਪਿੰਡਾਂ ਵਿੱਚ ਪ੍ਰੇਮੀਆਂ ਦੀ ਅਰਪਨ ਕੀਤੀ ਬਾਰਾਨੀ ਜ਼ਮੀਨ ਭੀ ਹੈ. ਸਰਸਾ ਬੰਬੇ ਬਰੋਦਾ ਸੇਂਟ੍ਰਲ ਇੰਡੀਆ ਰੇਵਲੇ ਦਾ ਸਟੇਸ਼ਨ ਹੈ। ੨. ਇੱਕ ਪਾਣੀ ਦਾ ਨਾਲਾ, ਜੋ ਆਨੰਦਪੁਰ ਅਤੇ ਚਮਕੌਰ ਦੇ ਵਿੱਚ ਹੈ. ਜਦ ਦਸ਼ਮੇਸ਼ ਆਨੰਦਪੁਰ ਛੱਡਕੇ ਚਮਕੌਰ ਨੂੰ ਗਏ ਹਨ, ਤਦ ਇਸ ਨਾਲੇ ਵਿੱਚ ਬਹੁਤ ਸਿੱਖ ਰੁੜ ਗਏ ਅਤੇ ਜੰਗ ਦਾ ਬਹੁਤ ਸਾਮਾਨ ਵਹਿ ਗਿਆ. ਸਿੱਖਾਂ ਵਿੱਚ ਇਸ ਦਾ ਨਾਉਂ "ਗੁਰੁਮਾਰਿਆ" ਪ੍ਰਸਿੱਧ ਹੈ.

ਸਰਸਾਈ: ਸੰਗ੍ਯਾ- ਅਧਿਕਤਾ. ਜ਼ਿਆਦਤੀ। ੨. ਪ੍ਰਸੰਨਤਾ. ਖ਼ੁਸ਼ੀ.

ਸਰ ਸਾਸਤ੍ਰ: ਸੰਗ੍ਯਾ- ਧਨੁਰਵੇਦ. ਦੇਖੋ, ਗੰਤਾ ੨.

ਸਰਸਾਹੀ: ਸੰਗ੍ਯਾ- ਇੱਕ ਤੋਲ, ਜੋ ਦੋ ਤੋਲੇ ਅਥਵਾ ਸੇਰ ਕੱਚੇ ਦਾ ਸੋਲਵਾਂ ਹਿੱਸਾ ਹੈ। ੨. ਪ੍ਰਿਥਿਵੀ ਦਾ ਇੱਕ ਮਾਪ, ਜੋ ਮਰਲੇ

ਦਾ ਨੌਵਾਂ ਹਿੱਸਾ ਹੈ.[196] ਦੇਖੋ, ਮਿਣਤੀ.

ਸਰਸਾਮ: ਫ਼ਾ. سرسام ਸਰ (ਸਿਰ) ਅੰਦਰ ਸਾਮ (ਸੋਜ) ਦਾ ਹੋਣਾ. ਦਿਮਾਗ ਵਿੱਚ ਵਰਮ ਦਾ ਹੋਣਾ. ਇਸ ਰੋਗ ਦਾ ਨਿਰਣਾ ਦੇਖੋ, ਸੰਨਿਪਾਤ ਸ਼ਬਦ ਵਿੱਚ.

ਸਰਸ਼ਾਰ: ਫ਼ਾ. سرشار ਵਿ- ਨਸ਼ੇ ਵਿੱਚ ਮਸ੍ਤ. ਮਖ਼ਮੂਰ। ੨. ਡੁੱਬਿਆ ਹੋਇਆ. ਮਗਨ.

ਸਰਸਿਅੜਾ, ਸਰਸਿਆ: ਵਿ- ਸਹਰ੍ਸ਼ (ਪ੍ਰਸੰਨ) ਹੋਇਆ. ਖ਼ੁਸ਼ ਹੋਇਆ. "ਸਰਸਿਅੜੇ ਮੇਰੇ ਭਾਈ ਸਭ ਮੀਤਾ." (ਆਸਾ ਛੰਤ ਮਃ ੫)

ਸਰਸਿਜ: ਸੰਗਯਾ- ਕਮਲ, ਜੋ ਤਾਲ ਵਿੱਚ ਪੈਦਾ ਹੁੰਦਾ ਹੈ.

ਸਰਸਿਜ ਸੁਤ: ਕਮਲ ਦਾ ਪੁਤ੍ਰ ਬ੍ਰਹਮਾ.

ਸਰਸੀ: ਦੇਖੋ, ਸਰਣਾ. ਪੂਰਾ ਹੋਵੇਗਾ. "ਮਨ ਸਰਸੀ ਕਾਜ." (ਬਸੰ ਕਬੀਰ) ੨. ਸਰਸ (ਜਾਦਾ) ਹੋਈ। ੩. ਸਹਰ੍ਸ਼ (ਪ੍ਰਸੰਨ) ਹੋਈ। ੪. ਸੰਗਯਾ- ਇੱਕ ਛੰਦ. ਇਸ ਦਾ ਨਾਉਂ ਬਾਵਾ ਸੁਮੇਰ ਸਿੰਘ ਜੀ ਨੇ "ਗੁਰੁਪਦ ਪਰੇਮ ਪ੍ਰਕਾਸ਼" ਵਿੱਚ "ਸੁਥਰਾ" ਲਿਖਿਆ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੭ ਮਾਤ੍ਰਾ, ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੧. ਮਾਤ੍ਰਾ ਤੇ ਅੰਤ ਗੁਰੁ ਲਘੁ.

ਉਦਾਹਰਣ-

ਏਕਾ ਮਾਈ ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ,

ਇਕੁ ਸੰਸਾਰੀ ਇਕੁ ਭੰਡਾਰੀ, ਇਕੁ ਲਾਏ ਦੀਬਾਣੁ.

(ਜਪੁ)

ਪਰਦਾਰਾ ਪਰਧਨ ਪਰਲੋਭਾ, ਹਉਮੈ ਬਿਖੈ ਬਿਕਾਰ,

ਦੁਸਟਭਾਉ ਤਜ ਨਿੰਦ ਪਰਾਈ, ਕਾਮ ਕ੍ਰੋਧ ਚੰਡਾਰ.

(ਮਲਾ ਮਃ ੧)

(ਅ) ਵਰਣਿਕ ਸਰਸੀ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਨ, ਜ, ਭ, ਜ, ਜ, ਜ, ਰ. III, ISI, SII, ISI, ISI, ISI, SI S. ਗਿਆਰਾਂ ਅਤੇ ਦਸ ਅੱਖਰਾਂ ਤੇ ਵਿਸ਼੍ਰਾਮ. ਇਸ ਦਾ ਨਾਉਂ "ਪੰਚਕਾਵਲੀ" ਭੀ ਹੈ.

ਉਦਾਹਰਣ-

ਸਿਮਰਤ ਪ੍ਰੇਮ ਸੇ ਗੁਰੁ ਗਿਰਾ, ਰਹਤੇ ਜਗ ਮੇ ਸਦਾ ਸੁਖੀ, ਕਰਤ ਬਿਹਾਰ ਕਾਰ ਜਗਕੇ, ਨਹਿ ਹੋਵਤ ਸੋ ਕਦਾ ਦੁਖੀ, ੫. ਸਹਿਤ ਰਸ ਦੇ ਹੋਈ. ਰਸ ਵਾਲੀ ਹੋਈ। ੬. ਸੰ. ਤਾਲ. ਜਲ ਦਾ ਭਰਿਆ ਸਰ. "ਜੋ ਭਵ ਭੂਰਿ ਭਰਾ ਸਰਸੀ." (ਨਾਪ੍ਰ)

ਸਰਸੀਰੁਹ: ਸੰ. ਸੰਗਯਾ- ਤਾਲ ਵਿੱਚ ਉੱਗਣ ਵਾਲਾ, ਕਮਲ.

ਸਰਸੁਤੀ: ਦੇਖੋ, ਸਰਸ੍ਵਤੀ. "ਗੰਗਾ ਜਮਨਾ ਗੋਦਾਵਰੀ ਸਰਸੁਤੀ, ਤੇ ਕਰਹਿ ਉਦਮ ਧੂਰਿ ਸਾਧੂ ਕੀ ਤਾਈ." (ਮਲਾ ਮਃ ੪)

ਸਰਸੇਰੂ, ਸਰਸੇਰੋ: ਕਮਲ. ਦੇਖੋ, ਸਰਸੀਰੁਹ. "ਪੰਕ ਬਿਖੇ ਬਸਤਾ ਰਸ ਮੇ ਰਸ ਊਰਧ ਕੋ ਨਿਸਰਾ ਸਰਸੇਰੋ." (ਨਾਪ੍ਰ) ਚਿੱਕੜ ਅਤੇ ਪਾਣੀ ਵਿੱਚ ਆਨੰਦ ਸਾਥ ਵਸਦਾ ਹੈ ਅਤੇ ਪਾਣੀ ਵਿੱਚੋਂ ਉੱਚਾ ਹੋਕੇ ਨਿੱਸਰ ਰਹਿਆ ਹੈ ਕਮਲ.

---

[196] ਸਰਸਾਹੀ ਅਥਵਾ ਬਿਸ਼ਵਾਸੀ ਇੱਕ ਹੀ ਬਾਤ ਹੈ.

ਸਰਸੋਂ: ਦੇਖੋ, ਸਰਸਪ.

ਸਰਸੋਧ: शरसौध. ਸ਼ਰਸੌਧ. ਸੰਗਯਾ- ਤੀਰਾਂ ਦਾ ਸੌਧ (ਮੰਦਿਰ) "ਚਹੁੰ ਓਰ ਘਿਰਯੋ ਸਰਸਧ ਸਿਵੰ." (ਰੁਦ੍ਰਾਵ) ਇਤਨੇ ਤੀਰ ਚਾਰੇ ਪਾਸਿਓਂ ਵਰਸੇ, ਮਾਨੋ ਤੀਰਾਂ ਦਾ ਮੰਦਿਰ ਛਾ ਦਿੱਤਾ.

ਸਰਸ੍ਵਤ: ਸੰ. सरस्वत. ਸੰਗਯਾ- ਪਾਨੀ ਰੱਖਣ ਵਾਲਾ. ਤਲਾਉ. ਸਰੋਵਰ। ੨. ਸਮੁੰਦਰ. ਸਾਗਰ। ੩. ਦੇਖੋ, ਸਾਰਸੁਤ। ੪. ਵਿ- ਗ੍ਯਾਨ ਵਾਲਾ.

ਸਰਸ੍ਵਤੀ: ਸੰ. ਸੰਗ੍ਯਾ- ਜਲ ਵਾਲੀ ਤਰ ਜ਼ਮੀਨ। ੨. ਵੇਦਾਂ ਵਿੱਚ ਸਰਸ੍ਵਤੀ ਇੱਕ ਨਦੀ ਦਾ ਨਾਉਂ ਹੈ ਜੋ ਬ੍ਰਹਮਾਵਰਤ ਦੀ ਹੱਦ ਸੀ, ਜਿਸ ਵਿੱਚ ਆਰਯ ਲੋਕ ਪਹਿਲਾਂ ਵਸਦੇ ਸਨ ਅਤੇ ਇਸ ਨੂੰ ਇਸੇ ਤਰਾਂ ਪਵਿਤ੍ਰ ਜਾਣਦੇ ਸਨ, ਜਿਸ ਤਰਾਂ ਹੁਣ ਉਨ੍ਹਾਂ ਦੀ ਵੰਸ਼ ਗੰਗਾ ਨਦੀ ਨੂੰ ਜਾਣਦੀ ਹੈ. ਹੁਣ ਇਹ ਸਰਮੌਰ ਦੇ ਇਲਾਕੇ ਤੋਂ ਨਿਕਲਕੇ ਕਈ ਥਾਈਂ ਰੇਤੇ ਵਿੱਚ ਲੋਪ ਪ੍ਰਗਟ ਹੁੰਦੀ ਹੋਈ ਪਟਿਆਲੇ ਦੇ ਇਲਾਕੇ ਘੱਗਰ ਵਿੱਚ ਜਾ ਮਿਲਦੀ ਹੈ. ੩. ਪੁਰਾਣਾਂ ਅਨੁਸਾਰ ਬ੍ਰਹਮਾ ਦੀ ਇਸਤ੍ਰੀ. ਵਿਦ੍ਯਾ ਅਤੇ ਬਾਣੀ ਦੀ ਦੇਵੀ. ਇਸ ਦਾ ਰੂਪ ਐਸਾ ਦੱਸਿਆ ਹੈ- "ਚਿੱਟਾ ਰੰਗ, ਅੰਗ ਸਜੀਲੇ, ਮਸਤਕ ਤੇ ਚੰਦ੍ਰਮਾ, ਹੱਥ ਵਿੱਚ ਵੀਣਾ, ਕਮਲ ਫੁੱਲ ਵਿੱਚ ਵਿਰਾਜਮਾਨ."

ਬੰਗਾਲ ਦੇ ਵੈਸ਼ਨਵ ਮੰਨਦੇ ਹਨ ਕਿ ਇਹ ਲੱਛਮੀ ਅਤੇ ਗੰਗਾ ਸਮਾਨ ਵਿਸਨੁ ਦੀ ਇਸਤ੍ਰੀ ਸੀ. ਇੱਕ ਵੇਰ ਤਿੰਨੇ ਆਪਸ ਵਿੱਚ ਲੜ ਪਈਆਂ, ਤਾਂ ਸਰਸ੍ਵਤੀ ਨੂੰ ਲੜਾਕੀ ਜਾਣਕੇ ਅਤੇ ਇਹ ਭੀ ਸਮਝਕੇ ਕਿ ਮੈ ਇੱਕ ਤੋਂ ਵੱਧ ਇਸਤ੍ਰੀਆਂ ਸੰਭਾਲ ਨਹੀਂ ਸਕਦਾ, ਵਿਸਨੁ ਨੇ ਸਰਸ੍ਵਤੀ ਬ੍ਰਹਮਾ ਨੂੰ ਅਤੇ ਗੰਗਾ ਸ਼ਿਵ ਨੂੰ ਦੇ ਦਿੱਤੀ ਅਤੇ ਆਪਣੇ ਪਾਸ ਕੇਵਲ ਲੱਛਮੀ ਰੱਖ ਲਈ। ੪. ਬ੍ਰਾਹਮੀ ਬੂਟੀ। ੫. ਮਾਲਕੰਗਨੀ। ੬. ਗਊ. ੭. ਵਿ- ਗ੍ਯਾਨ ਵਾਲੀ.

ਸ਼ਰਹ: ਦੇਖੋ, ਸ਼ਰਾ.

ਸਰਹੱਦ: ਫ਼ਾ. ਸੀਮਾ. ਕਿਸੇ ਰਾਜ ਜਾਂ ਜ਼ਮੀਨ ਦੀ ਉਹ ਰੇਖਾ, ਜੋ ਹੱਦ ਕਾਇਮ ਕਰਦੀ ਹੈ.

ਸਰਹਾਲੀ: ਜਿਲਾ ਅੰਮ੍ਰਿਤਸਰ ਵਿੱਚ ਇੱਕ ਪਿੰਡ, ਜਿਸ ਥਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦ੍ਵਾਰਾ ਚੁਬੱਚਾ ਸਾਹਿਬ ਨਾਮ ਤੋਂ ਪ੍ਰਸਿੱਧ ਹੈ. ਦੇਖੋ, ਚੁਬੱਚਾ ਸਾਹਿਬ ੨.

ਸਰਹਿੰਦ: ਹਿੰਦ ਦਾ ਸ਼ਿਰੋਮਣਿ ਨਗਰ. ਫਿਰੋਜ਼ਸ਼ਾਹ ਤੁਗਲਕ ਨੇ ਇਸ ਨਗਰ ਨੂੰ ਸਮਾਣੇ ਦੀ ਹੁਕੂਮਤ ਤੋਂ ਅਲਗ ਕਰਕੇ ਪਰਗਣੇ ਦਾ ਪ੍ਰਧਾਨ ਥਾਪਿਆ. ਮੁਗ਼ਲ ਰਾਜ ਸਮੇਂ ਇਹ ਵਡਾ ਧਨੀ ਸ਼ਹਿਰ ਸੀ ਅਤੇ ਇਸ ਦੇ ਅਧੀਨ ਅਠਾਈ ਪਰਗਨੇ ਸਨ. ੧੩. ਪੋਹ ਸੰਮਤ ੧੭੬੧ ਨੂੰ ਦਸ਼ਮੇਸ਼ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਫਤੇ ਸਿੰਘ ਜੀ ਨੂੰ ਵਜ਼ੀਰ ਖ਼ਾਂ ਸੂਬੇ ਨੇ ਇਥੇ ਕਤਲ ਕਰਵਾਇਆ ਸੀ, ਜਿਨ੍ਹਾਂ ਦੇ ਵਿਯੋਗ ਕਰਕੇ ਮਾਤਾ ਗੂਜਰੀ ਜੀ ਦਾ ਭੀ ਦੇਹਾਂਤ ਹੋਇਆ.

ਬੰਦਾ ਬਹਾਦੁਰ ਨੇ ੧. ਜੇਠ ਸੰਮਤ ੧੭੬੭ ਨੂੰ ਸਰਹਿੰਦ ਫਤੇ ਕੀਤਾ ਅਤੇ ਵਜ਼ੀਰ ਖ਼ਾਂ ਨੂੰ ਮਾਰਿਆ.[197] ਸੰਮਤ ੧੮੨੦ ਵਿੱਚ ਖਾਲਸਾਦਲ ਨੇ ਹਾਕਿਮ ਜੈਨ ਖ਼ਾਂ ਨੂੰ ਮਾਰਕੇ ਸਰਹਿੰਦ ਵਿੱਚ ਗੁਰਦ੍ਵਾਰੇ ਬਣਵਾਏ. ਗੁਰੁਸਿੱਖਾਂ ਵਿੱਚ ਇਸ ਸ਼ਹਿਰ ਦਾ ਨਾਉਂ "ਗੁਰੁਮਾਰੀ" ਪ੍ਰਸਿੱਧ ਹੈ. ਹੁਣ ਇਹ ਮਹਾਰਾਜਾ ਪਟਿਆਲਾ ਦੇ ਰਾਜ ਵਿੱਚ ਹੈ. ਦੇਖੋ, ਫਤੇ ਗੜ੍ਹ.

ਸਰਹਿੰਦ ਵਿੱਚ ਇਹ ਗੁਰਦ੍ਵਾਰੇ ਹਨ-

੧. ਸ਼ਹੀਦਗੰਜ ੧. ਇਸ ਥਾਂ ਬੰਦਾ ਬਹਾਦੁਰ ਨੇ ਜਦ ਸਰਹਿੰਦ ਫਤੇ ਕੀਤੀ ਉਸ ਵੇਲੇ ਇਸ ਥਾਂ ਛੀ ਹਜਾਰ ਸਿੰਘਾਂ ਦਾ ਸਸਕਾਰ ਹੋਇਆ.

੨. ਸ਼ਹੀਦਗੰਜ ੨. ਜਥੇਦਾਰ ਸੁੱਖਾ ਸਿੰਘ ਜੀ ਜੈਨ ਖਾਨ ਨੂੰ ਫਤੇ ਕਰਨ ਵੇਲੇ ਇਸ ਥਾਂ ਸ਼ਹੀਦ ਹੋਏ ਹਨ.

---

[197] ਭਾਈ ਸੰਤੋਖ ਸਿੰਘ ਜੀ ਨੇ ਦਸ਼ਮੇਸ਼ ਜੀ ਦੇ ਜੋਤੀਜੋਤਿ ਸਮਾਉਣ ਤੋਂ ਪਹਿਲਾਂ ਸਰਹਿੰਦ ਮਾਰਨੀ ਲਿਖੀ ਹੈ ਅਤੇ ਗ੍ਯਾਨੀ ਗ੍ਯਾਨ ਸਿੰਘ ਨੇ ਭੀ ਸੰਮਤ ੧੭੬੪ ਦਿੱਤਾ ਹੈ, ਪਰ ਇਹ ਭਾਰੀ ਭੁੱਲ ਹੈ, ਕਿਉਂਕਿ ਇਸ ਸੰਮਤ ਵਿੱਚ ਤਾਂ ਬੰਦਾ ਬਹਾਦੁਰ ਦਸ਼ਮੇਸ਼ ਨੂੰ ਮਿਲਿਆ ਹੀ ਨਹੀਂ ਸੀ.

੩. ਸ਼ਹੀਦਗੰਜ ੩. ਜਥੇਦਾਰ ਮੱਲਾ ਸਿੰਘ ਜੈਨ ਖਾਨ ਨੂੰ ਫਤੇ ਕਰਨ ਵੇਲੇ ਇਥੇ ਸ਼ਹੀਦ ਹੋਇਆ.

੪. ਜੋਤੀਸਰੂਪ. ਜਿਸਥਾਂ ਸਾਹਿਬਜਾਦੇ ਅਤੇ ਮਾਤਾ ਜੀ ਦਾ ਸਸਕਾਰ ਹੋਇਆ.

੫. ਥੜਾ ਸਾਹਿਬ. ਇਸ ਥਾਂ ਛੀਵੇਂ ਸਤਿਗੁਰੂ ਜੀ ਥੋੜਾ ਸਮਾਂ ਵਿਰਾਜੇ ਹਨ.

੬. ਫਤੇਗੜ੍ਹ. ਜਿਸ ਥਾਂ ਸਾਹਿਬਜਾਦੇ ਸ਼ਹੀਦ ਹੋਏ. ਇਸ ਨੂੰ ਸਿੱਖ ਰਾਜ ਸਮੇਂ ਦੀ ਅਤੇ ਮਹਾਰਾਜਾ ਪਟਿਆਲਾ ਵੱਲੋਂ ਚਾਰ ਹਜਾਰ ਜਾਗੀਰ ਹੈ. ੧੩. ਪੋਹ ਨੂੰ ਇੱਥੇ ਭਾਰੀ ਮੇਲਾ ਹੁੰਦਾ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਸਰਿਹੰਦ ਤੋਂ ਕਰੀਬ ਡੇਢ ਮੀਲ ਹੈ.

੭. ਮਾਤਾ ਗੂਜਰੀ ਜੀ ਦਾ ਬੁਰਜ, ਜਿਸ ਥਾਂ ਮਾਤਾ ਜੀ ਸਾਹਿਬਜ਼ਾਦਿਆਂ ਸਮੇਤ ਨਜਰਬੰਦ ਰਹੇ ਅਤੇ ਮਾਤਾ ਜੀ ਜੋਤੀਜੋਤਿ ਸਮਾਏ.

੮. ਵਿਮਾਨ ਗੜ੍ਹ. ਇਹ ਉਹ ਥਾਂ ਹੈ ਜਿੱਥੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਸ਼ਰੀਰ ਫਤੇਗੜ੍ਹੋਂ ਲਿਆਕੇ ਸਿੱਖਾਂ ਨੇ ਰਾਤ ਰੱਖੇ ਅਤੇ ਅਗਲੇ ਦਿਨ ਸਨਾਨ ਕਰਾਕੇ ਸਸਕਾਰ ਲਈ ਜੋਤੀਸਰੂਪ ਨੂੰ ਲੈ ਗਏ.

ਸਰਹੰਗ: ਫ਼ਾ. سرہنگ ਸਰਦਾਰ. ਜੋ ਹੰਗ (ਸਿਪਾਹ) ਦਾ ਸਿਰ ਹੈ। ੨. ਮੱਲ. ਪਹਿਲਵਾਨ। ੩. ਕੋਤਵਾਲ। ੪. ਚੋਬਦਾਰ.

ਸਰਕ: ਦੇਖੋ, ਸੜਕ। ੨. ਦੇਖੋ, ਸਰਕਣਾ। ੩. ਦੇਖੋ, ਸੜਾਕਾ. "ਸਰਕ ਸਸਤ੍ਰ ਝਾਰਹੀਂ." (ਵਿਚਿਤ੍ਰ) ੪. ਅ. سرق ਸ਼ਰਕ਼. ਚਮਕਨਾ। ੫. ਪੂਰਵ ਦਿਸ਼ਾ, ਜਿਸ ਵਿੱਚ ਸੂਰਜ ਦੀ ਚਮਕ ਪਹਿਲਾਂ ਨਜਰ ਪੈਂਦੀ ਹੈ.

ਸਰਕਸ਼: ਫ਼ਾ. سرکش ਸਿਰ ਫੇਰਨ ਵਾਲਾ. ਬਾਗੀ. ਆਕੀ. "ਸਰਕਸ ਹੋਇ ਅਫਾਤ ਉਠਾਈ." (ਗੁਪ੍ਰਸੂ) ੨. ਹੰਕਾਰੀ. ਮਗ਼ਰੂਰ.

ਸਰਕਣ, ਸਰਕਣਾ: ਸੰ. ਸਪੰਣ. ਸੰਗਯਾ- ਰੁੜ੍ਹਨਾ। ੩. ਖਿਸਕਨਾ। ੩. ਹੌਲੀ ਹੌਲੀ ਚਲਨਾ.

ਸਰਕਪ: ਦੇਖੋ, ਸਿਰਕਪ

ਸਰਕਰਦਾ: ਫ਼ਾ. سرکردہ ਪ੍ਰਧਾਨ ਕਾਰਿੰਦਾ. ਕਾਰਕੁਨਾਂ ਦਾ ਮੁਖੀਆ. ਮੁੱਖ ਕਰਮਚਾਰੀ.

ਸਰਕਰਾ: ਸੰ. ਸ਼ਕੰਰਾ. ਸੰਗਯਾ- ਸ਼ੱਕਰ। ੨. ਖੰਡ। ੩. ਕੰਕਰ. ਰੋੜੇ.

ਸਰਕੜਾ: ਦੇਖੋ, ਸਰਕੁੜਾ.

ਸਰਕਾਮ: ਫ਼ਾ. سرکام ਸੰਗਯਾ- ਸਰੋਕਾਰ. ਸੰਬੰਧ. ਤਅ਼ੱਲੁਕ਼। ੨. ਮੁਆਮਲਾ. "ਅਬ ਨਾਹਿ ਅਵਰ ਸਰਕਾਮ." (ਸਵੈਯੇ ਮਃ ੫. ਕੇ)

ਸਰਕਾਰ: ਫ਼ਾ سرکار ਸੰਗਯਾ- ਹੁਕੂਮਤ। ੨. ਸ਼ਾਹੀ ਕਚਹਿਰੀ। ੩. ਹਾਕਿਮ। ੪. ਭਾਵ- ਪ੍ਰਜਾ. "ਦੂਜੈਭਾਇ ਦੁਸੁਟ ਆਤਮਾ ਓਹੁ ਤੇਰੀ ਸਰਕਾਰ." (ਸ੍ਰੀ ਮਃ ੩) ੫. ਮੁਗਲ ਬਾਦਸ਼ਾਹਾਂ ਵੇਲੇ ਪਰਗਨੇ ਦੀ ਸਰਦਾਰੀ ਅਤੇ ਹਾਕਿਮ ਦਾ ਸਦਰਮੁਕਾਮ ਸਰਕਾਰ ਸੱਦੀਦਾ ਸੀ। ੬. ਸੰ. ਸ਼ਰਕਾਰ. ਤੀਰਸਾਜ਼. ਵਾਣ ਬਣਾਉਣ ਵਾਲਾ.

ਸਰਕੁੜਾ: ਸੰ. शरकाण्ड- ਸ਼ਰਕਾਂਡ. ਸਰਕਾਨਾ.

ਸਰਕੋਪ, ਸਰਕੋਬ: ਫ਼ਾ. سرکوب ਵਿ- ਪ੍ਰਧਾਨ. ਮੁਖੀਆ. ਸਿਰ ਕੁੱਟਣ ਵਾਲਾ. "ਸਰਕੋਪ ਸਰਦਾਰ" (ਸਲੋਹ) ੨. ਸੰਗਯਾ- ਗੁਰਜ. ਗਦਾ.

ਸਰਕ੍ਰ: ਦੇਖੋ, ਸਰਕਰਾ ੩. "ਅਸਥਿ ਚੂਰ ਸਰਕ੍ਰ." (ਚੰਡੀ ੨) ਹੱਡੀਆਂ ਦਾ ਚੂਰਾ ਮਾਨੋ ਨਦੀ ਕਿਨਾਰੇ ਕੰਕਰ ਹਨ.

ਸਰਖ: ਦੇਖੋ, ਸਰਕਣ. ਅੱਗੇ ਵਧਣ ਦੀ ਕ੍ਰਿਯਾ. "ਹਰਖੇ ਸਰਖੇ ਬਸੁਦੇਵਹਿ ਕੇ ਪਗ ਜਾਇ ਛਯੋ ਜਮੁਨਾ ਜਲ ਤੇ." (ਕ੍ਰਿਸਨਾਵ) "ਸਾਮੁਹਿ ਚੰਡ ਸਿਵੈ ਸਰਖੇ." (ਕ੍ਰਿਸਨਾਵ) ੨. ਸਹਸ਼ੰ. ਆਨੰਦ ਸਹਿਤ। ੩. ਅ. شرخ ਸ਼ਰਖ਼. ਤਲਵਾਰ ਦਾ ਫਲ. ਨੇਜੇ ਦਾ

ਫਲ। ੪. ਜੜ. ਮੂਲ। ੫. ਆਰੰਭ. ਮੁੱਢ.

ਸਰਖ਼ਤ, ਸਰਖ਼ਤ਼: ਫ਼ਾ. سرخط ਸੰਗ੍ਯਾ- ਸਿਰਲੇਖ. ਸਿਰਨਾਵਾਂ। ੨. ਰਸੀਦ. "ਸਰਖਤ ਅਬ ਹੀ ਹਮ ਤੇ ਲੇਹੁ ਲਿਖਾਇਕੈ." (ਚਰਿਤ੍ਰ ੧੬੨) ੩. ਪੱਟਾ. ਸਨਦ.

ਸਰਖਪ: ਸਰ੍ਹੋਂ. ਦੇਖੋ, ਸਰਸਪ. "ਸਰਖਪ ਸਾਗ ਬਨਾਈ." (ਨਾਪ੍ਰ)

ਸਰਖਿਓ, ਸਰਖ੍ਯੋ: ਦੇਖੋ, ਸਰਖ. "ਕ੍ਰੁੱਧਕੈ ਜੁੱਧਹਿ ਕੋ ਸਰਖ੍ਯੋ ਹੈ." (ਚੰਡੀ ੧) ੨. ਦੇਖੋ, ਸਰਖ ੩.

ਸਰਗ: ਸੰ. ਸਰ੍‍ਗ. (ਦੇਖੋ, ਸ੍ਰਿਜ੍) ਸੰਗ੍ਯਾ- ਤਿਆਗ. ਛੱਡਣਾ. ੨. ਅਧ੍ਯਾਯ. ਬਾਬ। ੩. ਸ੍ਰਿਸ਼੍ਟੀ ਵਿਸ਼੍ਵ, ਜਗਤ "ਲਖਤ ਸਰਗ ਭਹਰਾਤ." (ਪਾਰਸਾਵ) ੪. ਉਤਪੱਤਿ। ੫. ਜਲ ਦਾ ਸੋਤ. ਚਸ਼ਮਾ। ੬. ਪ੍ਰਕ੍ਰਿਤਿ.

ਸਰਗਸ਼ਤ: ਫ਼ਾ. سرگشت ਸਰਗਸ੍ਤ. ਸੰਗ੍ਯਾ- ਸਿਰ ਉੱਪਰ ਫਿਰਨ ਵਾਲਾ, ਛਤ੍ਰ, ਖਾਸ ਕਰਕੇ ਜੋ ਵਿਆਹ ਸਮੇਂ ਲਾੜੇ ਦੇ ਸਿਰ ਪੁਰ ਹੋਇਆ ਕਰਦਾ ਹੈ.

ਸਰਗਨਾ: ਫ਼ਾ. سرغنہ ਦੁਸ਼੍ਟਮੰਡਲੀ ਦਾ ਪ੍ਰਧਾਨ (ਮੁਖੀਆ). ੨. ਗਰੋਹ ਦਾ ਮੁਖੀਆ.

ਸਰਗਮ: ਸੰ. ਸ਼ਰਗਮ. ਸੰਗ੍ਯਾ- ਸੱਤ ਸੁਰਾਂ ਦੇ ਆਦਿ ਅੱਖਰ ਲੈ ਕੇ ਸੁਰਾਂ ਦੀ ਨਾਮਮਾਲਾ ਸ਼ ਰ ਗ ਮ ਪ ਧ ਨ. ਸ਼ੜਜ ਰਿਸ਼ਭ ਗਾਂਧਾਰ ਮਧ੍ਯਮ ਪੰਚਮ ਧੈਵਤ ਅਤੇ ਨਿਸ਼ਾਦ.

ਸਰਗਰਦਾਂ, ਸਰਗਰਦਾਨ: ਫ਼ਾ. سرگردان ਜਿਸ ਦਾ ਸਿਰ ਚਕਰਾ ਗਿਆ ਹੈ. ਹੈਰਾਨ. ਫਰੇਸ਼ਾਨ

ਸਰਗੁਣ, ਸਰਗੁਨ, ਸਰਗੁਨੀ: ਸੰ. ਸਗੁਣ. ਵਿ- ਗੁਣ ਸਹਿਤ. ਮਾਇਆ ਦੇ ਤਿੰਨ ਗੁਣ ਸਤ ਰਜ ਤਮ ਸਹਿਤ. "ਸਰਗੁਣ ਨਿਰਗੁਣ ਥਾਪੈ ਨਾਉਂ" (ਆਸਾ ਮਃ ੫) "ਸਰਗੁਨ ਨਿਰਗੁਨ ਨਿਰੰਕਾਰ." (ਸੁਖਮਨੀ) "ਤੂੰ ਨਿਰਗੁਨ ਤੂੰ ਸਰਗੁਨੀ." (ਗਉ ਮਃ ੫) ੨. ਵਿਦ੍ਯਾ ਹੁਨਰ ਸਹਿਤ। ੩. ਗੁਣ (ਰੱਸੀ) ਸਹਿਤ. ਚਿੱਲੇ ਸੰਜੁਗਤ.

ਸਰਘਾ: ਡਿੰਗ. ਸੰਗ੍ਯਾ- ਸ਼ਹਿਦ ਦੀ ਮੱਖੀ.

ਸਰਘੀ: ਅ਼. سحری ਸਹ਼ਰੀ. ਪਹਿ ਫਟਣ ਤੋਂ ਪਹਿਲਾਂ ਕੀਤਾ ਭੋਜਨ. ਦੇਖੋ, ਰਮਜਾਨ. ੨.

ਸਰਚਣਾ: ਕ੍ਰਿ- ਸੁ- ਰੁਚਿ ਸਹਿਤ ਹੋਣਾ. ਸੰਤੁਸ਼੍ਟ ਹੋਣਾ। ੨. ਪਰਚਣਾ। ੩. ਸੰਤੋਖ ਸਹਿਤ ਹੋਣਾ. "ਹਮ ਭ੍ਰਾਤਾ ਕਿਹ ਬਿਧਿ ਸਰਚਾਂਇ." (ਗੁਪ੍ਰਸੂ)

ਸਰਜ: ਵਿ- ਰਜ (ਧੂਲਿ) ਸਹਿਤ। ੨. ਸੰਗ੍ਯਾ- ਸਰੋਜ. ਕਮਲ। ੩. ਸੰ. ਸਰ੍‍ਜ. ਵਰਜਨ. ਹਟਾਉਣਾ. "ਮਾਰ ਮਾਰ ਕੈ ਕੋਪਹਿ ਸਰਜੇ." (ਚਰਿਤ੍ਰ ੪੦੫) ੪. ਸਾਲ ਬਿਰਛ। ੫. ਦੇਖੋ, ਸਰਜਨ ੨. "ਅਪਨੋ ਮਤ ਸਰਜਜੋ." (ਗੁਪ੍ਰਸੂ) ੬. ਸੰ. ਸ਼ਰਜ. ਸ਼ਰ (ਦੁੱਧ ਦੀ ਮਲਾਈ ਤੋਂ) ਜ (ਪੈਦਾ ਹੋਇਆ) ਮੱਖਣ.

ਸਰਜਜ: ਸੂਰਜਜ ਦੀ ਥਾਂ ਸਸਤ੍ਰਨਾਮਮਾਲਾ ਵਿੱਚ ਲਿਖਾਰੀ ਦੀ ਬੇਸਮਝੀ ਨਾਲ ਇਹ ਸ਼ਬਦ ਹੋਇਆ ਹੈ. ਉਸ ਥਾਂ ਸੂਰਜਜ ਦਾ ਅਰਥ ਹੈ ਸੂਰ੍‍ਯਪੁਤ੍ਰ, ਘੋੜਾ. ਦੇਖੋ, ਅੰਗ ੬੧੩। ੨. ਦੇਖੋ, ਸੂਰਜਜ.

ਸਰਜਨ: ਸੰ. ਸਰ੍‍ਜਨ. ਸੰਗ੍ਯਾ- ਫੌਜ ਦਾ ਪਿਛਲਾ ਹਿੱਸਾ। ੨. ਉਤਪੱਤੀ. ਰਚਨਾ. "ਸੁਧਾ ਸਰੋਵਰ ਕੋ ਸਰਜਾਵਤ." (ਗੁਪ੍ਰਸੂ) ੩. ਅੰ. Surgeon. ਜੱਰਾਹ. ਚੀਰ ਕੱਟਕੇ ਰੋਗਾਂ ਦਾ ਇਲਾਜ ਕਰਨ ਵਾਲਾ ਵੈਦ.

ਸਰਜਾਲ, ਸੁਰਜਾਲਾ: ਸੰਗ੍ਯਾ- ਸਰੋਵਰ ਵਿੱਚ ਫੈਲਾਇਆ ਹੋਇਆ ਜਾਲ, ਜਿਸ ਨਾਲ ਮੱਛੀ ਆਦਿ ਜੀਵ ਚਾਹੀਦੇ ਹਨ. "ਮਨੁ ਮਾਇਆ ਬੰਧਿਓ ਸਰਜਾਲਿ." (ਬਿਲਾ ਅਃ ਮਃ ੧) ੨. ਪਾਣੀ ਦਾ ਜਾਲ.

ਸਰਜਾਲਿ: ਸਰਜਾਲ ਵਿੱਚ. ਦੇਖੋ, ਸਰਜਾਲ ੧.

**ਸਰਜੀ:** ਦੇਖੋ, ਸਰਜਨ। ੨. ਵਿ- ਸਜੀਵ. ਚੇਤਨ. ਜੀਵ ਸਹਿਤ. "ਸਥਾਵਰ ਤੇ ਸੁਨਕੈ ਸਰਜੀ." (ਕ੍ਰਿਸਨਾਵ)

**ਸਰਜੀਉ:** ਵਿ- ਸਜੀਵ. ਚੇਤਨਤਾ ਸਹਿਤ. ਪ੍ਰਾਣਧਾਰੀ. "ਸਰਜੀਉ ਕਾਟਹਿ ਨਿਰਜੀਉ ਪੂਜਹਿ." (ਗਉ ਕਬੀਰ)

**ਸਰਜੀਤ:** ਸੰ. ਸਿੰਚਿਤ. ਵਿ- ਜਲ ਕਰਕੇ ਸਿੰਚਨ ਕੀਤਾ ਹੋਇਆ. ਤਰ। ੨. ਸਰਸਬਜ਼। ੩. ਜੀਵਨਸੱਤਾ ਸਹਿਤ। ੪. ਸ੍ਰਿਜਨ ਕਰਤਾ. ਰਚਣ ਵਾਲਾ. "ਅਗੰਮ ਸਰਜੀਤ ਸਬਾਇਆ." (ਵਾਰ ਮਲਾ ਮਃ ੧)

**ਸਰਜੂ:** ਦੇਖੋ, ਸਰਯੂ. "ਬਾਨ ਪਾਨਿ ਕਮਾਨ ਲੈ ਬਿਹਰੰਤ ਸਰਜੂ ਤੀਰ." (ਰਾਮਾਵ)

**ਸਰਜੂਦਾਸ:** ਦੇਖੋ, ਨਿਰੀਕਾਰੀਏ.

**ਸਰਟ, ਸਰਟਾ:** ਸੰ. ਸ਼ਰਟ. ਸੰਗਯਾ- ਕਿਰਲਾ. ਗਿਰਗਟ.

**ਸਰਡੋਬ:** ਵਿ- ਇਤਨਾ ਡੂੰਘਾ ਪਾਣੀ ਜਿਸ ਵਿੱਚ ਖਲੋਤੇ ਆਦਮੀ ਦਾ ਸਿਰ ਡੁੱਬ ਜਾਵੇ। ੨. ਸਿਰ ਤੋਂ ਪੈਰ ਤੀਕ ਢਕਿਆ ਹੋਇਆ. "ਸਰ ਡੋਬ ਲੋਹ ਮੇ ਦੇਹ ਸੋਇ." (ਗੁਪ੍ਰਸੂ) ਕਵਚ ਅਤੇ ਸ਼ਸਤ੍ਰਾਂ ਨਾਲ ਸਾਰਾ ਸ਼ਰੀਰ ਢਕਿਆ ਹੋਇਆ.

**ਸਰਣ:** ਸੰ. ਸੰਗਯਾ- ਗਮਨ. ਜਾਣਾ। ੨. ਸੰ. ਸ਼ਰਣ. ਘਰ। ੩. ਓਟ. ਪਨਾਹ। ੪. ਵਿ- ਪਨਾਹ ਦਿਹੰਦਾ. ਰੱਛਕ.

**ਸਰਣਜਾਚਿਕ:** ਵਿ- ਸ਼ਰਣਯਾਚਕ. ਰਖਯਾ ਚਾਹੁਣ ਵਾਲਾ. ਪਨਾਹ ਮੰਗਣ ਵਾਲਾ. "ਸਰਣਜਾਚਿਕ ਪ੍ਰਤਿਪਾਲਣ." (ਸਵੈਯੇ ਮਃ ੨. ਕੇ)

**ਸਰਣਜੋਗ:** ਵਿ- ਪਨਾਹ ਦੇਣ ਲਾਇਕ. ਰਖਯਾ ਕਰਨ ਯੋਗਯ.

**ਸਰਣਾ:** ਸਰਣਾਗਤ ਦਾ ਸੰਖੇਪ। ੨. ਕ੍ਰਿ- ਪੂਰਾ ਹੋਣਾ. ਕਾਰਜ ਦਾ ਸਿੱਧ ਹੋਣਾ. "ਤੁਝ ਬਿਨ ਕਿਉ ਸਰੈ." (ਬਿਲਾ ਛੰਤ ਮਃ ੫) "ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ." (ਬਾਰਹਮਾਹਾ ਮਾਝ ਮਃ ੫)

**ਸਰਣਾਇ:** ਸ਼ਰਣਾਗਤ। ੨. ਓਟ. ਪਨਾਹ. "ਗਰੀਬ ਦਾਸ ਕੀ ਪ੍ਰਭੁ ਸਰਣਾਇ." (ਗੌਂਡ ਮਃ ੫)

**ਸਰਣਾਇਆ:** ਸ਼ਰਣਾਗਤ. ਸ਼ਰਣ ਆਇਆ. "ਸਗਲ ਤਿਆਗਿ ਨਾਨਕ ਸਰਣਾਇਆ." (ਸੂਹੀ ਮਃ ੫)

**ਸਰਣਾਈ:** ਸਰਣ. ਪਨਾਹ. "ਠਾਕੁਰ ਤੁਮ ਸਰਣਾਈ ਆਇਆ." (ਸਾਰ ਮਃ ੫)

**ਸਰਣਾਗਤ:** ਵਿ- ਸ਼ਰਣ- ਆਗਤ. ਸ਼ਰਣ ਆਇਆ ਹੋਇਆ. "ਸਰਣਾਗਤ ਪ੍ਰਤਿਪਾਲਕ ਹਰਿ ਸੁਆਮੀ." (ਧਨਾ ਮਃ ੪)

**ਸਰਣਾਲਯ:** ਸੰਗਯਾ- ਉਹ ਥਾਂ ਜਿਥੇ ਸ਼ਰਣਾਗਤਾਂ ਨੂੰ ਪਨਾਹ ਮਿਲੇ। ੨. ਗੁਰੁਦ੍ਵਾਰਾ। ੩. ਕਰਤਾਰ.

**ਸਰਣਿ:** ਦੇਖੋ, ਸਰਣ। ੨. ਸੰ. ਸਰਣਿ. ਮਾਰਗ. ਰਸਤਾ. ਡੰਡੀ. ਸੜਕ. ਇਹ ਸ਼ਬਦ ਸ਼ਰਣਿ ਭੀ ਸਹੀ ਹੈ. ੩. ਸੰ. शरनय ਸਰਨਯ. ਸ਼ਰਣ ਆਏ ਦੀ ਰਖਯਾ ਕਰਨ ਲਾਇਕ। ੪. ਪ੍ਰਿਥਿਵੀ. ਜ਼ਮੀਨ.

**ਸਰਣਿ ਸਮਰਥ:** ਵਿ- ਸਰਣ ਦੇਣ ਯੋਗ. "ਸਰਣਿ ਸਮਰਥ ਅਗੋਚਰ ਸੁਆਮੀ." (ਸੂਹੀ ਮਃ ੫)

**ਸਰਣਿਸਮਾਈ:** ਸ਼ਰਣਾਗਤਾਂ ਦੀ ਜਿੱਥੇ ਸਮਾਈ ਹੁੰਦੀ ਹੈ. ਸਰਣਾਗਤਾਂ ਨੂੰ ਪਨਾਹ ਵਿੱਚ ਲੈਣ ਵਾਲਾ. "ਸਰਣਿਸਮਾਈ ਦਾਸਹਿਤੁ." (ਗਉ ਮਃ ੫)

**ਸਰਣਿਸੂਰ:** ਸੰ. शरण्यशूर. ਸ਼ਰਣਯਸੂਰ. ਵਿ- ਸ਼ਰਣਾਗਤਾਂ ਦੀ ਰਖਯਾ ਕਰਨ ਲਈ ਬਹਾਦੁਰ. ਭਾਵ ਜੋ ਸ਼ਰਣ ਆਏ ਨੂੰ ਨਾ ਦੇਵੇ ਅਤੇ ਵਿਰੋਧੀਆਂ ਦਾ ਟਾਕਰਾ ਕਰੇ. "ਸਰਣਿਸੂਰ ਭਗਵਾਨਹਿ." (ਵਾਰ ਜੈਤ) "ਸਰਣਿਸੂਰ ਫਾਰੇ ਜਮਕਾਗਰ." (ਗਉ ਮਃ ੫)

**ਸਰਣਿ ਜੋਗੁ:** ਵਿ- ਸ਼ਰਣ ਦੇਣ ਯੋਗ. "ਸਰਣਿ ਜੋਗੁ ਸਮਰਥੁ ਮੋਹਨੁ." (ਗਉ ਛੰਤ ਮਃ ੫)

**ਸਰਣਿਬੰਦਨ:** ਸ਼ਰਣਾਗਤਾਂ ਕਰਕੇ ਬੰਦਨਾਂ ਯੋਗ, "ਸਰਣਿਬੰਦਨ ਕਰੁਣਾਪਤੇ." (ਕੇਦਾ ਮਃ ੫)

**ਸਰਣੀ:** ਦੇਖੋ, ਸਰਣ ਅਤੇ ਸਰਣਿ.

**ਸਰਣਜ:** ਦੇਖੋ, ਸਰਨਜ.

**ਸ਼ਰਤ, ਸ਼ਰਤ੍:** ਅ਼. شرط ਸੰਗ੍ਯਾ- ਪ੍ਰਤਿਗ੍ਯਾ. ਪ੍ਰਣ। ੨. ਅਹਿਦੋਪੈਮਾਨ.

**ਸਰਤਾ:** ਦੇਖੋ, ਸਰਿਤਾ.

**ਸਰਤਾਜ:** ਸਿਰ ਦਾ ਮੁਕਟੁ। ੨. ਸਿਰ ਦਾ ਛਤ੍ਰ। ੩. ਮੁਖੀਆ. ਪ੍ਰਧਾਨ.

**ਸਰਤਾਨ, ਸਰਤ਼ਾਨ:** ਅ਼. سرطان ਸੰਗ੍ਯਾ- ਕਰਕ ਰਾਸ਼ਿ. ਦੇਖੋ, ਕਰਕ। ੨. ਵਿ- ਦਿਲੇਰ. ਬਹਾਦੁਰ.

**ਸਰਤੇਸ:** ਸਰਿਤਾ ਦਾ ਈਸ਼ ਸਮੁੰਦਰ (ਸਨਾਮਾ) ੨. ਵਰੁਣ ਦੇਵਤਾ. (ਸਨਾਮਾ)

**ਸਰਤੇਸਜਾ:** ਸਰਿਤਾਈਸ਼ (ਸਮੁੰਦਰ) ਵਿੱਚੋਂ ਪੈਦਾ ਹੋਈ ਵਿਸ਼. ਜਹਿਰ. (ਸਨਾਮਾ) ੨. ਲੱਛਮੀ. (ਸਨਾਮਾ)

**ਸਰਤੇਸਰੀ, ਸਰਤੇਸ੍ਵਰੀ:** ਸਰਿਤਾ (ਨਦੀਆਂ) ਦੀ ਰਾਣੀ, ਗੰਗਾ. (ਸਨਾਮਾ)

**ਸਰਥਲੀ:** ਇੱਕ ਪਿੰਡ, ਜੋ ਜਿਲਾ ਹੁਸ਼ਿਆਰਪੁਰ ਤਸੀਲ ਊਨਾ ਵਿੱਚ ਹੈ. ਇਥੇ ਸ਼੍ਰੀ ਦਸ਼ਮੇਸ਼ ਜੀ ਦਾ ਗੁਰੁਦ੍ਵਾਰਾ ਹੈ.

**ਸਰਦ:** ਫ਼ਾ. سرد ਵਿ- ਠੰਢਾ. ਸੀਤਲ। ੨. ਸੰ. ਸ਼ਰਦ੍. ਸੰਗ੍ਯਾ- ਅੱਸੂ ਕੱਤਕ ਦੀ ਰੁਤ. "ਰੁਤਿ ਸਰਦ ਅਡੰਬਰੋ ਅਸੂ ਕਤਿਕੇ ਹਰਿ ਪਿਆਸ ਜੀਉ." (ਰਾਮ ਰੁਤੀ ਮਃ ੫) ੩ਸਾਲ. ਵਰ੍ਹਾ। ੪. ਤੀਰਕਸ਼. ਸ਼ਰਧਿ. ਭੱਥਾ.

**ਸਰਦਖ਼ਾਨਹ, ਸਰਦਖਾਨਾ:** ਫ਼ਾ. سردخانہ ਸੰਗ੍ਯਾ- ਠੰਢਾ ਘਰ. ਜ਼ਮੀਦੋਜ਼ ਅਥਵਾ ਤਰ ਟੱਟੀ ਆਦਿਕ ਨਾਲ ਠੰਢਾ ਬਣਾਇਆ ਹੋਇਆ ਘਰ. "ਰਹਿਤ ਸਰਦਖਾਨੇ ਮੇ ਜੋਈ." (ਗੁਪ੍ਰਸੂ)

**ਸਰ ਦਰਦ:** ਦੇਖੋ, ਸਿਰਪੀੜ.

**ਸਰਦਲ:** ਸੰਗ੍ਯਾ- ਦ੍ਵਾਰ ਦੇ ਸਿਰ ਪੁਰ ਪਾਈ ਹੋਈ ਲੱਕੜ. ਚੌਖਟ ਦਾ ਉੱਪਰਲਾ ਬਾਜ਼ੂ.

**ਸਰਦਾ:** ਸੰਗ੍ਯਾ- ਸਰ (ਜਲ) ਦੇਣ ਵਾਲਾ. ਕਟੋਰਾ. ਪਿਆਲਾ। ੨. ਫ਼ਾ. سردہ ਸਰਦਹ. ਕਾਬੁਲੀ ਖਰਬੂਜਾ. ਇਸ ਦਾ ਬੀਜ ਭਾਰਤ ਵਿੱਚ ਸਭ ਤੋਂ ਪਹਿਲਾਂ ਬਾਬਰ ਲਿਆਇਆ ਹੈ. "ਸਰਦੇ ਮੰਗਵਾਏ ਇਕ ਅੰਕ." (ਗੁਪ੍ਰਸੂ)

**ਸਰਦਾਈ:** ਸੰਗ੍ਯਾ- ਸੀਤਲਤਾ। ੨. ਠੰਢ ਪਾਉਣ ਵਾਲੀ ਦਵਾਈ ਅਥਵਾ ਪੀਣ ਯੋਗ ਵਸਤੁ. ਬਦਾਮ, ਲਾਚੀ, ਕਾਲੀ ਮਿਰਚਾਂ, ਕਾਸਨੀ, ਚੇਤੀ ਗੁਲਾਬ ਦੇ ਫੁੱਲ ਆਦਿਕ ਘੋਟਕੇ ਮਿਸ਼ਰੀ ਅਤੇ ਠੰਢੇ ਜਲ ਨਾਲ ਬਣਿਆ ਪੇਯ ਪਦਾਰਥ, ਜੋ ਵਿਸ਼ੇਸ਼ ਕਰਕੇ ਗ੍ਰੀਖਮ (ਕਰਸਾਹ) ਵਿੱਚ ਪੀਤਾ ਜਾਂਦਾ ਹੈ। ੩. ਘੋਟੀ ਹੋਈ ਭੰਗ ਨੂੰ ਭੀ ਕਈ ਸਰਦਾਈ ਆਖਦੇ ਹਨ.

**ਸਰਦਾਰ:** ਫ਼ਾ. سردار ਪ੍ਰਧਾਨ. ਮੁਖੀਆ. ਸ਼ਿਰੋਮਣਿ। ੨. ਦੇਖੋ, ਸਰਦ ੩. ਸਾਲ. ਵਰ੍ਹਾ. "ਸਰਦਾਰ ਬਿੰਸਤਿਚਾਰ ਕਲਿਅਵਤਾਰ ਛਤ੍ਰ ਫਿਰਾਈਐਂ." (ਕਲਕੀ) ਚੌਬੀਸ ਵਰ੍ਹੇ ਕਲਿਅਵਤਾਰ (ਕਲਕੀ ਅਵਤਾਰ) ਸਿਰ ਤੇ ਛਤਰ ਫਿਰਾਵੇਗਾ. ਭਾਵ- ਰਾਜ ਕਰੇਗਾ.

**ਸਰਦਾਰੀ:** ਸਰਦਾਰ ਦੀ ਪਦਵੀ.

**ਸਰਦੀ:** ਸੰਗ੍ਯਾ- ਠੰਢ. ਸੀਤਲਤਾ.

**ਸਰਦੂਲ:** ਦੇਖੋ, ਸਾਰਦੂਲ.

**ਸਰਦੂਲ ਸਿੰਘ:** ਬਾਬਾ ਆਲਾ ਸਿੰਘ ਜੀ ਦਾ ਵਡਾ ਸੁਪੁਤ੍ਰ, ਜਿਸ ਦਾ ਜਨਮ ਸਨ ੧੭੧੫ ਅਤੇ ਦੇਹਾਂਤ ਪਿਤਾ ਦੇ ਹੁੰਦੇ ਹੀ ਸਨ ੧੭੬੩ ਵਿੱਚ ਹੋਇਆ.

**ਸਰਧ:** ਸੰ. ਸ਼੍ਰੱਧਾ. ਭਾਵਨਾ. ਵਿਸ਼੍ਵਾਸ. "ਸੇਜ ਬਿਛਾਈ ਸਰਧ ਅਪਾਰਾ." (ਸੂਹੀ ਮਃ ੫) ੨. ਰੁਚਿ. ਇੱਛਾ. ਖ਼੍ਵਾਹਿਸ਼. "ਹੋਰ ਪੈਨਣ ਕੀ ਹਮਾਰੀ ਸਰਧ ਗਈ." (ਵਾਰ ਵਡ ਮਃ ੪) ੩. ਸੰ. ਸ਼ਰ੍ਧੰ. ਸੈਨਾ. ਫੌਜ। ੪. ਵਿ- ਬਲਵਾਨ.

**ਸਰਧਨ:** ਵਿ- ਸ- ਧਨ. ਦੌਲਤਮੰਦ. "ਨਿਰਧਨ ਸਰਧਨ ਦੋਨਉ ਭਾਈ." (ਭੈਰ ਕਬੀਰ)

**ਸਰਧਾ:** ਸੰਗਯਾ- ਯਕੀਨ. ਭਰੋਸਾ. ਦੇਖੋ, ਸ਼੍ਰੱਧਾ. "ਸਰਧਾ ਲਾਗੀ ਸੰਗਿ ਪ੍ਰੀਤਮੈ." (ਰਾਮ ਰੁਤੀ ਮਃ ੫)

**ਸਰਧਿ:** ਵਿ- ਸ਼੍ਰੱਧੇਯ. ਸ਼੍ਰੱਧਾ ਕਰਨ ਯੋਗ. "ਸਰਧਿ ਕਉ ਸਰਧਿਆ." ਮਾਰੂ ਜੈਦੇਵ) ਯਕੀਨ ਕਰਨ ਲਾਇਕ (ਕਰਤਾਰ) ਨੂੰ ਸ਼੍ਰੱਧਾ ਨਾਲ ਉਪਾਸਿਆ। ੨. ਸ਼ਰਧਿ. ਭੱਥਾ. ਦੇਖੋ, ਇਖੁਧਿ.

**ਸਰਧਿਆ:** ਦੇਖੋ, ਸਰਧਿ। ੨. ਸ਼੍ਰੱਧਾ. "ਬਹੁਤ ਮਨ ਸਰਧਿਆ." (ਆਸਾ ਛੰਤ ਮਃ ੪)

**ਸਰਨ:** ਸੰਗਯਾ- ਖੂਹ ਪਾਸ ਉਹ ਰਸਤਾ ਜਿਸ ਵਿੱਚ ਚੜਸ ਖਿੱਚਣ ਸਮੇਂ ਬਲਦ ਚਲਦੇ ਹਨ, ਦੇਖੋ, ਸਰਣਿ. "ਆਪਨ ਸਰਨ ਦਿਸਾ ਤਬ ਗਯੋ." (ਗੁਪ੍ਰਸੂ) ੨. ਦੇਖੋ, ਸਰਣ ੩. "ਸਰਨ ਪਰਨ ਸਾਧੂ, ਆਨ ਥਾਨ ਬਿਸਾਰੇ." (ਸਾਰ ਪੜਤਾਲ ਮਃ ੫) ੩. ਇੱਕ ਪਸ਼ੂ ਰੋਗ, ਜਿਸ ਨਾਲ ਲੱਤਾਂ ਦੇ ਪੱਠੇ ਸੁਸਤ ਹੋ ਜਾਂਦੇ ਹਨ.

**ਸਰਨਗ:** ਵਿ- ਸ਼ਰਣ ਗ੍ਰਹਿਣ ਕਰਤਾ. ਸ਼ਰਣਾਗਤ.

**ਸਰਨਭਾ:** ਦੇਖੋ, ਭਾ.

**ਸਰਨਰੀਆ:** ਵਿ- ਸਰਣ ਧਰੀਆ. ਸ਼ਰਣਾਗਤ. "ਨਾਨਕ ਸਰਨਰੀਆ." (ਬਿਹਾ ਮਃ ੫)

**ਸਰਨਾਈ:** ਸ਼ਰਣ. ਪਨਾਹ. ਦੇਖੋ, ਸਰਣਾਈ। ੨. ਦੇਖੋ, ਸਹਨਾਈ. "ਕਿਸੀ ਤੁਲਾ ਦੇ ਕਿਸ ਸਰਨਾਈ। ਕਿਸ ਹੂੰ ਨੌਕਾ ਦੇਤ ਚਢਾਈ।।" (ਨਾਪ੍ਰ)

**ਸਰਨਾਹੀਂ:** ਸਮਾਨ (ਤੁੱਲ) ਨਾਹੀਂ। ੨. ਸ਼ਰਣ. ਸਰਣਾਈ. ਪਨਾਹ. "ਪਗ ਲਗਿ ਰਾਮ ਰਹੈ ਸਰਨਾਹੀਂ." (ਧਨਾ ਕਬੀਰ)

**ਸਰਨਾਗ:** ਸਰਨਾਗਤ ਦਾ ਸੰਖੇਪ.

**ਸਰਨਾਗਤ:** ਦੇਖੋ, ਸਰਣਾਗਤ.

**ਸਰਨਾਗਨਾ:** ਸ਼ਰਣਾਗਤ. ਸ਼ਰਣ ਆਇਆ. "ਜੋ ਪ੍ਰਭੁ ਕੀ ਸਰਨਾਗਨਾ." (ਮਾਰੂ ਅਃ ਮਃ ੫)

**ਸਰਨਾਗੈ:** ਸ਼ਰਣਾਗਤ ਹੈ. "ਨਾਨਕ ਸਰਨਾਗੈ." (ਬਿਲਾ ਮਃ ੫)

**ਸਰਨਾਜੋਗ, ਸਰਨਿਜੋਗ:** ਸ਼ਰਣ ਗ੍ਰਹਣ ਕਰਨ ਯੋਗ. "ਮਨਸਾ. - ਪੂਰਨ ਸਰਨਾਜੋਗ." (ਸੁਖਮਨੀ) "ਤੂ ਸਮਰਥੁ ਸਰਨਿਜੋਗ." (ਕਾਨ ਮਃ ੫)

**ਸਰਨਜ:** ਸੰ. शरण्य. ਵਿ- ਸ਼ਰਣਾਗਤ ਦੀ ਰਖ੍ਯਾ ਕਰਨ ਵਾਲਾ। ੨. ਸ਼ਰਣ ਪਏ ਤੋਂ ਰਖ੍ਯਾ ਕਰਨ ਲਾਇਕ." ਸਰਨਜੰ ਸਹਾਯੰ." (ਵਿਚਿਤ੍ਰ)

**ਸਰਪ:** ਸੰ. ਸਰ੍ਪੰ. (ਦੇਖੋ, ਸ੍ਰਿਪ) ਗਮਨ. ਚਾਲ। ੨. ਮੰਦਗਤਿ. ਧੀਮੀ ਚਾਲ। ੩. ਸੱਪ. ਸਾਂਪ. "ਕਈ ਜਨਮ ਪੰਖੀ ਸਰਪ ਹੋਇਓ." (ਗਉ ਮਃ ੫) ਦੇਖੋ, ਸਰਪਿੰਦ.

**ਸਰਪਤਾਤ:** ਸੱਪਾਂ ਦਾ ਪਿਤਾ ਕਸ਼ਯਪ. (ਸਨਾਮਾ)

**ਸਰਪਤਾਤਣੀ ਇਸਣੀ:** ਸੰਗਯਾ- ਸੈਨਾ. ਫੌਜ. (ਸਨਾਮਾ) ਸੱਪਾਂ ਦਾ ਪਿਤਾ ਕਸ਼ਯਪ, ਉਸ ਦੀ ਪ੍ਰਿਥਿਵੀ, ਉਸ ਦੇ ਈਸ਼੍ਵਰ ਰਾਜਾ ਦੀ ਫੌਜ.

**ਸਰਪਨਿ, ਸਰਪਨੀ:** ਸ ਸਪਿੰਣੀ. ਸੰਗਯਾ- ਸੱਪ ਦੀ ਮਦੀਨ. ਸੱਪਣ। ੨. ਭਾਵ- ਮਾਇਆ. "ਸਰਪਨਿ ਕੈ ਵਸਿ ਜੀਅੜਾ." (ਸ੍ਰੀ ਅਃ ਮਃ ੧) "ਸਰਪਨੀ ਤੇ ਊਪਰਿ ਨਹੀ ਬਲੀਆ." (ਆਸਾ ਕਬੀਰ)

**ਸਰਪਮੇਧ, ਸਰਪਯਗਯ:** ਸੱਪਾਂ ਦੀ ਮੇਧ (ਹਿੰਸਾ) ਵਾਲਾ ਜੱਗ. ਇਹ ਯਗਯ ਜਨਮੇਜਯ ਨੇ ਆਪਣੇ ਪਿਤਾ ਪਰੀਛਤ (ਪਰੀਕ੍ਸ਼ਿਤ) ਮਾਰੇ ਦਾ ਸੱਪਾਂ ਤੋਂ ਬਦਲਾ ਲੈਣ ਵਾਸਤੇ ਕਰਵਾਇਆ ਸੀ. ਜਿੱਥੇ ਇਹ ਜੱਗ ਹੋਇਆ ਸੀ ਉਸ ਦਾ ਨਾਉਂ "ਸਰਪਦਮਨਕੇਤ੍ਰ" ਸੀ. ਜੋ ਹੁਣ ਜੀਂਦ ਰਾਜ ਵਿੱਚ "ਸਪੀਦੇ" ਪ੍ਰਸਿੱਧ ਹੈ.

**ਸਰਪਰ:** ਪ੍ਰਾ. ਕ੍ਰਿ. ਵਿ- ਬਿਨਾ ਸੰਸੇ. ਨਿਰਸੰਦੇਹ, ਬਿਨਾ ਸ਼ੱਕ. "ਸਰਪਰ ਉਠੀ ਚਲਣਾ." (ਸ੍ਰੀ ਮਃ ੫) "ਰੰਗੁ ਨ ਲਗੀ ਪਾਰਬ੍ਰਹਮ ਤਾਂ ਸਰਪਰ ਨਰਕੇ ਜਾਇ." (ਸ੍ਰੀ ਅਃ ਮਃ ੫) ੨. ਸਿਰ ਉੱਪਰ.

**ਸਰਪਰਸ੍ਤ:** ਫ਼ਾ. سرپرست ਵਿ- ਸਿਰ ਤੇ ਹੱਥ ਰੱਖਣ ਵਾਲਾ. ਪ੍ਰਤਿਪਾਲਕ.

**ਸਰਪਰਸ੍ਤੀ:** ਸੰਗਯਾ- ਸਿਰ ਤੇ ਹੱਥ ਰੱਖਣ ਦਾ ਭਾਵ. ਪਾਲਨ.

**ਸਰਪਰਾਜ:** ਸੰਗਯਾ- ਸ਼ੇਸ਼ਨਾਗ। ੨. ਵਾਸੁਕਿ.

**ਸਰਪਾਰਿ, ਸਰਪਾਰੀ:** ਸੰਗਯਾ- ਸੱਪ ਦਾ ਵੈਰੀ ਗਰੁੜ। ੨. ਮੋਰ। ੩. ਨਿਉਲਾ.

**ਸਰਪਿੰਦ:** ਸੰਗਯਾ- ਸੱਪਾਂ ਦਾ ਇੰਦ੍ਰ ਸੇਸ਼ਨਾਗ, ਅਤੇ ਵਾਸੁਕਿ. ਦੇਖੋ, ਅੰ. Serpent. "ਸਰਪਿੰਦ ਗਿਰਿੰਦ ਖਗਿੰਦ ਤੁਲੰ." (ਨਾਪ੍ਰ) ਗਿਰੀਂਦ੍ਰ (ਪਹਾੜੀ ਰਾਜੇ) ਜੋ ਸਰਪਰਾਜ ਜੇਹੇ ਹਨ, ਉਨ੍ਹਾਂ ਨੂੰ ਪੰਛੀਰਾਜ ਗਰੁੜ ਤੁੱਲ ਹਨ.

**ਸਰਪੀ:** ਸੰ. ਸਰ੍‍ਪਿਸ੍. ਸੰਗਯਾ- ਘੀ. ਘ੍ਰਿਤ. "ਧਾਰ ਸਰੋਅ ਵਿਖੇ ਸਰਪੀ ਮਧ ਪਾਵਕ ਪਾਵਤ ਜੋਤਿ ਅਭੰਗਾ." (ਨਾਪ੍ਰ)

**ਸਰਪੇਚ:** ਫ਼ਾ. سرپیچ ਸੰਗਯਾ- ਦਸਤਾਰ. ਪੱਗ। ੨. ਸਿਰ ਉੱਪਰ ਪਹਿਰਣ ਦਾ ਇੱਕ ਭੂਖਣ ਜੋ ਪਗੜੀ ਉੱਪਰ ਜਿਗਾ ਦੀ ਤਰਾਂ ਸਜਾਇਆ ਜਾਂਦਾ ਹੈ. "ਲਾਲਨ ਕੋ ਸਰਪੇਚ ਸੁਹਾਯੋ." (ਚਰਿਤ੍ਰ ੧੦੯)

**ਸਰਫ:** ਅ਼. صرف ਸਰਫ਼. ਸੰਗਯਾ- ਫਿਰਨਾ. ਘੁੰਮਨਾ। ੨. ਪਰਖਣਾ। ੩. ਖ਼ਰਚ। ੪. ਲਾਭ। ੫. ਸ਼ਬਦ- ਸਾਧਨ ਵਿਦ੍ਯਾ। ੬. ਜ਼ਮਾਨੇ ਦੀ ਚਾਲ। ੭. ਅ਼. شرف ਸ਼ਰਫ਼. ਬਜ਼ੁਰਗੀ. ਵਡਿਆਈ। ੮. ਪਾਨੀਪਤ ਨਿਵਾਸੀ ਇੱਕ ਫਕੀਰ. ਦੇਖੋ, ਸ਼ੇਖ ਸ਼ਰਫ਼। ੯. ਕੰਧਾਰ ਨਿਵਾਸੀ ਇੱਕ ਮੁਸਲਮਾਨ ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਹੋਇਆ.

**ਸ਼ਰਫ਼ ਅਲੀ:** ਔਰੰਗਜ਼ੇਬ ਦੀ ਸੈਨਾ ਦਾ ਇੱਕ ਸਰਦਾਰ, ਜੋ ਆਨੰਦਪੁਰ ਦੀ ਅਖੀਰੀ ਲੜਾਈ ਵਿੱਚ ਮੌਜੂਦ ਸੀ.

**ਸਰਫ਼ਰਾਜ਼:** ਫ਼ਾ. سرفراز ਮਗਰੂਰ. ਉੱਚੇ ਸਿਰ ਵਾਲਾ। ੨. ਇੱਜ਼ਤ ਅਤੇ ਅਧਿਕਾਰ ਦਾ ਵਧਣਾ.

**ਸਰਫ਼ਰਾਜ਼ੀ:** ਫ਼ਾ. سرفرازی ਸੰਗਯਾ- ਅਹੰਕਾਰ. ਅਭਿਮਾਨ। ੨. ਸਰਦਾਰੀ. ਇੱਜਤ. "ਦਈ ਸਰਫਰਾਜੀ ਤਿਸ ਕਾਲਾ." (ਗੁਪ੍ਰਸੂ)

**ਸਰਫਾ:** ਅ਼. صرفہ ਸਰਫ਼ਹ. ਸੰਗਯਾ- ਖਰਚ ਵਿੱਚ ਤੰਗੀ ਕਰਨੀ. ਸੂਮਪੁਣਾ. ਕ੍ਰਿਪਣਤਾ. "ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ." (ਸਵਾ ਮਃ ੧)

**ਸਰਫੀ:** ਅ਼. صرفی ਸਰਫ਼ੀ. ਵਿ- ਵ੍ਯਾਕਰਣ ਵੇਤਾ. ਸਰਫ ਦਾ ਜਾਣੂ। ੨. ਸੰਗਯਾ- ਅਸ਼ਰਫ਼ੀ ਦਾ ਸੰਖੇਪ. "ਸਰਫੀ ਕਾਢ ਅਗ੍ਰ ਗੁਰੁ ਧਰੀ." (ਗੁਵਿ ੧੦)

**ਸਰਬ:** ਸੰ. ਸਰ੍‍ਵ. ਵਿ- ਸਭ. ਤਮਾਮ. "ਸਰਬ ਰੋਗ ਕੋ ਔਖਧੁ ਨਾਮੁ." (ਸੁਖਮਨੀ) ੨. ਸੰ ਸ਼ਰ੍‍ਵ. ਸੰਗਯਾ- ਸ਼ਿਵ, ਜੋ ਸ਼ਰ (ਤੀਰ)

ਨਾਲ ਮਾਰਦਾ ਹੈ.

ਸਰਬਸ: ਦੇਖੋ, ਸਰਬਸੁ.

ਸਰਬਸਕਤਿਮਾਨ: ਵਿ- ਸਰ੍ਵਸ਼ਕ੍ਤਿਮਾਨ. ਸਾਰੀਆਂ ਤਾਕਤਾਂ ਵਾਲਾ। ੨. ਸੰਗ੍ਯਾ- ਕਰਤਾਰ. ਵਾਹਿਗੁਰੂ.

ਸਰਬਸਤਾ: ਫ਼ਾ. سربستہ ਵਿ- ਜਿਸ ਦਾ ਸਿਰ ਬੰਨ੍ਹਿਆ ਹੋਇਆ ਹੈ। ੨. ਪੋਸ਼ੀਦਾ. ਗੁਪਤ.

ਸਰਬਸਧਾਰੀ: ਵਿ- ਸਭ ਨੂੰ ਸ- ਆਧਾਰ ਕਰਨ ਵਾਲਾ. ਸਭ ਨੂੰ ਆਸਰਾ ਦੇਣ ਵਾਲਾ. "ਪਰਉਪਕਾਰੀ ਸਰਬਸਧਾਰੀ." (ਦੇਵ ਮਃ ੫) ੨ਸਰਵਸ੍ਵਧਾਰੀ. ਸਭ ਧਨ ਮਾਲ ਰੱਖਣ ਵਾਲਾ.

ਸਰਬਸੁ: ਸੰ. ਸਰ੍ਵਸ੍ਵ. ਸੰਗ੍ਯਾ- ਸਾਰਾ ਧਨ ਪਦਾਰਥ. ਸਾਰੀ ਵਿਭੂਤਿ. "ਕਰ ਗਹਿ ਲੀਨੇ ਸਰਬਸੁ ਦੀਨੇ." (ਸੋਰ ਮਃ ੫) ੨. ਸਰਵ ਰਸ. ਸਾਰੇ ਰਸ. "ਸਰਬਸੁ ਛੋਡਿ ਮਹਾਰਸ ਪੀਜੈ." (ਗਉ ਕਬੀਰ)

ਸਰਬਸੁਹਾਗਣਿ: ਸਦਾ ਸੌਭਾਗ੍ਯਵਤੀ. ਜੋ ਕਦੇ ਵਿਧਵਾ ਨਹੀਂ ਹੁੰਦੀ. "ਹਰਿ ਕੀ ਨਾਰਿ ਸੁ ਸਰਬ ਸੁਹਾਗਣਿ." (ਸੂਹੀ ਛੰਤ ਮਃ ੧)

ਸਰਬਸੁਖਾਂ ਸੁਖ: ਸੰਗ੍ਯਾ- ਸਾਰੇ ਸੁੱਖਾਂ ਵਿਚੋਂ ਸਾਰ ਸੁਖ. ਆਤਮ ਆਨੰਦ। ੨. ਅਕ੍ਸ਼ਯ ਸੁਖ. ਅਵਿਨਾਸ਼ੀ ਸੁਖ.

ਸਰਬਸੋ: ਸਰਵਸ੍ਵ. ਦੇਖੋ, ਸਰਬਸੁ. "ਮੇਰੇ ਸਰਬਸੋ ਗੋਬਿੰਦ." (ਕਾਨ ਮਃ ੫)

ਸਰਬਸੰਮਤਿ: ਸਰ੍ਵ (ਸਭ) ਦੀ ਰਾਇ. ਸਭ ਦੀ ਸਲਾਹ। ੨. ਸਭ ਦੀ ਏਕ ਮਤਿ.

ਸਰਬਕਲਾ: ਸੰਗ੍ਯਾ- ਸਰਵ ਵਿਦ੍ਯਾ ਅਤੇ ਹੁਨਰ। ੨. ਵਿ- ਸਾਰੀ ਕਲਾ (ਵਿਦ੍ਯਾ) ਦਾ ਗ੍ਯਾਤਾ. ਸਰਵਕਲਾ ਧਾਰੀ. "ਮੁਨਿ ਜਨ ਗਾਵਹਿ ਸਰਬਕਲਾ." (ਸਵੈਯੇ ਮਃ ੧. ਕੇ)

ਸਰਬਕਲਾ ਸਮਰਥ: ਵਿ- ਸਭ ਵਿਦ੍ਯਾ ਅਤੇ ਹੁਨਰ ਵਿੱਚ ਤਾਕ। ੨. ਸਰਵ ਸ਼ਕਤਿਮਾਨ. "ਸਰਬਕਲਾ ਸਮਰਥ ਪ੍ਰਭੁ." (ਬਿਲਾ ਮਃ ੫)

ਸਰਬਕਲਿਆਣ: ਸਭ ਦੀ ਕਲ੍ਯਾਣ ਕਰਤਾ. ਸਭ ਨੂੰ ਮੰਗਲ ਦੇਣ ਵਾਲਾ. "ਸਰਬਕਲਿਆਣ ਵਸੈ ਮਨਿ ਆਇ." (ਗਉ ਮਃ ੫)

ਸਰਬਕਾਲ: ਵਿ- ਸਭ ਦਾ ਕਾਲ (ਵਿਨਾਸ਼) ਕਰਨ ਵਾਲਾ. ਸਭ ਨੂੰ ਲੈ ਕਰਨ ਵਾਲਾ। ੨. ਸਾਰੇ ਸਮਿਆਂ ਵਿੱਚ ਇੱਕ ਰਸ ਹੋਣ ਵਾਲਾ। ੩. ਸੰਗ੍ਯਾ- ਪਾਰਬ੍ਰਹਮ. ਅਕਾਲਪੁਰਖ. "ਸਰਬਕਾਲ ਹੈ ਪਿਤਾ ਅਪਾਰਾ." (ਵਿਚਿਤ੍ਰ)

ਸਰਬਕ੍ਰਿਸ: ਸਭ ਨੂੰ ਆਕਰ੍ਸ਼ਣ (ਖਿੱਚਣ) ਵਾਲਾ. "ਨਮੋ ਸਰਬਕ੍ਰਿਸੰ." (ਜਾਪੁ) ੨. ਸਭ ਤੋਂ ਕ੍ਰਿਸ਼ (ਸੂਖਮ)[198]

ਸਰਬਗ: ਦੇਖੋ, ਸਰਬਗ੍ਯ. "ਰਾਮ ਰਵਿ ਰਹਿਆ ਸਰਬਗੇ." (ਸਾਰ ਮਃ ੪. ਪੜਤਾਲ) ੨. ਸੰ. ਸਰ੍ਵਗ. ਸਭ ਥਾਂ ਜਾਣ ਵਾਲਾ. ਜਿਸਦੀ ਸਾਰੇ ਗਮ੍ਯਤਾ ਹੈ.

ਸਰਬਗਉਣ: ਸਰ੍ਵ ਅਸਥਾਨਾਂ ਵਿੱਚ ਗਮਨ ਕਰਤਾ. "ਨਮੋ ਸਰਬਗਉਣੇ." (ਜਾਪੁ)

ਸਰਬਗਤ: ਸਾਰੇ ਵ੍ਯਾਪਕ. ਸਭ ਥਾਂ ਹੋਣ ਵਾਲਾ. "ਜਦਿ ਚਿੰਤਿ ਸਰਬਗਤੰ" ਅਤੇ- "ਭਵ ਭੂਤ ਸਰਬਗਤੰ." (ਗੂਜ ਜੈਦੇਵ)

ਸਰਬਗਿ, ਸਰਬਗ੍ਯ: ਸੰ. सर्वज्ञ. ਵਿ- ਸਭ ਕੁਝ ਜਾਣਨ ਵਾਲਾ. ਸਰਵਗ੍ਯਾਤਾ. "ਸਰਬਗ੍ਯ ਪੂਰਨ ਪੁਰਖ ਭਗਵਾਨਹ." (ਸਹਸ ਮਃ ੫)

---

[198] अणोरणीयान्.

ਸਰਬਜੋਤਿ: ਜਿਸ ਤੋਂ ਸਾਰੇ ਪ੍ਰਕਾਸ਼ ਨਿਕਲਦੇ ਹਨ. ਸਭ ਦਾ ਪ੍ਰਕਾਸ਼ਕ. ਦੇਖੋ, ਜੋਤਿ.

ਸਰਬ ਠੌਰ ਗਾਮੀ: ਵਿ- ਸਭ ਜਗਾ ਜਾਣ ਵਾਲਾ. ਹਰ ਥਾਂ ਵਿਚਰਨ ਵਾਲਾ। ੨. ਸੰਗਯਾ- ਜੰਗਮ ਸਾਧੁ. ਬਿਹੰਗਮ. ਦੇਖੋ, ਧਰਮਧਾਮੀ.

ਸ਼ਰਬਤ: ਅ਼. شربت ਸ਼ੁਰਬ (ਪੀਣ) ਯੋਗ ਪਦਾਰਥ। ੨. ਦੇਖੋਤ ਸਰਬਤ੍ਰ.

ਸਰਬਤਿ, ਸਰਬਤੁ, ਸਰਬੱਤ, ਸਰਬਤ੍ਰ: ਸੰ. ਸਵੰਤ੍ਰ. ਕ੍ਰਿ. ਵਿ- ਸਭ ਥਾਂ. ਸਭ ਜਗਾ. "ਸਰਬ ਮਾਨ ਸਰਬਤ੍ਰ ਮਾਨ." (ਜਾਪੁ) "ਅੰਤਰਿ ਬਾਹਰਿ ਸਰਬਤਿ ਰਵਿਆ." (ਸ੍ਰੀ ਛੰਤ ਮਃ ੫) ੨. ਸਾਰੇ ਸਮਿਆਂ ਵਿੱਚ. ਸਰਵ ਕਾਲ ਮੇ. "ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ." (ਵਾਰ ਸੋਰ ਮਃ ੪) "ਹਰਿ ਭਗਤਾਂ ਕਾ ਮੇਲੀ ਸਰਬਤ." (ਵਾਰ ਬਿਲਾ ਮਃ ੪) "ਦਯਾਲੰ ਸਰਬਤ੍ਰ ਜੀਆ." (ਸਹਸ ਮਃ ੫) ੩. ਸਭ. ਤਮਾਮ. "ਤੇਰੇ ਭਾਣੇ ਸਰਬੱਤ ਕਾ ਭਲਾ." (ਅਰਦਾਸ)

ਸਰਬਥਾ: ਸੰ. ਸਵੰਥਾ. ਕ੍ਰਿ. ਵਿ- ਸਭ ਤਰਾਂ. ਸਰਵ ਪ੍ਰਕਾਰ ਸੇ.

ਸਰਬਦਾ: ਸੰ. ਸਵੰਦਾ. ਕ੍ਰਿ. ਵਿ- ਹਮੇਸ਼ਾ. ਨਿਤਯ. ਸਰਵ ਕਾਲ ਮੇ.

ਸਰਬਦ੍ਰਿਸ: ਸਵੰਦ੍ਰਿਕ. ਸਵੰਦ੍ਰਸ਼੍ਰਾ. ਸਭ ਨੂੰ ਦੇਖਣ ਵਾਲਾ.

ਸਰਬਧਾਰ, ਸਰਬਧਾਰਨ: ਵਿ- ਸਭ ਨੂੰ ਧਾਰਨ ਵਾਲਾ। ੨. ਸਭ ਦਾ ਆਧਾਰ. ਸਵੰਧਾਰ. "ਸਰਬਧਾਰ ਸਮਰਥ." (ਵਾਰ ਰਾਮ ੨. ਮਃ ੫) "ਸਰਬਧਾਰਨ ਪ੍ਰਤਿਪਾਰਨ." (ਮਾਰੂ ਮਃ ੫)

ਸਰਬਨਾਮ: ਸੰ. ਸਰ੍ਵਨਾਮਨ. ਨਾਉਂ ਦੀ ਥਾਂ ਆਇਆ ਹੋਇਆ ਨਾਮ. ਪੜਨਾਉਂ. Pronoun. ਜਿਵੇਂ- 'ਜਦ ਮਰਦਾਨੇ ਨੇ ਗੁਰੂ ਨਾਨਕ ਦੇਵ ਦੇ ਚਰਣਾਂ ਤੇ ਨਮਸਕਾਰ ਕੀਤੀ, ਤਾਂ ਉਨ੍ਹਾਂ ਨੇ ਉਸ ਨੂੰ ਆਗਯਾ ਕੀਤੀ.' ਇਸ ਥਾਂ 'ਉਨ੍ਹਾਂ' 'ਉਸ' ਸਵੰਨਾਮ ਹਨ। ੨. ਸਾਰੇ ਨਾਮ. "ਤ੍ਵ ਸਰਬਨਾਮ ਕਥੈ ਕਵਨ." (ਜਾਪੁ)

ਸਰਬਨਿਵਾਸੀ: ਵਿ- ਸਭ ਥਾਂ ਵਸਣ ਵਾਲਾ. "ਸਰਬਨਿਵਾਸੀ ਸਦਾ ਅਲੇਪਾ." (ਧਨਾ ਮਃ ੯)

ਸਰਬਨੈਨ: ਵਿ- ਸਭ ਦਾ ਨੇਤ੍ਰ ਰੂਪ. "ਸਰਬਨੈਨ ਆਪਿ ਪੇਖਨਹਾਰਾ." (ਸੁਖਮਨੀ) ੨. ਸਭ ਨੂੰ ਨਜਰ ਵਿੱਚ ਰੱਖਣ ਵਾਲਾ.

ਸਰਬਪਾਖ: ਵਿ- ਸਭ ਦਾ ਪੱਖ ਕਰਨ ਵਾਲਾ. ਸਰਵ ਦਾ ਸਹਾਇਕ. "ਸਰਬਪਾਖ ਰਾਖੁ ਮੁਰਾਰੇ." (ਦੇਵ ਮਃ ੫)

ਸਰਬ ਪਿਆਰ, ਸਰਬਪਿਆਰੁ: ਸਰਵ ਪ੍ਰਿਯਤਾ. ਹਰਦਿਲਅ਼ਜ਼ੀਜ਼ੀ। ੨. ਸਰਵਪ੍ਰਿਯ. ਸ਼ਭ ਦਾ ਪਿਆਰਾ ਕਰਤਾਰ. "ਪਾਈਐ ਸਰਬ ਪਿਆਰੁ." (ਸ੍ਰੀ ਅਃ ਮਃ ੧)

ਸਰਬਪੂਜ, ਸਰਬਪੂਜਯ: ਸਰਵੰਪੂਜਯ. ਸਭ ਤੋਂ ਪੂਜਾ ਯੋਗ. ਸਭ ਦੇ ਪੂਜਣ ਲਾਇਕ. "ਸਰਬਪੂਜ ਚਰਨ ਗੁਰ ਸੇਉ." (ਗੋਂਡ ਮਃ ੫)

ਸਰਬਪ੍ਰਤਿਪਾਲ: ਵਿ- ਸਭ ਦਾ ਪਾਲਨ ਕਰਤਾ ਸਰਵ ਪ੍ਰਤਿਪਾਲਕ. "ਸਰਬਪ੍ਰਤਿਪਾਲ ਰਹੀਮ." (ਰਾਮ ਮਃ ੫)

ਸਰਬਪ੍ਰਿਅ, ਸਰਬਪ੍ਰਿਯ, ਸਰਬਪ੍ਰੇਉ: ਸਵੰਪ੍ਰਿਯ. ਸਭ ਦਾ ਪਿਆਰਾ. ਦੇਖੋ, ਪ੍ਰੇਉ.

ਸਰਬਬਿਆਪਕ, ਸਰਬਬਿਆਪਤ, ਸਰਬਬਿਆਪਿਕ, ਸਰਬਬਿਆਪੀ: ਵਿ- ਸਵੰਵਯਾਪਕ. ਸਭ ਥਾਂ ਵਿਆਪਿਆ ਹੋਇਆ. "ਸਰਬ- ਬਿਆਪਤ ਪੂਰਨਧਨੀ." (ਗਉ ਮਃ ੫) "ਸਰਬਬਿਆਪੀ ਰਾਮ ਸੰਗਿ ਰਚਨ." (ਸੁਖਮਨੀ) "ਸਰਬਬਿਆਪਿਕ ਅੰਤਰ ਹਰੀ." (ਮਲਾ ਨਾਮਦੇਵ) ੨. ਸੰਗਯਾ- ਪਾਰਬ੍ਰਹਮ. ਕਰਤਾਰ। ੩. ਆਕਾਸ਼। ੪. ਪਵਨ। ੫. ਇੱਕ ਕਰਣੀ ਵਾਲਾ ਉਦਾਸੀ ਸਾਧੂ, ਜਿਸ ਦੀ ਸਮਾਧਿ ਪਟਿਆਲੇ ਹੈ.

ਸਰਬਭਉਣ: ਸਵੰ ਅਸਥਾਨਾਂ ਵਿੱਚ ਭ੍ਰਮਣ ਕਰਤਾ। ੨. ਸਾਰੇ ਭਵਨ (ਲੋਕਾਂ) ਵਿੱਚ ਵ੍ਯਾਪਕ. "ਨਮੋ ਸਰਬਭਉਣੇ." (ਜਾਪੁ)

੩. ਸਾਰੇ ਹੈ ਜਿਸ ਦਾ ਭਵਨ (ਘਰ).

ਸਰਬਭੱਖੀ, ਸਰਬਭੱਛੀ: ਵਿ- ਸਵੰਭਕ੍ਸ਼ੀ. ਸਭ ਕੁਝ ਖਾਜਾਣ ਵਾਲਾ. ਧਰਮ ਅਨੁਸਾਰ ਜੋ ਖਾਣ ਲਾਇਕ ਵਸਤੁ ਨਹੀਂ ਉਸ ਨੂੰ ਭੀ ਖਾਣ ਵਾਲਾ. Omnivorous। ੨. ਦੇਖੋ, ਅਘੋਰੀ.

ਸਰਬਮਈ, ਸਰਬਮਯ: ਸਵੰਮਯ. ਸਰਵਰੂਪ. "ਹੇ ਪੂਰਨ ਹੇ ਸਰਬਮੈ" (ਬਾਵਨ) "ਅਮਿਤ ਅਦ੍ਵੈਖੰ ਸਰਬਮਈ." (ਗਜ਼ਾਨ)

ਸਰਬਮਾਨ: ਸਵੰਮਾਨਜ. ਸਭ ਕਰਕੇ ਮੰਨਣ ਯੋਗਜ. ਸਰਵਪੂਜਜ. "ਸਰਬਮਾਨ ਸਰਬਤ੍ਰ ਮਾਨ." (ਜਾਪੁ)

ਸਰਬਮੈ: ਸਵੰਮਯ. ਦੇਖੋ ਸਰਬਮਯ.

ਸਰਬਮੰਗਲਾ: ਸੰ. ਸਰ੍ਵਮਙ੍ਗਲਾ. ਇੱਕ ਖਾਸ ਦੇਵੀ, ਜੋ ਪੁਰਾਣਾਂ ਨੇ ਸਭ ਮੰਗਲਾਂ ਦੇ ਦੇਣ ਵਾਲੀ ਮੰਨੀ ਹੈ. ਦੇਖੋ, ਦੇਵੀ ਪੁਰਾਣ ਅਃ ੪੫ ਅਤੇ ਭਵਿਸ਼ਜ ਪੁਰਾਣ. "ਸਰਬਮੰਗਲਾ ਕੋ ਭਵਨ ਗੋਖਾ ਨਗਰ ਮਝਾਰ." (ਚਰਿਤ੍ਰ ੮੮)

ਸਰਬਰ: ਸੰਗਜਾ- ਮੁਕਾਬਲਾ. ਬਰਾਬਰੀ. "ਰਾਵਣ ਸੇਤੀ ਸਰਬਰ ਹੋਈ." (ਗੌਂਡ ਨਾਮਦੇਵ) ੨. ਵਿ- ਤੁੱਲ. ਸਮਾਨ "ਸਰਬਰ ਕਉ ਕਾਹਿ ਜੀਉ." (ਸਵੈਯੇ ਮਃ ੪. ਕੇ)

ਸਰਬਰਸ: ਸੰ. ਸਵੰਰਸ. ਗੰਨਾ। ੨. ਖ਼ਾ. ਲੂਣ. ਨਮਕ.

ਸਰਬਰਸਾਇਣੁ: ਆਤਮਰਸ. ਜਿਸ ਵਿੱਚ ਸਾਰੇ ਰਸ ਰਹਿੰਦੇ ਹਨ। ੨. ਕਰਤਾਰ ਦਾ ਨਾਮ. "ਸਰਬ- ਰਸਾਇਣੁ ਗੁਰਮੁਖਿ ਜਾਤਾ." (ਆਸਾ ਅਃ ਮਃ ੧)

ਸਰਬਰਾਹ: ਫ਼ਾ. سربراہ ਸਰਪਰਸ੍ਤ. ਇੰਤਜਾਮ ਕਰਨ ਵਾਲਾ ਮੁਖੀਆ ਕਰਮਚਾਰੀ। ੨. ਰਹਨੁਮਾ. ਰਸਤਾ ਦਿਖਾਉਣ ਵਾਲਾ.

ਸਰਬਰਿ: ਦੇਖੋ, ਸਰਬਰ ਅਤੇ ਸਰਬਰੀ.

ਸਰਬਰੀ: ਰਾਤ. ਦੇਖੋ, ਸਰਵਰੀ. "ਸਪਤ. ਰਬਰੀ ਪੰਥ ਵਿਤਾਈ." (ਨਾਪ੍ਰ) ੨. ਸਭ ਦੀ. ਡਿੰਗਲ ਭਾਸ਼ਾ ਵਿੱਚ "ਰੀ" ਦਾ- ਦੀ. ਅਰਥ ਬੋਧਕ ਹੈ. "ਸਰਬਰੀ ਪ੍ਰੀਤਿ ਪਿਆਰ." (ਸਾਰ ਪੜਤਾਲ ਮਃ ੫)

ਸਰਬਲੋਹ: ਸੰ. ਸਵੰਲੋਹ. ਵਿ- ਸਾਰਾ ਲੋਹੇ ਦਾ। ੨. ਸੰਗਜਾ- ਇੱਕ ਪ੍ਰਕਾਰ ਦਾ ਤੀਰ, ਜਿਸ ਦਾ ਨਾਉਂ "ਨਾਰਾਚ" ਹੈ. ਇਸ ਦੇ ਕਾਨਾ ਨਹੀਂ ਹੁੰਦਾ, ਕਿੰਤੂ ਸਾਰਾ ਲੋਹੇ ਦਾ ਹੋਇਆ ਕਰਦਾ ਹੈ। ੩. ਖ਼ਾ. ਲੋਹਾ। ੪. ਸ਼ਸਤ੍ਰ। ੫. ਅਕਾਲ. "ਸਰਬਲੋਹ ਕੀ ਰੱਛਿਆ ਹਮ ਨੈ." (ਅਕਾਲ) ੬. ਮਹਾਕਾਲ ਦਾ ਇੱਕ ਅਵਤਾਰ, ਜਿਸ ਦੀ ਕਥਾ "ਸਰਬਲੋਹ" ਗ੍ਰੰਥ ਵਿੱਚ ਲਿਖੀ ਹੈ। ੭. ਸਰਬਲੋਹ ਗ੍ਰੰਥ, ਜਿਸ ਦਾ ਦੂਜਾ ਨਾਉਂ "ਮੰਗਲਚਰਣ" ਹੈ. ਇਸ ਗ੍ਰੰਥ ਦੇ ਮੁੱਢ ਸ਼੍ਰੀ ਮੁਖਵਾਕ ਪਾਤਸ਼ਾਹੀ ੧੦. ਪਾਠ ਹੈ. ਪਾਠਕਾਂ ਦੇ ਗਿਆਨ ਲਈ ਸਰਬਲੋਹ ਦਾ ਖੁਲਾਸਾ ਲਿਖਦੇ ਹਾਂ-

ਪਹਿਲਾ ਅਧਜਾਯ- ਦੇਵੀ ਅਤੇ ਅਕਾਲ ਦੀ ਮਹਿਮਾ, ਦੈਤਾਂ ਤੋਂ ਹਾਰਕੇ ਦੇਵਤਿਆਂ ਦਾ ਦੇਵੀ ਦੀ ਸ਼ਰਣ ਆਉਣਾ, ਦੇਵੀ ਨੇ ਹੋਰ ਦੇਵਤਿਆਂ ਦੀਆਂ ਸ਼ਕਤੀਆਂ ਨੂੰ ਨਾਲ ਲੈ ਕੇ ਭੀਮਨਾਦ ਦੈਤ ਨਾਲ ਲੜਨਾ ਅਤੇ ਉਸ ਨੂੰ ਮਾਰਨਾ.

ਦੂਜਾ ਅਧਜਾਯ- ਭੀਮਨਾਦ ਦੀ ਇਸਤ੍ਰੀ ਦਾ ਸਤੀ ਹੋਣਾ, ਭੀਮਨਾਦ ਦੇ ਭਾਈ ਬ੍ਰਿਜਨਾਦ (ਵੀਯੰਨਾਦ) ਨੇ ਦੇਵਤਿਆਂ ਨਾਲ ਲੜਨ ਦੀ ਤਿਆਰੀ ਕਰਨੀ, ਇੰਦ੍ਰ ਨੇ ਸਭ ਦੇਵਤਿਆਂ ਨੂੰ ਸਹਾਇਤਾ ਵਾਸਤੇ ਚਿੱਠੀਆਂ ਲਿਖਣੀਆਂ.

ਤੀਜਾ ਅਧਜਾਯ- ਦੋਹਾਂ ਦਲਾਂ ਦੀ ਚੜਾਈ, ਵਿਸ਼ਨੁ ਵੱਲੋਂ ਬ੍ਰਿਜਨਾਦ ਪਾਸ ਨਾਰਦ ਦਾ ਦੂਤ ਹੋਕੇ ਜਾਣਾ, ਬ੍ਰਿਜਨਾਦ ਨੇ ਸੁਲਹ ਤੋਂ ਇਨਕਾਰ ਕਰਕੇ ਜੰਗ ਕਰਨ ਦਾ ਇਰਾਦਾ ਪ੍ਰਗਟ ਕਰਨਾ, ਜੰਗ ਵਿੱਚ ਬ੍ਰਿਜਨਾਦ ਦੇ ੧੧. ਸੈਨਾਪਤੀਆਂ ਦਾ ਮਰਨਾ.

ਚੌਥਾ ਅਧਜਾਯ- ਘੋਰ ਸੰਗ੍ਰਾਮ ਹੋਣਾ, ਜੰਗ ਵਿੱਚ ਮਰੇ ਹੋਏ ਦੇਵਤਿਆਂ ਨੂੰ ਅਮ੍ਰਿਤ ਦੇ ਕੇ ਵਿਸ਼ਨੁ ਨੇ ਜਿਵਾਉਣਾ, ਅੰਤ ਨੂੰ ਦੈਤਾਂ ਨੇ ਜੰਗ ਜਿੱਤਕੇ ਇੰਦ੍ਰ ਨੂੰ ਕੈਦ ਕਰਨਾ, ਵਿਸ਼ਨੁ ਨੇ ਇੰਦ੍ਰ ਦੇ ਬੰਧਨ ਕੱਟਣੇ, ਬ੍ਰਿਜਨਾਦ ਨੇ ਫਤੇ ਪਾਕੇ ਇੰਦ੍ਰਪੁਰੀ ਪੁਰ ਕਬਜਾ ਕਰਨਾ.

ਪੰਜਵਾਂ ਅਧਯਾਯ- ਦੇਵਤਿਆਂ ਦਾ ਦੁਖੀ ਹੋਕੇ ਈਸ਼੍ਵਰ ਅੱਗੇ ਪੁਕਾਰਨਾ, ਪ੍ਰਮਾਤਮਾ ਨੇ ਸਰਬਲੋਹ ਅਵਤਾਰ ਧਾਰਨਾ. ਯਥਾ- "ਸਰਬ ਅੰਗ ਬਜਰੰਗ ਹੇ, ਧਾਰਯੋ ਪੁਰਖ ਅਸੰਗ ਹੇ, ਸਰਬਲੋਹ ਅਵਤਾਰ." (ਛੰਦ ੬੫) ਸਰਬਲੋਹ ਵੱਲੋਂ ਬ੍ਰਿਜਨਾਦ ਪਾਸ ਗਣੇਸ਼ ਦਾ ਦੂਤ ਹੋ ਕੇ ਜਾਣਾ, ਸੁਲਹਿ ਦੀਆਂ ਸ਼ਰਤਾਂ ਨਾਮਨਜ਼ੂਰ ਹੋਣ ਪੁਰ ਪਰਸਪਰ ਘੋਰ ਸੰਗ੍ਰਾਮ ਮੱਚਣਾ, ਦੇਵੀ ਅਤੇ ਹੋਰ ਸ਼ਕਤੀਆਂ ਦਾ ਸਹਾਇਤਾ ਲਈ ਜੰਗ ਅੰਦਰ ਆਉਣਾ, ਸਰਬਲੋਹ ਨੇ ਬ੍ਰਿਜਨਾਦ ਤੋਂ ਛੁੱਟ ਬਾਕੀ ਸਾਰੇ ਦੇਵਤਿਆਂ ਅਤੇ ਦੈਤਾਂ ਨੂੰ ਆਪਣੇ ਵਿੱਚ ਲੀਨ ਕਰਨਾ. ਬ੍ਰਿਜਨਾਦ ਨੇ ਸਰਬਲੋਹ ਦੀ ਉਸਤਤਿ ਕਰਕੇ ਪ੍ਰਾਰਥਨਾ ਕਰਨੀ ਕਿ ਫੇਰ ਪ੍ਰਗਟ ਹੋ ਕੇ ਮੇਰੇ ਨਾਲ ਜੰਗ ਕਰੋ, ਸਰਬਲੋਹ ਨੇ ਫੇਰ ਭਿਆਨਕ ਰੂਪ ਧਾਰਕੇ ਭਾਰੀ ਜੰਗ ਕਰਨਾ ਅਤੇ ਬ੍ਰਿਜਨਾਦ ਦਾ ਸਿਰ ਕੱਟਕੇ ਸਿਵ ਨੂੰ ਮੁੰਡਮਾਲਾ ਦਾ ਮੇਰੁ ਬਣਾਉਣ ਲਈ ਦੇਣਾ ਅਤੇ ਸਭ ਦੇਵਤਿਆਂ ਨੂੰ ਖਿਲਤ (ਸਿਰੋਪਾ) ਦੇਕੇ ਵਿਦਾ ਕਰਨਾ.

ਇਸ ਗ੍ਰੰਥ ਵਿੱਚ ਲਿਖਿਆ ਹੈ ਕਿ ਇਹ ਪੁਸਤਕ ਸ਼ੁਕ੍ਰ ਭਾਸ਼੍ਯ ਦਾ ਸਾਰ ਹੈ ਯਥਾ-

"ਤੇ ਸਭ ਕਥੇ ਪ੍ਰਿਥਕ ਕਰਨਿਰਣਯ ਸੁਕ੍ਰਾਭਾਸਹਿਛੰਦ,

ਸਵਾ ਲਾਖ ਹੈ ਸੰਖ੍ਯਾ ਯਾਂਕੀ ਵਦਤ ਮੁਨੀ ਜਨ ਛੰਦ,

ਤਾਂਕੋ ਸਾਰ ਕਾਢਕੈ ਬਰਣਾ ਮੰਗਲਚਰਣ ਸੁਛੰਦ,

ਸਵਾ ਲਾਖ ਛੰਦਨ ਕੋ ਸਾਰੰ ਤ੍ਰੈ ਸਹਸ੍ਰ ਸ਼ਤ ਛੰਦ."

ਇਸ ਵਿੱਚ ਇਹ ਭੀ ਲੇਖ ਹੈ ਕਿ ਸਰਬਲੋਹ ਅਤੇ ਬ੍ਰਿਜਨਾਦ ਦਾਨਵ ਦਾ ਇਹ ਜੰਗ ਨਹੀਂ, ਕਿੰਤੂ ਵਿਵੇਕ ਅਤੇ ਮੋਹ ਦਾ ਸੰਗ੍ਰਾਮ ਹੈ. ਯਥਾ- "ਨ੍ਰਿਪ ਬਿਬੇਕ ਅਬਿਬੇਕ ਸੇਨਾਨੀ ਭਟ ਪ੍ਰਧਾਨ ਮੰਤ੍ਰੀ ਧੁਜਨੀ."

ਸਰਬਲੋਹ ਵਿੱਚ ਬਿਨਾ ਹੀ ਪ੍ਰਕਰਣ ਖਾਲਸਾ- ਧਰਮ ਸੰਬੰਧੀ ਭੀ ਕਈ ਲੇਖ ਆਏ ਹਨ. ਯਥਾ- "ਗੁਰੁਗਾਦੀ ਪਾਤਸ਼ਾਹੀ ੧੦"- "ਖਾਲਸਾ ਪ੍ਰਕਾਸ਼" ਅਤੇ "ਬਖਸ਼ਿਸ ਹਜੂਰ" ਸਿਰਲੇਖਾਂ ਹੇਠ ਲਿਖਿਆ ਹੈ-

"ਭਯੋ ਨਿਸਤਾਰ ਤ੍ਰਾਸ ਅਸੁਰਨ ਤੇ

ਤਾਰਲਿਖੋ ਗੁਰੁ ਜਗਤ ਸਬੈ,

ਸ਼ਾਹ ਗੋਬਿੰਦ ਫਤਹ ਸਤਿਗੁਰੁ ਕੀ

ਵਾਹਗੁਰੂ ਸੁਚਿਮੰਤ੍ਰ ਅਖੈ." xxx

"ਪੰਥ ਖਾਲਸਾ ਭਯੋ ਪੁਨੀਤਾ

ਪ੍ਰਭੁ ਆਗ੍ਯਾ ਕਰ ਉਦਤਿ ਭਏ,

ਮਿਟਿਓ ਦ੍ਵੈਤ ਉਪਾਧੀ ਜਗ ਕੀ

ਅਸੁਰ ਮਲੇਛਨ ਮੂਲ ਗਏ,

ਧਰਮੀ ਪੰਥ ਖਾਲਸਾ ਪ੍ਰਚੁਰਯੋ

ਸਤਯਰੂਪ ਪੁਨਿਰੂਪ ਜਯੇ,

ਕੱਛ ਕੇਸ ਕਿਰਪਾਨ ਤ੍ਰਿਮੁਦ੍ਰਾ

ਗੁਰੁਭਗਤਾ ਰਾਮਦਾਸ ਭਯੇ,

ਅਕਾਲਉਪਾਸਕ ਛਤ੍ਰੀਧਰਮਾ

ਰਣ ਕਟਿ ਕਸ ਪਰਧਾਨ ਅਏ,

ਤਾ ਮਹਿ ਪੰਚ ਚਾਲੀਸ ਪ੍ਰਧਾਨਾ

ਪੰਚਪ੍ਰਧਾਨ ਖਾਲਸਾ ਠਏ,

ਸਿੰਘ ਅਜੀਤ ਜੁਝਾਰ ਫਤਹਿ ਸਿੰਘ,

ਜੋਰਾਵਰ ਸਿੰਘ ਪਰਮ ਪ੍ਰਿਏ,

ਪੰਚਿਮ ਖਾਲਿਸ ਸਤਿਗੁਰੁ ਪੂਰਾ

ਜਿਨ ਇਹ ਪੰਤ ਸੁਪਥ ਪ੍ਰਗਟਏ." xxx

"ਗੁਰੂ ਅਪਨਪੌ ਖਾਲਸੇ ਦੀਨਾ,

ਦੁਤਿਯ ਰੂਪ ਸਤਿਗੁਰੁ ਗੁਰੁਗ੍ਰੰਥਾ,

ਬੋਲਨ ਸਤਿਗੁਰੁ ਸਬਦ ਸੰਭਾਖਨ

ਨਾਮ ਗੋਬਿੰਦ ਕੀਰਤਨ ਸੰਥਾ,

ਦ੍ਵਾਦਸ ਰੂਪ ਸਤਿਗੁਰੁ ਏ ਕਹੀਅਹਿ

ਦ੍ਵਾਦਸ ਰਵਿ ਪ੍ਰਗਟਜੋ ਹਰਿਸੰਤਾ,

ਦਾਸ ਗੋਬਿੰਦ ਫਤਹ ਸਤਿਗੁਰੁ ਕੀ

ਗ੍ਰੰਥ ਖਾਲਸਾ ਗੁਰੂ ਬਦੰਥਾ." xxx

ਪੰਡਿਤ ਤਾਰਾ ਸਿੰਘ ਜੀ ਦੀ ਖੋਜ ਅਨੁਸਾਰ ਸਰਬਲੋਹ ਗ੍ਰੰਥ ਭਾਈ ਸੁੱਖਾ ਸਿੰਘ ਦੀ ਰਚਨਾ ਹੈ, ਜੋ ਪਟਨੇ ਸਾਹਿਬ ਦਾ ਗ੍ਰੰਥੀ ਸੀ. ਉਸ ਨੇ ਪ੍ਰਗਟ ਕੀਤਾ ਕਿ ਮੈਨੂੰ ਇਹ ਗ੍ਰੰਥ ਜਗੰਨਾਥ ਦੀ ਝਾੜੀ ਵਿੱਚ ਰਹਿਣ ਵਾਲੇ ਇੱਕ ਅਵਧੂਤ ਉਦਾਸੀ ਤੋਂ ਮਿਲਿਆ ਹੈ, ਜੋ ਕਲਗੀਧਰ ਦੀ ਰਚਨਾ ਹੈ.

ਅਸੀਂ ਭੀ ਸਰਬਲੋਹ ਨੂੰ ਦਸ਼ਮੇਸ਼ ਦੀ ਰਚਨਾ ਮੰਨਣ ਲਈ ਤਿਆਰ ਨਹੀਂ, ਕਿਉਂਕਿ ਇਸ ਵਿੱਚ ਰੂਪਦੀਪ ਭਾਸ਼ਾ ਪਿੰਗਲ ਦਾ ਜਿਕਰ ਆਇਆ ਹੈ. ਰੂਪਦੀਪ ਦੀ ਰਚਨਾ ਸੰਮਤ ੧੭੭੬ ਵਿੱਚ ਹੋਈ ਹੈ, ਅਤੇ ਕਲਗੀਧਰ ਸੰਮਤ ੧੭੬੫ ਵਿੱਚ ਜੋਤੀਜੋਤਿ ਸਮਾਏ ਹਨ, ਅਤੇ ਜੇ ਇਹ ਗ੍ਰੰਥ ਅਮ੍ਰਿਤ ਸੰਸਕਾਰ ਤੋਂ ਪਹਿਲਾ ਹੈ, ਤਦ ਖਾਲਸੇ ਦਾ ਪ੍ਰਸੰਗ ਅਤੇ ਗ੍ਰੰਥ ਪੰਥ ਨੂੰ ਗੁਰੁਤਾ ਦਾ ਜਿਕਰ ਕਿਸ ਤਰਾਂ ਆ ਸਕਦਾ ਹੈ? ਜੇ ਅਮ੍ਰਿਤਸੰਸਕਾਰ ਤੋਂ ਪਿੱਛੋਂ ਦੀ ਰਚਨਾ ਹੈ, ਤਦ ਦਾਸ ਗੋਬਿੰਦ, ਸ਼ਾਹ ਗੋਬਿੰਦ ਆਦਿਕ ਨਾਮ ਕਿਉਂ?

ਇਹ ਗ੍ਰੰਥ ਭੀ ਅਞਾਣ ਲਿਖਾਰੀਆਂ ਦੀ ਅਨਗਹਲੀ ਨਾਲ ਉਤਨਾ ਹੀ ਅਸ਼ੁੱਧ ਹੈ ਜਿਤਨਾ ਕਿ ਦਸਮਗ੍ਰੰਥ. ਗਯੰਦ ਦੀ ਥਾਂ ਨਇੰਦ, ਓਪ ਦੀ ਥਾਂ ਵੋਪ, ਸਜਾਮਕਰਨ ਦੀ ਥਾਂ ਸਮਾਕਰਨ, ਤ੍ਰਿਭੰਗੀ ਦੀ ਥਾਂ ਤ੍ਰਿਕੁੰਗੀ, ਵਖਟਕਾਰ ਦੀ ਥਾਂ ਬਖਤਕਾਰ, ਨਿਦ੍ਰਾ ਦੀ ਥਾਂ ਨਿੰਧਾ ਆਦਿਕ ਸੈਂਕੜੇ ਪਾਠ ਵਿਗਾੜੇ ਹੋਏ ਹਨ.

ਭਾਈ ਧਜਾਨ ਸਿੰਘ ਸਾਹਿਬ ਕੱਟੂ (ਰਿਆਸਤ ਨਾਭਾ) ਨਿਵਾਸੀ ਮਹਾਤਮਾ ਨੇ ਦਸਮਗ੍ਰੰਥ ਵਿਚੋਂ ਚਰਿਤ੍ਰ ਕੱਢਕੇ ਸਰਬਲੋਹ ਸ਼ਾਮਿਲ ਕਰਕੇ ਇਕ ਬੀੜ ਤਿਆਰ ਕਰਾਈ ਸੀ, ਜਿਸ ਦਾ ਪ੍ਰਚਾਰ ਨਹੀਂ ਹੋਇਆ.

ਸਰਬਲੋਹੀਆ: ਖ਼ਾ. ਲੋਹੇ ਦੇ ਬਰਤਨ ਬਿਨਾ ਹੋਰ ਕਿਸੇ ਧਾਤੁ ਦੇ ਭਾਂਡੇ ਵਿੱਚ ਜੋ ਖਾਣਾ ਪੀਣਾ ਨਾ ਕਰੇ। ੨. ਸ਼ਸਤ੍ਰਧਾਰੀ. ਲੋਹਾ ਬੰਨ੍ਹਣ ਵਾਲਾ। ੩. ਸਾਰੇ ਸ਼ਰੀਰ ਨੂੰ ਲੋਹੇ ਨਾਲ ਢਕ ਲੈਣ ਵਾਲਾ.

ਸਰਬਾਕ੍ਰਿਤ, ਸਰਬਾਕ੍ਰਿਤਿ: ਸਰਵ- ਆਕ੍ਰਿਤਿ (सर्वाकृति) ਸਰਵ ਆਕਾਰ. ਸਰਵਰੂਪ. "ਸਰਬਾਕ੍ਰਿਤ ਹੈ." (ਜਾਪੁ)

**ਸਰਬਾਗ, ਸਰਬਾਗਿ, ਸਰਬਾਗਿਓ:** ਦੇਖੋ, ਸਰਵਗਜ, ਸਰਵਗਜਾਤਾ. "ਕਰਹੁ ਤਪਾਵਸੁ ਪ੍ਰਭੁ ਸਰਬਾਗਿ." (ਪ੍ਰਭਾ ਅਃ ਮਃ ੫) "ਪੂਰਨ ਸਰਬਾਗਿਓ." (ਮਾਲੀ ਮਃ ੫) ੨. ਦੇਖੋ, ਸਰਵਾਂਗ.

**ਸਰਬਾਂਗੀ:** ਸੰ. सर्वाङ्गिन. ਵਿ- ਸਾਰਾ ਬ੍ਰਹਮਾਂਡ ਹੈ ਜਿਸ ਦੇ ਅੰਗ. ਵਿਸ਼੍ਵਰੂਪ ਕਰਤਾਰ. "ਸੁਖਦਾਈ ਸਰਬਾਂਗੈ." (ਸਾਰ ਮਃ ੫)

**ਸਰਬਾਣਾ:** ਦੇਖੋ, ਸਰ ੪। ੨. ਸੰ. ਸ਼ਰਵਾਣਿ. ਤੀਰ ਚਲਾਕੇ ਨਿਰਬਾਹ ਕਰਨ ਵਾਲਾ. ਕਮਾਣ ਰੱਖਣ ਵਾਲਾ ਸਿਪਾਹੀ.

**ਸਰਬਾਣੀ:** ਦੇਖੋ, ਸਰਵਾਣੀ.

**ਸਰਬਾਤਮ:** ਸੰ. सर्वात्मन. ਸਭ ਦਾ ਆਤਮਾ ਰੂਪ. ਸਭ ਦਾ ਆਪਣਾ ਆਪ."ਸਰਬਾਤਮ ਹੈ." (ਜਾਪੁ) "ਸਰਬਾਤਮ ਜਿਨਿ ਜਾਨਿਓ." (ਸਵੈਯੇ ਮਃ ੧. ਕੇ)

**ਸਰਬਾਨ:** ਦੇਖੋ, ਸਾਰਬਾਨ.

**ਸਰਬਾਭਰਣਾਢ੍ਯ:** (ਜਾਪੁ) ਵਾ- ਸਰ੍ਵ- ਆਭਰਣ- ਆਢ੍ਯ. ਸਾਰੇ ਭੂਸ਼ਣਾਂ ਕਰਕੇ ਮਹਾ ਧਨੀ। ੨. ਸਾਰੇ ਭੂਖਣਾਂ ਦੇ ਧਾਰਨ ਵਾਲਾ.

**ਸਰਬਾਲਾ:** ਦੇਖੋ, ਸਹਬਾਲਾ.

**ਸਰਬੁਲੰਦਖ਼ਾਂ:** ਇਹ ਅਹਮਦਸ਼ਾਹ ਦੁੱਰਾਨੀ ਦਾ ਮਾਮਾ ਅਤੇ ਦੁੱਰਾਨੀ ਸੈਨਾ ਦਾ ਪ੍ਰਸਿੱਧ ਸੈਨਾਪਤੀ ਸੀ. ਇਸ ਦੀ ਉਮਰ ਸਿੰਘਾਂ ਨਾਲ ਟਾਕਰੇ ਕਰਦੇ ਲੰਘੀ. ਕੁਝ ਸਮਾਂ ਇਹ ਜਲੰਧਰ ਦਾ ਸੂਬਾ ਭੀ ਰਿਹਾ. ਸਨ ੧੭੫੬ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਇਸ ਨੂੰ ਜਲੰਧਰ ਪਾਸ ਭਾਰੀ ਸ਼ਿਕਸ੍ਤ ਦਿੱਤੀ ਸੀ ਅਤੇ ਸਰਦਾਰ ਚੜ੍ਹਤ ਸਿੰਘ ਸੁਕ੍ਰਚੱਕੀਏ ਨੇ ਇਸ ਨੂੰ ਰੋਹਤਾਸ ਦੇ ਕਿਲੇ ਕੈਦ ਕਰ ਲਿਆ ਸੀ, ਪਰ ਫੇਰ ਖਿਲਤ ਦੇ ਕੇ ਸਨਮਾਨ ਨਾਲ ਅਫਗਾਨਿਸਤਾਨ ਨੂੰ ਤੋਰ ਦਿੱਤਾ ਸੀ.

**ਸਰਬੇਸ, ਸਰਬੇਸੁਰ, ਸਰਬੇਸ੍ਵਰ:** ਸੰ. सर्वेश्वर. ਸਰ੍ਵ- ਈਸ਼੍ਵਰ. ਸਭ ਦਾ ਸ੍ਵਾਮੀ. ਸਾਰਿਆਂ ਦਾ ਈਸ਼ (ਮਾਲਿਕ)

**ਸਰਬੋਤਮ:** ਸੰ. सर्वोत्तम. ਸਭ ਤੋਂ ਉੱਤਮ. ਜਿਸ ਤੋਂ ਹੋਰ ਕੋਈ ਸ਼੍ਰੇਸ਼੍ਠ ਨਹੀਂ.

**ਸਰਬੋਪਰਿ:** ਸੰ. सर्वोपरि ਜੋ ਸਭ ਤੋਂ ਉੱਪਰ ਹੈ. ਸਭ ਪੁਰ ਵਿਰਾਜਣ ਵਾਲਾ. ਜਿਸ ਤੋਂ ਸਭ ਹੇਠ ਹਨ.

**ਸਰਬੌਸ਼ਧਿ ਪਰਬਤ, ਸਰਬੌਖਧਿ ਪਰਵਤ:** सर्वौषधि पर्वत. ਵਾਲਮੀਕ ਰਾਮਾਇਣ ਲੰਕਾ ਕਾਂਡ ਦੇ ੭੪ ਵੇਂ ਅਧ੍ਯਾਯ ਵਿੱਚ ਜਿਕਰ ਹੈ ਕਿ ਹਿਮਵਾਨ ਪਰਬਤ ਤੋਂ ਅੱਗੇ ਰਿਸ਼ਭ ਅਤੇ ਕੈਲਾਸ ਪਰਬਤ ਦੇ ਮੱਧ ਸਰਬੌਸ਼ਧਿ ਪਹਾੜ ਹੈ, ਜਿਸ ਉੱਤੇ ਚਾਰ ਦਿਵ੍ਯ ਬੂਟੀਆਂ ਹਨ-

(੧) ਮ੍ਰਿਤਸੰਜੀਵਨੀ, ਜੋ ਮੁਰਦੇ ਨੂੰ ਜਿਉਂਦਾ ਕਰੇ ਦਿੰਦੀ ਹੈ.

(੨) ਵਿਸ਼ਲ੍ਯਕਰਣੀ, ਜੋ ਜਖਮ ਰਾਜੀ ਕਰਦੀ ਹੈ.

(੩) ਸੁਵਰਣ ਕਰਣੀ, ਜੋ ਜਖਮੀ ਅਤੇ ਰੋਗੀ ਦੇ ਵਿਗੜੇ ਹੋਏ ਰੰਗ ਨੂੰ ਤਾਕਤ ਵਿੱਚ ਲਿਆਕੇ ਸੁੰਦਰ ਕਰ ਦਿੰਦੀ ਹੈ.

(੪) ਸੰਧਾਨੀ, ਜੋ ਛੁਹਣ ਮਾਤ੍ਰ ਤੋਂ ਹੀ ਘਾਉ (ਫੱਟ) ਮਿਟਾ ਦਿੰਦੀ ਹੈ.

ਇਸ ਪਹਾੜ ਦਾ ਫਾਸਿਲਾ ਲੰਕਾ ਤੋਂ ੪੦੦੦ ਕੋਸ ਲਿਖਿਆ ਹੈ. ਜਦ ਰਾਮ ਅਤੇ ਲਛਮਨ, ਇੰਦ੍ਰਜੀਤ ਦੀ ਬ੍ਰਹਮਫਾਸ ਵਿੱਚ ਫਸਕੇ ਮੂਰਛਿਤ ਹੋਏ, ਤਦ ਜਾਂਬਵਾਨ ਦੀ ਆਗ੍ਯਾ ਨਾਲ ਹਨੂਮਾਨ ਇਸ ਪਰਬਤ ਨੂੰ ਉਠਾਕੇ ਲੈ ਆਇਆ ਸੀ, ਅਤੇ ਰਾਮ ਸਹਿਤ ਸਭ ਨੂੰ ਰਾਜੀ ਕਰਕੇ ਫੇਰ ਉਸੇ ਥਾਂ ਰੱਖ ਆਇਆ ਸੀ. ਦੂਜੀ ਵਾਰ ਲਛਮਨ ਦੇ ਮੂਰਛਿਤ ਹੋਣ ਪੁਰ ਭੀ ਇਹ ਪਹਾੜ ਲਿਆਂਦਾ ਗਿਆ ਸੀ.

ਵਾਲਮੀਕ ਕਾਂਡ ੬, ਅਃ ੫੦ ਵਿੱਚ ਲੇਖ ਹੈ ਕਿ ਇੰਦ੍ਰਜੀਤ ਨੇ ਨਾਗਪਾਸ਼ ਵਿੱਚ ਰਾਮ ਲਛਮਨ ਨੂੰ ਫਸਾ ਲਿਆ ਅਤੇ ਸਰਪਰੂਪ ਤੀਰਾਂ ਨਾਲ ਮੂਰਛਿਤ ਕਰ ਦਿੱਤੇ. ਇਸੇ ਤਰਾਂ ਸਾਰੀ ਸੈਨਾ ਦੀ ਹਾਲਤ ਭੀ ਕੀਤੀ. ਉਸ ਵੇਲੇ ਤਾਰਾ ਦੇ ਪਿਤਾ, ਸੁਗ੍ਰੀਵ ਦੇ ਸਹੁਰੇ ਸੁਖੇਣ (ਸੁਸ਼ੇਣ) ਨੇ ਹਨੂਮਾਨ ਨੂੰ ਆਖਿਆ ਕਿ ਆਪ ਕ੍ਸ਼ੀਰ ਸਮੁਦ੍ਰ ਵਿੱਚੋਂ ਚੰਦ੍ਰ ਅਤੇ ਦ੍ਰੋਣ ਨਾਮਕ ਪਹਾੜਾਂ ਉਪਰੋਂ ਦੋ ਬੂਟੀਆਂ ਲਿਆਓ. ਇਕ ਸੰਜੀਵਨੀ, ਜੋ ਜਾਨ ਬਖਸ਼ਦੀ ਹੈ, ਦੂਜੀ ਵਿਸ਼ਲਜਾ ਜੋ ਜਖਮ ਮਿਟਾਉਂਦੀ ਹੈ. ਹਨੂਮਾਨ ਜੀ ਜਦ ਜਾਣ ਨੂੰ ਤਿਆਰ ਹੋਏ ਤਦ ਗਰੁੜ ਨੇ ਆਕੇ ਨਾਗਫਾਹੀ ਦਾ ਅਸਰ ਦੂਰ ਕਰ ਦਿੱਤਾ ਅਤੇ ਹਨੂਮਾਨ ਨੂੰ ਖੇਚਲ ਨਾ ਕਰਨੀ ਪਈ.

ਹਨੂ ਨਾਟਕ (ਹਨੁਮਾਨ ਨਾਟਕ) ਵਿੱਚ ਦ੍ਰੋਣਾਚਲ ਦਾ ਉਖੇੜਕੇ ਲਿਆਉਣਾ ਦੱਸਿਆ ਗਿਆ ਹੈ, ਅਤੇ ਲੰਕਾਂ ਤੋਂ ਪਹਾੜ ਦਾ ਫਾਸਿਲਾ- "ਸਾਠ ਲਾਖ ਯੋਜਨ ਹੈ ਕੋਸਾ। ਕੌਨ ਜਾਇ ਜਿਯ ਹੈ ਨ ਭਰੋਸਾ"- ਲਿਖਿਆ ਹੈ.

ਜਦ ਹਨੂਮਾਨ ਦ੍ਰੋਣ ਨੂੰ ਲੈ ਕੇ ਅਯੋਧ੍ਯਾ ਉੱਪਰ ਦੀਂ ਉਡਿਆ ਲੰਕਾ ਨੂੰ ਜਾ ਰਹਿਆ ਸੀ, ਤਦ ਭਰਤ ਨੇ ਕੋਈ ਉਪਦ੍ਰਵੀ ਰਾਖਸ ਸਮਝਕੇ ਹਨੂਮਾਨ ਨੂੰ ਤੀਰ ਮਾਰਕੇ ਸਿੱਟ ਲਿਆ. ਜਦ ਅਸਲੀਅਤ ਦਾ ਪਤਾ ਲੱਗਾ, ਤਦ ਭਰਤ ਨੇ ਪਛਤਾਕੇ ਹਨੂਮਾਨ ਨੂੰ ਆਖਿਆ ਕਿ ਤੂੰ ਮੇਰੇ ਤੀਰ ਤੇ ਪਹਾੜ ਸਮੇਤ ਬੈਠ ਜਾ, ਮੈਂ ਤੈਨੂੰ ਹੁਣੇ ਲੰਕਾ ਪਹੁਚਾ ਦੇਵਾਂਗਾ. ਉਸ ਥਾਂ ਇਹ ਪਾਠ ਹੈ- "ਜਿਤੀ ਦੂਰ ਤੇ ਲਜਾਯੋ ਹੈਂ ਗਿਰਿ। ਤਿਤੀ ਦੂਰ ਲੰਕਾ ਪਾਛੇ ਫਿਰਿ।।" ਇਸ ਕਵੀ ਦੇ ਲੇਖ ਅਨੁਸਾਰ ਅਯੋਧ੍ਯਾ ਤੋਂ ਲੰਕਾ ਤੀਹ ਲੱਖ ਯੋਜਨ ਹੈ. ਹਿੰਦੁਸਤਾਨ ਦਾ ਨਕਸ਼ਾ ਦੇਖ ਕੇ ਹਨੂਮਾਨ ਵਾਲੇ ਸਿੱਧੇ ਰਾਹ ਦੀ ਮਿਣਤੀ ਕਰੀਏ ਤਾਂ ਬਹੁਤ ਘੱਟ ਹੁੰਦਾ ਹੈ, ਪਰ ਰੇਲ ਅਤੇ ਜਹਾਜ ਦੇ ਰਸਤੇ ਅਯੋਧ੍ਯਾ ਤੋਂ ਲੰਕਾ ੧੯੬੦ ਮੀਲ ਹੈ.

ਸਰਬੰਸ: ਦੇਖੋ, ਸਰਬਸੁ.

ਸਰਬੰਗ: ਸਵੰ- ਅੰਗ. ਸਾਰੇ ਅੰਗ. "ਮੈ ਗਣਤ ਨ ਆਵੈ ਸਰਬੰਗਾ." (ਮਾਰੂ ਸੋਲਹੇ ਮਃ ੫) ੨. ਸਰਵ ਗੁਣ. "ਜਿਉ ਪਾਨੀ ਸਰਬੰਗ." (ਸ. ਕਬੀਰ)

ਸਰਬੰਗਨਾ: ਸੰ. ਸਰ੍ਵਾਙ ਗਿਨ. ਸਰਵ ਅੰਗ ਪੂਰਣ. ਕਿਸੇ ਪੱਖ ਵਿੱਚ ਜੋ ਕਮ ਨਹੀਂ. "ਏਕ ਰਵਿਆ ਸਰਬੰਗਨਾ." (ਮਾਰੂ ਸੋਲਹੇ ਮਃ ੫)

ਸਰਬੰਗੀ: ਦੇਖੋ, ਸਰਬੰਗਨਾ. "ਸਭਨਾ ਅੰਦਰ ਹੈ ਸਰਬੰਗੀ." (ਭਾਗੁ) ੨. ਇੱਕ ਮਤ, ਜੋ ਸ਼ਰਵ (ਸ਼ਿਵ) ਦੇ ਚਿੰਨ੍ਹ ਅੰਗਾਂ ਉੱਪਰ ਧਾਰਣ ਕਰਦਾ ਹੈ. ਇਹ ਪੰਥ ਮਸਤਨਾਥ ਯੋਗੀ ਤੋਂ ਚੱਲਿਆ ਹੈ. ਇਹ ਲੋਕ ਮਦਿਰਾ ਮਾਸ ਖਾਂਦੇ ਅਤੇ ਨਗਨ ਰਹਿੰਦੇ ਹਨ, ਅਰ ਹਰੇਕ ਦੇ ਹੱਥੋਂ ਖਾ ਪੀ ਲੈਂਦੇ ਹਨ. ਰੋਹਤਕ ਦੇ ਇਲਾਕੇ ਬੋਹਰ ਵਿੱਚ ਸਰਬੰਗੀਆਂ ਦਾ ਪ੍ਰਧਾਨ ਅਸਥਾਨ ਹੈ. ਜੋ ਇਸ ਫਿਰਕੇ ਦੇ ਆਦਮੀ ਮਲ ਮੂਤ੍ਰ ਭੀ ਖਾਂਦੇ ਹਨ, ਉਨ੍ਹਾਂ ਦੀ ਘੋਰੀ ਅਥਵਾ ਅਘੋਰੀ ਸੰਗ੍ਯਾ ਹੁੰਦੀ ਹੈ. ਦੇਖੋ, ਅਘੋਰੀ.

ਸ਼ਰਭ: ਸੰ. ਸੰਸਕ੍ਰਿਤ ਕਵੀਆਂ ਦੇ ਲੇਖ ਅਨੁਸਾਰ ਬਰਫਾਨੀ ਪਹਾੜਾਂ ਵਿੱਚ ਰਹਿਣ ਵਾਲਾ ਅੱਠ ਟੰਗੀਆ ਇੱਕ ਮਹਾਂ ਬਲੀ ਜੀਵ, ਜੋ ਸ਼ੇਰ ਦਾ ਭੀ ਸ਼ਿਕਾਰ ਕਰਦਾ ਹੈ ਇਸ ਦੇ ਨਾਮ ਅਸ਼੍ਟਪਦ ਸਿੰਹਾਰਿ ਅਤੇ ਮਹਾਂਸਕੰਧੀ ਭੀ ਹਨ. ਦੇਖੋ, ਸਿਆਰ। ੨. ਇੱਕ ਦੈਤ। ੩. ਉੱਠ. ਸ਼ੁਤਰ। ੪. ਸ਼ਿਸ਼ੁਪਾਲ ਦਾ ਪੁਤ੍ਰ। ੫. ਵਿਸ਼ਨੁ.

ਸਰਭਰਿ: ਭਾਰ ਤੁਲ੍ਯ. ਵਜਨ ਦੇ ਬਰਾਬਰ. "ਨਾਮੇ ਸਰਭਰਿ ਸੋਨਾ ਲੇਹੁ." (ਭੈਰ ਨਾਮਦੇਵ) ੨. ਸਰੋਵਰ ਨੂੰ ਭਰਕੇ. "ਸਰਭਰਿ ਸੋਖੈ." (ਓਅੰਕਾਰ)

ਸਰਭਾਰ: ਸਿਰ ਉੱਪਰ ਚੁੱਕਿਆ ਬੋਝ। ੨. ਉਤਨਾ ਬੋਝ ਜਿਸ ਨੂੰ ਆਦਮੀ ਸਿਰ ਤੇ ਉਠਾ ਸਕੇ। ੩. ਸਰ (ਪਾਣੀ) ਉਤੇ ਭਾਰ (ਮੁਸੀਬਤ). "ਥਲ ਤਾਪਹਿ ਸਰ ਭਾਰ." (ਤੁਖਾ ਬਾਰਹਮਾਹਾ) ਜੇਠ ਵਿੱਚ ਥਲ ਤਪਦੇ ਹਨ, ਪਾਣੀ ਖ਼ੁਸ਼ਕ ਹੋ ਰਿਹਾ ਹੈ. ਅਥਵਾ- ਤਲਾਉ ਭੀ ਤਪ ਉੱਠੇ ਹਨ.

ਸਰਭਾਰਿ: ਸਿਰ ਦੇ ਬਲ. ਸਿਰ ਪਰਣੇ। ੨. ਦੇਖੋ, ਸਿਰ ਭਾਰਿ.

ਸਰਭੰਗ: ਸੰ. ਸ਼ਰਭਙ੍ਗ ਇੱਕ ਰਿਖੀ, ਜਿਸਦੇ ਪਾਸ ਦੰਡਕ ਬਨ ਵਿੱਚ ਸ਼੍ਰੀ ਰਾਮ ਅਤੇ ਸੀਤਾ ਗਏ ਸਨ. ਜਦ ਇਸ ਨੇ ਰਾਮ ਨੂੰ

ਦੇਖਿਆ ਤਾਂ ਕਹਿਣ ਲੱਗਾ ਕਿ ਹੁਣ ਮੇਰੀ ਮਨੋਕਾਮਨਾ ਪੂਰੀ ਹੋ ਗਈ ਹੈ. ਹੁਣ ਮੈ ਸ੍ਵਰਗ ਲੋਕ ਨੂੰ ਜਾਂਦਾ ਹਾਂ, ਇਹ ਕਹਿਕੇ ਚਿਖਾ ਵਿੱਚ ਜਲ ਮੋਇਆ.

ਸਰਮ: ਫ਼ਾ شرم ਸ਼ਰਮ. ਸੰਗਯਾ- ਲੱਜਾ. "ਰਾਖਹੁ ਸਰਮ ਅਸਾੜੀ ਜੀਉ." (ਮਾਝ ਮਃ ੫) ੨. ਸੰ. श्रम- ਸ਼੍ਰਮ. ਪੁਰੁਸ਼ਾਰਥ. ਮਿਹਨਤ. ਉੱਦਮ. ਘਾਲਨਾ. "ਸਰਮ ਖੰਡ ਕੀ ਬਾਣੀ ਰੂਪੁ." (ਜਪੁ) ੩. ਸੰ. शर्मन ਆਨੰਦ. ਖ਼ੁਸ਼ੀ. ਸੁਖ.

ਸਰਮ ਖੰਡ: ਪੁਰੁਸ਼ਾਰਥ ਦੀ ਮੰਜਿਲ। ੨. ਆਨੰਦ ਮੰਡਲ. ਆਨੰਦ ਰੂਪ ਭੂਮਿਕਾ. ਦੇਖੋ, ਸਰਮ ੨. ਅਤੇ ੩.

ਸਰਮਦ: ਅ਼. سرمد ਸੰਗਯਾ- ਆਦਿ ਅੰਤ ਰਹਿਤ ਕਰਤਾਰ। ੨. ਇਕੱ ਫਕੀਰ, ਜੋ ਫਾਰਸ ਦੇ ਕਾਸ਼ਾਨ ਨਗਰ ਦਾ ਵਸਨੀਕ ਯਹੂਦੀ ਸੀ. ਇਹ ਨਾਮ ਮਾਤ੍ਰ ਨੂੰ ਮੁਸਲਮਾਨ ਭੀ ਸੀ, ਦਰ ਅਸਲ ਵੇਦਾਂਤੀਆਂ ਦੀ ਸੰਗਤਿ ਕਰਕੇ. ਕੁਰਾਨ ਅਤੇ ਪੈਗ਼ੰਬਰ ਤੇ ਤਰਕ ਕੀਤਾ ਕਰਦਾ ਸੀ. ਦਾਰਾਸ਼ਿਕੋਹ ਨਾਲ ਇਸ ਦੀ ਖਾਸ ਮਿਤ੍ਰਤਾ ਸੀ. ਔਰੰਗਜ਼ੇਬ ਨੇ ਸਰਮਦ ਨੂੰ ਸਨ ੧੬੬੧ (ਸੰਮਤ ੧੭੧੮) ਵਿੱਚ ਤੇੜੋਂ ਨੰਗਾ ਫਿਰਨ ਦੇ ਅਪਰਾਧ ਵਿੱਚ ਕਤਲ ਕਰਵਾਇਆ. ਇਸ ਦੀ ਕਬਰ ਸ਼ਾਹੀ ਮਸਜਿਦ ਪਾਸ ਦਿੱਲੀ ਹੈ. "ਸਰਮਦ ਬਡ ਦਰਵੇਸ਼ ਸੰਘਾਰਯੋ." (ਗੁਪ੍ਰਸੂ) ੩. ਸੰ. शर्मद्- ਸ਼ਮੰਦ. ਵਿ- ਸ਼ਮੰ (ਸੁਖ) ਦੇਣ ਵਾਲਾ। ੪. ਸੰਗਯਾ- ਵਿਸ਼ਨੁ.

ਸ਼ਰਮਨਾਕ: ਫ਼ਾ. شرمناک ਵਿ- ਲੱਜਾ ਸਹਿਤ. ਸ਼ਰਮਿੰਦਾ. "ਸਰਮਨਾਕ ਹਨਐ ਹ੍ਰਿਦੈ, ਬਚਨ ਹਸ ਹਸ ਕਹੈ." (ਚਰਿਤ੍ਰ ੨੪੫) ੨. ਲੱਜਾ ਯੋਗ.

ਸਰਮਾ: ਸੰ. ਸੰਗਯਾ- ਦੇਵਸ਼ੁਨੀ. ਰਿਗਵੇਦ ਵਿੱਚ ਇਹ ਇੰਦ੍ਰ ਦੀ ਕੁੱਤੀ ਲਿਖੀ ਹੈ. ਯਮਰਾਜ ਪਾਸ ਜੋ ਦੋ ਕੁੱਤੇ ਚਾਰ ਚਾਰ ਅੱਖਾਂ ਵਾਲੇ ਸਾਰਮੇਯ ਨਾਉਂ ਕਰਕੇ ਹਨ, ਇਹ ਉਨ੍ਹਾਂ ਦੀ ਮਾਂ ਹੈ. ੨. ਕੁੱਤੀ ਮਾਤ੍ਰ ਵਾਸਤੇ ਭੀ ਸਰਮਾ ਸ਼ਬਦ ਵਰਤੀਦਾ ਹੈ. "ਹੋਇ ਗਈ ਸਰਮਾ ਤਨ ਤੂਰਨ." (ਨਾਪ੍ਰ) ੩. ਸੈਲੂਸ਼ ਗੰਧਰਵ ਦੀ ਪੁਤ੍ਰੀ ਅਤੇ ਵਿਭੀਸ਼ਣ ਦੀ ਇਸਤ੍ਰੀ, ਜੋ ਅਸ਼ੋਕਵਾਟਿਕਾ ਵਿੱਚ ਸੀਤਾ ਦੀ ਰਾਖੀ ਲਈ ਛੱਡੀ ਹੋਈ ਸੀ ਅਤੇ ਸੀਤਾ ਦਾ ਹਿਤ ਚਾਹੁਣ ਵਾਲੀ ਸੀ. "ਉਤ ਤ੍ਰਿਜਟੀ ਸਰਮਾ ਸਹਿਤ ਸੁਨਹਿਂ ਸੀਯ ਕੀ ਬਾਤ." (ਹਨੂ)

੪. ਅਗਨਿ ਪੁਰਾਣ ਅਤੇ ਭਾਗਵਤ ਵਿੱਚ ਸਰਮਾ ਦਕ੍ਸ਼ ਦੀ ਇੱਕ ਪੁਤ੍ਰੀ ਅਤੇ ਕਸ਼ਜਪ ਦੀ ਇਸਤ੍ਰੀ ਲਿਖੀ ਹੈ, ਜੋ ਜੰਗਲੀ ਜੀਵਾਂ ਦੀ ਮਾਂ ਹੈ। ੫. ਦਸਮਗ੍ਰੰਥ ਵਿੱਚ ਤਰੰਗ (ਮੌਜ) ਦਾ ਨਾਉਂ ਸਰਮਾ ਆਇਆ ਹੈ. ਇਸ ਦਾ ਮੂਲ ਸੰ. सरिमन् ਹੈ, ਜਿਸਦਾ ਅਰਥ ਪਵਨ ਅਤੇ ਗਤਿ ਹਨ. "ਸੇਤ ਸਰੋਵਰ ਹੈ ਅਤਿ ਹੀ ਤਿਹ ਮੇ ਸਰਮਾ ਸਸਿ ਸੀ ਦਮਕਾਈ." (ਕ੍ਰਿਸਨਾਵ)

੬. ਸੰ. शर्मन्. ਪਨਾਹ. ਓਟ ੭. ਘਰ. ਮਕਾਨ। ੮. ਆਨੰਦ। ੯. ਬ੍ਰਾਹਮਣ ਦੀ ਅੱਲ, ਜੋ ਨਾਮ ਦੇ ਪਿੱਛੇ ਲਗਦੀ ਹੈ, ਯਥਾ- ਦੇਵਦੱਤ ਸ਼ਰਮਾ ਆਦਿ.

ਸਰਮਾਸ: ਸੰ. ਸ਼ਾਵੈਂਰਿਕ ਆਸ. ਸੰਗਯਾ- ਰਾਤ ਦੇ ਸਮੇਂ ਠੰਢ ਕਰਕੇ ਗਾੜ੍ਹਾ ਹੋਇਆ ਪੌਣ ਅੰਦਰ ਜਲ ਦੇ ਕਣਕਿਆਂ ਦਾ ਸਮੂਹ. ਧੁੰਦ. ਨੀਹਾਰ. "ਸੂਰਜ ਕੀ ਕਿਰਨੇ ਸਰਮਾਸਹਿ ਰੇਨੁ ਅਨੇਕ ਤਹਾਂ ਕਰ ਡਾਰਯੋ." (ਚੰਡੀ ੧) ਸੂਰਜ ਦੀ ਕਿਰਣਾਂ ਨੇ ਧੁੰਦ ਨੂੰ ਅਨੇਕ ਰੇਣੁ (ਛਿੰਨ ਭਿੰਨ) ਕਰ ਸੁੱਟਿਆ.

ਸਰਮਾਪਤਿ: ਸਰਮਾ (ਕੁੱਤੀ) ਦਾ ਪਤਿ. ਕੁੱਤਾ। ੨. ਵਿਭੀਸ਼ਣ. ਦੇਖੋ, ਸਰਮਾ ੩.

ਸਰਮਾਯਾ: ਫ਼ਾ. سرمایا ਸੰਗਯਾ- ਪੂੰਜੀ. ਰਾਸਿ. ਸੰਗ੍ਰਹ ਮਾਇਆ.

ਸਰਮਿੰਦਾ: ਫ਼ਾ. شرمندہ ਸ਼ਰਮਿੰਦਹ. ਵਿ- ਲੱਜਿਤ. ਸ਼ਰਮਸਾਰ. "ਜਿਹ ਕਰਣੀ ਹੋਵਹਿ ਸਰਮਿੰਦਾ." (ਧਨਾ ਮਃ ੫)

ਸਰਮੁ: ਦੇਖੋ, ਸਰਮ. "ਸਰਮੁ ਧਰਮੁ ਦੁਇ ਛਪਿ ਖਲੋਏ." (ਤਿਲੰ ਮਃ ੧)

ਸਰਮੌਰ: ਅੰਬਾਲੇ ਦੇ ਚੜ੍ਹਦੇ ਵੱਲ ਜਮੁਨਾ ਅਤੇ ਸ਼ਤਦ੍ਰਵ (ਸਤਲੁਜ) ਦੇ ਮਧ ਪਹਾੜੀ ਰਿਆਸਤ, ਜਿਸ ਨੂੰ ਨਾਹਨ ਭੀ ਆਖਦੇ ਹਨ. ਦੇਖੋ, ਨਾਹਨ। ੨. ਸਿਰ ਦਾ ਮੁਕਟ. ਭਾਵ- ਸ਼ਿਰੋਮਣਿ. ਜੈਸੇ- "ਬੈਰਾੜ ਵੰਸ ਸਰਮੌਰ." ਦੇਖੋ, ਨਾਭਾ. ਦੇਖੋ,

ਸਿਰਮੌਲਿ.

ਸਰਯੀ: ਅ਼. شرعی ਸ਼ਰਈ. ਵਿ- ਸ਼ਰਾ (ਮਜਹਬ ਦੀ ਰੀਤੀ) ਦਾ ਪਾਬੰਦ. "ਮਹਾਂ ਸਰੈਯਨ ਤੇ ਡਰਪਾਵੈ." (ਗੁਪ੍ਰਸੂ) ੨. ਸ਼ਰਾ ਨਾਲ ਹੈ ਜਿਸ ਦਾ ਸੰਬੰਧ.

ਸ਼ਰਯੀਤੰਬੀ: ਮੁਸਲਮਾਨਾਂ ਦਾ ਉਹ ਘੁਟੰਨਾ, ਜੋ ਗਿੱਟਿਆਂ ਤੋਂ ਉੱਚਾ ਹੋਵੇ.

ਸ਼ਰਯੀਮੁੱਛਾਂ: ਹੋਠਾਂ ਉੱਪਰੋਂ ਕਤਰੀਆਂ ਹੋਈਆਂ ਮੁਸਲਮਾਨਾਂ ਦੀਆਂ ਮੁੱਛਾਂ.

ਸਰਯੂ: ਇੱਕ ਨਦੀ, ਜੋ ਅਯੋਧਯਾ ਪਾਸ ਵਹਿੰਦੀ ਹੈ, ਇਸ ਦਾ ਨਾਉਂ ਗੋਰਾਰਾ ਅਤੇ ਘਾਗਰਾ ਭੀ ਹੈ. ਵਾਲਮੀਕ ਰਾਮਾਇਣ ਵਿੱਚ ਲੇਖ ਹੈ ਕਿ ਮਾਨਸਰ ਤੋਂ ਨਿਕਲਨੇ ਕਾਰਣ ਸਰਯੂ ਨਾਂਉ ਹੋਇਆ ਹੈ.

ਸਰਲ: ਵਿ- ਸਿੱਧਾ. ਬਿਨਾ ਵਿੰਗ. "ਮੈ ਸਰਲ ਕਰਾਂਗਾ ਆਕੀਆਂ." (ਜੰਗਨਾਮਾ) ਕਪਟ ਰਹਿਤ. ਬਿਨਾ ਛਲ. "ਭਏ ਸਰਲ ਪੁਰਿ ਮਹਿ ਜੇ ਬਾਮੀ." (ਨਾਪ੍ਰ) ਵਾਮੀ (ਟੇਢੇ) ਸਿੱਧੇ ਹੋ ਗਏ। ਸ- ਰਲ. ਉਹ ਪਾਠ ਜੋ ਅੱਖਰਾਂ ਦੇ ਜੋੜ ਠੀਕ ਮਿਲਾਕੇ ਰਵਾਨਗੀ ਨਾਲ ਕੀਤਾ ਜਾਵੇ. ਜਿਵੇਂ- "ਗਰੰਥੀ ਸਰਲ ਪਾਠ ਕਰਦਾ ਹੈ." (ਲੋਕੋ)

ਸਰਲੋਹ: ਫ਼ਾ. سرلوح ਸੰਗਯਾ- ਲੋਹ (ਤਖ਼ਤੀ) ਉੱਪਰ ਲਿਖਿਆ ਲੇਖ। ੨. ਪੁਸਤਕ ਦੇ ਸਰਵਰਕ (ਮੁੱਢ ਦੇ ਪਤ੍ਰੇ) ਉੱਪਰ ਸੁਵਰਣ ਆਦਿਕ ਨਾਲ ਲਿਖਿਆ ਬੇਲਾ ਬੂਟ ਅਤੇ ਲੇਖ.

ਸਰਲੋਹੇ ਜਰੰਗਾਰੀ: ਵਾ. ਸੰਗਯਾ- ਲੋਹੇ ਉੱਪਰ ਕੀਤੀ ਹੋਈ ਜ਼ਰਨਿਗਾਰੀ. ਸੋਨੇ ਦਾ ਕੰਮ ਲੋਹੇ ਉੱਪਰ ਕੀਤਾ ਹੋਇਆ.

ਸਰਵ: ਦੇਖੋ, ਸਰਬ। ੨. ਫ਼ਾ. سرو ਸੰਗਯਾ- ਸਰੂ. "ਸਰਵੋ ਸਹੀ ਚਮਨ ਰਾ." (ਰਾਮਾਵ) ਦੇਖੋ, ਸਰੂ.

ਸਰਵਗਾਮੀ: ਵਿ- ਸਭ ਥਾਂ ਜਾਣ ਵਾਲਾ। ੨. ਸੰਗਯਾ- ਦੇਖੋ, ਸਵੈਯੇ ਦਾ ਰੂਪ ੩੩.

ਸਰਵਗਯ: ਦੇਖੋ, ਸਰਬਗਯ.

ਸਰਵਣ: ਦੇਖੋ, ਸ੍ਰਵਣ। ੨. ਨੇਤ੍ਰਹੀਨ ਅੰਧਕ ਵੈਸ਼੍ਯ ਰਿਖੀ ਦਾ ਪੁਤ੍ਰ, ਜਿਸਦਾ ਅਸਲ ਨਾਉਂ "ਸਿੰਧੁ" ਹੈ. ਇਹ ਪਿਤਾ ਮਾਤਾ ਦੀ ਸੇਵਾ ਕਰਨ ਵਿੱਚ ਅਦੁੱਤੀ ਸੀ। ਇਸਨੂੰ ਰਾਜਾ ਦਸ਼ਰਥ ਨੇ ਅੰਧੇਰੇ ਵਿੱਚ ਬਣ ਦਾ ਜੀਵ ਜਾਣਕੇ ਸ਼ਬਦਬੇਧੀ ਬਾਣ ਨਾਲ ਮਾਰ ਦਿੱਤਾ ਸੀ. "ਹੋਵੈ ਸਰਵਣ ਵਿਰਲਾ ਕੋਈ." (ਭਾਗੁ) ਦੇਖੋ, ਸਿੰਧੁ ੯। ੩. ਦੇਖੋ, ਬਾਬਾ ਬੁੱਢਾ.

ਸਰਵੱਤਣ: ਸੰਗਯਾ- ਸਰ (ਜਲ) ਦੀ ਤਰਾਵਤ.

ਸਰਵਤ੍ਰ: ਦੇਖੋ, ਸਰਬਤ੍ਰ.

ਸਰਵਨ: ਦੇਖੋ, ਸਰਵਣ ਅਤੇ ਸ੍ਰਵਣ.

ਸਰਵਰ, ਸਰਵਰੁ: ਦੇਖੋ, ਸਰੋਵਰ। ੨. ਸਿੰਧੁ ਨਦ. "ਭਰਿ ਸਰਵਰੁ ਜਬ ਊਛਲੈ." (ਸੂਹੀ ਫਰੀਦ) ੩. ਮਾਨਸਰ. "ਤੂੰ ਸਰਵਰੁ ਤੂੰ ਹੰਸੁ." (ਸ੍ਰੀ ਮਃ ੧) ੪. ਸਰ- ਆਵਰਤ ਦਾ ਸੰਖੇਪ. ਭੌਰੀ. ਜਲ ਦਾ ਚਕ੍ਰ. "ਨਾ ਸਰਵਰੁ ਨਾ ਊਛਲੈ." (ਸੂਹੀ ਮਃ ੧) ੫. ਡਿੰਗ. ਸਮੁੰਦਰ. ਜਲਧਿ। ੬. ਫ਼ਾ. سرور ਸਰਦਾਰ. ਪ੍ਰਧਾਨ। ੭. ਦੇਖੋ, ਸੁਲਤਾਨ। ੮. ਸੰ शर्वर ਵਿ- ਚਿੱਤਮਿਤਾਲਾ. ਡੱਬ ਖੜੱਬਾ.

ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ: (ਧਨਾ ਅਃ ਮਃ ੧) ਸਤਿਸੰਗ ਵਿੱਚ ਵਿਵੇਕੀ ਜਨ ਹੈ, ਵਿਵੇਕੀ ਦੇ ਰਿਦੇ ਵਿੱਚ ਗਿਆਨ ਸਮੁੰਦਰ ਅਥਵਾ ਕਰਤਾਰ ਹੈ.

ਸਰਵਰੜਾ: ਸਰੋਵਰ. ਤਾਲ। ੨. ਤਾਲਾਂ ਵਿੱਚੋਂ ਵਰਤ੍ਰ (ਉੱਤਮਤਾ) ਰੱਖਣ ਵਾਲਾ. ਸਮੁੰਦਰ. ਦੇਖੋ, ੜਾ.

**ਸਰਵਰੜੈ:** ਸਰੋਵਰ (ਸਮੁੰਦਰ) ਵਿੱਚ "ਤਿਤੁ ਸਰਵਰੜੈ ਭਈਲੇ ਨਿਵਾਸਾ." (ਸੋਪੁਰਖੁ) ਭਾਵ- ਸੰਸਾਰ ਸਮੁੰਦਰ ਵਿੱਚ.

**ਸਰਵਰੀ:** ਵਿ- ਸਰਵਰ (ਸੁਲਤਾਨ) ਦਾ ਉਪਾਸਕ. ਸੁਲਤਾਨੀਆ। ੨. ਸੰ. ਸ਼ਵੰਰੀ. ਸੰਗਯਾ- ਰਾਤ, ਜੋ ਤਾਰਿਆਂ ਨਾਲ ਚਿੱਤਮਿਤਾਲੀ ਹੈ. ਦੇਖੋ, ਸਰਵਰ ੮। ੩. ਹਲਦੀ। ੪. ਫ਼ਾ. سروری ਸਰਦਾਰੀ. ਪ੍ਰਧਾਨਤਾ.

**ਸਰਵਰੁ:** ਦੇਖੋ, ਸਰਵਰ ਅਤੇ ਸਰੋਵਰ.

**ਸਰਵਰੇ ਕਾਯਨਾਤ:** ਫ਼ਾ سرورکائنات ਵਿ- ਕਾਯਨਾਤ (ਜਹਾਨ) ਦਾ ਸਰਦਾਰ.

**ਸਰਵਾਈ:** ਦੇਖੋ, ਸਰਵੱਤਣ. ਤਰਾਵਤ. "ਹਰਿਤ ਦੂਰਬਾ ਜਲ ਸਰਵਾਈ." (ਗੁਪ੍ਰਸੂ)

**ਸਰਵਾਂਗ:** ਸੰ. सर्वाङ्ग. ਸਾਰੇ ਅੰਗ। ੨. ਸੰਪੂਰਣ ਦੇਹ.

**ਸਰਵਾਣੀ:** ਸੰਗਯਾ- ਸ਼ਰਵੰ (ਸ਼ਿਵ) ਦੀ ਇਸਤ੍ਰੀ. ਪਾਰਵਤੀ. ਦੁਰਗਾ.

**ਸਰਵਾਨ:** ਦੇਖੋ, ਸਾਰਬਾਨ.

**ਸ਼ਰਵਾਲ:** ਦੇਖੋ, ਸਲਵਾਰ.

**ਸਰਵਾੜ:** ਸੰਗਯਾ- ਸਰ (ਸਰਕੁੜੇ) ਦਾ ਝੁੰਡ। ੨. ਸਰਕੁੜੇ ਦੇ ਕਾਨੇ. ਸ਼ਰਕਾਂਡ ਸਮੁਦਾਇ.

**ਸਰਵੇਰਵਾਂ:** ਫ਼ਾ. سرورواں ਚਲਦਾ ਹੋਇਆ ਸਰੂ. ਜੰਗਮ ਸਰੂ (ਸਰਵ). ਭਾਵ- ਮਾਸ਼ੂਕ.

**ਸਰਾ:** ਸੰਗਯਾ- ਸ਼ਰਾਬ ਦਾ ਸੰਖੇਪ.

"ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਬਾਰੁx

ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉx

ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ."

(ਸ੍ਰੀ ਮਃ ੧)

੨. ਫ਼ਾ. سرا ਘਰ। ੩. ਮੁਸਾਫਿਰਖਾਨਾ। ੪. ਅ਼. شرع ਸ਼ਰਅ਼. ਸਿੱਧਾ ਰਾਹ। ੫. ਧਰਮ ਦੀ ਮਰਯਾਦਾ. "ਸੁਣਿਐ ਸਰਾ ਗੁਣਾ ਕੇ ਗਾਹ." (ਜਪੁ)

**ਸਰਾਂ:** ਦੇਖੋ, ਸਰ "ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ." (ਵਾਰ ਆਸਾ) ੨. ਦੇਖੋ, ਸਰਾ ੨. ਅਤੇ ੩.

**ਸਰਾਉਗੀ:** ਦੇਖੋ, ਸ੍ਰਾਵਗ.

**ਸਰਾਇ:** ਫ਼ਾ. سرائے ਸੰਗਯਾ- ਮੁਸਾਫਰ ਖਾਨਾ. "ਮਹਿਲ ਸਰਾਈ ਸਭ ਪਵਿਤੁ ਹਹਿ." (ਵਾਰ ਸੋਰ ਮਃ ੪) ੨. ਅਸਥਾਨ. ਥਾਂ. ਘਰ. ਭਾਵ- ਲੋਕ. "ਦੁਹੀ ਸਰਾਈ ਖੁਨਾਮੀ ਕਹਾਏ." (ਸੂਹੀ ਮਃ ੫) ਦੋਹਾਂ ਲੋਕਾਂ ਵਿੱਚ ਅਪਰਾਧੀ ਕਹਾਏ। ੩. ਫਿਰੋਜਪੁਰ ਦੇ ਜਿਲੇ ਮੁਕਤਸਰ ਪਾਸ ਇੱਕ ਪਿੰਡ. ਦੇਖੋ, ਮਤੇ ਦੀ ਸਰਾਇ.

**ਸਰਾਇਚਉ, ਸਰਾਇਚਾ:** ਫ਼ਾ. سراچہ ਸਰਾਚਹ. ਸੰਗਯਾ- ਛੋਟਾ ਘਰ। ੨. ਤੰਬੂ. ਖੇਮਾ. "ਸੰਤੋਖ ਸਰਾਇਚਉ." (ਸਵੈਯੇ ਮਃ ੪. ਕੇ) "ਜਾਚੈ ਘਰਿ ਦਿਗ ਦਿਸੈ ਸਰਾਇਚਾ." (ਮਲਾ ਨਾਮਦੇਵ) "ਛਤ੍ਰ ਸਰਾਇਚੇ." (ਮਾਰੂ ਮਃ ੧)

**ਸਰਾਇ ਨਾਗਾ:** ਦੇਖੋ, ਮਤੇ ਦੀ ਸਰਾਇ.

**ਸਰਾਇਰਾ:** ਵਿ- ਸਰ (ਜਲ) ਨਾਲ ਤਰ. ਸਰਸਬਜ਼. "ਸਿੰਮਲ ਰੁਖ ਸਰਾਇਰਾ." (ਵਾਰ ਆਸਾ) ੨. ਸਰ (ਤੀਰ) ਜੇਹਾ ਸਿੱਧਾ.

ਸਰਾਈ: ਦੇਖੋ, ਸਰਾਇ। ੨. ਅ਼. صحرائی ਸਹ਼ਰਾਈ. ਵਿ- ਜੰਗਲੀ. "ਨੂਰੂ ਨਾਮਾ ਸਰਾਈ ਬਕਰੀਆਂ ਚਾਰਦਾ ਸੀ." (ਜਸਭਾਮ)

ਸਰਾਸ: ਸਰਾਸਨ ਦਾ ਸੰਖੇਪ.

ਸਰਾਸਨ: ਸੰ. ਸ਼ਰਾਸਨ. ਸੰਗਯਾ- ਸ਼ਰ (ਤੀਰ) ਨੂੰ ਜੋ ਫੈਂਕੇ, ਸੋ ਸ਼ਰਾਸਨ. ਧਨੁਖ. ਕਮਾਣ.

ਸਰਾਸਰ: ਫ਼ਾ. سراسر ਇੱਕ ਸਿਰੇ ਤੋਂ ਦੂਜੇ ਸਿਰੇ ਤੀਕ। ੨. ਸਭ. ਤਮਾਮ. ਦੇਖੋ, ਸਰੋਸਰੀ। ੩. ਮੂਲੋਂ ਮੁੱਢੋਂ. ਬਿਲਕੁਲ.

ਸਰਾਹ: ਸੰਗਯਾ- ਸ਼ਲਾਘਾ. ਤਅ਼ਰੀਫ. ਵਡਿਆਈ. ਉਸਤਤਿ.

ਸਰਾਹਤ: ਅ਼. صراحت ਸਰਾਹ਼ਤ. ਖੁਲ੍ਹੇ ਤੌਰ ਪੁਰ. ਸਪਸ਼੍ਟ. ਸਾਫ.

ਸਰਾਹਨ, ਸਰਾਹਨਾ: ਕ੍ਰਿ- ਸ਼ਲਾਘਨ. ਵਡਿਆਈ ਕਰਨੀ। ਤਅ਼ਰੀਫ਼ ਕਰਨੀ.

ਸ਼ਰਾਕਤ: ਅ਼. شراکت ਸ਼ਿਰਕਤ, ਹਿੱਸੇਦਾਰੀ.

ਸਰਾਗ: ਵਿ- ਰੰਗ ਸਹਿਤ। ੨. ਪ੍ਰੇਮ ਸਹਿਤ। ੩. ਰਾਗਵਿਦ੍ਯਾ ਸਹਿਤ.

ਸਰਾਜ: ਅ਼. سرّاج ਸੱਰਾਜ. ਸੰਗਯਾ- ਕਾਠੀ ਬਣਾਉਣ ਵਾਲਾ. Saddler । ੨. ਘੁੜਵਾਲ। ੩. ਸਿਰਾਜ. ਦੀਵਾ. ਚਰਾਗ.

ਸਰਾਜਤ: ਅ਼. سراجت ਸੰਗਯਾ- ਜ਼ੀਨ ਬਣਾਉਣ ਦੀ ਵਿਦ੍ਯਾ.

ਸਰਾਜੀ: ਅ਼. سراجی ਵਿ- ਚਮਕੀਲਾ. ਰੌਸ਼ਨ.

ਸਰਾਜੀਤਿ: ਦੇਖੋ, ਸਰਾਜਤ। ੨. ਦੇਖੋ, ਸਰਾਜੀ. "ਚਢ੍ਯੋ ਤੱਤ ਤਾਜੀ ਸਰਾਜੀਤਿ ਸੋਭੈ." (ਪਾਰਸਾਵ) ਚਾਲਾਕ ਘੋੜੇ ਤੇ ਸਵਾਰ ਹੋਇਆ ਅਤਿ ਪ੍ਰਕਾਸ਼ ਵਾਲਾ ਸੋਭਦਾ ਹੈ.

ਸਰਾਤ: ਦੇਖੋ, ਸਿਰਾਤ.

ਸਰਾਧ: ਸੰ. श्राद्ध. ਸ਼੍ਰੱਧ. ਸੰਗਯਾ- ਸ਼੍ਰੱਧਾ ਨਾਲ ਕੀਤਾ ਹੋਇਆ ਕਰਮ. ੨. ਪਿਤਰਾਂ ਵਾਸਤੇ ਸ਼੍ਰੱਧਾ ਨਾਲ ਕੀਤਾ ਅੰਨ ਵਸਤ੍ਰ ਆਦਿ ਦਾਨ. ਹਿੰਦੂਮਤ ਵਿੱਚ ਸ਼੍ਰਾੱਧ ਦੇ ਚਾਰ ਭੇਦ ਹਨ-

(ੳ) ਨਿਤ੍ਯ ਸ਼੍ਰਾੱਧ, ਜੋ ਨਿੱਤ ਹੀ ਦੇਵਤਾ ਪਿਤਰਾਂ ਨੂੰ ਜਲ ਆਦਿ ਦੇਣਾ.

(ਅ) ਪਾਰਵਣ. ਜੋ ਅਮਾਵਸ ਆਦਿ ਪਰਵਾਂ ਪੁਰ ਕਰਨਾ.

(ੲ) ਕ੍ਸ਼ਯਾਹ, ਜੋ ਮੋਏ ਹੋਏ ਪਿਤਰ ਦੇ ਦੇਹਾਂਤ ਵਾਲੇ ਦਿਨ ਕਰਨਾ.

(ਸ) ਮਹਾਲਯ, ਜੋ ਅੱਸੂ ਦੇ ਪਹਿਲੇ ਪੱਖ ਵਿੱਚ ਕਰਨਾ.

"ਜੀਵਨ ਪਿਤਰ ਨ ਮਾਨੈ ਕੋਊ ਮੂਏ ਸਰਾਧ ਕਰਾਹੀ."

(ਗਉ ਕਬੀਰ)

ਸਰਾਨ: ਦੇਖੋ, ਸਰਣ. "ਜਨ ਨਾਨਕ ਪਰਿਓ ਸਰਾਨ." (ਸਾਰ ਮਃ ੫)

ਸਰਾਪ: ਸੰ. ਸ਼ਾਪ. ਸ਼ਪ੍ ਧਾਤੁ ਦਾ ਅਰਥ ਹੈ ਗਾਲੀ ਦੇਣਾ. ਬਦ ਦੁਆ਼. ਸ੍ਰਾਪ. ਸ੍ਰਾਫ.

ਸਰਾਪਰ: ਦੇਖੋ, ਸਰਪਰ. "ਛੋਡਿ ਸਰਾਪਰ ਜਾਨਾ." (ਧਨਾ ਮਃ ੫)

ਸਰਾਪਾ: ਫ਼ਾ. سراپا ਅਜ਼ ਸਰ ਤਾ ਪਾ ਦਾ ਸੰਖੇਪ. ਸਿਰ ਤੋਂ ਪੈਰਾਂ ਤੀਕ. ਭਾਵ- ਸਰਵ ਅੰਗ.

ਸਰਾਪਿਆ, ਸਰਾਪੀ: ਦੇਖੋ, ਸਰਾਪ। ੨. ਵਿ- ਸ਼ਾਪਿਤ. ਸ਼ਪ੍ਤ. ਸਰਾਫਿਆ ਹੋਇਆ. "ਜੋ ਜੋ ਸੰਤ ਸਰਾਪਿਆ ਸੇ ਫਿਰਹਿ ਭਵੰਦੇ." (ਵਾਰ ਗਉ ੧. ਮਃ ੪) "ਦਰ ਭ੍ਰਸਟ ਸਰਾਪੀ ਨਾਮ ਬੀਨ." (ਬਸੰ ਅਃ ਮਃ ੧) ਨਾਮ ਬਿਨਾ ਜੋ ਹਨ, ਓਹ ਕਰਤਾਰ ਦੇ ਦਰੋਂ ਪਤਿਤ ਅਤੇ ਸਰਾਫੇ ਹੋਏ ਹਨ.

ਸਰਾਫ: ਦੇਖੋ, ਸਰਾਪ। ੨. ਅ਼. صراف ਸੱਰਾਫ਼. ਸੰਗਯਾ- ਸਰਫ਼ (ਅਦਲ ਬਦਲ) ਕਰਨ ਵਾਲਾ. ਰੁਪਯਾ ਪੈਸਾ ਪਰਖਣ ਅਤੇ ਵਟਾਂਦਰਾ ਕਰਨ ਵਾਲਾ. ਨਕਦੀ ਦਾ ਵਪਾਰ ਕਰਨ ਵਾਲਾ. "ਜੇ ਹੋਵੈ ਨਦਰ ਸਰਾਫ ਕੀ ਬਹੁੜਿ ਨ ਪਾਈ ਤਾਉ." (ਵਾਰ ਮਾਝ ਮਃ ੨) ਇਸ ਥਾਂ ਸਰਾਫ ਤੋਂ ਭਾਵ ਸਤਿਗੁਰੂ ਹੈ.

ਸਰਾਫਤ: ਅ਼. شرافت ਸ਼ਰਾਫ਼ਤ. ਭਲਮਨਸਊ. ਸ਼ਰਫ਼ ਦਾ ਭਾਵ. ਦੇਖੋ, ਸਰਫ ੭.

ਸਰਾਫੀ: ਸੰਗਯਾ- ਸੱਰਾਫ ਦਾ ਕਰਮ. "ਐਸਾ ਸਾਹੁ ਸਰਾਫੀ ਕਰੈ." (ਆਸਾ ਅਃ ਮਃ ੧) ੨. ਦੇਖੋ, ਸਰਾਪਿਆ. ਸਰਾਫੀ ਹੋਈ.

ਸਰਾਫੀਲ: ਇਸ ਦਾ ਨਾਉਂ ਇਸਰਾਫੀਲ ਭੀ ਹੈ. ਦੇਖੋ, ਫਰਿਸਤਾ.

ਸਰਾਬ: ਅ਼. شراب ਸ਼ਰਾਬ. ਸੰਗਯਾ- ਸ਼ੁਰਬ (ਪੀਣ) ਯੋਗ ਪਦਾਰਥ. ਪੇਯ ਵਸਤੁ। ੨. ਸ਼ਰ- ਆਬ. ਸ਼ਰਾਰਤ ਭਰਿਆ ਪਾਣੀ. ਮਦਿਰਾ. ਦੇਖੋ, ਸੁਰਾ ਅਤੇ ਸੋਮ। ੩. ਅ਼. سراب ਸਰਾਬ. ਮ੍ਰਿਗਤ੍ਰਿਸਨਾ। ੪. ਦੇਖੋ, ਸਰਾਵ.

ਸਰਾਬੀ: ਵਿ- ਸ਼ਰਾਬ ਪੀਣ ਵਾਲਾ। ੨. ਸ਼ਰਾਬ ਦੇ ਨਸ਼ੇ ਵਿੱਚ ਮਸਤ. "ਭਾਜਤ ਹੈਂ ਗ੍ਰਹਿ ਛੋਡ ਸਰਾਬੀ."(ਕ੍ਰਿਸਨਾਵ)

ਸਰਾਯ: ਦੇਖੋ, ਸਰਾਇ.

ਸਰਾਰ: ਅਸਰਾਰ ਦਾ ਸੰਖੇਪ. ਦੇਖੋ, ਅਸਰਾਰ। ੨. ਅ. شرار ਸ਼ਰਾਰ. ਸੰਗਯਾ- ਅੱਗ ਦੀਆਂ ਚਿਨਨਗਾਰੀਆਂ। ੩. ਭੂਤ ਦਾ ਆਵੇਸ਼. "ਕੌਨ ਸਰਾਰ ਭਯੋ ਇਸ ਕੋ?" (ਨਾਪ੍ਰ)

ਸ਼ਰਾਰਤ: ਅ਼. شرارت ਸ਼ੱਰ ਦਾ ਭਾਵ. ਬੁਰਾਈ. ਬਦੀ. ਦੇਖੋ, ਸਰ ੧੫.

ਸ਼ਰਾਰਾ: ਅ਼. شرارہ ਸੰਗਯਾ- ਚਿੰਗਿਆੜਾ. ਵਿਸਫੁਲਿੰਗ. ਅੱਗ ਦੀ ਚਿਣਗ.

ਸਰਾਲਾ: ਸੰਗਯਾ- ਇੱਕ ਲੰਮਾ ਘਾਹ, ਜਿਸ ਦੇ ਸਿਰ ਤੇ ਕਾਲੇ ਕੰਡੇ ਹੁੰਦੇ ਹਨ। ੨. ਫਗਵਾੜੇ ਤੋਂ ਪੰਜ ਕੋਹ ਚੜ੍ਹਦੇ ਵੱਲ ਇੱਕ ਪਿੰਡ, ਜਿਸ ਦਾ ਨਾਉਂ "ਗੁਰੂ ਕਾ ਚੱਕ" ਭੀ ਹੈ. ਇਸ ਥਾਂ ਨੌਮੇ ਸਤਿਗੁਰੂ ਜੀ ਬਕਾਲੇ ਤੋਂ ਚੱਲਕੇ ਵਿਰਾਜੇ ਹਨ. ਉਸ ਵੇਲੇ ਦਾ ਇਕ ਪਲਾਸ (ਢੱਕ) ਦਾ ਬਿਰਛ ਹੈ, ਜਿਸ ਨੂੰ "ਗੁਰਪਲਾਹ" ਆਖਦੇ ਹਨ. ਮਹੰਤ ਉਦਾਸੀ ਸਾਧੂ ਹੈ. ਦੇਖੋ, ਗੁਰਪਲਾਹ ਨੰਃ ੩.

ਸਰਾਵ: ਦੇਖੋ, ਸਰਾਬ। ੨. ਫਰੀਦਕੋਟ ਦੇ ਰਾਜ ਵਿੱਚ ਬਹਿਬਲ ਪਿੰਡ ਤੋਂ ਇੱਕ ਕੋਹ ਪੱਛਮ ਇੱਕ ਪਿੰਡ. ਇੱਥੇ ਦਸ਼ਮੇਸ਼ ਜੀ ਵਿਰਾਜੇ ਹਨ. ਗੁਰਦ੍ਵਾਰੇ ਦਾ ਨਾਉਂ "ਗੁਰੂਸਰ" ਹੈ. ਦੇਖੋ, ਗੁਰੂਸਰ ਨੰਃ ੪। ੩. ਸੰ. ਸ਼ਰਾਵ. ਦੁੱਧ ਦਹੀਂ ਆਦਿਕ ਪਦਾਰਥਾਂ ਨੂੰ ਜੋ ਵਿਗੜਨੋ ਬਚਾਵੇ, ਸੋ ਸ਼ਰਾਵ. ਮਿੱਟੀ ਦਾ ਕੁੱਜਾ। ੪. ਠੂਠਾ. ਕਸੋਰਾ। ੫. ਚੌਸਠ ਤੋਲਾ ਭਰ ਤੋਲ.

ਸਰਾਵਰ: ਸੰ. ਸ਼ਰਾਵਰ. ਸੰਗਯਾ- ਤੀਰਕਸ਼. ਭੱਥਾ। ੨. ਢਾਲ। ੩. ਕਵਚ.

ਸਰਿ: ਵਿ- ਸਦ੍ਰਿਸ਼. ਜੇਹਾ. ਤੁੱਲ. ਬਰਾਬਰ. "ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ." (ਧਨਾ ਰਵਿਦਾਸ) "ਹਨੂਮਾਨ ਸਰਿ, ਗਰੁੜ ਸਮਾਨਾ." (ਧਨਾ ਕਬੀਰ) ੨. ਸਰ (ਤਾਲ) ਵਿੱਚ. ਤਾਲ ਉੱਤੇ. "ਸਰਿ ਹੰਸ ਉਲਥੜੇ ਆਇ" (ਸ੍ਰੀ ਮਃ ੧. ਪਹਿਰੇ) ਸਰ ਸ਼ਰੀਰ ਹੈ, ਹੰਸ ਚਿੱਟੇ ਕੇਸ਼। ੩. ਸੰ. ਸੰਗਯਾ- ਨਦੀ.

ਸਰਿਆ: ਵਿ- ਸ੍ਰਿਜਿਆ. ਬਣਾਇਆ. ਰਚਿਆ। ੨. ਸਰੋਵਰ (ਤਾਲ) ਹੋਇਆ. "ਤਿਸੁ ਭਾਣਾ ਤਾ ਥਲਿ ਸਿਰਿ ਸਰਿਆ." (ਭੈਰ ਮਃ ੫) ੩. ਦੇਖੋ, ਸਰਣਾ.

**ਸਰਿਸ:** ਵਿ- ਰਿਸ (ਕ੍ਰੋਧ) ਸਹਿਤ। ੨. ਸਦ੍ਰਿਸ਼. ਤੁੱਲ.

**ਸਰਿਸ਼ਤਾ:** ਫ਼ਾ. سررشتہ ਸਰ- ਰਿਸ਼ਤਾ. ਦਫ਼ਤਰ. ਰਜਿਸਟਰ.

**ਸਰਿਸ਼ਤੇਦਾਰ:** ਫ਼ਾ سررشتہ دار ਸਰਿਸ਼ਤਾ (ਦਫ਼ਤਰ) ਰੱਖਣ ਵਾਲਾ. ਦਫਤਰ ਦਾ ਮੁਖੀਆ.

**ਸਰਿਸ਼੍ਤ:** ਫ਼ਾ. سرشت ਸੰਗਯਾ- ਮਿਲਾਉਟ. ਮੇਲ। ੨. ਖ਼ਮੀਰ. ਪੈਦਾਇਸ਼ੀ ਗੁਣ। ੩. ਖ਼ਸਲਤ. ਵਾਦੀ. ਸੁਭਾਉ. ਪ੍ਰਕ੍ਰਿਤਿ.

**ਸਰਿਕਾ:** ਅ਼. سرقہ ਸਰਿਕ਼ਾ. ਸੰਗਯਾ- ਚੋਰੀ.

**ਸਰਿਠ:** ਦੇਖੋ, ਸਿਰਠ.

**ਸਰਿੱਠਾ:** ਸ੍ਰਿਸ਼੍ਟਿ ਨੂੰ. "ਆਪ ਤਰੇ ਤਾਰੇਨ ਸਰਿੱਠਾ." (ਭਾਗੁ)

**ਸਰਿਤ:** ਸੰ. ਸਰਿਤ. ਨਦੀ. ਗਮਨ ਕਰਨ ਵਾਲੀ ਹੋਣ ਕਰਕੇ ਇਹ ਨਾਉਂ ਹੈ. ਦੇਖੋ, ਸ੍ਰਿ ਧਾ.

**ਸਰਿਤਜ:** ਸੰਗਯਾ- ਗੰਗਾ ਨਦੀ ਦਾ ਪੁਤ੍ਰ ਭੀਸ਼ਮ- ਪਿਤਾਮਾ। ੨. ਘਾਸ. (ਸਨਾਮਾ)

**ਸਰਿਤਾ:** ਸੰ. ਸੰਗਯਾ- ਨਦੀ. ਪ੍ਰਵਾਹ ਵਾਲੀ. ਦੇਖੋ, ਸਰਿਤ. "ਹੇਤ ਭਗਤਿ ਸਰਿਤਾ ਬਿਸਤਾਰਨ। ਨਾਨਕ ਰਾਇ ਜਗਤ ਨਿਸਤਾਰਨ." (ਨਾਪ੍ਰ)

**ਸਰਿਤਾਧਿਪਤਿ, ਸਰਿਤਾਨਾਥ, ਸਰਿਤਾਪਤਿ:** ਸਰਿਤ ਪਤਿ. ਨਦੀਆਂ ਦਾ ਸ੍ਵਾਮੀ ਸਮੁੰਦਰ। ੨. ਵਰੁਣ ਦੇਵਤਾ.

**ਸਰਿਤੇਸਰੀ:** ਸੰਗਯਾ- ਨਦੀਆਂ ਦੀ ਈਸ਼੍ਵਰੀ ਗੰਗਾ. (ਸਨਾਮਾ)

**ਸਰਿਧ, ਸਰਿਧਿ:** ਸੰਗਯਾ- ਨਦੀਆਂ ਨੂੰ ਧਾਰਣ ਵਾਲਾ, ਸਮੁੰਦਰ (ਸਨਾਮਾ)

**ਸਰੀ:** ਨਦੀ. ਦੇਖੋ, ਸਰਿ. ੨. ਦੇਖੋ, ਸਰਣਾ. "ਭਲੀ ਸਰੀ ਜਿ ਉਬਰੀ." (ਸ਼੍ਰੀ ਮਃ ੧) ੩. ਲੋਹੇ ਦੀ ਸੀਖ. "ਸਰੀ ਸਾਰ ਕੀ ਜਨੁ ਇਹ ਬਾਢੀ." (ਗੁਪ੍ਰਸੂ) ੪. ਸਰ (ਬਾਣਾਂ) ਨਾਲ. ਤੀਰੋਂ ਸੇ. "ਬੇਧਿ ਤੀਖਨ ਸਰੀ." (ਕੇਦਾ ਮਃ ੫)

**ਸਰੀਅਤ:** ਅ਼. شریعت ਸ਼ਰੀਅ਼ਤ. ਸੰਗਯਾ- ਰਾਹ. ਮਾਰਗ। ੨. ਧਰਮ ਦਾ ਰਸਤਾ। ੩. ਧਰਮ ਦੇ ਆਗੂ ਦੀ ਥਾਪੀ ਹੋਈ ਰੀਤਿ.

**ਸ਼ਰੀਅਤ ਪਰਸ੍ਤ, ਸ਼ਰੀਅ਼ਤ ਪਰਸ੍ਤ:** ਫ਼ਾ. شریعت پرست ਵਿ- ਧਰਮ ਪਾਲਕ. ਧਰਮ ਰੱਖਕ.

**ਸਰੀਅਤਿ:** ਦੇਖੋ, ਸਰੀਅਤ. "ਮੁਸਲਮਾਨਾ ਸਿਫਤਿ ਸਰੀਅਤਿ." (ਵਾਰ ਆਸਾ)

**ਸਰੀਆ:** ਵਿ- ਸ੍ਰਿਜਿਆ. ਰਚਿਆ. ਬਣਾਇਆ. "ਬਿੰਦੁ ਰਕਤੁ ਮਿਲਿ ਪਿੰਡੁ ਸਰੀਆ." (ਮਾਰੂ ਸੋਲਹੇ ਮਃ ੧) ੨. ਸਾਰ (ਲੋਹੇ) ਦਾ ਲੰਮਾ ਡੰਡਾ.

**ਸਰੀਹ:** ਅ਼. صریح ਸਰੀਹ਼. ਕ੍ਰਿ. ਵਿ- ਪ੍ਰਤੱਖ. ਸਾਮ੍ਹਣੇ. ਸਾਫ ਤੌਰ ਪੁਰ.

**ਸਰੀਂਹ:** ਸੰ. ਸ਼ਿਰੀਸ਼. ਸਿਰੀਸ਼. ਇਸ ਨਾਉਂ ਦਾ ਇੱਕ ਬਿਰਛ. ਸਿਰਸ. L. Acacia Sirissa.

**ਸਰੀਹਣ, ਸਰੀਹਨ:** ਫ਼ਾ. ਕਿਰ. ਵਿ- ਸਾਮ੍ਹਣੇ. ਮੌਜੂਦਗੀ ਵਿੱਚ. ਪ੍ਰਤੱਖ ਹੀ. ਇਸ ਦਾ ਮੂਲ ਸਰੀਹ਼ ਹੈ. ਦੇਖੋ, ਸਰੀਹ.

**ਸਰੀਕ:** ਅ਼. شریک ਸ਼ਰੀਕ. ਸੰਗਯਾ- ਸ਼ਿਰਕ (ਹਿੱਸਾ) ਰੱਖਣ ਵਾਲਾ। ੨. ਜੋ ਆਪਣੇ ਤਾਈਂ ਤੁੱਲ ਜਾਣੇ. "ਤਿਸ ਕਾ ਸਰੀਕ ਕੋ ਨਹੀ." (ਵਾਰ ਵਡ ਮਃ ੩) ੩. ਸੰ. ਸ਼੍ਰੀਕ. ਵਿ- ਸ਼ੋਭਾ ਵਾਲਾ। ੪. ਸੁੰਦਰ.

**ਸਰੀਕੀ:** ਵਿ- ਸ਼ਰਾਕਤ ਵਾਲਾ. ਹਿੱਸੇਦਾਰ. "ਤਬ ਹੁਇ ਭਿਸਤ ਸਰੀਕੀ." (ਆਸਾ ਕਬੀਰ) ੨. ਸੰਗਯਾ- ਸ਼ਰਾਕਤ. ਹਿੱਸੇਦਾਰੀ.

ਸਰੀਖ, ਸਰੀਖਾ: ਵਿ- ਸਦ੍ਰਿਸ਼. ਤੁੱਲ- ਈਕ੍ਸ਼ਣ ਕੀਤਾ (ਦੇਖਿਆ). ਜੇਹਾ. ਸਮਾਨ.

ਸਰੀਣ: ਖਤ੍ਰੀਆਂ ਦੀ ਇੱਕ ਜਾਤਿ. ਦੇਖੋ, ਖਤ੍ਰੀ.

ਸਰੀਫ: ਅ਼. شریف ਸ਼ਰੀਫ਼. ਵਿ- ਭਲਾ. ਨੇਕ। ੨. ਬਜ਼ੁਰਗ. ਸ਼ਰਫ਼ (ਬਜ਼ੁਰਗੀ) ਰੱਖਣ ਵਾਲਾ।੩ ਸੰਗਯਾ- ਮੱਕੇ ਦਾ ਹਾਕਿਮ. ਇਹ ਰੂਢੀ ਅਰਥ ਹੈ, ਜਿਵੇਂ ਕਾਬੁਲ ਦੇ ਬਾਦਸ਼ਾਹ ਦੀ ਹੁਣ ਤੱਕ ਅਮੀਰ ਪਦਵੀ ਰਹੀ ਹੈ.

ਸਰੀਫ਼ਾ: ਦੇਖੋ ਸੀਤਾਫਲ.

ਸਰੀਰ: ਸੰ. ਸ਼ਰੀਰ. ਵਿ- ਜੋ ਪਲ ਪਲ ਵਿੱਚ ਸ਼੍ਰਿ- शृ (ਖੀਨ) ਹੋਵੇ.[199] "ਨਿਰਮਲ ਦੇਹ ਸਰੀਰ." (ਸ੍ਰੀ ਅਃ ਮਃ ੧) ੨. ਸੰਗਯਾ- ਦੇਹ. ਜਿਸਮ. "ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ." (ਸਹਸ ਮਃ ੫) ੩. ਫ਼ਾ. شریر ਸ਼ਰੀਰ ਵਿ- ਨੇਕ. ਭਲਾ। ੪. ਸੁੰਦਰ। ੫. ਅ਼. ਖੋਟਾ. ਪਾਮਰ। ੬. ਸੰਗਯਾ- ਸਮੁੰਦਰ ਦਾ ਕਿਨਾਰਾ.

ਸਰੀਰਕ: ਦੇਖੋ, ਸਾਰੀਰਿਕ.

ਸਰੀਰਾ, ਸਰੀਰਿ, ਸਰੀਰੀ: ਸੰ. शरीरिन ਸੰਗਯਾ- ਜੀਵਾਤਮਾ। ੨. ਪ੍ਰਾਣੀ. "ਦੇਹਿ ਬਿਮਲਮਤਿ ਸਦਾ ਸਰੀਰਾ." (ਆਸਾ ਕਬੀਰ) ਪ੍ਰਾਣੀ ਨੂੰ ਸਦਾ ਉੱਤਮ ਮਤਿ ਦੇਹ। ੩. ਸ਼ਰੀਰਿ (ਆਤਮਾ) ਨੂੰ. "ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ." (ਵਡ ਮਃ ੩) ਦੇਹ ਅਤੇ ਆਤਮਾ ਨੂੰ ਹਰਿਨਾਮ ਤੋਂ ਸੁਖ ਹੋਵੈ.

ਸਰੁ: ਦੇਖੋ, ਸਰ। ੨. ਸੰਗਯਾ- ਸੂਰ. ਸੁਰ. "ਸੁਰ ਸਰੁ ਸੋਸਿਲੈ." (ਮਾਰੂ ਮਃ ੧) ਪਿੰਗਲਾ ਨਾੜੀ ਦੀ ਸ੍ਵਾਸਾਂ ਨਾਲ ਰਤੂਬਤ ਖੁਸ਼ਕ ਕਰ ਲੈ। ੩. ਸੰ. ਸ਼ਰੁ. ਕ੍ਰੋਧ। ੪. ਸ਼ਸਤ੍ਰ। ੫. ਹਿੰਸਾ. ਹਤ੍ਯਾ। ੬. ਵਿ- ਹਿੰਸਕ। ੭. ਬਹੁਤ ਪਤਲਾ.

ਸਰੁਖਾ: ਵਿ- ਰੋਸ਼ (ਕ੍ਰੋਧ) ਸਹਿਤ। ੨. ਰੁੱਖਾਪਨ ਸਹਿਤ. ਕੋਮਲਤਾ ਬਿਨਾ. "ਸੁਨਤ ਰਾਇ ਉਰ ਰਿਸ ਭਰ ਸਰੁਖਾ." (ਨਾਪ੍ਰ)

ਸਰੂ: ਦੇਖੋ, ਸਰਣਾ। ੨. ਫ਼ਾ. سرو ਸਰਵ. ਸੰਗਯਾ- "ਸਰੂ ਏਕ ਸਾਰ ਖਰੇ ਹਰੇ ਹਰੇ ਪਾਤ ਜਰੇ." (ਗੁਪ੍ਰਸੂ) ਸੰ. ਸ਼੍ਰੀ ਵ੍ਰਿਕ੍ਸ਼. L. Cupressus Sempervirens.

ਸਰੂਚ: ਸੰ. सरूच. ਸਰੁਚ. ਵਿ- ਰੁਚਿ (ਸੋਭਾ) ਸਹਿਤ। ੨. ਪ੍ਰਸੰਨਤਾ ਸਹਿਤ. "ਨਭ ਮਗ ਚਲੇ ਛਿਤਿ ਪਥ ਚਲੇ ਬਹੁ, ਚਲੇ ਅਧਰ[200] ਸਰੂਚ ਹੀ." (ਸਲੋਹ) ੩. ਸ- ਰੁਚਿ. ਇੱਛਾ ਸਹਿਤ.

ਸਰੂਪ: ਵਿ- ਸ (ਓਹੀ) ਰੂਪ. ਓਹੀ ਸ਼ਕਲ. ਸਮਾਨ ਰੂਪ। ੨. ਸੁਰੂਪ. ਸੁੰਦਰ ਰੂਪ. "ਚਤੁਰ ਸਰੂਪ ਸਿਆਣਾ ਸੋਈ." (ਮਾਰੂ ਸੋਲਹੇ ਮਃ ੫) ੩. ਸ੍ਵਰੂਪ. ਸੰਗਯਾ- ਨਿਜਰੂਪ. ਆਪਣਾ ਆਪ.

ਸਰੂਪ ਸਿੰਘ: ਜੀਂਦ ਦਾ ਪ੍ਰਤਾਪੀ ਰਾਜਾ. ਸਰਦਾਰ ਕਰਮ ਸਿੰਘ ਬਜੀਦਪੁਰੀਏ ਦਾ ਪੁਤ੍ਰ, ਜੋ ਰਾਜਾ ਸੰਗਤਸਿੰਘ ਜੀਂਦਪਤਿ ਦੇ ਲਾਵਲਦ ਮਰਨ ਪੁਰ ਗੱਦੀ ਦਾ ਹੱਕਦਾਰ ਮੰਨਿਆ ਗਿਆ. ਇਹ ਫੱਗੁਣ ਬਦੀ ੨. ਸੰਮਤ ੧੮੯੩ (੧੮ ਮਾਰਚ ਸਨ ੧੮੩੭) ਨੂੰ ਜੀਂਦ ਦੀ ਗੱਦੀ ਤੇ ਬੈਠਾ. ਇਹ ਵੱਡਾ ਦਾਨਾ, ਦੂਰੰਦੇਸ਼ ਅਤੇ ਰਾਜਪ੍ਰਬੰਧ ਵਿੱਚ ਨਿਪੁਣ ਸੀ. ਲਹੌਰ ਰਾਜ ਨਾਲ ਸਨ ੧੮੪੫- ੪੬ ਦੇ ਅੰਗ੍ਰੇਜ਼ੀ ਜੰਗਾਂ ਵਿੱਚ ਇਸ ਨੇ ਸਰਕਾਰ ਬਰਤਾਨੀਆ ਦਾ ਸਾਥ ਦਿੱਤਾ. ਸਨ ੧੮੫੭ ਦੇ ਗਦਰ ਵੇਲੇ ਗਵਰਨਮੇਂਟ ਦੀ ਭਾਰੀ ਸਹਾਇਤਾ ਕੀਤੀ. ਦਿੱਲੀ ਫਤੇ ਕਰਨ ਸਮੇਂ ਰਾਜਾ ਸਰੂਪ ਸਿੰਘ ਆਪਣੀ ਫੌਜ ਸਮੇਤ ਮੌਜੂਦ ਸੀ. ਅੰਗ੍ਰੇਜ਼ੀ ਸਰਕਾਰ ਨੇ ਇਨ੍ਹਾਂ ਕਾਰਗੁਜ਼ਾਰੀਆਂ ਦੇ ਬਦਲੇ ਰਾਜਾ ਜੀ ਦਾ ਵਡਾ ਸਨਮਾਨ ਕੀਤਾ ਅਤੇ ਨਵਾਬ ਝੱਜਰ ਦੇ ਜਬਤ ਕੀਤੇ ਇਲਾਕੇ ਵਿੱਚੋਂ ਦਾਦਰੀ ਦਾ ਪਰਗਨਾ ਜੀਂਦ ਰਾਜ ਨਾਲ ਮਿਲਾ ਦਿੱਤਾ. ਗੁਰੁਦ੍ਵਾਰਾ ਸੀਸਗੰਜ ਦਿੱਲੀ ਦੇ ਪਾਸ ਦੀ ਮਸੀਤ ਸਰਕਾਰ ਅੰਗਰੇਜੀ ਤੋਂ ਲੈ ਕੇ ਜੋ ਗੁਰੁਦ੍ਵਾਰੇ ਦੀ ਸੇਵਾ ਰਾਜਾ ਸਰੂਪ ਸਿੰਘ ਨੇ ਕੀਤੀ ਹੈ, ਉਹ ਸਿੱਖ ਇਤਿਹਾਸ ਵਿੱਚ ਸਦਾ ਕਾਇਮ ਰਹੇਗੀ. ਰਾਜਾ ਸਰੂਪ ਸਿੰਘ ਦਾ ੨੬ ਜਨਵਰੀ ਸਨ ੧੮੬੪ ਨੂੰ ਇਕਵੰਜਾ ਵਰ੍ਹੇ ਦੀ ਉਮਰ ਵਿੱਚ ਬਜੀਦਪੁਰ ਦੇਹਾਂਤ

---

[199] ਦੇਖੋ, ਐਤ੍ਰੇਯ ਆਰਣ ਆਚਰਣਤਕ ੨. ਅਃ ੧. ਖੰਡ ੪.

[200] अधस्- ਅਧਃ ਪਾਤਾਲ.

ਹੋਇਆ। ੨. ਦੇਖੋ, ਸਰੂਪ ਸਿੰਘ ਬਾਬਾ.

ਸਰੂਪ ਸਿੰਘ ਬਾਬਾ: ਇਹ ਕਰਣੀ ਵਾਲੇ ਪ੍ਰਤਾਪੀ ਮਹਾਤਮਾ ਪਿੰਡ ਪਿੱਥੋ (ਰਾਜ ਨਾਭਾ) ਵਿੱਚ ਚੇਤ ਸੁਦੀ ੯. ਸੰਮਤ ੧੮੪੦ ਨੂੰ ਪੈਦਾ ਹੋਏ. ਇਨ੍ਹਾਂ ਨੇ ਪਹਿਲਾਂ ਕੁਝ ਮਹੀਨੇ ਰਿਆਸਤ ਨਾਭਾ ਦੀ ਨੌਕਰੀ ਕੀਤੀ ਫੇਰ ਬਾਬਾ ਅਜਾਪਾਲ ਸਿੰਘ ਜੀ ਦੀ ਸ਼ਰਣ ਵਿੱਚ ਰਹਿਕੇ ਉੱਚ ਸਿਖ੍ਯਾ ਪ੍ਰਾਪਤ ਕੀਤੀ.

ਸੰਮਤ ੧੮੬੯ ਵਿੱਚ ਇਹ ਬਾਬਾ ਅਜਾਪਾਲ ਸਿੰਘ ਸਾਹਿਬ ਦੇ ਗੁਰੁਦ੍ਵਾਰੇ ਮਹੰਤ ਥਾਪੇ ਗਏ ਅਤੇ ਇਸ ਪਦਵੀ ਨੂੰ ਬਾਬਾ ਜੀ ਨੇ ਬਹੁਤ ਉੱਤਮ ਰੀਤਿ ਨਾਲ ਨਿਬਾਹਿਆ. ਆਪ ਨੇ ਅਨੇਕਾਂ ਨੂੰ ਅਮ੍ਰਿਤ ਛਕਾਕੇ ਗੁਰਸਿੱਖੀ ਦੀ ਰਹਿਣੀ ਵਿੱਚ ਪੱਕਿਆਂ ਕੀਤਾ ਅਤੇ ਰਾਜਾ ਭਰਪੂਰ ਸਿੰਘ ਭਗਵਾਨ ਸਿੰਘ ਜੀ ਨੂੰ ਸਾਰੇ ਪਰਿਵਾਰ ਸਮੇਤ ਅਮ੍ਰਿਤ ਛਕਾਕੇ ਗੁਰੁਮਤ ਵੱਲ ਲਾਇਆ.

ਬਾਬਾ ਸਰੂਪ ਸਿੰਘ ਜੀ ਦਾ ਦੇਹਾਂਤ ਹਾੜ ਵਦੀ ੭. ਸੰਮਤ ੧੯੧੮ ਨੂੰ ਨਾਭੇ ਹੋਇਆ. ਇਨ੍ਹਾਂ ਦੀ ਥਾਂ ਇਨ੍ਹਾਂ ਦੇ ਪੋਤੇ ਬਾਬਾ ਨਾਰਾਯਣ ਸਿੰਘ ਜੀ ਗੁਰਦ੍ਵਾਰੇ ਦੇ ਮਹੰਤ ਥਾਪੇ ਗਏ. ਦੇਖੋ, ਅਜਾਪਾਲ ਸਿੰਘ ਬਾਬਾ ਅਤੇ ਨਾਰਾਯਣ ਸਿੰਘ ਬਾਬਾ.

ਸਰੂਪਚੰਦ: ਦੇਖੋ, ਮਹਿਮਾ ਪ੍ਰਕਾਸ਼.

ਸਰੂਪਦੇਵੀ: ਬਾਬਾ ਅਜੀਤ ਸਿੰਘ ਜੀ ਬੇਦੀ ਦੀ ਧਰਮਪਤਨੀ ਅਤੇ ਬਾਬਾ ਸਾਹਿਬ ਸਿੰਘ ਜੀ ਰਈਸ ਊਨੇ ਦੀ ਮਾਤਾ.

ਸਰੂਪਿ, ਸਰੂਪੀ: ਸੰ. सुरुपिन् ਵਿ- ਸੁੰਦਰ ਰੂਪ ਵਾਲਾ. ਖ਼ੂਬਸੂਰਤ। ੨. ਸੁਰੂਪਾ. ਸੁੰਦਰ ਰੂਪ ਵਾਲੀ. "ਅਬ ਕੀ ਸਰੂਪਿ ਸੁਜਾਨਿ ਸੁਲਖਨੀ." (ਆਸਾ ਕਬੀਰ)

ਸਰੂਰ: ਅ਼. سرور ਸੰਗ੍ਯਾ- ਆਨੰਦ. ਖ਼ੁਸ਼ੀ.

ਸਰੇ: ਦੇਖੋ, ਸਰਣਾ. "ਤਿਨ ਕੇ ਕਾਜ ਸਰੇ." (ਮਾਝ ਬਾਰਹਮਾਹਾ) ੨. ਸਦ੍ਰਿਸ਼. ਤੁੱਲ. ਸਰੀਖਾ. "ਅਵਰ ਨ ਦੂਜਾ ਤੁਝੈ ਸਰੇ." (ਵਾਰ ਬਿਹਾ ਮਃ ੪)

ਸਰੇਉ: ਦੇਖੋ, ਸਰੇਵਨ। ੨. ਸਰੇਵਨ ਕਰਾਂ. ਸਰੇਵਾਂ. "ਕਵਨ ਸੇਵਾ ਸਰੇਉ." (ਸਵੈਯੇ ਮਃ ੪. ਕੇ) ੩. ਦੇਖੋ, ਸ਼੍ਰੇਯ.

ਸਰੇਉਣਾ, ਸਰੇਉਨ: ਦੇਖੋ, ਸਰੇਵਨ.

ਸਰੇਉੜਾ: ਦੇਖੋ, ਸਰੇਵੜਾ.

ਸਰੇਸ: ਫ਼ਾ. سریش ਸਰੇਸ਼. ਸੰਗ੍ਯਾ- ਹੱਡਾਂ ਦੇ ਜੋੜ ਅਤੇ ਚੰਮ ਵਿੱਚੋਂ ਕੱਢਿਆ ਹੋਇਆ ਲੇਸਦਾਰ ਪਦਾਰਥ ਜੋ ਲੱਕੜ ਆਦਿ ਦੇ ਜੋੜ ਲਾਉਣ ਲਈ ਵਰਤੀਦਾ ਹੈ। ੨. ਗੋਂਦ ਆਦਿ ਤੋਂ ਤਿਆਰ ਕੀਤੀ ਹੋਈ ਚੀਜਾਂ ਨੂੰ ਜੋੜਨ ਵਾਲੀ ਲੇਸ.

ਸਰੇਸਟ: ਸੰ. ਸ਼੍ਰੇਸ੍ਠ. ਵਿ- ਉੱਤਮ ਪ੍ਰਸ਼ੰਸਾ ਯੋਗ. "ਹਰਿ ਅੰਮ੍ਰਿਤਕਥਾ ਸਰੇਸਟ ਊਤਮ." (ਵਾਰ ਸ੍ਰੀ ਮਃ ੪) "ਭਗਤਿ ਸਰੇਸਟ ਪੂਰੀ." (ਸਾਰ ਮਃ ੫) ੨. ਦੇਖੋ, ਸ਼੍ਰੇਸਟ। ਸੰ. ਸਰੇਸ੍ਰਿ. ਅੰਬ.

ਸਰੇਸਿਆ: ਵਿ- ਸਦ੍ਰਿਸ਼ਤਾ ਵਾਲਾ ਤੁੱਲਤਾ ਰੱਖਣ ਵਾਲਾ.

ਸਰੇਖਣ: ਸ੍ਵਰ ਉੱਚਾਰਣ ਦੀ ਕ੍ਰਿਯਾ. ਉੱਚੇ ਸ੍ਵਰ ਨਾਲ ਬੋਲਣਾ. "ਗੁੰਗ ਨਾ ਸਰੇਖਈ." (ਭਾਗੁ) ੨. ਵਿ- ਹ੍ਰੇਸ਼ਾ (ਹਿਣਕਾਰ) ਸਹਿਤ.

ਸਰੇਖਾ, ਸਰੇਖੀ: ਵਿ- ਸਦ੍ਰਿਸ਼. ਤੁੱਲ. ਸਮਾਨ। ੨. ਨਿਰੋਲ. ਖਾਲਿਸ। ੩. ਉੱਤਮ. "ਗੁਰਸਿੱਖਾਂ ਰਹਿਰਾਸ ਸਰੇਖੀ." (ਭਾਗੁ) ੪. ਕਥਨ ਕੀਤੀ. ਦੇਖੋ, ਸਰੇਖਣ.

ਸਰੇਵਣ: ਸੰ. ਸੰ ਸੇਵਨ. ਸੰਗ੍ਯਾ- ਉੱਤਮ ਰੀਤਿ ਨਾਲ ਸੇਵਨ ਦੀ ਕ੍ਰਿਯਾ. ਉਪਾਸਨਾ. ਸੇਵਾ. ਦੇਖੋ, ਅੰ. Service. "ਨਾਨਕ ਬਿਨਵੈ ਤਿਸੈ ਸਰੇਵਹੁ." (ਧਨਾ ਮਃ ੧) "ਸਚੇ ਚਰਣ ਸਰੇਵੀਅਹਿ." (ਸੋਰ ਅਃ ਮਃ ੫) "ਗੁਰੁ ਕੇ ਚਰਣ ਸਰੇਵਣੇ." (ਸ੍ਰੀ

ਮ: ੫) "ਸਦਾ ਸਰੇਵੀ ਇਕਮਨਿ ਧਿਆਈ." (ਮਾਝ ਅ: ਮ: ੩)

ਸਰੇਵਤ: ਸੇਵਨ ਕਰਦਾ ਹੈ। ੨. ਕ੍ਰਿ. ਵਿ- ਸਰੇਵਦਿਆਂ. "ਗੁਰਚਰਣ ਸਰੇਵਤ ਦੁਖ ਗਇਆ." (ਬਸੰ ਮ: ੫) ਦੇਖੋ, ਸਰੇਵਣ.

ਸਰੇਵਨ: ਦੇਖੋ, ਸਰੇਵਣ.

ਸਰੇਵਰਾ, ਸਰੇਵੜਾ: ਸੰ. ਸ਼੍ਰਾਵਕ. ਸੰਗਯਾ- ਉਪਦੇਸ਼ਕ, ਜੋ ਉਪਦੇਸ਼ ਸੁਣਾਵੇ। ੨. ਜੈਨੀ। ੩. ਬੌੱਧ. ਬੋਧੀ. "ਸਬ ਸਰੇਵਰੇ ਕੇ ਅਨੁਸਾਰੀ." (ਨਾਪ੍ਰ)

ਸਰੈ: ਦੇਖੋ, ਸਰਣਾ. "ਹਰਿ ਜੀਉ ਤੇ ਸਭੈ ਸਰੈ." (ਮਾਰੂ ਰਵਿਦਾਸ) ੨. ਦੇਖੋ, ਸ਼ਰਾ। ੩. ਵਿ- ਸ਼ਰਈ. "ਸਰੈ ਸਰੀਅਤਿ ਕਰਹਿ ਬੀਚਾਰ." (ਵਾਰ ਸ੍ਰੀ ਮ: ੧)

ਸਰੋਅ, ਸਰੋਆ: ਸੰ. ਸ੍ਰੁਵ. ਸੰਗਯਾ- ਹਵਨ ਸਮੇਂ ਘੀ ਚੋਣ ਦਾ ਚਮਚਾ, ਜੋ ਆਦਮੀ ਦੇ ਸੱਜੇ ਹੱਥ ਦੀ ਸ਼ਕਲ ਦਾ ਹੁੰਦਾ ਹੈ. ਇਸ ਦਾ ਨਾਉਂ "ਬ੍ਰਹ੍ਮਹਸ੍ਤ" ਭੀ ਹੈ. "ਕਰਵਾਰਨ ਕੇ ਕੀਨ ਸਰੋਏ." (ਨਾਪ੍ਰ) ਤਲਵਾਰਾਂ ਦੇ ਸਰੋਏ ਬਣਾ ਲਏ.

ਸਰੋਸ: ਦੇਖੋ, ਸਰੋਖ.

ਸਰੋਸਰੀ: ਵਿ- ਪ੍ਰਤਿਸਿਰ. ਹਰੇਕ ਸਿਰ. "ਨੱਚੀ ਕਲ ਸਰੋਸਰੀ." (ਚੰਡੀ ੩) ੨. ਫ਼ਾ. سراسر ਸਰਾਸਰ. ਕ੍ਰਿ. ਵਿ- ਮੁੱਢ ਤੋਂ ਲੈ ਕੇ ਅੰਤ ਤੀਕ। ੩. ਬਿਲਕੁਲ. ਮੂਲੋਂ ਮੁੱਢੋ.

ਸਰੋਹ: ਵਿ- ਰੋਸ਼ (ਕ੍ਰੋਧ) ਸਾਥ। ੨. ਸੰਗਯਾ- ਸ਼ਿਰੋਰੁਹ. ਕੇਸ਼. "ਕਹੂੰ ਸਰੋਹ ਪੱਟੀਅੰ." (ਵਿਚਿਤ੍ਰ)

ਸਰੋਹੀ: ਦੇਖੋ, ਸਿਰੋਹੀ.

ਸਰੋਕਾਰ: ਫ਼ਾ. سروکار ਤਅ਼ੱਲੁਕ. ਸੰਬੰਧ. ਪ੍ਰਯੋਜਨ.

ਸਰੋਖ: ਵਿ- ਰੋਸ਼ (ਕ੍ਰੋਧ) ਸਾਥ. ਗੁੱਸੇ ਨਾਲ.

ਸਰੋਘ: ਸੰ. ਸ਼ਰੌਘ. ਸ਼ਰ- ਓਘ. ਸੰਗਯਾ- ਬਾਣਾਂ ਦਾ ਸਮੁਦਾਯ. "ਸਰੋਘ ਪ੍ਰਹਾਰ." (ਸਲੋਹ) ੨. ਤੀਰਾਂ ਦੀ ਵਰਖਾ.

ਸਰੋਜ: ਸੰਗਯਾ- ਸਰ (ਤਾਲ) ਤੋਂ ਪੈਦਾ ਹੋਇਆ ਕਮਲ। ੨. ਭਾਈ ਸੰਤੋਖ ਸਿੰਘ ਨੇ ਸਿਰੋਂਜ ਨੂੰ ਸਰੋਜ ਲਿਖਿਆ ਹੈ. ਸਿਰੋਂਜ ਮੱਧ ਭਾਰਤ (C. P. ) ਅੰਦਰ ਰਿਆਸਤ ਟਾਂਕ ਦਾ ਇੱਕ ਨਗਰ ਹੈ, ਜੋ ਟਾਂਕ ਤੋਂ ਦੋ ਸੌ ਮੀਲ ਦੱਖਣ ਪੂਰਵ ਹੈ. ਕਲਗੀਧਰ ਨੰਦੇੜ ਨੂੰ ਜਾਂਦੇ ਇਸ ਥਾਂ ਵਿਰਾਜੇ ਹਨ. "ਸਹਰ ਸਰੋਜ ਉਜੈਨ ਕੋ ਕਰ ਸੰਗਤ ਮੇਲਾ." (ਗੁਪ੍ਰਸੂ)

ਸਰੋਜਸੁਤ, ਸਰੋਜਭਵ: ਕਮਲ ਤੋਂ ਪੈਦਾ ਹੋਇਆ ਬ੍ਰਹਮਾ. ਚਤੁਰਾਨਨ. ਕਮਲਾਸਨ.

ਸਰੋਤ: ਸੰ. ਸ਼੍ਰੋਤ੍ਰ. ਸ਼੍ਰਵਣ ਇੰਦ੍ਰਿਯ. "ਓਇ ਬੇਧਿਓ ਸਹਜ ਸਰੋਤ." (ਆਸਾ ਛੰਤ ਮ: ੫) ਮ੍ਰਿਗ ਕਰਣ- ਇਦ੍ਰਿਯ ਦੇ ਰਸ ਨਾਲ ਵੇਧਨ ਹੋਇਆ। ੨. ਦੇਖੋ, ਸਰੋਦ। ੩. ਅਫਵਾਹ. ਆਮ ਲੋਕਾਂ ਤੋਂ ਸੁਣੀ ਹੋਈ ਬਾਤ. ਸ਼੍ਰੁਤਿ.

ਸਰੋਤਮ: ਵਿ- ਸ਼ਰ- ਉੱਤਮ. ਉੱਤਮ ਤੀਰ। ੨. ਪਵਿਤ੍ਰ ਸਰੋਵਰ। ੩. ਸੰਗਯਾ- ਮਾਨਸਰ। ੪. ਅੰਮ੍ਰਿਤਸਰ.

ਸਰੋਤਾ: ਸੰ. श्रोतृ ਸ਼੍ਰੋਤ੍ਰਿ. ਵਿ- ਸੁਣਨ ਵਾਲਾ. "ਅਨਿਕ ਸਰੋਤੇ ਸੁਨਹਿ ਨਿਧਾਨ." (ਸਾਰ ਅ: ਮ: ੫) ੨. ਹਿੰਦੀ ਵਿੱਚ ਸੁਪਾਰੀ (ਪੁੰਗੀਫਲ) ਦੇ ਕੁਤਰਨ ਦੇ ਸੰਦ ਨੂੰ ਭੀ ਸਰੋਤਾ ਅਤੇ ਸਰੌਤਾ ਆਖਦੇ ਹਨ, ਜੋ ਚੌੜੀ ਕੈਂਚੀ ਦੀ ਸ਼ਕਲ ਦਾ ਹੁੰਦਾ ਹੈ.

ਸਰੋਤਿ: ਸੰ. ਸ਼੍ਰੋਤਵ੍ਯ. ਵਿ- ਸੁਣਨ ਯੋਗ੍ਯ "ਇਕੋ ਸੁਣਿਆ ਸ੍ਰਵਣ ਸਰੋਤਿ." (ਵਾਰ ਗਉ ੧. ਮ: ੪) ੨. ਸੰਗਯਾ- ਸ੍ਰੋਤ. ਪ੍ਰਵਾਹ. "ਜਨਮ ਮੂਏ ਬਿਨ ਭਗਤਿ ਸਰੋਤਿ." (ਆਸਾ ਅ: ਮ: ੧) ੩. ਦੇਖੋ, ਸ਼੍ਰੋਤ੍ਰਿਯ.

ਸਰੋਦ: ਫ਼ਾ. سرود ਸੰਗਯਾ- ਰਾਗ. ਗੀਤ. "ਕਰਨ ਸਰੋਦ ਦੀਨ ਹਟਕਾਰੀ." (ਨਾਪ੍ਰ) ੨. ਰਬਾਬ ਦੀ ਤਰਾਂ ਦਾ ਇੱਕ ਵਾਜਾ, ਜਿਸ

ਨੂੰ ਕਾਬੁਲੀ ਬਹੁਤ ਪਸੰਦ ਕਰਦੇ ਹਨ.

ਸਰੋਰੁਹ: ਸੰਗਯਾ- ਸਰ (ਤਾਲ) ਤੋਂ ਪੈਦਾ ਹੋਣ ਵਾਲਾ, ਕਮਲ. "ਲਖ ਸੂਰ ਸਰੋਰੁਹ ਸੋ ਦਮਕਯੋ." (ਨਰਸਿੰਘਾਵ)

ਸਰੋਵਰ: ਸੰਗਯਾ- ਉੱਤਮ ਤਾਲ. "ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ." (ਬਿਲਾ ਕਬੀਰ) ੨. ਸਮੁੰਦਰ.

ਸਰੋਵਰਿ: ਸਮੁੰਦਰ ਵਿਚੋਂ "ਸਰੀਰਿ ਸਰੋਵਰਿ ਗੁਣ ਪਰਗਟਿ ਕੀਏ." (ਆਸਾ ਮਃ ੪) ੨. ਸਰੋਵਰ (ਤਾਲ) ਵਿੱਚ. "ਰਾਮਦਾਸ ਸਰੋਵਰਿ ਨ੍ਹਾਤੇ." (ਸੋਰ ਮਃ ੫)

ਸਰੌਤਾ: ਦੇਖੋ, ਸਰੋਤਾ. ੨.

ਸਰੰਜਾਮ, ਸਰੰਜਾਮਿ: ਫ਼ਾ. سرانجام ਸੰਗਯਾ- ਕਾਰਜ ਸਿੱਧ ਕਰਨ ਦਾ ਸਾਮਾਨ। ੨. ਪ੍ਰਬੰਧ. ਇੰਤਜਾਮ. "ਸਰੰਜਾਮਿ ਲਾਗੁ ਭਵਜਲ ਤਰਨ ਕੈ." (ਸੋਪੁਰਖੁ)

ਸਰੰਣੀ: ਦੇਖੋ, ਸਰਨਜ. "ਸਰੰਣੀ ਉਧਾਰੇ." (ਕਲਕੀ)

ਸਰੰਦ: ਸਰਹਿੰਦ ਦਾ ਸੰਖੇਪ. ਦੇਖੋ, ਸਰਹਿੰਦ. "ਮਾਈਆ ਲੰਬ ਸਰੰਦ ਰਹਿ." (ਭਾਗੁ) ਲੰਬ ਗੋਤ੍ਰ ਦਾ ਮਾਈਆ ਸਿੱਖ ਸਰਹਿੰਦ ਰਹਿੰਦਾ ਸੀ.

ਸਰੰਦਾ: ਉੱਤਮ ਸ੍ਵਰ ਦੇਣ ਵਾਲਾ ਤਾਰਦਾਰ ਸਾਜ, ਜੋ ਗਜ ਨਾਲ ਵਜਾਈਦਾ ਹੈ. ਇਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਤਜਵੀਜ ਨਾਲ ਬਣਵਾਕੇ ਸਿੱਖ ਰਾਗੀਆਂ ਨੂੰ ਬਖ਼ਸ਼ਿਆ ਅਤੇ ਵਜਾਉਣਾ ਸਿਖਾਇਆ. ਦੇਖੋ, ਸਾਜ। ੨. ਦੇਖੋ, ਸਿਰੰਦਾ.

ਸਰੰਨਿ: ਦੇਖੋ, ਸਰਨਜ.

ਸਰ੍ਹੀਆ: ਪੂ. ਸਾੜ੍ਹੀ. ਓਢਨੀ. ਸ਼ਾਟਿਕਾ. "ਦੇਹੁ ਕਹ੍ਯੋ ਹਮਰੀ ਸਰ੍ਹੀਆ." (ਕ੍ਰਿਸਨਾਵ)

ਸਰ੍ਹੀਣਾ: ਜਿਲਾ ਫਿਰੋਜ਼ਪੁਰ, ਤਸੀਲ ਥਾਣਾ ਮੋਗਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਡਗਰੂ ਤੋਂ ਈਸ਼ਾਨ ਕੋਣ ਦੋ ਮੀਲ ਦੇ ਕਰੀਬ ਹੈ. ਇਸ ਪਿੰਡ ਤੋਂ ਦੱਖਣ ਦਿਸ਼ਾ ੧. ਫਰਲਾਂਗ ਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਛੋਟਾ ਜਿਹਾ ਮੰਦਿਰ ਬਣਿਆ ਹੋਇਆ ਹੈ. ਸਿੰਘ ਪੁਜਾਰੀ ਹੈ, ਇਸ ਗੁਰਦ੍ਵਾਰੇ ਨਾਲ ਦੋ ਘੁਮਾਉਂ ਜ਼ਮੀਨ ਇਸੇ ਪਿੰਡ ਵੱਲੋਂ ਹੈ.

ਸਲ: ਸੰ. ਸ਼ਲ੍ ਧਾ- ਗਤਿ. ਜਾਣਾ. ਉਸਤਤਿ ਕਰਨਾ. ਚੁਭਣਾ। ੨. ਸੰ. ਸਲ੍. ਧਾ- ਸਰਕਣਾ. ਥਰਥਰਾਉਣਾ। ੩. ਸੰਗਯਾ- ਜਲ। ੪. ਉਸਤਤਿ. ਤਅ਼ਰੀਫ। ੫. ਊਂਟ. ਸ਼ੁਤਰ। ੬. ਪ੍ਰਾ. ਚਿਤਾ. ਚਿਖਾ. "ਚੜ੍ਹ ਬੈਠੇ ਤਹਿ ਸਲ ਕੋ ਬਨਾਇ." (ਰਾਮਾਵ) "ਗੰਧਿ ਮੇਲੀ ਸਲ ਮੱਧੰ." (ਸਲੋਹ) ੭. ਦੇਖੋ, ਸਲਜ ਅਤੇ ਸੱਲ। ੮. ਅ਼. شل ਸ਼ੱਲ. ਸੰਗਯਾ- ਲੂੰਜਾ. ਲੰਗੜਾ। ੯. ਜਿਸ ਦੇ ਹੱਥ ਪੈਰ ਨਹੀਂ ਹਿਲਦੇ. ਜੜ੍ਹ ਰੂਪ.

ਸਲਕ, ਸਲਖ: ਤੁ. شلق ਸ਼ਲਕ਼. ਸੰਗਯਾ- ਬਹੁਤ ਬੰਦੂਕਾਂ ਦੀ ਇੱਕ ਵਾਰ ਹੀ ਚਲਾਉਣ ਦੀ ਕ੍ਰਿਯਾ. ਬਾੜ ਝਾੜਨੀ. ਅੰ. Volley. "ਕਰ ਸਲਖ ਦੇਵਨ ਪ੍ਰਿਥਮ ਯਾਤ੍ਰਾ." (ਸਲੋਹ) "ਛੁਟੀ ਤੁਫੰਗਹਿ ਸਲਖ ਬਿਸਾਲਾ." (ਗੁਪ੍ਰਸੂ) ੨. ਸੰ. ਸ਼ਲ੍ਕ. ਟੁਕੜਾ. ਖੰਡ। ੩. ਪਿੱਠ. ਪ੍ਰਿਸ਼੍ਠ. ਪੀਠ.

ਸਲਗਮ: ਫ਼ਾ. شلغم ਸ਼ਲਗਮ. ਸ਼ਲਜਮ. ਗੋਂਗਲੂ. ਅੰ. Turnip. ਧੰਨੀ ਪੋਠੋਹਾਰ ਵਿੱਚ ਠਿੱਪਰ ਆਖਦੇ ਹਨ.

ਸਲਘ: ਦੇਖੋ, ਸਲਾਘਾ ਅਤੇ ਸਲੰਘ.

ਸਲੱਜ: ਵਿ- ਲੱਜਾ ਸਹਿਤ. ਸ਼ਰਮ ਵਾਲਾ.

ਸਲਤਨ, ਸਲਤਨਤ, ਸਲਤੰਤ: ਅ਼. سلطنت ਸਲਤ਼ਨਤ. ਸੰਗਯਾ- ਹੁਕੂਮਤ। ੨. "ਬਾਦਸ਼ਾਹਤ. ਸਲ- ਤਨ ਹਿਤ ਬਹੁ ਕਰੇ ਉਪਾਯ"

(ਗੁਪ੍ਰਸੂ)

ਸਲਬ: ਅ਼. سلب ਖੋਹਣ. ਛੀਨਨਾ। ੨. ਨਿਕਾਲ (ਕੱਢ) ਦੇਣਾ। ੩. صلب ਸਲਬ. ਸੂਲੀ ਚੜ੍ਹਾਉਣਾ.

ਸਲਭ: ਸੰ. ਸ਼ਲਭ. ਸੰਗ੍ਯਾ- ਪਤੰਗ. ਭਮੱਕੜ. "ਸਨਮੁਖ ਦੇਵੀ ਕੇ ਭਯੋ ਸਲਭ ਦੀਪ ਅਨੁਹਾਰ." (ਚੰਡੀ ੧) ੨. ਟਿੱਡ. ਆਹਣ. "ਗਮਨੇ ਦਲ ਸਮ ਸਲਭ ਕੇ ਕਰ ਮਾਰੋ ਮਾਰੋ." (ਗੁਪ੍ਰਸੂ) ਟਿੱਡੀਦਲ ਵਾਂਙ ਫੌਜਾਂ ਚੜ੍ਹੀਆਂ.

ਸਲਲ: ਸੰ. ਸਲਿਲ. ਸੰਗ੍ਯਾ- ਪ੍ਰਵਾਹ. ਪਾਣੀ ਦਾ ਵਹਾਉ। ੨. ਜਲ. "ਮਿਲਿ ਸਲਲ ਸਲਲੇ." (ਨਟ ਮਃ ੪) ੩. ਸੰ. ਸ਼ਲਲ. ਸੇਹ ਦਾ ਤੱਕੁਲਾ। ੪. ਸੂਰ ਦਾ ਵਾਲ.

ਸਲਲਧਰ: ਸੰਗ੍ਯਾ- ਸਲਿਲ (ਜਲ) ਦੇ ਧਾਰਨ ਵਾਲਾ, ਬੱਦਲ। ੨. ਸਮੁੰਦਰ। ੩. ਗੰਗਾ ਦੇ ਪ੍ਰਵਾਹ ਨੂੰ ਧਾਰਨ ਵਾਲਾ, ਸ਼ਿਵ. (ਸਨਾਮਾ)

ਸਲਲਧਰ ਅਰਿ ਕੇਤੁ ਚੱਛੁ ਅਰਿ: (ਸਨਾਮਾ) ਗੰਗਾਧਰ ਸ਼ਿਵ ਦਾ ਵੈਰੀ ਕਾਮ, ਤਿਸ ਦੀ ਧੁਜਾ ਮੱਛੀ, ਉਸ ਦੀ ਅੱਖ ਦਾ ਵੈਰੀ, ਅਰਜੁਨ. ਦ੍ਰੌਪਦੀ ਵਰਣ ਸਮੇਂ ਅਰਜੁਨ ਨੇ ਮੱਛਯੰਤ੍ਰ ਵਿੰਨ੍ਹਿਆ ਸੀ.

ਸਲਵਾਤ: ਅ਼. صلوات ਸਲਵਾਤ. ਸੰਗ੍ਯਾ- ਬਹੁ ਵਚਨ ਹੈ "ਸਲਾਤ" ਦਾ ਨਮਾਜ਼ਾਂ. "ਮਿਟੇ ਬਾਂਗ ਸਲਵਾਤ ਸੁੰਨਤ ਕੁਰਾਨਾ." (ਛੱਕੇ) ੨. ਪੰਜਾਬੀ ਵਿੱਚ ਇਹ ਵ੍ਯੰਗ ਅਰਥ ਕਰਕੇ ਕਰੜੇ ਸ਼ਬਦ ਗਾਲ ਆਦਿਕ ਬੋਧਨ ਕਰਦਾ ਹੈ. ਜਿਵੇਂ- ਉਸ ਨੇ ਖ਼ੂਬ ਸਲਵਾਤਾਂ ਸੁਣਾਈਆਂ. (ਲੋਕੋ)

ਸਲਵਾਰ: ਫ਼ਾ شلوار ਸ਼ਲਵਾਰ. ਅ਼. ਸ਼ਰਵਾਲ. ਸੰਗ੍ਯਾ- ਪਜਾਮਾ. ਘਟੁੰਨਾ.

ਸਲਵੇ: ਸਿੰਧੀ. ਗਮਨ ਕਰਦਾ ਹੈ. ਜਾਂਦਾ ਹੈ. "ਆਘੂ ਆਘੂ ਸਲਵੇ." (ਵਾਰ ਮਾਰੂ ੨. ਮਃ ੫) ਤੂੰ ਪਦਾਰਥਾਂ ਦੇ ਫੜਨ ਲਈ ਅੱਗੇ ਅੱਗੇ ਜਾਂਦਾ ਹੈਂ.

ਸਲਾਇ: ਸੰਗ੍ਯਾ- ਸੀਖ. ਸਰੀ. ਲੋਹੇ ਦੀ ਛਟੀ. "ਭਠੀ ਅੰਦਰਿ ਪਾਈਆ ਮਿਲੀ ਅਗਨਿ ਸਲਾਇ." (ਸਃ ਮਃ ੧. ਬੰਨੋ) ਦੇਖੋ, ਸਲਾਕਾ ੨.

ਸਲਾਈ: ਦੇਖੋ, ਸਿਲਾਈ। ੨. ਸ਼ਲਾਕਾ. ਸੁਰਮਚੂ. "ਭੈ ਕੀਆ ਦੇਹ ਸਲਾਈਆ ਨੈਣੀ." (ਤਿਲੰ ਮਃ ੧) ੩. ਲੰਮੀ ਜੇਹੀ ਲੋਹੇ ਆਦਿ ਦੀ ਤੀਲ ਜਿਸ ਨਾਲ ਜੁਰਾਬਾਂ ਆਦਿ ਚੀਜਾਂ ਉਣਦੇ ਹਨ.

ਸਲਾਹ: ਸੰਗ੍ਯਾ- ਸ਼ਲਾਘਾ. ਤਅ਼ਰੀਫ। ੨. ਅ਼. صلاح ਸਲਾਹ਼. ਬਿਹਤਰੀ। ੩. ਭਾਵ- ਮੰਤ੍ਰ. ਮਸ਼ਵਰਾ.

ਸਲਾਹਣ, ਸਲਾਹਨ: ਸੰ. श्लाघन ਸ਼ਲਾਘਨ. ਸੰਗ੍ਯਾ- ਉਸਤਤਿ ਕਰਨੀ. ਤਅ਼ਰੀਫ ਕਰਨੀ. ਵਡਿਆਉਣਾ.

ਸਲਾਹਿ: ਦੇਖੋ, ਸਲਾਹ। ੨. ਸ਼ਲਾਘਾ ਕਰਕੇ. ਵਡਿਆਕੇ.

ਸਲਾਹੀ: ਵਿ- ਸ਼ਲਾਘਨੀਯ. ਤਅ਼ਰੀਫ ਦੇ ਲਾਇਕ। ੨. ਸਲਾਹ ਦੇਣ ਵਾਲਾ. ਮੰਤ੍ਰੀ. "ਅਪਨ ਸਲਾਹੀ ਸਕਲ ਹਕਾਰੇ." (ਗੁਪ੍ਰਸੂ)

ਸਲਾਹੀਐ: ਸਲਾਘਾ ਕਰੀਐ. ਵਡਿਆਈਏ.

ਸਲਾਹੁਣਾ: ਦੇਖੋ, ਸਲਾਹਨ.

ਸਲਾਕ, ਸਲਾਕਾ, ਸਲਾਖ: ਸੰਗ੍ਯਾ- ਸ਼ਲਾਕਾ. ਸੁਰਮਚੂ। ੨. ਸਰੀ. ਧਾਤੁ ਦੀ ਲੰਮੀ ਅਤੇ ਪਤਲੀ ਸੀਖ. "ਤਪਤ ਸਲਾਕ ਡਾਰ ਛਿਤਿ ਦਈ." (ਚਰਿਤ੍ਰ ੨੦) ੩. ਤੀਰ। ੪. ਹੱਡੀ.

ਸਲਾਘਨ: ਦੇਖੋ, ਸਲਾਹਨ.

ਸਲਾਘਨੀਯ: ਸੰ. ਸ਼੍ਲਾਘਨੀਯ ਵਿ- ਉਸਤਤਿ ਦੇ ਯੋਗ੍ਯ. ਤਅ਼ਰੀਫ਼ ਲਾਇਕ.

ਸਲਾਘਾ: ਸੰ. ਸ਼੍ਲਾਘ੍ ਧਾ- ਵਡਿਆਉਣਾ. ਸ਼ੇਖੀ ਮਾਰਨਾ. ਭਰੋਸਾ ਕਰਨਾ. ਅਭਿਮਾਨੀ ਹੋਣਾ। ੨. ਸੰ. ਸ਼੍ਲਾਘਾ ਸ਼੍‍ਲਾਘਾ. ਸੰਗ੍ਯਾ- ਉਸਤਤਿ. ਤਅ਼ਰੀਫ।੩ ਚਾਹ. ਇੱਛਾ।

ਸਲਾਤ: ਅ਼. صلات ਸਲਾਤ. ਸੰਗ੍ਯਾ- ਨਮਾਜ਼. ਪ੍ਰਾਰਥਨਾ. ਬੇਨਤੀ। ੨. ਦੇਖੋ, ਸਿਰਾਤ ੨. ਅਤੇ ਪੁਰਸਲਾਤ.

ਸਲਾਬ: ਦੇਖੋ, ਸਿਲਾਬ.

ਸਲਾਬਤ: ਅ਼. صلابت ਸਲਾਬਤ. ਸੰਗ੍ਯਾ- ਸਖ਼ਤੀ. ਕਠੋਰਤਾ। ੨. ਦ੍ਰਿੜ੍ਹਤਾ. ਮਜਬੂਤੀ. ਪਕਿਆਈ.

ਸਲਾਬਤਖਾਨ: ਸ਼ਾਹਜਹਾਂ ਦਿੱਲਪਤਿ ਦਾ ਮੀਰਬਖ਼ਸ਼ੀ, ਜੋ ਅਰਜ਼ਬੇਗੀਆਂ ਦਾ ਭੀ ਆਲਾ ਅਹੁਦੇਦਾਰ ਸੀ. ਇਸੇ ਦੀ ਮਾਰਫਤ ਲੋਕਾਂ ਦੀ ਅਰਜ ਬਾਦਸ਼ਾਹ ਪਾਸ ਪਹੁਚਿਆ ਕਰਦੀ ਸੀ. ਗਜ ਸਿੰਘ ਦੇ ਪੁਤ੍ਰ ਅਮਰ ਸਿੰਘ ਰਾਠੌਰ ਨੇ ਆਗਰੇ ਦੇ ਕਿਲੇ ਬਾਦਸ਼ਾਹ ਦੇ ਸਾਮ੍ਹਣੇ, ਤਰਕ ਮਾਰਨ ਤੋਂ ਸਲਾਬਤ ਖ਼ਾਂ ਨੂੰ ਕਟਾਰੀ ਮਾਰਕੇ ਕਤਲ ਕੀਤਾ ਸੀ, ਬਾਦਸ਼ਾਹ ਦੇ ਨੌਕਰਾਂ ਨੇ ਅਮਰ ਸਿੰਘ ਨੂੰ ਭੀ ਜੀਉਂਦਾ ਨਾ ਜਾਣ ਦਿੱਤਾ. ਇਹ ਵਾਰਦਾਤ ਜਿਸ ਦਰਵਾਜੇ ਹੋਈ, ਉਸ ਦਾ ਨਾਉਂ ਹੁਣ ਅਮਰ ਸਿੰਘ ਵਾਲਾ ਦਰਵਾਜ਼ਾ ਹੈ. ਇਹ ਘਟਨਾ ੨੫ ਜੁਲਾਈ ਸਨ ੧੬੪੪ ਦੀ ਹੈ.

ਸਲਾਮ: ਅ਼. سلام ਸੰਗ੍ਯਾ- ਸ਼ਾਂਤਿ. ਕੁਸ਼ਲ। ੨. ਆਸ਼ੀਰਵਾਦ. ਦੁਆ਼। ੩. . ਕੁਰਾਨ ਵਿੱਚ ਪਰਮੇਸ਼੍ਵਰ ਦਾ ਨਾਉਂ ਕੁਸ਼ਲਰੂਪ ਹੋਣ ਕਰਕੇ "ਸਲਾਮ" ਭੀ ਆਇਆ ਹੈ। ੪. ਅੱਸਲਾਮੁੱਅ਼ਲੈਕੁਮ اسلام علیکم ਦਾ ਸੰਖੇਪ. ਮੁਸਲਮਾਨਾਂ ਵਿੱਚ ਰੀਤਿ ਹੈ ਕਿ ਆਪੋ ਵਿੱਚੀ ਮਿਲਣ ਸਮੇਂ ਪਹਿਲਾ ਆਖਦਾ ਹੈ- ਅਸਲਾਮੁੱਅ਼ਲੈਕੁਮ. ਅਰਥਾਤ ਆਪ ਪੁਰ ਕੁਸ਼ਲ ਹੋਵੇ. ਦੂਜਾ ਉੱਤਰ ਵਿੱਚ ਆਖਦਾ ਹੈ- ਵ ਅ਼ਲੈਕੁਮੱਸਲਾਮ وعلیکم آسلام ਅਰਥਾਤ ਆਪ ਪੁਰ ਭੀ ਕੁਸ਼ਲ ਹੋਵੇ. ੫. ਪ੍ਰਣਾਮ. ਤਾਜੀਮ. "ਸਲਾਮ ਜਵਾਬ ਦੋਵੈ ਕਰੈ." (ਵਾਰ ਆਸਾ) ੬. ਭਾਵ- ਅਦਬ. ਰੋਬਦਾਬ. "ਕਿਆ ਸੁਲਤਾਨ ਸਲਾਮ ਵਿਹੂਣਾ." (ਆਸਾ ਮਃ ੧)

ਸਲਾਮਤ, ਸਲਾਮਤਿ: ਅ਼. سلامت ਵਿ- ਕ਼ਾਇਮ. ਇਸਥਿਤ. "ਤੂੰ ਸਦਾ ਸਲਾਮਤਿ ਨਿਰੰਕਾਰ." (ਜਪੁ) ੨. ਦੁੱਖ ਰਹਿਤ. ਬਿਨਾ ਕਲੇਸ਼.

ਸਲਾਮਤੀ: ਸੰਗ੍ਯਾ- ਕੁਸ਼ਲ. ਆਨੰਦ। ੨. ਕਾਇਮੀ. ਇਸਥਿਤੀ.

ਸਲਾਮਾਲੇਕ, ਸਲਾਮਾਲੇਕਮ, ਸਲਾਮਾਲੇਕੀ, ਸਲਾਮਾਲੇਖੁ: ਦੇਖੋ, ਸਲਾਮ. "ਸਲਾਮਾਲੇਕਮ ਮੁਖੋਂ ਅਲਾਵੈਂ." (ਗੁਪ੍ਰਸੂ) "ਮਿਲਦੇ ਮੁਸਲਮਾਨ ਦੁਇ ਮਿਲ ਮਿਲ ਕਰਨ ਸਲਾਮਾਲੇਕੀ". (ਭਾਗੁ) "ਵੀਰ, ਸਲਾਮਾਲੇਖੁ." (ਸਃ ਮਃ ੧. ਬੰਨੋ)

ਸਲਾਮੀ: ਸੰਗ੍ਯਾ- ਫੌਜੀਆਂ ਦੀ ਸਲਾਮ. ੨. ਲਾੜੇ ਲਾੜੀ ਦੀ ਸਲਾਮਤੀ ਲਈ ਸਰਕੁਰਬਾਨੀ (ਸਿਰ ਵਾਰਨੇ) ਦੀ ਰਸਮ। ੩. ਵਿ- ਸਲਾਮ ਕਰਨ ਵਾਲਾ। ੪. ਖ਼ੁਸ਼ਾਮਦੀ.

ਸਲਾਮੁ: ਦੇਖੋ, ਸਲਾਮ. "ਸਹੰਸ ਨਾਮ ਲੈ ਲੈ ਕਰਉ ਸਲਾਮੁ." (ਆਸਾ ਕਬੀਰ)

ਸਲਾਰ: ਫ਼ਾ. سالار ਸਾਲਾਰ. ਸੰਗ੍ਯਾ- ਸਰਦਾਰ. ਪ੍ਰਧਾਨ. "ਸੇਖ ਪੀਰ ਸਲਾਰ." (ਸ੍ਰੀ ਮਃ ੧) "ਸਤਰਿ ਸੈਇ ਸਲਾਰ ਹੈ ਜਾਕੇ." (ਭੈਰ ਕਬੀਰ) ੨. ਸੰ. ਸ਼ਲਾਰ. ਨੌਂਹ. ਨਖ। ੩. ਪੌੜੀ. ਸੀਢੀ। ੪. ਪਿੰਜਰਾ.

ਸਲਿ: ਸੰ. ਸ਼ਲ੍ਯ. ਸੰਗ੍ਯਾ- ਘਾਉ. ਜ਼ਖ਼ਮ। ੨. ਦੇਖੋ, ਸਲ੍ਯ.

ਸਲਿਸ: ਸੰ. ਸ਼੍ਲਿਸ਼੍. ਸ਼੍‍ਲਿਸ਼੍. ਧਾ- ਗਲੇ ਲਾਉਣਾ. ਚਿਪਕਣਾ. ਮਿਲਾਪ ਕਰਨਾ।

ਸਲਿਤਾ: ਨਦੀ. ਦੇਖੋ, ਸਰਿਤਾ. "ਗੰਗਾ ਕੇ ਸੰਗਿ ਸਲਿਤਾ ਬਿਗਰੀ." (ਭੈਰ ਕਬੀਰ) ਦੇਖੋ, ਬਿਗਰੀ.

**ਸਲਿਤਾਨਾਥ, ਸਲਿਤਾਪਤਿ:** ਸੰ. सरित्पति. ਸਰਿਤਪਤਿ. ਨਦੀਆਂ ਦਾ ਸ੍ਵਾਮੀ, ਸਮੁੰਦਰ। ੨. ਵਰੁਣ ਦੇਵਤਾ.

**ਸਲਿ ਬਿਸਲਿ:** ਸੰਗਯਾ- ਸ਼ਲਯ (ਘਾਉ) ਨੂੰ ਵਿਸ਼ਲਯ (ਰਾਜੀ) ਕਰਨ ਵਾਲੀ ਇੱਕ ਬੂਟੀ. ਦੇਖੋ, ਸਰਬੌਖਧਿ ਪਰਬਤ ਅਤੇ ਵਿਸ਼ਲਯਕਰਣੀ. "ਸਲਿ ਬਿਸਲਿ ਆਣਿ ਤੋਖੀਲੇ ਹਰੀ." (ਧਨਾ ਤ੍ਰਿਲੋਚਨ) ੨. ਸ਼ਲਯੋ ਵਿਸ਼ਲਯਾ ਨਾਮਕ ਇੱਕ ਨਦੀ, ਜਿਸ ਦਾ ਜਿਕਰ ਸਕੰਦ ਪੁਰਾਣ ਦੇ ਰੇਵਾ ਖੰਡ ਦੇ ੪੫ ਵੇਂ ਅਧ੍ਯਾਯ ਵਿੱਚ ਹੈ.

**ਸਲਿਲ:** ਦੇਖੋ, ਸਲਲ.

**ਸਲੀਸ:** ਅ਼. سلیس ਵਿ- ਆਸਾਨ. ਸੁਖਾਲਾ। ੨. ਨਰਮ. ਕੋਮਲ.

**ਸਲੀਕਾ:** ਅ਼. سلیقہ ਸਲੀਕ਼ਾ. ਸੰਗਯਾ- ਤਬੀਯਤ। ੨. ਤਮੀਜ਼. ਸ਼ਊਰ.

**ਸਲੀਖ:** ਅ਼. شلیخ ਸ਼ਲੀਖ਼. ਸੰਗਯਾ- ਮੁੱਸਲਾ. ਜਾਯਨਮਾਜ਼। ੨. ਧ੍ਵਨੀ. ਸ਼ਬਦ.

**ਸਲੀਖਤ:** ਅ਼. سلیخت ਸਲੀਖ਼ਤ. ਸੰਗਯਾ- ਸੰਤਾਨ. ਸੰਤਤਿ. ਔਲਾਦ. "ਸਲੀਖਤ ਮੁਦਾਮੈ." (ਜਾਪੁ) ਕਰਤਾਰ ਦੀ ਸੰਤਾਨ ਨਿੱਤ ਰਹਿਣ ਵਾਲੀ ਹੈ.

**ਸਲੀਤਾ:** ਫ਼ਾ. شلیتہ ਸ਼ਲੀਤਹ. ਸੰਗਯਾ- ਉੱਠ ਦੀ ਖੁਰਜੀ. ੨. ਤੰਬੂ ਕਨਾਤ ਆਦਿ ਲਪੇਟਣ ਦਾ ਟਾਟ.

**ਸਲੀਬ:** ਅ਼. صلیب ਸਲੀਬ. ਸੰਗਯਾ- ਸੂਲੀ, ਜਿਸ ਦੀ ਸ਼ਕਲ ਇਹ ✝ ਹੈ। ੨. ਸਲੀਬ ਦੇ ਆਕਾਰ ਦਾ ਈਸਾਈਆਂ ਦਾ ਇੱਕ ਧਾਰਮਿਕ ਚਿੰਨ੍ਹ, ਜਿਸ ਨੂੰ ਉਹ ਗਲ ਪਹਿਰਦੇ ਹਨ ਕਿਉਂਕਿ ਹਜਰਤ ਈਸਾ ਨੂੰ ਸਲੀਬ ਉਤੇ ਚੜ੍ਹਾਇਆ ਗਿਆ ਸੀ.

**ਸਲੀਮ:** ਅ਼. سلیم ਵਿ- ਸਲਾਮਤ ਰਹਿਣ ਵਾਲਾ। ੨. ਅਜਮੇਰ ਨਿਵਾਸੀ ਇੱਕ ਚਿਸ਼ਤੀ ਫਕੀਰ, ਜਿਸ ਦੀ ਦੁਆ ਨਾਲ ਆਖਦੇ ਹਨ ਜਹਾਂਗੀਰ ਪੈਦਾ ਹੋਇਆ ਸੀ. ਇਸੇ ਲਈ ਜਹਾਂਗੀਰ ਦਾ ਨਾਉਂ ਭੀ ਸਲੀਮ ਰੱਖਿਆ ਗਿਆ ਸੀ.

**ਸਲੀਮਸਾਹ:** ਦੇਖੋ, ਸਲੇਮਸ਼ਾਹ.

**ਸਲੁਸ:** ਦੇਖੋ, ਸਲਿਸ ਅਤੇ ਸਲੇਸ। ੨. ਸੰਗਯਾ- ਏਕਤਾ. ਮਿਲਾਪ.

**ਸਲੁੰਚਨ, ਸਲੁੰਞ੍ਹ:** ਵਿ- ਲੁੰਚਨ ਸਹਿਤ. ਦੇਖੋ, ਲੁੰਚਨ. "ਜਮਿ ਪਕਰੇ ਕਾਲਿ ਸਲੁੰਞ੍ਹ." (ਬਸੰ ਮਃ ੪) ਅੰਤ ਸਮੇਂ ਜਮ ਨੇ ਪਕੜੇ ਅਰ ਕੇਸਾਂ ਤੋਂ ਖਿੱਚੇ.

**ਸਲੂੰਨੋ:** ਦੇਖੋ, ਸੜੁੱਨੋ.

**ਸਲੂਕ:** ਦੇਖੋ, ਸੁਲੂਕ.

**ਸਲੂਣਾ:** ਵਿ- ਸਲਵਣ. ਲੂਣ ਨਾਲ ਮਿਲਿਆ ਹੋਇਆ. ਨਮਕੀਨ। ਸੰਗਯਾ- ਨਮਕੀਨ ਪਦਾਰਥ ਦਾਲ ਤਰਕਾਰੀ ਆਦਿ.

**ਸਲੂਰੀ:** ਜਿਲਾ ਹੁਸ਼ਿਆਰਪੁਰ ਤਸੀਲ ਊਨਾ ਦਾ ਇੱਕ ਪਿੰਡ, ਜੋ ਆਨੰਦਪੁਰ ਤੋਂ ੨੭ ਕੋਹ ਉੱਤਰ ਹੈ. ਇਸ ਥਾਂ ਨਦੌਣ ਦੇ ਜੰਗ ਵਿੱਚ ਪਹਾੜੀ ਰਾਜਿਆਂ ਨੂੰ ਸਹਾਇਤਾ ਦੇਣ ਲਈ ਜਾਂਦੇ ਹੋਏ ਦਸ਼ਮੇਸ਼ ਕੁਝ ਸਮਾਂ ਵਿਰਾਜੇ ਸਨ. ਗੁਰੁਦ੍ਵਾਰਾ ਪਹਾੜੀ ਉੱਪਰ ਮਹਾਰਾਜਾ ਰਣਜੀਤ ਸਿੰਘ ਵੇਲੇ ਦਾ ਬਣਿਆ ਹੋਇਆ ਹੈ. ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ੨੫ ਮੀਲ ਉੱਤਰ ਵੱਲ ਹੈ.

**ਸਲੇਸ:** ਸੰ. श्लेष- ਸ਼੍ਲੇਸ਼. (ਸੰ. श्लिष् ਧਾ- ਮਿਲਉਣਾ. ਜੋੜਨਾ. ਗਲੇ ਲਾਉਣਾ) ਸੰਗਯਾ- ਮਿਲਾਪ. ਮੇਲ। ੨. ਇੱਕ ਅਲੰਕਾਰ. ਇੱਕ ਸ਼ਬਦ ਤੋਂ ਅਨੇਕ ਅਰਥ ਪ੍ਰਗਟ ਹੋਣ, ਇਹ "ਸਲੇਸ" ਅਲੰਕਾਰ ਦਾ ਰੂਪ ਹੈ.

ਉਦਾਹਰਣ-

ਮੋਹਨ, ਤੇਰੇ ਊਚੇ ਮੰਦਿਰ ਮਹਲ ਅਪਾਰਾ.

(ਗਉ ਛੰਤ ਮਃ ੫)

ਇਸ ਵਿੱਚ ਮੋਹਨ ਪਦ ਕਰਤਾਰ ਅਤੇ ਬਾਬਾ ਮੋਹਨ ਜੀ ਦਾ ਅਰਥ ਰਖਦਾ ਹੈ.

ਆਧ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ,

ਪਾਰਬ੍ਰਹਮ ਪੂਰਨ ਧਨੀ ਨਹਿ ਬੂਝੈ ਪਰਤਾਪ. (ਗਉ ਥਿਤੀ ਮਃ ੫)

ਬੂਝੈ ਦਾ ਅਰਥ ਬੁਝਣਾ ਅਰ ਸਮਝਣਾ ਹੈ. ਪਰਤਾਪ ਦਾ ਅਰਥ ਪ੍ਰਤਾਪ ਅਤੇ ਸੰਤਾਪ (ਪਰਿਤਾਪ) ਹੈ.

ਗੁਰਦਰਸਨ ਉਧਰੈ ਸੰਸਾਰਾ. (ਆਸਾ ਮਃ ੩)

ਇਸ ਥਾਂ ਗੁਰਦਰਸ਼ਨ ਦਾ ਅਰਥ ਸਤਿਗੁਰੂ ਦਾ ਦੀਦਾਰ ਅਤੇ ਗੁਰੁਸ਼ਾਸਤ੍ਰ ਹੈ.

ਬਾਬੀਹਾ ਬੇਨਤੀ ਕਰੇ, ਕਰਿ ਕਿਰਪਾ ਦੇਹੁ ਜੀਅਦਾਨ.

(ਵਾਰ ਮਲਾ ਮਃ ੩)

ਇਸ ਥਾਂ ਜੀਅਦਾਨ ਦਾ ਅਰਥ ਪ੍ਰਾਣਦਾਨ ਅਤੇ ਜਲਦਾਨ ਹੈ.

ਸਲੇਸਿਆ: ਸਲੇਸ ਸਹਿਤ. ਸ਼ਿਲਸ਼ਟ ਮਿਲਿਆ ਹੋਇਆ। ੨. ਮਿਲਾਇਆ. ਸੰਯੋਗ ਕੀਤਾ। ੩. ਸ਼ਲੇਸ਼ ਅਰਥ ਵਾਲਾ. ਦੇਖੋ, ਸਲੇਸ ੨.

ਸਲੇਮਸ਼ਾਹ, ਸਲੀਮਸ਼ਾਹ: ਇਹ ਸ਼ੇਰਸ਼ਾਹ ਸੂਰੀ ਦਾ ਛੋਟਾ ਬੇਟਾ ਸੀ. ਇਸ ਦਾ ਪਹਿਲਾ ਨਾਉਂ ਜਲਾਲ ਖ਼ਾਂ ਸੀ. ਤਖਤ ਤੇ ਬੈਠਕੇ ਇਸ ਨੇ ਆਪਣਾ ਨਾਉਂ ਇਸਲਾਮਸ਼ਾਹ ਰੱਖਿਆ, ਜਿਸ ਦਾ ਵਿਗੜਕੇ ਸਲੀਮਸ਼ਾਹ ਹੋ ਗਿਆ. ਇਸ ਨੇ ਆਪਣੇ ਬਾਪ ਦੇ ਮਰਣ ਪੁਰ ਸਨ ੧੫੪੫ ਤੋਂ ੧੫੫੩ ਤੀਕ ਭਾਰਤ ਦਾ ਰਾਜ ਕੀਤਾ ਹੈ. ਭਾਈ ਸੰਤੋਖ ਸਿੰਘ ਨੇ ਭੁੱਲਕੇ ਸਲੇਮਸ਼ਾਹ ਅਤੇ ਸ਼ੇਰਸ਼ਾਹ ਭਾਈ ਲਿਖੇ ਹਨ, ਅਰ ਹੁਮਾਯੂੰ ਨਾਲ ਪ੍ਰਯਾਗ ਵਿੱਚ ਇਨ੍ਹਾਂ ਦੀ ਲੜਾਈ ਹੋਣੀ ਦੱਸੀ ਹੈ, ਯਥਾ-

ਦ੍ਵੈ ਭ੍ਰਾਤਾ ਪਠਾਨ ਵਡ ਸੂਰੇ,

ਬਡ ਉਮਰਾਵ ਸੁ ਕੀਨ ਹਦੂਰੇ.

ਬਿਗਰ ਪਰੇ ਦਿੱਲੀਪਤਿ ਸੰਗ,

ਗਰਬ ਠਾਨ ਚਾਹਤ ਭੇ ਜੰਗ.

ਏਕ ਸਲੇਮਸ਼ਾਹ ਤਿਸ ਨਾਮ,

ਸ਼ੇਰਸ਼ਾਹ ਦੂਸਰ ਬਲ ਧਾਮ.

ਆਕੀ ਦੁਰਗ ਪ੍ਰਾਗ ਕਰ ਲੀਨਾ,

ਸਕਲ ਸਮਾਜ ਜੁੱਧ ਕਾ ਕੀਨਾ.

(ਗੁਪ੍ਰਸੂ ਰਾਸਿ ੧. ਅਃ ੧੦)

੨. ਜੋਧਰਾਯ ਦਾ ਛੋਟਾ ਭਾਈ.

ਸਲੋਸਣਾ, ਸਲੋਸਨ: ਕ੍ਰਿ- ਸ਼ੁਲੇਸ਼ ਕਰਨਾ. ਦੇਖੋ, ਸਲੇਸ. ਪਲੋਸਣਾ. "ਚਰਨੋਦਕ ਲੈ ਨੈਨ ਸਲੋਸੇ." (ਨਾਪ੍ਰ) ਦੇਖੋ, ਅੰ. Solution ।

੨. ਸਲਿਲ ਉਸ਼ਣ (ਗਰਮ ਪਾਣੀ) ਨਾਲ ਟਕੋਰ ਕਰਨੀ.

**ਸਲੋਕ:** ਸ- ਲੋਕ. ਉਹੀ ਲੋਕ. ਵਹੀ ਦੇਸ਼। ੨. ਸੰ. ਸਾਲੋਕ੍ਯ. ਮੁਕਤਿ ਦਾ ਇੱਕ ਭੇਦ, ਜਿਸ ਦਾ ਰੂਪ ਹੈ ਕਿ ਉਪਾਸ੍ਯ ਦੇ ਲੋਕ ਵਿੱਚ ਜਾ ਰਹਿਣਾ। ੩. ਸੰ. ਸ਼੍ਲੋਕ. ਪ੍ਰਸ਼ੰਸਾ. ਉਸਤਤਿ. ਤਅ਼ਰੀਫ਼। ੪. ਯਸ਼ ਦਾ ਗੀਤ। ੫. ਛੰਦ. ਪਦ ਕਾਵ੍ਯ. ਪਦ੍ਯ. "ਉਤਮ ਸਲੋਕ ਸਾਧ ਕੇ ਬਚਨ." (ਸੁਖਮਨੀ) ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ "ਸਲੋਕ" ਸਿਰਲੇਖ ਹੇਠ ਅਨੰਤ ਛੰਦ ਆਏ ਹਨ, ਜਿਨ੍ਹਾਂ ਦੇ ਅਨੇਕ ਰੂਪ "ਗੁਰੁ ਛੰਦ ਦਿਵਾਕਰ" ਵਿੱਚ ਦਿਖਾਏ ਗਏ ਹਨ। ੬. ਦੇਖੋ, ਅਨੁਸ਼੍ਟੁਭ। ੭. ਦੇਖੋ, ਸੱਲੋਕ.

**ਸਲੋਕ ਸਹਸਕ੍ਰਿਤੀ:** ਦੇਖੋ ਸਹਸਕ੍ਰਿਤੀ, ਸਹਸਾਕਿਰਤਾ ਅਤੇ ਗਾਥਾ.

**ਸਲੋਕ ਵਾਰਾਂ ਤੇ ਵਧੀਕ:** ਉਹ ਸਲੋਕ, ਜੋ ਵਾਰਾਂ ਵਿੱਚ ਪੌੜੀਆਂ ਦਾ ਸਿਲਸਿਲਾ ਲਾਉਣ ਸਮੇਂ ਵਾਧੂ ਰਹਿ ਗਏ, ਜਿਨ੍ਹਾਂ ਦੀ ਗਿਣਤੀ ੧੫੨ ਹੈ. ਇਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ, ਮੁੰਦਾਵਣੀ ਤੋਂ ਪਹਿਲਾਂ ਦਰਜ ਕੀਤੇ. ਦਸ਼ਮੇਸ਼ ਜੀ ਨੇ ਦਮਦਮੇ ਸਾਹਿਬ ਨਵੀਂ ਬੀੜ ਰਚਣ ਸਮੇਂ ਵਾਰਾਂ ਤੋਂ ਵਧੀਕ ਸਲੋਕਾਂ ਅਤੇ ਮੁੰਦਾਵਣੀ ਮੱਧ ਨੌਮੇ ਸਤਿਗੁਰੂ ਜੀ ਦੇ ਸਲੋਕ ਲਿਖਵਾਏ.

**ਸਲੋਣਾ:** ਦੇਖੋ, ਸਲੂਣਾ ਅਤੇ ਸਲੋਨਾ.

**ਸਲੋਤਰ:** ਸੰ. ਤੋਤ੍ਰ. ਸੰਗਯਾ- ਡੰਡਾ. ਸੋਟਾ। ੨. ਅੰਕੁਸ਼. ਇਹ ਸ਼ਬਦ ਤੁਦ੍ ਧਾਤੁ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਤਾੜਨਾ। ੩. ਦੇਖੋ, ਸਾਲਿਹੋਤ੍ਰ.

**ਸਲੋਤਰੀ, ਸਲੋਤ੍ਰੀ:** ਵਿ- ਸੋਟਾ ਰੱਖਣ ਵਾਲਾ. ਦੰਡਧਾਰੀ। ੨. ਨਿਹੰਗ ਸਿੰਘ। ੩. ਪਸ਼ੂਆਂ ਦਾ ਇਲਾਜ ਕਰਨ ਵਾਲਾ. ਦੇਖੋ, ਸਾਲਿਹੋਤ੍ਰੀ. "ਗਨ ਸਲੋਤਰੀ ਤੁਰਤ ਹਕਾਰੇ." (ਗੁਪ੍ਰਸੂ)

**ਸਲੋਨੜਾ, ਸਲੋਨੜੀ, ਸਲੋਨਾ, ਸਲੋਨੀ:** ਵਿ- ਸ- ਲਾਵਨ੍ਯ. ਨਮਕੀਨੀ (ਲੂਣੇ) ਸਵਾਦ ਵਾਲਾ (ਵਾਲੀ). ੨. ਸੁੰਦਰਤਾ ਸਹਿਤ. "ਨੈਨ ਸਲੋਨੀ ਸੁੰਦਰ ਨਾਰੀ." (ਗਉ ਅਃ ਮਃ ੧) ੩. ਸੁਲੋਚਨਾ. ਸੁੰਦਰ ਨੇਤ੍ਰਾਂ ਵਾਲੀ. "ਜਾਗੁ ਸਲੋਨੜੀਏ, ਬੋਲੈ ਗੁਰਬਾਣੀ ਰਾਮ." (ਬਿਲਾ ਛੰਤ ਮਃ ੧)

**ਸਲੋਨੋ:** ਦੇਖੋ, ਸਲੋਨਾ। ੨. ਦੇਖੋ, ਸਤ੍ਰੁੰਨੋ.

**ਸਲੌਦੀ:** ਸਰਹਿੰਦ ਤੋਂ ਦਸ ਕੋਹ ਉੱਤਰ ਵੱਲ ਸ਼ਾਹੀ ਸੜਕ ਦੇ ਕਿਨਾਰੇ ਇੱਕ ਪਿੰਡ. ਇੱਥੇ ਕਈ ਇੱਕ ਧਰਮ ਵੀਰ ਸਿੰਘ ਹੋਏ ਹਨ. ਦੇਖੋ, ਆਲੀ ਸਿੰਘ.

**ਸਲੰਘ:** ਸੰਗਯਾ- ਸ਼ੱਲਕੀ ਅੰਗ. ਸ਼ੱਲਕੀ (ਸੇਹ) ਦੇ ਕੰਡਿਆਂ ਜੇਹਾ ਹੈ ਜਿਸ ਦਾ ਬਣਾਉ ਜਿਮੀਦਾਰ ਦਾ ਇੱਕ ਸੰਦ, ਜੋ ਤ੍ਰਿਸੂਲ ਦੀ ਸ਼ਕਲ ਦਾ ਹੁੰਦਾ ਹੈ. ਇਸ ਨਾਲ ਕੰਡੇਦਾਰ ਛਾਪੇ ਚੁੱਕਣ ਅਤੇ ਗਾਹੀ ਹੋਈ ਪੈਲੀ ਨੂੰ ਹੇਠ ਉੱਪਰ ਕਰਨ ਤਥਾ ਉਡਾਉਣ ਲਈ ਵੱਡੀ ਸਹਾਇਤਾ ਮਿਲਦੀ ਹੈ.

**ਸਲ੍ਰਾਬ:** ਦੇਖੋ, ਸਿਲਾਬ.

**ਸਲ੍ਯ:** ਸੰਗਯਾ- ਗੁਰੁਯਸ਼ ਕਰਤਾ ਇੱਕ ਭੱਟ. "ਗੁਰੁ ਅਮਰਦਾਸ ਸਚ ਸਲ੍ਯ ਭਣ." (ਸਵੈਯੇ ਮਃ ੩. ਕੇ) ੨. ਸੰ. ਸ਼ਲ੍ਯ. ਘਾਉ. ਜ਼ਖਮ। ੩. ਨੇਜ਼ਾ. ਭਾਲਾ। ੪. ਤੀਰ। ੫. ਪਾਪ। ੬. ਕੌੜਾ ਬੋਲ। ੭. ਬਿਲ ਦਾ ਬਿਰਛ। ੮. ਮਦ੍ਰ ਦੇਸ਼ ਦਾ ਇੱਕ ਰਾਜਾ, ਜੋ ਪੰਡੁ ਰਾਜਾ ਦੀ ਰਾਣੀ ਮਾਦ੍ਰੀ ਦਾ ਭਾਈ ਸੀ. ਇਹ ਦ੍ਰੋਪਦੀ ਦੇ ਸ੍ਵਯੰਬਰ ਵਿੱਚ ਭੀਮਸੇਨ ਤੋਂ ਯੁੱਧ ਵਿੱਚ ਹਾਰ ਖਾਕੇ ਆਪਣੇ ਭਾਣਜਿਆਂ (ਪਾਂਡਵਾਂ) ਦਾ ਵੈਰੀ ਹੋਗਿਆ ਸੀ. ਕੁਰੁਛੇਤ੍ਰ ਦੇ ਜੰਗ ਵਿੱਚ ਇਸ ਨੇ ਕੌਰਵਾਂ ਦਾ ਪੱਖ ਲਿਆ ਅਰ ਕਰਣ ਦਾ ਰਥਵਾਹੀ ਬਣਿਆ, ਕਿਉਂਕਿ ਇਹ ਘੋੜੇ ਹੱਕਣ ਦੀ ਵਿਦ੍ਯਾ ਬਹੁਤ ਉੱਤਮ ਜਾਣਦਾ ਸੀ. ਜੰਗ ਦੇ ੧੮. ਵੇਂ ਦਿਨ ਇਹ ਰਾਜਾ ਯੁਧਿਸ਼੍ਠਿਰ ਦੇ ਹੱਥੋਂ ਮਾਰਿਆ ਗਿਆ. ਇਸ ਦੇ ਨਾਉਂ ਦਾ ਮਹਾਭਾਰਤ ਵਿੱਚ ਇੱਕ ਪਰਵ ਹੈ. "ਭਏ ਸੈਨਪਾਲੰ ਬਲੀ ਸੂਲਿ ਸਲ੍ਯੰ." (ਜਨਮੇਜਯ)

**ਸਲ੍ਯ ਜਨ:** ਸੰਗਯਾ- ਹਵਾ. ਪਵਨ. (ਸਨਾਮਾ) ਹਵਾ ਲੱਗਣ ਤੋਂ ਸ਼ਲ੍ਯ (ਜ਼ਖਮ) ਵਧ ਜਾਂਦਾ ਹੈ। ੨. ਲਹੂ. ਖ਼ੂਨ. (ਸਨਾਮਾ)

ਸਲਜਰਿਪੁ: ਸੰਗਯਾ- ਰਾਜਾ ਸ਼ਲਜ ਦੇ ਮਾਰਨ ਵਾਲਾ, ਯੁਧਿਸ਼੍ਠਿਰ. ਦੇਖੋ, ਸਲਜ ੮.

ਸੱਲ: ਦੇਖੋ, ਸਲਜ.

ਸੱਲਕੀ: ਦੇਖੋ, ਸੇਹ.

ਸੱਲੋਕ: ਸੰ. सल्लोक ਸੰਗਯਾ- ਭਲੇ ਲੋਕ. ਸਾਧੁ ਜਨ.

ਸ਼ਲੂ: ਦੇਖੋ, ਸ਼ਾਲੂ.

ਸ਼ਲੂਕੋਟ: ਦੇਖੋ ਸਿਆਲਕੋਟ.

ਸਵ: ਦੇਖੋ, ਸਵਣਾ ਅਤੇ ਸਵਾਲਨਾ. "ਦੁਖ ਮਹਿ ਸਵੈ." (ਸ੍ਰੀ ਅਃ ਮਃ ੩) "ਸੁਖ ਸਵੰਤੀ" (ਸੋਰ ਮਃ ੫) ੨. ਸੰ. ਸ਼ਵ. ਸੰਗਯਾ- ਮੁਰਦਾ, ਲੋਥ. ਪ੍ਰਾਣ ਰਹਿਤ ਦੇਹ. "ਜਾਨਤ ਜੋਗੀ ਸਵਹਿ ਉਠਾਰੋ." (ਚਰਿਤ੍ਰ ੩੧੨) "ਸਵ ਕੋ ਖਾਹੁ ਬਿਲੰਬ ਨਹੀਂ ਕਰ." (ਨਾਪ੍ਰ) ੩. ਜਲ. ਪਾਣੀ. ੪. ਸਰਵ ਦਾ ਸੰਖੇਪ. ਸਭ। ੫. ਸੰ. सव ਸੋਮ ਵੱਲੀ ਨੂੰ ਦਬਾਕੇ ਸੋਮਰਸ ਕੱਢਣ ਦੀ ਕ੍ਰਿਯਾ। ੬. ਸੰਤਾਨ. ਔਲਾਦ। ੭. ਯਗ੍ਯ। ੮. ਸੂਰਜ.

ਸਵਗੁਣ: ਦੇਖੋ, ਸਿਵਗੁਣ। ੨. ਸੌ ਗੁਣਾ। ੩. ਸਵੰਗੁਣ ਦਾ ਸੰਖੇਪ.

ਸਵਣ, ਸਵਣਾ: ਸੰ. ਸ਼ਯਨ. ਸੰਗਯਾ- ਸੇਜਾ। ੨. ਸੌਣਾ. "ਗਿਆਨੀ ਜਾਗਹਿ ਸਵਹਿ ਸੁਭਾਇ." (ਵਾਰ ਸੋਰ ਮਃ ੩) "ਕਿਆ ਸਵਣਾ ਕਿਆ ਜਾਗਣਾ." (ਵਾਰ ਗਉ ੧. ਮਃ ੪)

ਸਵਤ: ਸੰਗਯਾ- ਸਪਤਨੀ. ਸੌਕਣ. "ਸਵਤ ਗਿਰਾ ਤੇ ਮਨ ਬਿਕਲਾਈ." (ਨਾਪ੍ਰ) ਦੇਖੋ, ਸਉਕਣ। ੨. ਸ਼੍ਵੇਤ. ਚਿੱਟਾ. ਦੇਖੋ, ਸਵਤ ਸਵਤ ਤਨ.

ਸਵਤ ਸਵਤ ਤਨ: (ਸਨਾਮਾ) ਕਾਲਾ ਮ੍ਰਿਗ. ਸ਼੍ਵੇਤ ਅਸ਼੍ਵੇਤ ਤਨ. ਚਿੱਟਾ ਅਤੇ ਕਾਲਾ ਹੈ ਜਿਸਦਾ ਸ਼ਰੀਰ. ਹਰਣ (ਹਰਿਣ) ਦੀ ਪਿੱਠ ਕਾਲੀ ਅਤੇ ਛਾਤੀ ਚਿੱਟੀ ਹੁੰਦੀ ਹੈ.

ਸਵਤਿ: ਸਪਤ੍ਨੀ. ਦੇਖੋ, ਸਉਕਣ. "ਸਵਤਿ ਏਕ ਤਿਹ ਨ੍ਰਿਪਹਿ ਬੁਲਾਈ." (ਚਰਿਤ੍ਰ ੩੩)

ਸਵਦ: ਦੇਖੋ, ਸਬਦ। ੨. ਫ਼ਾ. شود ਸ਼ਵਦ. ਹੋ. ਭਵ. ਹੋਵੇ. ਦੇਖੋ, ਸ਼ੁਦਨ. "ਚੂੰ ਸਵਦ ਤਕਬੀਰ." (ਤਿਲੰ ਮਃ ੧) "ਸ਼ਵਦ ਕੁਰਬਾਨ ਖਾਕੇ ਸਾਧਸੰਗਤਿ." (ਦੀਗੋ)

ਸਵਦਾ: ਦੇਖੋ, ਸਉਦਾ। ੨. ਸੌਂਦਾ. ਸ਼ਯਨ ਕਰਦਾ.

ਸਵਦਾਗਰ: ਦੇਖੋ, ਸਉਦਾਗਰ. "ਸਵਦਾਗਰ ਕੋ ਟੂਟ ਗਯੋ ਮਟ ਘੀ ਕੋ." (ਕ੍ਰਿਸਨਾਵ)

ਸਵਧਾਨ: ਦੇਖੋ, ਸਾਵਧਾਨ. "ਸਬਦ ਸੁਰਤ ਸਵਧਾਨ ਹੋ." (ਭਾਗੁ)

ਸ਼ਵਮ: ਫ਼ਾ. شوم ਮੈ ਜਾਊਂਗਾ. ਮੈ ਜਾਂਦਾ ਹਾਂ. ਮੈ ਜਾਵਾਂ। ੨. ਮੈ ਹੋਊਂਗਾ. ਮੈ ਹੁੰਦਾ ਹਾਂ. ਮੈ ਹੋਵਾਂ. ਇਸ ਦਾ ਮਸਦਰ ਸ਼ੁਦਨ ਹੈ.

ਸਵੱਯਾ: ਦੇਖੋ, ਸਵੈਯਾ। ੨. ਸਵਾਇਆ. "ਪਲ ਪਲ ਬਿਖੈ ਸਵੱਯਾ ਚਰੈ." (ਗੁਪ੍ਰਸੂ) ਸਵਾਈ ਕਲਾ ਚੜ੍ਹੇਗੀ.

ਸਵਰ: ਸੰ. ਸ਼ਵਰ. ਸੰਗਯਾ- ਭਿੱਲ ਜਾਤਿ. ਇੱਕ ਨੀਚ ਜਾਤਿ, ਜੋ ਭੀਲਾਂ ਨਾਲ ਮਿਲਦੀ ਹੈ.[201] ਦੇਖੋ, ਸਬਰੀ। ੨. ਸ਼ਿਵ. ਮਹਾਦੇਵ। ੩. ਫ਼ਾ. شوہر ਸ਼ੌਹਰ. ਲਾੜਾ. ਪਤੀ. ਭਰਤਾ. " ਪਿਰੁ ਰਾਵਿਅੜਾ ਸਚੁ ਸਵਰਾ." (ਵਡ ਮਃ ੪) ਸੱਚਾ ਸ਼ੌਹਰ। ੪.

---

[201] ਇਹ ਲੋਕ ਮੱਧ ਹਿੰਦ (C. P.) ਅਤੇ ਰਾਜਪੂਤਾਨੇ ਦੇ ਜੰਗਲਾਂ ਵਿੱਚ ਰਹਿੰਦੇ ਸਨ. ਯੂਨਾਨੀ ਲਿਖਾਰੀ ਪਲਿਨੀ (Pliny) ਇਨ੍ਹਾਂ ਨੂੰ "ਸੁਆਰੀ" ਅਤੇ ਟੋਲਮੀ (Ptolemy) ਸਾਬਰੀ ਕਰਕੇ ਲਿਖਦਾ ਹੈ.

ਮੀਮਾਂਸਾ ਸੂਤ੍ਰਾਂ ਦਾ ਭਾਸ਼੍ਯਕਾਰ, ਸ਼ਵਰ.

ਸਵਰਣ: ਸਮਾਨ ਵਰ੍ਣ ਦਾ. ਉਸੀ ਰੰਗ ਦਾ। ੨. ਉਸੇ ਜਾਤਿ ਦਾ। ੩. ਉਸੇ ਥਾਂ ਬੋਲਣ ਵਾਲਾ ਅੱਖਰ. ਜੈਸੇ- ਅ ਹ ਕ ਖ ਗ ਘ ਙ ਅਤੇ ੲ ਚ ਛ ਜ ਝ ਞ ਯ ਸ਼ ਆਦਿ.

ਸ਼ਵਰਥ: ਦੇਖੋ, ਅਰਥੀ.

ਸਵਰਨਾ: ਕ੍ਰਿ- ਸੁਧਰਨਾ. ਸੌਰਨਾ. ਦੁਰੁਸ੍ਤ ਹੋਣਾ. ਠੀਕ ਹੋਣਾ. "ਜਿਤੁ ਸਵਰੇ ਮੇਰਾ ਕਾਜੋ." (ਸ੍ਰੀ ਛੰਤ ਮਃ ੪) "ਬਿਨੁ ਗੁਰਸਬਦ ਨ ਸਵਰਸਿ ਕਾਜ." (ਗਉ ਅਃ ਮਃ ੧)

ਸਵਰਾ: ਦੇਖੋ, ਸਵਰ.

ਸਵਰੀ: ਦੇਖੋ, ਸਬਰੀ.

ਸਵਲ: ਦੇਖੋ, ਸਬਲ। ੨. ਦੇਖੋ, ਸਵਲਾ.

ਸਵਲਾ, ਸਵਲੀ: ਵਿ- ਸ਼ਜਾਮਲ. ਸਾਂਵਲਾ. "ਖਾਇ ਅਘਾਈ ਸਵਲੀ ਗੋਰੀ." (ਨਾਪ੍ਰ) ੨. ਸਵੱਲਾ. ਸਵੱਲੀ. ਸਲਾਭ. ਨਫੇ ਵਾਲਾ, (ਵਾਲੀ). "ਲਦੇ ਖੇਪ ਸਵਲੀ." (ਸ੍ਰੀ ਛੰਤ ਮਃ ੫)

ਸਵਾ: ਸੰ. ਸਪਾਦ. ਸੰਗਜ੍ਞਾ- ਇੱਕ ਪੂਰਾ ਅਤੇ ਚੌਥਾ ਹਿੱਸਾ ਨਾਲ ਹੋਰ ਮਿਲਿਆ ਹੋਇਆ ੧. ੧/੪, ਜੈਸੇ- ਸਵਾ ਰੁਪਯਾ, ਸਵਾ ਮਣ ਆਦਿ.

ਸਵਾਇਆ: ਵਿ- ਸਪਾਦ. ਭਾਵ- ਅਧਿਕ. ਜਾਦਾ "ਦਿਨੁ ਦਿਨੁ ਚੜੈ ਸਵਾਇਆ." (ਗਉ ਥਿਤੀ ਮਃ ੫) ੨. ਖ਼ਾ- ਥੋੜਾ. ਤਨਿਕ. ਅਲਪ. ਜਿਵੇਂ- "ਸਵਾਇਆ ਗੱਫਾ ਦੇਣਾ." (ਲੋਕੋ)

ਸਵਾਈ: ਦੇਖੋ, ਸਵਾਇਆ. ਭਾਵ- ਅਧਿਕ. ਬਹੁਤੀ. "ਦਿਨ ਦਿਨ ਚੜੈ ਸਵਾਈ." (ਸੋਰ ਮਃ ੫) ੨. ਸੰਗਜ੍ਞਾ- ਜੈਪੁਰ ਦੇ ਮਹਾਰਾਜਾ ਦੀ ਪਦਵੀ. "ਬਡ ਰਾਜਾ ਜੈ ਸਿੰਘ ਸਵਾਈ। ਜੈਪੁਰ ਕੋ ਪਤਿ ਵਿਦਿਤ ਮਹਾਈ." (ਗੁਪ੍ਰਸੂ) ਦੇਖੋ, ਜਯ ਸਿੰਘ.

ਸਵਾਸਨ: ਦੇਖੋ, ਸਬਾਸ.

ਸਵਾਹੀ: ਦੇਖੋ, ਕੜਨ.

ਸਵਾਂਗ: ਸੰ. स्वाङ्ग. ਸੰਗਜ੍ਞਾ- ਸ੍ਵ (ਆਪਣਾ) ਅੰਗ (ਸ਼ਰੀਰ). ੨. ਆਪਣੇ ਸ਼ਰੀਰ ਉੱਪਰ ਕਿਸੇ ਹੋਰ ਦਾ ਧਾਰਨ ਕੀਤਾ ਹੋਇਆ ਲਿਬਾਸ। ੩. ਕਿਸੇ ਹੋਰ ਦਾ ਰੂਪ ਧਾਰਨ ਕੀਤਾ ਹੋਇਆ.

ਸਵਾਣੀ: ਸੰਗਜ੍ਞਾ- ਸ਼ਵ (ਮੁਰਦੇ) ਦਾ ਅੰਨ ਖਾਣ ਵਾਲਾ ਆਚਾਰਯ ਬ੍ਰਾਹਮਣ. ਮਹਾ ਬ੍ਰਾਹਮਣ. "ਕਿਤੜੇ ਸਉਣ ਸਵਾਣੀ ਹੋਏ." (ਭਾਗੁ) ਕਈ ਸ਼ਕੁਨ (ਸਗਨ) ਦੱਸਣ ਵਾਲੇ ਅਤੇ ਕਈ ਅਚਾਰਜ ਹੋਏ। ੨. ਦੇਖੋ, ਸਾਵਾਣੀ.

ਸਵਾਤ: ਦੇਖੋ, ਸਬਾਤ। ੨. ਸੰ. ਸੁਵਾਸਤੁ. ਉੱਤਰ ਪੱਛਮੀ ਸਰਹੱਦੀ ਇਲਾਕੇ (N. W. F. P. ) ਦੀ ਇੱਕ ਨਦੀ, ਜਿਸ ਨੂੰ ਸਵਾਂਤ, ਸੁਆਂਤ ਅਤੇ ਸ੍ਵਾਤ ਭੀ ਆਖਦੇ ਹਨ. ਇਸ ਦਾ ਜਿਕਰ ਰਿਗਵੇਦ ਵਿੱਚ ਆਇਆ ਹੈ. ਚੀਨੀ ਅਤੇ ਯੂਨਾਨੀ ਯਾਤ੍ਰੀਆਂ ਨੇ ਭੀ ਇਸ ਦਾ ਜਿਕਰ ਕੀਤਾ ਹੈ। ੩. ਸ੍ਵਾਤ ਨਦੀ ਦੀ ਵਾਦੀ ਵਿੱਚ ਵਸਦਾ ਦੇਸ, ਜਿਸ ਨੂੰ ਬੌੱਧ ਲਿਖਾਰੀ 'ਉਦਿਆਨ' ਦੇਸ ਦਾ ਇੱਕ ਹਿੱਸਾ ਦਸਦੇ ਹਨ.

ਸਵਾਦ: ਸੰ. ਸ੍ਵਾਦ. ਸੰਗਜ੍ਞਾ- ਰਸਨਾ ਕਰਕੇ ਰਸ ਗ੍ਰਹਿਣ. ਲੱਜਤ. ਜਾਇਕਾ। ੨. ਅ਼. سواد ਕਾਲਿਸ. ਕਾਲਖ। ੩. ਪਿੰਡ ਦਾ ਗੋਇਰਾ। ੪. ਲਿਆਕਤ. ਯੋਗਜਤਾ। ੫. ਮਜਮੂਨ ਦਾ ਖਰੜਾ.

ਸਵਾਨ: ਸਰਸ੍ਵਤੀ ਵਾਹਨ ਦਾ ਸੰਖੇਪ. ਅਥਵਾ- ਸ੍ਵਯਨ. ਸੁੰਦਰ ਹੈ ਅਯਨ (ਚਾਲ) ਜਿਸ ਦੀ. ਰਾਜਹੰਸ. ਦੇਖੋ, ਅੰ. Swan.

"ਬਨ ਬਨ ਡੋਲੈ ਕਾਗ ਕਹਾਂ ਧੌ ਸਵਾਨ ਹੈ?" (ਭਾਗੁ ਕ) ੨. ਦੇਖੋ, ਸ੍ਵਾਨ.

ਸਵਾਨਿ: ਦੇਖੋ, ਸਾਵਾਣੀ.

ਸਵਾਨਿਹ: ਅ਼. سوانح ਸਵਾਨਿਹ਼. ਸਾਨਿਹ਼ਾ ਦਾ ਬਹੁ ਵਚਨ. ਜ਼ਿੰਦਗੀ ਦਾ ਹਾਲ. ਜੀਵਨ ਵ੍ਰਿੱਤਾਂਤ.

ਸਵਾਨੀ: ਦੇਖੋ, ਸਾਵਾਣੀ.

ਸਵਾਬ: ਦੇਖੋ, ਸਬਾਬ.

ਸਵਾਰ: ਦੇਖੋ, ਅਸਵਾਰ ਅਤੇ ਸਵਾਰਣਾ.

ਸਵਾਰਣਾ, ਸਵਾਰਨਾ: ਕ੍ਰਿ- ਦੁਰੁਸ੍ਤ ਕਰਨਾ. ਸੁਧਾਰਨਾ। ੨. ਸ਼੍ਰਿੰਗਾਰਨਾ. ਸੁੰਦਰ ਵਣੰ ਕਰਨਾ.

ਸਵਾਰਾ: ਦੇਖੋ, ਅਸਵਾਰਾ.

ਅਵਾਰਿਅਨੁ: ਉਸ ਨੇ ਸਵਾਰਿਆ (ਦੁਰੁਸ੍ਤ ਕੀਤਾ). "ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ." (ਵਾਰ ਗੂਜ ੨. ਮਃ ੫)

ਸਵਾਰੀ: ਸੰਗਯਾ- ਯਾਨ. ਘੋੜਾ ਰਥ ਆਦਿ, ਜਿਨਾਂ ਉੱਪਰ ਸਵਾਰ ਹੋਈਏ। ੨. ਕ੍ਰਿ. ਵਿ- ਸਵੇਰੇ. ਤੜਕੇ. ਅਮ੍ਰਿਤ ਵੇਲੇ. "ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ." (ਆਸਾ ਮਃ ੫) ੩. ਦੇਖੋ, ਸਵਾਰਣਾ. "ਜਨ ਕੀ ਪੈਜ ਸਵਾਰੀ ਆਪਿ." (ਗੂਜ ਮਃ ੫)

ਸਵਾਰੇ: ਦੇਖੋ, ਸਵਾਰਣਾ. "ਕਾਰਜ ਸਵਾਰੇ ਸਗਲੇ ਤਨ ਕੇ." (ਰਾਮ ਮਃ ੫) ੨. ਕ੍ਰਿ. ਵਿ- ਸਵੇਰੇ. ਤੜਕੇ ਵੇਲੇ. ਸਿੰਧੀ- ਸਵਾਰੋ. "ਨ੍ਹਾਵਨ ਜਾਵਤ ਹੋਤ ਸਵਾਰੇ." (ਕ੍ਰਿਸਨਾਵ)

ਸਵਾਰੈ: ਦੇਖੋ, ਸਵਾਰਨਾ। ੨. ਦੇਖੋ, ਬਿਆਲ ੩। ੩. ਕ੍ਰਿ. ਵਿ- ਸਵੇਰੇ. ਭੋਰ ਸਮੇਂ "ਕਵਿ ਸਯਾਮ ਕਹੈ ਦੋਊ ਸਾਂਝ ਸਵਾਰੈ." (ਕ੍ਰਿਸਨਾਵ)

ਸਵਾਲ: ਅ਼. سوال ਸੰਗਯਾ- ਪ੍ਰਸ਼ਨ। ੨. ਯਾਚਨਾ. ਮੰਗਣਾ.

ਸਵਾਲਣਾ, ਸਵਾਲਨਾ: ਕ੍ਰਿ- ਸੁਲਾਉਣਾ. ਸ਼ਯਨ ਕਰਾਉਣਾ. "ਜਾ ਤਿਨਿ ਸਵਾਲਿਆ ਤਾ ਸਵਿਰਹਿਆ" (ਵਾਰ ਬਿਹਾ ਮਃ ੩)

ਸਵਾ ਲਾਖ: ਸੰਗਯਾ- ਸਪਾਦ ਲਕ੍ਸ਼. ਇੱਕ ਲੱਖ ਪੰਝੀ (ਪੱਚੀ) ਹਜਾਰ. "ਸਵਾ ਲਾਖ ਸਿਉ ਏਕ ਲੜਾਊਂ" (ਰਹਿਤ) ੨. ਖ਼ਾ. ਇੱਕ. "ਉਸ ਨੇ ਖਾਲਸੇ ਨੂੰ ਸਵਾ ਲਾਖ ਦਮੜਾ ਅਰਦਾਸ ਕਰਾਇਆ." (ਲੋਕੋ)

ਸਵਾ ਲਾਖੁ ਪੈਕਾਬਰ: (ਭੈਰ ਕਬੀਰ) ਇਸਲਾਮੀ ਕਿਤਾਬਾਂ ਵਿੱਚ ਇੱਕ ਲੱਖ ਚੌਬੀਹ ਹਜਾਰ ਪੈਗੰਬਰ ਹੋਣੇ ਲਿਖੇ ਹਨ, ਜੋ ਸਵਾ ਲਾਖ ਸਮਝਣੇ ਚਾਹੀਏ.

ਸਵਾਲਿਆ: ਦੇਖੋ, ਸਵਾਲਣਾ.

ਸਵਿਕਲਪ: ਸੰ. सविकल्प ਵਿ- ਕਲਪਨਾ ਸਹਿਤ. ਮਨ ਦੇ ਫੁਰਨਿਆਂ ਸਮੇਤ. ਜਿਵੇਂ- ਸਵਿਕਲਪ ਸਮਾਧਿ.

ਸਵਿਤਾ: ਸੰ. सवितृ ਸਵਿਤ੍ਰਿ. ਸੰਗਯਾ- ਪੈਦਾ ਕਰਨ ਵਾਲਾ ਕਰਤਾਰ। ੨. ਪਿਤਾ। ੩. ਸੂਰਜ. "ਸਵਿਤਾ ਅਸ੍ਤੁ ਨਿਸਾ ਹੁਇ ਆਈ." (ਨਾਪ੍ਰ)

ਸਵਿਤ੍ਰੀ: ਸੰ. ਸੰਗਯਾ- ਪੈਦਾ ਕਰਨ ਵਾਲੀ, ਮਾਤਾ। ੨. ਦੇਵੀ. ਦੁਰਗਾ। ੩. ਗਾਯਤ੍ਰੀ। ੪. ਦਾਈ। ੫. ਗਊ। ੬. ਦੇਖੋ, ਸਾਵਿਤ੍ਰੀ.

ਸਵਿਦਜ: ਦੇਖੋ, ਸਬਿਦਜ.

ਸ਼ਵੀ: ਫ਼ਾ. شوی ਤੂ ਹੋਵੇ. ਇਸ ਦਾ ਮੂਲ ਸ਼ੁਦਨ ਹੈ.

ਸਵੀਜੇ, ਸਵੀਜੈ: ਦੇਖੋ, ਸਵਣਾ. "ਸੁਖ ਸਹਜਿ ਸਵੀਜੈ."(ਵਾਰ ਮਾਰੂ ੧. ਮਃ ੩) ਗ੍ਯਾਨ ਆਨੰਦ ਵਿੱਚ ਸ਼ਯਨ ਕਰੀਜੈ. ਆਨੰਦ ਦਾਇਕ ਗ੍ਯਾਨ ਵਿੱਚ ਸੋਵੀਏ.

ਸਵੇਰਾ: ਸੰਗ੍ਯਾ- ਤੜਕਾ. ਭੋਰ. ਸੁਬਹਿ। ੨. ਕ੍ਰਿ. ਵਿ- ਪਹਿਲੇ. "ਹਿਰਦੈ ਰਾਮ ਕੀ ਨ ਜਪਹਿ ਸਵੇਰਾ?" (ਸੋਰ ਕਬੀਰ) ਮਰਨ ਤੋਂ ਪਹਿਲਾਂ ਰਾਮ ਕਿਉਂ ਨਾ ਜਪਹਿਂ। ੩. ਛੇਤੀ. ਫੌਰਨ "ਉਇ ਭੀ ਲਾਗੇ ਕਾਢ ਸਵੇਰਾ." (ਸੂਹੀ ਰਵਿਦਾਸ) ਨਜ਼ਦੀਕੀ ਸੰਬੰਧੀ ਭੀ ਕਹਿਣ ਲੱਗੇ ਕਿ ਮੁਰਦੇ ਨੂੰ ਛੇਤੀ ਘਰੋਂ ਕੱਢੋ। ੪. ਸੁਵੇਲਾ. ਚੰਗਾ ਸਮਾਂ. "ਜਨਮ ਕ੍ਰਿਤਾਰਥ ਸਫਲ ਸਵੇਰਾ." (ਗਉ ਮਃ ੫)

ਸਵੈ: ਸ਼ਯਨ ਕਰਦਾ (ਸੌਂਦਾ) ਹੈ. "ਗੁਣ ਉਚਰਹਿ ਗੁਣ ਮਹਿ ਸਵੈ ਸਮਾਇ." (ਸਵਾ ਮਃ ੪)

ਸਵੈਯਾ: ਇਹ ਚਾਰ ਚਰਣ ਦਾ ਸਰਵਪ੍ਰਿਯ ਛੰਦ ਅਨੇਕ ਨਾਮਾਂ ਦਾ ਦੇਖੀਦਾ ਹੈ. ਜਿਸ ਦੇ ਮੁੱਖ ਦੋ ਭੇਦ ਹਨ- ਮਾਤ੍ਰਿਕ ਅਤੇ ਵਰਣਿਕ.

ਮਾਤ੍ਰਿਕ ਸਵੈਯੇ ਦੇ ਚਾਰੇ ਚਰਣਾਂ ਦਾ ਪਦਾਂਤ ਅਨੁਪ੍ਰਾਸ ਮਿਲੇ, ਤਦ ਉੱਤਮ ਹੈ ਨਹੀਂ ਤਾਂ ਦੋ ਚਰਣਾਂ ਦਾ ਜਰੂਰ ਮਿਲਣਾ ਚਾਹੀਏ. ਵਰਣਿਕ ਸਵੈਯੇ ਦੇ ਚਾਰੇ ਚਰਣਾਂ ਦਾ ਅੰਤ੍ਯਾਨੁਪ੍ਰਾਸ ਸਮਾਨ ਹੋਣਾ ਕਵੀਆਂ ਨੇ ਵਿਧਾਨ ਕੀਤਾ ਹੈ.[202]

ਇਸ ਛੰਦ ਦੇ ਬਹੁਤ ਭੇਦ ਕਾਵ੍ਯਗ੍ਰੰਥਾਂ ਵਿੱਚ ਪਾਏ ਜਾਂਦੇ ਹਨ, ਉਨ੍ਹਾਂ ਵਿੱਚੋਂ ਜੋ ਸਿੱਖਕਾਵ੍ਯ ਵਿੱਚ ਆਏ, ਅਥਵਾ ਸਾਨੂੰ ਭਾਏ ਹਨ, ਉਹ ਪਾਠਕਾਂ ਦੇ ਗਿਆਨ ਲਈ ਲੱਛਣ ਅਤੇ ਉਦਾਹਰਣਾਂ ਸਮੇਤ ਅੱਗੇ ਲਿਖਦੇ ਹਾਂ-

(੧) ਸਵੈਯੇ ਦਾ ਪਹਿਲਾ ਰੂਪ ਹੈ "ਬੀਰ", ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੩੧ ਮਾਤ੍ਰਾ. ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੫. ਪੁਰ ਅੰਤ ਗੁਰੁ ਲਘੁ. ਇਸ ਦਾ ਨਾਉਂ ਮਾਤ੍ਰਿਕ ਸਵੈਯਾ ਭੀ ਹੈ.

ਉਦਾਹਰਣ-

ਨਾਭਿਕਮਲ ਤੇ ਬ੍ਰਹਮਾ ਉਪਜੇ,

ਬੇਦ ਪੜਹਿ ਮੁਖ ਕੰਠ ਸਵਾਰਿ. xxx

ਜਾਕੀ ਭਗਤਿ ਕਰਹਿ ਜਨ ਪੂਰੇ,

ਮੁਨਿ ਜਨ ਸੇਵਹਿ ਗੁਰਵੀਚਾਰਿ." xx

(ਗੂਜ ਮਃ ੧)

ਲਘੁ ਗੁਰੁ ਦੇ ਹਿਸਾਬ ਜੇ ਇਸ ਬੀਰ ਸਵੈਯੇ ਦਾ ਭੇਦ ਦੇਖੀਏ ਤਦ ਇਹ ਸੇਨ ਹੈ ਕਿਉਂਕਿ ਇਸ ਵਿੱਚ ੩੧ ਗੁਰੁ ਅਤੇ ੬੨ ਲਘੁ ਹਨ.

(੨) ਸਵੈਯੇ ਦਾ ਦੂਜਾ ਰੂਪ ਹੈ "ਬਾਣ." ਲੱਛਣ- ਪ੍ਰਤਿ ਚਰਣ ੩੧ ਮਾਤ੍ਰਾ. ੧੬. ਅਰ ੧੫. ਪੁਰ ਵਿਸ਼੍ਰਾਮ ਅੰਤ ਦੋ ਗੁਰੁ.

ਉਦਾਹਰਣ-

ਅੰਮ੍ਰਿਤੁ ਨਾਮੁ ਤੁਮਾਰਾ ਠਾਕੁਰ,

ਏਹੁ ਮਹਾਰਸੁ ਜਨਹਿ ਪੀਓ. xx

(ਆਸਾ ਮਃ ੫)

---

[202] ਭਿੰਨ ਤੁਕਾਂਤ ਦੇ ਸਵੈਯੇ ਵਿਚ ਇਹ ਨਿਯਮ ਨਹੀ.

(੩) ਸਵੈਯੇ ਦਾ ਤੀਜਾ ਰੂਪ ਹੈ "ਸੌਮਜ." ਲੱਛਣ- ਪ੍ਰਤਿ ਚਰਣ ੩੧ ਮਾਤ੍ਰਾ. ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੫. ਪੁਰ. ਅੰਤ ਨਗਣ ।।।.

ਉਦਾਹਰਣ-

ਮੁਖ ਤੇ ਟੀਕਾ ਸਹਿਤ ਉਚਾਰਤ,

ਰਾਮ ਰਿਦੇ ਨਹਿ ਪੂਰਨ ਰਹਿਤ,

ਕਰਿ ਉਪਦੇਸ਼ ਸੁਨਾਵੈ ਲੋਗਨ,

ਕਛੁ ਨ ਕਮਾਵੈ ਆਪਨ ਕਹਿਤ. xxx

(ਗੁਵਿ ੬)

(੪) ਸਵੈਯੇ ਦਾ ਚੌਥਾ ਰੂਪ ਹੈ "ਦੰਡਕਲਾ." ਇਸ ਨੂੰ "ਨਿਸਾਕਰ" ਭੀ ਆਖਦੇ ਹਨ. ਲੱਛਣ- ਚਾਰ ਚਰਣ. ਪ੍ਰਤਿ ਚਰਣ ੩੨ ਮਾਤ੍ਰਾ. ੧੬- ੧੬ ਤੇ ਵਿਸ਼੍ਰਾਮ. ਅੰਤ ਸਗਣ ।।S.

ਉਦਾਹਰਣ-

ਬੁੱਧਿ ਵਿਵੇਕ ਗਜਾਨ ਅਰ ਵਿਦਜਾ,

ਸਫਲ ਹੋਤ ਉਪਕਾਰ ਕਰਤ ਜੋ. xxx

(ਅ) ਦੰਡਕਲਾ ਦਾ ਦੂਜਾ ਭੇਦ ਹੈ ੧੮- ੧੪ ਮਾਤ੍ਰਾ ਤੇ ਵਿਸ਼੍ਰਾਮ ਅੰਤ ਸਗਣ ।। S.

ਉਦਾਹਰਣ-

"ਸਤਿਗੁਰੁ ਮਤਿਗੂੜ, ਬਿਮਲ ਸਤਸੰਗਤਿ,

ਆਤਮੁਰੰਗਿ ਚਲੂਲੁ ਭਜਾ,

ਜਾਗਜਾ ਮਨ ਕਵਲੁ ਸਹਜਿ ਪਰਕਾਸਜਾ.

ਅਭੈ ਨਿਰੰਜਨੁ ਘਰਹਿ ਲਹਾ."xxx

(ਸਵੈਯੇ ਮਃ ੪. ਕੇ)

(੫) ਸਵੈਯੇ ਦਾ ਪੰਜਵਾਂ ਰੂਪ ਹੈ "ਮਲਿੰਦ" ਲੱਛਣ- ਪ੍ਰਤਿ ਚਰਣ ੩੨ ਮਾਤ੍ਰਾ. ੧੬- ੧੬ ਪੁਰ ਵਿਸ਼੍ਰਾਮ, ਅੰਤ ਯਗਣ ।SS.

ਉਦਾਹਰਣ-

ਤੇ ਸਾਧੂ ਹਰਿ ਮੇਲਹੁ ਸੁਾਮੀ,

ਜਿਨ ਜਪਿਆ ਗਤਿ ਹੋਇ ਹਮਾਰੀ.

ਤਿਨ ਕਾ ਦਰਸੁ ਦੇਖਿ ਮਨੁ ਬਿਗਸੈ,

ਖਿਨਿ ਖਿਨਿ ਤਿਨ ਕਉ ਹਉ ਬਲਿਹਾਰੀ. xx

(ਭੈਰ ਮਃ ੪)

(ਅ) ਕੇਵਲ ਦੋ ਗੁਰੁ ਅੰਤ (ਯਗਣ ਦੀ ਥਾਂ) ਹੋਣੇ ਭੀ "ਮਲਿੰਦ" ਦਾ ਇੱਕ ਰੂਪ ਹੈ. ਯਥਾ-

ਕਬ ਲਾਗੈ ਮਸਤਕ ਚਰਨਨ ਰਜ,

ਦਰਸ ਦਯਾਲੁ ਦ੍ਰਿਗਨ ਕਬ ਪੇਖੋਂ,

ਅੰਮ੍ਰਿਤ ਬਚਨ ਸੁਨੋ ਕਬ ਸ੍ਰਵਨਨਿ,

ਕਬ ਰਸਨਾ ਬੇਨਤੀ ਬਿਸੇਖੋਂ. xxx (ਭਾਗੁ ਕ)

(੬) ਸਵੈਯੇ ਦਾ ਛੀਵਾਂ ਰੂਪ ਹੈ "ਸਮਾਨ" ਲੱਛਣ- ਪ੍ਰਤਿ ਚਰਣ ੩੨ ਮਾਤ੍ਰਾ. ੧੬- ੧੬ ਮਾਤ੍ਰਾ ਪੁਰ ਦੋ ਵਿਸ਼੍ਰਾਮ. ਅੰਤ ਭਗਣ SSI.

ਉਦਾਹਰਣ-

ਬ੍ਰਹਮਾਦਿਕ ਸਿਵ ਛੰਦਮੁਨੀਸੁਰ,

ਰਸਕਿ ਰਸਕਿ ਠਾਕੁਰ ਗੁਨ ਗਾਵਤ, xxx

ਰੇ ਮਨ ਮੂੜ ਸਿਮਰ ਸੁਖਦਾਤਾ,

ਨਾਨਕ ਦਾਸ ਤੁਝਹਿ ਸਮਝਾਵਤ. xxx

(ਸਵੈਯੇ ਸ੍ਰੀ ਮੁਖਵਾਕ ਮਃ ੫)

(੭) ਸਵੈਯੇ ਦਾ ਸੱਤਵਾਂ ਰੂਪ ਹੈ "ਦੁਮਿਲਾ." ਲੱਛਣ- ਚਾਰ ਚਰਣ. ਪ੍ਰਤਿ ਚਰਣ ੩੨ ਮਾਤ੍ਰਾ, ਪਹਿਲਾ ਵਿਸ਼੍ਰਾਮ ੧੦. ਪੁਰ, ਦੂਜਾ ੮. ਪੁਰ ਤੀਜਾ ੧੪. ਤੇ, ਅੰਤ ਸਗਣ ਅਤੇ ਦੋ ਗੁਰੁ ISS, S, S.

ਉਦਾਹਰਣ-

ਜਯ ਜਯ ਕਲਗੀਧਰ, ਸੇਵਕ ਦੁਖਹਰ,

ਨਹਿ ਸਮਸਰ ਬਲ ਕੇ ਧਾਰੀ. xxx

(੮) ਸਵੈਯੇ ਦਾ ਅੱਠਵਾਂ ਰੂਪ ਹੈ "ਲਲਿਤ." ਲੱਛਣ- ਚਾਰ ਚਰਣ. ਪ੍ਰਤਿ ਚਰਣ ਸੱਤ ਮਗਣ ਅੰਤ ਦੋ ਗੁਰੁ. SSS, SSS, SSS, SSS, SSS, SSS, SSS, S, S.

ਉਦਾਹਰਣ-

ਦੇਖੋ ਜੁ ਕੈਸੇ ਏ ਝੰਡੇ ਜੋ ਝੂਲੇ ਹੈਂ

ਧੌਂਸੇ ਕੀ ਧੁੰਕੋਂ ਸੇ ਸ਼ੰਭੂ ਭਾ ਭੋਲਾ. xxx

(ਸਿੱਖੀ ਪ੍ਰਭਾਕਰ)

(੯) ਸਵੈਯੇ ਦਾ ਨੌਵਾਂ ਰੂਪ ਹੈ "ਮਦਿਰਾ". ਲੱਛਣ- ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ ਅੰਤ ਇੱਕ ਗੁਰੁ SII, SII, SII, SII, SII, SII, SII, S.

ਉਦਾਹਰਣ-

ਸੰਤਤ ਹੀ ਸਤਸੰਗਤਿ ਸੰਗ

ਸੁਰੰਗ ਰਤੇ ਜਸੁ ਗਾਵਤ ਹੈਂ. xxx (ਸਵੈਯੇ ਮਃ ੪. ਕੇ)

(੧੦) ਸਵੈਯੇ ਦਾ ਦਸਵਾਂ ਰੂਪ "ਮੱਤਗਯੰਦ" ਹੈ. ਛੰਦਗ੍ਰੰਥਾਂ ਵਿੱਚ ਇਸ ਦਾ ਨਾਉਂ "ਇੰਦਵ" ਅਤੇ "ਮਾਲਤੀ" ਭੀ ਦੇਖੀਦਾ ਹੈ. ਦਸਮਗ੍ਰੰਥ ਵਿੱਚ ਇਸ ਦੀ "ਬਿਜੈ" ਸੰਗਯਾ ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ ਅੰਤ ਦੋ ਗੁਰੁ. SII, SII,

SII, SII, SII, SII, SII, S, S.

ਉਦਾਹਰਣ-

ਦਾਨਵ ਦੇਵ ਫਨਿੰਦ ਨਿਸਾਚਰ

ਭੂਤ ਭਵਿੱਖ ਭਵਾਨ ਜਪੈਂਗੇ,

ਜੀਵ ਜਿਤੇ ਜਲ ਮੈ ਥਲ ਮੈ

ਪਲ ਹੀ ਪਲ ਮੈ ਸਭ ਥਾਪ ਥਪੈਂਗੇ,

ਪੁੰਨ ਪ੍ਰਤਾਪਨ ਬਾਢਤ ਜੈਧੁਨਿ

ਪਾਪਨ ਕੇ ਬਹੁ ਪੁੰਜ ਖਪੈਂਗੇ,

ਸਾਧ ਸਮੂਹ ਪ੍ਰਸੰਨ ਫਿਰੈਂ ਜਗ

ਸਤ੍ਰੁ ਸਭੈ ਅਵਿਲੋਕ ਚਪੈਂਗੇ.

(੧੧) ਸਵੈਯੇ ਦਾ ਗਿਆਰਵਾਂ ਰੂਪ ਹੈ "ਚਕੋਰ." (ਦੇਖੋ, ਚਿਤ੍ਰਪਦਾ ਦਾ ਰੂਪ ੨)

(੧੨) ਸਵੈਯੇ ਦਾ ਬਾਰਵਾਂ ਰੂਪ ਹੈ "ਅਰਸਾਤ." ਲੱਛਣ ਚਾਰ ਚਰਣ. ਪ੍ਰਤਿ ਚਰਣ ਸੱਤ ਭਗਣ, ਇੱਕ ਰਗਣ. SII, SII, SII, SII, SII, SII, SII, SIS.

ਉਦਾਹਰਣ-

ਸ੍ਵੈ ਨਿਜ ਪਾਯ ਪ੍ਰਮੋਦ ਸਦਾ

ਸ਼ਬਦਾਦਿ ਵਿਰੰਚ ਵਿਕੁੰਠ ਲਖੈ ਵਿਖਾ,

ਜਾਂ ਸ਼ੁਭ ਕੀਰਤਿ ਕੋ ਜਗ ਮੈ

ਗਣਨਾਯਕ ਸਾਰਦ ਹੂੰ ਨ ਸਕੈਂ ਲਿਖਾ,

ਹੈ ਕਚ ਦੀਪਿਤ ਚਿੰਤਮਨੀ ਸਮ

ਉਜਲ ਅੰਮ੍ਰਿਤ ਸੀ ਲਿਖਨੀ ਇਖਾ,

ਮੂਰਤਿ ਸ਼੍ਰੀ ਗੁਰੁ ਭੇਦ ਨ ਰੰਚਕ

ਧੰਨ ਗੁਰੂ ਅਰੁ ਧੰਨ ਗੁਰੁਸਿਖਾ. (ਸਿੱਖੀ ਪ੍ਰਭਾਕਰ)

(੧੩) ਸਵੈਯੇ ਦਾ ਤੇਰਵਾਂ ਰੂਪ ਹੈ "ਰਮਜ."

ਲੱਛਣ- ਪਹਿਲੇ ਚਰਣ ਵਿੱਚ ਸੱਤ ਭਗਣ, ਇੱਕ ਗੁਰੁ. ਪਿਛਲੇ ਤਿੰਨ ਚਰਣਾਂ ਵਿੱਚ ਅੱਠ ਅੱਠ ਸਗਣ.

ਉਦਾਹਰਣ-

ਭੇਜਤ ਹੈ ਇਹ ਪੈ ਹਮ ਕੋ

ਇਹ ਗ੍ਵਾਰਨਿ ਰੂਪ ਗੁਮਾਨ ਕਰੈ,

ਇਹ ਜਾਨਤ ਵੇ ਘਟ ਹੈਂ ਹਮ ਤੇ

ਤਿੰਹ ਤੇ ਹਠ ਬਾਂਧ ਰਹੀ ਨ ਟਰੈ.

ਕਵਿ ਸ਼ਯਾਮ ਪਿਖੋ ਇਹ ਗ੍ਵਾਰਨਿ ਕੀ

ਮਤਿ ਸਯਾਮਹਿ ਕੋਪ ਨ ਨੈਕ ਡਰੈ,

ਤਿਹ ਸੋਂ ਬਲ ਜਾਉਂ ਕਹਾਂ ਕਹਿਯੇ

ਤਿਹ ਲਯਾਵਹੁ ਜੋ ਮੁਖ ਤੇ ਉਚਰੈ. (ਕ੍ਰਿਸਨਾਵ)

(੧੪) ਸਵੈਯੇ ਦਾ ਚੌਦਵਾਂ ਰੂਪ ਹੈ "ਕਿਰੀਟ" ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਭਗਣ. SII, SII, SII, SII, SII, SII, SII, SII.

ਉਦਾਹਰਣ-

ਚੰਡ ਪ੍ਰਚੰਡ ਤਬੈ ਬਲ ਧਾਰ

ਸੰਭਾਰ ਲਈ ਕਰਵਾਰ ਕਰੀ ਕਰ. xxx

(ਚੰਡੀ ੧)

(੧੫) ਸਵੈਯੇ ਦਾ ਪੰਦਰਵਾਂ ਰੂਪ ਹੈ "ਦੁਮਿੱਲ." ਇਸ ਦਾ ਨਾਉਂ "ਚੰਦ੍ਰਕਲਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ. IIS, IIS, IIS, IIS, IIS, IIS, IIS, IIS.

ਉਦਾਹਰਣ-

ਮਥੁਰਾ ਭਨਿ ਭਾਗ ਭਲੇ ਉਨ ਕੇ

ਮਨ ਇੱਛਤ ਹੀ ਫਲ ਪਾਵਤ ਹੈਂ. xxx

(ਸਵੈਯੇ ਮਃ ੪. ਕੇ)

(੧੬) ਸਵੈਯੇ ਦਾ ਸੋਲਵਾਂ ਰੂਪ ਹੈ "ਸੁੰਦਰੀ" ਇਸ ਨੂ "ਸੁਖਦਾਨੀ", "ਮਨਮੋਦਕ" ਅਤੇ "ਮੱਲੀ" ਭੀ ਆਖਦੇ ਹਨ. ਲੱਛਣ- ਚਾਰ ਚਰਣ. ਪ੍ਰਤਿ ਚਰਣ ਅੱਠ ਸਗਣ ਅੰਤ ਗੁਰੁ. IIS, IIS, IIS, IIS, IIS, IIS, IIS, IIS, S.

ਉਦਾਹਰਣ-

ਪਰਨਿੰਦ ਦਗਾ ਚੁਗਲੀ ਨ ਕਰੈ

ਜਗ ਆਪਸ ਤੇ ਨ ਬਡੋ ਬਨ ਬੈਸੇ,

ਨਿਜ ਪੂਜ ਪ੍ਰਸੰਸ ਨ ਨੈਕ ਭਨੈ

ਨਿਰਮਾਨ ਅਲੋਭ ਗੁਰੂ ਗਿਰਿ ਜੈਸੇ,

ਨ ਤਪਾਯ ਦੁਖਾਯ ਨ ਭੂਲ ਕਿਸੇ

ਯਦਿ ਹ੍ਵੈ ਸਪ੍ਰਮਾਦ ਪਗੈਂ ਲਗ ਭੈਸੇ,

ਨਿਸਕਾਮ ਸਦਾ ਸ਼ੁਭ ਰੀਤਿ ਧਰੈ

ਉਪਦੇਸ਼ ਭਲੋ ਪ੍ਰਦ ਹਨਐ ਐਸੇ.

(ਸਿੱਖੀ ਪ੍ਰਭਾਕਰ)

(੧੭) ਸਵੈਯੇ ਦਾ ਸਤਾਰਵਾਂ ਰੂਪ ਹੈ "ਰਤਨ- ਮਾਲਿਕਾ." ਇਸ ਨੂੰ "ਅਰਬਿੰਦ" ਭੀ ਆਖਦੇ ਹਨ. ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ, ਇਕ ਲਘੁ. IIS, IIS, IIS, IIS, IIS, IIS, IIS, IIS, I.

ਉਦਾਹਰਣ-

ਬਲ ਵੈਸ ਕਟੈ ਛਬਿ ਅੰਗ ਲਟੈ

ਜਗ ਮਾਨ ਘਟੈ ਪਲਟੈ ਕੁਲ ਚਾਲ,

ਭਲ ਨੀਤਿ ਡਗੈ ਜਸ ਪੁੰਨ ਭਗੈ

ਚਿਤ ਚਿੰਤ ਜਗੈ ਨ ਲਗੈ ਪ੍ਰਭੁ ਨਾਲ,

ਤਨ ਰੋਗ ਬਢੈ ਅਤਿ ਪਾਪ ਚਢੈ

ਸੁਚਿ ਤੇਜ ਕਢੈ ਸੁ ਮਢੈ ਜਗ ਜਾਲ,

ਖਲ ਬਾਲਬਧੂ ਮੁਦ ਰੰਚਿਕ ਕਾਰਨ

ਫੇਂਕਤ ਬਿੰਦੁ ਅਮੋਲਕ ਲਾਲ.

(ਨਿਰਮਲ ਪ੍ਰਭਾਕਰ)

(੧੮) ਸਵੈਯੇ ਦਾ ਅਠਾਰਵਾਂ ਰੂਪ ਹੈ "ਕੁੰਦਲਤਾ." ਇਸ ਨੂੰ "ਸਾਵਨ", "ਸੁਖ" ਅਤੇ "ਹਾਰ" ਭੀ ਆਖਦੇ ਹਨ. ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ ਦੋ ਲਘੁ. IIS, IIS, IIS, IIS, IIS, IIS, IIS, IIS, II.

ਉਦਾਹਰਣ-

ਜਰ ਜਾਇ ਨਹੀ ਕਿਸ ਤੇ ਅਜਰੀ

ਅਸ ਪਾਇ ਗਏ ਸਗਰੀ ਉਰ ਮੇ ਜਰ. xxx

(ਗੁਪ੍ਰਸੂ)

(੧੯) ਸਵੈਯੇ ਦਾ ਉੱਨੀਹਵਾਂ ਰੂਪ ਹੈ "ਸੁਰਧੁਨਿ." ਲੱਛਣ- ਚਾਰ ਚਰਣ. ਪਹਿਲੇ ਚਰਣ ਵਿੱਚ ਅੱਠ ਸਗਣ ਅਤੇ ਇੱਕ ਗੁਰੁ. ਤਿੰਨ ਚਰਣਾਂ ਵਿੱਚ ਸੱਤ ਭਗਣ, ਦੋ ਗੁਰੁ.

ਉਦਾਹਰਣ-

ਹਰਿ ਸੋ ਮੁਖ ਹੈ ਹਰਤੀ ਦੁਖ ਹੈ

ਅਲਕੈਂ ਹਰਹਾਰ ਪ੍ਰਭਾ ਹਰਨੀ ਹੈ,

ਲੋਚਨ ਹੈਂ ਹਰਿ ਸੇ ਸਰਸੇ ਹਰਿ ਸੇ

ਭਰੁਟੇ ਹਰਿ ਸੀ ਬਰਨੀ ਹੈ. xxx (ਚੰਡੀ ੧)

(੨੦) ਸਵੈਯੇ ਦਾ ਬੀਸਵਾਂ ਰੂਪ ਹੈ "ਮਨੋਜ." ਲੱਛਣ- ਪਹਿਲੇ ਚਰਣ ਵਿੱਚ ਅੱਠ ਸਗਣ ਦੋ ਲਘੁ, ਤਿੰਨ ਚਰਨਾਂ ਵਿੱਚ ਅੱਠ ਅੱਠ ਭਗਣ.

ਉਦਾਹਰਣ-

ਬ੍ਰਿਖਭਾਨੁ ਸੁਤਾ ਪਿਖ ਰੀਝ ਰਹੀ

ਅਤਿ ਸੁੰਦਰਿ ਸੁੰਦਰ ਕਾਨ੍ਹ ਕੁ ਆਨਨ,

ਰਾਜਤ ਤੀਰ ਨਦੀ ਜਿਹ ਕੇ ਸੁ

ਵਿਰਾਜਤ ਫੂਲਨ ਕੇ ਯੁਤ ਕਾਨਨ. (ਕ੍ਰਿਸਨਾਵ)

(੨੧) ਸਵੈਯੇ ਦਾ ਇਕੀਹਵਾਂ ਰੂਪ ਹੈ "ਮਣਿਧਰ." ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਯਗਣ. ISS, ISS, ISS, ISS, ISS, ISS, ISS, ISS.

ਉਦਾਰਹਣ-

ਜਿਤੀ ਵਾਸਨਾ ਏਕ ਹੀ ਬਾਸਨਾ ਮੇ

ਜਿਤੇ ਅੰਗ ਸੋ ਏਕ ਹੀ ਅੰਗ ਮੇ ਹੈਂ,

(ਨਿਰਮਲ ਪ੍ਰਭਾਕਰ)

ਦੇਖੋ, ਝੂਲਨਾ ਦਾ ਪਹਿਲਾ ਰੂਪ ਅਤੇ ਭੁਜੰਗਪ੍ਰਯਾਤ ਦਾ ਰੂਪ (ਸ)

(੨੨) ਸਵੈਯੇ ਦਾ ਬਾਈਹਵਾਂ ਭੇਦ ਹੈ "ਗੰਗਧਰ" ਅਥਵਾ "ਗੰਗੋਦਕ" ਇਸ ਨੂੰ "ਖੰਜਨ" ਭੀ ਆਖਦੇ ਹਨ. ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਰਗਣ. ।।।, SIS, SIS, SIS, SIS, SIS, SIS, SIS, SIS.

ਉਦਾਹਰਣ-

ਝੂਠ ਔ ਲੋਭ ਕੋ ਤਜਾਗਕੈ ਸੱਜਨੋ!

ਸਤਜ ਸੰਤੋਖ ਕੋ ਚਿੱਤ ਮੇ ਧਾਰਿਯੇ. xxx

(੨੩) ਸਵੈਯੇ ਦਾ ਤੇਈਹਵਾਂ ਭੇਦ ਹੈ "ਉਟੰਕਣ." ਲੱਛਣ- ਚਾਰ ਚਰਣ ਪ੍ਰਤਿ ਚਰਣ ਸੱਤ ਰਗਣ ਅਤੇ ਇੱਕ ਗੁਰੁ.

ਉਦਾਹਰਣ-

ਚੌਰ ਚੰਦ੍ਰੂੰ ਕਰੰ ਛਤ੍ਰ ਸੂਰੰ ਧਰੰ

ਬੇਦ ਬ੍ਰਹਮਾ ਰਰੰ ਦ੍ਵਾਰ ਮੇਰੇ. (ਰਾਮਾਵ)

(੨੪) ਸਵੈਯੇ ਦਾ ਚੌਬੀਹਵਾਂ ਭੇਦ ਹੈ "ਸੁੰਦਰਿ." ਲੱਛਣ- ਚਾਰ ਚਰਣ, ਪ੍ਰਤਿ ਚਰਣ ਸ, ਸ, ਭ, ਸ, ਤ, ਜ, ਜ, ਲ, ਗ. IIS, IIS, SII, IIS, SSI, ISI, ISI, I, S.

ਉਦਾਹਰਣ-

ਮੁਨਿ ਦੇਵ ਨ ਪਾਵੈਂ ਥਕ ਮਤਿ ਗਾਵੈਂ

ਹੈ ਬਿਨ ਆਦਿ ਅਨੰਤ ਗੁਰੂ. xxx

(੨੫) ਸਵੈਯੇ ਦਾ ਪੱਚੀਹਵਾਂ ਰੂਪ ਹੈ "ਵਾਮ ਇਸ ਨੂੰ "ਮਕਰੰਦ", "ਮਾਧਵੀ" ਅਤੇ "ਮੰਜਰੀ" ਭੀ ਆਖਦੇ ਹਨ. ਲੱਛਣ- ਪ੍ਰਤਿ ਚਰਣ ਸੱਤ ਜਗਣ ਅਤੇ ਇੱਕ ਯਗਣ. ISI, ISI, ISI, ISI, ISI, ISI, ISI, ISS.

ਉਦਾਹਰਣ-

ਕਰੋ ਨ ਬੁਰਾ ਕਿਹਕੈ ਕਬਿ ਹੀ ਮ੍ਰਿਦੁ

ਬੈਨ ਭਨੋ ਤਜਕੋ ਕੁਟਿਲਾਈ. xxx

(੨੬) ਸਵੈਯੇ ਦਾ ਛੱਬੀਹਵਾਂ ਭੇਦ ਹੈ "ਮੱਤਾਕ੍ਰੀੜਾ." ਲੱਛਣ- ਪ੍ਰਤਿ ਚਰਣ ਮ, ਮ, ਤ, ਨ, ਨ, ਨ, ਨ, ਲ, ਗ, SSS, SSS, SSI, III, III, III, III, I, S.

ਉਦਾਹਰਣ-

ਪਾਵੈ ਵਿਦ੍ਯਾ ਧਾਰੈ ਸਿੱਖੀ

ਕਬਹੁ ਨ ਧਰਤ ਕੁਪਥ ਪਗ ਨਰ ਸੋ. xxx

(੨੭) ਸਵੈਯੇ ਦਾ ਸਤਾਈਹਵਾਂ ਰੂਪ ਹੈ "ਆਭਾਰ." ਇਸ ਨੂੰ "ਪਾਤਾਲ" ਭੀ ਆਖਦੇ ਹਨ. ਲੱਛਣ- ਪ੍ਰਤਿ ਚਰਣ ਅੱਠ ਤਗਣ SSI, SSI, SSI, SSI, SSI, SSI, SSI, SSI.

ਉਦਾਹਰਣ-

ਜਾਪੈਂ ਨ ਤਾਂਕੋ ਜੁ ਹੈ ਸਰਵੰਦਾਤਾ

ਕਹਾਂ ਹੋਯ ਪੂਜੇ ਨਦੀ ਕੂਪ ਪਾਖਾਨ?

ਰਾਖਾ ਨਾ ਹੋਵੈ ਕਦੀ ਅੰਤ ਵੇਲੇ ਬਿਨਾ

ਸ਼੍ਰੀ ਪ੍ਰਭੂ ਬਾਤ ਤੂ ਸਤਜਕੈ ਜਾਨ. xxx

(੨੮) ਸਵੈਯੇ ਦਾ ਅਠਾਈਹਵਾਂ ਰੂਪ "ਸੁਮੁਖੀ" ਹੈ. ਇਸ ਦਾ ਨਾਉਂ "ਮੱਲਿਕਾ" ਅਤੇ "ਮਾਲਿਨੀ" ਭੀ ਹੈ. ਲੱਛਣ ਪ੍ਰਤਿ ਚਰਣ ਸੱਤ ਜਗਣ ਅੰਤ ਲਘੁ ਗੁਰੁ. ISI, ISI, ISI, ISI, ISI, ISI, ISI, I, S.

ਉਦਾਹਰਣ- ਜੁ ਮਾਨਤ ਹੈਂ ਗੁਰੁਵਾਕਨ ਕੋ ਰਹਿਤੇ ਜਗ ਮਾਹਿ ਕਦੀ ਨ ਦੁਖੀ, ਰਹੈ ਨ ਕਮੀ ਧਨ ਧਾਮ ਭਰੇ ਰਕਹਿ ਆਤਮ ਦੇਹ ਸਦੀਵ ਸੁਖੀ. xxx

(੨੯) ਸਵੈਯੇ ਦਾ ਉਨਤੀਹਵਾਂ ਰੂਪ ਹੈ "ਕ੍ਰੌਂਚ." ਲੱਛਣ- ਪ੍ਰਤਿ ਚਰਣ ਭ, ਮ ਸ, ਭ, ਨ, ਨ, ਨ, ਨ, ਗ. SII, SSS, IIS, SII, III, III, III, III, S. ੫, ੫, ੮, ੭. ਅੱਖਰਾਂ ਪੁਰ ਚਾਰ ਵਿਸ਼੍ਰਾਮ.

ਉਦਾਹਰਣ-

ਪ੍ਰੇਮ ਵਿਹੀਨਾ, ਪਾਇ ਨ ਸ਼ਾਂਤੀ,

ਯਦਪਿ ਧਰਤਿ ਧਨ, ਅਗਨਿਤ ਧਰਹੀ,

ਤਾਪ ਰਿਦੇ ਤੇ, ਦੂਰ ਨ ਹੋਵੈ,

ਜਪ ਤਪ ਵ੍ਰਤ ਪੁਨ, ਪੁਨ ਨਰ ਕਰਹੀ. xxx

(੩੦) ਸਵੈਯੇ ਦਾ ਤੀਹਵਾਂ ਰੂਪ ਹੈ "ਝੂਲਨਾ." ਦੇਖੋ, ਝੂਲਨਾ ਦਾ ਦੂਜਾ ਰੂਪ.

(੩੧) ਸਵੈਯੇ ਦਾ ਇਕਤੀਹਵਾਂ ਰੂਪ "ਮੁਕ੍ਰਹਰਾ" ਹੈ. ਲੱਛਣ- ਪ੍ਰਤਿ ਚਰਣ ਅੱਠ ਜਗਣ, ISI, ISI, ISI, ISI, ISI, ISI, ISI, ISI.

ਉਦਾਹਰਣ-

"ਵਿਲੋਕ ਗੁਰੂਮੁਖ ਪੰਕਜ ਸਿੱਖ

ਰਹੇ ਹੁਇ ਭੌਰ ਰਸੀ ਮਕਰੰਦ." xxx

(੩੨) ਸਵੈਯੇ ਦਾ ਬੱਤੀਹਵਾਂ ਰੂਪ "ਲਵੰਗਲਤਾ" ਹੈ. ਲੱਛਣ- ਪ੍ਰਤਿ ਚਰਣ ਅੱਠ ਜਗਣ, ਅੰਤ ਲਘੁ. ISI, ISI, ISI, ISI, ISI, ISI, ISI, ISI, I.

ਉਦਾਹਰਣ-

ਜਿਨ੍ਹੈ ਨ ਕਛੂ ਕਵਿਤਾ ਰਸ ਹੈ

ਨਹਿ ਰਾਗ ਵਿਖੇ ਮਨ ਰਾਗ ਲਗਾਵਤ,

ਜਪੈਂ ਨਹਿ ਵਾਹਗੁਰੂ ਗੁਰੁਮੰਤ੍ਰ

ਸਰੂਪ ਮਨੁੱਖ ਪਸ਼ੂ ਨਜ਼ਰਾਵਤ. xxx

(੩੩) ਸਵੈਯੇ ਦਾ ਤੇਤੀਹਵਾਂ ਰੂਪ ਹੈ "ਸਰਵਗਾਮੀ." ਲੱਛਣ- ਪ੍ਰਤਿ ਚਰਣ ਸੱਤ ਤਗਣ ਅੰਤ ਦੋ ਗੁਰੁ. SSI, SSI, SSI, SSI, SSI, SSI, SSI, SS.

ਉਦਾਹਰਣ-

ਗਾਜੇ ਮਹਾ ਸੂਰ ਘੂੰਮੀ ਰਣੰ ਹੂਰ

ਭੂੰਮੀ ਨਭੰ ਪੂਰ ਬੇਖੰ ਅਨੂਪੰ. xxx (ਰਾਮਾਵ)

ਜਾਕੋ ਰਿਦਾ ਹੈ ਕ੍ਰਿਪਾ ਸਾਥ ਪੂਰਜੋ

ਪ੍ਰਜਾਪਜਾਰ ਵਾਸੈ ਸਦਾ ਚਿੱਤ ਮਾਹੀਂ,

ਮੰਤ੍ਰੀ ਤਥਾ ਸੈਨ ਹੈਂ ਵਾਰਤੇ ਪ੍ਰਾਣ ਕੋ

ਤਾਂਹਿ ਕੇ ਰਾਜ ਭੈ ਹੋਤ ਨਾਹੀਂ. xxx

(੩੪) ਸਵੈਯੇ ਦਾ ਚੌਤੀਹਵਾਂ ਰੂਪ ਹੈ "ਸਾਰਦਾ" ਲੱਛਣ- ਪ੍ਰਤਿ ਚਰਣ ਸੱਤ ਰਗਣ ਅੰਤ ਗੁਰੁ ਲਘੁ. SI S, SI S, SI S, SI S, SI S, SI S, SI S, SI. ਉਦਾਹਰਣ-

ਧੀਰ ਗੰਭੀਰ ਹੈ ਗਜਾਨ ਕੋ ਪੁੰਜ ਹੈ

ਪ੍ਰੇਮ ਕੋ ਰੂਪ ਹੈ ਸਤ੍ਰੂ ਕੋ ਕਾਲ,

ਦੀਨਤਾਹੀਨ ਲੈਲੀਨ ਉਦਜੋਗ ਮੇ

ਦਾਨ ਦਾਤਾਰ ਹੈ ਖਾਲਸਾ ਲਾਲ. xxx

ਸਵੰਤ: ਕ੍ਰਿ. ਵਿ- ਸੌਂਦਾ. ਸ਼ਯਨ ਕਰਦਾ. "ਖਾਤ ਪੀਵਤ ਸਵੰਤ ਸੁਖੀਆ." (ਸਾਰ ਮਃ ੫)

ਸਵੰਤੀ, ਸਵੰਧਿ: ਸੰ स्वपन्ति ਸ੍ਵਪੰਤਿ. ਸੌਂਦੀਆਂ. ਸੌਂਦੇ. "ਸਭ ਨਾਨਕ ਸੁਖਿ ਸਵੰਤੀ." (ਸੋਰ ਮਃ ੫) "ਸੁਖ ਸਵੰਧਿ ਸੋਹਾਗਣੀ." (ਮਾਰੂ ਅਃ ਮਃ ੧)

ਸਵੰਨ: ਦੇਖੋ, ਸੁਵਰਣ। ੨. ਕ੍ਰਿ. ਵਿ- ਸੌਂਦੇ. ਸ਼ਯਨ ਕਰਦੇ.

ਸਵੰਨਵੀ: ਵਿ- ਸੁੰਦਰ ਵਰਣ ਵਾਲੀ. ੨. ਸ੍ਵਰਣਮਯ. "ਭੰਨੀ ਘੜੀ ਸਵੰਨਵੀ." (ਸ. ਫਰੀਦ) ਭਾਵ ਸੁੰਦਰ ਦੇਹ ਤੋਂ ਹੈ.

ਸਵੰਨਿ: ਸੌਂਦੀਆਂ ਹਨ. ਦੇਖੋ, ਸਵੰਧਿ. "ਸੁਖ ਸਵੰਨਿ." (ਵਾਰ ਗਉ ੧. ਮਃ ੪)

**ਸਵ੍ਯ:** ਸੰ. ਵਿ- ਖੱਬਾ. ਬਾਯਾਂ। ੨. ਕਈ ਥਾਈਂ ਇਸ ਦਾ ਅਰਥ ਸੱਜਾ ਭੀ ਹੋਇਆ ਕਰਦਾ ਹੈ. ਦੇਖੋ, ਸਬ੍ਯ.

**ਸਵ੍ਯਸਾਚੀ:** ਸੰ. ਸਵ੍ਯਸਾਚਿਨ ਸੰਗ੍ਯਾ- ਸਵ੍ਯ (ਖੱਬੇ) ਹੱਥ ਨਾਲ ਕਮਾਣ ਖਿੱਚਣ ਵਾਲਾ ਅਰਜੁਨ. ਮਹਾਭਾਰਤ ਵਿੱਚ ਸਵ੍ਯਸਾਚੀ ਦਾ ਅਰਥ ਕੀਤਾ ਹੈ ਕਿ ਖੱਬੇ ਹੱਥ ਨਾਲ ਭੀ ਜੋ ਧਨੁਖ ਖਿੱਚਦਾ ਹੈ. ਅਰਥਾਤ ਖੱਬੇ ਸੱਜੇ ਹੱਥ ਨਾਲ ਸਮਾਨ ਤੀਰ ਚਲਾਉਂਦਾ ਹੈ. ਅਰਜੁਨ ਖੱਬੇ ਹੱਥ ਨਾਲ ਭੀ ਤੀਰ ਚਲਾਇਆ ਕਰਦਾ ਸੀ.

**ਸੜ:** ਸੰਗ੍ਯਾ- ਦਾਹ. ਜਲਨ. ਦੇਖੋ, ਸੜਨਾ.

**ਸੜਕ:** ਸੰ. ਸਰਕ. ਸੰਗ੍ਯਾ- ਜਿਸ ਤੇ ਗਮਨ ਕਰੀਏ. ਰਾਹ. ਰਸਤਾ. ਸੰ. ਸ੍ਰਿਕ੍ਕਾ ਸ੍ਰਿੰਕਾ. ਅਤੇ ਸ੍ਰਿਤਿ ਸ਼ਬਦ ਭੀ ਰਸਤੇ ਲਈ ਹਨ। ੨. ਅਨੁ. ਸੜਾਕਾ. "ਸੜਕ ਮਿਆਨੋ ਕੱਢੀਆਂ." (ਚੰਡੀ ੩)

**ਸ਼ੜਜ:** ਦੇਖੋ, ਖੜਜ.

**ਸੜਨਾ:** ਕ੍ਰਿ- ਸ਼ੀਣੰ ਹੋਣਾ. ਗਲਨਾ. ਤ੍ਰੁੱਕਣਾ। ੨. ਸੁੱਕਣਾ. ਖ਼ੁਸ਼ਕ ਹੋਣਾ। ੩. ਭਾਵ- ਦਗਧ ਹੋਣਾ. ਜਲਨਾ।

**ਸੜਾਕਾ:** ਅਨੁ- ਸੜੱਕ ਸ਼ਬਦ ਦਾ ਹੋਣਾ. ਦੇਖੋ, ਸੜਕ ੨.

**ਸੜਾਣਾ:** ਸੰਗ੍ਯਾ- ਸਾੜਾ। ੨. ਕਿਸੇ ਵਸਤੂ ਨੂੰ ਸਾੜਨ (ਗਾਲਣ) ਦੀ ਕ੍ਰਿਯਾ। ੩. ਅਗਨਿ, ਜੋ ਦਗਧ ਕਰਨ ਵਾਲਾ ਹੈ. "ਦੂਜੈ ਭਾਇ ਸੜਾਣੈ ਸੜਿਆ." (ਭਾਗੁ) ਦ੍ਵੈਤਭਾਵ ਰੂਪ ਅੱਗ ਵਿੱਚ ਦਗਧ ਹੋਇਆ.

**ਸੜੁੱਨੋ:** ਸੰ. ਸ਼੍ਰਾਵਣੀ. ਸ਼੍ਰਾਵਣ- ਪੁੰਨੋ. ਸਾਉਣ ਦੀ ਪੂਰਣਮਾਸੀ. ਸਲੋਨੋ. ਸਲੁੰਨੋ ਦੇਖੋ, ਰੱਖੜੀ.

**ਸਾ:** ਸਰਵ- ਉਹ. ਓਹ. ਵਹ. "ਕਹੁ ਨਾਨਕ ਸਾ ਕਥਨੀ ਸਾਰ." (ਗਉ ਮਃ ੫) "ਸਾ ਵੇਲਾ ਪਰਵਾਣ ਜਿਤੁ ਸਤਿਗੁਰੁ ਭੇਟਿਆ." (ਵਾਰ ਗੂਜ ੨, ਮਃ ੫) ੨. ਵਿ- ਸਰੀਖਾ. ਜੇਹਾ. ਜੈਸਾ. "ਤੁਮ ਸਾ ਮੀਤ ਨ ਅਵਰ ਕੋਈ." (ਆਸਾ ਮਃ ੧) ੩. ਕ੍ਰਿ- ਅਸ੍ਤਿ (ਹੋਣ) ਦਾ ਭੂਤ ਕਾਲ ਬੋਧਕ. ਸੀ. ਥਾ. "ਓਸ ਨੇ ਐਂਵੁ ਆਖਿਆ ਸਾ." (ਜਸਾ) ੪. ਸੰ. ਸੰਗ੍ਯਾ- ਪਾਰਵਤੀ। ੫. ਲੱਛਮੀ.

**ਸਾਂ:** ਭੂਤਕਾਲ ਬੋਧਕ. ਦੇਖੋ, ਸਾ ੩. ਜੈਸੇ- ਮੈ ਓਥੇ ਗਿਆ ਸਾਂ। ੨. ਫ਼ਾਰਸੀ ਦਾ ਪ੍ਰਤ੍ਯਯ, ਜੋ ਸ਼ਬਦ ਦੇ ਅੰਤ ਆਉਂਦਾ ਹੈ. ਇਹ ਸੰਸਕ੍ਰਿਤ ਸਮਾਨ ਸ਼ਬਦ ਦਾ ਰੂਪਾਂਤਰ ਹੈ. ਜੈਸੇ- ਯਕਸਾਂ.

**ਸਾਉ:** ਸਿੰਧੀ (ਸੰ. ਸ੍ਵਾਦ) ਸੰਗ੍ਯਾ- ਰਸ. "ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ." (ਵਡ ਛੰਤ ਮਃ ੧) ੨. ਆਨੰਦ. "ਸਾਉ ਨ ਪਾਇਆ ਜਾਇ." (ਵਾਰ ਮਾਝ ਮਃ ੨) ੩. ਸੰ. ਸ੍ਵਾਗਤ. ਸਨਮਾਨ. "ਕੰਤ ਨ ਪਾਇਓ ਸਾਉ" (ਵਾਰ ਸੂਹੀ ਮਃ ੧) ੪. ਸੰ. ਸ੍ਵਾਰਥ. ਪ੍ਰਯੋਜਨ. "ਤੂੰ ਜਾਣ ਮਹਿੰਜਾ ਸਾਉ." (ਵਾਰ ਮਾਰੂ ੨. ਮਃ ੫)

**ਸਾਉਗੀ:** ਦੇਖੋ, ਸਾਵਗੀ.

**ਸਾਉਣ:** ਦੇਖੋ, ਸਾਵਣ.

**ਸਾਉਣ ਮੱਲ:** ਦੇਖੋ, ਸਾਵਣ ਮੱਲ ਅਤੇ ਸਾਵਨ ਮੱਲ.

**ਸਾਉਣੀ:** ਸੰਗ੍ਯਾ- ਸ਼੍ਰਾਵਣ ਮਹੀਨੇ ਦੀ ਫਸਲ। ੨. ਦੇਖੋ, ਸਾਵਣੀ.

**ਸਾਉਰੀ:** ਸੰਗ੍ਯਾ- ਸ੍ਵਰਵਿਦ੍ਯਾ ਦੇ ਜਾਣਨ ਵਾਲਾ. ਜੋ ਸੱਜੇ ਖੱਬੇ ਸੁਰ ਤੋਂ ਸ਼ੁਭ ਅਸ਼ੁਭ ਫਲ ਦੱਸਦਾ ਹੈ. ਦੇਖੋ, ਸੋਰੀ। ੨. ਸ਼ਵਰ (ਸ਼ਿਵ) ਦੇ ਰਚੇ ਤੰਤ੍ਰਸ਼ਾਸਤ੍ਰ (ਸ਼ਾਵਰ) ਦਾ ਅਭ੍ਯਾਸੀ.

**ਸਾਉਲਾ:** ਦੇਖੋ, ਸਾਵਲ.

**ਸਾਊ:** ਵਿ- ਸਾਧੁ. ਨੇਕ ਭਲਾ। ੨. ਸ੍ਵ- ਆਯੁ. ਅਪਨੀ ਉਮਰ ਦਾ. ਹਮ ਉਮਰ। ੩. ਸੰਗ੍ਯਾ- ਜਨੇਤੀ. ਜੰਞ ਦੇ ਆਦਮੀ। ੪.

ਨਾਈ। ੫. ਰਾਜਾ ਦੇ ਸਖਾ. ਦੇਖੋ, ਸਊਆ.

ਸਾਅਤ: ਦੇਖੋ, ਸਾਇਤ.

ਸਾਅਰ: ਦੇਖੋ, ਸਾਇਰ.

ਸਾਅੰਗੀਤ: ਦੇਖੋ, ਸਾਂਗੀਤ.

ਸਾਇ: ਸਰਵ- ਸੈਵ. ਉਹੀ. ਵਹੀ. "ਸੁੰਦਰਿ ਸਾਇ ਸਰੂਪ ਬਿਚਖਣਿ." (ਤਿਲੰ ਮਃ ੧) ੨. ਸਾਂਈਂ. ਸ੍ਵਾਮੀ. "ਸੁਖਦਾਤਾ ਹਰਿ ਪ੍ਰਾਨਸਾਇ." (ਸਾਰ ਮਃ ੫) ਪ੍ਰਾਣਪਤਿ ਸੁਖਦਾਤਾ। ੩. ਸੰ. ਸ਼ਾਯ. ਸੰਗਯਾ- ਸੌਣਾ. ਲੇਟਣਾ. "ਮੇਰਾ ਪਿਰੁ ਰੀਸਾਲੂ ਸੰਗਿ ਸਾਇ." (ਬਸੰ ਮਃ ੧) ੪. ਸੰ. सायं ਸਾਯੰ. ਸੰਝ. ਆਥਣ.

ਸਾਇੰਸ: ਅੰ. Science. ਸੰਗਯਾ- ਕਿਸੇ ਵਿਦ੍ਯਾ ਦਾ ਤੱਤ। ੨. ਰਾਸਾਯਨਿਕ ਅਤੇ ਭੌਤਿਕ ਵਿਗ੍ਯਾਨ. ਦੇਖੋ, ਵਿਦ੍ਯਾ.

ਸ਼ਾਇਸਤਨ: ਫ਼ਾ. شائستن ਕ੍ਰਿ- ਲਾਇਕ ਹੋਣਾ. ਯੋਗ ਹੋਣਾ.

ਸ਼ਾਇਸਤਾ: ਫ਼ਾ. شائستہ ਵਿ- ਲਾਇਕ. ਯੋਗ੍ਯ.

ਸਾਇਕ: ਦੇਖੋ, ਸਾਯਕ.

ਸਾਇਣਿ: ਸਿੰਧੀ. ਸੰ. ਸ੍ਵਾਮਿਨੀ.

ਸਾਇਤ: ਦੇਖੋ, ਸ਼ਾਯਦ। ੨. ਅ਼. ساعت ਸਾਅ਼ਤ. ਸੰਗਯਾ- ਘੜੀ. ਵੇਲਾ. ਸਮਾਂ. "ਚਲਹੁ ਇਹ ਸਾਇਤ." (ਗੁਪ੍ਰਸੂ)

ਸਾਇਬਾਨ: ਦੇਖੋ, ਸਾਯਬਾਨ.

ਸਾਇਰ: ਡਿੰਗ. ਸਮੁੰਦਰ (ਸਿੰਧੀ. ਸਾਇਰੁ. ਸੰ. ਸਾਗਰ) "ਸਾਇਰ ਸਪਤ ਭਰੇ ਜਲ ਨਿਰਮਲਿ." (ਪ੍ਰਭਾ ਮਃ ੧) ਦੇਖੋ, ਸਪਤ ਸਰ. "ਸਾਇਰ ਭਰੇ ਕਿ ਸੁਕ?" (ਵਾਰ ਮਾਝ ਮਃ ੧)

"ਵਿਚਿ ਉਪਾਏ ਸਾਇਰਾ ਤਿਨਾ ਭੀ ਰੋਜੀ ਦੇਇ." (ਵਾਰ ਰਾਮ ੧. ਮਃ ੨) ੨. ਝੀਲ. ਸਰ. "ਸਾਇਰ ਭਰ ਸੁ ਭਰ." (ਤੁਖਾ ਬਾਰਹਮਾਹਾ) ੩. ਸ਼ਤਦ੍ਰਵ (ਸਤਲੁਜ) ਅਤੇ ਨਦੀ ਲਈ ਭੀ ਸਾਇਰ ਸ਼ਬਦ ਵਰਤਿਆ ਹੈ. ਯਥਾ- "ਛੋਡ ਦੀਓ ਤਬ ਥਾਂ ਨਿਰਮੋਹ ਕੋ ਪਾਰ ਭਏ ਜਬ ਸਾਇਰ ਤੀਰਾ." (ਗੁਰੁਸੋਭਾ) ੪. ਅ਼. شعر ਸ਼ਾਅ਼ਰ. ਸ਼ਿਅ਼ਰ (ਛੰਦ) ਰਚਣ ਵਾਲਾ ਕਵਿ. "ਜੇ ਸਉ ਸਾਇਰ ਮੇਲੀਐ ਤਿਲੁ ਨ ਪੁਜਾਵਹਿ ਰੋਇ." (ਸ੍ਰੀ ਅਃ ਮਃ ੧) "ਨਾਨਕ ਸਾਇਰ ਇਵ ਕਹਿਆ." (ਆਸਾ ਪਟੀ ਮਃ ੧)

ਸਾਇਰ ਕੀ ਪੁਤ੍ਰੀ: ਸੰਗਯਾ- ਸਮੁੰਦਰ ਦੀ ਬੇਟੀ, ਲੱਛਮੀ. ਪੁਰਾਣਕਥਾ ਹੈ ਕਿ ਸਮੁੰਦਰ ਰਿੜਕਣ ਸਮੇਂ ਇਹ ਰਤਨਾਂ ਵਿੱਚ ਨਿਕਲੀ ਸੀ। ੨. ਭਾਵ- ਮਾਇਆ. "ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ." (ਗਉ ਅਃ ਮਃ ੩) ਬੇਦਾਰ (ਗ੍ਯਾਨੀ) ਨੇ ਮਾਇਆ ਤ੍ਯਾਗ ਦਿੱਤੀ ਹੈ. "ਸਾਇਰ ਕੀ ਪੁਤ੍ਰੀ ਪਰਹਰਿਤਿਆਗੀ ਚਰਨ ਤਲੈ ਵੀਚਾਰੇ." (ਆਸਾ ਛੰਤ ਮਃ ੧) ਮਾਇਆ ਪਰਹਰਿ (ਨਿਰਾਦਰ ਕਰਕੇ) ਤਿਆਗੀ ਹੈ ਅਤੇ ਉਸ ਨੂੰ ਆਪਣੇ ਪੈਰਾਂ ਹੇਠ ਖਿਆਲ ਕੀਤਾ ਹੈ. ਭਾਵ- ਦਾਸੀ ਸਮਝੀ ਹੈ.

ਸਾਇਲ: ਦੇਖੋ, ਸਾਯਲ.

ਸਾਈ: ਸਰਵ- ਸੈਵ. ਵਹੀ. ਓਹੀ. "ਜੋ ਤੁਧ ਭਾਵੈ ਸਾਈ ਭਲੀ ਕਾਰ." (ਜਪੁ) ੨. ਸੰਗਯਾ- ਸ੍ਵਾਮੀ. ਸਾਈਂ. "ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈਂ." (ਵਾਰ ਬਿਲਾ ਮਃ ੪) ੩. ਕਿਸੇ ਸੌਦੇ ਦੇ ਪੱਕਾ ਕਰਨ ਲਈ ਪੇਸ਼ਗੀ ਦਿੱਤੀ ਰਕਮ. ਸੰ. ਸਤ੍ਯੰਕਾਰ। ੪. ਫ਼ਾ. شائی ਸ਼ਾਈ. ਪਰਮੇਸੁਰ। ੫. ਅ਼. ساعی ਸਾਈ਼. ਕੋਸ਼ਿਸ਼ (ਪ੍ਰਯਤਨ) ਕਰਨ ਵਾਲਾ.

ਸਾਂਈ, ਸਾਂਈਂ: ਸੰ. ਸ੍ਵਾਮੀ. ਸੰਗਯਾ- ਮਾਲਿਕ "ਤੂੰ ਕਰਤਾ ਸਚਿਆਰ ਮੈਡਾ ਸਾਂਈ." (ਸੋਪੁਰਖੁ) ੨. ਰਾਜਾ। ੩. ਪਤਿ. ਭਰਤਾ।

੪. ਮਹਾਤਮਾ ਸਾਧੁ ਦੀ ਭੀ ਸਾਂਈ ਸੰਗਯਾ ਹੈ.

ਸਾਂਈਆਂ: ਸੇਠੀ ਜਾਤਿ ਦਾ ਖਤ੍ਰੀ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋਇਆ. ਗੁਰੂ ਸਾਹਿਬ ਨੇ ਇਸ ਨੂੰ ਕੀਰਤਨ ਕਰਨ ਦਾ ਉਪਦੇਸ਼ ਦਿੱਤਾ. ਇਹ ਕੀਰਤਨ ਕਰਕੇ ਸਿੱਖ ਧਰਮ ਦਾ ਉੱਤਮ ਪ੍ਰਚਾਰ ਕਰਦਾ ਰਿਹਾ। ੨. ਸੰਬੋਧਨ. ਹੇ ਸ੍ਵਾਮੀ!

ਸਾਈਸ: ਦੇਖੋ, ਸਈਸ.

ਸਾਂਈਂ ਦਾਸ: ਡਰੋਲੀ (ਜਿਲਾ ਫਿਰੋਜਪੁਰ) ਨਿਵਾਸੀ ਖਤ੍ਰੀ, ਜਿਸ ਨਾਲ ਮਾਤਾ ਦਾਮੋਦਰੀ ਜੀ ਦੀ ਵਡੀ ਭੈਣ ਰਾਮੋ ਜੀ ਦਾ ਵਿਆਹ ਹੋਇਆ ਸੀ. ਸਾਈਂ ਦਾਸ ਨੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਹੁਤ ਚਿਰ ਆਪਣੇ ਘਰ ਪ੍ਰੇਮ ਨਾਲ ਠਹਿਰਾਇਆ ਸੀ ਅਤੇ ਸਿੱਖੀ ਧਾਰਨ ਕਰਕੇ ਪਰਮਪਦ ਦਾ ਅਧਿਕਾਰੀ ਹੋਇਆ ਦੇਖੋ, ਡਰੋਲੀ। ੨. ਭੰਡਾਰੀ ਜਾਤਿ ਦਾ ਖਤ੍ਰੀ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਅਨਨ੍ਯ ਸਿੱਖ ਹੋ ਕੇ ਪਰਮਗਿਆਨੀ ਹੋਇਆ। ੩. ਝੰਝੀ ਗੋਤ ਦਾ ਲਹੌਰ ਨਿਵਾਸੀ ਪ੍ਰੇਮੀ, ਜੋ ਸ਼੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਸੀ. ਇਸ ਨੇ ਪੰਜਵੇਂ ਸਤਿਗੁਰੂ ਜੀ ਦੀ ਭੀ ਸੇਵਾ ਕੀਤੀ ਹੈ.

ਸਾਂਈਂ ਦਿੱਤਾ: ਸੁਲਤਾਨਪੁਰ ਨਿਵਾਸੀ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ। ੨. ਇੱਕ ਜੜੀਆ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸਿਖ੍ਯਾ ਮਨ ਵਸਾਕੇ ਪਰਉਪਕਾਰੀ ਸਿੱਖ ਹੋਇਆ.

ਸਾਂਈਂ ਲੋਕ: ਸੰਗਯਾ- ਸ੍ਵਾਮੀ (ਕਰਤਾਰ) ਦੇ ਲੋਕ. ਸਾਧੁਜਨ. ਹਰਿਜਨ.

ਸਾਸ: ਸੰ. ਸ੍ਵਾਸ. ਸੰਗਯਾ- ਸਾਹ. ਦਮ. "ਸਾਸ ਬਿਨਾ ਜਿਉ ਦੇਹੁਰੀ." (ਕੇਦਾ ਛੰਤ ਮਃ ੫) ੨. ਸ੍ਵਰ. ਸੁਰ. "ਪੂਰੇ ਤਾਲ ਨਿਹਾਲੇ ਸਾਸ." (ਭੈਰ ਨਾਮਦੇਵ) ੩. ਸੰ. ਸ਼ਾਸਤ੍ਰ. "ਪੰਡਿਤ ਸੰਗਿ ਬਸਹਿ ਜਨ ਮੂਰਖ ਆਗਮ ਸਾਸ ਸੁਨੇ." (ਮਾਰੂ ਮਃ ੧) ੪. ਸੰ. ਸ੍ਵਸ਼੍ਰੂ. ਸੱਸ. ਵਹੁਟੀ ਦੀ ਮਾਂ। ੫. ਸ੍ਵਾਸ ਰੋਗ. ਦਮਕਸ਼ੀ. ਦਮਾ. "ਸਨਪਾਤ ਸਾਸ ਭਗਿੰਦ੍ਰ ਜੁਰ." (ਸਲੋਹ) ਸੰਨਿਪਾਤ ਸ੍ਵਾਸ ਰੋਗ ਭਗੰਦਰ ਅਤੇ ਜ੍ਵਰ (ਤਾਪ). ੬. ਸੰ. शास् ਸ਼ਾਸ. ਧਾ- ਤਅ਼ਰੀਫ਼ ਕਰਨਾ. ਵਡਿਆਉਣਾ. ਉਪਦੇਸ਼ ਕਰਨਾ. ਹਿਤ ਦੀ ਬਾਤ ਕਹਿਣੀ. ਹੁਕਮ ਦੇਣਾ. ਦੰਡ ਦੇਣਾ. ਤਾੜਨਾ। ੭. ਸੰਗਯਾ- ਆਗ੍ਯਾ. ਹੁਕਮ। ੮. ਫ਼ਾ. شاش ਸ਼ਾਸ਼. ਮੂਤ੍ਰ. ਪੇਸ਼ਾਬ. ਦੇਖੋ, ਸ਼ਾਸ਼ੀਦਨ.

ਸਾਂਸ: ਸ੍ਵਾਸ. ਸਾਹ। ੨. ਸੰ. ਸਾਂਸ਼. ਅੰਸ਼ (ਹਿੱਸੇ) ਸਾਥ. ਭਾਗ ਸਹਿਤ.

ਸਾਸਕ: ਸੰ. ਸ਼ਾਸਕ. ਵਿ- ਹੁਕਮ ਕਰਨ ਵਾਲਾ। ੨. ਸੰਗਯਾ- ਰਾਜਾ। ੩. ਗੁਰੂ. ਦੇਖੋ, ਸਾਸ ੬.

ਸਾਸ ਗਰਾਸ, ਸਾਸ ਗਿਰਾਸ, ਸਾਸ ਗ੍ਰਾਸ: ਜੀਵਨ ਅਤੇ ਰੋਜ਼ੀ. ਜ਼ਿੰਦਗੀ ਅਤੇ ਖਾਨ ਪਾਨ. "ਸਾਸ ਗ੍ਰਾਸ ਕੋ ਦਾਤੇ ਠਾਕੁਰ." (ਗਉ ਕਬੀਰ) ੨. ਸ੍ਵਾਸ ਦਾ ਅੰਦਰ ਬਾਹਰ ਆਉਣਾ ਜਾਣਾ.

ਸਾਸਟਾਂਗ: ਦੇਖੋ, ਅਸਟਾਂਗ ਪ੍ਰਣਾਮ.

ਸਾਸਣ: ਡਿੰਗ. ਸੰਗਯਾ- ਆਗ੍ਯਾ. ਹੁਕਮ. ਦੇਖੋ, ਸਾਸ ੬. ਅਤੇ ਸਾਸਨ.

ਸਾਸਣੀ: ਸੰਗਯਾ- ਸ਼ਾਸਨਾ (ਤਾੜਨਾ) ਕਰਨ ਵਾਲੀ, ਰਾਜਾ ਦੀ ਸੈਨਾ. (ਸਨਾਮਾ) ੨. ਵਿ- ਹੁਕੂਮਤ ਕਰਨ ਵਾਲੀ. ਦੇਖੋ, ਸਾਸ ੬.

ਸਾਸਤ, ਸਾਸਤਰ, ਸਾਸਤੁ, ਸਾਸਤ੍ਰ: ਸੰ. ਸ਼ਾਸ੍ਤ੍ਰ. ਸੰਗਯਾ- ਉਹ ਪੁਸ੍ਤਕ ਜੋ ਅਨੁਸ਼ਾਸਨ (ਹੁਕਮ) ਦੇਵੇ. ਆਗ੍ਯਾ ਕਰਨ ਵਾਲਾ ਗ੍ਰੰਥ. ਦੇਖੋ, ਸਾਸ ੬. "ਸਾਸਤ ਸਿੰਮ੍ਰਿਤਿ ਬੇਦ ਚਾਰਿ." (ਸ੍ਰੀ ਅਃ ਮਃ ੫) "ਸੋਈ ਸਾਸਤੁ ਸਉਣ ਸੋਇ." (ਸ੍ਰੀ ਮਃ ੫) "ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ." (ਭੈਰ ਮਃ ੧)

ਸਾਸਤ੍ਰਗ, ਸਾਸਤ੍ਰਗਿ, ਸਾਸਤ੍ਰਗਿਆ, ਸਾਸਤ੍ਰਗੰਤਾ, ਸਾਸਤ੍ਰਗ੍ਯ: ਸੰ. शास्त्रज्ञ ਵਿ- ਸ਼ਾਸਤ੍ਰ ਦਾ ਗ੍ਯਾਤਾ. ਸ਼ਾਸਤ੍ਰ ਦੇ ਜਾਣਨ ਵਾਲਾ. "ਮੁਨਿ ਜੋਗੀ ਸਾਸਤ੍ਰਗਿ ਕਹਾਵਤ." (ਗੂਜ ਮਃ ੫) "ਸਭੈ ਸਾਸਤ੍ਰਗੰਤਾ ਕੁਕਰਮੰ ਪ੍ਰਣਾਸੀ." (ਦੱਤਾਵ)

ਸਾਸਤ੍ਰਧਾਰੀ: ਵਿ- ਸਾਸਤ੍ਰ ਦੇ ਧਾਰਨ ਵਾਲਾ, ਪੰਡਿਤ। ੨. ਸ਼ਸਤ੍ਰਧਾਰੀ.

ਸਾਸਤ੍ਰਨਿਕ: ਸ਼ਾਸ੍ਤ੍ਰ- ਅਨਿਕ. ਅਨੇਕ ਸ਼ਾਸਤ੍ਰ. "ਪੜ੍ਹੀ ਕੋਕ ਵ੍ਯਾਕਰਣ ਸਾਸਤ੍ਰਨਿਕ." (ਚਰਿਤ੍ਰ ੨੫੦)

ਸਾਸਤ੍ਰੀ: शास्त्रिन. ਵਿ- ਸ਼ਾਸਤ੍ਰ ਵਾਲਾ. ਸ਼ਾਸਤ੍ਰ ਗ੍ਯਾਤਾ, ਪੰਡਿਤ। ੨. ਸੰਗ੍ਯਾ- ਸੰਸਕ੍ਰਿਤ ਦਾ ਆਲਾ ਇਮਤਿਹਾਨ.

ਸਾਸਨ: ਸੰ. ਸ਼ਾਸਨ. ਸੰਗ੍ਯਾ- ਹੁਕਮ ਦੇਣਾ. ਆਗ੍ਯਾ ਕਰਨੀ. ਦੇਖੋ, ਸਾਸ ੬। ੨. ਦੰਡ ਦੇਣਾ. ਸਜ਼ਾ ਦੇਣੀ। ੩. ਤਾੜਨਾ. ਸਜ਼ਾ. ਦੇਖੋ, ਸਾਸਨਾ. "ਅਨਿਕ ਸਾਸਨ ਤਾੜੰਤ ਜਮਦੂਤਹ." (ਸਹਸ ਮਃ ੫) "ਸਾਸਨ ਤੇ ਬਾਲਕ ਗਮ ਨ ਕਰੈ." (ਭੈਰ ਮਃ ੩) ਤਾੜਨਾ ਦੀ ਚਿੰਤਾ ਨਹੀਂ ਕਰਦਾ. "ਦੇਇ ਸਾਸਨ ਜਾਮ." (ਰਾਮ ਮਃ ੫. ਰੁਤੀ) ੪. ਸੰ. श्वसन ਸ਼੍ਵਸਨ. ਸਾਹ ਲੈਣਾ.

ਸਾਸਨਪਾਕ: ਇੰਦ੍ਰ. ਦੇਖੋ, ਪਾਕਸਾਸਨ. "ਸਾਸਨ ਪਾਕ ਸਰਾਸਨ ਜੋਊ." (ਨਾਪ੍ਰ) ਪਾਕਸ਼ਾਸਨ (ਇੰਦ੍ਰ) ਦਾ ਸ਼ਰਾਸਨ (ਧਨੁਖ).

ਸਾਸਨਾ: ਸੰ. ਸ਼ਾਸਨਾ. ਸੰਗ੍ਯਾ- ਆਗ੍ਯਾ. ਹੁਕਮ। ੨. ਤਾੜਨਾ. ਦੰਡ. ਸਜ਼ਾ. ਦੇਖੋ, ਸਾਸਨ। ੩. ਉਪਦੇਸ਼. . ਸਿਖ੍ਯਾ। ੪. ਸੰ. ਸਾਸ੍ਨਾ. ਗਾਂ ਬੈਲ ਦੇ ਗਲ ਹੇਠ ਲਟਕਦਾ ਹੋਇਆ ਚਮੜਾ. ਗਲ ਕੰਬਲ.

ਸਾਸਨਿ: ਸੰ. ਸ਼੍ਵਸਨ. ਸੰਗ੍ਯਾ- ਸਾਹ ਲੈਣਾ. ਪ੍ਰਾਣਾਂ ਦਾ ਆਉਣਾ ਜਾਣਾ। ੨. ਕ੍ਰਿ. ਵਿ- ਸਾਹ ਲੈਂਦਿਆਂ. ਭਾਵ- ਜੀਂਵਦਿਆਂ. "ਸਾਸਨਿ ਸਾਸਿ ਸਾਸਿ ਬਲੁ ਪਾਈਐ. ਨਿਹਸਾਸਨਿ ਨਾਮੁ ਧਿਆਵੈਗੋ." (ਕਾਨ ਅਃ ਮਃ ੪) ਜੀਵਨਦਸ਼ਾ ਵਿੱਚ ਨਾਮਜਾਪ ਦੇ ਅਭ੍ਯਾਸ ਦਾ ਬਲ ਪਾਓ, ਫੇਰ ਪ੍ਰਾਣਤ੍ਯਾਗ ਪੁਰ ਭੀ ਨਾਮ ਦਾ ਸਿਮਰਣ ਹੋਵੇਗਾ.

ਸਾਸ ਨਿਹਾਰਨ: ਸ੍ਵਾਸਾਂ ਦੀ ਗਿਣਤੀ ਰੱਖਣੀ. "ਜਮ ਨਿਹਾਰੈ ਸਾਸਾ." (ਆਸਾ ਕਬੀਰ) ੨. ਪ੍ਰਾਣਰਖ੍ਯਾ ਕਰਨੀ. "ਭਗਤਜਨਾ ਕੇ ਸਾਸ ਨਿਹਾਰੈ." (ਭੈਰ ਮਃ ੫)

ਸਾਸਨੋੱਤਰ: ਦੇਖੋ, ਚਿਤ੍ਰ ਅਲੰਕਾਰ ੫. ਦਾ ਨੰਃ (ਅ)

ਸਾਸਾ: ਸ੍ਵਾਸ (ਦਮ) ਦਾ ਬਹੁ ਵਚਨ. "ਜਿਚੁਰ ਘਟ ਅੰਤਰਿ ਹੈ ਸਾਸਾ." (ਸੋਰ ਮਃ ੩) ੨. ਸੰਗ੍ਯਾ- ਸੰਸ਼ਯ. ਸ਼ੱਕ. "ਉਪਜੈ ਪੂਤ ਧਾਮ ਬਿਨ ਸਾਸਾ." (ਚਰਿਤ੍ਰ ੨੭੯) ਬਿਨਾ ਸੰਸੇ ਪੁੱਤ ਜੰਮੇਗਾ.

ਸਾਂਸਾਰਿਕ: ਸੰ. ਵਿ- ਸੰਸਾਰੀ. ਦੁਨਿਯਵੀ.

ਸਾਸਿ: ਸ੍ਵਾਸ ਨਾਲ. ਦੇਖੋ, ਸਾਸਿ ਸਾਸਿ। ੨. ਸੰ. ਸ (ਸਾਥ) ਅਸਿ (ਤਲਵਾਰ). ਤਲਵਾਰ ਸਹਿਤ.

ਸਾਸਿ ਸਾਸਿ: ਸ੍ਵਾਸ ਸ੍ਵਾਸ ਨਾਲ. ਹਰਦਮ "ਸਾਸਿ ਸਾਸਿ ਪ੍ਰਭੁ ਧਿਆਈਐ." (ਸੋਰ ਮਃ ੫)

ਸਾਸਿ ਗਿਰਾਸਿ: ਜਿਉਂਦੇ ਅਤੇ ਪਦਾਰਥ ਭੋਗਦੇ ਹੋਏ. "ਸਾਸਿ ਗਿਰਾਸਿ ਸਦਾ ਮਨਿ ਵਸੈ." (ਵਾਰ ਬਿਲਾ ਮਃ ੩)

ਸਾਂਸੀ: ਇੱਕ ਨੀਚ ਜਾਤਿ. ਜੋ ਜਰਾਇਮਪੇਸ਼ਾ ਅਤੇ ਖ਼ਾਨਹ ਬਦੋਸ਼ ਹੈ. ਇਹ ਹਿੰਦੁਸਤਾਨ ਤੋਂ ਬਾਹਰ ਹੋਰ ਦੇਸ਼ਾਂ ਵਿੱਚ ਭੀ ਪਾਈ ਜਾਂਦੀ ਹੈ. ਕਿਤਨੇ ਵਿਦ੍ਵਾਨਾਂ ਦਾ ਖਿਆਲ ਹੈ ਕਿ ਸਿਕੰਦਰ ਆਜ਼ਮ ਦੀ ਫੌਜ ਦੇ ਕੁਝ ਯੂਨਾਨੀਆਂ ਵਿਚੋਂ, ਜੋ ਭਾਰਤ ਵਿੱਚ ਰਹਿ ਪਏ, ਇਹ ਜਾਤਿ ਨਿਕਲੀ ਹੈ. ਜੱਟਾਂ ਦੀ ਸਾਂਹਸੀ ਜਾਤਿ ਇਸ ਤੋਂ ਵੱਖ ਹੈ. ਦੇਖੋ ਸਾਂਹਸੀ.

ਸ਼ਾਸ਼ੀਦਨ: ਫ਼ਾ. شاشیدن ਮੂਤਣਾ. ਪੇਸ਼ਾਬ ਕਰਨਾ.

ਸਾਸੁ: ਦੇਖੋ, ਸਾਸ। ੨. ਸੰ. सासु ਵਿ- ਸ (ਸਾਥ) ਅਸੁ (ਪ੍ਰਾਣ) ਦੇ. ਪ੍ਰਾਣਧਾਰੀ। ੩. ਸੰਗ੍ਯਾ- ਸ਼੍ਵਸ਼੍ਰੂ. ਸੱਸ. "ਸਾਸੁ ਬੁਰੀ ਘਰਿ ਵਾਸ ਨ ਦੇਵੈ." (ਆਸਾ ਮਃ ੧) ਇਸ ਥਾਂ ਭਾਵ ਅਵਿਦ੍ਯਾ ਤੋਂ ਹੈ। ੪. ਦਮ. ਸ੍ਵਾਸ. "ਜਬ ਲਗ ਸਾਸੁ." (ਕਲਿ ਅਃ ਮਃ ੪)

ਸਾਸੁ ਕੀ ਦੁਖੀ: ਆਸਾ ਰਾਗ ਵਿੱਚ ਕਬੀਰ ਜੀ ਦਾ ਸ਼ਬਦ ਹੈ-

੧. ਸਾਸੁ ਕੀ ਦੁਖੀ ਸਸੁਰ ਕੀ ਪਿਆਰੀ

ਜੇਠ ਕੇ ਨਾਮਿ ਡਰਉ ਰੇ,

੨. ਸਖੀ ਸਹੇਲੀ ਨਨਦ ਗਹੇਲੀ

ਦੇਵਰ ਕੈ ਬਿਰਹਿ ਜਰਉ ਰੇ. xxx

੩. ਸੇਜੈ ਰਮਤੁ ਨੈਨ ਨਹੀ ਪੇਖਉ

ਇਹ ਦੁਖ ਕਾ ਸਿਉ ਕਹਉ ਰੇ,

੪. ਬਾਪੁ ਸਾਵਕਾ ਕਰੈ ਲਰਾਈ

ਮਾਇਆ ਸਦ ਮਤਵਾਰੀ,

੫. ਬਡੇ ਭਾਈ ਕੈ ਜਬ ਸੰਗਿ ਹੋਤੀ

ਤਬ ਹਉ ਨਾਹ ਪਿਆਰੀ,

੬. ਕਹਤ ਕਬੀਰ ਪੰਚ ਕੋ ਝਗਰਾ xxx (੨੫)

ਇਸ ਦਾ ਭਾਵ ਹੈ[203]-

੧. ਸੱਸ (ਮਾਇਆ) ਨੇ ਦੁਖੀ ਕਰ ਰੱਖਿਆ ਹੈ, ਸਸੁਰ (ਕਰਤਾਰ) ਦੀ ਪਿਆਰੀ ਹਾਂ, ਜੇਠ (ਧਰਮ- ਰਾਜ) ਤੋਂ ਡਰ ਆਉਂਦਾ ਹੈ.

੨. ਨਣਦ (ਮੰਦਮਤਿ) ਨੇ ਮੈਨੂੰ ਗ੍ਰਸ ਲੀਤਾ ਹੈ, ਦੇਵਰ (ਵਿਵੇਕ) ਦੇ ਵਿਯੋਗ ਵਿੱਚ ਜਲ ਰਹੀ ਹਾਂ.

੩. ਸਰਵਵਯਾਪੀ ਸ੍ਵਾਮੀ ਨੂੰ ਮੈ ਅੰਤਹਕਰਣ ਸੇਜਾ ਤੇ ਰਮਣ ਕਰਦੇ ਨਹੀਂ ਦੇਖਦੀ.

੪. ਬਾਪ (ਸ਼ਰੀਰ) ਸਾਵਕ (ਬੱਚਿਆਂ ਅਰਥਾਤ ਸੁਖ ਦੁਖ) ਨਾਲ ਲੜਾਈ ਕਰਦਾ ਰਹਿੰਦਾ ਹੈ, ਮਾਤਾ (ਖੁਦਗਰਜ਼ੀ) ਸਦਾ ਮਤਵਾਲੀ ਹੈ.

੫. ਬਡੇ ਭਾਈ (ਗਿਆਨ) ਨਾਲ ਜਦ ਮੈ ਸੀ, ਤਦ ਭਰਤਾ (ਕਰਤਾਰ) ਨੂੰ ਪਿਆਰੀ ਸੀ.

੬. ਪੰਜ ਵਿਸ਼ੇ ਵਿਕਾਰਾਂ ਦਾ ਝਗੜਾ.

ਸਾਸੁ ਮਾਸੁ: ਪ੍ਰਾਣ ਅਤੇ ਦੇਹ. ਜਾਨ ਅਤੇ ਜਿਸਮ. "ਸਾਸੁ ਮਾਸੁ ਸਭ ਜੀਅ ਤੁਮਾਰਾ." (ਧਨਾ ਮਃ ੧)

ਸਾਸ਼੍ਟਾਂਗ ਪ੍ਰਣਾਮ: ਅੱਠ ਅੰਗਾਂ ਸਹਿਤ ਨਮਸਕਾਰ. ਦੇਖੋ, ਅਸਟਾਂਗ ਪ੍ਰਣਾਮ.

ਸਾਸ਼੍ਵਤ: ਸੰ. ਕ੍ਰਿ. ਵਿ- ਨਿਰੰਤਰ. ਲਗਾਤਾਰ. ਇੱਕ ਰਸ। ੨. ਨਿੱਤ। ੩. ਸੰਗਯਾ- ਆਕਾਸ਼। ੪. ਸ੍ਵਰਗ। ੫. ਸ਼ਿਵ.

ਸਾਹ: ਸੰਗਯਾ- ਸ੍ਵਾਸ. ਦਮ. "ਲੇਖੈ ਸਾਹ ਲਵਾਈਅਹਿ." (ਸ੍ਰੀ ਮਃ ੧) ੨. ਫ਼ਾ. شاہ ਸ਼ਾਹ. ਬਾਦਸ਼ਾਹ. "ਸਭਿ ਤੁਝਹਿ ਧਿਆਵਹਿ ਮੇਰੇ ਸਾਹ." (ਧਨਾ ਮਃ ੪) ੩. ਸ਼ਾਹੂਕਾਰ. "ਸਾਹ ਚਲੇ ਵਣਜਾਰਿਆ." (ਵਾਰ ਸਾਰ ਮਃ ੨) ੪. ਸ਼੍ਰੀ ਗੁਰੂ ਅਰਜਨ ਸਾਹਿਬ ਜੀ ਦੀ ਬਖਸ਼ੀ ਹੋਈ ਇੱਕ ਸਿੱਖ ਖਾਨਦਾਨ ਨੂੰ ਪਦਵੀ. ਦੇਖੋ, ਸੋਮਾ ੨। ੫. ਸ੍ਵਾਮੀ. ਪਤਿ। ੬. ਸੰ. ਸਾਹ. ਵਿ- ਪ੍ਰਬਲ. ਜੋਰਾਵਰ.

ਸਾਹ ਆਲਮ: ਫ਼ਾ. شاہ عالم ਸ਼ਾਹ ਆ਼ਲਮ. ਵਿ- ਸੰਸਾਰ ਦਾ ਸ੍ਵਾਮੀ. ਜਹਾਨ ਦਾ ਬਾਦਸ਼ਾਹ. "ਖਯੈ ਖ਼ੁੰਦਕਾਰ ਸਾਹ ਆਲਮ." (ਆਸਾ ਪਟੀ ਮਃ ੧) ੨. ਔਰੰਗਜ਼ੇਬ ਦਾ ਪੁਤ੍ਰ ਮੁਅ਼ੱਜ਼ਮ (ਬਹਾਦੁਰ ਸ਼ਾਹ). ਦੇਖੋ, ਬਹਾਦੁਰ ਸ਼ਾਹ। ੩. ਦਿੱਲੀ ਦਾ ਨਾਉਂਮਾਤ੍ਰ

---

[203] ਇਸ ਅਦ੍ਰਿਸ਼੍ਟਕੂਟ ਦਾ ਅਰਥ ਤਸੱਲੀ ਵਾਲਾ ਨਹੀਂ, ਪਰ ਬਹੁਤ ਸੰਪ੍ਰਦਾਈ ਗ੍ਯਾਨੀਆਂ ਨੇ ਜੋ ਸਮਝ ਰੱਖਿਆ ਹੈ ਉਹ ਇੱਥੇ ਲਿੱਖ ਦਿੱਤਾ ਹੈ.

(ਮੁਗਲ) ਬਾਦਸ਼ਾਹ, ਜਿਸਦਾ ਅਸਲ ਨਾਉਂ ਅਲੀ ਗੌਹਰ ਸੀ. ਇਹ ਅਕਤੂਬਰ ਸਨ ੧੭੬੦ ਵਿੱਚ ਤਖਤ ਤੇ ਬੈਠਾ. ਇਸੇ ਨੇ ਸਨ ੧੭੬੫ ਵਿੱਚ ਅੰਗ੍ਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਨੂੰ ਬੰਗਾਲ ਬਿਹਾਰ ਅਤੇ ਉੜੀਸਾ ਦੀ ਦੀਵਾਨੀ ਦੇ ਅਧਿਕਾਰ ਦਿੱਤੇ ਸਨ. ਇਸ ਪਿੱਛੋਂ ਇਹ ਸਰਕਾਰ ਅੰਗ੍ਰੇਜੀ ਦਾ ਵਜ਼ੀਫ਼ੇਖ਼੍ਵਾਰ ਹੋਗਿਆ. ਫੇਰ ਮਰਹਟਿਆਂ ਨੇ ਕਾਬੂ ਕਰਲਿਆ. ਅਗਸਤ ਸਨ ੧੭੮੮ ਵਿੱਚ ਗੁਲਾਮ ਕਾਦਿਰ ਰੁਹੇਲੇ ਦੇ ਹੱਥ ਚੜ੍ਹ ਗਿਆ. ਉਸ ਨੇ ਅਜਿਹੀ ਬਦਸਲੂਕੀ ਕੀਤੀ ਕਿ ਇਸ ਦੀਆਂ ਅੱਖਾਂ ਕੱਢ ਦਿੱਤੀਆਂ ਅਰ ਨਾਉਂਮਾਤ੍ਰ ਦਿੱਲੀ ਦਾ ਬਾਦਸ਼ਾਹ ਰਿਹਾ. ੧੯. ਨਵੰਬਰ ਸਨ ੧੮੦੬ ਨੂੰ ਇਸ ਦਾ ਦੇਹਾਂਤ ਹੋਇਆ.

ਸਾਹਸ: ਸੰ. ਸੰਗਯਾ- ਬਲ ਨਾਲ ਕੀਤਾ ਹੋਇਆ ਕਰਮ। ੨. ਹੌਸਲਾ ਲਾਲ ਹਿੰਮਤ. "ਕਰ ਸਾਹਸ ਬੇਗ ਹੀ ਧਾਯੋ." (ਗੁਪ੍ਰਸੂ) ੩. ਚੋਰੀ। ੪. ਵਿਚਾਰ ਬਿਨਾ ਕੀਤਾ ਕਰਮ। ੫. ਅਗਨਿ. ਅੱਗ.

ਸ਼ਾਹ ਸ਼ਰਫ਼: شاہ شرف ਇੱਕ ਫਕੀਰ ਜੋ ਸਤਿਗੁਰੂ ਨਾਨਕ ਦੇਵ ਜੀ ਨਾਲ ਗੋਸਟਿ ਕਰਕੇ ਕ੍ਰਿਤਾਰਥ ਹੋਇਆ। ੨. ਬਿਹਾਰ ਨਿਵਾਸੀ ਇੱਕ ਸਾਧੂ, ਜੋ ਵਡਾ ਕਰਨੀ ਵਾਲਾ ਹੋਇਆ ਹੈ. ਇਸ ਦਾ ਦੇਹਾਂਤ ਸਨ ੧੩੭੯ ਵਿੱਚ ਹੋਇਆ. ਇਸ ਦੀ ਦਰਗਾਹ ਪੁਰ ਹਰ ਸਾਲ ਭਾਰੀ ਮੇਲਾ ਲਗਦਾ ਹੈ.

ਸਾਹਸਾਹਾਣ: ਫ਼ਾ. شہنشاہ ਸ਼ਹਨਸ਼ਾਹ. ਬਾਦਸ਼ਾਹਾਂ ਦਾ ਭੀ ਸ੍ਵਾਮੀ. "ਸਾਹਸਾਹਾਣ ਗਣਿਜੈ." (ਜਾਪੁ) ਮਿਸ਼ਕਾਤ ਵਿੱਚ ਲੇਖ ਹੈ ਕਿ ਮੁਹੰਮਦ ਸਾਹਿਬ ਨੇ ਹਦਾਯਤ ਕੀਤੀ ਹੈ ਕਿ ਕਿਸੇ ਆਦਮੀ ਨੂੰ ਸ਼ਹਨਸ਼ਾਹ ਨਾ ਆਖੋ, ਕਿਉਂਕਿ ਇਹ ਪਦਵੀ ਕੇਵਲ ਖ਼ੁਦਾ ਲਈ ਹੈ.

ਸਾਹਸੀ: ਵਿ- ਬਲ ਨਾਲ ਕੰਮ ਕਰਨ ਵਾਲਾ। ੨. ਹਠੀਆ। ੩. ਉਤਸ਼ਾਹ ਵਾਲਾ. ਹਿੰਮਤੀ. "ਤਹਾਂ ਸਾਹਸੀ ਸਾਹਸੰਗ੍ਰਾਮ ਕੋਪੇ." (ਵਿਚਿਤ੍ਰ) ੪. ਦੇਖੋ, ਸਾਹਸ.

ਸਾਂਹਸੀ: ਇੱਕ ਜੱਟ ਗੋਤ੍ਰ. ਵਿਦ੍ਵਾਨਾਂ ਨੇ ਇਸ ਦਾ ਮੂਲ ਸੰਸਕ੍ਰਿਤ "ਸਾਹਸੀ" ਸ਼ਬਦ ਸਮਝਿਆ ਹੈ, ਜਿਸ ਦਾ ਅਰਥ ਹੈ- ਹਿੰਮਤੀ, ਹਠੀਆ ਅਤੇ ਬਲਵਾਨ. ਪੰਜਾਬ ਕੇਸ਼ਰੀ ਮਹਾਰਾਜਾ ਰਣਜੀਤ ਸਿੰਘ ਇਸੇ ਗੋਤ ਦਾ ਸੀ। ੨. ਸਾਂਸੀ ਜਾਤਿ ਇਸ ਤੋਂ ਵੱਖ ਹੈ. ਦੇਖੋ, ਸਾਂਸੀ.

ਸ਼ਾਹਸੰਗ੍ਰਾਮ: ਵਿ- ਯੁੱਧ ਦਾ ਬਾਦਸ਼ਾਹ। ੨. ਸੰਗਯਾ- ਬੀਬੀ ਵੀਰੋ ਜੀ ਦੇ ਸੁਪੁਤ੍ਰ ਸੰਗੋਸ਼ਾਹ ਜੀ, ਜਿਨ੍ਹਾਂ ਨੂੰ ਦਸ਼ਮੇਸ਼ ਜੀ ਨੇ ਪ੍ਰਸੰਨ ਹੋਕੇ ਇਹ ਖਿਤਾਬ ਬਖਸ਼ਿਆ. ਇਹ ਭੰਗਾਣੀ ਦੇ ਜੰਗ ਵਿੱਚ ਸ਼ਹੀਦ ਹੋਏ. "ਲਖੇ ਸਾਹਸੰਗ੍ਰਾਮ ਜੁੱਝੇ ਜੁਝਾਰੰ। ਤਵੰ ਕੀਟ ਬਾਣੰ ਕਮਾਣੰ ਸੰਭਾਰੰ।।" (ਵਿਚਿਤ੍ਰ) ਦੇਖੋ, ਸੰਗੋਸ਼ਾਹ ਅਤੇ ਬੀਰੋ ਬੀਬੀ.

ਸਾਹਸ੍ਰ: ਦੇਖੋ, ਸਹਸ੍ਰ.

ਸਾਹ ਹੁਸੈਨ: شاہ حسین ਸ਼ਾਹ ਹੁਸੈਨ. ਇਹ ਲਹੌਰ ਨਿਵਾਸੀ ਸ਼ੈਖ਼ ਉਸਮਾਨ ਦਾ ਪੁਤ੍ਰ ਸੀ, ਜਿਸ ਦਾ ਜਨਮ ਸਨ ੯੪੫ ਹਿਜਰੀ ਵਿੱਚ ਹੋਇਆ. ਇਹ ਪਰਮੇਸੁਰ ਦਾ ਪਿਆਰਾ ਸੱਜਨ ਸੀ. ਸ਼੍ਰੀ ਗੁਰੂ ਗ੍ਰੰਥਸਾਹਿਬ ਦੀ ਬੀੜ ਜਦ ਤਿਆਰ ਹੋ ਰਹੀ ਸੀ ਤਦ ਇਹ ਭੀ ਕਾਨ੍ਹੇ ਆਦਿ ਸੰਤਾਂ ਨਾਲ ਮਿਲਕੇ ਅਮ੍ਰਿਤਸਰ ਪਹੁਚਿਆ ਅਰ ਪੰਜਵੇਂ ਸਤਿਗੁਰੂ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਮੇਰੀ ਬਾਣੀ ਭੀ ਅਪਨੇ ਧਰਮਗ੍ਰੰਥ ਅੰਦਰ ਦਰਜ ਕਰੋ. ਮਹਾਰਾਜ ਨੇ ਫਰਮਾਇਆ ਕਿ ਕੋਈ ਰਚਨਾ ਸੁਣਾਓ. ਸ਼ਾਹਹੁਸੈਨ ਨੇ ਸ਼ਬਦ ਕਹਿਆ- "ਚੁੱਪ ਵੇ ਅੜਿਆ ਚੁੱਪ ਵੇ ਅੜਿਆ xxx" ਸਤਿਗੁਰੂ ਜੀ ਨੇ ਫਰਮਾਇਆ ਕਿ ਆਪ ਮੌਨ ਹੀ ਰਹੋ. ਸ਼ਾਹ ਹੁਸੈਨ ਦਾ ਦੇਹਾਂਤ ਸਨ ੧੦੦੮ ਹਿਜਰੀ ਵਿੱਚ ਹੋਇਆ ਹੈ. ਦੇਖੋ, ਕਾਨ੍ਹਾ.

ਸ਼ਾਹ ਕੀ ਢੇਰੀ: ਦੇਖੋ, ਤਕ੍ਸ਼ਸਿਲਾ.

ਸ਼ਾਹਚੀਂ ਖਾਨ: ਇਸ ਦਾ ਅਸਲ ਨਾਉਂ ਅਹਮਦ ਖ਼ਾਨ ਸੀ. ਇਹ ਅਹਮਦਸ਼ਾਹ ਦੇ ਪੋਤੇ ਜ਼ਮਾਨਸ਼ਾਹ ਅਮੀਰ ਕਾਬੁਲ ਦਾ ਸੈਨਾਪਤੀ ਸੀ. ਸਨ ੧੭. ੯੮ ਵਿੱਚ ਅਮੀਰ ਨੇ ਇਸ ਨੂੰ ਬਾਰਾਂ ਹਜਾਰ ਘੁੜਚੜ੍ਹੀ ਫ਼ੌਜ ਦੇ ਕੇ ਪੰਜਾਬ ਦੇ ਪ੍ਰਬੰਧ ਲਈ ਭੇਜਿਆ, ਜਿਸ ਸਮੇਂ ਇਸ ਨੇ ਸਿੰਘਾਂ ਅਤੇ ਹਿੰਦੂਆਂ ਨੂੰ ਭਾਰੀ ਦੁੱਖ ਦਿੱਤੇ. ਅੰਤ ਨੂੰ ਸਨ ੧੮੦੦ ਵਿੱਚ ਸਰਦਾਰ ਸਾਹਿਬ ਸਿੰਘ ਗੁਜਰਾਤੀਏ ਦੇ ਹੱਥੋਂ ਇਸ ਦੀ ਸਮਾਪਤੀ ਹੋਈ. ਇਸ ਦਾ ਮਕਬਰਾ ਗੁਜਰਾਤ ਤੋਂ ਪੂਰਵ ਚਾਰ ਮੀਲ ਦੀ ਵਿੱਥ ਤੇ ਹੈ.

ਸ਼ਾਹਜਹਾਂ: شاہجہاں ਰਾਜਾ ਉਦਯ ਸਿੰਘ ਜੋਧਪੁਰੀ ਦੀ ਕੰਨਜਾ ਬਾਲਮਤੀ (ਜੋਧਬਾਈ) ਦੇ ਉਦਰ ਤੋਂ ਜਹਾਂਗੀਰ ਦਾ ਤੀਜਾ ਪੁਤ੍ਰ, ਜਿਸ ਦਾ ਜਨਮ ੫. ਜਨਵਰੀ ਸਨ ੧੫੯੩ ਨੂੰ ਲਾਹੌਰ ਹੋਇਆ. ਇਸ ਦਾ ਪਹਿਲਾ ਨਾਉਂ ਮਿਰਜ਼ਾ ਖ਼ੁੱਰਮ ਸੀ. ਇਹ ਬਾਪ ਦੇ ਮਰਣ ਪਿੱਛੋਂ ਸਨ ੧੬੨੮ ਵਿੱਚ ਤਖਤ ਤੇ ਬੈਠਾ.[204] ਇਸ ਦੇ ਅਹਿਦ ਵਿੱਚ ਰਾਜ ਦੀ ਵੱਡੀ ਤਰੱਕੀ ਹੋਈ. ਮੁਆਮਲਾ ੨੩ ਕਰੋੜ ਰੁਪਯਾ ਵਸੂਲ ਹੁੰਦਾ ਸੀ.

ਸ਼ਾਹਜਹਾਂ ਨੂੰ ਇਮਾਰਤਾਂ ਦਾ ਵਡਾ ਸ਼ੌਕ ਸੀ. ਆਗਰੇ ਵਿੱਚ ਮੋਤੀ ਮਸਜਿਦ ਅਤੇ ਆਪਣੀ ਪਿਆਰੀ ਬੇਗਮ ਅਰਜਮੰਦ ਬਾਨੂ ਦਾ ਮਕਬਰਾ (ਜਿਸ ਦੇ ਨਾਮ ਮੁਮਤਾਜ਼ ਮਹਲ ਅਤੇ ਕੁਦਸੀਆ ਬੇਗਮ ਭੀ ਹਨ, ਜੋ ਨੂਰਜਹਾਂ ਦੇ ਭਾਈ ਆਸਿਫ ਖਾਂ ਦੀ ਪੁਤ੍ਰੀ ਸੀ. ਜਿਸ ਦਾ ਜਨਮ ਸਨ ੧੫੯੨ ਅਤੇ ਦੇਹਾਂਤ ੭. ਜੁਲਾਈ ਸਨ ੧੬੩੧ ਨੂੰ ਹੋਇਆ) ਚਾਰ ਕਰੋੜ ਪੰਜਾਹ ਲੱਖ ਰੁਪਯਾ ਖਰਚਕੇ ਬਣਵਾਇਆ, ਜੋ "ਤਾਜ" ਨਾਉਂ ਤੋਂ ਪ੍ਰਸਿੱਧ ਹੈ. ਕਈ ਲੇਖਕਾਂ ਨੇ ਤਾਜ ਮਹਿਲ ਦੀ ਲਾਗਤ ਇੱਕ ਕਰੋੜ ਸਾਢੇ ਬਾਰਾਂ ਲੱਖ ਲਿਖੀ ਹੈ.

ਜੋ ਇਸ ਵੇਲੇ ਲਾਲ ਕਿਲੇ ਦੇ ਸਾਮ੍ਹਣੇ ਜਮਨਾ ਕਿਨਾਰੇ ਵਸੀ ਹੋਈ ਦਿੱਲੀ ਦੇਖੀ ਜਾਂਦੀ ਹੈ, ਇਹ ਇਸੇ ਬਾਦਸ਼ਾਹ ਨੇ ਸਨ ੧੬੩੧ ਵਿੱਚ ਆਬਾਦ ਕੀਤੀ ਹੈ, ਇਸ ਦਾ ਨਾਉਂ ਉਸ ਨੇ "ਸ਼ਾਹਜਹਾਨਾਬਾਦ" ਰੱਖਿਆ, ਦਿੱਲੀ ਦਾ ਲਾਲ ਕਿਲਾ, ਦੀਵਾਨ ਖਾਸ, ਦੀਵਾਨ ਆਮ, ਅਰ ਜਾਮਾ ਮਸਜਿਦ ਆਦਿਕ ਸੁੰਦਰ ਇਮਾਰਤਾਂ ਸ਼ਾਹਜਹਾਨ ਦੀ ਕੀਰਤੀ ਪ੍ਰਗਟ ਕਰਦੀਆਂ ਹਨ. ਤਖਤ ਤਾਊਸ, ਜਿਸ ਤੇ ਸੱਤ ਕਰੋੜ ਦਸ ਲੱਖ ਰੁਪਯਾ ਖਰਚ ਹੋਇਆ ਸੀ, ਇਸੇ ਬਾਦਸ਼ਾਹ ਨੇ ਬਣਵਾਇਆ ਸੀ. ਜਗਤਪ੍ਰਸਿੱਧ ਕੋਹਨੂਰ ਹੀਰਾ, ਜਿਸ ਦਾ ਵਜਨ ੩੧੯ ਰੱਤੀ ਅਤੇ ਉਸ ਸਮੇਂ ੭੮੧੫੨੨੫) ਰੁਪਯੇ ਕੀਮਤ ਦਾ ਜਾਚਿਆ ਗਿਆ ਸੀ, ਮੀਰ ਜੁਮਲਾ ਨੇ ਇਸੇ ਚਕ੍ਰਵਰਤੀ ਮਹਾਰਾਜਾ ਨੂੰ ਨਜਰ ਕੀਤਾ ਸੀ.

ਕਈ ਖੋਟੇ ਮੰਤ੍ਰੀਆਂ ਦੀ ਨਾਲਾਇਕੀ ਕਰਕੇ ਇਸ ਨੇ ਈਸਾਈਆਂ, ਹਿੰਦੂਆਂ ਦੇ ਧਰਮ ਦੇ ਵਿਰੁੱਧ ਹੱਥ ਚੁੱਕਿਆ, ਇਸੇ ਤਰਾਂ ਇਸਦਾ ਵਿਰੋਧ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋ ਗਿਆ, ਜਿਸ ਕਾਰਣ ਗੁਰੂ ਸਾਹਿਬ ਨੂੰ ਸੁਰਖਯਾ ਲਈ ਸ਼ਸਤ੍ਰ, ਚੁੱਕਣੇ ਪਏ.

ਸ਼ਾਹਜਹਾਂ ਦੇ ਚਾਰ ਪੁਤ੍ਰ ਸਨ- ਦਾਰਾਸ਼ਿਕੋਹ, ਸ਼ੁਜਾ, ਔਰੰਗਜ਼ੇਬ ਅਤੇ ਮੁਰਾਦ. ਇੱਕ ਵਾਰ ਜਦ ਸ਼ਾਹਜਹਾਂ ਬੀਮਾਰ ਹੋ ਗਿਆ ਤਦ ਉਸ ਨੂੰ ਔਰੰਗਜ਼ੇਬ ਨੇ, (ਆਪਣੇ ਭਾਈਆਂ ਨੂੰ ਪਹਿਲਾਂ ਕਾਬੂ ਕਰਕੇ), ਆਗਰੇ ਦੇ ਕਿਲੇ ਸਨ ੧੬੫੮ ਵਿੱਚ ਕੈਦ ਕਰ ਲਿਆ. ਸੱਤ ਵਰ੍ਹੇ ਬੇਟੇ ਦੀ ਬੰਦੀ ਵਿੱਚ ਰਹਿਕੇ (੨੩ ਜਨਵਰੀ ਸਨ ੧੬੬੬) ਸੰਮਤ ੧੭੨੩ ਵਿੱਚ ਹੁਕੂਮਤ ਨੂੰ ਤਰਸਦਾ ਹੋਇਆ ਸ਼ਾਹਜਹਾਂ ਦੁਨੀਆਂ ਤੋਂ ਕੂਚ ਕਰ ਗਿਆ, ਅਤੇ ਆਪਣੀ ਪਿਆਰੀ ਬੇਗਮ ਦੇ ਪਾਸ ਆਗਰੇ ਤਾਜ ਅੰਦਰ ਦਫਨ ਕੀਤਾ ਗਿਆ.

ਸ਼ਾਹਜਹਾਨਾਬਾਦ: ਦਿੱਲੀ ਦਾ ਨਾਉਂ. ਦੇਖੋ, ਸ਼ਾਹਜਹਾਂ. "ਸ਼ਾਹਜਹਾਨਬਾਦ ਕੋ ਕੀਨੋ ਕੂਚ ਅਪਾਰ." (ਗੁਰੁਸੋਭਾ)

ਸ਼ਾਹਜਹਾਂਪੁਰ: ਯੂ. ਪੀ. ਦੇ ਇਲਾਕੇ ਇੱਕ ਸ਼ਹਰ, ਜੋ ਦੇਓਹਾ (ਗੱਰਾ) ਨਦੀ ਦੇ ਖੱਬੇ ਕਿਨਾਰੇ ਸ਼ਾਹਜਹਾਂ ਦੇ ਫੌਜੀ ਅਫਸਰ ਦਿਲੇਰ ਖਾਂ ਨੇ ਸਨ ੧੬੪੭ ਵਿੱਚ ਵਸਾਇਆ. ਇਹ ਕਲਕੱਤੇ ਤੋਂ ੭੬੮ ਅਤੇ ਬੰਬਈ ਤੋਂ ੯੮੭ ਮੀਲ ਹੈ. "ਸਾਹਜਹਾਂਪੁਰ ਮੇ ਹੁਤੀ ਇਕ ਪਟੂਆ ਕੀ ਨਾਰਿ." (ਚਰਿਤ੍ਰ ੪੧)

ਸਾਹਜਮਾਨ: ਦੇਖੋ, ਜਮਾਨਸ਼ਾਹ.

ਸ਼ਾਹਜਾਦ ਪੁਰ: ਦੇਖੋ, ਸ਼ਹੀਦਾਂ ਦੀ ਮਿਸਲ.

ਸ਼ਾਹਜਾਦਾ: ਫ਼ਾ. شاہزادہ ਸ਼ਾਹਜ਼ਾਦਾ. ਵਿ- ਬਾਦਸ਼ਾਹ ਦਾ ਪੁਤ੍ਰ. ਰਾਜਕੁਮਾਰ। ੨. ਸੰਗ੍ਯਾ- ਭਾਈ ਮਰਦਾਨੇ ਦਾ ਪੁਤ੍ਰ, ਜੋ ਸ਼੍ਰੀ

[204] ਇਸ ਦਾ ਪੂਰਾ ਨਾਉਂ ਹੈ-ਅਬੁਅਲ ਮੁਜੱਫ਼ਰ ਸ਼ਹਾਬੁੱਦੀਨ ਸ਼ਾਹਜਾਹਨ. ਇਸ ਦਾ ਬਾਦਸ਼ਾਹ ਹੋਣਾ ਜਹਾਂਗੀਰ ਦੇ ਮਰਨ ਤੋਂ ਹੀ ਮੰਨਿਆ ਗਿਆ ਹੈ. ਇਸ ਲਈ ਇਤਿਹਾਸਾਂ ਵਿੱਚ ਸ਼ਾਹਜਹਾਂ ਦਾ ਬਾਦਸ਼ਾਹਤ ੧੬੨੭ ਤੋਂ ਆਰੰਭ ਹੁੰਦੀ ਹੈ, ਪਰ ਇਹ ਬਾਕਾਇਦਾ ਤਖ਼ਤ ਪੁਰ ੪. ਫਰਵਰੀ ਸਨ ੧੬੨੮ ਨੂੰ ਬੈਠਾ ਹੈ.

ਗੁਰੂ ਨਾਨਕ ਦੇਵ ਜੀ ਦੇ ਦਰਬਾਰ ਕੀਰਤਨ ਕਰਦਾ ਰਿਹਾ.

ਸਾਹਣੀ: ਖੁਖਰੈਣ ਖਤ੍ਰੀਆਂ ਦੀ ਇੱਕ ਜਾਤਿ। ੨. ਸ਼ਾਹੂਕਾਰ ਦੀ ਇਸਤ੍ਰੀ। ੩. ਸ਼ਾਹ ਦੀ ਬੇਗਮ.

ਸ਼ਾਹਦ: ਅ਼. شاہد ਸ਼ਾਹਿਦ. ਸੰਗਯਾ- ਸ਼ਾਹਦਤ ਦੇਣ ਵਾਲਾ, ਗਵਾਹ, ਸਾਖੀ (ਸਾਕ੍ਸ਼ੀ).

ਸ਼ਾਹਦਰਾ: ਲਹੌਰ ਪਾਸ ਰਾਵੀ ਪਾਰ ਜਹਾਂਗੀਰ ਬਾਦਸ਼ਾਹ ਦਾ ਮਕਬਰਾ, ਜਿਸਦੇ ਪਾਸ ਦੀ ਬਸਤੀ ਦਾ ਨਾਉਂ ਭੀ ਇਹੀ ਹੋ ਗਿਆ. ਦੇਖੋ, ਜਹਾਂਗੀਰ। ੨. ਦਿੱਲੀ ਤੋਂ ਪੰਜ ਮੀਲ ਦੀ ਵਿੱਥ ਤੇ ਜਮੁਨਾ ਪਾਰ ਬਾਦਸ਼ਾਹ ਸ਼ਾਹਜਹਾਂ ਦਾ ਵਸਾਇਆ ਇੱਕ ਪਿੰਡ, ਜੋ ਉਸ ਵੇਲੇ ਮੰਡੀ ਦਾ ਕੰਮ ਦਿੰਦਾ ਸੀ.

ਸ਼ਾਹਦੀ: ਫ਼ਾ. شاہدی ਸ਼ਾਹਿਦੀ. ਸੰਗਯਾ- ਗਵਾਹੀ. ਸ਼ਹਾਦਤ. ਸਾਕ੍ਸ਼੍ਯ.

ਸ਼ਾਹਦੌਲਾ: ਦੇਖੋ, ਦੌਲਾ ਸ਼ਾਹ.

ਸਾਹਨ: ਦੇਖੋ, ਸਾਂਡ ਅਤੇ ਸਾਨ੍ਹ.

ਸਾਹਨਸਾਹ: ਦੇਖੋ, ਸਾਹ ਸਾਹਾਣ.

ਸਾਹਨਚੀ ਖਾਂ: ਦੇਖੋ, ਸਾਹਚੀਂ ਖਾਂ.

ਸ਼ਾਹ ਨਵਾਜ਼ ਖਾਂ: شاہنوازخاں ਖ਼ਾਨਬਹਾਦੁਰ ਜ਼ਕਰੀਆ ਖ਼ਾਨ ਦਾ ਪੁਤ੍ਰ, ਜਿਸ ਦਾ ਅਸਲ ਨਾਉਂ ਹਯਾਤੁੱਲਾ ਖ਼ਾਂ ਸੀ. ਇਹ ਲਹੌਰ ਅਤੇ ਮੁਲਤਾਨ ਦਾ ਹਾਕਿਮ ਰਿਹਾ ਹੈ. ਦੀਵਾਨ ਕੌੜਾਮੱਲ ਦੀ ਪ੍ਰੇਰਣਾ ਕਰਕੇ ਸੰਮਤ ੧੮੦੯ ਵਿੱਚ ਭਾਈ ਭੀਮ ਸਿੰਘ ਨੇ ਯੁੱਧ ਵਿੱਚ ਇਸ ਦਾ ਸਿਰ ਕੱਟ ਅਤੇ ਨੇਜੇ ਵਿੱਚ ਪਰੋਕੇ ਖਾਲਸੇ ਦੇ ਪੇਸ਼ ਕੀਤਾ ਸੀ। ੨. ਦੇਖੋ, ਮੁਜੱਫਰ ਖਾਨ.

ਸਾਹਨਿ: ਸੰਗਯਾ- ਬਾਦਸ਼ਾਹ ਦੀ ਬੇਗਮ। ੨. ਜਗਤਨਾਥ ਕਰਤਾਰ ਦੀ ਮਾਇਆ. "ਸਾਹਨਿ ਸਤਿ ਕਰੈ ਜੀਅ ਅਪਨੈ." (ਗਉ ਕਬੀਰ) ੩. ਸ਼ਾਹੂਕਾਰ ਦੀ ਇਸਤ੍ਰੀ.

ਸਾਹਨੀ: ਦੇਖੋ, ਸਾਹਣੀ। ੨. ਦੇਖੋ, ਸਾਹਨਿ.

ਸ਼ਾਹਪੁਰ: ਰਿਆਸਤ ਪਟਿਆਲਾ, ਤਸੀਲ ਥਾਣਾ ਸੁਨਾਮ ਵਿੱਚ ਇੱਕ ਪਿੰਡ ਹੈ. ਇਸ ਤੋਂ ਪੂਰਵ ਵੱਲ ਪਾਸ ਹੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰੁਦ੍ਵਾਰਾ ਹੈ. ਪਹਿਲਾਂ ਕੇਵਲ ਮੰਜੀ ਸਾਹਿਬ ਸੀ. ਹੁਣ ਸੰਮਤ ੧੯੮੦ ਵਿੱਚ ਨਗਰਵਾਸੀਆਂ ਵੱਲੋਂ ਦਰਬਾਰ ਬਣਨਾ ਆਰੰਭ ਹੋਇਆ ਹੈ. ਗੁਰੁਦ੍ਵਾਰੇ ਨਾਲ ੫੦ ਵਿੱਘੇ ਦੇ ਕਰੀਬ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ. ਰੇਲਵੇ ਸਟੇਸ਼ਨ ਸੁਨਾਮ ਤੋਂ ਪੱਛਮ ੭. ਮੀਲ ਹੈ। ੨. ਰਾਵਲਪਿੰਡੀ ਦੀ ਕਮਿਸ਼ਨਰੀ ਦਾ ਇੱਕ ਜਿਲਾ ਅਤੇ ਉਸਦਾ ਪ੍ਰਧਾਨ ਨਗਰ, ਜੋ ਜੇਹਲਮ ਦੇ ਖੱਬੇ ਕਿਨਾਰੇ ਹੈ.

ਸਾਹਬ: ਦੇਖੋ, ਸਾਹਿਬ.

ਸਾਹਬਚੰਦ: ਦੇਖੋ, ਸਾਹਿਬਚੰਦ.

ਸ਼ਾਹਬਾਜ਼: ਦੇਖੋ, ਸਹਬਾਜ.

ਸ਼ਾਹਬਾਜ਼ ਸਿੰਘ: ਵਕੀਲ ਸਬੇਗ ਸਿੰਘ ਦਾ ਸੁਪੁਤ੍ਰ, ਜੋ ਲਹੌਰ ਦੇ ਫਾਰਸੀ ਮਕਤਬ ਵਿੱਚ ਪੜ੍ਹਿਆ ਕਰਦਾ ਸੀ. ਇੱਕ ਦਿਨ ਮੌਲਵੀਆਂ ਨਾਲ ਚਰਚਾ ਹੋ ਪਈ, ਜਿਸ ਪੁਰ ਸ਼ਾਹਬਾਜ਼ ਸਿੰਘ ਨੇ ਨਿਰਭੈਤਾ ਨਾਲ ਆਪਣੇ ਮਤ ਦਾ ਮੰਡਨ ਅਤੇ ਇਸਲਾਮ ਦਾ ਖੰਡਨ ਕੀਤਾ. ਇਸ ਕਾਰਣ ਮੌਲਵੀਆਂ ਵੱਲੋਂ ਸ਼ਕਾਇਤ ਹੋਣ ਤੇ ਸ਼ਾਹਬਾਜ਼ ਸਿੰਘ ਕੈਦ ਕੀਤਾ ਗਿਆ ਅਰ ਜਦ ਉਸ ਨੇ ਮੁਸਲਮਾਨ ਹੋਣਾ ਨਾ ਮੰਨਿਆ ਤਦ ਉਸ ਦੇ ਪਿਤਾ ਸਮੇਤ ਚਰਖੀ ਤੇ ਚਾੜ੍ਹਿਆ ਜਾਕੇ ੧੮. ਵਰ੍ਹੇ ਦੀ ਉਮਰ ਵਿੱਚ ਸ਼ਹੀਦ ਕੀਤਾ ਗਿਆ. ਇਹ ਘਟਨਾ ਸੰਮਤ ੧੮੦੨ ਦੀ ਹੈ. ਦੇਖੋ, ਸਬੇਗ ਸਿੰਘ.

ਸ਼ਾਹਬਾਦ: ਜਿਲਾ ਕਰਨਾਲ ਦਾ ਇੱਕ ਨਗਰ. ਇਸ ਥਾਂ ਸਨ ੧੭੬੩ ਵਿੱਚ ਸਰਦਾਰ ਲਾਲ ਸਿੰਘ ਅਤੇ ਹਿੰਮਤ ਸਿੰਘ ਨੇ ਇਲਾਕਾ ਮੱਲਕੇ ਆਪਣੀ ਰਿਆਸਤ ਬਣਾਈ. ਇਹ ਬਾਹਦੁਰ ਸਰਦਾਰ ਮਿਸਲ ਨਿਸ਼ਾਨ ਵਾਲੀ ਵਿੱਚੋਂ ਸਨ. ਸ਼ਾਹਬਾਦ ਦੀ ਵਡੀ ਮਸੀਤ ਨੂੰ ਸਿੱਖ ਸਰਦਾਰਾਂ ਨੇ ਗੁਰਦੁਆਰੇ ਵਿੱਚ ਬਦਲਕੇ ਨਾਉਂ "ਮਸਤਗੜ੍ਹ" ਰੱਖ ਦਿੱਤਾ.

ਸ਼ਾਹਭੀਕ, ਸ਼ਾਹਭੀਖ: ਇਸ ਮਹਾਤਮਾ ਦਾ ਜਨਮ ਸਯਦ ਕੁਲ ਵਿੱਚ ਪਿੰਡ ਸਿਆਨਾ (ਤਸੀਲ ਕੈਥਲ ਜਿਲਾ ਕਰਨਾਲ) ਵਿੱਚ ਹੋਇਆ. ਸ਼ਾਹ ਜੀ ਦੇ ਬਜ਼ੁਰਗ ਕੁਹੜਾਮ (ਘੁੜਾਮ)[205] ਰਹਿੰਦੇ ਸਨ ਇਸ ਲਈ ਭਾਈ ਸੰਤੋਖ ਸਿੰਘ ਆਦਿਕਾਂ ਨੇ ਇਨ੍ਹਾਂ ਨੂੰ ਕੁਹੜਾਮ ਨਿਵਾਸੀ ਲਿਖਿਆ ਹੈ.[206]

ਸ਼ਾਹ ਭੀਖ ਜੀ ਅੱਬੁਲ ਮੁਆਲੀ ਸ਼ਾਹ ਦੇ ਮੁਰੀਦ ਹੋਏ, ਜੋ ਪਿੰਡ ਅੰਬਹਿਟਾ (ਜਿਲਾ ਸਹਾਰਨਪੁਰ) ਦੇ ਵਸਨੀਕ ਸੇ. ਭੀਖ ਜੀ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਠਸਕੇ ਨਗਰ ਰਹਿਕੇ ਵਿਤਾਇਆ, (ਜੋ ਤਸੀਲ ਥਨੇਸਰ ਅਤੇ ਜਿਲਾ ਕਰਨਾਲ ਵਿੱਚ ਹੈ). ਇਨ੍ਹਾਂ ਦੇ ਪ੍ਰੇਮ ਨੂੰ ਵੇਖਕੇ ਮਹਾਤਮਾ ਮੁਆਲੀ ਸ਼ਾਹ ਜੀ ਭੀ ਠਸਕੇ ਆ ਰਹੇ, ਅਰ ਸ਼ਾਹ ਭੀਖ ਜੀ ਉਨ੍ਹਾਂ ਦੀ ਤਨ ਮਨ ਤੋਂ ਸੇਵਾ ਕਰਦੇ ਰਹੇ.

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, ਆਪਣੀ ਆਤਮਿਕ ਸ਼ਕਤੀ ਨਾਲ ਮਲੂਮ ਕਰਕੇ ਸ਼ਾਹਭੀਖ ਜੀ ਪਟਨੇ ਪਹੁਚੇ ਅਤੇ ਮਿਠਿਆਈ ਦੀਆਂ ਦੋ ਮਟਕੀਆਂ ਭੇਟਾ ਕੀਤੀਆਂ. ਬਾਲਗੁਰੂ ਜੀ ਨੇ ਦੋਹਾਂ ਮਟਕੀਆਂ ਤੇ ਹੱਥ ਰੱਖਿਆ. ਮੁਰੀਦਾਂ ਦੇ ਪੁੱਛਣ ਤੋਂ ਪੀਰ ਜੀ ਨੇ ਦੱਸਿਆ ਕਿ ਮੈ ਮਲੂਮ ਕਰਨਾ ਚਾਹੁੰਦਾ ਸੀ ਕਿ ਇਹ ਵਲੀ ਪੁਰਖ ਹਿੰਦੂਆਂ ਦਾ ਪੱਖ ਕਰੂ ਜਾਂ ਮੁਸਲਮਾਨਾਂ ਦਾ, ਸੋ ਮੇਰੇ ਦਿਲ ਦੀ ਜਾਣਕੇ ਉਸਨੇ ਦੋਹਾਂ ਤੇ ਹੱਥ ਰੱਖਕੇ ਮੈਨੂੰ ਨਿਸ਼ਚੇ ਕਰਵਾ ਦਿੱਤਾ ਹੈ ਕਿ ਇਹ ਦੋਹਾਂ ਦਾ ਸਰਪਰਸ੍ਤ ਅਤੇ ਸ਼ੁਭਚਿੰਤਕ ਹੈ.

ਸ਼ਾਹ ਭੀਖ ਜੀ ਸੈਯਦ (ਮੀਰ) ਸਨ, ਇਸ ਲਈ ਠਸਕੇ ਦਾ ਨਾਉਂ ਹੁਣ "ਠਸਕਾ ਮੀਰਾਂ ਜੀ" ਹੈ, ਜੋ ਮੁਗਲ ਰਾਜ ਵੱਲੋਂ ਪੀਰ ਜੀ ਦੀ ਖਾਨਕਾਹ ਨੂੰ ਜਾਗੀਰ ਹੈ, ਜਿਸ ਦੀ ਆਮਦਨ ਇਸ ਵੇਲੇ ੩੦੦੦) ਸਾਲਾਨਾ ਹੈ.

ਕਈ ਲੇਖਕਾਂ ਨੇ ਸ਼ਾਹਭੀਖ ਜੀ ਨੂੰ ਸੈਯਦ ਭੀਖ, ਭੀਖਨ ਸ਼ਾਹ ਭੀ ਲਿਖਿਆ ਹੈ.

ਸ਼ਾਹਰਗ: ਫ਼ਾ. شاہرگ ਸ਼ਿਰੋਮਣਿ ਨਾੜੀ. ਰਕਤਵਾਹ ਨਾੜੀ. Aorta. ਦੇਖੋ, ਦਿਲ.

ਸਾਹਾ: ਸੰਗਯਾ- ਸੁ ਅਹ. ਸੁ (ਚੰਗਾ) ਅਹ (ਦਿਨ). ਹਿੰਦੂਮਤ ਅਨੁਸਾਰ ਗ੍ਰਹਿ ਆਦਿਕ ਦੀ ਗਿਣਤੀ ਕਰਕੇ ਵਿਆਹ ਲਈ ਮੁਕੱਰਰ ਕੀਤਾ ਦਿਨ. ਸਿੰਧੀ. "ਸਾਹੋ." "ਸੰਬਤਿ ਸਾਹਾ ਲਿਖਿਆ." (ਸੋਹਿਲਾ) "ਸਾਹਾ ਗਣਹਿ ਨ ਕਰਹਿ ਬੀਚਾਰ." (ਰਾਮ ਅਃ ਮਃ ੧) ੨. ਵਯ- ਸੰਬੋਧਨ. ਹੇ ਸ਼ਾਹ! "ਸਭਨਾ ਵਿਚਿ ਤੂੰ ਵਰਤਦਾ ਸਾਹਾ." (ਧਨਾ ਮਃ ੪) ੨. ਸਾਹ (ਸ੍ਵਾਸ ਦਾ ਬਹੁ ਵਚਨ. "ਜੇਤੇ ਜੀਅ ਜੀਵਹੀ ਲੈ ਸਾਹਾ." (ਮਃ ੧. ਵਾਰ ਮਾਝ) ੩. ਸ਼ਾਹਾਨ ਦਾ ਸੰਖੇਪ. ਸ਼ਾਹ ਦਾ ਬਹੁ ਵਚਨ. "ਸਿਰਿ ਸਾਹਾ ਪਾਤਿਸਾਹੁ." (ਮਃ ੫. ਵਾਰ ਰਾਮ ੨)

ਸਾਹਾਣ, ਸਾਹਾਨ: ਦੇਖੋ, ਸਾਹ ਸਾਹਾਣ.

ਸਾਹਿ: ਦੇਖੋ, ਸਾਹ। ੨. ਸ੍ਵਾਸ (ਦਮ) ਵਿੱਚ. "ਸਾਹਿ ਸਾਹਿ ਸਦਾ ਸਮਾਲੀਐ." (ਗੂਜ ਅਃ ਮਃ ੩) ੩. ਸ਼ਾਹ ਨੇ. "ਸਾਹਿ ਪਠਾਇਆ ਸਾਹੈ ਪਾਸਿ." (ਆਸਾ ਮਃ ੫)

ਸਾਹਿਆ: ਸੰਗਯਾ- ਸਾਹਾ (ਸੁ ਅਹ) ਦਾ ਵੇਲਾ. ਦੇਖੋ, ਸਾਹਾ. "ਓੜਕੁ ਆਇਆ ਤਿਨ ਸਾਹਿਆ." (ਸ੍ਰੀ ਮਃ ੧. ਪਹਿਰੇ) ਭਾਵ- ਮੌਤ ਰੂਪ ਲਾੜੇ ਦਾ, ਜਿੰਦਗੀ ਰੂਪ ਵਹੁਟੀ ਵਰਣ ਦਾ ਸਮਾਂ (ਅੰਤਕਾਲ) ਆਗਿਆ। ੨. ਇਹ ਸੁਹੇਵੇ ਦਾ ਦੂਜਾ ਨਾਉਂ ਹੈ. ਦੇਖੋ, ਸੁਹੇਵਾ.

---

[205] ਇਹ ਨਗਰ ਰਾਜ ਪਟਿਆਲੇ ਵਿੱਚ ਹੈ.

[206] "ਪੁਰ ਕੁਹੜਾਮ ਬਿਖੈ ਹੁਤੋ ਸ਼ਾਹ ਭੀਖ ਜਿਹ ਨਾਮ. ਨਿਜ ਮੁਰਸ਼ਿਦ ਕੇ ਨਿਕਟ ਰਹਿ ਠਸਕੇ ਗ੍ਰਾਮ ਸੁਧਾਮ." (ਗੁਪ੍ਰਸੂ)

ਸਾਹਿਸ: ਦੇਖੋ, ਸਾਹਸ.

ਸਾਹਿਤਯ: ਸੰ. ਸੰਗਯਾ- ਸਹਿਤ (ਸਾਥ) ਹੋਣ ਦਾ ਭਾਵ. ਮੇਲ. ਇਕੱਠ। ੨. ਉਹ ਕਾਵ੍ਯ ਸ਼ਾਸਤ੍ਰ, ਜਿਸ ਵਿੱਚ ਰਸ ਅਲੰਕਾਰ, ਛੰਦ ਆਦਿ ਸਾਰੇ ਅੰਗ ਇਕੱਠੇ ਕੀਤੇ ਜਾਣ। ੩. ਕਿਸੇ ਭੀ ਵਿਦ੍ਯਾ ਦੇ ਸਰਵ ਅੰਗਾਂ ਦਾ ਜਿਸ ਵਿੱਚ ਇਕੱਠ ਹੋਵੇ, ਉਹ "ਸਾਹਿਤ੍ਯ" ਹੈ.

ਸਾਹਿਦ: ਦੇਖੋ, ਸਾਹਦ.

ਸਾਹਿਨਸਾਹ: ਦੇਖੋ, ਸਾਹ ਸਾਹਾਣ.

ਸਾਹਿਬ: ਅ਼. صاحب ਸਾਹ਼ਿਬ. ਸੰਗ੍ਯਾ- ਸ੍ਵਾਮੀ. ਮਾਲਿਕ. "ਸਾਹਿਬ ਸੇਤੀ ਹੁਕਮ ਨ ਚਲੈ." (ਵਾਰ ਆਸਾ ਮਃ ੨) ੨. ਕਰਤਾਰ. "ਸਾਹਿਬ ਸਿਉ ਮਨੁ ਮਾਨਿਆ." (ਆਸਾ ਅਃ ਮਃ ੧) ੩. ਮਿਤ੍ਰ.

ਸਾਹਿਬ ਸਊਰ: صاحب شعوُر ਸਾਹ਼ਿਬ ਸ਼ਊਰ. ਵਿ- ਬੁੱਧਿ ਦਾ ਮਾਲਿਕ. ਦਾਨਾ.

ਸਾਹਿਬ ਸਿੰਘ: ਦੇਖੋ, ਪੰਜ ਪਯਾਰੇ। ੨. ਦੇਖੋ, ਸੌ ਸਾਖੀ। ੩. ਰਾਣੀ ਰਾਜਕੌਰ ਦੇ ਉਦਰ ਤੋਂ ਰਾਜਾ ਅਮਰ ਸਿੰਘ ਜੀ ਪਟਿਆਲਾਪਤਿ ਦਾ ਪੁਤ੍ਰ, ਜਿਸ ਦਾ ਜਨਮ ਭਾਦੋਂ ਬਦੀ ੧੫. ਸੰਮਤ ੧੮੩੦ (ਸਨ ੧੭੭੪ ਨੂੰ ਹੋਇਆ. ਇਹ ਪਿਤਾ ਦੇ ਪਰਲੋਕ ਜਾਣ ਪਿੱਛੋਂ ਛੀ ਵਰ੍ਹੇ ਦੀ ਉਮਰ ਵਿੱਚ ਪਟਿਆਲੇ ਦੀ ਗੱਦੀ ਤੇ ਬੈਠਾ. ਰਾਜਾ ਸਾਹਿਬ ਸਿੰਘ ਜੀ ਦੀ ਸ਼ਾਦੀ ਭੰਗੀਆਂ ਦੀ ਮਿਸਲ ਦੇ ਰਤਨ ਸਰਦਾਰ ਗੰਡਾ ਸਿੰਘ ਦੀ ਸੁਪੁਤ੍ਰੀ ਰਤਨ ਕੌਰ ਨਾਲ ਸੰਮਤ ੧੮੪੪ (ਸਨ ੧੭੮੭) ਵਿੱਚ ਵਡੀ ਧੂਮ ਧਾਮ ਨਾਲ ਅਮ੍ਰਿਤਸਰ ਹੋਈ ਸੀ. ਰਾਜਾ ਸਾਹਿਬ ਸਿੰਘ ਬਹੁਤ ਸਿੱਧੇ ਸੁਭਾਉ ਦਾ ਅਤੇ ਲਾਈਲੱਗ ਸੀ. ਇਸ ਦੀ ਹੁਕੂਮਤ ਸਮੇਂ ਰਾਣੀ ਹੁਕਮਾਂ ਅਤੇ ਦੀਵਾਨ ਨਾਨੂ ਮੱਲ ਰਾਜ ਕਾਜ ਚਲਾਉਂਦੇ ਰਹੇ. ਬੀਬੀ ਸਾਹਿਬ ਕੌਰ ਰਾਜੇ ਦੀ ਵੱਡੀ ਭੈਣ ਨੇ ਭੀ ਰਾਜ ਦੀ ਰਖ੍ਯਾ ਅਤੇ ਪ੍ਰਬੰਧ ਵਿੱਚ ਭਾਰੀ ਹਿੱਸਾ ਲਿਆ. ਰਾਜਾ ਸਾਹਿਬ ਸਿੰਘ ਦਾ ਦੇਹਾਂਤ ਚੇਤ ਬਦੀ ੯. ਸੰਮਤ ੧੮੬੯ (੨੬ ਮਾਰਚ ਸਨ ੧੮੧੩) ਨੂੰ ਹੋਇਆ। ੪. ਵੇਦੀ ਵੰਸ਼ ਦੇ ਰਤਨ ਬਾਬਾ ਕਲਾਧਾਰੀ ਜੀ ਦੇ ਸੁਪੁਤ੍ਰ ਅਜੀਤ ਸਿੰਘ ਜੀ ਦੇ ਘਰ ਮਾਤਾ ਸਰੂਪਦੇਵੀ ਜੀ ਦੀ ਕੁੱਖ ਤੋਂ ਸੰਮਤ ੧੮੧੩ ਵਿੱਚ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਹੋਇਆ. ਇਹ ਵਡੇ ਕਰਣੀ ਵਾਲੇ ਅਤੇ ਗੁਰੁਮਤ ਦੇ ਪ੍ਰਚਾਰਕ ਹੋਏ ਹਨ. ਇਨ੍ਹਾਂ ਨੇ ਪਰਾਕ੍ਰਮ ਨਾਲ ਬਹੁਤ ਇਲਾਕਾ ਆਪਣੇ ਕਬਜੇ ਕਰ ਲਿਆ ਅਰ ਰਾਜਧਾਨੀ ਊਨਾ ਥਾਪੀ. ਬਾਬਾ ਜੀ ਦਾ ਲੰਗਰ ਸਭ ਲਈ ਹਰ ਵੇਲੇ ਵਰਤਦਾ ਰਹਿੰਦਾ ਅਤੇ ਕਥਾ ਕੀਰਤਨ ਦਾ ਅਖੰਡ ਪ੍ਰਚਾਰ ਹੁੰਦਾ. ਬਾਬਾ ਜੀ ਦਾ ਦੇਹਾਂਤ ਹਾੜ ਸੁਦੀ ੧੩. ਸੰਮਤ ੧੮੯੧ ਨੂੰ ਊਨੇ ਹੋਇਆ. ਦੇਖੋ, ਊਨਾ ਅਤੇ ਵੇਦੀ ਵੰਸ਼.

ਸਾਹਿਬਹਾਲ: ਫ਼ਾ. صاحب حال ਗ੍ਯਾਨਦਸ਼ਾ ਦਾ ਭੇਤੀ. ਆਤਮਾ ਦੇ ਆਨੰਦ ਨੂੰ ਅਨੁਭਵ ਕਰਨ ਵਾਲਾ.

ਸਾਹਿਬਕਲਾਮ: ਸੰਗ੍ਯਾ- ਕਰਤਾਰ, ਜੋ ਵ੍ਯਾਖ੍ਯਾ ਸ਼ਕਤਿ ਦਾ ਸ੍ਵਾਮੀ ਹੈ. ਵਾਚਸਪਤਿ, "ਕਿ ਸਾਹਿਬ ਕਲਾਮੈ." (ਜਾਪੁ)

ਸਾਹਿਬ ਕਾਲ: ਫ਼ਾ. صاحب قال ਸਾਹ਼ਿਬ ਕ਼ਾਲ. ਵਿ- ਆਪਣੇ ਦਿਲ ਦੀ ਬਾਤਾਂ ਜੁਬਾਨੋਂ ਆਖਣ ਵਾਲਾ. ੨. ਕੇਵਲ ਕਥਨੀ ਕਰਨ ਵਾਲਾ.

ਸਾਹਿਬਕਿਰਾਂ: ਅ਼. صاحب قِرن ਸਾਹ਼ਿਬਕਿਰਾਂ. ਨਛਤ੍ਰ ਵਾਲਾ. ਭਾਗਵਾਨ. ਭਾਵ- ਮਹਾ ਪ੍ਰਤਾਪੀ. ਦੇਖੋ, ਕਿਰਾਂ "ਕਿ ਸਾਹਿਬਕਿਰਾਂ ਹੈ." (ਜਾਪੁ)

ਸਾਹਿਬ ਕੌਰ: ਰਾਜਾ ਅਮਰ ਸਿੰਘ ਜੀ ਪਟਿਆਲਾਪਤਿ ਦੀ ਸੁਪੁਤ੍ਰੀ ਅਤੇ ਰਾਜਾ ਸਾਹਿਬ ਸਿੰਘ ਜੀ ਦੀ ਵਡੀ ਭੈਣ, ਜਿਸ ਦਾ ਵਿਆਹ ਸਰਦਾਰ ਹਕੀਕਤ ਸਿੰਘ ਰਈਸ ਫਤੇਗੜ੍ਹ ਦੇ ਸੁਪੁਤ੍ਰ ਜੈਮਲ ਸਿੰਘ ਕਨ੍ਹੈਯਾ ਮਿਸਲ ਦੇ ਰਤਨ ਨਾਲ ਸੰਮਤ ੧੮੩੪ ਵਿੱਚ ਹੋਇਆ. ਇਸ ਨੇ ਆਪਣੇ ਭਾਈ ਦਾ ਰਾਜ ਵਧਾਉਣ ਅਤੇ ਬਚਾਉਣ ਵਿੱਚ ਜੋ ਜੋ ਯਤਨ ਕੀਤੇ ਹਨ, ਉਹ ਸਿੱਖ ਇਤਿਹਾਸ ਵਿੱਚ ਅਦੁਤੀ ਹਨ. ਸੰਮਤ ੧੮੫੧ ਵਿੱਚ ਇਸ ਨੇ ਫੌਜ ਦੀ ਕਮਾਣ ਆਪਣੇ ਹੱਥ ਲੈ ਕੇ ਮਰਹਟਾ ਫੌਜ ਨੂੰ ਸ਼ਿਕਸਤ ਦਿੱਤੀ. ਰਾਜ ਦਾ ਪ੍ਰਬੰਧ ਬਹੁਤ ਹੀ ਉੱਤਮ ਰੀਤਿ ਨਾਲ ਚਲਾਇਆ, ਪਰ ਇਸ ਦੇ ਨਾਦਾਨ ਭਾਈ ਨੇ ਗੁਣਾਂ ਦੀ

ਕਦਰ ਨਾ ਪਾਈ. ਬੀਬੀ ਜੀ ਦਾ ਦੇਹਾਂਤ ਸੰਮਤ ੧੮੫੬ (ਸਨ ੧੭੯੯) ਵਿੱਚ ਹੋਇਆ ੨. ਰਾਜਾ ਸੰਗਤ ਸਿੰਘ ਜੀਂਦਪਤਿ ਦੀ ਮਾਤਾ ਅਤੇ ਰਾਜਾ ਫਤੇ ਸਿੰਘ ਦੀ ਰਾਣੀ, ਜੋ ਰਾਜਪ੍ਰਬੰਧ ਵਿੱਚ ਵਡੀ ਨਿਪੁਣਤਾ ਰਖਦੀ ਸੀ। ੩. ਦੇਖੋ, ਸਾਹਿਬਕੌਰ ਮਾਤਾ.

ਸਾਹਿਬ ਕੌਰ ਮਾਤਾ: ਰੋਹਤਾਸ ਨਿਵਾਸੀ ਭਾਈ ਰਾਮੂ ਬਸੀ[207] ਖਤ੍ਰੀ ਦੀ ਸੁਪੁਤ੍ਰੀ, ਜਿਸ ਦਾ ਆਨੰਦ ੧੮. ਵੈਸਾਖ ਸੰਮਤ ੧੭੫੭ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ. ਕਲਗੀਧਰ ਨੇ ਇਸੇ ਦੀ ਗੋਦੀ ਪੰਥ ਖਾਲਸਾ ਪਾਇਆ ਹੈ, ਇਸੇ ਕਾਰਣ ਅਮ੍ਰਿਤਸੰਸਕਾਰ ਸਮੇਂ ਮਾਤਾ ਸਾਹਿਬ ਕੌਰ ਅਤੇ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਉਪਦੇਸ਼ ਕੀਤੇ ਜਾਂਦੇ ਹਨ. ਅਵਿਚਲ ਨਗਰ ਪਹੁੰਚਕੇ ਦਸ਼ਮੇਸ਼ ਨੇ ਇਨ੍ਹਾਂ ਨੂੰ ਦਿੱਲੀ ਭੇਜ ਦਿੱਤਾ ਅਰ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸ਼ਸਤ੍ਰ ਸਨਮਾਨ ਨਾਲ ਰੱਖਣ ਲਈ ਸਪੁਰਦ ਕੀਤੇ, ਜੋ ਹੁਣ ਦਿੱਲੀ ਗੁਰੁਦ੍ਵਾਰੇ ਰਕਾਬਗੰਜ ਵਿੱਚ ਹਨ.

ਮਾਤਾ ਜੀ ਦਾ ਦੇਹਾਂਤ ਮਾਤਾ ਸੁੰਦਰੀ ਜੀ ਤੋਂ ਪਹਿਲਾਂ ਹੋਇਆ ਹੈ. ਸਮਾਧੀ ਗੁਰੂ ਹਰਿਕ੍ਰਿਸਨ ਜੀ ਦੇ ਦੇਹਰੇ ਪਾਸ ਦਿੱਲੀ ਹੈ. ਦੇਖੋ, ਦਿੱਲੀ.

ਸਾਹਿਬਚੰਦ: ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਪ੍ਰੇਮੀ ਸਿੱਖ, ਜੋ ਮਹਾਨ ਯੋਧਾ ਸੀ. ਇਹ ਆਨੰਦਪੁਰ ਦੇ ਯੁੱਧ ਵਿੱਚ ਸ਼ਹੀਦ ਹੋਇਆ. ਗੁਰੂ ਸਾਹਿਬ ਦੀ ਆਗ੍ਯਾ ਨਾਲ ਇਸ ਦਾ ਸਸਕਾਰ ਨਿਰਮੋਹਗੜ੍ਹ ਕੀਤਾ ਗਿਆ. "ਜੀਤ ਭਈ ਤਹਿ ਖਾਲਸੇ ਕੀ ਅਰੁ ਸਾਹਿਬ ਚੰਦ ਕੀ ਲੋਥ ਉਠਾਈ." (ਗੁਰੁਸੋਭਾ) ੨. ਜਿਲਾ ਫਿਰੋਜਪੁਰ, ਤਸੀਲ ਮੁਕਤਸਰ, ਥਾਣਾ ਕੋਟਭਾਈ ਵਿੱਚ ਇੱਕ ਪਿੰਡ ਹੈ, ਜਿਸ ਦੀ ਵਸੋਂ ਦੇ ਨਾਲ ਹੀ ਢਾਬ ਦੇ ਕਿਨਾਰੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਨੇ ਇੱਥੇ ਦੋ ਵਾਰ ਚਰਨ ਪਾਏ ਹਨ. ਛੋਟਾ ਜਿਹਾ ਮੰਦਿਰ ਅਤੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ. ਅਕਾਲੀ ਸਿੰਘ ਸੇਵਾਦਾਰ ਹੈ. ਗੁਰੁਦ੍ਵਾਰੇ ਨਾਲ ੭. ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਬੱਲੂਆਣਾ ਤੋਂ ਵਾਯਵੀ ਕੋਣ ੭. ਮੀਲ ਦੇ ਕਰੀਬ ਕੱਚਾ ਰਸਤਾ ਹੈ.

ਸਾਹਿਬਜਾਦਾ: ਫ਼ਾ. صاحب زادہ ਸਾਹਿਬਜ਼ਾਦਾ. ਸੰਗ੍ਯਾ- ਬਾਦਸ਼ਾਹਜ਼ਾਦਹ. ਰਾਜਕੁਮਾਰ। ੨. ਗੁਰੁਪੁਤ੍ਰ। ੩. ਸ੍ਵਾਮੀ ਦਾ ਬੇਟਾ.

ਸਾਹਿਬਦਿਮਾਗ: ਅ਼. صاحب دماغ ਸਾਹ਼ਿਬਦਿਮਾਗ਼. ਵਿ- ਬੁੱਧਿ ਦਾ ਸ੍ਵਾਮੀ. ਵਡਾ ਦਾਨਾ. "ਕਿ ਸਾਹਿਬ ਦਿਮਾਗ ਹੈ." (ਜਾਪੁ)

ਸਾਹਿਬ ਦਿਲ: ਫ਼ਾ. صاحب دل ਸਾਹ਼ਿਬ ਦਿਲ. ਵਿ- ਦਿਲ ਵਾਲਾ. ਜਿਸ ਦਾ ਮਨ ਵਸ਼ ਵਿੱਚ ਹੈ। ੨. ਦਾਨਾ। ੩. ਵਲੀ। ੪. ਆਤਮਗ੍ਯਾਨੀ. "ਸ਼ੁਦਜ਼ ਫ਼ੈਜ਼ੇ ਸੁਹ਼ਬਤੇ ਸਹ਼ਿਬਦਿਲਾਂ." (ਜਿੰਦਗੀ)

ਸਾਹਿਬਦੇਵੀ: ਦੇਖੋ, ਸਾਹਿਬ ਕੌਰ ਮਾਤਾ.

ਸਾਹਿਬਰਾਇ, ਸਾਹਿਬਰਾਯ: ਦੇਖੋ, ਤਾਰੂ ਸਿੰਘ.

ਸਾਹਿਬ ਲੋਕ: ਸੰਗ੍ਯਾ- ਹਰਿਜਨ. ਕਰਤਾਰ ਦੇ ਸੇਵਕ.

ਸਾਹਿਬਾ: ਸਾਹਿਬ ਦਾ ਇਸਤ੍ਰੀ ਲਿੰਗ। ੨. ਸਾਹਿਬ ਨੂੰ ਸੰਬੋਧਨ. "ਸਾਚੇ ਸਾਹਿਬਾ ! ਕਿਆ ਨਾਹੀ ਘਰਿ ਤੇਰੈ." (ਅਨੰਦੁ)

ਸਾਹਿਬਾਂ: ਮਾਹਨੀ ਸਿਆਲ ਰਾਜਪੂਤਾਂ ਦੀ ਕੰਨ੍ਯਾ, ਜੋ ਚੱਧਰ ਗੋਤ ਦੇ ਬਾਲਕ ਨਾਲ ਮੰਗੀ ਗਈ ਸੀ, ਪਰ ਉਸ ਦੀ ਪ੍ਰੀਤਿ ਮਿਰਜ਼ੇ ਨਾਲ ਸੀ. ਇਹ ਦੋਵੇਂ ਚੱਧਰਾਂ ਨੇ ਕਤਲ ਕਰ ਦਿੱਤੇ. ਇਨ੍ਹਾਂ ਦੀ ਕਬਰ ਦਾਨਾਪੁਰ (ਜਿਲਾ ਮੁਲਤਾਨ) ਵਿੱਚ ਹੈ. ਦੇਖੋ, ਮਿਰਜਾ.

"ਰਾਵੀ ਨਦਿ ਊਪਰਿ ਬਸੈ ਨਾਰਿ ਸਾਹਿਬਾਂ ਨਾਮ, ਮਿਰਜਾ ਕੇ ਸੰਗ ਦੋਸਤੀ ਕਹਤ ਆਠਊ ਜਾਮ."

(ਚਰਿਤ੍ਰ ੧੨੯)

ਸਾਹਿਬਾਨ ਦਿਲ: ਬਹੁ ਵਚਨ ਹੈ ਸਾਹਿਬ ਦਿਲ ਦਾ.

---

[207] ਭਾਈ ਸੰਤੋਖ ਸਿੰਘ ਨੇ "ਰਾਵਾ" ਗੋਤ ਲਿਖਿਆ ਹੈ. ਦੇਖੋ, ਰੁੱਤ ੫, ਅਃ ੧.

ਸਾਹਿਬਿ: ਸਾਹਿਬ ਨੇ "ਸਾਹਿਬਿ ਅੰਧਾ ਜੋ ਕੀਆ." (ਮਃ ੫. ਵਾਰ ਰਾਮ ੨)

ਸਾਹਿਬੀ: ਫ਼ਾ. صحبی ਸਾਹਿ਼ਬੀ. ਸੰਗਯਾ- ਮਾਲਿਕੀ. ਪ੍ਰਭੁਤਾ. ਸ੍ਵਾਮੀਪਨ। ੨. ਹੁਕੂਮਤ.

ਸਾਹਿਬੁ: ਦੇਖੋ, ਸਾਹਿਬ. "ਸਾਹਿਬੁ ਗੁਣੀ ਗਹੇਰਾ." (ਸੋਰ ਮਃ ੫)

ਸਾਹਿਰ: ਅ਼. ساحر ਸਾਹਿ਼ਰ. ਸੰਗਯਾ- ਸਿਹਰ ਕਰਨ ਵਾਲਾ. ਜਾਦੂਗਰ. ਦੇਖੋ, ਸਿਹਰ.

ਸਾਹਿਲ: ਅ਼. ساحل ਸਾਹਿ਼ਲ. ਸੰਗਯਾ- ਦਰਿਆ ਦਾ ਕਿਨਾਰਾ.

ਸਾਹੀ: ਫ਼ਾ. شاہی ਸ਼ਾਹੀ. ਸੰਗਯਾ- ਬਾਦਸ਼ਾਹੀ। ੨. ਸਯਾਹੀ. ਮਸਿ. ਰੌਸ਼ਨਾਈ "ਜੇਤਾ ਆਖਣੁ ਸਾਹੀ ਸਬਦੀ" (ਵਾਰ ਸਾਰ ਮਃ ੧) ਜਿਤਨਾ ਕਥਨ ਅੱਖਰੀਂ ਅਤੇ ਜ਼ੁਬਾਨੀ ਹੈ। ੩. ਅ਼. سعی ਸਈ਼. ਯਤਨ. ਕੋਸ਼ਿਸ਼. "ਊਆ ਕੀ ਝਾਰਿ ਮਿਟਤ ਬਿਨ ਸਾਹੀ." (ਬਾਵਨ) ਨਿਰਯਤਨ ਝਾੜ ਮਿਟਤ। ੪. ਅ਼. ساہی ਸਾਹੀ. ਬੇਪਰਵਾਹੀ। ੫. ਭੁੱਲਜਾਣ ਦਾ ਭਾਵ.

ਸਾਹੀ ਹੂ ਸਾਹੁ: ਵਿ- ਬਾਦਸ਼ਾਹਾਂ ਦਾ ਬਾਦਸ਼ਾਹ. ਸ਼ਹਨਸ਼ਾਹ. "ਤੂ ਸਾਹੀ ਹੂ ਸਾਹੁ, ਹਉ ਕਹਿ ਨ ਸਕਾ ਗੁਣ ਤੇਰਿਆ." (ਸੂਹੀ ਅਃ ਮਃ ੫) ੨. ਸ਼ਾਹੂਕਾਰਾਂ ਵਿੱਚ ਪ੍ਰਧਾਨ.

ਸਾਹੀਦ: ਦੇਖੋ, ਸਹੀਦ। ੨. ਵਿ- ਸ਼ਹੀਦ ਨਾਲ ਸੰਬੰਧਿਤ. ਸ਼ਹੀਦ ਦਾ.

ਸ਼ਾਹੀਨ: ਅ਼. شاہین ਕਿਤਨਿਆਂ ਦੇ ਖਿਆਲ ਅਨੁਸਾਰ ਕੁਹੀ ਅਤੇ ਬਹਿਰੀ ਸ਼ਿਕਾਰੀ ਪੰਛੀ ਦਾ ਨਾਉਂ ਸ਼ਾਹੀਨ ਹੈ, ਪਰ ਇਹ ਭੁੱਲ ਹੈ. ਸਿਕਾਰ ਦੇ ਸ਼ੌਕੀਨ ਬਾਦਸ਼ਾਹਾਂ ਨੇ ਕੁਹੀ ਅਤੇ ਬਹਿਰੀ ਨੂੰ ਇਹ ਪਦਵੀ ਦਿੱਤੀ ਹੈ. ਯਥਾ- ਸ਼ਾਹੀਨ ਕੁਹੀ, ਸ਼ਾਹੀਨ ਬਹਿਰੀ. ਸ਼ਾਹੀਨ ਕੋਈ ਅਲਗ ਪੰਛੀ ਨਹੀਂ ਹੈ. ਦੇਖੋ, ਸ਼ਿਕਾਰੀ ਪੰਛੀ.

ਸਾਹੁ: ਸ਼ਾਹ ਬਾਦਸ਼ਾਹ "ਸਚਾ ਸਾਹੁ ਵਰਤਦਾ." (ਸ੍ਰੀ ਮਃ ੩) ੨. ਸ਼ਾਹੂਕਾਰ. "ਸਚਾ ਸਾਹੁ ਸਚੇ ਵਣਜਾਰੇ." (ਸੂਹੀ ਅਃ ਮਃ ੩) ੩. ਸ੍ਵਾਸ. ਦਮ. "ਕਰਿ ਬੰਦੇ ਤੂੰ ਬੰਦਗੀ ਜਿਚਰੁ ਘਟ ਮਹਿ ਸਾਹੁ." (ਤਿਲੰ ਮਃ ੫)

ਸਾਹੁਨਿ: ਸ਼ਾਹੂਕਾਰ ਦੀ ਇਸਤ੍ਰੀ. ਸ਼ਾਹਣੀ. ਦੇਖੋ, ਸਾਹਨਿ. "ਬਨਿਕ ਬੋਲ ਸਾਹੁਨਿ ਸੋ ਭਾਖ੍ਯੋ." (ਚਰਿਤ੍ਰ ੬੧)

ਸਾਹੁਰੜਾ, ਸਾਹੁਰੜੀ: ਸਾਹੁਰਾ ਘਰ. ਸਸੁਰਾਲ. "ਪੇਈਅੜੈ ਸਹੁ ਸੇਵ ਤੂੰ ਸਾਹੁਰੜੈ ਸੁਖਿ ਵਸ." (ਸ੍ਰੀ ਮਃ ੫) ੨. ਵਿ- ਸਹੁਰੇ ਘਰ ਦੀ. "ਸਾਹੁਰੜੀ ਵਥੁ ਸਭ ਕਿਛੁ ਸਾਂਝੀ ਪੇਵਕੜੈ ਧਨ ਵਖੇ." (ਬਸੰਤ ਮਃ ੧) ਪੇਕਾ ਇਹ ਲੋਕ, ਸਹੁਰਾ ਪਰਲੋਕ.

ਵਿ- ਸਸੁਰਾਲਯ. ਸਹੁਰਾ ਘਰ.

ਸਾਹੁਰਾ: ਵਿ- ਸਸੁਰਾਲਯ. ਸਹੁਰਾ ਘਰ.

ਸਾਹੂ: ਸੰਗਯਾ- ਸੁਆਹ. ਭਸਮ. "ਗਦਹੁ ਚੰਦਨ ਖਉਲੀਐ ਭੀ ਸਾਹੂ ਸਿਉ ਪਾਣੁ." (ਵਾਰ ਸੂਹੀ ਮਃ ੧) ੨. ਇਸ ਨਾਮ ਦੇ ਕਈ ਰਾਜੇ ਦੱਖਣ ਵਿੱਚ ਹੋਏ ਹਨ, ਪਰ ਸਭ ਤੋਂ ਮਸ਼ਹੂਰ ਸ਼ਿਵਾ ਜੀ ਦਾ ਪੋਤਾ ਹੈ, ਜੋ ਛੋਟੀ ਉਮਰ ਵਿੱਚ ਹੀ ਔਰੰਗਜ਼ੇਬ ਦੀ ਕੈਦ ਅੰਦਰ ਪੈ ਗਿਆ ਅਰ ਉਸ ਦੇ ਮਰਨ ਤੀਕ ਕੈਦ ਰਿਹਾ. ਸਨ ੧੭੦੮ ਵਿੱਚ ਇਹ ਮਹਰਟਾ (ਮਹਾਰਾਸ਼੍ਟ੍ਰ) ਕੌਮ ਦਾ ਮਹਾਰਾਜਾ ਬਣਿਆ ਅਤੇ ਸਤਾਰਾ ਰਾਜਧਾਨੀ ਵਿੱਚ ਚਿਰ ਤੀਕ ਨਾਮਮਾਤ੍ਰ ਦਾ ਸ੍ਵਾਮੀ ਰਿਹਾ ਅਰ ਰਾਜ ਦੀ ਵਾਗਡੋਰ ਪੇਸ਼ਵਾ ਬਾਲਾ ਜੀ ਸ਼ਿਵਨਾਥ ਦੇ ਹੱਥ ਰਹੀ. ਸਾਹੂ ਦਾ ਦੇਹਾਂਤ ਸਨ ੧੭੪੯ ਵਿੱਚ ਹੋਇਆ ਹੈ। ੩. ਸਿੰਧੀ. ਵਿ- ਬਹਾਦੁਰ.

ਸਾਹੂਕਾਰ: ਸੰ. ਸਾਧੁਕਾਰ. ਧਨਵਾਨ ਵਪਾਰੀ. ਜੋ ਰੁਪਯਾ ਸੂਦ ਤੇ ਦੇਵੇ.

ਸਾਹੋਵਾਲ: ਦੇਖੋ, ਬੇਰ ਸਾਹਿਬ। ੨. ਦੇਖੋ, ਨਾਨਕ ਸਰ ਨੰ ੪.

ਸਾਹੰ: ਦੇਖੋ, ਸਹ. "ਬਨਿਤਾ ਬਿਨੋਦ ਸਾਹੰ." (ਸਹਸ ਮਃ ੫) ਇਸਤ੍ਰੀ ਦੇ ਆਨੰਦ ਨਾਲ। ੨. ਸ- ਅਹੰ. ਉਹ ਮੈਂ। ੩. ਸ- ਅਹੰਕਾਰ ਦਾ ਸੰਖੇਪ.

ਸਾਕ: ਸੰ. शाक ਸੰਗਯਾ- ਬਲ. ਸ਼ਕਤਿ। ੨. ਸਹਾਇਤਾ। ੩. ਸਹਾਇਤਾ ਕਰਨ ਵਾਲਾ ਮਿਤ੍ਰ। ੪. ਸਾਗ. ਸਬਜੀ. ਨਬਾਤ। ੫. ਇੱਕ ਦ੍ਵੀਪ. ਦੇਖੋ, ਸਪਤ ਦੀਪ। ੬. ਵਿ- ਸ਼ਕ ਜਾਤਿ ਨਾਲ ਹੈ ਜਿਸ ਦਾ ਸੰਬੰਧ. ਦੇਖੋ, ਸਕ। ੭. ਸੰ. स्वकीय ਸ੍ਵਕੀਯ. ਅਪਨਾ. ੮. ਸੰਗਯਾ- ਨਾਤੀ. ਸੰਬੰਧੀ. ਨਜ਼ਦੀਕੀ ਰਿਸ਼ਤੇਦਾਰ। ੯. ਸ੍ਵਕੀਯਤਾ. ਰਿਸ਼ਤੇਦਾਰੀ. ਸਾਕਾਗੀਰੀ. "ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ." (ਸਾਰ ਮਃ ੫)

ਸਾਕਉ, ਸਾਕਈ, ਸਾਕਹ, ਸਾਕਹਿ: ਸਕਦਾ. ਸਕਦੇ. ਸਮਰਥ ਰਖਦੇ. ਦੇਖੋ, ਸਕਣਾ. "ਤੁਮਰੀ ਮਹਿਮਾ ਬਰਨਿ ਨ ਸਾਕਉ." (ਸੂਹੀ ਮਃ ੪) "ਅਸਾਂ ਜੋਰੁ ਨਾਹੀ ਜੇ ਕਿਛੁ ਕਰਿ ਹਮਿ ਸਾਕਹ." (ਸੂਹੀ ਮਃ ੪)

ਸਾਕਣੀ: ਦੇਖੋ, ਸਾਕਿਨੀ. "ਅੰਬਿਕਾ ਤੋਤਲਾ ਸੀਤਲਾ ਸਾਕਣੀ." (ਪਾਰਸਾਵ)

ਸਾਕਤ, ਸਾਕਤੁ: ਸੰ. ਸ਼ਾਕ੍ਤ. ਵਿ- ਸ਼ਕਤਿ ਦਾ ਉਪਾਸਕ. ਦੁਰਗਾਪੂਜਕ. ਕਾਲੀ ਦਾ ਭਗਤ। ੨. ਸੰਗਯਾ- ਸ਼ਾਕ੍ਤ ਮਤ, ਜਿਸ ਵਿੱਚ ਸ਼ਕ੍ਤਿ ਹੀ ਸਾਰੇ ਦੇਵਤਿਆਂ ਤੋਂ ਪ੍ਰਧਾਨ ਹੈ. ਸ਼ਾਕ੍ਤ ਲੋਕ ਦਸ ਮਹਾਵਿਦ੍ਯਾ ਅਰਥਾਤ ਦਸ਼ ਦੇਵੀਆਂ ਦੀ ਉਪਾਸਨਾ ਕਰਦੇ ਹਨ- ਕਾਲੀ, ਤਾਰਾ, ਸ਼ੋੜਸ਼ੀ, ਭੁਵਨੇਸ਼੍ਵਰੀ, ਭੈਰਵੀ, ਛਿੰਨ- ਮਸ੍ਤਾ, ਧੂਮਾਵਤੀ, ਵਗਲਾ, ਮਾਤੰਗੀ ਅਤੇ ਕਮਲਾ। ੩. ਅ਼. ساقط ਸਾਕ਼ਤ਼. ਵਿ- ਪਤਿਤ. ਡਿਗਿਆ ਹੋਇਆ. "ਸਾਕਤ ਹਰਿਰਸ ਸਾਦੁ ਨ ਜਾਨਿਆ." (ਸੋਹਿਲਾ) "ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗ." (ਗਉ ਮਃ ੫) "ਸਾਕਤੁ ਮੂੜ ਲਗੇ ਪਚਿ ਮੁਇਓ." (ਗਉ ਅਃ ਮਃ ੪)

ਸ਼ਾਕ ਦ੍ਵੀਪ: ਦੇਖੋ, ਸਪਤ ਦੀਪ.

ਸਾਕਨੀ: ਦੇਖੋ, ਸਾਕਿਨੀ.

ਸਾਕਬਣਿਕ: ਸੰਗਯਾ- ਸ਼ਾਕ (ਸਾਗ) ਵੇਚਣ ਵਾਲਾ ਕਰੂੰਜੜਾ. ਸਬਜੀਫ਼ਰੋਸ਼. "ਸਾਕਬਣਿਕ ਜਸੋਂ ਕੀਮਤ ਤਾਹੀਂ। ਨਹਿ ਜਾਨੀ ਕਾਲੂ ਮਨ ਮਾਹੀਂ।." (ਨਾਪ੍ਰ)

ਸਾਕਰ: ਫ਼ਾ. شکّر ਸੱਕਰ. ਖੰਡ. "ਜਿਉ ਗੂੰਗੇ ਸਾਕਰ ਮਨੁ ਮਾਨਿਆ." (ਗਉ ਕਬੀਰ) ੨. ਦੇਖੋ, ਸ਼ਾਕਿਰ.

ਸਾਂਕਰ: ਪ੍ਰਾ. ਵਿ- ਤੰਗ. ਭੀੜਾ. ਸੰਕੁਚਿਤ। ੨. ਸੰ शङ्कर ਸ਼ੰਕਰ (ਸ਼ਿਵ) ਨਾਲ ਸੰਬੰਧਿਤ। ੩. ਸੰ. ਸੰਗਯਾ- ਸ਼੍ਰਿੰਖਲ (श्रृङ्खल) ਸੰਗੁਲੀ, ਜ਼ੰਜੀਰ. "ਭਰਮ ਮੋਹ ਕੋ ਨਸ਼੍ਟ ਕਿਯ ਦ੍ਵੈਤਹਿ ਸਾਂਕਰ ਕਾਟ." (ਨਾਪ੍ਰ)

ਸਾਕਰਮਾਖੀ: ਸੰਗਯਾ- ਮਧੁਮਕ੍ਸ਼ਿਕਾ. ਸ਼ਹਿਦ ਦੀ ਮੱਖੀ. "ਸਾਕਰਮਾਖੀ ਅਧਿਕ ਸੰਤਾਪੇ." (ਭੈਰ ਕਬੀਰ)

ਸਾਂਕਰਾ, ਸਾਂਕਰੀ: ਵਿ- ਭੀੜਾ. ਭੀੜੀ. ਸੰਕੁਚਿਤ। 2. ਸੰ. शाङ्करि ਸ਼ਾਂਕਰਿ. ਸ਼ਿਵ ਦਾ ਪੁਤ੍ਰ ਗਣੇਸ਼। ੩. ਅਗਨਿ.

ਸਾਕਲ: ਦੇਖੋ, ਸਿਆਲਕੋਟ.

ਸਾਂਕਲ: ਸੰਗਯਾ- ਸ਼੍ਰਿੰਖਲ (श्रृङ्खल ) ਸੰਗੁਲੀ. ਜ਼ੰਜੀਰ. "ਸਾਂਕਲ ਜੇਵਰੀ ਲੈ ਹੈ ਆਈ." (ਗਉ ਕਬੀਰ)

ਸਾਕਲਪ: ਦੇਖੋ, ਸਵਿਕਲਪ. "ਨਿਰਵਿਕਲਪ ਸਾਕਲਪ ਉਚਾਰੀ." (ਨਾਪ੍ਰ)

ਸਾਂਕਲਾ, ਸਾਂਕਲੀ: ਦੇਖੋ, ਸਾਂਕਰਾ ਸਾਂਕਰੀ। ਦੇਖੋ, ਸਾਂਕਲ.

ਸਾਕੜੀ: ਸੰਗਯਾ- ਸ਼ਾਕ ਅਚਨ (ਖਾਣ) ਵਾਲੀ. ਸਤੀ. ਦੁਰਗਾ. ਸ਼ਾਕੰਭਰੀ. "ਅੰਜਨੀ ਗੰਜਨੀ ਸਾਕੜੀ ਸੀਤਲਾ." (ਪਾਰਸਾਵ)

ਸਾਂਕੜੀ: ਦੇਖੋ, ਸਾਂਕਰੀ.

ਸਾਕਾ: ਸ਼ਕ ਸੰਮਤ. ਜੋ ਸ਼ਾਲਿਵਾਹਨ ਨੇ ਚਲਾਇਆ ਅਤੇ ਸਨ ਈਸਵੀ ਤੋਂ ਕੋਈ ੭੮ ਵਰ੍ਹੇ ਪਿੱਛੋਂ ਸ਼ੁਰੂ ਹੋਇਆ. ਦੇਖੋ, ਸਾਲਿਵਾਹਨ। ੨. ਕੋਈ ਐਸਾ ਕਰਮ, ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ. "ਧਰਮਹੇਤ ਸਾਕਾ ਜਿਨ ਕੀਆ." (ਵਿਚਿਤ੍ਰ) ੩. ਸੰ ਸ਼ਾਕਾ. ਹਰੜ. ਹਰੀਤਕੀ.

ਸਾਕਾਰ: ਵਿ- ਆਕਾਰ ਸਹਿਤ. ਮੂਰਤਿਮਾਨ.

ਸਾਕਿਛੁ: ਉਹ ਕੁਛ। ੨. ਸੰ. शकृत. ਸ਼ਕ੍ਰਿਤ. ਸੰਗਯਾ- ਗੰਦਗੀ. ਮੈਲਾ. "ਜਹਾਂ ਸਾਕਿਛੁ ਤਹਾਂ ਲਾਗਿਓ." (ਮਾਰੂ ਅਃ ਮਃ ੫) ਪਵਨ ਗੰਦਗੀ ਨੂੰ ਭੀ ਸਪਰਸ਼ ਕਰਦੇ ਸ਼ੰਕਾ ਨਹੀਂ ਕਰਦਾ.

ਸਾਕਿਣੀ: ਦੇਖੋ, ਸਾਕਿਨੀ.

ਸਾਕਿਨ: ਅ਼. ساکن ਸਕੂਨਤ (ਰਹਾਇਸ਼) ਰੱਖਣ ਵਾਲਾ. "ਅਮਰ ਸਿੰਘ ਕਮੋਇ ਸਾਕਿਨ ਖੇਮਕਰਨ." (ਪੰਪ੍ਰ)

ਸਾਕਿਨੀ: ਸੰ. शाकिनी ਸੰਗਯਾ- ਸ਼ਾਕ (ਸਾਗ) ਵਾਲੀ ਪ੍ਰਿਥਿਵੀ. ਜਿਸ ਤੋਂ ਸਾਗ ਪੈਦਾ ਹੁੰਦੇ ਹਨ। ੨ਦੇਵੀ ਦੀ ਅੜਦਲ ਵਿੱਚ ਰਹਿਣ ਵਾਲੀ ਯੋਗਿਨੀ, ਜੋ ਲਹੂ ਮਿੰਜ (ਮੱਜਾ) ਦਾ ਆਹਾਰ ਕਰਦੀ ਹੈ. ਸਕੰਦ ਪੁਰਾਣ ਵਿੱਚ ਲੇਖ ਹੈ ਕਿ ਦਕ੍ਸ਼ ਦਾ ਜੱਗ ਨਾਸ ਕਰਨ ਲਈ ਵੀਰਭਦ੍ਰ ਨਾਲ ਸ਼ਾਕਿਨੀ ਭੀ ਗਈ ਸੀ.

ਸ਼ਾਕਿਰ: ਅ਼. شاکر ਵਿ- ਸ਼ੁਕਰ ਕਰਨ ਵਾਲਾ। ੨. ਕ੍ਰਿਤਗ੍ਯ ਉਪਕਾਰ ਮੰਨਣ ਵਾਲਾ.

ਸਾਕੀ: ਅ਼. ساقی ਸਾਕ਼ੀ. ਸੰਗਯਾ- ਸ਼ਰਾਬ ਆਦਿਕ ਪਿਆਉਣ ਵਾਲਾ. "ਬਦਿਹ ਸਾਕ਼ੀਆ ! ਸਾਗ਼ਰੇ ਸੁਰਖ਼ ਫ਼ਾਮ." (ਹਕਾਯਤ) ੨. ਭਾਵ- ਸਤਿਗੁਰੁ. ਪ੍ਰੇਮ ਦੀ ਖ਼ੁਮਾਰੀ ਚੜ੍ਹਾਉਣ ਵਾਲਾ। ੩. ਅ਼. شاکی ਸ਼ਾਕੀ. ਸ਼ਿਕਾਯਤ ਕਰਨ ਵਾਲਾ.

ਸਾਕੁ: ਦੇਖੋ, ਸਾਕ ੭- ੮. "ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ." (ਗੂਜ ਮਃ ੩)

ਸਾਕੇਤ: ਸੰਗਯਾ- ਅਯੋਧ੍ਯਾ (ਅਜੁਧ੍ਯਾ) ਪੁਰੀ। ੨. ਅਯੋਧ੍ਯਾ ਦੇ ਆਸ ਪਾਸ ਦਾ ਦੇਸ਼। ੩. ਵਿ- ਅਯੋਧ੍ਯਾ ਨਿਵਾਸੀ.

ਸਾਕੈ: ਸਕਦਾ. ਸਮਰਥ ਹੁੰਦਾ. ਦੇਖੋ, ਸਕਣਾ. "ਕੋਇ ਨ ਸਾਕੈ ਭਿੰਨ ਕਰਿ." (ਸੂਹੀ ਛੰਤ ਮਃ ੫)

ਸਾਕੰ: ਦੇਖੋ, ਸਾਕ ਅਤੇ ਸਾਕਾ. "ਕਲੂ ਮੱਧ ਕੀਨੋ ਬਡੋ ਧਰਮ ਸਾਕੰ." (ਗ੍ਯਾਨ) ਧਰਮ ਦਾ ਸਾਕਾ ਕੀਤਾ.

ਸਾਕੰਭਰੀ: ਸੰ. शाकम्भरी ਸੰਗਯਾ- ਸਾਗ ਨਾਲ ਪਾਲਨ ਵਾਲੀ ਦੁਰਗਾ. ਮਾਰਕੰਡੇਯ ਪੁਰਾਣ ਵਿੱਚ ਕਥਾ ਹੈ ਕਿ ਇੱਕ ਵਾਰ ਵਡਾ ਕਾਲ ਪਿਆ, ਸਾਰਾ ਸੰਸਾਰ ਭੁੱਖਾ ਮਰਨ ਲੱਗਾ, ਤਦ ਦੇਵੀ ਨੇ ਸਾਗ ਦਾ ਰੂਪ ਧਾਰਕੇ ਪ੍ਰਿਥਿਵੀ ਢਕ ਲਈ ਅਰ ਸਭ ਭੁੱਖਿਆਂ ਨੂੰ ਮਰਨੋਂ ਬਚਾਇਆ.

ਸ਼ਾਕ੍ਯ: ਸੰ. ਇੱਕ ਪੁਰਾਣੀ ਛਤ੍ਰੀ ਜਾਤਿ, ਜੋ ਨੇਪਾਲ ਦੀ ਤਰਾਈ ਵਿੱਚ ਵਸਦੀ ਸੀ. ਇਸੇ ਵਿੱਚ ਸ਼ਾਕ੍ਯ ਮੁਨਿ (ਬੁੱਧ) ਦਾ ਜਨਮ ਹੋਇਆ ਸੀ.

ਸਾਕ੍ਯ ਮੁਨਿ: ਦੇਖੋ, ਬੁੱਧ.

ਸਾਕ੍ਸ਼ਰ: ਸੰ. ਵਿ- ਅਕ੍ਸ਼ਰ ਸਹਿਤ. ਵਿਦ੍ਵਾਨ. ਜੋ ਲਿਖ ਪੜ੍ਹ ਸਕਦਾ ਹੈ.

ਸਾਕ੍ਸ਼ਾਤ: ਸੰ. ਵ੍ਯ- ਪ੍ਰਤੱਖ. ਅੱਖ ਦਾ ਸਾਮ੍ਹਣੇ. ਜਾਹਿਰ.

ਸਾਕ੍ਸ਼ੀ: साक्षिन ਸੰਗਯਾ- ਉਹ ਗਵਾਹ, ਜੋ ਅੱਖੀਂ ਦੇਖੀ ਗਵਾਹੀ ਦਿੰਦਾ ਹੈ. ਦੇਖੋ, ਸਾਖੀ.

ਸਾਕ੍ਸ਼੍ਯ: ਸੰ. ਸੰਗਯਾ- ਸ਼ਹਾਦਤ. ਅੱਖੀਂ ਡਿੱਠੀ ਗਵਾਹੀ.

ਸਾਖ: ਸੰ. ਸ਼ਾਕ. ਸੰਗਯਾ- ਸਾਗ. ਸਬਜੀ. ਖੇਤੀ. "ਜਲ ਬਿਨ ਸਾਖ ਕੁਮਲਾਵਤੀ." (ਬਾਰਹਮਾਹਾ ਮਾਝ) "ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ." (ਸ. ਫਰੀਦ) ੨. ਸੰ. ਸਾਕ੍ਸ਼੍ਯ. ਸ਼ਹਾਦਤ. ਗਵਾਹੀ. "ਤਬ ਸਾਖੀ ਪ੍ਰਭੁ ਅਸਟ ਬਨਾਏ। ਸਾਖ ਨਿਮਿਤ ਦੇਬੇ ਠਹਿਰਾਏ." (ਵਿਚਿਤ੍ਰ) ਸਾਕ੍ਸ਼੍ਯ ਦੇਬੇ ਨਿਮਿੱਤ। "ਹਰਿਨਾਮ ਮਿਲੈ ਪਤਿ ਸਾਖ." (ਮਾਰੂ ਮਃ ੪) ੩. ਨੇਕ ਸ਼ੁਹਰਤ. "ਸੁ ਸਾਖ ਤਾਸ ਕੀ ਸਦਾ ਤਿਹੂਨ ਲੋਕ ਮਾਨਿਯੈ." (ਪਾਰਸਾਵ) ੪. ਸੰ ਸ਼ਾਖਾ. ਦੇਖੋ, ਫ਼ਾ. شاخ ਸ਼ਾਖ਼. ਟਾਹਣੀ.

ਸ਼ਾਖਾ. ਡਾਲੀ. "ਤੂੰ ਪੇਡ ਸਾਖ ਤੇਰੀ ਫੂਲੀ." (ਮਾਝ ਮਃ ੫) "ਨਾਮ ਸੁਰਤਰੁ ਸਾਖਹੁ." (ਸਹਸ ਮਃ ੫) ੫. ਗੋਤ੍ਰ. ਵੰਸ਼. ਕਿਸੇ ਮੂਲ ਜਾਤਿ ਤੋਂ ਨਿਕਲੀ ਹੋਈ ਕੁਲ। ੬. ਬੇਲ। ੭. ਗ੍ਰੰਥ ਦਾ ਹਿੱਸਾ. ਭਾਗ. ਕਾਂਡ.

ਸਾਂਖ: ਦੇਖੋ, ਸਾਂਖਜ ਅਤੇ ਖਟ ਸਾਸਤ੍ਰ। ੨. ਸੰਗਜਾ- ਫਾਂਕ ਜਿਵੇਂ- ਜਲੇਬੀ ਦੀ ਸਾਂਖ. ਇਹ ਸ਼ਬਦ ਭੀ ਸ਼ਾਖਾ ਤੋਂ ਬਣਿਆ ਹੈ। ੩. ਸੰ. ਸ਼ਾਂਖ. ਵਿ- ਸ਼ੰਖ ਦਾ ਬਣਿਆ ਹੋਇਆ। ੪. ਸੰਗਜਾ- ਸ਼ੰਖ ਦੀ ਆਵਾਜ਼. ਸੰਖਧੁਨਿ.

ਸਾਖਤ: ਫ਼ਾ. ساخت ਸਾਖ਼ਤ. ਦੇਖੋ, ਸਾਖ਼ਤਨ। ੨. ਘੋੜੇ ਦੀ ਦੁੰਮ ਵਿੱਚ ਪਹਿਨਾਇਆ ਸਾਜ਼, ਜੋ ਕਾਠੀ ਨਾਲ ਬੱਧਾ ਹੁੰਦਾ ਹੈ. ਦੁਮਚੀ.

ਸਾਖ਼ਤਨ: ਫ਼ਾ. ساختن ਕ੍ਰ- ਬਣਾਉਣਾ. ਰਚਨਾ. ੨. ਮਿਲਜੁਲਕੇ ਰਹਿਣਾ.

ਸਾਖਤਿ: ਦੇਖੋ, ਸਾਖਤ ੨. ਅਤੇ ਪਉਣਵੇਗ. "ਘੋੜੇ ਪਾਖਰ ਸੁਇਨੇ ਸਾਖਤਿ." (ਸ੍ਰੀ ਮਃ ੧) ੨. ਦੇਖੋ, ਸਾਖਤੀ.

ਸਾਖਤੀ: ਸੰਗਜਾ- ਸਖ਼ਤੀ. ਤੱਦੀ. ਅਥਵਾ ਘੋੜਿਆਂ ਨੂੰ ਸਾਖਤਾਂ ਪਾਉਣ ਦੀ ਕ੍ਰਿਯਾ. "ਇਕਿ ਹੋਏ ਅਸਵਾਰ ਇਕਨਾ ਸਾਖਤੀ." (ਵਾਰ ਮਾਝ ਮਃ ੧) ੨. ਫ਼ਾ. شختگی ਸ਼ਾਖ਼ਤਗੀ. ਰਚਨਾ. ਬਣਾਉਣ ਦੀ ਕ੍ਰਿਯਾ. "ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ." (ਵਾਰ ਆਸਾ) ਆਪ ਰਚਦਾ ਹੈ ਆਪ ਪ੍ਰਲੈ ਕਰਦਾ ਹੈ.

ਸਾਖਾ: ਸੰ. ਸ਼ਾਖਾ. ਸੰਗਜਾ- ਬਿਰਛ ਦੀ ਟਾਹਣੀ. ਸ਼ਾਖ। ੨. ਭੁਜਾ, ਬਾਂਹ, ਉਂਗਲ, ਪੈਰ ਆਦਿਕ ਸ਼ਰੀਰ ਦੇ ਅੰਗ। ੩. ਗੋਤ੍ਰ. ਵੰਸ਼. ਕਿਸੇ ਵਡੀ ਜਾਤਿ ਦਾ ਇੱਕ ਭਾਗ। ੪. ਸੰਪ੍ਰਦਾਯ. ਕਿਸੇ ਧਰਮ ਤੋਂ ਨਿਕਲਿਆ ਹੋਇਆ ਫਿਰਕਾ. "ਸਿਖ ਸਾਖਾ ਬਹੁਤੇ ਕੀਏ." (ਸ. ਕਬੀਰ) ੫. ਵੇਦ ਦੇ ਭਾਗ. ਅਨੇਕ ਰਿਖੀਆਂ ਨੇ ਆਪਣੇ ਆਪਣੇ ਖਿਆਲ ਨਾਲ ਵੇਦਾਂ ਦੇ ਪਾਠ ਅਤੇ ਅਰਥ ਆਪਣੇ ਚੇਲਿਆਂ ਨੂੰ ਜੁਦੀ ਜੁਦੀ ਰੀਤਿ ਨਾਲ ਪੜ੍ਹਾਏ, ਜਿਸਤੋਂ ਵੇਦ ਦੀਆਂ ਅਨੰਤ ਸ਼ਾਖਾਂ ਹੋ ਗਈਆਂ "ਸਾਖਾ ਤੀਨਿ ਕਹੈ ਨਿਤ ਬੇਦੁ." (ਆਸਾ ਮਃ ੧) "ਸਾਖਾ ਤੀਨ ਨਿਵਾਰੀਆ ਏਕ ਸਬਦਿ ਲਿਵ ਲਾਇ." (ਸ੍ਰੀ ਅਃ ਮਃ ੩) ਇਸ ਥਾਂ ਤਿੰਨ ਸ਼ਾਖਾ ਤੋਂ ਭਾਵ ਤ੍ਰਿਗੁਣਾਤਮਕ ਵਿਦਜਾ ਹੈ.[208] ਦੇਖੋ, ਤ੍ਰੈਗੁਣ ੩.

ਸਾਖਾਇਨਣੀ: ਸੰਗਜਾ- ਸਖਜਤਾ (ਮਿਤ੍ਰਤਾ) ਵਾਲਿਆਂ ਦੀਆਂ ਹਨ ਟੋਲੀਆਂ ਜਿਸ ਵਿੱਚ, ਅਜੇਹੀ ਸੈਨਾ. (ਸਨਾਮਾ)

ਸਾਖਾ ਤੀਨ: ਕਰਮ ਉਪਾਸਨਾ ਗਜਾਨ ਕਾਂਡ। ੨. ਬ੍ਰਹਮਾ ਵਿਸ਼ਨੁ ਸ਼ਿਵ ਰੂਪ ਹਨ ਜਿਸ ਦੀ ਸ਼ਾਖ਼ਾ. "ਸਾਖਾ ਤੀਨ ਮੂਲ ਮਤਿ ਰਾਵੈ." (ਆਸਾ ਅਃ ਮਃ ੩) ੩. ਸਤ ਰਜ ਤਮ.

ਸਾਖਾਮ੍ਰਿਗ: ਸੰਗਜਾ- ਜੋ ਸ਼ਾਖਾ (ਟਾਹਣੀਆਂ) ਪੁਰ ਮ੍ਰਿਗ (ਵਿਚਰਦਾ ਹੈ). ਬਾਂਦਰ. ਲੰਗੂਰ.

ਸਾਖਿ: ਦੇਖੋ, ਸਾਖੀ। ੨. ਸਾਕਜ. ਗਵਾਹੀ. ਸ਼ਹਾਦਤ. "ਦਿਨੁ ਰੈਨਿ ਸਾਖਿ ਸੁਨਾਇ." (ਬਿਲਾ ਅਃ ਮਃ ੫)

ਸਾਖਿਓ: ਸਾਕੀ (ਗਵਾਹ) ਹੈ. "ਅੰਤਰਜਾਮੀ ਸਾਖਿਓ." (ਧਨਾ ਮਃ ੫)

ਸਾਖਿਆ: ਦੇਖੋ, ਸਾਖਾ। ੨. ਸੰਗਜਾ- ਸਾਕਜ. ਗਵਾਹੀ. ਸ਼ਹਾਦਤ। ੩. ਮਿਸਾਲ. ਦ੍ਰਿਸ਼੍ਟਾਂਤ. ਨਜ਼ੀਰ. "ਉਦਕ ਸਮੁੰਦ ਸਲਲ ਕੀ ਸਾਖਿਆ." (ਮਾਰੂ ਕਬੀਰ) ਸਮੁੰਦਰ ਦੇ ਪਾਣੀ ਵਿੱਚ ਉਪਜੇ ਹੋਏ ਤਰੰਗ ਦੀ ਮਾਨਿੰਦ.

ਸਾਖੀ: ਸੰਗਜਾ- ਇਤਿਹਾਸ ਅਥਵਾ ਕਥਾ, ਜੋ ਅੱਖੀਂ ਡਿੱਠੀ ਕਹੀ ਗਈ ਹੋਵੇ. "ਸੁਣਹੁ ਜਨ ਭਾਈ, ਹਰਿ ਸਤਿਗੁਰ ਕੀ ਇਕ ਸਾਖੀ." (ਵਾਰ ਸ੍ਰੀ ਮਃ ੪) "ਸੁਣਿ ਸਾਖੀ ਮਨ ਜਪਿ ਪਿਆਰ." (ਬਸੰ ਅਃ ਮਃ ੫) ੨. ਭਾਵ- ਸਿਖਜਾ. ਨਸੀਹਤ. "ਗੁਰਸਾਖੀ ਜੋਤਿ ਪਰਗਟੁ ਹੋਇ." (ਸੋਹਿਲਾ) ੩. ਸੰ. ਸਾਕ੍ਸ਼ਿਨ ਸਾਕੀ. ਗਵਾਹ. "ਗੁਰੁ ਥੀਆ ਸਾਖੀ ਤਾਂ ਡਿਠਮੁ ਆਖੀ." (ਆਸਾ ਛੰਤ ਮਃ ੫) "ਪਾਪ ਪੁੰਨ ਦੁਇ ਸਾਖੀ ਪਾਸਿ." (ਆਸਾ ਮਃ ੧) "ਤਬ ਸਾਖੀ ਪ੍ਰਭੁ ਅਸਟ ਬਨਾਏ." (ਵਿਚਿਤ੍ਰ) ਦੇਖੋ, ਅਸਟਸਾਖੀ। ੪. ਸਾਕਜ. ਗਵਾਹੀ. ਸ਼ਹਾਦਤ. "ਸਚ ਬਿਨ ਸਾਖੀ ਮੂਲੋ ਨ ਬਾਕੀ." (ਸਵਾ ਮਃ ੧) "ਸੰਤਨ ਕੀ ਸੁਣ

[208] ਕਈ ਗਜਾਨੀ ਕਰਮ, ਉਪਾਸਨਾ ਅਤੇ ਗਜਾਨ ਸਮਝਦੇ ਹਨ.

ਸਾਚੀ ਸਾਖੀ। ਸੋ ਬੋਲਹਿ ਜੋ ਪੇਖਹਿ ਆਖੀ।।" (ਰਾਮ ਮਃ ੫) ੫. ਸੰ. शाखिन् ਸ਼ਾਖੀ. ਦਰਖ਼ਤ. ਬਿਰਛ. ਟਾਹਣੀਆਂ ਵਾਲਾ. "ਜਜੋਂ ਅਵਨੀ ਪਰ ਸਫਲਜੋ ਸਾਖੀ." (ਨਾਪ੍ਰ) ੬. ਵੇਦ, ਜਿਸ ਦੀਆਂ ਬਹੁਤ ਸ਼ਾਖਾ ਹਨ.

ਸਾਖੀਐ: ਸਾਕ੍ਸ਼ੀ ਹੈ. "ਸਤਿਗੁਰ ਸਚ ਸਾਖੀਐ." (ਵਾਰ ਸ੍ਰੀ ਮਃ ੪)

ਸਾਖੁ: ਦੇਖੋ, ਸਾਖ ਅਤੇ ਸਾਖਾ. "ਬਿਨੁ ਹਰਿਰਸ ਰਾਤੇ ਪਤਿ ਨ ਸਾਖੁ." (ਬਸੰ ਅਃ ਮਃ ੧) ਨਾ ਪ੍ਰਤਿਸ਼੍ਠਾ (ਇੱਜਤ) ਨਾ ਨੇਕ ਸ਼ੁਹਰਤ.

ਸਾਖੋਚਾਰ, ਸ਼ਾਖੋੱਚਾਰ: ਸੰਗਯਾ- ਸ਼ਾਖਾ (ਗੋਤ੍ਰ ਅਤੇ ਵੰਸ਼ਾਵਲੀ) ਦਾ ਉੱਚਾਰਣ. ਵਿਆਹ ਆਦਿਕ ਸਮਿਆਂ ਤੇ ਵੰਸ਼ ਦਾ ਸਿਲਸਿਲਾ ਇਸ ਲਈ ਦੱਸਿਆ ਜਾਂਦਾ ਹੈ ਕਿ ਸਭ ਲੋਕ ਕੁਲ ਤੋਂ ਜਾਣੂ ਹੋ ਜਾਣ. "ਸਾਖੋਚਾਰ ਉਚਾਰਨ ਕੀਨਸ." (ਗੁਪ੍ਰਸੂ)

ਸਾਖਜ: ਸੰ. ਸਖਜ. ਸੰਗਜਾ- ਸਖਾਪਨ. ਮਿਤ੍ਰਭਾਵ. ਦੋਸਤੀ। ੨. ਦੇਖੋ, ਸਾਕ੍ਸ਼ਜ.

ਸਾਂਖਜ: ਵਿ- ਸੰਖਜਾ (ਗਿਣਤੀ) ਨਾਲ ਹੈ ਜਿਸ ਦਾ ਸੰਬੰਧ। ੨. ਸੰਗਜਾ- ਗਿਣਤੀ ਜਾਣਨ ਵਾਲਾ ਵਿਦ੍ਵਾਨ. ਹਿਸਾਬਦਾਂ। ੩. ਸਾਂਖਜਸ਼ਾਸਤ੍ਰ. ਦੇਖੋ, ਖੱਟ ਸਾਸਤ੍ਰ.

ਸਾਗ: ਸੰ. ਸ਼ਾਕ. ਸੰਗਜਾ- ਸਬਜ਼ੀ. ਨਬਾਤ। ੨. ਸਰ੍ਹੋਂ ਪਾਲਕ ਆਦਿ ਦੀ ਭਾਜੀ.

ਸਾਂਗ: ਸੰਗਜਾ- ਇੱਕ ਪ੍ਰਕਾਰ ਦੀ ਬਰਛੀ, ਜੋ ਦਸ ਫੁਟ ਲੰਮੇ ਛੜ ਵਾਲੀ ਹੁੰਦੀ ਹੈ, ਸਾਰਾ ਛੜ ਲੋਹੇ ਨਾਲ ਮੜ੍ਹਿਆ ਰਹਿੰਦਾ ਹੈ. ਨੋਕਦਾਰ ਫਲ ਚਾਰ ਫੁਟ ਦਾ ਲੰਮਾ ਹੁੰਦਾ ਹੈ. "ਗਰਵੀ ਖਰ ਸਾਂਗ ਸੰਭਾਰ ਲਈ." (ਗੁਪ੍ਰਸੂ) "ਨਿੰਦਕ ਕਉ ਦੁਖ ਲਾਗੈ ਸਾਂਗੈ." (ਭੈਰ ਮਃ ੫) ੨. ਸੰ. ਸਮਾਂਗ. ਸਮਾਨ ਅੰਗ. ਓਹੋ ਜੇਹਾ ਅੰਗ. ਸ੍ਵਾਂਗ. ਕਿਸੇ ਜੇਹੇ ਆਪਣੇ ਅੰਗ ਬਣਾਉਣੇ. ਨਕਲ. ਦੇਖੋ, ਸ੍ਵਾਂਗ। ੩. ਵਿ- ਅੰਗ ਸਹਿਤ. ਸ- ਅੰਗ.

ਸਾਗਰ: ਸੰ. ਸੰਗਜਾ- ਸਮੁੰਦਰ. ਦੇਖੋ, ਸਗਰ ਅਤੇ ਸਮੁਦ੍ਰ ਸ਼ਬਦ. "ਸਾਗਰ ਮਹਿ ਬੂੰਦ, ਬੂੰਦ ਮਹਿ ਸਾਗਰ." (ਰਾਮ ਮਃ ੧) ਭਾਵ- ਜੀਵ ਵਿੱਚ ਬ੍ਰਹਮ, ਅਤੇ ਬ੍ਰਹਮ ਵਿੱਚ ਜੀਵਾਤਮਾ। ੨. ਬੰਗਾਲ ਵਿੱਚ ਹੁਗਲੀ ਦਰਿਆ ਦਾ ਇੱਕ ਟਾਪੂ (ਦ੍ਵੀਪ), ਜਿਸ ਥਾਂ ਬੰਗਾਲਖਾੜੀ ਨਾਲ ਗੰਗਾ ਦਾ ਸੰਗਮ ਹੁੰਦਾ ਹੈ। ੩. ਦਸ ਪਦਮ ਗਿਨਤੀ. ਦੇਖੋ, ਸੰਗਜਾ। ੪. ਸੱਤ ਸੰਖਜਾ ਬੋਧਕ, ਕਿਉਂਕਿ ਸਮੁੰਦਰ ਸੱਤ ਮੰਨੇ ਹਨ। ੫. ਵਿ- ਸਗਰ ਨਾਲ ਹੈ ਜਿਸ ਦਾ ਸੰਬੰਧ. ਸਗਰ ਦਾ। ੬. ਫ਼ਾ. ساغر ਸਾਗ਼ਰ. ਕਟੋਰਾ. ਛੰਨਾ. ਪਿਆਲਾ. "ਬਦਿਹ ਸਾਕੀਆ! ਸਾਗਰੇ ਸਬਜ਼ ਰੰਗ।।" (ਹਕਾਯਤ) ੭. ਸ਼ਰਾਬ ਦਾ ਪਿਆਲਾ. ਦੇਖੋ, ਸਾਕੀ। ੮. ਵਿ- ਸਾ- ਗਰ. ਵਿਸ਼ ਭਰਿਆ. ਜਹਿਰ ਵਾਲਾ."ਭੈ ਸਿੰਧੁ ਸਾਗਰ ਤਾਰਣੋ." (ਬਿਹਾ ਛੰਤ ਮਃ ੫)

ਸਾਗਰ ਉਦਰ: ਸਮੁੰਦਰ ਦਾ ਪੇਟ. ਭਾਵ- ਸਾਗਰ ਦਾ ਅੰਦਰੂਨੀ ਭਾਗ, ਜਿਸ ਵਿੱਚ ਅਨੇਕ ਪਦਾਰਥ ਭਰੇ ਹੋਏ ਹਨ. "ਰਵਿ ਸਸਿ ਕਿਰਣਿ ਉਦਰੁ ਸਾਗਰ ਕੋ." (ਸਵੈਯੇ ਮਃ ੩. ਕੇ)

ਸਾਗਰਸੁਤ, ਸਾਗਰਸੂਨੁ, ਸਾਗਰਤਨਯ: ਸਮੁੰਦਰ ਦਾ ਪੁਤ੍ਰ, ਚੰਦ੍ਰਮਾ। ੨. ਧਨ੍ਵੰਤਰਿ ਆਦਿ, ਜੋ ਸਮੁੰਦਰ ਤੋਂ ਪੈਦਾ ਹੋਏ ਹਨ.

ਸਾਗਰ ਮੇਖਲਾ: ਸੰ. ਸੰਗਜਾ- ਪ੍ਰਿਥਿਵੀ, ਸਮੁੰਦਰ ਹੈ ਜਿਸ ਦੀ ਮੇਖਲਾ (ਤੜਾਗੀ).

ਸਾਗਰਾ: ਦੇਖੋ, ਪਿੰਧੀ। ੨. ਸੰ. ਸੰਗਜਾ- ਪ੍ਰਿਥਿਵੀ, ਜੋ ਸਾਗਰ ਦੇ ਧਾਰਨ ਵਾਲੀ ਹੈ. "ਆਦਿ ਸਾਗਰਾ ਸਬਦ ਬਖਾਨਨ ਕੀਜਿਯੈ." (ਸਨਾਮਾ)

ਸਾਗਰਾਂਬਰਾ: ਸੰ. सागराम्बरा. ਸੰਗਜਾ- ਪ੍ਰਿਥਵੀ, ਜਿਸ ਨੇ ਸਮੁੰਦਰ ਰੂਪ ਅੰਬਰ (ਵਸਤ੍ਰ) ਧਾਰਨ ਕੀਤਾ ਹੈ.

ਸਾਗਰੋਦਗਾਰ: ਸਮੁੰਦਰ ਦਾ ਉਦਗਾਰ (ਡਕਾਰ). ਸਮੁੰਦਰ ਦੇ ਪਾਣੀ ਦਾ ਉਤਰਾਉ ਚੜ੍ਹਾਉ. ਦੇਖੋ, ਜ੍ਵਾਰਭਾਟਾ.

ਸਾਗਵਾਨ: ਦੇਖੋ, ਸਾਗੌਨ.

ਸਾਂਗਾ: ਦੇਖੋ, ਚਤੌੜ.

ਸ਼ਾਗਿਰਦ: ਫ਼ਾ. شاگرد ਸੰਗਯਾ- ਸ਼ਾਹ ਦੇ ਗਿਰਦ ਫਿਰਨ ਵਾਲਾ. ਬਾਦਸ਼ਾਹ ਦਾ ਨਫਰ। ੨. ਸਾਧੁ ਦਾ ਸੇਵਕ. ਚੇਲਾ। ੩. ਵਿਦ੍ਯਾਰਥੀ.

ਸਾਂਗੀ: ਵਿ- ਸਾਂਗ (ਬਰਛੀ) ਰੱਖਣ ਵਾਲਾ। ੨. ਸੰਗਯਾ- ਸ੍ਵਾਂਗੀ. ਨਕਲੀਆ. ਬਹੁਰੂਪੀਆ. "ਤੁਮ ਠਾਕੁਰ ਹਮ ਸਾਂਗੀ." (ਧਨਾ ਮਃ ੪)

ਸਾਂਗੀਤ: ਵਿ- ਸੰਗੀਤ ਨਾਲ ਸੰਬੰਧਿਤ. ਦਖੋ, ਸੰਗੀਤ.

ਸਾਂਗੁ: ਸ੍ਵਾਂਗ. ਦੇਖੋ, ਸਾਂਗ. "ਸਾਂਗੁ ਉਤਾਰਿ ਥੰਮਿਓ ਪਾਸਾਰਾ." (ਸੂਹੀ ਮਃ ੫) ੨. ਬਰਛੀ. ਦੇਖੋ, ਸਾਂਗ ੧.

ਸਾਗੁਨ: ਦੇਖੋ, ਸਗੁਣ. "ਨਾਗੁਨ ਤੇ ਪੁਨ ਸਾਗੁਨ ਤੇ ਗੁਰੁ ਕੇ ਮਤ ਮੇ ਬਡ ਨਾਮ ਪਛਾਨੋ." (ਨਾਪ੍ਰ) ਨਿਰ ਗੁਣ ਸਰਗੁਣ ਤੋਂ ਨਾਮ ਵਡਾ ਹੈ.

ਸਾਗੂਨ: ਦੇਖੋ, ਸਾਗੌਨ.

ਸਾਂਗੇ: ਕ੍ਰਿ. ਵਿ- ਸੰਬੰਧਿਤ ਪ੍ਰਸੰਗ ਵਿੱਚ. ਪ੍ਰਕਰਣ ਅਨੁਸਾਰ. "ਪਾਂਡਵਾਂ ਕੀ ਕਥਾ ਕੇ ਸਾਂਗੇ ਕਹੇ ਹੈਂ." (ਜਸਭਾਮ)

ਸਾਂਗੋਪਾਂਗ: ਸੰ. साङ्गोपाङ्ग. ਵਿ- ਸਹਿਤ ਅੰਗ ਅਤੇ ਉਪ ਅੰਗ ਦੇ. ਸੰਪੂਰਣ. ਮੁਕੰਮਲ.

ਸਾਗੌਨ: ਸੰ. ਸ਼ਾਕਦ੍ਰੁਮ. ਟੀਕ ਬਿਰਛ, ਜਿਸ ਦੀ ਲੱਕੜ ਇਮਾਰਤਾਂ ਅਤੇ ਘਰ ਦੇ ਸਾਮਾਨ ਲਈ ਉੱਤਮ ਗਿਣੀ ਗਈ ਹੈ. ਇਹ ਬਰਮਾ ਵਿੱਚ ਬਹੁਤ ਹੁੰਦਾ ਹੈ. L. Tectona Grandis.

ਸਾਚ: ਸੰਗਯਾ- ਸਤ੍ਯ. ਸੱਚ। ੨. ਕਰਤਾਰ. ਵਾਹਗੁਰੂ.

ਸਾਚਉ: ਵਿ- ਸਤ੍ਯਰੂਪ. ਸੱਚਾ "ਸਾਚਉ ਠਾਕੁਰ ਸਾਚੁ ਪਿਆਰਾ." (ਧਨਾ ਅਃ ਮਃ ੧) ੨. ਅਵਿਨਾਸ਼ੀ. "ਸਾਚਉ ਤਖਤ ਗੁਰੂ ਰਾਮਦਾਸੈ." (ਸਵੈਯੇ ਮਃ ੪. ਕੇ)

ਸਾਚਤ: ਦੇਖੋ, ਸੰਚਿਤ। ੨. ਸੰ. सचिन्त. ਸਚਿੰਤ. ਫਿਕਰ ਸਹਿਤ. "ਸੋਚਤ ਸਾਚਤ ਰੈਨਿ ਬਿਹਾਨੀ." (ਆਸਾ ਮਃ ੫)

ਸਾਚਧਰਮ: ਸੰਗਯਾ- ਸਿੱਖਧਰਮ. "ਸਾਚਧਰਮ ਕਾ ਬੇੜਾ ਬਾਂਧਿਆ ਭਵਜਲੁ ਪਾਰਿ ਪਵਾਈ." (ਰਾਮ ਅਃ ਮਃ ੫)

ਸਾਂਚਨ: ਜਮਾ ਕਰਨਾ. ਇਕੱਠਾ ਕਰਨਾ. ਦੇਖੋ, ਸੰਚਯਨ."ਸਤੀ ਕਿ ਸਾਂਚੈ ਭਾਂਡੇ?" (ਗਉ ਕਬੀਰ)

ਸਾਚਾ: ਵਿ- ਸੱਚਾ.

ਸਾਂਚਾ: ਸੰਗਯਾ- ਸੰਚਾ. ਕ਼ਾਲਬ. Mould. "ਸੁ ਢਰੀ ਜਨੁ ਮੈਨ ਕੇ ਸਾਂਚੈ." (ਕ੍ਰਿਸਨਾਵ)

ਸਾਚਾ ਸਾਹ: ਸੰਗਯਾ- ਕਰਤਾਰ. ਸੱਚਾ ਬਾਦਸ਼ਾਹ। ੨. ਸਤਿਗੁਰੂ. ਨਿੱਤ ਰਹਿਣ ਵਾਲਾ ਸ਼ਾਹ। ੩. ਵਿ- ਅਵਿਨਾਸ਼ੀ ਰਾਜ ਵਾਲਾ. "ਸਾਹਨ ਮਹਿ ਤੂ ਸਾਚਾ ਸਾਹਾ." (ਗੂਜ ਅਃ ਮਃ ੫)

ਸਾਚਾ ਘਰ: ਸੰਗਯਾ- ਸਤਸੰਗ. ਸਾਧੁਸਭਾ. "ਏਹੁ ਸੋਹਿਲਾ ਸਾਚੈ ਘਰਿ ਗਾਵਹੁ." (ਅਨੰਦੁ) ੨. ਆਤਮ ਪਦ. ਤੁਰੀਯ (ਤੁਰੀਆ) ਪਦ.

ਸਾਚਿ: ਦੇਖੋ, ਸਾਚ. ਸਤ੍ਯ। ੨. ਸਤ੍ਯ ਕਰਕੇ. ਸਤ੍ਯ ਦ੍ਵਾਰਾ। ੩. ਸੱਚ ਵਿੱਚ. "ਗੁਰਪਰਸਾਦੀ ਸਾਚਿ ਸਮਾਇ." (ਬਸੰ ਮਃ ੩) ੪. ਸੰ. साचि ਵਿ- ਟੇਢਾ. ਕੁਟਿਲ. ਵਿੰਗਾ.

ਸਾਚੀ: ਵਿ- ਸੱਚੀ। ੨. ਦੇਖੋ, ਸਾਚਿ.

ਸਾਚੀਸਬਯ: ਅਰਜੁਨ. ਦੇਖੋ, ਸਵਜਸਾਚੀ. "ਸਾਚੀ- ਸਬਯ ਬਖਾਨ." (ਸਨਾਮਾ)

ਸਾਚੀ ਦਰਗਹ: ਸੰਗਯਾ- ਕਰਤਾਰ ਦਾ ਦਰਬਾਰ. ਦਰਗਾਹ. "ਸਾਚੀ ਦਰਗਹ ਪੂਛ ਨ ਹੋਇ." (ਬਿਲਾ ਅਃ ਮਃ ੧) ੨. ਸਤਿਗੁਰੂ ਦਾ ਦੀਵਾਨ। "ਸਾਚੀ ਦਰਗਹ ਬੈਸਈ." (ਸ੍ਰੀ ਅਃ ਮਃ ੧) ੩. ਨਜਾਯਕਾਰੀ ਬਾਦਸ਼ਾਹ ਦੀ ਕਚਹਿਰੀ. "ਸਾਚੀ ਦਰਗਹ ਬੋਲੈ ਕੂੜ." (ਗਉ ਮਃ ੫)

ਸਾਚੀ ਬਾਣੀ: ਸੰਗਯਾ- ਗੁਰਬਾਣੀ. ਅਕਾਲੀ ਬਾਣੀ. "ਸਾਚੀ ਬਾਣੀ ਸਿਉ ਧਰੇ ਪਿਆਰ." (ਧਨਾ ਮਃ ੧)

ਸਾਚੀਰਾਸਿ: ਦੇਖੋ, ਸਚੀ ਰਾਸਿ. "ਸਾਚੀ ਰਾਸਿ ਸਾਚਾ ਵਾਪਾਰੁ." (ਧਨਾ ਮਃ ੩)

ਸਾਚੁ: ਦੇਖੋ, ਸਚ. ਸਤਯ. "ਸਾਚੁ ਕਹਹੁ ਤੁਮ ਪਾਰਗਰਾਮੀ." (ਸਿਧਗੋਸਟਿ) ੨. ਸਤਯ ਉਪਦੇਸ਼. "ਇਸ ਕਾਇਆ ਅੰਦਰਿ ਵਸਤੁ ਅਸੰਖਾ। ਗੁਰਮੁਖਿ ਸਾਚੁ ਮਿਲੈ ਤਾ ਵੇਖਾ." (ਮਾਝ ਅਃ ਮਃ ੩) ੩. ਸੰ. ਸਾਚਯ. ਸੰਬੰਧੀ. ਰਿਸ਼੍ਤੇਦਾਰ.

ਸਾਚੈ: ਸੱਚੇ ਨੂੰ "ਸਾਚੈ ਮੈਲੁ ਨ ਲਗਈ." (ਸ੍ਰੀ ਮਃ ੩) ੨. ਸੱਚੇ. "ਸਾਚੈ ਮਹਲਿ ਰਹੈ." (ਤੁਖਾ ਮਃ ੧) ੩. ਸੱਚੇ ਨੇ. "ਸਾਚੈ ਮੇਲੇ ਸਬਦਿ." (ਮਾਰੂ ਮਃ ੧)

ਸਾਂਚੈ: ਦੇਖੋ, ਸਾਂਚਨ.

ਸਾਚੋਸਾਚ: ਸੰਗਯਾ- ਕੇਵਲ ਸਤਯ. ਨਿਰੋਲ ਸੱਚ. "ਸਾਚੋਸਾਚ ਕਮਾਵਣਾ." (ਸ੍ਰੀ ਮਃ ੩)

ਸਾਛਰ: ਦੇਖੋ, ਸਾਕ੍ਸ਼ਰ.

ਸਾਛਾ: ਸਾਕ੍ਸ਼ਾਤ ਦਾ ਸੰਖੇਪ। ੨. ਸੰਗਯਾ- ਸੰਚਾ. ਕ਼ਾਲਬ. "ਮਾਨੋ ਢਰੇ ਇਹ ਮੈਨ ਕੇ ਸਾਛੇ." (ਕ੍ਰਿਸਨਾਵ)

ਸਾਛੀ: ਦੇਖੋ, ਸਾਕ੍ਸ਼ੀ ਅਤੇ ਸਾਖੀ। ੨. ਕਰਤਾਰ ਜੋ ਸਭ ਦਾ ਸਾਖੀ ਹੈ. "ਦੇਹ ਧਰੇ ਨਰ ਪੂਰਨ ਸਾਛੀ." (ਨਾਪ੍ਰ)

ਸਾਜ: ਫ਼ਾ. ساز ਸਾਜ਼. ਵਿ- ਬਣਾਉਣ ਵਾਲਾ. ਰਚਣ ਵਾਲਾ. ਇਹ ਯੌਗਿਕ ਸ਼ਬਦਾਂ ਦੇ ਅੰਤ ਵਰਤੀਦਾ ਹੈ, ਜੈਸੇ- ਕਾਰਸਾਜ਼, ਜਾਲਸਾਜ਼ ਆਦਿ। ੨. ਸੰਗਯਾ- ਹਥਿਆਰ. ਸੰਦ।੩ ਬਾਜਾ. ਵਾਦਯ. "ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ." (ਚੰਡੀ ੧)

ਸਾਜ (ਵਾਜੇ) ਅਨੇਕ ਪ੍ਰਕਾਰ ਦੇ ਹਨ, ਪਰ ਇੱਥੇ ਉਨ੍ਹਾਂ ਸਾਜਾਂ ਦਾ ਚਿਤ੍ਰ ਦਿੱਤਾ ਜਾਂਦਾ ਹੈ, ਜੋ ਕੀਰਤਨ ਕਰਨ ਵੇਲੇ ਸਿੱਖ ਵਰਤਦੇ ਰਹੇ ਅਤੇ ਵਰਤਦੇ ਹਨ। ੪. ਲਾਭ। ੫. ਦੇਖੋ, ਸਾਜਨਾ। ੬. ਅ਼. شاذ ਸ਼ਾਜ. ਵਯ- ਕਿਤੇ ਕਿਤੇ. ਕਹੀਂ ਕਹੀਂ. ਵਿਰਲਾ.

ਸਾਜਣ, ਸਾਜਣੁ: ਕ੍ਰਿ- ਸਾਜਨਾ. ਰਚਨਾ. ਬਣਾਉਣਾ. ੨. ਸੰਗਯਾ- ਦੇਖੋ, ਸਾਜਨ.

ਸਾਜ਼ਦ: ਫ਼ਾ. سازد ਬਣਾਉਂਦਾ ਹੈ. ਬਣਾਵੇ. ਬਣਾਊਗਾ. ਇਸ ਦਾ ਮੂਲ ਸਾਖ਼ਤਨ ਹੈ.

ਸਾਜਨ, ਸਾਜਨੁ: ਸੰਗਯਾ- ਸਨ੍- ਜਨ. ਭਲਾ ਮਨੁੱਖ. ਸੱਜਨ. ਮਿਤ੍ਰ. "ਸਾਜਨ ਦੇਖਾ ਤ ਗਲਿ ਮਿਲਾ." (ਮਾਰੂ ਅਃ ਮਃ ੧) ੨. ਕਰਤਾਰ. ਜੋ ਸਭ ਨਾਲ ਮਿਤ੍ਰਭਾਵ ਰਖਦਾ ਹੈ. "ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ." (ਸ੍ਰੀ ਅਃ ਮਃ ੧) ੩. ਸੁਜਨ. "ਸਾਜਨੁ ਮੀਤੁ ਸਖਾ ਕਰਿ ਏਕੁ." (ਗਉ ਮਃ ੫) ੪. ਸ੍ਰਿਜਨ. ਰਚਣਾ. "ਸਰਵ ਜਗਤ ਕੇ ਸਾਜਨਹਾਰ." (ਸਲੋਹ) ਦੇਖੋ, ਸਾਜਨਾ.

ਸਾਜਨੜਾ: ਸਜਨ ਸ਼ਬਦ ਦੇ ਅੰਤ ੜਾ ਪ੍ਰਤਯਯ ਦਾ ਅਰਥ ਵਾਨ (ਵਾਲਾ) ਹੈ. ਸੱਜਨਤਾ ਵਾਲਾ. ਦੇਖੋ, ੜਾ. "ਸਾਜਨੜਾ ਮੇਰਾ ਸਾਜਨੜਾ." (ਰਾਮ ਛੰਤ ਮਃ ੫) ੨. ਮਿਤ੍ਰ. ਦੋਸ੍ਤ.

ਸਾਜਨਾ: ਕ੍ਰਿ- ਸ੍ਰਿਜਨ. ਰਚਣਾ. ਬਣਾਉਣਾ. "ਪੀਠਾ ਪਕਾ ਸਾਜਿਆ." (ਵਾਰ ਮਾਰੂ ੨. ਮਃ ੫) "ਤੁਧੁ ਆਪੇ ਧਰਤੀ ਸਾਜੀਐ." (ਵਾਰ ਸ੍ਰੀ ਮਃ ੪) ੨. ਸੰਬੋਧਨ. ਹੇ ਸਾਜਨ!

**ਸਾਜਨਿ:** ਸੱਜਨ ਦੇ "ਸਾਜਨਿ ਮਿਲਿਐ ਸੁਖ ਪਾਇਆ." (ਸ੍ਰੀ ਮਃ ੧) ੨. ਦੇਖੋ, ਸਾਜਨੀ.

**ਸਾਜਨੀ:** ਵਿ- ਸੁਜਨਤਾ ਵਾਲੀ. "ਸਖੀ ਸਾਜਨੀ ਕੇ ਹਉ ਚਰਨ ਸਰੇਵਉ." (ਆਸਾ ਮਃ ੧) ਇਸ ਥਾਂ ਭਾਵ ਸਤਿਗੁਰੁ ਤੋਂ ਹੈ.

**ਸਾਜਨੁ:** ਦੇਖੋ, ਸਾਜਨ.

**ਸਾਂਜਲਿ:** ਸੰ. ਸਾਞ੍ਜਲਿ. ਸ- ਅੰਜਲਿ. ਹੱਥ ਜੋੜੇ ਅਤੇ ਪਸਾਰੇ ਹੋਏ.

**ਸਾਜ ਮਿਲਾਉਣਾ:** ਕ੍ਰਿ. ਵਾਜੇ ਨੂੰ ਦੂਜੇ ਵਾਜੇ ਦੇ ਸੁਰ ਨਾਲ ਮਿਲਾਉਣਾ. ਵਾਜਿਆਂ ਦਾ ਆਪੋਵਿੱਚੀ ਸੁਰ ਠਾਟ ਦਾ ਮੇਲ ਕਰਨਾ. "ਸੁਰ ਸਾਜ ਮਿਲਾਵੈਂ." (ਚੰਡੀ ੧)

**ਸਾਜਿ:** ਕ੍ਰਿ. ਵਿ- ਸਾਜਕੇ. ਸ੍ਰਿਜਕੇ. "ਸਾਜਿ ਕਰੇ ਤਨੁ ਖੇਹ." (ਜਪੁ) ੨. ਵਿ- ਸ੍ਰਿਜਨ ਯੋਗ੍ਯ. ਸਾਜਨੇ ਲਾਇਕ. "ਆਪੇ ਕੁਦਰਤਿ ਕਰੇ ਸਾਜਿ." (ਬਸੰ ਮਃ ੧) ੩. ਸਾਜਣ ਦਾ ਅਮਰ. ਕਰ. "ਉਠੁ ਫਰੀਦਾ ਉਜੂ ਸਾਜਿ." (ਸ. ਫਰੀਦ)

**ਸਾਜ਼ਿਸ਼:** ਫ਼ਾ. سازش ਸੰਗ੍ਯਾ- ਸੰਬੰਧ. ਮੇਲ। ੨. ਤਅ਼ੱਲੁਕ਼. ਲਗਾਉ। ੩. ਮਿਲਕੇ ਮੰਤ੍ਰ ਕਰਨ ਦੀ ਕ੍ਰਿਯਾ। ੪. ਮਿਲਕੇ ਕਿਸੇ ਦੇ ਵਿਰੁੱਧ ਗੋਂਦ ਗੁੰਦਣ ਦਾ ਕਰਮ.

**ਸਾਜ਼ੀ:** ਫ਼ਾ. سازی ਬਣਾਉਣ ਦੀ ਕ੍ਰਿਯਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਜਾਲਸਾਜ਼ੀ। ੨. ਤੂੰ ਬਣਾਉਂਦਾ ਹੈ.

**ਸਾਜੁੱਜ:** ਸੰ. ਸਾਯੁਜ੍ਯ. ਸੰਗ੍ਯਾ- ਸਾਥ ਜੁੜਨ ਦਾ ਭਾਵ। ੨. ਉਪਾਸਨਾ ਕਾਂਡ ਅਨੁਸਾਰ ਇੱਕ ਮੁਕਤਿ, ਜੋ ਉਪਾਸਕ ਨੂੰ ਉਪਾਸ੍ਯ ਦੇ ਨਾਲ ਜੋੜ ਦਿੰਦੀ ਹੈ. ਇਸ ਮੁਕਤਿ ਨਾਲ ਅਭੇਦਤਾ ਨਹੀਂ ਹੁੰਦੀ. ਭੇਦ ਬਨਿਆ ਰਹਿੰਦਾ ਹੈ. "ਕਿ ਸਾਜੁੱਜ ਮੁਕਤਾ." (ਦੱਤਾਵ) ਦੇਖੋ, ਕੈਵਲ੍ਯ.

**ਸਾਜ਼ੰਦ:** ਫ਼ਾ. ਬਣਾਉਂਦੇ ਹਨ. ਮਿਲਾਪ ਰਖਦੇ ਹਨ. ਇਸ ਦਾ ਮੂਲ ਸਾਖ਼ਤਨ ਹੈ.

**ਸਾਝ, ਸਾਂਝ:** ਸੰ. ਸੰਧਿ. ਸੰਗ੍ਯਾ- ਮਿਲਾਪ. ਸ਼ਰਾਕਤ. ਹਿੱਸੇਦਾਰੀ. "ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗੁਣ ਚਲੀਐ." (ਸੂਹੀ ਛੰਤ ਮਃ ੧) ੨. ਸੰ. ਸੰਧ੍ਯਾ. ਸੰਝ. "ਸਾਂਝ ਪਰੀ ਦਹ ਦਿਸਿ ਅੰਧਿਆਰਾ." (ਸੂਹੀ ਰਵਿਦਾਸ) ੩. ਭਾਵ- ਅੰਤ ਸਮਾ, ਕਿਉਂਕਿ ਅਵਸਥਾ ਦਾ ਅਸ੍ਤ ਹੁੰਦਾ ਹੈ.

**ਸਾਝਪਾਤਿ:** ਸੰਗ੍ਯਾ- ਪੱਤੀ ਦੀ ਸ਼ਰਾਕਤ. ਪੱਤੀਦਾਰੀ. "ਸਾਝਪਾਤਿ ਕਾਹੂ ਸਿਉ ਨਾਹੀ." (ਗਉ ਕਬੀਰ) ੨. ਪੰਕਤਿ ਦੀ ਸਾਂਝ. ਪੰਗਤ ਦਾ ਮੇਲ.

**ਸਾਝਾ, ਸਾਂਝਾ:** ਸਾਂਝ ਵਾਲਾ. ਜਿਸ ਵਿੱਚ ਬਹੁਤਿਆਂ ਦਾ ਹਿੱਸਾ ਹੈ. "ਤੂੰ ਸਾਝਾ ਸਾਹਿਬ ਬਾਪੁ ਹਮਾਰਾ." (ਮਾਝ ਮਃ ੫) "ਉਪਦੇਸ ਚਹੁ ਵਰਨਾ ਕਉ ਸਾਝਾ." (ਸੂਹੀ ਮਃ ੫) ੨. ਸੰਗ੍ਯਾ- ਸ਼ਰਾਕਤ. ਹਿੱਸੇਦਾਰੀ. "ਸਾਝਾ ਕਰੈ ਕਬੀਰ ਸਿਉ." (ਸ. ਕਬੀਰ)

**ਸਾਝੀ, ਸਾਂਝੀ:** ਵਿ- ਸਾਂਝ ਵਾਲੀ. ਸ਼ਰਾਕਤ ਸਹਿਤ। ੨. ਸੰਗ੍ਯਾ- ਸ਼ਰਾਕਤ. ਸਾਂਝ. "ਗੁਣਸਾਝੀ ਤਿਨ ਸਿਉ ਕਰੀ." (ਵਾਰ ਸੋਰ ਮਃ ੪) ੩. ਇੱਕ ਦੇਵੀ. ਦੇਖੋ, ਅਹੋਈ। ੪. ਵਿ- ਸਾਂਝ ਵਾਲਾ. ਹਿੱਸੇਦਾਰ. "ਕਰਿ ਸਾਝੀ ਹਰਿਗੁਣ ਗਾਵਾ." (ਵਡ ਮਃ ੪) ਸਾਂਝੀ ਤੋਂ ਭਾਵ ਹਰਿਜਨ ਹੈ.

**ਸਾਂਝੀ ਸਤਰ:** ਸੰਗ੍ਯਾ- ਪੰਜਾਬੀ ਵਰਣਮਾਲਾ ਦੇ ੳ ਅ ੲ ਤਿੰਨ ਸ੍ਵਰ ਅੱਖਰਾਂ ਦੀ ਮਾਤ੍ਰਾ ਭੇਦ ਕਰਕੇ ਲਿਖੀ ਪੰਕਤਿ. ਇਹ ਅੱਖਰ ਮਾਤ੍ਰਾ ਰੂਪ ਹੋ ਕੇ ਸਭ ਅੱਖਰਾਂ ਨਾਲ ਸਾਂਝੇ ਵਰਤਦੇ ਹਨ. ਅ ਆ ਇ ਈ ਉ ਊ ਏ ਐ ਓ ਔ ਅੰ ਆਂ (ਅਃ)

**ਸਾਂਝੀਵਾਲ:** ਵਿ- ਹਿੱਸੇਦਾਰ. "ਸਭੇ ਸਾਝੀਵਾਲ ਸਦਾਇਨਿ." (ਮਾਝ ਮਃ ੫)

**ਸਾਟ:** ਸੰਗ੍ਯਾ- ਚੋਟ. ਸੱਟ. ਪ੍ਰਹਾਰ. "ਇਸੈ ਤੁਰਾਵਹੁ ਘਾਲਹੁ ਸਾਟ." (ਗੌਂਡ ਕਬੀਰ) ੨. ਪ੍ਰਤਿਬਦਲ. ਵਟਾਂਦਰਾ. "ਜਉ ਇਸ

ਪ੍ਰੇਮ ਕੀ ਦਮ ਕਿਹੁ ਹੋਤੀ ਸਾਟ." (ਫੁਨਹੇ ਮਃ ੫) ਜੇ ਇਸ ਪ੍ਰੇਮ ਦਾ ਦੰਮਾਂ ਨਾਲ ਵਟਾਂਦਰਾ ਹੁੰਦਾ। ੩. ਮੁੱਲ. ਕੀਮਤ. "ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ." (ਸ. ਕਬੀਰ) ੪. ਲੈਣ ਦੇਣ. ਕ੍ਰਯ ਵਿਕ੍ਰਯ. ਖ਼ਰੀਦ ਫ਼ਰੋਖ਼ਤ. "ਗੁਰਮੁਖ ਹਾਟ ਸਾਟ ਰਤਨ ਵਪਾਰ ਹੈ." (ਭਾਗੁ ਕ ੫) ਸੰ. ਸ਼ਾਟ. ਵਸਤ੍ਰ ਦਾ ਟੁਕੜਾ.

ਸਾਂਟ: ਸੰਗਯਾ- ਸੰਧਿ. ਮੇਲ। ੨. ਦੇਖੋ, ਸਾਂਠ.

ਸਾਟਕ: ਸੰ. साटक ਸੰਗਯਾ- ਕਪੜਾ. ਵਸਤ੍ਰ। ੨. ਇੱਕ ਛੰਦ. ਦੇਖੋ, ਸ਼ਾਰਦੂਲ ਵਿਕ੍ਰੀੜਿਤ.

ਸਾਟਾ: ਸੰਗਯਾ- ਬਦਲਾ. ਤਬਾਦਲਾ. ਵਟਾਂਦਰਾ. "ਸਤਿਗੁਰੁ ਮਿਲੈ ਸੀਸ ਕੇ ਸਾਟੇ." (ਗੁਪ੍ਰਸੂ) ਦੇਖੋ, ਸਾਟ.

ਸਾਟੀ: ਸੰ. शाटी ਸੰਗਯਾ- ਸਾੜ੍ਹੀ. ਓਢਨੀ। ੨. ਧੋਤੀ। ੩. ਦੇਖੋ, ਸਿੱਟਣਾ. "ਸਭ ਨਿਕਾਸ ਕਰ ਬਾਹਰ ਸਾਟੀ." (ਗੁਪ੍ਰਸੂ) ਬਾਹਰ ਸੁੱਟੀ.

ਸਾਠ: ਸੰ. षष्टि ਸ਼ਸ਼੍ਟਿ. ਸੰਗਯਾ- ਸੱਠ- ੬੦. "ਸਾਠ ਸੂਤ ਨਵਖੰਡ ਬਹਤਰਿ." (ਗਉ ਕਬੀਰ) ਇਸ ਥਾਂ ਸ਼ਰੀਰ ਦੀ ਸੱਠ ਪ੍ਰਧਾਨ ਨਾੜੀਆਂ ਤੋਂ ਭਾਵ ਹੈ. ਦੇਖੋ, ਗਜਨਵ.

ਸਾਂਠ: ਸੰਗਯਾ- ਸੂਰ ਦੀ ਖੱਲ, ਜੋ ਮੋਟੀ ਅਤੇ ਬਹੁਤ ਥਿੰਧੀ ਹੁੰਦੀ ਹੈ। ੨. ਦੇਖੋ, ਸਾਂਠਨਾ.

ਸਾਠ ਸੂਤ: ਦੇਖੋ, ਗਜਨਵ.

ਸਾਂਠਨਾ: ਕ੍ਰਿ- ਸੰਢਣਾ. ਸੰਧਿ ਮਿਲਾਉਣੀ. ਜੋੜਨਾ. ਠੀਕ ਕਰਨਾ "ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ." (ਸੋਰ ਮਃ ੫)

ਸਾਠਾ: ਸੰਗਯਾ- ਸੱਠ ਦਾ ਇਕੱਠ. ਤਿੰਨ ਵੀਹਾਂ। ੨. ਵਿ- ਸੱਠ ਦਿਨ ਵਿੱਚ ਹੋਣ ਵਾਲਾ, ਜਿਵੇਂ- ਸੱਠੀ ਦੇ ਚਾਉਲ ਅਤੇ ਸਾਠੇ ਆਲੂ। ੩. ਸੱਠ ਵਰ੍ਹੇ ਦਾ.

ਸਾਂਠਿ: ਦੇਖੋ, ਸਾਂਠ। ੨. ਸੰਗਜ਼ਾ- ਸੰਧਿ. ਜੋੜ. ਮਿਲਾਪ। ੩. ਕ੍ਰਿ. ਵਿ- ਸੰਢ (ਜੋੜ) ਕੇ. "ਜਿ ਟੂਟੇ ਲੇਇਸਾਂਠਿ." (ਫੁਨਹੇ ਮਃ ੫) ਸੰਯੁਕਤ ਕ੍ਰਿਯਾ. ਕਾਰਦੰਤਿਕ. ਲੇਇਸਾਂਠਿ. ਸਾਂਠਿ ਲੇਇ.

ਸ਼ਾਠਯ: ਸੰ. ਸੰਗਯਾ- ਸ਼ਠਤਾ. ਢੀਠਤਾ। ੨. ਮੂਰਖਤਾ.

ਸਾਂਡ: ਸੰ. साणड ਸੰਗਯਾ- ਅੰਡ (ਫੋਤਿਆਂ) ਸਹਿਤ. ਉਹ ਘੋੜਾ ਬੈਲ ਆਦਿ, ਜੋ ਖੱਸੀ ਨਹੀਂ, ਇਸੇ ਦਾ ਵਿਗੜਕੇ ਸਾਨ੍ਹ ਸ਼ਬਦ ਹੈ.

ਸਾਡੜਾ: ਵਿ- ਅਸਾਂ ਦਾ. ਹਮਾਰਾ. ਲਹਿੰਦੀ ਬੋਲੀ ਵਿੱਚ ਦ ਬਦਲਕੇ ਡ ਬਣ ਜਾਂਦਾ ਹੈ. ੨. ਸੰਗਯਾ- ਸਵਾਦ. ਰਸ. "ਕਿਤੀ ਚਖਉ ਸਾਡੜੇ." (ਮਾਰੂ ਅਃ ਮਃ ੧)

ਸਾਡਾ: ਵਿ- ਅਸਾਡਾ. ਹਮਾਰਾ. ਅਸਾਂ ਦਾ.

ਸ਼ਾਂਡਿਲ੍ਯ: ਸੰ. शाण्डिल्य. ਸੰਗਯਾ- ਸ਼ੰਡਿਲ ਰਿਖੀ ਦਾ ਪੁਤ੍ਰ ਉਪਾਸਨਾ ਕਾਂਡ ਦਾ ਇੱਕ ਆਚਾਰਯ, ਜਿਸ ਨੇ ਭਗਤਿਸ਼ਾਸਤ੍ਰ ਰਚਿਆ ਹੈ.

ਸਾਂਡੀ: ਸੰ. शौणडी ਸ਼ੌਂਡੀ. ਸੰਗਯਾ- ਹਾਥੀ. ਪੀਲ. "ਰਾਜਾ ਕੇ ਘਰ ਸਾਂਡੀ ਗੋ." (ਟੋਡੀ ਨਾਮਦੇਵ) ੨. ਸੰ. सणिडका. ਸੰਡਿਕਾ. ਊਠਣੀ ਉਸ਼੍ਟ੍ਰੀ. ਸਾਂਢਨੀ

ਸਾਢ: ਸੰ. सार्द्ध ਸਾਧੰ. ਵਿ- ਅੱਧ ਸਹਿਤ. ਜਿਸ ਨਾਲ ਅੱਧਾ ਭਾਗ ਹੋਰ ਮਿਲਿਆ ਹੋਵੇ. ਡੇਢ. ਡੂਢ.

ਸਾਂਢ: ਦੇਖੋ, ਸਾਂਡ। ੨. ਦੇਖੋ, ਸਾਂਢਨਾ.

ਸਾਢਸਤੀ: ਸੰ. ਸਾਧੰਸਪ੍ਰੀ. ਸ਼ਾੜ੍ਹਸਤੀ ਸ਼ਨਿ (ਛਨਿੱਛਰ) ਗ੍ਰਹ ਦੀ ਦੁੱਖਦਾਇਕ ਦਸ਼ਾ, ਜੋ ਸਾਢੇ ਸੱਤ ਵਰ੍ਹੇ ਰਹਿੰਦੀ ਹੈ.[209] ਤਿੰਨ ਰਾਸ਼ੀਆਂ ਤੇ ਢਾਈ ਢਾਈ ਵਰ੍ਹੇ ਸ਼ਨਿ ਰਹਿਆ ਕਰਦਾ ਹੈ. ਹਿੰਦੂਆਂ ਦੇ ਖਿਆਲ ਅਨੁਸਾਰ ਇਹ ਦਸ਼ਾ ਦੁਖਦਾਈ ਹੈ. "ਖੋਜਨ ਕਰੇ ਭਲੇ ਗ੍ਰਹ ਸਾਰੇ. ਸਾਢਸਤੀ ਅਬ ਚਢੀ ਤੁਮਾਰੇ।।" (ਗੁਪ੍ਰਸੂ)

ਸਾਂਢਨ, ਸਾਂਢਨਾ: ਕ੍ਰਿ- ਸੰਧਿ ਮਿਲਾਉਣੀ. ਜੋੜਨਾ. ਗੱਠਣਾ. ਗੰਢਣਾ। ੨. ਸੰਵਾਰਨਾ. ਸੁਧਾਰਨਾ. "ਅਪਨਾ ਬਿਗਾਰਿ ਬਿਰਾਨਾ ਸਾਂਢੈ." (ਗੌਂਡ ਰਵਿਦਾਸ)

ਸਾਂਢਨੀ: ਸੰਗਯਾ- ਉਠਣੀ, ਜੋ ਸਵਾਰੀ ਲਈ ਹੋਵੇ ਅਤੇ ਜੋ ਸੰਢ ਰੱਖੀ ਜਾਵੇ. ਜਿਸ ਤੋਂ ਬੱਚੇ ਨਾ ਲਏ ਜਾਣ. ਦੇਖੋ, ਸਾਂਡੀ ੨.

ਸਾਂਢਨੀ ਸਵਾਰ: ਸੰਗਯਾ- ਸਾਂਢਨੀ ਉੱਪਰ ਸਵਾਰੀ ਕਰਨ ਵਾਲਾ ਸਿਪਾਹੀ. ਸ਼ੁਤਰ ਸਵਾਰ.[210]

ਸਾਂਢਿ: ਸਾਂਢਨੀ ਦਾ ਸੰਖੇਪ. "ਉਤਰ ਸਾਂਢਿ ਤੇ ਰਾਵ ਤਬ." (ਚਰਿਤ੍ਰ ੧੪੪) ੨. ਕ੍ਰਿ. ਵਿ- ਸੰਢਕੇ. ਜੋੜਕੇ. ਗੰਢਕੇ.

ਸਾਢੂ, ਸਾਂਢੂ: ਸੰ. ਸ਼ਯਾਲਿਵੋਢ੍ਰੀ. ਸੰਗਯਾ- ਸਾਲੀ ਨੂੰ ਵਿਆਹੁਣ ਵਾਲਾ. ਸਾਲੀ ਦਾ ਪਤੀ. ਹਮਜ਼ੁਲਫ਼.

ਸਾਢੇ: ਦੇਖੋ, ਸਾਢ. "ਕਾਰਜੁ ਸਾਢੇ ਤੀਨਿ ਹਥ, ਘਨੀ ਤ ਪਉਨੇ ਚਾਰ." (ਸ. ਕਬੀਰ) ਸਾਢੇ ਤਿੰਨ ਹੱਥ ਜਮੀਨ ਕਬਰ ਅਤੇ ਚਿਖਾ ਲਈ ਬਹੁਤ ਹੈ, ਜਾਦਾ ਤੋਂ ਜਾਦਾ ਪੌਣੇ ਚਾਰ ਹੱਥ। ੨. ਦੇਖੋ, ਸਾਂਢਨ. "ਹਮ ਕਰਜ ਗੁਰੂ ਬਹੁ ਸਾਢੇ." (ਗਉ ਮਃ ੪) ਅਸੀਂ ਗੁਰੂ ਦੇ ਕਰਜ ਦੀ ਬਹੁਤ ਵਾਰ ਰਕਮ ਜੋੜਕੇ ਬਾਕੀ ਕੱਢੀ ਹੈ. ਭਾਵ- ਕਰਜਾ ਜੁੜਦਾ ਹਰ ਸਾਲ ਰਿਹਾ ਹੈ, ਪਰ ਅਦਾ ਇੱਕ ਪਾਈ ਭੀ ਨਹੀਂ ਕੀਤੀ।

ਸਾਢੇ ਚੁਹੱਤਰ: ੭੪॥ ਦੀ ਆਣ. ਦੇਖੋ, ਅਕਬਰ.

ਸਾਣ: ਸਮਾਨ. ਤੁੱਲ. ਮਾਨਿੰਦ. "ਮੁਰਗਾਈ ਨੈ ਸਾਣੈ." (ਸਿਧਗੋਸਟਿ) ੨. ਸੰ. ਸ਼ਾਣ. ਸੰਗਯਾ- ਸਿਕਲੀਗਰ ਦਾ ਚਕ੍ਰ, ਜਿਸ ਨੂੰ ਘੁਮਾਕੇ ਸ਼ਸਤ੍ਰ ਦੀ ਧਾਰ ਤਿੱਖੀ ਕਰੀਦੀ ਹੈ. ਇਹ ਬਾਲੂ ਰੇਤਾ ਅਤੇ ਲਾਖ ਰਾਲ ਆਦਿਕ ਵਸਤੂਆਂ ਦੇ ਮੇਲ ਤੋਂ, ਬਣਾਇਆ ਜਾਂਦਾ ਹੈ. "ਸਬਦੇ ਸਾਣ ਰਖਾਈ ਲਾਇ. (ਵਾਰ ਰਾਮ ੧. ਮਃ ੧) ੩. ਚਾਰ ਮਾਸੇ ਤੋਲ। ੪. ਵਿ- ਸ਼ਣ ਦਾ ਬਣਾਇਆ ਹੋਇਆ. ਸਣੀ ਦਾ.

ਸਾਣਜੀਵ: ਡਿੰਗ. ਸ਼ਾਣ ਨਾਲ ਗੁਜਾਰਾ ਕਰਨ ਵਾਲਾ ਸਿਕਲੀਗਰ ਦੇਖੋ, ਸਾਣ ੨.

ਸਾਣਥ: ਸੰ. ਸਾਨਿਧ੍ਯ. ਸੰਗਯਾ- ਸਮੀਪਤਾ। ੨. ਹਾਜਰੀ. ਮੌਜੂਦਗੀ. "ਸਾਣਥ ਮੇਰੀ ਆਪਿ ਖੜਾ." (ਆਸਾ ਛੰਤ ਮਃ ੫)

ਸਾਣੇ: ਦੇਖੋ, ਸਾਣ। ੨. ਕ੍ਰਿ. ਵਿ- ਸਾਮ੍ਹਣੇ. ਸੰਮੁਖ. ਦੇਖੋ, ਨੈ ੨.

ਸਾਤ: ਸੰ. ਸਪ੍ਤ. ਸੱਤ. ੭. "ਸਾਤ ਘੜੀ ਜਬ ਬੀਤੀ ਸੁਨੀ." (ਭੈਰ ਨਾਮਦੇਵ) ੨. ਦੇਖੋ, ਸਾਤਿ। ੩. ਅ਼. ساعت ਸਾਅ਼ਤ. ਸੰਗਯਾ- ਸਮਾਂ. ਵੇਲਾ. "ਬੋਲਹਿ ਹਰਿ ਹਰਿ ਰਾਮ ਨਾਮ ਹਰ ਸਾਤੇ." (ਸੋਰ ਮਃ ੪) ਹਰ ਵੇਲੇ ਰਾਮ ਨਾਮ ਬੋਲਹਿਂ। ੪. ਸੰ शात ਸ਼ਾਤ. ਵਿ- ਤਿੱਖਾ. ਤੇਜ਼। ੫. ਪਤਲਾ. ਕਮਜ਼ੋਰ। ੬. ਸੁੰਦਰ। ੭. ਸੰਗਯਾ- ਖ਼ੁਸ਼ੀ. ਆਨੰਦ। ੮. ਸੰ सात ਵਿ- ਹਾਸਿਲ ਕੀਤਾ. ਪ੍ਰਾਪਤ ਕਰਿਆ.

ਸਾਂਤ: ਸੰ. ਸਪ੍ਤ. ਸੱਤ. ੭. "ਸਾਤ ਘੜੀ ਜਬ ਬੀਤੀ ਸੁਨੀ." (ਭੈਰ ਨਾਮਦੇਵ) ੨. ਦੇਖੋ, ਸਾਤਿ। ੩. ਅ਼. ساعت ਸਾਅ਼ਤ. ਸੰਗਯਾ- ਸਮਾਂ. ਵੇਲਾ. "ਬੋਲਹਿ ਹਰਿ ਹਰਿ ਰਾਮ ਨਾਮ ਹਰ ਸਾਤੇ." (ਸੋਰ ਮਃ ੪) ਹਰ ਵੇਲੇ ਰਾਮ ਨਾਮ ਬੋਲਹਿਂ। ੪. ਸੰ

---

[209] ਜਯੋਤਿਸ਼ ਅਨੁਸਾਰ ਕੁੰਡਲੀ ਦੀ ਬਾਰ੍ਹਵੀਂ ਰਾਸ਼ਿ ਜਨਮ ਰਾਸ਼ਿ ਅਤੇਦੂਜੀ ਰਾਸ਼ਿ. ਇਨ੍ਹਾਂ ਵਿੱਚ ਢਾਈ ਢਾਈ ਵਰ੍ਹੇ ਛਨਿੱਛਰ ਰਹਿਣ ਤੋਂ ਸਾਢਸਤੀ ਸੰਗਯਾ ਹੈ.

[210] ਪੁਰਾਣੇ ਸਮੇਂ ਡਾਕ ਲੈ ਜਾਣ ਦਾ ਕੰਮ ਸਾਂਢਨੀਸਵਾਰ ਬਹੁਤ ਦਿੰਦੇ ਸਨ.

ਸ਼ਾਤ ਸ਼ਾਤ. ਵਿ- ਤਿੱਖਾ. ਤੇਜ਼। ੫. ਪਤਲਾ. ਕਮਜ਼ੋਰ। ੬. ਸੁੰਦਰ। ੭. ਸੰਗਜਾ- ਖ਼ੁਸ਼ੀ. ਆਨੰਦ। ੮. ਸੰ ਸਾਤ ਵਿ- ਹਾਸਿਲ ਕੀਤਾ. ਪ੍ਰਾਪਤ ਕਰਿਆ.

ਸਾਂਤ: ਸੰ. ਸ਼ਾਂਤ ਵਿ- ਸ਼ਾਂਤਿ ਵਾਲਾ. ਕ੍ਰੋਧ ਰਹਿਤ. "ਨਮੋ ਕਲਹਿ ਕਰਤਾ, ਨਮੋ ਸਾਂਤ ਰੂਪੇ." (ਜਾਪੁ) ੨. ਠੰਢਾ। ੩. ਦੇਹ ਦੀ ਗਰਮੀ ਨਿਕਲ ਗਈ ਹੈ। ਜਿਸ ਦੀ, ਭਾਵ- ਮੁਰਦਾ. "ਤਬ ਲਉ ਭਈ ਕੇਕਈ ਸਾਂਤਾ." (ਰਾਮਾਵ) ੪. ਸੰਗਜਾ- ਸ਼ਾਂਤਾਤਮਾ ਸਾਧੁ. ਸੰਤ। ੫. ਕਾਵਜ ਦੇ ਨੌ ਰਸਾਂ ਵਿੱਚੋਂ ਇੱਕ ਰਸ. ਜਿਸ ਦਾ ਸਥਾਈ ਭਾਵ ਵੈਰਾਗ ਹੈ. ਦੇਖੋ, ਭਾਵ ਅਤੇ ਰਸ। ੬. ਵਿ- ਸਾਤ੍ਵਿਕ. ਸਤੋਗੁਣੀ. "ਨਮੋ ਰਾਜਸੰ ਤਾਮਸੰ ਸ਼ਾਂਤ ਰੂਪੇ." (ਜਾਪੁ) ੭. ਸੰਗਜਾ- ਵਿਆਹ ਸਮੇਂ ਵਿਘਨਾ ਦੇ ਸ਼ਾਂਤ (ਨਾਸ਼) ਲਈ ਹਿੰਦੂਆਂ ਦੀ ਇੱਕ ਪੂਜਾ, ਜਿਸ ਨੂੰ ਲਾੜੇ ਦਾ ਨਾਨਾ ਕਰਾਉਂਦਾ ਹੈ. ਇਸ ਦਾ ਅਸਲ ਨਾਉਂ 'ਸ਼ਾਂਤਿ' ਹੈ.

ਸਾਤ ਸਮੁੰਦ, ਸਾਤ ਸਰ, ਸਾਤ ਸਾਗਰ: ਦੇਖੋ, ਸਪਤ ਸਾਗਰ। ੨. ਭਾਵ- ਪੰਜ ਗਜਾਨ ਇੰਦ੍ਰੇ ਮਨ ਅਤੇ ਬੁੱਧਿ. "ਸਾਤ ਸਮੁੰਦ ਸਮਾਣਾ." (ਤੁਖਾ ਬਾਰਹਮਾਹਾ) ੩. ਦੇਖੋ, ਸਤ ਸਰ. "ਸਾਤ ਸਰ ਅੰਮ੍ਰਿਤ ਭਰੇ." (ਆਸਾ ਛੰਤ ਮਃ ੧)

ਸਾਤ ਸੁਧ: ਦੇਖੋ, ਸੱਤ ਸੁਧਾਂ.

ਸਾਤ ਸੁਰ: ਰਾਗ ਦੇ ਮੂਲ ਰੂਪ ਸੱਤ ਸ੍ਵਰ- ਸ਼ੜਜ, ਰਿਸ਼ਭ, ਗਾਂਧਾਰ, ਮਧਜਮ, ਪੰਚਮ, ਧੈਵਤ ਅਤੇ ਨਿਸ਼ਾਦ. "ਸਾਤ ਸੁਰਾ ਲੈ ਚਾਲੈ." (ਰਾਮ ਮਃ ੫) ਦੇਖੋ, ਸੁਰ ਅਤੇ ਸ੍ਵਰ.

ਸਾਤ ਸੂਤ: ਸੰਗਜਾ- ਲੈਣ ਦੇਣ. ਕਾਰੋਬਾਰ. "ਸਾਤ ਸੂਤ ਇਨ ਮੁੰਡੀਏ ਖੋਏ." (ਬਿਲਾ ਕਬੀਰ) ੨. ਸੰ. ਸ਼ਾਤਸੂਤ ਸ਼ਾਤ ਸੂੱਤ. ਦਿੱਤਾ ਹੋਇਆ ਆਨੰਦ. ਕਰਤਾਰ ਦਾ ਬਖ਼ਸ਼ਿਆ ਸੁਖ. ਦੇਖੋ, ਸਾਤ ਅਤੇ ਸੂਤ। ੩. ਸੰਗਜਾ- ਸਪ੍ਤ ਧਾਤੂਆਂ ਤੋਂ ਪ੍ਰਸੂਤ ਹੋਇਆ, ਸ਼ਰੀਰ. ਦੇਹ. "ਸਾਤ ਸੂਤ ਮਿਲਿ ਬਨਜ ਕੀਨ." (ਬਸੰਤ ਕਬੀਰ)

ਸਾਤਕ: ਸੰ. ਸਾਤ੍ਵਿਕ. ਵਿ- ਸਤੋਗੁਣੀ. ਸਤ੍ਵਗੁਣ ਦੀ ਜਿਸ ਵਿੱਚ ਵਿਸ਼ੇਸ਼ਤਾ ਹੈ. "ਰਾਜਸ ਸਾਤਕ ਤਾਮਸ ਡਰਪਹਿ." (ਮਾਰੂ ਮਃ ੫) "ਕਹੂੰ ਰਾਜਸੰ ਤਾਮਸੰ ਸਾਤਕੇਯੰ." (ਵਿਨਾ).

ਸਾਤਕਿ: ਸੰ. ਸਾਤਜਕਿ. ਯਾਦਵ ਸਤਜਕ ਦਾ ਪੁਤ੍ਰ, ਜਿਸ ਦਾ ਨਾਉਂ ਯੁਯੁਧਾਨ ਭੀ ਹੈ. ਇਸ ਨੇ ਕੁਰੁਕ੍ਸ਼ੇਤ੍ਰ ਦੇ ਜੰਗ ਵਿੱਚ ਪਾਂਡਵਾਂ ਦਾ ਸਾਥ ਦਿੱਤਾ ਸੀ. ਸ਼ਸਤ੍ਰਵਿਦਜਾ ਇਸ ਨੇ ਅਰਜੁਨ ਤੋਂ ਸਿੱਖੀ ਸੀ. "ਸਾਤਕਿ ਔ ਮੁਸਲੀ ਰੱਥ ਪੈ." (ਕ੍ਰਿਸਨਾਵ)

ਸਾਤਕੇਯ: ਦੇਖੋ, ਸਾਤਕ.

ਸਾਤ ਛੁਪਾਏ ਛਪਤ ਨਹਿ: ਦੇਖੋ, ਖੈਰ ੩.

ਸਾਤ ਧੁਜਾ: ਸੰਗਜਾ- ਸੱਤ ਨਿਸ਼ਾਨ. ਸੱਤ ਝੰਡੇ. "ਸਾਤ ਧੁਜਾ ਪ੍ਰਭੁ ਕੀ ਤਹਿਂ ਰਾਜਤ." (ਗੁਵਿ ੧੦) ਆਨੰਦ ਪੁਰ ਵਿੱਚ ਸੱਤ ਗੁਰੁਧਾਮਾਂ ਤੇ ਸੱਤ ਨਿਸ਼ਾਨ ਵਿਰਾਜਦੇ ਹਨ. ਮੁੱਖ ਸੱਤ ਗੁਰੁਦ੍ਵਾਰੇ ਇਹ ਹਨ- ਅਕਾਲਬੁੰਗਾ, ਸੀਸਗੰਜ, ਕੇਸਗੜ੍ਹ, ਗੁਰੂ ਕੇ ਮਹਲ, ਦਮਦਮਾ ਸਾਹਿਬ, ਮੰਜੀ ਸਾਹਿਬ ਅਤੇ ਭੋਰਾ ਸਾਹਿਬ. ਦੇਖੋ, ਆਨੰਦਪੁਰ.

ਸਾਂਤਨਵ: ਸ਼ੰਤਨੁ ਦਾ ਪੁਤ੍ਰ ਭੀਸ਼ਮ. ਦੇਖੋ, ਸ਼ਾਂਤਨੁ.

ਸ਼ਾਂਤਨੁ: ਸੰ. शन्तनु ਅਥਵਾ शान्तनु ਚੰਦ੍ਰਵੰਸ਼ੀ ਪ੍ਰਤੀਪ ਰਾਜਾ ਦਾ ਪੁਤ੍ਰ, ਗੰਗਾ ਦਾ ਪਤੀ ਅਤੇ ਭੀਸ਼ਮਪਿਤਾਮਾ ਦਾ ਪਿਤਾ. ਇਸ ਬਾਬਤ ਮਹਾਭਾਰਤ ਅਤੇ ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ ਕਿ ਜਿਸ ਬੁੱਢੇ ਆਦਮੀ ਨੂੰ ਇਹ ਹੱਥ ਛੁਹਾਉਂਦਾ, ਉਹ ਤੁਰਤ ਜੁਆਨ ਹੋ ਜਾਂਦਾ ਸੀ, ਇਸੇ ਕਾਰਣ ਸ਼ਾਂਤਨੁ (ਕਲਜਾਣ ਦੇ ਫੈਲਾਉਣ ਵਾਲਾ) ਨਾਉਂ ਹੋਇਆ. ਇਸ ਨੇ ਸਤਜਵਤੀ (ਮਤਸਜੋਦਰੀ) ਨਾਲ ਬੁਢਾਪੇ ਵਿੱਚ ਵਿਆਹ ਕਰਕੇ ਚਿਤ੍ਰਾਂਗਦ ਅਤੇ ਵਿਚਿਤ੍ਰਵੀਰਯ ਦੋ ਪੁਤ੍ਰ ਪੈਦਾ ਕੀਤੇ. ਜੋ ਸ਼ਾਂਤਨੁ ਪਿੱਛੋਂ ਚਿਰ ਤੀਕ ਨਹੀਂ ਜੀ ਸਕੇ. ਵਜਾਸ ਰਿਖੀ ਨੇ ਆਪਣੀ ਮਾਂ (ਮਤਸਜੋਦਰੀ) ਦੇ ਆਖੇ ਚਿਤ੍ਰਾਂਗਦ ਅਤੇ ਵਿਚਿਤ੍ਰਵੀਰਯ ਦੀ ਵਿਧਵਾ ਇਸਤ੍ਰੀਆਂ (ਅੰਬਾਲਿਕਾ ਅਤੇ ਅੰਬਿਕਾ) ਤੋਂ ਪੰਡੁ ਅਤੇ ਧ੍ਰਿਤਰਾਸ਼੍ਟ੍ਰ ਉਤਪੰਨ ਕੀਤੇ, ਜੋ ਪਾਂਡਵ ਅਰ ਕੌਰਵਾਂ ਦੇ ਮੁਖੀਏ ਹੋਏ. ਦੇਖੋ, ਪਾਂਡਵ.

**ਸਾਂਤਨੁਸੁਤ, ਸਾਂਤਨੇਯ, ਸਾਂਤਨੇਵ:** ਸੰਗਜਾ- ਸ਼ਾਂਤਨਵ. ਭੀਸ਼ਮਪਿਤਾਮਾ, ਜੋ ਸ਼ਾਂਤਨੁ ਦਾ ਪੁਤ੍ਰ ਸੀ. "ਸੁਭੇ ਸਸਤ੍ਰ ਸਾਜਾ ਮਨੋ ਸਾਂਤਨੇਵੰ." (ਚੰਡੀ ੨)

**ਸ਼ਾਂਤਪਦ:** ਸੰਗਜਾ- ਨਿਰਵਾਣ ਪਦਵੀ. ਤੁਰੀਯ (ਤੁਰੀਆ) ਪਦ। ੨. ਦੇਖੋ, ਸ਼ਾਂਤਪ੍ਰਦ.

**ਸ਼ਾਂਤਪ੍ਰਦ:** ਵਿ- ਸ਼ਾਂਤਿ ਦੇਣ ਵਾਲਾ.

**ਸਾਤਾ:** ਸੰਗਜਾ- ਸੱਤ ਦਾ ਸਮੁਦਾਯ। ੨. ਸਤਵਾਰਾ. ਹਫਤਾ। ੩. ਸੱਤ ਗਿਣਤੀ ਪ੍ਰਗਟ ਕਰਨ ਵਾਲਾ ਅੰਗ ੭. "ਸਾਤਾ ਲਿਖਯੋ ਗਯੋ ਤਿਸ ਕਾਲ." (ਗੁਪ੍ਰਸੂ)

**ਸ਼ਾਂਤਾ:** ਸੰਗਜਾ- ਰਾਜਾ ਦਸ਼ਰਥ ਦੀ ਪੁਤ੍ਰੀ, ਜੋ ਰਾਜਾ ਲੋਮਪਾਦ ਨੇ ਪਾਲੀ ਸੀ. ਇਹ ਸ਼੍ਰਿੰਗੀ ਰਿਖੀ ਨੂੰ ਵਿਆਹੀ ਗਈ.

**ਸਾਤਿ:** ਸੰਗਜਾ- ਸਤਜ। ੨. ਸ਼ਾਂਤਿ। ੩. ਸ਼ਾਂਤ. ਸੰਤ. "ਨਾਨਕ ਮਿਲੀਐ ਸੰਗਿ ਸਾਤਿ." (ਆਸਾ ਛੰਤ ਮਃ ੫) "ਸੁਹਾਗਨਿ ਸਾਤਿ ਬੁਝਈਅਹੁ." (ਜੈਤ ਮਃ ੫) ੪. ਸੰ. ਸਾਤਿ ਸੰਗਯਾ- ਧਨ. ਵਿਭੂਤਿ। ੫. ਸੁਖ। ੬. ਦਾਨ. "ਤਸਬੀ ਸਾਤਿ ਸੁਭਾਵਸੀ." (ਵਾਰ ਮਾਝ ਮਃ ੧) ਦਾਨੀ ਸ੍ਵਭਾਵ ਤਸਬੀ ਹੈ.

**ਸ਼ਾਂਤਿ:** ਸੰਗਜਾ- ਸੀਤਲਤਾ। ੨. ਮਨ ਦਾ ਠਹਿਰਾਉ। ੩. ਵਿਸ਼੍ਰਾਮ। ੪. ਅਮਨ. ਚੈਨ. "ਸ਼ਾਂਤਿ ਪਾਈ ਗੁਰਿ ਸਤਿਗੁਰਿ ਪੂਰੇ." (ਬਿਲਾ ਮਃ ੫).[211] ੫. ਦੇਖੋ, ਸ਼ਾਂਤ ੭.

**ਸਾਤੁਰ:** ਵਿ- ਆਤੁਰਤਾ ਸਹਿਤ. ਪੀੜਾ ਸਾਥ। ੨. ਸੰ. ਸਤ੍ਵਰ. ਕ੍ਰਿ. ਵਿ- ਤੁਰੰਤ. ਫੌਰਨ. "ਸਿੰਘ ਤੇ ਸਾਤੁਰ ਏਣ ਡਰਾਨੇ." (ਚੰਡੀ ੧)

**ਸਾਤੇ:** ਸਾਤਾ ਦਾ ਬਹੁ ਵਚਨ। ੨. ਸਤਜ ਰੂਪ. "ਹਰਿ ਨਾਮ ਹਰਿ ਸਾਤੇ." (ਗਉ ਮਃ ੪)

**ਸਾਤੈ, ਸਾਤੈਂ:** ਸੰਗਜਾ- ਚੰਦ੍ਰਮਾ ਦੀ ਸੱਤਵੀਂ ਤਿਥਿ. ਸੱਤੇਂ. "ਸਾਤੈ ਸਤਿ ਕਰਿ ਬਾਚਾ ਜਾਣਿ." (ਗਉ ਥਿਤੀ ਕਬੀਰ)

**ਸਾਤਜਕਿ:** ਦੇਖੋ, ਸਾਤਕਿ.

**ਸਾਤ੍ਵਿਕ:** ਦੇਖੋ, ਸਾਤਕ.

**ਸਾਤ੍ਵਿਕ ਭਾਵ:** ਕਾਵਜ ਅਨੁਸਾਰ ਚਿੱਤ ਦੇ ਉਹ ਵਿਕਾਰ, ਜੋ ਸਭ ਰਸਾਂ ਵਿੱਚ ਸਮਾਨ ਰਹਿਣ, ਵਜਭਿਚਾਰੀ ਨਾ ਹੋਣ. ਜੈਸੇ- ਰੋਮਾਂਚ ਹੰਝੂਆਂ ਦਾ ਕਿਰਨਾ ਆਦਿ. ਦੇਖੋ, ਭਾਵ.

**ਸਾਥ:** ਵਜ- ਸਹ. ਸੰਗ ਨਾਲ। ੨. ਸੰਗਜਾ- ਜੁਲਾਹੇ ਦੀ ਨਾਲ. ਨਲਕੀ. "ਚੰਦੁ ਸੂਰਜੁ ਦੁਇ ਸਾਥ ਚਲਾਈ." (ਆਸਾ ਕਬੀਰ) ੩. ਸੰ. ਸਾਥੰ. ਸਿੰਧੀ. ਸਾਥ (ਨਾਲ) ਚੱਲਣ ਵਾਲੀ ਟੋਲੀ. ਕਾਫਿਲਾ. ਸਾਥੀਆਂ ਦਾ ਗਰੋਹ. "ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਐ ਸਾਥ." (ਵਾਰ ਆਸਾ) "ਮੁਠੜੇ ਸੇਈ ਸਾਥ." (ਵਾਰ ਗਉ ੨. ਮਃ ੫) ੪. ਮ੍ਰਿਦੰਗ ਦਾ ਇੱਕ ਬਾਜ. ਦੇਖੋ, ਜਤਿ ੩,

**ਸਾਥਈ:** ਵਿ- ਸਾਥ ਦੇਣ ਵਾਲਾ. ਸਾਥੀ। ੨. ਸੰਗਜਾ- ਸਾਥੀਪੁਣਾ. "ਤਹ ਰਾਖੈ ਨਾਮੁ ਸਾਥਈ." (ਕਲਿ ਮਃ ੪)

**ਸਾਥਰ:** ਸੰਗਜਾ- ਸ- ਸ੍ਥਿਰਾ. ਜ਼ਮੀਨ ਤੇ ਲੇਟਣਾ. ਭੂਮਾਸਨ. "ਹਮ ਕਉ ਸਾਥਰ ਉਨ ਕਉ ਖਾਟ." (ਗੌਂਡ ਕਬੀਰ)

**ਸਾਥਿ:** ਕ੍ਰਿ. ਵਿ- ਨਾਲ. "ਸਾਥਿ ਨ ਚਾਲੈ ਬਿਨੁ ਭਜਨ." (ਸੁਖਮਨੀ) ੨. ਵਿ- ਦੇਖੋ, ਸਾਥੀ। ੩. ਸ੍ਵਾਰਥੀ ਦਾ ਸੰਖੇਪ. ਦੇਖੋ, ਨਾਲਿ ਕੁਟੰਬ। ੪. ਸੰਬੰਧਕ ਪ੍ਰਤਜਯ "ਨਾਨਕੁ ਤਿਨਕੈ ਸੰਗਿ ਸਾਥਿ." (ਸ੍ਰੀ ਮਃ ੧)

---

[211] ਕਈ ਨਕਲੀਏ ਸਿੱਖ, ਵਿਆਹ ਸਮੇਂ ਹਿੰਦੂਰੀਤ "ਸ਼ਾਂਤਿ" ਦੀ ਨਕਲ ਕਰਦੇ ਹੋਏ ਨਾਨਕਿਆਂ ਵੱਲੋਂ ਰਸਮ ਕਰਾਉਣ ਸਮੇਂ ਰਾਗੀਆਂ ਤੋਂ ਇਹ ਸ਼ਬਦ ਗਵਾਉਂਦੇ ਹਨ. ਦੇਖੋ, ਸ਼ਾਂਤ ੭.

ਸਾਥੀ, ਸਾਥੀਅੜਾ: ਸੰ. ਸਾਰਥੀ. ਵਿ- ਉਹੀ ਅਰਥ (ਪ੍ਰ- ਯੋਜਨ) ਰੱਖਣ ਵਾਲਾ। ੨. ਸੰਗੀ. "ਓਤੈ ਸਾਥਿ ਮਨੁਖ ਹੈ." (ਸ੍ਰੀ ਮਃ ੫) "ਜਾ ਸਾਥੀ ਉਠਿ ਚਲਿਆ ਤਾ ਧਨ ਖਾਕੂ ਰਾਲਿ." (ਸ੍ਰੀ ਮਃ ੫) "ਸਾਥੀਅੜਾ ਪ੍ਰਭੁ ਏਕੁ." (ਜੈਤ ਛੰਤ ਮਃ ੫) ੩. ਦੇਖੋ, ਨਾਲਿ ਕੁਟੰਬ.

ਸਾਥੁ: ਦੇਖੋ, ਸਾਥ.

ਸਾਦ: ਸੰਗਜਾ- ਸ੍ਵਾਦ. ਰਸ. "ਸਾਦ ਕਰਿ ਸਮਧਾ ਤ੍ਰਿਸਨਾ ਘਿਉ." (ਮਲਾ ਮਃ ੧) "ਸਾਦਹੁ ਵਧਿਆ ਰੋਗੁ." (ਵਾਰ ਸੂਹੀ ਮਃ ੩) ੨. ਭਾਵ- ਸਿੱਧਾਂਤ. "ਪੰਡਿਤ ਪੜਹਿ ਸਾਦ ਨ ਪਾਵਹਿ." (ਮਾਝ ਅਃ ਮਃ ੩) ੩. ਸੰ. ਸਾਦ੍ ਸੰਗਜਾ- ਤਬਾਹੀ. ਬਰਬਾਦੀ। ੪. ਫ਼ਾ. شاد ਸ਼ਾਦ. ਖ਼ੁਸ਼. ਪ੍ਰਸੰਨ. "ਖਸਮ ਨ ਪਾਏ ਸਾਦ." (ਵਾਰ ਆਸਾ) ਮਾਲਿਕ ਨੂੰ ਖ਼ੁਸ਼ ਨਹੀਂ ਪਾਉਂਦਾ। ੫. ਦੇਖੋ, ਸਅ਼ਦ.

ਸਾਦਕ: ਦੇਖੋ, ਸਾਦਿਕ.

ਸਾਦਗੀ: ਫ਼ਾ. سادگی ਸੰਗਜਾ- ਸਾਦਾਪਨ.

ਸਾਦਤ: ਅ਼. سادات ਬਹੁ ਵਚਨ ਸਾਯਦ ਦਾ. ਸਰਦਾਰ ਲੋਕ। ੨. ਅ਼. سعادت ਸਆ਼ਦਤ. ਖ਼ੁਸ਼ਨਸੀਬੀ. ਨੇਕਬਖ਼ਤੀ.

ਸਾਦਤਮੰਦ: ਫ਼ਾ. سعادتمند ਵਿ- ਨੇਕਬਖ਼ਤ. ਖ਼ੁਸ਼ਨਸੀਬ. ਭਾਗਵਾਨ.

ਸਾਦਨ: ਸੰ. ਸੰਗਜਾ- ਬਟਣਾ. ਉਦਵਰਤਨ. "ਭੌਨ ਮੇ ਬਸਾਇ ਤਨ ਸਾਦਨ ਮਲਾਇ ਸੁਭ." (ਨਾਪ੍ਰ) ੨. ਸੰ. ਸਾਦਿਨ ਸਾਦਿਨ. ਵਿ- ਹਾਥੀ ਦਾ ਸਵਾਰ। ੩. ਘੋੜੇ ਦਾ ਸਵਾਰ। ੪. ਰਥ ਦਾ ਸਵਾਰ. "ਰਾਜ ਨ ਭਾਗ ਨ ਹੁਕਮ ਨ ਸਾਦਨ." (ਆਸਾ ਮਃ ੫) "ਰਾਜ ਮਾਲ ਸਾਦਨ ਦਰਬਾਰ." (ਭੈਰ ਮਃ ੫) ੫. ਅ਼. سادن ਦਰਬਾਨ. ਦ੍ਵਾਰਪਾਲ.

ਸਾਦ ਮੁਰਾਦਾ: ਵਿ- ਸਾਦੀ ਮੁਰਾਦ ਰੱਖਣ ਵਾਲਾ. ਸਿੱਧਾ ਸਾਦਾ.

ਸਾਦਰ: ਵਿ- ਆਦਰ ਸਹਿਤ. ਸਨਮਾਨ ਨਾਲ. "ਬੈਠਹਿ ਸਾਦਰ ਸ੍ਹੁੱਧਾ ਧਰਕੈ." (ਗੁਪ੍ਰਸੂ) ੨. ਦੇਖੋ, ਸਾਦਿਰ.

ਸਾਂਦਲ ਬਾਰ: ਰਾਵੀ ਅਤੇ ਚਨਾਬ ਦੇ ਮੱਧ ਇੱਕ ਪੁਰਾਣਾ ਜੰਗਲ. ਸ਼ੰਡਿਲ ਰਿਖੀ ਇਸ ਜੰਗਲ ਵਿੱਚ ਰਹਿੰਦਾ ਸੀ, ਜਿਸ ਕਰਕੇ ਨਾਮ 'ਸ਼ਾਂਡਿਲਜ ਵਨ' ਹੋਇਆ.

ਸਾਦੜਾ: ਵਿ- ਸਾਦਾ. ਸਿੱਧਾ. ਕਪਟ ਰਹਿਤ। ੨. ਸੰਗਜਾ- ਸ੍ਵਾਦ. ਰਸ.

ਸਾਦਾ: ਫ਼ਾ. ساده ਸਾਦਹ. ਵਿ- ਸਾਫ਼. ਨਿਰਮਲ। ੨. ਨਿਰੋਲ. ਖਾਲਿਸ। ੩. ਮੂਰਖ. ਅਨਪੜ੍ਹ। ੪. ਸੰਗਜਾ- ਤੁਕਲਾਣੀ ਪਿੰਡ ਦਾ ਵਸਨੀਕ ਭਾਈ ਰੂਪਚੰਦ ਦਾ ਦਾਦਾ। ੫. ਬਲਖ਼ ਨਿਵਾਸੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪਰਮ ਪ੍ਰੇਮੀ ਸਿੱਖ. ਦਬਿਸ੍ਤਾਨ ਮਜ਼ਾਹਬ ਦਾ ਕਰਤਾ ਲਿਖਦਾ ਹੈ ਕਿ ਸਾਦਾ ਬਲਖ਼ ਤੋਂ ਇਰਾਕ ਵੱਲ ਗੁਰੂ ਜੀ ਲਈ ਘੋੜੇ ਲੈਣ ਚੱਲਿਆ, ਉਸ ਦਾ ਲੜਕਾ ਸਖਤ ਬੀਮਾਰ ਸੀ. ਲੋਕ ਵਰਜ ਰਹੇ ਪਰ ਸਾਦੇ ਨੇ ਗੁਰੂ ਦੀ ਸੇਵਾ ਮੁੱਖ ਸਮਝੀ. ਸਾਦਾ ਅਜੇ ਇੱਕ ਮੰਜ਼ਿਲ ਹੀ ਗਿਆ ਸੀ, ਕਿ ਲੜਕਾ ਮਰ ਗਿਆ ਪਰ ਉਹ ਵਾਪਿਸ ਘਰ ਨਹੀਂ ਆਇਆ. ਇਹ ਤਿੰਨ ਘੋੜੇ ਗੁਰੂ ਜੀ ਵਾਸਤੇ ਬਹੁਤ ਉਮਦਾ ਲਿਆਇਆ, ਜੋ ਸ਼ਾਹਜਹਾਂ ਦੇ ਮਨਸਬਦਾਰ ਖ਼ਲੀਲ ਖ਼ਾਂ ਨੇ ਉਸ ਤੋਂ ਖੋਹ ਲਏ.

ਸ਼ਾਦਾਬ: ਫ਼ਾ. شاداب ਵਿ- ਸੱਜਰਾ. ਤਾਜ਼ਾ। ੨. ਹਰਿਆ ਭਰਿਆ.

ਸ਼ਾਦਾਬੀ: ਫ਼ਾ. شادابی ਸੰਗਜਾ- ਤਾਜ਼ਗੀ. ਸੱਜਰਾਪਣ। ੨. ਤਰਾਉਤ.

ਸਾਦਿ: ਸਵਾਦ ਸੇ. ਸੁਆਦਾਂ ਨਾਲ. "ਤ੍ਰਿਪਤਿ ਨ ਆਵੈ ਬਿਖਿਆ ਸਾਦਿ." (ਰਾਮ ਮਃ ੫) ੨. ਵਿ- ਆਦਿ ਸਹਿਤ। ੩. ਸੰ ਸੰਗਜਾ- ਪਵਨ. ਪੌਣ। ੪. ਯੋਧਾ। ੫. ਰਥਵਾਹੀ.

ਸਾਂਦਿ: ਸੰਗਯਾ- ਸ਼ਾਂਤਿ. "ਸੁਖ ਸਾਂਦਿ ਘਰਿ ਆਇਆ." (ਸੋਰ ਮਃ ੫) ਸੁਖ ਸ਼ਾਂਤਿ ਨਾਲ.

ਸਾ ਦਿਹਾੜੀ: ਉਸੇ ਦਿਨ. ਦੂਜੇ ਦਿਨ ਦੇ ਸੰਬੰਧ ਤੋਂ ਬਿਨਾ. "ਤੁਸੀਂ ਸਾ ਦਿਹਾੜੀ ਲਹੌਰ ਜਾਣਾ." (ਜਸਭਾਮ)

ਸਾਦਿਕ: ਅ਼. صدق ਸਾਦਿਕ਼. ਵਿ- ਸਿਦਕ਼ ਰੱਖਣ ਵਾਲਾ. ਸ਼੍ਰੱਧਾਵਾਨ. "ਪੀਰ ਪੇਕਾਂਬਰ ਸਾਲਿਕ ਸਾਦਿਕ." (ਆਸਾ ਮਃ ੧) ੨. ਸੱਚਾ। ੩. ਸੰਗਯਾ- ਮੁਹ਼ੰਮਦ ਜਾਫ਼ਰ ਇਮਾਮ ਦਾ ਨਾਉਂ, ਜੋ ਸਨ ੮੩ ਹਿਜਰੀ ਵਿੱਚ ਪੈਦਾ ਹੋਇਆ ਅਤੇ ੧੪੮ ਵਿੱਚ ਮੋਇਆ.

ਸਾਦਿਰ: ਅ਼. صدور ਸਾਦਿਰ. ਜਾਰੀ ਹੋਣ ਵਾਲਾ. ਨਿਕਲਨੇ ਵਾਲਾ। ੨. ਅ਼. ساور ਲਾਪਰਵਾ. ਬੇਫਿਕਰ.

ਸਾਦੀ: ਸਾਦਾ ਦਾ ਇਸਤ੍ਰੀ ਲਿੰਗ। ੨. ਫ਼ਾ. سعدی ਸ਼ੈਖ ਸਅ਼ਦੀ. ਸ਼ੀਰਾਜ਼ ਨਿਵਾਸੀ ਫਾਰਸੀ ਦਾ ਪ੍ਰਸਿੱਧ ਕਵੀ. ਇਸ ਦਾ ਜਨਮ ਸਨ ੧੧੭੫ ਅਤੇ ਦੇਹਾਂਤ ਸਨ ੧੨੯੨ ਨੂੰ ਹੋਇਆ. ਇਸ ਦੀਆਂ ਲਿਖੀਆਂ ਅਨੇਕ ਕਿਤਾਬਾਂ- ਗੁਲਿਸ੍ਤਾਂ, ਬੋਸ੍ਤਾਂ, ਪੰਦਨਾਮਾ, ਆਦਿ ਜਗਤ ਪ੍ਰਸਿੱਧ ਹਨ। ੩. شادی ਸ਼ਾਦੀ. ਖ਼ੁਸ਼ੀ. ਆਨੰਦ। ੪. ਵਿਆਹ। ੫. ਦੇਖੋ, ਸਾਦਿ.

ਸਾਂਦੀਪਨਿ: ਸੰਦੀਪਨ ਦਾ ਪੁਤ੍ਰ. ਦੇਖੋ, ਸੰਦੀਪਨਿ.

ਸਾਦੁ: ਸੰਗਯਾ- ਸ੍ਵਾਦ। ੨. ਸੰ- ਸ੍ਵਾਦੁ. ਵਿ- ਰਸ ਦਾਇਕ. ਮਜ਼ੇਦਾਰ. "ਸਾਕਤ ਹਰਿਰਸ ਸਾਦੁ ਨ ਜਾਨਿਆ." (ਸੋਹਿਲਾ) ਸ੍ਵਾਦੁ ਹਰਿਰਸ ਨ ਜਾਨਿਆ.

ਸਾਦੁਨ: ਸੰ. ਸ੍ਵਾਦਨ. ਸੰਗਯਾ- ਰਸ ਲੈਣਾ. ਮਜ਼ਾ ਚੱਖਣਾ. "ਜਿਹਵਾ ਸਾਦੁਨ ਫੀਕੀ ਰਸ ਬਿਨ." (ਸਾਰ ਮਃ ੧)

ਸਾਂਦ੍ਰ: ਸੰ. ਵਿ- ਗਾੜ੍ਹਾ. ਸੰਘਣਾ। ੨. ਕੋਮਲ. ਨਰਮ। ੩. ਚਿਕਨਾ. ੪. ਮਨੋਹਰ। ੫. ਸੰਗਯਾ- ਵਨ. ਜੰਗਲ.

ਸਾਦ੍ਰਿਸ਼, ਸਾਦ੍ਰਿਸ਼੍ਯ: ਸੰ. साध्श्य ਸੰਗਯਾ- ਸਦ੍ਰਿਸ਼ ਹੋਣ ਦਾ ਭਾਵ. ਬਰਾਬਰੀ. ਸਮਾਨਤਾ.

ਸਾਧ: ਸੰ. साधू ਧਾ- ਪੂਰਣ ਕਰਨਾ. ਜਿੱਤ ਪਾਉਣੀ. ਫਤੇ ਕਰਨਾ. ਯਸ਼ ਪ੍ਰਾਪਤ ਕਰਨਾ. ੨. ਸੰਗਯਾ- ਪੂਰਣਤਾ. ਕਮਾਲੀਅਤ."ਜਉ ਤੁਹਿ ਸਾਧ ਪਿਰੰਮ ਕੀ." (ਸ. ਕਬੀਰ) ੩. ਸੰ. साधु ਸਾਧੁ. ਉੱਤਮ. "ਜਾਸੁ ਜਪਤ ਹਰਿ ਹੋਵਹਿ ਸਾਧ." (ਗਉ ਅਃ ਮਃ ੫) ੪. ਸੰਤ. "ਸਾਧ ਊਪਰਿ ਜਾਈਐ ਕੁਰਬਾਨੁ." (ਸੁਖਮਨੀ) ੫. ਸਾਧਨ ਦਾ ਸੰਖੇਪ. "ਜਪ ਤਪ ਸੰਜਮ ਲੱਖ ਸਾਧ ਸਿਧਾਵਣਾ." (ਭਾਗੁ)

ਸਾਂਧ: ਸੰਗਯਾ- ਸੰਨ੍ਹ. ਪਾੜ. ਨਕਬ. "ਪ੍ਰਿਥਮ ਸਾਂਧ ਦੈ ਦਰਬ ਚੁਰਾਵੈ." (ਚਰਿਤ੍ਰ ੧੦੪) ੨. ਦੇਖੋ, ਸਾਂਧਨ.

ਸਾਧਸਮਾਗ, ਸਾਧਸਮਾਗਮ: ਸੰਗਯਾ- ਸਾਧੁਜਨਾਂ ਦਾ ਮੇਲ. ਸਾਧੁਸੰਗਤਿ."ਪ੍ਰਭੁ ਆਰਾਧੀਐ ਮਿਲਿ ਸਾਧਸਮਾਗੈ." (ਬਿਲਾ ਮਃ ੫)

ਸਾਧ ਸਾਧ: ਦੇਖੋ, ਸਾਧੁ ਸਾਧੁ.

ਸਾਧ ਸੰਗ, ਸਾਧਸੰਗਤਿ, ਸਾਧਸੰਗਮ: ਦੇਖੋ, ਸਾਧਸਮਾਗਮ. "ਸਾਧਸੰਗਤਿ ਉਪਜੈ ਬਿਸ੍ਵਾਸ." (ਗਉ ਥਿਤੀ ਕਬੀਰ) "ਸਾਧਸੰਗਤਿ ਕੈ ਅੰਚਲਿ ਲਾਵਹੁ." (ਜੈਤ ਮਃ ੫) ੨. ਭਾਈ ਨੰਦ ਲਾਲ ਜੀ ਨੇ ਸਿੱਖ ਧਰਮ ਦਾ ਨਾਉਂ "ਸਾਧਸੰਗ" ਲਿਖਿਆ ਹੈ. "ਹਮਚੁਨਾ ਦਰ ਮਜ਼ਹਬੇ ਈਂ ਸਾਧਸੰਗ." (ਜਿੰਦਗੀ)

ਸਾਧ ਸੰਗਾਤ: ਸੰਗਯਾ- ਸਾਧੁਸੰਗਤਿ. "ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ." (ਆਸਾ ਛੰਤ ਮਃ ੫) ੨. ਸਾਧੁ ਦੇ ਸੰਗ ਤੋਂ

ਸਾਧ ਸੰਗਿ: ਸਾਧੁ ਸੰਗਤਿ ਦ੍ਵਾਰਾ. "ਸਾਧ ਸੰਗਿ ਸਭੁ ਦੂਖੁ ਮਿਟਾਇਆ." (ਬਿਲਾ ਮਃ ੫) "ਸਾਧ ਸੰਗਿ ਹੁਇ ਨਿਰਮਲਾ." (ਗਉ ਥਿਤੀ ਮਃ ੫)

**ਸਾਧ ਸੰਗੇਣ:** ਸਾਧੁ ਸੰਗਤਿ ਕਰਕੇ. ਸਾਧੁ ਦੇ ਸੰਗ ਦ੍ਵਾਰਾ. "ਸਾਧ ਸੰਗੇਣ ਤਰਣੰ." (ਸਹਸ ਮਃ ੫)

**ਸਾਧਕ:** ਵਿ- ਸਾਧਨਾ ਕਰਨ ਵਾਲਾ. ਅਭ੍ਯਾਸੀ। ੨. ਸਿੱਧ ਕਰਨ ਵਾਲਾ. ਸਾਬਤ ਕਰਨ ਵਾਲਾ। ੩. ਸੰਗ੍ਯਾ- ਆਪਸਤੰਬ ਦੇ ਲੇਖ ਅਨੁਸਾਰ ਪਿਤਰ ਦੇਵਤਿਆਂ ਦੀ 'ਸਾਧਕ' ਸੰਗ੍ਯਾ ਹੈ.

**ਸਾਧਣਾ:** ਕ੍ਰਿ- ਅਭ੍ਯਾਸ ਕਰਨਾ. "ਕਹੂੰ ਜੋਗਸਾਧੀ." (ਅਕਾਲ) ਕਿਤੇ ਯੋਗਾਭ੍ਯਾਸੀ ਹੋਂ। ੨. ਸਾਬਤ ਕਰਨਾ। ੩. ਸੰਵਾਰਨਾ. ਦੁਰੁਸ੍ਤ ਕਰਨਾ. "ਧਰਤਿ ਕਾਇਆ ਸਾਧਿਕੈ ਵਿਚਿ ਦੇਇ ਕਰਤਾ ਬੀਉ." (ਵਾਰ ਆਸਾ) "ਕਾਰਜ ਸਗਲੇ ਸਾਧਹੁ." (ਸੋਰ ਮਃ ੫) ੪. ਫਤੇ ਕਰਨਾ. "ਸਗਲ ਦੂਤ ਉਨਿ ਸਾਧੇ ਜੀਉ." (ਮਾਝ ਮਃ ੫) ੫. ਅਧੀਨ ਕਰਨਾ. "ਹਰਿ ਅਹੰਕਾਰੀਆਂ ਮਾਰਿ ਨਿਵਾਏ ਮਨਮੁਖ ਮੂੜ ਸਾਧਿਆ." (ਵਾਰ ਸ੍ਰੀ ਮਃ ੪) ੬. ਅਮਲ ਵਿੱਚ ਲਿਆਉਣਾ. "ਨਾ ਹਮ ਗੁਣ, ਨ ਸੇਵਾ ਸਾਧੀ." (ਮਾਰੂ ਸੋਲਹੇ ਮਃ ੩)

**ਸਾਧਨ:** ਸੰਗ੍ਯਾ- ਸਾਧਨ ਦੀ ਸਾਮਗ੍ਰੀ। ੨. ਨਿਮਿੱਤ ਕਾਰਣ. ਜੈਸੇ ਰੋਟੀ ਦਾ ਸਾਧਨ ਅਗਨੀ, ਅੰਨ ਆਦਿ। ੩. ਯਤਨ. ਕੋਸ਼ਿਸ਼। ੪. ਸੰਦ. ਔਜ਼ਾਰ. "ਕਾਰੀਗਰ ਨਿਜ ਸਾਧਨ ਸਾਰੇ." (ਗੁਪ੍ਰਸੂ) ੫. ਗੁਰੁਬਾਣੀ ਵਿੱਚ ਸਾਧ੍ਵੀ ਲਈ ਸਾਧਨ ਸ਼ਬਦ ਅਨੇਕ ਥਾਂ ਵਰਤਿਆ ਹੈ. "ਸਾਧਨ ਬਿਨਉ ਕਰੈ." (ਤੁਖਾ ਬਾਰਹਮਾਹ) ਦੇਖੋ, ਸਾਧ੍ਵੀ.

**ਸਾਂਧਨ:** ਦੇਖੋ, ਸੰਧਾਨ. ਸਿੰਨ੍ਹਣਾ. "ਕਾਲ ਸਰ ਸਾਂਧਿਆ." (ਗਉ ਕਬੀਰ)

**ਸਾਧਨਾ:** ਦੇਖੋ, ਸਾਧਣਾ ਅਤੇ ਸਾਧਨ

**ਸਾਧਬੇਲਾ:** ਦੇਖੋ, ਬਨਖੰਡੀ.

**ਸਾਧਾਰ:** ਵਿ- ਸ- ਆਧਾਰ. ਆਸ਼੍ਰਯ (ਆਸਰੇ) ਸਹਿਤ. "ਮੰਨੈ ਪਰਵਾਰੈ ਸਾਧਾਰੁ." (ਜਪੁ) "ਦੇਖਤ ਦਰਸਨ ਮਨ ਸਾਧਾਰੈ." (ਸ੍ਰੀ ਮਃ ੫) "ਮੋਹਨ ਲਾਲ ਅਨੂਪ ਸਰਬ ਸਾਧਾਰੀਆ." (ਗਉ ਅਃ ਮਃ ੫) "ਸਬਦ ਅਭਿ ਸਾਧਾਰਏ." (ਆਸਾ ਛੰਤ ਮਃ ੧) ੨. ਆਧਾਰ ਨਾਮ ਸੰਸਕ੍ਰਿਤ ਵਿੱਚ ਆਲਬਾਲ ਦਾ ਹੈ ਜੋ ਬੂਟੇ ਦੇ ਚਾਰੇ ਪਾਸੇ ਜਲ ਠਹਿਰਾਉਣ ਨੂੰ ਕਰੀਦਾ ਹੈ. ਸ- ਆਧਾਰ. ਆਲ ਬਾਲ ਸਹਿਤ. "ਸੂਕਾ ਮਨ ਸਾਧਾਰੈ." (ਸੋਰ ਮਃ ੫) ੩. ਦੇਖੋ, ਸਧਾਰ.

**ਸਾਧਾਰਣ:** ਵਿ- ਆਧਾਰ ਸਹਿਤ ਕਰਨ ਵਾਲਾ. ਆਸਰਾ ਦੇਣ ਵਾਲਾ. "ਪਿਰ ਤੈਡਾ ਮਨ ਸਾਧਾਰਣ." (ਵਾਰ ਰਾਮ ੨. ਮਃ ੫) ੨. ਸੰ. ਸਮਾਨ. ਬਰਾਬਰ। ੩. ਆਮ. ਜੋ ਖ਼ਾਸ ਨਹੀਂ। ੪. ਮਾਮੂਲੀ। ੫. ਸਭ ਦਾ ਸਾਂਝਾ। ੬. ਗੋਇੰਦਵਾਲ ਦਾ ਵਸਨੀਕ ਇੱਕ ਲੁਹਾਰ, ਜੋ ਗੁਰੂ ਅਮਰ ਦਾਸ ਜੀ ਦਾ ਸਿੱਖ ਹੋ ਕੇ ਗੁਰਮੁਖ ਪਦਵੀ ਦਾ ਅਧਿਕਾਰੀ ਹੋਇਆ. ਇਸ ਨੇ ਬਾਉਲੀ ਸਾਹਿਬ ਦੇ ਜਲ ਅੰਦਰ ਗੁਪਤ ਰਹਿਣ ਵਾਲੀ ਕਾਠ ਦੀ ਪੌੜੀ ਬਣਾਈ ਸੀ. ਇਸ ਦਾ ਸੇਵਾ ਅਤੇ ਭਗਤੀ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖ਼ਸ਼ੀ। ੭. ਦੇਖੋ, ਸਾਧਾਰਨ ੨.

**ਸਾਧਾਰਣ ਧਰਮ:** ਸੰਗ੍ਯਾ- ਉਹ ਧਰਮ, ਜੋ ਸਭ ਲਈ ਸਾਂਝਾ ਹੈ. ਸਾਂਝਾ ਧਰਮ. ਜੈਸੇ- ਸਚ ਬੋਲਣਾ, ਪਰੇਮ ਕਰਨਾ, ਉਪਕਾਰ ਕਰਨਾ ਆਦਿ। ੨. ਦੇਖੋ, ਉਪਮਾ.

**ਸਾਧਾਰਨ:** ਦੇਖੋ, ਸਾਧਾਰਣ। ੨. ਮੈਹਿਤਪੁਰ (ਜਿਲਾ ਜਲੰਧਰ) ਦਾ ਵਸਨੀਕ ਇੱਕ ਤਖਾਣ, ਜੋ ਗੁਰੂ ਅੰਗਦ ਸਾਹਿਬ ਦਾ ਸਿੱਖ ਹੋਇਆ. ਇਹ ਪ੍ਰਚਾਰ ਦੀ ਸੇਵਾ ਭੀ ਕਰਦਾ ਸੀ. ਸਾਧਾਰਨ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿੱਚ ਭੀ ਹਾਜਿਰ ਰਿਹਾ ਹੈ.

**ਸਾਧਾਰੁ:** ਦੇਖੋ, ਸਾਧਾਰ.

**ਸਾਧਿ:** ਸਾਧਨਾ ਕਰਕੇ. ਸਾਧਨਾ ਦ੍ਵਾਰਾ. ਦੇਖੋ, ਉਨਮਾਨੁ। ੨. ਦੇਖੋ, ਸਾਧ੍ਯ। ੩. ਸੁਧਾਰ ਲੈ. "ਸਾਧ ਸੰਗਿ ਮਿਲਿ ਦੁਇ ਕੁਲ ਸਾਧਿ." (ਗਉ ਮਃ ੫)

**ਸਾਧਿਕ:** ਦੇਖੋ, ਸਾਧਕ. "ਸਾਧਿਕ ਸਿਧ ਸਗਲ ਕੀ ਪਿਆਰੀ." (ਸਾਰ ਮਃ ੫)

ਸਾਧਿਕਾ: ਸਾਧਕ ਦਾ ਇਸਤ੍ਰੀ ਲਿੰਗ.

ਸਾਧੀ: ਸਿੱਧ ਕੀਤੀ. ਸਿਰੇ ਚਾੜ੍ਹੀ. "ਅਬਿਦਿਆ ਸਾਧੀ." (ਸਾਰ ਪਰਮਾਨੰਦ) ੨. ਸਾਧੀਂ. ਸਾਧਾਂ ਨੇ. "ਚਖਿ ਸਾਧੀ ਡਿਠਾ." (ਵਾਰ ਗਉ ੨. ਮਃ ੫)

ਸਾਧੀਐ: ਦੇਖੋ, ਸਾਧਣਾ. ੨. ਜਿੱਤੀਏ. "ਭਰਮੁ ਮੋਹ ਭਉ ਸਾਧੀਐ." (ਗਉ ਮਃ ੫)

ਸਾਧੁ: ਵਿ- ਜੋ ਪਰਾਏ ਕਾਰਜ ਨੂੰ ਸਿੱਧ ਕਰੇ. ਉਪਕਾਰੀ। ੨. ਉੱਤਮ. ਸ਼੍ਰੇਸ਼੍ਠ. ਭਲਾ. ਨੇਕ। ੩. ਮਨੋਹਰ. ਸੁੰਦਰ। ੪. ਕੁਲੀਨ। ੫. ਯੋਗ੍ਯ. ਲਾਇਕ। ੬. ਸੰਗ੍ਯਾ- ਗੁਰੁ ਨਾਨਕ ਦੇਵ. "ਉਤਮ ਸਲੋਕ ਸਾਧੁ ਕੇ ਬਚਨ." (ਸੁਖਮਨੀ) ੭. ਵ੍ਯ- ਧਨ੍ਯ. ਵਾਹਵਾ. ਸ਼ਾਬਾਸ਼। ੮. ਸੰ. ਦੇਖੋ, ਸਾਧ੍ਯ.

ਸਾਧੁ ਸਾਧੁ: ਸੰ. ਦੇਖੋ, ਸਾਧੁ ੭. ਧਨ੍ਯ ਧਨ੍ਯ "ਸਾਧੁ ਸਾਧੁ ਮੁਖ ਤੇ ਕਹਹਿ." (ਬਿਲਾ ਮਃ ੫) ੨. ਵਾਹ ਵਾਹ। ੩. ਸ਼ਾਬਾਸ਼.

ਸਾਧੁਸੰਗੁ, ਸਾਧਸੰਗਤਿ: ਸੰਗ੍ਯਾ- ਉੱਤਮ ਲੋਕਾਂ ਦੀ ਸੰਗਤਿ. ਨੇਕ ਸੁਹਬਤ। ੨. ਸਿੱਖਧਰਮ. ਭਾਈ ਨੰਦ ਲਾਲ ਜੀ ਨੇ ਸਿੱਖ ਧਰਮ ਦਾ ਇਹ ਨਾਉਂ ਲਿਖਿਆ ਹੈ. ਦੇਖੋ, ਸਾਧਸੰਗ ੨. ਗੁਰਬਾਣੀ ਵਿੱਚ ਭੀ ਐਸਾ ਹੀ ਵਰਣਨ ਹੈ.

ਸਾਧੁਤਾ: ਸੰਗ੍ਯਾ- ਸਾਧੁਪਨ. ਭਲਾਈ. ਨੇਕੀ. ਉੱਤਮਤਾ. ਯੋਗ੍ਯਤਾ.

ਸਾਧੁਬੇਲਾ: ਦੇਖੋ, ਬਨਖੰਡੀ.

ਸਾਧੂ: ਦੇਖੋ, ਸਾਧੁ. "ਸਾਧੂ ਸੰਗਿ ਉਧਾਰੁ ਭਏ ਨਿਕਾਣਿਆ." (ਮਃ ੫. ਵਾਰ ਮਲਾ) ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਵਾਈ, ਬੀਬੀ ਬੀਰੋ ਜੀ ਦਾ ਪਤਿ. ਦੇਖੋ, ਬੀਰੋ ਬੀਬੀ। ੩. ਸਾਦੇ ਦਾ ਪੁਤ੍ਰ ਅਤੇ ਭਾਈ ਰੂਪਚੰਦ ਜੀ ਦਾ ਪਿਤਾ.

ਸਾਧੂ ਸਤਿਗੁਰੁ: ਆਤਮਗ੍ਯਾਨੀ ਅਤੇ ਆ਼ਮਿਲ ਉਸਤਾਦ. "ਸਾਧੂ ਸਤਿਗੁਰੂ ਜੇ ਮਿਲੈ, ਤਾ ਪਾਈਐ ਗੁਣੀਨਿਧਾਨੁ." (ਸ੍ਰੀ ਮਃ ੧)

ਸਾਧੂ ਸਾਧ: ਵਿ- ਉੱਤਮ (ਸਾਧੁ) ਸੰਤ। ੨. ਉਪਕਾਰੀ ਸਾਧੂ. "ਸਾਧੂ ਸਾਧ ਸਰਨਿ ਮਿਲਿ." (ਕਲਿ ਅਃ ਮਃ ੪)

ਸਾਧੂ ਸਿੰਘ: ਦੇਖੋ, ਸੁਮੇਰ ਸਿੰਘ। ੨. ਗਿੜਵੜੀ ਨਿਵਾਸੀ ਸੰਤ ਸਾਧੂ ਸਿੰਘ ਜੀ. ਇਨ੍ਹਾਂ ਦਾ ਜਨਮ ਪਿੰਡ ਸਰਲੀ (ਜਿਲਾ ਅਮ੍ਰਿਤਸਰ) ਵਿੱਚ ਸੰਮਤ ੧੮੯੭ ਨੂੰ ਹੋਇਆ. ਪਿਤਾ ਦਾ ਨਾਉਂ ਸੋਭਾ ਸਿੰਘ ਅਤੇ ਮਾਤਾ ਦੇਵੀ ਸੀ. ਪੰਡਿਤ ਗੁਲਾਬ ਸਿੰਘ ਜੀ ਗਿੜਵੜੀ (ਜਿਲਾ ਹੁਸ਼ਿਆਰਪੁਰ) ਨਿਵਾਸੀ ਦੇ ਚੇਲੇ ਹੋਏ. ਇਹ ਸੰਸਕ੍ਰਿਤ ਅਤੇ ਹਿੰਦੀ ਦੇ ਪੰਡਿਤ ਅਰ ਗੁਰੁਬਾਣੀ ਦੇ ਖੋਜੀ ਸਨ. ਸਾਧੂ ਸਿੰਘ ਜੀ ਨੇ "ਗੁਰੁਸਿਖ੍ਯਾ ਪ੍ਰਭਾਕਾਰ" ਅਤੇ "ਸ਼੍ਰੀਮੁਖਵਾਕ੍ਯ ਸਿੱਧਾਂਤ ਜ੍ਯੋਤਿ" ਆਦਿ ਕਈ ਗ੍ਰੰਥ ਲਿਖੇ ਹਨ. ਆਪ ਦੀ ਕਵਿਤਾ ਇਹ ਹੈ-

ਸਵੈਯਾ

ਆਦਿ ਅਨਾਦਿ ਅਗਾਧ ਅਬਾਧ

ਅਲੇਖ ਅਭੇਖ ਅਰੇਖ ਅਨਾਮੈ,

ਜੋ ਸਭ ਰੂਪ ਪਰੇ ਸਭ ਸੇ

ਸਭ ਮੈ ਸਮਰੂਪ ਨਹੀ ਕਛੁ ਵਾਮੈ,

ਸੋ ਗੁਰੁ ਨਾਨਕ ਲੌ ਦਸ ਰੂਪ

ਸੁਧਾਰਿ ਉਧਾਰਿ ਕਰੀ ਵਸੁਧਾ ਮੈ,

ਤਾਂ ਪਦ ਮੰਜੁਲ ਪੈ ਕਰਿ ਅੰਜਲਿ

ਦੰਡ ਸਮਾਨ ਕਰੂੰ ਪਰਣਾਮੈ.

ਕਬਿੱਤ

ਅਜ ਜੋ ਅਜਾਦਿ ਪ੍ਰਜ ਪ੍ਰਜਾ ਕੋਪਰਾਜ ਕਰੈ

ਪਰਜਾ ਤੋ ਪ੍ਰਜਾਤਿ ਨਾਹਿ ਪ੍ਰਜਾਹੀ ਪ੍ਰਜਾਤਿ ਵਰ,

ਹਰਿ ਹੀ ਜੋ ਹਰਿ ਹੋਇ ਹਰਨ ਅਹਾਰ ਪ੍ਰਦ

ਹੇਰਿ ਹਾਰੇ ਹਰਿ ਕੋ ਸੋ ਹੇਰਿਓ ਨ ਜਾਇ ਪਰ,

ਭਵਿ ਭਾਵਾਭਾਵ ਕੋ ਵਿਭਾਤਿ ਜੋ ਭਵਾਦਿ ਭਵ

ਭਵਿ ਭਵ ਭਵਿ ਪੁਨ ਭਵ ਕੋ ਪ੍ਰਭਵ ਕਰ,

ਸੋਈ ਗੁਰੁ ਰੂਪ ਧਰਿ ਤਮ ਜੈਸੇ ਹਰੇ ਹਰਿ

ਹਰੇ ਭਵਬੰਧਨ ਮੇ ਬੰਧ ਕੈਸੇ ਆਗ ਹਰ. ਸੰਤ ਸਾਧੂ ਸਿੰਘ ਜੀ ਦਾ ਦੇਹਾਂਤ ਸੰਮਤ ੧੯੬੪ ਵਿੱਚ ਗਿੜਵੜੀ ਹੋਇਆ। ੩. ਦੇਖੋ, ਕਪੂਰਥਲਾ.

ਸਾਧੂਖੰਡਲ: ਸੰਗਯਾ- ਸਾਧੁਮੰਡਲ. ਸਾਧੁਸਮਾਜ. ਦੇਖੋ, ਖੰਡਲ. "ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂਖੰਡਲ ਖੰਡਾ ਹੇ." (ਸੋਹਿਲਾ)

ਸਾਧੂਚਰਨ: ਦੇਖੋ, ਚਰਣ.

ਸਾਧੂਪਾਥ: ਸੰਗਯਾ- ਸੁਪੰਥ. ਸਤਪਥ. ਸਨ੍ਮਾਰਗ. "ਸਤਸੰਗਤਿ ਮਿਲਿ ਸਾਧੂਪਾਥ." (ਕਾਨ ਮਃ ੪)

ਸਾਧੁ ਪੁਰਖ ਸਾਧਜਨ ਪਾਏ: (ਨਟ ਅਃ ਮਃ ੪) ਉਪਕਾਰੀ ਪੁਰਖ ਉੱਤਮਜਨ ਪਾਏ. ਦੇਖੋ, ਸਾਧੁ.

ਸਾਧਯ: ਸੰ. ਵਿ- ਸਾਧਨਯੋਗਯ। ੨. ਸਿੱਧ ਕਰਨ ਲਾਇਕ। ੩. ਜਿੱਤਣ ਯੋਗਯ। ੪. ਸੰਗਯਾ- ਗਣ ਦੇਵਤਾ, ਜਿਨ੍ਹਾਂ ਦੀ ੧੨. ਗਿਣਤੀ ਹੈ. ਇਹ ਦਕ੍ਸ਼ ਦੀ ਪੁਤ੍ਰੀ ਸਾਧਯਾ ਤੋਂ ਧਰਮਰਾਜ ਦੇ ਪੁਤ੍ਰ ਹਨ. ਨਿਰੁਕਤ ਵਿੱਚ ਲਿਖਿਆ ਹੈ ਕਿ ਇਹ ਦੇਵਤਾ ਸ਼ੁਭ ਕਾਰਜ ਸਾਧਦੇ ਹਨ. ਇਸ ਲਈ ਸਾਧਯ ਸੰਗਯਾ ਹੈ। ੫. ਚੇਲਾ. ਸ਼ਾਗਿਰਦ. ਜੋ ਉਸਤਾਦ ਤੋਂ ਸੁਧਾਰਿਆ ਗਿਆ ਹੈ. ਜੋ ਗੁਰੂ ਦ੍ਵਾਰਾ ਸਿੱਧ ਹੋਣ ਯੋਗਯ ਹੈ.

ਸਾਧ੍ਵੀ: ਸੰ. ਵਿ- ਸਾਧੁ ਆਚਾਰ (ਨੇਕ ਚਲਨ) ਵਾਲੀ। ੨. ਸੰਗਯਾ- ਪਤਿਵ੍ਰਤਾ ਇਸਤ੍ਰੀ. "ਸਾਧ੍ਵੀ ਪਾਇ ਕਾਲ ਬਹੁ ਕਾਲੂ." (ਨਾਪ੍ਰ) ੩. ਭਾਰਯਾ. ਵਹੁਟੀ। ੪. ਸਾਧਣੀ.

ਸਾਨ, ਸਾਂਨ: ਵਿ- ਸਦ੍ਰਿਸ਼. ਮਾਨਿੰਦ. ਜੇਹਾ. "ਹੋਵੈ ਅਪਨੀ ਸਾਨ." (ਗੁਪ੍ਰਸੂ) ੨. ਦੇਖੋ, ਸਾਨਿ, ਸਾਨ੍ਹ ਅਤੇ ਸੰਨ੍ਹ। ੩. ਦੇਖੋ, ਸਾਣ। ੪. ਫ਼ਾ. شان ਸ਼ਾਨ. ਸੰਗਯਾ- ਸ਼ਹਿਦ ਦੀਆਂ ਮੱਖੀਆਂ ਦਾ ਛੱਤਾ। ੫. ਅ਼. ਵਡਿਆਈ. ਅਜ਼ਮਤ. "ਸੁੱਧਤਾ ਕੀ ਸਾਨ ਹੋ." (ਅਕਾਲ) ੬. ਸ਼ੋਭਾ.

ਸਾਨਣੀ: ਦੇਖੋ, ਸਾਂਢਨੀ.

ਸਾਨਥ: ਸੰ. ਸਾਨਰ੍‍ਥ. ਵਿ- ਅਨਰਥ ਸਾਥ. ਪਾਪ ਸਹਿਤ। ੨. ਨਿਸਫਲਤਾ ਸਹਿਤ. "ਲਪਟਿਓ ਦਾਸੀ ਸੰਗਿ ਸਾਨਥ." (ਮਾਰੂ ਮਃ ੫) ੩. ਸੰ. ਸਾਨਿਧਯ. ਸੰਗਯਾ- ਮਿਲਾਪ. ਸਮੀਪਤਾ. ਨੇੜ. "ਸੰਤ ਸਾਨਥ ਭਏ ਲੂਟਾ." (ਸਾਰ ਮਃ ੫)

ਸਾਨੱਧ: ਦੇਖੋ, ਸੰਨੱਧ.

ਸਾਨਾ: ਵਿ- ਮਿਲਿਆ ਹੋਇਆ. ਸਹਿਤ. "ਪਾਇਨ ਲੌ ਸੰਗ ਸ੍ਰੋਨ ਕੇ ਸਾਨੇ." (ਕ੍ਰਿਸਨਾਵ)

ਸ਼ਾਨਾ: ਫ਼ਾ. شانہ ਸੰਗਯਾ- ਕੰਘੀ. ਕੇਸ ਸਾਫ ਕਰਨ ਦਾ ਯੰਤ੍ਰ। ੨. ਕੰਘੀ ਦੀ ਸ਼ਕਲ ਦਾ ਇੱਕ ਦੰਦੇਦਾਰ ਸੰਦ, ਜਿਸ ਨੂੰ ਜਿਮੀਦਾਰ ਘਾਹ ਕੱਢਣ ਲਈ ਵਰਤਦੇ ਹਨ। ੩. ਕੰਧਾ. ਮੋਢਾ. ਕੰਨ੍ਹਾ.

ਸਾਨਿ: ਸੰਗਯਾ- ਸੰਨ੍ਹ (ਪਾੜ) ਨਾਲ। ੨. ਪਾੜ ਵਿੱਚ। ੩. ਪਾੜ ਉੱਤੇ। ੪. ਦੇਖੋ, ਸਾਨੀ.

ਸਾਨਿਹਾ: ਸੰਨ੍ਹ (ਪਾੜ) ਦੇ. ਨਕਬ ਦੇ. "ਜਿਉ ਤਸਕਰੁ ਦਰਿ ਸਾਨਿਹਾ." (ਸਾਰ ਮਃ ੫) ਜਿਵੇਂ ਚੋਰ ਪਾੜ ਦੇ ਵਿੱਚ

ਸਾਂਨਿਧ੍ਯ: ਸੰ. ਸੰਗਯਾ- ਸੰਨਿਧ ਦਾ ਹੋਣਾ ਸਮੀਪਤਾ. ਨਜ਼ਦੀਕ (ਕੋਲ) ਹੋਣ ਦਾ ਭਾਵ। ੨. ਮੁਕਤਿ ਦਾ ਇੱਕ ਭੇਦ. ਆਪਣੇ ਪੂਜ੍ਯ ਦੇਵ ਦੇ ਪਾਸ ਪਹੁਚ ਜਾਣਾ.

ਸਾਨੀ: ਵਿ- ਮਿਲੀ ਹੋਈ. ੨. ਅ਼. ثانی ਸ਼ਾਨੀ. ਦੂਜਾ। ੩. ਸਦ੍ਰਿਸ਼. ਜੇਹਾ. ਤੁੱਲ. ਮਾਨਿੰਦ.

ਸਾਨੁਕੰਪ: ਅਨੁਕੰਪਾ (ਕ੍ਰਿਪਾ) ਸਹਿਤ.

ਸਾਨੁਕੂਲ: ਸ- ਅਨੁਕੂਲ. ਪੱਖ ਕਰਨ ਵਾਲਾ. ਦੇਖੋ, ਅਨੁਕੂਲ.

ਸਾਨੁਜ: ਸੁ- ਅਨੁਜ. ਛੋਟੇ ਭਾਈ ਸਹਿਤ.

ਸਾਨੂੰ: ਅਸਾਂ ਨੂੰ. ਅਸ੍‌ਮਾਨ੍‌.

ਸਾਨੇਹੜਾ: ਸੰਗਯਾ- ਸਨੇਹ ਨਾਲ ਦਿੱਤਾ ਸੰਦੇਸ਼ਾ. ਸੁਨੇਹਾ. "ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ." (ਤੁਖਾ ਛੰਤ ਮਃ ੧)

ਸਾਨੰਦ: ਸ- ਆਨੰਦ. ਆਨੰਦ ਨਾਲ.

ਸਾਨ੍ਹ: ਦੇਖੋ, ਸਾਂਡ ਅਤੇ ਸਾਂਢ.

ਸਾਪ: ਸੰਗਯਾ- ਸਰ੍‍ਪ. ਸਾਂਪ। ੨. ਸੰ. ਸ਼ਾਪ. ਸਰਾਫ. ਬਦਦੁਆ਼। ੩. ਗਾਲੀ। ੪. ਪ੍ਰਤਿਗ੍ਯਾ. ਪ੍ਰਣ. ਸੌਂਹ.

ਸਾਂਪ: ਸੰਗਯਾ- ਸਰ੍‍ਪ. ਸੱਪ.

ਸਾਂਪਹੇਰਾ: ਸੰਗਯਾ- ਸੱਪ ਹਰਣ (ਲੈ ਜਾਣ) ਵਾਲਾ. ਸਪੇਲਾ.

ਸਾਪਦ: ਵਿ- ਆਪਦਾ ਸਹਿਤ. ਮੁਸੀਬਤਜ਼ਦਾ. ਵਿਪਦਾ ਦਾ ਮਾਰਿਆ। ੨. ਸ਼ਾਪਦ. ਸ਼ਾਪ (ਸਰਾਫ) ਦੇਣ ਵਾਲਾ.

ਸਾਪਨਿ, ਸਾਪਨੀ: ਸੰਗਯਾ- ਸਰਪਨਿ. ਸੱਪਣ. "ਸਾ ਸਾਪਨਿ ਹੋਇ ਜਗ ਕਉ ਖਾਈ." (ਗਉ ਕਬੀਰ) ੨. ਭਾਵ- ਮਾਇਆ.

ਸਾਪਰਾਧ: ਅਪਰਾਧ (ਗੁਨਾਹ) ਸਹਿਤ.

ਸਾਪੁ: ਸਰ੍‍ਪ. ਸੱਪ. "ਵਰਮੀ ਮਾਰੀ ਸਾਪੁ ਨ ਮਰਈ." (ਆਸਾ ਮਃ ੫) ਭਾਵ- ਸ਼ਰੀਰ ਤਾੜਨ ਤੋਂ ਮਨ ਸ਼ਾਂਤ ਨਹੀਂ ਹੁੰਦਾ.

ਸਾਪੁਰਸ: ਸੰਗਯਾ- सत्पुरुष- ਸਤਪੁਰਸ਼. ਉੱਤਮ ਜਨ. ਸਾਧੁ ਜਨ. "ਸਿੰਘ ਸਾਪੁਰਸ ਪਦਮਿਨੀ ਇਨ ਕਾ ਇਹੈ ਸੁਭਾਉ। ਜਯੋਂ ਜਯੋਂ ਦੁਖ ਗਾੜ੍ਹੋ ਪਰੈ ਤਯੋਂ ਤਯੋਂ ਆਗੈ ਪਾਉ." (ਚਰਿਤ੍ਰ ੨੯੭)

ਸਾਪੁਰਸਾਈ: ਸੰਗਯਾ- ਸਤਪਰੁਸ਼ਤਾ. ਭਲਮਣਸਊ। ੨. ਦੇਖੋ, ਪੁਰਸਾਈ.

ਸਾਂਪ੍ਰਦਾਈ, ਸਾਂਪ੍ਰਦਾਯਿਕ: ਸੰਪ੍ਰਦਾਯ ਨਾਲ ਹੈ ਜਿਸ ਦਾ ਸੰਬੰਧ। ੨. ਪਰੰਪਰਾ ਤੋਂ ਉਪਦੇਸ਼ ਆਦਿ ਲੈਣ ਵਾਲਾ. ਦੇਖੋ, ਸੰਪ੍ਰਦਾ.

ਸਾਫ: ਅ਼. صاف ਸਾਫ਼. ਵਿ- ਨਿਰਮਲ। ੨. ਸ਼ੁੱਧ.

ਸਾਫਾ: ਫ਼ਾ. صافہ ਸਾਫ਼ਹ. ਸਰਬੰਦ. ਸਿਰ ਬੰਨ੍ਹਣ ਦਾ ਵਸਤ੍ਰ.

ਸਾਫੀ: ਦੇਖੋ, ਸੁੰਨੀ. "ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ." (ਅਕਾਲ) ਦੇਖੋ, ਇਮਾਮ ਸਾਫੀ।੨ ਸੰਗਯਾ- ਜਲਾਲਾਬਾਦ ਦੇ ਉੱਤਰ ਵਸਣ ਵਾਲੇ ਮੁਸਲਮਾਨਾਂ ਦੀ ਇੱਕ ਜਾਤਿ। ੩. ਅ਼. شافی ਸ਼ਾਫ਼ੀ. ਵਿ- ਅਰੋਗਤਾ ਦੇਣ ਵਾਲਾ.

ਸਾਫੀ ਦਿਲ: ਫ਼ਾ. صافی دل ਸਾਫ਼ੀ ਦਿਲ. ਵਿ- ਸਾਫ ਦਿਲ ਵਾਲਾ. ਸ਼ੁੱਧਮਨ.

ਸਾਂਬ: ਜਾਂਬਵਤੀ ਦੇ ਉਦਰ ਤੋਂ ਕ੍ਰਿਸਨ ਜੀ ਦਾ ਪੁਤ੍ਰ. ਇਸ ਨੇ ਦੁਰਯੋਧਨ ਦੀ ਕੰਨਯਾ ਨੂੰ ਬਲ ਨਾਲ ਖੋਹ ਲਿਆ ਸੀ, ਇਸ ਲਈ ਕਰਣ ਆਦਿ ਯੋਧਿਆਂ ਨੇ ਇਸ ਦਾ ਪਿੱਛਾ ਕਰਕੇ ਫੜ ਲਿਆ. ਬਲਦੇਵ ਨੇ ਦ੍ਵਾਰਿਕਾ ਤੋਂ ਆਕੇ ਇਸ ਨੂੰ ਛੁਡਾਇਆ. "ਸਾਂਬ ਹੁਤੋ ਇਕ ਕਾਨ੍ਹ ਕੋ ਬਾਲਕ." (ਕ੍ਰਿਸਨਾਵ) ਦੇਖੋ, ਦੁਰਬਾਸਾ.

ਸਾਬਕਾ: ਦੇਖੋ, ਸਾਬਿਕਾ.

ਸਾਬਣ: ਦੇਖੋ, ਸਾਬੂਣ.

ਸਾਬਤ: ਅ਼. ثابت ਸਾਬਤ. ਵਿ- ਪੂਰਾ. ਅਖੰਡ। ੨. ਕ਼ਾਇਮ। ੩. ਮਜ਼ਬੂਤ. ਦ੍ਰਿੜ੍ਹ. ਪੱਕਾ.

ਸਾਬਤਸੂਰਤਿ: ਵਿ- ਜਿਸ ਦੀ ਸ਼ਕਲ ਅਖੰਡ ਹੈ. ਜਿਸ ਨੇ ਸ਼ਰੀਰ ਦਾ ਕੋਈ ਅੰਗ ਛੇਦਨ ਨਹੀਂ ਕੀਤਾ. "ਸਾਬਤ ਸੂਰਿਤ ਦਸਤਾਰ ਸਿਰਾ." (ਮਾਰੂ ਸੋਲਹੇ ਮਃ ੫) ਸਾਬਤ ਸੂਰਤ ਰਹਿਣਾ ਹੀ ਸਿਰ ਤੇ ਦਸਤਾਰ ਪਹਿਨਣਾ ਹੈ.

ਸਾਬਤਦਿਲ: ਵਿ- ਜਿਸ ਦਾ ਮਨ ਕ਼ਾਇਮ ਹੈ.

ਸਾਬਤਿ: ਦੇਖੋ, ਸਾਬਤ ਅਤੇ ਸਾਬਤਦਿਲ. "ਜਾਂਕਾ ਦਿਲ ਸਾਬਤਿ ਨਹੀਂ ਤਾ ਕਉ ਕਹਾਂ ਖੁਦਾਇ?" (ਸ. ਕਬੀਰ)

ਸ਼ਾਬਦ: शाब्द. ਵਿ- ਸ਼ਬਦ ਸੰਬੰਧੀ। ੨. ਸੰਗਯਾ- ਸ਼ਬਦ ਜਨਜਗਜਾਨ ਸ਼ਬਦ ਤੋਂ ਪੈਦਾ ਹੋਇਆ ਗਯਾਨ.

ਸ਼ਾਬਦ ਗਯਾਨ, ਸ਼ਾਬਦ ਬੋਧ: ਸੰ. शाब्दज्ञान ਸੰਗਯਾ- ਸ਼ਬਦ ਤੋਂ ਪੈਦਾ ਹੋਏ ਅਰਥ ਦਾ ਗਯਾਨ.

ਇਸ ਗਯਾਨ ਦੇ ਵਿਦ੍ਵਾਨਾਂ ਨੇ ਚਾਰ ਕਾਰਣ ਮੰਨੇ ਹਨ-

ੳ- ਆਕਾਂਕ੍ਸ਼ਾ, ਇੱਕ ਪਦ ਨੂੰ ਦੂਜੇ ਦੀ ਲੋੜ.

ਅ- ਯੋਗਯਤਾ, ਉਨ੍ਹਾਂ ਪਦਾਂ ਦਾ ਪਰਸਪਰ ਯੋਗਯ ਸੰਬੰਧ.

ੲ- ਸੰਨਿਧਿ, ਪਦਾਂ ਦਾ ਬਿਨਾ ਅੰਤਰੇ ਮਿਲਾਪ.

ਸ- ਤਾਤਪਰਯ, ਵਾਕਯ ਅਤੇ ਵਕਤਾ ਦਾ ਸਿੱਧਾਂਤ.

ਸ਼ਾਬਦਿਕ: ਸੰ. शाब्दिक. ਸ਼ਬਦ ਦੀ ਸ਼ੁੱਧੀ ਦੱਸਣ ਵਾਲੇ ਸ਼ਾਸਤ੍ਰ (ਵ੍ਯਾਕਰਣ) ਨੂੰ ਜਾਣਨ ਵਾਲਾ.

ਸਾਬਨ: ਦੇਖੋ ਸਾਬੂਣ.

ਸਾਬਰ: ਅ਼. صابر ਸਾਬਿਰ. ਵਿ- ਸਬਰ (ਸੰਤੋਖ) ਕਰਨ ਵਾਲਾ.

ਸਾਂਬਰ: ਦੇਖੋ, ਸਾਂਭਰ ੨। ੨. ਸ- ਅੰਬਰ. ਵਸਤ੍ਰ ਸਹਿਤ.

ਸਾਬਰੀ: ਵਿ- ਸਬਰ (ਸੰਤੋਖ) ਧਾਰਨ ਵਾਲਾ. ਸੰਤੋਖੀ. "ਸਬਰ ਅੰਦਰਿ ਸਾਬਰੀ." (ਸ. ਫਰੀਦ) ੨. ਸੰਗਯਾ- ਸੰਤੋਖ ਵ੍ਰਿੱਤਿ.

ਸਾਬਲ: ਡਿੰਗ. ਨੇਜ਼ਾ. ਭਾਲਾ. ਬਰਛਾ। ੨. ਦੇਖੋ, ਸੱਬਲ.

ਸਾਬਾਸ, ਸਾਬਾਸਿ: ਫ਼ਾ. شاباش ਸ਼ਾਬਾਸ਼. ਵ੍ਯ- ਇਹ ਸੰਖੇਪ ਹੈ "ਸ਼ਾਦਬਾਸ਼" ਦਾ. ਖ਼ੁਸ਼ ਰਹੋ. ਕਲ੍ਯਾਣ ਹੋ. ਆਸ਼ੀਰਵਾਦ. "ਜਿਸ

ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ." (ਵਾਰ ਆਸਾ) ੨. ਸੰ. ਸ਼ਵਸੀ. ਦ੍ਰਿੜ੍ਹ. ਪੱਕਾ. ਮਜ਼ਬੂਤ. "ਨਗਰੁ ਵੁਠਾ ਸਾਬਾਸਿ." (ਪ੍ਰਭਾ ਮਃ ੧) ੩. ਦੇਖੋ, ਸਬਾਸ.

ਸਾਬਾਹੀ: ਅ਼. صُبح ਸੁਬਹ਼. ਸੰਗਯਾ- ਤੜਕਾ. ਭੋਰ. ਭੁਨਸਾਰ. ਅਮ੍ਰਿਤਵੇਲਾ. "ਸਾਬਾਹੀ ਸਾਲਾਹ." (ਵਾਰ ਮਾਝ ਮਃ ੧)

ਸਾਬਿਕ, ਸਾਬਿਕ਼: ਅ਼. سابِق ਵਿ- ਪਹਿਲਾ. ਪ੍ਰਥਮ.

ਸਾਬਿਕਾ, ਸਾਬਿਕ਼ਾ: ਅ਼. سابِقہ ਪਹਿਲੀ. ਪਹਿਲਾ.

ਸਾਬਿਰ: ਸਬਰ (ਸੰਤੋਖ) ਰੱਖਣ ਵਾਲਾ. ਸੰਤੋਖੀ. ਦੇਖੋ, ਸਬਰ.

ਸਾਬੀ: ਅ਼. ਸਾਬੀ. ਦੇਖੋ, ਸੂਬੀ.

ਸਾਬੀਸ: ਦੇਖੋ, ਸਾਬਾਸ. "ਧੰਨ ਧੰਨ ਗੁਰੂ ਸਾਬੀਸ." (ਕਾਨ ਮਃ ੪. ਪੜਤਾਲ) ੨. ਸਰਵ- ਈਸ਼. ਸਭ ਦਾ ਸ੍ਵਾਮੀ.

ਸਾਬੁਣਿ: ਦੇਖੋ, ਸਾਬੁਨਿ.

ਸਾਬੂਨ: ਦੇਖੋ, ਸਾਬੂਨ.

ਸਾਬੁਨਿ: ਸਾਬੂਣ ਨਾਲ. ਸਾਬੂਨ ਦ੍ਵਾਰਾ. "ਜਿਉ ਸਾਬੁਨਿ ਕਾਪਰ ਊਜਲ ਹੋਤ." (ਰਾਮ ਅਃ ਮਃ ੫)

ਸਾਬੂਣ, ਸਾਬੂਨ: ਅ਼. صابُون ਸਾਬੂਨ. ਯੂ- ਸਾਮੋਨ. ਫ੍ਰ- ਸਾਵੋਂ (Savon) ਅੰ. ਸੋਪ (Soap). ਖਾਰ ਅਤੇ ਥੰਧਿਆਈ ਦੇ ਮੇਲ ਤੋਂ ਬਣਿਆ ਇੱਕ ਪਦਾਰਥ, ਜੋ ਵਸਤ੍ਰ ਅਤੇ ਸਰੀਰ ਦੀ ਮੈਲ ਦੂਰ ਕਰਨ ਲਈ ਵਰਤਿਆ ਜਾਂਦਾ ਹੈ. "ਮੂਤ ਪਲੀਤੀ ਕਪੜ ਹੋਇ। ਦੇ ਸਾਬੂਣ ਲਈਐ ਓਹੁ ਧੋਇ." (ਜਪੁ)

ਹੁਣ ਬਹੁਤ ਸਾਬੂਨ ਸੁਗੰਧੀਆਂ, ਦਵਾਈਆਂ ਅਤੇ ਰੰਗਾਂ ਦੇ ਮੇਲ ਤੋਂ ਬਣਦੇ ਹਨ, ਅਤੇ ਨਿੱਤ ਵਰਤਣ ਵਾਲੇ ਪਦਾਰਥਾਂ ਵਿੱਚ ਇਸ ਦੀ ਗਿਣਤੀ ਹੋ ਗਈ ਹੈ.

ਸਾਬੂਨਗਰ: ਸਾਬੂਣ ਬਣਾਉਣ ਵਾਲਾ. ਦੇਖੋ, ਸਬਨੀਗਰ.

ਸਾਬੂਰ: ਅ਼. صبُور ਸਬੂਰ. ਵਿ- ਸਬਰ (ਸੰਤੋਖ) ਕਰਨ ਵਾਲਾ. ਦੇਖੋ, ਨਾਸਾਬੂਰ.

ਸਾਬੂਰੀ: ਸੰਗਯਾ- ਸਾਬਰੀ. ਸੰਤੋਖ ਵ੍ਰਿੱਤਿ.

ਸਾਬੋ ਕੀ ਤਲਵੰਡੀ: ਦੇਖੋ, ਡੱਲਾ, ਤਲਵੰਡੀ ੨. ਅਤੇ ਦਮਦਮਾ ਸਾਹਿਬ.

ਸਾਭ: ਸਰਵ- ਸਭ. "ਪੂਰਨ ਭਏ ਮਨੋਰਥ ਸਾਭ." (ਰਾਮ ਮਃ ੫)

ਸਾਂਭਣਾ: ਕ੍ਰਿ. ਸ੍ਵਯੰਭਰਣ. ਸੰਭਾਲਨਾ. ਆਪਣੀ ਜਿੰਮੇਵਾਰੀ ਵਿੱਚ ਲੈਣਾ.

ਸਾਂਭਰ: ਰਾਜਪੂਤਾਨੇ ਦੀ ਇੱਕ ਝੀਲ, ਜੋ ਜੋਧਪੁਰ ਅਤੇ ਜੈਪੁਰ ਰਾਜ ਦੀ ਮਿਲਵੀਂ ਹੱਦ ਉੱਪਰ ਹੈ ਅਰ ਅਜਮੇਰ ਤੋਂ ੫੩ ਮੀਲ ਉੱਤਰ ਪੂਰਵ ਹੈ. ਇਹ ੨੦. ਮੀਲ ਲੰਮੀ ਅਤੇ ਦੋ ਤੋਂ ਸੱਤ ਮੀਲ ਤਕ ਚੌੜੀ ਹੈ. ਇਸ ਦੇ ਖਾਰੇ ਪਾਣੀ ਤੋਂ ਬਹੁਤ ਲੂਣ ਬਣਦਾ ਹੈ, ਜੋ "ਸਾਂਭਰ" ਕਹੀਦਾ ਹੈ. ਸ਼ਾਕੰਭਰੀ ਦੁਰਗਾ ਦਾ ਮੰਦਿਰ ਪਾਸ ਹੋਣ ਕਰਕੇ ਇਹ ਵਿਗੜਿਆ ਹੋਇਆ ਨਾਉਂ ਪ੍ਰਸਿੱਧ ਹੋ ਗਿਆ ਹੈ। ੨. ਇੱਕ ਪ੍ਰਕਾਰ ਦਾ ਬਾਰਾਂਸਿੰਗਾ ਮ੍ਰਿਗ. Elk.

ਸਾਂਭਵੀ: ਸੰ. शाम्भवी. ਵਿ- ਸ਼ੰਭੁ (ਸ਼ਿਵ) ਨਾਲ ਸੰਬੰਧਿਤ। ੨. ਸੰਗਯਾ- ਸ਼ਿਵ ਦੀ ਸ਼ਕਤਿ। ੩. ਤੰਤ੍ਰਵਿਦ੍ਯਾ। ੪. ਸ਼ਾਵਰ ਮੰਤ੍ਰ ਵਿਦ੍ਯਾ, ਜੋ ਸ਼ਿਵ ਨੇ ਰਚੀ ਹੈ. "ਕਹੂੰ ਸਾਂਭਵੀ ਰਾਸਭਾਖਾ ਸੁਰਾਚੈਂ." (ਅਜੈ ਸਿੰਘ) ਦੇਖੋ, ਰਾਸਭਾਖਾ.

ਸਾਭਾ: ਸੰਗਯਾ- ਪਨਾਹ. ਓਟ। ੨. ਸਾਂਭ. ਸਪੁਰਦਗੀ. "ਕਹੁ ਰਵਿਦਾਸ ਪਰਉ ਤੇਰੀ ਸਾਭਾ." (ਗਉ)

ਸਾਭਿਪ੍ਰਾਯ: ਅਭਿਪ੍ਰਾਯ (ਮਨੋਰਥ) ਸਹਿਤ. ਖਾਸ ਮਤਲਬ ਰੱਖਣ ਵਾਲਾ.

ਸਾਭਿਮਾਨ: ਅਭਿਮਾਨ ਸਾਥ.

ਸਾਭ੍ਰ: ਅਭ੍ਰ (ਬੱਦਲ) ਸਾਥ.

ਸਾਮ: ਸੰ. सामन ਸਾਮਵੇਦ. ਦੇਖੋ, ਵੇਦ. "ਸਾਮ ਕਹੈ ਸੇਤੰਬਰ ਸੁਆਮੀ." (ਵਾਰ ਆਸਾ) "ਸਾਮਵੇਦੁ ਰਿਗੁ ਜੁਜਰੁ ਅਥਰਬਣੁ." (ਮਾਰੂ ਸੋਲਹੇ ਮਃ ੧) ੨. ਸੁਲਹ. ਮਿਲਾਪ. ਦੇਖੋ, ਨੀਤਿ ਦੇ ਚਾਰ ਅੰਗ. ਭਾਵ- ਸ਼ਰਣ. ਪਨਾਹ. "ਥਕਿ ਆਏ ਪ੍ਰਭੁ ਕੀ ਸਾਮ." (ਮਾਝ ਬਾਰਹਮਾਹਾ) "ਹਉ ਆਇਆ ਸਾਮੈ ਤਿਹੰਡੀਆ." (ਸ੍ਰੀ ਮਃ ੫. ਪੈਪਾਇ) ੩. ਆਸਾਮ ਦੇਸ਼ ਦਾ ਸੰਖੇਪ. "ਸਾਮ ਦੇਸ ਜਹਿਂ ਤਹਿ ਕਰ ਗੌਨ." (ਗੁਵਿ ੧੦) ੪. ਵਿ- ਸ਼ਜਾਮ. ਕਾਲਾ. "ਸਾਮ ਸੁ ਘੱਟੰ." (ਗ੍ਯਾਨ) ਕਾਲੀ ਸੁੰਦਰ ਘਟਾ। ੫. ਅ਼. شام ਸ਼ਾਮ Syria. ਸੰਗਯਾ- ਏਸ਼ੀਆ ਦਾ ਇੱਕ ਦੇਸ਼, ਜੋ ੪੦੦ ਮੀਲ ਲੰਮਾ ਅਤੇ ੧੫੦ ਮੀਲ ਤੀਕ ਚੌੜਾ ਹੈ. ਇਸ ਦੇ ਦੱਖਣ ਅਰਬ ਦੇ ਰੇਤਲੇ ਮੈਦਾਨ ਅਤੇ ਪੱਛਮ ਮੈਡੀਟ੍ਰੇਨੀਅਨ ਸਮੁੰਦਰ ਹੈ. ਦਮਿਸ਼ਕ (Damascus) ਇਸ ਦਾ ਪ੍ਰਧਾਨ ਸ਼ਹਿਰ ਹੈ. "ਜਿਤਜੋ ਰੂਮ ਅਰੁ ਸਾਮ." (ਸਨਾਮਾ) ੬. ਫ਼ਾ. ਸੰਝ. ਆਥਣ ਸੰ. ਸਾਯੰ। ੭. ਸੰ. ਸਾਮਯ. ਬਰਾਬਰੀ. ਸਮਤਾ।

ਸ਼ਾਮ ਸਿੰਘ: ਦੇਖੋ, ਅਟਾਰੀ.

ਸਾਮਸਜਾ: ਦੇਖੋ, ਸਮਸਜਾ.

ਸਾਮਖੀ: ਸਮੇਤ ਮੱਖੀ. ਮੱਖੀ ਸਹਿਤ. "ਹੋਛੀ ਮਤਿ ਭਇਆ ਮਨੁ ਹੋਛਾ, ਗੁੜੁ ਸਾਮਖੀ ਖਾਇਆ." (ਵਡ ਮਃ ੧. ਅਲਾਹਣੀਆ) ਭਾਵ- ਪਦਾਰਥਾਂ ਵਿੱਚੋਂ ਦੋਸ਼ ਦੂਰ ਕਰਕੇ ਆਨੰਦ ਨਹੀਂ ਲਿਆ.

ਸਾਮਗ: ਵਿ- ਸਾਮ ਵੇਦ ਗਾਉਣ ਵਾਲਾ। ੨. ਸਾਮ (ਸ਼ਰਣ) ਨੂੰ ਪ੍ਰਾਪਤ ਹੋਇਆ.

ਸਾਮਗਰੀ, ਸਾਮਗਿਰੀ, ਸਾਮਗ੍ਰੀ: ਸੰ. सामग्री. ਸਮ- ਅਗ੍ਰ. ਸੰਗਯਾ- ਪੂਰਾਪਨ. ਸੰਪੂਰਣਤਾ। ੨. ਕਾਰਣਾਂ ਦਾ ਸਮੁਦਾਯ. ਕਾਰਜ ਸਿੱਧ ਕਰਨ ਦੇ ਕਾਰਣ. "ਸਚ ਤੇਰੀ ਸਾਮਗਰੀ." (ਸੂਹੀ ਮਃ ੫) ੩. ਸਾਮਾਨ. ਵਸਤੁ.

ਸਾਮਜ: ਸਾਮਵੇਦ ਦੇ ਗਾਉਣ ਤੋਂ ਉਪਜਿਆ, ਹਾਥੀ. ਪੁਰਾਣਾਂ ਵਿੱਚ ਜਿਕਰ ਹੈ ਕਿ ਬ੍ਰਹਮਾ ਨੇ ਇੱਕ ਵੇਰ ਸਾਮਦੇਵ ਗਾਇਆ, ਜਿਸਤੋਂ ਹਾਥੀ ਪੈਦਾ ਹੋ ਗਿਆ.

ਸਾਮਣਾ: ਸੰਗਯਾ- ਅੱਗਾ. ਅਗ੍ਰ ਭਾਗ। ੨. ਮੁਕਾਬਿਲਾ. ਟਾਕਰਾ। ੩. ਕ੍ਰਿ. ਸੰਭਾਲਨਾ.

ਸਾਮਣੇ: ਕ੍ਰਿ. ਵਿ- ਅੱਗੇ. ਸੰਮੁਖ. "ਜਾਂ ਗੁਰੁ ਦੇਖਾ ਸਾਮਣੇ." (ਸੂਹੀ ਅਃ ਮਃ ੪)

ਸ਼ਾਮਤ: ਅ਼. شامت ਸੰਗਯਾ- ਦੁਰਦਸ਼ਾ. ਬਦਹਾਲੀ.

ਸਾਮਤਾ: ਦੇਖੋ, ਸਾਮਜਤਾ.

ਸਾਮਨਾ, ਸਾਮਨੇ: ਦੇਖੋ, ਸਾਮਣਾ ਅਤੇ ਸਾਮਣੇ.

ਸ਼ਾਮਯਾਨਾ: ਫ਼ਾ. شمیانہ ਸਾਯਬਾਨ. ਚੰਦੋਆ.

ਸਾਮਰ: ਵਿ- ਸ਼ਜਾਮਲ. ਸਾਉਲਾ. ਸਾਂਵਲਾ। ੨. ਸਮਰ (ਯੁੱਧ) ਕਰਤਾ. ਯੋਧਾ. "ਪੁਜਜੋ ਨਰਿੰਦ ਸਾਮਰੰ." (ਗੁਵਿ ੧੦)

ਸਾਮਰਤੱਖ: ਸੰ. संप्रत्यक्ष ਕ੍ਰਿ. ਵਿ- ਅੱਖ ਦੇ ਸਾਮ੍ਹਣੇ.

ਸਾਮਰਥ, ਸਾਮਰਥ੍ਯ: ਸੰ. सामर्थ्य ਸੰਗਯਾ- ਬਲ. ਤਾਕਤ. ਸ਼ਕਤਿ। ੨. ਯੋਗ੍ਯਤਾ. ਲਿਆਕਤ.

ਸਾਮਲ: ਦੇਖੋ, ਸ਼ਾਮਿਲ.

ਸਾਮਲਾ: ਵਿ- ਸਾਉਲਾ. ਸ਼ਜਾਮਲ.

ਸਾਮਵੇਦ: ਦੇਖੋ, ਵੇਦ.

ਸਾਮਾ: ਸੰਗਯਾ- ਸ਼ਰਣ. ਦੇਖੋ, ਸਾਮ। ੨. ਸਾਮਾਨ ਦਾ ਸੰਖੇਪ. "ਲੈ ਲੈ ਅਧਿਕ ਯੁੱਧ ਕਾ ਸਾਮਾ." (ਚਰਿਤ੍ਰ ੪੦੫) ੩. ਸਰਵ- ਉਹੀ ਵਹੀ. ਸ- ਏਵ. ਸੈਵ. ਦੇਖੋ, ਅੰ. Same । ੪. ਵਿ- ਸਮ- ਮਾਨ (ਵਜ਼ਨ) ਦਾ.

ਸਾਮਾਜਿਕ: ਵਿ- ਸਮਾਜ (ਸਭਾ) ਨਾਲ ਜਿਸ ਦਾ ਸੰਬੰਧ ਹੋਵੇ. ਸਭਾ ਸੰਬੰਧੀ। ੨. ਕਿਸੇ ਜਮਾਤ ਨਾਲ ਸੰਬੰਧ ਰੱਖਣ ਵਾਲਾ।

ਸਾਮਾਨ: ਫ਼ਾ. سامان ਸੰਗਯਾ- ਸਾਮਗ੍ਰੀ. ਅਸਬਾਬ। ੨. ਸਮਾਨ ਤੁੱਲ. "ਬਿਆਪਿਕ ਰਾਮ ਸਗਲ ਸਾਮਾਨ." (ਗਉ ਕਬੀਰ ਥਿਤੀ ੩. ਦੇਖੋ, ਸਾਮਾਨਜ.

ਸਾਮਾਨਨਿ: ਦੇਖੋ, ਸਾਮਾਨਯਾ.

ਸਾਮਾਨਿ: ਸਾਮਾਨ (ਸਾਮਗ੍ਰੀ) ਨਾਲ. "ਸਪਤ ਲੋਕ ਸਾਮਾਨਿ ਪੂਰੀਅਲੇ." (ਮਲਾ ਨਾਮਦੇਵ) ੨. ਦੇਖੋ, ਸਾਮਾਨਜ.

ਸਾਮਾਨਜ: ਸੰ. ਸੰਗਯਾ- ਤੁੱਲਤਾ ਦਾ ਭਾਵ. ਦੇਖੋ, ਪੂਰੀਅਲੇ। ੨. ਤੁੱਲਤਾ ਮਿਲਾਉਣ ਵਾਲਾ ਧਰਮ. ਜੈਸੇ- ਮੁਖ ਚੰਦ੍ਰਮਾ ਜੇਹਾ ਰੌਸ਼ਨ ਹੈ, ਇੱਥੇ ਰੌਸ਼ਨ ਸਾਮਾਨਜ ਹੈ। ੩. ਜਾਤਿ ਵਿੱਚ ਰਹਿਣ ਵਾਲਾ ਸਾਧਾਰਣ ਧਰਮ, ਜੈਸੇ- ਆਦਮੀ ਵਿੱਚ ਆਦਮੀਯਤ, ਬ੍ਰਾਹਮਣ ਵਿੱਚ ਬ੍ਰਾਹਮਣਤ੍ਵ, ਛਤ੍ਰੀ ਵਿੱਚ ਛਤ੍ਰੀਪਨ ਆਦਿ। ੪. ਵਿ- ਮਾਮੂਲੀ. ਆਮ। ੫. ਸੰਗਯਾ- ਇੱਕ ਅਰਥਾਲੰਕਾਰ. ਜਿਸ ਥਾਂ ਤੁੱਲ ਰੂਪ ਗੁਣ ਆਦਿਕ ਵਾਲੇ ਪਦਾਰਥਾਂ ਦੀ ਸਮਾਨਤਾ ਹੋਵੇ, ਪਰ ਮੀਲਿਤ ਦੀ ਤਰਾਂ ਅਭੇਦਤਾ ਨਾ ਹੋਵੇ, ਕਿੰਤੂ ਭੇਦ ਬਣਿਆ ਰਹੇ, ਐਸਾ ਵਰਣਨ "ਸਾਮਾਨਜ" ਅਲੰਕਾਰ ਹੈ.

ਉਦਾਹਰਣ-

ਸੇਤ ਸਾਜ ਸਾਜ ਚਲੀ ਸਾਂਵਰੇ ਕੀ ਪ੍ਰੀਤਿ ਕਾਜ

ਚਾਂਦਨੀ ਮੈ ਰਾਧਾ ਮਾਨੋ ਚਾਂਦਨੀ ਸੀ ਹਨਐਗਈ.

(ਕ੍ਰਿਸਨਾਵ)

ਬੈਠਾ ਚਮਕੌਰ ਦੀ ਅਟਾਰੀ ਭਾਈ ਸੰਤ ਸਿੰਘ

ਬਾਣ ਵਰਖਾਵੈ ਵੈਰੀ ਜਾਨੈ ਦਸ਼ਮੇਸ਼ ਹੈ.[212]

ਸਾਮਾਨਜਾ: ਸੰ. ਸੰਗਯਾ- ਵੇਸ਼ਯਾ, ਜੋ ਆਮ ਲੋਕਾਂ ਦੀ ਸਮਾਨ (ਸਾਧਾਰਣ) ਇਸਤ੍ਰੀ ਹੈ.

ਸਾਮਾਰਨ: ਕ੍ਰਿ- ਸੰਭਾਲਨ. ਖਬਰਦਾਰੀ ਕਰਨੀ। ੨. ਸਮਰਣ. ਚੇਤੇ ਕਰਨਾ. ਯਾਦ ਰੱਖਣਾ. "ਨਿਮਖ ਨਿਮਖ ਸਾਮਾਰੈ." (ਸਾਰ ਮਃ ੫)

ਸਾਮਿਖ: ਆਮਿਸ਼ (ਮਾਸ) ਸਹਿਤ. ਜਿਵੇਂ- ਸਾਮਿਸ਼ ਸ਼੍ਰਾੱਧ.[213]

ਸ਼ਾਮਿਲ: ਅ਼. شامل ਵਿ- ਸੰਮਿਲਿਤ. ਮਿਲਿਆ ਹੋਇਆ। ੨. ਸੰ. ਸ਼ਾਮਿਲ. ਸ਼ਮੀ (ਜੰਡੀ) ਨਾਲ ਹੈ ਜਿਸ ਦਾ ਸੰਬੰਧ. ਜੰਡੀ ਦੀ ਲੱਕੜ ਦਾ ਬਣਿਆ ਹੋਇਆ.

---

[212] ਉਪੱਰਲੇ ਉਦਾਹਰਣਾਂ ਵਿੱਚ ਉਤਪ੍ਰੇਖਯਾ ਅਤੇ ਸੰਭ੍ਰਮ ਅਲੰਕਾਰ ਹੋਣ ਕਰਕੇ ਸੰਕਰ ਹੈ.

[213] ਉਹ ਸ਼੍ਰਾੱਧ, ਜਿਸ ਵਿੱਚ ਪਿਤਰਾਂ ਨਿਮਿੱਤ ਹਿੰਦੂਸ਼ਾਸਤਰਾਂ ਨੇ ਮਾਸ ਦੇਣਾ ਵਿਧਾਨ ਕੀਤਾ ਹੈ, ਦੇਖੋ, ਮਨੁਸਿਮ੍ਰਿਤਿ ਅਃ ੩, ਸ਼ ੨੬੮ ਤੋਂ ੨੭੧.

**ਸਾਮੀ:** ਸਰਵ- ਉਹੀ. ਵਹੀ. ਦੇਖੋ, ਸਾਮਾ ੩.। ੨. ਵਿ- ਸ਼ਰਣਾਗਤ. ਜਿਸ ਨੇ ਸਾਮ ਗ੍ਰਹਿਣ ਕੀਤੀ ਹੈ. "ਸਭ ਹਨਐ ਤਬ ਸਾਮੀ." (ਨਾਪ੍ਰ) ੩. ਅਸਾਮੀ ਦਾ ਸੰਖੇਪ.

**ਸਾਮੀਤ:** ਅ਼. صمّیت ਸਿੱਮੀਤ. ਮੌਨ. ਖ਼ਾਮੋਸ਼। ੨. ਅ਼. سمیط ਸਮੀਤ਼. ਲੜੀ. ਸ਼੍ਰੇਣੀ. ਤੁਕਾਂਤ ਮਿਲਦੇ ਛੰਦ ਦੇ ਪਦ.

**ਸਾਮੀਪਯ:** ਸੰ. ਸੰਗਯਾ- ਸਮੀਪਤਾ. ਹਾਜਿਰੀ.

**ਸਾਮੁਹੇ:** ਕ੍ਰਿ. ਵਿ- ਸਾਮ੍ਹਨੇ. ਸੰਮੁਖ. ਅਗ੍ਰ ਭਾਗ ਮੇਂ. ਅੱਗੇ ਵੱਲ.

**ਸਾਮੁਦ੍ਰ:** ਵਿ- ਸਮੁੰਦਰ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਸਮੁੰਦਰ ਵਿੱਚ ਸਫਰ ਕਰਨ ਵਾਲਾ.

**ਸਾਮੁਦ੍ਰਕ:** ਸੰਗਯਾ- ਸਮੁਦ੍ਰ ਰਿਖੀ ਦੀ ਚਲਾਈ ਹੋਈ ਉਹ ਵਿਦਯਾ, ਜਿਸ ਤੋਂ ਅੰਗਾਂ ਪੁਰ ਮੁਦ੍ਰਿਤ ਚਿੰਨ੍ਹਾਂ ਦਾ ਸ਼ੁਭ ਅਸ਼ੁਭ ਫਲ ਜਾਣਿਆ ਜਾਵੇ. ਸ਼ਰੀਰ ਦੇ ਨਿਸ਼ਾਨ ਰੇਖਾ ਆਦਿ ਤੋਂ ਫਲ ਕਹਿਣ ਵਾਲੀ ਵਿਦਯਾ, ਇਸ ਦਾ ਉੱਚਾਰਣ ਸਾਮੁਦ੍ਰਿਕ ਭੀ ਸਹੀ ਹੈ. Palmistry । ੨. ਸਮੁੰਦਰੀ ਲੂਣ.

**ਸਾਮੁਦ੍ਰਣੀ:** ਪ੍ਰਿਥਿਵੀ, ਜੋ ਸਮੁੰਦਰ ਨੂੰ ਧਾਰਨ ਕਰਦੀ ਹੈ. (ਸਨਾਮਾ)

**ਸਾਮੁਦ੍ਰਿਕ:** ਵਿ- ਸਮੁੰਦਰ ਨਾਲ ਹੈ ਜਿਸ ਦਾ ਸੰਬੰਧ. ਸਮੁੰਦਰ ਦਾ। ੨. ਦੇਖੋ, ਸਾਮੁਦ੍ਰਕ ੧.

**ਸਾਮੰਤ:** ਸੰ. सामन्त ਸੰਗਯਾ- ਆਪਣੇ ਦੇਸ਼ ਦੀ ਹੱਦ ਪਾਸ ਮਿਲਦੇ ਇਲਾਕਿਆਂ ਦਾ ਸ੍ਵਾਮੀ. ਦੇਖੋ, ਸਾਵੰਤ। ੨. ਜਿਲੇ ਦਾ ਸਰਦਾਰ। ੩. ਮੰਡਲਪਤੀ। ੪. ਵਡੇ ਰਾਜੇ ਨੂੰ ਨਜਰਾਨਾ ਦੇਣ ਵਾਲਾ ਰਾਜਾ। ੫. ਬਹਾਦੁਰ. ਸੂਰਵੀਰ। ੬. ਦੇਖੋ, ਸਮੰਤ.

**ਸਾਮਯ:** ਸੰ. ਸੰਗਯਾ- ਸਮ ਭਾਵ. ਬਰੋਬਰੀ. ਤੁੱਲਤਾ. "ਤ੍ਰਿਗੁਣਾਤਮਕ ਕੀ ਸਾਮਯ ਅਵਸਥਾ." (ਗੁਪ੍ਰਸੂ) ੨. ਸੰ. ਸ਼ਾਮਯ. ਮਨ ਦੀ ਸ਼ਾਂਤਿ. ਦਿਲ ਦਾ ਟਿਕਾਉ.

**ਸਾਮਯਤਾ:** ਸੰਗਯਾ- ਸਮਤਾ. ਬਰੋਬਰੀ. ਤੁੱਲਤਾ.

**ਸਾਮ੍ਰਾਜ, ਸਾਮ੍ਰਾਜਯ:** ਸੰ. साम्राज्य. ਸੰਗਯਾ- ਮਹਾਰਾਜਾ ਦੀ ਪਦਵੀ. ਸਮ੍ਰਾਟਪਨ. ਸਾਰੀ ਪ੍ਰਿਥਿਵੀ ਦੀ ਹੁਕੂਮਤ। ੨. ਉਹ ਰਾਜ. ਜਿਸ ਦੇ ਅਧੀਨ ਬਹੁਤ ਦੇਸ਼ ਹੋਣ।

**ਸਾਯ:** ਦੇਖੋ, ਸਾਇ। ੨. ਸੰ. ਸੰਝ. ਸ਼ਾਮ ੩. ਤੀਰ. ਬਾਣ.

**ਸ਼ਾਯਸ੍ਤਗੀ:** ਫ਼ਾ. شایستگی ਲਿਆਕਤ. ਯੋਗਯਤਾ.

**ਸ਼ਾਯਸ੍ਤਾ:** ਫ਼ਾ. شایستہ ਲਾਇਕ. ਯੋਗਯ.

**ਸਾਯਹ:** ਛਾਯਾ. ਦੇਖੋ, ਸਾਯਾ.

**ਸਾਯਕ:** ਸੰ. ਸੰਗਯਾ- ਤੀਰ. ਬਾਣ. "ਸਾਯਕ ਪ੍ਰਹਾਰ." (ਗੁਪ੍ਰਸੂ) ੨. ਸੰ. ਸ਼ਾਯਕ. ਵਿ- ਸੌਣ ਵਾਲਾ। ੩. ਅ਼. شایق ਸ਼ਾਯਕ਼. ਸ਼ੌਕ਼ ਰੱਖਣ ਵਾਲਾ.

**ਸਾਯਣ:** ਦੇਖੋ, ਸਾਯਣਾਚਾਰਯ.

**ਸਾਯਣਾਚਾਰਯ:** ਮਾਯਣ ਦਾ ਪੁਤ੍ਰ ਅਤੇ ਵਿਸਨ ਸਰਵਗਯ ਦਾ ਚੇਲਾ ਇੱਕ ਸੰਸਕ੍ਰਿਤ ਦਾ ਵੱਡਾ ਪੰਡਿਤ, ਜੋ ਈਸਵੀ ਚੌਦਵੀਂ ਸਦੀ ਵਿੱਚ ਹੋਇਆ ਹੈ. ਇਸ ਨੇ ਵੇਦਾਂ ਦੇ ਭਾਸ਼੍ਯ ਅਤੇ ਅਨੇਕ ਉੱਤਮ ਗ੍ਰੰਥ ਲਿਖੇ ਹਨ. ਇਹ ਵਿਜਯਨਗਰ ਦੇ ਰਾਜਾ ਬੁੱਕਾਰਾਯ ਦੇ ਮੰਤ੍ਰੀ ਮਾਧਵਾਚਾਰਯ ਦਾ ਭਾਈ ਸੀ. ਸਾਯਣ ਪਿਛਲੀ ਉਮਰ ਵਿੱਚ ਸੰਨਯਾਸੀ ਹੋ ਕੇ ਸ਼੍ਰਿੰਗੇਰੀ ਮਠ ਦਾ ਮਹੰਤ ਹੋਇਆ ਅਤੇ ਨਾਉਂ ਵਿਦਯਾਰਣ੍ਯ ਰਖਾਇਆ. ਇਸ ਦੇ ਦੇਹਾਂਤ ਦਾ ਸਨ ੧੩੮੭ ਅਨੁਮਾਨ ਕੀਤਾ ਗਿਆ ਹੈ.

**ਸਾਯਤ:** ਦੇਖੋ, ਸਾਇਤ. "ਯਾਦ ਖੁਦਾ ਰਾਖੋ ਹਰ ਸਾਯਤ." (ਨਾਪ੍ਰ) ਹਰ ਵੇਲੇ.

**ਸ਼ਾਯਦ:** ਫ਼ਾ. شاید ਵ੍ਯ- ਚਾਹੀਏ. ਲੋੜੀਏ। ੨. ਕਦਾਚਿਤ। ੩. ਖਬਰੇ ਅਜੇਹਾ ਹੋਵੇ.

**ਸਾਯਬਾਨ:** ਫ਼ਾ. سایبان ਸੰਗ੍ਯਾ- ਸਾਯਾ ਕਰਨ ਵਾਲਾ ਚੰਦੋਆ. ਛਾਯਾਵਾਨ.

**ਸਾਯਰ:** ਸਾਗਰ. ਸਮੁੰਦਰ. ਦੇਖੋ, ਸਾਇਰ। ੨. ਅ਼. سائر ਕੁੱਲ. ਤਮਾਮ। ੩. ਫਿਰਨ ਵਾਲਾ. ਵਿਚਰਣ ਵਾਲਾ। ੪. ਸ਼ਾਅ਼ਰ. ਕਵੀ. ਦੇਖੋ, ਸਾਇਰ ੪.

**ਸਾਯਰੀ:** ਫ਼ਾ. شاعری ਸ਼ਾਅ਼ਰੀ. ਸੰਗ੍ਯਾ- ਕਵਿਤਾ. ਕਾਵ੍ਯਰਚਨਾ.

**ਸਾਯਲ:** ਅ਼. سائل ਵਿ- ਸਵਾਲ ਕਰਨ ਵਾਲਾ। ੨. ਵਹਿਣ (ਪ੍ਰਵਾਹ) ਵਾਲਾ। ੩. ਦੇਖੋ, ਕਰਸਾਯਲ.

**ਸਾਯਾ:** ਫ਼ਾ. سایہ ਸੰਗ੍ਯਾ- ਛਾਯਾ। ੨. ਪਨਾਹ. ਓਟ. ਰਖ੍ਯਾ.

**ਸ਼ਾਯਾਂ:** ਫ਼ਾ. شایاں ਵਿ- ਲਾਇਕ. ਯੋਗ੍ਯ। ੨. ਮੁਨਾਸਿਬ. ਉਚਿਤ। ੩. ਸਜਦਾ ਹੋਇਆ. ਫਬਦਾ.

**ਸਾਯੁਜ੍ਯ:** ਦੇਖੋ, ਸਾਜੁੱਜ.

**ਸਾਯੁਧ:** ਵਿ- ਆਯੁਧ (ਸ਼ਸਤ੍ਰ) ਸਹਿਤ. ਹਥਿਆਰਬੰਦ. "ਅਬ ਸਾਯੁਧ ਗੁਰੁ ਹੋਵਹਿ ਆਪ." (ਗੁਪ੍ਰਸੂ)

**ਸਾਯੰਕਾਲ:** ਸੰਗ੍ਯਾ- ਸੰਝ. ਸੂਰਜ ਛਿਪਣ ਦਾ ਵੇਲਾ.

**ਸਾਰ:** ਸੰਗ੍ਯਾ- ਕਦਰ. ਮੁੱਲ. "ਪ੍ਰੇਮ ਕੀ ਸਾਰ ਸੋਈ ਜਾਣੈ." (ਮਾਰੂ ਅਃ ਮਃ ੩) "ਜੋ ਜੀਐ ਕੀ ਸਾਰ ਨ ਜਾਣੈ। ਤਿਸ ਸਿਉ ਕਿਛੁ ਨ ਕਹੀਐ ਅਜਾਣੈ." (ਮਾਰੂ ਸੋਲਹੇ ਮਃ ੪) ੨. ਕ੍ਰਿ. ਵਿ- ਮਾਤ੍ਰ. ਪ੍ਰਮਾਣ. ਭਰ. "ਨਹਿ ਬਢਨ ਘਟਨ ਤਿਲਸਾਰ." (ਬਾਵਨ) ੩. ਸੰਗ੍ਯਾ- ਖਬਰਦਾਰੀ. ਸੰਭਾਲ. "ਸਦਾ ਦਇਆਲੁ ਹੈ ਸਭਨਾ ਕਰਦਾ ਸਾਰ." (ਸ੍ਰੀ ਮਃ ੩) "ਜੇ ਕੋ ਡੁਬੈ, ਫਿਰਿ ਹੋਵੈ ਸਾਰ." (ਧਨਾ ਮਃ ੧) ੪. ਵਿ- ਸਾਵਧਾਨ. ਖਬਰਦਾਰ। ੫. ਸੰਗ੍ਯਾ- ਸੁਧ. ਸਮਾਚਾਰ. ਖਬਰ. "ਜੇ ਹੁਕਮ ਹੋਵੇ ਤਾਂ ਘਰ ਦੀ ਸਾਰ ਲੈ ਆਵਾਂ।" (ਜਸਾ) ੬. ਸਾਲ ਬਿਰਛ ਦੀ ਥਾਂ ਭੀ ਸਾਰ ਸ਼ਬਦ ਆਇਆ ਹੈ। ੭. ਸੰ, ਲੋਹਾ. ਫੌਲਾਦ. "ਅਸੰਖ ਸੂਰ ਮੁਹ ਭਖ ਸਾਰ." (ਜਪੁ) "ਸਾਰ ਸੋਂ ਸਾਰ ਕੀ ਧਾਰ ਬਜੀ." (ਚੰਡੀ ੧) ੮. ਜਲ। ੯. ਮੱਖਣ। ੧੦. ਬੱਦਲ. ਮੇਘ। ੧੧. ਬਲ। ੧੨. ਨਿਆਉਂ. ਇਨਸਾਫ. "ਕਰਣੀ ਉਪਰਿ ਹੋਵਗਿ ਸਾਰ." (ਬਸੰ ਮਃ ੧) ੧੩. ਪਵਨ। ੧੪. ਪਾਰਬ੍ਰਹਮ. ਕਰਤਾਰ। ੧੫. ਧਰਮ। ੧੬. ਕਿਸੇ ਵਸਤੁ ਦਾ ਰਸ। ੧੭. ਵਿ- ਉੱਤਮ. ਸ਼੍ਰੇਸ਼੍ਠ. "ਮਨ ਮੇਰੇ ਸਤਿਗੁਰ ਸੇਵਾ ਸਾਰ." (ਸ੍ਰੀ ਮਃ ੫) ੧੮. ਇੱਕ ਅਰਥਾਲੰਕਾਰ. ਅੱਛਾ ਅਥਵਾ ਬੁਰਾ ਪਦਾਰਥ, ਜੋ ਇੱਕ ਤੋਂ ਇੱਕ ਵਧਕੇ ਹੋਵੇ, ਅਰਥਾਤ ਪਹਿਲੇ ਨਾਲੋਂ ਦੂਜਾ ਸਾਰ ਹੋਵੇ, ਐਸਾ ਵਰਣਨ "ਸਾਰ" ਅਲੰਕਾਰ ਹੈ.

ਜਹਿਂ ਉਤਰੋਤਰ ਹਨਐ ਅਧਿਕਾਈ,

ਅਲੰਕਾਰ ਸੋ ਸਾਰ ਕਹਾਈ. (ਗਰਬ ਗੰਜਨੀ)

ਉਦਾਹਰਣ-

ਮਾਨਸ ਦੇਹ ਦੁਲੱਭ ਹੈ ਜੁਗਹ ਜੁਗੰਤਰਿ ਆਵੈ ਵਾਰੀ,

ਉੱਤਮਜਨਮ ਦੁਲੱਭ ਹੈ ਇਕਵਾਕੀ ਕੋੜਮਾ ਵਿਚਾਰੀ,

ਦੇਹ ਅਰੋਗ ਦੁਲੱਭ ਹੈ ਭਾਗਠ ਮਾਤ ਪਿਤਾ ਹਿਤਕਾਰੀ,

ਸਾਧੂਸੰਗ ਦੁਲੱਭਹੈ ਗੁਰਮੁਖ ਸੁਖਫਲ ਭਗਤਿ ਪਿਆਰੀ.

(ਭਾਗੁ)

ਮਿਸ਼ਰੀ ਤੇ ਮਧੁ ਮਧੁਰ ਹੈ ਮਧੁ ਤੇ ਸੁਧਾ ਮਹਾਨ,

ਸ਼੍ਰੀ ਗੁਰੁਬਾਨੀ ਸੁਧਾ ਤੇ ਨਿਸ਼ਚਯ ਮੀਠੀ ਜਾਨ.

੧੯ ਇੱਕ ਮਾਤ੍ਰਿਕ ਛੰਦ, ਇਸ ਦਾ ਨਾਉਂ "ਲਲਿਤਪਦ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੮ ਮਾਤ੍ਰਾ. ੧੬. ਅਤੇ ੧੨. ਮਾਤ੍ਰਾ ਪੁਰ ਵਿਸ਼੍ਰਾਮ. ਅੰਤ ਦੋ ਗੁਰੁ.

ਉਦਾਹਰਣ-

ਥਿੱਤਿ ਵਾਰ ਨਾ ਜੋਗੀ ਜਾਣੈ, ਰੁੱਤਿ ਮਾਹੁ ਨਾ ਕੋਈ,

ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ,

ਕਿਵਕਰਿ ਆਖਾ ਕਿਵ ਸਾਲਾਹੀ, ਕਿਉ ਵਰਨੀ ਕਿਵ ਜਾਣਾ,

ਨਾਨਕ ਆਖਣਿ ਸਭਕੋ ਆਖੈ, ਇਕ ਦੂ ਇੱਕ ਸਿਆਣਾ।

(ਜਪੁ)[214]

(ਅ) ਵਰਣ ਵ੍ਰਿੱਤ 'ਸਾਰ' ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਇੱਕ ਇੱਕ ਲਘੁ ਗੁਰੁ.

ਉਦਾਹਰਣ-

ਜਾਪ। ਤਾਪ। ਗਯਾਨ। ਧਯਾਨ।। ੨੦. ਦੇਖੋ, ਸਾਰਣਾ। ੨੧. ਫ਼ਾ. سار ਊਂਟ. ਸ਼ੁਤਰ. ਦੇਖੋ, ਸਾਰਬਾਨ। ੨੨ ਸ੍ਵਾਮੀ. ਮਾਲਿਕ.

ਸਾਰਸ: ਵਿ- ਸਰ (ਤਾਲ) ਨਾਲ ਸੰਬੰਧ ਰੱਖਣ ਵਾਲਾ। ੨. ਸੰਗਯਾ- ਇੱਕ ਕੂੰਜ ਜੇਹਾ ਪੰਛੀ, ਜੋ ਜਲ ਦੇ ਕਿਨਾਰੇ ਰਹਿੰਦਾ ਹੈ. ਰਕਤਾਕ੍ਸ਼. Ardia Sibirica । ੩. ਕਮਲ. "ਫੂਲ ਰਹੇ ਸਰ ਸਾਰਸ ਸੁੰਦਰ." (ਕ੍ਰਿਸਨਾਵ) ੪. ਚੰਦ੍ਰਮਾ, ਜੋ ਸਹਿਤ ਰਸ ਦੇ ਹੈ. ਅੰਮ੍ਰਿਤ ਧਾਰਨ ਕਰਨ ਵਾਲਾ। ੫. ਛੱਪਯ ਛੰਦ ਦਾ ਇੱਕ ਭੇਦ. ਦੇਖੋ, ਗੁਰੁਛੰਦ ਦਿਵਾਕਰ.

ਸਾਰਸੁਤ: ਸੰ. ਸਾਰਸ੍ਵਤ. ਵਿ- ਸਰਸ੍ਵਤੀ ਨਾਲ ਸੰਬੰਧ ਰੱਖਣ ਵਾਲਾ। ੨. ਸੰਗਯਾ- ਬ੍ਰਾਹਮਣਾਂ ਦਾ ਇੱਕ ਗੋਤ. ਇਸ ਅੱਲ ਪੈਣ ਦਾ ਪ੍ਰਸੰਗ ਇਉਂ ਆਖਦੇ ਹਨ- ਪਰਸ਼ੁਰਾਮ ਨੇ ਜਦ ਛਤ੍ਰੀਆਂ ਦਾ ਨਾਸ ਕੀਤਾ ਤਦ ਕੁਝ ਗਰਭਵਤੀ ਛਤ੍ਰਾਣੀਆਂ ਸਰਸ੍ਵਤੀ ਨਦੀ ਕਿਨਾਰੇ ਰਹਿਣ ਵਾਲੇ ਰਿਖੀਆਂ ਦੇ ਆਸ਼੍ਰਮਾਂ ਵਿੱਚ ਲੁਕੀਆਂ ਪਰਸ਼ੁਰਾਮ ਢੂੰਡਦਾ ਹੋਇਆ ਉੱਥੇ ਪਹੁਚਿਆ. ਪਨਾਹ ਦੇਣ ਵਾਲੇ ਰਿਖੀਆਂ ਨੇ ਆਖਿਆ ਕਿ ਸਾਡੇ ਘਰ ਕੋਈ ਛਤ੍ਰਾਣੀ ਨਹੀਂ, ਇਹ ਜੋ ਸਾਡੇ ਘਰ ਇਸਤ੍ਰੀਆਂ ਹਨ ਸਭ ਬ੍ਰਾਹਮਣੀਆਂ ਹਨ. ਪਰਸ਼ੁਰਾਮ ਨੇ ਆਖਿਆ ਕਿ ਜੇ ਬ੍ਰਾਹਮਣੀਆਂ ਹਨ ਤਦ ਇਨ੍ਹਾਂ ਦੇ ਹੱਥ ਦੀ ਕੱਚੀ ਰੋਟੀ ਖਾਓ. ਰਿਖੀਆਂ ਨੇ ਉਨ੍ਹਾਂ ਦੇ ਹੱਥੋਂ ਕੱਚੀ ਰੋਟੀ ਖਾਧੀ. ਉਨ੍ਹਾਂ ਛਤ੍ਰਾਣੀਆਂ ਦੀ ਔਲਾਦ ਸਾਰਸ੍ਵਤ ਹੋਏ.

ਪੁਰਾਣਕਥਾ ਇਉਂ ਹੈ ਕਿ ਦਧੀਚਿ ਰਿਖੀ ਇੱਕ ਵਾਰ ਤਪ ਕਰ ਰਹਿਆ ਸੀ, ਇੰਦ੍ਰ ਨੇ ਤਪ ਭੰਗ ਕਰਨ ਲਈ "ਅਲੰਬੁਸ਼ਾ" ਅਪਸਰਾ ਭੇਜੀ, ਜਿਸ ਨੂੰ ਦੇਖਕੇ ਰਿਖੀ ਦਾ ਵੀਰਯ ਸਰਸ੍ਵਤੀ ਵਿੱਚ ਡਿਗ ਪਿਆ, ਜਿਸਤੋਂ ਸਾਰਸ੍ਵਤ ਪੈਦਾ ਹੋਇਆ, ਜੋ ਗੋਤ੍ਰ ਦਾ ਮੁਖੀਆ ਸੀ। ੨. ਇੱਕ ਵ੍ਯਾਕਰਣ ਦਾ ਗ੍ਰੰਥ, ਜੋ ਅਨੁਭੂਤਿ ਸ੍ਵਰੂਪ ਦਾ ਲਿਖਿਆ ਹੋਇਆ ਹੈ. "ਕਹੂੰ ਸਿੱਧਿਕਾ ਚੰਦ੍ਰਕਾ ਸਾਰਸੁਤੀਯੰ." (ਅਜੈ ਸਿੰਘ)

ਸਾਰਸੁਤੀ: ਸਰਸ੍ਵਤੀ. "ਇਮ ਬੇਦ ਉਚਾਰਤ ਸਾਰਸੁਤੀ." (ਅਕਾਲ)

ਸਾਰਸ੍ਵਤ: ਦੇਖੋ, ਸਾਰਸੁਤ.

ਸਾਰਸ੍ਵਤੀ: ਦੇਖੋ, ਸਰਸ੍ਵਤੀ। ੨. ਸਰਸ੍ਵਤੀ ਨਦੀ ਦੇ ਕਿਨਾਰੇ ਵਸਣ ਵਾਲੇ. "ਸਾਰਸ੍ਵਤੀ ਹਨਐ ਚਲੇ ਇਕਠੇ." (ਚਰਿਤ੍ਰ ੫੨)

---

[214] ਦੇਖੋ, ਉਗਾਹਾ ਦੇ ਉਦਾਹਰਣ ਦਾ ਫੁਟਨੋਟ.

੩. ਇੱਕ ਛੰਦ. ਦਸਮਗ੍ਰੰਥ ਵਿੱਚ "ਰੁਆਮਣ" "ਰੁਆਮਲ" "ਰੁਆਲਾ" "ਰੂਆਮਲ" ਅਤੇ "ਰੂਆਲ" ਇਸੇ ਛੰਦ ਦੇ ਨਾਉਂ ਹਨ. ਲੱਛਣ- ਚਾਰ ਚਰਣ. ਪ੍ਰਤਿ ਚਰਣ ਰ, ਸ, ਜ, ਜ, ਭ, ਗ, ਲ. SIS, IIS, ISI, ISI, SII, S, I. ਅੱਠ ਅਤੇ ਨੌ ਅੱਖਰਾਂ ਤੇ ਵਿਸ਼੍ਰਾਮ.

ਉਦਾਹਰਣ-

ਦੇਸ ਦੇਸਨ ਕੀ ਕ੍ਰਿਯਾ, ਸਿਖਵੰਤ ਹੈਂ ਦਿਸ ਏਕ,

ਬਾਨ ਔਰ ਕਮਾਨ ਕੀ, ਬਿਧਿ ਦੇਤ ਆਨ ਅਨੇਕ. xx

(ਰਾਮਾਵ)

ਸਾਰਕ: ਦੇਖੋ, ਸਾਰਿਕਾ.

ਸਾਰ ਕੁਟਾਨ: ਸੰਗਯਾ- ਪਹਾੜਾਂ ਦਾ ਨਿਚੋੜ. ਨਦੀ। ੨. ਗੰਗਾ। ੩. ਅੰਨਕੂਟ ਦਾ ਸਾਰ. ਬਲ. "ਤੂਤੋ ਸਾਰ ਕੁਟਾਨ ਕਰਕੈ ਸੁਹਾਯੋ." (ਚਰਿਤ੍ਰ ੧)

ਸਾਰਖਾ: ਵਿ- ਸਰੀਖਾ. ਸਦ੍ਰਿਸ਼. ਜੇਹਾ. "ਤੇ ਘਰ ਮਰਹਟ ਸਾਰਖੇ." (ਸ. ਕਬੀਰ) ੨. ਸੰ. ਸਾਰਖ੍ਯਾਤਾ. ਸੱਚ ਆਖਣ ਵਾਲਾ. ਸਤ੍ਯਵਾਦੀ.

ਸਾਰਗ: ਸਾਰਗ੍ਯਾਤਾ। ੨. ਸਾਰੰਗ ਰਾਗ. ਦੇਖੋ, ਸਾਰੰਗ ੩੭

ਸਾਰੰਗ: ਦੇਖੋ, ਸਾਰੰਗ ੩੭.

ਸਾਰਗਪਾਣਾ, ਸਾਰਗਪਾਣੀ, ਸਾਰਗਪਾਨ: ਸੰ. सारङ्गपाणि ਸਾਰੰਗਪਾਣਿ. ਵਿ- ਸਾਰੰਗ (ਪ੍ਰਿਥਿਵੀ) ਹੈ ਜਿਸ

ਦੇ ਹੱਥ. ਸਾਰੀ ਵਿਸ਼੍ਵ ਨੂੰ ਜੋ ਪਾਲਨ ਕਰਦਾ ਹੈਂ ਜਿਸ ਦੇ ਹੱਥ ਸਭ ਦੀ ਰੋਜ਼ੀ ਹੈ. "ਧਿਆਵਹਿ ਜੀਅ ਜੰਤ ਹਰਿ ਸਾਰਗਪਾਣਾ." (ਵਾਰ ਸ੍ਰੀ ਮਃ ੪) ੨. ਸੰ. शाङ्गपाणि ਸੰਗਯਾ- ਵਿਸ਼ਨੁ, ਜਿਸ ਦੇ ਹੱਥ ਸ਼੍ਰਿੰਗ ਦਾ ਬਣਿਆ ਧਨੁਸ਼ ਹੈ. "ਕੁਲ ਜਨ ਮਧੇ ਮਿਲਿਓ ਸਾਰਗਪਾਨ ਰੇ." (ਧਨਾ ਤ੍ਰਿਲੋਚਨ) ਕੁਲ ਮੱਧੇ ਜਨਮਿ ਲਿਓ ਸਾਰੰਗਪਾਣਿ ਨੇ.

ਸਾਰਗੀਤ, ਸਾਰਗੀਤਾ: ਦੇਖੋ, ਸਪਤਸਲੋਕੀ ਗੀਤਾ. "ਸਾਰਗੀਤ ਲਖ ਭਾਗਵਤ." (ਭਾਗੁ)

ਸਾਰਣ: ਸੰ. ਫੈਲਾਉਣ (ਪਸਾਰਣ) ਦੀ ਕ੍ਰਿਯਾ। ੨. ਰਾਵਣ ਦਾ ਇੱਕ ਮੰਤ੍ਰੀ. "ਚੌਥੇ ਏਕ ਸਾਰਣ ਸੁਮੰਤ੍ਰ ਮੇ ਪ੍ਰਵੀਣ ਕਹ੍ਯੋ." (ਹਨੂ) ੩. ਮੱਖਣ। ੪. ਦੇਖੋ, ਸਾਰਣਾ.

ਸਾਰਣਾ: ਕ੍ਰਿ- ਪੂਰਾ ਕਰਨਾ. ਨਿਬਾਹੁਣਾ. "ਕਿਛੁ ਭੀ ਖਰਚੁ ਤੁਮਾਰਾ ਸਾਰਉ." (ਸੂਹੀ ਕਬੀਰ) "ਪ੍ਰਭੁ ਹਮਾਰਾ ਸਾਰੇ ਸੁਆਰਥ." (ਭੈਰ ਮਃ ੫)

੨. ਪ੍ਰੇਰਣਾ. ਚਲਾਉਣਾ. "ਆਪੇ ਘਟਿ ਘਟਿ ਸਾਰਣਾ." (ਮਾਰੂ ਸੋਲਹੇ ਮਃ ੫) ੩. ਪ੍ਰਾਪਤ ਕਰਨਾ. "ਸਹਜਿ ਸੁਖ ਸਾਰਈ." (ਸਵਾ ਮਃ ੫) ੪. ਫੈਲਾਉਣਾ. "ਘਟੇ ਘਟਿ ਸਾਰਿਆ." (ਵਾਰ ਗੂਜ ੨. ਮਃ ੫) ੫. ਉੱਚਾਰਣ ਕਰਨਾ. ਬਯਾਨ ਕਰਨਾ. "ਸਦਾ ਗੁਣ ਸਾਰਈ." (ਸਵਾ ਮਃ ੫) "ਆਠ ਪਹਿਰ ਗੁਣ ਸਾਰਦੇ." (ਸ੍ਰੀ ਮਃ ੫) "ਅੰਤਰ ਕੀ ਗਤਿ ਤੁਧ ਪਹਿ ਸਾਰੀ." (ਸੂਹੀ ਮਃ ੫) ੬. ਪਾਉਣਾ. ਡਾਲਨਾ. "ਗਿਆਨ ਅੰਜਨ ਸਾਰਿਆ." (ਅਨੰਦੁ) ੭. ਦੇਖੋ, ਸਾਰਣੁ.

ਸਾਰਣੁ: ਸਿੰਧੀ. ਕ੍ਰਿ- ਗਿਣਨਾ। ੨. ਤੁੱਲਤਾ (ਮੁਕਾਬਲਾ) ਕਰਨਾ। ੩. ਪਰੀਖ੍ਯਾ ਕਰਨਾ। ੪. ਯਾਦ ਕਰਨਾ.

ਸਾਰਤ: ਅ਼. اشارت ਇਸ਼ਾਰਤ. ਸੰਗਯਾ- ਸੰਨਤ. ਇਸ਼ਾਰਾ. ਸੈਨਤ. "ਦੇਇ ਬੁਝਾਰਤ ਸਾਰਤਾ." (ਗਉ ਮਃ ੫)

ਸਾਰਥ: ਸੰ. ਸਾਥੰ. ਵਿ- ਅਰਥ (ਧਨ) ਸਹਿਤ. ਧਨੀ। ੨. ਬਾਮਾਯਨੀ. ਸ਼ਬਦ ਦੇ ਅਰਥ ਸਹਿਤ. "ਆਖਯ ਭਾਗਭਰੀ ਸੁਭ

ਤੇਰਾ। ਸਾਰਥ ਭਾਗਭਰੀ ਅਬਹੇਰਾ।।" (ਗੁਪ੍ਰਸੂ) ੩. ਸੰਗ੍ਯਾ- ਵੈਸ਼੍ਯਸਭਾ। ੪. ਕ੍ਰਿ. ਵਿ- ਸਾਥ. ਨਾਲ। ੫. ਪ੍ਰਯੋਜਨ (ਮਤਲਬ) ਸਹਿਤ.

ਸਾਰਥਕ: ਸੰ. ਸਾਥੰਕ. ਵਿ- ਸਫਲ. ਲਾਭਦਾਇਕ। ੨. ਅਰਥ (ਮਾਯਨੇ) ਸਹਿਤ.

ਸਾਰਥਿ, ਸਾਰਥੀ: ਸੰਗ੍ਯਾ- ਰਥਵਾਹੀ. ਰਥ ਹੱਕਣ ਵਾਲਾ. ਸੂਤ. "ਸਾਰਥੀ ਆਪਨ ਕੋ ਕਹਿਕੈ." (ਕ੍ਰਿਸਨਾਵ)

ਸਾਰਦ: ਸੰ. ਵਿ- ਸਰਦ ਰੁੱਤ ਨਾਲ ਸੰਬੰਧ ਰੱਖਣ ਵਾਲਾ. ਸਰਦ ਰੁੱਤ ਦਾ. "ਸਾਰਦ ਚੰਦ ਸੰਪੂਰਨ ਬਦਨ." (ਗੁਪ੍ਰਸੂ) ੨. ਸੰਗ੍ਯਾ- ਚਿੱਟਾ ਕਮਲ। ੩. ਸੰ. ਸ਼ਾਰਦਾ. ਸਰਸ੍ਵਤੀ. "ਨਾਰਦ ਸਾਰਦ ਸੇਵਕ ਤੇਰੇ." (ਮਾਰੂ ਸੋਲਹੇ ਮਃ ੧) ੪. ਸ਼ਰਦਵਤ. ਅਹਲ੍ਯਾ ਦਾ ਪਤਿ, ਜਿਸ ਨੂੰ ਗੋਤਮ ਆਖਦੇ ਹਨ. "ਅਤ੍ਰਿ ਪਰਾਸਰ ਨਾਰਦ ਸਾਰਦ ਵ੍ਯਾਸ ਤੇ ਆਦਿ ਜਿਤੇ ਮੁਨਿ ਭਾਏ." (ਦੱਤਾਵ) ੫. ਸੁਰਾਂ ਦੇ ਵਿਭਾਗ ਕਰਨ ਵਾਲੀਆਂ ਸੁੰਦਰੀਆਂ ਨੂੰ ਧਾਰਨ ਵਾਲੀ ਵੀਣਾ ਦੀ ਡੰਡੀ. "ਮਨੁ ਪਵਨ ਦੁਇ ਤੂੰਬਾ ਕਰੀ ਹੈ, ਜੁਗ ਜੁਗ ਸਾਰਦ ਸਾਜੀ." (ਗਉ ਕਬੀਰ) ਮਨ ਅਤੇ ਪ੍ਰਾਣ ਦੋ ਤੂੰਬੇ ਹਨ, ਇਨ੍ਹਾਂ ਦੋਹਾਂ ਦਾ ਸੰਯੋਗ ਜੋ ਸੁਖਮਨਾ ਅੰਦਰ ਕਰਨਾ ਹੈ, ਇਹ ਵੀਣਾ ਦੀ ਡੰਡੀ ਹੈ.

ਸਾਰਦਸਾਜ: ਸੰਗ੍ਯਾ- ਵੀਣਾ, ਜੋ ਸ਼ਾਰਦਾ (ਸਰਸ੍ਵਤੀ) ਦਾ ਵਾਜਾ ਹੈ.

ਸਾਰਦਾ: ਵਿ- ਸਾਰਦਾਇਕ. ਸਾਰ (ਤਤ੍ਵ) ਦੇਣ ਵਾਲੀ। ੨. ਸੰਗ੍ਯ- ਸ਼ਾਰਦਾ. ਸਰਸ੍ਵਤੀ. "ਸਦਾ ਸਾਰਦਾ ਸਾਰਦਾ ਸਰਦ ਚੰਦ ਮਾਨਿੰਦ." (ਗੁਪ੍ਰਸੂ) ੩. ਦੇਖੋ, ਸਵੈਯੇ ਦਾ ਰੂਪ ੩੪। ੪. ਕਸ਼ਮੀਰੀ ਲਿਪਿ (ਲਿਖਿਤ).

ਸਾਰਦੂਲ: ਸੰ. ਸ਼ਾਦੂੰਲ. ਸੰਗ੍ਯਾ- ਕੇਸ਼ਰੀ. ਸ਼ੇਰ ਬਬਰ. (Lion). "ਕਿਧੌਂ ਸਿੰਘ ਸੋਂ ਸਾਰਦੂਲੰ ਅਰੁੱਝੇ." (ਵਿਚਿਤ੍ਰ) ਸਿੰਘ (ਸਿੰਹ) Tiger ਹੈ. "ਗਊ ਕਉ ਚਾਰੇ ਸਾਰਦੂਲ." (ਰਾਮ ਮਃ ੫) ਗਰੀਬਾਂ ਦੀ ਜਾਲਿਮ ਰਖ੍ਯਾ ਕਰਦਾ ਹੈ. "ਪੰਛਿਨ ਮੇ ਹੰਸ ਮ੍ਰਿਗਰਾਜਨ ਮੇ ਸਾਰਦੂਲ." (ਭਾਗੁ ਕ) ਦੇਖੋ, ਸਿੰਘ. ੨. ਰਾਵਣ ਦਾ ਇੱਕ ਦੂਤ। ੩. ਵਿ- ਉੱਤਮ- ਸ਼੍ਰੇਸ਼੍ਠ। ੪. ਪ੍ਰਧਾਨ. ਸ਼ਿਰੋਮਣਿ। ੫. ਦੇਖੋ, ਦੋਹਰੇ ਦਾ ਰੂਪ ੩.

ਸ਼ਾਰਦੂਲ ਵਿਕ੍ਰੀੜਿਤ: ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ, ਮ ਸ, ਜ, ਸ, ਤ, ਤ, ਗ, SSS, IIS, ISI, IIS, SSI, SSI, S. ਬਾਰਾਂ ਅਤੇ ਸੱਤ ਅੱਖਰਾਂ ਪੁਰ ਵਿਸ਼ਰਾਮ. ਇਸਦਾ ਨਾਉਂ "ਸਾਟਕ" ਭੀ ਹੈ.

ਉਦਾਹਰਣ-

ਹੋਵੈ ਨਾ ਗੁਨਿਮਾਨ ਗ੍ਯਾਨ ਚਰਚਾ,

ਭਾਵੈ ਨਹੀ ਚਿੱਤ ਕੋ,

ਭਾਵੇਂ ਸਭ ਸਮਾਨ ਰਾਜਪ੍ਰਭੁਤਾ,

ਕੀਜੈ ਕਹਾਂ ਬਿੱਤ ਕੋ? xxx

ਸਾਰਧ: ਸ- ਅਧੰ. ਅੱਧੇ ਸਹਿਤ. ਡੇਢ ਆਦਿਕ.

ਸਾਰਧਾਰ: ਸੰਗ੍ਯਾ- ਸ਼ਸਤ੍ਰ ਦੀ ਧਾਰ. ਦੇਖੋ, ਧੁਮ ਮੁਕਤ.

ਸਾਰਨ: ਸੰਗ੍ਯਾ- ਸ਼ਰਣ. ਪਨਾਹ. "ਹਾਰਿ ਪਰੇ ਤੁਮ ਸਾਰਨ." (ਬਿਲਾ ਮਃ ੫) ੨. ਰਾਵਣ ਦਾ ਮੰਤ੍ਰੀ ਸਾਰਣ. ਦੇਖੋ, ਸਾਰਣ ੨.

ਸਾਰਨਾ: ਸੰਗ੍ਯਾ- ਸਾਰਣਾ। ੨. ਪੇਸ਼ ਕਰਨਾ. ਬਿਆਨ ਕਰਨਾ. ਅਰਜ ਕਰਨਾ. "ਸੂਖ ਦੂਖ ਇਸੁ ਮਨ ਕੀ ਬਿਰਥਾ ਤੁਮਹੀ ਆਗੈ ਸਾਰਨਾ." (ਰਾਮ ਅਃ ਮਃ ੫)

ਸਾਰਬ: ਦੇਖੋ, ਸਾਰਬਭੌਮ ਅਤੇ ਸਾਰਵ.

ਸਾਰਬਭੂਮ, ਸਾਰਬਭੌਮ: ਸੰ. ਸਾਵੑਭੌਮ. ਵਿ- ਸਾਰੀ ਭੂਮਿ (ਪ੍ਰਿਥਿਵੀ) ਦਾ ਸ੍ਵਾਮੀ. ਚਕ੍ਰਵਰਤੀ ਮਹਾਰਾਜਾ. "ਸਾਰਬਭੂਮ ਸਰਨ ਜਿਹ ਪਰਨਾ." (ਨਾਪ੍ਰ) "ਸਾਰਬਭੌਮ ਯਥਾ ਨਰਨਾਯਕ." (ਗੁਪ੍ਰਸੂ)

ਸਾਰਬਾਨ: ਫ਼ਾ. ساربان ਸੰਗਯਾ- ਸਾਰ (ਊਂਟ) ਵਾਲਾ. ਸ਼ੁਤਰਬਾਨ. ਉੱਠ ਰਖਣ ਵਾਲਾ.

ਸਾਰਭੂਤ: ਵਿ- ਸਾਰਰੂਪ. ਨਿਚੋੜ. ਲੁੱਬੇਲੁਬਾਬ. "ਸਾਰਭੂਤ ਸਤਿ ਹਰਿ ਕੋ ਨਾਮ." (ਸੁਖਮਨੀ) ਸਾਰੇ ਗ੍ਰੰਥ. ਮੰਤ੍ਰ ਅਤੇ ਧਰਮ ਦੇ ਸਿੱਧਾਂਤਾਂ ਦਾ ਤਤ੍ਵਰੂਪ.

ਸਾਰਮੌਰ: ਵਿ- ਸਰਮੌਰ ਨਾਲ ਸੰਬੰਧਿਤ. ਦੇਖੋ, ਸਰਮੌਰ. "ਨਗਰ ਪਾਂਵਟ ਬ੍ਰਹੁ ਬਸੈ ਸਾਰਮੌਰ ਕੇ ਦੇਸ." (ਚਰਿਤ੍ਰ ੭੧)

ਸਾਰਵ: ਸੰ. ਸਾਰ੍‍ਵ. ਵਿ- ਸਰ੍‍ਵ (ਸਭ) ਨਾਲ ਜਿਸ ਦਾ ਸੰਬੰਧ ੨. ਸ਼ੰ. ਸ਼ਰ੍‍ਵ ਨਾਲ ਸੰਬੰਧ ਰੱਖਣ ਵਾਲਾ. ਸ਼ਿਵ ਦਾ.

ਸਾਰਵਤੀ: ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਤਿੰਨ ਭਗਣ, ਅੰਤ ਗੁਰੁ. SII, SII, SII, S.

ਉਦਾਹਰਣ-

ਗਯਾਨ ਵਿਚਾਰ ਨਹੀ ਜਿਨ ਕੋ,

ਕਯਾ ਉਪਦੇਸ਼ ਕਰੈਂ ਤਿਨ ਕੋ? xxx

ਸਾਰਵਭੌਮ: ਦੇਖੋ, ਸਾਰਬਭੌਮ.

ਸਾਰਵਾਨ: ਦੇਖੋ, ਸਾਰਬਾਨ। ੨. ਸਾਰ ਵਾਲਾ.

ਸਾਰਾ: ਵਿ- ਪੂਰਾ. ਸਰਵ। ੨. ਦੇਖੋ, ਸਾਰ। ੩. ਸਾਲਾ. ਵਹੁਟੀ ਦਾ ਭਾਈ. ਦੇਖੋ, ਸਾਰੋ.

ਸਾਰਾਸਾਰ: ਸਾਰ ਅਤੇ ਅਸਾਰ. "ਸਾਰਾਸਾਰ ਲਖਾਵੈ ਜਬੈ." (ਨਾਪ੍ਰ)

ਸਾਰਾਗੜ੍ਹੀ: ਕੋਹਾਟ ਜਿਲੇ ਵਿੱਚ ਇੱਕ ਸਰਹੱਦੀ ਪਿੰਡ, ਜੋ ਕਿਲਾ ਲਾਕਹਾਰਟ (Lockhart) ਤੋਂ ਡੇਢਕੁ ਮੀਲ ਪਰੇ ਹੈ ਅਤੇ ਜਿੱਥੇ ਭਾਰਤ ਸਰਕਾਰ ਦੀ ਇੱਕ ਛੋਟੀ ਗੜ੍ਹੀ ਹੈ. ਇਸ ਥਾਂ ਜੰਗ ਤੀਰਾ ਵਿੱਚ ੧੨. ਸਿਤੰਬਰ ਸਨ ੧੮੯੭ ਨੂੰ ਪਲਟਨ ੩੬ ਸਿੱਖ ਦੇ ੨੧. ਸਿੰਘ ਹਜਾਰਾਂ ਅਫਰੀਦੀਆਂ ਤੋਂ ਘਿਰਕੇ ਭੀ ਕਾਇਰ ਨਹੀਂ ਹੋਏ, ਸਗੋਂ ਉਹ ਵੀਰਤਾ ਦਿਖਾਈ, ਜੋ ਅਮ੍ਰਿਤਧਾਰੀ ਸਿੰਘ ਸਦਾ ਦਿਖਾਉਂਦੇ ਰਹੇ ਹਨ. ਅਫਰੀਦੀਆਂ ਦੇ ਕਥਨ ਅਨੁਸਾਰ ਇਹ ਦੋ ਸੌ ਵੈਰੀਆਂ ਨੂੰ ਮਾਰਕੇ ਅਤੇ ਸੈਂਕੜਿਆਂ ਨੂੰ ਫੱਟੜ ਕਰਕੇ ਸ਼ਹੀਦ ਹੋਏ. ਇਨ੍ਹਾਂ ਵੀਰਾਂ ਦੀ ਯਾਦਗਾਰ ਕਾਇਮ ਰੱਖਣ ਲਈ ਕਿਲਾ ਲਾਕਹਾਰਟ, ਅੰਮ੍ਰਿਤਸਰ ਅਤੇ ਫਿਰੋਜਪੁਰ ਵਿੱਚ ਸਰਕਾਰ ਵੱਲੋਂ ਕੀਰਤਿਮੰਦਿਰ ਬਣਾਏ ਗਏ ਹਨ.

ਸਾਰਾਨ: ਵਿ- ਸ਼ਰਣਾਗਤ. "ਦਾਸਦਾਸਰੋ ਸੰਤਹ ਕੀ ਸਾਰਾਨ." (ਸਾਰ ਮਃ ੫) ੨. ਦੇਖੋ, ਸਰਨਜ। ੩. ਸੰਗਯਾ- ਸਾਰਾੱਨ. ਅੰਨ ਦਾ ਸਾਰ.

ਸਾਰਾਬ: ਵਿ- ਸ਼ਰਾਬ ਦਾ. "ਰੰਗੇ ਰੰਗ ਸਾਰਾਬ." (ਰਾਮਾਵ) ਸ਼ਰਾਬ ਦੇ ਰੰਗ (ਲਾਲ) ਵਿੱਚ ਰੰਗੇ.

ਸਾਰਿ: ਸਾਰਕੇ. ਵਿਤਾਕੇ. ਦੇਖੋ, ਸਾਰਣਾ. "ਸਭ ਆਪਨ ਅਉਸਰ ਚਲੇ ਸਾਰਿ." (ਬਸੰ ਕਬੀਰ) ਆਪਣਾ ਵੇਲਾ ਪੂਰਾ ਕਰਕੇ ਸਭ ਚਲੇ। ੨. ਸੰ. ਸ਼ਾਰਿ. ਚੌਪੜ ਅਤੇ ਸ਼ਤਰੰਜ ਦਾ ਵਸਤ੍ਰ, ਜਿਸ ਉੱਪਰ ਨਰਦਾਂ ਅਤੇ ਮੁਹਰੇ ਰੱਖਕੇ ਖੇਡੀਦਾ ਹੈ. "ਆਪੇ ਸਾਰਿ ਆਪ ਹੀ ਪਾਸਾ." (ਸਵੈਯੇ ਮਃ ੪. ਕੇ) ੩. ਨਰਦ, ਡਾਲਨਾ ਅਤੇ ਮੁਹਰਾ। ੪. ਸੰਗੀਤ ਅਨੁਸਾਰ ਸ੍ਵਰ ਦਾ ਬੰਦ. ਧਾਤੁ ਅਥਵਾ ਤੰਦ ਦਾ ਬੰਧਨ, ਜੋ ਸਾਜ ਉੱਤੇ ਸ੍ਵਰ ਦਾ ਵਿਭਾਗ ਕਰਨ ਲਈ ਲਗਾਈਦਾ ਹੈ. ਇਸ ਨੂੰ ਸੁੰਦਰੀ ਭੀ ਆਖਦੇ ਹਨ.

ਸਾਰਿਆ: ਦੇਖੋ, ਸਾਰਣਾ। ੨. ਸੰਗਯਾ- ਸੰਭਾਲ. ਖਬਰਦਾਰੀ. "ਜੀਅ ਜੰਤ ਸਭਿ ਵਸਿ ਤੇਰੈ, ਸਗਲ ਤੇਰੀ ਸਾਰਿਆ." (ਧਨਾ ਛੰਤ ਮਃ ੫)

ਸਾਰਿਕ, ਸਾਰਿਕਾ: ਸੰ. ਸਾਰਿਕਾ[215] ਸੰਗਯਾ- ਮੈਨਾ. "ਚੋਂਚ ਪਸਾਰ ਰਹੇ ਸਿਸੁ ਸਾਰਿਕ ਜੈਸੇ." (ਚੰਡੀ ੧) "ਇਹ ਵਤਸ ਸਾਰਿਕਾ ਮੁਖ ਪਸਾਰ." (ਗੁਪ੍ਰਸੂ) ੨. ਦੂਤੀ. ਵਿਚੋਲਨ.

ਸਾਰਿੰਗ: ਚਾਤਕ. ਪਪੀਹਾ. ਦੇਖੋ, ਸਾਰੰਗ ੧. "ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ." (ਸੋਹਿਲਾ) ਨਾਨਕ ਚਾਤ੍ਰਕ ਨੂੰ ਕ੍ਰਿਪਾਰੂਪ ਜਲ (ਸ੍ਵਾਤਿਬੂੰਦ) ਦੇਹ.

ਸਾਰਿੰਗਧਰ, ਸਾਰਿਗਪਾਣਿ, ਸਾਰਿੰਗਪਾਣੀ, ਸਾਰਿਗਪਾਨਿ, ਸਾਰਿਗਪਾਨੀ: ਦੇਖੋ, ਸਾਰਗਪਾਣੀ. "ਸਾਰਿੰਗਧਰ ਭਗਵਾਨ ਬੀਠੁਲਾ." (ਮਾਰੂ ਸੋਲੇਹ ਮਃ ੫) "ਚਿਰੁ ਹੋਆ ਦੇਖੇ ਸਾਰਿੰਗਪਾਣੀ." (ਮਾਝ ਮਃ ੫) "ਨਟਵਟ ਖੇਲੈ ਸਾਰਿਗਪਾਨਿ." (ਗਉ ਕਬੀਰ) "ਭਜਲੇਹਿ ਰੇ ਮਨ, ਸਾਰਿਗਪਾਨੀ." (ਭੈਰ ਕਬੀਰ) ੨. ਦੇਖੋ, ਸਾਰੰਗ ੮. ੯. ਅਤੇ ੧੦

ਸਾਰਿੰਗਾਰਿ: ਸੰਗਯਾ- ਸਾਰੰਗ (ਧਨੁਖ) ਦਾ ਵੈਰੀ ਖੜਗ. ਤਲਵਾਰ ਨਾਲ ਕਮਾਣ ਕਟ ਦੇਈਦੀ ਹੈ. "ਸੈਫ ਸਰੋਹੀ ਸਤ੍ਰੁਅਰਿ ਸਾਰਿੰਗਾਰਿ ਜਿੰਹ ਨਾਮ." (ਸਨਾਮਾ)

ਸਾਰੀ: ਵਿ- ਸਰਵ. ਪੂਰੀ। ੨. ਸਾਰ ਰੂਪ. "ਨਾਨਕ ਇਹੁ ਮਤਿ ਸਾਰੀ ਜੀਉ." (ਮਾਝ ਮਃ ੫) ੩. ਕਥਨ (ਬਯਾਨ) ਕੀਤੀ. "ਗੁਰੁ ਪੂਰੇ ਏਹ ਗਲ ਸਾਰੀ." (ਸੋਰ ਮਃ ੫) ੪. ਸੰਗਯਾ- ਸਾਰ. ਸੁਧ. ਖ਼ਬਰ. "ਅਪਨੀ ਇਤਨੀ ਕਛੂ ਨ ਸਾਰੀ." (ਸਾਰ ਮਃ ੫) ੫. ਦੇਖੋ, ਸਾਰਿ. "ਕਰਮ ਧਰਮ ਤੁਮ ਚਉਪੜ ਸਾਜਹੁ ਸਤਿ ਕਰਹੁ ਤੁਮ ਸਾਰੀ." (ਬਸੰ ਮਃ ੫) "ਆਪੇ ਪਾਸਾ ਆਪੇ ਸਾਰੀ." (ਮਾਰੂ ਸੋਲਹੇ ਮਃ ੧) ੬. ਬਾਜੀ. ਖੇਲ. "ਸਾਰੀ ਸਿਰਜਨਹਾਰ ਕੀ." (ਸ. ਕਬੀਰ) ੭. ਸਾੜ੍ਹੀ. ਓਢਨੀ. "ਡਾਰੇ ਸਾਰੀ ਨੀਲ ਕੀ." (ਚਰਿਤ੍ਰ ੧੩੬) "ਸੇਤ ਧਰੇ ਸਾਰੀ ਬ੍ਰਿਖਭਾਨੁ ਕੀ ਕੁਮਾਰੀ." (ਕ੍ਰਿਸਨਾਵ) ੮. ਸਾਲੀ. ਬਹੂ ਦੀ ਭੈਣ. "ਨਹੀ ਸਸੁਰਾਲ ਸਾਸ ਸਸੁਰਾ ਔ ਸਾਰੋ ਸਾਰੀ." (ਭਾਗੁ ਕ) "ਰਾਮੋ ਲਗਤ ਹੁਤੀ ਗੁਰੁ ਸਾਰੀ." (ਗੁਪ੍ਰਸੂ) "ਸਾਰੀਆਂ ਸਾਰੀਆਂ ਆਇ ਪਿਖਜੋ." (ਗੁਪ੍ਰਸੂ) ਸਭ ਸਾਲੀਆਂ ਨੇ ਆਕੇ ਦੇਖਿਆ। ੯. ਸਾਰਿਕਾ. ਮੈਨਾ.

ਸਾਰੀਥੀ: ਦੇਖੋ, ਸਾਰਥੀ। ੨. ਸਾਰਥ੍ਯ. ਰਥਵਾਹੀਪੁਣਾ। ੩. ਸਾਥੰਤਾ. ਸਫਲਤਾ. ਕਾਮਯਾਬੀ.

ਸ਼ਾਰੀਰ: ਸੰ. ਵਿ- ਸ਼ਰੀਰ (ਦੇਹ) ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਜੀਵ। ੩. ਵ੍ਯਾਸ ਕ੍ਰਿਤ ਵੇਦਾਂਤਸੂਤ੍ਰ.

ਸ਼ਾਰੀਰਿਕ: ਸੰ. ਵਿ- ਸ਼ਰੀਰ (ਦੇਹ) ਤੋਂ ਪੈਦਾ ਹੋਏ ਦੁੱਖ ਆਦਿ. ਜਿਸਮਾਨੀ। ੨. ਸੰਗਯਾ- ਵ੍ਯਾਸ ਦੇ ਵੇਦਾਂਤਸੂਤ੍ਰਾਂ ਉੱਤੇ ਸ਼ੰਕਰਾਚਾਰਯ ਦਾ ਲਿਖਿਆ ਭਾਸ਼੍ਯ.

ਸਾਰੁ: ਦੇਖੋ, ਸਾਰ.

ਸਾਰੂਪ੍ਯ: ਸੰਗਯਾ- ਸਮਾਨਰੂਪ ਹੋਣ ਦਾ ਭਾਵ. ਉਪਾਸਨਾਮਤ ਦੀ ਇੱਕ ਮੁਕਤਿ, ਜਿਸਦਾ ਅਰਥ ਹੈ ਕਿ ਉਪਾਸ੍ਯ ਜੇਹਾ ਸਰੂਪ ਹੋ ਜਾਣਾ.

ਸਾਰੇ: ਸਾਰਾ ਦਾ ਬਹੁ ਵਚਨ ੨. ਦੇਖੋ, ਸਾਰਣਾ, ਸਾੜਨਾ ਅਤੇ ਲੁਝਿ.

ਸਾਰੋ: ਦੇਖੋ, ਸਾਰਾ। ੨. ਸਾਲਾ. ਵਹੁਟੀ ਦਾ ਭਾਈ. "ਸਸੁਰਾ ਔ ਸਾਰੋ ਸਾਰੀ." (ਭਾਗੁ ਕ)

ਸਾਰੰਗ: ਸੰ. ਸ਼ਾਰਙ੍ਗ ਸੰਗਯਾ- ਸ਼ਾਰ (ਚਿਤਕਬਰਾ- ਡੱਬਖੜੱਬਾ) ਹੈ ਅੰਗ ਜਿਸ ਦਾ. ਚਾਤ੍ਰਕ. ਪਪੀਹਾ। ੨. ਹਰਿਣ. ਕਾਲਾਮ੍ਰਿਗ, ਜੋ ਉੱਪਰੋਂ ਕਾਲਾ ਅਤੇ ਹੇਠੋਂ ਚਿੱਟਾ ਹੁੰਦਾ ਹੈ। ੩. ਅਬਲਕ ਘੋੜਾ। ੪. ਹਾਥੀ. "ਸਾਰੰਗ ਜਿਉ ਪਗ ਧਰੈ ਠਿਮਿ ਠਿਮਿ." (ਵਡ ਮਃ ੧) ੫. ਭੌਰਾ. ਭ੍ਰਮਰ। ੬. ਮੋਰ। ੭. ਵਿ- ਡੱਬਖੜੱਬਾ. ਚਿੱਟੇ ਕਾਲੇ ਰੰਗ ਵਾਲਾ। ੮. ਸੰ. ਸ਼ਾਰ੍ਙ੍ਗ ਸਿੰਗ ਦਾ ਬਣਿਆ ਹੋਇਆ। ੯. ਸੰਗਯਾ- ਸਿੰਗ ਦਾ ਬਣਿਆ ਧਨੁਖ. ਉਹ ਕਮਾਨ, ਜੋ ਸਿੰਗ ਦੇ ਟੁਕੜੇ ਜੋੜਕੇ ਬਣਾਈ ਗਈ ਹੈ।[216] ੧੦.

---

[215] ਸ਼ਾਰਿਕਾ ਸ਼ਾਰਿਕਾ ਭੀ ਸਹੀ ਹੈ.

[216] ਧਨੁਰਵੇਦ ਵਿੱਚ ਉਸ ਧਨੁਖ ਦੀ ਸ਼ਾਰੰਗ ਸੰਗਯਾ ਹੈ, ਜੋ ਸਾਢੇ ਛੀ ਹੱਥ ਲੰਮਾ ਹੋਵੇ ਅਰ ਜਿਸ ਵਿੱਚ ਤਿੰਨ ਵਲ (ਖ਼ਮ) ਹੋਣ. ਇਹ ਧਨੁਖ, ਘੋੜੇ ਅਤੇ ਹਾਥੀ ਦੇ ਸਵਾਰ ਲਈ ਵਰਤਣਾ ਲਿਖਿਆ ਹੈ. ਦੇਖੋ, ਸ਼ਸਤ੍ਰ.

ਖਾਸ ਕਰਕੇ ਵਿਸ਼ਨੁ ਦਾ ਧਨੁਖ। ੧੧. ਅਦਰਕ. ਆਦਾ। ੧੨. ਸੰ. ਸਾਰਙ੍ਗ[217] ਛਤ੍ਰ. ਛਤਰ। ੧੩. ਇੱਕ ਪ੍ਰਕਾਰ ਦਾ ਪੁਰਾਣਾ ਵਾਜਾ। ੧੪. ਹੰਸ। ੧੫. ਵਸਤ੍ਰ। ੧੬. ਕਾਮਦੇਵ। ੧੭. ਕੇਸ਼। ੧੮. ਸੁਵਰਣ. ਸੁਇਨਾ। ੧੯. ਭੂਖਣ. ਗਹਿਣਾ। ੨੦. ਕਮਲ। ੨੧. ਸ਼ੰਖ। ੨੨ ਚੰਦਨ। ੨੩ ਕਪੂਰ। ੨੪ ਫੁੱਲ। ੨੫ ਕੋਕਿਲਾ. ਕੋਇਲ। ੨੬ ਬੱਦਲ। ੨੭ ਸ਼ੇਰ। ੨੮ ਰਾਤ. ਰਾਤ੍ਰਿ। ੨੯ ਪ੍ਰਿਥਿਵੀ। ੩੦ ਪ੍ਰਕਾਸ਼. ਰੌਸ਼ਨੀ। ੩੧ ਦੀਵਾ. "ਸਾਰੰਗ ਮਾਹਿ ਪਤੰਗ ਪਰੈ ਨ ਡਰੈ." (ਗੁਰੁਸੋਭਾ) ੩੨ ਆਕਾਸ਼। ੩੩ ਚੰਦ੍ਰਮਾ। ੩੪ ਸੂਰਜ। ੩੫ ਡੱਡੂ। ੩੬ ਪਰਬਤ। ੩੭ ਇੱਕ ਰਾਗ, ਜੋ ਕਾਫੀ ਠਾਟ ਦਾ ਔੜਵ ਸ਼ਾੜਵ[218] ਹੈ. ਇਸ ਨੂੰ ਨਿਸ਼ਾਦ ਸ਼ੁੱਧ ਅਤੇ ਕੋਮਲ ਦੋਵੇਂ ਲਗਦੇ ਹਨ, ਬਾਕੀ ਸਾਰੇ ਸ਼ੁੱਧ ਸੁਰ ਹਨ. ਸਾਰੰਗ ਦੇ ਗਾਉਣ ਦਾ ਵੇਲਾ ਦੋਪਹਿਰਾ (ਮਧ੍ਯਾਨ) ਹੈ. ਸਾਰੰਗ ਵਿੱਚ ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ. ਆਰੋਹੀ ਵਿੱਚ ਧੈਵਤ ਵਰਜਿਤ ਹੈ, ਅਵਰੋਹੀ ਵਿੱਚ ਭੀ ਦੁਰਬਲ ਹੋ ਕੇ ਲਗਦਾ ਹੈ.

ਆਰੋਹੀ- ਸ ਰ ਮ ਪ ਨ ਸ

ਅਵਰੋਹੀ- ਸ ਧ ਨਾ ਪ ਮ ਰ ਸ.

ਇਸ ਰਾਗ ਦੇ ਕਈ ਭੇਦ ਹਨ. ਉੱਪਰ ਲਿਖਿਆ ਸ਼ੁੱਧ ਸਾਰੰਗ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੰਗ ਦਾ ਛਬੀਹਵਾਂ ਨੰਬਰ ਹੈ। ੩੮ ਸ਼ਹਿਦ ਦੀ ਮੱਖੀ। ੩੯ ਸੱਪ। ੪੦ ਸਮੁੰਦਰ। ੪੧ ਸ਼ਿਵ। ੪੨ ਹੱਥ (ਕਰ). ੪੩ ਜਮੀਨ ਵਾਹੁਣ ਦਾ ਸੰਦ. ਹਲ। ੪੪ ਕੱਜਲ। ੪੫ ਕਬੂਤਰ। ੪੬ ਕਰਤਾਰ। ੪੭ ਕੁਚ (ਥਣ). ੪੮ ਕਾਉਂ। ੪੯ ਕ੍ਰਿਸ਼ਨ- ਦੇਵ। ੫੦ ਉਹ ਛੱਪਯ, ਜਿਸ ਵਿੱਚ ੪੫ ਗੁਰੁ ਅਤੇ ੫੮ ਲਘੁ, ਕੁੱਲ ੧੦੩ ਅੱਖਰ ਹੋਣ। ੫੧ ਜਲ। ੫੨ ਦਿਨ। ੫੩ ਨਛਤ੍ਰ (ਤਾਰਾ). ੫੪ ਬਿਜਲੀ। ੫੫ ਖੰਜਨ (ਮਮੋਲਾ). ੫੬ ਮੋਤੀ। ੫੭ ਇਸਤ੍ਰੀ. ਨਾਰੀ। ੫੮ ਵਿ- ਰੰਗਿਆ ਹੋਇਆ। ੫੯ ਸੁੰਦਰ। ੬੦ ਰਸ ਸਹਿਤ. ਸ- ਰਸ.

ਦੇਖੋ, ਹੇਠ ਲਿਖੇ ਸਵੈਯੇ ਵਿੱਚ ਭਾਈ ਸੰਤੋਖ ਸਿੰਘ ਜੀ ਨੇ ਸਾਰੰਗ ਸ਼ਬਦ ਕਿਤਨਿਆਂ ਅਰਥਾਂ ਵਿੱਚ ਵਰਤਿਆ ਹੈ-

(ੳ) ਸਾਰੰਗ ਪੈ ਕਬਿ ਸਾਰੰਗ ਪੈ ਚੜ੍ਹਿ

ਸਾਰੰਗ ਸ਼ਤ੍ਰੁਨ ਕੋ ਬਲਿ ਸਾਰੰਗ,

(ਅ) ਸਾਰੰਗ ਜਯੋਂ ਜਗ ਮੇ ਕੁਲ ਸਾਰੰਗ,

ਸਾਰੰਗ ਗਯਾਨ ਪ੍ਰਕਾਸ਼ਨ ਸਾਰੰਗ,

(ੲ) ਸਾਰੰਗ ਦਾਸਨ ਕੋ ਪ੍ਰਿਯ ਸਾਰੰਗ

ਸਾਰੰਗ ਦੋਸ਼ਨ ਕੋ ਸਮ ਸਾਰੰਗ,

(ਸ) ਸਾਰੰਗਪਾਣਿ ਭਯੋ ਨਰ ਸਾਰੰਗ

ਸਾਰੰਗ ਸ਼੍ਰੀ ਹਰਿਗੋਬਿੰਦ ਸਾਰੰਗ.

ਅਰਥ-

(ੳ) ਸਾਰੰਗ (ਘੋੜੇ) ਤੇ ਕਦੇ ਸਾਰੰਗ (ਹਾਥੀ) ਤੇ ਸਵਾਰ ਹੁੰਦੇ ਹਨ, ਸਾਰੰਗ (ਮ੍ਰਿਗ) ਵੈਰੀਆਂ ਨੂੰ ਬਲਵਾਨ ਸਾਰੰਗ (ਸ਼ੇਰ) ਹਨ.

(ਅ) ਸਾਰੰਗ (ਸੂਰਜ) ਸਮਾਨ ਜਗਤ ਵਿੱਚ ਵੰਸ਼ ਸਾਰੰਗ (ਉੱਜਲ) ਹੈ, ਗਯਾਨਰੂਪ ਸਾਰੰਗ (ਦੀਪਕ) ਨੂੰ ਰੌਸ਼ਨ ਕਰਨ ਲਈ ਸਾਰੰਗ (ਅਗਨਿ) ਹਨ.

---

[217] ਇਸ ਦੀ ਵ੍ਯੁਤਪੱਤੀ ਭੀ ਪਹਿਲੇ ਅੰਗ ਵਾਲੀ ਹੈ. ਸ਼ਾਰ ਅਤੇ ਸਾਰ ਦੋਹਾਂ ਦਾ ਅਰਥ ਡੱਬਖੜੱਬਾ ਹੈ.

[218] ਔੜਵ ਸ਼ਾੜਵ ਤੋਂ ਭਾਵ ਹੈ ਕਿ ਆਰੋਹੀ ਵਿੱਚ ਪੰਜ ਸੁਰ ਅਤੇ ਅਵਰੋਹੀ ਵਿੱਚ ਭੀ.

(ੲ) ਸਾਰੰਗ (ਚਾਤ੍ਰਕ) ਦਾਸਾਂ ਨੂੰ ਪਜਾਰੇ ਸਾਰੰਗ (ਬੱਦਲ) ਹਨ, ਦੋਸ਼ਰੂਪ ਸਾਰੰਗ (ਡੱਡੂਆਂ) ਨੂੰ ਸਾਰੰਗ (ਸਰਪ) ਸਮਾਨ ਹਨ.

(ਸ) ਸਾਰੰਗਪਾਣਿ (ਵਿਸ਼ਨੁ) ਹੋ ਗਿਆ ਹੈ ਨਰ ਸਾਰੰਗ (ਨਰ ਸਿੰਘ- ਭਾਵ ਪੁਰਖਾਂ ਵਿਚੋਂ ਸ਼ਿਰੋਮਣਿ) ਸਾਰੰਗ (ਕਾਮ) ਅਤੇ ਸਾਰੰਗ (ਚੰਦ੍ਰਮਾ) ਦੀ ਸ਼੍ਰੀ (ਸ਼ੋਭਾ ਰੂਪ) ਗੁਰੂ ਹਰਿਗੋਬਿੰਦ ਸਾਹਿਬ ਹਨ.

ਸਾਰੰਗਗ੍ਰ, ਸਾਰੰਗਗ੍ਰਾ: ਸੰਗਯਾ- ਸਾਰੰਗ (ਧਨੁਖ) ਦੇ ਅਗ (ਅੱਗੇ) ਜੋੜਿਆ ਜਾਣ ਵਾਲਾ, ਤੀਰ. (ਸਨਾਮਾ)

ਸਾਰੰਗਧਰ: ਦੇਖੋ, ਸਾਰਗਪਾਣਿ. ਸਾਰੀ ਪ੍ਰਿਥਿਵੀ ਨੂੰ ਧਾਰਨ ਵਾਲਾ, ਕਰਤਾਰ। ੨. ਸਾਰੰਗ ਧਨੁਖ ਦੇ ਧਾਰਨ ਵਾਲਾ ਵਿਸ਼ਨੁ.

ਸਾਰੰਗਪਾਣਿ, ਸਾਰੰਗਪਾਣੀ: ਦੇਖੋ, ਸਾਰਗਪਣਿ. "ਸਾਧ ਸੰਗਿ ਮਿਲੇ ਸਾਰੰਗਪਾਣੀ." (ਮਾਝ ਮਃ ੫)

ਸਾਰੰਗਾਰਿ: ਸੰਗਯਾ- ਖੜਗ, ਜੋ ਸਾਰੰਗ (ਧਨੁਖ) ਦਾ ਵੈਰੀ ਹੈ. (ਸਨਾਮਾ) ਦੇਖੋ, ਸਾਰਿੰਗਾਰਿ.

ਸਾਰੰਗਿਕ: ਇੱਕ ਛੰਦ, ਜਿਸ ਦਾ ਲੱਛਣ ਹੈ, ਚਾਰ ਚਰਣ. ਪ੍ਰਤਿ ਚਰਣ ਨ, ਯ, ਸ. III, ISS, IIS.

ਉਦਾਹਰਣ-

ਗੁਰੁਜਨ ਸੇਵਾ ਕਰਿਯੇ,

ਹਿਤ ਕਰਿ ਸਿਖ੍ਯਾ ਧਰਿਯੇ. xxx

੨. ਪੰਛੀਆਂ ਨੂੰ ਫੜਕੇ ਜਾਂ ਮਾਰਕੇ ਆਪਣਾ ਨਿਰਬਾਹ ਕਰਨ ਵਾਲਾ. ਚਿੜੀਮਾਰ.

ਸਾਰੰਗੀ: ਸੰਗਯਾ- ਇੱਕ ਸਾਜ, ਜੋ ਸਾਰੰਗ (ਧਨੁਖ) ਜੇਹੇ ਗਜ ਨਾਲ ਵਜਾਈਦਾ ਹੈ। ੨. ਇੱਕ ਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਪੰਜ ਮਗਣ. ਪਹਿਲਾ ਵਿਸ਼੍ਰਾਮ ਅੱਠ ਅੱਖਰਾਂ ਪੁਰ, ਦੂਜ ਸੱਤ ਪੁਰ. SSS, SSS, SSS, SSS, SSS.

ਉਦਾਹਰਣ-

ਸੇਵੈਂ ਜਾਂਕੋ ਦੇਵੀ ਦੇਵਾ, ਪੂਜੈਂ ਸਾਧੂ ਸੰਗੀ ਹੈ. ਵ੍ਯਾਪ੍ਯੋ ਸਾਰੇ ਏਕੋ ਸ੍ਵਾਮੀ, ਭਾਸੈ ਨ੍ਯਾਨ੍ਯਾ ਰੰਗੀ ਹੈ. xxx 3. ਸ਼ਾਰੰਗ (ਮ੍ਰਿਗ) ਦੀ ਮਦੀਨ. ਹਰਿਣੀ। ੪. ਸੰ. ਸ਼ਾਰਙ੍ਗਿਨ ਵਿਸ਼ਨੁ, ਜੋ ਸ਼ਾਰੰਗ ਧਨੁਖ ਰਖਦਾ ਹੈ। ੫. ਵਿ- ਧਨੁਖਧਾਰੀ.

ਸਾਵੰ, ਸਾਵੰਭੌਮ: ਦੇਖੋ, ਸਾਰਬਭੌਮ ਅਤੇ ਸਾਰਵ.

ਸਾਲ: ਵਿ- ਸਾਰ. ਸ਼੍ਰੇਸ਼੍ਠ. ਉੱਤਮ. "ਕੋ ਸਾਲੁ ਜਿਵਾਹੇ ਸਾਲੀ." (ਵਾਰ ਮਾਰ ੩) ਜਵਾਹੇਂ ਅਤੇ ਧਾਨਾਂ ਵਿੱਚੋਂ ਕੇਹੜਾ ਉੱਤਮ ਹੈ? ਭਾਵ ਧਾਨ ਸ਼੍ਰੇਸ਼੍ਠ ਹਨ। ੨. ਸੰ. ਸ਼ਾਲ ਸੰਗਯਾ- ਸਾਲ ਦਾ ਬਿਰਛ. ਇਹ ਸਾਲ (ਸਾਲ ) ਭੀ ਸਹੀ ਹੈ. ਇਸ ਦੀ ਲੱਕੜ ਵਡੀ ਪੱਕੀ ਅਤੇ ਸਿੱਧੀ ਹੁੰਦੀ ਹੈ. ਖਾਸ ਕਰਕੇ ਛੱਤ ਵਿੱਚ ਇਸ ਦਾ ਵਰਤਾਉ ਬਹੁਤ ਹੁੰਦਾ ਹੈ. L. Vatica Robusta. "ਹਰੇ ਹਰੇ ਸਾਲ ਖਰੇ." (ਗੁਪ੍ਰਸੂ) ੩. ਇੱਕ ਜਾਤਿ ਦੀ ਮੱਛੀ. Ophiocephalus Wrahl । ੪. ਸ਼ਾਲਾ. ਘਰ. ਮੰਦਿਰ. "ਪ੍ਰਹਲਾਦ ਪਠਾਏ ਪੜਨਸਾਲ." (ਬਸੰ ਕਬੀਰ) "ਊਚੇ ਮੰਦਰ ਸਾਲ ਰਸੋਈ." (ਸੂਹੀ ਰਵਿਦਾਸ) ਰਸੋਈਸ਼ਾਲਾ. ਪਾਕਸ਼ਾਲਾ। ੫. ਸੱਲ. ਵੇਧ. ਦੇਖੋ, ਸ਼ਲ ਧਾ. "ਦੀਨਦਯਾਲ ਵੈਰੀਸਾਲ." (ਅਕਾਲ) ਦੇਖੋ, ਵੈਰੀਸਾਲ। ੬. ਸ਼ਾਲਿਹੋਤ੍ਰ ਨਾਮਕ ਇੱਕ ਮੁਨਿ, ਜਿਸ ਨੇ ਘੋੜਿਆਂ ਦੇ ਪੰਖ ਇੰਦ੍ਰ ਦੀ ਆਗਯਾ ਨਾਲ ਕੱਟ ਦਿੱਤੇ ਸਨ. ਆਖਦੇ ਹਨ ਕਿ ਪਹਿਲੇ ਘੋੜਿਆਂ ਦੇ ਖੰਭ ਹੋਇਆ ਕਰਦੇ ਅਤੇ ਉਹ ਪੰਛੀਆਂ ਵਾਙ ਆਕਾਸ਼ ਵਿੱਚ ਉਡਦੇ. "ਸਾਲ ਮੁਨੀਸਰ ਕਾਟੇ ਹੁਤੇ ਬ੍ਰਿਜ ਰਾਜ ਮਨੋ ਤਿਹ ਪੰਖ ਬਨਾਵਤ." (ਕ੍ਰਿਸਨਾਵ) ਕ੍ਰਿਸਨ ਜੀ ਨੇ ਪੰਖਦਾਰ ਤੀਰ ਮਾਰਕੇ ਘੋੜਿਆਂ ਦੇ ਸ਼ਰੀਰ ਅਜੇਹੇ ਕਰ ਦਿੱਤੇ, ਮਾਨੋ ਸ਼ਾਲ ਦੇ ਕੱਟੇ ਪੰਖ ਫੇਰ ਬਣਾਏ ਹਨ। ੭. ਸ਼ਾਵਲਯਾ (ਅਸਪਰਾ) ਦਾ ਸੰਖੇਪ. ਹੂਰ. "ਊਪਰ ਗਿੱਧ ਸਾਲ ਮੰਡਰਾਹੀਂ। ਤਰੇ ਸੂਰਮਾ ਜੁੱਧ ਮਚਾਹੀਂ." (ਚਰਿਤ੍ਰ ੫੨) ੮. ਫ਼ਾ. سال ਵਰ੍ਹਾ. ਸੰਮਤ. ਸੰਵਤਸਰ. ਦੇਖੋ, ਵਰਸ। ੯. شال ਸ਼ਾਲ. ਦੁਸ਼ਾਲੇ ਦੀ ਫਰਦ. ਪਸ਼ਮੀਨੇ ਦੀ ਚਾਦਰ. "ਸਿਰ ਪਰ ਸਤਗੁਰੁ ਸਾਲ ਸਜਾਈ." (ਗੁਪ੍ਰਸੂ) ੧੦. ਗੋਦੜੀ. ਕੰਥਾ.

ਸਾਲਸ: ਦੇਖੋ, ਸਾਲਿਸ। ੨. ਸੰ ਸਾਲਸ ਸ- ਆਲਸ. ਵਿ- ਕਮਜ਼ੋਰ। ੩. ਸੁਸਤ. ਆਲਸੀ. "ਦਸ ਕਰਮਨ ਕੇ ਸਾਲਸੀ ਕਾਯਾ

ਮਨ ਅਰੁ ਬਾਚ." (ਗੁਪ੍ਰਸੂ) ਦੇਖੋ, ਦਸਗੁਣ ਬ੍ਰਾਹਮਣ ਦੇ.

ਸਾਲਸਰਾਇ, ਸਾਲਸਰਾਯ: ਬਿਸੰਭਰਪੁਰ (ਬਿਸ਼ਨੁਪੁਰ)[219] ਦਾ ਜੌਹਰੀ, ਜੋ ਸਤਿਗੁਰੂ ਨਾਨਕ ਦੇਵ ਦਾ ਸਿੱਖ ਹੋਇਆ.

ਸਾਲਕ, ਸਾਲਕੁ: ਅ਼. سالک ਸਾਲਿਕ. ਵਿ- ਸਲੂਕ ਵਾਲਾ. ਪਰਮੇਸ਼੍ਵਰ ਦੇ ਰਾਹ ਚੱਲਣ ਵਾਲਾ. ਖ਼ੁਦਾਦੋਸ੍ਤ. "ਪੀਰ ਪੈਕਾਮਰ ਸਾਲਕ ਸਾਦਕ." (ਸ੍ਰੀ ਅਃ ਮਃ ੧) "ਸਾਲਕੁ ਮਿਤੁ ਨ ਰਹਿਓ ਕੋਈ." (ਸਵਾ ਮਃ ੧) ਦੇਖੋ, ਸੂਫੀ.

ਸਾਲਗਰਾਮ: ਦੇਖੋ, ਸਾਲਗ੍ਰਾਮ.

ਸਾਲਗਿਰਹ: ਵਰ੍ਸ਼ਗ੍ਰੰਥਿ. ਇੱਕ ਸਾਲ ਪਿੱਛੋਂ ਰੱਸੀ ਨੂੰ ਦਿੱਤੀ ਗੱਠ. ਪੁਰਾਣੇ ਸਮੇਂ ਜਦ ਲਿਖਣ ਦਾ ਰਿਵਾਜ ਨਹੀਂ ਸੀ ਤਦ ਹਰੇਕ ਇਸਤ੍ਰੀ ਪੁਰਖ ਦੇ ਨਾਉਂ ਦੀ ਖਾਸ ਚਿੰਨ੍ਹ ਲਾ ਕੇ ਘਰਾਂ ਵਿੱਚ ਰੱਸੀ ਰੱਖੀ ਜਾਂਦੀ ਅਤੇ ਉਸ ਵਿੱਚ ਜਨਮਦਿਨ ਨੂੰ ਗੰਢ ਦਿੱਤੀ ਜਾਂਦੀ. ਜਦ ਕਿਸੇ ਦੀ ਉਮਰ ਦੇਖਣੀ ਹੁੰਦੀ ਤਦ ਗੰਢਾਂ ਗਿਣਨ ਤੋਂ ਹਿਸਾਬ ਕੀਤਾ ਜਾਂਦਾ. ਵਰ੍ਹੇਗੰਢ. ਜਨਮਦਿਨ. ਵਰ੍ਹੀਣਾ.

ਸਾਲਗਿਰਾਮੁ, ਸਾਲਗ੍ਰਾਮ: ਸੰ. ਸ਼ਾਲਾਗ੍ਰਾਮ. ਸੰਗਯਾ- ਗੰਡਕੀ ਨਦੀ ਦੇ ਕਿਨਾਰੇ ਇੱਕ ਪਿੰਡ, ਜਿਸ ਦਾ ਨਾਉਂ ਸ਼ਾਲ ਬਿਰਛਾਂ ਤੋਂ ਪਿਆ ਹੈ। ੨. ਸ਼ਾਲਗ੍ਰਾਮ ਨਗਰ ਕੋਲੋਂ ਗੰਡਕੀ ਨਦੀ ਵਿੱਚੋਂ ਨਿਕਲਿਆ ਗੋਲ ਪੱਥਰ, ਜਿਸ ਉੱਪਰ ਚਕ੍ਰ ਦਾ ਚਿੰਨ੍ਹ ਹੁੰਦਾ ਹੈ. ਹਿੰਦੂ ਇਸ ਨੂੰ ਵਿਸ਼ਨੁ ਦੀ ਮੂਰਤੀ ਮੰਨਦੇ ਹਨ. "ਸਾਲਗਿਰਾਮੁ ਹਮਾਰੈ ਸੇਵਾ." (ਆਸਾ ਮਃ ੫) ਵਿਸ਼੍ਵਨਾਥ ਰੂਪ ਸ਼ਾਲਗ੍ਰਾਮ ਦੀ ਸਾਡੇ ਮਤ ਵਿੱਚ ਉਪਾਸਨਾ ਹੈ. "ਸ਼ਾਲਗ੍ਰਾਮ ਬਿਪ ਪੂਜ ਮਨਾਵਹੁ." (ਬਸੰ ਮਃ ੧) ਦੇਖੋ, ਤੁਲਸੀ.

ਸਾਲਣ, ਸਾਲਣਾ: ਵਿ- ਸ- ਲਵਣ. ਸਲੂਣਾ. ਨਮਕੀਨ। ੨. ਸੰਗਯਾ- ਨਮਕੀਨ ਭਾਜੀ. ਤਰਕਾਰੀ. "ਬਹੁ ਰਸ ਸਾਲਣੇ ਸਵਾਰਦੀ." (ਸਵਾ ਮਃ ੩) ਦੇਖੋ, ਸਾਲਨ.

ਸਾਲੱਤਾ: ਸੰ. ਸ਼ਯਾਲਪੁਤ੍ਰ. ਸਾਲੇ ਦਾ ਬੇਟਾ. ਸਾਲੇ ਦੀ ਸੰਤਾਨ. "ਸਹੁਰਾ ਸਸ ਸਾਲੀ ਸਾਲੱਤਾ." (ਭਾਗੁ ਕ)

ਸਾਲਨ: ਦੇਖੋ, ਸਾਲਣ। ੨. ਸਲੂਣਾ. ਮਾਸ. ਝਟਕਾ. "ਸਾਲਨ ਰਸ ਜਿਮ ਬਾਨੀਓ ਰੋਰਨ ਖਾਤ ਬਨਾਇ." (ਵਿਚਿਤ੍ਰ) ੩. ਕ੍ਰਿ- ਸੱਲਣਾ. ਛੇਦ ਕਰਨਾ. ਵੇਧਨਾ. "ਦੁਰਜਨ ਦਲ ਸਾਲਨ." (ਨਾਪ੍ਰ)

ਸਾਲਪਤ੍ਰ, ਸਾਲਪਤ੍ਰਾ: ਸਾਲ ਦਰਖ਼ਤ ਦਾ ਪੱਤਾ. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜ਼ਖ਼ਮੀ ਸਿੰਘਾਂ ਦੇ ਘਾਉ ਤੇ ਸਾਲਪਤ੍ਰ ਬੰਧਵਾਇਆ ਕਰਦੇ ਸਨ, ਜਿਸ ਤੋਂ ਜ਼ਖ਼ਮ ਛੇਤੀ ਰਾਜੀ ਹੋ ਜਾਂਦਾ ਸੀ.

"ਹੁਇ ਘਾਯਲ ਆਨੰਦਪੁਰ ਆਵੈਂ. xxx

ਸਾਲਪਤ੍ਰ ਸਤਿਗੁਰੁ ਤਿਸ ਦੇਤੁ,

ਇਕ ਦ੍ਵੈ ਦਿਨ ਮੇ ਬਨੈ ਸੁਚੇਤ." (ਗੁਪ੍ਰਸੂ)

ਵੈਦਕ ਵਿੱਚ ਭੀ ਸਾਲ ਨੂੰ ਘਾਉ ਦੇ ਮਿਟਾਉਣ ਵਾਲਾ ਲਿਖਿਆ ਹੈ. ਯਥਾ-

"ਤਰ੍ਜੋ ਵ੍ਰਣਹਰਸ਼੍ਚੈਵ ਸ਼੍ਲੇਸ਼੍ਮ ਰਕ੍ਤ ਪ੍ਰਕੋਪ ਹ੍ਰਤ."

(ਸ਼ਾਲਗ੍ਰਾਮ ਨਿਘੰਟੁ ਭੂਸ਼ਣ) ੨. ਸੰਸਕ੍ਰਿਤ ਗ੍ਰੰਥਾਂ ਵਿੱਚ ਸ਼ਾਲਪਤ੍ਰਾ ਨਾਉਂ "ਸਾਲਪਣੀ" ਦਾ ਭੀ ਹੈ, ਜਿਸ ਨੂੰ ਸਰਿਵਨ ਅਤੇ ਵਿਦਾਰਿਗੰਧ ਭੀ ਆਖਦੇ ਹਨ. L. Desmodium Gangeticum. ਇਹ ਭੀ ਘਾਉ ਮਿਟਾਣ ਵਾਲੀ ਬੂਟੀ ਹੈ.

ਸਾਲਬਾਹਨ: ਦੇਖੋ, ਸਾਲਿਬਾਹਨ. "ਸਯਾਲਕੋਟ ਕੇ ਦੇਸ ਮੇ ਸਾਲਬਾਹਨਾ ਰਾਵ." (ਚਰਿਤ੍ਰ ੯੭)

ਸਾਲਮਲੀ: ਸੰ. शाल्मली ਸ਼ਾਲਮਲੀ. ਸੰਗਯਾ- ਸਿੰਮਲ. ਸੇਂਮਰ. L. Bombax Haptaphyllum. "ਸਾਲਮਲੀ ਕੋ ਬਿਰਛ ਹੁਤੋ ਇਕ." (ਗੁਪ੍ਰਸੂ) ੨. ਭਾਗਵਤ ਅਨੁਸਾਰ ਇੱਕ ਦ੍ਵੀਪ ਜਿਸ ਵਿੱਚ ਸਿੰਮਲ ਦਾ ਭਾਰੀ ਬਿਰਛ ਹੈ. "ਸਾਲਮਲੀ ਸੋ

---

[219] ਇਹ ਬੰਗਾਲ ਦੇ ਜਿਲੇ ਬਾਂਕੁਰਾ ਦਾ ਪੁਰਾਣਾ ਸਦਰ ਹੈ.

ਦੀਪ ਸੁਹਾਵਾ." (ਨਾਪ੍ਰ) ਦੇਖੋ, ਦੀਪ.

ਸਾਲ ਮੁਨੀਸ੍ਵਰ: ਦੇਖੋ, ਸਾਲ ੬.

ਸਾਲ ਰਸੋਈ: ਸੰਗਯਾ- ਰਸੋਈਸ਼ਾਲਾ. ਪਾਕਸ਼ਾਲਾ. ਦੇਖੋ, ਸਾਲ ੪। ੨. ਸ਼ਾਲਿ (ਚਾਵਲਾਂ) ਦੀ ਰਸੋਈ.

ਸਾਲਾ: ਸੰ. स्याल. ਸਯਾਲ. ਵਹੁਟੀ ਦਾ ਭਾਈ. ਇਹ ਸ਼ਯਾਲ ਸ਼ਬਦ ਭੀ ਸਹੀ ਹੈ. ਇਸ ਲਈ ਸੰਸਕ੍ਰਿਤ 'ਸ਼ਯਾਲਕ' ਸ਼ਬਦ ਭੀ ਹੈ। ੨. ਸੰ. शाला ਸ਼ਾਲਾ. ਘਰ. ਮਕਾਨ.

ਸਾਲਾਹ: ਸੰਗਯਾ- ਸ਼ਲਾਘਾ. ਤਅ਼ਰੀਫ. ਉਸਤਤਿ "ਭੀ ਤੂ ਹੈ ਸਾਲਾਹਣਾ ਪਿਆਰੇ, ਭੀ ਤੇਰੀ ਸਾਲਾਹ." (ਸੋਰ ਅਃ ਮਃ ੧) ੨. ਦੇਖੋ, ਸਲਾਹ.

ਸਾਲਾਹਣਾ: ਦੇਖੋ, ਸਲਾਹਣਾ. ਸ਼ਲਾਘਨ. ਦੇਖੋ, ਸਾਲਾਹ. "ਬਿਨੁ ਸਾਚੈ ਹੋਰ ਸਾਲਾਹਣਾ ਜਾਸਹਿ ਜਨਮੁ ਸਭ ਖੋਇ." (ਵਡ ਅਃ ਮਃ ੩)

ਸਾਲਾਹਨਿ: ਸਲਾਹੁੰਦੇ ਹਨ. "ਹਿੰਦੂ ਸਾਲਾਹੀ ਸਾਲਾਹਨਿ." (ਵਾਰ ਆਸਾ) ਹਿੰਦੂ ਸ਼ਲਾਘਾ ਕਰਨ ਯੋਗਯ ਨੂੰ ਸਲਾਹੁੰਦੇ ਹਨ.

ਸਾਲਾਹਿ: ਸ਼ਲਾਘਾ ਕਰਕੇ. "ਸਾਲਾਹਿ ਸਾਚੇ ਮੰਨਿ ਸਤਿਗੁਰੁ" (ਧਨਾ ਛੰਤ ਮਃ ੧) ੨. ਸ਼ਲਾਘਾ ਕਰ. ਉਸਤਤਿ ਕਰ. "ਏਕੋ ਜਪਿ ਏਕੋ ਸਾਲਾਹਿ." (ਸੁਖਮਨੀ) ੩. ਸਲਾਹੁੰਦੇ ਹਨ. "ਸਾਲਾਹੀ ਸਾਲਾਹਿ." (ਜਪੁ) ਸ਼ਲਾਘਾ ਕਰਨ ਵਾਲੇ ਸਲਾਹੁੰਦੇ ਹਨ.

ਸਾਲਾਹਿਹਹੁ, ਸਾਲਾਹਿਹੁ: ਸ਼ਲਾਘਾ ਕਰੋ. ਵਡਿਆਓ. "ਭੀ ਸਾਲਾਹਿਹਹੁ ਸਾਚਾ ਸੋਇ (ਸੋਰ ਮਃ ੧) "ਸਾਲਾਹਿਹੁ ਭਗਤਹੁ ਕਰ ਜੋੜਿ." (ਵਾਰ ਸ੍ਰੀ ਮਃ ੪)

ਸਾਲਾਹੀ: ਵਿ- ਸ਼ਲਾਘਨੀਯ. ਉਸਤਤਿ ਯੋਗ। ੨. ਸੰਗਯਾ- ਕਰਤਾਰ. "ਸਾਲਾਹੀ ਸਚੁ ਸਾਲਾਹ ਸਚੁ." (ਵਾਰ ਗਉ ੧. ਮਃ ੪) ੩. ਮੰਤ੍ਰੀ. ਸਲਾਹ ਦੇਣ ਵਾਲਾ। ੪. ਸਲਾਹੁਣ ਵਾਲਾ। ੫. ਦੇਖੋ, ਸਾਲਾਹੀਂ.

ਸਾਲਾਹੀਂ: ਮੈ ਸਲਾਹੁਨਾ ਹਾਂ. "ਗੁਰੁ ਸਾਲਾਹੀਂ ਆਪਣਾ." (ਸੂਹੀ ਮਃ ੩)

ਸ਼ਾਲਾਮਾਰ ਬਾਗ: ਲਹੌਰ ਤੋਂ ਤਿੰਨ ਮੀਲ ਉੱਤਰ ਪੂਰਵ ਇੱਕ ਅੱਸੀ ਏਕੜ ਦਾ ਬਾਗ, ਜੋ ਉੱਚੇ ਨੀਵੇਂ ਤਿੰਨ ਦਰਜੇ ਰੱਖਕੇ ਬਾਦਸ਼ਾਹ ਸ਼ਾਹਜਹਾਂ ਨੇ ਸਨ ੧੬੩੪ ਵਿੱਚ ਆਪਣੇ ਅਹਿਲਕਾਰ ਅਲੀ ਮਰਦਾਨ ਖਾਂ ਦੀ ਮਾਰਫਤ ਤਿਆਰ ਕਰਵਾਇਆ. ਮੁੱਲਾ ਅਬਦੁਲਹਮੀਦ ਦੇ ਲੇਖ (ਬਾਦਸ਼ਾਹਨਾਮਹ) ਤੋਂ ਇਸ ਬਾਗ ਦੀ ਲਾਗਤ ਛੀ ਲੱਖ ਰੁਪਯਾ ਹੈ, ਬਰਨੀਅਰ (Bernier) ਲਿਖਦਾ ਹੈ ਕਿ ਇਸ ਬਾਗ ਤੇ ਦਸ ਲੱਖ ਪੌਂਡ ਖਰਚ ਆਇਆ ਹੈ. ਇਸ ਬਾਗ ਦੇ ਵਾਸਤੇ ਮਾਧੋਪੁਰ ਤੋਂ ਰਾਵੀ ਦੀ ਹਸਲੀ (ਨਹਿਰ) ਅਲੀ ਮਰਦਾਨ ਖਾਂ ਇੰਜਨੀਅਰ ਦੀ ਮਾਰਫਤ ਦੋ ਲੱਖ ਰੁਪਯਾ ਖਰਚ ਕਰਕੇ ਲਿਆਂਦੀ ਗਈ ਸੀ. ਇਸ ਬਾਗ ਦਾ ਨਾਉਂ ਪੁਰਾਣੀ ਕਿਤਾਬਾਂ ਵਿੱਚ "ਫ਼ਰਹ ਬਖ਼ਸ਼" ਭੀ ਦੇਖਿਆ ਜਾਂਦਾ ਹੈ. ਸ਼ਾਲਾਮਾਰ ਦੀ ਵਯਾਖਯਾ ਲੇਖ਼ਕਾਂ ਨੇ "ਆਨੰਦ ਦਾ ਘਰ" ਕੀਤੀ ਹੈ, ਜੋ ਦੋ ਸ਼ਬਦਾਂ ਦੇ ਮੇਲ ਤੋਂ ਹੈ. ਸੰਸਕ੍ਰਿਤ ਸ਼ਾਲਾ (ਘਰ) ਤੁਰਕੀ ਮਾਰ (ਆਨੰਦ). ਮੁਹੰਮਦ ਲਤੀਫ ਨੇ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਾ ਨਾਉਂ "ਸ਼ਾਹਲਾਬਾਗ" ਰੱਖਿਆ ਸੀ ਜਿਸ ਦਾ ਅਰਥ ਹੈ ਸ਼ਾਹਲਾ (ਮਾਸ਼ੂਕ) ਦਾ ਬਾਗ. ਜੇ ਅਸੀਂ "ਮਾਰ ਸ਼ਾਲਾ" (ਮਦਨ ਗ੍ਰਿਹ) ਕਲਪਨਾ ਕਰੀਏ ਤਦ ਭੀ ਅਯੋਗ ਨਹੀਂ ਹੈ.

ਇਸ ਬਾਗ ਦੇ ਵਿਚਕਾਰ ਇੱਕ ਵੱਡਾ ਸਾਰਾ ਤਾਲ ਹੈ, ਜਿਸਦੇ ਤੇਹਾਂ ਕਨਾਰਿਆਂ ਤੇ ਬੈਠਣ ਲਈ ਸੁੰਦਰ ਖੁਲੇ ਮਕਾਨ ਹਨ ਅਤੇ ਵਿਚਕਾਰ ਚਬੂਤਰਾ ਹੈ. ਇੱਥੇ ਬੈਠਕੇ ਲਹਿਰੀਏਦਾਰ ਪੱਥਰ ਦੀ ਚਾਦਰ ਉੱਪਰਦੀਂ ਝਰਦਾ ਪਾਣੀ ਬਹੁਤ ਹੀ ਸੁੰਦਰ ਪ੍ਰਤੀਤ ਹੁੰਦਾ ਹੈ. ਇਸੇ ਆਬਸ਼ਾਰ ਨੂੰ ਵੇਖਕੇ ਔਰੰਗਜ਼ੇਬ ਦੀ ਪੁਤ੍ਰੀ ਜ਼ੇਬੁੱਨਿਸਾ ਨੇ ਇਹ ਕਵਿਤਾ ਰਚੀ ਸੀ.

اے آبشاء نوحہ گراز بہریستی چیں بر جبیں فگندہ زاندوہ کیسی

آیاچہ درّد بوُد کہ چوُں ما تمام شب سر را بسنگ مے زوی و مے کریستی

ਅਰਥਾਤ-

ਹੇ ਡਿਗਦੇ ਪਾਣੀ ਦੇ ਝਰਣੇ ! ਤੂੰ ਕਿਸ ਲਈ ਵਿਰਲਾਪ ਕਰਦਾ ਹੈਂ?

ਤੈਂ ਕਿਸ ਦੇ ਗਮ ਵਿੱਚ ਮੱਥੇ ਤੇ ਤਿਉੜੀਆਂ ਪਾਈਆਂ ਹਨ?

ਤੈਨੂੰ ਕੀ ਦੁੱਖ ਸੀ ਕਿ ਸਾਰੀ ਰਾਤ ਸਾਡੇ ਵਾਂਙ,

ਸਿਰ ਨੂੰ ਪੱਥਰ ਤੇ ਮਾਰਕੇ ਰੋਂਦਾ ਰਿਹਾ ਹੈਂ?

ਸ਼ਾਲਾਮਾਰ ਦੇ ਫੁਹਾਰੇ (ਜਲਯੰਤ੍ਰ) ਬਹੁਤ ਮਨੋਹਰ ਹਨ. ਹੁਣ ਇਸ ਥਾਂ ਮਾਨਯੋਗ ਸੱਜਨਾਂ ਅਤੇ ਸਰਕਾਰੀ ਕਰਮਚਾਰੀਆਂ ਨੂੰ ਦਾਵਤ ਦਿੱਤੀ ਜਾਂਦੀ ਹੈ.

ਇਸ ਬਾਗ ਦੀ ਪਹਿਲੀ ਮੰਜਿਲ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਣਵਾਈ ਇੱਕ ਤਿਦਰੀ ਹੈ, ਜਿਸ ਹੇਠ ਤੈਹਖਾਨਾ ਹੈ. ਇਸ ਥਾਂ ਤੁਰਕਿਸਤਾਨ ਨੂੰ ਜਾਂਦਾ ਹੋਇਆ ਵਿਲੀਅਮ ਮੂਰਕ੍ਰਾਫਟ (William Moorcroft) ਸਨ ੧੮੨੦ ਵਿੱਚ ਠਹਿਰਿਆ ਸੀ।

ਸਾਲਾਰ: ਦੇਖੋ, ਸਲਾਰ.

ਸਾਲਿ: ਸੰ. ਸ਼ਲਿ. ਸੰਗਯਾ- ਧਾਨ। ੨. ਚਾਉਲ.

ਸਾਲਿਸ: ਅ਼. ثالث ਸਾਲਿਸ. ਵਿ- ਤੀਜਾ. ਤੀਸਰਾ. ਤ੍ਰਿਆਕਲ। ੨. ਸੰਗਯਾ- ਵਾਦੀ ਪ੍ਰਤਿ ਵਾਦੀ ਤੋਂ ਭਿੰਨ ਤੀਜਾ ਮਧ੍ਯਸਥ. ਵਿੱਚ ਪੈ ਕੇ ਫੈਸਲਾ ਕਰਾਉਣ ਵਾਲਾ. "ਸਾਲਿਸ ਸਿਹਿੰਦਾ ਸਿੱਧਤਾਈ ਕੋ ਸਿਧਿੰਦਾ." (ਗ੍ਯਾਨ)

ਸ਼ਾਲਿਹੋਤ੍ਰ: ਸੰ. ਸੰਗਯਾ- ਘੋੜਾ. ਯੱਗ ਵਿੱਚ ਘੋੜੇ ਨੂੰ ਸ਼ਾਲਿ (ਧਾਨਾਂ) ਦੀ ਬਲੀ ਦਿੱਤੀ ਜਾਂਦੀ ਸੀ ਇਸ ਕਾਰਣ ਨਾਉਂ ਸ਼ਾਲਿਹੋਤ੍ਰ ਹੋਇਆ। ੨. ਇੱਕ ਰਿਖੀ, ਜਿਸ ਨੇ ਘੋੜਿਆਂ ਦੇ ਲੱਛਣ, ਇਲਾਜ ਆਦਿਕ ਲਿਖੇ ਹਨ. ਇਸ ਨੇ ਘੋੜਿਆਂ ਦੇ ਪੰਖ ਇੰਦ੍ਰ ਦੇ ਆਖੇ ਵੱਢੇ ਸਨ. ਦੇਖੋ, ਸਾਲ ੬। ੩. ਸ਼ਾਲਿਹੋਤ੍ਰ ਦਾ ਲਿਖਿਆ ਗ੍ਰੰਥ, ਜਿਸ ਵਿੱਚ ਘੋੜੇ ਅਤੇ ਪਸ਼ੂਆਂ ਦੀ ਹਕੀਮੀ ਹੈ. ਸ਼ਾਲਿਹੋਤ੍ਰਵਿਦ੍ਯਾ. Veterinary Science.

ਸਾਲਿਹੋਤ੍ਰੀ: ਵਿ- ਸ਼ਾਲਿਹੋਤ੍ਰ ਦਾ ਗ੍ਯਾਤਾ. Veterinarian । ੨. ਸੰਗਯਾ- ਘੋੜਿਆਂ ਅਤੇ ਪਸ਼ੂਆਂ ਦਾ ਡਾਕਟਰ. ਸਲੋਤ੍ਰੀ.

ਸਾਲਿਕ: ਦੇਖੋ, ਸਾਲਕ ਅਤੇ ਸੂਫੀ. "ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ." (ਆਸਾ ਮਃ ੧)

ਸਾਲਿਕਾਂ: ਸਾਲਿਕ ਦਾ ਬਹੁ ਵਚਨ. ਦੇਖੋ, ਸਾਲਕ। ੨. ਸਾਲਿਕਾਂ ਨੂੰ.

ਸਾਲਿਗਰਾਮ: ਦੇਖੋ, ਸਾਲਗ੍ਰਾਮ.

ਸਾਲਿਬਾਹਨ: ਸੰ. ਸ਼ਾਲਿਵਾਹਨ. ਭਾਰਤ ਦੇ ਦੱਖਣ ਇੱਕ ਪ੍ਰਤਾਪੀ ਰਾਜਾ ਹੋਇਆ ਹੈ, ਜੋ ਵਿਕ੍ਰਮਾਦਿਤ੍ਯ ਦਾ ਵੈਰੀ ਸੀ. ਇਸ ਨੇ ਆਪਣਾ ਸਾਲ (ਸ਼ਕਾਬਦ) ਸਨ ਈਃ ੭੮ ਤੋ ਚਲਾਇਆ ਹੈ. ਇਸ ਦੀ ਰਾਜਧਾਨੀ ਗੋਦਾਵਰੀ ਦੇ ਕਿਨਾਰੇ ਪ੍ਰਤਿਸ਼੍ਠਾਨ ਨਾਮੇ ਸੀ, ਜੋ ਹੁਣ ਨਜਾਮ ਦੇ ਰਾਜ ਵਿੱਚ ਔਰੰਗਾਬਾਦ ਦੇ ਜ਼ਿਲੇ "ਪੈਥਾਨ" ਨਾਉਂ ਤੋਂ ਪ੍ਰਸਿੱਧ ਹੈ. ਪੁਰਾਣੇ ਗ੍ਰੰਥਾਂ ਵਿੱਚ ਇਸ ਦਾ ਨਾਉਂ ਬ੍ਰਹਮਪੁਰੀ ਭੀ ਆਇਆ ਹੈ. ਸ਼ਾਲਿਵਾਹਨ ਨੇ ਪੰਜਾਬ ਫਤੇ ਕਰਕੇ ਸ਼ਾਲਿਵਾਹਨਕੋਟ (ਸਯਾਲਕੋਟ) ਵਸਾਇਆ. ਇਸ ਦੇ ਬਲੰਦ, ਰਸਾਲੂ, ਪੂਰਨ, ਸੁੰਦਰ, ਲੇਖ ਆਦਿ ੧੬. ਪੁਤ੍ਰ ਹੋਏ ਹਨ. ਇਸ ਦੀ ਮੌਤ ਕਾਰੂਰ ਦੇ ਜੰਗ ਵਿੱਚ ਹੋਈ. ਇਸ ਨੂੰ ਕਈ ਗ੍ਰੰਥਾਂ ਵਿੱਚ ਸ਼ਤਵਾਹਨ ਭੀ ਲਿਖਿਆ ਹੈ. ਦੇਖੋ, ਸਾਲਬਾਹਨ.

ਸਾਲਿਮ: ਅ਼. سالم ਵਿ- ਸੰਪੂਰਣ. ਪੂਰਾ. ਸਾਬਤ.

ਸਾਲਿਵਾਹਨ, ਸਾਲਿਵਾਹਨਕੋਟ: ਦੇਖੋ, ਸਾਲਿਬਾਹਨ.

ਸਾਲੀ: ਵਿ- ਸੱਲਨ ਵਾਲਾ. ਵੇਧਨ ਕਰਤਾ. "ਅਰਿ ਉਰ ਸਾਲੀ." (ਰਾਮਾਵ) ੨. ਸੰ. ਸ਼ਜਾਲੀ. ਸੰਗਜਾ- ਬਹੂ ਦੀ ਭੈਣ। ੩. ਸ਼ਾਲੀ. ਧਾਨ. ਚਾਵਲ. ਦੇਖੋ, ਸਾਲ ੧. ਅਤੇ ਸਾਲਿ.

ਸਾਲੁ: ਦੇਖੋ, ਸਾਲ। ੨. ਦੇਖੋ, ਸਾਲੂ.

ਸਾਲੂ: ਸੰ. शालु ਸੰਗਜਾ- ਲਾਲ ਰੰਗ ਦਾ ਵਸਤ੍ਰ। ੨. ਇਸਤ੍ਰੀਆਂ ਦੇ ਪਹਿਰਣ ਦਾ ਵਸਤ੍ਰ, ਜੋ ਧਾਰੀਦਾਰ ਹੁੰਦਾ ਹੈ। ੩. ਡਿੰਗ. ਸਾੜ੍ਹੀ. ਓਢਨੀ.

ਸਾਲੋ ਭਾਈ: ਸ੍ਰੀ ਗੁਰੂ ਰਾਮਦਾਸ ਜੀ ਦਾ ਅਨੰਨ ਸਿੱਖ, ਜਿਸ ਨੇ ਪੰਜਵੇਂ ਸਤਿਗੁਰੂ ਦੇ ਸਮੇਂ ਅਮ੍ਰਿਤਸਰ ਜੀ ਦੇ ਰਚਣ ਲਈ ਵਡੀ ਘਾਲ ਘਾਲੀ. ਇਹ ਅਮ੍ਰਿਤਸਰ ਜੀ ਦਾ ਕੋਤਵਾਲ ਸੀ. ਇਸ ਦੀ ਧਰਮਸ਼ਾਲਾ ਰਾਮਦਾਸ ਪੁਰ ਵਿੱਚ ਬਹੁਤ ਪ੍ਰਸਿੱਧ ਹੈ. ਭਾਈ ਸਾਲੋ ਦਾ ਦੇਹਾਂਤ ਸੰਮਤ ੧੬੮੫ ਵਿੱਚ ਹੋਇਆ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥੀਂ ਸਸਕਾਰ ਕੀਤਾ. ਇਸ ਮਹਾਤਮਾ ਦੀ ਸਮਾਧਿ ਧਰਮਸ਼ਾਲਾ ਪਾਸ ਹੈ.

ਸਾਲੋਕਜ: ਸੰਗਜਾ- ਉਪਾਸਕਾਂ ਦੀ ਮੰਨੀ ਹੋਈ ਇੱਕ ਮੁਕਤਿ, ਜਿਸ ਦਾ ਅਰਥ ਹੈ ਕਿ ਉਪਾਸਯ ਦੇਵਤਾ ਦੇ ਲੋਕ ਦੀ ਪ੍ਰਾਪਤੀ ਹੋਣੀ.

ਸਾਲੋਣਾ: ਦੇਖੋ, ਸਾਲਣਾ. ਲਵਣ (ਲੂਣ) ਸਹਿਤ. ਨਮਕੀਨ. "ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ." (ਸ੍ਰੀ ਮਃ ੧)

ਸਾਲੋਤਰੀ: ਦੇਖੋ, ਸਾਲਿਹੋਤ੍ਰ ਅਤੇ ਸਾਲਿਹੋਤ੍ਰੀ.

ਸਾਲੰਕਾਰ: ਅਲੰਕਾਰ (ਭੂਖਣ) ਸਾਥ। ੨. ਕਾਵ੍ਯ ਦੇ ਅਲੰਕਾਰ ਸਹਿਤ.

ਸ਼ਾਲ੍ਵ: ਸੌਭ ਦਾ ਰਾਜਾ, ਜਿਸ ਨੂੰ ਕਾਸ਼ੀ ਦੇ ਰਾਜਾ ਦੀ ਪੁਤ੍ਰੀ ਅੰਬਾ ਵਰਣਾ ਚਾਹੁੰਦੀ ਸੀ. ਭੀਸ਼ਮ ਅੰਬਾ ਨੂੰ ਜੰਗ ਵਿੱਚ ਜਿੱਤਕੇ ਜਦ ਲਿਆਇਆ, ਤਾਂ ਅੰਬਾ ਨੇ ਆਪਣੇ ਮਨ ਦਾ ਸੰਕਲਪ ਭੀਸ਼ਮ ਨੂੰ ਦੱਸਿਆ. ਭੀਸ਼ਮ ਨੇ ਅੰਬਾ ਨੂੰ ਸ਼ਾਲ੍ਵ ਪਾਸ ਭੇਜ ਦਿੱਤਾ, ਪਰ ਉਸ ਨੇ ਅੰਗੀਕਾਰ ਨਾ ਕੀਤੀ. ਦੇਖੋ, ਸਿਖੰਡੀ.

ਸ਼ਾਲ੍ਵ ਸ਼ਿਸ਼ੁਪਾਲ ਦਾ ਮਿਤ੍ਰ ਸੀ, ਜਦ ਕ੍ਰਿਸ਼ਨ ਜੀ ਨੇ ਸ਼ਿਸ਼ੁਪਾਲ ਮਾਰ ਦਿੱਤਾ, ਤਾਂ ਸ਼ਾਲ੍ਵ ਨੇ ਕ੍ਰਿਸ਼ਨ ਜੀ ਉੱਪਰ ਚੜ੍ਹਾਈ ਕੀਤੀ ਅਤੇ ਜੰਗ ਵਿੱਚ ਕ੍ਰਿਸ਼ਨ ਜੀ ਦੇ ਹੱਥੋਂ ਮਾਰਿਆ ਗਿਆ.

ਸਾਵ: ਸੰ. ਸ਼ਾਵ. ਸੰਗਜਾ- ਬੱਚਾ. "ਰਾਨਿਨ ਰਾਵ ਸਵਾਨਿਨ ਸਾਵ." (ਪਾਰਸਾਵ) ੨. ਵਿ- ਸ਼ਵ (ਮੁਰਦੇ) ਨਾਲ ਹੈ ਜਿਸ ਦਾ ਸੰਬੰਧ. ਮੁਰਦੇ ਦਾ. ੩. ਸੰਗਜਾ- ਮਰਘਟ. ਸ਼ਮਸ਼ਾਨ.

ਸਾਵਕ, ਸਾਵਕਾ: ਸੰ. ਸ਼ਾਵਕ. ਬੱਚਾ. "ਬਾਪੁ ਸਾਵਕਾ ਕਰੈ ਲਰਾਈ." (ਆਸਾ ਕਬੀਰ) ਬਾਪ ਬੱਚਿਆਂ ਨਾਲ ਝਗੜਾ ਕਰਦਾ ਹੈ. ਦੇਖੋ, ਸਾਸੁ ਕੀ ਦੁਖੀ.

ਸਾਵਗ, ਸਾਵਗੀ: ਸਾਵੇ (ਹਰੇ) ਰੰਗ ਦੀ ਦਾਖ. ਸੁਕਾਇਆ ਹੋਇਆ ਬੇਦਾਨਾ ਅੰਗੂਰ. "ਬਹੁ ਸਾਵਗ ਗਰੀ ਬਦਾਮੰ." (ਗੁਪ੍ਰਸੂ) "ਦਧਿ ਮਹਿ ਅਧਿਕ ਸਾਵਗੀ ਪਾਈ." (ਗੁਪ੍ਰਸੂ)

ਸਾਵਜ: ਪ੍ਰਾ. ਸੰਗਜਾ- ਜੰਗਲੀ ਹਾਥੀ. ਸੰ. सामज ਸਾਮਜ. ਦੇਖੋ, ਸਾਮਜ. "ਜੇ ਭਵ ਸਾਵਜ ਕਰਹਿਂ ਅਤੰਕਾ। ਨਾਮ ਕੇਹਰੀ ਤਕਹਿਂ ਸੁ ਅੰਕਾ॥" (ਨਾਪ੍ਰ) ੨. ਜਲ ਨਾਲ ਲੱਦਿਆ ਹੋਇਆ ਬੱਦਲ. "ਸੁ ਛਬਿ ਸਾਵਜ ਤੜਤਾਕ੍ਰਿਤਿ." (ਪਾਰਸਾਵ)

ਸਾਵਜਨੀ: ਸੰਗਜਾ- ਗਜਸੈਨਾ. ਸਾਵਜ (ਸਾਮਜ) ਸੈਨਾ. ਹਾਥੀਆਂ ਦੀ ਫੌਜ. (ਸਨਾਮਾ)

ਸਾਵਜਾ: ਸੰ. ਵਿ- ਬੱਚੇ ਪੈਦਾ ਕਰਨ ਵਾਲੀ. ਦੇਖੋ, ਸਾਵ.

ਸਾਵਣ: ਸੰ. श्रावण ਸ਼੍ਰਾਵਣ. ਸੰਗਜਾ- ਸ਼੍ਰਵਣ ਨਛਤ੍ਰ ਹੋਵੇ ਜਿਸ ਦੀ ਪੂਰਣਮਾਸੀ ਵਿੱਚ, ਐਸਾ ਮਹੀਨਾ. ਸਾਉਣ.

ਸਾਵਣ ਮੱਲ: ਬਾਬਾ ਸਾਉਣ (ਅਥਵਾ ਸਾਵਣ) ਮੱਲ ਜੀ ਸ੍ਰੀ ਗੁਰੂ ਅਮਰਦੇਵ ਜੀ ਦੇ ਭਤੀਜੇ ਸਨ. ਗੋਇੰਦਵਾਲ ਵਿੱਚ ਗੁਰਦ੍ਵਾਰਾ ਅਤੇ ਸੰਗਤ ਲਈ ਮਕਾਨ ਬਣਾਉਣ ਲਈ ਜਦ ਕਾਠ ਦੀ ਜਰੂਰਤ ਹੋਈ ਤਦ ਇਨ੍ਹਾਂ ਨੂੰ ਹਰੀਪੁਰ ਵੱਲ ਪਹਾੜੀ ਲੱਕੜੀ ਲਿਆਉਣ ਲਈ ਭੇਜਿਆ ਗਿਆ. ਉਸ ਥਾਂ ਜਾਕੇ ਇਨ੍ਹਾਂ ਨੇ ਧਰਮ ਪ੍ਰਚਾਰ ਕੀਤਾ. ਰਾਜਾ ਹਰੀਪੁਰ ਨੂੰ ਗੁਰੂ ਸਾਹਿਬ ਦੀ ਸੇਵਾ ਵਿੱਚ ਲਿਆਕੇ ਪਰਿਵਾਰ ਸਮੇਤ ਸਿੱਖ ਬਣਾਇਆ. ਸ਼੍ਰੀ ਗੁਰੂ ਅਮਰਦੇਵ ਜੀ ਨੇ ਇਸ ਨੂੰ ਪ੍ਰਚਾਰਕ ਥਾਪਕੇ ਮੰਜੀ ਬਖ਼ਸ਼ੀ.

ਭ੍ਰਾਤਾ ਕੋ ਇਕ ਸੁਤ ਹੁਤੋ ਸਾਵਣ ਮਲ ਨਾਮੁ,

ਨਿਕਟ ਹਕਾਰਜੋ ਤਾਹਿ ਕੋ ਬੋਲੇ ਸੁਖਧਾਮੁ,

ਰਾਜ ਹਰੀਪੁਰ ਕੋ ਜਹਾਂ ਤਹਿਂ ਗਮਨ ਕਰੀਜੈ,

ਦੀਰਘ ਦਾਰੁ ਸਮੂਹ ਜੋ ਨਿਜ ਪੁਰੀ ਅਨੀਜੈ. (ਗੁਪ੍ਰਸੂ) ੨. ਦੇਖੋ, ਸਾਵਨ ਮੱਲ ੨.

ਸਾਵਣਿ, ਸਾਵਣੀ: ਸੰਗ੍ਯਾ- ਸਾਉਣੀ ਫ਼ਸਲ. ਖ਼ਰੀਫ. "ਸਾਵਣੀ ਸਚੁਨਾਉ." (ਵਾਰ ਮਲਾ ਮਃ ੧) ੨. ਸ਼੍ਰਾਵਣੀ. ਸਾਉਣ ਦੀ ਪੂਰਣਮਾਸੀ. ੩. ਸ਼੍ਰਾਵਣ (ਸਾਉਣ) ਵਿੱਚ."ਨਾਨਕ ਸਾਵਣਿ ਜੇ ਵਸੈ." (ਵਾਰ ਮਲਾ ਮਃ ੧) ਜੇ ਸ਼੍ਰਾਵਣ ਵਿੱਚ ਵਰਸੇ.

ਸਾਵਣੁ: ਦੇਖੋ, ਸਾਵਣ. "ਸਾਵਣੁ ਆਇਆ ਹੇ ਸਖੀ." (ਵਾਰ ਮਲਾ ਮਃ ੨) ੨. ਸਾਵਣੀ ਫਸਲ. ਖਰੀਫ. "ਸਾਵਣੁ ਰਾਤਿ ਅਹਾੜੁ ਦਿਹੁ." (ਵਾਰ ਰਾਮ ੧. ਮਃ ੧) ਦੇਖੋ, ਅਹਾੜੁ.

ਸਾਵਤ, ਸਾਂਵਤ: ਡਿੰਗ. ਯੋਧਾ. ਸ਼ੂਰਵੀਰ. ਦੇਖੋ, ਸਾਮੰਤ।

ਸਾਂਵਤਸਰਿਕ: ਸੰ. सांवत्सरिक. ਵਿ- ਸਾਲਾਨਾ. ਵਰ੍ਹੇ ਨਾਲ ਹੈ ਜਿਸ ਦਾ ਸੰਬੰਧ। ੨. ਸੰਗ੍ਯਾ- ਜ੍ਯੋਤਿਸ਼ੀ. ਵਰ੍ਸ਼ਫਲ ਦਾ ਵਿਚਾਰ ਕਰਨ ਵਾਲਾ.

ਸਾਵਧਾਨ: ਸੰ. ਵਿ- ਅਵਧਾਨ (ਚਿੱਤ ਦੀ ਏਕਾਗ੍ਰਤਾ) ਸਹਿਤ. "ਅਪਨੇ ਪ੍ਰਭੁ ਸਿਉ ਹੋਹੁ ਸਾਵਧਾਨ." (ਗਉ ਮਃ ੫) ੨. ਹੋਸ਼ਿਆਰ. ਸਚੇਤਨ. "ਸਾਵਧਾਨ ਏਕਾਗਰ ਚੀਤ." (ਸੁਖਮਨੀ)

ਸਾਵਨ: ਦੇਖੋ, ਸਾਵਣ। ੨. ਦੇਖੋ, ਸਵੈਯੇ ਦਾ ਰੂਪ ੧੮.

ਸਾਵਨ ਮੱਲ: ਦੇਖੋ, ਸਾਵਣ ਮੱਲ। ੨. ਮੂਲ ਰਾਜ ਦਾ ਪਿਤਾ ਦੀਵਾਨ ਸਾਵਨ ਮੱਲ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਨ ੧੮੨੧ ਵਿੱਚ ਮੁਲਤਾਨ ਦਾ ਗਵਰਨਰ ਥਾਪਿਆ. ਇਹ ਵਡਾ ਨਿਆਕਾਰੀ ਹਾਕਮ ਸੀ. ਇਸ ਨੇ ਇੱਕ ਵੇਰ ਆਪਣੇ ਪੁਤ੍ਰ ਨੂੰ ਭੀ ਕਿਸੇ ਕਸੂਰ ਦੇ ਬਦਲੇ ਭਾਰੀ ਸਜਾ ਦਿੱਤੀ ਸੀ. ਸਨ ੧੮੪੪ ਵਿੱਚ ਇੱਕ ਦੋਸ਼ੀ ਦੇ ਹੱਥੋਂ ਇਸ ਦਾ ਦੇਹਾਂਤ ਹੋਇਆ.

ਸਾਵਯਵ: ਅਵਯਵ (ਅੰਗ) ਸਹਿਤ.

ਸ਼ਾਵਰ: ਸੰ. ਸ਼ਵਰ (ਸ਼ਿਵ) ਦਾ ਕਥਨ ਕੀਤਾ ਤੰਤ੍ਰ ਸ਼ਾਸਤ੍ਰ। ੨. ਪਾਪ. ਗੁਨਾਹ.

ਸਾਵਰਤ: ਸੰ. ਸ਼ਾਮਿਤ੍ਰ. ਸੰਗ੍ਯਾ- ਸ਼ਮਨ ਕਰਨ ਦੀ ਥਾਂ. ਕਤਲਗਾਹ. "ਕਿ ਸਾਵਰਤ ਪੂਰੰ." (ਪਾਰਸਾਵ) ੨. ਵਿ- ਸ-ਆਵਰ੍ਤੰ. ਘੁੰਮਣਵਾਣੀ ਸਹਿਤ.

ਸਾਂਵਰਤ: ਸੰ. सांवर्त्त. ਸੰਗ੍ਯਾ- ਮੇਘਾਂ ਦਾ ਰਾਜਾ. ਉਹ ਦੇਵਤਾ, ਜਿਸ ਦੇ ਅਧੀਨ ਮੇਘਮਾਲਾ ਰਹਿੰਦੀ ਹੈ.

ਸਾਵਰਾ, ਸਾਵਲ: ਸੰ. ਸ਼ਜਾਮਲ. ਵਿ- ਸਾਉਲਾ. "ਸਾਵਲ ਸੁੰਦਰ ਰੂਪ ਬਣਾਵਹਿ." (ਮਾਰੂ ਸੋਲਹੇ ਮਃ ੫) ੨. ਮਨੋਹਰ.

ਸਾਵਲਸ਼ਾਹ: ਵੈਸ਼ਨਵ ਭਗਤਾਂ ਦੇ ਨਿਸ਼ਚੇ ਅਨੁਸਾਰ ਨਰਸੀ ਭਗਤ ਦੀ ਹੁੰਡੀ ਤਾਰਨ ਲਈ ਵਿਸ਼ਨੁ ਭਗਵਾਨ ਦੀ ਧਾਰਨ ਕੀਤੀ ਸ਼ਾਹੂਕਾਰ ਦੀ ਮੂਰਤੀ. ਦੇਖੋ, ਨਰਸੀ ਅਤੇ ਭਗਤਮਾਲ.

ਸਾਵਲਸ਼ਾਹੀ, ਸਾਵਲ ਸਿੰਘ, ਸਾਵਲਪੰਥੀ: ਗੁਰਸਿੱਖ ਸਾਵਲ ਸਿੰਘ ਦੇ ਉਪਦੇਸ਼ ਉੱਪਰ ਚੱਲਣ ਵਾਲੇ ਲੋਕ, ਜੋ ਡੇਰਾ

ਇਸਮਾਈਲਖਾਂ, ਮੁੱਜਫਰਗੜ੍ਹ ਅਤੇ ਮੁਲਤਾਨ ਵਿੱਚ ਪਾਏ ਜਾਂਦੇ ਹਨ, ਇਸ ਫਿਰਕੇ ਵਿੱਚ ਕੇਸ਼ਧਾਰੀ ਅਤੇ ਸਹਿਜਧਾਰੀ ਦੋਵੇਂ ਹਨ.

ਸਾਵਲਾ, ਸਾਂਵਲਾ, ਸਾਵਲੀਓ, ਸਾਵਲੀਆ: ਸ਼ਜਾਮਲ. ਦੇਖੋ, ਸਾਵਲ. "ਜਨੁ ਡਸੇ ਭੁਜੰਗਮ ਸਾਵਲੇ." (ਚੰਡੀ ੩) "ਤੂ ਧਨੁ ਕੇਸੋ ਸਾਵਲੀਓ." (ਮਾਲੀ) ਨਾਮਦੇਵ

ਸਾਵਾ: ਵਿ- ਹਰਾ. ਸਬਜ਼। ੨. ਸੰ. ਸ਼ਜਾਵ. ਕਾਲਾ ਤੇ ਪੀਲਾ ਮਿਲਿਆ ਰੰਗ.

ਸਾਂਵਾਂ: ਸੈਵ. ਉਹੀ। ੨. ਤੁੱਲ. ਬਰਾਬਰ। ੩. ਦੇਖੋ, ਸਾਮਾ.

ਸਾਵਾਣੀ, ਸਾਵਾਨੀ: ਸ੍ਵਯੰ- ਆਣੀ. ਵਿਆਹਕੇ ਆਪ ਲਿਆਂਦੀ ਹੋਈ. ਸ੍ਵਕੀਯਾ. ਧਰਮਪਤਨੀ. "ਤੂੰ ਸਾਵਾਣੀ ਹੈਂ ਕਿ ਸੁਰੀਤਾ?" (ਭਾਗੁ ਕ) ਦੇਖੋ, ਸੁਰੀਤਾ.

ਸਾਵਿਤ੍ਰ: ਸੰ. ਸੂਰਜ। ੨. ਸ਼ਿਵ। ੩. ਵਿ- ਸੂਰਜਵੰਸ਼ੀ.

ਸਾਵਿਤ੍ਰਕਾ, ਸਾਵਿਤ੍ਰੀ: ਸੰ. ਸਾਵਿਤ੍ਰੀ. ਸੰਗਯਾ- ਹਿੰਦੂਆਂ ਦਾ ਧਰਮਮੰਤ੍ਰ ਗਾਯਤ੍ਰੀ। ੨. ਬ੍ਰਹਮਾ ਦੀ ਕੰਨਯਾ। ੩. ਕਈ ਪੁਰਾਣਾਂ ਅਨੁਸਾਰ ਬ੍ਰਹਮਾਂ ਦੀ ਇਸਤ੍ਰੀ. "ਕਿ ਸਾਵਿਤ੍ਰਕਾ ਛੈ." (ਦੱਤਾਵ) ੪. ਮਦ੍ਰ ਦੇਸ਼ ਦੇ ਰਾਜਾ ਅਸ਼੍ਵਪਤਿ ਦੀ ਬੇਟੀ ਅਤੇ ਸਤਜਵਾਨ ਦੀ ਇਸਤ੍ਰੀ. ਇਸ ਨੂੰ ਇੱਕ ਰਿਖੀ ਨੇ ਦੱਸ ਦਿੱਤਾ ਸੀ ਕਿ ਸਤਜਾਵਾਨ ਵਰ੍ਹੇ ਅੰਦਰ ਮਰ ਜਾਊਗਾ, ਇਸ ਪੁਰ ਭੀ ਉਸ ਨੇ ਸਤਜਵਾਨ ਨਾਲ ਹੀ ਸ਼ਾਦੀ ਕਰਾਈ. ਵਰ੍ਹੇ ਅੰਦਰ ਹੀ ਜਦ ਉਸ ਦਾ ਪਤੀ ਮਰ ਗਿਆ, ਤਾਂ ਆਪਣੇ ਪਤਿਬ੍ਰਤ ਧਰਮ ਦੇ ਬਲ ਨਾਲ ਧਰਮਰਾਜ ਨੂੰ ਪ੍ਰਸੰਨ ਕਰਕੇ ਸਾਵਿਤ੍ਰੀ ਨੇ ਸਤਜਵਾਨ ਜਿਉਂਦਾ ਕਰਵਾਲਿਆ। ੫. ਸਰਸ੍ਵਤੀ ਨਦੀ. ੬. ਜਮਨਾ ਨਦੀ। ੭. ਸੁਹਾਗਣ ਇਸਤ੍ਰੀ.

ਸਾਵੀ: ਵਿ- ਹਰੀ. ਸਬਜ਼. ਦੇਖੋ, ਸਾਵਾ। ੨. ਸਾਮੀ. ਸਮ ਮਾਨ (ਤੋਲ) "ਘਿੰਨਾ ਸਾਵੀ ਤੋਲਿ." (ਸਵਾ ਮਃ ੫) ਸਮ ਤੋਲ ਤੋਂ। ੩. ਸ੍ਰਾਵੀ. ਸ੍ਰਵਣ (ਵਹਿਣ) ਵਾਲੀ. ਪ੍ਰਵਾਹ ਵਾਲੀ ਨਦੀ. "ਰਾਵੀ ਸਾਵੀ ਆਦਿ ਕਹੁ ਆਯੁਧ ਏਸ ਬਖਾਨ." (ਸਨਾਮਾ) ਰਾਵੀ ਅਥਵਾ ਸ੍ਰਾਵੀ (ਨਦੀ) ਦੇ ਅੱਗੇ ਆਯੁਧ ਏਸ ਲਾਉਣ ਤੋਂ ਫਾਂਸੀ ਨਾਉਂ ਹੁੰਦਾ ਹੈ. ਨਦੀ ਅਤੇ ਰਾਵੀ ਦਾ ਏਸ (ਈਸ਼) ਵਰੁਣ, ਉਸ ਦਾ ਆਯੁਧ (ਸ਼ਸਤ੍ਰ) ਪਾਸ (ਫਾਂਸੀ)

ਸਾਵੀ ਏਸ ਅਸਤ੍ਰ: (ਸਨਾਮਾ) ਸ੍ਰਾਵੀ (ਨਦੀ) ਦਾ ਸ੍ਵਾਮੀ ਵਰੁਣ, ਉਸ ਦਾ ਹਥਿਆਰ ਪਾਸ਼ (ਫਾਸੀ).

ਸਾਵੰਤ: ਦੇਖੋ, ਸਾਮੰਤ. "ਤਪੈ ਤੇਜ ਸਾਵੰਤ ਜ੍ਵਾਲੰ ਸਮਾਨੰ." (ਜਨਮੇਜਯ)

ਸਾੜਾ: ਸੰਗਯਾ- ਜਲਨ. ਦਾਹ। ੨. ਈਰਖਾ। ੩. ਸੜਨ (ਗਲਨ) ਲਈ ਜਲ ਆਦਿਕ ਵਿੱਚ ਪਾਇਆ ਪਦਾਰਥ, ਜਿਵੇਂ- ਸਿਰਕਾ ਬਣਾਉਣ ਲਈ ਅੰਗੂਰਾਂ ਦਾ ਸਾੜਾ। ੪. ਵਿ- ਪਹਾੜੀ ਪੰਜਾਬੀ ਵਿੱਚ ਅਸਾੜਾ (ਅਸਾਂ ਦਾ- ਅਸਾਡਾ) ਦਾ ਸੰਖੇਪ। ੫. ਦੇਖੋ, ਸਤਵੰਤਾਸਾੜਾ.

ਸਾੜੀ: ਦੇਖੋ, ਸਾੜਨਾ। ੨. ਦੇਖੋ, ਸਾੜ੍ਹੀ। ੩. ਅਸਾੜੀ (ਅਸਾਡੀ) ਦਾ ਸੰਖੇਪ.

ਸਾੜ੍ਹਸਤੀ: ਦੇਖੋ, ਸਾਢਸਤੀ.

ਸਾੜ੍ਹੀ: ਸਾਰ੍ਹੀ. ਓਢਨੀ. ਦੇਖੋ, ਸਾਟੀ.

ਸਿ: ਸਰਵ- ਉਹ. ਵਹ. ਓਹ. "ਕਵਿਣ ਸਿ ਰੁਤੀ ਮਾਹੁ ਕਵਣੁ." (ਜਪੁ) ੨. ਸੋ. "ਹੰਸ ਸਿ ਹੰਸਾ, ਬਗ ਸਿ ਬਗਾ." (ਆਸਾ ਛੰਤ ਮਃ ੧) ੩. ਫ਼ਾ. سہ ਸਿਹ. ਸੰਗਯਾ- ਤਿੰਨ। ੪. ਵਿ- ਤੀਜਾ. ਤੀਸਰਾ. "ਜਿਸ ਰਿਦੈ ਸਿ ਲੋਚਨ ਨਾਹੀ." (ਵਾਰ ਮਲਾ ਮਃ ੧) ਤੀਜਾ ਨੇਤ੍ਰ (ਵਿਦਯਾ) ਨਹੀਂ. "ਮਾਂਦਲ ਬੇਦ ਸਿ ਬਾਜਣੋ." (ਵਾਰ ਮਾਰੂ ੧. ਮਃ ੧) ਤਿੰਨ ਵੇਦਾਂ ਦਾ ਢੋਲ ਵੱਜ ਰਹਿਆ ਹੈ. ਪਹਿਲੇ ਵੇਦ ਤਿੰਨ ਹੀ ਹਨ. ਦੇਖੋ, ਵੇਦ। ੫. ਸੰ. ਸ਼ਿ. ਸ਼ਾਂਤਿ। ੬. ਸੁਖ। ੭. ਧੀਰਜ। ੮. ਸ਼ਿਵ.

ਸਿਉ: ਵਜ- ਸਹ. ਸਾਥ. ਸੰਗ, "ਐਸੀ ਪ੍ਰੀਤਿ ਗੋਬਿੰਦ ਸਿਉ ਲਾਗੀ." (ਗਉ ਮਃ ੫) ੨. ਸਮੇਤ. ਸਹਿਤ. "ਮੀਨ ਕੀ ਚਪਲ ਸਿਉ ਜੁਗਤਿ ਮਨ ਰਾਖੀਐ." (ਮਾਰੂ ਮਃ ੧) ਮੀਨ ਦੀ ਚਪਲਤਾ ਸਹਿਤ ਜੋ ਮਨ ਹੈ, ਉਸ ਨੂੰ ਜੁਗਤਿ ਨਾਲ ਇਸਥਿਤ ਰੱਖੀਏ। ੩. ਪ੍ਰਤਿ. ਤੋਂ. ਸੇ. ਕੋਲ. "ਕੈ ਸਿਉ ਕਰੀ ਪੁਕਾਰ?" (ਗਉ ਕਬੀਰ) "ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ." (ਭੈਰ ਅਃ ਮਃ ੩) ਪਿਤਾ ਨੇ ਪ੍ਰਹਿਲਾਦ ਪ੍ਰਤਿ ਗੁਰਜ ਉਠਾਈ। ੪. ਸੰਗਜਾ- ਸ਼ਿਵ. ਦੇਖੋ, ਮੰਡਿਤ। ੫. ਸੰ. ਸ੍ਵ. ਸਰਵ. "ਕਰਨ ਸਿਉ ਇਛਾ ਚਾਰਹ." (ਸਵੈਯੇ ਮਃ ੨. ਕੇ) ਕਰਣ (ਇੰਦ੍ਰੀਆਂ) ਨੂੰ ਸ੍ਵ (ਆਪਣੀ) ਇੱਛਾ ਅਨੁਸਾਰ ਚਲਾਉਂਦੇ ਹਨ. ਭਾਵ ਇੰਦ੍ਰੀਆਂ ਦੇ ਅਧੀਨ ਨਹੀਂ

ਸਿਉਇਛਾ: ਸੰ. स्वेच्छा. ਸ੍ਵੈੱਛਾ. ਆਪਣੀ ਇੱਛਾ. ਦੇਖੋ, ਸਿਉ ੫.

ਸਿਉਕ, ਸਿਉਂਕਿ: ਸੰ. ਸਿਮੀਕ ਅਤੇ ਸੀਮਿਕਾ. ਸੰਗਜਾ- ਦੀਮਕ. ਲਾਲ ਮੂੰਹ ਵਾਲੀ ਇੱਕ ਚਿੱਟੀ ਕੀੜੀ, ਜੋ ਜਮੀਨ ਵਿੱਚ ਆਪਣਾ ਘਰ 'ਬਰਮੀ' ਬਣਾਕੇ ਰਹਿੰਦੀ ਹੈ. ਇਹ ਕਾਠ, ਵਸਤ੍ਰ, ਕਾਗਜ਼ ਆਦਿਕ ਨੂੰ ਖਾਕੇ ਬਹੁਤ ਨੁਕਸਾਨ ਕਰਦੀ ਹੈ. ਸਿਉਂਕ ਗੰਧਕ, ਵਚ, ਹਿੰਗ, ਤਾਰਕੋਲ ਅਤੇ ਮਿੱਟੀ ਦੇ ਤੇਲ ਤੋਂ ਨਠਦੀ ਹੈ.

ਸਿਉਣਾ: ਸੰ. ਸੀਵਨ. ਸੰਗਜਾ- ਸਿਉਣ ਦਾ ਕਰਮ. ਤਾਗੇ ਸੂਈ ਨਾਲ ਵਸਤ੍ਰ ਆਦਿਕ ਦਾ ਜੋੜਨਾ.

ਸਿਉਤਾ: ਸੰ. ਸਜੂਤ. ਵਿ- ਸੀੱਤਾ. ਪਰੋਇਆ. ਸੂਈ ਤਾਗੇ ਨਾਲ ਜੋੜਿਆ.

ਸਿਉਨਾ: ਦੇਖੋ, ਸਿਉਣਾ। ੨. ਸੁਵਰਣ. ਸੋਨਾ ਸ੍ਵਰ੍ਣ.

ਸਿਉਨੀ: ਖਤ੍ਰੀਆਂ ਦੀ ਇੱਕ ਜਾਤੀ.

ਸਿਉਰਣ: ਦੇਖੋ, ਸਿਮਰਣ.

ਸਿਉਰਾਸੀ: ਇੱਕ ਪਿੰਡ, ਜਿਸ ਨੂੰ ਸਿਵਰਾਸੀ ਭੀ ਲਿਖਿਆ ਹੈ. ਹੁਣ ਇਸ ਦਾ ਨਾਉਂ ਸਰਾਵ (ਅਥਵਾ ਸਰਾਵਾਂ) ਹੈ. ਇਹ ਗ੍ਰਾਮ ਰਿਆਸਤ ਫਰੀਦਕੋਟ ਦੇ ਥਾਣਾ ਕੋਟਕਪੂਰਾ ਵਿੱਚ ਹੈ ਇਸ ਦੇ ਅਤੇ ਬਹਿਬਲ ਦੇ ਮੱਧ ਦਸ਼ਮੇਸ਼ ਦੇ ਵਿਰਾਜਣ ਦਾ ਅਸਥਾਨ "ਗੁਰੂਸਰ" ਹੈ.[220] ਦੇਖੋ, ਗੁਰੂਸਰ ਨੰਃ ੪. "ਬਹਿਬਲ ਤੇ ਸਿਉਰਾਸੀ ਨਾਮੂ। ਕਰੇ ਬਿਲੋਕਨ ਜਬ ਏ ਗ੍ਰਾਮੂ." (ਗੁਪ੍ਰਸੂ) ਸਿਉਰਾਸੀ ਦੇ ਵਸਨੀਕ ਹੇਤੇ ਸਿੱਖ ਨੇ ਗੁਰੂ ਸਾਹਿਬ ਦੀ ਤਨ ਮਨ ਤੋਂ ਸੇਵਾ ਕੀਤੀ. ਕਲਗੀਧਰ ਨੇ ਪ੍ਰਸੰਨ ਹੋ ਕੇ ਉਸ ਨੂੰ ਇੱਕ ਕਟਾਰ ਬਖ਼ਸ਼ਿਆ, ਜੋ ਹੁਣ ਉਸ ਦੀ ਔਲਾਦ ਪਾਸ ਪਿੰਡ "ਗੋਲੇਵਾਲਾ"[221] ਵਿੱਚ ਹੈ. ਦੇਖੋ, ਸਰਾਵ ੨. ਅਤੇ ਬਹਿਬਲ.

ਸਿਅਹ: ਦੇਖੋ, ਸੀਅਹ.

ਸਿਅਰਾਨਾ: ਸੀਤਲ ਹੋਣਾ. ਦੇਖੋ, ਸੀਅਰਾਨਾ.

ਸਿਆ: ਕ੍ਰਿਯਾ "ਹੋਣ" ਦਾ ਭੂਤ ਕਾਲ. ਥੀ. ਸਾ। ੨. ਦੇਖੋ, ਸੀਆ.

ਸਿਆਉ: ਸੰ. ਸ਼ਜਾਮ. ਫ਼ਾ. سیاہ ਸਜਾਹ. ਵਿ- ਕਾਲਾ. "ਮਿਲੇ ਹੀਰ ਚੀਰੰ ਕਿਤੇ ਸਿਆਉ ਕਰਨੰ." (ਗਜਾਨ) ਕਾਲੇ ਕੰਨਾਂ ਵਾਲੇ ਘੋੜੇ.

ਸਿਆਸਤ: ਅ਼. سیاست ਨਿਗਹਬਾਨੀ ਕਰਨ ਦੀ ਕ੍ਰਿਯਾ। ੨. ਹੁਕੂਮਤ ਕਰਨਾ. ਦੇਖੋ, ਸੰ. शासन. ਸ਼ਾਸਨ.

ਸਿਆਹ: ਕਾਲਾ. ਦੇਖੋ, ਸਿਆਉ. "ਸਿਆਹਹੁ ਹੋਆ ਸੇਤ." (ਮਾਝ ਬਾਰਹਮਾਹਾ) ਜਵਾਨ ਤੋਂ ਬੁੱਢਾ ਹੋ ਗਿਆ.

ਸਿਆਹਗੋਸ਼: ਫ਼ਾ. سیاہگوش ਸੰਗਜਾ- ਕਾਲੇ ਕੰਨਾ ਵਾਲਾ ਇੱਕ ਚੁਪਾਇਆ ਜੀਵ, ਜੋ ਮਾਂਸਾਹਾਰੀ ਹੈ. ਇਸ ਦਾ ਮੂੰਹ ਬਿੱਲੀ ਜੇਹਾ

[220] ਗੁਰੂਦ੍ਵਾਰੇ ਦੇ ਨਾਮ ਤੋਂ ਪਿੰਡ ਦਾ ਨਾਮ ਭੀ ਗੁਰੂਸਰ ਹੈ.
[221] ਗੋਲੇਵਾਲਾ, ਲਹੌਰ ਫਿਰੋਜਪੁਰ ਭਟਿੰਡਾ ਲੈਨ ਦਾ ਰੇਲਵੇ ਸਟੇਸ਼ਨ ਹੈ.

ਅਤੇ ਧੜ ਕੁੱਤੇ ਜੇਹਾ ਹੁੰਦਾ ਹੈ. ਇਹ ਸ਼ਿਕਾਰ ਕਰਨ ਲਈ ਰੱਖੀਦਾ ਹੈ. ਵਡੀ ਫੁਰਤੀ ਨਾਲ ਖ਼ਰਗੋਸ਼ ਮ੍ਰਿਗ ਆਦਿ ਜੀਵਾਂ ਨੂੰ ਫੜ ਲੈਂਦਾ ਹੈ. Felis Caracal.

ਸਿਆਹਪੋਸ਼: ਦੇਖੋ, ਸਜਾਹਪੋਸ਼ ਅਤੇ ਕਾਲੀਪੋਸ਼.

ਸਿਆਹੜ: ਜਿਲਾ ਤਸੀਲ ਲੁਦਿਆਨਾ, ਥਾਣਾ ਡੇਹਲੋਂ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅਹਿਮਦਗੜ੍ਹ ਤੋਂ ਈਸ਼ਾਨ ਕੋਣ ਚਾਰ ਮੀਲ ਦੇ ਕਰੀਬ ਹੈ. ਇਸ ਪਿੰਡ ਤੋਂ ਪੱਛਮ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ. ਸਤਿਗੁਰੂ ਜੀ ਰਾੜੇ ਤੋਂ ਜਗੇੜੇ ਨੂੰ ਜਾ ਰਹੇ ਸਨ, ਤਾਂ ਇੱਥੇ ਘੋੜਾ ਬੀਮਾਰ ਹੋ ਗਿਆ. ਇਸ ਲਈ ਗੁਰੂ ਜੀ ਠਹਿਰ ਗਏ ਅਰ ਘੋੜਾ ਇੱਥੇ ਹੀ ਚਲਾਣਾ ਕਰ ਗਿਆ. ਸਤਿਗੁਰੂ ਨੇ ਘੋੜੇ ਨੂੰ ਦੁਸ਼ਾਲਾ ਪਾਕੇ ਦਬਵਾ ਦਿੱਤਾ ਜਿਸ ਦੀ ਗੁਰੁਦ੍ਵਾਰੇ ਪਾਸ ਹੀ ਸਮਾਧਿ ਹੈ.

ਪਹਿਲਾਂ ਇੱਥੇ ਸਾਧਾਰਣ ਅਸਥਾਨ ਸੀ, ਹਣ ਸੰਮਤ ੧੯੭੫ ਤੋਂ ਮੌਜੂਦਾ ਪੁਜਾਰੀ ਭਾਈ ਟਹਿਲ ਸਿੰਘ ਨੇ ਬਹੁਤ ਸੁੰਦਰ ਦਰਬਾਰ ਬਣਵਾਇਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ.

ਸਿਆਹੀ: ਫ਼ਾ. سیاہی ਸਜਾਹੀ. ਸੰਗਜਾ- ਸ਼ਜਾਮਤਾ. ਕਾਲਸ. ਕਾਲਖ। ੨. ਰੌਸ਼ਨਾਈ. ਮਸਿ। ੩. ਮਨ ਦੀ ਮਲੀਨਤਾ. ਦੇਖੋ, ਕਦਾ ੨.

ਸਿਆਹੀ ਟਿੱਬੀ: ਆਨੰਦਪੁਰ ਪਾਸ ਇੱਕ ਥਾਂ, ਜਿੱਥੇ ਦੋ ਮੁਸਲਮਾਨ ਤੋਪਚੀ ਦਸ਼ਮੇਸ਼ ਨੇ ਤੀਰਾਂ ਨਾਲ ਮਾਰੇ, ਇਹ ਪਹਾੜੀ ਰਾਜਿਆਂ ਦੇ ਆਖੇ ਦੀਵਾਨ ਵਿੱਚ ਵਿਰਾਜੇ ਸਤਿਗੁਰਾਂ ਨੂੰ ਤੋਪ ਦੇ ਗੋਲੇ ਨਾਲ ਉਡਾਉਣ ਦਾ ਯਤਨ ਕਰ ਰਹੇ ਸੇ.

ਸਿਆਹੀ ਦੀ ਬਿਧਿ: ਸ਼੍ਰੀ ਗੁਰੂ ਗ੍ਰੰਥ ਸਾਹਿਬ ਭਾਈ ਬੰਨੋ ਦੀ ਬੀੜ ਦੇ ਪਿੱਛੇ ਕਿਸੇ ਲਿਖਾਰੀ ਨੇ ਸਜਾਹੀ ਬਣਾਉਣ ਦੀ ਜੁਗਤਿ ਲਿਖੀ ਹੈ. ਜੋ "ਮੱਖੀ ਤੇ ਮੱਖੀ ਮਾਰਨੀ" ਨਜਾਯ ਅਨੁਸਾਰ ਹਰੇਕ ਨਕਲ ਵਿੱਚ ਲਿਖੀ ਗਈ, ਬਲਕਿ ਕਈ ਅਗਜਾਨੀ ਇਸ ਦਾ ਪਾਠ ਕੀਤੇ ਬਿਨਾ ਪਾਠ ਦਾ ਭੋਗ ਨਹੀਂ ਪਾ ਸਕਦੇ. ਨੁਸਖਾ ਇਹ ਹੈ-

"ਕਜਲ ਵਜਨ ਸਿਰਸਾਹੀ ੧. ਬੋਲੁ[222] ਸਰਸਾਹੀ ੨, ਸਰਸਾਹੀ ਦੁਇ ਗੂੰਦ ਕਿਕਰ ਕਾ, ਇਕ ਰਤੀ ਲਾਜਵਰਦ, ਇਕ ਰਤੀ ਸੁਇਨਾ, ਬਿਜੈਸਾਰ[223] ਕਾ ਪਾਣੀ, ਤਾਮੇ ਕਾ ਭਾਂਡਾ, ਨਿੰਮ ਕੀ ਲਕੜੀ, ਦੂਰ ਕਾ ਕਜਲੁ ਰਵਾਲ ਰੱਖਣੀ,[224] ਦਿਨ ਵੀਹ ਘਸਣੀ."

ਪੁਰਾਣੇ ਲਿਖਾਰੀ ਇਸ ਵਿਧਿ ਨਾਲ ਸਿਆਹੀ ਬਣਾਇਆ ਕਰਦੇ ਸਨ. ਖ਼ਾਸ ਕਰਕੇ ਅੱਡਣਸ਼ਾਹੀ ਸਿੱਖ ਇਸ ਦਾ ਵਪਾਰ ਕਰਦੇ ਸਨ, ਜਿਸ ਕਾਰਣ "ਅੱਡਣਸ਼ਾਹੀ ਸਿਆਹੀ" ਸੰਗਜਾ ਹੋ ਗਈ ਸੀ.

ਸਿਆਹੁ: ਦੇਖੋ, ਸਿਆਹ."ਤਨੁ ਸਿਆਹੁ ਹੋਇ ਬਦਨ ਜਾਇ ਕੁਮਲਾਇ." (ਵਾਰ ਗੂਜ ੧. ਮਃ ੩)

ਸਿਆਣ: ਸੰਗਜਾ- ਸਮਜਕ ਗਜਾਨ. ਪਹਿਚਾਣਨਾ. ਜਾਣਨਾ. ਪਛਾਣ.

ਸਿਆਣਨਾ: ਕ੍ਰਿ. - ਸਮਜਕ ਗਜਾਨ ਕਰਨਾ. ਪਛਾਣਨਾ.

ਸਿਆਣਪ: ਸੰਗਜਾ- ਸੁਜਾਨਤਾ. ਦਾਨਾਈ. ਚਤੁਰਾਈ. "ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ." (ਸ੍ਰੀ ਮਃ ੪) ੨. ਤਜਰਬੇਕਾਰੀ. ੩. ਕ੍ਰਿਪਣਤਾ. ਕੰਜੂਸੀ.

ਸਿਆਣਾ: ਵਿ- ਸੁਗਜਾਨੀ. ਸੁਜਾਨ. ਦੇਖੋ, ਅ਼. شیان ਸ਼ਯਾਨ. ਲੰਮੀ ਨਜ਼ਰ ਵਾਲਾ. ਦੀਰਘਦ੍ਰਸ਼੍ਟਾ। ੨. ਚਾਲਾਕ। ੩. ਕ੍ਰਿਪਣ.

---

[222] ਬੋਲੁ ਇੱਕ ਦਵਾ ਹੈ ਜਿਸ ਦਾ ਅੰਗ੍ਰੇਜ਼ੀ ਨਾਉਂ Myrrha ਅਤੇ ਫ਼ਾਰਸੀ ਵਿੱਚ ਮੁਰ ਹੈ. ਵੈਦਜਕ ਵਿੱਚ ਇਸ ਦੀ ਤਾਸੀਰ ਗਰਮ ਹੈ. ਪੇਟ ਦੀਆਂ ਬੀਮਾਰੀਆਂ ਦੂਰ ਕਰਦੀ ਹੈ. ਸੰਸਕ੍ਰਿਤ ਵਿੱਚ ਇਸ ਨੂੰ ਮਸਿਵਰਧਨ ਭੀ ਆਖੀਦਾ ਹੈ.

[223] ਭੰਗਰਾ. ਬੰਗਾਲੀ ਵਿੱਚ ਇਸ ਦਾ ਨਾਉਂ ਮਸਿਰਾਜ ਹੈ.

[224] ਚੱਪਣੀ ਖੁਰਚਣੀ ਨਹੀਂ ਕੇਵਲ ਫੁੱਲ ਉਤਾਰ ਲੈਣਾ.

ਕੰਜੂਸ। ੪. ਸੰਗਯਾ- ਜਿਲਾ ਕਰਨਾਲ ਤਸੀਲ ਥਾਣਾ ਪਹੋਏ ਦਾ ਇੱਕ ਪਿੰਡ, ਜੋ ਪਹੋਏ ਤੋਂ ਦਸ ਕੋਹ ਪੱਛਮ ਹੈ. ਇਸ ਥਾਂ ਕਲਗੀਧਰ ਜੀ ਸ਼ਾਹਭੀਖ ਠਸਕਾ ਨਿਵਾਸੀ ਦਰਵੇਸ਼ ਨੂੰ ਮਿਲੇ ਹਨ.[225] ਗੁਰੁਦ੍ਵਾਰੇ ਵਿੱਚ ਦਸ਼ਮੇਸ਼ ਦੇ ਤੀਰਾਂ ਦੀਆਂ ਵਜਨਦਾਰ ਮੁਖੀਆਂ ਦਰਸ਼ਨ ਕਰਨ ਯੋਗ ਹਨ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਨੇ ਭੀ ਪਹਿਲਾਂ ਇਸ ਥਾਂ ਨੂੰ ਚਰਣਾਂ ਨਾਲ ਪਵਿਤ੍ਰ ਕੀਤਾ ਸੀ.

ਸਿਆਣਾ ਸੈਯਦਾਂ: ਇੱਕ ਪਿੰਡ, ਜੋ ਜਿਲਾ ਕਰਨਾਲ ਤਸੀਲ ਗੂਹਲਾ ਵਿੱਚ ਹੈ. ਇੱਥੇ ਸ਼੍ਰੀ ਦਸ਼ਮੇਸ਼ ਜੀ ਦਾ ਗੁਰੁਦ੍ਵਾਰਾ ਹੈ.

ਸਿਆਣੂ: ਵਿ- ਪਹਿਚਾਣੂ. ਜਾਣੂ. ਵਾਕਿਫ. ਪਛਾਣੂ.

ਸਿਆਤਾ: ਵਿ- ਜਾਣਿਆ. ਪਛਾਤਾ. ਪਛਾਣਿਆ.

ਸਿਆਨ: ਦੇਖੋ, ਸਿਆਣ। ੨. ਸਿਆਣਪ ਦਾਨਾਈ. "ਰਾਨੀ ਤਜੀ ਸਿਆਨ." (ਚਰਿਤ੍ਰ ੫੦)

ਸਿਆਨਪ: ਦੇਖੋ, ਸਿਆਣਪ. "ਸਿਆਨਪ ਕਾਹੂ ਕਾਮਿ ਨ ਆਤ." (ਗੂਜ ਮਃ ੫) "ਇਆਨਪ ਤੇ ਸਭ ਭਈ ਸਿਆਨਪ." (ਬਿਲਾ ਮਃ ੫)।

ਸਿਆਨਾ: ਦੇਖੋ, ਸਿਆਣਾ.

ਸਿਆਪਾ: ਸ਼ਵ- ਪ੍ਰਲਾਪ. ਸ਼ਵ (ਮੁਰਦੇ) ਲਈ ਪ੍ਰਲਾਪ. ਸੰਗਯਾ- ਇਸਤ੍ਰੀਆਂ ਦਾ ਸ਼ੋਕ ਕਰਕੇ ਸ਼ਰੀਰ ਤਾੜਨ (ਪਿੱਟਣਾ) ਅਤੇ ਮੁਰਦੇ ਲਈ ਪ੍ਰਲਾਪ (ਵੈਣ).

ਸਿਆਮ: ਕਿਤਨਿਆਂ ਨੇ ਆਸਾਮ ਲਈ ਇਹ ਸ਼ਬਦ ਵਰਤਿਆ ਹੈ. ਦੇਖੋ, ਆਸਾਮ। ੨. ਸੰ. ਸ਼੍ਯਾਮ. ਵਿ- ਕਾਲਾ। ੩. ਸੰਗਯਾ- ਸ਼੍ਯਾਮ ਮੂਰਤੀ ਕ੍ਰਿਸ਼ਨ. "ਗੋਕੁਲ ਮਧੇ ਸਿਆਮ ਗੋ." (ਟੋਡੀ ਨਾਮਦੇਵ) ਦਖੋ, ਸਯਾਮ। ੪. ਸੰ. ਸ਼੍ਯਾਮਾ. ਲੱਛਮੀ. "ਸਿਆਮ ਪਲੋਟੈ ਪਾਇ ਜਿਹ." (ਕ੍ਰਿਸਨਾਵ) ੫. ਫ਼ਾ. شام ਸਾਯੰਕਾਲ. ਸੰਝ. ਦੇਖੋ, ਸਾਮ. ੬. ਅ਼. ਸ਼ਾਮ ਦੇਸ਼. Syria. ਦੇਖੋ, ਸ਼ਾਮ.

ਸਿਆਮਸੁੰਦਰ: ਸੰਗਯਾ- ਸ਼੍ਯਾਮਾ (ਪ੍ਰਕ੍ਰਿਤਿ) ਨੂੰ ਸ਼ੋਭਾ ਦੇਣ ਵਾਲਾ, ਕਰਤਾਰ. "ਸਿਆਮਸੁੰਦਰ ਤਜਿ ਨੀਂਦ ਕਿਉ ਆਈ?" (ਸੂਹੀ ਮਃ ੫)

ਸਿਆਮਣੀ: ਸੰਗਯਾ- ਸਾਯੰਕਾਲ. ਸੰਝ. "ਸੁਭਾ ਸਿਆਮਣੀ." (ਚੰਡੀ ੨) ਪ੍ਰਾਤਹਕਾਲ ਅਤੇ ਸਾਯੰਕਾਲ ਰੂਪਾ. ੨. ਵਿ- ਸ਼੍ਯਾਮਤਾ ਵਾਲੀ. ਕਾਲੀ। ੩. ਸ਼੍ਯਾਮ. (ਕ੍ਰਿਸ਼ਨਦੇਵ) ਦੀ.

ਸਿਆਮਣੋਧਰੰ: ਸ੍ਵਾਮੀ (स्वामिन् ) ਦੀ ਧਿਰ (ਪਾਸਾ- ਪੱਖ ) ਨੂੰ. "ਤਜੰਤ ਸਿਆਮਣੋਧਰੰ ਭਜੰਤ ਪ੍ਰਾਣ ਲੈ ਭਟੰ." (ਰਾਮਾਵ) ੨. ਸ੍ਵਾਮੀ ਦੀ ਸੇਵਾ ਰੂਪ ਧਰਮ ਨੂੰ। ੩. ਸ਼੍ਯਾਮਤਾ ਧਾਰਨ ਵਾਲਾ.

ਸਿਆਮਲ: ਸੰ. ਸ਼੍ਯਾਮਲ. ਵਿ- ਸਾਂਵਲਾ. ੨. ਸੁੰਦਰ. ਮਨੋਹਰ. "ਸਿਆਮਲੰ ਮਧੁਰ ਮਾਨੁਖੰ ਰਿਦਜੰ ਭੂਮਿ ਵੈਰਣਹ." (ਸਹਸ ਮਃ ੫) ਸੁੰਦਰ ਅਤੇ ਮਿਠਬੋਲਾ ਜੋ ਮਨੁੱਖ ਹੈ, ਪਰ ਜਿਸ ਦੇ ਰਿਦੇ ਵੈਰ ਭਾਵ ਹੈ, ਨਿਵੰਤਿ ਹੋਵੰਤ ਮਿਥਿਆ.

ਸਿਆਮਾ: ਸੰ. ਸ਼੍ਯਾਮਾ. ਜਵਾਨ ਇਸਤ੍ਰੀ। ੨. ਕਾਲੀ. ਦੁਰਗਾ. "ਇਕ ਰਟਤ ਨਾਮ ਸਿਆਮਾ ਅਪਾਰ." (ਦੱਤਾਵ) ੩. ਕਾਲੇ ਰੰਗ ਦੀ ਗਊ। ੪. ਗੁੱਗਲ। ੫. ਕਸਤੂਰੀ। ੬. ਮਘ ਪਿੱਪਲੀ। ੭. ਸ਼ੀਸ਼ਮ. ਟਾਲ੍ਹੀ। ੮. ਕਾਲੀ ਮਿਰਚ। ੯. ਯਮੁਨਾ ਨਦੀ। ੧੦. ਰਾਤ੍ਰਿ.

ਸਿਆਮੀ: ਦੇਖੋ, ਸਿਆਮਾ. ਦੇਖੋ, ਸੁਆਮੀ.

---

[225] ਦਰਵੇਸ਼ ਦਾ ਨਉਂ ਭੀਖਣਸ਼ਾਹ ਭੀ ਕਈਆਂ ਨੇ ਲਿਖਿਆ ਹੈ. ਦੇਖ, ਸ਼ਾਹਭੀਖ ਅਤੇ ਠਸਕਾ.

ਸਿਆਰ: ਸੰ. ਸ੍ਰਗਾਲ ਸ੍ਰਿਗਾਲ. ਗਿੱਦੜ। ੨. ਸੰ. ਸਿੰਹਾਰਿ ਸਿੰਹਾਰਿ. ਸ਼ਰਭ, ਜੋ ਸ਼ੇਰ ਦਾ ਵੈਰੀ ਹੈ. "ਜਬ ਹੀ ਸਿਆਰ ਸਿੰਗ ਕਉ ਖਾਇ." (ਭੈਰ ਕਬੀਰ) ਇਸ ਥਾਂ ਸਿੰਘ ਤੋਂ ਭਾਵ ਹੌਮੈ ਹੈ ਅਤੇ ਸਿਆਰ (ਸ਼ਰਭ) ਤੋਂ ਭਾਵ ਆਤਮਗਜਾਨ ਹੈ.

ਸਿਆਰੀ: ਸੰਗਯਾ- ਸ੍ਰਿਗਾਲੀ. ਗਿਦੜੀ। ੨. ਈੜੀ ਦੀ ਮਾਤ੍ਰਾ, ਜੋ ਹ੍ਰਸ੍ਵ ਹੈ ਅਰ ਵਜੰਜਨਾਂ ਨਾਲ ਲਗਕੇ- ਇ- ਆਵਾਜ਼ ਦਿੰਦੀ ਹੈ. ਇਸ ਦਾ ਰੂਪ ਇਹ (ਿ) ਹੈ. ਗੁਰਬਾਣੀ ਵਿੱਚ ਸਿਆਰੀ ਕਿਤੇ ਸੰਬੰਧ ਬੋਧਕ ਹੈ, ਕਿਤੇ ਕ੍ਰਿਯਾ ਵਿਸ਼ੇਸ਼ਣ ਹੈ, ਕਿਤੇ ਅਨੇਕ ਵਿਭਗਤੀਆਂ ਦਾ ਅਰਥ ਦਿੰਦੀ ਹੈ.

ਮਾਤ੍ਰਾ ਦੇ ਨਿਯਮਾਂ ਤੋਂ ਅਗਜਾਤ ਕਈ ਗਜਾਨੀ ਅਰਥ ਤੋਂ ਅਨਰਥ ਕਰ ਦਿੰਦੇ ਹਨ. ਇਸ ਮਹਾਨ ਕੋਸ਼ ਵਿੱਚ ਅੱਖਰਕਰਮ ਅਨੁਸਾਰ ਥਾਓਂ ਥਾਂਈਂ ਸਿਆਰੀ ਵਾਲੇ ਸ਼ਬਦਾਂ ਦੇ ਅਰਥ ਵਿਖਾਏ ਗਏ ਹਨ.[226] ਦੇਖੋ, ਸਹਿਜ, ਕਰਿ, ਜਪਿ, ਤਨਿ, ਮਨਿ, ਆਦਿ ਸ਼ਬਦ.

ਸਿਆਲ: ਸੰ. ਸ੍ਰਿਗਾਲ. ਗਿੱਦੜ. "ਕਾਢ ਦੇਇ ਸਿਆਲ ਬਪੁਰੇ ਕਉ." (ਮਾਰੂ ਮਃ ੫) ਇਸ ਥਾਂ ਗਿੱਦੜ ਤੋਂ ਭਾਵ ਆਲਸ ਹੈ। ੨. ਇੱਕ ਖਤ੍ਰੀਆਂ ਦਾ ਗੋਤ। ੩. ਮੁਸਲਮਾਨਾਂ ਦੀ ਇੱਕ ਜਾਤਿ, ਜੋ ਜਿਲੇ ਝੰਗ ਵਿੱਚ ਬਹੁਤ ਹੈ। ੪. ਸੰ. ਸ਼ੀਤਕਾਲ. ਸਰਦੀ ਦੀ ਰੁੱਤ। ੫. ਦੇਖੋ, ਸਜਾਲ.

ਸਿਆਲਕੋਟ: ਪੰਜਾਬ ਦੇ ਉੱਤਰ ਪੂਰਵ ਵੱਲ ਇੱਕ ਸ਼ਹਿਰ, ਜਿਸ ਥਾਂ ਅੰਗ੍ਰੇਜੀ ਛਾਵਨੀ ਹੈ. ਇਸ ਨੂੰ ਸਾਲਿਵਾਹਨ ਦਾ ਵਸਾਇਆ ਦਸਦੇ ਹਨ. ਦੇਖੋ, ਸਾਲਿਬਾਹਨ. ਕਈ ਲੇਖਕਾਂ ਨੇ ਇਸ ਦਾ ਨਾਉਂ "ਸ਼ਾਕਲ" ਲਿਖਿਆ ਹੈ. ਬਹੁਤੇ ਇਸ ਨੂੰ ਰਾਜਾ ਸ਼ਾਲੂ ਦਾ ਵਸਾਇਆ "ਸ਼ਾਲੂਕੋਟ" ਆਖਦੇ ਹਨ.

ਇਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਅਸਥਾਨ ਹਨ- ਇੱਕ ਬੇਰ ਸਾਹਿਬ. ਇਸ ਬੇਰੀ ਹੇਠ ਜਗਤਗੁਰੂ ਵਿਰਾਜੇ ਹਨ. ਹੁਣ ਇਹ ਗੁਰਦ੍ਵਾਰਾ ਬਹੁਤ ਸੁੰਦਰ ਬਣਿਆ ਹੋਇਆ ਹੈ. ਦੇਖੋ, ਬੇਰ ਸਾਹਿਬ.

ਦੂਜਾ ਪਵਿਤ੍ਰ ਅਸਥਾਨ ਬਾਵਲੀ ਸਾਹਿਬ ਹੈ ਇਹ ਮੂਲੇ ਦੇ ਘਰ ਬਣਾਈ ਗਈ ਹੈ. ਦੇਖੋ, ਮੂਲਾ.

ਪੁਰਾਣੇ ਸਮੇਂ ਸਿਆਲਕੋਟ ਵਿੱਚ ਕਾਗਜ਼ ਬਹੁਤ ਚੰਗਾ ਬਣਦਾ ਸੀ, ਜਿਸ ਦਾ ਪ੍ਰਸਿੱਧ ਨਾਉਂ ਸਿਆਲਕੋਟੀ ਕਾਗਜ਼ ਸੀ. ਇਹ ਕਸ਼ਮੀਰੀ ਕਾਗਜ਼ ਤੋਂ ਦੂਜੇ ਦਰਜੇ ਸਮਝਿਆ ਜਾਂਦਾ ਸੀ. ਸਿਆਲਕੋਟੀ ਕਾਗਜ਼ ਤੇ ਲਿਖੇ ਬਹੁਤ ਗ੍ਰੰਥ ਹੁਣ ਵੇਖੀਦੇ ਹਨ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਦੀਆਂ ਬੀੜਾਂ ੧੦੦ ਵਿੱਚੋਂ ਸੱਠ ਸਿਆਲਕੋਟੀ ਕਾਗਜ ਤੇ ਹਨ.

ਸਿਆਲੀ: ਸੰਗਜਾ- ਸ੍ਰਿਗਾਲੀ. ਗਿਦੜੀ। ੨. ਸਿਆਲ (ਸ਼ੀਤ ਕਾਲ) ਵਿੱਚ ਪਹਿਰਣ ਦਾ ਰੂਈਦਾਰ ਵਸਤ੍ਰ, ਦੁਲਾਈ। ੩. ਵਿ- ਸਿਆਲ ਦੀ. ਸ਼ੀਤ ਕਾਲ ਨਾਲ ਹੈ ਜਿਸਦਾ ਸੰਬੰਧ. ਦੇਖੋ, ਘੁੰਮਰ ਆਰਿ.

ਸਿਆੜ: ਹਲ ਦੇ ਚਉ ਨਾਲ ਜ਼ਮੀਨ ਵਿੱਚ ਕੱਢਿਆ ਓਰਾ. ਸੰ. ਸੀਤਾ. ਦੇਖੋ, ਸੀਆਰ.

ਸਿਏਸ: ਦੇਖੋ, ਸੀਏਸ.

ਸਿਸ: ਸੰ. ਸ਼ਿਸ਼ੁ ਸੰਗਜਾ- ਬਾਲਕ. ਬੱਚਾ. ਸੰਤਾਨ "ਤਿਹ ਸਿਸ ਸੀਤਾ." (ਰਾਮਾਵ) ਉਸ ਦੀ ਔਲਾਦ ਹੈ ਸੀਤਾ। ੨. ਸਿੰਧੀ. ਸਿਰ. ਸੀਸ. ਸੰ ਸ਼ੀਰ੍ਸ਼ "ਬੀਰ ਕਰੋਰਨ ਕੇ ਸਿਸ ਤੋਰ" (ਚਰਿਤ੍ਰ ੧੯੫) ੩. ਗਰਦਨ. ਗ੍ਰੀਵਾ। ੪. ਸੰ. ਸ਼ਿਸ਼੍ਯ ਸ਼ਿਸ਼ਜ. ਚੇਲਾ. ਚਾਟੜਾ. ੫. ਸੰ. ਸ਼ਿਸ਼੍ ਧਾ- ਬਾਕੀ ਛੱਡਣਾ. ਪਿੱਛੇ ਛੱਡਣਾ. ਵੱਕ ਕਰਨਾ. ਜਾਦਾ ਹੋਣਾ.

ਸਿਸਟ: ਦੇਖੋ, ਸਿਸਟਿ ਅਤੇ ਸ਼ਿਸ਼੍ਟ.

ਸਿਸਟਿ: ਸੰ. ਸ੍ਰਿਸ਼੍ਟਿ. ਸ੍ਰਿਸ਼੍ਰਿ. ਸੰਗਜਾ- ਰਚਨਾ. ੨. ਜਗਤ. ਸੰਸਾਰ ਦੁਨੀਆਂ."ਸਿਸਟਿ ਉਪਾਈ ਸਭ ਤੁਧੁ ਆਪੇ." (ਵਾਰ ਸ੍ਰੀ

[226] ਮੇਰੇ ਮਿਤ੍ਰ ਸਰਦਾਰ ਤੇਜਾ ਸਿੰਘ ਜੀ ਐਮ.ਏ. ਪ੍ਰੋਫੈਸਰ ਖਾਲਸਾ ਕਾਲਿਜ ਅੰਮ੍ਰਿਤਸਰ ਨੇ ਗੁਰੁਬਾਣੀ ਦੀ ਮਾਤ੍ਰਾ ਸੰਬੰਧੀ ਉੱਤਮ ਰਸਾਲਾ "ਸ਼ਬਦਾਂਤਕ ਲਗਾਂ ਮਾਤ੍ਰਾਂ" ਲਿਖਿਆ ਹੈ, ਉਸ ਤੋਂ ਪਾਠਕਾਂ ਨੂੰ ਲਾਭ ਉਠਾਉਣਾ ਚਾਹੀਏ.

ਮਃ ੪)

ਸਿਸਟਿਜਾ: ਵਿ- ਸ੍ਰਿਸ਼੍ਟਿ ਜਨਮੀ ਹੈ ਜਿਸ ਤੋਂ. ਮਾਇਆ. ਪ੍ਰਕ੍ਰਿਤਿ.

ਸਿਸਟਿਧਾਰ: ਵਿ- ਸ੍ਰਿਸ਼੍ਟਿ ਦਾ ਆਧਾਰ। ੨. ਸ੍ਰਿਸ਼੍ਟਿ ਦੇ ਧਾਰਨ ਵਾਲਾ. ਜਿਸ ਦੇ ਆਸਰੇ ਸੰਸਾਰ ਹੈ. "ਸਿਸਟਿਧਾਰ ਹਰਿ ਤੁਮ ਕ੍ਰਿਪਾਲ." (ਕਾਨ ਮਃ ੪. ਪੜਤਾਲ)

ਸਿਸਤ: ਫ਼ਾ. شست ਸ਼ਿਸ੍ਤ. ਸੰਗਯਾ- ਨਿਸ਼ਸ੍ਤ. ਬੈਠਕ। ੨. ਨਿਸ਼ਾਨਾ ਬੈਠਾਉਣ ਦੀ ਕ੍ਰਿਯਾ। ੩. ਸੰਧਾਨ. ਸਿੰਨ੍ਹਣਾ.

ਸਿਸਨ, ਸਿਸਨੁ: ਸੰ. ਸ਼ਿਸ਼੍ਨ ਸ਼ਿਸ਼੍ਨ. ਸੰਗਯਾ- ਲਿੰਗ. ਜਨਨ- ਇੰਦ੍ਰਿਯ."ਸਿਸਨ ਕਟੇ ਤੇ ਪੀਰ ਵਿਸਾਲਾ." (ਨਾਪ੍ਰ)

ਸਿੰਸਪਾ: ਸੰ. ਸ਼ਿਂਸ਼ਪਾ ਸ਼ਿੰਸ਼ਪਾ. ਸੰਗਯਾ- ਟਾਲ੍ਹੀ. ਫ਼ਾ. شیشم ਸ਼ੀਸ਼ਮ. L. Dalbergia Sisoo. ਇਸ ਦੀ ਲੱਕੜ ਭਾਰੀ ਅਤੇ ਚਿਕਨੀ ਹੁੰਦੀ ਹੈ. ਇਮਾਰਤਾਂ ਅਤੇ ਕੁਰਸੀ ਆਦਿ ਸਾਮਾਨ ਲਈ ਬਹੁਤ ਵਰਤੀਦੀ ਹੈ.

ਸਿਸਪਾਲ: ਦੇਖੋ, ਸਿਸੁਪਾਲ.

ਸਿਸਰ: ਦੇਸੋ, ਸਿਸਿਰ.

ਸਿਸਿ: ਸਿਰ ਉੱਤੇ. ਸੀਸ ਤੇ. "ਜਿਸ ਸਿਸਿ ਨ ਹੋਵੀ ਲੇਖ." (ਸ੍ਰੀ ਅਃ ਮਃ ੧)

ਸਿਸਿਰ, ਸਿਸੀਅਰ, ਸਿਸੀਅਰੁ: ਸੰ. ਸ਼ਿਸ਼ਿਰ. ਸੰਗਯਾ- ਮਾਘ ਫੱਗੁਣ ਦੀ ਰੁੱਤ। ੨. ਹਿਮ. ਬਰਫ। ੩. ਵਿ- ਸੀਤਲ. ਠੰਢਾ, ਠੰਢੀ. "ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ." (ਰਾਮ ਮਃ ੫. ਰੁਤੀ) ਦੇਖੋ, ਹਿਮਕਰ ਸ਼ਬਦ।

ਸਿਸੁ: ਸੰ. ਸ਼ਿਸ਼ੁ. ਸੰਗਯਾ- ਬੱਚਾ. ਬਾਲਕ। ੨. ਸਿੰਧੀ. ਗਰਦਨ. ਗ੍ਰੀਵਾ। ੩. ਸੀਸ. ਸਿਰ. "ਡੇਈ ਸਿਸੁ ਉਤਾਰਿ." (ਵਾਰ ਮਾਰੂ ੨. ਮਃ ੫) ੪. ਸ਼ਿਸ਼੍ਯ. ਚੇਲਾ.

ਸਿਸੁਪਾਲ: ਸੰ. ਸ਼ਿਸ਼ੁਪਾਲ ਚੇਦਿ (ਚੰਦੇਰੀ) ਦੇ ਰਾਜਾ ਦਮਘੋਸ਼ ਦਾ ਪੁਤ੍ਰ, ਜੋ ਵਸੁਦੇਵ ਦੀ ਭੈਣ ਸ਼ਤ੍ਰਦੇਵਾ ਦੇ ਉਦਰੋਂ ਜਨਮਿਆ, ਇਸ ਹਿਸਾਬ ਇਹ ਕ੍ਰਿਸ਼ਨ ਜੀ ਦਾ ਮਸੇਰਾ ਭਾਈ ਸੀ. ਮਹਾਭਾਰਤ ਵਿੱਚ ਲਿਖਿਆ ਹੈ ਕਿ ਜਦ ਸ਼ਿਸ਼ੁਪਾਲ ਜੰਮਿਆ ਤਾਂ ਉਸ ਦੇ ਤਿੰਨ ਅੱਖਾਂ ਅਤੇ ਚਾਰ ਹੱਥ ਸਨ. ਮਾਂ ਬਾਪ ਨੇ ਇਸ ਦਾ ਤਿਆਗ ਕਰਨਾ ਚਾਹਿਆ, ਪਰ ਆਕਾਸ਼ਬਾਣੀ ਹੋਈ ਕਿ ਇਹ ਸ਼ਿਸ਼ੁ (ਬੱਚਾ) ਪ੍ਰਤਾਪੀ ਹੋਵੇਗਾ ਇਸ ਦੀ ਪਾਲਨਾ ਕਰੋ, ਇਸੇ ਕਾਰਣ ਨਾਉਂ ਸ਼ਿਸ਼ੁਪਾਲ ਹੋਇਆ.

ਇਹ ਕ੍ਰਿਸ਼ਨ ਜੀ ਦਾ ਭਾਰੀ ਵੈਰੀ ਸੀ ਕਿਉਂਕਿ ਰੁਕਮਣੀ ਦਾ ਵਿਆਹ ਇਸ ਨਾਲ ਹੋਣਾ ਕਰਾਰ ਪਾਇਆ ਸੀ, ਪਰ ਕ੍ਰਿਸ਼ਨ ਜੀ ਉਸ ਨੂੰ ਚੁੱਕਕੇ ਲੈ ਗਏ. ਯੁਧਿਸ਼੍ਠਿਰ ਦੇ ਯੱਗ ਵਿੱਚ ਸ਼ਿਸ਼ੁਪਾਲ ਨੇ ਭਰੀ ਸਭਾ ਅੰਦਰ ਕ੍ਰਿਸ਼ਨ ਜੀ ਦਾ ਨਿਰਾਦਰ ਕੀਤਾ, ਇਸ ਕਾਰਣ ਕ੍ਰਿਸ਼ਨ ਜੀ ਨੇ ਸ਼ਿਸ਼ੁਪਾਲ ਨੂੰ ਕਤਲ ਕਰ ਦਿੱਤਾ. ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ ਕਿ ਸ਼ਿਸ਼ੁਪਾਲ ਪਹਿਲੇ ਜਨਮ ਹਿਰਨ੍ਯਕਸ਼ਿਪੁ ਸੀ, ਦੂਜੇ ਜਨਮ ਦਸ ਸਿਰਾਂ ਵਾਲਾ ਰਾਵਣ ਸੀ. "ਹੈ ਸਿਸੁਪਾਲ ਚੰਦੇਰੀ ਮੇ ਬੀਰ." (ਕ੍ਰਿਸਨਾਵ) ਮਾਘ ਕਵਿ ਨੇ ਸ਼ਿਸ਼ੁਪਾਲਵਧ ਨਾਮਕ ਮਨੋਹਰ ਕਾਵ੍ਯ ਲਿਖਿਆ ਹੈ.

ਸ਼ਿਸ਼ੁਮਾਰ: ਸੰ. ਸੰਗਯਾ- ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ ਕਿ ਇਹ ਸੱਤ ਤਾਰੇ ਹਨ, ਜਿਨ੍ਹਾਂ ਦੀ ਸ਼ਕਲ ਮੱਛੀ ਵਾਂਙ ਹੈ. ਵਿਸ਼ਨੁ ਇਨ੍ਹਾਂ ਦੇ ਮੱਧ ਅਤੇ ਧ੍ਰੁਵ ਪੂਛ ਵੱਲ ਵਿਰਾਜਦਾ ਹੈ. ਸ਼ਿਸ਼ੁਮਾਰਚਕ੍ਰ। ੨. ਮਗਰਮੱਛ. ਘੜਿਆਲ.

ਸ਼ਿਸ਼ੋਦਿਯਾ: ਦੇਖੋ, ਉਦਯਪੁਰ ਅਤੇ ਗਹਲੋਤ.

ਇਸ਼੍ਟ: ਸੰ. ਵਿ- ਸ਼ਾਂਤ. ਧੀਰਯ ਵਾਲਾ। ੨. ਗੁਰੂ ਅਤੇ ਧਰਮ ਗ੍ਰੰਥ ਦੀ ਆਗਯਾ ਮੰਨਣ ਵਾਲਾ।. ੩. ਦਾਨਾ। ੪. ਭਲਾਮਾਣਸ.

ਸ਼ਿਸ਼੍ਟਾਚਾਰ: ਸ਼ੰ. ਸੰਗਯਾ- ਸ਼ਿਸ਼੍ਟ (ਭਲੇ ਲੋਕਾਂ) ਦਾ ਆਚਾਰ (ਵਿਹਾਰ) ਉੱਤਮ ਜਨਾਂ ਦੀ ਰੀਤਿ। ੨. ਆਉਭਗਤ ਆਦਰ ਸਨਮਾਨ।

ਸ਼ਿਸ਼੍ਨ: ਦੇਖੋ, ਸਿਸਨ.

ਸ਼ਿਸ਼੍ਯ: ਸੰ. ਵਿ- ਸ਼ਿਕ੍ਸ਼ਾ (ਸਿਖ੍ਯਾ) ਲਾਇਕ. ਸਿਖਾਉਣ ਯੋਗ੍ਯ. ਜਿਸ ਨੂੰ ਉਪਦੇਸ਼ ਦਿੱਤਾ ਜਾਵੇ. ਸਿੱਖ। ੨. ਸੰਗ੍ਯਾ- ਚੇਲਾ. ਚਾਟੜਾ. ਸ਼ਾਗਿਰਦ. ਦੇਖੋ, ਸਿਖ ਅਤੇ ਸਿੱਖ.

ਸਿਹ: ਦੇਖੋ, ਸਿ ੩.

ਸਿੰਹ: ਸੰ. ਸੰਗ੍ਯਾ- ਹਿੰਸਾ ਕਰਨ ਵਾਲਾ ਜੀਵ। ੨. ਸ਼ੇਰ। ੩. ਇੱਕ ਰਾਸ਼ਿ, ਜਿਸ ਦੇ ਤਾਰਿਆਂ ਦੀ ਸ਼ਕਲ ਸ਼ੇਰ ਜੇਹੀ ਹੈ. Leo । ੪. ਦੇਖੋ, ਸਾਰਦੂਲ ਅਤੇ ਸਿੰਘ.

ਸਿੰਹਕਾ: ਦੇਖੋ, ਸਿੰਹਿਕਾ.

ਸਿਹਜ, ਸਿਹਜਾ, ਸਿਹਜਾਇ: ਸੰ. शय्या ਸ਼ੱਯਾ. ਸੰਗ੍ਯਾ- ਜਿਸ ਉੱਤੇ ਸੁੱਤਾ ਜਾਵੇ. ਸੇਜਾ. ਖਾਟ. ਦੇਖੋ, ਸ਼ੀ ਧਾ. "ਜਉ ਗੁਰਦੇਉ ਸਿਹਜ ਨਿਕਸਾਈ." (ਭੈਰ ਨਾਮਦੇਵ) ਭਗਤਮਾਲ ਵਿੱਚ ਕਥਾ ਹੈ ਕਿ ਨਾਮਦੇਵ ਨੂੰ ਬਾਦਸ਼ਾਹ (ਮੁਹੰਮਦ ਤੁਗਲਕ) ਨੇ ਸੇਜਾ ਦਿੱਤੀ, ਨਾਮਦੇਵ ਨੇ ਨਦੀ ਵਿੱਚ ਸੁੱਟ ਪਾਈ. ਬਾਦਸ਼ਾਹ ਨੇ ਆਪਣਾ ਨਿਰਾਦਰ ਜਾਣਕੇ ਸੇਜਾ ਵਾਪਿਸ ਮੰਗੀ. ਈਸ਼੍ਵਰ ਦੀ ਕ੍ਰਿਪਾ ਨਾਲ ਸੇਜਾ ਨਦੀ ਵਿੱਚੋਂ ਸੁੱਕੀ ਨਿਕਲ ਆਈ, ਜੋ ਬਾਦਸ਼ਾਹ ਨੂੰ ਵਾਪਿਸ ਕੀਤੀ ਗਈ. "ਸਿਹਜਾ ਧਰਤਿ ਬਰਤਨ ਕਉ ਪਾਨੀ." (ਪ੍ਰਭਾ ਮਃ ੫) "ਕੋਟਿ ਜੀਅ ਜਾਕੀ ਸਿਹਜਾਇ." (ਭੈਰ ਅਃ ਮਃ ੫)

ਸਿਹਜਾਸਣੀ, ਸਿਹਜਾਸਨੀ: ਵਿ- ਸੇਜਾ ਉੱਪਰ ਆਸਨ ਰੱਖਣ ਵਾਲਾ. ਜੋ ਮੰਜੇ ਤੋਂ ਉਠ ਨਾ ਸਕੇ. "ਨਵੇ ਕਾ ਸਿਹਜਾਸਣੀ." (ਵਾਰ ਮਾਝ ਮਃ ੧)

ਸਿਹਤ: ਅ਼. صحت ਸਿਹ਼ਤ. ਅਰੋਗਤਾ. ਤਨਦੁਰੁਸ੍ਤੀ. ਸੰ. ਸ੍ਵਾਸਥ੍ਯ। ੨. ਭੁੱਲ ਦਾ ਅਭਾਵ. ਦਰੁਸਤੀ. ਯਥਾਰਥਤਾ.

ਸਿੰਹਤੁੰਡ: ਦੇਖੋ, ਸੇਂਹੁੰਡ.

ਸਿਹਮ: ਦੇਖੋ, ਸਹਮ.

ਸਿਹਰ: ਅ਼. سحر ਸਿਹ਼ਰ. ਸੰਗ੍ਯਾ- ਜਾਦੂ। ੨. ਇੰਦ੍ਰਜਾਲ. "ਇਹੁ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ." (ਤਿਲੰ ਕਬੀਰ)

ਸਿਹਰਫੀ: ਫ਼ਾ. سی حرفی ਸੀ ਹ਼ਰਫ਼ੀ. ਸੰਗ੍ਯਾ- ਤੀਹ ਅੱਖਰਾਂ ਦੀ ਅਰਬੀ ਦੀ ਵਰਣਮਾਲਾ. "ਬਹੁਰੋ ਸਿਹਰਫੀ ਜੁ ਸਭ ਹੀ ਪਢਾਈ ਹੈ." (ਨਾਪ੍ਰ) ੨. ਤੀਹ ਅੱਖਰਾਂ ਤੇ ਵਣਾਖ੍ਯਰਰੂਪ ਲਿਖੀ ਹੋਈ ਕਵਿਤਾ. ਜੈਸੇ- "ਅਲਫ ਅਲਾ ਕੋ ਯਾਦ ਕਰ ਗਫਲਤ ਮਨੋ ਵਿਸਾਰ." xxx ਆਦਿ. (ਜਸਾ)

ਸਿਹਰਾ: ਦੇਖੋ, ਸੇਹਰਾ.

ਸਿਹਰੀ: ਵਿ- ਸਿਹ਼ਰ (ਜਾਦੂ) ਕਰਨ ਵਾਲਾ. ਇੰਦ੍ਰਜਾਲੀਆ.

ਸਿਹਰੁ: ਦੇਖੋ, ਸਿਹਰ.

ਸਿੰਹਲ, ਸਿੰਹਲਦ੍ਵੀਪ: ਸੰ. ਸੰਗ੍ਯਾ- ਜਿਸ ਵਿੱਚ ਬਹੁਤੇ ਸਿੰਹ (ਸ਼ੇਰ) ਰਹਿਣ, ਐਸਾ ਟਾਪੂ. ਲੰਕਾ ਦ੍ਵੀਪ. Ceylon. ਦੇਖੋ, ਸੰਗਲਦੀਪ.

ਸਿਹਾਨਾ: ਕ੍ਰਿ- ਸੰਕੁਚਿਤ ਹੋਣਾ. ਝਿਝਕਣਾ. ੨. ਤਰਸਣਾ. ਲੋੜਨਾ। ੩. ਡਰਨਾ. "ਸੁਰ ਸਿਹਾਂਹਿ ਕਿਮ ਕਰ ਹੈਂ ਧਾਰਨ." (ਗੁਪ੍ਰਸੂ)

ਸਿਹਾਬ: ਅ਼. صحاب ਸਿਹ਼ਾਬ. ਸੰਗ੍ਯਾ- ਸੰਗੀ. ਸਾਥੀ। ੨. ਸਾਹ਼ਿਬ ਦਾ ਬਹੁ ਵਚਨ। ੩. ਦੇਖੋ, ਸਹਾਬ.

ਸਿਹਾਮ: ਫ਼ਾ. سہام ਸਹਮ ਦਾ ਬਹੁ ਵਚਨ. ਹਿੱਸੇ. ਭਾਗ। ੨. ਤੀਰ. ਵਾਣ.

ਸਿੰਹਿਕਾ: ਸੰਗ੍ਯਾ- ਦਕ੍ਸ਼ ਦੀ ਇੱਕ ਪੁਤ੍ਰੀ ਅਤੇ ਕਸ਼੍ਯਪ ਦੀ ਇਸਤ੍ਰੀ ਜੋ ਰਾਹੁ ਦੀ ਮਾਤਾ ਸੀ. ਕਈਆਂ ਦੇ ਲੇਖ ਅਨੁਸਾਰ ਇਹ ਵਿਪ੍ਰਚਿੱਤੀ ਦੀ ਇਸਤ੍ਰੀ ਸੀ. ਇਸ ਵਿੱਚ ਇਹ ਸ਼ਕਤੀ ਲਿਖੀ ਹੈ ਕਿ ਆਕਾਸ਼ਚਾਰੀ ਜੀਵਾਂ ਦੀ ਛਾਯਾ ਨੂੰ ਫੜਕੇ ਆਪਣੀ ਵੱਲ ਖਿੱਚ ਲੈਂਦੀ ਸੀ. ਇਸ ਕਰਕੇ ਇਸ ਦਾ ਨਾਉਂ "ਛਾਯਾਗ੍ਰਾਹਿਣੀ" ਭੀ ਸੀ. ਹਨੂਮਾਨ ਜਦ ਸਮੁੰਦਰ ਟੱਪਕੇ ਲੰਕਾ ਨੂੰ ਜਾ ਰਹਿਆ ਸੀ ਤਦ ਇਸ ਨੇ ਉਸ ਨੂੰ ਖਿੱਚਕੇ ਨਿਗਲ ਲਿਆ ਹਨੂਮਾਨ ਇਸ ਦਾ ਪੇਟ ਪਾੜਕੇ ਬਾਹਰ ਆਇਆ ਅਤੇ ਸਿੰਹਿਕਾ ਦੀ ਸਮਾਪਤੀ ਹੋਈ ੨. ਦੇਖੋ, ਸੋਭਨ ੪.

ਸਿਹਿੰਦਾ: ਸਹੀ ਕੁਨਿੰਦਾ. ਦੇਖੋ, ਸਾਲਿਸ.

ਸਿੰਹੀ: ਸ਼ੇਰਨੀ ਸਿੰਘੀ.

ਸਿਕ: ਸੰਗ੍ਯਾ- ਸਿੱਕ. ਚਾਹ. ਰੁਚਿ। ੨. उत्सुकता ਉਤ੍ਸੁਕਤਾ. ਤੀਵ੍ਰ ਇੱਛਾ. ਪ੍ਰੇਮ. "ਜੇ ਤਉ ਪਿਰੀਆ ਦੀ ਸਿਕ." (ਸ. ਫਰੀਦ)

ਸਿਕਸਤ, ਸ਼ਿਕਸ੍ਤ: ਫ਼ਾ شکشت ਸੰਗ੍ਯਾ- ਹਾਰ. ਪਰਾਜਯ. "ਚਲੀ ਸਿਕਸ੍ਤ ਖਾਇ ਅਬ ਸੈਨਾ." (ਗੁਪ੍ਰਸੂ) ੨. ਵਿ- ਟੁੱਟਿਆ. ਟੁੱਟ ਗਿਆ.

ਸ਼ਿਕਸ੍ਤਹ: ਫ਼ਾ. شکستہ ਵਿ- ਟੁੱਟਾ. ਭੱਜਾ. ਦੇਖੋ, ਸੰ. शस्त ਸ਼ਸ੍ਤ। ੨. ਸੰਗ੍ਯਾ- ਛੇਤੀ ਨਾਲ ਲਿਖਿਆ ਲੇਖ, ਜਿਸ ਵਿੱਚ ਮਾਤ੍ਰਾ ਦੇ ਚਿੰਨ੍ਹ ਪੂਰੇ ਨਾ ਲਾਏ ਹੋਣ ਅਤੇ ਅੱਖਰਾਂ ਦੀ ਸ਼ਕਲ ਭੀ ਬਹੁਤ ਸਾਫ ਨਾ ਹੋਵੇ.

ਸ਼ਿਕਸ੍ਤਨ: ਫ਼ਾ. شکستن ਕ੍ਰਿ- ਤੋੜਨਾ. ਭੰਨਣਾ. ਸੰ. शसन ਸ਼ਸਨ. ਕਤਲ ਕਰਨਾ. ਖੰਡ ਖੰਡ ਕਰਨਾ।

ਸਿਕਤਾ: ਸੰ. ਸੰਗ੍ਯਾ- ਬਾਲੂ ਰੇਤਾ. ਕਣਦਾਰ ਰੇਤ। ੨. ਚੀਨੀ ਖੰਡ.

ਸਿਕਦਾਰ: ਫ਼ਾ. سکہّ دار ਸਿੱਕਹਦਾਰ. ਵਿ- ਸਿੱਕਾ ਚਲਾਉਣ ਵਾਲਾ. ਰਾਜਾ। ੨. ਸਰਦਾਰ. ਹਾਕਿਮ. "ਸਗਲ ਸ੍ਰਿਸਟਿ ਕੇ ਪੰਚ ਸਿਕਦਾਰ." (ਗੌਂਡ ਮਃ ੫) "ਸਿਕਦਾਰਹੁ ਨਹ ਪਤੀਆਇਆ." (ਸੋਰ ਮਃ ੫)

ਸਿਕਦਾਰੀ: ਸੰਗ੍ਯਾ- ਸਿੱਕਹਦਾਰੀ. ਹੁਕੂਮਤ. ਸਰਦਾਰੀ. "ਜਿਸੁ ਸਿਕਦਾਰੀ ਤਿਸਹਿ ਖੁਆਰੀ." (ਰਾਮ ਅਃ ਮਃ ੧)

ਸਿਕਦਾਰੁ: ਦੇਖੋ, ਸਿਕਦਾਰ. "ਕੂੜ ਹੋਇਆ ਸਿਕਦਾਰੁ." (ਵਾਰ ਆਸਾ)

ਸ਼ਿਕਨ: ਫ਼ਾ. شکن ਸੰਗ੍ਯਾ ਸਲਵਟ. ਵਲ। ੨. ਵਿ- ਤੋੜਨ ਵਾਲਾ. ਐਸੀ ਦਸ਼ਾ ਵਿੱਚ ਇਹ ਕਿਸੇ ਸ਼ਬਦ ਦੇ ਅੰਤ ਹੋਇਆ ਕਰਦਾ ਹੈ. ਜਿਵੇਂ- "ਮਨ ਬੁਤਿਸ਼ਕਨ." (ਜਫਰ) ਮੈ ਬੁਤ ਤੋੜਨ ਵਾਲਾ ਹਾਂ.

ਸ਼ਿਕਮ: ਫ਼ਾ. شکم ਸੰਗ੍ਯਾ- ਪੇਟ. ਉਦਰ। ੨. ਦੇਖੋ, ਸਿਕਿਮ.

ਸ਼ਿਕਰਾ: ਫ਼ਾ. شکرہ ਗੁਲਾਬਚਸ਼ਮ ਇੱਕ ਸ਼ਿਕਾਰੀ ਪੰਛੀ, ਜੋ ਬਾਜ਼ੇ ਤੋਂ ਛੋਟਾ ਹੁੰਦਾ ਹੈ. ਇਹ ਮਦੀਨ ਹੈ. ਇਸ ਦੇ ਨਰ ਦਾ ਨਾਉਂ ਚਚਕ ਅਥਵਾ ਚਿਪਕ ਹੈ. ਸ਼ਿਕਰਾ ਸਦਾ ਪੰਜਾਬ ਵਿੱਚ ਰਹਿੰਦਾ ਹੈ ਆਂਡੇ ਭੀ ਇੱਥੇ ਦਿੰਦਾ ਹੈ. ਆਲ੍ਹਣਾ ਦਰਖਤਾਂ ਤੇ ਬਣਾਉਂਦਾ ਹੈ. ਇਸ ਨਾਲ ਛੋਟੇ ਪੰਛੀਆਂ ਦਾ ਸ਼ਿਕਾਰ ਕੀਤਾ ਜਾਂਦਾ ਹੈ ਅਤੇ ਪੰਛੀਆਂ ਉੱਪਰ ਮੁੱਠੀ ਤੋਂ ਛੱਡੀਦਾ ਹੈ.

ਸ਼ਿਕਰੀਨ: ਦੇਖੋ, ਚਿਪਕ ੨.

ਸਿਕਲ: ਅ਼. صقل ਸਕ਼ਲ. ਸੰਗ੍ਯਾ- ਸਾਫ਼ ਕਰਨ ਦੀ ਕ੍ਰਿਯਾ. ਜ਼ੰਗ ਉਤਾਰਕੇ ਸ਼ਸਤ੍ਰ ਆਦਿ ਨੂੰ ਚਮਕਾਉਣ ਦਾ ਕਰਮ.

ਸਿਕਲਗਰ, ਸਿਕਲੀਗਰ: ਫ਼ਾ. صقل گر ਸਕ਼ਲਗਰ. ਸਿਕਲ ਕਰਨ ਵਾਲਾ. ਜ਼ੰਗ ਉਤਾਰਨ ਵਾਲਾ.

ਸਿਕਾ: ਦੇਖੋ, ਸਿੱਕਾ.

ਸਿਕਾਨਾ: ਕ੍ਰਿ. ਉਤਸੁਕ (उत्सुक) ਹੋਣਾ. ਬਹੁਤ ਚਾਹੁਣਾ. "ਰਹੀ ਸਿਕਾਵਤ ਹੇਰਨ ਕਾਰਨ." (ਗੁਪ੍ਰਸੂ)

ਸ਼ਿਕਯਾਤ: ਅ਼. شکایت ਸੰਗਯਾ- ਗਿਲਾ. ਮਾਖਤਾ.

ਸਿਕਾਰ: ਫ਼ਾ. شکار ਸ਼ਿਕਾਰ. ਸੰਗਯਾ- ਜੰਗਲੀ ਜਾਨਵਰਾਂ ਦੇ ਮਾਰਨ ਦਾ ਸੰਕਲਪ ਅਤੇ ਯਤਨ ਕਰਨਾ. ਮ੍ਰਿਗਯਾ. "ਸੰਤ ਸੰਗਿ ਲੇ ਚੜਿਓ ਸਿਕਾਰ." (ਭੈਰ ਮਃ ੫) ਸੰ. श्रकीडा ਸ਼੍ਵਕ੍ਰੀੜਾ. ਕੁੱਤਿਆਂ ਨੂੰ ਸਾਥ ਲੈ ਕੇ ਖੇਲ ਕਰਨ ਦੀ ਕ੍ਰਿਯਾ.

ਸ਼ਿਕਾਰ ਘਾਟ: ਦੇਖੋ, ਅਬਿਚਲਨਗਰ.

ਸ਼ਿਕਾਰਪੁਰ: ਸਿੰਧ ਦਾ ਇੱਕ ਨਗਰ, ਜੋ ਸੱਖਰ ਜਿਲੇ ਵਿੱਚ ਹੈ. ਇਹ ਵਪਾਰ ਦਾ ਪ੍ਰਸਿੱਧ ਅਸਥਾਨ ਹੈ. ਇੱਥੇ ਭਾਈ ਗੁਰੁਦਾਸ ਉਦਾਸੀਨ ਸਾਧੁ ਵਡੀ ਕਰਣੀ ਵਾਲੇ ਹੋਏ ਹਨ, ਜਿਨ੍ਹਾਂ ਦੀ ਖੱਟ ਵਾਲੀ ਧਰਮਸ਼ਾਲਾ ਬਹੁਤ ਮਸ਼ਹੂਰ ਹੈ. ਹੁਣ ਭੀ ਇਸ ਥਾਂ ਗੁਰੁਸਿੱਖੀ ਦਾ ਲੋਕਾਂ ਨੂੰ ਬਹੁਤ ਪ੍ਰੇਮ ਹੈ. ਭਾਈ ਗੁਰੁਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਯਾਯ (पर्याय ) ਭੀ ਲਿਖੇ ਹਨ.

ਸ਼ਿਕਾਰੀ: ਵਿ- ਸ਼ਿਕਾਰ ਖੇਡਣ ਵਾਲਾ। ੨. ਕ਼ਾ. ਵਿਭਚਾਰੀ. ਪਰਇਸਤ੍ਰੀਗਾਮੀ.

ਸ਼ਿਕਾਰੀ ਪੰਛੀ: ਉਹ ਪੰਛੀ, ਜੋ ਸ਼ਿਕਾਰ ਕਰਦੇ ਹਨ। ੨. ਉਹ ਪੰਛੀ ਜਿਨ੍ਹਾਂ ਨੂੰ ਪਾਲਕੇ ਅਤੇ ਸਿਖਾਕੇ ਜੀਵਾਂ ਦਾ ਸ਼ਿਕਾਰ ਕੀਤਾ ਜਾਵੇ. ਜੋ ਖਾਸ ਕਰਕੇ ਪੰਛੀ ਸ਼ਿਕਾਰ ਲਈ ਰੱਖੇ ਜਾਂਦੇ ਹਨ ਉਨ੍ਹਾਂ ਵਿਚੋਂ ਬਾਜ਼, ਜੁਰਰਾ, ਬਾਸ਼ਾ, ਬਸ਼ੀਨ, ਸ਼ਿਕਰਾ, ਚਿਪਕ, ਬੇਸਰਾ, ਧੂਤੀ (ਅਥਵਾ ਤੂਧੀ) ਗੁਲਾਬਚਸ਼ਮ ਹਨ, ਅਰਥਾਤ ਗੁਲਾਬੀ ਝਲਕ ਨਾਲ ਪੀਲੀ ਅੱਖ ਵਾਲੇ ਹਨ, ਅਰ ਚਰਗ, ਚਰਗੇਲਾ, ਲਗੜ, ਝਗੜ, ਤੁਰਮਤੀ, ਤੁਰਮਤਾ, ਬਹਰੀ, ਬਹਰੀਬੱਚਾ, ਕੁਹੀ, ਕੋਹੀਲਾ, ਛਿੱਕੁਲ, ਢੇਡੀ, ਉਕਾਬ, ਕੁਰਲ, ਸਯਾਹਚਸ਼ਮ ਹਨ, ਸਯਾਹਚਸ਼ਮ ਨਾਲੋਂ ਗੁਲਾਬਚਸ਼ਮ ਜਾਦਾ ਵਫਾਦਾਰ ਹੁੰਦੇ ਹਨ।

ਸ਼ਿਕਾਰੀ ਪੰਛੀਆਂ ਦੀ ਮਦੀਨ ਨੂੰ ਨਰ ਵਾਂਙ ਬੁਲਾਇਆ ਜਾਂਦਾ ਹੈ, ਜੈਸੇ- ਬਾਜ਼ ਬਹੁਤ ਅੱਛਾ ਸ਼ਿਕਾਰ ਕਰਦਾ ਹੈ, ਸ਼ਿਕਰਾ ਸ਼ਿਕਾਰ ਤੇ ਛੱਡਿਆ ਹੈ ਆਦਿ. ਸ਼ਿਕਾਰੀ ਪੰਛੀਆਂ ਦੇ ਨਰ, ਮਦੀਨ ਨਾਲੋਂ ਕੱਦ ਵਿੱਚ ਛੋਟੇ ਹੁੰਦੇ ਹਨ, ਇਸ ਦੇ ਉਲਟ ਹੋਰ ਪੰਛੀਆਂ ਦਾ ਨਰ ਕੱਦ ਵਿੱਚ ਵਡਾ ਹੋਇਆ ਕਰਦਾ ਹੈ. ਸ਼ਿਕਾਰੀ ਪੰਛੀ ਕੇਵਲ ਮਾਸ ਖਾਕੇ ਗੁਜਾਰਾ ਕਰਦੇ ਹਨ ਬੱਚੇ ਨੂੰ ਭੀ ਮਾਸ ਨਾਲ ਹੀ ਪਾਲਦੇ ਹਨ. ਜਦ ਬੱਚਾ ਬਹੁਤ ਛੋਟਾ ਹੁੰਦਾ ਹੈ ਤਾਂ ਆਪਣੇ ਮੇਦੇ ਵਿੱਚੋਂ ਅਧਪਚਿਆ ਮਾਸ ਉਗਲਕੇ ਉਸ ਨੂੰ ਖਵਾਉਂਦੇ ਹਨ.

ਦਸਮਗ੍ਰੰਥ ਵਿੱਚ ਸ਼ਿਕਾਰੀ ਪੰਛੀਆਂ ਦੇ ਕੁਝ ਨਾਉਂ ਇਕ ਸਵੈਯੇ ਵਿੱਚ ਆਏ ਹਨ ਯਥਾ-

ਬੇਸਰੇ ਔਰ ਕੁਹੀ ਬਹਰੀ ਅਰੁ

ਬਾਜ ਜੁਰੇ ਬਹੁਤੇ ਸੰਗ ਲੀਨੇ,

ਬਾਸ਼ੇ ਘਨੇ ਲਗਰਾ ਚਰਗੇ

ਸ਼ਿਕਰੇਨ ਕੇ ਫੇਟ ਭਲੀ ਬਿਧਿ ਕੀਨੇ,

ਧੂਤੀ ਉਕਾਬ ਬਸੀਨਨ ਕੋ ਸਜ

ਕੰਠ ਜਗੋਲਨ ਦ੍ਵਾਲ ਨਵੀਨੇ,

ਜਾਂਕਹੁ ਹੇਰ ਚਲਾਵਤ ਭੇ ਤਿਨ

ਪੰਛਿਨ ਤੇ ਇਕ ਜਾਨ ਨ ਦੀਨੇ.

(ਕ੍ਰਿਸਨਾਵ) ੨੦੯੦

ਇਨ੍ਹਾਂ ਪੰਛੀਆਂ ਦਾ ਹਾਲ ਅੱਖਰਕਰਮ ਅਨੁਸਾਰ ਇਸ ਕੋਸ਼ ਵਿੱਚ ਵੇਖੋ.

ਸਿਕਾਲਤ: ਅ਼. صقالت ਸਿਕ਼ਾਲਤ. ਸਿਕ਼ਲ ਕਰਨ ਦੀ ਕ੍ਰਿਯਾ. ਜਰ ਉਤਾਰਕੇ ਸ਼ਸਤ੍ਰ ਨੂੰ ਚਮਕਾਉਣਾ। ੨. ਸਿਕਲੀਗਰ ਦਾ ਪੇਸ਼ਾ.

ਸਿਕਾਵਤ: ਦੇਖੋ, ਸਕਾਵਤ ਅਤੇ ਸਿਕਾਨਾ.

ਸਿਕਿਮ: ਹਿਮਾਲਯ ਦੇ ਪੂਰਵ ਵੱਲ ਇੱਕ ਰਿਆਸਤ, ਜਿਸ ਦੇ ਉੱਤਰ ਪੂਰਵ ਤਿੱਬਤ, ਦੱਖਣ ਪੂਰਵ ਭੂਟਾਨ, ਦੱਖਣ ਦਾਰਜਿਲਿੰਗ, ਅਤੇ ਪੱਛਮ ਨੈਪਾਲ ਹੈ. ਰਕਬਾ ੨੮੧੮ ਵਰਗ ਮੀਲ ਹੈ. ਸਿਕਿਮ ਦਾ ਰਾਜਕੁਲ ਬੌੱਧ ਹੈ.

ਸ਼ਿਕੋਹ: ਫ਼ਾ. شکوہ ਸੰਗਯਾ- ਡਰ. ਖ਼ੌਫ਼। ੨. ਦੇਖੋ, ਸ਼ੁਕੋਹ.

ਸਿਕੋਰਨ: ਕ੍ਰਿ- ਸੰਕੋਚਨ. "ਨਾਕ ਸਿਕੋਰਹਿ ਨਰਕ ਭੀ." (ਗੁਪ੍ਰਸੂ) ਨਰਕ ਭੀ ਨੱਕ ਵੱਟਦਾ ਹੈ.

ਸ਼ਿਕੰਜ: ਫ਼ਾ. شکنج ਸੰਗਯਾ- ਚੂੰਢੀ ਭਰਨੀ. ਚੂੰਢੀ ਵੱਢਣ ਦੀ ਕ੍ਰਿਯਾ। ੨. ਮਰੋੜਨਾ. ਪੇਚ ਦੇਣਾ.

ਸਿਕੰਜਬੀ: ਅ਼. سکنجبین ਸ਼ਿਕੰਜਬੀਨ. ਸਿਰਕਾ ਅਤੇ ਅੰਗਬੀਨ (ਸ਼ਹਿਦ) ਦੋਹਾਂ ਨੂੰ ਮਿਲਾਕੇ ਬਣਾਇਆ ਹੋਇਆ ਪੀਣ ਯੋਗ ਪਦਾਰਥ। ੨. ਨੇਂਬੂ ਆਦਿ ਦੇ ਰਸ ਵਿੱਚ ਮਿਸ਼ਰੀ ਮਿਲਾਕੇ ਬਣਾਇਆ ਪੇਯ ਪਦਾਰਥ ਭੀ ਸ਼ਿਕੰਜਬੀ ਆਖਿਆ ਜਾਂਦਾ ਹੈ.

ਸਿਕੰਜਾ: ਫ਼ਾ. شکنجہ ਸ਼ਿਕੰਜਹ. ਸੰਗਯਾ- ਜਿਲਦਸਾਜ਼ ਦਾ ਇੱਕ ਯੰਤ੍ਰ, ਜਿਸ ਵਿੱਚ ਕਿਤਾਬਾਂ ਦਬਾਕੇ ਤਹਿ ਬੈਠਾ ਦਿੰਦਾ ਹੈ। ੨. ਅਪਰਾਧੀਆਂ ਨੂੰ ਪੀੜਨ ਦਾ ਇੱਕ ਯੰਤ੍ਰ, ਜੋ ਮੁਗਲਰਾਜ ਸਮੇਂ ਵਰਤਿਆ ਜਾਂਦਾ ਸੀ।

ਸਿਕੰਦਰ: سکندر ਅੰ. Alexander. ਸਿਕੰਦਰ ਕਈ ਹੋਏ ਹਨ, ਪਰ ਪ੍ਰਸਿੱਧ ਇਹ ਹਨ. ਇੱਕ ਸਿਕੰਦਰ ਫੈਲਕੂਸ[227] ਦਾ ਪੁਤ੍ਰ ਯੂਨਾਨ ਦਾ ਬਾਦਸ਼ਾਹ ਸੀ. ਜਿਸ ਨੇ ਈਰਾਨ ਦੇ ਬਾਦਸ਼ਾਹ ਨੂੰ ਫਤੇ ਕਰਕੇ ਈਸਵੀ ਸਨ ਤੋਂ ੩੨੭ ਵਰ੍ਹੇ ਪਹਿਲਾਂ ਹਿੰਦੁਸਤਾਨ ਤੇ ਚੜ੍ਹਾਈ ਕੀਤੀ ਅਰ ਪੰਜਾਬ ਦੇ ਰਾਜਾ "ਪੁਰੁ" ਨੂੰ ਜੇਹਲਮ ਦੇ ਕੰਢੇ ਸ਼ਿਕਸਤ ਦਿੱਤੀ ਅਤੇ ਬਿਆਸ ਨਦੀ ਤਕ ਆਕੇ ਦੇਸ ਨੂੰ ਮੁੜ ਗਿਆ. ਇਸ ਦਾ ਦੇਹਾਂਤ B. C. ੩੨੩ ਵਿੱਚ ਹੋਇਆ. "ਫੈਲਕੂਸ ਪਤਸ਼ਾਹ ਕੇ ਸੂਰ ਸਿਕੰਦਰ ਪੂਤ." (ਚਰਿਤ੍ਰ ੨੧੭) ਦੇਖੋ, ਅਰਸਤੂੰ।

(੨) ਦੂਜਾ ਸਿਕੰਦਰ, ਐਂਟੀਓਕਸ ਦਾ ਪੁਤ੍ਰ, ਸੀਰੀਆ ਦਾ ਬਾਦਸ਼ਾਹ ਸੀ।

(੩) ਤੀਜਾ ਸਿਕੰਦਰ, ਸਿਮਨ ਦਾ ਪੁਤ੍ਰ, ਸਾਈਰੀਨੀਆ ਦਾ ਨਿਵਾਸੀ ਸੀ, ਜੋ ਈਸਾ ਦਾ ਪਰਮਭਗਤ ਮੰਨਿਆ ਗਿਆ ਹੈ.

(੪) ਚੌਥਾ ਲੋਦੀ ਵੰਸ਼ ਦਾ ਬਾਦਸ਼ਾਹ, ਜੋ ਬਹਲੋਲ ਖਾਨ ਲੋਦੀ ਦਾ ਪੁਤ੍ਰ ਸੀ. ਇਹ ਸਨ ੧੪੮੯ ਵਿੱਚ ਦਿੱਲੀ ਦੇ ਤਖਤ ਤੇ ਬੈਠਾ ਅਰ ਹਿੰਦੂਆਂ ਨੂੰ ਪਰਮ ਦੁੱਖ ਦਿੰਦਾ ਹੋਇਆ ੧੭. ਫਰਵਰੀ ਸਨ ੧੫੨੭ ਨੂੰ ਆਗਰੇ ਮੋਇਆ. ਫਿਰੰਗੀਆਂ ਦਾ ਪਹਿਲਾ ਜਹਾਜ਼ ਇਸੇ ਸਿਕੰਦਰ ਸ਼ਾਹ ਦੀ ਹਕੂਮਤ ਸਮੇਂ ਆਕੇ ਭਾਰਤ ਦੇ ਕਿਨਾਰੇ ਲੱਗਾ ਸੀ.

ਸਿਕੰਦਰਸ਼ਾਹ ਲੋਦੀ: ਦੇਖੋ, ਸਿਕੰਦਰ ੪.

ਸਿਕੰਦਰ ਸਾਹਿਬ: ਦੇਖੋ, ਸਕਿਨਰ.

ਸਿਕੰਦਰ ਬਿਰਾਹਿਮ: ਦੇਖੋ, ਧੁਨੀ (ਸ).

ਸਿਕੰਦਰੀ ਭੁਜਾ: ਸੰਗਯ- ਸਮੁੰਦਰ ਵਿੱਚ ਭੁਜਾ (ਬਾਂਹ) ਦੇ ਆਕਾਰ ਵਾਲੇ ਮੀਨਾਰ, ਜੋ ਸਿਕੰਦਰ ਨੇ ਜਹਾਜ਼ਾਂ ਨੂੰ ਚਟਾਨਾਂ ਨਾਲ ਟਕਰਾਉਣ ਤੋਂ ਰੋਕਣ ਲਈ ਬਣਵਾਏ ਸਨ. ਜੈਸੇ ਹੁਣ ਲਾਈਟ ਹਾਊਸ (Light- house) ਹਨ.

ਸਿਕੰਧ: ਦੇਖੋ, ਸਕੰਧ.

---

[227] Philippos ਅਥਵਾ Philip

ਸਿਕੰਨ: ਦੇਖੋ, ਸ਼ਿਕਨ.

ਸਿੱਕਰੀ: ਸ਼ੁਸ਼ਕ (ਖੁਸ਼ਕ) ਹੋਈ ਤਹਿ. ਜਿਵੇਂ ਗਾਰੇ ਅਤੇ ਹੋਠਾਂ ਤੇ ਆਈ ਸਿੱਕਰੀ.

ਸਿੱਕਾ: ਫ਼ਾ. سکہ ਸੰਗਜ੍ਞਾ- ਰਾਜਮੁਦ੍ਰਾ. ਚਾਂਦੀ ਸੁਇਨੇ ਆਦਿ ਉੱਪਰ ਸਿੱਕਹ ਲਾਉਣਾ ਸ੍ਵਤੰਤ੍ਰ ਰਾਜ ਦਾ ਚਿੰਨ੍ਹ ਹੈ. ਸਿੱਖ ਮਹਾਰਾਜਿਆਂ ਨੇ ਭੀ ਆਪਣੇ ਆਪਣੇ ਸਿੱਕੇ ਸਮੇਂ ਸਮੇਂ ਸਿਰ ਚਲਾਏ ਹਨ, ਜਿਨ੍ਹਾਂ ਦਾ ਨਿਰਣਾ ਇਉਂ ਹੈ-

(ੳ) ਖ਼ਾਲਸਾਪੰਥ ਨੇ ਅੰਮ੍ਰਿਤਸਰ ਸਨ ੧੭੬੫ ਵਿੱਚ ਇੱਕ ਸਿੱਕਾ ਚਲਾਇਆ, ਜਿਸ ਦਾ ਨਾਉਂ ਨਾਨਕ ਸ਼ਾਹੀ ਸੀ. ਮਹਾਰਾਜਾ ਰਣਜੀਤ ਸਿੰਘ ਨੇ ਭੀ ਆਪਣੇ ਰਾਜ ਵਿੱਚ ਇਹੀ ਸਿੱਕਾ ਜਾਰੀ ਰੱਖਿਆ ਅਤੇ ਅੰਮ੍ਰਿਤਸਰ ਦੀ ਟਕਸਾਲ ਨੂੰ ਭਾਰੀ ਰੌਣਕ ਦਿੱਤੀ. ਇਸ ਸਿੱਕੇ ਦੀ ਇਬਾਰਤ ਹੈ-

ਦੇਗ਼ ਤੇਗ਼ੋ ਫ਼ਤਹ਼ ਨੁਸਰਤ ਬੇਦਰੰਗ,

ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ.

(ਅ) ਪਟਿਆਲੇ ਦਾ ਸਿੱਕਾ- ਪਟਿਆਲੇ ਦਾ ਰੁਪਯਾ ਅਤੇ ਮੁਹਰ "ਰਾਜੇਸ਼ਾਹੀ" ਨਾਉਂ ਤੋਂ ਪ੍ਰਸਿੱਧ ਹੈ. ਰਾਜੇਸ਼ਾਹੀ ਰੁਪਯਾ ਸ਼ੁੱਧ ਚਾਂਦੀ ਦਾ ੧੧, ੧/੪ ਮਾਸ਼ੇ ਭਰ ਹੈ. ਮੁਹਰ ਪੌਣੇ ਗਿਆਰਾਂ ਮਾਸ਼ੇ ਦੀ ਹੈ. ਦੋਹਾਂ ਉੱਪਰ ਇਬਾਰਤ ਇਹ ਹੈ-

ਹ਼ੁਕਮ ਸ਼ੁਦ ਅਜ਼ ਕ਼ਾਦਰੇ ਬੇ ਚੂੰ ਬ ਅਹ਼ਮਦ ਬਾਦਸ਼ਾਹ,

ਸਿੱਕਹ ਜ਼ਨ ਬਰ ਸੀਮੋ ਜ਼ਰ ਅਜ਼ ਔਜੇ ਮਾਹੀ ਤਾ ਬਮਾਹ.

(ੲ) ਜੀਂਦ ਦਾ ਸਿੱਕਾ- ਜੀਂਦ ਦਾ ਰੁਪਯਾ "ਜੀਂਦੀਆ" ਕਰਕੇ ਪ੍ਰਸਿੱਧ ਹੈ. ਤੋਲ ਸਵਾ ਗਿਆਰਾਂ ਮਾਸ਼ੇ ਹੈ. ਜੋ ਪਟਿਆਲੇ ਦੇ ਰਾਜੇਸ਼ਾਹੀ ਰੁਪਯੇ ਉੱਪਰ ਇਬਾਰਤ ਹੈ. ਉਹੀ ਜੀਂਦੀਏ ਤੇ ਹੈ.

(ਸ) ਨਾਭੇ ਦਾ ਸਿੱਕਾ- ਨਾਭੇ ਦਾ ਰੁਪਯਾ ਅਤੇ ਮੁਹਰ "ਨਾਭੇਸ਼ਾਹੀ" ਨਾਉਂ ਤੋਂ ਪ੍ਰਸਿੱਧ ਹੈ. ਨਾਭੇ ਦਾ ਰੁਪਯਾ ਸਵਾ ਗਿਆਰਾਂ ਮਾਸੇ ਅਤੇ ਮੋਹਰ ਪੌਣੇ ਦਸ ਮਾਸ਼ੇ ਹੈ. ਧਾਤੁ ਦੋਹਾਂ ਦੀ ਬਹੁਤ ਸ਼ੁੱਧ ਹੈ. ਦੋਹਾਂ ਉਤੇ ਇਬਾਰਤ ਹੈ-

ਦੇਗ਼ ਤੇਗ਼ੋ ਫ਼ਤਹ਼ ਨੁਸਰਤ ਬੇਦਰੰਗ,

ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ.

(ਹ) ਕਪੂਰਥਲੇ ਦਾ ਸਿੱਕਾ- ਹੁਣ ਇਹ ਸਿੱਕਾ ਦੇਖਣ ਵਿੱਚ ਨਹੀਂ ਆਉਂਦਾ, ਪਰ ਪੁਰਾਣੇ ਸਮੇਂ ਸਰਦਾਰ ਜੱਸਾ ਸਿੰਘ ਬਹਾਦੁਰ ਨੇ ਜੋ ਚਲਾਇਆ ਸੀ ਉਸ ਉਤੇ ਇਹ ਇਬਾਰਤ ਸੀ-

ਸਿੱਕਹ ਜ਼ਦ ਦਰ ਜਹਾਂ ਬਫ਼ਜਲੇ ਅਕਾਲ,

ਮੁਲਕ ਅਹ਼ਮਦ ਗਰਿਫ਼੍ਤ ਜੱਸਾ ਕਲਾਲ.[228]

੨. ਇੱਕ ਧਾਤੁ. ਸੰ. ਸੀਸਕ. Lead. ਗੋਲਾ ਗੋਲੀ ਛਰਰਾ ਆਦਿ ਬਣਾਉਣ ਲਈ ਸਿੱਕਾ ਬਹੁਤ ਵਰਤਿਆ ਜਾਂਦਾ ਹੈ.

ਸਿਕ੍ਸ਼: ਸੰ. शिक्ष् ਧਾ- ਪੜ੍ਹਨਾ. ਅਭ੍ਯਾਸ ਕਰਨਾ. ਸਿੱਖਣਾ.

ਸਿਕ੍ਸ਼ਕ: ਸੰ. ਵਿ- ਸਿਖ੍ਯਾ ਦੇਣ ਵਾਲਾ. ਨਸੀਹਤ ਕਰਨ ਵਾਲਾ। ੨. ਸੰਗ੍ਯਾ- ਗੁਰੂ ੩. ਉਸਤਾਦ.

ਸਿਕ੍ਸ਼ਾ: ਸੰ. ਸੰਗ੍ਯਾ- ਸਿਖਮਤ. ਨਸੀਹਤ। ੨. ਉਪਦੇਸ਼। ੩. ਵੇਦ ਦਾ ਇੱਕ ਅੰਗ, ਜਿਸ ਵਿੱਚ ਵੇਦਾਂ ਦੇ ਮੰਤ੍ਰਾਂ ਦੀ ਗਿਣਤੀ, ਉਨ੍ਹਾਂ ਦਾ ਸਹੀ ਉੱਚਾਰਣ ਅਤੇ ਸੁਰ ਨਾਲ ਪੜ੍ਹਨ ਦਾ ਢੰਗ ਦੱਸਿਆ ਹੈ.

---

[228] ਦੇਖੋ, The Rajas of the Punjab by L. H. Griffin P 285-87, 460-61, 466.

ਸਿਕ੍ਸ਼ਿਤ: ਵਿ- ਸਿਖ੍ਯਾ ਨੂੰ ਪ੍ਰਾਪਤ ਹੋਇਆ. ਸਿਖਮਤ ਧਾਰਨ ਵਾਲਾ. ਪੜ੍ਹਿਆ ਹੋਇਆ.

ਸਿਖ: ਸੰ. शिष्य. ਸ਼ਿਸ਼੍ਯ. ਸੰਗ੍ਯਾ- ਜੋ ਸ਼ਾਸਨ (ਉਪਦੇਸ਼) ਯੋਗ ਹੋਵੇ. ਚੇਲਾ. ਸ਼ਾਗਿਰਦ। ੨. ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ ਜਿਸ ਨੇ ਸਤਿਗੁਰੂ ਨਾਨਕ ਦੇਵ ਦਾ ਸਿੱਖ ਧਰਮ ਧਾਰਨ ਕੀਤਾ ਹੈ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਆਪਣਾ ਧਰਮਗ੍ਰੰਥ ਮੰਨਦਾ ਅਤੇ ਦਸ ਸਤਿਗੁਰਾਂ ਨੂੰ ਇੱਕ ਰੂਪ ਜਾਣਦਾ ਹੈ. "ਗੁਰੁ ਸਤਿਗੁਰ ਕਾ ਜੋ ਸਿੱਖ ਅਖਾਏ xxx ਜੋ ਸਾਸ ਗਿਰਾਸ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨਿ ਭਾਵੈ." (ਵਾਰ ਗਉ ੧. ਮਃ ੪) "ਆਪ ਛਡਿ ਸਦਾ ਰਹੈ ਪਰਣੈ ਗੁਰ ਬਿਨ ਅਵਰੁ ਨਾ ਜਾਣੈ ਕੋਇ। ਕਹੈ ਨਾਨਕ ਸੁਣਹੁ ਸੰਤਹੁ, ਸੋ ਸਿਖ ਸਨਮੁਖ ਹੋਇ." (ਆਨੰਦ) ਦੇਖੋ, ਸਿੱਖ। ੩. ਸਿਕ੍ਸ਼ਾ. ਉਪਦੇਸ਼. "ਜੇ ਇੱਕ ਗੁਰ ਕੀ ਸਿਖ ਸੁਣੀ." (ਜਪੁ) "ਗੁਰੁ ਤੁਠਾ ਸਿਖ ਦੇਵੈ ਮੇਰੇ ਭਾਈ." (ਆਸਾ ਮਃ ੪) ੪. ਸ਼ਿਖਾ. ਚੋਟੀ. "ਮੂੰਡ ਮੁਡਾਇ ਜਟਾ ਸਿਖ ਬਾਂਧੀ." (ਮਾਰੂ ਅਃ ਮਃ ੧)

ਸਿਖਸਭਾ: ਸੰਗ੍ਯਾ- ਗੁਰੂ ਨਾਨਕ ਪੰਥੀਆਂ ਦੀ ਸਭਾ. ਸਾਧੁਸੰਗ. "ਸਿਖਸਭਾ ਦੀਖਿਆ ਕਾ ਭਾਉ." (ਆਸਾ ਮਃ ੧)

ਸਿਖਸਭਾ: ਸੰਗ੍ਯਾ- ਗੁਰੂ ਨਾਨਕ ਪਛੀਆਂ ਦੀ ਸਭਾ. ਸਾਧੁਸੰਗ. "ਸਿਖਸਭਾ ਦੀਖਿਆ ਕਾ ਭਾਉ." (ਆਸਾ ਮਃ ੧) ਦੇਖੋ, ਸਿੰਘ ਸਭਾ.

ਸਿਖਣਾ: ਕ੍ਰਿ. ਸਿਖ੍ਯਾ ਦਾ ਗ੍ਰਹਿਣ ਕਰਨਾ. ਸਿਕ੍ਸ਼ਾਗ੍ਰਹਣ.

ਸਿਖਣੀ: ਸਿੱਖਧਰਮ ਧਾਰਨ ਵਾਲੀ ਇਸਤ੍ਰੀ.

ਸਿਖਧਰਮ: ਦੇਖੋ, ਸਿੱਖ ਧਰਮ.

ਸਿਖਨੀ: ਦੇਖੋ, ਸਿਖਣੀ.

ਸਿਖਮਤ, ਸਿਖਮਤਿ: ਸੰਗ੍ਯਾ- ਸਿਖ੍ਯਾ. ਸ਼ਿਕ੍ਸ਼ਾਮਤਿ. ਉਪਦੇਸ਼. ਨਸੀਹਤ. "ਸਿਖਮਤਿ ਸਭ ਬੁਧਿ ਤੁਮਾਰੀ." (ਬਿਲਾ ਮਃ ੧)

ਸਿਖਰ: ਸੰ. ਸ਼ਿਖਰ. ਸੰਗ੍ਯਾ- ਪਹਾੜ ਦੀ ਚੋਟੀ। ੨. ਮੰਦਿਰ ਦਾ ਕਲਸ਼। ੩. ਉੱਚੈਸ਼੍ਰਵਾ ਘੋੜਾ. "ਸਿਖਰ ਸੁਨਾਗਰ ਨਦੀ ਚੇ ਨਾਥੰ." (ਧਨਾ ਤ੍ਰਿਲੋਚਨ) ੪. ਦਸ਼ਮਦ੍ਵਾਰ. "ਅਮ੍ਰਿਤੁ ਮੂਲੁ ਸਿਖਰ ਲਿਵ ਤਾਰੈ." (ਬਿਲਾ ਥਿਤੀ ਮਃ ੧)

ਸਿਖਰਿ, ਸਿਖਰੀ: ਸੰ. शिखरिन् ਵਿ- ਚੋਟੀ ਵਾਲਾ। ੨. ਸੰਗ੍ਯਾ- ਪਹਾੜ। ੩. ਬਿਰਛ.

ਸਿੰਖਲਾ: ਸੰ. ਸ਼੍ਰਿੰਖਲਾ. श्रृङ्खला. ਸੰਗ੍ਯਾ- ਸੰਗੁਲ. ਜ਼ੰਜੀਰ. "ਜੋ ਜਗਕਾਨ ਸਿੰਖਲਾ ਸੰਗ." (ਨਾਪ੍ਰ) ਜਗਤ ਦੀ ਕਾਣ ਰੂਪ ਸੰਗੁਲ ਨਾਲ.

ਸਿਖਲਾਨਾ: ਕ੍ਰਿ. ਸਿਖਾਉਣਾ.

ਸਿਖਵਨ: ਸੰਗ੍ਯਾ- ਸਿਖ੍ਯਾ. ਉਪਦੇਸ਼. ਨਸੀਹਤ. "ਸਿਖਵਨ ਕਾਲੂ ਦੇਵਤ ਭੂਰੀ." (ਨਾਪ੍ਰ)

ਸਿਖਵੰਤਾ: ਵਿ- ਸਿਖ੍ਯਾਵੰਤ. ਜਿਸ ਨੇ ਸਿਕ੍ਸ਼ਾ ਧਾਰਨ ਕੀਤੀ ਹੈ। ੨. ਸਿਖ੍ਯਾ ਦੇਣ ਵਾਲਾ. ਉਪਦੇਸ਼ਕ. "ਸੁਣਿ ਸਿਖਵੰਤੇ! ਨਾਨਕ ਬਿਨਵੈ." (ਗੂਜ ਅਃ ਮਃ ੧)

ਸਿਖੜਾ: ਵਿ- ਸਿਖ੍ਯਾ ਦੇ ਧਾਰਨ ਵਾਲਾ. ੜਾ ਪ੍ਰਤ੍ਯਯ "ਵਾਨ" ਅਰਥ ਰਖਦਾ ਹੈ. ਬਹੁਤ ਆਖਦੇ ਹਨ ਕਿ ੜਾ ਤੁੱਛਤਾ ਦਾ ਬੋਧਕ ਹੈ, ਪਰ ਇਹ ਨੇਮ ਸਭ ਥਾਂ ਨਹੀਂ ੨. ਸੰਗ੍ਯਾ- ਸ਼੍ਰੀ ਗੁਰੂ ਨਾਨਕ ਦੇਵ ਦੀ ਸਿੱਖੀ ਧਾਰਨ ਵਾਲਾ, ਗੁਰਸਿੱਖ. "ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ." (ਸੂਹੀ ਮਃ ੫. ਗੁਣਵੰਤੀ)

ਸਿਖਾ: ਸੰ. ਸ਼ਿਖਾ. ਸੰਗ੍ਯਾ- ਚੋਟੀ. ਬੋਦੀ. ੨. ਪਹਾੜ ਦਾ ਟਿੱਲਾ। ੩. ਅੱਗ ਦੀ ਲਾਟ। ੪. ਸਿਕ੍ਸ਼ਾ. ਉਪਦੇਸ਼. "ਸਿਖਾ ਕੰਨਿ

ਚੜਾਈਆ." (ਵਾਰ ਆਸਾ) ੪. ਸਿੱਖ ਦਾ ਬਹੁ ਵਚਨ. ਸਿੱਖ ਲੋਕ. "ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ." (ਤੁਖਾ ਛੰਤ ਮਃ ੪)

ਸਿਖਾਉਣਾ, ਸਿਖਾਰਨ, ਸਿਖਾਲਨਾ: ਕ੍ਰਿ- ਸਿਖਲਾਨਾ. ਸਿਕ੍ਸ਼ਾ ਦੇਣੀ. ਸਿਕ੍ਸ਼ਣ. "ਸਗਲ ਪ੍ਰਜਾ ਕੋ ਧਰਮ ਸਿਖਾਰਨ." (ਮਨੁਰਾਜ)

ਸਿਖਿ: ਦੇਖੋ, ਸਿਖੀ। ੨. ਸਿੱਖ ਨੇ. "ਸਿਖਿ ਸਤਗੁਰੂ ਧਿਆਇਆ." (ਗੌਂਡ ਅਃ ਮਃ ੫) ੨. ਸਿੱਖਕੇ.

ਸਿਖਿਆ: ਦੇਖੋ, ਸਿਕ੍ਸ਼ਾ। ੨. ਸਿਖ੍ਯਾ ਦ੍ਵਾਰਾ. ਉਪਦੇਸ਼ ਤੋਂ. "ਸਾਚ ਸਿਖਿਆ ਕਟੀ ਜਮ ਕੀ ਫਾਸਏ." (ਧਨਾ ਛੰਤ ਮਃ ੫)

ਸਿਖਿਤ: ਦੇਖੋ, ਸਿਕ੍ਸ਼ਿਤ.

ਸਿਖਿਨੀ: ਦੇਖੋ, ਸਿਖਣੀ। ੨. ਸੰ. ਸ਼ਿਖਿਨੀ. ਸੰਗਯਾ- ਮੋਰਨੀ. ਮੋਰ ਦੀ ਮਦੀਨ.

ਸਿਖਿਬਾਹਨ, ਸ਼ਿਖਿਵਾਹਨ: ਸੰ. ਸੰਗਯਾ- ਸ਼ਿਖੀ (ਮੋਰ) ਹੈ ਜਿਸ ਦੀ ਸਵਾਰੀ. ਸ਼ਿਵਪੁਤ੍ਰ ਖੜਾਨਨ.

ਕਾਰਤਿਕੇਯ. "ਸਿਵ ਸਿਖਿਬਾਹਨ ਗਨ ਸਹਿਤ ਆਏ ਰਨ ਰਿਸ ਧਾਰ." (ਕ੍ਰਿਸਨਾਵ)

ਸਿਖੀ: ਸਿੱਖੀਂ. ਸਿੱਖਾਂ ਨੇ. "ਸਿਖੀ ਸਿਖਿਆ ਗੁਰ ਵੀਚਾਰਿ." (ਵਾਰ ਆਸਾ) "ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ." (ਰਾਮ ਵਾਰ ੩) ੨. ਦੇਖੋ, ਸਿੱਖੀ। ੩. ਸੰ. शिखिन् ਵਿ- ਚੋਟੀ ਵਾਲਾ। ੪. ਸੰਗਯਾ- ਮੋਰ। ੫. ਮੁਰਗਾ। ੬. ਬਿਰਛ। ੭. ਅਗਨਿ। ੮. ਪਹਾੜ। ੯. ਬੋਦੀ ਵਾਲਾ ਤਾਰਾ। ੧੦. ਘੋੜਾ। ੧੧. ਦੀਵਾ। ੧. ੨. ਤੀਰ. ਵਾਣ। ੧੩. ਇੰਦ੍ਰ.

ਸਿਖੀ ਬਾਹਨ: ਦੇਖੋ, ਸਿਖਿਬਾਹਨ.

ਸਿਖੰਡ: ਸੰ. शिखण्ड ਸ਼ਿਖੰਡ. ਸੰਗਯਾ- ਚੋਟੀ. ਬੋਦੀ। ੨. ਮੋਰ ਦੀ ਪੂਛ। ੩. ਬਿਰਛ ਅਤੇ ਬੇਲਿ ਦੀ ਚੋਟੀ.

ਸਿਖੰਡਣਹ: ਸੰ. शिखरिनू ਸ਼ਿਖਰਿਨ੍. ਸੰਗਯਾ- ਪਹਾੜ. "ਦੀਪ ਲੋਅ ਸਿਖੰਡਣਹ." (ਗਾਥਾ) ੨. ਸਿ (ਤਿੰਨ) ਖੰਡ (ਲੋਕ). ਬ੍ਰਾਹਮਾਂਡ ਦੇ ਤਿੰਨ ਟੁਕੜੇ. ਪਾਤਾਲ, ਪ੍ਰਿਥਿਵੀ, ਆਕਾਸ਼ ਲੋਕ.

ਸਿਖੰਡਿ, ਸਿਖੰਡੀ: ਸੰ. शिखण्डिन ਸ਼ਿਖੰਡਿਨ੍. ਵਿ- ਚੋਟੀ ਵਾਲਾ। ੨. ਸੰਗਯਾ- ਮੋਰ। ੩. ਫੰਘਾਂ ਵਾਲਾ ਤੀਰ। ੪. ਮੁਰਗਾ। ੫. ਵੇਲਿ. ਲਤਾ. "ਘਟੰਤ ਬਸੁਧਾ ਗਿਰਿ ਤਰੁ ਸਿਖੰਡੰ." (ਸਹਸ ਮਃ ੫) ੬. ਕਾਸ਼ੀ ਦੇ ਰਾਜੇ ਦੀ ਪੁਤ੍ਰੀ ਅੰਬਾ, ਜਿਸ ਨੂੰ ਭੀਸ਼ਮ- ਪਿਤਾਮਾ ਜਿੱਤਕੇ ਆਪਣੇ ਭਾਈ ਵਿਚਿਤ੍ਰਵੀਰਯ ਲਈ ਲਿਆਇਆ ਸੀ, ਪਰ ਅੰਬਾ ਨੇ ਉਸ ਨੂੰ ਵਰਨਾ ਨਾ ਚਾਹਿਆ ਕਿਉਂਕਿ ਉਹ ਸ਼ਾਲ੍ਵ ਨੂੰ ਮਨੋ ਪਤੀ ਧਾਰ ਚੁਕੀ ਸੀ. ਦੇਖੋ, ਅੰਬਾ.

ਅੰਬਾ ਨੇ ਬਿਨਾ ਪਤੀ ਦੁੱਖ ਵਿੱਚ ਉਮਰ ਵਿਤਾਈ. ਭੀਸ਼ਮ ਤੋਂ ਬਦਲਾ ਲੈਣ ਲਈ ਇਹ ਰਾਜਾ ਦ੍ਰੁਪਦ ਦੀ ਪੁਤ੍ਰੀ ਹੋਕੇ ਜਨਮੀ, ਅਰ ਇੱਕ ਯਕ੍ਸ਼ ਦੀ ਕ੍ਰਿਪਾ ਕਰਕੇ ਆਦਮੀ ਦੀ ਸ਼ਕਲ ਵਿੱਚ ਪਲਟੀ ਗਈ ਅਤੇ ਨਾਉਂ ਸ਼ਿਖੰਡੀ ਹੋਇਆ. ਜਦ ਕੁਰੁਛੇਤ੍ਰ ਦੇ ਜੰਗ ਵਿੱਚ ਭੀਸ਼ਮ ਅਰਜੁਨ ਦੇ ਮੁਕਾਬਲੇ ਆਇਆ ਤਦ ਸ਼ਿਖੰਡੀ ਅਰਜੁਨ ਦੇ ਅਗੇ ਆ ਖਲੋਤਾ. ਭੀਸ਼ਮ ਨੇ ਉਸ ਨੂੰ ਆਪਣੀ ਭਰਜਾਈ ਜਾਣਕੇ ਵਾਰ ਨਾ ਕੀਤਾ. ਇਤਨੇ ਵਿੱਚ ਅਰਜੁਨ ਨੇ ਭੀਸ਼ਮ ਨੂੰ ਤੀਰਾਂ ਨਾਲ ਪਰੋ ਦਿੱਤਾ. ਜਿਸ ਤੀਰ ਨਾਲ ਭੀਸ਼ਮਪਿਤਾਮਾ ਰਣ ਵਿੱਚ ਡਿੱਗਾ ਉਹ ਸ਼ਿਖੰਡੀ ਦਾ ਹੀ ਚਲਾਇਆ ਹੋਇਆ ਸੀ.

ਸਿੱਖ: ਸ਼ਿਸ਼੍ਯ. ਦੇਖੋ, ਸਿਖ। ੨. ਗੁਰੁਸਿੱਖ. ਸਿੱਖਧਰਮ ਧਾਰੀ. ਦੇਖੋ ਸਿੱਖਧਰਮ. "ਸਤਿ ਸੰਤੋਖ ਦਯਾ ਧਰਮ ਨਾਮ ਦਾਨ ਇਸਨਾਨ ਦਿੜਾਯਾ। ਗੁਰੁਸਿਖ ਲੈ ਗੁਰੁਸਿੱਖ ਸਦਾਯਾ." (ਭਾਗੁ) "ਗੁਰਉਪਦੇਸ਼ ਪਰਵੇਸ ਰਿਦ ਅੰਤਰ ਹੈ, ਸ਼ਬਦ ਸੁਰਤਿ ਸੋਈ ਸਿੱਖ ਜਗ ਜਾਨੀਐ." (ਭਾਗੁ ਕ)

ਜੈਸੇ ਪਤਿਬ੍ਰਤਾ ਪਰਪੁਰਖੈ ਨ ਦੇਖ੍ਯੋ ਚਾਹੈ

ਪੂਰਨ ਪਤੀਬ੍ਰਤਾ ਕੋ ਪਤਿ ਹੀ ਮੈ ਧਯਾਨ ਹੈ,

ਸਰ ਸਰਿਤਾ ਸਮੁਦ੍ਰ ਚਾਤ੍ਰਿਕ ਨ ਚਾਹੈ ਕਾਹੂੰ

ਆਸ ਘਨਬੂੰਦ ਪ੍ਰਿਯ ਪ੍ਰਿਯ ਗੁਨਗਾਨ ਹੈ,

ਦਿਨਕਰ ਓਰ ਭੋਰ ਚਾਹਤ ਨਹੀਂ ਚਕੋਰ

ਮਨ ਬਚ ਕ੍ਰਮ ਹਿਮਕਰ ਪ੍ਰਿਯ ਪ੍ਰਾਨ ਹੈ,

ਤੈਸੇ ਗੁਰੁਸਿੱਖ ਆਨ ਦੇਵ ਸੇਵ ਰਹਿਤ, ਪੈ-

ਸਹਿਜ ਸੁਭਾਵ ਨ ਅਵਗਯਾ ਅਭਿਮਾਨ ਹੈ.

(ਭਾਗੁ ਕ)

ਸਿੱਖ ਧਰਮ: ਮਨੁੱਖਾਜੀਵਨ ਦੇ ਮਨੋਰਥ ਦੀ ਸਿੱਧੀ ਲਈ ਜੋ ਮਹਾਪੁਰਖਾਂ ਨੇ ਰਸਤਾ ਦੱਸਿਆ ਹੈ, ਉਸ ਨੂੰ ਧਰਮ ਕਹਿੰਦੇ ਹਨ.[229] ਧਰਮ ਦੇ ਅਨੇਕ ਰਸਤਿਆਂ ਵਿੱਚੋਂ ਇੱਕ ਸ਼ਿਰੋਮਣਿ ਰਸਤਾ ਉਹ ਹੈ, ਜੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਦਸ ਗੁਰੂਆਂ ਨੇ ਦੱਸਿਆ ਹੈ. ਇਸ ਦਾ ਨਾਉਂ "ਸਿੱਖਧਰਮ" ਹੈ. ਇਸ ਧਰਮ ਦੇ ਮੋਟੇ ਮੋਟੇ ਨਿਯਮ ਇਹ ਹਨ-

ਧਰਮ ਦਾ ਮੁੱਖ ਮਨੋਰਥ ਸ੍ਵਰਗ ਆਦਿਕ ਲੋਕਾਂ ਦੀ ਪ੍ਰਾਪਤੀ ਨਹੀਂ, ਸਗੋਂ ਪਰਮਪਤੀ ਵਾਹਗੁਰੂ ਨਾਲ ਅਖੰਡ ਲਿਵ ਜੋੜਕੇ ਇੱਕ ਮਿੱਕ ਹੋ ਜਾਣਾ ਹੈ, ਜਿਸ ਬਿਨਾ ਆਵਾਗਉਣ ਦੀ ਸਮਾਪਤੀ ਨਹੀਂ ਹੁੰਦੀ.

ਵਾਹਗੁਰੂ ਦਾ ਰੂਪ ਇਹ ਹੈ- "ੴ ਸਤਿਨਾਮ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ." ਅਰਥਾ- ਵਾਹਗੁਰੂ ਇੱਕ (ਅਦੁਤੀ) ਹੈ, ਸਦਾ ਅਵਿਨਾਸ਼ੀ ਹੈ, ਸਭ ਦੇ ਰਚਣ ਵਾਲਾ ਉਹੀ ਹੈ, ਅਤੇ ਆਪਣੀ ਰਚਨਾ ਦੇ ਅੰਦਰ ਸਮਾਇਆ ਹੋਇਆ.[230] ਦੇਵਤਿਆਂ ਵਾਂਙ ਉਹ ਕਦੇ ਕਿਸੇ ਤੋਂ ਭੈ ਕਰਦਾ ਜਾਂ ਵੈਰੀਆਂ ਨੂੰ ਡਰਾਉਣ ਵਾਲਾ ਨਹੀਂ, ਨਿੱਤ ਆਨੰਦਰੂਪ ਹੈ, ਜਨਮ ਮਰਨ ਵਿੱਚ ਨਹੀਂ ਆਉਂਦਾ, ਉਹ ਸਭ ਦਾ ਕਰਤਾ ਹੈ, ਉਸ ਦਾ ਕਰਤਾ ਕੋਈ ਨਹੀਂ, ਉਸ ਮਹਾਂ ਜੋਤਿ ਦੀ ਕ੍ਰਿਪਾ ਨਾਲ ਸਭ ਕੁਝ ਪ੍ਰਾਪਤ ਹੋ ਸਕਦਾ ਹੈ.

ਵਾਹਗੁਰੂ ਨੂੰ ਪਹੁਚਣ ਲਈ ਗੁਰੂ ਦੀ ਲੋੜ ਹੈ. ਇਹ ਗੁਰੂ ਦਸ ਸਤਿਗੁਰੂ ਹਨ, ਅਤੇ ਉਨ੍ਹਾਂ ਦਾ ਸਮੁੱਚਾ ਰੂਪ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ.[231]

ਜੋ ਗੁਰਮੁਖਪਜਾਰੇ ਸਤਿਗੁਰੂ ਦੇ ਸ਼ਬਦ ਦਾ ਭਾਵ ਅਤੇ ਧਰਮ ਦੇ ਗੁੱਝੇ ਭੇਤ ਦਸਦੇ ਹਨ, ਉਹ ਸਨਮਾਨ ਯੋਗਯ ਉਪਕਾਰੀ ਸੱਜਨ ਮੰਨੇ ਜਾਂਦੇ ਹਨ, ਜਿਨ੍ਹਾਂ ਦੀ ਸੰਗਤਿ ਨਾਲ ਅਸੀਂ ਆਪਣਾ ਉੱਚਾ ਆਚਰਣ ਬਣਾਉਣਾ ਹੈ.[232] ਇਹ ਆਚਰਣ ਦੋ ਤਰਾਂ ਦਾ ਹੈ-

(ੳ) ਸ਼ਖ਼ਸੀ.

---

[229] ਇਸੇ ਲਈ ਧਰਮ ਅਥਵਾ ਮਜਹਬ ਦਾ ਨਾਉਂ "ਪੰਥ" ਹੋ ਗਿਆ ਹੈ.

[230] "ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ." (ਵਾਰ ਆਸਾ)

[231] "ਬ੍ਰਹਮ ਬਿੰਦੈ ਸੋ ਸਤਿਗੁਰ ਕਹੀਐ, ਹਰਿ ਹਰਿ ਕਥਾ ਸੁਣਾਵੈ." (ਮਲਾ ਮਃ ੪)

"ਸਤਿਪੁਰਖੁ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ। ਤਿਸ ਕੈ ਸੰਗਿ ਸਿਖ ਉਧਰੈ ਨਾਨਕ ਹਰਿਗੁਣ ਗਾਉ." (ਸੁਖਮਨੀ)

"ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮਦ੍ਰਿਸਟਿ ਦਿਖਾਈ." (ਮਃ ੪. ਵਾਰ ਵਡ)

"ਸਤਿਗੁਰ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਆਉਗਣ ਕਟੈ ਕਰੈ ਸੁਧ ਦੇਹਾ." (ਰਾਮ ਵਾਰ ੨. ਮਃ ੫)

[232] "ਆਪਿ ਤਰੈ ਕੁਲ ਸਗਲੇ-ਤਾਰੈ ਗੁਰਮੁਖ ਜਨਮ ਸਵਾਰਣਿਆ." (ਮਾਝ ਅਃ ਮਃ ੩)

"ਮਹਾ ਪਵਿਤ੍ਰ ਸਾਧੁ ਕਾ ਸੰਗ। ਜਿਸੁ ਭੇਟਤ ਲਾਗੈ ਪ੍ਰਭ ਰੰਗ." (ਆਸਾ ਮਃ ੫)

(ਅ) ਕੌਮੀ (ਪੰਥਿਕ).

ਸ਼ਖ਼ਸੀ ਆਚਰਣ ਦੇ ਮੋਟੇ ਮੋਟੇ ਨੇਮ ਇਹ ਹਨ-

(੧) ਵਾਹਗੁਰੂ ਨਾਲ ਲਿਵ ਜੋੜਕੇ ਨਾਮ ਸਿਮਰਣ ਕਰਨਾ.[233]

(੨) ਗੁਰਬਾਣੀ ਦਾ ਪਾਠ ਸਿੱਧਾਂਤ ਵਿਚਾਰ ਨਾਲ ਨਿੱਤ ਕਰਨਾ.[234]

(੩) ਮਨੁਖਮਾਤ੍ਰ ਨੂੰ ਆਪਣੇ ਭਾਈ ਜਾਣਕੇ, ਜਾਤਿ ਪਾਤਿ ਅਤੇ ਦੇਸ ਦਾ ਭੇਦ ਤ੍ਯਾਗਕੇ ਪ੍ਰੇਮ ਕਰਨਾ ਅਤੇ ਨਿਸਕਾਮ ਸੇਵਾ ਕਰਨੀ.[235]

(੪) ਗ੍ਰਿਹਸਥ ਵਿੱਚ ਰਹਿਕੇ ਧਰਮ ਦੀ ਕਮਾਈ ਨਾਲ ਨਿਰਵਾਹ ਕਰਨਾ.[236]

(੫) ਅਵਿਦ੍ਯਾ ਮੂਲਕ ਛੂਤਛਾਤ, ਜੰਤ੍ਰ, ਮੰਤ੍ਰ ਮੂਰਤੀ ਪੂਜਾ ਅਤੇ ਅੰਨਮਤਾਂ ਦੇ ਕਰਮਜਾਲ ਨੂੰ ਛੱਡਕੇ ਗੁਰਮਤ ਤੇ ਚੱਲਣਾ.[237]

(ਅ) ਪੰਥਿਕ ਆਚਰਣ ਲਈ ਜਰੂਰੀ ਹੈ ਕਿ-

(੧) ਜਥੇਬੰਦੀ ਦੇ ਨਿਯਮਾਂ ਵਿੱਚ ਆਕੇ ਸਿੱਖ ਧਰਮ ਦੀ ਰਹਿਤ ਤੇ ਪੱਕਿਆਂ ਰਹਿਣਾ.

(੨) ਪੰਥ ਨੂੰ ਗੁਰੂ ਦਾ ਰੂਪ ਜਾਣਕੇ ਤਨ ਮਨ ਧਨ ਤੋਂ ਸਹਾਇਤਾ ਕਰਨੀ.

(੩) ਜਗਤ ਵਿੱਚ ਗੁਰਮਤ ਦਾ ਪ੍ਰਚਾਰ ਕਰਨਾ.

(੪) ਗੁਰੂ ਨਾਨਕ ਪੰਥੀ ਭਾਵੇਂ ਕਿਸੇ ਭੇਖ ਅਤੇ ਰੂਪ ਵਿੱਚ ਹੋਣ, ਉਨਾ ਨੂੰ ਸਿੱਖ ਧਰਮ ਦਾ ਅੰਗ ਜਾਣਕੇ ਸਨੇਹ ਕਰਨਾ, ਅਰ ਹਰ ਵੇਲੇ ਸਭਸ ਦਾ ਭਲਾ ਲੋਚਣਾ.

(੫) ਗੁਰਦ੍ਵਾਰਿਆਂ ਅਤੇ ਧਰਮ ਅਸਥਾਨਾਂ ਦੀ ਮਰਯਾਦਾ ਸਤਿਗੁਰਾਂ ਦੇ ਹੁਕਮ ਅਨੁਸਾਰ ਕਾਇਮ ਰੱਖਣੀ.[238]

**ਸਿੱਖ ਰਯਾਸਤਾਂ, ਸਿੱਖ ਰਿਆਸਤਾਂ:** ਦੇਖੋ, ਕਪੂਰਥਲਾ, ਕਲਸੀਆ, ਜੀਂਦ, ਨਾਭਾ, ਪਟਿਆਲਾ, ਫਰੀਦਕੋਟ ਅਤੇ ਫੂਲ ਵੰਸ਼.

**ਸਿੱਖੀ:** ਸੰਗ੍ਯਾ- ਸਿਖ੍ਯਾ ਧਾਰਨ ਕੀ ਕ੍ਰਿਯਾ। ੨. ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਪੱਧਤਿ. "ਗੁਰੁਸਿੱਖੀ ਦਾ ਲਿੱਖਣਾ ਲੱਖ ਨ

---

[233] "ਦੁਖ ਭੁਖ ਨਹਿ ਵਿਆਪਈ ਜੇ ਸੁਖਦਾਤਾ ਮਨਿ ਹੋਇ. ਕਿਤ ਹੀ ਕੰਮਿ ਨ ਛਿਜੀਐ ਜਾਂ ਹਿਰਦੈ ਸਚਾ ਸੋਇ." (ਸ੍ਰੀ ਮਃ ੫)

[234] "ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ। ਇਹੁ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ." (ਬਿਲਾ ਮਃ ੩)
"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖ ਹੋਇ." (ਓਅੰਕਾਰ)

[235] "ਤੂੰ ਸਾਂਝਾ ਸਹਿਬੁ ਬਾਪੁ ਹਮਾਰਾ." (ਮਾਝ ਮਃ ੫) "ਏਕੁ ਪਿਤਾ ਏਕਸ ਕੇ ਹਮ ਬਾਰਿਕ." (ਸੋਰ ਮਃ ੫)

[236] "ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰ." (ਵਾਰ ਆਸਾ) "ਨਾਨਕ ਸਤਿਗੁਰ ਭੇਟੀਐ ਪੂਰੀ ਹੋਵੇ ਜੁਗਤਿ।
ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ." (ਮਃ ੫. ਵਾਰ ਗੂਜ ੨)
"ਘਾਲਿ ਖਾਇਲ ਕਿਛੁ ਹਥਹੁ ਦੇਇ। ਨਾਨਕ ਰਾਹ ਪਛਾਣਹਿ ਸੇਇ।" (ਮਃ ੧. ਵਾਰ ਸਾਰ)

[237] "ਮਤੁ ਸਚਾ ਅਖਰੁ ਭੁਲਿਜਾਇ ਚਉਕੇ ਭਿਟੈ ਨ ਕੋਇ." (ਮਃ ੩. ਵਾਰ ਮਾਰੂ ੧) "ਸੋਈ ਕੁਚੀਲ ਕੁਦਰਤਿ ਨਹੀ ਜਾਨੈ." (ਭੈਰ ਮਃ ੫)
"ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮ ਰਿਦੈ ਮਨਿ ਮਾਨਿਆ." (ਸੂਹੀ ਛੰਤ ਮਃ ੧) "ਨਾਵਹਿ ਧੋਵਹਿ ਪੂਜਹਿ ਸੈਲਾ।
ਬਿਨੁ ਹਰਿ ਰਾਤੇ ਮੈਲੋ ਮੈਲਾ." (ਰਾਮ ਅਃ ਮਃ ੧) "ਪੂਜਿ ਸਿਲਾ ਤੀਰਥ ਬਨਵਾਸਾ। ਭਰਮਤ ਡੋਲਤ ਭਏ ਉਦਾਸਾ." (ਧਨਾ ਅਃ ਮਃ ੧)
"ਬਿਨ ਕਰਤਾਰ ਨ ਕਿਰਤਮ ਮਾਨੋ। ਆਦਿ ਅਜੋਨਿ ਅਜੈ ਅਬਿਨਾਸੀ ਤਿੰਹ ਪਰਮੇਸੁਰ ਜਾਨੋ." (ਪਾਤਸਾਹੀ ੧੦. ਹਜਾਰੇ)

[238] "ਮੈ ਬਧੀ ਸਚੁ ਧਰਮਸਾਲ ਹੈ। ਗੁਰਸਿਖਾ ਲਹਦਾ ਭਾਲਿਕੈ। ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ." (ਸ੍ਰੀ ਮਃ ੫)
"ਧਰਮਸਾਲ ਹੈ ਮਾਨਸਰ ਹੰਸ ਗੁਰਸਿਖ ਵਾਹੁ। ਰਤਨ ਪਦਾਰਥ ਗੁਰਸਬਦ ਕਰ ਕੀਰਤਨ ਖਾਹੁ." (ਭਾਗੁ)
"ਬਾਹਰ ਕੀ ਅਗਨਿ ਬੁਝਤ ਜਲ ਸਰਿਤਾਕੈ, ਨਾਉ ਮੇ ਜੌ ਆਗ ਲਾਗੈ ਕੈਸੇਕੈ ਬੁਝਾਈਐ?
ਬਾਹਰ ਸੇ ਭਾਗ ਓਟ ਲੀਜੀਅਤ ਕੋਟ ਗੜ੍ਹ, ਗੜ੍ਹ ਮੇ ਜੌ ਲੂਟ ਲੀਜੈ ਕਹੋ ਕਤ ਜਾਈਐ?
ਚੋਰਨ ਕੇ ਤ੍ਰਾਸ ਜਾਇ ਸਰਨ ਗਹੇ ਨਰਿੰਦ, ਮਾਰੇ ਮਹੀਪਤਿ ਜੀਉ ਕੈਸੇਕੈ ਬਚਾਈਐ?
ਮਾਯਾ ਡਰ ਡਰਪਤ ਹਾਰ ਗੁਰੂਦ੍ਵਾਰੈ ਜਾਵੈ, ਤਹਾਂ ਜੌ ਬਿਆਪੈ ਮਾਯਾ ਕਹਾਂ ਠਹਿਰਾਈਐ?" (ਭਾਗੁ ਕ)

ਚਿਤ੍ਰਗੁਪਤ ਲਿਖ ਜਾਣੈ." (ਭਾਗੁ) "ਬਿਨ ਸਿੱਖੀ ਤਰਬੋ ਕਹਾਂ ਜਗਸਾਗਰ ਭਾਰਾ." (ਗੁਪ੍ਰਸੂ) ਦੇਖੋ, ਸਿੱਖਧਰਮ.

ਸਿੱਖੀ ਦਾ ਨਾਤਾ: ਸਿੱਖ ਧਰਮ ਦਾ ਸੰਬੰਧ. ਸਿੱਖਾਂ ਦਾ ਭ੍ਰਾਤ੍ਰਿਭਾਵ.

ਨਹੀਂ ਦਦਸਾਰ ਪਿਤਾ ਪਿਤਾਮਾ ਪਰਪਿਤਾਮਾ

ਸੁਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ,

ਨਹੀਂ ਨਨਸਾਰ ਮਾਤਾ ਪਰਮਾਤਾ ਬ੍ਰਿੱਧ ਮਾਤਾ

ਮਾਮੂ ਮਾਮੀ ਮਾਸੀ ਮੌਸਾ ਬਿਬਿਧ ਵਿਖਜਾਤਾ ਹੈ,

ਨਹੀਂ ਸਸੁਰਾਰ ਸਾਸ ਸਸੁਰਾ ਔਂ ਸਾਰੋ ਸਾਰੀ

ਨਹੀਂ ਬਿਰਤੀਸੁਰ ਔਂ ਜਾਚਕ ਨ ਦਾਤਾ ਹੈ,

ਅਸਨ ਬਸਨ ਧਨ ਧਾਮ ਕਾਹੂੰ ਮੇ ਨ ਦੇਖਯੋ

ਜੈਸੋ ਗੁਰੁਸਿੱਖ ਸਾਧਸੰਗਤਿ ਕੋ ਨਾਤਾ ਹੈ. (ਭਾਗੁ ਕ)

ਸਿਖਯਾ: ਦੇਖੋ, ਸਿਕ੍ਸ਼ਾ. "ਸਿਖਯਾ ਸੰਤ ਨਾਮੁ ਭਜੁ ਨਾਨਕ." (ਸਵੈਯੇ ਮਃ ੫. ਕੇ)

ਸਿੰਗ: ਸੰ. ਸ਼੍ਰਿੰਙ. ਸ਼੍ਰਿੰਗ- ਸੰਗ੍ਯਾ- ਪਰਬਤ ਦੀ ਚੋਟੀ. ਟਿੱਲਾ। ੨. ਪਸ਼ੂ ਆਦਿਕ ਦਾ ਸਿੰਗ.

ਸਿੰਗਰਫ: ਅ਼. شنجرف ਸ਼ਿੰਜਰਫ਼ ਅਤੇ ਫ਼ਾ. شنگرف ਸ਼ਿੰਗਰਫ਼. ਸੰ. ਹਿੰਗੁਲ. Vermilion.

ਸਿਗਰਾ, ਸਿਗਰੀ, ਸਿਗਰੇ: ਸਮਗ੍ਰ. ਸਭ. ਦੇਖੋ, ਸਗਰਾ. "ਜਿਨ ਸਿਗਰੀ ਯਹ ਸ੍ਰਿਸ੍ਟਿ ਉਪਾਈ." (ਚੌਬੀਸਾਵ) "ਕਾਂਪ ਸਮੁਦ੍ਰ ਉਠੇ ਸਿਗਰੇ." (ਚੰਡੀ ੧)

ਸਿੰਗਲਦੀਪ, ਸਿੰਗਲਾਦੀਪ: ਦੇਖੋ, ਸਿੰਹਲ. "ਮਾਨਹੁ ਸਿੰਗਲਦੀਪ ਕੀ ਨਾਰਿ ਗਰੇ ਮੇ ਤੰਬੋਰ ਕੀ ਪੀਕਨਵੀਨੀ." (ਚੰਡੀ ੧)

ਸਿੰਗੜਾ: ਸੰਗ੍ਯਾ- ਮੀਢੇ ਆਦਿਕ ਦਾ ਮੋਟਾ ਅਤੇ ਮਧਰਾ ਸਿੰਗ, ਜਿਸ ਵਿੱਚ ਪੁਰਾਣੇ ਜਮਾਨੇ ਯੋਧਾ ਲੋਕ ਬਾਰੂਦ ਪਾਕੇ ਪੇਟੀ ਨਾਲ ਬੰਨ੍ਹਦੇ ਸਨ.

ਸ਼ਿਗਾਫ਼: ਫ਼ਾ. شگاف ਸੰਗ੍ਯਾ- ਤੇੜ. ਦਰਾਰ. ਦਰਜ਼. ਮੋਰੀ. ਮੋਘਾ.

ਸਿੰਗਾਰ: ਸੰ. ਸ਼੍ਰਿੰਗਾਰ ਸ਼੍ਰਿੰਗਾਰ. ਸੰਗ੍ਯਾ- ਸ਼ੋਭਾ ਵਧਾਉਣ ਦਾ ਸਾਮਾਨ। ੨. ਗਹਿਣਾ. ਭੂਸ਼ਣ। ੩. ਕਾਵ੍ਯ ਅਨੁਸਾਰ ਪਹਿਲਾ ਰਸ, ਜੋ ਕਾਮ ਦੀ ਸ਼੍ਰਿੰਗ (ਉਮੰਗ) ਨੂੰ ਦੇਣ ਵਾਲਾ ਹੈ. ਦੇਖੋ, ਰਸ.

ਸਿਗਾਰਣਾ, ਸਿੰਗਾਰਣਾ: ਕ੍ਰਿ- ਸ਼੍ਰਿੰਗਾਰ ਕਰਨਾ. ਸਜਾਉਣਾ. ਸ਼ੋਭਾ ਸਹਿਤ ਕਰਨਾ. ਭੂਸ਼ਣ ਸਹਿਤ ਕਰਨਾ. "ਜੋ ਧਨ ਕੰਤ ਸਿਗਾਰੀ ਜੀਉ." (ਮਾਝ ਮਃ ੫)

ਸਿੰਗਾਰੂ: ਸ਼੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਿੱਖ, ਜੋ ਛੀਵੇਂ ਸਤਿਗੁਰੂ ਜੀ ਦੀ ਸੇਵਾ ਵਿੱਚ ਰਹਿਕੇ ਧਰਮਜੰਗ ਕਰਦਾ ਰਿਹਾ. ਇਸ ਨੂੰ ਇਕ ਫਕੀਰ ਨੇ ਰਸਾਯਣ ਦਾ ਬਿਲ ਦਿੱਤਾ ਸੀ. ਸਤਿਗੁਰੂ ਨੇ ਉਹ ਅਮ੍ਰਿਤਸਰ ਜੀ ਵਿੱਚ ਸਿਟਵਾ ਦਿੱਤਾ ਅਰ ਸਿੰਗਾਰੂ ਨੂੰ ਸੱਚਾ ਰਸਾਯਣ ਦੱਸਕੇ ਪਰਮ ਪਦਵੀ ਦਾ ਅਧਿਕਾਰੀ ਬਣਾਇਆ। ੨. ਵਿ- ਸਿੰਗਾਰ ਕਰਨ ਵਾਲਾ.

ਸਿਗਾਲ: ਗਿੱਦੜ ਦੇਖੋ, ਸੰ. ਸ਼੍ਰਿਗਾਲ. ਫ਼ਾ. شغال ਅੰ. Jackal । ੨. ਵਸੁਦੇਵ ਦਾ ਪੁਤ੍ਰ, ਪੁੰਡ੍ਰ ਦੇਸ਼ ਦਾ ਰਾਜਾ, ਜਿਸ ਦਾ ਪ੍ਰਸਿੱਧ ਨਾਉਂ ਪੌਂਡ੍ਰਕ ਹੈ. ਦੇਖੋ, ਪਉਡਰੀਕ ਅਤੇ ਪੌਂਡ੍ਰਕ. "ਦੂਤ ਸਿਗਾਲ ਪਠਯੋ ਹਰਿ ਕਉ." (ਕ੍ਰਿਸਨਾਵ)

ਸਿੰਗੀ: ਵਿ- ਸਿੰਗੀ (ਸ਼੍ਰਿੰਗ) ਰੱਖਣ ਵਾਲਾ। ੨. ਸਿੰਗ ਦਾ ਬਣਿਆ ਹੋਇਆ। ੩. ਸੰਗ੍ਯਾ- ਯੋਗੀਆਂ ਦੀ ਤੁਰ੍ਹੀ, ਜੋ ਸਿੰਗ ਦੀ

ਹੁੰਦੀ ਹੈ. "ਸਿੰਗੀ ਅਨਹਤ ਬਾਨੀ." (ਗਉ ਮਃ ੫)

ਸਿੰਗੀਅਰਿ: ਸੰਗਜਾ- ਸ਼੍ਰਿੰਗਧਾਰੀ ਪਸ਼ੂਆਂ ਦਾ ਵੈਰੀ, ਸ਼ੇਰ. (ਸਨਾਮਾ)

ਸਿੰਗੀਅਰਿ ਧੁਨਿਨੀ: ਸੰਗਜਾ- ਸ਼ੇਰ ਜੇਹਾ ਨਾਚ ਕਰਨ ਵਾਲੀ ਬੰਦੂਕ. (ਸਨਾਮਾ)

ਸਿਗੀਤ: ਸੰ. ਸੁਜ਼ਾਤਿ ਸੁਗਜਾਤਿ. ਵਿ- ਨਜ਼ਦੀਕੀ ਰਿਸ਼ਤੇਦਾਰ. ਸਕੇ ਸੰਬੰਧੀ. "ਗਏ ਸਿਗੀਤ ਪੁਕਾਰੀ ਧਾਹ." (ਵਾਰ ਮਾਝ ਮਃ ੧)

ਸਿੰਗੀ ਰਿਖਿ: ਸੰ. ऋष्य श्रृङ्ग रिਸ਼ਯ ਸ਼੍ਰਿੰਗ. ਇੱਕ ਰਿਖੀ, ਜੋ ਪੁਰਾਣਾਂ ਅਤੇ ਰਾਮਾਇਣ ਅਨੁਸਾਰ ਸਿੰਗਾਂ ਵਾਲਾ ਸੀ. ਇੱਕ ਵਾਰ ਵਿਭਾਂਡਕ ਰਿਖੀ ਦਾ ਉਰਵਸ਼ੀ ਅਪਸਰਾ ਨੂੰ ਦੇਖਕੇ ਜਲ ਵਿੱਚ ਵੀਰਯ ਡਿਗ ਪਿਆ, ਜਿਸ ਨੂੰ ਇੱਕ ਮ੍ਰਿਗੀ ਪੀ ਗਈ. ਉਸ ਦੇ ਪੇਟ ਤੋਂ ਸਿੰਗੀ ਰਿਖੀ ਜਨਮਿਆ. ਇਹ ਪਿਤਾ ਦੇ ਹੀ ਆਸ਼੍ਰਮ ਰਹਿਕੇ ਬ੍ਰਹਮਚਰਯ ਧਾਰਦਾ ਹੋਇਆ ਵਿਦਜਾ ਪੜ੍ਹਦਾ ਰਿਹਾ.

ਇੱਕ ਵਾਰ ਅੰਗ ਦੇਸ਼ ਵਿੱਚ ਵਰਖਾ ਨਾ ਹੋਣ ਕਰਕੇ ਕਾਲ ਪੈ ਗਿਆ. ਦੇਸ਼ ਦੇ ਰਾਜੇ ਲੋਮਪਾਦ ਨੇ ਰਿਖੀਆਂ ਤੋਂ ਵਰਖਾ ਹੋਣ ਦਾ ਉਪਾਉ ਪੁੱਛਿਆ. ਸਭ ਨੇ ਆਖਿਆ ਕਿ ਸ਼੍ਰਿੰਗੀ ਰਿਖੀ ਦੇ ਦੇਸ਼ ਵਿੱਚ ਆਉਣ ਤੋਂ ਵਰਖਾ ਹੋਵੇਗੀ. ਰਾਜੇ ਨੇ ਰਿਖੀ ਨੂੰ ਬੁਲਾਉਣ ਲਈ ਵੇਸ਼ਜਾ ਭੇਜੀਆਂ, ਉਨ੍ਹਾਂ ਨੇ ਆਪਣੇ ਰੂਪ ਦੇ ਜਾਲ ਵਿੱਚ ਰਿਖੀ ਨੂੰ ਫਸਾਕੇ ਅੰਗ ਦੇਸ਼ ਲੈ ਆਂਦਾ. ਵਰਖਾ ਹੋਣ ਤੋਂ ਰਾਜਾ ਪ੍ਰਸੰਨ ਹੋਇਆ ਅਰ ਆਪਣੀ ਪਾਲਤੂ ਪੁਤ੍ਰੀ ਸ਼ਾਂਤਾ ਸਿੰਗੀ ਰਿਖੀ ਨੂੰ ਵਿਆਹ ਦਿੱਤੀ, ਜੋ ਅਸਲ ਵਿੱਚ ਰਾਜਾ ਦਸ਼ਰਥ ਦੀ ਪੁਤ੍ਰੀ ਸੀ.

ਸਿੰਗੀ ਰਿਖੀ ਨੇ ਰਾਜਾ ਦਸ਼ਰਥ ਦਾ "ਪੁਤ੍ਰੇਸ਼੍ਟਿ" ਯਗਜ ਕਰਾਇਆ ਸੀ, ਜਿਸ ਦੇ ਹਵਨ ਕੁੰਡ ਵਿਚੋਂ ਨਿਕਲੀ ਖੀਰ ਰਾਣੀਆਂ ਨੂੰ ਖਵਾਉਣ ਤੋਂ ਰਾਮ ਭਰਤ ਲਛਮਨ ਅਤੇ ਸ਼ਤ੍ਰੁਘਨ ਦਾ ਪੈਦਾ ਹੋਣਾ ਲਿਖਿਆ ਹੈ.

ਸ਼ਿਗੁਫ਼ਤ: ਵਿ- ਖਿੜਿਆ. ਦੇਖੋ, ਸ਼ਿਗੁਫ਼ਤਨ.

ਸ਼ਿਗੁਫ਼ਤਹ: ਫ਼ਾ. شگفتہ ਵਿ- ਖਿੜਿਆ ਹੋਇਆ.

ਸ਼ਿਗੁਫ਼ਤਨ: ਫ਼ਾ. شگفتن ਕ੍ਰਿ- ਖਿੜਨਾ. ਪ੍ਰਫੁੱਲ ਹੋਣਾ.

ਸਿੰਘ: ਸੰ. ਸਿੰਹ. ਹਿੰਸਾ ਕਰਨ ਵਾਲਾ ਜੀਵ. ਸ਼ੇਰ. "ਸਿੰਘ ਰੁਚੈ ਸਦ ਭੋਜਨੁ ਮਾਸ." (ਬਸੰ ਮਃ ੫) ਭਾਵੇਂ ਸ਼ਾਰਦੂਲ (ਕੇਸ਼ਰੀ), ਚਿਤ੍ਰਕ ਵਜਾਘ੍ਰ (ਬਾਘ) ਆਦਿ ਸਾਰੇ ਸਿੰਹ (ਸਿੰਘ) ਕਹੇ ਜਾ ਸਕਦੇ ਹਨ, ਪਰ ਇਹ ਖ਼ਾਸ ਨਾਮ ਖ਼ਾਸ ਖ਼ਾਸ ਜੀਵਾਂ ਦੇ ਹਨ. ਪਾਠਕਾਂ ਦੇ ਗਜਾਨ ਲਈ ਇੱਥੇ ਚਿਤ੍ਰ ਦੇਕੇ ਸਪਸ਼੍ਟ ਕੀਤਾ ਜਾਂਦਾ ਹੈ. ਦੇਖੋ, ਸਾਰਦੂਲ। ੨. ਖੰਡੇ ਦਾ ਅਮ੍ਰਿਤਧਾਰੀ ਗੁਰੂ ਨਾਨਕਪੰਥੀ ਖਾਲਸਾ। ੩. ਵਿ- ਸ਼ਿਰੋਮਣਿ. ਪ੍ਰਧਾਨ। ੪. ਸ਼੍ਰੇਸ਼੍ਠ. ਉੱਤਮ। ੫. ਬਹਾਦੁਰ. ਸ਼ੂਰਵੀਰ। ੬. ਦੇਖੋ, ਫੀਲੁ। ੭. ਸਿੰਹਰਾਸ਼ਿ. ਦੇਖੋ, ਸਿੰਹ.

ਸਿੰਘਉ: ਸੰਗਜਾ- ਸਿੰਘਪੁਣਾ. ਦਿਲੇਰੀ. ਬਹਾਦੁਰੀ। ੨. ਖਾਲਸਾਧਰਮ ਦਾ ਭਾਵ.

ਸਿੰਘਸਭਾ: ਸੰਗਜਾ- ਅਮ੍ਰਿਤਧਾਰੀ ਸਿੰਘਾਂ ਦਾ ਸੁਧਾਰਕ ਜਥਾ. ਜਿਸ ਦਾ ਮਨੋਰਥ ਸਿੱਖਧਰਮ ਅਤੇ ਸਿੱਖ ਸਮਾਜ ਵਿੱਚ ਆਪਣੀਆਂ ਕੁਰੀਤੀਆਂ ਦੂਰ ਕਰਕੇ ਸਿੱਖ ਧਰਮ ਦੀ ਅਸਲੀ ਮਰਜਾਦਾ ਨੂੰ ਕਾਇਮ ਕਰਨਾ ਹੈ. ਸਭ ਤੋਂ ਪਹਿਲਾਂ ਧਰਮ ਅਤੇ ਵਿਦਜਾਪ੍ਰਚਾਰ ਲਈ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਜੀ ਵਿੱਚ ਮਜੀਠੀਆਂ ਦੇ ਬੁੰਗੇ ਸੰਮਤ ਨਾਨਕਸ਼ਾਹੀ ੪੦੪ (ਵਿਕ੍ਰਮੀ ੧੯੨੯) ਵਿੱਚ ਕਾਇਮ ਹੋਈ, ਜਿਸ ਦੇ ਪ੍ਰਧਾਨ ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਸਨ. ਸਭਾ ਦੀ ਏਕਤ੍ਰਤਾ ਦਾ ਅਸਥਾਨ ਗੁਰੂ ਕਾ ਬਾਗ ਠਹਿਰਾਇਆ ਗਿਆ. ਫੇਰ ਸਨ ੧੮੭੯ (ਸੰਮਤ ੧੯੩੬) ਵਿੱਚ ਲਹੌਰ ਵਿੱਚ ਗੁਰੂ ਰਾਮਦਾਸ ਸਾਹਿਬ ਦੇ ਜਨਮ ਅਸਥਾਨ ਸਿੰਘ ਸਭਾ ਬਣੀ ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕਤ੍ਰ ਭਾਈ ਗੁਰੁਮੁਖ ਸਿੰਘ ਜੀ ਹੋਏ. ਇਨ੍ਹਾਂ ਸਿੰਘ ਸਭਾਵਾਂ ਦੇ ਉਪਦੇਸ਼ ਨਾਲ ਅਨੇਕ ਜਿਲਿਆਂ ਵਿੱਚ ਸਿੰਘ ਸਭਾਵਾਂ ਬਣ ਗਈਆਂ ਅਰ ਸਨ ੧੮੯੮

(ਸੰਮਤ ੧੯੪੬) ਵਿੱਚ ਲਹੌਰ ਖਾਲਸਾ ਦੀਵਾਨ ਦੀ ਰਚਨਾ ਹੋਈ. ਇਸ ਪਿੱਛੋਂ ੧੦. ਨਵੰਬਰ ਸਨ ੧੯੦੧ (ਸਾਲ ਗੁਰੂ ਨਾਨਕ ਸ਼ਾਹੀ ੪੩੨) ਨੂੰ ਸ਼ਿਰੋਮਣੀ ਸਿੰਘਾਂ ਦੀ ਇਕਤ੍ਰਤਾ ਰਾਮਗੜ੍ਹੀਆਂ ਦੇ ਬੁੰਗੇ ਹੋ ਕੇ ਅਮ੍ਰਿਤਸਰ ਜੀ ਵਿੱਚ ਨਵੇਂ ਖਾਲਸਾ ਦੀਵਾਨ ਦੀ ਨਿਉਂ ਰੱਖੀ ਗਈ, ਜਿਸਦਾ ਨਾਉਂ ਚੀਫ (Chief) ਖਾਲਸਾਦੀਵਾਨ ਹੋਇਆ, ਜਿਸ ਨੇ ਅਨੇਕ ਪੰਥ ਦੇ ਕਾਰਜ ਸਿੱਧ ਕੀਤੇ ਅਰ ਜਥਾਸ਼ਕਤਿ ਹੁਣ ਵੀ ਕਰ ਰਿਹਾ ਹੈ.

ਸਿੰਘਸਾਹਿਬ: ਵਿ- ਸਿੰਘਾਂ ਦਾ ਸ੍ਵਾਮੀ। ੨. ਸੰਗਯਾ- ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ। ੩. ਪੁਰਾਣੇ ਜ਼ਮਾਨੇ ਇਹ ਪਦਵੀ ਖਾਲਸੇ ਦੇ ਜਥੇਦਾਰਾਂ ਨੂੰ ਭੀ ਦਿੱਤੀ ਜਾਂਦੀ ਸੀ. ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਿੰਘਸਾਹਿਬ ਪਦਵੀ ਹੈ. ਉਹ ਮਹਾਰਾਜਾ ਸ਼ਬਦ ਨਾਲੋਂ ਇਸ ਨੂੰ ਬਹੁਤ ਪਸੰਦ ਕਰਦੇ ਸਨ। ੪. ਪੁਰਾਣੇ ਸਿੰਘ ਘਰਾਣਿਆਂ ਵਿੱਚ ਬਜ਼ੁਰਗਾਂ ਨੂੰ ਹੁਣ ਭੀ ਸਿੰਘ ਸਾਹਿਬ ਕਹਿੰਦੇ ਹਨ.

ਸਿੰਘਕਾ: ਦੇਖੋ, ਸਿੰਹਿਕਾ.

ਸਿੰਘਗਤ: ਸਿੰਹ ਰਾਸੀ ਵਿੱਚ ਵ੍ਰਿਹਸਪਤਿ ਆਇਆ ਹੋਇਆ. ਇਹ ਸਮਾਂ (ਵੇਲਾ) ੧੩. ਮਹੀਨੇ ਦਾ ਹੁੰਦਾ ਹੈ. ਹਿੰਦੂਮਤ ਅਨੁਸਾਰ "ਸਿੰਘਗਤ" ਵਿਚ ਵਿਆਹ ਆਦਿ ਮੰਗਲਕਾਰਜ ਕਰਨੇ ਵਰਜੇ ਹਨ।

ਸਿੰਘਚ ਭੋਜਨ: ਸੰਗਯਾ- ਸਿੰਘ ਦੀ ਖੁਰਾਕ। ੨. ਸ਼ੇਰ ਦੇ ਭੋਜਨ ਕਰਨ ਦੀ ਰੀਤਿ. ਜਦ ਸ਼ੇਰ ਬੁੱਢਾ ਹੋ ਜਾਂਦਾ ਹੈ, ਤਦ ਸ਼ਿਕਾਰ ਕਰਨੋ ਰਹਿ ਜਾਂਦਾ ਹੈ. ਉਹ ਜੰਗਲ ਦੇ ਰਸਤਿਆਂ ਉਪਰ ਝਾੜੀ ਵਿੱਚ ਲੁਕਕੇ ਬੈਠਾ ਰਹਿੰਦਾ ਹੈ. ਜਦ ਮਨੁੱਖ ਅਥਵਾ ਪਸ਼ੂ ਉਸ ਦੇ ਬਹੁਤ ਪਾਸ ਪਹੁੰਚਦਾ ਹੈ ਝਟ ਉਸ ਨੂੰ ਫੜਕੇ ਖਾ ਲੈਂਦਾ ਹੈ. "ਸਿੰਘਚ ਭੋਜਨੁ ਜੋ ਨਰ ਜਾਨੈ। ਐਸੇ ਹੀ ਠਗਦੇਉ ਬਖਾਨੈ." (ਆਸਾ ਨਾਮਦੇਵ) ਆਦਮਖੋਰ ਸ਼ੇਰ ਦੀ ਰੀਤਿ ਅਨੁਸਾਰ ਜੋ ਆਦਮੀ ਰੋਜ਼ੀ ਕਮਾਉਣ ਜਾਣਦਾ ਹੈ, ਐਸੇ ਨੂੰ ਹੀ ਠਗਰਾਜ ਕਿਹਾ ਜਾਂਦਾ ਹੈ.

ਸਿੰਘਣੀ: ਸੰਗਯਾ- ਸ਼ੇਰਣੀ। ੨. ਅਮ੍ਰਿਤਧਾਰਿਣੀ ਇਸਤ੍ਰੀ. ਖਾਲਸਾਮਤ ਦੀ ਔਰਤ.

ਸਿੰਘਤ: ਦੇਖੋ, ਸਿੰਘਗਤ.

ਸਿੰਘ ਤੁੰਡ: ਦੇਖੋ, ਸੇਹੰਡ.

ਸਿੰਘਦ੍ਰਿਸ਼੍ਟਿ: ਦੇਖੋ, ਸ਼ੇਰਦ੍ਰਿਸ਼੍ਟਿ.

ਸਿੰਘਦ੍ਵਾਰ: ਸੰ. सिंहद्वार ਸੰਗਯਾ- ਰਾਜਮਹਿਲ ਦਾ ਉਹ ਦਰਵਾਜ਼ਾ, ਜੋ ਸਭ ਤੋਂ ਵਡਾ ਹੋਵੇ. ਮੁੱਖ ਦਰਵਾਜ਼ਾ. ਸ਼ਿਰੋਮਣਿ ਡਿਹੁਡੀ ਸਿੰਘਪੌਰ.

ਸਿੰਘਧੁਨਿ, ਸਿੰਘਨਾਦ: ਸੰਗਯਾ- ਸਿੰਹ ਦੀ ਗਰਜ. ਸ਼ੇਰ ਦੀ ਭਭਕ। ੨. ਯੋਧਾ ਦਾ ਸਿੰਘ ਦੀ ਤਰਾਂ ਗਰਜਣਾ ਅਜਿਹਾ ਲਲਕਾਰਾ, ਜਿਸ ਤੋਂ ਵੈਰੀ ਕੰਬ ਜਾਣ.

ਸਿੰਘਨਾਦਿਨੀ: ਸੰਗਯਾ- ਸ਼ੇਰ ਜੇਹੀ ਆਵਾਜ਼ ਕਰਨ ਵਾਲੀ ਬੰਦੂਕ (ਸਨਾਮਾ)

ਸਿੰਘਪੁਰਾ: ਦੇਖੋ, ਸਿੰਘਪੁਰੀਏ.

ਸਿੰਘਪੁਰੀਆਂ ਦੀ ਮਿਸਲ, ਸਿੰਘਪੁਰੀਏ: ਸਿੰਘਪੁਰਾ ਨਿਵਾਸੀ ਸਿੰਘਾਂ ਦੀ, ਬਾਰਾਂ ਮਿਸਲਾਂ ਵਿੱਚੋਂ ਇੱਕ ਮਿਸਲ. ਇਸ ਮਿਸਲ ਦਾ ਮੁਖੀਆ ਨਵਾਬ ਕਪੂਰ ਸਿੰਘ ਬਿਰਕ ਜੱਟ, ਚੌਧਰੀ ਦਲੀਪ ਸਿੰਘ ਦਾ ਪੁਤ੍ਰ, ਪਰਗਨਾ ਅਮ੍ਰਿਤਸਰ ਦੇ ਫੈਜ਼ੁੱਲਾਪੁਰ ਦੇ ਰਹਿਣ ਵਾਲਾ ਸੀ. ਇਹ ਨਗਰ ਫੈਜ਼ੁੱਲਾਖ਼ਾਨ ਨੇ ਆਬਾਦ ਕੀਤਾ ਸੀ. ਸਿੰਘਾਂ ਨੇ ਇਸ ਨੂੰ ਸੰਮਤ ੧੭੯੦ ਵਿੱਚ ਫਤੇ ਕਰਕੇ ਨਾਉਂ "ਸਿੰਘਪੁਰਾ" ਰੱਖਿਆ. ਇਸੇ ਕਾਰਣ ਇਸ ਮਿਸਲ ਦੀ ਸੰਗਯਾ ਸਿੰਘਪੁਰੀਏ ਪ੍ਰਸਿੱਧ ਹੋਈ. ਕਈ ਲੇਖਕਾਂ ਨੇ ਇਸ ਮਿਸਲ ਨੂੰ ਫੈਜ਼ੁੱਲਾਪੁਰੀਆਂ ਦੀ ਭੀ ਲਿਖਿਆ ਹੈ. ਅੰਬਾਲੇ ਜ਼ਿਲੇ ਦੇ ਸਰਦਾਰ- ਘਨੌਲੀ, ਬੰਗਾ, ਕੰਧੋਲਾ, ਮਨੌਲੀ ਆਦਿ ਇਸੇ ਮਿਸਲ ਵਿੱਚੋਂ ਹਨ.

ਸਿੰਘਪੌਰ: ਦੇਖੋ, ਸਿੰਘਦ੍ਵਾਰ.

ਸਿੰਘਭੂਮਿ: ਸੰਗਯਾ- ਬੰਗਾਲ ਅੰਦਰ ਛੋਟਾ ਨਾਗਪੁਰ ਦਾ ਇੱਕ ਜਿਲਾ ਅਤੇ ਉਸ ਦਾ ਇਲਾਕਾ. ੨. ਪੰਜਾਬ ਦੇਸ਼, ਜਿਸ ਵਿੱਚ ਖਾਸ ਕਰਕੇ ਸਿੰਘ ਨਿਵਾਸ ਕਰਦੇ ਹਨ. ਅਮ੍ਰਿਤਧਾਰੀਆਂ ਦੀ ਜਨਮਭੂਮਿ.

ਸਿੰਘਮੁਖਾ: ਵਿ- ਸ਼ੇਰ ਜੇਹੇ ਮੂੰਹ ਵਾਲਾ। ੨. ਦਿਲੇਰੀ ਅਤੇ ਅਭਿਮਾਨ ਨਾਲ ਗੱਲ ਕਰਨ ਵਾਲਾ. "ਬਕਰੀਮੁਖਾ ਹੋਇ ਕਰ ਮਾਂਗਤ, ਲੇ ਪੁਨ ਸਿੰਘਮੁਖਾ ਹ੍ਵੈਜਾਇ." (ਗੁਪ੍ਰਸੂ)

ਸਿੰਘਰਹਿਤ: ਸੰਗਯਾ- ਖ਼ਾਲਸਾ ਧਰਮ ਦੀ ਰਹਿਤ. ਦੇਖੋ, ਰਹਿਤ.

ਸਿੰਘਰਿ: ਸੰਗਯਾ- ਬੰਦੂਕ, ਜੋ ਸ਼ੇਰ ਨੂੰ ਮਾਰਦੀ ਹੈ. (ਸਨਾਮਾ)

ਸਿੰਘਲਾਦੀਪ: ਦੇਖੋ, ਸਿੰਹਲ.

ਸਿੰਘਾ: ਇੱਕ ਬ੍ਰਾਹਮਣ ਜੋ ਸੋਢੀਆਂ ਦਾ ਪੁਰੋਹਿਤ ਸੀ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋ ਕੇ ਇਹ ਭਾਰੀ ਯੋਧਾ ਹੋਇਆ. ਅਮ੍ਰਿਤਸਰ ਦੇ ਯੁੱਧ ਵਿੱਚ ਇਸ ਨੇ ਵਡੀ ਵੀਰਤਾ ਦਿਖਾਈ. ਇਸ ਦਾ ਬੇਟਾ ਜਾਤੀ ਮਲਕ ਅਤੇ ਪੋਤਾ ਦਯਾਰਾਮ ਹੋਇਆ ਹੈ. ਦੇਖੋ, ਦਯਾਰਾਮ.

੨. ਖੀਵੇ ਦਾ ਵਸਨੀਕ ਇੱਕ ਜੱਟ, ਜੋ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਸਿੱਖ ਹੋਇਆ. ਸਤਿਗੁਰੂ ਨੇ ਇਸ ਨੂੰ ਉਪਦੇਸ਼ ਦਿੱਤਾ ਕਿ ਭੋਜਨ ਆਦਿ ਦਾ ਵਰਤਾਰਾ ਲੈਣ ਕਦੇ ਕਿਸੇ ਦੇ ਘਰ ਨ ਜਾਓ, ਜੋ ਆਪ ਪਰੇਮ ਨਾਲ ਦੇ ਜਾਵੇ ਉਹ ਲੈ ਲਓ.

ਸਿੰਘਾਸਣ, ਸਿੰਘਾਸਨ: ਸੰ. ਸਿੰਹਾਸਨ ਸੰਗਯਾ- ਰਾਜਾ ਦਾ ਆਸਨ, ਜੋ ਹੋਰ ਆਸਾਨਾ ਤੋਂ ਸਿੰਹ (ਉੱਤਮ) ਹੈ. ਸ਼ਾਹੀ ਤਖ਼ਤ। ੨. ਸਤਿਗੁਰੂ ਦੀ ਗੱਦੀ। ੩. ਕਿਤਨਿਆਂ ਦਾ ਖਿਆਲ ਹੈ ਕਿ ਆਸਨ ਦੇ ਦੋਂਹੀ ਪਾਸੀਂ ਸ਼ੇਰ ਦੀਆਂ ਮੂਰਤਾਂ ਹੋਣ ਕਰਕੇ ਨਾਉਂ ਸਿੰਘਾਸਨ ਹੈ. ਨੀਤਿਸ਼ਾਸਤ੍ਰ ਵਿੱਚ ਰਾਜਾ ਦਾ ਸਿੰਘਾਸਨ ਅੱਠ ਸ਼ਕਲਾਂ ਦਾ ਲਿਖਿਆ ਹੈ:-

"ਪ ਸਃ ਸ਼ੰਖੋ ਗਜੋ ਹੰਸਃ ਸਿੰਹੋ ਭ੍ਰਿੰਗੋ ਮ੍ਰਿਗੋ ਹਯਃ। ਅਸ਼੍ਟੌ ਸਿਹਾਸਨਾ ਨੀਤਿ. ਨੀਤਿਸ਼ਾਸਤ੍ਰ. ਵਿਦੋ ਵਿਦੁਃ ॥ ੪. ਸਿੰਘ ਜੇਹੀ ਨਿਸ਼ਸ੍ਤ. ਸ਼ੇਰ ਜੇਹੀ ਬੈਠਕ.

ਸਿੰਘਾਤਾ: ਸੰ. ਸਿੰਹਾਤ੍ ਸਿੰਹਾਤ੍ਰਿ. ਸ਼ੇਰ ਨੂੰ ਖਾਣ ਵਾਲਾ. ਦੇਖੋ, ਸ਼ਰਭ. "ਬੰਤਰ ਚੀਤੇ ਅਰੁ ਸਿੰਘਾਤਾ." (ਭੈਰ ਕਬੀਰ)

ਸਿੰਘਾਰੋਹਣਿ: ਸੰਗਯਾ- ਦੁਰਗਾ, ਜੋ ਸ਼ੇਰ ਉੱਪਰ ਚੜ੍ਹਨ ਵਾਲੀ ਹੈ. 'ਸਿੰਘਾਰੋਹਣਿ ਆਦਿ ਵ੍ਰਿਤੇ." (ਅਕਾਲ)

ਸਿੰਘਾਵਲੋਕਨ: ਸੰਗਯਾ- ਸਿੰਹਾਵਲੋਕਨ ਨਜਾਯ ਹੈ, ਕਿ ਜਿਸ ਤਰਾਂ ਸ਼ਿਕਾਰ ਨੂੰ ਜਾਂਦਾ ਸਿੰਘ ਅਥਵਾ ਸ਼ਿਕਾਰ ਨੂੰ ਮਾਰਕੇ ਬਾਰ ਬਾਰ ਪਿੱਛੇ ਹਟਕੇ ਦੇਖਦਾ ਹੈ, ਇਸੇ ਤਰਾਂ ਆਪਣੇ ਬਿਆਨ ਕੀਤੇ ਮਜ਼ਮੂਨ ਨੂੰ ਫਿਰ ਹਟਕੇ ਦੇਖਣਾ ਅਰ ਵਿਚਾਰਨਾ। ੨. ਕਾਵ੍ਯ ਵਿੱਚ ਇੱਕ ਯਮਕ ਦੀ ਰੀਤਿ ਹੈ ਕਿ ਪਦ ਦੇ ਅੰਤ ਆਇਆ ਸ਼ਬਦ, ਦੂਜੇ ਪਦ ਦੇ ਮੁੱਢ ਭਿੰਨ ਅਰਥ ਵਿੱਚ ਆਉਂਦਾ ਹੈ, ਯਥਾ-

ਮਾਰ ਮਨਿੰਦ ਬਿਕਾਰਨ ਬ੍ਰਿੰਦ.

ਬਲੰਦ ਖਗਿੰਦ ਬਲੀ ਸਮ ਮਾਰ,

ਮਾਰ ਹੰਕਾਰਹਿ ਕ੍ਰੋਧਹਿ ਲੋਭਹਿ

ਮੋਹ ਸਮੂਲਹਿ ਦੇਤ ਉਪਾਰ,

ਪਾਰ ਕਰੇ ਨਿਜਸੇਵਕ ਗਨ

ਦੇ ਧਨ ਕੋ ਸਤਿਨਾਮ ਉਦਾਰ,

ਦਾਰਨ ਦੂਤ ਤਜੈਂ ਸੁਨ ਨਾਮ

ਨਮੋ ਗੁਰੁ ਨਾਨਕ ਕਾਲੁਕੁਮਾਰ (ਨਾਪ੍ਰ)

ਕਰਨੀ ਸੁਖ, ਦੁਖ ਦਾਰਿਦ ਹਰਨੀ,

ਹਰਨੀਸੁਤ ਸਮ ਆਂਖਨ ਬਰਨੀ।

ਬਰਨੀ ਬਕ੍ਰ ਮਹਾਂ ਛਬਿ ਧਰਨੀ,

ਧਰਨੀ ਬੁਧਿ ਕੀ ਬੈ ਤਨ ਤਰਨੀ।

ਤਰਨੀ ਬਿਘਨਸਿੰਧੁ ਜਿਹ ਸਰਨੀ,

ਸਰਨੀਰਜ ਦੁਤਿ ਦ੍ਰਿਗ ਆਦਰਨੀ।

ਦਰਨੀ ਦੋਖਨ ਦਾਸ ਉਧਰਨੀ,

ਧਰਨੀ ਕਰੁਨਾ ਗੁਨਿਯਨ ਬਰਨੀ।

ਬਰਨੀ ਕੁੰਦ ਇੰਦ੍ਰ ਆਭਰਨੀ,

ਭਰਨੀ ਨਾਗ ਬਿਘਨ ਗਨ ਅਰਨੀ।

ਅਰਨੀ ਕਰੇ ਅਨੰਦ ਉਸਰਨੀ,

ਸਰਨੀ ਪਰੇ ਕਲੇਸ ਨਿਵਰਨੀ। (ਗੁਪ੍ਰਸੂ)

ਸਿੰਘਾੜਾ: ਸੰ. ਸ਼੃ਙ੍ਗਾਟਕ ਸ਼੍ਰਿੰਗਾਟਕ. ਸੰਗਯਾ- ਸੰਘਾੜਾ. ਜਲ ਵਿੱਚ ਹੋਣ ਵਾਲੀ ਸਬਜ਼ੀ, ਜਿਸ ਨੂੰ ਭੱਖੜੇ ਦੇ ਬੀਜ ਜੇਹੇ ਸਿੰਗਾਂ ਵਾਲੇ ਫਲ ਲਗਦੇ ਹਨ. ਇਨ੍ਹਾਂ ਨੂੰ ਉਬਾਲਕੇ ਖਾਈਦਾ ਹੈ। Trapa bispinosa. ਸਿੰਘਾੜੇ ਦੀ ਤਾਸੀਰ ਸਰਦ ਖ਼ੁਸ਼ਕ ਹੈ.

ਸਿੰਘਿਕਾ: ਦੇਖੋ, ਸਿੰਹਿਕਾ.

ਸਿੰਘੁ: ਦੇਖੋ, ਸਿੰਘ. "ਸਿੰਘੁ ਬਿਲਾਈ ਹੋਇ ਗਇਓ." (ਬਿਲਾ ਮਃ ੫)

ਸਿੰਙ: ਦੇਖੋ, ਸਿੰਗ.

ਸਿੰਙਾ: ਸੰ. ਸ੃ਙ੍ਕਾ ਸ੍ਰਿੰਕਾ. ਸੰਗਯਾ- ਡੰਡੀ. ਪਹੀ. ਮਾਰਗ. ਰਾਹ. "ਅੰਤਰ ਵਾਸ ਬਹੁਤ ਅਧਿਕਾਈ ਭ੍ਰਮ ਭੂਲਾ ਮਿਰਗ ਸਿੰਙਾਰੇ." (ਨਟ ਅਃ ਮਃ ੪) ਭ੍ਰਮ ਭੁੱਲਿਆ ਮ੍ਰਿਗ ਰਾਹੀਂ ਭਟਕਦਾ ਹੈ.

ਸਿੰਙਾਰੇ: ਰਾਹਾਂ ਵਿੱਚ. ਦੇਖੋ, ਸਿੰਙਾ.

ਸਿੰਙਿਆ: ਸੰ. ਸਿੰਹਾ ਸਿੰਹਾ. ਸੰਗਯਾ- ਨਾੜੀ. ਰਗ। ੨. ਭਾਵ ਇੜਾ ਸ੍ਵਰ. "ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ." (ਸ੍ਰੀ ਕਬੀਰ) ਦੇਖੋ, ਚੁੰਙਿਆ.

ਸਿੰਙੀ: ਸੰ. ਸ਼੃ਙ੍ਗਿਨ. ਸ਼੍ਰਿੰਗੀ. ਵਿ- ਸਿੰਗਾਂ ਵਾਲਾ (ਵਾਲੀ). "ਲੱਛ ਲੱਛ ਸੁਵਰਣਸਿੰਙੀ." (ਪਾਰਸਾਵ) ਸੋਨੇ ਦੇ ਸਿੰਗਾਂ ਵਾਲੀਆਂ ਗਾਈਆਂ। ੨. ਸੰਗਯਾ- ਯੋਗੀਆਂ ਦੀ ਤੁਰ੍ਹੀ, ਜੋ ਸਿੰਗ ਦੀ ਹੁੰਦੀ ਹੈ. ਸਿੰਗ ਦਾ ਵਾਜਾ. "ਸਿੰਙੀ ਸਾਚ ਅਕਪਟ ਕੰਠਲਾ." (ਹਜਾਰੇ ੧੦)

੩. ਅਹੇੜੀਆਂ ਦੀ ਇੱਕ ਜਾਤਿ, ਜੋ ਕਿਸੇ ਸਮੇਂ ਰਾਜਪੂਤਾਨੇ ਵਿੱਚ ਵਡੀ ਜਰਾਯਮਪੇਸ਼ਾ ਸੀ. ਇਹ ਮ੍ਰਿਗਾਂ ਦੇ ਸਿੰਙਾਂ ਨਾਲ ਆਪਣਾ ਘਰ ਛੱਤ ਲੈਂਦੇ ਸਨ, ਜਿਸ ਤੋਂ ਇਹ ਨਾਉਂ ਪੈ ਗਿਆ.

**ਸਿੰਙੀ ਰਿਖਿ:** ਦੇਖੋ, ਸਿੰਗੀ ਰਿਖਿ.

**ਸਿੰਚ:** ਸੰ. ਸਿਞ੍ਚ ਧਾ- ਸਿੰਜਣਾ. ਛਿੱਟੇ ਦੇਣੇ. ਚੋਪੜਨਾ. ਲੇਪ ਕਰਨਾ.

**ਸਿੰਚਨ:** ਸੰ. ਸੰਗ੍ਯਾ- ਸੇਚਨ. ਸਿੰਜਣ ਦੀ ਕ੍ਰਿਯਾ. ਪਾਣੀ ਨਾਲ ਤਰ ਕਰਨਾ. ਛਿੜਕਨਾ. ਰਮਾਉਣਾ. "ਸਿੰਚਨਹਾਰੇ ਏਕੈ ਮਾਲੀ." (ਆਸਾ ਮਃ ੫) "ਅੰਮ੍ਰਿਤ ਰਿਦੈ ਸਿੰਚਾਈ." (ਧਨਾ ਮਃ ੫) "ਮਨ ਮਹਿ ਸਿੰਚਉ ਹਰਿ ਹਰਿ ਨਾਮ." (ਬਿਲਾ ਮਃ ੫) "ਸਿੰਚਿਤ ਭਾਉ ਕਰੇਹੀ." (ਆਸਾ ਮਃ ੧) ੨. ਸੰ. ਸਞ੍ਚਯਨ ਸੰਚਯਨ. ਇਕੱਠਾ ਕਰਨਾ. ਜਮਾਂ ਕਰਨਾ. "ਸਿੰਚਹਿ ਦਰਬੁ ਦੇਹਿ ਦੁਖ ਲੋਗ." (ਰਾਮ ਮਃ ੫)

**ਸਿਚਾਨ, ਸਿਚਾਨਾ:** ਦੇਖੋ, ਸੀਚਾਨਾ. "ਚਿਰਿਅਨ ਸੇਵ ਸਿਚਾਨ ਤੇ ਕਰਵਾਈ ਕਰ ਦੀਨ." (ਨਾਪ੍ਰ) ਚਿੜੀਆਂ (ਗਰੀਬੀ ਵਾਲਿਆਂ) ਦੀ ਸੇਵਾ ਸੀਚਾਨੇ (ਜਾਲਿਮਾਂ) ਤੋਂ ਕਰਵਾਈ.

**ਸਿੰਚਿ:** ਸੇਚਨ ਕਰਕੇ. ਸਿੰਜਕੇ. "ਸਿੰਚਿ ਪਿਆਲ ਗਗਨਸਰ ਭਰੈ." (ਰਤਨਮਾਲਾ ਬੰਨੋ) ਪ੍ਰਾਣਵਾਯੁ ਨੂੰ ਅਭ੍ਯਾਸ ਨਾਲ ਖਿੱਚਕੇ ਦਸ਼ਮਦ੍ਵਾਰ ਠਹਿਰਾਵੇ.

**ਸਿੰਚਿਤ:** ਵਿ- ਸਿੰਜਿਆ ਹੋਇਆ. ਸੇਚਿਤ. ਦੇਖੋ, ਸਿੰਚਨ.

**ਸਿੱਛਾ, ਸਿਛ੍ਯਾ:** ਦੇਖੋ, ਸਿਕ੍ਸ਼ਾ ਅਤੇ ਸਿਖ੍ਯਾ. "ਦੀਨੀ ਭਾਂਤ ਭਾਂਤ ਕੀ ਸਿੱਛਾ." (ਵਿਚਿਤ੍ਰ)

**ਸਿਜਣਾ:** ਕ੍ਰਿ- ਸ- ਜਲ- ਹੋਣਾ. ਤਰ ਹੋਣਾ. "ਭਿਜਉ ਸਿਜਉ ਕੰਬਲੀ." (ਸ. ਕਬੀਰ) ਸੰ. ਸ੍ਵੇਦਨ. ਮੁੜ੍ਹਕਾ ਆਉਣਾ. ਪਸੀਨੇ ਸਹਿਤ ਹੋਣਾ.

**ਸਿੰਜਣਾ:** ਕ੍ਰਿ- ਸੇਚਨ. ਜਲ ਛਿੜਕਨਾ. ਰੌਣੀ ਕਰਨੀ.

**ਸਿਜਦਾ:** ਅ਼. سجدہ ਸੰਗ੍ਯਾ- ਮੱਥਾ ਟੇਕਣਾ. ਨਮਸਕਾਰ, ਜੋ ਜਮੀਨ ਉੱਪਰ ਮਸਤਕ ਰੱਖਕੇ ਕੀਤੀ ਜਾਵੇ. "ਕਈ ਪਲਟ ਸੂਰ ਸਿਜਦਾ ਕਰਾਇ." (ਅਕਾਲ) ਕਈ ਸੂਰਜ ਨਿਕਲਣ ਵਾਲੀ ਦਿਸ਼ਾ ਤੋਂ ਮੁਖ ਫੇਰਕੇ (ਪੱਛਮ ਵੱਲ) ਸਿਜਦਾ ਕਰਦੇ ਹਨ.

**ਸਿਜਲ:** ਵਿ- ਸੱਜਿਤ। ੨. ਸੁ- ਉਜ੍ਵਲ. ਨਿਰਮਲ. "ਸਿਜਲ ਸੁਭ ਭੇਖ ਹੀ." (ਸਲੋਹ) ਅ਼. سجنجل ਸਿਜੰਜਲ ਸ਼ਬਦ ਦਾ ਅਰਥ ਹੈ ਸ਼ੀਸ਼ਾ, ਜੋ ਚਮਕਾਕੇ ਸ਼ੀਸ਼ੇ ਜੇਹੀ ਵਸਤੁ ਬਣਾਈ ਜਾਵੇ ਸੋ ਸਿਜਲ। ੩. ਅ਼. سجل ਸਿਜਿਲ. ਸੰਗ੍ਯਾ- ਜੱਜ ਦਾ ਰਜਿਸਟਰ (ਵਹੀ). ੪. ਇੱਕ ਫ਼ਰਿਸ਼ਤਾ ਜਿਸ ਪਾਸ ਖ਼ੁਦਾ ਦਾ ਰੋਜ਼ਾਨਾਮਚਾ ਰਹਿੰਦਾ ਹੈ.

**ਸਿੰਜਾਫ:** ਫ਼ਾ. سنجاف ਸੰਜਾਫ਼. ਸੰਗ੍ਯਾ- ਮਗਜੀ. ਕਿਨਾਰਾ. ਗੋਠ. ਗੋਟ.

**ਸਿੱਜਾ:** ਦੇਖੋ, ਸੱਜਾ ਅਤੇ ਸੇਜਾ। ੨. ਗਿੱਲਾ. ਦੇਖੋ, ਸਿਜਣਾ.

**ਸਿਝਣਾ:** ਕ੍ਰਿ- ਕਾਰਜ ਦੀ ਸਿੱਧੀ ਕਰਨੀ. ਪ੍ਰਯੋਜਨ ਸਿੱਧ ਕਰਨਾ. ਕਾਮਯਾਬੀ ਹਾਸਿਲ ਕਰਨੀ. "ਨਾਨਕ ਸਿਝਿ ਇਵੇਹਾ ਵਾਰ." (ਵਾਰ ਮਾਰੂ ੨. ਮਃ ੫) "ਵਿਣੁ ਮਨ ਮਾਰੇ ਕੋਇ ਨ ਸਿਝਈ." (ਵਾਰ ਸੋਰ ਮਃ ੩) "ਪਰਸਤ ਪੈਰ ਸਿਝਤ ਤੇ ਸੁਆਮੀ." (ਰਾਮ ਮਃ ੧) "ਏਕਹਿ ਚੋਟ ਸਿਝਾਇਆ." (ਭੈਰ ਕਬੀਰ) "ਬੁਰਾ ਕਰੈ ਸੁ ਕੇਹਾ ਸਿਝੈ?" (ਸਵਾ ਮਃ ੩)

**ਸਿਞਾਣ:** ਸੰਗ੍ਯਾ- ਸੁਗ੍ਯਾਨ. ਪਛਾਣ. ਪਹਿਚਾਨ. ਵਾਕਫ਼ੀਯਤ. "ਅਵਰ ਸਿਞਾਣ ਨ ਕਰੀ." (ਟੋਡੀ ਮਃ ੫) "ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ." (ਵਾਰ ਆਸਾ)

**ਸਿਞਾਤਾ:** ਦੇਖੋ, ਸਿਞਾਣ. "ਜਿਨੀ ਸਿਞਾਤਾ ਸਾਈ." (ਸਵਾ ਮਃ ੫) ਜਿਨ੍ਹਾਂ ਪਛਾਨਿਆ (ਜਾਣਿਆ) ਸ੍ਵਾਮੀ.

**ਸਿਞਾਨੂ:** ਵਿ- ਸੁਗ੍ਯਾਤਾ. ਸੁਜਾਨ. ਪਛਾਣੂ. ਜਾਣੂ. "ਜਹਾ ਪੰਥਿ ਤੇਰਾ ਕੋ ਨ ਸਿਞਾਨੂ." (ਸੁਖਮਨੀ)

**ਸਿਞਾਪਸਨਿ:** ਪਛਾਣੇ ਜਾਣਗੇ. ਦੇਖੋ, ਸਿਞਾਪਨ.

ਸਿਞਾਪਨ: ਸੰ. संज्ञायन ਸੰਗਜਾਪਨ. ਸੰਗਜਾ- ਚੰਗੀ ਤਰਾਂ ਜਣਾਉਣਾ. ਬਖੂਬੀ ਮਲੂਮ ਕਰਾਉਣਾ. "ਅਗੈ ਗਏ ਸਿਞਾਪਸਨਿ." (ਸਃ ਫਰੀਦ) "ਨਾਨਕ ਸਚਘਰੁ ਸਬਦਿ ਸਿਞਾਪੈ." (ਗਉ ਛੰਤ ਮਃ ੧)

ਸਿਞਾਬਾ: ਵਿ- ਜਾਣਿਆ ਹੋਇਆ. ਦੇਖੋ, ਸਿਞਾਪਨ.

ਸਿਟ: ਸੰ. सिट ਧਾ- ਅਪਮਾਨ ਕਰਨਾ. ਨਿਰਾਦਰ ਕਰਨਾ.

ਸਿਟਣਾ: ਕ੍ਰਿ- ਫੈਂਕਣਾ. ਗੇਰਨਾ. ਖ਼ੇਪਣ. ਸੁੱਟਣਾ.

ਸਿੱਟਾ: ਸੰ. ਸ਼ਿਰਸ੍ਥਾ. ਸੰਗਜਾ- ਬੱਲੀ. ਖ਼ੋਸ਼ਹ. ਜੈਸੇ- ਜਵਾਰ ਬਾਜਰੇ ਦਾ ਸਿੱਟਾ. ੨. ਕਿਸੇ ਗੱਲ ਦਾ ਭਾਵ ਸਿਧਾਂਤ। ੩. ਨਤੀਜਾ, ਫਲ "ਪਾਤਸਾਹ ! ਸਿੱਟਾ ਹਨਐ ਜਾਹਰ."

ਸਿਠ: ਸੰ. श्रठ- ਸ਼੍ਰਠ੍. ਧਾ- ਅਯੋਗਯ ਵਚਨ ਬੋਲਨਾ. ਸ਼ਰਮ ਦਿਵਾਉਣ ਵਾਲੀ ਗੱਲ ਆਖਣੀ.

ਸਿੱਠ: ਦੇਖੋ, ਆਪਣੀ ਸਿਠ, ਸੰਗਜਾ- ਨਿੰਦਾ. ਅਪਵਾਦ. ਭੰਡੀ. ਦੋਖ, ਅੰ. Satire. 2. ਤਰਕ। ੩. ਵਜੰਗ ਨਾਲ ਕਿਹਾ ਹੋਇਆ ਵਾਕ. ਦੇਖੋ, ਸਿੱਠਣੀ। ੪. ਗੁਰੁਵਿਲਾਸ਼ ਵਿੱਚ ਸ਼੍ਰੇਸ਼੍ਠ ਵਾਸਤੇ ਸਿੱਠ ਸ਼ਬਦ ਬੀ ਆਇਆ ਹੈ. ਯਥਾ- "ਕਥਾ ਪ੍ਰਗਟ ਕਰ ਸਿੱਠਾ."

ਸਿੱਠਣੀ, ਸਿੱਠਨੀ: ਸੰਗਜਾ- ਅਸ਼ਿਸ਼੍ਟ ਵਾਣੀ. ਗਾਲੀ ਅਤੇ ਵਜੰਗ ਨਾਲ ਕਹੀ ਹੋਈ ਬਾਣੀ. ਵਿਆਹ ਸਮੇਂ ਇਸਤ੍ਰੀਆਂ ਜੋ ਗਾਲੀਆਂ ਨਾਲ ਮਿਲਾਕੇ ਗੀਤ ਗਾਉਂਦੀਆਂ ਹਨ, ਉਨ੍ਹਾਂ ਦੀ ਸਿੱਠਣੀ ਸੰਗਜਾ ਹੈ. ਦੇਖੋ, ਸਿਠ.

ਸਿੱਡਾ: ਵਿ- ਸਿਰੜਾ. ਦੀਵਾਨਾ। ੨. ਜ਼ਿੱਦੀ. ਅੜੀਅਲ। ੩. ਸੰਗਜਾ- ਜ਼ਿਦ. ਘੜੀ.

ਸਿਣਕਣਾ: ਦੇਖੋ, ਸਿਨਕਨਾ.

ਸਿਤ: ਸੰ. ਸੰਗਜਾ- ਚਿੱਟਾ ਰੰਗ. "ਰਥ ਤੁਰੰਗ ਸਿਤ ਅਸਿਤ." (ਪਾਰਸਾਵ) ੨. ਚਾਂਦੀ। ੩. ਚੰਦਨ। ੪. ਡਿੰਗ. ਵਿ. ਬੰਨ੍ਹਿਆ ਹੋਇਆ. ਜਕੜਿਆ। ੫. ਸੰ. ਸ਼ਿਤ. ਵਿ- ਤਿੱਖਾ. "ਅਤਿ ਸਿਤ ਛਾਡੇ ਬਾਣ." (ਰਾਮਾਵ) ੬. ਗਿੱਲਾ. ਭਿੱਜਿਆ ਹੋਇਆ। ੭. ਪਤਲਾ.

ਸਿਤਸਪਤੀ: ਸੰ. शीतांशुपति. ਸ਼ੀਤਾਂਸ਼ੁਪਤਿ. ਸੰਗਜਾ- ਸੀਤਲ ਕਿਰਣਾਂ ਦਾ ਪਤੀ, ਚੰਦ੍ਰਮਾ. "ਸਿਤਸਪਤੀ ਤਪਸਪਤੀ ਬਨਸਪਤੀ ਜੱਪ ਸਦਾ." (ਅਕਾਲ) ਚੰਦ੍ਰਮਾ, ਤਪ੍ਹਾਂਸ਼ੁਪਤੀ (ਸੂਰਜ) ਅਰ ਵਨ (ਜਲ) ਦਾ ਪਤੀ ਵਰੁਣ, ਸਦਾ ਅਕਾਲ ਨੂੰ ਜਪਦੇ ਹਨ। ੨. श्वेताश्वपति ਸ਼੍ਵੇਤਾਸ਼੍ਵਪਤਿ. ਚਿੱਟੇ ਘੋੜੇ ਦਾ ਸ੍ਵਾਮੀ ਇੰਦ੍ਰ.

ਸਿਤਸੁਤੀ: ਦੇਖੋ, ਸਿਤਸਪਤੀ. ਲਿਖਾਰੀ ਨੇ ਇਹ ਸ਼ਬਦ ਅਸ਼ੁੱਧ ਲਿਖ ਦਿੱਤਾ ਹੈ. ਅਸਲ ਪਾਠ ਸਿਤਸਪਤੀ ਹੈ.

ਸਿਤਤਾ: ਸੰਗਜਾ- ਸ਼੍ਵੇਤਤਾ. ਸ਼੍ਵੈਤਜ. ਚਿਟਿਆਈ. ਸਫੇਦੀ. "ਸਿਤਤਾ ਬਿਭੂਤ." (ਚਰਿਤ੍ਰ ੧੨) ਨੇਤ੍ਰਾਂ ਵਿੱਚ ਜੋ ਚਿਟਿਆਈ ਹੈ ਉਹ ਮਾਨੋ ਭਸਮ ਮਲੀ ਹੋਈ ਹੈ.

ਸਿਤਬਾਨ: ਵਿ- ਸ਼ਿਤ (ਤਿੱਖਾ) ਤੀਰ। ੨. ਸੰਗਜਾ- ਤਿੱਖੇ ਤੀਰਾਂ ਦੇ ਧਾਰਨ ਵਾਲਾ, ਕਾਮ. "ਕੈ ਕਿ ਪੜ੍ਹੀ ਸਿਤਬਾਨਹੁ ਤੇ." (ਕ੍ਰਿਸਨਾਵ) ਅਥਵਾ ਕਾਮ ਤੋਂ ਸੰਥਾ ਲਈ ਹੈ.

ਸਿਤਮ: ਅ਼. ستم ਜ਼ੁਲਮ. ਧੱਕਾ.

ਸਿਤਾ: ਸੰ. ਸਯੂਤ. ਵਿ- ਸੀੱਤਾ ਹੋਇਆ. ਸੀਂਵਿਆ "ਸਬਦ ਸੁਰਤਿ ਮਨ ਸਿਤਾ." (ਭਾਗੁ) ੨. ਸੰਗਜਾ- ਸਿਕਤਾ ਦਾ ਸੰਖੇਪ. ਬਾਲੂ ਰੇਤਾ। ੩. ਸੰ. सिना. ਖੰਡ. ਚੀਨੀ। ੪. ਚਮੇਲੀ। ੫. ਚਾਂਦਨੀ. ਚੰਦ੍ਰਿਕਾ ੬. ਚਾਂਦੀ.

ਸਿਤਾਸਿਤ, ਸਿਤਾਸੇਤ: ਵਿ- ਸਿਤ ਅਤੇ ਅਸਿਤ. ਚਿੱਟਾ ਅਰ ਕਾਲਾ. ਸ਼੍ਵੇਤ ਅਸ਼੍ਵੇਤ. "ਸਿਤਾਸੇਤ ਛਤ੍ਰੰ." (ਵਿਚਿਤ੍ਰ) "ਸੁੰਦਰ

ਸਮਸ ਸਿਤਾਸਿਤ ਸੋਹੈ." (ਨਾਪ੍ਰ) ਕਰੜ ਬਰੜੀ ਦਾੜ੍ਹੀ.

ਸਿਤਾਦਹ: ਫ਼ਾ. ستادہ ਵਿ- ਖੜਾ. ਖਲੋਤਾ. ਇਸ ਦਾ ਮਸਦਰ ਸਿਤਾਦਨ (ਖੜੇ ਹੋਣਾ) ਹੈ.

ਸਿਤਾਂਦਨ: ਫ਼ਾ. ستاندن ਕ੍ਰਿ- ਲੈਣਾ. ਗ੍ਰਹਣ ਕਰਨਾ.

ਸਿਤਾਨਦ: ਫ਼ਾ. ਲਵੇ. ਲਊਗਾ. ਲੈਂਦਾ ਹੈ. ਇਸ ਦਾ ਮੂਲ ਸਿਤਾਂਦਨ ਹੈ.

ਸਿਤਾਭ, ਸਿਤਾਬੀ: ਫ਼ਾ. شتاب ਸ਼ਿਤਾਬ. ਕ੍ਰਿ. ਵਿ- ਸ਼ੀਘ੍ਰ. ਛੇਤੀ. "ਚਲਹੁ ਸਿਤਾਬ ਦੀਵਾਨ ਬੁਲਾਇਆ." (ਸੂਹੀ ਕਬੀਰ) "ਮਾਤੁਰ ਸਿਤਾਬ ਧਾਈ." (ਰਾਮਾਵ)

ਸਿਤਾਬ: ਸੰਗਯਾ- ਸ਼੍ਵੇਤ- ਆਭਾ. ਸੂਰਜ। ੨. ਇੰਦ੍ਰ ਦਾ ਘੋੜਾ.

ਸਿਤਾਰ: ਸੰਗਯਾ- ਸਿ (ਤਿੰਨ) ਤਾਰ ਦਾ ਬਾਜਾ, ਜਿਸ ਦੇ ਲੋਹੇ ਦੀ ਤਾਰ ਬਜਾਉਣ ਲਈ ਮੱਧਮ ਸੁਰ ਦੀ ਅਤੇ ਦੋ ਪਿੱਤਲ ਦੀਆਂ ਤਾਰਾਂ ਸ਼ੜਜ ਸ੍ਵਰ ਦੀਆਂ ਹੁੰਦੀਆਂ ਹਨ.[239] ਹੁਣ ਇਸ ਦਾ ਨਾਉਂ ਮੱਧਮ ਹੈ ਅਰ ਪੰਜ ਤਾਰਾਂ ਹੁੰਦੀਆਂ ਹਨ. ਕਈਆਂ ਦੇ ਏਦੂੰ ਵੱਧ ਭੀ ਹੁੰਦੀਆਂ ਹਨ.

ਸਿਤਾਰਾ: ਫ਼ਾ. ستارہ ਸੰਗਯਾ- ਨਛਤ੍ਰ. ਤਾਰਾ। ੨. ਭਾਵ- ਭਾਗ. ਨਸੀਬ। ੩. ਚਾਂਦੀ ਜਾਂ ਸੋਨੇ ਦੇ ਪਤ੍ਰ ਦੀ ਛੋਟੀ ਗੋਲ ਟੁਕੜੀ, ਜੋ ਸਲਮੇ ਨਾਲ ਵਸਤ੍ਰਾਂ ਤੇ ਜੜੀ ਜਾਂਦੀ ਹੈ.

ਸਿਤੋਤਪਲ: ਸੰਗਯਾ- ਚਿੱਟੇ ਰੰਗ ਦਾ ਉਤਪਲ (ਕਮਲ).

ਸਿਤੋਦਰ: ਸੰ. ਵਿ- ਸ਼ਿਤ- ਉਦਰ. ਪਤਲੇ (ਸੁਕੜੇ) ਢਿੱਡ ਵਾਲਾ। ੨. ਸੰਗਯਾ- ਕੁਬੇਰ। ੩. ਦੇਖੋ, ਸ਼੍ਵੇਤੋਦਰ.

ਸਿਤੋਪਲ: ਸੰਗਯਾ- ਸਿਤਾ (ਖੰਡ) ਦਾ ਉਪਲ (ਗੋਲਾ). ਓਲਾ। ੨. ਮਿਸ਼ਰੀ ਦਾ ਕੂਜ਼ਾ. ਕੁੱਜਾ. "ਸਿਤੋਪਲ ਸਿਤਾ ਸੋਂ ਗੁੜ ਆਦਿ ਜੇਉ." (ਨਾਪ੍ਰ) ੩. ਸੰ. ਖੜੀਆ ਮਿੱਟੀ. ੪. ਬਲੌਰ. ਸਫਟਿਕ. ੫. ਸਿਤੋਤਪਲ ਦਾ ਸੰਖੇਪ.

ਸਿਤ੍ਰ: ਵਿਸਤ੍ਰਿਤ (ਵਿਸ੍ਤ੍ਰਨ) ਦਾ ਸੰਖੇਪ. "ਬਾਂਸ ਸੁਗੰਧਤਾ ਨ ਸਿਤ੍ਰ ਹੈ." (ਭਾਗੁ ਕ) ਚੰਦਨ ਦੀ ਸੁਗੰਧ ਬਾਂਸ ਵਿੱਚ ਨਹੀਂ ਫੈਲਦੀ.

ਸਿਥਲ, ਸਿਥਿਲ: ਸੰ ਸ਼ਿਥਿਲ ਵਿ- ਸ਼੍ਲਥ (ਸੁਸਤੀ) ਦੇ ਧਾਰਨ ਵਾਲਾ. ਸੁਸਤ. ਆਲਸੀ.

ਸਿਥਿਲਤਾ: ਸੰਗਯਾ- ਸੁਸਤੀ. ਆਲਸੀ ਦੇਖੋ, ਸਿਥਿਲ.

ਸਿੰਦ: ਫ਼ਾ. سند ਦੇਖੋ, ਸਿੰਧੁ. ਫਾਰਸੀ ਵਿੱਚ ਧ ਨਾ ਹੋਣ ਕਰਕੇ ਸਿੰਧੁ ਨੂੰ ਸਿੰਦ ਲਿਖਿਆ ਹੈ.

ਸਿੰਦਉਰਾ: ਸੰਗਯਾ- ਸੰਧੂਰੀਆ ਰਾਗ. ਇਹ ਵਿਸ਼ੇਸ਼ ਕਰਕੇ ਯੁੱਧ ਸਮੇਂ ਗਾਈਦਾ ਹੈ. "ਬਾਜਤ ਮਾਰੂ ਰਾਗ ਸਿੰਦਉਰਾ." (ਅਜੈ ਸਿੰਘ) ਦੇਖੋ, ਸੰਧੂਰੀਆ। ੨. ਦੇਖੋ, ਸਿਧਉਰਾ.

ਸਿਦਕ: ਅ਼. صدق ਸਿਦਕ਼. ਸੰਗਯਾ- ਸ਼੍ਰੱਧਾ. ਵਿਸ਼੍ਵਾਸ. "ਸਿਦਕ ਸਬੂਰੀ ਸੰਤ ਨ ਮਿਲਿਓ." (ਮਾਰੂ ਅੰਜੁਲੀਆਂ ਮਃ ੫) ੨. ਸਚਾਈ. ੩. ਨਿਸ਼ਕਪਟਤਾ. ਦਿਲ ਦੀ ਸਫਾਈ.

ਸਿਦਕੀ: ਵਿ- ਸਿਦਕ ਵਾਲਾ. ਸ਼੍ਰੱਧਾਲੂ.

---

[239] ਅਸੀਂ ਅਜੇਹੀਆਂ ਸਿਤਾਰਾਂ ਭੀ ਵੇਖੀਆ ਹਨ. ਜਿਨ੍ਹਾਂ ਦੇ ਲੋਹੇ ਦੀ ਤਾਰ ਕੋਈ ਨਹੀਂ ਹੁੰਦੀ. ਦੋ ਪਿੱਤਲ ਦੀ ਤਾਰਾਂ, ਜਿਨ੍ਹਾਂ ਨੂੰ ਬਾਜ ਦਾ ਜੋੜਾ ਆਖਦੇ ਹਨ, ਬਜਾਉਣ ਲਈ ਅਤੇ ਇੱਕ ਪਿੱਤਲ ਦੀ ਤਾਰ ਸੁਰ ਦੀ ਸਹਾਇਤਾ ਲਈ ਹੁੰਦੀ ਹੈ. ਅਰ ਧਾਤੁ ਦੀ ਸੁੰਦਰੀਆਂ ਦੇ ਥਾਂ ਤੰਦ ਦੇ ਬੰਦ ਬੱਧੇ ਹੁੰਦੇ ਹਨ. ਦੇਖੋ ਚਾਰਗਾਹ.

ਸਿਦਤ: ਦੇਖੋ, ਸ਼ਿੱਦਤ. "ਉਲਟੀ ਹਮ ਸੋਂ ਸਿਦਤ ਉਠਾਈ." (ਗੁਪ੍ਰਸੂ)

ਸਿੰਦੀ: ਵਿ- ਸਿੰਦ (ਸਿੰਧ) ਦਾ ਵਸਨੀਕ ਸਿੰਧੀ. ਦੇਖੋ, ਸਿੰਦ.

ਸਿੰਦੂਕ: ਸੰ. ਸਿन्दुक ਸੰਗਯਾ- ਸਿੰਦੁਵਾਰ (ਅਥਵਾ ਸਿੰਧੁਵਾਰ) ਬਿਰਛ, ਜਿਸ ਦੇ ਫੁੱਲ ਸਿੱਪੀ ਦੀ ਸ਼ਕਲ ਦੇ ਹੁੰਦੇ ਹਨ. ਇਨ੍ਹਾਂ ਦੇ ਖਾਣ ਨਾਲ ਹਾਥੀ ਦਾ ਮਦ ਉਤਰ ਜਾਂਦਾ ਹੈ. L. Vitex Hegundo. "ਸਿੰਦੂਕ ਤਿੰਦੁਕ ਮਧੁਰ ਤਮਾਲ." (ਗੁਪ੍ਰਸੂ)

ਸਿੰਦੂਰ: ਸੰ. ਸੰਗਯਾ- ਸੰਧੂਰ. Vermilion । ੨. ਸੰ. ਸਿੰਧੁਰ. ਮਦ ਵਾਲਾ ਹਾਥੀ. "ਕਟੇ ਸਿੰਦੂਰ ਖੇਤੰ." (ਗਯਾਨ)

ਸ਼ਿੱਦਤ: ਅ਼. شدّت ਸੰਗਯਾ- ਸਖ਼ਤੀ। ੨. ਦੁੱਖ. ਕਸ਼੍ਟ। ੩. ਜ਼ੁਲਮ.

ਸਿਧ: ਸੰ. सिध ਧਾ- ਜਾਣਾ. ਆਗਯਾ ਕਰਨਾ. ਉਪਦੇਸ਼ ਦੇਣਾ ਮੰਗਲ ਕਰਮ ਕਰਨਾ. ਵਰਜਣਾ. ਮਨਾ ਕਰਨਾ. ਪ੍ਰਸਿੱਧ ਹੋਣਾ. ਪੂਰਣ ਹੋਣਾ. ਸ਼ੁੱਧ ਹੋਣਾ। ੨. ਸੰ. सिद्ध. ਸਿੱਧ. ਸਿੱਧਿ ਨੂੰ ਪ੍ਰਾਪਤ ਹੋਇਆ. ਸਿੱਧੀ ਵਾਲਾ. "ਸਿਧ ਹੋਵਾ ਸਿਧਿ ਲਾਈ." (ਸ੍ਰੀ ਮਃ ੧) ੩. ਪੱਕਿਆ ਹੋਇਆ. ਤਿਆਰ. "ਪ੍ਰਭੁ ਜੀ ਸਿਧ ਅਹਾਰ ਹੈ ਸੁਨ ਉਠੇ ਕ੍ਰਿਪਾਲਾ." (ਗੁਪ੍ਰਸੂ) ੪. ਸਫਰ ਤੈ ਕਰਨਾ. "ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ." (ਸੋਰ ਮਃ ੫) ਸਿਧ ਧਾਤੁ ਦਾ ਅਰਥ ਜਾਣਾ (ਗਮਨ ਕਰਨਾ) ਹੈ. ਦੇਖੋ, ਕੋਸਰੋ। ੫. ਸਿੱਧਿਵਾਨ ਯੋਗੀਜਨ. ਸ਼ਕਤਿ ਵਾਲਾ ਸੰਤ. "ਸੁਣਿਐ ਸਿਧ ਪੀਰ ਸੁਰਿ ਨਾਥ." (ਜਪੁ) ੬. ਪੁਰਾਣਾਂ ਅਨੁਸਾਰ ਇੱਕ ਖਾਸ ਦੇਵਤਾ, ਜੋ ਪ੍ਰਿਥਿਵੀ ਅਤੇ ਸੂਰਜਲੋਕ ਦੇ ਵਿਚਕਾਰ ਰਹਿੰਦੇ ਹਨ. ਇਨ੍ਹਾਂ ਦੀ ਗਿਣਤੀ ੮੮੦੦੦ ਹੈ। ੭. ਸੇਂਧਾ ਲੂਣ.

ਸਿੰਧ: ਦੇਖੋ, ਸਿੰਧੁ.

ਸਿਧਉਰਾ: ਸੰ. ਸਿੰਦੂਰ. ਸੰਧੂਰ. "ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ?" (ਸ. ਕਬੀਰ) ਸਤੀ ਆਪਣੇ ਪਤੀ ਦੀ ਲੋਥ ਨਾਲ ਜਲਣ ਵੇਲੇ ਇੱਕ ਥਾਲੀ ਵਿੱਚ ਸ੍ਰੀਫਲ, ਸੰਧੂਰ, ਫੁੱਲ, ਸੁਪਾਰੀ ਅਤੇ ਚਉਲ ਰੱਖਕੇ ਘਰੋਂ ਜਾਂਦੀ ਹੈ. ਪਤੀ ਦੇ ਮੱਥੇ ਸੰਧੂਰ ਦਾ ਤਿਲਕ ਕਰਕੇ, ਬਾਕੀ ਸਾਮਗ੍ਰੀ ਜਿਵੇਂ ਦੇਵਤਾ ਦੀ ਮੂਰਤੀ ਨੂੰ ਚੜ੍ਹਾਈਦੀ ਹੈ, ਤਿਵੇਂ ਅਰਪਨ ਕਰਦੀ ਹੈ. ਫੇਰ ਚਿਤਾ ਦੀ ਪਰਕੰਮਿਆ ਕਰਕੇ ਕੁਟੰਬ ਦੇ ਲੋਕਾਂ ਤੇ ਸੰਧੂਰ ਛਿੜਕਦੀ ਅਤੇ ਆਸ਼ੀਰਵਾਦ ਦਿੰਦੀ ਹੈ. ਪਤੀ ਦਾ ਸਿਰ ਆਪਣੇ ਪੱਟ ਤੇ ਰੱਖਕੇ ਚਿਤਾ ਨੂੰ ਅੱਗ ਲਾਉਣ ਦੀ ਆਗਯਾ ਦਿੰਦੀ ਹੈ.

ਕਈ ਗਯਾਨੀ ਸਿਧਉਰਾ ਦਾ ਅਰਥ ਨਲੀਏਰ ਕਰਦੇ ਹਨ, ਜੋ ਅਸੰਗਤ ਹੈ. ਦੇਖੋ, ਸਰਬਲੋਹ- "ਸ੍ਰੀਫਲ ਸਿਧਉਰਾ ਪੁਹਪ ਪੁੰਗਿ ਅੱਛਤ xxx ਸਤੀ ਬੇਖ ਰਾਜੈ ਮਨੋ ਬ੍ਰਿਧ ਅਨੰਗੀ." (ਅਃ ੨, ਛੰਦ ੧੯) ਦੇਖੋ, ਸੰਧਉਰਾ.

ਸਿਧਏ: ਵਿ- ਸਿਧਾਏ ਗਏ. "ਸਿਧਾਏ ਸੂਰ, ਸੂਰ ਕੇ ਧਾਮਾ." (ਵਿਚਿਤ੍ਰ) ਸੂਰਮੇ ਸੂਰਜਲੋਕ ਨੂੰ ਸਿਧਾਏ.

ਸਿੰਧ ਸਾਗਰ ਦੋਆਬ: ਸੰਗਯਾ- ਸਿੰਧੁ ਨਦ ਅਤੇ ਚਨਾਬ (ਚੰਦ੍ਰਭਾਗਾ) ਦੇ ਮੱਧ ਦਾ ਦੇਸ਼.

ਸਿੰਧਕ: ਦੇਖੋ, ਸਿੰਦੁਕ.

ਸਿਧਗੋਸਟਿ: ਸੰਗਯਾ- ਸਿੱਧਾਂ ਦੀ ਗੋਸ਼੍ਠਿ (ਸਭਾ). सिद्गोष्ठी। ੨. ਸਿੱਧਾਂ ਨਾਲ ਪ੍ਰਸ਼ਨ ਉੱਤਰ. ਰਾਮਕਲੀ ਰਾਗ ਵਿੱਚ ੭੩ ਪਦਾਂ ਦੀ ਸਤਿਗੁਰੂ ਨਾਨਕਦੇਵ ਜੀ ਦੀ ਇੱਕ ਬਾਣੀ ਜਿਸ ਵਿੱਚ ਸਿੱਧਾਂ ਨਾਲ ਪ੍ਰਸ਼ਨੋੱਤਰ ਹੋਏ ਹਨ, ਅਰ ਯੋਗੀਆਂ ਨੂੰ ਪਰਮਾਰਥ ਦਾ ਉਪਦੇਸ਼ ਹੈ.

ਸਿਧ ਚਉਰਾਸੀਹ: ਦੇਖੋ, ਚਉਰਾਸੀ ਸਿੱਧ.

ਸਿੰਧਜਰਾ: ਦੇਖੋ, ਜਰਾਸੰਧ.

ਸਿੰਧਣੀ: ਸੰਗਯਾ- ਸਿੰਧੁ ਨਦ ਅਤੇ ਸਮੁੰਦਰ ਦੇ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਸਿੰਧਣੀਈਸ: ਪ੍ਰਿਥਿਵੀ ਦਾ ਸ੍ਵਾਮੀ ਰਾਜਾ. (ਸਨਾਮਾ) ਦੇਖੋ, ਸਿੰਧਣੀ.

ਸਿਧਨ: ਸੰਗ੍ਯਾ- ਸੂਤ੍ਰਧਾਵਿਤ੍ਰੀ (ਧਾਵਿਤ੍ਰ ). ਆਪਣੇ ਮੂੰਹ ਤੋਂ ਕੱਢੇ ਹੋਏ ਸੂਤ ਉੱਤੇ ਦੌੜਨ ਵਾਲੀ ਮਕੜੀ. "ਸੂਤ ਸਿਧਨ ਕੀ ਭਾਂਤ ਬਢਾਯੋ." (ਚਰਿਤ੍ਰ ੮੦)

ਸਿੰਧਨੀ: ਦੇਖੋ, ਸਿੰਧਣੀ। ੨. ਵਿ- ਸਿੰਧ ਦੇਸ਼ ਦਾ. ਸਿੰਧੀ. "ਨਹੇ ਸਿੰਧਨੀ ਇੰਦ੍ਰਬਾਜੀ ਸਮਾਨੰ." (ਅਜਰਾਜ) ਸਿੰਧੀ ਘੋੜੇ ਰਥ ਨਾਲ ਜੋੜੇ ਹੋਏ। ੩. ਸਿੰਧੁ ਸਮੁੰਦਰ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਸਿੰਧਨੰਦਨਾ: ਲੱਛਮੀ। ੨. ਕਾਮਧੇਨੁ. ਦੇਖੋ, ਸਿੰਧੁਨੰਦਨਾ.

ਸਿੰਧਰ: ਦੇਖੋ, ਸੰਧੂਰ। ੨. ਸੰ. ਸ਼ਿਰੋਧਰ. ਸੰਗ੍ਯਾ- ਗਰਦਨ. ਗ੍ਰੀਵਾ। ੩. ਵਿ- ਸਿੰਧੁ (ਹਾਥੀ ਦਾ ਮਦ), ਉਸ ਦੇ ਧਾਰਨ ਵਾਲਾ. ਮਦ ਚੁਇੰਦਾ ਹੋਇਆ. "ਸਿੰਧੁਰੇ ਸਿੰਧਰੰ." (ਰਾਮਾਵ) ਮਦਮੱਤ ਹਾਥੀ (ਸਿੰਧੁਰ). ੪. ਸੰਧੂਰੇ ਹੋਏ ਹਾਥੀ. ਸੰਧੂਰ ਨਾਲ ਜਿਨ੍ਹਾਂ ਦੇ ਮੱਥੇ ਰੰਗੇ ਹੋਏ ਹਨ.

ਸਿੰਧਰ ਬਿੰਧ: ਵਿ- ਸਿੰਧੁ (ਸਮੁੰਦਰ) ਅਤੇ ਵਿੰਧ੍ਯ ਪਰਬਤ. "ਸ੍ਰਿਅ ਸਿੰਧਰ ਬਿੰਧ." (ਅਕਾਲ) ਰਚੇ ਸਮੁੰਦਰ ਅਤੇ ਵਿੰਧ੍ਯ ਆਦਿ ਪਹਾੜ.

ਸਿੰਧਰਾ: ਸੰਗ੍ਯਾ- ਸੰਧੂਰੀਆ ਰਾਗ, ਜੋ ਵੀਰ ਰਸ ਵਧਾਉਣ ਵਾਲਾ ਹੈ. "ਬਬੱਜ ਸਿੰਧਰੇ ਸੁਰੰ." (ਰਾਮਾਵ) ਦੇਖੋ, ਸੰਧੂਰੀਆ.

ਸਿੰਧਰੀ, ਸਿੰਧਰੀ ਨਰ: ਦੇਖੋ, ਸਿੰਧੁਰੀ ਅਤੇ ਸਿੰਧੁਰੀ ਨਰ.

ਸਿੰਧਲਾ: ਦੇਖੋ, ਸਿੰਧੁਲਾ.

ਸਿੰਧਲੀ: ਵਿ- ਸਿੰਧੀ. ਸਿੰਧ ਦੇਸ਼ ਦਾ. "ਸਿੰਧਲੀ ਤੁਰੇ ਨਵੀਨੇ." (ਰਾਮਾਵ)

ਸਿੰਧਵਨੀ: ਸੰਗ੍ਯਾ- ਸੈਂਧਵਨੀ (ਘੋੜਿਆਂ ਵਾਲੀ) ਸੈਨਾ. (ਸਨਾਮਾ) ੨. ਸਮੁੰਦਰ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਸਿੰਧਵੀ: ਵਿ- ਸਿੰਧੀ. ਸਿੰਧ ਨਾਲ ਸੰਬੰਧ ਰੱਖਣ ਵਾਲਾ.

ਸਿਧਾ: ਵਿ- ਸਿੱਧ ਹੋਇਆ. ਸਾਬਤ ਹੋਇਆ. ਤਹਿਕੀਕ ਹੋਇਆ. "ਕੰਚਨ ਕਾਇਆ ਕੋਟ ਗੜ੍ਹ ਵਿਚਿ ਹਰਿ ਹਰਿ ਸਿਧਾ." (ਆਸਾ ਛੰਤ ਮਃ ੪) ੨. ਦੇਖੋ, ਸੀਧਾ.

ਸਿਧਾਉਣਾ: ਸੰ. ਸਿਧ ਸਿਧ੍ ਧਾਤੁ ਦਾ ਅਰਥ ਹੈ ਜਾਣਾ, ਚਲਨਾ, ਫਤੇ ਕਰਨਾ, ਉਪਦੇਸ਼ ਦੇਣਾ, ਸਿਖਾਉਣਾ. ਕ੍ਰਿ- ਗਮਨ ਕਰਨਾ. ਜਾਣਾ. ਕੂਚ ਕਰਨਾ. "ਸਭ ਲੋਕ ਸਿਧਾਸੀ." (ਵਾਰ ਮਾਰੂ ੨. ਮਃ ੫)

ਸਿਧਾਈ: ਦੇਖੋ, ਸਿਧਾਉਣਾ. ਵਿ- ਰਵਾਨਾ ਹੋਈ. ਗਈ। ੨. ਸਿਖਾਈ. ਪੜ੍ਹਾਈ। ੩. ਸੰਗ੍ਯਾ- ਸਿੱਧਤਾ. ਸਿੱਧਪੁਣਾ. ਸਿੱਧੀ. "ਜਾਕੀ ਸੇਵਾ ਦਸਅਸਟ ਸਿਧਾਈ." (ਆਸਾ ਮਃ ੫) ੪. ਸਿੱਧਾਪਨ. ਸੀਧਾਈ.

ਸਿਧਾਸਨ: ਦੇਖੋ, ਸਿਧਾਉਣਾ। ੨. ਦੇਖੋ, ਸਿੱਧਾਸਨ.

ਸਿਧਾਂਤ: ਸੰ. ਸਿਦ੍ਧਾਨ੍ਤ. ਸਿੱਧਾਂਤ. ਸੰਗ੍ਯਾ- ਅੰਤ ਨੂੰ ਸਿੱਧ ਹੋਈ ਬਾਤ. ਸਹੀ ਨਤੀਜਾ। ੨. ਭਾਵ- ਮਕਸਦ. ਤਾਤਪਰਯ.

ਸਿਧਾਂਤੀ: ਵਿ- ਸਿੱਧਾਂਤ ਨੂੰ ਪ੍ਰਾਪਤ ਹੋਇਆ। ੨. ਸਿੱਧਾਂਤ ਜਾਣਨ ਵਾਲਾ.

ਸਿਧਾਨ: ਦੇਖੋ, ਸਿਧਾਉਣਾ। ੨. ਸਿੱਧਿ ਦਾ ਬਹੁ ਵਚਨ "ਸਭ ਨਿਧਾਨ ਦਸ ਅਸਟ ਸਿਧਾਨ." (ਸੋਦਰੁ)

ਸਿਧਾਯਾ, ਸਿਧਾਯੋ: ਦੇਖੋ, ਸਿਧਾਉਣਾ। ੨. ਵਿ- ਸਿਖਾਇਆ. ਪੜ੍ਹਾਇਆ. "ਹਾਥ ਗੁਰੁ ਗੋਬਿੰਦ ਕੇ ਬੇਸਰਾ ਸਿਧਾਯੋ ਨਾਨ੍ਹੋ." (ਕਵਿ ੫੨) ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੱਥ ਤੇ ਛੋਟਾ ਬੇਸਰਾ (ਸ਼ਿਕਾਰੀ ਪੰਛੀ) ਸ਼ਿਕਾਰ ਕਰਨ ਸਿਖਾਇਆ

ਹੋਇਆ। ੩. ਰਵਾਨਾ ਹੋਇਆ.

ਸਿਧਾਰ: ਦੇਖੋ, ਸਧਾਰ ੨.

ਸਿਧਾਰਣ, ਸਿਧਾਰਨ: ਸਿਧ੍ ਧਾਤੁ ਦਾ ਅਰਥ ਜਾਣਾ, ਗਮਨ ਕਰਨਾ ਹੈ. ਕ੍ਰਿ- ਗਮਨ ਕਰਨਾ. ਕੂਚ ਕਰਨਾ. ਯਾਤ੍ਰਾ ਲਈ ਤੁਰਨਾ.

ਸਿਧਾਵਣ: ਦੇਖੋ, ਸਿਧਾਉਣਾ.

ਸਿਧਿ: ਸੰ. ਸਿਦ੍ਧਿ. ਸਿੱਧਿ. ਸੰਗਯਾ- ਕਰਾਮਾਤ. ਅਲੌਕਿਕ ਸ਼ਕਤਿ. "ਪ੍ਰਭੁ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ." (ਸੁਖਮਨੀ) ੨. ਕਾਮਯਾਬੀ, ਕੰਮ ਵਿੱਚ ਸਫਲਤਾ। ੩. ਮੁਕਤਿ. ਨਿਜਾਤ। ੪. ਬੁੱਧਿ। ੫. ਸੰਪਦਾ. ਵਿਭੂਤਿ। ੬. ਵਿਜਯ. ਜਿੱਤ। ੭. ਅੱਠ ਸੰਖ੍ਯਾ ਬੋਧਕ ਸ਼ਬਦ, ਕਿਉਂਕਿ ਮੁੱਖ ਸਿੱਧੀਆਂ ਅੱਠ ਮੰਨੀਆਂ ਹਨ. ਦੇਖੋ, ਅਸਟ ਸਿੱਧਿ.

ਸਿਧਿਦ: ਵਿ- ਸਿੱਧ ਦੇਣ ਵਾਲਾ। ੨. ਸੰਗ੍ਯਾ- ਕਰਤਾਰ.

ਸਿਧਿੰਦਾ: ਵਿ- ਸਿੱਧ ਕੁਨਿੰਦਾ "ਸਿਧਤਾਈ ਕੋ ਸਿਧਿੰਦਾ." (ਗ੍ਯਾਨ) ੨. ਸਿੱਧਿ ਦੇਣ ਵਾਲਾ.

ਸਿਧਿਪਦ: ਵਿ- ਸਿੱਧਿਪ੍ਰਦ. ਸਿੱਧੀਆਂ ਦੇ ਦੇਣ ਵਾਲਾ. "ਜਪ ਨਰ! ਸਕਲ ਸਿਧਿਪਦੰ." (ਗੂਜ ਜੈਦੇਵ) ੨. ਸਿੱਧੀਆਂ ਦਾ ਅਸਥਾਨ.

ਸਿਧੀ: ਦੇਖੋ, ਸਿਧਿ। ੨. ਵਿ- ਸੀਧੀ. ਬਲ (ਵਿੰਗ) ਬਿਨਾ.

ਸਿੰਧੀ: ਵਿ- ਸਿੰਧ ਦੇਸ਼ ਦਾ। ੨. ਸੰਗ੍ਯਾ- ਸਿੰਧ ਦਾ ਵਸਨੀਕ। ੩. ਸਿੰਧ ਦੀ ਬੋਲੀ.

ਸਿਧੀ ਚੰਦ: ਭਾਈ ਮੂਲਚੰਦ ਦਾ ਪਿਤਾ. ਦੇਖੋ, ਮੂਲਚੰਦ.

ਸਿਧੀਰਾ, ਸਿੰਧੀਰੀ: ਵਿ- ਸੀਧਾ- ਸੀਧੀ. ਸੀਧਤਾ ਵਾਲਾ (ਵਾਲੀ) ਸਿੱਧੀ. "ਉਲਟੀ ਪਲਟਿ ਸਿਧੀਰੀ ਕਰੈ." (ਰਤਨਮਾਲਾ ਬੰਨੋ)

ਸਿਧੁ: ਦੇਖੋ, ਸਿੰਧ ਅਤੇ ਸਿੱਧ.

ਸਿੰਧੁ: ਸੰਗ੍ਯਾ- ਇੱਕ ਜੱਟ ਗੋਤ ਜੋ ਸਿਧੂ ਅਤੇ ਸੰਧੂ ਤੋਂ ਵੱਖ ਹੈ। ੨. ਸੰ. सिन्धु ਅਟਕ ਦਰਿਆ, ਜੋ ਤਿੱਬਤ ਤੋਂ ਨਿਕਲਦਾ ਹੈ ਅਰ ਜਿਲਾ ਅਟਕ ਤਥਾ ਸਿੰਧ ਦੇਸ਼ ਵਿੱਚ ਵਹਿੰਦਾ ਹੋਇਆ ਕਰਾਚੀ ਪਾਸ ਅਰਬ ਸਮੁੰਦਰ ਵਿੱਚ ਜਾ ਮਿਲਦਾ ਹੈ. ਇਸ ਦੀ ਸਾਰੀ ਲੰਬਾਈ ੧੯੦੦ ਮੀਲ ਹੈ। ੩. ਸਿੰਧੁ (ਸਿੰਧ) ਦੇਸ਼, ਜੋ ਸਿੰਧ ਦਰਿਆ ਦੇ ਨਾਲ ਨਾਲ ਵਸਦਾ ਹੈ. ਇਸੇ ਨੂੰ ਫਾਰਸ ਦੇ ਲੋਕ ਹਿੰਦ,[240] ਯੂਨਾਨੀ Hindos ਅਤੇ ਅੰਗ੍ਰੇਜ਼ India ਆਖਦੇ ਹਨ. ਪਰ ਹੁਣ ਇਹ ਸ਼ਬਦ ਸਾਰੇ ਭਾਰਤ ਦਾ ਬੋਧ ਕਰਾਉਂਦਾ ਹੈ। ੪. ਮੱਧ ਭਾਰਤ ਦਾ ਇੱਕ ਦਰਿਆ ਜੋ ਟਾਂਕ ਰਿਆਸਤ ਤੋਂ ਨਿਕਲਦਾ ਅਤੇ ਜਮਨਾ ਨਾਲ ਮਿਲ ਜਾਂਦਾ ਹੈ। ੫. ਸਮੁੰਦਰ. ਸਾਗਰ। ੬. ਹਾਥੀ ਦਾ ਮਦ। ੭. ਜਲ। ੮. ਸੈਂਧਵ (ਲੂਣ) ਦਾ ਸੰਖੇਪ. "ਪਰਤ ਸਿੰਧੁ ਗਲਿਜਾਹਾ." (ਆਸਾ ਮਃ ੫) ਲੂਣ ਪਾਣੀ ਵਿੱਚ ਪੈਂਦਾ ਹੀ ਗਲ ਜਾਂਦਾ ਹੈ। ੯. ਇੱਕ ਵੈਸ਼੍ਯ ਮੁਨਿ, ਜੋ ਅੰਧਕ ਦਾ ਪੁਤ੍ਰ ਸੀ. ਇਸ ਨੂੰ ਰਾਜਾ ਦਸ਼ਰਥ ਨੇ ਅੰਧੇਰੇ ਵਿੱਚ ਬਣ ਦਾ ਜੀਵ ਜਾਣਕੇ ਸ਼ਬਦਾਵੇਧੀ ਤੀਰ ਨਾਲ ਮਾਰ ਦਿੱਤਾ ਸੀ. ਇਸੇ ਦਾ ਨਾਉਂ ਲੋਕਾਂ ਵਿੱਚ "ਸਰਵਣ" ਪ੍ਰਸਿੱਧ ਹੈ.

ਸਿੰਧੁ ਸਰਿਤਾ: ਅਟਕ ਨਦੀ. ਸਿੰਧੁ ਨਦ. (ਸਨਾਮਾ)

ਸਿੰਧੁਸੁਤ: ਦੇਖੋ, ਸਿੰਧੁਤਨਯ ਅਤੇ ਸਿੰਧੁਪੁਤ੍ਰ.

---

[240] ਸੱਸਾ ਹਾਹੇ ਨਾਲ ਬਦਲ ਗਿਆ ਹੈ.

**ਸਿੰਧੁਸੁਤਾ:** ਸੰਗਯਾ- ਸ਼ਰਾਬ, ਜੋ ਸਮੁੰਦਰ ਵਿੱਚੋਂ ਨਿਕਲੀ ਹੈ. "ਸਿੰਧੁਸੁਤਾ ਅਹਿਫੇਨ ਮੰਗਾਈ." (ਗੁਵਿ ੧੦) ੨. ਰੰਭਾ ਅਪਸਰਾ. "ਸਿੰਧੁਸੁਤਾਰੁ ਘ੍ਰਿਤਾਚੀ ਤ੍ਰਿਯਾ ਇਨ ਸੀ ਨਹਿ ਨਾਚਤ ਇੰਦ੍ਰਸਭੈ." (ਕ੍ਰਿਸਨਾਵ) ੩. ਲੱਛਮੀ। ੪. ਕਾਮਧੇਨੁ ਗਊ.

**ਸਿੰਧੁ ਹੁਤਾਸਨ:** ਸੰਗਯਾ- ਸਮੁੰਦਰ ਦੀ ਅੱਗ. ਬੜਵਾਨਲ. "ਸਿੰਧੁ ਹੁਤਾਸਨ ਹੈ ਭਵ ਕੀ ਗਤਿ." (ਨਾਪ੍ਰ)

**ਸਿੰਧੁਕ:** ਦੇਖੋ, ਸਿੰਦੁਕ.

**ਸਿੰਧੁਜਾ:** ਸੰਗਯਾ- ਸਮੁੰਦਰ ਤੋਂ ਪੈਦਾ ਹੋਈ, ਸ਼ਰਾਬ। ੨. ਲੱਛਮੀ ੩. ਸੁਰਭੀ ਗਊ.

**ਸਿੰਧੁਤਨਯ, ਸਿੰਧੁਤਨੈ:** ਸੰਗਯਾ- ਚੰਦ੍ਰਮਾ, ਜੋ ਸਮੁੰਦਰ ਦਾ ਪੁਤ੍ਰ ਹੈ। ੨. ਉੱਚੈਃ ਸ਼੍ਰਵਾ ਘੋੜਾ। ੩. ਵਿਖ. ਕਾਲਕੂਟ। ੪. ਚੰਦ੍ਰਮਾ। ੫. ਮੋਤੀ। ੬. ਅਮ੍ਰਿਤ। ੭. ਮੂੰਗਾ। ੮. ਧਨ੍ਵੰਤਰ ਆਦਿ.

**ਸਿੰਧੁਤਨੈ ਧਰ:** ਸੰਗਯਾ- ਤੀਰ, ਜੋ ਸਮੁੰਦਰ ਦੇ ਪੁਤ੍ਰ (ਵਿਸ਼) ਨੂੰ ਧਾਰਨ ਕਰਦਾ ਹੈ. (ਸਨਾਮਾ) ਪੁਰਾਣੇ ਸਮੇਂ ਤੀਰਾਂ ਦੀ ਮੁਖੀ ਨੂੰ ਜ਼ਹਿਰ ਦੀ ਪੁੱਠ ਦਿੱਤੀ ਜਾਂਦੀ ਸੀ, ਜਿਸ ਤੋਂ ਵੈਰੀ ਬਚ ਨਹੀਂ ਸਕਦਾ ਸੀ। ੨. ਸ਼ਿਵ ਜੋ ਚੰਦ੍ਰਮਾ ਮੱਥੇ ਉੱਪਰ ਰਖਦਾ ਹੈ. ਕੰਠ ਵਿੱਚ ਜ਼ਹਿਰ ਰੱਖਣ ਕਰਕੇ ਭੀ ਸ਼ਿਵ ਦਾ ਇਹ ਨਾਉਂ ਹੈ.

**ਸਿੰਧੁਨੰਦਨਾ:** ਸੰਗਯਾ- ਲੱਛਮੀ, ਜੋ ਸਮੁੰਦਰ ਤੋਂ ਪੈਦਾ ਹੋਈ ਹੈ. ਮਾਇਆ. "ਸੁਛੰਦ ਸਿੰਧੁਨੰਦਨਾ." (ਗੁਪ੍ਰਸੂ) ਮਾਇਆ ਦੇ ਅਧੀਨ ਨਹੀਂ, ਸ੍ਵਤੰਤ੍ਰ ਹੋਂ।

**ਸਿੰਧੁਪੁਤ੍ਰ:** ਦੇਖੋ, ਸਿੰਧੁਤਨਯ। ੨. ਮੋਤੀ। ੩. ਚੰਦ੍ਰਮਾ। ੪. ਅਮ੍ਰਿਤ, ਆਦਿ.

**ਸਿੰਧੁ ਬੇਲਾ:** ਸੰਗਯਾ- ਸਮੁੰਦਰ ਦਾ ਕਿਨਾਰਾ। ੨. ਸਮੁੰਦਰ ਦੀ ਹੱਦ। ੩. ਸਾਧਬੇਲਾ ਗੁਰੁਦ੍ਵਾਰਾ ਦੇਖੋ, ਬਨਖੰਡੀ.

**ਸਿੰਧੁਰ:** ਸੰ. ਸੰਗਯਾ- ਗਜ. ਹਾਥੀ। ੨. ਮਦਮੱਤ ਹਾਥੀ। ੩. ਮੇਘ. ਬੱਦਲ. "ਅਰਿ ਸਿੰਧੁਰ ਕੇ ਦਲ ਪੈਠ ਸੁਦਾਮਨਿ ਜਯੋਂ ਦੁਰਗਾ ਦਮਕੈਂ." (ਚੰਡੀ ੧) ੪. ਦੇਖੋ, ਸਿੰਦੂਰ.

**ਸਿੰਧੁਰਾ:** ਦੇਖੋ, ਸਿੰਧੁਲਾ.

**ਸਿੰਧੁਰਾਰਿ:** ਸੰਗਯਾ- ਸਿੰਧੁਰ (ਹਾਥੀ) ਦਾ ਵੈਰੀ, ਸ਼ੇਰ. (ਸਨਾਮਾ)

**ਸਿੰਧੁਰਾਰਿ ਧੁਨਿਨੀ:** (ਸਨਾਮਾ) ਸਿੰਧੁਰ (ਹਾਥੀ) ਦੇ ਵੈਰੀ (ਸ਼ੇਰ) ਜੇਹੀ ਆਵਾਜ਼ ਕਰਨ ਵਾਲੀ, ਬੰਦੂਕ.

**ਸਿੰਧੁਰੀ:** ਵਿ- ਸਿੰਧ ਦੇਸ਼ ਦਾ। ੨. ਸਮੁੰਦਰ ਨਾਲ ਸੰਬੰਧਿਤ। ੩. ਹਾਥੀਆਂ ਦੀ ਸੈਨਾ. ਗਜਸੈਨਾ. "ਪ੍ਰਿਥਮ ਸਿੰਧੁਰੀ ਸਬਦ ਕਹਿ." (ਸਨਾਮਾ)

**ਸਿੰਧੁਰੀਆ:** ਦੇਖੋ, ਸਿੰਧੁਰੀ। ੨. ਵਿ- ਸਿੰਦੂਰ (ਸੰਧੂਰ) ਨਾਲ ਰੰਗਿਆ ਹੋਇਆ। ੩. ਸਿੰਧੁ (ਮਦ) ਜਿਸ ਦੇ ਗੰਡਾਂ ਤੋਂ ਟਪਕਦਾ ਹੈ. "ਸਿੰਧੁਰੀਏ ਸੁੰਡੀ ਦੰਤਾਲੇ." (ਰਾਮਾਵ)

**ਸਿੰਧੁਰੀ ਨਰ:** ਸੰਗਯਾ- ਚੰਦ੍ਰਮਾ. "ਲਜੰਤ ਸਿੰਧੁਰੀ ਨਰੰ." (ਗਯਾਨ) ਦੇਖੋ, ਸਿੰਧੁਤਨਯ ਅਤੇ ਸਿੰਧੁਪੁਤ੍ਰ। ੨. ਉੱਚੈਃ ਸ਼੍ਰਵਾ ਘੋੜਾ.

**ਸਿੰਧੁਲਾ, ਸਿੰਧੁਲੀਆ:** ਵਿ- ਸਮੁੰਦਰ ਨਾਲ ਸੰਬੰਧਿਤ. ਸਮੁੰਦਰ ਦਾ. ਸਮੁੰਦਰੀ.

**ਸਿੰਧੁਵਾਰ:** ਦੇਖੋ, ਸਿੰਦੁਕ.

**ਸਿੰਧੂਰ:** ਸੰਧੂਰ. ਦੇਖੋ, ਸਿੰਦੂਰ.

**ਸਿੰਧੌਰਾ:** ਦੇਖੋ, ਸਿੰਦਉਰਾ, ਸਿਧਉਰਾ ਅਤੇ ਸੰਧੂਰੀਅ.

**ਸਿਧੰਙ, ਸਿਧੰਙਾ:** ਸੰ. सिद्धाङ्ग ਸਿੱਧਾਂਗ. ਸੰਗਯਾ- ਸਾਰਾ ਜਗਤ ਸਿੱਧ ਹੋਇਆ ਹੈ ਅੰਗ ਜਿਸ ਦਾ. ਪਾਰਬ੍ਰਹਮ. ਵਾਹਗੁਰੂ.

"ਸਿਧੰਙਾਇਐ ਸਿਮਰੈ ਨਾਹੀ."

(ਆਸਾ ਪਟੀ ਮਃ ੩) ੨. "ਓ ਨਮਃ ਸਿੱਧੰ" ਦੀ ਥਾਂ ਭੀ ਇਹ ਪਦ ਹੋ ਸਕਦਾ ਹੈ.

ਸਿਧੰਨਾ: ਵਿ- ਸਿਧਾਇਆ. ਦੇਖੋ, ਸਿਧਾਉਣਾ। ੨. ਸਿੱਧ ਹੋਇਆ. ਸਾਬਤ ਹੋਇਆ। ੩. ਪ੍ਰਾਪਤ ਹੋਇਆ. ਵਸਿਆ. "ਦੁਇ ਖੋੜੀ ਇਕ ਜੀਉ ਸਿਧੰਨੇ." (ਭਾਗੁ)

ਸਿੱਧ: ਦੇਖੋ, ਸਿਧ.

ਸਿੱਧ ਸੇਨ: ਮੰਡੀ ਦਾ ਰਾਜਾ, ਜੋ ਸਨ ੧੬੯੬ ਵਿੱਚ ਗੱਦੀ ਤੇ ਬੈਠਾ ਅਰ ਸਨ ੧੭੨੯ ਵਿੱਚ ਮੋਇਆ. ਇਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ. ਬੰਦਾ ਬਹਾਦੁਰ ਨੂੰ ਭੀ ਇਹ ਪ੍ਰੇਮ ਨਾਲ ਮਿਲਦਾ ਰਿਹਾ ਹੈ. ਦੇਖੋ, ਮੰਡੀ.

ਸਿੱਧਕਾ: ਸੰ. सिद्धान्त कौमुदी. ਸਿੱਧਾਂਤ ਕੌਮੁਦੀ ਵਯਾਕਰਣ ਦਾ ਇੱਕ ਪ੍ਰਸਿੱਧ ਗ੍ਰੰਥ. "ਕਹੂੰ ਸਿੱਧਕਾ ਚੰਦ੍ਰਿਕਾ ਮਾਰਸੁਤੀਅੰ" (ਗਜਾਨ) ੨. ਸਿੱਧਾਂਤ, ਚੰਦ੍ਰਿਕਾ ਅਤੇ ਸਾਰਸ੍ਵਤ.

ਸਿੱਧ ਤਿਲਕਰਾ: ਦੇਖੋ, ਰੋਹਲਾ ੨.

ਸਿੱਧਬਟੀ: ਦੇਖੋ, ਥਨੇਸਰ.

ਸਿੱਧਮ ਕਲਾਂ, ਸਿੱਧਵ, ਸਿੱਧਵ ਢਾਹੇ ਦੇ: ਜਿਲਾ ਲੁਦਿਆਨਾ ਵਿਚ ਜਗਰਾਵਾਂ ਤੋਂ ਤਿੰਨ ਕੋਹ ਪੂਰਵ ਇੱਕ ਪਿੰਡ. ਇਸ ਨੂੰ "ਸਿੱਧਵ ਢਾਹੇ ਦੇ" ਆਖਦੇ ਹਨ. ਛੀਵੇਂ ਸਤਿਗੁਰੂ ਜੀ ਨਾਨਕਮਤੇ ਨੂੰ ਜਾਂਦੇ ਹਏ ਇਸ ਥਾਂ ਠਹਿਰੇ ਹਨ. ਜਿਸ ਪਿੱਪਲ ਹੇਠ ਗੁਰੂ ਜੀ ਵਿਰਾਜੇ ਹਨ ਉਹ ਹੁਣ ਮੌਜੂਦ ਹੈ. ਰੇਲਵੇ ਸਟੇਸ਼ਨ ਜਗਰਾਉਂ ਤੋਂ ਇਹ ਪਿੰਡ ਕਰੀਬ ਤਿੰਨ ਮੀਲ ਈਸ਼ਾਨ ਵੱਲ ਹੈ.

ਸਿੱਧਾਸਨ: ਸੰਗਜਾ- ਸਿੱਧ ਦਾ ਆਸਨ। ੨. ਯੋਗ ਸ਼ਾਸਤ੍ਰ ਅਨੁਸਾਰ ਬੈਠਣ ਦਾ ਅਨੇਕ ਪ੍ਰਕਾਰ। ੩. ਯੋਗ ਦਾ ਇੱਕ ਖਾਸ ਆਸਨ. ਦੇਖੋ, ਆਸਣ.

ਸਿੱਧਾਂਜਨ: ਸੰਗਜਾ- ਤੰਤ੍ਰਸ਼ਾਸਤ੍ਰ ਦਾ ਮੰਨਿਆ ਹੋਇਆ ਇੱਕ ਅਜੇਹਾ ਸੁਰਮਾ, ਜਿਸ ਦੇ ਅੱਖੀਂ ਪਾਉਣ ਤੋਂ ਜਮੀਨ ਵਿੱਚ ਦੱਬੇ ਪਦਾਰਥ ਨਜ਼ਰ ਪੈਂਦੇ ਹਨ.

ਸਿੱਧਾਂਤ: ਦੇਖੋ, ਸਿਧਾਂਤ.

ਸਿੱਧਾਰਥ: ਸੰ. सिन्द्धार्थ ਸਿੱਧ ਹੋ ਗਿਆ ਹੈ ਜਿਸ ਦਾ ਅਰਥ (ਮਤਲਬ). ੨. ਬੁੱਧ ਭਗਵਾਨ ਦਾ ਨਾਉਂ. ਦੇਖੋ, ਬੁੱਧ। ੩. ਰਾਜਾ ਦਸ਼ਰਥ ਦਾ ਇੱਕ ਮੰਤ੍ਰੀ.

ਸਿੱਧਿ, ਸਿੱਧੀ: ਦੇਖੋ, ਸਿਧਿ.

ਸਿੱਧੂ: ਇੱਕ ਜੱਟ ਗੋਤ੍ਰ. ਬੈਰਾੜ ਵੰਸ਼ ਇਸੇ ਗੋਤ੍ਰ ਵਿੱਚ ਹੈ. ਇਹ ਸਿੱਧੂ ਨਾਮਕ ਯੋਧਾ ਤੋਂ ਚੱਲਿਆ ਹੈ. ਦੇਖੋ, ਫੂਲ ਵੰਸ਼.

ਸਿੱਧੇਸ: ਸੰਗਜਾ- ਸਿੱਧਾਂ ਦਾ ਈਸ਼ (ਸ੍ਵਾਮੀ) ਗੋਰਖ. "ਲੱਜਿਤ ਹੋਏ ਨਰਨ ਮੇ ਸਿੱਧਨ ਸੋਂ ਸਿੱਧੇਸ." (ਨਾਪ੍ਰ)

ਸਿਧਜ: ਸੰ. सिद्धय ਵਿ- ਸਿੱਧਿ ਤੋਂ ਪੈਦਾ ਹੋਇਆ ਫਲ. "ਸਿਧਜੰ ਸਰਬ ਕੁਸਲਣਹ." (ਗਾਥਾ)

ਸਿਧਜਤੇ: ਪ੍ਰਿਥਮ ਪੁਰਖ ਦਾ ਇੱਕ ਵਚਨ. ਸਿੱਧ ਹੁੰਦਾ ਹੈ. "ਅਨਿਕ ਉਪਾਵੰ ਨ ਸਿਧਜਤੇ xxx ਅਨਿਕ ਸਾਧਨੰ ਨ ਸਿਧਜਤੇ." (ਸਹਸ ਮਃ ੫)

ਸਿਨਕਨਾ: ਸੰ. स्नुहन- ਸ੍ਨੁਹਨ. ਕ੍ਰਿ- ਨੱਕ ਦੇ ਮਵਾਦ ਨੂੰ ਸਾਹ ਦੇ ਜੋਰ ਨਾਲ ਬਾਹਰ ਕੱਢਣਾ. ਸੁਣਕਨਾ.

ਸਿੰਨਾ: ਸੰਗਜਾ- ਸੈਨਾ. ਫੌਜ. "ਕਿਛੁ ਸਾਕੁ ਨ ਸਿੰਨਾ." (ਵਾਰ ਜੈਤ) ੨. ਸੰ. स्विन्न ਸ੍ਵਿੰਨ. ਵਿ- ਪਸੀਨੇ ਨਾਲ ਭਿੱਜਿਆ। ੩.

ਗਿੱਲਾ.

ਸਿਨਾਖਤ: ਦੇਖੋ, ਸਨਾਖਤ. "ਸਿਨਾਖਤ ਕੁਦਰਤੀ." (ਵਾਰ ਮਾਝ ਮਃ ੧) ਕਾਦਿਰ ਕੁਦਰਤ ਤੋਂ ਜਾਣਦਾ ਹੈ.

ਸਿਨਾਨ: ਅ਼. سنان ਸੰਗਯਾ- ਨੇਜੇ ਅਤੇ ਤੀਰ ਦੀ ਨੋਕ। ੨. ਭਾਲਾ. ਬਰਛਾ.

ਸਿਪ: ਸੰ. ਸ਼ੁਕ੍ਤਿ. ਸੰਗਯਾ- ਸਿੱਪੀ. ਇੱਕ ਜਲਜੀਵ ਅਤੇ ਉਸ ਦੀ ਖੋਪਰੀ. ਮੋਤੀ ਇਸੇ ਵਿੱਚੋਂ ਨਿਕਲਦਾ ਹੈ। ੨. ਦੇਖੋ, ਸਿੱਪ.

ਸਿਪਹ: ਫ਼ਾ. سپاہ ਸੰਗਯਾ- ਸੈਨਾ. ਫ਼ੌਜ.

ਸਿਪਹਸਾਲਾਰ: ਫ਼ਾ. سپاہ سالار ਸੰਗਯਾ- ਸਿਪਾਹ ਦਾ ਸਰਦਾਰ. ਸੈਨਾਪਤਿ. ਜਨਰਲ (General).

ਸਿਪਹਿਰ: ਸੰਗਯਾ- ਲੌਢਾ ਵੇਲਾ. ਦਿਨ ਦਾ ਤੀਜਾ ਪਹਿਰ.

ਸਿਪਹਿਰੀ: ਕ੍ਰਿ. ਵਿ- ਲੌਢੇ ਵੇਲੇ. "ਆਇ ਸਿਪਹਿਰੀ ਕਰੋਂ ਉਚਾਰੀ." (ਗੁਪ੍ਰਸੂ)

ਸਿਪਰ: ਫ਼ਾ. سپر ਸੰਗਯਾ- ਢਾਲ. ਚਰਮ.

ਸਿਪਰਾ: ਦੇਖੋ, ਸ਼ਿਪ੍ਰਾ.

ਸਿਪਰਾਦਰ: ਸੰਗਯਾ- ਤੀਰ, ਜੋ ਸਿਪਰ (ਢਾਲ) ਨੂੰ ਭੰਨ ਦੇਵੇ. (ਸਨਾਮਾ) ੨. ਇਹ ਨਾਉਂ ਬੰਦੂਕ ਆਦਿ ਸ਼ਸਤ੍ਰ ਦਾ ਭੀ ਹੋ ਸਕਦਾ ਹੈ।

ਸਿਪਰਾਰਿ: ਸੰਗਯਾ- ਖੜਗ, ਜੋ ਢਾਲ ਦਾ ਵੈਰੀ ਹੈ. (ਸਨਾਮਾ) ੨. ਦੇਖੋ, ਸਿਪਰਾਦਰ.

ਸਿਪਾਸ: ਫ਼ਾ سپاس ਸੰਗਯਾ- ਸ਼ੁਕਰ ਕਰਨਾ. ੨. ਤਅਰੀਫ ਕਰਨ ਦੀ ਕ੍ਰਿਯਾ.

ਸਿਪਾਹ: ਫ਼ਾ. سپاہ ਸੰਗਯਾ- ਸਿਪਹ (ਫ਼ੌਜ) ਨਾਲ ਸੰਬੰਧ ਰੱਖਣ ਵਾਲਾ. ਭਾਵ- ਫ਼ੌਜੀ। ੨. ਸੈਨਾ. ਫ਼ੌਜ. "ਭਜੇ ਸੰਗ ਲੈਕੇ ਸੁ ਸਾਰੀ ਸਿਪਾਹੰ." (ਵਿਚਿਤ੍ਰ)

ਸਿਪਾਹੀ: ਫ਼ਾ. سپاہی ਫ਼ੌਜ ਵਿੱਚ ਭਰਤੀ ਹੋਣ ਵਾਲਾ. ਸੈਨਿਕ.[241] "ਕਤਹੂ ਸਿਪਾਹੀ ਹਨਐਕੈ ਸਾਧਤ ਸਿਲਾਹਨ ਕੋ." (ਅਕਾਲ)

ਸਿਪਾਰਹ, ਸਿਪਾਰਾ: ਫ਼ਾ. سپارہ ਸੀ ਪਾਰਹ ਦਾ ਹੀ ਇਹ ਰੂਪ ਹੈ. ਤੀਹ ਭਾਗ. ਤੀਸ ਅਧ੍ਯਾਯ. ਕ਼ੁਰਾਨ ਦੇ ਤੀਸ ਖੰਡ। ੨. ਕੁਰਾਨ ਦੇ ਤੀਹ ਭਾਗਾਂ ਵਿੱਚੋਂ, ਇੱਕ ਭਾਗ.

ਸਿਪਿਹਰ: ਫ਼ਾ. سپہر ਸੰਗਯਾ- ਆਕਾਸ਼. ਆਸਮਾਨ. "ਆਸਮਾਨ ਸਿਪਿਹਰ ਸੁ ਦਿਵ ਗਰਦੂੰ ਬਹੁਰ ਬਖਾਨ। ਪੁਨ ਚਰ ਸ਼ਬਦ ਬਖਾਨੀਐ ਨਾਮ ਬਾਨ ਕੇ ਜਾਨ।।" (ਸਨਾਮਾ) ਅਕਾਸ਼ ਦੇ ਨਾਉਂ- ਆਸਮਾਨ, ਸਿਪਿਹਰ, ਦਿਵ, ਗਰਦੂੰ, ਸ਼ਬਦਾਂ ਨਾਲ ਚਰ ਸਬਦ ਜੋੜਨ ਤੋਂ ਤੀਰ ਦੇ ਨਾਉਂ, ਹੁੰਦੇ ਹਨ.

ਸਿਪਿਹਰ ਚਰ: ਤੀਰ. ਦੇਖੋ, ਸਿਪਿਹਰ। ੨. ਇਹ ਨਾਉਂ ਚੰਦ੍ਰਮਾ ਪੰਛੀ ਆਦਿ ਦਾ ਭੀ ਹੋ ਸਕਦਾ ਹੈ.

ਸਿਪੀਤੀ: ਸਿਫਤ. ਕਰਤਾਰ ਦੀ ਉਸਤਤਿ. "ਜਿਨ ਕਉ ਪੋਤੈ ਪੁੰਨ ਹੈ ਤਿਨ ਵਾਤਿ ਸਿਪੀਤੀ." (ਵਾਰ ਰਾਮ ੧. ਮਃ ੩) ਜਿਨ੍ਹਾਂ ਦੇ ਪੁੰਨ ਕਰਮ ਜਮਾਂ ਕੀਤੇ ਹੋਏ ਹਨ, ਉਨ੍ਹਾਂ ਦੇ ਮੂੰਹ ਵਿੱਚ ਸਦਾ ਸਿਫਤ ਹੈ.

ਸਿਪੁਰਦਨ: ਫ਼ਾ. سپُردن ਕ੍ਰਿ- ਹਵਾਲੇ ਕਰਨਾ. ਸੌਂਪਣਾ.

---

[241] ਅੰਗ੍ਰੇਜ਼ੀ Sepoy ਸ਼ਬਦ ਦਾ ਮੂਲ ਇਹੀ ਹੈ.

ਸਿਪੈਹਰ: ਦੇਖੋ, ਸਿਪਹਿਰ ਅਤੇ ਸਿਪਹਿਰ.

ਸਿਪੰਜੀ ਸਰਾਯ: ਫ਼ਾ. سپنجی سرائے ਸੰਗਯਾ- ਤਿੰਨ ਪੰਜ ਦਿਨ ਠਹਿਰਨ ਦੀ ਥਾਂ. ਭਾਵ- ਜਗਤ.

ਸਿੱਪ: ਦੇਖੋ, ਸਿਪ। ੨. ਸੰ शिप्रा ਸ਼ਿਪ੍ਰਾ. ਸੰਗਯਾ- ਕਵਚ ਦਾ ਉਹ ਭਾਗ ਜੋਗ ਗਲ੍ਹਾਂ ਨੂੰ ਢਕ ਲੈਂਦਾ ਹੈ। ਕਪੋਲ ਢਕਣ ਵਾਲੀ ਸੰਜੋ. "ਸੁਭੰਤ ਸਿੱਪ ਸੌਭਰੀ." (ਕਲਕੀ) ਚਮਕੀਲੀ ਸ਼ਿਪ੍ਰਾ ਸੋਭ ਰਹੀ ਹੈ.

ਸਿੱਪੀ: ਸੰ. ਸ਼ੁਕ੍ਰਿ. ਦੇਖੋ, ਸਿਪ. ਅੰਗ੍ਰੇਜ਼ੀ ਚਮਚਿਆਂ ਦੇ ਆਉਣ ਤੋਂ ਪਹਿਲਾਂ ਸਿੱਪੀ ਨਾਲ ਬੱਚਿਆਂ ਨੂੰ ਦਵਾਈ ਪਿਆਈ ਜਾਂਦੀ ਸੀ. ਪਸਾਰੀ ਅਜੇ ਭੀ ਸਪੂਨ (spoon) ਦੀ ਥਾਂ ਸਿੱਪੀ ਵਰਤਦੇ ਹਨ.

ਸ਼ਿਪ੍ਰਾ: ਦੇਖੋ, ਸਿਪ ੨। ੨. ਇੱਕ ਨਦੀ, ਜੋ ਕਾਲਿਕਾ ਪੁਰਾਣ ਅਨੁਸਾਰ ਮਾਨਸਰੋਵਰ ਤੋਂ ਨਿਕਲਦੀ ਹੈ. ਕਈ ਥਾਂ ਇਸ ਨੂੰ ਵਿਸ਼ਨੁ ਦੇ ਲਹੂ ਤੋਂ. ਉਪਜੀ ਮੰਨਿਆ ਹੈ. ਹੁਣ ਇਹ ਮੱਧ ਭਾਰਤ ਵਿੱਚ ਮਾਲਵੇ ਦੀ ਪ੍ਰਸਿੱਧ ਨਦੀ ਹੈ. ਇਦੌਰ ਦੇਵਾਸ ਅਤੇ ਗਵਾਲੀਅਰ ਦੇ ਇਲਾਕੇ ੧੨੦ ਮੀਲ ਵਹਿੰਦੀ ਹੋਈ ਚੰਬਲ ਵਿੱਚ ਜਾ ਮਿਲਦੀ ਹੈ. ਇਸ ਦਾ ਨਾਉਂ ਅਵੰਤੀ ਭੀ ਹੈ. ਦੇਖੋ, ਅਵੰਤਿਕਾ.

ਸਿਪ੍ਰਾਦਰ: ਦੇਖੋ, ਸਿਪਰਾਦਰ.

ਸਿਫਤ: ਅ਼. صفت ਸਿਫ਼ਤ. ਸੰਗਯਾ- ਗੁਣ। ੨. ਲੱਛਣ। ੩. ਤਅ਼ਰੀਫ। ੪. ਇਹ ਸੰਗਯਾ ਦੇ ਅੰਤ ਲੱਗਕੇ ਵਿਸ਼ੇਸ਼ਣ ਰੂਪ ਹੋ ਜਾਂਦਾ ਹੈ, ਜੈਸੇ- ਫ਼ਰਿਸ਼੍ਤਾ- ਸਿਫ਼ਤ.

ਸਿਫਤਿ, ਸਿਫਤੀ: ਸੰਗਯਾ- ਉਸਤਤਿ. ਦੇਖੋ, ਸਿਫਤ. "ਸਿਫਤਿ ਸਰਮ ਕਾ ਕਪੜਾ ਮਾਂਗਉ." (ਪ੍ਰਭਾ ਮਃ ੧) ੨. ਜਿਸ ਦੀ ਸਿਫਤ ਕੀਤੀ ਜਾਵੇ. ਸ਼ਲਾਘਾਯੋਗ, ਕਰਤਾਰ. "ਵਾਹੁ ਵਾਹੁ ਸਿਫਤਿ ਸਲਾਹ ਹੈ." (ਵਾਰ ਗੂਜ ੧. ਮਃ ੩) "ਸਿਫਤੀ ਸਾਰ ਨ ਜਾਣਨੀ." (ਵਾਰ ਸੂਹੀ ਮਃ ੧) ੩. ਸਿਫਤ ਦ੍ਵਾਰਾ. ਸਿਫਤ ਤੋਂ. "ਸਿਫਤੀ ਗੰਢੁ ਪਵੈ ਦਰਬਾਰਿ." (ਵਾਰ ਮਾਝ ਮਃ ੧) ੪. ਸਿਫ਼ਤਾਂ ਨਾਲ. "ਸਿਫਤੀ ਭਰੇ ਤੇਰੇ ਭੰਡਾਰਾ." (ਸੋਦਰੁ) ੫. ਸਿਫਤਾਂ ਦਾ. "ਅੰਤ ਨ ਸਿਫਤੀ ਕਹਿਣ ਨ ਅੰਤੁ." (ਜਪੁ)

ਸਿਫਰ: ਅ਼. صفر ਸਿਫ਼ਰ. Cypher. ਖਾਲੀ। ੨. ਬਿੰਦੀ. ਸ਼ੂਨ੍ਯ.

ਸਿਫਲ: ਅ਼. سفل ਸਿਫ਼ਲ. ਸੰਗਯਾ- ਕਮੀਨਾਪਨ। ੨. ਨਿਵਾਣ. ਨਸ਼ੇਬ.

ਸਿਫਲਾ: ਅ਼. سفلہ ਵਿ- ਕਮੀਨਾ. ਛੁਲਛੁਲਾ. "ਧਾਰ ਲਿਬਾਸ ਨ ਹ੍ਵੈ ਸਿਫਲਾ." (ਸਿੱਖੀ ਪ੍ਰਭਾਕਰ)

ਸਿਫਲੀ: ਅ਼. سفلی ਸੁਫ਼ਲੀ. ਵਿ- ਘਟੀਆ. ਤੁੱਛ. "ਰੂਹੀ ਸਿਫਲੀ ਗਿਰਗੇ ਭਾਰੇ." (ਸਲੋਹ)

ਸਿਫਾ: ਸੰ। ਸ਼ਿਫ਼ਾ. ਸੰਗਯਾ- ਕਮਲ ਦੀ ਜੜ. ਭੇਂਹ. ਭਿਸ। ੨. ਮੂਲ. ਬਿਰਛ ਦਾ ਮੁੱਢ. "ਅਹੰ ਬੀਜ ਮਮਤਾ ਸਿਫਾ ਰਾਗ ਦ੍ਵੈਸ਼ ਬਡ ਟਾਂਸ." (ਨਾਪ੍ਰ) ੩. ਚਾਬੁਕ. ਹੰਟਰ। ੪. ਹਲਦੀ. ੫. ਅ਼. شفا ਸ਼ਿਫ਼ਾ. ਅੰਤਿਮ ਅਵਸਥਾ। ੬. ਕਿਨਾਰਾ ੭. ਤਰਫ. ਦਿਸ਼ਾ। ੮. ਅਰੋਗਤਾ. ਤਨਦੁਰੁਸ੍ਤੀ.

ਸ਼ਿਫ਼ਾਖ਼ਾਨਾ: ਫ਼ਾ. شفاخانہ ਸੰਗਯਾ- ਅਰੋਗਯਤਾ ਦੇਣ ਵਾਲਾ ਘਰ. ਹਾਸਪਿਟਲ. Hospital. ਹਸਪਾਤਲ.

ਸਿਫਾਤ: ਅ. صفات ਸਿਫ਼ਾਤ. ਸਿਫ਼ਤ ਦਾ ਬਹੁਵਚਨ। ੨. ਅ. سفاعت ਸ਼ਿਫ਼ਾਅ਼ਤ. ਸਿਫਾਰਿਸ਼.

ਸਿਫਾਤੀ: ਅ਼. صفاتی ਸਿਫ਼ਾਤੀ. ਵਿ- ਗੁਣਵਾਚਕ. ਸਿਫਤ ਨਾਲ ਹੈ ਜਿਸ ਦਾ ਸੰਬੰਧ.

ਸਿਫ਼ਾਰਿਸ਼: ਫ਼ਾ. سفارش ਸੰਗਯਾ- ਸੁਪਾਰਿਸ਼. ਸੌਂਪਣ ਦਾ ਭਾਵ. ਭਲਾਈ ਲਈ ਪ੍ਰੇਰਨਾ. Recommendation.

ਸਿੰਬਲ: ਦੇਖੋ, ਸਿੰਮਲ.

ਸਿੰਬਲਖਾਰ: ਦੇਖੋ, ਸੰਖੀਆ.

ਸਿਬਾਲ, ਸਿਬਾਲੁ: ਸੰ. ਸ਼ੇਵਾਲ. ਸੰਗਯਾ- ਪਾਣੀ ਦਾ ਜਾਲਾ. ਕਾਈ. "ਕਾਇਆ ਛੀਜੈ ਭਈ ਸਿਬਾਲ." (ਓਅੰਕਾਰ) ਵਿਕਾਰਰੂਪ ਕਾਈ ਨਾਲ ਢਕੀ ਹੋਈ. ਅਥਵਾ ਸ਼ੇਵਾਲ ਜੇਹੀ ਮਲੀਨ ਹੋਈ. "ਭਖਸਿ ਸਿਬਾਲੁ ਬਸਸਿ ਨਿਰਮਲ ਜਲ." (ਮਾਰੂ ਮਃ ੧) ਸਿਬਾਲ ਤੋਂ ਭਾਵ ਵਿਸ਼ੇਭੋਗ ਹੈ.

ਸਿਬਿ: ਦੇਖੋ, ਸਿਵਿ.

ਸਿਬਿਕਾ: ਦੇਖੋ, ਸਿਵਿਕਾ.

ਸਿਬਿਰ: ਦੇਖੋ, ਸਿਵਿਰ.

ਸਿ ਭਿ: ਦੇਖੋ, ਸਿ ਅਤੇ ਭਿ। ੨. ਓਹ ਭੀ. "ਆਖਹਿ ਸਿ ਭਿ ਕੇਈਕੇਇ." (ਜਪੁ).

ਸਿਮ: ਦੇਖੋ, ਸਿੰਮਣਾ। ੨. ਸੀਮ (ਚਾਂਦੀ) ਦੀ ਥਾਂ ਭੀ ਸਿਮ ਸ਼ਬਦ ਆਇਆ ਹੈ. "ਤੁੰਗ ਅਟਾ ਸਿਮਕੈ ਦਰਸਾਈ." (ਕ੍ਰਿਸਨਾਵ) ਸਰਦ ਰੁੱਤ ਵਿੱਚ ਚਿੱਟੀ ਉੱਚੀ ਅਟਾਰੀਆਂ ਚਾਂਦੀਰੂਪ ਨਜ਼ਰ ਆਉਂਦੀਆਂ ਹਨ.

ਸਿਮਟਨਾ: ਕ੍ਰਿ- ਸਿਕੁੜਨਾ. ਸੰਕੁਚਿਤ ਹੋਣਾ. ੨. ਇਕੱਠਾ ਹੋਣਾ "ਜਿਮ ਚਹੂੰ ਓਰ ਤੇ ਸਿਮਟ ਨੀਰ" (ਗੁਪ੍ਰਸੂ)

ਸਿੰਮਣਾ, ਸਿੰਮਣੁ: ਸੰ. ਸ੍ਰਵਣ. ਸੰਗਯਾ- ਟਪਕਣਾ. ਚੁਇਣਾ. ਵਹਿਣਾ। ੨. ਪਸੀਨਾ. ਮੁੜ੍ਹਕਾ.

ਸਿਮਤ: ਅ਼. سمت, ਸੰਗਯਾ- ਦਿਸ਼ਾ. ਤਰਫ। ੨. ਚਿੰਨ੍ਹ. ਨਿਸ਼ਾਨ.

ਸਿਮਰਣ: ਸੰ. स्मरण. ਸੰਗਯਾ- ਚੇਤਾ. ਯਾਦਦਾਸ਼੍ਤ. ੨. ਚਿੰਤਨ. ਸੋਚਣਾ. "ਹਰਿ ਪੇਖਨ ਕਉ ਸਿਮਰਤ ਮਨ ਮੇਰਾ" (ਗਉ ਮਃ ੫) ੩. ਇਸ਼੍ਟ ਦਾ ਨਾਮ ਅਥਵਾ ਗੁਣ ਮਨ ਦੀ ਵ੍ਰਿੱਤੀ ਏਕਾਗ੍ਰ ਕਰਕੇ ਯਾਦ ਕਰਨਾ. "ਜਸਜ ਸਿਮਰਣ ਰਿਦੰਤਰਹ." (ਸਹਸ ਮਃ ੫)

ਸਿਮਰਣਿ: ਸਮਰਣ ਤੋਂ. ਸਿਮਰਨੇ ਸੇ. "ਜਾਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ." (ਸੋਰ ਮਃ ੫)

ਸਿਮਰਣੁ: ਦੇਖੋ, ਸਿਮਰਣ ਅਤੇ ਸਿਮਰਨੁ.

ਸਿਮਰਣੇਨ: ਸੰ. ਸ੍ਮਰਣੇਨ. ਤ੍ਰਿਤੀਯਾ ਵਿਭਕ੍ਤਿ ਹੈ. ਸਿਮਰਣ ਤੋਂ. ਸਿਮਰਣ ਸੇ. ਦੇਖੋ, ਦਨੋਤਿ.

ਸਿਮਰਤਬਯ: ਸੰ. ਸ੍ਮਰ੍ਤਵ੍ਯ. ਵਿ- ਸਿਮਰਣ ਯੋਗਯ. ਯਾਦ ਕਰਨ ਲਾਇਕ. "ਸਿਮਰਤਬਯ ਰਿਦੈ ਗੁਰਮੰਤ੍ਰਣਹ." (ਗਾਥਾ)

ਸਿਮਰਨ: ਦੇਖੋ, ਸਿਮਰਣ.

ਸਿਮਰਨਾ: ਕ੍ਰਿ- ਸ੍ਮਰਣ ਕਰਨਾ. ਯਾਦ ਕਰਨਾ. ੨. ਸੰਗਯਾ- ਮਾਲਾ ਅਠੋਤਰੀ ਦਾ ਚੌਥਾ ਹਿੱਸਾ. ਮੇਰੁ ਸਮੇਤ ੨੮ ਮਣਕਿਆਂ ਦੀ ਮਾਲਾ, ਜੋ ਜਾਪਕ ਲੋਕ ਹੱਥ ਵਿੱਚ ਰਖਦੇ ਹਨ. ਸਿਮਰਨੀ "ਹੁਤੇ ਸਿਮਰਨਾ ਹੱਥ ਕਪੂਰੀ." (ਗੁਪ੍ਰਸੂ) ਨਿਹੰਗ ਸਿੰਘ ਇਸਤ੍ਰੀਲਿੰਗ ਸ਼ਬਦਾਂ ਨੂੰ ਪੁਲਿੰਗ ਕਰ ਲੈਂਦੇ ਹਨ. ਦੇਖੋ, ਖਾਲਸੇ ਦੇ ਬੋੱਲੇ.

ਸਿਮਰਨਿ: ਸ੍ਮਰਣ ਤੋਂ ਸਿਮਰਨੇ ਸੇ. "ਪ੍ਰਭ ਕੈ ਸਿਮਰਨਿ ਜਪੁ ਤਪੁ ਪੂਜਾ." (ਸੁਖਮਨੀ) ੨. ਸ੍ਮਰਣ ਵਿੱਚ. "ਸਿਮਰਨਿ ਤੇ ਲਾਗੇ ਜਿਨਿ ਆਪਿ ਦਇਆਲਾ." (ਸੁਖਮਨੀ)

ਸਿਮਰਨੀ: ਸੰਗਯਾ- ਦੇਖੋ, ਸਿਮਰਨਾ ੨. "ਕਬੀਰ ਮੇਰੀ ਸਿਮਰਨੀ ਰਸਨਾ." (ਸ. ਕਬੀਰ)

ਸਿਮਰਨੁ: ਦੇਖੋ, ਸਿਮਰਣ. "ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ." (ਸੁਖਮਨੀ)

ਸਿਮਰਿ: ਕ੍ਰਿ. ਵਿ- ਸ੍ਮਰਣ ਕਰਕੇ. ਸਿਮਰਕੇ. "ਸਿਮਰਿ ਨਾਮ ਪੁੰਨੀ ਸਭਿ ਇਛਾ." (ਮਾਰੂ ਸੋਲਹੇ ਮਃ ੫)

ਸਿਮਰੂ, ਸਿਮਰੂ ਕੀ ਬੇਗਮ: ਦੇਖੋ, ਸਮਰੂ ਅਤੇ ਸਮਰੂ ਕੀ ਬੇਗਮ.

ਸਿਮਰੰਤ: ਦੇਖੋ, ਸਿਮਰੰਤਿ। ੨. ਸ੍ਮਰਣਾਤ. ਪੰਚਮੀ ਹੈ. ਸਿਮਰਣ ਤੋਂ. "ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨ." (ਸਵੈਯੇ ਮਃ ੪. ਕੇ)

ਸਿਮਰੰਤਿ, ਸਿਮਰੰਥਿ: ਸੰ. ਸ੍ਮਰੰਤਿ. ਸਿਮਰਨ ਕਰਦੇ ਹਨ. ਯਾਦ ਕਰਦੇ ਹਨ. "ਸਿਮਰੰਤਿ ਸੰਤ ਸਰਬਤ੍ਰਰਮਣੰ." (ਵਾਰ ਜੈਤ) "ਬ੍ਰਹਮਾਦਿਕ ਸਿਮਰੰਥਿ ਗੁਨਾ." (ਸਵੈਯੇ ਮਃ ੧. ਕੇ)

ਸਿਮਲ, ਸਿੰਮਲ: ਦੇਖੋ, ਸ਼ਾਲਮਲੀ. "ਸਿੰਮਲੁ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ." (ਵਾਰ ਆਸਾ)

ਸਿਮਲਾ: ਅੰਬਾਲੇ ਦੀ ਕਮਿਸ਼ਨਰੀ ਦਾ ਇੱਕ ਪਹਾੜੀ ਸ਼ਹਰ, ਜੋ ਹਿਮਾਲੇ ਦੀ ਧਾਰਾ ਵਿੱਚ ਹੈ. ਇਹ ਕਲਕੱਤੇ ਤੋਂ ੧੧੭੬, ਬੰਬਈ ਤੋਂ ੧੧੧੨, ਕਰਾਚੀ ਤੋਂ ੯੪੭, ਲਹੌਰ ਤੋਂ ੨੯੭ ਅਤੇ ਕਾਲਕਾ ਤੋਂ ੫੯ ਮੀਲ ਹੈ. ਇਸ ਦੀ ਸਮੁੰਦਰ ਤੋਂ ਉਚਾਣ ੭੦੮੪ ਫੁਟ ਹੈ ਅਤੇ ਜਾਖੋ ਟਿੱਲੇ ਦੀ ੮੦੦੦ ਹੈ.

ਇਸ ਥਾਂ ਅੰਗ੍ਰੇਜੀ ਸਰਕਾਰ ਨੇ ਸਨ ੧੮੧੬ ਵਿੱਚ ਕਬਜ਼ਾ ਕੀਤਾ ਅਰ ਸਭ ਤੋਂ ਪਹਿਲਾ ਘਰ ਪਹਾੜੀ ਰਿਆਸਤਾਂ ਦੇ ਪੋਲਿਟੀਕਲ ਅਫਸਰ ਲਫਟੰਟ ਰਾਸ (Lt. Ross) ਨੇ ਸਨ ੧੮੧੯ ਵਿੱਚ ਬਣਾਇਆ.

ਸਭ ਤੋਂ ਪਹਿਲਾ ਗਵਰਨਰ ਜਨਰਲ ਲਾਰਡ ਐਮਹਰਸਟ (Lord Amherst) ਇੱਥੇ ਸਨ ੧੮੨੭ ਵਿੱਚ ਆਇਆ. ਅਰ ਪੰਜਾਬ ਗਵਨਰਮੈਂਟ ਨੇ ਸਨ ੧੮੭੧ ਵਿੱਚ ਚਰਣ ਰੱਖਿਆ. ਕਾਲਕਾ ਤੋਂ ਰੇਲਵੇ ਦਾ ਸੰਬੰਧ ਸਿਮਲੇ ਨਾਲ ਸਨ ੧੯੦੩ ਵਿੱਚ ਹੋਇਆ. ਹੁਣ ਇਹ ਵਾਯਸਰਾਯ, ਕਮਾਂਡਰ- ਇਨ- ਚੀਫ ਅਤੇ ਗਵਰਨਰ ਪੰਜਾਬ ਦੀ ਗਰਮੀਆਂ ਵਿੱਚ ਰਾਜਧਾਨੀ ਦੀ ਥਾਂ ਹੈ. ਅਤੇ ਹਿੰਦ ਦੀਆਂ ਰਾਜਸੀ ਅਤੇ ਕਾਨੂਨੀ ਕੌਂਸਲਾਂ ਦੇ ਸਮਾਗਮ ਹੁੰਦੇ ਹਨ.

ਸਿੰਮਲੁ: ਦੇਖੋ, ਸਿਮਲ.

ਸਿਮਾ: ਸੰ. ਕ੍ਰਿ. ਵਿ- ਹਰ ਥਾਂ. ਸਭ ਜਗਾ। ੨. ਦੇਖੋ, ਸ਼ਿੱਮਾ.

ਸ਼ਿਮੁਰ: ਫ਼ਾ. ਗਿਣ. ਸੰਖ੍ਯਾ ਕਰ. ਦੇਖੋ, ਸ਼ਿਮੁਰਦਨ.

ਸ਼ਿਮੁਰਦਨ: ਫ਼ਾ. شمُردن ਕ੍ਰਿ ਸ਼ੁਮਾਰਕਰਨਾ. ਗਿਣਨਾ.

ਸ਼ਿੱਮਾ: ਅ਼. شمّہ ਵਿ- ਤਨਿਕ. ਥੋੜਾ.

ਸਿਮ੍ਰਤਬਜ: ਦੇਖੋ, ਸਿਮਰਤਬਜ. "ਸਦਾ ਸਦਾ ਸਿਮ੍ਰਤਬਜ ਸੁਆਮੀ." (ਧਨਾ ਛੰਤ ਮਃ ੫)

ਸਿਮ੍ਰਿਤ: ਸੰ. स्मृत- ਸ੍ਮ੍ਰਿਤਿ. ਵਿ- ਯਾਦ ਕੀਤਾ ਹੋਇਆ. ਚੇਤੇ ਕੀਤਾ.

ਸਿਮ੍ਰਿਤਿ, ਸਿੰਮ੍ਰਿਤ ਸਿਮ੍ਰਿਤੀ: ਸੰ. स्मृति ਸ੍ਮ੍ਰਿਤਿ. ਸੰਗ੍ਯਾ- ਚੇਤਾ. ਯਾਦਦਾਸ਼੍ਤ. ਯਾਦਗੀਰੀ। ੨. ਰਿਖੀਆਂ ਦੇ ਲਿਖੇ ਹੋਏ ਉਹ ਧਰਮਗ੍ਰੰਥ, ਜੋ ਉਨ੍ਹਾਂ ਨੇ ਵੇਦਵਾਕਾਂ ਨੂੰ ਅਥਵਾ ਬਜੁਰਗਾਂ ਦੇ ਉਪਦੇਸ਼ਾਂ ਨੂੰ ਚੇਤੇ ਕਰਕੇ ਲਿਖੇ ਹਨ. ਇਨ੍ਹਾਂ ਦੀ ਗਿਣਤੀ ਬਹੁਤ ਹੈ ਪਰ ਮੁੱਖ ੩੧ ਹਨ ਇਨ੍ਹਾਂ ਦੇ ਅੰਦਰ ਹੀ ਅਠਾਰਾਂ ਅਤੇ ਅਠਾਈ ਆ ਜਾਂਦੀਆਂ ਹਨ-

ਮਨੁਸਿਮ੍ਰਿਤਿ, ਯਾਗ੍ਯਵਲਕ੍ਯ, ਲਘੁਅਤ੍ਰਿ, ਅਤ੍ਰਿ, ਵ੍ਰਿੱਧ ਅਤ੍ਰਿ, ਵਿਸ਼ਨੁ, ਲਘੁਹਾਰੀਤ, ਵ੍ਰਿੱਧ ਹਾਰੀਤ, ਔਸ਼ਨਸ, ਔਸ਼ਨਸ ਸੰਹਿਤਾ, ਆਂਗਿਰਸ, ਯਮ, ਆਪਸ੍ਤੰਬ, ਸੰਵਰ੍ਤ, ਕਾਤ੍ਯਾਯਨ, ਵ੍ਰਿਹਸਪਤਿ, ਪਾਰਾਸ਼ਰ, ਵ੍ਰਿਹਤਪਾਰਾਸ਼ਰੀ, ਵ੍ਯਾਸ, ਲਘੁਵ੍ਯਾਸ, ਸ਼ੰਖ, ਲਿਖਿਤ, ਦਕ੍ਸ਼, ਗੌਤਮ, ਵ੍ਰਿੱਧ ਗੌਤਮ, ਸ਼ਾਤਾਤਪ, ਵਾਸਿਸ਼੍ਠ, ਪੁਲਸ੍ਤ੍ਯ, ਬੁਧ, ਕਸ਼੍ਯਪ, ਅਤੇ ਨਾਰਦ ਸਿਮ੍ਰਿਤਿ. "ਸਾਸਤ੍ਰ ਸਿੰਮ੍ਰਿਤ ਬਿਨਸਹਿਗੇ ਬੇਦਾ." (ਗਉ ਅਃ ਮਃ ੫) "ਕੋਟਿ ਸਿਮ੍ਰਿਤਿ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ." (ਜਾਪੁ)

ਸਿਯ: ਸੀਤਾ ਲਈ ਇਹ ਸ਼ਬਦ ਆਇਆ ਹੈ. "ਰਘੁਵਰ ਬਿਨ ਸਿਯ ਨਾ ਜਿਯੈ, ਸਿਯ ਬਿਨ ਜਿਯੈ ਨ ਰਾਮ." (ਰਾਮਾਵ)

ਸਿਯਮ: ਫ਼ਾ. سوم ਸਿਵੁਮ. ਵਿ- ਤੀਜਾ. ਤ੍ਰਿਤੀਯ.

ਸਿਯਰ: ਫ਼ਾ. سیر ਸੰਗਯਾ- ਸੀਰਤ (ਸੁਭਾਉ) ਦਾ ਬਹੁ ਵਚਨ. ਖਸਲਤਾਂ.

ਸਿਯਾ: ਸਿਯ ਦੀ ਤਰਾਂ ਇਹ ਸ਼ਬਦ ਭੀ ਸੀਤਾ ਬੋਧਕ ਹੈ.

ਸਿਯਾਹ: ਫ਼ਾ. سیاہ ਵਿ- ਕਾਲਾ. ਸ਼ਯਾਮ.

ਸਿਯਾਹਾ: ਫ਼ਾ. سیاہہ ਸਿਯਾਯਹ. ਸੰਗਯਾ- ਹਿਸਾਬ ਦਾ ਕਾਗਜ. ਗਣਿਤ ਦੀ ਪੁਸਤਕ.

ਸਿਯਾਪਤਿ: ਸੰਗਯਾ- ਰਾਮਚੰਦ੍ਰ, ਜੋ ਸੀਤਾ ਦੇ ਪਤਿ ਹਨ.

ਸਿਯਾਰ: ਦੇਖੋ, ਸਿਆਰ. "ਨ ਸਿੰਘ ਹੈ ਨ ਸਿਯਾਰ ਹੈ." (ਅਕਾਲ) ਨਾ ਸ਼ੇਰ ਹੈ ਨਾ ਗਿੱਦੜ ਹੈ.

ਸਿਰ: ਸੰ. शिरस् ਅਤੇ ਸ਼ੀਸ਼ੰ. ਸੰਗਯਾ- ਸੀਸ. "ਸਿਰ ਧਰਿ ਤਲੀ ਗਲੀ ਮੇਰੀ ਆਉ." (ਸਵਾ ਮਃ ੧) ੨. ਇਹ ਸ਼ਬਦ ਵਿਸ਼ੇਸ਼ਣ ਹੋਕੇ ਉੱਪਰ, ਸ਼ਿਰੋਮਣਿ ਅਰਥ ਬੋਧਕ ਭੀ ਹੋਇਆ ਕਰਦਾ ਹੈ. ਜੈਸੇ- "ਵੇਲੇ ਸਿਰ ਪਹੁਚਣਾ, ਅਤੇ ਇਹ ਸਾਰਿਆਂ ਦਾ ਸਿਰ ਹੈ." (ਲੋਕੋ) ੩. ਸਿਰ ਸ਼ਬਦ ਸ੍ਰਿਜ (ਰਚਨਾ) ਅਰਥ ਭੀ ਰਖਦਾ ਹੈ. ਦੇਖੋ, ਸਿਰਿ.

ਸਿਰਸ: ਦੇਖੋ, ਸਰੀਂਹ.

ਸਿਰ ਸਦਕਾ, ਸਿਰ ਸੱਦਕ: ਫ਼ਾ. سرصدقہ ਸਰਸਦਕ਼ਹ. ਸੰਗਯਾ- ਸਿਰ ਉਪਰੋਂ ਵਾਰਕੇ ਦਿੱਤਾ ਹੋਇਆ ਦਾਨ. ਸਰਕੁਰਬਾਨੀ. "ਸਿਰਸਦਕਾ ਸਤਗੁਰੁ ਦਿਵਾਯੋ." (ਗੁਪ੍ਰਸੂ) "ਸਿਰਸੱਦਕ ਸਤਿਗੁਰੁ ਕੋ ਭਾਰੀ." (ਗੁਵਿ ੧੦)

ਸਿਰਸਾਹੀ: ਦੇਖੋ, ਸਰਸਾਹੀ.

ਸਿਰਹਾਨਾ: ਸੰ. ਸ਼ਿਰੋਧਾਨ. ਸੰਗਯਾ- ਸਿਰ ਦਾ ਸਹਾਰਾ. ਤਕੀਆ. ਸਿਰ੍ਹਾਨਾ. "ਸਿਰਹਾਨਾ ਅਵਰ ਤੁਲਾਈ." (ਸੋਰ ਕਬੀਰ)

ਸਿਰਹਿੰਦ: ਦੇਖੋ, ਸਰਹਿੰਦ.

ਸ਼ਿਰਕ: ਅ਼. شرک ਸੰਗਯਾ- ਹਿੱਸੇਦਾਰੀ. ਸ਼ਰਾਕਤ. ਸਾਂਝ। ੨. ਪਰਮੇਸ਼੍ਵਰ ਦੇ ਗੁਣਾਂ ਵਾਲਾ ਕਿਸੇ ਹੋਰ ਨੂੰ ਮੰਨਣ ਦੀ ਕ੍ਰਿਯਾ.

ਸਿਰਕੱਢ: ਵਿ- ਪ੍ਰਧਾਨ. ਮੁਖੀਆ. ਜੋ ਸਭ ਵਿੱਚ ਉੱਚਾ ਸਿਰ ਕਰਕੇ ਬੈਠੇ.

ਸ਼ਿਰਕਤ: ਅ਼. شرکت ਸੰਗਯਾ- ਸਾਂਝ. ਹਿੱਸੇਦਾਰੀ.

ਸਿਰਕਪ: ਗੱਖਰਪਤਿ ਹੁਡੀ ਰਾਜਾ ਦੀ ਪਦਵੀ, ਜੋ ਵੈਰੀਆਂ ਦੇ ਸਿਰ ਕੱਪ (ਕੱਟ) ਲੈਂਦਾ ਸੀ. ਦੇਖੋ, ਰਸਾਲੂ. "ਸਿਰਕਪ ਕੇ ਦੇਸ਼ਾਂਤਰ ਆਯੋ." (ਚਰਿਤ੍ਰ ੯੭) ੨. ਟੈਕਸਲਾ ਦਾ ਇੱਕ ਹਿੱਸਾ, ਜਿਸ ਦੇ ਖੰਡਹਰ ਰਾਵਲਪਿੰਡੀ ਦੇ ਜਿਲੇ ਮਿਲਦੇ ਹਨ, ਦੇਖੋ, ਤਖ਼ਸਿਲਾ.

ਸਿਰਕਰਦਾ: ਦੇਖੋ, ਸਰਕਰਦਾ. "ਮੈ ਲਿਖ ਘੱਲਾਂ ਵਲ ਰਾਜਿਆਂ ਜੋ ਹੈ ਸਿਰਕਰਦਾ." (ਜੰਗਨਾਮਾ)

ਸਿਰਕਾ: ਫ਼ਾ. سرکہ ਸੰ. शीतरस ਸੰਗਯਾ- ਅੰਗੂਰ ਅਥਵਾ ਇੱਖ ਦੇ ਰਸ ਨੂੰ ਸਾੜਕੇ ਬਣਾਇਆ ਹੋਇਆ ਇੱਕ ਰਸ, ਜੋ ਖੱਟਾ ਹੁੰਦਾ ਹੈ. Vinegar. ਇਹ ਅਚਾਰ ਚਟਨੀ ਆਦਿ ਵਿੱਚ ਵਰਤੀਦਾ ਹੈ ਅਤੇ ਵੈਦ ਦਵਾਈ ਕਰਕੇ ਭੀ ਕਈ ਰੋਗਾਂ ਦੇ ਨਾਸ਼ ਲਈ ਦਿੰਦੇ ਹਨ. ਇਸ ਦੀ ਤਾਸੀਰ ਸਰਦ ਖ਼ੁਸ਼ਕ ਹੈ. ਕਬਜਾ ਕਰਦਾ ਹੈ, ਪੇਟ ਦੇ ਕੀੜੇ ਮਾਰਦਾ ਹੈ, ਹਾਜਿਮ ਹੈ, ਭੁੱਖ ਲਾਉਂਦਾ ਹੈ, ਜਾਮਣ (ਜਾਮਣੂ) ਦਾ ਸਿਰਕਾ ਲਿੱਫ ਅਤੇ ਅਫਾਰੇ ਲਈ ਖਾਸ ਗੁਣਕਾਰੀ ਹੈ.

ਸਿਰਕਾਰ: ਦੇਖੋ, ਸਰਕਾਰ। ੨. ਸੰਗਯਾ- ਫ਼ਰਜ਼. ਡ੍ਯੂਟੀ. Duty. "ਲਾਲੇ ਨੋ ਸਿਰਿਕਾਰ ਹੈ ਧੁਰਿ ਖਸਮਿ ਫੁਰਮਾਈ." (ਮਾਰੂ

ਅ: ਮ: ੧) ੩. ਹੁਕੂਮਤ. "ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁਕੋਇ." (ਸ੍ਰੀ ਮ: ੩) ੪. ਪ੍ਰਜਾ. "ਏਹ ਜਮ ਕੀ ਸਿਰਕਾਰ ਹੈ ਏਨਾ ਉਪਰਿ ਜਮਡੰਡੁ ਕਰਾਰਾ." (ਵਾਰ ਗੂਜ ੧. ਮ: ੩)

ਸਿਰਕੀ: ਸੰਗਜਾ- ਸ਼ਰ (ਕਾਨੇ) ਦੀ ਬਣੀ ਹੋਈ ਟੱਟੀ। ੨. ਕਾਨੇ ਬੁਣਕੇ ਬਾਈ ਹੋਈ ਕੁਟੀ.

ਸਿਰਕੀਬਾਸ: ਵਿ- ਸਿਰਕੀ ਦੇ ਘਰ ਵਿੱਚ ਰਹਿਣ ਵਾਲਾ. ਜੋ ਆਪਣਾ ਪੱਕਾ ਘਰ ਬਣਾਕੇ ਨਹੀਂ ਰਹਿੰਦਾ ਅਰ ਜਿੱਥੇ ਨਿਵਾਸ ਕਰਨਾ ਹੋਵੇ ਸਿਰਕੀ ਤਾਣਕੇ ਗੁਜਾਰਾ ਕਰ ਲੈਂਦਾ ਹੈ. "ਰਹਿਂ ਮਰ੍ਹਾਜਕੇ ਸਿਰਕੀਬਾਸ." (ਗੁਪ੍ਰਸੂ) ੨. ਸੰਗਜਾ- ਇੱਕ ਨੀਚ ਜਾਤਿ. ਇਹ ਸੰਗਜਾ ਸਿਰਕੀ ਵਿੱਚ ਰਹਿਣ ਤੋਂ ਹੀ ਹੋਈ ਹੈ.

ਸਿਰ ਕੁਰਬਾਨੀ: ਦੇਖੋ, ਸਿਰ ਸੱਦਕ.

ਸਿਰਖਿੰਡੀ: ਸੰਗਜਾ- ਖ਼ਾਂ. ਸ਼ੱਕਰ। ੨. ਇੱਕ ਛੰਦ. ਇਸ ਦਾ ਨਾਉਂ "ਸ਼੍ਰੀਖੰਡ" ਹੈ. ਇਹ "ਪਲਵੰਗਮ" ਛੰਦ ਦਾ ਰੂਪਾਂਤਰ ਹੈ. ਇਸ ਛੰਦ ਦੀ ਤੁਕ ਦੇ ਮੱਧ ਅਨੁਪ੍ਰਾਸ ਦਾ ਮੇਲ ਅਤੇ ਤੁਕਾਂਤ ਬੇ ਮੇਲ ਹੁੰਦਾ ਹੈ. ਇਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ੨੧. ਮਾਤ੍ਰਾ. ਪਹਿਲਾ ਵਿਸ਼੍ਰਾਮ ੧੨. ਪੁਰ, ਦੂਜਾ ੯. ਪੁਰ, ਦੋਹਾਂ ਵਿਸ਼੍ਰਾਮਾਂ ਦੇ ਅੰਤ ਗੁਰੁ.

ਉਦਾਹਰਣ-

ਜੁੱਟੇ ਵੀਰ ਜੁਝਾਰੇ, ਧਗਾਂ ਵੱਜੀਆਂ,

ਬੱਜੇ ਨਾਦ ਕਰਾਰੇ, ਦਲਾਂ ਮੁਸ਼ਾਹਦਾ,

ਲੁੱਝੇ ਕਾਰਣਆਰੇ, ਸੰਘਰ ਸੂਰਮੇ,

ਵੁੱਠੇ ਜਾਨ ਡਰਾਰੇ, ਘਨਿਆਰ ਕੈਬਰੀਂ. (ਰਾਮਾਵ) ਇਹ ਰੂਪ ਕਲਕੀ ਅਵਤਾਰ ਵਿੱਚ ਆਇਆ ਹੈ-

ਬਾਣੇ ਅੰਗ ਭੁਜੰਗੀ, ਸਾਵਲ ਸੋਹਣੇ,

ਤ੍ਰੈ ਸੈ ਹੱਥ ਉਤੰਗੀ, ਖੰਡਾ ਧੂਹਿਆ. xxx

ਦੇਖੋ, ਪਉੜੀ ਦਾ ਰੂਪ ੮.

(ਅ) ਦੂਜਾ ਰੂਪ- ਪ੍ਰਤਿ ਚਰਣ ੨੨ ਮਾਤ੍ਰਾ, ਪਹਿਲਾ ਵਿਸ਼੍ਰਾਮ ੧੨. ਪੁਰ, ਅੰਤ ਲਘੁ, ਦੂਜਾ ੧੦. ਮਾਤ੍ਰਾ ਪੁਰ, ਅੰਤ ਗੁਰੁ. ਤੁਕ ਦੇ ਮੱਧ ਅਨੁਪ੍ਰਾਸ ਦਾ ਮੇਲ.

ਉਦਾਹਰਣ-

ਮਾਰਤ ਬਿਧੀਆ ਸੈਨ, ਸੁ ਤੇਗਾ ਹਾਥ ਲੈ,

ਸ਼ਿਵਗਣ ਸਮ ਨਹੀ ਚੈਨ, ਇਤੈ ਉਤ ਧਾਂਵਦਾ. xxx

(ੲ) ਇਸੀ ਚਾਲ ਅਨੁਸਾਰ ੨੩ ਮਾਤ੍ਰਾ ਦਾ ਭੀ ਸਿਰਖਿੰਡੀ ਹੁੰਦਾ ਹੈ. ਜਿਸਦਾ ਵਿਸ਼੍ਰਾਮ ੧੪- ੯ ਪੁਰ ਹੋਇਆ ਕਰਦਾ ਹੈ. ਦੇਖੋ, ਪਉੜੀ ਦਾ ਰੂਪ ੨੧.

ਸਿਰਖੁਥਾ, ਸਿਰਖੁੱਥਾ: ਵਿ- ਜਿਸ ਦਾ ਸਿਰ ਖੁੱਸਿਆ ਹੋਵੇ. ਜੋ ਕੇਸ਼ਾਂ ਨੂੰ ਸਵਾਰਕੇ ਨਹੀਂ ਰੱਖਦਾ।

੨. ਜਿਸ ਦੇ ਸਿਰ ਦੇ ਵਾਲ ਪੁੱਟੇ ਗਏ ਹਨ। ੩. ਸੰਗਜਾ- ਜੈਨ ਮਤ ਦਾ ਇੱਕ ਫਿਰਕਾ, ਜੋ ਸਿਰ ਦੇ ਵਾਲ ਜੜਾਂ ਤੋਂ ਪੁੱਟ ਦਿੰਦਾ ਹੈ. ਢੂੰਡੀਆ. "ਨਾਨਕ ਜੇ ਸਿਰਖੁਥੇ ਨਾਵਨਿ ਨਾਹੀ." (ਵਾਰ ਮਾਝ ਮ: ੧)

ਸਿਰਖੁਰ: ਵਿ- ਸਿਰ ਤੋਂ ਪੈਰਾਂ ਤੀਕ. ਸ਼ਿਖਨਖ. "ਇਕਨਾ ਪੇਰਣ ਸਿਰਖੁਰ ਪਾਟੇ." (ਆਸਾ ਅ: ਮ: ੧) ਇਕਨਾ ਦੇ ਪੈਰਾਹਨ ਸਿਰ ਤੋਂ ਪੈਰਾਂ ਤੀਕ ਪਾਟ ਗਏ। ੨. ਸਭ. ਤਮਾਮ.

ਸਿਰਖੁਥਾ: ਦੇਖੋ, ਸਿਰਖੁਥਾ. "ਜੋਗੀ ਕਾਪੜੀਆ ਸਿਰਖੁਥੇ ਬਿਨੁ ਸਬਦੈ ਗਲਿ ਫਾਸੀ." (ਪ੍ਰਭਾ ਮਃ ੧)

ਸਿਰਖੰਡੀ: ਦੇਖੋ, ਸਿਰਖਿੰਡੀ.

ਸਿਰਗੁੰਮ: ਸੰਗਜਾ- ਢੁੰਡੀਆ, ਜਿਸ ਨੇ ਸਿਰ ਖੁਹਾਇਆ ਹੈ. ਲੁੰਚਿਤ ਸ਼ਿਰ। ੨. ਮੋਨਾ. ਮੁੰਡਿਤ. "ਪ੍ਰਿਥਮੇ ਜਾਤੀ ਖਤ੍ਰੀ ਏਕ। ਤਾਂਪਰ ਸੰਗਤਿਕਯੋ ਵਿਵੇਕ। xxx ਸਿਰਗੁੰਮ ਨਾਮ ਤਾਂਹਿ ਠਹਿਰਾਯੋ।।" (ਗੁਰੁਸੋਭਾ)[242]

ਸਿਰਜਣ: ਸੰ. ਸ੍ਰਜ੍. ਧਾਤੁ ਦਾ ਅਰਥ ਹੈ ਪੈਦਾ ਕਰਨਾ. ਮਿਲਾਪ ਕਰਨਾ. ਤਿਆਗਨਾ। ੨. ਸਰ੍ਜਨ ਸਜੰਨ. ਸੰਗਜਾ- ਬਣਾਉਣ ਦੀ ਕ੍ਰਿਯਾ. ਰਚਨਾ। ੩. ਤਿਆਗਣਾ. ਛੱਡਣਾ.

ਸਿਰਜਣਹਾਰ, ਸਿਰਜਣਹਾਰਾ, ਸਿਰਜਣਹਾਰੁ: ਵਿ- ਸਜੰਨ ਕਰਤਾ. ਬਣਾਉਣ ਵਾਲਾ. ਰਚਨੇ ਵਾਲਾ. "ਹਰਿ ਸਚੇ ਸਿਰਜਣਹਾਰਾ." (ਸੋਪੁਰਖੁ) "ਕਰਿ ਕਰਿ ਵੇਖੈ ਸਿਰਜਣਹਾਰੁ." (ਜਪੁ)

ਸਿਰਜਨ: ਦੇਖੋ, ਸਿਰਜਣ.

ਸਿਰਜਿ: ਬਣਾਕੇ. ਰਚਕੇ. ਦੇਖੋ, ਸਿਰਜਣ.

"ਤੁਧੁ ਆਪੇ ਸਿਰਜਿ ਸਭ ਗੋਈ." (ਸੋਪੁਰਖੁ)

ਸਿਰਜੀਤ: ਦੇਖੋ, ਸਰਜੀਤ.

ਸਿਰਜਿਜਉ: ਰਚਿਆ. ਬਣਾਇਆ. ਦੇਖੋ, ਸਿਰਜਣ "ਸਚਿ ਸਿਰਜਿਜਉ ਸੰਸਾਰ." (ਸਵੈਯੇ ਸ੍ਰੀ ਮੁਖਵਾਕ ਮਃ ੫)

ਸਿਰਠ, ਸਿਰਠਿ, ਸਿਰਠੀ: ਸੰ. ਸ੍ਰਿਸ਼੍ਟਿ. ਸ੍ਰਿਸ਼੍ਰਿ. ਸੰਗਜਾ- ਰਚਨਾ. ਬਨਾਵਟ। ੨. ਜਗਤ. ਸੰਸਾਰ. ਇਹ ਪਦ ਭੀ ਸ੍ਰਿਜ ਧਾਤੁ ਤੋਂ ਬਣਿਆ ਹੈ. "ਜੇਤੀ ਸਿਰਠਿ ਉਪਾਈ ਵੇਖਾ." (ਜਪੁ) "ਜਾ ਕਰਤਾ ਸਿਰਠੀ ਕਉ ਸਾਜੇ." (ਜਪੁ)

ਸਿਰ ਤਲਵਾਯਾ: ਵਿ- ਜਿਸ ਦਾ ਸਿਰ ਤਲੇ ਵੱਲ ਹੈ. ਦੇਖੋ, ਸਿਰਭਾਰ.

ਸਿਰਤਾਜ: ਦੇਖੋ, ਸਰਤਾਜ.

ਸਿਰਤਿ: ਸੰ. ਸ਼ਿਰੋਰ੍ਤਿ ਸ਼ਿਰੋਰ੍ਤਿੰ. ਸੰਗਜਾ- ਸਿਰਪੀੜ. ਸਰ ਦਰਦ. "ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿਕੈ ਵਸਿ ਹੈ, ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ." (ਗਉ ਮਃ ੪)

ਸਿਰਤ੍ਰਾਣ, ਸਿਰਤ੍ਰਾਨ: ਸੰ. ਸ਼ਿਰਸ੍ਤ੍ਰਾਣ. ਸੰਗਜਾ- ਸਿਰ ਨੂੰ ਸੱਟ ਤੋਂ ਬਚਾਉਣ ਵਾਲਾ ਲੋਹੇ ਦਾ ਟੋਪ. "ਫੋਰ ਗਈ ਸਿਰਤ੍ਰਾਨ ਕੋ." (ਚੰਡੀ ੧) ੨. ਸਿਰ੍ਹਾਨਾ.

ਸਿਰਦਾਤਾ: ਸਿੰਗਜਾ- ਕਰਤਾਰ, ਜੋ ਸਭ ਦਾਤਿਆਂ ਤੋਂ ਵਧਕੇ ਦਾਤਾ ਹੈ। ੨. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ, ਜਿਨ੍ਹਾਂ ਨੇ ਧਰਮ ਅਰਥ ਸਿਰ ਦਿੱਤਾ. ੩. ਵਿ- ਸਿਰ ਦੇਣ ਵਾਲਾ. ਧਰਮ ਅਤੇ ਦੇਸ਼ ਲਈ ਸਿਰ ਭੇਟ ਕਰਨ ਵਾਲਾ.

ਸਿਰਧਰਣਾ: ਕ੍ਰਿ- ਸਿਰ ਉੱਪਰ ਰੱਖਣਾ। ੨. ਕਿਸੇ ਦਾ ਹੁਕਮ ਸਿਰ ਤੇ ਧਾਰਨਾ। ੩. ਕਿਸੇ ਨੂੰ ਆਪਣਾ ਸ੍ਵਾਮੀ ਮੰਨ ਲੈਣਾ। ੪. ਇਸਤ੍ਰੀ ਨੇ ਕਿਸੇ ਪੁਰਖ ਨੂੰ ਪਤਿ ਭਾਵਨਾ ਨਾਲ ਆਪਣਾ ਸਰਪਰਸ੍ਤ ਥਾਪਣਾ.

ਸਿਰਨਾਵਣੀ: ऋतुस्नान. ਸੰਗਜਾ- ਇਸਤ੍ਰੀ ਨੂੰ ਮਹੀਨੇ ਅਥਵਾ ਨਿਯਤ ਸਮੇਂ ਤੇ ਆਉਣ ਵਾਲੀ ਰਿਤੁ. ਇਹ ਨਾਉਂ ਹੋਣ ਦਾ ਕਾਰਨ ਇਹ ਹੈ ਕਿ ਰਿਤੁ ਪਿਛੋਂ ਕੇਸੀ ਸਨਾਨ ਕਰਨਾ ਵਿਧਾਨ ਹੈ. "ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ." (ਵਾਰ ਆਸਾ)

---

[242] ਅਸਲ ਵਿੱਚ ਸਿੰਘਮਤ ਅਨੁਸਾਰ "ਸਿਰਗੁੰਮ" ਉਹ ਹੈ, ਜਿਸ ਨੇ ਅਮ੍ਰਿਤ ਛਕਕੇ ਸਿਰ ਮੁਨਾ ਲਿਆ ਹੋਵੇ.

ਸਿਰਨੀ: ਦੇਖੋ, ਸ਼ੀਰਨੀ. "ਸਿਰਨੀ ਕਛੁ ਚੜ੍ਹਾਵਤ ਭਈ." (ਚਰਿਤ੍ਰ ੧੨੯)

ਸਿਰਪਰਣੇ: ਕ੍ਰਿ. ਵਿ- ਸਿਰਭਾਰ. ਸਿਰ ਦੇ ਬਲ. ਸਿਰ ਹੇਠ ਕਰਕੇ ਪੈਰ ਉੱਪਰ ਹੋਇਆ. ਦੇਖੋ ਸਿਰਭਾਰ.

ਸਿਰਪਾਉ, ਸਿਰਪਾਇ, ਸਿਰਪਾਵ: ਫ਼ਾ. سرۄپا - سراپا ਸਰਾਪਾ ਅਥਵਾ ਸਰੋਪਾ. ਸੰਗਯਾ- ਸਿਰ ਤੋਂ ਪੈਰ ਤੀਕ ਪਹਿਰਣ ਦੀ ਪੋਸ਼ਾਕ। ੨. ਖ਼ਿਲਤ. "ਪਹਿਰਿ ਸਿਰਪਾਉ ਸੇਵਕ ਜਨ ਮੇਲੇ." (ਸੋਰ ਮਃ ੫) "ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ." (ਬਿਲਾ ਮਃ ੫) "ਲਿਹੁ ਮਮ ਦਿਸ ਤੇ ਅਬ ਸਿਰਪਾਇ." (ਗੁਪ੍ਰਸੂ) "ਦੈ ਰਸ ਕੋ ਸਿਰਪਾਵ ਤਿਸੈ." (ਕ੍ਰਿਸਨਾਵ) ੩. ਦੇਖੋ, ਸਿਰੇਪਾਉ. ੨.

ਸਿਰਪੀੜ: ਸਿਰਸ਼ੂਲ. ਦਰਦੇਸਰ. Headache. ਇਸ ਰੋਗ ਦੇ ਕਾਰਣ ਅਰਧਸਿਰਾ ਸ਼ਬਦ ਵਿੱਚ ਦੇਖੋ. ਸਿਰਪੀੜ ਦੇ ਅਨੇਕ ਭੇਦ ਹਨ ਅਤੇ ਉਨ੍ਹਾਂ ਦੇ ਅਨੇਕ ਕਾਰਣ ਹਨ, ਪਰ ਮੁੱਖ ਕਾਰਣ ਮੇਦੇ ਦੀ ਖਰਾਬੀ ਅਤੇ ਅੰਤੜੀ ਅੰਦਰ ਮੈਲ ਜਮਾ ਹੋਣਾ ਹੈ. ਜੋ ਹਾਜਮਾ ਠੀਕ ਕਰਨ ਵਾਲੀਆਂ ਅਤੇ ਕਬਜ ਖੋਲਣ ਵਾਲੀਆਂ ਦਵਾਈਆਂ ਹਨ ਉਨ੍ਹਾਂ ਦਾ ਵਰਤਣਾ ਸਿਰਪੀੜ ਹਟਾਉਂਦਾ ਹੈ. ਖਾਸ ਕਰਕੇ ਹੇਠ ਲਿਖੇ ਉਪਾਉ ਕਰਨੇ ਚਾਹੀਏ-

੧. ਗਊ ਦਾ ਗਰਮ ਦੁੱਧ ਮਿਸ਼ਰੀ ਪਾਕੇ ਪੀਣਾ.

੨. ਨਸਾਦਰ ਤੇ ਕਲੀ (ਚੂਨਾ) ਅੱਡ ਅੱਡ ਪੀਸਕੇ ਸ਼ੀਸ਼ੀ ਵਿੱਚ ਮਿਲਾਕੇ ਸੁੰਘਣਾ.

੩. ਆਂਡਿਆਂ ਦਾ ਕੜਾਹ ਖਾਣਾ.

੪. ਰੀਠੇ ਦਾ ਛਿਲਕਾ ਪਾਣੀ ਵਿੱਚ ਘਸਾਕੇ ਨਸਵਾਰ ਲੈਣੀ.

੫. ਮੁਲੱਠੀ ਤਿੰਨ ਮਾਸ਼ੇ, ਮਿੱਠਾ ਤੇਲੀਆ ਇੱਕ ਮਾਸ਼ਾ, ਦੋਹਾਂ ਨੂੰ ਬਹੁਤ ਬਹੀਕ ਪੀਸਕੇ ਅੱਧਾ ਚਾਉਲ ਭਰ ਨਸਵਾਰ ਲੈਣੀ.

੬. ਘੀ ਵਿੱਚ ਲੂਣ ਮਿਲਾਕੇ ਮੱਥੇ ਤੇ ਮਲਨਾ.

੭. ਗਰਮੀ ਨਾਲ ਸਿਰਪੀੜ ਹੋਵੇ ਤਾਂ ਚਿੱਟਾ ਚੰਦਨ ਘਸਾਕੇ ਮੱਥੇ ਤੇ ਲੇਪਣਾ. ਸਰਦੀ ਨਾਲ ਹੋਵੇ ਤਾਂ ਕੇਸਰ ਜਾਂ ਸੁੰਢ ਦਾ ਲੇਪ ਕਰਨਾ.

ਸਿਰਪੇਚ: ਦੇਖੋ, ਸਰਪੇਚ.

ਸਿਰਪੋਸ: ਫ਼ਾ. سرپوش ਸਰਪੋਸ਼. ਸੰਗਯਾ- ਢੱਕਣ. ਥਾਲ ਅਥਵਾ ਦੇਗਚੇ ਆਦਿਕ ਦਾ ਮੂੰਹ ਢਕਣ ਵਾਲਾ ਵਸਤ੍ਰ ਆਦਿ। ੨. ਤੋੜੇਦਾਰ ਬੰਦੂਕ ਦੇ ਪਲੀਤੇ ਦਾ ਢੱਕਣ. "ਗਹਿ ਸਿਰਪੋਸ ਉਘਾਰ ਪਲੀਤਾ." (ਗੁਪ੍ਰਸੂ) ਸਿਰਪੋਸ਼ ਦੇਣ ਤੋਂ ਪਲੀਤੇ ਦਾ ਬਾਰੂਦ ਡਿਗ ਨਹੀਂ ਸਕਦਾ ਅਰ ਤੋੜੇ ਤੋਂ ਅੱਗ ਲੱਗਣ ਦਾ ਭੀ ਡਰ ਨਹੀਂ ਰਹਿੰਦਾ.

ਸਿਰਫ: ਅ਼. صرف ਸਿਰਫ਼. ਕ੍ਰਿ. ਵਿ- ਕੇਵਲ. ਨਿਰਾ. ਖਾਲਿਸ.

ਸਿਰਫਲ: ਸੰ. शिरःफल. ਸ਼ਿਰਃਫਲ ਸੰਗਯਾ- ਜਿਸ ਦਾ ਫਲ ਸਿਰ ਦੇ ਆਕਾਰ ਦਾ ਹੋਵੇ. ਨਲੀਏਰ. ਖੋਪੇ ਦੇ ਫਲ ਉੱਪਰ ਅੱਖ ਨੱਕ ਮੁਖ ਦਾ ਆਕਾਰ ਹੁੰਦਾ ਹੈ। ੨. ਦੇਖੋ, ਸ੍ਰੀਫਲ.

ਸਿਰਭਾਰ: ਸਿਰ ਦਾ ਬੋਝ। ੨. ਦੇਖੋ, ਸਿਰਿਭਾਰੁ। ੩. ਦੇਖੋ, ਸਿਰਭਾਰਿ.

ਸਿਰਭਾਰ ਲੈਣਾ: ਕ੍ਰਿ- ਕਿਸੇ ਦੇ ਕਾਰਜ ਦੀ ਜਿੰਮੇਵਾਰੀ ਆਪਣੇ ਉੱਪਰ ਲੈਣੀ। ੨. ਦੂਜੇ ਦੀ ਨਿੰਦਾ ਕਰਕੇ ਪਾਪਾਂ ਦਾ ਬੋਝ ਆਪਣੇ ਸਿਰ ਲੈਣਾ.

ਸਿਰਭਾਰਿ: ਸਿਰ ਪਰਣੇ. ਸਿਰ ਦੇ ਬਲ। ੨. ਪੂਰੇ ਤਾਣ ਨਾਲ. "ਭੈ ਵਿੱਚ ਇੰਦੁ ਫਿਰੈ ਸਰਿਭਾਰਿ." (ਵਾਰਾ ਆਸਾ)

ਸਿਰ ਮੁਨਾਕੇ ਭਦ੍ਰਾ ਪੁੱਛਣੀਆਂ: ਇਹ ਪੰਜਾਬੀ ਅਖਾਣ ਹੈ, ਇਸ ਦਾ ਭਾਵ ਹੈ ਕਿ ਸਮਾਂ ਵੀਤਣ ਪਿੱਛੋਂ ਵਿਚਾਰ ਕਰਨਾ. ਦੇਖੋ,

ਭਦ੍ਰਾ.

ਸਿਰਮੋਰ, ਸਿਰਮੋਰਹ, ਸਿਰਮੋਰਾ, ਸਿਰਮੌਰ, ਸਿਰਮੌਲਿ: ਸੰ. ਸ਼ਿਰਸ- ਮੌਲਿ ਸੰਗਯਾ- ਸਿਰ ਦਾ ਮੌਲਿ (ਮੁਕਟ). ਤਾਜ। ੨. ਪ੍ਰਧਾਨ. "ਗੁਰੂ ਸਿਰਮੋਰ." (ਬਸੰ ਅਃ ਮਃ ੧) "ਤੂ ਠਾਕੁਰ ਸਿਰਮੋਰਾ." (ਸੋਰ ਮਃ ੫)

ਸਿਰਰ: ਦੇਖੋ, ਸਿਰੜ। ੨. ਅ਼. سر ਸੰਗਯਾ- ਗੁਪਤ ਭੇਦ. ਰਾਜ਼. "ਸੀਸ ਦੀਆ ਪਰ ਸਿਰਰ ਨ ਦੀਆ." (ਵਿਚਿਤ੍ਰ)

ਸਿਰਰੀ: ਵਿ- ਹਠੀਆ. ਜ਼ਿੱਦੀ। ੨. ਸਿਰੜੀ. ਪਾਗਲ. ਦਿਵਾਨਾ. "ਇਹ ਭਾ ਸਿਰਰੀ ਮਤਿ ਬਵਰਾਨਾ." (ਨਾਪ੍ਰ)

ਸਿਰ ਰੋਗ: ਸੰਗਯਾ- ਕੁਸ਼੍ਠ, ਜੋ ਸਭ ਰੋਗਾਂ ਤੋਂ ਵੱਡਾ ਹੈ। ੨. ਸਿਰੜ, ਜੋ ਦਿਮਾਗੀ ਰੋਗ ਹੈ। ੩. ਅਭਿਮਾਨ। ੪. ਵਡਾ ਰੋਗ. ਮੁਹਲਿਕ ਬੀਮਾਰੀ.

ਸਿਰਲੇਖ: ਸੰਗਯਾ- ਭਾਗ. ਕਿਸਮਤ. ਨਸੀਬ. ਕਰਮਾਨੁਸਾਰ ਜੀਵ ਦਾ ਲੇਖ। ੨. ਸਿਰਨਾਵਾਂ। ੩. ਮੁਖਬੰਦ।

ਸਿਰੜ: ਝੱਲਾਪਨ. ਇਹ ਉਨਮਾਦ ਦਾ ਹੀ ਇੱਕ ਭੇਦ ਹੈ. ਜਨੂਨ. Insanity. ਇਸ ਦੇ ਕਾਰਣ ਦੇਖੋ, ਉਦਮਾਦ ਸ਼ਬਦ ਵਿੱਚ.

ਇਸ ਰੋਗ ਵਿੱਚ ਦੁੱਧ, ਬਦਾਮਾ ਦੀ ਸਰਦਾਈ, ਸੰਦਲ ਅਨਾਰ ਆਦਿ ਸ਼ਰਬਤ, ਅਧਰਿੜਕ, ਸੰਗਤਰੇ, ਅੰਗੂਰ ਆਦਿ ਫਲ ਵਰਤਣੇ ਗੁਣਕਾਰੀ ਹਨ. ਰੋਗੀ ਨੂੰ ਫੁੱਲਾਂ ਦੇ ਬਾਗਾਂ ਵਿੱਚ ਫਿਰਨਾ, ਨਦੀ ਅਤੇ ਸਮੁੰਦਰ ਕਿਨਾਰੇ ਦੀ ਹਵਾ ਖਾਣੀ ਲਾਭਦਾਇਕ ਹੈ. ਸਿਰ ਤੇ ਕੱਦੂ ਅਤੇ ਕਾਹੂ ਦਾ ਤੇਲ ਮਲਨਾ, ਗੁਣਕਾਰੀ ਹੈ. ਸਿਰੜੀ ਨੂੰ ਬ੍ਰਾਹਮੀ ਘ੍ਰਿਤ ਦਾ ਸੇਵਨ ਬਹੁਤ ਫਾਇਦਾ ਕਰਦਾ ਹੈ ਇਸ ਘੀ ਦੇ ਬਣਾਉਣ ਦੀ ਜੁਗਤ ਇਹ ਹੈ-

ਘੀ ਚਾਰ ਸੇਰ, ਬ੍ਰਾਹਮੀ ਬੂਟੀ ਦਾ ਰਸ ਸੋਲਾਂ ਸੇਰ, ਇਨ੍ਹਾਂ ਦੋਹਾਂ ਨੂੰ ਕੜਾਹੀ ਵਿੱਚ ਪਾਕੇ ਕਾੜ੍ਹੇ, ਅਰ ਹੇਠ ਲਿਖੀ ਦਵਾਈਆਂ ਦਾ ਨੁਗਦਾ ਬਣਾਕੇ ਵਿੱਚ ਪਾਵੇ. ਬ੍ਰਹਮੀ ਬੂਟੀ, ਬਚ, ਜਵਾਹਾਂ, ਧਮਾਹਾ, ਕੁਠ, ਸੰਖਾਹੋਲੀ, ਸਭ ਸਮਾਨ ਲੈ ਕੇ ਇੱਕ ਸੇਰ ਨੁਗਦਾ ਤਿਆਰ ਕਰੇ. ਜਦ ਸਾਰਾ ਰਸ ਜਲਕੇ ਘੀ ਬਾਕੀ ਰਹਿ ਜਾਵੇ, ਤਾਂ ਉਸ ਨੂੰ ਛਾਣਕੇ ਸਾਫ ਭਾਂਡੇ ਵਿੱਚ ਪਾਕੇ ਰੱਖੇ. ਇਹ ਬ੍ਰਾਹਮੀ ਘ੍ਰਿਤ ਇੱਕ ਤੋਲੇ ਤੋਂ ਚਾਰ ਤੋਲੇ ਤੀਕ ਉਮਰ ਅਤੇ ਬਲ ਅਨੁਸਾਰ ਨਿੱਤ ਖਾਵੇ।

੨. ਗਰਮ ਚੀਜਾਂ ਖਾਣ, ਜਾਦਾ ਕ੍ਰੋਧ ਕਰਨ ਤੋਂ, ਚਿੜਚਿੜਾ ਅਤੇ ਜਿੱਦੀ ਸੁਭਾਉ ਹੋ ਜਾਂਦਾ ਹੈ, ਪੰਜਾਬੀ ਵਿੱਚ ਉਸ ਨੂੰ ਭੀ "ਸਿਰੜ" ਆਖਦੇ ਹਨ.

ਸਿਰੜਾ, ਸਿਰੜੀ: ਵਿ- ਜਿਸ ਦਾ ਸਿਰ ਠਿਕਾਣੇ ਨਹੀਂ ਰਿਹਾ. ਦਿਮਾਗ ਜਿਸ ਦਾ ਫਿਰ ਗਿਆ ਹੈ. ਦੀਵਾਨਾ. ਪਾਗਲ. ਸੁਦਾਈ। ੨. ਹਠੀਆ. ਜਿੱਦੀ.

ਸਿਰਾ: ਸੰਗਯਾ- ਕਿਨਾਰਾ. ਤਰਫ. ਧਿਰ. "ਦੁਹਾਂ ਸਿਰਿਆਂ ਕਾ ਖਸਮੁ ਆਪਿ." (ਵਾਰ ਗੂਜ ੨. ਮਃ ੫) ੨. ਸਿਰ ਤੇ. ਸੀਸ ਪੁਰ. "ਸਾਬਤ ਸੂਰਤਿ ਦਸਤਾਰ ਸਿਰਾ." (ਮਾਰੂ ਸੋਲਹੇ ਮਃ ੫) ੩. ਸੰ. ਸਿਰਾ. ਨਦੀ। ੪. ਨਾੜੀ. ਰਗ. ਸ਼ਿਰਾ ਭੀ ਸੰਸਕ੍ਰਿਤ ਸ਼ਬਦ ਹੈ.

ਸਿਰਾਉਣਾ: ਕ੍ਰਿ- ਸੀਤਲ ਹੋਣਾ. ਠੰਢਾ ਹੋਣਾ. "ਗਈ ਪਾਵਕ ਸਿਰਾਇ." (ਰਾਮਾਵ) ੨. ਗੁਜ਼ਰਨਾ. ਵੀਤਣਾ.

ਸਿਰਾਇ: ਦੇਖੋ, ਸਿਰਾਉਣਾ। ੨. ਸਿਰ ਉੱਪਰ. "ਨਿੰਦ ਪੋਟ ਸਿਰਾਇ." (ਮਾਰੂ ਮਃ ੫) ੩. ਦੇਖੋ, ਸਰਾਇ.

ਸਿਰਾਇਓ, ਸਿਰਾਇਆ, ਸਿਰਾਈ: ਦੇਖੋ, ਸਿਰਾਉਣਾ. ਸੀਤਲ ਹੋਇਆ (ਹੋਈ). ੨. ਬੀਤਿਆ (ਬੀਤੀ)

ਸਿਰਾਹੁ: ਸਿਰ ਤੋਂ. ਸਿਰ ਸੇ. "ਕਾਲ ਨ ਮਿਟੈ ਸਿਰਾਹੁ." (ਸ੍ਰੀ ਅਃ ਮਃ ੧)

ਸਿਰਾਜ: ਦੇਖੋ, ਸ਼ੀਰਾਜ਼. "ਗੜ ਸਿਰਾਜ ਕੋ ਰਾਜ ਕਮਾਵੈ." (ਚਰਿਤ੍ਰ ੨੯੨)

ਸਿਰਾਜੀ: ਵਿ- ਸ਼ੀਰਾਜ਼ ਦਾ. "ਸੁ ਤਾਜੀ ਸਿਰਾਜੀ." (ਕਲਕੀ) ੨. ਅ਼. سراجی ਸਿਰਾਜੀ. ਉੱਜਲ। ੩. ਰੌਸ਼ਨ.

**ਸਿਰਾਤ:** ਵੀਤਦਾ. ਗੁਜਰਦਾ. ਦੇਖੋ, ਸਿਰਾਉਣਾ. "ਜਨਮ ਸਿਰਾਤ ਹੈ." (ਜੈਜਾ ਮਃ ੯) ੨. ਅ਼. صراط ਸਿਰਾਤ਼. ਸੰਗ੍ਯਾ- ਮਾਰਗ. ਸੜਕ। ੩. ਇੱਕ ਪੁਲ, ਜਿਸ ਦਾ ਨਰਕ ਦੀ ਅਗਨੀ ਉੱਪਰ ਹੋਣਾ ਮੁਸਲਮਾਨ ਮੰਨਦੇ ਹਨ. ਇਹ ਪੁਲ ਬਾਲ ਤੋਂ ਭੀ ਬਾਰੀਕ ਹੈ ਅਰ ਤਲਵਾਰ ਦੀ ਧਾਰ ਤੋਂ ਤਿੱਖਾ ਹੈ. ਦੋਹੀਂ ਪਾਸੀਂ ਤਿੱਖੇ ਕੰਡੇ ਹਨ, ਜੋ ਏਧਰ ਓਧਰ ਹਿੱਲਣ ਨਹੀਂ ਦਿੰਦੇ. ਧਰਮੀ ਇਸ ਉਪਰੋਂ ਛੇਤੀ ਲੰਘ ਜਾਂਦੇ ਹਨ ਅਰ ਪਾਪੀ ਨਰਕ ਦੀ ਅੱਗ ਵਿੱਚ ਡਿਗ ਪੈਂਦੇ ਹਨ. ਮੁਸਲਮਾਨਾ ਨੇ ਇਸ ਪੁਲ ਦਾ ਖਿਆਲ ਪਾਰਸੀਆਂ ਤੋਂ ਲਿਆ ਹੈ ਜਿਨ੍ਹਾਂ ਨੇ "ਚਿਨਵਤ ਪੇਰੇਤੂ" ਨਾਮਕ ਪੁਲ ਪਰਲੋਕ ਵਿੱਚ ਮੰਨਿਆ ਹੈ. ਯਹੂਦੀ ਭੀ ਨਰਕ ਦਾ ਪੁਲ ਮੰਨਦੇ ਹਨ. ਦੇਖੋ, ਪੁਰਸਲਾਤ.

**ਸਿਰਾਤੁਲਮੁਸਤਕੀਮ:** ਅ਼. صراطالمستقیم ਅਲਸਿਰਾਤੁੱਲਮੁਸਤਕ਼ੀਮ. ਸਿੱਧਾ ਰਾਹ. ਸਿੱਧੀ ਸੜਕ.

**ਸਿਰਾਧ:** ਦੇਖੋ, ਸਰਾਧ. "ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ." (ਗਉ ਕਬੀਰ)

**ਸਿਰਾਨਾ, ਸਿਰਾਨੀ, ਸਿਰਾਨੋ:** ਸਿਰਾਉਣ ਦਾ ਭੂਤ ਕਾਲ. ਵੀਤਿਆ. ਗੁਜਰਿਆ. "ਅਮਲ ਸਿਰਾਨੋ ਲੇਖਾ ਦੇਨਾ." (ਸੂਹੀ ਕਬੀਰ) "ਬਿਰਥਾ ਅਉਧ ਸਿਰਾਨੀ." (ਸੋਰ ਮਃ ੯) ੨. ਸੀਤਲ ਹੋਇਆ, ਹੋਈ.

**ਸਿਰਾਯਚਾ:** ਦੇਖੋ, ਸਰਾਇਚਾ.

**ਸਿਰਾਰ:** ਦੇਖੋ, ਸਰਾਰ. "ਯਾ ਖ਼ੁਦਾਇ! ਕਜ਼ਾ ਭਯੋ ਸਿਰਾਰ." (ਨਾਪ੍ਰ)

**ਸਿਰਾਰੀ:** शिरीषिका. ਸ਼ਿਰੀਸ਼ਿਕਾ. ਇਹ ਇੱਕ ਬਿਰਛ ਸਰੀਂਹ ਦੀ ਜਾਤਿ ਦਾ ਹੈ, ਜੋ ਜਲ ਵਾਲੇ ਥਾਂ ਹੁੰਦਾ ਹੈ, ਇਸ ਨੂੰ ਢਾਢੋਨ ਭੀ ਆਖਦੇ ਹਨ. ਵੈਦਜਕ ਗ੍ਰੰਥਾਂ ਵਿੱਚ ਇਹ ਕੋੜ ਬਵਾਸੀਰ ਆਦਿ ਰੋਗਾਂ ਦੇ ਨਾਸ਼ ਕਰਨ ਵਾਲਾ ਮੰਨਿਆ ਹੈ. "ਸ੍ਰੀਫਲ ਤਾਲ ਸਿਰਾਰੀ ਤਹਾਂ." (ਚਰਿਤ੍ਰ ੨੫੬)

**ਸਿਰਾਵਨ:** ਕ੍ਰਿ. ਸੀਤਲ ਹੋਣਾ. "ਜਿਸ ਕੋ ਦੇਖ ਸਿਰਾਵਤ ਨੈਨ." (ਗੁਪ੍ਰਸੂ) ੨. ਵੀਤਣਾ. ਗੁਜ਼ਰਨਾ. "ਬਿਰਥਾ ਜਨਮ ਸਿਰਾਵੈ." (ਗਉ ਮਃ ੯)

**ਸਿਰਿ:** ਸੰਗ੍ਯਾ- ਰਚਨਾ. ਸ੍ਰਿਸ਼੍ਟਿ. "ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ." (ਆਸਾ ਮਃ ੧) ੨. ਕ੍ਰਿ. ਵਿ- ਸਿਰਪਰ. ਸਿਰ ਤੇ. "ਸਿਰਿ ਲਗਾ ਜਮਡੰਡੁ." (ਵਾਰ ਜੈਤ) "ਪੁਰੀਆਂ ਖੰਡਾਂ ਸਿਰਿ ਕਰੇ ਇਕ ਪੈਰਿ ਧਿਆਏ." (ਮਃ ੧. ਵਾਰ ਸਾਰ) ਜੇ ਪੁਰੀਆਂ ਅਤੇ ਖੰਡਾਂ ਨੂੰ ਸਿਰ ਤੇ ਚੁੱਕਕੇ ਇੱਕ ਪੈਰ ਤੇ ਖੜਾ ਅਰਾਧਨ ਕਰੇ. ੩. ਉੱਪਰ. ਉੱਤੇ। ੪. ਸ੍ਰਿਜ (ਰਚ) ਕੇ. ਦੇਖੋ, ਸ੍ਰਿਜ। ੫. ਵਿ- ਸ਼ਿਰੋਮਣਿ. ਵਧੀਆ. "ਸਭਨਾ ਉਪਾਵਾ ਸਿਰਿ ਉਪਾਉ ਹੈ." (ਵਾਰ ਗੂਜ ੧. ਮਃ ੩) ੬. ਸੰ ਸ਼ਿਰਿ. ਸੰਗ੍ਯਾ- ਤਲਵਾਰ। ੭. ਤੀਰ। ੮. ਪਤੰਗਾ. ਭਮੱਕੜ.

**ਸਿਰਿਉ, ਸਿਰਿਓ, ਸਿਰਿਆ:** ਦੇਖੋ, ਸਿਰਜਣ. "ਸਤਿਗੁਰ ਪ੍ਰਮਾਣ ਬਿਧਨੈ ਸਿਰਿਉ." (ਸਵੈਯੇ ਮਃ ੪. ਕੇ) ਸਤਿਗੁਰੂ ਅਮਰਦੇਵ ਦੇ ਤੁੱਲ ਹੀ ਵਿਧਾਤਾ ਨੇ ਗੁਰੂ ਰਾਮਦਾਸ ਰਚਿਆ ਹੈ. "ਜਿਨਿ ਸਿਰਿਆ ਸਭੁਕੋਇ." (ਸ੍ਰੀ ਮਃ ੫. ਵਣਜਾਰਾ)

**ਸਿਰਿ ਸਿਰਿ:** ਪ੍ਰਤਿ ਸਿਰ। ੨. ਹਰੇਕ ਜੀਵ ਨੂੰ."ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰ." (ਸੋਦਰੁ)

**ਸਿਰਿਕਾਰ:** ਦੇਖੋ, ਸਿਰਕਾਰ ੨.

**ਸਿਰਿਭਾਰੁ:** ਸਿਰ ਉੱਤੇ ਬੋਝ. "ਅਸੰਖ ਨਿੰਦਕ ਸਿਰਿ ਕਰਹਿ ਭਾਰੁ." (ਜਪੁ)

**ਸਿਰੀ:** ਸਰਜਨ ਕਰੀ. ਰਚੀ. ਬਣਾਈ. "ਲਖ ਚਉਰਾਸੀਹ ਜਿਨਿ ਸਿਰੀ." (ਸ੍ਰੀ ਮਃ ੩) ੨. ਸਿੜ੍ਹੀ. ਸੀੜ੍ਹੀ. ਮੁਰਦਾ ਲੈ ਜਾਣ ਦੀ ਅਰਥੀ. "ਜਾਨੁਕ ਮ੍ਰਿਤਕ ਸਿਰੀ ਪਰ ਸੋਹੈ." (ਚਰਿਤ੍ਰ ੧੩੯) ੩. ਛੋਟਾ ਸਿਰ. ਬਕਰੇ ਆਦਿ ਪਸ਼ੂ ਅਤੇ ਮੁਰਦੇ ਦਾ ਸਿਰ। ੪. ਸੰ. श्री ਸ਼੍ਰੀ. ਸ਼ੋਭਾ। ੫. ਮੰਗਲ. "ਸਿਰੀ ਗੁਰੁ ਸਾਹਿਬ ਸਭ ਊਪਰਿ ਕਰੀ ਕ੍ਰਿਪਾ." (ਸਵੈਯੇ ਮਃ ੪. ਕੇ) ੬. ਸ਼ੋਭਾ ਵਧਾਉਣ ਵਾਲੀ ਕਲਗੀ. "ਸਿਰ ਪਰ ਕੰਚਨ ਸਿਰੀ ਸਵਾਰੀ." (ਕ੍ਰਿਸਨਾਵ)

ਸਿਰੀਸ: ਸੰ. ਸ਼ਿਰਸ੍ਯ. ਸ਼ਿਰਮਯ ਵਿ- ਸਿਰ ਉੱਪਰ ਹੋਣ ਵਾਲੀ ਵਸਤੁ. ਕਲਗੀ, ਤਾਜ, ਜਿਗਾ ਆਦਿਕ. "ਸਿਰੀਸ ਸੀਸ ਸੋਭਿਯੰ." (ਗਜਾਨ) ੨. ਦੇਖੋ, ਸਰੀਂਹ। ੩. ਦੇਖੋ, ਸ਼੍ਰੀਸ਼.

ਸਿਰੀਸਾਹਿਬ: ਦੇਖੋ, ਸ਼੍ਰੀਸਾਹਿਬ.

ਸਿਰੀਸਾਪ, ਸਿਰੀਸਾਫ: ਪੁਰਾਣੇ ਸਮੇਂ ਇਹ ਨਾਉਂ ਢਾਕੇ ਵਿੱਚ ਬਣਨ ਵਾਲੀ ਬਾਰੀਕ ਮਲਮਲ ਦਾ ਸੀ. ਕਿਸੇ ਸਮੇਂ ਪਟਿਆਲਾ ਰਾਜ ਦੇ ਸਮਾਨਾ ਨਗਰ ਵਿੱਚ ਭੀ ਸਿਰੀਸਾਪ ਬਹੁਤ ਅੱਛਾ ਬਣਦਾ ਸੀ.

ਸਿਰੀਧਰ: ਦੇਖੋ, ਸ਼੍ਰੀਧਰ.

ਸਿਰੀਨਗਰ: ਦੇਖੋ, ਸ਼੍ਰੀ ਨਗਰ.

ਸਿਰੀਨੀ: ਦੇਖੋ, ਸ਼ੀਰੀਨੀ. "ਸਭ ਕੋ ਦ੍ਰਿਸ੍ਰਿ ਸਿਰੀਨੀ ਆਵੈ." (ਚਰਿਤ੍ਰ ੮੪)

ਸਿਰੀਰਾਗ: ਸੰ. ਸ਼੍ਰੀਰਾਗ. ਸ਼੍ਰੀਰਾਗ. ਇਸ ਰਾਗ ਦਾ ਨਾਉਂ ਤਾਂ ਕੇਵਲ "ਸ਼੍ਰੀ" ਹੈ ਪਰ ਰਾਗ ਸ਼ਬਦ ਵਾਧੂ ਸਾਥ ਜੋੜਿਆ ਗਿਆ ਹੈ. ਇਹ ਪੂਰਬੀ ਠਾਟ ਦਾ ਔੜਵ ਸੰਪੂਰਣ ਰਾਗ ਹੈ ਅਰਥਾਤ ਆਰੋਹੀ ਵਿੱਚ ਪੰਜ ਅਤੇ ਅਵਰੋਹੀ ਵਿੱਚ ਸੱਤ ਸੁਰ ਹਨ. ਆਰੋਹੀ ਵਿੱਚ ਗਾਂਧਾਰ ਅਤੇ ਧੈਵਤ ਵਰਜਿਤ ਹਨ. ਇਰਸ਼ਭ ਵਾਦੀ ਅਤੇ ਪੰਚਮ ਸੰਵਾਦੀ ਸੁਰ ਹੈ. ਰਿਸ਼ਭ ਅਤੇ ਧੈਵਤ ਕੋਮਲ ਹਨ, ਮੱਧਮ ਤੀਵ੍ਰ ਹੈ. ਬਾਕੀ ਸੁਰ ਸ਼ੁੱਧ ਹਨ.

ਆਰੋਹੀ- ਸ ਰਾ ਮੀ ਪ ਨ ਸ.

ਅਵਰੋਹ- ਸ ਨ ਧਾ ਪ ਮੀ ਗ ਰਾ ਸ.

ਇਸ ਦੇ ਗਾਉਣ ਦਾ ਸਮਾਂ ਲੌਢਾ ਵੇਲਾ ਹੈ.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼੍ਰੀ ਪਹਿਲਾ ਰਾਗ ਹੈ. ਰਾਗਾਂ ਦੀ ਬਾਣੀ ਇਸੇ ਤੋਂ ਆਰੰਭ ਹੁੰਦੀ ਹੈ. "ਰਾਗਾਂ ਵਿੱਚ ਸਿਰੀ ਰਾਗ ਹੈ." (ਵਾਰ ਸ਼੍ਰੀ ਮਃ ੩) "ਰਾਗਨ ਮੇ ਸਿਰੀ ਰਾਗ ਪਾਰਸ ਪਖਾਨ ਹੈ." (ਭਾਗੁ ਕ)

ਸਿਰੀ ਰੰਗ: ਦੇਖੋ, ਸ਼੍ਰੀਰੰਗ.

ਸਿਰੁ: ਦੇਖੋ, ਸਿਰ. "ਸਿਰੁ ਧਰਿ ਤਲੀ ਗਲੀ ਮੇਰੀ ਆਉ." (ਸਵਾ ਮਃ ੧)

ਸਿਰੇ: ਦੇਖੋ, ਸਿਰਾ. "ਦੋਵੈ ਸਿਰੇ ਸਤਿਗੁਰੂ ਨਿਬੇੜੇ." (ਮਾਰੂ ਮਃ ੧) ਭਾਵ- ਜਨਮ ਮਰਨ. ੨. ਸ੍ਰਿਜੇ. ਰਚੇ. ਦੇਖੋ, ਸਿਰਜਣਾ. "ਬ੍ਰਹਮਾ ਬਿਸਨ ਸਿਰੇ ਤੈ ਅਗਨਤ." (ਸਵੈਯੇ ਮਃ ੪. ਕੇ)

ਸਿਰੇਸਟ: ਦੇਖੋ, ਸ਼੍ਰੇਸ਼੍ਠ.

ਸਿਰੇਸਿਰਿ: ਸਿਰ ਸਿਰ ਪ੍ਰਤਿ. ਹਰੇਕ ਤਾਈਂ. ਪ੍ਰਤਿ ਜੀਵ ਨੂੰ. ਦੇਖੋ, ਸਿਰਿ ਸਿਰਿ.

ਸਿਰੇਪਾਉ: ਦੇਖੋ, ਸਿਰਪਾਉ। ੨. ਰਿਆਸਤ ਨਾਭਾ ਦੇ ਰਾਜਮਹਲ ਵਿੱਚ ਇੱਕ ਗੁਰਦ੍ਵਾਰਾ, ਜਿਸ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਭਾਈ ਤਿਲੋਕਾ ਅਤੇ ਰਾਮਾ[243] ਨੂੰ ਬਖਸ਼ਿਆ ਸਰੋਪਾ (ਖ਼ਿਲਤ) ਹੈ. ਇਸ ਥਾਂ ਜੋ ਸਤਿਗੁਰੂ ਜੀ ਦੀ ਵਸਤੂਆਂ ਹਨ ਉਨ੍ਹਾਂ ਦਾ ਨਿਰਣਾ ਨਾਭਾ ਸ਼ਬਦ ਵਿੱਚ ਦੇਖੋ.

ਸਿਰੇਵਨ: ਦੇਖੋ, ਸਰੇਵਨ.

ਸਿਰੋਹ: ਸ਼ਿਰੋਰੁਹ ਦਾ ਸੰਖੇਪ. ਕੇਸ਼. "ਕਹੂੰ ਸਿਰੋਹ ਪੱਟੀਅੰ." (ਵਿਚਿਤ੍ਰ)

---

[243] ਬਾਬਾ ਤਿਲੋਕ ਸਿੰਘ ਅਤੇ ਰਾਮ ਸਿੰਘ ਜੀ. ਦੇਖੋ, ਫੂਲਵੰਸ਼.

ਸਿਰੋਹੀ: ਰਾਜਪੂਤਾਨੇ ਵਿੱਚ ਚੌਹਾਨ ਜਾਤਿ ਦੀ ਸ਼ਾਖ "ਦੇਓਰਾ" ਰਾਜਪੂਤ ਵੰਸ਼ ਦੀ ਇੱਕ ਰਿਆਸਤ ਅਤੇ ਉਸਦੀ ਰਾਜਧਾਨੀ. ਸਿਰੋਹੀ ਨਗਰ ਸਨ ੧੪੨੫ ਦੇ ਕਰੀਬ ਰਾਉ ਸੈਨਮੱਲ ਨੇ ਵਸਾਇਆ ਹੈ. ਇਹ ਰਾਜਪੂਤਾਨਾ ਮਾਲਵਾ ਰੇਲਵੇਸਟੇਸ਼ਨ ਪਿੰਡ ਵਾਰਾ ਤੋਂ ਸੋਲਾਂ ਮੀਲ ਉੱਤਰ ਪੱਛਮ ਹੈ. ੨. ਸਿਰੋਹੀ ਨਗਰ ਵਿੱਚ ਬਣੀ ਹੋਈ ਤਲਵਾਰ ਦੀ ਇੱਕ ਜਾਤਿ, ਜੋ ਬਹੁਤ ਕਾਟ ਕਰਨ ਵਾਲੀ ਹੁੰਦੀ ਹੈ. ਦੋ ਫੌਲਾਦੀ ਅਥਵਾ ਸਕੇਲੇ ਦੇ ਪ੍ਰਤਿਆਂ ਦੇ ਵਿਚਕਾਰ ਕੱਚਾ ਲੋਹਾ ਦੇ ਕੇ ਸਿਰੋਹੀ ਘੜੀ ਜਾਂਦੀ ਹੈ, ਐਸਾ ਕਰਨ ਨਾਲ ਸਿਰੋਹੀ ਟੁਟਦੀ ਨਹੀਂ. "ਸਾਂਗ ਸਿਰੋਹੀ ਸੈਫ ਅਸਿ ਤੀਰ ਤੁਪਕ ਤਰਵਾਰ." (ਸਨਾਮਾ) ਦੇਖੋ, ਸਸਤ੍ਰ.

ਸਿਰੋਜ: ਸੰ. शिरोज. ਸ਼ਿਰੋਜ. ਸੰਗਯਾ- ਕੇਸ਼, ਜੋ ਸਿਰ ਤੋਂ ਪੈਦਾ ਹੁੰਦੇ ਹਨ.

ਸਿਰੋਪਾ, ਸਿਰੋਪਾਉ: ਦੇਖੋ, ਸਿਰਪਾਉ ਅਤੇ ਸਿਰੇਪਾਉ ੨.

ਸਿਰੋਮਣਿ: ਸੰ. शिरोमणि. ਸਿਰ ਉੱਪਰ ਪਹਿਰਣ ਦੀ ਮਣੀ. ਮੁਕੁਟਮਣਿ. ਤਾਜ ਦਾ ਰਤਨ। ੨. ਵਿ- ਮੁਖੀਆ. ਪ੍ਰਧਾਨ। ੩. ਉੱਤਮ. ਸ਼੍ਰੇਸ਼੍ਠ. "ਨਾਮੁ ਸਿਰੋਮਣਿ ਸਰਬ ਮੈ." (ਸਵੈਯੇ ਮਃ ੩. ਕੇ)

ਸਿਰੋਰੁਹ: ਸੰ. शिरोरुह ਸੰਗਯਾ- ਕੇਸ਼, ਜੋ ਸਿਰ ਤੋਂ ਉਗਦੇ ਹਨ.

ਸਿਰੰ: ਵਿ- ਸ੍ਰਸ਼੍ਟਾ. ਰਚਣ ਵਾਲਾ. ਸਜੰਨ ਕਰਤਾ. "ਭੂਅ ਭੰਜਨ ਗੰਜਨ ਆਦਿ ਸਿਰੰ." (ਅਕਾਲ) ਪ੍ਰਿਥਿਵੀ ਦੇ ਭੰਜਨ ਕਰਨ ਵਾਲੇ ਅਸੁਰਾਂ ਨੂੰ ਗੰਜਨ ਵਾਲਾ, ਅਤੇ ਆਦਿਸ੍ਰਸ਼੍ਟਾ ਹੈ.

ਸਿਰੰਦ: ਦੇਖੋ, ਸਰਹਿੰਦ.

ਸਿਰੰਦਾ: ਵਿ- ਸਜੰਨ ਕਰਿੰਦਾ. ਸ੍ਰਿਸ਼੍ਟਿ ਕਰਤਾ. "ਧੰਨੁ ਸਿਰੰਦਾ ਸਚਾ ਪਾਤਿਸਾਹੁ." (ਵਡ ਮਃ ੧. ਅਲਾਹਣੀਆ) ੨. ਦੇਖੋ, ਸਰੰਦਾ.

ਸਿਲ: ਸੰ. ਸ਼ਿਲ. ਸੰਗਯਾ- ਖੇਤੀ ਵੱਢਣ ਸਮੇਂ ਖੇਤ ਵਿੱਚ ਡਿਗੇ ਹੋਏ ਦਾਣੇ. ਉਂਛ. ਮੁਨਿ ਨੂੰ ਧਰਮਸ਼ਾਸਤ੍ਰ ਵਿੱਚ ਇਸ ਅੰਨ ਦਾ ਖਾਣਾ ਉੱਤਮ ਦੱਸਿਆ ਹੈ. ਦੇਖੋ, ਮਨੁ ਅਃ ੧੦, ਸ਼ ੧੧੨. "ਸਿਲ ਜੋਗੁ ਅਲੂਣੀ ਚਟੀਐ." (ਵਾਰ ਰਾਮ ੩) ਭਗਤਿਯੋਗ ਰੂਪੀ ਅਲੂਣੀ ਸਿਲ ਦਾ ਸ੍ਵਾਦ ਚੱਖੀਦਾ ਹੈ. ਭਾਵ ਸਭ ਰਸਿ ਤਿਆਗਕੇ ਇਹ ਰਸ ਲਈਦਾ ਹੈ. ਦੇਖੋ, ਸਿਲਾ ਅਲੂਣੀ। ੨. ਸੰ. ਸ਼ਿਲਾ. ਪੱਥਰ. "ਸਿਲ ਪੂਜਸਿ ਬਗੁਲਸਮਾਧੰ." (ਵਾਰ ਆਸਾ) ੩. ਭੁਜੰਗਮਾ ਨਾੜੀ, ਜਿਸ ਨੇ ਸ਼ਿਲਾਰੂਪ ਹੋ ਕੇ ਸੁਖਮਨਾ ਦਾ ਦਰ ਬੰਦ ਕਰਲੀਤਾ ਹੈ. "ਤਿਹ ਸਿਲ ਊਪਰਿ ਖਿੜਕੀ ਅਉਰ." (ਭੈਰ ਕਬੀਰ)

ਸਿਲਸਿਤ: ਸੰ. शिल अशितृ. ਸ਼ਿਲ- ਅਸ਼ਿਤ੍ਰਿ. ਵਿ- ਸ਼ਿਲ ਅੰਨ ਖਾਣ ਵਾਲਾ. ਡਿਗੇ ਦਾਣੇ ਚੁਗਕੇ ਨਿਰਵਾਹ ਕਰਨ ਵਾਲਾ. "ਸਿਲਸਿਤ ਪ੍ਰਬੀਨ." (ਦੱਤਾਵ) ੨. ਦੇਖੋ, ਸਿਲਾਸਿਤ.

ਸਿਲਸਿਲਾ: ਅ਼. سلسلہ ਸੰਗਯਾ- ਜ਼ੰਜੀਰ. ਸ਼੍ਰਿੰਖਲਾ। ੨. ਕ੍ਰਮ। ੩. ਵੰਸ਼. ਪੀੜ੍ਹੀ। ੪. ਸ਼੍ਰੇਣੀ. ਪੰਕਤਿ. ਕਤਾਰ.

ਸਿਲਹ: ਅ਼. سلاح ਸਿਲਾਹ਼. ਸੰਗਯਾ- ਸ਼ਸਤ੍ਰ. ਹਥਿਆਰ. "ਸਚ ਰਖਵਾਲਾ ਸਿਲਹ ਸੰਜੋਆ." (ਭਾਗੁ)

ਸਿਲਹਖਾਨਾ: ਫ਼ਾ. اسلحہ خانہ ਅਸਲਹ਼ਖ਼ਾਨਾ. ਸੰਗਯਾ ਸ਼ਸਤ੍ਰਾਗਾਰ. ਹਥਿਆਰ ਰੱਖਣ ਦਾ ਘਰ. Armory.

ਸਿਲਹਟ: ਆਸਾਮ ਦਾ ਇੱਕ ਜ਼ਿਲਾ ਅਤੇ ਉਸ ਦਾ ਪ੍ਰਧਾਨ ਨਗਰ, ਜੋ ਸੁਰਮਾ ਨਦੀ ਦੇ ਸੱਜੇ ਕਿਨਾਰੇ ਹੈ. ਇਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਧਰਮ ਪ੍ਰਚਾਰ ਕਰਦੇ ਵਿਰਾਜੇ ਹਨ. ਗੁਰਦ੍ਵਾਰਾ ਵਿਦ੍ਯਮਾਨ ਹੈ.

ਸਿਲਕ: ਅ਼. سلک ਸੰਗਯਾ- ਲੜੀ। ੨. ਰੱਸੀ. ਬੰਧਨ. "ਜਿਸੁ ਪ੍ਰਸਾਦਿ ਮਾਇਆ ਸਿਲਕ ਕਾਈ." (ਗਉ ਮਃ ੫) "ਕਾਟਿ ਸਿਲਕ ਪ੍ਰਭੁ ਸੇਵਾ ਲਾਇਆ." (ਮਾਝ ਮਃ ੫)

ਸਿਲਕੋਟ: ਦੇਖੋ, ਸਿਆਲਕੋਟ. "ਪੁਰ ਸਿਲਕੋਟ ਨਾਮ ਜਿਸ ਕੇਰਾ." (ਨਾਪ੍ਰ)

ਸਿਲਪ: ਸੰ. शिल्प ਸ਼ਿਲ੍ਪ. ਸੰਗ੍ਯਾ- ਮੁਸੱਵਰੀ ਆਦਿ ਵਿਦ੍ਯਾ- ੨ ਹੁਨਰ। ੩. ਦਸ੍ਤਕਾਰੀ.

ਸਿਲਪਕਾਰ, ਸਿਲਪੀ: ਸੰ. शिल्पकारिन- शिल्पिन ਵਿ- ਤਸਵੀਰ ਆਦਿ ਲਿਖਣ ਵਾਲਾ। ੨. ਹੁਨਰਮੰਦ. "ਸਿਲਪੀਕਾਰ ਸਵਾਰਹਿਂ ਜਹਾਂ." (ਗੁਪ੍ਰਸੂ)

ਸਿਲਬਿਰਤਿ, ਸਿਲਵ੍ਰਿੱਤਿ: ਸੰ. शिलवृत्ति ਸੰਗ੍ਯਾ- ਖੇਤ ਵਿੱਚ ਸ਼ਿਲ (ਡਿਗੇ ਦਾਣੇ) ਚੁਗਕੇ ਗੁਜ਼ਾਰਾ ਕਰਨਾ. ਦੇਖੋ, ਸਿਲ.

ਸਿਲਾ: ਸੰ. शिल ਖੇਤ ਵਿੱਚ ਡਿਗੇ ਹੋਏ ਦਾਣੇ. ਦੇਖੋ, ਸਿਲ। ੨. ਸ਼ਿਲਾ. ਸੰਗ੍ਯਾ- ਪੱਥਰ. ਵੱਟਾ. "ਪੂਜਿ ਸਿਲਾ ਤੀਰਥ ਬਨਵਾਸਾ." (ਧਨਾ ਅਃ ਮਃ ੧) ੩. ਸ਼ਸਤ੍ਰ. ਦੇਖੋ, ਸਿਲਹ. "ਇੱਕ ਸਵਾਰਨ ਸਿਲਾ ਸੰਜੋਆ." (ਭਾਗੁ) "ਸਬੈ ਸੂਰ ਲੈ ਕੈ ਸਿਲਾ ਸਾਜ ਸਜਜੋ." (ਵਿਚਿਤ੍ਰ) ੪. ਅ਼. صلہ ਸਿਲਹ. ਇਨਾਮ. ਬਖਸ਼ਿਸ਼। ੫. ਮਿਲਾਪ. ਜੋੜ.

ਸਿਲਾ ਅਲੂਣੀ: ਦੇਖੋ, ਸਿਲ ੧. ਖੇਤ ਦੇ ਚੁਗੇ ਹੋਏ ਦਾਣੇ ਬਿਨਾ ਲੂਣ. ਪਹਿਲਾਂ ਤਾਂ ਸ਼ਿਲ ਦਾ ਅੰਨ ਹੀ ਅਨੇਕ ਭਾਤਾਂ ਦਾ ਹੁੰਦਾ ਹੈ, ਫਿਰ ਉਸ ਨਾਲ ਲੂਣ ਭੀ ਨਾ ਹੋਵੇ ਤਦ ਕੁਝ ਭੀ ਰਸ ਨਹੀਂ. ਭਾਵ- ਸਰਬ ਰਸਾਂ ਦੇ ਤਿਆਗ ਤੋਂ ਹੈ.

ਸਿਲਾਈ: ਸੰਗ੍ਯਾ- ਸਿਉਣ ਦੀ ਕ੍ਰਿਯਾ। ੨. ਸਿਉਣ ਦੀ ਮਜੂਰੀ.

ਸਿਲਾਸਿਤ: ਵਿ- ਸ਼ਿਲਾ ਉੱਪਰ ਘਸਾਕੇ ਸ਼ਿਤ (ਤਿੱਖਾ) ਕੀਤਾ ਹੋਇਆ. "ਬਰਖੇ ਸਰ ਸੁੱਧ ਸਿਲਾ ਸਿਤਯੰ." (ਨਰਸਿੰਘਾਵ)

ਸਿਲਾ ਸ਼੍ਰੀ ਚੰਦ ਜੀ ਦੀ: ਚੰਬਾ ਨਗਰ ਪਾਸ (ਜੋ ਪਹਾੜੀ ਰਾਜਧਾਨੀ ਹੈ) ਐਰਾਵਤੀ (ਰਾਵੀ) ਨਦੀ ਦੇ ਕਿਨਾਰੇ ਇੱਕ ਸਿਲਾ ਹੈ, ਜਿਸ ਉੱਪਰ ਬੈਠਕੇ ਸ਼੍ਰੀ ਚੰਦ ਜੀ ਨਦੀ ਪਾਰ ਹੋਏ ਦੱਸੇ ਜਾਂਦੇ ਹਨ. ਇਹ ਘਟਨਾ ੧੫. ਅੱਸੂ ਸੰਮਤ ੧੬੬੯ ਦੀ ਹੈ. ਆਖਦੇ ਹਨ ਕਿ ਬਾਬਾ ਸ਼੍ਰੀ ਚੰਦ ਜੀ ਇਸ ਪਿੱਛੋਂ ਫੇਰ ਕਿਸੇ ਨਹੀਂ ਵੇਖੇ.

ਯਾਤ੍ਰੀ ਇਸ ਸ਼ਿਲਾ ਦਾ ਦਰਸ਼ਨ ਕਰਨ ਲਈ ਜਾਂਦੇ ਹਨ. ਦੇਖੋ, ਸ਼੍ਰੀ ਚੰਦ.

ਸਿਲਾਹ: ਦੇਖੋ, ਸਿਲਹ. "ਕਤਹੂ ਸਿਪਾਹੀ ਹਨਐਕੈ ਸਾਧਤ ਸਿਲਾਹਨ ਕੋ." (ਅਕਾਲ)

ਸਿਲਾਜੀਤ: ਸੰ. शिलाजतु ਸੰਗ੍ਯਾ- ਸ਼ਿਲਾ ਦੀ ਜਤੁ (ਲਾਖੁ). ਸੂਰਜ ਦੀ ਤਪਤ ਦੇ ਕਾਰਣ ਸ਼ਿਲਾ ਵਿੱਚੋਂ ਚੋਕੇ ਨਿਕਲਿਆ ਇੱਕ ਪਦਾਰਥ, ਜੋ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. Rock- exuzation. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਵੈਦਕ ਵਿੱਚ ਪੇਟ ਦੇ ਕੀੜੇ, ਸੋਜ, ਖਈ, ਮਿਰਗੀ. ਪੀਲੀਆ (ਸਟਕਾ) ਆਦਿ ਰੋਗਾਂ ਦੇ ਦੂਰ ਕਰਨ ਵਾਲਾ ਮੰਨਿਆ ਹੈ. ਇਹ ਗਠੀਆ, ਜਲੋਦਰ, ਦਮਾ ਆਦਿਕ ਰੋਗਾਂ ਨੂੰ ਹਟਾਉਂਦਾ ਹੈ, ਪੱਠਿਆਂ ਨੂੰ ਤਾਕਤ ਦਿੰਦਾ ਹੈ.

ਸਿਲਾਤ: ਦੇਖੋ, ਸਿਰਾਤ.

ਸਿਲਾਬ: ਫ਼ਾ. سیلاب ਸੰਗ੍ਯਾ- ਪਾਣੀ ਦਾ ਹੜ੍ਹ. ਰੌ। ੨. ਨਮੀ. ਤਰਾਵਤ. ਗਿੱਲ.

ਸ਼ਿਲੀਪਦ: ਦੇਖੋ, ਫੀਲਪਾਵ.

ਸਿਲੀਮੁਖ: ਸੰ. ਸ਼ਿਲੀਮੁਖ. ਸੰਗ੍ਯਾ- ਭੌਰਾ. ਜਿਸ ਦੇ ਮੂੰਹ ਵਿੱਚ ਕੰਡਾ ਹੈ. "ਸਿਲੀਮੁਖ ਸਿੱਖ ਮਨ ਸੌਰਭ ਅਨੰਦ ਦੇਤ." (ਨਾਪ੍ਰ) ੨. ਤੀਰ, ਜਿਸ ਦਾ ਮੂੰਹ ਤਿੱਖੀ ਨੋਕ ਵਾਲਾ ਹੈ. "ਗਯਾਨ ਕੋ ਖੜਗ ਧਰ ਜੁਗਤਿ ਕਮਾਨ ਕਰ, ਨਾਨ੍ਹਾ ਦ੍ਰਿਸਟਾਂਤ ਲੀਨ ਸਿਲੀਮੁਖ ਧਾਰਿਯਾ." (ਨਾਪ੍ਰ)

ਸਿਲੂਖ: ਦੇਖੋ, ਸੈਲੂਖ.

ਸਿਲੋਚਨ: ਤ੍ਰਿਨੇਤ੍ਰ. ਦੇਖੋ, ਸਿ ੪.

ਸਿਲੋਂਛ, ਸਿਲੋਂਛਵ੍ਰਿੱਤਿ: ਸੰ. शिलोञ्छ ਸੰਗ੍ਯਾ- ਸ਼ਿਲ ਚੁਗਣ ਦਾ ਕਰਮ. ਦੇਖੋ, ਉਂਛ ਬ੍ਰਿਤਿ, ਸਿਲ ਅਤੇ ਸਿਲਵ੍ਰਿੱਤਿ.

ਸਿੱਲੀ: ਖਤ੍ਰੀਆਂ ਦੀ ਇੱਕ ਜਾਤਿ.

ਸਿਵ: ਸੰ. ਸ਼ਿਵ. ਸੰਗਯਾ- ਸੁੱਖ। ਮੁਕਤਿ। ਮਹਾਦੇਵ. ਪਾਰਵਤੀ ਦਾ ਪਤਿ. "ਸਿਵ ਸਿਵ ਕਰਤੇ ਜੋ ਨਰ ਧਿਆਵੈ." (ਗੌਂਡ ਨਾਮਦੇਵ) ੪. ਜਲ। ੫. ਸੇਂਧਾ ਲੂਣ। ੬. ਗੁੱਗਲ। ੭. ਬਾਲੂਰੇਤ। ੮. ਪਾਰਾ। ੯. ਸ਼ਾਂਤਿ."ਆਪੇ ਸਿਵ ਵਰਤਾਈਅਨੁ ਅੰਤਰਿ." (ਮਾਰੂ ਸੋਲਹੇ ਮਃ ੫) ੧੦. ਪਾਰਬ੍ਰਹਮ. ਕਰਤਾਰ. "ਜਹਿ ਦੇਖਾ ਤਹਿ ਰਵਿਰਹੇ ਸਿਵ ਸਕਤੀ ਕਾ ਮੇਲ." (ਸ੍ਰੀ ਮਃ ੧) ੧੧. ਆਤਮਗਿਆਨ। ੧੨. ਬ੍ਰਹਮਾ. ਦੇਖੋ, ਮਹੇਸ਼। ੧੩. ਗਿਆਰਾਂ ਸੰਖ੍ਯਾਬੋਧਕ. ਕਿਉਂਕਿ ਸ਼ਿਵ ੧੧. ਮੰਨੇ ਹਨ। ੧੪. ਗੁਣ। ੧੫. ਸਿਵਾ (ਸ਼ਵਦਾਹ ਦੀ ਚਿਤਾ) ਲਈ ਭੀ ਸਿਵ ਸ਼ਬਦ ਇੱਕ ਥਾਂ ਆਇਆ ਹੈ- "ਤਨਿਕ ਅਗਨਿ ਕੇ ਸਿਵ ਭਏ." (ਚਰਿਤ੍ਰ ੯੧) ਦੇਖੋ, ਸਿਵਾ ੯। ੧੬. ਸੰ. ਸਿਵ੍ ਧਾ- ਸਿਉਂਣਾ. ਬੀਜਣਾ. ਸਿੰਜਣਾ. ਸੇਵਾ ਕਰਨਾ.

ਸਿਵਅਰਿ: ਸੰਗਯਾ- ਸ਼ਿਵ ਦਾ ਵੈਰੀ. ਸ਼ਿਵ ਹੈ ਜਿਸ ਦਾ ਵੈਰੀ. ਕਾਮਦੇਵ. ਅਨੰਗ

ਸਿਵਸਕਤਿ, ਸਿਵਸਕਤੀ: ਸ਼ਿਵ ਅਤੇ ਉਸ ਦੀ ਸ਼ਕਤਿ ਦੁਰਗਾ। ੨. ਕਰਤਾਰ ਅਤੇ ਮਾਇਆ। ੩. ਆਤਮਾ ਅਤੇ ਅਵਿਦ੍ਯਾ। ੪. ਸ਼ਾਂਤਿ ਅਤੇ ਤ੍ਰਿਸਨਾ. "ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ." (ਅਨੰਦੁ) ੫. ਗੁਣ ਦੀ ਤਾਸੀਰ. "ਚੰਦਨ ਸਮੀਪ ਜੈਸੇ ਬਾਂਸ ਔ ਬਨਾਸਪਤੀ, ਗੰਧ ਨਿਰਗੰਧ ਸਿਵ ਸਕਤਿ ਕੈ ਜਾਨਿਯੈ." (ਭਾਗੁ ਕ)

ਸਿਵਸਤ੍ਰੁ: ਦੇਖੋ, ਸਿਵਅਰਿ.

ਸਿਵਸਿਵ: ਵ੍ਯ- ਨਿਖੇਧ, ਪਛਤਾਉ ਅਤੇ ਅਚਰਜ ਬੋਧਕ ਸ਼ਬਦ. "ਸਿਵ ਸਿਵ ! ਕਰਤ ਸਗਲ ਕਰ ਜੋਰਹਿ." (ਗਉ ਮਃ ੫)

ਸਿਵ ਸੰਕਰਾ ਮਹੇਸ: ਭਾਵ- ਗਿਆਰਾਂ ਰੁਦ੍ਰ. "ਮੈਲੇ ਸਿਵ ਸੰਕਰਾ ਮਹੇਸ." (ਭੈਰ ਕਬੀਰ) ੨. ਦੇਖੋ, ਮਹੇਸ.

ਸਿਵਕ: ਦੇਖੋ, ਸੇਵਕ. "ਕੋਇ ਨ ਪਹੁਚਾ ਸਿਵਕ ਹਮਾਰੋ." (ਚਰਿਤ੍ਰ ੪੦੩) "ਸਿਵਕਨ ਕੋ ਸਿਵਗੁਣ ਸੁਖ ਦੀਓ." (ਚੌਪਈ)

ਸਿਵਕਾ: ਦੇਖੋ, ਸਿਵਿਕਾ.

ਸਿਵਕਾਈ: ਸੰਗਯਾ- ਸੇਵਕਪਨ. ਦਾਸਭਾਵ. "ਲਹਹੋ ਪਰਮਪਦ ਕਰ ਸਿਵਕਾਈ." (ਗੁਪ੍ਰਸੂ)

ਸਿਵ ਕੀ ਪੁਰੀ: ਸੰਗਯਾ- ਕਾਸ਼ੀ। ੨. ਸਤਸੰਗ, ਜੋ ਮੁਕਤਿਪੁਰੀ ਹੈ. "ਸਿਵ ਕੀ ਪੁਰੀ ਬਸੈ ਬੁਧਿਸਾਰੁ." (ਭੈਰ ਕਬੀਰ) ੩. ਯੋਗਮਤ ਅਨੁਸਾਰ ਦਸ਼ਮਦ੍ਵਾਰ। ੪. ਨਿਰਮਲ ਅੰਤਹਕਰਣ.

ਸਿਵ ਕੈ ਬਾਨਿ: ਸ਼ਿਵ ਦੇ ਵਾਣ ਨਾਲ. ਦੇਖੋ, ਸਿਵਬਾਣ.

ਸਿਵਕੰਠੀ: ਸੰਗਯਾ- ਜ਼ਹਿਰ. ਵਿਸ਼. ਜੋ ਸ਼ਿਵ ਦੇ ਗਲੇ ਰਹਿੰਦੀ ਹੈ. (ਸਨਾਮਾ)

ਸਿਵਗੁਣ: ਸੰਗਯਾ- ਦੈਵੀ ਸੰਪਦਾ ਦੇ ਗੁਣ. ਸ਼ੁਭਗੁਣ. ਦੇਖੋ, ਸਿਵਕ.

ਸਿਵਘਰ: ਸੰਗਯਾ- ਸਤਸੰਗ। ੨. ਸਤਿਗੁਰੂ। ੩. ਆਤਮਗ੍ਯਾਨ। ੪. ਤੁਰੀਯਪਦ. ਨਿਰਵਾਣ.

ਸਿਵਘਰਿ: ਸਿਵਘਰ ਵਿੱਚ. "ਸਿਵਘਰਿ ਨੀਦ ਨ ਹੋਈ." (ਗੂਜ ਅਃ ਮਃ ੩)

ਸਿਵਜੋਤਿ: ਸੰਗਯਾ- ਕਰਤਾਰ, ਜੋ ਗ੍ਯਾਨ ਪ੍ਰਕਾਸ਼ ਰੂਪ ਹੈ. "ਸਿਵਜੋਤਿ ਕੰਨਹੁ ਬੁਧਿ ਪਾਈ." (ਪ੍ਰਭਾ ਮਃ ੧) ੨. ਆਤਮਗ੍ਯਾਨ. "ਸਕਤਿ ਗਈ ਭ੍ਰਮ ਕਟਿਆ ਸਿਵਜੋਤਿ ਜਗਾਇਆ." (ਵਾਰ ਸਾਰ ਮਃ ੪)

ਸਿਵਦਯਾਲ, ਸਿਵਦਿਆਲ: ਦੇਖੋ, ਸਿਵਦ੍ਯਾਲ। ੨. ਦੇਖੋ, ਰਾਧਾ ਸ੍ਵਾਮੀ.

ਸਿਵਦੂਤੀ: ਸੰਗਯਾ- ਦੁਰਗਾ. ਭਵਾਨੀ ਸ਼ੁੰਭ. ਦੈਤ ਪਾਸ ਭੇਜਣ ਲਈ ਸ਼ਿਵ ਨੂੰ ਦੂਤ ਬਣਾਉਣ ਵਾਲੀ. "ਸਿਵਹਿ ਦੂਤ ਕਰ ਉਤੈ ਪਠਾਵਾ। ਸਿਵਦੂਤੀ ਤਾਂਤੇ ਭਯੋ ਨਾਮਾ।।" (ਚੰਡੀ ੨) ਵਿਸਤਾਰ ਨਾਲ ਇਹ ਕਥਾ ਦੇਖਣੀ ਹੋਵੇ, ਤਦ ਦੇਖੋ ਕਾਲਿਕਾ ਪੁਰਾਣ

ਅਃ ੬, ਅਤੇ ਦੇਵੀ ਭਾਗਵਤ ਸਕੰਧ ੫. ਅਃ ੨੮.

ਸਿਵਦੇਵ: ਸ਼ਿਵ ਆਦਿ ਦੇਵਤਾ. "ਕਰਣਪਲਾਹ ਕਰਹਿ ਸਿਵਦੇਵ." (ਗੌਂਡ ਮਃ ੫) ੨. ਕਲ੍ਯਾਣਰੂਪ ਦੇਵ. ਕਰਤਾਰ.

ਸ਼ਿਵਦ੍ਯਾਲ: ਇੱਕ ਉੱਤਮ ਕਵਿ, ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਭੂਸ਼ਣ ਸੀ. ਉਸ ਦੀ ਕਵਿਤਾ ਦਾ ਨਮੂਨਾ ਇਹ ਹੈ-

ਚੇਲੀ ਚਕ੍ਰ ਹਰਿ ਕੀ ਸਹੇਲੀ ਸ਼ਕ੍ਤਿ ਵਿਧਿ ਹੂੰ ਕੀ

ਤਰਨ ਤ੍ਰਿਸ਼ੂਲ ਕੀ ਸੀ ਅਰਿ ਕਤਰਤ ਹੈ,

ਜਾਈ ਯਮ ਕੀ ਸੀ ਕੈ ਖਿਲਾਈ ਮਹਾਂਮੀਰ ਕੀ ਸੀ

ਸ਼ੇਸ਼ ਕੀ ਸਿਖਾਈ ਵਿਸ਼ ਯਾਂਹੀ ਤੇ ਧਰਤ ਹੈ,

ਕਹੈ ਸ਼ਿਵਦਯਾਲ ਸ਼੍ਰੀ ਖਾਲਸਾ ਜੀ ਤੇਰੀ ਤੇਗ

ਬੀਜੁ ਕੇ ਪ੍ਰਕਾਸ਼ ਸੀ ਅਕਾਸ ਪਸਰਤ ਹੈ,

ਤੁਮ ਲਾਖੋਂ ਦਾਹੇ ਵਹ ਦਾਹਨੇ ਰਹਤ ਬਾਂਹ

ਤੁਮ ਕਰੋ ਵਾਰ ਵਹ ਪਾਰ ਉਤਰਤ ਹੈ.

ਗਿਲਜਾ ਕੇ ਮਾਸ ਮੁਖ ਗੀਧ ਲੈ ਉਡਾਨੇ ਜਾਤ

ਪ੍ਰੇਤ ਹੂੰ ਪਠਾਨਨ ਕੇ ਪੇਟ ਫਾਰੈਂ ਪਟ ਪਟ,

ਖੇਤ ਮੇ ਖਵੀਸ ਖੁਰਾਸਾਨਿਨ ਕੋ ਖਾਇ ਧਾਇ

ਹਾਡ ਦੰਤ ਤਰੇ ਪਰੈਂ ਨਾਦ ਹੋਤ ਖਟ ਖਟ,

ਕਹੈ ਸ਼ਿਵਦਯਾਲ ਮਹਾਰਾਜ ਰਣਜੀਤ ਸਿੰਘ

ਕਾਲਿਕਾ ਅਸੀਸੈਂ ਦੇਤ ਲੀਜੈ ਵਿਜੈ ਝਟ ਝਟ,

ਡਾਕਿਨੀ ਔਂ ਸਾਕਿਨੀ ਪਿਸਾਚਨੀ ਅਘਾਨੀ ਘਨੀ

ਲੋਹੂ ਪੀਐਂ ਜੋਗਿਨੀ ਗਰੇ ਮੇ ਹੋਤ ਗਟ ਗਟ.

ਸ਼ਿਵਦ੍ਰੁਮ: ਸ਼ਿਵ ਦਾ ਪਿਆਰਾ ਬਿਰਛ ਬਿੱਲ.

ਸ਼ਿਵਧਾਤੁ: ਪਾਰਾ.

ਸ਼ਿਵਨਗਰ, ਸ਼ਿਵਨਗਰੀ: ਕਾਸ਼ੀ। ਤੁਰੀਯ (ਤੁਰੀਆ) ਪਦਵੀ. ਨਿਰਵਾਣ ਅਵਸਥਾ."ਸ਼ਿਵ ਨਗਰੀ ਮਹਿ ਆਸਣ ਬੈਸਣ." (ਆਸਾ ਮਃ ੧)

ਸ਼ਿਵਨਯਨ: ਤਿੰਨ ਬੋਧਕ ਗਿਣਤੀ, ਕਿਉਂਕਿ ਸ਼ਿਵ ਦੇ ਤਿੰਨ ਨੇਤ੍ਰ ਲਿਖੇ ਹਨ.

ਸ਼ਿਵਨਾਭ, ਸ਼ਿਵਨਾਭਿ: ਜਨਮਸਾਖੀ ਅਨੁਸਾਰ ਸਿੰਹਲ (ਸੰਗਲਾ) ਦ੍ਵੀਪ ਦਾ ਰਾਜਾ, ਜੋ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਹੋਇਆ। ੨. ਪੁਰਾਣਾਂ ਅਨੁਸਾਰ ਇੱਕ ਖਾਸ ਜਾਤਿ ਦਾ ਸ਼ਿਵਲਿੰਗ ਅਤੇ ਸਾਲਿਗ੍ਰਾਮ.

ਸ਼ਿਵਨੇਤ੍ਰ: ਦੇਖੋ, ਸਿਵਨਯਨ.

ਸ਼ਿਵਪੁਰਿ, ਸ਼ਿਵਪੁਰੀ: ਸ਼ਿਵਲੋਕ. ਕੈਲਾਸ਼. "ਸ਼ਿਵਪੁਰੀ ਕਾ ਹੋਇਗਾ ਕਾਲਾ." (ਗਉ ਅ: ਮ: ੫) ੨. ਕਾਸ਼ੀ. "ਸਗਲ ਜਨਮ ਸਿਵਪੁਰੀ ਗਵਾਇਆ." (ਗਉ ਕਬੀਰ) ੩. ਨਿਰਵਾਣ ਪਦਵੀ. ਤੁਰੀਯ ਅਵਸਥਾ "ਸੋ ਅਉਧੂਤੀ ਸਿਵਪੁਰਿ ਚੜੈ." (ਵਾਰ ਰਾਮ ੧. ਮ: ੧) ੪. ਯੋਗਮਤ ਅਨੁਸਾਰ ਦਸ਼ਮਦ੍ਵਾਰ.

ਸਿਵਬਾਣ: ਵਿ- ਅਮੋਘ ਬਾਣ. ਜੋ ਤੀਰ ਨਿਸ਼ਾਨੇ ਤੋਂ ਖ਼ਤਾ ਨਾ ਹੋਵੇ. ਪੁਰਾਣਕਥਾ ਹੈ ਕਿ ਸ਼ਿਵ ਦੇ ਪਿਨਾਕ ਧਨੁਖ ਤੋਂ ਚਲਾਇਆ ਤੀਰ ਕਦੇ ਨਿਸਫਲ ਨਹੀਂ ਹੁੰਦਾ. "ਪਾਰਬ੍ਰਹਮ ਪ੍ਰਭੁ ਭਏ ਦਇਆਲਾ ਸਿਵ ਕੈ ਬਾਣਿ ਸਿਰ ਕਾਟਿਓ." (ਟੋਡੀ ਮ: ੫) ਇਸ ਥਾਂ ਸਿਵਬਾਣ ਤੋਂ ਭਾਵ ਗੁਰੁਉਪਦੇਸ਼ ਹੈ। ੨. ਪੁਰਾਣਾਂ ਵਿੱਚ ਸ਼ਿਵਬਾਣ ਨਾਉਂ ਵਿਸ਼ਨੁ ਦਾ ਹੈ, ਕਿਉਂਕਿ ਤ੍ਰਿਪੁਰਾਸੁਰ ਮਾਰਨ ਲਈ ਸ਼ਿਵ ਨੇ ਵਿਸ਼ਨੁ ਨੂੰ ਤੀਰ ਦੀ ਥਾਂ ਧਨੁਖ ਵਿੱਚ ਜੋੜਕੇ ਚਲਾਇਆ ਸੀ।

ਸ਼ਿਵਬਾਰ: ਸੰਗਯਾ- ਸ਼ਿਵ ਬਾਲ. ਸ਼ਿਵ ਦਾ ਬਾਲਕ, ਗਣੇਸ਼। ੨. ਕਾਰ੍ਤਿਕੇਯ। ੩. ਮਛੇਂਦ੍ਰਨਾਥ. "ਨ ਵਿਲੋਕਿਓ ਸਿਵਬਾਰ." (ਪਾਰਸਾਵ)

ਸਿਵੱਯਾ: ਵਿ- ਸੇਵਨ ਕਰੈਯਾ. ਉਪਾਸਕ. "ਸੂਰਜ- ਸਿਵੱਯਾ ਤਾਹਿ ਕੌਲ ਕੀ ਬਡਾਈ ਦੇਤ." (ਅਕਾਲ)

ਸਿਵਰ: ਦੇਖੋ, ਸਿਵਰਨ ਅਤੇ ਸਿਵਿਰ.

ਸਿਵਰਨ: ਦੇਖੋ, ਸਿਮਰਣ "ਸਿਵਰਿਹੁ ਸਿਰਜਣਹਾਰੋ." (ਸੋਹਿਲਾ) "ਕਿਉ ਸਿਮਰੀ ਸਿਵਰਿਆ ਨਹੀ ਜਾਇ." (ਧਨਾ ਮ: ੧)

ਸਿਵਰਾਤ, ਸਿਵਰਾਤਿ, ਸਿਵਰਾਤ੍ਰਿ: ਪੁਰਾਣਾਂ ਅਨੁਸਾਰ ਸ਼ਿਵ ਦੀ ਪਿਆਰੀ ਦੁਰਗਾ ਦੀ ਮੰਗਲਮਯ ਰਾਤ੍ਰੀ ਫੱਗਣ ਬਦੀ ੧੪. ਸ਼ਿਵ ਨੂੰ ਪ੍ਰਧਾਨ ਦੇਵਤਾ ਮੰਨਣ ਵਾਲੇ ਇਸ ਦਿਨ ਉਤਸਵ ਮਨਾਉਂਦੇ ਹਨ. "ਮੇਲਾ ਸੁਣ ਸਿਵਰਾਤ ਦਾ ਬਾਬਾ ਅਚਲ ਵਟਾਲੇ ਆਈ." (ਭਾਗੁ) ਦੇਖੋ, ਅਚਲ ਵਟਾਲਾ.

ਸਿਵਰਾਮ: ਰਾਮਨਾਰਾਯਣ ਵੇਦੀ ਦਾ ਸੁਪੁਤ੍ਰ, ਬਾਬਾ ਕਾਲੂ ਜੀ ਦਾ ਪਿਤਾ, ਮਾਤਾ ਬਨਾਰਸੀ ਜੀ ਦਾ ਪਤਿ ਅਤੇ ਸਤਿਗੁਰੂ ਨਾਨਕ ਦੇਵ ਜੀ ਦਾ ਦਾਦਾ. ਇਸ ਮਹਾਤਮਾ ਦਾ ਜਨਮ ਸੰਮਤ ੧੪੭੫ ਦਾ ਦੱਸਿਆ ਜਾਂਦਾ ਹੈ.

ਸਿਵਰਿ: ਸ੍ਮਰਣ ਕਰਕੇ. ਸਿਮਰਕੇ. "ਸੋਈ ਪੁਰਖੁ ਸਿਵਰਿ ਸਾਚਾ." (ਸਵੈਯੇ ਮ: ੩. ਕੇ)

ਸਿਵਲਿੰਗ: ਸੰਗਯਾ- ਜਨਨਇੰਦ੍ਰਿਯ ਸਮਾਨ ਸ਼ਿਵ ਦਾ ਚਿਨ੍ਹ, ਜਿਸ ਨੂੰ ਸ਼ਿਵ ਰੂਪ ਜਾਣਕੇ ਸ਼ੈਵ ਪੂਜਦੇ ਹਨ. ਦੇਖੋ, ਦੁਆਦਸ ਸਿਲਾ ਅਤੇ ਲਿੰਗ.

ਸਿਵਲੋਕ: ਸੰਗਯਾ- ਕੈਲਾਸ਼। ੨. ਸਤਸੰਗ.

ਸਿਵਵਾਹਨ: ਸ਼ਿਵ ਦੀ ਸਵਾਰੀ ਬੈਲ. ਨਾਦੀਆ.

ਸਿਵਾ: ਸੰ. ਸ਼ਿਵਾ. ਸੰਗਯਾ- ਸ਼ਿਵ ਦੀ ਇਸਤ੍ਰੀ ਦੁਰਗਾ. ਪਾਰਵਤੀ. "ਧਰ ਧਿਆਨ ਮਨ ਸਿਵਾ ਕੋ ਤਕੀ ਪੁਰੀ ਕੈਲਾਸ." (ਚੰਡੀ ੧) ੨. ਪਾਰਬ੍ਰਹਮ ਦੀ ਸ਼ਕਤਿ. ਦੇਖੋ, ਸ਼ਿਵ. "ਦੇਹ ਸਿਵਾ ਵਰ ਮੋਹਿ ਅਬੈ." (ਚੰਡੀ ੧) ੩. ਹਰੀ ਦੁੱਬ। ੪. ਗਿਦੜੀ. "ਸਿਵਾ ਅਸਿਵਾ ਪੁਕਾਰਤ ਭਈ." (ਗੁਪ੍ਰਸੂ) ੫. ਹਲਦੀ। ੬. ਮੁਕਤਿ। ੭. ਹਰੜ. ੮. ਵਿ- ਸੁਖ ਦੇਣ ਵਾਲੀ. ੯. ਪ੍ਰਾ. ਸੰਗਯਾ- ਚਿਤਾ. ਸ਼ਵ ਦਾਹ ਦੀ ਥਾਂ। ੧੦. ਅ਼. سوا ਕ੍ਰਿ. ਵਿ- ਬਗੈਰ. ਬਿਨਾ.

ਸਿਵਾਇ: ਦੇਖੋ, ਸਿਵਾ ੧੦.

ਸਿਵਾ ਸਕਤਿ ਸੰਬਾਦ: ਸੰਗਯਾ- ਤੰਤ੍ਰਸ਼ਾਸਤ੍ਰ. ਇਹ ਸ਼ਾਸਤ੍ਰ ਦੁਰਗਾ ਅਤੇ ਸ਼ਿਵ ਦੀ ਚਰਚਾ ਦਾ ਸੰਗ੍ਰਹ ਹੈ. "ਸਿਵਾ ਸਕਤਿ ਸੰਬਾਦੰ, ਮਨ ਛੋਡਿ ਛੋਡਿ ਸਗਲ ਭੇਦੰ." (ਗੌਂਡ ਨਾਮਦੇਵ)

ਸ਼ਿਵਾਜੀ: ਇਹ ਮਰਹਟਾ (ਮਹਾਰਾਸ਼੍ਟ੍ਰ) ਵੰਸ਼ ਦਾ ਭੂਸ਼ਣ, ਜੀਜਾਬਾਈ ਦੇ ਉਦਰ ਤੋਂ ਸ਼ਾਹ ਜੀ ਭੋਂਸਲਾ ਦਾ ਪੁਤ੍ਰ ਸੀ ੧੬੨੭ ਵਿੱਚ ਸ਼ਿਵਨੇਰ ਦੇ ਕਿਲੇ (ਪੂਨਾ ਦੇ ਪਾਸ) ਜਨਮਿਆ. ਇਸ ਦਾ ਪਿਤਾ ਸ਼ਿਵਾ (ਦੁਰਗਾ) ਦਾ ਪਰਮ ਭਗਤ ਸੀ, ਇਸ ਕਰਕੇ

ਪੁਤ੍ਰ ਦਾ ਨਾਉਂ ਸ਼ਿਵਾ ਜੀ ਰੱਖਿਆ. ਸ਼ਿਵਾ ਜੀ ਨੇ ਆਪਣੀ ਮਾਤਾ ਅਤੇ ਅਤਾਲੀਕ ਜਾਦੋ ਜੀ ਬ੍ਰਾਹਮਣ ਤੋਂ ਹਿੰਦੂਮਤ ਦੀ ਸਿਖ੍ਯਾ ਪਾਈ. ਇਸ ਦਾ ਗੁਰੂ ਮਹਾਤਮਾ ਸਮਰਥ ਰਾਮਦਾਸ ਸੀ, ਜਿਸ ਨੇ ਇਸ ਨੂੰ ਉਪਦੇਸ਼ ਦਿੱਤਾ ਕਿ ਮਰਹਟਾ ਕੌਮ ਨੂੰ ਇੱਕ ਕਰੋ ਅਰ ਧਰਮ ਦੀ ਰਖ੍ਯਾ ਕਰੋ.

ਸ਼ਿਵਾ ਜੀ ਨੇ ਆਪਣੀ ਇਤਨੀ ਤਾਕਤ ਵਧਾ ਲਈ ਕਿ ਇਹ ਮਰਹਟਾ ਕੌਮ ਦਾ ਮਹਾਰਾਜਾ ਮੰਨਿਆ ਗਿਆ. ਇਸ ਨੇ ਬੀਜਾਪੁਰ ਅਰ ਗੋਲਕੰਡੇ ਤੋਂ ਖਿਰਾਜ ਵਸੂਲ ਕੀਤਾ. ਸ਼ਿਵਾ ਜੀ ਨੇ ਇਕ ਵਾਰ ਔਰੰਗਜ਼ੇਬ ਦੀ ਤਾਬੇਦਾਰੀ ਭੀ ਮੰਨ ਲਈ ਸੀ, ਪਰ ਜਦ ਦਿੱਲੀ ਦਰਬਾਰ ਵਿੱਚ ਹਾਜਿਰ ਹੋਇਆ ਤਦ ਸਲੂਕ ਚੰਗਾ ਨਾ ਦੇਖਕੇ ਮਨ ਫੇਰ ਲਿਆ. ਬਾਦਸ਼ਾਹ ਨੇ ਇਸ ਨੂੰ ਕੈਦ ਕਰ ਲਿਆ ਪਰ ਇਹ ਮਥੁਰਾ ਦੇ ਬ੍ਰਾਹਮਣਾਂ ਨੂੰ ਭੋਜਨ ਭੇਜਣ ਦੇ ਬਹਾਨੇ ਇੱਕ ਮਿਠਾਈ ਦੀ ਵਡੀ ਚੰਗੇਰ ਵਿੱਚ ਬੈਠਕੇ ਨਿਕਲ ਗਿਆ ਅਰ ਮੁਗਲਰਾਜ ਦਾ ਵੈਰੀ ਬਣਕੇ ਹਮੇਸ਼ਾਂ ਦੁੱਖ ਦਿੰਦਾ ਰਿਹਾ.

ਸ਼ਿਵਾ ਜੀ ਨੇ ਸਨ ੧੬੭੪ ਵਿੱਚ "ਰਾਇਗੜ੍ਹ" ਵਿੱਚ ਸ਼ਾਹੀ ਤਾਜ ਪਹਿਨਕੇ ਵਡਾ ਭਾਰੀ ਜਲਸਾ ਕੀਤਾ. ਇਹ ਮਹਾਂਵੀਰ ੫੩ ਵਰ੍ਹੇ ਦੀ ਉਮਰ ਵਿੱਚ ੫. ਏਪ੍ਰਿਲ ੧੬੮੦ ਨੂੰ ਕੁਝ ਕਾਲ ਬੀਮਾਰ ਰਹਿਕੇ ਕਾਲਵਸ਼ ਹੋਇਆ. ਸ਼ਿਵਾ ਜੀ ਦੀ ਤਲਵਾਰ ਦਾ ਨਾਉਂ "ਭਵਾਨੀ" ਸੀ, ਜਿਸ ਨੂੰ ਉਹ ਹਰ ਵੇਲੇ ਪਾਸ ਰਖਦਾ ਸੀ.

ਇਹ ਮਹਾਰਾਜਾ ਦੇਸਭਗਤ ਅਤੇ ਧਰਮ ਦਾ ਪ੍ਰੇਮੀ ਸੀ. ਇਸ ਨੇ ਜੰਗ ਵਿੱਚ ਭੀ ਹੁਕਮ ਦੇ ਰੱਖਿਆ ਸੀ ਕਿ ਵੈਰੀ ਦੇ ਧਰਮ ਅਸਥਾਨਾ, ਧਾਰਮਿਕ ਪੁਸਤਕਾਂ ਅਤੇ ਇਸਤ੍ਰੀਆਂ ਨੂੰ ਕੋਈ ਨਾ ਛੇੜੇ.

ਵੀਰ ਰਸ ਦਾ ਅਦੁੱਤੀ ਕਵੀ "ਭੂਸ਼ਣ" ਜਿਸ ਦੀ ਕਵਿਤਾ ਸੁਣਕੇ ਕਾਇਰ ਦਾ ਹੱਥ ਭੀ ਬੇਬਸ ਮੁੱਛ ਉੱਪਰ ਪਹੁੰਚਦਾ ਸੀ, ਇਸ ਦੇ ਦਰਬਾਰ ਦਾ ਰਤਨ ਸੀ. ਭੂਸ਼ਣ ਆਪਣੇ ਕਾਵ੍ਯ ਵਿੱਚ ਸ਼ਿਵਾ ਜੀ ਨੂੰ "ਸ਼ਿਵਰਾਜ" ਲਿਖਦਾ ਹੈ. ਯਥਾ-

ਇੰਦ੍ਰ ਜਿਮ ਜੰਭ ਪਰ ਬਾੜਵ ਸੁ ਅੰਭ ਪਰ

ਰਾਵਣ ਸਦੰਭ ਪਰ ਰਘੁਕੁਲਰਾਜ ਹੈ,

ਪੌਨ ਵਾਰਿਵਾਹ ਪਰ ਸ਼ੰਭੁ ਰਤਿਨਾਹ ਪਰ

ਜਯੋਂ ਸਹਸ੍ਰਵਾਹੁ ਪਰ ਰਾਮ ਦ੍ਵਿਜਰਾਜ ਹੈ,

ਦਵ ਦ੍ਰੁਮ ਦੰਡ ਪਰ ਚੀਤਾ ਮ੍ਰਿਗ ਝੁੰਡ ਪਰ

ਭੂਸ਼ਣ ਵਿਤੁੰਡਿ ਪਰ ਜੈਸੇ ਮ੍ਰਿਗਰਾਜ ਹੈ,

ਤੇਜ ਤਮਅੰਸ ਪਰ ਕਾਨ੍ਹ ਜਿਮ ਕੰਸ ਪਰ

ਤਯੋਂ ਮਲੇੱਛਵੰਸ਼ ਪਰ ਸ਼ੇਰ ਸ਼ਿਵ ਰਾਜ ਹੈ.

ਸ਼ਿਵ ਜੀ ਦਾ ਪੁਤ੍ਰ ਸੰਭਾ ਜੀ ਸ਼ਰਾਬੀ ਅਤੇ ਛੋਟੇ ਦਿਲ ਦਾ ਆਦਮੀ ਸੀ. ਇਸ ਲਈ ਉਹ ਪਿਤਾ ਦੀ ਪ੍ਰਭੁਤਾ ਵਧਾਉਣ ਯੋਗ੍ਯ ਨਾ ਹੋਇਆ. ਇਵੇਂ ਹੀ ਸੰਭਾ ਜੀ ਦਾ ਪੁਤ੍ਰ ਸਾਹੂ ਜੀ, ਦਾਦਾ ਦੇ ਗੁਣਾ ਤੋਂ ਖਾਲੀ ਸੀ. ਹੁਣ ਕੋਲ੍ਹਾਪੁਰ ਦਾ ਰਾਜ ਸ਼ਿਵਾ ਜੀ ਦੀ ਵੰਸ਼ ਦੀ ਯਾਦ ਦਿਲਾਉਂਦਾ ਹੈ.

ਸ਼ਿਵਾਪ੍ਰਿਯ: ਬਕਰਾ, ਜੋ ਦੇਵੀ ਨੂੰ ਬਹੁਤ ਪਿਆਰਾ ਹੈ. ਦੇਖੋ, ਬਕਰਾ ੧.। ੨. ਸ਼ਿਵ. ਮਹਾਦੇਵ.

ਸਿਵਾਰ, ਸਿਵਾਲ: ਦੇਖੋ, ਸਿਬਾਲ.

ਸਿਵਾਲਯ, ਸਿਵਾਲਾ: ਸੰਗ੍ਯਾ- ਸ਼ਿਵ ਦਾ ਆਲਯ (ਘਰ). ਸ਼ਿਵਮੰਦਿਰ.

ਸਿਵਿ: ਸ਼ਿਵ (ਕਰਤਾਰ) ਨੇ. "ਸਿਵਿ ਸਕਤਿ ਮਿਟਾਈਆ." (ਗਉ ਮਃ ੩) ਮਾਇਆ ਮਿਟਾ ਦਿੱਤੀ। ੨. ਸੰ. ਸ਼ਿਵਿ[244] ਗਾਂਧਾਰ (ਗੰਧਾਰ) ਦੇ ਰਾਜਾ ਉਸ਼ੀਨਰ ਦਾ ਪੁਤ੍ਰ. ਮਹਾਭਾਰਤ ਵਿੱਚ ਇਸ ਦੀ ਦਯਾ ਅਤੇ ਦਾਨ ਬਾਬਤ ਲਿਖਿਆ ਹੈ ਕਿ ਇੰਦ੍ਰ ਬਾਜ਼ ਅਤੇ ਅਗਨੀ ਕਬੂਤਰ ਬਣਕੇ ਸ਼ਿਵਿ ਪਾਸ ਪਹੁੰਚੇ. ਕਬੂਤਰ ਰਾਜੇ ਦੀ ਗੋਦੀ ਵਿੱਚ ਲੁਕ ਗਿਆ, ਬਾਜ ਨੇ ਆਖਿਆ ਮੇਰਾ ਸ਼ਿਕਾਰ ਦੇਹ, ਮੈ ਭੁੱਖਾ ਮਰਦਾ ਹਾਂ. ਰਾਜੇ ਨੇ ਸ਼ਰਣਾਗਤ ਨੂੰ ਦੇਣਾ ਪਾਪ ਸਮਝਿਆ ਅਰ ਬਾਜ ਨੂੰ ਹੋਰ ਮਾਸ ਲੈਣ ਲਈ ਆਖਿਆ. ਬਾਜ ਨੇ ਕਿਹਾ ਤੂੰ ਆਪਣੇ ਸ਼ਰੀਰ ਦਾ ਮਾਸ ਕਬੂਤਰ ਬਰਾਬਰ ਦੇਹ. ਰਾਜੇ ਨੇ ਤਾਰਜ਼ੂ ਵਿੱਚ ਕਬੂਤਰ ਰੱਖਕੇ ਸ਼ਰੀਰ ਦਾ ਮਾਸ ਤੋਲਣਾ ਸ਼ੁਰੂ ਕੀਤਾ ਪਰ ਕਬੂਤਰ ਭਾਰੀ ਹੀ ਰਿਹਾ. ਅੰਤ ਨੂੰ ਰਾਜਾ ਆਪ ਤੱਕੜੀ ਵਿੱਚ ਚੜ੍ਹ ਬੈਠਾ. ਇਸ ਪਰ ਇੰਦ੍ਰ ਅਤੇ ਅਗਨੀ ਪ੍ਰਸੰਨ ਹੋਕੇ ਲੋਪ ਹੋ ਗਏ.[245]

ਹੋਰ ਕਥਾ ਹੈ ਕਿ ਵਿਸ਼ਨੁ ਭੁੱਖੇ ਬ੍ਰਾਹਮਣ ਦਾ ਰੂਪ ਧਾਰਕੇ ਆਇਆ. ਰਾਜੇ ਨੇ ਭੋਜਨ ਕਰਾਉਣਾ ਚਾਹਿਆ. ਪਰ ਬ੍ਰਾਹਮਣ ਨੇ ਆਖਿਆ ਕਿ ਮੈਂ ਕੇਵਲ ਤੇਰੇ ਪੁਤ੍ਰ ਦਾ ਮਾਸ ਖਾਵਾਂਗਾ. ਰਾਜੇ ਨੇ ਐਸਾ ਹੀ ਕੀਤਾ, ਜਦ ਮਾਸ ਤਿਆਰ ਹੋਇਆ ਤਦ ਬ੍ਰਾਹਮਣ ਨੇ ਆਖਿਆ ਕਿ ਪਹਿਲੇ ਤੂੰ ਖਾਹ ਫੇਰ ਮੈਂ ਖਾਵਾਂਗਾ, ਜਦ ਰਾਜਾ ਪੁਤ੍ਰ, ਦਾ ਮਾਸ ਖਾਣ ਲੱਗਾ, ਤਦ ਵਿਸ਼ਨੁ ਨੇ ਪ੍ਰਗਟ ਹੋ ਕੇ ਰਾਜੇ ਨੂੰ ਵਰਦਾਨ ਦੇ ਕੇ ਉਸ ਦੇ ਪੁਤ੍ਰ ਵ੍ਰਿਹਦਗਰਭ ਨੂੰ ਜਿੰਦਾ ਕਰ ਦਿੱਤਾ.

ਸ਼ਿਵਿਕਾ: ਸੰ. ਸੰਗਯਾ- ਸੁਖ ਦੀ ਸਵਾਰੀ. ਪਾਲਕੀ. "ਸਿਵਿਕਾ ਡੋਲੇ ਤਜਕਰ ਨਾਨਾ." (ਨਾਪ੍ਰ)

ਸ਼ਿਵਿਰ: ਸੰ. ਸੰਗਯਾ- ਡੇਰਾ. ਮੁਕਾਮ. "ਕਿਤਿਕ ਦਿਵਸ ਕੀਨੋ ਸਿਵਿਰ." (ਨਾਪ੍ਰ) ੨. ਕੈਂਪ. ਛਾਵਨੀ.

ਸਿਵੀ: ਦੇਖੋ, ਸਿਵਿ। ੨. ਸ਼ਿਵ ਦੀ ਸ਼ਕਤਿ. ਸ਼ੈਵੀ. ਦੁਰਗਾ. "ਸਿਵੀ ਵਾਸਵੀ." (ਚੰਡੀ ੨)

ਸਿਵ੍ਰਮ: ਦੇਖੋ, ਸਿਯਮ.

ਸਿਵੈ: ਸੇਵਨ ਕਰੈ. "ਤਰੁਣਿ ਭਤਾਰ ਉਰਝੀ ਪਿਰਹਿ ਸਿਵੈ." (ਆਸਾ ਛੰਤ ਮਃ ੫) ੨. ਸ਼ਿਵ ਨੂੰ.

ਸਿਵੈਯਾ: ਦੇਖੋ, ਸਿਵੱਯਾ.

ਸਿੜੀ, ਸਿੜ੍ਹੀ: ਸੰਗਯਾ- ਸੀਢੀ (ਪੌੜੀ) ਦੀ ਸ਼ਕਲ ਦੀ ਮੁਰਦਾ ਲੈ ਜਾਣ ਵਾਲੀ ਅਰਥੀ. "ਤਹਾਂ ਸਿੜੀ ਪਰ ਸਵਾ ਇਕ ਦੇਖਾ." (ਨਾਪ੍ਰ)

ਸੀ: ਹੋਣਾ ਦਾ ਭੂਤਕਾਲ ਬੋਧਕ. ਥਾ. "ਅਸਟਮੀ ਥੀਤਿ ਗੋਬਿੰਦ ਜਨਮਾ ਸੀ." (ਭੈਰ ਮਃ ੫) ੨. ਭਵਿਸ਼ਯਤ ਬੋਧਕ."ਨਾ ਜਾਨਾਕਿਆ ਕਰਸੀ ਪੀਉ." (ਸੂਹੀ ਕਬੀਰ) ੩. ਵਿ- ਜੇਹੀ. ਜੈਸੀ. "ਤੇਗ ਬਹਾਦੁਰ ਸੀ ਕ੍ਰਿਯਾ ਕਰੀ ਨ ਕਿਨ ਹੂੰ ਆਨ." (ਵਿਚਿਤ੍ਰ) "ਲੰਕਾ ਸਾ ਕੋਟ ਸਮੁੰਦ ਸੀ ਖਾਈ." (ਆਸਾ ਕਬੀਰ) ੪. ਸੰਗਯਾ- ਸਿੰਹ ਸ਼ਬਦ ਦਾ ਸੰਖੇਪ. "ਅਣਗਣ ਸਿੰਘ ਅਰੁ ਅਚਲ ਸੀ." (ਕ੍ਰਿਸਨਾਵ) "ਤਕ ਝੂਝ ਸਿੰਘ ਕੋ ਖੜਗ ਸੀ." (ਕ੍ਰਿਸਨਾਵ) ੫. ਵਯ- ਪੀੜਾ ਬੋਧਕ ਸ਼ਬਦ. "ਸੀਸ ਦੀਆ ਪਰ ਸੀ ਨ ਉਚਰੀ." (ਵਿਚਿਤ੍ਰ) ੬. ਸੰਗਯਾ- ਸੀਤਾ ਦਾ ਸੰਖੇਪ. "ਸੀਅ ਲੈ ਸੀਏਸ ਆਏ." (ਰਾਮਾਵ) ੭. ਹਲ ਦੀ ਲਕੀਰ. ਦੇਖੋ, ਸਤ ਸੀ. ੮. ਰਾਮਾਵਤਾਰ ਵਿੱਚ ਲਿਖਾਰੀ ਨੇ ਸ੍ਰੀ ਦੀ ਥਾਂ ਭੀ ਸੀ ਲਿਖਿਆ ਹੈ. "ਸੀ ਅਸੁਰਾਰਦਨ ਕੇ ਕਰਕੋ ਜਿਨ ਏਕਹਿ ਬਾਨ ਬਿਖੈ ਤਨ ਚਾਖਯੋ" (੬੧੭) ੯. ਡਿੰਗ. ਡਰ ਭਯ। ੧੦. ਫ਼ਾ. سی ਤੀਹ. ਤੀਸ। ੧੧. ਫ਼ਾ. شی ਸ਼ੀ. ਕਿਨਾਰਾ. "ਭਾਰ ਪਰੇ ਨਹਿ ਸੀ ਪਗ ਧਾਰੇ." (ਚਰਿਤ੍ਰ ੧) ਜੰਗ ਦਾ ਜੋਰ ਪੈਣ ਪੁਰ ਯੁੱਧ ਤੋਂ ਬਾਹਰ ਪੈਰ ਨਹੀਂ ਰੱਖਿਆ। ੧੨. ਸੰ. ਸ਼ੀ ਸ਼ੀ. ਧਾ- ਸੌਣਾ ਆਰਾਮ ਕਰਨਾ. ਮੁਕਾਮ ਕਰਨਾ.

ਸੀਉ: ਸੰਗਯਾ- ਸੀਮਾ. ਹੱਦ। ੨. ਸ਼ਿਵ. "ਇਹੁ ਮਨ ਸਕਤੀ ਕਿ ਇਹੁ ਮਨ ਸੀਉ." (ਗਉ ਬਾਵਨ ਕਬੀਰ) ੩. ਪਾਰਬ੍ਰਹਮ. ਵਾਹਗੁਰੂ. "ਅਚਰਜੁ ਭਇਆ ਜੀਵ ਤੇ ਸੀਉ." (ਗਉ ਥਿਤੀ ਕਬੀਰ)

[244] ਇਹ ਸ਼ਿਵਿ ਭੀ ਸਹੀ ਹੈ.

[245] ਦੇਖੋ, ਉਸ਼ੀਨਰ.

ਸੀਓ: ਵਿ- ਸੀੱਤਾ. ਪਰੋਇਆ। ੨. ਭੂਤਕਾਲ ਬੋਧਕ. ਥਾ. "ਜਬ ਕਛੁ ਨ ਸੀਓ ਤਬ ਕਿਆ ਕਰਤਾ." (ਸੂਹੀ ਮਃ ੫)

ਸੀਓਕੇ: ਦੇਖੋ, ਛੋਟਾ ਨਾਨਕਿਆਨਾ.

ਸੀਅ: ਸੰਗਯਾ- ਸੀਤਾ. ਜਨਕਪੁਤ੍ਰੀ. "ਨਾਮੇ ਕੇ ਸੁਆਮੀ ਸੀਅ ਬਹੋਰੀ." (ਸੋਰ ਨਾਮਦੇਵ)

ਸੀਅਉ: ਦੇਖੋ, ਸਿਉਣਾ. "ਖਿੰਥਾ ਇਹੁ ਮਨੁ ਸੀਅਉ ਅਪਨਾ." (ਰਾਮ ਕਬੀਰ)

ਸ਼ੀਅਹ: ਅ਼. شیعہ ਸ਼ੀਅ਼ਹ ਇਸ ਦਾ ਅਰਥ ਹੈ ਅਨੁਗਾਮੀ. ਪੈਰੋ. ਪਿੱਛੇ ਤੁਰਨ ਵਾਲਾ. ਜੋ ਮੁਸਲਮਾਨ ਹਜ਼ਰਤ ਮੁਹੰਮਦ ਦੇ ਦਾਮਾਦ ਅ਼ਲੀ ਦੇ ਪੈਰੋ ਹਨ, ਉਨ੍ਹਾਂ ਦੀ ਸ਼ੀਆ਼ ਸੰਗਯਾ ਹੈ. ਇਹ ਮੰਨਦੇ ਹਨ ਕਿ ਅਸਲ ਖ਼ਲੀਫ਼ਾ ਅ਼ਲੀ ਹੀ ਹੈ, ਅਰ ਪਹਿਲੇ ਤਿੰਨ ਖ਼ਲੀਫ਼ੇ ਹਜਰਤ ਮੁਹੰਮਦ ਦੇ ਜਾਨਸ਼ੀਨ ਨਹੀਂ. ਸੁੰਨੀ ਮੁਸਲਮਾਨ ਸ਼ੀਆ ਫਿਰਕੇ ਨੂੰ ਰਾਫ਼ਜ਼ੀ ਆਖਦੇ ਹਨ ਜਿਸ ਦਾ ਅਰਥ ਹੈ ਤਯਾਗੀ, ਅਰਥਾਤ ਸਤਯ ਦੇ ਤਯਾਗਣ ਵਾਲੇ. ਸ਼ੀਆ ਮੁਸਲਮਾਨ ਹੀ ਮਹਾਤਮਾ ਹੁਸੈਨ ਦੀ ਯਾਦਗਾਰ ਵਿੱਚ ਮੁਹੱਰਮ ਦੇ ਦਿਨੀਂ ਤਾਜੀਏ ਬਣਾਉਂਦੇ ਅਤੇ ਸ਼ੋਕ ਮਨਾਉਂਦੇ ਹਨ. ਦੇਖੋ, ਇਸਲਾਮ ਦੇ ਫਿਰਕੇ.

ਸੀਅਰਾ: ਵਿ- ਸ਼ੀਤਲ. ਠੰਢਾ.

ਸੀਅਰਾਨਾ: ਕ੍ਰਿ- ਸ਼ੀਤਲ ਹੋਣਾ. ਠੰਢਾ ਹੋਣਾ. ੨. ਵਿ- ਸ਼ੀਤਲ ਹੋਇਆ.

ਸੀਅਲਾ: ਵਿ- ਸ਼ੀਤਲ. "ਅੱਗ ਤੱਤੀ ਜਲ ਸੀਅਲਾ." (ਭਾਗੁ)

ਸੀਆ: ਸੀਤਾ. ਜਨਕਜਾ. "ਸੀਆ ਜੀਤ ਆਨੋ।ਹਨੋ ਸਰਬ ਦਾਨੋ।।" (ਰਾਮਾਵ) ੨. ਦੇਖੋ, ਸ਼ੀਅ਼ਹ.

ਸੀਆਰ: ਸੰਗਯਾ- ਸੀਤਾ- ਆਰ. ਹਲ ਦੇ ਚਉ ਨਾਲ ਕੱਢੀ ਹੋਈ ਲਕੀਰ. ਸਿਆੜ. "ਕਹੂੰ ਕਹੂੰ ਕਾਢਯੋ ਸੀਆਰਾ। ਜਿਤੋ ਬੀਜ ਦਿਯ ਸਭ ਵਿਸਤਾਰਾ." (ਨਾਪ੍ਰ) ੨. ਦੇਖੋ, ਸਿਆਰ.

ਸੀਆਲ, ਸੀਆਲਾ: ਸੰਗਯਾ- ਸ਼ੀਤਕਾਲ. ਮੱਘਰ ਪੋਹ ਦੀ ਰੁੱਤ. "ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ." (ਆਸਾ ਫਰੀਦ)

ਸੀਏਸ: ਸੰਗਯਾ- ਰਾਮਚੰਦ੍ਰ ਜੀ, ਜੋ ਸੀਤਾ ਦੇ ਈਸ਼ ਹਨ. ਦੇਖੋ, ਸੀ ੬.

ਸੀਸ: ਸੰ. ਸ਼ੀਰ੍ਸ਼. ਸੰਗਯਾ- ਸਿਰ। ੨. ਆਸੀਸ (ਆਸ਼ੀਰਵਾਦ) ਦਾ ਸੰਖੇਪ. "ਦੈ ਦਿਜ ਸੀਸ ਚਲ੍ਯੋ ਉਤਕੋਂ." (ਕ੍ਰਿਸਨਾਵ) ੩. ਸੰ. सीस ਸਿੱਕਾ. ਸੀਸਕ.

ਸੀਸ ਅਕਾਸਿ: ਸਿਰ ਅਕਾਸ ਵੱਲ. ਭਾਵ- ਉੱਚਾ ਸਿਰ, ਜੋ ਕੁਕਰਮਾਂ ਦੀ ਸ਼ਰਮ ਦਾ ਮਾਰਿਆ ਜ਼ਮੀਨ ਵੱਲ ਨਹੀਂ ਝੁਕਦਾ. "ਜਉ ਗੁਰਦੇਉ ਤ ਸੀਸੁ ਅਕਾਸਿ." (ਭੈਰ ਨਾਮਦੇਵ)

ਸੀਸਗੰਜ: ਦਿੱਲੀ ਦੇ ਚਾਂਦਨੀ ਚੌਕ ਵਿੱਚ ਨੌਮੇ ਸਤਿਗੁਰਾਂ ਦਾ ਪਵਿਤ੍ਰ ਅਸਥਾਨ, ਜਿਸ ਥਾਂ ਦੁਖੀ ਦੀਨ ਭਾਰਤ ਦੀ ਰਖ੍ਯਾ ਲਈ ਮਾਘ ਸੁਦੀ ੫. ਸੰਮਤ ੧੭੩੨ ਨੂੰ ਸਤਿਗੁਰਾਂ ਨੇ ਸੀਸ ਦਿੱਤਾ. ਸਰਦਾਰ ਬਘੇਲ ਸਿੰਘ ਨੇ ਇਹ ਗੁਰੁਦ੍ਵਾਰਾ ਸੰਮਤ ੧੮੪੭ ਵਿੱਚ ਬਣਵਾਇਆ, ਫੇਰ ਮੁਸਲਮਾਨਾਂ ਨੇ ਇਸ ਪਾਸ ਮਸੀਤ ਉਸਾਰ ਲਈ. ਅੰਤ ਨੂੰ ੧੯੧੪ ਦਾ ਗਦਰ ਸ਼ਾਂਤ ਹੋਣ ਪੁਰ ਰਾਜਾ ਸਰੂਪ ਸਿੰਘ ਜੀਂਦਪਤਿ ਨੇ ਗਵਰਨਮੇਂਟ ਤੋਂ ਗੁਰੁਦ੍ਵਾਰੇ ਦੀ ਥਾਂ ਲੈ ਕੇ ਗੁਰੁਦ੍ਵਾਰਾ ਰਚਿਆ ਅਰ ਜਾਗੀਰ ਲਾਈ. ਦੇਖੋ, ਦਿੱਲੀ। ੨. ਦੇਖੋ, ਆਨੰਦਪੁਰ ਗੁਰਦ੍ਵਾਰਾ ਨੰਃ ੩। ੩. ਦੇਖੋ, ਅੰਬਾਲਾ ਨੰਃ ੫.

ਸੀਸਤਾਨ: ਫ਼ਾ. سیستان ਸੰ. शकस्थान- ਸ਼ਕਸ੍ਥਾਨ. ਫ਼ਾਰਿਸ ਦੇ ਪੂਰਵ ਅਤੇ ਬਲੋਚਿਸਤਾਨ ਦੀ ਪੱਛਮੀ ਹੱਦ ਉੱਤੇ ਇੱਕ ਦੇਸ਼. ਸੀ- ਸਤਾਂ. ਦੇਖੋ, ਸਕ ੨.

ਸੀਸਦ: ਵਿ- ਸਿਰ ਦੇਣ ਵਾਲਾ. ੨. ਫਾ. سیصد ਸੀਸਦ. ਤਿੰਨ ਸੌ.

ਸੀਸਧਰਣ, ਸੀਸਧਰਨਿ: ਸੰਗਯਾ- ਸ਼ਿਵ, ਜਿਸ ਦੇ ਹੱਥ ਨੂੰ ਬ੍ਰਹਮਾ ਦਾ ਕਪਾਲ ਚਿਮਟ ਗਿਆ ਸੀ ਕਪਾਲੀ. "ਗੋਤਮ ਨਾਰਿ ਉਮਾਪਤਿ ਸ੍ਵਾਮੀ। ਸੀਸਧਰਨਿ ਸਹਸ ਭਗ ਗਾਮੀ." (ਜੈਤ ਰਵਿਦਾਸ) ਪਾਠ ਦਾ ਅਨ੍ਵਯ ਇਉਂ ਹੈ- ਸੀਸਧਰਨਿ ਉਮਾਪਤਿ ਸੁਆਮੀ, ਗੋਤਮਨਾਰਿ ਗਾਮੀ ਸਹਸ ਭਗ. ਪੁਰਾਣਕਥਾ ਇਉਂ ਹੈ ਕਿ ਬ੍ਰਹਮਾ ਨੂੰ ਕਾਮਵਸ਼ਿ ਦੇਖਕੇ ਸ਼ਿਵ ਨੇ ਨੌਹ ਨਾਲ ਸਿਰ ਵੱਢ ਲਿਆ, ਅਰ ਉਹ ਸ਼ਿਵ ਦੇ ਹੱਥ ਨਾਲ ਚਿਮਟ ਗਿਆ. ਦੇਖੋ, ਕਪਾਲਮੋਚਨ. ਗੋਤਮ ਰਿਖੀ ਦੀ ਇਸਤ੍ਰੀ ਅਹਲ੍ਯਾ ਨਾਲ ਵਿਭਚਾਰ ਕਰਕੇ ਇੰਦ੍ਰ ਹਜਾਰ ਭਗ ਆਪਣੇ ਸ਼ਰੀਰ ਤੇ ਕਰਵਾ ਬੈਠਾ. ਦੇਖੋ, ਅਹਲਿਆ.

ਸੀਸਫੂਲ: ਸੰਗਯਾ- ਫੁੱਲ ਦੀ ਸ਼ਕਲ ਦਾ ਇੱਕ ਗਹਿਣਾ, ਜੋ ਇਸਤ੍ਰੀਆਂ ਸਿਰ ਉੱਪਰ ਪਹਿਰਦੀਆਂ ਹਨ.

ਸੀਸਮ: ਦੇਖੋ, ਸਿੰਸਪਾ.

ਸੀਸਮਹਲ: ਉਹ ਮਹਲ. ਜਿਸ ਵਿੱਚ ਸ਼ੀਸ਼ੇ ਲੱਗੇ ਹੋਣ. "ਮਾਨਹੁ ਸੀਸਮਹੱਲ ਕੇ ਬੀਚ ਸੁ ਮੂਰਤਿ ਏਕ ਅਨੇਕ ਕੀ ਝਾਈਂ." (ਚੰਡੀ ੧) ੨. ਕੀਰਤਪੁਰ ਵਿੱਚ ਉਹ ਅਸਥਾਨ, ਜਿੱਥੇ ਗੁਰੂ ਹਰਿਰਾਇ ਸਾਹਿਬ ਦਾ ਵਿਆਹ ਹੋਇਆ. ਉਸ ਸਮੇਂ ਇਸ ਥਾਂ ਸ਼ੀਸ਼ੇਦਾਰ ਮਕਾਨ ਸੀ. ਦੇਖੋ, ਕਰਤਾਰਪੁਰ ਅਤੇ ਕੀਰਤਪੁਰ.

ਸੀਸਾ: ਸੰਗਯਾ- ਸੀਸਕ. ਸਿੱਕਾ। ੨. ਫ਼ਾ. شیشہ ਸ਼ੀਸ਼ਹ. ਕੰਚ ਕੱਚ. ੩. ਦਰਪਣ। ੪. ਬੋਤਲ. "ਸੀਸੇ ਸਰਾਬ ਕਿ ਫੂਲ ਗੁਲਾਬ." (ਚਰਿਤ੍ਰ ੨੨੦)

ਸੀਸਿ: ਸਿਰ ਦੇ. "ਸੀਸਿ ਨਿਵਾਇਐ ਕਿਆ ਥੀਐ?" (ਵਾਰ ਆਸਾ) ੨. ਸਿਰ ਵਿੱਚ। ੩. ਸਿਰ ਉੱਪਰ। ੪. ਸਿਰ ਕਰਕੇ. ਸਿਰ ਤੋਂ.

ਸੀਸੁ: ਦੇਖੋ, ਸੀਸ. "ਸੀਸੁ ਵਢੇ ਕਰਿ ਬੈਸੁਣ ਦੀਜੈ." (ਵਡ ਮਃ ੧)

ਸੀਸੁਅਕਾਸਿ: ਦੇਖੋ. ਸੀਸਅਕਾਸਿ.

ਸੀਹ, ਸੀਂਹ: ਸੰਗਯਾ- ਸਿੰਹ. ਸਿੰਘ. ਸ਼ੇਰ. "ਸੀਹਾ ਬਾਜਾ ਚਰਗਾ ਕੁਹੀਆ." (ਵਾਰ ਮਾਝ ਮਃ ੧) ੨. ਵ੍ਯ- ਪੀੜਾ (ਦੁੱਖ) ਦੇ ਪ੍ਰਗਟ ਕਰਨ ਦਾ ਸ਼ਬਦ, ਸੀ! "ਸੀਹ ਨ ਮੁਖ ਤੇ ਨੈਕ ਉਚਾਰੀ." (ਚਰਿਤ੍ਰ ੯੫)

ਸੀਂਹਆਣ: ਸੰਗਯਾ- ਸ਼ੇਰ ਦੀ ਬੂ. ਜਦ ਜੀਵਾਂ ਨੂੰ ਸ਼ੇਰ ਦੀ ਬੂ ਆਉਂਦੀ ਹੈ ਤਦ ਉਹ ਨੇੜੇ ਨਹੀਂ ਢੁਕਦੇ. "ਬੰਦੇ ਤੇ ਆਵੈ ਸੀਂਹਆਣ." (ਪ੍ਰਾ ਪੰ ਪ੍ਰ) ਵੈਰੀਆਂ ਨੂੰ ਬੰਦੇ ਤੋਂ ਸ਼ੇਰ ਦੀ ਬੂ ਆਉਂਦੀ ਹੈ.

ਸੀਹਣ: ਸੰਗਯਾ- ਸਿੰਹੀ. ਸਿੰਘਣੀ. ਸ਼ੇਰਨੀ.

ਸੀਹਣ ਸਾਰ ਦੀ: ਸੰਗਯਾ- ਤਲਵਾਰ, ਕ੍ਰਿਪਾਣ, ਫੌਲਾਦ ਦੀ ਸ਼ੇਰਨੀ. "ਦੇਵੀ ਦਸਤ ਨਚਾਈ ਸੀਹਣ ਸਾਰ ਦੀ" (ਚੰਡੀ ੩)

ਸੀਹਰਫੀ: ਦੇਖੋ, ਸਿਹਰਫੀ.

ਸੀਹਾਂ: ਸੰਗਯਾ- ਸਤਿਗੁਰੂ ਨਾਨਕ ਦੇਵ ਦਾ ਗੁਰੁਮੁਖ ਸਿੱਖ, ਜਿਸ ਦਾ ਭਾਈ ਗੱਜਣ ਸੀ। ੨. ਖਡੂਰ ਨਿਵਾਸੀ ਉੱਪਲ ਗੋਤ ਦਾ ਖਤ੍ਰੀ, ਜੋ ਸ੍ਰੀ ਗੁਰੂ ਅੰਗਦ ਜੀ ਦਾ ਸਿੱਖ ਹੋਇਆ. ਗੁਰੂ ਅਮਰ ਦਾਸ ਜੀ ਦੀ ਸੇਵਾ ਵਿੱਚ ਭੀ ਇਹ ਹਾਜਿਰ ਰਿਹਾ. ਦੇਖੋ, ਮਥੋ ਮੁਰਾਰੀ। ੩. ਧੀਰਮੱਲ ਸੋਢੀ ਦਾ ਮਸੰਦ, ਜਿਸਨੇ ਬਕਾਲੇ ਗੁਰੂ ਤੇਗਬਹਾਦੁਰ ਸਾਹਿਬ ਦੇ ਬੰਦੂਕ ਮਾਰਕੇ ਪ੍ਰਾਣ ਲੈਣੇ ਚਾਹੇ ਸਨ. ਮੱਖਣਸ਼ਾਹ ਨੇ ਇਸ ਨੂੰ ਭਾਰੀ ਦੰਡ ਦਿੱਤਾ. "ਸੀਹਾਂ ਨਾਮ ਤਿਸੀ ਕੋ ਅਹੈ। ਗੁਰੁ ਸੋਂ ਦ੍ਰੋਹ ਕਰਤ ਨਿਤ ਰਹੈ।।" (ਗੁਪ੍ਰਸੂ) ੪. ਵਿ- ਸਿੰਘ ਜੈਸਾ. ਸਿੰਘ ਦੀ ਸ਼ਕਲ ਦਾ. ਜੈਸੇ- ਸੀਹਾਂ ਕੁੱਤਾ.

ਸੀਹੁ: ਸਿੰਹ. ਦੇਖੋ, ਸੀਂਹ. "ਸਕਤਾ ਸੀਹੁ ਮਾਰੇ ਪੈ ਵਗੈ." (ਆਸਾ ਮਃ ੧)

ਸੀਕ: ਦੇਖੋ, ਸੀਖ ੧.

**ਸੀਕਰ:** ਸੰ. ਸ਼ੀਕਰ. ਸੰਗਜ੍ਞਾ- ਪਾਣੀ ਦੇ ਕਣ. "ਸ੍ਰਮ ਸੀਕਰ ਆਨਨ ਪੈ ਜਿਹ ਕੇ." (ਨਾਪ੍ਰ) ੨. ਓਸ. ਸ਼ਬਨਮ. ੩. ਹਵਾ. ਪੌਣ। ੪. ਵਰਖਾ ਦੀ ਛੋਟੀ ਬੂਦਾਂ. ਫੁਹਾਰ.

**ਸੀਕਾ:** ਫ਼ਾ. سِکّہ ਸਿੱਕਹ. ਧਾਤੁ ਤੇ ਲੱਗੀ ਹੋਈ ਰਾਜ ਦੀ ਮੁਹਰ. "ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ." (ਗੂਜ ਅ: ਮ: ੫) ਤੇਰੇ ਖਜ਼ਾਨੇ ਦੀ ਦੌਲਤ ਤਾਂ ਗਿਣਨੀ ਇੱਕ ਪਾਸੇ ਰਹੀ, ਉਸ ਵਿੱਚ ਕਿਤਨੇ ਪ੍ਰਕਾਰ ਦੇ ਸਿੱਕੇ ਹਨ, ਇਹੀ ਨਹੀਂ ਗਿਣਿਆ ਜਾਂਦਾ. ਦੇਖੋ, ਸਿੱਕਾ.

**ਸੀਖ:** ਫ਼ਾ. سیخ ਸੰਗਜ੍ਞਾ- ਲੋਹੇ ਦੀ ਸਰੀ. "ਜਣੁ ਹਲਵਾਈ ਸੀਖ ਨਾਲ ਬਿੰਨ੍ਹ ਬੜੇ ਉਤਾਰੇ." (ਚੰਡੀ ੩) ੨. ਤੀਲਾ. ਤੀਲੀ। ੩. ਸੰ. ਸ਼ਿਕ੍ਸ਼ਾ. ਉਪਦੇਸ਼. ਨਸੀਹਤ. "ਸਾਚੇ ਗੁਰ ਕੀ ਸਾਚੀ ਸੀਖ." (ਗਉ ਮ: ੧)

**ਸੀਖਕ:** ਵਿ- ਸਿਕ੍ਸ਼ਕ. ਸਿਖ੍ਯਾ ਦੇਣ ਵਾਲਾ. "ਸਭ ਕੇ ਸੀਖਕ ਰਾਵਰ ਅਹੋਂ." (ਗੁਪ੍ਰਸੂ)

**ਸੀਖਚਾ:** ਫ਼ਾ. سیخچہ ਸੰਗਜ੍ਞਾ- ਕੀਲ. ਮੇਖ। ੨. ਇੱਕ ਪ੍ਰਕਾਰ ਦੀ ਪਤਲੀ ਅਤੇ ਸਿੱਧੀ ਤਲਵਾਰ. "ਧੋਪ ਸੀਖਚੇ ਚਕ੍ਰ ਕਰਾਰੇ." (ਗੁਪ੍ਰਸੂ) ਦੇਖੋ, ਸਸਤ੍ਰ.

**ਸੀਖਣਾ, ਸੀਖਨਾ:** ਕ੍ਰਿ- ਸੀਖ ਨਾਲ ਦੀਵੇ ਦੀ ਬੱਤੀ ਨੂੰ ਉਭਾਰਨਾ। ੨. ਭੜਕਾਉਣ ਵਾਲੀ ਗੱਲ ਕਹਿਕੇ ਕਿਸੇ ਨੂੰ ਉਭਾਰਨਾ। ੩. ਸਿੱਖਣਾ. ਸਿਖ੍ਯਾ ਗ੍ਰਹਿਣ ਕਰਨੀ.

**ਸੀਖ ਪਾ, ਸੀਖ ਪਾਉ, ਸੀਖ ਪਾਲ:** ਪਿਛਲੇ ਪੈਰਾਂ ਨੂੰ ਸਿੱਧੇ ਕਰਕੇ ਅਗਲੇ ਦੋਵੇਂ ਪੈਰ ਉਠਾਕੇ ਘੋੜੇ ਦਾ ਸੀਖ ਵਾਂਙ ਖੜੇ ਹੋਣਾ.

**ਸੀਖਿਆ, ਸੀਖ੍ਯਾ:** ਦੇਖੋ, ਸਿਕ੍ਸ਼ਾ.

**ਸੀਂਗ:** ਦੇਖੋ, ਸਿੰਗ. "ਭੈਸਰ ਮਾਥੇ ਸੀਂਗ ਗੋ." (ਟੋਡੀ ਨਾਮਦੇਵ)

**ਸੀਗਰੀਆ:** ਵਿ- ਸ਼੍ਰਿੰਗਾਰਿਤ. ਸ਼੍ਰਿੰਗਾਰਿਆ ਹੋਇਆ। ੨. ਸਿੰਗਾਰਿਆ. "ਤਉ ਮੈ ਸਾਜਿ ਸੀਗਰੀਆ." (ਸਾਰ ਮ: ੫)

**ਸੀਗਾ:** ਹੈਸੀ। ੨. ਅ਼. صیغہ ਸੀਗ਼ਹ. ਢਾਲਨ ਦੀ ਕ੍ਰਿਯਾ। ੩. ਵ੍ਯਾਕਰਣ ਅਨੁਸਾਰ ਸ਼ਬਦਾਂ ਦੀ ਕ੍ਰਿਯਾ ਦੱਸਣ ਵਾਲਾ ਚਿੰਨ੍ਹ.

**ਸੀਗਾਰ:** ਦੇਖੋ, ਸਿੰਗਾਰ. "ਸੀਗਾਰ ਮਿਠਰਸ ਭੋਗ ਭੋਜਨ." (ਗਉ ਛੰਤ ਮ: ੧)

**ਸੀਗਾਰਣਾ:** ਦੇਖੋ, ਸਿੰਗਾਰਣਾ.

**ਸੀਘਰ, ਸੀਘਰੁ, ਸੀਘ੍ਰ:** ਸੰ. ਸ਼ੀਘ੍ਰ. ਕ੍ਰਿ. ਵਿ- ਛੇਤੀ. ਜਲਦ. ਤੁਰੰਤ. "ਸੀਘਰੁ ਕਾਰਜੁ ਲੇਹੁ ਸਵਾਰਿ." (ਗਉ ਮ: ੫) ੨. ਸੰਗਜ੍ਞਾ- ਪੌਣ. ਹਵਾ.

**ਸੀਘ੍ਰਤਾ:** ਸੰ. ਸ਼ੀਘ੍ਰਤਾ. ਸੰਗਜ੍ਞਾ- ਕਾਹਲੀ. ਫੁਰਤੀ.

**ਸੀਙ:** ਸੰਗਜ੍ਞਾ- ਸ਼੍ਰਿੰਗ. ਸਿੰਗ. ਸੀਂਗ. "ਬਿਨੁ ਸਿਮਰਨ ਜੈਸੇ ਸੀਙ ਛਤਾਰਾ." (ਗਉ ਅ: ਮ: ੫) ਮੀਢੇ ਦੇ ਸਿੰਙਾਂ ਵਾਂਙ ਕੇਵਲ ਦੂਜੇ ਦੇ ਸਿਰ ਭੰਨਣ ਅਤੇ ਆਪ ਦੁਖ ਪਾਉਣ ਵਾਲਾ.

**ਸੀਚਨ, ਸੀਂਚਨਾ:** ਸੰ. ਸੇਚਨ. ਸੰਗਜ੍ਞਾ- ਛਿੜਕਨ ਦੀ ਕ੍ਰਿਯਾ। ੨. ਪਾਣੀ ਦੇਣਾ. ਰੌਣੀ ਕਰਨੀ। ੩. ਸੰ. ਸੰਚਯਨ. ਜਮਾਂ ਕਰਨਾ. "ਜੈਸੇ ਮਧੁ ਮਾਖੀ ਸੀਂਚ ਸੀਂਚ ਕੈ ਇਕਤ੍ਰ ਕਰੈ." (ਭਾਗੁ ਕ)

**ਸੀਚਾਨਾ:** ਫ਼ਾ. سیچانہ ਸੀਚੁ਼ਗਨਹ. ਸੰ. ਸਚਾਨ੍. ਬਾਜ ਤੋਂ ਛੋਟਾ ਅਤੇ ਸ਼ਿਕਰੇ ਤੋਂ ਵੱਡਾ ਇੱਕ ਸ਼ਿਕਾਰੀ ਪੰਛੀ, ਜਿਸ ਦਾ ਸਿਰ ਲਾਲ ਹੁੰਦਾ ਹੈ. "ਸੀਚਾਨੇ ਜਿਉ ਪੰਖੀਆ." (ਸ੍ਰੀ ਅ: ਮ: ੧) ਦੇਖੋ, ਸ਼ਿਕਾਰੀ ਪੰਛੀ.

**ਸੀਛਤ, ਸੀਛਿਤ:** ਦੇਖੋ, ਸਿਕ੍ਸ਼ਿਤ. "ਸੀਛਤ ਹੈਂ ਕਹਾਰ ਜਿਸ ਲਾਗੇ." (ਗੁਪ੍ਰਸੂ) ਸਿੱਕੇ ਹੋਏ ਕਹਾਰ.

**ਸੀਝਨਾ:** ਦੇਖੋ, ਸਿਝਣਾ. "ਖੋਟ ਨ ਸੀਝਸਿ ਕਾਇ." (ਸ੍ਰੀ ਮਃ ੧) "ਅੰਧੁ ਅਗਿਆਨੀ ਕਦੇ ਨ ਸੀਝੈ." (ਗਉ ਮਃ ੩)

**ਸੀਡ:** ਪ੍ਰਾ. ਸੰਗਯਾ- ਸ਼ਰਤ ਦੀ ਰਕਮ। ੨. ਬਾਜੀ ਦਾ ਬਦਲਾ। ੩. ਪ੍ਰਤਿਗ੍ਯਾ. "ਬਦਹਿਂ ਸੀਡ ਇਤ ਉਤ ਕੋ ਧਾਈ." (ਗੁਪ੍ਰਸੂ)

**ਸੀਂਢ:** ਸੰ. ਸਿੰਹਾਨ. ਸੰਗਯਾ- ਨੱਕ ਦੀ ਮੈਲ. "ਮੁਖ ਮੇ ਥੂਕ ਸੀਂਢ ਬਹੁ ਨਾਸਾ." (ਨਾਪ੍ਰ)

**ਸੀਢੀ:** ਸੰਗਯਾ- ਪੌੜੀ. ਜੀਨਾ. ਨਿਸ਼੍ਰੇਣੀ. "ਲੋਥ ਪੈ ਲੋਥ ਗਈ ਪਰ ਯੌਂ ਸੁ ਮਨੋ ਸੁਰਲੋਕ ਕੀ ਸੀਢੀ ਬਨਾਈ." (ਚੰਡੀ ੧) ੨. ਪੌੜੀ ਦੀ ਸ਼ਕਲ ਦੀ ਮੁਰਦਾ ਲੈ ਜਾਣ ਦੀ ਅਰਥੀ. ਸ਼ਵ- ਉਢਿ.

**ਸੀਤ:** ਸੰ. ਸ੍ਯੂਤ. ਵਿ- ਸੀੱਤਾ. ਪਰੋਇਆ. "ਸੰਗਿ ਚਰਨਕਮਲ ਮਨ ਸੀਤ." (ਨਟ ਮਃ ੫. ਪੜਤਾਲ) ੨. ਸੰ. ਸ਼ੀਤ. ਸੰਗਯਾ- ਜਲ। ੩. ਬਰਫ। ੪. ਪਿੱਤਪਾਪੜਾ. ੫. ਨਿੰਮ। ੬. ਕਪੂਰ ੭. ਹਿਮ ਰੁੱਤ। ੮. ਪਾਲਾ. "ਬਿਆਪਤ ਉਸਨ ਨ ਸੀਤ." (ਮਾਰੂ ਮਃ ੫) ੯. ਵਿ- ਠੰਢਾ. ਸ਼ੀਤਲ. "ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ." (ਮਾਰੂ ਅਃ ਮਃ ੫) ੧੦. ਸੁਸਤ. ਆਲਸੀ। ੧੧. ਨਪੁੰਸਕ. ਨਾਮਰਦ.

**ਸੀਤਕਰ:** ਸੰਗਯਾ- ਸ਼ੀਤ (ਸੀਤਲ) ਕਿਰਣਾ ਵਾਲਾ ਚੰਦ੍ਰਮਾ। ੨. ਵਿ- ਸ਼ੀਤਲ ਕਰਨ ਵਾਲਾ. "ਸੀਤਕਰ ਜੈਸੇ ਸੀਤਕਰ ਸੋ ਵਿਸ਼ਾਗਨਿ ਤੇ." (ਨਾਪ੍ਰ) ਵਿਸ਼ੇ ਅੱਗ ਤੋਂ ਸੀਤਲ ਕਰਨ ਲਈ ਚੰਦ੍ਰਮਾ ਜੇਹੇ.

**ਸੀਤ ਜ੍ਵਰ:** ਪਾਲੇ ਨਾਲ ਚੜ੍ਹਨ ਵਾਲਾ ਤਾਪ. ਦੇਖੋ, ਤਾਪ (ੲ)

**ਸੀਤਪ੍ਰਸਾਦ:** ਵਿ- ਠੰਢਾ ਭੋਜਨ। ੨. ਸੰਗਯਾ- ਗੁਰੂ ਅਥਵਾ ਦੇਵਤਾ ਦਾ ਜੂਠਾ ਭੋਜਨ. "ਤੇਰੇ ਸੰਤਾਂ ਦਾ ਤੇ ਤੁਸਾਡੀ ਰਸਨਾ ਦਾ ਸੀਤਪ੍ਰਸਾਦ ਅਸਾਂ ਨੂੰ ਪ੍ਰਾਪਤ ਹੋਇਆ ਹੈ." (ਭਗਤਾਵਲੀ)

**ਸੀਤਮੁ:** ਸੰ. स्यूतम्. ਸ੍ਯੂਤੰ. ਸੀੱਤਾ ਗਿਆ. ਪਰੋਇਆ ਗਿਆ. "ਸਹ ਚਰਣੀ ਮੈਡਾ ਹੀਅੜਾ ਸੀਤਮੁ." (ਵਾਰ ਗੂਜ ੨. ਮਃ ੫)

**ਸੀਤਰ:** ਦੇਖੋ, ਸੀਤਲ. "ਪਾਵਕ ਭਈ ਸੀਤਰ." (ਰੁਦ੍ਰਾਵ)

**ਸੀਤ ਰੁਤ:** ਸੰ. शीतऋत् ਸ਼ੀਤਰਿਤੁ. ਸੰਗਯਾ- ਹੇਮੰਤ ਰਿਤੁ. ਮੱਘਰ ਪੋਹ ਦੀ ਰੁੱਤ "ਨਹਿ ਸੀਤਲੰ ਸੀਤ ਰੁਤੇਣ." (ਸਹਸ ਮਃ ੫) ੨. ਸਰਦ ਰੁੱਤ.

**ਸੀਤਲ:** ਵਿ- ਸ਼ੀਤਲ. ਠੰਢਾ. ਸਰਦ. "ਸੀਤਲ ਹਰਿ ਹਰਿ ਨਾਮੁ." (ਆਸਾ ਮਃ ੫) ੨. ਸੰਗਯਾ- ਚੰਦ੍ਰਮਾ। ੩. ਚੰਦਨ. ਕਪੂਰ। ੪. ਮੋਤੀ। ੫. ਸੇਚਿਤ ਜਲ. ਜਲ ਸੇਚਿਤ ਦਾ ਸੰਖੇਪ. "ਮਾਰੂ ਤੇ ਸੀਤਲੁ ਕਰੇ." (ਮਾਰੂ ਮਃ ੩) ਮਰੁ ਭੂਮੀ ਤੋਂ ਰੌਣੀ ਦੀ ਜ਼ਮੀਨ ਬਣਾ ਦਿੱਤੇ.

**ਸੀਤਲ ਕੁੰਡ:** ਦੇਖੋ, ਰਾਜਗਿਰਿ.

**ਸੀਤਲਤਾ:** ਸੰਗਯਾ- ਠੰਢ. ਸਰਦੀ. ਪਾਲਾ.

**ਸੀਤਲ ਪਾਟਿਕਕਾ, ਸੀਤਲ ਪਾਟੀ:** ਬੰਗਾਲ ਅਤੇ ਆਸਾਮ ਵਿੱਚ ਹੋਣ ਵਾਲਾ ਇੱਕ ਪ੍ਰਕਾਰ ਦਾ ਕੋਮਲ ਘਾਹ ਅਤੇ ਉਸ ਦੀ ਬਣਾਈ ਚਟਾਈ (ਸਫ), ਜੋ ਬਹੁਤ ਚਿਕਨੀ ਅਤੇ ਕੋਮਲ ਹੁੰਦੀ ਹੈ. "ਸੀਤਲ ਪਾਟਿਕਕਾ ਬਿਛਵਾਈ." (ਕ੍ਰਿਸਨਾਵ) ਕਿਸੇ ਅਜਾਣ ਲਿਖਾਰੀ ਨੇ ਬਿਛਵਾਈ ਦੀ ਥਾਂ ਬਿਛਟਾਈ ਲਿਖ ਦਿੱਤਾ ਹੈ.

**ਸੀਤਲਾ:** ਵਿ- ਸ਼ੀਤਲ ਰੂਪ. ਕ੍ਸ਼ੋਭ ਰਹਿਤ. "ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ." (ਕਾਨ ਮਃ ੫) ੨. ਸੰ. शीतला ਸੰਗਯਾ- ਹਿੰਦੂਮਤ ਵਿੱਚ ਚੇਚਕ ਦੀ ਦੇਵੀ ਮੰਨੀ ਹੈ, ਜਿਸ ਦਾ ਰੂਪ ਹੈ- ਸੁਨਹਿਰੀ ਰੰਗ, ਖੋਤੇ ਤੇ ਸਵਾਰ, ਹੱਥ ਵਿੱਚ ਝਾੜੂ, ਮੱਥੇ ਉੱਪਰ ਛੱਜ ਅਤੇ ਲਾਲ ਰੰਗ ਦੇ ਵਸਤ੍ਰ.

ਜਦ ਚੇਚਕ ਬਾਲਕਾਂ ਨੂੰ ਨਿਕਲਦੀ ਹੈ ਤਾਂ ਉਸ ਦੇ ਬੁਰੇ ਅਸਰ ਤੋਂ ਬਚਣ ਲਈ ਸੀਤਲਾ ਪੂਜੀ ਜਾਂਦੀ ਹੈ. ਖੋਤੇ ਨੂੰ ਦਾਣਾ ਚਾਰਦੇ ਹਨ ਅਰ ਰੋਗੀ ਨੂੰ ਮਾਤਾਰਾਣੀ ਦਾ ਖੋਤਾ ਆਖਦੇ ਹਨ. ਸੀਤਲਾ ਦਾ ਨਾਉਂ "ਮਸਾਣੀ" ਦੇਵੀ ਭੀ ਹੈ. ਇਸ ਦੇ ਪੂਜਨ ਦਾ ਖਾਸ ਦਿਨ ਚੇਤ ਬਦੀ ੮. (ਸ਼ੀਤਲਾਸ਼੍ਰਮੀ) ਹੈ। ੩. ਮਸੂਰਿਕ ਫ਼ਾ. جُدری ਜੁਦਰੀ. ਅੰ. Small- pox. ਚੇਚਕ. ਇਸ ਦਾ ਕਾਰਨ ਇੱਕ ਪ੍ਰਕਾਰ ਦੇ ਅਣੁਕੀਟ (Germs) ਹਨ, ਜੋ ਸਰੀਰ ਅੰਦਰ ਫੈਲਕੇ ਤੇਜ ਤਾਪ ਕਰਦੇ ਹਨ ਅਰ ਚੇਚਕ ਦੇ ਦਾਣੇ ਉਭਾਰਦੇ ਹਨ. ਤਾਪ ਹੋਣ ਤੋਂ ਤੀਜੇ ਚੌਥੇ ਦਿਨ ਦਾਣੇ ਨਿਕਲਨ ਲਗ ਜਾਂਦੇ ਹਨ, ਫੇਰ ਇਨ੍ਹਾਂ ਵਿੱਚ ਰਤੂਬਤ ਭਰਕੇ ਪੀਪ ਬਣ ਜਾਂਦੀ ਹੈ. ਦਸਵੇਂ ਗਿਆਰਵੇਂ ਦਿਨ ਦਾਣੇ ਮੁਰਝਾਕੇ ਵੀਹਵੇਂ ਦਿਨ ਖਰੀਂਢ ਉਤਰ ਜਾਂਦੇ ਹਨ.

ਇਹ ਬੀਮਾਰੀ ਛੂਤ ਦੀ ਹੈ. ਇਸ ਦਾ ਸਭ ਤੋਂ ਉੱਤਮ ਇਲਾਜ ਟੀਕਾ (ਲੋਦਾ) Vaccination ਹੈ. ਚੇਚਕ ਬੱਚਿਆਂ ਨੂੰ ਅਤੇ ਗਰਮ ਦੇਸ਼ ਵਿੱਚ ਜਾਦਾ ਹੁੰਦੀ ਹੈ. ਅਕਸਰ ਇਹ ਬੀਮਾਰੀ ਉਮਰ ਵਿੱਚ ਇੱਕ ਵਾਰ ਹੀ ਹੋਇਆ ਕਰਦੀ ਹੈ, ਪਰ ਕਦੇ ਕਦੇ ਦੂਜੀ ਵਾਰ ਭੀ ਹੋ ਜਾਂਦੀ ਹੈ, ਜੋ ਪਹਿਲੀ ਨਾਲੋਂ ਬਹੁਤ ਘੱਟ ਹੁੰਦੀ ਹੈ.

ਚੇਚਕ ਵਿੱਚ ਬੇਚੈਨੀ, ਜਲਨ, ਦਾਝ, ਸਿਰਪੀੜ ਆਦਿ ਅਨੇਕ ਕਲੇਸ਼ ਹੁੰਦੇ ਹਨ. ਇਸ ਦੇ ਰੋਗੀ ਨੂੰ ਪਿੱਤਪਾਪੜੇ ਦੇ ਅਰਕ ਵਿੱਚ ਸ਼ੀਰਖ਼ਿਸ਼ਤ ਮਲਕੇ ਦੇਣੀ ਉੱਤਮ ਹੈ. ਭੋਜਪਤ੍ਰ ਅਤੇ ਝਾਊ ਦੇ ਪੱਤਿਆਂ ਦੀ ਧੂਣੀ ਸੁਖਦਾਈ ਹੈ. ਫੁਨਸੀਆਂ ਦੀ ਜਲਨ ਮਿਟਾਉਣ ਲਈ ਮੁਸ਼ਕਕਪੂਰ ਦੀ ਮਰਹਮ ਮਲਨੀ ਹੱਛੀ ਹੈ.

ਉਨਾਬ ਪੰਜ ਦਾਣੇ, ਨੀਲੋਫਰ ਦੇ ਫੁੱਲ, ਪਿੱਤਪਾਪੜਾ, ਸੁੱਕੀ ਮਕੋ ਪੰਜ ਪੰਜ ਮਾਸ਼ੇ, ਬੀਹਦਾਣਾ ਪੰਜ ਮਾਸ਼ੇ, ਸਭ ਨੂੰ ਅੱਧ ਸੇਰ ਪਾਣੀ ਵਿੱਚ ਭਿਉਂਕੇ ਅਤੇ ਮਲਕੇ, ਦੋ ਤੋਲੇ ਨੀਲੋਫਰ ਦਾ ਸ਼ਰਬਤ ਮਿਲਾਕੇ ਪਿਆਉਣਾ ਤਾਪ ਅਤੇ ਦਾਝ ਨੂੰ ਸ਼ਾਂਤ ਕਰਦਾ ਹੈ.

ਖਾਣ ਲਈ ਖਿਚੜੀ ਮੂੰਗੀ ਦੀ ਦਾਲ ਆਦਿ ਜਿਨ੍ਹਾਂ ਵਿੱਚ ਨਾਮਮਾਤ੍ਰ ਲੂਣ ਹੋਵੇ, ਦੁੱਧ ਚਾਉਲ ਦੇਣੇ ਚਾਹੀਏ. ਮਿੱਠਾ ਭੀ ਬਹੁਤ ਹੀ ਕਮ ਵਰਤਣਾ ਲੋੜੀਏ.

ਰੋਗੀ ਦਾ ਕਮਰਾ, ਵਸਤ੍ਰ ਜਿਤਨੇ ਨਿਰਮਲ ਰੱਖੇ ਜਾਣ ਉਤਨੇ ਹੀ ਹੱਛੇ ਹਨ. "ਸੀਤਲਾ ਤੇ ਰਾਖਿਆ ਬਿਹਾਰੀ." (ਗਉ ਮਃ ੫) "ਸੀਤਲਾ ਠਾਕਿਰਹਾਈ। ਬਿਘਨ ਗਏ ਹਰਿਨਾਈ।।" (ਸੋਰ ਮਃ ੫) ੪. ਬਾਲੂ ਰੇਤ। ੫. ਲਾਲ ਰੰਗ ਦੀ ਗਊ.

ਸੀਤਲਾਇਆ, ਸੀਤਲਾਗਿਆ: ਸ਼ੀਤਲ ਹੋ ਗਿਆ. ਸ਼ੀਤਲਤਾ ਨੂੰ ਪ੍ਰਾਪਤ ਹੋਇਆ. "ਮੇਰਾ ਮਨ ਅਨਦਿਨ ਸੀਤਲਾਗਿਓ." (ਸਾਰ ਮਃ ੫)

ਸੀਤਲਾ ਬਾਹਨ: ਸੰਗਯਾ- ਖੋਤਾ. ਜੋ ਸ਼ੀਤਲਾ ਦਾ ਵਾਹਨ ਹੈ. ਸੀਤਲਾ ਦੀ ਸਵਾਰੀ.

ਸੀਤਲੁ: ਦੇਖੋ, ਸੀਤਲ. "ਸੀਤਲੁ ਥੀਵੈ ਨਾਨਕਾ ! ਜਪੰਦੜੋ ਹਰਿਨਾਮੁ." (ਵਾਰ ਜੈਤ)

ਸੀਤੜਾ: ਵਿ- ਸੀੱਤਾ ਹੋਇਆ. ਸਜੂਤ."ਸੀਤੜਾ ਮੰਨ ਮਝਾਹਿ." (ਵਾਰ ਜੈਤ)

ਸੀਤਾ: ਵਿ- ਸਜੂਤ. ਸ਼ੀੱਤਾ. ਸਿਉਣਾ ਦਾ ਭੂਤ ਕਾਲ ਰੂਪ. "ਸੀਤਾ ਹੈ ਚੋਲਾ." (ਸੂਹੀ ਮਃ ੧) ੨. ਸੰ. ਸੀਤਾ. ਸੰਗਯਾ- ਲਛਮੀ। ੩. ਪਾਰਬਤੀ। ੪. ਸ਼ਰਾਬ ੫. ਗੰਗਾ ਦੀ ਧਾਰ। ੬. ਹਲ ਦੇ ਚਊ ਦਾ ਫਲ। ੭. ਹਲ ਦੀ ਲਕੀਰ. ਓਰਾ। ੮. ਸੀਰਧ੍ਵਜ ਜਨਕ ਦੀ ਪੁਤ੍ਰੀ ਅਤੇ ਸ਼੍ਰੀ ਰਾਮਚੰਦ੍ਰ ਜੀ ਦੀ ਪਤਨੀ ਜੋ ਕੁਸ਼ ਅਤੇ ਲਵ ਦੀ ਮਾਤਾ ਸੀ. ਇਹ ਪਰਮ ਪਤਿਵ੍ਰਤਾ ਮੰਨੀ ਗਈ ਹੈ. "ਸੀਤਾ ਲੈ ਗਿਆ ਦਹਸਿਰੋ." (ਸਵਾ ਮਃ ੧)

ਵਾਲਮੀਕ ਕਾਂਡ ੧. ਅਃ ੬੬ ਵਿੱਚ ਲੇਖ ਹੈ ਕਿ ਰਾਜਾ ਸੀਰਧ੍ਵਜ ਜੱਗ ਲਈ ਜ਼ਮੀਨ ਸਾਫ ਕਰਨ ਵਾਸਤੇ ਹਲ ਜੋਤ ਰਿਹਾ ਸੀ, ਤਦ ਇੱਕ ਕੰਨਯਾ ਜ਼ਮੀਨ ਵਿੱਚੋਂ ਪ੍ਰਗਟੀ. ਹਲ ਦੀ ਸੀਤਾ (ਲੀਕ) ਵਿੱਚੋਂ ਉਪਜਣੇ ਕਾਰਣ ਨਾਉਂ "ਸੀਤਾ" ਹੋਇਆ. ਜਨਕ ਦੀ ਇਸਤ੍ਰੀ ਸੁਨਯਨਾ ਅਰ ਜਨਕ ਨੇ ਇਹ ਪੁਤ੍ਰੀ ਕਰਕੇ ਪਾਲੀ, ਇਸ ਕਾਰਣ ਜਨਕਜਾ ਕਹਾਈ. ਜ਼ਮੀਨ ਵਿਚੋਂ ਪੈਦਾ ਹੋਣ

ਕਰਕੇ ਭੂਮਿਜਾ ਤਥਾ ਅਯੋਨਿਜਾ ਭੀ ਇਸ ਦੇ ਨਾਉਂ ਪ੍ਰਸਿੱਧ ਹੋਏ.[246]

ਵਾਲਮੀਕ ਕਾਂਡ ੭. ਅਃ ੧੭. ਵਿੱਚ ਕਥਾ ਹੈ ਕਿ ਕੁਸ਼ਧ੍ਵਜ ਨਾਮੇ ਇੱਕ ਮਹਾਤਮਾ ਦੀ ਪੁਤ੍ਰੀ ਵੇਦਵਤੀ ਵਿਸ਼ਨੁ ਨੂੰ ਪਤਿ ਧਾਰਣ ਲਈ ਤਪ ਕਰ ਰਹੀ ਸੀ. ਉਸ ਦਾ ਸੁੰਦਰ ਰੂਪ ਦੇਖਕੇ ਦੈਤਾਂ ਦੇ ਰਾਜਾ ਸ਼ੁੰਭ ਨੇ ਕੁਸ਼ਧ੍ਵਜ ਨੂੰ ਮਾਰਕੇ ਕੰਨ੍ਯਾ ਲੈਣੀ ਚਾਹੀ, ਪਰ ਉਸ ਦੇ ਹੱਥ ਨਾ ਆਈ. ਫਿਰ ਰਾਵਣ ਨੇ ਇਕ ਵਾਰ ਵੇਦਵਤੀ ਨੂੰ ਆਪਣੀ ਵਹੁਟੀ ਬਣਾਉਣ ਲਈ ਇੱਛਾ ਪ੍ਰਗਟ ਕੀਤੀ. ਜਦ ਉਸ ਨੇ ਨਾ ਮੰਨਿਆ ਤਦ ਰਾਵਣ ਨੇ ਕੇਸਾਂ ਤੋਂ ਫੜਕੇ ਖਿੱਚ ਲਈ. ਵੇਦਵਤੀ ਕੇਸ ਛੁਡਾਕੇ ਅਗਨੀ ਵਿੱਚ ਪ੍ਰਵੇਸ਼ ਕਰ ਗਈ ਅਰ ਰਾਵਣ ਦੇ ਮਾਰਣ ਲਈ ਸੀਤਾ ਹੋ ਕੇ ਪ੍ਰਗਟੀ ਅਰ ਵਿਸ਼ਨੁਰੂਪ ਰਾਮ ਨੂੰ ਪਤੀ ਧਾਰਿਆ.

ਸੀਰਧ੍ਵਜ ਨੇ ਪ੍ਰਤਿਗ੍ਯਾ ਕੀਤੀ ਸੀ ਕਿ ਜੋ ਸ਼ਿਵ ਦੇ ਧਨੁਖ ਤੇ ਚਿੱਲਾ ਚੜ੍ਹਾਵੇਗਾ, ਉਹ ਜਾਨਕੀ ਨੂੰ ਵਰੇਗਾ, ਸੋ ਰਾਮ ਨੇ ਧਨੁਖ ਪੁਰ ਚਿੱਲਾ ਹੀ ਨਹੀਂ ਚੜ੍ਹਾਇਆ, ਬਲਕਿ ਖਿੱਚਕੇ ਦੋ ਟੁਕੜੇ ਕਰ ਦਿੱਤੇ, ਇਸ ਵਾਸਤੇ ਸੀਤਾ ਨੂੰ ਵਰਿਆ.

ਵਾਲਮੀਕ ਕਾਂਡ ੧, ਅਃ ੬੭ ਵਿੱਚ ਇਸ ਧਨੁਖ ਬਾਬਤ ਲਿਖਿਆ ਹੈ ਕਿ ਦਕ੍ਸ਼ ਦਾ ਜੱਗ ਨਾਸ਼ ਕਰਕੇ ਸ਼ਿਵ ਦੇ ਦੇਵਰਾਤ ਨਾਮਕ ਜਨਕ ਪਾਸ ਇਹ ਇਮਾਨਤ ਰੱਖਿਆ ਸੀ ਅਰ ਧਨੁਖ ਇਤਨਾ ਭਾਰੀ ਸੀ ਕਿ ਉਸ ਨੂੰ ਉਠਾਕੇ ਸ੍ਰੀ ਰਾਮ ਪਾਸ ਲਿਆਉਣ ਲਈ ੫੦੦੦ ਆਦਮੀ ਲੱਗੇ ਸਨ.

ਸੀਤਾ ਰਾਮਚੰਦ੍ਰ ਜੀ ਦੇ ਬਨਵਾਸ ਸਮੇਂ ਸਾਥ ਰਹੀ ਅਰ ਪਤੀ ਦੀ ਸੇਵਾ ਦੇ ਮੁਕਾਬਲੇ ਘਰ ਦੇ ਸੁਖ ਤਿਆਗ ਦਿੱਤੇ. ਜਦ ਰਾਮ ਦੇ ਇਸ਼ਾਰੇ ਨਾਲ ਲਮਛਣ ਨੇ ਦੰਡਕ ਬਨ ਵਿੱਚ ਰਾਵਣ ਦੀ ਭੈਣ ਸੂਪਨਖਾ (ਸੂਰਪਣਖਾ) ਦਾ ਨੱਕ ਵੱਢ ਦਿੱਤਾ, ਤਦ ਰਾਵਣ ਨੇ ਭੈਣ ਦਾ ਬਦਲਾ ਲੈਣ ਲਈ ਸੀਤਾ ਚੁਰਾ ਲਈ. ਸੁਗ੍ਰੀਵ ਦੀ ਸਹਾਇਤਾ ਨਾਲ ਰਾਮ ਨੇ ਹਨੂਮਾਨ ਦੀ ਰਾਹੀਂ ਲੰਕਾ ਵਿੱਚ ਸੀਤਾ ਦਾ ਹੋਣਾ ਮਲੂਮ ਕਰਕੇ ਰਾਵਣ ਨਾਲ ਯੁੱਧ ਕਰਕੇ ਸੀਤਾ ਪ੍ਰਾਪਤ ਕੀਤੀ. ਜਦ ਸੀਤਾ ਅਸ਼ੋਕਵਾਟਿਕਾ ਤੋਂ ਰਾਮ ਦੇ ਸਾਮ੍ਹਣੇ ਲਿਆਂਦੀ ਗਈ, ਤਦ ਰਾਮ ਨੇ ਆਖਿਆ ਕਿ ਹੇ ਸੀਤਾ! ਤੇਰੇ ਆਚਰਣ ਵਿੱਚ ਮੈਨੂੰ ਸੰਸਾ ਹੈ, ਇਸ ਲਈ ਜਿਧਰ ਜੀ ਚਾਹੇ ਚਲੀ ਜਾ, ਤੂੰ ਹੁਣ ਮੇਰੇ ਕੰਮ ਦੀ ਨਹੀਂ, ਇਸ ਪੁਰ ਸੀਤਾ ਅਗਨੀ ਵਿੱਚ ਪ੍ਰਵੇਸ਼ ਕਰ ਗਈ ਅਰ ਸਤ ਦੇ ਬਲ ਭਸਮ ਨਾ ਹੋਈ. ਸਾਰੇ ਦੇਵਤਿਆਂ ਨੇ ਸੀਤਾ ਦੇ ਸਤ ਦੀ ਗਵਾਹੀ ਦਿੱਤੀ ਤਦ ਰਾਮ ਨੇ ਅੰਗੀਕਾਰ ਕੀਤੀ. ਦੇਖੋ, ਵਾਲਮੀਕ ਕਾਡ ੬, ਅਃ ੧੭- ੧੮- ੧੯.

ਅਯੋਧ੍ਯਾ ਵਿੱਚ ਰਾਮਚੰਦ੍ਰ ਜੀ ਦੇ ਰਾਜ ਪ੍ਰਾਪਤ ਹੋਣ ਪੁਰ ਸੀਤਾ ਸੁਖ ਸਾਥ ਰਹੀ ਅਰ ਗਰਭਵਤੀ ਹੋਈ. ਇੱਕ ਦਿਨ "ਭਦ੍ਰ" ਨਾਮਕ ਮਖੌਲੀਏ ਨੇ ਰਾਮਚੰਦ੍ਰ ਜੀ ਨੂੰ ਆਖਿਆ ਕਿ ਲੋਕਾਂ ਵਿੱਚ ਆਪ ਦੀ ਬਦਨਾਮੀ ਹੈ ਕਿ ਰਾਵਣ ਦੇ ਘਰ ਰਹੀ ਸੀਤਾ ਨੂੰ ਆਪ ਨੇ ਘਰ ਵਸਾਇਆ ਹੈ. ਇਸ ਪੁਰ ਰਾਮ ਨੇ ਲਛਮਣ ਨੂੰ ਹੁਕਮ ਦਿੱਤਾ ਕਿ ਸੀਤਾ ਨੂੰ ਜੰਗਲ ਵਿੱਚ ਛੱਡ ਆਓ. ਲਛਮਣ ਨੇ ਆਗ੍ਯਾ ਪਾਲਨ ਕੀਤੀ. ਸੀਤਾ ਦਾ ਰੋਣਾ ਸੁਣਕੇ ਬਾਲਮੀਕਿ ਰਿਖੀ ਨੂੰ ਦ੍ਯਾ ਆਈ ਅਰ ਉਹ ਆਪਣੇ ਆਸ਼੍ਰਮ ਵਿੱਚ ਲੈ ਗਿਆ. ਉਸ ਥਾਂ ਸੀਤਾ ਦੇ ਦੋ ਜੌੜੇ ਪੁਤ੍ਰ ਜਨਮੇ. ਵਾਲਮੀਕਿ ਨੇ ਲਿਖਿਆ ਹੈ ਕਿ ਕੁਸ਼ਾ ਨਾਲ ਬਾਲਕ ਦੀ ਰਖ੍ਯਾ ਲਈ ਜਲ ਸੇਚਨ ਕਰਨ ਕਰਕੇ "ਕੁਸ਼" ਅਤੇ ਲਵ (ਖਸ) ਨਾਲ ਜਲ ਸੇਚਨ ਕਾਰਣ ਲਵ ਨਾਮ ਹੋਇਆ. ਕੁਸ਼ ਵਡਾ ਅਤੇ ਲਵ ਛੋਟਾ ਸੀ. ਬਾਲਕਾਂ ਦੀ ਰਿਖੀ ਨੇ ਪਾਲਨਾ ਕੀਤੀ ਅਰ ਵਿਦ੍ਯਾ ਪੜ੍ਹਾਈ. ਖਾਸ ਕਰਕੇ ਰਾਮਾਯਣ ਕੰਠ ਕਰਾਕੇ ਗਾਯਨ ਦੀ ਰੀਤੀ ਦੱਸੀ. ਸ੍ਰੀ ਰਾਮ ਦੇ ਅਸ਼੍ਵਮੇਧ ਜੱਗ ਦੇ ਉਤਸਵ ਵਿੱਚ ਰਿਖੀ ਕੁਸ਼ ਲਵ ਨੂੰ ਨਾਲ ਲੈ ਕੇ ਅਯੋਧ੍ਯਾ ਗਿਆ. ਬਾਲਕਾਂ ਦਾ ਗਾਯਨ ਸੁਣਕੇ ਰਾਮ ਅਤੇ ਸਾਰੇ ਦਰਬਾਰੀ ਮੋਹਿਤ ਹੋ ਗਏ. ਰਿਖੀ ਨੇ ਸੀਤਾ ਦੀ ਪਵਿਤ੍ਰਤਾ ਦੱਸਕੇ ਕੁਸ਼ ਲਵ ਦਾ ਰਾਮ ਦੇ ਪੁਤ੍ਰ ਹੋਣਾ ਜਣਾਇਆ. ਇਸ ਪੁਰ ਸ਼੍ਰੀ ਰਾਮ ਨੇ ਸੀਤਾ ਨੂੰ ਬੁਲਾਉਣ ਲਈ ਆਗ੍ਯਾ ਕੀਤੀ. ਸੀਤਾ ਨੇ ਭਰੇ ਦਰਬਾਰ ਵਿੱਚ ਆਕੇ ਆਖਿਆ ਕਿ ਜੇ ਮੈ ਆਪਣੇ ਪਤੀ ਰਾਮ ਬਿਨਾਂ ਹੋਰ ਕਿਸੇ ਨੂੰ ਮਨ ਕਰਕੇ ਭੀ ਨਹੀਂ ਚਿਤਵਿਆ, ਤਾਂ ਹੇ ਪ੍ਰਿਥਵੀ! ਮੈਨੂੰ ਆਪਣੇ ਵਿੱਚ ਨਿਵਾਸ ਦੇ. ਸੀਤਾ ਦੇ ਇਹ ਕਹਿਣ ਪੁਰ ਪ੍ਰਿਥਿਵੀ ਫਟ ਗਈ ਅਰ ਸੀਤਾ ਉਸ ਵਿੱਚ ਲੀਨ ਹੋ ਗਈ. ਦੇਖੋ, ਵਾਲਮੀਕ ਕਾਂਡ ੭, ਅਃ ੯੭.

ਜੌ ਮੇਰੇ ਵਚ ਕਰਮ ਕਰ ਹ੍ਰਿਦੈ ਬਸਤ ਰਘੁਰਾਇ,

---

[246] ਲੋਕਾਂ ਵਿੱਚ ਕਥਾ ਪ੍ਰਚਲਿਤ ਹੈ ਕਿ ਰਾਵਣ ਨੇ ਰਿਖੀਆਂ ਤੋਂ ਖਿਰਾਜ ਮੰਗਿਆ, ਰਿਖੀਆਂ ਪਾਸ ਦੇਣ ਨੂੰ ਕੁਝ ਨਹੀਂ ਸੀ, ਇਸ ਲਈ ਆਪਣਾ ਲਹੂ ਦਿੱਤਾ. ਰਿਖੀਆਂ ਦੇ ਲਹੂ ਦਾ ਭਰਿਆ ਘੜਾ ਜ਼ਮੀਨ ਵਿੱਚ ਦੱਬ ਦਿੱਤਾ, ਜਿਸ ਵਿਚੋਂ ਸੀਤਾ ਜਨਮੀ ਅਤੇ ਰਾਵਣ ਦੇ ਨਾਸ਼ ਦਾ ਕਾਰਣ ਹੋਈ.

ਪ੍ਰਿਥੀ ! ਪੈਡ ਮੁਹਿ ਦੀਜਿਯੇ ਲੀਜੈ ਆਪਮਿਲਾਇ.

ਸੁਨਤ ਬਚਨ ਧਰਨੀ ਫਟਗਈ,

ਲੋਪ ਸੀਆ ਤਿਹ ਭੀਤਰਿ ਭਈ,

ਚਕ੍ਰਤ ਰਹੇ ਨਿਰਖ ਰਘੁਰਾਈ,

ਰਾਜ ਕਰਨ ਕੀ ਆਸ ਚੁਕਾਈ. (ਰਾਮਾਵ)

੯. ਪੀਪਾ ਭਗਤ ਦੀ ਇਸਤ੍ਰੀ. ੧੦. ਵੇਦਾਂ ਅਨੁਸਾਰ ਖੇਤੀ ਦੀ ਦੇਵੀ.

ਸ਼ੀਤਾਂਸ਼ੁ: ਸੰਗਜ੍ਞਾ- ਚੰਦ੍ਰਮਾ. ਸ਼ੀਤਲ ਹੈਨ ਅੰਸ਼ੁ (ਕਿਰਣਾਂ) ਜਿਸ ਦੀਆਂ. ਦੇਖੋ, ਸੀਤਕਰ.

ਸੀਤਾਕੰਤ, ਸੀਤਾਨਾਥ, ਸੀਤਾਪਤਿ: ਰਾਮ ਚੰਦ੍ਰ ਜੀ.

ਸੀਤਾਫਲ: ਸੰਗਜ੍ਞਾ- ਸ਼ਰੀਫ਼ਾ. Custard apple. L. Annona Squamosa.

ਸੀਤਾਰਮਣ, ਸੀਤਾਰਵਨ, ਸੀਤਾਵਰ, ਸੀਤਾਵੱਲਭ: ਸੀਤਾਪਤਿ, ਰਾਮ ਚੰਦ੍ਰ ਜੀ. "ਸੀਤਾਰਵਨ ਕਹਾਂ ਹੈਂ?" (ਰਾਮਾਵ)

ਸੀਤੋ: ਵਿ- ਸ੍ਯੂਤ. ਪਰੋਇਆ. ਸੀੱਤਾ ਹੋਇਆ। ੨. ਸੰਗਜ੍ਞਾ- ਸ਼ੀਤਲਤਾ. ਤਾਮਸ ਦਾ ਅਭਾਵ. "ਤਿਥੈ ਸੀਤੋ ਸੀਤਾ ਮਹਿਮਾ ਮਾਹਿ." (ਜਪੁ) ਕਰਮ ਮੰਡਲ (ਭੂਮਿਕਾ) ਵਿੱਚ ਰਾਮ (ਸਰਵਵ੍ਯਾਪੀ) ਵ੍ਯਾਪ ਰਹਿਆ ਹੈ, ਅਰ ਆਤਮਿਕਸ਼ਾਂਤਿ ਰੂਪ ਸੀਤਾ ਵਡੀ ਉੱਨਤੀ ਵਿੱਚ ਹੈ।[247] ਸੰ, ਸੀਤਜ. ਵਿ- ਬਾਹਿਆ ਹੋਇਆ. ਹਲ ਨਾਲ ਜਿਸ ਦੀ ਵਾਹੀ ਕੀਤੀ ਗਈ ਹੈ. "ਇਹੁ ਤਨੁ ਸੀਤੋ ਤੁਮਰੈ ਧਾਨੁ." (ਸਾਰ ਮਃ ੫)

ਸੀਤੋਸਨ: ਸੰ. शीतोषण ਸ਼ੀਤੋਸ਼੍ਣ. ਸ਼ੀਤ- ਉਸ਼੍ਣ. ਠੰਢ ਅਤੇ ਗਰਮੀ। ੨. ਠੰਢਾ ਅਤੇ ਤੱਤਾ.

ਸੀਤਜ: ਸੰ. ਵਿ- ਵਾਹਿਆ ਹੋਇਆ। ੨. ਸੰਗਜ੍ਞਾ- ਅੰਨ. ਦਾਣਾ. ਗੱਲਾ.

ਸੀਦ: ਸੰ. ਸੰਗਜ੍ਞਾ- ਵਿਆਜ ਤੇ ਧਨ ਦੇਣਾ. ਸੂਦਖ਼ੋਰੀ.

ਸੀਂਦ: ਵਿ- ਸ੍ਵ (ਧਨ) ਨਹੀਂ ਦਿੱਤਾ ਗਿਆ ਜਿਸ ਵਾਸਤੇ. ਬਿਨਾ ਮੁੱਲ. ਮੁਫਤ.

ਸੀਧ: ਸੰਗਜ੍ਞਾ- ਸੇਧ. ਸਿੱਧੀ ਰੇਖਾ। ੨. ਵਿ- ਸਿੱਧ. ਪੂਰਣ. "ਨਾਮਿ ਹਮਾਰੇ ਕਾਰਜ ਸੀਧ." (ਗੌਂਡ ਮਃ ੫) ੩. ਸਿੱਧ ਹੋਇਆ. ਸਾਬਤ ਹੋਇਆ. "ਵਿਚਿ ਕਾਇਆ ਨਗਰਿ ਹਰਿ ਸੀਧੇ." (ਬਸੰ ਮਃ ੪) ਦੇਹ ਵਿੱਚ ਹੀ ਹਰਿ ਸਿੱਧ ਹੋ ਗਏ.

ਸੀਂਧਨਾ: ਕ੍ਰਿ. ਸੰਧਾਨ ਕਰਨਾ. ਸਿੰਨ੍ਹਣਾ.

ਸੀਂਧਵ: ਦੇਖੋ, ਸੈਂਧਵ.

ਸੀਧਾ: ਵਿ- ਵਲ (ਵਿੰਗ) ਰਹਿਤ। ੨. ਕਪਟ ਰਹਿਤ. ਸੂਧਾ. "ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ." (ਗਉ ਅਃ ਮਃ ੩) ੩. ਸਿੱਧਿ (ਕਾਮਯਾਬੀ) ਨੂੰ ਪ੍ਰਾਪਤ ਹੋਇਆ. ਕਾਮਯਾਬ. ਸਫਲ ਮਨੋਰਥ. "ਹਰਿ ਦਰਗਹ ਪੈਧੇ ਹਰਿਨਾਮੈ ਸੀਧੇ." (ਆਸਾ ਛੰਤ ਮਃ ੪) "ਸਤਿਗੁਰੁ ਤੇ ਕਵਨ ਕਵਨ ਨ ਸੀਧੋ ਮੇਰੇ ਭਾਈ?" (ਗਉ ਅਃ ਮਃ ੩) ੪. ਸਿੱਧਾ. ਉਲਟਾ ਦੇ ਵਿਰੁੱਧ. "ਸੀਧਾ ਛੋਡਿ ਅਪੂਠਾ ਬੁਨਨਾ." (ਗਉ ਮਃ ੫) ੫. ਸੰਗਜ੍ਞਾ- ਭੋਜਨ ਸਿੱਧ ਕਰਨ ਦੀ ਸਾਮਗ੍ਰੀ. ਰਸਦ. ਅਸਿੱਧ ਅੰਨ. "ਸੀਧਾ ਆਨ ਚਢਾਵਹੀਂ ਕੇਤਿਕ ਕਰਿਹਂ ਸਲਾਮ." (ਨਾਪ੍ਰ) ੬. ਸੈਂਧਵ. ਲੂਣ. "ਦਾਲ ਸੀਧਾ ਮਾਂਗਉ ਘੀਉ." (ਧਨਾ ਧੰਨਾ)

ਸੀਂਧਾ: ਦੇਖੋ, ਸੀਧਾ ੬.

---

[247] ਇਸ ਮੰਡਲ ਵਿੱਚ ਅਸਲੀ ਜੀਵਨ ਵਾਲੇ ਸੂਰਮਿਆਂ ਦਾ ਜ਼ਿਕਰ ਹੈ. ਭਾਵ-ਰਾਮ ਜੇਹੇ ਮਰਦ ਅਤੇ ਸੀਤਾ ਜੇਹੀਆਂ ਤੀਵੀਆਂ ਰਹਿੰਦੀਆਂ ਹਨ.

ਸੀਧਿ: ਸੰਗਯਾ- ਸਿੱਧਿ. ਸਫਲਤਾ. "ਗੋਬਿੰਦ ਜੋ ਜਪੈ ਤਿਸੁ ਸੀਧਿ." (ਮਾਰੂ ਮਃ ੫) ੨. ਦੇਖੋ, ਸੀਧ.

ਸੀਧੋ: ਦੇਖੋ, ਸੀਧਾ। ੨. ਵਿ- ਸਿੱਧ ਹੋਇਆ. ਸਾਬਤ ਹੋਇਆ. ਨਿਰਣੇ ਹੋਇਆ.

ਸੀਨਾ: ਦੇਖੋ, ਸਿਉਣਾ। ੨. ਫ਼ਾ. سینہ ਸੀਨਹ. ਸੰਗਯਾ- ਛਾਤੀ. ਉਰ. "ਸੀਤਲ ਮਨ ਸੀਨਾ ਰਾਮ." (ਬਿਲਾ ਛੰਤ ਮਃ ੫) "ਡਰਕੈ ਫਟਗੇ ਤਿੰਹ ਸਤ੍ਰੁਨ ਸੀਨੇ." (ਕ੍ਰਿਸਨਾਵ)

ਸੀਨੇਜੋਰ: ਵਿ- ਛਾਤੀ ਦਾ ਜੋਰ ਦਿਖਾਉਣ ਵਾਲਾ. ਧੱਕੇਬਾਜ਼.

ਸੀਨੇਜੋਰੀ: ਸੰਗਯਾ- ਧੱਕੇਬਾਜ਼ੀ. ਛਾਤੀ ਦੇ ਜੋਰ ਨਾਲ ਕੀਤਾ ਕੰਮ. "ਤੁਰਗ ਮਗਾਯੋ ਸੀਨੇਜੋਰੀ." (ਗੁਪ੍ਰਸੂ)

ਸੀਪ: ਸੰਗਯਾ- ਸਿੱਪੀ. ਸ਼ੁਕ੍ਤਾ.

ਸੀਪਤਿ: ਸੀਤਾ ਪਤਿ. ਰਾਮਚੰਦ੍ਰ ਜੀ। ੨. ਸ਼੍ਰੀਪਤਿ. ਵਿਸ਼ਨੁ। ੩. ਮਾਇਆ ਪਤਿ ਕਰਤਾਰ.

ਸੀ. ਪੀ.: Central Province. ਮੱਧ ਭਾਰਤ. ਨਾਗਪੁਰ ਦਾ ਇਲਾਕਾ.

ਸੀਪੈ: ਸੀਂਵੀਂਦੀ ਹੈ. ਸੀਤੀ ਜਾਂਦੀ ਹੈ. "ਇਉ ਪਤਿ ਪਾਟੀ ਸਿਫਤੀ ਸੀਪੈ." (ਵਾਰ ਰਾਮ ੧. ਮਃ ੧)

ਸੀਬਈ: ਇੱਕ ਰਾਜਪੂਤ ਜਾਤਿ. ਸੀਬਾ ਰਿਆਸਤ ਇਸੇ ਜਾਤਿ ਦੀ ਹੈ. ਦੇਖੋ, ਬਾਈ ਧਾਰ.

ਸੀਂਬਰ: ਦੇਖੋ, ਸਿੰਮਲ. "ਸੀਂਬਰ ਤਾਰ ਖਜੂਰੈਂ ਭਾਰੀ." (ਗੁਪ੍ਰਸੂ)

ਸੀ ਬਰਣ: ਸੰ. ਸ਼੍ਰੀ ਵਰਣ. ਵਿ- ਸੁੰਦਰ ਰੰਗ ਵਾਲਾ. "ਸੀ ਬਰਣਬਧ." (ਗ੍ਯਾਨ. ਅੰਗ ੧੫੦) ਅਸ਼੍ਵਮੇਧ ਵਿੱਚ ਸੁੰਦਰ ਵਰਣ ਵਾਲੇ ਘੋੜੇ ਦਾ ਵਧ. ਦੇਖੋ, ਸ਼੍ਰੀ ਬਰਣ.

ਸੀਭੜੋ: ਪਟਿਆਲੇ ਤੋਂ ਸੱਤ ਕੋਹ ਵਾਯਵੀ ਕੋਣ ਤਸੀਲ ਸਰਹਿੰਦ, ਥਾਣਾ ਮੂਲੇਪੁਰ ਦਾ ਇੱਕ ਪਿੰਡ. ਇਸ ਥਾਂ ਨੌਮੇ ਸਤਿਗੁਰੂ ਜੀ ਪਧਾਰੇ ਹਨ. ਰਿਆਸਤ ਵੱਲੋਂ ਚਾਲੀ ਘੁਮਾਉਂ ਜ਼ਮੀਨ ਗੁਰੁਦ੍ਵਾਰੇ ਦੇ ਨਾਮ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਧਬਲਾਨ ਤੋਂ ਕਰੀਬ ੪. ਮੀਲ ਈਸ਼ਾਨ ਕੋਣ ਹੈ.

ਸੀਮ: ਹੱਦ. ਦੇਖੋ, ਸੀਮਾ. "ਸੀਮ ਤਜ ਆਪਨੀ ਬਿਰਾਨੇ ਦੇਸ ਲਾਂਘ ਲਾਂਘ" (ਰਾਮਾਵ) ੨. ਫ਼ਾ. سیم ਚਾਂਦੀ. ਰਜਤ.

ਸੀਮਕ: ਦੇਖੋ, ਸਿਉਂਕ.

ਸੀਮਤਨ: ਫ਼ਾ. سیمتن ਵਿ- ਚਾਂਦੀ ਜੇਹੇ ਜਿਸਮ ਵਾਲਾ.

ਸੀਮਨ: ਦੇਖੋ, ਸਿਉਣਾ. "ਸੀਮਨ ਕਰੋ ਸਰਬ ਅਭਿਰਾਮ." (ਗੁਪ੍ਰਸੂ)

ਸੀਮਾ: ਸੰ. ਸੰਗਯਾ- ਹੱਦ। ੨. ਮਰਯਾਦਾ। ੩. ਕੇਸਾਂ ਵਿੱਚ ਪਾਈ ਚੀਰਨੀ (ਚੀਰ). ੪. ਅ਼. سیما ਨਿਸ਼ਾਨ. ਚਿੰਨ੍ਹ। ੫. ਮੱਥੇ ਦਾ ਨਿਸ਼ਾਨ.

ਸੀਮਾਬ: ਫ਼ਾ. سیماب ਸੰਗਯਾ- ਸੀਮ- ਆਬ. ਚਾਂਦੀ ਜੇਹਾ ਪਾਣੀ. ਪਾਰਾ.

ਸੀਮਾਲਿੰਗ: ਸੰਗਯਾ- ਹੱਦ ਦਾ ਚਿੰਨ੍ਹ. ਠੰਡਾ. ਤੋਖਾ.

ਸੀਮੁਰਗ: ਫ਼ਾ. سیمرغ ਸੰਗਯਾ- ਇੱਕ ਪੰਛੀ, ਜੋ ਸੀ (ਤੀਹ) ਮੁਰਗ (ਪੰਛੀਆਂ) ਦੇ ਪਰਾਂ ਦਾ ਰੰਗ ਆਪਣੇ ਪੰਖਾਂ ਉੱਪਰ ਰਖਦਾ ਹੈ. ਇਹ ਕਲਪਿਤ ਪੰਛੀ ਹੈ. Griffin. ਕਵੀਆਂ ਨੇ ਇਸ ਦਾ ਹੇਠਲਾ ਹਿੱਸਾ ਸ਼ੇਰ ਦਾ ਅਤੇ ਉੱਪਰਲਾ ਉਕਾਬ ਦਾ ਲਿਖਿਆ ਹੈ. ੨. ਕਈਆਂ ਨੇ ਉਨਕਾ ਦਾ ਹੀ ਦੂਜਾ ਨਾਉਂ ਸੀਮੁਰਗ ਦੱਸਿਆ ਹੈ. ੩. ਕਈ ਦਗਰੇ ਨੂੰ ਸੀਮੁਰਗ ਆਖਦੇ ਹਨ. ਦੇਖੋ, ਦਗਰਾ.

**ਸੀਮੰਤ:** ਸੰ. ਸੰਗਯਾ- ਕੰਘੀ ਨਾਲ ਕੇਸਾਂ ਵਿੱਚ ਚੀਰ ਪਾਉਣ ਦੀ ਕ੍ਰਿਯਾ. ਕੇਸਾਂ ਨੂੰ ਦੋਹੀਂ ਪਾਸੀਂ ਹਟਾਕੇ ਵਿੱਚ ਰੇਖਾ ਪਾਉਣ ਦਾ ਕਰਮ. ਇਸੇ ਸ਼ਬਦ ਤੋਂ "ਸੀਮੰਤੋੱਨਯਨ" ਸੰਸਕਾਰ ਹਿੰਦੂਆਂ ਦਾ ਹੈ, ਜੋ ਗਰਭ ਦੀ ਹਾਲਤ ਵਿੱਚ ਚੌਥੇ, ਛੀਵੇਂ ਅਥਵਾ ਅੱਠਵੇਂ ਮਹੀਨੇ ਕੀਤਾ ਜਾਂਦਾ ਹੈ. ਪਤੀ ਆਪਣੀ ਇਸਤ੍ਰੀ ਦੇ ਕੇਸਾਂ ਵਿੱਚ ਚੀਰ ਪਾਉਂਦਾ ਹੈ. ਇਸ ਸੰਸਕਾਰ ਤੋਂ ਗਰਭ ਦੇ ਬੱਚੇ ਦਾ ਮੰਗਲ ਮੰਨਿਆ ਗਿਆ ਹੈ.

**ਸੀਮੰਤਕ:** ਜਿਸ ਨੇ ਸੀਮੰਤ ਕੀਤਾ ਹੈ. ਦੇਖੋ, ਸੀਮੰਤ। ੨ਦੇਖੋ, ਸਯਮੰਤਕ.

**ਸੀਮੰਤਿਕਾ:** ਸੀਮੰਤ ਕਰਨ ਵਾਲੀ. ਦੇਖੋ, ਸੀਮੰਤ.

**ਸੀਮੰਤਿਨਿ, ਸੀਮੰਤਿਨੀ:** ਸੰ. सीमन्तिनी. ਵਿ- ਸੀਮੰਤ (ਕੇਸਾਂ ਦੇ ਸ਼ਿੰਗਾਰ) ਵਾਲੀ. ਜਿਸ ਨੇ ਮੱਥੇ ਉੱਪਰ ਪੱਟੀਆਂ ਕੱਢਕੇ ਸ਼ਿੰਗਾਰ ਬਣਾਇਆ ਹੈ. "ਜੋਰ ਸੀਮੰਤਿਨਿ ਕੋ ਜਿਹ ਥਾਏ." (ਨਾਪ੍ਰ)

**ਸੀਮੰਤੋ ਨਯਨ:** ਦੇਖੋ, ਸੀਮੰਤ.

**ਸੀਯ:** ਸੀਤਾ. ਜਾਨਕੀ.

**ਸੀਯਾਪਤਿ:** ਰਾਮਚੰਦ੍ਰ ਜੀ.

**ਸੀਰ:** ਸੰਗਯਾ- ਸ਼ਰਾਕਤ. ਸਾਂਝ. "ਸੀਰ ਨਾ ਸੁਸੰਗ ਮੇ." (ਗੁਪ੍ਰਸੂ) ੨. ਸ਼ੀਤਲਤਾ. ਠੰਢ. "ਸੀਰ ਜਿਮ ਨੀਰ ਮਹਿ ਹੋਤ ਸੁਖਕਾਰ ਹੈ." (ਨਾਪ੍ਰ) ੩. ਵਿ- ਸ਼ੀਤਲ. ਠੰਢਾ. "ਫਟੇ ਮਾਸ ਲਾਗੇ ਜਲ ਸੀਰ." (ਗੁਪ੍ਰਸੂ) ੪. ਸੰ. ਸੰਗਯਾ- ਸੂਰਜ। ੫. ਅੱਕ। ੬. ਹੱਲ. ਜ਼ਮੀਨ ਵਾਹੁਣ ਦਾ ਸੰਦ। ੭. ਸੰ. ਸ਼ੀਰ. ਅਜਗਰ. ਅਜਦਹਾ। ੮. ਵਿ- ਤਿੱਖਾ। ੯. ਫ਼ਾ. شیر ਸ਼ੀਰ. ਸੰਗਯਾ- ਕ੍ਸ਼ੀਰ. ਦੁੱਧ.

**ਸ਼ੀਰਖੋਰ, ਸ਼ੀਰਖ੍ਵਾਰ:** ਵਿ- ਦੁੱਧ ਪੀਣ ਵਾਲਾ. ਛੋਟਾ ਬਾਲਕ, ਜੋ ਦੁੱਧ ਦੇ ਹੀ ਆਧਾਰ ਰਹਿੰਦਾ ਹੈ. "ਸੀਰਖੋਰ ਇਨ ਕਹਾਂ ਬਿਗਾਰਾ?" (ਗੁਪ੍ਰਸੂ)

**ਸ਼ੀਰਣ:** शीरण ਵਿ- ਟੁੱਟਿਆ ਫੁੱਟਿਆ। ੨. ਖਿੰਡਿਆ ਹੋਇਆ.

**ਸੀਰਣੀ:** ਦੇਖੋ, ਸ਼ੀਰੀਨੀ.

**ਸੀਰਤ:** سیرت ਸੰਗਯਾ- ਸੁਭਾਉ. ਪ੍ਰਕ੍ਰਿਤਿ. ਆਦਤ. "ਸੂਰਤ ਸੀਰਤ ਮੇ ਜਨੁਕ ਆਪ ਬਨਯੋ ਪੁਰਹੂਤ." (ਚਰਿਤ੍ਰ ੬੬)

**ਸੀਰਧ੍ਵਜ:** ਸੀਤਾ ਦਾ ਪਿਤਾ ਜਨਕ। ੨. ਕ੍ਰਿਸ਼ਨ ਜੀ ਦਾ ਵਡਾ ਭਾਈ ਬਲਰਾਮ. ਸੀਰ (ਹਲ) ਹੈ ਜਿਸ ਦੀ ਧੁਜਾ ਵਿੱਚ.

**ਸੀਰਪਾਣਿ:** ਸੰਗਯਾ- ਬਲਭਦ੍ਰ. ਸੀਰ (ਹਲ) ਹੈ ਜਿਸ ਦੇ ਹੱਥ. ਹਲਧਰ। ੨. ਹਲ ਵਾਹੁਣ ਵਾਲਾ ਕਿਰਸਾਣ.

**ਸੀਰਾ:** ਵਿ- ਸ਼ੀਤਲ. ਠੰਢਾ. "ਸੀਰਾ ਤਾਤਾ ਹੋਇ." (ਸ. ਕਬੀਰ) ੨. ਫ਼ਾ. شیرہ ਸ਼ੀਰਾ. ਸੰਗਯਾ- ਪਤਲੀ ਮਿਠਿਆਈ. ਦਾਣੇਦਾਰ ਰਾਬ। ੩. ਖਜੂਰ ਆਦਿ ਫਲਾਂ ਦਾ ਗਾੜ੍ਹਾ ਰਸ। ੪. ਤਿਲਾਂ ਦਾ ਤੇਲ। ੫. ਸੰ. सीरा ਸੀਰਾ. ਨਦੀ.

**ਸ਼ੀਰਾਜ਼:** ਫ਼ਾ. شیراز ਸੰਗਯਾ- ਈਰਾਨ ਦਾ ਇੱਕ ਪ੍ਰਸਿੱਧ ਸ਼ਹਿਰ, ਜਿਸ ਥਾਂ ਸਾਦੀ ਅਤੇ ਹਾਫ਼ਿਜ਼ ਜੇਹੇ ਪ੍ਰਸਿੱਧ ਕਵੀ ਹੋਏ ਹਨ.

**ਸੀਰਾਜ਼ੀ:** ਵਿ- ਸ਼ੀਰਾਜ਼ ਦਾ ਵਸਨੀਕ। ੨. ਸ਼ੀਰਾਜ਼ ਨਾਲ ਸੰਬੰਧਿਤ.

**ਸੀਰੀ:** ਵਿ- ਸ਼ਰਾਕਤ ਰੱਖਣ ਵਾਲਾ. ਸਾਂਝੀਵਾਲ। ੨. ਸੰ. सीरिन ਹਲ ਚਲਾਉਣ ਵਾਲਾ. ਵਾਹੀ ਕਰਨ ਵਾਲਾ. ਹਲਵਾਹ.

**ਸ਼ੀਰੀਂ:** ਫ਼ਾ. شیریں ਵਿ- ਮਿੱਠਾ. "ਗੰਭੀਰ ਧੀਰ ਸ਼ੀਰੀਂ ਜ਼ਬਾਨ." (ਪੰਪ੍ਰ) ੨. ਪਿਆਰਾ। ੩. ਸੰਗਯਾ- ਖ਼ੁਸਰੋ ਪਰਵੇਜ਼ ਈਰਾਨ ਦੇ ਸ਼ਾਹ ਦੀ ਇਸਤ੍ਰੀ, ਜੋ ਫ਼ਰਹਾਦ ਦੀ ਪਿਆਰੀ ਸੀ. ਫ਼ਰਹਾਦ ਨੂੰ ਆਖਿਆ ਗਿਆ ਕਿ ਜੇ ਤੂੰ ਪਹਾੜ ਕੱਟਕੇ ਨਦੀ ਲੈ ਆਵੇਂ,

ਤਾਂ ਸ਼ੀਰੀਂ ਪ੍ਰਾਪਤ ਕਰ ਸਕੇਂਗਾ. ਫ਼ਰਹਾਦ ਨੇ ਅਣਥੱਕ ਯਤਨ ਕਰਕੇ ਪਹਾੜ ਕੱਟਿਆ. ਜਦ ਕਾਰਜਸਿੱਧੀ ਹੋਣ ਵਾਲੀ ਹੀ ਸੀ, ਤਦ ਉਸ ਨੂੰ ਖ਼ਬਰ ਪੁਚਾਈ ਗਈ ਕਿ ਸ਼ੀਰੀਂ ਮਰ ਗਈ ਹੈ. ਇਹ ਸੁਣਕੇ ਫ਼ਰਹਾਦ ਨੇ ਪ੍ਰਾਣ ਤਿਆਗ ਦਿੱਤੇ. ਸ਼ੀਰੀਂ ਬੀ ਫ਼ਰਹਾਦ ਦਾ ਮਰਨਾ ਸੁਣਕੇ ਦੇਹ ਤਿਆਗ ਗਈ.

ਸ਼ੀਰੀਨੀ: ਫ਼ਾ. شیرینی ਸੰਗਯਾ- ਮਿਠਾਸ। ੨. ਮਿਠਿਆਈ। ੩. ਕਿਸੇ ਕੰਮ ਦੀ ਖ਼ੁਸ਼ੀ ਵਿੱਚ ਵੰਡਿਆ ਪ੍ਰਸਾਦ। ੪. ਕਿਸੇ ਪੀਰ ਜਾਂ ਉਸ ਦੇ ਅਸਥਾਨ ਤੇ ਚੜ੍ਹਾਈ ਮਿਠਿਆਈ.

ਸੀਰੰਦ: ਦੇਖੋ, ਸਰਹਿੰਦ.

ਸੀਲ: ਸੰ. शील्. ਧਾ- ਮਨਨ ਕਰਨਾ. ਮਨ ਟਿਕਾਉਣਾ. ਅਭ੍ਯਾਸ ਕਰਨਾ. ਪੂਜਣਾ. ਧਾਰਣ ਕਰਨਾ. ੨. ਸੰਗ੍ਯਾ- ਸੁਭਾਉ। ੩. ਸ਼ਿਸ੍ਟਾਚਾਰ ਭਲਮਨਸਊ "ਸੀਲ ਬਿਗਾਰਿਓ ਤੇਰਾ ਕਾਮ" (ਆਸਾ ਮਃ ੫) ਕਾਮ ਨੇ ਤੇਰਾ ਸਿਸ਼੍ਟਾਚਾਰ ਵਿਗਾੜ ਦਿੱਤਾ.

ਵਿਦ੍ਯਾ ਬਿਨ ਦ੍ਵਿਜ ਔ ਬਗੀਚਾ ਬਿਨ ਆਂਬਨ ਕੋ

ਪਾਨੀ ਬਿਨ ਸਾਵਨ ਸੁਹਾਵਨ ਨ ਜਾਨੀ ਹੈ,

ਰਾਜਾ ਬਿਨ ਰਾਜ ਕਾਜ ਰਾਜਨੀਤਿ ਸੋਚੇ ਬਿਨ

ਪੁਨਜ ਕੀ ਬਸੀਠੀ ਕਹੁ ਕੈਸੇਧੋ ਬਖਾਨੀ ਹੈ,

ਕਹੈ "ਜਯਦੇਵ" ਬਿਨ ਹਤਿ ਕੋ ਹਿਤੂ ਹੈ ਜੈਸੇ

ਸਾਧੁ ਬਨਿ ਸੰਗਿਤ ਕਲੰਕ ਕੀ ਨਿਸ਼ਾਨੀ ਹੈ,

ਪਾਨੀ ਬਿਨ ਸਰ ਜੈਸੇ ਦਾਨ ਬਿਨ ਕਰ ਜੈਸੇ

ਸ਼ੀਲ ਬਿਨ ਨਰ ਜੈਸੇ ਮੋਤੀ ਬਿਨ ਪਾਨੀ ਹੈ.

੪. ਪਤਿਵ੍ਰਤ ਧਰਮ. "ਸਾਚ ਸੀਲ ਸੁਚਿ ਸੰਜਮੀ ਸਾ

ਪੂਰੀ ਪਰਿਵਾਰ." (ਵਾਰ ਮਾਰੂ ੧. ਮਃ ੧) ੫. ਅਜਗਰ

ਸਰਪ। ੬. ਮਿਤ੍ਰਤਾ। ੭. ਕ੍ਰਿਤਗ੍ਯਤਾ। ੮. ਸ਼ਾਂਤਿਭਾਵ.

ਸੀਲਹਾ: ਵਿ- ਸ਼ੀਲ (ਪਤਿਵ੍ਰਤ ਧਰਮ) ਦੇ ਨਾਸ਼ ਕਰਨ ਵਾਲਾ. ਵਿਭਚਾਰੀ.

ਸੀਲਬੰਧਾਨ: ਸੰਗ੍ਯਾ- ਸ਼ਿਸ਼੍ਟਾਚਾਰ (ਨੇਕ ਚਲਨ) ਧਾਰਨ ਦਾ ਨੇਮ (ਪ੍ਰਣ). ਪਰ ਇਸਤ੍ਰੀ ਤਿਆਗ ਦਾ ਨੇਮ. "ਸੁੰਨਤਿ ਸੀਲਬੰਧਾਨ ਬਰਾ." (ਮਾਰੂ ਸੋਲਹੇ ਮਃ ੫)

ਸੀਲਵੰਤ, ਸੀਲਵੰਤਿ: ਵਿ- ਸ਼ੀਲਵਾਨ. ਦੇਖੋ, ਸੀਲ. "ਸੀਲਵੰਤਿ ਪਰਧਾਨਿ." (ਵਾਰ ਰਾਮ ੨. ਮਃ ੫)

ਸੀਲੁ: ਦੇਖੋ, ਸੀਲ. "ਸੀਲੁ ਧਰਮੁ ਜਪੁ ਭਗਤਿ ਨ ਕੀਨੀ." (ਬਿਲਾ ਕਬੀਰ)

ਸੀਲੋਆਣਾ, ਸੀਲੋਆਣੀ: ਦੇਖੋ, ਬੇਰ ਸਾਹਿਬ ੩.

ਸ਼ੀਵ: ਸੰਗ੍ਯਾ- ਸ਼ਿਵ। ੨. ਸੀਮਾ. ਹੱਦ. "ਕਿਸੈ ਕੈ ਸੀਵ ਬੰਨੈ ਰੋਲ ਨਾਹੀ." (ਵਾਰ ਬਿਲਾ ਮਃ ੪) ੩. ਸ਼ਵ (ਮੁਰਦਾ) ਦਾਹ ਕਰਨ ਲਈ ਚਿਤਾ. ਸਿਵਾ. "ਰਚੀ ਸੀਵ ਚੰਦਨ" (ਸਲੋਹ)

ਸੀਵਣ: ਦੇਖੋ, ਸੀਵਨ.

ਸੀਵਣੀ: ਡਿੰਗ. ਸੰਗ੍ਯਾ- ਸੂਈ. ਸੂਚੀ.

ਸੀਵਨ, ਸੀਵਨਾ: ਦੇਖੋ, ਸਿਵਾ ਧਾ. ਕ੍ਰਿ ਸਿਉਣਾ. ਪਰੋਣਾ. "ਹਰਿ ਰਤਨ ਮਨ ਅੰਤਰਿ ਸੀਵਤੇ." (ਸ੍ਰੀ ਛੰਤ ਮਃ ੫) "ਮਨ ਤਨ ਭੀਤਰਿ ਸੀਵਨ." (ਸਾਰ ਮਃ ੫) "ਬਿਨ ਤਾਗੇ ਬਿਨ ਸੂਈ ਆਨੀ ਮਨ ਹਰਿਭਗਤੀ ਸੰਗਿ ਸੀਵਨਾ." (ਮਾਰੂ ਮਃ ੫)

ਸੀਵਨਿ: ਵਿ- ਸਿਉਣ ਯੋਗ. ਸੀਨੇ ਲਾਇਕ. ਦੇਖੋ, ਰਾਂਗਨਿ.

ਸੀਵਾਂ: ਦੇਖੋ, ਸੀਮਾ. "ਸਾਢੇ ਤੀਨਿ ਹਾਥ ਤੇਰੀ ਸੀਵਾਂ." (ਸੋਰ ਰਵਿਦਾਸ) ਤੇਰੀ ਜਾਯਦਾਦ ਦੀ ਹੱਦ ਸਾਢੇ ਤਿੰਨ ਹੱਥ ਹੈ, ਜੋ ਮਰਨ ਪਿੱਛੋਂ ਮਿਲੇਗੀ.

ਸੀੜ: ਸੰਗਯਾ- ਵੇਗ. ਚਾਲ। ੨. ਗੜਿਆਂ (ਓਲਿਆਂ) ਦੀ ਵਰਖਾ। ੩. ਮੌਨ. ਚੁੱਪ। ੪. ਘਾਹ ਦਾ ਰੱਸਾ. "ਸੀੜ ਘੁਮਾਇ ਰੰਘੜਨ ਕਹੀ." (ਪ੍ਰਾਪੰਪ੍ਰ) ੫. ਹਲ ਦੀ ਕੱਢੀ ਹੋਈ ਲੀਕ. ਓਰਾ. ਸੰ. ਸੀਰ। ੬. ਦੇਖੋ, ਸੀੜ੍ਹ.

ਸੀੜ੍ਹ: ਜੋੜ ਦੀ ਥਾਂ. ਸੀਉਣ.

ਸੀੜ੍ਹੀ: ਸੰਗਯਾ- ਪੌੜੀ. ਸੀਢੀ। ੨. ਸ਼ਵ (ਮੁਰਦੇ) ਦੀ ਅਰਥੀ. ਦੇਖੋ, ਸੀਢੀ.

ਸੁ: ਸੰ. ਵ੍ਯ- ਅਤਿ. ਬਹੁਤ ਜਾਦਾ. "ਮਮਤਾ ਮੋਹ ਸੁ ਬੰਧਨਾ, ਪੁਤ੍ਰ ਕਲਤ੍ਰ ਸੁ ਧੰਧ." (ਵਾਰ ਬਿਹਾ ਮਃ ੩) ੨. ਉਪ- ਉੱਤਮ. ਸ੍ਰੇਸ਼੍ਠ. "ਸੁ ਕਰਣੀ ਕਾਮਣਿ ਗੁਰ ਮਿਲਿ ਹਮ ਪਾਈ." (ਆਸਾ ਮਃ ੫) ੩. ਸੰਗਯਾ- ਸੰਮਤਿ. ਰਾਯ। ੪. ਕ੍ਰਿ. ਵਿ- ਨਿਰਯਤਨ. ਸੁਗਮ. ੫. ਵਿ- ਸੁੰਦਰ। ੬. ਸ੍ਵ ਵਾਸਤੇ ਭੀ ਸੁ ਆਇਆ ਹੈ. "ਜਿਸ ਨੋ ਹਰਿ ਸੁ ਪ੍ਰਸੰਨ ਹੋਇ." (ਸੂਹੀ ਮਃ ੪) ਆਪ ਪ੍ਰਸੰਨ ਹੋਵੇ. "ਸੁਰੂਪ ਮੇ ਬ੍ਰਿੱਤਿ ਟਿਕਾਈ." (ਗੁਪ੍ਰਸੂ) ਸ੍ਵਰੂਪ ਵਿੱਚ ਵ੍ਰਿੱਤੀ ਟਿਕਾਈ। ੭. ਸਰਵ- ਉਹ. ਵਹ. ਸੋ. "ਸੁ ਐਸਾ ਰਾਜਾ ਸ੍ਰੀ ਨਰਹਰੀ." (ਮਲਾ ਨਾਮਦੇਵ) ੮. ਕ੍ਰਿਯਾ ਸ਼ਬਦ ਦੇ ਅੰਤ ਇਹ 'ਉਸ ਨੇ' ਅਰਥ ਵਿੱਚ ਆਉਂਦਾ ਹੈ. ਇਹ ਇੱਕ ਵਚਨ ਅਨ੍ਯ ਪੁਰਖ ਦੇ ਪੜਨਾਉਂ ਦਾ ਚਿੰਨ੍ਹ ਹੈ. ਜਿਵੇਂ- ਦਿੱਤੋਸੁ ਲੱਧੋਸੁ ਆਦਿ. ਉਸਨੇ ਦਿੱਤਾ ਉਸ ਨੇ ਲੱਭਿਆ.

ਸੁਅ: ਸੰਗਯਾ- ਸੁਤ. ਸੁਵਨ. ਪੁਤ੍ਰ। ੨. ਸ਼ੁਕ. ਤੋਤਾ। ੩. ਦੇਖੋ, ਸ੍ਵ.

ਸੁਅਸਤ, ਸੁਅਸਤਿ: ਸੰ. स्वस्ति ਸ੍ਵਸ੍ਤਿ. ਵ੍ਯ- ਕੁਸ਼ਲ (ਮੰਗਲ) ਬੋਧਿਕ। ੨. ਆਸ਼ੀਰਵਾਦ. "ਤਿਸੁ ਜੋ ਹਾਰੀ ਸੁਅਸਤਿ ਤਿਸੁ." (ਵਾਰ ਆਸਾ) ੩. ਅੰਗੀਕਾਰ ਬੋਧਕ. ਹਾਂ. ਠੀਕ। ੪. ਓਅੰਕਾਰ ਦੀ ਧੁਨਿ. ਦੇਖੋ, ਆਥਿ.

ਸੁਅਸਤਿ ਬਿਵਸਥਾ: ਦਖੋ, ਸ੍ਵਸਤਿ ਬਿਵਸਥਾ.

ਸੁਅਨ: ਸੰ. ਸੂਨੁ. ਸੰਗਯਾ- ਪੁਤ੍ਰ. ਬੇਟਾ. "ਆਪਨੋ ਸੁਅਨ ਜੈਸੇ ਲਾਗਤ ਪਿਆਰੋ ਜਿਯ." (ਭਾਗੁ ਕ)

ਸੁਅਲਾ: ਦੇਖੋ, ਸੋਲਾ.

ਸੁਆਉ, ਸੁਆਓ, ਸੁਆਇ: ਸੰਗਯਾ- ਸੁਆਦ. ਰਸ. "ਕੜਛੀਆਂ ਫਿਰਨਿ ਸੁਆਉ ਨ ਜਾਣਨਿ ਸੁੰਞੀਆ." (ਵਾਰ ਗੂਜ ੨. ਮਃ ੫) "ਕਾਮ ਸੁਆਇ ਗਜ ਵਸਿ ਪਰੇ." (ਗਉ ਕਬੀਰ) ੨. ਸ੍ਵਾਰਥ. ਲਾਭ. "ਜਨ ਆਵਨ ਕਾ ਇਹੈ ਸੁਆਊ." (ਸੁਖਮਨੀ) ੩. ਖ਼ੁਦਗਰਜੀ. ਮਤਲਬ. "ਤਿਨ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ." (ਵਾਰ ਗੂਜ ੨. ਮਃ ੫) "ਮਿਤ੍ਰ ਭਾਈ ਦੀਸਹਿ ਮਨ ਮੇਰੇ, ਤੇ ਸਭਿ ਅਪਨੈ ਸੁਆਇ ਮਿਲਾਸਾ." (ਗੌਂਡ ਮਃ ੪) ੪. ਪ੍ਰਯੋਜਨ. ਭਾਵ. ਮਕਸਦ. "ਕਉਨ ਮਾਰਗ ਕਉਨ ਸੁਆਓ." (ਸਿਧਗੋਸਟਿ) ੫. ਸ੍ਵਾਯ. ਸ਼ੁਭ ਆਮਦਨ. "ਕਥਾ ਕੀਰਤਨ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ." (ਬਿਲਾ ਮਃ ੫) ੬. ਸ੍ਵਾਗਤ. ਜੀ ਆਇਆ ਨੂੰ. "ਸੁਆਰਥ ਸੁਆਉ ਨ ਕੋ ਕਰੇ." (ਸ੍ਰੀ ਅਃ ਮਃ ੫) ੭. ਸਨਮਾਨ. "ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ." (ਆਸਾ ਅਃ ਮਃ ੩) ੮. ਸ੍ਵ ਆਉਣ ਵਾਲਾ. ਆਪਣੇ ਆਪ ਉੱਗਣ ਵਾਲਾ. ਖ਼ੁਦਰੌ ਘਾਹ. "ਭਾਰ ਅਠਾਰਹਿ ਮੇਵਾ ਹੋਵੈ ਗਰੁੜਾ ਹੋਵੈ ਸੁਆਉ." (ਵਾਰ ਮਾਝ ਮਃ ੧) ਸਵਾਂਕ ਆਦਿਕ ਖ਼ੁਦਰੌ ਘਾਹ ਚਾਵਲ ਹੋ ਜਾਣ.

ਸੁਆਸ: ਸੰ. ਸ੍ਵਾਸ. ਸੰਗਯਾ- ਸਾਹ. ਸਾਂਸ. ਦਮ। ੨. ਦੇਖੋ, ਸ੍ਵਾਸ.

ਸੁਆਸਨ: ਦੇਖੋ, ਸ੍ਵਾਸਨ.

ਸੁਆਹ: ਸੰਗਯਾ- ਭਸਮ. ਰਾਖ.

ਸੁਆਹਾ: ਦੇਖੋ, ਸ੍ਵਾਹਾ. "ਸੁਆਹਾ ਸੁਧਾਯੰ ਨਮੋ ਸੀਤਲੇਯੰ" (ਚੰਡੀ ੨)

ਸੁਆਣੀ: ਸੰਗਯਾ- ਸ੍ਵਨੀਤਾ. ਧਰਮਪਤਨੀ. ਸ੍ਵਆਣੀ. ਆਪ ਵਿਆਹਕੇ ਲਿਆਂਦੀ ਹੋਈ. ਸ੍ਵਕੀਯਾ. ਦੇਖੋ, ਸਾਵਾਣੀ ਅਤੇ ਸੁਰੀਤਾ.

ਸੁਆਤ: ਦੇਖੋ, ਸਵਾਤ.

ਸੁਆਦ: ਸੰ. ਸ੍ਵਾਦ (ਦੇਖੋ, ਸ੍ਵਦ੍ ਧਾ) ਸੰਗਯਾ- ਰਸ. ਜਾਯਕ਼ਾ. "ਅਧਿਕ ਸੁਆਦ ਰੋਗ ਅਧਿਕਾਈ." (ਮਲਾ ਮਃ ੧)

ਸੁਆਦਤਿ: ਸੰ. ਸ੍ਵਾਦੁਤਾ. ਸੰਗਯਾ- ਜਾਯਕ਼ਾ. ਮਜ਼ਾ. ਲੱਜ਼ਤ। ੨. ਕ੍ਰਿ. ਵਿ- ਜੁਬਾਨ ਦੇ ਰਸ ਵਾਸਤੇ. "ਸੁਆਦਿਤ ਜੀਉ ਸੰਘਾਰੈ." (ਆਸਾ ਕਬੀਰ)

ਸੁਆਧੀਨ: ਦੇਖੋ, ਸ੍ਵਾਧੀਨ.

ਸੁਆਨ: ਸੰ. ਸ਼੍ਵਾਨ. ਸੰਗਯਾ- ਕੁੱਤਾ. "ਸੁਆਨਪੂਛ ਜਿਉ ਹੋਇ ਨ ਸੂਧੋ." (ਦੇਵ ਮਃ ੯) "ਅਪਨਾਆਪੁ ਤੂ ਕਬਹੁ ਨ ਛੋਡਸਿ ਸੁਆਨਪੂਛਿ ਜਿਉ ਰੇ." (ਮਾਰੂ ਮਃ ੧) ੨. ਸੰ. ਸ੍ਵਯਨ. ਸੁੰਦਰ ਹੈ ਅਯਨ (ਚਾਲ) ਜਿਸਦੀ, ਹੰਸ. ਦੇਖੋ, ਸਵਾਨ.

ਸ਼ੁਆਨਸਤ੍ਰੁ, ਸੁਆਨਸਤ੍ਰੁ: ਸੰਗਯਾ- ਕੁੱਤੇ ਦਾ ਵੈਰੀ ਚੰਡਾਲ, ਜੋ ਕੁੱਤੇ ਨੂੰ ਮਾਰਦਾ ਅਤੇ ਖਾ ਜਾਂਦਾ ਹੈ. ਸ੍ਵਪਚ. "ਸੁਆਨਸਤ੍ਰੁ ਅਜਾਤੁ ਸਭ ਤੇ." (ਕੇਦਾ ਰਵਿਦਾਸ) ਸਭ ਤੋਂ ਨੀਚ ਜਾਤਿ ਸੁਪਚ.

ਸੁਆਨਪੂਛ: ਦੇਖੋ, ਸੁਆਨ.

ਸੁਆਨੀ: ਦੇਖੋ, ਸੁਆਣੀ। ੨. ਸ਼੍ਵਾਨੀ. ਕੁੱਤੀ. ਸ਼ੁਨੀ.

ਸੁਆਮਨਿ: ਸੰਗਯਾ- ਰਾਜੇ ਦੀ ਸੈਨਾ. ਸ੍ਵਾਮੀ (ਰਾਜੇ) ਦੀ ਫੌਜ. (ਸਨਾਮਾ) ੨. ਦੇਖੋ, ਸ੍ਵਾਮਿਨੀ.

ਸੁਆਮਿ, ਸੁਆਮੀ: ਸੰ स्वामिन- ਸ੍ਵਾਮੀ. ਸੰਗਯਾ- ਪਤਿ. ਭਰਤਾ। ੨. ਮਾਲਿਕ. ਆਕ਼ਾ. "ਮਾਤ ਪਿਤਾ ਸੁਆਮਿ ਸਜਣੁ." (ਵਡ ਮਃ ੫) "ਸੁਆਮੀ ਕੋ ਗ੍ਰਿਹ ਜਿਉ ਸਦਾ ਸੁਆਨ ਤਜਤ ਨਹਿ." (ਸਃ ਮਃ ੯)

ਸੁਆਰ: ਦੇਖੋ, ਸਵਾਰ."ਸਰਦਾਰ ਸੁਆਰ ਅਨੇਕ." (ਚੰਡੀ ੨)

ਸੁਆਰਣਾ: ਕ੍ਰਿ- ਸੁਧਾਰਨ. ਦੁਰੁਸ੍ਤ ਕਰਨਾ. ਸੰਵਾਰਨਾ.

ਸੁਆਰਥ: ਸੰ. ਸ੍ਵਾਰ੍‍ਥ. ਸੰਗਯਾ- ਆਪਣਾ ਪ੍ਰਯੋਜਨ. ਅਪਨੀ ਗ਼ਰਜ਼. "ਗੋਬਿੰਦ ਭਜਿ ਸਭ ਸੁਆਰਥ ਪੂਰੇ." (ਮਾਰੂ ਮਃ ੫)

ਸੁਆਰਥੀ: ਸੰ. स्वार्थिन. ਸ੍ਵਾਰਥੀ. ਵਿ- ਖ਼ੁਦਗਰਜ਼. ਆਪਣਾ ਪ੍ਰਯੋਜਨ ਸਿੱਧ ਕਰਨ ਵਾਲਾ. ਮਤਲਬੀ.

ਸੁਆਰਥੁ: ਦੇਖੋ, ਸੁਆਰਥ.

ਸੁਆਰੀ: ਦੇਖੋ, ਸਵਾਰੀ. "ਕਰੀ ਸਿੰਘ ਸੁਆਰੀ." (ਚੰਡੀ ੨)

ਸੁਆਲ: ਦੇਖੋ, ਸਵਾਲ.

ਸੁਆਲਿਉ, ਸੁਆਲਿਓ, ਸੁਆਲਿਹੁ: ਸੰ. ਸੁ- ਆਲਯ. ਵਿ- ਸੁੰਦਰਤਾ ਦਾ ਘਰ. ਸ਼ੋਭਾ ਦਾ ਘਰ। ੨. ਉੱਤਮਤਾ ਦਾ ਨਿਵਾਸ. ਸ਼੍ਰੇਸ਼੍ਠ. "ਕੇਤਾ ਤਾਣ ਸੁਆਲਿਹੁ ਰੂਪ." (ਜਪੁ) "ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ." (ਵਾਰ ਆਸਾ) "ਤੇਰੀ

ਸਿਫਤ ਸੁਆਲਿਓ ਸਰੂਪ ਹੈ." (ਵਾਰ ਗਉ ੧. ਮਃ ੪) "ਕਾਇਆ ਕਾਮਨਿ ਅਤਿ ਸੁਆਲਿਓ." (ਸੂਹੀ ਮਃ ੩) ੩. ਸੰਗਜਾ- ਸ਼ੋਭਾ. ਸੁੰਦਰਤਾ. "ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਹੁ ਕਾਇ?" (ਸ੍ਰੀ ਮਃ ੧) ੪. ਜਨਮਸਾਖੀ ਵਿੱਚ ਲੇਖ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਮੁਨਾਫਕ ਦੇਸ਼ ਦਾ ਨਾਉਂ ਸੁਆਲਿਉ ਰੱਖਿਆ. ਦੇਖੋ. ਨਾਨਕ ਪ੍ਰਕਾਸ਼ ਉੱਤਰਾਰਧ ਅਃ ੧੧.। ੫. ਵਿ- ਸ਼ਲਾਘਾ ਯੋਗ. ਤਅ਼ਰੀਫ਼ ਲਾਇਕ.

ਸੁਆਵ: ਅ਼. ثاو ਸਾਵ. ਕਮਜੋਰੀ. ਨਾਤਾਕਤੀ. ੨. ਫ਼ਾ. ساو ਖਾਲਿਸ ਸ੍ਵਰਣ (ਸੋਨਾ). ੩. ਦੇਖੋ, ਸਆਉ.

ਸੁਆਵਗੀਰ: ਫ਼ਾ. ساوگیر ਸਾਵਗੀਰ. ਖਾਲਿਸ ਸ੍ਵਰਣ ਰੱਖਣ ਵਾਲੇ. ਭਾਵ- ਖਾਲਿਸ ਸਿੱਕੇ. ਦੇਖੋ, ਸੁਆਵ. ੨. "ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ, ਸੁਆਵਗੀਰ ਸਭਿ ਉਘੜਿਆਏ." (ਵਾਰ ਗਉ ੧. ਮਃ ੪) ਖੋਟਿਆਂ ਵਿੱਚੋਂ ਖਰੇ ਪਰਖੇ ਗਏ.

ਸੁਆਵੜਾ: ਸੰਗਜਾ- ਸ੍ਵਾਰਥੰ. ਖੁਦ ਗ਼ਰਜ਼ੀ. "ਛਡਿਆ ਮਾਇਆ ਸੁਆਵੜਾ." (ਵਾਰ ਰਾਮ ੨. ਮਃ ੫) ੨. ਰਸ. ਸ੍ਵਾਦ.

ਸੁਅੰ: ਦੇਖੋ, ਸੁਵਨ। ਸ੍ਵਯੰ. ਖੁਦ. "ਅਕਾਲ ਦਿਆਲ ਸੁਅੰ." (ਅਕਾਲ)

ਸੁਅੰਬਰ: ਦੇਖੋ, ਸ੍ਵਯੰਬਰ। ੨. ਵਿ- ਸੁ (ਉੱਤਮ) ਅੰਬਰ (ਵਸਤ੍ਰ). ਸੋਹਣੇ ਕਪੜੇ. "ਨ ਧਰੇ ਸੁਅੰਬਰ ਅੰਗ ਮੈ." (ਚਰਿਤ੍ਰ ੧੫੬)

ਸੁਇ: ਸਰਵ. ਉਹ. ਵਹ. ਸੋ। ੨. ਸੰਗਜਾ- ਸ੍ਵ. ਆਪਣਾ ਆਪ. "ਵਾਣਤ ਸੋਈ ਸੰਤ ਸੁਇ." (ਬਾਵਨ)

ਸੁਇ ਗਈ: ਸੌਂ ਗਈ."ਜਬਹਿ ਜਸੋਧਾ ਸੁਇਗਈ." (ਕ੍ਰਿਸਨਾਵ)

ਸੁਇਨ, ਸੁਇਨਾ: ਸੰਗਜਾ- ਸ੍ਵਰਣੰ. ਸੋਨਾ. ਕਾਂਚਨ. "ਸਰਬ ਸੁਇਨ ਕੀ ਲੰਕਾ ਹੋਤੀ." (ਧਨਾ ਨਾਮਦੇਵ) "ਸੁਇਨਾ ਰੁਪਾ ਸੰਚੀਐ ਮਾਲ." (ਸ੍ਰੀ ਅਃ ਮਃ ੧)

ਸੁਇਨਾ ਮੂੰਹ ਪਾਉਣਾ: ਕ੍ਰਿ- ਮੁਰਦੇ ਦੇ ਮੂੰਹ ਸ੍ਵਰਣੰ ਪਾਉਣ ਦੀ ਕ੍ਰਿਯਾ. ਹਿੰਦੂਮਤ ਵਿੱਚ ਇਹ ਪੁੰਨ- ਕਰਮ ਹੈ. ਦੇਖੋ, ਕਾਤਯਾਯਨ ਸਿਮ੍ਰਿਤਿ ਕੰਡ ੨੧, ਸ਼. ੫। ੨. ਅਜੇਹੀ ਚੁੱਪ ਵੱਟਣੀ ਮਾਨੋ ਮੁਰਦਾ ਹੋ ਗਿਆ ਹੈ.

ਸੁਇਨੀ: ਵਿ- ਸ੍ਵਰਣੰ ਦਾ ਦਾ ਕੰਮ ਕਰਨ ਵਾਲਾ। ੨. ਇੱਕ ਖਤ੍ਰੀ ਜਾਤਿ. ਦੇਖੋ, ਸਿਉਨੀ. "ਭਾਗੀਰਥ ਸੁਇਨੀ ਸੁਚਿਆਰਾ." (ਭਾਗੁ)

ਸੁਇਨੇ ਕਾ ਬਿਰਖੁ: ਭਾਵ- ਸਤਿਗੁਰੂ. ਦੇਖੋ, ਵਾਰ ਮਾਝ ਪੌੜੀ ੨੦.

ਸੁਇਨੇ ਕੀ ਸੂਈ ਰੁਪੇ ਕਾ ਧਾਗਾ: ਵਿਵੇਕ ਬੁੱਧਿ ਸੂਈ ਹੈ ਗੁਰੁਉਪਦੇਸ਼ ਤਾਗਾ ਹੈ.

ਸੁਇਨੇ ਮੰਡਪ: ਦੇਖੋ, ਫੀਲੁ.

ਸੁਈ: ਸਰਵ. ਸੈਵ. ਉਹੀ. ਵਹੀ. "ਦਿਹੰਦ ਸੁਈ." (ਵਾਰ ਮਾਝ ਮਃ ੧)

ਸੁਸਕ: ਸੰ. शुष्क. ਸ਼ੁਸ਼੍ਕ. ਵਿ- ਸੁੱਕਾ. ਖੁਸ਼ਕ. "ਚਿਰੰਕਾਲ ਮਨ ਤਰੁ ਸੁਸਕ ਸ੍ਰੀ ਗੁਰੁ ਪਗ ਜਲ ਪ੍ਰੇਮ." (ਨਾਪ੍ਰ) ਗੁਰੁਪਗ ਪ੍ਰੇਮ.

ਸੁਸਟੁ: ਦੇਖੋ, ਸੁਸ਼੍ਠੁ. "ਸੁਸਟੁ ਬਰਨ ਵਾਰੀ ਉਰ ਮੇ ਧਰਨ ਕੀ." (ਗੁਪ੍ਰਸੂ)

ਸੁਸਤੀ: ਫ਼ਾ. سُستی ਸੰ ਸਸ੍ਤਿ. ਸਸ੍ਰਿ. ਸੰਗਜ- ਉੱਦਮ ਦਾ ਅਭਾਵ. ਆਲਸ.

ਸੁਸਬਦ: ਸੰਗਜਾ- ਗੁਰੁਉਪਦੇਸ਼। ੨. ਗੁਰਬਾਣੀ। ੩. ਅਨਹਤ ਸ਼ਬਦ. "ਸੁਸਬਦ ਕਾ ਕਹਾਂ ਵਾਸ ਕਥੀਅਲੇ?" (ਸਿਧਗੋਸਟਿ)

ਸੁਸਰਾਰ: ਦੇਖੋ, ਸਸੁਰਾਰ.

ਸੁਸਰੂਖਾ: ਦੇਖੋ, ਸੁਸ਼ੂਖਾ.

ਸੁਸਾ: ਸਂ ਸ੍ਵਸ੍ਰਿ ਸ੍ਵਸ੍ਰਿ. ਸੰਗਯਾ- ਭੈਣ. ਭਗਨੀ. "ਸੁਸਾ ਅਵਾਸ ਗਏ ਗੁਨਰਾਸੀ." (ਨਾਪ੍ਰ)

ਸੁਸਿੱਛ: ਸਂ. ਸੁਸਿਕ੍ਸ਼ਿਤ. ਵਿ- ਚੰਗੀ ਤਰਾਂ ਸਿਖਾਇਆ ਹੋਇਆ। ੨. ਸੁਸਿਕ੍ਸ਼ਾ. ਸੰਗਯਾ- ਉੱਤਮ ਸਿਖ੍ਯਾ. ਨੇਕ ਨਸੀਹਤ. "ਸੁਸਿੱਛ ਦੂਜ ਜਾਨੀਐ." (ਪਾਰਸਾਵ) ਦੂਜਾ ਯੋਧਾ ਸੁਸਿਖ੍ਯਾ ਹੈ.

ਸੁਸਿੱਧ: ਵਿ- ਜੋ ਸੁਖਾਲਾ ਸਿੱਧ ਹੋ ਸਕੇ. ਆਸਾਨੀ ਨਾਲ ਬਣਨ ਲਾਇਕ। ੨. ਸੰਗਯਾ- ਇੱਕ ਅਰਥਾਲੰਕਾਰ. ਮਿਹਨਤ ਕਰੇ ਕੋਈ, ਅਰ ਉਸ ਦਾ ਫਲ ਕੋਈ ਹੋਰ ਭੋਗੇ, ਐਸਾ ਵਰਣਨ "ਸੁਸਿੱਧ" ਅਲੰਕਾਰ ਹੈ.

ਉਦਾਹਰਣ-

ਜੈਸੇ ਮਧੁਮਾਖੀ ਸੰਚਿ ਸੰਚਿਕੈ ਇਕਤ੍ਰ ਕਰੈ

ਹਰੈ ਮਧੁਹਾਰ ਤਾਂਕੇ ਮੁਖ ਛਾਰ ਡਾਰਕੈ,

ਜੈਸੇ ਬੱਛ ਹੇਤ ਗਊ ਸੰਚਤ ਹੈ ਖੀਰ ਤਿਹ

ਲੇਤ ਹੈ ਅਹੀਰ ਦੁਹਿ ਬਛਰੇ ਵਿਟਾਰਕੈ,

ਜੈਸੇ ਧਰ ਖੋਦ ਖੋਦ ਕਰ ਬਿਲ ਸਾਜੈ ਮੂਸਾ

ਪੈਸਤ ਸਰਪ ਧਾਇ ਖਾਇ ਤਿਹ ਮਾਰਕੈ,

ਤੈਸੇ ਕੋਟਿ ਪਾਪ ਕਰ ਮਾਯਾ ਜੋਰ ਜੋਰ ਮੂਢ

ਅੰਤਕਾਲ ਛਾਡਚਲੈ ਦੋਊ ਹਾਥ ਝਾਰਕੈ.

(ਭਾਗੁ ਕ)

(ਅ) ਕਿਸੇ ਇੱਕ ਦੇ ਯਤਨ ਅਥਵਾ ਕਰਮ ਤੋਂ ਅਨੇਕ ਲਾਭ ਉਠਾਉਣ, ਇਹ "ਸੁਸਿੱਧ" ਦਾ ਦੂਜਾ ਭੇਦ ਹੈ.

ਉਦਾਹਰਣ-

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ,

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ. (ਜਪੁ)

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ. (ਭੈਰ ਮਃ ੩)

ਸੁਸੀਲ: ਵਿ- ਸੁਸ਼ੀਲ. ਅੱਛੇ ਸੁਭਾਉ ਵਾਲਾ.

ਸੁਸੁ: ਸਂ. ਸ਼੍ਵਸ਼ੁਰ. ਸੰਗਯਾ- ਸਹੁਰਾ. ਵਹੁਟੀ ਦਾ ਪਿਤਾ. "ਕਿਯ ਆਨ ਢੁਕਾਉ ਸੁਸੁ ਨਗਰੀ." (ਨਾਪ੍ਰ)

ਸੁਸੂਖਾ: ਦੇਖੋ, ਸੁਸ਼੍ਰੂਖਾ.

ਸੁਸੰਗ, ਸੁਸੰਗਤਿ: ਸੰਗਯਾ- ਉੱਤਮ ਸੁਹਬਤ. ਭਲੀ ਸੰਗਤਿ। ੨. ਭਲਾ ਇਕੱਠ.

ਸੁਸੰਵੇਦ: ਵਿ- ਸੁ- ਸੰਵੇਦ੍ਯ. ਸੁਗਮਤਾ (ਆਸਾਨੀ) ਨਾਲ ਜਾਣਨ ਯੋਗ. ਸੁਖ ਨਾਲ ਜੋ ਜਾਣਿਆ ਜਾਵੇ। ੨. ਸ੍ਵ ਸੰਵੇਦ੍ਯ. ਆਪਣੇ ਆਪ ਜਾਣਨ ਯੋਗ੍ਯ. ਖ਼ੁਦ ਜਾਣਨ ਲਾਇਕ.

ਸੁੱਸੋ: ਡਿੰਗ. ਸਹਾ. ਖਰਗੋਸ਼. ਸ਼ਸ਼ਕ.

ਸੁਸ੍ਰਿ, ਸੁਸ੍ਠੁ: ਸਂ. ਸੁਸ਼੍ਠੁ. ਵਿ- ਅਤਿਸ਼ਯ (ਬਹੁਤ ਹੀ) ਸਤ੍ਯ. ਨਿਹਾਇਤ ਠੀਕ। ੨. ਬਹੁਦ ਸਲਾਹਿਆ ਹੋਇਆ. ੩. ਅਤਿ

ਉੱਤਮ. ਸ੍ਰੇਸ਼੍ਠ ਤਰ. "ਪਹਿਰਜੋ ਖੜਗ ਲੋਹ ਬਹੁ ਸੁਸ੍ਰ." (ਗੁਪ੍ਰਸੂ)

ਸੁਸ੍ਤ: ਫ਼ਾ. سُست ਕਮਜ਼ੋਰ. ਢਿੱਲਾ, ਦੇਖੋ, ਸੁਸਤੀ ੨. ਦੇਖੋ. ਸ਼ੁਸ੍ਤ.

ਸ਼ੁਸ੍ਤ: ਧੋਤਾ. ਦੇਖੋ, ਸ਼ੁਸ੍ਤਨ.

ਸ਼ੁਸ੍ਤਨ: ਫ਼ਾ شُستن ਕ੍ਰਿ- ਸ੍ਵੱਛ ਕਰਨਾ. ਧੋਣਾ. ਸਾਫ ਕਰਨਾ.

ਸ਼ੁਸ੍ਤਾ: ਫ਼ਾ شُستہ ਵਿ- ਸ੍ਵੱਛ. ਸਾਫ. ਸੁਥਰਾ. ਧੋਤਾ ਹੋਇਆ.

ਸੁਸ਼੍ਰੁਤ: ਸੰ ਵਿ- ਚੰਗੀ ਤਰਾਂ ਸੁਣਿਆ ਹੋਇਆ। ੨. ਮਸ਼ਹੂਰ। ੩. ਸੰਗਯਾ- ਭਾਰਤ ਦਾ ਇੱਕ ਪ੍ਰਸਿੱਧ ਵੈਦ, ਜੋ ਗਰੁੜ ਪੁਰਾਣ ਅਨੁਸਾਰ ਵਿਸ਼੍ਵਾਮਿਤ੍ਰ ਦਾ ਪੁੱਤ ਸੀ. ਕਾਸ਼ੀ ਦੇ ਰਾਜੇ ਦਿਵੋਦਾਸ ਤੋਂ, ਜੋ ਧਨ੍ਵੰਤਰਿ ਦਾ ਅਵਤਾਰ ਸੀ, ਸੁਸ਼੍ਰੁਤ ਨੇ ਵੈਦਯਵਿਦ੍ਯਾ ਪੜ੍ਹੀ. ਇਸ ਦਾ ਰਚਿਆ ਗ੍ਰੰਥ ਭੀ ਸੁਸ਼੍ਰੁਤ ਨਾਉਂ ਤੋਂ ਪ੍ਰਸਿਧ ਹੈ. ਸੁਸ਼੍ਰੁਤ ਆਯੁਰਵੇਦ ਦੇ ਆਚਾਰਯਾਂ ਵਿੱਚ ਮੰਨਿਆ ਗਿਆ ਹੈ.

ਸੁਸ੍ਰੂਖਾ: ਸੰ. ਸੁਸ਼੍ਰੂਸ਼ਾ. ਸੰਗਯਾ- ਸੁਣਨ ਦੀ ਇੱਛਾ। ੨. ਸਨਮਾਨ. ਖ਼ਾਤਿਰ। ੩. ਸੇਵਾ. "ਸਤਸੰਗਤਿ ਸੁਸ੍ਰੂਖਾ ਕਰਨੀ." (ਨਾਪ੍ਰ)

ਸੁਹਟਾ: ਪਹਾ. ਸੰਗਯਾ- ਚਸ਼ਮਾ. ਪਾਣੀ ਦਾ ਸੋਤ.

ਸੁਹਦਾ, ਸੁਹਦੇ: ਅ਼. شُہدا ਸ਼ੁਹਦਾ. ਸ਼ਹੀਦ ਦਾ ਬਹੁ ਵਚਨ. "ਸੁਹਦੇ ਅਉਰ ਸਹੀਦ." (ਸ੍ਰੀ ਅਃ ਮਃ ੧) ਧਰਮ ਦੇ ਸਾਖੀ ਅਤੇ ਧਰਮਵੀਰ. ਦੇਖੋ, ਸਹੀਦ.

ਸੁਹਬਤ: ਅ਼. صحبت ਸੁਹ਼ਬਤ. ਸੰਗਤਿ. ਮਿਲਾਪ.

ਸੁਹਰਤ: ਅ਼. شُہرت ਸ਼ੁਹਰਤ. ਸੰ. ਵਿਸ਼੍ਰੁਤਿ. ਸੰਗਯਾ- ਚਰਚਾ। ੨. ਪ੍ਰਸਿੱਧੀ. "ਇਸ ਪ੍ਰਕਾਰ ਸੁਹਤ ਭੀ ਸਾਰੇ." (ਨਾਪ੍ਰ)

ਸੁਹਰਤ ਪਜੀਰ: ਫ਼ਾ شُہرت پزیر ਸ਼ੁਹਰਤ ਪਜੀਰ. ਵਿ- ਪ੍ਰਸਿੱਧ. ਮਸ਼ਹੂਰ.

ਸੁਹਲ: ਦੇਖੋ, ਸੋਹਲ.

ਸੁਹਲਾਵੀ: ਵਿ- ਸ਼ੋਭਾ ਵਾਲੀ। ੨. ਸੁਹੇਲੀ. ਆਨੰਦ. ਖੁਸ਼. "ਗ੍ਰਿਹ ਮੰਗਲ ਸੁਹਲਾਵੀ." (ਮਲਾ ਮਃ ੫)

ਸੁਹੜ: ਇੱਕ ਖਤ੍ਰੀ ਜਾਤਿ. ਸੂਹੜ. "ਸੂਹੜ ਤਿਲੋਕਾ ਸੂਰਮਾ." (ਭਾਗੁ) ੨. ਡਿੰਗ. ਸੁਭਟ. ਯੋਧਾ. ਸੂਰਵੀਰ.

ਸੁਹਾਉਣਾ: ਵਿ- ਸ਼ੋਭਨ. ਸ਼ੋਭਾ ਵਾਲਾ. ਸੁੰਦਰ.

ਸੁਹਾਗ: ਸੰਗਯਾ- ਸੌਭਾਗ੍ਯ. ਖੁਸ਼ਨਸੀਬੀ. "ਸੁਹਾਗ ਹਮਾਰੋ ਅਬ ਹੁਣਿ ਸੋਹਿਓ." (ਆਸਾ ਮਃ ੫) ਹੁਣ, (ਇਸ ਵੇਲੇ) ਅਬ (ਅਵ੍ਯਯ- ਇੱਕ ਰਸ ਰਹਿਣ ਵਾਲਾ) ਸੁਹਾਗ ਸੋਹਿਓ. ਦੇਖੋ, ਅਬ.

ਸੁਹਾਗਣ, ਸੁਹਾਗਣਿ, ਸੁਹਾਗਣੀ: ਵਿ- ਸੌਭਾਗ੍ਯ ਵਾਲੀ. ਸੌਭਾਗ੍ਯਵਤੀ। ੨. ਉਹ ਇਸਤ੍ਰੀ ਜਿਸ ਦਾ ਪਤੀ ਜੀਉਂਦਾ ਹੈ.

ਸੁਹਾਗਾ: ਸੰਗਯਾ- ਇੱਕ ਖਾਰਾ ਪਦਾਰਥ, ਜਿਸ ਨੂੰ ਟੰਕਣ ਆਖਦੇ ਹਨ. ਸੰ ਰਸਸ਼ੋਧਨ ਅੰ. Borax । ੨. ਜਿਮੀਦਾਰਾ ਇੱਕ ਸੰਦ, ਜਿਸ ਨਾਲ ਖੇਤ ਦੇ ਡਲੇ ਭੰਨੇ ਜਾਂਦੇ ਹਨ. ਇਸ ਦਾ ਅਕਾਰ ਚਪਟਾ ਸ਼ਤੀਰ ਜੇਹਾ ਹੁੰਦਾ ਹੈ ਇਸ ਨੂੰ ਦੋ ਅਥਵਾ ਚਾਰ ਬੈਲ ਜੋੜਕੇ ਜਿਮੀਦਾਰ ਸੁਹਾਗੇ ਉੱਪਰ ਖਲੋਕੇ ਵਾਹੀ ਹੋਈ ਜ਼ਮੀਨ ਤੇ ਫੇਰਦਾ ਹੈ. "ਨਾਮ ਬੀਜ ਸੰਤੋਖ ਸੁਹਾਗਾ." (ਸੋਰ ਮਃ ੧) "ਲੇਟ ਰਹਯੋ ਕਰਕੈ ਉਪਮਾ ਇਹ ਡਾਰ ਚਲੇ ਕਿਰਸਾਨ ਸੁਹਾਗਾ." (ਕ੍ਰਿਸਨਾਵ) ਕਾਲੀ ਨਾਗ ਬਰੇਤੀ ਵਿੱਚ ਸੁਹਾਗੇ ਦੀ ਤਰਾਂ ਪਿਆ ਹੈ.

ਸੁਹਾਗਾ ਫੇਰਨਾ: ਦੇਖੋ, ਸੁਹਾਗਾ ੨। ੨. ਕਿਸੇ ਦਾ ਸਰਵਨਾਸ਼ ਕਰਨਾ. ਤਬਾਹੀ ਕਰਨੀ.

ਸੁਹਾਂਜਣਾ: ਸੰ शोभाजन. ਸ਼ੋਭਾਂਜਨ. ਸੰਗਯਾ- ਇੱਕ ਬੂਟਾ, ਜਿਸ ਦੀਆਂ ਫਲੀਆਂ ਦਾ ਅਚਾਰ ਪਾਈਦਾ ਹੈ ਅਰ ਇਸ ਦੀ ਜੜ,

ਗੂੰਦ, ਛਿੱਲ ਅਤੇ ਰਸ ਅਨੇਕ ਦਵਾਈਆਂ ਵਿੱਚ ਵਰਤੀਦੇ ਹਨ. L. Moringa Pterygosperma. ਸੁਹਾਂਜਨਾ ਕਫ ਅਤੇ ਵਾਉਗੋਲੇ ਆਦਿਕ ਰੋਗਾਂ ਨੂੰ ਦੂਰ ਕਰਦਾ ਹੈ, ਸੋਜ ਹਟਾਉਂਦਾ ਹੈ, ਕਾਮਸ਼ਕਤੀ ਵਧਾਉਂਦਾ ਹੈ, ਭੁੱਖ ਲਾਉਂਦਾ ਹੈ, ਮਸਾਨੇ ਦੀ ਪਥਰੀ ਨੂੰ ਖਾਰਦਾ ਹੈ, ਗਠੀਏ ਅਤੇ ਢਿੱਡਪੀੜ ਲਈ ਗੁਣਕਾਰੀ ਹੈ. ਇਸ ਦੀ ਤਾਸੀਰ ਗਰਮ ਖੁਸ਼ਕ ਹੈ.

ਸੁਹਾਣ: ਵਿ- ਸ਼ੋਭਨ. ਸੁੰਦਰ। ੨. ਅ. سُبحان ਸੁਬਹ਼ਾਨ. ਪਵਿਤ੍ਰ ਰੂਪ ਆਤਮਾ. "ਸਤਿ ਸੁਹਾਣੁ ਸਦਾ ਮਨਿ ਚਾਉ." (ਜਪੁ)

ਸੁਹਾਣਾ: ਵਿ- ਸ਼ੋਭਨ. ਸੁੰਦਰ. ਸੁਹਾਵਨਾ.

ਸੁਹਾਣੁ: ਦੇਖੋ, ਸੁਹਾਣ.

ਸੁਹਾਨ: ਦੇਖੋ, ਸੁਹਾਣ.

ਸੁਹਾਨਾ: ਦੇਖੋ, ਸੁਹਾਣਾ.

ਸੁਹਾਬ: ਦੇਖੋ, ਸਹਾਬ.

ਸੁਹਾਵਣਾ, ਸੁਹਾਵਨਾ, ਸੁਹਾਵਾੜਾ, ਸੁਹਾਵੜੀ, ਸੁਹਾਵਾ, ਸੁਹਾਵੀ: ਵਿ- ਸ਼ੋਭਨ. ਸੁੰਦਰ ਸ਼ੋਭਾਵਾਨ. ਸ਼ੋਭਾ ਵਾਲੀ। ੨. ਸੁਖਦਾਈ. "ਸੋਈ ਦਿਨਸ ਸੁਹਾਵੜਾ." (ਵਾਰ ਗਉ ੨. ਮਃ ੫) "ਧੰਨੁ ਸੁਹਾਵਾ ਮੁਖ." (ਆਸਾ ਮਃ ੫) "ਰੈਣਿ ਸੁਹਾਵਣੀ ਦਿਨਸੁ ਸੁਹੇਲਾ." (ਮਾਝ ਮਃ ੫) "ਸੁਹਾਵੀ ਕਉਣੁ ਸੁ ਵੇਲਾ?" (ਵਡ ਮਃ ੫)

ਸੁਹਿਰਦ: ਸੰ. ਸੁਹ੍ਰਦ ਸੁਹ੍ਰਿਦ. ਸੰਗਯਾ- ਜਿਸ ਦਾ ਹਿਰਦਾ ਉੱਤਮ ਹੈ. ਨੇਕਦਿਲ। ੨. ਮਿਤ੍ਰ. ਦੋਸਤ.

ਸੁਹੀਆ: ਸੰਗਯਾ- ਸੂੰਹ ਲੈਣ ਵਾਲਾ. ਜਾਸੂਸ। ੨. ਸੰ. ਸ਼ੁਸ਼੍ਰੂਸ਼ਾ ਸ਼ੁਸ਼੍ਰੂਸ਼ਾ. ਸੁਣਨ ਦੀ ਇੱਛਾ. ਬਾਵ- ਗੁਰੂ ਅਤੇ ਬਜ਼ੁਰਗਾਂ ਦੀ ਸੇਵਾ। ੩. ਸਨਮਾਨ. ਖ਼ਾਤਿਰ. "ਸਸੁੜਿ ਸੁਹੀਆ ਕਿਵ ਕਰੀ? ਨਿਵਣੁ ਨ ਜਾਇ ਥਣੀ." (ਸਵਾ ਮਃ ੧) ਸੱਸ ਨੂੰ ਮੈ ਸ਼ਿਸ਼੍ਟਾਚਾਰ (ਪ੍ਰਣਾਮ) ਕਿਸ ਤਰਾਂ ਕਰਾਂ? ਕਠੋਰ ਕੁਚਾਂ ਦੇ ਕਾਰਣ ਝੁਕਿਆ ਨਹੀਂ ਜਾਂਦਾ।[248] ੪. ਵਿ- ਸ਼ੋਭਨ. ਸੁੰਦਰ। ੫. ਪ੍ਰਿਯ. ਪਿਆਰਾ. "ਮਧੁਰ ਬੈਨ ਅਤਿ ਸੁਹੀਆ." (ਮਲਾ ਮਃ ੫. ਪੜਤਾਲ)

ਸੁਹੇਲੜਾ, ਸੁਹੇਲੜੀ, ਸੁਹੇਲਾ, ਸੁਹੇਲੀ: ਵਿ- ਸਹਿਲ. ਆਸਾਨ. ਸੁਗਮ. "ਸਭੇ ਕਾਜ ਸੁਹੇਲੜੇ." (ਵਾਰ ਗਉ ੨. ਮਃ ੫) "ਸੁਹੇਲਾ ਕਹਿਨ ਕਹਾਵਨ, ਤੇਰਾ ਬਿਖਮ ਭਾਵਨ." (ਸ੍ਰੀ ਮਃ ੫) "ਚੋਟ ਸੁਹੇਲੀ ਸੇਲ ਕੀ." (ਸ. ਕਬੀਰ) ੨. ਸੁਖੀ. "ਤਿਚਰੁ ਵਸਹਿ ਸੁਹੇਲੜੀ." (ਸ੍ਰੀ ਮਃ ੫) ੩. ਸੁਖਦਾਈ. "ਹਰਿ ਕੀ ਕਥਾ ਸੁਹੇਲੀ." (ਸੋਰ ਮਃ ੫) ੪. ਸੰਗਯਾ- ਮਿਤ੍ਰ. ਸ਼ੁਭਚਿੰਤਕ. "ਆਗੈ ਸਜਨ ਸੁਹੇਲਾ." (ਸੋਰ ਕਬੀਰ) ੫. ਸੁਹੇਲਾ ਨਾਮਕ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇੱਕ ਖਾਸ ਘੋੜਾ. ਦੇਖੋ, ਗੁਲਬਾਗ ਅਤੇ ਪਾਇਲ ੪। ੬. ਦੇਖੋ, ਸੁ ਅਤੇ ਹੇਲਾ.

ਸੁਹੇਵਾ: ਰਿਆਸਤ ਬੀਕਾਨੇਰ, ਨਜਾਮਤ ਰਾਜਗੜ੍ਹ, ਤਸੀਲ ਰਿਣੀ ਦਾ ਇੱਕ ਪਿੰਡ, ਜੋ ਸਟੇਸ਼ਨ ਰਾਜਗੜ੍ਹ ਤੋਂ ਵਾਯਵੀ ਕੋਣ ੨੫ ਕੋਹ ਹੈ ਅਰ ਸਰਸੇ ਤੋਂ ਨੈਰਤ ਕੋਣ ੩੦ ਕੋਹ ਹੈ. ਆਸ ਪਾਸ ਦੇ ਲੋਕ ਇਸ ਨੂੰ ਸਾਹਿਆ ਆਖਦੇ ਹਨ, ਇਸ ਥਾਂ ਦਸ਼ਮੇਸ਼ ਜੀ ਦੱਖਣ ਨੂੰ ਜਾਂਦੇ ਹੋਏ ਵਿਰਾਜੇ ਹਨ, ਪਿੰਡ ਤੋਂ ਈਸ਼ਾਨ ਕੋਣ ਤਾਲ ਦੇ ਕਿਨਾਰੇ ਗੁਰੁਦ੍ਵਾਰਾ ਹੈ. ਗੁਰੂ ਸਾਹਿਬ ਦੇ ਵੇਲੇ ਦਾ ਇੱਕ ਜੰਡ ਅਤੇ ਪਿੱਪਲ ਹੈ. ਉਸ ਵੇਲੇ ਪਿੱਪਲ ਬਹੁਤ ਛੋਟਾ ਜੰਡ ਵਿੱਚ ਉਗਿਆ ਹੋਇਆ ਸੀ. ਕਲਗੀਧਰ ਨੇ ਫਰਮਾਇਆ ਕਿ ਜਦ ਇਹ ਪਿੱਪਲ ਜੰਡ ਨੂੰ ਨਿਗਲ ਜਾਵੇਗਾ ਤਾਂ ਦੇਸ਼ ਦਾ ਕਾਲ (ਦੁਰਭਿੱਖ) ਦੂਰ ਹੋ ਜਾਊ. ਹੁਣ ਪਿੱਪਲ ਨੇ ਸਾਰੇ ਜੰਡ ਨੂੰ ਨਿਗਲ ਲੀਤਾ ਹੈ ਕੇਵਲ ਢਾਈ ਇੰਚ ਚੌੜਾ ਛੀ ਇੰਚ ਲੰਮਾ ਜੰਡ ਵਿਖਾਈ ਦਿੰਦਾ ਹੈ.

ਪਿੱਪਲ ਤੋਂ ੨੫ ਫੁਟ ਦੀ ਵਿੱਥ ਤੇ ਇੱਕ ਪੱਥਰ ਦੀ ਚਟਾਨ ਉੱਪਰ ਤਿੰਨ ਚਾਰ ਨਿਸ਼ਾਨ ਘੋੜੇ ਦੇ ਪੌੜਾਂ ਦੇ ਹਨ, ਜਿਨ੍ਹਾਂ ਨੂੰ ਦਸ਼ਮੇਸ਼ ਦੇ ਘੋੜੇ ਦੇ ਦੱਸਿਆ ਜਾਂਦਾ ਹੈ. ਗੁਰਦੁਆਰੇ ਨਾਲ ੩੦ ਵਿੱਘੇ ਜ਼ਮੀਨ ਹੈ. ਰਿਆਸਤ ਪਟਿਆਲੇ ਤੋਂ ੩੨੫) ਸਾਲਾਨਾ ਮਿਲਦੇ ਹਨ. ਪੁਜਾਰੀ ਸਿੰਘ ਹੈ. ਕੱਤਕ ਦੀ ਪੂਰਣਮਾਸੀ ਨੂੰ ਜੋੜਮੇਲ ਹੁੰਦਾ ਹੈ.

---

[248] ਪੋਠੋਹਾਰ ਵਿੱਚ ਸੂਹੀ ਦਾ ਅਰਥ ਹੈ ਮੱਥਾ ਟੇਕਣਾ. ਇਸ ਦਾ ਮੂਲ ਭੀ ਸੰਸਕ੍ਰਿਤ 'ਬੁਸ਼ਸ਼੍ਰੂਸ਼ਣ' ਹੈ.

ਸੁਹੰਦਾ: ਦੇਖੋ, ਸੋਹੰਦਾ.

ਸੁਹ੍ਰਿਦ: ਦੇਖੋ, ਸੁਹਿਰਦ.

ਸੁਹ੍ਰਿਦਣੀ: ਸੰਗਯਾ- ਸੈਨਾ. ਫੌਜ. ਜਿਸ ਵਿੱਚ ਸੁਹ੍ਰਿਦ (ਮਿਤ੍ਰਾਂ) ਦਾ ਇਕੱਠ ਹੈ. (ਸਨਾਮਾ)

ਸੁਕ: ਸੰ. ਸ਼ੁਸ਼੍ਕ. ਵਿ- ਖੁਸ਼ਕ. "ਸਾਇਰ ਭਰੇ ਕਿ ਸੁਕ?" (ਵਾਰ ਮਾਝ ਮਃ ੧) ੨. ਸੰ. ਸ਼ੁਕ. ਸੰਗਯਾ- ਤੋਤਾ. ਕੀਰ. . ੩ ਰਾਵਣ ਦਾ ਇੱਕ ਮੰਤ੍ਰੀ. "ਜਬ ਸੁਕ ਕੇ ਵਚਨਨ ਹਸਜੋ ਦਈ ਵਡਾਈ ਤਾਹਿ." (ਹਨੂ) ੪. ਵ੍ਯਾਸ ਮੁਨੀ ਦਾ ਪੁਤ੍ਰ ਇੱਕ ਰਿਖੀ, ਜਿਸ ਦਾ ਪ੍ਰਸਿੱਧ ਨਾਉਂ ਸ਼ੁਕਦੇਵ ਹੈ. ਮਹਾਭਾਰਤ ਵਿੱਚ ਲਿਖਿਆ ਹੈ ਕਿ ਵ੍ਯਾਸ ਹਵਨ ਕਰਨ ਲਈ ਅਰਣੀ ਲੱਕੜ ਘਸਾਕੇ ਅੱਗ ਕੱਢਣ ਦਾ ਯਤਨ ਕਰ ਰਿਹਾ ਸੀ, ਇਤਨੇ ਵਿੱਚ ਘ੍ਰਿਤਾਚੀ ਅਪਸਰਾ ਆਈ, ਜਿਸ ਨੂੰ ਦੇਖਕੇ ਰਿਖੀ ਦਾ ਵੀਰਯ ਅਰਣੀ ਵਿੱਚ ਡਿਗ ਪਿਆ, ਘ੍ਰਿਤਾਚੀ ਰਿਖੀ ਤੋਂ ਡਰਦੀ ਕਿ ਕਿਤੇ ਸ੍ਰਾਪ ਨਾ ਦੇ ਦੇਵੇ, ਤੋਤੀ ਦਾ ਰੂਪ ਧਾਰਕੇ ਉਥੋਂ ਉਡ ਗਈ. ਵ੍ਯਾਸ ਦੇ ਵੀਰਯ ਤੋਂ ਸੁਕ ਅਰਣੀ ਵਿਚੋਂ ਹੀ ਪੈਦਾ ਹੋ ਗਿਆ. ਪਿਤਾ ਨੇ ਨਾਉਂ ਸ਼ੁਕ ਇਸ ਲਈ ਰੱਖਿਆ ਕਿ ਘ੍ਰਿਤਾਚੀ ਨੇ ਤੋਤੀ ਦੀ ਸ਼ਕਲ ਬਣਾ ਲਈ ਸੀ.[249] ਸੁਕਦੇਵ ਨੂੰ ਵਯਾਸ ਨੇ ਬ੍ਰਹਮਵਿਦ੍ਯਾ ਪ੍ਰਾਪਤ ਕਰਨ ਲਈ ਰਾਜਾ ਜਨਕ ਪਾਸ ਭੇਜਿਆ. ਸ਼ੁਕ ਵਡਾ ਪ੍ਰਸਿੱਧ ਗ੍ਯਾਨੀ ਹੋਇਆ ਹੈ. "ਸੁਕ ਜਨਕ ਪਗੀ ਲਗਿ ਧਿਆਵੈਗੋ." (ਕਾਨ ਅਃ ਮਃ ੪) ੫. ਵਸਤ੍ਰ। ੬. ਪਗੜੀ. ਸਾਫਾ.

ਸੁਕਚਣਾ, ਸੁਕਚਨ: ਕ੍ਰਿ- ਸੰਕੋਚਨ. ਸੁਕੜਨਾ। ੨. ਝਿਝਕਣਾ. "ਪਾਪ ਕਰਤ ਸੁਕਚਿਓ ਨਹੀਂ" (ਤਿਲੰ ਮਃ ੯)

ਸੁਕਣਾ: ਕ੍ਰਿ. ਸ਼ੁਸ਼੍ਕ ਹੋਣਾ. ਖੁਸ਼ਕ ਹੋਣਾ.

ਸੁੰਕਤ: ਸੂੰਕਦਾ. ਸੂੰ ਸੂੰ ਸ਼ਬਦ ਕਰਦਾ. "ਸੁੰਕਤ ਬਾਣ ਮਾਰ ਸਮ ਜਾਂਹੀਂ." (ਸਲੋਹ) ਮਾਰ (ਸੱਪ) ਵਾਂਙ ਸੂੰਕਦੇ ਤੀਰ ਜਾਂਦੇ ਹਨ.

ਸੁਕਤਾ, ਸੁਕਤਿ: ਦੇਖੋ, ਸੁਕ੍ਤਿ. "ਸੁਕਤਾ ਰਜਤ ਮ੍ਰਿਗਤ੍ਰਿਸਨਾ ਮੇ ਨੀਰ ਜੈਸੇ." (ਨਾਪ੍ਰ)

ਸੁਕਦੀਸ: ਸੰ ਸ਼ੁਕਦੇਸ਼ਿਕ. ਤੋਤਾ ਪੜ੍ਹਾਉਣ ਵਾਲਾ. ਦੇਖੋ, ਦੀਸੰ.

ਸੁਕਦੇਵ: ਦੇਖੋ, ਸੁਕ ੪.

ਸੁਕਨਾਸ: ਤੋਤੇ ਜੇਹੇ ਨੱਕ ਵਾਲਾ. ਤੋਤੇ ਦੀ ਚੁੰਜ ਜੇਹਾ ਮੁੜਵਾਂ ਹੈ ਜਿਸ ਦਾ ਨੱਕ.

ਸੁਕਰ: ਸੰ. ਵਿ- ਆਸਾਨੀ ਨਾਲ ਕਰਨ ਲਾਇਕ ਕੰਮ. ਜੋ ਸੁਖਾਲਾ ਹੋ ਸਕੇ. ੨. ਅ਼. شکر ਸ਼ੁਕਰ. ਸੰਗਯਾ- ਧਨ੍ਯਵਾਦ. ਕ੍ਰਿਤਗ੍ਯਤਾ. "ਯਾਂਤੇ ਸੁਕਰ ਰੱਬ ਕੇ ਘਰ ਕੋ." (ਗੁਪ੍ਰਸੂ). ੩. ਦੇਖੋ, ਸੁਕ੍ਰ.

ਸੁਕਰਣੀ, ਸੁਕਰਨੀ: ਸੰਗਯਾ- ਉੱਤਮ ਕਰਣੀ. "ਸੁਕਰਣੀ ਕਾਮਣਿ ਹਮ ਗੁਰਮਿਲਿ ਪਾਈ." (ਆਸਾ ਮਃ ੫) ਸੁਕਰਣੀਰੂਪ ਇਸਤ੍ਰੀ.

ਸੁਕਰਮ: ਚੰਗਾ ਕੰਮ. ਭਲਾ ਕਰਮ.

ਸੁਕਰਮੀ: ਸੰ. सुकर्मिन ਵਿ- ਸ਼ੁਭ ਕੰਮ ਕਰਨ ਵਾਲਾ.

ਸੁਕਰਾਸਿਰੀ: ਵਿ- ਸ਼ੁਕ੍ਰ (ਅਗਨੀ) ਜੇਹੀ ਹੈ ਸ਼੍ਰੀ (ਪ੍ਰਭਾ) ਜਿਸ ਦੀ. ਅੱਗ ਵਾਂਙ ਚਮਕੀਲਾ. "ਕਾਲੁ ਬਪੁੜਾ ਕੋਟਵਾਲੁ ਸੁਕਰਾਸਿਰੀ." (ਮਲਾ ਨਾਮਦੇਵ)

ਸੁਕਰਾਣਾ: ਫ਼ਾ. شکرانہ ਸ਼ੁਕਰਾਨਹ. ਸੰਗਯਾ- ਕ੍ਰਿਤਗ੍ਯਤਾ. ਧਨ੍ਯਵਾਦ.

---

[249] ਇਸੇ ਪ੍ਰਸੰਗ ਅਨੁਸਾਰ ਬਹੁਤ ਲੇਖਕਾਂ ਨੇ ਸ਼ੁਕ ਦੀ ਮਾਂ ਸ਼ੁਕੀ (ਤੋਤੀ) ਲਿਖੀ ਹੈ.

ਸੁਕਰਾਤ: سقراط ਸੁਕ਼ਰਾਤ਼. Socrates. ਯੂਨਾਨ ਦਾ ਪ੍ਰਸਿੱਧ ਮੰਤਕੀ ਵਿਦ੍ਵਾਨ, ਜੋ ਏਥੇਂਸ Athens ਨਿਵਾਸੀ ਸੋਫਰੋਨਿਸਕਸ ਦੇ ਘਰ ਫਿਨਾਰੇਟੀ ਦੇ ਉਦਰ ਤੋਂ ਲਗਪਗ ਬੀ. ਸੀ. ੪੬੯ ਵਿੱਚ ਜਨਮਿਆ. ਸੁਕਰਾਤ ਯੂਨਾਨ ਦੀਆਂ ਕੁਰੀਤੀਆਂ ਅਤੇ ਪਾਖੰਡ ਦਾ ਪ੍ਰਚਾਰ ਦੇਖਕੇ ਥਾਂ ਥਾਂ ਉਸ ਦਾ ਖੰਡਨ ਕਰਨ ਵਿੱਚ ਤਤਪਰ ਹੋਇਆ ਅਰ ਨਿਰਭੈਤਾ ਨਾਲ ਲੋਕਾਂ ਨੂੰ ਸੱਚਾ ਉਪਦੇਸ਼ ਦੇਣ ਲੱਗਿਆ. ਉਸ ਦੀ ਚਰਚਾ ਦੀ ਰੀਤ ਅਤੇ ਯੁਕਤਿ ਅਜੇਹੀ ਸੀ ਕਿ ਉਸ ਸਮੇਂ ਦੇ ਪ੍ਰਸਿੱਧ ਵਿਦ੍ਵਾਨ ਨਿਰੁੱਤਰ ਹੋ ਜਾਂਦੇ ਸਨ. ਇਸ ਕਾਰਣ ਸ੍ਵਾਰਥੀ ਲੋਕ ਉਸ ਦੇ ਵਿਰੋਧੀ ਹੋ ਗਏ ਅਰ ਉਨ੍ਹਾਂ ਨੇ ਸੁਕਰਾਤ ਦੇ ਮੱਥੇ ਇਹ ਅਪਰਾਧ ਮੜ੍ਹਕੇ ਕਿ ਉਹ ਸਨਾਤਨ ਧਰਮ ਦਾ ਵੈਰੀ ਅਤੇ ਆਪਣੇ ਨਵੇਂ ਮਤ ਦਾ ਪ੍ਰਚਾਰਕ ਹੈ, ਕੈਦ ਕਰਵਾ ਦਿੱਤਾ. ਅੰਤ ਨੂੰ ਅਦਾਲਤ ਦੇ ਹੁਕਮ ਨਾਲ ਜ਼ਹਿਰ ਦਾ ਪਿਆਲਾ ਪਿਆਕੇ ਉਸ ਦੇ ਪ੍ਰਾਣ ਲੈ ਲਏ.

ਸੁਕਰਾਤ ਆਤਮਾ ਨੂੰ ਅਜਰ ਅਮਰ ਮੰਨਦਾ ਸੀ. ਉਸ ਨੂੰ ਮੌਤ ਦਾ ਭੈ ਉਸ ਦੇ ਨਿਯਮਾਂ ਤੋਂ ਜਰਾ ਭੀ ਹਟਾ ਨਹੀਂ ਸਕਦਾ ਸੀ. ਇਸੇ ਕਾਰਣ ਉਹ ਅੰਤ ਵੇਲੇ ਅਡੋਲ ਰਿਹਾ. ਸੁਕਰਾਤ ਨੇ ਪ੍ਰਾਣ ਤਜਾਗਣ ਵੇਲੇ ਜੋ ਆਪਣੇ ਚੇਲਿਆਂ ਨਾਲ ਗਜਾਨਚਰਚਾ ਕੀਤੀ ਹੈ ਉਹ ਅਮੋਲਕ ਸਿਖਜਾ ਨਾਲ ਭਰੀ ਹੋਈ ਹੈ. ਇਸ ਮਹਾਤਮਾ ਦੀ ਸਾਰੀ ਉਮਰ ਕਰੀਬ ੭੦ ਵਰ੍ਹੇ ਦੀ ਸੀ.

ਸ਼ੁਕਰੀਯਹ: ਫ਼ਾ. شکریہ ਧਨਜਵਾਦ. ਕ੍ਰਿਤਗਜਤਾ.

ਸੁਕਲ: ਸੰ. ਸ਼ੁਕ੍ਲ. ਵਿ- ਚਿੱਟਾ। ੨. ਸੰਗਜਾ- ਚਾਂਦੀ। ੩. ਮੱਖਣ.

ਸੁਕਲਾਭਿਸਾਰਿਕਾ: ਦੇਖੋ, ਭਿਸਾਰਿਕਾ.

ਸੁਕਲੀਧੇ: ਵਿ- ਚਿੱਟੀ ਰੰਗਤ ਵਾਲੇ। ੨. ਸੁਸ਼੍ਕ ਹੋ ਗਈ ਹੈ ਕ੍ਲੇਦਤਾ ਜਿਸ ਦੀ. ਜਿਸ ਦੀ ਤਰਾਵਤ ਖ਼ੁਸ਼ਕ ਹੋ ਗਈ ਹੈ. "ਬਿਨ ਜਲ ਦੇਖੇ ਸੁਕਲੀਧੇ." (ਬਸੰ ਮਃ ੪)

ਸ਼ੁਕਵੱਲਭ: ਸੰ. ਤੋਤੇ ਨੂੰ ਪਿਆਰਾ. ਅਨਾਰ.

ਸ਼ੁਕਵਾਹ: ਸੰ. ਕਾਮਦੇਵ. ਤੋਤਾ ਹੈ ਜਿਸ ਦੀ ਸਵਾਰੀ.

ਸੁਕੜਨਾ, ਸੁੰਕੜਨਾ: ਕ੍ਰਿ- ਸੰਕੁਚਿਤ ਹੋਣਾ ਸੰਕੋਚਨ.

ਸੁਕਾਬ: ਸੁਰਖ਼ਾਬ ਦੀ ਤਾਂ ਇਹ ਸ਼ਬਦ ਭਾਈ ਸੰਤੋਖ ਸਿੰਘ ਨੇ ਵਰਤਿਆ ਹੈ. ਦੇਖੋ, ਸੁਰਖਾਬ. "ਗਹਿ ਸੁਕਾਬ ਕੋ ਤੁਰਤ ਦਬਾਏ." (ਗੁਪ੍ਰਸੂ)

ਸੁਕਾਲ: ਸੰਗਜਾ- ਕਾਲ (ਦੁਰ ਭਿੱਛ) ਦਾ ਅਭਾਵ. ਚੰਗਾ ਸਮਾਂ. "ਅੰਨੈ ਬਿਨਾ ਨ ਹੋਇ ਸੁਕਾਲ." (ਗੌਂਡ ਕਬੀਰ) ੨. ਅਮਨ ਦਾ ਜਮਾਨਾ। ੩. ਚੰਗਾ ਮੌਕਾ.

ਸੁਕਾਵਜ: ਇੱਕ ਛੰਦ. ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ. ੧੩- ੧੧ ਪੁਰ ਵਿਸ਼੍ਰਾਮ. ਅੰਤ ਗੁਰੁ ਲਘੁ.

ਉਦਾਹਰਣ-

ਆਵਉ ਵੰਞਉ ਡੁੰਮਣੀ, ਕਿੱਤੀ ਮਿਤ੍ਰ ਕਰੇਉ,

ਸਾਧਨ ਢੋਈ ਨਾ ਲਹੈ, ਵਾਂਢੀ ਕਿਉਂ ਧੀਰੇਉ. xxx

(ਮਾਰੂ ਮਃ ੧)

੨. ਵਿ- ਉੱਤਮ ਕਾਵਜ. ਉਹ ਕਾਵਜ, ਜਿਸ ਦੇ ਅੱਖਰਾਂ ਦੀ ਜੜਤ ਅਤੇ ਅਰਥ ਮਨੋਹਰ ਹੈ.

ਸ਼ੁਕੀ: ਸ਼ੁਕ (ਤੋਤੇ) ਦੀ ਮਦੀਨ. ਤੋਤੀ.

ਸੁਕੀਅ: ਵਿ- ਸ੍ਵਕੀਯ. ਆਪਣਾ. ਨਿਜ ਦਾ.

ਸੁਕੀਆ: ਦੇਖੋ, ਸ੍ਵਕੀਯਾ.

ਸੁਕੀਵ: ਦੇਖੋ, ਸੁਕੀਅ.

ਸੁਕੁੰਤਲਾ: ਦੇਖੋ, ਸਕੁੰਤਲਾ.

ਸੁਕੁਮ: ਅ਼. سقم ਸੁਕ਼ੁੰਮ. ਬੀਮਾਰੀ. ਰੋਗ। ੨. ਕਮੀ. ਘਾਟਾ। ੩. ਦੋਸ਼. ਐਬ.

ਸੁਕੁਮਾਰ: ਸੰ. ਵਿ- ਕੋਮਲ ਅੰਗਾਂ ਵਾਲਾ ਬਾਲਕ। ੨. ਸੰਗਯਾ- ਇੱਖ. ਕਮਾਦ। ੩. ਕੋਮਲ ਕਾਵ੍ਯ, ਜਿਸ ਵਿੱਚ ਕੰਨਾਂ ਨੂੰ ਕੌੜੇ ਲੱਗਣ ਵਾਲੇ ਸ਼ਬਦ ਨਹੀਂ ਵਰਤੇ ਗਏ.

ਸੁਕੁਲ: ਵਿ- ਉੱਤਮ ਕੁਲ. ਚੰਗਾ ਖਾਨਦਾਨ.

ਸੁਕੂਨਤ: ਅ਼. سکُونت ਰਿਹਾਇਸ਼. ਨਿਵਾਸ.

ਸੁਕੇਸ਼ੀ: ਇੱਕ ਅਪਸਰਾ, ਜੋ ਇੰਦ੍ਰ ਦੀ ਸਭਾ ਦਾ ਸ਼ਿੰਗਾਰ ਹੈ। ੨. ਵਿ- ਸੁੰਦਰ ਕੇਸ਼ਾਂ ਵਾਲੀ.

ਸੁਕੇਤ: ਸੁਕੇਤੀਆ ਗੋਤ ਦੇ ਰਾਜਪੂਤਾਂ ਦੀ ਇੱਕ ਪਹਾੜੀ ਰਿਆਸਤ, ਜੋ ਸਤਲੁਜ ਦੇ ਉੱਤਰ ਹੈ. ਦੇਖੋ, ਬਾਈਧਾਰ। ੨. ਸੰ. ਵਿ- ਉੱਤਮ ਅਰਥ ਵਾਲਾ. ਨੇਕ ਖਿਆਲ ਵਾਲਾ। ੪. ਉਪਕਾਰੀ.

ਸੁਕੇਤੀਆ: ਦੇਖੋ, ਸੁਕੇਤ.

ਸੁਕੇਤੁ: ਸੰ. ਵਿ- ਬਹੁਤ ਉੱਜਲ। ੨. ਚਮਕੀਲਾ ੩. ਉੱਤਮ ਕੇਸਾਂ ਵਾਲਾ। ੪. ਸੰਗਯਾ- ਪੰਛੀਆਂ ਦੀ ਬੋਲੀ ਸਮਝਣ ਵਾਲਾ। ੫. ਤਾੜਕਾ ਰਾਖਸੀ ਦਾ ਪਿਤਾ.

ਸ਼ੁਕੋਹ: ਫ਼ਾ. شِکوہ ਸੰਗਯਾ- ਦਬਦਬਾ। ੨. ਸ਼ਾਨਸ਼ੌਕਤ.

ਸੁਕੰਠ: ਸੁਗ੍ਰੀਵ ਦਾ ਉਲਥਾ ਰੂਪ ਨਾਉਂ ਹੈ. ਦੇਖੋ, ਸੁਗ੍ਰੀਵ। ੨. ਵਿ- ਸੁੰਦਰ ਹੈ ਕੰਠ (ਗਲਾ) ਜਿਸ ਦਾ. ਸੁਰੀਲੀ ਆਵਾਜ਼ ਵਾਲਾ.

ਸੁੱਕਾ: ਵਿ- ਸ਼ੁਸ਼੍ਕ. ਖੁਸ਼ਕ.

ਸੁਕ੍ਤਿ, ਸੁਕ੍ਤਿਕਾ: ਸੰ. ਸ਼ੁਕ੍ਤਿ. ਸੁਕ੍ਤਿਕਾ. ਸੰਗਯਾ- ਸਿੱਪੀ.

ਸੁਕ੍ਤਿਜ: ਸੰਗਯਾ- ਮੋਤੀ, ਜੋ ਸਿੱਪੀ ਵਿੱਚੋਂ ਪੈਦਾ ਹੁੰਦਾ ਹੈ.

ਸੁਕ੍ਰ: ਸੰ. ਸ਼ੁਕ੍ਰ. ਸੰਗਯਾ- ਵੀਰਯ. ਮਨੀ। ੨. ਅਗਨਿ। ੩. ਜੇਠ ਮਹੀਨਾ। ੪. ਦੈਤਾਂ ਦਾ ਗੁਰੂ ਸ਼ੁਕਰਾਚਾਰਯ. ਇਹ ਭ੍ਰਿਗੁ ਦਾ ਪੁਤ੍ਰ ਅਤੇ ਬਲਿ ਦਾ ਪੁਰੋਹਿਤ ਸੀ. ਇਸ ਨੂੰ ਕਵਿ ਭੀ ਆਖਦੇ ਹਨ. ਇਸ ਦੀ ਇਸਤ੍ਰੀ ਦਾ ਨਾਉਂ ਸੁਸ਼ੁਮਾ ਸੀ. ਇਸ ਦੀ ਪੁਤ੍ਰੀ ਦੇਵਯਾਨੀ ਨੇ ਚੰਦ੍ਰਵੰਸ਼ੀ ਯਯਾਤਿ ਰਾਜੇ ਨਾਲ ਵਿਆਹ ਕੀਤਾ ਸੀ. ਸ਼ੁਕ੍ਰ ਧਰਮਸ਼ਾਸਤ੍ਰ ਅਤੇ ਨੀਤਿਸ਼ਾਸਤ੍ਰ ਦਾ ਕਰਤਾ ਭੀ ਹੈ ਹਰਿਵੰਸ਼ ਵਿੱਚ ਲਿਖਿਆ ਹੈ ਕਿ ਇਹ ਸ਼ਿਵ ਪਾਸੋਂ ਸ਼ਕਤਿ ਪ੍ਰਾਪਤ ਕਰਨ ਲਈ (ਜਿਸ ਕਰਕੇ ਦੈਤ, ਦੇਵਤਿਆਂ ਤੋਂ ਨਾ ਜਿੱਤੇ ਜਾਣ) ਘੋਰ ਤਪ ਕਰਦਾ ਰਿਹਾ, ਅਰਥਾਤ ੧੦੦੦ ਵਰ੍ਹਾ ਸਿਰ ਪਰਣੇ ਲਟਕਦਾ ਰਿਹਾ, ਜਦ ਇਹ ਇਸ ਤਪ ਵਿੱਚ ਲੱਗਾ ਹੋਇਆ ਸੀ ਤਾਂ ਦੇਵਤਿਆਂ ਨੇ ਦੈਤਾਂ ਤੇ ਚੜ੍ਹਾਈ ਕੀਤੀ ਅਤੇ ਜੰਗ ਵਿੱਚ ਇਸ ਦੀ ਮਾਤਾ ਨੂੰ ਵਿਸ਼ਨੁ ਨੇ ਮਾਰ ਦਿੱਤਾ. ਸ਼ੁਕ੍ਰ ਨੇ ਵਿਸ਼ਨੁ ਨੂੰ ਸ੍ਰਾਪ ਦਿੱਤਾ ਕਿ ਤੂੰ ਸੱਤ ਵੇਰ ਪ੍ਰਿਥਿਵੀ ਉੱਤੇ ਜਨਮ ਲਵੇਂ. ਫੇਰ ਸ਼ੁਕ੍ਰ ਨੇ ਆਪਣੀ ਮਾਤਾ ਨੂੰ ਵੀ ਜਿਵਾ ਲਿਆ. ਇੰਦ੍ਰ ਨੇ ਡਰਕੇ ਕਿ ਕਿਧਰੇ ਸ਼ੁਕ੍ਰ ਦਾ ਤਪ ਪੂਰਾ ਨਾ ਹੋ ਜਾਵੇ ਆਪਣੀ ਬੇਟੀ ਜਯੰਤੀ ਨੂੰ ਇਸ ਦਾ ਤਪ ਭੰਗ ਕਰਨ ਵਾਸਤੇ ਘੱਲਿਆ. ਜਯੰਤੀ ਉੱਥੇ ਜਾਕੇ ਬਹੁਤੇਰਾ ਇਸ ਨੂੰ ਮੋਹਣ ਦਾ ਯਤਨ ਕਰ ਰਹੀ, ਪਰ ਸ਼ੁਕ੍ਰ ਨੇ ਆਪਣਾ ਤਪ ਤੋੜ ਨਿਬਾਹਕੇ ਜਯੰਤੀ ਨਾਲ ਵਿਆਹ ਕੀਤਾ. ਸ਼ੁਕ੍ਰ ਨੂੰ ਇਸ ਦੇ ਪਿਤਾ ਭ੍ਰਿਗੁ ਦੇ ਨਾਉ ਅਨੁਸਾਰ ਭਾਰਗਾਵ ਭੀ ਆਖਦੇ ਹਨ.

ਸ਼ੁਕ੍ਰ ਦੇ ਕਾਣੇ ਹੋਣ ਦਾ ਜ਼ਿਕਰ ਇਉਂ ਹੈ ਕਿ ਜਦ ਬਾਉਨੇ (ਵਾਮਨ) ਬ੍ਰਾਹਮਣ ਨੂੰ ਰਾਜਾ ਬਲਿ ਢਾਈ ਕਦਮ ਜ਼ਮੀਨ ਦਾ ਸੰਕਲਪ

ਦੇਣ ਲੱਗਾ, ਤਦ ਸ਼ੁਕ੍ਰ ਸੂਖਮ ਰੂਪ ਧਾਰਕੇ ਗੰਗਾਸਾਗਰ ਦੀ ਟੂਟੀ ਵਿੱਚ ਜਾ ਬੈਠਾ. ਜਦ ਪਾਣੀ ਹੱਥ ਤੇ ਨਾ ਆਇਆ ਤਦ ਬਲਿ ਨੇ ਤਿਨਕਾ ਟੂਟੀ ਵਿੱਚ ਫੇਰਿਆ ਅਰ ਸ਼ੁਕ੍ਰ ਦੀ ਅੱਖ ਫੁੱਟ ਗਈ.[250] "ਸੁਕ੍ਰ ਬਾਤ ਮਨ ਮੋ ਪਹਿਚਾਨੀ." (ਵਾਮਨਾਵ) ੫. ਸ਼ੁਕ੍ਰਵਾਰ. ਜੁਮਾ। ੬. ਇੱਕ ਚਮਕੀਲਾ ਗ੍ਰਹ, ਜੋ ਪ੍ਰਿਥਿਵੀ ਦੇ ਬਹੁਤ ਨੇੜੇ ਹੈ. ਸੂਰਜ ਤੋਂ ਇਸ ਦੀ ਵਿੱਥ ਤਿੰਨ ਕਰੋੜ ੩੫ ਲੱਖ ਕੋਹ ਹੈ. ੨੨੫ ਦਿਨਾਂ ਵਿੱਚ ਇਹ ਆਪਣੀ ਧੁਰ ਉੱਪਰ ਇਕ ਗੇੜਾ ਲਾਉਂਦਾ ਹੈ. ਪੁਰਾਣਾਂ ਵਿਚ ਇਹੀ ਸ਼ੁਕ੍ਰ ਦੈਤਾਂ ਦਾ ਗੁਰੂ ਹੈ. ੭. ਵਿ- ਚਮਕੀਲਾ। ੮. ਚਿੱਟਾ. ਉੱਜਲ.

ਸੁਕ੍ਰਸਿਸ: ਡਿੰਗ. ਸ਼ੁਕ੍ਰ ਦੇ ਸ਼ਿਸ਼੍ਯ (ਚੇਲੇ) ਦੈਤ.

ਸੁਕ੍ਰਚੱਕੀਆਂ ਦੀ ਮਿਸਲ, ਸੁਕ੍ਰਚੱਕੀਏ: ਸੁਕ੍ਰਚੱਕ ਪਿੰਡ ਦੇ ਵਸ ਨੀਕ ਸਿੱਖਾਂ ਦੀ ੧੨. ਮਿਸਲਾਂ ਵਿੱਚੋਂ ਇਕ ਮਿਸਲ, ਜੋ ਮਹਾਰਾਜਾ ਰਣਜੀਤ ਸਿੰਘ ਦੇ ਦਾਦੇ ਸਰਦਾਰ ਚੜ੍ਹਤ ਸਿੰਘ ਸਾਂਹਸੀ ਗੋਤ ਦੇ ਜੱਟ ਨੇ ਸੰਮਤ ੧੮੧੦ ਵਿੱਚ ਕਾਇਮ ਕੀਤੀ. ਇਸ ਦੀ ਰਾਜਧਾਨੀ ਗੁੱਜਰਾਂਵਾਲਾ ਸੀ. ਇਸ ਮਿਸਲ ਵਿੱਚ ਸਭ ਤੋਂ ਮਹਾ ਪ੍ਰਤਾਪੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੋਇਆ ਹੈ. ਜਿਲਾ ਅੰਮ੍ਰਿਤਸਰ ਦੇ ਰਈਸ ਸੰਧਾਵਾਲੀਏ ਅਤੇ ਰਸੂਲਪੁਰੀਏ ਹੁਣ ਇਸੇ ਮਿਸਲ ਵਿੱਚੋਂ ਦੇਖੇ ਜਾਂਦੇ ਹਨ. ਕਰਨਾਲ ਜਿਲੇ ਦੇ ਸਿਕਰੀ ਦੇ ਸਰਦਾਰ ਇਸੇ ਮਿਸਲ ਦੇ ਪੰਥਰਤਨ ਸਰਦਾਰ ਭਾਗ ਸਿੰਘ ਦੀ ਵੰਸ਼ ਹਨ.

ਸੁਕ੍ਰਵਾਰ: ਸੰਗਜਾ- ਸ਼ੁਕ੍ਰ ਦੇ ਨਾਉਂ ਦਾ ਦਿਨ. ਜੁਮਾ.

ਸੁਕ੍ਰਵਾਰਿ: ਸ਼ੁਕ੍ਰਵਾਰ ਵਿੱਚ "ਸਕ੍ਰਵਾਰਿ ਪ੍ਰਭੁ ਰਹਿਆ ਸਮਾਈ." (ਬਿਲਾ ਮਃ ੩. ਵਾਰ ੭)

ਸੁਕ੍ਰਾਚਾਰਯ: ਦੇਖੋ,

ਸੁਕ੍ਰਿਤ: ਸੰ. ਸੁकृत ਸੰਗਜਾ- ਪੁੰਨਕਰਮ. "ਦੁਕ੍ਰਿਤ ਸੁਕ੍ਰਿਤ ਮਧੇ ਸੰਸਾਰ ਸਗਲਾਣਾ." (ਸ੍ਰੀ ਮਃ ੫) ੨. ਸ਼ੁਕ੍ਰਵਾਰ ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਸੁਕ੍ਰਿਤ ਸਹਾਰੈ ਸੁ ਇਹ ਬ੍ਰਤ ਚੜ੍ਹੈ." (ਗਉ ਕਬੀਰ ਵਾਰ ੭) ੩. ਵਿ- ਚੰਗਾ ਕੀਤਾ ਹੋਇਆ ਕੰਮ.

ਸੁਕ੍ਰਿਤਿ, ਸੁਕ੍ਰਿਤੀ: ਸੰ. सुकृतिन्. ਵਿ- ਨੇਕ ਕੰਮ ਕਰਨ ਵਾਲਾ। ੨. ਪੁਨਜਾਤਮਾ. ਧਰਮੀ.

ਸੁਖ: ਸੰਗਜਾ- ਸੁੱਖ. ਮੰਨਤ. "ਸੁਖ ਸੁਖੇਂਦੀ ਸਾ ਮੈ ਪਾਈ." (ਜੈਤ ਛੰਤ ਮਃ ੫) ਸੁਖ ਦੀ ਇੱਛਾ ਲਈ ਮੰਨਤ ਕਰਨ ਤੋਂ ਨਾਮ ਸੁਕ ਹੈ. ੨. ਸੰ. ਆਨੰਦ. "ਦੁਖ ਦਾਰੂ ਸੁਖ ਰੋਗ ਭਇਆ." (ਵਾਰ ਆਸਾ) ੩. ਦੇਖੋ, ਸਵੈਯੇ ਦਾ ਰੂਪ ੧੮.। ੪. ਜਲ. ਪਾਣੀ.

ਸੁਖ ਅਸਵਾਰੀ: ਸੰਗਜਾ- ਪਾਲਕੀ. "ਕਰੀ ਹਕਾਰਨ ਸੁਖ ਅਸਵਾਰੀ." xxx "ਚਢਜੋ ਸਾਹ ਸੁਖ ਕੀ ਅਸਵਾਰੀ." (ਗੁਪ੍ਰਸੂ)

ਸੁਖਈ: ਭੰਗੜ। ੨. ਭੰਗ ਘੋਟਣ ਦਾ ਕੰਮ ਹੈ ਜਿਸ ਦੇ ਸਪੁਰਦ. ਦੇਖੋ, ਸੁੱਖਾ.

ਸੁਖਸਹਜ: ਦੇਖੋ, ਸਹਜ ਸੁਖ.

ਸੁਖਸਾਗਰ: ਵਿ- ਸੁਖ ਦਾ ਸਮੁੰਦਰ. "ਸੁਖਸਾਗਰ ਹਰਿਨਾਮ ਹੈ." (ਸ੍ਰੀ ਮਃ ੩)

ਸੁਖਸਾਂਦਿ: ਸੁਖ ਸ਼ਾਂਤਿ. ਦੇਖੋ, ਸਾਂਦਿ.

ਸੁਖਸਾਲ: ਵਿ- ਸੁਖ ਦੀ ਸ਼ਾਲਾ. ਸੁਖ ਦਾ ਘਰ "ਨਨਕ ਸੁਖਸਾਲ." (ਬਿਲਾ ਮਃ ੫) ੨. ਸੰਗਜਾ- ਕਰਤਾਰ। ੩. ਆਤਮਗਜਾਨ.

ਸੁਖਸੈਲ: ਵਿ- ਸ਼ੈਲਸੁਖ. ਅਚਲ ਸੁਖ, "ਮਹਾ ਪੁਨੀਤ ਭਏ ਸੁਖਸੈਲ" (ਗਉ ਮਃ ੫)

---

[250] ਇਹ ਕਥਾ ਪੁਰਾਣਾਂ ਵਿੱਚ ਨਹੀਂ ਹੈ.

ਸੁਖਸੋਹਿਲੜਾ, ਸੁਖਸੋਹਿਲਾ: ਵਿ- ਸੁਖਦਾਯਕ ਗੀਤ। ੨. ਆਨੰਦ ਦਾ ਗੀਤ.

ਸੁਖਹਗਾਮੀ, ਸੁਖਹਿਗਾਮੀ: ਵਿ- ਸੁਖਗਮ੍ਯ. ਜਿਸ ਪਾਸ ਪਹੁ- ਚਣਾ ਔਖਾ ਨਹੀਂ. ਆਸਾਨੀ ਨਾਲ ਪ੍ਰਾਪਤ ਹੋਣ ਯੋਗ੍ਯ. ਬਿਨਾ ਕਠਿਨ ਸਾਧਨਾ ਦੇ ਇਸ ਦੀ ਪ੍ਰਾਪਤੀ ਹੋ ਸਕਦੀ ਹੈ. "ਸਿਮਰਿ ਸੁਆਮੀ ਸੁਖਹਗਾਮੀ." (ਸ੍ਰੀ ਛੰਤ ਮਃ ੫)

ਸੁਖਚੈਨ: ਬਾਬਾ ਫੂਲ ਦੇ ਸੁਪੁਤ੍ਰ ਤਿਲੋਕ ਸਿੰਘ ਜੀ ਦਾ ਛੋਟਾ ਪੁਤ੍ਰ, ਜੋ ਜੀਂਦ ਸ਼ਾਖ ਦਾ ਵਡੇਰਾ ਹੋਇਆ. ਇਸ ਦੇ ਆਪਣੇ ਨਾਉਂ ਤੇ ਸੁਖਚੈਨ ਪਿੰਡ ਵਸਾਇਆ. ਇਸ ਦਾ ਦੇਹਾਂਤ ਸਨ ੧੭੫੧ ਵਿੱਚ ਹੋਇਆ.

ਸੁਖਚੈਨਆਣਾ: ਦੇਖੋ, ਫਗਵਾੜਾ.

ਸੁਖਛਤ੍ਰ: ਵਿ- ਸੁਖ ਰਕ੍ਸ਼ਕ। ੨. ਸੁਖਦਾਇਕ ਛਤ੍ਰ, ਜੋ ਵਿਪਦਾ ਰੂਪ ਧੁੱਪ ਤੋਂ ਬਚਾਵੇ.

ਸੁਖਦ: ਵਿ- ਸੁਖ ਦੇਣ ਵਾਲਾ.

ਸੁਖਦਰਸਨ: ਵਿ- ਸੁਖਦਾਇਕ ਹੈ ਦਰਸ਼ਨ ਜਿਸ ਦਾ "ਜੋ ਸੁਖਦਰਸਨ ਪੇਖਤੇ ਪਿਆਰੇ, ਮੁਖ ਤੇ ਕਹਿਣ ਨ ਜਾਇ." (ਆਸਾ ਮਃ ੫. ਬਿਰਹੜੇ) ੨. ਸੰਗ੍ਯਾ- ਇੱਕ ਬੂਟੀ, ਜਿਸ ਦਾ ਰਸ ਕੰਨ ਦੀ ਪੀੜ ਹਟਾਉਣ ਲਈ ਵਰਤੀਦਾ ਹੈ. ਇਹ ਲਿਲੀ ਦੀ ਇੱਕ ਜਾਤਿ ਹੈ. ਇਸ ਦਾ ਫੁੱਲ ਬਹੁਤ ਸੁੰਦਰ ਹੁੰਦਾ ਹੈ. ਸੰ. ਸੁਦਸ਼ੰਨਾ. L. Amoryllis Zeyanicum । ੪. ਸ਼੍ਰੀ ਗੁਰੂ ਨਾਨਕ ਦੇਵ, ਜਿਸ ਦਾ ਦੀਦਾਰ ਆਨੰਦ ਦੇਣ ਵਾਲਾ ਹੈ.

ਸੁਖਦਾ: ਵਿ- ਸੁਖਦਾਤਾ। ੨. ਸੰਗ੍ਯਾ- ਇੱਕ ਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, ਅੰਤ ਗੁਰੁ ਲਘੁ. ਇਸ ਦਾ "ਮਧੁਭਾਰ" ਛੰਦ ਨਾਲੋਂ ਇਤਨਾ ਹੀ ਭੇਦ ਹੈ ਕਿ ਇਸ ਵਿੱਚ ਤੁਕ ਦੇ ਅੰਤ ਜਗਣ ਦਾ ਨੇਮ ਨਹੀਂ

ਉਦਾਹਰਣ-

ਰਿਖਿ ਵਿਦਾ ਕੀਨ। ਆਸਿਖਾ ਦੀਨ।

ਦੁਤਿ ਰਾਮ ਚੀਨ। ਮੁਨ ਮਨ ਪ੍ਰਬੀਨ ॥ (ਰਾਮਾਵ)

(ਅ) ਪ੍ਰਤਿ ਚਰਣ ੨੨ ਮਾਤ੍ਰਾ ਦਾ ਭੀ "ਸੁਖਦਾ ਛੰਦ" ਹੁੰਦਾ ਹੈ. ਜਿਸ ਦੇ ਅੰਤ ਗੁਰੁ, ਅਤੇ ੧੨- ੧੦ ਮਾਤ੍ਰਾ ਤੇ ਵਿਸ਼੍ਰਾਮ ਹੋਇਆ ਕਰਦਾ ਹੈ.

ਉਦਾਹਰਣ-

ਜਗਜੀਵਨ ਕੋ ਸੇਵੋ, ਜਗਜੀਵਨ ਤਬ ਹੀ. xxx

ਸੁਖਦਾਈ, ਸੁਖਦਾਤਾ, ਸੁਖਦਾਨ: ਵਿ- ਸੁਖਦਾਤ੍ਰਿ. ਸੁਖ ਦੇਣ ਵਾਲਾ. ਸੁਖਦਾਇਕ. "ਸੁਖਦਾਈ ਜੀਅਨ ਕੋ ਦਾਤਾ." (ਦੇਵ ਮਃ ੫) "ਸੁਖਦਾਤਾ ਹਰਿ ਏਕੁ ਹੈ." (ਭੈਰ ਮਃ ੩) ਸੁਖਦਾਨੀ. ਵਿ- ਸੁਖ ਦੇਣ ਵਾਲਾ. ੨. ਸੰਗ੍ਯਾ- ਦੇਖੋ, ਸਵੈਯੇ ਦਾ ਭੇਦ ੧੬.

ਸੁਖਦਾ ਬ੍ਰਿੱਧ: ਇੱਕ ਛੰਦ. ਇਸ ਦਾ ਨਾਉਂ "ਸਗੌਨਾ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਅੱਠ ਅੱਠ ਅੱਖਰ, ਤੁਕ ਦੇ ਆਦਿ ਲਘੁ, ਅੰਤ ਗੁਰੁ. ਪੰਜ ਅਤੇ ਤਿੰਨ ਅੱਖਰਾਂ ਤੇ ਵਿਸ਼੍ਰਾਮ.

ਉਦਾਹਰਣ-

ਕਿ ਨਾਗਰੀ ਕੇ, ਏਸ ਹੈਂ,

ਕਿ ਮ੍ਰਿਗੀ ਕੇ ਨਰੇਸ ਹੈਂ,

ਕਿ ਰਾਜਾ ਛਤ੍ਰਧਾਰੀ ਹੈਂ,

ਕਿ ਕਾਲੀ ਕੇ ਭਿਖਾਰੀ ਹੈਂ. (ਕਲਕੀ)

ਸੁਖਦਾਯਕ: ਦੇਖੋ, ਸੁਖਦਾਈ.

ਸੁਖਦੇਉ, ਸੁਖਦੇਵ: ਸੰਗਯਾ- ਸ਼ੁਕਦੇਵ. ਦੇਖੋ ਸੁਕ ੪. "ਇਹ ਮਨਿ ਲੀਣ ਭਏ ਸੁਖਦੇਉ." (ਗਉ ਅਃ ਕਬੀਰ) ੨. ਜਸਰੋਟਾ ਦਾ ਪਹਾੜੀ ਰਾਜਾ ਸੁਖਦੇਵ, ਜੋ ਨਦੌਨ ਦੇ ਜੰਗ ਵਿੱਚ ਭੀਮਚੰਦ ਦੀ ਸਹਾਇਤਾ ਲਈ ਮੌਜੂਦ ਸੀ. "ਸੁਖੰਦੇਵ ਗਾਜੀ ਜਸਾਰੋਟ ਰਾਯੰ." (ਵਿਚਿਤ੍ਰ. ਅਃ ੯) ੩. ਦਸ਼ਮੇਸ਼ ਦਾ ਹਜੂਰੀ ਇੱਕ ਪੰਡਿਤ ਕਵਿ, ਜਿਸ ਨੇ ਕਰਤਾਰ ਦੇ ਬਾਰਾਂ ਵਿਸ਼ੇਸ਼ਣਾਂ (ਸਤ, ਚਿਤ, ਆਨੰਦ, ਅਦ੍ਵਿਤੀਯ, ਅਖੰਡ, ਅਚਲ, ਅਨੰਤ, ਪ੍ਰਕਾਸ਼. ਕੂਟਸ੍ਥ, ਅਜ, ਅਕ੍ਰਿਯ, ਅਤੇ ਬ੍ਰਹਮ) ਦੀ ਵਿਚਿਤ੍ਰ ਵ੍ਯਾਖ੍ਯਾ ਲਿਖੀ ਹੈ.

ਸੁਖਧਾਮ: ਵਿ- ਸੁਖ ਦਾ ਘਰ। ੨. ਸੰਗਯਾ- ਸਤਿਗੁਰੂ। ੩. ਕਰਤਾਰ। ੪. ਆਤਮਗ੍ਯਾਨ। ੫. ਵੈਕੁੰਠ.

ਸੁਖ਼ਨ: ਫ਼ਾ. ਸੰਗਯਾ- ਗੱਲ. ਬਾਤ। ੨. ਛੰਦ. ਪਦ. ਦੇਖੋ, ਸਖੁਨ.

ਸੁਖ਼ਨਵਰ: ਫ਼ਾ. سخنور ਵਿ- ਬਚਨ ਦਾ ਪੂਰਾ. ਬਾਤ ਦਾ ਧਨੀ. ਗੱਲ ਦਾ ਪੱਕਾ.

ਸੁਖਨਿਧਾਨ: ਵਿ- ਸੁਖ ਦਾ ਖਜਾਨਾ. "ਸੁਖਨਿਧਾਨ ਹਰਿ ਅਲਖ ਸੁਆਮੀ." (ਗਉ ਮਃ ੫) "ਸੁਖਨਿਧਾਨ ਪ੍ਰਭੁ ਏਕ ਹੈ." (ਗਉ ਵਾਰ ੨, ਮਃ ੫) ੨. ਸੰਗਯਾ- ਨਿਹੰਗ ਸਿੰਘ ਭੰਗ ਨੂੰ ਭੀ ਸੁਖਨਿਧਾਨ ਸਦਦੇ ਹਨ। ੩. ਗੋਪਾਲਦਾਸ ਕਬੀਰਪੰਥੀ ਦਾ ਰਚਿਆ ਗ੍ਰੰਥ, ਜੋ ਕਬੀਰ ਜੀ ਦੀ ਸੰਪ੍ਰਦਾਯ ਦੇ ਸਾਧੂਆਂ ਵਿੱਚ ਪ੍ਰੇਮ ਨਾਲ ਪੜ੍ਹਿਆ ਜਾਂਦਾ ਹੈ.

ਸੁਖਪਾਲ: ਸੰਗਯਾ- ਝੰਪਾਨ. ਪਾਲਕੀ. ਦੇਖੋ, ਸੁਖਅਸਵਾਰੀ. ਸੁਕਦਾਇਕ ਪਲਨਾ. "ਰਾਨੀ ਕੋ ਲੀਨੋ ਸੁਖਪਾਲ ਚੜ੍ਹਾਇਕੈ." (ਚਰਿਤ੍ਰ ੧੪੬)

ਸੁਖਬਾਲਾ: ਵਿ- ਬਾਲਾ (ਉੱਚਾ) ਸੁਖ. ਸਰਵੋਪਰਿ ਸੁਖ। ੨. ਸੰਗਯਾ- ਗ੍ਯਾਨ ਦਾ ਆਨੰਦ. ਆਤਮ ਆਨੰਦ.

ਸੁਖਬਿਸ੍ਰਾਮ: ਸੰਗਯਾ- ਸੁਖ ਵਿੱਚ ਟਿਕਾਉ. ਆਨੰਦ ਮੇ ਇਸਥਿਤੀ.

ਸੁਖਭਾਇ: ਵਿ- ਸੁਖਦਾਇਕ ਹੈ ਭਾਵ ਜਿਸ ਦਾ. ਜਿਸ ਦਾ ਖਿਆਲ ਸੁਖ ਦੇਣ ਦਾ ਹੈ. "ਸਤਿਗੁਰੁ ਸੁਖਭਾਇ ਕ੍ਰਿਪਾਧਾਰੀ." (ਸਵੈਯੇ ਮਃ ੪. ਕੇ)

ਸੁਖਮਹਲ, ਸੁਖਮਹਿਲ: ਵਿ- ਸੁਖ ਦਾ ਮੰਦਿਰ. ਆਨੰਦਭਵਨ। ੨. ਸੰਗਯਾ- ਸਤਿਗੁਰੂ. ੩. ਕਰਤਾਰ। ੪. ਆਤਮਗ੍ਯਾਨ.

ਸੁਖਮਣਾ, ਸੁਖਮਨ, ਸੁਖਮਨਾ: ਸੰ. ਸੁਸ਼ੁਮ੍ਨਾ. ਇਹ ਸ਼ਬਦ ਸੁਸ਼ੁਮ੍ਣਾ ਭੀ ਸਹੀ ਹੈ. ਸੰਗਯਾ ਯੋਗੀਆਂ ਦੀ ਕਲਪੀ ਹੋਈ ਇੱਕ ਨਾੜੀ, ਜੋ ਨੱਕ ਦੇ ਮੂਲ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤੀਕ ਪੁਚਦੀ ਹੈ. ਇਸ ਦੇ ਸੱਜੇ ਪਾਸੇ ਪਿੰਗਲਾ ਅਤੇ ਖੱਬੇ ਇੜਾ ਹੈ. ਇਹ ਨਾੜੀ ਚੰਦ੍ਰਮਾ, ਸੂਰਜ ਅਤੇ ਅਗਨਿ ਰੂਪਾ ਹੈ. ਜਦ ਅਭ੍ਯਾਸ ਨਾਲ ਇਸ ਵਿੱਚ ਪ੍ਰਾਣ ਚਲਾਈਦੇ ਹਨ ਤਦ ਅਨਹਤ ਸ਼ਬਦ ਸੁਣੀਦਾ ਹੈ ਅਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ. ਇਸ ਦਾ ਨਾਉਂ ਬ੍ਰਹਮਮਾਰਗ ਅਤੇ ਮਹਾਪਥ ਭੀ ਹੈ. "ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ." (ਰਾਮ ਕਬੀਰ) "ਸੁਖਮਨਾ ਇੜਾ ਪਿੰਗੁਲਾ ਬੂਝੈ." (ਸਿਧਗੋਸਟਿ) ੨. ਪੁਰਾਣੇ ਸੱਜਨ ਗੁਰੁਬਾਣੀ ਦੇ ਪ੍ਰੇਮੀ ਸ਼੍ਰੀ ਗੁਰੂ ਰਾਮਦਾਸ ਸਾਹਿਬ ਦੀ ਚੌਵੀਹ ਅਸਟਪਦੀਆਂ ਨੂੰ "ਸੁਖਮਨਾ" ਮੰਨਦੇ ਹਨ. ਛੀ ਅਸਟਪਦੀਆਂ ਬਿਲਾਵਲ ਦੀਆਂ, ਛੀ ਸਾਰੰਗ ਦੀਆਂ, ਛੀ ਕਾਨੜੇ ਦੀਆਂ ਅਤੇ ਛੀ ਕਲਿਆਨ ਦੀਆਂ। ੩. ਦਸਮਗ੍ਰੰਥ ਦੀ ਖਾਸ ਬੀੜ ਵਿੱਚ ਕਿਸੇ ਸਿੱਖ ਦੀ ਰਚੀ ਹੋਈ ਇੱਕ ਬਾਣੀ, ਜੋ ੪੩ ਪੌੜੀਆਂ ਦੀ ਹੈ. ਇਸ ਦਾ ਕੁਝ ਪਾਠ ਇਹ ਹੈ- "ਸੰਸਾਹਰ ਸੁਖਮਨਾ ਪਾਤਿਸਾਹੀ ੧੦

ਪ੍ਰਿਥਮੇ ਨਿਰੰਕਾਰ ਕੋ ਪਰਨੰ।

ਫੁਨਿ ਕਿਛੁ ਭਗਤਿ ਰੀਤਿ ਰਸ ਬਰਨੰ।

ਦੀਨਦਯਾਲੁ ਪੁਰਖ ਅਤਿ ਸ੍ਵਾਮੀ।

ਭਗਤਵਛਲ ਹਰਿ ਅੰਤਰਜਾਮੀ।

ਘਟਿ ਘਟਿ ਰਹੈ ਨ ਦੇਖੈ ਕੋਈ।

ਜਲ ਥਲ ਰਮੈ ਸਰਵ ਮੈ ਸੋਈ।

ਬਹੁ ਬੇਅੰਤ ਅੰਤ ਨਹਿ ਪਾਵੈ।

ਪੜਿ ਪੜਿ ਪੰਡਿਤ ਰਾਹ ਬਤਾਵੈ।। ੧।। xxx

ਵਾਹਗੁਰੂ ਜਪਤੇ ਸਭਕੋਈ।

ਯਾਕਾ ਅਰਥ ਸਮਝੈ ਜਨ ਸੋਈ।

ਵਾਵਾ ਵਾਹੀ ਅਪਰ ਅਪਾਰ।

ਹਾਹਾ ਹਿਰਦੇ. ਹਰਿ ਵੀਚਾਰ।

ਗਗਾ ਗੋਬਿੰਦ ਸਿਮਰਨ ਕੀਨਾ।

ਰਾਰਾ ਰਾਮ ਨਾਮ ਮਨਿ ਚੀਨਾ।

ਇਨ ਅਛਰਨ ਕਾ ਸਮਝਨਹਾਰ।

ਰਾਖੈ ਦੁਬਿਧਾ ਹੋਇ ਖੁਆਰ।। ੧੬।। xxx

ਪ੍ਰੀਤਿ ਕਰਹੁ ਚਿਤ ਲਾਯਕੈ ਇਕਮਨ ਹ੍ਵੈਕਰ ਜਾਪ।

ਕਰਿ ਇਸਨਾਨ ਸੁਖਮਨਾ ਪੜੋ

ਨਿਹਚੈ ਮਨ ਕੋ ਥਾਪ।। ੩੮।। xxx

ਸੁਨਹੁ ਸੰਤ ਤੁਮ ਸਾਚੀ ਬਾਣੀ।

ਗੁਰੁ ਅਪਨੇ ਕਉ ਹਰਿਜਨ ਜਾਣੀ।

ਜਾਂ ਹਰਿ ਹੋਵਹਿ ਸਦਾ ਸਹਾਈ।

ਧਰਮ ਬਿਲਾਸ ਕਰਮਗਤਿ ਪਾਈ।

ਪਾਖੰਡ ਛਾਡ ਬ੍ਰਹਮੰਡ ਮਨ ਧਰੋ।

ਆਨ ਛਾਡ ਸਿਮਰਨ ਮਨ ਕਰੋ।

ਸੁਚ ਕਿਰਿਆ ਅਰ ਹਰਿ ਹਰਿ ਭਜੋ।

ਝੂਠਾ ਪੈਰੀਪਉਣਾ ਤਜੋ।। ੪੩।।"

ਸੁਖ ਮਨਾਉਣੀ: ਕ੍ਰਿ- ਸੁੱਖ ਸਾਂਤਿ ਲਈ ਕਿਸੇ ਦੀ ਮੰਨਤ ਮੰਨਣੀ। ੨. ਸੁਖ ਲਈ ਮਨ ਵਿੱਚ ਕਰਤਾਰ ਮਨਾਉਣਾ (ਆਰਾਧਨਾ ਕਰਨਾ). "ਸਖੀ, ਇਛ ਕਰੀ ਨਿਤ ਸੁਖ ਮਨਾਈ, ਪ੍ਰਭੁ ਮੇਰੀ ਆਸ ਪੁਜਾਏ." (ਗਉ ਛੰਤ ਮਃ ੫)

ਸੁਖਮਨਿ: ਦੇਖੋ ਸੁਖਮਨੀ। ੨. ਸੁਖਮਨਾ ਨਾੜੀ ਵਾਸਤੇ ਭੀ ਇਹ ਸ਼ਬਦ ਆਇਆ ਹੈ. ਦੇਖੋ, ਸੁਖਮਨਾ। ੩. ਸੁਸ਼ੁਮਾ (ਸੋਭਾ)

ਵਾਲੀ ਸੈਨਾ. ਫੌਜ. (ਸਨਾਮਾ)

ਸੁਖਮਨੀ: ਮਨ ਨੂੰ ਆਨੰਦ ਦੇਣ ਵਾਲੀ ਇੱਕ ਬਾਣੀ, ਜੋ ਗਉੜੀ ਰਾਗ ਵਿੱਚ ਸ਼੍ਰੀ ਗੁਰੂ ਅਰਜਨ ਸਾਹਿਬ ਦੀ ਰਚਨਾ ਹੈ, ਜਿਸ ਦੀਆਂ ੨੪ ਅਸਟਪਦੀਆਂ ਹਨ.

ਜਨਮ ਮਰਨ ਕਾ ਦੂਖ ਨਿਵਾਰੈ,

ਦੁਲਭ ਦੇਹ ਤਤਕਾਲ ਉਧਾਰੈ,

ਦੂਖ ਰੋਗ ਬਿਨਸੇ ਭੈ ਭਰਮ,

ਸਾਧ ਨਾਮ ਨਿਰਮਲ ਤਾਕੇ ਕਰਮ,

ਸਭ ਤੇ ਊਚ ਤਾਕੀ ਸੋਭਾ ਬਨੀ,

ਨਾਨਕ ਇਹ ਗੁਣਿ ਨਾਮੁ ਸੁਖਮਨੀ. (ਸੁਖਮਨੀ)

ਸੁਖਮਾ: ਸੰ. ਸੁਸ਼ੁਮਾ. ਸੰਗਯਾ- ਸ਼ੋਭਾ. ਸੁੰਦਰਤਾ. "ਕੰਜਨ ਕੀ ਸੁਖਮਾ ਸਕੁਚੀ ਹੈ." (ਚੰਡੀ ੧)

ਸੁਖਰ: ਦੇਖੋ, ਸੁਖਿਰ.

ਸੁਖਰਸ: ਦੇਖੋ, ਸੁਖਿਰ. "ਤਤ ਬਿਤ ਘਨ ਸੁਖਰਸ ਸਭ ਬਾਜੈਂ" (ਅਜਰਾਜ) ਦੇਖੋ, ਬਾਜਾ। ੨. ਆਨੰਦ ਰਸ.

ਸੁਖਰਾਇ: ਵਿ- ਸੁਖ ਦਾ ਰਾਜਾ. ਆਨੰਦ ਦਾ ਸ੍ਵਾਮੀ. "ਦੁਖਭੰਜਨ ਸੁਖਰਾਇ." (ਗੂਜ ਮਃ ੫)

ਸੁਖਰਾਸਿ: ਵਿ- ਸੁਖ ਦੀ ਰਾਸ਼ਿ. ਆਨੰਦ ਦਾ ਸਮੁਦਾਯ. ਆਨੰਦ ਦੀ ਪੂੰਜੀ। ੨. ਸੰਗਯਾ- ਕਰਤਾਰ.

ਸੁਖਲਾ: ਵਿ- ਸੁਖਾਲਾ. ਆਸਾਨ. ਸੁਖ ਨਾਲ ਸਿੱਧ ਹੋਣ ਵਾਲਾ.

ਸੁਖਲੀਆ: ਵਿ- ਸੁਖ ਨੂੰ ਲਏ ਹੋਏ. ਸੁਖਦਾਈ. ਆਨੰਦ ਦਾਈ. "ਸੇਜ ਸੁਖਲੀਆ." (ਆਸਾ ਮਃ ੫)

ਸੁਖਵਾਸੀ: ਵਿ- ਸੁਖ ਸਹਿਤ ਵਾਸ ਕਰਨ ਵਾਲਾ। ੨. ਗ੍ਰਿਹਸਥੀ. ਜੋ ਆਪਣੀ ਜ਼ਿੰਦਗੀ ਸੁਖ ਨਾਲ ਵਿਤਾਉਂਦਾ ਹੈ. "ਜਾਚਹਿ ਜਤੀ ਸਤੀ ਸੁਖਵਾਸੀ." (ਮਾਰੂ ਸੋਲਹੇ ਮਃ ੫)

ਸੁਖਵੰਤੀ: ਵਿ- ਸੁਖ ਵਾਲੀ. "ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ." (ਆਸਾ ਮਃ ੫)

ਸੁਖਾ: ਸੰ. ਵਰੁਣ ਦੇਵਤਾ ਦੀ ਪੁਰੀ। ੨. ਦੇਖੋ, ਸੁਖੰ ਅਤੇ ਸੁੱਖਾ.

ਸੁਖਾਉਣਾ: ਕ੍ਰਿ- ਸੁਖਦਾਈ ਮਲੂਮ ਹੋਣਾ. ਪਿਆਰਾ ਲੱਗਣਾ. "ਘਰ ਆਂਗਨਿ ਨ ਸੁਖਾਈ." (ਸ੍ਰੀ ਬੇਣੀ) ੨. ਅਨੁਕੂਲ ਹੋਣਾ.

ਸੁਖਾਸਨ: ਕੋਮਲ ਆਸਨ, ਜਿਸ ਤੇ ਬੈਠਣ ਤੋਂ ਸੁਖ ਹੋਵੇ। ੨. ਪਾਲਕੀ.

ਸੁਖਾਸੁਖ: ਵਿ- ਸੁੱਖਾਂ ਵਿਚੋਂ ਵਡਾ ਸੁਖ. ਸਭ ਤੋਂ ਵਧਕੇ ਸੁਖ. "ਮੈ ਸਰਬਸੁਖਾ ਸੁਖ ਪਾਇਆ." (ਵਡ ਮਃ ੫) ੨. ਸੁਖ- ਅਸੁਖ (ਦੁੱਖ)

ਸੁਖਾਣਾ: ਸੁਖਦਾਈ ਪ੍ਰਤੀਤ ਹੋਇਆ। ੨. ਸੁਖਾਇਆ. ਅਨੁਕੂਲ ਹੋਇਆ.

ਸੁਖਾਂਦਾ, ਸੁਖਾਂਦੀ: ਪਿਆਰਾ ਲਗਦਾ, ਲਗਦੀ. ਭਾਉਂਦੀ. "ਜਿਤੁ ਮਿਲਿ ਹਰਿਭਗਤਿ ਸੁਖਾਂਦੀ." (ਦੇਵ ਮਃ ੪)

ਸੁਖਾਨਾ: ਸੁਖਦਾਈ ਮਲੂਮ ਹੋਇਆ. "ਪ੍ਰਿਅ ਕੇ ਬਚਨ ਸੁਖਾਨੇ ਹੀਅਰੈ." (ਦੇਵ ਮਃ ੪) "ਮਨਿ ਤਨਿ ਪ੍ਰੇਮ ਸੁਖਾਨਿਆ." (ਮਲਾ ਮਃ ੧)

**ਸੁਖਾਰਾ:** ਦੇਖੋ, ਸੁਖਾਲਾ.

**ਸੁਖਾਲ:** ਸੰਗਯਾ- ਸੌਖ. ਆਸਾਨੀ. ਸੁਗਮਤਾ.

**ਸੁਖਾਲਾ, ਸੁਖਾਲੀ:** ਵਿ- ਸੌਖਾ. ਸੌਖੀ. ਆਸਾਨ। ੨. ਸੁਖਾਲਯ. ਸੁਖ ਦਾ ਘਰ. ਸੁਖਦਾਈ. "ਦਰ ਘਰ ਮਹਲਾ ਸੇਜ ਸੁਖਾਲੀ." (ਗਉ ਅਃ ਮਃ ੧)

**ਸੁਖਾਵਨਾ:** ਕ੍ਰਿ- ਸੁਖਦਾਈ ਲੱਗਣਾ। ੨. ਅਨੁਕੂਲ ਪ੍ਰਤੀਤ ਹੋਣਾ.

**ਸੁਖਿ:** ਸੁਖ ਕਰਕੇ ਆਨੰਦ ਨਾਲ. "ਸੁਖਿ ਰੈਣਿ ਵਿਹਾਣੀ." (ਆਸਾ ਮਃ ੫) ੨. ਸੁਖ ਵਿੱਚ. "ਮਨੁ ਸੁਖਿ ਸਮਾਣਾ." (ਬਿਲਾ ਛੰਤ ਮਃ ੪) ੩. ਦੇਖੋ, ਸੁਖੀ.

**ਸੁਖਿੰਦਾ:** ਵਿ- ਸੁਖ ਦਿਹੰਦਾ. ਸੁਖਦਾਈ। ੨. ਸੋਖਨ

ਕਰਿੰਦਾ. ਸੁਕਾਉਣ ਵਾਲਾ.

**ਸੁਖਿਰ:** ਸੰ. ਸੁਸ਼ਿਰ. ਵਿ- ਥੋਥਾ. ਖਾਲੀ। ੨. ਸੰਗਯਾ- ਮੁਰਲੀ ਆਦਿਕ ਵਾਜਾ, ਜੋ ਅੰਦਰੋਂ ਥੋਥਾ ਹੋਵੇ. "ਵੰਸ਼ਾਦਿਕੰਤੁ ਸੁਸ਼ਿਰੰ." (ਅਮਰਕੋਸ਼) ਦੇਖੋ, ਪੰਚ ਸਬਦ। ੩. ਅਗਨਿ। ੪. ਚੂਹਾ. ੫. ਲੌਂਗ.

**ਸੁਖੀ:** ਵਿ- ਸੁਖ ਵਾਲਾ. ਆਨੰਦੀ. "ਸੁਖੀ ਨਾਨਕ ਗੁਰਿ ਨਾਮ ਦ੍ਰਿੜਾਇਓ." (ਕਾਨ ਮਃ ੫) ੨. ਸ਼ੁਸ਼੍ਕ. ਖੁਸ਼ਕ. "ਰੁਖੀ ਸੁਖੀ ਖਾਇਕੈ ਠੰਡਾ ਪਾਣੀ ਪੀਉ." (ਸ. ਫਰੀਦ)

**ਸੁਖੀਆ:** ਵਿ- ਸੁਖ ਵਾਲਾ. ਸੁਖੀ. "ਸੋ ਸੁਖੀਆ ਜਿਸੁ ਭ੍ਰਮ ਗਇਆ." (ਬਸੰ ਮਃ ੫)

**ਸੁਖੀ ਹੂੰ ਸੁਖ:** ਵਿ- ਸੁਖਾਂ ਵਿੱਚੋਂ ਸਾਰ ਸੁਖ. "ਮੈ ਸੁਖੀ ਹੂੰ ਸੁਖ ਪਾਇਆ." (ਸ੍ਰੀ ਮਃ ੫. ਪੈਪਾਇ)

**ਸੁਖੁ:** ਦੇਖੋ, ਸੁਖ. "ਸੁਖੁ ਦੁਖ ਰਹਤ ਸਦਾ ਨਿਰਲੇਪੀ." (ਸੋਰ ਮਃ ੯)

**ਸੁਖੁਪਤਿ, ਸੁਖੁਪਤੀ:** ਸੰ. ਸੁਸ਼ੁਪ੍ਤਿ. ਸੰਗਯਾ- ਐਸੀ ਗਾੜ੍ਹੀ ਨੀਂਦ, ਜਿਸ ਵਿੱਚ ਸੁਪਨਾ ਭੀ ਨਾ ਹੋਵੇ। ੨. ਪਾਤੰਜਲ ਦਰਸ਼ਨ ਅਨੁਸਾਰ ਚਿੱਤ ਦੀ ਇੱਕ ਵ੍ਰਿੱਤਿ ਜੋ ਜੀਵ ਅਤੇ ਬ੍ਰਹਮ ਦੇ ਮੇਲ ਨੂੰ ਨਿੱਤ ਅਨੁਭਵ ਕਰਦੀ ਹੈ, ਪਰ ਇਸ ਦਸ਼ਾ ਵਿੱਚ ਇਹ ਗ੍ਯਾਨ ਨਹੀਂ ਹੁੰਦਾ ਕਿ ਬ੍ਰਹਮ ਦਾ ਮਿਲਾਪ ਪ੍ਰਾਪਤ ਕੀਤਾ ਹੈ.

**ਸੁਖੂ:** ਦੇਖੋ, ਸੁੱਖੂ.

**ਸੁਖੇਟਿਆ:** ਸੁਖੇ- ਅਟਯਾ. ਸੰਗਯਾ- ਸੁਖ ਵਿੱਚ ਵਿਚਰਣ ਦੀ ਕ੍ਰਿਯਾ. "ਸੁਖ ਸੁਖੇਟਿਆ." (ਵਾਰ ਗੂਜ ੨. ਮਃ ੫)

**ਸੁਖੇਣ, ਸੁਖੇਨ:** ਵਿ- ਸੁਖੈਨ. ਆਸਾਨ. ਸੁਗਮ। ੨. ਸੁਖ ਅਯਨ. ਸੁਖ ਦਾ ਘਰ. ਸੁਖਦਾਈ. "ਸੁਖੇਣ ਬੈਣ ਰਾਤ ਨੰ." (ਗਾਥਾ) ਸੁਖਦਾਈ ਬਚਨਾ ਨਾਲ ਜਿਸ ਦੀ ਪ੍ਰੀਤਿ ਨਹੀਂ। ੩. ਸੰ ਸੁਸ਼ੇਣ ਸੁਸ਼ੇਣ. ਸੰਗਯਾ- ਵਿਸ਼ਨੁ। ੪. ਗੰਧਰਵਾਂ ਦਾ ਇੱਕ ਸਰਦਾਰ। ੫. ਵਰੁਣ ਅਥਵਾ ਧਨ੍ਵੰਤਰਿ ਦਾ ਪੁਤ੍ਰ, ਤਾਰਾ ਦਾ ਪਿਤਾ, ਸੁਗ੍ਰੀਵ ਦਾ ਸਹੁਰਾ ਅਤੇ ਮੰਤ੍ਰੀ, ਜੋ ਪ੍ਰਸਿੱਧ ਵੈਦ ਹੋਇਆ ਹੈ. ਰਾਮ ਲਛਮਣ ਦੇ ਮੂਰਛਿਤ ਹੋਣ ਪੁਰ ਇਸੇ ਨੇ ਹਨੂਮਾਨ ਨੂੰ ਬੂਟੀ ਲਿਆਉਣ ਲਈ ਭੇਜਿਆ ਸੀ. ਦੇਖੋ, ਸਰਬੌਸ਼ਧਿ ਪਰਬਤ. "ਜਾਮਵੰਤ ਸੁਖੇਣ ਨੀਲਰੁ ਹਨੂ ਅੰਗਦ ਕੇਸਰੀ." (ਰਾਮਾਵ)

**ਸੁਖੈ:** ਸੁਖ ਵਿੱਚ। ੨. ਸੁਖ ਦਾ. "ਸੁਖੈ ਏਹੁ ਬਿਬੇਕੁ ਹੈ." (ਵਾਰ ਰਾਮ ੧. ਮਃ ੩)

**ਸੁਖੈਨ, ਸੁਖੈਨਾ:** ਵਿ- ਸੋਖਾ. ਆਸਾਨ। ੨. ਸੁਖਦੈਨਾ. ਸੁਖਦਾਈ. "ਮਿਲਿਓ ਮਨੋਹਰ ਸਰਬ ਸੁਖੈਨਾ." (ਦੇਵ ਮਃ ੫) ੩. ਸੁਖ ਅਯਨ. ਸੁਖੀ. "ਜਿਸੁ ਨਾਮ ਰਿਦੈ ਸੋ ਸਹਜ ਸੁਖੈਨਾ." (ਭੈਰ ਅਃ ਮਃ ੫) ਦੇਖੋ, ਸੁਖੇਣ.

ਸੁਖੋਪਤਿ: ਦੇਖੋ, ਸੁਖੁਪਤਿ.

ਸੁਖੰ: ਸੰ. ਸੁਸ਼ਾ. ਸੰਗਯਾ- ਸਨਸਨਹਾਟ. ਸੱਨਾਟਾ. "ਕਹੂੰ ਸਸਤ੍ਰ ਸੁਖੰ." (ਵਿਚਿਤ੍ਰ) ੨. ਦੇਖੋ, ਸੁਖ.

ਸੁਖੰਬਰ: ਵਿ- ਸੁਖਦਾਇਕ ਵਸਤ੍ਰ। ੨. ਕਵਚ. ਸੰਜੋਆ.

ਸੁੱਖ, ਸੁੱਖ ਸੁੱਖਣੀ: ਦੇਖੋ, ਸੁਖ ੧. ਅਤੇ ਸੁਖ ਮਨਾਉਣੀ.

ਸੁੱਖਣ: ਧਮਿਆਲ ਪਿੰਡ ਦਾ (ਜੋ ਰਾਵਲਪਿੰਡੀ ਤੋਂ ਤਿੰਨ ਮੀਲ ਹੈ) ਵਸਨੀਕ ਖਤ੍ਰੀ, ਜੋ ਦੁਰਗਾਭਗਤ ਸੀ. ਸ਼੍ਰੀ ਗੁਰੂ ਅਮਰ ਦਾਸ ਜੀ ਦੀ ਸ਼ਰਨ ਵਿੱਚ ਆਕੇ ਗੁਰਮੁਖ ਸਿੱਖਾਂ ਵਿੱਚ ਗਿਣਿਆ ਗਿਆ. ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ (ਗੱਦੀ) ਬਖਸ਼ੀ. ਭਾਈ ਸੁੱਖਣ ਨੇ ਪੋਠੋਹਾਰ ਵਿੱਚ ਗੁਰਸਿੱਖੀ ਦਾ ਵਡਾ ਪ੍ਰਚਾਰ ਕੀਤਾ. ਇਸ ਦੀ ਵੰਸ਼ ਦੇ ਰਤਨ ਡਾਕਟਰ ਸੁਰਜਨ ਸਿੰਘ ਜੀ ਹੁਣ ਭੀ ਗੁਰੁਮਤ ਦੇ ਪ੍ਰਚਾਰਕ ਹਨ.

ਸੁੱਖ ਮੰਨਣੀ: ਦੇਖੋ, ਸੁਖ ੧. ਅਤੇ ਸੁਖ ਮਨਾਉਣੀ.

ਸੁੱਖਾ: ਸੰਗਯਾ- ਭੰਗੜਾਂ ਦਾ ਕਲਪਿਆ ਹੋਇਆ ਭੰਗ ਦਾ ਨਾਉਂ. ਵਿਜੀਆ.

ਸੁੱਖਾ ਸਿੰਘ: ਕੰਬੋਮਾੜੀ ਪਿੰਡ ਦਾ ਪ੍ਰੇਮੀ, ਜਿਸ ਨੇ ਤਖਾਣ ਵੰਸ਼ ਦੇ ਕਲਸੀ ਗੋਤ ਵਿੱਚ ਜਨਮ ਲਿਆ, ਅਤੇ ਖ਼ਾਲਸਾ ਸਜਕੇ ਧਰਮਜੰਗਾਂ ਵਿੱਚ ਭਾਰੀ ਸੇਵਾ ਕੀਤੀ. ਇਸ ਨੇ ਸਰਦਾਰ ਮਤਾਬ ਸਿੰਘ ਨਾਲ ਮਿਲਕੇ ਮੱਸੇ ਰੰਘੜ ਆਦਿਕ ਤੁਰਕਾਂ ਨੂੰ ਹਰਿਮੰਦਿਰ ਦੀ ਬੇਅਦਬੀ ਦੀ ਸਜ਼ਾ ਦਿੱਤੀ. ਇਹ ਸੰਮਤ ੧੮੧੦ ਵਿੱਚ ਦੁੱਰਾਨੀਆਂ ਦੀ ਫੌਜ ਨਾਲ ਲੜਕੇ ਰਾਵੀ ਦੇ ਕਿਨਾਰੇ ਲਹੌਰ ਪਾਸ ਸ਼ਹੀਦ ਹੋਇਆ। ੨. ਧਰਮਵੀਰ ਬਾਜ ਸਿੰਘ ਦਾ ਭਾਈ ਜਿਸ ਨੇ ਬੰਦਾ ਬਹਾਦੁਰ ਨਾਲ ਮਿਲਕੇ ਅਨੇਕ ਜੰਗ ਫਤੇ ਕੀਤੇ। ੩. ਕਵਿ ਸੁੱਖਾ ਸਿੰਘ, ਜਿਸ ਦਾ ਜਨਮ ਸੰਮਤ ੧੮੨੫ ਵਿੱਚ ਹੋਇਆ. ਇਹ ਕੇਸਗੜ੍ਹ ਸਾਹਿਬ ਦਾ ਗਿਆਨੀ ਸੀ. ਇਸ ਨੇ ਸੰਮਤ ੧੮੫੪ ਵਿੱਚ ਦਸਮੇ ਪਾਤਸ਼ਾਹ ਜੀ ਦਾ ਗੁਰੁਵਿਲਾਸ ਰਚਿਆ. ਇਸ ਦਾ ਦੇਹਾਂਤ ਸੰਮਤ ੧੮੯੫ ਵਿੱਚ ਹੋਇਆ. ਇਸ ਦੀ ਧਰਮਪਤਨੀ ਗੁਲਾਬ ਦੇਵੀ ਦਾ ਦੇਹਾਂਤ ਸੰਮਤ ੧੯੩੫ ਵਿੱਚ ਹੋਇਆ ਹੈ। ੪. ਪਟਣੇ ਸਾਹਿਬ ਦੇ ਹਰਿਮੰਦਿਰ ਦਾ ਗ੍ਰੰਥੀ ਜਿਸਨੇ ਸੁਖਮਨਾ ਛੱਕੇ ਆਦਿਕ ਬਾਣੀ ਰਲਾਕੇ ਦਸਗ੍ਰੰਥ ਦੀ ਇੱਕ ਨਮੀ ਬੀੜ ਬਣਾਈ, ਜੋ "ਖਾਸ ਬੀੜ" ਕਰਕੇ ਪ੍ਰਸਿੱਧ ਹੈ. ਦੇਖੋ, ਸਰਬਲੋਹ। ੫. ਸਰਦਾਰ ਬਸਾਵਾ ਸਿੰਘ ਰਈਸ ਬਡਰੁੱਖਾਂ ਦਾ ਸਪੁਤ੍ਰ ਅਤੇ ਮਹਾਰਾਜ ਹੀਰਾ ਸਿੰਘ ਸਾਹਿਬ ਨਾਭਾਪਤਿ ਦਾ ਪਿਤਾ. ਇਸ ਨੇ ਰਾਜਾ ਸੰਗਤ ਸਿੰਘ ਜੀਂਦਪਤਿ ਦੇ ਲਾਵਲਦ ਮਰਨ ਤੇ ਗੱਦੀ ਦਾ ਦਾਵਾ ਕੀਤਾ ਸੀ, ਪਰ ਗਵਰਨਮੈਂਟ ਨੇ ਸਰਦਾਰ ਸਰੂਪ ਸਿੰਘ ਬਜੀਦਪੁਰੀਏ ਨੂੰ ਵਡੀ ਸ਼ਾਖ਼ ਦਾ ਸਮਝਕੇ ਰਾਜਾ ਥਾਪਿਆ. ਪਰ ਕਰਤਾਰ ਨੇ ਸਰਦਾਰ ਸੁੱਖਾ ਸਿੰਘ ਦੇ ਪੁਤ੍ਰ ਨੂੰ ਨਾਭੇ ਦਾ ਮਹਾਰਾਜਾ ਬਣਾ ਦਿੱਤਾ. ਸਰਦਾਰ ਸੁੱਖਾ ਸਿੰਘ ਦਾ ਦੇਹਾਂਤ ਸਨ ੧੮੫੨ ਵਿੱਚ ਹੋਇਆ.

ਸੁੱਖੂ: ਦੇਖੋ, ਬਾਜਕ.

ਸੁਗ: ਸੰ. ਸੁ- ਗਮ. ਉੱਤਮ ਚਾਲ। ੨. ਦੇਖੋ, ਸੁਰਤਿ.

ਸੁਗਤ: ਦੇਖੋ, ਸ੍ਵਗਤ।੨ ਦੇਖੋ, ਸੁਗਤਿ। ੩. ਸੰ. ਬੁੱਧ ਭਗਵਾਨ। ੪. ਬੁੱਧ ਦਾ ਧਰਮ ਧਾਰਨ ਵਾਲਾ. ਬੌੱਧ.

ਸੁਗਤਾ: ਵਿ- ਉੱਤਮ ਗਤਿ ਨੂੰ ਪ੍ਰਾਪਤ ਹੋਇਆ। ੨. ਚੰਗੀ ਚਾਲ ਵਾਲਾ.

ਸੁਗਤਿ: ਵਿ- ਉੱਤਮ ਗਤਿ. ਉੱਤਮ ਚਾਲ। ੨. ਚੰਗੀ ਦਸ਼ਾ (ਹਾਲਤ) ੩. ਸੰਗਯਾ- ਕੈਵਲਯ ਮੁਕਤਿ.

ਸੁਗਮ: ਸੰ. ਵਿ- ਆਸਾਨ. ਸੁਖਾਲਾ। ੨. ਉਹ ਥਾਂ ਜਿੱਥੇ ਆਸਾਨੀ ਨਾਲ ਜਾ ਸਕੀਏ.

ਸੁਗਰਥ: ਸੁ- ਗ੍ਰੰਥ. ਉੱਤਮ ਗ੍ਰੰਥ. ਪਰਮਾਰਥ ਬੋਧਕ ਗ੍ਰੰਥ. ਗੁਰਬਾਣੀ ਦੇ ਗ੍ਰੰਥ. "ਅਰਥ ਸਮਰਥ ਸੁਰੁਗਰਥ ਸਮਾਈ." (ਭਾਗੁ)

ਸੁਗਾਤ: ਸੰ. ਸੁਗਾਤ੍ਰ. ਵਿ- ਅੱਛੇ ਸ਼ਰੀਰ ਵਾਲਾ. ਸੁਡੌਲ। ੨. ਤੁ. سوغات ਸੌਗ਼ਾਤ. ਸੰਗਯਾ- ਤੋਫਾ "ਲੇਕਰ ਭਲੇ। ਸੁਗਾਤ

ਸਮਾਜਾ." (ਗੁਪ੍ਰਸੂ)

ਸੁਗਿਆਨ: ਸੰਗਜਾ- ਉੱਤਮ ਗਿਆਨ. ਆਤਮਗਜਾਨ। ੨. ਯਥਾਰਥ ਗਜਾਨ.

ਸੁਗਿਆਨਾ, ਸੁਗਿਆਨੀ: ਵਿ- ਉੱਤਮ ਗਜਾਨ ਦੇ ਧਾਰਨ ਵਾਲਾ. ਆਤਮਗਜਾਨੀ। ੨. ਯਥਾਰਥ ਗਜਾਨੀ. "ਸੋਈ ਸੁਗਿਆਨਾ ਸੋ ਪਰਧਾਨਾ." (ਆਸਾ ਛੰਤ ਮਃ ੫) "ਜੋ ਇਸੁ ਮਾਰੇ ਸੋਈ ਸੁਗਿਆਨੀ." (ਗਉ ਅਃ ਮਃ ੫)

ਸੁਗੀਤਾ, ਸੁਗੀਤਿਕਾ: ਇੱਕ ਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੨੫ ਮਾਤ੍ਰਾ, ਪਹਿਲਾ ਵਿਸ਼੍ਰਾਮ ੧੫. ਪੁਰ, ਦੂਜਾ ੧੦. ਪੁਰ, ਅੰਤ ਦੋ ਗੁਰੁ.

ਉਦਾਹਰਣ-

ਤੂ ਕਰਤਾ ਆਪ ਅਭੁੱਲ ਹੈ ਭੁੱਲਣ ਵਿੱਚ ਨਾਹੀਂ,

ਤੂ ਕਰਹਿ ਸੁ ਸੱਚੇ ਭਲਾ ਹੈ, ਗੁਰੁਸਬਦਿ ਬੁਝਾਈਂ.

(ਵਾਰ ਗਉ ੧. ਮਃ ੪)

(ਅ) ਦੂਜਾ ਭੇਦ- ਹਰੇਕ ਚਰਣ ਦੇ ਆਦਿ ਲਘੁ, ੧੫- ੧੦ ਮਾਤ੍ਰਾ ਪੁਰ ਵਿਸ਼੍ਰਾਮ, ਅੰਤ ਦੋ ਗੁਰੁ ਦੀ ਥਾਂ ਗੁਰੁ ਲਘੁ.

ਉਦਾਹਰਣ-

ਸੁ ਰੀਤਿ ਹੈ ਇਹ ਪ੍ਰੇਮ ਸੇ ਨਿਤ,

ਧਜਾਇਯੇ ਗੋਬਿੰਦ. xxx

ਸੁਗੁਣ: ਉੱਤਮ ਗੁਣ.

ਸੁਗੰਦ: ਫ਼ਾ. سوگند ਸੰਗਜਾ- ਸੌਂਹ. ਸ਼ਪਥ. ਕਸਮ। ੨. ਪ੍ਰਤਿਗਜਾ. ਪ੍ਰਣ.

ਸੁਗੰਧ: ਸੰਗਜਾ- ਖ਼ੁਸ਼ਬੂ. ਉੱਤਮ ਗੰਧ। ੨. ਕਮਲ। ੩. ਚੰਦਨ। ੪. ਸੌਗੰਦ. ਪ੍ਰਣ. ਪ੍ਰਤਿਗਜਾ. "ਪਾਰਸ ਚੰਦਨੈ ਤਿਨ ਹੈ ਏਕ ਸੁਗੰਧ." (ਸ. ਕਬੀਰ) ਪਾਰਸ ਅਤੇ ਚੰਦਨ ਦਾ ਨੇਮ ਹੈ ਕਿ ਸਪਰਸ਼ ਕਰਨ ਵਾਲੇ ਨੂੰ ਕੰਚਨ ਅਤੇ ਚੰਦਨ ਕਰਨਾ.

ਸੁਗੰਧਤ: ਵਿ- ਸੁਗੰਧਿਤ. ਖ਼ੁਸ਼ਬੂਦਾਰ. "ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ." (ਸੁਖਮਨੀ) ਸੁਗੰਧਿ ਵਾਲੇ ਪਦਾਰਥ ਸ਼ਰੀਰ ਨੂੰ ਲਾਉਂਦਾ ਹੈਂ.

ਸੁਗੰਧਾ: ਸੰ. ਸੰਗਜਾ- ਸੌਂਫ। ੨. ਤੁਲਸੀ। ੩. ਸੇਵਤੀ.

ਸੁਗੰਧਿ: ਸੰ. सुगन्धि ਸੰਗਜਾ- ਖ਼ੁਸ਼ਬੂ। ੨. ਵਿ- ਖ਼ੁਸ਼ਬੂਦਾਰ.

ਸੁਗਜ: ਸੰ. सुज्ञ ਵਿ- ਉੱਤਮ ਗਜਾਤਾ. ਚੰਗੀ ਤਰਾਂ ਜਾਣਨ ਵਾਲਾ। ੨. ਜੋ ਸੁਖਾਲਾ ਜਾਣਿਆ ਜਾ ਸਕੇ.

ਸੁਗ੍ਰ: ਸੁ- ਗ੍ਰਹਣ ਕਰਤਾ ਸਾਰਗ੍ਰਾਹੀ. "ਤਬ ਰੀਝ ਗਏ ਕਛੁ ਸੁਗ੍ਰ." (ਦੱਤਾਵ)

ਸੁਗ੍ਰੀਵ: ਸੰ. ਵਿ- ਚੰਗੀ ਗਰਦਨ ਵਾਲਾ। ੨. ਸੰਗਜਾ- ਕ੍ਰਿਸ਼ਨ ਜੀ ਦੇ ਰੱਥ ਦਾ ਇੱਕ ਘੋੜਾ। ੩. ਕਿਸ਼ਕਿੰਧਾ ਦੇ ਰਾਜਾ ਬਾਲੀ ਦਾ ਛੋਟਾ ਭਾਈ, ਜਿਸ ਨਾਲ ਮਿਤ੍ਰਤਾ ਕਰਕੇ ਰਾਮਚੰਦ੍ਰ ਜੀ ਨੇ ਲੰਕਾ ਫਤੇ ਕੀਤੀ. ਰਾਮਾਇਣ ਵਿੱਚ ਕਥਾ ਹੈ ਕਿ ਸੁਗ੍ਰੀਵ ਸੂਰਜ ਦਾ ਪੁਤ੍ਰ ਸੀ. ਰਾਮਚੰਦ੍ਰ ਜੀ ਨੇ ਬਾਲੀ ਨੂੰ ਮਾਰਕੇ ਸੁਗ੍ਰੀਵ ਨੂੰ ਕਿਸ਼ਕਿੰਧਾ ਦਾ ਰਾਜ ਦਿੱਤਾ ਸੀ. "ਅਪਨਾਇਕੈ ਸੁਗ੍ਰੀਵ ਕੋ ਕਪਿਰਾਜ ਬਾਲਿ ਸੰਘਾਰਕੈ." (ਰਾਮਾਵ) ਦੇਖੋ, ਬਾਲਿ। ੪. ਇੰਦ੍ਰ। ੫. ਸ਼ਿਵ। ੬. ਰਾਜਹੰਸ.

ਸੁਗ੍ਰੀਵਬੰਧੁ ਅਰਿ: ਸੰਗਜਾ- ਤੀਰ. (ਸਨਾਮਾ) ਸੁਗ੍ਰੀਵ ਦਾ ਭਾਈ ਬਾਲੀ, ਉਸ ਦਾ ਵੈਰੀ ਤੀਰ. ਬਾਲੀ ਤੀਰ ਨਾਲ ਮੋਇਆ ਸੀ।

੨. ਰਾਮਚੰਦ੍ਰ ਜੀ, ਜਿਨ੍ਹਾਂ ਨੇ ਸੁਗ੍ਰੀਵ ਦੇ ਭਾਈ ਬਾਲੀ ਨੂੰ ਮਾਰਿਆ.

ਸੁਘਟ: ਵਿ- ਚੰਗੀ ਘਾੜਤ ਦਾ. ਸੁਡੌਲ. ੨. ਆਸਾਨੀ ਨਾਲ ਹੋਣ ਵਾਲਾ.

ਸੁੰਘਣਾ: ਸੰ. ਸੁਘ੍ਰਾਣ ਸੁਘ੍ਰਾਣ. ਕ੍ਰਿ- ਸੁੰਦਰ ਗੰਧ ਗ੍ਰਹਣ ਕਰਨੀ. ਖ਼ੁਸ਼ਬੂ ਲੈਣੀ.

ਸੁਘਨ: ਸੰ. ਸੁਘ੍ਰ ਆਸਾਨੀ ਨਾਲ ਮਾਰਨ ਲਾਇਕ.

ਸੁਘਨਾ: ਵਿ- ਅਤਿ ਗਾੜ੍ਹਾ. ਬਹੁਤ ਸੰਘਣਾ. "ਮੋਹ ਬਢਿਓ ਸੁਘਨਾ." (ਸਵੈਯੇ ਮਃ ੫. ਕੇ) ੨. ਦੇਖੋ, ਸੁਘਨ.

ਸੁਘਰ: ਵਿ- ਉੱਤਮ ਘਰ. "ਨਿਹਚਲ ਸੁਘਰ ਪਾਇਆ." (ਸੂਹੀ ਛੰਤ ਮਃ ੫) ੨. ਸੁਘਟਿਤ. ਸੁਡੌਲ. "ਸੁੰਦਰ ਸੁਘਰ ਸੁਜਾਣੁ ਪ੍ਰਭੁ ਮੇਰਾ." (ਆਸਾ ਛੰਤ ਮਃ ੫. ਬਿਰਹੜੇ) ੩. ਸੁਘੜ. ਚਤੁਰ. ਦੇਖੋ, ਸੁਘੜ.

ਸੁਘਰਈ: ਸੰਗਯਾ- ਅੱਛੀ ਘਾੜਤ। ੨. ਚੁਤਰਾਈ. ਦਾਨਾਈ. ੩. ਇੱਕ ਕਾਫੀ ਠਾਟ ਦਾ ਸ਼ਾੜਵ ਸੰਪੂਰਣ[251] ਰਾਗ ਹੈ. ਗਾਂਧਾਰ ਅਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ. ਸੁਘਰਈ ਕਾਨੜੇ ਦਾ ਹੀ ਇੱਕ ਭੇਦ ਹੈ. ਇਸ ਵਿੱਚ ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ. ਆਰੋਹੀ ਵਿੱਚ ਧੈਵਤ ਵਰਜਿਤ ਹੈ. ਗਾਉਣ ਦਾ ਵੇਲਾ ਅੱਧੀ ਰਾਤ ਹੈ.

ਆਰੋਹੀ- ਸ ਰ ਗਾ ਮ ਪ ਨਾ ਸ.

ਅਵਰੋਹੀ- ਸ ਨਾ ਧ ਪ ਮ ਗਾ ਰ ਸ.

ਇਸ ਦਾ ਨਾਉਂ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਮਹਾਕਾਵਯ ਵਿੱਚ ਲਿਖਿਆ ਹੈ. ਯਥਾ- "ਅਰੁ ਸੁਘਰਈ ਰਾਗ ਅਨੁਰਾਗ." (ਗੁਪ੍ਰਸੂ)

ਸੁਘਰਿ: ਉੱਤਮ ਘਰ ਵਿੱਚ। ੨. ਸੁਘੜਾ. ਚਤੁਰ ਇਸਤ੍ਰੀ. ਅੱਛੀ ਘੜਤ ਵਾਲੀ. ਸੁਡੌਲ.

ਸੁਘਰੁ: ਦੇਖੋ, ਸੁਘਰ.

ਸੁਘੜ: ਸੰ. ਸੁਘਟਿਤ. ਵਿ- ਅੱਛੀ ਘਾੜਤ ਦਾ ਸੁਡੌਲ. "ਆਗਿਆਕਾਰੀ ਸੁਘੜ ਸਰੂਪ." (ਆਸਾ ਮਃ ੫) ੨. ਚੰਗੀ ਟਕਸਾਲ ਵਿੱਚ ਘੜਿਆ ਹੋਇਆ. ਚਤੁਰ. ਸਿਆਣਾ। ੩. ਸੰਗਯਾ- ਪੰਜਵੇਂ ਸਤਿਗੁਰੂ ਜੀ ਦਾ ਇੱਕ ਪ੍ਰੇਮੀ ਸਿੱਖ। ੪. ਸੂਹੜ ਗੋਤ ਵਾਸਤੇ ਭੀ ਸੁਘੜ ਸ਼ਬਦ ਆਇਆ ਹੈ.

ਸੁਘੜਾ: ਵਿ- ਦੇਖੋ, ਸੁਘੜ। ੨. ਸੰਗਯਾ- ਸੁਘੜਤਾ ਦਾ ਸੰਖੇਪ. ਚਤੁਰਾਈ. ਦਾਨਾਈ. "ਕੋ ਸੁਘੜਾ ਕੋ ਮੂੜਤਾ." (ਅਕਾਲ)

ਸੁਘੜਾਈ: ਸੰਗਯਾ- ਸੁੰਦਰਤਾ. ਸੁਡੌਲਪਨ. ਸੁਘਟ ਹੋਣ ਦਾ ਭਾਵ। ੨. ਚਤੁਰਾਈ.

ਸੁਘਾਟ: ਸੰਗਯਾ- ਚੰਗੀ ਘਾੜਤ। ੨. ਅੱਛਾ ਘਾਟ। ੩. ਵਿ- ਸੁਘਟਿਤ. ਚੰਗਾ ਘੜਿਆ ਹੋਇਆ.

ਸੁਚ: ਸੰ. ਸ਼ੁਚ ਸ਼ੁਚ੍. ਧਾ- ਸ਼ੋਕ ਕਰਨਾ. ਸਨਾਨ ਕਰਨਾ. ਸ਼ੁੱਧ ਹੋਣਾ। ੨. ਸੰਗਯਾ- ਉੱਜਲਤਾ। ੩. ਸ਼ੋਕ. ਰੰਜ.

ਸੁਚਜ: ਸੰ. ਸੁਚਰ੍ਯਾ ਸੁਚਯਾਁ. ਸੰਗਯਾ- ਸ਼ਿਸ਼੍ਟਾਚਾਰ. ਭਲਾ ਵਿਹਾਰ. ਨੇਕ ਚਲਨੀ.

ਸੁਚਜਾ, ਸੁਚਜੀ: ਵਿ- ਸ਼ੁਭ ਆਚਾਰ ਵਾਲਾ (ਵਾਲੀ). ਨੇਕ ਚਲਨ। ੨. ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸੂਹੀ ਰਾਗ ਵਿੱਚ ਸ਼੍ਰੀ ਗੁਰੂ ਨਾਕਨ ਦੇਵ ਨੇ "ਸੁਚਜੀ" ਸਿਰਲੇਖ ਹੇਠ ਉੱਤਮ ਇਸਤ੍ਰੀਸਿਖ੍ਯਾ ਦਿੱਤੀ ਹੈ. ਦੇਖੋ, ਸਬਦ "ਜਾ ਤੂ ਤਾ ਮੈ ਸਭੁਕੋ."

ਸੁਚ ਧਰਮਾ: ਵਿ- ਪਵਿਤ੍ਰ ਧਰਮ ਦੇ ਧਾਰਨ ਵਾਲਾ. ੨. ਜਿਸ ਨੇ ਸਿੱਖ ਧਰਮ ਧਾਰਨ ਕੀਤਾ ਹੈ.

---

[251] ਆਰੋਹੀ ਵਿੱਚ ਛੀ ਸੁਰ, ਅਵਰੋਹੀ ਵਿੱਚ ਸੱਤ.

ਸੁਚਨਤਾ: ਸੰ. ਸੂਚਨਾ. ਸੰਗਯਾ- ਜਤਲਾਉਣਾ. ਗਜਾਪਨ. "ਸਭੈ ਸੁਚਨਤਾ ਜੌ ਕਰਜੈਯੈ। ਗ੍ਰੰਥ ਬਢਨ ਤੇ ਅਧਿਕ ਡਰੈਯੈ." ॥ (ਚਰਿਤ੍ਰ ੩੨੦) ਜੇ ਸਾਰੇ ਪ੍ਰਸੰਗਾਂ ਨੂੰ ਸੂਚਨ ਕਰੀਏ.

ਸੁਚਾ: ਦੇਖੋ, ਸੁਚਿ.

ਸੁਚਾਨੰਦ: ਵਜ਼ੀਰ ਖਾਂਨ ਸੂਬਾ ਸਰਹਿੰਦ ਦਾ ਪੇਸ਼ਕਾਰ, ਜਿਸ ਨੂੰ ਇਤਿਹਾਸਕਾਰਾਂ ਨੇ ਖਤ੍ਰੀ ਲਿਖਿਆ ਹੈ, ਦਰ ਅਸਲ ਇਹ ਬ੍ਰਾਹਮਣ ਸੀ. ਇਸ ਨੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਕਰਨ ਲਈ ਸੂਬੇ ਨੂੰ ਆਖਿਆ ਸੀ ਕਿ ਸੱਪ ਦੇ ਬੱਚੇ ਰਹਿਮ ਲਾਇਕ ਨਹੀਂ ਹੁੰਦੇ. ਬੰਦਾ ਬਹਾਦੁਰ ਨੇ ਸਰਹਿੰਦ ਤਬਾਹ ਕਰਨ ਵੇਲੇ ਇਸ ਦੀ ਭੀ ਸਮਾਪਤੀ ਕੀਤੀ. ਸਿੱਖਾਂ ਵਿੱਚ ਇਸ ਦਾ ਨਾਉਂ "ਜੂਠਾ ਨੰਦ" ਪ੍ਰਸਿੱਧ ਹੈ.

ਸੁਚਾਰ: ਸੰ. ਸੁਚਰੑਯਾ. ਸੰਗਯਾ- ਸ਼ਿਸ਼੍ਟਾਚਾਰ. ਭਲਾ ਵਿਹਾਰ. "ਦ੍ਰਿੜ ਨਾਮ ਦਾਨ ਇਸਨਾਨ ਸੁਚਾਰੀ." (ਸੂਹੀ ਮਃ ੫)

ਸੁਚਾਰੀ: ਦੇਖੋ, ਸੁਚਾਰ। ੨. ਵਿ- ਚੰਗੇ ਆਚਾਰ ਵਾਲਾ. ਨੇਕਚਲਨ। ੩. ਸੁਚਰਿਤਾ. ਭਲੇ ਆਚਰਣ ਵਾਲੀ. ਸੁਚੱਜੀ.

ਸੁਚਾਲਾ: ਵਿ- ਚੰਗੀ ਚਾਲ ਵਾਲਾ। ੨. ਖ਼ਾ. ਲੰਗੜਾ. ਲੰਙਾ. ਡੁੱਡਾ.

ਸੁਚਿ: ਸੰ. ਸ਼ੁਚਿ. ਵਿ- ਪਵਿਤ੍ਰ. ਸਾਫ। ੨. ਸੰਗਯਾ- ਪਵਿਤ੍ਰਤਾ. ਸ਼ਫ਼ਾਈ. ੩. ਅਗਨਿ। ੪. ਸੂਰਜ। ੫. ਹਾੜ੍ਹ ਮਹੀਨਾ.

ਸੁਚਿਆਰ: ਵਿ- ਪਵਿਤ੍ਰਤਾ ਰੱਖਣ ਵਾਲਾ। ੨. ਸਚਿਆਰ ਲਈ ਭੀ ਇਹ ਸ਼ਬਦ ਆਉਂਦਾ ਹੈ.

ਸੁਚੇਤ: ਵਿ- ਸਚੇਤ. ਸਾਵਧਾਨ. ਆਲਸ ਰਹਿਤ. "ਕਬਹੁ ਸੁਚਿਤ ਹ੍ਵੈ ਜਾਗੋ." (ਹਜਾਰੇ ੧੦) ੨. ਸੰ. ਸੁਚਿੱਤ ਭਲਾ ਹੈ ਜਿਸ ਦਾ ਚਿੱਤ. ਨੇਕ ਦਿਲ। ੩. ਉੱਤਮ ਚਿੱਤ.

ਸੁਚੀਆ: ਵਿ- ਪਵਿਤ੍ਰਤਾ ਰੱਖਣ ਵਾਲਾ.

ਸੁਚੇਉ, ਸੁਚੇਇ: ਵਿ- ਸ਼ੁਚਿ ਵਾਲਾ. ਪਵਿਤ੍ਰ. "ਗੁਰ ਕੈ ਸਬਦਿ ਸੁਚੇਇ." (ਵਾਰ ਬਿਲਾ ਮਃ ੩)

ਸੁਚੇਤ: ਦੇਖੋ, ਸੁਚੇਤ. "ਕਤਹੂ ਸੁਚੇਤ ਹ੍ਵੈਕੈ ਚੇਤਨਾ ਕੋ ਚਾਰ ਕੀਓ." (ਅਕਾਲ) ੨. ਸੰ ਸੁਚੇਤਸ੍ ਵਿ- ਅੱਛੇ ਮਨ ਵਾਲਾ. ਨੇਕ ਦਿਲ। ੩. ਸਾਵਧਾਨ. ਚੌਕਸ। ੪. ਸ਼ੁਚਿਤਾ ਸਹਿਤ. ਸ਼ੁੱਧ. ਸਾਫ. "ਹਾਥ ਸੁਚੇਤ ਕਰੇਇ." (ਰਹਿਤ ਦੇਸਾ ਸਿੰਘ)

ਸੁਚੇਤਜਾਣਾ: ਖ਼ਾ. ਕ੍ਰਿ. - ਸ਼ੌਚ ਜਾਣਾ. ਜੰਗਲ ਜਾਣਾ. ਦਿਸ਼ਾ ਜਾਣਾ. ਮਲਤਯਾਗ ਲਈ ਜਾਣਾ. ਮਲਤਯਾਗ ਤੋਂ ਆਲਸ ਅਤੇ ਮਲੀਨਤਾ ਦੂਰ ਹੁੰਦੀ ਹੈ, ਇਸ ਲਈ ਇਹ ਸ਼ਬਦ ਵਰਤਿਆ ਹੈ.

ਸੁਚੇਤਾ: ਚੰਗਾ ਚੇਤਾ. ਅੱਛੀ ਯਾਦਦਾਸ਼੍ਤ। ੨. ਖ਼ਾ. ਸੰਗਯਾ- ਪੰਜ ਇਸਨਾਨਾ, ਦੋ ਹੱਥ ਦੋ ਪੈਰ ਅਤੇ ਮੂੰਹ ਦਾ ਧੋਣਾ. ਇਸ ਤੋਂ ਪਵਿਤ੍ਰਤਾ ਅਤੇ ਆਲਸ ਜਾਂਦਾ ਹੈ ਇਸ ਵਾਸਤੇ ਇਹ ਸੰਗਯਾ ਹੈ। ੩. ਮਲਤਯਾਗ.

ਸੁਚੰਗ: ਡਿੰਗ. ਘੋੜਾ. ਤੁਰੰਗ. "ਸੁਚੰਗ ਨਚਾਇ ਪਰੇ ਅਰਿ ਪੈ." (ਸਲੋਹ)

ਸੁਛੰਦ: ਸੰ. स्वच्छन्द ਸ੍ਵੱਛੰਦ. ਵਿ- ਆਪਣੀ ਇੱਛਾ ਅਨੁਸਾਰ ਚੱਲਣ ਵਾਲਾ. ਸ੍ਵਾਧੀਨ. "ਮ੍ਰਿਤੁ ਸੁਛੰਦ ਤੁਮ ਹੋ ਸਮਰੱਥ." (ਗੁਪ੍ਰਸੂ) "ਨੰਦਨ ਫੇਰੁ ਸੁਛੰਦ ਬੁਲੰਦ." (ਗੁਪ੍ਰਸੂ)

ਸੁੱਛ: ਸੰ. स्वच्छ ਸ੍ਵੱਛ ਵਿ- ਨਿਰਮਲ. ਸਾਫ. "ਸੁੱਛ ਸੁਘਰ ਰਾਨੀ ਫਿਰ ਆਈ." (ਚਰਿਤ੍ਰ ੩੭੯)

ਸੁਜਸ: ਸੰ. ਸੁਯਸ਼. ਸੰਗਯਾ- ਨੇਕਨਾਮੀ. ਸੁਕੀਰਿਤ। ੨. ਵਿ- ਚੰਗੇ ਯਸ਼ ਵਾਲਾ. ਨੇਕਨਾਮ.

ਸੁੰਜਤਾ: ਦੇਖੋ, ਸੰਜੁਤਾ.

ਸੁਜਨ: ਵਿ- ਭਲਾ ਪੁਰਖ. ਨੇਕ ਆਦਮੀ। ੨. ਸ੍ਵਜਨ. ਆਪਣਾ ਆਦਮੀ.

ਸੁਜਨਤਾ, ਸੁਜਨਤਾਈ: ਸੰਗਯਾ- ਭਲਮਨਸਊ.

ਸੁਜਨੀ: ਦੇਖੋ, ਸੋਜ਼ਨੀ. "ਸੁਜਨੀ ਸ੍ਵੇਤ ਛਾਦਕਰ ਲੋਨੀ." (ਗੁਪ੍ਰਸੂ)

ਸੁਜਾ, ਸੁਜਾਅ: ਅ਼. شجاع ਸ਼ੁਜਾਅ਼. ਵਿ- ਬਹਾਦੁਰ.

ਸੁਜਾਕ: ਦੇਖੋ, ਸੁਜਾਗ ੪.

ਸੁਜਾਖਾ: ਵਿ- ਸੁਚਕ੍ਸ਼ੁ. ਉੱਤਮ ਨੇਤ੍ਰਾਂ ਵਾਲਾ. ਜਿਸ ਦੀ ਨਜ਼ਰ ਚੰਗੀ ਹੈ. "ਹੋਇ ਸੁਜਾਖਾ ਨਾਨਕਾ, ਸੋ ਕਿਉ ਉਝੜਿ ਪਾਇ?" (ਵਾਰ ਰਾਮ ੧. ਮਃ ੨) ੨. ਭਾਵ- ਗ੍ਯਾਨੀ. ਵਿਚਾਰਵਾਨ.[252] "ਤੁਮ ਹੋਹੁ ਸੁਜਾਖੇ ਲੇਹੁ ਪਛਾਣ." (ਬਸੰ ਅਃ ਮਃ ੧) ੩. ਦੂਰੰਦੇਸ਼। ੪. ਖ਼ਾ. ਛਾਲਨੀ. ਚਾਲਨੀ.

ਸੁਜਾਗ: ਵਿ- ਉੱਤਮ ਜਾਗਰਣ ਕਰਨ ਵਾਲਾ. ਨੀਂਦ ਦਾ ਤ੍ਯਾਗੀ। ੨. ਸਾਵਧਾਨ. ਚੌਕਸ. ਸੁਜਗ। ੩. ਸੰਗ੍ਯਾ- ਚੌਕੀਦਾਰ. ਪਹਿਰੂ. "ਪੰਚ ਤਸਕਰ ਜੀਤ ਸਿੱਖ ਹੀ ਸੁਜਾਗ ਹੈ." (ਭਾਗੁ ਕ) ੪. ਫ਼ਾ. سوزاک ਸੁਜ਼ਾਕ. ਪੇਸ਼ਾਬ ਦੀ ਸੋਜ਼ਿਸ਼ (ਜਲਨ). Gonorrhea. ਇਹ ਛੂਤ ਦਾ ਰੋਗ ਹੈ. ਪੇਸ਼ਾਬ ਦੀ ਨਾਲੀ ਵਿੱਚ ਸੋਜ ਹੋ ਕੇ ਪੀਪ ਆਉਣ ਲਗ ਜਾਂਦੀ ਹੈ. ਇਸ ਦਾ ਕਾਰਣ ਭੀ ਇੱਕ ਪ੍ਰਕਾਰ ਦੇ ਸੂਖਮ ਕੀੜੇ ਹਨ, ਜੋ ਸਪਰਸ਼ ਤੋਂ ਦੂਜੇ ਨੂੰ ਲਗ ਜਾਂਦੇ ਹਨ, ਖਾਸ ਕਰਕੇ ਇਸ ਰੋਗ ਨਾਲ ਗ੍ਰਸੀ ਵਿਭਚਾਰਣੀਆਂ ਦਾ ਸੰਗ ਕਰਨ ਵਾਲੇ ਸੁਜਾਗ ਦਾ ਸ਼ਿਕਾਰ ਹੁੰਦੇ ਹਨ ਅਰ ਉਹ ਕੁਕਰਮੀ ਆਪਣੀ ਉੱਤਮ ਇਸਤ੍ਰੀਆਂ ਨੂੰ ਭੀ ਕਲੰਕ ਦੇਣ ਦਾ ਕਾਰਣ ਬਣਦੇ ਹਨ.

ਸੁਜ਼ਾਕ ਰੋਗ ਵਿੱਚ ਪੇਸ਼ਾਬ ਜਲਨ ਅਤੇ ਪੀੜਾ ਨਾਲ ਆਉਂਦਾ ਹੈ. ਕਮਰ ਵਿੱਚ ਦਰਦ ਹੁੰਦਾ ਹੈ, ਮੱਠਾ ਤਾਪ ਰਹਿੰਦਾ ਹੈ, ਭੁੱਖ ਬੰਦ ਹੋ ਜਾਂਦੀ ਹੈ.

ਇਸ ਰੋਗ ਦਾ ਛੇਤੀ ਇਲਾਜ ਕਰਨਾ ਚਾਹੀਏ, ਕਿਉਂਕਿ ਪੁਰਾਣਾ ਸੁਜ਼ਾਕ ਕਈ ਤਰਾਂ ਦੇ ਕਲੇਸ਼ ਪੈਦਾ ਕਰਦਾ ਹੈ. ਸਾਧਾਰਣ ਇਲਾਜ ਇਹ ਹਨ-

ਰਾਤ ਨੂੰ ਪੰਜ ਗ੍ਰੇਨ ਕੈਲੋਮਲ (Calomel) ਦੇ ਕੇ, ਸਵੇਰੇ ਚਾਰ ਡ੍ਰਾਮ ਮੈਗਨੇਸ਼ੀਆ ਅਥਵਾ ਕਿਸੇ ਹੋਰ ਲੂਣ ਦਾ ਜੁਲਾਬ ਦੇ ਕੇ, ਬਰੋਜੇ ਜਾਂ ਚਿੱਟੇ ਚੰਨਣ ਦਾ ਤੇਲ ਦਸ ਦਸ ਬੂੰਦਾਂ ਦਿਨ ਵਿੱਚ ਤਿੰਨ ਵਾਰ ਦੁੱਧ ਤੇ ਪਾਕੇ ਪਿਆਉਣਾ ਚਾਹੀਏ ਅਰ ਜਦ ਕਬਜ਼ ਮਲੂਮ ਹੋਵੇ ਤੁਰਤ ਹੀ ਕਿਸੇ ਲੂਣ ਦਾ ਜੁਲਾਬ ਦੇ ਦੇਣਾ ਲੋੜੀਏ.

ਗੇਰੂ ਤਿੰਨ ਮਾਸ਼ੇ, ਕੱਚੇ ਛੋਲੇ ਇੱਕ ਤੋਲਾ, ਰਾਤ ਨੂੰ ਪਾਣੀ ਵਿੱਚ ਭਿਉਂ ਰੱਖਣੇ, ਇਸ ਪਾਣੀ ਵਿੱਚ ਚਾਰ ਤੋਲੇ ਸ਼ਰਬਤ ਬਜ਼ੂਰੀ ਮਿਲਾਕੇ ਪਿਆਉਣਾ.

ਕਲਮੀ ਸ਼ੋਰਾ ਪੌਣੇ ਦੋ ਤੋਲੇ, ਵਡੀ ਇਲਾਇਚੀ ਦੇ ਬੀਜ ਪੌਣੇ ਦੋ ਤੋਲੇ, ਇਨ੍ਹਾਂ ਦਾ ਚੂਰਣ ਕਰਕੇ ਛੀ ਛੀ ਮਾਸੇ ਸਵੇਰ ਅਤੇ ਸੰਝ ਸੱਠੀ ਦੇ ਚਾਉਲਾਂ ਦੇ ਧੋਣ ਨਾਲ ਫੱਕਣਾ.

ਪੇਸ਼ਾਬ ਦੀ ਨਾਲੀ ਦੇ ਜਖ਼ਮ ਦੀ ਸਫਾਈ ਲਈ ਹੇਠ ਲਿਖੀ ਦਵਾਈਆਂ ਦੀ ਪਿਚਕਾਰੀ ਗੁਣਕਾਰੀ ਹੈ-

ਨੀਲੇਥੋਥੇ ਦੀ ਖਿੱਲ ਇੱਕ ਮਾਸ਼ਾ, ਮੁਰਦਾਰ ਸੰਗ ਛੀ ਮਾਸ਼ੇ, ਸੁਰਮਾ ਇੱਕ ਤੋਲਾ, ਰਸੌਂਤ ਇੱਕ ਤੋਲਾ, ਕੱਥ ਚਿੱਟੀ ਇੱਕ ਤੋਲਾ, ਮਸਤਗੀ ਰੂਮੀ ਛੀ ਮਾਸ਼ੇ, ਇਹ ਸਭ ਖਰਲ ਵਿੱਚ ਬਰੀਕ ਕਰਕੇ, ਇੱਕ ਬੋਤਲ ਪਾਣੀ ਮਿਲਾਕੇ ਸ਼ੀਸ਼ੀ ਵਿੱਚ ਪਾ ਲਓ ਅਰ ਇਸ ਪਾਣੀ ਵਿੱਚ ਇਕ ਮਾਸ਼ਾ ਅਫੀਮ, ਇੱਕ ਮਾਸ਼ਾ ਬਰੋਜਾ ਮਿਲਾਕੇ ਦਿਨ ਵਿੱਚ ਦੋ ਤਿੰਨ ਵਾਰ ਪਿਚਕਾਰੀ ਕਰੋ.

ਗਰਮ ਮਸਾਲੇ, ਖੱਟਾ, ਜਾਦਾ ਮਿੱਠਾ, ਮਾਸ, ਚਟਨੀਆਂ, ਮਿਰਚਾਂ, ਮੈਥੁਨ, ਬਹੁਤ ਫਿਰਨਾ ਆਦਿ ਤੋਂ ਪਰਹੇਜ਼ ਰੱਖਣਾ ਚਾਹੀਏ.

ਖਾਣ ਲਈ ਦੁੱਧ, ਚਾਉਲ, ਖਿਚੜੀ, ਫਿਰਣੀ, ਜੌਂ ਦਾ ਦਲੀਆ, ਕੱਦੂ, ਕੁਲਫਾ ਆਦਿ ਹਿਤਕਾਰੀ ਹਨ.

---

[252] ਦੇਖੋ, ਆਪਸਤੰਬ ਸਿਮ੍ਰਿਤਿ ਅਃ ੧੦, ਸ਼. ੧੧.

ਸੁਜਾਣ: ਸੰ, ਸੁਜਾਨ ਸੁਗਜਾਨ. ਉੱਤਮ ਗਜਾਨ. ਯਥਾਰਥ ਗਜਾਨ। ੨. ਸੁਜ਼ਾਨਿਨ ਸੁਗਜਾਨੀ। ੩. ਚਤੁਰ. ਦਾਨਾ.

ਸੁਜਾਣਿ: ਸੁਜਾਣ ਦਾ ਇਸਤ੍ਰੀ ਲਿੰਗ। ੨. ਸੁਜਾਨ ਨੇ.

ਸੁਜਾਣੁ, ਸੁਜਾਨ: ਦੇਖੋ, ਸੁਜਾਣ. "ਆਪਿ ਸੁਜਾਣੁ ਨ ਭੁਲਈ." (ਸ੍ਰੀ ਮਃ ੧) ੨. ਸੁਜਾਣੁ ਸ਼ਬਦ ਸੁਜਾਖੇ ਲਈ ਭੀ ਆਇਆ ਹੈ. "ਮਨ ਅੰਧਾ ਨਾਉ ਸੁਜਾਣੁ." (ਵਾਰ ਆਸਾ)

ਸੁਜਾਨਾ: ਦੇਖੋ, ਸੁਜਾਨ। ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇੱਕ ਸਿੱਖ, ਜਿਸ ਨੇ ਅੰਮ੍ਰਿਤਸਰ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ. "ਮੁਹਰੂ ਰੰਧਾਵਾ ਤੇ ਸੁਜਾਨਾ ਬੀਰ." (ਗੁਪ੍ਰਸੂ)

ਸੁਜਾਨਿ: ਦੇਖੋ, ਸੁਜਾਣਿ.

ਸੁਜੁਤ: ਸੰ. ਸੰਯੁਕ੍ਤ. ਵਿ- ਸਾਥ. ਸਹਿਤ. ਮਿਲਿਆ ਹੋਇਆ.

ਸੁਜੁਰੀਆ: ਵਿ- ਚੰਗੀ ਤਰਾਂ ਜੁੜਿਆ ਹੋਇਆ (ਹੋਈ).

ਸੁਜੋਗ: ਵਿ- ਉੱਤਮ ਯੋਗ. ਚੰਗਾ ਸੰਬੰਧ "ਨਮਸ੍ਹੰ ਸੁਜੋਗੇ." (ਜਾਪੁ) ੨. ਦੇਖੋ, ਯੋਗ। ੩. ਸੰ. ਸੁਯੋਗ੍ਯ ਸੁਯੋਗਜ. ਬਹੁਤ ਲਾਇਕ.

ਸੁਜੋਤਿ: ਸੁਜਯੋਤਿ. ਉੱਤਮ ਪ੍ਰਕਾਸ਼. ੨. ਸ਼੍ਰੇਸ਼੍ਠ ਪ੍ਰਕਾਸ਼ ਵਾਲਾ. ਬਖ਼ੂਬੀ ਰੌਸ਼ਨ.

ਸੁਝ: ਸੰਗਯਾ- ਸੂਝ. ਸੁਧ. ਹੋਸ਼. ਸਮਝ। ੨. ਸੂਰਜ. "ਉੱਲੂ ਸੁਝ ਨ ਸੁੱਝਈ." (ਭਾਗੁ) ੩. ਚੰਦ੍ਰਮਾ. "ਸੁਝਹੁ ਸੁਝਨ ਤਿੰਨ ਲੋਅ ਅਉਲੰਗ ਵਿਚਕਾਰਾ." (ਭਾਗੁ) ਚੰਦ੍ਰਮਾ ਦੇ ਵਿੱਚ ਕਾਲਸ ਹੈ. ਦੇਖੋ, ਅਉਲੰਗ.

ਸੁਝਣਾ, ਸੁਝਣੁ: ਕ੍ਰਿ- ਸਮਝ ਵਿੱਚ ਆਉਣਾ। ੨. ਔੜਨਾ. ਫੁਰਨਾ। ੩. ਨਜ਼ਰ ਆਉਣਾ। ੪. ਚੇਤੇ ਆਉਣਾ.

ਸੁੱਝ: ਦੇਖੋ, ਸੁਝ.

ਸੁੰਞ, ਸੁੰਞਾ: ਸ਼ੂਨਯ. ਵਿ- ਸੁੰਨਾ. ਆਬਾਦੀ ਬਿਨਾ. ਖਾਲੀ. "ਵਿਣ ਨਾਵੈ ਸੁੰਞਿਆ." (ਆਸਾ ਮਃ ੫) "ਸੁੰਞੀ ਦੇਹ ਡਰਾਵਣੀ." (ਸ੍ਰੀ ਮਃ ੧)

ਸੁਞੀ ਸੁੰਞ: ਵਿ- ਅਤਯੰਤ. ਸ਼ੂਨਯ. ਬਿਲਕੁਲ ਖ਼ਾਲੀ. "ਦੇਹ ਮਨਮੁਖ ਸੁੰਞੀ ਸੁੰਞ (ਬਸੰ ਮਃ ੪)

ਸੁੰਞੇ ਘਰ ਕਾ ਪਾਹੁਣਾ, ਸੁੰਞੈ ਘਰ ਕਾ ਕਾਉ: ਸ਼ੂਨਯ ਘਰ ਦਾ ਪ੍ਰਾਘੁਣ. ਜੋ ਘਰ ਆਬਾਦ ਨਹੀਂ ਉਸ ਤੋਂ ਪਰਾਹੁਣੇ ਅਤੇ ਕਾਉਂ ਨੂੰ ਕੁਝ ਨਹੀਂ ਮਿਲਦਾ, ਫੇਰਾ ਪਾ ਕੇ ਖਾਲੀ ਹੀ ਜਾਂਦਾ ਹੈ. ਤਿਵੇਂ ਹੀ ਜੋ ਲੋਕ ਗੁਣ ਅਤੇ ਕਰਣੀ ਤੋਂ ਖਾਲੀ ਆਗੂਆਂ ਦੇ ਦਰ, ਗਜਾਨ ਅਤੇ ਮੁਕਤਿ ਦੀ ਇੱਛਾ ਨਾਲ ਫੇਰੇ ਪਾਉਂਦੇ ਹਨ, ਉਹ ਨਿਰਾਸ਼ ਜਾਂਦੇ ਹਨ. "ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ." (ਸ੍ਰੀ ਮਃ ੩) "ਬਹੁ ਜੋਨੀ ਭਉਦਾ ਫਿਰੈ ਜਿਉ ਸੁਞੈ ਘਰਿ ਕਾਉ." (ਸ੍ਰੀ ਮਃ ੩)

ਸੁਟਣਾ: ਸੰ. ਸਿਟ ਧਾਤੁ ਅਪਮਾਨ (ਨਿਰਾਦਰ) ਅਰਥ ਵਿੱਚ ਹੈ, ਇਸ ਤੋਂ ਸੁਟਣਾ ਬਣਿਆ ਹੈ. ਕ੍ਰਿ- ਫੈਂਕਣਾ. "ਹੋਇ ਪੁਰਾਣਾ ਸੁਟੀਐ." (ਵਾਰ ਆਸਾ) "ਤਿਨਿ ਜਨਿ ਸਭਿ ਡਰ ਸੁਟਿਘਤੈ." (ਬਿਹਾ ਛੰਤ ਮਃ ੪)

ਸੁਟਿ: ਸੁੱਟਕੇ. ਫੈਂਕਕੇ.

ਸੁਠ: ਸੰ. ਸੁਸ਼੍ਠੁ. ਵਿ- ਸ਼੍ਰੇਸ਼੍ਠ. ਉੱਤਮ. "ਸੋਈ ਸੁਠ ਪਰਯੰਕ." (ਨਾਪ੍ਰ) ੨. ਸੁੰਦਰ। ੩. ਪ੍ਰਸ਼ੰਸਾ ਯੋਗ. ਥਾਰੀਫ਼ ਲਾਇਕ.

ਸੁੰਠ, ਸ਼ੁੰਠੀ: ਸੰ ਸ਼ੁਰਾ ਣੀ ਸੰਗਜਾ- ਸੁੰਢ. ਸੁੱਕਾ ਅਦਰਕ.

ਅ਼. زنجبیل ਜ਼ੰਜਬੀਲ. ਅੰ. Ginger. ਇਹ ਅਨੇਕ ਦਵਾਈਆਂ ਵਿੱਚ ਵਰਤੀਦੀ ਹੈ. ਇਸ ਦੀ ਤਾਸੀਰ ਗਰਮ ਖੁਸ਼ਕ ਹੈ. ਵਾਦੀ ਦੇ ਰੋਗ ਅਤੇ ਮੇਦੇ ਵਿੱਚ ਹੋਣ ਵਾਲੇ ਅਨੇਕ ਵਿਕਾਰ ਦੂਰ ਕਰਦੀ ਹੈ. ਮੇਦੇ ਅਤੇ ਜਿਗਰ ਨੂੰ ਤਾਕਤ ਦਿੰਦੀ ਹੈ. ਜਿਗਰ ਦੇ ਰੋਗਾਂ

ਲਈ ਗੁਣਕਾਰੀ ਹੈ. ਬਲਗਮ ਮਿਟਾਉਂਦੀ ਹੈ. ਅਧਰੰਗ ਦੂਰ ਕਰਦੀ ਹੈ. ਪੇਟ ਦੇ ਕੀੜੇ ਮਾਰਦੀ ਹੈ. ਭੁੱਖ ਵਧਾਉਂਦੀ ਹੈ. ਕਾਮਸ਼ਕਤੀ ਜਾਦਾ ਕਰਦੀ ਹੈ. ਪੁਰਾਣੇ ਵੈਦ ਇਸ ਨੂੰ ਮਹੌਖਧਿ ਲਿਖਦੇ ਹਨ. . ਕੁਰਾਨ ਵਿੱਚ ਜ਼ਿਕਰ ਹੈ ਕਿ ਬਹਿਸ਼੍ਤ ਵਿੱਚ ਸੁੰਢ ਦੇ ਰਸ ਨਾਲ ਸ੍ਵਾਦ ਕੀਤਾ ਪਿਆਲਾ ਮਿਲੇਗਾ.[253]

ਸੁੰਡ: ਸੰ. ਸ਼ੁਣ ਰਾਡਾ ਸ਼ੁੰਡਾ. ਸੰਗਜਾ- ਹਾਥੀ ਦਾ ਹੱਥ. ਸੂੰਡ। ੨. ਕਲਾਲ ਦੀ ਅਰਕ ਖਿੱਚਣ ਦੀ ਨਾਲ। ੩. ਚੰਡੀ ਦੀ ਵਾਰ ਵਿੱਚ ਸ਼ੌਂਡੀ ਦੀ ਥਾਂ ਸੁੰਡ ਸ਼ਬਦ ਆਇਆ ਹੈ. "ਮਹਿਖਾਸੁਰ ਸੁੰਡ ਉਪਾਇਆ." ਸ਼ੌਂਡੀ (ਹਾਥੀ) ਮਹਿਖਾਸੁਰ ਦੈਤ ਪੈਦਾ ਕੀਤਾ. ਮਾਰਕੰਡੇਯ ਪੁਰਾਣ ਵਿੱਚ ਕਥਾ ਹੈ ਕਿ ਮਹਿਖਾਸੁਰ ਹਾਥੀ ਬਣਕੇ ਦੁਰਗਾ ਨੂੰ ਮਾਰਨ ਆਇਆ, ਅਰ ਸੁੰਡ ਨਾਲ ਸ਼ੇਰ ਨੂੰ ਫੜਕੇ ਖਿੱਚ ਲਿਆ. ਦੇਵੀ ਨੇ ਉਸ ਦੀ ਸੁੰਡ ਖੜਗ ਨਾਲ ਵੱਢ ਦਿੱਤੀ.

ਸੁੰਡਾ: ਦੇਖੋ, ਸੁੰਡ। ੨. ਕਲਾਲਖਾਨਾ। ੩. ਵੇਸ਼ਜਾ. ਕੰਚਨੀ। ੪. ਸ਼ਰਾਬ। ੫. ਕੁੱਟਣੀ. ਦੱਲੀ.

ਸੁੰਡਾਰ, ਸੁੰਡਾਲ: ਸੰਗਜਾ- ਸੁੰਡ ਵਾਲਾ ਹਾਥੀ। ੨. ਨਾਲ ਵਾਲਾ ਕਲਾਲ.

ਸੁੰਡਿ, ਸੁੰਡੀ: ਸੁੰਡ ਵਾਲੀ ਹਥਨੀ। ੨. ਨਾਲ ਰੱਖਣ ਵਾਲੀ ਕਲਾਲੀ। ੩. ਦੇਖੋ, ਸੌਂਡੀ। ੪. ਇੱਕ ਕਿਸਮ ਦਾ ਕੀੜਾ ਜੋ ਖੇਤੀ ਦਾ ਬਹੁਤ ਨੁਕਸਾਨ ਕਰਦਾ ਹੈ.

ਸੁੰਢ: ਦੇਖੋ, ਸੁੰਠ.

ਸੁਢਰ, ਸੁਢਾਲ: ਵਿ- ਸੁਡੌਲ. "ਸੁਢਰ ਮਹਾਂ ਰਘੁਨੰਦਨ." (ਰਾਮਾਵ)

ਸੁਣਣ, ਸੁਣਨ, ਸੁਣਨਾ: ਸੰ. ਸ਼੍ਰਵਣ. ਸੁਣਨਾ. "ਵੇਖਣਿ ਸੁਣਣਿ ਨ ਅੰਤੁ." (ਜਪੁ)

ਸੁਣਿ: ਸੁਣਨ ਤੋਂ। ੨. ਸੁਣਕੇ. "ਸੁਣਿ ਉਪਦੇਸ ਸਤਿਗੁਰ ਪਹਿ ਆਇਆ." (ਆਸਾ ਮਃ ੫) ੩. ਸ਼੍ਰਵਣ. ਕੰਨ. "ਚਰਣ ਕਰ ਦੇਖਤ ਸੁਣਿ ਥਕੇ." (ਵਾਰ ਬਿਹਾ ਮਃ ੩) ੪. ਸ਼੍ਰਿਣੁ ਸ਼੍ਰਿਣੁ. ਸ਼੍ਰਵਣ ਕਰ. ਸੁਣ. "ਸੁਣਿ ਸਖੀ ਸਹੇਲੀ ਸਾਚਿ ਸੁਹੇਲੀ." (ਗਉ ਛੰਤ ਮਃ ੧)

ਸੁਣਿਐ: ਸ਼੍ਰਵਣ ਕਰਨ ਤੋਂ. ਸੁਣਨ ਸੇ. "ਸੁਣਿਐ ਦੂਖ ਪਾਪ ਕਾ ਨਾਸ." (ਜਪੁ)

ਸੁਣੀਅਰ: ਸੰਗਜਾ- ਸ਼੍ਰਵਣ. ਕੰਨ. "ਨਾਨਕ ਸੁਣੀਅਰ ਤੇ ਪਰਵਾਣੁ." (ਵਡ ਛੰਤ ਮਃ ੫) ੨. ਦੇਖੋ, ਸੁਨੀਅਰ ੨.

ਸੁਣੰਤ: ਸੁਣਦਾ. ਸ਼੍ਰਵਣ ਕਰੰਤ. "ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ." (ਸਹਸ ਮਃ ੫)

ਸੁਣੰਦੜਾ, ਸੁਣੰਦੜੀ: ਸ਼੍ਰੋਤਾ. ਸੁਣਨ ਵਾਲਾ (ਵਾਲੀ)

ਸੁਤ: ਸੰ. ਵਿ- ਨਚੋੜਕੇ ਕੱਢਿਆ ਹੋਇਆ। ੨. ਸੰਗਜਾ- ਪੁਤ੍ਰ. ਬੇਟਾ. "ਸੁਤ ਕਲਤ੍ਰ ਭ੍ਰਾਤ ਮੀਤ." (ਰਾਮ ਮਃ ੫) ੩. ਵਿ- ਸੁਪ੍ਤ (ਸੁੱਤਾ) ਦਾ ਸੰਖੇਪ.

ਸੁਤਈਸ: ਸੰਗਜਾ- ਗਣੇਸ਼, ਜੋ ਈਸ਼ (ਸ਼ਿਵ) ਦਾ ਪੁਤ੍ਰ ਹੈ. "ਪੂਜ ਸੁਤਈਸ ਕੋ ਅਵਿਘਨ ਮਨਾਵਈ." (ਨਾਪ੍ਰ)

ਸੁਤਸਿੰਧੁ: ਚੰਦ. ਦੇਖੋ, ਸਿੰਧੁਸੁਤ. "ਸੁਤਸਿੰਧ ਅਧੋਮੁਖ ਤਾਪ ਤਪੈ." (ਅਕਾਲ) ਚੰਦ੍ਰਮਾ ਹੇਠ ਮੁਖ ਕੀਤੇ ਤਪ ਕਰਦਾ ਹੈ.

ਸੁਤ ਸੂਰਜ: ਸੂਰ੍ਯਪੁਤ੍ਰ ਕਰਣ। ੨. ਯਮ. ਦੇਖੋ, ਸੂਰਜਸੁਤ.

ਸੁਤਹ: ਸੰ. स्वतः ਸ੍ਵਤঃ ਵਜ- ਆਪਣੇ ਆਪ. ਸੁਭਾਵਿਕ.

ਸੁਤਹਸਿਧ, ਸੁਤਹਸਿੱਧ: ਸ੍ਵਤਹ ਸਿੱਧ. ਵਿ- ਆਪਣੇ ਆਪ ਸਿੱਧ ਹੋਇਆ. ਜਿਸ ਨੂੰ ਸਿੱਧ (ਸਾਬਤ) ਕਰਨ ਲਈ ਕਿਸੇ ਦੂਜੇ

---

[253] ਦੇਖੋ, ਕੁਰਾਨ, "ਅਲ ਇਨਸਾਨ" ਆਯਤ ੧੭.

ਦੀ ਲੋੜ ਨਹੀਂ. "ਸੁਤਹਸਿਧ ਰੂਪ ਧਰਿਓ ਸਾਹਨ ਕੈ ਸਾਹ ਜੀਉ." (ਸਵੈਯੇ ਮः ੪. ਕੇ)

ਸੁਤਕਉਲ, ਸੁਤਕਉਲਕਲੀ: ਸੰਗਯਾ- ਬ੍ਰਹਮਾ, ਜੋ ਕਮਲ ਦੀ ਕਲੀ ਵਿਚੋਂ ਪੈਦਾ ਹੋਇਆ ਹੈ. ਕਮਲਸੁਤ. "ਤਿਹਕੋ ਲਖਕੈ ਉਪਮਾ ਭਗਵਾਨ ਕਰੈ ਜਿਹ ਕੀ ਸੁਤਕਉਲਕਲੀ." (ਕ੍ਰਿਸਨਾਵ)

ਸੁਤਗੰਡਕਾ: ਸੰਗਯਾ- ਸਾਲਗ੍ਰਾਮ. ਜੋ ਗੰਡਕਾ ਨਦੀ ਵਿਚੋਂ ਪੈਦਾ ਹੁੰਦਾ ਹੈ. ਦੇਖੋ, ਸਾਲਗ੍ਰਾਮ "ਪੂਜੈਂ ਹਮ ਤੁਮੈ, ਨਾਹਿ ਪੂਜੈਂ ਸੁਤਗੰਡਕਾ." (ਕ੍ਰਿਸਨਾਵ)

ਸੁਤਭਾਈ: ਸੰਗਯਾ- ਭਤੀਜਾ. "ਕੋ ਬੇਲੀ ਨਾਹੀ ਪੁਤ ਕੁਟੰਬ ਸੁਤਭਾਈ." (ਸੂਹੀ ਛੰਤ ਮः ੪)

ਸੁਤਭਾਨ, ਸੁਤਭਾਨੁ: ਸੰਗਯਾ- ਯਮ. ਧਰਮਰਾਜ, ਜੋ ਸੂਰਜ ਦਾ ਪੁਤ੍ਰ ਲਿਖਿਆ ਹੈ. "ਨਾਮ ਸੁਨੇ ਸੁਤਭਾਨ ਡਰਜਉ." (ਸਵੈਯੇ ਮः ੪. ਕੇ) ੨. ਸ਼ਨੀ, ਜੋ ਛਾਯਾ ਦੇ ਉਦਰ ਤੋਂ ਸੂਰਜ ਦਾ ਪੁਤ੍ਰ ਹੈ. "ਯੁੱਧ ਸਮੇ ਸੁਤਭਾਨੁ ਮਨੋ ਸਸਿ ਕੇ ਸਭ ਟੂਕ ਜੁਦੇ ਕਰ ਡਾਰੇ." (ਚੰਡੀ ੧) ਸ਼ਨੀ ਦਾ ਚੰਦ੍ਰਮਾ ਨਾਲ ਯੁੱਧ ਵ੍ਰਿਹਸਪਤੀ ਦੀ ਇਸਤ੍ਰੀ ਤਾਰਾ ਬਾਬਤ ਹੋਇਆ ਸੀ। ੩. ਦੇਖੋ, ਕਰਣ। ੪. ਸੁਗ੍ਰੀਵ.

ਸੁਤਰ: ਸੰ. ਵਿ- ਜੋ ਆਸਾਨੀ ਨਾਲ ਤਰਿਆ ਜਾ ਸਕੇ। ੨. ਫ਼ਾ. شتر ਸ਼ੁਤੁਰ. ਸੰਗਯਾ- ਊਟ. ਉੱਠ. ਦੇਖੋ, ਉਸਟ.

ਸੁਤਰਨਾਲ, ਸੁਤਰਨਾਲਿਕਾ: ਸੰਗਯਾ- ਉੱਠ ਉੱਪਰ ਰੱਖਕੇ ਚਲਾਉਣ ਵਾਲੀ ਬੰਦੂਕ. ਜੰਬੂਰਾ. ਜੰਬੂਰਕ. "ਸੁਤਰਨਾਲ ਘੁੜਨਾਲ ਭਨ." (ਸਨਾਮਾ)

ਸੁਤਰ ਮੁਰਗ: ਫ਼ਾ. شترمرغ ਸ਼ੁਤਰ ਮੁਰਗ਼ (Ostrich) ਸੰਗਯਾ- ਉੱਠ ਦੀ ਸ਼ਕਲ ਦਾ ਇੱਕ ਪੰਛੀ, ਜੋ ਵਿਸ਼ੇਸ਼ ਕਰਕੇ ਅਫਰੀਕਾ ਵਿੱਚ ਹੁੰਦਾ ਹੈ. ਇਹ ਪੰਖਾਂ ਨਾਲ ਉਡ ਨਹੀਂ ਸਕਦਾ, ਪਰ ਉਨ੍ਹਾਂ ਦੀ ਸਹਾਇਤਾ ਨਾਲ ਬਹੁਤ ਤੇਜ਼ ਦੌੜ ਸਕਦਾ ਹੈ. ਇਸਦੇ ਪੰਖ ਵਡਮੁੱਲੇ ਹੁੰਦੇ ਹਨ, ਜਿਨ੍ਹਾਂ ਦਾ ਯੂਰਪ ਵਿੱਚ ਵਪਾਰ ਹੁੰਦਾ ਹੈ. ਦੋਹਾਂ ਪਾਸਿਆਂ ਦੇ ਪੰਖ ਜਦ ਸ਼ੁਤਰ ਮੁਰਗ ਫੈਲਾਉਂਦਾ ਹੈ ਤਦ ਲੰਬਾਈ ਬਾਰਾਂ ਤੋਂ ਚੌਦਾਂ ਫੁੱਟ ਤੀਕ ਹੋਇਆ ਕਰਦੀ ਹੈ. ਇਹ ਛੀ ਤੋਂ ਚੌਦਾਂ ਤੀਕ ਆਂਡੇ ਦਿੰਦਾ ਹੈ, ਅਤੇ ੪੨ ਦਿਨਾਂ ਵਿੱਚ ਸੇਵਨ ਤੋਂ ਬੱਚੇ ਨਿਕਲ ਆਉਂਦੇ ਹਨ.

ਸੁਤਰੀ: ਵਿ- ਉੱਠ ਨਾਲ ਸੰਬੰਧ ਰੱਖਣ ਵਾਲਾ। ੨. ਊਂਟਰੰਗਾ। ੩. ਸ਼ੁਤਰ ਉੱਪਰ ਰੱਖਕੇ ਲੈ ਜਾਣ ਵਾਲੀ ਨੌਬਤ. ਨਗਾਰਾ. "ਸੁਤਰੀ ਨਿਸ਼ਾਨ ਮੰਗਾਇਓ." (ਗੁਵਿ ੬) ੪. ਸੰਗਯਾ- ਨੌਬਤ. "ਸੁਤਰੀ ਬਜੰਤ." (ਗੁਪ੍ਰਸੂ) ੫. ਸੰ. ਸੁ- ਤਰੀ ਉੱਤਮ ਤਰੀ (ਨੌਕਾ). ਸੁੰਦਰ ਕਿਸ਼ਤੀ.

ਸੁਤਲ: ਸੰ. ਸੰਗਯਾ- ਇੱਕ ਪਾਤਾਲ. ਦੇਖੋ, ਸਪਤ ਪਾਤਾਲ.

ਸੁਤੜਾ, ਸੁਤੜੀ: ਵਿ- ਸੁਪ੍ਤ. ਸੁੱਤਾ ਹੋਇਆ. ਸੁੱਤੀ. "ਸੁਤੜੀ ਸੋ ਸਹੁ ਡਿਠੁ." (ਵਾਰ ਮਾਰੂ ਮः ੫) ੨. ਅਵਿਦਯਾ ਨੀਂਦ ਵਿੱਚ ਸੁੱਤਾ. "ਸੁਤੜੇ ਅਸੰਖ ਮਾਇਆ ਝੂਠੀ ਕਾਰਣੇ." (ਸਵਾ ਮः ੫)

ਸੁਤਾ: ਸੰਗਯਾ- ਧਯਾਨ. ਸੁਰਤ। ੨. ਸੰ. ਪੁਤ੍ਰੀ. ਬੇਟੀ। ੩. ਵਿ- ਸੁੱਤਾ. ਸੁਪ੍ਤ. "ਜਿਸ ਤੇ ਸੁਤਾ ਨਾਨਕਾ, ਜਾਗਾਏ ਸੋਈ." (ਆਸਾ ਅः ਮः ੧)

ਸੁਤਾਸੁਤ: ਪੁਤ੍ਰੀ ਦਾ ਬੇਟਾ. ਦੋਹਤਾ. ਦੌਹਿਤ੍ਰ.

ਸੁਤਾ ਦਾਨ: ਪੁਤ੍ਰੀ ਦੇਣੀ. ਵਰ ਨੂੰ ਆਪਣੀ ਕੰਨਯਾ ਅਰਪਣ ਕਰਨੀ.

ਸੁਤਾਰ: ਸੂਤ੍ਰਧਾਰ ਦਾ ਸੰਖੇਪ। ੨. ਚੰਗਾ ਤਰਾਕੂ. ਤਰਨ ਵਿੱਚ ਨਿਪੁਣ. ਤਾਰੂ। ੩. ਸੰ. ਸੁੰਦਰ ਹਨ ਅੱਖ ਦੇ ਤਾਰੇ ਜਿਸ ਦੇ. ਅੱਖ ਦੀ ਸੁੰਦਰ ਪੁਤਲੀਆਂ ਵਾਲਾ.

ਸੁਤਾਰਿ: ਸੰਗਯਾ- ਸੁਤਰੀ. ਉੱਤਮ ਨੌਕਾ."ਗੁਰਮੁਖਿ ਸਚੁ ਸੁਤਾਰਿ" (ਸ੍ਰੀ. ਮ. ੧)

**ਸੁਤੀਕ੍ਸ਼ਣ:** ਬਹੁਤ ਤਿੱਖਾ।੨ ਦੇਖੋ ਸੁਤੀਖ.

**ਸੁਤੀਖ:** ਸੰ. ਸੁਤੀਕ੍ਸ਼ਣ. ਸੰਗਜਾ- ਇੱਕ ਰਿਖੀ, ਜੋ ਅਗਸ੍ਤਿ ਮੁਨਿ ਦਾ ਭਾਈ ਦੰਡਕ ਬਣ ਵਿੱਚ ਰਹਿੰਦਾ ਸੀ. ਰਾਮਚੰਦ੍ਰ ਜੀ ਇਸ ਦੇ ਆਸ਼ਰਮ ਗਏ ਸਨ. "ਤੁਹੀ ਰਾਮ ਰੂਪੰ ਸੁਤੀਖੰ ਉਧਾਰੇ." (ਗੁਵਿ ੬) ੨. ਦੇਖੋ, ਸੁਤੀਕ੍ਸ਼ਣ.

**ਸੁਤੂਨ:** ਦੇਖੋ, ਸਤੂਨ.

**ਸੁਤੇ, ਸੁਤੈ, ਸੁਤੈਸਿੱਧ:** ਦੇਖੋ, ਸੁਤਹ ਅਤੇ ਸੁਤਹ ਸਿੱਧ. "ਸੁਤੈ ਕ੍ਰਿਤਜ ਕੋ ਕਰਤ ਨਿਸੰਕ." (ਨਾਪ੍ਰ) ੨. ਸੁਤੈ ਦਾ ਅਰਥ ਸੌਣ ਨਾਲ (ਸ਼ਯਨ ਸੇ) ਭੀ ਹੈ. "ਜਿਤੁ ਸੁਤੈ ਤਨੁ ਪੀੜੀਐ." (ਸ੍ਰੀ ਮਃ ੧)

**ਸੁਤੰਤਰ, ਸੁਤੰਤ੍ਰ:** ਦੇਖੋ, ਸ੍ਵਤੰਤ੍ਰ। ੨. ਸੁ- ਤੰਤ੍ਰ. ਉੱਤਮ ਤੰਤ੍ਰ. ਦੇਖੋ, ਤੰਤ੍ਰ.

**ਸੁੱਤਮ:** ਵਿ- ਸ- ਉੱਤਮਤਾ. ਉੱਤਮਤਾ ਸਹਿਤ. "ਅਨੰਤ ਗਜਾਨ ਸੁੱਤਮੰ." (ਗਜਾਨ) ੨. ਦੇਖੋ, ਸੱਤਮ.

**ਸੁਥਨੀ:** ਦੇਖੋ, ਸੁੱਥਣ। ੨. ਸੁੰਦਰ ਥਣਾਂ (ਕੁਚਾਂ) ਵਾਲੀ.

**ਸੁਥਰ:** ਵਿ- ਸੁੰਦਰ ਸ੍ਥਲ. ਉੱਤਮ ਥਾਂ।

੨. ਸੁਸ੍ਥਿਰ. ਅਤਜੰਤ ਇਸਥਿਤ. "ਸੁਥਰ ਚਿਤ ਭਗਤਨ ਹਿਤ." (ਸਵੈਯੇ ਮਃ ੪. ਕੇ)

**ਸੁਥਰਾ:** ਵਿ- ਸੁਸ਼੍ਠੁ. ਸਾਫ. ਸ੍ਵੱਛ. ਨਿਰਮਲ. "ਤਥਾ ਸਸਤ੍ਰ ਸੁਥਰੇ ਸਮੁਦਾਏ." (ਗੁਪ੍ਰਸੂ) ੨. ਇੱਕ ਛੰਦ. ਦੇਖੋ, ਸਰਸੀ। ੩. ਦੇਖੋ, ਸੁਥਰੇਸ਼ਾਹ.

**ਸੁਥਰੀ:** ਦੇਖੋ, ਸੁਤਰੀ. ੨. ਸੁਥਰਾ ੧ ਦਾ ਇਸਤ੍ਰੀ ਲਿੰਗ। ੩. ਸੁਥਰਾ ਮਤ ਦੀ ਇਸਤ੍ਰੀ.

**ਸੁਥਰੇਸ਼ਾਹ, ਸੁਥਰੇਸ਼ਾਹੀ:** ਸੰਮਤ ੧੬੭੨ ਵਿੱਚ ਬਾਰਾਂਮੂਲੇ ਪਾਸ ਬਰਾਮਪੁਰ ਪਿੰਡ ਨਿਵਾਸੀ ਨੰਦੇ ਖਤਰੀ ਦੇ ਘਰ ਇੱਕ ਬਾਲਕ ਦੰਦਾਂ ਸਮੇਤ ਜਨਮਿਆ, ਜਿਸ ਨੂੰ ਜੋਤਸ਼ੀਆਂ ਦੇ ਕਹੇ ਵਿਘਨਕਾਰੀ ਜਾਣਕੇ ਬਾਹਰ ਸਿੱਟ ਦਿੱਤਾ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ, ਜੋ ਕਸ਼ਮੀਰ ਤੋਂ ਵਾਪਿਸ ਆ ਰਹੇ ਸਨ ਉਨ੍ਹਾਂ ਦੀ ਨਜ਼ਰ ਇਹ ਬਾਲਕ ਪਿਆ. ਸਤਿਗੁਰੂ ਨੇ ਦਯਾ ਕਰਕੇ ਬਾਲਕ ਉਠਵਾ ਲਿਆ ਅਤੇ ਵਡੇ ਯਤਨ ਨਾਲ ਪਾਲਿਆ ਅਰ ਨਾਉਂ "ਸੁਥਰਾ" ਰੱਖਿਆ. ਇਹ ਗੁਰੂਘਰ ਦਾ ਵਡਾ ਪ੍ਰੇਮੀ ਹੋਇਆ ਹੈ ਅਰ ਸ਼੍ਰੀ ਗੁਰੂ ਹਰਿਰਾਇ ਸਾਹਿਬ ਦੀ ਸੇਵਾ ਵਿੱਚ ਭੀ ਹਾਜ਼ਿਰ ਰਿਹਾ. ਸੁਥਰੇਸ਼ਾਹ ਵਡਾ ਵਿਲਾਸੀ ਹੋਇਆ ਹੈ. ਇਸ ਦੀ ਹਾਸਜਰਸ ਪੂਰਿਤ ਅਨੇਕ ਕਹਾਣੀਆਂ ਜਗਤ ਪ੍ਰਸਿੱਧ ਹਨ. ਦਿੱਲੀ ਦੇ ਹਾਕਮਾਂ ਤੋਂ ਇਸ ਨੇ ਪੈਸਾ ਹੱਟੀ ਉਗਰਾਹੁਣ ਦਾ ਹੁਕਮ ਪਰਪਾਤ ਕੀਤਾ. ਇਸ ਦੇ ਪੰਥ ਦਾ ਨਾਉਂ ਸੁਥਰੇਸ਼ਾਹੀ ਹੈ. ਹੁਣ ਬਹੁਤ ਸੁਥਰੇ ਸਿੱਖਧਰਮ ਦੇ ਨਿਯਮਾਂ ਨੂੰ ਭੁਲਾ ਬੈਠੇ ਹਨ. ਡੰਡੇ ਬਜਾਕੇ ਹੱਟੀਆਂ ਤੋਂ ਮੰਗਦੇ ਹਨ. ਕਦੇ ਬੇਨਵਿਆਂ ਦੀ ਤਰਾਂ ਦੁਰਵਚਨ ਬੋਲਦੇ ਹਨ. ਕਈ ਮੂੰਹ ਕਾਲਾ ਕਰਕੇ ਧਰਨਾ ਮਾਰ ਬੈਠਦੇ ਹਨ.

**ਸੁਥਲ, ਸੁਥਲੀ, ਸੁਥਾਉ, ਸੁਥਾਨ:** ਵਿ- ਉੱਤਮ ਸ੍ਥਲ. ਚੰਗੀ ਥਾਂ। ੨. ਸੰਗਜਾ- ਸਾਧਸਮਾਜ. "ਸੁਥਾਉ ਸਚੁ ਮਨੁ ਨਿਰਮਲ ਹੋਇ." (ਗਉ ਮਃ ੩)

**ਸੁਥਾਨਿ:** ਉੱਤਮ ਅਸਥਾਨ ਵਿੱਚ. "ਬੈਸਿ ਸੁਥਾਨਿ ਕਹਾਂ ਗੁਣ ਤੇਰੇ." (ਮਲਾ ਮਃ ੧)

**ਸੁਥਾਨੁ:** ਦੇਖੋ, ਸੁਥਾਨ.

**ਸੁਥਿਰ:** ਵਿ- ਚੰਗੀ ਤਰਾਂ ਸ੍ਥਿਰ. ਪੂਰਣ ਅਚਲ.

**ਸੁੱਥਣ, ਸੁੱਥਨ:** ਸੰਗਜਾ- ਇਸਤ੍ਰੀਆਂ ਦਾ ਪਜਾਮਾ. ਸਲਵਾਰ.

**ਸ਼ੁਦ:** ਫ਼ਾ. شُد ਹੋਇਆ. ਭਇਆ. ਦੇਖੋ, ਸ਼ੁਦਨ.

ਸੁੰਦ: ਸੰ. ਸੁन्द ਸੰਗਯਾ- ਵਿਸ਼ਨੁ। ੨. ਨਿਸੁੰਦ ਦਾ ਪੁਤ੍ਰ ਇੱਕ ਦੈਤ, ਜੋ ਉਪਸੁੰਦ ਦਾ ਭਾਈ ਸੀ. ਦੇਖੋ, ਅਪਸੁੰਦ.

ਸੁਦਕ੍ਸ਼ਿਣ, ਸੁਦੱਖਨ: ਦੇਖੋ, ਸੁਦੱਛਨ.

ਸੁਦੱਛਨ: ਸੰ. ਸੁਦਕ੍ਸ਼ਿਣ. ਵਿ- ਬਹੁਤ ਚਤੁਰ. ਵਡਾ ਦਾਨਾ। ੨. ਸੰਗਯਾ- ਕਾਸ਼ੀ ਦੇ ਪੌਂਡ੍ਰਕ ਰਾਜੇ ਦਾ ਪੁਤ੍ਰ, ਜਿਸ ਦਾ ਕ੍ਰਿਸ਼ਨ ਜੀ ਨਾਲ ਜੰਗ ਹੋਇਆ. "ਕਾਸੀ ਕੇ ਭੂਪ ਕੋ ਪੂਤ ਸੁਦੱਛਨ ਤਾਂ ਮਨ ਮੇ ਅਤਿ ਕ੍ਰੋਧ ਬਢਾਯੋ." (ਕ੍ਰਿਸਨਾਵ)[254] ਦੇਖੋ, ਭਾਗਵਤ ਸਕੰਧ ੧੦, ਅਃ ੬੬.

ਸ਼ੁਦਨ: ਫ਼ਾ. شُدن ਹੋਣਾ.

ਸ਼ੁਦਨੀ: شُدنی ਹੋਣ ਵਾਲੀ ਬਾਤ. ਹੋਨਹਾਰ. ਭਾਵੀ.

ਸੁਦ ਬੁਦ: ਦੇਖੋ, ਸੁਧ ਬੁਧ ੩. ਅਤੇ ੪.

ਸੁੰਦਰ: ਸੰ. ਵਿ- ਸੋਹਣਾ. ਖ਼ੂਬਸੂਰਤ. "ਸੁੰਦਰ ਚਤੁਰ ਤਤ ਕਾ ਬੇਤਾ." (ਸੁਖਮਨੀ) ੨. ਸੰਗਯਾ- ਕਾਮਦੇਵ। ੩. ਸ਼੍ਰੀ ਗੁਰੂ ਅਮਰਦੇਵ ਜੀ ਦਾ ਪੜੋਤਾ, ਜਿਸ ਦੀ ਰਚਨਾ ਰਾਮਕਲੀ ਰਾਗ ਵਿੱਚ "ਸਦੁ" ਦੇਖੀਦਾ ਹੈ. "ਕਹੈ ਸੁੰਦਰ ਸੁਣਹੁ ਸੰਤਹੁ ਸਭ ਜਗਤ ਪੈਰੀ ਪਾਇ ਜੀਉ." (ਸਦੁ) "ਨੰਦਨੁ ਮੋਹਰੀ ਨਾਮ ਅਨੰਦ। ਤਿਹ ਨੰਦਨ ਸੁੰਦਰ ਮਤਿਵੰਦ।।"[255] (ਗੁਪ੍ਰਸੂ) ੪. ਦਾਦੂ ਜੀ ਦਾ ਚੇਲਾ ਇੱਕ ਮਹਾਤਮਾ ਸਾਧੂ, ਜਿਸ ਦਾ ਜਨਮ ਸੰਮਤ ੧੬੫੩ ਵਿੱਚ ਦਜੋਸਾ ਪਿੰਡ (ਰਾਜ ਜੈਪੁਰ) ਵਿੱਚ ਹੋਇਆ ਅਤੇ ਸੰਮਤ ੧੭੪੬ ਵਿੱਚ ਸੀਂਗਾਨੇਰ ਦੇ ਮਕਾਮ, ਜੋ ਜੈਪੁਰ ਤੋਂ ਚਾਰ ਕੋਹ ਦੱਖਣ ਹੈ, ਦੇਹਾਂਤ ਹੋਇਆ. ਇਸ ਮਹਾਤਮਾ ਦੇ ਰਚੇ ਹੋਏ ਗ੍ਰੰਥ ਸੁੰਦਰ ਵਿਲਾਸ, ਗਯਾਨਸਮੁਦ੍ਰ ਅਤੇ ਸਾਖੀ ਆਦਿਕ ਅਨੇਕ ਹਨ. ਦੇਖੋ, ਸੁੰਦਰ ਜੀ ਦੀ ਕਵਿਤਾ-

ਕਾਮਿਨੀ ਕੀ ਦੇਹ ਅਤਿ ਕਹਿਯੇ ਸਘਨ ਵਨ

ਉਹਾਂ ਸੁਤੌ ਜਾਇ ਕੋਊ ਭੂਲਕੈ ਪਰਤ ਹੈ,

ਕੁੰਜਰ ਹੈ ਗਤਿ ਕਟਿ ਕੇਹਰਿ ਕੀ ਭਯ ਯਾਮੇ

ਬੇਨੀ ਕਾਰੀ ਨਾਗਨਿ ਸੀ ਫਣ ਕੋ ਧਰਤ ਹੈ,

ਕੁਚ ਹੈਂ ਪਹਾਰ ਜਹਾਂ ਕਾਮਚੋਰ ਬੈਠੋ, ਤਹਾਂ-

ਸਾਧ ਕੈ ਕਟਾਛ ਬਾਣ ਪ੍ਰਾਣ ਕੋ ਹਰਤ ਹੈ,

ਸੁੰਦਰ ਕਹਤ ਏਕ ਔਰ ਅਤਿ ਭਯ ਤਾਮੇ

ਰਾਖਸੀ ਵਦਨ ਖਾਵ ਖਾਵਹੀ ਕਰਤ ਹੈ.

ਸਾਚੋ ਉਪਦੇਸ਼ ਦੇਤ ਭਲੀ ਭਲੀ ਸੀਖ ਦੇਤ,

ਸਮਤਾ ਸੁਬੁੱਧਿ ਦੇਤ ਕੁਮਤਿ ਹਰਤ ਹੈਂ,

ਮਾਰਗ ਦਿਖਾਇ ਦੇਤ ਭਾਵਹੂੰ ਭਗਤਿ ਦੇਤ,

ਪ੍ਰੇਮ ਕੀ ਪ੍ਰਤੀਤ ਦੇਤ ਅਭਰਾ ਭਰਤ ਹੈਂ,

ਗਯਾਨ ਦੇਤ ਧਯਾਨ ਦੇਤ ਆਤਮਵਿਚਾਰ ਦੇਤ,

---

[254] ਦੇਖੋ, ਵਿਸ਼ਨੁ ਪੁਰਾਣ ਅੰਸ਼ ੩, ਅਃ ੨.

[255] ਮਤਿਵੰਤ. ਮਤਿਵਾਨ.

ਬ੍ਰਹ੍ਮ ਕੋ ਬਤਾਇ ਦੇਤ ਬ੍ਰਹ੍ਮ ਮੇ ਚਰਤ ਹੈਂ,

ਸੁੰਦਰ ਕਹਤ ਜਗ ਸੰਤ ਕਛੁ ਦੇਤ ਨਾਹੀ,

ਸੰਤ ਜਨ ਨਿਸਿ ਦਿਨ ਦੇਬੋਈ ਕਰਤ ਹੈਂ.

੫. ਇੱਕ ਮਾਛੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਸੀ. ਇਹ ਸੇਵਾ ਕਰਨ ਵਿੱਚ ਵਡਾ ਨਿਪੁਣ ਸੀ। ੬. ਬੁਰਹਾਨਪੁਰ ਨਿਵਾਸੀ ਇੱਕ ਸੱਜਨ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ। ੭. ਆਗਰਾ ਨਿਵਾਸੀ ਚੱਢਾ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ. ੮. ਦੇਖੋ, ਤ੍ਰਿਭੰਗੀ ਦਾ ਰੂਪ ੪. (ਸ), ੯. ਇੱਕ ਬ੍ਰਾਹਮਣ ਕਵਿ ਗਵਾਲਿਯਰ ਦੇ ਰਹਿਣ ਵਾਲਾ, ਜੋ ਸ਼ਾਹਜਹਾਂ ਦੇ ਦਰਬਾਰ ਦਾ ਕਵੀ ਸੀ. ੧੦. ਦੇਖੋ, ਸੁੰਦਰਸ਼ਾਹ.

ਸੁਦਰਸਨ: ਸੰ. ਸੁਦਸ਼ੰਨ. ਵਿ- ਸੁੰਦਰ ਹੈ ਜਿਸ ਦਾ ਦਰਸ਼ਨ. ਦਿਦਾਰੀ। ੨. ਸੰਗਯਾ- ਵਿਸ਼ਨੁ ਦਾ ਚਕ੍ਰ. ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ[256] ਕਿ ਵਿਸ਼੍ਵਕਰਮਾ ਨੇ ਸੂਰਜ ਨੂੰ ਖਰਾਦਕੇ ਉਸ ਦੇ ਛਿੱਲੜ ਤੋਂ, ਇਹ ਚਕ੍ਰ ਬਣਾਇਆ ਹੈ. ਲਿੰਗਪੁਰਾਣ ਵਿੱਚ ਲਿਖਿਆ ਹੈ ਕਿ ਸ਼ਿਵ ਦੀ ਪੂਜਾ ਕਰਕੇ ਵਿਸ਼ਨੁ ਨੇ ਇਹ ਚਕ੍ਰ ਪ੍ਰਾਪਤ ਕੀਤਾ। ੩. ਇੱਕ ਬ੍ਰਾਹਮਣ ਜੋ ਅਤ੍ਰਿ ਰਿਖਿ ਦੇ ਪੁਤ੍ਰ ਦੇ ਸ੍ਰਾਪ ਨਾਲ ਸੱਪ ਹੋ ਗਿਆ ਸੀ. ਇਸ ਨੂੰ ਸਰਪਯੋਨਿ ਤੋਂ ਕ੍ਰਿਸ਼ਨ ਜੀ ਨੇ ਛੁਡਾਇਆ. "ਬ੍ਰਾਹਮਨ ਹੋਯ ਗਯੋ ਸੁ ਵਹੈ ਫੁਨ ਨਾਮ ਸੁਦਰਸਨ ਹੈ ਪੁਨ ਜਾਕੋ." (ਕ੍ਰਿਸਨਾਵ) ੪. ਸ਼ਿਵ। ੫. ਮੱਛ। ੬. ਸੁਮੇਰੁ ਪਰਬਤ.

ਸੁਦਰਸ਼ਨ ਚੂਰਣ: ਹਰੜ, ਬਹੇੜਾ, ਆਉਲਾ, ਹਲਦੀ ਦਾਰੁਹਲਦੀ, ਛੋਟੀ ਕੰਟੇਲੀ ਵਡੀ ਕੰਟੇਲੀ, ਕਚੂਰ, ਕਾਲੀ ਮਿਰਚ, ਮਘ ਪਿੱਪਲ, ਪਿੱਪਲਾ ਮੂਲ, ਮੂਰਵਾ, ਸੁੰਢ, ਗਲੋਇ, ਧਮਾਸਾ, ਕੜੂ, ਪਿੱਤਪਾਪੜਾ, ਨਾਗਰਮੋਥਾ, ਤ੍ਰਾਯਮਾਣ, ਨੇਤ੍ਰਬਾਲਾ, ਨਿੰਮ ਦੀ ਛਿੱਲ, ਪੁਹਕਰ ਮੂਲ, ਮਲੱਠੀ, ਕੁੜਾ ਦੀ ਛਿੱਲ, ਅਜਵਾਇਨ, ਇੰਦ੍ਰ ਜੌਂ, ਭਾਰੰਗੀ, ਸੁਹਾਂਜਣੇ ਦੇ ਬੀਜ, ਫਟਕੜੀ, ਬਚ, ਦਾਲਚੀਨੀ, ਪਦਮਾਖ, ਚੰਦਨ, ਅਤੀਸ, ਖਰੈਹਟੀ, ਸ਼ਾਲਪਰਣੀ, ਪ੍ਰਿਸ਼੍ਨਪਰਣੀ, ਬਾਇਬੜਿੰਗ, ਤਗਰ, ਚਿੱਤੇ ਦੀ ਚਿੱਲ, ਦੇਵਦਾਰੁ, ਚਵ, ਪਟੋਲਪਤ੍ਰ, ਜੀਵਕ, ਰਿਸ਼ਭਕ, ਲੌਂਗ, ਵੰਸ਼ਲੋਚਨ, ਚਿੱਟਾ ਕਮਲ, ਕਾਕੋਲੀ, ਪਤ੍ਰਜ, ਜਾਵਿਤ੍ਰੀ, ਤਾਲੀਸਪਤ੍ਰ. ਇਹ ਬਵੰਜਾ ਔਖਧੀਆਂ ਸਮਾਨ ਵਜ਼ਨ ਦੀਆਂ ਲੈਕੇ ਇਨ੍ਹਾਂ ਸਭਨਾਂ ਤੋਂ ਅੱਧੇ ਤੋਲ ਦਾ ਚਰਾਇਤਾ ਮਿਲਾਕੇ, ਸਭ ਨੂੰ ਚੰਗੀ ਤਰਾਂ ਕੁੱਟਕੇ ਚੂਰਣ ਬਣਾਵੇ. ਇਹ ਸੁਦਰਸ਼ਨ ਚੂਰਣ ਸੀਤਲ ਜਲ ਨਾਲ ਸਵੇਰ ਵੇਲੇ ਸੇਵਨ ਕੀਤਾ, ਵਾਤ ਪਿੱਤ ਕਫ ਦੇ ਦੋਸ਼, ਵਿਖਮ ਜ੍ਵਰ, ਸਾਧਾਰਣ ਤਾਪ, ਭ੍ਰਮ, ਤ੍ਰਿਖਾ, ਖਾਂਸੀ, ਪਾਂਡੂ ਰੋਗ, ਹ੍ਰਿਦੈ ਰੋਗ, ਜੋੜਾਂ ਦਾ ਦਰਦ ਆਦਿਕ ਅਨੇਕ ਬਿਮਾਰੀਆਂ ਦੂਰ ਕਰਦਾ ਹੈ.

ਸੁਦਰਸ਼ਨਾ: ਦੁਰਯੋਧਨ ਦੀ ਪੁਤ੍ਰੀ। ੨. ਸੋਹਣੀ. ਸੁੰਦਰੀ. ਜੋ ਦੇਖਣ ਵਿੱਚ ਚੰਗੀ ਹੈ.

ਸੁੰਦਰ ਸ਼ਾਹ: ਕੀਰਤਪੁਰ ਨਿਵਾਸੀ ਸਾਈਂ ਬੁੱਢਣਸ਼ਾਹ ਦਾ ਚੇਲਾ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਾਦਿਕ, ਜੋ ਭਾਈ ਬਿਧੀਚੰਦ ਦਾ ਮਿਤ੍ਰ ਸੀ. ਇਹ ਸਸਰਾਂਵ ਅਤੇ ਦੇਉ ਨਗਰ ਆਪਣੇ ਮੁਰੀਦਾਂ ਪਾਸ ਰਿਹਾ ਕਰਦਾ ਸੀ. ਦੇਖੋ, ਬਿਧੀ ਚੰਦ.

ਸੁੰਦਰ ਸੋਹਣਾ: ਵਿ- ਸੁੰਦਰ ਅਤੇ ਖ਼ੁਸ਼. ਖ਼ੂਬਸੂਰਤ ਅਤੇ ਪ੍ਰਸੰਨ. "ਸੇਈ ਸੁੰਦਰ ਸੋਹਣੇ." (ਮਾਝ ਅਃ ਮਃ ੫) ਦੇਖੋ, ਸੋਹਣਾ.

ਸੁੰਦਰਤੀ ਅਤਿ ਮਾਖਨ ਕੋ: (ਕ੍ਰਿਸਨਾਵ) ਅਵਾਣ ਲਿਖਾਰੀ ਦੀ ਕ੍ਰਿਪਾ ਨਾਲ ਇਹ ਪਾਠ ਬਿਗੜ ਗਿਆ ਹੈ. ਸ਼ੁੱਧ ਇਉਂ ਹੈ- "ਜਨੁ ਸੁੰਦਰਤਾ ਅਤਿਮਾਨੁਖ ਕੋ ਸਬ ਧਾਇ ਧਸੀ ਹਰਿ ਕੇ ਨਗ ਮੈਂ." (੧੧੮) ਹਰਿ ਅਤਿਮਾਨੁਖ ਕੇ ਦੇਹੰ ਰੂਪ ਨਗ ਵਿੱਚ ਸਭ ਸੁੰਦਰਤਾ ਪ੍ਰਵੇਸ਼ ਹੋ ਗਈ ਹੈ. ਦੇਖੋ, ਅਤਿਮਾਨੁਖ.

ਸੁੰਦਰ ਦਾਸ: ਦੇਖੋ, ਸੁੰਦਰ ੪.

ਸੁੰਦਰਾਈ: ਸੰਗਯਾ- ਸੌਂਦਰਯ. ਸੁੰਦਰਤਾ. ਖ਼ੂਬਸੂਰਤੀ.

ਸੁੰਦਰਿ: ਦੇਖੋ, ਸਵੈਯੇ ਦਾ ਰੂਪ ੨੪। ੨. ਦੇਖੋ, ਸੁੰਦਰੀ. "ਸੁੰਦਰਿ ਸਾਇ ਸਰੂਪਿ ਬਿਚਖਣਿ." (ਤਿਲੰ ਮਃ ੧)

---

[256] ਦੇਖੋ, ਵਿਸਨੁ ਪੁਰਾਣ ਅੰਸ਼ ੩. ਅਃ ੨.

ਸੁੰਦਰੀ: ਦੇਖੋ, ਸਵੈਯੇ ਦਾ ਰੂਪ ੧੬। ੨. ਪਿੰਗਲ- ਗ੍ਰੰਥਾਂ ਵਿੱਚ ਬਾਰਾਂ ਅੱਖਰਾਂ ਦਾ ਇੱਕ ਛੰਦ ਭੀ "ਸੁੰਦਰੀ" ਹੈ ਇਸ ਦੇ ਪ੍ਰਤਿ ਚਰਣ ਨ, ਭ, ਭ, ਰ, ਹੁੰਦਾ ਹੈ. ਇਸ ਦੀ ਸੰਗ੍ਯਾ "ਦ੍ਰੁਤਵਿਲੰਬਿਤਾ" ਭੀ ਹੈ.

ਉਦਾਹਰਣ-

ਦੁਖਭਰੀ ਜਗ ਆਸਨ ਤਜਾਗਰੀ,

ਜਪ ਹਰੀ ਗੁਰੁਪਾਦਨ ਲਾਗਰੀ. xxx

(ਅ) ਰਾਮਚੰਦ੍ਰਿਕਾ ਵਿੱਚ "ਮੋਦਕ" ਛੰਦ ਦਾ ਹੀ ਨਾਉਂ ਸੁੰਦਰੀ ਆਇਆ ਹੈ, ਯਥਾ-

ਰਾਜ ਤਜ੍ਯੋ ਧਨ ਧਾਮ ਤਜ੍ਯੋ ਸਬ,

ਨਾਰਿ ਤਜੀ ਸੁਤ ਸ਼ੋਚ ਤਜ੍ਯੋ ਸਬ,

ਆਪਨਪੌ ਜੁ ਤਜ੍ਯੋ ਜਗਬੰਦਹਿ,

ਸਤ੍ਯ ਨ ਏਕ ਤਜ੍ਯੋ ਹਰਿਚੰਦਹਿ.

ਇਹੀ ਰੂਪ ਦਸਮਗ੍ਰੰਥ ਵਿਚ ਰਾਮਾਵਤਾਰ ਦੇ ਪੰਜਵੇਂ ਅਧ੍ਯਾਯ ਵਿੱਚ ਦੇਖੀਦਾ ਹੈ, ਯਥਾ-

ਸੂਪਨਖਾ ਇਹ ਭਾਂਤ ਸੁਨੀ ਜਬ,

ਧਾਯ ਚਲੀ ਅਵਿਲੰਬ ਤ੍ਰਿਯਾ ਤਬ,

ਕਾਮ ਅਰੂਪ ਕਲੇਵਰ ਜਾਨਿਯ,

ਰੂਪ ਸਰੂਪ ਤਿਹੂ ਪੁਰ ਮਾਨਿਯ.

(ੲ) ਦਸਮਗ੍ਰੰਥ ਰਾਮਾਵਤਾਰ ਦੇ ਦੂਜੇ ਅਧ੍ਯਾਯ ਵਿੱਚ ਸੁੰਦਰੀ ਦਾ ਰੂਪ ਹੈ ਪ੍ਰਤਿ ਚਰਣ ੧੬. ਮਾਤ੍ਰਾ, ਅੰਤ ਮਗਣ. ਉਦਾਹਰਣ-

ਭਟ ਹੁੰਕੇ ਧੁੰਕੇ ਬੰਕਾਰੇ,

ਰਣ ਬੱਜੇ ਗੱਜੇ ਨੱਗਾਰੇ,

ਰਣ ਹੁੱਲ ਕਲੋਲੰ ਹੁੱਲਾਲੰ,

ਢਲਹੱਲੰ ਢਾਲੰ ਉੱਛਾਲੰ.

੩. ਸੁੰਦਰ ਬਣ ਵਿੱਚ ਹੋਣ ਵਾਲੀ ਇੱਕ ਲੱਕੜ, ਜੋ ਬਹੁਤ ਲਚਕੀਲੀ ਹੁੰਦੀ ਹੈ. ਬੱਘੀਆਂ ਦੇ ਬੰਬ ਆਦਿਕ ਇਸ ਦੇ ਬਣਦੇ ਹਨ. L. Heretiera minora । ੪. ਦੇਖੋ, ਸੁੰਦਰੀ ਮਾਤਾ। ੫. ਵਿ- ਸੋਹਣੀ. ਸੁੰਦਰਤਾ ਵਾਲੀ.

ਸੁੰਦਰੀ ਮਾਤਾ: ਲਹੌਰ ਨਿਵਾਸੀ ਰਾਮਸਰਨ ਕੁਮਰਾਵ ਖਤ੍ਰੀ ਦੀ ਸੁਪੁਤ੍ਰੀ, ਜਿਸ ਦਾ ਆਨੰਦ ੭. ਵੈਸਾਖ ਸੰਮਤ ੧੭੪੧ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ. ਇਸੇ ਦੀ ਕੁੱਖ ਤੋਂ ਸ਼ਾਹਜ਼ਾਦਾ ਅਜੀਤ ਸਿੰਘ ਜੀ ਪ੍ਰਗਟੇ ਸਨ.

ਦਸ਼ਮੇਸ਼ ਦੇ ਜੋਤੀ ਜੋਤਿ ਸਮਾਉਣ ਪਿਛੋਂ ਆਪ ਦਾ ਪੰਥ ਉੱਤੇ ਪੂਰਾ ਹੁਕਮ ਚਲਦਾ ਰਿਹਾ ਹੈ.[257] ਭਾਈ ਮਨੀ ਸਿੰਘ ਜੀ ਨੂੰ ਇਨ੍ਹਾਂ ਨੇ ਹਰਿਮੰਦਿਰ (ਅਮ੍ਰਿਤਸਰ) ਦਾ ਗ੍ਰੰਥੀ ਥਾਪਕੇ ਭੇਜਿਆ ਸੀ. ਮਾਤਾ ਜੀ ਨੇ ਆਪਣੀ ਅੰਤਿਮ ਅਵਸਥਾ ਦਿੱਲੀ ਰਹਿਕੇ ਵਿਤਾਈ. ਕੁਝ ਕਾਲ ਮਥੁਰਾ ਭੀ ਜਾ ਰਹੇ ਸਨ, ਜਿਸ ਥਾਂ ਆਪ ਦੀ ਹਵੇਲੀ ਦੇਖੀ ਜਾਂਦੀ ਹੈ. ਉਸ ਸਮੇਂ ਜਯਪੁਰ ਵੱਲੋਂ ਦੋ ਪਿੰਡ ਜਾਗੀਰ ਵਿੱਚ ਮਾਤਾ ਜੀ ਦੀ ਭੇਟਾ ਕੀਤੇ ਗਏ ਸਨ. ਮਥੁਰਾ ਤੋਂ ਫੇਰ ਦਿੱਲੀ ਮਾਤਾ ਜੀ ਵਾਪਿਸ ਆ ਗਏ ਅਰ ਉਸੇ ਥਾਂ ਸੰਮਤ

[257] ਪੂਰਬ ਦੇ ਗੁਰਦੁਆਰਿਆਂ ਵਿੱਚ ਮਾਤਾ ਜੀ ਦੇ ਜਾਰੀ ਕੀਤੇ ਹੁਕਮਨਾਮੇ ਅਨੇਕ ਥਾਂ ਮਿਲਦੇ ਹਨ.

੧੯੦੪ ਵਿੱਚ ਦੇਹਾਂਤ ਹੋਇਆ. ਆਪ ਦੀ ਹਵੇਲੀ ਤੁਰਕਮਾਨ ਦਰਵਾਜੇ ਤੋਂ ਬਾਹਰ ਸੀਸਗੰਜ ਤੋਂ ਡੇਢ ਮੀਲ ਦੀ ਵਿੱਥ ਪੁਰ ਹੈ.

ਕਲਗੀਧਰ ਨੇ ਜੋ ਸ਼ਸਤ੍ਰ ਮਾਤਾ ਸਾਹਿਬ ਕੌਰ ਜੀ ਨੂੰ ਅਬਿਚਲਨਗਰ ਤੋਂ ਤੁਰਨ ਵੇਲੇ ਸਪੁਰਦ ਕੀਤੇ ਸਨ, ਉਹ ਮਾਤਾ ਸਾਹਿਬ ਜੀ ਨੇ ਦੇਹਾਂਤ ਸਮੇਂ ਮਾਤਾ ਸੁੰਦਰੀ ਜੀ ਦੇ ਹਵਾਲੇ ਕੀਤੇ, ਮਾਤਾ ਸੁੰਦਰੀ ਜੀ ਨੇ ਆਪਣੇ ਦੇਹਾਂਤ ਸਮੇਂ ਆਪਣੇ ਸੇਵਕ ਜੀਵਨ ਸਿੰਘ ਨੂੰ ਦੇ ਕੇ ਅਦਬ ਨਾਲ ਰੱਖਣ ਦੀ ਆਗਯਾ ਕੀਤੀ. ਜੀਵਨ ਸਿੰਘ ਦੇ ਪੁਤ੍ਰ ਬਖਤਾਵਰ ਸਿੰਘ ਨੇ, ਉਸ ਦੇ ਪੁਤ੍ਰ ਮਿੱਠੂ ਸਿੰਘ ਨੇ, ਉਸਦੇ ਪੁਤ੍ਰ ਸੇਵਾ ਸਿੰਘ ਨੇ, ਉਸ ਦੇ ਪੁਤ੍ਰ ਭਾਨ ਸਿੰਘ ਨੇ ਇਹ ਸ਼ਸਤ੍ਰ ਆਪਣੇ ਘਰ ਰੱਖੇ. ਭਾਈ ਭਾਨ ਸਿੰਘ ਦੇ ਮੁਤਬੰਨੇ ਆਤਮਾ ਸਿੰਘ ਨੇ ਪੰਥ ਦੀ ਇੱਛਾ ਅਨੁਸਾਰ ਗੁਰੁਦ੍ਵਾਰਾ ਰਕਾਬਗੰਜ ਵਿੱਚ ਅਸਥਾਪਨ ਕਰ ਦਿੱਤੇ ਹਨ. ਸ਼ਸਤ੍ਰ ਇਹ ਹਨ- ਇੱਕ ਤਲਵਾਰ, ਇੱਕ ਖੰਡਾ, ਇੱਕ ਖੰਜਰ ਅਤੇ ਦੋ ਕਟਾਰ. ਦੇਖੋ, ਦਿੱਲੀ.

ਸੁਦਾ: ਦੇਖੋ, ਸਉਦਾ ੪। ੨. ਦੇਖੋ, ਸੁੱਦਾ। ੩. ਸ਼ੁਦਾ. ਸ਼ੁਦਨ ਦਾ ਭੂਤਕਾਲ. ਸ਼ੁਦਹ.

ਸੁਦਾਈ: ਵਿ- ਸੌਦਾ ਵਾਲਾ. ਸਿਰੜਾ. ਦੇਖੋ ਸਉਦਾਈ.

ਸੁਦਾਗਰ: ਦੇਖੋ, ਸਉਦਾਗਰ.

ਸੁਦਾਮਨਿ: ਸੰ. ਸੌਦਾਮਨੀ. ਸੰਗਯਾ- ਬਿਜਲੀ, ਜੋ ਸੁਦਾਮਾ ਪਹਾੜ ਤੋਂ ਉਪਜੀ ਮੰਨੀ ਹੈ. "ਸੁਦਾਮਨਿ ਜਯੋਂ ਦੁਰਗਾ ਦਮਕੈ." (ਚੰਡੀ ੧) ੨. ਸੁਦਾਮਨ (ਇੰਦ੍ਰ ਅਥਵਾ ਬੱਦਲ) ਨਾਲ ਹੈ ਜਿਸ ਦਾ ਸੰਬੰਧ.

ਸੁਦਾਮਾ: ਸੰ. सुदामन ਇੱਕ ਕੰਗਾਲ ਬ੍ਰਾਹਮਣ, ਜੋ ਕ੍ਰਿਸ਼ਨ ਜੀ ਹਮਜਮਾਤੀ ਅਤੇ ਮਿਤ੍ਰ ਸੀ. ਇਹ ਇਸਤ੍ਰੀ ਦਾ ਪ੍ਰੇਰਿਆ ਹੋਇਆ ਕ੍ਰਿਸ਼ਨ ਜੀ ਪਾਸ ਦ੍ਵਾਰਿਕਾ ਪਹੁਚਿਆ. "ਦਾਲਦਭੰਜ ਸੁਦਾਮੇ ਮਿਲਿਓ." (ਮਾਰੂ ਮਃ ੫) "ਬਿਪ ਸੁਦਾਮਾ ਦਾਲਦੀ." (ਭਾਗੁ) ਇਸ ਦਾ ਨਾਉਂ ਭਾਗਵਤ ਵਿੱਚ "ਸ਼੍ਰੀ ਦਾਮ" ਭੀ ਲਿਖਿਆ ਹੈ. ਦੇਖੋ, ਸਕੰਧ ੧੦, ਅਃ ੮੦, ੮੧.[258] ੨. ਬੁੰਦੇਲਖੰਡ ਦਾ ਨਿਵਾਸੀ ਇੱਕ ਕਵੀ, ਜੋ ਕੁਝ ਸਮਾਂ ਸ਼੍ਰੀ ਗੁਰੂ ਗੋਬਿਦ ਸਿੰਘ ਸ੍ਵਾਮੀ ਦੇ ਦਰਬਾਰ ਵਿੱਚ ਹਾਜਿਰ ਰਿਹਾ, ਸੁਦਾਮੇ ਦੀ ਰਚਨਾ ਇਹ ਹੈ-

ਏਕੈ ਸੰਗਿ ਪਢੇ ਹੈਂ ਅਵੰਤਿਕਾ ਸੰਦੀਪਿਨੀ ਕੇ,

ਸੋਈ ਸੁਧ ਆਈ ਤੋ ਬੁਲਾਇ ਬੂਝੀ ਬਾਮਾ ਮੈ,

ਪੁੰਗੀਫਲ ਹੋਤ ਤੌ ਅਸੀ ਦੇਤੋ ਨਾਥ ਜੀ ਕੋ,

ਤੰਦੁਲ ਲੇ ਦੀਨੇ ਬਾਂਧ ਲੀਨੇ ਫਟੇ ਜਾਮਾ ਮੈ,

ਦੀਨਦਯਾਲੁ ਸੁਨਕੈ ਦਯਾਲੁ ਦਰਬਾਰ ਮਿਲੇ,

ਏਤੋ ਕੁਛ ਦੀਨੋ ਪਾਈ ਅਗਨਿਤ ਸਾਮਾ ਮੈ,

ਪ੍ਰੀਤਿ ਕਰ ਜਾਨੈ ਗੁਰੁ ਗੋਬਿੰਦ ਕੈ ਮਾਨੇ ਤਾਂਤੇ,

ਵਹੀ ਤੂੰ ਗੋਬਿੰਦ ਵਹੀ ਬਾਮ੍ਹਨ ਸੁਦਾਮਾ ਮੈ. ੩. ਬੱਦਲ. ਮੇਘ। ੪. ਸਮੁੰਦਰ। ੫. ਐਰਾਵਤ ਹਾਥੀ। ੬. ਇੰਦ੍ਰ। ੭. ਇੱਕ ਬਿਲੌਰ ਦਾ ਪਹਾੜ, ਜਿਸ ਤੋਂ ਪੁਰਾਣਾਂ ਨੇ ਬਿਜਲੀ ਦਾ ਪੈਦਾ ਹੋਣਾ ਮੰਨਿਆ ਹੈ. ੮. ਵਿ- ਉਦਾਰ.

ਸੁਦਾਮਾਪੁਰੀ: ਦੇਖੋ, ਸੁਦਾਮਾ ੧. ਦਾ ਫੁਟਨੋਟ.

ਸੁਦਿ: ਸੰ. शुदि ਸ਼ੁਕਲ ਦਿਨ ਦਾ ਸੰਖੇਪ. ਚੰਦ ਦੇ ਮਹੀਨੇ ਦਾ ਚਾਨਣਾ ਪੱਖ. ਸ਼ੁਕਲ ਪੱਖ.

---

[258] ਕਾਠੀਆਵਾੜ ਵਿੱਚ ਪੋਰ ਬੰਦਰ (Porbaindar) ਦੇ ਨਾਉਂ ਪੁਰਾਣੇ ਸਮੇਂ ਸੁਦਾਮਾਪੁਰੀ ਹੈ.

ਸੁਦਿਨ: ਵਿ- ਚੰਗਾ ਦਿਨ.

ਸੁਦੀ: ਦੇਖੋ, ਸੁਦਿ.

ਸੁਦੇਸ: ਵਿ- ਉੱਤਮ ਦੇਸ਼। ੨. ਸੁਦੈਸ਼. ਉੱਤਮ ਦੇਸ਼ ਸੰਬੰਧੀ. "ਸੁਦੇਸ ਕਾਵਜ ਭਾਖ ਹੈਂ." (ਬ੍ਰਹਮਾਵ) ੩. ਸ੍ਵਦੇਸ਼. ਆਪਣਾ ਇਲਾਕਾ. "ਹਨਜੋ ਸ੍ਰਵਣ ਤਵ ਸੁਤ ਸੁਦੇਸ." (ਰਾਮਾਵ)

ਸੁਦੇਸੀ: ਕ੍ਰਿ. ਵਿ- ਸੁਦੇਹਾਂ. ਸ਼ਵੇਰੇ। ੨. ਵਿ- ਸ੍ਵਦੇਸ਼ੀ. ਆਪਣੇ ਦੇਸ਼ ਦਾ.

ਸੁਦੇਹ: ਸੰਗਜਾ- ਉੱਤਮ ਦੇਹ. ਮਨੁੱਖ ਦੇਹ। ੨. ਅਰੋਗ ਦੇਹ.

ਸੁਦੇਹੀ: ਦੇਖੋ, ਸੁਦੇਹ। ੨. ਸੁਦੇਹਿਨ ਵਿ- ਸੁੰਦਰ ਦੇਹ ਵਾਲਾ.

ਸੁੱਦਾ: ਅ਼. سُدّہ ਸੰਗਜਾ- ਅੰਤੜੀ ਵਿੱਚ ਹੋਈ ਮੈਲ ਦੀ ਗੱਠ. Scybalum.

ਸੁਦ੍ਰ: ਦੇਖੋ, ਸ਼ੂਦ੍ਰ. "ਛਿਤਿ ਭਈ ਸੁਦ੍ਰ." (ਕਲਕੀ)

ਸੁਧ: ਸੰਗਜਾ- ਖਬਰ. ਸਮਾਚਾਰ। ੨. ਹੋਸ਼. ਬੁੱਧਿ. "ਸੁਧ ਜਬ ਤੇ ਹਮ ਧਰੀ." (ਚਰਿਤ੍ਰ ੨੨) ੩. ਸ਼ੁੱਧ. ਵਿ- ਸਾਫ. ਸ੍ਵੱਛ. "ਤਬ ਹੋਏ ਮਨ ਸੁਧ ਪਰਾਨੀ." (ਰਾਮ ਮਃ ੫) ੪. ਨਿਰਦੋਸ਼. "ਸੁਧੁ ਭਤਾਰੁ ਹਰਿ ਛੋਡਿਆ." (ਵਾਰ ਸੂਹੀ ਮਃ ੩) ੫. ਖ਼ਾਲਿਸ. ਨਿਰੋਲ। ੬. ਸੁਧਾ (ਅਮ੍ਰਿਤ) ਲਈ ਭੀ ਸੁਧ ਸ਼ਬਦ ਆਇਆ ਹੈ. ਦੇਖੋ, ਸੁਧਰਸ। ੭. ਸੰ. ਸ਼ੁਧ ਧਾ- ਪਵਿਤ੍ਰ ਹੋਣਾ. ਪਾਕ ਹੋਣਾ.

ਸੁਧਬੁਧ, ਸੁਧਬੁਧਿ: ਹੋਸ਼ ਹਵਾਸ। ੨. ਸ਼ੁੱਧ ਬੁਧਿ. ਨਿਰਮਲ ਮਤਿ। ੩. ਫ਼ਾ. شُدبُد ਸ਼ੁਦਬੁਦ. ਹੋਇਆ ਸੀ. ਭਾਵ- ਕਿਸੇ ਵਿਦਜਾ ਦਾ ਬਾਕੀ ਰਿਹਾ ਅਸਰ। ੪. ਥੋੜਾ ਗਜਾਨ. ਸ਼ੁਦ ਦਾ ਕੀ ਅਰਥ ਹੈ ਅਤੇ ਬੁਦ ਦਾ ਕੀ ਹੈ ਇਤਨੀ ਸਮਝ. ਭਾਵ- ਫਾਰਸੀ ਦਾ ਕੁਝ ਗਜਾਨ.

ਸੁਧਭਤਾਰ: ਵਿ- ਧਰਮਪਤਿ. "ਸੁਧਭਤਾਰ ਹਰਿ ਛੋਡਿਆ." (ਵਾਰ ਸੂਹੀ ਮਃ ੩) ੨. ਜੋ ਪਤਿ, ਪਰ ਇਸਤ੍ਰੀ ਵੱਲ ਖਿਆਲ ਨਹੀ. ਕਰਦਾ. ਸ਼ੁੱਧਾਚਾਰੀ ਪਤਿ.

ਸੁਧਰਸ: ਸੰਗਜਾ- ਸੁਧਾ ਰਸ. ਅਮ੍ਰਿਤ ਰਸ. "ਸੁਧਰਸ ਨਾਮ ਮਹਾਰਸ ਮੀਠਾ." (ਸਾਰ ਅਃ ਮਃ ੧) ੨. ਸ਼ੁੱਧ ਰਸ. ਪਵਿਤ੍ਰ ਰਸ.

ਸੁਧਰਸੇਨ: ਜਨਮਸਾਖੀ ਅਨੁਸਾਰ ਬਸ਼ਹਰ ਦਾ ਰਾਜਾ, ਜੋ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੋਇਆ.

ਸੁਧਰਮਾ: ਸੰ. ਸੁਧਰਮਾ ਸੰਗਜਾ- ਇੰਦ੍ਰ ਦੀ ਸਭਾ. ਦੇਵ- ਸਭਾ. "ਵਚ ਸੁਨ ਜਿਨਹਿ ਸੁਧਰਮਾ ਲਾਜੈ." (ਨਾਪ੍ਰ) ੨. ਵਿ- ਧਰਮ ਪਰਾਇਣ. ਉੱਤਮ ਧਰਮ ਧਾਰਨ ਵਾਲਾ.

ਸੁਧਰਮੀ, ਸੁਧਰਮੀੜਾ: ਵਿ- ਉਤੱਮ ਧਰਮ ਦੇ ਧਾਰਨ ਵਾਲਾ. ਸ਼੍ਰੇਸ਼੍ਠ ਧਰਮ ਧਾਰੀ. "ਬੋਲ ਸੁਧਰਮੀੜਿਆ, ਮੋਨ ਕਤ ਧਾਰੀ ਰਾਮ?" (ਬਿਹਾ ਛੰਤ ਮਃ ੫)

ਸੁਧਾ: ਦੇਖੋ, ਸੁੱਧਾ। ੨. ਸੰ. ਸੰਗਜਾ- ਅਮ੍ਰਿਤ। ੩. ਸ਼ਹਿਦ। ੪. ਜਲ। ੫. ਪਾਹੁਲ। ੬. ਚੂਨਾ. ਕਲੀ। ੭. ਦੇਖੋ, ਸ੍ਵਧਾ. "ਸੁਆਹਾ ਸੁਧਾਯੰ ਨਮੋ ਸੀਤਲੇਯੰ." (ਚੰਡੀ ੨)

ਸੁਧਾਈ: ਸੰਗਜਾ- ਸ਼ੋਧਨ (ਸ਼ੁੱਧ ਕਰਨ) ਦੀ ਕ੍ਰਿਯਾ। ੨. ਸੋਧਣ ਦੀ ਉਜਰਤ।

ਸੁਧਾਸਰ: ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਰਚਿਆ ਰਾਮਦਾਸ ਪੁਰ ਦੇ ਮੱਧ ਅਮ੍ਰਿਤਸਰੋਵਰ. "ਪਹੁਚੇ ਆਨ ਸੁਧਾਸਰ ਸਾਰੇ." (ਗੁਪ੍ਰਸੂ) ਦੇਖੋ, ਅਮ੍ਰਿਤਸਰ.

ਹਾਂਸੀ ਗਈ ਭੂਲ ਯਮਦੂਤਨ ਉਦਾਸੀ ਭਈ

ਪਾਪ ਕੀ ਕਲਾ ਸੀ ਨ ਤਲਾਸੀ ਕਰੈ ਡਰਕੇ,

ਸਤਜ ਕੀ ਅਟਾ ਸੀ ਜਹਾਂ ਧਰਮ ਕੀ ਘਟਾ ਸੀ

ਦਾਨਪੁੰਨ ਕੀ ਛਟਾ ਸੀ ਸੋਕਨਾਸੀ ਦੀਨ ਤਰ ਕੇ,

ਗ੍ਵਾਲਕਵਿ ਖਾਸੀ ਧੁਨਿ ਵੇਦ ਕੀ ਪ੍ਰਕਾਸੀ ਮਹਾਂ

ਨਾਰੀ ਕਮਲਾ ਸੀ ਰੂਪ ਵਾਸੀ ਮੈਨ ਸਰ[259] ਕੇ,

ਕਾਸੀ ਕੀ ਨ ਚਾਹ ਅਵਿਨਾਸੀ ਹਨਐ ਮਵਾਸੀ ਰਹੈਂ,

ਦਾਸੀ ਕਰ ਰਾਖੀ ਮੋਖ ਵਾਸੀ ਸੁਧਾਸਰ ਕੇ.

੨. ਕਵਿ ਗੋਪਾਲ ਸਿੰਘ ਦਾ, (ਜਿਸ ਦੀ ਛਾਪ "ਨਵੀਨ" ਹੈ) ਰਚਿਆ ਹੋਇਆ ਸਾਹਿਤਜ ਗ੍ਰੰਥ, ਜਿਸ ਵਿੱਚ ੬੦ ਉੱਤਮ ਕਵੀਆਂ ਦੇ ਰਚੇ ਹੋਏ ੨੬੧੬ ਛੰਦ ਪ੍ਰਕਰਣ ਅਨੁਸਾਰ ਜੋੜੇ ਹੋਏ ਹਨ. ਇਹ ਕਵੀ ਨਾਭਾਪਤਿ ਮਹਾਰਾਜਾ ਜਸਵੰਤ ਸਿੰਘ ਜੀ ਦਾ ਦਰਬਾਰੀ ਸੀ.

"ਸੁਬਸ ਬਸੋ ਨਾਭਾ ਨਗਰ ਘਰ ਘਰ ਜਹਾਂ ਅਨੰਦ,

ਬੰਦਨੀਯ ਸਭ ਜਗਤ ਕੋ ਜਜੋਂ ਦੁਤਿਯਾ ਕੋ ਚੰਦ.

ਸ਼੍ਰੀ ਮਤ ਨ੍ਰਿਪ ਜਸਵੰਤ ਹਰਿ ਮਾਲਵੇਂਦ੍ਰ ਮਹਰਾਜ,

ਸੁਖ ਦੈ ਸਕਲ ਪ੍ਰਜਾਨਕੋ ਜਹਾਂ ਕਰੈ ਹੈ ਰਾਜ.

ਸ਼੍ਰੀ ਵ੍ਰਿੰਦਾਬਨ ਧਾਮ ਕੋ ਬਾਸੀ ਦੀਨ ਨਵੀਨ,

ਤਹਿਂ ਆਯੋ ਸੁਨਕੈ ਸੁਯਸ਼ ਦੇਖੀ ਸਭਾ ਪ੍ਰਬੀਨ.

ਪਰਾਚੀਨ ਕਵਿ ਯੁਕ੍ਤਿ ਕੋ ਨ੍ਰਿਪ ਬਰ ਚਿੱਤ ਉਮਾਹ,

ਪਾਇ ਹੁਕਮ ਯਹ ਤਬ ਕਿਯੋ ਗ੍ਰੰਥ "ਸੁਧਾਸਰ" ਚਾਹ.

ਪ੍ਰਭੁ ਸਿਧਿ ਕਵਿਰਸ ਤਤ੍ਵ ਗਨ ਸੰਬਤ ਸਰ ਅਵਰੇਖ,

ਅਰਜਨ ਸੁਕਲਾ ਪੰਚਮੀ ਸੋਮ "ਸੁਧਾਸਰ" ਲੇਖ.

ਸੰਮਤ ੧੯੬੫ ਫੱਗੁਣ ਸੁਦੀ ੫. ਸੋਮਵਾਰ ਨੂੰ ਇਹ ਗ੍ਰੰਥ ਸਮਾਪਤ ਹੋਇਆ.

**ਸੁਧਾ ਸਰੋਵਰ:** ਅਮ੍ਰਿਤਸਰ ਦੇਖੋ, ਸੁਧਾਸਰ ੧. "ਸੁਧਾਸਰੋਵਰ ਕਰ ਇਨਸਾਨ." (ਗੁਪ੍ਰਸੂ)

**ਸੁਧਾਂਸ਼ੁ:** ਸੰ. ਸੰਗਯਾ- ਚੰਦ੍ਰਮਾ. ਜਿਸ ਦੀ ਅੰਸ਼ੁ (ਕਿਰਣਾਂ) ਵਿੱਚ ਸੁਧਾ (ਅਮ੍ਰਿਤ) ਹੈ.

**ਸੁਧਾਸ੍ਰਵ:** ਸੰ. ਸੰਗਯਾ- ਚੰਦ੍ਰਮਾ, ਜਿਸ ਤੋਂ ਅਮ੍ਰਿਤ ਸ੍ਰਵ (ਟਪਕਦਾ) ਹੈ.

**ਸੁਧਾਹਰ:** ਅਮ੍ਰਿਤ ਚੁਰਾਉਣ ਵਾਲਾ ਗਰੁੜ. ਦੇਖੋ, ਗਰੁੜ.

**ਸੁਧਾਂਕ:** ਸ਼ੁੱਧ- ਅੰਕ ( ਅੰਗ).

---

[259] ਮਦਨ (ਕਾਮ) ਸਮਾਨ.

ਸੁਧਾਕਰ: ਸੰ. ਸੰਗਯਾ- ਚੰਦ੍ਰਮਾ, ਜਿਸ ਦੀ ਕਿਰਣਾਂ ਵਿੱਚ ਅਮ੍ਰਿਤ ਹੈ.

ਸੁਧਾਖਰ, ਸੁਧਾਖਰੁ, ਸੁਧਾਖ੍ਯਰ: ਵ- ਸ਼ੁੱਧ ਅਤੇ ਅਕ੍ਸ਼ਰ. ਨਿਰਮਲ ਅਤੇ ਅਵਿਨਾਸ਼ੀ। ੨. ਸੰਗਯਾ- ਪਾਰਬ੍ਰਹਮ. ਕਰਤਾਰ. "ਏਕੁ ਸੁਧਾਖਰੁ ਜਾਕੈ ਹਿਰਦੈ ਵਸਿਆ, ਤਿਨ ਬੇਦਹਿ ਤਤੁ ਪਛਾਨਿਆ." (ਸਾਰ ਮਃ ੩) ੩. ¤, ਜੋ ਪਵਿਤ੍ਰ ਵਰਣ ਹੈ."ਬੂਝੈ ਨਾਹੀ ਏਕ ਸੁਧਾਖਰੁ." (ਗਉ ਮਃ ੫) ੪. ਸ਼ੋਧਨ ਕਰਕੇ ਅਕ੍ਸ਼ਰ, ਭਾਵ ਸਾਰੇ ਅੱਖਰ (ਲੇਖ) ਵਿਚਾਰਕੇ. "ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ। ਕੀਨੇ ਰਾਮ ਨਾਮ ਇਕ ਆਖ੍ਯਰ." (ਸੁਖਮਨੀ)

ਸੁਧਾਣ: ਦੇਖੋ, ਸੰਧਾਨ. "ਸੁਬਾਣੰ ਸੁਧਾਣੰ" (ਕਲਕੀ)

ਸੁਧਾਤੁ: ਉੱਤਮ ਧਾਤੁ. ਸੋਨਾ। ੨. ਖ਼ਾ. ਲੋਹਾ. ਸਰਵਲੋਹ.

ਸੁਧਾਦਕ, ਸੁਧਾਦਿਕ: ਸੰਗਯਾ- ਦੇਵਤਾ, ਜੋ ਅਮ੍ਰਿਤ ਨੂੰ ਅਦ (ਭੱਛਨ) ਕਰਦੇ ਹਨ. "ਸੂਰ ਸੁਰਾਰਦਨ ਸੁੱਧ ਸੁਧਾਦਿਕ." (ਅਕਾਲ)

ਸੁਧਾਧਰ: ਸੰਗਯਾ- ਚੰਦ੍ਰਮਾ, ਜੋ ਅਮ੍ਰਿਤ ਧਾਰਨ ਕਰਦਾ ਹੈ। ੨. ਦੇਖੋ, ਹਾਕਲ.

ਸੁਧਾਧਾਰੀ: ਅਮ੍ਰਿਤਧਾਰੀ ਸਿੰਘ. ਖੰਡੇ ਦੀ ਪਾਹੁਲ ਜਿਸ ਨੇ ਲਈ ਹੈ। ੨. ਦੇਖੋ, ਸੁਧਾਧਰ.

ਸੁਧਾਨ: ਸੰਗਯਾ- ਪਿਧਾਨ. ਮਿਆਂਨ. ਕੋਸ਼, ਨਯਾਮ. "ਜਿਹਵਾ ਸੁਧਾਨ ਖਗ ਉੱਧ ਸੋਹ." (ਦੱਤਾਵ) ਦੱਤ ਦੀ ਜਬਾਨ ਐਸੀ ਸ਼ੋਭਦੀ ਹੈ, ਮਾਨੋ ਮਿਆਂਨ ਵਿੱਚੋਂ ਖਿੱਚੀ ਹੋਈ ਕ੍ਰਿਪਾਣ ਹੈ. ਭਾਵ- ਵਚਨ ਕਾਟ ਕਰਨ ਵਾਲੇ ਹਨ। ੨. ਸੁ- ਧਾਨ. ਉੱਤਮ ਅੰਨ.

ਸੁਧਾਨਿਧਿ: ਸੰਗਯਾ- ਚੰਦ੍ਰਮਾ, ਜੋ ਅਮ੍ਰਿਤ ਦੀ ਨਿਧਿ ਹੈ. ੨. ਇੱਕ ਛੰਦ, ਇਸ ਦਾ ਨਾਉ, "ਮਨੋਭਵ" ਭੀ ਹੈ. ਇਹ ਛੰਦ ਅਨੰਗਸ਼ੇਖਰ ਦਾ ਉਲਟ ਹੈ. ਇਸ ਦੇ ਪ੍ਰਤਿ ਚਰਣ ੩੨ ਅੱਖਰ ਗੁਰੁ ਲਘੁ ਕ੍ਰਮ ਨਾਲ ਹੁੰਦੇ ਹਨ.

ਉਦਾਹਰਣ-

ਜਾਚ ਜਾਚ ਕੇ ਅਹਾਰ ਨਾਹਿ ਸੋਪਿ ਸ੍ਵਾਦਵਾਰ

ਲਾਭ ਹੇਤ ਏਕਵਾਰ ਭੂਖ ਤਾਪ ਕੇ ਅਵਾਰ.

ਸ਼ੈਨ ਭੂਮਿ ਪੈ ਬਨੇ ਨ ਸਾਕ ਸੈਨ ਕੋ ਰਾਨੇ

ਸ਼ਰੀਰਮਾਤ੍ਰ ਪੋਖਨੋ ਨ ਜੋਬਨੋ ਸਫੈਦ ਬਾਰ,

ਛੀਨ ਚੀਰ ਗੋਦਰੀ ਅਨੇਕ ਲੀਰ ਸੋਂ ਕਰੀ

ਕਰੀ ਉਜਾਰ ਝੋਂਪਰੀ ਅਧੇਨ ਗ੍ਰੰਥ ਵਾਰ ਵਾਰ,

ਹਾਯ ਹਾਯ ਭੋਗਚਾਹ ਨਾਂਹਿ ਮੇ ਤਜੇ ਅਜੇਪਿ

ਮੋਰ ਚਿੱਤ ਬੈਲ ਕੋ ਸਵਾਰ ਬੈਲ ਕੇ ਸਵਾਰ.

(ਵੈਰਾਗ ਸ਼ਤਕ)

(ਅ) ਜੇ ਸੁਧਾਨਿਧਿ ਦੇ ਅੰਤ ਦਾ ਲਘੁ ਮਿਟਾ ਦਿੱਤਾ ਜਾਵੇ, ਤਦ "ਕਲਾਧਰ" ਸੰਗਯਾ ਹੋ ਜਾਂਦੀ ਹੈ ਯਥਾ-

ਜਾਪ ਤਾਪ ਯੋਗ ਧ੍ਯਾਨ ਕਮੰਕਾਂਡ ਯਗ੍ਯ ਆਦਿ

ਹੋਂਯ ਨਾਂਹਿ ਪਰੇਮ ਤੁਲ੍ਯ ਸ਼੍ਰੀ ਗੁਰੂ ਬਖਾਨਤੇ. xxx

ਸੁਧਾਪੀ: ਸੰਗਜਾ- ਦੇਵਤਾ, ਜੋ ਅਮ੍ਰਿਤ ਪੀਣ ਵਾਲੇ ਹਨ. ੨. ਅਮ੍ਰਿਤ ਛਕਣ ਵਾਲਾ ਸਿੰਘ.

ਸੁਧਾਮ: ਸੁੰਦਰ ਘਰ. ਆਰਾਮਦਾਇਕ ਮਕਾਨ। ੨. ਚੰਦ੍ਰਮਾ। ੩. ਸੁਰਗ. ਬਹਿਸ਼੍ਤ.

ਸੁਧਾਮੀ: ਸੰਗਜਾ- ਦੇਵਤਾ, ਜੋ ਸੁਧਾਮ (ਸ੍ਵਰਗ) ਵਿੱਚ ਰਹਿੰਦੇ ਹਨ। ੨. ਘਰ ਵਾਲੀ. ਵਹੁਟੀ. "ਆਪ ਸਮੇਤ ਸੁਧਾਮੀਐ ਲੀਨੇ ਰੂਪ ਨਵੀਨ." (ਕ੍ਰਿਸਨਾਵ) ਦੇਵਤਿਆਂ ਨੇ ਆਪਣੀਆਂ ਇਸਤ੍ਰੀਆਂ ਸਮੇਤ ਨਵੇਂ ਰੂਪ (ਮਨੁੱਖ ਰੂਪ) ਧਾਰ ਲਏ.

ਸੁਧਾਰ: ਸੰਗਜਾ- ਸਮੁੱਧਾਰ. ਦੁਰੁਸ੍ਤੀ. ਸੁਧਾਰਨਾ। ੨. ਸ਼ੁੱਧ ਆਚਾਰ ਦਾ ਸੰਖੇਪ। ੩. ਵਿ- ਉੱਤਮ ਹੈ ਜਿਸ ਦੀ ਧਾਰਾ, ਐਸਾ ਸ਼ਸਤ੍ਰ. ਤਿੱਖਾ ਸ਼ਸਤ੍ਰ.

ਸੁਧਾ ਰਸ: ਵਿ- ਅਮ੍ਰਿਤ ਦਾ ਸ੍ਵਾਦ। ੨. ਅਮ੍ਰਿਤ ਜੇਹਾ ਰਸ। ੩. ਸੋਮਵੱਲੀ ਦਾ ਰਸ.

ਸੁਧਾਲ, ਸੁਧਾਲਯ: ਸੰਗਜਾ- ਚੰਦ੍ਰਮਾ, ਜੋ ਸੁਧਾ ਅਮ੍ਰਿਤ ਦਾ ਆਲਯ (ਘਰ) ਹੈ.

ਸੁਧਿ: ਦੇਖੋ, ਸ਼ੁੱਧਿ। ੨. ਸੁਧ. ਖਬਰ. "ਮੰਨੈ ਸਗਲ ਭਵਣ ਕੀ ਸੁਧਿ." (ਜਪੁ) ੩. ਵਿਵੇਕਸ਼ਕਤਿ. "ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ." (ਜਪੁ)

ਸੁਧਿੱਠ, ਸੁਧਿੱਠਾ: ਸੰ. ਸੁਧ੍ਰਿਸ਼ਟ ਸੁਧ੍ਰਿਸ਼੍ਟ. ਵਿ- ਵਡਾ ਚਤੁਰ। ੨. ਬਹੁਤਾ ਦਿਲੇਰ. "ਮੰਨੈ ਗੰਨੈ ਵਾਂਗ ਸੁਧਿੱਠਾ." (ਭਾਗੁ) ਜੋ ਗੁਰੁ ਉਪਦੇਸ਼ ਮੰਨੈ, ਉਹ ਗੰਨੇ ਵਾਂਗ ਦੁੱਖ ਸਹਾਰਨ ਵਿੱਚ ਪੂਰਾ ਦਿਲੇਰ (ਭਾਵ- ਸਹਨਸੀਲ) ਹੈ। ੩. ਸ਼ੁਦ੍ਧਦ੍ਰਸ਼ਟਾ ਸ਼ੁੱਧਦ੍ਰਸ਼੍ਟਾ.

ਸੁਧੀ: ਵਿ- ਉੱਤਮ ਹੈ ਧੀ (ਬੁੱਧਿ) ਜਿਸ ਦੀ. "ਸੁਧੀਨ ਪਾਨ ਕੈ ਧਰੈਂ." (ਕਲਕੀ) ਸ਼੍ਰੇਸ਼੍ਠ ਬੁੱਧਿ ਵਾਲਿਆਂ ਨੂੰ ਅਪਸਰਾ ਹੱਥ ਫੜਦੀਆਂ ਹਨ। ੨. ਦੇਖੋ, ਹੋਹਾ ਅਤੇ ਚਾਚਰੀ ਦਾ ਨੰਬਰ ੨. ਰੂਪ ੳ। ੩. ਦੇਖੋ, ਸੁੱਧੀ.

ਸੁਧੁ: ਦੇਖੋ, ਸੁਧ ਅਤੇ ਸ਼ੁੱਧ. "ਸੁਧ ਨ ਹੋਈਐ ਕਾਹੂ ਜਤਨਾ." (ਸੋਰ ਮਃ ੫)

ਸੁਧੁ ਕੀਚੈ: ਸ਼ੋਧਨ ਕਰੋ. ਭੁੱਲ ਦੂਰ ਕਰੋ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਦੀ ਦੂਜੀ ਵਾਰ ਦੇ ਅੰਤ ਸ਼੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਨੂੰ ਆਗਜਾ ਹੈ ਕਿ ਪਾਠ ਅਤੇ ਅੰਗ ਚੰਗੀ ਤਰਾਂ ਦੇਖਕੇ, ਜੇ ਕੋਈ ਲਿਖਣ ਵਿੱਚ ਭੁੱਲ ਹੋਈ ਹੈ ਤਦ ਦੂਰ ਕਰੋ.

ਸੁਧੋਸੁ: ਸ਼ੁੱਧ ਹੋਇਆ. ਸ਼ੁੱਧ ਭਇਆ। ੨. ਉਸ ਨੇ ਸੋਧਿਆ."ਜਾਂ ਸੁਧੋਸੁ ਤਾਂ ਲਹਿਣਾ ਟਿਕਿਓਨੁ." (ਵਾਰ ਰਾਮ ੩)

ਸੁਧੰਗ: ਸ਼ੁੱਧ- ਅੰਕ (ਅੰਗ). ਸ਼ੁੱਧਾਂਕ. ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦਾਂ ਦੇ ਅੰਗ ਸਹੀ ਵੇਖਕੇ ਇਹ ਸ਼ਬਦ ਲਿਖਿਆ ਹੈ ਕਿ ਜੋੜ ਅੰਗਾਂ ਦਾ ਠੀਕ ਹੈ. ਦੇਖੋ, ਆਸਾ ਰਾਗ ਵਿੱਚ ਚੌਥੀ ਪਾਤਸ਼ਾਹੀ ਦਾ ਸ਼ਬਦ- "ਹਉ ਅਨਦਿਨੁ ਹਰਿਨਾਮੁ ਕੀਰਤਨ ਕਰਉ।" ੨. ਵਿ- ਸ਼ੁੱਧ ਸ੍ਵਰ ਸਹਿਤ. "ਸਾਰੰਗ ਟੋਡੀ ਬਿਭਾਸ ਸੁਧੰਗ." (ਸਲੋਹ) ੩. ਸਿੱਧਾ ਅੰਗ. ਸੁਢੰਗ. "ਕਬਹੂੰ ਚਲਤ ਸੁਧੰਗ ਗਤਿ." (ਸੂਰ ਸਾਗਰ)

ਸੁੱਧ: ਸੰ. ਸ਼ੁਦ੍ਧ ਸ਼ੁੱਧ. ਵਿ- ਨਿਰਮਲ. ਪਵਿਤ੍ਰ. ਨਿਰਦੋਸ਼। ੨. ਸੰਗਜਾ- ਸੀਂਧਾ ਲੂਣ। ੩. ਸੰਗੀਤ ਅਨੁਸਾਰ ਉਹ ਰਾਗ, ਜਿਸ ਨਾਲ ਹੋਰ ਰਾਗ ਦਾ ਸੰਬੰਧ ਨਾ ਹੋਵੇ। ੪. ਦੇਖੋ, ਸ਼ੁੱਧ ਸ੍ਵਰ.

ਸੁੱਧ ਸੁਰ: ਦੇਖੋ, ਸ਼ੁੱਧ ਸ੍ਵਰ.

ਸੁੱਧ ਸੇਖ: ਸ਼ੁੱਧ ਸ਼ੈਖ. ਬੀਬੀ ਫ਼ਾਤਿਮਾ ਦੇ ਉਦਰ ਤੋਂ ਹਜਰਤ ਅਲੀ ਦੀ ਵੰਸ਼. "ਕਹੂੰ ਸੁੱਧ ਸੇਖੰ ਕਹੂੰ ਬ੍ਰਹਮ ਧਰਮੰ." (ਅਕਾਲ) ਦੇਖੋ, ਸੇਖ.

ਸ਼ੁੱਧ ਸ੍ਵਰ: ਸ਼ੁੱਧ ਸੁਰ ਉਹ ਹਨ, ਜੋ ਸਭ ਤੋਂ ਪਹਿਲਾਂ ਸੰਗੀਤ ਦੇ ਆਚਾਰਯਾਂ ਨੇ ਜੀਵਾਂ ਦੀਆਂ ਆਵਾਜ਼ਾਂ ਤੋਂ ਸੱਤ ਕਲਪੇ ਹਨ. ਚੜ੍ਹਿਆ (ਕੜਾ) ਮੱਧਮ ਅਤੇ ਉਤਰਿਆ ਰਿਖਭ ਗਾਂਧਾਰ ਧੈਵਤ ਅਤੇ ਨਿਖਾਦ, ਇਹ ਪੰਜ ਸੁਰ ਪਿੱਛੋਂ ਰਾਗਾਂ ਦੇ ਨਵੇਂ ਰੂਪ

ਬਣਾਉਣ ਲਈ ਥਾਪੇ ਹਨ. ਬਿਲਾਵਲ ਠਾਟ ਦੇ ਸਾਰੇ ਸ਼ੁੱਧ ਸ੍ਵਰ ਹਨ. ਇਸ ਦਾ ਵਿਸ਼ੇਸ਼ ਨਿਰਣਾ ਦੇਖੋ, ਸ੍ਵਰ ਅਤੇ ਠਾਟ ਸ਼ਬਦ ਵਿੱਚ.

ਸੁੱਧਗਾ: ਦੇਖੋ, ਅਰੂਪਾ ਦਾ ਰੂਪ ੨.

ਸੁੱਧਰ: ਸੁ- ਅਧ੍ਵਰ. ਉੱਤਮ ਯਗਜ. "ਤਜ ਜੁੱਧ ਸੁ ਸੁੱਧਰ ਮੇਘਧਰਣ." (ਰਾਮਾਵ) ਹਵਨ ਕਰਨ ਲਈ ਯੁੱਧ ਨੂੰ ਤਿਆਗਕੇ ਮੇਘ ਦੀ ਧੁਨਿ ਧਾਰਨ ਵਾਲਾ (ਮੇਘਨਾਦ). ਦੇਖੋ, ਨਿਕੁੰਭਲਾ.

ਸੁੱਧਾ: ਵਿ- ਉੱਤਮ ਰੀਤਿ ਨਾਲ ਧਾਰਨ ਕੀਤਾ ਹੋਇਆ। ੨. ਕ੍ਰਿ. ਵਿ- ਸਮੇਤ. ਸਹਿਤ. ਜਿਵੇਂ- ਮਲਾਈ ਸੁੱਧਾ ਦੁੱਧ.

ਸ਼ੁੱਧਿ, ਸ਼ੁੱਧੀ: ਸੰ. ਸ਼ੁਦ੍ਧਿ ਸੰਗਜਾ- ਪਵਿਤ੍ਰਤਾ. ਸਫਾਈ। ੨. ਪਤਿਤ ਪੁਰਖ ਨੂੰ ਧਰਮ ਅਨੁਸਾਰ ਪਵਿਤ੍ਰ ਕਰਨ ਦੀ ਕ੍ਰਿਯਾ। ੩. ਦੇਵੀ. ਦੁਰਗਾ.

ਸੁੱਧੂ: ਦੇਖੋ, ਸੱਧੂ। ੨. ਬੁੱਧੂ ਘੁਮਿਆਰ ਸਿੱਖ ਦਾ ਪਿਤਾ. ਦੇਖੋ, ਬੁੱਧੂ। ੩. ਭਾਈ ਰੂਪਚੰਦ ਦੇ ਪਿਤਾ ਸਾਧੂ ਨੂੰ ਕਈ ਲੇਖਕਾਂ ਨੇ ਸੁੱਧੂ ਲਿਖ ਦਿੱਤਾ ਹੈ. ਦੇਖੋ, ਰੂਪਚੰਦ ਭਾਈ.

ਸ਼ੁੱਧੋਦਨ: ਦੇਖੋ, ਬੁੱਧ। ੨. ਸ਼ੁੱਧ- ਓਦਨ.

ਸੁਨ: ਸੰ. ਸ਼੍ਰਣ ਸ਼੍ਰਿਣੁ. ਸੁਣ. ਸ਼੍ਰਵਣ ਕਰ। ੨. ਸੰ. ਸ਼ੁਨ ਧਾ- ਜਾਣਾ। ੩. ਸੰ. ਸ਼ੁਨ. ਸੰਗਜਾ- ਕੁੱਤਾ। ੪. ਸੰ. ਸ੍ਵਨ. ਸ਼ਬਦ. ਧੁਨਿ. ਦੇਖੋ, ਸੁੰਨ ੯.

ਸੁੰਨ: ਸੰ. ਸ਼ੂਨਜ. ਵਿ- ਸੁੰਨਾ. ਖਾਲੀ। ੨. ਜੜ੍ਹ. ਚੇਤਨਤਾ ਰਹਿਤ."ਦਿੱਤੀ ਬਾਂਗ ਨਿਮਾਜ ਕਰ ਸੁੰਨ ਸਮਾਨ ਹੋਆ ਜਾਹਾਨਾ." (ਭਾਗੁ) ੩. ਸੰਗਜਾ- ਬਿੰਦੀ. ਸਿਫਰ. "ਨਉ ਅੰਗ ਨੀਲ ਅਨੀਲ ਸੁੰਨ." (ਭਾਗੁ) ਬਿੰਦੀ ਨੌ ਅੰਗਾਂ ਨਾਲ ਮਿਲਕੇ ਨੀਲ ਆਦਿਕ ਅਨੰਤ ਗਿਣਤੀ ਬੋਧ ਕਰਾਉਂਦੀ ਹੈ। ੪. ਆਕਾਸ਼. "ਸੁੰਨਹਿ ਸੁੰਨ ਮਿਲਿਆ." (ਮਾਰੂ ਕਬੀਰ) ਮਹਾਂ ਆਕਾਸ਼ (ਬ੍ਰਹਮ) ਨੂੰ ਘਟਾਕਾਸ਼ (ਜੀਵਾਤਮਾ) ਮਿਲਿਆ। ੫. ਜਿਸ ਵਿੱਚ ਮਾਇਆ ਦੀ ਚੇਸ਼੍ਟਾ ਨਹੀਂ. ਅਫੁਰ ਬ੍ਰਹਮ. "ਘਟਿ ਘਟਿ ਸੁੰਨ ਕਾ ਜਾਣੈ ਭੇਉ." (ਸਿਧਗੋਸਿਟ) ੬. ਪ੍ਰਕ੍ਰਿਤਿ. ਮਾਇਆ, ਕਿਉਂਕਿ ਇਹ ਬ੍ਰਹਮ ਦੀ ਸੱਤਾ ਬਿਨਾ ਸੁੰਨ (ਸ਼ੂਨਜ) ਹੈ. "ਸੁੰਨਹੁ ਧਰਤਿ ਅਕਾਸ ਉਪਾਏ." (ਮਾਰੂ ਸੋਲਹੇ ਮਃ ੧) ੭. ਜੜ੍ਹਤਾ. ਜਾਡਜ. "ਮਿਟੀ ਸੁੰਨ ਚੇਤਨਤਾ ਪਾਈ." (ਸਲੋਹ) ੮. ਮਹਾਂ ਪ੍ਰਲੈ ਦੀ ਉਹ ਦਸ਼ਾ ਜਦ ਕੁਝ ਰਚਨਾ ਨਹੀਂ ਸੀ. "ਸੁੰਨੇ ਵਰਤੇ ਜਗ ਸਬਾਏ." (ਮਾਰੂ ਸੋਲਹੇ ਮਃ ੧) ੯. ਸੰ. ਸ੍ਵਨ. ਧੁਨਿ. ਸ਼ੋਰ. ਸ਼ਬਦ. "ਸੁੰਨ ਸਮਾਧਿ ਦੋਊ ਤਹਿ ਨਾਹੀ." (ਗਉ ਕਬੀਰ) ਨਾ ਸ੍ਵਨ (ਸ਼ੋਰ) ਹੈ ਨਾ ਸਮਾਧਿ. "ਅਨਹਤ ਸੁੰਨ ਕਹਾ ਤੇ ਹੋਈ?" (ਸਿਧਗੋਸਟਿ) ਅਨਹਤ ਸ੍ਵਨ (ਧੁਨਿ) ਕਹਾਂ ਤੇ ਹੋਈ?

ਪੰਜਾਬੀ ਵਿੱਚ ਪੈਰ ਲੱਗਿਆ ਵਾਵਾ ਉਂਕੜ ਹੋ ਜਾਂਦਾ ਹੈ. ਦੇਖੋ, ਅਸ੍ਵ, ਸ੍ਵਪਨ, ਸ੍ਵਭਾਵ, ਸ੍ਵਰ, ਸ੍ਵਾਨ, ਜ੍ਵਾਲਾ, ਤ੍ਵਰਿਤ, ਦ੍ਵਾਰ, ਧ੍ਵਨਿ ਦੀ ਥਾਂ- ਅਸੁ, ਸੁਪਨਾ, ਸੁਭਾਉ, ਸੁਰ, ਸੁਆਨ, ਜੁਆਲਾ, ਤੁਰਤ, ਦੁਆਰ, ਧੁਨਿ ਆਦਿ ਸ਼ਬਦ.

ਸੁਨਈ: ਸੁਣਦਾ. ਸ਼੍ਰਵਣ ਕਰਦਾ. "ਨਾਮ ਨ ਸੁਨਈ ਡੋਰਾ." (ਆਸਾ ਮਃ ੫)

ਸੁਨਈਆ: ਵਿ- ਸੁਣਨ ਵਾਲਾ. ਸ਼੍ਰੋਤਾ। ੨. ਦੇਖੋ, ਸੁਨੈਯਾ.

ਸੁੰਨਸਮਾਧਿ: ਸੰਗਜਾ- ਨਿਰਵਿਕਲਪ ਸਮਾਧਿ. ਉਹ ਸਮਾਧਿ ਜਿਸ ਵਿੱਚ ਸੰਕਲਪ ਨਾ ਫੁਰਨ. ਦੇਖੋ, ਅਸੰਪ੍ਰਗਜਾਤ ਸਮਧਿ. "ਸੁੰਨ ਸਮਾਧਿ ਅਨਹਤ ਤਹ ਨਾਦ." (ਸੁਖਮਨੀ) ੨. ਬ੍ਰਹਮ ਦੀ ਉਹ ਅਵਸਥਾ, ਜਦ ਪ੍ਰਕਿਤਿ ਲੈ ਕਰਕੇ ਆਪਣੇ ਸ੍ਵਰੂਪ ਵਿੱਚ ਵਿਰਾਜਦਾ ਹੈ. ੩. ਸ੍ਵਨ (ਸ਼ੋਰ) ਅਤੇ ਸਮਾਧਿ ਦੀ ਹਾਲਤ. ਦੇਖੋ, ਸੁੰਨ ੯.

ਸੁੰਨਸਮਾਧੀ: ਦੇਖੋ, ਸੁੰਨਸਮਾਧਿ। ੨. ਵਿ- ਅਫੁਰ ਸਮਾਧੀ ਵਾਲਾ. "ਸਰਗੁਨ ਨਿਰਗੁਨ ਨਿਰੰਕਾਰ ਸੁੰਨਸਮਾਧੀ ਆਪਿ." (ਸੁਖਮਨੀ)

**ਸੁੰਨਸਰੋਵਰ:** ਸੰਗਯਾ- ਦਸ਼ਮਦ੍ਵਾਰ। ੨. ਨਿਰਵਾਣ ਪਦ.

**ਸੁੰਨਸਰੋਵਰਿ:** ਸੁੰਨ ਸਰੋਵਰ ਵਿੱਚ. "ਸੁੰਨ ਸਰੋਵਰਿ ਪਾਵਹੁ ਸੁਖ." (ਗਉ ਥਿਤੀ ਕਬੀਰ) ਦੇਖੋ, ਸੁੰਨ ਸਰੋਵਰ.

**ਸ਼ੁਨਹਸ਼ੇਪ, ਸ਼ੁਨਹਸ਼ੇਫ:** ਸ਼ੁਨ (ਕੁੱਤੇ) ਜੇਹੀ ਸ਼ੇਫ (ਇੰਦ੍ਰੀ) ਵਾਲਾ. ਅਜੀਗਰਤ ਦਾ ਪੁਤ੍ਰ ਇੱਕ ਰਿਖੀ. ਐਤ੍ਰੇਯਬ੍ਰਾਹਮਣ ਵਿੱਚ ਇਸ ਦੀ ਕਥਾ ਇਉਂ ਲਿਖੀ ਹੈ ਕਿ ਇਕ੍ਸ਼੍ਵਾਕੁ ਵੰਸ਼ੀ ਰਾਜੇ ਹਰਿਸ਼ਚੰਦ੍ਰ ਦੇ ਘਰ ਕੋਈ ਸੰਤਾਨ ਨਹੀਂ ਸੀ, ਤਾਂ ਉਸ ਨੇ ਮੰਨਤ ਮੰਨੀ (ਸੁੱਖਣਾ ਸੁੱਖੀ) ਕਿ ਜੇ ਮੇਰੇ ਘਰ ਬਾਲਕ ਹੋਵੇ, ਤਾਂ ਮੈ ਵਰੁਣ ਨੂੰ ਦੇਵਾਂ. ਹਰਿਸ਼ਚੰਦ੍ਰ ਦੇ ਇੱਕ ਬੇਟਾ ਜੰਮਿਆਂ, ਜਿਸ ਦਾ ਨਾਉਂ ਰੋਹਿਤ ਰੱਖਿਆ. ਰਾਜੇ ਨੇ ਆਪਣੇ ਵਚਨ ਅਨੁਸਾਰ ਪੁਤ੍ਰ ਦੀ ਬਲਿ ਦੇਣੀ ਚਾਹੀ, ਤਾਂ ਰੋਹਿਤ ਨੇ ਆਪਣੇ ਪ੍ਰਾਣ ਦੇਣੇ ਨਾ ਮੰਨੇ ਅਤੇ ਘਰੋਂ ਨੱਠ ਗਿਆ ਅਰ ਛੀ ਵਰ੍ਹੇ ਬਣ ਵਿੱਚ ਰਿਹਾ. ਰੋਹਿਤ ਨੂੰ ਉਥੇ ਇੱਕ ਗਰੀਬ ਬ੍ਰਾਹਮਣ ਅਜੀਗਰਤ ਮਿਲਿਆ, ਜਿਸਦਾ ਪਤ੍ਰ ਸ਼ੁਨਹਸ਼ੇਫ, ਸੌ ਗਾਈਆਂ ਮੁੱਲ ਵਿੱਚ ਦੇ ਕੇ, ਆਪਣੀ ਥਾਂ ਤੇ ਬਲਿਦਾਨ ਦੇਣ ਲਈ ਰੋਹਿਤ ਨੇ ਮੁੱਲ ਲੈ ਲਿਆ, ਅਰ ਵਰੁਣ ਨੇ ਭੀ ਇਹ ਵਟਾਂਦਰਾ ਮੰਨ ਲਿਆ. ਜਦ ਬਲਿਦਾਨ ਦਾ ਵੇਲਾ ਆਇਆ, ਤਾਂ ਸ਼ੁਨਹਸ਼ੇਫ ਨੇ ਵਰੁਣ ਦੀ ਮਹਿਮਾ ਦੇ ਕਈ ਮੰਤ੍ਰ ਪੜ੍ਹਕੇ ਆਪਣੇ ਆਪ ਨੂੰ ਬਚਾ ਲਿਆ ਅਤੇ ਵਿਸ਼੍ਵਾਮਿਤ੍ਰ ਦੇ ਘਰ ਜਾ ਪੁੱਜਾ.

ਰਾਮਾਇਣ ਵਿੱਚ ਇਹ ਗੱਲ ਹੋਰ ਤਰਾਂ ਲਿਖੀ ਹੈ ਕਿ ਅਯੋਧਯਾ ਦਾ ਰਾਜਾ ਅੰਬਰੀਸ਼ ਬਲਿਦਾਨ ਦੇਣ ਲੱਗਾ ਸੀ, ਕਿ ਇੰਦ੍ਰ ਉਸ ਦੇ ਪਸ਼ੂ ਨੂੰ ਚੁਰਾਕੇ ਲੈ ਗਿਆ ਪੁਰੋਹਿਤ ਨੇ ਕਿਹਾ ਕਿ ਇਸ ਦੀ ਥਾਂ ਤੇ ਕਿਸੇ ਆਦਮੀ ਦੀ ਬਲਿ ਦੇਣੀ ਜਰੂਰੀ ਹੈ. ਰਾਜੇ ਨੇ ਵਡੀ ਖੋਜ ਮਗਰੋਂ ਇੱਕ ਬ੍ਰਾਹਮਣ ਲੱਭਿਆ, ਜਿਸ ਦਾ ਨਾਉਂ ਰਿਚੀਕ ਸੀ ਅਤੇ ਉਸ ਦਾ ਛੋਟਾ ਪੁਤ੍ਰ ਸ਼ੁਨਹਸ਼ੇਫ ਸੀ. ਰਿਖੀ ਨੇ ਸ਼ੁਨਹਸ਼ੇਫ ਦੀ ਮਰਜੀ ਅਨੁਸਾਰ ਉਸ ਨੂੰ ਇੱਕ ਲੱਖ ਗਾਈਆਂ, ਇੱਕ ਕਰੋੜ ਮੋਹਰਾਂ ਅਤੇ ਹੋਰ ਕਈ ਗਹਿਣੇ ਲੈ ਕੇ ਵੇਚ ਦਿੱਤਾ. ਸ਼ੁਨਹਸ਼ੇਫ ਆਪਣੇ ਮਾਮੇ ਨੂੰ ਮਿਲਿਆ ਤਾਂ ਉਸ ਨੇ ਇਸ ਨੂੰ ਇੰਦ੍ਰ ਦੀ ਵਡਿਆਈ ਦੇ ਦੋ ਮੰਤ੍ਰ ਦੱਸੇ ਅਤੇ ਕਿਹਾ ਕਿ ਬਲਿਦਾਨ ਵੇਲੇ ਇਹ ਮੰਤ੍ਰ ਪੜ੍ਹ ਦੇਵੀਂ. ਜਦ ਭੇਟਾ ਦਿੱਤੀ ਜਾਣ ਲੱਗੀ, ਤਾਂ ਇਸ ਨੇ ਉਹ ਮੰਤ੍ਰ ਪੜ੍ਹੇ. ਇੰਦ੍ਰ ਨੇ ਪ੍ਰਸੰਨ ਹੋ ਕੇ ਸ਼ੁਨਹਸ਼ੇਫ ਨੂੰ ਵਡੀ ਉਮਰ ਹੋਣ ਦਾ ਵਰ ਦਿੱਤਾ. ਰਿਗਵੇਦ ਵਿੱਚ ਸੱਤ ਸ਼ਲੋਕ ਸ਼ੁਨਹਸ਼ੇਫ ਦੇ ਨਾਉਂ ਦੇ ਦਿੱਤੇ ਹਨ.[260]

**ਸੁਨਹਿਰਾ:** ਵਿ- ਸੁਇਨੇ ਰੰਗਾ। ੨. ਸੁਇਨੇ ਦੀ ਗਿਲਟ ਵਾਲਾ। ੩. ਸੰਗਯਾ- ਖ਼ਾ. ਕੂੰਡਾ। ੪. ਉਹ ਬਰਤਨ ਜਿਸ ਵਿੱਚ ਅਮ੍ਰਿਤ ਤਿਆਰ ਕੀਤਾ ਜਾਵੇ. ਇਹ ਪਾਤ੍ਰ ਲੋਹੇ ਦਾ ਹੋਇਆ ਕਰਦਾ ਹੈ.

**ਸੁਨਹਿਰੀ:** ਵਿ- ਸੁਇਨੇ ਦੀ ਗਿਲਟ ਵਾਲਾ। ੨. ਸੁਇਨੇ ਦਾ। ੩. ਸ਼ੋਨੇ ਰੰਗਾ। ਸੰਗਯਾ- ਛੋਟਾ ਕੂੰਡਾ. ਕੂੰਡੀ। ੫. ਦੇਖੋ, ਸੁਨੀਹਿਰੀਆ.

**ਸ਼ੁਨਹਿਰੀਆਂ:** ਵਿ- ਸੋਨੇ ਰੰਗਾ ੨. ਸੁਨਹਿਰਾ (ਕੂੰਡਾ) ਰੱਖਣ ਵਾਲਾ। ੩. ਜਿਸ ਨੇ ਉਸੇ ਅਮ੍ਰਿਤ ਪਾਤ੍ਰ ਵਿੱਚ ਅਮ੍ਰਿਤ ਛਕਿਆ ਹੈ. ਇੱਕ ਸਮੇਂ ਇੱਕੋ ਭਾਂਡੇ ਵਿੱਚ ਅਮ੍ਰਿਤ ਛਕਣ ਵਾਲੇ ਸੁਨਹਿਰੀਏ ਭਾਈ ਸਦਾਉਂਦੇ ਹਨ.

**ਸੁਨਹਿਰੀਆ ਭਾਈ:** ਦੇਖੋ, ਸੁਨਹਿਰੀਆ ੩.

**ਸੁੰਨ ਗੁਫਾ:** ਸੰਗਯਾ- ਦਸ਼ਮਦ੍ਵਾਰ। ੨. ਸੰਕਲਪ ਰਹਿਤ ਮਨ."ਸੁੰਨਗੁਫਾ ਮਹਿ ਆਸਣੁ ਬੈਸਣੁ." (ਗਉ ਕਬੀਰ)

**ਸੁਨਣ, ਸੁਨਣਾ, ਸੁਨਣੁ:** ਸੰ. ਸ਼੍ਰਵਣ. "ਏ ਸ੍ਰਵਨਹੁ ਮੇਰਿਹੋ ! ਸਾਚੈ ਸੁਨਣੈ ਨੋ ਪਠਾਏ." (ਅਨੰਦੁ) "ਸ੍ਰਵਣੀ ਸੁਨਣਾ ਗੁਰਨਾਉ." (ਵਾਰ ਗੂਜ ੨. ਮਃ ੫) "ਵੇਖਣ ਸੁਨਣੁ ਹੋਇ." (ਸ੍ਰੀ ਵਾਰ ਮਃ ੩)

**ਸੁੰਨਤ:** ਅ਼. سنّت ਸੰਗਯਾ- ਮਰਜਾਦਾ (ਮਯੰਦਾ). ਰੀਤਿ। ੨. ਇਸਲਾਮ ਅਨੁਸਾਰ ਜੋ ਜੋ ਕਰਮ ਮੁਹੰਮਦ ਸਾਹਿਬ ਨੇ ਆਪਣੀ ਉੱਮਤ ਨੂੰ ਸਿਖਯਾ ਦੇਣ ਲਈ ਕੀਤੇ, ਉਹ ਸਭ ਸੁੰਨਤਰੂਪ ਹਨ. ਮੁਹੰਮਦ ਸਾਹਿਬ ਦਾ ਆਚਰਣ ਮੁਸਲਮਾਨਾਂ ਲਈ ਸੁੰਨਤ ਹੈ. ਖ਼ਤਨੇ ਨੂੰ ਆਮ ਲੋਕ ਖ਼ਾਸ ਕਰਕੇ ਸੁੰਨਤ ਆਖਦੇ ਹਨ, ਕਿਉਂਕਿ ਇਹ ਭੀ ਮੁਸਲਮਾਨਾਂ ਦੀ ਮਰਜਾਦਾ ਹੈ ਅਤੇ ਪੈਗੰਬਰ ਮੁਹੰਮਦ ਨੇ ਆਪ ਖ਼ਤਨਾ ਕਰਵਾਇਆ ਸੀ.

---

[260] ਦੇਖੋ ਰਿਗਵੇਦ ਮੰਡਲ ੧. ਮੰਤ੍ਰ ੨੪, ੨੫, ੨੭ ਅਤੇ ਮੰਡਲ ਪੰਜਮਤ੍ਰ.

ਚਾਹੋ ਖਤਨੇ ਦੀ ਆਗਯਾ ਕੁਰਾਨ ਵਿੱਚ ਨਹੀਂ ਹੈ, ਪਰ ਹਜਰਤ ਮੁਹੰਮਦ ਦੀ ਸੁੰਨਤ ਇਬਰਾਹੀਮ ਦੀ ਚਲਾਈ ਹੋਈ ਰੀਤਿ ਅਨੁਸਾਰ ਹੋਈ ਸੀ. ਦੇਖੋ, ਇਬਰਾਹੀਮ.

ਖਤਨੇ ਦੀ ਆਗਯਾ ਅਤੇ ਰੀਤਿ ਬਾਈਬਲ ਵਿੱਚ ਭੀ ਪਾਈ ਜਾਂਦੀ ਹੈ. ਦੇਖੋ, Genesis ਕਾਂਡ ੧੭. ਅਤੇ Joshua ਕਾਂਡ ੫.

ਸੁਨਤਾ: ਵਿ- ਸ਼੍ਰੋਤਾ। ੨. ਸੁਣਦਾ. ਸ਼੍ਰਵਣ ਕਰਦਾ.

ਸੁੰਨਤਿ: ਦੇਖੋ, ਸੁੰਨਤ. "ਸਰਮ ਸੁੰਨਤਿ ਸੀਲ ਰੋਜਾ." (ਵਾਰ ਮਾਝ ਮਃ ੧) "ਸੁੰਨਤਿ ਸੀਲਬੰਧਾਨ ਬਰਾ." (ਮਾਰੂ ਸੋਲਹੇ ਮਃ ੫) ਜਤ ਧਾਰਨਾ ਉੱਤਮ ਸੁੰਨਤ ਹੈ.

ਸੁਨਤੈ: ਸ਼੍ਰੋਤੇ ਨੇ. ਸੁਣਨ ਵਾਲੇ ਨੇ. "ਸੁਨਤੈ ਸੁਨਿ ਮੰਨਿ ਬਸਾਇਆ." (ਰਾਮ ਕਬੀਰ)

ਸੁਨਥਈ: ਸ਼੍ਰਿਣੋਤਿ. ਸ਼੍ਰਵਣ ਕਰਦਾ ਹੈ. ਸੁਣਦਾ ਹੈ. "ਹਰਿਗੁਣ ਅਕਥ ਸੁਨਥਈ." (ਕਲਿ ਮਃ ੪)

ਸੁੰਨਮਸੁੰਨ: ਵਿ- ਅਤਿ ਸ਼ੂਨ੍ਯ. ਮਹਾ ਸੁੰਨ। ੨. ਸੰਗਯਾ- ਪਾਰਬ੍ਰਹਮ, ਜਿਸ ਵਿੱਚ ਮਾਇਆ ਦੀ ਚੇਸ਼੍ਟਾ ਨਹੀਂ, ਅਫੁਰ ਬ੍ਰਹਮ. "ਤ੍ਰਿਭਵਣ ਸੁੰਨਮਸੁੰਨੰ." (ਸਿਧਗੋਸਿਟ)

ਸੁੰਨਮੁੰਨ: ਵਿ- ਮੁੰਨੇ (ਸ੍ਥਾਣੁ) ਦੀ ਤਰਾਂ ਜੜ੍ਹ. ਜੜ੍ਹ ਰੂਪ. "ਸੁੰਨਮੁੰਨ ਨਗਰੀ ਭਈ." (ਭਾਗੁ) ੨. ਸ਼ੂਨ੍ਯ ਅਤੇ ਮੌਨ. ਹਰਕਤ ਅਤੇ ਆਵਾਜ਼ ਬਿਨਾ.

ਸੁੰਨ ਮੰਡਲ: ਸੰਗਯਾ- ਦਸਮਦ੍ਵਾਰ। ੨. ਨਿਰਵਿਕਲਪ ਅੰਤਹਕਰਣ। ੩. ਏਕਾਂਤ ਅਸਥਾਨ. "ਸੁੰਨ ਮੰਡਲ ਇਕੁ ਜੋਗੀ ਬੈਸੇ." (ਧਨਾ ਅਃ ਮਃ ੧)

ਸੁਨਯਨਾ: ਸੰ. ਵਿ- ਸੁੰਦਰ ਨੇਤ੍ਰਾਂ ਵਾਲੀ. ਸੁਲੋਚਨਾ। ੨. ਸੰਗਯਾ- ਰਾਜਾ ਜਨਕ ਦੀ ਇਸਤ੍ਰੀ, ਜਿਸ ਨੇ ਸੀਤਾ ਪਾਲੀ ਸੀ.

ਸੁਨਰ: ਵਿ- ਉੱਤਮ ਨਰ. ਭਲਾ ਆਦਮੀ। ੨. ਮਹਾਨ ਯੋਧਾ. ਸੁਭਟ. "ਖਲ ਦਲ ਦਹਿਤਾ ਸੁਨਰ ਸਹੀ." (ਗ੍ਯਾਨ) ੩. ਸੰਗਯਾ- ਅਰਜੁਨ.

ਸ਼ੁਨਵਦ: ਫ਼ਾ. ਸੁਣਦਾ ਹੈ. ਸੁਣੇ. ਸੁਣੇਗਾ. ਦੇਖੋ, ਸ਼ੁਨੀਦਨ.

ਸ਼ੁਨਵਾ: ਫ਼ਾ. شنوا ਸੁਣਨ ਵਾਲਾ. ਸ਼੍ਰੋਤਾ. ਇਸ ਦਾ ਮੂਲ ਸ਼ੁਨੀਦਨ ਹੈ.

ਸ਼ੁੰਨਾ: ਵਿ- ਗ਼ੈਰ ਆਬਾਦ. ਉੱਜੜ. ਸ਼ੂਨ੍ਯ.

ਸੁਨਾਉਣੀ: ਦੇਖੋ, ਸੁਨਾਵਨੀ.

ਸੁਨਾਸੀਰ: ਸੰ ਸ਼ੁਨਾਸੀਰ ਸ਼ੁਨਾਸੀਰ. ਸੰਗਯਾ- ਕਾਸ਼ਤਕਾਰਾਂ (ਕ੍ਰਿਸਾਣਾਂ) ਦੇ ਦੋ ਦੇਵਤੇ, ਜੋ ਹਲ ਅਤੇ ਚਊ ਤੇ ਆਪਣਾ ਕਬਜ਼ਾ ਰਖਦੇ ਹਨ। ੨. ਸੰ. ਸੁਨਾਸੀਰ ਜਿਸ ਦੀ ਨਾਸੀਰ (ਅੱਗੇ ਜਾਣ ਵਾਲੀ ਫੌਜ) ਉੱਤਮ ਹੈ. ਇੰਦ੍ਰ. "ਦੇਵਰਾਜ. "ਸੁਨਾਸੀਰ ਲਖ ਸੁਨ ਨਿਸੰਕਾ। ਮਿਲ੍ਯੋ ਅਹਲ੍ਯਾ ਕੋ ਡਰ ਅੰਕਾ." (ਨਾਪ੍ਰ)

ਸੁੰਨਾਹਰ: ਵਿ- ਅਫੁਰ ਰੂਪ. "ਵਰਤਿਆ ਸੁੰਨਾਹਰ." (ਵਾਰ ਬਿਹਾ ਮਃ ੪)

ਸੁਨਾਗਰ: ਵਿ- ਸ਼ਹਿਰ ਦਾ ਭਲਾ ਆਦਮੀ। ੨. ਮਹਾਨ ਚਤੁਰ। ੩. ਭਾਵ- ਧਨ੍ਵੰਤਰਿ. "ਸੁਨਾਗਰ ਨਦੀਚੇ ਨਾਥੰ." (ਧਨਾ ਤ੍ਰਿਲੋਚਨ)

ਸੁਨਾਭ: ਵਿ- ਸੁੰਦਰ ਹੈ ਨਾਭਿ (ਧੁੰਨੀ) ਜਿਸ ਦੀ। ੨. ਸੰਗਯਾ- ਸੁਦਰਸ਼ਨ ਚਕ੍ਰ। ੩. ਮੈਨਾਕ ਪਰਬਤ। ੪. ਗਰੁੜ ਦਾ ਇਕ ਪੁਤ੍ਰ.

ਸੁਨਾਮ: ਰਿਆਸਤ ਪਟਿਆਲੇ ਵਿੱਚ ਇੱਕ ਪੁਰਾਣਾ ਸ਼ਹਿਰ ਹੈ. ਇਸ ਦੀ ਨਜਾਮਤ, ਤਸੀਲ ਅਤੇ ਥਾਣਾ ਖਾਸ ਸੁਨਾਮ ਹੈ. ਇਸ ਸ਼ਹਿਰ ਦੇ ਮਹੱਲਾ ਗੁਰੁਦ੍ਵਾਰਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਨੇ ਜਦੋਂ ਇੱਥੇ ਚਰਣ ਪਾਏ ਤਾਂ ਸ਼ਹਿਰੋਂ ਬਾਹਰ ਨਦੀ ਕਿਨਾਰੇ ਪਹਿਲਾਂ ਠਹਿਰੇ. ਇੱਥੋਂ ਦੇ ਲਾਹੜੇ ਖਤ੍ਰੀਆਂ ਨੇ ਗੁਰੂ ਜੀ ਦੀ ਸੇਵਾ ਕੀਤੀ ਅਤੇ ਆਪਣੇ ਘਰ ਵਿੱਚ ਗੁਰੂ ਜੀ ਨੂੰ ਲਿਆਏ, ਜਿੱਥੇ ਹੁਣ ਗੁਰੁਦ੍ਵਾਰਾ ਹੈ. ਬਾਹਰ ਦੇ ਗੁਰੁਅਸਥਾਨ ਦਾ ਅਜੇ ਪਤਾ ਨਹੀਂ. ਸੰਮਤ ੧੯੭੬ ਵਿੱਚ ਵਡਾ ਸੁੰਦਰ ਗੁਰੁਦ੍ਵਾਰਾ ਬਣਾਇਆ ਗਿਆ ਹੈ, ਜਿਸ ਦੀ ਬਹੁਤ ਸਾਰੀ ਸੇਵਾ ਕਪਤਾਨ ਰਾਮ ਸਿੰਘ ਜੀ ਨੇ ਕਰਾਈ ਹੈ. ਸੁਨਾਮ ਧੂਰੀ ਜਾਖਲ ਲੈਨ ਉੱਪਰ ਖਾਸ ਸਟੇਸ਼ਨ ਹੈ. ੨. ਵਿ- ਉੱਤਮ ਨਾਮ। ੩. ਯਸ਼. ਕੀਰਤਿ.

ਸੁਨਾਰ: ਦੇਖੋ, ਸੁਨਿਆਰ। ੨. ਸੁ (ਸੁੰਦਰ) ਨਾਰ (ਗਰਦਨ). ਸੁਗ੍ਰੀਵ ਦਾ ਅਨੁਵਾਦ ਰੂਪ ਸ਼ਬਦ। ੩. ਸੰ. ਕੁੱਤੀ ਦਾ ਦੁੱਧ। ੪. ਸੱਪ ਦਾ ਆਂਡਾ.

ਸੁਨਾਰਾ: ਦੇਖੋ, ਸੁਨਿਆਰ। ੨. ਸੁੰਦਰ ਨਾਲਾ.

ਸੁਨਾਰਿ, ਸੁਨਾਰੀ: ਵਿ- ਉੱਤਮ ਇਸਤ੍ਰੀ। ੨. ਸੂਨਾ ( ਹਿੰਸਾ) ਕਰਨ ਵਾਲੀ. ਕ਼ਾਤਿਲ. "ਕਟਾਰੀ ਸੁਨਾਰੀ." (ਰਾਮਾਵ)

ਸੁਨਾਵਨੀ: ਸੰਗਯਾ- ਖਬਰ. ਸੁਧ। ੨. ਖਾਸ ਕਰਕੇ ਮਰੇ ਹੋਏ ਸੰਬੰਧੀ ਦੀ ਸ਼ੋਕ ਭਰੀ ਖ਼ਬਰ. "ਜਹਿਂ ਕਹਿਂ ਜਾਤ ਸੁਨਾਵਨੀ ਪੀਟਹਿਂ ਮਿਲ ਨਾਰੀ." (ਗੁਪ੍ਰਸੂ)

ਸੁਨਿ: ਸ਼ੂਨ੍ਯ. ਉਜਾੜ. "ਤੂਹੀ ਗਾਉ ਤੂਹੀ ਸੁਨਿ." (ਗਉ ਮਃ ੫) ਗ੍ਰਾਮ ਅਤੇ ਜੰਗਲ। ੨. ਸੁਣਕੇ. "ਸੁਨਿ ਸੁਨਿ ਨਾਮੁ ਤੁਹਾਰੋ ਜੀਓ." (ਨਟ ਮਃ ੫) ੩. ਦੇਖੋ, ਸ਼ੁਨੀ.

ਸੁੰਨਿ: ਸੁੰਨ ਵਿੱਚ. ਸ਼ੂਨ੍ਯ ਮੇ. ਭਾਵ- ਸ਼ੁੱਧ ਬ੍ਰਹਮ ਵਿੱਚ. "ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ." (ਆਸਾ ਕਬੀਰ)

ਸੁਨਿਆਰ: ਸੰ. ਸੁਵਰ੍ਣਕਾਰ. ਸੰਗਯਾ- ਸੋਨੇ ਦਾ ਸਾਮਾਨ ਬਣਾਉਣ ਵਾਲਾ. ਸੁਨਾਰ.

ਸੁਨਿੰਤ: ਵਿ- ਸ਼੍ਰਵਣ ਕਰਨ ਵਾਲਾ. ਸੁਣਨ ਵਾਲਾ। ੨. ਸੁ- ਨਿਤ੍ਯ। ੩. ਸੁ ਨਿਯਤ. ਮਨ ਇੰਦ੍ਰੀਆਂ ਦੇ ਰੋਕਣ ਵਾਲਾ. "ਸੁਨਿੰਤ ਹੈ." (ਜਾਪੁ)

ਸੁਨਿੰਦਾ: ਵਿ- ਸ਼੍ਰਵਣ ਕਰਨ ਵਾਲਾ. "ਰੰਗ ਰਾਗ ਕੇ ਸੁਨਿੰਦਾ." (ਗ੍ਯਾਨ) ੨. ਨਿੰਦਾ ਦੇ ਬਹਾਨੇ ਕੀਤੀ ਉਸਤਤਿ. ਦੇਖੋ, ਵ੍ਯਾਜ ਸ੍ਤੁਤਿ.

ਸ਼ੁਨੀ: ਸੰ. ਸੰਗਯਾ- ਕੁੱਤੀ.

ਸੁੰਨੀ: ਸੰਗਯਾ- ਥੁਥਨੀ. ਪਸ਼ੂ ਦੀ ਬੂਥੀ। ੨. ਅ਼. سنی ਅਹਿਲੇ ਸੁੰਨਤ. ਜੋ ਹਜਰਤ ਮੁਹੰਮਦ ਦੀ ਸੁੱਨਤ (ਰੀਤਿ) ਨੂੰ ਅੰਗੀਕਾਰ ਕਰੇ ਉਹ ਸੁੰਨੀ ਹੈ. ਸੁੰਨੀ ਲੋਕ ਚਾਰ ਯਾਰਾਂ ਨੂੰ ਸਿਲਸਿਲੇਵਾਰ ਖਲੀਫਾ ਮੰਨਦੇ ਹਨ. ਉਨ੍ਹਾਂ ਦੇ ਨਿਸਚੇ ਅਨੁਸਾਰ ਹਜਰਤ ਅਲੀ ਵਿੱਚ ਕੋਈ ਖਾਸ ਵਾਧਾ ਨਹੀਂ. ਸੁੰਨੀਆਂ ਦੇ ਚਾਰ ਇਮਾਮ ਪ੍ਰਸਿੱਧ ਹੋਏ ਹਨ-

੧. ਅਬੂਹਨੀਫ਼ਾ. ਸਾਬਤ ਦਾ ਬੇਟਾ, ਜੋ ਸਨ ੮੦ ਹਿਜਰੀ ਵਿੱਚ ਕੂਫਾ ਨਗਰ ਵਿੱਚ ਜਨਮਿਆ, ਅਰ ਬਗਦਾਦ ਵਿੱਚ ਸਨ ੧੫੦ ਹਿਜਰੀ ਵਿੱਚ ਮੋਇਆ. ਇਹ ਵਡਾ ਮੰਤਕੀ ਪ੍ਰਸਿੱਧ ਹੋਇਆ ਹੈ.

੨. ਸ਼ਾਫ਼ੀ. ਮੁਹੰਮਦ ਇਬਨ ਇਦਰੀਸ ਸ਼ਾਫ਼ਈ. ਇਹ ਅਸਕਲਾਨ ਨਗਰ ਵਿੱਚ ਸਨ ੧੫੦ ਹਿਜਰੀ ਵਿੱਚ ਜਨਮਿਆ ਅਰ ਸਨ ੨੦੪ ਵਿੱਚ ਮਿਸਰ ਦੀ ਰਾਜਧਾਨੀ ਕਾਹਿਰਾ (ਕੇਰੋ) ਵਿੱਚ ਮੋਇਆ.

੩. ਮਾਲਿਕ. ਇਮਾਮ ਅਬੂ ਅਬਦੁੱਲਾ ਮਾਲਿਕ. ਇਹ ਮਦੀਨੇ ਵਿੱਚ ਸਨ ੯੪ ਹਿਜਰੀ ਵਿੱਚ ਜਨਮਿਆ ਅਤੇ ਉਸੇ ਥਾਂ ਸਨ ੧੭੯ ਵਿੱਚ ਮੋਇਆ. ਇਹ ਵਡਾ ਤਪਸ੍ਵੀ ਅਤੇ ਵਿਦ੍ਵਾਨ ਸੀ.

੪. ਅਹਮਦ ਇਬਨ ਹੰਬਲ. ਇਹ ਬਗਦਾਦ ਵਿੱਚ ਸਨ ੧੬੪ ਹਿਜਰੀ ਵਿੱਚ ਜਨਮਿਆ, ਅਤੇ ਸਨ ੨੪੧ ਹਿਜਰੀ ਵਿੱਚ ਮੋਇਆ. ਇਸ ਨੇ ਸਭ ਤੋਂ ਵਧਕੇ ਇਸਲਾਮ ਦਾ ਪ੍ਰਚਾਰ ਕੀਤਾ. ਇਹ ਵਡਾ ਆ਼ਲਿਮ ਸੀ.

ਇਨ੍ਹਾਂ ਉੱਪਰ ਲਿਖੇ ਚਾਰ ਇਮਾਮਾਂ ਦੇ ਹੀ ਚਲਾਏ ਚਾਰ ਮਾਰਗ ਹਨ ਜੋ ਹਨਫ਼ੀ, ਸ਼ਾਫ਼ਈ, ਮਾਲਿਕੀ ਅਤੇ ਹੰਬਲੀ ਪ੍ਰਸਿੱਧ ਹਨ. ਇਨ੍ਹਾਂ ਦਾ ਉੱਚਾਰਣ ਹਨਫ਼ੀਯਹ, ਸ਼ਾਫ਼ੀਯਹ. ਮਾਲਿਕੀਯਹ ਅਤੇ ਹੰਬਲੀਯਹ ਭੀ ਹੈ.

ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਹੀ ਮੁਸਲਮਾਨਾਂ ਦੇ ਚਾਰ ਮਜ਼ਹਬ ਲਿਖਿਆ ਹੈ. ਯਥਾ- "ਚਾਰ ਵਰਣ ਚਾਰ ਮਜ਼ਹਬਾ ਜਗ ਵਿੱਚ ਹਿੰਦੂ ਮੁਸਲਮਾਣੇ." ਸੁੰਨੀਆਂ ਦੀ ਤਾਦਾਦ ਸੰਸਾਰ ਵਿੱਚ ਸ਼ੀਆ ਨਾਲੋਂ ਬਹੁਤ ਜਾਦਾ ਹੈ. ਦੇਖੋ, ਇਸਲਾਮ ਦੇ ਫਿਰਕੇ.

ਸੁਨੀਅਰ: ਸੰਗਯਾ- ਕੰਨ. ਜਿਨ੍ਹਾਂ ਨਾਲ ਸੁਣੀਦਾ ਹੈ. ਦੇਖੋ, ਸੁਣੀਅਰ। ੨. ਮਾਲਵੇ ਵਿੱਚ ਵਿਚਰਦੇ ਹੋਏ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੈਤੋ ਤੋਂ ਚੱਲਕੇ ਸੁਨੀਅਰ ਪਿੰਡ ਵਿਰਾਜੇ ਹਨ. "ਸੁਨੀਅਰ ਗ੍ਰਾਮ ਬਿਲੋਕ ਸਥਾਨ। ਉਤਰੇ ਹਯ ਤੇ ਤਹਿਂ ਗੁਨਖਾਨ." (ਗੁਪ੍ਰਸੂ)

ਸੁਨੀਜਾ: ਸ਼੍ਰਵਨ ਕੀਤਾ। ੨. ਸੁਣਨ ਯੋਗਯ.

ਸੁਨੀਤਿ: ਵਿ- ਉੱਤਮ ਨੀਤਿ। ੨. ਧ੍ਰੁਵ ਦੀ ਮਾਤਾ ਅਤੇ ਉੱਤਾਨਪਾਦ ਦੀ ਵਹੁਟੀ.

ਸ਼ੁਨੀਦ: ਫ਼ਾ. شنید ਸੁਣਿਆ. ਸ਼੍ਰਵਣ ਕੀਤਾ.

ਸ਼ੁਨੀਦਨ: ਫ਼ਾ. شنیدن ਸੁਣਨਾ. ਸ਼੍ਰਵਣ ਕਰਨਾ.

ਸ਼ੁਨੀਦਮ: ਫ਼ਾ. شنیدم ਮੈ ਸੁਣਿਆ. "ਸੁਨੀਦਮ ਸਿਫਤ ਬਡ ਸੁ ਦੀਦਨ ਚਹਾ." (ਗੁਪ੍ਰਸੂ)

ਸੁਨੀਲ: ਵਿ- ਸੁੰਦਰ ਨੀਲ ਵਰਣ. "ਕਿ ਅਨੀਲਹਿ, ਕਿ ਸੁਨੀਲਹਿ." (ਗ੍ਯਾਨ)

ਸੁੰਨੁ: ਦੇਖੋ, ਸੁੰਨ.

ਸੁਨੇਹਾ: ਸੰਗਯਾ- ਸਨੇਹ ਭਰਿਆ ਸੰਦੇਸਾ. ਪੈਗਾਮ.

ਸੁਨੈਯਾ: ਵਿ- ਸ਼੍ਰਵਣ ਕਰੈਯਾ. ਸੁਣਨ ਵਾਲਾ। ੨. ਸੰਗਯਾ- ਸੁਵਰਣਮੁਦ੍ਰਾ. ਅਸ਼ਰਫੀ. "ਕੌਡਾ ਪੈਸਾ ਰੁਪਯੈ ਸੁਨੈਯਾ ਕੋ ਬਨਜ ਕਰੈ." (ਭਾਗੁ ਕ)

ਸੁਨੰਦ: ਸੰ. ਸੰਗਯਾ- ਬਲਭਦ੍ਰ ਦਾ ਮੂਸਲ। ੨. ਵਿ- ਉੱਤਮ ਪੁਤ੍ਰ। ੩. ਆਨੰਦ ਦਾਇਕ.

ਸੁੱਨਤ: ਦੇਖੋ, ਸੁੰਨਤ.

ਸੁੱਨੀ: ਦੇਖੋ, ਸੁੰਨੀ.

ਸੁਪਚ: ਸੰ. ਸ਼੍ਵਪਚ. ਸੰਗਯਾ- ਚੰਡਾਲ. ਜੋ ਸ਼੍ਵ (ਕੁੱਤੇ) ਨੂੰ ਰਿੰਨ੍ਹ ਲਵੇ. ਕੁੱਤੇ ਦਾ ਮਾਸ ਖਾ ਜਾਣ ਵਾਲਾ ਨੀਚ.

"ਸੁਪਚ ਤੁਲਿ ਸ ਮਾਨਿ." (ਕੇਦਾ ਰਵਿਦਾਸ) ੨. ਸਿਮ੍ਰਿਤੀਆਂ ਅਨੁਸਾਰ ਚੰਡਾਲ ਦੇ ਵੀਰਜ ਤੋਂ ਵੈਸ਼੍ਯ ਕੰਨਯਾ ਵਿੱਚੋਂ ਉਪਜੀ ਸੰਤਾਨ.

ਸੁਪਚਾਰੋ: ਸ਼੍ਵ ਪਚਨਹਾਰੋ. ਕੁੱਤਾ ਰਿੰਨ੍ਹਣ ਵਾਲਾ. ਚੰਡਾਲ. ਨੀਚ. "ਬਾਲਮੀਕ ਸੁਪਚਾਰੋ ਤਰਿਓ." (ਮਾਰੂ ਮਃ ੫) ਦੇਖੋ, ਬਾਲਮੀਕਿ ੨.

ਸੁਪੱਛ: ਸੁੰਦਰ ਹੈਨ ਜਿਸ ਦੇ ਪਕ੍ਸ਼ (ਪੰਖ). ੨. ਦੇਖੋ, ਸਪੱਛ.

ਸੁਪਤ: ਸੰ. ਸੁਪ੍ਤ. ਵਿ- ਸੁੱਤਾ ਹੋਇਆ. "ਸੁਖ ਸੋਂ ਸੁਪਤ ਸਿੰਘ ਛੇਰਯੋ ਤੈਂ ਕਰਾਲ ਕੋ." (ਗੁਪ੍ਰਸੂ) ੨. ਦੇਖੋ, ਸੁਪਤਿ.

ਸੁਪਤਨੀ: ਸੰ. ਸੁਪਤਨੀ. ਵਿ- ਉੱਤਮ ਵਹੁਟੀ. ਸ਼੍ਰੇਸ਼੍ਠ ਭਾਰਯਾ. ਦੇਖੋ, ਪਤਨੀ.

ਸੁਪਤਿ: ਵਿ- ਉੱਤਮ ਪਤਿ. ਆਪਣੀ ਭਾਰਯਾ ਬਿਨਾ ਹੋਰ ਇਸਤ੍ਰੀਆਂ ਨੂੰ ਮਾਂ ਭੈਣ ਅਰ ਪੁਤ੍ਰੀ ਮੰਨਣ ਵਾਲਾ। ੨. ਸੰ. ਸ਼੍ਵਪਤਿ. ਸੰਗਯਾ- ਭੈਰਵ. ਭੈਰੋ. ਜੋ ਸ਼੍ਵ (ਕੁੱਤੇ) ਉੱਪਰ ਸਵਾਰ ਹੁੰਦਾ ਹੈ. "ਸੁਪਤਿ ਮੈ ਮਹੇਸ ਜੋਤ ਤੇਰੀਐ ਜਗਤ ਹੈ." (ਕ੍ਰਿਸਨਾਵ) ੩. ਸੰ. ਸੁਪ੍ਤਿ. ਸੰਗਯਾ- ਸੌਣਾ। ੪. ਨੀਂਦ.

ਸੁਪੱਤਲ: ਵਿ- ਸੁੰਦਰ ਪੱਤਿਆਂ ਵਾਲਾ.

ਸੁਪੱਤਾ: ਵਿ- ਅੱਛੀ ਪਤ ਵਾਲਾ. ਸੁਪ੍ਰਤਿਸ਼੍ਠਤ. ਭਲਾਮਾਣਸ.

ਸੁਪਥ: ਵਿ- ਸੁਮਾਰਗ. ਚੰਗਾ ਰਾਹ। ੨. ਪੱਧਰ ਸੜਕ.

ਸੁਪਨ, ਸੁਪਨਾ: ਸੰ. ਸ੍ਵਪਨ. ਦੇਖੋ, ਸ੍ਵਪ ਧਾ. ਸੰਗਯਾ- ਨੀਂਦ. ਨਿ੍ਦਾ। ੨. ਸੌਣਾ. "ਜਾਗਨ ਤੇ ਸੁਪਨਾ ਭਲਾ." (ਬਿਲਾ ਮਃ ੫) ੩. ਸ੍ਵਪਨ ਅਵਸਥਾ, ਜੋ ਜਾਗਣ ਅਤੇ ਘੋਰ ਨੀਂਦ ਦੇ ਮੱਧ ਹੈ, ਜਿਸ ਵਿੱਚ ਪੁਰਾਣੇ ਸੰਸਕਾਰਾਂ ਅਨੁਸਾਰ ਪਦਾਰਥਾਂ ਦਾ ਜਾਗ੍ਰਤ ਦੀ ਨਿਆਈਂ ਗਯਾਨ ਹੁੰਦਾ ਹੈ. "ਮ੍ਰਿਗਤ੍ਰਿਸਨਾ ਅਰੁ ਸੁਪਨਮਨੋਰਥ." (ਸੋਰ ਮਃ ੫) ਅਨੇਕ ਮਤਾਂ ਵਿੱਚ ਸੁਪਨੇ ਦੇ ਚੰਗੇ ਮੰਦੇ ਫਲ ਲਿਖੇ ਹਨ, ਪਰ ਸਿੱਖਮਤ ਵਿੱਚ ਇਹ ਨਿਸ਼ਚਾ ਨਹੀਂ ਹੈ. ਯਥਾ- "ਸੁਪਨੇ ਸੇਤੀ ਚਿਤੁ ਮੂਰਖਿ ਲਾਇਆ." (ਵਾਰ ਜੈਤ) "ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ." (ਕਾਨ ਮਃ ੫) ਦੇਖੋ, ਸ੍ਵਪਨਫਲ। ੪. ਭਾਵ- ਜਗਤ. "ਜਿਸ ਕਾ ਰਾਜਿ ਤਿਸੈ ਕਾ ਸੁਪਨਾ." (ਗਉ ਮਃ ੫)

ਸੁਪਨਿ: ਸ੍ਵਪਨ ਮੇ. ਨੀਂਦ ਦੀ ਹਾਲਤ ਵਿੱਚ. "ਸੁਪਨਿ ਇਕੁ ਪਰਤਖਿ ਇਕੁ." (ਸਵੈਯੇ ਮਃ ੩. ਕੇ)

ਸੁਪਨੰਤਰਿ: ਸ੍ਵਪਨ (ਨੀਂਦ) ਦੇ ਵਿੱਚ. "ਤੂੰ ਕਾਇਆ ਰਹੀਅਹਿ ਸੁਪਨੰਤਰਿ." (ਗਉ ਮਃ ੧) ਭਾਵ- ਆਲਸ ਰੂਪ ਨੀਂਦ ਵਿੱਚ ਰਹੀ. "ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ." (ਰਾਮ ਕਬੀਰ)

ਸੁਪਨੰਤਰੁ: ਸੰ. ਸ੍ਵਪਨਾਂਤਰ. ਸੁਪਨੇ ਵਿੱਚ ਆਇਆ ਸੁਪਨਾ. ਭਾਵ- ਅਤਯੰਤ ਮਿਥਯਾ. "ਸੁਪਨੰਤਰੁ ਸੰਸਾਰੋ." (ਵਡ ਮਃ ੧. ਅਲਾਹਣੀਆ) ੨. ਸ੍ਵਪਨਮਾਤ੍ਰ.

ਸੁਪਰਣ: ਸੰ. ਸੁਪਰ੍ਣ. ਵਿ- ਅੱਛੇ ਫੰਘਾਂ ਵਾਲਾ। ੨. ਸੁੰਦਰ ਪੱਤਿਆਂ ਵਾਲਾ. ੩. ਸੰਗਯਾ- ਗਰੁੜ। ੪. ਅੰਬ. ਦੇਖੋ, ਪਰਣ.

ਸੁਪਰਧਾ: ਦੇਖੋ, ਸਪਰਧਾ.

ਸੁਪਰਬਾਣ: ਵਿ- ਸੁਪ੍ਰਮਾਣ. ਉੱਤਮ ਪ੍ਰਮਾਣ। ੨. ਦੇਖੋ, ਸੁਪਰਵਨ.

ਸੁਪਰਵਨ: ਸੰ. सुपर्वन ਸੰਗਯਾ- ਅੱਛੇ ਪਰਵਾਂ ਵਾਲਾ ਦੇਵਤਾ। ੨. ਜਿਸ ਦੇ ਸ਼ਰੀਰ ਦੇ ਪਰਵੰ (ਜੋੜ) ਸੁੰਦਰ ਹਨ। ੩. ਤੀਰ। ੪. ਸੁੰਦਰ ਗੱਠਾਂ ਵਾਲਾ ਬਾਂਸ.

ਸੁਪਰਵਾਣ: ਦੇਖੋ, ਸੁਪਰਵਾਨ। ੨. ਸੁਪ੍ਰਮਾਣ.

ਸੁਪਾਤ੍ਰ: ਵਿ- ਉੱਤਮ ਬਰਤਨ। ੨. ਅਧਿਕਾਰੀ.

ਸੁਪਾਨ: ਪੌੜੀ. ਦੇਖੋ, ਸੋਪਾਨ. "ਬ੍ਰਿੰਦ ਮਨਿਨ ਜਟ ਬਨੀ ਸੁਪਾਨ." (ਨਾਪ੍ਰ) ਮਣੀਆਂ ਨਾਲ ਜੜੀਆਂ ਪੌੜੀਆਂ.

ਸੁਪਾਰਿਸ: ਦੇਖੋ, ਸਿਫਾਰਿਸ਼.

ਸੁਪਾਰੀ: ਸੰਗਯਾ- ਪੂਗ ਫਲ. ਛਾਲੀ. L. Areca- Catechu. ਇਸ ਦੀ ਤਾਸੀਰ ਸਰਦ ਖ਼ੁਸ਼ਕ ਹੈ. ਮੁਖ ਦੇ ਵਿਕਾਰਾਂ ਨੂੰ ਹਟਾਉਂਦੀ ਹੈ ਅਤੇ ਦੰਦਾਂ ਨੂੰ ਮਜਬੂਤ ਕਰਦੀ ਹੈ. ਮਣੀ ਨੂੰ ਗਾੜ੍ਹਾ ਕਰਦੀ ਹੈ. ਸੁਪਾਰੀ ਦੇ ਫੁੱਲ ਬੱਚਿਆਂ ਦੇ ਦਸਤ ਬੰਦ ਕਰਨ ਲਈ ਜੇ ਉਬਾਲਕੇ ਦਿੱਤੇ ਜਾਣ ਤਾਂ ਬਹੁਤ ਗੁਣਕਾਰੀ ਹਨ. ਹਿੰਦੁਸਤਾਨ ਵਿੱਚ ਸੁਪਾਰੀ ਨੂੰ ਪਾਨ ਨਾਲ ਮਿਲਾਕੇ ਖਾਣ ਦਾ ਬਹੁਤ

ਰਿਵਾਜ ਹੈ. "ਪਾਨ ਸੁਪਾਰੀ ਖਾਤੀਆ." (ਤਿਲੰ ਮਃ ੪)

ਸੁਪੁਤ, ਸੁਪੁਤ੍ਰ: ਵਿ- ਉੱਤਮ ਪੁਤ੍ਰ. ਲਾਇਕ ਬੇਟਾ. ਸੁਪੂਤ.

ਸੁਪੁਰਦ: ਦੇਖੋ, ਸਿਪੁਰਦਨ.

ਸੁਪੂਤ: ਦੇਖੋ, ਸੁਪੁਤ੍ਰ.

ਸੁਪੂਰ: ਸੰ. ਸੰਗਯਾ- ਬਿਜੌਰੇ ਦਾ ਬੂਟਾ ਅਤੇ ਉਸ ਦਾ ਫਲ. ਦੇਖੋ, ਬਿਜਉਰਾ। ੨. ਚੰਗੀ ਤਰਾਂ ਭਰਿਆ ਹੋਇਆ. ਲਬਾਲਬ.

ਸੁਪੇਦ: ਫ਼ਾ. سپید ਸਪੇਦ. ਵਿ- ਸ਼੍ਵੇਤ. ਚਿੱਟਾ. ਬੱਗਾ. "ਕੋਈ ਓਢੈ ਨੀਲ ਕੋਈ ਸਪੇਦ." (ਰਾਮ ਮਃ ੫) "ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ." (ਵਾਰ ਸੂਹੀ ਮਃ ੧) ਕਾਲੀ ਰਾਤ ਵਿੱਚ ਚਿੱਟੀਆਂ ਚੀਜਾਂ ਦੇ ਓਹੀ ਰੰਗ ਰਹਿੰਦੇ ਹਨ, ਰਾਤ ਦੀ ਸੰਗਤਿ ਨਾਲ ਕਾਲੇ ਨਹੀਂ ਹੁੰਦੇ. ਇਵੇਂ ਹੀ ਗੁਰਮੁਖ ਅੰਜਨ ਵਿੱਚ ਨਿਰੰਜਨ ਰਹਿੰਦੇ ਹਨ.

ਸੁਪੇਦਾ: ਸੰਗਯਾ- ਇੱਕ ਹੜਤਾਲ ਜੇਹਾ ਚਿੱਟਾ ਪਦਾਰਥ, ਜੋ ਗ੍ਰੰਥ ਸੋਧਣ ਲਈ ਵਰਤੀਦਾ ਹੈ, ਅਰ ਮੁਸੱਵਰਾਂ ਦੇ ਕੰਮ ਆਉਂਦਾ ਹੈ। ੨. ਇੱਕ ਸਿੱਕੇ ਤੋਂ ਬਣਿਆ ਚਿੱਟਾ ਪਦਾਰਥ (Oxide of lead) ਜੋ ਰੋਗਨਾਂ ਵਿੱਚ ਵਰਤੀਦਾ ਹੈ. ੩. ਇੱਕ ਬਿਰਛ, ਜੋ ਬਹੁਤ ਉੱਚਾ ਅਤੇ ਸਿੱਧਾ ਹੁੰਦਾ ਹੈ. ਇਸ ਦੀ ਛਿੱਲ ਚਿੱਟੀ ਹੋਣ ਕਰਕੇ ਇਹ ਨਾਉਂ ਹੈ. ਕਸ਼ਮੀਰ ਵਿੱਚ ਸੁਪੇਦੇ ਦੇ ਬਿਰਛ ਬਹੁਤ ਸੁੰਦਰ ਹੁੰਦੇ ਹਨ, ਖਾਸ ਕਰਕੇ ਸ਼੍ਰੀਨਗਰ ਦੇ ਪਾਸ ਸੜਕ ਦੇ ਦੋਹਾਂ ਕਿਨਾਰਿਆਂ ਤੇ ਵਡੇ ਮਨੋਹਰ ਸਪੇਦੇ ਹਨ. White Poplar । ੪. ਗ੍ਰੰਥ ਦੇ ਚਾਰੇ ਪਾਸੇ ਚਿੱਟਾ ਹਾਸ਼ੀਆ, ਜੋ ਲਿਖਤ ਤੋਂ ਬਾਹਰ ਹੁੰਦਾ ਹੈ. "ਗਰਜੋ ਸੁਪੇਦਾ ਕਾਗਜ ਜੋਇ." (ਗੁਪ੍ਰਸੂ)

ਸੁਪੇਦੀ: ਫ਼ਾ. سپیدی ਸੰਗਯਾ- ਚਿਟਿਆਈ. "ਰਤਾ ਪੈਨਣੁ ਮਨੁ ਰਤਾ, ਸੁਪੇਦੀ ਸਤੁ ਦਾਨੁ." (ਸ੍ਰੀ ਮਃ ੧) ਚਿੱਟੀ ਪੋਸ਼ਾਕਾਂ ਦਾ ਪਹਿਰਨਾ ਸਤ੍ਯ ਅਤੇ ਦਾਨ ਹੈ.

ਸੁਪ੍ਤ: ਦੇਖੋ, ਸੁਪਤ.

ਸੁਪ੍ਤਿ: ਦੇਖੋ, ਸੁਪਤਿ ੩. ਅਤੇ ੪.

ਸੁਪ੍ਰਸਿੰਨ, ਸੁਪ੍ਰਸੰਨ, ਸੁਪ੍ਰਸੰਨੁ: ਸੰ. सुप्रसन्न ਵਿ- ਅਤਿ ਆਨੰਦ. ਬਹੁਤ ਖੁਸ਼. "ਸੰਤ ਸੁਪ੍ਰਸੰਨ ਆਏ ਵਸਿ ਪੰਚਾ." (ਗਉ ਮਃ ੫) "ਗੁਰੁ ਜਿਨ ਕਉ ਸੁ ਪ੍ਰਸੰਨੁ" (ਸਵੈਯੇ ਮਃ ੪. ਕੇ) ੨. ਅਤਿ ਨਿਰਮਲ. ਬਹੁਤ ਸਾਫ। ੩. ਸੰਗਯਾ- ਕੁਬੇਰ ਦਾ ਇੱਕ ਪੁਤ੍ਰ.

ਸੁਪ੍ਰਭਾ: ਸੰਗਯਾ- ਉੱਤਮ ਕਾਂਤਿ (ਚਮਕ ਦਮਕ). ੨. ਬਹੁਤ ਸ਼ੋਭਾ। ੩. ਵਿ- ਸ਼੍ਰੇਸ਼੍ਠ ਪ੍ਰਭਾ ਵਾਲੀ.

ਸੁਪ੍ਰਿਆ, ਸੁਪ੍ਰਿਯਾ: ਇੱਕ ਛੰਦ. ਇਸ ਦਾ ਨਾਉਂ "ਡਿੱਲਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ. ਅੰਤ ਭਗਣ SII.

ਉਦਾਹਰਣ-

ਕਹੁੰ ਭਟ ਮਿਲ ਮੁਖ ਮਾਰ ਉਚਾਰਤ.

ਕਹੁੰ ਭਟ ਭਾਜ ਪੁਕਾਰਤ ਆਰਤ

ਕੇਤਕ ਜੋਧ ਫਿਰੈਂ ਰਣ ਗਾਹਤ,

ਕੇਤਕ ਜੂਝ ਬਰੰਗਨ ਬਯਾਹਤ. (ਕਲਕੀ)

੨. ਭਾਰਯਾ. ਵਹੁਟੀ। ੩. ਵਿ- ਬਹੁਤ ਪਿਆਰੀ.

ਸੁਫ਼ਤਨ: ਫ਼ਾ. سُفتن ਕ੍ਰਿ- ਪਰੋਣਾ. ਵਿੰਨ੍ਹਣਾ.

ਸੁਫ਼ਤਨੀ: ਫ਼ਾ. سُپھتنی ਵਿ- ਪਰੋਣ ਲਾਇਕ.

ਸੁਫਨ, ਸੁਫਨਾ: ਦੇਖੋ, ਸੁਪਨਾ.

ਸਫਲ, ਸੁਫਲੁ: ਵਿ- ਉੱਤਮ ਫਲ. "ਕਵਿਤਾ ਕੁਸੁਮ ਪ੍ਰਫੁੱਲ ਹੀ ਸੁਫਲ ਅਰਥ ਸਮੁਦਾਯ." (ਨਾਪ੍ਰ)

੨. ਚੰਗਾ ਨਤੀਜਾ। ੩. ਸਫਲ. "ਸੁਫਲੁ ਜਨਮੁ ਨਾਨਕ ਤਬ ਹੂਆ." (ਮਾਰੂ ਮਃ ੯)

ਸ਼ੁਫਾ: ਅ਼. شفعہ ਸ਼ੁਫ਼ਅ਼ਹ. ਪੜੋਸ. ਹਮਸਾਯਗੀ। ੨. ਦੇਖੋ, ਸਫਾ ੫.

ਸੁਫਾਰਿਸ਼: ਦੇਖੋ, ਸਿਫਾਰਿਸ਼.

ਸੁੰਫਿਆ: ਸੰ. स्फूर्ति ਸ੍ਫੂਰ੍ਤਿ. ਸੰਗਯਾ- ਹੋਸ਼ਿਯਾਰੀ. ਚਤੁਰਾਈ। ੨. ਔਸਾਨ. "ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ." (ਫੁਨਹੇ ਮਃ ੫) ਕਮਲ ਦੇ ਅੰਗ ਨਾਲ ਉਲਝਕੇ ਭੌਰ ਦੇ ਔਸਾਨ ਮਾਰੇ ਜਾਂਦੇ ਹਨ.

ਸੁੰਬ: ਦੇਖੋ, ਸੁੰਮ. "ਸੁੰਬਨ ਸਬਦ ਸੁਨਾ ਅਵਨੀ ਤਰ." (ਚਰਿਤ੍ਰ. ੪੦੫)

ਸੁਬਹ: ਅ਼. صُبح ਸੁਬਹ਼. ਸੰਗਯਾ- ਤੜਕਾ. ਭੋਰ. ਪ੍ਰਾਤਹਕਾਲ, ਭੁਨਸਾਰ. "ਸੁਬਹ ਨਿਵਾਜ ਸਰਾਇ ਗੁਜਾਰਉ." (ਸੂਹੀ ਕਬੀਰ) ੨. ਅ. شبہ ਸ਼ੁਬਹ. ਸ਼ੱਕ. ਸੰਸਾ. ਭ੍ਰਮ.

ਸੁਬਹਦਮ: ਫ਼ਾ. صُبحدم ਸੁਬਹ਼ਦਮ. ਕ੍ਰਿ. ਵਿ- ਤੜਕੇ. ਬਹੁਤ ਸਵੇਰੇ. ਅਮ੍ਰਿਤ ਵੇਲੇ.

ਸੁਬਹਾ: ਦੇਖੋ, ਸੁਬਹ ੨. "ਬੇ ਸੁਬਹਾ ਜੋ ਬਿਨਾ ਨਮੂਨੇ." (ਨਾਪ੍ਰ)

ਸੁਬਹਾਣ, ਸੁਬਹ਼ਾਨ: ਅ਼. سُبحان ਪਵਿਤ੍ਰ ਰੂਪ ਆਤਮਾ. "ਔਰ ਜਹਾਨ ਨਿਦਾਨ ਕਛੂ ਨਹਿ, ਏ ਸੁਬਹਾਨ। ਤੁਹੀ ਸਿਰਦਾਰਾ" (੩੩ ਸਵੈਯੇ)

ਸੁਬਹਾਨੀਤਿੱਤਰ: ਦੇਖੋ, ਤਿੱਤਰ.

ਸ਼ੁਬਹਾਨ: ਦੇਖੋ, ਸੁਬਹਾਨ. "ਸਭ ਦੁਨੀਆਂ ਸੁਬਹਾਨ." (ਮਃ ੧. ਵਾਰ ਮਾਝ)

ਸੁਬਕ: ਸੰਗਯਾ- ਹਡਕੋਰਾ. ਹਿਚਕੀ. "ਸੁਬਕਤ ਰੋਦਤ ਅਧਿਕ ਹੀ." (ਗੁਪ੍ਰਸੂ) ਦੇਖੋ, ਸੁਬਕਨਾ। ੨. ਫ਼ਾ. سُبک ਵਿ- ਸਬੁਕ. ਹੌਲਾ। ੩. ਤੇਜ ਚਾਲ ਵਾਲਾ. ੪. ਬੇਇੱਜਤ.

ਸੁਬਕਤਗੀਨ: سُبکتگین ਗਜਨੀ ਦੇ ਬਾਦਸ਼ਾਹ, ਅਲਪਤਗੀਨ ਦਾ ਤੁਰਕੀ ਗੁਲਾਮ, ਜੋ ਉਸ ਦਾ ਜਰਨੈਲ ਤੇ ਜਾਨਸ਼ੀਨ ਹੋਇਆ. ਇਸ ਨੇ ਰਾਜਾ ਜੈਪਾਲ ਦੇ ਵਿਰੁੱਧ ਪੰਜਾਬ ਉਤੇ ਚੜ੍ਹਾਈ ਕੀਤੀ. ਹਿੰਦ ਦੇ ਬਹੁਤ ਸਾਰੇ ਹਿੰਦੂ ਰਾਜਿਆਂ ਨੇ ਏਕਾ ਕਰਕੇ ਟਾਕਰਾ ਕੀਤਾ, ਪਰ ਅੰਤ ਹਾਰ ਖਾਧੀ. ਇਹ ਬਾਦਸ਼ਾਹ ਸਨ ੯੭੭ ਵਿੱਚ ਤਖ਼ਤ ਤੇ ਬੈਠਾ ਅਰ ਸਨ ੯੯੭ ਵਿੱਚ ਮੋਇਆ. ਇਸ ਦਾ ਪੁਤ ਮਹਮੂਦ ਗਜਨਵੀ ਵਡਾ ਪ੍ਰਤਾਪੀ ਬਾਦਸ਼ਾਹ ਹੋਇਆ ਹੈ. ਸੁਬਕਤਗੀਨ ਦਾ ਦੂਜਾ ਨਾਉਂ ਨਸੀਰੁੱਦੀਨ ਭੀ ਹੈ.

ਸੁਬਕਨਾ: ਕ੍ਰਿ- ਰੋਂਦੇ ਹੋਏ ਹਿਚਕੀ ਨਾਲ ਸਾਹ ਲੈਣਾ. ਹਡਕੋਰੇ ਲੈਣਾ. ਦੇਖੋ, ਸੁਬਕ ੧.

ਸੁਬਕੀ: ਫ਼ਾ. سُبکی ਸੰਗਯਾ- ਹਲਕਾਪਨ. ਹੌਲੱਤਣ। ੨. ਅਪਮਾਨ. "ਭਈ ਪਰਾਜਯ ਸੁਬਕੀ ਹਮ ਕੋ." (ਗੁਪ੍ਰਸੂ)

ਸੁਬਨ: ਸੰਗਯਾ- ਸੂਨੁ. ਸੁਵਨ. ਪੁਤ੍ਰ. ਬੇਟਾ.

ਸੁਬਨਮੇ: ਵਿ- ਸੂਨੁ- ਮਯ. ਪੁਤ੍ਰ (ਸੁਵਨ) ਰੂਪ. ਪੁਤ੍ਰ ਰੂਪ. "ਨਮਸਤੰ ਅਜਨਮੇ। ਨਮਸਤੰ ਸੁਬਨਮੇ." (ਜਾਪੁ) ਕਰਤਾਰ ਜਨਮ ਰਹਿਤ ਹੈ ਅਰ ਪੁਤ੍ਰ ਰੂਪ ਹੈ. ਭਾਵ- ਸੰਤਾਨ ਰੂਪ ਹੈ.

ਸੁਬਰਾਉਂ: ਦੇਖੋ, ਸੋਬਰਾਂਉ.

ਸੁੰਬਲ: ਫ਼ਾ. سنبل ਇੱਕ ਸੁਗੰਧ ਵਾਲਾ ਘਾਹ, ਜਿਸ ਦੀ ਉਪਮਾਂ ਮਾਸ਼ੂਕ ਦੇ ਵਾਲਾਂ ਨੂੰ ਕਵੀ ਦਿੰਦੇ ਹਨ. ਬਾਲਛੜ. ਜਟਾਮਾਸੀ. L. Nordostachys.

ਸੁੰਬਾ: ਤੋਪ ਸਾਫ ਕਰਨ ਅਤੇ ਕਸਣ ਦਾ ਗਜ.

ਸੁਬਾਸ: ਦੇਖੋ, ਸੁਵਾਸ.

ਸੁਬਾਸਕ: ਵਿ- ਉੱਤਮ ਵਾਸਨਾ ਕਰਨ ਵਾਲਾ. ਸੁਗੰਧ ਫੈਲਾਉਣ ਵਾਲਾ. "ਪਾਨ ਕਪੂਰ ਸੁਬਾਸਕ ਚੰਦਨ." (ਆਸਾ ਕਬੀਰ)

ਸੁਬਾਹ: ਦੇਖੋ, ਸੁਬਹ ਅਤੇ ਸੁਬਾਹੁ.

ਸੁਬਾਹੁ: ਵਿ- ਸੁੰਦਰ ਬਾਹਾਂ ਵਾਲਾ. ਚੰਗੀਆਂ ਅਤੇ ਬਲ ਸਹਿਤ ਹਨ ਜਿਸ ਦੀਆਂ ਬਾਹਾਂ. "ਧਾਏ ਸੁਬਾਹੁ ਯੋਧਾ ਸਕੋਪ." (ਕਲਕੀ) ੨. ਸੰਗਯਾ- ਇੱਕ ਦੈਤ, ਜੋ ਮਰੀਚ ਦਾ ਭਾਈ ਸੀ. ਵਿਸ਼੍ਵਾਮਿਤ੍ਰ ਦਾ ਜੱਗ ਵਿਗਾੜਨ ਦੇ ਅਪਰਾਧ ਵਿੱਚ ਰਾਮਚੰਦ੍ਰ ਜੀ ਨੇ ਇਸ ਨੂੰ ਮਾਰਿਆ. "ਸੰਘਾਰਜੋ ਸੁਬਾਹੰ". (ਰਾਮਾਵ) ੩. ਸੁਗ੍ਰੀਵ ਦਾ ਇੱਕ ਮੰਤ੍ਰੀ। ੪. ਸ਼ਤ੍ਰੁਘਨ ਦਾ ਇੱਕ ਪੁਤ੍ਰ.

ਸੁਬਿਦਿਆ, ਸੁਬਿਦ੍ਯਾ: ਸੰਗ੍ਯਾ- ਸੁਵਿਦ੍ਯਾ. ਆਤਮਵਿਦ੍ਯਾ. ਪਰਮਾਰਥ ਵਿਦ੍ਯਾ। ੨. ਵਿ- ਉੱਤਮ ਵਿਦ੍ਯਾ, ਜਿਸਤੋਂ ਲੋਕਾਂ ਨੂੰ ਲਾਭ ਪਹੁਚੇ ਅਤੇ ਆਪੋ- ਵਿੱਚੀ ਪ੍ਰੇਮਭਾਵ ਵਧੇ.

ਸੁਬੁੱਧ: ਸੰ. ਸੁਬੁद्ध. ਵਿ- ਚੰਗੀ ਤਰਾਂ ਜਾਗਿਆ ਹੋਇਆ। ੨. ਆਤਮਗ੍ਯਾਨੀ। ੩. ਸੰਗ੍ਯਾ- ਰਾਜਾ ਚਿਤ੍ਰ ਸਿੰਘ ਦਾ ਇੱਕ ਮੰਤ੍ਰੀ ਜਿਸ ਦਾ ਜਿਕਰ ੪੦੫ ਵੇਂ ਚਰਿਤ੍ਰ ਦੇ ਆਦਿ ਹੈ. ਸਾਰੇ ਇਸਤ੍ਰੀ ਚਰਿਤ੍ਰ ਇਸੇ ਨੇ ਰਾਜੇ ਨੂੰ ਇਸਤ੍ਰੀਆਂ ਦੇ ਛਲ ਤੋਂ ਬਚਾਉਣ ਲਈ ਸੁਣਾਏ ਸਨ। ੪. ਬਿਰਜਨਾਦ (ਵੀਰਯਨਾਦ) ਦਾਨਵ ਦਾ ਇੱਕ ਮੰਤ੍ਰੀ, ਅਤੇ ਸੈਨਾਪਤਿ, ਜਿਸ ਦਾ ਜਿਕਰ ਸਰਬਲੋਹ ਵਿੱਚ ਆਇਆ ਹੈ.

ਸੁਬੇਗ ਸਿੰਘ: ਦੇਖੋ, ਸਬੇਗ ਸਿੰਘ.

ਸੁਬੇਲ: ਗੁਰੁਪ੍ਰਤਾਪਸੂਰਯ ਅਨੁਸਾਰ ਸੁਬੇਲ ਅਤੇ ਬੇਲ ਦੋ ਦੈਤਰਾਜ ਸਨ, ਜਿਨ੍ਹਾਂ ਨੇ ਸਤਯੁਗ ਵਿੱਚ ਦੁਰਗਾ ਨਾਲ ਜੰਗ ਕੀਤਾ, ਅਰ ਜਿਨ੍ਹਾਂ ਨੂੰ ਹੇਮਕੁੰਟ ਪੁਰ ਦੁਸ਼੍ਟਦਮਨ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਨਾਸ਼ ਕੀਤਾ.

ਸੁਬੋਧ: ਵਿ- ਉੱਤਮ ਗ੍ਯਾਨ ਵਾਲਾ. ਯਥਾਰਥ ਗ੍ਯਾਨੀ। ੨. ਜੋ ਆਸਾਨੀ ਨਾਲ ਸਮਝਿਆ ਜਾ ਸਕੇ। ੩. ਸੰਗ੍ਯਾ- ਆਤਮਗ੍ਯਾਨ. ਉੱਤਮ ਗ੍ਯਾਨ.

ਸੁੱਬੀ: ਸੰਗ੍ਯਾ- ਰੱਸੀ. ਡੋਰੀ.

ਸੁਬ੍ਰਚਲਾ: ਦੇਖੋ, ਸੁਵਰਚਲਾ.

ਸੁਬ੍ਰਤ: ਸੰਗ੍ਯਾ- ਉੱਤਮ ਵ੍ਰਤ. ਸ਼ੁਭ ਨਿਯਮ। ੨. ਇੱਕ ਰਿਖੀ. "ਤਹਾਂ ਸੁਬ੍ਰਤ ਨਾਮਾ ਮੁਨਿ ਰਹੈ." (ਚਰਿਤ੍ਰ ੩੧੯) ੩. ਵਿ- ਸ਼੍ਰੇਸ਼੍ਠ ਵ੍ਰਤ ਦੇ ਧਾਰਨ ਵਾਲਾ. ਸ਼ੁਭ ਨਿਯਮਧਾਰੀ.

ਸੁਬ੍ਰਿਤ: ਸੰ. ਸੁਵ੍ਰਤ. ਸੁਵ੍ਰਿੱਤ. ਵਿ- ਹੱਛੇ ਚਾਲ ਚਲਨ ਵਾਲਾ. ਨੇਕ। ੨. ਚੰਗੀ ਉਪਜੀਵਿਕਾ ਵਾਲਾ ੩. ਚੰਗੀ ਤਰਾਂ ਕੀਤਾ ਹੋਇਆ."ਅਨੇਕ ਅਨੇਕ ਕ੍ਰਿੱਤ ਸੁਬ੍ਰਿੰਤ" (ਗ੍ਯਾਨ)

ਸੁਬ੍ਰਿਤਾ: ਵਿ- ਸੁਵ੍ਰਿੱਤਾ. ਉੱਤਮ ਆਚਾਰ ਵਾਲੀ. "ਸੁਨਹੁ ਸੁਬ੍ਰਿਤੇ ! ਇਮ ਉਰ ਜਾਨ." (ਗੁਪ੍ਰਸੂ) ਹੇ ਸੁਵ੍ਰਿੱਤਾ ! ਸੁਨੋ.

ਸੁਭ: ਸੰ. ਸ਼ੁਭ ਧਾ- ਚਮਕਨਾ. ਸੁੰਦਰ ਹੋਣਾ. ਬੋਲਨਾ। ੨. ਵਿ- ਉੱਤਮ. ਚੰਗਾ. ਸ਼੍ਰੇਸ਼੍ਠ. "ਸਭ ਬਚਨ ਬੋਲਿ ਗੁਣ ਅਮੋਲ." (ਸਾਰ ਪੜਤਾਲ ਮਃ ੫) ੩. ਸੰਗ੍ਯਾ- ਪ੍ਰਕਾਸ਼। ੪. ਮੰਗਲ। ੫. ਸੁਖ.

ਸੁੰਭ: ਸੰ. ਸ਼ੁਮ੍ਭ ਸ਼ੁੰਭ. ਸੰਗਯਾ- ਕਸ਼ਯਪ ਦੇ ਵੀਰਯ ਤੋਂ ਦਨੁ ਦੇ ਉਦਰੋਂ ਪੈਦਾ ਹੋਇਆ ਦਾਨਵ, ਜੋ ਨਿਸੁੰਭ ਦਾ ਭਾਈ ਸੀ. ਇਸ ਨੂੰ ਦੁਰਗਾ ਨੇ ਜੰਗ ਵਿੱਚ ਮਾਰਿਆ. "ਸੁੰਭ ਨਿਸੁੰਭ ਪਠਾਯਾ ਜਮ ਦੇ ਧਾਮ ਨੂੰ" (ਚੰਡੀ ੩) ਦੇਖੋ, ਨਮੁਚਿ ੨.

ਸ਼ੁਭ ਸ਼ਕੁਨ: ਦੇਖੋ, ਅਪ ਸਗਨ.

ਸੁਭਹਾਨ: ਦੇਖੋ, ਸੁਬਹਾਨ.

ਸੁਭਗ: ਸੰ. ਵਿ- ਸੁੰਦਰ. ੨. ਅੱਛੇ ਭਾਗ ਵਾਲਾ. ਖ਼ੁਸ਼ਨਸੀਬ। ੩. ਆਨੰਦ ਦੇਣ ਵਾਲਾ। ੪. ਸੰਗਯਾ- ਸੁਹਾਗਾ. ਟੰਕਣ। ੫. ਚੰਪਕ. ਚੰਬਾ। ੬. ਸ਼ਿਵ.

ਸੁਭਗਾ: ਸੰ. ਵਿ- ਸੁੰਦਰੀ. ਖ਼ੂਬਸੂਰਤ। ੨. ਸੁਹਾਗਣ ਇਸਤ੍ਰੀ। ੩. ਸੰਗਯਾ- ਹਲਦੀ। ੪. ਤੁਲਸੀ। ੫. ਕਸਤੂਰੀ। ੬. ਚਮੇਲੀ.

ਸੁਭਚਾਰ: ਸ਼ੁਭ ਆਚਾਰ ਦਾ ਸੰਖੇਪ.

ਸੁਭਚਿੰਤਕ: ਵਿ- ਸ਼ੁਭ (ਭਲਾ) ਚਿਤਵਨ ਵਾਲਾ. ਖ਼ੈਰਖ਼੍ਵਾਹ.

ਸੁਭਚਿੰਤਨ: ਸੰਗਯਾ- ਸ਼ੁਭ (ਭਲਾ) ਚਿਤਵਨਾ. ਭਲਾ ਚਾਹੁਣਾ. ਖ਼ੈਰਖ਼੍ਵਾਹੀ। ੨. ਨੇਕ ਖ਼ਿਆਲ. "ਸੁਭਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ." (ਆਸਾ ਛੰਤ ਮਃ ੫)

ਸੁਭਚਿਤਵਨਿ, ਸੁਭਚਿਤਵਨੀ: ਦੇਖੋ, ਸੁਭਚਿੰਤਨ। ੨. ਸ਼ੁਭ- ਦ੍ਰਿਸ਼੍ਟਿ. ਮਿਹਰ ਦੀ ਨਜਰ. "ਸੁਭਚਿਤਵਨਿ ਦਾਸ ਤੁਮਾਰੇ." (ਸੋਰ ਮਃ ੪)

ਸੁਭਟ: ਸੰਗਯਾ- ਉੱਤਮ ਯੋਧਾ. ਸੂਰਮਾ। ਸਿਪਾਹੀ.

ਸੁਭਟਅਰਿ: ਸੰਗਯਾ- ਬਰਛੀ. ਸੈਹਥੀ. (ਸਨਾਮਾ) ਬੰਦੂਕ. (ਸਨਾਮਾ)

ਸੁਭਟਸਹੇਟ: ਸੰਗਯਾ- ਰਣਭੂਮਿ, ਜਿਸ ਥਾਂ ਯੋਧਿਆਂ ਦਾ ਮਿਲਾਪ ਹੁੰਦਾ ਹੈ. (ਸਨਾਮਾ)

ਸੁਭਟਨੀ: ਸੰਗਯਾ- ਸੈਨਾ, ਜਿਸ ਵਿੱਚ ਉੱਤਮ ਯੋਧੇ ਹਨ. (ਸਨਾਮਾ)

ਸੁਭਟੇਂਦ੍ਰ: ਵਿ- ਯੋਧਿਆਂ ਦਾ ਸਰਦਾਰ। ੨. ਸੰਗਯਾ- ਸਿਪਹਸਾਲਾਰ. ਜਨਰਲ। ੩. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ. ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੧. ਪੁਰ, ਅੰਤ ਗੁਰੁ ਲਘੁ. ਅਥਵਾ ਇਉਂ ਕਹੋ ਕਿ ਚਾਰ ਤੁਕਾਂ ਦਾ ਦੋਹਾ ਹੀ ਸੁਭਟੇਂਦ੍ਰ ਹੈ, ਜਿਸ ਦੀ ਚੌਹਾਂ ਤੁਕਾਂ ਦਾ ਅੰਤਜਾਨੁਪ੍ਰਾਸ ਮਿਲੇ.

ਉਦਾਹਰਣ-

ਸਰੜ ਸਰੜ ਜਬ ਚਢਤ ਦਲ ਸਜ ਕਰ ਸਿੰਘ ਸੁਬੀਰ,

ਬਰੜ ਬਰੜ ਬਰੜਾਤ ਰਿਪੁ ਬਿਹਬਲ ਬਿਕਲ ਸ਼ਰੀਰ,

ਭਰੜ ਭਰੜ ਭਯ ਭਜਤ ਭੀ ਬਿਲਪਤ ਬਹੁ ਭਟ ਭੀਰ,

ਮਰੜ ਮਰੜ ਕਾਲੀ ਚਬੈ ਅੜਤ ਜੁ ਦੁਸ਼੍ਟ ਬਹੀਰ.

(ਸਿੱਖੀ ਪ੍ਰਭਾਕਰ)

ਸੁਭਦ੍ਰਾ: ਵਸੁਦੇਵ ਦੀ ਪੁਤ੍ਰੀ, ਕ੍ਰਿਸ਼ਨ ਜੀ ਦੀ ਭੈਣ ਅਤੇ ਅਰਜੁਨ ਦੀ ਇਸਤ੍ਰੀ. ਇਸ ਦੇ ਵਡੇ ਭਾਈ ਬਲਰਾਮ ਦੀ ਇੱਛਾ ਇਸ ਨੂੰ ਦੁਰਯੋਧਨ ਨਾਲ ਵਿਆਹੁਣ ਦੀ ਸੀ, ਪਰ ਅਰਜੁਨ ਸੁਭਦ੍ਰਾ ਨੂੰ ਕ੍ਰਿਸ਼ਨ ਜੀ ਦੀ ਸਲਾਹ ਨਾਲ ਦ੍ਵਾਰਿਕਾ ਤੋਂ ਚੁਰਾਕੇ ਲੈ ਗਿਆ. ਸੁਭਦ੍ਰਾ ਅਭਿਮਨ੍ਯੁ ਦੀ ਮਾਤਾ ਅਤੇ ਪਰੀਕ੍ਸ਼ਿਤ ਦੀ ਦਾਦੀ ਸੀ. ਜਗੰਨਾਥ ਦੇ ਮੰਦਿਰ ਵਿੱਚ ਕਈ ਲੇਖਕਾਂ ਨੇ ਭੁੱਲ ਕਰਕੇ ਸੁਭਦ੍ਰਾ

ਦੀ ਮੂਰਤਿ ਦਾ ਹੋਣਾ ਲਿਖਿਆ ਹੈ, ਅਸਲ ਵਿੱਚ ਉਹ ਭਦ੍ਰਾ ਦੀ ਹੈ. ਦੇਖੋ, ਭਦ੍ਰਾ.

ਸੁਭਮਸਤ, ਸੁਭਮਸਤੁ: ਸੰ. ਸ਼ੁਭਮਸ੍ਤੁ. ਸ਼ੁਭੰ- ਅਸ੍ਤੁ. ਆਸ਼ੀਰਵਾਦ ਬੋਧਕ ਸ਼ਬਦ ਹੈ. ਸ਼ੁਭ ਹੋ. ਮੰਗਲ ਹੋ. ਕਲ੍ਯਾਣ ਹੋ. ਭਲਾ ਹੋਵੇ.

ਸੁਭਰ: ਵਿ- ਚੰਗੀ ਤਰਾਂ ਭਰਿਆ ਹੋਇਆ. ਕੰਢਿਆਂ ਤੀਕ ਪੂਰਣ. "ਖਿਨ ਮਹਿ ਊਣੇ ਸੁਭਰ ਭਰਿਆ." (ਭੈਰ ਮਃ ੫) ੨. ਸ਼ੁਭ੍ਰ. ਉੱਜਲ। ੩. ਸੁੰਦਰ. "ਸੁਭਰ ਕਪੜ." (ਵਾਰ ਮਾਰੂ ੨. ਮਃ ੫)

ਸੁਭਰਮ: ਦੇਖੋ, ਸੁਭ੍ਰਮ.

ਸੁਭਰਾਈ: ਦੇਖੋ, ਅੰਗਦ ਸਤਿਗੁਰੂ.

ਸੁਭਰਾਤ, ਸੁਭਰਾਤਾ: ਸੰ. ਸੁਭਰਿਤ. ਵਿ- ਸੁਭਗੁਣਾਂ ਨਾਲ ਭਰਿਆ ਹੋਇਆ. ਚੰਗੇ ਮਜ਼ਮੂਨਾਂ ਨਾਲ ਪੂਰਣ. "ਗ੍ਰੰਥ ਕਰਾ ਪੂਰਨ ਸੁਭਰਾਤਾ." (ਚੌਪਈ)

ਸੁਭਵੰਤੀ: ਵਿ- ਸ਼ੁਭਵਤੀ. ਮੰਗਲ ਵਾਲੀ. ਸੁਖਵਾਲੀ. ਆਨੰਦਵਤੀ. "ਸੰਤ ਸੰਗਤਿ ਸੁਭਵੰਤੀ." (ਨਟ ਮਃ ੪. ਪੜਤਾਲ) ੨. ਸੁ ਭਵਤਿ. ਹੁੰਦਾ ਹੈ.

ਸੁਭਾ: ਦੇਖੋ, ਸੁਬਹ। ੨. ਸ਼ੁਬਹ. ਸ਼ੱਕ. ਸੰਸਾ. "ਜੇ ਦਿਲ ਸੁਭਾ ਤੁਮਾਰੇ ਲਹੈ." (ਗੁਪ੍ਰਸੂ) ੩. ਸੰ. ਸ਼ੁਭਾ. ਕਾਂਤਿ. ਸ਼ੋਭਾ. "ਬਰਨੀ ਨਹਿ ਜਾਤ ਸੁਭਾ ਹੈ." (ਕ੍ਰਿਸਨਾਵ) ੪. ਇੱਛਾ। ੫. ਦੇਵਤਿਆਂ ਦੀ ਸਭਾ.

ਸੁਭਾਉ: ਸੰ. ਸ੍ਵਭਾਵ. ਸੰਗਯਾ- ਆਪਣਾ ਧਰਮ. ਪ੍ਰਕ੍ਰਿਤਿ। ੨. ਮਿਜਾਜ। ੩. ਵਾਦੀ. ਬਾਣ। ੪. ਸੁ- ਭਾਵ. ਉੱਤਮ ਖਿਆਲ.

ਸੁਭਾਇ: ਦੇਖੋ, ਸੁਭਾਉ। ੨. ਵਿ- ਉੱਤਮ ਭਾਵ ਵਾਲਾ. ਜਿਸ ਦਾ ਆਸ਼ਯ ਸ਼੍ਰੇਸ਼੍ਠ ਹੈ. "ਜਿਨ ਗੁਰੁ ਮਿਲਿਆ ਸੁਭਾਇ." (ਸ੍ਰੀ ਮਃ ੫) ੩. ਕ੍ਰਿ. ਵਿ- ਇਰਾਦਤਨ. ਸੰਕਲਪ ਕਰਕੇ. "ਸੁਭਾਇ ਅਭਾਇ ਜੁ ਨਿਕਟਿ ਆਵੈ." (ਮਾਰੂ ਅਃ ਮਃ ੫) ੪. ਸ੍ਵਾਭਾਵਿਕ. ਸ੍ਵਤਹ "ਸਤਿਗੁਰੁ ਮਿਲੈ, ਤਾਂ ਮਿਲੈ ਸੁਭਾਇ." (ਮਲਾ ਮਃ ੩)

ਸੁਭਾਇਕ: ਵਿ- ਸ਼ੋਭਾ ਦਾਇਕ. "ਮਸਤਕ ਦੀਪਤ ਜੋਤਿ ਸੁਭਾਇਕ." (ਗੁਪ੍ਰਸੂ) ੨. ਸ੍ਵਾਭਾਵਿਕ. ਸ੍ਵਤਹ. "ਜਿਮ ਆਇਸ ਕਰ ਦੇਤ ਸੁਭਾਇਕ, ਮਾਨਿਹ ਤਿਮ ਬਾਸੀ ਪੁਰ ਤੀਨ." (ਗੁਪ੍ਰਸੂ)

ਸੁਭਾਈ: ਵਿ- ਉੱਤਮ ਭਾਵ ਵਾਲਾ. ਜਿਸ ਦਾ ਆਸ਼ਯ ਅੱਛਾ ਹੈ. "ਸੋਈ ਪੁਰਖ ਸੁਭਾਈ." (ਸੋਰ ਮਃ ੫) ੨. ਨੇਕ ਭਾਈ। ੩. ਕ੍ਰਿ. ਵਿ- ਸ੍ਵਾਭਾਵਿਕ. ਸ੍ਵਤਹ. ਬਿਨਾ ਯਤਨ. "ਨਾਨਕ ਮਿਲਣ ਸੁਭਾਈ ਜੀਉ." (ਮਾਝ ਮਃ ੫) ੪. ਸ੍ਵਾਭਾਵਿਕ ਹੀ. ਆਪਣੇ ਸਹਜ ਧਰਮ ਅਨੁਸਾਰ. "ਜੈਸੇ ਬਾਲਕ ਭਾਇ ਸੁਭਾਈ ਲਖ ਅਪਰਾਧ ਕਮਾਵੈ." (ਸੋਰ ਮਃ ੫) ੫. ਸੰਗਯਾ- ਸੌਭਾਗਯਤਾ. ਖ਼ੁਸ਼ਨਸੀਬੀ. "ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ." (ਗਉ ਰਵਿਦਾਸ)

ਸੁਭਾਸੀ: ਸੰ. सुभाषिन् ਵਿ- ਚੰਗਾ- ਬੋਲਣ ਵਾਲਾ. ਪਿਆਰੇ ਵਚਨ ਆਖਣ ਵਾਲਾ.

ਸੁਭਾਸੁਭ: ਸ਼ੁਭ ਅਤੇ ਅਸ਼ੁਭ. ਨੇਕ ਬਦ.

ਸੁਭਾਖ, ਸੁਭਾਖਾ: ਸੰ. ਸੁਭਾਸ਼ਾ. ਸੰਗਯਾ- ਉੱਤਮ ਬੋਲੀ। ੨. ਅਜੇਹੀ ਗੱਲ ਬਾਤ, ਜੋ ਆਸਾਨੀ ਨਾਲ ਸਮਝੀ ਜਾ ਸਕੇ. ਜਿਸ ਵਿੱਚ ਔਖੇ ਪਦ ਨਾ ਵਰਤੇ ਜਾਣ। ੩. ਸ਼ਕੁਨਸ਼ਾਸਤ੍ਰ ਅਨੁਸਾਰ ਮੰਗਲ ਜਣਾਉਣ ਵਾਲੀ ਬੋਲੀ. "ਭਾਖ ਸੁਭਾਖ ਵਿਚਾਰ ਨ ਛਿੱਕ ਮਨਾਇਆ." (ਭਾਗੁ)

ਸੁਭਾਖਿਆ: ਦੇਖੋ, ਸੁਭਾਖਾ. "ਪ੍ਰਭੁ ਬਾਣੀ ਸਬਦ ਸੁਭਾਖਿਆ." (ਸੋਰ ਮਃ ੫) ੨. ਵਿ- ਸੁਭਾਸ਼ਿਤ. ਉੱਤਮ ਕਥਨ ਕੀਤਾ. ਚੰਗੀ ਤਰਾਂ ਬਿਆਨ ਕਰਿਆ.

ਸੁਭਾਖਜ: ਸੰ. ਸੁਭਾਸ਼ਜ. ਵਿ- ਆਸਾਨੀ ਨਾਲ ਕਹਿਣ ਯੋਗਜ। ੨. ਸੰਗਜਾ- ਸ਼ੇਸ਼ ਦਾ ਕੀਤਾ ਹੋਇਆ ਅਸ਼੍ਰਾਧਜਾਯੀ ਉੱਪਰ ਉੱਤਮ ਭਾਸ਼ਜ (ਟੀਕਾ). "ਸੁਭਾਖਜ ਕੌਮਦੀ ਪੜੈਂ." (ਬ੍ਰਾਹਮਵ)

ਸੁਭਾਗ: ਵਿ- ਉੱਤਮ ਭਾਗ ਵਾਲਾ। ੨. ਸੰਗਜਾ- ਸੌਭਾਗਜ. ਖੁਸ਼ ਕ਼ਿਸਮਤੀ.

ਸੁਭਾਗੀ: ਵਿ- ਚੰਗੇ ਭਾਗਾਂ ਵਾਲਾ.

ਸੁਭਾਚਾਰ: ਸ਼ੁਭ- ਆਚਾਰ ਸ਼੍ਰੇਸ਼੍ਠਾਚਾਰ. ਭਲਾ ਵਿਉਹਾਰ. "ਸੁਭਾਚਾਰ ਜਿੰਹ ਨਾਮ ਸਬਲ ਦੂਸਰ ਅਨੁਮਾਨੋ." (ਪਾਰਸਾਵ)

ਸੁਭਾਨ: ਦੇਖੋ, ਸੁਬਹਾਨ। ੨. ਦੇਖੋ, ਸੁਭਾਨੁ। ੩. ਸਿੰਧੀ. ਸੁਭਾਨ. ਕਲ੍ਹ. ਸਵੇਰੇ.

ਸੁਭਾਨਨ: ਸ਼ੁਭ (ਉੱਤਮ) ਆਨਨ (ਮੁਖ).

ਸੁਭਾਨਨੀ: ਵਿ- ਸੁੰਦਰ ਮੁਖ ਵਾਲੀ. ਉੱਤਮ ਚੇਹਰੇ ਵਾਲੀ.

ਸੁਭਾਨੁ: ਵਿ- ਉੱਤਮ ਪ੍ਰਕਾਸ਼। ੨. ਸੰਗਜਾ- ਆਤਮਿਕ ਰੌਸ਼ਨੀ. "ਗੁਰਮੁਖਿ ਸੁਖ ਸੁਭਾਨੁ." (ਸ੍ਰੀ ਮਃ ੧)

ਸੁਭਾਯਕ: ਦੇਖੋ, ਸੁਭਾਇਕ.

ਸੁਭਾਵ: ਉੱਤਮ ਖਿਆਲ। ੨. ਉੱਤਮ ਪ੍ਰੇਮ. ਸੱਚਾ ਪਿਆਰ। ੩. ਦੇਖੋ, ਸੁਭਾਉ.

ਸੁਭਾਵਕ: ਦੇਖੋ, ਸੁਭਾਇਕ.

ਸੁਭਾਵਤ: ਸ੍ਵਭਾਵਤਃ ਸ੍ਵਭਾਵ ਸੇ. ਕੁਦਰੀਤ ਤੌਰ ਪੁਰ. "ਸੁਭਾਵਤ ਜੈਸੇ ਬੈਸੰਤਰ ਅਲਿਪਤ." (ਮਾਰੂ ਮਃ ੫)

ਸੁਭਾਵ ਪ੍ਰਨਾਸੀ: ਦੇਖੋ, ਭਾਵ ਪ੍ਰਨਾਸੀ.

ਸੁਭਿਖਾ, ਸੁਭਿਖੀਆ: ਇੱਕ ਖਤ੍ਰੀ ਜਾਤਿ.

ਸੁਭਿੱਖ: ਸੰ. ਸੁਭਿਕ੍ਸ਼. ਸੰਗਜਾ- ਚੰਗਾ ਸਮਾਂ, ਜਦ ਭਿਕ੍ਸ਼ਾ (ਭਿਖਜਾ) ਆਸਾਨੀ ਨਾਲ ਮਿਲ ਸਕੇ. ਸੁਕਾਲ.

ਸੁਭੋਟੀ, ਸੁਭੌਟੀ: ਸੰਗਜਾ- ਸੁਭਟਤਾ. ਸੂਰਤ੍ਵ. ਬਹਾਦੁਰੀ। ੨. ਸ਼ੋਭਾ. "ਮੌਨ ਤੇ ਕੌਨ ਸੁਭੌਟੀ ਰਹੇ." (ਹਨੂ)

ਸੁਭੰਤ: ਸ਼ੁਭ ਅੰਤ. ਚੰਗਾ ਨਤੀਜਾ. ਸ਼ੁਭ ਫਲ। ੨. ਵਿ- ਸ਼ੌਭਿਤ. ਸ਼ੋਭਾ ਸਹਿਤ.

ਸੁਭ੍ਰ: ਸੰ. ਸ਼ੁਭ੍ਰ. ਵਿ- ਉੱਜਲ. ਚਿੱਟਾ। ੨. ਚਮਕੀਲਾ. "ਸਿਰੰ ਸੇਤ ਛਤ੍ਰੰ ਸੁ ਸੁਭ੍ਰੰ ਬਿਰਾਜੰ." (ਵਿਚਿਤ੍ਰ) ੩. ਸੁੰਦਰ. ਮਨੋਹਰ। ੪. ਸੰਗਜਾ- ਅਬਰਕ। ੫. ਚਾਂਦੀ। ੬. ਚਰਬੀ। ੭. ਫਟਕੜੀ। ੮. ਵੰਸ਼ਲੋਚਨ.

ਸੁਭ੍ਰਮ: ਸੰ. ਸ਼ੁਭ੍ਰਮ ਸ਼ੁਭ੍ਰੰ. (ਪ੍ਰਥਮਾਂਤ) "ਊਚ ਅਵਾਸ ਬਨਜੋ ਅਤਿ ਸੁਭ੍ਰਮ." (ਕ੍ਰਿਸਨਾਵ) ਦੇਖੋ, ਸ਼ੁਭ੍ਰ.

ਸੁਭ੍ਰਾਂਸ਼ੁ: ਸੰ. ਸ਼ੁਭ੍ਰ (ਉੱਜਲ) ਹਨ ਅੰਸ਼ੁ (ਕਿਰਣਾ) ਜਿਸ ਦੀਆਂ, ਚੰਦ੍ਰਮਾ.

ਸੁਮ: ਅ਼. ثُم ਸੁਮ. ਵਜ- ਫਿਰ. ਔਰ. ਪੁਨਹ। ੨. ਫ਼ਾ. سُم ਸੰਗਜਾ- ਚੌਪਏ ਦਾ ਖੁਰ। ੩. ਸੋਮਾ. ਚਸ਼ਮਾ. "ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧ ਘੀਉ." (ਵਾਰ ਮਾਝ ਮਃ ੧) ੪. ਸੰ. ਸੁਮ ਫੁੱਲ। ੫. ਚੰਦ੍ਰਮਾ। ੬. ਆਕਾਸ਼.

ਸੁੰਮ: ਦੇਖੋ, ਸੁਮ ੨.

ਸੁਮਗ: ਉੱਤਮ ਮਾਰਗ. ਭਲਾ ਰਾਹ. ਸੁਪੰਥ.

ਸੁੰਮਣਵਾਣੀ: ਸੁੰਮ (ਸੋਮੇ) ਦਾ ਪਾਣੀ. ਭਾਵ- ਅਖੰਡ ਪ੍ਰਵਾਹ. ਅਖੰਡ ਵ੍ਰਿੱਧੀ. "ਇਹਾਂ ਖਾਲਸਾ ਸੁੰਮਣਵਾਣੀ." (ਗੁਪ੍ਰਸੂ) ਨਾ

ਮੁੱਕਣ ਵਾਲਾ ਖਾਲਸਾ.

ਸੁਮਤ: ਸੰ. ਵਿ- ਉੱਤਮ ਗਜਾਨ ਵਾਲਾ. ਦਾਨਾ.

ਸੁਮਤਿ: ਉੱਤਮ ਬੁੱਧਿ. "ਦਾਸ ਕਉ ਸੁਮਤਿ ਦੀਤੀ." (ਸੋਰ ਮਃ ੫) ੨. ਸ਼੍ਰੇਸ਼੍ਠ ਬੁੱਧਿ ਵਾਲਾ ਵਿਵੇਕੀ ਪੁਰਖ.

ਬਿੰਜਨ ਵਿਵਿਧ ਜੈਸੇ ਭੂਖਭਯ ਭੰਜਨ ਹੈ

ਗੰਜਨ ਵਿਯੋਗ ਵਿਥਾ ਪੂਰੀ ਪ੍ਰੀਤਿ ਪਤਿ ਕੀ,

ਔਖਧ ਅਮਲ ਜਯੋਂ ਹਰੈਯਾ ਹੈ ਗਹੁਰ ਗਦ.

ਭਕ੍ਤਿ ਭਗਵੰਤ ਜਯੋਂ ਸਦਗਤਿ ਕੀ,

ਅੰਕੁਰ ਉਪਾਵ ਓਪ ਪਾਵਸ ਪਯੋਦ ਜੈਸੇ

ਸੁਮਨ ਸੁਫਾਰ ਜਯੋਂ ਕਰੈਯਾ ਬਹਾਰ ਰਿਤੁਪਤਿ ਕੀ,

ਕਾਮਨਾ ਕੋ ਪੂਰਕ ਜਯੋਂ ਕਲਪ ਬਖਾਨੈ ਗ੍ਰੰਥ

ਕੁਮਤਿ ਵਿਦਾਰਨ ਤਯੋਂ ਸੰਗਤਿ ਸੁਮਤਿ ਕੀ.

੩. ਜਰਾਸੰਧ ਦਾ ਮੰਤ੍ਰੀ. "ਅਪਨੇ ਮੰਤ੍ਰੀ ਸੁਮਤਿ ਕੋ ਲੀਨੋ ਨਿਕਟ ਬੁਲਾਇ." (ਕ੍ਰਿਸਨਾਵ) ੪. ਵਿਸ਼ਨੁ ਯਸ਼ ਦੀ ਇਸਤ੍ਰੀ ਅਤੇ ਕਲਕੀ ਅਵਤਾਰ ਦੀ ਮਾਤਾ.

ਸੁਮੱਧਮਾ, ਸੁਮਧਜਮਾ: ਵਿ- ਉੱਤਮ ਹੈ ਦੇਹ ਦਾ ਮੱਧਮ ਭਾਗ ਜਿਸ ਦਾ. ਪੁਤਲੀ ਕਮਰ ਵਾਲੀ. "ਹੇ ਸੁਮੱਧਮੇ! ਨਹਿ ਮੈ ਮਾਨੋ." (ਗੁਪ੍ਰਸੂ)

ਸੁਮਨ, ਸੁਮਨਸ: ਸ. सुमनस् ਵਿ- ਉੱਤਮ ਮਨ ਵਾਲਾ. ਨੇਕ ਦਿਲ। ੨. ਸੰਗਜਾ- ਫੁੱਲ। ੩. ਦੇਵਤਾ. "ਸੱਤਾਸਤ ਵਿਵੇਕ ਸੁਭ ਸੁਮਨਸ। ਚਾਹਤ ਰਹਿਤ ਭਗਤ ਗਨ ਸੁਮਨਸ ॥" (ਗੁਪ੍ਰਸੂ) ੪. ਕਣਕ. ਗੋਧੂਮ। ੫. ਧਤੂਰਾ.

ਸੁਮਨਾ: ਵਿ- ਅੱਛੇ ਮਨ ਵਾਲੀ. ੨. ਸੰਗਜਾ- ਮਾਲਤੀ, ਜੋ ਚਮੇਲੀ ਦੀ ਜਾਤਿ ਹੈ.

ਸ਼ੁਮਾ: ਫ਼ਾ. شما ਸਰਵ- ਆਪ. ਤੁਮ। ੨. ਭਾਵ- ਮੈ ਮੇਰੀ. "ਅਬ ਅਸਾਡੀ ਸ਼ੁਮਾ ਗਈ ਹੈ." (ਜਸਭਾਮ)

ਸੁਮਾਰ: ਫ਼ਾ. شمار ਸੰਗਜਾ- ਗਿਣਤੀ. ਸੰਖਜਾ. "ਤਾਕੇ ਅੰਤ ਨ ਪਰਹਿ ਸੁਮਾਰ." (ਗੁਜ ਅਃ ਮਃ ੧) ੨. ਸੈਨਾ। ੩. ਗਰੋਹ. ਇਕੱਠ। ੪. ਰਾਜੀ ਨਾ ਹੋਣ ਵਾਲਾ ਜਖਮ। ੫. ਵਿ- ਘਾਇਲ. ਜਖਮੀ. ਫੱਟੜ. "ਸਭ ਊਚ ਨੀਚ ਕਿੰਨੇ ਸੁਮਾਰ." (ਰਾਮਾਵ) "ਤੁਮ ਕੋ ਨਿਹਾਰ ਕਿਯਾ ਮਾਰ ਨੈ ਸੁਮਾਰ ਮੋ ਕੋ." (ਚਰਿਤ੍ਰ ੧੦੯) ਮਾਰ (ਕਾਮ) ਨੇ ਸੁਮਾਰ (ਘਾਇਲ).

ਸੁਮਾਲ: ਅ਼. شمال ਸ਼ਿਮਾਲ. ਸੰਗਜਾ- ਉੱਤਰ ਦਿਸ਼ਾ। ੨. ਖੱਬਾ ਪਾਸਾ.

ਸੁਮਾਲੀ: ਦੇਖੋ, ਰਾਵਣ। ੨. ਵਿ- ਸ਼ੁਮਾਲੀ. ਸ਼ੁਮਾਲ (ਉੱਤਰ) ਦਿਸ਼ਾ ਦਾ.

ਸੁਮਿਤ: ਵਿ- ਚੰਗੀ ਤਰਾਂ ਮਿਣਿਆ ਹੋਇਆ। ੨. ਸੁਮਿਤ੍ਰ। ਉੱਤਮ ਮਿਤ੍ਰ. "ਹਰਿ ਲਬਧੋ ਮਿਤ੍ਰ ਸੁਮਿਤੋ." (ਗਾਥਾ) ਮਿਤ੍ਰਾਂ ਵਿਚੋਂ ਸੁਮਿਤ੍ਰ.

ਸੁਮਿਤ੍ਰ: ਉੱਤਮ ਮਿਤ੍ਰ। ੨. ਸੰ. ਸੌਮਿਤ੍ਰਿ. ਸੰਗਜਾ- ਲਛਮਣ, ਜੋ ਸੁਮਿਤ੍ਰਾ ਦਾ ਪੁਤ੍ਰ ਹੈ. "ਤਿਹ ਓਰ ਸੁਮਿਤ੍ਰ ਪਠਾਯੋ." (ਰਾਮਾਵ) ੩. ਸ਼ਤ੍ਰੁਘਨ, ਲਛਮਣ ਦਾ ਛੋਟਾ ਭਾਈ। ੩. ਸੰ. ਸੁਮੰਤ੍ਰ (सुमन्त्र ). ਰਾਜਾ ਦਸ਼ਰਥ ਦਾ ਮੰਤ੍ਰੀ, ਜੋ ਰਥ ਹੱਕਣ ਵਿੱਚ ਭੀ ਨਿਪੁਣ ਸੀ. "ਤਾਤ ਬਸਿਸ੍ਟ ਸੁਮਿਤ੍ਰ ਬੁਲਾਏ." (ਰਾਮਾਵ)

ਸੁਮਿਤ੍ਰ ਸੇਨ, ਸੁਮਿਤ੍ਰ ਸੈਨ: ਸੁਮਿਤ੍ਰਾ ਦਾ ਪਿਤਾ, ਦਸ਼ਰਥ ਦਾ ਸਹੁਰਾ, ਲਛਮਣ ਅਤੇ ਸਤ੍ਰਘਨ ਦਾ ਨਾਨਾ.

ਸੁਮਿਤ੍ਰਜ: ਸੁਮਿਤ੍ਰਾ ਦਾ ਪੁਤਰ। ਲਛਮਣ. "ਚੀਨ ਸੁਮਿਤ੍ਰਜ ਕੀ ਛਬਿ ਕੋ." (ਰਾਮਾਵ) ੨. ਸ਼ਤ੍ਰਘਨ.

ਸੁਮਿਤ੍ਰਾ: ਸ਼ੁਮਿਤ੍ਰਾ ਸੇਨ ਦੀ ਪੁੱਤ੍ਰੀ. ਜੋ ਰਾਜਾ ਦਸ਼ਰਥ ਦੀ ਰਾਣੀ ਸੀ. ਇਸ ਦੇ ਉਦਰ ਤੋਂ ਲਛਮਣ ਅਤੇ ਸ਼ਤ੍ਰਘਨ ਜਨਮੇ.

ਸੁਮਿਤ੍ਰੇਸ: ਸੁਮਿਤ੍ਰਾ ਦਾ ਈਸ਼. ਸੁਮਿਤ੍ਰਾਪਤਿ ਰਾਜਾ ਦਸ਼ਰਥ. "ਸੁਮਿਤ੍ਰੇਸ ਮਹੀਪ ਭਯੋ ਜਬ ਤੇ." (ਰਾਮਾਵ)

ਸੁਮਿਲ, ਸੁਮਿਲਾ, ਸੁਮੀਲਾ: ਵਿ- ਚੰਗੀ ਤਰਾਂ ਮਿਲਿਆ ਹੋਇਆ. ਸੰਮਿਲਿਤ. "ਪ੍ਰਵੇਸਜੋ ਸਭੈ ਮੇ ਅਲੇਪੰ ਸੁਮੀਲਾ." (ਗੁਪ੍ਰਸੂ) ਅਲੇਪ ਅਤੇ ਮਿਲਿਆ.

ਸੁਮੁਖ: ਵਿ- ਉੱਤਮ ਹੈ ਜਿਸ ਦਾ ਮੁਖ. ਜਿਸ ਦਾ ਚਿਹਰਾ ਖਿੜਿਆ ਰਹਿੰਦਾ ਹੈ। ੨. ਸੰਗਯਾ- ਗਣੇਸ਼। ੩. ਗਰੁੜ ਦਾ ਪੁਤ੍ਰ। ੪. ਇੱਕ ਨਾਗਾਂ ਦਾ ਸਰਦਾਰ.

ਸੁਮੁਖੀ: ਸੁੰਦਰ ਮੁਖ ਵਾਲੀ। ੨. ਦੇਖੋ, ਸਵੈਯੇ ਦਾ ਰੂਪ ੨੮। ੩. ਸੀਸਾ. ਦਰਪਣ.

ਸੁਮੁੰਡ: ਇੱਕ ਤਪਸ੍ਵੀ, ਜਿਸ ਨੂੰ ਰਤਨਮਾਲ ਅਤੇ ਗੁਰੁ ਪ੍ਰਤਾਪ ਸੂਰਜ ਨੇ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਪੂਰਬ ਰੂਪ ਲਿਖਿਆ ਹੈ. "ਨਾਮ ਸੁਮੁੰਡ ਮੁਨੀ ਤਬ ਥਿਯੇ." (ਗੁਪ੍ਰਸੂ)

ਸੁਮੁੰਦ: ਸਮੁੰਦਰ. ਸਾਗਰ। ੨. ਦੇਖੋ, ਸਮੰਦ.

ਸੁਮੁੰਦਾ: ਦੇਖੋ, ਸਮੰਦ. "ਸੁਮੁੰਦੇ ਕੰਧਾਰੰ." (ਪਾਰਸਾਵ) ਕੰਧਾਰ ਦੇ ਸਮੰਦ ਘੋੜੇ। ੨. ਸਮੁੰਦਰ ਤੋਂ ਪੈਦਾ ਹੋਇਆ.

ਸੁਮੇਰ: ਦੇਖੋ, ਸੁਮੇਰੁ.

ਸੁਮੇਰ ਸਿੰਘ: ਯੂ. ਪੀ. ਵਿੱਚ ਜਿਲਾ ਆਜਮਗੜ੍ਹ ਦੇ ਨਗਰ "ਨਿਜਾਮਾਬਾਦ"[261] ਦੇ ਵਸਨੀਕ ਬਾਬਾ ਸਾਧੂ ਸਿੰਘ ਜੀ ਦੇ ਸੁਪੁਤ੍ਰ, ਜੋ ਉੱਤਮ ਕਵੀ ਸਨ. ਇਨ੍ਹਾਂ ਨੇ ਖਾਲਸਾ ਸ਼ਤਕ, ਗੁਰੁਪਦ ਪ੍ਰੇਮ ਪ੍ਰਕਾਸ਼ ਆਦਿ ਕਈ ਗ੍ਰੰਥ ਲਿਖੇ ਹਨ. ਗੁਰੁਪਦ ਪਰੇਮ ਪ੍ਰਕਾਸ਼ ਦੀ ਰਚਨਾ ਦਾ ਸਾਲ ਹੈ-

"ਸੰਮਤ ਉੱਨਿਸ ਸੈ ਅਧਿਕ ਤੇਇਸ ਨਾਲ ਰਸਾਲ,

ਨਗਰ ਨਜੀਬਾਬਾਦ ਮੇ ਭਯੋ ਸੁਵਚਨ ਨਿਹਾਲ.

ਸੁਮੇਰ ਸਿੰਘ ਜੀ ਕੁਝ ਸਮਾਂ ਤਖਤ ਪਟਨੇ ਸਾਹਿਬ ਦੇ ਮਹੰਤ ਭੀ ਰਹੇ ਸਨ. ਦੇਖੋ, ਨਿਜਾਮਾਬਾਦ.

ਸੁਮੇਰੁ: ਸੰ. ਸੰਗਯਾ- ਇੱਕ ਖਾਸ ਪਹਾੜ, ਜੋ ਭਾਗਵਤ ਅਤੇ ਵਿਸ਼ਨੁ ਪੁਰਾਣ ਅਨੁਸਾਰ ਸੁਵਰਣ ਦਾ ਹੈ, ਅਰ ਜਿਸ ਉੱਤੇ ਦੇਵਤਿਆਂ ਦੀਆਂ ਪੁਰੀਆਂ ਹਨ. ਸੁਮੇਰੁ ਦੀ ਬਲੰਦੀ ਚੌਰਾਸੀ ਹਜ਼ਾਰ ਯੋਜਨ ਲਿਖੀ ਹੈ, ਅਰ ਸੋਲਾਂ ਹਜ਼ਾਰ ਯੋਜਨ ਜ਼ਮੀਨ ਵਿੱਚ ਗਡਿਆ ਹੋਇਆ ਦੱਸਿਆ ਹੈ. ਇਸ ਦੀ ਚੋਟੀ ਉੱਪਰ ਬੱਤੀਹ ਹਜਾਰ ਯੋਜਨ ਦਾ ਮੈਦਾਨ ਹੈ.[262] ਜੁਗਰਾਫੀਏ ਦੀ ਡਿਕਸ਼ਨਰੀ (Geographical Dictionary) ਅਨੁਸਾਰ ਰੁਦ੍ਰਹਿਮਾਲਯ ਦਾ ਨਾਉਂ ਸੁਮੇਰੁ ਹੈ, ਜਿਸ ਵਿੱਚੋਂ ਗੰਗਾ ਨਿਕਲਦੀ ਹੈ. ਇਸ ਨੂੰ ਪੰਚਪਰਬਤ ਭੀ ਆਖਦੇ ਹਨ, ਕਿਉਂਕਿ ਇਸ ਦੀਆਂ ਪੰਜ ਚੋਟੀਆਂ- ਰੁਦ੍ਰਹਿਮਾਲਯ, ਵਿਸ਼ਨੁਪੁਰੀ, ਬ੍ਰਹਮਪੁਰੀ, ਉਦਗਾਰੀਕੰਠ ਅਤੇ ਸ੍ਵਰਗਾਰੋਹਣ ਹਨ। ੨. ਮਾਲਾ ਦਾ ਸ਼ਿਰੋਮਣਿ ਮਣਕਾ। ੩. ਗਣਿਤਵਿਦਯਾ ਅਨੁਸਾਰ ਉੱਤਰਧ੍ਰੁਵ ਦਾ ਨਾਮ ਸੁਮੇਰੁ ਹੈ, ਜਿਸ ਦੇ ਮੁਕਾਬਲੇ ਦਕ੍ਸ਼ਿਣਧ੍ਰੁਵ ਨੂੰ ਕੁਮੇਰੁ ਆਖਦੇ ਹਨ। ੪. ਯੋਗਮਤ ਅਨੁਸਾਰ ਦਸ਼ਮਦ੍ਵਾਰ। ੫. ਦੇਖੋ, ਮਸਨਵੀ ਦਾ ਰੂਪ ੨.

---

[261] ਇਹ ਜੌਨਪੁਰ ਤੋਂ, ੨੦. ਕੋਹ ਅਤੇ ਕਾਂਸ਼ੀ ਤੋਂ ੩੦ ਕੋਹ ਹੈ.

[262] ਦੇਖੋ, ਵਿਸ਼ਨੁ ਪੁਰਾਣ ਅੰਸ਼ ੨. ਅਃ ੨.

**ਸੁਮੋਵਾਣੀ:** ਦੇਖੋ, ਸੁੰਮਣਵਾਣੀ. "ਹੁਤੋ ਖਾਲਸਾ ਸੁਮੋਵਾਣੀ." (ਪ੍ਰਾ ਪੰ ਪ੍ਰ) ਖਾਲਸਾ ਸੋਮੇ (ਚਸ਼ਮੇ) ਦਾ ਪਾਣੀ. ਭਾਵ- ਨਾ ਮੁੱਕਣ ਵਾਲਾ.

**ਸੁਮੰਤ, ਸੁਮੰਤ੍ਰ:** ਉੱਤਮ ਮੰਤ੍ਰ. ਨੇਕ ਸਲਾਹ। ੨. ਦਸ਼ਰਥ ਦਾ ਮੰਤ੍ਰੀ। ੩. ਜਪ ਕਰਨ ਯੋਗ ਉੱਤਮ ਮੰਤ੍ਰ. "ਸੁਮੰਤ੍ਰ ਸਾਧੁਬਚਨਾ." (ਗਾਥਾ)

**ਸੁਮ੍ਰਿਤੇਸ:** ਦੇਖੋ, ਸੁਮਿਤ੍ਰੇਸ. ਲਿਖਾਰੀ ਦੀ ਭੁੱਲ ਨਾਲ ਰਾਮਾਵਤਾਰ ਵਿੱਚ ਸ਼ਬਦ ਦਾ ਇਹ ਰੂਪ ਹੋ ਗਿਆ ਹੈ.

**ਸੁਯਸ:** ਸੰ. सुयशस. ਉੱਤਮ ਜਸ. ਸੁਕੀਰਤਿ। ੨. ਵਿ- ਜਿਸ ਦਾ ਉੱਤਮ ਜਸ ਹੈ. ਸੁਕੀਰਤਿ ਵਾਲਾ. ਨੇਕਨਾਮ.

**ਸੁਯੋਧਨ:** ਵਿ- ਅੱਛਾ ਯੁੱਧ ਕਰਨ ਵਾਲਾ. ਜਿਸ ਨੂੰ ਜੰਗ ਦਾ ਢੰਗ ਚੰਗਾ ਆਉਂਦਾ ਹੈ। ੨. ਸੰਗਜਾ- ਦੁਰਯੋਧਨ. ਧ੍ਰਿਤਰਾਸ਼੍ਟ੍ਰ ਦਾ ਪੁਤ੍ਰ, ਜੋ ਕੌਰਵਾਂ ਦਾ ਸਰਦਾਰ ਸੀ।

**ਸੁਯੰਬਰ:** ਦੇਖੋ, ਸ੍ਵਯੰਬਰ.

**ਸੁਯੰਭਵ:** ਦੇਖੋ, ਸ੍ਵਸੰਭੂ. "ਸਰਬ ਵਿਸ੍ਵ ਰਚ੍ਯੋ ਸੁਯੰਭਵ." (ਜਾਪੁ)

**ਸੁਰ:** ਸੰ. ਸੰਗਜਾ- ਦੇਵਤਾ."ਸੁਰ ਨਰ ਤਿਨ ਕੀ ਬਾਣੀ ਗਾਵਹਿ." (ਸ੍ਰੀ ਅਃ ਮਃ ੩) ਦੇਖੋ, ਸੁਰਾ। ੨. ਸੰ. स्वर ਸ੍ਵਰ. ਨੱਕ ਦੇ ਰਾਹ ਸ੍ਵਾਸ ਦਾ ਆਉਣਾ ਜਾਣਾ। ੩. ਸੰਗੀਤ ਅਨੁਸਾਰ ਉਹ ਧੁਨਿ, ਜੋ ਰਾਗ ਦੀ ਸ਼ਕਲ ਬਣਾਉਣ ਦਾ ਕਾਰਣ ਹੋਵੇ. ਇਸ ਦੇ ਸੱਤ ਭੇਦ ਕਲਪੇ ਹਨ. "ਸਾਤ ਸੁਰਾ ਲੈ ਚਾਲੈ." (ਰਾਮ ਮਃ ੫) ਦੇਖੋ, ਸ੍ਵਰ.

**ਸੁਰਅਰਿ:** ਦੇਵਤਿਆਂ ਦਾ ਵੈਰੀ ਦੈਤ.

**ਸੁਰਸ:** ਉੱਤਮ ਰਸ। ੨. ਆਤਮ ਰਸ. "ਹੋਇ ਨਿਰਸ ਸੁਰਸ ਪਹਿਚਾਨਿਆ." (ਗਉ ਬਾਵਨ ਕਬੀਰ)

**ਸੁਰਸਤੀ:** ਦੇਖੋ, ਸੁਰਸ੍ਵਤੀ.

**ਸੁਰਸਰਿ, ਸੁਰਸਰਿਤ, ਸੁਰਸਰਿਤਾ, ਸੁਰਸਰੀ:** ਦੇਵਤਿਆਂ ਦੀ ਨਦੀ ਗੰਗਾ. "ਸੁਰਸਰੀ ਸਲਿਲ ਕ੍ਰਿਤ ਬਾਰੁਨੀ ਰੇ, ਸੰਤਜਨ ਕਰਤ ਨਹੀ ਪਾਨੰ." (ਮਲਾ ਰਵਿਦਾਸ)

**ਸੁਰਸੁਤੀ:** ਦੇਖੋ, ਸਰਸ੍ਵਤੀ. "ਅਨੰਤ ਸੁਰਸੁਤੀ ਸਤੀ." (ਗਜਾਨ)

**ਸੁਰਸਾ:** ਦਕ੍ਸ਼ ਦੀ ਪੁਤ੍ਰੀ. ਕਸ਼ਯਪ ਦੀ ਇਸਤ੍ਰੀ. ਨਾਗਾਂ ਦੀ ਮਾਤਾ. ਇਸ ਨੇ ਲੰਕਾ ਜਾਂਦੇ ਹੋਏ ਹਨੂਮਾਨ ਨੂੰ ਵਡਾ ਰੂਪ ਧਾਰਕੇ ਰੋਕ ਲਿਆ ਸੀ. ਹਨੁਮਾਨ ਛੋਟਾ ਰੂਪ ਧਾਰਕੇ ਇਸ ਦੇ ਮੂੰਹ ਅੰਦਰ ਪ੍ਰਵੇਸ਼ ਹੋਕੇ ਕੰਨ ਰਸਤੇ ਨਿਕਲ ਗਿਆ. ਦੇਖੋ, ਬਾਲਮੀਕ ਕਾਂਡ ੫. ਅਃ ੧.। ੨. ਦੇਵੀ. ਦੁਰਗਾ। ੩. ਸੁਰਗ ਦੀ ਇੱਕ ਅਪਸਰਾ। ੪. ਤੁਲਸੀ। ੫. ਜੁਹੀ। ੬. ਸੌਂਫ

**ਸੁਰਸਾਲ:** ਵਿ- ਦੇਵਤਿਆਂ ਨੂੰ ਸੱਲ ਰੂਪ। ੨. ਸੰਗਜਾਰਾਵਣ. "ਰਾਮ ਸੁਰਸਾਲ ਪਰ." ਨਾਪ੍ਰ)

**ਸੁਰਸੁਰੀ:** ਦੇਖੋ ਸੁਰਸਰੀ.

**ਸੁਰਹ, ਸੁਰਹੀ:** ਸੰ. ਸੁਰਭਿ. ਸੰਗਜਾ- ਮਿੱਠੀ ਖ਼ੁਸ਼ਬੂ। ੨. ਸੁਰਭੀ. ਗਊ. "ਸੁਰਹ ਕੀ ਜੈਸੀ ਤੇਰੀ ਚਾਲ." (ਬਸੰ ਕਬੀਰ) "ਵੁਠੈ ਘਾਹ ਚਰਹਿ ਨਿਤ ਸੁਰਹੀ." (ਵਾਰ ਮਲਾ ਮਃ ੧) ੩. ਸ੍ਵਰ- ਹਿਯ. "ਅਹਿਨਿਸ ਅਖੰਡ ਸੁਰਹੀ ਜਾਇ." (ਗਉ ਕਬੀਰ ਵਾਰ ੭) ਅਖੰਡ ਧੁਨਿ ਨਿਰੰਤਰ ਮਨ ਅੰਦਰ ਉਪਜਦੀ ਹੈ.

**ਸੁਰਕਾਬ:** ਦੇਖੋ, ਸੁਰਖਾਬ.

**ਸੁਰਖ:** ਫ਼ਾ. سُرخ ਸੁਰਖ਼. ਵਿ- ਲਾਲ. ਅਰੁਣ. ਰੱਤਾ.

**ਸੁਰਖਰੂ:** ਫ਼ਾ. سُرخرُو ਸੁਰਖ਼ਰੂ ਵਿ- ਆਨੰਦ ਨਾਲ ਜਿਸ ਦਾ ਚਿਹਰਾ ਸੁਰਖ ਹੈ. ਚਿੰਤਾ ਅਤੇ ਸ਼ੋਕ ਤੋਂ ਜਿਸ ਦੇ ਮੁਖ ਦੀ ਸ਼ੋਭਾ ਫਿੱਕੀ ਨਹੀ ਹੋਈ. "ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ." (ਵਾਰ ਸ੍ਰੀ ਮਃ ੪) ੨. ਕਿਸੇ ਕੰਮ ਨੂੰ ਦਾਨਾਈ ਅਤੇ ਧਰਮ ਨਾਲ ਪੂਰਾ ਕਰਕੇ ਜਿਸ ਨੇ ਪ੍ਰਸੰਨਤਾ ਪ੍ਰਾਪਤ ਕੀਤੀ ਹੈ. ੩. ਜੋ ਕਿਸੇ ਜਿੰਮੇਵਾਰੀ ਤੋਂ ਬਰੀ ਹੋ ਗਿਆ ਹੈ.

**ਸੁਰਖਾ:** ਨੀਲੀ ਝਲਕ ਵਾਲਾ ਚਿੱਟੇ ਰੰਗ ਦਾ ਘੋੜਾ.

**ਸੁਰਖਾਬ:** سُرخاب ਸੁਰਖ਼ਾਬ. ਸੰਗਯਾ- ਚਕ੍ਰਵਾਕ. ਚਕਵਾ. (Anas Casarca) ੨. ਸੁਰਖ਼- ਆਬ. ਲਾਲ ਪਾਣੀ. ਇੱਕ ਕਵੀ ਲਿਖਦਾ ਹੈ ਕਿ ਰਾਜਾ ਜੈ ਸਿੰਘ ਦੇ ਯੁੱਧ ਨਾਲ ਨੀਲਾਬ (ਅਟਕ) ਸੁਰਖਾਬ ਹੋ ਗਿਆ। ੩. ਲਹੂ. ਰੁਧਿਰ। ੪. ਲਾਲ ਸਮੁੰਦਰ ੫. ਸ਼ਰਾਬ। ੬. ਕਾਬੁਲ ਦਾ ਇੱਕ ਦਰਿਆ। ੭. ਰੁਸਤਮ ਦਾ ਇੱਕ ਖਾਸ ਘੋੜਾ। ੮. ਰੁਸਤਮ ਦਾ ਇੱਕ ਪੁਤ੍ਰ। ੯. ਤਬਰੀਜ਼ ਦੇ ਪਾਸ ਇੱਕ ਪਹਾੜ.

**ਸੁਰਖੀ:** ਫ਼ਾ. سُرخی ਸੁਰਖ਼ੀ. ਸੰਗਯਾ- ਲਾਲੀ. ਅਰੁਣਤਾ। ੨. ਸਿਰਲੇਖ. Heading. ਸੁਰਖ ਰੰਗ ਨਾਲ ਲਿਖਿਆ ਜਾਣ ਤੋਂ ਇਹ ਨਾਉ, ਹੋਇਆ ਹੈ. ੩. ਵਿ- ਸੁ- ਰ੍ਰਿਸ਼ੀਕ (हृषीक ) ਜਿਸ ਨੇ ਇੰਦ੍ਰੀਆਂ ਨੂੰ ਸੁਮਾਰਗ ਲਾਇਆ ਹੈ. "ਸੁਰਖੀ ਪਾਂਚਉ ਰਾਖੈ ਸਬੈ." (ਗਉ ਕਬੀਰ ਵਾਰ ੭) ੪. ਸੁਰਕ੍ਸ਼ਿਤ. ਚੰਗੀ ਤਰਾਂ ਰਾਖੀ ਵਿੱਚ.

**ਸੁਰਗ:** ਸੰ. ਸ੍ਵਰਗ. ਸੰਗਯਾ- ਆਨੰਦ. ਸੁਖ। ੨. ਦੇਵਲੋਕ. ਬਹਿਸ਼੍ਤ. ਇੰਦ੍ਰਲੋਕ. Paradise. "ਸੁਰਗਬਾਸੁ ਨ ਬਾਛੀਐ." (ਗਉ ਕਬੀਰ)

**ਸੁਰਗਈਆ:** ਵਿ- ਸੁਰਗ ਵਿੱਚ ਰਹਿਣ ਵਾਲਾ. ੨. ਦੇਵਤਾ. ਸ੍ਵਰਗੀਯ। ੩. ਸ੍ਵਰ ਗ੍ਯਾਨ ਕਰਤਾ. ਰਾਗੀ.

**ਸੁਰਗਦੁਆਰੀ:** ਸੰਗਯਾ- ਮਕਾਨ ਦੀ ਕੁਰਸੀ ਹੇਠ ਰੱਖੀ ਹੋਈ ਗਲੀ. ਜਿਸ ਵਿੱਚਦੀਂ ਹਵਾ ਅਥਵਾ ਜਲ ਦਾ ਗੁਜ਼ਰ ਹੋਵੇ. ਦੇਖੋ, ਸ੍ਵਰਗਦ੍ਵਾਰੀ.

**ਸੁਰਗਦੁਆਰੀਆ:** ਖ਼ਾ. ਨਕਟਾ. "ਨਕਟਾ ਸੁਰਗਦੁਆਰੀ ਵਾਲਾ." (ਪੰਪ੍ਰ)

**ਸੁਰਗਲੋਕ:** ਸੰਗਯਾ- ਸ੍ਵਰਗਲੋਕ. ਇੰਦ੍ਰਪੁਰੀ.

**ਸੁਰਗਵਾਸ:** ਸ੍ਵਰਗ ਵਿੱਚ ਨਿਵਾਸ. ਮਰੇ ਪ੍ਰਾਣੀ ਲਈ ਸਨਮਾਨ ਬੋਧਕ ਇਹ ਸ਼ਬਦ ਹੈ.

**ਸੁਰਗਾ:** ਸ੍ਵਰਗ ਵਿੱਚ. "ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ." (ਜਪੁ) ੨. ਸੁਰਗ ਦਾ ਬਹੁ ਵਚਨ.

**ਸੁਰਗਾਮੀ:** ਸ੍ਵਰਗਗਾਮੀ ਦਾ ਸੰਖੇਪ. ਵਿ- ਦੇਵ ਲੋਕ ਵਿੱਚ ਜਾਣ ਵਾਲਾ. "ਅੰਤ ਹੋਏ ਸੁਰਗਾਮੀ." (ਚੰਡੀ ੩)

**ਸੁਰਗਿ:** ਸ੍ਵਰਗ ਵਿੱਚ. "ਦੇਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ." (ਵਾਰ ਮਲਾ ਮਃ ੧)

**ਸੁਰਗਿਆਨਿ, ਸੁਰਗਿਆਨੀ:** ਵਿ- ਜਿਸ ਨੂੰ ਸ੍ਵਰ ਦਾ ਗ੍ਯਾਨ ਹੈ. ੨. ਜੋ ਦੇਵਤਿਆਂ ਵਿੱਚੋ, ਮੁੱਖ ਗ੍ਯਾਨੀ ਹੈ. "ਉਪਜੋਜ ਬ੍ਰਹਮਾ ਸੁਰਗਿਆਨੀ." (ਬ੍ਰਹਮਾਵ) ੩. ਸੁਰਗ੍ਯਾਨੀ. ਉੱਤਮ ਗ੍ਯਾਨ ਵਾਨ. "ਤੁਹੀ ਸੁਰਗਿਆਨਿ." (ਆਸਾ ਮਃ ੫)

**ਸੁਰਗਿੰਦੁ:** ਸੰਗਯਾ- ਚੰਦ੍ਰਲੋਕ. ਇੰਦੁ (ਚੰਦ੍ਰਮਾ) ਦਾ ਸ੍ਵਰਗ. ਪੁਰਾਣਾਂ ਵਿੱਚ ਚੰਦ੍ਰਲੋਕ ਸੂਰਜ ਤੋਂ ਭੀ ਉੱਚਾ ਮੰਨਿਆ ਹੈ। ੨. ਇੰਦ੍ਰ ਦਾ ਸ੍ਵਰਗ. ਅਮਰਾਵਤੀ "ਕੋਈ ਬਾਛੈ ਭਿਸਤ ਕੋਈ ਸੁਰਗਿੰਦੂ." (ਰਾਮ ਮਃ ੫) ਮੁਸਲਮਾਨ ਬਹਿਸ਼੍ਤ ਅਤੇ ਹਿੰਦੂ ਅਮਰਾਵਤੀ ਵਾਂਛੈਂ (ਚਾਹੁੰਦੇ ਹਨ).

**ਸੁਰਗਿਰਿ:** ਦੇਵਤਿਆਂ ਦਾ ਪਹਾੜ ਸੁਮੇਰੁ.

**ਸੁਰਗੀ:** ਸੰ. ਸ੍ਵਰਗੀਯ. ਵਿ- ਸ੍ਵਰਗ ਦਾ। ੨. ਡਿੰਗ. ਸੰਗਯਾ- ਦੇਵਤਾ. ਸੁਰ.

**ਸੁਰਗੁ:** ਦੇਖੋ, ਸੁਰਗ.

**ਸੁਰਗੁਣ, ਸੁਰਗੁਨ:** ਵਿ- ਦੈਵੀ ਗੁਣ. ਦਿਵ੍ਯ ਗੁਣ। ੨. ਸਗੁਣ. ਗੁਣ ਸਹਿਤ। ੩. ਸਾਰੇ ਗੁਣ. ਸਰਵ ਗੁਣ. "ਕਹੂੰ ਤ੍ਰਿਗੁਣ ਅਤੀਤ ਕਹੂੰ ਸੁਰਗੁਨ ਸਮੇਤ ਹੋ." (ਅਕਾਲ)

**ਸੁਰਗੁਰੁ:** ਸੰ. ਸੰਗ੍ਯਾ- ਦੇਵਤਿਆਂ ਦਾ ਗੁਰੁ ਬ੍ਰਿਹਸਪਤਿ.

**ਸੁਰਗੁਰੁ ਵਾਰ:** ਵੀਰ ਵਾਰ. ਬ੍ਰਿਹਸਪਤਿ ਵਾਰ.

**ਸੁਰਚਾਪ:** ਦੇਖੋ, ਇੰਦ੍ਰਧਨੁਖ.

**ਸੁਰਜਨ:** ਵਿ- ਸੁਜਨ। ੨. ਸੁਹ੍ਰਿਦ ਜਨ. ਨੇਕਦਿਲ. "ਹਰਿ ਸੁਰਜਨ ਦੇਖਾ ਨੈਣਿ." (ਮਾਝ ਦਿਨਰੈਣ) ੩. ਸੰ. ਦੇਵਜਾਤਿ.

**ਸੁਰਜਨ ਦਾਸ:** ਦੇਖੋ, ਅਜਾਤ ਪੰਥੀ.

**ਸੁਰਜੀਤ:** ਦੇਖੋ, ਸਰਜੀਤ। ੨. ਦੇਵਤਿਆਂ ਨੂੰ ਜਿੱਤਣ ਵਾਲਾ।

**ਸੁਰਝਨ, ਸੁਰਝਨਾ:** ਕ੍ਰਿ- ਸੁਲਝਨਾ. ਬੰਧਨ ਰਹਿਤ ਹੋਣਾ. "ਝਝਾ ਉਰਝ ਸੁਰਝ ਨਹਿ ਜਾਨਾ." (ਗਉ ਬਾਵਨ ਕਬੀਰ) ੨. ਗਲਤਫਹਿਮੀ ਦੂਰ ਕਰਨੀ। ੩. ਝਗੜਾ ਨਿਬੇੜਨਾ.

**ਸੁਰਤ:** ਦੇਖੋ, ਸੁਰਤਿ। ੨. ਵਿ- ਉੱਤਮ ਪ੍ਰੇਮੀ. ਜੋ ਚੰਗੀ ਤਰਾਂ ਰਤ ਹੈ। ੩. ਸ਼੍ਰੁਤ. ਸੁਣਿਆ ਹੋਇਆ। ੪. ਸੰਗ੍ਯਾ- ਵੇਦ। ੫. ਸ਼ਾਸਤ੍ਰ। ੬. ਹੋਸ਼. ਬੁੱਧਿ। ੭. ਸਿਮ੍ਰਿਤਿ. ਚੇਤਾ.

**ਸੁਰਤ ਸਬਦ:** ਦੇਖੋ, ਸਬਦ ਸੁਰਤਿ.

**ਸੁਰਤਰੁ:** ਸੰਗ੍ਯਾ- ਦੇਵਤਿਆਂ ਦਾ ਬਿਰਛ. ਸੰਸਕ੍ਰਿਤ ਗ੍ਰੰਥਾਂ ਵਿੱਚ ਪੰਜ ਸੁਰਤਰੁ ਲਿਖੇ ਹਨ-

ਮੰਦਾਰ, ਪਾਰਿਜਾਤ, ਸੰਤਾਨ, ਕਲਪਵ੍ਰਿਕ੍ਸ਼, ਹਰਿਚੰਦਨ.

ਮੁਸਲਮਾਨਾਂ ਦੇ ਮਤ ਵਿੱਚ ਭੀ ਇਨ੍ਹਾਂ ਬਿਰਛਾਂ ਦੇ ਨਾਲ ਦਾ ਇੱਕ "ਸਿਦਰਤੁਲ ਮੁੰਤਹਾ" سدرۃ المنتہی ਬਿਰਛ ਹੈ, ਜੋ ਸੱਤਵੇਂ ਆਸਮਾਨ ਖੁਦਾ ਦੇ ਬਾਗ ਵਿੱਚ ਹੈ. ਹਜਰਤ ਮੁਹੰਮਦ ਜਦ ਬੁੱਰਾਕ ਤੇ ਚੜ੍ਹਕੇ ਉਸ ਥਾਂ ਪੁਜੇ, ਤਦ ਉਨ੍ਹਾਂ ਨੇ ਦੇਖਿਆ ਕਿ ਉਸ ਬਿਰਛ ਦੇ ਪੱਤੇ ਹਾਥੀ ਦੇ ਕੰਨਾਂ ਵਰਗੇ ਅਤੇ ਫਲ ਘੜੇ ਦੇ ਆਕਾਰ ਦੇ ਸਨ. ਦੇਖੋ, ਮਿਸ਼ਕਾਤੁਲ ਮਸਾਬਿਹ.

**ਸੁਰਤਾ:** ਵਿ- ਸੁਰਤ (ਹੋਸ਼) ਵਾਲਾ. "ਜਿਨ ਕੀਆ ਬੇ- ਸੁਰਤ ਤੇ ਸੁਰਤਾ." (ਗਉ ਮਃ ੫) ੨. ਸ਼੍ਰੋਤਾ. ਗੁਰੂ ਅਤੇ ਧਰਮਗ੍ਰੰਥਾਂ ਦੇ ਵਾਕ ਸ਼੍ਰੱਧਾ ਨਾਲ ਸੁਣਨ ਵਾਲਾ "ਸੋ ਸੁਰਤਾ ਸੋ ਬੈਸਨੋ." (ਗਉ ਥਿਤੀ ਮਃ ੫) ਸੁਰਤੇ ਚੁਲੀ ਗਿਆਨ ਕੀ." (ਵਾਰ ਸਾਰ ਮਃ ੧)

**ਸੁਰਤਾਨ, ਸੁਰਤਾਨੁ:** ਸੰਗ੍ਯਾ- ਸੁਲਤਾਨ. ਬਾਦਸ਼ਾਹ "ਸੋ ਸੁਰਤਾਨੁ ਛਤ੍ਰੁ ਸਿਰਿ ਧਰੈ." (ਭੈਰ ਕਬੀਰ) ੨. ਸੁਲਤਾਨ (ਸਖੀ ਸਰਵਰ) ਪੀਰ. "ਰੋਸ ਆਬੈ ਸੁਰਤਾਨ ਬਢੈਹੈ." (ਚਰਿਤ੍ਰ ੧੩੯) ੩. ਸ੍ਵਰ (ਪ੍ਰਾਣਾਯਾਮ) ਦਾ ਅਭ੍ਯਾਸੀ, ਯੋਗੀ। ੪. ਸ੍ਵਰਾਂ ਦਾ ਫੈਲਾਉ. ਤਾਨ ਦਾ ਵਿਸ੍ਤਾਰ। ੫. ਦੇਖੋ, ਸਰਤਾਨ.

**ਸੁਰਤਿ:** ਸੰਗ੍ਯਾ- ਚਿੱਤ. ਅੰਤਹਕਰਣ ਦਾ ਉਹ ਭੇਦ, ਜਿਸ ਦਾ ਕੰਮ ਚੇਤਾ ਹੈ. "ਘੜੀਐ ਸੁਰਤਿ ਮਤਿ ਮਨਿ ਬੁਧਿ." (ਜਪੁ) ਦੇਖੋ, ਅੰਤਹਕਰਣ। ੨. ਧਿਆਨ. ਤਵੱਜੋ. "ਫਾਹੀ ਸੁਰਤਿ ਮਲੂਕੀ ਵੇਸ." (ਸ੍ਰੀ ਮਃ ੧) ਭੇਖ ਫ਼ਰਿਸ਼ਤਿਆਂ (ਸੰਤਾਂ) ਦਾ ਹੈ, ਅਤੇ ਲੋਕਾਂ ਦੇ ਫਾਹੁਣ ਵਿੱਚ ਖਿਆਲ ਹੈ. ਦੇਖੋ, ਸੁਰਤਿ ਸਿਮ੍ਰਤਿ। ੩. ਉੱਤਮ ਪ੍ਰੀਤਿ. ਸ਼੍ਰੇਸ਼੍ਠ ਰਤਿ. "ਦੂਧ ਕਰਮ ਫੁਨਿ ਸੁਰਤਿ ਸਮਾਇਣੁ." (ਸੂਹੀ ਮਃ ੧) ੪. ਸ਼੍ਰੁਤਿ ਵੇਦ। ੫. ਸੁਣਨਾ. ਸ਼੍ਰਵਣਸ਼ਕਤਿ. "ਸ੍ਰਵਨਿ ਨ ਸੁਰਤਿ." (ਗਉ ਮਃ ੫) ੬. ਕੰਨ. ਸ਼੍ਰੋਤ੍ਰ. "ਸਬਦ ਸੁਰਤਿ ਪਰੈ." (ਭਾਗੁ) ੭. ਸ੍ਵਰ ਦਾ ਵਿਭਾਗ. ਸ਼੍ਰੁਤਿ. "ਰਾਗ ਨਾਦ ਸਭਕੋ ਸੁਣੈ ਸਬਦ ਸੁਰਤਿ ਸਮਝੈ ਵਿਰਲੋਈ." (ਭਾਗੁ) ਦੇਖੋ, ਸ਼੍ਰੁਤਿ ੬.

ਸੁਰਤਿ ਸਬਦ: ਦੇਖੋ, ਸਬਦ ਸੁਰਤਿ.

ਸੁਰਤਿ ਸਿਮ੍ਰਿਤਿ: ਧਿਆਨ ਅਤੇ ਯਾਦ. ਚਿੰਤਨ ਅਤੇ ਸਿਮਰਣ. "ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ." (ਗਉ ਕਬੀਰ) ੨. ਸ਼੍ਰੁਤਿ (ਵੇਦ) ਅਤੇ ਸਿਮ੍ਰਿਤਿ (ਧਰਮ ਸ਼ਾਸਤ੍ਰ).

ਸੁਰਤਿ ਮਤਿ ਮਨਿ ਬੁਧਿ: ਦੇਖੋ, ਅੰਤਹਕਰਣ.

ਸੁਰਤੀ: ਦੇਖੋ, ਸੁਰਤਿ। ੨. ਵਿ- ਜਿਸ ਵਿੱਚ ਸੁਰਤਿ ਜੋੜੀਏ. ਧ੍ਯੇਯ. "ਸੁਰਤੀ ਕੈ ਮਾਰਗਿ ਚਲਿਕੈ." (ਪ੍ਰਭਾ ਮਃ ੧) ੩. ਸ਼੍ਰੋਤ੍ਰਿਯ. ਵੇਦਗ੍ਯਾਤਾ. "ਸਭਿ ਸੁਰਤੀ ਮਿਲਿ ਸੁਰਤਿ ਕਮਾਈ." (ਸੋਦਰੁ) ੪. ਸ਼੍ਰੁਤਿ. ਵੇਦ। ੫. ਧਰਮਗ੍ਯਾਤਾ. "ਕੇਤੀਆ ਸੁਰਤੀ ਸੇਵਕ ਕੇਤੇ." (ਜਪੁ)

ਸੁਰ ਤੇਤੀਸਉ: ਦੇਖੋ, ਤੇਤੀਸ ਕੋਟਿ.

ਸੁਰਥ: ਵਿ- ਸੁੰਦਰ ਰਥ। ੨. ਸੁੰਦਰ ਰਥ ਵਾਲਾ. ੩. ਉੱਤਮ ਦੇਹ ਵਾਲਾ। ੪. ਸੰਗ੍ਯਾ- ਇੱਕ ਚੰਦ੍ਰਵੰਸ਼ੀ ਰਾਜਾ, ਜਿਸ ਦਾ ਪ੍ਰਸੰਗ ਮਾਰਕੰਡੇਯ ਪੁਰਾਣ ਵਿੱਚ ਆਉਂਦਾ ਹੈ. ਇਹ ਦੁਰਗਾ ਦਾ ਪਰਮ ਭਗਤ ਸੀ. ਦੇਖੋ, ਦੇਵੀ ਭਾਗਵਤ ਸਕੰਧ ੫. ਅਃ ੩੨.

"ਨਾਮ ਸੁਰਥ ਮੁਨੀਸਰ ਬੇਖ." (ਚੰਡੀ ੧)

੫. ਦੇਖੋ, ਜੈਦਰਥ.

ਸੁਰਥਾਨ: ਡਿੰਗ. ਸੰਗ੍ਯਾ- ਸ੍ਵਰਗ. ਦੇਵਤਿਆਂ ਦੇ ਰਹਿਣ ਦਾ ਥਾਂ। ੨. ਦੇਵਮੰਦਿਰ। ੩. ਸਤਸੰਗ. ਸਾਧੁਸਮਾਜ.

ਸੁਰਦਾਰ: ਸੰਗ੍ਯਾ- ਦੇਵਾਂਗਨਾ. ਦੇਵਤਾ ਦੀ ਦਾਰ (ਇਸਤ੍ਰੀ) ਅਪਸਰਾ.

ਸੁਰਦਾਰੁ: ਦੇਖੋ, ਦੇਵਦਾਰੁ. ਦਿਆਰ ਬਿਰਛ.

ਸੁਰਦੇਵ: ਸੰਗ੍ਯਾ- ਦੇਵਤਿਆਂ ਦਾ ਸ੍ਵਾਮੀ ਇੰਦ੍ਰ. "ਸਾਧ ਕੈ ਸੰਗਿ ਸੋਭਾ ਸੁਰਦੇਵਾ." (ਸੁਖਮਨੀ)

ਸੁਰਧੁਨਿ: ਦੇਖੋ- ਸੁਰਧੁਨੀ। ੨. ਦੇਖੋ, ਸਵੈਯੇ ਦਾ ਰੂਪ ੧੯.

ਸੁਰਧੁਨੀ: ਸੰਗ੍ਯਾ- ਗੰਗਾ, ਜੋ ਦੇਵਤਿਆਂ ਦੀ ਧੁਨੀ (ਨਦੀ) ਹੈ.

ਸੁਰਧੇਨੁ: ਸੰਗ੍ਯਾ- ਕਾਮਧੇਨੁ, ਜੋ ਦੇਵਤਿਆਂ ਦੀ ਗਾਂ ਹੈ.

ਸੁਰਨਦੀ: ਸੰਗ੍ਯਾ- ਗੰਗਾ। ੨. ਆਕਾਸ਼ ਗੰਗਾ. ਮੰਦਾਕਿਨੀ.

ਸੁਰਨਰ: ਦੇਵਤਾ ਅਤੇ ਮਨੁੱਖ. "ਸੁਰ ਨਰ ਤਿਨ ਕੀ ਬਾਣੀ ਗਾਵਹਿ." (ਸ੍ਰੀ ਅਃ ਮਃ ੩) ੨. ਦੇਖੋ, ਸੁਰਿ ਨਰ.

ਸੁਰਨਾਇ: ਦੇਖੋ, ਸਹਨਾਈ ਅਤੇ ਸਰਨਾਈ. "ਬਾਜਤ ਬਾਂਸੁਰੀ ਸੁਰਨਾਇ." (ਯੁਧਿਸਟਰਰਾਜ)

ਸੁਰਨਾਥ, ਸੁਰਨਾਯਿਕ, ਸੁਰਪ, ਸੁਰਪਤਿ: ਦੇਵਤਿਆਂ ਦਾ ਸ੍ਵਾਮੀ ਇਦ੍ਰ. ਦੇਵਰਾਜ. ਸੁਰਪਾਲ.

ਸੁਰਪਾਨ: ਦੇਵਤਿਆਂ ਕਰਕੇ ਪੀਣ ਯੋਗ ਪਦਾਰਥ. ਅਮ੍ਰਿਤ.

ਸੁਰਪਾਲ: ਦੇਖੋ, ਸੁਰਪਤਿ.

ਸੁਰਪੁਰ, ਸੁਰਪੁਰਿ: ਸੰਗ੍ਯਾ- ਅਮਰਾਵਤੀ. ਸ੍ਵਰਗ। ੨. ਸਾਧੁਸਮਾਜ.

ਸੁਰਬਾਨੀ: ਸੰਗ੍ਯਾ- ਸੰਸਕ੍ਰਿਤ. ਦੇਵਭਾਸ਼ਾ। ੨. ਸਾਧੁ ਦੀ ਬਾਣੀ.

ਸੁਰਬ੍ਰਿਛ: ਸੰਗ੍ਯਾ- ਦੇਵਤਿਆਂ ਦਾ ਵ੍ਰਿਕ੍ਸ਼. ਕਲ੍ਪਵ੍ਰਿਕ੍ਸ਼. ਦੇਖੋ, ਸੁਰਤਰੁ.

ਸੁਰਭਾਨੁ: ਸੰ. ਸ੍ਵਭੰਨੁ. ਸੰਗ੍ਯਾ- ਰਾਹੁ. "ਸੁਰਭਾਨੁ ਹੰਨ੍ਯੋ ਸਿਰ ਭੂਮਿ ਪਰ੍ਯੋ." (ਕ੍ਰਿਸਨਾਵ)

ਸੁਰਭਿ: ਸੰ. ਸੰਗ੍ਯਾ- ਸੁ- ਰਭ. ਖ਼ੁਸ਼ਬੂ. ਸੁਗੰਧ। ੨. ਦੇਖੋ, ਸੁਰਭੀ.

ਸੁਰਭਿੱਖ, ਸੁਰਭਿੱਛ: ਦੇਖੋ, ਸੁਭਿੱਖ. "ਸਦਗੁਨ ਕੋ ਸੁਰਭਿੱਖ ਕਰ੍ਯੋ." (ਗੁਪ੍ਰਸੂ) "ਰਹਿਤ ਭਲੋ ਸੁਰਭਿੱਛ ਹਮੇਸੂ." (ਗੁਪ੍ਰਸੂ)

ਸੁਰਭਿਤ: ਸੰ. ਵਿ- ਸੁਗੰਧਿਤ. ਖੁਸ਼ਬੂਦਾਰ.

ਸੁਰਭੀ: ਸੰ. ਸੰਗ੍ਯਾ- ਦੇਵਤਿਆਂ ਦੀ ਉਹ ਗਾਂ ਜੋ ਸਮੁੰਦਰ ਰਿੜਕਣ ਸਮੇਂ ਨਿਕਲੀ ਸੀ। ੨. ਸੁਵਰ੍ਣ. ਸੋਨਾ। ੩. ਪ੍ਰਿਥਿਵੀ। ੪. ਵਸੰਤ ਰੁੱਤ। ੫. ਚੰਦਨ। ੬. ਕਸਤੂਰੀ. ੭. ਕਸਤੂਰਾ ਮ੍ਰਿਗ। ੮. ਜਾਇਫਲ। ੯. ਮੌਲਸਰੀ. ਇਹ ਸ਼ਬਦ "ਸੁਰਭਿ" ਭੀ ਸਹੀ ਹੈ.

ਸੁਰਭੀਸੁਤ: ਸੰਗ੍ਯਾ- ਬੈਲ. ਬਲਦ। ੨. ਖਾਸ ਕਰਕੇ ਸ਼ਿਵ ਜੀ ਦੀ ਸਵਾਰੀ ਦਾ ਬੈਲ. ਦੇਖੋ, ਕਾਮਧੇਨੁ.

ਸੁਰਭੰਗ: ਸੰਗ੍ਯਾ- ਸ੍ਵਰਭੰਗ. ਗਵੈਯੇ ਦਾ ਇੱਕ ਦੋਸ਼. ਗਾਉਣ ਵੇਲੇ ਸੁਰ ਦਾ ਠੀਕ ਉੱਚਾਰਣ ਨਾ ਹੋਣਾ. ਖੰਡਿਤ ਸ੍ਵਰ ਦਾ ਆਲਾਪ.

ਸੁਰਮਈ: ਵਿ- ਸੁਰਮੇ ਦੇ ਰੰਗ ਦਾ. ਸੁਰਮੇ ਰੰਗਾ। ੨. ਸੁਰਮੇ ਨਾਲ ਰੰਗਿਆ ਹੋਇਆ.

ਸੁਰਮਚੂ: ਫ਼ਾ. ਸੁਰਮਹ- ਚੋਬ ਦਾ ਸੰਖੇਪ. ਸਲਾਈ. ਅੰਜਨ ਪਾਉਣ ਦੀ ਸ਼ਲਾਕਾ.

ਸੁਰਮਾ: ਫ਼ਾ. سُرمہ ਸੰਗ੍ਯਾ- ਇੱਕ ਉਪਧਾਤੁ, ਜੋ ਕਾਲੀ ਅਤੇ ਚਮਕੀਲੀ ਹੁੰਦੀ ਹੈ. ਇਸ ਨੂੰ ਬਾਰੀਕ ਪੀਸਕੇ ਨੇਤ੍ਰਾਂ ਵਿੱਚ ਪਾਈਦਾ ਹੈ. ਅੰਜਨ.

ਸੁਰਮੇਘ ਧਰਣ: ਸੰਗ੍ਯਾ- ਮੇਘਨਾਦ, ਜੋ ਬੱਦਲ ਜੇਹੀ ਧੁਨਿ ਰਖਦਾ ਹੈ. (ਰਾਮਾਵ)

ਸੁਰੱਯਾ: ਅ਼. ثُریّا ਸੁਰੱਯਾ. ਸੰਗ੍ਯਾ- ਛੀ ਰਿਖੀਆਂ (ਤਾਰਿਆਂ) ਦਾ ਸੰਘੱਟ. ਖਿੱਤੀਆਂ. Pleiades.

ਸੁਰਰਾਇ, ਸੁਰਰਾਜ, ਸੁਰਰਾਯ: ਸੰਗ੍ਯਾ- ਦੇਵਤਿਆਂ ਦਾ ਸ੍ਵਾਮੀ ਇੰਦ੍ਰ.

ਸੁਰਰਿਦ: ਸੰ. सुहृद ਸੁਹ੍ਰਿਦ. ਸੰਗ੍ਯਾ- ਨੇਕਦਿਲ. ਸ਼ੁਭਚਿੰਤਕ. "ਮਿਤ੍ਰ ਪੁਤ੍ਰ ਕਲਤ੍ਰ ਸੁਰਰਿਦ." (ਗੂਜ ਮਃ ੫) ੨. ਵਿ- ਦੇਵਤਾ ਜੇਹਾ ਹੈ ਜਿਸ ਦਾ ਰਿਦਾ.

ਸੁਰਲੋਕ: ਸੰਗ੍ਯਾ- ਸ੍ਵਰਗ. ਦੇਵਲੋਕ. ਅਮਰਾਵਤੀ.

ਸੁਰਾ: ਸੰ. ਸਮੁੰਦਰ ਰਿੜਕਣ ਸਮੇਂ ਰਤਨਾਂ ਵਿੱਚ ਨਿਕਲੀ ਇੱਕ ਨਸ਼ੀਲੀ ਚੀਜ. ਸ਼ਰਾਬ. ਵਾਲੀਮੀਕਯ ਰਾਮਾਇਣ ਬਾਲ ਕਾਂਡ ਦੇ ੪੫ ਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਸੁਰਾ ਪੀਣ ਤੋਂ ਹੀ ਦੇਵਤਾ ਸੁਰ ਕਹਾਏ ਹਨ ਪੁਰਾਣੇ ਜਮਾਨੇ ਸੁਰਾ ਦੀ ਵਡੀ ਮਹਿਮਾ ਮੰਨੀ ਗਈ ਸੀ. ਅਯੋਧ੍ਯਾ ਕਾਂਡ ਦੇ ੫੨ ਵੇਂ ਅਧ੍ਯਾਯ ਵਿੱਚ ਲੇਖ ਹੈ ਕਿ ਜਦ ਸੀਤਾ, ਰਾਮਚੰਦ੍ਰ ਜੀ ਨਾਲ ਵਨਵਾਸ ਨੂੰ ਜਾਂਦੀ ਹੋਈ ਗੰਗਾ ਨਦੀ ਲੰਘੀ, ਤਦ ਮੰਨਤ ਮੰਨੀ ਕਿ- ਹੇ ਗੰਗਾ ! ਜੇ ਰਾਮ ਵਨਵਾਸ ਤੋਂ ਮੁੜਕੇ ਅਯੋਧ੍ਯਾ ਦਾ ਰਾਜ ਪਾਉਣਗੇ ਤਾਂ ਮੈ ਤੇਰੇ ਕਿਨਾਰੇ ਰਹਿਣ ਵਾਲੇ ਬ੍ਰਾਹਮਣਾਂ ਨੂੰ ਹਜਾਰਾਂ ਗਊਆਂ ਦੇਵਾਂਗੀ ਅਤੇ ਇੱਕ ਹਜਾਰ ਘੜਾ ਸੁਰਾ ਦਾ ਤੈਨੂੰ ਅਰਪਾਂਗੀ, ਅਰ ਮਾਸ, ਚਾਵਲ ਆਦਿ ਸਾਮਗ੍ਰੀ ਨਾਲ ਤੇਰੀ ਪੂਜਾ ਕਰਾਂਗੀ. "ਸੁਰਾ ਅਪਵਿਤ੍ਰ, ਨੇਤੁ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ." (ਮਲਾ ਰਵਿਦਾਸ)

ਬਾਈਬਲ ਵਿੱਚ ਭੀ ਖੁਦਾ ਨੂੰ ਸ਼ਰਾਬ ਅਰਪਣੀ ਪਾਈ ਜਾਂਦੀ ਹੈ. ਦੇਖੋ, Judges ਕਾਂਡ ੯. ਆਯਤ ੧੨, ੧੩.

ਮੁਸਲਮਾਨਾਂ ਦੇ ਸ੍ਵਰਗ ਵਿੱਚ ਭੀ ਸ਼ਰਾਬ ਆਮ ਹੈ. ਦੇਖੋ, ਕੁਰਾਨ ਸੂਰਤ ੫੧, ਆਯਤ ੨੩.

ਸਿੱਖਧਰਮ ਵਿੱਚ ਸੁਰਾ ਦਾ ਪੂਰਾ ਤਿਆਗ ਹੈ. ਦੇਖੋ, ਮਦੁ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਰਾ ਦੀ ਥਾਂ "ਸਰਾ" ਪਦ ਭੀ ਹੈ. "ਸਚੁ ਸਰਾ ਗੁੜ ਬਾਹਿਰਾ." (ਸ੍ਰੀ ਮਃ ੧)

ਸੰਵਰਤ ਸਿਮ੍ਰਿਤਿ ਵਿੱਚ ਸੁਰਾ ਤਿੰਨ ਪ੍ਰਕਾਰ ਦੀ ਲਿਖੀ ਹੈ-

गौडी माध्वीच पौष्ठीच विज्ञेया त्रिविधा सुरा.

ਗੁੜ ਦੀ, ਮਹੂਏ ਅਥਵਾ ਸ਼ਹਿਦ ਦੀ, ਚਾਉਲ ਜੌਂ ਆਦਿ ਦੇ ਸਾੜੇ ਤੋਂ ਬਣੀ ਹੋਈ. ਐਸਾ ਹੀ ਮਨੁ ਦਾ ਲੇਖ ਹੈ. ਦੇਖੋ, ਅਃ ੧੧, ਸ਼ਃ ੯੪. ਸਿਮ੍ਰਿਤੀਆਂ ਵਿੱਚ ਤਾੜ ਖਜੂਰ ਆਦਿ ਦੀ ਸੁਰਾ ਮਿਲਾਕੇ ਗਿਆਰਾਂ ਪ੍ਰਕਾਰ ਦੀ ਭੀ ਲਿਖੀ ਹੈ.

ਸੁਰਾਸੁਰ: ਦੇਵਤਾ ਅਤੇ ਦੈਤ. ਸੁਰ- ਅਸੁਰ.

ਸੁਰਾਸ਼੍ਟ੍ਰ: ਸਂ. ਵਿ- ਉੱਤਮ ਰਾਜਜ. ਅੱਛਾ ਰਾਜ। ੨. ਸੰਗ੍ਯਾ- ਬੰਬਈ ਅਹਾਤੇ ਕਾਠੀਆਵਾੜ ਦਾ ਇਲਾਕਾ.

ਸੁਰਾਹਾ: ਦੇਖੋ, ਰਾਹਾ.

ਸੁਰਾਹੀ: ਸੰਗ੍ਯਾ- ਝਾਰੀ. ਝੱਝਰ। ੨. ਕਮੰਡਲੁ। ੩. ਸਂ सुराधृ ਸੁਰਾਧ੍ਰਿ. ਸ਼ਰਾਬ ਧਾਰਨ ਵਾਲੀ. ਧਾਤੁ ਜਾਂ ਕੱਚ ਦੀ ਝਾਰੀ, ਜਿਸ ਵਿੱਚ ਸ਼ਰਾਬ ਰੱਖੀਦੀ ਹੈ. "ਸੂਲ ਸੁਰਾਹੀ ਖੰਜਰ ਪਿਆਲਾ." (ਹਜਾਰੇ ੧੦)

ਸੁਰਾਕ: ਦੇਖੋ, ਸੁਰਾਖ.

ਸੁਰਾਖ: ਫ਼ਾ. سوراخ ਸੁਰਾਖ਼. ਸੰਗ੍ਯਾ- ਛੇਦ. ਗਲੀ. ਛਿਦ੍ਰ. ਰੰਧ੍ਰ. ਮੋਰੀ.

ਸੁਰਾਗ: ਉੱਤਮ ਪ੍ਰੇਮ, ਸੁੱਚਾ ਪਿਆਰ। ੨. ਤੁ. سُراغ ਸੁਰਾਗ਼. ਪੈੜ. ਖੋਜ.

ਸੁਰਾ ਗਊ: ਦੇਖੋ, ਚਮਰ ਅਤੇ ਚਾਮਰੀ.

ਸੁਰਾਂਗਨਾ: ਸਂ. सुराङ्गना, ਸੰਗ੍ਯਾ- ਸੁਰ- ਅੰਗਨਾ. ਅਪਸਰਾ. ਦੇਵਤਿਆਂ ਦੀ ਇਸਤ੍ਰੀ। ੨. ਦੇਵੀ.

ਸੁਰਾ ਗਾਇ: ਦੇਖੋ, ਚਮਰ ਅਤੇ ਚਾਮਰੀ.

ਸੁਰਾਚੀ: ਵਿ- ਸ਼ਰਾਬ ਦਾ ਆਚਮਨ ਕਰਨ ਵਾਲਾ. ਸ਼ਰਾਬ ਪੀਣ ਵਾਲਾ.

ਸੁਰਾਜ: ਵਿ- ਉੱਤਮ ਰਾਜ। ੨. ਸ੍ਵਰਾਜ੍ਯ. ਅਪਨਾ ਰਾਜ. "ਜਿਮਿ ਸੁਰਾਜ ਖਲ ਉਦ੍ਯਮ ਗਇਊ." (ਤੁਲਸੀ) ਭਾਰਤ ਦਾ ਸ੍ਵਰਾਜ ਖਲਾਂ ਦੇ ਉਦ੍ਯਮ ਨਾਲ ਨਾਸ਼ ਹੋਇਆ.

ਸੁਰਾਂਤ, ਸੁਰਾਂਤਕ: ਵਿ- ਸੁਰ (ਦੇਵਤਾ) ਦਾ ਅੰਤ ਕਰਨ ਵਾਲਾ. ਦੇਵਤਿਆਂ ਦਾ ਵੈਰੀ। ੨. ਸੰਗ੍ਯਾ- ਰਾਖਸ। ੩. ਰਾਵਣ ਦਾ ਇੱਕ ਪੁਤ੍ਰ.

ਸੁਰਾਪਗਾ: ਸੰਗ੍ਯਾ- ਦੇਵਤਿਆਂ ਦੀ ਆਪਗਾ (ਨਦੀ). ਗੰਗਾ। ੨. ਮੰਦਾਕਿਨੀ. ਆਕਾਸ਼ ਗੰਗਾ.

ਸੁਰਾਪਾਨ, ਸੁਰਾਪਾਨਿ: ਸ਼ਰਾਬ ਪੀਣ ਦਾ ਕਰਮ. ਸ਼ਰਾਬਖ਼ੋਰੀ. "ਕਬੀਰ, ਭਾਂਗ ਮਾਛੁਲੀ ਸੁਰਾਪਾਨਿ." (ਸ. ਕਬੀਰ)

ਸੁਰਾਪੀ: ਵਿ- ਸ਼ਰਾਬ ਪੀਣ ਵਾਲਾ. "ਤਰਕ ਸੁਧਾ ਕੋ ਹੋਇ ਸੁਰਾਪੀ." (ਨਾਪ੍ਰ)

ਸੁਰਾਰਦਨ, ਸੁਰਾਰਿ, ਸੁਰਾਰੀ: ਸਂ. सुरार्दन ਸੰਗ੍ਯਾ- ਦੇਵਤਿਆਂ ਨੂੰ ਅਦੰਨ (ਮਲਨ) ਵਾਲਾ ਦੈਤ. ਦੇਵਤਿਆਂ ਦੇ ਵੈਰੀ. "ਸੂਰ ਸੁਰਾਰਦਨ." (ਅਕਾਲ)

ਸੁਰਾਲਯ, ਸੁਰਾਲੈ: ਸੰਗ੍ਯਾ- ਦੇਵਤਿਆਂ ਦਾ ਆਲਯ (ਘਰ). ਸ੍ਵਰਗ। ੨. ਦੇਵਮੰਦਿਰ। ੩. ਸੁਰਾ (ਸ਼ਰਾਬ) ਦਾ ਆਲਯ

(ਘਰ) ਕਲਾਲਖਾਨਾ.

ਸੁਰਿ: ਦੇਵਤਾ ਕਰਕੇ। ੨. ਦੇਵਤਾ ਦਾ. ੩. ਦੇਖੋ, ਸੁਰਿ ਨਰ.

ਸੁਰਿਜਨ: ਸੰ. ਸੁਹ੍ਰਜਨ ਸੁਹ੍ਰਿੱਜਨ. ਵਿ- ਸੱਜਨ ਲੋਕ. ਨੇਕਦਿਲ ਆਦਮੀ. "ਸੁਰਿਜਨ ਮਿਲੇ ਪਿਆਰੇ." (ਟੋਡੀ ਮਃ ੫)

ਸੁਰਿਦ: ਦੇਖੋ, ਸੁਹਿਰਦ "ਭਾਈ ਮੀਤ ਸੁਰਿਦ ਕੀਏ." (ਸ੍ਰੀ ਮਃ ੫)

ਸੁਰਿੰਦ: ਸੁਰੇਂਦ੍ਰ. ਦੇਵਰਾਜ ਇੰਦ੍ਰ.

ਸੁਰਿੰਦਹਿ ਇੰਦ੍ਰ: ਸੁਰੇਂਦ੍ਰ ਦੇ ਇੰਦ੍ਰ. ਇੰਦ੍ਰ ਦੇ ਭੀ ਪਤੀ. "ਬਲਵੰਡ ਅਖੰਡ ਸੁਰਿੰਦਹਿ ਇੰਦ੍ਰ." (ਨਾਪ੍ਰ)

ਸੁਰਿਦਾ: ਉੱਤਮ ਰਿਦਾ। ੨. ਦੇਖੋ, ਸੁਹਿਰਦ. "ਸਜਨੁ ਸੁਰਿਦਾ ਸੁਹੇਲਾ ਸਹਿਜੇ." (ਸਾਰ ਮਃ ੫)

ਸੁਰਿਧ: ਦੇਖੋ, ਸੁਰਿਦ.

ਸੁਰਿਨਰ: ਦੇਵਤਾ ਅਤੇ ਮਨੁੱਖ. "ਸੁਰਿ ਨਰ ਅਸੁਰ ਅੰਤੁ ਨਹੀ ਪਾਯਉ। ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ." (ਸਵੈਯੇ ਮਃ ੪. ਕੇ) ੨. ਦੈਵੀ ਗੁਣਾਂ ਵਾਲੇ ਪੁਰਖ. ਦੇਵ ਰੂਪ ਮਨੁੱਖ. "ਸੁਰਿ ਨਰ ਸੁਘੜ ਸੁਜਾਣ ਗਾਵਹਿ." (ਵਡ ਛੰਤ ਮਃ ੧) ੩. ਸੰ. ਸ੍ਵੈਰਿ ਨਰ. ਸ੍ਵਇੱਛਾ ਚਾਰੀ ਲੋਕ. ਸ੍ਵਤੰਤ੍ਰ ਨਰ. ਭਾਵ- ਦੇਸ ਉੱਪਰ ਸ੍ਵਤੰਤ੍ਰ ਹੁਕਮ ਕਰਨ ਵਾਲੇ ਰਾਜੇ ਆਦਿ. "ਆਖਹਿ ਦਾਨਵ ਆਖਹਿ ਦੇਵ। ਆਖਹਿ ਸੁਰਿ ਨਰ ਮੁਨਿ ਜਨ ਸੇਵ।।" (ਜਪੁ) "ਸੁਰਿ ਨਰਦੇਵ ਅਸੁਰ ਤ੍ਰੈ ਗੁਨੀਆ." (ਆਸਾ ਮਃ ੫)

ਸੁਰਿਨਾਥ: ਨਾਥੇਸ਼੍ਵਰ. ਯੋਗਿਰਾਜ. "ਸੁਣਿਐ ਸਿਧ ਪੀਰ ਸੁਰਿਨਾਥ." (ਜਪੁ) ਸੁਣਨ ਤੋਂ ਸਭ ਦਾ ਪਤਾ ਲਗਦਾ ਹੈ.

ਸੁਰੀ: ਸੰ. ਸੰਗ੍ਯਾ- ਦੇਵੀ. ਦੇਵਤਾ ਦੀ ਇਸਤ੍ਰੀ. "ਸੁਰੀ ਆਸੁਰੀ ਕਿੰਨ੍ਰਨੀ ਰੀਝ ਰਹਿਤ ਪੁਰਨਾਰਿ." (ਚਰਿਤ੍ਰ ੨)

ਸੁਰੀਤਾ: ਸੰ. ਸ੍ਵ- ਹ੍ਰਤਾ ਸ੍ਵਹ੍ਰਿਤਾ. ਵਿ- ਸ੍ਵ (ਧਨ) ਨਾਲ ਲਿਆਂਦੀ ਹੋਈ. ਮੁੱਲ ਲਈ ਗੋੱਲੀ. ਬਾਂਦੀ. "ਤੂੰ ਸਾਵਾਣੀ ਹੈ ਕਿ ਸੁਰੀਤਾ?" (ਭਾਗੁ) ਧ੍ਰੂਵ ਨੇ ਆਪਣੀ ਮਾਂ ਨੂੰ ਪੁੱਛਿਆ ਕਿ ਤੂੰ ਸ੍ਵਕੀਯਾ ਹੈਂ ਜਾਂ ਗੋੱਲੀ। ੨. ਦੇਖੋ, ਰੀਤ.

ਸੁਰੁਚਿ: ਉੱਤਮ ਚਾਹ. ਭਲੀ ਵਾਸਨਾ। ੨. ਰਾਜਾ ਉੱਤਾਨਪਾਦ ਦੀ ਰਾਣੀ, ਜੋ ਧ੍ਰੂਵ ਦੀ ਮਤੇਈ ਅਤੇ ਉੱਤਮ ਦੀ ਮਾਤਾ ਸੀ.

ਸੁਰੂ: ਅ਼. شُرُوع ਸ਼ੁਰੂਅ਼. ਆਗਾਜ. ਆਰੰਭ. ਮੁੱਢ.

ਸੁਰੂਪ: ਸੁੰਦਰ ਰੂਪ. ਸੋਹਣੀ ਸ਼ਕਲ। ੨. ਸ੍ਵਰੂਪ. ਆਪਣਾ ਰੂਪ. ਆਪਣੀ ਸ਼ਕਲ.

ਸੁਰੂਪਿ: ਸੁੰਦਰ ਰੂਪ ਵਾਲੀ. ਸੁੰਦਰੀ. ਸੁਰੂਪਾ.

ਸੁਰੂਰ: ਦੇਖੋ, ਸਰੂਰ.

ਸੁਰੇਸ, ਸੁਰੇਂਦ੍ਰ: ਸੰਗ੍ਯਾ- ਦੇਵਤਿਆਂ ਦਾ ਈਸ਼ (ਸ੍ਵਾਮੀ) ਅਤੇ ਰਾਜਾ, ਇੰਦ੍ਰ.

ਸੁਰੋਤ: ਦੇਖੋ, ਸਰੋਤ.

ਸੁਰੋੱਤਮ: ਦੇਵਤਿਆਂ ਵਿੱਚੋਂ ਉੱਤਮ ਵਿਸ਼ਨੁ। ੨. ਸੂਰਜ.

ਸੁਰੋਦ: ਦੇਖੋ, ਸਰੋਦ। ੨. ਸੰ. ਸੰਗ੍ਯਾ- ਸ਼ਰਾਬ ਦਾ ਸਮੁੰਦਰ. ਸੁਰਾ (ਸ਼ਰਾਬ) ਹੀ ਜਿਸ ਵਿੱਚ ਉਦੰ (ਜਲ) ਰੂਪ ਹੈ.

ਸੁਰੋਦਯ, ਸੁਰੋਦਾ: ਸੰ. ਸ੍ਵਰੋਦਯ. ਸੰਗ੍ਯਾ- ਇੱਕ ਤੰਤ੍ਰ ਸ਼ਾਸਤ੍ਰ, ਜਿਸ ਵਿੱਚ ਸ੍ਵਰ (ਸ੍ਵਾਸਾਂ) ਦਾ ਵਿਚਾਰ ਲਿਖਿਆ ਹੈ. ਸੱਜੇ ਖੱਬੇ ਸੁਰਾਂ ਤੋਂ ਸ਼ੁਭ ਅਸ਼ੁਭ ਫਲ ਅਨੇਕ ਰੀਤਿ ਨਾਲ ਮੰਨੇ ਹਨ. ਕਿਸੇ ਵਹਿਮੀ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਨਾਉਂ ਲੈ ਕੇ ਭੀ ਸੁਰੋਦਾ ਗ੍ਰੰਥ ਲਿਖਿਆ ਹੈ, ਜੋ ਅਸਲ ਵਿੱਚ ਚਰਣਦਾਸ ਦੇ ਸ੍ਵਰੋਦਯ ਦੀ ਹੀ ਗੁਰਮੁਖੀ ਅੱਖਰਾਂ ਵਿੱਚ ਜਯੋਂ ਕੀ ਤਯੋਂ ਨਕਲ ਹੈ।

੨. ਵੈਸ਼ਨਵ ਸਾਧੂ ਚਰਣਦਾਸ ਦਾ ਰਚਿਆ ਸ੍ਵਰੋਦਯ ਗ੍ਰੰਥ ਸਾਧੂਆਂ ਵਿੱਚ ਪ੍ਰੇਮ ਨਾਲ ਪੜ੍ਹਿਆ ਜਾਂਦਾ ਹੈ.

ਸੁਰੰਗ: ਵਿ- ਉੱਤਮ ਰੰਗ. ਸੁੰਦਰ ਰੰਗ. "ਸੁਰੰਗ ਰੰਗੀਲੇ ਹਰਿ ਹਰਿ ਧਿਆਇ." (ਭੈਰ ਨਾਮਦੇਵ) ੨. ਸੰਗਯਾ- ਲਾਲ ਰੰਗ. "ਭਟ ਤਨ ਭੰਗਹਿ। ਬਰਨ ਸੁਰੰਗਹਿ।।" (ਗੁਪ੍ਰਸੂ) ੩. ਕੈਲੇ ਰੰਗ ਦਾ ਘੋੜਾ। ੪. ਸੰ. ਸਾਰੰਗ. ਮ੍ਰਿਗ. "ਜਿਮ ਲਾਗ ਬਾਣ ਸੁਰੰਗ." (ਰਾਮਾਵ) ੫. ਇੱਕ ਪ੍ਰਕਾਰ ਦਾ ਪੁਰਾਣਾ ਬਾਜਾ. ਸ੍ਵਰਾਂਗ. ਇਹ ਗਜ ਨਾਲ ਵਜਾਈਦਾ ਸੀ. ਇਸੇ ਦਾ ਰੂਪਾਂਤਰ ਸਾਰੰਗੀ ਹੈ. "ਮੁਚੰਗ ਉਪੰਗ ਸੁਰੰਗ ਸੇ ਨਾਦ ਸੁਨਾਵਹਿਗੇ." (ਕਲਕੀ). ੬. ਸੰ. सुरङ्ग ਸੁਰੰਗਾ. ਸੁੰਰਗ. mine. "ਉਡਹਿ ਸੁਰੰਗਨ ਮਾਰ ਗਜਬ ਕੀ." (ਗੁਪ੍ਰਸੂ) ੭. ਜ਼ਮੀਨਦੋਜ਼ ਰਸਤਾ. Tunnel.

ਸੁਰੰਗੜਾ: ਵਿ- ਸੁੰਦਰ ਰੰਗ ਵਾਲਾ। ੨. ਸੰਗਯਾ- ਸਾਜ. ਬਾਜਾ. ਸੁਰਾਂ ਨੂੰ ਧਾਰਨ ਕਰਨ ਵਾਲਾ. "ਧੰਨੁ ਸੁਰਾਗ ਸੁਰੰਗੜੇ." (ਵਾਰ ਰਾਮ ੨. ਮਃ ੫) ਦੇਖੋ, ਸੁਰੰਗ ੫.

ਸੁਰੰਗਾਬਾਦ: ਇਹ ਸਾਰੰਗਪੁਰ ਦਾ ਹੀ ਦੂਜਾ ਨਾਉਂ ਹੈ. ਇਹ ਨਗਰ ਮੱਧ ਭਾਰਤ (ਸੀ. ਪੀ. ) ਦੇ ਦੇਵਾਸਰਾਜ ਵਿੱਚ ਹੈ. ਕਿਸੇ ਵੇਲੇ ਇਹ ਬਹੁਤ ਪ੍ਰਸਿੱਧ ਅਸਥਾਨ ਸੀ. ਅਨੇਕ ਇਤਿਹਾਸਾਂ ਵਿੱਚ ਇਸ ਦਾ ਜ਼ਿਕਰ ਆਇਆ ਹੈ. "ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲਕੇ." (ਅਕਾਲ)

ਸੁਰੰਗਿਯਾ: ਸੰਗਯਾ- ਸੁਰੰਗ ਲਾਉਣ ਵਾਲਾ ਆਦਮੀ. "ਰਾਨੀ ਬੋਲ ਸੁਰੰਗਿਯਾ ਲੀਨਾ." (ਚਰਿਤ੍ਰ ੩੪੭)

ਸੁਰੰਗੀ: ਵਿ- ਸੁੰਦਰ ਰੰਗ ਵਾਲਾ.

ਸੁਰੰਗੀਆ: ਵਿ- ਅੱਛੇ ਰੰਗ ਵਾਲਾ। ੨. ਦੇਖੋ, ਸੁਰੰਗਿਯਾ.

ਸੁਰੰਜਨ, ਸੁਰੰਜਨੋ: ਸੰਗਯਾ- ਉੱਤਮ ਰੀਤਿ ਨਾਲ ਰੰਗਣ (रञ्जन) ਦੀ ਕ੍ਰਿਯਾ। ੨. ਵਿ- ਸੁਰੰਜਨ ਕਰਨ ਵਾਲਾ. ਉੱਤਮ ਰੰਗ ਰੰਗਣ ਵਾਲਾ. "ਆਦਿ ਜੁਗਾਦਿ ਅਨਾਦਿ ਸਰਬ ਸੁਰੰਜਨੋ. (ਭਾਗੁ) ੩. ਚੰਗੀ ਤਰਾਂ ਪ੍ਰਸੰਨ ਕਰਨ ਵਾਲਾ.

ਸੁਰੰਦ: ਸੁਰੇਂਦ੍ਰ. ਇੰਦ੍ਰ. "ਸੁਰੰਦ ਸੁ ਬੁੱਧਿ ਬਿਸਾਰਦ." (ਕ੍ਰਿਸਨਾਵ) ੨. ਸ੍ਵਰ ਦੇਣ ਵਾਲਾ.

ਸੁਲਸ: ਅ਼. ثلث ਸੁਲਸ. ਸੰਗਯਾ- ਤੀਜਾ ਹਿੱਸਾ. ਤਿਹਾਈ.[263]

ਸੁਲਹ: ਅ਼. صلح ਸੁਲਹ਼. ਸੰਗਯਾ- ਮੇਲ. ਮਿਲਾਪ। ੨. ਸ਼ਾਂਤਿ

ਸੁਲਹਕੁਲ: ਅ਼. صلح کل ਸੁਲਹਕੁ਼ਲ. ਵਿ- ਸਭ ਨਾਲ ਮਿਲਾਪ ਰੱਖਣ ਵਾਲਾ. ਸਭ ਦਾ ਮਿਤ੍ਰ। ੨. ਸੰਗਯਾ- ਸਿੱਖ ਸਮਾਜ. ਗੁਰੂ ਨਾਨਕ ਦੇਵ ਦਾ ਪੰਥ.

ਸੁਲਹੀ, ਸੁਲਹੀ ਖ਼ਾਨ: ਇੱਕ ਪਾਠਣ, ਜੋ ਜਹਾਂਗੀਰ ਬਾਦਸ਼ਾਹ ਦਾ ਅਹਿਲਕਾਰ ਸੀ. ਇਹ ਪ੍ਰਿਥੀ ਚੰਦ ਦਾ ਮਿਤ੍ਰ ਹੋਣ ਕਰਕੇ ਅਕਾਰਣ ਹੀ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਕਲੇਸ਼ ਦੇਣਾ ਚਾਹੁੰਦਾ ਸੀ, ਪਰ ਗੁਰੂ ਕੇ ਕੋਠੇ ਪ੍ਰਿਥੀਚੰਦ ਨੂੰ ਮਿਲਣ ਗਿਆ ਤੱਤੇ ਆਵੇ ਵਿੱਚ ਧਸਕੇ ਭੁੜਥਾ ਹੋ ਗਿਆ. "ਸੁਲਹੀ ਹੋਇ ਮੂਆ ਨਾਪਾਕ." (ਬਿਲਾ ਮਃ ੫) ਦੇਖੋ, ਕੋਠਾ ਗੁਰੂ ਕਾ.

ਸੁਲਕ: ਸੰ. शुल्क ਸ਼ੁਲ੍ਕ. ਸੰਗਯਾ- ਮੁੱਲ. ਕੀਮਤ। ੨. ਟੈਕਸ (tax). ਮਹਿਸੂਲ. "ਕੋਸ਼ਪ ਹੋਇ ਸ਼ਾਹ ਕੋ ਜੈਸੇ। ਤਿਸ ਤੇ ਸੁਲਕ ਭ੍ਰਿਤਜ ਲੇ ਕੈਸੇ?" (ਨਾਪ੍ਰ) ੩. ਕੰਨਯਾ ਦਾ ਮੁੱਲ.

ਸੁਲਖਣ: ਸੰਗਯਾ- ਉੱਤਮ ਲਕ੍ਸ਼ਣ. ਚੰਗੇ ਚਿੰਨ੍ਹ। ੨. ਵਿ- ਚੰਗੇ ਲੱਛਣਾਂ ਵਾਲਾ.

ਸੁਲਖਣਾ, ਸੁਲਖਣੀ: ਵਿ- ਚੰਗੇ ਲੱਛਣਾਂ ਵਾਲਾ (ਵਾਲੀ). ੨. ਦੇਖੋ, ਸੁਲਖਣੀ ਮਾਤਾ.

---

[263] ਮੁਗਲਰਾਜ ਵੇਲੇ ਜੋ ਅਹਿਲਕਾਰ ਆਪਣੇ ਅਹੁਦੇ ਅਨੁਸਾਰ ਨਿਜਦੀ ਸਵਾਰੀਆਂ ਨਹੀਂ ਰਖਦਾ ਸੀ, ਉਸ ਦਾ ਸੁਲਸ ਕਟ ਜਾਂਦਾ ਸੀ. ਅਰਥਾਤ ਜੇ ਨੌ ਸੌ ਰੁਪਯੇ ਮਾਹਵਾਰੀ ਮਿਲਦੇ ਸਨ, ਤਦ ਤਿੰਨ ਸੌ ਜਬਤ ਹੋ ਜਾਂਦੇ ਸਨ.

ਸੁਲਖਣੀ ਮਾਤਾ: ਮਾਤਾ ਚੰਦੋ ਦੇ ਉਦਰ ਤੋਂ ਮੂਲਚੰਦ ਚੋਣੇ ਖਤ੍ਰੀ ਦੀ ਸੁਪੁਤ੍ਰੀ, ਜਿਸ ਦੇ ਪੇਉਕੇ ਪੱਖੋਕੇ ਪਿੰਡ (ਜਿਲਾ ਗੁਰਦਾਸਪੁਰ) ਸਨ. ਇਸ ਦਾ ਵਿਆਹ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ੨੪ ਜੇਠ ਸੰਮਤ ੧੫੪੪ ਨੂੰ ਬਟਾਲੇ ਹੋਇਆ. ਦੋ ਪੁਤ੍ਰ (ਬਾਬਾ ਸ਼੍ਰੀ ਚੰਦ ਜੀ ਅਤੇ ਲਖਮੀ ਦਾਸ ਜੀ) ਇਸ ਦੇ ਉਦਰ ਤੋਂ ਪ੍ਰਗਟੇ. ਮਾਤਾ ਜੀ ਦਾ ਦੇਹਾਂਤ ਰਾਵੀ ਦੇ ਕਿਨਾਰੇ ਕਰਤਾਰਪੁਰ ਵਿੱਚ ਹੋਇਆ ਹੈ. ਗੋਤ੍ਰ ਦੇ ਕਾਰਣ ਇਤਿਹਾਸ ਵਿੱਚ ਕਈ ਥਾਂ "ਮਾਤਾਚੋਣੀ" ਨਾਉਂ ਭੀ ਆਉਂਦਾ ਹੈ। ੨. ਦੇਖੋ, ਅਮਰਦਾਸ ਸਤਿਗੁਰੂ.

ਸੁਲੱਖਨੀ, ਸੁਲੱਖਨੀ ਮਾਤਾ: ਦੇਖੋ, ਸੁਲਖਣੀ ਅਤੇ ਸੁਲਖਣੀ ਮਾਤਾ.

ਸੁਲਗ: ਵਿ- ਨਿਸ਼ਾਨੇ ਉੱਪਰ ਠੀਕ ਬੈਠਣ ਵਾਲਾ ਸ਼ਸਤ੍ਰ. "ਲਾਂਬੀ ਸੁਲਗ ਤੁਫੰਗ ਅਨੇਕ." (ਗੁਪ੍ਰਸੂ) ੨. ਚੰਗੀ ਤਰਾਂ ਹੱਥ ਲੱਗਿਆ। ੩. ਘੋੜਾ ਬਾਜ਼ ਆਦਿਕ, ਜੋ ਇਸ਼ਾਰੇ ਤੇ ਕੰਮ ਕਰਨ.

ਸੁਲਗਣਾ: ਕ੍ਰਿ- ਧੁਖਣਾ. ਅਗਨੀ ਦਾ ਗੋਹੇ ਲੱਕੜ ਆਦਿ ਨੂੰ ਲੱਗਕੇ ਹੌਲੇ ਹੌਲੇ ਜਲਨਾ.

ਸੁਲਝਨਾ: ਕ੍ਰਿ- ਪੇਚ ਵਿਚੋਂ ਨਿਕਲਣਾ. ਗੁੰਝਲ ਦਾ ਖੁਲਣਾ. ਮਨ ਦਾ ਸ਼ੱਕ ਦੂਰ ਹੋਣਾ.

ਸੁਲਟਾ: ਵਿ- ਸਰਲ. ਸਿੱਧਾ. ਜੋ ਉਲਟਾ ਨਹੀਂ.

ਸੁਲਤਾਨ: ਅ਼. سلطان ਸੁਲਤ਼ਾਨ. ਸੰਗਜਾ- ਦਲੀਲ. ਯੁਕ੍ਤਿ। ੨. ਪ੍ਰਬਲ ਹੋਣਾ। ੩. ਬਾਦਸ਼ਾਹ. "ਸੁਲਤਾਨ ਹੋਵਾ ਮੇਲਿ ਲਸਕਰ." (ਸ੍ਰੀ ਮਃ ੧) ਸਭ ਤੋਂ ਪਹਿਲਾਂ "ਸੁਲਤਾਨ" ਪਦਵੀ ਮਹਮੂਦ ਗਜਨਵੀ ਨੇ ਧਾਰਨ ਕੀਤੀ ਹੈ। ੪. ਇੱਕ ਮੁਸਲਮਾਨ ਪੀਰ, ਜਿਸ ਦੇ ਨਾਉਂ ਸਖੀ ਸਰਵਰ, ਲਖਦਾਤਾ, ਲਾਲਾਂ ਵਾਲਾ, ਧੌਂਕਲੀਆ ਆਦਿਕ ਪ੍ਰਸਿੱਧ ਹਨ. ਸੁਲਤਾਨ ਦਾ ਅਸਲ ਨਾਉਂ ਸੈਯਦ ਅਹਮਦ ਸੀ. ਇਹ ਇੱਕ ਬਗਦਾਦੀ ਦਾ ਪੁਤ੍ਰ ਸੀ. ਇਸ ਦਾ ਬਾਪ ਸਿਆਲਕੋਟ ਪਿੰਡ ਵਿੱਚ, ਜੋ ਮੁਲਤਾਨ ਤੋਂ ੧੨. ਮੀਲ ਪੂਰਵ ਹੈ, ਸਨ ੧੨੨੦ ਨੂੰ ਆਬਾਦ ਹੋਇਆ ਸੀ. ਸੁਲਤਾਨ ਦੇ ਥਾਨਾਂ ਨੂੰ ਪੀਰਖਾਨਾ ਆਖਦੇ ਹਨ, ਜੋ ਪੰਜਾਬ ਦੇ ਬਹੁਤ ਪਿੰਡਾਂ ਵਿੱਚ ਹਨ. ਵੀਰਵਾਰ ਨੂੰ ਸੁਲਤਾਨੀਏ ਪੀਰਖਾਨੇ ਜਮਾ ਹੁੰਦੇ ਹਨ ਅਰ ਭੇਟਾ ਚੜ੍ਹਾਉਂਦੇ ਹਨ. ਇਸ ਦੀ ਮੁੱਖ ਭੇਟਾ ਰੋਟ ਹੈ. ਇਹ ਵਡੀ ਰੋਟੀ, ਜਿਸ ਦਾ ਵਜਨ ਸਵਾ ਮਣ ਤੀਕ ਹੁੰਦਾ ਹੈ, ਜ਼ਮੀਨ ਤਪਾਕੇ ਪਕਾਈ ਜਾਂਦੀ ਹੈ. ਇਸ ਨੂੰ ਗੁੜ ਨਾਲ ਚੋਪੜਕੇ ਪੀਰ ਅੱਗੇ ਅਰਪਦੇ ਹਨ. ਭਿਰਾਈ (ਸੁਲਤਾਨ ਦਾ ਪੁਜਾਰੀ) ਦਰੂਦ ਪੜ੍ਹਕੇ ਕੁਝ ਰੋਟੀ ਆਪ ਲੈ ਲੈਂਦਾ ਹੈ ਅਤੇ ਕੁਝ ਉਪਾਸਕਾਂ ਨੂੰ ਦੇ ਦਿੰਦਾ ਹੈ. ਸੁਲਤਾਨ ਦੀ ਕਬਰ ਨਗਾਹੇ ਪਿੰਡ (ਜਿਲਾ ਡੇਰਾਗਾਜੀਖਾਂ) ਵਿੱਚ ਹੈ, ਜੋ ਈਸਵੀ ਤੇਰਵੀਂ ਸਦੀ ਵਿੱਚ ਬਣੀ ਹੈ. ਇਸ ਥਾਂ ਸੁਲਤਾਨ ਦੀ ਇਸਤ੍ਰੀ ਬੀਬੀ ਬਾਈ ਦੀ ਕਬਰ ਭੀ ਹੈ. ਸੁਲਤਾਨ ਦੇ ਤਿੰਨ ਸੇਵਕਾਂ ਦੀ ਔਲਾਦ ਪੂਜਾ ਲੈਂਦੀ ਹੈ ਜੋ ੧੬੫੦ ਹਿੱਸਿਆਂ ਵਿੱਚ ਵੰਡੀਦੀ ਹੈ. ਨਗਾਹੇ ਤੋਂ ਦੂਜੇ ਦਰਜੇ ਸੁਲਤਾਨ ਦਾ ਪੀਰਖਾਨਾ ਧੌਂਕਲ ਪਿੰਡ ਵਿੱਚ (ਵਜੀਰਾਬਾਦ ਪਾਸ) ਹੈ. ਇਸ ਤੋਂ ਹੀ ਪੀਰ ਦਾ ਨਾਉਂ ਧੌਂਕਲੀਆ ਹੋ ਗਿਆ ਹੈ.

ਸੁਲਤਾਨਪੁਰ: ਕਪੂਰਥਲਾ ਰਾਜ ਵਿੱਚ ਸਫੇਦ ਵੇਂਈ ਨਦੀ ਦੇ ਕਿਨਾਰੇ ਇੱਕ ਨਗਰ, ਜੋ ਰਾਜਧਾਨੀ ਤੋਂ ੧੬. ਮੀਲ ਦੱਖਣ ਹੈ. ਇਹ ਈਸਵੀ ਗਯਾਰਵੀਂ ਸਦੀ ਵਿੱਚ ਸੁਲਤਾਨ ਖ਼ਾਨ ਲੋਦੀ ਨੇ (ਜੋ ਮਹਮੂਦ ਗਜ਼ਨਵੀ ਦਾ ਫ਼ੌਜਦਾਰ ਸੀ) ਵਸਾਇਆ ਹੈ.[264] ਇਸ ਥਾਂ ਬੀਬੀ ਨਾਨਕੀ ਜੀ ਜੈਰਾਮ ਦਾਸ ਨੂੰ ਵਿਆਹੀ ਗਈ ਸੀ. ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸੇ ਥਾਂ- "ਤੇਰਾ ਹਾਂ! ਤੇਰਾ ਹਾਂ!"- ਕਹਿਕੇ ਤਰਾਜੂ ਨਾਲ ਤੋਲਦੇ ਹੋਏ ਦੌਲਤ ਖਾਂ ਲੋਦੀ ਦੇ ਮੋਦੀਖਾਨੇ ਦਾ ਕੰਮ ਕੀਤਾ ਹੈ.[265] ਹੁਣ ਸੁਲਤਾਨਪੁਰ ਨਾਰਥ ਵੈਸਟਰਨ ਰੇਲਵੇ ਦਾ ਸਟੇਸ਼ਨ ਹੈ. ਇਸ ਪਵਿਤ੍ਰ ਨਗਰ ਵਿੱਚ ਹੇਠ ਲਿਖੇ ਗੁਰੁਦ੍ਵਾਰੇ ਹਨ-

(੧) ਸੰਤਘਾਟ. ਬੇਈਂ ਦਾ ਉਹ ਘਾਟ, ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਟੁੱਬੀ ਮਾਰਕੇ ਲੋਪ ਹੋ ਗਏ ਸਨ, ਅਰ ਤੀਜੇ ਦਿਨ ਨਿਕਲਕੇ ਉਦਾਸੀ ਭੇਸ ਧਾਰਨ ਕੀਤਾ ਸੀ. ਰਿਆਸਤ ਵੱਲੋਂ ਪੰਜ ਘੁਮਾਉਂ ਜ਼ਮੀਨ ਇਸ ਗੁਰੁਦ੍ਵਾਰੇ ਦੇ ਨਾਉਂ ਹੈ.

---

[264] ਪੁਰਾਣੇ ਕਿਲੇ ਦੇ ਚਿੰਨ੍ਹ, ਹੁਣ ਭੀ ਦੇਖੇ ਜਾਂਦੇ ਹਨ-ਗੁਰੂ ਨਾਨਕ ਸਾਹਿਬ ਨੂੰ ਨਮਾਜ਼ ਪੜ੍ਹਾਉਣ ਜਿਸ ਮਸੀਤ ਵਿੱਚ ਲੈ ਗਿਆ ਸੀ ਉਹ ਮੌਜੂਦ ਹੈ.

[265] ਪੁਰਾਣੇ ਸਮੇਂ ਵਿੱਚ ਪ੍ਰਜਾ ਤੋਂ ਜਿਣਸ ਦੀ ਵੰਡਾਈ ਲਈ ਜਾਂਦੀ ਸੀ, ਸਰਕਾਰੀ ਹਿੱਸੇ ਆਇਆ ਅੰਨ ਗੁੜ ਆਦਿਕ ਸਾਮਾਨ ਮੋਦੀਖਾਨੇ ਵਿੱਚ ਦਾਖਲ ਹੁੰਦਾ, ਉੱਥੋਂ ਸ਼ਾਹੀ ਲੰਗਰ ਅਤੇ ਫੌਜ ਲਈ ਜਿਸ ਸਾਮਾਨ ਦੀ ਲੋੜ ਪੈਂਦੀ ਪਰਚੇ ਨਾਲ ਮੰਗਵਾਇਆ ਜਾਂਦਾ. ਬਾਕੀ ਜਿਣਸ ਬੇਚਕੇ ਮੋਦੀ ਨਕਦੀ ਸਰਕਾਰੀ ਖਜ਼ਾਨੇ ਦਾਖਲ ਕਰਦਾ.

(੨) ਹੱਟ ਸਾਹਿਬ. ਇਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸਰਕਾਰੀ ਮੋਦੀਖਾਨੇ ਦੀ ਦੁਕਾਨ ਖੋਲ੍ਹੀ ਹੋਈ ਸੀ, ਜਿਸ ਤੋਂ ਅਨੇਕ ਲੋਕ ਲਾਭ ਪ੍ਰਾਪਤ ਕਰਦੇ ਸਨ. ਇੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਸ੍ਵਾਮੀ ਦੇ ੧੧. ਵੱਟੇ ਪੱਥਰ ਦੇ ਵਡੇ ਛੋਟੇ ਹਨ. ੨੦. ਘੁਮਾਉਂ ਜ਼ਮੀਨ ਅਤੇ ੯੧ ਰੁਪਯੇ ਨਕਦ ਰਿਆਸਤ ਕਪੂਰਥਲੇ ਵੱਲੋਂ ਇਸ ਗੁਰਦ੍ਵਾਰੇ ਦੇ ਨਾਉਂ ਹਨ.

(੩) ਕੋਠੜੀ ਸਾਹਿਬ. ਇਹ ਉਹ ਥਾਂ ਹੈ ਜਿੱਥੇ ਨਵਾਬ ਦੇ ਮੁਨਸ਼ੀਆਂ ਨੇ ਗੁਰੂ ਸਾਹਿਬ ਤੋਂ ਲੇਖਾ ਲਿਆ ਸੀ. ਰਿਆਸਤ ਵੱਲੋਂ ਤਿੰਨ ਘੁਮਾਉਂ ਜ਼ਮੀਨ ਇਸ ਗੁਰਦ੍ਵਾਰੇ ਦੇ ਨਾਉਂ ਹੈ.

(੪) ਗੁਰੂ ਕਾ ਬਾਗ. ਇਹ ਅਸਥਾਨ ਬੀਬੀ ਨਾਨਕੀ ਜੀ ਦਾ ਘਰ ਅਤੇ ਗੁਰੂ ਨਾਨਕ ਦੇਵ ਜੀ ਦਾ ਰਹਾਇਸ਼ੀ ਮਕਾਨ ਸੀ. ਇਸੇ ਥਾਂ ਬਾਬਾ ਸ਼੍ਰੀ ਚੰਦ ਅਤੇ ਲਖਮੀ ਦਾਸ ਜੀ ਜਨਮੇ ਹਨ. ਇਸ ਗੁਰਦ੍ਵਾਰੇ ਦੇ ਨਾਉਂ ਤੇਰਾਂ ਘੁਮਾਉਂ ਜ਼ਮੀਨ ਕਪੂਰਥਲੇ ਵੱਲੋਂ ਹੈ. ਇਸ ਥਾਂ ਬਾਬਾ ਸ਼੍ਰੀ ਚੰਦ ਜੀ ਦੀ ਇੱਕ ਬੈਰਾਗਣ ਹੈ.

(੫) ਜਨਮ ਅਸਥਾਨ ਬਾਬਾ ਸ਼੍ਰੀ ਚੰਦ ਅਤੇ ਲਖਮੀ ਦਾਸ ਜੀ ਦਾ. ਦੇਖੋ, ਨੰ: ੪.

(੬) ਧਰਮਸਾਲ ਗੁਰੂ ਅਰਜਨ ਸਾਹਿਬ ਜੀ. ਗੁਰਦ੍ਵਾਰਾ ਕੋਠੜੀ ਸਾਹਿਬ ਦੇ ਪਾਸ ਇਹ ਅਸਥਾਨ ਹੈ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਡੱਲੇ ਪਿੰਡ ਕਰਨ ਜਾਂਦੇ ਹੋਏ ਸ਼੍ਰੀ ਗੁਰੂ ਅਰਜਨ ਦੇਵ ਜੀ ਇੱਥੇ ਵਿਰਾਜੇ ਹਨ. ਰਿਆਸਤ ਕਪੂਰਥਲੇ ਵੱਲੋਂ ਗੁਰੁਦ੍ਵਾਰੇ ਦੇ ਨਾਉਂ ਬਾਰਾਂ ਘੁਮਾਉਂ ਜ਼ਮੀਨ ਹੈ.

(੭) ਬੇਰ ਸਾਹਿਬ. ਸ਼ਹਿਰ ਤੋਂ ਪੱਛਮ ਕਰੀਬ ਅੱਧ ਮੀਲ ਉਹ ਅਸਥਾਨ, ਜਿੱਥੇ ਬੇਈਂ ਵਿੱਚ ਨਿੱਤ ਇਸ਼ਨਾਨ ਕਰਨ ਗੁਰੂ ਸਾਹਿਬ ਜਾਇਆ ਕਰਦੇ ਸਨ. ਗੁਰੂ ਸਾਹਿਬ ਦੇ ਵੇਲੇ ਦੀ ਬੇਰੀ ਹੁਣ ਮੌਜੂਦ ਹੈ. ਇਸ ਗੁਰਧਾਮ ਨੂੰ ਤੇਰਾਂ ਸੌ ਸੱਠ ਰੁਪਯੇ ਸਾਲਾਨਾ ਜਾਗੀਰ ਰਿਆਸਤ ਕਪੂਰਥਲੇ ਵੱਲੋਂ, ਸਵਾ ਸੌ ਰੁਪੈਯਾ ਰਿਆਸਤ ਪਟਿਆਲੇ ਤੋਂ, ਇਕਵੰਜਾ ਰੁਪੈਯੇ ਨਾਭੇ ਵੱਲੋਂ ਹੈ, ਤੀਸ ਘੁਮਾਉਂ ਜਮੀਨ ਗੁਰਦ੍ਵਾਰੇ ਦੇ ਨਾਉਂ ਪਿੰਡ ਮਾਣਕ ਅਤੇ ਪਿੰਡ ਮਾਛੀਜੋਇਆ ਵਿੱਚ ਹੈ.

ਸੁਲਤਾਨ ਬੇਗ: ਸ਼ਾਹਜਹਾਂ ਬਾਦਸ਼ਾਹ ਦਾ ਇੱਕ ਫੌਜੀ ਸਰਦਾਰ, ਜੋ ਭਾਈ ਬਿਧੀ ਚੰਦ ਨੇ ਅਮ੍ਰਿਤਸਰ ਜੀ ਦੇ ਜੰਗ ਵਿੱਚ ਮਾਰਿਆ.

ਸੁਲਤਾਨ ਵਿੰਡ: ਦੇਖੋ, ਅਮ੍ਰਿਤਸਰ ਅਤੇ ਤੂਤ ਸਾਹਿਬ.

ਸੁਲਤਾਨੀ, ਸੁਲਤ਼ਾਨੀ: ਫ਼ਾ. سلطانی ਬਾਦਸ਼ਾਹੀ. ਹੁਕੂਮਤ. ਸੁਲਤਾਨ ਦਾ ਕੰਮ। ੨. ਦੇਖੋ, ਸੁਲਤਾਨੀਆ.

ਸੁਲਤਾਨੀਆ: ਸੁਲਤਾਨ (ਸਰਵਰ) ਦਾ ਉਪਾਸ਼ਕ. ਸੁਲਤਾਨੀਏ ਹਿੰਦੂ ਭੀ ਝਟਕੇ ਦਾ ਮਾਸ ਅਤੇ ਸੂਰ ਖਾਣਾ ਪਾਪ ਸਮਝਦੇ ਹਨ.

ਸ਼ੁਲਤਾਨੇ: ਸ਼ੁਲਤਾਨ ਨੇ. "ਨਾਮਾ ਸੁਲਤਾਨੇ ਬਾਧਿਲਾ." (ਭੈਰ ਨਾਮਦੇਵ)

ਸੁਲਪ: ਸੰ. ਸ੍ਵਲ੍ਪ. ਵਿ- ਬਹੁਤ ਘੱਟ. "ਅਲਪ ਅਹਾਰ ਸੁਲਪ ਸੀ ਨਿੰਦ੍ਰਾ." (ਹਜਾਰੇ ੧੦)

ਸੁਲਫਈ: ਸੁਲਫਾ ਪੀਣ ਵਾਲਾ. ਦੇਖੋ, ਸੁਲਫਾ ੨.

ਸੁਲਫਾ: ਅ਼. سلفہ ਉਹ ਵਸਤੂ ਜੋ ਨਿਰਣੇ ਕਾਲਜੇ ਖਾਧੀ ਜਾਵੇ। ੨. ਇੱਕ ਨਸ਼ੇਦਾਰ ਪਦਾਰਥ, ਜੋ ਤੰਬਾਕੂ ਅਤੇ ਭੰਗ ਦੇ ਮੇਲ ਤੋਂ ਬਣਦਾ ਹੈ. ਇਸ ਨੂੰ ਚਿਲਮ ਵਿੱਚ ਰੱਖਕੇ ਧੂਆਂ ਪੀਤਾ ਜਾਂਦਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਦਿਲ ਦਿਮਾਗ ਅਤੇ ਪੱਠਿਆਂ ਤੇ ਇਸ ਦਾ ਬਹੁਤ ਬੁਰਾ ਅਸਰ ਹੁੰਦਾ ਹੈ.

ਸੁਲਬ: ਦੇਖੋ, ਸੁਲਭ.

ਸੁਲਬੀ ਖਾਨ: ਸੁਲਹੀ ਖਾਨ ਦੇ ਵਡੇ ਭਾਈ ਦਾ ਪੁਤ੍ਰ, ਜੋ ਚੰਦੂ ਦੀ ਪ੍ਰੇਰਣਾ ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸੰਤਾਪ ਦੇਣ ਗਿਆ ਸੀ, ਅਰ ਅਮ੍ਰਿਤਸਰ ਜੀ ਦੇ ਰਸਤੇ ਤਨਖ੍ਵਾਹ (ਤਲਬ) ਬਾਬਤ ਨੌਕਰ ਪਠਾਣਾਂ ਨਾਲ ਝਗੜਾ ਹੋਣ ਤੋਂ ਮਾਰਿਆ ਗਿਆ.

ਸੁਲਭ: ਵਿ- ਜੋ ਆਸਾਨੀ ਨਾਲ ਮਿਲ ਸਕੇ. ਜਿਸ ਦੇ ਲੱਭਣ ਵਿੱਚ ਔਖ ਨਾ ਹੋਵੇ.

ਸੁਲਾ: ਦੇਖੋ, ਸੁਲਹ.

ਸੁਲਾਉਣਾ: ਕ੍ਰਿ- ਸੁਲਾਨਾ. ਸ਼ਯਨ ਕਰਾਉਣਾ.

ਸੁਲਾਸ: ਸ- ਉੱਲਾਸ. ਉਮੰਗ ਵਾਲਾ. ਦੇਖੋ, ਭਾਬੜਾ ੨.

ਸੁਲਾਕ: ਦੇਖੋ, ਸੂਲਾਕ.

ਸੁਲਿਸ: ਦੇਖੋ, ਸਲਿਸ ਅਤੇ ਸੁਲਸ.

ਸੁਲੂਕ: ਅ਼. سلوٗک ਚਲਨਾ. ਗਮਨ। ੨. ਨੇਕ ਰਸਤੇ ਚਲਨਾ। ੩. ਪਰਮੇਸੁਰ ਦੀ ਸਮੀਪਤਾ ਚਾਹੁਣੀ। ੪. ਭਲਾ ਵਰਤਾਉ. ਸ਼ਿਸ਼੍ਟਾਚਾਰ.

ਸੁਲੇਮਾਨ, ਸੁਲੈਮਾਨ: ਅ਼. سلیمان (Solomon) ਬਤਸਬਾ (Bathsheba) ਦੇ ਉਦਰ ਤੋਂ ਦਾਊਦ ਦਾ ਪੁਤ੍ਰ, ਜੋ ਇਸਰਾਈਲ ਵੰਸ਼ ਦਾ ਵਡਾ ਦਾਨਾ ਬਾਦਸ਼ਾਹ ਸੀ. ਇਸ ਦੇ ਅਖਾਣ ਜਗਤਪ੍ਰਸਿੱਧ ਹਨ. ਸੁਲੇਮਾਨ ਦੀਆਂ ਕਹਾਵਤਾਂ ਬਾਈਬਲ ਵਿੱਚ ਭੀ ਦਰਜ ਹਨ.

ਕੁਰਾਨ ਵਿੱਚ ਲਿਖਿਆ ਹੈ ਕਿ ਇੱਕ ਵਾਰ ਬਾਦਸ਼ਾਹ ਸੁਲੇਮਾਨ ਆਪਣੇ ਘੋੜੇ ਦੇਖ ਰਿਹਾ ਸੀ ਜਿਸ ਤੋਂ ਨਮਾਜ਼ ਦਾ ਵੇਲਾ ਟਲ ਗਿਆ, ਤਦ ਸੁਲੇਮਾਨ ਨੇ ਤਲਵਾਰ ਲੈ ਕੇ ਘੋੜਿਆਂ ਦੀਆਂ ਪਿੰਜਣੀਆਂ ਵੱਢ ਸੁੱਟੀਆਂ. ਫੇਰ ਇਹ ਜ਼ਿਕਰ ਹੈ ਕਿ ਖ਼ੁਦਾ ਨੇ ਪੌਣ ਅਤੇ ਦੇਉ ਜਿੰਨ ਸੁਲੇਮਾਨ ਦੇ ਤਾਬੇ ਕਰ ਦਿੱਤੇ, ਅਰ ਜਾਨਵਰਾਂ ਦੀ ਬੋਲੀ ਸਮਝਣ ਦਾ ਗਿਆਨ ਦਿੱਤਾ.

ਇੱਕ ਬਾਰ ਸੁਲੇਮਾਨ ਲਸ਼ਕਰ ਸਮੇਤ ਜਾ ਰਿਹਾ ਸੀ ਤਾਂ ਕੀੜੀਆਂ ਨੇ ਆਖਿਆ ਕਿ ਛੇਤੀ ਖੱਡਾਂ ਵਿੱਚ ਵੜ ਜਾਓ, ਕਿਤੇ ਸੁਲੇਮਾਨ ਦੀ ਫੌਜ ਸਾਨੂ ਦਰੜ ਨਾ ਸੁੱਟੇ. ਸੁਲੇਮਾਨ ਨੇ ਇਹ ਗੱਲ ਸੁਣ ਲਈ ਅਰ ਖੁਦਾ ਦਾ ਸ਼ੁਕਰ ਕਰਕੇ ਕੀੜੀਆਂ ਦਾ ਬਚਾਉ ਕੀਤਾ. ਇੱਕ ਬਾਰ ਪਰਿੰਦ ਚੁਕੀਰੇ (ਚੱਕੀਰਾਹੇ) ਨੇ ਇੱਕ ਸੂਰਜ ਪੂਜਕ ਰਾਣੀ ਦਾ ਹਾਲ ਸੁਲੇਮਾਨ ਨੂੰ ਦੱਸਿਆ ਜਿਸ ਪੁਰ ਸੁਲੇਮਾਨ ਨੇ ਉਸ ਨੂੰ ਚੱਕੀਰਾਹੇ ਦੇ ਹੱਥ ਖਤ ਭੇਜਿਆ ਅਰ ਰਾਣੀ ਨੂੰ ਆਪਣੇ ਮਤ ਤੇ ਲਿਆਂਦਾ. ਦੇਖੋ, ਕੁਰਾਨ ਸੂਰਤ ੨੭.

ਬਾਈਬਲ ਵਿੱਚ ਲਿਖਿਆ ਹੈ ਕਿ ਸੁਲੇਮਾਨ ਨੇ ਯਰੂਸਲਮ (Jerusalem) ਵਿੱਚ ੪੦ ਵਰ੍ਹੇ ਰਾਜ ਕੀਤਾ ਅਰ ਜਗਤ ਪ੍ਰਸਿੱਧ ਜੋ ਯਹੂਦੀ ਅਤੇ ਈਸਾਈਆਂ ਦਾ ਪੂਜਯ ਮੰਦਿਰ ਹੈ ਉਹ ਉਸ ਨੇ ਬਣਾਇਆ ਹੈ. ਸੁਲੇਮਾਨ ਦੀ ਕਬਰ ਯਰੂਸ਼ਲਮ ਵਿੱਚ ਦੇਖੀ ਜਾਂਦੀ ਹੈ.

ਸੁਲੇਮਾਨ ਦਾ ਜਨਮ ਸਨ ਈਸਵੀ ਤੋਂ ਪਹਿਲਾਂ (ਬੀ. ਸੀ. ) ੧੦੩੩ ਅਤੇ ਦੇਹਾਂਤ ੯੭੫ ਵਿੱਚ ਅਨੁਮਾਨ ਕੀਤਾ ਗਿਆ ਹੈ.

ਸੁਲੇਮਾਨ ਦੀਆਂ ਸੱਤ ਸੌ ਵਹੁਟੀਆਂ ਅਤੇ ਤਿੰਨ ਸੌ ਗੋਲੀਆਂ ਸਨ. ਉਸ ਦਾ ਪੁਤ੍ਰ "ਰਹਬਯਾਮ" ਹੋਇਆ, ਜਿਸ ਨੇ ਯਰੂਸਲਮ ਵਿੱਚ ਰਾਜ ਕੀਤਾ.

ਸੁਲੋਕਨ: ਸੰਗਯਾ- ਸੁ- ਅਵਿਲੋਕਨ. ਸੁਦ੍ਰਿਸ਼੍ਟਿ। ੨. ਸੁੰਦਰ ਲੋਚਨ. ਮਨੋਹਰ ਨੇਤ੍ਰ. ਦੇਖੋ, ਜਜੋਰ.

ਸੁਲੋਚਨ: ਸੰਗਯਾ- ਉੱਤਮ ਨੇਤ੍ਰ। ੨. ਵਿ- ਸੁੰਦਰ ਨੇਤ੍ਰਾਂ ਵਾਲਾ। ੩. ਸੰਗਯਾ- ਹਰਿਣ. ਮ੍ਰਿਗ। ੪. ਚਕੋਰ.

ਸੁਲੋਚਨਾ, ਸੁਲੋਚਨੀ: ਵਿ- ਸੁੰਦਰ ਨੇਤ੍ਰਾਂ ਵਾਲੀ.

ਸੁਲੋਨੜਾ, ਸੁਲੋਨੜੀ: ਵਿ- ਸੁੰਦਰ ਲੋਚਨ (ਨੇਤ੍ਰਾਂ) ਵਾਲਾ (ਵਾਲੀ). ੨. ਲਾਵਨਯਤਾ (ਸੁੰਦਰਤਾ) ਵਾਲਾ (ਵਾਲੀ).

ਸੁਵਸਤੁ: ਵਿ- ਉੱਤਮ ਚੀਜ਼। ੨. ਸੰਗਯਾ- ਆਤਮ ਉਪਦੇਸ਼. "ਜਿਥੈ ਸੁਵਸਤੁ ਨ ਜਾਪਈ." (ਵਾਰ ਰਾਮ ੧. ਮਃ ੨)

ਸੁਵਨ: ਸੰ. ਸੂਨੁ. ਸੰਗਯਾ- ਪੁਤ੍ਰ. ਬੇਟਾ. ਦੇਖੋ, ਸੂਨੁ.

ਸੁਵਰਚਲਾ: ਸੰ. ਸੁਵਚੰਲਾ. ਸੰਗਯਾ- ਵਿਸ਼੍ਵਕਰਮਾ ਦੀ ਪੁਤ੍ਰੀ, ਸੂਰਜ ਦੀ ਇਸਤ੍ਰੀ, ਜਿਸ ਦਾ ਦੂਜਾ ਨਾਉਂ ਸੰਗਯਾ ਹੈ. ਇਸ ਨੇ

ਜਦ ਘੋੜੀ ਦਾ ਰੂਪ ਧਾਰਿਆ ਸੀ, ਤਦ ਸੂਰਜ ਤੋਂ ਅਸ਼੍ਵਿਨੀਕੁਮਾਰ ਦੇਵਤਾ ਪੈਦਾ ਹੋਏ. ਦੇਖੋ, ਛਾਇਆ। ੨. ਅਲਸੀ। ੩. ਸੌਂਚਲ. ਸੂਰਜਮੁਖੀ.

ਸੁਵਰਣ, ਸੁਵਰਨ: ਸੰ. ਸੁਵਰ੍‍ਣ. ਵਿ- ਉੱਤਮ ਰੰਗ. ਸ਼ੁਭ ਵਰਣ. "ਸੁਵਰਨ ਕੋ ਸੁਵਰਨ ਤਨ ਦੁਤਿ ਮਿਲ." (ਗੁਪ੍ਰਸੂ) ੨. ਉੱਤਮ ਜਾਤਿ। ੩. ਉੱਤਮ ਅੱਖਰ। ੪. ਸੰਗਯਾ- ਸੁਇਨਾ. ਸੋਨਾ. "ਲੋਹਾ ਪਾਰਸ ਭੇਟੀਐ ਮਿਲਿ ਸੰਗਤਿ ਸੁਵਰਨ ਹੋ ਜਾਇ." (ਵਾਰ ਗਉ ੧. ਮਃ ੪) ੫. ਧਤੂਰਾ। ੬. ਸੋਲਾਂ ਮਾਸੇ ਭਰ ਵਜਨ। ੭. ਹਰਿਚੰਦਨ। ੮. ਰਾਜਾ ਦਸ਼ਰਥ ਦਾ ਇੱਕ ਮੰਤ੍ਰੀ.

ਸੁਵਰਨਗਿਰਿ: ਸੰਗਯਾ- ਸੁਮੇਰੁ, ਜੋ ਸੁਇਨੇ ਦਾ ਲਿਖਿਆ ਹੈ. ੨. ਦੱਖਣੀ ਬਿਹਾਰ ਵਿੱਚ ਗਿਰਿਵ੍ਯਜ ਸ਼ਹਿਰ ਪਾਸ ਇੱਕ ਪਹਾੜ.

ਸੁਵੱਲਾ: ਦੇਖੋ, ਸਵੱਲਾ.

ਸੁਵਾਉਣਾ: ਕ੍ਰਿ- ਸੁਲਾਉਣਾ. ਸੁਲਾਨਾ. ਸ਼ਯਨ ਕਰਾਉਣਾ. "ਪਤਿ ਸੁਤ ਪ੍ਰਿਥਮ ਸੁਵਾਇ ਕਰ." (ਚਰਿਤ੍ਰ ੨੫੯)

ਸੁਵਾਸ: ਵਿ- ਉੱਤਮ ਵਾਸਨਾ. ਸੁਗੰਧ। ੨. ਚੰਗੇ ਵਸਤ੍ਰ. ਸੁੰਦਰ ਲਿਬਾਸ। ੩. ਉੱਤਮ ਘਰ। ੪. ਦੇਖੋ, ਸੁਬਾਸ.

ਸੁਵਾਸੁ: ਦੇਖੋ, ਸਵਾਤ ੨.

ਸੁਵਾਣੀ: ਦੇਖੋ, ਸੁਆਣੀ.

ਸੁਵਾਰ: ਦੇਖੋ, ਸਵਾਰ। ੨. ਵਿ- ਸ਼ੁਭ ਵਾਰ (ਦਿਨ).

ਸੁਵਿਨਾ: सौवर्ण ਸੌਵਰ੍‍ਣ, ਵਿ- ਸੁਵਰ੍‍ਣ ਦਾ. ਸੁਇਨੇ ਦਾ. ਸੁਨਹਿਰੀ. "ਦੇਹ ਕੰਚਨ ਜੀਨ ਸੁਵਿਨਾ ਰਾਮ." (ਵਡ ਮਃ ੪. ਘੋੜੀਆਂ)

ਸੁਵੇਸ, ਸੁਵੇਖ: ਵਿ- ਉੱਤਮ ਵੇਸ. ਸੁੰਦਰ ਲਿਬਾਸ. "ਤੁਲਸੀ ਪੇਖ ਸੁਵੇਸ, ਭੂਲੈਂ ਮੂਢ ਨ ਚਤੁਰ ਨਰ। ਸੁੰਦਰ ਕੇਕਿੰਹ ਪੇਖ ਬਚਨ ਸੁਧਾ ਸਮ ਅਸਨ ਅਹਿ." (ਤੁਲਸੀ)

ਸੁਵੇਦ: ਵਿ- ਉੱਤਮ ਗਯਾਨ ਵਾਲਾ। ੨. ਆਸਾਨੀ ਨਾਲ ਪ੍ਰਾਪਤ ਹੋਣ ਵਾਲਾ.

ਸੁਵੰਨ: ਵਿ- ਉੱਤਮ ਵਰਣ। ੨. ਸੰਗਯਾ- ਸੁਵਰ੍‍ਣ. ਸੋਨਾ। ੩. ਦੇਖੋ, ਸੋਵਨ.

ਸੁਵੰਨਵੀ, ਸੁਵੰਨੜੀ, ਸੁਵੰਨੀ: ਵਿ- ਸੁੰਦਰ ਵਰਣ ਵਾਲੀ. ਸੁੰਦਰ ਰੰਗ ਵਾਲੀ. "ਸੁਵੰਨੜੀ ਦੇਹ." (ਵਾਰ ਰਾਮ ੨. ਮਃ ੫) ੨. ਸੁਵਰ੍‍ਣ ਦੀ. ਸੋਨੇ ਦੀ.

ਸੁ: ਸਰਵ- ਇਹ ਸ਼ਬਦਾਂ ਦੇ ਅੰਤ ਉਸ ਦਾ ਅਰਥ ਦਿੰਦਾ ਹੈ. ਜੈਸੇ- "ਨਾਮ ਜੀਪਓਸੁ" (ਜਸਾ) ਉਸ ਨੇ ਨਾਮ ਜਪਿਆ। ੨. ਕ੍ਰਿ- ਹੈ। ੩. ਸੰ. ਧਾ- ਗਰਭ ਧਾਰਣ ਕਰਨਾ. ਜਣਨਾ. ਪੈਦਾ ਕਰਨਾ। ੪. ਫ਼ਾ. سُو ਸੰਗਯਾ- ਤਰਫ. ਦਿਸ਼ਾ. "ਗਜੇ ਸੂਰ ਜੁੱਝਾਰ ਦੋ ਸੁ." (ਸਲੋਹ) ੫. ਲਾਭ. ਨਫਾ। ੬. ਬਿਆਜ. ਸੂਦ। ੭. ਰੌਸ਼ਨਾਈ. ਮਸਿ.

ਸੁੰ: ਅਨੁ- ਸਾਂ ਸਾਂ ਧੁਨਿ. ਸੁੰਕਾਰ। ੨. ਵਯ- ਕੋ, ਨੂੰ. ਪ੍ਰਤਿ. ਤਾਈਂ. "ਪਾਪਾਂ ਦੇ ਮਿਟਾਵਣ ਸੁੰ ਸਮਰਥਤਾ ਨਹੀਂ." (ਜਸਭਾਮ)

ਸੂਅ: ਸੰਗਯਾ- ਸੂਨੁ. ਸੁਵਨ. ਪੁਤ੍ਰ. "ਜੁ ਪੜ੍ਹਯੋ ਦਿਜ ਤੇ ਸੂਅ! ਤਾਂਹਿ ਰੜੋ." (ਨਰਸਿੰਘਾਵ) ਹੇ ਪੁਤ੍ਰ! ਪੜ੍ਹਿਆ ਪਾਠ ਰਟੋ.

ਸੂਅਟਾ: ਸੰਗਯਾ- ਸ਼ੁਕ. ਤੋਤਾ. "ਤੂੰ ਪਿੰਜਰ ਹਉ ਸੂਅਟਾ ਤੋਰ." (ਗਉ ਕਬੀਰ)

ਸੂਅਨ: ਪੁਤ੍ਰ. ਦੇਖੋ, ਸੂਅ.

ਸੂਅਰ: ਸੰ. ਸ਼ੂਕਰ.[266] ਸੰਗਯਾ- ਸੂਰ. "ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ." (ਵਾਰ ਮਾਝ ਮਃ ੧) ਦੇਖੋ, ਸੂਰ ੧੦.

ਸੂਆ: ਸੰਗਯਾ- ਸ਼ੁਕ. ਤੋਤਾ. "ਬਾਂਧਿਓ ਨਲਨੀ ਭ੍ਰਮ ਸੂਆ." (ਆਸਾ ਮਃ ੫) ੨. ਵਡੀ ਸੂਈ. ਸਿਉਣ ਦਾ ਸੰਦ ਜਿਸ ਦੇ ਨੱਕੇ ਵਿੱਚ ਡੋਰ ਪਾ ਕੇ ਸੀਂਵੀਦਾ ਹੈ. "ਲਉ ਨਾੜੀ ਸੂਆ ਹੈ ਅਸਤੀ." (ਰਾਮ ਮਃ ੫) ੩. ਸੂਣ (ਪ੍ਰਸੂਤ) ਦ ਕ੍ਰਿਯਾ. ਜਿਵੇਂ ਇਸ ਗਾਂ ਦਾ ਦੂਜਾ ਸੂਆ ਹੈ.

ਸੂਐ: ਸੂਏ ਉੱਪਰ. "ਸੂਐ ਚਾੜਿ ਭਵਾਈਅਹਿ ਜੰਤ." (ਵਾਰ ਆਸਾ)

ਸੂਇ: ਸੰ. ਪ੍ਰਸੂਯ. ਦੇਖੋ, ਸੂਣਾ. ੨. ਦੇਖੋ, ਸੂਯ। ੩. ਕ੍ਰਿ. ਵਿ- ਸੂਕੇ. ਪ੍ਰਸੂਤ ਹੋਕੇ. "ਪੰਖੀ ਸੂਇ ਬਹਿਠੁ." (ਸ. ਫਰੀਦ)

ਸੂਈ: ਸੰ. ਸੂਚਿ. ਸੂਚੀ। ੨. ਵਿ- ਸੰ. ਸੂਵਰੀ. ਸੂਈ ਹੋਈ. ਪ੍ਰਸੂਤਾ.

ਸੂਈਧਾਰ: ਡਿੰਗ. ਸੂਈ ਰੱਖਣ ਵਾਲਾ. ਦਰਜੀ. ਸੰ. ਸਯੂਤਿਕਾਰ. ਸਿਉਣ ਵਾਲਾ.

ਸੂਸੀ: ਸੰਗਯਾ- ਇੱਕ ਪ੍ਰਕਾਰ ਦਾ ਧਾਰੀਦਾਰ ਵਸਤ੍ਰ. ਪਹਿਲੇ ਜ਼ਮਾਨੇ ਇਸ ਦੀ ਕੱਛਾਂ ਭੀ ਪਹਿਨਦੇ ਸਨ. ਹੁਣ ਇਹ ਕੇਵਲ ਇਸਤ੍ਰੀਆਂ ਦੇ ਪਹਿਰਣ ਦਾ ਵਸਤ੍ਰ ਹੈ. "ਸੂਸੀ ਦੀ ਕੱਛਾਂ ਥੇ ਸਿੰਘ ਰਖਤੇ." (ਪੰਪ੍ਰ)

ਸੂੰਹ: ਸੰਗਯਾ- ਸੁਧ. ਖਬਰ। ੨. ਭੇਤ ਲੈਣ ਦੀ ਕ੍ਰਿਯਾ.

ਸੂਹਉ: ਦੇਖੋ, ਸੂਹੀ। ੨. ਦੇਖੋ, ਸੂਹਾਂ.

ਸੂਹਟ, ਸੂਹਟਾ, ਸੂਹਟੁ: ਸੰਗਯਾ- ਸ਼ੁਕ. ਤੋਤਾ. "ਸੂਹਟੁ ਪਿੰਜਰਿ ਪ੍ਰੇਮ ਕੈ." (ਮਾਰੂ ਅਃ ਮਃ ੧) ਇਸ ਥਾਂ ਤੋਤੇ ਤੋਂ ਭਾਵ ਜੀਵਨਮੁਕਤ ਪੁਰਖ ਹੈ। ੨. ਦੇਖੋ, ਸੁਹਟਾ.

ਸੂਹਣ, ਸੂਹਣੀ, ਸੂਹਨ, ਸੂਹਨੀ: ਸੰ. ਸਮੂਹਨੀ. ਸੰਗਯਾ- ਕੂੜਾ ਸੰਬਰਕੇ ਇਕੱਠਾ ਕਰਨ ਵਾਲੀ, ਬੁਹਾਰੀ. "ਦੇਉ ਸੂਹਨੀ ਸਾਧੁ ਕੈ." (ਬਿਲਾ ਮਃ ੫) ਸੰਸਕ੍ਰਿਤ ਵਿੱਚ "ਸ਼ੋਧਨੀ" ਨਾਉਂ ਭੀ ਝਾੜੂ ਦਾ ਹੈ.

ਸੂਹਬ, ਸੂਹਵ, ਸੂਹਵੀ: ਵਿ- ਸੂਹੇ (ਲਾਲ) ਵਰਣ ਵਾਲੀ। ੨. ਸੁੰਦਰ ਰੰਗ (ਪ੍ਰੇਮ ਰੰਗ) ਨਾਲ ਰੰਗੀ ਹੋਈ. "ਸੂਹਬ ਸੂਹਬ ਸੂਹਵੀ ਅਪਨੈ ਪ੍ਰੀਤਮ ਕੈ ਰੰਗਿ ਰਤੀ." (ਸੂਹੀ ਮਃ ੫) "ਸੂਹਬ ਤਾ ਸੋਹਾਗਣੀ ਜਾ ਮੰਨਿਲੈਹਿ ਸਚੁਨਾਉ." (ਵਾਰ ਸੂਹੀ ਮਃ ੩) ੩. ਮਾਇਆ ਦੇ ਕੱਚੇ ਰੰਗ (ਕੁਸੁੰਭੀ) ਵਾਲੀ. "ਸੂਹਵੀਏ ਨਿਮਾਣੀਏ! ਸੋ ਸਹੁ ਸਦਾ ਸਮਾਲਿ." (ਵਾਰ ਸੂਹੀ ਮਃ ੩)

ਸੂਹੜ: ਇੱਕ ਖਤ੍ਰੀ ਜਾਤਿ. ਦੇਖੋ, ਸੁਹੜ। ੨. ਦੇਖੋ, ਸੂਹੜਾ.

ਸੂਹੜਾ: ਸੰਗਯਾ- ਪੀਠੇ ਹੋਏ ਅੰਨ ਵਿੱਚੋਂ ਨਿਕਲਿਆ ਦਾਣੇ ਦਾ ਛਿਲਕਾ. ਛਾਲਨੀ (ਛਾਣਨੀ) ਨਾਲ ਛਾਣਨ ਤੋਂ ਆਟਾ ਹੇਠ ਡਿੱਗ ਪੈਂਦਾ ਹੈ, ਸੂਹੜਾ ਛਾਣਨੀ ਵਿੱਚ ਰਹਿ ਜਾਂਦਾ ਹੈ.

ਸੂਹੜੀ: ਦੇਖੋ, ਸੂਹੜ ਅਤੇ ਸੂਹੜਾ.

ਸੂਹਾ: ਵਿ- ਕੁਸੁੰਭੀ. ਭਾਵ- ਮਾਇਕ ਕੱਚਾ ਰੰਗ. "ਲਾਲ ਭਏ ਸੂਹਾ ਰੰਗ ਮਾਇਆ." (ਗਉ ਅਃ ਮਃ ੧) ਕਰਤਾਰ ਦੇ ਪੱਕੇ ਰੰਗ ਵਿੱਚ ਲਾਲ ਭਏ, ਅਰ ਮਾਇਕ ਰੰਗ ਸੂਹਾ ਜਾਨਿਆ.

ਸੂਹਾਂ: ਸੰਗਯਾ- ਸੂੰਹ (ਸੁੱਧ) ਲੈਣ ਵਾਲਾ. ਮੁਖ਼ਬਰ. ਸੂਹੀਆਂ। ੨. ਵਿ- ਭੇਤੀ. ਜਾਣਕਾਰ. "ਸਿੰਘ ਸਭੈ ਜੰਗਲ ਕੇ ਸੂਹੇਂ." (ਪੰਪ੍ਰ) ੩. ਸੰਮੁਖ (ਸਾਮ੍ਹਣੇ) ਹੋਣ ਵਾਲਾ.

---

[266] ਇਹ ਸ਼ਬਦ ਸੂਕਰ ਭੀ ਸੰਸਕ੍ਰਿਤ ਹੈ.

ਸੂਹੀ: ਵਿ- ਕੁਸੁੰਭ ਰੰਗੀ. "ਮਨੋ ਅੰਗ ਸੂਹੀ ਕੀ ਸਾਗ੍ਰੀ ਕਰੀ ਹੈ." (ਚੰਡੀ ੧) ੨. ਇੱਕ ਰਾਗਿਣੀ, ਜਿਸ ਨੂੰ ਸੂਹਾ ਭੀ ਆਖਦੇ ਹਨ.[267] ਇਹ ਕਾਫੀ ਠਾਟ ਦੀ ਸ਼ਾੜਵ ਰਾਗਿਣੀ ਹੈ. ਇਸ ਵਿੱਚ ਧੈਵਤ ਵਰਜਿਤ ਹੈ. ਸੂਹੀ ਨੂੰ ਗਾਂਧਾਰ ਅਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ. ਵਾਦੀ ਮੱਧਮ ਅਤੇ ਸ਼ੜਜ ਸੰਵਾਦੀ ਹੈ. ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਹੈ.

ਆਰੋਹੀ- ਸ਼ ਰ ਗਾ ਮ ਪ ਨਾ ਸ਼.

ਅਵਰੋਹੀ- ਸ਼ ਨਾ ਮ ਪ ਗਾ ਰ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੂਹੀ ਦਾ ਪੰਦਰਵਾਂ ਨੰਬਰ ਹੈ। ੩. ਪੋਠੋਹਾਰ ਵੱਲ ਕਿਸੇ ਔਰਤ ਦਾ ਆਪਣੇ ਘਰ ਦੇ ਕਿਸੇ ਬਜ਼ੁਰਗ ਅੱਗੇ ਮੱਥਾ ਟੇਕਣ ਦਾ ਕਰਮ. ਦੇਖੋ, ਸੁਹੀਆ.

ਸੂਹੀਆਂ: ਦੇਖੋ, ਸੂਹਾਂ.

ਸੂਕ: ਸੰ. ਸ਼ੁਸ਼੍ਕ. ਸ਼ੁਸ਼੍ਕ. ਵਿ- ਸੁੱਕਾ. ਖੁਸ਼ਕ. "ਸੂਕ ਭਈ ਪਤਰੀ ਸੀ." (ਕ੍ਰਿਸਨਾਵ) ੨. ਸੰ. ਸ਼ੂਕ. ਸੰਗਯਾ- ਤੂਹੜ. ਜੌਂ ਕਣਕ ਆਦਿਕ ਦੀ ਬੱਲੀ ਦਾ ਤਿੱਖਾ ਕੰਡਾ.

ਸੂੰਕ: ਅਨੁ. ਸੂੰ ਸੂੰ ਧੁਨਿ. ਸੁੰਕਾਰ. "ਤਬ ਚਲੇ ਸੂੰਕ ਜਨੁ ਨਾਗ ਜਾਇ." (ਗੁਪ੍ਰਸੂ)

ਸੂਕਣਾ: ਕ੍ਰਿ. ਸ਼ੁਸ਼ਕ ਹੋਣਾ. ਸੁੱਕਣਾ. ਖੁਸ਼ਕ ਹੋਣਾ. ੨. ਦੇਖੋ, ਸੂੰਕਣਾ ੨. "ਤੀਨਿ ਚਰਣ ਇਕ ਦੁਬਿਧਾ ਸੂਕੀ." (ਮਾਰੂ ਸੋਲਹੇ ਮਃ ੧) ਤ੍ਰੇਤੇ ਯੁਗ ਵਿੱਚ ਧਰਮ ਦੇ ਤਿੰਨ ਚਰਣ ਰਹਿ ਗਏ, ਅਤੇ ਦੁਬਿਧਾ ਨੇ ਜੋਰ ਪਾਇਆ.

ਸੂੰਕਣਾ: ਕ੍ਰਿ. - ਸੂੰ- ਸੂੰ ਕਰਨਾ. ਸੁੰਕਾਰ ਕਰਨਾ. ਨੱਕ ਦੇ ਰਾਹ ਸਾਹ ਜੋਰ ਨਾਲ ਕੱਢਣੇ। ੨. ਭਾਵ- ਅਹੰਕਾਰ ਨਾਲ ਆਪਣਾ ਬਲ ਪ੍ਰਗਟ ਕਰਨਾ.

ਸੂਕਰ: ਸੰ. ਸ਼ੂਕਰ. ਸੰਗਯਾ- ਸੂਰ. ਸੁੰਕਾਰ ਕਰਨ ਵਾਲਾ ਹੋਣ ਤੋਂ ਇਹ ਨਾਉਂ ਹੈ. "ਸੂਕਰ ਸੁਆਨ ਗਰਧਭ ਮੰਜਾਰਾ." (ਬਿਲਾ ਅਃ ਮਃ ੧)

ਸੂਕਰਖੇਤ: ਸੰ. ਸ਼ੂਕਰਕ੍ਸ਼ੇਤ੍ਰ. ਨੈਮਿਸ਼ਾਰਨਜ ਪਾਸ ਇੱਕ ਤੀਰਥ, ਜਿਸ ਦਾ ਹੁਣ ਨਾਉਂ "ਸੋਰੋਂ" ਹੈ. ਪੁਰਾਣਕਥਾ ਹੈ ਕਿ ਵਿਸ਼ਨੁ ਨੇ ਵਰਾਹ ਅਵਤਾਰ ਧਾਰਕੇ ਹਿਰਨਜਕੇਸ਼ੀ ਦੈਤ ਨੂੰ ਇੱਥੇ ਮਾਰਿਆ ਸੀ.

ਸੂਕਰਣਾ, ਸੂੰਕਰਨਾ: ਕ੍ਰਿ- ਸੁੰਕਾਰ ਕਰਨਾ. ੨. ਸੂਰ ਦੀ ਤਰਾਂ ਸ਼ਬਦ ਕਰਨਾ. "ਚਲੀ ਸੈਨ ਸੂੰਕਰ ਪਰਾਚੀ ਦਿਸਾਨੰ." (ਜਨਮੇਜਯ)

ਸੂਕਰੀ: ਸੰਗਯਾ- ਸ਼ੂਕਰੀ. ਸੂਰੀ. ਸੂਰ ਦੀ ਮਦੀਨ.

ਸੂਕਾ: ਵਿ- ਸ਼ੁਸ਼੍ਕ. ਖੁਸ਼ਕ. "ਜਲ ਮਹਿ ਕੇਤਾ ਰਾਖੀਐ ਅਭਿਅੰਤਰਿ ਸੂਕਾ." (ਆਸਾ ਅਃ ਮਃ ੧)

੨. ਸ਼ੂਕਾ. ਨਾਸਾਂ ਨਾਲ ਫੁੰਕਾਰੇ ਮਾਰਨ ਵਾਲਾ. ਭਾਵ- ਓਛਾ. ਅਭਿਮਾਨੀ.

ਸੂਕੀ: ਸੁੱਕੀ. ਸ਼ੁਸ਼੍ਕ। ੨. ਦੇਖੋ, ਸੂਕਣਾ.

ਸੂਕ੍ਤ: ਸੰ. ਸੰਗਯਾ- ਸੁੰਦਰ ਕਥਨ। ੨. ਵੇਦ ਦੇ ਮੰਤ੍ਰਾਂ ਦਾ ਸਮੁਦਾਯ। ੩. ਉਸਤਤਿ ਦਾ ਗੀਤ.

ਸੂਖ੍ਮ: ਸੰ. ਵਿ- ਪਤਲਾ. ਬਾਰੀਕ। ੨. ਛੋਟਾ। ੩. ਤੁੱਛ। ੪. ਇੱਕ ਅਲੰਕਾਰ. ਇਸ਼ਾਰੇ ਦਾ ਉੱਤਰ ਇਸ਼ਾਰੇ ਨਾਲ ਦੇਣਾ ਅਥਵਾ ਸ਼ਰੀਰ ਦੀ ਚੇਸ਼੍ਟਾ (ਹਰਕਤ) ਤੋਂ ਕਿਸੇ ਸੂਖਮ ਭਾਵ ਦਾ ਪ੍ਰਗਟ ਕਰਨਾ, ਜਾਂ ਜਾਣਨਾ ਸੂਖ੍ਮ ਅਲੰਕਾਰ ਦਾ ਰੂਪ ਹੈ.

---

[267] ਕਈ ਸਾਂਗੀਤਿਕਾਂ ਨੇ ਮੋਹਨੀ ਨੂੰ ਹੀ ਸੂਹੀ ਕਲਪਿਆ ਹੈ.

ਉਦਾਹਰਣ-

ਮੇਲਿਓਂ. ਬਾਬਾ ਉੱਠਿਆ ਮੁਲਤਾਨੇ ਦੀ ਜਜ਼ਾਰਤ ਜਾਈ, ਅੱਗੋਂ ਪੀਰ ਮੁਲਤਾਨ ਦੇ ਦੁੱਧਕਟੋਰਾ ਭਰ ਲੈਆਈ, ਬਾਬਾ ਕਢ ਕਰ ਬਗਲ ਤੇ ਚੰਬੇਲੀ ਦੁਧ ਵਿੱਚ ਮਿਲਾਈ, ਜਿਉਂ ਸਾਗਰ ਵਿੱਚ ਗੰਗ ਸਮਾਈ. (ਭਾਗੁ)

ਮੁਲਤਾਨ ਦੇ ਪੀਰਾਂ ਨੇ ਦੁੱਧ ਦੇ ਭਰੇ ਪਿਆਲੇ ਤੋਂ ਭਾਵ ਪ੍ਰਗਟ ਕੀਤਾ ਕਿ ਮੁਲਤਾਨ ਪਹਿਲਾਂ ਹੀ ਪੀਰਾਂ ਨਾਲ ਭਰਪੂਰ ਹੈ, ਆਪ ਨੂੰ ਇੱਥੇ ਥਾਉਂ ਨਹੀਂ. ਸਤਿਗੁਰੂ ਨਾਨਕ ਦੇਵ ਜੀ ਨੇ ਦੁੱਧ ਉੱਪਰ ਚੰਬੇਲੀ ਦਾ ਫੁੱਲ ਰੱਖਕੇ ਭਾਵ ਪ੍ਰਗਟ ਕੀਤਾ ਕਿ ਅਸੀਂ ਇਸ ਤਰਾਂ ਬਿਨਾ ਕਿਸੇ ਨੂੰ ਕਲੇਸ਼ ਦਿੱਤੇ ਹਰ ਥਾਂ ਸਮਾ ਸਕਦੇ ਹਾਂ.

ਦੇਹ ਕੰਚੁਕੀ ਤਾਂਹਿ ਸਵਾਰੀ,

ਏਕ ਹਾਥ ਮੇ ਜਿਹਵਾ ਧਾਰੀ,

ਗਹਯੋ ਲਿੰਗ ਕੋ ਦੂਸਰ ਹਾਥਾ,

ਆਵਾ ਸਨਮੁਖ ਜਹਿਂ ਜਗਨਾਥਾ (ਨਾਪ੍ਰ)

ਕਲਿਯੁਗ ਨੇ ਇਸ ਚੇਸ਼੍ਟਾ ਤੋਂ ਸੂਖਮ ਭਾਵ ਪ੍ਰਗਟ ਕੀਤਾ ਕਿ ਜੋ ਰਸਨਾ ਅਤੇ ਇੰਦ੍ਰੀ ਦੇ ਦਾਸ ਹਨ, ਉਹੀ ਕਲਿਯੁਗੀ ਜੀਵ ਹਨ ਅਰ ਵਿਸ਼ੈ ਪਰਾਇਣ ਹੋਣਾ ਹੀ ਕਲਿਯੁਗ ਦਾ ਰੂਪ ਹੈ.

(ਅ) ਜੇ ਇਸ਼ਾਰੇ ਅਥਵਾ ਆਕਾਰ ਤੋਂ ਵਿਰੁੱਧ ਭਾਵ ਸਮਝਿਆ ਜਾਵੇ ਤਦ "ਵਿਖਮ ਸੂਕ੍ਸ਼੍ਮ" ਹੁੰਦਾ ਹੈ.

ਉਦਾਹਰਣ-

ਹੈ ਹੈ ਕਰਿਕੈ ਓਹਿ ਕਰੇਨਿ,

ਗਲ੍ਹਾਂ ਪਿਟਨਿ ਸਿਰੁ ਖੋਹੇਨਿ,

ਨਾਉ ਲੈਨਿ ਅਰੁ ਕਰਨਿ ਸਮਾਇ,

ਨਾਨਕ ਤਿਨ ਬਲਿਹਾਰੈ ਜਾਇ.

(ਸਵਾ ਮਃ ੧)

ਇਸਤ੍ਰੀਆਂ ਸਿਆਪੇ ਸਮੇਂ ਗਲ੍ਹਾਂ ਸਿਰ ਪੱਟਾਂ ਉੱਪਰ ਹੱਥ ਮਾਰਕੇ ਆਖਦੀਆਂ ਹਨ ਹੈ! ਹੈ! ਓਹ! ਓਹ! ਸਤਿਗੁਰੂ ਨਾਨਕ ਦੇਵ ਇਸ ਦਾ ਸੂਖਮ ਭਾਵ ਕਥਨ ਕਰਦੇ ਹਨ ਕਿ ਇਸਤ੍ਰੀਆਂ ਆਪਣੇ ਅੰਗਾਂ ਨੂੰ ਸਪਰਸ਼ ਕਰਕੇ ਦਸਦੀਆਂ ਹਨ ਕਿ ਓਹ (ਕਰਤਾਰ) ਅੰਗ ਅੰਗ ਵਿੱਚ ਵਿਆਪਕ ਹੈ.

**ਸੂਕ੍ਸ਼੍ਮਸ਼ਰੀਰ:** ਸੰਗਯਾ- ਲਿੰਗ ਸ਼ਰੀਰ. ਅਸਥੂਲ ਦੇਹ ਵਿੱਚ ਰਹਿਣ ਵਾਲਾ ਸੂਖਮ ਦੇਹ, ਜੋ ਇੱਕ ਸ਼ਰੀਰ ਨੂੰ ਤਿਆਗਕੇ ਦੂਜੇ ਵਿੱਚ ਪ੍ਰਵੇਸ਼ ਕਰਦਾ ਹੈ. ਮਨ, ਬੁੱਧਿ, ਪੰਜ ਪ੍ਰਾਣ, ਪੰਜ ਕਰਮ ਇੰਦ੍ਰੀਆਂ, ਪੰਜ ਗਿਆਨ ਇੰਦ੍ਰੀਆਂ ਇਨ੍ਹਾਂ ੧੭. ਦਾ ਸਮੁਦਾਯ ਸੂਕ੍ਸ਼੍ਮ ਸ਼ਰੀਰ ਹੈ.

**ਸੂਕ੍ਸ਼੍ਮਦ੍ਰਿਸ਼੍ਟਿ:** ਸੰਗਯਾ- ਬਾਰੀਕ ਨਜ਼ਰ. ਵਿਦਯਾਦ੍ਰਿਸ਼੍ਟਿ. ਪਦਾਰਥਾਂ ਦੇ ਅੰਦਰ ਪਹੁਚਣ ਵਾਲੀ ਨਜ਼ਰ.

**ਸੂਖ:** ਸੰਗਯਾ- ਸੁਖ. ਆਨੰਦ. "ਮਨ ਸਗਲ ਕੋ ਹੋਆ ਸੂਖ." (ਆਸਾ ਮਃ ੫) ੨. ਵਿ- ਸ਼ੁਸ਼੍ਕ. ਖੁਸ਼ਕ. "ਸੂਖ ਗਯੋ ਤ੍ਰਸਕੈ ਹਰਹਾਰ." (ਚੰਡੀ ੧) ਡਰ ਦੇ ਮਾਰੇ ਸ਼ਿਵ ਦਾ ਹਾਰ (ਸੱਪ) ਸੁੱਕ ਗਿਆ.

**ਸੂਖਮ:** ਦੇਖੋ, ਸੂਕ੍ਸ਼੍ਮ. "ਸੂਖਮ ਦੇਹ ਬੰਧਹਿ ਬਹੁ ਜਟੂਆ." (ਸਵੈਯੇ ਸ੍ਰੀ ਮੁਖਵਾਕ ਮਃ ੫)

**ਸੂਖਮ ਸਰੀਰ:** ਦੇਖੋ, ਸੂਕ੍ਸ਼੍ਮ ਸ਼ਰੀਰ.

**ਸੂਖਮਮੂਰਤਿ:** ਵਿ- ਦੁਬਲੀ ਦੇਹ ਵਾਲਾ. ਲਾਗਰ। ੨. ਦੇਖੋ, ਸੂਖਮ ਸ਼ਰੀਰ। ੩. ਸੂਖਮ ਰੂਪ, ਜੋ ਨੇਤ੍ਰਾਦਿ ਇੰਦ੍ਰੀਆਂ ਦਾ ਵਿਸ਼ਯ ਨਹੀਂ. "ਸੂਖਮ ਮੂਰਤਿ ਨਾਮ ਨਿਰੰਜਨ." (ਵਾਰ ਆਸਾ)

**ਸੂਖਾ:** ਵਿ- ਸੁੱਕਾ. ਖ਼ੁਸ਼ਕ. ਸ਼ੁਸ਼੍ਕ.

**ਸੂਖਾਜੁਰ, ਸੂਖਾਜ੍ਵਰ:** ਦੇਖੋ, ਤਾਪ (ਸ).

**ਸੂਖਿ:** ਸੁਖ ਵਿੱਚ. "ਸੂਖਿ ਅਰਾਧਨੁ ਦੂਖਿ ਅਰਾਧਨੁ." (ਜੈਤ ਮਃ ੫)

**ਸੂਖੀ:** ਵਿ- ਸੁੱਕੀ. ਖ਼ੁਸ਼ਕ। ੨. ਦੇਖੋ, ਸੂਖ. "ਸੂਖੀ ਕਰੈ ਪਸਾਉ." (ਸੂਹੀ ਮਃ ੧) ਸੁਖਾਂ ਦਾ ਵਿਸਤਾਰ ਕਰਦਾ ਹੈ.

**ਸੂਖੀ ਹੂੰ ਸੁਖ:** ਵਿ- ਮਹਾਂ ਆਨੰਦ. ਸੁੱਖਾਂ ਵਿੱਚੋਂ ਮਹਾਨ ਸੁਖ. "ਸੂਖੀ ਹੂ ਸੁਖ ਪਾਇ, ਮਾਇ ਨ ਕੀਮ ਗਣੀ." (ਆਸਾ ਮਃ ੫)

**ਸੂਖੁ:** ਦੇਖੋ, ਸੂਖ.

**ਸੂਖੇ ਸੂਖਿ:** ਸੁਖ ਹੀ ਸੁਖ ਵਿੱਚ. ਕੇਵਲ ਸੁਖ ਵਿੱਚ. ਅਖੰਡ ਸੁਖ ਅੰਦਰ. "ਸੂਖੇ ਸੂਖਿ ਗੁਦਾਰਨਾ." (ਰਾਮ ਅਃ ਮਃ ੫)

**ਸੂਗ:** ਸੰਗਜਾ- ਸ਼ੰਕਾ. ਘ੍ਰਿਣਾ. ਗਿਲਾਨੀ.

**ਸੂਚਕ:** ਸੰ. ਸੰਗਜਾ- ਸੂਚਨਾ (ਖਬਰ) ਦੇਣ ਵਾਲਾ. ਮੁਖ਼ਬਰ। ੨. ਸਿਊਣ ਦਾ ਸਾਮਾਨ. ਸੂਈ ਤਾਗਾ ਆਦਿਕ.

**ਸੂਚਨ, ਸੂਚਨਾ:** ਸੰ. ਸੰਗਜਾ- ਜਤਲਾਉਣਾ. ਗਜਾਪਨ.

**ਸੂਚਾ:** ਸੰ. ਸ਼ੁਚਿ. ਵਿ- ਪਵਿਤ੍ਰ. ਸ਼ੁੱਧ. "ਸੋ ਸੂਚਾ ਜਿ ਕਰੋਧ ਨਿਵਾਰੇ." (ਮਾਰੂ ਸੋਲਹੇ ਮਃ ੩) ੨. ਨਿਰਦੋਸ਼। ੩. ਸਾਬਤ. ਸ਼ਸਤ੍ਰ ਆਦਿ ਦੇ ਘਾਉ ਤੋਂ ਬਿਨਾ. "ਜਾਨ ਨ ਦੇਉਂ ਤੁਮੇ ਘਰ ਸੂਚੇ." (ਨਾਪ੍ਰ)

**ਸੂਚਾਚਾਰੀ:** ਵਿ- ਸ਼ੁਚਿ ਆਚਾਰ ਵਾਲਾ. ਪਵਿਤ੍ਰ ਵਿਹਾਰ ਵਾਲਾ. "ਸਬਦਿ ਮਿਲੇ ਸੇ ਸੂਚਾਚਾਰੀ." (ਪ੍ਰਭਾ ਮਃ ੧)

**ਸੂਚਿ:** ਸੰ. ਸੂਈ. ਦੇਖੋ, ਸੂਚੀ. ੩.

**ਸੂਚਿਕਾ:** ਸੰ. ਸੰਗਜਾ- ਸੂਈ. ਸੂਚੀ. "ਲੀਨ ਸੂਚਿਕਾ ਨੋਕ ਚੁਭਾਵਾ." (ਗੁਪ੍ਰਸੂ)

**ਸੂਚੀ:** ਵਿ- ਸ਼ੁਚਿ. ਪਵਿਤ੍ਰ. ਸੁੱਚੀ. "ਸੂਚੀ ਭਈ ਰਸਨਾ." (ਬਿਲਾ ਮਃ ੫) ੨. ਸੰਗਜਾ- ਸ਼ੁਚਿਤਾ. ਪਵਿਤ੍ਰਤਾ. ਸਫਾਈ. "ਜੌ ਦਿਲਿ ਸੂਚੀ ਹੋਇ." (ਸ. ਕਬੀਰ) ੩. ਸੰ. ਸੂਈ। ੪. ਸੂਚੀ ਪਤ੍ਰ. ਤਤਕਰਾ.

**ਸੂਚੀ ਕਟਾਹ ਨਜਾਯ:** ਦੇਖੋ, ਨਜਾਯ.

**ਸੂਚੀਪਤ੍ਰ:** ਸੰਗਜਾ- ਮਜਮੂਨਾਂ ਦੇ ਜਤਲਾਉਣ ਵਾਲਾ ਪਤ੍ਰ. ਤਤਕਰਾ. Index.

**ਸੂਚੀਮੁਖਾ, ਸੂਚੀਮੁਖੀ:** ਵਿ- ਸੂਈ ਵਰਗੇ ਤਿੱਖੇ ਮੂੰਹ ਵਾਲਾ, ਵਾਲੀ। ੨. ਸੰਗਜਾ- ਚਕੀਰਾ. ਚੱਕੀਰਾਹਾ। ੩. ਚਿੜਾ. ਚਿੜੀ.

**ਸੂਛਮ:** ਦੇਖੋ, ਸੂਖਮ. ੨. ਤੁੱਛ. ਹਲਕਾ. "ਕਜਾ ਬਰਨੋ ਸੂਛਮ ਮਤਿ ਮੇਰੀ." (ਨਾਪ੍ਰ) ਮੇਰੀ ਤੁੱਛ ਬੁੱਧਿ ਹੈ.

**ਸੂਛਾ, ਸੂਛੀ:** ਵਿ- ਪਵਿਤ੍ਰ. ਨਿਰਮਲ. ਸ੍ਵੱਛ. "ਕਿਮ ਹ੍ਵੈ ਸ਼੍ਰੇਯ ਬਨੈ ਉਰ ਸੂਛਾ." (ਗੁਪ੍ਰਸੂ) ੨. ਉੱਤਮ. ਸ਼੍ਰੇਸ਼੍ਠ. "ਸੁਨੋ ਪ੍ਰਭੂ! ਕਹਿ ਹੋਂ ਗਥ ਸੂਛੀ." (ਗੁਵਿ ੬)

**ਸੂਜਨਾ:** ਦੇਖੋ, ਸੁੱਜਣਾ. ਸੋਜ਼ਸ਼ ਦਾ ਹੋਣਾ. ੨. ਪ੍ਰਾ. ਸੰਗਯਾ- ਤੌਲੀਆ. ਉਪਰਣਾ. ਸੰ ਸੱਜਨੰ.

**ਸੂਜਨੀ:** ਦੇਖੋ, ਸੋਜਨੀ.

ਸੂਜਾ: ਧਾਵਣ ਗੋਤ ਦਾ ਇਕ ਪ੍ਰੇਮੀ ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋ ਕੇ ਪਰਮਪਦ ਦਾ ਅਧਿਕਾਰੀ ਹੋਇਆ.

ਸੂਜੀ: ਕਣਕ ਦਾ ਛਿਲਕਾ ਉਤਾਰਕੇ ਮੋਟਾ ਪੀਸਿਆ ਹੋਇਆ ਦਾਣੇਦਾਰ ਆਟਾ. ਦੇਖੋ, ਰਵਾ ੨.

ਸੂਝ: ਸੰਗਯਾ- ਸਮਝ. ਗਿਆਨ. ਸੁਬੁੱਧਿ। ੨. ਦ੍ਰਿਸ਼੍ਰਿ. ਨਜਰ.

ਸੂਝਣਾ, ਸੁਝਨਾ: ਕ੍ਰਿ- ਸਮਝ ਵਿੱਚ ਆਉਣਾ. ਫੁਰਨਾ।੨ ਦਿੱਸਣਾ. ਨਜਰ ਪੈਣਾ. "ਲੋਚਨ ਕਛੂ ਨ ਸੂਝੇ." (ਸ੍ਰੀ ਬੇਣੀ)

ਸੂਝਬੂਝ: ਸੁਧ ਬੁਧ। ੨. ਦ੍ਰਿਸ਼੍ਰੀ ਅਤੇ ਗਯਾਨ. "ਸੂਝ ਬੂਝ ਨਹਿ ਕਾਇ." (ਓਅੰਕਾਰ)

ਸੂਝੀ: ਸੂਝਈ. ਦਿਖਾਈ ਦਿੰਦਾ. "ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ." (ਧਨਾ ਮਃ ੫)

ਸੂਟਾ: ਸੰਗਯਾ- ਸਿੱਟਾ. ਬੱਲੀ "ਰਹਜੋ ਨਿਸਰ ਸਭ ਸਾਬਤ ਸੂਟਾ." (ਨਾਪ੍ਰ) ੨. ਚਸ਼ਮਾ. ਪਾਣੀ ਦਾ ਸੋਤ। ੩. ਸਿਤਕਾਰ. ਸ੍ਵਾਸ ਨੂੰ ਉੱਪਰ ਖਿੱਚਣ ਸਮੇਂ ਹੋਈ ਧੁਨਿ. ਜੈਸੇ- ਚੜਸ ਗਾਂਜੇ ਦਾ ਸੂਟਾ ਲਾਉਣਾ.

ਸੂਣਾ: ਸੁੱਜਣ ਦਾ ਸੰਖੇਪ. ਸੋਜ਼ਸ਼ ਦਾ ਹੋਣਾ. "ਡੇਮੂ ਖੱਖਰ ਜੋ ਛੁਹੈ ਦਿੱਸੈ ਮੁਹ ਸੂਣੈ." (ਭਾਗੁ) ੨. ਪ੍ਰਸਵ ਹੋਣਾ. ਜਣਨਾ. ਦੇਖੋ, ਸੂ.

ਸੂਤ: ਸੰ. ਸੂਤ੍ਰ. ਸੰਗਯਾ- ਤਾਗਾ. ਡੋਰਾ. "ਦਇਆ ਕਪਾਹ ਸੰਤੋਖ ਸੂਤ." (ਵਾਰ ਆਸਾ) ੨. ਜਨੇਊ. "ਸੂਤ ਪਾਇ ਕਰੇ ਬੁਰਿਆਈ." (ਵਾਰ ਰਾਮ ੧. ਮਃ ੧) ੩. ਪ੍ਰਬੰਧ. ਇੰਤਜਾਮ. ੪. ਪਰਸਪਰ ਪ੍ਰੇਮ. ਮੇਲ ਮਿਲਾਪ. "ਰਾਖਹੁ ਸੂਤ ਇਹੀ ਬਨ ਆਵੈ." (ਗੁਪ੍ਰਸੂ) ੫. ਰੀਤਿ. ਰਿਵਾਜ. "ਹੁਤੋ ਸੰਸਾਰ ਸੂਤ ਇਹੁ ਦਾਸਾ." (ਨਾਪ੍ਰ) ਸੰਸਾਰ ਰੀਤਿ ਅਨੁਸਾਰ ਇਹ ਸੇਵਕ ਸ੍ਰੀ। ੬. "ਠੀਕ. ਸਹੀ. ਦੁਰੁਸ੍ਤ. "ਮੰਦਲ ਨ ਬਾਜੈ ਨਟਪੈ ਸੂਤਾ." (ਆਸਾ ਕਬੀਰ) ੭. ਸੂਤ੍ਰ ਆਕਾਰ ਦੀ ਮਿਠਾਈ ਜੋ ਖੰਡ ਵਿੱਚ ਪਾਗੀ ਜਾਂਦੀ ਹੈ. ਸੇਵੀ. ਨੁਗਦੀ. "ਲਡੂਆ ਅਰ ਸੂਤ ਭਲੇ ਜੁ ਬਨੇ." (ਕ੍ਰਿਸਨਾਵ) ੮. ਸੰ. ਸੂਤ ਰਥਵਾਨ. ਰਥ ਹੱਕਣ ਵਾਲਾ. "ਪਾਰਥ ਸੂਤ ਕੀ ਡੋਰ ਲਗਾਏ." (ਕ੍ਰਿਸਨਾਵ) ਅਰਜੁਨ ਨੇ ਰਥਵਾਨ ਦੀ ਡੋਰ ਕ੍ਰਿਸਨ ਜੀ ਨੂੰ ਫੜਾਈ। ੯. ਸੂਰਜ। ੧੦. ਅੱਕ। ੧੧. ਬ੍ਰਾਹਮਣੀ ਦੇ ਪੇਟ ਤੋਂ ਛਤ੍ਰੀ ਦਾ ਪੁਤ੍ਰ. ਦੇਖੋ, ਔਸ਼ਨਸੀ ਸਿਮ੍ਰਿਤਿ ਸਃ ੨. ਅਤੇ ੩। ੧੨. ਬੰਦੀਜਨ. ਦੇਵਤਾ ਰਾਜਾ ਰਿਖੀ ਆਦਿ ਦੀ ਵੰਸ਼ਾਵਲੀ ਚੇਤੇ ਰੱਖਣ ਅਰ ਪੜ੍ਹਨ ਵਾਲਾ ਕਾਵਿ[268]। ੧੩. ਪਾਰਾ। ੧੪. ਵਯਾਸ ਦਾ ਚੇਲਾ, ਲੋਮਹਰਸ਼ਣ, ਜੋ ਰਿਖੀਆਂ ਨੂੰ ਪੁਰਾਣਕਥਾ ਸੁਣਾਇਆ ਕਰਦਾ ਸੀ। ੧੫. ਵਿ- ਪ੍ਰਸੂਤ. ਸੂਇਆ ਹੋਇਆ। ੧੬. ਚੁਆਇਆ ਹੋਇਆ. ਟਪਕਾਇਆ ਹੋਇਆ। ੧੭. ਸੰ. ਸੂਤ ਸੂੱਤ. ਦਿੱਤਾ ਹੋਇਆ. ਦਾਨ ਕੀਤਾ. ਦੇਖੋ, ਸਾਤ ਸੂਤ.

ਸੂਤਕ, ਸੂਤਕੁ: ਸੰ. ਸੂਤਕ. ਸੰਗਯਾ- ਪਛੀ. ਪਰਿੰਦ। ੨. ਸੂਤ (ਪ੍ਰਸੂਤ) ਸਮੇਂ ਦੀ ਅਸ਼ੁੱਧੀ. ਹਿੰਦੂ ਧਰਮ ਦੇ ਸ਼ਾਸਤ੍ਰਾਂ ਅਨੁਸਾਰ ਇਹ ਅਸ਼ੁੱਧੀ ਬ੍ਰਾਹਮਣ ਦੇ ੧੧. ਦਿਨ, ਛਤ੍ਰੀ ਦੇ ੧੩. ਦਿਨ, ਵੈਸ ਦੇ ੧੭. ਦਿਨ ਅਤੇ ਸੂਦ੍ਰ ਦੇ ੩੦ ਦਿਨ ਰਹਿੰਦੀ ਹੈ, ਦੇਖੋ, ਅਤ੍ਰਿ ਸਿਮ੍ਰਿਤਿ ਸ਼. ੮੪. "ਨਾਨਕ ਸੂਤਕੁ ਏਵ ਨ ਉਤਰੇ ਗਿਆਨ ਉਤਾਰੈ ਧੋਇ." (ਵਾਰ ਆਸਾ) ੩. ਅਪਵਿਤ੍ਰਤਾ. ਅਸ਼ੁੱਧੀ. "ਜਨਮੇ ਸੂਤਕ ਮੂਏ ਫੁਨਿ ਸੂਤਕ." (ਗਉ ਕਬੀਰ) ਜਨਮੇ ਸੂਤਕ ਮੂਏ ਪਾਤਕ.

ਸੂਤ ਕੇ ਹਟੂਆ: ਸੂਤ ਦੀ ਹੱਟ ਕਰਨ ਵਾਲੇ. ਭਾਵ- ਰੇਸ਼ਮ ਦੇ ਕੀੜੇ ਅਰ ਕਾਹਣੇ ਆਦਿ, ਜੋ ਆਪਣੇ ਸ਼ਰੀਰ ਤੋਂ ਸੂਤ ਕੱਢਦੇ ਅਤੇ ਆਪਣੇ ਤਾਣੇ ਵਿੱਚ ਆਪ ਹੀ ਬੰਨ੍ਹੇ ਹੋਏ ਮਰਦੇ ਹਨ. "ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ." (ਸਵੈਯੇ ਸ੍ਰੀ ਮੁਖਵਾਕ ਮਃ ੫) ਦੁਨੀਆਂ ਵਿੱਚ ਪ੍ਰੇਮ ਦੀ ਤਾਰ ਤਣਨ ਵਾਲੇ ਦੁਖ ਪਾਉਂਦੇ ਹਨ.

ਸੂਤ ਕੇ ਲੱਡੂ: ਇੱਕ ਪ੍ਰਕਾਰ ਦੇ ਲੱਡੂ. ਪਹਿਲਾਂ ਮੈਦੇ ਦੀਆਂ ਸੇਵੀਆਂ ਜਾਂ ਮੱਠੀਆਂ ਘੀ ਵਿੱਚ ਤਲਕੇ ਕੁੱਟੀ ਦੀਆਂ ਹਨ, ਉਨ੍ਹਾਂ ਵਿੱਚ ਖੰਡ ਮਿਲਾਕੇ ਵੱਟ ਲਈਦੇ ਹਨ. ਪੁਰਾਣੇ ਜ਼ਮਾਨੇ ਇਹ ਲੱਡੂ ਅਤੇ ਸੂਤ੍ਰ (ਜਨੇਊ) ਖਾਸ ਮੌਕਿਆਂ ਪੁਰ ਬ੍ਰਾਹਮਣਾਂ ਦੇ ਘਰੀਂ ਵੰਡੇ ਜਾਂਦੇ ਸਨ, ਇਸ ਕਾਰਣ ਇਹ ਸੰਗਯਾ ਹੈ.

ਸੂਤਣਾ: ਕ੍ਰਿ- ਸੂਤ ਫੈਲਾਉਣਾ। ੨. ਖਿੱਚਣਾ. ਜਿਸ ਤਰਾਂ ਮਿਆਨੋਂ ਤਲਵਾਰ ਸੂਤਣੀ.

---

[268] ਦੇਖੋ, ਲੋਮਹਰਸ੍ਣਟ.

ਸੂਤਧਰ, ਸੂਤਧਾਰ: ਸੰ. ਸੂਤ੍ਰਧਾਰ. ਸੰਗਯਾ- ਨਟ. ਨਾਟਕ ਖੇਡਣ ਵਾਲਾ. ਜਿਸ ਦੇ ਹੱਥ ਪੁਤਲੀਆਂ ਦੀ ਡੋਰੀ ਹੈ. ਜਿਸ ਦੇ ਹੱਥ ਸਾਰੇ ਅਖਾੜੇ ਦਾ ਪ੍ਰਬੰਧ ਹੈ.

ਸੂਤਧਾਰੀ: ਦੇਖੋ, ਸੂਤਧਾਰ। ੨. ਧਾਗਾ. ਸੂਤ ਦੀ ਡੋਰ. "ਮਨ ਮੋਤੀ ਜੇ ਗਹਿਣਾ ਹੋਵੈ ਪਉਣ ਹੋਵੈ ਸੂਤਧਾਰੀ." (ਆਸਾ ਮਃ ੧) ਪਉਣ ਤੋਂ ਭਾਵ ਸ੍ਵਾਸ ਹੈ.

ਸੂਤਧਾਰੁ: ਦੇਖੋ, ਸੂਤਧਾਰ. "ਆਪੇ ਹੀ ਸੂਤਧਾਰੁ ਹੈ ਪਿਆਰਾ." (ਸੋਰ ਮਃ ੪)

ਸੂਤਰ: ਦੇਖੋ, ਸੂਤ੍ਰ.

ਸੂਤਰਿ: ਸੰਗਯਾ- ਸੂਤ ਦਾ ਵੈਰੀ, ਬਲਰਾਮ. ਦੇਖੋ, ਲੋਮਹਰਸ਼ਣ। ੨. ਵਿ- ਰਥਵਾਹੀ ਦਾ ਵੈਰੀ. "ਪਵਨ ਸੁਤ ਅਨੁਜ ਸੂਤਰਿ." (ਸਨਾਮਾ) ਪੌਣ ਦਾ ਪੁਤ੍ਰ ਭੀਮ, ਉਸ ਦਾ ਛੋਟਾ ਭਾਈ ਅਰਜੁਨ, ਉਸ ਦਾ ਰਥਵਾਹੀ ਕ੍ਰਿਸਨ, ਉਸ ਦਾ ਵੈਰੀ ਤੀਰ.

ਸੂਤਲੀ: ਸੰਗਯਾ- ਸੂਤ੍ਰ ਦੀ ਰੱਸੀ. ਡੋਰੀ.

ਸੂਤੜਾ: ਵਿ- ਸੁਪ੍ਤ. ਸੁੱਤਾ ਹੋਇਆ.

ਸੂਤੜੀ: ਦੇਖੋ, ਸੂਤਲੀ। ੨. ਵਿ- ਸੁੱਤੀ ਹੋਈ. "ਨਿਜ ਘਰਿ ਸੂਤੜੀਏ, ਪਿਰਮੁ ਜਗਾਏ ਰਾਮ." (ਬਿਲਾ ਛੰਤ ਮਃ ੧)

ਸੂਤਾ: ਵਿ- ਸੁਪ੍ਤ. ਸੁੱਤਾ. "ਹਰਿ ਧਨ ਜਾਗਤ ਸੂਤਾ." (ਗੂਜ ਮਃ ੫) ੨. ਸੰਗਯਾ- ਸੂਤਣ ਦੀ ਕ੍ਰਿਯਾ. ਜੈਸੇ ਰੱਸੀ ਆਦਿ ਨੂੰ ਸੂਤਾ ਲਾਉਣਾ.

ਸੂਤਿ: ਸੂਤ੍ਰ (ਡੋਰ) ਵਿੱਚ. "ਸਗਲ ਸਮਗ੍ਰੀ ਅਪਨੈ ਸੂਤਿ ਧਾਰੈ." (ਸੁਖਮਨੀ) ੨. ਸੂਤ (ਪ੍ਰਬੰਧ) ਵਿੱਚ ਬਾਕਾਇਦਾ. "ਸੰਤੋਖੁ ਥਾਪਿ ਰਖਿਆ ਜਿਨਿ ਸੂਤਿ." (ਜਪੁ) "ਸਗਲ ਸਮਰਕੀ ਸੂਤਿ ਤੁਮਾਰੇ." (ਸੂਹੀ ਮਃ ੫) ੩. ਸੰ. ਸੰਗਯਾ- ਜਨਮ. ਉਤਪੱਤੀ। ੪. ਸੰਤਾਨ.

ਸੂਤਿਹੋ: ਸੰਬੋਧਨ. ਹੇ ਸੁੱਤਿਓ ! "ਜਾਗਹੁ ਜਾਗਹੁ ਸੂਤਿਹੋ !" (ਆਸਾ ਅਃ ਮਃ ੧)

ਸੂਤੀ: ਵਿ- ਸੁੱਤੀ. ਸੋਈ ਹੋਈ.

ਸੂਤੁ: ਦੇਖੋ, ਸੂਤ.

ਸੂਤ੍ਰ: ਧਾਰਮਿਕ ਮਸਤੀ. ਧਰਮ ਭਾਵ ਦੀ ਉਮੰਗ ਤੋਂ ਉਪਜੀ ਬੇਹੋਸ਼ੀ. ਜੈਸੇ- ਕੂਕਿਆਂ ਨੂੰ ਸੂਤ੍ਰ ਚੜ੍ਹਨਾ। ੨. ਸੰ. ਸੰਗਯਾ- ਸੂਤ. ਤਾਗਾ। ੩. ਨਿਯਮ. ਉਸੂਲ। ੪. ਬਹੁਤ ਅਰਥ ਪ੍ਰਗਟ ਕਰਨ ਵਾਲਾ, ਥੋੜੇ ਅੱਖਰਾਂ ਵਿੱਚ ਕਹਿਆ ਹੋਇਆ ਵਾਕ. ਦੇਖੋ, ਖਟ ਸ਼ਾਸਤ੍ਰਾਂ ਅਤੇ ਵ੍ਯਾਕਰਣ ਦੇ ਸੂਤ੍ਰ। ੫. ਕਾਰਣ. ਨਿਮਿੱਤ.

ਸੂਤ੍ਰਧਾਰ: ਦੇਖੋ, ਸੂਤਧਾਰ.

ਸੂਤ੍ਰਿ: ਸੂਤ੍ਰ ਵਿੱਚ. ਡੋਰ ਵਿੱਚ. "ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ." (ਸੁਖਮਨੀ) ੨. ਵਿ- ਸੂਤ੍ਰਿਨ੍. ਡੋਰ ਵਾਲਾ. ਸੂਤ ਵਾਲਾ.

ਸੂਤ੍ਰੀ: ਦੇਖੋ, ਸੂਤ੍ਰਿ ੨.

ਸੂਥਨ, ਸੂਥਨਿ: ਸੰਗਯਾ- ਸੁੱਥਣ. ਪਜਾਮਾ. ਇਜ਼ਾਰ. "ਤਬ ਸੂਥਨਿ ਸਾਹੁ ਉਤਾਰੀ ਦਈ." (ਚਰਿਤ੍ਰ ੩੯)

ਸੂਦ: ਵੈਸ਼੍ਯ ਵਰਣ ਦੀ ਇੱਕ ਜਾਤਿ। ੨. ਸੰ. ਸੁਦ੍ ਧਾ- ਟਪਕਣਾ. ਚੁਇਣਾ. ਪਵਿਤ੍ਰ ਕਰਨਾ. ਅਮਾਨਤ ਰਖਣਾ. ਘਾਉ ਕਰਨਾ. ਫੱਟਣਾ. ਬਚਨ ਦੇਣਾ. ਮਾਰਨਾ। ੩. ਸੰਗਯਾ- ਰਸੋਈਆ. ਲਾਂਗਰੀ। ੪. ਪਾਪ. ਗੁਨਾਹ। ੫. ਡਿੰਗ. ਰਸੋਈਖਾਨੇ ਦਾ ਦਾਰੋਗਾ। ੬. ਸੰ. ਸ਼ੂਦ੍ਰ. ਚੌਥਾ ਵਰਣ. "ਖਤ੍ਰੀ ਬ੍ਰਾਹਮਣ ਸੂਦ ਵੈਸ." (ਸੂਹੀ ਮਃ ੫) ੭. ਫ਼ਾ. سُود ਨਫ਼ਾ. ਲਾਭ। ੮. ਵਿਆਜ.

"ਨਿਤ ਸਉਦਾ ਸੂਦ ਕੀਚੈ ਬਹੁ ਭਾਂਤਿ ਕਰ." (ਗਉ ਮਃ ੪) ਮੁਸਲਮਾਨਾਂ ਦੇ ਮਤ ਵਿੱਚ ਸੂਦ ਹਰਾਮ ਹੈ. ਦੇਖੋ, ਕੁਰਾਨ ਸੂਰਤ ਬਕਰ, ਆਯਤ ੨੭੫. ਹਿੰਦੂਮਤ ਵਿੱਚ ਸੂਦ ਲੈਣਾ ਵਿਧਾਨ ਹੈ. ਗੋਤਮ ਰਿਖੀ ਦੇ ਮਤ ਅਨੁਸਾਰ ਅਸਲ ਰਕਮ ਦਾ ਵੀਹਵਾਂ ਹਿੱਸਾ ਹਰ ਮਹੀਨੇ ਸੂਦ ਲੈਣਾ ਵਾਜਬ ਹੈ. ਮਨੁ ਦੇ ਹਿਸਾਬ ਨਾਲ ਗਿਣੀਏ ਤਦ ਸਵਾ ਰੁਪਯਾ ਸੈਂਕੜਾ ਮਹੀਨੇ ਪਿੱਛੇ ਬੈਠਦਾ ਹੈ. ਦੇਖੋ, ਵਿਆਜ.

ਸੂਦਹ: ਫ਼ਾ. سُوُدہ ਵਿ- ਘਸਾਈ ਹੋਈ, ਹੋਇਆ। ੨. ਸੰਗਯਾ- ਘਸਾਈ ਹੋਈ ਚੀਜ.

ਸੂਦਨ: ਸੰ. ਸੰਗਯਾ- ਰਸੋਈ ਘਰ. ਲੰਗਰ। ੨. ਫੈਂਕਣਾ. ਵਗਾਹੁਣਾ। ੩. ਮਾਰਨਾ. "ਮਧੁਸੂਦਨ ਦਾਮੋਦਰ ਸੁਆਮੀ." (ਮਾਰੂ ਸੋਲਹੇ ਮਃ ੫) ਇਹ ਦੂਜੇ ਸ਼ਬਦ ਦੇ ਅੰਤ ਆਕੇ ਮਾਰਨ ਵਾਲਾ ਅਰਥ ਦਿੰਦਾ ਹੈ। ੪. ਫ਼ਾ. سُوُدن ਕ੍ਰਿ- ਘਸਾਉਣਾ. ਰਗੜਨਾ.

ਸੂਦਨਾ: ਸੰਗਯਾ- ਬ੍ਰਾਹਮਣਾਂ ਦਾ ਇੱਕ ਗੋਤ੍ਰ। ੨. ਤੌਲੀਆ. ਉਪਰਨਾ. "ਦੀਨ ਸੂਦਨਾ ਬਖਸ਼ਿਸ਼ ਭਾਇ." (ਗੁਪ੍ਰਸੂ) ਬਤੌਰ ਬਖਸ਼ਿਸ਼ ਪਰਣਾ ਦਿੱਤਾ.

ਸੂਦਰ: ਦੇਖੋ, ਸ਼ੂਦ੍ਰ। ੨. ਸੰ. ਸੁੰਦਰ ਪੇਟ ਵਾਲਾ. ਸੁ- ਉਦਰ.

ਸੂਦੀ: ਸੰਗਯਾ- ਸ਼ੂਦ੍ਰਾ. ਸ਼ੂਦ੍ਰਾਣੀ. "ਸੂਦੀ ਤੇ ਸ੍ਰੇਸਟਾਈ ਰੇ." (ਆਸਾ ਮਃ ੫) ਦੇਖੋ, ਅਧਮ ਚੰਡਾਲੀ। ੨. ਵਿ- ਵਿਆਜੂ. ਜਿਵੇਂ- ਸੂਦੀ ਰੁਪਯਾ.

ਸੂਦੁ: ਦੇਖੋ, ਸੂਦ.

ਸੂਦ੍ਰ: ਸੰ. ਸ਼ੂਦ੍ਰ. ਸੰਗਯਾ- ਹਿੰਦੂਮਤ ਅਨੁਸਾਰ ਚੌਥਾ ਵਰਣ, ਜਿਸਦਾ ਧਰਮ ਤਿੰਨ ਵਰਣਾਂ ਦੀ ਸੇਵਾ ਕਰਕੇ ਨਿਰਵਾਹ ਕਰਨਾ ਹੈ. ਝਿਉਰ, ਨਾਈ, ਛੀਂਬਾ, ਤ੍ਰਖਾਣ ਆਦਿ ਸ਼ੂਦ੍ਰ ਗਿਣੇ ਜਾਂਦੇ ਹਨ. ਸ਼ੂਦ੍ਰ ਅਤੇ ਇਸਤ੍ਰੀ ਨੂੰ ਹਿੰਦੂਧਰਮ ਅਨੁਸਾਰ ਜਪ ਤਪ ਦਾ ਕੇਵਲ ਅਨਧਿਕਾਰੀ ਹੀ ਨਹੀਂ ਠਹਿਰਾਇਆ ਸਗੋਂ ਇਨ੍ਹਾਂ ਕਰਮਾਂ ਤੋਂ ਪਤਿਤ ਹੋ ਜਾਣਾ ਦੱਸਿਆ ਹੈ. ਦੇਖੋ, ਅਤਿ ਸਿਮ੍ਰਿਤਿ ਸ਼. ੧੩੩. ਦੇਖੋ, ਚਾਰ ਵਰਣ ਅਤੇ ਵਰਣ.

ਸੂਦ੍ਰਾ: ਸ਼ੂਦ੍ਰ ਇਸਤ੍ਰੀ. ਸ਼ੂਦ੍ਰਾਣੀ.

ਸੂਦ੍ਰਿਸ: ਸ਼ੂਦ੍ਰ- ਈਸ਼. ਸ਼ੂਦ੍ਰ ਰਾਜਾ. "ਸੁਣ ਭਯੋ ਬੈਣ ਸੂਦ੍ਰਿਸ ਸਕ੍ਰੱਧ." (ਕਲਕੀ) ਸੁਣ ਬੈਣ, ਸੂਦ੍ਰਿਸ ਸਕ੍ਰੋਧ ਭਇਓ.

ਸੂਧ: ਸੰਗਯਾ- ਸੁਧ. ਸੋਝੀ. ਹੋਸ਼. "ਭਰਿ ਜੋਬਨਿ ਭੋਜਨ ਸੁਖ ਸੂਧ." (ਸੁਖਮਨੀ) "ਸੂਧ ਨਾ ਸਿਮਰਤ ਅੰਗ." (ਚਉਬੋਲੇ ਮਃ ੫) ੨. ਸੀਧਾਪਨ. ਸੀਧਾਈ। ੩. ਦੇਖੋ, ਸੂਧੁ ੨.

ਸੂਧਉ, ਸੂਧਾ: ਵਿ- ਸਿੱਧਾ. ਵਿੰਗ ਰਹਿਤ. ਸਰਲ. "ਸੂਧੇ ਸੂਧੇ ਰੇਗ ਚਲਹੁ ਤਮ." (ਬਿਲਾ ਕਬੀਰ) "ਸੁਆਨ ਪੂਛ ਜਿਉ ਭਇਓ ਨ ਸੂਧਉ." (ਸੋਰ ਮਃ ੯) ੨. ਛਲ ਰਹਿਤ. ਨਿਸ਼ਕਪਟ.

ਸੂਧੁ: ਦੇਖੋ, ਸੂਧ। ੨. ਵਿ- ਸ਼ੁੱਧ. ਨਿਰਮਲ. "ਮੈਲੁ ਕੀਨੋ ਸਾਬਨ ਸੂਧੁ." (ਰਾਮ ਮਃ ੫) ਦੇਖੋ, ਈਧਨ ਤੇ ਬੈਸੰਤਰੁ.

ਸੂਧੋ: ਦੇਖੋ, ਸੂਧਉ.

ਸੂਨ: ਸੰ. ਸੰਗਯਾ- ਫੁੱਲ. ਪੁਸ਼ਪ। ੨. ਸੰ ਸੂਨੁ. ਬੇਟਾ. ਪੁਤ੍ਰ "ਇਹੀ ਬੀਚ ਆਯੋ ਮ੍ਰਿਤੰ ਸੂਨ ਬਿੱਪੰ." (ਰਾਮਾਵ) ੩. ਸੰ. ਸ਼ੂਨਯ. ਆਕਾਸ਼. ੪. ਬਿੰਦੀ. ਸਿਫਰ. "ਸੂਨਗ੍ਰਿਹ ਆਤਮਾ ਸੰਬਤ ਆਦਿ ਪਛਾਨ." (ਗੁਪ੍ਰਸੂ) ਅਰਥਾਤ ੧੯੦੦ ਦਾ ਆਰੰਭ। ੫. ਉਜਾੜ. ਜੰਗਲ। ੬. ਵਿ- ਖਾਲੀ.

ਸੂਨ ਸਿੰਘਕਾ: ਸੰਗਯਾ- ਸਿੰਹਿਕਾ ਦਾ ਸੂਨੁ (ਪੁਤ੍ਰ) ਰਾਹੁ. "ਸੂਨ ਸਿੰਘਕਾ ਸਰਸ ਸੋ ਧਰਮ ਭਯੋ ਰਾਕੇਸ." (ਨਾਪ੍ਰ) ਧਰਮ ਰੂਪ ਚੰਦ੍ਰਮਾ ਨੂੰ ਰਾਹੂ ਹੋ ਗਿਆ.

ਸੂਨਵਾਦ: ਦੇਖੋ, ਸੂਨਜਵਾਦ.

ਸੂਨਾ: ਵਿ- ਸੁੰਨਾ. ਸ਼ੂਨਜ। ੨. ਸੰ. ਸੰਗਜਾ- ਹਿੰਸਾ. ਵਧ। ੩. ਬੁੱਚੜਖਾਨਾ.

ਸੂਨੁ: ਪੁਤ੍ਰ. ਬੇਟਾ. ਦੇਖੋ, ਸੂਨ ੨.। ੨. ਸੂਰਜ। ੩. ਚੰਦ੍ਰਮਾ.

ਸੂਨੋ, ਸੂਨਜ: ਦੇਖੋ, ਸੂਨ ੩. ਅਤੇ ਸੂਨਾ ੧.

ਸੂਨਜਵਾਦ: ਸੰ. ਸੰਗਜਾ- ਸ਼ੂਨਜ (ਅਭਾਵ) ਨੂੰ ਸਭ ਦਾ ਕਾਰਣ ਮੰਨਣ ਵਾਲਾ ਮਤ. ਬੌੱਧ ਧਰਮ ਦੀ ਇੱਕ ਸ਼ਾਖ. ਜਗਤ ਤੋਂ ਪਹਿਲਾਂ ਕੁਝ ਨਹੀਂ ਸੀ, ਸੁਤੇ ਹੀ ਜਗਤ ਹੋ ਗਿਆ, ਅੰਤ ਨੂੰ ਫਿਰ ਸ਼ੂਨਜ ਹੀ ਰਹਿ ਜਾਏਗਾ, ਇਹ ਸਿੱਧਾਂਤ.

ਸੂਨਜਵਾਦੀ: ਵਿ- ਸ਼ੂਨਜਵਾਦ ਮੰਨਣ ਵਾਲਾ. ਅਭਾਵਵਾਦੀ. ਦੇਖੋ, ਸੂਨਜਵਾਦ.

ਸੂਪ: ਸੰ. ਸੰਗਜਾ- ਰਸੋਈ। ੨. ਦਾਲ. ਸਾਲਨੇ ਦੀ ਤਰੀ. ਦੇਖੋ, ਅੰ. Soup । ੩. ਸੰ. ਸ੍ਰਪ ਸੂਪੰ.[269] ਛੱਜ. "ਪਾਇ ਸੂਪ ਮੇ ਬਰਖਤ ਸਾਲੀ." (ਨਾਪ੍ਰ) ਪੁਤ੍ਰ ਦੇ ਜਨਮ ਸਮੇਂ ਖਤ੍ਰੀਆਂ ਦੀ ਰਸਮ ਹੈ ਕਿ ਛੱਜ ਵਿੱਚ ਪਾਕੇ ਧਾਨਾਂ ਦੀ ਵਰਖਾ ਕਰਨੀ। ੪. ਸੂਪਨਖਾ (ਸੂਪੰਣਖਾ) ਦਾ ਸੰਖੇਪ. "ਜਹਿਂ ਹੁਤੀ ਸੂਪ." (ਰਾਮਾਵ)

ਸੂਪਕਾਰ: ਸੰਗਜਾ- ਸੂਪ (ਰਸੋਈ) ਬਣਾਉਣ ਵਾਲਾ,

ਲਾਂਗਰੀ. ਰਸੋਈਆ। ੨. ਸੂਪੰ (ਛੱਜ) ਬਣਾਉਣ ਵਾਲਾ.

ਸੂਪਨਖਾ: ਸੰ. ਸ਼ੂਰ੍ਪਣਖਾ ਸੂਪੰਣਖਾ.[270] ਸੂਰਪ (ਛੱਜ) ਜੇਹੇ ਨੌਹਾਂ ਵਾਲੀ ਰਾਵਣ ਦੀ ਭੈਣ. ਰਾਮਾਇਣ ਵਿੱਚ ਲਿਖਿਆ ਹੈ ਕਿ ਇਹ ਸ਼੍ਰੀ ਰਾਮ ਦੀ ਸੁੰਦਰਤਾ ਦੇਖਕੇ ਮੋਹਿਤ ਹੋ ਗਈ. ਜਦ ਇਸ ਨੇ ਰਾਮਚੰਦ੍ਰ ਜੀ ਨੂੰ ਵਰਣਾ ਚਾਹਿਆ ਤਾਂ ਉਨ੍ਹਾਂ ਨੇ ਲਛਮਣ ਪਾਸ ਘੱਲ ਦਿੱਤੀ. ਅਤੇ ਲਛਮਣ ਨੇ ਮੁੜ ਇਸ ਨੂੰ ਰਾਮ ਕੋਲ ਭੇਜਿਆ. ਅੰਤ ਨੂੰ ਗੁੱਸੇ ਵਿੱਚ ਆਕੇ ਇਹ ਸੀਤਾ ਨਾਲ ਲੜ ਪਈ. ਸ਼੍ਰੀ ਰਾਮ ਨੇ ਲਮਛਣ ਨੂੰ ਆਖਿਆ ਕਿ ਇਸ ਦਾ ਕੋਈ ਅੰਗ ਭੰਗ ਕਰ ਦਿਓ. ਤਾਂ ਲਛਮਣ ਨੇ ਸੂਪਨਖਾ ਦਾ ਨੱਕ ਤੇ ਕੰਨ ਕੱਟ ਦਿੱਤੇ. ਭੈਣ ਦਾ ਬਦਲਾ ਲੈਣ ਲਈ ਰਾਵਣ ਨੇ ਸੀਤਾ ਚੁਰਾਈ, ਜਿਸ ਕਾਰਣ ਰਾਮਚੰਦ੍ਰ ਜੀ ਅਤੇ ਰਾਵਣ ਦਾ ਯੁੱਧ ਹੋਇਆ. "ਸੂਪਨਖਾ ਇਹ ਭਾਂਤ ਸੁਨੀ ਜਬ." (ਰਾਮਾਵ)

ਸੂਫ: ਅ਼. صُوف ਸੂਫ਼. ਸੰਗਜਾ- ਉੱਨ. ਪਸ਼ਮ। ੨. ਉੱਨੀ ਕਪੜਾ. ਕੰਬਲ. "ਕੰਨ ਮੁਸਲਾ ਸੂਫ ਗਲਿ." (ਸ. ਫਰੀਦ) ਕੰਨ੍ਹੇ ਉੱਪਰ ਨਮਾਜ ਦਾ ਆਸਣ ਅਤੇ ਗਲ ਕੰਬਲ ਦੀ ਖਫਨੀ.

ਸੂਫਈ: ਦੇਖੋ, ਸੂਫੀ.

ਸੂਫੀ: صُوفی ਸੂਫ਼ੀ. ਅਰਬੀ ਸੂਫ ਪਦ ਦਾ ਅਰਥ ਪਵਿਤ੍ਰਤਾ ਅਤੇ ਉੱਨ ਹੈ. ਜੋ ਕੰਬ੍ਹਲ ਅਥਵਾ ਕੰਬਲ ਦੀ ਖਫਨੀ ਪਹਿਰੇ ਉਹ ਸੂਫੀ ਹੈ। ੨. ਜੋ ਪਵਿਤ੍ਰਾਤਮਾ ਹੋਵੇ ਉਹ ਸੂਫੀ ਹੈ। ੩. ਯੂਨਾਨੀ "ਸੋਫੀਆ" ਪਦ ਗਿਆਨ ਬੋਧਕ ਹੈ ਜੋ ਗਿਆਨੀ ਹੋਵੇ ਉਹ ਸੂਫੀ ਹੈ। ੪. ਮੁਸਲਮਾਨਾਂ ਦਾ ਇੱਕ ਫਿਰਕਾ ਸੂਫੀ ਅਥਵਾ ਸੂਫਈ ਅਖਾਉਂਦਾ ਹੈ ਜੋ ਵੇਦਾਂਤ ਅਤੇ ਇਸਲਾਮ ਦੇ ਮੇਲ ਤੋਂ ਉਪਜਿਆ ਹੈ. ਇਸ ਮਤ ਦਾ ਪ੍ਰਚਾਰਕ ਬਹਾਉੱਦੀਨ ਸਾਮ ਹੈ, ਜੋ ਈਸਵੀ ਤੇਰਵੀਂ ਸਦੀ ਦੇ ਆਰੰਭ ਵਿੱਚ ਹੋਇਆ ਹੈ. ਸੂਫੀਆਂ ਦੇ ਨੇਮ ਇਹ ਹਨ-

ੳ. ਖ਼ੁਦਾ ਸਭ ਵਿੱਚ ਹੈ ਅਰ ਖ਼ੁਦਾ ਵਿੱਚ ਸਭ ਕੁਝ ਹੈ.

ਅ. ਮਜਹਬ ਮੁਕਤਿ ਦਾ ਸਾਖਜਾਤ ਸਾਧਨ ਨਹੀਂ, ਕੇਵਲ ਜੀਵਨਯਾਤ੍ਰਾ ਦਾ ਤਰੀਕਾ ਹੈ.

ੲ. ਖ਼ੁਦਾ ਦੀ ਰਜਾ ਵਿੱਚ ਸਾਰੀ ਰਚਨਾ ਹੈ, ਉਸ ਦੀ ਪ੍ਰੇਰਣਾ ਬਿਨਾ ਆਦਮੀ ਕੁਝ ਨਹੀਂ ਕਰ ਸਕਦਾ.

---

[269] ਇਹ ਸ਼ਬਦ ش ض ط ظ گ ਸ਼ੂਰਪ ਭੀ ਸਹੀ ਹੈ.

[270] ਸੂਰਪਣਖਾ ਭੀ ਠੀਕ ਹੈ.

ਸ. ਜੀਵਾਤਮਾ ਦੇਹ ਤੋਂ ਪਹਿਲਾਂ ਸੀ, ਅਰ ਕਰਣੀ ਦੇ ਪ੍ਰਭਾਵ ਖ਼ੁਦਾ ਵਿੱਚ ਸਮਾਵੇਗਾ.

ਹ. ਪੂਰੇ ਗੁਰੂ ਦੀ ਕ੍ਰਿਪਾ ਨਾਲ ਖ਼ੁਦਾ ਦੇ ਸਿਮਰਣ ਵਿੱਚ ਲੀਨ ਰਹਿਣ ਤੋਂ ਅਭੇਦਤਾ ਪ੍ਰਾਪਤ ਹੁੰਦੀ ਹੈ. ਜਿਸ ਤਰਾਂ ਵੇਦਾਂਤੀਆਂ ਨੇ ਸੱਤ ਭੂਮਿਕਾਂ ਮੰਨੀਆਂ ਹਨ, ਉਸੇ ਤਰਾਂ ਸੂਫੀ, ਪਰਮਪਦ ਦੇ ਸਫਰ ਦੀਆਂ ਚਾਰ ਮੰਜਲਾਂ ਕਲਪਦੇ ਹਨ ਅਰ ਮੁਸਾਫਿਰ ਜਿਗਜਾਸੂ ਨੂੰ "ਸਾਲਿਕ" ਆਖਦੇ ਹਨ.

ਪਹਿਲੀ ਮੰਜਿਲ "ਨਾਸੂਤ" (ਇਨਸਾਨੀਯਤ) ਹੈ, ਜਿਸ ਵਿੱਚ ਸ਼ਰੀਅਤ ਅਨੁਸਾਰ ਚਲਣਾ ਜਰੂਰੀ ਹੈ.

ਦੂਜੀ ਮੰਜਿਲ "ਮਲਕੂਤ" (ਫਰਿਸ਼ਤਾ ਖ਼ਸਲਤ) ਹੈ, ਜਿਸ ਵਿੱਚ "ਤਰੀਕਤ" ਅਰਥਾਤ ਮੁਰਸ਼ਿਦ ਦੇ ਦੱਸੇ ਤਰੀਕੇ ਅਨੁਸਾਰ ਚੱਲਣਾ ਹੈ.

ਤੀਜੀ ਮੰਜਿਲ "ਜਬਰੂਤ" (ਸ਼ਕਤਿ) ਹੈ, ਜਿਸ ਵਿੱਚ "ਮਾਰਫਤ" (ਗਜਾਨ ਬਲ) ਦੀ ਪ੍ਰਾਪਤੀ ਹੁੰਦੀ ਹੈ.

ਚੌਥੀ ਮੰਜਲ "ਫਨਾ" (ਅਭਾਵ) ਹੈ, ਜਿਸ ਵਿੱਚ "ਹਕੀਕਤ" (ਸਤਯ ਸਰੂਪ) ਦੀ ਪ੍ਰਾਪਤੀ ਹੋਣ ਕਰਕੇ ਸਭ ਕਲਪਿਤ ਵਸਤੂਆਂ ਦਾ ਅਭਾਵ ਹੋ ਕੇ "ਵਸਲ" (ਮਿਲਾਪ) ਹੁੰਦਾ ਹੈ.

ਸੂਬਾ: ਅ਼. صوُبا ਸੂਬਹ. ਸੰਗਯਾ- ਇਲਾਕਾ. ਰਾਜ ਦਾ ਇੱਕ ਹਿੱਸਾ। ੨. ਇਲਾਕੇ ਦਾ ਹਾਕਿਮ. ਨਾਜਿਮ. ਸੂਬਹਦਾਰ।

ਸੂਬੀ: ਅਰਬ ਦੀ ਇੱਕ ਪੁਰਾਣੀ ਜਾਤਿ. ਇਸ ਦਾ ਸ਼ੁੱਧ ਉਚਾਰਣ ਸਾਬੀ ਹੈ. ਸਾਬਾ ਲੋਕ (Sabians) ਲੰਮੇ ਕੇਸ਼ ਅਤੇ ਦਾੜ੍ਹੀ ਰਖਦੇ ਹਨ. ਇਨ੍ਹਾਂ ਦਾ ਧਰਮ ਪੁਸਤਕ ਕੁਰਾਨ ਤੋਂ ਪੁਰਾਣਾ ਹੈ. ਇਹ ਮੁਸਲਮਾਨਾਂ ਨਾਲ ਸਾਕ ਨਾਤੇ ਨਹੀਂ ਕਰਦੇ. ਬਸਰੇ ਅਤੇ ਉਸ ਦੇ ਨੇੜੇ ਦੇ ਨਗਰਾਂ ਵਿੱਚ ਇਹ ਆਬਾਦ ਹਨ, ਜਿਆਦਾ ਕੰਮ ਜ਼ਰਗਰੀ ਦਾ ਕਰਦੇ ਹਨ.

ਸਨ ੧੯੧੪- ੧੮ ਦੇ ਮਹਾਨ ਜੰਗ ਵੇਲੇ ਜੋ ਸਿੱਖ ਬਸਰੇ ਵੱਲ ਗਏ, ਉਨ੍ਹਾਂ ਨਾਲ ਸੂਬੀ ਬਹੁਤ ਪ੍ਰੇਮ ਕਰਦੇ ਸਨ. ਕੁਰਾਨ ਵਿੱਚ ਸਾਬੀਆਂ ਦਾ ਜ਼ਿਕਰ ਆਇਆ ਹੈ. ਦੇਖੋ, ਕੁਰਾਨ ਸੂਰਤ ੨੨, ਆਯਤ ੧੭.

ਸੂਬੇਦਾਰ: ਦੇਖੋ, ਸੂਬਾ ੨.। ੨. ਪਲਟਨ ਦੇ ਇੱਕ ਫੌਜੀ ਅਹੁਦੇਦਾਰ ਦਾ ਭੀ ਹੁਣ ਇਹ ਨਾਉਂ ਹੈ.

ਸੂਬੇਦਾਰੀ: ਸੰਗਯਾ- ਸੂਬੇਦਾਰ ਦੀ ਪਦਵੀ। ੨. ਸੂਬੇ ਦੀ ਹੁਕੂਮਤ.

ਸੂਮ: ਅ਼. شوُم ਸ਼ੂਮ. ਵਿ- ਮਨਹੂਸ। ੨. ਕ੍ਰਿਪਣ. ਕੰਜੂਸ. "ਸੂਮਹਿ ਧਨੁ ਰਾਖਨ ਕਉ ਦੀਆ." (ਆਸਾ ਕਬੀਰ) ਦੇਖੋ, ਕ੍ਰਿਪਣ। ੩. ਸੰ. ਸੰਗਯਾ- ਸੂਮ. ਜਲ। ੪. ਦੁੱਧ। ੫. ਆਕਾਸ਼.

ਸੂਮਸੋਫੀ: ਕ੍ਰਿਪਣ ਅਤੇ ਨਸ਼ੇ ਦਾ ਤਿਆਗੀ. "ਗਏ ਸੂਮ ਸੋਫੀ ਨੰਗੀ ਧਾਰ ਮੁੰਡੀ." (ਗੁਵਿ ੧੦)

ਸੂਯ: ਫ਼ਾ. سوُے ਸੰਗਯਾ- ਤਰਫ. ਦਿਸ਼ਾ। ੨. ਦੇਖੋ, ਸੂਇ.

ਸੂਰ: ਸੰ. ਸ਼ੂਲ. ਸੰਗਯਾ- ਕੰਡੇ ਵਾਂਙ ਚੁਭਣ ਵਾਲੀ ਢਿੱਡਪੀੜ. "ਭਯੋ ਸੂਰ ਰਾਜਾ ਜੁ ਮਰਜੋ." (ਚਰਿਤ੍ਰ ੨੧੮) ਦੇਖੋ, ਸੂਲ ਰੋਗ। ੨. ਕੰਡਾ. ਕੰਟਕ. ਭਾਵ- ਵੈਰੀ. "ਸੂਰ ਸੁਰਾਨ ਕੇ ਹਾਨ ਕਰੇ." (ਗੁਪ੍ਰਸੂ) ੩. ਤ੍ਰਿਸੂਲ. ਭਾਲਾ. ਨੇਜਾ. "ਹਤੇ ਸਤ੍ਰੁ ਗਨ ਗਹਿ ਕਰ ਸੂਰ." (ਗੁਪ੍ਰਸੂ) ੪. ਸੰ. ਸੂਰ. ਸੂਰਜ. "ਨਾਮ ਜਪਤ ਕੋਟਿ ਸੂਰ ਉਜਿਆਰਾ." (ਜੈਤ ਮਃ ੫) "ਕੇਤੇ ਇੰਦ ਚੰਦ ਸੂਰ ਕੇਤੇ." (ਜਪੁ) ੫. ਭਾਵ- ਆਤਮਿਕ ਰੌਸ਼ਨੀ. ਗਿਆਨ ਦਾ ਪ੍ਰਕਾਸ਼. "ਉਗਵੈ ਸੂਰ ਅਸੁਰ ਸੰਘਾਰੈ." (ਓਅੰਕਾਰ) ਅਸੁਰ ਤੋਂ ਭਾਵ ਵਿਕਾਰ ਹੈ। ੬. ਯੋਗਭ੍ਯਾਸ ਦੇ ਸੰਕੇਤ ਅਨੁਸਾਰ ਸੱਜੀ ਨਾਸਿਕਾ ਦ੍ਵਾਰਾ ਚਲਦਾ ਸ੍ਵਾਸ, ਜਿਸ ਦਾ ਦੇਵਤਾ ਸੂਰਜ ਮੰਨਿਆ ਹੈ. "ਸੂਰ ਸਤ ਖੋੜਸਾ ਦਤ ਕੀਆ." (ਮਾਰੂ ਜੈਦੇਵ) ੭. ਪੰਡਿਤ. ਦਾਨਾ। ੮. ਸੰ. ਸ਼ੂਰ. ਯੋਧਾ. ਬਹਾਦੁਰ. "ਅਸੰਖ ਸੂਰ ਮੁਹ ਭਖ ਸਾਰ." (ਜਪੁ) ੯. ਸੰ. ਸ਼ੌਯੰ. ਸੂਰਮਤਾ. ਬਹਾਦੁਰੀ. "ਖਤ੍ਰੀ ਸਬਦੰ ਸੂਰ ਸਬਦੰ." (ਵਾਰਾ ਆਸਾ) ੧੦. ਸੰ. ਸ਼ੂਕਰ. ਸੂਅਰ. ਵਰਾਹ. "ਸੂਰ ਤਮ ਬ੍ਰਿੰਦ ਪਰ, ਸੂਰ ਰਣ ਦੁੰਦ ਪਰ, ਸੂਰ ਦਿਤਿਨੰਦ ਪਰ.[271] (ਗੁਪ੍ਰਸੂ)

---

[271] ਸ਼ੂਰਰ (ਵਰਾਹ) ਅਵਤਾਰ ਦਿਤਿ ਦੇ ਪੁਤ੍ਰ ਹਿਰਨਜਕਸ਼ਿਪੁ ਅਥਵਾ ਹਿਰਨਜਾਕ੍ਸ਼ (ਹਰਨਾਖਸ) ਉੱਤੇ ਪ੍ਰਬਲ ਹੈ.

ਕੁਰਾਨ ਵਿੱਚ ਸੂਰ ਦਾ ਮਾਸ ਹਰਾਮ ਲਿਖਿਆ ਹੈ. ਦੇਖੋ, ਸੂਰਤ ਬਕਰ, ਆਯਤ ੭੧, ਯਹੂਦੀ ਸੂਰ ਨੂੰ ਇਸ ਲਈ ਅਪਵਿਤ੍ਰ ਮੰਨਦੇ ਹਨ ਕਿ ਪੈਗੰਬਰ ਮੂਸਾ ਨੇ ਸੂਰ ਦੀ ਅਪਵਿਤ੍ਰ ਪਸ਼ੂਆਂ ਵਿੱਚ ਗਿਣਤੀ ਕੀਤੀ ਹੈ.[272] ਸਿੱਖ ਸੂਰ ਨੂੰ ਖਾਣ ਵਾਲੇ ਪਸ਼ੂਆਂ ਵਿੱਚ ਗਿਣਦੇ ਹਨ, ਪਰ ਖਾਸ ਕਰਕੇ ਵਿਧਿ ਨਹੀਂ। ੧੧. ਅ਼. صوُر ਸੂਰ. ਤੁਰ੍ਹੀ. ਬਿਗੁਲ। ੧੨. ਇਸਰਾਫ਼ੀਲ ਫਰਿਸ਼ਤੇ ਦਾ ਰਣਸਿੰਹਾ, ਜੋ ਪ੍ਰਲੈ ਵੇਲੇ ਵੱਜੇਗਾ, ਜਿਸ ਤੋਂ ਮੁਰਦੇ ਕਬਰਾਂ ਵਿੱਚੋ ਉਠ ਖੜੇ ਹੋਣਗੇ. ਦੇਖੋ, ਕੁਰਾਨ ਸੂਰਤ ੩੯, ਆਯਤ ੬੮। ੧੩. ਫ਼ਾ. سور ਲੋਦੀ ਵੰਸ਼ ਦੇ ਪਠਾਣਾਂ ਦੀ ਇੱਕ ਜਾਤਿ. ਹੁਮਾਯੂੰ ਨੂੰ ਜਿੱਤਣ ਵਾਲਾ ਸ਼ੇਰਸ਼ਾਹ ਇਸੇ ਜਾਤਿ ਦਾ ਸੀ। ੧੪. ਸ਼ਾਦੀ ਦੀ ਸਭਾ। ੧੫. ਸੁਰਖ ਰੰਗ। ੧੬. ਸ਼ਹਰਪਨਾਹ. ਫਸੀਲ.

ਸੂਰਉ: ਸੰਗਯਾ- ਸ਼ੂਰ. ਯੋਧਾ. "ਸਤਿ ਸੂਰਉ ਸੀਲ ਬਲਵੰਤ." (ਸਵੈਯੇ ਮਃ ੩. ਕੇ)

ਸੂਰ ਸਤ: ਸੰਗਯਾ- ਸੂਰਜ ਸ੍ਵਰ. ਸੱਜਾ ਸੁਰ. ਪਿੰਗਲਾ. "ਸੂਰ ਸਤ ਖੋੜਸਾ ਦਤੁ ਕੀਆ." (ਮਾਰੂ ਜੈਦੇਵ) ਇੜਾ ਦੇ ਰਸਤੇ ਸੋਲਾਂ ਵਾਰ ਓਅੰ ਮੰਤ੍ਰ ਜਪਕੇ ਸ੍ਵਾਸ ਬਾਹਰ ਕੱਢਿਆ.

ਸੂਰਸਰ, ਸੂਰਸਰੁ: ਸੰਗਯਾ- ਸੂਰਯਸ੍ਵਰ. ਪਿੰਗਲਾ. "ਸੂਰ ਸਰੁ ਸੋਸਿ ਲੈ." (ਮਾਰੂ ਮਃ ੧) ਸੱਜੇ ਸੁਰ ਨਾਲ ਪ੍ਰਾਣਾਂ ਨੂੰ ਸੋਖਣ ਕਰ ਲੈ. ਭਾਵ- ਤਿਆਗ ਦੇ.

ਸੂਰਸਾਗਰ: ਸੰਗਯਾ- ਭਗਤ ਸੂਰਦਾਸ ਜੀ ਦਾ ਰਚਿਆ ਹੋਇਆ ਇੱਕ ਕਾਵ੍ਯ ਗ੍ਰੰਥ. ਦੇਖੋ, ਸੂਰਦਾਸ.

ਸੂਰਸੁਤ, ਸੂਰ ਕੋ ਬਾਲਕ: ਸੰਗਯਾ- ਯਮ। ੨. ਕਰਣ, ਜੋ ਕੁੰਭੀ ਦੇ ਉਦਰ ਤੋਂ ਸੂਰਜ ਦਾ ਪੁਤ੍ਰ ਸੀ. "ਪੰਡੁ ਪੂਤ ਸੁਰਸੁਤ ਆਦਿ ਜੇ ਸੰਤੋਖ ਸਿੰਘ, ਦੀਨੋ ਜਿਨ ਦਾ ਪੁਨ ਛੀਨਤਾ ਉਦੋਤ ਹੈ." (ਗੁਪ੍ਰਸੂ) "ਕਿਯ ਸੂਰ ਕੋ ਬਾਲਕ ਕੈਬੇ ਕੋ ਦਾਨ." (ਕ੍ਰਿਸਨਾਵ) ੩. ਦੇਖੋ, ਸੂਰਜ ਸੁਤ.

ਸੂਰਜ: ਸੰ. सूर्य्य ਸੂਰ੍‍ਯ. ਸੰਗਯਾ- ਦਿਵਾਕਰ. ਦਿਨਮਣਿ. "ਸੂਰਜ ਕਿਰਣਿ ਮਿਲੇ." (ਬਿਲਾ ਛੰਤ ਮਃ ੫) ੨. ਬਾਰਾਂ ਗਿਣਤੀ ਦਾ ਬੋਧਕ ਕਿਉਂਕਿ ਪੁਰਾਣਾਂ ਵਿੱਚ ਬਾਰਾਂ ਸੂਰਜ ਮੰਨੇ ਹਨ. ਦੇਖੋ, ਬਾਰਾਂ ਸੂਰਜ.

ਸੂਰਜਸੁਤ: ਸੰਗਯਾ- ਸੂਰਜ ਦਾ ਪੁਤ੍ਰ ਯਮ। ੨. ਸ਼ਨੈਸ਼੍ਚਰ. ਛਨਿੱਛਰ। ੩. ਕਰਣ। ੪. ਸੁਗ੍ਰੀਵ। ੫. ਵੈਵਸ੍ਵਤ ਮਨੁ.

ਸੂਰਜਸੁਤਾ: ਸੰਗਯਾ- ਸੂਰਜ ਦੀ ਪੁਤ੍ਰੀ ਯਮੁਨਾ. ਜਮਨਾ.

ਸੂਰਜਕੁੰਡ: ਸੰਗਯਾ- ਸੂਰਜ ਦੇਵਤਾ ਦੇ ਨਾਉਂ ਦਾ ਕੁੰਡ. ਸੂਰਜਕੁੰਡ ਅਨੇਕ ਹਨ, ਪਰ ਦੋ ਬਹੁਤ ਪ੍ਰਸਿੱਧ ਹਨ- ਇੱਕ ਬੂੜੀਏ ਪਾਸ ਜ਼ਿਲਾ ਅੰਬਾਲਾ ਵਿੱਚ, ਦੂਜਾ ਮਥੁਰਾ ਪਾਸ ਜਮਨਾ ਦੇ ਕਿਨਾਰੇ, ਇਨ੍ਹਾਂ ਦੋਹਾਂ ਕੁੰਡਾਂ ਪਾਸ ਦਸ਼ਮੇਸ਼ ਪਟਨੇ ਤੋਂ ਪੰਜਾਬ ਨੂੰ ਆਉਂਦੇ ਹਏ ਵਿਰਾਜੇ ਹਨ. ਦੇਖੋ, ਬੂੜੀਆ.

ਸੂਰਜਜ: ਸੰਗਯਾ- ਸੂਰਜ ਤੋਂ ਪੈਦਾ ਹੋਇਆ ਯਮ. ੨. ਕਰਣ। ੩. ਘੋੜਾ. (ਸਨਾਮਾ) ਅਸ਼੍ਵਿਨੀਕੁਮਾਰ ਜੰਮਣ ਕਾਰਣ ਇਹ ਸੰਗਯਾ ਹੈ.

ਸੂਰਜਜਾਰਿ: ਸੰਗਯਾ- ਸੂਰਜ ਤੋਂ ਪੈਦਾ ਹੋਇਆ ਕਰਣ, ਉਸ ਦਾ ਵੈਰੀ ਅਰਜੁਨ. (ਸਨਾਮਾ)

ਸੂਰਜ ਨੂੰ ਦੀਵਾ ਦਿਖਾਉਣਾ: ਭਾਵ- ਵਡੇ ਵਿਦ੍ਵਾਨ ਅਤੇ ਗ੍ਯਾਨੀ ਨੂੰ ਸਿਖ੍ਯਾ ਦੇਣ ਦਾ ਯਤਨ ਕਰਨਾ.

ਸੂਰਜ ਪੁਤ੍ਰਿਕਾ: ਦੇਖੋ, ਸੂਰਜਸੁਤਾ.

ਸੂਰਜ ਪ੍ਰਕਾਸ਼: ਸੰਗਯਾ- ਜੋਧਪੁਰ ਨਿਵਾਸੀ ਕਰਣ ਕਵਿ ਦਾ ਰਚਿਆ ਹੋਇਆ ਮਾਰਵਾੜ ਦਾ ਇਤਿਹਾਸ, ਜਿਸ ਦਾ ਜਿਕਰ ਕਰਨਲ ਟਾਡ ਨੇ ਰਾਜਸ੍ਥਾਨ ਵਿੱਚ ਕੀਤਾ ਹੈ। ੨. ਦੇਖੋ, ਗੁਰੁਪ੍ਰਤਾਪ ਸੂਰਯ.

---

[272] ਜੋ ਪਸ਼ੂ ਉਗਾਲੀ (ਜੁਗਾਲੀ) ਨਹੀਂ ਕਰਦੇ. ਅਰ ਜਿਨ੍ਹਾਂ ਦੇ ਖੁਰ ਪਾਟੇ ਹੋਏ ਨਹੀਂ, ਪੈਗੰਬਰ ਮੂਸਾ ਨੇ ਉਨ੍ਹਾਂ ਨੂੰ ਅਪਵਿਤ੍ਰ ਮੰਨਿਆ ਹੈ. ਦੇਖੋ, ਸਮਿਥ ਦੀ ਬਾਈਬਲ ਦੀ ਡਿਕਸ਼ਨਰੀ (The Bible's Dictionary by Sir W. Smith) ਦਾ ਸ਼ਬਦ ਅਪਵਿਤ੍ਰ ਮਾਸ। (Unclean meats).

ਸੂਰਜਮੱਲ: ਮਾਤਾ ਮਹਾਦੇਵੀ ਦੇ ਉਦਰ ਤੋਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸੁਪੁਤ੍ਰ, ਜਿਸ ਦਾ ਜਨਮ ਸੰਮਤ ੧੬੭੪ ਵਿੱਚ ਅਮ੍ਰਿਤਸਰ ਹੋਇਆ. ਸੂਰਜ ਮੱਲ ਜੀ ਦੀ ਸ਼ਾਦੀ ਕਰਤਾਰਪੁਰ ਨਿਵਾਸੀ ਪ੍ਰੇਮਚੰਦ ਸਿਲੀ ਖਤ੍ਰੀ ਦੀ ਕੰਨਯਾ ਖੇਮਕੁਇਰ ਨਾਲ ਹੋਈ, ਜਿਸ ਦੇ ਉਦਰ ਤੋਂ ਸੰਮਤ ੧੬੯੦ ਵਿੱਚ ਦੀਪਚੰਦ ਪੁਤ੍ਰ ਜਨਮਿਆ.

ਦੀਪ ਚੰਦ ਦੇ ਘਰ ਸੰਮਤ ੧੭੧੨ ਵਿੱਚ ਗੁਲਾਬ ਰਾਯ ਅਤੇ ਸੰਮਤ ੧੭੧੯ ਵਿੱਚ ਸ਼ਯਾਮਚੰਦ ਜਨਮੇ, ਜਿਨ੍ਹਾਂ ਨੇ ਦਸ਼ਮੇਸ਼ ਤੋਂ ਅਮ੍ਰਿਤ ਛਕਕੇ ਸਿੰਘ ਪਦ ਧਾਰਣ ਕੀਤਾ. ਗੁਲਾਬ ਸਿੰਘ ਦੀ ਵੰਸ਼ ਨਹੀਂ ਰਹੀ. ਸ਼ਯਾਮ ਸਿੰਘ ਦੀ ਸੰਤਾਨ ਆਨੰਦਪੁਰ ਦੀ ਸੋਢੀ ਸਾਹਿਬ ਹਨ, ਜੋ "ਵਡੇ ਮੇਲ" ਦੇ ਅਖਾਉਂਦੇ ਹਨ. ਦੇਖੋ, ਸੋਢੀ.

ਜਿਸ ਖੰਡੇ ਨਾਲ ਗੁਰੂ ਸਾਹਿਬ ਨੇ ਅਮ੍ਰਿਤ ਤਿਆਰ ਕੀਤਾ ਅਰ ਜੋ ਸ਼੍ਰੀ ਸਾਹਿਬ ਦਸ਼ਮੇਸ਼ ਨੇ ਉਸ ਸਮੇਂ ਸ਼ਯਾਮ ਸਿੰਘ ਜੀ ਨੂੰ ਪਹਿਰਾਇਆ, ਉਹ ਆਨੰਦ ਪੁਰ ਦੇ "ਟਿੱਕਾ ਸਾਹਿਬ" ਪਾਸ ਹਨ.

ਸੂਰਜਮੁਖੀ: ਸੰਗ੍ਯਾ- ਇੱਕ ਪ੍ਰਕਾਰ ਦਾ ਬਸੰਤੀ ਫੁੱਲ, ਜਿਸ ਦੀ ਸ਼ਕਲ ਸੂਰਜ ਜੇਹੀ ਹੁੰਦੀ ਹੈ. L. Helicanthus annus। ੨. ਕਮਲ, ਜੋ ਸੂਰਜ ਨੂੰ ਦੇਖਕੇ ਖਿੜਦਾ ਹੈ. ੩. ਗੋਲ ਪੱਖਾ, ਜਿਸ ਉੱਪਰ ਸੂਰਜ ਦੀ ਸ਼ਕਲ ਜਰੀ ਤਿੱਲੇ ਨਾਲ ਬਣੀ ਹੋਵੇ.

ਸੂਰਜਵੰਸ: ਸੰਗ੍ਯਾ- ਸੂਰਜ ਤੋਂ ਉਪਜੀ ਕੁਲ. ਦੇਖੋ, ਰਾਮ.

ਸੂਰਜਵੰਸੀ: ਵਿ- ਸੂਰਜ ਵੰਸ਼ ਵਿੱਚ ਹੋਣ ਵਾਲਾ.

ਸੂਰਜਾਣੀ: ਸੰਗ੍ਯਾ- ਸੂਰਜ ਦੀ ਸ਼ਕਤਿ। ੨. ਸੂਰਜ ਦੀ ਪ੍ਰਭਾ। ੩. ਵਿ- ਸੂਰਜ ਦੀ. "ਲਖ ਲੱਜੀ ਸੋਭਾ ਸੂਰਜਾਣੀ." (ਦੱਤਾਵ)

ਸੂਰਣ, ਸੂਰਣੁ: ਸੰ. ਸ਼ੂਰਣ. ਸੰਗ੍ਯਾ- ਜਿੰਮੀਕੰਦ. ਇਹ ਸ਼ਬਦ ਸੂਰਣ ਭੀ ਸਹੀ ਹੈ. L. Arum Campanulatum.

ਸੂਰਤ: ਅ਼. صُورت ਸੂਰਤ. ਸੰਗ੍ਯਾ- ਤਸਵੀਰ. ਮੂਰਤਿ। ੨. ਸ਼ਕਲ। ੩. ਅ਼. سُوٗرۃ ਕ਼ੁਰਾਨ ਸ਼ਰੀਫ਼ ਦਾ ਬਾਬ. ਅਧ੍ਯਾਯ। ੪. ਸੰ. ਸੂਰ੍‍ਤ. ਬੰਬਈ ਹਾਤੇ ਗੁਜਰਾਤ ਪ੍ਰਾਂਤ ਦਾ ਇੱਕ ਸ਼ਹਿਰ, ਜੋ ਕਿਸੇ ਸਮੇਂ ਸੁਰਾਸ਼੍ਟ੍ਰ ਦੇਸ਼ ਦਾ ਪ੍ਰਧਾਨ ਨਗਰ ਸੀ. "ਸੁਕ੍ਰਿਤ ਸਿੰਘ ਸੂਰੋ ਬਡੋ ਸੂਰਤ ਕੋ ਨਰਪਾਲ." (ਚਰਿਤ੍ਰ ੧੯੬) ੫. ਸੰ. ਸੂਰਤ. ਵਿ- ਦਯਾਲੁ. ਕ੍ਰਿਪਾਲੁ.

ਸੂਰਤਣ, ਸੂਰਤਣੁ: ਸੰਗ੍ਯਾ- ਸੂਰਤ੍ਵ. ਸੂਰਮਤਾ. "ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ." (ਬਾਵਨ) "ਖਤ੍ਰੀ ਕਰਮ ਕਰੈ ਸੂਰਤਣੁ ਪਾਵੈ." (ਗਉ ਮਃ ੪)

ਸੂਰਤ ਬੰਦਰ: ਸੰਗ੍ਯਾ- ਸੂਰਤ ਸ਼ਹਿਰ ਪਾਸ ਸਮੁੰਦਰ ਦਾ ਘਾਟ.

ਸੂਰਤਵੀ: ਵਿ- ਕ੍ਰਿਪਾ ਕਰਨ ਵਾਲੀ. ਦਯਾਰੂਪਾ. ਦੇਖੋ, ਸੂਰਤ ੫. "ਮ੍ਰਿੜਾ ਮਾਰਜਨੀ ਸੂਰਤਵੀ ਮੋਹ ਕਰਤਾ." (ਚੰਡੀ ੨)

ਸੂਰਤਾ, ਸੂਰਤਾਈ: ਸੰਗ੍ਯਾ- ਸ਼ੂਰਤ੍ਵ. ਸੂਰਮਤਾ

ਸੂਰਤਿ: ਸ਼ਕਲ. ਦੇਖੋ, ਸੂਰਤ. "ਸੂਰਤਿ ਦੇਖਿ ਨ ਭੂਲ ਗਵਾਰਾ." (ਮਾਰੂ ਸੋਲਹੇ ਮਃ ੫) ੨. ਸੂਰਤ ਕਰਕੇ. ਸ਼ਕਲ ਤੋਂ.

ਸੂਰਤਿ ਮੂਰਤਿ ਆਦਿ: ਸ਼ਕਲ ਅਤੇ ਦੇਹ ਦਾ ਮੂਲ. ਜਿਸ ਤੋਂ ਸਾਰੀਆਂ ਸ਼ਕਲਾਂ ਅਤੇ ਸ਼ਰੀਰ ਉਪਜਦੇ ਹਨ. "ਸੂਰਤਿ ਮੂਰਤਿ ਆਦਿ ਅਨੂਪ." (ਧਨਾ ਅਃ ਮਃ ੧)

ਸੂਰਤੀ: ਵਿ- ਸੂਰਤ ਦੇ ਰਹਿਣ ਵਾਲਾ। ੨. ਸੂਰਤ (ਸ਼ਕਲ) ਵਾਲਾ. ਜੈਸੇ- ਰੋਣ ਸੂਰਤੀ.

ਸੂਰਤ੍ਵ: ਦੇਖੋ, ਸੂਰਤਾ.

ਸੂਰ ਦਾਸ: ਵ੍ਰਜਵਾਸੀ ਬਾਬਾ ਰਾਮਦਾਸ ਬ੍ਰਾਹਮਣ ਦਾ ਪੁਤ੍ਰ, ਜੋ ਸੰਮਤ ੧੫੪੦ ਵਿੱਚ ਜਨਮਿਆ ਅਰ ਵੱਲਭਾਚਾਰਯ ਦਾ ਸਿੱਖ ਹੋ ਕੇ ਕ੍ਰਿਸਨਭਗਤੀ ਵਿੱਚ ਅਵਸਥਾ ਵਿਤਾਈ. ਇਸ ਮਹਾਤਮਾ ਭਗਤ ਕਵਿ ਨੇ "ਸੂਰ ਸਾਗਰ" ਗ੍ਰੰਥ ਰਚਿਆ ਹੈ, ਜਿਸ ਦੇ ਸੁੰਦਰ ਪਦ ਵੈਸ਼ਨਵਾਂ ਕਰਕੇ ਅਨੇਕ ਰਾਗਾਂ ਵਿੱਚ ਗਾਏ ਜਾਂਦੇ ਹਨ. ਸੂਰਦਾਸ ਜੀ ਦੀ ਵ੍ਰਿਜ ਦੇ ਅੱਠ ਮਹਾ ਕਵੀਆਂ ਵਿੱਚ

ਗਿਣਤੀ ਹੈ, ਜਿਨ੍ਹਾਂ ਦੇ ਨਾਉਂ ਇਹ ਹਨ- ਕ੍ਰਿਸਨ ਦਾਸ, ਪਰਮਾਨੰਦ, ਕੁੰਭਨਦਾਸ, ਚਤੁਰਭੁਜ, ਛੀਤ ਸ੍ਵਾਮੀ, ਨੰਦਦਾਸ, ਗੋਬਿੰਦਦਾਸ, ਸੂਰਦਾਸ। ੨. ਮਦਨਮੋਹਨ ਬ੍ਰਾਹਮਣ, ਜਿਸ ਦਾ ਦੂਜਾ ਨਾਉਂ ਸੂਰਦਾਸ ਹੈ. ਇਹ ਸੰਮਤ ੧੫੮੬ ਵਿੱਚ ਪੈਦਾ ਹੋਇਆ ਅਰ ਸੰਸਕ੍ਰਿਤ, ਹਿੰਦੀ, ਫਾਰਸੀ ਦਾ ਪੂਰਣ ਵਿਦ੍ਵਾਨ ਸੀ. ਪਹਿਲਾਂ ਇਹ ਅਕਬਰ ਦਾ ਅਹਿਲਕਾਰ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਿਮ ਸੀ, ਪਰ ਅੰਤ ਨੂੰ ਵੈਰਾਗ ਦਸ਼ਾ ਵਿੱਚ ਸਭ ਕੁਛ ਤਿਆਗਕੇ ਵਿਰਕਤ ਹੋ ਗਿਆ, ਅਰ ਇਸ ਨੇ ਉਮਰ ਦਾ ਬਾਕੀ ਹਿੱਸਾ ਕਰਤਾਰ ਦੇ ਸਿਮਰਣ ਵਿੱਚ ਵਿਤਾਇਆ.

ਸੂਰਦਾਸ ਦੀ ਸਮਾਧੀ ਕਾਸ਼ੀ ਪਾਸ ਵਿਦਜਾ ਮਾਨ ਹੈ. ਇਸੇ ਮਹਾਤਮਾ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੇਖੀ ਜਾਂਦੀ ਹੈ. ਦੇਖੋ, ਗ੍ਰੰਥ ਸਾਹਿਬ। ੩. ਭਾਵ- ਅੰਧਾ. ਨੇਤ੍ਰਹੀਨ. ਸੂਰਦਾਸ ਭਗਤ ਨੇਤ੍ਰਹੀਨ ਸੀ, ਇਸ ਲਈ ਅੰਧੇ ਮਾਤ੍ਰ ਨੂੰ ਸਨਮਾਨ ਲਈ ਇਹ ਨਾਉਂ ਦਿੱਤਾ ਜਾਂਦਾ ਹੈ.

ਸੂਰਪ: ਸੰ. ਸ਼ੂਪੰ ਸੰਗਯਾ- ਛੱਜ, ਜਿਸ ਨਾਲ ਅੰਨ ਸ਼ੂਪੰ (ਸਾਫ) ਕੀਤਾ ਜਾਵੇ. ੨. ਜਿਸ ਨਾਲ ਅੰਨ ਮਿਣਿਆ ਜਾਵੇ। ੩. ਚੌਸਠ ਸੇਰ ਭਰ ਤੋਲ.

ਸੂਰਪਨਖਾ: ਦੇਖੋ, ਸੂਪਨਖਾ.

ਸੂਰਪੁਰ: ਇੱਕ ਪਿੰਡ, ਜੋ ਰਿਆਸਤ ਬੀਕਾਨੇਰ, ਨਜਾਮਤ ਰਾਜਗੜ੍ਹ, ਤਸੀਲ ਥਾਣਾ ਨੌਹਰ ਵਿੱਚ, ਨੌਹਰ ਤੋਂ ਪੰਜ ਕੋਹ ਹੈ. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੌਹਰ ਤੋਂ ਸੁਹੇਵੇ ਨੂੰ ਜਾਂਦੇ ਇਸ ਪਿੰਡ ਵਿਰਾਜੇ ਹਨ, ਪਰ ਗੁਰੁਦ੍ਵਾਰਾ ਨਹੀਂ ਬਣਿਆ.

ਸੂਰਬੀਰ: ਵਿ- ਸ਼ੂਰਵੀਰ. ਬਹਾਦੁਰ ਯੋਧਾ. "ਸੂਰਬੀਰ ਧੀਰਜ ਮਤਿ ਪੂਰਾ." (ਰਾਮ ਮਃ ੫)

ਸੂਰਮਤਾ, ਸੂਰਮਤਾਈ: ਸੰਗਯਾ- ਸ਼ੂਰਤ੍ਵ. ਸ਼ੂਰਤਾ. ਬਹਾਦੁਰੀ.

ਸੂਰਮਾ: ਸੰਗਯਾ- ਸ਼ੂਰ. ਯੋਧਾ। ੨. ਖਾ. ਅੰਧਾ. ਨੇਤ੍ਰਹੀਨ.

ਸੂਰਯ: ਦੇਖੋ, ਸੂਰਜ। ੨. ਬਾਰਾਂ ਗਿਣਤੀ ਦਾ ਬੋਧਕ, ਕਿਉਂਕਿ ਸੂਰਜ ਬਾਰਾਂ ਮੰਨੇ ਹਨ. ਦੇਖੋ, ਬਾਰਾਂ ਸੂਰਜ.

ਸੂਰਯਕਾਂਤ: सूर्य्यकान्त. ਸੰਗਯਾ- ਸ੍ਫਟਿਕਮਣਿ. ਆਤਸ਼ੀ ਸ਼ੀਸ਼ਾ, ਜੋ ਸੂਰਜ ਦੀ ਕਿਰਣਾਂ ਦਾ ਸੰਯੋਗ ਪਾਕੇ ਅੱਗ ਦੇਵੇ.

ਸੂਰਯਪ੍ਰਕਾਸ: ਦੇਖੋ, ਸੂਰਜ ਪ੍ਰਕਾਸ਼ ਅਤੇ ਗੁਰੁਪ੍ਰਤਾਪ ਸੂਰਯ.

ਸੂਰਯਵੰਸ: ਦੇਖੋ, ਸੂਰਜਵੰਸ ਅਤੇ ਰਾਮ.

ਸੂਰਯਾਵਰਤ: ਦੇਖੋ, ਅਰਧਸਿਰਾ.

ਸੂਰਯੋਦਯ: ਸੰ. सूर्योदय ਸੰਗਯਾ- ਸੂਰਜ ਉਦਯ (ਚੜ੍ਹਨ) ਦਾ ਸਮਾਂ। ੨. ਸੂਰਜ ਚੜ੍ਹਨ ਦਾ ਭਾਵ.

ਸੂਰਾ: ਸੰ. ਸ਼ੂਰ. ਬਹਾਦੁਰ. ਯੋਧਾ. "ਤੁਧੁ ਜੇਵਡੁ ਅਵਰੁ ਨ ਸੂਰਾ ਜੀਉ." (ਮਾਝ ਮਃ ੫) ੨. ਅ਼. سُوْرة ਸੂਰਹ. ਸੂਰਤ. ਕੁਰਾਨ ਦਾ ਬਾਬ. ਦੇਖੋ, ਮਗੋ.

ਸੂਰਾਖ: ਦੇਖੋ, ਸੁਰਾਖ.

ਸੂਰਾਨੁਜ: ਸ਼ੂਰ (ਯੋਧਾ) ਅਨੁਜ (ਛੋਟਾ ਭਾਈ) "ਸੂਰਾਨੁਜੰ ਆਨ ਪੇਖਾ." (ਰਾਮਾਵ) ਬਹਾਦੁਰ ਛੋਟੇ ਭਾਈ ਲਛਮਣ ਨੂੰ ਰਾਮ ਨੇ ਆਕੇ ਦੇਖਿਆ.

ਸੂਰਾਰਿ: ਦੇਖੋ, ਸੁਰਾਰਿ। ੨. ਰਾਹੁ, ਜੋ ਸੂਰਜ ਦਾ ਵੈਰੀ ਹੈ.

ਸੂਰਾਲਾ: ਦਖੋ, ਸਰਾਲਾ। ੨. ਵਿ- ਸੁਰਾਲੇ ਜੇਹਾ ਕੰਡੀਲਾ. ਕੰਡੈਲਾ। ੩. ਸੰਗਯਾ- ਸੂਰਜ ਦੀ ਆਲਯ (ਘਰ) ਆਕਾਸ਼ਮੰਡਲ.

ਸੂਰਿ: ਸੰ. ਸੰਸਜਾ- ਸੂਰਜ। ੨. ਅੱਕ। ੩. ਯਾਦਵਾਂ ਦੀ ਇੱਕ ਕੁਲ ੪. ਪੰਡਿਤ. ਵਿਦ੍ਵਾਨ.

ਸੂਰੀ: ਸੰਗਜਾ- ਸ਼ੂਕਰੀ. ਸੂਰ ਦੀ ਮਦੀਨ। ੨. ਸਲੀਬ. ਸੂਲੀ. "ਸੂਰੀ ਊਪਰਿ ਖੇਲਨਾ." (ਸ. ਕਬੀਰ) ੩. ਖੁਖਰਾਣਾਂ ਵਿੱਚੋਂ ਇੱਕ ਖਤ੍ਰੀ ਗੋਤਰ. "ਸੂਰੀ ਚਉਧਰੀ ਰਹੰਦਾ." (ਭਾਗੁ) ੪. ਫ਼ਾ. سوُری ਲਾਲ ਰੰਗ ਦਾ ਗੁਲਾਬ। ੫. ਵਿ- ਖੁਸ਼ ਆਨੰਦ। ੬. ਸੂਰ ਗੋਤ੍ਰ ਨਾਲ ਸੰਬੰਧ ਰੱਖਣ ਵਾਲਾ. ਦੇਖੋ, ਸੂਰ ੧੩.। ੭. ਪਠਾਣਾਂ ਦੀ ਇੱਕ ਸ਼ਾਖ, ਜੋ ਕੋਇਟੇ ਅਤੇ ਪਿਸ਼ੀਨ ਵਿੱਚ ਬਹੁਤ ਪਾਈ ਜਾਂਦੀ ਹੈ.

ਸੂਰੀਜੈ: ਸੂਰਜ ਨੂੰ. ਸੂਰਜ ਪ੍ਰਤਿ. "ਜਿਉ ਚਕਵੀ ਦੇਖਿ ਸੂਰੀਜੈ." (ਕਲਿ ਅਃ ਮਃ ੪)

ਸੂਰੂਟਾ: ਸੰਗਜਾ- ਕਿਲੇ ਦੀ ਦੀਵਾਰ ਵਿੱਚ ਉਹ ਛਿਦ੍ਰ, ਜਿਨ੍ਹਾਂ ਵਿੱਚਦੀਂ ਵੈਰੀ ਉੱਤੇ ਸ਼ਸਤ੍ਰ ਵਰਖਾਉਂਦੇ ਹਨ. embrasure. "ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ." (ਸਾਰ ਮਃ ੫) ੨. ਸੰ. ਸ਼ੂਰਟਜਾ. ਕਿਲੇ ਦੀ ਦੀਵਾਰ ਦੇ ਅੰਦਰਲੇ ਪਾਸੇ ਯੋਧਿਆਂ ਦੇ ਫਿਰਨ ਦੀ ਰਾਹਦਾਰੀ.

ਸੂਯੰ: ਦੇਖੋ, ਸੂਰਜ.

ਸੂਯੰ ਵੰਸ਼: ਦੇਖੋ, ਰਾਮ.

ਸੂਲ: ਸੰ. ਸ਼ੂਲ. ਤ੍ਰਿਸੂਲ। ੨. ਨੇਜ਼ਾ. ਭਾਲਾ. "ਤੁਹੀ ਸੂਲ ਸੈਥੀ ਤਬਰ, ਤੂੰ ਨਿਖੰਗ ਅਰੁ ਬਾਨ." (ਸਨਾਮਾ) ੩. ਸ਼ੂਲ (ਨੇਜ਼ੇ) ਵਾਂਙ ਚੁਭਣ ਵਾਲੀ ਢਿੱਡਪੀੜ. وجع المعدہ Gastralgia. "ਦੁਸਟ ਬ੍ਰਾਹਮਣ ਮੂਆ ਹੋਇਕੈ ਸੂਲ." (ਭੈਰ ਮਃ ੫)

ਇਹ ਰੋਗ ਬਹੁਤਾ ਰੁੱਖਾ, ਕੱਚਾ, ਬੇਹਾ, ਭਾਰੀ ਅਤੇ ਲੇਸਦਾਰ ਅੰਨ ਖਾਣ ਤੋਂ, ਮਲਮੂਤ੍ਰ ਰੋਕਕੇ ਘੋੜੇ ਆਦਿ ਦੀ ਅਸਵਾਰੀ ਕਰਨ ਤੋਂ, ਬਹੁਤ ਚਾਇ ਅਤੇ ਤਮਾਖੂ ਪੀਣ ਤੋਂ ਹੁੰਦਾ ਹੈ. ਸੂਲ ਦੇ ਅਨੰਤ ਭੇਦ ਅਤੇ ਕਾਰਣ ਹਨ. ਉਨ੍ਹਾਂ ਅਨੁਸਾਰ ਹੀ ਸਿਆਣੇ ਹਕੀਮ ਦੀ ਰਾਇ ਨਾਲ ਇਲਾਜ ਹੋਣਾ ਚਾਹੀਏ, ਪਰ ਸਾਧਾਰਣ ਸੂਲ ਲਈ ਹੇਠ ਲਿਖੇ ਉੱਤਮ ਉਪਾਉ ਹਨ-

ਸੁੰਢ, ਸੁਹਾਗੇ ਦੀ ਖਿੱਲ, ਹਿੰਗ, ਇਨ੍ਹਾਂ ਤੇਹਾਂ ਨੂੰ ਅਦਰਕ ਦੇ ਰਸ ਵਿੱਚ ਪੀਸਕੇ ਮੋਟੇ ਛੋਲੇ ਬਰਾਬਰ ਗੋਲੀ ਬਣਾਓ. ਗਰਮ ਜਲ ਨਾਲ ਇਕ ਤੋਂ ਚਾਰ ਗੋਲੀਆਂ ਤੀਕ ਖਵਾਓ.

ਸੌਂਫ ਅਤੇ ਪੋਦੀਨੇ ਦਾ ਅਰਕ ਪਿਆਓ.

ਪੇਟ ਉੱਪਰ ਸੇਕ ਕਰੋ. ਤੁੰਮੇ ਦੀ ਜਵਾਇਨ[273] ਦੇਓ.

ਗਰਮ ਜਲ ਦੀ ਪਿਚਕਾਰੀ ਕਰੋ. ਕਬਜ ਦੂਰ ਕਰਨ ਲਈ ਇਰੰਡੀ ਦਾ ਤੇਲ ਗਰਮ ਦੁੱਧ ਵਿੱਚ ਪਾਕੇ ਪਿਆਓ.

ਸੁੰਢ, ਕਾਲਾ ਲੂਣ, ਭੁੰਨੀ ਹੋਈ ਹਿੰਗ, ਤਿੰਨੇ ਸਮਾਨ ਲੈ ਕੇ ਸੁਹਾਂਜਨੇ ਦੇ ਰਸ ਵਿੱਚ ਕੋਕਨ ਬੇਰ (ਝਾੜੀ ਬੇਰ) ਬਰਾਬਰ ਗੋਲੀ ਬਣਾਓ. ਗਰਮ ਜਲ ਨਾਲ ਇੱਕ ਗੋਲੀ ਦੇਓ। ੪. ਕੰਡਾ. "ਸੂਲ ਨੇ ਸੰਕਟ ਦੀਯੋ ਸੂਲ ਜਜੋਂ ਚੁਭੈ ਹੈ ਤਨ." (ਗੁਪ੍ਰਸੂ)

ਸੂਲਣੀ: ਸੰ. ਸ਼ੂਲਿਨੀ. ਵਿ- ਤ੍ਰਿਸ਼ੂਲ ਧਾਰਨ ਵਾਲੀ.

ਸੂਲਧਰ: ਸੰਗਜਾ- ਸ਼ਿਵ, ਜੋ ਤ੍ਰਿਸ਼ੂਲ ਧਾਰਨ ਕਰਦਾ ਹੈ. "ਤਬ ਲਗ ਬਜ੍ਰਿ ਸੂਲਧਰ ਕੋ ਹੈ?" (ਕ੍ਰਿਸਨਾਵ)

ਸੂਲਫਾਖਤਾ: ਇਹ ਤਿੰਨ ਤਾਲ ਦੀ ਹੀ ਗਤਿ ਦਾ ਨਾਉਂ ਹੈ. ਨੀ ਦੀ ਧਿੰਨਾ, ਨੀ ਦੀ ਧਿੰਨਾ, ਨਾ ਤੀ ਤਿੰਨਾ, ਨਾ ਧੀ ਧਿੰਨਾ.

ਸੂਲਰ: ਦੇਖੋ, ਸੂਲੂਰ। ੨. ਸੂਲਧਰ ਦਾ ਸੰਖੇਪ.

---

[273] ਪੱਕਿਆਂ ਤੁੰਮਾ ਲੈ ਕੇ ਉਸ ਦੇ ਮੂੰਹ ਤੇ ਛੇਕ ਕਰ ਲਈਦਾ ਹੈ ਅਤੇ ਚਿਮਟੀ ਨਾਲ ਸਾਰੇ ਬੀਜ ਕੱਢ ਦਿੱਤੇ ਜਾਂਦੇ ਹਨ. ਜਿਤਨੀ ਜਵਾਇਨ ਉਸ ਵਿੱਚ ਪੈ ਸਕੇ ਉਹ ਪਾਕੇ ਮੂੰਹ ਬੰਦ ਕਰਕੇ ਕੋਰੇ ਘੜੇ ਵਿੱਚ ਢਕਕੇ ਰੱਖ ਦੇਈਦਾ ਹੈ, ਚਾਲੀ ਦਿਨਾਂ ਪਿੱਛੋਂ ਜਵਾਇਨ ਕੱਢਕੇ ਛਾਵੇਂ ਸੁਕਾ ਲਈਦੀ ਹੈ. ਇਹ ਸੂਲ ਆਦਿਕ ਰੋਗ ਅਤੇ ਬਾਦੀ ਦੇ ਸਾਰੇ ਵਿਕਾਰ ਦੂਰ ਕਰਦੀ ਹੈ. ਇਹ ਕੋਸੇ ਪਾਣੀ ਨਾਲ ਦੋ ਮਾਸੇ ਤੋਂ ਚਾਰ ਮਾਸੇ ਤਕ ਖਾਈ ਜਾਂਦੀ ਹੈ.

ਸੂਲਾ: ਸੰਗਯਾ- ਮੂਲ. ਜੜ. ਅ਼ਰਬੀ ਸ਼ਬਦ اصُوُل ਉਸੂਲ ਦਾ ਸੰਖੇਪ ਭੀ ਸੂਲਾ ਹੋ ਸਕਦਾ ਹੈ, ਜਿਸ ਦਾ ਅਰਥ ਮੂਲ (ਜੜ) ਹੈ. "ਤਲੇ ਰੇਬੈਸਾ ਊਪਰਿ ਸੂਲਾ." ਦੇਖੋ, ਪਹਿਲਾ ਪੂਤ ਅਤੇ ਰੇਬੈਸਾ। ੨. ਸੰ. ਸ਼ੂਲਾ. ਵੇਸ਼ਯਾ. ਕੰਚਨੀ.

ਸੂਲਾਕ, ਸੂਲਾਕੁ: ਦੇਖੋ, ਸੁਰਾਖ। ੨. ਸੰ. ਸ਼ਲਾਕਾ. ਸਰੀ. "ਪਰਖੇ ਪਰਖਨਹਾਰੇ ਬਹੁਰਿ ਸੂਲਾਕ ਨ ਹੋਈ" (ਭੈਰ ਅਃ ਮਃ ੧) ਫੇਰ ਸ਼ਲਾਕਾ ਨਾਲ ਪੜਤਾਲ ਨਹੀਂ ਹੁੰਦੀ। ਖੋਟਾ ਖਰਾ ਸੋਨਾ ਦੇਖਣ ਵਾਸਤੇ ਤਿੱਖੀ ਨੋਕ ਦੇ ਸੂਏ ਨਾਲ ਛਿਦ੍ਰ ਕਰਕੇ ਜਾਚ ਕੀਤੀ ਜਾਂਦੀ ਹੈ।

ਸੂਲਿ, ਸੂਲੀ: ਸੰਗਯਾ- ਸਲੀਬ. ਸ਼ੂਲਾ."ਜਿਉ ਤਸਕਰ ਉਪਰਿ ਸੂਲਿ." (ਵਾਰ ਗਉ ੨. ਮਃ ੫) ੨. ਚਿੰਤਾ. ਫਿਕਰ. "ਖਾਵਣ ਸੰਦੜੈ ਸੂਲਿ." (ਵਾਰ ਗਉ ੨. ਮਃ ੫) ੩. ਦੁੱਖ. ਪੀੜਾ. "ਪੜਹਿ ਦੋਜਕ ਕੈ ਸੂਲਿ." (ਵਾਰ ਗਉ ੨. ਮਃ ੫) ੪. ਸੰ. ਸ਼ੂਲਿਨ ਵਿ- ਤ੍ਰਿਸੂਲਧਾਰੀ। ੫. ਸੰਗਯਾ- ਸ਼ਿਵ.

ਸੂਲੀਸਰ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ ਦਾ ਇੱਕ ਪਿੰਡ ਧਰਮੂ ਦਾ ਕੋਟ (ਅਥਵਾ ਕੋਟ ਧਰਮੂ) ਹੈ. ਇਸ ਪਿੰਡ ਤੋਂ ਕਰੀਬ ਪੌਣ ਮੀਲ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰੁਦ੍ਵਾਰਾ ਹੈ. ਇੱਥੇ ਗੁਰੂ ਸਾਹਿਬ ਦੇ ਘੋੜੇ ਦਾ ਚੋਰ ਆਪਣੀ ਕਰਣੀ ਤੇ ਪਛਤਾਉਂਦਾ ਹੋਇਆ ਜੰਡ ਬਿਰਛ ਦੇ ਸੁੱਕੇ ਡਾਹਣੇ ਨਾਲ ਪੇਟ ਪਾੜਕੇ ਮੋਇਆ ਸੀ, ਜਿਸ ਕਰਕੇ ਨਾਉਂ ਸੂਲੀਸਰ ਪ੍ਰਸਿੱਧ ਹੋ ਗਿਆ. ਇਸ ਗੁਰੁਦ੍ਵਾਰੇ ਨਾਲ ਰਿਆਸਤ ਵੱਲੋਂ ੧੨੫ ਘੁਮਾਉਂ ਜ਼ਮੀਨ ਮੁਆਫ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਮਾਨਸਾ ਤੋਂ ਕਰੀਬ ਛੀ ਮੀਲ ਦੱਖਣ ਵੱਲ ਹੈ.

ਸੂਲ੍ਹਰ: ਜਿਲਾ, ਤਸੀਲ ਅਤੇ ਥਾਣਾ ਅੰਬਾਲਾ ਵਿੱਚ ਇੱਕ ਪਿੰਡ ਹੈ, ਜਿਸ ਤੋਂ ਉੱਤਰ ਵੱਲ ਇੱਕ ਫਰਲਾਂਗ ਤੋਂ ਘੱਟ ਦੂਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰੁਦ੍ਵਾਰਾ ਹੈ. ਗੁਰੂ ਜੀ ਲਖਨੌਰ ਤੋਂ ਸੰਗਤਾਂ ਨੂੰ ਕ੍ਰਿਤਾਰਥ ਕਰਨ ਲਈ ਇੱਥੇ ਠਹਿਰੇ ਹਨ. ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਨੈਰਤ ਕੋਣ ਵੱਲ ਪੰਜ ਮੀਲ ਕੱਚਾ ਰਸਤਾ ਹੈ.

ਸੂੜੀ: ਦੇਖੋ, ਸੂਹੜ.

ਸੂੜ੍ਹਾ: ਦੇਖੋ, ਸੂਹੜਾ.

ਸੇ: ਸਰਵ- ਵਹ. ਵੇ. ਤੇ. ਉਹ. "ਬੰਦੇ ਸੇ ਜਿ ਪਵਹਿ ਵਿਚਿ ਬੰਦੀ." (ਵਾਰ ਆਸਾ) ੨. ਕ੍ਰਿਯਾ. ਹੋਣ ਦਾ ਭੂਤ ਕਾਲ ਬੋਧਕ. ਥੇ. "ਇਤਨੇ ਜਨਮ ਭੂਲ ਪਰੇ ਸੇ." (ਗਉ ਮਃ ੩) ੩. ਪੰਚਮੀ ਦਾ ਅਰਥ ਬੋਧਕ. ਤੋਂ. ਸੇਂ. "ਬਿਖ ਸੇ ਅੰਮ੍ਰਿਤ ਭਏ." (ਵਡ ਅਃ ਮਃ ੩) ੪. ਵਿ- ਜੇਹੇ. ਜੈਸੇ ਦਾ ਸੰਖੇਪ. "ਨੈਣ ਅੰਧੁਲੇ ਤਨ ਭਸਮ ਸੇ." (ਤੁਖਾ ਛੰਤ ਮਃ ੧) ੫. ਫ਼ਾ. سہ ਤਿੰਨ. ਦੇਖੋ, ਸਿਹ। ੬. ਦੇਖੋ, ਸੇਅੰਤ.

ਸੇਉ: ਸੰ. शैव ਸ਼ੈਵ. ਵਿ- ਸ਼ਿਵ ਉਪਾਸਕ. ਭਾਵ- ਸੰਨਯਾਸੀ. "ਨਾ ਇਹੁ ਜਤੀ ਕਹਾਵੈ ਸੇਉ." (ਗੌਂਡ ਕਬੀਰ) ਜੀਵਾਤਮਾ ਨਾ ਬ੍ਰਹਮਚਾਰੀ ਹੈ ਨਾ ਸੰਨਯਾਸੀ ਹੈ। ੨. ਸੰਗਯਾ- ਸ਼ਿਵ. ਸ਼ੰਕਰ. "ਸਕਤਿ ਨ ਸੇਉ ਹੈ." (ਭਾਗੁ ਕ) ੩. ਸੇਵਾ. "ਕਰਹਿ ਕਿਸ ਕੀ ਸੇਉ?" (ਆਸਾ ਕਬੀਰ) ਸੇਵਨ ਕਰ. "ਚਰਨ ਕਮਲ ਸਦਾ ਸੇਉ." (ਸਵੈਯੇ ਮਃ ੪. ਕੇ) ੪. ਵਿ- ਸੇਵ੍ਯ. ਸੇਵਨ ਯੋਗ। ੫. ਫ਼ਾ. سیب ਸੇਬ. ਸੰਗਯਾ- ਇੱਕ ਪ੍ਰਸਿੱਧ ਫਲ. ਭਾਰਤ ਵਿੱਚ ਕਸ਼ਮੀਰ ਦਾ ਸੇਉ ਬਹੁਤ ਰਸਦਾਯਕ ਹੁੰਦਾ ਹੈ. ਸੰਸਕ੍ਰਿਤ ਵਿੱਚ ਇਸ ਦਾ ਨਾਉਂ ਮਹਾ ਬਦਰ ਹੈ. ਅੰ. Apple. L. Pyrusmarus. ਇਸ ਦੀ ਤਾਸੀਰ ਸਰਦ ਤਰ ਹੈ. ਇਹ ਦਿਲ ਅਤੇ ਦਿਮਾਗ ਨੂੰ ਤਾਕਤ ਦਿੰਦਾ ਹੈ. ਮੁਖ ਦੀ ਦੁਰਗੰਧ ਦੂਰ ਕਰਦਾ ਹੈ.

ਸ਼ੇਅਰ: ਅ਼. شعر ਸ਼ਿਅ਼ਰ. ਛੰਦ. ਅੱਖਰ ਅਤੇ ਮਾਤ੍ਰਾ ਦੇ ਨਿਯਮ ਵਿੱਚ ਆਇਆ ਕਾਵ੍ਯ.

ਸੇਅੰਤ: ਸੰ. स्वान्त ਸ੍ਵਾਂਤ. ਸੰਗਯਾ- ਆਪਣਾ ਅੰਤਹਕਰਣ. ਆਪਣਾ ਮਨ। ੨. ਆਪਣਾ ਸਿੱਧਾਂਤ. "ਤਿਨਰ ਸੇਅੰਤ ਨ ਲਹੀਐ." (ਸਵੈਯੇ ਮਃ ੩. ਕੇ) ੩. ਆਪਣਾ ਅੰਤ (ਮਰਣਕਾਲ).

ਸੇਇ: ਸਰਵ- ਓਹ. ਵਹ. ਓਹੀ. "ਸੇਇ ਮੁਕਤ ਜਿ ਮਨੁ ਜਿਣਹਿ." (ਗੂਜ ਮਃ ੩) ੨. ਕ੍ਰਿ. ਵਿ- ਸੇਵਨ ਕਰਕੇ.

ਸੇਈ: ਸਰਵ- ਉਹੀ. ਵਹੀ. ਓਹੀ. "ਸੇਈ ਸਾਹ ਭਗਵੰਤ ਸੇ." (ਬਾਵਨ) ੨. ਸੇਵਨ ਕੀਤੀ। ੩. ਸੇਵਨ ਕਰਦਾ ਹੈ. "ਕਾਮ ਦਾਮ ਚਿਤ ਪਰਵਸਿ ਸੇਈ." (ਗਉ ਅਃ ਮਃ ੧)

ਸੇਈਕੇਇ: ਉਹੀ ਲੋਕ. "ਚੰਗੇ ਸੇਈ ਕੇਇ." (ਵਾਰ ਆਸਾ)

ਸੇਸ: ਸੰ. ਸ਼ੇਸ਼. ਵਿ- ਬਚਿਆ ਹੋਇਆ. ਬਾਕੀ। ੨. ਸੰਗਯਾ- ਜੂਠਾ ਅੰਨ. ਸੀਤ ਪ੍ਰਸਾਦ। ੩. ਵਿਨਾਸ਼. ਅੰਤ। ੪. ਸ਼ੇਸ਼ ਨਾਗ. "ਸੇਸ ਨਾਮ ਸਹਸ੍ਰਫਨਿ ਨਹਿ ਨੇਤ ਪੂਰਨ ਹੋਤ." (ਅਕਾਲ) ਦੇਖੋ ਸੇਸਨਾਗ। ੫. ਪਰਮੇਸ਼੍ਵਰ। ੬. ਨਤੀਜਾ. ਫਲ. ਪਰਿਣਾਮ.

ਸੇਸਸਾਈ, ਸੇਸਸਾਯੀ: ਸੰ. शेषशायिन ਸੰਗਯਾ- ਵਿਸ਼ਨੁ, ਜੋ ਸ਼ੇਸ਼ਨਾਗ ਉੱਪਰ ਸੌਂਦਾ ਹੈ.

ਸੇਸਨਾਗ: ਸੰ. ਸ਼ੇਸ਼ਨਾਗ. ਸੰਗਯਾ- ਨਾਗਵੰਸ਼ ਅਤੇ ਪਾਤਾਲ ਦਾ ਰਾਜਾ. ਪੁਰਾਣਾਂ ਵਿੱਚ ਕਥਾ ਹੈ ਕਿ ਇਸ ਦੇ ੧੦੦੦ ਸਿਰ ਹਨ, ਜੋ ਵਿਸ਼ਨੁ ਭਗਵਾਨ ਉੱਤੇ ਛਾਇਆ ਕਰਦੇ ਹਨ. ਕਈ ਕਹਿੰਦੇ ਹਨ ਕਿ ਸੱਤ ਪਾਤਾਲ ਇਸ ਦੇ ਸਿਰ ਤੇ ਹਨ. ਵਿਸ਼ਨੁ ਪੁਰਾਣ ਲਿਖਦਾ ਹੈ ਕਿ ਜਦ ਕਦੀ ਏਹ ਉਬਾਸੀ ਲੈਂਦਾ ਹੈ ਤਾਂ ਭੂਚਾਲ ਆ ਜਾਂਦਾ ਹੈ. ਹਰ ਇੱਕ ਕਲਪ (ਅਥਵਾ ੪੩੨੦੦੦੦੦੦੦ ਵਰ੍ਹਿਆਂ) ਦੇ ਅੰਤ ਵਿੱਚ ਇਹ ਮੂੰਹ ਵਿੱਚੋਂ ਅਗਨਿ ਕਢਦਾ ਹੈ, ਜਿਸ ਨਾਲ ਸਾਰੇ ਲੋਕ ਭਸਮ ਹੋ ਜਾਂਦੇ ਹਨ. ਇਸ ਦਾ ਰੂਪ ਇਉਂ ਦੱਸਿਆ ਹੈ- "ਊਦਾ ਰੰਗ, ਗਲ ਵਿੱਚ ਚਿੱਟੀ ਮਾਲਾ, ਇੱਕ ਹੱਥ ਵਿੱਚ ਹਲ ਤੇ ਦੂਸਰੇ ਵਿੱਚ ਚੱਟੂ." ਇਸ ਨੂੰ ਅਨੰਤ ਭੀ ਆਖਦੇ ਹਨ. ਇਸ ਦੀ ਇਸਤ੍ਰੀ ਦਾ ਨਾਉਂ "ਅਨੰਤ ਸ਼ੀਸ਼ਾਂ" ਹੈ. ਕਈ ਇਸ ਨੂੰ ਵਾਸੁਕਿ ਹੀ ਮੰਨਦੇ ਹਨ, ਪਰ ਕਈ ਉਸ ਤੋਂ ਵੱਖਰਾ ਸਮਝਦੇ ਹਨ. ਪੁਰਾਣਾਂ ਵਿੱਚ ਇਸ ਨੂੰ ਕਸ਼ਯਪ ਅਤੇ ਕਦ੍ਰੂ ਦਾ ਪੁਤ੍ਰ ਕਰਕੇ ਮੰਨਿਆ ਹੈ ਅਤੇ ਬਲਰਾਮ ਨੂੰ ਇਸ ਦਾ ਅਵਤਾਰ ਦੱਸਿਆ ਹੈ. ਇਸ ਦੀ ਕੁੰਜ ਨੂੰ ਮਣਿਦ੍ਵੀਪ ਅਤੇ ਇਸ ਦੇ ਘਰ ਨੂੰ ਮਣਿਭਿੱਤਿ ਜਾਂ ਮਣਿਮੰਡਪ ਆਖਦੇ ਹਨ.

ਸੇਸੁ: ਦੇਖੋ, ਸੇਸ.

ਸੇਹ: ਸੰ. ਸੇਧਾ. ਸੰਗਯਾ- ਸ਼ੱਲਕੀ. ਕੰਡਿਆਂ ਵਾਲਾ ਇੱਕ ਜੀਵ. Porcupine "ਤੀਰ ਸਰੀਰਨ ਬੀਰ ਲਗੇ ਭਟ ਮਾਨਹੁ ਸੇਹ ਸਰੂਪ ਧਰੇ ਹੈਂ." (ਕ੍ਰਿਸਨਾਵ) ੨. ਸਰਵ- ਉਹ. ਵਹ.

ਸੇਹਜ ਤੀਰ: ਸੰਗਯਾ- ਸੇਹ (ਸ਼ੱਲਕੀ) ਤੋਂ ਪੈਦਾ ਹੋਇਆ ਤੀਰ. ਭਾਵ- ਸੇਹ ਦਾ ਕੰਡਾ. "ਰੋਮ ਬੁਰੇ ਜਨੁ ਸੇਹਜ ਤੀਰਾ." (ਗੁਵਿ ੧੦)

ਸੇਹਰ: ਦੇਖੋ, ਸਿਹਰ.

ਸੇਹਰਾ: ਸੰਗਯਾ- ਸ਼ਿਰਹਾਰ. ਲਾੜੇ ਦੇ ਸਿਰ ਉੱਤੇ ਸ਼ਾਦੀ ਸਮੇਂ ਬੰਨ੍ਹਿਆ ਹੋਇਆ ਫੁੱਲਾਂ ਦਾ ਹਾਰ. ਫ਼ਾ. سہرہ ਬਹੁਤ ਲੋਕ ਜ਼ਰੀ ਦੀ ਤਾਰਾਂ ਦਾ ਭੀ ਸੇਹਰਾ ਬਣਾ ਲੈਂਦੇ ਹਨ.

ਸੇਹਵਾਨ: ਹੈਦਰਾਬਾਦ ਸਿੰਧ ਦੇ ਇਲਾਕੇ ਜਿਲਾ ਲਾਰਕਾਨਾ ਦਾ ਇੱਕ ਨਗਰ, ਜੋ ਰੋਹੜੀ ਜੰਕਸ਼ਨ ਤੋਂ ੧੪੨ ਮੀਲ ਹੈ. ਇਸ ਥਾਂ ਪੁਰਾਣੇ ਕਿਲੇ ਅੰਦਰ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿਤ੍ਰ ਅਸਥਾਨ "ਨਾਨਕਬਾੜਾ" ਹੈ, ਜਿਸ ਨੂੰ ਹਿੰਦੂ ਮੁਸਲਮਾਨ ਪੂਜਦੇ ਹਨ. ਸ਼੍ਰੀ ਗੁਰੂ ਨਾਨਕ ਦੇਵ ਜੀ ਸਿੰਧ ਦੀ ਯਾਤ੍ਰਾ ਕਰਦੇ ਇਸ ਥਾਂ ਪਧਾਰੇ ਹਨ. ਕਰਨਲ ਟਾਡ ਨੇ ਰਾਜਸ੍ਥਾਨ ਵਿੱਚ ਇਸ ਗੁਰੁਦ੍ਵਾਰੇ ਦਾ ਜਿਕਰ ਕੀਤਾ ਹੈ.

ਸੇਹੁੰਡ, ਸੇਹੁੰਡ: ਸੰ. सेहुण्ड ਅਥਵਾ सिंहतुण्ड ਸੇਹੁੰਡ ਜਾਂ ਸਿੰਹਤੁੰਡ. ਸੰਗਯਾ- ਥੋਹਰ, ਜਿਸਦੇ ਕੰਡੇ ਸ਼ੇਰ ਦੇ ਦੰਦਾਂ ਜੇਹੇ ਹੁੰਦੇ ਹਨ. "ਗਾਤ ਧਾਤੁ ਗੋਦੂਧ ਤੇ ਸੇਂਹੁੰਡ ਕੇ ਤੇ ਘਾਤ." (ਵ੍ਰਿੰਦ) ਦੇਖੋ, ਥੋਹਰ.

ਸੇਕ: ਸੰਗਯਾ- ਤਾਉ. ਆਂਚ. "ਲਗਨ ਦੇਤ ਨ ਸੇਕ." (ਮਾਰੂ ਮਃ ੫) ੨. ਸੰ. ਸੇਚਨ. ਛਿੜਕਣਾ.

ਸੇਕਣਾ, ਸੇਕਨਾ: ਕ੍ਰਿ- ਸੇਕ ਦੇਣਾ. "ਤਿਹ ਠੌਰ ਜਰੇ ਕਹੁ ਸੇਕਨ ਆਯੋ." (ਕ੍ਰਿਸਨਾਵ) ੨. ਰਾੜ੍ਹਨਾ. ਭੁੰਨਣਾ.

ਸੇਖ: ਅ਼. شیخ ਸ਼ੇਖ਼. ਸੰਗਯਾ- ਬੁੱਢਾ। ੨. ਬਜ਼ੁਰਗ। ੩. ਵਿਦ੍ਵਾਨ। ੪. ਮੁਸਲਮਾਨਾਂ ਦੀ ਇੱਕ ਖਾਸ ਜਾਤੀ. "ਕਹੂੰ ਸੇਖ ਬ੍ਰਹਮ ਸੁਰੂਪ." (ਅਕਾਲ)[274] ੫. ਸੰ. ਸ਼ੇਸ਼. ਸ਼ੇਸ਼ ਨਾਗ. "ਮੁਨਿ ਜਨ ਮੇਖ ਨ ਲਹਹਿ ਭੇਵ." (ਬਸੰ ਮਃ ੫) ੬. ਸੰ. ਸ਼ੈਖ. ਜਾਤੀ ਤੋਂ ਪਤਿਤ ਹੋਏ ਬ੍ਰਾਹਮਣ ਦੀ ਔਲਾਦ। ੭. ਸ਼ਿਖਾ (ਚੋਟੀ) ਲਈ ਭੀ ਇਹ ਸ਼ਬਦ ਵਰਤਿਆ ਹੈ. ਦੇਖੋ, ਪੂਆਰੇ.

ਸ਼ੇਖ਼ ਸ਼ਰਫ਼: شیخ شرف ਅਬੂ ਅ਼ਲੀ ਕ਼ਲੰਦਰ. ਇਸ ਦਾ ਪ੍ਰਸਿੱਧ ਨਾਉਂ ਸ਼ੇਖ ਸ਼ਰਫ਼ ਹੈ. ਇਹ ਈਰਾਨ ਵਿੱਚ ਪੈਦਾ ਹੋਇਆ ਅਤੇ ਹਿੰਦੁਸ੍ਤਾਨ ਆਕੇ ਪਾਨੀਪਤ ਨਿਵਾਸ ਕੀਤਾ. ਇਸੇ ਥਾਂ ੩੦ ਅਗਸ੍ਤ ਸਨ ੧੩੩੨ ਨੂੰ ਇਸ ਮਹਾਤਮਾ ਦਾ ਦੇਹਾਂਤ ਹੋਇਆ. ਸ਼ੇਖ ਸ਼ਰਫ਼ ਦਾ ਮਕਬਰਾ ਪਾਨੀਪਤ ਵਿੱਚ ਪ੍ਰਸਿੱਧ ਅਸਥਾਨ ਹੈ. ਇਸੇ ਦੇ ਜਾਨਸ਼ੀਨ ਪੀਰ ਨੂੰ[275] ਗੁਰੂ ਨਾਨਕਦੇਵ ਪਾਨੀਪਤ ਮਿਲੇ ਹਨ. ਦੇਖੋ, ਪਾਨੀਪਤ.

ਸੇਖਸਾਇ: ਦੇਖੋ, ਸੇਸਸਾਯੀ. "ਸੇਸਨਾਗ ਪਰ ਸੋਇਬੋ ਕਰੈ। ਜਗ ਤਿਹ ਸੇਖਸਾਇ ਉੱਚਰੈ." (ਵਿਚਿਤ੍ਰ)

ਸੇਖ ਕਾਲੰ: ਵੈਸ਼ੇਸ਼ਿਕ- ਅਲੰ. ਕਣਾਦ ਮੁਨਿ ਦਾ ਰਚਿਆ ਸਾਰਾ ਵੈਸ਼ੇਸ਼ਿਕ ਸ਼ਾਸਤ੍ਰ. "ਕਹੂੰ ਬੇਦ ਪਾਤੰਜਲੰ ਸੇਖਕਾਲੰ." (ਗ੍ਯਾਨ)

ਸੇਖ ਚਿਹਲੀ, ਸ਼ੇਖ਼ ਚਿੱਲੀ: ਚਾਲੀ ਦਿਨ ਦਾ ਨਿਰਾਹਾਰ ਵ੍ਰਤ ਕਰਨ ਵਾਲੇ ਅਨੇਕ ਮੁਸਲਮਾਨ ਫਕੀਰ ਇਸ ਨਾਉਂ ਤੋਂ ਪ੍ਰਸਿੱਧ ਹਨ. ਇੱਕ ਮਹਾਤਮਾ ਅਟਕ ਦੇ ਜ਼ਿਲੇ ਹੋਇਆ ਹੈ. ਦੂਜਾ ਬਨੂੜ ਦੇ ਰਹਿਣ ਵਾਲਾ ਅਬਦੁਲ ਕਾਦਿਰ ਪ੍ਰਤਾਪੀ ਸਾਧੂ ਹੋਇਆ ਹੈ. ਜਿਸ ਦਾ ਮਕਬਰਾ ਥਨੇਸਰ ਸਨ ੧੨੭੧ਵਿੱਚ ਬਣਿਆ ਹੈ. ਇਹ ਵਡਾ ਮਸਤਾਨਾ ਅਤੇ ਵਿਲਾਸੀ ਸੀ. ਅਨੇਕ ਕਹਾਣੀਆਂ ਬੈਠਾ ਹੀ ਘੜ ਲੈਂਦਾ ਜਿਨ੍ਹਾਂ ਤੋਂ ਲੋਕਾਂ ਨੂੰ ਹਾਸੀ ਆਉਂਦੀ, ਪਰ ਭਾਵ ਸਭ ਦਾ ਉੱਤਮ ਸਿਖ੍ਯਾ ਭਰਿਆ ਹੋਇਆ ਕਰਦਾ। ੨. ਅੱਜਕਲ ਮੁਹਾਵਰੇ ਵਿੱਚ ਸ਼ੇਖ਼ਚਿੱਲੀ ਉਸ ਨੂੰ ਆਖਦੇ ਹਨ, ਜੋ ਵਿਚਾਰ ਤੋਂ ਉਲਟ ਅੰਦਾਜੇ ਅਤੇ ਮਨੋਰਾਜ ਦੇ ਅਡੰਬਰ ਰਚੇ.

ਸੇਖਨਾਗ: ਦੇਖੋ, ਸੇਸਨਾਗ.

ਸੇਖਨਾਗਿ: ਸ਼ੇਸ਼ਨਾਗ ਨੇ. "ਸੇਖਨਾਗਿ ਤੇਰੋ ਮਰਮ ਨ ਜਾਨਾ." (ਧਨਾ ਕਬੀਰ)

ਸੇਖ ਫਰੀਦ: ਦੇਖੋ, ਫਰੀਦ.

ਸੇਖ ਬ੍ਰਹਮ: شیخ ابراہیم ਸ਼ੇਖ਼ ਇਬਰਾਹੀਮ. ਦੇਖੋ, ਫਰੀਦ. "ਸੇਖ ਫਰੀਦ ਪਟਨ ਹੈ ਜਹਿਂਵਾ। ਸੇਖ ਬ੍ਰਹਮ ਤਬ ਬਸ ਹੀ ਤਹਿਂਵਾ।।" (ਨਾਪ੍ਰ)

ਸੇਖ ਮੁਹੰਮਦ ਮੋਹਸਨ: ਦੇਖੋ, ਦਬਿਸਤਾਨੇ ਮਜਾਹਬ.

ਸੇਖ ਮੁਬਾਰਕ: ਦੇਖੋ, ਅੱਬੁਲਫਜਲ.

ਸੇਖਰ: ਸੰ. शेखर ਸ਼ੇਖਰ. ਸੰਗ੍ਯਾ- ਸ਼ਿਖਰ (ਸਿਰ) ਨਾਲ ਹੈ ਜਿਸ ਦਾ ਸੰਬੰਧ. ਮੁਕੁਟ. ਤਾਜ. "ਸੇਖਰ ਸੋਹਿ ਲਿਲਾਰ ਉਦਾਰ ਕੇ." (ਨਾਪ੍ਰ) ੨. ਜੂੜਾ. ਚੋਟੀ। ੩. ਇੱਕ ਕਵਿ, ਜਿਸ ਦਾ ਨਾਉਂ ਚੰਦ੍ਰ ਸ਼ੇਖਰ ਹੈ. ਇਹ ਪਟਿਆਲਾਪਤਿ ਮਹਾਰਾਜਾ ਨਰੇਂਦ੍ਰ ਸਿੰਘ ਜੀ ਦੇ ਦਰਬਾਰ ਦਾ ਭੂਸ਼ਣ ਸੀ. ਇਸ ਦਾ ਜਨਮ ਸਨ ੧੭੯੯ ਅਤੇ ਦੇਹਾਂਤ ੧੮੭੫ ਨੂੰ ਹੋਇਆ. ਇਸ ਕਵੀ ਨੇ ਕਈ ਉੱਤਮ ਗ੍ਰੰਥ ਲਿਖੇ ਹਨ. ਗੁਰੁਮਹਿਮਾ ਪੁਰ ਲਿਖੀ ਕਵਿਤਾ ਵਿੱਚੋਂ ਗੁਰੁਪਚਾਸਾ ਮਨੋਹਰ ਕਾਵ੍ਯ ਹੈ, ਜਿਸ ਦੇ ਕੁਝ ਛੰਦ ਇਹ ਹਨ-

ਜਪ ਤਪ ਜੋਗ ਜੱਗ ਜਜਨ ਕਰਤ ਜੇਤੇ

---

[274] ਹਿੰਦੂਓਂ ਮੁਸਲਮਾਨ ਹੋਏ ਨੂੰ ਸ਼ੇਖ ਭੀ ਆਮ ਆਖੀਦਾ ਹੈ.

[275] ਪ੍ਰਸਿੱਧ ਪੀਰਾਂ ਦੇ ਚੇਲੇ ਅਤੇ ਜਾਨਸ਼ੀਨ ਆਪਣੇ ਮੁਰਸ਼ਿਦਾਂ ਦੇ ਨਾਉਂ ਤੋਂ ਬੁਲਾਏ ਜਾਂਦੇ ਸਨ. ਇਸ ਲਈ ਕਈ ਸਾਖੀਆਂ ਵਿੱਚ ਸਤਿਗੁਰੂ ਜੀ ਦੀ ਗੋਸ਼੍ਟਿ ਸ਼ੇਖ ਸ਼ਰਫ ਨਾਲ ਹੀ ਲਿਖੀ ਹੈ.

ਜੁਗਨ ਪ੍ਰਮਾਨ ਤੇਤੇ ਸਾਧਨ ਕਰਨ ਹੈਂ,
ਸਿੱਧ ਹੋਤ ਕੋਈ ਕਾਲ ਪਾਯਕੈ ਪ੍ਰਸਿੱਧ ਹੋਤ
ਰਿੱਧਿ ਕੀ ਸਮ੍ਰਿੱਧਿ ਹੋਤ ਕਾਹੂੰ ਕੇ ਘਰਨ ਹੈਂ,
ਸ਼ੇਖਰ ਅਸੇਖ ਕਲਿਕਲੁਖ ਨਸਾਯਬੇ ਕੋ
ਮੁਕ੍ਤਿ ਬਤਾਯਬੇ ਕੋ ਔਢਰ ਢਰਨ ਹੈਂ,
ਸੰਤਨ ਸ਼ਰਨ ਸਾਚੇ ਮਮਤਾ ਹਰਨ ਏਈ
ਗੁਰੁਦੇਵ ਨਾਨਕ ਕੇ ਪੰਕਜ ਚਰਨ ਹੈਂ
ਪੂਰਨ ਪ੍ਰਤਾਪ ਪੁੰਜ ਸਰਦ ਸੁਧਾਕਰ ਜੋ
ਮੰਦ ਮੰਦ ਹਾਸ ਚੰਦ੍ਰਿਕਾ ਤੇ ਚਾਰੁ ਸਰਸੈ,
ਕੁੰਦ ਦੀ ਕਲੀ ਸੀ ਦਸਨਾਵਲੀ ਅਨੂਪ ਲਸੈ
ਲੋਚਨ ਵਿਸਾਲ ਕੰਜ ਮੰਜੁਤਾਈ ਪਰਸੈ,
ਬਾਨੀ ਕੋ ਸਦਨ ਕਵਿ ਸ਼ੇਖਰ ਪ੍ਰਸੰਨ ਸਦਾ
ਸਰਸ ਸੁਧਾ ਤੇ ਬੈਨ ਮਕਰੰਦ ਬਰਸੈ,
ਬਰਦ ਬਿਨੋਦ ਭਰਯੋ ਵਿਸ਼੍ਵ ਕੋ ਦਰਦ ਹਰ
ਸ਼੍ਰੀ ਗੋਬਿੰਦ ਸਿੰਘ ਕੋ ਮੁਖਾਰਬਿੰਦ ਦਰਸੈ.
ਅਮਲ ਅਸ਼ਿਤ ਖਲ ਦਲਨ ਦਲਨ ਦੁਤਿ
ਮਲਿਨ ਕਰਤ ਸਸਿ ਪਰਿਵੇਖ ਲਾਜੈ ਹੈ,
ਚਿਤ੍ਰਿਤ ਵਿਚਿਤ੍ਰ ਹੇਮ ਹੀਰਨ ਜਟਿਤ ਆਰ
ਧਾਰ ਅਤਿ ਤੀਖੀ ਉਗ੍ਰ ਸਾਨ ਧਰ ਸਾਜੈ ਹੈ,
ਸ਼ੇਖਰ ਗੋਬਿੰਦ ਕੈਸੋਆਯੁਧ ਅਮੋਘ, ਕਰ
ਸ਼੍ਰੀ ਗੋਬਿੰਦ ਸਿੰਘ ਜੂ ਕੇ ਚਕ੍ਰ ਛਬਿ ਛਾਜੈ ਹੈ,
ਲੋਕ ਤਮ ਹਰਨ ਮਯੂਖਨ ਸਮੇਤ ਮਾਨੋ
ਕਮਲ ਸਨਾਲ ਪੈ ਪ੍ਰਭਾਕਰ ਵਿਰਾਜੈ ਹੈ.
ਗਜਾਨਿਨ ਕੋ ਗਜਾਨ ਯੋਗਧਜਾਨ ਦੀਨੇ ਧਜਾਨਿਨ ਕੋ
ਭਕ੍ਤਨ ਕੋ ਦੀਨੀ ਭਕ੍ਤਿ ਪੂਰਨ ਵਿਧਾਨ ਕੀ,
ਯਾਚਕਨ ਗ੍ਰਾਮ ਦੀਨੇ ਮੁਲਕ ਆਰਾਮ ਦੀਨੇ
ਦੀਨੀ ਪਾਤਸ਼ਾਹੀ ਪਾਤਸ਼ਾਹਨ ਪ੍ਰਮਾਨ ਕੀ,
ਸ਼ੇਖਰ ਰਜਤ ਹੇਮ ਹਾਥੀ ਹਯ ਹੀਰਾ ਹਾਰ

ਦੀਨੇ ਕਵਿ ਲੋਗਨ ਵਧਾਈ ਯਸ ਗਾਨ ਕੀ,

ਸਾਚੇ ਪਾਤਸ਼ਾਹ ਸ਼੍ਰੀ ਗੋਬਿੰਦ ਸਿੰਘ ਗੁਰੂ ਜੂ ਕੀ

ਦੇਖ ਦਾਨ ਧਾਰਾ ਭੂਲੀ ਮਤਿ ਮਘਵਾਨ ਕੀ.

ਸੇਖੜ, ਸੇਖੜੀ: ਇੱਕ ਖਤ੍ਰੀ ਜਾਤਿ. "ਸੇਖੜ ਸਾਧ ਵਖਾਣੀਅਹਿ." (ਭਾਗੁ)

ਸੇਖਾ: ਰਾਜ ਪਟਿਆਲਾ. ਨਜਾਮਤ ਬਰਨਾਲਾ ਵਿੱਚ ਇੱਕ ਪਿੰਡ, ਜੋ ਮੂਲੋਵਾਲ ਤੋਂ ਪੰਜ ਕੋਹ ਪੱਛਮ ਹੈ ਅਤੇ ਰੇਲਵੇ ਸਟੇਸ਼ਨ ਸੇਖੇ ਤੋਂ ਇੱਕ ਮੀਲ ਦੱਖਣ ਹੈ. ਇਸ ਥਾਂ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦੇ ਦੋ ਗੁਰਦ੍ਵਾਰੇ ਹਨ. ਪਿੰਡ ਤੋਂ ਪੂਰਵ ਵੱਲ ਇੱਕ ਫਰਲਾਂਗ ਦੇ ਕਰੀਬ, ਜਿੱਥੇ ਗੁਰੂ ਸਾਹਿਬ ਨੇ ਡੇਰਾ ਕੀਤਾ. ਇਸ ਨਾਲ ਰਿਆਸਤ ਪਟਿਆਲੇ ਵੱਲੋਂ ਚਾਰ ਹਲ ਦੀ ਜ਼ਮੀਨ ਹੈ. ਪਿੰਡ ਤੋਂ ਪੱਛਮ ਵੱਲ ਕਰੀਬ ਅੱਧ ਮੀਲ ਤੇ ਕੇਵਲ ਮੰਜੀ ਸਾਹਿਬ ਹੈ. ਇਸ ਥਾਂ ਗੁਰੂ ਸਾਹਿਬ ਇੱਕ ਮਾਈ ਦਾ ਪ੍ਰੇਮ ਦੇਖਕੇ ਦੁੱਧ ਛਕਣ ਠਹਿਰ ਗਏ ਸਨ. ਇਸ ਗੁਰਦ੍ਵਾਰੇ ਨਾਲ ਰਿਆਸਤ ਵੱਲੋਂ ਦੋ ਹਲ ਦੀ ਜ਼ਮੀਨ ਹੈ। ੨. ਸ਼ੇਖ਼ ਨੂੰ ਸੰਬੋਧਨ. "ਸੇਖਾ! ਅੰਦਰਹੁ ਜੋਰੁ ਛਡਿ." (ਵਾਰ ਬਿਹਾ ਮ: ੩) ੩. ਸੰ. ਸ਼ੇਸ਼. ਨਤੀਜਾ. ਫਲ. ਪਰਿਣਾਮ. "ਕਹਿਤ ਸੁਨਤ ਕਿਛੁ ਸਾਂਤਿ ਨ ਉਪਜਤ, ਬਿਨ ਵਿਚਾਰ ਕਿਆ ਸੇਖਾ?" (ਸਾਰ ਮ: ੫) ੪. ਸੰ. ਸ਼ੇਸ਼ਾ. ਦੇਵਤਾ ਨੂੰ ਚੜ੍ਹਾਈ ਹੋਈ ਵਸਤੁ. ਭੇਟ. ਪੂਜਾ.

ਸੇਖੀ: ਫ਼ਾ. شیخی ਸ਼ੇਖ਼ੀ ਸੰਗਯਾ- ਬਜ਼ੁਰਗੀ ਜਾਹਿਰ ਕਰਨ ਦੀ ਕ੍ਰਿਯਾ. ਫੜ. ਆਕੜ.

ਸੇਖੂਪੁਰਾ: ਪੰਜਾਬ ਦਾ ਇੱਕ ਜ਼ਿਲਾ, ਜਿਸ ਵਿੱਚ ਹੁਣ ਨਾਨਕਿਆਣਾ ਸਾਹਿਬ ਹੈ. ਬਾਦਸ਼ਾਹ ਜਹਾਂਗੀਰ ਨੇ ਇਹ ਥਾਂ ਸ਼ਿਕਾਰ ਲਈ ਪਸੰਦ ਕੀਤੀ ਸੀ ਅਰ ਛੋਟਾ ਪਿੰਡ "ਜਹਾਂਗੀਰਾਬਾਦ" ਨਾਉਂ ਤੋਂ ਵਸਾਇਆ ਸੀ. ਉਸ ਸਮੇਂ ਦੀਆਂ ਇਮਾਰਤਾਂ ਦੇ ਚਿੰਨ੍ਹ ਹੁਣ ਭੀ ਦੇਖੇ ਜਾਂਦੇ ਹਨ.[276] ਦੇਖੋ, ਖੁਸਾਲ ਸਿੰਘ.

ਸੇਖੋਂ: ਇੱਕ ਜੱਟ ਗੋਤ.

ਸੇਖੋਂਪੁਰ: ਦੇਖੋ, ਸੱਚਨ ਸੱਚ ੨.

ਸੇਘ: ਸਿੰਧੀ. ਸੰਗਯਾ- ਸ਼ੀਘ੍ਰਤਾ. ਫੁਰਤੀ.

ਸੇਂਘ: ਸੰ. ਸੈਂਹ ਵਿ- ਸਿੰਹ (ਸ਼ੇਰ) ਨਾਲ ਹੈ ਇਸ ਦਾ ਸੰਬੰਧ. ਸ਼ੇਰ ਦਾ। ੨. ਸਿੰਹ ਜੇਹਾ. ਭਾਵ- ਸ਼ੂਰਵੀਰ. ਬਹਾਦੁਰ. "ਜੈਸੇ ਪਾਲਨ ਸਰਨ ਸੇਂਘ." (ਮਾਲੀ ਮ: ੫) ੩. ਦੇਖੋ, ਸੇਘ.

ਸੇਚਨ, ਸੇਚਨਾ: ਸੰ. ਸੰਗਯਾ- ਸਿੰਜਣ ਦੀ ਕ੍ਰਿਯਾ. ਪਾਣੀ ਦੇਣਾ। ੨. ਛਿੜਕਣਾ। ੩. ਗਿੱਲਾ ਕਰਨਾ। ੪. ਸਿੰਜਣ ਦਾ ਬਰਤਨ. ਬਾਲਟੀ ਝਰਨ ਆਦਿਕ.

ਸੇਜ: ਸੰ. शय्या ਸ਼ੱਯਾ. ਸੰਗਯਾ- ਸੌਣ ਦਾ ਬਿਸਤਰ. ਪਲੰਘ. ਛੇਜ. "ਸੇਜ ਸੋਹਨੀ ਚੰਦਨ ਚੋਆ." (ਸੋਰ ਅ: ਮ: ੫)

ਸੇਜਬੰਦ: ਸੰਗਯਾ- ਸ਼ੱਯਾ ਦੇ ਵਸਤ੍ਰ ਬੰਨ੍ਹਣ ਦਾ ਡੋਰਾ. ਪਲੰਘ ਦੇ ਵਿਛਾਉਣੇ ਨੂੰ ਪਾਵਿਆਂ ਦੇ ਸਿਰੇ ਨਾਲ ਕਸਕੇ ਬੰਨ੍ਹਣ ਦੀ ਸੂਤ ਰੇਸ਼ਮ ਆਦਿ ਦੀ ਰੱਸੀ. "ਸੇਜ ਬੰਦ ਗੁੰਫੇ ਬਡ ਜਰੀ." (ਗੁਪ੍ਰਸੂ)

ਸੇਜਰੀ, ਸੇਜਰੀਆ: ਦੇਖੋ, ਸੇਜ ਅਤੇ ਸੇਜਾ. "ਤਉ ਮੇਰੀ ਸੂਖ ਸੇਜਰੀਆ." (ਸਾਰ ਮ: ੫)

ਸੇਜ ਵਾਲੂਆ: ਸੰਗਯਾ- ਸੇਜਬੰਦ. "ਬਾਸਕੁ ਸੇਜ ਵਾਲੂਆ." (ਮਲਾ ਨਾਮਦੇਵ) ਵਾਸੁਕਿ ਨਾਗ ਸੇਜਬੰਦ ਰੂਪ ਹੈ.

ਸੇਜੜੀ, ਸੇਜਾ: ਸੰ. ਸ਼ੱਯਾ. ਪਲੰਘ. "ਸੇਜਾ ਸੁਹਾਵੀ ਸੰਗਿ ਪ੍ਰਭ ਕੈ." (ਬਿਹਾ ਛੰਤ ਮ: ੫) "ਨਾ ਮਾਣੇ ਸੁਖ ਸੇਜੜੀ, ਬਿਨੁ ਪਿਰ ਬਾਦ ਸੀਗਾਰੁ." (ਸ੍ਰੀ ਅ: ਮ: ੧)

---

[276] ਕਈ ਆਖਦੇ ਹਨ ਕਿ ਜਹਾਂਗੀਰ ਦੇ ਘਰ ਦਾ ਨਾਉਂ "ਸ਼ੇਖੂ" ਸੀ, ਜੋ ਮਾਂ ਬਾਪ ਤੋਂ ਬੁਲਾਇਆ ਜਾਂਦਾ ਸੀ. ਇਸ ਲਈ ਪਿੰਡ ਦਾ ਨਾਉਂ ਸ਼ੇਖੂਪੁਰਾ ਹੈ।

**ਸੇਠ:** ਸੰ. ਸ਼੍ਰੇਸ਼੍ਠ. ਵਿ- ਉੱਤਮ। ੨. ਧਨੀ। ੩. ਸੰਗਜ੍ਞਾ- ਸ਼ਾਹੂਕਾਰ। ੪. ਮਾਰਵਾੜੀ ਅਤੇ ਪਾਰਸੀ ਧਨਵਾਨਾ ਦੀ ਇਹ ਖਾਸ ਪਦਵੀ ਹੈ.

**ਸੇਠਾ:** ਚੂਹਣੀਆਂ ਦਾ ਵਸਨੀਕ ਇੱਕ ਅਰੋੜਾ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋ ਕੇ ਪਰਮਪਦ ਦਾ ਅਧਿਕਾਰੀ ਹੋਇਆ.

**ਸੇਠੀ:** ਖੁਖਰਾਣ ਖਤ੍ਰੀਆਂ ਦੀ ਇੱਕ ਜਾਤੀ. "ਲਾਲਾ ਸੇਠੀ ਜਾਣੀਐ." (ਭਾਗੁ) ੨. ਅਰੋੜਿਆਂ ਦੀ ਇੱਕ ਜਾਤੀ। ੩. ਸੇਠ ਦੀ ਕ੍ਰਿਯਾ. ਸ਼ਾਹੂਕਾਰੀ. ਦੇਖੋ, ਸੇਠ.

**ਸੇਣਿ:** ਸੰ. ਸ਼੍ਰੇਣਿ. ਸੰਗਜ੍ਞਾ- ਪੰਕਤਿ. ਕਤਾਰ.

**ਸੇਣੁ:** ਦੇਖੋ, ਸੈਣ ੨.

**ਸੇਤ:** ਸੰ. ਸ਼੍ਵੇਤ. ਵਿ- ਚਿੱਟਾ. ਸਫੇਦ. "ਸਿਆਹਉ ਹੋਆ ਸੇਤ." (ਬਾਰਹਮਾਹਾ ਮਾਝ) ਭਾਵ- ਜੁਆਨ ਤੋਂ ਬੁੱਢਾ ਹੋ ਗਿਆ. ਦੇਖੋ, ਸ੍ਵਿਤ। ੨. ਸਹਿਤ. ਸਾਥ. ਨਾਲ. "ਪ੍ਰਭ ਕੀ ਦਰਗਹ ਸੋਭਾ ਸੇਤ." (ਗਉ ਮਃ ੫) ੩. ਸੰ. ਸ਼ੈਤ੍ਯ. ਸੰਗਜ੍ਞਾ- ਸ਼ੀਤਲਤਾ। ੪. ਸ਼ਾਂਤਿ ਭਾਵ. "ਗਾਰ ਦੈਨ ਹਾਰੀ ਬੋਲਹਾਰੀ ਡਾਰੀ ਸੇਤ ਕੋ." (ਭਾਗੁ ਕ) ਗਾਲੀ ਦੇਣ ਵਾਲੀ ਕਲਹਿਨੀ ਸ਼ਾਂਤ ਭਾਵ ਤਿਆਗ ਦਿੰਦੀ ਹੈ। ੫. ਦੇਖੋ, ਸੇਤੁ। ਸੇਤਜ (ਸ੍ਵੇਦਜ਼) ਦਾ ਸੰਖੇਪ. "ਉਤਭੁਜ ਸੇਤ ਬਿਨਾਧਾ." (ਸਾਰ ਮਃ ੫)

**ਸੇਤ ਅਸੇਤ ਅਜਿਨਾ:** ਸੰਗਜ੍ਞਾ- ਸ਼੍ਵੇਤ (ਚਿੱਟੇ) ਅਤੇ ਅਸ਼੍ਵੇਤ (ਕਾਲੇ) ਅਜਿਨ (ਚਮੜੇ) ਵਾਲਾ ਹਰਿਣ. ਕਾਲਾ ਮ੍ਰਿਗ. (ਸਨਾਮਾ)

**ਸੇਤ ਕੁਸ੍ਰ:** ਦੇਖੋ, ਸ੍ਵੇਤ ਕੁਸ੍ਰ.

**ਸੇਤਜ:** ਸੰ. ਸ੍ਵੇਦਜ. ਵਿ- ਸ੍ਵੇਦ (ਮੁੜ੍ਹਕੇ) ਤੋਂ ਪੈਦਾ ਹੋਏ ਜੂੰ ਆਦਿਕ ਜੀਵਨ। ੨. ਸੰਗਜ੍ਞਾ- ਜੀਵਾਂ ਦੀ ਇੱਕ ਖਾਨਿ, ਜੋ ਜਮੀਨ ਦੀ ਭਾਫ ਅਤੇ ਮੁੜ੍ਹਕੇ ਤੋਂ ਉਪਜਦੀ ਹੈ. Spontaneous generation. "ਅੰਡਜ ਜੇਰਜ ਸੇਤਜ ਉਤਭੁਜ ਤੇਰੇ ਕੀਨੇ ਜੰਤਾ." (ਸੋਰ ਮਃ ੧)

**ਸੇਤਤਾ:** ਸੰ. ਸ਼੍ਵੇਤਤਾ. ਸੰਗਜ੍ਞਾ- ਸਫੇਦੀ. ਚਿਟਿਆਈ.

**ਸੇਤਦੁਤ:** ਡਿੰਗ. ਸੰਗਜ੍ਞਾ- ਚੰਦ੍ਰਮਾ. ਸ਼੍ਵੇਤ ਹੈ ਜਿਸ ਦੀ ਦ੍ਯੁਤਿ (ਚਮਕ). ਸੰ. ਸ਼੍ਵੇਤਦ੍ਯੁਤਿ.

**ਸੇਤਬਰਣ:** ਸ਼੍ਵੇਤਵਰਣ. ਚਿੱਟਾ ਰੰਗ। ੨. ਭਾਵ- ਭੈ- ਭੀਤ. ਜਿਸ ਦੇ ਮੁਖ ਤੋਂ ਸੁਰਖੀ ਉਡ ਗਈ ਹੈ. "ਸੇਤ ਬਰਣ ਸਭ ਦੂਤਾ." (ਗੂਜ ਅਃ ਮਃ ੧) ਸਾਰੇ ਦੁਸ਼੍ਟ ਵਿਕਾਰ ਹੁਣ ਡਰ ਗਏ ਹਨ.

**ਸੇਤਬੰਧ:** ਦੇਖੋ, ਸੇਤੁਬੰਧ.

**ਸੇਤੀ:** ਸਹਿਤ. ਸਾਥ. ਨਾਲ. "ਸੇਤੀ ਖਸਮ ਸਮਾਇ." (ਵਾਰ ਆਸਾ ਮਃ ੨) "ਮਨੁ ਮੇਰਾ ਦਿਆਲੁ ਸੇਤੀ ਥਿਰੁ ਨ ਰਹੈ." (ਆਸਾ ਮਃ ੧) ੨. ਸੇ. ਤੋਂ.

**ਸੇਤੁ:** ਸੰ. ਸੰਗਜ੍ਞਾ- ਪੁਲ. "ਬਾਂਧਿਓ ਸੇਤੁ ਬਿਧਾਤੈ." (ਸਿਧਗੋਸਟਿ)

**ਸੇਤੁਬੰਧ:** ਦੇਖੋ, ਆਦਮ ਅਤੇ ਰਾਮੇਸ਼੍ਵਰ। ੨. ਇੱਕ ਗ੍ਰੰਥ, ਜਿਸ ਵਿੱਚ ਕਸ਼ਮੀਰ ਦੇ ਰਾਜਾ ਪ੍ਰਵਰਸੇਨ ਕਰਕੇ ਜੇਹਲਮ ਪੁਰ ਕਿਸ਼ਤੀਆਂ ਦੇ ਪੁਲ ਬੰਨ੍ਹਣ ਦਾ ਹਾਲ ਲਿਖਿਆ ਹੈ.

**ਸੇਤੁਬੰਧ ਰਾਮੇਸ਼੍ਵਰ:** ਦੇਖੋ, ਆਦਮ ਅਤੇ ਰਾਮੇਸ਼੍ਵਰ.

**ਸੇਤੁਬੰਧੀ:** ਵਿ- ਸੇਤੁਬੰਧ (ਰਾਮੇਸ਼੍ਵਰ) ਦਾ ਨਿਵਾਸੀ.

ਸੇਤੰਬਰ: ਸੰ. ਸ਼੍ਵੇਤ- ਅੰਬਰ। ੨. ਭਾਵ- ਸਤੋਗੁਣ ਹੈ ਪ੍ਰਧਾਨ ਜਿਸ ਵਿੱਚ. ਗਜਾਨਕਾਂਡ ਹੈ ਮੁੱਖ ਜਿਸ ਵਿੱਚ. "ਸਾਮ ਕਹੈ ਸੇਤੰਬਰ ਸੁਆਮੀ." (ਵਾਰ ਆਸਾ) ੩. ਸ਼੍ਵੇਤ (ਚਿੱਟੇ) ਲਿਬਾਸ ਵਾਲਾ, ਹੰਸਾਵਤਾਰ. ਦੇਖੋ, ਹੰਸਾਵਤਾਰ। ੪. ਜੈਨੀਆਂ ਦਾ ਇੱਕ ਫਿਰਕਾ. ਦੇਖੋ, ਜੈਨ.

ਸੇਂਦੁਰ: ਸੰ. ਸਿੰਦੂਰ. ਸੰਗਯਾ- ਸੰਧੂਰ. "ਨ ਸੇਂਦੁਰ ਮਾਂਗ ਸਵਾਰੀ." (ਚਰਿਤ੍ਰ ੩੬੭)

ਸੇਧ: ਸੰਗਯਾ- ਸੀਧ. "ਕਰਹੁ ਸੇਧ ਇਸ ਤਾਰੇ ਦਿਸਿ ਕੇ ਹਮ ਕੋ ਖੋਜਲੇਹੁ ਤਿਤ ਜਾਇ." (ਗੁਪ੍ਰਸੂ) ੨. ਸੰ. ਵਿ- ਡਰਾਇਆ. ਛਿਛਕੇਰਿਆ। ੩. ਸੰਗਯਾ- ਰੁਕਾਵਟ, ਨਿਸ਼ੇਧ.

ਸੇਧਖਾਨਾ: ਫ਼ਾ. صحت خانہ ਸਿਹ਼ਤਖ਼ਾਨਹ. ਸੰਗਯਾ- ਟੱਟੀ. ਜਾਜਰੂਰ.

ਸੇਂਧਰ: ਦੇਖੋ, ਸੇਂਦੁਰ.

ਸੇਂਧਵ: ਦੇਖੋ, ਸੈਂਧਵ.

ਸੇਂਧੁਰ: ਦੇਖੋ, ਸੇਂਦੁਰ. "ਤਿਨ ਸੇਂਧੁਰ ਮਾਂਗ ਦਈ ਸਿਰ ਪੈ." (ਕ੍ਰਿਸਨਾਵ) ਸੰਧੂਰ ਦੀ ਮਾਂਗ ਸਿਰ ਦਿੱਤੀ। ੨. ਦੇਖੋ, ਸਿੰਧੁਰ.

ਸੇਨ: ਸੰ. स्विन्न. ਸ੍ਵਿੰਨ. ਵਿ- ਸ੍ਵੇਦ ਸਹਿਤ ਪਸੀਜਿਆ. "ਜਿਨ ਮਿਲਿਆ ਪਾਥਰ ਸੇਨ." (ਕਾਨ ਮਃ ੪) ਕਠੋਰ ਮਨ ਭੀ ਪਸੀਜ ਗਿਆ। ੨. ਸੰ. शयन- ਸ਼ਯਨ. ਸੰਗਯਾ- ਸੌਣਾ। ੩. ਭਾਵ- ਵਿਸ਼੍ਰਾਮ. ਆਤਮ ਆਨੰਦ ਵਿੱਚ ਲੀਨ ਹੋਣ ਦਾ ਭਾਵ. "ਅਬਿਨਾਸੀ ਸੁਖ ਸੇਨ." (ਰਤਨਮਾਲਾ) ੪. ਸਿਆਣਾ. ਦੇਖੋ, ਅੰ. Sane. ਵਿ- ਸਲੀਮੁਲ ਅਕਲ. ਦਾਨਾ। ੫. ਸੰ. सेन ਪਰਾਧੀਨ.

ਸੇਨਾ: ਸੰ. ਸੰਗਯਾ- ਇੰਦ੍ਰ ਦੀ ਰਾਣੀ। ੨. ਫੌਜ. ਸੰਸਕ੍ਰਿਤ ਗ੍ਰੰਥਾਂ ਵਿੱਚ ਖਾਸ ਖਾਸ ਗਿਣਤੀ ਦੀ ਸੈਨਾ ਦੀ ਜੁਦੀ ਜੁਦੀ ਸੰਗਯਾ ਹੈ. ਯਥਾ- ਇੱਕ ਰਥ, ਇੱਕ ਹਾਥੀ, ਤਿੰਨ ਘੋੜੇ, ਅਰ ਪੰਜ ਪੈਦਲ, ਇਤਨੀ ਸੇਨਾ "ਪੱਤੀ" ਅਖਾਉਂਦੀ ਹੈ. ਤਿੰਨ ਪੱਤੀ ਦਾ ਸੇਨਾਮੁਖ. ਤਿੰਨ ਸੇਨਾਮੁਖ ਦਾ ਗੁਲਮ, ਤਿੰਨ ਗੁਲਮ ਦਾ ਗਣ, ਤਿੰਨ ਗਣ ਦੀ ਵਾਹਿਨੀ, ਤਿੰਨ ਵਾਹਿਨੀ ਦੀ ਪ੍ਰਿਤਨਾ (पृतना ), ਤਿੰਨ ਪ੍ਰਿਤਨਾ ਚਮੂ, ਤਿੰਨ ਚਮੂ ਅਨੀਕਿਨੀ, ਦਸ਼ ਅਨੀਕਿਨੀ ਦੀ ਅਕ੍ਸ਼ੌਹਿਣੀ, ਅਤੇ ਦਸ ਅਕ੍ਸ਼ੌਹਿਣੀ ਦਾ ਸਮੁਦਾਯ "ਬਲ" ਹੁੰਦਾ ਹੈ. ਬਲ ਸੈਨਾ ਦਾ ਸ੍ਵਾਮੀ ਰਥੀ ਸਦਾਉਂਦਾ ਹੈ.

ਸੇਨਾਨਾਥ, ਸੇਨਾਨੀ, ਸੇਨਾਪਤਿ: ਸੰਗਯਾ- ਜੋ ਸੇਨਾ (ਫੌਜ) ਨੂੰ ਚਲਾਵੇ, ਐਸਾ ਅਹੁਦੇਦਾਰ. ਜਨਰਲ. ਸਿਪਹ- ਸਾਲਾਰ. ਫੌਜ ਦਾ ਸ੍ਵਾਮੀ। ੨. ਸ਼ਿਵ- ਪੁਤ੍ਰ ਕਾਰਤਿਕੇਯ.

ਸੇਨਾਮੁਖ: ਦੇਖੋ, ਸੇਨਾ.

ਸੇਬ: ਦੇਖੋ, ਸੇਵ। ੨. ਸੰ. ਸੇਵ੍ਯ. ਵਿ- ਸੇਵਨ ਯੋਗ. ਉਪਾਸਨਾ ਕਰਨ ਲਾਇਕ. "ਪਾਵਹੀ ਨਹਿ ਸੇਬ." (ਅਕਾਲ) ੩. ਫ਼ਾ. سیب ਸੰਗਯਾ- ਸੇਉ. ਦੇਖੋ. ਸੇਉ ੫.

ਸੇਬਰ, ਸੇਬਰਿ: ਦੇਖੋ, ਸਾਲਮਲੀ ਅਤੇ ਸਿੰਮਲ. "ਨਾਲੀਏਰ ਫਲ ਸੇਬਰ ਪਾਕਾ." (ਰਾਮ ਕਬੀਰ) ਦੇਖੋ, ਨਾਲੀਏਰ.

ਸੇਬਾਲ: ਦੇਖੋ, ਸਿਬਾਲ. "ਤੂੰ ਆਪੇ ਵਿਚਿ ਸੇਬਾਲ." (ਵਾਰ ਸ੍ਰੀ ਮਃ ੪)

ਸੇਬਯ: ਦੇਖੋ, ਸੇਵ੍ਯ.

ਸੇਭਿ, ਸੇਭੀ: ਸ- ਅਪਿ. ਵਹ ਭੀ. ਓਹ ਭੀ.

ਸੇਮ: ਫ਼ਾ سوم ਸਿਵੁਮ. ਵਿ- ਸੋਯਮ. ਤੀਜਾ. "ਦੋਮ ਨ ਸੇਮ ਏਕ ਸੋ ਆਹੀ." (ਗਉ ਰਵਿਦਾਸ) ਕਰਤਾਰ ਦੇ ਮੁਕਾਬਲੇ ਨਾ ਦੂਜਾ ਯਾਰ ਹੈ ਨਾ ਤ੍ਰਿਤ੍ਵ (Trinity) ਦਾ ਮਸਲਾ ਹੈ. "ਅਵਲ ਦੋਮ ਨ ਸੇਮ ਖਰਾਬਾ." (ਭਾਗੁ) ਬ੍ਰਹਮਾ ਵਿਸਨੁ ਅਤੇ ਸ਼ਿਵ ਦਾ

ਝਗੜਾ ਨਹੀਂ। ੨. ਸੰ. ਸਿम्बी. ਸਿੰਬੀ. (Bean) ਇੱਕ ਅੰਨ, ਜੋ ਫਲੀਆਂ ਵਿੱਚੋਂ ਨਿਕਲਦਾ ਹੈ. ਇਸ ਦੀ ਦਾਲ ਤਰਕਾਰੀ ਬਣਦੀ ਹੈ. ਇਹ ਵਡਾ ਛੋਟਾ ਅਤੇ ਅਨੇਕ ਰੰਗਾਂ ਦਾ ਹੁੰਦਾ ਹੈ.

ਸੇਮਰ: ਦੇਖੋ, ਸਿੰਮਲ. "ਸੇਮਰ ਫਲ ਜਿਉ ਤਾਹਿ ਬਨਾਉ." (ਨਾਪ੍ਰ)

ਸੇਮੁਖਿ: ਦੇਖੋ, ਸੇਮੁਖੀ. "ਸੇਮੁਖਿ ਜਿਨ ਕਰ ਦਿਯ ਮਮ ਪੂਤਾ." (ਨਾਪ੍ਰ) ਮੇਰੀ ਬੁੱਧੀ ਪਵਿਤ੍ਰ ਕਰ ਦਿੱਤੀ.

ਸੇਮੁਖਿਨੀ: ਸੰਗਜਾ- ਬੁੱਧਿ ਦੇ ਧਾਰਨ ਵਾਲੀ, ਸੈਨਾ। ੨. ਬੁੱਧਿਮਾਨਾਂ ਦਾ ਸਮੁਦਾਯ ਹੈ ਜਿਸ ਵਿੱਚ ਐਸੀ ਫੌਜ. (ਸਨਾਮਾ)

ਸੇਮੁਖੀ: ਸੰ. ਸ਼ੇਮੁਖੀ. ਸੰਗਜਾ- ਬੁੱਧਿ. ਅਕਲ. ਦਾਨਾਈ. "ਸੇਮੁਖੀ ਵਿਸੇਖਾ ਜਾਨੈ ਲੇਖਾ." (ਨਾਪ੍ਰ)

ਸੇਰ: ਸੰ. सेटक ਸੇਟਕ. ਸੰਗਜਾ- ਮਣ ਦਾ ਚਾਲੀਹਵਾਂ ਹਿੱਸਾ. ਚਾਰ ਪਾਉ ਭਰ ਤੋਲ.[277] "ਦੁਇ ਸੇਰ ਮਾਗਉ ਚੂਨਾ." (ਸੋਰ ਕਬੀਰ) ੨. ਫ਼ਾ. شیر ਸ਼ੇਰ. ਸਿੰਘ। ੩. ਵਿ- ਦਿਲੇਰ. ਬਹਾਦੁਰ. "ਬੁਰਿਆਈਆਂ ਹੁਇ ਸੇਰ." (ਵਾਰ ਗੂਜ ੨. ਮਃ ੫)

ਸ਼ੇਰ ਅੰਦਾਮ: ਫ਼ਾ. شیراندام ਵਿ- ਸ਼ੇਰ ਜੇਹੇ ਸ਼ਰੀਰ ਵਾਲਾ.

ਸ਼ੇਰਸ਼ਾਹ: شیرشاہ ਸਹਸਰਾਮ ਦੇ ਜਾਗੀਰਦਾਰ ਹਸਨ ਖਾਨ ਦਾ ਪੁਤ੍ਰ ਅਤੇ ਇਬਰਾਹੀਮ ਖਾਨ ਦਾ ਪੋਤਾ, ਜੋ ਸੂਰਵੰਸ਼ ਦਾ ਪਠਾਣ ਸੀ. ਇਸ ਦਾ ਪਹਿਲਾ ਨਾਉਂ ਫਰੀਦਖਾਨ ਸੀ. ਬਿਹਾਰ ਦੇ ਬਾਦਸ਼ਾਹ ਲੋਹਾਨੀ ਦੀ ਨੌਕਰੀ ਵਿੱਚ ਇੱਕ ਵਾਰ ਫਰੀਦ ਨੇ ਸ਼ੇਰ ਮਾਰਿਆ ਜਿਸ ਤੋਂ ਸ਼ੇਰਖਾਨ ਪਦਵੀ ਮਿਲੀ. ਇਸੇ ਨੇ ਹੁਮਾਯੂੰ ਨੂੰ ਕਨੌਜ ਦੇ ਜੰਗ ਵਿੱਚ ੧੭. ਮਈ (May) ਸਨ ੧੫੪੦ ਨੂੰ ਜਿੱਤਕੇ ਭਾਰਤ ਵਿੱਚੋਂ ਕੱਢ ਦਿੱਤਾ. ਇਹ ੨੫ ਜਨਵਰੀ ਸਨ ੧੫੪੨ ਨੂੰ ਦਿੱਲੀ ਦੇ ਤਖਤ ਪੁਰ ਧੂਮ ਧਾਮ ਨਾਲ ਬੈਠਾ ਅਰ ਆਦਿਲ ਪਦਵੀ ਧਾਰਣ ਕੀਤੀ. ਇਸ ਦਾ ਦੇਹਾਂਤ ੨੪ ਮਈ ਸਨ ੧੫੪੫ ਨੂੰ ਹੋਇਆ. ਸ਼ੇਰਸ਼ਾਹ ਦਾ ਮਕਬਰਾ ਸਹਸਰਾਮ ਵਿੱਚ ਦੇਖਣ ਯੋਗ ਸੁੰਦਰ ਇਮਾਰਤ ਹੈ. ਦੇਖੋ, ਹੁਮਾਯੂੰ.

ਸ਼ੇਰ ਸਿੰਘ: ਦਸ਼ਮੇਸ਼ ਦਾ ਸੈਨਾਨੀ ਜੋ ਆਨੰਦਪੁਰ ਦੇ ਲੋਹਗੜ੍ਹ ਕਿਲੇ ਵਿੱਚ ਮੁਕੱਰਰ ਸੀ. ਇਸ ਨੇ ਵਡੀ ਵੀਰਤਾ ਨਾਲ ਦੁਸ਼ਮਨਾਂ ਨਾਲ ਟਾਕਰਾ ਕੀਤਾ। ੨. ਮਹਾਰਾਣੀ ਮਤਾਬ ਕੌਰ ਦੇ ਉਦਰ ਤੋਂ ਮਹਾਰਾਜਾ ਰਣਜੀਤ ਸਿੰਘ ਦਾ ਪੁਤ੍ਰ, ਜੋ ਸਨ ੧੮੦੭ ਵਿੱਚ ਜਨਮਿਆ ਅਤੇ ਕੌਰ ਨੌਨਿਹਾਲ ਸਿੰਘ ਪਿੱਛੋਂ ੧੮. ਜਨਵਰੀ ਸਨ ੧੮੪੧ ਨੂੰ ਲਹੌਰ ਦੇ ਤਖਤ ਤੇ ਬੈਠਾ, ਅਰ ੧੫. ਸਿਤੰਬਰ ਸਨ ੧੮੪੩ ਨੂੰ ਅਜੀਤ ਸਿੰਘ ਸੰਧਾਵਾਲੀਏ ਦੇ ਹੱਥੋਂ ਬੰਦੂਕ ਨਾਲ ਛਲ ਕਰਕੇ ਸ਼ਾਹ ਬਿਲਾਵਲ ਪਾਸ ਬਾਰਾਂਦਰੀ ਅੰਦਰ ਮਾਰਿਆ ਗਿਆ.

ਸ਼ੇਰਖਾਨ: ਦੇਖੋ, ਸ਼ੇਰ ਸ਼ਾਹ ਅਤੇ ਹੁਮਾਯੂੰ.

ਸ਼ੇਰਗੜ੍ਹ: ਦੇਖੋ, ਗੜ੍ਹ ਸ਼ੇਰ। ੨. ਇੱਕ ਪਿੰਡ, ਜੋ ਜਿਲਾ ਫਿਰੋਜ਼ਪੁਰ, ਤਸੀਲ ਥਾਣਾ ਜਲਾਲਾਬਾਦ ਵਿੱਚ ਹੈ. ਰੇਲਵੇ ਸਟੇਸ਼ਨ ਜਲਾਲਾਬਾਦ ਤੋਂ ਉੱਤਰ ਵੱਲ ਪੰਜ ਛੀ ਮੀਲ ਹੈ. ਇਸ ਪਿੰਡ ਤੋਂ ਪੂਰਵ ਵੱਲ ਸਮੀਪ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਟਾਲ੍ਹੀਆਂ ਫੱਤੂ ਸੰਮੂ ਕੀਆਂ ਪਾਸ ਗੁਰੁਦ੍ਵਾਰਾ ਹੈ. ਜਦੋਂ ਗੁਰੂ ਜੀ ਇੱਥੇ ਆਏ ਤਾਂ ਇੱਥੋਂ ਦੇ ਫੱਤੂ ਅਰ ਸੰਮੂ ਡੋਗਰਾਂ ਨੇ ਗੁਰੂ ਜੀ ਦੀ ਭੇਟਾ ਲੁੰਗੀ ਅਤੇ ਖੇਸ ਕੀਤਾ, ਜੋ ਇਸ ਇਲਾਕੇ ਦੀ ਸੁਗਾਤ ਮੰਨੇ ਜਾਂਦੇ ਸਨ. ਮੰਜੀ ਸਾਹਿਬ ਬਣਿਆ ਹੋਇਆ ਹੈ ਨਾਲ ੯੫ ਘੁਮਾਉਂ ਜ਼ਮੀਨ ਸੀ, ਜਿਸ ਵਿੱਚੋਂ ਹੁਣ ੩੦ ਘੁਮਾਉਂ ਬਾਕੀ ਹੈ. ਅਕਾਲੀ ਸਿੰਘ ਸੇਵਾਦਾਰ ਹਨ.

ਸ਼ੇਰਗਿੱਲ: ਇੱਕ ਜੱਟ ਜਾਤਿ, ਜਿਸ ਵਿੱਚੋਂ ਮਜੀਠੇ ਅਤੇ ਨੌਸ਼ਹਰੇ (ਜ਼ਿਲਾ ਅੰਮ੍ਰਿਤਸਰ) ਦੇ ਸਰਦਾਰ ਹਨ.

ਸ਼ੇਰਦਿਲ: ਫ਼ਾ. شیردل ਵਿ- ਸ਼ੇਰ ਜੇਹੇ ਦਿਲ ਵਾਲਾ. ਬਹਾਦੁਰ.

ਸ਼ੇਰਦ੍ਰਿਸ਼੍ਟਿ: ਸੰਗਜਾ- ਸਿੰਹਾਦ੍ਰਿਸ਼੍ਟਿ. ਸ਼ੇਰ ਦੀ ਨਜ਼ਰ. "ਕੂਕਰਦ੍ਰਿਸ੍ਰਿ ਨ ਕਬਿ ਮਨ ਧਰਨੀ। ਸ਼ੇਰਦ੍ਰਿਸ੍ਰਿ ਗੁਰਮੁਖ ਹ੍ਵੈ. ਕਰਨੀ।।" (ਨਾਪ੍ਰ) ਕੁੱਤਾ ਲਾਠੀ ਅਤੇ ਢੀਮ ਨੂੰ ਦੰਦੀਆਂ ਵੱਢਦਾ ਹੈ. ਸ਼ੇਰ ਸ਼ਸਤ੍ਰ ਨੂੰ ਕੁਝ ਨਹੀਂ ਆਖਦਾ, ਕਿੰਤੂ ਮਾਰਨ ਵਾਲੇ ਤੇ ਨਜਰ

[277] ਸੇਰ ਮਣ ਆਦਿਕ ਤੋਲ ਸਮੇਂ ਦੇ ਗੇੜ ਨਾਲ ਬਦਲਦੇ ਰਹੇ ਹਨ. ਕਬੀਰ ਜੀ ਵੇਲੇ ੮੦ ਤੋਲੇ. ਦਾ ਸੇਰ ਨਹੀ ਸੀ. ਇਸ ਵੇਲੇ ਭੀ ਪੰਜਾਬ

ਰਖਦਾ ਹੈ. ਤੈਸੇ ਅਗ੍ਯਾਨੀ ਲੋਕ ਜੀਵਾਂ ਨੂੰ ਸੁਖ ਦੁਖ ਦਾਤਾ ਜਾਣਕੇ ਲੜਦੇ ਭਿੜਦੇ ਹਨ, ਪਰ ਗੁਰੁਮੁਖ ਕਰਮਾਂ ਪੁਰ ਨਜਰ ਰਖਦੇ ਹਨ, ਜਿਨ੍ਹਾਂ ਦੇ ਅਧੀਨ ਸਾਰੇ ਚੇਸ਼੍ਟਾ ਕਰ ਰਹੇ ਹਨ.

ਸ਼ੇਰ ਨਰ: ਫ਼ਾ. شیرنر ਵਿ- ਨਰ ਸ਼ੇਰ। ੨. ਬਹਾਦੁਰ ਸ਼ੇਰ। ੩. ਬਲਵਾਨ ਸ਼ੇਰ। ੪. ਸ਼ੇਰ ਜੇਹਾ ਮਨੁੱਖ.

ਸ਼ੇਰਨਿ, ਸ਼ੇਰਨੀ: ਸਿੰਹਿਨੀ. ਸ਼ੇਰਣੀ. ਸਿੰਹੀ. ਸਿੰਘਣੀ. "ਮ੍ਰਿਗਨ ਵਿਕਾਰ ਬ੍ਰਿੰਦ ਕੋ ਸੇਰਨਿ." (ਗੁਪ੍ਰਸੂ)

ਸ਼ੇਰ ਪੰਜਾਬ: ਮਹਾਰਾਜਾ ਰਣਜੀਤ ਸਿੰਘ ਦੀ ਪਦਵੀ.

ਸ਼ੇਰਬਚਾ: ਸੰਗਯਾ- ਇੱਕ ਪ੍ਰਕਾਰ ਦੀ ਛੋਟੀ ਤੋਪ, ਜਿਸ ਦੇ ਮੁੱਖ ਉੱਪਰ ਸ਼ੇਰ ਦਾ ਆਕਾਰ ਹੁੰਦਾ ਹੈ. ਇਸ ਦਾ ਨਾਉਂ ਬਾਘਬਚਾ ਭੀ ਹੈ। ੨. ਖਾਲਸੇ ਦਾ ਬਾਲਕ. ਭੁਜੰਗੀ.

ਸ਼ੇਰ ਮੁਹੰਮਦ ਖਾਨ: ਇਹ ਮਲੇਰੀਆ ਪਠਾਣ ਚਮਕੌਰ ਦੇ ਜੰਗ ਵਿੱਚ ਦਸ਼ਮੇਸ਼ ਨਾਲ ਲੜਨ ਲਈ ਵਜ਼ੀਰਖਾਨ ਦੀ ਸੈਨਾ ਨਾਲ ਸੀ. ਇਸ ਦਾ ਸਕਾ ਭਾਈ ਖਿਜਰ ਖਾਨ, ਜਿਸ ਨੂੰ ਦਸ਼ਮੇਸ਼ ਨੇ ਜਫਰਨਾਮੇ ਵਿੱਚ ਖ੍ਵਾਜਾ ਮਰਦੂਦ ਲਿਖਿਆ ਹੈ ਕੰਧ ਓਲ੍ਹੇ ਲੁਕਕੇ ਗੁਰੁ ਸਾਹਿਬ ਦੇ ਤੀਰ ਤੋਂ ਬਚਿਆ ਸੀ. ਸ਼ੇਰ ਮੁਹੰਮਦ ਸੰਮਤ ੧੭੬੭ ਵਿੱਚ ਸਰਹੰਦ ਦੀ ਲੜਾਈ ਵਿੱਚ ਸਿੰਘਾਂ ਦੇ ਹੱਥੋਂ ਮਾਰਿਆ ਗਿਆ.

ਸ਼ੇਰ ਮੁੱਛ, ਸ਼ੇਰ ਮੂਛ: ਸ਼ੇਰ ਦੀ ਮੁੱਛ. ਪੁਰਾਣੇ ਸਮੇਂ ਈਰਖਾ ਕਰਨ ਵਾਲੇ ਲੋਕ, ਸ਼ੇਰ ਦੀ ਮੁੱਛ ਕਤਰਕੇ ਖਾਣੇ ਵਿੱਚ ਮਿਲਾਕੇ ਵੈਰੀ ਨੂੰ ਖਵਾ ਦਿੰਦੇ ਸਨ, ਅਰ ਖਿਆਲ ਕੀਤਾ ਜਾਂਦਾ ਸੀ ਕਿ ਇਹ ਮੇਦੇ ਵਿੱਚ ਜਾਕੇ ਐਸੇ ਜਖਮ ਕਰਦੀ ਹੈ, ਜੋ ਮੌਤ ਦਾ ਕਾਰਣ ਹੁੰਦੇ ਹਨ. ਔਰੰਗਜ਼ੇਬ ਨੇ ਦਾਰਾਸ਼ਿਕੋਹ ਨੂੰ ਇੱਕ ਵੇਰ ਸ਼ੇਰ ਦੀ ਮੁੱਛ ਚਾਉਲਾਂ ਵਿੱਚ ਮਿਲਾਕੇ ਖਵਾਈ ਸੀ. "ਸੇਰ ਮੂਛ ਕਤਰਾਯਕੈ ਚਾਵਰ ਮਹਿ ਪਾਈ. " (ਗੁਪ੍ਰਸੂ) ਸ਼੍ਰੀ ਗੁਰ ਹਰਿਰਾਇ ਸਾਹਿਬ ਜੀ ਦੀ ਕ੍ਰਿਪਾ ਨਾਲ ਦਾਰਾਸ਼ਿਕੋਹ ਦੀ ਜਾਨ ਬਚੀ ਸੀ.

ਸੇਰਵਾ: ਸ਼ਿਰ- ਪਾਦ. ਸਿਰ ਅਤੇ ਪੈਰਾਂ ਵੱਲ ਦਾ ਮੰਜੇ ਦਾ ਡੰਡਾ.

ਸੇਰੀਣ: ਦੇਖੋ, ਸਰੀਣ. "ਕੇਤੜਿਆਂ ਸੇਰੀਣ ਵਿਲਾਹੀ." (ਭਾਗੁ)

ਸੇਰੁ: ਦੇਖੋ, ਸੇਰ.

ਸ਼ੇਰੇ ਜਯਾਂ: ਫ਼ਾ. ਵਿ- ਕ੍ਰੋਧੀ ਸ਼ੇਰ. ਗਜਬੀ ਸ਼ੇਰ. ਦੇਖੋ, ਜਿਆਂ ੨.

ਸੇਲ: ਸੰਗਯਾ- ਸੁਧ. ਖਬਰ. ਦੇਖੋ, ਸੇਲੁ ੨. ਦੇਖੋ, ਸੇਲਾ. ਨੇਜਾ. "ਚੋਟ ਸੁਹੇਲੀ ਸੇਲ ਕੀ." (ਸ. ਕਬੀਰ)

ਸੇਲਮਸੇਲ: ਅ਼. سلم ਸਲਮ. ਬੰਨ੍ਹਣਾ, ਫ਼ਾ. سُوُل ਸੂਲ. ਖੁਰ. "ਨਾਮਾ ਪ੍ਰਣਵੈ ਸੇਲਮਸੇਲ। ਗਊ ਦੁਹਾਈ ਬਛਰਾ ਮੇਲ।।" (ਭੈਰ) ਰੱਸੀ (ਨਿਆਣੇ) ਨਾਲ ਖੁਰ (ਪਿਛਲੇ ਪੈਰ) ਬੰਨ੍ਹਕੇ.[278]

ਸੇਲਾ: ਸੰਗਯਾ- ਸ਼ੂਲ. ਨੇਜਾ. ਭਾਲਾ. ਬਰਛਾ.

ਸੇਲਾਬ: ਫ਼ਾ. سیلاب ਪਾਣੀ ਦਾ ਹੜ। ੨. ਨਮੀ. ਤਰੀ. ਗਿੱਲ.

ਸੇਲੀ: ਸੰਗਯਾ- ਸਿਆਹ ਉੱਨ ਅਥਵਾ ਰੇਸ਼ਮ ਦੀ ਗੁੰਦਵੀਂ ਇੱਕ ਰੱਸੀ, ਜਿਸ ਨੂੰ ਫਕੀਰ ਸਿਰ ਉੱਪਰ ਸਾਫੇ ਅਥਵਾ ਟੋਪੀ ਤੇ ਬੰਨ੍ਹਦੇ ਹਨ, ਜਾਂ ਜਨੇਊ ਦੀ ਤਰਾਂ ਗਲ ਪਹਿਰਦੇ ਹਨ. ਗੁਰੂ ਨਾਨਕ ਦੇਵ ਦੀ ਸੰਪ੍ਰਦਾਯ ਵਿੱਚ ਇਸ ਦੇ ਪਹਿਰਣ ਦੀ ਸ਼ੈਲੀ (ਰੀਤਿ) ਗੁਰੂ ਅਰਜਨ ਦੇਵ ਤੀਕ ਰਹੀ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਤਖਤ ਤੇ ਬੈਠਣ ਸਮੇਂ ਸੇਲੀ ਨੂੰ ਤੋਸ਼ੇਖਾਨੇ ਰੱਖਕੇ

---

[278] ਬਹੁਤ ਗਿਆਨੀ ਸੇਲਮਸੇਲ ਤੋਂ ਸਲੀਮਸ਼ਾਹ ਅਨੁਮਾਨ ਕਰਦੇ ਹਨ, ਪਰ ਇਹ ਭੁੱਲ ਹੈ, ਕਿਉਂਕਿ ਨਾਮਦੇਵ ਜੀ ਬਹੁਤ ਪਹਿਲਾਂ ਹੋਏ ਹਨ.

ਉਸ ਦੀ ਥਾਂ ਖੜਗ ਪਹਿਨਿਆ[279]। ੨. ਭੌਂਹ. ਭ੍ਰਿਕੁਟੀ.

ਸੇਲੁ: ਵਿ- ਸੇਲਾ ਰੱਖਣ ਵਾਲਾ. ਬੱਲਮ ਬਰਦਾਰ। ੨. ਸੇਲ (ਖਬਰ) ਦੇਣ ਵਾਲਾ. ਮੁਖ਼ਬਰ. "ਦੂਸਰ ਸੇਲੁ ਦਈ ਸੇਲ ਪਹੁਚਾਇ." (ਪ੍ਰਾਪੰਪ੍ਰ) ੩. ਡਿੰਗ. ਨਸੂੜਾ (ਲਸੂੜਾ) ਬਿਰਛ ਅਤੇ ਉਸ ਦਾ ਲੇਸਦਾਰ ਫਲ. ਦੇਖੋ, ਲਸੂੜਾ.

ਸੇਲੰਖੀ: ਪੰਥ ਪ੍ਰਕਾਸ਼ ਵਿੱਚ ਸੋਲੰਕੀ ਦੀ ਥਾਂ ਇਹ ਸ਼ਬਦ ਵਰਤਿਆ ਹੈ. ਦੇਖੋ, ਸੋਲੰਕੀ.

ਸੇਵ: ਦੇਖੋ, ਸੇਉ ਅਤੇ ਸੇਬ। ੨. ਸੰ. ਸ਼ੇਵ ਪਿਆਰਾ. ਪ੍ਰਿਯ. "ਹਰਿ ਸੇਵ ਸੇਵਕ ਸੇਵਕੀ." (ਵਡ ਮਃ ੪. ਘੋੜੀਆਂ) ਹਰਿਪ੍ਰਿਯ ਸੇਵਕ ਦੀ ਸੇਵਕੀ। ੩. ਨਿਧਿ. ਖਜਾਨਾ। ੪. ਨਿਰੁਕ੍ਤ ਵਿੱਚ ਸ਼ੇਵ ਦਾ ਅਰਥ ਸੁਖ ਹੈ। ੫. ਸੰ. ਸੇਵ੍ਯ. ਵਿ- ਸੇਵਾ ਕਰਨ ਯੋਗ. ਉਪਾਸਨਾ ਯੋਗ. "ਆਖਹਿ ਸੁਰਿ ਨਰ ਮੁਨਿ ਜਨ ਸੇਵ." (ਜਪੁ) ੬. ਦੇਖੋ, ਸ਼ੈਵ। ੭. ਸੇਵਕ (ਉਪਾਸਕ) ਦਾ ਸੰਖੇਪ। ੮. ਸੰ ਸੇਵ੍ ਧਾ- ਸੇਵਾ ਕਰਨਾ. ਚਾਕਰੀ ਕਰਨਾ. ਭਰੋਸਾ ਰੱਖਣਾ. ਪੂਜਾ ਕਰਨਾ.

ਸੇਵਕ: ਸੇਵਾ ਕਰਨ ਵਾਲਾ. ਦਾਸ. ਖਿਦਮਤਗਾਰ. "ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ." (ਮਾਝ ਅਃ ਮਃ ੩)

ਸੇਵਕਭਾਇ, ਸੇਵਕਭਾਵ: ਸੰਗਯਾ- ਦਾਸਭਾਵ. ਸੇਵਕਪਨ। ੨. ਸੇਵਕਭਾਵ ਤੋਂ "ਸੇਵਕਭਾਇ ਮਿਲੇ ਬਡ ਭਾਗੀ." (ਵਡ ਛੰਤ ਮਃ ੪)

ਸੇਵਕਾ: ਸੇਵਿਕਾ. ਸੇਵਾ ਕਰਨ ਵਾਲੀ. ਦਾਸੀ. "ਮਾਇਆ ਜਾਕੈ ਸੇਵਕਾਇ (ਭੈਰ ਅਃ ਮਃ ੫) ੨. ਸੰਗਯਾ- ਸੇਵਕਾਂ ਦਾ ਹੈ ਸਮੁਦਾਯ ਜਿਸ ਵਿੱਚ ਐਸੀ ਸੈਨਾ. (ਸਨਾਮਾ)

ਸੇਵਕਾਈ: ਸੰਗਯਾ- ਸੇਵਕਪਨ. ਦਾਸਤ੍ਵ.

ਸੇਵਕਿ: ਵਿ- ਸੇਵਕਾ. ਸੇਵਾ ਕਰਨ ਵਾਲੀ. ਦਾਸੀ. "ਸੋ ਸੇਵਕਿ ਰਾਮ ਪਿਆਰੀ." (ਰਾਮ ਮਃ ੧) "ਕਵਲਾ ਸੇਵਕਿ ਤਿਸੁ." (ਵਾਰ ਬਿਲਾ ਮਃ ੩)

ਸੇਵਕੀ: ਸੰਗਯਾ- ਸੇਵਕਪੁਣਾ. ਦਾਸਭਾਵ। ੨. ਸੇਵਾ. "ਕਰੈ ਸੇਵਕੀ ਸਭ ਹੀ ਗ੍ਰਾਮੁ." (ਗੁਪ੍ਰਸੂ) ੩. ਸੇਵੀ. ਮੈਦੇ ਦੀ ਬਣਾਈ ਹੋਈ ਇੱਕ ਵਸਤੁ ਜੋ ਚਾਵਲਾਂ ਦੀ ਤਰਾਂ ਪਕਾਕੇ ਖਾਈਦੀ ਹੈ। ੪. ਇੱਕ ਮਿਠਾਈ, ਜੋ ਮੈਦੇ ਅਰ ਬੇਸਣ ਦੋਹਾਂ ਦੀ ਬਣਦੀ ਹੈ. ਇਹ ਖੰਡ ਦੀ ਚਾਸ਼ਨੀ ਵਿੱਚ ਪਾਗੀ ਜਾਂਦੀ ਹੈ. "ਸੇਵਕੀਆਂ ਚਿਰਵੇ ਲਡੂਆ." (ਕ੍ਰਿਸਨਾਵ)

ਸੇਵਕੁ: ਦੇਖੋ, ਸੇਵਕ. "ਸੇਵਕੁ ਕੀਨੋ ਸਦਾ ਨਿਹਾਲੁ." (ਸੁਖਮਨੀ).

ਸੇਵਤ: ਵਿ- ਸੇਵਿਤ. ਜੋ ਸੇਵਨ ਕੀਤਾ ਗਿਆ ਹੈ.

"ਸੇਵਤ ਸੇਵਿ ਸੇਵਿ ਸਾਧ ਸੇਵਉ." (ਬਿਲਾ ਮਃ ੫) ਲੋਕਾਂ ਕਰਕੇ ਸੇਵਿਤ ਰਾਜਾ ਆਦਿ, ਉਨ੍ਹਾਂ ਦੇ ਸੇਵ੍ਯ ਦੇਵਤਾ ਆਦਿ, ਉਨ੍ਹਾਂ ਕਰਕੇ ਭੀ ਸੇਵ੍ਯ ਸਾਧੁ, ਉਨ੍ਹਾਂ ਦੇ ਚਰਣ ਸੇਵਨ ਕਰੋ। ੨. ਸੰਗਯਾ- ਸ਼੍ਵੇਤਵਾਹ. ਅਰਜੁਨ. ਸ਼ਸਤ੍ਰਨਾਮਮਾਲਾ ਵਿੱਚ ਸ਼੍ਵੇਤਵਾਹ ਦੀ ਥਾਂ ਸੇਵਤ ਸ਼ਬਦ ਆਇਆ ਹੈ. ਦੇਖੋ, ਸ੍ਵੇਤਵਾਹ.

ਸੇਵਤੀ: ਸੰ. ਸੇਮਨ੍ਤੀ ਸੇਮੰਤੀ. ਸੰਗਯਾ- ਚਿੱਟਾ ਗੁਲਾਬ, ਜੋ ਵਿਸ਼ੇਸ਼ ਕਰਕੇ ਜੰਗਲੀ ਹੁੰਦਾ ਹੈ. ਇਸ ਦਾ ਗੁਲਕੰਦ ਬਹੁਤ ਗੁਣਕਾਰੀ ਹੈ. L. Rosa glandulifera.

ਸੇਵਦਾਰ, ਸੇਵਾਦਾਰੁ: ਸੇਵਾ ਕਰਨ ਵਾਲਾ. ਸੇਵਕ. ਉਪਾਸਕ. "ਪੂਜਾ ਸਤਿ ਸਤਿ ਸੇਵਦਾਰ." (ਸੁਖਮਨੀ)

ਸੇਵਧਿ: ਸੰ. ਸੰਗਯਾ- ਕੁਬੇਰ ਦੀ ਇੱਕ ਨਿਧਿ.

ਸੇਵਨ: ਸੰਗਯਾ- ਸਿਉਣਾ। ੨. ਸੇਵਾ ਕਰਨੀ।

---

[279] ਸੇਲੀ ਵੈਰਾਗ ਅਤੇ ਤਯਾਗ ਦਾ ਚਿੰਨ੍ਹ ਹੈ.

**ਸੇਵਨਿ:** ਸੇਵਨ ਕਰਦੀਆਂ ਹਨ. "ਸੇਵਨਿ ਸਾਈ ਆਪਣਾ." (ਵਾਰ ਸੂਹੀ ਮ: ੩) ੨. ਸੇਵਦੇ ਹਨ.

**ਸੇਵਨੀਯ:** ਸੰ. ਵਿ- ਸੇਵਾ ਕਰਨ ਯੋਗ। ੨. ਸਿਉਣ ਯੋਗ.

**ਸੇਵੜੀ:** ਸੇਵਾ। ੨. ਸੇਵਾ ਕਰਨ ਵਾਲੀ. ਦਾਸੀ. "ਮੈ ਜੁਗਿ ਜੁਗਿ ਦਯੈ ਸੇਵੜੀ." (ਸ੍ਰੀ ਮ: ੫. ਪੈਪਾਇ)

**ਸੇਵਾ:** ਸੰਗਯਾ- ਸੇਵਾ. ਖਿਦਮਤ. ਉਪਾਸਨਾ. "ਨਾਮੈ ਕੀ ਸਭ ਸੇਵਾ ਕਰੈ." (ਆਸਾ ਅ: ਮ: ੩) ੨. ਫ਼ਾ. ਸ਼ੇਵਹ. ਤਰੀਕਾ. ਕਾਇਦਾ."ਗੁਰਮਤਿ ਪਾਏ ਸਹਜਿ ਸੇਵਾ." (ਆਸਾ ਮ: ੧) ੩. ਆਦਤ. ਸੁਭਾਉ। ੪. ਸਿੰਧੀ ਵਿੱਚ ਸੇਵਾ ਦਾ ਉੱਚਾਰਣ 'ਸ਼ੇਵਾ' ਹੈ ਅਤੇ ਇਸ ਦਾ ਅਰਥ ਪੂਜਾ ਭੇਟਾ ਭੀ ਹੈ.

**ਸੇਵਾ ਸਿੰਘ:** ਇਹ ਦੁਨੀਚੰਦ ਮਸੰਦ ਨਾਲ ਅਮ੍ਰਿਤਸਰ ਤੋਂ ਆਨੰਦਪੁਰ ਦੇ ਜੰਗ ਵਿੱਚ ਦਸ਼ਮੇਸ਼ ਦੀ ਸਹਾਇਤਾ ਲਈ ਆਇਆ, ਅਤੇ ਦੁਨੀਚੰਦ ਨਾਲ ਹੀ ਕਾਇਰ ਹੋਕੇ ਭੱਜ ਗਿਆ.

**ਸੇਵਾ ਜੀ:** ਦੇਖੋ, ਸ਼ਿਵਾ ਜੀ.

**ਸੇਵਾਦਾਸ:** ਕਸ਼ਮੀਰ ਨਿਵਾਸੀ ਬ੍ਰਾਹਮਣ ਸਿੱਖ, ਜੋ ਮਾਈ ਭਾਗਭਰੀ ਦਾ ਪੁਤ੍ਰ ਸੀ. ਇਹ ਮਾਧੋ ਸੋਢੀ ਦੀ ਸੰਗਤ ਨਾਲ ਗੁਰੂ ਸਾਹਿਬ ਦਾ ਸਿੱਖ ਬਣਿਆ ਸੀ. "ਸੇਵਾ ਦਾਸ ਲਾਇ ਨਿਜ ਸੇਵ." (ਗੁਪ੍ਰਸੂ) ਦੇਖੋ, ਭਾਗਭਰੀ। ੨. ਸੇਵਾ ਰਾਮ ਨੂੰ ਭੀ ਬਹੁਤਿਆਂ ਨੇ ਸੇਵਾ ਦਾਸ ਲਿਖਿਆ ਹੈ. ਦੇਖੋ, ਅਡਨ ਸ਼ਾਹ। ੩. ਪੋਠੋਹਾਰ ਦਾ ਨਿਵਾਸੀ ਇੱਕ ਸੱਜਣ, ਜਿਸ ਨੇ ਸਨ ੧੫੮੮ ਵਿੱਚ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਲਿਖੀ ਹੈ.

**ਸੇਵਾ ਦਾਸੀਆ, ਸੇਵਾਪੰਥੀ:** ਦੇਖੋ, ਅਡਨ ਸ਼ਾਹ.

**ਸੇਵਿ:** ਦੇਖੋ, ਸੇਵ੍ਯ। ੨. ਸੇਵਨ ਕਰਕੇ. "ਸੇਵਿ ਸਚਿ ਸਮਾਇਆ." (ਮਾਰੂ ਅ: ਮ: ੧) ਸਤ੍ਯ ਵਿੱਚ ਸਮਾਇਆ.

**ਸੇਵਿਕਾ:** ਸੰ. ਸੇਵੀ. ਸੇਮੀ. ਕਣਕ ਦੇ ਆਟੇ ਦੀ ਹੱਥੀਂ ਵੱਟਕੇ ਅਥਵਾ ਯੰਤ੍ਰ ਵਿੱਚ ਬਣਾਈ ਸੂਤ ਦੇ ਆਕਾਰ ਦੀ ਇੱਕ ਖਾਣ ਯੋਗ ਵਸਤੁ। ੨. ਦਾਸੀ. ਟਹਿਲਨ.

**ਸੇਵੀ:** ਦੇਖੋ, ਸੇਵਿਕਾ। ੨. ਵਿ- ਸੇਵਾ ਕਰਨ ਵਾਲਾ. ਸੇਵਿਨ੍। ੩. ਸੇਵਨੀਯ. ਸੇਵਾ ਯੋਗ. ਸੇਵ੍ਯ.

**ਸੇਵੀਅਲੇ, ਸੇਵੀਲੇ:** ਸੇਵਨ ਕਰੋ, ਸੇਵਨ ਕਰਨਾ ਯੋਗ ਹੈ. ਸੇਵਨ ਕਰੀਏ. "ਸੇਵੀਲੇ ਗੋਪਾਲ ਰਾਇ." (ਮਲਾ ਨਾਮਦੇਵ)

**ਸੇਵੈਯਾ:** ਵਿ- ਸੇਵਾ ਕਰੈਯਾ. ਉਪਾਸਕ.

**ਸੇਵੰਨ:** ਦੇਖੋ, ਸੇਵਨ। ੨. ਦੇਖੋ, ਸੇ ਅਤੇ ਵੰਨ.

**ਸੇਵ੍ਯ:** ਸੰ. ਵਿ- ਸੇਵਾ ਯੋਗ. ਉਪਾਸਨਾ ਲਾਇਕ। ੨. ਸ਼ੇਵ੍ਯ. ਪਿਆਰਾ. ਪ੍ਰਿਯ.

**ਸੇਵ੍ਯਮਾਨ:** ਵਿ- ਸੇਵਨ ਕੀਤਾ ਹੋਇਆ.

**ਸੈ:** ਸੰਗਯਾ- ਸ਼ਤ. ਸੌ. "ਸੈ ਨੰਗੇ ਨਹਿ ਨੰਗ." (ਵਾਰ ਮਾਰੂ ੨. ਮ: ੫) "ਸਤ ਸੈ ਕੀ ਕਥਾ ਯਹਿ ਪੂਰੀ ਭਈ ਹੈ." (ਚੰਡੀ ੧) ੨. ਵ੍ਯ- ਦਾ. ਕਾ. ਨੂੰ. ਪ੍ਰਤਿ. ਕੋ. "ਸਭਸੈ ਦੇ ਦਾਤਾਰੁ." (ਵਾਰ ਗੂਜ ੨. ਮ: ੫) ੩. ਕ੍ਰਿ- ਹੋਣਾ ਦਾ ਵਰਤਮਾਨ ਕਾਲ. ਹੈ. "ਨਾਨਕ ਜਲ ਕੋ ਮੀਨ ਸੈ." (ਪ੍ਰਭਾ ਮ: ੧) ੪. ਵ੍ਯ- ਸੇ. ਤੋਂ. "ਨਰ ਸੈ ਨਾਰਿ ਹੋਇ ਅਉਤਰੈ." (ਗੋਂਡ ਨਾਮਦੇਵ) ੫. ਸੰ. ਸ੍ਵ. ਆਪਣਾ ਆਪ. "ਹੰਸ ਉਡਿਓ ਤਨ ਗਾਡਿਓ ਸੋਝਾਈ ਸੈ ਨਾਹ." (ਸ. ਕਬੀਰ) ਸ੍ਵ ਸੁਝ ਨਾ ਆਈ। ੬. ਅ਼. شے ਸ਼ਯ. ਸੰਗਯਾ- ਵਸਤੁ. ਚੀਜ਼. "ਤੂ ਜਾਣੋਈ ਸਭ ਸੈ." (ਵਾਰ ਆਸਾ)

**ਸੈਆਨ:** ਵਿ- ਸੈਂਕੜੇ. ਭਾਵ- ਅਨੰਤ. "ਨਾਨਕ ਲਹਿਰੀ ਲਖ ਸੈਆਨ." (ਵਾਰ ਗੂਜ ੨. ਮ: ੫) ੨. ਸੰਗਯਾ- ਦਾਨਾਈ. ਸਿਆਣਪੁਰਣਾ. ਸੁਗ੍ਯਾਨਤਾ। ੩. ਦੇਖੋ, ਸ਼ਯਾਨ। ੪. ਸਿੰਧੀ. ਕ੍ਰਿ. ਵਿ- ਸਯਾਨ. ਸਹੀ ਤੌਰ ਪੁਰ. ਠੀਕ ਠੀਕ। ੫. ਸਿੱਧੇ

ਰਾਹ ਵਿੱਚ.

ਸੈਆਨਾ, ਸੈਆਨੀ: ਵਿ- ਸਿਆਣਾ. ਸਿਆਣੀ. ਦਾਨਾ. ਅਕਲਮੰਦ. ਸੁਗਜਾਨੀ. "ਮੈ ਬਉਰਾ ਸਭ ਖਲਕ ਸੈਆਨੀ." (ਬਿਲਾ ਕਬੀਰ)

ਸੈਇ: ਸੰਗਯਾ- ਸ਼ਤ. ਸੌ. "ਸਤਰਿ ਸੈਇ ਸਲਾਰ ਹੈ ਜਾਕੇ." (ਭੈਰ ਕਬੀਰ) ਦੇਖੋ, ਸ਼ਯ.

ਸੈਸਾਰ, ਸੈਂਸਾਰ, ਸੈਸਾਰੜਾ: ਸੰ. ਸੰਸਾਰ. ਸੰਗਯਾ- ਜੋ ਸੰਸਰਣ ਕਰੇ ਅਰਥਾਤ ਖਿਸਕਦਾ ਰਹੇ. ਇੱਕ ਹਾਲਤ ਵਿੱਚ ਨਾ ਰਹੇ. ਜਗਤ. ਦੁਨੀਆਂ "ਲਾਹਾ ਭਗਤਿ ਸੈਸਾਰੇ." (ਵਡ ਛੰਤ ਮਃ ੩) "ਐਸਾ ਬਾਜੀ ਸੈਸਾਰ." (ਤਿਲੰ ਮਃ ੪) "ਸਭ ਮੁਕਤ ਹੋਆ ਸੈਸਾਰੜਾ." (ਸ੍ਰੀ ਮਃ ੫. ਪੈਪਾਇ) "ਭਰਮ ਭੁਲਾ ਸੈਂਸਾਰਾ." (ਸੋਰ ਮਃ ੩)

ਸੈਸਾਰਿ: ਸੰਸਾਰ ਵਿੱਚ. "ਕਿਤੁ ਆਇਆ ਸੈਸਾਰਿ." (ਵਾਰ ਵਡ ਮਃ ੩)

ਸੈਸਾਰੀ: ਵਿ- ਸੰਸਾਰੀ. ਦੁਨਿਯਵੀ. "ਭਗਤਾ ਤੈ ਸੰਸਾਰੀਆ ਜੋੜੁ ਕਦੇ ਨਾ ਆਇਆ." (ਵਾਰ ਮਾਝ ਮਃ ੧) ੨. ਭਾਵ- ਮਾਇਆਧਾਰੀ.

ਸੈਹਥੀ: ਸੰ. ਸ਼ਕ੍ਤਿ. ਸੰਗਯਾ- ਬਰਛੀ. "ਸੈਫ ਸਰੋਹੀ ਸੈਹਥੀ." (ਸਨਾਮਾ).

ਸੈਹਥੀਆਰਾ: ਵਿ- ਬਰਛੀ ਵਾਲਾ.

ਸ਼ੈਹਰ: ਦੇਖੋ, ਸ਼ਹਰ.

ਸੈਹਲ: ਦੇਖੋ, ਸਹਲ.

ਸੈਕ, ਸੈਂਕੜਾ, ਸੈਕਿਕ: ਸੌ ਦੇ ਕਰੀਬ. ਸੌ ਇਕ. ਸੌ ਪ੍ਰਮਾਣ. ਸੌ ਮਾਤ੍ਰ। ੨. ਸ਼ਤਕ. ਸੌ.

ਸ਼ੈਖ਼: ਦੇਖੋ, ਸੇਖ.

ਸੈਂਚੀ: ਸੰਗਯਾ- ਕਾਗਜਾਂ ਦੀ ਨੱਥੀ. ਜਿਸ ਵਿੱਚ ਕਈ ਕਾਗਜ ਸੰਚਯ (ਜਮਾਂ) ਕੀਤੇ ਗਏ ਹਨ. ਸੰਚੀ.

ਸੈਡਾਲੀ: ਵਿ- ਸੈਂਕੜੇ ਡਾਲੀ (ਸ਼ਾਖਾ). ਜਿਸ ਦੀਆਂ ਅਨੇਕ ਪੱਧਤਾਂ ਅਥਵਾ ਸੰਪ੍ਰਦਾਯ ਹਨ. "ਮਲਿ ਤਖਤ ਬੈਠਾ ਸੈਡਾਲੀ." (ਵਾਰ ਰਾਮ ੩)

ਸੈਣ: ਇਹ ਸੱਜਨ ਬਾਂਧਵਗੜ੍ਹ (ਰੀਵਾ) ਦੇ ਰਾਜਾ "ਰਾਜਾ ਰਾਮ" ਦਾ ਨਾਈ ਸੀ. ਰਾਮਾਨੰਦ ਦਾ ਸਿੱਖ ਹੋਕੇ ਇਹ ਸਾਧੁਸੇਵਾ ਪਰਾਇਣ ਹੋਇਆ ਅਤੇ ਉੱਚ ਸ਼੍ਰੇਣੀ ਦੇ ਭਗਤਾਂ ਵਿੱਚ ਗਿਣਿਆ ਗਿਆ. ਸੈਣ ਦੀ ਵੰਸ਼ ਇਸ ਵੇਲੇ ਰੀਵਾ ਵਿੱਚ ਵਿਦਯਮਾਨ ਹੈ. ਇਸ ਮਹਾਤਮਾ ਦਾ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ. "ਸੈਣ ਭਣੈ ਭਜ ਪਰਮਾਨੰਦੇ." (ਧਨਾ) ੨. ਡਿੰਗ. ਪਤੀ. ਸ੍ਵਾਮੀ. ਮਾਲਿਕ. "ਹਰਿ ਮੇਲਹੁ ਸਜਨ ਸੈਣ." (ਮਾਝ ਮਃ ੫. ਦਿਨਰੈਣ) ੩. ਸੰ. ਸ਼ਯਨ. ਸੌਣਾ. "ਸੁੰਦਰ ਮੰਦਰ ਸੈਣਹ ਜੇਣ ਮਧ੍ਯ ਹਰਿਕੀਰਤਨਹ." (ਗਾਥਾ) ੪. ਸੰ. ਸੈਨਾ. ਫੌਜ. "ਗਾਹਤ ਸੈਣ." (ਚੰਡੀ ੨) ੫. ਸੰ. ਸੈਨਯ. ਵਿ- ਸੈਨਾ (ਫੌਜ) ਨਾਲ ਹੈ ਜਿਸ ਦਾ ਸੰਬੰਧ। ੬. ਸੰਗਯਾ- ਸਿਪਾਹੀ. ਭਟ। ੭. ਸਿੰਧੀ. ਸੇਣੁ. ਕੁੜਮ. ਲਾੜੀ ਅਤੇ ਲਾੜੇ ਦਾ ਪਿਤਾ. ਭਾਵ- ਰਿਸ਼ਤੇਦਾਰ. ਸੰਬੰਧੀ. "ਸੇ ਸੈਣ ਸੇ ਸਜਨਾ." (ਵਾਰ ਸੋਰ ਮਃ ੩)

ਸੈਣਪਾਲ: ਵਿ- ਸੇਨਪਾਲ. ਸੇਨਾਨੀ. ਜਨਰਲ. ਸਿਪਹਸਾਲਾਰ.

ਸੈਣਾ: ਇੱਕ ਪ੍ਰੇਮੀ ਜੱਟ, ਜੋ ਦਸ਼ਮੇਸ਼ ਜੀ ਦਾ ਲਿਖਾਰੀ ਸੀ. ਸੇਨਾਪਤਿ ਕਵਿ ਇਸ ਤੋਂ ਭਿੰਨ ਹੈ. ਇੱਕ ਵੇਰ ਸੈਣੇ ਤੋਂ ਕੁਝ ਅਪਰਾਧ ਹੋ ਗਿਆ, ਇਹ ਗੁਰੂ ਸਾਹਿਬ ਤੋਂ ਡਰਦਾ ਭੱਜ ਗਿਆ ਅਰ ਘਰ ਜਾਕੇ ਦੋਹਾ ਲਿਖਿਆ-

ਜਬ ਤੇ ਪ੍ਰਭੁ ਤੇ ਬੀਛੁਰੇ ਕਰਜੋ ਕ੍ਰਿਖੀ ਕੋ ਠਾਟ,

ਬ੍ਰਿਖਭਨ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ.

ਦਸ਼ਮੇਸ਼ ਨੇ ਬੁਲਾਕੇ ਫੇਰ ਸੇਵਾ ਵਿੱਚ ਹਾਜ਼ਰ ਕਰ ਲਿਆ.

ਸੈਣੀ: ਸੰਗਜਾ- ਇੱਕ ਜਾਤਿ, ਜੋ ਕੰਬੋ ਅਤੇ ਮਾਲੀਆਂ ਸਮਾਨ ਹੈ। ੨. ਸਿਆਣੂ. ਵਾਕਿਫ. "ਹਰਿ ਪ੍ਰਭੁ ਸਜਣ ਸੈਣੀ ਜੀਉ." (ਗਉ ਮਃ ੪) ੩. ਸੇਨਾਨੀ. ਸੈਨਾ ਵਾਲਾ। ੪. ਫੌਜੀ. ਸੈਨਿਕ.

ਸੈਣੁ: ਦੇਖੋ, ਸੈਣ ੨. "ਸਜਣੁ ਤੂ ਹੈ ਸੈਣੁ ਤੂ ਮੈ." (ਸੂਹੀ ਅਃ ਮਃ ੫)

ਸੈਤਨਾ: ਕ੍ਰਿ- ਸ੍ਵ (ਧਨ) ਦਾ ਤਨੁ (ਵਿਸਤਾਰ) ਕਰਨਾ. ਸੰਗ੍ਰਹ (ਜਮਾ) ਕਰਨਾ. ਜੋੜਨਾ. ਦੇਖੋ, ਨੀਤ ੪.

ਸੈਤਾਨ: ਅ਼ شیطان ਸ਼ੈਤ਼ਾਨ (Satan) ਸੰਗਜਾ- ਬਾਈਬਲ ਅਤੇ. ਕੁਰਾਨ ਵਿੱਚ ਇਹ ਇੱਕ ਫ਼ਰਿਸ਼ਤਾ ਦੱਸਿਆ ਹੈ, ਜੋ ਆਦਮੀ ਨੂੰ ਬਦੀ ਵੱਲ ਪ੍ਰੇਰਦਾ ਹੈ. ਇਸੇ ਨੇ ਆਦਮ ਨੂੰ ਧੋਖਾ ਦੇ ਕੇ ਵਰਜਿਤ ਫਲ ਖਵਾਇਆ ਸੀ. ਕੁਰਾਨ ਅਨੁਸਾਰ ਸ਼ੈਤਾਨ ਕੇਵਲ ਅਗਨਿ ਤੱਤ ਤੋਂ ਬਣਿਆ ਹੈ. ਜਦ ਖ਼ੁਦਾ ਨੇ ਆਦਮ ਨੂੰ ਮਿੱਟੀ ਤੋਂ ਰਚਕੇ ਫਰਿਸ਼ਤਿਆਂ ਨੂੰ ਹੁਕਮ ਦਿੱਤਾ ਕਿ ਸਾਰੇ ਆਦਮ ਅੱਗੇ ਸਿਜਦਾ ਕਰੋ, ਤਦ ਸਭ ਨੇ ਹੁਕਮ ਦੀ ਤਾਮੀਲ ਕੀਤੀ, ਪਰ ਸ਼ੈਤਾਨ ਨੇ ਆਗਜਾ ਨਹੀਂ ਮੰਨੀ, ਜਦ ਖ਼ੁਦਾ ਨੇ ਇਸ ਦਾ ਕਾਰਣ ਪੁੱਛਿਆ, ਤਦ ਸ਼ੈਤਾਨ ਨੇ ਉੱਤਰ ਦਿੱਤਾ ਕਿ ਮੈ ਅਗਨਿ ਤੋਂ ਬਣਿਆ ਹਾਂ ਅਰ ਆਦਮ ਮਿੱਟੀ ਤੋਂ, ਇਸ ਲਈ ਉਹ ਮੈਥੋਂ ਘਟੀਆ ਹੈ. ਇਸ ਪੁਰ ਖ਼ੁਦਾ ਨੇ ਸ਼ੈਤਾਨ ਨੂੰ ਮਲਊਨ (ਧਿਕ੍ਰਿਤ) ਠਹਿਰਾਇਆ ਅਰ ਬਹਿਸ਼ਤ ਵਿੱਚੋਂ ਨਿਕਲ ਜਾਣ ਦਾ ਹੁਕਮ ਦਿੱਤਾ, ਸ਼ੈਤਾਨ ਨੇ ਰੰਜ ਵਿੱਚ ਆਕੇ ਖ਼ੁਦਾ ਨੂੰ ਆਖਿਆ ਕਿ ਅੱਛਾ! ਮੇਰੇ ਨਾਲ ਤਾਂ ਇਹ ਸਲੂਕ ਹੋਇਆ ਹੈ, ਪਰ ਮੈ ਭੀ ਆਦਮ ਦੀ ਔਲਾਦ ਨੂੰ ਤੇਰੀ ਵੱਲ ਨਹੀਂ ਆਉਣ ਦੇਵਾਂਗਾ, ਅਰ ਆਦਮੀ ਤੇਰੇ ਸ਼ੁਕਰਗੁਜ਼ਾਰ ਨਹੀਂ ਹੋਣਗੇ. ਦੇਖੋ, ਕੁਰਾਨ ਸੂਰਤ ਆਰਾਫ਼, ਆਯਤ ੧੧. ਤੋ ੧੭.। ੨. ਵਿ- ਪਾਮਰ. ਕੁਕਰਮੀ. ਫਿਸਾਦੀ. ਉਪਦ੍ਰਵੀ। ੩. ਸੰ. शितबाण ਕਾਮ. ਜਿਸਦੇ ਬਾਣ ਸ਼ਿਤ (ਤਿੱਖੇ) ਹਨ. "ਅਗਦੁ ਪੜੈ ਸੈਤਾਨ ਵੇ ਲਾਲੋ." (ਤਿਲੰ ਮਃ ੧)[280] ਕਾਜੀ ਅਤੇ ਪੁਰੋਹਿਤ ਦਾ ਕੰਮ ਕਾਮ ਕਰ ਰਹਿਆ ਹੈ. ਦੇਖੋ, ਅਗਦ.

ਸੈਤਾਨਿਆ: ਵਿ- ਸ਼ੈਤਾਨ ਦੇ ਅਸਰ ਵਾਲਾ. "ਬਿਨ ਪੂਰੇ ਗੁਰਦੇਵ ਫਿਰੈ ਸੈਤਾਨਿਆ." (ਵਾਰ ਜੈਤ)

ਸੈਤਾਨੀ: ਸੰਗਜਾ- ਸ਼ੈਤਾਨਪੁਣਾ. ਸ਼ਰਾਰਤ. "ਛੋਡਿ ਕਤੇਬ ਕਰੈ ਸੈਤਾਨੀ." (ਭੈਰ ਕਬੀਰ) ੨. ਵਿ- ਸ਼ੈਤਾਨ ਦਾ ਚੇਲਾ. ਸ਼ੈਤਾਨਪੰਥੀ. "ਨਾਨਕ ਸਿਰਖੁਥੇ ਸੈਤਾਨੀ." (ਵਾਰ ਮਾਝ ਮਃ ੧) ਦੇਖੋ, ਸੈਤਾਨ.

ਸੈਂਤਾਲੀ: ਸਪ੍ਤਚਤ੍ਵਾਰਿੰਸ਼ਤ. ਚਾਲੀ ਉੱਪਰ ਸੱਤ- ੪੭.

ਸੈਂਤੀ: ਸਪ੍ਤਤ੍ਰਿੰਸ਼ਤ. ਤੀਹ ਉੱਪਰ ਸੱਤ- ੩੭.

ਸੈਥੀ: ਦੇਖੋ, ਸੈਹਥੀ. "ਤੁਹੀ ਸੂਲ ਸੈਥੀ ਤਬਰ." (ਸਨਾਮਾ)

ਸੈਦ: ਅ਼. صید ਸੈਦ. ਸੰਗਜਾ- ਸ਼ਿਕਾਰ. ਮ੍ਰਿਗਯਾ। ੨. ਉਹ ਜਾਨਵਰ ਜਿਸ ਨੂੰ ਮਾਰੀਏ. ਜਿਸ ਦਾ ਸ਼ਿਕਾਰ ਕਰੀਏ। ੩. ਅ਼. سیّد ਸਰਦਾਰ. ਰਈਸ। ੪. ਬਜ਼ੁਰਗ। ੫. ਦੇਖੋ, ਸਈਅਦ। ੬. ਦੇਖੋ, ਸ਼ਾਯਦ.

ਸੈਂਦਕ: ਸੰਮੁਖ- ਦ੍ਰਿਕ. ਕ੍ਰਿ. ਵਿ- ਅੱਖਾਂ ਦੇ ਅੱਗੇ. ਪ੍ਰਤੱਖ ਦੇਖਦੇ.

ਸੈਦਖਾਨ: سیّدخاں ਇਹ ਔਰੰਗਜ਼ੇਬ ਦੀ ਫੌਜ ਦਾ ਸਰਦਾਰ ਸੀ, ਜੋ ੧੭. ਫੱਗੁਣ ਸੰਮਤ ੧੭੫੯ ਨੂੰ ਆਨੰਦਪੁਰ ਸਰ ਕਰਨ ਲਈ ਆਇਆ ਸੀ. ਯੁੱਧ ਕਰਦਾ ਹੋਇਆ ਜਦ ਦਸ਼ਮੇਸ਼ ਦੇ ਸਾਮਣੇ ਆਇਆ, ਤਦ ਦਰਸ਼ਨ ਦਾ ਅਸਰ ਚਿੱਤ ਉੱਪਰ ਅਜੇਹਾ ਹੋਇਆ ਕਿ ਸ਼ਾਹੀ ਸੈਨਾ ਨੂੰ ਤਿਆਗਕੇ ਕਲਗੀਧਰ ਦੇ ਚਰਣੀਂ ਆ ਲੱਗਾ, ਅਰ ਸਤਿਗੁਰੂ ਦੇ ਉਪਦੇਸ਼ ਨੂੰ ਮਨ ਵਿੱਚ

---

[280] ਗੁਰੂ ਸਾਹਿਬ ਦਾ ਭਾਵ ਸ਼ੈਤਾਨੀ ਨਿਕਾਹ ਤੋਂ ਇਹ ਹੈ ਕਿ ਜੋਰੋ ਜੋਰੀ ਨਿਰਬਲ ਇਸਤ੍ਰੀਆਂ ਨੂੰ ਘਰ ਪਾ ਲੈਂਦੇ ਹਨ, ਜੋ ਨਾ ਕਾਜੀਆ ਦੇ ਮਤ ਅਨੁਸਾਰ ਯੋਗਜ ਹੈ ਅਤੇ ਨਾ ਬ੍ਰਹਮਣਾਂ ਦੇ.

ਵਸਾਕੇ ਪਰਮਪਦ ਦਾ ਅਧਿਕਾਰੀ ਹੋਇਆ.

ਸੈਦਪੁਰ: ਦੇਖੋ, ਏਮਨਾਬਾਦ.

ਸੈਦ ਬੇਗ: ਦੇਖੋ, ਸੈਦਾ ਬੇਗ.

ਸੈਦਭੀਖ: ਦੇਖੋ, ਸ਼ਾਹਭੀਖ.

ਸ਼ੈਦਾ: ਫ਼ਾ. شیدا ਵਿ- ਆਸਕਤ. ਆਸ਼ਕ। ੨. ਦੀਵਾਨਾ.

ਸੈਦਾਬੇਗ: ਇਹ ਪਹਾੜੀ ਰਾਜਿਆਂ ਦੀ ਪ੍ਰੇਰਣਾ ਨਾਲ ਅਲਿਫ਼ਖਾਨ ਸਰਦਾਰ ਸਮੇਤ ਦਸ਼ਮੇਸ਼ ਜੀ ਨਾਲ ਜੰਗ ਕਰਨ ਲਈ ਆਨੰਦਪੁਰ ਉੱਤੇ ਚੜ੍ਹ ਆਇਆ, ਪਰ ਦਰਸ਼ਨ ਕਰਕੇ ਸਤਿਗੁਰੂ ਜੀ ਦਾ ਸਾਦਿਕ ਹੋ ਗਿਆ, ਅਤੇ ਸਿੰਘਾਂ ਨਾਲ ਮਿਲਕੇ ਤੁਰਕੀ ਸੈਨਾ ਅਰ ਪਹਾੜੀਆਂ ਨਾਲ ਲੜਦਾ ਜੰਗ ਵਿੱਚ ਸ਼ਹੀਦ ਹੋਇਆ. ਇਹ ਸੈਦਖਾਨ ਤੋਂ ਭਿੰਨ ਹੈ.

ਸੈਦੋ: ਘੇਈ ਗੋਤ ਦਾ ਖਤ੍ਰੀ ਜੋ ਵਰੁਣ (ਖ੍ਵਾਜੇ) ਦਾ ਭਗਤ ਸੀ. ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਹੋ ਕੇ ਇੱਕ ਅਕਾਲ ਦਾ ਪੂਜਕ ਹੋਇਆ. ਦੱਖਣ ਦੀ ਯਾਤ੍ਰਾ ਸਮੇਂ ਇਹ ਜਗਤਗੁਰੂ ਦੀ ਸੇਵਾ ਵਿੱਚ ਹਾਜਰ ਰਿਹਾ ਹੈ.

ਸੈਂਧਵ: ਸੰ. सैन्धव ਸੰਗਯਾ- ਸਿੰਧੀ ਲੂਣ. ਸਿੰਧ ਦਾ ਨਮਕ। ੨. ਸਿੰਧ ਦੇਸ਼ ਦਾ ਘੋੜਾ। ੩. ਘੋੜਾ। ੪. ਵਿ- ਸਿੰਧੁ (ਸਮੁੰਦਰ) ਨਾਲ ਹੈ ਸੰਬੰਧ ਜਿਸ ਦਾ.

ਸੈਨ: ਫੌਜ. ਦੇਖੋ, ਸੇਨ. "ਅਸੁਰ ਸੈਨ ਬਿਨ ਚੈਨ ਹੁਇ ਕੀਨੋ ਹਾਹਾਕਾਰ." (ਚੰਡੀ ੧) ੨. ਵਿ- ਸਿਆਣੂ. "ਸਾਕ ਸੈਨ." (ਸੁਖਮਨੀ) ੩. ਸੰਗਯਾ- ਸੰਤਤਿ. ਔਲਾਦ. "ਹਰਿ ਕਾ ਸੰਤ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ." (ਆਸਾ ਕਬੀਰ) ੪. ਸੰ. ਸ਼ਯਨ. ਸੌਣਾ. "ਸਹਜ ਸੈਨ." (ਸੋਰ ਮਃ ੫) ੫. ਸੇਜਾ. "ਹਰਿ ਸੋਇ ਰਹੇ ਸਜ ਸੈਨ ਤਹਾਂ." (ਚੰਡੀ ੧) ੬. ਦੇਖੋ, ਸੈਣ."ਸੈਨ ਨਾਈ ਬੁਤਕਾਰੀਆ." (ਆਸਾ ਧੰਨਾ) ੭. ਸੰਨਤ. ਇਸ਼ਾਰਾ ਸੰ. ਸਨਯਨ.

ਸੈਨ ਸੁਮਿਤ੍ਰ: ਦੇਖੋ, ਸੁਮਿਤ੍ਰ ਸੈਨ.

ਸੈਨਪ, ਸੈਨਪਾਲ: ਫੌਜ ਦਾ ਸ੍ਵਾਮੀ. ਸਿਪਹਸਾਲਾਰ. ਦੇਖੋ, ਸੇਨਾਪਤਿ. "ਸਮ ਸੈਨਪ ਕੇ ਸੁਭਟ ਮਹਾਨ." (ਗੁਪ੍ਰਸੂ)

ਸੈਨਬਿਡਾਰ: ਸੰਗਯਾ- ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਦਲ ਬਿਡਾਰ (ਦਲਵਿਦਾਰ) ਘੋੜਾ, ਜੋ ਸ਼ਤ੍ਰੂ ਦੀ ਸੈਨਾ ਨੂੰ ਵਿਦੀਰਣ ਕਰਨ ਵਾਲਾ ਸੀ.

ਸੈਨਾ: ਫੌਜ. ਦੇਖੋ, ਸੇਨਾ. "ਔਰ ਸਕਲ ਸੈਨਾ ਜਰੀ ਬਚਯੋ ਸੁ ਏਕੈ ਪ੍ਰੇਤ" (ਚੰਡੀ ੧) ੨. ਵਿ- ਸਿਆਣੂ. ਮੇਲੀ. "ਨਾਮ ਜਪਹੁ ਮੇਰੇ ਸਾਜਨ ਸੈਨਾ." (ਆਸਾ ਮਃ ੪)

ਸੈਨਾਈ: ਦੇਖੋ, ਸਹਨਾਈ.

ਸੈਨਾਧਿਪ, ਸੈਨਾਧਿਪਤਿ, ਸੈਨਾਨੀ: ਦੇਖੋ, ਸੇਨਾਨੀ ਅਤੇ ਸੇਨਾਪਤਿ.

ਸੈਨਾਪਤਿ: ਦੇਖੋ, ਸੇਨਾਪਤਿ। ੨. ਸ਼੍ਰੀ ਗੁਰੂ ਗੋਬਿੰਦ ਸਿਘ ਸਾਹਿਬ ਜੀ ਦੇ ਦਰਬਾਰ ਦਾ ਇੱਕ ਲਿਖਾਰੀ ਅਤੇ ਕਵਿ, ਜਿਸ ਨੇ ਚਾਣਿਕਯ ਨੀਤਿ ਦਾ ਉਲਥਾ ਕੀਤਾ ਹੈ- "ਗੁਰੁ ਗੋਬਿੰਦ ਕੀ ਸਭਾ ਮੇ ਲੇਖਕ ਪਰਮ ਸੁਜਾਨ। ਚਾਣਾਕੇ ਭਾਖਾ ਕਰੀ ਕਵਿ ਸੈਨਾਪਤਿ ਨਾਮ।।" ਇਸ ਦਾ ਬਣਾਇਆ ਇੱਕ "ਗੁਰੁਸ਼ੋਭਾ" ਗ੍ਰੰਥ ਭੀ ਹੈ. ਦੇਖੋ, ਗੁਰੁਮਤ ਸੁਧਾਕਰ ਗ੍ਰੰਥ.[281]

ਸੈਨਿਕ: ਵਿ- ਸੈਨਾ ਨਾਲ ਹੈ ਜਿਸ ਦਾ ਸੰਬੰਧ. ਫੌਜੀ.

---

[281] ਗੁਰੁਸ਼ੋਭਾ ਗ੍ਰੰਥ ਅਕਾਲੀ ਕੌਰ ਸਿੰਘ ਜੀ ਨੇ ਸਾਰਾ ਛਪਵਾ ਦਿੱਤਾ ਹੈ.

ਸੈਨੀ: ਦੇਖੋ, ਸੈਣੀ। ੨. ਵਿ- ਸੇਨਾਨੀ. ਫੌਜ ਨੂੰ ਚਲਾਉਣ ਵਾਲਾ. "ਕ੍ਰੱਧੁ ਕੈ ਧੂਮ੍ਰ ਚੜ੍ਹੇ ਉਤ ਸੈਨੀ." (ਚੰਡੀ ੧)

ਸੈਨੁ: ਦੇਖੋ, ਸੈਨ. "ਸਖਾ ਪ੍ਰੇਮ ਗੋਬਿੰਦ." (ਆਸਾ ਮਃ ੧)

ਸੈਫ਼: ਅ਼. سیف ਸੰਗਯਾ- ਸਿੱਧੀ ਤਲਵਾਰ. "ਸੈਫ ਸਰੋਹੀ ਸੈਹਥੀ." (ਸਨਾਮਾ)

ਸੈਫਖਾਨ: ਦੇਖੋ, ਬਹਾਦੁਰਗੜ੍ਹ.

ਸੈਫਨੀ: ਸੰਗਯਾ- ਸੈਫ ਧਾਰਨ ਵਾਲੀ, ਸੈਨਾ. (ਸਨਾਮਾ) ੨. ਬੰਦੂਕ. (ਸਨਾਮਾ)

ਸੈਫਾਬਾਦ: ਦੇਖੋ, ਬਹਾਦੁਰਗੜ੍ਹ.

ਸੈਫ਼ੀ: ਅ਼. سیفی ਸੰਗਯਾ- ਮਾਲਾ. ਤਸਬੀ। ੨. ਦੁਸ਼ਮਨ ਨੂੰ ਜ਼ੇਰ (ਅਧੀਨ) ਕਰਨ ਲਈ ਮੰਤ੍ਰ ਜਪ. "ਕਲਾਮ ਸੈਫੀ ਪੜ੍ਹ ਮੁਹਰੇ ਤੁਰੈਂ." (ਪ੍ਰਾਪੰਪ੍ਰ)

ਸੈਫੁੱਦੀਨ: ਦੇਖੋ ਬਹਾਦੁਰਗੜ੍ਹ.

ਸੈਭੰ: ਸੰ. ਸ੍ਵਯੰਭਵ. ਸ੍ਵਯੰਭੂ. ਵਿ- ਆਪਣੇ ਆਪ ਹੋਣ ਵਾਲਾ. ਜੋ ਕਿਸੇ ਤੋਂ ਨਹੀਂ ਬਣਿਆ. "ਅਕਾਲ ਮੂਰਤਿ ਅਜੂਨੀ ਸੈਭੰ." (ਜਪੁ) ੨. ਪੰਡਿਤ ਸਾਧੂ ਸਿੰਘ ਜੀ ਨੇ ਗੁਰੂ ਗ੍ਰੰਥ ਪ੍ਰਦੀਪ ਵਿੱਚ ਸੈਭੰ ਦਾ ਅਰਥ ਕੀਤਾ ਹੈ- ਦੋ ਅੰਤਹਕਰਣ[282] ਵਿੱਚ ਭੰ (ਪ੍ਰਕਾਸ਼) ਰੂਪ ਹੈ.

ਸੈਯਦ: ਅ਼. ਸ੍ਵਾਮੀ। ੨. ਬਾਦਸ਼ਾਹ। ੩. ਆਗੂ. ਪੇਸ਼ਵਾ। ੪. ਇਸਲਾਮ ਦੀਆਂ ਬਹੁਤ ਪੋਥੀਆਂ ਵਿੱਚ ਬੀਬੀ ਫਾਤਿਮਾ ਅਤੇ ਹਜਰਤ ਅਲੀ ਦੀ ਵੰਸ਼ ਦੇ ਲੋਕਾਂ ਲਈ ਇਹ ਪਦ ਵਰਤਿਆ ਹੈ. ਮੁਸਲਮਾਨ ਸੈਯਦਾਂ ਨੂੰ ਬਹੁਤ ਸਨਮਾਨ ਨਾਲ ਦੇਖਦੇ ਹਨ. ਅਰ ਇਹ ਸ਼ਾਹ, ਬਾਦਸ਼ਾਹ, ਪੀਰ, ਸ਼ਰੀਫ਼ ਆਦਿਕ ਪਦਾਂ ਨਾਲ ਬੁਲਾਏ ਜਾਂਦੇ ਹਨ.

ਮੁਗਲ ਬਾਦਸ਼ਾਹਾਂ ਵੇਲੇ ਬਾਦਸ਼ਾਹ ਦਾ ਹਾਥੀ ਹੱਕਣ ਵਾਲੇ ਕੇਵਲ ਸੈਯਦ ਹੋਇਆ ਕਰਦੇ ਸਨ, ਕਿਉਂਕਿ ਹੋਰ ਕਿਸੇ ਨੂੰ ਬਾਦਸ਼ਾਹ ਵੱਲ ਪਿੱਠ ਕਰਕੇ ਬੈਠਣ ਦਾ ਅਧਿਕਾਰ ਨਹੀਂ ਸੀ.

ਸੈਯਦ ਅਹਮਦ: ਦੇਖੋ, ਅਹਮਦ ਸੈਯਦ। ੨. ਦੇਖੋ, ਸੁਲਤਾਨ.

ਸੈਯਦ ਭੀਖ: ਦੇਖੋ, ਸ਼ਾਹ ਭੀਖ.

ਸੈਯਾ: ਦੇਖੋ, ਸੱਯਾ.

ਸੈਂਯਾਂ: ਸਾਂਈਂ. ਸ੍ਵਾਮੀ. "ਚਰਚਾ ਜਬ ਜਾ ਉਨ ਸੈਂਯਨ ਕੀ." (ਕ੍ਰਿਸਨਾਵ) ੨. ਸਹੀਆਂ. ਸਖੀਆਂ.

ਸੈਰ: ਅ਼. سیر ਸੰਗਯਾ- ਫਿਰਨਾ. ਵਿਚਰਨਾ. ਦੇਖੋ, ਸ੍ਰਿ ੨. ਸਫ਼ਰ। ੩. ਫ਼ਾ. سیر ਸੇਰ. ਵਿ- ਤ੍ਰਿਪਤ. ਰੱਜਿਆ ਹੋਇਆ.

ਸੈਰੰਧ੍ਰ: ਸੰ. ਸੀਰੰ- ਧਰ. ਸੀਰ (ਹਲ) ਰੱਖਣ ਵਾਲਾ. ਹਲਵਾਹ ਜਿਮੀਦਾਰ.

ਸੈਰੰਧ੍ਰੀ: ਸੰ. सैरन्ध्री ਸੰਗਯਾ- ਸੀਰ (ਹਲ) ਦੇ ਧਾਰਨ ਵਾਲੀ. ਵਾਹੀ ਕਰਨ ਵਾਲੀ। ੨. ਦਸ੍ਤਕਾਰੀ ਕਰਨ ਵਾਲੀ ਇਸਤ੍ਰੀ। ੩. ਇਹ ਪਦ ਦਾਸੀ ਦੇ ਅਰਥ ਵਿੱਚ ਭੀ ਵਰਤਿਆ ਜਾ ਸਕਦਾ ਹੈ. ਦ੍ਰੋਪਦੀ ਜਦ ਵਿਰਾਟ ਦੇ ਘਰ ਪਾਂਡਵਾਂ ਸਮੇਤ ਲੁਕਕੇ ਰਹੀ ਹੈ, ਤਦ ਉਸ ਨੂੰ ਸੈਰੰਧ੍ਰੀ ਹੀ ਆਖਦੇ ਸਨ.

ਸੈਲ: ਦੇਖੋ, ਸੈਰ. "ਤਿਉ ਤਿਉ ਸੈਲ ਕਰਹਿ ਜਿਉ ਭਾਵੈ." (ਗਉ ਰਵਿਦਾਸ) ੨. ਸੰ. शैल ਵਿ- ਸ਼ਿਲਾ ਦਾ ਬਣਿਆ ਹੋਇਆ. ਪੱਥਰ ਦਾ। ੩. ਸੰਗਯਾ- ਪਰਬਤ, ਜਿਸ ਵਿੱਚ ਸ਼ਿਲਾ ਸਮੁਦਾਯ ਹੈ. "ਕਰਹਿ ਸੈਲ ਮਗ ਸੈਲਨ ਕੇਰੀ." (ਗੁਪ੍ਰਸੂ) ੪.

---

[282] शेते वासना यस्मिन का राय:-आत्त) कर शुभू शयम.

ਜੜ੍ਹਮਤਿ. ਪੱਥਰ ਜੇਹਾ. "ਸੈਲ ਲੋਅ ਜਿਨ ਉਧਰਿਆ." (ਸਵੈਯੇ ਮः ੩. ਕੇ) "ਆਥਿ ਸੈਲ ਨੀਚ ਘਰਿ ਹੋਇ." (ਓਅੰਕਾਰ) ਜੇ ਧਨ ਮੂਰਖ ਅਤੇ ਨੀਚ ਦੇ ਘਰ ਹੋਵੇ। ੫. ਸ਼ਿਲਾ ਦੀ ਜਤੁ (ਲਾਪ). ਸ਼ਿਲਾਜੀਤ। ੬. ਕਠੋਰ ਚਿੱਤ. ਸੰਗਦਿਲ. "ਤੀਰਥ ਨਾਇ ਕਹਾ ਸੁਚਿ ਸੈਲ?" (ਭੈਰ ਮः ੫) ਵਿ- ਅਚਲ. "ਭਏ ਸੁਖ ਸੈਲ." (ਗਉ ਮः ੫) ੮. ਅ਼. سیل ਸੰਗਯਾ- ਜਲ ਪ੍ਰਵਾਹ. "ਮਨਮੁਖ ਪਥਰ ਸੈਲ ਹੈ ਧ੍ਰਿਗ ਜੀਵਣ ਫੀਕਾ." (ਆਸਾ ਅः ਮः ੧) ਜਲ ਪਰਵਾਹ ਵਿੱਚ ਰਹਿਕੇ ਸੁੱਕਾ ਰਹਿਣ ਵਾਲਾ ਹੈ.

ਸੈਲ ਸੁਤਾ, ਸੈਲ ਕੁਮਾਰੀ, ਸੈਲ ਕੰਨਜਾ, ਸੈਲਜਾ, ਸੈਲ ਤਨਯਾ: ਸੰਗਯਾ- ਸੈਲ (ਪਹਾੜ) ਅਰਥਾਤ

ਹਿਮਾਲਯ ਪਰਬਤ ਦੀ ਪੁਤ੍ਰੀ, ਪਾਰਵਤੀ. ਗਿਰਿਜਾ.

ਸੈਲਨਿਪਾਤੀ: ਸੰ. शैलनिपातिन ਵਿ- ਪਹਾੜਾਂ ਦਾ ਨਾਸ਼ ਕਰਨ ਵਾਲਾ. ਵਜ੍ਰ ਨਾਲ ਪਹਾੜਾਂ ਨੂੰ ਤੋੜਨ ਵਾਲਾ. ਇੰਦ੍ਰ. "ਸੈਲਨਿਪਾਤੀ ਸ੍ਰੀਦਿਹ ਸੂਰ ਸਸੀ ਉਡੁ ਅੰਤਕ." (ਨਾਪ੍ਰ)

ਸੈਲਪਥਰ: ਵਿ- ਸ਼ੈਲ ਪ੍ਰਸੂਰ. ਪਹਾੜੀ ਪੱਥਰ. "ਸੈਲ ਪਥਰ ਮਹਿ ਜੰਤ ਉਪਾਏ." (ਸੋਦੁਰ) ੨. ਦੇਖੋ, ਪਥਰ ਸੈਲ। ੩. ਦੇਖੋ, ਸੈਲ ੮.

ਸੈਲਰਾਜ: ਸੰਗਯਾ- ਪਹਾੜਾਂ ਦਾ ਰਾਜਾ ਹਿਮਾਲਯ। ੨. ਸੁਮੇਰੁ.

ਸੈਲ ਲੋਅ: ਜੜ੍ਹ ਲੋਕ. ਦੇਖੋ, ਸੈਲ ੪.

ਸੈਲਾਨੀ: ਵਿ- ਸੈਰ ਕਰਨ ਵਾਲਾ. ਵਿਚਰਣ ਵਾਲਾ। ੨. ਵਿਹੰਗਮ ਵ੍ਰਿੱਤੀ ਵਾਲਾ.

ਸੈਲੀ: ਵਿ- ਸੈਰ ਕਰਨ ਵਾਲਾ। ੨. ਸੰ. ਸ਼ੈਲੀ. ਸੰਗਯਾ- ਰੀਤਿ. ਪਰਿਪਾਟੀ। ੩. ਕਾਵ੍ਯ ਰਚਨਾ ਦੀ ਰੀਤਿ. ਖਾਸ ਢੰਗ ਨਾਲ ਸ਼ਬਦ ਅਤੇ ਵਚਨਾਂ ਦੀ ਵਰਤੋਂ ਕਰਨੀ. ਦੇਖੋ, ਅੰ. Style.

ਸੈਲੂਖ: ਸੰ. शैलूष ਸ਼ੈਲੂਸ਼. ਸੰਗਯਾ- ਨਟ. ਨਾਟਕ ਖੇਡਣ ਵਾਲਾ। ੨. ਬਿਲ ਦਾ ਬਿਰਛ. ਵਿਲ੍ਵ.

ਸੈਵ: ਸੰ. सैव ਸਰਵ- ਓਹੀ. ਵਹੀ। ੨. ਸੰ. शैव ਸ਼ੈਵ. ਵਿ- ਸ਼ਿਵ ਦਾ. ਸ਼ਿਵ ਨਾਲ ਹੈ ਜਿਸ ਦਾ ਸੰਬੰਧ। ੩. ਸੰਗਯਾ- ਸ਼ਿਵ ਉਪਾਸਕ। ੪. ਧਤੂਰਾ.

ਸੈਵਾਲ: ਦੇਖੋ, ਸਿਬਾਲ.

ਸ਼ੈਵ੍ਯ: ਵਿ- ਸ਼ਿਵ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਕ੍ਰਿਸ਼ਨ ਜੀ ਦੇ ਰੱਥ ਦਾ ਇੱਕ ਘੋੜਾ.

ਸੋ: ਸਰਵ- ਉਸ ਦਾ. "ਸੋ ਦੀਆ ਨ ਜਾਈ ਖਾਇਆ." (ਸੋਰ ਕਬੀਰ) ਉਸ ਦਾ ਦਿੱਤਾ ਸਾਥੋਂ ਖਾਧਾ ਨਹੀਂ ਜਾਂਦਾ, ਭਾਵ ਮੁੱਕਦਾ ਨਹੀਂ। ੨. ਓਹ. ਵਹ. "ਸੋ ਗੁਰੁ ਕਰਹੁ ਜਿ ਸਾਚੁ ਦ੍ਰਿੜਾਵੈ." (ਧਨਾ ਅः ਮः ੧) ੩. ਹੈ ਕ੍ਰਿਯਾ ਦਾ ਭੂਤਕਾਲ ਬੋਧਕ. ਸੀ. ਥਾ. "ਜਬ ਇਹੁ ਨ ਸੋ, ਤਬ ਕਿਨਹਿ ਉਪਾਇਆ?" (ਭੈਰ ਮः ੫) ੪. ਵਿ- ਜੈਸਾ. ਸਾਰਖਾ. ਜੇਹਾ. "ਹਰਿ ਸੋ ਹੀਰਾ ਛਾਡਕੈ." (ਸ. ਕਬੀਰ) "ਜੋ ਜਨ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ." (ਸ. ਕਬੀਰ) ਸੋ ਇੰਦ੍ਰ ਕੋ ਰੰਕ ਸੋ (ਜੇਹਾ) ਗਨੈ। ੫. ਸੰਗਯਾ- ਸ਼ੁਹਰਤ. ਸੋਇ ਦਾ ਸੰਖੇਪ.

ਸੇਉ: ਸਰਵ- ਉਹ. ਵਹੀ. ਸੈਵ. ਸ- ਏਵ। ੨. ਸ਼ਯ. ਸੌਂ "ਸੁਖ ਸੇਉ ਹੋਇ ਅਚਿੰਤਾ." (ਗਉ ਮः ੫)

ਸੋਊ: ਸਰਵ- ਵਹੀ. ਓਹੀ. "ਸੋਊ ਗਨੀਐ ਸਭ ਤੇ ਊਚਾ." (ਸੁਖਮਨੀ) ੨. ਦੇਖੋ, ਸਉਣਾ.

ਸੋਆ: ਵਿ- ਸੁੱਤਾ ਸੁਪ੍ਤ। ੨. ਸੰਗਯਾ- ਇੱਕ ਸੌਂਫ ਦੀ ਕਿਸਮ ਦਾ ਸਾਗ, ਜਿਸ ਨੂੰ ਪਾਲਕ ਨਾਲ ਮਿਲਾਕੇ ਰਿੰਨ੍ਹਦੇ ਹਨ, ਇਸ ਦੀ ਤਾਸੀਰ ਗਰਮ ਤਰ ਹੈ. L. Anethum Sowa. ੩. ਸ਼ੋਭਾ. ਵਡਿਆਈ. "ਨਿਗੁਰਾ ਮਨਮੁਖ ਸੁਣੈ ਨ ਸੋਆ." (ਭਾਗੁ)

੪. ਚਰਚਾ.

ਸੋਆ ਚੂਕ, ਸੋਆ ਪਾਲਕ: ਸੋਆ ਅਤੇ ਚੂਕ (ਪਾਲਕ). ਦੇਖੋ, ਚੂਕ

ਸੋਇ: ਸਰਵ- ਉਹੀ. ਵਹ. ਓਹ. "ਚਤੁਰ ਸਿਆਣਾ ਸੁਘੜ ਸੋਇ." (ਗਉ ਥਿਤੀ ਮঃ ੫) ੨. ਸੰਗਯਾ- ਸ਼ੁਹਰਤ. ਚਰਚਾ. "ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ." (ਸ੍ਰੀ ਮঃ ੧) "ਤਿਨ ਕੀ ਨਿਰਮਲ ਸੋਇ." (ਬਾਰਹਮਾਹਾ ਮਾਝ) ੩. ਸੁਗੰਧ. ਖੁਸ਼ਬੂ. ਸੁਰਭਿ. "ਇਸ ਮਨ ਕੋ ਬਸੰਤ ਕੀ ਲਗੈ ਨ ਸੋਇ." (ਬਸੰ ਮঃ ੩) ੪. ਸ਼ੋਭਾ. ਕੀਰਤਿ. "ਤਿਸ ਕੀ ਸੋਇ ਸੁਣੀ ਮਨੁ ਹਰਿਆ." (ਆਸਾ ਮঃ ੫) ੫. ਦੇਖੋ, ਸਉਣਾ. "ਬਾਵਰ ਸੋਇ ਰਹੇ." (ਆਸਾ ਮঃ ੫) ੬. ਕ੍ਰਿ. ਵਿ- ਸੌਂਦਾ. "ਸੋਇ ਅਚਿੰਤਾ ਜਾਗਿ ਅਚਿੰਤਾ." (ਭੈਰ ਮঃ ੫)

ਸੋਇਆ: ਵਿ- ਸੁੱਤਾ। ੨. ਵਿਰਾਜਿਆ. ਵਸਿਆ. "ਘਟਿ ਘਟਿ ਸੋਇਆ." (ਰਾਮ ਛੰਤ ਮঃ ੫) ੩. ਸੋਹਿਆ. ਸ਼ੋਭਿਤ ਹੋਇਆ.

ਸੋਇਨ: ਸੰਗਯਾ- ਸੁਵਰ੍ਣ. ਸੋਨਾ. "ਸੋਇਨ ਲੰਕਾ ਸੋਇਨ ਮਾੜੀ." (ਗਉ ਮঃ ੧) "ਸੇ ਅਸਥਲ ਸੋਇਨ ਚਉਬਾਰੇ." (ਮਾਝ ਮঃ ੫) ੨. ਦੇਖੋ. ਸਉਣਾ.

ਸੋਇਨਾ: ਸੰਗਯਾ- ਸੁਵਰ੍ਣ ਸੋਨਾ। ੨. ਸ਼ਯਨ. ਸੌਣਾ. "ਨਾਨਕ ਸੁਖਿ ਸੁਖਿ ਸੋਇਨਾ" (ਆਸਾ ਮঃ ੫)

ਸੋਇਰੀ: ਸੰ. ਸ਼ਾਵਰੀ। ਵਿ- ਸ਼ਿਵ ਉਪਾਸਕ। ੨. ਤੰਤ੍ਰਸ਼ਾਸਤ੍ਰ ਦਾ ਗਯਾਤਾ। ੩. ਸੰਗਯਾ- ਬਹੁਜਾਈ ਖਤ੍ਰੀਆਂ ਦਾ ਇੱਕ ਗੋਤ. "ਪਿਰਥਾ ਖੇਡਾ ਸੋਇਰੀ." (ਭਾਗੁ)

ਸੋਈ: ਸਰਵ- ਵਹੀ. ਉਹੀ. "ਸੋਈ ਸੋਈ ਸਦਾ ਸਚੁ." (ਜਪੁ) ੨. ਵਿ- ਸੁੱਤੀ. "ਸੋਈ ਸੋਈ ਜਾਗੀ." (ਸੋਰ ਕਬੀਰ) ਉਹੀ ਸੁੱਤੀ ਜਾਗੀ ਹੈ। ੩. ਸੰਗਯਾ- ਇੱਕ ਜੱਟ ਗੋਤ੍ਰ, ਜੋ ਰਾਜਾ ਕੰਗ ਦੀ ਵੰਸ਼ ਦੱਸੀਦਾ ਹੈ, ਅਰ ਸਿਆਲਕੋਟ ਤਥਾ ਗੁੱਜਰਾਂਵਾਲੇ ਦੇ ਜਿਲੇ ਬਹੁਤ ਹੈ. ਇਸ ਨੂੰ "ਸੋਹੀ" ਭੀ ਸਦਦੇ ਹਨ. "ਹੇਮੂ ਸੋਈ ਗੁਰਮਤਿ ਪਾਈ." (ਭਾਗੁ)

ਸੋਈਜੈ: ਸ਼ਯਨ ਕਰੀਜੈ। ੨. ਸਵੀਂਦਾ ਹੈ. "ਜਿਹ ਪ੍ਰਸਾਦਿ ਸੁਖਿ ਸਹਜਿ ਸੋਈਜੈ." (ਸੁਖਮਨੀ)

ਸੋਸ, ਸੋਸਣ: ਸੰ. ਸ਼ੋਸ਼ ਅਤੇ ਸ਼ੋਸ਼ਣ. ਸੰਗਯਾ- ਸੁਕਾਉਣਾ. ਖੁਸ਼ਕ ਕਰਨਾ. ਦੇਖੋ, ਸੂਰ ਸਰ.

ਸੋਸਨ: ਦੇਖੋ, ਸੋਸਣ। ੨. ਫ਼ਾ. سوسن ਸੰਗਯਾ- ਲਿਲੀ. ਇਹ ਫੁੱਲ ਕਈ ਰੰਗਾਂ ਦਾ ਹੁੰਦਾ ਹੈ. ਖਾਸ ਕਰਕੇ ਚਿੱਟਾ ਪੀਲਾ ਅਤੇ ਨੀਲਾ ਬਹੁਤ ਪ੍ਰਸਿੱਧ ਹੈ. ਕਿਤਨਿਆਂ ਦੇ ਖਿਆਲ ਵਿੱਚ ਸੋਸਨ ਨਰਗਿਸ ਹੈ, ਪਰ ਇਹ ਠੀਕ ਨਹੀਂ. ਸੋਸਨ ਸੁਖਦਰਸ਼ਨ ਦੀ ਜਾਤਿ ਵਿੱਚੋਂ ਹੈ.

ਸੋਸਨੀ: ਵਿ- ਸੋਸਨ ਰੰਗਾ.

ਸ਼ੋਸ਼ਾ: ਫ਼ਾ. شوشہ ਢੇਰੀ। ੨. ਚਾਂਦੀ ਸੋਇਨੇ ਦੀ ਤਾਰ। ੩. ਰੇਜ਼ਾ. ਛੋਟਾ ਟੁਕੜਾ। ੪. ਭਾਵ- ਅੱਗ ਦੀ ਚਿਨਗ. ਚਿੰਗਾੜਾ.

ਸੋਹ: ਸੰਗਯਾ- ਸ਼ੋਭਾ. "ਗੁਰਮੁਖ ਸੇਈ ਸੋਹਦੇ." (ਸ੍ਰੀ ਅঃ ਮঃ ੩) ੨. ਵਿ- ਸ਼ੋਭਨ. ਸੁੰਦਰ.

ਸੋਹਜ: ਸੰਗਯਾ- ਸੌਂਦਰਯ. ਸੁੰਦਰਤਾ। ੨. ਸ਼੍ਰਿੰਗਾਰ.

ਸੋਹਣਾ: ਵਿ- ਸ਼ੋਭਨ. ਸੁੰਦਰ. "ਸੋਹਣੇ ਨਕ ਜਿਨਿ ਲੰਮੜੇ ਵਾਲਾ." (ਵਡ ਛੰਤ ਮঃ ੧) ੨. ਸੰ. ਸੁਨਰ. ਪ੍ਰਸੰਨ ਖ਼ੁਸ਼. ਦੇਖੋ, ਸੁੰਦਰ ਸੋਹਣਾ। ੩. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਰਮ ਸਾਦਿਕ ਜਾਨੀ ਅਤੇ ਖ਼੍ਵਾਜਹ ਦਾ ਚੇਲਾ ਨੰਦ ਲਾਲ, ਜੋ ਸਤਿਗੁਰੂ ਜੀ ਦੀ ਸੇਵਾ ਕਰਕੇ ਆਤਮਗਯਾਨੀ ਹੋਇਆ. ਗੁਰੂ ਸਾਹਿਬ ਨੇ ਇਸ ਦਾ ਨਾਉਂ ਸੋਹਣਾ ਰੱਖਿਆ. "ਨਾਮ ਸੋਹਣਾ ਜਿਸ ਕਿਸ ਕਹੀਆ." (ਗੁਪ੍ਰਸੂ) ਭਾਈ ਸੋਹਣੇ ਦਾ ਦੇਹਾਂਤ ਸੰਮਤ ੧੭੩੨ ਵਿੱਚ ਹੋਇਆ ਹੈ, ਸਮਾਧੀ ਗੁਰਪਲਾਹ (ਜ਼ਿਲਾ ਹੁਸ਼ਿਆਰਪੁਰ ਵਿੱਚ) ਹੈ.

**ਸੋਹਣੀ:** ਵਿ- ਸੁੰਦਰੀ। ੨. ਦੇਖੋ, ਸੋਹਨੀ.

**ਸੋਹਨਾ:** ਦੇਖੋ, ਸੋਹਣਾ.

**ਸੋਹਨੀ:** ਦੇਖੋ, ਸੋਹਣੀ. ਸੁੰਦਰੀ. "ਸੋਹਨੀ ਸਰੂਪਿ ਸੁਜਾਨ ਬਿਚਖਨਿ." (ਆਸਾ ਮਃ ੫) ੨. ਸੰਗਯਾ- ਮੇਹੀਵਾਲ ਨਾਲ ਪ੍ਰੀਤਿ ਕਰਨ ਵਾਲੀ ਇੱਕ ਇਸਤ੍ਰੀ. "ਰਾਵੀ ਤੀਰ ਜਾਟ ਇਕ ਰਹੈ. ਮੇਹੀਵਾਲ ਨਾਮ ਜਗ ਕਹੈ। ਨਿਰਖ ਸੋਹਨੀ ਵਸਿ ਹਨਐਗਈ." (ਚਰਿਤ੍ਰ ੧੦੧) ਸੋਹਨੀ ਘੜਾ ਛਾਤੀ ਹੇਠ ਰੱਖਕੇ ਨਿੱਤ ਨਦੀ ਤਰਕੇ ਮੇਹੀਵਾਲ ਪਾਸ ਜਾਂਦੀ ਸੀ ਅਰ ਘਰ ਨੂੰ ਵਾਪਸ ਆਉਣ ਸਮੇਂ ਝਾੜਾਂ ਵਿੱਚ ਘੜਾ ਲੁਕਾਆਉਂਦੀ ਸੀ. ਇਸ ਦੇ ਸੰਬੰਧੀਆਂ ਨੇ ਇਹ ਭੇਦ ਜਾਣਕੇ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ. ਜਦ ਉਸ ਨਾਲ ਨਦੀ ਵਿੱਚ ਪ੍ਰੇਵਸ਼ ਹੋਈ ਤਾਂ ਘੜਾ ਗਲ ਗਿਆ ਅਤੇ ਸੋਹਨੀ ਡੁੱਬ ਮੋਈ. ਇਸ ਦਾ ਇਹ ਹਾਲ ਸੁਣਕੇ ਮੇਹੀਵਾਲ ਭੀ ਨਦੀ ਵਿੱਚ ਡੁੱਬਕੇ ਮਰ ਗਿਆ. ਦੇਖੋ, ਸੋਣ੍ਹੀ.

**ਸੋਹਬਤ:** ਦੇਖੋ, ਸੁਹਬਤ.

**ਸੋਹਰਤ:** ਦੇਖੋ, ਸੁਹਰਤ.

**ਸੋਹਲ:** ਸੰ. ਸੁਮ੍ਰਿਦੁਲ. ਵਿ- ਕੋਮਲ.

**ਸੋਹਲੜਾ, ਸੋਹਲਾ:** ਦੇਖੋ, ਸੋਹਿਲਾ.

**ਸ਼ੋਹਾ, ਸੋਹਾਇਆ:** ਵਿ- ਸ਼ੋਭਿਤ. ਸ਼ੋਭਨ ਹੋਇਆ. "ਨਾਮੇ ਕਾਰਜ ਸੋਹਾ ਹੇ." (ਮਾਰ ਸੋਲਹੇ ਮਃ ੩) "ਮਿਲਿ ਸਾਧਸੰਗ ਸੋਹਾ." (ਸਾਰ ਮਃ ੫. ਪੜਤਾਲ)

**ਸੋਹਾਗ:** ਦੇਖੋ, ਸੁਹਾਗ. "ਥਿਰੁ ਸੋਹਾਗ ਵਰ ਅਗਮ ਅਗੋਚਰ." (ਮਾਝ ਮਃ ੫)

**ਸੋਹਾਗਣਿ, ਸੋਹਾਗਣੀ, ਸੋਹਾਗਨਿ, ਸੋਹਾਗਨੀ:** ਦੇਖੋ, ਸੁਹਾਗਣਿ. "ਪੁਤ੍ਰਵੰਤੀ ਸੀਲਵੰਤਿ ਸੋਹਾਗਿਣ." (ਮਾਝ ਮਃ ੫) "ਸੋਭਾਵੰਤੀ ਸੋਹਾਗਣੀ." (ਸ੍ਰੀ ਮਃ ੩) "ਧੰਨਿ ਸੋਹਾਗਨਿ ਜੋ ਪ੍ਰਭੁ ਜਾਨੈ." (ਸੂਹੀ ਮਃ ੫) ੨. ਭਾਵ- ਮਾਇਆ. "ਸੋਹਾਗਨਿ ਕਿਰਪਨ ਕੀ ਪੂਤੀ." (ਗੌਂਡ ਕਬੀਰ)

**ਸੋਹਾਗਾ:** ਦੇਖੋ, ਸੁਹਾਗਾ. "ਜਿਉ ਕੰਚਨ ਸੋਹਾਗਾ ਢਾਲੈ." (ਓਅੰਕਾਰ)

**ਸੋਹਾਗੁ:** ਦੇਖੋ, ਸੁਹਾਗ. "ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ." (ਆਸਾ ਛੰਤ ਮਃ ੫)

**ਸੋਹਿਅੜਾ:** ਵਿ- ਸ਼ੋਭਨ ਹੋਇਆ. ਸ਼ੋਭਾ ਸਹਿਤ ਭਇਆ. "ਸੋਹਿਅੜੇ ਮੇਰੇ ਬੰਕ ਦੁਆਰੇ." (ਆਸਾ ਛੰਤ ਮਃ ੫)

**ਸੋਹਿਲੜਾ, ਸੋਹਿਲਾ:** ਸੰਗਯਾ- ਆਨੰਦ ਦਾ ਗੀਤ. ਸ਼ੋਭਨ ਸਮੇਂ ਵਿੱਚ ਗਾਇਆ ਗੀਤ. "ਮੰਗਲ ਗਾਵਹੁ ਤਾ ਪ੍ਰਭੁ ਭਾਵਹੁ ਸੋਹਿਲੜਾ ਜੁਗ ਚਾਰੇ." (ਸੂਹੀ ਛੰਤ ਮਃ ੧) "ਕਹੈ ਨਾਨਕ ਸਬਦ ਸੋਹਿਲਾ ਸਤਿਗੁਰੂ ਸੁਣਾਇਆ." (ਅਨੰਦੁ) ੨. ਸੁ (ਉੱਤਮ) ਹੇਲਾ (ਖੇਲ) ਹੈ ਜਿਸ ਵਿੱਚ ਅਜੇਹਾ ਕਾਵ੍ਯ। ੩. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ "ਸੋਹਿਲਾ" ਸਿਰਲੇਖ ਹੇਠ ਇੱਕ ਖਾਸ ਬਾਣੀ, ਜਿਸ ਦਾ ਪੜ੍ਹਨਾ ਸੌਣ ਵੇਲੇ ਵਿਧਾਨ ਹੈ. "ਤਿਤੁ ਘਰਿ ਗਾਵਹੁ ਸੋਹਿਲਾ"- ਪਾਠ ਹੋਣ ਕਰਕੇ ਇਹ ਸੰਗਯਾ ਹੋਈ ਹੈ.

**ਸੋਹਿਲਾ ਪੜ੍ਹਨਾ:** ਦੇਖੋ, ਫਾਤੀਆ.

**ਸੋਹੀ:** ਦੇਖੋ, ਸੋਈ। ੨. ਸ਼ੋਭਨ ਹੋਈ.

**ਸੋਹੀਆ:** ਦੇਖੋ, ਧੁਨੀ (ੳ)

**ਸੋਹੀਵਾਲ:** ਰਿਆਸਤ ਨਾਭੇ ਦੀ ਨਜਾਮਤ ਫੂਲ ਵਿੱਚ ਢਿੱਲੋਂ ਅਤੇ ਧੌਲੇ ਦੇ ਵਿਚਕਾਰ ਇੱਕ ਪਿੰਡ, ਜਿਸ ਥਾਂ ਨੌਮੇ ਸਤਿਗੁਰੂ ਜੀ

ਨੇ ਦੁਪਹਿਰਾ ਕੱਟਿਆ. ਇਸ ਥਾਂ ਗੁਰੁਦ੍ਵਾਰਾ ਨਹੀਂ ਹੈ. ਹੁਣ ਇਹ ਗੁਰੁਦ੍ਵਾਰਾ ਧੌਲੇ ਦੀ ਜ਼ਮੀਨ ਵਿੱਚ ਹੈ. ਦੇਖੋ, ਧੌਲਾ.

ਸੋਹੇਲਾ: ਦੇਖੋ, ਸੁਹੇਲਾ. "ਸਰਣਿ ਪਇਆ ਨਾਨਕ ਸੋਹੇਲਾ." (ਆਸਾ ਮਃ ੫)

ਸੋਹੇੜਾ: ਸੰਗਯਾ- ਸੁਹੇਰਾ. ਪਹਿਰੂ. ਚੰਗੀ ਤਰਾਂ ਹੇਰਨ (ਨਿਗਰਾਨੀ ਕਰਨ) ਵਾਲਾ. ਭਾਵ- ਮਾਇਆ ਲੰਪਟ. "ਸੋਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ." (ਸ. ਫਰੀਦ) ਮਾਇਆ ਦੇ ਪਹਿਰੂ ਦੀ ਘੜਿਆਲ ਵਾਂਙ ਮਾਰ ਖਾਂਦੇ ਦੁੱਖ ਵਿੱਚ ਉਮਰ ਬੀਤਦੀ ਹੈ। ੨. ਸ੍ਵ (ਧਨ) ਨੂੰ ਹੇਰਣ ਵਾਲਾ. ਜਿਸ ਦੀ ਨਿਗਾਹ ਹਰ ਵੇਲੇ ਧਨ ਵੱਲ ਰਹਿੰਦੀ ਹੈ। ੩. ਗਠਕਤਰਾ. ਠਗ.

ਸੋਹੰ: ਸੰ. ਸੋऽਹ੍ਮ ਉਹ ਮੈ ਹਾਂ. "ਸੋਹੰ ਆਪੁ ਪਛਾਣੀਐ." (ਸ੍ਰੀ ਅਃ ਮਃ ੧) "ਤਤੁ ਨਿਰੰਜਨ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ." (ਸੋਰ ਮਃ ੧)

ਸੋਹੰਸੋ, ਸੋਹੰਹੰਸਾ: ਸੋऽਹ੍ਮਸ੍ਰਹੰਸ: ਉਹ ਮੈ, ਜੋ ਉਹ. "ਸੋਹੰ ਸੋ ਜਾ ਕਉ ਹੈ ਜਾਪੁ." (ਭੈਰ ਅਃ ਕਬੀਰ) "ਸੋਹੰਹੰਸਾ ਜਪੁ ਜਾਪਹੁ." (ਵਾਰ ਮਾਰੂ ੧. ਮਃ ੧)

ਸੋਹੰਦੜਾ, ਸੋਹੰਦਾ: ਵਿ- ਸ਼ੋਭਨ. ਸ਼ੋਭਾ ਦਿੰਦਾ. "ਸੋਹੰਦੜੋ ਹਭ ਠਾਇ." (ਸ੍ਰੀ ਛੰਤ ਮਃ ੫)

ਸੋਕ: ਸੰ. ਸ਼ੋਕ. ਸੰਗਯਾ- ਤਪਤ. ਤੇਜ. ਗਰਮੀ. "ਕਿ ਆਦਿੱਤ ਸੋਕੈ." (ਜਾਪੁ) ਸੂਰਜ ਨੂੰ ਗਰਮੀ ਦੇਣ ਵਾਲਾ ਹੈ. "ਨ ਸੀਤ ਹੈ ਨ ਸੋਕ ਹੈ." (ਅਕਾਲ) ੨. ਰੰਜ. ਗਮ। ੩. ਮੁਸੀਬਤ. ਵਿਪਦਾ.

ਸੋਕਹਰ: ਵਿ- ਸ਼ੋਕ ਮਿਟਾਉਣ ਵਾਲਾ. ੨. ਸੰਗਯਾ- ਦੇਖੋ, ਮੱਤ ਦੁਰਮਿਲਾ.

ਸੋਕਾਕੁਲ, ਸੋਕਾਰਤ: ਵਿ- ਸ਼ੋਕ ਕਰਕੇ ਵ੍ਯਾਕੁਲ. ਸ਼ੋਕ ਨਾਲ ਆਤੁੱ (ਦੁਖੀ).

ਸੋਖ: ਦੇਖੋ, ਸੋਸ. "ਜੈਸੇ ਸੂਰ ਸਰਬ ਕਉ ਸੋਖ." (ਸੁਖਮਨੀ) ਦੇਖੋ, ਸੋਮਸਰੁ। ੨. ਫ਼ਾ. شوخ ਸ਼ੋਖ਼. ਤੇਜ। ੩. ਚਮਕੀਲਾ. ਭੜਕਦਾਰ। ੪. ਚਾਲਾਕ.

ਸੋਖਕ: ਸੰ. ਸ਼ੋਸ਼ਕ. ਵਿ- ਖ਼ੁਸ਼ਕ ਕਰਨ ਵਾਲਾ. ਸੁਕਾਉਣ ਵਾਲਾ। ੨. ਸੰਗਯਾ- ਪੌਣ। ੩. ਸੂਰਜ.

ਸੋਖਣ: ਸੰ. ਸ਼ੋਸ਼ਣ. ਸੰਗਯਾ- ਸੁਕਾਉਣਾ. ਖੁਸ਼ਕ ਕਰਨਾ. "ਭਾਇ ਭਗਤਿ ਜਾ ਹਉਮੈ ਸੋਖੈ." (ਮਾਝ ਅਃ ਮਃ ੩)

ਸੋਖਤ: ਸੰ. ਸ਼ੋਸ਼ਿਤ. ਵਿ- ਸੁਕਾਇਆ ਹੋਇਆ. ਖੁਸ਼ਕ. "ਸੋਖਤ ਕਰ ਤੁਰਨ ਢਿਗ ਲਈਯੇ." (ਨਾਪ੍ਰ) ਵਸਤ੍ਰ ਸੁਕਾਕੇ ਛੇਤੀ ਲਿਆਓ। ੨. ਫ਼ਾ. سوخت ਸੋਖ਼ਤ. ਦੁਗਧ. "ਤੇ ਦੇਵੀ ਸੋਖਤ ਕਰੇ ਬੂੰਦ ਤਵਾ ਕੀ ਨਜਾਇ."(ਚੰਡੀ ੨)

ਸੋਖ਼ਤਨ: ਫ਼ਾ. سوختن ਕ੍ਰਿ- ਜਲਾਉਣਾ. ਦਗਧ ਕਰਨਾ.

ਸੋਖਨ: ਦੇਖੋ, ਸੋਖਣ.

ਸੋਖਿਲਇਓ: ਸ਼ੋਸ਼ਣ ਕਰ ਲੀਤਾ. ਸੁਕਾ ਦਿੱਤਾ. ਦੇਖੋ, ਭੁਜੰਬ.

ਸੋਖੀ: ਫ਼ਾ. شوخی ਸ਼ੋਖ਼ੀ. ਸੰਗਯਾ- ਚਪਲਤਾ। ਬੇਹਯਾਈ. ਨਿਰਲੱਜਤਾ ੩. ਦੇਖੋ. ਸੋਖਣ.

ਸੋਗ: ਫ਼ਾ. سوگ ਸੰਗਯਾ- ਮੁਸੀਬਤ. ਆਤਮ. ਗਮ. ਸੰ. ਸ਼ੋਕ. "ਸੋਗ ਅਗਨਿ ਤਿਸੁ ਜਨ ਨ ਬਿਆਪੈ." (ਧਨਾ ਮਃ ੫)

ਸੋਗ ਅਗਨਿ: ਸ਼ੋਕਾਗ੍ਨਿ. ਸ਼ੋਕ ਰੂਪ ਅੱਗ. ਸ਼ੋਕ ਦੀ ਜਲਨ. ਦੇਖੋ, ਸੰਗ.

ਸੋਗਸੋਗ: ਸ਼ੋਕ ਨੂੰ ਸ਼ੋਕ ਦੇਣ ਵਾਲਾ. ਸ਼ੋਕ ਨਾਸ਼ਕ. "ਨਮੋ ਸੋਗਸੋਗੇ." (ਜਾਪੁ)

ਸੋਗਹਰਖ: ਦੇਖੋ, ਹਰਖ ਸੋਗ.

ਸੋਗਨ: ਸੋਗ (ਸ਼ੋਕ) ਦਾ ਬਹੁ ਵਚਨ. "ਰੋਗਨ ਤੇ ਅਰੁ ਸੋਗਨ ਤੇ." (ਅਕਾਲ) ੨. ਡਿੰਗ. ਸੰਗਯਾ- ਸੁਗੰਦ. ਸੌਂਹ। ੩. ਸੰ. शुङ्ग ਸ਼ੁੰਗ. ਸੰਗਯਾ- ਮਿਆਨ. ਕੋਸ਼. "ਏਕ ਕ੍ਰਿਪਾਨ ਕੇ ਸੋਗਨ ਸੰਗ ਉਨੈ ਬਿਨ ਪ੍ਰਾਨ ਕਰੈਂ ਨ ਡਰੈਂਗੇ." (ਕ੍ਰਿਸਨਾਵ) ਤਲਵਾਰ ਦੇ ਮਿਆਨ ਨਾਲ ਹੀ ਬਿਨ ਪ੍ਰਾਣ ਕਰੈਂਗੇ.

ਸੋਗਾ: ਦੇਖੋ, ਸੋਕ ਅਤੇ ਸੋਗ। ੨. ਵਿ- ਸ਼ੋਕਾਤੁਰ. ਗ਼ਮਗੀਨ.

ਸੋਗਾਨੰਦ: ਸ਼ੋਕ ਅਤੇ ਆਨੰਦ.

ਸੋਗੀ: ਵਿ- ਸ਼ੋਕ ਨਾਲ ਗ਼ਮਗੀਨ.

ਸੋਗੁ: ਦੇਖੋ, ਸੋਗ. "ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ." (ਮਲਾ ਮਃ ੧)

ਸੋਗੰਧ, ਸੋਗੰਧਤਾ, ਸੋਗੰਧਿ: ਸੁਗੰਧ. ਖ਼ੁਸ਼ਬੂ. ਉੱਤਮ ਗੰਧ. "ਸੋਗੰਧਤਾ ਕਾਪਰ ਭੋਗਾਦਿ." (ਬਿਲਾ ਮਃ ੫)

ਸੋਘਾ: ਸਿੰਧੀ ਸੋਘੋ. ਵਿ- ਮਹਿਫ਼ੂਜ. ਰਕ੍ਸ਼ਿਤ. "ਜਿਉ ਧਨ ਸੋਘਾ ਰਖਦਾ ਘਰ ਅੰਦਰ ਸਾਹੁ." (ਭਾਗੁ) ੨. ਦੇਖੋ, ਸੋਂਘਾ.

ਸੋਂਘਾ: ਵਿ- ਸੁਘ੍ਰਾਣ. ਸੁੰਘਣ ਵਾਲਾ. ਖਾਸ ਕਰਕੇ ਉਹ, ਜੋ ਜਮੀਨ ਸੁੰਘਕੇ ਪਾਣੀ ਦਾ ਮਿੱਠਾ ਅਥਵਾ ਖਾਰਾ ਹੋਣਾ ਜਮੀਨ ਗਰਭ ਵਿੱਚ ਜਾਣ ਲੈਂਦਾ ਹੈ.

ਸੋਚ: ਸੰ. ਸ਼ੁਚਾ. ਸੰਗਯਾ- ਚਿੰਤਾ. ਫਿਕਰ. "ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ." (ਮਾਝ ਬਾਰਹਮਾਹਾ) ਦੇਖੋ, ਸ਼ੁਚ ਧਾ। ੨. ਸੰ. ਸ਼ੌਚ. ਪਵਿਤ੍ਰਤਾ. ਸਫਾਈ. "ਕਾਇਆ ਸੋਚ ਨ ਪਾਈਐ." (ਸ੍ਰੀ ਅਃ ਮਃ ੧)

੩. ਸੰ. ਸੰਕੋਚ. ਸੁਕੜਨਾ. "ਨ ਸੀਤ ਹੈ ਨ ਸੋਚ ਹੈ ਨ ਘ੍ਰਾਮ ਹੈ ਨ ਘਾਮ ਹੈ." (ਅਕਾਲ) ਨਾ ਸਰਦੀ ਹੈ ਨਾ ਸੰਕੋਚ ਹੈ, ਨਾ ਗਰਮੀ ਹੈ ਨਾ ਪਸੀਨਾ ਹੈ.

ਸੋਚਕ: ਵਿ- ਸੋਚ ਕਰਨ ਵਾਲਾ. ਸੋਚਣ ਵਾਲਾ.

ਸੋਚ ਚਾਰ: ਸ਼ੌਚਾਚਾਰ. ਦੇਖੋ, ਸੰਧਿ.

ਸੋਚਣਾ: ਸੰ. ਸ਼ੋਚਨ. ਸੰਗਯਾ- ਫਿਕਰ ਕਰਨ ਦੀ ਕ੍ਰਿਯਾ। ੨. ਵਿਚਾਰਨਾ। ੩. ਚਿੰਤਨ ਕਰਨਾ। ੪. ਸੋਚ ਕਰਨਾ।

ਸੋਚਤ ਸਾਚਤ: ਸੋਚਦੇ ਹੋਏ ਚਿੰਤਾ ਸਹਿਤ. ਦੇਖੋ, ਸਾਚਤ.

ਸੋਚਨ: ਦੇਖੋ, ਸੋਚਣਾ.

ਸੋਚਨੀਯ: ਵਿ- ਚਿੰਤਨੀਯ। ੨ਸ਼ੋਗ ਕਰਨ ਯੋਗਯ. ਅਫ਼ਸੋਸ ਲਾਇਕ. "ਤਜੇ ਸੁ ਪੰਥ ਕੁਮਾਰਗ ਚਾਲਾ। ਸੋ ਸੋਚਨ ਕੇ ਜੋਗ ਵਿਸਾਲਾ।।" (ਗੁਪ੍ਰਸੂ)

ਸੋਚਿ: ਸੰਗਯਾ- ਚਿੰਤਨ. ਧਯਾਨ. "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ." (ਜਪੁ) ੨. ਦੇਖੋ, ਸੁਚਿ। ੩. ਸੰ. ਸ਼ੋਚਿ. ਤਪਤ. ਘਾਮ.

ਸੋਚੀ: ਸੋਚੀਂ. ਸੋਚਾਂ. ਚਿੰਤਨ ਕਰਾਂ. ਦੇਖੋ, ਸੋਚਿ ੧.

ਸੋਚੈ: ਦੇਖੋ, ਸੋਚਣਾ ਅਤੇ ਸੋਚਿ। ੨. ਸੰ शौचै : ਸ਼ੌਚ (ਸੁਚ ਪਵਿਤ੍ਰਤਾ) ਤੋਂ.

ਸੋਜ: ਸੰਗਯਾ- ਸੋਜਾ. ਵਰਮ. ਸੰ. शोथ ਸ਼ੋਥ।

੨. ਫ਼ਾ. سوز ਸੋਜ਼. ਜਲਨ. ਦਾਹ. ਸੋਜ਼ਸ਼. "ਵਿਸਫੋਟ ਸਘਨ ਤੇ ਸੋਜ ਗਾਤ." (ਗੁਪ੍ਰਸੂ) ੩. ਇਹ ਸ਼ਬਦਾਂ ਦੇ ਅੰਤ ਆਕੇ ਜਲਾਉਣ ਵਾਲਾ ਦਾ ਅਰਥ ਦਿੰਦਾ ਹੈ. ਜੈਸੇ- ਦਿਲਸੋਜ਼.

ਸੋਜ਼ਸ਼: ਫ਼ਾ. سوزش ਦੇਖੋ, ਸੋਜ ੨.

ਸੋਜ਼ਨ: ਫ਼ਾ. سوزن ਸੰਗਯਾ- ਸੂਚੀ. ਸੂਈ.

ਸੋਜ਼ਨੀ: ਫ਼ਾ. سوزنی ਸੰਗਯਾ- ਉਹ ਵਸਤ੍ਰ, ਜਿਸ ਤੇ ਸੂਈ ਦਾ ਕੰਮ ਹੋਇਆ ਹੋਵੇ। ੨. ਇੱਕ ਖ਼ਾਸ ਪ੍ਰਕਾਰ ਦਾ ਵਸਤ੍ਰ, ਜੋ ਅਮੀਰਾਂ ਹੇਠ ਵਿਛਦਾ ਹੈ. ਇਸ ਉੱਪਰ ਸੂਈ ਨਾਲ ਅਨੇਕ ਪ੍ਰਕਾਰ ਦੇ ਸੁੰਦਰ ਨਗੰਦੇ ਪਾਏ ਹੰਦੇ ਹਨ.

ਸੋਜਾ: ਦੇਖੋ, ਸੋਜ ੧.

ਸੋਜਾਣ: ਦੇਖੋ, ਸੁਜਾਨ. "ਰਵਿਦਾਸੁ ਭਣੈ ਜੋ ਜਾਣੈ, ਸੋਜਾਣ." (ਆਸਾ)

ਸੋਜ਼ੋ ਗੁਦਾਜ਼: ਫ਼ਾ. سوزوگداز ਸੋਜ਼ (ਜਲਨ) ਅਰ. ਗੁਦਾਜ਼ (ਪਘਰਨਾ).

ਸੋਝ: ਸੰਗਯਾ- ਸੂਝ. ਸਮਝ. "ਤਿਨ ਕਉ ਸਗਲੀ ਸੋਝ ਪਈ." (ਬਿਲਾ ਮਃ ੫)

ਸੋਝਾਈ: ਸੂਝ- ਆਈ. ਦੇਖੋ, ਸੈ.

ਸੋਝਾਦੇਣਾ: ਦੇਖੋ, ਖਾਲਸੇ ਦੇ ਬੋਲੇ.

ਸੋਝੀ: ਸੰਗਯਾ- ਸਮਝ. ਗਿਆਨ. ਸੁਬੁੱਧਿ.

ਸੋਟਾ, ਸੋਟੀ: ਸੰਗਯਾ- ਯੁਸ੍ਟਿ. ਲਾਠੀ. ਛਟੀ. ਸਲੋਤਰ.

ਸੋਡੀ: ਦੇਖੋ, ਸਓਡੀ. "ਮਹਾਂ ਜੁੱਧ ਸੋਡੀ." (ਚਤ੍ਰਿ ੧੨੩) ਯੁੱਧ ਦਾ ਦੁੱਖ ਸਹਾਰਨ ਵਾਲਾ (ਸੋਢ੍ਰਿ).

ਸੋਢਨ: ਸੋਢਵੰਸ਼ ਦੀ ਨਾਰੀ। ੨. ਸੰ. ਸੰਗਯਾ- ਸਹਿਣਾ. ਸਹਾਰਨਾ. ਬਰਦਾਸ਼੍ਤ ਕਰਨਾ.

ਸੋਢੀ: ਦੇਖੋ, ਸਨਉਢ ਅਤੇ ਸਨਉਢੀ. ਵਿਚਿਤ੍ਰ ਨਾਟਕ ਅਨੁਸਾਰ ਸੋਢੀ ਲਵ (ਲਉ) ਦੀ ਔਲਾਦ ਹਨ ਅਤੇ ਵੇਦੀ ਕੁਸ਼ ਦੀ ਦੇਖੋ, ਕੁਸੀ ਅਤੇ ਵੇਦੀ. " ਤਾਂਤੇ ਪੁਤ੍ਰ ਪੌਤ੍ਰ ਹ੍ਵੈ ਆਏ। ਤੇ ਸੋਢੀ ਸਭ ਜਗਤ ਕਹਾਏ।।" (ਵਿਚਿਤ੍ਰ) ਸੋਢੀ ਗੋਤ ਹੁਣ ਛੋਟੇ ਸਰੀਣਾਂ ਵਿੱਚ ਗਿਣੀਦਾ ਹੈ. ਸ਼੍ਰੀ ਗੁਰੂ ਰਾਮਦਾਸ ਜੀ ਦਾ ਜਨਮ ਇਸੇ ਜਾਤਿ ਅੰਦਰ ਹੋਇਆ ਹੈ. ਦੇਖੋ, ਖਤ੍ਰੀ.

ਸੋਢੀ ਗੋਤ ਦੇ ਖਤ੍ਰੀਆਂ ਵਿੱਚੋਂ "ਸਾਹਿਬਜ਼ਾਦੇ ਸੋਢੀ" ਕੇਵਲ ਸ਼੍ਰੀ ਗੁਰੂ ਰਾਮਦਾਸ ਜੀ ਦੀ ਸੰਤਾਨ ਦੇ ਹਨ, ਜਿਨ੍ਹਾਂ ਵਿੱਚੋਂ ਪ੍ਰਿਥੀ ਚੰਦ ਜੀ ਦੀ ਵੰਸ਼ ਦੇ ਛੋਟੇ ਮੇਲ ਦੇ ਸੋਢੀ ਕਹੇ ਜਾਂਦੇ ਹਨ, ਅਰ ਸੂਰਜ ਮੱਲ ਜੀ ਦੀ ਔਲਾਦ ਦੇ ਵਡੇ ਮੇਲ ਦੇ ਸੋਢੀ ਸੱਦੀਦੇ ਹਨ. ਪ੍ਰਧਾਨ ਸ਼ਾਖ ਸੋਢੀਆਂ ਦੀ ਆਨੰਦਪੁਰ ਦੀ ਗੱਦੀ ਹੈ, ਜਿਸ ਦਾ ਵੰਸ਼ਵ੍ਰਿਕ੍ਸ਼ ਇਉਂ ਹੈ: :-

ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ.
|
ਦੀਪਚੰਦ ਜੀ
|
ਸੂਰਜਮੱਲ ਜੀ
|
ਸ਼ਯਾਮ ਸਿੰਘ ਜੀ
|
ਨਾਹਰ ਸਿੰਘ ਜੀ
|
ਸੁਰਜਨ ਸਿੰਘ ਜੀ

।
ਦੀਵਾਨ ਸਿੰਘ ਜੀ
।
ਬ੍ਰਿਜਇੰਦ੍ਰ ਸਿੰਘ ਜੀ
।
ਟਿੱਕਾ ਰਾਮ ਨਰਾਯਨ ਸਿੰਘ ਜੀ
।
ਜਗਤਾਰ ਸਿੰਘ ਜੀ

ਸ਼ਜਾਮ ਸਿੰਘ ਜੀ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਮ੍ਰਿਤ ਛਕਾਇਆ. ਜਿਸ ਖੰਡੇ ਨਾਲ ਅਮ੍ਰਿਤ ਤਿਆਰ ਕੀਤਾ, ਅਰ ਜੋ ਸ਼੍ਰੀ ਸਾਹਿਬ ਉਸ ਵੇਲੇ ਸ਼ਜਾਮ ਸਿੰਘ ਜੀ ਨੂੰ ਪਹਿਰਾਇਆ ਗਿਆ ਸੀ, ਉਹ ਟਿੱਕਾ ਰਾਮਨਰਾਯਨ ਸਿੰਘ ਜੀ ਰਈਸ ਆਨੰਦਪੁਰਪਾਸ ਹਨ। ੨. ਵਿ- ਸੋਢ੍ਰਿ. ਸਹਾਰਨ ਵਾਲਾ. "ਮਹਾਂ ਸਸਤ੍ਰ ਸੋਢੀ ਮਹਾ ਲੋਹ ਪੂਰੰ." (ਰਾਮਾਵ)

ਸੋਢੀ ਰਾਇ: ਸੋਢ ਵੰਸ਼ ਦਾ ਮੁਖੀਆ, ਜਿਸ ਤੋਂ ਇਹ ਗੋਤ ਚੱਲਿਆ। ਦੇਖੋ ਵਿਚਿਤ੍ਰਨਾਟਕ ਅਃ ੨. "ਤਿਸ ਤੇ ਪੁਤ੍ਰ ਭਯੋ ਜੋ ਧਾਮਾ। ਸੋਢੀ ਰਾਇ ਧਰਾ ਤਿਹ ਨਾਮਾ।।"

ਸੋਣ: ਸੰ ਸ਼ੋਣ ਧਾ- ਲਾਲ ਹੋਣਾ. ਜਾਣਾ. ਗਮਨ। ੨. ਵਿ- ਲਾਲ. ਸੁਰਖ। ੩. ਸੰਗਜਾ- ਲਹੂ. ਰੁਧਿਰ। ੪. ਇੱਕ ਦਰਿਆ. ਸ਼ੋਣ ਨਦ. ਸੋਨ ਇਸ ਦੇ ਸੰਸਕ੍ਰਿਤ ਨਾਉਂ ਸ੍ਵਰਨ ਅਤੇ ਹਿਰਣਜਵਾਹ ਹਨ, ਰਾਮਾਇਨ ਅਤੇ ਭਾਗਵਤ ਵਿੱਚ ਇਸ ਦਾ ਕਈ ਥਾਂ ਜਿਕਰ ਆਇਆ ਹੈ. ਇਹ ਨਮਰਦਾ ਦੇ ਪਾਸ ਅਮਰਕੰਟਕ ਤੋਂ ਨਿਕਲਕੇ ੪੯੭ ਮੀਲ ਵਹਿੰਦਾ ਹੋਇਆ ਦੀਨਾਪੁਰ ਤੋਂ ਦਸ ਮੀਲ ਉੱਪਰ ਗੰਗਾ ਵਿੱਚ ਮਿਲਦਾ ਹੈ। ੫. ਸੰਧੂਰ। ੬. ਮਾਣਕ. ਲਾਲ.

ਸੋਣਿਤ: ਸੰ. ਸ਼ੋਣਿਤ. ਵਿ- ਲਾਲ। ੨. ਸੰਗਜਾ- ਲਹੂ. ਖ਼ੂਨ। ੩. ਕੇਸਰ। ੪. ਸ਼ਿੰਗਰਫ। ੫. ਤਾਂਬਾ.

ਸੋਣਿਤਪੁਰ: ਦੇਖੋ, ਵਾਣ ੫.

ਸੋਣ੍ਹਾ: ਵਿ- ਸੁੰਦਰ. ਸ਼ੋਭਨ.

ਸੋਣ੍ਹੀ: ਸ਼ੋਭਨਾ. ਸੁੰਦਰੀ। ੨. ਦੇਖੋ, ਸੋਹਨੀ ੨. "ਸੋਣ੍ਹੀ ਮੇਹੀਵਾਲ ਨੂੰ ਨੈ ਤਰਦੀ ਰਾਤੀ." (ਭਾਗੁ)

ਸੋਤ: ਸੰਗਜਾ- ਸੋਣ ਦੇ ਵਸਤ੍ਰ। ੨. ਸੰ. ਸ੍ਰੋਤ. ਪ੍ਰਵਾਹ. ਸੋਤਾ. ਚਸ਼ਮਾ. "ਤਹਾਂ ਪ੍ਰਗਟ ਜਿਉਂ ਸੋਤ ਸੁ ਜਲ ਹੈ." (ਨਾਪ੍ਰ) ੩. ਭਾਵ- ਇੰਦ੍ਰੀਆਂ. ਨਵਛਿਦ੍ਰ. "ਨਵੇ ਸੋਤ ਸਭਿ ਢਿਲਾ." (ਵਾਰ ਗਉ ੧. ਮਃ ੪) ੪. ਸੋਵਤ ਦਾ ਸੰਖੇਪ. "ਦੈ ਗਯੋ ਪ੍ਰੀਤਮ ਸੋਤ ਦਿਖਾਈ." (ਕ੍ਰਿਸਨਾਵ) ਸੌਣ ਦੀ ਹਾਲਤ ਵਿੱਚ.

ਸੋਤਸਾਹ: ਸ- ਉਤਸਾਹ. ਉਮੰਗ ਨਾਲ. ਹੌਸਲੇ ਸਾਥ.

ਸੋਤਰ: ਸੰਗਜਾ- ਸ੍ਰੋਤ. ਪ੍ਰਵਾਹ। ੨. ਚਸ਼ਮਾ। ੩. ਭਾਵ- ਸ਼ਰੀਰ ਦੇ ਛਿਦ੍ਰ. "ਮਲ ਮੂਤ੍ਰ ਸੋਤਰ ਵਿੱਚ ਆਯਾ." (ਭਾਗੁ)

ਸੋਤਾ: ਦੇਖੋ, ਸੋਤ.

ਸੋਤ੍ਰ: ਜਿਲਾ ਜਲੰਧਰ, ਤਸੀਲ ਨਵਾਂ ਸ਼ਹਿਰ ਦਾ ਇੱਕ ਪਿੰਡ, ਜੋ ਬੰਗਿਆਂ ਤੋਂ ਅੱਧ ਕੋਹ ਉੱਤਰ ਹੈ. ਇਸ ਥਾਂ ਗੁਰਪਲਾਹ ਨਾਮਕ ਗੁਰੁਦ੍ਵਾਰਾ ਹੈ. ਦੇਖੋ, ਗੁਰੁਪਲਾਹ। ੨. ਸੰ. ਸ਼੍ਰੋਤ. ਕੰਨ. ਸੁਣਨ ਦਾ ਇੰਦ੍ਰਿਯ. "ਜਿਹਵਾ ਨੇਤ੍ਰ ਸੋਤ੍ਰ ਸਚਿ ਰਾਤੇ." (ਸੋਰ ਅਃ ਮਃ ੧)

ਸੋਦਰ: ਸੰ ਸੰਗਜਾ- ਸ- ਉਦਰ. ਸਹੋਦਰ. ਸਕਾ ਭਾਈ. "ਤਾਤ ਸੁਤ ਮਾਤ ਹਿਤੂ ਸੋਦਰ ਸਹੋਦਰੀ ਹੈ." (ਨਾਪ੍ਰ) ੨. ਦੇਖੋ, ਸੋਦਰੁ.

**ਸੋਦਰੀ:** ਸੰ. ਸੰਗ੍ਯਾ- ਸਹੋਦਰੀ. ਸਕੀ ਭੈਣ. "ਮਿਲੀ ਸੋਦਰੀ ਹਿਤ ਸੋਂ" (ਨਾਪ੍ਰ)

**ਸੋਦਰੁ:** ਇੱਕ ਖਾਸ ਬਾਣੀ, ਜਿਸ ਦਾ ਪਾਠ ਸੰਝ ਵੇਲੇ ਰਹਿਰਾਸ ਵਿੱਚ ਹੁੰਦਾ ਹੈ. ਇਸਦੇ ਮੁੱਢ- " ਸੋਦਰੁ ਕੇਹਾ ਸੋ ਘਰੁ ਕੇਹਾ"- ਪਾਠ ਹੋਣ ਕਰਕੇ ਇਹ ਸੰਗ੍ਯਾ ਹੋ ਗਈ ਹੈ. ਜਿਵੇਂ ਈਸ਼ ਸ਼ਬਦ ਆਦਿ ਹੋਣ ਕਾਰਣ ਉਪਨਿਸ਼ਦ ਦਾ ਨਾਉਂ ਈਸ਼ਾਵਾਸ੍ਯ ਹੋ ਗਿਆ ਹੈ ਅਤੇ ਕੇਨੇਸ਼ਿਤੰ ਪਦ ਕਰਕੇ ਕੇਨ ਉਪਨਿਸ਼ਦ ਸਦਾਉਂਦੀ ਹੈ.

ਇਸ ਸੋਦਰੁ ਬਾਣੀ ਵਿੱਚ, ਕਰਤਾਰ ਦਾ ਕੋਈ ਖਾਸ ਦਰ (ਦ੍ਵਾਰ), ਜੋ ਅਗ੍ਯਾਨੀ ਮੰਨਦੇ ਹਨ, ਉਸ ਦਾ ਖੰਡਨ ਕਰਕੇ ਵਾਹਗੁਰੂ ਦਾ ਅਸਲ ਦਰ ਦੱਸਿਆ ਹੈ.[283]

**ਸੋਦਾਮਾ:** ਦੇਖੋ, ਸੁਦਾਮਾ. "ਸੋਦਾਮਾ ਅਪਦਾ ਤੇ ਰਾਖਿਆ." (ਸਵੈਯੇ ਮਃ ੪. ਕੇ)

**ਸੋਧ:** ਸੰਗ੍ਯਾ- ਸੁਧ. ਖਬਰ. "ਡੋਗਰ ਸੋਧ ਏਕ ਦਿਨ ਲਹ੍ਯੋ." (ਚਰਿਤ੍ਰ ੩੬) ੨. ਸੰ. ਸ਼ੋਧ. ਖੋਜ. ਭਾਲ. "ਰਾਮ ਨਾਮ ਆਤਮ ਮਹਿ ਸੋਧੈ." (ਸੁਖਮਨੀ) ੩. ਸ਼ੁੱਧਿ. ਸਫਾਈ। ੪. ਪਰੀਖ੍ਯਾ. ਇਮਤਿਹਾਨ। ੫. ਸੰ. ਸੌਧ. ਰਾਜ ਮੰਦਿਰ. ਮਹਿਲ. "ਖਾਨ ਪਾਨ ਸੋਧੇ ਸੁਖ ਭੁੰਚਤ." (ਸਵੈਯੇ ਮਃ ੫. ਕੇ) ੬. ਦੇਖੋ, ਸੋਧਣਾ.

**ਸੋਂਧ:** ਸੰਗ੍ਯਾ- ਸੁਗੰਧ. ਖੁਸ਼ਬੂ.

**ਸੋਧਉ:** ਵਹ ਤੋ. ਉਹ ਤਾਂ. "ਸੋਧਉ ਮੁਕਤਿ ਕਹਾਂ ਦੇਉ ਕੈਸੀ"? (ਮਾਰੂ ਕਬੀਰ) ੨. ਸੋਧਨ ਕਰੋ. ਸੋਧੋ. ਦੇਖੋ, ਸੋਧਨ.

**ਸੋਧਕ:** ਵਿ- ਸ਼ੋਧਨ ਕਰਤਾ. ਸੋਧਣ ਵਾਲਾ. ਸ਼ੁੱਧ ਕਰਨ ਵਾਲਾ.

**ਸੋਧਣਾ:** ਕ੍ਰਿ. ਦੇਖੋ, ਸੋਧਨ। ੨. ਖ਼ਾ. ਧਰਮ ਦੰਡ ਲਾਕੇ ਪਾਪ ਦੂਰ ਕਰਨਾ. ਪ੍ਰਾਯਸ਼੍ਚਿਤਕ ਕ੍ਰਿਯਾ.

**ਸੋਧਨ:** ਸੰ. ਸ਼ੋਧਨ. ਸੰਗ੍ਯਾ- ਪਵਿਤ੍ਰਤਾ. ਸਫਾਈ। ੨. ਅਸ਼ੁੱਧੀ ਦੂਰ ਕਰਨ ਦੀ ਕ੍ਰਿਯਾ। ੩. ਦੋਸ਼ ਮਿਟਾਉਣਾ। ੪. ਪਰੀਖ੍ਯਾ. ਇਮਤਿਹਾਨ.

**ਸੋਧਨਾ:** ਦੇਖੋ, ਸੋਧਨ। ੨. ਕ੍ਰਿ- ਧਰਮਦੰਡ ਲਗਾਕੇ ਸ਼ੁੱਧ ਕਰਨਾ. ਦੇਖੋ, ਸੋਧਣਾ ੨। ੩. ਪੜਤਾਲਨਾ. ਦੇਖ ਭਾਲ ਕਰਨੀ. "ਧਰਮ ਰਾਇ ਕਾ ਦਫਤਰੁ ਸੋਧਿਆ." (ਸੂਹੀ ਕਬੀਰ) ੪. ਸੰਗ੍ਯਾ- ਵਿਚਾਰ. ਵਿਵੇਕ. ਨਿਰਣਾ. "ਸੋਧਿ ਸਗਰ ਸੋਧਨਾ ਸੁਖ ਨਾਨਕਾ ਭਜਿ ਨਾਉ." (ਕਾਨ ਮਃ ੫)

**ਸੋਂਧਾ:** ਵਿ- ਸੁਗੰਧਿਤ. ਖੁਸ਼ਬੂਦਾਰ. "ਜੈਸੇ ਬਨ ਵਿਖੇ ਮਲਿਆਗਰ ਕਪੂਰ ਸੋਂਧਾ." (ਭਾਗੁ ਕ)

**ਸੋਧਿ:** ਸੋਧਕੇ. ਨਿਰਣੇ ਕਰਕੇ. "ਨਿੰਦਕੁ ਸੋਧਿ ਸਾਧ ਬੀਚਾਰਿਆ." (ਗੌਂਡ ਰਵਿਦਾਸ) "ਸਾਸਤ੍ਰ ਸਿਮ੍ਰਿਤ ਸੋਧਿ ਦੇਖਹੁ ਕੋਇ." (ਗਉ ਅਃ ਮਃ ੩) ੨. ਸ਼ੁੱਧ ਕਰਕੇ. ਭੁੱਲ ਮਿਟਾਕੇ। ੩. ਪਰੀਖ੍ਯਾ ਕਰਕੇ.

**ਸੋਧਿਤ:** ਵਿ- ਸ਼ੋਧਨ ਕੀਤਾ. ਸ਼ੁੱਧ ਕੀਤਾ। ੨. ਵਿਚਾਰਿਆ.

**ਸੋਧੀ:** ਸੰਗ੍ਯਾ- ਸੁਧ. ਖਬਰ. "ਨਹਿ ਜਾਨਹਿ ਸ੍ਰੀ ਨਾਨਕ ਸੋਧੀ." (ਨਾਪ੍ਰ) ੨. ਵਿ- ਸੁੱਧੀ ਰੱਖਣ ਵਾਲਾ. ੩. ਸ਼ੋਧਨ ਕੀਤੀ.

**ਸੋਧੀਆ:** ਵਿ- ਸ਼ੁੱਧੀ ਰੱਖਣ ਵਾਲਾ। ੨. ਸੰਗ੍ਯਾ- ਅਮ੍ਰਿਤਧਾਰੀ ਝੀਵਰ ਸਿੱਖ, ਜੋ ਲਾਂਗਰੀ ਦਾ ਕੰਮ ਕਰੇ.

**ਸੋਧੇ:** ਦੇਖੋ, ਸੋਧ.

**ਸੋਨ:** ਦੇਖੋ, ਸੋਣ। ੨. ਸੰਗ੍ਯਾ- ਸੋਨਾ. ਸੁਵਰ੍ਣ. "ਜੈ ਹੈ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ." (ਸ. ਕਬੀਰ) ਸੁਵਰਣ ਜੇਹਾ ਕੀਮਤੀ ਮਨੁੱਖ ਸ਼ਰੀਰ ਆਟੇ ਨੂਣ ਦੀ ਤਰਾਂ ਸਸਤਾ ਚਲਿਆ ਜਾਵੇਗਾ ਭਾਵ- ਰਤਨ ਕੌਡੀ ਮੁੱਲ ਵਿਕੇਗਾ। ੩. ਭਾਵ- ਧਨ.

---

[283] ਕਈ ਅਵਿਵੇਕੀ ਲੇਖਕਾਂ ਨੇ ਲਿਖਿਆ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਕਰਤਾਰ ਦੇ ਦਰਬਾਰ ਪੁੱਜੇ, ਤਾਂ ਉੱਥੇ ਇਹ ਸ਼ਬਦ ਉਚਾਰਿਆ. ਜੇ ਕਦੀ ਐਸਾ ਹੁੰਦਾ, ਤਾਂ ਇਸ ਦਾ ਪਾਠ ਹੁੰਦਾ. "ਇਹ ਦਰ ਕੇਹਾ ਇਹ ਘਰੁ ਕੇਹਾ।।"

ਮਾਇਆ. ਪਦਾਰਥ. "ਲਪਟਿ ਰਹਿਓ ਤਿਹ ਸੰਗਿ ਮੀਠੇ ਭੋਗ ਸੋਨ." (ਆਸਾ ਛੰਤ ਮਃ ੫) ੪. ਦੇਖੋ, ਸੌਨ.

ਸੋਨਜੁਹੀ: ਡਿੰਗ. ਬਸੰਤੀ ਚਮੇਲੀ. ਸੁਇਨੇ ਰੰਗੇ ਫੁੱਲਾਂ ਵਾਲੀ ਜੁਹੀ.

ਸੋਨਾ: ਸੰਗਯਾ- ਸੁਵਰ੍ਣ। ੨. ਸ਼ਯਨ. ਸੋਣਾ.

ਸੋਨੀ: ਦੇਖੋ, ਸਿਉਨੀ। ੨. ਡਿੰਗ. ਸੁਨਿਆਰ. ਸ੍ਵਰਣਕਾਰ.

ਸੋਪਾਨ: ਸੰ. ਸੰਗਯਾ- ਸੀਢੀ. ਪੌੜੀ. ਜ਼ੀਨਾ.

ਸੋਪਿ: ਸੰ. ਸਃ ਅਪਿ. ਸਰਵ- ਓਹ ਭੀ. ਵਹ ਭੀ "ਮਿਲਿਓ ਤਿਸ ਸੁਖਿ ਸੋਪਿ ਭਵੰਤਾ." (ਗੁਪ੍ਰਸੂ)

ਸੋਪੁਰਖੁ: ਸਰਵ- ਓਹ ਆਦਮੀ। ੨. ਉਹ ਪੂਰਣਰੂਪ ਪਾਰਬ੍ਰਹਮ। ੩. ਸੰਗਯਾ- ਇੱਕ ਗੁਰੁਬਾਣੀ, ਜਿਸ ਦਾ ਰਹਿਰਾਸ ਵਿੱਚ ਪਾਠ ਕੀਤਾ ਜਾਂਦਾ ਹੈ. "ਸੋਪੁਰਖੁ ਨਿਰੰਜਨੁ"- ਸ਼ਬਦ ਦੇ ਮੁੱਢ ਪਾਠ ਹੋਣ ਤੋਂ ਇਹ ਸੰਗਯਾ ਹੈ.

ਸੋਪੈ: ਦੇਖੋ, ਸੋਪਿ. "ਸਤ ਲਾਗੈ ਸੋਪੈ ਤਰੈ." (ਸਵੈਯੇ ਮਃ ੨. ਕੇ)

ਸੋਫਤੀ: ਕ੍ਰਿ. ਵਿ- ਸ੍ਵਾਭਾਵਿਕ. ਸੁਤੇ। ੨. ਸੰਗਯਾ- ਇੱਕ ਖਤਰੀ ਜਾਤਿ. ਭਾਈ ਦਯਾ ਸਿੰਘ ਜੀ ਇਸੇ ਗੋਤ੍ਰ ਵਿੱਚੋਂ ਸਨ.

ਸੋਫਿ: ਦੇਖੋ, ਸੋਫੀ. "ਬਾਹਨ ਸੋਫਿ ਸੀਤਲਾ ਕੀ ਗਤਿ." (ਚਰਿਤ੍ਰ ੨੪੫) ਸੋਫੀ, ਸੀਤਲਾਵਾਹਨ (ਗਧੇ) ਜੇਹਾ ਹੈ.[284]

ਸੋਫ਼ਿਆਈ: ਯੂ. ਯੂਨਾਨ ਵਿੱਚ ਇਹ ਫਿਰਕਾ ਵਿਦ੍ਵਾਨ ਸੁਕਰਾਤ ਦੇ ਵੇਲੇ ਵਡਾ ਪ੍ਰਬਲ ਸੀ. ਇਹ ਪੁਰਾਣੇ ਦੇਵਤਿਆਂ ਦੇ ਵਿਰੁੱਧ ਨਵੇਂ ਦੇਵਤਾ ਥਾਪਕੇ ਅਰ ਨਾਟਕ ਚੇਟਕ ਦਿਖਾਕੇ ਦੇਸ਼ਵਾਸੀਆਂ ਨੂੰ ਭ੍ਰਮਾ ਰਹਿਆ ਸੀ. ਮਹਾਤਮਾ ਸੁਕਰਾਤ ਨੇ ਇਸ ਮਤ ਦਾ ਪੂਰਣ ਰੀਤਿ ਨਾਲ ਖੰਡਨ ਕਰਕੇ ਲੋਕਾਂ ਨੂੰ ਸੱਚਾ ਮਾਰਗ ਦੱਸਿਆ.

ਸੋਫੀ: ਇਹ ਸ਼ਬਦ ਸੂਫ਼ੀ ਤੋਂ ਬਣਿਆ ਹੈ. ਭਾਵ- ਪਰਹੇਜ਼ਗਾਰ. ਖਾਸ ਕਰਕੇ ਨਸ਼ਿਆਂ ਦਾ ਤਯਾਗੀ. Teetotaller. "ਸਚੁ ਮਿਲਿਆ ਤਿਨ ਸੋਫੀਆਂ." (ਸ੍ਰੀ ਮਃ ੧) ੨. ਦੇਖੋ, ਸੂਫੀ.

ਸ਼ੋਬ: ਫ਼ਾ. شوب ਸੰਗਯਾ- ਪਗੜੀ। ੨. ਦਸ੍ਤੀ ਰੁਮਾਲ। ੩. ਧੋਣਾ. ਇਸ ਦਾ ਮੂਲ ਸ਼ੁਸੁਨ ਹੈ.

ਸੋਬਰਾਉਂ: ਜਿਲਾ ਲਹੌਰ ਦੀ ਕੁਸੂਰ ਤਸੀਲ ਵਿੱਚ ਇੱਕ ਪਿੰਡ, ਜਿਸ ਥਾਂ ਅੰਗ੍ਰੇਜਾਂ ਦੀ ਸਿੱਖਾਂ ਨਾਲ ੧੦. ਫਰਵਰੀ ਸਨ ੧੮੪੬ ਨੂੰ ਵ੍ਰਿਥਾ ਲੜਾਈ ਹੋਈ.

ਸੋਬ੍ਰਿੱਤ: ਸੰ. सुवृत्ति ਸੁਵ੍ਰਿੱਤਿ. ਸੰਗਯਾ- ਉੱਤਮ ਵ੍ਰਿੱਤਿ। ੨. ਚੰਗੀ ਉਪਜੀਵਿਕਾ. "ਸੋਬ੍ਰਿੱਤ ਬ੍ਰਿੱਤ ਕੋ ਕਰੈਂ." (ਸੁਰਜਾਵ)

ਸੋਭ: ਸੰ. ਸ਼ੋਭਾ. ਸੰਗਯਾ- ਸੁੰਦਰਤਾ. "ਅਚਰਜ ਸੋਭ ਬਣਾਈ." (ਸੋਰ ਮਃ ੫) ੨. ਕੀਰਤਿ. ਵਡਿਆਈ। ੩. ਸੰ. ਸ਼ੋਭ. ਵਿ- ਸ਼ੋਭਾ ਵਾਲਾ. ਸਜੀਲਾ. ਸੁੰਦਰ.

ਸੋਭਨ: ਸੰ. ਸ਼ੋਭਨ. ਵਿ- ਸ਼ੋਭਾ ਵਾਲਾ। ੨. ਸੁੰਦਰ. ਖੂਬਸੂਰਤ। ੩. ਉੱਤਮ. ਸ਼੍ਰੇਸ਼੍ਠ। ੪. ਸੰਗਯਾ- ਇੱਕ ਛੰਦ, ਇਸ ਦਾ ਨਾਉਂ "ਸਿੰਹਿਕਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ. ਪਹਿਲਾ ਵਿਸ਼੍ਰਾਮ ੧੪. ਪੁਰ, ਦੂਜਾ ੧੦. ਮਾਤ੍ਰਾ ਪੁਰ. ਅੰਤ ਜਗਣ ।S।.

ਉਦਾਹਰਣ-

ਨਾਥ ਅਦਭੁਤ ਗਤਿ ਅਪਰਮਿਤ, ਚਰਿਤ ਕਹਤ ਬਨੈ ਨ.

(ਗੁਰੁਪਦ ਪ੍ਰੇਮ ਪ੍ਰਕਾਸ਼)

---

[284] ਨਸ਼ਿਆਂ ਦੇ ਪ੍ਰੇਮੀ ਵੱਲੋਂ ਇਹ ਸੋਫੀ ਦੀ ਨਿੰਦਾ ਦਾ ਵਾਕ ਹੈ.

੫. ਅਗਨਿ। ੬. ਸ਼ਿਵ। ੭. ਕਮਲ। ੮. ਭੂਖਣ. ਗਹਿਣਾ. ੯. ਧਰਮ। ੧੦. ਸੰਧੂਰ.

ਸੋਭਨੀ: ਸੰਗਯਾ- ਸੈਨਾ, ਜੋ ਸ਼ੋਭਾ ਵਾਲੀ ਹੈ. (ਸਨਾਮਾ) ੨. ਦੇਖੋ, ਸੋਭਨੀਅ.

ਸੋਭਨੀਅ, ਸੋਭਨੀਕ, ਸੋਭਨੀਯ: ਵਿ- ਸ਼ੋਭਨੀਯ. ਸ਼ੋਭਾ ਲਾਇਕ. "ਤੇ ਸ੍ਰਵਣ ਭਲੇ ਸੋਭਨੀਕ ਹੈਂ, ਮੇਰੀ ਜਿੰਦੁੜੀਏ!" (ਬਿਹਾ ਛੰਤ ਮਃ ੪)

ਸੋਭਾ: ਸੰ. ਸ਼ੋਭਾ. ਸੰਗਯਾ- ਚਮਕ. ਪ੍ਰਕਾਸ਼। ੨. ਸੁੰਦਰਤਾ.

ਸੋਭਾਇਕ: ਕ੍ਰਿ. ਵਿ- ਸ੍ਵਾਭਾਵਿਕ. ਸੁਤੇ. "ਹੌਂ ਸੋਭਾਇਕ ਬੂਝਿਓ." (ਨਾਪ੍ਰ) ੨. ਵਿ- ਸ਼ੋਭਾ ਵਾਨ. ਸ਼ੋਭਨ.

ਸੋਭਾਸੁਰ: ਸੰ. ਸੁਭਾਸ੍ਵਰ. ਵਿ- ਅਤਿ ਪ੍ਰਕਾਸ਼ਮਾਨ.

ਸੋਭਾਂਜਨ: ਦੇਖੋ, ਸੁਹਾਂਜਣਾ.

ਸੋਭਾਦੂ: ਸੰ. ਸੁਭਦ੍ਰ. ਵਿ- ਅਤਿ ਸ਼੍ਰੇਸ਼੍ਠ. ਅਤਿ ਉੱਤਮ. "ਹਉਮੈ ਅਨਿ ਸਿਉ ਲਰਿ ਮਰੈ ਸੋ ਸੋਭਾਦੂ ਹੋਇ." (ਬਾਵਨ) ਹੌਮੈ ਦੀ ਅਨੀ (ਫੌਜ) ਨਾਲ. ਭਾਵ- ਆਸੁਰੀ ਸੇਨਾ ਸਾਥ.

ਸੋਭਾਮੰਤ, ਸੋਭਾਵੰਤੀ: ਵਿ- ਸ਼ੋਭਾ ਵਾਲਾ, ਵਾਲੀ. "ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ." (ਗਉ ਮਃ ੩)

ਸੋਭਿਤ: ਸੰ. ਸ਼ੋਭਿਤ ਵਿ- ਸ਼ੋਭਾ ਸਹਿਤ. ਸੋਭਾ ਵਾਲਾ.

ਸੋਮ: ਸੰ. ਸੰਗਯਾ- ਰਿਗਵੇਦ ਅਨੁਸਾਰ ਇਹ ਇੱਕ ਨਸ਼ੀਲੇ ਰਸ ਦਾ ਨਾਉਂ ਹੈ, ਜੋ ਸੋਮਵੱਲੀ ਵਿੱਚੋਂ ਨਿਚੋੜਕੇ ਅਤੇ ਉਬਾਲਕੇ ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਹੈ. ਇਹ ਭਿੰਨੀ ਭਿੰਨੀ ਖੁਸ਼ਬੂ ਵਾਲਾ ਹੁੰਦਾ ਹੈ ਅਤੇ ਪੁਰੋਹਿਤ ਅਰ ਦੇਵਤੇ ਸਭ ਇਸ ਨੂੰ ਪਸੰਦ ਕਰਦੇ ਹਨ, ਰਿਗਵੇਦ ਵਿੱਚ ਸੋਮਰਸ ਦਾ ਹਾਲ ਵਡੇ ਵਿਸਤਾਰ ਨਾਲ ਲਿਖਿਆ ਹੈ. ਵੈਦਿਕ ਰਿਖੀ ਇਸ ਨੂੰ ਬਲ ਦੇਣ ਵਾਲਾ, ਰੋਗਾਂ ਦੇ ਨਾਸ਼ ਕਰਨ ਵਾਲਾ, ਦੌਲਤ ਦੇਣ ਵਾਲਾ ਅਤੇ ਦੇਵਤਿਆਂ ਦਾ ਗੁਰੂ ਜਾਣਨ ਲਗ ਪਏ ਸਨ. ਦੇਵਤਾ ਹੋਣ ਦੀ ਹਾਲਤ ਵਿੱਚ ਇਹ ਉਹ ਦੇਵਤਾ ਹੈ ਜੋ ਸੋਮਰਸ ਵਿੱਚ ਇਹ ਸਾਰੀਆਂ ਸ਼ਕਤੀਆਂ ਪਾਉਂਦਾ ਹੈ. ਦੇਖੋ, ਸੋਮਵੱਲੀ। ੨. ਪਿੱਛੇ ਜੇਹੇ ਆਕੇ ਚੰਦ੍ਰਮਾ ਦਾ ਨਾਉਂ "ਸੋਮ" ਰੱਖਿਆ ਗਿਆ ਅਰ ਉਸ ਨੂੰ ਸਾਰੀ ਬੂਟੀਆਂ ਦਾ ਦੇਵਤਾ ਥਾਪਿਆ ਗਿਆ. ਪੁਰਾਣਾਂ ਵਿੱਚ ਲਿਖਿਆ ਹੈ ਕਿ ਸੋਮ ਅਤ੍ਰਿ ਰਿਖੀ ਦਾ ਪੁਤ੍ਰ ਅਨੁਸੂਯਾ ਦੇ ਉਦਰ ਵਿੱਚੋਂ ਸੀ, ਪਰ ਇਸ ਗੱਲ ਤੇ ਸਾਰਿਆਂ ਦਾ ਇੱਕ ਮਤ ਨਹੀਂ. ਕਿਤੇ ਧਰਮ ਦਾ ਪੁਤ੍ਰ, ਕਿਤੇ ਅਤ੍ਰਿ ਵੰਸ਼ ਦੇ ਪ੍ਰਭਾਕਰ ਦਾ ਪੁਤ੍ਰ ਮੰਨਿਆ ਹੈ, ਪਰ ਵ੍ਰਿਹਦਾਰਣਜਕ ਵਿੱਚ ਇਸ ਨੂੰ ਛਤ੍ਰੀ ਕਰਕੇ ਜਾਣਿਆ ਹੈ. ਇਸ ਨੇ ਦਕ੍ਸ਼ ਦੀਆਂ ੨੭ ਲੜਕੀਆਂ ਨਾਲ ਵਿਆਹ ਕੀਤਾ, ਪਰ ਰੋਹਿਣੀ ਨੂੰ ਇਹ ਇਤਨਾ ਪਿਆਰ ਕਰਨ ਲੱਗਾ ਕਿ ਬਾਕੀ ਦੀਆਂ ਨੇ ਗੁੱਸਾ ਖਾਕੇ ਆਪਣੇ ਪਿਤਾ ਅੱਗੇ ਸ਼ਕਾਇਤ ਕੀਤੀ. ਦਕ੍ਸ਼ ਨੇ ਸੁਲਹ ਕਰਾਉਣੀ ਚਾਹੀ, ਪਰ ਸੋਮ ਨੇ ਨਾ ਮੰਨਿਆ, ਤਾਂ ਦਕ੍ਸ਼ ਨੇ ਆਪਣੇ ਜਵਾਈ ਨੂੰ ਸਰਾਪ ਦੇ ਦਿੱਤਾ ਕਿ ਤੇਰੇ ਘਰ ਕੋਈ ਬਾਲਕ ਨਾ ਹੋਵੇ ਅਰ ਤੈਨੂੰ ਖਈ ਰੋਗ ਲੱਗਾ ਰਹੇ. ਇਹ ਸੁਣਕੇ ਇਸ ਦੀਆਂ ਇਸਤ੍ਰੀਆਂ ਨੂੰ ਤਰਸ ਆਇਆ ਅਤੇ ਉਨ੍ਹਾਂ ਨੇ ਪਿਤਾ ਨੂੰ ਆਖਿਆ ਕਿ ਖਿਮਾ ਕਰੋ. ਦਕ੍ਸ਼ ਆਪਣੇ ਸਰਾਪ ਨੂੰ ਤਾਂ ਨਾ ਮੋੜ ਸਕਿਆ, ਪਰ ਇਹ ਕਹਿ ਦਿੱਤਾ ਕਿ ਇਹ ਹੌਲੇ ਹੌਲੇ ਖੀਣ ਹੋਵੇਗਾ. ਇਸੇ ਲਈ ਚੰਦ੍ਰਮਾ ਵਧਦਾ ਅਤੇ ਘਟਦਾ ਹੈ.

ਇੱਕ ਵਾਰ ਸੋਮ ਨੇ ਰਾਜਸੂਯ ਯੱਗ ਕੀਤਾ ਅਰ ਅਭਿਮਾਨ ਵਿੱਚ ਆਕੇ ਦੇਵਗੁਰੂ ਵ੍ਰਿਹਸਪਤਿ ਦੀ ਇਸਤ੍ਰੀ ਤਾਰਾ ਨੂੰ ਚੁਰਾ ਲਿਆਇਆ ਅਤੇ ਉਸ ਨੂੰ ਉਸ ਦੇ ਪਤਿ ਦੇ ਆਖੇ ਤਾਂ ਕਿਧਰੇ ਰਿਹਾ, ਬ੍ਰਹਮਾ ਦੇ ਆਖੇ ਭੀ ਨਾ ਮੋੜਿਆ. ਇਸ ਗੱਲ ਪੁਰ ਲੜਾਈ ਹੋ ਪਈ ਅਤੇ ਸ਼ੁਕ੍ਰ ਨੇ (ਜਿਸ ਦਾ ਵ੍ਰਿਹਸਪਤਿ ਨਾਲ ਵੈਰ ਸੀ) ਸੋਮ ਦੀ ਮਦਦ ਕੀਤੀ ਅਤੇ ਹੋਰ ਦਾਨਵ ਭੀ ਸੋਮ ਵੱਲ ਹੋਏ ਅਰ ਵ੍ਰਿਹਸਪਤਿ ਵੱਲ ਇੰਦ੍ਰ ਤੇ ਦੇਵਤੇ ਹੋਏ. ਐਸਾ ਘੋਰ ਯੁੱਧ ਮਚਿਆ ਕਿ ਸਾਰੀ ਪ੍ਰਿਥਿਵੀ ਹਿੱਲ ਗਈ. ਸ਼ਿਵ ਨੇ ਆਪਣੇ ਤ੍ਰਿਸੂਲ ਨਾਲ ਸੋਮ ਦੇ ਦੋ ਟੋਟੇ ਕਰ ਦਿੱਤੇ. ਏਸੇ ਲਈ ਇਸ ਨੂੰ "ਭਗਨਾਤਮਾ" ਭੀ ਆਖਦੇ ਹਨ. ਅੰਤ ਵਿੱਚ ਬ੍ਰਹਮਾ ਨੇ ਵਿੱਚ ਪੈਕੇ ਸੁਲਹ ਕਰਵਾਈ ਅਤੇ ਤਾਰਾ ਵ੍ਰਿਹਸਪਤਿ ਨੂੰ ਦਿਵਾਈ. ਚੰਦ੍ਰਮਾ ਦੇ ਵੀਰਯ ਤੋਂ ਤਾਰਾ ਦੇ ਉੱਦਰ ਵਿੱਚੋਂ ਇੱਕ ਬਾਲਕ ਹੋਇਆ, ਜਿਸ ਦਾ ਨਾਉਂ ਬੁਧ ਰੱਖਿਆ ਜਿਸ ਤੋਂ ਚੰਦ੍ਰਵੰਸ਼ ਚੱਲਿਆ. ਪੁਰਾਣਾਂ ਵਿੱਚ ਲਿਖਿਆ ਹੈ ਕਿ ਸੋਮ ਦੇ ਰਥ ਦੇ

ਤਿੰਨ ਪਹੀਏ ਹਨ ਅਤੇ ਚੰਬੇਲੀ ਜੇਹੇ ਚਿੱਟੇ ੧੦. ਘੋੜੇ ਇਸ ਨੂੰ ਖਿਚਦੇ ਹਨ, ਜਿਨ੍ਹਾਂ ਵਿੱਚੋਂ ਪੰਜ ਇੱਕ ਪਾਸੇ ਅਤੇ ਪੰਜ ਦੂਜੇ ਪਾਸੇ ਲਗਦੇ ਹਨ। ੩. ਅਮ੍ਰਿਤ। ੪. ਕਪੂਰ। ੫. ਸ੍ਵਰਗ। ੬. ਸ਼ਿਵ। ੭. ਕੁਬੇਰ। ੮. ਯਮ। ੯. ਪਵਨ। ੧੦. ਜਲ। ੧੧. ਯੋਗੀਆਂ ਦੇ ਸੰਕੇਤ ਅਨੁਸਾਰ ਖੱਬਾ ਸੁਰ, ਜਿਸ ਦਾ ਦੇਵਤਾ ਚੰਦ੍ਰਮਾ ਹੈ. "ਸੋਮ ਸਰੁ ਪੋਖਿਲੈ." (ਮਾਰੂ ਮਃ ੧) ਖੱਬੇ ਸ੍ਵਰ ਨਾਲ ਪ੍ਰਾਣਾਂ ਨੂੰ ਪੋਸ਼ਣ ਕਰ ਲੈ, ਭਾਵ- ਚੜ੍ਹਾ ਲੈ. ਦੇਖੋ, ਸੂਰਸਰੁ.

ਸੋਮਸਰੁ: ਦੇਖੋ, ਸੋਮ ੧੧.

ਸੋਮਸਿੱਧਾਂਤ: ਚੰਦ੍ਰਮਾ ਦਾ ਕਥਨ ਕੀਤਾ ਹੋਇਆ ਇੱਕ ਜੋਤਿਸ਼ ਦਾ ਗ੍ਰੰਥ। ੨. ਤੰਤ੍ਰ ਸ਼ਾਸਤ੍ਰ ਦਾ ਇੱਕ ਭੇਦ. ਸ਼ੈਵ ਸਿੱਧਾਂਤ. ਦੇਖੋ, ਪ੍ਰਬੋਧ ਚੰਦ੍ਰੋਦਯ ਅਃ ੩.। ੩. ਬੁੱਧ ਮਤ ਦਾ ਇੱਕ ਗ੍ਰੰਥ.

ਸੋਮਸੁਰ: ਸੰਗਯਾ- ਚੰਦ੍ਰ ਸ੍ਵਰ. ਇੜਾ. ਦੇਖੋ, ਸੋਮ ੧੧.

ਸੋਮਤੀਰਥ: ਦੇਖੋ, ਪ੍ਰਭਾਸ ੩.

ਸੋਮਨਾਥ: ਬੰਬਈ ਦੇ ਇਲਾਕੇ ਕਾਠੀਆਵਾੜ ਦੀ ਰਿਆਸਤ ਜੂਨਾਗੜ੍ਹ ਦੇ ਰਾਜ ਵਿੱਚ ਸਮੁੰਦਰ ਦੇ ਕਿਨਾਰੇ ਇੱਕ ਨਗਰ ਅਤੇ ਪੱਤਣ, ਜਿਸਦਾ ਨਾਉਂ "ਪ੍ਰਭਾਸ" ਅਤੇ "ਵੇਰਾਵਲ ਪੱਤਨ" ਭੀ ਹੈ. ਇਸ ਥਾਂ ਇੱਕ ਮਸ਼ਹੂਰ ਸ਼ਿਵਲਿੰਗ "ਸੋਮਨਾਥ" ਨਾਉਂ ਕਰਕੇ ਹੈ. ਸੋਮਨਾਥ ਦੇ ਮੰਦਿਰ ਵਿੱਚ ਇੱਕ ਪੰਜ ਗਜ ਦੀ ਉੱਚੀ ਸ਼ਿਵ ਦੀ ਮੂਰਤੀ ਭੀ ਸੀ, ਜਿਸ ਨੂੰ ਮਹਮੂਦ ਗਜ਼ਨਵੀ ਨੇ ਸਨ ੧੦੨੪ ਵਿੱਚ ਤੋੜਕੇ ਚਾਰ ਟੋਟੇ ਕਰ ਦਿੱਤਾ. ਦੋ ਟੁਕੜੇ ਤਾਂ ਉਸ ਨੇ ਗਜਨੀ ਭੇਜੇ, ਜਿਨ੍ਹਾਂ ਵਿੱਚੋਂ ਇੱਕ ਮਸਜਿਦ ਦੀ ਪੌੜੀ ਵਿੱਚ ਅਤੇ ਦੂਜਾ ਕਚਹਿਰੀ ਘਰ ਦੀ ਪੌੜੀ ਵਿੱਚ ਜੜਿਆ, ਦੋ ਟੁਕੜੇ ਪੌੜੀਆਂ ਵਿੱਚ ਜੜਨ ਲਈ ਮੱਕੇ ਅਤੇ ਮਦੀਨੇ ਭੇਜ ਦਿੱਤੇ. ਸੋਮਨਾਥ ਦਾ ਮੰਦਿਰ ਭਾਰਤ ਵਿੱਚ ਅਦੁਤੀ ਸੀ. ਇਸ ਦੇ ਰਤਨਾਂ ਨਾਲ ਜੜੇ ਹੋਏ ੫੬ ਥਮਲੇ ਸਨ ਅਰ ਦੋ ਸੌ ਮਣ ਦਾ ਸੁਇਨੇ ਦਾ ਜੰਜੀਰ ਛੱਤ ਨਾਲ ਲਟਕਦਾ ਸੀ, ਜਿਸ ਨਾਲ ਘੰਟਾ ਬੱਧਾ ਹੋਇਆ ਸੀ.

ਸੋਮਪ, ਸੋਮਪਾ: ਸੰ. ਵਿ- ਸੋਮਰਸ ਪੀਣ ਵਾਲਾ। ੨. ਸੰਗਯਾ- ਦੇਵਤਾ. ਦੇਖੋ, ਸੋਮ.

ਸੋਮਪਾਕ, ਸੋਮਪਾਕੀ: ਸੰ. स्वयपाकिन् ਸ੍ਵਯੰਪਾਕਿਨ. ਵਿ- ਆਪ ਪਕਾਉਣ ਵਾਲਾ. ਜੋ ਦੂਜੇ ਦੀ ਪੱਕੀ ਰੋਟੀ ਨਾ ਖਾਵੇ. "ਸੋਮਪਾਕ ਅਪਰਸ ਉਦਿਆਨੀ." (ਬਾਵਨ)

ਸੋਮਰਾਜੀ: ਇੱਕ ਛੰਦ. ਇਸ ਛੰਦ ਦੇ ਨਾਉਂ. "ਉਤਭੁਜ" "ਅਰਧਭੁਜੰਗ" "ਸ਼ੰਖਨਾਰੀ" ਅਤੇ "ਝੂਲਾ" ਭੀ ਹਨ. ਲੱਛਣ- ਚਾਰਣ ਚਰਣ, ਪ੍ਰਤਿ ਚਰਣ ਦੋ ਯਗਣ ।ऽऽ, ।ऽऽ.

ਉਦਾਹਰਣ-

ਗੁਰੂ ਕੋ ਮਨਾਓ। ਸਬੈ ਇੱਛ ਪਾਓ।

ਗਹੋ ਏਕ ਪਾਸਾ। ਤਜੋ ਔਰ ਆਸਾ।।

(ਅ) ਦਸਮਗ੍ਰੰਥ ਵਿੱਚ ਪੂਰਾ ਭੁਜੰਗ ਪ੍ਰਯਾਤ ਭੀ ਕਈ ਥਾਈਂ "ਸੋਮਰਾਜੀ" ਲਿਖਿਆ ਹੈ. ਯਥਾ-

ਸੁਨੇ ਦੇਸ ਦੇਸੰ ਮੁਨੰ ਪਾਪ ਕਮੰ,

ਚੁਨੈ ਜੂਠ ਕੂਠੰ ਸ਼੍ਰੁਤੰ ਛੋਰ ਧਮੰ,

ਤਜੈ ਧਮੰਨਾਰੀ ਤਕੈ ਪਾਪ ਨਾਰੰ,

ਮਹਾਂ ਰੂਪ ਪਾਪੀ ਕੁਵ੍ਰਿੱਤਾਧਿਕਾਰੰ. (ਕਲਕੀ)

ਸੋਮਲਤਾ: ਦੇਖੋ, ਸੋਮ ਅਤੇ ਸੋਮਵੱਲੀ.

ਸੋਮਵੱਲਰੀ: ਦੇਖੋ, ਸੋਮਵੱਲੀ ਅਤੇ ਚਾਮਰ.

ਸੋਮਵੱਲੀ: ਇੱਕ ਬੇਲ, ਜਿਸ ਦੇ ਰਸ ਤੋਂ "ਸੋਮ ਰਸ" ਬਣਾਇਆ ਜਾਂਦਾ ਸੀ. L. Cocculus Cordifolius. ਇਸ ਬਾਬਤ ਸੰਸਕ੍ਰਿਤ ਗ੍ਰੰਥਾਂ ਵਿੱਚ ਜਿਕਰ ਹੈ ਕਿ ਚੰਦ੍ਰਮਾ ਦੀ ਕਲਾ ਵਧਨ ਨਾਲ ਇਸ ਦੇ ਪੱਤੇ ਨਿਕਲਦੇ ਅਤੇ ਕਲਾ ਘਟਣ ਪੁਰ ਝੜਦੇ ਜਾਂਦੇ ਹਨ. ਅਰਥਾਤ- ਚਾਨਣੇ ਪੱਖ ਦੀ ਏਕਮ ਨੂੰ ਇੱਕ ਪੱਤਾ ਅਤੇ ਪੂਰਨਮਾਸੀ ਨੂੰ ੧੫. ਹੋ ਜਾਂਦੇ ਹਨ. ਇਸੇ ਤਰਾਂ ਅੰਧੇਰੇ ਪੱਖ ਦੀ ਏਕਮ ਨੂੰ ਇੱਕ ਝੜਦਾ ਹੈ ਅਤੇ ਅਮਾਵਸ ਨੂੰ ੧੫. ਹੀ ਝੜ ਪੈਂਦੇ ਹਨ. ਇਸ ਹਿਸਾਬ ਇਸ ਬੂਟੀ ਦੀ ਟਾਹਣੀਂ ਨੂੰ ਪੰਦਰਾਂ ਹੀ ਪੱਤੇ ਲੱਗਦੇ ਹਨ.

ਸੋਮਵਾਰ: ਸੋਮ (ਚੰਦ੍ਰਮਾ) ਦਾ ਵਾਰ (ਦਿਨ).

ਸੋਮਵਾਰਿ: ਸੋਮਵਾਰ ਵਿੱਚ. ਸੋਮਵਾਰ ਨੂੰ. "ਸੋਮਵਾਰਿ ਸਚਿ ਰਹਿਆ ਸਮਾਇ." (ਬਿਲਾ ਵਾਰ ੭. ਮਃ ੩)

ਸੋਮਵੰਸ: ਸੰਗਯਾ- ਚੰਦ੍ਰਵੰਸ਼, ਚੰਦ੍ਰਮਾ ਦੇ ਪੁਤ੍ਰ ਬੁਧ ਤੋਂ ਚੱਲਿਆ ਹੋਇਆ ਵੰਸ਼. ਪਾਂਡਵ ਅਤੇ ਯਾਦਵ ਸਭ ਸੋਮਵੰਸੀ ਹਨ. ਦੇਖੋ, ਕੁਰੁਵੰਸ਼.

ਸੋਮਵੰਸੀ: ਵਿ- ਚੰਦ੍ਰਮਾ ਦੀ ਵੰਸ਼ ਵਿੱਚ ਹੋਣ ਵਾਲਾ. ਦੇਖੋ, ਸੋਮਵੰਸ ਅਤੇ ਕੁਰੁਵੰਸ.

ਸੋਮਾ: ਸੰਗਯਾ- ਚਸ਼ਮਾ. ਪਾਣੀ ਦਾ ਸੋਤ। ੨. ਸ਼੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਿਦਕੀ ਸਿੱਖ ਭਾਈ ਸੋਮਾ. ਇਹ ਸੱਜਣ ਝੰਗ ਦੇ ਇਲਾਕੇ ਦਾ ਵਸਨੀਕ ਸੀ. ਅਮ੍ਰਿਤਸਰ ਬਣਨ ਵੇਲੇ ਤਾਲ ਦੀ ਸੇਵਾ ਕਰਦਾ ਹੋਇਆ ਇੱਕ ਦਿਨ ਭਾਈ ਸੋਮਾ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਹਜੂਰ ਬੈਠਾ ਹੋਇਆ ਸੀ. ਇੱਕ ਫਕੀਰ ਨੇ ਗੁਰੂ ਸਾਹਿਬ ਤੋਂ ਕੁਝ ਮੰਗਿਆ, ਉਸ ਸਮੇਂ ਗੁਰੂ ਸਾਹਿਬ ਦੇ ਅੱਗੇ ਭੇਟਾ ਪੂਜਾ ਦਾ ਕੁਝ ਧਨ ਨਹੀਂ ਸੀ. ਸਤਿਗੁਰੂ ਨੇ ਪੁੱਛਿਆ ਕਿ ਕਿਸੇ ਸਿੱਖ ਪਾਸ ਕੁਝ ਹੈ? ਭਾਈ ਸੋਮੇ ਪਾਸ ਦੋ ਪੈਸੇ ਸਨ, ਜੋ ਉਸ ਨੇ ਪੇਸ਼ ਕੀਤੇ, ਅਰ ਫਕੀਰ ਨੂੰ ਦਿੱਤੇ ਗਏ. ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਫਰਮਾਇਆ ਕਿ ਸੋਮਾ ਸਾਡਾ ਸ਼ਾਹ ਹੈ. ਉਸ ਵੇਲੇ ਤੋਂ ਭਾਈ ਸੋਮੇ ਦੀ ਸ਼ਾਹ ਪਦਵੀ ਹੋਈ ਅਰ ਗੁਰੂ ਸਾਹਿਬ ਦੇ ਵਰਦਾਨ ਕਰਕੇ ਵਪਾਰ ਕਾਰ ਵਿੱਚ ਬਹੁਤ ਵਾਧਾ ਹੋਇਆ ਭਾਈ ਸੋਮੇ ਦੀ ਵੰਸ਼ ਦੇ ਲੋਕ ਹੁਣ ਸਾਹੀ ਵਾਲ, ਡੇਰਾ ਇਸਮਾਈਲ ਖ਼ਾਨ, ਭੱਖਰ, ਬੰਨੂ ਅਤੇ ਮੀਆਂਵਾਲੀ ਆਦਿ ਥਾਵਾਂ ਵਿੱਚ ਵਸਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਹਿਜਧਾਰੀ ਅਤੇ ਕੁਝ ਸਿੰਘ ਹਨ. ਸਭ ਦੇ ਨਾਉਂ ਪਿੱਛੇ ਸ਼ਾਹ ਪਦਵੀ ਹੁੰਦੀ ਹੈ. ਜੈਸੇ- ਅਰਜਨ ਸ਼ਾਹ ਸਿੰਘ, ਕਰਮਚੰਦ ਸ਼ਾਹ ਆਦਿ.

ਸੋਮਾਵਤੀ: ਵਿ- ਸੋਮਵਾਰ ਵਾਲੀ ਤਿਥਿ. ਜੈਸੇ- ਸੋਮਾਵਤੀ ਅਮਾਵਸ੍ਯਾ.

ਸੋਰ, ਸੋਰੁ: ਫ਼ਾ. شور ਸ਼ੋਰ. ਰੌਲਾ. ਡੰਡ. ਗੌਗਾ. "ਛੂਟਿ ਗਇਓ ਜਮ ਕਾ ਸਭ ਸੋਰ." (ਮਲਾ ਪੜਤਾਲ ਮਃ ੪) ੨. ਲੂਣ. ਨਮਕ। ੩. ਜਨੂਨ. ਸੌਦਾ. "ਰਾਜਿ ਮਾਲਿ ਮਨਿ ਸੋਰੁ." (ਜਪੁ) ਰਾਜ ਅਤੇ ਸੰਪਦਾ ਲਈ ਜੋ ਦਿਲ ਵਿੱਚ ਪਾਗਲਾਨਾ ਖਿਆਲ ਹੈ। ੪. ਸੰ. सौर ਸੌਰ. ਵਿ- ਸੁਰਾ (ਸ਼ਰਾਬ) ਦਾ. "ਰਾਚਿ ਰਹੇ ਬਨਿਤਾ ਬਿਨੋਦ ਕੁਸੁਮ ਰੰਗ ਬਿਖ ਸੋਰ." (ਬਾਵਨ) ਰਚ ਰਹੇ ਹਨ ਇਸਤ੍ਰੀ ਦੇ ਆਨੰਦ ਵਿੱਚ ਅਤੇ ਕਸੁੰਭੀ ਰੰਗ ਦੀ ਸ਼ਰਾਬ ਦੀ ਜ਼ਹਿਰ ਵਿੱਚ। ੫. ਸੰਗਯਾ- ਟੇਢੀ ਚਾਲ. ਕੁਟਲ ਗਤਿ.

ਸੋਰਸ: ਫ਼ਾ. شورش ਸ਼ੋਰਿਸ਼. ਸੰਗਯਾ- ਬਲਵਾ. ਡੰਡ ਰੌਲਾ। ੨. ਸੰ. षोडश ਬੋੜਸ਼. ਸੋਲਾਂ. "ਕਰ ਸੋਰਸਵੋਂ ਰਿਖਿ ਤਾਸ ਗੁਰੰ." (ਦੱਤਾਵ) ਦੱਤ ਨੇ ਉਸ ਨੂੰ ਸੋਲਵਾਂ ਗੁਰੂ ਕੀਤਾ.

ਸ਼ੋਰ ਸ਼ਰਾਬਾ: ਸੰਗਯਾ- ਡੰਡ ਰੌਲਾ. "ਸਭ ਖੰਡ ਪਖੰਡਨ ਸ਼ੋਰ ਸ਼ਰਾਬਾ." (ਨਾਪ੍ਰ)

ਸੋਰਸਵੋਂ: ਸੋਲਵਾਂ. ਦੇਖੋ, ਸੋਰਸ ੨.

ਸੋਰਹ, ਸੋਰਹਿ: ਸੰਗਯਾ- ਬੋੜਸ਼. ਸੋਲਾਂ. "ਸੋਰਹ ਮਧੇ ਪਵਨ ਝਕੋਰਿਆ." (ਰਾਮ ਕਬੀਰ) ਸੋਲਾਂ ਬਾਰ ਓਅੰ ਮੰਤ੍ਰ ਦੇ ਜਾਪ ਨਾਲ ਪਵਨ ਨੂੰ ਚੜ੍ਹਾਇਆ.

ਸੋਰਹਿ ਸ਼੍ਰਿੰਗਾਰ: ਦੇਖੋ, ਸੋਲਹ ਸਿੰਗਾਰ.

ਸੋਰਠ, ਸੋਰਠਿ: ਇਹ ਕਮਾਚ ਠਾਟ ਦਾ ਔੜਵ ਸੰਪੂਰਣ ਰਾਗ ਹੈ ਅਰਥਾਤ ਆਰੋਹੀ ਵਿੱਚ ਪੰਜ ਸੁਰ ਅਤੇ ਅਵਰੋਹੀ ਵਿੱਚ ਸੱਤ. ਇਸ ਵਿੱਚ ਗਾਂਧਾਰ ਦੁਰਬਲ ਹੈ. ਰਿਸ਼ਭ ਵਾਦੀ ਅਤੇ ਧੈਵਤ ਸੰਵਾਦੀ ਹੈ. ਆਰੋਹੀ ਵਿੱਚ ਗਾਂਧਾਰ ਅਤੇ ਧੈਵਤ ਵਰਜਿਤ ਹਨ. ਨਿਸ਼ਾਦ ਸ਼ੁੱਧ ਅਤੇ ਕੋਮਲ ਦੋਵੇਂ ਲਗਦੇ ਹਨ. ਆਰੋਹੀ ਵਿੱਚ ਨਿਸ਼ਾਦ ਸ਼ੁੱਧ ਅਤੇ ਅਵਰੋਹੀ ਵਿੱਚ ਕੋਮਲ ਹੈ. ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ.

ਆਰੋਹੀ- ਸ ਰ ਮ ਪ ਨ ਸ.

ਅਵਰੋਹੀ- ਸ ਨਾ ਧ ਪ ਮ ਗ ਰ ਸ.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੋਰਠਿ ਦਾ ਨੌਵਾਂ ਨੰਬਰ ਹੈ। ੨. ਦੇਖੋ, ਸੋਰਠਿ ੨.

ਸੋਰਠਾ: ਇੱਕ ਮਾਤ੍ਰਿਕ ਛੰਦ. ਲੱਛਣ- ਦੋ ਚਰਣ, ਪ੍ਰਤਿ ਚਰਣ ਦੋ ਪਾਦ, ਪਹਿਲੇ ਪਾਦ ਵਿੱਚ ਗਿਆਰਾਂ ਮਾਤ੍ਰਾ ਅਤੇ ਵਿਸ਼੍ਰਾਮ ਲਘੁ ਅੱਖਰ ਤੇ, ਦੂਜੇ ਵਿੱਚ ੧੩. ਮਾਤ੍ਰਾ ਅਤੇ ਵਿਸ਼੍ਰਾਮ ਗੁਰੂ ਅੱਖਰ ਪੁਰ. ਇਹ ਛੰਦ ਦੋਹੇ ਦਾ ਉਲਟ ਹੈ.

ਉਦਾਹਰਣ-

ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ,

ਨਦੀਆ ਅਤੈ ਵਾਹ, ਪਵਹਿ ਸਮੁੰਦਿ ਨ ਜਾਣੀਅਹਿ.

(ਜਪੁ)

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੋਰਠਾ ਛੰਦ ਦਾ ਸਿਰਲੇਖ "ਸਲੋਕ" ਭੀ ਦੇਖੀਦਾ. ਯਥਾ- ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ xxx (ਸ ਮਃ ੯) ਦੇਖੋ, ਡਖਣਾ.

ਸੋਰਠਿ: ਦੇਖੋ, ਸੋਰਠ। ਸੁਰਾਸ਼੍ਟ੍ਰ (ਕਾਠੀਆਵਾੜ) ਦੀ ਵਸਨੀਕ ਇੱਕ ਰਾਜਪੂਤ ਕੰਨਯਾ, ਜਿਸ ਦਾ ਪ੍ਰੇਮ ਬੀਜੇ ਨਾਮਕ ਸੁੰਦਰ ਪੁਰਖ ਨਾਲ ਸੀ. ਇਨ੍ਹਾਂ ਨੇ ਅਨੇਕ ਦੁੱਖ ਅਤੇ ਵਿਘਨਾ ਦੇ ਹੁੰਦੇ ਆਪਣਾ ਸੱਚਾ ਪ੍ਰੇਮ ਤੋੜ ਨਿਬਾਹਿਆ. "ਸੋਰਠਿ ਬੀਜਾ ਗਾਵੀਐ ਜਸ ਸੁਘੜਾ ਬਾਤੀ." (ਭਾਗੁ).[285]

ਸ਼ੋਰਬਾ: ਫ਼ਾ. شوربا ਸੰਗਯਾ- ਮਾਸ ਦੀ ਗਾੜ੍ਹਾ ਰਸ. ਯਖਨੀ.

ਸ਼ੋਰਾ: ਫ਼ਾ. شورہ ਸ਼ੋਰਹ. ਸੰਗਯਾ- ਜ਼ਮੀਨ ਦਾ ਨਮਕ. Saltpetre. ਇਸ ਨਾਲ ਪੁਰਾਣੇ ਜ਼ਮਾਨੇ ਵਿੱਚ ਜਲ ਠੰਡਾ ਕੀਤਾ ਜਾਂਦਾ ਸੀ. "ਸੀਤਲ ਜਲ ਕੀਜੈ ਸਮ ਓਰਾ। ਤਰ ਊਪਰ ਦੇਕਰ ਬਹੁ ਸੋਰਾ"।। (ਗੁਪ੍ਰਸੂ) ਸ਼ੋਰਾ ਬਾਰੂਦ ਦਾ ਭੀ ਮੁੱਖ ਅੰਗ ਹੈ ਅਤੇ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ.

ਸੋਰੀ: ਵਿ- ਸ਼ੋਰ ਕਰਨ ਵਾਲਾ. ਰੌਲੂ। ੨. ਸਾਉਰੀ. ਸ਼ਾਵਰ (ਤੰਤ੍ਰ) ਦੇ ਜਾਣਨ ਵਾਲਾ। ੩. ਸ੍ਵਰ ਦਾ ਵਿਚਾਰ ਕਰਨ ਵਾਲਾ. ਜੋ ਸੱਜੇ ਖੱਬੇ ਸੁਰ ਤੋਂ ਸ਼ੁਭ ਅਸ਼ੁਭ ਫਲ ਦਸਦਾ ਹੈ. "ਆਈ ਨ ਪੂਛ ਕਹਜੋ ਕਛੁ ਸੋਰੀ." (ਕ੍ਰਿਸਨਾਵ) ੪. ਫ਼ਾ. سوُری ਸੂਰੀ. ਇੱਕ ਪ੍ਰਕਾਰ ਦਾ ਤੀਰ. "ਹਾਥ ਨ ਸਾਥ ਲਗੈ ਸੁਭ ਸੋਰੀ." (ਕ੍ਰਿਸਨਾਵ)

ਸ਼ੋਰੀਦਾ: ਫ਼ਾ. شوریدہ ਵਿ- ਹੈਰਾਨ. ਪਰੇਸ਼ਾਨ। ੨. ਦੀਵਾਨਾ. ਪਾਗਲ। ੩. ਭਾਵ- ਆਸ਼ਕ. ਇਸ ਦਾ ਮੂਲ ਸ਼ੋਰ ਹੈ.

ਸੋਰੁ: ਦੇਖੋ, ਸੋਰ.

ਸੋਲਹ: ਸ਼ੋੜਸ਼. ਸੋਲਾਂ. ਦਸ ਉੱਪਰ ਛੀ- ੧੬.

---

[285] ਗਯਾਨੀ ਗਯਾਨ ਸਿੰਘ ਜੀ ਤਵਾਰੀਖ ਖਾਲਸਾ ਵਿੱਚ ਲਿਖਦੇ ਹਨ ਕਿ ਗਿਰਿਨਾਰ ਪਹਾੜ ਪਾਸ ਸੋਰਠਿ ਬੀਜਾ ਦੇ ਪੁਰਾਣੇ ਮਹਿਲ ਹੁਣ ਭੀ ਦੇਖੀਦੇ ਹਨ.

ਸੋਲਹ ਸਿੰਗਾਰ, ਸੋਲਹ ਸੀਗਾਰ: ਕਾਵ੍ਯ ਗ੍ਰੰਥਾਂ ਵਿੱਚ ਲਿਖੇ ਹੋਏ ਸ਼ਰੀਰ ਦੀ ਸ਼ੋਭਾ ਨੂੰ ਵਧਾਉਣ ਵਾਲੇ ਸੋਲਾਂ ਸ਼੍ਰਿੰਗਾਰ.

ਪ੍ਰਥਮ ਸਕਲ ਸੁਚਿ ਮੱਜਨ ਅਮਲਵਾਸ

ਜਾਵਕ ਸੁਦੇਸ ਕੇਸ ਪਾਸ਼ ਕੋ ਸੁਧਾਰਬੋ,

ਅੰਗਰਾਗ ਭੂਸ਼ਣ ਵਿਵਿਧ ਮੁਖਵਾਸ ਰੰਗ

ਕੱਜਲ ਕਲਿਤ ਲੋਲ ਲੋਚਨ ਨਿਹਾਰਬੋ,

ਬੋਲਨ ਹਸਨ ਮ੍ਰਿਦੁਚਲਨ ਚਿਤੌਨ ਚਾਰੁ

ਪਲ ਪਲ ਪਤਿਵ੍ਰਤ ਪ੍ਰੀਤਿ ਪ੍ਰਤਿਪਾਰਬੋ,

ਕੇਸ਼ੋਦਾਸ ਸਵਿਲਾਸ ਕਰਹੋ ਕੁੰਵਰਿ ਰਾਧੇ !

ਇਹ ਵਿਧਿ ਸੋਰਹਿ ਸਿੰਗਾਰਨ ਸਿੰਗਾਰਬੋ

(ਰਸਿਕ ਪ੍ਰਿਯਾ).

ਸ਼ੁਚਿਤਾ ਸ਼ੀਲ ਸਨੇਹ ਗਤਿ ਚਿਤਵਨ ਬੋਲਨ ਹਾਸ,

ਕਚ ਗੁੰਥਨ ਸੀਮੰਤ ਸ਼ੁਭ ਭਾਲ ਤਿਲਕ ਸੁਖਰਾਸ,

ਭਾਲ ਤਿਲਕ ਸੁਖ ਰਾਸ ਦ੍ਰਿਗਨ ਅੰਜਨ ਅਤਿ ਸੋਹੈ,

ਭੀਰੀ ਬਦਨ ਸੁਦੇਸ਼ ਚਿਬੁਕ ਮਸਿ ਕਨ ਮਨ ਮੋਹੈ,

ਜਾਵਕ ਮਿੰਹਦੀ ਰੰਗ ਰਾਗ 'ਭਗਵਤ' ਨਿਤ ਉਚਿਤਾ,

ਯੇ ਸੋਰਹਿ ਸਿੰਗਾਰ ਮੁੱਖ ਤਾਂ ਮੇ ਵਰ ਸ਼ੁਚਿਤਾ.

"ਸੋਲਹ ਕੀਏ ਸੀਗਾਰ." (ਫੁਨਹੇ ਮਃ ੫)

ਸੋਲਹ ਕਲਾ: ਸੋਲਾਂ ਅੰਸ਼. ਸੋਲਾਂ ਭਾਗ. ਜੈਸੇ ਰੁਪਯੇ ਨੂੰ ਸੋਲਾਂ ਆਨੇ ਦਾ ਮੰਨਕੇ ਕਿਸੇ ਵਸਤੂ ਦੀ ਪੂਰਣਤਾ ਪ੍ਰਗਟ ਕਰਨ ਲਈ ਅਸੀਂ ਆਖਦੇ ਹਾਂ ਕਿ ਇਹ ਸੋਲਾਂ ਆਨੇ ਹੈ. ਐਸੇ ਹੀ ਈਸ਼੍ਵਰ ਦੀਆਂ ਸੋਲਾਂ ਸ਼ਕਤੀਆਂ ਮੰਨੀਆਂ ਹਨ. ਬ੍ਰਹਮਵੈਵਰਤ ਪੁਰਾਣ ਵਿੱਚ ਇਹ ਸੋਲਹ ਕਲਾਂ ਹਨ-

"ਗ੍ਯਾਨ, ਧ੍ਯਾਨ, ਸ਼ੁਭ ਕਰਮ, ਹਠ, ਸੰਜਮ, ਧਰਮਰੁਦਾਨ।

ਵਿਦ੍ਯਾ, ਭਜਨ, ਸੁਪ੍ਰੇਮ, ਯਤ, ਅਧ੍ਯਾਤਮ, ਸਤਮਾਨ।

ਦਯਾ, ਨੇਮ ਅਰੁ ਚਤੁਰਤਾ ਬੁੱਧ ਸੁੱਧ ਇਹ ਜਾਨ."

ਹਿੰਦੂਮਤ ਅਨੁਸਾਰ ਇਨ੍ਹਾਂ ਵਿੱਚੋਂ ਜਿਤਨੀਆਂ ਕਲਾ ਕਿਸੇ ਅਵਤਾਰ ਵਿੱਚ ਹੋਣ. ਉਹ ਉਤਨੀ ਕਲਾ ਵਾਲਾ ਅਵਤਾਰ ਕਹਿਆ ਜਾਂਦਾ ਹੈ, ਜਿਸ ਵਿੱਚ ਸੋਲਾਂ ਹੀ ਹੋਣ ਉਹ ਪੂਰਣ ਕਲਾ ਅਵਤਾਰ ਹੈ.

ਚੰਦ੍ਰਮਾਂ ਦੀਆਂ ਭੀ ਸੋਲਾਂ ਕਲਾ ਮੰਨੀਆਂ ਹਨ-

ਅਮ੍ਰਿਤਾ, ਮਾਨਦਾ, ਪੂਸ਼ਾ, ਪੁਸ਼੍ਟਿ, , ਤੁਸ਼੍ਟਿ, ਰਤਿ, ਧ੍ਰਿਤਿ, ਸ਼ਸ਼ਿਨੀ, ਚੰਦ੍ਰਿਕਾ, ਕਾਂਤਿ, ਜ੍ਯੋਤਸਨਾ, ਸ਼੍ਰੀ, ਪ੍ਰੀਤਿ, ਅੰਗਦਾ, ਪੂਰਣਤਾ ਅਤੇ ਪੂਰਣਾਮ੍ਰਿਤਾ.

ਗੁਰੁਮਤ ਵਿੱਚ ਵਾਹਗੁਰੂ ਨੂੰ ਅਨੰਤ ਕਲਾ ਵਾਲਾ ਲਿਖਿਆ ਹੈ. "ਸੋਲਹ ਕਲਾ ਸੰਪੂਰਨ ਫਲਿਆ। ਅਨਤ ਕਲਾ ਹੁਇ ਠਾਕੁਰ

ਚੜਿਆ"॥ (ਮਾਰੂ ਸੋਲਹੇ ਮः ੫) ਦੇਖੋ, ਚੰਦ੍ਰ ਕਲਾ

ਸੋਲਹਾ: ਵਿ- ਸੋਲਾਂ ਦਾ ਸਮੁਦਾਯ। ੨. ਸੋਲਾਂ ਪਦਾਂ ਦਾ ਛੰਦ. ਸ਼ੋੜਸ਼ਪਦੀ. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸੋਲਹੇ ਪਦ ਪਾਏ ਜਾਂਦੇ ਹਨ. ਇਸ ਛੰਦ ਦੇ ਗਜਾਨ ਲਈ ਦੇਖੋ, ਘਨ ਕਲਾ.

ਸੋਲਹਿ: ਦੇਖੋ, ਸੋਲਹ.

ਸੋਲਹੇ: ਸੋਲਹਾ ਦਾ ਬਹੁ ਵਚਨ.

ਸੋਲ ਪਗੋ: ਡਿੰਗ. ਬਿੱਛੂ ਦੀ ਸ਼ਕਲ ਦਾ ਜਲਜੀਵ, ਜਿਸ ਦੇ ਸੋਲਾਂ ਪੈਰ ਹੁੰਦੇ ਹਨ. ਕੇਕੜਾ.

ਸ਼ੋਲਾ: ਅ. ਸ਼ੁਅ਼ਲਾ. ਸੰਗਜਾ- ਤਾਰਾ ਟੁੱਟਣ ਦੀ ਚਮਕ, ਜੋ ਆਤਸ਼ਬਾਜ਼ੀ ਜੇਹੀ ਭਾਨ ਹੁੰਦੀ ਹੈ। ਉਲਕਾ। ੨. ਅੰਗਾਰ। ੩. ਅੱਗ ਦੀ ਲਾਟ.

ਸੋਲਾ: ਦੇਖੋ, ਸੋਲਹ.

ਸੋਲਾਂ ਆਨੇ: ਵਜ- ਪੂਰੀ ਤਰਾਂ. ਮੁਕੰਮਲ ਤੌਰ ਪੁਰ. ਭਾਵ- ਜਿਸ ਤਰਾਂ ਸੋਲਾਂ ਆਨੇ ਦਾ ਰੁਪਯਾ ਪੂਰਾ ਹੁੰਦਾ ਹੈ.

ਸੋਲਾਂਸਯਾ: ਸੰਗਜਾ- ਇੱਕ ਪ੍ਰਕਾਰ ਦਾ ਵਸਤ੍ਰ, ਜਿਸ ਦੇ ਤਾਣੇ ਵਿੱਚ ਸੋਲਾਂ ਸੌ ਤੰਤੁ ਹੋਵੇ. ਜੈਸੇ- ਪੈਂਸੀ, ਛੈਸੀ ਆਦਿ ਕਹੀਦੇ ਹਨ. "ਬਹੁ ਸੂਖਮ ਜਿਹ ਸੂਤ ਸੁਹਾਵਾਹਿ। ਸੈ ਮੇ ਸੋਲਾਂਸਯਾ ਕਹਾਵਹਿ।।" (ਨਾਪ੍ਰ)

ਸੋਲਾਂ ਸਿੰਗਾਰ: ਦੇਖੋ, ਸੋਲਹ ਸਿੰਗਾਰ.

ਸੋਲਾਸਿੰਘੀ: ਦੇਖੋ, ਚਿੰਤਪੂਰਨੀ.

ਸੋਲਾਂ ਕਲਾ: ਦੇਖੋ, ਸੋਲਹਕਲਾ ਅਤੇ ਚੰਦ੍ਰਕਲਾ.

ਸੋਲੰਕੀ: ਰਾਜਪੂਤ ਜਾਤਿ (ਚਾਲੂਕਜ). ਇਹ ਚੰਦ੍ਰਵੰਸ਼ੀ ਛਤ੍ਰੀ ਵਰਾਹ ਭਗਵਾਨ ਦੇ ਉਪਾਸਕ ਹੋਏ ਹਨ. ਇਸ ਵੰਸ਼ ਦੇ ਪ੍ਰਤਾਪੀ ਰਾਜੇ ਪੁਲਕੇਸ਼ੀ ਨੇ ਬਾਦਾਮੀ (ਜਿਲਾ ਬਿਜਾਪੁਰ) ਵਿੱਚ ਸਨ ੫੫੦ ਵਿੱਚ ਰਿਆਸਤ ਕਾਇਮ ਕੀਤੀ ਸੀ.

ਸੋਵਨ, ਸੋਵਨੁ: ਸ਼ਯਨ. ਸੌਣਾ. "ਇਕ ਦਿਨੁ ਸੋਵਨੁ ਹੋਇਗੋ. ਲਾਂਬੇ ਗੋਡ ਪਸਾਰਿ." (ਸ. ਕਬੀਰ)

ਸੋਵਰਣ, ਸੋਵਰਨ: ਸੰਗਜਾ- ਸੁਵਰਣ. ਸੋਨਾ. ਸ੍ਵਰਣੰ। ੨. ਵਿ- ਸੁ- ਵਣੰ. ਉੱਤਮ ਵਰਣ (ਰੰਗ).

ਸੋਵਿੰਨਾ: ਵਿ- ਸੁਵਣੰ ਦਾ ਸੁਨਹਿਰੀ। ੨. ਸੁਵਰਣਾ. ਸੁੰਦਰ ਵਰਣ (ਰੰਗ) ਵਾਲਾ. ੩. ਸੌਵੰਨੀ ਦਾ. "ਮਨੁ ਰਾਮਕਸਵਟੀ ਲਾਇਆ ਕੰਚਨ ਸੋਵਿੰਨਾ." (ਆਸਾ ਛੰਤ ਮः ੪) ਅਤਜੰਤ ਸ਼ੁੱਧ ਅਤੇ ਨਿਰਮਲ ਤੋਂ ਭਾਵ ਹੈ.

ਸੋਵੰਨ: ਦੇਖੋ, ਸੋਵਨ। ੨. ਸੁਵਣੰ. ਸੋਨਾ. "ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀ ਹੋ." (ਵਡ ਛੰਤ ਮः ੪)

ਸੋੜਸ: ਸੰ. ਸ਼ੋੜਸ਼. ਸੋਲਾਂ. ਦੇਖੋ, ਖੋੜਸ.

ਸੋੜ ਸੋਪਚਾਰ, ਸੋੜ ਸੰਭਾਰ: ਸੰ षोडश- सम्भार. ਸ਼ੋੜਸ਼- ਸੰਭਾਰ. ਪੂਜਨ ਦੇ ਸੋਲਾਂ ਸਾਮਾਨ. ਦੇਖੋ, ਖੋੜਸੋਪਚਾਰ. "ਸਾਦਰ ਸੋੜ ਸੰਭਾਰਤਿਯਤਿ ਮਤਿ ਮਾਨਵੀ." (ਗੁਪ੍ਰਸੂ) ਸਾਦਰ ਸ਼ੋੜਸ਼ ਸੰਭਾਰ ਅਤਿ ਯਤਿ ਮਤਿ ਮਾਨਵੀ.

ਸੌ: ਦੇਖੋ, ਸਉ। ੨. ਵਜ- ਸਾਥ. ਨਾਲ. "ਜੌ ਤੁਮ ਅਪਨੇ ਜਨ ਸੌ ਕਾਮ." (ਗਉ ਕਬੀਰ) ੨. ਫ਼ਾ. شو ਸ਼ੌ. ਹੋ. ਇਸ ਦਾ ਮੂਲ ਸ਼ੁਦਨ ਹੈ.

ਸੌ ਸਾਖੀ: ਇਹ ਇੱਕ ਪ੍ਰਸਿੱਧ ਪੋਥੀ ਹੈ, ਜਿਸ ਵਿੱਚ ਪਹਿਲਾਂ ਸੌ ਸਾਖੀਆਂ ਸਨ, ਪਰ ਹੁਣ ਵਧੀਕ ਦੇਖੀਆਂ ਜਾਂਦੀਆਂ ਹਨ[286] ਅਰ ਕਲਮੀ ਪੋਥੀਆਂ ਦੇ ਆਪੋ ਵਿੱਚੀ ਪਾਠ ਨਹੀਂ ਮਿਲਦੇ. ਕਿਤਨਿਆਂ ਦਾ ਖਿਆਲ ਹੈ ਕਿ ਇਹ ਸਾਖੀ ਕਲਗੀਧਰ ਦੀ ਰਚਨਾ ਹੈ, ਪਰ ਇਸ ਦੀ ਕਵਿਤਾ ਪ੍ਰਗਟ ਕਰਦੀ ਹੈ ਕਿ ਇਹ ਕਿਸੇ ਸਾਧਾਰਣ ਵਿਦਜਾ ਅਤੇ ਸਮਝ ਵਾਲੇ ਸਿੱਖ ਦੀ ਕਲਮ ਤੋਂ ਲਿਖੀ ਗਈ ਹੈ.

ਸਾਖੀ ਤੋਂ ਪਾਇਆ ਜਾਂਦਾ ਹੈ ਕਿ ਗੁਰੁ ਗੋਬਿੰਦ ਸਿੰਘ ਸਾਹਿਬ ਨੇ ਜੋ ਕਥਾਪ੍ਰਸੰਗ ਭਾਈ ਗੁਰੁਬਖਸ਼ ਸਿੰਘ ਜੀ (ਰਾਮਕੁੱਵਰ) ਨੂੰ ਸੁਣਾਏ, ਉਹੀ ਉਨ੍ਹਾਂ ਨੇ ਲਿਖਾਰੀ ਸਾਹਿਬ ਸਿੰਘ ਤੋਂ ਲਿਖਵਾਏ, ਭਾਈ ਸੰਤੋਖ ਸਿੰਘ ਜੀ ਨੇ ਭੀ ਗੁਰੁ ਪ੍ਰਤਾਪਸੂਰਯ ਦੀ ਕਥਾ ਇਸੇ ਆਧਾਰ ਤੇ ਲਿਖੀ ਹੈ, ਅਤੇ ਭਾਈ ਸਾਹਿਬ ਨੇ ਸੌ ਸਾਖੀ ਦੇ ਅਨੇਕ ਪ੍ਰਸੰਗ ਆਪਣੀ ਕਵਿਤਾ ਵਿੱਚ ਬਲਦਕੇ ਜਿਉਂ ਕੇ ਤਿਉਂ ਲਿਖ ਦਿੱਤੇ ਹਨ.

ਕੂਕੇ ਸਿੱਖ ਸੌ ਸਾਖੀ ਨੂੰ ਉਹੀ ਦਰਜਾ ਦਿੰਦੇ ਹਨ ਜੋ ਹਿੰਦੂ ਸਮਾਜ ਵਿੱਚ ਭਵਿਸ਼ਜਤ ਪੁਰਾਣ ਨੂੰ ਦਿੱਤਾ ਜਾਂਦਾ ਹੈ, ਅਰ ਆਪਣੀ ਆਪਣੀ ਬੁੱਧਿ ਅਨੁਸਾਰ ਪਹੇਲੀ ਵਾਂਗ ਕਹੇ ਗਏ ਵਾਕਾਂ ਦੇ ਅਨੇਕ ਅਰਥ ਲਾਕੇ ਦਿਲ ਪਰਚਾਇਆ ਕਰਦੇ ਹਨ.

ਸੌ ਸਾਖੀ ਦੀ ਕਵਿਤਾ ਪਿੰਗਲ ਦੇ ਨਿਯਮ ਤੋਂ ਬਾਹਰ ਹੈ, ਜੈਸੇ-

"ਗੁਰੁ ਹਰਿ ਰਾਇ ਸਹਾਇ ਕਰ ਕ੍ਰਿਸਨ

ਸੇਵੀਏ ਗੁਰੁ ਤੇਗ ਬਹਾਦੁਰ ਧੀਰ।

ਗੁਰੁ ਗੋਬਿੰਦ ਸਿੰਘ ਅਰਿ ਮ੍ਰਿਗ ਤੁਰਕਨ ਕੋ ਸੁਠ ਬੀਰ॥"

ਗੁਰੂ ਸਾਹਿਬ ਦੀ ਰਚੀ, ਅਥਵਾ ਲਿਖਾਈ ਇਹ ਪੋਥੀ ਹੈ, ਜਾਂ ਨਹੀਂ, ਇਹ ਗੱਲ ਇਸ ਦੇ ਸੰਮਤਾਂ ਤੋਂ ਸਾਫ ਹੋ ਜਾਂਦੀ ਹੈ, ਜੈਸੇ-

"ਸੰਮਤ ਬਿਕ੍ਰਮ ਭੂਪਤੀ ਸਤਾਰਾਂ ਸਤ ਨੌ ਏਕ. (੧੭੯੧) ਮਾਹਿਣੈ ਸਾਖੀ ਵਾਰ ਗੁਰੁ ਮਲਕੀ ਦੁਤਿਯਾ ਭੇਕ."

ਫੇਰ ਲਿਖਿਆ ਹੈ- "ਸਤਾਰਾਂ ਸੌ ਇਕਾਸੀ ਮੇ ਸਾਖੀਆਂ ਲਿਖੀਆਂ." ਇਸ ਵਿੱਚ ਇਤਿਹਾਸ ਵਿਰੁੱਧ ਬਹੁਤ ਬਾਤਾਂ ਹਨ, ਜੈਸੇ-

(ੳ) "ਪਾਂਡਵਾਂ ਵੇਲੇ ਸੈਯਦਾਂ ਦੀ ਉਤਪੱਤੀ ਹੋਈ." (ਸਾਖੀ ੧)

(ਅ) "ਖੱਲ ਵਿੱਚੋਂ ਪ੍ਰਗਟ ਹੋਣ ਕਰਕੇ ਖਾਲਸਾ ਨਾਉਂ ਹੋਇਆ." (ਸਾਖੀ ੧੩)

(ੲ) "ਈਸਾ ਦੀ ਉਤਪੱਤੀ ਮੂਸਾ ਤੋਂ ਪਹਿਲਾਂ ਹੋਈ." (ਸਾਖੀ ੧੪)

(ਸ) ਹਰੀਚੰਦ ਦੀ ਕਥਾ ਵਿਚਿਤ੍ਰ ਨਾਟਕ ਦੇ ਵਿਰੁੱਧ ਲਿਖੀ ਹੈ (ਸਾਖੀ ੨੦)

(ਹ) ਸਤਲੁਜ ਦਾ ਧਨ ਬਿਕ੍ਰਮੀ ਸੰਮਤ ੧੯੯੯ ਵਿੱਚ ਲਵਾਂਗੇ. (ਸਾਖੀ ੩੭) xxx ਇਤਯਾਦਿਕ.

ਸਰਦਾਰ ਸਰ ਅਤਰ ਸਿੰਘ ਰਈਸ ਭਦੌੜ ਦੀ ਰਾਇ ਹੈ ਕਿ ਜਿਸ ਵੇਲੇ ਕਸ਼ਮੀਰ ਦਾ ਇਲਾਕਾ ਮਹਾਰਾਜਾ ਜੰਮੂ ਨੂੰ ਅੰਗ੍ਰੇਜ਼ ਸਰਕਾਰ ਨੇ ਰੁਪਯੇ ਬਦਲੇ ਦਿੱਤਾ ਹੈ, ਉਸ ਸਮੇਂ ਇਹ ਪੋਥੀ ਲਿਖੀ ਗਈ ਹੈ. ਇਸੇ ਲਈ ਉਸ ਵਿੱਚ ਇਹ ਵਾਕ ਹੈ-

"ਦੇਸ ਬੇਚਕਰ ਜਾਂਹਿ ਫਿਰੰਗੀ. ਗਾਜੇਂਗੇ ਤਬ ਮੋਰ ਭੁਜੰਗੀ." (ਸਾਖੀ ੮੫)

ਸੌਂਹ: ਸੰਗਯਾ- ਸ਼ਪਥ. ਸੁਗੰਦ. ਕਸਮ.

ਸ਼ੌਹਰ: ਫ਼ਾ. شوہر ਸੰਗਯਾ- ਪਤਿ. ਭਰਤਾ। ੨. ਲਾੜਾ. ਦੁਲਹਾ.

ਸੌਹੇਂ: ਕ੍ਰਿ. ਵਿ- ਸਾਮ੍ਹਣੇ. ਸੰਮੁਖ.

---

[286] ਇੱਕ ਪੰਜ ਸੌ ਸਾਖੀ ਦੀ ਪੋਥੀ ਭੀ ਅਸੀਂ ਪੁਰਾਣੀ ਲਿਖਤ ਦੀ ਵੇਖੀ ਹੈ, ਜਿਸ ਵਿੱਚ ਦਸਾਂ ਸਤਿਗੁਰਾਂ ਦੀਆਂ ਸਾਖੀਆਂ ਹਨ.

ਸ਼ੌਕ: ਅ਼. شوق ਸ਼ੌਕ਼. ਸੰਗਯਾ- ਇੱਛਾ. ਰੁਚਿ। ੨. ਪ੍ਰੇਮ. "ਭਯੋ ਸ਼ਾਹ ਕੋ ਸ਼ੌਕ ਵਿਸਾਲ." (ਗੁਪ੍ਰਸੂ)

ਸੌਕਣ: ਦੇਖੋ, ਸਉਕਣ.

ਸ਼ੌਕਤ: ਅ਼. شوکت ਸੰਗਯਾ- ਕੰਡਾ. ਕੰਟਕ। ੨. ਦਬਦਬਾ। ੩. ਤੇਜੀ.

ਸ਼ੌਕਨਾਮਾ: ਫ਼ਾ. شوق نامہ ਸ਼ੌਕ਼ਨਾਮਾ. ਸੰਗਯਾ- ਪ੍ਰੇਮਪਤ੍ਰ. "ਲਿਖ੍ਯੋ ਸ਼ੌਕਨਾਮਾ, ਦਿਜੈ ਦਰਸ ਆਈ." (ਗੁਪ੍ਰਸੂ)

ਸ਼ੌਕੀਨ: ਫ਼ਾ. شوقین ਸ਼ੌਕ਼ੀਨ. ਵਿ- ਸ਼ੌਕ਼ (ਪ੍ਰੇਮ) ਰੱਖਣ ਵਾਲਾ.

ਸੌਖ: ਸੰਗਯਾ- ਸੁਖਾਲ. ਆਸਾਨੀ. ਸੁਗਮਤਾ। ੨. ਸੰ. ਸੌਖ੍ਯ. ਸੁਖ. ਆਰਾਮ.

ਸੌਖਾ, ਸੌਖੀ: ਵਿ- ਸੁਖਾਲਾ. ਸੁਖਾਲੀ। ੨. ਸੁਖੀ.

ਸੌਖ੍ਯ: ਦੇਖੋ, ਸੌਖ ੨.

ਸੌਗਾਤ: ਦੇਖੋ, ਸੁਗਾਤ.

ਸੌਗਾਤੀ: ਵਿ- ਸੌਗਾਤ (ਤੋਫਾ- ਭੇਟ) ਪੇਸ਼ ਕਰਨ ਵਾਲਾ. "ਤ੍ਰਿਤਿਯੇ ਨਰ ਸੌਗਾਤੀ ਜਾਨ." (ਗੁਪ੍ਰਸੂ)

ਸੌਗੰਦ: ਦੇਖੋ, ਸੁਗੰਦ.

ਸੌਗੰਧ: ਸੰ. सौगन्ध्य ਸੌਗੰਧ੍ਯ. ਸੰਗਯਾ- ਸੁਗੰਧਿਤਾ. ਖ਼ੁਸ਼ਬੂ ਦਾ ਭਾਵ.

ਸ਼ੌਚ: ਸੰ. ਸ਼ੌਚ. ਸੰਗਯਾ- ਸ਼ੁਚਿ ਹੋਣ ਦਾ ਭਾਵ. ਪਵਿਤ੍ਰਤਾ. ਸ਼ੁੱਧੀ.

ਸੌਂਚਰ, ਸੌਂਚਲ: ਸੰ. सौवर्चल ਸੌਵਰਚਲ. ਇੱਕ ਪ੍ਰਕਾਰ ਦਾ ਲੂਣ. ਸੋਂਚਲ. Sochal Salt.

ਸ਼ੌਚਾ ਚਾਰ: ਸੰਗਯਾ- ਸ਼ੌਚ- ਆਚਾਰ. ਪਵਿਤ੍ਰ ਆਚਾਰ. ਸ਼ੁੱਧ ਆਚਰਣ.

ਸੌਂਚੀ: ਕੱਬਡੀ ਵਾਂਙ ਇਹ ਭੀ ਪੇਂਡੂ ਖੇਡ ਹੈ. ਜੁਆਨ ਆਦਮੀ ਇਕੱਠੇ ਹੋ ਕੇ ਦਲ ਬਣਾ ਲੈਂਦੇ ਹਨ, ਇੱਕ ਲੀਕ ਦੋਹਾਂ ਟੋਲੀਆਂ ਦੇ ਵਿਚਕਾਰ ਖਿੱਚੀ ਜਾਂਦੀ ਹੈ. ਇੱਕ ਪਾਸਿਓਂ ਇੱਕ ਆਦਮੀ ਅੱਗੇ ਵਧਕੇ ਦੂਜੇ ਪਾਸੇ ਦੇ ਆਦਮੀ ਦੀ ਛਾਤੀ ਤੇ ਤਿੰਨ ਤਲੀਆਂ ਫੁਰਤੀ ਨਾਲ ਮਾਰਦਾ ਹੈ. ਜੇ ਤਿੰਨ ਤਲੀਆਂ ਮਾਰਨ ਤੋਂ ਪਹਿਲਾਂ ਉਸ ਦਾ ਹੱਥ ਫੜ ਲਿਆ ਜਾਵੇ ਤਾਂ ਉਹ ਹਾਰਿਆ ਸਮਝੀਦਾ ਹੈ. ਜੇ ਤਿੰਨ ਤਲੀਆਂ ਮਾਰਕੇ ਬਿਨਾ ਫੜਾਈ ਖਾਧੇ ਆਪਣੀ ਵੱਲ ਮੁੜ ਆਵੇ ਤਾਂ ਜਿੱਤਿਆ ਜਾਣੀਦਾ ਹੈ. ਇਸੇ ਤਰਾਂ ਦੋ ਦੋ ਆਦਮੀ ਨੰਬਰ ਵਾਰ ਉਠਕੇ ਖੇਡਦੇ ਹਨ.

ਸੌਜ: ਸੰਗਯਾ- ਸਾਮਗ੍ਰੀ. ਸਾਮਾਨ. "ਧਰੀ ਸੌਜ ਸਭ ਆਨ." (ਸਲੋਹ)

ਸੌਜਨ੍ਯ: ਸੰ. ਸੰਗਯਾ- ਸੁਜਨਤਾ. ਭਲਮਣਸਊ.

ਸ਼ੌਂਟੀ: ਨਾਭਾ ਰਾਜ ਵਿੱਚ ਨਜਾਮਤ ਅਮਲੋਹ ਦਾ ਇੱਕ ਪਿੰਡ, ਜੋ ਗੋਬਿੰਦ ਗੜ੍ਹ ਰੇਲਵੇ ਸਟੇਸ਼ਨ ਤੋਂ ਈਸ਼ਾਨ ਕੋਣ ਕਰੀਬ ਚਾਰ ਮੀਲ ਹੈ. ਇਸ ਪਿੰਡ ਤੋਂ ਪੂਰਵ ਵੱਲ ਪੌਣ ਮੀਲ ਪੁਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ. ਇਸ ਥਾਂ ਗੁਰੂ ਸਾਹਿਬ ਜੀ ਦਾ ਕੁੱਤਾ ਸੂਰ ਨਾਲ ਲੜਕੇ ਸੂਰ ਨੂੰ ਮਾਰਕੇ ਮਰ ਗਿਆ.[287] ਰਿਆਸਤ ਨਾਭੇ ਵੱਲੋਂ ੨੯੦ ਵਿੱਘੇ ਜ਼ਮੀਨ ਅਤੇ ੪੮ ਰੁਪਯੇ ਨਕਦ ਗੁਰੁਦ੍ਵਾਰੇ ਦੇ ਨਾਉਂ ਹਨ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਦਿਨ ਪੁਰ ਮੇਲਾ ਹੁੰਦਾ ਹੈ. ਦੇਖੋ, ਸੌਂਟੀ ਦੇ ਸਰਦਾਰ.

[287] ਕਿਸੇ ਸਿੱਖ ਨੇ ਗੁਰੁਦ੍ਵਾਰੇ ਪਾਸ ਇਸ ਯਾਦਗਾਰ ਵਿੱਚ ਦੋਹਾਂ ਦੀ ਸਮਾਧਿ ਬਣਾ ਦਿੱਤੀ ਹੈ.

ਸ਼ੌਂਟੀ ਦੇ ਸਰਦਾਰ: ਇਹ ਨਿਸ਼ਾਨ ਵਾਲੀ ਮਿਸਲ ਵਿੱਚੋਂ ਜਾਗੀਰਦਾਰ ਸਰਦਾਰ ਹਨ. ਸਨ ੧੭੬੩ ਵਿੱਚ ਸਰਦਾਰ ਸੰਗਤ ਸਿੰਘ, ਦਸੌਂਧਾ ਸਿੰਘ, ਜੈ ਸਿੰਘ, ਮੋਹਰ ਸਿੰਘ ਆਦਿਕਾਂ ਨੇ ਆਪਣੇ ਬਲ ਨਾਲ ਅੰਬਾਲਾ, ਸਰਾਇ ਲਸ਼ਕਰ ਖਾਨ, ਸ਼ਾਹਬਾਦ, ਦੋਰਾਹਾ, ਲੱਧੜਾਂ, ਸੌਂਟੀ ਆਦਿ ਪੁਰ ਕਬਜਾ ਕਰਕੇ ਆਪਣੀ ਹੁਕੂਮਤ ਥਾਪੀ. ਹੁਣ ਲੱਧੜਾਂ ਜ਼ਿਲਾ ਲੁਧਿਆਨਾ ਵਿੱਚ ਅਤੇ ਸੌਂਟੀ ਰਿਆਸਤ ਨਾਭੇ ਦੇ ਰਾਜ ਵਿੱਚ ਹੈ.

ਸ਼ੌਂਡਕ, ਸੌਂਡਿਕ: ਸੰ. शौण्डिक ਸ਼ੌਂਡਿਕ. ਵਿ- ਸੁੰਡ ਵਾਲਾ। ੨. ਸੰਗਯਾ- ਹਾਥੀ। ੩. ਕਲਾਲ, ਜਿਸ ਦੀ ਨਾਲ ਸੁੰਡ ਦੇ ਆਕਾਰ ਦੀ ਹੁੰਦੀ ਹੈ. "ਬੂਝਜੋ ਸੌਂਡਕ ਸਦਨ ਵਿਸਾਲਾ." (ਗੁਪ੍ਰਸੂ)

ਸੌਡੀ: ਦੇਖੋ, ਸਉਡੀ.

ਸੌਂਡੀ: ਸੰਗਯਾ- ਸੁੰਡ ਵਾਲਾ (ਹਾਥੀ) "ਜਨੁ ਸੌਂਡੀ ਬਡ ਸੁੰਡ ਪ੍ਰਚੰਡੇ." (ਗੁਪ੍ਰਸੂ) ੨. ਕਲਾਲ. ਦੇਖੋ, ਸੌਂਡਕ.

ਸੌਂਡਜਰਿ, ਸੌਂਡਜਾਂਤਕ: ਸੰਗਯਾ- ਸ਼ੇਰ, ਜੋ ਸੌਂਡੀ (ਹਾਥੀ) ਦਾ ਵੈਰੀ ਹੈ. ਸੌਂਡਜੰਤਕ। ੨. ਬੰਦੂਕ, ਜੋ ਹਾਥੀ ਦਾ ਅੰਤ ਕਰਦੀ ਹੈ. (ਸਨਾਮਾ)

ਸੌਂਡਯਾਂਤਕ ਧੁਨਿਨੀ: ਸੌਂਡੀ (ਹਾਥੀ) ਦਾ ਅੰਤ ਕਰਨ ਵਾਲਾ ਸ਼ੇਰ, ਉਸ ਜੇਹੀ ਗਰਜ ਕਰਨ ਵਾਲੀ ਬੰਦੂਕ. (ਸਨਾਮਾ)

ਸੌਣ: ਦੇਖੋ, ਸਉਣ। ੨. ਸ਼ਕੁਨ. ਦੇਖੋ, ਅਪਸਗਨ.

ਸੌਤ: ਦੇਖੋ, ਸਉਤ.

ਸੌਂਦਰਯ: ਸੰ सौन्दर्य्य ਸੰਗਯਾ- ਸੁੰਦਰਤਾ. ਖੂਬਸੂਰਤੀ. "ਸਹਿਨਸੀਲ ਸੌਂਦਰਯ ਸੂਰਤਾ." (ਗੁਪ੍ਰਸੂ)

ਸੌਦਾ: ਦੇਖੋ, ਸਉਦਾ.

ਸੌਦਾਈ: ਦੇਖੋ, ਸਉਦਾਈ.

ਸੌਦਾਗਰ: ਦੇਖੋ, ਸਉਦਾਗਰ.

ਸੌਦਾਮਨੀ, ਸੌਦਾਮਿਨੀ: ਦੇਖੋ, ਸੁਦਾਮਨਿ.

ਸੌਦ੍ਰਜ: ਦੇਖੋ, ਸੌਂਦਰਯ.

ਸੌਧ: ਸੰ. ਸੰਗਯਾ- ਸੁਧਾ (ਚੂਨੇ) ਨਾਲ ਲਿੱਪਿਆ ਹੋਇਆ. ਰਾਜਭਵਨ. ਰਾਜਮੰਦਿਰ. "ਸੁੰਦਰ ਸੌਂਧ ਉਚੇਰਾ." (ਗੁਪ੍ਰਸੂ) ੨. ਦੇਵਤੇ ਦਾ ਮੰਦਿਰ

ਸੌਂਧ, ਸੌਂਧਾ: ਸੰਗਯਾ- ਸੁਗੰਧ ਵਾਲਾ ਦ੍ਰਵ੍ਯ. ਇਤਰ ਆਦਿਕ. "ਕਬਹੁ ਨ ਸੌਂਧਾ ਲਾਇ ਰਾਗ ਮਨ ਭਾਇਓ." (ਚਰਿਤ੍ਰ ੨੪੫)

ਸੌਂਧਾ ਖ਼ਾਨ, ਸੌਂਧੇ ਖ਼ਾਨ: ਦਸੌਂਧਾ ਖ਼ਾਨ. ਇਹ ਦਸੌਂਧ ਦੀ ਰਸਮ ਤੋਂ ਨਾਉਂ ਬਣ ਗਿਆ ਹੈ. ਦੇਖੋ, . ਉਸ਼ਰ. ਸ਼ਾਹਜਹਾਂ ਬਾਦਸ਼ਾਹ ਦੇ ਅਸਤਬਲ ਦਾ ਦਾਰੋਗਾ. "ਇਤਨੇ ਮੇ ਸੌਂਧੇ ਖਾਂ ਆਯੋ। ਹਯਨ ਸੇਵ ਪਰ ਜੋ ਠਹਿਰਾਯੋ ॥ " (ਗੁਪ੍ਰਸੂ)

ਸੌਨ: ਸੰਗਯਾ- ਸ਼ਕੁਨ. ਸ਼ਗੂਨ. "ਮੰਗਲ ਭੌਨ ਭਏ ਸੁਭ ਸੌਨ." (ਨਾਪ੍ਰ) "ਸੌਨ ਆਸੋਨ ਨਹਿ ਜਾਨ." (ਗੁਰੁਸੋਭਾ) ਦੇਖੋ, ਅਪਸਗੁਨ। ੨. ਸ਼ਯਨ. ਸੌਣਾ. "ਸੇਜ ਸੁਧਾਰੈ ਹਿਤ ਗੁਰੁ ਸੌਨ." (ਗੁਪ੍ਰਸੂ)

੩. ਸੰ. ਸ਼ੌਨ. ਵਿ- ਸ਼ੁਨ (ਕੁੱਤੇ) ਨਾਲ ਸੰਬੰਧਿਤ. ਕੁੱਤੇ ਦਾ। ੪. ਸੰ. सौन ਸੂਨਾ (ਬੁੱਚੜਖਾਨੇ) ਨਾਲ ਹੈ ਜਿਸ ਦਾ ਸੰਬੰਧ. ਕਸਾਈ। ੫. ਕਸਾਈ ਦਾ ਕੱਟਿਆ ਹੋਇਆ ਸੱਜਰਾ ਮਾਸ.

ਸੌਨਕ: ਸੰ. ਸ਼ੌਨਕ. ਇੱਕ ਰਿਖੀ, ਜੋ ਨੈਮਿਸ਼ਾਰਨਯ ਵਿੱਚ ਰਿਹਾ ਕਰਦਾ ਸੀ. ਇਹ ਸ਼ੁਨਕ ਰਿਖੀ ਦਾ ਪੁਤ੍ਰ ਅਤੇ ਕਾਤਯਾਯਨ ਅਰ

ਅਸ੍ਵਲਾਯਨ ਦਾ ਗੁਰੂ ਸੀ.

ਸੌਨਿਕ: ਸੰ. ਸ਼ਿਕਾਰੀ, ਜੋ ਪਾਸ ਸ਼ੁਨ (ਕੁੱਤੇ) ਰੱਖਦਾ ਹੈ।

ਸੌਂਪਣਾ, ਸੌਂਪਣੀ: ਦੇਖੋ, ਸਉਪਣਾ.

ਸੌਪਤ੍ਰ: ਕਮਲ. ਦੇਖੋ, ਸਤਪਤ੍ਰ. "ਸੌਪਤ੍ਰ ਸੇ ਛਤ੍ਰ ਟੂਟੇ." (ਚਰਿਤ੍ਰ ੧੦੨)

ਸੌਂਫ: ਸੰ. शतपुष्पा ਸ਼ਤਪੁਸ਼ਪਾ. ਫ਼ਾ. ਬਾਦੀਆਂ. ਸੰਗਯਾ- ਸੌਂਫ ਪੋਹ ਮਾਘ ਵਿੱਚ ਬੀਜੀ ਅਤੇ ਵੈਸਾਖ ਵਿੱਚ ਕੱਟੀਦੀ ਹੈ. ਇਸ ਦਾ ਕੱਦ ਤਿੰਨ ਚਾਰ ਫੁਟ ਉੱਚਾ ਹੁੰਦਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਅਤੇ ਦ੍ਰਾਵਕ ਹੈ. ਸੌਂਫ ਮੇਦੇ ਅਤੇ ਅੰਤੜੀ ਦੇ ਰੋਗ ਦੂਰ ਕਰਨ ਲਈ ਉੱਤਮ ਮੰਨੀ ਗਈ ਹੈ. ਨੇਤ੍ਰਾਂ ਦੀ ਜੋਤ ਨੂੰ ਵਧਾਉਂਦੀ ਹੈ, ਬਲਗਮ ਨੂੰ ਛਾਂਟਦੀ ਹੈ. ਪੇਸ਼ਾਬ ਲਿਆਉਂਦੀ ਹੈ ਅਤੇ ਮੈਲ ਖਾਰਿਜ ਕਰਦੀ ਹੈ. ਇਸ ਦਾ ਅਰਕ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. L. Pimpinella anisum ( ਅੰ. Aniseed).

ਸੌਭ ਨਗਰ: ਦੇਖੋ, ਹਰਚੰਦਉਰੀ ਅਤੇ ਹਰਿਸਚੰਦ੍ਰ.

ਸੌਭਰੀ: ਵਿ- ਸ਼ੁਭ੍ਰਤਾ ਵਾਲੀ. ਚਮਕੀਲੀ. "ਸੁਭੰਤ ਸਿੱਪ ਸੌਭਰੀ." (ਕਲਕੀ) ਗਲ੍ਹਾਂ (ਕਪੋਲਾਂ) ਨੂੰ ਢਕਣ ਵਾਲੀ ਸੰਜੋ ਚਮਕੀਲੀ, ਸ਼ੋਭਾ ਦੇ ਰਹੀ ਹੈ। ੨. ਸੌਭਰਿ ਇੱਕ ਰਿਖੀ ਜਿਸ ਨੇ ਰਾਜੇ ਮਾਂਧਾਤਾ ਦੀਆਂ ਪੰਜਾਹ ਪੁਤ੍ਰੀਆਂ ਵਿਆਹੀਆਂ ਅਤੇ ੧੫੦ ਪੁਤ੍ਰ ਪੈਦਾ ਕੀਤੇ.

ਸੌਭਾਗ, ਸੌਭਾਗਯ: ਦੇਖੋ, ਸੁਹਾਗ ਅਤੇ ਸੁਭਾਗ.

ਸੌਮ: ਵਿ- ਸੋਮ (ਚੰਦ੍ਰਮਾ) ਨਾਲ ਹੈ ਜਿਸ ਦਾ ਸੰਬੰਧ ਦੇਖੋ, ਸੋਮ। ੨. ਦੇਖੋ, ਸੋਮਯ. "ਸੁਨ ਹੇ ਸੌਮ! ਬਸਨ ਹਿਤ ਥਾਨ." (ਗੁਪ੍ਰਸੂ)

ਸੌਮਿਤ੍ਰਿ: ਸੰਗਯਾ- ਸੁਮਿਤ੍ਰਾ ਦਾ ਪੁਤ੍ਰ ਲਛਮਣ। ੨. ਸ਼ਤ੍ਰੁਘਨ.

ਸੌਮਯ: ਸੰ. ਵਿ- ਕ੍ਰੋਧ ਰਹਿਤ. ਸ਼ਾਂਤ। ੨. ਮਨੋਹਰ. ਸੁੰਦਰ। ੩. ਸੰਗਯਾ- ਬੁਧ, ਜੋ ਸੋਮ (ਚੰਦ੍ਰਮਾ) ਦਾ ਪੁਤ੍ਰ ਹੈ. ੪. ਦੇਖੋ, ਸਵੈਯੇ ਦਾ ਰੂਪ ੩.

ਸੌਰ: ਵਿ- ਸੂਰਜ ਨਾਲ ਸੰਬੰਧ ਰੱਖਣ ਵਾਲਾ. ਸੂਰਜ ਦਾ। ੨. ਸੂਰਜਵੰਸ਼ੀ। ੩. ਸੰਗਯਾ- ਯਮ ਅਤੇ ਸ਼ਨੈਸ਼੍ਚਰ (ਛਨਿੱਛਰ) ਜੋ ਸੂਰਜ ਦੇ ਪੁਤ੍ਰ ਹਨ। ੪. ਸੂਰਜ ਦਾ ਉਪਾਸਕ। ੫. ਸੁਰਾ ਨਾਲ ਹੈ ਜਿਸ ਦਾ ਸੰਬੰਧ. ਸੁਰਾ ਦਾ। ੬. ਸ਼ੌਰ. ਵਿ- ਸ਼ੂਰ (ਯੋਧਾ) ਨਾਲ ਹੈ ਜਿਸ ਦਾ ਸੰਬੰਧ.

ਸੌਰਯ: ਸੰ. शौर्य्य ਸ਼ੌਯਰ੍ਯ. ਸੰਗਯਾ- ਸ਼ੂਰਤ੍ਵ. ਸੂਰਮਤਾ। ੨. ਸੰ. ਸੌਯਰ੍ਯ. ਵਿ- ਸੂਰਜ ਨਾਲ ਸੰਬੰਧ ਰੱਖਣ ਵਾਲਾ.

ਸੌਰਣਾ: ਦੇਖੋ, ਸਉਰਣਾ।

ਸੌਰਭ: ਸੰ. ਵਿ- ਸੁਰਭਿ (ਸੁਗੰਧ) ਵਾਲਾ। ੨. ਸੰਗਯਾ- ਸੁਗੰਧ. ਖ਼ੁਸ਼ਬੂ. "ਸਿਲੀਮੁਖ ਸਿੱਖ ਮਨ ਸੌਰਭ ਅਨੰਦ ਹੇਤ." (ਨਾਪ੍ਰ) ੩. ਸੁੰਦਰਤਾ ਦੇਖੋ, ਸੁਰਭਿ. "ਧਰ ਬਾਲਕ ਸੌਰਭ ਆਪ ਵਿਰਾਜਾ." (ਕ੍ਰਿਸਨਾਵ)

ਸੌਰਮਾਸ: ਸੂਰਜ ਦੇ ਹਿਸਾਬ ਨਾਲ ਮੰਨਿਆ ਹੋਇਆ ਮਹੀਨਾ. ਸੰਕ੍ਰਾਂਤਿ ਤੋਂ ਆਰੰਭ ਹੋਣ ਵਾਲਾ ਮਹੀਨਾ. ਦੇਖੋ, ਮਾਸ.

ਸ਼ੌਰਸ਼੍ਟ੍ਰ: ਸੁਰਾਸ਼੍ਟ੍ਰ (ਕਾਠੀਆਵਾੜ) ਨਾਲ ਹੈ ਜਿਸ ਦਾ ਸੰਬੰਧ। ੨. ਚੰਗੇ ਰਾਜ ਦਾ. ਦੇਖੋ, ਸੁਰਾਸ਼੍ਟ੍ਰ.

ਸੌਰੀ, ਸੌਰੀਆ: ਵਿ- ਸੂਰਜ ਉਪਾਸਕ। ੨. ਸੂਰਜ ਆਦਿਕ ਗ੍ਰਹਾਂ ਦੀ ਚਾਲ ਜਾਨਣ ਵਾਲਾ, ਜਯੋਤਿਸ਼ੀ। ੩. ਸ਼ਾਵਰ (ਤੰਤ੍ਰ) ਦਾ ਗਯਾਤਾ। ੪. ਸ੍ਵਰ ਵਿਚਾਰ ਨਾਲ ਸ਼ੁਭ ਅਸ਼ੁਭ ਫਲ ਦੱਸਣ ਵਾਲਾ। ੫. ਬ੍ਰਾਹਮਣਾਂ ਦਾ ਇੱਕ ਗੋਤ ਭੀ ਸੌਰੀ ਹੈ। ੬. ਸੰ. शौरि

ਸ਼ੌਰਿ. ਵਿਸ਼ਨੁ. "ਤੁਝ ਸੇਵਹਿ ਬਿਧਿ ਸੰਕਰ ਸੌਰੀ." (ਨਾਪ੍ਰ) ੭. ਕ੍ਰਿਸ਼ਨ

ਸੌੜ, ਸੌੜਾ: ਦੇਖੋ, ਸਉੜ- ਸਉੜਾ.

ਸੰ: ਸੰ. ਸ਼ਮ ਸ਼ੰ. ਵਜ- ਕਲਜਾਣ. ਮੰਗਲ। ੨. ਸੁਖ। ੩. ਸ਼ਾਂਤਿ। ੪. ਸ਼ਾਸਤ੍ਰ। ੫. ਸਮ੍. ਸਾਥ ਨਾਲ. "ਤੁਅ ਸਤਿਗੁਰ ਸੰ ਹੇਤ." (ਸਵੈਯੇ ਮਃ ੫. ਕੇ) ੬. ਚੰਗੀ ਤਰਾਂ. ਬਖੂਬੀ। ੭. ਬਿਲਕੁਲ. ਮੂਲੋਂ. ਮੁੱਢੋਂ.

ਸੰਸ: ਸੰ. ਸ਼ੰਸ੍ ਧਾ- ਉੱਚਾਰਣ ਕਰਨਾ. ਉਸਤਤਿ ਕਰਨਾ. ੨. ਸੰਗਜਾ- ਉਸਤਤਿ। ੩. ਪ੍ਰਤਿਗਜਾ. ਇਕਰਾਰ। ੪. ਸੌਂਹ. ਕਸਮ। ੫. ਇੱਛਾ। ੬. ਖੁਸ਼ਾਮਦ। ੭. ਦੇਖੋ, ਸੰਸਯ.

ਸੰਸਕਾਰ: ਸੰ. ਸੰਸ੍ਕਾਰ. ਸੰਗਜਾ- ਸੰ- ਉਪਸਰਗ ਅਤੇ ਕ੍ਰਿ ਧਾਤੁ ਤੋਂ ਇਹ ਸ਼ਬਦ ਹੈ. ਸੁਧਾਰਨਾ। ੨. ਸ਼ੁੱਧ ਕਰਨਾ। ੩. ਕਿਸੇ ਕਰਮ ਦੇ ਕਰਨ ਤੋਂ ਪੈਦਾ ਹੋਇਆ ਖਿਆਲ। ੪. ਧਰਮਰੀਤਿ ਨਾਲ ਕੀਤਾ ਹੋਇਆ ਉਹ ਕਰਮ, ਜਿਸ ਦਾ ਅਸਰ ਚਿੱਤ ਤੇ ਬਣਿਆ ਰਹੇ. ਜੈਸੇ- ਜਨਮ ਅਮ੍ਰਿਤ ਵਿਆਹ ਆਦਿ ਸੰਸਕਾਰ.

ਵਿਦ੍ਵਾਨਾਂ ਨੇ ਧਾਰਮਿਕ ਸੰਸਕਾਰ ਤਿੰਨ ਪ੍ਰਕਾਰ ਦੇ ਮੰਨੇ ਹਨ, ਉੱਤਮ ਮਧਜਮ ਅਤੇ ਨਿਸ਼ਿੱਧ.

(ੳ) ਉੱਤਮ ਸੰਸਕਾਰ ਉਹ ਹਨ, ਜਿਨ੍ਹਾਂ ਕਰਕੇ ਕਰਤਾਰ ਦੀ ਰਚਨਾ ਦੇ ਵਿਰੁੱਧ ਕੁਝ ਨਾ ਕੀਤਾ ਜਾਵੇ ਅਤੇ ਚਿੰਨ੍ਹ ਧਾਰੇ ਜਾਣ ਓਹ ਸ਼ਰੀਰ ਤਥਾ ਦੇਸ਼ ਦੀ ਰੱਖਜਾ ਦਾ ਕਾਰਣ ਹੋਣ. ਜੈਸੇ- ਅਮ੍ਰਿਤ ਸੰਸਕਾਰ ਸਮੇਂ ਸਿੱਖ ਕੱਛ ਕ੍ਰਿਪਾਣ ਧਾਰਦੇ ਹਨ.

(ਅ) ਮੱਧਮ ਸੰਸਕਾਰ ਉਹ ਹਨ ਜਿਨ੍ਹਾਂ ਦ੍ਵਾਰਾ ਵਾਹਗੁਰੂ ਦੀ ਰਚਨਾ ਬੁਰੀ ਸ਼ਕਲ ਵਿੱਚ ਕੀਤੀ ਜਾਵੇ ਅਤੇ ਚਿੰਨ੍ਹ ਐਸੇ ਧਾਰੇ ਜਾਣ, ਜਿਨ੍ਹਾਂ ਤੋਂ ਸ਼ਰੀਰ ਅਰ ਦੇਸ਼ ਨੂੰ ਕੋਈ ਲਾਭ ਨਾ ਪਹੁੰਚੇ. ਜੈਸੇ- ਜਟਾ ਭਸਮ ਜਨੇਉ ਕੰਠੀ ਆਦਿਕ ਲੋਕ ਧਾਰਨ ਕਰਦੇ ਹਨ.

(ੲ) ਨਿਸ਼ਿੱਧ (ਨਿਕ੍ਰਿਸ਼ਟ) ਸੰਸਕਾਰ ਉਹ ਹਨ ਜਿਨ੍ਹਾਂ ਕਰਕੇ ਸਿਰਜਨਹਾਰ ਦੀ ਰਚਨਾ ਖੰਡਿਤ ਕੀਤੀ ਜਾਵੇ ਅਰ ਦੇਹ ਤਥਾ ਦੇਸ਼ ਦਾ ਕੋਈ ਹਿਤ ਨਾ ਹੋ ਸਕੇ, ਜੈਸੇ- ਯੋਗੀਆਂ ਦਾ ਕਰਣਵੇਧ, ਸੁੰਨਤ (ਖਤਨਾ), ਮੁੰਡਨ ਆਦਿਕ.

ਸੰਸਕ੍ਰਿਤ: ਵਿ- ਜਿਸ ਦਾ ਸੰਸਕਾਰ ਕੀਤਾ ਗਿਆ ਹੈ। ੨. ਸ਼ੁੱਧ ਕੀਤਾ। ੩. ਸੁਧਾਰਿਆ। ੪. ਵਜਾਕਰਣ ਦੀ ਰੀਤਿ ਅਨੁਸਾਰ ਸੁਧਾਰੀ ਹੋਈ ਬੋਲੀ। ੫. ਸੰਗਜਾ- ਦੇਵਭਾਸ਼ਾ. ਸੰਸਕ੍ਰਿਤ. (संस्कृत)

ਸੰਸਜ: ਸੰ. ਸੰਸ਼ਯ. ਸੰਗਜਾ- (ਸੰ- ਸ਼ੀ) ਚੰਗੀ ਤਰਾਂ ਸੌਣ ਦੀ ਕ੍ਰਿਯਾ। ੨. ਸ਼ੱਕ. ਸੰਦੇਹ. "ਪਾਤਕਹਰਣੰ ਸਾਧਸੰਗਮ ਨ ਸੰਸਯਹ." (ਸਹਸ ਮਃ ੫)

ਸੰਸਰਗ: ਸੰ. ਸੰਸਰ੍ਗ. ਸੰਗਜਾ- ਮਿਲਾਪ. ਸ਼ੰਬੰਧ. ਤਾਲੁੱਕ. ਦੇਖੋ, ਸਰਗ.

ਸੰਸਰਣ: ਸੰ. ਸੰਗਜਾ- ਫਿਰਨਾ. ਵਿਚਰਨਾ। ੨. ਖਿਸਕਣਾ. ਦੇਖੋ, ਸਰਣ.

ਸੰਸਰਾਮ: ਬਾਬਾ ਮੋਹਨ ਜੀ ਦਾ ਪੁਤ੍ਰ, ਸ਼੍ਰੀ ਗੁਰੂ ਅਮਰਦੇਵ ਜੀ ਦਾ ਪੋਤਾ, ਜਿਸ ਨੇ ਗੁਰਬਾਣੀ ਦੀਆਂ ਪੋਥੀਆਂ ਲਿਖੀਆਂ. ਇਨ੍ਹਾਂ ਪੁਸਤਕਾਂ ਨੂੰ ਹੀ ਸ਼੍ਰੀ ਗੁਰੂ ਅਰਜਨ ਸਾਹਿਬ ਗੁਰੂ ਗ੍ਰੰਥ ਸਾਹਿਬ ਦੀ ਬੀੜ ਰਚਣ ਸਮੇਂ ਬਾਬਾ ਮੋਹਨ ਜੀ ਤੋਂ ਲੈ ਗਏ ਸਨ. ਦੇਖੋ, ਗੋਇੰਦਵਾਲ ਨੰਃ ੧.

ਸੰਸਾ: ਸੰਦੇਹ. ਸ਼ੱਕ. ਦੇਖੋ, ਸੰਸਯ. "ਗੁਰਮੁਖ ਸੰਸਾ ਮੂਲ ਨ ਹੋਵਈ." (ਵਾਰ ਬਿਲਾ ਮਃ ੩)

ਸੰਸਾਰ: ਨਾਕੂ. ਮਗਰਮੱਛ. ਨਿਹੰਗ। ੨. ਸੰ. ਜੋ ਸੰਸਰਣ ਕਰੇ (ਬਦਲਦਾ ਰਹੇ) ਉਹ ਸੰਸਾਰ ਹੈ. ਜਗਤ. "ਸੰਸਾਰ ਕਾਮ ਤਜਣੰ." (ਗਾਥਾ) ੩. ਸੰਸਾਰ ਦੇ ਲੋਕ.

ਸੰਸਾਰ ਸਾਗਰ: ਵਿ- ਸੰਸਾਰ ਰੂਪ ਸਾਗਰ. "ਸੰਸਾਰ ਸਾਗਰ ਅਬ ਉਤਰੇ ਪਾਰੇ." (ਬਿਲਾ ਮਃ ੫)

ਸੰਸਾਰਸਿ, ਸੰਸਾਰਸਜ: ਸ਼ਸ਼੍ਰੀ ਦਾ ਅਰਥ ਸੰਸਾਰ ਦਾ. "ਸਾਗਰੰ ਸੰਸਾਰਸਜ ਗੁਰਪਰਸਾਦੀ ਤਰਹਿ ਕੇ." (ਸਹਸ ਮਃ ੫) ਸੰਸਾਰ

ਦੇ ਸਮੁੰਦਰ ਨੂੰ ਵਿਰਲੇ ਗੁਰੁਪਰਸਾਦੀ ਤਰਹਿ.

ਸੰਸਾਰਕੂਪ: ਵਿ- ਜਗਤ ਰੂਪ ਖੂਹਾ, ਜਿਸ ਵਿੱਚੋਂ ਨਿਕਲਣਾ ਮੁਸ਼ਕਲ ਹੈ. "ਸੰਸਾਰਕੂਪ ਤੇ ਉਧਰਿ ਲੈ." (ਆਸਾ ਛੰਤ ਮਃ ੫)

ਸੰਸਾਰ ਰਚਨਾ: ਦੇਖੋ, ਸ੍ਰਿਸ਼੍ਰਿ ਰਚਨਾ.

ਸੰਸਾਰਿ: ਸੰਸਾਰ (ਜਗਤ) ਵਿੱਚ. "ਮੁੰਦ੍ਰਾ ਪਾਇ ਫਿਰੈ ਸੰਸਾਰਿ." (ਵਾਰ ਰਾਮ ੧. ਮਃ ੧) "ਗੁਰਦਰਸਨੁ ਸਫਲੁ ਸੰਸਾਰਿ" (ਸਵੈਯੇ ਮਃ ੪. ਕੇ)

ਸੰਸਾਰੀ: ਵਿ- ਸੰਚਾਰ ਨਾਲ ਸੰਬੰਧ ਰੱਖਣ ਵਾਲਾ, ਦੁਨਿਯਵੀ. ਸਾਂਸਾਰਿਕ। ੨. ਸੰਸਾਰ ਰਚਣ ਵਾਲਾ ਰਜੋਗੁਣ (ਬ੍ਰਹਮਾ). "ਇਕੁ ਸੰਸਾਰੀ ਇਕੁ ਭੰਡਾਰੀ." (ਜਪੁ) ੩. ਗ੍ਰਿਹਸਥੀ. "ਨਾ ਅਉਧੂਤੀ ਨਾ ਸੰਸਾਰੀ." (ਰਾਮ ਅਃ ਮਃ ੧) ੪. ਸੰਗਜਾ- ਸੰਸਾਰ ਦੀ ਰੀਤਿ. ਦੁਨੀਆਂ ਦੀ ਚਾਲ. "ਛੂਟਿਗਈ ਸੰਸਾਰੀ." (ਕੇਦਾ ਕਬੀਰ)

ਸੰਸਾਰੁ: ਦੁਨੀਆਂ ਦੇ ਲੋਕ. ਦੇਖੋ, ਸੰਸਾਰ ੩. "ਹੋਇ ਸਹਾਈ ਜਿਸੁ ਤੂੰ ਰਾਖਹਿ ਤਿਸੁ ਕਹਾ ਕਰੈ ਸੰਸਾਰੁ?" (ਗੂਜ ਮਃ ੫)

ਸੰਸਾਰੂ: ਸ਼੍ਰੀ ਗੁਰੂ ਰਾਮਦਾਸ ਸਾਹਿਬ ਦਾ ਇੱਕ ਪ੍ਰੇਮੀ ਸਿੱਖ। ੨. ਤਲਵਾੜ ਗੋਤ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋ ਕੇ ਮਹਾਨ ਗਿਆਨੀ ਹੋਇਆ.

ਸੰਸਾਰੇ: ਸੰਸਾਰ ਵਿੱਚ. "ਸੰਤੋਖ ਭਇਆ ਸੰਸਾਰੇ." (ਸੋਰ ਮਃ ੫)

ਸੰਸ੍ਰਿਸ਼੍ਰਿ: ਦੇਖੋ ਉਭਯਾਲੰਕਾਰ.

ਸੰਸ੍ਰਿਤਿ: ਸੰ ਸੰਸृਤਿ ਸੰਗਜਾ- ਪ੍ਰਵਾਹ. ਧਾਰਾ। ੨. ਸੰਸਾਰ. ਦੁਨੀਆਂ. ਦੇਖੋ, ਸ੍ਰਿਤਿ.

ਸੰਹਾਰ: ਸੰ. ਸੰਗਜਾ- (ਸੰ- ਹ੍ਰਿ) ਖਿੱਚ. ਆਕਰਸ਼ਣ। ੨. ਵਿਨਾਸ਼. ਨਾਸ਼. ਲੈ ਕਰਨਾ। ੩. ਇਕੱਠਾ ਕਰਨ ਦੀ ਕ੍ਰਿਯਾ. ਸਮੇਟਣਾ। ੪. ਖੁਲਾਸਾ. ਸਾਰ। ੫. ਵਾਰ (ਪ੍ਰਹਾਰ- ਆਘਾਤ) ਰੋਕਣ ਦੀ ਕ੍ਰਿਯਾ।

ਸੰਹਾਰੀ ਮੱਲ: ਸ਼੍ਰੀ ਗੁਰੂ ਅਰਜਨ ਸਾਹਿਬ ਦਾ ਤਾਇਆ, ਜਿਸ ਦੇ ਪੁਤ੍ਰ ਦੇ ਵਿਆਹ ਤੇ ਸ਼੍ਰੀ ਗੁਰੂ ਰਾਮਦਾਸ ਸਾਹਿਬ ਨੇ ਸ਼੍ਰੀ ਅਰਜਨ ਜੀ ਨੂੰ ਲਹੌਰ ਭੇਜਕੇ ਆਗਜਾ ਕੀਤੀ ਸੀ ਕਿ ਬਿਨਾ ਬੁਲਾਏ ਨਾ ਆਉਣਾ. ਸਾਹਿਬਜ਼ਾਦੇ ਨੇ ਦੋ ਵਰ੍ਹੇ ਲਹੌਰ ਰਹਿਕੇ ਉੱਤਮ ਧਰਮ ਪ੍ਰਚਾਰ ਕੀਤਾ. ਜਿਸ ਥਾਂ ਬੈਠਕੇ ਆਪ ਦੀਵਾਨ ਲਾਉਂਦੇ ਰਹੇ ਉਹ ਚੂਨੀ ਮੰਡੀ ਵਿੱਚ ਗੁਰੂ ਅਰਜਨ ਸਾਹਿਬ ਦਾ ਦਿਵਾਨਖਾਨਾ ਕਰਕੇ ਪ੍ਰਸਿੱਧ ਗੁਰੁਧਾਮ ਹੈ. ਇਸੇ ਥਾਂ ਤੋਂ- "ਮੇਰਾ ਮਨੁ ਲੋਚੈ ਗੁਰਦਰਸਨ ਤਾਈ"- ਸ਼ਬਦ ਲਿਖਕੇ ਪਿਤਾ ਗੁਰੂ ਜੀ ਪਾਸ ਭੇਜਿਆ ਹੈ. ਸੰਹਾਰੀ ਮੱਲ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਤੋਂ ਅਤਮਗਜਾਨ ਪ੍ਰਾਪਤ ਕੀਤਾ, ਅਤੇ ਇਸ ਦੀ ਅਨੰਨ ਸਿੱਖਾਂ ਵਿੱਚ ਗਿਣਤੀ ਹੋਈ.

ਸੰਹਿਤਾ: ਸੰ. ਸੰਗਜਾ- ਉਹ ਪੁਸਤਕ ਜੋ ਭਲੀ ਪ੍ਰਕਾਰ ਹਿਤ ਨੂੰ ਕਹੇ। ੨. ਮਨੁ ਆਦਿ ਰਿਖੀਆਂ ਦੇ ਲਿਖੇ ਧਰਮਗ੍ਰੰਥ। ੩. ਵੇਦ ਦਾ ਉਹ ਭਾਗ, ਜੋ ਕਰਮ ਕਾਂਡ ਦਾ ਮਾਰਗ ਦੱਸਦਾ ਹੈ. ਸੰਹਿਤਾ ਦੀ ਵਜਾਖਜਾ ਦੇਖੋ, ਐਤ੍ਰੇਯ ਆਰਣਜਕ ਦੇ ਆਰਣਜਕ ੩. ਅਧਜਾਯ ੨, ਖੰਡ ੬. ਵਿੱਚ। ੪. ਵਜਾਕਰਣ ਅਨੁਸਾਰ ਅੱਖਰਾਂ ਦੀ ਅਤਿ ਸਮੀਪਤਾ 'ਸੰਹਿਤਾ' ਹੈ.

ਸੰਹੇਤ: ਦੇਖੋ, ਸੰ.

ਸੰਕ: ਸੰ. ਸ਼ङ्क ਧਾ- ਸੰਸੇ ਵਿੱਚ ਪੈਣਾ. ਡਰਨਾ। ੨. ਸੰਗਜਾ- ਡਰ। ੩. ਸ਼ੱਕ. ਸੰਸਾ. "ਗੁਰੂ ਮਿਲੀਐ ਸੰਕ ਉਤਾਰਿ." (ਸ਼੍ਰੀ ਮਃ ੧) ੪. ਛਕੜਾ ਖਿੱਚਣ ਵਾਲਾ ਬੈਲ.

ਸੰਕਟ: ਸੰ. ਸङ्कਟ ਸੰਗਜਾ- ਦੁੱਖ. ਕਲੇਸ਼. "ਸੰਕਟ ਘੋਰ ਕਟੇ ਖਿਨ ਭੀਤਰਿ." (ਦੇਵ ਮਃ ੫) ੨. ਦੇਖੋ, ਸਕਟਾਸੁਰ.

ਸੰਕਟਮੋਚ, ਸੰਕਟਮੋਚਕ: ਵਿ- ਦੁਖ ਤੋਂ ਛੁਡਾਉਣ ਵਾਲਾ. "ਗੋਵਿੰਦ ਸੰਕਟਮੋਚ." (ਰਾਮ ਛੰਤ ਮਃ ੫)

ਸੰਕਟਵੈ: ਸੰਕਟ ਪਵੈ ਦਾ ਸੰਖੇਪ. "ਸਾਹਿਬ ਸੰਕਟਵੈ ਸੇਵਕ ਭਜੈ." (ਬਸੰ ਨਾਮਦੇਵ) ਸ੍ਵਾਮੀ ਨੂੰ ਮੁਸੀਬਤ ਪਵੇ, ਅਤੇ ਉਸ ਵੇਲੇ ਸੇਵਕ ਨੱਸ ਜਾਵੇ.

ਸੰਕਟਿ: ਸੰਕਟ ਮੇ. ਕਲੇਸ਼ ਵਿੱਚ. ਦੇਖੋ, ਸੰਕਟ. "ਸੰਕਟਿ ਨਹੀ ਪਰੈ ਜੋਨਿ ਨਹੀ ਆਵੈ." (ਗਉ ਕਬੀਰ)

ਸੰਕਰ: ਸੰ. संङ्कर ਸੰਗ੍ਯਾ- ਪਦਾਰਥਾਂ ਦਾ ਆਪੋ ਵਿੱਚੀ ਮੇਲ. ਮਿਸ਼੍ਰਣ। ੨. ਦੋ ਵਰਣਾਂ ਦੇ ਮੇਲ ਤੋਂ ਉਪਜੀ ਸੰਤਾਨ। ੩. ਦੇਖੋ, ਉਭਯਾਲੰਕਾਰ। ੪. ਸੰ. शङ्कर ਸ਼ੰਕਰ. ਸੰਗ੍ਯਾ- ਸ਼ਿਵ, ਜੋ ਸ਼ੰ (ਕਲ੍ਯਾਣ) ਕਰਤਾ ਪੁਰਾਣਾਂ ਨੇ ਮੰਨਿਆ ਹੈ. "ਸੰਕਰ ਕ੍ਰੋੜ ਤੇਤੀਸ ਧਿਆਇਓ." (ਬੈਰਾ ਮਃ ੪)

੫. ਸ਼ੰਕਰਾਚਾਰਯ, ਜਿਸ ਨੂੰ ਹਿੰਦੂ ਸ਼ਿਵ ਦਾ ਅਵਤਾਰ ਮੰਨਦੇ ਹਨ. "ਸ਼ੰਕਰ ਹਨਐ ਅਵਤਾਰ ਸ਼ਿਵ ਸ਼੍ਰੁਤਿ ਮਤ ਵਿਦਤਾਵੈ." (ਗੁਪ੍ਰਸੂ)

ਸ਼ੰਕਰ ਦੀ ਸੰਖੇਪ ਕਥਾ ਇਉਂ ਹੈ-

ਕੋਚਿਨ ਦੇ ਇਲਾਕੇ "ਕਲਦੀ" ਅਥਵਾ (ਕਾਲਪੀ)

ਪਿੰਡ ਵਿੱਚ ਸੰਮਤ ੮੪੬ (ਸਨ ੭੮੮) ਵਿੱਚ ਸ਼ਿਵ ਗੁਰੂ ਬ੍ਰਾਹਮਣ ਦੇ ਘਰ ਮਾਤਾ ਵਿਸ਼ਸ਼੍ਟਿ ਦੇ ਪੇਟੋਂ ਸ਼ੰਕਰ ਦਾ ਜਨਮ ਹੋਇਆ. ਆਪ ਨੇ ਖਟਸ਼ਾਸਤ੍ਰ, ਵੇਦ, ਵੇਦਾਂਗ ਚੰਗੀ ਤਰਾਂ ਪੜ੍ਹਕੇ ਗੋਵਿੰਦ ਸ੍ਵਾਮੀ ਤੋਂ ਸੰਨ੍ਯਾਸ ਧਾਰਣ ਕੀਤਾ ਅਰ ਕਾਸ਼ੀ ਵਿੱਚ ਆਸਣ ਜਮਾਕੇ ਅਦ੍ਵੈਤ ਮਤ ਦਾ ਪ੍ਰਚਾਰ ਕੀਤਾ ਅਰ ਚਮਤਕਾਰੀ ਬੁੱਧੀ ਅਤੇ ਵਿਦ੍ਯਾ ਬਲ ਨਾਲ ਬਹੁਤ ਵਿਦ੍ਯਾਰਥੀ ਆਪਣੀ ਵੱਲ ਖਿੱਚੇ.

ਮਗਧ ਦੀ ਰਾਜਧਾਨੀ ਮਾਹਿਸ਼ਮਤੀ ਦੇ ਪ੍ਰਧਾਨ ਅਤੇ ਲੋਕ ਪ੍ਰਸਿੱਧ ਪੰਡਿਤ ਮੰਡਨਮਿਸ਼੍ਰ ਅਤੇ ਉਸ ਦੀ ਅਦੁਤੀ ਪੰਡਿਤਾ ਇਸਤ੍ਰੀ ਭਾਰਤ ਨੂੰ ਸ਼ਾਸਤ੍ਰਾਰਥ ਵਿੱਚ ਜਿੱਤਣ ਕਰਕੇ ਸ਼ੰਕਰ ਦੀ ਸ਼ੁਹਰਤ ਭਾਰਤ ਵਿੱਚ ਬਹੁਤ ਫੈਲ ਗਈ. ਮੰਡਨ ਅਤੇ ਭਾਰਤੀ ਦੋਵੇਂ ਸ਼ੰਕਰ ਦੇ ਚੇਲੇ ਹੋ ਗਏ ਅਰ ਸੰਨ੍ਯਾਸ ਧਾਰਕੇ ਅਦ੍ਵੈਤਮਤ ਦਾ ਪ੍ਰਚਾਰ ਕਰਦੇ ਰਹੇ.

ਸ਼ੰਕਰ ਨੇ ਕਈ ਥਾਂ ਅਨੇਕ ਵਿਦ੍ਵਾਨਾਂ ਪੁਰ ਫਤੇ ਪਾਈ ਅਰ ਬੌੱਧ ਧਰਮ ਨੂੰ ਭਾਰੀ ਸ਼ਿਕਸਤ ਦਿੱਤੀ, ਜਿਸ ਦਾ ਜਿਕਰ "ਸ਼ੰਕਰ ਦਿਗ ਵਿਜਯ" ਵਿੱਚ ਮਾਧਵਾਚਾਰਯ ਨੇ ਲਿਖਿਆ ਹੈ. ਸ਼ੰਕਰਾਚਾਰਯ ਨੇ ਕਈ ਮਠ (ਆਸ਼੍ਰਮ) ਬਣਾਏ ਜਿਨ੍ਹਾਂ ਵਿੱਚੋਂ ਸਭ ਤੋਂ ਪ੍ਰਸਿੱਧ ਸ਼੍ਰਿੰਗੇਰੀ ਮਠ ਹੈ, ਜੋ ਮੈਸੋਰ ਰਾਜ ਦੇ ਜਿਲੇ ਕਦੂਰ ਵਿੱਚ ਤੁੰਗਭਦ੍ਰਾ ਦੇ ਕਿਨਾਰੇ ਸ਼੍ਰਿੰਗਗਿਰੀ ਤੇ ਪ੍ਰਸਿੱਧ ਅਸਥਾਨ ਹੈ. ਇਸ ਥਾਂ ਆਪਣੇ ਲਾਇਕ ਚੇਲੇ ਮੰਡਨ ਨੂੰ, ਜੋ ਇਸ ਵੇਲੇ ਸੁਰੇਸ਼੍ਵਰਾਚਾਰਯ ਕਰਕੇ ਪ੍ਰਸਿੱਧ ਸੀ, ਮਹੰਤ ਅਸਥਾਪਨ ਕੀਤਾ. ਸ਼ੰਕਰਾਚਾਰਯ ਦੀ ਗੱਦੀ ਹੁਣ ਇਸੇ ਥਾਂ ਹੈ[288] ਅਰ ਇਸ ਮਠ ਨੂੰ ਰਿਆਸਤ ਮੈਸੋਰ ਵੱਲੋਂ ੧੨੦੦੦) ਸਾਲਾਨਾ ਮਿਲਦਾ ਹੈ. ਇਸ ਤੋਂ ਛੁੱਟ ੨੫੯ ਪਿੰਡ, ਜਿਨ੍ਹਾਂ ਦੀ ਆਮਦਨ ੫੦੦੦੦ ਹੈ ਇਸ ਮਠ ਦੇ ਨਾਲ ਜਾਗੀਰ ਹੈ, ਜੋ ਸਨ ੧੩੪੬ ਵਿੱਚ ਵਿਜਯਨਗਰ ਦੇ ਰਾਜਾ ਹਰਿਹਰ ਨੇ ਲਾਈ ਹੈ.

ਬਾਕੀ ਤਿੰਨ ਮਠਾਂ (ਦ੍ਵਾਰਿਕਾ, ਜਗੰਨਾਥ, ਬਦਰੀਨਾਥ)[289] ਦੇ ਮਹੰਤ ਭੀ ਵਿਦ੍ਵਾਨ ਅਤੇ ਯੋਗ੍ਯ ਸੰਨ੍ਯਾਸੀ ਕਾਇਮ ਕੀਤੇ, ਜੋ ਪੂਰਣ ਧਰਮ ਪ੍ਰਚਾਰ ਕਰ ਸਕਣ. ਸ਼ੰਕਰ ਨੇ ਵੇਦਾਂਤ ਸੂਤ੍ਰ, ਉਪਨਿਸ਼ਦਾਂ ਅਤੇ ਗੀਤਾ, ਪੁਰ ਉੱਤਮ ਭਾਸ਼੍ਯ ਲਿਖੇ ਹਨ. ਸ਼ੰਕਰ ਜੀ ਆਸਾਮ ਦੇਸ਼ ਦੀ ਯਾਤ੍ਰਾ ਵਿੱਚ ਰੋਗੀ ਹੋ ਗਏ ਅਰ ੩੨ ਵਰ੍ਹੇ ਦੀ ਉਮਰ ਵਿੱਚ ਕੇਦਾਰਨਾਥ ਪਾਸ ਸਨ ੮੨੦ ਵਿੱਚ ਸੰਸਕਾਰ ਤਿਆਗ ਗਏ.

S. V. Venkateshwara ਵੇਂਕਟੇਸ਼੍ਵਰ ਲਿਖਦੇ ਹਨ ਕਿ ਸ਼ੰਕਰ ਦਾ ਜਨਮ ਸਨ ੮੦੫ ਈਃ ਵਿੱਚ ਅਰ ਦੇਹਾਂਤ ੮੯੭ ਵਿੱਚ ਹੋਇਆ ਹੈ. ਇਸ ਦੀ ਪੁਸ਼੍ਟੀ ਵਿੱਚ ਉਨ੍ਹਾਂ ਨੇ ਪ੍ਰਬਲ ਪਰਮਾਣ ਭੀ ਦਿੱਤੇ ਹਨ। ੬. ਇੱਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ ੨੬ ਮਾਤ੍ਰਾ. ਪਹਿਲਾ ਵਿਸ਼੍ਰਾਮ ੧੬. ਮਾਤ੍ਰਾ ਪੁਰ, ਦੂਜਾ ਦਸ ਪੁਰ ਅੰਤ ਗੁਰੁ ਲਘੁ. ਉਦਾਹਰਣ-

---

[288] ਇਸ ਗੱਦੀ ਦੇ ਮਹੰਤ ਨੂੰ ਹਿੰਦੂ ਜਗਤਗੁਰੂ ਆਖਦੇ ਹਨ. ਮਠ. ਬਦਰੀਨਾਥ ਵਿੱਚ ਜੋਸ਼ੀ ਮਠ.

[289] ਦ੍ਵਾਰਿਕਾ ਵਿੱਚ ਸ਼ਾਰਦਾ ਮਠ, ਜਗੰਨਾਥ ਵਿੱਚ ਗੋਵਰਧਨ.

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ.

xxx (ਆਸਾ ਰਵਿਦਾਸ)

ਖਟ ਕਰਮ ਕੁਲ ਸੰਜੁਗਤ ਹੈ ਹਰਿਭਗਤਿ ਹਿਰਦੈ ਨਾਹਿ

ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁੱਲਿ ਸਮਾਨ.

xxx (ਕੇਦਾ ਰਵਿਦਾਸ)

ਨਿਜ ਕਾਨ ਸੁਨ ਮਤਿਮਾਨ ਮਾਨਵ, ਖੇਤ ਮਹਿ ਤਬ ਜਾਇ,

ਗੋਧੂਮ ਬੂਟ ਉਪਾਰ ਦੇਖਯੋ, ਰਹਯੋ ਉਰ ਬਿਸਮਾਇ.

xxx (ਨਾਪ੍ਰ)

੭. ਵਿ- ਮੰਗਲ ਕਰਨ ਵਾਲਾ। ੮. ਸ਼ੁਭ. ਭਲਾ। ੯. ਸੰ. ਸ਼੍ਰੁਙ੍ਖਲ ਸ਼੍ਰਿੰਖਲ. (ਸੰਗੁਲ- ਜੰਜੀਰ) ਲਈ ਭੀ ਸੰਕਰ ਸ਼ਬਦ ਆਇਆ ਹੈ. "ਦੁਰਦ ਕੇ ਪਾਇ ਸੁ ਸੰਕਰ ਡਾਰਯੋ." (ਗੁਵਿ ੧੦)

ਸੰਕਰਸਨ: ਦੇਖੋ, ਸੰਕਰਖਨ.

ਸ਼ੰਕਰਸੁਕ੍ਰ: ਸੰ. ਸੰਗਯਾ- ਸ਼ੰਕਰ (ਸ਼ਿਵ) ਦਾ ਸ਼ੁਕ੍ਰ (ਵੀਰਯ). ਪਾਰਾ.

ਸੰਕਰਸੁਤ: ਸੰਗਯਾ- ਸ਼ਿਵਪੁਤ੍ਰ ਗਣੇਸ਼ ਅਤੇ ਕਾਰਤਿਕੇਯ.

ਸੰਕਰਖਣ, ਸੰਕਰਖਨ: ਸੰ. ਸਙ੍ਕਰ੍ਸ਼ਣ ਸੰਕਸ਼ੰਣ. ਸੰਗਯਾ- ਸੰ- ਕਸ਼ੰਣ (ਖਿੱਚਣ) ਦੀ ਕ੍ਰਿਯਾ।

੨. ਬਲਭਦ੍ਰ. ਬਲਰਾਮ. ਇਸ ਦਾ ਨਾਉਂ ਸੰਕਰਖਣ ਹੋਣ ਦੇ ਦੋ ਕਾਰਣ ਲਿਖੇ ਹਨ. ਇੱਕ ਤਾਂ ਇਹ ਕਿ ਇਸ ਨੂੰ ਦੇਵਕੀ ਦੇ ਉਦਰ ਤੋਂ, ਖਿੱਚਕੇ ਰੋਹਿਣੀ ਦੇ ਉਦਰ ਵਿੱਚ ਰੱਖਿਆ ਗਿਆ.[290] ਦੂਜੇ ਇਹ ਹਲ ਨਾਲ ਵੈਰੀ ਨੂੰ ਸੰਕਸ਼ੰ (ਖਿੱਚ) ਕੇ ਮੂਸਲ ਨਾਲ ਸਿਰ ਭੰਨ ਦਿੰਦਾ ਸੀ. "ਪੁਨ ਬੋਲਯੋ ਵ੍ਰਿਜਏਸ, ਸੰਕਰਖਨ ਸੋਂ ਕ੍ਰਿਪਾ ਕਰ." (ਕ੍ਰਿਸਨਾਵ) ੩. ਭਾਈ ਸੰਤੋਖ ਸਿੰਘ ਨੇ ਸੰਕ੍ਰਮਣ (ਸੰਕ੍ਰਾਂਤਿ) ਦੀ ਥਾਂ ਭੀ ਸੰਕਰਖਣ ਸ਼ਬਦ ਵਰਤਿਆ ਹੈ. "ਮਕਰ ਸੰਕਰਖਣ ਅਰਕੀ ਹੋਇ। ਆਨ ਸਨਾਨਹਿ ਜੇ ਨਰ ਕੋਇ"॥ (ਗੁਪ੍ਰਸੁ) ਮਕਰ ਰਾਸ਼ਿ ਤੇ ਜਦ ਸੂਰਜ ਹੋਵੇ, ਤਦ ਜੋ ਆਕੇ ਮੁਕਤਸਰ ਨ੍ਹਾਵੇ.

ਸੰਕਰ ਵਰਣ: ਦੇਖੋ, ਵਰਣ ਸੰਕਰ.

ਸੰਕਰਾ: ਸ਼ੰਕਰ ਦਾ ਬਹੁ ਵਚਨ. "ਸੰਕਰਾ ਨ ਜਾਨਹਿ ਭੇਵ." (ਰਾਮ ਮਃ ੫) ਗਯਾਰਾਂ ਰੁਦ੍ਰ ਭੇਦ ਨ ਜਾਨੈ। ੨. ਸ਼ਿਵ। ੩. ਵਿ- ਕਲਯਾਣ ਕਰਤਾ. ੪. ਇੱਕ ਰਾਗ, ਜੋ ਬਿਲਾਵਲ ਠਾਟ ਦਾ ਸ਼ਾੜਵ (ਖਾੜਵ) ਹੈ. ਇਸ ਵਿੱਚ ਮੱਧਮ ਵਰਜਿਤ ਹੈ ਅਤੇ ਰਿਸ਼ਭ ਬਹੁਤ ਦੁਰਬਲ ਲਗਦਾ ਹੈ. ਸੰਕਰਾ ਬਿਹਾਗ ਨਾਲ ਬਹੁਤ ਮਿਲਦਾ ਹੈ. ਇਸ ਵਿੱਚ ਗਾਂਧਾਰ ਵਾਦੀ ਅਤੇ ਸ਼ੜਜ ਸੰਵਾਦੀ ਹੈ. ਆਰੋਹੀ- ਸ਼ ਰ ਗ ਪ ਪ ਨ ਸ਼. ਅਵਰੋਹੀ ਸ਼ ਨ ਧ ਪ ਗ ਰ ਸ਼.

ਸੰਕਰਾਚਾਰਯ: ਦੇਖੋ, ਸੰਕਰ ੫.

ਸ਼ੰਕਰੀ: ਸ਼ੰਕਰ (ਸ਼ਿਵ) ਦੀ ਇਸਤ੍ਰੀ. ਪਾਰਵਤੀ। ੨. ਮਜੀਠ। ੩. ਵਿ- ਕਲਯਾਣ ਕਰਨ ਵਾਲੀ.

ਸੰਕਲਨ: ਸੰ. ਸਙ੍ਕਲਨ ਸੰਗਯਾ- ਕਲਨ (ਇਕੱਠਾ) ਕਰਨਾ. ਜੋੜਨਾ। ੨. ਵਰ੍ਹੇ ਅਤੇ ਮਹੀਨਿਆਂ ਵਿੱਚ ਹੋਈ ਗੱਲ ਨੂੰ ਨਾਟਕ ਵਿੱਚ ਥੋੜੇ ਸਮੇਂ ਅੰਦਰ ਕਰ ਦਿਖਾਉਣਾ.

---

[290] ਦੇਖੋ, ਵਿਸ਼ਨੁ ਪੁਰਾਣ ਅੰਸ਼ ੪. ਅਃ ੧੫.

ਸੰਕਲਪ: ਸੰ. सङ्कल्प ਸੰਗ੍ਯਾ- ਮਨ ਦਾ ਫੁਰਨਾ. ਮਨੋਰਥ. ਖਿਆਲ। ੨. ਪ੍ਰਤਿਗ੍ਯਾ. ਪ੍ਰਣ. ਦੇਖੋ, ਕਲਪ.

ਸੰਕਲਿਤ: ਵਿ- ਜੋੜਿਆ ਹੋਇਆ. ਇਕੱਠਾ ਕੀਤਾ. ਦੇਖੋ, ਕਲਨ.

ਸੰਕੜਾ: ਵਿ- ਸੰਕੁਚਿਤ। ੨. ਤੰਗ. ਭੀੜਾ.

ਸੰਕਾ: ਸੰ. शङ्का ਸ਼ੰਕਾ. ਸੰਗ੍ਯਾ- ਸ਼ੱਕ. ਸੰਸਾ। ੨. ਡਰ. ਖ਼ੌਫ. ਧਕਧਕੀ. "ਪ੍ਰਭੁ ਧਿਆਇਆ ਗਈ ਸੰਕਾ ਤੂਟ." (ਗੂਜ ਮਃ ੫) ੩. सङ्गा ਲੜਾਈ. ਜੰਗ.

ਸੰਕਾਸ: ਸੰ. ਸੰਕਾਸ਼. ਵਿ- ਤੁੱਲ. ਸਮਾਨ. "ਹੌਂ ਨ ਲਖੋਂ ਸੋਦਰ ਤਿਸੈ, ਪਰਮੇਸੁਰ ਸੰਕਾਸ." (ਨਾਪ੍ਰ)

ਸੰਕਿਤ: ਸੰ. शङ्कित ਵਿ- ਡਰਿਆ ਹੋਇਆ। ੨. ਸੰਸੇ ਵਾਨ. ਸ਼ੱਕ ਸਹਿਤ.

ਸੰਕੀਰਣ, ਸੰਕੀਰਨ: ਸੰ. ਸੰਕੀਣੰ. ਵਿ- ਕੀਣੰ (ਮਿਲਿਆ ਹੋਇਆ). ੨. ਢਕਿਆ ਹੋਇਆ। ੩. ਵ੍ਯਾਪ੍ਤ. ਪਸਰਿਆ. ਫੈਲਿਆ. "ਆਯੁਧ ਤੇ ਸੰਕੀਰਨ ਬਨ ਭਾ ਲੋਥਨ ਪੋਥ ਕਰੰਤੇ." (ਗੁਪ੍ਰਸੂ) ੪. ਸੰਗ੍ਯਾ- ਮਿਲੀ ਹੋਈ ਜਾਤਿ. ਲੋਮ ਪ੍ਰਤਿਲੋਮ ਕ੍ਰਮ ਨਾਲ ਉਪਜੇ ਸੰਕਰ ਵਰਣਾਂ ਦੇ ਮੇਲ ਤੋਂ ਪੈਦਾ ਹੋਈ ਸੰਤਾਨ ਦੇਖੋ, ਦਸ ਅਠ ਵਰਨ.

ਸੰਕੁ: ਸੰ. शङ्कु ਸ਼ੰਕੁ. ਸੰਗ੍ਯਾ- ਮੇਖ. ਕੀਲਾ। ੨. ਠੂਠ. ਸ੍ਥਾਣੁ. ੩. ਸੰਖ ਨਾਂਉ ਦੀ ਗਿਣਤੀ. (੧੦੦੦੦੦੦੦੦੦੦੦੦੦) ੪. ਸੂਰਜ ਦੀ ਛਾਇਆ ਮਿਣਨ ਦਾ ਤਿੰਨ ਬਾਰਾਂ ਉਂਗਲ ਆਦਿਕ ਦਾ ਕੀਲਾ। ੫. ਕਾਮਦੇਵ। ੬. ਸ਼ਿਵ। ੭. ਪਾਪਾ.

ਸੰਕੁ ਕਰਣ: ਸੰਗ੍ਯਾ- ਸ਼ੰਕੁ. (ਕਿੱਲੇ) ਜੇਹੇ ਹੋਣ ਕੰਨ ਜਿਸ ਦੇ, ਗਧਾ। ੨. ਹਰਿਵੰਸ਼ ਅਨੁਸਾਰ ਇੱਕ ਦਾਨਵ.

ਸੰਕੁਰਾ: ਵਿ- ਸੰਕੁਚਿਤ। ੨. ਤੰਗ. ਭੀੜਾ. "ਮੁਕਤਿ ਦੁਆਰਾ ਸੰਕੁਰਾ." (ਸ. ਕਬੀਰ)

ਸੰਕੁਲ: ਸੰ. ਵਿ- ਸੰਘਣਾ. "ਸੁਭ ਗੁਣ ਗਨ ਦਲ ਸੰਕੁਲ ਸੋਹੈਂ." (ਗੁਪ੍ਰਸੂ) ੨. ਪੂਰਣ। ੩. ਘਿਰਿਆ ਹੋਇਆ। ੪. ਸੰਗ੍ਯਾ- ਯੁੱਧ। ੫. ਭੀੜ. ਹੁਜੂਮ.

ਸੰਕੁੜਾ: ਸੰਕੁਚਿਤ. ਭੀੜਾ. ਦੇਖੋ, ਸੰਕੁਰਾ. "ਮੁਕਤਿ ਦੁਆਰਾ ਸੰਕੁੜਾ" (ਗੂਜ ਵਾਰ ੧. ਮਃ ੩)

ਸੰਕੂ: ਦੇਖੋ, ਸੰਕੁ.

ਸੰਕੇਤ: ਸੰ. संकेत ਸੰਗ੍ਯਾ- ਇਸ਼ਾਰਾ। ੨. ਚਿੰਨ੍ਹ. ਨਿਸ਼ਾਨ। ੩. ਸੰ. ਸੰ- ਕੇਤ. ਨਿਵਾਸ. "ਜਲ ਸੰਕੇਤਨਿ ਆਦਿ ਬਖਾਨਹੁ." (ਸਨਾਮਾ) ਜਲ ਦਾ ਹੈ ਸੰਕੇਤ (ਨਿਵਾਸ) ਜਿਸ ਵਿੱਚ, ਨਦੀ.

ਸੰਕੇਤਨਿ: ਦੇਖੋ, ਸੰਕੇਤ ੩.

ਸੰਕੋਚ, ਸੰਕੋਚਨ: ਸੰ. ਸੰਗ੍ਯਾ- (ਸੰ- ਕੁਚੑ) ਸਿਕੁੜਨਾ. ਸੁੰਗੜਨਾ। ੨. ਝਿਝਕਣਾ। ੩. ਲੱਜਾ. ਸ਼ਰਮ। ੪. ਸਮੇਟਣਾ. "ਖੇਲ ਸੰਕੋਚੈ ਤਉ ਨਾਨਕ ਏਕੈ." (ਸੁਖਮਨੀ)

ਸੰਕ੍ਰਮਣ: ਸੰ. ਸੰਗ੍ਯਾ- ਲੰਘ ਜਾਣ ਦੀ ਕ੍ਰਿਯਾ। ੨. ਅੱਗੇ ਵਧਣਾ। ੩. ਪਹੁੰਚਣਾ। ੪. ਸੂਰਜ ਦਾ ਇੱਕ ਰਾਸ਼ਿ ਤੋਂ ਦੂਜੀ ਤੇ ਪਹੁੰਚਣਾ.

ਸੰਕ੍ਰਾਂਤਿ: ਸੰ. ਸੰਗ੍ਯਾ- ਉਹ ਦਿਨ, ਜਿਸ ਵਿੱਚ ਸੂਰਜ ਨਵੀਂ ਰਾਸ਼ਿ ਪੁਰ ਸੰਕ੍ਰਮਣ ਕਰੇ. ਸੂਰਜ ਮਹੀਨੇ ਦਾ ਪਹਿਲਾ ਦਿਨ. ਪਹਿਲਾ ਪ੍ਰਵਿਸ਼੍ਟ.

ਸੰਕ੍ਰਿਤ: ਸ਼ੰਕਿਤ ਦੀ ਥਾਂ ਇਹ ਸ਼ਬਦ ਲਿਖਾਰੀ ਦੀ ਭੁੱਲ ਕਰਕੇ ਹੈ. "ਸੁ ਸਾਧੁ ਸੰਕ੍ਰਿਤੰ ਚਿਤੰ, ਅਸਾਧੁ ਨਿਰਭਯੰ ਡੁਲੰ."

(ਕਲਕੀ)

ਸੰਕ੍ਰੰਦਨ: ਸੰ. सक्रन्दन ਸੰਗ੍ਯਾ- ਜਿਸ ਵਿੱਚ ਕ੍ਰੰਦਨ (ਚਿੱਲਾਉਣਾ) ਹੋਵੇ. ਯੁੱਧ. ਜੰਗ। ੨. ਇੰਦ੍ਰ, ਜੋ ਵੈਰੀਆਂ ਨੂੰ ਰੁਆਉਂਦਾ ਹੈ.

ਸੰਖ੍ਹਿਪ੍ਤ: ਚੰਗੀ ਤਰਾਂ ਫੈਂਕਿਆ ਹੋਇਆ। ੨. ਢੇਰ ਕਰਿਆ ਹੋਇਆ। ੩. ਕੱਠਾ ਕੀਤਾ ਹੋਇਆ। ੪. ਥੋੜਾ ਕੀਤਾ ਹੋਇਆ. ਇਖ਼ਤਸਾਰ ਕੀਤਾ.

ਸੰਕ੍ਸ਼ੇਪ: ਸੰ- ਕ੍ਸ਼ੇਪ. ਚੰਗੀ ਤਰਾਂ ਫੈਂਕਣ ਦੀ ਕ੍ਰਿਯਾ।

੨. ਇਕੱਠਾ ਕਰਨਾ। ੩. ਬਹੁਤ ਵਿਸਤਾਰ ਵਾਲੇ ਨੂੰ ਥੋੜੇ ਥਾਂ ਵਿੱਚ ਇਕੱਠਾ ਕਰਨਾ.

ਸੰਖ: ਸੰ. शङ्ख ਸੰਗ੍ਯਾ- ਸਮੁੰਦਰ ਦਾ ਇੱਕ ਜੀਵ, ਜਿਸ ਦਾ ਖੋਲ ਮੰਦਿਰਾਂ ਵਿੱਚ ਹਿੰਦੂ ਬਿਗਲ ਦੀ ਤਰਾਂ ਵਜਾਉਂਦੇ ਹਨ. "ਸੰਖਨ ਕੀ ਧੁਨਿ ਘੰਟਨ ਕੀ ਕਰ." (ਚੰਡੀ ੧) ਪੁਰਾਣੇ ਸਮੇਂ ਜੰਗ ਵਿੱਚ ਬਿਗਲ ਵਾਂਙ ਸੰਖ ਬਜਾਇਆ ਜਾਂਦਾ ਸੀ. "ਸਿੰਘ ਚੜੀ ਮੁਖ ਸੰਖ ਬਜਾਵਤ." (ਚੰਡੀ ੧) ਸੰਖ ਨੂੰ ਵਿਸ਼ਨੁ ਦੇਵਤਾ ਸਦਾ ਆਪਣੇ ਹੱਥ ਰੱਖਦਾ ਹੈ। ੨. ਵਿਸ਼ਨੁ ਦੇ ਸੰਖ ਦਾ ਚੰਦਨ ਆਦਿ ਨਾਲ ਬਣਾਇਆ ਵੈਸਨਵ ਦੇ ਸ਼ਰੀਰ ਉੱਤੇ ਚਿੰਨ੍ਹ ਅਥਵਾ ਧਾਤੁ ਨਾਲ ਤਪਾਕੇ ਲਾਇਆ ਛਾਪਾ. "ਸੰਖ ਚਕ੍ਰ ਮਾਲਾ ਤਿਲਕ ਬਿਰਾਜਤ." (ਮਾਰੂ ਨਾਮਦੇਵ)। ੩. ਇੱਕ ਸਰਪ, ਜੋ ਨਾਗਾਂ ਦਾ ਸਰਦਾਰ ਹੈ। ੪. ਇੱਕ ਗਿਣਤੀ. ੧੦੦੦੦੦੦੦੦੦੦੦੦੦੦। ੫. ਇੱਕ ਰਿਖੀ ਜਿਸ ਦੀ ਲਿਖੀ ਸੰਖ ਸੰਹਿਤਾ ਹੈ. ਇਹ ਲਿਖਿਤ ਰਿਖੀ ਦਾ ਭਾਈ ਅਤੇ ਚੰਪਕ ਪੁਰੀ ਦੇ ਰਾਜਾ ਹੰਸਧ੍ਵਜ ਦਾ ਪੁਰੋਹਿਤ ਸੀ। ੬. ਕਪਾਲ. ਸਿਰ ਦੀ ਹੱਡੀ। ੭. ਇੱਕ ਦੈਤ (ਸੰਖਾਸੁਰ) ਜੋ ਸ਼ੰਖ ਵਿੱਚੋਂ ਜੰਮਿਆ ਸੀ ਅਰ ਵੇਦਾਂ ਨੂੰ ਲੈ ਕੇ ਸਮੁੰਦਰ ਵਿੱਚ ਚਲਾ ਗਿਆ ਸੀ. ਵਿਸ਼ਨੁ ਨੇ ਮੱਛ ਅਵਤਾਰ ਧਾਰਕੇ ਸੰਖ ਨੂੰ ਮਾਰਿਆ ਅਤੇ ਵੇਦ ਵਾਪਿਸ ਲਿਆਂਦੇ. "ਸੰਖਾਸੁਰ ਮਾਰੇ ਵੇਦ ਉਧਾਰੇ." (ਮੱਛਾਵ) ਸ਼ਤਪਥ ਵਿੱਚ ਸ਼ੰਖਾ ਨਾਉਂ ਹਯਗ੍ਰੀਵ ਭੀ ਲਿਖਿਆ ਹੈ. ਦੇਖੋ, ਮਤਸ੍ਯ ਅਵਤਾਰ। ੮. ਦੇਖੋ, ਸੰਖ੍ਯ.

ਸੰਖਚੂੜ: ਸੰ. शङखचूड ਸੰਗ੍ਯਾ- ਇੱਕ ਜਾਤਿ ਦਾ ਸੱਪ, ਜਿਸ ਦੇ ਸ਼ਰੀਰ ਉੱਪਰ ਸ਼ੰਖ ਜੇਹੇ ਚਿੰਨ੍ਹ ਹੁੰਦੇ ਹਨ। ੨. ਜਲੰਧਰ ਦੈਤ ਜਿਸ ਦੀ ਇਸਤ੍ਰੀ ਵ੍ਰਿੰਦਾ ਸੀ, ਜੋ ਤੁਲਸੀ ਰੂਪ ਹੋਈ. ਦੇਖੋ, ਦੇਵੀ ਭਾਗਵਤ ਸਕੰਧ ੯. ਅਃ ੨੪.

ਸੰਖਨਾਰੀ: ਇੱਕ ਛੰਦ. ਇਸ ਦਾ ਨਾਉਂ "ਸੋਮਰਾਜੀ" ਅਤੇ "ਅਰਧ ਭੁਜੰਗ" ਭੀ ਹੈ. ਲੱਛਣ- ਪ੍ਰਤਿ ਚਰਣ ਦੋ ਯਗਣ. ।SS. ।SS.

ਉਦਾਹਰਣ-

ਜੁਟੇ ਦੋਇ ਪਾਸੇ। ਪਰੀ ਮਾਰ ਨਾਸੇ।

ਗੁਰੂ ਧੀਰ ਦੈਕੈ। ਅਗੈ ਸਿੰਘ ਕੈਕੈ।

(ਅ) ਦਸਵੇਂ ਪਾਤਸ਼ਾਹ ਜੀ ਨੇ "ਭੁਜੰਗ ਪ੍ਰਯਾਤ" ਸਿਰਲੇਖ ਹੇਠ ਸੰਖਨਾਰੀ ਦਾ ਸਰੂਪ ਦਿੱਤਾ ਹੈ, ਪਰ ਉਸ ਥਾਂ ਭਾਵ ਅਰਧ ਭੁਜੰਗ ਤੋਂ ਹੈ. ਯਥਾ-

ਨਮਸ੍ਤੁੰ ਅਗੰਜੇ। ਨਮਸ੍ਤੁੰ ਅਭੰਜੇ।

ਨਮਸ੍ਤੁੰ ਅਨਾਮੇ। ਨਮਸ੍ਤੁੰ ਅਠਾਮੇ। (ਜਾਪੁ)

ਸੰਖਨੀ: ਦੇਖੋ, ਸੰਖਿਨੀ.

ਸ਼ੰਖਪਾਣਿ: ਹੱਥ ਵਿੱਚ ਸੰਖ ਰੱਖਣ ਵਾਲਾ ਵਿਸ਼ਨੁ.

ਸੰਖਾਸੁਰ: ਦੇਖੋ, ਸੰਖ ੭.

ਸੰਖਿਆ: ਦੇਖੋ, ਸੰਖ੍ਯਾ.

ਸੰਖਿਨੀ: ਸੰ. शङ्खिनी ਸੰਗ੍ਯਾ- ਕਾਵ੍ਯ ਅਨੁਸਾਰ ਇਸਤ੍ਰੀ ਦੀ ਇੱਕ ਜਾਤਿ.

"ਕੋਪ ਸ਼ੀਲ ਕੋਵਿਦ ਕਪਟ ਸਜਲ ਸਲੋਮ ਸ਼ਰੀਰ।

ਅਰੁਣ ਵਸ ਨਖਦਾਨ ਰੁਚਿ ਨਿਲਜ ਨਿਸ਼ੰਕ ਅਧੀਰ।

ਕ੍ਸ਼ਾਰ ਗੰਧ ਯੁਤ ਮਾਰ ਜਲ ਤਪ੍ਰ ਭੂਰਿ ਭਗ ਹੋਯ।

ਸੁਰਤਾ ਰਤਿ ਅਤਿ ਸੰਖਿਨੀ ਵਰਣਤ ਕਵਿ ਜਨ ਲੋਯ."

(ਰਸਿਕਪ੍ਰਿਯਾ)

"ਕਿਧੌਂ ਸੰਖਿਨੀ ਚਿਤ੍ਰਨੀ ਪਦਮਿਨੀ ਹੈ." (ਰਾਮਾਵ) ੨. ਉਹ ਸਿੱਪੀ ਜਿਸ ਵਿੱਚੋਂ ਮੋਤੀ ਨਿਕਲੇ। ੩. ਵਿ- ਸ਼ੰਖ ਰੱਖਣ ਵਾਲੀ। ੪. ਦੇਖੋ, ਚੌਪਈ ਦਾ ਭੇਦ (ਸ).

ਸੰਖਿਪ੍ਤ: ਦੇਖੋ, ਸੰਕ੍ਸ਼ਿਪਤ.

ਸੰਖੀ: ਸੰਗ੍ਯਾ- ਹੱਡੀ. ਸੰਖ ਜੇਹਾ ਵਰਣ ਹੋਣ ਕਰਕੇ ਇਹ ਨਾਉਂ ਹੈ. "ਕਢੀ ਚੂਸ ਸੰਖੀ." (ਗੁਵਿ ੧੦) ੨. ਸੰ. शङ्खिन ਸੰਖ ਰੱਖਣ ਵਾਲਾ ਵਿਸ਼ਨੁ। ੩. ਸਮੁੰਦਰ.

ਸੰਖੀਆ: ਸੰ. शडगिक ਸ਼੍ਰਿੰਗਿਕ. ਅ਼. سمّ الفار ਸੱਮੁਲਫਾਰ. ਸੰਗ੍ਯਾ- ਸਮ (ਜ਼ਹਿਰ) ਫ਼ਾਰ (ਚੂਹਾ). ਚੂਹਾ ਮਾਰਨ ਦਾ ਵਿਸ਼. Arsenic.

ਸੰਖੇਪ: ਸੰ. संक्षेप ਸੰਕ੍ਸ਼ੇਪ. ਸੰਗ੍ਯਾ- ਇਖ਼ਤਸਾਰ.

ਸੰਖ੍ਯ: ਸੰ. ਸੰਗ੍ਯਾ- ਯੁੱਧ. ਜੰਗ। ੨. ਵਿ- ਗਿਣਨ ਲਾਇਕ.

ਸੰਖ੍ਯਾ: ਸੰ. ਸੰਗ੍ਯਾ- ਗਿਣਤੀ. ਸ਼ੁਮਾਰ. "ਤ੍ਰਯੋਦਸ ਦਯੋਸਹਿ ਸੰਖ੍ਯਾ ਕੀਨੀ." (ਨਾਪ੍ਰ) ਪੰਜਾਬੀ, ਸੰਸਕ੍ਰਿਤ. ਫ਼ਾਰਸੀ ਅਤੇ ਅੰਗ੍ਰੇਜ਼ੀ ਵਿੱਚ ਅੰਗਾਂ ਦੀ ਸੰਖ੍ਯਾ- (ਗਿਣਤੀ) ਇਉਂ ਹੈ::-

| | | | |
|---|---|---|---|
| ੧ ਇੱਕ | १ एक: | ۱ یک | 1. One |
| ੨ ਦੋ | २ द्वौ | ۲ دو | 2. Two |
| ੩ ਤਿੰਨ- ਤ੍ਰੈ | ३ त्रय: | ۳ سہ | 3. Three |
| ੪ ਚਾਰ | ४ चत्वार: | ۴ چہار | 4. Four |
| ੫ ਪੰਜ | ५ पञ्च | ۵ پنج | 5. Five |
| ੬ ਛੀ- ਛੇ | ६ षट् | ۶ شش | 6. Six |
| ੭ ਸੱਤ | ७ सप्त | ۷ ہفت | 7. Seven |
| ੮ ਅੱਠ | ८ अष्ट- अथवा अष्टौ | ۸ ہشت | 8. Eight |
| ੯ ਨੌਂ | ९ नव | ۹ نہ | 9. Nine |
| ੧੦ ਦਸ | १० दश | ۱۰ دہ | 10. Ten |
| ੧੧ ਗਿਯਾਰਾਂ | ११ एकादश | ۱۱ یازدہ | 11. Eleven |
| ੧੨ ਬਾਰਾਂ | १२ द्वादश | ۱۲ دوازدہ | 12. Twelve |
| ੧੩ ਤੇਰਾਂ | १३ त्रयोदश | ۱۳ سیزدہ | 13. Thirteen |

| | | | |
|---|---|---|---|
| ੧੪ ਚੌਦਾਂ | १४ चतुर्दश | ۴۱ چهارده | 14. Fourteen |
| ੧੫ ਪੰਦਰਾਂ | १५ पञ्चदश | ۵۱ پانزده | 15. Fifteen |
| ੧੬ ਸੋਲਾਂ | १६ षोडश | ۶۱ شانزده | 16. Sixteen |
| ੧੭ ਸਤਾਰਾਂ | १७ सप्तदश | ۷۱ هفده | 17. Seventeen |
| ੧੮ ਅਠਾਰਾਂ | १८ अष्टादश | ۸۱ هجده | 18. Eighteen |
| ੧੯ ਉਂਨੀ | १९ एकोनविंशति: | ۹۱ نوزده | 19. Nineteen |
| ੨੦ ਵੀਹ | २० विंशति: | ۰۲ بیست | 20. Twenty |
| ੨੧ ਇੱਕੀ | २१ एकविंशति: | ۱۲ بیست و یک | 21. Twenty one |
| ੨੨ ਬਾਈ | २२ द्वाविंशति: | ۲۲ بیست و دو | 22. Twenty two |
| ੨੩ ਤੇਈ- ਤ੍ਰੇਈ | २३ त्रयोविंशति: | ۳۲ بیست و سه | 23. Twenty three |
| ੨੪ ਚੌਬੀ- ਚਵੀ | २४ चतुर्विंशति: | ۴۲ بیست و چهار | 24. Twenty four |
| ੨੫ ਪੱਚੀ- ਪੰਝੀ | २५ पञ्चविंशति: | ۵۲ بیست و پنج | 25. Twenty five |
| ੨੬ ਛੱਬੀ | २६ षड्विंशति: | ۶۲ بیست و شش | 26. Twenty six |
| ੨੭ ਸਤਾਈ | २७ सप्तविंशति: | ۷۲ بیست و هفت | 27. Twentyseven |
| ੨੮ ਅਠਾਈ | २८ अष्टाविंशति: | ۸۲ بیست و هشت | 28. Twenty eight |
| ੨੯ ਉਣੱਤੀ | २९ एकोनविंशत् | ۹۲ بیست و نه | 29. Twenty nine |
| ੩੦ ਤੀਹ- ਤ੍ਰੀਹ | ३० त्रिंशत् | ۰۳ سی | 30. Thirty |
| ੩੧ ਇਕੱਤੀ | ३१ एकत्रिंशत् | ۱۳ سی و یک | 31. Thirty one |
| ੩੨ ਬੱਤੀ | ३२ द्वात्रिंशत् | ۲۳ سی و دو | 32. Thirty two |
| ੩੩ ਤੇਤੀ | ३३ त्रयत्रिंशत् | ۳۳ سی و سه | 33. Thirty three |
| ੩੪ ਚੌਂਤੀ | ३४ चतुत्रिंशत् | ۴۳ سی و چهار | 34. Thirty four |
| ੩੫ ਪੈਂਤੀ | ३५ पञ्चत्रिंशत् | ۵۳ سی و پنج | 35. Thirty five |
| ੩੬ ਛੱਤੀ | ३६ षट्त्रिंशत् | ۶۳ سی و شش | 36. Thirty six |
| ੩੭ ਸੈਂਤੀ | ३७ सप्तत्रिंशत् | ۷۳ سی و هفت | 37. Thirty seven |
| ੩੮ ਅਠੱਤੀ | ३८ अष्टत्रिंशत् | ۸۳ سی و هشت | 38. Thirty eight |
| ੩੯ ਉਨਤਾਲੀ | ३९ एकोनचत्वारिंशत् | ۹۳ سی و نه | 39. Thirty nine |
| ੪੦ ਚਾਲੀ | ४० चत्वारिंशत् | ۰۴ چهل | 40. Forty |
| ੪੧ ਇਕਤਾਲੀ | ४१ एकचत्वारिंशत् | ۱۴ چهل و یک | 41. Forty one |
| ੪੨ ਬਿਆਲੀ- ਬੈਤਾਲੀ | ४२ द्विचत्वारिंशत् | ۲۴ چهل و دو | 42. Forty two |
| ੪੩ ਤ੍ਰਿਤਾਲੀ | ४३ त्रिचत्वारिंशत् | ۳۴ چهل و سه | 43. Forty three |
| ੪੪ ਚੌਤਾਲੀ | ४४ चतुश्चत्वारिंशत् | ۴۴ چهل و چهار | 44. Forty four |
| ੪੫ ਪੰਤਾਲੀ | ४५ पंञ्चचत्वारिंशत् | ۵۴ چهل و پنج | 45. Forty five |
| ੪੬ ਛਿਤਾਲੀ | ४६ षट्चत्वारिंशत् | ۶۴ چهل و شش | 46. Forty six |
| ੪੭ ਸੈਂਤਾਲੀ | ४७ सप्तचत्वारिंशत् | ۷۴ چهل و هفت | 47. Forty seven |
| ੪੮ ਅਠਤਾਲੀ | ४८ अष्टचत्वारिंशत् | ۸۴ چهل و هشت | 48. Forty eight |
| ੪੯ ਉਨੰਜਾ | ४९ एकोनपञ्चशत् | ۹۴ چهل و نه | 49. Forty nine |

| | | | |
|---|---|---|---|
| ੫੦ ਪੰਜਾਹ | ५० पञ्चाशत् | ۰۵ پنجاه | 50. Fifty |
| ੫੧ ਇਕਵੰਜਾ | ५१ एकोपञ्चशत् | ۱۵ پنجاه و یک | 51. Fifty one |
| ੫੨ ਬਵੰਜਾ | ५२ द्विपञ्चशत् | ۲۵ پنجاه و دو | 52. Fifty two |
| ੫੩ ਤਿਵੰਜਾ- ਤ੍ਰਿਵੰਜਾ | ५३ त्रिपञ्चशत् | ۳۵ پنجاه و سہ | 53. Fifty three |
| ੫੪ ਚੁਰੰਜਾ | ५४ चतु:पञ्चशत् | ۴۵ پنجاه و چہار | 54. Fifty four |
| ੫੫ ਪਚਵੰਜਾ | ५५ पंञ्चपञ्चशत् | ۵۵ پنجاه و پنج | 55. Fifty five |
| ੫੬ ਛਪੰਜਾ- ਛਿਵੰਜਾ | ५६ षट्पञ्चशत् | ۶۵ پنجاه و شش | 56. Fifty six |
| ੫੭ ਸਤਵੰਜਾ | ५७ सप्तञ्चशत् | ۷۵ پنجاه و ہفت | 57. Fifty seven |
| ੫੮ ਅਠਵੰਜਾ | ५८ अष्टपञ्चशत् | ۸۵ پنجاه و ہشت | 58. Fifty eight |
| ੫੯ ਉਨਾਹਠ | ५९ एकोनषष्टि: | ۹۵ پنجاه و نہ | 59. Fifty nine |
| ੬੦ ਸੱਠ | ६० षष्टि: | ۰۶ شصت | 60. Sixty |
| ੬੧ ਇਕਾਹਠ | ६१ एकषष्टि: | ۱۶ شصت و یک | 61. Sixty one |
| ੬੨ ਬਾਹਠ | ६२ द्विषष्टि: | ۲۶ شصت و دو | 62. Sixty two |
| ੬੩ ਤ੍ਰੇਹਠ | ६३ त्रिषष्टि: | ۳۶ شصت و سہ | 63. Sixty three |
| ੬੪ ਚੌਹਠ | ६४ चतु:षष्टि: | ۴۶ شصت و چہار | 64. Sixty four |
| ੬੫ ਪੈਂਹਠ | ६५ पञ्चषष्टि: | ۵۶ شصت و پنج | 65. Sixty five |
| ੬੬ ਛਿਆਹਠ | ६६ षट्षष्टि: | ۶۶ شصت و شش | 66. Sixty six |
| ੬੭ ਸਤਾਹਠ | ६७ सप्तषष्टि: | ۷۶ شصت و ہفت | 67. Sixty seven |
| ੬੮ ਅਠਾਹਠ | ६८ अष्टषष्टि: | ۸۶ شصت و ہشت | 68. Sixty eight |
| ੬੯ ਉਨ੍ਹੱਤਰ | ६९ एकोनसप्तति: | ۹۶ شصت و نہ | 69. Sixty nine |
| ੭੦ ਸੱਤਰ | ७० सप्तति: | ۰۷ ہفتاد | 70. Seventy |
| ੭੧ ਇਕਹੱਤਰ | ७१ एकसप्तति: | ۱۷ ہفتاد و یک | 71. Seventy one |
| ੭੨ ਬਹੱਤਰ | ७२ द्विसप्तति: | ۲۷ ہفتاد و دو | 72. Seventy two |
| ੭੩ ਤਿਹੱਤਰ | ७३ त्रिसप्तति: | ۳۷ ہفتاد و سہ | 73. Seventythree |
| ੭੪ ਚੌਹੱਤਰ | ७४ चतु:सप्तति: | ۴۷ ہفتاد و چہار | 74. Seventy four |
| ੭੫ ਪੰਜਹੱਤਰ ਪੰਝੱਤਰ | ७५ पंञ्चसप्तति: | ۵۷ ہفتاد و پنج | 75. Seventy five |
| ੭੬ ਛਿਹੱਤਰ | ७६ षट्सप्तति: | ۶۷ ہفتاد و شش | 76. Seventy six |
| ੭੭ ਸਤੱਤਰ | ७७ सप्तसप्तति: | ۷۷ ہفتاد و ہفت | 77.Seventyseven |
| ੭੮ ਅਠੱਤਰ | ७८ अष्टसप्तति: | ۸۷ ہفتاد و ہشت | 78.Seventy eight |
| ੭੯ ਉਨਾਸੀ | ७९ एकोनाशीति: | ۹۷ ہفتاد و نہ | 79. Seventy nine |
| ੮੦ ਅੱਸੀ | ८० अशीति: | ۰۸ ہشتاد | 80. Eighty |
| ੮੧ ਇਕਾਸੀ | ८१ एकाशीति: | ۱۸ ہشتاد و یک | 81. Eighty one |
| ੮੨ ਬਿਆਸੀ | ८२ द्वचशीति: | ۲۸ ہشتاد و دو | 82. Eighty two |
| ੮੩ ਤਿਰਾਸੀ- ਤ੍ਰਿਆਸੀ | ८३ त्र्यशीति: | ۳۸ ہشتاد و سہ | 83. Eighty three |
| ੮੪ ਚੌਰਾਸੀ | ८४ चतुरशीति: | ۴۸ ہشتاد و چہار | 84. Eighty four |

| | | | |
|---|---|---|---|
| ੮੫ ਪੰਚਾਸੀ- ਪੰਜਾਸੀ | ८५ पञ्चशीतिः | ۵۸ ہشتاد و پنّج | 85. Eighty five |
| ੮੬ ਛਿਆਸੀ | ८६ षडशीतिः | ٦۸ ہشتاد و شش | 86. Eighty six |
| ੮੭ ਸਤਾਸੀ | ८७ सप्ताशीतिः | ۷۸ ہشتاد و ہفت | 87. Eighty seven |
| ੮੮ ਅਠਾਸੀ | ८८ अष्टाशीतिः | ۸۸ ہشتاد و ہشت | 88. Eighty eight |
| ੮੯ ਉਨਾਨਵੇ | ८९ एकोननवतिः | ۹۸ ہشتاد و نُہ | 89. Eighty nine |
| ੯੦ ਨੱਵੇ | ९० नवतिः | ۰۹ نؤد | 90. Ninety |
| ੯੧ ਇਕਾਨਵੇ | ९१ एकनवतिः | ۱۹ نؤد و یک | 91. Ninety one |
| ੯੨ ਬਾਨਵੇ | ९२ द्विनवतिः | ۲۹ نؤد و دؤ | 92. Ninety two |
| ੯੩ ਤਿਰਾਨਵੇ- ਤ੍ਰਿਆਨਵੇ | ९३ त्रिनवतिः | ۳۹ نؤد و سہ | 93. Ninety three |
| ੯੪ ਚੌਰਾਨਵੇ | ९४ चतुर्नवतिः | ۴۹ نؤد و چہار | 94. Ninety four |
| ੯੫ ਪਚਾਨਵੇ | ९५ पञ्चनवतिः | ۵۹ نؤد و پنّج | 95. Ninety five |
| ੯੬ ਛਿਆਨਵੇ | ९६ षण्णवतिः | ٦۹ نؤد و شش | 96. Ninety six |
| ੯੭ ਸਤਾਨਵੇ | ९७ सप्तनवतिः | ۷۹ نؤد و ہفت | 97. Ninety seven |
| ੯੮ ਅਠਾਨਵੇ | ९८ अष्टनवतिः | ۸۹ نؤد و ہشت | 98. Ninety eight |
| ੯੯ ਨਿਨਾਨਵੇ, ਨੜਿੰਨਵੇ | ९९ नवनवतिः | ۹۹ نؤد و نُہ | 99. Ninety nine |
| ੧੦੦ ਸੌ | १०० शतम् | ۰۰۱ صد | 100. Hundred |

ਇੱਕ ਇੱਕ ਬਿੰਦੀ ਲੱਗਣ ਤੋਂ ਅੰਗ ਦਸਗੁਣੇ ਜੋ ਹੁੰਦੇ ਹਨ, ਉਸ ਦਾ ਪ੍ਰਕਾਰ ਪੁਰਾਣੇ ਗ੍ਰੰਥਾਂ ਵਿੱਚ ਇਉਂ ਹੈ-

| | |
|---|---|
| ਇੱਕ- ਏਕ | ੧ |
| ਦਸ- ਦਸ਼ | ੧੦ |
| ਸੌ-ਸ਼ਤ | ੧੦੦ |
| ਹਜਾਰ-ਸਹਸ੍ਰ | ੧੦੦੦ |
| ਅਯੁਤ | ੧੦, ੦੦੦ |
| ਲੱਖ-ਲਕ੍ਸ਼ | ੧੦੦, ੦੦੦ |
| ਪ੍ਰਯੁਤ-ਨਿਯੁਤ | ੧, ੦੦੦, ੦੦੦ |
| ਕਰੋੜ- ਕੋਟਿ | ੧੦, ੦੦੦, ੦੦੦ |
| ਅਬੁੱਦ | ੧੦੦, ੦੦੦, ੦੦੦ |
| ਵ੍ਰਿੰਦ | ੧, ੦੦੦, ੦੦੦, ੦੦੦ |
| ਖਵੰ | ੧੦, ੦੦੦, ੦੦੦, ੦੦੦ |
| ਨਿਖਵੰ | ੧੦੦, ੦੦੦, ੦੦੦, ੦੦੦ |
| ਪਦਮ | ੧, ੦੦੦, ੦੦੦, ੦੦੦, ੦੦੦ |

| | | |
|---|---|---|
| ਸੰਖ | ੧੦, ੦੦੦, ੦੦੦, ੦੦੦, ੦੦੦ | |
| ਮਹਾਪਦਮ | ੧੦੦, ੦੦੦, ੦੦੦, ੦੦੦, ੦੦੦ | |
| ਸਾਗਰ | ੧, ੦੦੦, ੦੦੦, ੦੦੦, ੦੦੦, ੦੦੦ | |
| ਅੰਤਜ | ੧੦, ੦੦੦, ੦੦੦, ੦੦੦, ੦੦੦, ੦੦੦ | |
| ਮਧਜ | ੧੦੦, ੦੦੦, ੦੦੦, ੦੦੦, ੦੦੦, ੦੦੦ | |
| ਪੂਰਵਾਧੰ | ੧, ੦੦੦, ੦੦੦, ੦੦੦, ੦੦੦, ੦੦੦, ੦੦੦ | |
| ਪਰਾਧੰ | ੧੦, ੦੦੦, ੦੦੦, ੦੦੦, ੦੦੦, ੦੦੦, ੦੦੦ | |

ਇਸ ਸਮੇਂ ਸਕੂਲਾਂ ਵਿੱਚ ਜੋ ਗਿਣਤੀ ਪੜ੍ਹਾਈ ਜਾਂਦੀ ਹੈ ਉਹ ਇਉਂ ਹੈ–

| | | |
|---|---|---|
| ਇਕਾਈ | ੧ | Unit |
| ਦਹਾਈ | ੧੦ | |
| ਸੈਂਕੜਾ | ੧੦੦ | |
| ਹਜਾਰ–ਹਜ਼ਾਰ | ੧੦੦੦ | Thousand |
| ਦਸ ਹਜ਼ਾਰ | ੧੦੦੦੦ | |
| ਲੱਖ | ੧੦੦੦੦੦ | |
| ਦਸ ਲੱਖ | ੧੦੦੦੦੦੦ | Million |
| ਕਰੋੜ | ੧੦੦੦੦੦੦੦ | |
| ਦਸ ਕਰੋੜ | ੧੦੦੦੦੦੦੦੦ | |
| ਅਰਬ | ੧੦੦੦੦੦੦੦੦੦ | |
| ਦਸ ਅਰਬ | ੧੦੦੦੦੦੦੦੦੦੦ | |
| ਖਰਬ | ੧੦੦੦੦੦੦੦੦੦੦੦ | |
| ਦਸ ਖਰਬ | ੧੦੦੦੦੦੦੦੦੦੦੦੦ | Billion |
| ਨੀਲ | ੧੦੦੦੦੦੦੦੦੦੦੦੦੦ | |
| ਦਸ ਨੀਲ | ੧੦੦੦੦੦੦੦੦੦੦੦੦੦੦ | |
| ਪਦਮ | ੧੦੦੦੦੦੦੦੦੦੦੦੦੦੦੦ | |
| ਦਸ ਪਦਮ | ੧੦੦੦੦੦੦੦੦੦੦੦੦੦੦੦੦ | |
| ਸੰਖ | ੧੦੦੦੦੦੦੦੦੦੦੦੦੦੦੦੦੦ | |

ਦਸ ਸੰਖ ੧0000000000000000000 Trillion[291]

ਕਵੀਆਂ ਨੇ ਸੰਖ੍ਯਾ (ਗਿਣਤੀ) ਦਾ ਇੱਕ ਹੋਰ ਢੰਗ ਕੱਢਿਆ ਹੈ ਜਿਸ ਦਾ ਪ੍ਰਕਾਰ ਇਹ ਹੈ ਕਿ ਜਿਤਨੀ ਸੰਖ੍ਯਾ ਬੋਧਕ ਜੋ ਪਦਾਰਥ ਅਥਵਾ ਦੇਵਤਾ ਆਦਿ ਹਨ, ਉਨ੍ਹਾਂ ਦੇ ਨਾਉਂ ਨੂੰ ਅੰਗ ਦੀ ਥਾਂ ਵਰਤਣਾ. ਜੈਸੇ-

0 ਦੀ ਥਾਂ ਆਕਾਸ਼, ਨਭ ਆਦਿ ਸ਼ਬਦ.

੧ ਪ੍ਰਿਥਵੀ. ਚੰਦ੍ਰਮਾ. ਆਤਮਾ. ਗਣੇਸ਼ਦੰਤ. ਸੂਰਜ ਦੇ ਰਥ ਦਾ ਚਕ੍ਰ.

੨ ਨੇਤ੍ਰ. ਪਕ੍ਸ਼ (ਪੰਛੀ ਦੇ ਖੰਭ ਅਤੇ ਮਹੀਨੇ ਦੇ ਪੱਖ). ਭੁਜਾ. ਅਯਨ. ਸਰਪਰਸਨਾ.

੩ ਰਾਮ. ਕਾਲ. ਤਾਪ. ਗੁਣ. ਸ਼ਿਵਨੇਤ੍ਰ. ਅਗਨਿ. ਭੁਵਨ. ਸੰਧ੍ਯਾ.

੪ ਵੇਦ. ਯੁਗ. ਵਰਣ. ਆਸ਼੍ਰਮ. ਬ੍ਰਹਮਾ ਦੇ ਮੁਖ. ਵਿਸ਼ਨੁਭੁਜਾ. ਅਵਸ੍ਥਾ.

੫ ਪਜਾਰੇ.[292] ਪਾਂਡਵ. ਇੰਦ੍ਰਿਯ. ਕਾਮਵਾਣ. ਸ਼ਿਵਮੁਖ. ਪ੍ਰਾਣ. ਭੂਤ. ਕੋਸ਼. ਨਮਾਜ.[293]

੬ ਰਿਤੁ. ਰਸ. ਰਾਗ. ਭ੍ਰਮਰਪਦ. ਈਤਿ. ਸ਼ਾਸਤ੍ਰ. ਵੇਦਾਂਗ.

੭ ਮੁਨਿ. ਸ਼ਾਗਰ. ਸ੍ਵਰ. ਗਿਰਿ. ਲੋਕ. ਵਾਰ. ਭੂਮਿਕਾ.

੮ ਵਸੁ. ਸਿੱਧਿ. ਦਿੱਗਜ. ਯੋਗਅੰਗ. ਪਹਿਰ. ਨਾਗ. ਰਾਜੇ ਦੇ ਅੰਗ.

੯ ਭੂਖੰਡ. ਅੰਕ. ਨਿਧਿ. ਗ੍ਰਹ. ਭਕ੍ਤਿ.

੧੦ ਦੋਸ਼. ਦਿਸ਼ਾ. ਦਸ਼ਾ. ਅਵਤਾਰ. ਸੰਨ੍ਯਾਸੀ ਪੰਥ.

੧੧ ਰੁਦ੍ਰ.

੧੨ ਰਵਿ. ਰਾਸ਼ਿ. ਮਾਸ. ਮਿਸਲਾਂ.[294] ਯੋਗੀ ਪੰਥ.

੧੩ ਬ੍ਰਾਹਮਣ ਧਰਮ. ਵਿਸ਼੍ਵੇਦੇਵ.

੧੪ ਲੋਕ. ਰਤਨ. ਵਿਦ੍ਯਾ. ਮਨੁ.

੧੫ ਤਿਥਿ. ਸੋਮਵੱਲੀ ਪਤ੍ਰ.

੧੬ ਕਲਾ. ਸ਼੍ਰਿੰਗਾਰ.

੧੭ ਵੈਦਿਕ ਦੇਵਤਾ.

੧੮ ਪੁਰਾਣ. ਭਾਰਤ ਪਰਵ.

੧੯ ਵਿਰਾਟ ਮੁਖ.

੨੦ ਨਖ. ਬਿਸ੍ਵੇ.

---

[291] ਅੰਗ੍ਰੇਜ਼ੀ ਵਿੱਚ ਅੱਗੇ ਸੰਖ੍ਯਾ ਇਉਂ ਹੈ-ਏਕੇ ਤੇ ੨੪ ਬਿੰਦੀਆਂ Quadrillion, ੩੦ ਬਿੰਦੀਆਂ Quintilllion, ੩੬ ਬਿੰਦੀਆਂ Sextilllion, ੪੨ ਬਿੰਦੀਆਂ Septillion, ੪੮ ਬਿੰਦੀਆਂ Petillion. ੫੪ ਬਿੰਦੀਆਂ nonillion.

[292] ਖਾਲਸੇ ਦੇ ਪੰਜ ਪਜਾਰੇ.

[293] ਮੁਸਲਮਾਨਾਂ ਦੀਆਂ ਨਮਾਜ਼ਾਂ.

[294] ਸਿੱਖਾਂ ਦੀਆਂ ੧੨. ਮਿਸਲਾਂ.

੨੧ ਮੂਰਛਨਾ.

੨੨ ਵਾਰਾਂ

੨੫ ਪ੍ਰਕ੍ਰਿਤਿ

੨੮ ਨਛਤ੍ਰ

੩੦ ਮਾਸਦਿਵਸ.

੩੨ ਦੰਤ.

੪੦ ਮੁਕਤੇ.[295]

੪੯ ਪਵਨ.

੬੪ ਕਲਾ.

ਸੰਖ੍ਯਾ ਸ਼ਬਦ ਦਾ ਅਰਥ ਚਰਚਾ ਅਰ ਵਿਚਾਰ ਭੀ ਕਈ ਥਾਂਈਂ ਆਇਆ ਹੈ. ਦਸਮਗ੍ਰੰਥ ਵਿੱਚ ਸੰਗ੍ਯਾ ਦੀ ਥਾਂ ਸੰਖ੍ਯਾ ਸ਼ਬਦ ਵਰਤਿਆ ਹੈ, ਯਥਾ- "ਸਮੈ ਸੰਤ ਪਰਹੋਤ ਸਹਾਈ। ਤਾਂ ਤੇ ਸੰਖ੍ਯਾ ਸੰਤਸਹਾਈ." (ਚੌਬੀਸਾਵ)

ਇਸ ਲਈ ਸੰਤਸਹਾਈ ਸੰਗ੍ਯਾ (ਨਾਉਂ) ਹੈ.

ਸੰਗ: ਵ੍ਯ- ਸਾਥ. ਨਾਲ. "ਜਿਸ ਕੇ ਸੰਗ ਨ ਕਛੂ ਅਲਾਈ." (ਨਾਪ੍ਰ) ੨. ਸੰਗ੍ਯਾ- ਮਿਲਾਪ. ਸੰਬੰਧ. "ਹਰਿ ਇਕ ਸੈ ਨਾਲਿ ਮੈ ਸੰਗ." (ਵਾਰ ਰਾਮ ੨. ਮਃ ੫) ੩. ਸਾਥੀਆਂ ਦਾ ਗਰੋਹ. ਮੰਡਲੀ. ਟੋਲਾ. "ਸੰਗ ਚਲਤ ਹੈ ਹਮ ਭੀ ਚਲਨਾ." (ਸੂਹੀ ਰਵਿਦਾਸ) "ਘਰ ਤੇ ਚਲ੍ਯੋ ਸੰਗ ਕੇ ਸੰਗ" (ਗੁਪ੍ਰਸੂ) ੪. ਸ਼ੰਕਾ. ਲੱਜਾ. ਸੰਕੋਚ. "ਮਨ ਪਾਪ ਕਰਤ ਤੂੰ ਸਦਾ ਸੰਗ." (ਬਸੰ ਮਃ ੫) ੫. ਸੰਸਾ. ਸ਼ੱਕ. "ਸਾਧੁ ਸੰਗਿ ਬਿਨਸੈ ਸਭ ਸੰਗ." (ਸੁਖਮਨੀ) ੬. ਫ਼ਾ. سنگ ਪੱਥਰ. "ਹਮ ਪਾਪੀ ਸੰਗ ਤਰਾਹ." (ਵਾਰ ਕਾਨ ਮਃ ੪) ੭. ਫ਼ਾ. شنگ ਸ਼ੰਗ. ਡਾਕੂ. ਫੰਧਕ. "ਜਮ ਸੰਗ ਨ ਫਾਸਹਿ." (ਮਾਰੂ ਸੋਲਹੇ ਮਃ ੫) ਜਮ ਫੰਧਕ ਫਸਾਊਗਾ ਨਹੀਂ.

ਸੰਗ ਅਸਵਦ: ਦੇਖੋ, ਕਾਬਾ.

ਸੰਗਸਾਰ: ਫ਼ਾ. سنگسار ਸੰਗ੍ਯਾ- ਪਥਰਾਉਣਾ. ਸੰਗ (ਪੱਥਰ) ਮਾਰਕੇ ਜਾਨ ਕੱਢਣੀ. Stoning to death. ਮਿਸ਼ਕਾਤ ਵਿੱਚ ਲਿਖਿਆ ਹੈ ਕਿ ਇਹ ਦੰਡ ਵਿਭਚਾਰੀ ਲਈ ਹੈ, ਪਰ ਮੁਸਲਮਾਨ ਹਾਕਿਮ ਹੋਰ ਕਈ ਅਪਰਾਧਾਂ ਵਿੱਚ ਸੰਗਸਾਰ ਕਰਦੇ ਸਨ.

ਸੰਗਠਨ: ਸੰਗ੍ਯਾ- ਗੱਠਣ (ਜੋੜਨ) ਦੀ ਕ੍ਰਿਯਾ. ਬਿਖਰੇ ਹੋਏ ਪਦਾਰਥ ਅਥਵਾ ਮਨੁੱਖਾਂ ਨੂੰ ਮੇਲਣਾ. ਜਥੇਬੰਦੀ.

ਸੰਗਣਾ: ਕ੍ਰਿ- ਸੰਕਾ ਕਰਨੀ. ਲੱਜਾ ਕਰਨੀ. ਸ਼ਰਮਾਉਣਾ.

ਸੰਗਤ: ਸੰ. ਸੰ- ਗਤ. ਸੰਗ੍ਯਾ- ਸਭਾ. ਮਜਲਿਸ. "ਸੰਗਤ ਸਹਿਤ ਸੁਨੈ ਮੁਦ ਧਰੈਂ" (ਗੁਪ੍ਰਸੂ) ੨. ਸੰਬੰਧ. ਰਿਸ਼ਤਾ. ਨਾਤਾ। ੩. ਗੁਰੁਸਿੱਖਾਂ ਦੇ ਜਮਾ ਹੋਣ ਦੀ ਥਾਂ। ੪. ਮਾਲਵੇ ਵਿੱਚ ਇੱਕ ਪਿੰਡ, ਜੋ ਰਿਆਸਤ ਪਟਿਆਲਾ, ਨਜਾਮਤ, ਬਰਨਾਲਾ, ਤਸੀਲ ਅਤੇ ਥਾਣੇ ਭਟਿੰਡੇ ਵਿੱਚ ਹੈ. ਬੀਕਾਨੇਰ ਵਾਲੀ ਛੋਟੀ ਰੇਲਵੇ ਲਾਈਨ ਤੇ. ਸੰਗਤ ਭਟਿੰਡੇ ਤੋਂ ਪਹਿਲਾ ਸਟੇਸ਼ਨ ਹੈ.

ਸੰਗਤ ਸਾਹਿਬ: ਦੇਖੋ, ਫੇਰੂ ੩। ੨. ਦੇਖੋ, ਅਬਿਚਲ ਨਗਰ.

ਸੰਗਤ ਸਿੰਘ: ਭਾਈ ਸੁੱਖਾ ਸਿੰਘ ਨੇ ਗੁਰੁਵਿਲਾਸ ਦੇ ਵੀਹਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਚਮਕੌਰ ਦੇ ਮੁਕਾਮ ਤੇ ਦਸ਼ਮੇਸ਼ ਜੀ ਨੇ ਖਾਲਸੇ ਨੂੰ ਗੁਰੁਤਾ ਦੇਣ ਵੇਲੇ ਭਾਈ ਸੰਗਤ ਸਿੰਘ ਬੰਗਸੀ ਨੂੰ ਜਿਗਾ ਕਲ਼ਗੀ ਬਖਸ਼ੀ. ਦੇਖੋ, ਸੰਤ ਸਿੰਘ ੧।

---

[295] ਖਾਲਸਾ ਧਰਮ ਦੇ ਚਾਲੀ ਮੁਕਤੇ.

੨. ਰਾਜਾ ਫਤੇ ਸਿੰਘ ਜੀਂਦਪਤਿ ਦਾ ਪੁਤ੍ਰ, ਜੋ ੧੧. ਵਰ੍ਹੇ ਦੀ ਉਮਰ ਵਿੱਚ, ਪਿਤਾ ਦੇ ਮਰਨ ਪਿੱਛੋਂ ੩੦ ਜੁਲਾਈ ਸਨ ੧੯੨੨ ਨੂੰ ਜੀਂਦ ਦੀ ਗੱਦੀ ਤੇ ਬੈਠਾ. ਸਨ ੧੯੨੪ ਵਿੱਚ ਇਸ ਦੀ ਸ਼ਾਦੀ ਵਡੀ ਧੂਮ ਧਾਮ ਨਾਲ ਸ਼ਾਹਬਾਦ ਦੇ ਰਈਸ ਰਣਜੀਤ ਸਿੰਘ ਦੀ ਸੁਪੁਤ੍ਰੀ ਸਭਾਕੌਰ ਨਾਲ ਹੋਈ. ਰਾਜਾ ਸੰਗਤ ਸਿੰਘ ਰਾਜ ਕਾਜ ਵੱਲ ਘੱਟ ਧਿਆਨ ਦਿੰਦਾ ਸੀ. ਮਹਾਰਾਜਾ ਰਣਜੀਤ ਸਿੰਘ ਇਸ ਨੂੰ ਆਪਣਾ ਸੰਬੰਧੀ ਅਤੇ ਸ਼ਾਹਸਵਾਰ ਜਾਣਕੇ ਬਹੁਤ ਪਿਆਰ ਕਰਦਾ ਸੀ. ਤੇਈ ਵਰ੍ਹੇ ਦੀ ਉਮਰ ਵਿੱਚ ੩. ਨਵੰਬਰ ੧੯੩੪ ਨੂੰ ਇਸ ਦਾ ਦੇਹਾਂਤ ਸੰਗਰੂਰ ਹੋਇਆ. ਇਸਦੇ ਸੰਤਾਨ ਕੋਈ ਨਹੀਂ ਸੀ, ਇਸ ਲਈ ਰਾਜਗੱਦੀ ਇਸ ਦੇ ਭਤੀਜੇ ਸਰੂਪ ਸਿੰਘ ਰਈਸ ਬਜੀਦਪੁਰ ਨੂੰ ਮਿਲੀ. ਦੇਖੋ, ਸਰੂਪ ਸਿੰਘ.

ਸੰਗਤ ਦਾਸ: ਦੇਖੋ, ਸਤਕਰਤਾਰੀਏ। ੨. ਦੇਖੋ, ਪ੍ਰੀਤਮ ਦਾਸ.

ਸੰਗਤਪੁਰਾ: ਰਾਜ ਪਟਿਆਲਾ, ਨਜਾਮਤ ਫਤੇਗੜ੍ਹ (ਬਸੀ), ਥਾਣਾਂ ਮੂਲੇਪੁਰ ਦਾ ਇੱਕ ਪਿੰਡ, ਜੋ ਢਿੱਲਵਾਂ ਵਾਲੇ ਬਾਬਾ ਕੌਲ ਜੀ ਦੇ ਨੱਤੇ[296] ਸੋਢੀ ਦਿਦਾਰ ਸਿੰਘ ਨੇ ਰਾਜਾ ਅਮਰ ਸਿੰਘ ਸਾਹਿਬ ਪਟਿਆਲਾਪਤਿ ਦੇ ਵੇਲੇ ਆਬਾਦ ਕੀਤਾ. ਰਿਆਸਤ ਨੇ ਸੰਗਤਪੁਰਾ ਸਾਰਾ ਜਾਗੀਰ ਵਿੱਚ ਸੋਢੀ ਸਾਹਿਬ ਨੂੰ ਦਿੱਤਾ ਅਤੇ ਚਾਰ ਪਿੰਡ ਹੋਰ (ਖਰ੍ਹੇ, ਪੋਲਾ, ਮਾਜਰੀ, ਰਾਇਸਰ) ਅਰਪਨ ਕਰੇ. ਸੰਗਤਪੁਰੇ ਦੇ ਸੋਢੀ ਸਾਹਿਬਾਨ ਦੀ ਕੁੱਲ ਜਾਗੀਰ ਨੌ ਹਜ਼ਾਰ ਰੁਪਯੇ ਸਾਲਾਨਾ ਹੈ.

ਸੋਢੀ ਸਾਹਿਬ ਆਖਦੇ ਹਨ ਕਿ ਉਨ੍ਹਾਂ ਪਾਸ ਇੱਕ ਮਾਲਾ ਅਤੇ ਇੱਕ ਪੰਜ ਗ੍ਰੰਥੀ ਪੁਸਤਕ ਗੁਰੂ ਅਰਜਨ ਦੇਵ ਜੀ ਦੀ ਹੈ ਅਤੇ ਜਪੁਜੀ ਸਾਹਿਬ ਦਾ ਗੁਟਕਾ ਦਸ਼ਮੇਸ਼ ਦਾ ਬਖਸ਼ਿਆ ਹੋਇਆ ਹੈ.

ਸੰਗਤਰਾ: ਸੰ. ਸੁਰਙ੍ਗ ਸੁਰੰਗ. ਅੰ. Orange. L. Citrus Aurantium. ਦੇਖੋ, ਨਾਰੰਗੀ ਅਤੇ ਰੰਗਤਰਾ.

ਸੰਗਤਰਾਸ਼: ਫ਼ਾ. سنگ تراش ਸੰਗਜਾ- ਸੰਗ (ਪੱਥਰ) ਛਿੱਲਣ ਵਾਲਾ. ਪੱਥਰਘਾੜਾ.

ਸੰਗਤਿ: ਸੰ. ਸੰ- ਗਤਿ. ਮਿਲਾਪ. ਸੁਹਬਤ "ਸੰਗਤਿ ਕਾ ਗੁਨ ਬਹੁ ਅਧਿਕਾਈ." (ਨਟ ਅਃ ਮਃ ੪) ੨. ਗਿਆਨ. ਵਿਦ੍ਯਾ। ੩. ਮੈਥੁਨ. ਭੋਗ। ੪. ਅਗਲੇ ਪਿਛਲੇ ਵਾਕਾਂ ਦਾ ਅਰਥ ਵਿਚਾਰ ਨਾਲ ਮੇਲ.

ਸੰਗਤੀਆ: ਇੱਕ ਪ੍ਰੇਮੀ ਤਖਾਣ, ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਚਲ ਦੇ ਮਕਾਮ ਸਿੱਖ ਹੋਇਆ. ਇਹ ਪ੍ਰਸਿੱਧ ਉਪਕਾਰੀ ਅਤੇ ਕਰਣੀ ਵਾਲਾ ਹੋਇਆ ਹੈ। ੨. ਦੇਖੋ, ਸਤਕਰਤਾਰੀਏ.

ਸੰਗਤੀਆ ਸਿੰਘ: ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਜੋ ਸਤ ਸਵਾਰ ਨਾਲ ਲੈ ਕੇ ਸਤਿਗੁਰੂ ਦੇ ਹੁਕਮ ਨਾਲ ਕ੍ਰਿਪਾਲ ਕਟੋਚੀ ਅਰ ਭੀਮਚੰਦ ਕਹਲੂਰੀ ਦੀ ਸੁਲਾ ਉਸ ਵੇਲੇ ਕਰਾਉਣ ਗਿਆ ਸੀ, ਜਦ ਹੁਸੈਨੀ ਪਹਾੜੀ ਰਾਜਿਆਂ ਉੱਤੇ ਚੜ੍ਹ ਆਇਆ ਸੀ. ਸੰਗਤੀਆ ਸਿੰਘ ਜੰਗ ਵਿੱਚ ਮਾਰਿਆ ਗਿਆ. "ਸਿੰਘ ਸੰਗਤੀਆ ਤਹਾਂ ਪਠਾਏ." (ਵਿਚਿਤ੍ਰ)

ਸੰਗਦਿਲ: ਫ਼ਾ. سنگدل ਵਿ- ਸੰਗ (ਪੱਥਰ) ਜੇਹਾ ਹੈ ਚਿੱਤ ਜਿਸ ਦਾ. ਕਠੋਰ ਮਨ. ਬੇਰਹਿਮ.

ਸੰਗਨਾ: ਦੇਖੋ, ਸੰਗਣਾ. "ਕਰਿ ਸੁਕ੍ਰਿਤੁ, ਨਾਹੀ ਸੰਗਨਾ." (ਮਾਰੂ ਸੋਲਹੇ ਮਃ ੫) ੨. ਸੰਗਤਿ ਕਰਕੇ. "ਨਾਹੀ ਰੇ ਜਮ ਸੰਤਾਵੈ ਸਾਧੂ ਕੀ ਸੰਗਨਾ." (ਧਨਾ ਮਃ ੫)

---

[296] ਬਾਬਾ ਕੋਲ
।
ਬਨਮਾਲੀ ਦਾਸ
।
ਐਡਟਾਮ
।
ਜਸਪਤ ਸਿੰਘ
।
ਦਿਦਾਰ ਸਿੰਘ

**ਸੰਗਮ:** ਸੰ. ਸੰ- ਗਮ. ਸੰਗ੍ਯਾ- ਮਿਲਾਪ. ਮੇਲ. "ਸਾਧੂ ਸੰਗਮ ਹੈ ਨਿਸਤਾਰਾ." (ਗਉ ਮਃ ੫) ੨. ਦੋ ਨਦੀਆਂ ਦੇ ਮਿਲਾਪ ਦਾ ਅਸਥਾਨ। (੩ ਇਸਤ੍ਰੀ ਅਤੇ ਪਤਿ ਦਾ ਮਿਲਾਪ. ਮੈਥੁਨ.

**ਸੰਗਰ:** ਸ਼ੰ ਸੰਗ੍ਯਾ- ਯੁੱਧ. ਸੰਘਰ. ਜੰਗ। ੨. ਸ਼੍ਰਿੰਖਲ. ਸੰਗੁਲ. ਜੰਜੀਰ. "ਗਰ ਮਹਿ ਗਰੂਏ ਸੰਗਰ ਪਰਹੀਂ." (ਨਾਪ੍ਰ)

**ਸੰਗਰਹਣ, ਸੰਗਰਹਣੁ:** ਦੇਖੋ, ਸੰਗ੍ਰਹਣ. "ਨਾਮ ਸਮਾਲਹੁ ਨਾਮ ਸੰਗਰਹੁ." (ਓਅੰਕਾਰ)

**ਸੰਗਰਾਣਾ ਸਾਹਿਬ:** ਜ਼ਿਲਾ ਅਤੇ ਤਸੀਲ ਅਮ੍ਰਿਤਸਰ ਦਾ ਇੱਕ ਪਿੰਡ ਚੱਬਾ ਹੈ. ਇਸ ਪਿੰਡ ਤੋਂ ਈਸ਼ਾਨ ਕੋਣ ਕਰੀਬ ਇੱਕ ਮੀਲ ਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰੁਦ੍ਵਾਰਾ ਹੈ. ਇਸ ਦੇ ਨਾਉਂ ਪੁਰ ਹੁਣ ਰੇਲਵੇ ਸਟੇਸ਼ਨ ਹੈ. ਇਸ ਥਾਂ ਮਾਈ ਸੁਲਖਣੀ ਨੇ ਪੁਤ੍ਰ ਦੀ ਕਾਮਨਾ ਲਈ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ, ਜਿਸ ਪੁਰ ਸਤਿਗੁਰੂ ਦੇ ਵਰਦਾਨ ਨਾਲ ਉਸ ਦੇ ਸੱਤ ਪੁਤ੍ਰ ਹੋਏ. ਹੁਣ ਸਾਰਾ ਪਿੰਡ ਹੀ ਸੁਲਖਣੀ ਦੀ ਔਲਾਦ ਹੈ.

ਗੁਰੁਦ੍ਵਾਰਾ ਛੋਟਾ ਜਿਹਾ ਬਣਿਆ ਹੋਇਆ ਹੈ. ਸਾਢੇ ਅੱਠ ਘੁਮਾਉਂ ਜ਼ਮੀਨ ਚੱਬੇ ਅਤੇ ਪੰਦਰਾਂ ਘੁਮਾਉਂ ਪਿੰਡ ਮਾਨਾਵਾਲੇ ਵਿੱਚ ਹੈ ਵੈਸਾਖ ਸੁਦੀ ਪੂਰਨਮਾਸੀ ਨੂੰ ਮੇਲਾ ਹੁੰਦਾ ਹੈ. ਇਸ ਚੱਬੇ ਪਿੰਡ ਵਿੱਚ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਭੀ ਇੱਕ ਅਸਥਾਨ ਹੈ.

**ਸੰਗਰਾਂਦ:** ਦੇਖੋ, ਸੰਕ੍ਰਾਂਤਿ.

**ਸੰਗਰਾਨਾ:** ਦੇਖੋ, ਸੰਗਰਾਣਾ ਸਾਹਿਬ.

**ਸੰਗਰਾਮ:** ਦੇਖੋ, ਸੰਗ੍ਰਾਮ."ਲਖ ਸੂਰਤਣੁ ਸੰਗਰਾਮ." (ਵਾਰ ਆਸਾ) ੨. ਦੇਖੋ, ਅਕਬਰ.

**ਸੰਗਰੀਆ:** ਸੰਗ ਕਰਨ ਵਾਲਾ. ਸਾਥੀ. ਸੰਗੀ। ੨. ਸੰਗਤਿ ਨਾਲ. "ਦੂਤਨ ਸੰਗਰੀਆ." (ਬਿਹਾ ਮਃ ੫)

**ਸੰਗਰੂਰ:** ਸੂਰਤੀਆ ਸਿੰਘ ਫੂਲਵੰਸ਼ੀ ਦਾ ਆਬਾਦ ਕੀਤਾ ਨਗਰ, ਜੋ ਲੁਦਿਆਨੇ ਤੋਂ ੪੮ ਮੀਲ ਦੱਖਣ, ਲੁਦਿਆਨਾ ਧੂਰੀ ਜਾਖਲ ਰੇਲ ਪੁਰ ਜੀਂਦ ਦੀ ਰਾਜਧਾਨੀ ਹੈ. ਇਹ ਨਗਰ ਪਹਿਲਾਂ ਰਿਆਸਤ ਨਾਭੇ ਦਾ ਸੀ. ਸਨ ੧੭੭੪ ਵਿੱਚ ਰਾਜਾ ਗਜਪਤ ਸਿੰਘ ਨੇ ਇਸ ਪੁਰ ਕਬਜ਼ਾ ਕਰ ਲਿਆ. ਰਾਜਾ ਸੰਗਤ ਸਿੰਘ ਨੇ ਜੀਂਦ ਤੋਂ ਰਾਜਧਾਨੀ ਬਦਲਕੇ ਇਸ ਥਾਂ ਸਨ ੧੮੨੭ ਵਿੱਚ ਕਾਇਮ ਕੀਤੀ. ਸੰਗਰੂਰ ਨਾਭੇ ਤੋਂ ਬਾਰਾਂ ਕੋਹ ਪੱਛਮ ਵੱਲ ਹੈ. ਰਾਜਾ ਰਘੁਬੀਰ ਸਿੰਘ ਜੀ ਨੇ ਇਸ ਸ਼ਹਿਰ ਨੂੰ ਬਹੁਤ ਰੌਣਕ ਦਿੱਤੀ. ਸੰਗਰੂਰ ਵਿੱਚ ਦੋ ਸ਼ਸਤ੍ਰ ਦਸ਼ਮੇਸ਼ ਦੇ ਹਨ ਇੱਕ ਤਲਵਾਰ, ਜਿਸ ਉੱਤੇ ਸੁਨਹਿਰੀ ਅੱਖਰਾਂ ਵਿੱਚ ਇਹ ਪਾਠ ਹੈ::-

ایں تلور گور گوبند سنگھ کی کمر کی ہے - عا اقہ صورت پند میں محمد بارے

ਇਹ ਸ਼੍ਰੀ ਸਾਹਿਬ ਕਲਗੀਧਰ ਸ੍ਵਾਮੀ ਨੇ ਭਾਈ ਧਰਮ ਸਿੰਘ ਨੂੰ ਬਖਸ਼ਿਆ ਸੀ. ਭਾਈ ਗੁੱਦੜ ਸਿੰਘ ਜੀ ਨੇ ਦਿਆਲਪੁਰੇ ਜਦ ਰਾਜਾ ਗਜਪਤ ਸਿੰਘ ਜੀ ਨੂੰ ਅਮ੍ਰਿਤ ਛਕਾਇਆ, ਤਦ ਇਹ ਸ਼ਸਤ੍ਰ ਰਾਜਾ ਸਾਹਿਬ ਨੂੰ ਦਿੱਤਾ.

ਦੂਸਰਾ ਸ਼ਸਤ੍ਰ ਪੇਸ਼ਕਬਜ ਹੈ, ਜਿਸ ਉਤੇ ਸੰਮਤ ੧੭੫੨ ਅਤੇ ਹੇਠ ਲਿਖੀ ਇਬਾਰਤ ਹੈ::-

سکہ زد بہر دو عالم وفضل سخی شاہ گوبند سنگھ خود شاہ جہاں تیغ پناہ

ਇਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਬਾ ਤਿਲੋਕ ਸਿੰਘ ਨੂੰ ਬਖਸ਼ਿਆ ਸੀ.

ਸੰਗਰੂਰ ਦੇ ਰਾਜਭਵਨ ਵਿੱਚ ਇੱਕ ਕਿਤਾਬੀ ਜਿਲਦ ਦਾ ਦਸਮਗ੍ਰੰਥ ਹੈ, ਜਿਸ ਵਿੱਚ ਸੁਖਮਨਾ ਅਤੇ ਮਾਲਕੌਸ ਦੀ ਵਾਰ ਵਾਧੂ ਬਾਣੀਆਂ ਹਨ ਅਤੇ ਜਫਰਨਾਮਹ ਫਾਰਸੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ.

ਹੁਣ ਰਾਜਧਾਨੀ ਚਾਹੋ ਸੰਗਰੂਰ ਹੈ, ਪਰ ਸਰਕਾਰੀ ਕਾਗਜ਼ਾਂ ਵਿੱਚ ਰਿਆਸਤ ਜੀਂਦ ਲਿਖੀਦਾ ਹੈ. ਦੇਖੋ, ਜੀਂਦ.

**ਸੰਗਰੈ:** ਸੰਗ੍ਰਹ (ਜਮਾ) ਕਰਦਾ ਹੈ। ੨. ਚੰਗੀ ਤਰਾਂ ਧਾਰਨ ਕਰਦਾ ਹੈ.

**ਸੰਗਲ:** ਸੰ. ਸ਼੍ਰਿੰਖਲ. ਜੰਜੀਰ. ਸੰਗੁਲ. "ਨਾ ਸਤਿ ਹਸਤੀ ਬਧੇ ਸੰਗਲ." (ਵਾਰ ਰਾਮ ੧. ਮਃ ੧) ਹਾਥੀ ਵਾਂਙ ਸੰਗੁਲਾਂ ਨਾਲ

ਸ਼ਰੀਰ ਬੰਨ੍ਹਣ ਨਾਲ ਸਤਜ ਦੀ ਪ੍ਰਾਪਤੀ ਨਹੀਂ.

**ਸੰਗਲਦੀਪ:** ਸੰ. ਸਿੰਹਲਦ੍ਵੀਪ. ਭਾਰਤ ਦੇ ਦੱਖਣ ਵੱਲ ਇੱਕ ਟਾਪੂ, ਜਿਸ ਨੂੰ ਲੰਕਾ ਆਖਦੇ ਹਨ. ਦੇਖੋ, ਲੰਕਾ. "ਮਾਨਹੁ ਸੰਗਲਦੀਪ ਕੀ ਨਾਰਿ ਗਰੇ ਮੇ ਤੱਬੋਰ ਕੀ ਪੀਕ ਨਵੀਨੀ." (ਚੰਡੀ ੧) ਦੇਖੋ, ਸਿੰਹਲ.

**ਸੰਗਲ ਵਾਲਾ ਅਖਾੜਾ:** ਦੇਖੋ, ਅਖਾੜਾ.

**ਸੰਗਲਾਦੀਪ:** ਦੇਖੋ, ਸਿੰਹਲ ਅਤੇ ਸੰਗਲਦੀਪ.

**ਸੰਗਲੀ:** ਸੰ. ਸ਼੍ਰਿੰਖਲਾ. ਜੰਜੀਰ. ਸੰਗੁਲੀ.

**ਸੰਗਲੀਆਲਾ:** ਵਿ- ਸ਼੍ਰਿੰਖਲਾ ਵਾਲਾ. ਜੰਜੀਰਦਾਰ. "ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ." (ਚੰਡੀ ਵਾਰ) ਦੋ ਨਗਾਰੇ ਜੋ ਘੋੜੇ ਸ਼ੁਤਰ ਆਦਿ ਪੁਰ ਰੱਖਕੇ ਵਜਾਈਏ ਹਨ ਉਹ ਸੰਗੁਲੀ ਨਾਲ ਬੱਧੇ ਰਹਿੰਦੇ ਹਨ ਤਾਕਿ ਜੁਦੇ ਜੁਦੇ ਨਾ ਹੋਣ.

**ਸੰਗਾ:** ਸੰ. ਸ਼ੰਕਾ। ੨. ਸਕਦਾ. ਸਮਰਥ ਹੁੰਦਾ. ਦੇਖੋ, ਕਹਿ ਸੰਗਾ। ੩. ਰਾਜਪੂਤ ਅਤੇ ਜੱਟਾਂ ਦਾ ਗੋਤ੍ਰ.

**ਸੰਗਾਇਆ:** ਵਿ- ਸ਼ੰਕਿਤ ਹੋਇਆ. ਸ਼ਰਮਾਇਆ। ੨. ਸੰਗਤਿ ਤੋਂ. ਸੰਗਾਤ (ਸੰਗਤਿ ਸੇ). "ਸੰਤ ਸੰਗਾਇਆ ਅਗਿਆਨ ਅੰਧੇਰ ਗਵਾਇਆ." (ਸਾਰ ਛੰਤ ਮਃ ੫)

**ਸੰਗਾਤ:** ਪੰਚਮੀ- ਸੰਗ ਸੇ। ੨. ਸੰਗਤਿ. "ਭੇਟਤ ਸਾਧਸੰਗਾਤ." (ਵਾਰ ਗੂਜ ੨. ਮਃ ੫) ੩. ਸਾਥ. ਸੰਗ. ਨਾਲ. "ਅੰਤ ਨ ਚਲਤ ਸੰਗਾਤ." (ਸਾਰ ਕਬੀਰ)

**ਸੰਗਾਤੀ:** ਵਿ- ਸਾਥੀ ਸੰਗੀ. "ਆਵਤ ਸੰਗ ਨ ਜਾਤ ਸੰਗਾਤੀ." (ਭੈਰ ਕਬੀਰ)

**ਸੰਗਾਦਿ:** ਸੰਗੀ (ਸਾਥੀ) ਆਦਿ. ਦੇਖੋ, ਬੋਹੈ.

**ਸੰਗਾਨ:** ਵਿ- ਮਿਲਿਆ ਹੋਇਆ. "ਓਤਿ ਪੋਤਿ ਭਗਤਨ ਸੰਗਾਨ." (ਰਾਮ ਮਃ ੫) ੨. ਸਾਥ. ਸੰਗ। ੩. ਚੰਗੀ ਤਰਾਂ ਗਾਨ (ਗਾਉਣਾ).

**ਸੰਗਾਰ:** ਦੇਖੋ, ਸਿੰਗਾਰ। ੨. ਸਾਥ. ਸੰਗ. "ਸੰਤ ਸੰਗਾਰ." (ਦੇਵ ਮਃ ੫)

**ਸੰਗਾਰਿ, ਸੰਗਾਰੀ:** ਵਿ- ਸੰਗ ਰਹਿਣ ਵਾਲਾ. ਸਾਥੀ. "ਮਹਿਲਾ ਜੋ ਦੀਸਹਿ, ਨਾ ਕੋਈ ਸੰਗਾਰਿ." (ਆਸਾ ਮਃ ੫) "ਪਾਰਬ੍ਰਹਮ ਸੰਗਾਰੀ." (ਬਿਲਾ ਕਬੀਰ) ੨. ਸਾਥ ਹੀ. ਸੰਗ ਹੀ. "ਜੋ ਤਿਹ ਪਾਛੈ ਗਿਰੈਂ ਸੰਗਾਰੀ." (ਨਾਪ੍ਰ)

**ਸੰਗਾਰੇ, ਸੰਗਾਰੈ:** ਸੰਗਤਿ ਤੋਂ. ਸੰਗਤਿ ਸੇ. "ਤੇ ਪੁਨੀਤ ਸੰਗਾਰੇ." (ਆਸਾ ਮਃ ੫) ੨. ਸਾਥ. ਸੰਗ ਮੇਂ. "ਪ੍ਰਭੁ ਕੀ ਪ੍ਰੀਤਿ ਚਲੈ ਸੰਗਾਰੈ." (ਆਸਾ ਮਃ ੫)

**ਸੰਗਿ:** ਵਿ- ਸਾਥੀ। ੨. ਸੰਬੰਧੀ. "ਮਿਥਿਆ ਸੰਗਿ ਸੰਗਿ ਲਪਟਾਏ." (ਆਸਾ ਮਃ ੫) ਝੂਠੇ ਸੰਗੀ ਸਾਥ ਲਪਟਾਏ। ੩. ਵਜ- ਸਾਥ. ਨਾਲ. "ਭਰੀਐ ਮਤਿ ਪਾਪਾ ਕੈ ਸੰਗਿ." (ਜਪੁ) ੪. ਨਾਲੋਂ. ਸਾਥ ਸੇ. "ਤੁਮ ਸਿਉ ਜੋਰਿ ਅਵਰ ਸੰਗਿ ਤੋਰੀ." (ਸੋਰ ਰਵਿਦਾਸ)

**ਸੰਗੀ:** ਵਿ- ਸਾਥੀ. "ਸੰਗੀ ਖੋਟਾ ਕ੍ਰੋਧੁ ਚੰਡਾਲ." (ਆਸਾ ਮਃ ੫)

**ਸੰਗੀਸਾਥੀ:** ਸਾਥ ਬੈਠਣ ਵਾਲਾ. ਹਮਨਸ਼ੀਨ "ਸੰਗੀਸਾਥੀ ਸਗਲ ਤਰਾਈ." (ਆਸਾ ਮਃ ੫)

**ਸੰਗੀਤ:** ਸੰ. ਸੰ- ਗੀਤ. ਸੰਗਜਾ- ਨ੍ਰਿਤਜ, ਗਾਯਨ ਅਤੇ ਬਜਾਉਣਾ. ਇਨ੍ਹਾਂ ਤਿੰਨਾਂ ਦਾ ਸਮੁਦਾਯ। ੨. ਇਨ੍ਹਾਂ ਤੇਹਾਂ ਦਾ ਜਿਸ ਵਿੱਚ ਵਰਣਨ ਹੋਵੇ, ਉਹ ਗ੍ਰੰਥ। ੩. ਵਿ- ਚੰਗੀ ਤਰਾਂ ਗਾਇਆ ਹੋਇਆ। ੪. ਸੰਗ੍ਰਹੀਤ ਦਾ ਸੰਖੇਪ. ਜਮਾ ਕੀਤਾ. "ਬਹੁ

ਭੋਜਨ ਕਾਪਰ ਸੰਗੀਤ." (ਸੁਖਮਨੀ) ੫. ਸੰਗਤਿ ਦ੍ਵਾਰਾ. "ਸੁਖ ਗਰਧਭ ਭਸਮ ਸੰਗੀਤ." (ਧਨਾ ਮਃ ੫)

ਸੰਗੀਤਛੰਦ: ਉਹ ਛੰਦ ਜੋ ਗਾਉਣ ਲਈ ਠੀਕ ਵਜਨ ਦੇ ਹੋਣ। ੨. ਦਸਮਗ੍ਰੰਥ ਵਿੱਚ ਉਹ ਛੰਦ, ਜਿਨ੍ਹਾਂ ਵਿੱਚ ਮ੍ਰਿਦੰਗ ਦੇ ਬੋਲ ਹਨ. ਦਸਮਗ੍ਰੰਥ ਵਿੱਚ ਸੰਗੀਤ ਛੱਪਯ, ਸੰਗੀਤ- ਨਰਾਜ, ਸੰਗੀਤ ਪਧਿਸ਼੍ਰਕਾ, ਸੰਗੀਤ ਪਾਧੜੀ, ਸੰਗੀਤ ਬਹੜਾ, ਸੰਗੀਤ ਭੁਜੰਗ- ਪ੍ਰਯਾਤ ਅਤੇ ਸੰਗੀਤ ਮਧੁਭਾਰ ਛੰਦ ਆਏ ਹਨ. ਇਨ੍ਹਾਂ ਸਾਰੇ ਛੰਦਾਂ ਦੇ ਲੱਛਣ ਅਤੇ ਉਦਾਹਰਣ ਇਨ੍ਹਾਂ ਦੇ ਨਾਉਂ ਹੇਠ ਭਿੰਨ ਭਿੰਨ ਦੇਖੋ, ਇਸ ਥਾਂ ਕੇਵਲ "ਸੰਗੀਤ" ਸ਼ਬਦ ਦਾ ਨਿਰਣਾ ਹੈ. ਜਿਨ੍ਹਾਂ ਛੰਦਾਂ ਵਿੱਚ ਵਾਦਯ ਸੰਗੀਤ ਅਰਥਾਤ ਮ੍ਰਿਦੰਗ ਦੇ ਬੋਲ ਆਉਂਦੇ ਹਨ, ਅਰ ਜਿਨ੍ਹਾਂ ਦਾ ਪਾਠ ਲੈ ਤਾਰ ਦਾ ਧਿਆਨ ਰੱਖਕੇ ਕੀਤਾ ਜਾਂਦਾ ਹੈ, ਉਨ੍ਹਾਂ ਦੇ ਨਾਉਂ ਨਾਲ "ਸੰਗੀਤ" ਪਦ ਜੋੜਿਆ ਗਿਆ ਹੈ. ਯਥਾ-

(ੳ) ਸੰਗੀਤ ਛੱਪਯ- ਕਗ੍ੜਦਿ ਕੁਪਯੋ ਕਪਿ ਕਟਕ, ਬਗ੍ੜਦਿਬਾਜਨ ਰਣ ਬਜੰ. (ਰਾਮਾਵ)

(ਅ) ਸੰਗੀਤ ਨਰਾਜ- ਸੁਵੀਰ ਜਾਗ੍ੜਦੰ ਜਗੇ। ਲੜਾਕ ਲਾਗ੍ੜਦੰ ਪਗੇ ॥ (ਚੰਡੀ ੨)

(ੲ) ਸੰਗੀਤ ਪਧਿਸ਼੍ਰਕਾ- ਕਾਗ੍ੜਦੰਗ ਕੋਪਕੈ ਦੈਤਰਾਜ. (ਰਾਮਾਵ)

(ਸ) ਸੰਗੀਤ ਪਾਧੜੀ- ਤਾਗ੍ੜਦੰਗ ਤਾਲ ਬਾਜਤ ਮੁਚੰਗ. (ਮਨੁਰਾਜ)

(ਹ) ਸੰਗੀਤ ਬਹੜਾ, ਦਸਮਗ੍ਰੰਥ ਵਿੱਚ 'ਬਹੜਾ' ਦੇ ਸਰੂਪ ਤੋਂ ਭਿੰਨ ਹੈ ਅਰਥਾਤ ਛੱਪਯ ਦੇ ਪਹਿਲੇ ਚਾਰ ਚਰਣਾਂ ਦਾ ਹੀ ਰੂਪ ਹੈ. ਯਥਾ- ਸਗ੍ੜਦਿ ਸਾਂਗ ਸੰਗ੍ਰਹੈ ਤਗ੍ੜਦਿ ਰਣ ਤੁਰੇ ਨਚਾਵੈ. (ਰਾਮਾਵ)

(ਕ) ਸੰਗੀਤ ਭੁਜੰਗਪ੍ਰਯਾਤ- ਸਗ੍ੜਦੰਗ ਸੂਰੰ ਕਗ੍ੜਦੰਗ ਕੋਪੰ. (ਚੰਡੀ ੨)

(ਖ) ਸੰਗੀਤ ਮਧੁਭਾਰ- ਕਗ੍ੜਦੰ ਕੜਾਕ। ਤਗ੍ੜਦੰ ਤੜਾਕ॥ (ਚੰਡੀ ੨)

ਸੰਗੀਤਾ, ਸੰਗੀਤਿ: ਵਿ- ਸੰਗੀਤਿ ਵਿਦ੍ਯਾ ਦਾ ਜਾਣੂ. ਰਾਗੀ. "ਦਸ ਪਾਤਉ ਪੰਚ ਸੰਗੀਤਾ." (ਰਾਮ ਮਃ ੫) ਦੇਖੋ, ਦਸ ਪਾਤਉ. "ਘਰ ਘਰ ਨਚਤ ਸੰਗੀਤ." (ਚਰਿਤ੍ਰ ੩੦)

ਸੰਗੀਨ: ਫ਼ਾ. سنگین ਵਿ- ਪੱਥਰ ਦਾ। ੨. ਭਾਰੀ. ਵਡਾ। ੩. ਮਜਬੂਤ. ਦ੍ਰਿੜ੍ਹ। ੪. ਬੰਦੂਕ ਦੇ ਮੂੰਹ ਅੱਗੇ ਲੱਗਾ ਬਰਛੀ ਦੀ ਸ਼ਕਲ ਦਾ ਸ਼ਸਤ੍ਰ ਭੀ ਸੰਗੀਨ ਸੱਦੀਦਾ ਹੈ. Bayonet. ਤੁਰਕੀ ਬੋਲੀ ਵਿੱਚ ਇਸ ਦਾ ਨਾਉਂ ਸੂੰਗੂ ਅਤੇ ਫਾਰਸੀ ਵਿੱਚ ਸਰਨੇਜ਼ਾ ਹੈ.

ਸੰਗੁ: ਮਿਲਾਪ. ਦੇਖੋ, ਸੰਗ. "ਤਿੰਨ ਸੰਗਿ ਸੰਗੁ ਨ ਕੀਚਈ." (ਵਾਰ ਗੂਜ ੨. ਮਃ ੫)

ਸੰਗੁਰੀ: ਸ਼੍ਰਿੰਖਲਾ. ਜੰਜੀਰ. ਸੰਗਲੀ.

ਸੰਗੁਲਾਦੀਪ: ਦੇਖੋ, ਸਿੰਹਲਦ੍ਵੀਪ ਅਤੇ ਸੰਗਲਦੀਪ.

ਸੰਗੁਲੀ: ਦੇਖੋ, ਸੰਗੁਰੀ.

ਸੰਗੁਤਾ, ਸੰਗੁਤੀ: ਵਿ- ਸੰਯੁਕ੍ਤ. ਸੰਯੁਕ੍ਤਾ. ਜੁੜਿਆ ਹੋਇਆ, ਹੋਈ. "ਧਨ ਸਾਚ ਸੰਗੂਤੀ ਹਰਿ ਸੰਗਿ ਸੂਤੀ." (ਬਿਲਾ ਛੰਤ ਮਃ ੧)

ਸੰਗੇ: ਸਾਥ. ਨਾਲ. ਕੋਲੇ. "ਪੇਖਤ ਸੁਨਤ ਸਦਾ ਹੈ ਸੰਗੇ." (ਸੋਰ ਮਃ ੫)

ਸੰਗੋਇਆ: ਵਿ- ਸੰਗ- ਹੋਇਆ। ੨. ਸੰਗਤਿ ਦ੍ਵਾਰਾ. "ਲੋਹਾ ਕਾਠ ਸੰਗੋਇਆ." (ਵਾਰ ਗਉ ੧. ਮਃ ੪)

ਸੰਗੋ ਸਾਹ: ਦੇਖੋ, ਸਾਹਸੰਗ੍ਰਾਮ, ਨਜਾਬਤ ਖਾਨ ਅਤੇ ਬੀਰੋ ਬੀਬੀ.

ਸੰਗੋਰੀ: ਸੰਗਤਿ ਕਰਕੇ. ਸੰਗਤਿ ਵਿੱਚ. "ਉਨ ਸੰਤਨ ਕੈ ਸੰਗਿ ਸੰਗੋਰੀ." (ਗਉ ਮਃ ੫)

ਸੰਗਜਕ: ਸੰ. ਸੰਜ੍ਞਕ ਵਿ- ਸੰਗਜਾ ਵਾਲਾ. ਨਾਮਕ.

ਸੰਗਜਾ: ਸੰ. ਸੰਜ੍ਞਾ ਕਿਸੇ ਵਸਤੁ ਦੇ ਜਣਾਉਣ ਵਾਲਾ ਨਾਮ. ਆਖ੍ਯਾ। ੨. ਹੋਸ਼. ਸੁਧ. "ਤਬ ਸ਼ਿਵ ਜੂ ਕਿਛੁ ਸੰਗ੍ਯਾ ਪਾਈ." (ਕ੍ਰਿਸਨਾਵ) ੩. ਗਾਯਤ੍ਰੀ। ੪. ਸੂਰਜ ਦੀ ਇਸਤ੍ਰੀ, ਜੋ ਵਿਸ਼੍ਵਕਰਮਾ ਦੀ ਬੇਟੀ ਸੀ, ਜਿਸ ਦੇ ਪੇਟ ਤੋਂ ਯਮਰਾਜ ਪੈਦਾ ਹੋਇਆ.

ਸੰਗ੍ਰਹ: ਸੰ. ਸੰ- ਗ੍ਰਹ. ਸੰਗਜਾ- ਇਕੱਠ. ਸੰਚਯ। ੨. ਜਮਾ ਕਰਨ ਦੀ ਕ੍ਰਿਯਾ. "ਖਿਮਾ ਧਨ ਸੰਗ੍ਰਹੇਇ." (ਬਸੰ ਮਃ ੧)

ਸੰਗ੍ਰਹਣ: ਸੰ. ਸੰਗਜਾ- ਇਕੱਠਾ ਕਰਨਾ. ਜਮਾ ਕਰਨਾ। ੨. ਵਸ਼ ਕਰਨਾ. ਅਧੀਨ ਕਰਨਾ. "ਆਤਮ ਰਤ ਸੰਗ੍ਰਹਣ ਕਹਣ ਅੰਮ੍ਰਤ ਕਲ ਢਾਲਣ." (ਸਵੈਯੇ ਮਃ ੨. ਕੇ) ੩. ਰੋਕਣਾ. ਵਰਜਣਾ. "ਬੀਸ ਸਪਤਾਹਰੋ ਬਾਸਰੋ ਸੰਗ੍ਰਹੈ." (ਸ੍ਰੀ ਮਃ ੧) ਸਤਾਈ ਤੱਤਾਂ ਦੇ ਨਿਵਾਸ ਅਸਥਾਨ ਸ਼ਰੀਰ ਨੂੰ ਵਿਕਾਰਾਂ ਤੋਂ ਵਰਜੇ. ਦੇਖੋ, ਬੀਸ ਸਪਤਾਹਰੋ.

ਸੰਗ੍ਰਹਣੀ: ਸੰ. ਗ੍ਰਹਣੀ. ذرب مزمن ਜਰਬ ਮੁਜ਼ੰਮਨ. Psilosis. ਇਸ ਰੋਗ ਦੇ ਕਾਰਣ ਅਤੀਸਾਰ ਵਾਲੇ ਹੀ ਹਨ ਇਹ ਰੋਗ ਅਕਸਰ ਅਤੀਸਾਰ ਜਾਂ ਪੇਚਿਸ਼ ਵਿਗੜਨ ਤੋਂ ਹੁੰਦਾ ਹੈ. ਸੰਗ੍ਰਹਣੀ ਦੇ ਰੋਗੀ ਨੂੰ ਅਣਪਚੀ ਮੈਲ ਝੜਦੀ ਹੈ, ਆਂਤ ਬੋਲਦੀ ਹੈ, ਮੂੰਹ ਤੋਂ ਲਾਲਾਂ ਆਉਂਦੀਆਂ ਹਨ, ਕਮਰ ਵਿੱਚ ਪੀੜ ਹੁੰਦੀ ਹੈ ਦਿਨ ਨੂੰ ਇਸ ਰੋਗ ਦਾ ਜ਼ੋਰ ਰਹਿੰਦਾ ਹੈ ਰਾਤ ਨੂੰ ਘੱਟ ਤਕਲੀਫ ਹੁੰਦੀ ਹੈ. ਜੇ ਸੰਗ੍ਰਹਣੀ ਵਾਲਾ ਚਾਲੀ ਦਿਨ ਅੰਨ ਜਲ ਛੱਡਕੇ ਕੇਵਲ ਗਊ ਅਥਵਾ ਬਕਰੀ ਦੇ ਦਹੀਂ ਦਾ ਅਧਰਿੜਕ ਅਥਵਾ ਲੱਸੀ ਥੋੜਾ ਨਮਕ, ਕਾਲੀ ਮਿਰਚਾਂ ਅਤੇ ਸੁੰਢ ਦਾ ਚੂਰਨ ਮਿਲਾਕੇ ਪੀਂਦਾ ਰਹੇ, ਤਾਂ ਕਿਸੇ ਦਵਾਈ ਸੇਵਨ ਤੋਂ ਬਿਨਾ ਹੀ ਆਰਾਮ ਹੋ ਜਾਂਦਾ ਹੈ.

ਜੋ ਦਵਾਈਆਂ ਅਤੀਸਾਰ ਵਾਸਤੇ ਫਾਇਦੇਮੰਦ ਹਨ ਉਹ ਸੰਗ੍ਰਹਣੀ ਲਈ ਵਰਤਣੀਆਂ ਚਾਹੀਏ. ਹੇਠ ਲਿਖਿਆ ਚੂਰਨ ਭੀ ਬਹੁਤ ਗੁਣਕਾਰੀ ਹੈ-

ਸ਼ੁੱਧ ਗੰਧਕ ਇੱਕ ਤੋਲਾ, ਸ਼ੁੱਧ ਪਾਰਾ ਛੀ ਮਾਸ਼ੇ, ਇਨ੍ਹਾਂ ਦੋਹਾਂ ਦੀ ਕਜਲੀ ਕਰੇ.[297] ਸੁੰਢ, ਕਾਲੀਆਂ ਮਿਰਚਾਂ, ਮੱਘਪਿੱਪਲ, ਭੁੰਨੀ ਹੋਈ ਹਿੰਗ, ਕਾਲਾ ਜੀਰਾ, ਚਿੱਟਾ ਜੀਰਾ ਇੱਕ ਇੱਕ ਤੋਲਾ ਲਵੇ, ਪੰਜੇ ਲੂਣ ਸਾਵੇ ਸੱਤ ਤੋਲੇ, ਇਨ੍ਹਾਂ ਸਾਰੀਆਂ ਦਵਾਈਆਂ ਤੋਂ ਅੱਧੀ ਭੰਗ. ਇਨ੍ਹਾਂ ਸਭਨਾਂ ਨੂੰ ਪੀਸ ਛਾਣਕੇ ਉੱਪਰ ਲਿਖੀ ਕਜਲੀ ਨਾਲ ਮਿਲਾਵੇ ਅਰ ਸੀਸੀ ਵਿੱਚ ਰੱਖੇ. ਗਊ ਦੀ ਲੱਸੀ ਨਾਲ ਇਹ ਚੂਰਨ ਤਿੰਨ ਮਾਸ਼ੇ ਰੋਜ ਖਾਵੇ. ਪਿੱਛ ਕੱਢੇ ਚਾਉਲਾਂ ਦਾ ਅਹਾਰ ਕਰੇ. "ਸੰਗ੍ਰਹਣੀ ਸੰਗ੍ਰਹ ਦੁਸਟਨ ਕਿਯ." (ਚਰਿਤ੍ਰ ੪੦੫)

ਸੰਗ੍ਰਹਨ: ਦੇਖੋ, ਸੰਗ੍ਰਹਣ. "ਰਤਨ ਤਿਆਗ ਸੰਗ੍ਰਹਨ ਕਉਡੀ." (ਬਿਹਾ ਛੰਤ ਮਃ ੫)

ਸੰਗ੍ਰਹਿਅਉ: ਸੰਗ੍ਰਹਿ ਕਰਿਆ। ੨. ਚੰਗੀ ਤਰਾਂ ਗ੍ਰਹਣ ਕੀਤਾ. ਦ੍ਰਿੜ੍ਹਤਾ ਨਾਲ ਧਾਰਿਆ. "ਨਾਮ ਕਰਤਾਰ ਸੁ ਦ੍ਰਿੜ ਨਾਨਕਿ ਸੰਗ੍ਰਹਿਅਉ." (ਸਵੈਯੇ ਮਃ ੩. ਕੇ)

ਸੰਗ੍ਰਹਿਣ: ਦੇਖੋ, ਸੰਗ੍ਰਹਣ.

ਸੰਗ੍ਰਹੀਤ: ਵਿ- ਸੰਗ੍ਰਹ ਕੀਤਾ ਹੋਇਆ. ਜਮਾ ਕੀਤਾ.

ਸੰਗ੍ਰਹੀਤ ਨਾਮ: ਸੰਗਜਾ- ਉਹ ਨਾਮ, ਜੋ ਵਸਤੁ ਸਮੁਦਾਯ ਦਾ ਹੈ. ਜੈਸੇ- ਇੱਜੜ, ਫ਼ੌਜ, ਵੱਗ ਆਦਿ.

ਸੰਗ੍ਰਹੇਇ: ਦੇਖੋ, ਸੰਗ੍ਰਹ। ੨. ਦੇਖੋ, ਸੰਗ੍ਰਾਹਜ.

ਸੰਗ੍ਰਾਹ: ਡਿੰਗ. ਸੰਗਜਾ- ਤਲਵਾਰ ਦਾ ਕਬਜਾ (ਮੁੱਠ). ੨. ਹਥਿਆਰ ਦਾ ਮੁੱਠਾ। ੩. ਢਾਲ ਦਾ ਹੱਥਾ.

ਸੰਗ੍ਰਾਹਜ: ਸੰ. ਵਿ- ਸੰਗ੍ਰਹ ਕਰਨ ਯੋਗ. ਜਮਾ ਕਰਨ ਲਾਇਕ। ੨. ਗ੍ਰਹਣ ਕਰਨੇ ਲਾਇਕ. ਧਾਰਨ ਯੋਗ.

---

[297] ਪੀਸਕੇ ਕੱਜਲ ਸਮਾਨ ਕਰੇ.

ਸੰਗ੍ਰਾਦ: ਦੇਖੋ, ਸੰਕ੍ਰਾਂਤਿ.

ਸੰਗ੍ਰਾਮ: ਸੰ. ਸੰਗਜਾ- ਯੁੱਧ. ਜੰਗ.

ਸੰਗ੍ਰਾਮ ਸਿੰਘ: ਇਤਿਹਾਸ ਵਿੱਚ ਇਸ ਦਾ ਨਾਉਂ

ਸਾਂਗਾ ਭੀ ਆਇਆ ਹੈ. ਇਹ ਚਤੌੜ ਦੀ ਗੱਦੀ ਤੇ ਸਨ ੧੫੦੯ ਵਿੱਚ ਬੈਠਾ ਸੀ. ਦੇਖੋ, ਚਤੌੜ.

ਸੰਗ੍ਰੇੜੀ: ਦੇਖੋ, ਸੰਘ੍ਰੇੜੀ.

ਸੰਘ: ਸੰਗਜਾ- ਕੰਠ. ਗਲਾ. "ਚਬੈ ਤਤਾ ਲੋਹਸਾਰ ਵਿਚਿ ਸੰਘੈ ਪਲਤੇ." (ਵਾਰ ਗਉ ੧. ਮਃ ੪) ੨. ਟੋਬਾ ਜਾਤੀ, ਜੋ ਜਮੀਨ ਸੁੰਘਕੇ ਜਮੀਨਗਰਭ ਵਿੱਚ ਪਾਣੀ ਦਾ ਮਿੱਠਾ ਖਾਰਾ ਹੋਣਾ ਦੱਸਦੀ ਹੈ. ਸੋਂਘਾ। ੩. ਸੰ. ਸਮੁਦਾਯ. ਗਰੋਹ. ਇਕੱਠ.

ਸੰਘੱਟ: ਸੰ. ਸੰਗਜਾ- ਸਮੁਦਾਯ. ਗਰੋਹ. ਟੋਲਾ। ੨. ਆਪੋ ਵਿੱਚੀ ਰਗੜਨ ਦੀ ਕ੍ਰਿਯਾ. ਖਹਿਮ ਖਹਿ। ੩. ਰਥ ਆਦਿ ਦਾ ਪਹੀਆ.

ਸੰਘਰ: ਸੰਗਜਾ- ਝਾਫਿਆਂ ਦਾ ਬਣਾਇਆ ਹੋਇਆ ਕਿਲਾ. ਕਾਠ ਦਾ ਦੁਰਗ. "ਸੰਘਰ ਤਹਿ ਬੰਧਾਇ ਚੁਫੇਰਾ." (ਗੁਪ੍ਰਸੂ) ੨. ਸੰਗ੍ਰਾਮ ਦਾ ਵਾਜਾ. ਰਣਸ਼੍ਰਿੰਗ (ਰਨਸਿੰਘਾ). "ਬਡ ਜੋਧੀ ਸੰਘਰ ਵਾਏ." (ਚੰਡੀ ੩) ੩. ਸੰ. ਸੰਗਰ. ਯੁੱਧ. ਜੰਗ. "ਸੂਰ ਦੇਖ ਸੰਘਰ ਮੇ ਕਾਯਰ ਪਲਾਵਹੀਂ." (ਨਾਪ੍ਰ) ੪. ਇੱਕ ਜੱਟ ਗੋਤ. "ਕੰਦੂ ਸੰਘਰ ਮਿਲੈ ਹਸੰਦਾ." (ਭਾਗੁ)

ਸੰਘਰਸਣ: ਸੰ. संघर्षण ਸੰਗਜਾ- ਘਸਾਉਣਾ. ਰਗੜਨਾ. ਮਲਨਾ.

ਸੰਘਰਹਿ: ਦੇਖੋ, ਸੰਘਰਣ.

ਸੰਘਰਣ: ਦੇਖੋ, ਸੰਗ੍ਰਹਣ. "ਸਚ ਵਣੰਜੈ ਸਚੁ ਸੰਘਰਹਿ." (ਮਾਝ ਅਃ ਮਃ ੩) "ਗੁਣਕਾਰੀ ਗੁਣ ਸੰਘਰੈ." (ਸੂਹੀ ਅਃ ਮਃ ੩) ੨. ਸੰਹਾਰਨ. ਸੰਘਾਰਨਾ. "ਸਤ੍ਰੁ ਸੰਘਰਣੀ." (ਸਨਾਮਾ) ਦੇਖੋ, ਸੰਘਾਰ.

ਸੰਘਰੈ: ਦੇਖੋ, ਸੰਘਰਣ.

ਸੰਘਾ: ਸੰਗਜਾ- ਰੱਸੀਆਂ ਦਾ ਸੰਘ (ਸਮੁਦਾਯ) ਜਿਸ ਥਾਂ ਆਕੇ ਇੱਕਠਾ ਹੋਵੇ। ੨. ਇੱਕ ਜੱਟ ਗੋਤ.

ਸੰਘਾਤ: ਸੰ. ਸੰਗਜਾ- ਸਮੁਦਾਯ. ਗਰੋਹ. ਇਕੱਠ। ੨. ਕਫ. ਬਲਗਮ। ੩. ਇੱਕ ਨਰਕ। ੪. ਚੰਗੀ ਤਰਾਂ ਮਾਰਨ ਦੀ ਕ੍ਰਿਯਾ. ਹਤਜਾ। ੫. ਸ਼ਰੀਰ. ਦੇਹ.

ਸੰਘਾਤੀ: ਵਿ- ਸੰਘਾਤ (ਵਧ) ਕਰਨ ਵਾਲਾ. ਮਾਰਨ ਵਾਲਾ. "ਭੇਖਧਾਰੀ ਜਤੋਂ ਸੰਘਾਤੀ ਹੋਇ." (ਭਾਗੁ)

ਸੰਘਾਰ, ਸੰਘਾਰਣ, ਸੰਘਾਰੁ: ਸੰ. ਸੰਹਾਰ. ਸੰਹਾਰਣ. ਸੰਗਜਾ- ਨਾਸ਼. ਤਬਾਹੀ. "ਛੁਟਹਿ ਸੰਘਾਰ ਨਿਮਖ ਕਿਰਪਾ ਤੇ." (ਸਾਰ ਮਃ ੫) ੨. ਵਧ. ਕਤਲ.[298] "ਹੋਆ ਅਸੁਰਸੰਘਾਰੁ." (ਸ੍ਰੀ ਅਃ ਮਃ ੫) "ਅਸੁਰ ਸੰਘਾਰਣ ਰਾਮ ਹਮਾਰਾ." (ਮਾਰੂ ਸੋਲਹੇ ਮਃ ੧) "ਤਸਕਰ ਪੰਚ ਸਬਦਿ ਸੰਘਾਰੇ." (ਰਾਮ ਅਃ ਮਃ ੧) ੩. ਪ੍ਰਲੈ। ੪. ਚੰਗੀ ਤਰਾਂ ਇਕੱਠਾ ਕਰਨ ਦੀ ਕ੍ਰਿਯਾ। ੫. ਸਿੰਧੀ. ਸੰਘਾਰੁ. ਸ੍ਵਦੇਸੀ ਪੁਰਖ। ੬. ਬਹਾਦੁਰ। ੭. ਪਿਆਰਾ. ਪ੍ਰਿਯ.

ਸੰਘਾੜਾ: ਦੇਖੋ, ਸਿੰਘਾੜਾ.

ਸੰਘਿਤਾ: ਦੇਖੋ, ਸੰਹਿਤਾ. "ਬ੍ਰਹਮ ਵਾਕਜ ਕਹਿ ਸੰਘਿਤਾ ਪਰਾਪਸੰਤੀ ਜਾਪ." (ਗੁਪ੍ਰਸੂ)

---

[298] ਜਦ ਸੰਘਾਰ ਅਥਵਾ ਸੰਘਾਰਣ ਸ਼ਬਦ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਤਦ ਸੰਘਾਰ ਕਰਤਾ ਦਾ ਅਰਥ ਰਖਦਾ ਹੈ, ਜੈਸੇ-ਅਸੁਰ ਸੰਘਾਰ ਅਤੇ ਅਸੁਰ ਸੰਘਾਰਣ.

ਸੰਘੀ: ਸੰਗਯਾ- ਸੰਘ ਦੀ ਹੱਡੀ, ਜੋ ਕੰਠ ਵਿੱਚ ਉਭਰੀ ਦਿਖਾਈ ਦਿੰਦੀ ਹੈ. ਘੰਡੀ. ਦੇਖੋ, ਘੰਟਿਕਾ. Adam’s apple.

ਸੰਘੇਰਾ, ਸੰਘੇੜਾ: ਇੱਕ ਜੱਟ ਗੋਤ੍ਰ. "ਨੰਦਾ ਸੰਘੇੜਾ ਤਿਸ ਠੌਰ." (ਗੁਪ੍ਰਸੂ)

ਸੰਘੋਲ: ਰੋਪੜ ਤੋਂ ਤੇਰਾਂ ਕੋਹ ਦੱਖਣ ਇੱਕ ਪਿੰਡ, ਜੋ ਰਾਜ ਪਟਿਆਲੇ ਵਿੱਚ ਹੈ. ਕੁਰੁਛੇਤ੍ਰ ਨੂੰ ਜਾਂਦੇ ਹੋਏ ਦਸ਼ਮੇਸ਼ ਜੀ ਇਸ ਥਾਂ ਠਹਿਰੇ ਹਨ. ਪਰ ਹੁਣ ਗੁਰੁਦ੍ਵਾਰਾ ਰਾਣਵਾਂ ਵਿੱਚ ਹੈ. ਦੇਖੋ, ਰਾਣਵਾਂ.

ਸੰਘ੍ਰਤ: ਸੰਘਾਰਤ (ਸੰਹਾਰਤ) ਦੀ ਥਾਂ ਇਹ ਸ਼ਬਦ ਆਇਆ ਹੈ. "ਭਾਂਤ ਭਾਂਤ ਸੰਘ੍ਰਤ ਭਯੋ ਕਛੂ ਨ ਸੰਕ ਵਿਚਾਰ." (ਚਰਿਤ੍ਰ ੧੨੫) ੨. ਸੰਹ੍ਰਿਤ. ਇਕੱਠਾ ਕੀਤਾ.

ਸੰਘ੍ਰੇੜੀ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ, ਥਾਣਾ ਬੋਹਾ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਉੱਤਰ ਦਿਸ਼ਾ ਵਸੋਂ ਦੇ ਨਾਲ ਹੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ, ਜਿਸ ਨਾਲ ੪. ਘੁਮਾਉਂ ਜਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ. ਰੇਲਵੇ ਸਟੇਸ਼ਨ ਬਰੇਟਾ ਤੋਂ ਪੱਛਮ ਦੋ ਮੀਲ ਕੱਚਾ ਰਸਤਾ ਹੈ.

ਸੰਞ: ਦੇਖੋ, ਸੰਕਾ। ੨. ਦੇਖੋ, ਸੰਗ.

ਸੰਞਾ, ਸੰਞਿਆ: ਦੇਖੋ, ਸੰਗਯਾ. "ਦੇਵਨਹਾਰ ਇਹੀ ਜੁਗ ਸੰਞਾ." (ਕ੍ਰਿਸਨਾਵ) ਹੋਸ਼ ਦੇਣ ਵਾਲਾ। ੨. ਹਾਲਤ. ਦਸ਼ਾ. "ਤੀਨਿ ਸੰਞਿਆ ਕਰ ਦੇਹੀ ਕੀਨੀ ਜਲ ਕੂਕਰ ਭਸਮੇਹੀ." (ਸੋਰ ਮ: ੫)

ਸੰਞੁ: ਸ਼ੰਕਾ। ੨. ਸੰਗ. ਸਾਥ. "ਸਤਸੰਗਤਿ ਮੇਲੋ ਸੰਞੁ." (ਸੂਹੀ ਮ: ੪) ਸਤਸੰਗਤਿ ਸੰਞੁ ਮੇਲੋ.

ਸੰਚ: ਦੇਖੋ, ਸੇਚਨ. "ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ." (ਗਉ ਮ: ੫) ੨. ਦੇਖੋ, ਸੰਚਯਨ. "ਸੰਚਤ ਸੰਚਤ ਥੈਲੀ ਕੀਨੀ." (ਆਸਾ ਮ: ੫)

ਸੰਚਉਨੀ, ਸੰਚਣ, ਸੰਚਨ, ਸੰਚਯ, ਸੰਚਯਨ: (ਦੇਖੋ, ਸੰ ਅਤੇ ਚਯ) ਸੰਗਯਾ- ਜਮਾ ਕਰਨਾ. ਜੋੜਨਾ. ਇਕੱਠਾ ਕਰਨਾ. "ਰਾਮ ਨਾਮ ਧਨ ਕਰਿ ਸੰਚਉਨੀ." (ਗਉ ਕਬੀਰ) "ਸੰਚਣ ਕਉ ਹਰਿ ਏਕੋ ਨਾਮ." (ਧਨਾ ਮ: ੫) "ਸੰਚਨ ਕਰਉ ਨਾਮ ਧਨ ਨਿਰਮਲ." (ਸੋਰ ਮ: ੫)

ਸੰਚਰ: ਸੰ. ਸੰਗਯਾ- ਗਮਨ. ਚਲਣਾ। ੨. ਪੁਲ। ੩. ਪਾਣੀ ਦੇ ਨਿਕਲਣ ਦਾ ਰਸਤਾ. ਮੋਰੀ ਖਾਲ ਆਦਿਕ। ੪. ਰਸਤਾ. ਮਾਰਗ। ੫. ਦੇਹ. ਸ਼ਰੀਰ.

ਸੰਚਰਣ: ਸੰ. ਸੰਗਯਾ- ਫੈਲਾਉਣ ਦੀ ਕ੍ਰਿਯਾ। ੨. ਚਲਣਾ. ਗਮਨ। ੩. ਕੰਪ. ਕਾਂਬਾ.

ਸੰਚਰਿਓ: ਫੈਲਿਆ। ੨. ਪ੍ਰਵੇਸ਼ ਹੋਇਆ. ਦੇਖੋ, ਸੰਚਾਰ.

ਸੰਚਰੈ: ਦੇਖੋ, ਸੰਚਾਰ ੫.

ਸੰਚਰਜਉ: ਦੇਖੋ, ਸੰਚਰਿਓ. "ਹਰਿਬੰਸ ਜਗਤ ਜਸ ਸੰਚਰਜਉ." (ਸਵੈਯੇ ਮ: ੫. ਕੇ)

ਸੰਚਵੈ: ਸੰਚਯ ਕਰਦਾ ਹੈ. ਜੋੜਦਾ ਹੈ. "ਧਨ ਚਿਤਵੈ ਧਨ ਸੰਚਵੈ." (ਸ੍ਰੀ ਮ: ੪. ਪਹਰੇ) ੨. ਸੰਚਯ (ਜਮਾ) ਕੀਤਾ.

ਸੰਚਾ: ਵਿ- ਸੇਚਨ ਕੀਤਾ. ਸਿੰਜਿਆ. "ਅੰਮ੍ਰਿਤ ਨਾਮ ਰਿਦੈ ਲੇ ਸੰਚਾ." (ਗਉ ਮ: ੫) ੨. ਸੰਚਯ (ਜਮਾ) ਕੀਤਾ। ੩. ਸੰਗਯਾ- ਪਘਰੀ ਹੋਈ ਧਾਤੁ ਨੂੰ ਸੰਚਯ (ਇਕੱਠਾ) ਕਰਨ ਵਾਲਾ ਯੰਤ੍ਰ. ਸੱਚਾ. ਕਾਲਿਬ.

ਸੰਚਾਣਾ: ਵਿ- ਸੰਚਯਨ (ਜਮਾ) ਕੀਤਾ. "ਹਰਿਧਨ ਸੰਚਾਣਾ." (ਆਸਾ ਮ: ੫)

ਸੰਚਾਰ: ਸੰ. ਸਤ੍ਰਚਾਰ ਸੰਗਯਾ- ਸੰਚਰਣ ਦੀ ਕ੍ਰਿਯਾ. ਜਾਣਾ. ਫਿਰਨਾ. ਵਿਚਰਨਾ। ੨. ਜੋੜਨਾ. "ਦਨਐ ਦ੍ਵੈ ਬਾਣ ਸੰਚਾਰਕੈ ਦ੍ਵੈ ਦ੍ਵੈ

ਤਨ ਪਾਰੇ." (ਗੁਪ੍ਰਸੂ) ਦੋ ਦੋ ਤੀਰ ਇਕੱਠੇ ਚਿੱਲੇ ਨਾਲ ਜੋੜਕੇ। ੩. ਫੈਲਾਉਣਾ. ਵਿਸ੍ਤਾਰ ਕਰਨਾ. "ਜਗਤ ਜਸ ਸੰਚਰਜਉ." (ਸਵੈਯੇ ਮਃ ੫. ਕੇ) ੪. ਪ੍ਰਵੇਸ਼. ਦਖਲ. "ਤਿਥੈ ਕਾਲ ਨ ਸੰਚਰੈ." (ਸ੍ਰੀ ਅਃ ਮਃ ੧) ੫. ਨੱਠਣਾ. ਭੱਜਣਾ. "ਨਾ ਨਿਵੈ ਨਾ ਫੁਨਿ ਸੰਚਰੈ." (ਗਉ ਕਬੀਰ ਬਾਵਨ) ੬. ਮਿਲਾਪ. ਮੇਲ. "ਕਵਨ ਸੁ ਦਾਤਾ ਲੇ ਸੰਚਾਰੇ." (ਗਉ ਮਃ ੫) ੭. ਸ਼ਰੀਰ. ਦੇਹ, ਜਿਸ ਕਰਕੇ ਵਿਚਰੀਏ। ੮. ਪੁਲ, ਜਿਸ ਉੱਪਰੋਂ ਲੋਕ ਵਿਚਰਦੇ ਹਨ.

ਸੰਚਾਰੀ: ਸੰ. ਸਞ੍ਚਾਰਿਨ ਵਿ- ਚਲਨੇ ਵਾਲਾ. ਫਿਰਨ ਵਾਲਾ। ੨. ਕਾਵ੍ਯ ਅਨੁਸਾਰ ਭਾਵ ਦਾ ਭੇਦ. ਦੇਖੋ, ਰਸ। ੩. ਸੰਗ੍ਯਾ- ਪਵਨ. ਹਵਾ। ੪. ਸੰਗੀਤ ਅਨੁਸਾਰ ਆਰੋਹੀ ਅਵਰੋਹੀ ਕਰਕੇ ਤਿੰਨ ਤਿੰਨ ਸੁਰਾਂ ਦੀ ਤਾਨ, ਯਥਾ- ਸ਼ਾ ਰੇ ਗਾ, ਗਾ ਰੇ ਸ਼ਾ, ਮਾ ਪਾ ਧਾ, ਧਾ ਪਾ ਮਾ, ਪਾ ਧਾ ਨੀ, ਨੀ ਧਾ ਪਾ ਆਦਿ। ੫. ਧ੍ਰੁਵ ਪਦ ਆਦਿ ਦਾ ਆਸਥਾਈ ਅਤੇ ਆਭੋਗ ਦੇ ਵਿਚਲਾ ਹਿੱਸਾ, ਜੋ ਆਲਾਪ ਵੇਲੇ ਆਸਥਾਈ ਤੋਂ ਪਿੱਛੋਂ ਗਾਵੀਦਾ ਹੈ.

ਸੰਚਾਰੀ ਭਾਵ: ਦੇਖੋ, ਭਾਵ.

ਸੰਚਾਲਨ: ਸੰ. ਸੰਗ੍ਯਾ- ਚਲਾਉਣ ਦੀ ਕ੍ਰਿਯਾ. ਹੱਕਣਾ. ਪ੍ਰੇਰਨਾ.

ਸੰਚਿ: ਸੇਚਨ ਕਰਕੇ. ਸਿੰਜਕੇ. ਦੇਖੋ, ਸੰਚ ੧.। ੨. ਸੰਚਯਨ ਕਰਕੇ. ਜਮਾ ਕਰਕੇ. ਜੋੜਕੇ. "ਸੰਚਿ ਹਰਿ ਧਨ." (ਸ੍ਰੀ ਮਃ ੫)

ਸੰਚਿਓ, ਸੰਚਿਆ: ਵਿ- ਇਕੱਠਾ ਕੀਤਾ. ਜਮਾ ਕੀਤਾ. ਸੰਚਿਤ। ੨. ਸੇਚਨ ਕੀਤਾ. ਛਿੜਕਿਆ. "ਸਹਿਜ ਭਾਇ ਸੰਚਿਓ ਕਿਰਣ ਅੰਮ੍ਰਿਤ ਕਲ ਬਾਣੀ." (ਸਵੈਯੇ ਮਃ ੨. ਕੇ) ਸ਼੍ਰੇਸ਼੍ਠ ਬਾਣੀ ਦੀਆਂ ਕਿਰਣਾਂ ਦ੍ਵਾਰਾ ਆਤਮਿਕ ਪ੍ਰੇਮ ਅਮ੍ਰਿਤ ਦੀ ਵਰਖਾ ਕੀਤੀ. "ਅੰਮ੍ਰਿਤ ਨਾਮ ਜਲ ਸੰਚਿਆ." (ਬਿਲਾ ਮਃ ੫)

ਸੰਚਿਤ: ਸੰ. ਵਿ- ਇਕੱਠਾ ਕੀਤਾ. ਜਮਾ ਕੀਤਾ.

ਸੰਚੀ: ਵਿ- ਸੰਚਯ (ਜਮਾ) ਕੀਤੀ। ੨. ਪਾਲੀ. ਪਾਲਨ ਕੀਤੀ. "ਅਮਰ ਜਾਨਿ ਸੰਚੀ ਇਹ ਕਾਇਆ." (ਬਿਲਾ ਕਬੀਰ) ੩. ਸੰਗ੍ਯਾ- ਕਾਗਜਾਂ ਦੀ ਨੱਥੀ. ਜੁਜ਼. "ਸੰਚੀ ਸੁਜਨੀ ਤਰੇ ਦਬਾਈ." (ਗੁਪ੍ਰਸੂ)

ਸੰਚੀਐ: ਜਮਾ ਕਰੀਏ. ਜੋੜੀਏ। ੨. ਸੇਚਨ ਕਰੀਏ. ਸਿੰਜੀਏ. "ਨਿੰਮ ਬਿਰਖ ਬਹੁ ਸੰਚੀਐ. (ਵਾਰ ਸਾਰ ਮਃ ੪)

ਸੰਚੈ: ਦੇਖੋ, ਸੰਚਯ.

ਸੰਜ: ਸੰ ਸਞ੍ਜ੍ ਧਾ- ਗਲੇ ਲਾਉਣਾ. ਚਿਪਕਨਾ. ਝਗੜਨਾ. ਜਾਣਾ. ਜੋੜਨਾ। ੨. ਦੇਖੋ, ਸੰਚਯਨ. "ਨਾਮ ਨਿਧਾਨੁ ਮਨ ਮਹਿ ਸੰਜਿ ਧਰਿ." (ਵਾਰ ਮਾਰੂ ੧. ਮਃ ੩) "ਸੰਜਿ ਕੀਆ ਘਰਿ ਵਾਸ." (ਵਾਰ ਮਾਝ ਮਃ ੧) "ਚਲਦਿਆ ਨਾਲ ਨ ਚਾਲੈ ਸੋ ਕਿਉ ਸੰਜੀਐ." (ਵਾਰ ਜੈਤ) "ਹਰਿ ਧਨ ਜਿਨੀ ਸੰਜਿਆ." (ਮਾਝ ਅਃ ਮਃ ੫) ੩. ਸੰ. ਸਞ੍ਜ ਸੰਗ੍ਯਾ- ਬ੍ਰਹਮਾ। ੪. ਸ਼ਿਵ। ੫. ਵਿ- ਸੰਨਾਹ ਬੱਧੇ ਹੋਏ. ਸਨੱਧ. "ਸਰੰ ਸੰਜ ਫੁੱਟੇ." (ਚੰਡੀ ੨) ੬. ਸੰਗ੍ਯਾ- ਕਵਚ. ਸੰਜੋਆ. "ਸੁਭੈਂ ਸਸਤ੍ਰ ਸੰਜਾਨ ਸੋਂ ਸੂਰਵੀਰੰ." (ਮੱਛਾਵ) ੭. ਫ਼ਾ. سنج ਵਜਨ. ਤੋਲ। ੮. ਮਿਣਤੀ. ਮਾਪ। ੯. ਝਾਂਝ. ਖੜਤਾਲ. ਦੇਖੋ, ਪਟੇਲਾ। ੧੦. ਸਿੰਧੀ. ਸ੍ਵੱਛਤਾ. ਸਫਾਈ। ੧੧. ਸੰਦ. ਔਜ਼ਾਰ.

ਸੰਜਨ: ਸੰ. ਸਞ੍ਜਨ ਸੰਗ੍ਯਾ- ਜੋੜਨਾ। ੨. ਮਿਲਾਉਣਾ। ੩. ਬੰਨ੍ਹਣਾ.

ਸੰਜਮ: ਸੰ. ਸੰ- ਯਮ. ਸੰਯਮ. ਸੰਗ੍ਯਾ- ਚੰਗੀ ਤਰ੍ਹਾਂ ਬੰਨ੍ਹਣ ਦੀ ਕ੍ਰਿਯਾ. ਮਨ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣਾ. "ਸੰਜਮ ਸਤ ਸੰਤੋਖ ਸੀਲ." (ਸਵੈਯੇ ਮਃ ੪. ਕੇ) ੨. ਵ੍ਰਤ. ਨਿਯਮ. "ਨਾਨਕ ਇਹੁ ਸੰਜਮ ਪ੍ਰਭਕਿਰਪਾ ਪਾਈਐ." (ਗਉ ਥਿਤੀ ਮਃ ੫) ੩. ਸੰਕੋਚ. ਕ੍ਰਿਪਣਤਾ. "ਛਾਡਿ ਸਿਆਨਪ ਸੰਜਮ ਨਾਨਕ." (ਦੇਵ ਮਃ ੫) ੪. ਪੱਥ. ਪਰਹੇਜ. "ਭੈ ਕਾ ਸੰਜਮ ਜੇ ਕਰੈ ਦਾਰੂ ਭਾਉ ਲਏਇ." (ਵਾਰ ਰਾਮ ੧. ਮਃ ੩) ੫. ਰੀਤਿ. ਰਸਮ. "ਸੰਜਮ ਤੁਰਕਾ ਭਾਈ." (ਵਾਰ ਆਸਾ) ੬. ਉਪਾਯ. ਯਤਨ. "ਬਿਨ ਸੰਜਮ ਨਹੀ ਕਾਰਜ ਸਾਰ." (ਦੇਵ ਮਃ ੫) ੭. ਤਰੀਕਾ. ਢੰਗ. "ਜਿਨਾ ਨੂੰ ਮਥਨ ਦਾ ਸੰਜਮ ਹੈ, ਸੋ ਮਥਕੇ ਅਗਨਿ ਨਿਕਾਲਦੇ ਹੈਨ." (ਭਗਤਾਵਲੀ)

ਸੰਜਮਨੀ: ਦੇਖੋ, ਸੰਯਮਨੀ.

ਸੰਜਮਿ: ਸੰਯਮ (ਉਪਾਯ) ਨਾਲ. ਯਤਨ ਤੋਂ "ਹਉਮੈ ਕਿਥਹੁ ਉਪਜੈ ਕਿਤੁ ਸੰਜਮਿ ਇਹੁ ਜਾਇ." (ਵਾਰ ਆਸਾ) "ਨਹਿ ਜਾਇ ਸਹਿਸਾ ਕਿਤੈ ਸੰਜਮਿ" (ਅਨੰਦੁ)

ਸੰਜਮੀ: ਸੰ. संय्मिन ਵਿ- ਸੰਜਮ ਵਾਲਾ. ਸੰਯਮੀ. ਦੇਖੋ, ਸੰਜਮ.

ਸੰਜਮੁ: ਦੇਖੋ, ਸੰਜਮ.

ਸੰਜਯ: ਧ੍ਰਿਤਰਾਸ਼੍ਟ੍ਰ ਦਾ ਰਥਵਾਹੀ ਅਤੇ ਮੰਤ੍ਰੀ. ਗੀਤਾ ਦੇ ਮੁੱਢ ਜਿਕਰ ਹੈ ਕਿ ਧ੍ਰਿਤਰਾਸ਼੍ਟ੍ਰ ਨੇ ਸੰਜਯ ਤੋਂ ਯੁੱਧ ਦਾ ਹਾਲ ਪੁੱਛਿਆ, ਉਸ ਨੇ ਦਿਵਜ਼ਦ੍ਰਿਸ਼੍ਟਿ ਨਾਲ ਕੁਰੁਖੇਤ੍ਰ ਦਾ ਸਾਰਾ ਹਾਲ ਦੇਖਕੇ ਧ੍ਰਿਤਰਾਸ਼੍ਟ੍ਰ ਨੂੰ ਸੁਣਾਇਆ. ਇਹ ਵ੍ਯਾਸ ਦਾ ਚੇਲਾ ਅਤੇ ਵਡਾ ਪੰਡਿਤ ਸੀ। ੨. ਵਿ- ਵਿਕਾਰਾਂ ਨੂੰ ਚੰਗੀ ਤਰਾਂ ਜੈ ਕਰਨ ਵਾਲਾ.

ਸੰਜਰ: ਸੰਜ- ਧਰ ਦਾ ਸੰਖੇਪ. ਕਵਚ ਧਾਰਨ ਵਾਲਾ. ਦੇਖੋ, ਸੰਜ.

ਸੰਜਰੀਆ: ਜੋੜੀ ਹੋਈ. ਦੇਖੋ, ਸੰਜ। ੨. ਪ੍ਰਾਪਤ ਹੋਈ. "ਚਿਰੰਕਾਲ ਇਹੁ ਦੇਹ ਸੰਜਰੀਆ." (ਗਉ ਮਃ ੫)

ਸੰਜਾਫ, ਸੰਜਾਬ: ਦੇਖੋ, ਸਿੰਜਾਫ.

ਸੰਜਾਰ: ਸੰਗ੍ਯਾ- ਚੰਗੀ ਤਰਾਂ ਚਲਾਉਣ ਦੀ ਕ੍ਰਿਯਾ। ੨. ਦੇਖੋ, ਸੰਚਾਰ. "ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ." (ਵਾਰ ਗੂਜ ੨. ਮਃ ੫)

ਸੰਜਾਰੀ: ਵਿ- ਸੰਚਾਰਿਤ. ਸੰਚਾਰ ਕੀਤੀ. ਦੇਖੋ, ਸੰਚਾਰ.

ਸੰਜਿ: ਸੰਚਯ ਕਰਕੇ. ਜੋੜਕੇ. ਦੇਖੋ, ਸੰਜ ੨.

ਸੰਜਿਆ: ਦੇਖੋ, ਸੰਜ.

ਸੰਜੀਉ: ਦੇਖੋ, ਸਜੀਵ.

ਸੰਜੀਐ: ਦੇਖੋ, ਸੰਜ.

ਸੰਜੀਦਨ: ਫ਼ਾ. سنجیدن ਕ੍ਰਿ- ਵਜ਼ਨ ਕਰਨਾ. ਤੋਲਣਾ.

ਸੰਜੀਦਾ: ਫ਼ਾ. سنجیدہ ਵਿ- ਵਜ਼ਨਦਾਰ. ੨. ਭਾਵ- ਓਛਾਪਨ ਰਹਿਤ. ਗੰਭੀਰ.

ਸ਼ੰਜੀਵਨਿ, ਸੰਜੀਵਨੀ: ਦੇਖੋ, ਮ੍ਰਿਤ ਸੰਜੀਵਨੀ। ੨. ਦੇਖੋ, ਕਚ. "ਪੜ੍ਹ ਸੰਜੀਵਨਿ ਤਾਹਿ ਜਿਯਾਵੈ." (ਚਰਿਤ੍ਰ ੩੨੧) "ਸਸਤ੍ਰ ਹਨੇ ਸੰਜੀਵਨੀ ਜਜੋਂ ਲਗਾਇ ਤਿਹ ਦੇਤ." (ਨਾਪ੍ਰ)

ਸੰਜੁਗਤ, ਸੰਜੁਤ: ਸੰ ਸੰਯੁਕ੍ਤ. ਵਿ- ਸਹਿਤ. ਸਾਥ."ਜੋਗ ਭੋਗ ਸੰਜੁਤੁ ਬਲ. "(ਸਵੈਯੇ ਮਃ ੪. ਕੇ) "ਦਜ ਗੁਣ ਸੰਜੁਤ ਜੋ ਦਿਜ ਹੋਈ." (ਨਾਪ੍ਰ) ਦੇਖੋ, ਦਸ ਗੁਣ ਬ੍ਰਾਹਮਣ ਦੇ। ੨. ਸੰਯੁਤ. ਜੁੜਿਆ ਹੋਇਆ.

ਸੰਜੁਤਾ: ਦੇਖੋ, ਸੰਯੁਤਾ.

ਸੰਜੁਤੁ: ਦੇਖੋ, ਸੰਜੁਤ.

ਸੰਜੈ: ਦੇਖੋ, ਸੰਚਯ। ੨. ਸੰਚਯ (ਜਮਾ) ਕੀਤੇ ਨਾਲ. "ਸੰਜੈ ਕਰਹਿ ਪਿਆਰ." (ਵਾਰ ਆਸਾ) ੩. ਦੇਖੋ, ਸੰਜਯ.

ਸੰਜੋ, ਸੰਜੋਉ, ਸੰਜੋਅ, ਸੰਜੋਆ: ਸੰਗ੍ਯਾ- ਕਵਚ. ਬਖਤਰ. ਜਿਰਹ. ਦੇਖੋ, ਸੰਜ. "ਸਤਗੁਰੁ ਕਾ ਖੜਗੁ ਸੰਜੋਉ ਹਰਿ ਭਗਤਿ

ਹੈ." (ਵਾਰ ਗਉ ੧. ਮਃ ੪)

ਸੰਜੋਇਆ, ਸੰਜੋਈ: ਜੁੜਿਆ. ਮਿਲਿਆ. ਬੱਝਿਆ. ਦੇਖੋ, ਸੰਜਨ. "ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਸੰਜੋਇਆ." (ਸ੍ਰੀ ਮਃ ੫. ਪਹਰੇ) "ਨਿਹਭਾਗੜੇ ਭਾਹਿ ਸੰਜੋਇਓ ਰੇ." (ਟੋਡੀ ਮਃ ੫) "ਇਸੁ ਮਟਕੀ ਮਹਿ ਸਬਦ ਸੰਜੋਈ." (ਆਸਾ ਕਬੀਰ)

ਸੰਜੋਗ, ਸੰਜੋਗੜਾ: ਸੰ. ਸੰਯੋਗ. ਸੰਗਜਾ- ਸੰਬੰਧ. "ਧੀਆ ਪੂਤ ਸੰਜੋਗ." (ਸ੍ਰੀ ਅਃ ਮਃ ੧) ੨. ਏਕਾ. ਇੱਤਫਾਕ. "ਸੰਜੋਗ ਨਾਮ ਸੁਰਮਾ ਅਖੰਡ ਏਕ ਜਾਨਿਯੈ." (ਪਾਰਸਾਵ) ੩. ਜੋਤਿਸ਼ ਅਨੁਸਾਰ ਗ੍ਰਹ ਰਾਸ਼ੀ ਯੋਗ ਆਦਿ ਦਾ ਮੇਲ. "ਧਨ ਮੂਰਤ ਚਸੇ ਪਲ ਘੜੀਆ, ਧੰਨ ਸੁ ਓਇ ਸੰਜੋਗਾ ਜੀਉ." (ਮਾਝ ਮਃ ੫) "ਨਾਮ ਹਮਾਰੈ ਸਉਣ ਸੰਜੋਗ." (ਭੈਰ ਮਃ ੫) ੪. ਕਰਮਫਲ. "ਲਿਖਿਆ ਧੁਰਿ ਸੰਜੋਗ." (ਮਾਝ ਬਾਰਹਮਾਹਾ) ੫. ਦੇਹ ਨਾਲ ਜੀਵਾਤਮਾ ਦਾ ਮਿਲਾਪ. ਜਨਮ. "ਸਾਹਾ ਸੰਜੋਗ ਵੀਆਹੁ ਵਿਜੋਗ." (ਗਉ ਮਃ ੧) ੬. ਉਪਾਯ. ਯਤਨ। ੭. ਸੰ. ਸੰਯੋਕ੍ਤ. ਬੈਲਾਂ ਦਾ ਜੋੜਨਾ. "ਚੇਤਾ ਵੂਤ ਵਖਤ ਸੰਜੋਗ." (ਵਾਰ ਰਾਮ ੧. ਮਃ ੧) ਕਰਤਾਰ ਦੀ ਯਾਦ ਵਤ੍ਰ ਹੈ ਅਤੇ ਨਾਮ ਸਿਮਰਣ ਦਾ ਵੇਲਾ ਹਲ ਜੋੜਨਾ ਹੈ.

ਸੰਜੋਗਿ, ਸੰਜੋਗੀ: ਕ੍ਰਿ. ਵਿ- ਸੰਯੋਗ ਵਸ਼. ਕਰਮ ਆਦਿਕਾਂ ਦੇ ਸੰਬੰਧ ਨਾਲ. "ਮਾਨਸ ਜਨਮ ਸੰਜੋਗਿ ਪਾਇਆ." (ਧਨਾ ਅਃ ਮਃ ੫) ੨. ਉਪਾਯ (ਜਤਨ) ਨਾਲ. "ਕਵਨ ਸੰਜੋਗਿ ਮਿਲਉ ਪ੍ਰਭੁ ਅਪਨੇ." (ਬਿਲਾ ਮਃ ੫) "ਮੇਲਾ ਸੰਜੋਗੀ ਰਾਮ." (ਆਸਾ ਛੰਤ ਮਃ ੧) ੨. ਸੰ. संयोगिन ਵਿ- ਸੰਯੋਗ ਵਾਲਾ. ਸੰਬੰਧ ਰੱਖਣ ਵਾਲਾ। ੩. ਸੰਨਜਾਸੀ ਅਤੇ ਜੋਗੀਆਂ ਦੇ ਸੰਕੇਤ ਵਿੱਚ ਉਹ ਸਾਧੂ ਸੰਜੋਗੀ ਹੈ, ਜ ਗ੍ਰਿਹਸਥੀ ਹੋਕੇ ਜੀਵਨ ਵਿਤਾਉਂਦਾ ਹੈ.

ਸੰਜੋਣਾ: ਸੰ. ਸੰਯੋਜਨ. ਸੰਗਜਾ- ਜੋੜਨ ਦੀ ਕ੍ਰਿਯਾ. ਮਿਲਾਉਣਾ.

ਸੰਜੋਰ: ਸੰ. संयोकतृ ਸੰਯੋਕ੍ਤ੍ਰਿ. ਵਿ- ਜੋਤਣ ਵਾਲਾ. ਬੈਲ ਜੋੜਨ ਵਾਲਾ. "ਹਰਿ ਸਿੰਚੈ ਸੁਧਾ ਸੰਜੋਰ." (ਜੈਤ ਮਃ ੫)

ਸੰਜੋਰਿ: ਜੋਤਕੇ. ਜੋੜਕੇ.

ਸੰਜੋਵਾ: ਦੇਖੋ, ਸੰਜੋਆ। ੨. ਚੰਗੀ ਤਰਾਂ ਜੋੜਿਆ.

ਸੰਝ, ਸੰਝਾ: ਸੰਗਜਾ- ਸੰਧ੍ਯਾ. ਸੂਰਜ ਛਿਪਣ ਦਾ ਵੇਲਾ. ਸ਼ਯਾਮ. ਆਥਣ.

ਸੰਝਾਬਲ: ਡਿੰਗ. ਸੰਝ ਵੇਲੇ ਜੋ ਬਲਵਾਨ ਹੈ, ਦੈਤ. ਰਾਖਸ. ਪ੍ਰੇਤ. ਪਿਸ਼ਾਚ.

ਸੰਡ: ਸੰ. शण्ड ਸ਼ੰਡ. ਸੰਗਜਾ- ਦੈਤਾਂ ਦਾ ਇੱਕ ਪੁਰੋਹਿਤ, ਜੋ ਸ਼ੁਕ੍ਰ ਦਾ ਪੁਤ੍ਰ ਅਤੇ ਅਮਰਕ ਦਾ ਭਾਈ ਸੀ. ਪ੍ਰਹਲਾਦ ਦੇ ਪੜ੍ਹਾਉਣ ਲਈ ਇਹ ਦੋਵੇਂ ਭਾਈ ਮੁਕੱਰਰ ਕੀਤੇ ਗਏ ਸਨ. ਦੇਖੋ, ਸੰਡਾਮਰਕਾ। ੨. ਸੰ. सण्ड ਸ- ਅੰਡ. ਸਾਂਡ ਢੱਟਾ ਆਦਿਕ ਨਰ ਪਸ਼ੂ, ਜਿਸ ਦੇ ਅੰਡ (ਫੋਤੇ) ਹਨ. ਭਾਵ- ਜੋ ਖੱਸੀ ਨਹੀਂ ਕੀਤਾ। ੩. ਸੰ. षण्ड ਸ਼ੰਡ. ਅਥਵਾ ਸ਼ੰਢ. ਨਪੁੰਸਕ. ਹੀਜੜਾ.

ਸੰਡਾ: ਸੰ. षण्डी ਸ਼ੰਡੀ. ਵੰਧ੍ਯਾ. ਜੋ ਇਸਤ੍ਰੀ ਸੰਤਾਨ ਉਤਪੰਨ ਕਰਨ ਯੋਗ ਨਾ ਹੋਵੇ.

ਸੰਡਾਮਰਕਾ: ਸੰ. शण्डामर्क ਸ਼ੰਡ ਅਤੇ ਅਮਰਕ ਦੋਵੇਂ ਭਾਈ, ਜੋ ਸ਼ੁਕ੍ਰ ਦੇ ਪੁੱਤ੍ਰ ਸਨ. ਦਖੋ, ਸੰਡ ੧. "ਸੰਡਾ ਮਰਕਾ ਸਭਿ ਜਾਇ ਪੁਕਾਰੇ." (ਭੈਰ ਮਃ ੩)

ਸੰਢ: ਦੇਖੋ, ਸੰਡ, ਸੰਡਾ ਅਤੇ ਸੰਢਣਾ.

ਸੰਢਣਾ: ਕ੍ਰਿ- ਸੰਧਿ ਮਿਲਾਉਣੀ. ਜੋੜਨਾ. ਗੱਠਣਾ. ਬਿਧ ਮਿਲਾਉਣੀ. "ਆਪੇ ਹੀ ਲੇਖਾ ਸੰਢੀਐ." (ਵਾਰ ਆਸਾ)

ਸੰਤ, ਸੰਤੁ: ਸੰ. शान्त ਸ਼ਾਂਤ. ਵਿ- ਮਨ ਇੰਦ੍ਰੀਆਂ ਨੂੰ ਜਿਸ ਨੇ ਟਿਕਾਇਆ ਹੈ ਸ਼ਾਂਤਾਤਮਾ. "ਸੰਤ ਕੈ ਊਪਰਿ ਦੇਇ ਪ੍ਰਭੁ ਹਾਥ." (ਗੌਂਡ ਮਃ ੫) ਦੇਖੋ, ਅੰ. Saint.

ਗੁਰਬਾਣੀ ਵਿੱਚ ਸੰਤ ਦਾ ਲੱਛਣ ਅਤੇ ਮਹਿਮਾ ਇਸ ਤਰਾਂ ਹੈ-

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤ, ਧੰਨੁ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ.

(ਮਃ ੫. ਵਾਰ ਗਉ ੨)

ਆਠ ਪਹਰ ਨਿਕਟਿ ਕਰਿ ਜਾਨੈ,

ਪ੍ਰਭ ਕਾ ਕੀਆ ਮੀਠਾ ਮਾਨੈ.

ਏਕੁ ਨਾਮੁ ਸੰਤਨ ਆਧਾਰੁ,

ਹੋਇ ਰਹੇ ਸਭ ਕੀ ਪਗਛਾਰੁ.

ਸੰਤ ਰਹਤ ਸੁਨਹੁ ਮੇਰੇ ਭਾਈ,

ਉਆ ਕੀ ਮਹਿਮਾ ਕਥਨੁ ਨ ਜਾਈ.

ਵਰਤਣਿ ਜਾਕੈ ਕੇਵਲ ਨਾਮ,

ਅਨਦ ਰੂਪ ਕੀਰਤਨੁ ਬਿਸਰਾਮ.

ਮਿਤ੍ਰ ਸਤ੍ਰੁ ਜਾਕੈ ਏਕ ਸਮਾਨੈ,

ਪ੍ਰਭ ਅਪੁਨੇ ਬਿਨ ਅਵਰੁ ਨ ਜਾਨੈ,

ਕੋਟਿ ਕੋਟਿ ਅਘ ਕਾਟਨਹਾਰਾ,

ਦੁਖ ਦੂਰਿ ਕਰਨ ਜੀਅ ਕੇ ਦਾਤਾਰਾ.

ਸੂਰਬੀਰ ਬਚਨ ਕੇ ਬਲੀ,

ਕਉਲਾ ਬਪੁਰੀ ਸੰਤੀ ਛਲੀ.

ਤਾਕਾ ਸੰਗੁ ਬਾਛਹਿ ਸੁਰਦੇਵ,

ਅਮੋਘ ਦਰਸੁ ਕਰੇ ਅਰਦਾਸਿ,

ਕਰਜੋੜਿ ਨਾਨਕੁ ਸਫਲ ਜਾਕੀ ਸੇਵ.

ਮੋਹਿ ਸੰਤਟਹਲ ਦੀਜੈ ਗੁਣਤਾਸਿ.

(ਆਸਾ ਮਃ ੫)

੨. ਸੰ. ਸਨ੍ਤ ਵਿਦ੍ਵਾਨ. ਪੰਡਿਤ। ੩. ਉੱਤਮ. ਸ਼੍ਰੇਸ਼੍ਠ. "ਅਮ੍ਰਿਤ ਦ੍ਰਿਸਟਿ ਪੇਖੈ ਹੁਇ ਸੰਤ." (ਸੁਖਮਨੀ) ੪. ਸੰਗਜਾ- ਗੁਰੂ ਨਾਨਕ ਦੇਵ ਦਾ ਸਿੱਖ. "ਸੰਤ ਸੰਗਿ ਹਰਿ ਮਨਿ ਵਸੈ." (ਗਉ ਮਃ ੫) ੫. ਸਨਤਕੁਮਾਰ ਦਾ ਸੰਖੇਪ ਭੀ ਸੰਤ ਸ਼ਬਦ ਆਇਆ ਹੈ. ਦੇਖੋ, ਪੁਰਾਰੀ.

ਸੰਤਈ: ਸੰਗਜਾ- ਸੰਤਪੁਣਾ. ਸਾਧੁਤਾ. "ਸੰਤ ਨ ਛਾਡੈ ਸੰਤਈ." (ਸ. ਕਬੀਰ)

ਸੰਤ ਸਹਾਇ, ਸੰਤਸਹਾਯ: ਵਿ- ਸੰਤ ਦੀ ਸਹਾਇਤਾ ਕਰਨ ਵਾਲਾ. "ਸਾਹਿਬ ਸੰਤਸਹਾਯ ਪਿਆਰੇ." (ਚੌਪਈ)

ਸੰਤਸਹਾਰ: ਵਿ- ਸੰਤ ਨੂੰ ਸਹਾਰਾ ਦੇਣ ਵਾਲਾ. ਸੰਤ ਨੂੰ ਆਸਰਾ ਅਤੇ ਸਹਾਇਤਾ ਦੇਣ ਵਾਲਾ. "ਸੰਤਸਹਾਰ ਸਦਾ ਬਿਖਿਆਤਾ."

(ਸਵੈਯੇ ਮਃ ੧. ਕੇ)

ਸੰਤਸਭਾ: ਸੰਗਯਾ- ਗੁਰੁਸਿੱਖਾਂ ਦੀ ਸਭਾ. ਸਿੰਘ ਸਭਾ. "ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤਸਭਾ." (ਸ੍ਰੀ ਮਃ ੫) ੨. ਸ਼ਾਂਤਾਤਮਾ ਸਾਧੂਆਂ ਦੀ ਮਜਲਿਸ.

ਸ਼ੰਤ ਸਾਧੁ: ਵਿ- ਸ਼ਾਂਤ ਸਾਧੁ. ਸ਼ੰਤਾਤਮਾ ਉੱਤਮ ਪੁਰਖ। ੨. ਸੰਗਯਾ- ਸ਼੍ਰੀ ਗੁਰੂ ਨਾਨਕ ਦੇਵ ਜੀ. "ਸੰਤ ਸਾਧੁ ਜਿਨ ਪਇਆ ਤੇ ਵਡ ਪੁਰਖ." (ਧਨਾ ਮਃ ੪)

ਸੰਤ ਸਿੰਘ: ਗੁਰੁ ਪ੍ਰਤਾਪ ਸੂਰਯ ਅਨੁਸਾਰ ਦਸ਼ਮੇਸ਼ ਜੀ ਨੇ ਚਮਕੌਰ ਦੇ ਮਕਾਮ ਖਾਲਸੇ ਨੂੰ ਗੁਰੁਤਾ ਦੇਣ ਸਮੇਂ ਸੰਤ ਸਿੰਘ ਨੂੰ ਤੁਰਰਾ ਅਤੇ ਕਲਗੀ ਪਹਿਨਾਈ, ਯਥਾ-

"ਪੰਚਹੁੰ ਮੇ ਕਲਗੀ ਕਿੰਹ ਦੀਨਸ,

ਸੋ ਨਿਰਨੈ ਸੁਨੀਐ ਮਨ ਲਾਇ,

ਸੰਤ ਸਿੰਘ ਖਤ੍ਰੀ ਸਿਖ ਸੁਭਮਤਿ,

ਥਾਪਯੋ ਪੰਚਹੁੰ ਮੇ ਵਡਿਆਇ,

ਤਿਸ ਕੋ ਗੁਰੁਤਾ ਅਰਪਨ ਕੀਨਸ,

ਪ੍ਰਿਥਮ ਖਾਲਸੇ ਮੇ ਤਿਨ ਪਾਇ,

ਸਸਤ੍ਰ ਬੰਧਾਇ ਬਠਾਇ ਅਟਾਰੀ,

ਗੁਰੂ ਫਤੇ ਬੋਲੇ ਹਰਖਾਇ,

ਕਿਤਕ ਕਹਿਤ ਸੰਗ ਸਿੰਘ ਬੰਗਸੀ,

ਬੰਗਸ ਦੇਸ ਵਿਖੈ ਤੇ ਆਇ,

ਤਿਸ ਕੋ ਕਰਯੋ ਸ੍ਥਾਪਨ ਤਿਸ ਛਿਨ,

ਗੁਰੁਤਾ ਦਈ ਜਿਗਾ ਪਹਿਰਾਇ,

ਸਤਿਗੁਰੁ ਕੇ ਸਿਖ ਦੋਨਹੁ ਗੁਰੁਮੁਖ,

ਤਿਨ ਮੇ ਕੋਊ ਥਪਯੋ ਬਨਾਇ,

ਤਿਸ ਪਰ ਬਾਦ ਨਹੀ ਕੁਛ ਬਰਨੋ,

ਦੋਨੋ ਕੇ ਲਿਹੁ ਚਰਨ ਮਨਾਇ."

(ਗੁਪ੍ਰਸੂ ਰੁੱਤ ੬. ਅਃ ੪੧)

ਭਾਈ ਸੰਤ ਸਿੰਘ ਮਾਝੇ ਦੇ ਪੱਟੀ ਨਗਰ ਦਾ ਵਸਨੀਕ ਅਰੋੜਾ ਸਿੱਖ ਸੀ. ਇਸ ਦੇ ਪੁਤ੍ਰ ਹਾੜਾ ਸਿੰਘ ਨੂੰ (ਜਿਸ ਦਾ ਨਾਉਂ ਬਹਾਦਰ ਸਿੰਘ ਭੀ ਹੈ) ਕਲਗੀਧਰ ਨੇ ਹੁਕਮਨਾਮਾ ਬਖਸ਼ਿਆ ਹੈ,[299] ਜੋ ਹੁਣ ਸ਼ਹਿਰ ਪਿਸ਼ਾਵਰ ਦੇ ਗੰਜ ਮਹੱਲੇ ਵਿੱਚ ਭਾਈਆਂ ਦੇ

---

[299] ਹੁਕਮਨਾਮੇ ਦੀ ਤਾਰੀਖ ਅੱਸੂ ਸੁਦੀ ੯. ਸੰਮਤ ੧੭੬੧ ਹੈ. ਇਸ ਹੁਕਮਨਾਮੇ ਵਿੱਚ ਚਮਕੌਰ ਦਾ ਪ੍ਰਸੰਗ ਹੈ, ਚਮਕੌਰ ਦਾ ਜੰਗ ਹੋਇਆ ਹੈ ਪੋਹ ਦੇ ਇਕਾਹਠੇ ਵਿੱਚ, ਅੱਸੂ ਵਿੱਚ ਕਿਵੇਂ ਹੁਕਮਨਾਮਾ ਮਿਲਿਆ? ਜੇ ਚਮਕੌਰ ਦਾ ਜੰਗ ੧੭੬੦ ਦਾ ਹੋਵੇ ਤਦ ਇਕਾਹਠੇ ਦੇ ਅੱਸੂ ਵਿੱਚ ਹੁਕਮਨਾਮਾ ਮਿਲ ਸਕਦਾ ਹੈ. ਇਤਿਹਾਸ ਲੇਖਕਾਂ ਨੂੰ ਇਸ ਤੇ ਵਿਚਾਰ ਕਰਨਾ ਚਾਹੀਏ.

ਕੂਚੇ ਭਾਈ ਉੱਤਮ ਸਿੰਘ ਦੇ ਘਰ ਮਾਈ ਬੁਤਕੀ ਪਾਸ ਹੈ. ਇੱਥੇ ਦਸ਼ਮੇਸ਼ ਦਾ ਦਸਤਾਰਾ, ਜਾਂਮਾ ਅਤੇ ਜੋੜੇ ਦਾ ਇੱਕ ਪੈਰ ਭੀ ਹੈ.[300] ਸੰਤ ਸਿੰਘ ਜੀ ਦਾ ਪੁਤ੍ਰ ਪੱਟੀ ਛੱਡਕੇ ਪਿਸ਼ਾਵਰ ਜਾ ਰਿਹਾ ਸੀ. ਦੇਖੋ, ਸੰਗਤ ਸਿੰਘ ੧.।

੨. ਭਾਈ ਸੂਰਤ ਸਿੰਘ ਦਾ ਸੁਪੁਤ੍ਰ ਹਰਿਮੰਦਿਰ ਦਾ ਗ੍ਯਾਨੀ. ਇਹ ਵਡਾ ਵਿਦ੍ਵਾਨ ਹੋਇਆ ਹੈ. ਭਾਈ ਸੰਤੋਖ ਸਿੰਘ ਕਵਿਰਾਜ ਨੇ ਇਸ ਤੋਂ ਵਿਦ੍ਯਾ ਪੜ੍ਹੀ ਸੀ. ਦੇਖੋ, ਸੰਤੋਖ ਸਿੰਘ. ਗ੍ਯਾਨੀ ਸੰਤ ਸਿੰਘ ਦਾ ਦੇਹਾਂਤ ਸੰਮਤ ੧੯੮੯ ਵਿੱਚ ਹੋਇਆ ਹੈ. ਇਸ ਸੱਜਨ ਦਾ ਗ੍ਯਾਨੀ ਵੰਸ਼ ਅਮ੍ਰਿਤਸਰ ਵਿੱਚ ਸਨਮਾਨ ਯੋਗ ਹੈ।

੩. ਅਕਾਲੀ ਫੂਲਾ ਸਿੰਘ ਜੀ ਦਾ ਛੋਟਾ ਭਾਈ, ਜਿਸ ਦੀ ਔਲਾਦ ਹੁਣ ਤਰਨਤਾਰਨ ਵਿੱਚ ਵਿਸਵੇਦਾਰ ਅਤੇ ਆਲਾ ਨੰਬਰਦਾਰ ਹੈ. ਦੇਖੋ ਫੂਲਾ ਸਿੰਘ.

ਸੰਤ ਸੰਤ: ਵਿ- ਸ਼ਾਂਤ ਸੰਤ. ਸ਼ਾਂਤਾਤਮਾ ਵਿਦ੍ਵਾਨ. ਸ਼ਾਂਤ ਰੂਪ ਉੱਤਮ ਪੁਰਖ. "ਨਾਨਕ ਸੰਤ ਸੰਤ ਹਰਿ ਇਕੋ." (ਸ੍ਰੀ ਛੰਤ ਮਃ ੪)

ਸੰਤਹ ਤਨਾ: ਵਿ- ਸ਼ਾਂਤਾਤਮਾ ਦਾ ਪੁਤ੍ਰ. ਸਾਧੁ ਦਾ ਚੇਲਾ. ਜਿਗ੍ਯਾਸੂ। ੨. ਸ਼ਾਂਤਾਤਮਾ (ਸਾਧੁ) ਦਾ ਤਨੁਤ੍ਰ (ਕਵਚ) ਸੰਤਰਖ੍ਯਕ. ੩. ਦੇਖੋ, ਤਨਾ ੨. ਅਤੇ ੬.

ਸੰਤਕਾਲੀਆ: ਦੇਖੋ, ਕਾਲੀਆ.

ਸੰਤਘਾਟ: ਸੁਲਤਾਨਪੁਰ ਪਾਸ ਬੇਈਂ ਨਦੀ ਦਾ ਉਹ ਘਾਟ, ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਇਸਨਾਨ ਕਰਿਆ ਕਰਦੇ ਸਨ. ਮੋਦੀਖਾਨਾ ਤ੍ਯਾਗਕੇ ਸੰਤਵੇਸ਼ (ਉਦਾਸੀ- ਲਿਬਾਸ) ਇਸੇ ਥਾਂ ਧਾਰਨ ਕੀਤਾ ਹੈ. ਦੇਖੋ, ਸੁਲਤਾਨਪੁਰ.

ਸੰਤਜਨ: ਸਾਧੁਲੋਕ.

ਸੰਤਜਨੀ: ਸੰਤ ਜਨਾਂ ਨੇ. ਸਾਧੂ ਲੋਕਾਂ ਨੇ. "ਸੰਤਜਨੀ ਕੀਆ ਉਪਦੇਸ." (ਬਸੰ ਮਃ ੫) ੨. ਸੰਤ ਇਸਤ੍ਰੀ.

ਸੰਤਤ: ਸੰ. ਕ੍ਰਿ. ਵਿ- ਨਿਰੰਤਰ. ਲਗਾਤਾਰ. ਇੱਕ ਰਸ. "ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ." (ਸਵੈਯੇ ਮਃ ੪. ਕੇ)

ਸੰਤਤਿ: ਸੰ. ਸੰਗ੍ਯਾ- ਸੰਤਾਨ. ਔਲਾਦ। ੨. ਗੋਤ੍ਰ. ਕੁਲ। ੩. ਵਿਸ੍ਤਾਰ. ਫੈਲਾਉ.

ਸੰਤਤਿ ਪਥ: ਔਲਾਦ ਦਾ ਮਾਰਗ. ਭਗ. ਯੋਨਿ.

ਸੰਤ ਦਾਸ: ਭਾਈ ਭਗਤੂਵੰਸ਼ੀ ਜੀਵਨ ਦਾ ਪੁਤ੍ਰ, ਜਿਸ ਦੀ ਔਲਾਦ ਜਿਲਾ ਫਿਰੋਜਪੁਰ ਵਿੱਚ ਚੱਕ ਭਾਈ ਕੇ ਪਿੰਡ ਰਹਿੰਦੀ ਹੈ. ਭਾਈ ਜੀਵਨ ਨੇ ਗੁਰੂ ਹਰਿਰਾਇ ਸਾਹਿਬ ਜੀ ਦੀ ਚਿਰ ਕਾਲ ਸੇਵਾ ਕੀਤੀ ਸੀ.

ਸੰਤਦੋਖੀ: ਵਿ- ਸੰਤਾਂ ਨਾਲ ਦ੍ਵੇਸ (ਵੈਰ) ਕਰਨ ਵਾਲਾ. "ਸੰਤਦੋਖੀ ਕਾ ਥਾਉ ਕੋ ਨਾਹਿ." (ਸੁਖਮਨੀ)

ਸੰਤ ਧਰਮਸਾਲਾ: ਗੁਰਸਿੱਖਾਂ ਦੀ ਧਰਮਸਾਲਾ. "ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ." (ਵਾਰ ਗੂਜ ੨. ਮਃ ੫)

ਸੰਤਨ: ਸੰਤਜਨ ਦਾ ਸੰਖੇਪ. "ਜਹਿ ਸਾਧੂ ਸੰਤਨ ਹੋਵਹਿ ਇਕਤ੍ਰ." (ਧਨਾ ਮਃ ੫) "ਸੰਤਨਾ ਕੈ ਚਰਨਿ ਲਾਗ." (ਆਸਾ ਮਃ ੫. ਪੜਤਾਲ) ੨. ਸੰਤਾਂ ਨੂੰ. "ਹਰਿਸੰਤਨ ਕਰਿ ਨਮੋ ਨਮੋ." (ਗਉ ਅਃ ਮਃ ੫) ੩. ਸੰ. शन्तनु ਸ਼ੰਤਨੁ. ਸ਼ਰੀਰ ਦੇ ਸੁਖ ਦਾ ਸਾਧਨ. "ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲਿ." (ਬਿਲਾ ਮਃ ੫)

ਸੰਤਨਾ: ਦੇਖੋ, ਸੰਤਨ.

ਸੰਤਨੁ: ਦੇਖੋ, ਸਾਂਤਨੁ.

ਸੰਤਨੇਯ: ਦੇਖੋ, ਸਾਂਤਨੁ. "ਭਯੋ ਤੌਨ ਕੇ ਬੰਧ ਮੇ ਸੰਤਨੇਯੰ। ਭਏ ਤਾਹਿ ਕੇ ਕਉਰਓ ਪਾਂਡਵੇਯੰ." (ਗ੍ਯਾਨ) ੨. ਦੇਖੋ, ਸਾਂਤਨੇਯ.

---

[300] ਦੂਜਾ ਪੈਰ ਜਿਲਾ ਕੋਹਾਟ ਦੇ ਮਖਡਾਂ ਪਿੰਡ ਵਿੱਚ ਮੈਹਤਿਆਂ ਦੀ ਗਲੀ ਹੈ.

ਸੰਤਪਤ: ਸੰ. संतप्त ਵਿ- ਬਹੁਤ ਤਪਿਆ ਹੋਇਆ। ੨. ਅਤਿ ਦੁਖੀ.

ਸੰਤਪਿਆਰ: ਸੰਤਾਂ ਦਾ ਪਿਆਰ। ੨. ਸ਼ਾਂਤਿਪ੍ਰਿਯ. ਸ਼ਾਂਤਿ ਦਾ ਪਿਆਰਾ.

ਸੰਤਪ੍ਰਸਾਦਿ: ਸੰਤ ਦੀ ਕ੍ਰਿਪਾ ਨਾਲ. ਸਾਧੁ ਦਯਾ ਸੇ. "ਸੰਤਪ੍ਰਸਾਦਿ ਹਰਿ ਕੀਰਤਨ ਗਾਉ." (ਗਉ ਮਃ ੫)

ਸੰਤਬਹਲ: ਦੇਖੋ, ਬਹਲ.

ਸੰਤਮੰਡਲ, ਸੰਤਮੰਡਲੀ: ਗੁਰੁਸਿੱਖਾਂ ਦਾ ਜੋੜ ਮੇਲ. ਸਿੱਖ ਸਭਾ. "ਸੰਤਮੰਡਲ ਮਹਿ ਨਿਰਮਲ ਕਥਾ." (ਭੈਰ ਮਃ ੫) ੨. ਸਾਧੁ ਸਮਾਜ.

ਸੰਤਮੰਤ, ਸੰਤਮੰਤੁ, ਸੰਤਮੰਤ੍ਰ: ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕੀਤਾ ਗੁਰੁਮੰਤ੍ਰ। ੨. ਸਾਧੁਸਿਖ੍ਯਾ.

ਸੰਤਰਾ: ਦਖੋ, ਸੰਗਤਰਾ ਅਤੇ ਰੰਗਤਰਾ.

ਸੰਤਰੀ: ਅੰ. Sentry. ਪਹਿਰਾ ਦੇਣ ਵਾਲਾ ਸਿਪਾਹੀ.

ਸੰਤਰੇਣੁ: ਇੱਕ ਵਿਰਕ੍ਤ ਸਾਧੁ, ਵਿਦ੍ਯਾ ਪ੍ਰਚਾਰਕ ਸੰਤ ਮੰਡਲੀ ਦਾ ਮਹੰਤ ਸੀ. ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸੇ ਦੀ ਜਮਾਤ ਨੂੰ ਕਈ ਦਿਨ ਦੀ ਭੁੱਖੀ ਦੇਖਕੇ ਘਰੋਂ ਸੌਦੇ ਲਈ ਲਿਆਂਦੇ ਵੀਹ ਰੁਪਏ ਅਰਪੇ ਸਨ.[301] ਜਿਸ ਥਾਂ ਇਹ ਘਟਨਾ ਹੋਈ ਹੈ ਉਸ ਥਾਂ ਦਾ ਨਾਉਂ ਹੁਣ "ਖਰਾ ਸੌਦਾ" ਹੈ. ਦੇਖੋ, ਚੂਹੜ ਕਾਣਾ। ੨. ਸੰਤਾਂ ਦੀ ਚਰਣਰਜ. ਚਰਣਧੂੜ.

ਸੰਤਲਾ: ਦੇਖੋ, ਸੀਤਲਾ.

ਸੰਤਾਉਣਾ: ਕ੍ਰਿ- ਸੰਤਪਤ ਕਰਨਾ. ਤਪਾਉਣਾ. ਦੁਖੀ ਕਰਨਾ. "ਨਾ ਤਿਸੁ ਕਾਲ ਸੰਤਾਇ." (ਸ੍ਰੀ ਅਃ ਮਃ ੧) "ਦੂਤ ਨ ਸਕੈ ਸੰਤਾਈ." (ਗੂਜ ਅਃ ਮਃ ੧)

ਸੰਤਾਨ: ਸੰ. सन्तान ਸੰਗ੍ਯਾ- ਔਲਾਦ. ਵੰਸ਼। ੨. ਕਲਪ ਬਿਰਛ. ਸੁਰਤਰੁ. "ਜਾਨਿਯੋ ਸੰਤਾਨ ਕੇ ਸਮਾਨ ਬਨੈ ਅਬਨ, ਦਾਨੀ ਮਨ ਕਾਮਨਾ, ਨ ਦਾਨੀ ਮੋਖ ਗ੍ਯਾਨ ਹੈ." (ਨਾਪ੍ਰ) ੩. ਵਿਸਤਾਰ. ਫੈਲਾਉ। ੪. ਇੰਤਜਾਮ. ਪ੍ਰਬੰਧ। ੫. ਨਿੱਤ ਵਹਿਣ ਵਾਲਾ ਜਲ ਦਾ ਪ੍ਰਵਾਹ.

ਸੰਤਾਨੀ: ਵਿ- ਸੰਤਾਂ ਦੀ. "ਜਿਨਿ ਰਾਖੀ ਆਨ ਸੰਤਾਨੀ." (ਸਾਰ ਮਃ ੫) ੨. ਸੰਤਾਨ (ਔਲਾਦ) ਵਾਲਾ.

ਸੰਤਾਪ: ਸੰ. ਸੰਗ੍ਯਾ- ਜਲਨ. ਸੇਕ. ਤਾਉ। ੨. ਦੁੱਖ. ਕਲੇਸ਼। ੩. ਜ੍ਵਰ. ਬੁਖ਼ਾਰ. "ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ." (ਵਾਰ ਰਾਮ ੨. ਮਃ ੫) ੪. ਪਸ਼ਚਾਤਾਪ. ਪਛਤਾਵਾ. "ਭਿਖਿਆ ਭੋਜਨ ਕਰੈ ਸੰਤਾਪ." (ਵਾਰ ਰਾਮ ੧. ਮਃ ੧)

ਸੰਤਾਪਨ: ਸੰ. ਸੰਗ੍ਯਾ- ਦੁੱਖ ਦੇਣ ਦੀ ਕ੍ਰਿਯਾ. ਤਪਾਉਣਾ.

---

[301] ਕਿਤਨੇ ਅਞਾਣ ਅਤੇ ਚਾਲਾਕ ਲੇਖਕਾਂ ਨੇ ਸੰਤਰੇਣੁ ਨੂੰ ਗੁਰੂ ਨਾਨਕ ਦੇਵ ਦਾ ਗੁਰੂ ਲਿਖਿਆ ਹੈ. ਗੁਰੂ ਨਾਨਕ ਦੇਵ ਆਪਣੇ ਗੁਰੂ ਬਾਬਤ ਸ਼੍ਰੀ ਮੁਖਵਾਕ ਉੱਚਾਰਣ ਕਰਦੇ ਹਨ-"ਅਪਰੰਪਰੁ ਪਾਰਬ੍ਰਹਮ ਪਰਮੇਸੁਰ ਨਾਨਕ ਗੁਰ ਮਿਲਿਆ ਸੋਈ ਜੀਉ." (ਸੋਰ ਮਃ ੧) ਸੰਤਰੇਣੁ ਬਾਬਤ ਦੇਖੋ, ਗੁਰੁ ਨਾਨਕ ਪ੍ਰਕਾਸ਼ ਵਿੱਚ-
ਸੰਤਰੇਣੁ ਦੇ ਚੇਲਿਆਂ ਵੱਲੋਂ ਪ੍ਰਸ਼ਨ-
"ਆਰਬਲਾ ਲਘੁ ਬਾਲ ਸੁਚਾਲੀ। ਗਿਰਾ ਵਿਰਾਗ ਭਗਤਿ ਭਲ ਸਾਲੀ. ਤਮ ਸੋਂ ਆਨ ਕੀਨ ਬਹੁ ਭਾਊ। ਮ੍ਰਿਦੁਲ ਕ੍ਰਿਪਾਲੁ ਵਿਸਾਲ ਸੁਭਾਊ। ਭੋਜਨ ਸੋਜ ਆਨ ਜਬ "ਬੈਸੇ। ਚਲਨ ਰਜਾਇ ਦੀਨ ਤੁਮ ਕੈਸੇ?"
ਸੰਤਰੇਣੁ ਦਾ ਉੱਤਰ-
ਸੁਨ ਮਹੰਤ ਬੋਲ੍ਯੋ ਬਰ ਬਾਨੀ। ਇਹ ਕੋ ਪਰਮਪੁਰਖ ਸੁਖਦਾਨੀ।
ਕਲਾਵਾਨ ਘ੍ਯਾਨੀ ਗੁਨਖਾਨੀ। ਦੁਰਯੋ ਰਹੈ ਗਤਿ ਪਰੈ ਨ ਜਾਨੀ।
ਭਯੋ ਅਸਹਿ ਮਮ ਤੇਜ ਪ੍ਰਭਾਊ. ਯਾਤੇ ਦੀਨੀ ਜਾਨ ਰਜਾਊ." (ਨਾਪ੍ਰ ਪੂਰਵਾਰਧ, ਅਃ ੧੫)

ਸੰਤਾਪੀ: ਸੰ. सन्तापिन ਵਿ- ਸੰਤਾਪ (ਦੁੱਖ) ਦੇਣ ਵਾਲਾ. ਤਪਾਉਣ ਵਾਲਾ.

ਸੰਤੁ: ਦੇਖੋ, ਸੰਤ ਅਤੇ ਸੰਤੈ.

ਸੰਤੁਸਟ, ਸੰਤੁਸਟੁ, ਸੰਤੁਸ੍ਰ: ਸੰ. संतुष्ट ਵਿ- ਬਹੁਤ ਤੁਸ਼੍ਰ (ਪ੍ਰਸੰਨ). ਨਿਹਾਯਤ ਖੁਸ਼. ਦੇਖੋ, ਤੁਸ਼ ਧਾ. "ਗੁਰਸਿਖਾ ਕਉ ਹਰਿ ਸੰਤੁਸਟੁ ਹੈ." ( ਵਾਰ ਵਡ ਮਃ ੪) ੨. ਅਤਜੰ ਸੰਤੋਖੀ. "ਯਥਾ ਲਾਭ ਸੰਤੁਸ੍ਰ ਵਿਚਾਰੈ." (ਗੁਪ੍ਰਸੂ)

ਸੰਤੈ: ਸੰਤ ਨੂੰ. "ਸੰਤੈ ਸੰਤੁ ਮਿਲੈ ਮਨੁ ਬਿਗਸੈ." (ਨਟ ਅਃ ਮਃ ੪)

ਸੰਤੋਸ, ਸੰਤੋਖ: ਸੰ. संतोष ਸੰਤੋਸ਼. ਸੰਗਯਾ- ਸਬਰ. ਲੋਭ ਦਾ ਤਿਆਗ. "ਮਨਿ ਸੰਤੋਖੁ ਸਬਦਿ ਗੁਰ ਰਾਜੇ." (ਰਾਮ ਮਃ ੫) ੨. ਪ੍ਰਸੰਨਤਾ. ਆਨੰਦ. "ਕੋਮਲ ਬਾਣੀ ਸਭ ਕਉ ਸੰਤੋਖੈ." (ਗਉ ਥਿਤੀ ਮਃ ੫) ਦੇਖੋ, ਤੁਸ ਅਤੇ ਤੋਖ.

ਸੰਤੋਖਸਰ: ਦੇਖੋ, ਅਮ੍ਰਿਤਸਰ। ੨. ਸੰਤੋਖ ਦਾ ਤਾਲ. "ਤੇ ਨਾਏ ਸੰਤੋਖ ਗੁਰ ਸਰਾ." (ਬਿਲਾ ਮਃ ੪)

ਸੰਤੋਖ ਸਰਿ: ਸੰਤੋਖ ਰੂਪ ਨਦੀ. "ਤੇ ਗੁਰੁ ਸੰਤੋਖ ਸਰਿ ਨਾਤੇ." (ਗਉ ਮਃ ੪) ੨. ਸੰਤੋਖ ਰੂਪ ਸਰ (ਤਾਲ) ਵਿੱਚ.

ਸੰਤੋਖ ਸਿੰਘ: ਭਾਈ ਦੇਵਾ ਸਿੰਘ[302] ਜੀ ਬੂੜੀਆ (ਜਿਲਾ ਅੰਬਾਲਾ) ਨਿਵਾਸੀ ਸਤਸੰਗੀ ਪਰਖ ਸਨ ਇਹ ਸੰਤ ਕਰਮ ਸਿੰਘ ਨਿਰਮਲੇ ਦੀ ਸੰਗਤਿ ਕਰਕੇ ਵੇਦਾਂਤ ਅਤੇ ਗੁਰਬਾਣੀ ਦੇ ਗਜਾਤਾ ਹੋਏ. ਵਿਦਜਾ ਦੀ ਰੁਚੀ ਇਨ੍ਹਾਂ ਨੂੰ ਪ੍ਰੇਰਕੇ ਸ੍ਰੀ ਅਮ੍ਰਿਤਸਰ ਜੀ ਲੈ ਆਈ. ਉਸੇ ਥਾਂ ਇਨ੍ਹਾਂ ਦੇ ਘਰ ਭਾਈ ਸੰਤੋਖ ਸਿੰਘ ਜੀ ਦਾ ਜਨਮ ਸੰਮਤ ੧੮੪੫ ਵਿੱਚ ਹੋਇਆ.[303] ਇਨ੍ਹਾਂ ਨੇ ਅਮ੍ਰਿਤਸਰ ਜੀ ਦੇ ਪ੍ਰਸਿੱਧ ਗਜਾਨੀ ਸੰਤ ਸਿੰਘ ਜੀ ਤੋਂ ਕਾਵਜ ਵਿਦਯਾ ਪੜ੍ਹੀ.[304] ਭਾਈ ਸੰਤੋਖ ਸਿੰਘ ਜੀ ਕਾਵਜ ਦੇ ਪੂਰਣ ਪੰਡਿਤ ਅਤੇ ਕਵਿਤਾ ਰਚਣ ਦੀ ਅਲੌਕਿਕ ਸ਼ਕਤਿ ਰਖਦੇ ਸਨ. ਆਪ ਨੇ ਬੂੜੀਏ ਵਿੱਚ ਰਹਿਕੇ ਅਮਰਕੋਸ਼ ਦਾ ਉਲਥਾ ਕੀਤਾ ਅਤੇ ਸੰਮਤ ੧੮੮੦ ਵਿੱਚ "ਗੁਰੁ ਨਾਨਕ ਪ੍ਰਕਾਸ਼" ਪੁਸਤਕ ਰਚਿਆ. ਇਸ ਤੋਂ ਪਿੱਛੋਂ ਇਹ ਮਹਾਰਾਜਾ ਕਰਮ ਸਿੰਘ ਜੀ ਪਾਸ ਪਟਿਆਲੇ ਜਾ ਨੌਕਰ ਹੋਏ. ਸੰਮਤ ੧੮੮੨ ਵਿੱਚ ਕੈਥਲਪਤਿ ਭਾਈ ਉਦਯ ਸਿੰਘ ਜੀ ਨੇ ਇਨ੍ਹਾਂ ਨੂੰ ਮਹਾਰਾਜਾ ਪਟਿਆਲਾ ਤੋਂ ਮੰਗਕੇ ਲੈ ਲਿਆ ਅਤੇ ਬਡੇ ਸਨਮਾਨ ਨਾਲ ਆਪਣੇ ਪਾਸ ਰੱਖਿਆ.

ਕੈਥਲ ਵਿੱਚ ਰਹਿਕੇ ਭਾਈ ਸਾਹਿਬ ਨੇ ਸੰਮਤ ੧੮੮੬ ਵਿੱਚ ਜਪੁਜੀ ਦਾ ਟੀਕਾ ਗਰਬਗੰਜਨੀ ਰਚਿਆ ਅਤੇ ਭਾਈ ਉਦਯ ਸਿੰਘ ਜੀ ਦੇ ਨੌਕਰ ਪੰਡਿਤਾਂ ਦੀ ਸਹਾਇਤਾ ਨਾਲ ਕਵੀ ਜੀ ਨੇ ਬਹੁਤ ਪੁਸਤਕ ਹਿੰਦੀ ਮਿਲੀ ਪੰਜਾਬੀ ਭਾਸ਼ਾ ਵਿਚ ਬਣਾਏ ਅਤੇ ਨੌ ਸਤਿਗੁਰਾਂ ਦੀ ਪਵਿਤ੍ਰ ਜੀਵਨਕਥਾ "ਗੁਰਪ੍ਰਤਾਪ ਸੂਰਯ" ਨਾਮਕ ਗ੍ਰੰਥ ਵਿੱਚ ਲਿਖੀ, ਜੋ ਸੰਮਤ ੧੯੦੦ ਦੇ ਅੰਤ ਵਿੱਚ ਸਮਾਪਤ ਹੋਇਆ. ਇਸੇ ਸਾਲ ਭਾਈ ਸੰਤੋਖ ਸਿੰਘ ਜੀ ਕੈਥਲ ਵਿੱਚ ਗੁਰੁਪੁਰਿ ਪਧਾਰੇ.

ਭਾਈ ਸਾਹਿਬ ਗ੍ਰੰਥਰਚਨਾ ਦਾ ਜਿਕਰ ਆਪਣੀ ਕਲਮ ਤੋਂ ਇਉਂ ਲਿਖਦੇ ਹਨ-

ਪੂਰਬ ਮੈ ਸ਼੍ਰੀ ਨਾਨਕ ਕਥਾ।

ਛੰਦਨ ਬਿਖੈ ਰਚੀ ਮਤਿ ਯਥਾ।

ਰਹਜੋ ਚਾਹਤੋ ਗੁਰੁਨ ਬ੍ਰਿਤਾਂਤ।

ਨਹਿ ਪਾਯੋ ਤਿਸ ਤੇ ਪਸ਼ਚਾਤ।

ਕਰਮ ਕਾਲ ਤੇ ਕੈਥਲ ਆਏ।

ਥਿਤ ਹਨਐ ਜਪੁਜੀ ਅਰਥ ਬਨਾਏ।

---

[302] ਦੇਵਾ ਸਿੰਘ ਜੀ ਦੇ ਬਜ਼ੁਰਗ ਛੀਂਬਾ ਜਾਤਿ ਤੋਂ ਖਾਲਸਾ ਧਰਮ ਵਿੱਚ ਆਏ ਸਨ.

[303] "ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮ." (ਨਾਪ੍ਰ)

[304] "ਸੰਤ ਸਿੰਘ ਗੁਰੁ ਅੱਖਰ ਦਾਤਾ. ਨਮੋ ਕਰੋ ਤਿਨ ਪਦ ਜਲਜਾਤਾ।।" (ਗੁਪ੍ਰਸੂ)

ਬਾਲਮੀਕਿ ਕ੍ਰਿਤ ਕਥਾ ਸੁਨੀ ਜਬ।
ਛੰਦਨ ਬਿਖੈ ਰਚੀ ਹਮ ਸਭ ਤਬ।
ਪੁਨ ਵਿਦਾਂਤ ਕੋ ਗ੍ਰੰਥ ਮਹਾਨਾ।
ਉਪਨਿਸ਼ਦਨ ਕੋ ਜਹਿ ਵਖ੍ਯਾਨਾ।
ਆਤਮ ਕੋ ਪੁਰਾਣ ਜਿਸ ਨਾਮ।
ਸਕਲ ਬਨਾਯੋ ਸੋ ਅਭਿਰਾਮ।
ਚਾਹਤ ਭਯੇ ਆਪ ਗੁਰੁ ਜਬਹੂੰ।
ਭਾਸੰਚਯ ਦਸ ਗੁਰੁ ਯਸ ਤਬ ਹੂੰ
ਹੇਰ ਉਮੰਗ ਮੋਹਿ ਮਨ ਆਈ।
ਕਰਨ ਲਗ੍ਯੋ ਇਹ ਗ੍ਰੰਥ ਸੁਹਾਈ।
ਪੂਰਵਾਰਧ ਉਤ੍ਰਾਰਧ ਦੋਇ।
ਕਥਾ ਬਨੀ ਗੁਰੁ ਨਾਨਕ ਸੋਇ।
ਵਰਣ ਦ੍ਵਾਦਸ ਰਾਸਿ ਅਗਾਰੀ।
ਨਵਮ ਗੁਰੂ ਲਗ ਕਥਾ ਸੁਧਾਰੀ।
ਖਟ ਰਿਤੁ ਯੁਕਤ ਬਨੇ ਯੁਗ ਅਯਨ।
ਸ਼੍ਰੀ ਗੁਬਿੰਦ ਸਿੰਘ ਗਾਥਾ ਅਯਨ।
ਭਏ ਪ੍ਰਕਰਣ ਸਰਬ ਕੇ ਬਾਈ।
ਨੌ ਰਸ ਤੇ ਪੂਰਨ ਸੁਖਦਾਈ।
ਸ਼੍ਰੀ ਗੁਰੁ ਕੀ ਗਾਥਾ ਸੁਭ ਗੰਗਾ।
ਛੰਦ ਉਮੰਦ ਉਤੰਗ ਤਰੰਗਾ।
ਰਾਮਕੁੱਵਰ ਗਿਰਿਵਰ ਤੇ ਨਿਕਸੀ।
ਸਿੱਖਨ ਵਿਖੈ ਜਗਤ ਮੇ ਵਿਗਸੀ।
ਸੂਨ ਸੂਨ ਗ੍ਰਹਿ ਆਤਮਾ ਸੰਮਤ[305] ਆਦਿ ਪਛਾਨ,
ਮਧੂ ਮਾਸ[306] ਸਤ੍ਰੁਨ ਕਰ ਭਾ ਉਤਪਾਤ ਮਹਾਨ,
ਪਰੀ ਲੂਟ ਕਪਿਥਲ[307] ਵਿਖੈ ਮਿਲੇ ਚੋਰ ਵਟਪਾਰ,

---

[305] ਸੰਮਤ ਬਿਕ੍ਰਮੀ ੧੯੦੦.
[306] ਚੇਤ ਦਾ ਮਹੀਨਾ.
[307] ਕੈਥਲ.

ਆਪ ਆਪ ਕੋ ਭਜਚਲੇ ਤਜ ਪੁਰ ਸਭ ਇਕ ਬਾਰ,

ਸਾਵਨ ਮਹਿ ਇਸ ਗ੍ਰੰਥ ਕੀ ਭਈ ਸਮਾਪਤਿ ਆਏ,

ਵਿਘਨ ਵ੍ਰਿੰਦ ਤੇ ਬਚਰਹੇ ਸ਼੍ਰੀ ਕਰਤਾਰ ਸਹਾਇ. (ਗੁਪ੍ਰਸੂ)

ਕਵਿਰਾਜ ਜੀ ਦੇ ਬਣਾਏ ਹੋਏ ਪ੍ਰਸਿੱਧ ਪੁਸਤਕ ਇਹ ਹਨ-

(੧) ਅਮਰਕੋਸ਼. (੨) ਗੁਰੁ ਨਾਨਕ ਪ੍ਰਕਾਸ਼ ਸੰਮਤ ੧੮੮੦. (੩) ਜਪੁਜੀ ਸਾਹਿਬ ਦਾ "ਗਰਬ ਗੰਜਨੀ ਟੀਕਾ" ਜੋ ਸੰਮਤ ੧੮੯੬ ਵਿੱਚ ਸਮਾਪਤ ਕੀਤਾ. (੪) ਆਤਮ ਪੁਰਾਣ ਦਾ ਉਲਥਾ. (੫) ਵਾਲਮੀਕਿ ਰਾਮਾਯਣ ਦਾ ਉਲਥਾ ੧੮੯੧. (੬) ਗੁਰੁ- ਪ੍ਰਤਾਪ ਸੂਰਯ (ਸੂਰਜ ਪ੍ਰਕਾਸ਼) ਸੰਮਤ ੧੯੦੦.

ਭਾਈ ਸਾਹਿਬ ਨੂੰ ਗੁਰੁਮਤ ਵਿੱਚ ਪੂਰੀ ਸ਼੍ਰੱਧਾ ਅਤੇ ਪ੍ਰੇਮ ਸੀ, ਪਰ ਪੰਡਿਤਾਂ ਦੀ ਸੰਗਤਿ ਅਤੇ ਪ੍ਰੇਰਣਾ ਦ੍ਵਾਰਾ ਕਿ ਜੇ ਆਪ ਗੁਰੂਆਂ ਦੀ ਕਥਾ ਨੂੰ ਪੁਰਾਣਰੀਤੀ ਅਨੁਸਾਰ ਅਵਤਾਰਾਂ ਜੇਹੀ ਲਿਖੋਗੇ ਅਤੇ ਸ਼ਾਸਤ੍ਰਾਂ ਤੋਂ ਵਿਰੁੱਧ ਆਪ ਦੇ ਪੁਸਤਕ ਨਹੀਂ ਹੋਣਗੇ, ਤਾਂ ਉਨ੍ਹਾਂ ਦਾ ਬਹੁਤ ਪ੍ਰਚਾਰ ਹੋਊ ਅਤੇ ਸਭ ਆਪ ਦੀ ਰਚਨਾ ਨੂੰ ਆਦਰ ਨਾਲ ਪੜ੍ਹਨਗੇ, ਕਈ ਥਾਈਂ ਟੱਪਲਾ ਖਾ ਗਏ ਹਨ. ੨. ਦਸ਼ਮੇਸ਼ ਜੀ ਦਾ ਅਨੰਨ ਭਗਤ ਇੱਕ ਸਿੰਘ, ਜਿਸ ਨੂੰ ਜੋਤੀ ਜੋਤਿ ਸਮਾਉਣ ਸਮੇਂ ਅਬਿਚਲਨਗਰ ਜਥੇਦਾਰ ਥਾਪਕੇ ਦੇਗ ਚਲਾਉਣ ਦੀ ਆਗਜਾ ਕੀਤੀ, ਯਥਾ-

"ਇਕ ਸੰਤੋਖ ਸਿੰਘ ਯੁਤ ਰਹਿਤ।

ਤਿਸ ਸੰਗ ਬੋਲੇ ਕਰੁਣਾ ਸਹਿਤ।

ਇਸ ਥਲ ਰਹੋ ਦੇਗ ਬਰਤਾਵਹੁ।

ਸ਼੍ਰੱਧਾ ਯੁਤ ਸੋ ਸਿੰਘ ਟਿਕਾਵਹੁ।"

(ਗੁਪ੍ਰਸੂ)

ਸੰਤੋਖਣਾ: ਕ੍ਰਿ- ਸੰਤੁਸ਼੍ਰ (ਪ੍ਰਸੰਨ) ਕਰਨਾ। ੨. ਖ਼ਾ. ਪੁਸ੍ਤਕ ਨੂੰ ਰੁਮਾਲਾਂ ਵਿੱਚ ਲਪੇਟਕੇ ਰੱਖਣਾ. ਖ਼ਾਸ ਕਰਕੇ ਇਹ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਲਈ ਵਰਤੀਦਾ ਹੈ.

ਸੰਤੋਖ ਦਾਸ: ਦੇਖੋ. ਅਖਾੜਾ, ਪ੍ਰੀਤਮ ਦਾਸ ਅਤੇ ਬ੍ਰਹਮ ਬੂਟਾ.

ਸੰਤੋਖਪੁਰਾ: ਜਿਲਾ ਅੰਬਾਲਾ ਦੀ ਰਿਆਸਤ ਕਲਸੀਆ ਦੇ ਸ਼ਹਿਰ ਛਛਰੌਲੀ ਤੋਂ ਪੂਰਵ ਦਿਸ਼ਾ ਡੇਢ ਮੀਲ ਡਾਰਪੁਰ ਵਾਲੀ ਸੜਕ ਪਾਸ ਸਰਕਾਰੀ ਬੀੜ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੁਦ੍ਵਾਰਾ ਹੈ. ਪਹਿਲਾਂ ਇੱਥੇ ਕੋਈ ਅਸਥਾਨ ਨਹੀਂ ਸੀ. ਸਨ ੧੯੨੦ ਦੇ ਨਵੰਬਰ ਮਹੀਨੇ ਦੀ ੧. ਤਾਰੀਖ ਨੂੰ ਸੰਤ ਖਾਲਸਾ ਹਰਨਾਮ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਰਾਹੀਂ ਇਹ ਅਸਥਾਨ ਪ੍ਰਗਟ ਹੋਇਆ ਹੈ. ਇਹ ਗੁਰੁਦ੍ਵਾਰਾ ਰੇਲਵੇ ਸਟੇਸ਼ਨ ਜਗਾਧਰੀ ਤੋਂ ਈਸ਼ਾਨ ਕੋਣ ਅੱਠ ਮੀਲ ਹੈ. ਪੱਕੀ ਸੜਕ ਜਾਂਦੀ ਹੈ. ਪੋਹ ਸੁਦੀ ੭. ਨੂੰ ਮੇਲਾ ਹੁੰਦਾ ਹੈ.

ਸੰਤੋਖਮਠ, ਸੰਤੋਖਮੜੀ, ਸੰਤੋਖਮਾੜੀ: ਸੰਤੋਖ ਦਾ ਮੰਦਿਰ. ਸੰਤੋਖ ਦਾ ਨਿਵਾਸ। ੨. ਸੰਤੋਖਰੂਪ ਮਠ "ਭਿਖਿਆ ਨਾਮੁ ਸੰਤੋਖਮੜੀ." (ਵਾਰ ਮਾਰੂ ੧. ਮঃ ੩)

ਸੰਤੋਖੀ: ਸੰ. सन्तोषिन ਵਿ- ਸੰਤੋਖ ਵਾਲਾ. ਸਾਬਰ. ਲੋਭ ਦਾ ਤਿਆਗੀ.

ਸੰਤੋਖੀਈ: ਸੰਤੋਸ਼ੀਆਂ ਨੇ. "ਸੇਵ ਕੀਤੀ ਸੰਤੋਖੀ." (ਵਾਰ ਆਸਾ)

ਸੰਤੋਖੁ: ਦੇਖੋ, ਸੰਤੋਖ.

ਸ਼ੰਥਾ, ਸੰਥਿਆ: ਸੰ ਸੰਸ੍ਥਾ- ਸੰਸ੍ਥਾ. ਸੰਗਯਾ- ਚੰਗੀ ਤਰਾਂ ਠਹਿਰਨ ਦਾ ਭਾਵ. ਟਿਕਾਉ. ਇਸਥਿਤੀ। ੨. ਮਨ ਇੰਦ੍ਰੀਆਂ ਨੂੰ ਟਿਕਾਕੇ ਵਿਦ੍ਯਾ ਗ੍ਰਹਿਣ ਕਰਨ ਦੀ ਕ੍ਰਿਯਾ। ੩. ਮਰਨਾ.

ਸੰਦ: ਸੰ ਸਨ੍ਦ ਸੰਗ੍ਯਾ- ਜੋ ਚੰਗੀ ਤਰਾਂ ਖੰਡਨ ਕਰੇ. ਔਜਾਰ. ਹਥਿਆਰ.

ਸੰਦਉਰਾ: ਦੇਖੋ, ਸਿੰਦਉਰਾ ਅਤੇ ਸੰਧਉਰਾ.

ਸੰਦਲ: ਅ਼. صندل ਸੰਦਲ. ਸੰਗ੍ਯਾ- ਚੰਦਨ. ਸੁਗੰਧਦ.

ਸੰਦਲੀ: ਵਿ- ਸੰਦਲ ਰੰਗਾ. "ਸੁਭੇ ਸੰਦਲੀ ਬਾਜਿ ਰਾਜੀ." (ਪਾਰਸਾਵ) ੨. ਸੰਦਲ ਦਾ. ਚੰਦਨ ਦਾ। ੩. ਸੰਗ੍ਯਾ- ਲੰਮੇ ਪੈਰਾਂ ਵਾਲੀ ਟਿਕਟਿਕੀ, ਜੋ ਮਕਾਨਾਂ ਵਿੱਚ ਰੰਗ ਰੋਗਨ ਕਰਨ ਲਈ ਵਰਤੀਦੀ ਹੈ। ੪. ਦੇਖੋ, ਫੂਲ ਵੰਸ਼.

ਸੰਦੜਾ, ਸੰਦੜੀ, ਸੰਦਾ: ਵ੍ਯ- ਦਾ. ਦੀ. ਕਾ. ਕੀ. "ਬਿਰਦ ਸੁਆਮੀ ਸੰਦਾ." (ਬਿਹਾ ਛੰਤ ਮਃ ੫) "ਕਰਮਾ ਸੰਦੜਾ ਖੇਤ." (ਮਾਝ ਬਾਰਹਮਾਹਾ) "ਮੰਦਰ ਮਿਟੀ ਸੰਦੜੇ." (ਸੂਹੀ ਮਃ ੧. ਕੁਚਜੀ) "ਕੁੰਨੈ ਹੇਠਿ ਜਲਾਈਐ ਬਾਲਣ ਸੰਦੈ ਥਾਇ." (ਸ. ਫਰੀਦ) ੨. ਸੰ. ਸਾਨ੍ਦ੍ਰ ਸਾਂਦ੍ਰ ਸ਼ਬਦ ਦੀ ਥਾਂ ਭੀ ਸੰਦੜਾ ਪਦ ਆਇਆ ਹੈ. ਸਾਂਦ੍ਰ ਦਾ ਅਰਥ ਹੈ ਸੰਘਣਾ ਅਤੇ ਜੰਗਲ. "ਖਾਵਣ ਸੰਦੜੈ ਸੂਲ." (ਵਾਰ ਗਉ ੨. ਮਃ ੫) ਔਝੜ ਵਿੱਚ ਕੰਡੇ ਖਾਂਦੇ ਹਨ। ੩. ਦੇਖੋ, ਵਾਊਸੰਦੇ.

ਸੰਦਿਗਧ: ਸੰ. ਸਨ੍ਦਿਗ੍ਧ ਵਿ- ਸੰਦੇਹ (ਸ਼ੱਕ) ਹੋਵੇ ਜਿਸ ਵਿੱਚ. ਮਸ਼ਕੂਕ.

ਸੰਦੀ: ਸੰਦਾ ਦਾ ਇਸਤ੍ਰੀ ਲਿੰਗ. ਦੀ. ਕੀ. "ਮਾਣਸ ਸੰਦੀ ਆਸ." (ਮਾਝ ਬਾਰਹਮਾਹਾ) ੨. ਸਨ੍ਦੀ. ਸੰਗ੍ਯਾ- ਮੰਜਾ. ਖਾਟ.

ਸੰਦੀਪਨ: ਸੰ. ਸੰਗ੍ਯਾ- ਸੰ- ਦੀਪਨ. ਪ੍ਰਜ੍ਵਲਿਤ ਕਰਨਾ. ਮਚਾਉਣਾ. ਰੌਸ਼ਨ ਕਰਨਾ। ੨. ਇੱਕ ਵਿਦ੍ਵਾਨ ਬ੍ਰਾਹਮਣ, ਜੋ ਸਾਂਦੀਪਨਿ ਦਾ ਪਿਤਾ ਸੀ. ਦੇਖੋ, ਸਾਂਦੀਪਨਿ ਅਤੇ ਸੰਦੀਪਨਿ.

ਸੰਦੀਪਨਿ, ਸੰਦੀਪਨੀ: ਸੰ. ਸਾਨ੍ਦੀਪਨਿ ਅਵੰਤਿ ਨਗਰ ਨਿਵਾਸੀ ਸੰਦੀਪਨ ਦਾ ਪੁਤ੍ਰ ਇੱਕ ਵਿਦ੍ਵਾਨ ਰਿਖੀ, ਜੋ ਕਾਸ਼ੀ ਵਿੱਚ ਰਹਿੰਦਾ ਸੀ, ਜਿਸ ਨੇ ਬਲਰਾਮ ਅਤੇ ਕ੍ਰਿਸ਼ਨ ਜੀ ਨੂੰ ਸ਼ਸਤ੍ਰ- ਸ਼ਾਸਤ੍ਰ ਵਿਦ੍ਯਾ ਸਿਖਾਈ ਸੀ. "ਗੁਰੁ ਪਾਸ ਸੰਦੀਪਨਿ ਕੇ ਤਬ ਹੀ ਇਨ ਥੋਰਨ ਮੇ ਭਲੇ ਜਾਇ ਖਲੇ." (ਕ੍ਰਿਸਨਾਵ) ਇਸ ਨੂੰ ਗੁਰੁ ਦੱਛਣਾ ਦੇਣ ਦੇ ਬਦਲੇ ਕ੍ਰਿਸਨ ਜੀ ਨੇ ਪੰਚਜਨ ਨੂੰ ਮਾਰਿਆ ਸੀ. ਦੇਖੋ, ਪਾਂਚਜਨ੍ਯ.

ਸੰਦੀਲਾ: ਯੂ. ਪੀ. ਵਿੱਚ ਹਰਦੋਈ ਜਿਲੇ ਦੀ ਤਸੀਲ ਦਾ ਪ੍ਰਧਾਨ ਨਗਰ. ਦੇਖੋ, ਸੂਰਦਾਸ ੨.

ਸੰਦੂਕ, ਸੰਦੂਖ: ਅ਼. صندُوق ਸੰਦੂਕ਼. ਬਾਕਸ. Box. ਪੇਟੀ.

ਸੰਦੇਸਰਾ, ਸੰਦੇਸਰੋ, ਸੰਦੇਸੜਾ, ਸੰਦੇਸਾ: (ਸੰ- ਦਿਸ਼). ਦੇਖੋ, ਸਦੇਸਾ. "ਸੁਣ ਸਾਜਨ ਪ੍ਰੇਮ ਸੰਦੇਸਰਾ." (ਵਾਰ ਗਉ ੧. ਮਃ ੪) ੨. ਸੰਦੇਸ਼ਹਰ. ਸੁਨੇਹਾ ਲੈ ਜਾਣ ਵਾਲਾ. ਦੂਤ.

ਸੰਦੇਹ: ਸ੍ਵਦੇਹ. ਆਪਣਾ ਸ਼ਰੀਰ. "ਜੇ ਜੇ ਸਹਿ ਜਾਤਨ ਸੰਦੇਹ." (ਵਿਚਿਤ੍ਰ) ਜੋ ਜੋ ਆਪਣੇ ਸ਼ਰੀਰ ਤੇ ਤਾੜਨਾ ਸਹਾਰਦੇ ਹਨ। ੨. ਸੰ. ਸੰਗ੍ਯਾ- (ਸੰ- ਦਿਹ੍) ਸੰਸਾ. ਸ਼ੱਕ। ੩. ਇੱਕ ਅਰਥਾਲੰਕਾਰ. ਕਿਸੇ ਪਦਾਰਥ ਨੂੰ ਦੇਖਕੇ ਉਸ ਦੀ ਅਸਲੀਅਤ ਨਾ ਜਾਣੀ ਜਾਵੇ, ਕਿੰਤੂ ਸ਼ੱਕ ਬਣਿਆ ਰਹੇ. ਇਹ "ਸੰਦੇਹ" ਅਲੰਕਾਰ ਹੈ. ਇਸ ਵਿੱਚ ਇੱਕ ਕਿਧੌਂ ਕੈਧੌਂ ਅਥਵਾ ਜਾਂ ਆਦਿਕ ਪਦਾਂ ਦਾ ਪ੍ਰਯੋਗ ਹੋਇਆ ਕਰਦਾ ਹੈ.

ਉਦਾਹਰਣ-

ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ?

ਕਿ ਇਹੁ ਮਨੁ ਅਵਰਨ ਸਦਾ ਅਵਿਨਾਸੀ?

ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ?

ਇਸੁ ਮਨ ਕਉ ਮਮਤਾ ਕਿਥਹੁ ਲਾਗੀ?

(ਮਲਾ ਮਃ ੩)

ਕਿਧੌਂ ਦੇਵਕੰਨਜਾ ਕਿਧੌਂ ਵਾਸਵੀ ਹੈ,

ਕਿਧੌਂ ਜੱਛਨੀ ਕਿੰਨਰੀ ਨਾਗਨੀ ਹੈ,

ਕਿਧੌਂ ਗੰਧ੍ਰਵੀ ਦੈਤਜਾ ਦੇਵਤਾ ਸੀ,

ਕਿਧੌਂ ਸੂਰਜਾ ਸੁੱਧ ਸੋਧੀ ਸੁਧਾ ਸੀ,

ਕਿਧੌਂ ਚਿਤ੍ਰ ਕੀ ਪੁਤ੍ਰਿਕਾ ਸੀ ਬਨੀ ਹੈ,

ਕਿਧੌਂ ਸੰਖਿਨੀ ਚਿਤ੍ਰਿਨੀ ਪਦਮਿਨੀ ਹੈ,

ਕਿਧੌਂ ਰਾਗ ਪੂਰੇ ਭਰੀ ਰਾਗਮਾਲਾ,

ਬਰੀ ਰਾਮ ਤੈਸੇ ਸਿਯਾ ਆਜ ਬਾਲਾ.

(ਰਾਮਾਵ)

ਸੰਦੇਹਾ: ਦੇਖੋ, ਸੰਦੇਹ। ੨. ਸਦਸ਼. ਸੁਨੇਹਾ. "ਪਰ ਪਾਯਨ ਅਸ ਦਿਯੋ ਸੰਦੇਹਾ." (ਚਰਿਤ੍ਰ ੩੫੬)

ਸੰਦੋ: ਦੇਖੋ, ਸੰਦਾ.

ਸੰਦੋਹ: ਸੰ. सन्दोह ਸੰਗਯਾ- ਸੰ- ਦੁਹ. ਚੰਗੀ ਤਰਾਂ ਚੋਣ ਦੀ ਕ੍ਰਿਯਾ। ੨. ਸਾਰਾ ਚੋਇਆ ਹੋਇਆ ਦੁੱਧ। ੩. ਵਿ- ਸਭ. ਸੰਪੂਰਣ. ਤਮਾਮ. "ਬੰਦੋਂ ਸੰਤ ਸੰਦੋਹ ਪਦ." (ਨਾਪ੍ਰ)

ਸੰਦੋਰਾ: ਦੇਖੋ, ਸੰਧਉਰਾ.

ਸੰਦ੍ਰਾਵ: ਸੰ. ਸੰਗਯਾ- ਨੱਠਣ (ਦੌੜਨ) ਦੀ ਕ੍ਰਿਯਾ। ੨. ਖਾਸ ਕਰਕੇ ਜੰਗ ਤੋਂ ਭੱਜਣਾ.

ਸੰਧ: ਸੰ. ਸੰਗਯਾ- ਮੇਲ ਮਿਲਾਪ। ੨. ਸੰਧਾ. ਪ੍ਰਤਿਗਯਾ. ਇਕਰਾਰ. ਦੇਖੋ, ਸਤਯਸੰਧ। ੩. ਦੇਖੋ, ਸੰਧਿ.

ਸੰਧਉਰਾ: ਸੰ. सन्धिराग ਸੰਧਿਰਾਗ. ਸਿੰਦੂਰ. ਸੰਧੂਰ.[308] "ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ." (ਗਉ ਕਬੀਰ) ਦੇਖੋ, ਸਿਧਉਰਾ। ੨. ਸੰਧੂਰੀਆ ਰਾਗ. ਦੇਖੋ, ਸੰਧੂਰੀਆ ੨. "ਬਾਜਤ ਰਾਗ ਸੰਧਉਰਾ." (ਸਲੋਹ).

ਸੰਧਕ: ਵਿ- ਸੰਧਿ (ਪਾੜ- ਨਕਬ) ਲਾਉਣ ਵਾਲਾ ਚੋਰ. "ਸੰਧਕ ਤੋਹਿ ਸਾਧੁ ਨਹਿ ਕਹੀਅਉ." (ਬਿਲਾ ਕਬੀਰ) ੨. ਸੰਧਾਨ (ਸਿੰਨ੍ਹਣ) ਵਾਲਾ.

ਸੰਧਾ: ਸੰ. ਸੰਗਯਾ- ਇਸਥਿਤਿ। ੨. ਪ੍ਰਤਿਗਯਾ. ਇਕਰਾਰ। ੩. ਅੰਗੀਕਾਰ. ਸ੍ਵੀਕਾਰ। ੪. ਸ਼ਰਾਬ.

ਸੰਧਾਨ: ਸੰ. ਸੰਗਯਾ- ਚੰਗੀ ਤਰਾਂ ਰੱਖਣ ਦਾ ਭਾਵ। ੨. ਨਿਸ਼ਾਨਾ ਜੋੜਨਾ. ਸ਼ਿਸਤ ਮਿਲਾਉਣੀ. "ਸਰ ਸੰਧੈ ਆਗਾਸ ਕਉ." (ਵਾਰ ਮਾਝ ਮਃ ੨) ੩. ਗਾਈਆਂ ਦੇ ਬੰਨ੍ਹਣ ਦਾ ਮਕਾਨ.

ਸੰਧਾਨੀ: ਸੰਧਾਨ ਕੀਤੀ. ਸਿੰਨ੍ਹੀ. ਦੇਖੋ, ਸੰਧਿਆਨੀ। ੨. ਸੰ. सन्धानी ਸੰਗਯਾ- ਮਿਲਨ ਦੀ ਕ੍ਰਿਯਾ। ੩. ਪ੍ਰਾਪਤੀ। ੪. ਤਲਾਸ਼.

---

[308] ਸੰਧੂਰ ਦਾ ਨਾਉਂ ਸੰਧਿਰਾਗ ਇਸ ਲਈ ਹੈ ਕਿ ਇਸਤ੍ਰੀਆਂ ਕੇਸਾਂ ਦੀ ਚੀਰਣੀ ਕੱਢਕੇ ਇਸਦਾ ਵਿਚਕਾਰ ਰੰਗ ਦਿੰਦੀਆਂ ਹਨ.

ਭਾਲ। ੫. ਪਾਲਨ. ਪਰਵਰਿਸ਼.

ਸੰਧਿ: ਸੰ. ਸੰਗਯਾ- ਸੁਲਹ. ਮਿਲਾਪ। ੨. ਦੋ ਵਸਤੂਆਂ ਨੂੰ ਜੋੜਨ ਦੀ ਕ੍ਰਿਯਾ। ੩. ਸ਼ਰੀਰ ਦੀ ਹੱਡੀਆਂ ਦੇ ਜੋੜ ਵਾਲੀ ਥਾਂ। ੪. ਵ੍ਯਾਕਰਣ ਅਨੁਸਾਰ ਦੋ ਸ਼ਬਦਾਂ ਦੇ ਮਿਲਾਪ ਤੋਂ ਅੱਖਰ ਦਾ ਵਿਕਾਰ, ਜੈਸੇ- ਜਗਤ- ਈਸ਼ ਦਾ ਜਗਦੀਸ਼ ਅਰ ਸੁਰ- ਇੰਦ੍ਰ ਦਾ ਸੁਰੇਂਦ੍ਰ ਆਦਿ। ੫. ਸੰਨ੍ਹ. ਪਾੜ. ਨਕਬ. "ਭਜਤ ਸੰਧਿ ਕੋ ਤਜ ਸਦਨ." (ਚਰਿਤ੍ਰ ੧੦੪) ੬. ਸੰਗਤਿ. "ਗੁਰਮੁਖਿ ਸੰਧਿ ਮਿਲੈ ਮਨ ਮਾਨੈ." (ਗਉ ਅਃ ਮਃ ੧) ੭. ਵਿਸ਼੍ਰਾਮ. ਇਸਥਿਤਿ. "ਤ੍ਰਿਕੁਟਿ ਸੰਧਿ ਮੈ ਪੇਖਿਆ." (ਬਿਲਾ ਕਬੀਰ) ੮. ਭਗ. ਯੋਨਿ। ੯. ਦੋ ਸਮਿਆਂ ਦਾ ਮੇਲ. ਸੰਧ੍ਯਾ. "ਬਰਤ ਸੰਧਿ ਸੋਚ ਚਾਰ." (ਸਾਰ ਮਃ ੫. ਪੜਤਾਲ) ਵ੍ਰਤ, ਸੰਧ੍ਯਾਕਰਮ ਅਤੇ ਸ਼ੌਚਾਚਾਰ.

ਸੰਧਿਆ: ਦੇਖੋ, ਸੰਧਾਨ ਅਤੇ ਸੰਧਾਨੀ. "ਸਰ ਸੰਧਿਆ ਗਾਵਾਰ." (ਵਾਰ ਕਾਨ ਮਃ ੪) ਤੀਰ ਸਿੰਨ੍ਹਿਆ।੨ ਸੰ. ਸੰਧ੍ਯਾ- ਜੰਝ. "ਸੰਧਿਆ ਪ੍ਰਾਤੁ ਇਸਨਾਨ ਕਰਾਹੀ." (ਗਉ ਕਬੀਰ) ੩. ਸੰਧ੍ਯਾਕਰਮ. ਸੂਰਜ ਦੇ ਨਿਕਲਣ ਅਰ ਛਿਪਣ ਦੇ ਸਮੇਂ ਧਰਮਸ਼ਾਸਤ੍ਰ ਅਨੁਸਾਰ ਪ੍ਰਾਣਾਯਾਮ ਜਪ ਆਦਿ ਕਰਮ. "ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤ ਆਵੈ." (ਵਾਰ ਬਿਹਾ ਮਃ ੩)

ਸੰਧਿਆਨੀ: ਦੇਖੋ, ਸੰਧਾਨ ਅਤੇ ਸੰਧਾਨੀ. "ਛੁਰੀ ਸੰਧਿਆਨੀ." (ਪ੍ਰਭਾ ਬੇਣੀ) ਛੁਰੀ ਸਿੰਨ੍ਹੀ ਹੋਈ ਹੈ.

ਸੰਧਿਆਬਾਦੰ: ਸੰ. ਸੰਧ੍ਯਾ ਵੰਦਨ. ਸੰਗ੍ਯਾ- ਸੰਧ੍ਯਾ (ਦੋ ਵੇਲਿਆਂ ਦੇ ਮਿਲਣ) ਸਮੇਂ ਦੇਵਤਾਦਿ ਨੂੰ ਨਮਸਕਾਰ ਕਰਮ. "ਪੜਿ ਪੁਸਤਕ ਸੰਧਿਆਬਾਦੰ." (ਵਾਰ ਆਸਾ)

ਸੰਧਿਕ: ਦੇਖੋ, ਸੰਧਕ। ੨. ਸੰ. सन्धिक ਸੰਨ੍ਹਾਂ (ਜੋੜਾਂ) ਵਿੱਚ ਹੋਣ ਵਾਲਾ ਦਰਦ. ਗਠੀਏ ਦਾ ਇੱਕ ਭੇਦ.

ਸੰਧੀ: ਦੇਖੋ, ਸੰਧਿ.

ਸੰਧੂ: ਇੱਕ ਜੱਟ ਗੋਤ੍ਰ. ਭਾਈ ਬਾਲਾ ਜੀ ਇਸੇ ਜਾਤਿ ਵਿੱਚੋਂ ਸਨ.

ਸੰਧੂਰ: ਸੰ. सिन्दुर ਦੇਖੋ, ਸਿੰਦੂਰ.

ਸੰਧੂਰਨਾ: ਕ੍ਰਿ- ਸੰਧੂਰ ਲਾਉਣਾ। ੨. ਸੰਧੂਰ ਨਾਲ ਸਿੰਗਾਰ ਕਰਨਾ. "ਆਪਿ ਆਪ ਸੰਧੂਰਏ." (ਵਡ ਛੰਤ ਮਃ ੧)

ਸੰਧੂਰੀ: ਵਿ- ਸੰਧੂਰ ਰੰਗਾ. ਸੰਧੂਰੀਆ.

ਸੰਧੂਰੀਆ: ਵਿ- ਸੰਧੂਰ ਰੰਗਾ। ੨. ਸੰਗ੍ਯਾ- ਇੱਕ ਰਾਗ, ਜਿਸ ਦਾ ਨਾਉਂ ਸਿੰਧੂਰਾ ਭੀ ਹੈ. ਸੰਗੀਤ ਵਿੱਚ ਇਸ ਨੂੰ ਹਿੰਡੋਲ ਰਾਗ ਦਾ ਪੁਤ੍ਰ ਮੰਨਿਆ ਹੈ. ਇਹ ਸੰਪੂਰਣ ਜਾਤਿ ਦਾ ਹੈ. ਅਤੇ ਵੀਰ ਰਸ ਵਧਾਉਣ ਵਾਲਾ ਹੈ. ਇਸੇ ਲਈ ਮਾਰੂ ਵਾਙ ਜੰਗ ਵਿੱਚ ਗਾਇਆ ਜਾਂਦਾ ਹੈ. ਇਸ ਵਿੱਚ ਰਿਸ਼ਭ ਅਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ. ਇਸ ਦੇ ਗਾਉਣ ਦਾ ਵੇਲਾ ਗ੍ਯਾਰਾਂ ਘੜੀ ਦਿਨ ਚੜ੍ਹੇ ਤੋਂ ੧੫. ਘੜੀ ਤਕ ਹੈ.

ਸੰਧ੍ਯਾ: ਸੰ. सन्ध्या ਸੰਗ੍ਯਾ- ਚੰਗੀ ਤਰਾਂ ਧਿਆਨ ਕਰੀਏ ਜਿਸ ਸਮੇਂ, ਉਹ ਵੇਲਾ. ਦੇਖੋ, ਸੰਧਿਆ। ੨. ਦੇਖੋ, ਯੁਗ.

ਸੰਧ੍ਯਾਂਸ: ਦੇਖੋ, ਯੁਗ.

ਸੰਨ: ਦੇਖੋ, ਸੰਧਾਨ. "ਬਾਣ ਸਚਾਵਾ ਸੰਨਿਕੈ" (ਵਾਰ ਗੂਜ ੨. ਮਃ ੫) ੨. ਪਾੜ. ਨਕਬ. ਦੇਖੋ, ਸੰਧਿ ਅਤੇ ਸੰਨਿ ਤਥਾ ਸੰਨ੍ਹ। ੩. ਸੰਨਿਪਾਤ ਦੀ ਥਾਂ ਭੀ ਸੰਨ ਸ਼ਬਦ ਵਰਤਿਆ ਹੈ. "ਜਾਫਲ ਸਤਗੁਰੁ ਸਬਦ ਕਰ ਮੋਹ ਸੰਨ ਕਰ ਨਾਸ." (ਨਾਪ੍ਰ) ਦੇਖੋ, ਜਾਫਲ। ੪. ਸੰ. सन्न ਵਿ- ਨਾਸ਼ ਹੋਇਆ। ੫. ਥੱਕਿਆ. ੬. ਡੁੱਬਿਆ.

ਸੰਨਹਨ: ਸੰ. ਸੰ- ਨਹ. ਚੰਗੀ ਤਰਾਂ ਬੰਨ੍ਹਣ ਦੀ ਕ੍ਰਿਯਾ. ਕਸਕੇ ਬੰਨ੍ਹਣਾ। ੨. ਘੋੜੇ ਆਦਿ ਨੂੰ ਰੱਥ ਗੱਡੀ ਵਿੱਚ ਚੰਗੀ ਤਰਾਂ ਜੋਤਣ ਦੀ ਕ੍ਰਿਯਾ.

ਸੰਨਤ: ਸੰਗਯਾ- ਇਸ਼ਾਰਾ. ਸੈਨ. ਸੰਕੇਤ। ੨. ਸੰ. सन्नत ਵਿ- ਸੰ (ਚੰਗੀ ਤਰਾਂ) ਨਤ (ਝੁਕਿਆ ਹੋਇਆ). ਨੰਮ੍ਰ.

ਸੰਨੱਧ: ਸੰ. सन्नद्ध ਵਿ- ਸੰ (ਚੰਗੀ ਤਰਾਂ) ਨੱਧ (ਬੰਨ੍ਹਿਆ ਹੋਇਆ). ੨. ਜਿਸ ਨੇ ਸ਼ਸਤ੍ਰ ਵਸਤ੍ਰ ਕਵਚ ਆਦਿ ਆਪਣੇ ਸ਼ਰੀਰ ਤੇ ਚੰਗੀ ਤਰਾਂ ਬੰਨ੍ਹੇ ਹਨ.

ਸੰਨਾਹ: ਸੰ. सन्नाद्द ਸੰਗਯਾ- ਦੇਖੋ, ਸੰਨਹਨ. ਕਵਚ. ਸੰਜੋਆ. ਵਰਮ. "ਗੁਰਮਤਿ ਸੀਲ ਸੰਨਾਹਾ ਹੇ." (ਮਾਰੂ ਸੋਲਹੇ ਮਃ ੩) "ਰਾਮ ਕਵਚ ਦਾਸ ਕਾ ਸੰਨਾਹੁ." (ਗੌਂਡ ਮਃ ੫) ਰਾਮਮੰਤ੍ਰ ਕਰਤਾਰ ਦੇ ਸੇਵਕਾਂ ਦਾ ਸੰਜੋਆ ਹੈ.

ਸੰਨਾਹਰਿਪੁ: ਸੰਗਯਾ- ਬਰਛੀ. (ਸਨਾਮਾ) ੨. ਜੋ ਸ਼ਸਤ੍ਰ ਸੰਨਾਹ ਨੂੰ ਵਿੰਨ੍ਹ ਦੇਣ, ਉਹ ਸਾਰੇ ਸੰਨਾਹਰਿਪੁ ਹੋ ਸਕਦੇ ਹਨ.

ਸੰਨਾਹੁ: ਦੇਖੋ, ਸੰਨਾਹ.

ਸੰਨਿ: ਸੰਗਯਾ- ਸੰਧਿ. ਪਾੜ. ਨਕਬ. "ਮਾਣਕ ਮੋਤੀ ਨਾਮ ਪ੍ਰਭੁ ਉਨਿ ਲਗੈ ਨਾਹੀ ਸੰਨਿ." (ਮਾਝ ਬਾਰਹਮਾਹਾ) ੨. ਸੰਨਿਪਾਤ ਦਾ ਸੰਖੇਪ. ਦੇਖੋ, ਸੰਨਿਪਾਤ.

ਸੰਨਿਆਸ: ਸੰ. ਸੰਨ੍ਯਾਸ. ਸੰਗਯਾ- ਤ੍ਯਾਗ। ੨. ਸੰਨ੍ਯਾਸ ਆਸ਼੍ਰਮ. ਹਿੰਦੂਮਤ ਅਨੁਸਾਰ ਚੌਥਾ ਆਸ਼੍ਰਮ. "ਬੈਰਾਗ ਕਹੁੰ ਸੰਨਿਆਸ" (ਅਕਾਲ) ੩. ਸੰਨ੍ਯਾਸੀ ਦੀ ਥਾਂ ਭੀ ਸੰਨਿਆਸ ਸ਼ਬਦ ਵਰਤਿਆ ਹੈ. "ਜੋਗੀ ਜੰਗਮ ਅਰੁ ਸੰਨਿਆਸ." (ਬਸੰ ਮਃ ੯)

ਸੰਨਿਆਸੀ: ਸੰ. संन्यासिन् ਸੰਨ੍ਯਾਸੀ. ਵਿ- ਤਿਆਗੀ। ੨. ਸੰਨ੍ਯਾਸ ਆਸ਼੍ਰਮ ਧਾਰਨ ਵਾਲਾ.[309] "ਸੰਨਿਆਸੀ ਹੋਇਕੈ ਤੀਰਥਿ ਭ੍ਰਮਿਓ" (ਮਾਰੂ ਮਃ ੫) ਦੇਖੋ, ਦਸ ਨਾਮ ਸੰਨ੍ਯਾਸੀ.

ਸੰਨਿਕਰਖ: ਸੰ. सन्निकर्ष ਸੰਨਿਕਰ੍ਸ਼. ਸੰਗਯਾ- ਸੰ- ਨਿ- ਕ੍ਰਿਸ਼. ਨੇੜੇ ਖਿੱਚਣ ਦਾ ਭਾਵ। ੨. ਸਮੀਪਤਾ. ਪਾਸ ਹੋਣਾ। ੩. ਵਿਸ਼ਿਆਂ ਨਾਲ ਇੰਦ੍ਰੀਆਂ ਦਾ ਸੰਬੰਧ.

ਸੰਨਿਕੈ: ਸੰਧਾਨ ਕਰਕੇ. ਸਿੰਨ੍ਹਕੇ. ਦੇਖੋ, ਸੰਨ ੧.

ਸੰਨਿਗਧ: ਸੰ. स्निग्ध ਵਿ- ਸਨੇਹ (ਚਿਕਨਾਈ) ਵਾਲਾ. ਚਿਕਨਾ. ਥੰਧਾ. "ਮਲਿਕ ਅਸਨ ਸੰਨਿਗਧ ਮੰਗਾਵਾ." (ਨਾਪ੍ਰ)

ਸੰਨਿਧਿ: ਸੰ. सन्निधि ਸੰਗਯਾ- ਸਮੀਪਤਾ। ੨. ਪਾਠ ਦਾ ਅਰਥ ਪ੍ਰਗਟ ਕਰਨ ਲਈ ਦੋ ਸ਼ਬਦਾਂ ਦਾ ਮਿਲਾਪ. ਬਿਨਾ ਵਿੱਥ ਦੋ ਪਦਾਂ ਦਾ ਪਾਸ ਹੋਣਾ। ੩. ਉੱਤਮ ਖਜਾਨਾ.

ਸੰਨਿਪਾਤ: ਸੰ. सन्निपात ਸੰਗਯਾ- ਸੰ- ਨਿਪਾਤ. ਚੰਗੀ ਤਰਾਂ ਡਿਗਣ ਦੀ ਕ੍ਰਿਯਾ। ੨. ਮਿਲਾਪ. ਮੇਲ। ੩. ਸੰਗੀਤ ਅਨੁਸਾਰ ਇੱਕ ਤਾਲ ਦਾ ਭੇਦ। ੪. ਇੱਕ ਰੋਗ. ਸੰ सन्निपात ਵਾਤ ਪਿੱਤ ਕਫ ਸ਼ਰੀਰ ਦੇ ਤਿੰਨ ਧਾਤੁ ਵਿਕਾਰੀ ਹੋ ਕੇ ਉਪਜਿਆ ਰੋਗ. ਸਰਸਾਮ. ਸਰ (ਸਿਰ) ਸਾਮ (ਸੋਜ). ورمِ دماغ ਵਰਮ ਦਿਮਾਗ਼. Cerebritis.

ਇਹ ਇੱਕ ਪ੍ਰਕਾਰ ਦਾ ਭਯੰਕਰ ਜ੍ਵਰ (ਤਾਪ) ਹੈ. ਇਸਦੇ ਲੱਛਣ ਹਨ- ਕਬਜ, ਜ਼ੋਰ ਦਾ ਤਾਪ, ਮੱਥੇ ਪੀੜ, ਮੂਰਛਾ, ਮੂੰਹ ਲਾਲ, ਜੀਭ ਖੁਰਦਰੀ, ਬੇਚੈਨੀ, ਦਿਲ ਦਾ ਕਾਹਲਾ ਧੜਕਣਾ, ਬਹੁਤ ਪਿਆਸ, ਤ੍ਰੇਲੀਆਂ ਪੈਣੀਆਂ, ਉਲਟੀ ਆਉਣੀ ਆਦਿਕ.

ਵੈਦਕ ਅਨੁਸਾਰ ਸੰਨਿਪਾਤ ਦੇ ੧੩. ਭੇਦ ਲਿਖੇ ਹਨ, ਜਿਨ੍ਹਾਂ ਦੇ ਨਾਉਂ ਅਤੇ ਲੱਛਣ ਇਹ ਹਨ-

(ੳ) ਸੰਧਿਕ- ਜੋੜਾਂ ਵਿੱਚ ਦਰਦ, ਨੀਂਦ ਨਾ ਆਉਣੀ.

---

[309] ਦੇਖੋ, ਚਾਰ ਆਸ਼੍ਰਮ. ਮਹਾਭਾਰਤ ਦੇ ਅਨੁਸ਼ਾਸਨ ਪਰਵ ਵਿੱਚ ਚਾਰ ਪ੍ਰਕਾਰ ਦੇ ਸੰਨ੍ਯਾਸੀ ਲਿਖੇ ਹਨ-
चतुर्विधा भिज्ञवस्ते कुटीचक वहूदकौ । हंसःपरमहंसशूच योऽत्र पशूचात स उत्तर।
ਅਰਥਾਤ-ਚਾਰ ਤਰਾਂ ਦੇ ਸੰਨਿਆਸੀ ਹਨ-ਕੁਟੀਚਕ, ਵਹੂਦਕ, ਹੰਸ ਅਤੇ ਪਰਮਹੰਸ. ਪਹਿਲੇ ਨਾਲੋਂ ਪਿਛਲਾ ਉੱਤਮ ਹੈ ਇਸ ਵਿਸ਼ੇ ਦੇਖੋ, ਵਿਸ਼ਨੁ ਸਿਮ੍ਰਿਤੀ ਦਾ ਚੌਥਾ ਅਧ੍ਯਾਯ.

(ਅ) ਅੰਤਕ- ਸੋਜ, ਸਿਰਪੀੜ, ਹਿਚਕੀ, ਹੱਥਾਂ ਦਾ ਕੰਬਣਾ, ਬਕਬਾਦ ਕਰਨਾ.

(ੲ) ਰੁਗਦਾਹ- ਢਿੱਡਪੀੜ, ਦਾਝ ਅਤੇ ਬਹੁਤ ਬੇਚੈਨੀ ਹੋਣੀ.

(ਸ) ਚਿੱਤ ਵਿਭ੍ਰਮ- ਘੂਕੀ, ਸ਼ਰੀਰ ਬਹੁਤ ਗਰਮ, ਸਿਰ ਘੁੰਮਣਾ ਅਤੇ ਤਲਮੱਛੀ ਲੱਗਣੀ.

(ਹ) ਸ਼ੀਤਾਂਗ- ਸ਼ਰੀਰ ਠੰਢਾ, ਬੇਹੋਸ਼ੀ ਅਤੇ ਸ਼ਾਹ ਕਾਹਲਾ ਪੈਣਾ.

(ਕ) ਤੰਦ੍ਰਿਕ- ਮੂਰਛਾ ਅਤੇ ਘੂਕੀ ਦਾ ਹੋਣਾ.

(ਖ) ਕੰਠ ਕੁਬਜ- ਗਲ ਰੁਕ ਜਾਣਾ, ਦਾੜ੍ਹਾਂ ਵਿੱਚ ਪੀੜ, ਸਿਰ ਵਿੱਚ ਦਰਦ ਹੋਣਾ.

(ਗ) ਕਰਣਕ- ਕੰਨਾਂ ਵਿੱਚ ਸੋਜ, ਖਾਂਸੀ, ਸਰੀਰ ਬਹੁਤ ਗਰਮ.

(ਘ) ਭੁਗਨ ਨੇਤ੍ਰ- ਨੇਤ੍ਰ ਟੇਢੇ ਹੋ ਜਾਣੇ, ਮੂਰਛਾ ਹੋਣੀ

(ਙ) ਰਕ੍ਤਸ਼੍ਠੀਵੀ- ਥੁੱਕ ਨਾਲ ਲਹੂ ਆਉਣਾ, ਢਿੱਡ ਵਿੱਚ ਪੀੜ ਹੋਣੀ.

(ਚ) ਪ੍ਰਲਾਪਕ- ਬਕਬਾਦ ਕਰਨਾ, ਜੋਰ ਦਾ ਤਾਪ ਹੋਣਾ, ਸਰੀਰ ਕੰਬਣਾ.

(ਛ) ਜਿਹ੍ਵਕ- ਜੀਭ ਉੱਤੇ ਕੰਡੇ ਹੋਣੇ, ਥਥਲਾਪਨ, ਸਾਹ ਕਾਹਲਾ ਅਤੇ ਖਾਂਸੀ ਹੋਣੀ.

(ਜ) ਅਭਿਨਜਾਸ- ਮੂੰਹ ਸੁੱਕਣਾ, ਦੰਦ ਮੈਲੇ ਹੋਣੇ, ਬੇਹੋਸ਼ੀ ਹੋਣੀ ਆਦਿ.

ਇਨ੍ਹਾਂ ਤੇਰਾਂ ਦੀ ਅਵਧਿ (ਮਯਾਦ) ਯਥਾਕ੍ਰਮ ਹੈ- ੭੦ ਦਿਨ, ੧੦. ਦਿਨ, ੨੦. ਦਿਨ, ੧੧. ਦਿਨ, ੧੫. ਦਿਨ, ੨੫ ਦਿਨ, ੧੩. ਦਿਨ, ੧੦. ਦਿਨ, ੧੮. ਦਿਨ, ੧੦. ਦਿਨ, ੧੪. ਦਿਨ, ੧੬. ਦਿਨ, ੧੫. ਦਿਨ. ਅਰਥਾਤ ਇਤਨੇ ਦਿਨਾਂ ਵਿੱਚ ਰੋਗ ਦੂਰ ਹੋ ਜਾਂਦਾ ਹੈ ਅਥਵਾ ਰੋਗੀ ਮਰ ਜਾਂਦਾ ਹੈ.

ਸੰਨਿਪਾਤ ਦਾ ਇਲਾਜ ਕਿਸੇ ਸਿਆਣੇ ਡਾਕਟਰ ਵੈਦ ਹਕੀਮ ਤੋਂ ਬਿਨਾ ਢਿੱਲ ਕਰਾਉਣਾ ਚਾਹੀਏ. ਅੱਗੇ ਲਿਖੇ ਉਪਾਉ ਲਾਭਦਾਇਕ ਸਾਬਤ ਹੋਏ ਹਨ. ਠੰਢੇ ਪਾਣੀ ਵਿੱਚ ਭਿਉਂਕੇ ਰੁਮਾਲ ਸਿਰ ਤੇ ਰੱਖਣਾ, ਪਾਸ਼ੋਯਾ ਕਰਨਾ, ਧਨੀਆ, ਚੰਨਣ ਦਾ ਬੂਰ, ਮੁਸ਼ਕ ਕਪੂਰ, ਅਰਕ ਗੁਲਾਬ, ਬੋਤਲ ਵਿੱਚ ਪਾਕੇ ਸੁੰਘਾਉਣਾ, ਹੁਕਨਾ ਕਰਨਾ. ਕੰਡਿਆਰੀ ਦੇ ਬੀਜ ਪੀਸਕੇ ਨਸਵਾਰ ਦੇਣੀ, ਉਬਾਲਿਆ ਹੋਇਆ ਕੋਸਾ ਪਾਣੀ ਪਿਆਉਣਾ. ਹੇਠ ਲਿਖਿਆ ਕ੍ਵਾਥ (ਕਾੜ੍ਹਾ) ਸੰਨਿਪਾਤ ਰੋਗ ਨਾਸ਼ਕ ਹੈ-

ਕਤੂ, ਚਿਰਾਇਤਾ, ਪਿੱਤਪਾਪੜਾ, ਗਿਲੋ, ਕਚੂਰ, ਝੰਜਣ ਦੇ ਬੀਜ, ਮਘਾਂ, ਪੁਹਕਰਮੂਲ, ਬਨਫਸ਼ਾ, ਛਮਕਨਮੋਲੀ, ਦੇਵਦਾਰ, ਸੁੰਢ, ਹਰੜ, ਜਵਾਸਾ ਅਤੇ ਭੜਿੰਗੀ. ਇਨ੍ਹਾਂ ਪੰਦ੍ਰਾਂ ਦਵਾਈਆਂ ਨੂੰ ਸਮਾਨ ਲੈ ਕੇ ਅਧ ਸੇਰ ਪਾਣੀ ਵਿੱਚ ਦੋ ਤੋਲੇ ਪਾ ਕੇ ਉਬਾਲਾ ਦੇਣਾ. ਜਦ ਅੱਧ ਪਾਉ ਪਾਣੀ ਰਹੇ ਤਾਂ ਛਾਣਕੇ ਕੋਸਾ ਕੋਸਾ ਪਿਆਉਣਾ. "ਛਈ ਰੋਗ ਅਰੁ ਸੰਨਿਪਾਤ ਗਨ." (ਚਰਿਤ੍ਰ ੪੦੫)

ਸੰਨਿਵੇਸ: ਸੰ. ਸਨ੍ਨਿਵੇਸ਼ ਸੰਗਯਾ- ਸੰ- ਨਿ- ਵਿਸ਼. ਚੰਗੀ ਤਰਾਂ ਇਸਥਿਤੀ. ਆਰਾਮ ਨਾਲ ਰਹਿਣ ਦਾ ਭਾਵ। ੨. ਪ੍ਰਬੰਧ. ਇੰਤਜਾਮ। ੩. ਹਾਲਤ. ਦਸ਼ਾ। ੪. ਨਿਉਂ. ਬੁਨਿਯਾਦ। ੫. ਤਮਾਸ਼ੇ ਦਾ ਅਖਾੜਾ। ੬. ਪਿੰਡ ਦੇ ਪਾਸ ਦਾ ਗੋਇਰਾ.

ਸੰਨ੍ਹ: ਸੰਗਯਾ- ਸੰਧਿ. ਪਾੜ. ਨਕਬ। ੨. ਸ਼ਰੀਰ ਦਾ ਜੋੜ। ੩. ਦੇਖੋ, ਸੰਧਿ। ੪. ਦੇਖੋ, ਸੰਧਾਨ.

ਸੰਨ੍ਹ ਸਾਹਿਬ: ਦੇਖੋ, ਬਾਸਰ ਕੀ ਗਿੱਲਾਂ.

ਸੰਨ੍ਹਿ, ਸੰਨ੍ਹੀ: ਸੰਗਯਾ- ਸੰਧਿ. ਪਾੜ. ਨਕਬ. "ਜਮ ਦਰ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ." (ਵਾਰ ਸਾਰ ਮਃ ੩) ੨. ਲੁਹਾਰ ਦੀ ਚਿਮਟੀ, ਜਿਸ ਨਾਲ ਗਰਮ ਧਾਤੁ ਨੂੰ ਉਠਾਉਂਦਾ ਹੈ. "ਮਨ ਜਲਿਆ ਸੰਨ੍ਹੀ ਚਿੰਤ ਭਈ." (ਮਾਰੂ ਮਃ ੧) ੩. ਸ਼ਰੀਰ ਦੇ ਜੋੜਾਂ ਦੀ ਥਾਂ। ੪. ਦਾਣੇ ਆਟਾ ਅਤੇ ਤੂੜੀ ਆਦਿ ਮਿਲਾਕੇ ਪਸ਼ੂਆਂ ਲਈ ਬਣਾਈ ਗਿਜਾ. ਸੰ. ਸਾਨ੍ਨੀ ਗੁਤਾਵਾ.

ਸੰਨਜ: ਸੰਨਿਪਾਤ ਦੀ ਥਾਂ ਇਹ ਸ਼ਬਦ ਆਇਆ ਹੈ. "ਸੰਨਜ ਭਯੋ ਇਹ ਵੈਦ ਉਚਾਰਾ." (ਚਰਿਤ੍ਰ ੨੯੧)

ਸੰਨਜਾਸ, ਸੰਨਜਾਸੀ: ਦੇਖੋ, ਸੰਨਿਆਸ ਅਤੇ ਸੰਨਿਆਸੀ.

ਸੰਪਉ: ਸੰ. ਸੰਪਦਾ. ਸੰਗ੍ਯਾ- ਵਿਭੂਤਿ. ਧਨ ਆਦਿ ਸਾਮਗ੍ਰੀ. "ਸੰਪਉ ਕਿਸੈ ਨ ਨਾਲਿ." (ਵਾਰ ਸ੍ਰੀ ਮਃ ੩) "ਕਰਿ ਆਚਾਰ ਬਹੁ ਸੰਪਉ ਸੰਚੈ." (ਪ੍ਰਭਾ ਮਃ ੩)

ਸੰਪਟ: ਸੰ. सम्पुट ਸੰਪੁਟ. ਸੰਗ੍ਯਾ- ਪੁਟ (ਢਕਣ) ਦੀ ਕ੍ਰਿਯਾ। ੨. ਡੱਬਾ। ੩. ਸੰਦੂਕ। ੪. ਪੜਦਾ. ਆਵਰਣ. ਭਾਵ- ਮਿਚ ਜਾਣ ਦਾ ਭਾਵ. "ਕਕਾ ਕਿਰਣਿ ਕਮਲ ਮਹਿ ਪਾਵਾ। ਸਸਿ ਬਿਗਾਸ ਸੰਪਟ ਨਹੀ ਆਵਾ." (ਗਉ ਬਾਵਨ ਕਬੀਰ) ਜਦ ਰਿਦੇ ਕਮਲ ਵਿੱਚ ਕਿਰਣਿ (ਸੁਰਜਆਤਮਗਜਾਨ) ਦਾ ਪ੍ਰਕਾਸ਼ ਹੋਇਆ ਤਦ ਸਸਿ (ਚੰਦ੍ਰਮਾ- ਮਾਇਆ ਦੇ ਚਮਤਕਾਰ) ਨਾਲ ਰਿਦਾ ਕਮਲ ਮਿਚਦਾ ਨਹੀਂ। ੫. ਮੰਤ੍ਰ ਦੇ ਆਦਿ ਅਤੇ ਅੰਤ ਕਿਸੇ ਪਦ ਦੇ ਜੋੜਨ ਦੀ ਕ੍ਰਿਯਾ. ਸੰਪੁਟ ਪਾਠ. ਜੈਸੇ- ਓਅੰ ਵਾਹਗੁਰੁ ਓਅੰ। ੬. ਦੋ ਬਰਤਨਾਂ ਵਿੱਚ ਰੱਖਕੇ ਦਵਾ ਨੂੰ ਆਂਚ ਦੇਣ ਦੀ ਕ੍ਰਿਯਾ.

ਸੰਪਤ, ਸੰਪਤਾ, ਸੰਪਤਿ, ਸੰਪੱਤਿ: ਸੰ. संपद सम्पत्ति ਸੰਗ੍ਯਾ- (ਸੰ- ਪਦ੍) ਬਹੁਤ ਪਦਵੀ. ਬਡਾ ਐਸ਼੍ਵਰਯ. "ਸੰਪਤ ਹਰਖ ਨ ਆਪਤ ਦੂਖਾ." (ਗਉ ਮਃ ੫) "ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ." (ਤਿਲੰ ਮਃ ੯) ੨. ਕਿਰ. ਵਿ- साम्प्रत ਸਾਂਪ੍ਰਤ ਦੀ ਥਾਂ ਭੀ ਸੰਪਤਾ ਸ਼ਬਦ ਆਇਆ ਹੈ, ਜਿਸ ਦਾ ਅਰਥ ਹੈ- ਯੋਗਯ ਰੀਤਿ ਨਾਲ. ਠੀਕ ਤੌਰ ਪੁਰ. ਹੁਣ ਇਸ ਵੇਲੇ. "ਪਤ੍ਰ ਭੁਰਜੇਣ ਝੜੀਅੰ, ਨਹ ਜੜੀਅੰ ਪੇਡ ਸੰਪਤਾ." (ਗਾਥਾ)

ਸੰਪੱਤਿ ਸ਼ਾਸਤ੍ਰ: ਸੰ. ਸੰਗ੍ਯਾ- ਅਰਥਸ਼ਾਸਤ੍ਰ. ਉਹ ਸ਼ਾਸਤ੍ਰ, ਜਿਸ ਤੋਂ ਇਹ ਜਾਣਿਆ ਜਾਵੇ ਕਿ ਧਨ ਸੰਪਦਾ ਦੀ ਵ੍ਰਿੱਧੀ ਕਿਸ ਤਰਾਂ ਹੁੰਦੀ ਹੈ.

ਸੰਪਦ, ਸੰਪਦਾ: ਦੇਖੋ, ਸੰਪਤ.

ਸੰਪਰਕ: ਸੰ. संपर्क ਸੰਗ੍ਯਾ- (ਸੰ- ਪ੍ਰਿਚ੍). ਸੰਯੋਗ. ਸੰਬੰਧ. ਮੇਲ.

ਸੰਪਾਤ: ਸੰ. ਸੰਗ੍ਯਾ- ਪਤਨ. ਡਿਗਣਾ। ੨. ਉਡਣਾ। ੩. ਕੁਦਾੜੀ. ਛਾਲ। ੪. ਝਪਟ. ਝੁੱਟੀ.

ਸੰਪਾਤਿ, ਸੰਪਾਤੀ: ਸੰ सम्पाति ਸੰਗ੍ਯਾ- ਸੂਰਜ ਦੇ ਰਥਵਾਹੀ ਅਰੁਣ ਦਾ ਪੁਤ੍ਰ, ਜੋ ਜਟਾਯੁ ਦਾ ਵਡਾ ਭਾਈ ਸੀ. ਇਸ ਦੀ ਸ਼ਕਲ ਗਿਰਝ ਜੇਹੀ ਲਿਖੀ ਹੈ. ਦੇਖੋ, ਜਟਾਯੁ। ੨. ਸੰ. सम्पातिन ਵਿ- ਡਿਗਣ ਵਾਲਾ। ੩. ਉਡਣ ਵਾਲਾ.

ਸੰਪਾਦਕ: ਸੰ. सम्पादक ਵਿ- ਪੈਦਾ ਕਰਨ ਵਾਲਾ। ੨. ਕੰਮ ਚਲਾਉਣ ਵਾਲਾ. ਕਾਰਕੁਨ। ੩. ਤਿਆਰ ਕਰਨ ਵਾਲਾ। ੪. ਪੁਸਤਕ ਅਥਵਾ ਅਖ਼ਬਾਰ ਦੇ ਮਜਮੂਨਾਂ ਨੂੰ ਕ੍ਰਮ ਅਨੁਸਾਰ ਜੋੜਨ ਵਾਲਾ. Editor.

ਸੰਪਾਦਨ: ਸੰ. ਸੰਗ੍ਯਾ- ਪੈਦਾ ਕਰਨਾ। ੨. ਤਿਆਰ ਕਰਨਾ। ੩. ਕੰਮ ਚਲਾਉਣਾ.

ਸੰਪਾਦ੍ਯ: ਸੰ. ਵਿ- ਸੰਪਾਦਨ (ਪੈਦਾ ਕਰਨ) ਯੋਗ। ੨. ਤਿਆਰ ਕਰਨੇ ਲਾਇਕ. ਦੇਖੋ, ਸੰਪਾਦਨ.

ਸੰਪਾਨੀ: ਵਿ- ਸੌਂਪੀ. ਸਪੁਰਦ ਕੀਤੀ. ਸਮਪੰਣ ਕੀਤੀ. "ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ." (ਗਉ ਅਃ ਮਃ ੫)

ਸੰਪੁਟ: ਦੇਖੋ, ਸੰਪਟ. "ਮਨ ਸੰਪੁਟ ਜਿਤੁ ਸਤਸਰਿ ਨਾਵਣੁ." (ਸੂਹੀ ਮਃ ੧) ਮਨ ਠਾਕੁਰ ਦੇ ਰੱਖਣ ਦਾ ਡੱਬਾ (ਸਿੰਘਾਸਨ) ਹੈ। ੨. ਵੈਦਕ ਅਨੁਸਾਰ ਦੋ ਬਰਤਨਾਂ ਵਿੱਚ ਰੱਖਕੇ ਦਵਾ ਨੂੰ ਅੱਗ ਵਿੱਚ ਤਪਾਉਣ ਦੀ ਕ੍ਰਿਯਾ।

ਸੰਪੁਟਪਾਠ: ਦੇਖੋ, ਸੰਪਟ ੫. "ਸੰਪੁਟ ਸੁ ਪਾਠ ਪਢਤੇ ਪ੍ਰਬੀਨ." (ਗੁਪ੍ਰਸੂ).

ਸੰਪੂਰਣ: ਸੰ. सम्पूर्ण ਵਿ- ਸਾਰਾ. ਤਮਾਮ. ਸਭ। ੨. ਸੁਪੂਰਣ. ਚੰਗੀ ਤਰਾਂ ਭਰਿਆ ਹੋਇਆ।

ਸੰਪੈ: ਸੰਗ੍ਯਾ- ਸੰਪਦਾ. ਵਿਭੂਤਿ। ੨. ਸੰਪਦਾ ਨੂੰ "ਸੰਪੈ ਦੇਖਿ ਨ ਹਰਖੀਐ." (ਗਉ ਕਬੀਰ)

ਸੰਪੰਨ: ਸੰ. सम्पन्न ਵਿ- (ਸੰ- ਪਦ੍) ਸੰਪੱਤਿ ਕਰਕੇ ਪੂਰਣ. ਵਿਭੂਤਿ ਮਾਨ। ੨. ਪੂਰਣ. ਮੁਕੰਮਲ। ੩. ਸਹਿਤ. ਸਮੇਤ. ਯੁਕ੍ਤ। ੪. ਧਨੀ. ਦੌਲਤ ਵਾਲਾ.

ਸੰਪ੍ਰਗਜਾਤ: ਸੰ. संप्रज्ञात ਵਿ- ਚੰਗੀ ਤਰਾਂ ਜਾਣਿਆ ਹੋਇਆ। ੨. ਸੰਗਯਾ- ਯੋਗਮਤ ਅਨੁਸਾਰ ਉਹ ਸਮਾਧਿ ਜਿਸ ਵਿੱਚ ਪਦਾਰਥ ਅਤੇ ਵਿਸ਼ਿਆਂ ਦਾ ਗਯਾਨ ਬਣਿਆ ਰਹਿੰਦਾ ਹੈ.

ਸੰਪ੍ਰਦਾ: ਸੰ. ਸੰ- ਪ੍ਰਦਾ. ਚੰਗੀ ਤਰਾਂ ਦੇਣ ਦੀ ਕ੍ਰਿਯਾ। ੨. ਉਪਦੇਸ਼ ਵਿਦਯਾ ਆਦਿ ਦਾ ਸਿਲਸਿਲੇਵਾਰ ਦੇਣ ਦਾ ਕਰਮ.

ਸੰਪ੍ਰਦਾਈ: ਦੇਖੋ, ਸਾਂਪ੍ਰਦਾਯਿਕ.

ਸੰਪ੍ਰਦਾਯ: ਸੰ. सम्प्रदाय ਵਿ- ਦੇਣ ਵਾਲਾ. ਦੇਖੋ, ਸੰਪ੍ਰਦਾ। ੨. ਸੰਗਯਾ- ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤਿ। ੩. ਪਰੰਪਰਾ ਤੋਂ ਚਲੀ ਧਰਮ ਰੀਤਿ। ੪. ਗੁਰੂ ਚੇਲੇ ਦੀ ਪੱਧਤਿ। ੫. ਗੁਰਉਪਦੇਸ਼ ਧਾਰਨ ਵਾਲੀ ਜਮਾਤ.

ਸੰਬ: ਸੰ. शम्ब ਸ਼ੰਬ- ਸੰਗਯਾ- ਵਜ੍ਰ। ਲਾਠੀ. ਅੱਗੇ ਲੱਗਾ ਹੋਇਆ ਸੰਮ.

ਸੰਬਹ, ਸੰਬਹਨ: ਸੰ. संवाहन ਸੰਵਾਹਨ. ਸੰਗਯਾ- ਅੰਗਾਂ ਦਾ ਮਲਨਾ. "ਨਾਤੀ ਧੋਤੀ ਸੰਬਹੀ." (ਸ. ਫਰੀਦ) ਬਟਣੇ ਨਾਲ ਅੰਗ ਮਲਕੇ ਨ੍ਹਾਤੀ ਧੋਤੀ। ੨. ਦੇਖੋ, ਸੰਵਹਨ.

ਸੰਬਹੀ: ਦੇਖੋ, ਸੰਬਹ.

ਸੰਬਤ, ਸੰਬਤਸਰ, ਸੰਬਤਿ: ਸੰ. संवत ਅਤੇ संवत्सक ਸੰਵਤ ਅਤੇ ਸੰਵਤਸਰ. ਸੰਗਯਾ- ਸਾਲ. ਵਰ੍ਹਾ. "ਸੰਬਤਿ ਸਾਹਾ ਲਿਖਿਆ." (ਸੋਹਿਲਾ) ਦੇਖੋ, ਸੰਵਤ ਅਤੇ ਵਰਸ.

ਸੰਬਰ: ਸੰ. ਸ਼ੰਬਰ ਅਤੇ ਸੰਬਰ ਦੋਵੇਂ ਸ਼ਬਦ ਸਹੀ ਹਨ. ਸੰਗਯਾ- ਜਲ। ੨. ਧਨ। ੩. ਯੁੱਧ। ੪. ਵ੍ਰਤ। ੫. ਇੱਕ ਦੈਤ, ਜਿਸ ਦਾ ਨਾਉਂ ਰਿਗਵੇਦ ਵਿੱਚ ਦਸ੍ਯੁ ਭੀ ਆਇਆ ਹੈ. ਇਸ ਨੇ ਰਾਜਾ ਦਿਵੋਦਾਸ ਅਤੇ ਇੰਦ੍ਰ ਨਾਲ ਭੀ ਜੰਗ ਕੀਤਾ ਸੀ. ਇਸ ਦੀ ਕਾਮ ਨਾਲ ਭੀ ਚਿਰ ਤੀਕ ਲੜਾਈ ਰਹੀ. ਜਦ ਕਾਮ ਨੇ ਪ੍ਰਦੁਯਮਨ ਰੂਪ ਧਾਰਕੇ ਕ੍ਰਿਸ਼ਨ ਜੀ ਦੇ ਘਰ ਜਨਮ ਲੀਤਾ, ਤਦ ਇਸ ਨੇ ਪੁਰਾਣਾ ਵੈਰ ਚੇਤੇ ਕਰਕੇ ਬਾਲਕ ਨੂੰ ਚੁੱਕਕੇ ਸਮੁੰਦਰ ਵਿੱਚ ਸੁੱਟ ਦਿੱਤਾ. ਅੰਤ ਨੂੰ ਇਹ ਪ੍ਰਦੁਯਮਨ ਦੇ ਹੱਥੋਂ ਮੋਇਆ. ਸੰਬਰ ਨੇ ਪ੍ਰਹਿਲਾਦ ਦਾ ਨਾਸ਼ ਕਰਨ ਲਈ ਹਿਰਨਯਕਸ਼ਿਪੁ ਨੂੰ ਭੀ ਸਹਾਇਤਾ ਦਿੱਤੀ. "ਦਸ ਦਯੋਸ ਕੋ ਬਾਲ ਭਯੋ ਜਬ ਹੀ, ਤਬ ਸੰਬਰ ਦੈਤ ਲੈ ਤਾਹਿ ਗਯੋ ਹੈ." (ਕ੍ਰਿਸਨਾਵ) ੬. ਵਿ- ਬਹੁਤ ਚੰਗਾ। ੭. ਭਾਗਵਾਨ। ੮. ਦੁਖੀ.

ਸੰਬਰਅਰਿ, ਸੰਬਰਾਰਿ: ਸੰਗਯਾ- ਪ੍ਰਦੁਯਮਨ. ਕ੍ਰਿਸਨ ਜੀ ਦਾ ਪੁਤ੍ਰ, ਜਿਸਨੇ ਸ਼ੰਬਰ ਦੈਤ ਮਾਰਿਆ। ੨. ਕਾਮਦੇਵ, ਜੋ ਪ੍ਰਦੁਯਨ ਰੂਪ ਕਰਕੇ ਸ਼ੰਬਰ ਦੈਤ ਨਾਲ ਲੜਦਾ ਰਿਹਾ. "ਸੰਬਰ ਕੇ ਅਰਿ ਕੀ ਛਬਿ ਲੀਨੇ." (ਅਜਰਾਜ)

ਸੰਬਰਾਰਿ ਚਖ ਧੁਜ ਅਰਿ, ਸੰਬਰਾਰਿ ਧੁਜ ਚੱਛ ਅਰਿ: ਸੰਗਯਾ- ਤੀਰ. ਬਾਣ. (ਸਨਾਮਾ) ਸੰਬਰ ਦੇ ਵੈਰੀ ਕਾਮ ਦੀ ਧੁਜਾ ਵਿੱਚ ਰਹਿਣ ਵਾਲਾ ਮੱਛ, ਉਸ ਦੀ ਅੱਖ ਦਾ ਵੈਰੀ ਤੀਰ. ਅਰਜੁਨ ਨੇ ਤੀਰ ਮਾਰਕੇ ਮੱਛ ਦੀ ਅੱਖ ਵਿੰਨ੍ਹਕੇ ਦ੍ਰੋਪਦੀ ਵਰੀ ਸੀ.

ਸੰਬਲ: ਸੰ. शम्बल ਸ਼ੰਬਲ. ਸੰਗਯਾ- ਸਫਰ ਖਰਚ. "ਤਾਕੋ ਸੰਬਲ ਪਾਂਚ ਸੈ, ਇਸ ਕੋ ਪੈਸੇ ਪਾਂਚ." (ਗੁਵਿ ੬) ੨. ਈਰਖਾ. ਹਸਦ। ੩. ਕਿਨਾਰਾ. ਤਟ. ਕੰਢਾ। ੪. ਕੁਲ. ਵੰਸ਼.

ਸੰਬਲਖਾਰ: ਸੰਖੀਆ. ਦੇਖੋ, ਸੰਮੁਲਫਾਰ. "ਸੰਬਲਖਾਰ ਡਾਰ ਕਰ ਸਜਾਨੀ." (ਚਰਿਤ੍ਰ ੩੫੦)

ਸੰਬਾਹ: ਦੇਖੋ, ਸੰਬਾਹਨ। ੨. ਸੰ. संवाह ਸੰਵਾਹ. ਸੰਗਯਾ- ਬਾਜ਼ਾਰ। ੩. ਸਮੂਹ (ਸਮੁਦਾਯ) ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਲਸਕਰ ਜੋੜੇ ਕੀਆ ਸੰਬਾਹਾ." (ਆਸਾ ਮਃ ੫) ੪. ਸੁਵਾਹ. ਉੱਤਮ ਸਵਾਰੀ. ਸ਼੍ਰੇਸ਼੍ਠ ਵਾਹਨ. "ਹੈਵਰ ਗੈਵਰ ਰਥ ਸੰਬਾਹੇ." (ਗੂਜ ਮਃ ੫) ੫. ਸੁਬਹ. ਪ੍ਰਾਤਹਕਾਲ. "ਹਰਿ ਨਾਮ ਜਪਿ ਸੰਬਾਹਾ ਹੇ." (ਮਾਰੂ ਸੋਲਹੇ ਮਃ ੩) ੬. ਦੇਖੋ, ਸੰਵਹਨ.

ਸੰਬਾਹਨ: ਸੰ. ਸੰਵਾਹਨ. ਸੰਗਯਾ- ਅੰਗਾਂ ਦਾ ਮਰਦਨ. ਮਾਲਿਸ਼. ਦੇਖੋ, ਸੰਬਹ। ੨. ਮੁਠੀ ਚਾਪੀ। ੩. ਭਾਰ ਦੇ ਲੈਜਾਣ ਦੀ ਕ੍ਰਿਯਾ। ੪. ਪਹੁਚਾਉਣਾ. "ਸਿਰਿ ਸਿਰਿ ਰਿਜਕ ਸੰਬਾਹੇ ਠਾਕੁਰ." (ਸੋਦਰੁ) "ਦਿਤੋਨੁ ਰਿਜਕ ਸੰਬਾਹਿ." (ਵਾਰ ਆਸਾ) ੫. ਮੁਹੱਈਆ ਕਰਨਾ.

ਸੰਬਾਹਿ, ਸੰਬਾਹੇ: ਦੇਖੋ, ਸੰਬਾਹਨ.

ਸੰਬਾਦ: ਸੰ. ਸੰਵਾਦ. ਸੰਗਯਾ- ਚਰਚਾ. ਪ੍ਰਸ਼੍ਨੋੱਤਰ। ੨. ਖਬਰ. ਸਮਾਚਾਰ.

ਸੰਬਾਦੀ: ਸੰ. संवादिन ਵਿ- ਚਰਚਾ ਕਰਨ ਵਾਲਾ। ੨. ਅਨੁਸਾਰ ਕਹਿਣ ਵਾਲਾ. ਰਾਇ ਨਾਲ ਸੰਮਤਿ ਮਿਲਾਉਣ ਵਾਲਾ। ੩. ਸੰਗੀਤ ਅਨੁਸਾਰ ਉਹ ਸ੍ਵਰ ਜੋ ਵਾਦੀ ਸ੍ਵਰ ਦਾ ਸਹਾਈ ਹੋਵੇ. ਜਿਸ ਨਾਲ ਰਾਗ ਦਾ ਸਰੂਪ ਸਪਸ਼੍ਟ ਹੋ ਜਾਵੇ. ਦੇਖੋ, ਸੰਵਾਦੀ ਅਤੇ ਸ੍ਵਰ ਸ਼ਬਦ.

ਸੰਬਿਆਲ: ਰਾਜਪੂਤ ਗੋਤ੍ਰ. ਦੇਖੋ, ਬਾਈਧਾਰ.

ਸੰਬੀਤ: ਸੰ. ਸੰਵੀਤ. ਵਿ- ਢਕਿਆ ਹੋਇਆ। ੨. ਗੁਜਰਿਆ ਹੋਇਆ. ਬੀਤਿਆ.

ਸੰਬੁਕ: ਸੰ. शम्बूक ਸ਼ੰਬੁਕ. ਸੰਗਯਾ- ਘੋਗਾ। ੨. ਸਿੱਪ. "ਜਜੋ ਸੰਬੁਕ ਤੇ ਮੁਕਤਾ ਚਾਰੂ" (ਨਾਪ੍ਰ)

ਸੰਬੂਹ: ਸਭ. ਤਮਾਮ. ਦੇਖੋ, ਸਮੂਹ. "ਨਾਨਕ ਸੁਖ ਸੰਬੂਹ ਸਚੁ." (ਵਾਰ ਗੂਜ ੨. ਮਃ ੫)

ਸੰਬੂਕ: ਦੇਖੋ, ਸੰਬੁਕ। ੨. ਇੱਕ ਸ਼ੂਦ੍ਰ, ਜਿਸ ਨੂੰ ਸ੍ਵਰਗ ਦੀ ਪ੍ਰਾਪਤੀ ਲਈ ਤਪ ਕਰਨ ਦੇ ਅਪਰਾਧ ਵਿੱਚ ਰਾਮਚੰਦ੍ਰ ਜੀ ਨੇ ਤਲਵਾਰ ਨਾਲ ਵੱਢਿਆ. ਇਸ ਦੇ ਤਪ ਕਰਨ ਕਰਕੇ ਹੀ ਰਾਜ ਵਿੱਚ ਇਤਨਾ ਉਤਪਾਤ ਸਮਝਿਆ ਗਿਆ ਕਿ ਇੱਕ ਬ੍ਰਾਹਮਣ ਦਾ ਜਵਾਨ ਲੜਕਾ ਮਰ ਗਿਆ. ਸੰਬੂਕ ਦਾ ਸਿਰ ਵੱਢਣ ਸਾਰ ਮੋਇਆ ਹੋਇਆ ਬ੍ਰਾਹਮਣ ਬਾਲਕ ਜੀ ਉੱਠਿਆ. ਦੇਖੋ, ਵਾਲਮੀਕ ਕਾਂਡ ੭. ਅਃ ੭੬.

ਸੰਬੇਦ: ਦੇਖੋ, ਸੰਵੇਦ.

ਸੰਬੇਦਯ: ਸੰ. ਸੰਵੇਦ੍ਯ. ਵਿ- ਚੰਗੀ ਤਰਾਂ ਜਾਣਨ ਲਾਇਕ. ਸਮਝਣ ਯੋਗ੍ਯ.

ਸੰਬੋਧ: ਸੰ. ਸੰਗ੍ਯਾ- ਪੂਰਣ ਗ੍ਯਾਨ. ਯਥਾਰਥ ਗ੍ਯਾਨ। ੨. ਬੁਲਾਉਣ ਦੀ ਕ੍ਰਿਯਾ. ਮੁਖਾਤਿਬ ਕਰਨ ਦਾ ਭਾਵ.

ਸੰਬੋਧਨ: ਸੰ. ਸੰਗ੍ਯਾ- ਜਗਾਉਣਾ. ਸਾਵਧਾਨ ਕਰਨਾ। ੨. ਬੁਲਾਉਣਾ. ਮੁਖਾਤਿਬ ਕਰਨਾ.

ਸੰਬੰਧ: ਸੰ. ਸੰਗ੍ਯਾ- ਚੰਗੀ ਤਰਾਂ ਬੰਨ੍ਹੇ ਜਾਣ ਦਾ ਭਾਵ. ਮਿਲਾਪ. ਮੇਲ। ੨. ਰਿਸ਼ਤਾ. ਨਾਤਾ। ੩. ਵਿਆਹ. ਸਗਾਈ.

ਸੰਬੰਧੀ: ਸੰ. सम्बन्धिन ਵਿ- ਸੰਬੰਧ ਰੱਖਣ ਵਾਲਾ. ਮੇਲੀ। ੨. ਰਿਸ਼ਤੇਦਾਰ. ਨਾਤੀ. ਸਾਕ.

ਸੰਬਯਾਨ, ਸੰਬਯਾਨਾ: ਦੇਖੋ, ਸੰਵਯਾਨ.

ਸੰਭ: ਸ੍ਵਯੰਭਵ ਦਾ ਸੰਖੇਪ। ੨. ਦੇਖੋ, ਸੰਭੁ। ੩. ਸੰ. ਸੰ ਭ. - ਵਿ- ਸੰ (ਚੰਗੀ ਤਰਾਂ) ਭ (ਪ੍ਰਕਾਸ਼) ਕਰਨ ਵਾਲਾ. ਪ੍ਰਕਾਸ਼ਕ.

ਸੰਭਉ: ਦੇਖੋ, ਸੈਭੰ. "ਅਕਾਲ ਮੂਰਤਿ ਅਜੂਨੀ ਸੰਭਉ." (ਰਾਮ ਅਃ ਮਃ ੫)

ਸੰਭਰਨ: ਸੰ. ਸੰਗ੍ਯਾ- ਚੰਗੀ ਤਰਾਂ ਭਰਨਾ। ੨. ਇਕੱਠਾ ਕਰਨਾ.

ਸੰਭਰੀ: ਵਿ- ਚੰਗੀ ਤਰਾਂ ਭਰਨ (ਪਾਲਣ ਪੋਸ਼ਣ) ਵਾਲੀ। ੨. ਸ਼ਾਂਭਵੀ. ਸ਼ਿਵ ਦੀ ਸ਼ਕਤੀ.

ਸੰਭਰੇ: ਵਿ- ਸੰਭਲੇ. ਸਾਵਧਾਨ ਹੋਏ. "ਤਬੈ ਸੰਭਰੇ ਦੀਨ ਹੇਤੰ ਦਯਾਲੰ." (ਮੱਛਾਵ)

ਸੰਭਰੇਸ: ਸੰਭਲ ਨਗਰ ਦਾ ਈਸ਼. ਸੰਭਲ ਦਾ ਰਾਜਾ. "ਸੁਣਯੋ ਸੰਭਰੇਸੰ" (ਕਲਕੀ) ਦੇਖੋ, ਸੰਭਲ ੨.

ਸੰਭਲ: ਦੇਖੋ, ਸੰਭਲਨਾ। ੨. ਸੰ. ਸ਼ੰਭਲ. ਯੂ. ਪੀ. ਵਿੱਚ ਮੁਰਾਦਾਬਾਦ ਦੀ ਤਸੀਲ ਦਾ ਪ੍ਰਧਾਨ ਨਗਰ, ਜਿਸ ਦੀ ਆਬਾਦੀ ੩੯੭੧੫ ਹੈ. ਇਹ ਮੁਰਾਦਾਬਾਦ ਤੋਂ ੨੩ ਮੀਲ ਦੱਖਣ ਪੱਛਮ ਹੈ. ਪੁਰਾਣਾਂ ਵਿੱਚ ਲਿਖਿਆ ਹੈ ਕਿ ਕਲਿਯੁਗ ਦੇ ਅੰਤ ਇਸ ਥਾਂ ਕਲਕੀ ਅਵਤਾਰ ਹੋਵੇਗਾ. "ਭਲ ਭਾਗ ਭਯਾ ਇਹ ਸੰਭਲ ਕੇ ਹਰਿ ਜੂ ਹਰਿਮੰਦਿਰ ਆਵਹਿੰਗੇ." (ਕਲਕੀ)

ਸੰਭਲਣਾ, ਸੰਭਲਨਾ: ਕ੍ਰਿ- ਸਾਵਧਾਨ ਹੋਣਾ. ਹੋਸ਼ਿਆਰ ਹੋਣਾ.

ਸੰਭਵ: ਸੰ. ਸੰਗ੍ਯਾ- ਹੋਣਾ। ੨. ਹੋ ਸਕਨਾ। ੩. ਉਤਪੱਤੀ. ਜਨਮ. "ਤ੍ਰਿਗਦਜੋਨਿ ਅਚੇਤ ਸੰਭਵ." (ਆਸਾ ਰਵਿਦਾਸ) ੪. ਮੇਲ. ਸੰਯੋਗ। ੫. ਕਾਰਣ ਸਬਬ। ੬. ਹੋ ਸਕਨੇ ਯੋਗ੍ਯ. ਮੁਮਕਿਨ.

ਸੰਭਵਿਓ, ਸੰਭਵਿਅਉ: ਸ੍ਵਯੰਭਵ. ਸ੍ਵਯੰਭੂ। ੨. ਦੇਖੋ, ਆਜੋਨੀ ਸੰਭਵਿਅਉ। ੩. ਪੈਦਾ ਹੋਇਆ. ਉਪਜਿਆ.

ਸੰਭਾਖਣ, ਸੰਭਾਖਨ: ਸੰ. सम्भाषण ਸੰਭਾਸ਼ਣ. ਸੰਗ੍ਯਾ- ਬਾਤ ਚੀਤ. ਗੁਫਤਗੂ. "ਕਰ ਸੰਭਾਖਣ ਆਪਸ ਮਾਹੀ." (ਨਾਪ੍ਰ) "ਸਗਲ ਸੰਭਾਖਨ ਜਾਪਿ." (ਸਾਰ ਮਃ ੫) "ਸੰਤਹ ਸੰਗੁ ਸੰਤ ਸੰਭਾਖਨ." (ਧਨਾ ਮਃ ੫)

ਸੰਭਾ ਜੀ: ਦੇਖੋ, ਸ਼ਿਵਾ ਜੀ.

ਸੰਭਾਰ: ਦੇਖੋ, ਸੰਭਾਲ। ੨. ਸੰ. ਸੰਗ੍ਯਾ- ਸਾਮਗ੍ਰੀ. ਸਾਮਾਨ. "ਸਭ ਸੰਭਾਰ ਸੰਭਾਰਕੈ ਸ੍ਰੀ ਨਾਨਕ ਢਿਗ ਆਨ." (ਨਾਪ੍ਰ) ੩. ਵਿਭੂਤਿ. ਸੰਪਦ.

ਸੰਭਾਰਨ: ਕ੍ਰਿ- ਸੰਭਾਲਨਾ. ਸ਼ਾਂਭਣਾ। ੨. ਚੇਤੇ ਕਰਨਾ. "ਪਾਵਨ ਨਾਮ ਜਗਤ ਮੇ ਹਰਿ ਕੋ ਕਬਹੂ ਨਾਹਿ ਸੰਭਾਰਾ." (ਜੈਤ ਮਃ ੯)

ਸੰਭਾਰਿਕਾ, ਸੰਭਾਲਕਾ: ਦੇਖੋ, ਸੰਭਾਰ. ਵਿ- ਸਾਮਗ੍ਰੀ ਵਾਲੀ. ਵਿਭੂਤੀ ਵਾਲੀ. "ਕਿ ਸੰਭਾਲਕਾ ਛੈ." (ਦੱਤਾਵ)

ਸੰਭਾਲਣਾ, ਸੰਭਾਲਨ: ਕ੍ਰਿ- ਢੂੰਡਣਾ. ਤਲਾਸ਼ ਕਰਨਾ। ੨. ਸਪੁਰਦਗੀ ਵਿੱਚ ਲੈਣਾ. ਹਿਫਾਜਤ ਅੰਦਰ ਕਰਨਾ.

ਸੰਭਾਲੂ: ਇੱਕ ਪੌਧਾ, ਜਿਸ ਦੀ ਛਟੀਆਂ ਦੀਆਂ ਟੋਕਰੀਆਂ ਬਣਦੀਆਂ ਹਨ ਅਤੇ ਪੱਤੇ ਉਬਾਲਕੇ ਸੋਜ ਦੂਰ ਕਰਨ ਲਈ ਟਕੋਰ ਕਰੀਦੀ ਹੈ. ਸੰ. सिन्धुवार ਸਿੰਧੁ ਵਾਰ. L. Vitextrifolia । ੨. ਵਿ- ਸੰਭਾਲਣ ਵਾਲਾ.

ਸੰਭਾਵਨਾ: ਸੰ. ਸੰਗ੍ਯਾ- ਚੰਗੀ ਤਰਾਂ ਸੋਚਣਾ। ੨. ਅਟਕਲਨਾ. ਅੰਦਾਜਾ ਕਰਨਾ। ੩. ਸਨਮਾਨ. ਇੱਜਤ. "ਸੰਭਾਵਨਾ ਕਰਤ ਹੈਂ ਦਰਸ ਕੈ." (ਗੁਪ੍ਰਸੂ) ੪. ਹੋ ਸਕਨਾ। ੫. ਇੱਕ ਅਰਥਾਲੰਕਾਰ ਜੇ ਐਸਾ ਹੁੰਦਾ, ਤਦ ਐਸਾ ਹੋ ਸਕਦਾ, ਅਥਵਾ ਜੇ ਐਸਾ ਹੋ ਸਕਦਾ ਤਦ ਐਸਾ ਹੁੰਦਾ, ਐਸਾ ਸ਼ਰਤੀਯਹ ਕਥਨ "ਸੰਭਾਵਨਾ" ਅਲੰਕਾਰ ਦਾ ਰੂਪ ਹੈ.

ਉਦਾਹਰਣ-

ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ.

(ਜਪੁ)

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ,

ਨਵਾਂ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ,

ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ,

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇਇ.

(ਜਪੁ)

ਸਿਕਤਾ ਮਹਿ ਤੇ ਯਤਨ ਕਰ ਤੇਲ ਜੁ ਨਿਕਸਾਵੈ,

ਕਮਠ ਪੀਠ ਪਰ ਭਾਂਤ ਕਿਹ ਬਹੁ ਬਾਲ ਜਮਾਵੈ,

ਸਿਰ ਪਰ ਰਾਸਭ ਸਸੇ ਕੇ ਉਗਵਾਇ ਬਿਖਾਨਾ,

ਤੌ ਦੁਸ਼੍ਰਨ ਕੇ ਰਿਦੇ ਮਹਿ ਗੁਨ ਕਰਹਿ ਮਹਾਨਾ.

(ਗੁਪ੍ਰਸੂ)

ਜੌ ਮਰਦਾਨੇ ਕੇ ਸਦ੍ਰਿਸ਼ ਗਾਯਨ ਜਾਨਤ ਕੋਇ,

ਤੌ ਸਭ ਕੋ ਪਾਹਨ ਹ੍ਰਿਦਯ ਲੇਤ ਮੋਮ ਕਰ ਸੋਇ.

ਸੰਭਾਵਿਤ: ਸੰ. ਵਿ- ਪੂਜਿਤ। ੨. ਸਨਮਾਨਿਤ. ਆਦਰ ਕੀਤਾ। ੩. ਪ੍ਰਸਿੱਧ. ਮਸ਼ਹੂਰ। ੪. ਅਟਕਲ ਨਾਲ ਜਾਣਿਆ ਹੋਇਆ.

ਸੰਭਾਵ੍ਯ: ਸੰ. ਵਿ- ਹੋ ਸਕਨੇ ਯੋਗ.

ਸੰਭੁ: ਸੰ. ਸ਼ੰਭੁ. ਸੰਗਯਾ- ਸੰ (ਕਲ੍ਯਾਣ) ਵਾਸਤੇ ਹੈ ਜਿਸ ਦੀ ਭੁ (ਹਸਤੀ), ਕਰਤਾਰ। ੨. ਬ੍ਰਹਮਾ। ੩. ਵਿਸ਼ਨੁ। ੪. ਸ਼ਿਵ। ੫. ਪਾਰਾ। ੬. ਸਿੱਖਮਤ ਅਨੁਸਾਰ ਸਤਿਗੁਰੂ.

ਸੰਭੁਸੁਤ, ਸੰਭੁਤਨਯ: ਸ਼ਿਵ ਦਾ ਪੁਤ੍ਰ ਗਣੇਸ਼ ਅਤੇ ਕਾਰਤਿਕੇਯ.

ਸੰਭੁਤ੍ਰਿਯਾ: ਸ਼ਿਵ ਦੀ ਸਿਤ੍ਰੀ ਪਾਰਵਤੀ। ੨. ਸਤੀ.

ਸੰਭੁਤ੍ਰਿਯਾ ਪਿਤ: (ਸਨਾਮਾ) ਸ਼ਿਵ ਦੀ ਇਸਤ੍ਰੀ ਸਤੀ, ਉਸ ਦਾ ਪਿਤਾ ਦਕ੍ਸ਼। ੨. ਹਿਮਾਲਯ.

ਸੰਭੁਪੁਤ: ਦੇਖੋ, ਸੰਭੁਸੁਤ.

ਸੰਭੂ: ਦੇਖੋ. ਸੰਭੁ। ੨. ਸ੍ਵਯੰਭਵ. ਸ੍ਵਯੰਭੂ. ਆਪ ਹੋਣ ਵਾਲਾ. ਜੋ ਕਿਸੇ ਤੋਂ ਨਹੀਂ ਹੋਇਆ, ਕਰਤਾਰ. "ਸਰਬ ਜੋਤਿ ਨਿਰੰਜਨ ਸੰਭੂ." (ਗੂਜ ਅਃ ਮਃ ੧)

ਸੰਭੂਤ: ਸੰ. ਵਿ- ਉਪਜਿਆ. ਪੈਦਾ ਹੋਇਆ. "ਤਿਸ ਆਤਮ ਤੇ ਨਭ ਸੰਭੂਤ." (ਗੁਪ੍ਰਸੂ)

ਸੰਭੂਤਿ: ਸੰ. ਸੰਗਯਾ- ਉਤਪੱਤਿ. ਜਨਮ। ੨. ਵਾਧਾ. ਵ੍ਰਿੱਧਿ। ੩. ਵਿਭੂਤਿ. ਸੰਪਦ.

ਸੰਭੌ: ਸ੍ਵਯੰਭਵ ਸ੍ਵਯੰਭੁ. ਆਪ ਹੋਣ ਵਾਲਾ, ਜੋ ਕਿਸੇ ਦਾ ਕਾਰਜ ਨਹੀਂ. "ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ." (ਮਾਝ ਮਃ ੫)

ਸੰਭ੍ਰਮ: ਸੰ. ਸੰਗਯਾ- ਭੁੱਲ। ੨. ਸੰਸਾ. ਸ਼ੱਕ। ੩. ਚਕ੍ਰ. ਗੇੜਾ। ੪. ਘਬਰਾਹਟ। ੫. ਦੇਖੋ, ਵਿਭ੍ਰਮ.

ਸੰਮ: ਦੇਖੋ, ਸੰਬ। ੨. ਸ੍ਵਪਨ. ਸ਼ਯਨ. ਦੇਖੋ, ਸੰਮਿ.

ਸੰਮਸ: ਦੇਖੋ, ਸਮਸ.

ਸੰਮਕ: ਦੇਖੋ, ਸਮ੍ਯਕ.

ਸੰਮਣ: ਦੇਖੋ, ਸੰਮਨ.

ਸੰਮਤ: ਸੰ. ਵਿ- ਮਾਨ ਕੀਤਾ ਹੋਇਆ। ੨. ਸਹਿਮਤ. ਰਾਇ ਅਨੁਸਾਰ. "ਯਹ ਸਭ ਸੰਮਤ ਮੇਰੋ ਹੋਈ." (ਨਾਪ੍ਰ) ੩. ਸੰਵਤ. ਵਰ੍ਹਾ. ਸਾਲ. ਇਸ ਗ੍ਰੰਥ ਵਿੱਚ ਜਿੱਥੇ "ਸੰਮਤ" ਸ਼ਬਦ ਵਰਤਿਆ ਹੈ ਉਹ ਵਿਕ੍ਰਮੀ ਸਾਲ ਲਈ ਹੈ. ਦੇਖੋ, ਸੰਵਤ ਅਤੇ ਵਰਸ.

ਸੰਮਤਿ, ਸੰਮਤੀ: ਸੰ. सम्मति ਸੰਗਜ਼ਾ- ਰਾਇ। ੨. ਇੱਛਾ.

ਸੰਮਨ: ਸ਼ਾਹਬਾਜ਼ਪੁਰੇ ਦਾ ਵਸਨੀਕ ਮੂਸਨ ਦਾ ਪਿਤਾ, ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਅਨੰਨ ਸਿੱਖ. ਇਹ ਭਾਣਾ ਮੰਨਣ ਵਿੱਚ ਅਦੁਤੀ ਸੀ. ਕਪੂਰ ਦੇਉ ਦੇ ਪੁੱਛਣ ਪੁਰ ਕਿ ਗੁਰੁਮੁਖ ਸਿੱਖ ਕੇਹੜਾ ਹੈ, ਸਤਿਗੁਰਾਂ ਨੇ ਸੰਮਨ ਦਾ ਨਾਉਂ ਦੱਸਿਆ ਸੀ. ਇਸ ਦਾ ਨਾਉਂ ਚੌਬੋਲਿਆਂ ਵਿੱਚ ਆਇਆ ਹੈ- "ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ." (ਚਉਬੋਲੇ ਮਃ ੫) "ਸੰਮਨ ਹੈ ਸਾਹਬਾਜਪੁਰੇ ਕੋ." (ਗੁਪ੍ਰਸੂ) ੨. ਅ਼. ثمن ਸ਼ੰਮਨ. ਵਿ- ਅੱਠ. ਆਠ। ੩. ਦੇਖੋ, ਸੰਮਨਬੁਰਜ.

ਸੰਮਨ ਬੁਰਜ: ਅ਼. مثمن برج ਮੁਸ਼ੰਮਨਬੁਰਜ. ਅਠ- ਪਹਿਲੂ ਬੁਰਜ. ਦੇਖੋ, ਸੰਮਨ ੨. "ਥਿਰਜੋ ਬੁਰਜ ਸੰਮਨ ਕੀ ਬਾਰੀ." (ਗੁਪ੍ਰਸੂ)

ਸੰਮਲ: ਸੰਗਜਾ- ਸੰਭਾਲ. ਖਬਰਦਾਰੀ। ੨. ਚੇਤਾ. ਧਿਆਨ.

ਸੰਮਲਾ: ਦੇਖੋਂ, ਸਮਲਾ. "ਸਹਿਤ ਸੰਮਲੇ ਸਿਰ ਪਰ ਚੀਰਾ." (ਗੁਪ੍ਰਸੂ) ੨. ਚੇਤੇ ਕਰਾਂ. "ਸਾਹਿ ਸਾਹਿ ਤੁਝੁ ਸੰਮਲਾ." (ਸ੍ਰੀ ਮਃ ੧)

ਸੰਮਲਿ: ਸੰਭਾਲਕੇ। ੨. ਚੇਤੇ ਕਰਕੇ. "ਹਉ ਸੰਮਲਿ ਥਕੀ ਜੀ ਓਹ ਕਦੇ ਨ ਬੋਲੈ ਕਉਰਾ." (ਸੂਹੀ ਛੰਤ ਮਃ ੫) ਮੈ ਚੇਤੇ ਕਰਕੇ ਥਕ ਗਈ ਹਾਂ, ਮੈਨੂੰ ਇੱਕ ਭੀ ਮੌਕਾ ਯਾਦ ਨਹੀਂ ਆਉਂਦਾ ਜਦ ਉਹ ਕੌੜਾ ਬੋਲਿਆ ਹੋਵੇ। ੩. ਦੇਖੋ, ਸੰਮ੍ਰਿਲਿ.

ਸੰਮਾ: ਮਾਲਵੇ ਵਿੱਚ ਸੁਨੀਅਰ ਪਿੰਡ ਦਾ ਵਸਨੀਕ ਡੋਗਰ, ਜੋ ਦਸ਼ਮੇਸ਼ ਜੀ ਦੇ ਸੁਨੀਅਰ ਪਧਾਰਨ ਸਮੇਂ ਸੇਵਾ ਵਿੱਚ ਦੁੱਧ ਲੈ ਕੇ ਹਾਜਿਰ ਹੋਇਆ ਸੀ.

ਸੰਮਾਉਣਾ, ਸੰਮਾਇਆ: ਦੇਖੋ, ਸਮਾਉਣਾ- ਸਮਾਇਆ. "ਸੰਮਾਇ ਪੂਰਨ ਪੁਰਖ ਕਰਤੇ." (ਵਡ ਛੰਤ ਮਃ ੫)

ਸੰਮਾਨ, ਸੰਮਾਨਿ: ਦੇਖੋ, ਸਮਾਨ. "ਬੈਰੀ ਮੀਤ ਹੋਏ ਸੰਮਾਨ." (ਭੈਰ ਮਃ ੫) "ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ." (ਮਾਰੂ ਜੈਦੇਵ) ੨. ਸੰ. सम्मान ਆਦਰ. ਦੇਖੋ, ਸਨਮਾਨ.

ਸੰਮਾਨਿਆ: ਦੇਖੋ, ਸੰਮਾਨ। ੨. ਦੇਖੋ, ਸਾਮਾਨਜਾ.

ਸੰਮਾਨੈ: ਸਮ- ਮਾਨੈ. ਤੁੱਲ ਜਾਣਦਾ ਹੈ. ਦੇਖੋ, ਮੇਰੈ ਸੰਮਾਨੈ। ੨. ਸਨਮਾਨੈ. ਸਨਮਾਨ ਕਰਦਾ ਹੈ.

ਸੰਮਾਰਨ: ਕ੍ਰਿ- ਸੰਭਾਲਨਾ. ਸ਼ਾਂਭਣਾ। ੨. ਸਿਮਰਨ ਕਰਨਾ. ਯਾਦ ਕਰਨਾ. "ਜਿਉ ਬਾਰਿਕ ਮਾਤਾ ਸੰਮਾਰੇ." (ਮਾਝ ਮਃ ੫) "ਆਗੇ ਤੇ ਨ ਸੰਮਾਰਾ." (ਸੂਹੀ ਕਬੀਰ)

ਸੰਮਾਲ: ਦੇਖੋ, ਸੰਭਾਲ.

ਸੰਮਾਲਨ: ਸੰਭਾਲਨਾ. ਸਾਂਭਣਾ। ੨. ਚੇਤੇ ਕਰਨਾ.

ਸਿਮਰਨ ਕਰਨਾ. "ਗੁਰੁ ਦੁਆਰੈ ਹੋਇਕੈ ਸਾਹਿਬ ਸੰਮਾਲੇਹੁ." (ਵਾਰ ਬਿਹਾ ਮਃ ੩) "ਦੁਖ ਭੀ ਸੰਮਾਲਿਓਇ." (ਵਾਰ ਸੂਹੀ ਮਃ ੨) "ਸੇਵਨ ਸਾਈ ਆਪਣਾ ਨਿਤ ਉਠਿ ਸੰਮਾਲੰਨਿ." (ਵਾਰ ਸੂਹੀ ਮਃ ੩)

ਸੰਮਾਲੇਨ: ਸੰਭਾਲਦੇ ਹਨ. ਸਿਮਰਨ (ਚੇਤੇ) ਕਰਦੇ ਹਨ. "ਜੇ ਨਿਤ ਉਠਿ ਸੰਮਾਲੇਨ." (ਵਾਰ ਗਉ ੧. ਮਃ ੪)

ਸੰਮਿ: ਦੇਖੋ, ਸੰਮ। ੨. ਕ੍ਰਿ. ਵਿ- ਸੌਂਕੇ. ਸ਼ਯਨ ਕਰਕੇ. "ਚਾਰਿ ਗਵਾਇਆ ਸੰਮਿ." (ਸ. ਫਰੀਦ).

ਸੰਮਿਆ: ਸੰ. ਸ਼ਮਜਾ. ਸੰਗਯਾ- ਆਧਾਰ. ਟੇਕ। ੨. ਵੈਰਾਗਣ. ਇੱਕ ਪ੍ਰਕਾਰ ਦੀ ਟਿਕਟਿਕੀ, ਜਿਸ ਉੱਤੇ ਬਾਹਾਂ ਰੱਖਕੇ ਸਾਧੁ ਬੈਠਦੇ ਹਨ. "ਸਗਲੀ ਜੋਤਿ ਹਮਾਰੀ ਸੰਮਿਆ." (ਆਸਾ ਮਃ ੧)

ਸੰਮੀ: ਇਸ ਦਾ ਨਾਉਂ ਹੁਣ ਸਮੀਰ ਪ੍ਰਸਿੱਧ ਹੈ. ਇਹ ਭਟਿੰਡੇ ਤੋਂ ਪੰਜ ਕੋਹ ਦੀ ਵਿੱਥ ਤੇ ਹੈ. ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਕਲਗੀਧਰ ਜੀ ਭਟਿੰਡੇ ਤੋਂ ਚਲਕੇ ਇੱਥੇ ਵਿਰਾਜੇ ਹਨ. "ਉਲੰਘ ਪੰਥ ਕੇਤਕ ਜਬ ਆਏ, ਡੇਰਾ ਸੰਮੀ ਗ੍ਰਾਮ ਸੁਪਾਏ." (ਗੁਪ੍ਰਸੂ) ਇਸ ਥਾਂ ਹੁਣ ਗੁਰੁਦ੍ਵਾਰਾ ਹੈ. ਸੰਮੀ ਤੋਂ ਚਲਕੇ ਦਸ਼ਮੇਸ਼ ਜੀ ਦਮਦਮੇ ਪਧਾਰੇ ਹਨ.

ਸੰਮੁਖ: ਸੰ. ਕ੍ਰਿ. ਵਿ- ਮੂੰਹ ਦੇ ਸਾਮ੍ਹਣੇ. ਅੱਗੇ. ਸਨਮੁਖ.

ਸੰਮੁਲਫਾਰ: ਦੇਖੋ, ਸੰਖੀਆ.

ਸੰਮੂ: ਦੇਖੋ, ਟਾਲ੍ਹੀਆਂ ਫੱਤੂ ਸੰਮੂ ਕੀ.

ਸੰਮ੍ਹਲਿ: ਕ੍ਰਿ. ਵਿ- ਸੰਭਲਕੇ. ਸਾਵਧਾਨਤਾ ਨਾਲ."ਸੰਮ੍ਹਲਿ ਬੁਕ ਭਰੀ." (ਸ. ਫਰੀਦ).

ਸੰਮ੍ਹਲਿਆ: ਵਿ- ਸੰਭਾਲਿਆ ਕਬਜ਼ੇ ਕੀਤਾ। ਮੱਲਿਆ. "ਸੰਮ੍ਹਲਿਆ ਸਚੁ ਥਾਨੁ." (ਸੂਹੀ ਛੰਤ ਮਃ ੫)

ਸੰਮਯਕ: ਸੰ. सम्यक ਵਿ- ਮਨੋਹਰ. ਸੰਦਰ। ੨. ਮਿਲਿਆ ਹੋਇਆ। ੩. ਯਥਰਥ. ਸਹੀ.

ਸੰਮ੍ਰਥ, ਸੰਮ੍ਰਥੁ, ਸੰਮ੍ਰਿਥ: ਦੇਖੋ, ਸਮਰਥ. "ਕਰਹਿ ਕਹਾਣੀਆ ਸੰਮ੍ਰਥ ਕੰਤ ਕੀਆਹ." (ਸ੍ਰੀ ਮਃ ੧) "ਐਸਾ ਸੰਮ੍ਰਥੁ ਹਰਿ ਜੀਉ ਆਪਿ." (ਰਾਮ ਮਃ ੫) "ਸੰਮ੍ਰਿਥ ਪੁਰਖ ਅਪਾਰ." (ਸਵਾ ਮਃ ੫)

ਸੰਯਤ: ਸੰ. ਵਿ- ਚੰਗੀ ਤਰਾਂ ਬੰਨ੍ਹਿਆ ਹੋਇਆ। ੨. ਧਰਮ ਦੇ ਨਿਯਮਾਂ ਵਿੱਚ ਬੱਧਾ। ੩. ਜਿਸ ਨੇ ਮਨ ਇੰਦ੍ਰੀਆਂ ਨੂੰ ਕਾਬੂ ਰੱਖਿਆ ਹੈ. ਸੰਯਤਾਤਮਾ.

ਸੰਯਮ: ਦੇਖ, ਸੰਜਮ.

ਸੰਯਮਨੀ: ਸੰ. ਸੰਗਯਾ- ਧਰਮਰਾਜ ਦੀ ਪੁਰੀ, ਜਿਸ ਥਾਂ ਚੰਗੀ ਤਰਾਂ ਪ੍ਰਾਣੀ ਬੰਨ੍ਹਿਆ ਜਾਂਦਾ ਹੈ.

ਸੰਯਮਨੀ ਪਤਿ: ਧਰਮਰਾਜ. ਦੇਖੋ, ਸੰਯਮਨੀ.

ਸੰਯਮੀ: ਦੇਖੋ, ਸੰਜਮੀ.

ਸੰਯੁਕਤ: ਸੰ. ਸੰਯੁਕ੍ਤ. ਵਿ- ਸਾਥ. ਸਹਿਤ। ੨. ਜੁੜਿਆ ਹੋਇਆ. ਸਾਥ ਲੱਗਿਆ.

ਸੰਯੁਤ: ਦੇਖੋ, ਸੰਜੁਤ.

ਸੰਯੁਤਾ: ਇੱਕ ਛੰਦ. ਇਸ ਦਾ ਨਾਉਂ "ਅੜੂਹਾ" ਅਤੇ "ਪ੍ਰਿਯਾ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ. ਸ਼, ਜ, ਜ, ਗ, IIS, ISI, ISI, S.

ਉਦਾਹਰਣ-

ਪੁਨ ਬੇਣ ਰਾਜ ਮਹੇਸ਼ ਭਯੋ,

ਜਿਨ ਡੰਡ ਕਾਹੁਨ ਤੇ ਲਯੋ,

ਜਿਯ ਭਾਂਤ ਭਾਂਤ ਸੁਖੀ ਨਰਾ,

ਅਤਿ ਗਬੰ ਸੋ ਛੁਟਕਯੋ ਧਰਾ. (ਬੇਨਰਾਜ)

ਦੇਖੋ, ਬੇਲੀ ਬਿਦ੍ਰੁਮ ਦਾ ਰੂਪ ਅ.

ਸੰਯੋਗ: ਦੇਖੋ, ਸੰਜੋਗ.

ਸੰਯੋਗੀ: ਦੇਖੋ, ਸੰਜੋਗੀ.

ਸੰਯੋਜਨ: ਸੰ. ਸੰਗਯਾ- ਚੰਗੀ ਤਰਾਂ ਜੋੜਨ ਦੀ ਕ੍ਰਿਯਾ। ੨. ਜੋਤਣਾ. ਬੈਲ ਘੋੜੇ ਆਦਿ ਦਾ ਹਲ ਗੱਡੀ ਆਦਿ ਨਾਲ ਜੋੜਨਾ.

ਸੰਲਗਨ: ਸੰ. ਸੰਲਗ੍ਨ. ਵਿ- ਸਾਥ ਲੱਗਿਆ ਹੋਇਆ. ਮਿਲਿਆ ਹੋਇਆ. "ਸੰਲਗਨ ਸਭ ਸੁਖ ਛਤ੍ਰ." (ਮਾਰੂ ਅਃ ਮਃ ੫)

ਸੰਵਹਨ: ਸੰ. ਸੰਗਯਾ- ਚੰਗੀ ਤਰਾਂ ਲੈ ਜਾਣ ਦੀ ਕ੍ਰਿਯਾ। ੨. ਹੱਕਣਾ। ੩. ਸਵਾਰੀ। ੪. ਜਹਾਜ.

ਸੰਵਤ, ਸੰਵਤਸਰ: ਸੰ. संवत- संवत्सर ਸਾਲ. ਵਰ੍ਹਾ. ਸਨ (ਸਿਨ). ਵਰ੍ਸ਼.

(ੳ) ਦੇਖੋ, ਈਸਵੀ ਸਨ.

(ਅ) ਦੇਖੋ, ਸ਼ਕ ਸੰਵਤ. ਦਖੋ, ਸਾਲਿਵਾਹਨ.

(ੲ) ਦੇਖੋ, ਹਿਜਰੀ ਸਨ. ਦੇਖੋ, ਮੁਹੰਮਦ.

(ਸ) ਦੇਖੋ, ਵਰਸ.

(ਹ) ਦੇਖੋ, ਵਿਕ੍ਰਮੀ ਸੰਵਤ. ਦੇਖੋ, ਵਿਕ੍ਰਮਾਦਿਤ੍ਯ.

ਸੰਵਾਹਨ: ਦੇਖੋ, ਸੰਬਾਹਨ.

ਸੰਵਾਦ: ਦੇਖੋ, ਸੰਬਾਦ.

ਸੰਵਾਦੀ: ਦੇਖੋ, ਸੰਬਾਦੀ। ੨. ਸੰਗੀਤ ਅਨੁਸਾਰ ਉਹ ਸ੍ਵਰ, ਜੋ ਰਾਗ ਦਾ ਨਿਰਵਾਹ ਕਰੇ, ਅਰਥਾਤ ਰਾਗ ਦਾ ਸਰੂਪ ਬਣਾਉਣ ਵਿੱਚ ਵਾਦੀ ਸੁਰ ਨੂੰ ਸਹਾਇਤਾ ਦੇਵੇ, ਜੈਸੇ ਭੈਰਵ ਵਿੱਚ ਰਿਖਭ (ਰਿਸ਼ਭ) ਸੰਵਾਦੀ ਹੈ. ਦੇਖੋ, ਸ੍ਵਰ.

ਸ਼ੰਵੇਦ: ਸ਼ੰ. ਸੰਗਯਾ- ਗ੍ਯਾਨ. ਜਾਣਨਾ. ਚੰਗੀ ਤਰ੍ਹਾਂ ਸਮਝਣਾ.

ਸੰਵੇਦਨ: ਸੰ. ਸੰਗਯਾ ਚੰਗੀ ਤਰਾਂ ਜਾਨਣ ਦੀ ਕ੍ਰਿਯਾ। ੨. ਪ੍ਰਗਟ ਕਰਨਾ.

ਸੰਵੇਦਜ: ਦੇਖੋ, ਸੰਬੇਦਜ.

ਸੰਵ੍ਯਾਨ, ਸੰਵ੍ਯਾਨਾ: ਸੰ. संव्यान ਸੰਗਯਾ- ਸ਼ਰੀਰ ਢਕਣ ਦਾ ਵਸਤ੍ਰ. ਚਾਦਰ. "ਤਾਨ ਸੰਵ੍ਯਾਨ ਸਰੀਰ ਕੇ ਊਪਰ." (ਨਾਪ੍ਰ) "ਸੰਵ੍ਯਾਨਾ ਸੁੰਦਰ ਸਜੈ". (ਨਾਪ੍ਰ)

ਸੰਵ੍ਰਤ: ਡਿੰਗ. ਵਰੁਣ ਦੇਵਤਾ. ਜਲਪਤਿ.

ਸ੍ਕੰਦ: ਦੇਖੋ ਸਕੰਦ.

ਸ੍ਕੰਧ: ਦੇਖੋ, ਸਕੰਧ.

ਸ੍ਖਲ: ਦੇਖੋ, ਸਖਲਨ.

ਸ੍ਤਨ: ਦੇਖੋ, ਅਸਤਨ ੧.

ਸ੍ਤਵ: ਸੰ. ਸੰਗਯਾ- ਉਸਤਤਿ. ਵਡਿਆਈ. ਦੇਖੋ, ਸ੍ਤੁ.

ਸ੍ਵਨ: ਦੇਖੋ, ਅਸਤਵਨ.

ਸ੍ਤਾਵਕ: ਸੰ. ਉਸਤਤਿ ਕਰਨ ਵਾਲਾ. ਦੇਖੋ, ਸ੍ਤੁ.

ਸ੍ਤੁ: ਸੰ. ਧਾ- ਉਸਤਤਿ ਕਰਨਾ. ਪੂਜਾ ਕਰਨਾ. ਸੇਵਾ ਕਰਨਾ. ਇਸੇ ਧਾਤੁ ਤੋਂ ਸ੍ਤੁਤਿ ਸ੍ਤੋਤ੍ਰ ਆਦਿ ਸ਼ਬਦ ਬਣਦੇ ਹਨ.

ਸ੍ਤੁਤਿ: ਦੇਖੋ. ਉਸਤਤਿ.

ਸ੍ਤੁਤਿ ਵ੍ਯਾਜ ਨਿੰਦਾ: ਦੇਖੋ, ਵ੍ਯਾਜ ਨਿੰਦਾ.

ਸ੍ਤੂਪ: ਸੰ. ਸੰਗ੍ਯਾ- ਸਤੂਨ. ਥਮਲਾ. ਖੰਭਾ.

ਸ੍ਤੇਨ: ਸੰ. स्तेन ਧਾ- ਚੋਰੀ ਕਰਨਾ. ਚੁਰਾਉਣਾ.

ਸ੍ਤੇਯ: ਸੰ. ਸੰਗ੍ਯਾ- ਚੋਰੀ. ਚੁਰਾਉਣ ਦੀ ਕ੍ਰਿਯਾ. ਦੇਖੋ, ਸ੍ਤੇਨ.

ਸ੍ਤੇਯੀ: ਸੰ. स्तेयिन ਚੋਰੀ ਕਰਨ ਵਾਲਾ. ਚੋਰ.

ਸ੍ਤੈਨ੍ਯ: ਸੰ. ਸੰਗ੍ਯਾ- ਚਰਾਉਣ ਦਾ ਕਰਮ. ਚੋਰੀ.

ਸ੍ਤੋਤ੍ਰ: ਦੇਖੋ, ਅਸਤੋਤ੍ਰ.

ਸ੍ਤੰਭ: ਦੇਖੋ, ਅਸਤੰਭ.

ਸ੍ਤੰਭਨ: ਸੰ. ਸੰਗ੍ਯਾ- ਰੋਕਣਾ. ਥੰਮਣਾ. ਠਹਿਰਾਉਣਾ। ੨. ਰੁਕਾਵਟ. ਅਟਕਾਉ। ੩. ਜੜ੍ਹ ਕਰਨਾ। ੪. ਕਾਮ ਦਾ ਇੱਕ ਵਾਣ.

ਸ੍ਤ੍ਰੀ: ਸੰ. स्तृ ਧਾ- ਫੈਲਾਉਣਾ. ਢਕਣਾ। ੨. ਦੇਖੋ, ਇਸਤ੍ਰੀ.

ਸ੍ਤ੍ਰੀਜਾਤਿ: ਕਾਮ ਸ਼ਾਸਤ੍ਰ ਅਨੁਸਾਰ ਇਸਤ੍ਰੀ ਦੇ ਚਾਰ ਭੇਦ. ਦੇਖੋ, ਨਾਰੀ.

ਸ੍ਤ੍ਰੀਜਿਤ: ਦੇਖੋ, ਇਸਤ੍ਰੀ ਜਿਤ.

ਸ੍ਤ੍ਰੀਧਨ: ਸੰ. ਸੰਗ੍ਯਾ- ਜੋ ਵਿਆਹ ਸਮੇਂ ਕੰਨ੍ਯਾ ਨੂੰ ਨਕਦੀ ਅਤੇ ਗਹਿਣਾ ਵਸਤ੍ਰ ਆਦਿ ਮਿਲੇ, ਅਥਵਾ ਪਿਤਾ ਪਤੀ ਆਦਿਕ ਖਾਸ ਤੌਰ ਪੁਰ ਜੋ ਧਨ ਇਸਤ੍ਰੀ ਨੂੰ ਦੇਣ. ਦੇਖੋ, ਇਸਤ੍ਰੀ ਧਨ.

ਸ੍ਤ੍ਰੀਵ੍ਰਤ: ਸੰ. ਸੰਗ੍ਯਾ- ਆਪਣੀ ਇਸਤ੍ਰੀ ਤੋਂ ਛੁੱਟ ਹੋਰ ਕਿਸੇ ਇਸਤ੍ਰੀ ਨਾਲ ਭੋਗ ਨਾ ਕਰਨ ਦਾ ਨਿਯਮ.

ਸ੍ਥ: ਸੰ. ਵਿ- ਸ੍ਥਿਤ ਹੋਣ ਵਾਲਾ. ਠਹਿਰਨ ਵਾਲਾ. ਇਹ ਸ਼ਬਦਾਂ ਦੇ ਅੰਤ ਜੋੜਿਆ ਜਾਂਦਾ ਹੈ, ਜਿਵੇਂ- ਕੂਟਸ੍ਥ, ਗ੍ਰਿਹਸ੍ਥ, ਮਾਰਗਸ੍ਥ ਆਦਿ.

ਸ੍ਥਗ: ਸੰ स्थग् ਧਾ- ਢਕਣਾ. ਆਛਾਦਨ ਕਰਨਾ. ਥਕਣਾ. ਠਹਿਰਨਾ. ਦੇਖੋ, ਥਕਣਾ.

ਸ੍ਥਲ: ਦੇਖੋ, ਅਸਥਲ.

ਸ੍ਥਵਿਰ: ਸੰ. ਵਿ- ਅਚਲ. ਕਾਇਮ। ੨. ਬੁੱਢਾ। ੩. ਸੰਗ੍ਯਾ- ਬ੍ਰਹਮਾ. ਚਤੁਰਾਨਨ.

ਸ੍ਥਾ: ਸੰ. ਧਾ- ਠਹਿਰਨਾ. ਖੜਾ ਰਹਿਣਾ. ਰੁਕਣਾ. ਉਪੱਰ ਚੜ੍ਹਨਾ. ਪਾਸ ਹੋਣਾ.

ਸ੍ਥਾਈ: ਦੇਖੋ, ਅਸਥਾਈ.

ਸ੍ਥਾਣੁ, ਸ੍ਥਾਣੂ: ਸੰ. स्थाणु ਵਿ- ਕਾਇਮ ਰਹਿਣ ਵਾਲਾ। ੨. ਸੰਗ੍ਯਾ- ਸ਼ਿਵ, ਜੋ ਚਲਾਇਮਾਨ ਨਹੀਂ ਹੁੰਦਾ। ੩. ਅਚਲ

ਬ੍ਰਹਮ। ੪. ਠੂਠ. ਖੁੰਢ.

ਸ੍ਥਾਨ: ਦੇਖੋ, ਅਸਥਾਨ. "ਦੁਰਗਮ ਸ੍ਥਾਨ ਸੁਗਮੰ." (ਸਹਸ ਮਃ ੫)

ਸ੍ਥਾਨਚਿਤ੍ਰ: ਦੇਖੋ, ਚਿਤ੍ਰ ਅਲੰਕਾਰ ਦਾ ਅੰਗ (ਅ)

ਸ੍ਥਾਨੀ: ਸੰ. स्थानिन् ਵਿ- ਥਾਉਂ ਵਾਲਾ। ੨. ਮੁਕਾਮੀ.

ਸ੍ਥਾਪਕ: ਸੰ. ਵਿ- ਠਹਿਰਾਉਣ ਵਾਲਾ. ਟਿਕਾਉਣ ਵਾਲਾ. ਸ੍ਥਾਪਨ ਕਰਤਾ.

ਸ੍ਥਾਪਨ: ਸੰ. ਸੰਗ੍ਯਾ- ਥਾਪਣਾ. ਠਹਿਰਾਉਣਾ. ਕਾਇਮ ਕਰਨਾ. ਰੱਖਣਾ. ਧਾਰਨਾ.

ਸ੍ਥਾਯੀ: ਸੰ. स्थायिन् ਵਿ- ਠਹਿਰਨ ਵਾਲਾ. ਕਾਇਮ. ਦੇਖੋ, ਸ੍ਥਾ.

ਸ੍ਥਾਯੀਭਾਵ: ਦੇਖੋ, ਅਸਥਾਈ ਭਾਵ ਅਤੇ ਭਾਵ ਸ਼ਬਦ.

ਸ੍ਥਾਲ: ਦੇਖੋ, ਥਾਲ.

ਸ੍ਥਾਲੀ: ਦੇਖੋ, ਥਾਲੀ.

ਸ੍ਥਾਲੀ ਤੰਡੁਲ ਨ੍ਯਾਯ: ਦੇਖੋ, ਨ੍ਯਾਯ.

ਸ੍ਥਾਵਰ: ਦੇਖੋ, ਅਸਥਵਾਰ.

ਸ੍ਥਿਤ: ਦੇਖੋ, ਅਸਥਿਤ ਅਤੇ ਇਸਥਿਤ.

ਸ੍ਥਿਤਿ: ਦੇਖੋ,  ਅਸਥਿਤਿ ਅਤੇ ਇਸਥਿਤਿ.

ਸ੍ਥਿਰ: ਦੇਖੋ, ਅਸਥਿਰ ਅਤੇ ਇਸਥਿਰ.

ਸ੍ਥਿਰਤਾ: ਸੰ. ਸੰਗ੍ਯਾ- ਠਹਿਰਾਉ. ਸ੍ਥਿਰ ਭਾਵ. ਕਾਇਮੀ. ਅਚਲਪਨ.

ਸ੍ਥੂਲ: ਦੇਖੋ, ਅਸਥੂਲ.

ਸ੍ਥੰਡਲ: ਦੇਖੋ, ਥੜਾ.

ਸ੍ਨਾ: ਧਾ- ਸਨਾਨ ਕਰਨਾ. ਨ੍ਹਾਉਣਾ. ਸ਼ੁੱਧ ਹੋਣਾ.

ਸ੍ਨਾਨ: ਦੇਖੋ, ਇਸਨਾਨ.

ਸ੍ਨਾਯੁ: ਸੰ. ਸੰਗ੍ਯਾ- ਪੱਠਾ. ਰਗ.

ਸ੍ਨਿਹ: ਸੰ. स्निह ਧਾ- ਪ੍ਰੇਮ ਕਰਨਾ. ਮਿਤ੍ਰਤਾ ਕਰਨਾ. ਚਿਕਨਾ ਹੋਣਾ. ਦੇਖੋ, ਸਨੇਹ.

ਸ੍ਨਿਗਧ: ਦੇਖੋ, ਸਨਿਗਧ.

ਸ੍ਨੁਖਾ: ਸੰ. स्नुषा ਸ੍ਨੁਸ਼ਾ. ਸੰਗ੍ਯਾ- ਨੂੰਹ. ਪੁਤ੍ਰਵਧੂ.

ਸ੍ਨੇਹ: ਦੇਖੋ, ਸਨੇਹ. "ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ." (ਸਹਸ ਮਃ ੫)

ਸ੍ਨੇਹੀ: ਦੇਖੋ, ਸਨੇਹੀ.

ਸ੍ਪਰ੍ਧ: ਸੰ. स्पर्ध् ਧਾ- ਈਰਖਾ ਕਰਨਾ. ਦੂਸਰੇ ਦਾ ਭਲਾ ਨਾ ਚਾਹੁਣਾ.

ਸ੍ਪੰਦ: ਸੰ. स्पन्द् ਧਾ- ਉਛਲਨਾ. ਕੰਬਣਾ. ਥਰਥਰਾਉਣਾ. ਜਾਣਾ.

ਸ੍ਪ੍ਰਿਸ਼: ਸੰ. स्पृश ਧਾ- ਛੁਹਿਣਾ. ਸੰਯੋਗ ਕਰਨਾ.

ਸ੍ਪ੍ਰਿਹ: ਸੰ. स्पृह ਧਾ- ਇੱਛਾ ਕਰਨਾ. ਚਾਹੁਣਾ.

ਸ੍ਫਟਿਕ: ਦੇਖੋ, ਸਫਟਕ.

ਸ੍ਫਾਰ: ਸ੍ਵਰਣ (ਸੋਨੇ) ਦਾ ਬੁਲਬੁਲਾ। ੨. ਖਿੜਨਾ. ਵਿਕਾਸ਼। ੩. ਵਿ- ਚੌੜਾ.

ਸ੍ਫੁਟ: ਸੰ. स्फुट् ਧਾ- ਖਿੜਨਾ. ਕਤਰਨਾ. ਛੇਕਣਾ। ੨. ਵਿ- ਖਿੜਿਆ ਹੋਇਆ। ੩. ਜਾਹਿਰ. ਪ੍ਰਤੱਖ.

ਸ੍ਫੁਰ: ਸੰ. स्फुर् ਧਾ- ਹਿਲਣਾ. ਜਾਣਾ. ਫੈਲਣਾ. ਸੁੱਜਣਾ.

ਸ੍ਫੁਰਣ: ਦੇਖੋ, ਫੁਰਣਾ.

ਸ੍ਮਯ: ਸ਼ੰ. ਸੰਗਯਾ- ਅਭਿਮਾਨ। ੨. ਹੈਰਾਨੀ. ਅਚਰਜ

ਸ੍ਮਰ: ਦੇਖੋ, ਸਮਰ ੨.

ਸ੍ਮਰਣ: ਦੇਖੋ, ਸਿਮਰਣ। ੨. ਇੱਕ ਸ਼ਬਦਾਲੰਕਾਰ. ਜਾਣੇ ਹੋਏ ਪਦਾਰਥ ਤੁੱਲ ਕਿਸੀ ਦੂਜੀ ਵਸਤੂ ਨੂੰ ਵੇਖਕੇ ਉਸ ਦੀ ਸਿਮ੍ਰਿਤਿ ਹੋਣੀ "ਸ੍ਮਰਣ" ਅਲੰਕਾਰ ਹੈ.

ਉਦਾਹਰਣ-

ਸ੍ਰੀ ਨਾਨਕ ਦਰਬਾਰ ਮੇ ਸੁਨ ਮਰਦਾਨਾ ਤਾਨ,

ਸਭ ਦੇਵਨ ਸਮਰਣ ਕਿਯੋ ਹਾਹਾ ਹੂਹੂ ਗਾਨ.

ਚਖ ਚੌਂਧਕ ਚਪਲਾ ਚਮਕ ਪਾਵਸ ਸਮਯ ਨਿਹਾਰ,

ਯਾਦਾਈ ਦਸ਼ਮੇਸ਼ ਕੀ ਤੇਜਪੁੰਜ ਤਰਵਾਰ.

ਸ੍ਮਰਾਰਿ: ਦੇਖੋ, ਸਮਰਾਰਿ.

ਸ੍ਮਾਰਤ: ਦੇਖੋ, ਸਮਾਰਤ.

ਸ੍ਮ੍ਰਿ: ਸੰ. स्मृ. ਯਾ- ਯਾਦ ਕਰਨਾ. ਖਬਰਦਾਰੀ ਕਰਨਾ. ਪਾਲਨ ਕਰਨਾ.

ਸ੍ਮ੍ਰਿਤ: ਸੰ. स्मृत ਵਿ- ਯਾਦ ਕੀਤਾ ਹੋਇਆ। ੨. ਸੰਗਯਾ- ਯਾਦ ਆਈ ਬਾਤ.

ਸ੍ਮ੍ਰਿਤਿ: ਦੇਖੋ, ਸਿਮ੍ਰਿਤਿ.

ਸ੍ਯਮੰਤਕ: ਇੱਕ ਮਹਾਂ ਪ੍ਰਕਾਸ਼ਕ ਮਣੀ, ਜੋ ਸੂਰਜ ਨੇ ਸਤ੍ਰਾਜਿਤ ਯਾਦਵ ਨੂੰ ਦਿੱਤੀ ਸੀ. ਇਸ ਦੇ ਪ੍ਰਭਾਵ ਕਰਕੇ ਹਰ ਰੋਜ਼ ਅੱਠ ਭਾਰ[310] ਸੁਵਰਣ ਦੇ ਪ੍ਰਾਪਤ ਹੁੰਦੇ ਸਨ ਅਤੇ ਅੱਗ, ਚੋਰ ਕਾਲ ਆਦਿ ਦੇ ਭੈ ਦੂਰ ਹੋ ਜਾਂਦੇ ਸਨ. ਸਤ੍ਰਾਜਿਤ ਨੇ ਇਹ ਖਿਆਲ ਕਰਕੇ ਕਿ ਕ੍ਰਿਸਨ ਜੀ ਉਸ ਪਾਸੋਂ ਮਣੀ ਖੋਹ ਨਾ ਲੈਣ, ਆਪਣੇ ਭਾਈ ਪ੍ਰਸੇਨ ਨੂੰ ਦੇ ਦਿੱਤੀ. ਇੱਕ ਦਿਨ ਪ੍ਰਸੇਨ ਜੋ ਸ਼ਿਕਾਰ ਗਿਆ ਤਾਂ ਸ਼ੇਰ ਨੇ ਉਸ ਨੂੰ ਮਾਰ ਦਿੱਤਾ. ਜਾਂਬਵਾਨ ਨੇ ਸ਼ੇਰ ਨੂੰ ਮਾਰਕੇ ਮਣੀ ਲੈ ਲਈ. ਸ਼੍ਰੀ ਕ੍ਰਿਸਨ ਨੇ ਜਾਂਬਵਾਨ ਨਾਲ ਯੁੱਧ

---

[310] ਅੱਠ ਹਜ਼ਾਰ ਤੋਲੇ ਦਾ ਇੱਕ ਭਾਰ ਹੁੰਦਾ ਹੈ.

ਕਰਕੇ ਮਣੀ ਜਿੱਤ ਲਈ ਅਤੇ ਸਤ੍ਰਾਜਿਤ ਨੂੰ ਮੁੜ ਦੇ ਦਿੱਤੀ. ਸੁੱਤੇ ਪਏ ਸਤ੍ਰਾਜਿਤ ਨੂੰ ਸ਼ਤਧਨ੍ਵਾ ਮਾਰਕੇ ਮਣੀ ਲੈ ਗਿਆ. ਕ੍ਰਿਸਨ ਜੀ ਅਤੇ ਬਲਰਾਮ ਉਸ ਦੇ ਪਿੱਛੇ ਮਣੀ ਲੈਣ ਨੱਠੇ ਤਾਂ ਸ਼ਤਧਨ੍ਵਾ ਅਕ੍ਰੂਰ ਨੂੰ ਮਣੀ ਦੇ ਕੇ ਕ੍ਰਿਸਨ ਜੀ ਅੱਗੇ ਭੱਜ ਤੁਰਿਆ. ਕ੍ਰਿਸਨ ਜੀ ਨੇ ਸ਼ਤਧਨ੍ਵਾ ਨੂੰ ਫੜਕੇ ਮਾਰ ਦਿੱਤਾ ਪਰ ਮਣੀ ਪ੍ਰਾਪਤ ਨਹੀਂ ਹੋਈ. ਜਦ ਸ੍ਰੀ ਕ੍ਰਿਸਨ ਜੀ ਮਣੀ ਲਏ ਬਿਨਾ ਮੁੜਕੇ ਆਏ ਤਾਂ ਬਲਰਾਮ ਨੇ ਸਮਝਿਆ ਕਿ ਕ੍ਰਿਸਨ ਨੇ ਮੈਥੋਂ ਚੋਰੀ ਮਣੀ ਪਾਸ ਰੱਖ ਲਈ ਹੈ ਅਤੇ ਨਾਰਾਜ ਹੋਕੇ ਘਰੋਂ ਚਲਾ ਗਿਆ. ਜਦ ਅਕ੍ਰੂਰ ਪਾਸੋਂ ਮਣੀ ਨਿਕਲੀ ਤਾਂ ਕ੍ਰਿਸਨ ਜੀ, ਬਲਰਾਮ ਅਤੇ ਸਤਜਭਾਮਾ ਇਸ ਦੀ ਮਾਲਕੀ ਲਈ ਝਗੜਨ ਲੱਗੇ. ਅੰਤ ਵਿੱਚ ਇਹ ਫੈਸਲਾ ਹੋਇਆ ਕਿ ਅਕ੍ਰੂਰ ਹੀ ਇਸ ਨੂੰ ਰੱਖੇ.

"ਇਤਿ ਸੂਰਜ ਸੇਵਾ ਕਰੀ ਸਤ੍ਰਾਜਿਤ ਬਲਵਾਨ।

ਰਵਿ ਤਿੰਹ ਕੋ ਤਬ ਮਨਿ ਦਈ ਉੱਜਲ ਆਪ ਸਮਾਨ."

(ਕ੍ਰਿਸਨਾਵ)

ਸਯਾਹ: ਦੇਖੋ, ਸਿਆਹ.

ਸਜਾਹਗੋਸ਼: ਦੇਖੋ, ਸਿਆਹਗੋਸ਼.

ਸਜਾਹਪੋਸ਼: ਫ਼ਾ. سزاہپوش ਵਿ- ਕਾਲੇ ਵਸਤ੍ਰ ਪਹਿਰਨਵਾਲਾ। ੨. ਸੰਗਜਾ- ਨਿਹੰਗ ਸਿੰਘ। ੩. ਕਾਲੀਪੋਸ਼ ਫਕੀਰ। ੪. ਪੁਲਿਸ ਦਾ ਸਿਪਾਹੀ.

ਸਜਾਤ: ਸੰ. श्यात ਸੰ. ਵਜ- ਸ਼ਾਯਦ। ੨. ਕ੍ਰਿਯਾ. ਹੋਵੇ.

ਸਜਾਮ: ਸੰ. श्यात ਵਿ- ਨੀਲਾ. ਕਾਲਾ। ੨. ਸੰਗਜਾ- ਕਾਲਾ ਪਦਾਰਥ. ਕਵੀ ਆਪਣੀ ਰਚਨਾ ਵਿੱਚ ਇਹ ਵਸਤੂਆਂ ਸ਼ਜਾਮ ਲਿਖਦੇ ਹਨ- ਅਪਯਸ਼, ਲੋਹਾ, ਸੱਪ, ਕੱਜਲ, ਕਲਹ, ਕਲਿਯੁਗ, ਕਲੰਕ, ਕਾਮ, ਕਾਲੀ ਦੇਵੀ, ਕੀਚ (ਚਿੱਕੜ), ਕੇਸ਼, ਚੋਰ, ਅੰਧੇਰਾ, ਨਾਕੁ (ਨਕ੍ਰ), ਪਾਪ, ਕੋਕਿਲ, ਭੌਰਾ, ਮਹਿਂ (ਭੈਂਸ), ਮਦ, ਕਸਤੂਰੀ, ਰਾਖਸ, ਰਾਤ੍ਰਿ ਅਤੇ ਰਿੱਛ। ੩. ਸ੍ਰੀ ਕ੍ਰਿਸ਼ਨ, ਕਾਲਾ ਰੰਗ ਹੋਣ ਕਰਕੇ ਇਹ ਨਾਉਂ ਪ੍ਰਸਿੱਧ ਹੋ ਗਿਆ ਹੈ। ੪. ਕਿਤਨਿਆਂ ਦੇ ਖਿਆਲ ਅਨੁਸਾਰ "ਸਜਾਮ" ਦਸ਼ਮੇਸ਼ ਦਾ ਤਖੱਲੁਸ (ਛਾਪ) ਹੈ ਬਹੁਤ ਵਿਦ੍ਵਾਨ ਮੰਨਦੇ ਹਨ ਕਿ ਸਜਾਮ ਇੱਕ ਕਵੀ ਸੀ. "ਜੋ ਬ੍ਰਿਜਨਾਯਕ ਕੋ ਰੁਚਿ ਸੋਂ ਕਵਿ ਸਜਾਮ ਭਨੈ ਫੁਨ ਜਾਪ ਜਪੈ ਹੈਂ." (ਕ੍ਰਿਸਨਾਵ) ੫. ਸੰ. स्याम ਕ੍ਰਿ- ਅਸੀਂ ਹੋਈਏ।

ਸਜਾਮ ਸਬਲ: ਸੰ. श्याम शबल ਵਿ- ਡੱਬ ਖੜੱਬਾ. ਕਾਲਾ ਅਤੇ ਭੂਰਾ। ੨. ਸੰਗਜਾ- ਯਮਰਾਜ ਦੇ ਦੋ ਕੁੱਤੇ, ਜੋ ਸਰਮਾ ਦੇ ਪੁਤ੍ਰ ਹਨ. ਨਵਾਂ ਦਾ ਰੰਗ ਕਾਲਾ ਅਤੇ ਭੂਰਾ ਹੈ.

ਸਜਾਮ ਸਿੰਘ: ਦੇਖੋ, ਸੂਰਜ ਮੱਲ। ੨. ਦਸ਼ਮੇਸ਼ ਜੀ ਦਾ ਤੋਸ਼ੇਖਾਨੀਆ ਅਤੇ ਸਿਲਹਖਾਨੇ ਦਾ ਦਾਰੋਗਾ। ੩. ਦੇਖੋ, ਅਟਾਰੀ.

ਸਜਾਮ ਤ੍ਰਿਯਾ: ਕ੍ਰਿਸ਼ਨ ਜੀ ਦੀ ਇਸਤ੍ਰੀ ਯਮੁਨਾ. (ਸਨਾਮਾ) ੨. ਰੁਕਮਿਣੀ ਆਦਿ ਕ੍ਰਿਸ਼ਨ ਜੀ ਦੀਆਂ ਰਾਣੀਆਂ.

ਸਜਾਮ ਤ੍ਰਿਯਾ ਜਾ ਚਰ ਨਾਥ: ਕ੍ਰਿਸ਼ਨ ਜੀ ਦੀ ਇਸਤ੍ਰੀ ਯਮੁਨਾ, ਉਸ ਤੋਂ ਪੈਦਾ ਹੋਇਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਸ੍ਵਾਮੀ ਸ਼ੇਰ. (ਸਨਾਮਾ)

ਸਜਾਮ ਤ੍ਰਿਯਾ ਪਿਤ: ਕ੍ਰਿਸ਼ਨ ਜੀ ਦੀ ਇਸਤ੍ਰੀ ਯਮੁਨਾ ਦਾ ਪਿਤਾ ਸੂਰਜ. (ਸਨਾਮਾ)

ਸਜਾਮ ਦਾਸ: ਵਧਾਣ ਗੋਤ ਦਾ ਬੁਰਹਾਨਪੁਰ ਨਿਵਾਸੀ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ ਹੋ ਕੇ ਦਾਨੀ ਅਤੇ ਯੋਧਾ ਹੋਇਆ.

ਸਜਾਮ ਬੱਲਭਾ: ਸ਼ਜਾਮ (ਸ੍ਰੀ ਕ੍ਰਿਸ਼ਨ ਜੀ) ਦੀ ਵੱਲਭਾ (ਪਿਆਰੀ) ਯਮੁਨਾ.

ਸਜਾਮ ਬੱਲਭਾ ਈਸ: ਕ੍ਰਿਸ਼ਨ ਜੀ ਦੀ ਪਿਆਰੀ ਯਮੁਨਾ ਦਾ ਸ੍ਵਾਮੀ ਵਰੁਣ ਦੇਵਤਾ. (ਸਨਾਮਾ)

**ਸਜਾਮ ਬੱਲਭਾ ਈਸ ਅਸਤ੍ਰ:** ਸੰਗਯਾ- ਵਰੁਣ ਦਾ ਅਸਤ੍ਰ ਪਾਸ਼. ਫਾਹੀ. (ਸਨਾਮਾ)

**ਸਜਾਮਲ:** ਦੇਖੋ, ਸਿਆਮਲ.

**ਸਜਾਮਾ:** ਦੇਖੋ, ਸਿਆਮਾ ੨। ੨. ਸੁਲਤਾਨਪੁਰ ਦਾ ਇੱਕ ਪੰਡਿਤ, ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮੋਦੀਖਾਨਾ ਤਿਆਗਣ ਸਮੇਂ ਮੂਲਚੰਦ (ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰੇ) ਦੇ ਆਖੇ ਜਗਤਗੁਰੂ ਨੂੰ ਘਰ ਤਿਆਗ ਦੇਣ ਦੇ ਦੋਸ਼ ਦੱਸਣ ਆਇਆ ਸੀ.

**ਸਜਾਰ:** ਦੇਖੋ, ਸਿਆਲ.

**ਸਜਾਰਾ:** ਸ਼ੀਤ ਕਾਲ. ਸਿਆਲਾ. "ਬਿਨ ਸਜਾਰੇ ਸੀਤਲ ਭਏ." (ਚਰਿਤ੍ਰ ੧੨੫)

**ਸਜਾਰੀ:** ਸੰ. ਸ਼੍ਰਿਗਾਲੀ. ਗਿਦੜੀ. "ਜਰਾ ਨਿਸਾ ਮਹਿ ਖਾਂਸੀ ਸਜਾਰੀ." (ਨਾਪ੍ਰ) ੨. ਏ ਦੀ ਹ੍ਰਸ੍ਵ ਮਾਤ੍ਰਾ. ਦੇਖੋ, ਸਿਆਰੀ.

**ਸਜਾਲ:** ਸ਼ੀਤ ਕਾਲ. ਸਰਦੀ ਦੀ ਰੁੱਤ। ੨. ਸ਼੍ਰਿਗਾਲ. ਗਿੱਦੜ। ੩. ਦੇਖੋ, ਸਾਲਾ.

**ਸਜੇਨ:** ਸੰ. ਸ਼ਜੇਨ. ਸੰਗਯਾ- ਸ਼ਿਕਰਾ। ੨. ਦੇਖੋ, ਦੋਹਰੇ ਦੇ ਭੇਦ ੧੯.

**ਸਜੈਹੈਂ:** ਸੇਵਨ ਕਰੈਹੈਂ. ਸੇਵਨਗੇ. "ਜੇ ਨਰ ਸਾਲਿਗ੍ਰਾਮ ਕਹਿੰ ਸਯੈਹੈਂ." (ਚਰਿਤ੍ਰ ੨੬੬)

**ਸਜੰਦ:** ਧੰ स्यन्द् ਧਾ- ਜਾਣਾ. ਟਪਕਣਾ. ਝਰਨਾ. ਸਿੰਜਣਾ. ਹੱਕਣਾ. ਤੇਜੀ ਨਾਲ ਜਾਣਾ.

**ਸਜੰਦਨ:** ਸੰ. ਵਿ- ਚਲਣ ਵਾਲਾ. ਗਮਨ ਕਰਤਾ। ੨. ਸੰਗਯਾ- ਜਲ। ੩. ਰਥ. "ਸਜੰਦਨ ਤੁਰੰਗ ਜੋਰ ਸੁੰਦਰ ਬਨਾਇ ਰੰਗ." (ਗੁਪ੍ਰਸੂ) ੪. ਇੱਕ ਬਿਰਛ, ਜਿਸ ਦਾ ਨਾਉਂ ਤਿਨਿਸ਼ ਭੀ ਹੈ. "ਉਤ ਕੰਟਕ ਸਜੰਦਨ ਸਹਿਕਾਰ." (ਗੁਪ੍ਰਸੂ) L. Dalbergia Ougeinensis.

**ਸਜੰਦਰੀ:** ਦੇਖੋ, ਸੈਰੰਧ੍ਰੀ. "ਦ੍ਰੁਪਦ ਦਾ ਸੁਤਾ ਹਨਐ ਸਜੰਦਰੀ ਨ੍ਰਿਪਤਿ ਨਾਰਿ ਢਿਗ ਜਾਇ." (ਨਾਪ੍ਰ)

**ਸ੍ਰਉਣ:** ਦੇਖੋ, ਸ੍ਰਵਣ ਅਤੇ ਸ੍ਰੌਣ.

**ਸ੍ਰਉਣਤ:** ਦੇਖੋ, ਸ੍ਰੋਣਤ.

**ਸ੍ਰਉਣਤਬਿੰਦੁ:** ਦੇਖੋ, ਸ੍ਰੋਣਤਬਿੰਦੁ.

**ਸ੍ਰਉਨ:** ਦੇਖੋ, ਸ੍ਰੌਨ. "ਸ੍ਰਉਨ ਪਾਨ ਕਾਲੀ ਕਰਜੋ." (ਚੰਡੀ ੧)

**ਸ੍ਰਕ:** ਸੰ. ਸੰਗਯਾ- ਮਾਲਾ. ਸ੍ਰਜ.

**ਸ੍ਰਗ੍ਰਿਣੀ:** ਦੇਖੋ, ਅਚਕੜਾ.

**ਸ੍ਰਜ:** ਸੰ. ਸੰਗਯਾ- ਮਾਲਾ। ੨. ਦੇਖੋ ਸ੍ਰਿਜ.

**ਸ੍ਰਣਵਤ ਬੀਜ:** ਚੰਡੀ ਦੀ ਵਾਰ ਵਿੱਚ ਲਿਖਾਰੀ ਨੇ ਕਈ ਥਾਂ ਸ੍ਰਵਣਤਬੀਜ (ਸ਼ੋਣਿਤਬੀਜ) ਦੀ ਥਾਂ ਇਹ ਸ਼ਬਦ ਲਿਖਿਆ ਹੈ. ਦੇਖੋ, ਸ੍ਰੋਣਤਬਿੰਦੁ.

**ਸ਼੍ਰੱਧਾ:** ਸੰ. श्रद्धा ਸ਼੍ਰਤ- ਧਾ. ਸੰਗਯਾ- ਭਰੋਸਾ. ਨਿਸ਼ਚਾ. ਯਕੀਨ। ੨. ਨਿਰੁਕ੍ਤ ਵਿੱਚ ਲਿਖਿਆ ਹੈ ਕਿ ਸ਼੍ਰਤ੍ (ਸਤਯ) ਦੇ ਧਾਰਨ ਦਾ ਨਾਉਂ ਸ਼੍ਰੱਧਾ ਹੈ.

**ਸ਼੍ਰੱਧਾਲੁ:** ਸੰ. ਵਿ- ਸ਼੍ਰੱਧਾ ਵਾਲਾ. ਈਮਾਨਦਾਰ.

**ਸ਼੍ਰੱਧੇਯ:** ਸੰ. ਵਿ- ਸ਼੍ਰੱਧਾ ਕਰਨ ਯੋਗਯ.

ਸ੍ਰਪਨੀ: ਦੇਖੋ, ਸਰਪਨੀ. "ਸ੍ਰਪਨੀ ਜੀਤੀ ਕਹਾ ਕਰੈ ਜਮਰਾ." (ਆਸਾ ਕਬੀਰ) ਭਾਵ- ਮਾਇਆ.

ਸ੍ਰਬ: ਦੇਖੋ, ਸਰਬ. "ਸ੍ਰਬ ਸੁਖਾ ਮਨਿ ਵੁਠੇ" (ਸ੍ਰੀ ਛੰਤ ਮਃ ੫)

ਸ੍ਰਬਮਯ: ਦੇਖੋ ਸਰਬਮਯ. "ਮਥੁਰਾ ਕੋ ਪ੍ਰਭੁ ਸ੍ਰਬਮਯ ਅਰਜਨ ਗੁਰੁ." (ਸਵੈਯੇ ਮਃ ੫. ਕੇ)

ਸ੍ਰਮ: ਸੰ. श्रम ਧਾ- ਥਕਣਾ. ਜਤਨ ਕਰਨਾ. ਤਪ ਕਰਨਾ। ੨. ਸੰਗਜ੍ਞਾ- ਥਕੇਵਾਂ. ਤਕਾਨ. "ਸ੍ਰਮ ਥਾਕਾ ਪਾਏ ਬਿਸ੍ਰਾਮਾ." (ਮਾਰੂ ਮਃ ੫) ੩. ਖੇਦ। ੪. ਯਤਨ. ਕੋਸ਼ਿਸ਼. "ਮਾਇਆ ਕਾਰਨ ਸ੍ਰਮ ਅਤਿ ਕਰੈ." (ਸਾਰ ਨਾਮਦੇਵ) "ਸ੍ਰਮ ਕਰਤੇ ਦਮ ਆਢ ਕਉ". (ਬਿਲਾ ਮਃ ੫) ੫. ਸ਼ਮ ਦੀ ਥਾਂ ਭੀ ਸ੍ਰਮ ਸ਼ਬਦ ਦੇਖੀਦਾ ਹੈ. "ਕਹੋ ਸੁ ਸ੍ਰਮ ਕਾ ਸੋਂ ਕਹੈਂ, ਦਮ ਕੋ ਕਹਾਂ ਕਹੰਤ?" (ਅਕਾਲ) ੬. ਦੇਖੋ, ਸ੍ਰਮੁ। ੭. ਦੇਖੋ, ਸ੍ਰਵਣ ੫. "ਲੋਚਨ ਸ੍ਰਮਹਿ ਬੁਧਿ ਬਲ ਨਾਠੀ." (ਸ੍ਰੀ ਬੇਣੀ) ਨੇਤ੍ਰਾਂ ਤੋਂ ਪਾਣੀ ਸ੍ਰਵਦਾ (ਟਪਕਦਾ) ਹੈ। ੮. ਸੰ. ਸ਼ਸੰ. ਸੁਖ. ਆਨੰਦ. "ਰਾਜਾ ਸ੍ਰਮ ਮਿਤਿ ਨਹੀ ਜਾਨੀ ਤੇਰੀ." (ਸਾਰ ਕਬੀਰ)

ਸ੍ਰਮਸੀਕਰ, ਸ੍ਰਮਕਣ, ਸ੍ਰਮਜਲ, ਸ੍ਰਮਬਿੰਦੁ, ਸ੍ਰਮਵਾਰਿ: ਸੰਗਜ੍ਞਾ- ਸ਼੍ਰਮ (ਥਕੇਵੇਂ) ਦੇ ਸ਼ੀਕਰ (ਕਣਕੇ). ਪਸੀਨੇ ਦੇ ਕਣਕੇ. ਮੁੜ੍ਹ ਕੇ ਦੀਆਂ ਬੂੰਦਾਂ. "ਸ੍ਰਮਸੀਕਰ ਮੁਖਛਾਏ." (ਸਲੋਹ)

ਸ੍ਰਮਾਰਤ: ਸੰ. श्रमार्त ਵਿ- ਸ਼੍ਰਮ (ਥਕੇਵੇਂ) ਨਾਲ ਆਰਤ (ਦੁਖੀ). ਥੱਕਿਆ ਹੋਇਆ.

ਸ਼੍ਰਮਿਤ: ਵਿ- ਸ਼੍ਰਮ (ਥਕੇਵੇਂ) ਸਹਿਤ. ਥੱਕਿਆ ਹੋਇਆ.

ਸ੍ਰਮੀ: श्रमि ਵਿ- ਥੱਕਿਆ ਹੋਇਆ। ੨. ਦੁਖੀ। ੩. ਮਿਹਨਤੀ.

ਸ਼੍ਰਮੁ: ਦੇਖੋ, ਸ੍ਰਮ। ੨. ਫ਼ਾ. شرم ਸ਼ਰਮ. ਲੱਜਾ. "ਮਾਨੁਖੁ ਕਉ ਜਾਚਤ ਸ੍ਰਮੁ ਪਾਈਐ." (ਧਨਾ ਮਃ ੫)

ਸ਼੍ਰਵ: ਸੰ. ਜਿਸ ਨਾਲ ਸੁਣੀਏ. ਖੰਨ। ੨. ਮਸ਼ਹੂਰੀ. ਪ੍ਰਸਿੱਧੀ.

ਸ੍ਰਵਣ: ਸੰ. ਸ਼੍ਰਵਣ. ਸੰਗਜ੍ਞਾ- ਕੰਨ. "ਸ੍ਰਵਣ ਸੋਏ ਸੁਣਿ ਨਿੰਦ." (ਗਉ ਮਃ ੫) ੨. ਸੁਣਨਾ ੩. ਬਾਬਾ ਬੁੱਢਾ ਜੀ ਦਾ ਪੋਤਾ ਭਾਈ ਸ੍ਰਵਣ। ੪. ਅੰਧਕ ਰਿਖੀ ਦਾ ਪੁਤ੍ਰ "ਸਿੰਧੁ", ਜਿਸ ਨੂੰ ਰਾਜਾ ਦਸ਼ਰਥ ਨੇ ਅੰਧੇਰੇ ਵਿੱਚ ਜੰਗਲੀ ਜੀਵ ਸਮਝਕੇ ਮਾਰਿਆ ਸੀ. "ਤਿਸ ਕੋ ਪੁਤ੍ਰ ਨਾਮ ਕਹਿਂ ਸ੍ਰਵਣ। ਸ੍ਰਵਣ ਸੁਨਜੋ ਜਸ ਜਿਹ ਸਮ ਸ੍ਰਵਣ।।" (ਗੁਪ੍ਰਸੂ) ਭਾਈ ਭਾਨੇ ਦਾ ਪੁਤ੍ਰ ਸ੍ਰਵਣ, ਜਿਸ ਦਾ ਜਸ ਕੰਨੀ ਸੁਣਿਆ ਗਿਆ ਹੈ. ਸ੍ਰਵਣ ਰਿਖੀ (ਸਿੰਧੁ) ਜੇਹਾ। ੫. स्रवण ਚੁਇਣਾ. ਟਪਕਣਾ.

ਸ੍ਰਵਣ ਸ੍ਰੋਤ: ਸੁਣਨ ਦਾ ਸੋਤਾ (ਚਸ਼ਮਾ) ਕੰਨ। ੨. ਕੰਨ ਦਾ ਵਿਸ਼ਾ ਸ਼ਬਦ. ਦੇਖੋ, ਸ੍ਰੋਤ ੪.

ਸ੍ਰਵਣਤਬੀਜ: ਦੇਖੋ, ਸ਼੍ਰੋਣਤਬੀਜ "ਸੈਨਾ ਸਭ ਸੰਘਾਰੀ ਸ੍ਰਵਣਤਬੀਜ ਦੀ." (ਚੰਡੀ ੩)

ਸ੍ਰਵਣ ਦਰਸ਼ਨ: ਦੇਖੋ, ਦਰਸ਼ਨ.

ਸ੍ਰਵਣਾ: ਸੰਗਜ੍ਞਾ- ਥਣ. ਮੰਮਾ. ਸੁਨ. ਜਿਸ ਤੋਂ ਦੁੱਧ ਸ੍ਰਵਦਾ (ਟਪਕਦਾ) ਹੈ. "ਬਿਨ ਸ੍ਰਵਣਾ ਖੀਰ ਪਿਲਾਇਆ." (ਬਸੰ ਕਬੀਰ) ਦੇਖੋ, ਜੋਇ ਖਸਮ.

ਸ੍ਰਵਨ: ਦੇਖੋ, ਸ੍ਰਵਣ.

ਸ੍ਰਵਨਪ: ਵਿ- ਸ੍ਰਵਣ (ਕੰਨਾ) ਨਾਲ ਪੀਣ ਵਾਲਾ। ੨. ਕੰਨਾ ਨਾਲ ਪੀਣਾ. ਭਾਵ- ਅਮ੍ਰਿਤਕਥਾ ਨੂੰ ਕੰਨਾ ਨਾਲ ਗ੍ਰਹਿਣ ਕਰਨਾ. "ਸ੍ਰਵਣਪ ਕਰਹਿ ਅਗਾਤ ਅਨੰਦ." (ਨਾਪ੍ਰ) ਕੰਨਾ ਨਾਲ ਪੀਂਦੇ ਹਨ ਵਿਦੇਹ ਆਨੰਦ.

ਸ੍ਰਵਨੁ: ਦੇਖੋ, ਸ੍ਰਵਣ. "ਨੈਨੂ ਨਕਟੂ ਸ੍ਰਵਨੁ". (ਮਾਰੂ ਕਬੀਰ) ੨. ਸ਼੍ਰਵਣ ਗੋਲਕ ਵਿੱਚ ਰਹਿਣ ਵਾਲਾ ਸ਼੍ਰਵਣੇਂਦ੍ਰਿਯ. ਦੇਖੋ, ਗੋਲਕ.

ਸ੍ਰਵਨੰਤਰ: ਸ਼੍ਰਵਣ (ਕੰਨ) ਦੇ ਅੰਦਰ. ਕੰਨ ਵਿੱਚ। ੨. ਸੁਣਨ ਪਿੱਛੋਂ.

ਸ਼੍ਰਾਂਤ: ਸੰ. ਵਿ- ਥੱਕਿਆ ਹੋਇਆ। ੨. ਜਿਸਦਾ ਚਿੱਤ ਸ਼ਾਂਤ ਹੈ.

ਸ਼੍ਰਾਂਤਿ: ਸੰ. ਸੰਗਯਾ- ਮਿਹਨਤ। ੨. ਥਕੇਂਵਾਂ. ਥਕਾਵਟ। ੩. ਵਿਸ਼੍ਰਾਮ. ਆਰਾਮ.

ਸ਼੍ਰੱਧ: ਦੇਖੋ, ਸਰਾਧ.

ਸ੍ਰਾਧ, ਸ੍ਰਾਫ: ਦੇਖੋ, ਸਰਾਪ ਅਤੇ ਸਰਾਫ.

ਸ੍ਰਾਵਕ, ਸ੍ਰਾਵਗ: ਸੰ. ਸ਼੍ਰਾਵਕ ਵਿ- ਸੁਣਨ ਵਾਲਾ. ਸ਼੍ਰੋਤਾ। ੨. ਸੰਗਯਾ- ਜਿਨਧਰਮਧਾਰੀ. ਜੈਨੀ। ੩. ਬੁੱਧ ਦਾ ਚੇਲਾ. ਬੌਂਧ. ਇਸ ਵਿੱਚ ਇਤਨਾ ਭੇਦ ਹੈ ਕਿ ਜੈਨ ਅਤੇ ਬੁੱਧੁਪਦੇਸ਼ਕ ਸਾਧੂ, "ਯਤੀ" ਕਹੇ ਜਾਂਦੇ ਹਨ, ਜੋ ਉਪਾਸਕ ਭਗਤ ਲੋਕ ਉਨ੍ਹਾਂ ਦੇ ਵਚਨਾਂ ਦੇ ਸੁਣਨ ਵਾਲੇ ਹਨ, ਉਹ "ਸ਼੍ਰਾਵਕ" ਹਨ. "ਸ੍ਰਾਵਗ ਸੁੱਧ ਸਮੂਹ ਸਿਧਾਨ ਕੇ." (ਅਕਾਲ)

ਸ੍ਰਾਵਗੇਸ: ਸ਼੍ਰਾਵਕ- ਈਸ਼. ਸ੍ਰਾਵਕਾਂ ਦਾ ਸ੍ਵਾਮੀ ਜਿਨ ਅਤੇ ਬੁੱਧ. "ਸ੍ਰਾਵਗੇਸ ਕੋ ਰੂਪ ਧਰ ਦੈਤ ਕੁਪਥ ਸਭ ਡਾਰ." (ਅਰਹੰਤਾਵ)

ਸ੍ਰਾਵਣ: ਦੇਖੋ, ਸਾਵਣ.

ਸ੍ਰਾਵਣੀ: ਦੇਖੋ, ਸਾਵਣੀ.

ਸ੍ਰਿ: ਸੰ. ਸृ ਧਾ- ਜਾਣਾ. ਸਰਕਣਾ. ਫੈਲਣਾ.

ਸ੍ਰਿਅ: ਦੇਖੋ, ਸ੍ਰਿਜ. "ਸ੍ਰਿਅ ਜੱਛ ਗੰਧਰਬ." (ਅਕਾਲ) ਰਚੇ ਜੱਛ ਗੰਧਰਵ.

ਸ੍ਰਿਸਟ: ਦੇਖੋ, ਸ੍ਰਿਸਟਿ। ੨. ਸੰ. ਸ੍ਰਿਸ਼੍ਟ. (ਸृਸ਼੍ਟ ) ਵਿ- ਰਚਿਆ ਹੋਇਆ. ਬਣਾਇਆ। ੩. ਸ਼੍ਰੇਸ਼੍ਠ. ਉੱਤਮ. "ਕਵਨ ਸ੍ਰਿਸਟ ਕੋ ਭ੍ਰਿਸਟ ਹੈ?" (ਅਕਾਲ)

ਸ੍ਰਿਸਟਚਾਰ: ਸੰ. ਸ਼ਿਸ਼੍ਟਾਚਾਰ. ਸੰਗਯਾ- ਭਲੇ ਲੋਕਾਂ ਦਾ ਆਚਾਰ. ਉੱਤਮ ਪੁਰਖਾਂ ਦਾ ਵਿਹਾਰ. "ਸ੍ਰਿਸਟਚਾਰ ਬਿਚਾਰ ਜੇਤੇ." (ਅਕਾਲ) ੨. ਸ੍ਰਿਸ਼੍ਟਿ ਦੇ ਆਚਾਰ. ਜਗਤ ਦੇ ਵਿਹਾਰ.

ਸ੍ਰਿਸਟਾ: ਸੰ. ਸ੍ਰਸ਼੍ਟਾ. ਵਿ- ਰਚਣ ਵਾਲਾ. ਕਰਤਾਰ. "ਸ੍ਰਿਸਟਾ ਕਰੇ ਸੁ ਨਿਹਚਉ ਹੋਇ." (ਓਅੰਕਾਰ)

ਸ੍ਰਿਸਟਿ, ਸ੍ਰਿਸਟੀ: ਸੰ. ਸृਸ਼੍ਟਿ ਸ੍ਰਿਸ਼੍ਟਿ. ਸੰਗਯਾ- ਰਚਨਾ। ੨. ਸੰਸਾਰ. ਦੁਨੀਆ. "ਸ੍ਰਿਸਟਿ ਸਭ ਇਕ ਬਰਨ ਹੋਈ." (ਧਨਾ ਮਃ ੧) "ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ." (ਸੁਖਮਨੀ)

ਸ੍ਰਿਸਟੀਜਾ: ਸ੍ਰਿਸ਼੍ਟਿ- ਈਜ੍ਯ. ਲੋਕਮਾਨ੍ਯ. ਜਗਤਪੂਜ੍ਯ. ਜੋ ਸ੍ਰਿਸ਼੍ਟਿ ਤੋਂ ਈਜ੍ਯ (ਪੂਜ੍ਯ) ਹੈ."ਦੇਹੁ ਦਾਨ ਸ੍ਰਿਸਟੀਜਾ ਹੇ." (ਮਾਰੂ ਸੋਲਹੇ ਮਃ. ੫) ੨. ਸ੍ਰਿਸ਼੍ਟਿ ਵਿੱਚ ਪੈਦਾ ਹੋਏ ਜੀਵ. ਮਖ਼ਲੂਕਾਤ.

ਸ੍ਰਿਸਟੇਸ: ਸ੍ਰਿਸ਼੍ਟਿ ਦਾ ਈਸ਼. ਜਗਤਨਾਥ. ਕਰਤਾਰ। ੨. ਖੜਗ. ਕ੍ਰਿਪਾਣ. (ਸਨਾਮਾ)

ਸ੍ਰਿਸ੍ਰਿ: ਸੰ. ਸृਸ਼੍ਟਿ ਸ੍ਰਿਸ਼੍ਟਿ. ਸੰਗਯਾ- ਰਚਨਾ. ੨. ਜਗਤ. ਸੰਸਾਰ.

ਸ੍ਰਿਸ੍ਰਿ ਦੀ ਉਤਪੱਤੀ, ਸ੍ਰਿਸ੍ਰਿਰਚਨਾ: ਸ਼ਤਪਥ ਬ੍ਰਾਹਮਣ ਵਿੱਚ ਲਿਖਿਆ ਹੈ ਕਿ ਪ੍ਰਜਾਪਤਿ ਨੇ "ਭੂਃ" ਕਿਹਾ ਤਾਂ ਪ੍ਰਿਥਵੀ, "ਭੁਵਃ" ਕਹਿਣ ਤੋਂ ਆਕਾਸ਼ ਬਣਿਆ.

ਤੈੱਤਿਰੀਯਬ੍ਰਾਹਮਣ ਵਿੱਚ ਲਿਖਿਆ ਹੈ ਕਿ ਪ੍ਰਜਾਪਤਿ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਇੱਛਾ ਲਈ ਤਪ ਕੀਤਾ, ਤਾਂ ਉਸ ਦੇ ਸ੍ਵਾਸ ਵਿੱਚ ਸ਼ਕਤਿ ਆ ਗਈ. ਉਸ ਨੇ ਅਪਨੇ "ਅਸੁ" (ਸ੍ਵਾਸ) ਨਾਲ ਅਸੁਰ (ਦੈਤ) ਉਤਪੰਨ ਕੀਤੇ. ਫੇਰ ਪਿਤਰ ਰਚੇ. ਪਿਤਰਾਂ ਨੂੰ ਉਤਪੰਨ ਕਰਕੇ ਉਸ ਨੇ ਜਰਾ ਕੁ ਸੋਚਿਆ ਤਾਂ ਆਦਮੀ ਉਤਪੰਨ ਹੋਏ. ਜਦ ਇਹ ਆਦਮੀਆਂ ਨੂੰ ਉਤਪੰਨ ਕਰ ਰਿਹਾ ਸੀ, ਤਾਂ ਦਿਨ ਚੜ੍ਹ ਪਿਆ, ਤਦ ਇਸ ਨੇ ਦੇਵਤੇ ਉਤਪੰਨ ਕੀਤੇ.

ਸ਼ਤਪਥ ਬ੍ਰਾਹਮਣ ਵਿੱਚ ਮਨੁੱਖਾਂ ਅਤੇ ਪਸ਼ੂਆਂ ਦੀ ਉਤਪੱਤਿ ਦਾ ਹਾਲ ਇਉਂ ਲਿਖਿਆ ਹੈ ਕਿ ਪਹਿਲਾਂ ਇਕੱਲਾ ਪ੍ਰਜਾਪਤਿ ਹੀ ਸੀ, ਉਸ ਨੇ ਅੰਨ ਪੈਦਾ ਕਰਕੇ ਉਨ੍ਹਾਂ ਵਿੱਚ ਆਪ ਉਤਪੰਨ ਹੋਣ ਦਾ ਯਤਨ ਕੀਤਾ. ਉਸ ਨੇ ਆਪਣੇ ਪ੍ਰਾਣਾਂ ਦੇ ਪਸ਼ੂ, ਆਤਮਾ ਦੇ ਲੋਕ, ਅੱਖ ਦੇ ਘੋੜੇ, ਸ੍ਵਾਸ ਦੇ ਬੈਲ, ਕੰਨ ਦੀਆਂ ਭੈਂਸਾਂ (ਮੱਝਾਂ) ਅਤੇ ਅਵਾਜ ਦੀਆਂ ਬਕਰੀਆਂ ਬਣਾਈਆਂ.

ਇੱਕ ਹੋਰ ਥਾਂ ਤੇ ਇਸੇ ਬ੍ਰਾਹਮਣ ਵਿੱਚ ਲਿਖਿਆ ਹੈ ਕਿ ਪੁਰੁਸ਼ (ਪਰਮ ਆਤਮਾ) ਇਕੱਲਾ ਹੀ ਸੀ. ਇਸ ਕਾਰਣ ਉਸ ਨੂੰ ਕੋਈ ਖੁਸ਼ੀ ਨਹੀਂ ਸੀ, ਤਾਂ ਉਸ ਨੇ ਦੂਸਰੇ ਦੀ ਇੱਛਾ ਕੀਤੀ ਤਾਂ ਆਪਣੇ ਆਪ ਦੇ ਹੀ ਦੋ ਭਾਗ ਕਰ ਲੀਤੇ, ਜਿਨ੍ਹਾਂ ਵਿੱਚੋਂ ਇੱਕ ਪਤਿ ਤੇ ਦੂਸਰਾ ਪਤਨੀ (ਵਹੁਟੀ) ਹੋ ਗਿਆ. ਪਤਨੀ ਨੇ ਸੋਚਿਆ ਕਿ ਇਹ ਕਿਸ ਤਰਾਂ ਮੈਨੂੰ ਆਪਣੇ ਆਪ ਵਿੱਚੋਂ ਹੀ ਉਤਪੰਨ ਕਰਕੇ ਮੇਰੇ ਨਾਲ ਭੋਗ ਕਰਦਾ ਹੈ! ਮੈਂ ਲੋਪ ਹੋ ਜਾਂਦੀ ਹਾਂ, ਤਾਂ ਉਹ ਗਊ ਹੋ ਗਈ ਅਤੇ ਪਤੀ ਸਾਨ੍ਹ ਹੋ ਗਿਆ, ਤਾਂ ਗਊਆਂ ਉਤਪੰਨ ਹੋ ਗਈਆਂ. ਇਸੇ ਤਰਾਂ ਉਹ ਘੋੜੀ ਹੋ ਗਈ ਅਤੇ ਉਹ ਘੋੜਾ, ਉਹ ਖੋਤੀ ਹੋ ਗਈ ਤਾਂ ਉਹ ਖੋਤਾ, ਉਹ ਬਕਰੀ ਤੇ ਉਹ ਬਕਰਾ, ਉਹ ਹਰਿਣੀ ਤੇ ਉਹ ਹਰਿਣ. ਇਸੇ ਤਰਾਂ ਕੀੜੀ ਮਾਤ੍ਰ ਤੀਕ ਸਭ ਪਸ਼ੂ ਆਦਿ ਉਤਪੰਨ ਹੋ ਗਏ. ਫੇਰ ਇਸੇ ਬ੍ਰਾਹਮਣ ਵਿੱਚ ਲਿਖਿਆ ਹੈ ਕਿ ਪ੍ਰਜਾਪਤਿ ਨੇ ਆਪਣੇ ਉੱਪਰਲੇ ਸ੍ਵਾਸਾਂ ਵਿੱਚੋਂ ਦੇਵਤੇ ਅਤੇ ਹੇਠਲੇ ਸ੍ਵਾਸਾਂ ਵਿੱਚੋਂ ਜੰਮਣ ਮਰਨ ਵਿੱਚ ਆਉਣ ਵਾਲੇ ਆਦਮੀ ਪ੍ਰਗਟ ਕੀਤੇ.

ਮਨੁ ਨੇ ਲਿਖਿਆ ਹੈ ਕਿ ਪ੍ਰਜਾਪਤਿ ਨੇ ਆਪਣੇ ਹੀ ਸ਼ਰੀਰ ਵਿੱਚੋਂ ਕਈ ਜੀਵ ਉਤਪੰਨ ਕਰਨ ਦੀ ਇੱਛਾ ਕਰਕੇ ਪਹਿਲੇ ਜਲ ਉਤਪੰਨ ਕੀਤਾ ਅਤੇ ਉਸ ਵਿੱਚ ਇੱਕ ਬੀਜ ਸੁੱਟ ਦਿੱਤਾ. ਇਹ ਬੀਜ ਇੱਕ ਸੂਰਜ ਵਾਂਙ ਚਮਕਣ ਵਾਲਾ ਸੁਵਰਣ ਦਾ ਆਂਡਾ ਬਣ ਗਿਆ. ਇਸ ਵਿੱਚੋਂ ਉਹ ਆਪ ਹੀ ਸਾਰੀ ਸ੍ਰਿਸ਼੍ਟਿ ਦਾ ਪਿਤਾ ਬ੍ਰਹਮਾ ਹੋ ਕੇ ਉਤਪੰਨ ਹੋਇਆ. ਬ੍ਰਹਮਾ ਇੱਕ ਵਰ੍ਹਾ ਆਂਡੇ ਦੇ ਅੰਦਰ ਰਹਿਕੇ ਆਪਣੇ ਆਪ ਹੀ ਦੋ ਭਾਗਾਂ ਵਿੱਚ ਹੋ ਗਿਆ, ਜਿਸ ਤੋਂ ਭੂਗੋਲ ਅਤੇ ਖਗੋਲ ਹੋਏ ਅਤੇ ਉਸ ਦਾ ਆਪਣਾ ਹੀ ਸ਼ਰੀਰ ਅੱਧਾ ਮਰਦ ਅਤੇ ਅੱਧਾ ਇਸਤ੍ਰੀ ਹੋ ਗਿਆ, ਜਿਸ ਤੋਂ ਸੰਸਾਰ ਦੀ ਰਚਨਾ ਹੋਈ.

ਕਈ ਹਿੰਦੂ ਲੇਖਕਾਂ ਨੇ ਹਿਸਾਬ ਲਾਇਆ ਹੈ ਕਿ ਸਨ ੧੯੨੮ ਵਿੱਚ ਦੁਨੀਆਂ ਬਣੀ ਨੂੰ ਇੱਕ ਅਰਬ ਛਿਆਨਵੇਂ ਕਰੋੜ ਅੱਠ ਲੱਖ ਤ੍ਰਿਵੰਜਾ ਹਜਾਰ ਅਤੇ ਅਠਾਈ ਵਰ੍ਹੇ ਹੋਏ ਹਨ.[311]

ਬਾਈਬਲ (Bible) ਜੋ ਯਹੂਦੀ ਅਤੇ ਈਸਾਈਆਂ ਦਾ ਧਰਮ ਪੁਸਤਕ ਹੈ ਅਰ ਜਿਸ ਨੂੰ ਕੁਰਾਨ ਵਿੱਚ ਭੀ ਆਸਮਾਨੀ ਕਿਤਾਬ ਮੰਨਿਆ ਹੈ ਉਸ ਵਿੱਚ ਸੰਸਾਰ ਦੀ ਰਚਨਾ ਬਾਬਤ ਇਉਂ ਲਿਖਿਆ ਹੈ- ਕਿ ਆਰੰਭ ਵਿੱਚ ਈਸ਼੍ਵਰ ਦਾ ਆਤਮਾ ਜਲ ਉੱਪਰ ਡੋਲਦਾ ਸੀ, ਉਸ ਨੇ ਆਖਿਆ ਕਿ ਚਾਨਣਾ ਹੋਵੇ, ਤਦ ਪ੍ਰਕਾਸ਼ ਹੋ ਗਿਆ, ਫੇਰ ਈਸ਼੍ਵਰ ਨੇ ਪਹਿਲੇ ਦਿਨ ਚਾਨਣ ਨੂੰ ਹਨੇਰ ਤੋਂ ਵੱਖ ਕਰਕੇ ਦਿਨ ਰਾਤ ਸੰਗਯਾ ਥਾਪੀ. ਦੂਜੇ ਦਿਨ ਆਕਾਸ਼ ਰਚਿਆ, ਤੀਜੇ ਦਿਨ ਘਾਹ ਬੂਟੀ ਦੀ ਰਚਨਾ ਕੀਤੀ, ਚੌਥੇ ਦਿਨ ਚੰਦ੍ਰਮਾ, ਸੂਰਜ ਅਤੇ ਤਾਰੇ ਰਚੇ, ਪੰਜਵੇਂ ਦਿਨ ਜਲਜੰਤੂ ਅਤੇ ਪੰਛੀ ਬਣਾਏ, ਛੀਵੇਂ ਦਿਨ ਪਸ਼ੂ ਕੀੜੇ ਮਕੌੜੇ ਅਤੇ ਨਰ ਨਾਰੀ ਸਿਰਜੀ. ਸੱਤਵੇਂ ਦਿਨ ਸਾਰਾ ਕੰਮ ਕਰਕੇ ਖ਼ੁਦਾ ਨੇ ਆਰਾਮ ਕੀਤਾ. ਇਸੇ ਲਈ ਛਨਿੱਛਰ ਵਾਰ ਵਿਸ਼੍ਰਾਮ ਦਾ ਦਿਨ (Salbbath) ਮੰਨਿਆ ਗਿਆ. ਦੇਖੋ, Genesis ਕਾਂਡ ੧. ਅਤੇ ੨.

ਇਸੇ ਦੀ ਤਾਈਦ ਕੁਰਾਨ ਵਿੱਚ ਹੈ. ਯਥਾ- "ਅਸੀਂ ਆਕਾਸ਼ ਅਤੇ ਪ੍ਰਿਥਿਵੀ ਨੂੰ ਸਭ ਵਸਤੂਆਂ ਸਹਿਤ ਛੀ ਦਿਨਾਂ ਵਿੱਚ ਬਣਾ ਦਿੱਤਾ ਅਰ ਥਕੇਵਾਂ ਸਾਡੇ ਨੇੜੇ ਨਹੀਂ ਆਇਆ" ਸੂਰਤ ਕਾਫ, ਆਯਤ ੩੮.

ਇਸਲਾਮ ਮਤ ਅਨੁਸਾਰ ਸਾਰੇ ਜੀਵ ਤਿੰਨ ਪ੍ਰਕਾਰ ਦੇ ਹਨ-

(ੳ) ਫਰਿਸ਼ਤੇ ਖ਼ੁਦਾ ਦੇ ਨੂਰ ਤੋਂ ਬਣੇ ਹਨ.

(ਅ) ਸ਼ੈਤਾਨ ਜਿੰਨ ਆਦਿ ਕੇਵਲ ਅਗਨੀ ਤੋਂ ਬਣੇ ਹਨ.

(ੲ) ਆਦਮੀ ਆਦਿ ਮਿੱਟੀ ਤੋਂ.

---

[311] ਈਸਾਈਆਂ ਨੇ ਭੀ ਹਿਸਾਬ ਲਾਉਣ ਵਿੱਚ ਸੁਸਤੀ ਨਹੀਂ ਕੀਤੀ. ਉਨ੍ਹਾਂ ਨੇ ਇੱਥੋਂ ਤੱਕ ਲਿਖ ਦਿੱਤਾ ਕਿ ਪੈਗੰਬਰ ਈਸਾ ਤੋਂ ੪੦੦੪ ਵਰ੍ਹੇ ਪਹਿਲਾਂ ੨੩ ਅਕਤੂਬਰ ਨੂੰ ਦੁਨੀਆਂ ਰਚੀ ਗਈ ਸੀ. ਦੇਖੋ
A history of the Warfare of science with Theology in Christen dom by A.D. White VI. 1.P 9.

ਗੁਰੁਮਤ ਵਿੱਚ ਸ੍ਰਿਸਟੀ ਦੀ ਰਚਨਾ ਬਾਬਤ ਇਹ ਲੇਖ ਹੈ- "ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ." (ਜਪੁ)

"ਤੁਮਰਾ ਲਖਾ ਨ ਜਾਇ ਪਸਾਰਾ।

ਕਿਹ ਬਿਧਿ ਸਜਾ ਪ੍ਰਥਮ ਸੰਸਾਰਾ." (ਚੌਪਈ)

ਸ੍ਰਿਕ: ਸੰ. ਸृक ਸੰਗਜਾ- ਕਮਲ। ੨. ਨੀਲੋਫਰ. ਭਮੂਲ। ੩. ਤੀਰ। ੪. ਪਵਨ। ੫. ਮਾਲਾ। ੬. ਸੰ. ਸृक्क ਸ੍ਰਿੱਕ. ਖਾਖ. ਹੋਠਾਂ ਦਾ ਕੋਣਾ.

ਸ੍ਰਿੰਕਾ: ਦੇਖੋ, ਸੜਕ.

ਸ੍ਰਿੰਖਲ, ਸ੍ਰਿੰਖਲਾ: ਸੰ. शृङखल- शृङ्खला ਸੰਗਜਾ- ਸੰਗੁਲ. ਸੰਗੁਲੀ. ਜੰਜੀਰ. "ਸ੍ਰੀ ਗੁਰੂ ਚਰਨਸਰੋਜ ਕੀ ਰਜ ਸ੍ਰਿੰਖਲ ਸਮ ਪਾਇ। ਮਨ ਗਯੰਦ ਕੋ ਰੋਕ ਕਰ ਕਹੌਂ ਕਥਾ ਗਤਿਦਾਇ." (ਨਾਪ੍ਰ) ੨. ਦੇਖੋ, ਏਕਾਵਲਿ.

ਸ੍ਰਿਗ: ਸੰ. सृग ਸੰਗਜਾ- ਗੋਪੀਆ। ੨. ਮਾਲਾ. ਦੇਖੋ, ਸ੍ਰਕ ਅਤੇ ਸ੍ਰਜ. "ਮ੍ਰਿਗ ਦ੍ਰਿਗ ਸ੍ਰਿਗ ਗ੍ਰੀਵਾ ਵਰ ਧਾਰੀ." (ਗੁਪ੍ਰਸੂ) ਮ੍ਰਿਗ ਜੇਹੇ ਨੇਤ੍ਰ ਅਤੇ ਗਲ ਵਿੱਚ ਸੁੰਦਰ ਸ੍ਰਿਗ (ਮਾਲਾ) ਧਾਰੀ.

ਸ੍ਰਿੰਗ: ਦੇਖੋ, ਸਿੰਗ. "ਐਸੇ ਸ੍ਰਿੰਗ ਸੁਮੇਰੁ ਕੇ ਸੋਭਤ ਚੰਡਿ ਪ੍ਰਚੰਡ." (ਚੰਡੀ ੧)

ਸ੍ਰਿੰਗਮੜੀ: ਸੰ. शृङ्गरिमठ ਸ਼੍ਰਿੰਗੇਰੀਮਠ. ਤੁੰਗਭਦ੍ਰ ਦੇ ਕਿਨਾਰੇ ਦੱਖਣ ਵਿੱਚ ਸ਼ੰਕਰਾਚਾਰਯ ਦਾ ਮੁੱਖ ਅਸਥਾਨ, ਜਿਸ ਥਾਂ ਸੰਨਿਆਸੀ ਸਾਧੂ ਰਹਿੰਦੇ ਹਨ. ਦੇਖੋ, ਸ਼ੰਕਰ ਅਤੇ ਸ੍ਰਿੰਗੇਰੀ. "ਪਹਿਰੇ ਪਟ ਜਜੋਂ ਮੁਨਿ ਸ੍ਰਿੰਗਮੜੀ ਕੇ." (ਕ੍ਰਿਸਨਾਵ) ਲਹੂ ਨਾਲ ਭਿੱਜੇ ਵਸਤ੍ਰ ਅਜਿਹੇ ਭਾਸਦੇ ਹਨ, ਮਾਨੋ ਸ਼੍ਰਿੰਗੇਰੀਮਠ ਦਾ ਮੁਨੀ (ਭਗਵੇਂ ਭੇਸ ਵਾਲਾ ਸੰਨਜਾਸੀ) ਹੈ.

ਸ੍ਰਿੰਗਵੇਰ: ਸੰ. शृङ्वेर ਯੂ. ਪੀ. ਵਿੱਚ ਕੋਸ਼ਲ ਦੇਸ਼ ਦੀ ਹੱਦ ਪੁਰ ਪ੍ਰਤਾਪਗੜ੍ਹ ਜਿਲੇ ਦਾ ਗੰਗਾ ਦੇ ਖੱਬੇ ਪਾਸੇ ਇੱਕ ਨਗਰ, ਜਿਸ ਦਾ ਹੁਣ ਨਾਉਂ ਸਿੰਗੌਰਾ ਹੈ. ਇਸ ਥਾਂ ਗੁਹਕ (ਗੁਹ) ਨਾਮਕ ਭੀਲ ਅਤੇ ਨਿਸ਼ਾਦਾਂ ਦਾ ਰਾਜਾ ਰਹਿੰਦਾ ਸੀ, ਜੋ ਰਾਮਚੰਦ੍ਰ ਜੀ ਦਾ ਮਿਤ੍ਰ ਸੀ. ਵਨਵਾਸ ਸਮੇਂ ਰਾਮਚੰਦ੍ਰ ਜੀ ਇਸ ਦੀ ਸਹਾਇਤਾ ਨਾਲ ਗੰਗਾ ਪਾਰ ਉਤਰੇ ਸਨ। ੨. ਆਦਾ (ਅਦਰਕ), ਜਿਸ ਦੇ ਵੇਰ (ਅੰਗ) ਸਿੰਗ ਜੇਹੇ ਆਕਾਰ ਦੇ ਹੁੰਦੇ ਹਨ.

ਸ੍ਰਿੰਗਾਰ: ਦੇਖੋ, ਸਿੰਗਾਰ.

ਸ੍ਰਿਗਾਲ: ਸੰ. शृगाल ਸੰਗਜਾ- ਗਿੱਦੜ. ਫ਼ਾ. شغال ਅੰ. Jackal । ੨. ਪੌਂਡ੍ਰਕ ਵਾਸੁਦੇਵ ਦਾ ਦੂਜਾ ਨਾਉਂ ਇਸ ਨੇ ਕ੍ਰਿਸ਼ਨ ਜੀ ਪਾਸ ਇਹ ਸੁਨੇਹਾ ਭੇਜਿਆ ਸੀ ਕਿ ਆਪ ਵਾਸੁਦੇਵ ਕਹਾਉਣਾ ਛੱਡ ਦੇਵੇ, ਕਿਉਂਕਿ ਅਸਲ ਵਾਸੁਦੇਵ ਮੈਂ ਹਾਂ. "ਦੂਤ ਸ੍ਰਿਗਾਲ ਪਠਜੋ ਹਰਿ ਕੋ ਕਹਿ, ਹੌਂਠ ਹਰਿ ਹੋਂ, ਤੁਹਿ ਕਜੋਂ ਸਦਵਾਯੋ?" (ਕ੍ਰਿਸਨਾਵ)

ਸ੍ਰਿਗਾਲੀ: ਸ੍ਰਿਗਾਲ ਦੀ ਮਦੀਨ. ਗਿਦੜੀ.

ਸ੍ਰਿੰਗਿ, ਸ੍ਰਿੰਗੀ: ਸੰ. शृङ्गिन ਵਿ- ਸਿੰਗ ਵਾਲਾ. ਸਿੰਗਧਾਰੀ। ੨. ਸੰਗਜਾ- ਪਹਾੜ, ਜਿਸ ਦੀਆਂ ਉੱਚੀਆਂ ਚੋਟੀਆਂ ਹਨ। ੩. ਬਿਰਛ। ੪. ਹਾਥੀ। ੫. ਸ੍ਰਿੰਗੀ ਰਿਖੀ। ੬. ਸਿੰਗ ਦਾ ਵਾਜਾ। ੭. ਸ਼ਿਵ.

ਸ੍ਰਿੰਗੀ ਰਿਖੀ: ਦੇਖੋ, ਸਿੰਗੀ ਰਿਖਿ.

ਸ੍ਰਿੰਗੇਰੀ: ਸ੍ਰਿੰਗ. ਗਿਰਿ. ਮੈਸੋਰ ਰਾਜ ਵਿੱਚ ਇੱਕ ਪਹਾੜੀ. ਜਿੱਥੇ ਸ਼੍ਰਿੰਗਿਰਿਖੀ ਦਾ ਜਨਮ ਹੋਇਆ. ਸਿੰਗੀ ਰਿਖੀ ਦਾ ਪਿਤਾ ਵਿਭਾਂਡਕ ਇਸੇ ਥਾਂ ਤਪ ਕਰਦਾ ਰਿਹਾ ਹੈ.

ਸ੍ਰਿੰਗੇਰੀ ਮਠ: ਸ਼੍ਰਿੰਗਗਿਰਿ ਤੇ ਸ਼ੰਕਰਾਚਾਰਯ ਦਾ ਅਸਥਾਪਨ ਕੀਤਾ ਮਠ. ਦੇਖੋ, ਸੰਕਰ, ਸ੍ਰਿੰਗਮੜੀ ਅਤੇ ਸ੍ਰਿੰਗੇਰੀ.

ਸ੍ਰਿਜ: ਸੰ. सृज. ਧਾ- ਛੱਡਣਾ. ਪੈਦਾ ਕਰਨਾ. ਵਰਜਣਾ. ਇਕੱਠਾ ਕਰਨਾ. ਬਣਾਉਣਾ.

ਸ੍ਰਿਜਨ: ਦੇਖੋ, ਸ੍ਰਿਜ. ਕ੍ਰਿ- ਰਚਣਾ. ਬਣਾਉਣਾ. "ਸ੍ਰਿਜੰਤ ਰਤਨ ਜਨਮ." (ਸਹਸ ਮਃ ੫)

ਸ੍ਰਿਣ, ਸ੍ਰਿਣੁ: ਸੰ. शृणु ਸੁਣ! ਸ਼੍ਰਵਣ ਕਰ! "ਸ੍ਰਿਣ ਸ੍ਰਿਣ ਲਰਕਾ!" (ਰਾਮਾਵ) ਹੇ ਲੜਕੇ! ਸੁਣ.

ਸ੍ਰਿਤਿ: ਸੰ. सृति (ਸ੍ਰਿ- ਗਮਨ). ਸੰਗਯਾ- ਜਾਣ ਦੀ ਕ੍ਰਿਯਾ. ਗਮਨ। ੨. ਮਾਰਗ. ਰਸਤਾ. ਸੜਕ.

ਸ੍ਰਿਪ: ਸੰ. सृप. ਧਾ- ਜਾਣਾ. ਚਲਣਾ. ਹਟਣਾ.

ਸ੍ਰੀ: ਸੰ. ਸ਼੍ਰੀ. ਸੰਗਯਾ- ਲੱਛਮੀ। ੨. ਸ਼ੋਭਾ. "ਸ੍ਰੀ ਸਤਿਗੁਰ ਸੁ ਪ੍ਰਸੰਨ." (ਸਵੈਯੇ ਮਃ ੪. ਕੇ) ੩. ਸੰਪਦਾ. ਵਿਭੂਤਿ। ੪. ਛੀ ਰਾਗਾਂ ਵਿੱਚੋਂ ਪਹਿਲਾ ਰਾਗ. ਦੇਖੋ, ਸਿਰੀ ਰਾਗ. ੫. ਵੈਸ਼ਨਵਾਂ ਦਾ ਇੱਕ ਫਿਰਕਾ, ਜਿਸ ਵਿੱਚ ਲੱਛਮੀ ਦੀ ਪੂਜਾ ਮੁੱਖ ਹੈ. ਇਸ ਮਤ ਦੇ ਲੋਕ ਲਾਲ ਰੰਗ ਦਾ ਤਿਲਕ ਮੱਥੇ ਕਰਦੇ ਹਨ. ਇਸ ਸੰਪ੍ਰਦਾਯ ਦਾ ਪ੍ਰਚਾਰਕ ਰਾਮਾਨੁਜ ਸ੍ਵਾਮੀ ਹੋਇਆ ਹੈ. ਦੇਖੋ, ਰਾਮਾਨੁਜ। ੬. ਇੱਕ ਛੰਦ. ਦੇਖੋ, ਏਕ ਅਛਰੀ ਦਾ ਰੂਪ ੧.। ੭. ਸਰਸ੍ਵਤੀ। ੮. ਕੀਰਤਿ। ੯. ਆਦਰ ਬੋਧਕ ਸ਼ਬਦ, ਜੋ ਬੋਲਣ ਅਤੇ ਲਿਖਣ ਵਿਚ ਵਰਤਿਆ ਜਾਂਦਾ ਹੈ. ਧਰਮ ਦੇ ਆਚਾਰਯ ਅਤੇ ਮਹਾਰਾਜੇ ਲਈ ੧੦੮ ਵਾਰ, ਮਾਤਾ ਪਿਤਾ ਵਿਦਯਾ- ਗੁਰੂ ਲਈ ੬. ਵਾਰ, ਆਪਣੇ ਮਾਲਿਕ ਵਾਸਤੇ ੫. ਵਾਰ, ਵੈਰੀ ਨੂੰ ੪. ਵਾਰ, ਮਿਤ੍ਰ ਨੂੰ ੩. ਵਾਰ, ਨੌਕਰ ਨੂੰ ੨. ਵਾਰ, ਪੁਤ੍ਰ ਤਥਾ ਇਸਤ੍ਰੀ ਨੂੰ ੧. ਵਾਰ ਸ਼੍ਰੀ ਸ਼ਬਦ ਵਰਤਣਾ ਚਾਹੀਏ। ੧੦. ਵਿ- ਸੁੰਦਰ। ੧੧. ਯੋਗਯ. ਲਾਇਕ। ੧੨. ਸ਼੍ਰੇਸ਼੍ਠ. ਉੱਤਮ.

ਸ੍ਰੀਅ: ਸ਼੍ਰੀ ਦੀ ਥਾਂ ਇਹ ਸ਼ਬਦ ਕਿਤੇ ਕਿਤੇ ਆ ਜਾਂਦਾ ਹੈ.

ਸ੍ਰੀਸ: ਸ਼੍ਰੀ- ਈਸ਼. ਲੱਛਮੀ ਦਾ ਪਤਿ, ਵਿਸ਼ਨੁ। ੨. ਦੌਲਤਮੰਦ. ਧਨੀ। ੩. ਤਲਵਾਰ. ਖੜਗ. "ਸ੍ਰੀਸ ਸਤ੍ਰੁਅਰਿ." (ਸਨਾਮਾ)

ਸ੍ਰੀ ਸਸਿ: ਬਾਬਾ ਸ਼੍ਰੀ ਚੰਦ ਜੀ.

ਸ਼੍ਰੀ ਸਦਨ: ਸ਼੍ਰੀ (ਲੱਛਮੀ) ਦਾ ਸਦਨ (ਘਰ). ਕਮਲ. ਚਿੱਟਾ ਕਮਲ. "ਸ੍ਰੀ ਕੋ ਸਦਨ ਚਹੂੰ ਬਰਨ ਕੋ ਜਾਨ ਹੈ." (ਨਾਪ੍ਰ) ਕਮਲ ਅਤੇ ਚਾਰ ਮੁਖ ਵਾਲੇ (ਬ੍ਰਹਮਾ) ਦਾ ਯਾਨ (ਸਵਾਰੀ- ਹੰਸ)

ਸ਼੍ਰੀ ਸਾਹਿਬ: ਖੜਗ. ਕ੍ਰਿਪਾਣ. ਲੱਛਮੀ ਦਾ ਪਤਿ ਖੜਗ ਨੂੰ ਮੰਨਕੇ ਇਹ ਨਾਉਂ ਦਸ਼ਮੇਸ਼ ਨੇ ਰੱਖਿਆ ਹੈ. ਦੇਖੋ, ਸਨਾਮਾ.

ਸ੍ਰੀ ਸੰਪ੍ਰਦਾਯ: ਦੇਖੋ, ਸ੍ਰੀ ੫. ਅਤੇ ਰਾਮਾਨੁਜ.

ਸ਼੍ਰੀਹਤ: ਵਿ- ਜਿਸ ਦੀ ਸ਼ੋਭਾ ਅਥਵਾ ਲੱਛਮੀ ਨਾਸ਼ ਹੋ ਗਈ.

ਸ੍ਰੀ ਹਰਿਗੋਬਿੰਦਪੁਰ: ਦੇਖੋ, ਸ੍ਰੀ ਗੋਬਿੰਦਪੁਰ.

ਸ੍ਰੀਕ: ਦੇਖੋ, ਸਰੀਕ. "ਨ੍ਰਿ ਸ੍ਰੀਕ ਹੈ." (ਜਾਪੁ) ਅਕਾਲ ਸ਼ਰੀਕ ਰਹਿਤ ਹੈ। ੨. ਸੰ. ਸ਼੍ਰੀਕ. ਸੁੰਦਰਤਾ. ਖ਼ੂਬਸੂਰਤੀ.

ਸ਼੍ਰੀ ਕੋ ਸਦਨ: ਚਿੱਟਾ ਕਮਲ, ਜਿਸ ਵਿੱਚ ਲੱਛਮੀ ਨਿਵਾਸ ਕਰਦੀ ਹੈ. ਦੇਖੋ, ਸ੍ਰੀ ਸਦਨ। ੨. ਸ਼ੋਭਾ ਦਾ ਘਰ.

ਸ਼੍ਰੀਖੰਡ: ਸੰ. श्रीखण्ड: ਸੰਗਯਾ- ਚੰਦਨ, ਜੋ ਸ਼ੋਭਾ ਦਾ ਟੁਕੜਾ ਹੈ. "ਕਾਠਹੁ ਸ੍ਰੀਖੰਡ ਸਤਿਗੁਰ ਕੀਅਉ." (ਸਵੈਯੇ ਮਃ ੪. ਕੇ) ੨. ਦੇਖੋ, ਸਿਰਖੰਡੀ.

ਸ਼੍ਰੀ ਗੁਰੁ ਸਿੰਘ ਸਭਾ: ਦੇਖੋ, ਸਿੰਘ ਸਭਾ.

ਸ਼੍ਰੀ ਗੋਬਿੰਦਪੁਰ: ਜਿਲਾ ਗੁਰਦਾਸਪੁਰ ਦੀ ਬਟਾਲਾ ਤਸੀਲ ਵਿੱਚ ਬਿਆਸ ਦੇ ਉੱਤਰੀ ਕਿਨਾਰੇ ਤੇ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸੰਮਤ ੧੬੪੪ ਵਿੱਚ ਵਸਾਇਆ ਇੱਕ ਨਗਰ, ਜੋ ਚੰਦੂ ਦੀ ਸ਼ਰਾਰਤ ਨਾਲ ਭਗਵਾਨ ਦਾਸ ਘੇਰੜ ਨੂੰ ਮਿਲ ਗਿਆ ਸੀ. ਗੁਰੁ ਪ੍ਰਤਾਪ ਸੂਰਯ ਵਿੱਚ ਲਿਖਿਆ ਹੈ ਕਿ ਇਹ ਨਗਰ ਛੀਵੇਂ ਸਤਿਗੁਰੂ ਨੇ ਵਸਾਇਆ ਹੈ, ਪਰ ਇਹ ਸਹੀ ਨਹੀਂ. ਕਰਤਾਰਪੁਰ ਵਾਲੇ ਪ੍ਰਾਚੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਨਾਰੇ ਦੇ ਪੱਤਰਿਆਂ ਉੱਤੇ ਨੋਟ ਹੈ ਕਿ ਸ਼੍ਰੀ ਗੋਬਿੰਦਪੁਰ ਸੰਮਤ ੧੬੪੪ ਵਿੱਚ

ਆਬਾਦ ਹੋਇਆ ਹੈ.

ਜਦ ਛੀਵੇਂ ਸਤਿਗੁਰੂ ਜੀ ਸੰਮਤ ੧੬੮੭ ਵਿੱਚ ਇਸ ਥਾਂ ਆਏ, ਤਾਂ ਭਗਵਾਨ ਦਾਸ ਨੇ ਭਾਰੀ ਵਿਰੋਧ ਕੀਤਾ, ਜਿਸ ਦਾ ਫਲ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਸ਼੍ਰੀ ਗੋਬਿੰਦਪੁਰ ਦੇ ਜੰਗ ਵਿੱਚ ਪਾਇਆ.

ਇਸ ਦੀ ਮਾਲਕੀਯਤ ਕਰਤਾਰਪੁਰ ਦੇ ਰਈਸ ਸੋਢੀ ਸਾਹਿਬ ਦੇ ਪਾਸ ਹੈ. ਸ਼੍ਰੀ ਗੋਬਿੰਦਪੁਰ (ਅਥਵਾ ਹਰਿਗੋਬਿੰਦਪੁਰ) ਵਿੱਚ ਦੋ ਗੁਰੁਦ੍ਵਾਰੇ ਹਨ. ਇੱਕ ਗੁਰੂ ਕੇ ਮਹਲ ਜੋ ਗੁਰੂ ਸਾਹਿਬ ਨੇ ਆਪਣੇ ਨਿਵਾਸ ਲਈ ਬਣਵਾਏ. ਦੂਜਾ ਦਮਦਮਾ ਸਾਹਿਬ ਹੈ ਜੋ ਸ਼ਹਿਰ ਤੋਂ ਪੱਛਮ ਵੱਲ ਅੱਧ ਮੀਲ ਹੈ. ਇਹ ਗੁਰੂ ਸਾਹਿਬ ਦਾ ਜੰਗ ਸਮਾਪਤ ਕਰਕੇ ਦੀਵਾਨ ਲਾਉਣ ਦਾ ਥਾਂ ਹੈ. ਮੇਲਾ ਵੈਸਾਖੀ ਅਤੇ ਹੋਲੇ ਨੂੰ ਲਗਦਾ ਹੈ. ਰੇਲਵੇ ਸਟੇਸ਼ਨ ਬਟਾਲੇ ਤੋਂ ੨੧. ਮੀਲ ਦੱਖਣ ਵੱਲ ਇਹ ਨਗਰ ਹੈ.

ਕਈ ਲੇਖਕਾਂ ਨੇ ਇਸ ਦਾ ਨਾਉਂ ਸ਼੍ਰੀ ਹਰਿਗੋਬਿੰਦਪੁਰ ਲਿਖਿਆ ਹੈ, ਪਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਰੱਖਿਆ ਨਾਉਂ ਸ਼੍ਰੀ ਗੋਬਿੰਦਪੁਰ ਹੈ.

ਸ਼੍ਰੀ ਚੰਦ ਬਾਬਾ: ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵਡੇ ਸੁਪੁਤ੍ਰ, ਜੋ ਭਾਦੋਂ ਸੁਦੀ ੯. ਸੰਮਤ ੧੫੫੧ ਨੂੰ ਮਾਤਾ ਸੁਲਖਨੀ ਤੋਂ ਸੁਲਤਾਨਪੁਰ ਵਿੱਚ ਜਨਮੇ. ਇਹ ਉਦਾਸੀ ਮਤ ਦੇ ਪ੍ਰਚਾਰਕ ਮਹਾਨ ਸਿੱਧ ਪੁਰਖ ਹੋਏ ਹਨ. ਆਪ ਦਾ ਨਿਵਾਸ ਅਸਥਾਨ ਬਾਰਠ ਪਿੰਡ ਵਿੱਚ ਸੀ, ਜੋ ਦੇਹਰਾ ਨਾਨਕ ਤੋਂ ੧੯. ਕੋਹ ਈਸ਼ਾਨ ਕੋਣ ਹੈ. ਯੋਗਿਰਾਜ ਸ਼੍ਰੀ ਚੰਦ ਜੀ ਨੇ ਸ਼ਾਦੀ ਨਹੀਂ ਕਰਾਈ.

ਗੁਰੂ ਨਾਨਕ ਦੇਵ ਦੇ ਧਰਮ ਦਾ ਪ੍ਰਚਾਰ ਦੇਸ਼ ਦੇਸ਼ਾਂਤਰਾਂ ਵਿੱਚ ਕਰਨ ਲਈ ਆਪ ਨੇ ਬਾਬਾ ਗੁਰੁਦਿੱਤਾ ਜੀ ਨੂੰ ਚੇਲਾ ਕੀਤਾ, ਜਿਨ੍ਹਾਂ ਨੇ ਅਨੇਕ ਗੁਰੁਸਿੱਖਾਂ ਨੂੰ ਉਦਾਸੀ ਲਿਬਾਸ ਵਿੱਚ ਕਈ ਇਲਾਕਿਆਂ ਵਿੱਚ ਭੇਜਕੇ ਸਤਿਨਾਮੁ ਦਾ ਪ੍ਰਚਾਰ ਕੀਤਾ.

ਬਾਬਾ ਸ਼੍ਰੀ ਚੰਦ ਜੀ ਦਾ ਦੇਹਾਂਤ ੧੫. ਅੱਸੂ ਸੰਮਤ ੧੬੬੯ ਨੂੰ ਹੋਇਆ ਹੈ. ਆਪ ਦੀ ਸਾਰੀ ਅਵਸਥਾ ੧੧੮ ਵਰ੍ਹੇ ਦੀ ਸੀ. ਦੇਖੋ, ਉਦਾਸੀ ਅਤੇ ਸਿਲਾ ਸ੍ਰੀ ਚੰਦ ਜੀ ਦੀ.

ਸ਼੍ਰੀਦ, ਸ਼੍ਰੀਦਿਹ: ਸ਼੍ਰੀ (ਲੱਛਮੀ) ਦੇਣ ਵਾਲਾ ਕੁਬੇਰ. ਧਨਪਤਿ. "ਸ੍ਰੀਦਿਹ ਸੂਰ ਸਸੀ ਉਡੁ ਅੰਤਕ." (ਨਾਪ੍ਰ)

ਸ਼੍ਰੀਧਰ: ਸੰ. श्रीधर ਵਿ- ਸ਼੍ਰੀ ਲੱਛਮੀ) ਦੇ ਧਾਰਨ ਵਾਲਾ. ਦੌਲਤਮੰਦ। ੨. ਸੰਗਯਾ- ਕਰਤਾਰ. ਵਾਹਗੁਰੂ. ਜੋ ਸਾਰੀ ਮਾਇਆ ਦਾ ਪਤੀ ਹੈ. "ਸ੍ਰੀਧਰ ਪਾਏ ਮੰਗਲ ਗਾਏ." (ਸ੍ਰੀ ਛੰਤ ਮਃ ੫) ਦੇਖੋ, ਸ੍ਰੀਪਤਿ ਸ਼ਬਦ। ੩. ਵਿਸ਼ਨੁ.

ਸ਼੍ਰੀ ਨਗਰ[312]: ਸੰ. ਸੂਰ੍ਯਨਗਰ. ਕਸ਼ਮੀਰ ਦੀ ਰਾਜਧਾਨੀ, ਜਿਸ ਦੀ ਸਮੁੰਦਰ ਤੋਂ ਬੁਲੰਦੀ ੫੨੭੬ ਫੁਟ ਹੈ. ਇਸ ਨਗਰ ਵਿੱਚ ਕਾਠੀ ਦਰਵਾਜੇ ਮਾਈ ਭਾਗਭਰੀ ਦੇ ਘਰ ਛੀਵੇਂ ਸਤਿਗੁਰੂ ਜੀ ਦਾ ਗੁਰੁਦ੍ਵਾਰਾ ਹੈ, ਜੋ ਹਰੀ ਪਰਬਤ ਦੇ ਪਾਸ ਹੈ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਭੀ ਇਹ ਨਗਰ ਪਵਿਤ੍ਰ ਹੋਇਆ ਹੈ. ਦੇਖੋ, ਨਾਨਕ ਪ੍ਰਕਾਸ਼ ਉੱਤਰਾਰਧ ਅਧ੍ਯਾਯ ੧੪. ਦੇਖੋ, ਸੇਵਾਦਾਸ ਕਸ਼ਮੀਰ ਅਤੇ ਭਾਗਭਰੀ।

੨. ਰਿਆਸਤ ਗੜ੍ਹਵਾਲ ਦੇ ਪੌੜੀ ਪਰਗਨੇ ਵਿੱਚ ਅਲਕਨੰਦਾ ਦੇ ਕਿਨਾਰੇ ਇੱਕ ਨਗਰ, ਜੋ ਦਸ਼ਮੇਸ਼ ਜੀ ਦੇ ਸਮੇਂ ਰਾਜਾ ਫਤੇਸ਼ਾਹ ਦੀ ਰਾਜਧਾਨੀ ਸੀ, ਇੱਥੇ ਸ਼੍ਰੀ ਗੁਰੂ ਨਾਨਕ ਦੇਵ ਦਾ ਅਸਥਾਨ "ਚਰਨ ਪਾਦੁਕਾ" ਨਾਉਂ ਤੋਂ ਪ੍ਰਸਿੱਧ ਹੈ. ਬਦਰੀਨਾਰਾਯਣ ਦੀ ਯਾਤ੍ਰਾ ਸਮੇਂ ਸਤਿਗੁਰੂ ਜੀ ਇਸ ਨਗਰ ਪਧਾਰੇ ਹਨ. ਸ਼੍ਰੀ ਨਗਰ ਦੀ ਬੁਲੰਦੀ ੧੭੦੬ ਫੁਟ ਹੈ. ਸਨ ੧੮੯੪ ਵਿੱਚ ਗੋਹਾਨਾ ਝੀਲ ਦਾ ਬੰਨ੍ਹ ਟੁੱਟ ਜਾਣ ਤੋਂ ਇਹ ਨਗਰ ਰੁੜ੍ਹ ਗਿਆ, ਹੁਣ ਰਾਜਧਾਨੀ ਗੜ੍ਹਵਾਲ ਹੈ.

ਸ਼੍ਰੀਨਾਥ, ਸ਼੍ਰੀਨਿਵਾਸ, ਸ਼੍ਰੀਪਤਿ: ਦੇਖੋ, ਸ੍ਰੀਧਰ. ਸੰਗ੍ਯਾ- ਕਰਤਾਰ."ਸ੍ਰੀ ਨਿਵਾਸ ਆਦਿ ਪੁਰਖੁ ਸਦਾ ਤੁਹੀ." (ਸਵੈਯੇ ਮਃ ੪. ਕੇ) "ਬ੍ਰਹਮ ਮਹੇਸੁਰ ਬਿਸਨੁ ਸਚੀ ਪਤਿ ਅੰਤ ਫਸੇ ਜਮ ਫਾਸਿ ਪਰੈਂਗੇ। ਜੇ ਨਰ ਸ੍ਰੀਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧ੍ਰਰੈਂਗੇ॥" (ਅਕਾਲ) ੨. ਵਿਸ਼ਨੁ। ੩. ਵਿ- ਦੌਲਤਮੰਦ. ਧਨੀ.

---

[312] ਅਸ਼ੋਕ ਮਹਾਰਾਜੇ ਨੇ ਕਸ਼ਮੀਰ ਵਿੱਚ 'ਸ਼੍ਰੀਨਗਰ' ਵਸਾਇਆ ਸੀ, ਜੋ ਮੌਜੂਦਾ ਸ਼੍ਰੀਨਗਰ ਤੋਂ ਤਿੰਨ ਮੀਲ ਉੱਤਰ ਹੈ, ਜਿਸ ਨੂੰ ਹੁਣ "ਪਾਂਡੇਰੀ ਥਾਨ" ਆਖਦੇ ਹਨ.

**ਸ਼੍ਰੀ ਪੰਚਮੀ:** ਮਾਘ ਸੁਦੀ ੫. ਬਸੰਤ ਪੰਚਮੀ. ਇਸ ਦਿਨ ਲੱਛਮੀ ਦਾ ਪੂਜਨ ਹਿੰਦੂਸ਼ਾਸਤ੍ਰਾਂ ਵਿੱਚ ਵਿਧਾਨ ਹੈ, ਇਸ ਲਈ ਸ਼੍ਰੀਪੰਚਮੀ ਨਾਉਂ ਹੈ.

**ਸ਼੍ਰੀ ਫਲ:** ਸੰ. ਵਿ- ਸੁੰਦਰ ਹੈ ਫਲ ਜਿਸ ਦਾ। ੨. ਸੰਗਯਾ- ਖਿਰਨੀ। ੩. ਬਿੱਲ। ੪. ਬਹੁਤ ਲੋਕ ਨਲੀਏਰ ਨੂੰ ਭੀ ਸ਼੍ਰੀ ਫਲ ਆਖਦੇ ਹਨ, ਪਰ ਇਹ ਸਹੀ ਨਹੀਂ. ਦੇਖੋ, ਸਿਰਫਲ.

**ਸ਼੍ਰੀਬਰਣ:** ਸੰ. श्रीवर्ण ਸ਼੍ਰੀ- ਵਰ੍ਣ. ਵਿ- ਸੁੰਦਰ ਹੈ ਰੰਗ ਜਿਸ ਦਾ. ਸ਼ੋਭਨ ਵਰਣ ਵਾਲਾ। ੨. ਚਿੱਟੇ ਰੰਗ ਵਾਲਾ ਘੋੜਾ, ਜੋ ਅਸ਼੍ਵਮੇਧ ਯੱਗ ਵਿੱਚ ਮਾਰਿਆ ਜਾਂਦਾ ਹੈ. ਇਸ ਘੋੜੇ ਬਾਬਤ ਪੁਰਾਣਾਂ ਨੇ ਦੱਸਿਆ ਹੈ ਕਿ ਅਸ਼੍ਵਮੇਧ ਲਈ ਚਿੱਟੇ ਰੰਗ ਦਾ, ਕਾਲੇ ਕੰਨਾ ਵਾਲਾ ਅਤੇ ਪੀਲੀ ਹੈ ਦੁਮ ਜਿਸ ਦੀ ਐਸਾ ਘੋੜਾ ਚਾਹੀਏ.[313] ਕਿਸੇ ਲਿਖਾਰੀ ਨੇ ਸ਼੍ਰੀਬਰਣ ਦੀ ਥਾਂ ਸੀ ਬਰਣ ਸ਼ਬਦ ਲਿਖ ਦਿੱਤਾ ਹੈ. ਦੇਖੋ, ਸੀਬਰਣ.

**ਸ਼੍ਰੀਭਗਵਤੀ:** ਦੇਖੋ, ਭਗਵਤੀ.

**ਸ਼੍ਰੀਮਤੀ:** ਸ਼੍ਰੀ ਮਾਨ ਦਾ ਇਸਤ੍ਰੀ ਲਿੰਗ.

**ਸ਼੍ਰੀਮਾਨ:** ਸੰ. श्रीमान् ਵਿ- ਸ਼ੋਭਾ ਵਾਲਾ। ੨. ਧਨ ਵਾਲਾ। ੩. ਉੱਚੀ ਪਦਵੀ ਵਾਲਾ. ਸ਼੍ਰੀਮੰਤ. ਸ਼੍ਰੀ ਯੁਤ.

**ਸ਼੍ਰੀ ਮੁਖਬਾਕ, ਸ਼੍ਰੀ ਮੁਖਬਾਕ੍ਯ, ਸ਼੍ਰੀ ਮੁਖਵਾਕ, ਸ਼੍ਰੀ ਮੁਖਵਾਕ੍ਯ:** ਸ਼੍ਰੀ (ਸ਼ੋਭਾ) ਵਾਲੇ ਮੁਖ ਤੋਂ ਨਿਕਲੇ ਹੋਏ ਵਾਕ੍ਯ। ੨. ਸ਼੍ਰੀ ਗੁਰੂ ਸਾਹਿਬ ਦੇ ਮੁਖਵਚਨ, ਯਥਾ- "ਸਵਯੇ ਸ਼੍ਰੀ ਮੁਖਬਾਕ੍ਯ ਮਹਲਾ ੫" ਅਤੇ "ਜਾਪੁ ਸ਼੍ਰੀ ਮੁਖਵਾਕ ਪਾਤਸਾਹੀ ੧੦. "

**ਸ਼੍ਰੀਮੰਤ, ਸ਼੍ਰੀਯੁਤ:** ਦੇਖੋ, ਸ਼੍ਰੀਮਾਨ.

**ਸ਼੍ਰੀ ਰਾਗ:** ਦੇਖੋ, ਸਿਰੀਰਾਗ.

**ਸ਼੍ਰੀਰੰਗ:** ਸੰ. श्रीरङ्ग ਸੰਗਯਾ- ਸ਼੍ਰੀ (ਲੱਛਮੀ) ਤੋਂ ਰੰਗ (ਨਾਚ) ਕਰਾਉਣ ਵਾਲਾ ਕਰਤਾਰ. ਵਾਹਗੁਰੂ. "ਨਾਮੇ ਸ਼੍ਰੀ ਰੰਗ ਭੇਟਲ ਸੋਈ." (ਭੈਰ ਨਾਮਦੇਵ)

੨. ਵਿਸ਼ਨੁ। ੩. ਮਦਰਾਸ ਦੇ ਤ੍ਰਿਚਨਾਪਲੀ (Trichinopoly) ਜਿਲੇ ਵਿੱਚ ਤ੍ਰਿਚਨਾਪਲੀ ਤੋਂ ਦੋ ਮੀਲ ਉੱਤਰ, ਕਾਵੇਰੀ ਨਦੀ ਦੇ ਦ੍ਵੀਪ ਵਿੱਚ ਇੱਕ ਬਸਤੀ, ਜਿਸ ਵਿੱਚ ਸ਼੍ਰੀਰੰਗ ਮੰਦਿਰ ਹੈ. ਇਸ ਮੰਦਿਰ ਦੀਆਂ ਸੱਤ ਦੀਵਾਰਾਂ ਹਨ. ਬਾਹਰ ਦੀ ਕੰਧ ੧੦੨੪ ਗਜ ਲੰਮੀ ਅਤੇ ੮੪੦ ਗਜ ਚੌੜੀ ਹੈ. ਗਹਿਣੇ ਅਤੇ ਰਤਨ ਸਾਰੇ ਭਾਰਤ ਦੇ ਹਿੰਦੂਮੰਦਿਰਾਂ ਨਾਲੋਂ ਇੱਥੇ ਕੀਮਤੀ ਹਨ. ਇਸ ਮੰਦਿਰ ਦੇ ਨਾਉਂ ਕਰਕੇ ਹੀ ਦ੍ਵੀਪ ਅਤੇ ਬਸਤੀ ਦਾ ਨਾਉਂ ਸ਼੍ਰੀਰੰਗ ਹੋ ਗਿਆ ਹੈ. ਸ਼੍ਰੀਰੰਗ ਦੇ ਪਰਮਭਗਤ ਰਾਮਾਨੁਜ ਦਾ ਦੇਹਾਂਤ ਇਸੇ ਥਾਂ ਹੋਇਆ ਹੈ.

**ਸ਼੍ਰੀਰੰਗਿ:** ਸ਼੍ਰੀਰੰਗ (ਕਰਤਾਰ) ਨਾਲ. ਵਾਹਗੁਰੂ ਵਿੱਚ. "ਸ਼੍ਰੀਰੰਗਿ ਰਾਤੇ ਨਾਮਿ ਮਾਤੇ." (ਆਸਾ ਛੰਤ ਮਃ ੫)

**ਸ਼੍ਰੀ ਰੰਗੁ:** ਦੇਖੋ, ਸ਼੍ਰੀ ਰੰਗ.

**ਸ਼੍ਰੀਵਤਸ:** ਸੰ. श्रीवत्स ਸੰਗਯਾ- ਸ਼੍ਰੀ (ਸੁੰਦਰ) ਹੈ ਵਤਸ (ਚਿੰਨ੍ਹ) ਜਿਸ ਦਾ. ਵਿਸ਼ਨੁ. ਵਿਸ਼ਨੁ ਦੀ ਛਾਤੀ ਉੱਤੇ ਚਿੱਟੇ ਕੇਸਾਂ ਦੀ ਇੱਕ ਭੌਰੀ ਹੈ, ਜੋ ਸਾਮੁਦ੍ਰੀਕ ਅਨੁਸਾਰ ਵਡਾ ਉੱਤਮ ਚਿੰਨ੍ਹ ਹੈ.

**ਸ਼੍ਰੀਵਰ:** ਦੇਖੋ, ਸ਼੍ਰੀਪਤਿ.

**ਸ਼੍ਰੀਵਰਣ:** ਦੇਖੋ, ਸ਼੍ਰੀ ਬਰਣ.

**ਸ਼੍ਰੀਵਾਸ:** ਦੇਖੋ, ਸ਼੍ਰੀ ਨਿਵਾਸ। ੨. ਚਿੱਟਾ ਕਮਲ, ਜਿਸ ਵਿੱਚ ਲੱਛਮੀ ਦਾ ਨਿਵਾਸ ਹੈ.

---

[313] "ਚੰਦ੍ਰ ਵਰਣ ਸੁਕਰਣ ਸਯਾਮ ਸੁਵਰਣ ਪੁੱਛ ਸਮਾਨ." (ਗ੍ਯਾਨ)

ਸ੍ਰੁ: ਸੰ. ਸ੍ਰੁ ਧਾ- ਟਪਕਣਾ. ਝਰਨਾ. ਵਗਣਾ। ੨. ਸੰ. ਸ਼੍ਰੁ ਸ਼੍ਰੁ. ਧਾ- ਸੁਣਨਾ. ਜਾਣਾ. ਟਪਕਣਾ. ਝਰਨਾ.

ਸ੍ਰੁਤ: ਸੰ. ਸ਼੍ਰੁਤ. ਵਿ- ਸੁਣਿਆ ਹੋਇਆ। ੨. ਵਿਖ੍ਯਾਤ. ਪ੍ਰਸਿੱਧ. ਉੱਘਾ. ਮਸ਼ਹੂਰ। ੩. ਜਿਸ ਨੇ ਉਪਦੇਸ਼ ਸੁਣਿਆ ਹੈ। ੪. ਸੰਗ੍ਯਾ- ਕੰਨ। ੫. ਵ੍ਰਿੱਤਿ. ਦੇਖੋ, ਸੁਰਤ. "ਚੁਭੀ ਰਹੀ ਸ੍ਰੁਤ ਪ੍ਰਭੁ ਚਰਨਨ ਮਹਿ." (ਵਿਚਿਤ੍ਰ)

ਸ਼੍ਰੁਤਿ: ਸੰ. ਸੰਗ੍ਯਾ- ਕੰਨ। ੨. ਵੇਦ. ਵੇਦਾਂ ਦੀ ਸ਼੍ਰੁਤਿ ਸੰਗ੍ਯਾ ਇਸ ਕਰਕੇ ਹੋਈ ਕਿ ਪੁਰਾਣੇ ਵੇਲੇ ਇਹ ਲਿਖੇ ਹੋਏ ਨਹੀਂ ਸਨ, ਕੇਵਲ ਸੁਣਕੇ ਯਾਦ ਕੀਤੇ ਜਾਂਦੇ ਸਨ. "ਸ਼੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ." (ਸੂਹੀ ਛੰਤ ਮਃ ੫) ੩. ਸੁਣਨਾ. ਸ਼੍ਰਵਣ। ੪. ਕਹਾਵਤ. ਕਹਾਣੀ। ੫. ਜਨਚਰਚਾ. ਦੰਤਕਥਾ. ੬. ਸੰਗੀਤ ਅਨੁਸਾਰ ਸ੍ਵਰ ਦੀ ਮਾਤ੍ਰਾ ਅਥਵਾ ਅੰਸ਼ ਦਾ ਨਾਉਂ ਸ਼੍ਰੁਤਿ ਹੈ ਅਰ ਉਨ੍ਹਾਂ ਦੇ ਨਾਉਂ ਇਹ ਹਨ-

ਸ਼ਾਡਜ ਦੀ- ਤੀਵ੍ਰਾ, ਕੁਮੁਦਵਤੀ, ਮੰਦ੍ਰਾ, ਛੰਦੋਵਤੀ.

ਰਿਸ਼ਭ ਦੀ- ਦਯਾਵਤੀ, ਰੰਜਿਨੀ, ਰਕ੍ਤਿਕਾ.

ਗਾਂਧਾਰ ਦੀ- ਰੌਦ੍ਰੀ. ਕ੍ਰੋਧਾ.

ਮਧ੍ਯਮ ਦੀ- ਵਜ੍ਰਿਕਾ, ਪ੍ਰਸਾਰਿਣੀ, ਪ੍ਰੀਤਿ, ਮਾਰ੍ਜਨੀ.

ਪੰਚਮ ਦੀ- ਕ੍ਸ਼ਿਤਿ, ਰਕ੍ਤਾ, ਸੰਦੀਪਿਨੀ, ਆਲਾਪਿਨੀ.

ਧੈਵਤ ਦੀ- ਮਦੰਤੀ, ਰੋਹਿਣੀ, ਰਮ੍ਯਾ.

ਨਿਸ਼ਾਦ ਦੀ- ਉਗ੍ਰਾ, ਕ੍ਸ਼ੋਭਿਣੀ.

ਦੇਖੋ, ਸੁਰਤਿ ੭.

ਸ਼੍ਰੁਤ੍ਯਨੁਪ੍ਰਾਸ: ਦੇਖੋ, ਅਨੁਪ੍ਰਾਸ (ੲ)

ਸ਼੍ਰੁਤ੍ਵਾ: ਸੰ. ਸ਼੍ਰੁਤ੍ਵਾ. ਸੁਣਕੇ. ਸ਼੍ਰਵਣ ਕਰਕੇ. "ਤਿਨ ਤੇ ਸ਼੍ਰੁਤ੍ਵਾ ਮੱਖਣਸ਼ਾਹ." (ਗੁਪ੍ਰਸੂ)

ਸ੍ਰੁਵ, ਸ੍ਰੁਵਾ: ਸੰ. ਸ੍ਰੁਵ ਸੰਗ੍ਯਾ- ਸਰੋਆ ਬ੍ਰਹ੍ਮਹਸ੍ਤ. ਖੈਰ ਅਥਵਾ ਪਿੱਪਲ ਦੀ ਲੱਕੜ ਦਾ ਹੱਥ ਭਰ ਲੰਮਾ ਅਤੇ ਹੱਥ ਦੀ ਸ਼ਕਲ ਦਾ ਚਮਚਾ, ਜਿਸ ਨਾਲ ਅਗਨੀ ਵਿੱਚ ਘੀ ਚੋਈਦਾ ਹੈ. ਦੇਖੋ, ਸ੍ਰੁ ਧਾ.

ਸ਼੍ਰੂਯ: ਸੁਣਕੇ. ਸ਼੍ਰੁਤ੍ਵਾ. "ਪ੍ਰਿਥੀ ਚੰਦ ਕੇ ਵਾਕ ਕੋ ਸ਼੍ਰੂਯ ਵੀਰੰ." (ਗੁਪ੍ਰਸੂ) ੨. ਸੁਸ਼੍ਰੂਯ. ਚੰਗੀ ਤਰਾਂ ਸੁਣਕੇ.

ਸ੍ਰੇਸਟ: ਸੰ. ਸ਼੍ਰੇਸ਼੍ਠ. ਵਿ- ਉੱਤਮ। ੨. ਬਹੁਤ ਵਡਿਆਈ ਯੋਗ. "ਗਿਆਨੁ ਸ੍ਰੇਸਟ ਊਤਮ ਇਸਨਾਨੁ." (ਸੁਖਮਨੀ) ੩. ਸੰਗ੍ਯਾ- ਗਊ ਦਾ ਦੁੱਧ। ੪. ਕੁਬੇਰ। ੫. ਰਾਜਾ। ੬. ਵਿਸ਼ਨੁ। ੭. ਸਾਧੁ। ੮. ਵਿਦ੍ਵਾਨ। ੯. ਹਿੰਦੂਮਤ ਅਨੁਸਾਰ ਬ੍ਰਾਹਮਣ। ੧੦. ਨੀਤਿ ਅਨੁਸਾਰ ਛਤ੍ਰੀ (ਕ੍ਸ਼ਤ੍ਰਿਯ).

ਸ੍ਰੇਸਟਾਈ: ਸੰਗ੍ਯਾ- ਸ਼੍ਰੇਸ਼੍ਠਤਾ. ਉੱਤਮਤਾ। ੨. ਛਤ੍ਰਾਣੀ. ਕ੍ਸ਼ਤ੍ਰਿਯ ਜਾਤਿ ਦੀ ਇਸਤ੍ਰੀ. ਦੇਖੋ, ਅਧਮ ਚੰਡਾਲੀ.

ਸ੍ਰੇਸ਼੍ਟ: ਦੇਖੋ, ਸ੍ਰੇਸਟ.

ਸ੍ਰੇਸ਼੍ਟਾਚਾਰ: ਦੇਖੋ, ਸ਼ਿਸ਼੍ਟਾਚਾਰ। ੨. ਸ਼੍ਰੇਸ਼੍ਠ (ਭਲੇ) ਲੋਕਾਂ ਦਾ ਆਚਾਰ. ਸੱਜਨਾਂ ਦਾ ਵਰਤਾਉ.

ਸ੍ਰੇਣਿ, ਸ੍ਰੇਣੀ: ਸੰ. ਸ਼੍ਰੇਣਿ. ਸੰਗ੍ਯਾ- ਪੰਕ੍ਤਿ (ਪੰਗਤਿ). ਕਤਾਰ। ੨. ਸਤਰ। ੩. ਸਿਲਸਿਲਾ। ੪. ਪੌੜੀ. ਸੀੜ੍ਹੀ। ੫. ਫੌਜ ਦੀ ਸਫ (ਕਤਾਰ).

ਸ਼੍ਰੇਯ: ਸੰ. श्रेयस् ਸੰਗ੍ਯਾ- ਕਲ੍ਯਾਣ. ਮੰਗਲ। ੨. ਮੁਕਤਿ. ਮੋਕ੍ਸ਼। ੩. ਵਿਭੂਤਿ. ਸੰਪਦਾ। ੪. ਵਿ- ਮੰਗਲ ਰੂਪ। ੫. ਮਨੋਹਰ.

ਸੁੰਦਰ. ੬. ਉੱਤਮ.

ਸ੍ਰੇਵਣ, ਸ੍ਰੇਵਨ: ਦੇਖੋ, ਸਰੇਵਨ. "ਹਰਿ ਨਾਮ ਸ੍ਰੇਵਹ." (ਵਾਰ ਵਡ ਮਃ ੪) "ਜਿਨਿ ਹਰਿਨਾਮੁ ਸੁਣਿਆ ਮਨੁ ਭੀਨਾ ਤਿਨ ਹਮ ਸ੍ਰੇਵਹ ਨਿਤ ਚਰਣੇ." (ਭੈਰ ਮਃ ੪)

ਸ੍ਰੋਣ: ਸੰ. ਲੰਙਾ. ਲੰਗੜਾ। ੨. ਲੁੰਜਾ। ੩. ਰਿੰਨਿਆ ਹੋਇਆ। ੪. ਸੰ. ਸ਼ੋਣਿਤ (ਸ੍ਰੋਣਤ- ਲਹੂ) ਦਾ ਸੰਖੇਪ. "ਹੂਓ ਸ੍ਰੋਣ ਹੀਨੰ। ਭਯੋ ਅੰਗ ਛੀਨੰ॥" (ਚੰਡੀ ੨)

ਸ੍ਰੋਣਜਨਿਧਿ: ਲਹ ਰੰਗਾ ਸਮੁੰਦਰ. ਲਾਲ ਸਮੁੰਦਰ. (ਸਨਾਮਾ)

ਸ੍ਰੋਣਤ: ਸੰ. ਸ਼ੋਣਿਤ. ਲਹੂ. ਖ਼ੂਨ. ਰੁਧਿਰ.

ਸ੍ਰੋਣਤਪਾਤ: ਦੇਖੋ, ਸ੍ਰੋਣਪਾਤ. "ਆਮਪਾਤ ਅਰੁ ਸ੍ਰੋਣਤਪਾਤਾ." (ਚਰਿਤ੍ਰ ੪੦੫)

ਸ੍ਰੋਣਤਬਿੰਦ, ਸ੍ਰੋਣਤਬਿੰਦੁ, ਸ੍ਰੋਣਤਬੀਜ: ਸੰ. ਸ਼ੋਣਿਤਬਿੰਦੁ ਅਤੇ ਸ਼ੋਣਿਤਬੀਜ. ਰਕ੍ਤਬੀਜ ਨਾਉਂ ਦਾ ਇੱਕ ਦੈਤ, ਜੋ ਸ਼ੁੰਭ ਦਾ ਮੰਤ੍ਰੀ ਅਤੇ ਫੌਜੀ ਸਰਦਾਰ ਸੀ, ਜਿਸ ਦੀ ਕਥਾ ਮਾਰਕੰਡੇਯ ਪੁਰਾਣ ਵਿੱਚ ਹੈ. ਇਸ ਨੇ ਦੁਰਗਾ ਨਾਲ ਜੰਗ ਕੀਤਾ. ਜਿੱਥੇ ਇਸ ਦੇ ਲਹੂ ਦੀ ਛਿੱਟ ਡਿਗਦੀ ਸੀ ਉੱਥੇ ਹੀ ਨਵਾਂ ਰਕ੍ਤਬੀਜ ਪੈਦਾ ਹੋ ਜਾਂਦਾ ਸੀ. ਜਿਉਂ ਜਿਉਂ ਦੁਰਗਾ ਉਨ੍ਹਾਂ ਦੈਤਾਂ ਨੂੰ ਮਾਰਦੀ ਤਿਉਂ ਤਿਉਂ ਵਧੇਰੇ ਪੈਦਾ ਹੋ ਜਾਂਦੇ. ਅੰਤ ਨੂੰ ਕਾਲੀ ਨੇ ਲਹੂ ਪੀਤਾ ਅਤੇ ਦੁਰਗਾ ਨੇ ਦੈਤ ਮਾਰੇ. "ਚੰਡੀ ਕਾਲੀ ਦੁਹੂੰ ਮਿਲ ਕੀਨੋ ਇਹੈ ਵਿਚਾਰ। ਹੌਂ ਹਨ ਹੌਂ ਤੂੰ ਸ੍ਰੋਨ ਪੀ, ਅਰਿਦਲ ਡਾਰਹਿਂ ਮਾਰ॥" (ਚੰਡੀ ੧) "ਸ੍ਰੋਣਤਬਿੰਦੁ ਕੋ ਸੁੰਭ ਨਿਸੁੰਭ ਕਹ੍ਯੋ ਤੁਮ ਜਾਹੁ ਮਹਾਂ ਦਲ ਲੈ ਕੈ." (ਚੰਡੀ ੧)

ਸ੍ਰੋਣਪਾਤ: ਲਹੂ ਦਾ ਡਿਗਣਾ. ਇਹ ਕਈ ਤਰਾਂ ਦਾ ਹੁੰਦਾ ਹੈ. ਮੁੱਖ ਭੇਦ ਇਸ ਦੇ ਤਿੰਨ ਹਨ-

(ੳ) ਮੂੰਹ ਨੱਕ ਕੰਨ ਤੋਂ ਲਹੂ ਵਹਿਣਾ.

(ਅ) ਗੁਦਾ ਭਗ ਅਤੇ ਲਿੰਗ ਦੇ ਰਸਤੇ ਲਹੂ ਵਹਿਣਾ.

(ੲ) ਰੋਮਾਂ ਦੇ ਛਿਦ੍ਰਾਂ ਵਿੱਚਦੀਂ ਨਿਕਲਨਾ. ਸਿਆਣੇ ਵੈਦ ਦੀ ਸਲਾਹ ਨਾਲ ਰੋਗ ਦੇ ਕਾਰਣ ਅਨੁਸਾਰ ਇਲਾਜ ਹੋਣਾ ਚਾਹੀਏ, ਜਿਸ ਤੋਂ ਆਰਾਮ ਆਵੇ.

ਵਿਦ੍ਵਾਨਾਂ ਨੇ ਸ੍ਰੋਣਪਾਤ ਦੇ ਕਾਰਣ ਇਹ ਮੰਨੇ ਹਨ- ਧੁੱਪ ਵਿੱਚ ਫਿਰਨਾ. ਵਿਤੋਂ ਵਧਕੇ ਕਸਰਤ ਕਰਨੀ, ਬਹੁਤ ਮੈਥੁਨ ਕਰਨਾ, ਮਿਰਚ ਆਦਿ ਤੀਖਣ ਪਦਾਰਥ ਅਤੇ ਗਰਮ ਮਸਾਲੇ ਬਹੁਤ ਵਰਤਣੇ, ਸ਼ਰਾਬ ਪੀਣੀ, ਬਹੁਤ ਖਟਾਈ ਖਾਣੀ ਆਦਿਕ. ਇਨ੍ਹਾਂ ਕਾਰਣਾਂ ਤੋਂ, ਲਹੂ ਵਿਕਾਰੀ ਹੋਕੇ ਉਬਾਲ ਖਾਂਦਾ ਹੈ.

ਸ੍ਰੋਣਤ ਸ਼ਾਂਤ ਕਰਨ ਲਈ ਇਹ ਉੱਤਮ ਔਖਧਿ ਹੈ-

ਧਨੀਆਂ, ਆਉਲੇ, ਬਾਂਸਾ, ਮੁਨੱਕਾ ਦਾਖ, ਪਿੱਤਪਾਪੜਾ, ਇਹ ਤੋਲਾ ਤੋਲਾ ਲੈ ਕੇ ਜੌਂਕੁੱਟ[314] ਕਰਨੇ. ਰਾਤ ਨੂੰ ਪਾਣੀ ਵਿੱਚ ਭਿਉਂ ਰੱਖਣੇ, ਸਵੇਰ ਵੇਲੇ ਮਲਕੇ ਜਾਂ ਕੂੰਡੇ ਵਿੱਚ ਦਰੜਕੇ ਮਿਸ਼ਰੀ ਮਿਲਾਕੇ ਪੀਣਾ.

ਸ੍ਰੋਣਬਿੰਦ, ਸ੍ਰੋਣਬਿੰਦੁ: ਦੇਖੋ, ਸ੍ਰੋਣਤਬਿੰਦੁ. "ਉਤੈ ਕੋਪਿਯੰ ਸ੍ਰੋਣਬਿੰਦੰ ਸੁਬੀਰੰ." (ਚੰਡੀ ੨)

ਸ੍ਰੋਣਬੀਰਜਾਰਦਨੀ: ਸ੍ਰੋਣਿਤਬਿੰਦੁ ਦੇ ਅਰਦਨ (ਨਾਸ਼ ਕਰਨ) ਵਾਲੀ, ਦੁਰਗਾ, "ਨਮੋ ਸ੍ਰੋਣਬੀਰਜਾਰਦਨੀ ਧੂਮ੍ਰਹੰਤੀ." (ਚੰਡੀ ੨)

ਸ੍ਰੋਣੀ: ਸੰ. ਸੰਗਜਾ- ਨਿਤੰਬ. ਚਿੱਤੜ। ੨. ਲੱਕ. ਕਮਰ.

---

[314] ਜੋ ਕੁੱਟਕੇ ਜੌਂ ਦੇ ਆਕਾਰ ਕੀਤਾ ਗਿਆ ਹੈ. ਜੋ ਬਹੁਤ ਬਰੀਕ ਨਹੀਂ ਪੀਠਾ.

ਸ੍ਰੋਤ: ਸ੍ਰੋਤਾ. ਪ੍ਰਵਾਹ. ਚਸ਼ਮਾ. ਦੇਖੋ, ਸ੍ਰੁ ਧਾ. "ਸ੍ਰੋਤ ਸਰਿਤਾ ਸਮੁਦ੍ਰ ਆਤਮ ਸਮਾਨ ਹੈ." (ਭਾਗੁ ਕ) ੨. ਸੰ. ਸ਼੍ਰੋਤ. ਸੰਗਯਾ- ਕੰਨ. ਦੇਖੋ, ਸ਼੍ਰੁ ਧਾ. "ਪਰ ਨਿੰਦਾ ਨਹਿ ਸ੍ਰੋਤ ਸ੍ਰਵਣੰ." (ਸਹਸ ਮਃ ੫) "ਹਰਿ ਕੇ ਨਾਮ ਬਿਨ ਧ੍ਰਿਗ ਸ੍ਰੋਤ." (ਕੇਦਾ ਮਃ ੫) ੩. ਸੰ. ਸ਼੍ਰੌਤ ਵਿ- ਸ਼੍ਰੁਤਿ (ਵੇਦ) ਸੰਬੰਧੀ। ੪. ਕੰਨ ਦਾ ਵਿਸ਼ਾ ਸ਼ਬਦ. ਧੁਨਿ. "ਸ੍ਰਵਣ ਸ੍ਰੋਤ ਰਜੇ ਗੁਰਬਾਣੀ." (ਮਾਰੂ ਸੋਲਹੇ ਮਃ ੧) ਗੁਰੁਬਾਣੀ ਦੀ ਧੁਨਿ ਨਾਲ ਕੰਨ ਤ੍ਰਿਪਤ ਹੋ ਗਏ.

ਸ਼੍ਰੋਤਵ੍ਯ: ਵਿ- ਸੁਣਨ ਯੋਗ. ਸੁਣਨੇ ਲਾਇਕ.

ਸ੍ਰੋਤਾ: ਸੰ. श्रोतृ ਸ਼੍ਰੋਤ੍ਰਿ. ਵਿ- ਸੁਣਨ ਵਾਲਾ.

ਸ੍ਰੋਤਾ ਦੇ ਗੁਣ: ੧. ਸ਼੍ਰੱਧਾਵਾਨ। ੨. ਨਿੰਮ੍ਰਤਾ ਵਾਲਾ। ੩. ਪ੍ਰੇਮੀ। ੪. ਉਦਾਰ। ੫. ਅਰਥ ਸਮਝਣ ਦੀ ਬੁੱਧੀ ਰੱਖਣ ਵਾਲਾ। ੬. ਆਲਸ ਰਹਿਤ। ੭. ਪ੍ਰਸ਼ਨ ਕਰਨ ਦੇ ਢੰਗ ਦਾ ਜਾਣੂ ੮. ਮਿੱਠੀ ਬਾਣੀ ਵਾਲਾ। ੯. ਇੰਦ੍ਰੀਜਿਤ। ੧੦. ਪ੍ਰਸੰਗ ਦੇ ਸਿੱਧਾਂਤ ਨੂੰ ਜਾਣਨ ਵਾਲਾ। ੧੧. ਕੁਟਿਲਤਾ ਤੋਂ ਬਿਨਾ। ੧੨. ਸੇਵਾ ਕਰਨ ਦਾ ਪ੍ਰੇਮੀ। ੧੩. ਪਾਖੰਡ ਅਤੇ ਆਪਨੇ ਯਸ ਦਾ ਤਿਆਗੀ। ੧੪. ਜੋ ਸੁਣਿਆ ਹੈ ਉਸ ਉੱਪਰ ਅਮਲ ਕਰਨ ਵਾਲਾ.

ਸ੍ਰੋਤ੍ਰਿ, ਸ੍ਰੋਤ੍ਰਿਯ, ਸ੍ਰੋਤ੍ਰੀ: ਸੰ. ਸ਼੍ਰੋਤ੍ਰਿਯ. ਵਿ- ਜਿਸ ਨੇ ਸ਼੍ਰਵਣ ਕੀਤਾ ਹੈ. ਜਿਸ ਨੇ ਬਹੁਤ ਸੁਣਿਆ ਹੈ। ੨. ਸੰਗ੍ਯਾ- ਪੰਡਿਤ. ਵਿਦ੍ਵਾਨ। ੩. ਜਿਸ ਨੇ ਵੇਦਾਂ ਨੂੰ ਕੰਠ ਕੀਤਾ ਹੈ. ਜੋ ਬਿਨਾ ਪੋਥੀ ਦੀ ਸਹਾਇਤਾ ਦੇ ਵੇਦ ਪੜ੍ਹ ਅਤੇ ਪੜ੍ਹਾ ਸਕਦਾ ਹੈ.

ਸ੍ਰੌਣ: ਦੇਖੋ, ਸ੍ਰੋਣ ਅਤੇ ਸ੍ਰੋਣਤ। ੨. ਸ਼੍ਰਵਣ. ਕੰਨ. "ਘ੍ਰਾਣ ਸਹਸ੍ਰ ਅਘ੍ਰਾਣ, ਅਸ੍ਰੌਣ ਸ ਸ੍ਰੌਣ." (ਨਾਪ੍ਰ) ਹਜਾਰਾਂ ਨਾਸਿਕਾ ਹਨ ਇਸ ਪੁਰ ਭੀ ਬਿਨਾ ਨਾਸਿਕਾ, ਕੰਨ ਰਹਿਤ ਅਰ ਫਿਰ ਭੀ ਕੰਨਾਂ ਸਹਿਤ.

ਸ੍ਰੌਣਤ: ਦੇਖੋ, ਸ੍ਰੋਣਤ.

ਸ੍ਰੌਣਤਬਿੰਦ, ਸ੍ਰੌਣਤਬਿੰਦੁ: ਦੇਖੋ, ਸ੍ਰੌਣਤਬਿੰਦੁ. "ਸ੍ਰੋਣਤਬਿੰਦ ਸੋਂ ਚੰਡ ਪ੍ਰਚੰਡ ਸੁ ਜੁੱਧ ਕਰਯੋ." (ਚੰਡੀ ੧)

ਸ਼੍ਰੌਤ: ਸੰ. ਵਿ- ਸ਼੍ਰੁਤਿ (ਵੇਦ) ਸੰਬੰਧੀ। ੨. ਸੰਗ੍ਯਾ- ਵੇਦ ਦੇ ਦੱਸੇ ਹੋਏ ਕਰਮ। ੩. ਸ਼੍ਰੁਤ (ਕੰਨ) ਨਾਲ ਸੰਬੰਧ ਰੱਖਣ ਵਾਲਾ, ਸ਼ਬਦ.

ਸ਼੍ਰੌਨ: ਸ਼ੋਣਿਤ. ਲਹੂ. "ਬਹਿ ਸ੍ਰੌਨ ਸਮੂਹ ਧਰਾਨ ਪਰਯੋ ਹੈ." (ਚੰਡੀ ੧) ੨. ਦੇਖੋ, ਸ੍ਰੌਣ.

ਸ਼ਲਾਘਾ: ਦੇਖੋ, ਸਲਾਘਾ.

ਸ੍ਵ: ਸੰ. ਸੰਗ੍ਯਾ- ਧਨ। ੨. ਆਪਣਾ ਆਪ. ਆਤਮਾ। ੩. ਵਿ- ਆਪਣਾ. ਅਪਨਾ. ੪. ਸੰ. ਸ਼੍ਵ. ਸੰਗ੍ਯਾ- ਸ਼੍ਵਨ. ਕੁੱਤਾ.

ਸ੍ਵਸਤਿ: ਦੇਖੋ, ਸੁਅਸਤਿ. "ਸ੍ਵਸਤਿ ਹੋਤ ਤਿਨ ਕੋ ਸਦਾ." (ਨਾਪ੍ਰ) "ਜਸ ਸ੍ਵਸਤਿ ਸੁਕ੍ਰਿਤ ਕ੍ਰਿਤੰ." (ਗੂਜ ਜੈਦੇਵ)

ਸ੍ਵਸਤਿਬਿਵਸਥਾ: ਸੰ. ਸ੍ਵਸ੍ਤਿ ਵ੍ਯਵਸ੍ਥਾ. ਸੰਗ੍ਯਾ- ਕਲ੍ਯਾਣ ਦੀ ਮਰਯਾਦਾ. ਮੋਕ੍ਸ਼ਪੱਧਤਿ. ਮੁਕਤਿ ਦੀ ਮਰਜਾਦਾ. "ਸ੍ਵਸਤਿਬਿਵਸਥਾ ਹਰਿ ਕੀ ਸੇਵਾ." (ਧਨਾ ਮਃ ੫)

ਸ੍ਵਸਤੈਨ: ਸੰ. स्वस्त्ययन ਸੰਗ੍ਯਾ- ਆਸ਼ੀਰਵਾਦ, ਜੋ ਸ੍ਵਸ੍ਤਿ (ਮੰਗਲ) ਦਾ ਅਯਨ (ਘਰ) ਹੈ. "ਬਿਜੈ ਛੰਦਨ ਪ੍ਰਭੂ ਗਾਵਤ ਸ੍ਵਸਤੈਨ ਉਚਾਰਤ." (ਸਲੋਹ) "ਕਾਲੂ ਕੋ ਸ੍ਵਸਤੈਨ ਸੁਨਾਯੋ." (ਨਾਪ੍ਰ).

ਸ੍ਵਸਥ, ਸ੍ਵਸਥ: ਸੰ. ਵਿ- ਸ੍ਵ- ਸ੍ਥ. ਆਪਣੇ ਆਪ ਵਿੱਚ ਇਸਥਿਤ. ਆਪਣੀ ਅਸਲ ਹਾਲਤ ਅੰਦਰ ਕਾਇਮ। ੨. ਅਰੋਗ। ੩. ਸ੍ਵਾਸ੍ਥ੍ਯ. ਅਰੋਗਤਾ. "ਸਰੀਰ ਸ੍ਵਸਥ ਖੀਣ ਸਮਏ." (ਸਹਸ ਮਃ ੫)

ਸ੍ਵਸ੍ਰਿ: ਦੇਖੋ, ਸੁਸਾ.

ਸ੍ਵਕੀਯ: ਦੇਖੋ, ਸੁਕੀਅ.

**ਸ੍ਵਕੀਯਾ:** ਸੰ. ਆਪਣੀ ਇਸਤ੍ਰੀ. ਧਰਮ ਨਾਲ ਵਿਆਹੀ ਹੋਈ ਇਸਤ੍ਰੀ.

ਨਿਜ ਪਤਿ ਹੀ ਕੇ ਪਰੇਮ ਮਯ ਜਾਂਕੋ ਮਨ ਵਚ ਕਾਯ।

ਕਹਿਤ ਸ੍ਵਕੀਯਾ ਤਾਂਹਿ ਕੋ ਲੱਜਾ ਸ਼ੀਲ ਸੁਭਾਯ॥

ਕਬਿੱਤ

ਸੋਭਤ ਸ੍ਵਕੀਯ ਗਨ ਗੁਨ ਗਨਤੀ ਮੇ, ਤਹਾਂ

ਤੇਰੇ ਨਾਮ ਹੀ ਕੀ ਏਕ ਰੇਖਾ ਰੇਖਿਯਤ ਹੈ,

ਕਹੈ "ਪਦਮਾਕਰ" ਪਗੀ ਯੌਂ ਪਤਿਪ੍ਰੇਮ ਹੀ ਮੇ

ਪਦਮਨਿ ਤੋ ਸੀ ਤਿਯਾ ਤੂ ਹੀ ਪੇਖਿਯਤ ਹੈ,

ਸੁਵਰਨ ਰੂਪ ਜੈਸੋ ਤੈਸੋ ਸੀਲ ਸੌਰਭ ਹੈ

ਯਾਹੀ ਤੇ ਤਿਹਾਰੋ ਤਨ ਧਨਜ ਲੇਖਿਯਤ ਹੈ,

ਸੋਨੇ ਮੇ ਸੁਗੰਧ ਨਾਹਿ ਗੰਧ ਮੇ ਸੁਨਤੋ ਨ ਸੋਨੋ

ਸੋਨੋ ਔ ਸੁਗੰਧ ਤੋ ਮੈ ਦੋਨੋ ਦੇਖਿਯਤ ਹੈ.

(ਜਗਤ ਵਿਨੋਦ)

**ਸ੍ਵਗਤ:** ਸੰ. ਵਿ- ਆਪਣੇ ਆਪ ਵਿੱਚ ਪ੍ਰਾਪਤ। ੨. ਸੰਗਯਾ- ਮਨ ਦੀ ਗੱਲ। ੩. ਦੇਖੋ, ਤਿੰਨ ਭੇਦ.

**ਸ੍ਵਛ:** ਦੇਖੋ, ਸੁੱਛ. "ਸ੍ਵਛ ਮਾਰਗ ਹਰਿਭਗਤਣਹ." (ਸਹਸ ਮਃ ੫)

**ਸ੍ਵਛੰਦ:** ਦੇਖੋ, ਸੁਛੰਦ.

**ਸ੍ਵੱਛ:** ਦੇਖੋ, ਸੁੱਛ.

**ਸ੍ਵਜਨ:** ਆਪਣੇ ਆਦਮੀ. ਕਰੀਬੀ ਰਿਸ਼ਤੇਦਾਰ। ੨. ਦੇਖੋ, ਸੁਜਨ. "ਸਬਦ ਸਾਧੁ ਸ੍ਵਜਨਹ." (ਸਹਸ ਮਃ ੫)

**ਸ੍ਵਤੰਤ੍ਰ:** ਸੰ. ਵਿ- ਸ੍ਵ (ਆਪਣੇ) ਤੰਤ੍ਰ (ਅਧੀਨ). ਜੋ ਦੂਜੇ ਦੇ ਵਸ਼ ਵਿੱਚ ਨਹੀਂ.

**ਸ੍ਵਤ੍ਵ:** ਸੰ. ਸੰਗਯਾ- ਅਪਣੱਤ. ਮਾਲਕਿਯਤ. ਮਮਤ੍ਵ.

**ਸ੍ਵਦ:** ਸੰ. स्वद् ਧਾ- ਸੁਆਦ ਲੈਣਾ. ਖੁਸ਼ ਹੋਣਾ. ਢਕਣਾ.

**ਸ੍ਵਦੇਸ:** ਆਪਣਾ ਦੇਸ਼. ਅਪਨਾ ਵਤਨ.

**ਸ੍ਵਦੇਸੀ:** ਵਿ- ਸ੍ਵਦੇਸ਼ੀਯ. ਆਪਣੇ ਦੇਸ ਦਾ.

**ਸ੍ਵਧਰਮ:** ਆਪਣਾ ਧਰਮ. ਅਪਨਾ ਮਜਹਬ। ੨. ਅਪਨਾ ਫਰਜ.

**ਸ੍ਵਧਾ:** ਸੰ. ਵਜ ਹਿੰਦੂਮਤ ਦੇ ਸ਼ਾਸਤ੍ਰਾਂ ਅਨੁਸਾਰ ਪਿਤਰਾਂ ਨੂੰ ਆਹੁਤੀ ਦੇਣ ਵੇਲੇ ਇਹ ਸ਼ਬਦ ਕਿਹਾ ਜਾਂਦਾ ਹੈ. ਬ੍ਰਹਮਵੈਵਰਤ ਪੁਰਾਣ ਵਿੱਚ ਲਿਖਿਆ ਹੈ ਕਿ ਬ੍ਰਹਮਾ ਦੇ ਮਨ ਤੋਂ ਸ੍ਵਧਾ ਅਤੇ ਸ੍ਵਾਹਾ ਦੋ ਕੰਨਯਾ ਪੈਦਾ ਹੋਈਆਂ. ਸ੍ਵਧਾ ਪਿਤਰਾਂ ਨੂੰ ਦਿੱਤੀ ਅਤੇ ਸ੍ਵਾਹਾ ਦੇਵਤਿਆਂ ਨੂੰ. ਇਨ੍ਹਾਂ ਦੋਹਾਂ ਦੇ ਰਾਹੀਂ ਭੇਟਾ ਲੈ ਕੇ ਪਿਤਰ ਅਤੇ ਦੇਵਤਾ ਪ੍ਰਸੰਨ ਹੁੰਦੇ ਹਨ. ਦੇਖੋ, ਸ੍ਵਾਹਾ.

ਸ੍ਵਨ: ਸੰ. स्वन ਧਾ- ਸ਼ਬਦ ਕਰਨਾ. ਸਵਾਰਨਾ. ਮਚਾਕਾ ਮਾਰਕੇ ਭੋਜਨ ਕਰਨਾ। ੨. ਸੰਗਯਾ- ਆਵਾਜ਼. ਧੁਨਿ। ੩. ਸੰ. ਸ਼੍ਵਨ. ਕੁੱਤਾ. ਸੁਆਨ.

ਸ੍ਵਪ: ਸੰ. स्वप ਧਾ- ਨੀਦ ਲੈਣਾ. ਸੌਣਾ.

ਸ੍ਵਪਚ: ਦੇਖੋ, ਸੁਪਚ.

ਸ੍ਵਪਨ: ਦੇਖੋ, ਸੁਪਨ.

ਸ੍ਵਪਨਦਰਸ਼ਨ: ਦੇਖੋ, ਦਰਸ਼ਨ.

ਸ੍ਵਪਨਫਲ: ਹਿੰਦੂਮਤ ਦੇ ਗ੍ਰੰਥਾਂ ਵਿੱਚ ਸੁਪਨੇ ਦਾ ਸ਼ੁਭ ਅਸ਼ੁਭ ਫਲ ਬਹੁਤ ਵਰਣਨ ਕੀਤਾ ਹੈ. ਦੇਖੋ, ਵਾਲਮੀਕ ਕਾਂਡ ੨. ਅਃ ੬੯ ਅਤੇ ਐਤ੍ਰੇਯ ਆਰਣ੍ਯਕ, ਆਰਣ੍ਯਕ ੩. ਅਧ੍ਯਾਯ ੨. ਖੰਡ ੪. ਤਥਾ ਮਤਸ੍ਯ ਪੁਰਾਣ ਦਾ ਅਃ ੨੪੨. ਬਾਈਬਲ ਵਿੱਚ ਭੀ ਸੁਪਨੇ ਦਾ ਫਲ ਮੰਨਿਆ ਹੈ. ਦੇਖੋ, Daniel ਕਾਂਡ ੭. ਕੁਰਾਨ ਵਿੱਚ ਭੀ ਸੁਪਨਫਲ ਦੇਖੀਦਾ ਹੈ. ਦੇਖੋ, ਸੂਰਤ ਯੂਸਫ, ਆਯਤ ੩੬, ੩੭, ੧੦੨. ਸਿੱਖ ਧਰਮ ਵਿੱਚ ਸ੍ਵਪਨ ਦਾ ਚੰਗਾ ਮੰਦਾ ਕੁਝ ਫਲ ਨਹੀਂ ਹੈ. ਦੇਖੋ, ਸੁਪਨਾ.

ਸ੍ਵਭਾਵ: ਦੇਖੋ, ਸੁਭਾਉ.

ਸ੍ਵਭਾਵੋਕ੍ਤਿ: ਇੱਕ ਸ਼ਬਦਾਲੰਕਾਰ. (ਸਹਜ ਧਰਮ ਦਾ ਕਥਨ) ਕਿਸੇ ਵਸਤੁ ਦੇ ਜਾਤਿ ਸੁਭਾਵ ਦਾ ਵਰਣਨ "ਸ੍ਵਭਾਵੋਕ੍ਤਿ" ਅਲੰਕਾਰ ਹੈ. ਇਸ ਦਾ ਨਾਉਂ ਜਾਤਿ ਭੀ ਹੈ.

ਉਦਾਹਰਣ-

ਲਉਕੀ ਅਠਸਠਿ ਤੀਰਥਿ ਨਾਈ।

ਕਉਰਾਪਨ ਤਊ ਨ ਜਾਈ।।

(ਸੋਰ ਕਬੀਰ)

ਚੰਦਨ ਲੇਪ ਹੋਤ ਦੇਹ ਕਉ ਸੁਖ ਗਰਧਭ ਭਸਮ ਸੰਗੀਤਿ.

(ਧਨਾ ਮਃ ੫)

ਮਨਮੁਖ ਮਨ ਨ ਭਿਜਈ ਅਤਿ ਮੈਲੇ ਚਿਤ ਕਠੋਰ

ਸਪੈ ਦੁਧ ਪੀਆਈਐ ਅੰਦਰਿ ਵਿਸੁ ਨਿਕੋਰ.

(ਸੂਹੀ ਅਃ ਮਃ ੩)

ਸ੍ਵਭੂ: ਸੰ. ਵਿ- ਆਪ ਹੋਣ ਵਾਲਾ. ਸ੍ਵਯੰਭਵ. ਜੋ ਕਿਸੇ ਦਾ ਕਾਰਜ ਨਹੀਂ. ਦੇਖੋ, ਭੂ.

ਸ੍ਵਯੰ: ਸੰ. स्वयम् ਵ੍ਯ- ਖ਼ੁਦ. ਆਪ.

ਸ੍ਵਯੰਦੂਤਿਕਾ: ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਆਪ ਹੀ ਦੂਤੀ (ਵਿਚੋਲਨ) ਦਾ ਕੰਮ ਕਰੇ.

ਸ੍ਵਯੰਪ੍ਰਕਾਸ਼: ਆਪਣੇ ਆਪ ਪ੍ਰਕਾਸ਼ਨੇ ਵਾਲਾ. ਜਿਸ ਨੂੰ ਦੂਜੇ ਦੇ ਪ੍ਰਕਾਸ਼ ਦੀ ਸਹਾਇਤਾ ਨਾ ਲੋੜੀਏ.

ਸ੍ਵਯੰਬਰ: ਸੰ. स्वयंवर ਸੰਗ੍ਯਾ- ਆਪ ਵਰਣ ਦੀ ਕ੍ਰਿਯਾ. ਜੁੜੇ ਹੋਏ ਸਮਾਜ ਵਿੱਚੋਂ ਕੰਨ੍ਯਾ ਨੇ ਪਸੰਦ ਕਰਕੇ ਪਤਿ ਵਰਣਾ. ਦੇਖੋ, ਸੀਤਾ ਅਤੇ ਦਮਯੰਤੀ ਆਦਿ ਦੇ ਸ੍ਵਯੰਵਰ. ਭਾਰਤ ਵਿੱਚ ਅੰਤਿਮ ਸ੍ਵਯੰਬਰ ਜੈਚੰਦ ਕਨੌਜਪਤਿ ਨੇ ਆਪਣੀ ਪੁਤ੍ਰੀ ਸੰਯੁਕ੍ਤਾ ਦਾ ਕੀਤਾ ਸੀ.

**ਸ੍ਵਯੰਬਰਾ:** ਸੰ ਸ੍ਵਯੰਵਰਾ. ਵਿ- ਆਪ ਪਸੰਦ ਕਰਕੇ ਪਤਿ ਵਰਣ ਵਾਲੀ ਇਸਤ੍ਰੀ.

**ਸ੍ਵਯੰਭੂ:** ਦੇਖੋ, ਸੈਭੰ। ੨. ਸੰਗ੍ਯਾ- ਬ੍ਰਹਮਾ.

**ਸ੍ਵਰ:** ਸੰ. ਸ੍ਵਰ੍ ਵਜ- ਸ੍ਵਰਗ। ੨. ਉੱਤਮ. ਸ਼੍ਰੇਸ਼੍ਠ. ੩. ਸੰਗ੍ਯਾ- ਪ੍ਰਾਣ ਪਵਨ ਦਾ ਵਿਹਾਰ. ਸ੍ਵਾਸ ਦਾ ਅੰਦਰ ਬਾਹਰ ਆਉਣਾ ਜਾਣਾ। ੪. ਗਾਉਣ ਦੀ ਧੁਨਿ.[315] ਰਾਗ ਦੇ ਮੂਲ ਰੂਪ ਸੱਤ ਸੁਰ. ਸ਼ੜਜ. ਰਿਸ਼ਭ, ਗਾਂਧਾਰ, ਮਧ੍ਯਮ, ਪੰਚਮ, ਧੈਵਤ ਅਤੇ ਨਿਸ਼ਾਦ.

ਰਾਗ ਦੇ, ਆਚਾਰਯ ਦੇਵਤਾ ਅਤੇ ਰਿਖੀਆਂ ਨੇ ਮੋਰ ਦੀ ਆਵਾਜ ਤੋਂ ਸ਼ੜਜ, ਪਪੀਹੇ (ਚਾਤ੍ਰਕ) ਦੀ ਧੁਨਿ ਤੋਂ ਰਿਸ਼ਭ (ਕਈਆਂ ਨੇ ਗਊ ਦੇ ਰੰਭਣ ਦੀ ਆਵਾਜ਼ ਤੋਂ ਰਿਸ਼ਭ ਮੰਨਿਆ ਹੈ), ਬਕਰੀ ਅਤੇ ਭੇਡ ਦੀ ਆਵਾਜ਼ ਤੋਂ ਗਾਂਧਾਰ, ਕੂੰਜ ਦੀ ਧੁਨਿ ਤੋਂ ਮਧ੍ਯਮ, ਕੋਇਲ (ਕੋਕਿਲਾ) ਤੋਂ ਪੰਚਮ, ਡੱਡੂ (ਅਥਵਾ ਘੋੜੇ) ਦੀ ਧੁਨਿ ਤੋਂ ਧੈਵਤ ਅਤੇ ਹਾਥੀ ਦੀ ਚਿੰਘਾਰ ਤੋਂ ਨਿਸ਼ਾਦ ਸੁਰ ਕਲਪਿਆ ਹੈ.[316]

ਜੋ ਸੁਰ ਰਿਖੀਆਂ ਨੇ ਰਾਗ ਵਿਦ੍ਯਾ ਦੇ ਆਰੰਭ ਵਿੱਚ ਥਾਪੇ, ਉਹ ਸ਼ੁੱਧ ਕਹੇ ਜਾਂਦੇ ਹਨ. ਫੇਰ ਪਿੱਛੋਂ ਕਈ ਰਾਗਾਂ ਵਾਸਤੇ ਜੋ ਨੀਵੇਂ ਅਤੇ ਉੱਚੇ ਸੁਰ ਦੀ ਲੋੜ ਪਈ ਤਾਂ ਪੰਜ ਵਿਕ੍ਰਿਤ ਸੁਰ ਬਣਾਏ. ਇਨ੍ਹਾਂ ਵਿੱਚੋਂ ਚਾਰ- ਰਿਸ਼ਭ, ਗਾਂਧਾਰ, ਧੈਵਤ ਅਤੇ ਨਿਸ਼ਾਦ ਵਿਕਾਰੀ ਹੋਕੇ ਕੋਮਲ ਹੋ ਜਾਂਦੇ ਹਨ ਅਤੇ ਮਧ੍ਯਮ ਵਿਕ੍ਰਿਤ ਹੋਕੇ ਤੀਵ੍ਰ (ਕੜਾ) ਹੁੰਦਾ ਹੈ. ਇਸ ਹਿਸਾਬ ਅਨੁਸਾਰ ਬਾਰਾਂ (ਸੱਤ ਸ਼ੁੱਧ ਅਤੇ ਪੰਜ ਵਿਕ੍ਰਿਤ) ਸ੍ਵਰਾਂ ਤੋਂ ਸਾਰੇ ਰਾਗਾਂ ਦੇ ਠਾਟ ਬਣਦੇ ਹਨ. ਦੇਖੋ, ਠਾਟ.

ਕਈ ਅਵਾਣ ਰਿਸ਼ਭ ਗਾਂਧਾਰ ਧੈਵਤ ਅਤੇ ਨਿਸ਼ਾਦ ਨੂੰ ਤੀਵ੍ਰ (ਚੜ੍ਹਿਆ), ਮਧ੍ਯਮ ਨੂੰ ਉਤਰਿਆ, ਸ਼ੜਜ ਅਤੇ ਪੰਚਮ ਨੂੰ ਅਚਲ ਆਖਦੇ ਹਨ, ਪਰ ਇਹ ਭੁੱਲ ਹੈ. ਅਸਲ ਵਿੱਚ ਆਪਣੀ ਥਾਂ ਇਸਥਿਤ ਇਹ ਸੱਤੇ ਸੁਰ ਸ਼ੁੱਧ ਕਹੇ ਜਾਂਦੇ ਹਨ. ਅਵਾਣਾਂ ਦੀ ਬੋਲੀ ਵਿੱਚ ਜੋ ਅਚਲ ਸ਼ੜਜ, ਚੜ੍ਹਿਆ ਰਿਸ਼ਭ, ਚੜ੍ਹਿਆ ਗਾਂਧਾਰ, ਕੋਮਲ ਮਧ੍ਯਮ, ਅਚਲ ਪੰਚਮ, ਚੜ੍ਹਿਆ ਧੈਵਤ ਅਤੇ ਨਿਸ਼ਾਦ ਹੈ, ਵਿਦ੍ਵਾਨਾਂ ਦੇ ਹਿਸਾਬ ਇਹ ਸੱਤੇ ਸ਼ੁੱਧ ਸੁਰ ਹਨ. ਬਾਕੀ ਪੰਜ ਵਿਕ੍ਰਿਤ ਸੁਰਾਂ ਬਾਬਤ ਉੱਪਰ ਚੰਗੀ ਤਰਾਂ ਦੱਸਿਆ ਗਿਆ ਹੈ.

ਸੱਤਾਂ ਸੁਰਾਂ ਦੀਆਂ ੨੨ ਸ਼੍ਰੁਤੀਆਂ ਹਨ, ਜੋ ਸੁਰਾਂ ਦੇ ਅੰਸ਼ ਆਖਣੇ ਚਾਹੀਏ. ਦੇਖੋ, ਸ਼੍ਰੁਤਿ.

ਕਈ ਅਗ੍ਯਾਨੀ ਸ਼੍ਰੁਤਿ ਨੂੰ ਮੂਰਛਨਾ ਸਮਝਦੇ ਹਨ, ਪਰ ਐਸਾ ਨਹੀਂ ਹੈ. ਮੂਰਛਨਾ ਨਾਉਂ ਠਾਟ ਦੀ ਇਸਥਿਤੀ ਦਾ ਹੈ. ਸੁਰਾਂ ਦੀਆਂ ਤਿੰਨ ਸਪਤਕਾਂ ਹੋਣ ਕਰਕੇ ਇੱਕੀ ਮੂਰਛਨਾ, ਅਰਥਾਤ ਇੱਕੀ ਸੁਰਾਂ ਦੀ ਇਸਥਿਤੀ ਆਲਾਪ ਲਈ ਠਹਿਰਾਈ ਗਈ ਹੈ.

ਇਸ ਗ੍ਰੰਥ ਵਿੱਚ ਲਿਖੇ ਸ਼ੁੱਧ, ਕੋਮਲ ਅਤੇ ਤੀਵ੍ਰ ਸੁਰ ਸਮਝਣ ਲਈ ਅਸੀਂ ਇਹ ਸੰਕੇਤ ਰੱਖਿਆ ਹੈ ਕਿ ਮੁਕਤੇ ਅੱਖਰ ਵਾਲਾ ਸ਼ੁੱਧ ਸੁਰ, ਕੰਨੇ ਵਾਲਾ ਕੋਮਲ ਅਤੇ ਬਿਹਾਰੀ ਵਾਲਾ ਤੀਵ੍ਰ ਹੈ. ਯਥਾ-

ਸ਼ੁੱਧ- ਸ਼ ਰ ਗ ਮ ਪ ਧ ਨ.

ਕੋਮਲ- ਰਾ ਗਾ ਧਾ ਨਾ.

ਤੀਵ੍ਰ- ਮੀ.

ਰਾਗਾਂ ਦੇ ਬਿਆਨ ਵਿੱਚ ਗ੍ਰਹਸ੍ਵਰ, ਵਾਦੀ, ਸੰਵਾਦੀ, ਅਨੁਵਾਦੀ ਅਤੇ ਵਿਵਾਦੀ ਸ਼ਬਦ ਵਰਤੇ ਗਏ ਹਨ, ਇਸ ਲਈ ਇਨ੍ਹਾਂ ਬਾਬਤ ਭੀ ਚੰਗੀ ਤਰਾਂ ਸਮਝ ਲੈਣਾ ਚਾਹੀਏ.

---

[315] ਸੰਗੀਤ ਸ਼ਾਸਤ੍ਰ ਨੇ ਸ੍ਵਰ ਦਾ ਅਰਥ ਕੀਤਾ ਹੈ-ਜੋ ਸ੍ਵ (ਆਪਣੇ ਆਪ) ਰ (ਸ਼ੋਭਾਵਾਨ) ਹੋਵੇ.

[316] षड्जं मयूरा ब्रुवते गावो ऋषम भाषिणाः । अजाविकं तु गान्धारे क्रौञ्चः कराति मध्यमम् ॥
धैवतंहेषते वाजी निषादं बृंहेतगजः । पुष्पसाधारणो काले पिकः कूजति पञ्चमम् ॥
(ਸੰਗੀਤ ਰਹਸ੍ਯ)

ਗ੍ਰਹਸ੍ਵਰ ਉਹ ਹੈ ਜਿਸ ਵਿੱਚ ਰਾਗ ਦੇ ਆਲਾਪ ਦੀ ਸਮਾਪਤੀ ਹੋਵੇ.

ਵਾਦੀ ਅਥਵਾ ਅੰਸ਼ (ਜੀਵ) ਸ੍ਵਰ ਉਹ ਹੈ ਜੋ ਰਾਗ ਦੀ ਜਾਨ ਹੋਵੇ.

ਸੰਵਾਦੀ ਸੁਰ ਉਹ ਹੈ ਜੋ ਰਾਗ ਦੀ ਸ਼ਕਲ ਬਣਾਉਣ ਵਿੱਚ ਵਾਦੀ ਸੁਰ ਨੂੰ ਸਹਾਇਤਾ ਦੇਵੇ.

ਅਨੁਵਾਦੀ ਉਹ ਹੈ ਜੋ ਵਾਦੀ ਸੰਵਾਦੀ ਨੂੰ ਸਹਾਇਤਾ ਦੇ ਕੇ ਰਾਗ ਦਾ ਪੂਰਾ ਸਰੂਪ ਪ੍ਰਗਟ ਕਰ ਦੇਵੇ.

ਵਿਵਾਦੀ ਸੁਰ ਉਹ ਹੈ ਜੋ ਰਾਗ ਦੀ ਸ਼ਕਲ ਵਿਗਾੜ ਦੇਵੇ. ਇਸ ਨੂੰ ਵਰਜਿਤ ਅਤੇ ਸ਼ਤ੍ਰੁ ਸ੍ਵਰ ਭੀ ਆਖਦੇ ਹਨ।[317] ੫. ਉਹ ਅੱਖਰ ਜੋ ਸੁਤੇ ਆਵਾਜ਼ ਦੇਵੇ. ਜੋ ਆਪ ਹੀ ਪ੍ਰਕਾਸ਼ੇ ਉਹ ਸ੍ਵਰ ਹੈ. ਪੰਜਾਬੀ ਵਰਣਮਾਲਾ ਵਿੱਚ ੳ ਅ ੲ ਸ੍ਵਰ ਹਨ.

ਸ੍ਵਰਗ: ਦੇਖੋ, ਸੁਰਗ. "ਨਚ ਦੁਰਲਭੰ ਸ੍ਵਰਗਰਾਜਨਹ." (ਸਹਸ ਮਃ ੫)

ਸ੍ਵਰਗਦ੍ਵਾਰੀ: ਦੇਖੋ, ਸੁਰਗਦੁਆਰੀ. "ਸ੍ਵਰਗਦ੍ਵਾਰੀਆਂ ਤਰੇ ਬਨਾਵਹੁ." (ਗੁਪ੍ਰਸੂ)

ਸ੍ਵਰਗਵਾਸ, ਸ੍ਵਰਗਵਾਸੀ: ਸ੍ਵਰਗ ਦਾ ਨਿਵਾਸ ਅਤੇ ਸ੍ਵਰਗ ਵਿੱਚ ਰਹਿਣ ਵਾਲਾ. ੨. ਮਰੇ ਪ੍ਰਾਣੀ ਲਈ ਸਨਮਾਨ ਵਾਸਤੇ ਇਹ ਸ਼ਬਦ ਵਰਤਿਆ ਜਾਂਦਾ ਹੈ, ਚਾਹੋ ਉਹ ਨਰਕਨਿਵਾਸ ਜੋਗ ਕਿਉਂ ਨਾ ਹੋਵੇ. ਐਸੇ ਹੀ ਧਰਮ ਦੇ ਖਿਆਲ ਨਾਲ ਇਸ ਦੀ ਥਾਂ ਕੈਲਾਸ ਵਾਸੀ, ਗੁਰੁਪੁਰਨਿਵਾਸੀ, ਗੋਲੋਕਵਾਸੀ, ਵੈਕੁੰਠ ਨਿਵਾਸੀ ਆਦਿ ਸ਼ਬਦ ਲੋਕ ਵਰਤਦੇ ਹਨ.

ਸ੍ਵਰਣ: ਸੰ. ਵਿ- ਸਾਫ ਸ੍ਵਰ ਵਾਲਾ. ਜਿਸ ਦੀ ਧੁਨਿ ਸਾਫ ਹੈ। ੨. ਸ੍ਵਰ੍ਣ. ਸੰਗ੍ਯਾ- ਸੋਨਾ. ਸੁੰਦਰ ਹੈ ਵਰ੍ਣ (ਰੰਗ) ਜਿਸ ਦਾ.

ਸ੍ਵਰਣਸਠੀਵਿ: ਸੰ. ਸੁਵਰ੍ਣਸ਼੍ਠੀਵੀ. ਸੰਗ੍ਯਾ- ਭਾਗਵਤ ਵਿੱਚ ਇੱਕ ਪੰਛੀ ਦੱਸਿਆ ਹੈ, ਜੋ ਸੁਵਰਣ ਉਗਲਦਾ ਹੈ ਅਤੇ ਕਹਿੰਦਾ ਰਹਿੰਦਾ ਹੈ ਕਿ ਕਾਹਲੀ ਨਾ ਕਰੋ, ਪਰ ਆਪ ਸ਼ੇਰ ਦੇ ਅਵਾਸੀ ਲੈਣ ਸਮੇਂ ਮੂੰਹ ਵਿੱਚ ਵੜਕੇ ਜਾੜ੍ਹਾਂ ਅੰਦਰ ਫਸਿਆ ਮਾਸ ਕੱਢ ਲੈ ਜਾਂਦਾ ਹੈ. "ਕੇਵਲ ਕਹਿਨੀ ਕਹਿਤ ਹੋ ਸ੍ਵਰਣਸਠੀਵਿ ਸਮਾਨ." (ਅਲੰਕਾਰ ਸਾਗਰ ਸੁਧਾ) ੨. ਮਹਾਭਾਰਤ ਅਨੁਸਾਰ ਰਾਜਾ ਸ੍ਰਿੰਜਯ ਦਾ ਪੁਤ੍ਰ, ਜੋ ਸੁਇਨਾ ਹਗਦਾ ਮੂਤਦਾ ਸੀ.

ਸ੍ਵਰਣਕਾਰ: ਦੇਖੋ, ਸੁਨਿਆਰ.

ਸ੍ਵਰਣਦੀਪ: ਸੋਨਦੀਪ. ਮਨੀਪੁਰ ਤੋਂ ਹਿਠਾਹਾਂ ਅਤੇ ਬ੍ਰਹਮਪੁਤ੍ਰ ਦੇ ਮੁਹਾਨੇ ਤੋਂ ਪੂਰਵ ਦਾ ਦੇਸ਼.

ਸ੍ਵਰਣਮਤੀ: ਦੇਖੋ, ਰਤਨਰਾਯ.

ਸ੍ਵਰਨ: ਦੇਖੋ, ਸ੍ਵਰਣ.

ਸ੍ਵਰਨਪੰਖੀ: ਸੰਗ੍ਯਾ- ਸੁਇਨੇ ਜੇਹੇ ਚਮਕੀਲੇ ਪੰਖਾਂ ਵਾਲੇ ਤੀਰ. "ਛੁਟੇ ਸ੍ਵਰਨਪੰਖੀ." (ਕਲਕੀ) ੨. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਤੀਰ, ਜਿਸ ਦੀ ਬਾਗੜ ਪਾਸ ਸੁਇਨਾ ਲਗਿਆ ਹੁੰਦਾ ਸੀ.

ਸ੍ਵਰਭਾਨੁ: ਦੇਖੋ, ਸੁਰਭਾਨੁ.

ਸ੍ਵਰਾਜ: ਆਪਣੇ ਆਪ ਤੇ ਹੁਕੂਮਤ ਕਰਨ ਵਾਲਾ. ਦੇਖੋ, ਛਾਂਦੋਗ੍ਯ ਉਪਨਿਸ਼ਦ ਪ੍ਰਪਾਠਕ ੭ਖੰਡ ੨੫.

ਸ੍ਵਰਾਜ੍ਯ: ਸੰ. ਸੰਗ੍ਯਾ- ਆਪਣਾ ਰਾਜ. ਸ੍ਵਤੰਤ੍ਰ ਰਾਜ. ਉਹ ਰਾਜ ਜਿਸ ਵਿੱਚ ਬੇਗਾਨੇ ਦਾ ਦਖ਼ਲ ਨਾ ਹੋਵੇ.

ਸ੍ਵਰਿਤ: ਵਿ- ਧੁਨਿ ਕਰਿਆ. ਉੱਚਾਰਣ ਕਰਿਆ। ੨. ਸੰਗ੍ਯਾ- ਉੱਚੇ ਅਤੇ ਨੀਵੇਂ ਸੁਰ ਦੇ ਵਿਚਕਾਰ ਦੀ ਧੁਨਿ. ਵਿਚਲੇ ਦਰਜੇ ਦੀ ਆਵਾਜ.

---

[317] ਹੈ ਉਤਪਾਦਕ ਰਾਗ ਕੋ ਰੰਜਕ ਭੂਪ ਸਮਾਨ ਵਿਰਾਜਤ ਵਾਦੀ। ਆਠ ਕਿ ਬਾਰਹਿਂ ਕੋ ਫਿਰ ਫੇਰ ਰਹੇ ਸ਼੍ਰੁਤਿ ਮੰਡਲ ਤੋਂ ਸਮਵਾਦੀ। ਸੇਵਕ ਸੋ ਪੁਨ ਆਨ ਸਭੈ ਅਨੁਕੂਲ ਰਹੈ ਸੁਖ ਸੋਂ ਅਨੁਵਾਦੀ. ਅੰਤਰ ਜੌ ਸ਼੍ਰੁਤਿ ਏਕਹਿਂ ਕੋ ਤਬ ਸੋ ਸੁਰ ਹੋਤ ਫਿਸਾਦਿ ਵਿਵਾਦੀ.
(ਕੁੰਵਰ ਵਿਕ੍ਰਮ ਸਿੰਘ)

ਸ੍ਵਰੂਪ: ਦੇਖੋ, ਸਰੂਪ ਅਤੇ ਸੁਰੂਪ.

ਸ੍ਵਰੂਪੀ: ਵਿ- ਆਪਣੇ ਰੂਪ ਵਾਲਾ. "ਜੋਤਿਸ੍ਵਰੂਪੀ ਰਹਿਓ ਭਰਿ." (ਸਵੈਯੇ ਮਃ ੫. ਕੇ) ਪ੍ਰਕਾਸ਼ ਹੈ ਜਿਸ ਦਾ ਨਿਜਰੂਪ ਉਹ ਵਿਆਪ ਰਿਹਾ ਹੈ.

ਸ੍ਵਰੋਦਯ: ਦੇਖੋ, ਸੁਰੋਦਾ.

ਸ੍ਵਲਪ: ਦੇਖੋ, ਸੁਲਪ.

ਸ੍ਵਾਸ: ਸੰ. श्वास ਧਾ- ਸਾਹ ਲੈਣਾ. ਹਾਹੁਕਾ ਲੈਣਾ। ੨. ਸ਼੍ਵਾਸ. ਸੰਗ੍ਯਾ- ਦਮ. ਸਾਹ. ਪ੍ਰਾਣ ਦੇ ਆਉਣ ਜਾਣ ਦਾ ਭਾਵ। ੩. ਦਮਾ. ਦਮਕਸ਼ੀ। ੪. ਸੰ. स्वास् ਤਿੱਖੇ ਮੂੰਹ ਵਾਲਾ ਅਗਨਿ। ੫. ਤਿੱਖੀ ਧਾਰ ਵਾਲਾ ਸ਼ਸਤ੍ਰ.

ਸ਼੍ਵਾਸਨ: ਸੰ. ਵਿ- ਉੱਤਮ ਆਸ਼ਨ। ੨. ਆਸ਼੍ਵਾਸਨ ਦਾ ਸੰਖੇਪ. ਦੇਖੋ, ਆਸਾਸਨ। ੩. ਸ੍ਵ (ਆਪਣਾ) ਆਸਨ.

ਸ੍ਵਾਸਬੀਜ, ਸ੍ਵਾਸਬੀਰਜ: ਸ਼੍ਵਾਸਵੀਰ੍ਯ. ਇੱਕ ਦੈਤ, ਜਿਸ ਦੇ ਸਾਹ ਤੋਂ ਹੀ ਅਨੰਤ ਦੈਤ ਉਪਜਦੇ ਸਨ, ਜੈਸੇ ਰਕਤਬੀਜ ਦੇ ਲਹੂ ਤੋਂ ਦੈਤ ਪੈਦਾ ਹੁੰਦੇ ਸਨ. ਦੇਖੋ, ਚਰਿਤ੍ਰ ੪੦੫. "ਸ੍ਵਾਸਬੀਰਜ ਦਾਨਵ ਜਬ ਮਰਹੈ".

ਸ੍ਵਾਸਥ, ਸ੍ਵਾਸ੍ਥ: ਸੰ. ਸ੍ਵਾਸ੍ਥ੍ਯ. ਸੰਗ੍ਯਾ- ਆਪਣੀ ਅਸਲੀ ਹਾਲਤ ਵਿੱਚ ਕਾਇਮ ਹੋਣ ਦਾ ਭਾਵ. ਅਰੋਗਤਾ. ਤਨਦੁਰੁਸ੍ਤੀ.

ਸ੍ਵਾਸ਼੍ਰਿਤ: ਸੰ. ਵਿ- ਸ੍ਵ- ਆਸ਼੍ਰਿਤ. ਆਪਣੇ ਆਸਰੇ. ਅਪਨੇ ਆਧਾਰ ਤੇ ਇਸਥਿਤ. ਦੂਜੇ ਦੇ ਸਹਾਰੇ ਬਿਨਾ.

ਸ੍ਵਾਹਾ: ਦੇਖੋ, ਸ੍ਵਧਾ। ੨. ਸ੍ਵਾਹਾ ਖ਼ਾਸ ਕਰਕੇ ਅਗਨਿ ਦੀ ਇਸਤ੍ਰੀ ਭੀ ਲਿਖੀ ਹੈ। ੩. ਵ੍ਯ- ਦੇਵਤਿਆਂ ਨੂੰ ਆਹੁਤੀ ਦੇਣ ਵੇਲੇ ਕਥਨ ਕਰਨ ਯੋਗ ਸ਼ਬਦ. "ਸ੍ਵਾਹਾ ਕਹੋਂ ਮੰਤ੍ਰ ਪਠ ਜਬੈ। ਅਗਨਿ ਆਹੁਤੀ ਪਾਵੇ ਤਬੈ." (ਗੁਪ੍ਰਸੂ) ੪. ਨਿਰੁਕ੍ਤ ਵਿੱਚ ਸ਼ੁਭ ਕਥਨ ਦਾ ਨਾਉਂ ਸ੍ਵਾਹਾ ਹੈ.

ਸ੍ਵਾਕੀ: ਸ੍ਵਕੀਯਾ ਦਾ ਸੰਖੇਪ. "ਪਰਕਿਯ ਤੇ ਸ੍ਵਾਕੀ ਹ੍ਵੈ ਗਈ." (ਚਰਿਤ੍ਰ ੨੯੦) ਸ੍ਵਕਾ ਸ਼ਬਦ ਭੀ ਸ੍ਵਕੀਯਾ ਅਰਥ ਰਖਦਾ ਹੈ.

ਸ੍ਵਾਂਗ: ਸੰ. ਸੰਗ੍ਯਾ- ਸ੍ਵ- ਅੰਗ ਆਪਣਾ ਦੇਹ. ਨਿਜ ਅੰਗ। ੨. ਸਾਂਗ. ਸਮਾਂਗ. ਸਮਾਨ ਅੰਗ ਬਣਾਉਣ ਦੀ ਕ੍ਰਿਯਾ. ਨਕਲ. "ਅਨਿਕ ਸ੍ਵਾਂਗ ਕਾਛੇ ਭੇਖ ਧਾਰੀ" (ਕਾਨ ਮਃ ੫)

ਕਬਿੱਤ

ਮਾਥੋ ਬਨ੍ਯੋ ਮੂੰਹ ਬਨ੍ਯੋ ਮੂਛ ਬਨੀ ਪੂਛ ਬਨੀ

ਲਾਘਵ ਬਨ੍ਯੋ ਹੈ ਪੁਨ ਬਾਘ ਸਮਤੂਲ ਕੋ,

ਰੰਗ੍ਯੋ ਚੰਗੋ ਅੰਗ ਬਨ੍ਯੋ ਲਾਕ ਬਨ੍ਯੋ ਪੰਜਾ ਬਨ੍ਯੋ

ਕ੍ਰਿਤੱਮ ਸ਼ਰੀਰ ਮੁਖ ਸਿੰਘ ਹੀ ਕੇ ਤੂਲ ਕੋ,

ਗੂੰਜਬੇ ਕੀ ਬੇਰ ਮੌਨ ਗਹਿ ਬੈਠ੍ਯੋ ਦੇਵੀ ਦਾਸ

ਵੈਸੋਈ ਸੁਭਾਵ ਕੂਦ ਫਾਂਦ ਫਾਲ ਫੂਲ ਕੋ,

ਕੁੰਜਰ ਕੇ ਕੁੰਭਹਿ ਬਿਦਾਰਬੇ ਕੀ ਬੇਰ ਕੈਸੇ

ਕੂਕਰ ਪੈ ਨਿਬਹੈਗੋ ਸ੍ਵਾਂਗ ਸ਼ਾਰਦੂਲ ਕੋ.

ਸ੍ਵਾਗਤ: ਸੰ. ਸੰਗ੍ਯਾ- ਸ੍ਵ- ਆਗਤ. ਸ਼ੁਭ ਆਗਮਨ. ਚੰਗਾ ਆਉਣਾ। ੨. ਕਿਸੇ ਆਏ ਨੂੰ ਜੀ ਆਇਆਂ ਕਹਿਣ ਦੀ ਕ੍ਰਿਯਾ. ਆਉਭਗਤ.

ਸ੍ਵਾਗੀ, ਸ੍ਵਾਂਗੀ: ਵਿ- ਸ੍ਵਾਂਗੀ. ਸਮਾਨ ਅੰਗ ਬਣਾਉਣ ਵਾਲਾ. ਨਕਲੀਆ. "ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ." (ਸੁਖਮਨੀ) "ਸ੍ਵਾਂਗੀ ਸਿਉ ਜੋ ਮਨ ਰੀਝਾਵੈ." (ਭੈਰ ਮਃ ੫)

ਸ੍ਵਾਤ: ਦੇਖੋ, ਸਵਾਤ ੨,

ਸ੍ਵਾਂਤ: ਸੰ. ਆਪਣਾ ਅੰਤ. ਮੌਤ। ੨. ਅਪਨਾ ਦਿਲ. ਅੰਤਹਕਰਣ.

ਸ੍ਵਾਤਿ, ਸ੍ਵਾਤੀ: ਸੰ. स्वाति ਵਿ- ਆਪਣੇ ਆਪ ਵਿਚਰਨ ਵਾਲਾ। ੨. ਸੰਗਯਾ- ਅਸ਼੍ਵਿਨੀ ਤੋਂ ਪੰਦ੍ਰਵਾਂ ਨਛਤ੍ਰ। ੩. ਸੂਰਜ ਦੀ ਇੱਕ ਇਸਤ੍ਰੀ.

ਸ੍ਵਾਤੀਬੂੰਦ, ਸ੍ਵਾਂਤੀਬੂੰਦ: ਸੰਗਯਾ- ਸ੍ਵਾਤਿ ਨਛਤ੍ਰ (ਸ੍ਵਾਤਿਯੋਗ) ਵਿੱਚ ਵਰਖੀ ਹੋਈ ਵਰਖਾ. ਪੁਰਾਣਾਂ ਵਿੱਚ ਲਿਖਿਆ ਹੈ ਕਿ ਇਸ ਵਰਖਾ ਨਾਲ ਚਾਤਕ (ਪਪੀਹੇ) ਦੀ ਤ੍ਰਿਖਾ ਬੁਝਦੀ ਹੈ, ਸਿੱਪੀ ਵਿੱਚ ਮੋਤੀ, ਬਾਂਸ ਵਿੱਚ ਬੰਸਲੋਚਨ ਅਤੇ ਕੇਲੇ ਵਿੱਚ ਕਪੂਰ ਬਣਦਾ ਹੈ. ਜੋਤਸ਼ੀਆਂ ਨੇ ਮੰਨਿਆ ਹੈ ਕਿ ਹਾੜ੍ਹ ਦੇ ਚਾਨਣੇ ਪੱਖ ਦੀਆਂ ਸਾਰੀਆਂ ਤਿਥੀਆਂ ਵਿੱਚੋਂ ਕੋਈ ਤਿਥਿ, ਅਤੇ ਮਾਘ ਬਦੀ ੭. ਨੂੰ ਜੇ ਚੰਦ੍ਰਮਾ ਸ੍ਵਾਤਿ ਨਛਤ੍ਰ ਤੇ ਆਵੇ, ਤਦ "ਸ੍ਵਾਤਿ ਯੋਗ" ਹੁੰਦਾ ਹੈ.

ਸ੍ਵਾਦ: ਦੇਖੋ, ਸੁਆਦ. "ਜਿਨ ਬੂਝਿਆ ਤਿਸੁ ਆਇਆ ਸ੍ਵਾਦ." (ਸੁਖਮਨੀ)

ਸ੍ਵਾਦਨ: ਸੰ. ਸੰਗਯਾ- ਚੱਖਣਾ. ਸੁਆਦ ਲੈਣਾ। ੨. ਸ੍ਵਾਦਦਾਰ ਬਣਾਉਣਾ. ਰਸਦਾਇਕ ਬਣਾਉਣ ਦੀ ਕ੍ਰਿਯਾ.

ਸ੍ਵਾਦੁ: ਸੰ. ਵਿ- ਸ੍ਵਾਦ ਵਾਲਾ. ਰਸਦਾਇਕ. ਮਜ਼ੇਦਾਰ.

ਸ੍ਵਾਧੀ: ਸੰ. ਵਿ- ਧਿਆਨਪਰਾਇਣ। ੨. ਇੱਛਾਵਾਨ। ੩. ਕਿਤਨੇ ਕਵੀਆਂ ਨੇ ਸਾਧ੍ਵੀ ਅਤੇ ਸ੍ਵਾਧੀ ਪਦ ਬਿਨਾ ਵਿਚਾਰੇ ਮਿਲਾ ਦਿੱਤੇ ਹਨ, ਪਰ ਇਨ੍ਹਾਂ ਦੇ ਅਰਥਾਂ ਦਾ ਭਾਰੀ ਭੇਦ ਹੈ. ਦੇਖੋ, ਸਾਧ੍ਵੀ.

ਸ੍ਵਾਧੀਨ: ਸੰ. ਵਿ- ਸ੍ਵ (ਆਪਣੇ) ਅਧੀਨ. ਜੋ ਪਰਵਸ਼ ਨਹੀਂ.

ਸ੍ਵਾਧੀਨਪਤਿਕਾ: ਸੰ. ਸੰਗਯਾ- ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਆਪਣੇ ਗੁਣਾਂ ਨਾਲ ਪਤਿ ਨੂੰ ਵਸ਼ ਕਰ ਲੈਂਦੀ ਹੈ, ਯਥਾ-

"ਗੁਣ ਕਾਮਣ ਕਰਿ ਕੰਤੁ ਰੀਝਾਇਆ।

ਵਸਿ ਕਰਿਲੀਨਾ ਗੁਰਿ ਭਰਮ ਚੁਕਾਇਆ ॥"

(ਸੂਹੀ ਮਃ ੫)

ਸ੍ਵਾਧ੍ਯਾਯ: ਸੰ. ਸੰਗਯਾ- ਆਪਣਾ ਪਾਠ. ਜੋ ਅਪਨੇ ਲਈ ਪੜ੍ਹਨਾ ਵਿਧਾਨ ਹੈ, ਉਸ ਦਾ ਪੜ੍ਹਨਾ। ੨. ਆਪਣੀ ਧਰਮਵਿਦ੍ਯਾ ਦਾ ਪੜ੍ਹਨਾ.

ਸ੍ਵਾਨ: ਸੰ. ਸ਼੍ਵਨ. ਅਤੇ ਸ਼੍ਵਾਨ. ਸੰਗਯਾ- ਕੁੱਤਾ. "ਸ੍ਵਾਨ ਸਿਆਲ ਖਰਹ." (ਸਹਸ ਮਃ ੫) ੨. ਦੇਖੋ, ਸੁਆਨ। ੩. ਭਾਸ੍ਵਾਨ (ਸੂਰਜ) ਦਾ ਸੰਖੇਪ ਭੀ ਸ੍ਵਾਨ ਸ਼ਬਦ ਆਇਆ ਹੈ- "ਲਸੈ ਤੇਜ ਐਸੋ ਲਜੈ ਦੇਖ ਸ੍ਵਾਨੰ." (ਪਾਰਸਾਵ)

ਸ੍ਵਾਪ: ਸੰ. ਸੰਗਯਾ- ਨੀਂਦ. ਦੇਖੋ, ਸ੍ਵਪ ਧਾ.

ਸ੍ਵਾਪਦ: ਸੰ. ਸੰਗਯਾ- ਬਾਘ, ਜਿਸ ਦੇ ਪਦ (ਪੈਰ) ਸ਼੍ਵ (ਕੁੱਤੇ) ਜੇਹੇ ਹੁੰਦੇ ਹਨ. ਲਕੜਬਘਾ. ਵ੍ਯਾਘ੍ਰ. "ਜਿਮ ਕੂਕਰ ਮ੍ਰਿਗਾਨ ਪਰ ਧਾਵੈ। ਸ੍ਵਾਪਦ ਪੰਥ ਵਿਖੇ ਭਖ ਜਾਵੈ ॥" (ਗੁਪ੍ਰਸੂ) ੨. ਸ਼ੇਰ ਆਦਿ ਜੀਵ, ਜਿਨ੍ਹਾਂ ਦੇ ਪੈਰ ਕੁੱਤੇ ਜੇਹੇ ਹਨ ਸਭ ਸ਼੍ਵਾਪਦ ਕਹੇ ਜਾ ਸਕਦੇ ਹਨ.

ਸ੍ਵਾਭਾਵਿਕ: ਦੇਖੋ, ਸੁਭਾਇਕ ੨.

ਸ੍ਵਾਮਿਘਾਤਕ: ਵਿ- ਸੁਆਮੀ ਦਾ ਘਾਤ ਕਰਾਉਣ ਵਾਲਾ. ਸ੍ਵਾਮੀ ਨੂੰ ਮਰਵਾਉਣ ਵਾਲਾ.

ਸ੍ਵਾਮਿਦ੍ਰੋਹੀ: ਵਿ- ਮਾਲਿਕ ਨਾਲ ਵੈਰ ਕਰਨ ਵਾਲਾ.

ਸ੍ਵਾਮਿਧਰਮ: ਸੰਗਯਾ- ਮਾਲਿਕ ਦਾ ਧਰਮ. ਆਪਣੇ ਅਧੀਨਾਂ ਉੱਪਰ ਧਰਮ ਅਨੁਸਾਰ ਵਰਤਣ ਦੀ ਕ੍ਰਿਯਾ। ੨. ਕਈ ਕਵੀਆਂ ਨੇ ਸੇਵਕ ਧਰਮ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ.

ਸ੍ਵਾਮਿਧ੍ਰੋਹੀ: ਦੇਖੋ, ਸ੍ਵਾਮਿਦ੍ਰੋਹੀ.

ਸ੍ਵਾਮਿਨੀ: ਸ੍ਵਾਮੀ ਦਾ ਇਸਤ੍ਰੀ ਲਿੰਗ.

ਸ੍ਵਾਮੀ: ਸੰ. स्वामिन ਵਿ- ਮਾਲਿਕ। ੨. ਧਨਵਾਨ। ੩. ਵਡਿਆਈ ਵਾਲਾ। ੪. ਸੰਗਯਾ- ਰਾਜਾ। ੫. ਕਰਤਾਰ. "ਸ੍ਵਾਮੀ ਸਰਨਿ ਪਰਿਓ ਦਰਬਾਰੇ." (ਟੋਡੀ ਮਃ ੫)

ਸ੍ਵਾਮੀਦਾਸ: ਨੰਦਾ, ਵਿੱਠਲ ਅਤੇ ਸ੍ਵਾਮੀ ਦਾਸ ਤਿੰਨੇ ਥਨੇਸਰ ਦੇ ਬਾਣੀਏ ਸਨ, ਇਹ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਹੋਏ. ਸਤਿਗੁਰੂ ਨੇ ਉਪਦੇਸ਼ ਦਿੱਤਾ ਕਿ ਲੈਣ ਦੇਣ ਵਿੱਚ ਸੱਚ ਵਰਤਣਾ, ਕਦੇ ਦੂਜਾ ਸੁਖਨ ਨਹੀਂ ਆਖਣਾ. ਇਨ੍ਹਾਂ ਨੇ ਗੁਰਉਪਦੇਸ਼ਾਂ ਉੱਪਰ ਪੂਰਾ ਅਮਲ ਕੀਤਾ ਅਤੇ "ਇੱਕ ਸੁਖਨੀਏ" ਪ੍ਰਸਿੱਧ ਹੋਏ.

ਸ੍ਵਾਰ: ਦੇਖੋ, ਸਵਾਰ.

ਸ੍ਵਾਰਥ: ਦੇਖੋ, ਸੁਆਰਥ.

ਸ੍ਵਾਰਥੀ: ਦੇਖੋ, ਸੁਆਰਥੀ। ੨. ਸੰ. ਸਾਰਥੀ. ਰਥਵਾਨ. ਰਥ ਹੱਕਣ ਵਾਲਾ. "ਬਿਸ੍ਵ ਕਾ ਦੀਪਕੁ ਸ੍ਵਾਮੀ ਤਾਚੇ ਰੇ ਸ੍ਵਾਰਥੀ." (ਧਨਾ ਤ੍ਰਿਲੋਚਨ)

ਸ਼੍ਵਿਤ: ਸੰ. श्वित ਧਾ- ਨਿਰਮਲ ਹੋਣਾ. ਉੱਜਲ ਹੋਣਾ. ਚਿੱਟਾ ਹੋਣਾ.

ਸ੍ਵਿਦ: ਸੰ. स्विद् ਧਾ ਮੁੜ੍ਹਕਾ (ਪਸੀਨਾ) ਚੁਇਣਾ. ਚਿਕਨਾ ਹੋਣਾ. ਭੁੱਲਣਾ.

ਸ੍ਵੀਕਾਰ: ਸੰ. ਸੰਗਯਾ- ਅੰਗੀਕਾਰ। ੨. ਅਪਣਾਉਣਾ। ੩. ਜੋ ਆਪਣਾ ਨਹੀਂ ਉਸ ਨੂੰ ਅਪਨਾ ਬਣਾਉਣਾ.

ਸ੍ਵੇੱਛਾ: ਸੰ. स्वेच्छा. ਸ੍ਵ- ਇੱਛਾ. ਸੰਗਯਾ- ਆਪਣੀ ਮਰਜੀ. ਅਪਨੀ ਇੱਛਾ.

ਸ੍ਵੇੱਛਾਚਾਰੀ: ਵਿ- ਆਪਣੀ ਇੱਛਾ ਅਨੁਸਾਰ ਵਿਚਰਨ ਵਾਲਾ.

ਸ੍ਵੇਤ: ਦੇਖੋ, ਸੇਤ ਅਤੇ ਸ੍ਵਿਦ.

ਸ਼੍ਵੇਤਕੁਸ਼੍ਟ, ਸ਼੍ਵੇਤਕੁਸ਼੍ਠ: ਚਿੱਟਾ ਕੋੜ੍ਹ. ਚਿਤ੍ਰਕੁਸ਼੍ਟ برص ਬਰਸ. ਫੁਲ ਬਹਰੀ. Leucozerma. ਇਹ ਰੋਗ ਲਹੂ ਦੇ ਵਿਗਾੜ ਤੋਂ ਹੁੰਦਾ ਹੈ. ਕਦੇ ਕਦੇ ਇਹ ਬੀਮਾਰੀ ਮਾਤਾ- ਪਿਤਾ ਤੋਂ ਭੀ ਸੰਤਾਨ ਵਿੱਚ ਆ ਜਾਂਦੀ ਹੈ. ਵੈਦਕ ਵਿੱਚ ਇਸ ਦੇ ਦੋ ਭੇਦ ਹਨ ਸ਼੍ਵਿਤ੍ਰ ਅਤੇ ਕਿਲਾਸ. ਸ਼੍ਵਿਤ੍ਰ ਦੇ ਦਾਗ ਚਿੱਟੇ ਅਤੇ ਕਿਲਾਸ ਦੇ ਲਾਲੀ ਦੀ ਝਲਕ ਵਾਲੇ ਹੁੰਦੇ ਹਨ. ਜੇ ਫੁਲਬਹਰੀ ਦੇ ਦਾਗ ਉੱਪਰ ਸੂਈ ਮਾਰਨ ਤੋਂ ਲਹੂ ਨਿਕਲੇ ਤਾਂ ਉਹ ਛੇਤੀ ਰਾਜੀ ਹੋ ਜਾਂਦੀ ਹੈ. ਜੇ ਲਹੂ ਦੀ ਥਾਂ ਪੀਲਾ ਜਾਂ ਚਿੱਟਾ ਰਸ ਨਿਕਲੇ ਤਾਂ ਔਖੀ ਦੂਰ ਹੁੰਦੀ ਹੈ.

ਸ਼੍ਵੇਤ ਕੁਸ਼੍ਠ ਦੇ ਹੇਠ ਲਿਖੇ ਉੱਤਮ ਇਲਾਜ ਹਨ-

ਸਭ ਤੋਂ ਪਹਿਲਾਂ ਦ੍ਰਾਵਕ ਦਵਾਈਆਂ ਵਰਤੋ ਅਤੇ ਅੰਤੜੀ ਵਿੱਚ ਮੈਲ ਨਾ ਜਮਾ ਹੋਣ ਦੇਓ.

ਬਾਬਚੀ ਦੇ ਬੀਜ ਗਊਮੂਤ੍ਰ ਵਿੱਚ ਭਿਉਂ ਰੱਖੋ, ਫੇਰ ਛਿਲਕਾ ਉਤਾਰਕੇ ਛਾਵੇਂ ਸੁਕਾ ਲਓ. ਇਨ੍ਹਾਂ ਨੂੰ ਪੀਸਕੇ ਸ਼ੀਸ਼ੀ ਵਿੱਚ ਪਾ ਰੱਖੋ,

ਮੁੰਡੀ ਬੂਟੀ (ਗੋਰਖ ਮੁੰਡੀ) ਦੇ ਕਾੜ੍ਹੇ ਨਾਲ ਇੱਕ ਮਾਸ਼ਾ ਰੋਜ ਛਕਾਓ.

ਇਹੀ ਚੂਰਨ ਦਹੀਂ ਵਿੱਚ ਮਿਲਾਕੇ ਚਿੱਟੇ ਦਾਗਾਂ ਉੱਪਰ ਮਲੋ. ਖੁਰਾਕ ਬੇਸਨੀ ਰੋਟੀ ਦਾਲ ਆਦਿਕ ਦੇਉ.

ਬੀਜ ਪਵਾੜ, ਬਾਬਚੀ, ਅਜਮੋਦ, ਮਜੀਠ, ਮੂਲੀ ਦੇ ਬੀਜ, ਆਉਲੇਸਾਰ ਗੰਧਕ, ਵਰਕੀ ਹੜਤਾਲ, ਜਮਾਲਗੋਟੇ ਦੀ ਗਿਰੂ, ਤੂਤੀਆ, ਪਲਾਸ ਦੇ ਬੀਜ, ਹੀਰਾ ਕਸੀਸ, ਸਭ ਛੀ ਛੀ ਮਾਸ਼ੇ ਲੈ ਕੇ ਬਰੀਕ ਪੀਸਕੇ ਸਿਰਕੇ ਵਿੱਚ ਗੁੰਨ੍ਹਕੇ ਗੋਲੀਆਂ ਬਣਾਓ ਸਿਰਕੇ ਵਿੱਚ ਇਹ ਗੋਲੀ ਘਸਾਕੇ ਦਾਗਾਂ ਉੱਪਰ ਲੇਪ ਕਰੋ. ਜੇ ਇਸ ਲੇਪ ਨਾਲ ਛਾਲੇ ਹੋ ਜਾਣ ਤਦ ਮੱਖਣ ਲਗਾ ਦਿਓ ਅਰ ਛਾਲੇ ਹਟਣ ਤੀਕ ਫੇਰ ਲੇਪ ਨਾ ਕਰੋ.

ਕਾਲੇ ਸੱਪ ਦੀ ਕੁੰਜ ਥੋਹਰ ਦੇ ਦੁੱਧ ਵਿੱਚ ਪੀਸਕੇ ਦਾਗਾਂ ਤੇ ਲਾਓ.

ਕੱਥ, ਬਹੇੜੇ ਦੀ ਛਿੱਲ, ਅੰਜੀਰ ਦੀ ਜੜ੍ਹ, ਇਨ੍ਹਾਂ ਦਾ ਕਾੜ੍ਹਾ ਬਣਾਕੇ ਇੱਕ ਮਾਸਾ ਬਾਬਚੀ ਦੇ ਚੂਰਨ ਨਾਲ ਪਿਆਓ.

ਬਾਬਚੀ ਦੇ ਬੀਜ ਸੋਲਾਂ ਤੋਲੇ, ਵਰਕੀ ਹੜਤਾਲ ਚਾਰ ਤੋਲੇ, ਮੈਨਸਿਲ, ਚਿੱਟੀ ਰੱਤਕਾਂ, ਚਿਤ੍ਰੇ ਦੀ ਜੜ, ਤਿੰਨੇ ਇੱਕ ਇੱਕ ਤੋਲਾ ਲੈ ਕੇ ਗਊਮੂਤ੍ਰ ਵਿੱਚ ਘਸਾਕੇ ਲੇਪ ਕਰਨ ਤੋਂ ਸ੍ਵੇਤਕੁਸ਼੍ਟ ਮਿਟ ਜਾਂਦਾ ਹੈ.

"ਸ੍ਵੇਤਕੁਸ੍ਟ ਕੇਤਿਨ ਕੇ ਭਯੋ." (ਚਰਿਤ ੪੦੫)

**ਸ਼੍ਵੇਤਕੇਤੁ:** ਉੱਦਾਲਕ ਰਿਖਿ ਦਾ ਪੁਤ੍ਰ. ਮਹਾਭਾਰਤ ਵਿੱਚ ਕਥਾ ਹੈ ਕਿ ਇਸਤਰੀ ਆਪਣੇ ਪਤਿ ਤੋਂ ਛੁੱਟ ਹੋਰ ਕਿਸੇ ਨਾਲ ਸੰਬੰਧ ਨਾ ਕਰੇ, ਇਹ ਨੇਮ ਸ਼੍ਵੇਤਕੇਤੁ ਨੇ ਹੀ ਥਾਪਿਆ ਹੈ. ਇਸ ਤੋਂ ਪਹਿਲਾਂ ਪਸ਼ੂਆਂ ਵਾਂਙ ਲੋਕ ਵਰਤਦੇ ਸਨ. ਇੱਕ ਬਾਰ ਸ਼੍ਵੇਤਕੇਤੁ ਦੀ ਮਾਂ ਨੂੰ ਇੱਕ ਬ੍ਰਾਹਮਣ ਭੋਗ ਵਾਸਤੇ ਲੈ ਤੁਰਿਆ, ਸ਼੍ਵੇਤਕੇਤੁ ਨੂੰ ਵਡਾ ਗੁੱਸਾ ਆਇਆ. ਉੱਦਾਲਕ ਨੇ ਸਮਝਾਇਆ ਕਿ ਬੇਟਾ! ਕਿਉਂ ਵਰਜਦੇ ਹੋ. ਇਹ ਪਰੰਪਰਾ ਦਾ ਧਰਮ ਹੈ. ਪਰ ਪੁਤ੍ਰ ਨੇ ਆਖਿਆ ਕਿ ਮੈ ਅਜੇਹੀ ਰੀਤਿ ਅੱਖੀਂ ਨਹੀਂ ਦੇਖਣਾ ਚਾਹੁੰਦਾ. ਸ਼੍ਵੇਤਕੇਤੁ ਨੇ ਇਸਤ੍ਰੀਧਰਮ ਤੋਂ ਛੁੱਟ ਹੋਰ ਭੀ ਕਈ ਉੱਤਮ ਨੇਮ ਥਾਪੇ. ਛਾਂਦੋਗ ਉਪਨਿਸ਼ਦ ਵਿੱਚ ਉੱਦਾਲਕ ਦਾ ਸ਼੍ਵੇਤਕੇਤੁ ਨੂੰ ਬ੍ਰਹਮਗਿਆਨ ਦਾ ਉਪਦੇਸ਼ ਉੱਤਮ ਰੀਤਿ ਨਾਲ ਵਰਣਿਆ ਹੈ.

**ਸ਼੍ਵੇਤਗਜ:** ਚਿੱਟਾ ਹਾਥੀ. ਇੰਦ੍ਰ ਦੀ ਸਵਾਰੀ ਦੀ ਐਰਾਵਤ ਹਾਥੀ.

**ਸ਼੍ਵੇਤਦੀਪ, ਸ਼੍ਵੇਤਦ੍ਵੀਪ:** ਪੁਰਾਣਾਂ ਅਨੁਸਾਰ ਖੀਰਸਮੁੰਦਰ ਦੇ ਉੱਤਰ ਵੱਲ ਦਾ ਟਾਪੂ, ਜਿਸ ਵਿੱਚ ਲੱਛਮੀ ਸਮੇਤ ਵਿਸ਼ਨੁ ਦਾ ਨਿਵਾਸ ਹੈ. "ਸ੍ਵੇਤਦੀਪ ਤਜ ਲੋਕਾ- ਲੋਕ." (ਗੁਪ੍ਰਸੂ)

**ਸ਼੍ਵੇਤਵਾਹ:** ਸ਼੍ਵੇਤ (ਚਿੱਟਾ ਹੈ) ਵਾਹ (ਘੋੜਾ) ਜਿਸ ਦਾ. ਇੰਦ੍ਰ। ੨. ਅਰਜੁਨ। ੩. ਚੰਦ੍ਰਮਾ.

**ਸ਼੍ਵੇਤਾਂਸ਼ੁ:** ਸ਼੍ਵੇਤ (ਉੱਜਲ) ਹਨ ਅੰਸ਼ੁ (ਕਿਰਣਾਂ) ਜਿਸ ਦੀਆਂ, ਚੰਦ੍ਰਮਾ.

**ਸ਼੍ਵੇਤਾਸ਼੍ਵ:** ਇੰਦ੍ਰ ਦਾ ਚਿੱਟਾ ਘੋੜਾ ਉੱਚੈਃ ਸ਼੍ਰਵਾ। ੨. ਚਿੱਟੇ ਘੋੜੇ ਜਿਸ ਨੂੰ ਜੋਤੇ ਹਨ, ਐਸਾ ਰਥ। ੩. ਚਿੱਟੇ ਰੰਗ ਦਾ ਹੈ ਜਿਸ ਦਾ ਘੋੜਾ ਇੰਦ੍ਰ ਅਤੇ ਅਰਜੁਨ। ੪. ਚੰਦ੍ਰਮਾ.

**ਸ਼੍ਵੇਤਾਸ਼੍ਵਤਰ:** ਇੱਕਰਿਖੀ, ਜਿਸ ਦੇ ਨਾਉਂ ਤੇ ਛੀ ਅਧ੍ਯਾਵਾਂ ਦੀ ਇੱਕ ਉਪਨਿਸ਼ਦ "ਸ਼੍ਵੇਤਾਸ਼੍ਵਤਰੋਪਨਿਸ਼ਦ" ਹੈ, ਜੋ ਯਜੁਰ ਵੇਦ ਨਾਲ ਸੰਬੰਧ ਰਖਦੀ ਹੈ. ਇਸ ਉਪਨਿਸ਼ਦ ਵਿੱਚ ਵੇਦਾਂਤ, ਸਾਂਖ੍ਯ ਅਤੇ ਯੋਗ ਦੇ ਸਿੱਧਾਂਤਾਂ ਦੇ ਮੂਲ ਪਾਏ ਜਾਂਦੇ ਹਨ.

**ਸ਼੍ਵੇਤਾਂਬਰ:** ਸੰ. ਸ਼੍ਵੇਤਾਂਬਰ. ਚਿੱਟਾ ਵਸਤ੍ਰ। ੨. ਸੰਗ੍ਯਾ- ਜੈਨੀਆਂ ਦਾ ਇੱਕ ਫਿਰਕਾ, ਜੋ ਚਿੱਟੇ ਵਸਤ੍ਰ ਪਹਿਨਦਾ ਹੈ। ੩. ਹੰਸਾਵਤਾਰ। ੪. ਵਿ- ਚਿੱਟੇ ਵਸਤ੍ਰ ਵਾਲਾ.

**ਸ਼੍ਵੇਤੋਦਰ:** ਸੰਗ੍ਯਾ- ਸ਼੍ਵੇਤ- ਉਦਰ. ਚਿੱਟਾ ਹੈ ਪੇਟ ਜਿਸ ਦਾ, ਕਾਲਾ ਹਰਿਣ.

**ਸ਼੍ਵੇਤੰਬਰ:** ਦੇਖੋ, ਸੇਤੰਬਰ ਅਤੇ ਸ਼੍ਵੇਤਾਂਬਰ.

ਸ੍ਵੇਦ: ਸੰ. ਸੰਗਯਾ- ਪਸੀਨਾ. ਮੁੜ੍ਹਕਾ. ਦੇਖੋ, ਅੰ. Sweat। ੨. ਸਿਲ੍ਹ. ਨਮੀ. ਦੇਖੋ, ਸ੍ਵਿਦ.

ਸ੍ਵੇਦਜ: ਦੇਖੋ, ਸੇਤਜ.

ਸ੍ਵੇਦਨ: ਸ੍ਵੇਦ (ਮੁੜ੍ਹਕਾ) ਦੇਣ ਦੀ ਕ੍ਰਿਯਾ. ਪਸੀਨਾ ਦੇਣਾ.

ਸ੍ਵੈ: ਦੇਖੋ, ਸ੍ਵ। ੨. ਸ਼ਯਨ. ਸੌਣਾ. ਸ੍ਵਪ. "ਜਹਾਂ ਬੀਰ ਅਤਿ ਸ੍ਵੈ ਰਹੇ." (ਕ੍ਰਿਸਨਾਵ) ਦੇਖੋ, ਅਤਿਸ੍ਵਾਪ.

ਸ੍ਵੈਯਾ: ਦੇਖੋ, ਸਵੈਯਾ.

ਸ੍ਵੈਰਿਣੀ: ਸੰ. ਆਪਣੀ ਇੱਛਾ ਨਾਲ ਵਿਚਰਣ ਵਾਲੀ ਇਸਤ੍ਰੀ. ਵਿਭਚਾਰ ਕਰਨ ਵਾਲੀ ਔਰਤ.

ਸ੍ਵੰਦ: ਸੰ. स्वान्त ਸ੍ਵਾਂਤ. ਸੰਗਯਾ- ਆਪਣਾ ਅੰਤ. ਮੌਤ. "ਸ੍ਵੰਦ ਛੰਦ ਬੰਦ ਕੈ ਕੈ ਛੂਟ ਇਹ ਜਾਤ ਹੈ." (ਕ੍ਰਿਸਨਾਵ)

ਹ: ਪੰਜਾਬੀ ਵਰਣਮਾਲਾ ਦਾ ਪੰਜਵਾਂ ਅੱਖਰ, ਇਸ ਦਾ ਉੱਚਾਰਣ ਅਸਥਾਨ ਕੰਠ ਹੈ। ੨. ਪੰਜਾਬੀ ਵਿੱਚ ਹਾਹਾ ਵਿਸਰਗਾਂ ਦੇ ਥਾਂ ਵਰਤਿਆ ਜਾਂਦਾ ਹੈ, ਜੈਸੇ- ਨਃ ਦੀ ਥਾਂ ਨਮਹ। ੩. ਫ਼ਾਰਸੀ ਦੀ ਹੇ ਪੰਜਾਬੀ ਵਿੱਚ ਕੰਨਾ, ਸਿੰਧੀ ਅਤੇ ਡਿੰਗਲ ਬੋਲੀ ਵਿੱਚ ਓ ਹੋ ਜਾਂਦੀ ਹੈ, ਜੈਸੇ- ਦਰਮਾਂਦਹ ਦੀ ਥਾਂ ਦਰਮਾਂਦਾ ਅਤੇ ਦਰਮਾਂਦੋ, ਦਰੀਚਹ ਦੀ ਥਾਂ ਦਰੀਚਾ ਅਤੇ ਦਰੀਚੋ, ਦਰਹ ਦੀ ਥਾਂ ਦਰਾ ਅਤੇ ਦਰੋ, ਦਸ੍ਤਹ ਦੀ ਥਾਂ ਦਸ੍ਤਾ ਅਤੇ ਦਸ੍ਤੋ, ਦਮਦਮਹ ਦੀ ਥਾਂ ਦਮਦਾ ਅਤੇ ਦਮਦਮੋ। ੪. ਸੰ. ਵ੍ਯ- ਸੰਬੋਧਨ। ੫. ਗਿਲਾਨੀ। ੬. ਨਿਰਾਦਰ। ੭. ਸੰਗਯਾ- ਜਲ। ੮. ਸ਼ਿਵ। ੯. ਆਕਾਸ਼। ੧੦. ਸੁਰਗ.

ਹਉ: ਸਰਵ- ਅਹੰ. ਮੈ. "ਤਿਸੁ ਗੁਰੁ ਕਉ ਹਉ ਵਾਰਿਆ." (ਵਾਰ ਵਡ ਮਃ ੪) ੨. ਸੰਗਯਾ- ਹਉਮੈ. ਅਹੰਤਾ. ਮੈਂ ਦਾ ਭਾਵ. ego. "ਕੋਟਿ ਕਰਮ ਕਰੈ ਹਉ ਧਾਰੇ." (ਸੁਖਮਨੀ) "ਦੁਖ ਕਾਟੈ ਹਉ ਮਾਰਾ." (ਭੈਰ ਅਃ ਮਃ ੧) "ਹਉ ਤਾਪ ਬਿਨਸੇ ਸਦਾ ਸਰਸੇ." (ਸੂਹੀ ਛੰਤ ਮਃ ੫) ੩. ਹੋ ਅਥਵਾ ਹੋਂ ਦੀ ਥਾਂ ਭੀ ਹਉ ਸ਼ਬਦ ਆਇਆ ਹੈ. "ਤੁਮ ਜਉ ਕਹਤ ਹਉ ਨੰਦ ਕੋ ਨੰਦਨ." (ਗਉ ਕਬੀਰ) ਤੁਸੀਂ ਜੋ ਆਖਦੇ ਹੋਂ.

ਹੱਉ: ਸਰਵ- ਅਹੰ. ਮੈ. "ਤਿਸੁ ਗੁਰੁ ਕਉ ਹੱਉ ਸਦਾ ਨਮਸਕਾਰੀ." (ਵਾਰ ਵਡ ਮਃ ੪) ੨. ਸੰਗਯਾ- ਅਹੰਤਾ. ਹੌਮੈ ਅਭਿਮਾਨ.

ਹਉਸ, ਹੱਉਸ: ਅ਼. ہوس ਹਵਸ. ਸੰਗਯਾ- ਪ੍ਰਾਪਤੀ ਦੀ ਇੱਛਾ. ਲਾਲਸਾ. "ਭਿਛੁਕਨ ਹਉਸ ਨ ਧਨ ਕੀ ਰਹੀ." (ਰਾਮਾਵ)

ਹਉਕੁਲਵਾਨ: ਸੰਗਯਾ- ਵ੍ਯਾਕੁਲਤਾ ਦੀ ਧੁਨਿ. ਹਾਇ ਹਾਇ ਦਾ ਸ਼ੋਰ. "ਪਉਸੀ ਹਉਕੁਲਵਾਨ." (ਜਸਾ) ਅਤੇ (ਮਗੋ)

ਹਉਦਾ: ਦੇਖੋ, ਹੌਦਾ.

ਹਉਮੇ, ਹਉਮੈ: ਸੰਗਯਾ- ਅਹੰ- ਮਮ. ਮੈ ਮੇਰੀ ਦਾ ਭਾਵ- ਅਹੰਤਾ. ਅਭਿਮਾਨ. ਖ਼ੁਦੀ. "ਤਿਨਿ ਅੰਤਰਿ ਹਉਮੈ ਕੰਡਾ ਹੇ." (ਸੋਹਿਲਾ) ੨. ਦੇਖੋ, ਹਉਮੈ ਗਾਵਿਨ.

ਹਉਮੈ ਗਰਬੁ: ਅਭਿਮਾਨ ਅਤੇ ਅਵਗ੍ਯਾ. ਦੇਖੋ, ਗਰਬੁ. "ਹਉਮੈ ਗਰਬੁ ਜਾਇ ਮਨ ਭੀਨੈ." (ਰਾਮ ਅਃ ਮਃ ੧) ੨. ਅਹੰਤਾ ਦਾ ਗੌਰਵ. ਅਭਿਮਾਨ ਦ੍ਵਾਰਾ ਆਪਣੀ ਬਜ਼ੁਰਗੀ ਦਾ ਖ਼ਿਆਲ.

ਹਉਮੈ ਗਾਵਨਿ: ਸੰ. ਹੌਮਜ ਗਾਯਤ੍ਰਿਨ੍. ਰਿਤ੍ਵਿਜ. ਵੇਦ ਮੰਤ੍ਰ ਪੜ੍ਹਕੇ ਹੋਮ ਕਰਨ ਵਾਲੇ ਰਿਖੀ.[318] "ਹਉਮੈ ਗਾਵਨਿ ਗਾਵਹਿ ਗੀਤ." (ਭੈਰ ਅਃ ਕਬੀਰ)

ਹਉਮੈ ਮਮਤਾ: ਸੰਗਯਾ- ਅਹੰਤਾ ਮਮਤ੍ਵ. ਮੈਂ ਮੇਰੀ. "ਹਉਮੈ ਮਮਤਾ ਸਬਦਿ ਜਲਾਏ." (ਮਾਰੂ ਸੋਲਹੇ ਮਃ ੩)

---

[318] ਜੋ ਗ੍ਯਾਨੀ ਇੱਥੇ ਹਉਮੈ ਦਾ ਅਰਥ ਹੌਮੈ (ਅਹੰਕਾਰ) ਕਰਦੇ ਹਨ. ਉਹ ਸ਼ਬਦ ਦਾ ਪ੍ਰਕਰਣ ਨਹੀਂ ਸਮਝਦੇ.

ਹਉਰਾ, ਹਉਰੋ: ਵਿ- ਹੌਲਾ. ਹਲਕਾ. ਤੁੱਛ. "ਭਇਓ ਲੋਭ ਸੰਗਿ ਹਉਰਾ." (ਗਉ ਮਃ ੯) "ਹਉ ਹਉਰੋ ਤੂ ਠਾਕੁਰ ਗਉਰੋ." (ਆਸਾ ਮਃ ੫)

ਹਉਲ: ਅ਼. هَوَل ਸੰਗਜਾ- ਡਰ. ਧੜਕਾ. ਖਟਕਾ. ਦਹਲ. "ਨਿਤ ਹਉਲੇ ਹਉਲਿ ਮਰਾਹੀ." (ਵਾਰ ਗਉ ੧. ਮਃ ੪) ਦੇਖੋ, ਹੌਲ.

ਹਉਲਾ: ਵਿ- ਹਲਕਾ। ਤੁੱਛ. ਘਟੀਆ. "ਹੋਰ ਹਉਲੀ ਮਤੀ ਹਉਲੇ ਬੋਲ." (ਵਾਰ ਸਾਰ ਮਃ ੧)

ਹਉਲਿ: ਹੌਲ ਵਿੱਚ. ਦੇਖੋ, ਹਉਲ.

ਹਊਆ: ਸੰਗਜਾ- ਹੌਲਨਾਕ ਬਲਾ. ਹਾਊ. ਅਗਜਾਨੀਆਂ ਦਾ ਕਲਪਿਆ ਹੋਇਆ ਮਾਊਂ. ਬੱਚਿਆਂ ਦੇ ਡਰਾਉਣ ਲਈ ਇਸਤ੍ਰੀਆਂ ਇਹ ਸ਼ਬਦ ਵਰਤਦੀਆਂ ਹਨ। ੨. ਵਿ- ਭਯੰਕਰ. ਡਰਾਉਣਾ.

ਹਇ: ਸੰ. ਹਤਿ. ਸੰਗਜਾ- ਵਿਨਾਸ਼. ਤਬਾਹੀ. ਦੇਖੋ, ਹਇਓ। ੨. ਸੰ. ਹਯ. ਘੋੜਾ। ੩. ਵਜ- ਹਾ! ਸ਼ੋਕ!

ਹਇਓ: ਵਿ- ਹਤ. ਮਾਰਿਆ. "ਫਿਰਿ ਫਿਰਿ ਕਾਲ ਹਇਓ." (ਗਉ ਕਬੀਰ) ਕਾਲ ਨੇ ਹਤ ਕੀਤਾ.

ਹਇਆ: ਵਿ- ਹਤ. ਮਾਰਿਆ। ੨. ਅ਼. حيا ਹ਼ਯਾ. ਸੰਗਜਾ- ਲੱਜਾ. ਸ਼ਰਮ. "ਤ੍ਰਿਸਨ ਨ ਬੂਝੈ ਬਹੁਤੁ ਹਇਆ." (ਰਾਮ ਮਃ ੫) ਇਹ ਵਡੀ ਸ਼ਰਮ ਦੀ ਗੱਲ ਹੈ.

ਹਈ: ਹਨਨ ਕਰਦਾ ਹੈ. ਮਾਰਦਾ ਹੈ. "ਸਦਾ ਸਦਾ ਕਾਲ ਹਈ." (ਕਾਨ ਮਃ ੫) ੨. ਹੈ. ਅਸ੍ਤਿ. "ਮਿਰਤੁ ਨਿਕਟਿ ਨਿਕਟਿ ਸਦਾ ਹਈ." (ਕਾਨ ਮਃ ੫) ੩. ਵਿ- ਹਯ (ਘੋੜੇ) ਵਾਲਾ। ੪. ਸੰਗਜਾ- ਸਵਾਰ. ਘੁੜਚੜੀ ਫੌਜ. "ਰਥੀ ਗਜੀ ਹਈ ਪਤੀ[319] ਅਪਾਰ ਸੈਨ ਭੱਜ ਹੈ." (ਪਾਰਸਾਵ)

ਹਈ ਤਈ: ਹੈ ਤੇਰੀ! ਨਿਰਾਦਰ ਬੋਧਕ ਪਦ. "ਤਬ ਸੈਦੋ ਹਈ ਤਈ ਕਰਨ ਲੱਗਾ." (ਜਸਭਾਮ)

ਹਈਮਾਦ੍ਰਿ: ਸੰ. ਹਿਮਾਦ੍ਰਿ. ਸੰਗਜਾ- ਹਿਮ (ਬਰਫ) ਦਾ ਅਦ੍ਰਿ (ਪਹਾੜ) ਹਿਮਾਲਯ. "ਕਿ ਹਈਮਾਦ੍ਰਿਜਾ ਹੈ." (ਦੱਤਾਵ) ਕਿ ਹਿਮਾਲਯ ਦੀ ਪੁਤ੍ਰੀ ਪਾਰਵਤੀ ਹੈ?

ਹਈਮਾਦ੍ਰਿਜਾ: ਦੇਖੋ, ਹਈਮਾਦ੍ਰਿ.

ਹਈਮਾਦ੍ਰੀ: ਹਿਮਾਲਯ ਦੀ ਧਾਰਾ ਵਿੱਚ ਰਹਿਣ ਵਾਲੇ. ਦੇਖੋ, ਹਈਮਾਦ੍ਰਿ.

ਹਏ: ਵਿ- ਹਤ. ਮਾਰੇ ਗਏ. "ਰਣ ਮੋ ਜਬ ਮਾਨ ਮਹੀਪ ਹਏ." (ਦਿਲੀਪ) ੨. ਦੇਖੋ, ਅਹੇ.

ਹਏਂਦ੍ਰ: ਹਯ- ਇੰਦ੍ਰ. ਘੋੜਿਆਂ ਦਾ ਰਾਜਾ. ਉੱਚੈਃ ਸ਼੍ਰਵਾ.

ਹਸ: ਸੰ. ਹਸ ਧਾ- ਹੱਸਨਾ. ਠੱਠਾ ਕਰਨਾ। ੨. ਸੰ. ਹਸ਼ੰ. ਸੰਗਜਾ- ਆਨੰਦ. ਖੁਸ਼ੀ. "ਲੈ ਲਾਹਾ ਮਨਿ ਹਸ ਜੀਉ." (ਗਉ ਮਃ ੪)

ਹਸਣ: ਸੰਗਜਾ- ਉਹ ਵਲਗਣ, ਜਿਸ ਵਿੱਚ ਪਾਰਸੀ ਆਪਣੇ ਮੁਰਦੇ ਗਿਰਝ ਇੱਲ ਆਦਿ ਪੰਛੀਆਂ ਨੂੰ ਖੁਆਉਣ ਲਈ ਰਖਦੇ ਹਨ. ਦਖਮਾ. Tower of silence. ਦੇਖੋ, ਹਸਣਿ। ੨. ਸੰ. ਹਸਨ. ਹੱਸੀ. ਹਾਸਜ. ਹੱਸਨਾ। ੩. ਸੰ. ਹ੍ਰਾਸਨ ਹ੍ਰਾਸਨ. ਕਮ ਕਰਨ ਦੀ ਕ੍ਰਿਯਾ. ਘਟਾਉਣਾ.

ਹਸਣਾ: ਦੇਖੋ, ਹਸਣ ੨.। ੨. ਬੰਦੂਕ ਅਥਵਾ ਤੋਪ ਦੇ ਪਿਆਲੇ ਦੇ ਬਾਰੂਦ ਦਾ ਮੱਚਣਾ. ਦੇਖੋ, ਪਿਆਲਾ ੨.

---

[319] ਪਤ੍ਤਿ – ਪੱਤਿ. ਪਿਆਦਾ ਫੌਜ.

ਹਸਣਿ: ਹਸਣ ਵਿੱਚ. ਦੇਖੋ, ਹਸਣ ੧. "ਇਕ ਭੀ ਫਿਰਿ ਹਸਣਿ ਪਾਹਿ." (ਵਾਰ ਸੋਰ ਮਃ ੩)

ਹਸਣੁ: ਦੇਖੋ, ਹਸਣ ੨. "ਤਨ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ." (ਸਵਾ ਮਃ ੧)

ਹਸਤ: ਵਿ- ਹਸਦਾ ਹੋਇਆ. "ਹਸਤ ਖੇਲਤ ਤੇਰੇ ਦੇਹੁਰੇ ਆਇਆ." (ਭੈਰ ਨਾਮਦੇਵ) ੨. ਦੇਖੋ, ਹਸਿਤ। ੩. ਸੰ. ਹਸ੍ਤ. ਸੰਗਯਾ- ਹੱਥ. ਹਾਥ. "ਹਸਤ ਚਰਨ ਸੰਤ ਟਹਿਲ ਕਮਾਈਐ."

(ਗਉ ਥਿਤੀ ਮਃ ੫) ੪. ਚੌਬੀਹ ਅੰਗੁਲ ਪ੍ਰਮਾਣ ਮਾਪ. ਗਜ਼ ਦਾ ਅੱਧ। ੫. ਸੰ. ਹਸ੍ਤੀ (हस्तिन. ) ਹੱਥ (ਸੁੰਡ) ਵਾਲਾ. ਹਾਥੀ. "ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ." (ਬਿਹਾ ਛੰਤ ਮਃ ੫) ੬. ਦੇਖੋ, ਹਸ੍ਤ.

ਹਸਤਊਚ: ਸੰਗਯਾ- ਗੋਮੁਖੀ. ਮਾਲਾਧਾਨੀ. ਇੱਕ ਥੈਲੀ ਜਿਸ ਦਾ ਆਕਾਰ ਗਊ ਦੇ ਮੁਖ ਜੇਹਾ ਹੁੰਦਾ ਹੈ, ਜਿਸ ਵਿੱਚ ਮਾਲਾ ਪਾਕੇ ਫੇਰੀ ਜਾਂਦੀ ਹੈ. ਹਿੰਦੂ ਸ਼ਾਸਤ੍ਰ ਦੀ ਇਸ ਨੂੰ ਜ਼ਮੀਨ ਨਾਲ ਛੁਹਾਉਣ ਦੀ ਆਗਯਾ ਨਹੀਂ, ਛਾਤੀ ਦੀ ਕੌਡੀ ਨਾਲ ਹੱਥ ਲਾਕੇ ਜਪ ਕਰਨਾ ਵਿਧਾਨ ਹੈ. ਇਸ ਲਈ ਹਸਤਊਚ ਸੰਗਯਾ ਹੈ. "ਹਸਤਊਚ ਪ੍ਰੇਮ ਧਾਰਿਣੀ." (ਸਹਸ ਮਃ ੫)

ਹਸਤਅਲੰਬਨ: ਸੰ. ਹਸ੍ਤਾਲੰਬਨ. ਸੰਗਯਾ- ਹੱਥ ਦਾ ਆਲੰਬਨ (ਸਹਾਰਾ). ਹਸ੍ਤਾਵਲੰਬਨ. "ਹਸਤਅਲੰਬਨ ਦੇਹੁ ਪ੍ਰਭੁ." (ਗਉ ਮਃ ੫)

ਹਸਤਗਤ: ਹਸ੍ਤ (ਹੱਥ) ਵਿੱਚ ਗਤ (ਆਇਆ). ਹੱਥ ਲੱਗਾ.

ਹਸਤਗ੍ਰਹਣ: ਹੱਥ ਫੜਨਾ. ਦੇਖੋ, ਹਸ੍ਤਗ੍ਰਹਣ.

ਹਸਤਤਲ: ਹਥੇਲੀ. ਹੱਥ ਦੀ ਤਲੀ. ਕਰਤਲ.

ਹਸਤਨਾਪੁਰ: ਦੇਖੋ, ਹਸ੍ਤਿਨਾਪੁਰ.

ਹਸਤਨਿ, ਹਸਤਨੀ: ਸੰਗਯਾ- ਹਸ੍ਤਿਨੀ ਹਥਣੀ. ਹਸ੍ਤ (ਸੁੰਡ) ਵਾਲੀ। ੨. ਹਾਥੀਆਂ ਦੀ ਸੈਨਾ. ਗਜ ਸੈਨਾ. (ਸਨਾਮਾ) ੩. ਦੇਖੋ, ਹਸ੍ਤਿਨੀ.

ਹਸਤਪ੍ਰਦ: ਹੱਥ ਦੇਣ ਵਾਲਾ. ਭਾਵ- ਹੱਥ ਦਾ ਸਹਾਰਾ ਦੇਕੇ ਬਚਾਉਣ ਵਾਲਾ. ਦਸ੍ਤਗੀਰ.

ਹਸਤਾਖਰ: ਹਸ੍ਤਾਕ੍ਸ਼ਰ. ਹੱਥ ਦੇ ਲਿਖੇ ਅੱਖਰ. ਦਸ੍ਤਖ਼ਤ.

ਹਸਤਾਮਲ, ਹਸਤਾਮਲਕ: ਹਸ੍ਤ- ਆਮਲਕ. ਹੱਥ ਉੱਤੇ ਆਉਲਾ. ਇਹ ਪਦ ਸੰਸੇ ਰਹਿਤ ਗ੍ਯਾਨ ਲਈ ਵਰਤੀਦਾ ਹੈ. ਜਿਵੇਂ ਹੱਥ ਉੱਤੇ ਰੱਖੇ ਆਉਲੇ ਦੇ ਗ੍ਯਾਨ ਵਿੱਚ ਕੋਈ ਸੰਸਾ ਨਹੀਂ ਰਹਿੰਦਾ, ਤਿਵੇਂ ਜਿਸ ਨੂੰ ਸਹੀ ਗ੍ਯਾਨ ਹੈ ਅਥਵਾ ਪਰਮਾਤਮਾ ਦਾ ਯਥਾਰਥ ਬੋਧ ਹੈ. "ਲਖਿ ਹਸਤਾਮਲ ਆਤਮਾ." (ਗੁਪ੍ਰਸੂ)

ਹਸਤਾਲੰਬਨ: ਹਸ੍ਤ- ਆਲੰਬਨ. ਹੱਥ ਦਾ ਸਹਾਰਾ. ਦੇਖੋ, ਹਸਤਅਲੰਬਨ.

ਹਸਤਿ: ਹਾਥੀ. ਦੇਖੋ, ਹਸ੍ਤੀ. "ਹਸਤਿ ਘੋੜੇ ਜੋੜੇ ਮਨ ਭਾਨੀ." (ਆਸਾ ਮਃ ੫)

ਹਸਤਿਚਿੜਾਈ: ਦੇਖੋ, ਚਿੜਾਈ.

ਹਸਤਿਨਾਪੁਰ: ਦੇਖੋ, ਹਸ੍ਤਿਨਾਪੁਰ.

ਹਸਤੀ: ਵਿ- ਹਸਦੀ ਹੋਈ। ੨. ਸੰਗਯਾ- ਹਸ੍ਤਿਨ੍. ਹਾਥੀ. "ਹਸਤੀ ਘੋੜੇ ਪਾਖਰੇ." (ਸ੍ਰੀ ਅਃ ਮਃ ੧) ਦੇਖੋ, ਹਾਥੀ ਸ਼ਬਦ। ੩. ਵਿ- ਹਸ੍ਤ (ਸੁੰਡ) ਉਠਾਏ ਹੋਏ. ਜਿਸ ਨੇ ਆਪਣੀ ਸੁੰਡ ਉੱਚੀ ਕੀਤੀ ਹੈ. "ਗਜ ਹਸਤੀ ਕੇ ਪ੍ਰਾਨ ਉਧਾਰੀਅਲੇ." (ਮਾਲੀ ਨਾਮਦੇਵ) ਹੱਥ ਉਠਾਕੇ ਪੁਕਾਰ ਕਰਨ ਵਾਲੇ ਗਜ (ਹਾਥੀ) ਦੇ ਪ੍ਰਾਣ ਬਚਾ ਲਏ। ੪. ਦੇਖੋ, ਹਸ੍ਤੀ.

ਹਸਤੀਏਸ: ਸੰਗਜਾ- ਇੰਦ੍ਰ, ਜੋ ਐਰਾਵਤ ਹਾਥੀ ਦਾ ਮਾਲਿਕ ਹੈ. (ਸਨਾਮਾ) ੨. ਐਰਾਵਤ ਹਾਥੀ, ਜੋ ਸਾਰੇ ਹਾਥੀਆਂ ਦਾ ਸਰਦਾਰ ਹੈ.

ਹਸਤੀਏਸਪਿਤਾ: ਸੰਗਜਾ- ਐਰਾਵਤ ਦਾ ਸ੍ਵਾਮੀ ਇੰਦ੍ਰ, ਉਸ ਦਾ ਪਿਤਾ ਕਸ਼ਜਪ. (ਸਨਾਮਾ)

ਹਸਤੋ: ਵਿ- ਹਸਦਾ. "ਹਸਤੋ ਜਾਇ ਸੁ ਰੋਵਤ ਆਵੈ." (ਸਾਰ ਕਬੀਰ)

ਹਸਦ: ਅ਼. حسد ਹ਼ਸਦ. ਸੰਗਜਾ- ਡਾਹ. ਈਰਖਾ. ਸਾੜਾ.

ਹਸਨ: ਸੰ. ਸੰਗਜਾ- ਹੱਸਣਾ. ਹਾਸੀ ਕਰਨਾ। ੨. ਅ਼. حسن ਹ਼ਸਨ. ਵਿ- ਸੁੰਦਰ. ਮਨੋਹਰ। ੩. ਸੰਗਜਾ- ਖ਼ਲੀਫ਼ਾ ਅ਼ਲੀ ਅਤੇ ਮੁਹੰਮਦ ਸਾਹਿਬ ਦੀ ਸੁਪੁਤ੍ਰੀ ਫ਼ਾਤਿਮਾ ਦਾ ਵਡਾ ਬੇਟਾ. ਇਹ (੧ ਮਾਰਚ ਸਨ ੬੨੫) ਹਿਜਰੀ ਸਨ ੩. ਵਿੱਚ ਜਨਮਿਆ ਅਤੇ ੪੯ ਵਿੱਚ ਮੋਇਆ. ਹਸਨ ਆਪਣੇ ਬਾਪ ਦੇ ਮਰਨ ਪਿੱਛੋਂ ਸਨ ੪੧ ਹਿਜਰੀ ਵਿੱਚ ਪੰਜਵਾਂ ਖ਼ਲੀਫ਼ਾ ਹੋਇਆ ਸੀ, ਪਰ ਛੀ ਮਹੀਨੇ ਪਿੱਛੋਂ ਖ਼ਲਾਫਤ ਨੂੰ ਅਸਤੀਫਾ ਦੇ ਦਿੱਤਾ. ਇਸ ਦੀ ਇਸਤ੍ਰੀ "ਜ਼ਅ਼ਾਦਹ" ਨੇ ਯਜ਼ੀਦ ਬਾਦਸ਼ਾਹ ਦੀ ਪ੍ਰੇਰਣਾ ਨਾਲ ਹਸਨ ਨੂੰ ਜ਼ਹਿਰ ਦੇ ਕੇ (੧੭ ਮਾਰਚ ਸਨ ੬੬੯ ਨੂੰ) ਮਾਰ ਦਿੱਤਾ. ਹਸਨ ਦੇ ੨੦. ਬੱਚੇ ਹੋਏ ਜਿਨ੍ਹਾਂ ਵਿੱਚੋਂ ੧੫. ਬੇਟੇ ਅਤੇ ੫. ਬੇਟੀਆਂ ਸਨ. ਹਸਨ ਅਤੇ ਹੁਸੈਨ ਦੀ ਔਲਾਦ ਦੇ ਲੋਕ "ਸੱਯਦ" (ਸੈਯਦ) ਅਤੇ ਮੀਰ ਕਹਾਉਂਦੇ ਹਨ, ਸੋ ਪੈਗੰਬਰ ਦੀ ਅੰਸ਼ ਹੋਣ ਕਰਕੇ ਮੁਸਲਮਾਨਾਂ ਵਿੱਚ ਸਨਮਾਨ ਪਾਉਂਦੇ ਹਨ. ਦੇਖੋ, ਹੁਸੈਨ। ੪. ਦੇਖੋ, ਧੁਨੀ (ਖ)

ਹਸਨ ਅਬਦਾਲ: ਜਿਲਾ ਅਟਕ (Campbellpore) ਦਾ ਇੱਕ ਨਗਰ, ਜਿੱਥੇ ਥਾਣਾ ਅਤੇ ਰੇਲਵੇ ਸਟੇਸ਼ਨ ਹੈ, ਪਰ ਹੁਣ ਇਹ ਪੰਜਾਸਾਹਿਬ ਦੇ ਨਾਉਂ ਤੋਂ ਮਸ਼ਹੂਰ ਹੈ. ਇੱਥੇ ਦੇ ਰਹਿਣ ਵਾਲੇ ਬਾਬਾ ਹਸਨ ਅਬਦਾਲ ਪੀਰ ਨੇ ਆਪਣੇ ਤਾਲ ਦਾ ਪਾਣੀ ਤ੍ਰਿਖਾਤੁਰ ਭਾਈ ਮਰਦਾਨੇ ਨੂੰ ਨਹੀਂ ਦਿੱਤਾ ਸੀ. ਸ਼੍ਰੀ ਗੁਰੂ ਨਾਨਕ ਦੇਵ ਨੇ ਸ਼ਕਤੀ ਨਾਲ ਤਾਲ ਦਾ ਜਲ ਆਪਣੀ ਵੱਲ ਖਿੱਚ ਲਿਆ. ਇਸ ਪੁਰ ਵਲੀ ਕੰਧਾਰੀ ਨੇ ਗੁੱਸੇ ਹੋ ਕੇ ਇੱਕ ਪਹਾੜੀ ਨੂੰ ਗੁਰੂ ਜੀ ਉੱਪਰ ਧਕੇਲ ਦਿੱਤਾ. ਜਗਤਗੁਰੂ ਨੇ ਆਪਣੇ ਪੰਜੇ ਨਾਲ ਉਸ ਨੂੰ ਰੋਕਿਆ. ਸ਼੍ਰੀ ਗੁਰੂ ਜੀ ਦੇ ਪੰਜੇ ਦਾ ਚਿੰਨ੍ਹ ਜਿੱਥੇ ਲੱਗਾ ਸੀ ਉੱਥੇ ਪੱਥਰ ਤੇ ਪੰਜੇ ਦਾ ਨਿਸ਼ਾਨ ਹੋਣ ਕਰਕੇ ਅਸਥਾਨ ਦਾ ਨਾਉਂ "ਪੰਜਾ ਸਾਹਿਬ" ਹੋ ਗਿਆ ਹੈ. ਬਾਬਾ ਹਸਨ ਅਬਦਾਲ ਸੱਯਦ (ਸੈਯਦ) ਸਬਜ਼ਵਾਰ (ਇਲਾਕਾ ਖ਼ੁਰਾਸਾਨ) ਦਾ ਸੀ ਅਤੇ ਭਾਰਤ ਵਿੱਚ ਮਿਰਜ਼ਾ ਸ਼ਾਹਰੁਖ਼ ਨਾਲ ਆਇਆ ਸੀ. ਇਸ ਦਾ ਦੇਹਾਂਤ ਕੰਧਾਰ ਵਿੱਚ ਹੋਇਆ ਹੈ. ਦੇਖੋ, ਪੰਜਾ ਸਾਹਿਬ.

ਹਸਨ ਖ਼ਾਂ: ਲਲਾਬੇਗ ਸਿਪਹਸਾਲਰ ਦਾ ਭੇਜਿਆ ਹੋਇਆ ਭੇਤੀਆ, ਜੋ ਗੁਰੂਸਰ ਮੇਹਰਾਜ (ਜਿਲਾ ਫਿਰੋਜਪੁਰ) ਦੇ ਮੁਕਾਮ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਦਾ ਭੇਤ ਲੈਣ ਗਿਆ ਸੀ. ਇਹ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਸਾਦਿਕ ਹੋ ਗਿਆ. ਗੁਰੂ ਸਾਹਿਬ ਦੇ ਵਰਦਾਨ ਕਰਕੇ ਇਸ ਨੂੰ ਸ਼ਾਹਜਹਾਂ ਵੱਲੋਂ ਉੱਚੀ ਪਦਵੀ ਮਿਲੀ.

ਹਸਨਪੁਰ: ਰਿਆਸਤ ਪਟਿਆਲਾ, ਤਸੀਲ ਥਾਣਾ ਰਾਜਪੁਰਾ ਵਿੱਚ ਸ਼੍ਰੀ ਗੁਰੂ ਤੇਗਬਹਾਦੁਰ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੱਠਾ ਗੁਰੁਦ੍ਵਾਰਾ ਹੈ. ਨੌਵੇਂ ਗੁਰੂ ਜੀ ਇੱਥੇ ਤਿੰਨ ਦਿਨ ਰਹੇ. ਦਸ਼ਮੇਸ਼ ਜੀ ਲਖਨੌਰ ਤੋਂ ਆਏ ਤੇ ਥੋੜਾ ਜੇਹਾ ਸਮਾਂ ਠਹਿਰੇ. ਇੱਥੋਂ ਦੇ ਸ਼ੇਖ਼ ਗੁਰੂ ਜੀ ਦੇ ਪ੍ਰੇਮੀ ਸਨ, ਉਨ੍ਹਾਂ ਨੇ ਬਹੁਤ ਸੇਵਾ ਕੀਤੀ. ਸ਼ੇਖ਼ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਪਾਸ ਗੁਰੁਸਾਹਿਬ ਦਾ ਹੁਕਮਨਾਮਾ ਹੈ.

ਗੁਰੁਦ੍ਵਾਰਾ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਹਨ. ਜੋ ਪਿੰਡ ਕਬੂਲਪੁਰ ਦੀ ਸੰਗੀਤ ਨੇ ਸੰਮਤ ੧੯੭੫ ਵਿੱਚ ਬਣਾਏ ਹਨ. ਪੁਜਾਰੀ ਅਕਾਲੀ ਸਿੰਘ ਹੈ. ਰੇਲਵੇ ਸਟੇਸ਼ਨ ਸ਼ੰਭੂ ਤੋਂ ਨੈਰਤ ਕੋਣ ਤਿੰਨ ਮੀਲ ਕੱਚਾ ਰਸਤਾ ਹੈ. ਇਸ ਦੇ ਪਾਸ ਹੀ ਕਬੂਲਪੁਰ ਪਿੰਡ ਹੈ. ਦੋਹਾਂ ਦਾ ਮਿਲਵਾਂ ਨਾਉਂ ਹਸਨਪੁਰ- ਕਬੂਲਪੁਰ ਸੱਦੀਦਾ ਹੈ.

ਹਸਬ: ਅ਼. حسب ਹ਼ਸਬ. ਵਿ- ਅਨੁਸਾਰ. ਤੁੱਲ। ੨. ਸੰਗਜਾ- ਗਿਣਤੀ. ਸ਼ੁਮਾਰ। ੩. حصب ਹ਼ਸਬ. ਈਂਧਨ. ਬਾਲਣ. ਜਲਾਉਣ ਲਾਇਕ ਕਾਠ.

ਹਸ਼ਮਤ: ਅ਼. حشمت ਹ਼ਸ਼ਮਤ. ਸੰਗਜਾ- ਵਿਭੂਤਿ. ਧਨ ਸੰਪਦਾ. ਐਸ਼੍ਵਰਯ। ੨. ਸ਼ਾਨ ਸ਼ੌਕਤ। ੩. ਲਾਉ ਲਸ਼ਕਰ.

ਹਸਮੁਖ: ਵਿ- ਪ੍ਰਸੰਨ ਵਦਨ. ਖਿੜੇ ਚੇਹਰੇ ਵਾਲਾ.

ਹਸਰ: ਅ਼. حصر ਹ਼ਸਰ. ਸੰਗਯਾ- ਭਰੋਸਾ. ਨਿਰਭਰਤਾ। ੨. ਸਹਾਇਤਾ। ੩. ਅ਼. حشر ਹ਼ਸ਼ਰ. ਜਮਾ ਕਰਨਾ। ੪. ਮਰਨ ਪਿੱਛੋਂ ਉਠਣਾ। ੫. ਬਦਸਲੂਕੀ.

ਹਸਰਤ: ਅ਼. حسرت ਹ਼ਸਰਤ. ਅਰਮਾਨ. ਸਧਰ ਨਾ ਪੂਰਣ ਮਨੋਰਥ. ਅੱਧ ਵਿੱਚ ਰਿਹਾ ਸੰਕਲਪ। ੨. ਨਾ ਮਿਲੀ ਵਸਤੂ ਦਾ ਸ਼ੋਕ.

ਹਸਲੀ: ਸੰਗਯਾ- ਛੋਟੀ ਨਹਿਰ (Canal) ਦੇਖੋ, ਪ੍ਰੀਤਮ ਦਾਸ। ੨. ਛੋਟਾ ਹੱਸ. ਗਲ ਪਹਿਰਨ ਦਾ ਇੱਕ ਗਹਿਣਾ। ੩. ਦੇਖੋ, ਹੰਸਲੀ.

ਹਸੁ: ਦੇਖੋ, ਹਸ ਅਤੇ ਹੱਸ.

ਹਸੂਲ: ਅ਼. حصوُل ਹ਼ਸੂਲ. ਹਾਸਿਲ ਹੋਣਾ. ਪ੍ਰਾਪਤ ਹੋਣਾ.

ਹਸੇਬ: ਅ਼. حسیب ਹ਼ਸੀਬ. ਸੰਗਯਾ- ਗਣਨਾ. ਹਿਸਾਬ. ਸੰਖ੍ਯਾ. ਇਮਾਲਹ ਹੋ ਕੇ ਇਹ ਹਿਸਾਬ ਦਾ ਹੀ ਰੂਪਾਂਤਰ ਹੈ. "ਹਸੇਬ ਥਕੇ ਕਰ ਹਾਥ ਨਾ ਆਏ." (ਅਕਾਲ)

ਹੱਸ: ਸੰਗਯਾ- ਹਾਸ੍ਯ. ਹਾਸੀ। ੨. ਕੰਠ ਦੇ ਹੇਠ ਛਾਤੀ ਦੇ ਉੱਪਰ ਦੀ ਹੱਡੀ. Collar- bone । ੩. ਇਸਤ੍ਰੀਆਂ ਦੇ ਕੰਠ ਦਾ ਭੂਖਣ, ਜੋ ਗਰਦਨ ਦੇ ਹੇਠ ਦੀ ਹੱਡੀ (ਹੱਸ) ਉੱਪਰ ਟਿਕਦਾ ਹੈ। ੪. ਸੰ. ਹਰ੍ਸ਼ ਦਾ ਸੰਖੇਪ. ਆਨੰਦ.

ਹਸ੍ਤ: ਸੰ. ਸੰਗਯਾ- ਹੱਥ. ਹਾਥ. "ਹਸ੍ਤ ਕਮਲ ਮਾਥੇ ਪਰਿ ਧਰੀਅੰ." (ਸਵੈਯੇ ਮਃ ੪. ਕੇ) ੨. ਹੱਥ ਭਰ ਲੰਬਾਈ. ਅੱਠ ਗਿਰੇ ਦਾ ਮਾਪ। ੩. ਹਾਥੀ ਦੀ ਸੁੰਡ। ੪. ਤੇਰ੍ਹਵਾਂ ਨਛਤ੍ਰ। ੫. ਫ਼ਾ. هست ਹੈ. ਮੌਜੂਦ। ੬. ਫ਼ਾ. هشت ਹਸ਼੍ਤ. ਅਸ਼੍ਟ. ਅੱਠ.

ਹਸ੍ਤਊਚ: ਦੇਖੋ, ਹਸਤ ਊਚ.

ਹਸ੍ਤਅਰਿ: ਸੰਗਯਾ- ਖੜਗ, ਜੋ ਹਾਥੀ ਦੀ ਸੁੰਡ ਦਾ ਵੈਰੀ ਹੈ. (ਸਨਾਮਾ) ਦੇਖੋ, ਕਸਤ.

ਹਸ੍ਤਗ੍ਰਹਣ: ਸੰਗਯਾ- ਹੱਥ ਫੜਨ ਦੀ ਕ੍ਰਿਯਾ. ਹਾਥ ਪਕੜਨਾ. ਦਸ੍ਤਗੀਰੀ। ੨. ਵਿਆਹ. ਪਾਣਿਗ੍ਰਹਣ. ਸ਼ਾਦੀ ਵਿੱਚ ਪਤੀ ਆਪਣੀ ਇਸਤ੍ਰੀ ਦਾ ਹੱਥ ਗ੍ਰਹਣ ਕਰਦਾ ਹੈ. ਹਥਲੇਵਾ.

ਹਸ੍ਤਨ: ਫ਼ਾ. هستن ਹੋਣਾ. ਅਸ੍ਤਿਤ੍ਵ.

ਹਸ੍ਤਾਮਲਕ: ਹੱਥ ਉੱਤੇ ਰੱਖਿਆ ਆਮਲਕ (ਆਉਲਾ). ਭਾਵ- ਬਿਨਾ ਸੰਸੇ ਗ੍ਯਾਨ। ੨. ਇਸ ਨਾਉਂ ਦਾ ਇੱਕ ਰਿਖੀ, ਜਿਸ ਦਾ ਬਣਾਇਆ ਵੇਦਾਂਤ ਗ੍ਰੰਥ ਹਸ੍ਤਾਮਲਕ ਪ੍ਰਸਿੱਧ ਹੈ.

ਹਸ੍ਤਿਨਾਪੁਰ: ਸਹੋਤ੍ਰ ਦੇ ਪੁਤ੍ਰ ਹਸ੍ਤਿਨ ਰਾਜੇ ਦੇ ਪੁਤ੍ਰ ਅਜਮੀਢ ਦਾ ਆਪਣੇ ਪਿਤਾ ਦੇ ਨਾਉਂ ਪੁਰ ਵਸਾਇਆ ਹੋਇਆ ਨਗਰ, ਜੋ ਕੌਰਵਾਂ ਦੀ ਰਾਜਧਾਨੀ ਸੀ. ਇਹ ਦਿੱਲੀ ਤੋਂ ੫੭ ਮੀਲ ਈਸ਼ਾਨ ਕੋਣ ਗੰਗਾ ਦੇ ਕਿਨਾਰੇ ਜਿਲਾ ਮੇਰਠ ਵਿੱਚ ਹੈ. ਪੁਰਾਣਾ ਸ਼ਹਿਰ ਗੰਗਾ ਨੇ ਕਦੇ ਦਾ ਰੁੜ੍ਹਾ ਦਿੱਤਾ ਹੈ, ਵਰਤਮਾਨ ਸ਼ਹਿਰ ਨਵੀਂ ਆਬਾਦੀ ਹੈ.[320]

ਹਸ੍ਤਿਨੀ: ਸੰਗਯਾ- ਹਸ੍ਤ (ਸੁੰਡ) ਵਾਲੀ ਹਥਣੀ। ੨. ਇਸਤ੍ਰੀ ਦੀ ਇੱਕ ਜਾਤਿ. "ਥੂਲ ਅੰਗੁਲੀ ਚਰਣ ਮੁਖ, ਅਧਰ ਭ੍ਰਿਕੁਟਿ ਕਟੁ ਬੋਲ। ਮਦਨਸਦਨ ਰਦ ਕੰਧਰਾ, ਮੰਦ ਚਾਲ ਚਿਤ ਲੋਲ। ਸ੍ਵੇਦ ਮਦਨਜਲ ਦ੍ਵਿਰਦ ਮਦ ਗੰਧਿਤ ਭੂਰੇ ਕੇਸ਼। ਅਤਿ ਤੀਛਨ ਬਹੁ ਲੋਮ ਤਨ ਭਨਿ ਹਸ੍ਤਿਨਿ ਇਹ ਵੇਸ." (ਰਸਿਕ ਪ੍ਰਿਯਾ)

---

[320] Geographical Dictionary ਵਿੱਚ ਇਹ ਸ਼ਹਿਰ ਮੇਰਟ ਤੋਂ ੨੨ ਮੀਲ ਪੂਰਵ ਉੱਤਰ ਵੱਲ ਦੱਸਿਆ ਹੈ, ਅਤੇ ਇਹ ਭੀ ਲਿਖਿਆ ਹੈ ਕਿ ਜਨਮੇਜੇ ਦੇ ਪੋਤੇ ਨਿਰਕ੍ਸ਼ ਨੇ ਹਸ੍ਤਿਨਾਪੁਰ ਦਰਿਆ ਖੁਰਦ ਹੋ ਜਾਣ ਤੇ ਆਪਣੀ ਰਾਜਧਾਨੀ ਕੋਸ਼ਾਂਬੀ ਬਣਾਈ.

ਹਸ੍ਤੀ: ਦੇਖੋ, ਹਸਤੀ। ੨. ਫ਼ਾ. ہستی ਸੰਗ੍ਯਾ- ਹੋਂਦ. ਅਸ੍ਤਿਤ੍ਵ.

ਹਹ: ਵ੍ਯ- ਸ਼ੋਕ, ਤ੍ਰਿਸਕਾਰ ਅਤੇ ਅਚਰਜ ਬੋਧਕ ਸ਼ਬਦ.

ਹਹਕਾਰ: ਸੰਗ੍ਯਾ- ਹਾਹਾਕਾਰ. ਹੈ ਹੈ (ਹਾਇ ਹਾਇ) ਦੀ ਧੁਨਿ. ਪਿੱਟਣ ਦਾ ਰੌਲਾ. ਵਾ ਵੇਲਾ.

ਹਹੱਕ: ਹਾਹਾਕਾਰ ਦਾ ਸੰਖੇਪ. "ਹਹੱਕ ਭੈਰਵੰ ਸ੍ਰੁਤੰ." (ਰਾਮਾਵ) ਭਿਆਨਕ ਹਾਹਾਕਾਰ ਸੁਣਿਆ.

ਹਹਨਾਤ: ਇਹਣਕਦਾ (ਹ੍ਰੇਸ਼ਾ ਕਰਦਾ) ਹੈ. ਹਿਣਕਦੇ ਹਨ. "ਹਹਨਾਤ ਹਯੰ." (ਨਰ ਸਿੰਘਾਵ)

ਹਹਰ: ਪ੍ਰਾ. ਸੰਗ੍ਯਾ- ਕੰਪ. ਕਾਂਬਾ. "ਹੌਲੇ ਹਹਰ ਕਹਾਂ ਚਲ ਗਯੋ." (ਗੁਪ੍ਰਸੂ) "ਬਿਰਖੈ ਬਿਆਰਿ ਲਾਗੈ ਜੈਸੇ ਹਹਰਾਤ ਪਾਤ." (ਭਾਗੁ ਕ) ੨. ਹ੍ਰੇਸ਼ਾ. ਘੋੜੇ ਦਾ ਹਿਣਕਣਾ. "ਹਹਰੰਤ ਹਯੰ." (ਨਰ ਸਿੰਘਾਵ)

ਹਹਰਾਟ: ਸੰਗ੍ਯਾ- ਹ੍ਰੇਸ਼ਾਧੁਨਿ. ਹਿਣਕਣ ਦੀ ਆਵਾਜ. "ਤੇਜ ਚਲੈਂ ਹਹਰਾਟ ਕੀਏ." (ਕ੍ਰਿਸਨਾਵ)

ਹਹਰਾਤ: ਦੇਖੋ, ਹਹਰ.

ਹਹਰਾਨਾ: ਕ੍ਰਿ- ਕੰਬਣਾ। ੨. ਡਰਨਾ। ੩. ਹੈਰਾਨ ਹੋਣਾ। ੪. ਹ੍ਰੇਸ਼ਾ ਕਰਨਾ. ਹਿਣਕਣਾ.

ਹਹਰਾਰਾ: ਵਿ- ਡਰਾਉਣ ਵਾਲਾ. ਭਯੰਕਰ. ਜਿਸ ਨੂੰ ਵੇਖਕੇ ਹਾ! ਹਾ! ਸ਼ਬਦ ਮੁਖੋਂ ਨਿਕਲੇ. "ਸ਼੍ਰੋਨ ਪ੍ਰਵਾਹ ਬਹਿਤ ਹਹਰਾਰਾ." (ਚਰਿਤ੍ਰ ੪੦੫)

ਹਹਾ: ਵ੍ਯ- ਹਾ! ਸ਼ੋਕ! "ਹਹਾ ਹਮਰੇ ਗ੍ਰਿਹ ਸਜਾਮ ਨ ਆਯੋ." (ਕ੍ਰਿਸਨਾਵ) ੨. ਮਾਰ ਮਾਰ. ਹਨ ਹਨ. "ਕਰ ਲੈ ਹਥਿਯਾਰ ਹਹਾ ਕਹਿ ਢੂਕੇ." (ਚਰਿਤ੍ਰ ੨)

ਹਹਾ ਹੂਹ: ਸੰਗ੍ਯਾ- ਅੱਟ ਹਾਸ. ਅਜਿਹੀ ਹਾਸੀ ਜਿਸ ਵਿੱਚ ਵੱਡਾ ਸ਼ੋਰ ਹੋਵੇ. "ਹਹਾ ਹੂਹ ਹਾਸੰ." (ਵਿਚਿਤ੍ਰ) ੨. ਦੇਖੋ, ਹਾਹਾ ਹੂਹੂ.

ਹਹਿ: ਕ੍ਰਿ- ਅਸ੍ਤਿ. ਹੈ. "ਹਹਿ ਭੀ ਹੋਵਨਹਾਰ." (ਬਾਵਨ) ੨. ਹਨ. ਹੈਨ. ਹੈਂ. "ਨਾਨਕ ਆਏ ਸੇ ਪਰਵਾਣ ਹਹਿ." (ਸ੍ਰੀ ਮঃ ੩)

ਹਹਿਰ: ਦੇਖੋ, ਹਹਰ.

ਹਹੁ: ਹੋਂ. ਹੋ. "ਅਬ ਤੁਮ ਹਹੁ, ਹਮ ਨਾਹੀ." (ਗਉ ਕਬੀਰ) ਅਬ ਤੁਮ ਹੋਂ, ਹਮ ਨਹੀਂ.

ਹਕ: ਅ਼. حق ਹ਼ੱਕ਼. ਵਿ- ਸਤ੍ਯ. "ਹਕ ਹੁਕਮ ਸਚੁ ਖੁਦਾਇਆ." (ਮਾਰੂ ਸੋਲਹੇ ਮঃ ੫) ੨. ਸੱਚਾ। ੩. ਸੰਗ੍ਯਾ- ਸ੍ਵਤ੍ਵ." ਅਪਨੱਤ. ਉਹ ਵਸਤੁ ਜਿਸ ਨੂੰ ਅਪਣਾਉਣ ਦਾ ਭਾਵ ਕੀਤਾ ਗਿਆ ਹੈ. "ਹਕੁ ਪਰਾਇਆ ਨਾਨਕਾ! ਉਸ ਸੂਆਰ ਉਸ ਗਾਇ." (ਵਾਰ ਮਾਝ ਮঃ ੧) ੪. ਇਨਸਾਫ. ਨਿਆਉਂ. "ਵਢੀ ਲੈਕੇ ਹਕੁ ਗਵਾਏ." (ਵਾਰ ਰਾਮ ੧. ਅঃ ੧) ੫. ਕਰਤਾਰ. ਵਾਹਗੁਰੂ. "ਹਕ ਸਚੁ ਖਾਲਕੁ ਖਲਕ ਮਿਆਨੇ." (ਤਿਲੰ ਕਬੀਰ) ੬. ਹੁੰਕਾਰ ਵਾਸਤੇ ਭੀ ਹਕ ਸ਼ਬਦ ਆਇਆ ਹੈ. ਸਿੰਘਨਾਦ. ਗੱਜਣਾ. "ਦਲ ਦੈਤਨ ਮੱਧ ਪਰਾ ਹਕਕੈ." (ਜਲੰਧਰਾਵ) ੭. ਦੇਖੋ, ਹੱਕ.

ਹਕਣਾ: ਕ੍ਰਿ- ਹਾਂਕਨਾ. ਪ੍ਰੇਰਨਾ. ਧਕੇਲਣਾ.

ਹਕਨਿਆਇ: ਸੱਚਾ ਇਨਸਾਫ। ੨. ਕਰਤਾਰ ਦਾ ਨਿਆਉਂ.

ਹਕਪਰਸ੍ਤ: ਫ਼ਾ. حق پرست ਵਿ- ਸਤ੍ਯ ਕਰਤਾਰ ਦਾ ਪੂਜਕ. ਖੁਦਾਪਰਸ੍ਤ। ੨. ਸੱਚ ਪੁਰ ਚੱਲਣ ਵਾਲਾ.

ਹਕਲਾ: ਸੰ. ਹਤੇਲ. ਵਿ- ਤੋਤਲਾ. ਸਾਫ ਨਾ ਬੋਲਣ ਵਾਲਾ. ਜਿਸਦੀ ਇਲਾ (ਬਾਣੀ) ਹਤ ਹੋ ਗਈ ਹੈ.

ਹਕਵਾਰਾ: ਵਿ- ਹੱਕਣ ਵਾਲਾ. ਪ੍ਰੇਰਕ। ੨. ਹ਼ੱਕ਼ (ਸ੍ਵਤ੍ਵ) ਵਾਲਾ.

ਹਕਾ: ਫ਼ਾ. حقّا ਹ਼ੱਕ਼ਾ. ਸੰਬੋਧਨ ਹੇ ਹ਼ੱਕ਼. ਹੇ ਸਤ੍ਯ ਰੂਪ ਕਰਤਾਰ. "ਹਕਾ ਕਰੀਮ ਕਬੀਰ ਤੂੰ." (ਤਿਲੰ ਮਃ ੧) ੨. ਵ੍ਯ- ਕਸਮ ਖੁਦਾ ਦੀ. ਸੌਂਹ ਕਰਤਾਰ ਦੀ। ੩. ਤਹਕੀਕ. ਨਿਸ਼ਚੇ ਕਰਕੇ.

ਹਕਾ ਹਕੀ: ਸੰਗ੍ਯਾ- ਧੱਕਮਧੱਕੀ. ਕਸ਼ਮਕਸ਼। ੨. ਕ੍ਰਿ. ਵਿ- ਖਿੱਚੋ ਤਾਣੀ ਨਾਲ. "ਹਕਾਹਕੀ ਮਾਚਾ ਘਮਸਾਨਾ." (ਚਰਿਤ੍ਰ ੪੦੫)

ਹਕਾਨੀ: ਅ਼. حقّانی ਹ਼ੱਕ਼ਾਨੀ. ਵਿ- ਹ਼ੱਕ਼ ਸੰਬੰਧੀ. ਖੁਦਾਈ. "ਇਕੈ ਹਕਾਨੀ ਇਸ਼ਕ ਹੈ." (ਮਗੋ)

ਹਕਾਯਤ: ਅ਼. حکایت ਹ਼ਿਕਾਯਤ. ਸੰਗ੍ਯਾ- ਕਹਾਣੀ. ਕਥਾ.

ਹਕਾਯਤਾਂ, ਹਕਾਯਾਤ: ਅ਼. حکایات ਹ਼ਕਾਯਤ ਦਾ ਬਹੁ ਵਚਨ. ਕਹਾਣੀਆਂ। ੨. ਦਸਮਗ੍ਰੰਥ ਦੇ ਅੰਤ ਫ਼ਾਰਸੀ ਬੋਲੀ ਵਿੱਚ ਲਿਖੀਆਂ ੧੧. ਕਹਾਣੀਆਂ, ਜੋ ਕਿਸੇ ਲਿਖਾਰੀ ਨੇ ਜਫਰਨਾਮਹ ਨਾਲ ਜੋੜ ਦਿੱਤੀਆਂ ਹਨ ਅਤੇ ਜਿਨ੍ਹਾਂ ਦਾ ਜਫਰਨਾਮਹ ਨਾਲ ਕੋਈ ਸੰਬੰਧ ਨਹੀਂ.

ਹਕਾਰ: ਸੰਗ੍ਯਾ- ਪੁਕਾਰ. ਸੱਦ. ਹਾਕ. ਦੇਖੋ, ਹੇ ਧਾ। ੨. ਹਾਹਾ ਅੱਖਰ। ੩. ਹਾਹੇ ਦਾ ਉੱਚਾਰਣ.

ਹਕਾਰਤ: ਕ੍ਰਿ. ਵਿ- ਬੁਲਾਉਂਦਾ. ਹਕਾਰਨ ਕਰਦਾ। ੨. ਅ਼. حقارت ਹ਼ਕ਼ਾਰਤ. ਸੰਗ੍ਯਾ- ਹ਼ਕ਼ਰ (ਘਟੀਆ ਜਾਣਨ) ਦਾ ਭਾਵ. ਕਿਸੇ ਨੂੰ ਤੁੱਛ ਜਾਣਨਾ. ਨਫ਼ਰਤ. ਘ੍ਰਿਣਾ.

ਹਕਾਰਨਾ: ਕ੍ਰਿ- ਆਹ੍ਵਾਨ ਕਰਨਾ. ਬੁਲਾਉਣਾ. ਸੱਦਣਾ. ਹਾਕ ਦੇ ਕੇ ਬੁਲਾਉਣਾ. ਦੇਖੋ, ਹ੍ਵੇ ਧਾ.

ਹਕਾਰੜਾ, ਹਕਾਰਾ: ਬੁਲਾਵਾ. ਸੱਦਣ ਵਾਲਾ. ਦੇਖੋ, ਹਕਾਰਨਾ. "ਆਇਆ ਹਕਾਰਾ ਚਲਣ ਵਾਰਾ." (ਸਦੁ) ਫ਼ਾ. ہرکارہ ਹਰਕਾਰਹ. ਕਾਸਿਦ. ਡਾਕੀਆ.

ਹਕਿ: ਹੱਕ਼ ਮੇਂ. ਸਤ੍ਯ ਵਿੱਚ. "ਲਗੈ ਹਕਿ ਜਾਇ." (ਵਾਰ ਰਾਮ ੧. ਮਃ ੧)

ਹਕਿ ਨਿਆਇ: ਸੱਚੇ ਇਨਸਾਫ ਦ੍ਵਾਰਾ. ਹੱਕ਼ ਨਿਆਂ ਤੋਂ. "ਗੁਰਮੁਖ ਸਿਉ ਮਨਮੁਖ ਅੜੈ ਡੁਬੈ ਹਕਿ ਨਿਆਇ." (ਮਃ ੨. ਵਾਰ ਮਾਝ)

ਹਕੀਕਤ: ਅ਼. حقیقت ਹ਼ਕ਼ੀਕ਼ਤ. ਸੰਗ੍ਯਾ- ਅਸਲੀਅਤ. ਸਚਾਈ। ੨. ਹਾਲ. ਕਥਾ. "ਕਰੀ ਹੈ ਹਕੀਕਤ ਮਾਲੂਮ ਖੁਦ ਦੇਵੀ ਸੇਤੀ." (ਚੰਡੀ ੧) ੩. ਗਿਆਨ ਅਵਸਥਾ. ਦੇਖੋ, ਸੂਫੀ.

ਹਕੀਕਤ ਰਾਇ: ਸਿਆਲਕੋਟ ਨਿਵਾਸੀ ਬਾਘ ਮੱਲ (ਬਾਗ ਮੱਲ) ਪੁਰੀ ਖਤ੍ਰੀ ਦੇ ਘਰ, ਸਿੱਖ ਪੁਤ੍ਰੀ ਗੌਰਾਂ ਦੇ ਉਦਰ ਤੋਂ ਸੰਮਤ ੧੭੮੧ ਵਿੱਚ ਹਕੀਕਤ ਰਾਇ ਦਾ ਜਨਮ ਹੋਇਆ. ਵਟਾਲਾ ਨਿਵਾਸੀ ਸਹਿਜਧਾਰੀ ਸਿੱਖ ਕਿਸਨ ਚੰਦ ਉੱਪਲ ਖਤ੍ਰੀ ਦੀ ਸੁਪੁਤ੍ਰੀ ਦੁਰਗਾ ਦੇਵੀ ਨਾਲ ਵਿਆਹ ਹੋਇਆ ਅਤੇ ਭਾਈ ਬੁਧ ਸਿੰਘ ਵਟਾਲੀਏ ਦੀ ਸੰਗਤਿ ਤੋਂ ਸਿੱਖਧਰਮ ਦੇ ਨਿਯਮਾਂ ਦਾ ਵਿਸ਼੍ਵਾਸੀ ਹੋਇਆ. ਪਿਤਾ ਨੇ ਪੁਤ੍ਰ ਨੂੰ ਉਸ ਸਮੇਂ ਦੀ ਰਾਜਭਾਸ਼ਾ ਪੜ੍ਹਾਉਣ ਲਈ ਸ਼ਹਿਰ ਦੇ ਮਕਤਬ ਵਿੱਚ ਬੈਠਾਇਆ. ਇੱਕ ਦਿਨ ਜਮਾਤ ਦੇ ਮੁਸਲਮਾਨ ਮੁੰਡਿਆਂ ਨਾਲ ਹਕੀਕਤ ਦੀ ਧਰਮਚਰਚਾ ਛਿੜ ਪਈ. ਮੁਸਲਮਾਨਾਂ ਨੇ ਦੇਵੀ ਨੂੰ ਕੁਝ ਅਯੋਗ ਸ਼ਬਦ ਕਹੇ, ਇਸ ਪੁਰ ਹਕੀਕਤਰਾਇ ਨੇ ਆਖਿਆ ਕਿ ਜੇ ਅਜੇਹੇ ਅਪਮਾਨ ਭਰੇ ਸ਼ਬਦ ਮੁਹੰਮਦ ਸਾਹਿਬ ਦੀ ਪੁਤ੍ਰੀ ਫ਼ਾਤਿਮਾ ਦੀ ਸ਼ਾਨ ਵਿੱਚ ਵਰਤੇ ਜਾਣ ਤਾਂ ਤੁਹਾਨੂੰ ਕਿੰਨਾ ਦੁੱਖ ਹੋਵੇਗਾ. ਇਹ ਯੋਗ ਬਾਤ ਭੀ ਮੁੰਡਿਆਂ ਅਤੇ ਮੌਲਵੀ ਤੋਂ ਨਾ ਸਹਾਰੀ ਗਈ, ਅਰ ਸਿਆਲਕੋਟ ਦੇ ਹਾਕਮ ਅਮੀਰ ਬੇਗ ਤੋਂ ਹਕੀਕਤ ਰਾਇ ਦਾ ਚਾਲਾਨ ਲਹੌਰ ਦੇ ਸੂਬੇ ਪਾਸ ਕਰਵਾਇਆ. ਮੁਸਲਮਾਨ ਹਾਕਿਮਾਂ ਨੇ ਇਸ ਨੂੰ ਇਸਲਾਮ ਕਬੂਲ ਕਰਨ ਲਈ ਆਖਿਆ, ਪਰ ਹਕੀਕਤ ਨੇ ਇਨਕਾਰ ਕੀਤਾ. ਇਸ ਪੁਰ ਬਾਲਕ ਹਕੀਕਤ ਮਾਘ ਸੁਦੀ ੫. ਸੰਮਤ ੧੭੯੮ (ਸਨ ੧੯੪੧) ਨੂੰ ਖ਼ਾਨਬਹਾਦੁਰ (ਜਕਰੀਆਖ਼ਾਨ) ਗਵਰਨਰ ਦੇ ਹੁਕਮ ਨਾਲ ਕਤਲ ਕੀਤਾ ਗਿਆ. ਹਕੀਕਤ ਰਾਇ ਧਰਮੀ ਦੀ ਸਮਾਧਿ ਲਹੌਰ ਤੋਂ ਦੋ ਮੀਲ ਚੜ੍ਹਦੇ ਵੱਲ ਹੈ,

ਜਿਸ ਤੇ ਬਸੰਤ ਪੰਚਮੀ ਦਾ ਹਰ ਸਾਲ ਭਾਰੀ ਮੇਲਾ ਜੁੜਦਾ ਹੈ.

ਹਕੀਕਤ ਰਾਹ ਮੁਕਾਮ ਸਿਵ ਨਾਭ ਰਾਜੇ ਕੀ: ਕਿਸੇ ਸਿੱਖ ਦੀ ਸਿੰਹਲਦ੍ਵੀਪ (ਸੰਗਲਾਦੀਪ) ਯਾਤ੍ਰਾ ਦੀ ਲਿਖੀ ਹੋਈ ਯਾਦਦਾਸ਼੍ਤ. ਜੋ ਭਾਈ ਬੰਨੋ ਦੀ ਬੀੜ ਵਿੱਚ ਦਰਜ ਹੈ. ਇਸ ਨੂੰ ਭੀ ਕਿਤਨੇ ਅਗਿਆਨੀਆਂ ਨੇ "ਸਿਆਹੀ ਦੀ ਬਿਧਿ" ਵਾਂਙ ਪਾਠ ਦਾ ਅੰਗ ਬਣਾ ਲਿਆ ਹੈ.

ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਸ਼੍ਰੀ ਗੁਰੂ ਅਰਜਨ ਸਾਹਿਬ ਜੀ ਦਾ ਭੇਜਿਆ ਭਾਈ ਪੈੜਾ ਪ੍ਰਾਣਸੰਗਲੀ ਦੀ ਪੋਥੀ ਲੈਣ ਸੰਗਲਾਦੀਪ ਗਿਆ, ਉਸ ਨੇ ਪਰਤਕੇ ਜੋ ਸਫਰ ਦਾ ਹਾਲ ਗੁਰੂ ਸਾਹਿਬ ਦੀ ਸੇਵਾ ਵਿੱਚ ਅਰਜ ਕੀਤਾ, ਉਸ ਨੂੰ ਭਾਈ ਬੰਨੋ ਨੇ ਆਪਣੀ ਲਿਖੀ ਬੀੜ ਵਿੱਚ ਦਰਜ ਕੀਤਾ. ਯਥਾ-

"ਪੈੜਾ ਖਰੋ ਅਗ੍ਰ ਕਰ ਜੋਰxx

ਰਾਹ ਹਕੀਕਤ ਸਗਲ ਸੁਨਾਈxx

ਸੋ ਬੰਨੋ ਸਿਖ ਲਿਖੀ ਗਰੰਥ,

ਜਾਨਤ ਤਾਂਕੋ ਸਗਲੋ ਪੰਥ." (ਗੁਪ੍ਰਸੂ)

ਹਕੀਨ: ਅ਼. حقین ਹ਼ਕ਼ੀਨ. ਵਿ- ਨਿਗ੍ਰਹੀਤ. ਰੋਕਿਆ ਹੋਇਆ. ਇਸ ਦਾ ਮੂਲ ਹ਼ਕ਼ਨ ਹੈ. "ਰੰਗ ਤਮਾਸੇ ਮਾਣਿ ਹਕੀਨਾ." (ਮਾਰੂ ਸੋਲਹੇ ਮਃ ੫) ਮਨ ਇੰਦ੍ਰੀਆਂ ਨੂੰ ਵਸ ਕਰਕੇ ਰੰਗ ਤਮਾਸ਼ੇ ਮਾਣ.

ਹਕੀਨਾ: ਦੇਖੋ, ਹਕੀਨ.

ਹਕੀਮ: ਅ਼. حکیم ਹ਼ਕੀਮ. ਵਿ- ਹਿਕਮਤ ਰੱਖਣ ਵਾਲਾ. ਵਿਦ੍ਵਾਨ ਪੰਡਿਤ. ਦਾਨਾ. ਚਤੁਰ. ਫ਼ਿਲਾਸਫ਼ਰ. ਦਰ੍ਸ਼ਨਗਜ। ੨. ਸੰਗਯਾ- ਵੈਦ.

ਹਕੀਮਪੁਰ: ਦੇਖੋ, ਨਾਨਕਸਰ ਨੰਃ ੬.

ਹਕੀਯਤ: ਅ਼. حقیت ਹ਼ਕ਼ੀਯਤ. ਸੰਗਯਾ- ਸ੍ਵਤ੍ਵ. ਮਾਲਿਕੀਅਤ.

ਹਕੀਰ: ਅ਼. حقیر ਹ਼ਕ਼ੀਰ. ਵਿ- ਨਿਰਾਦਰ ਕੀਤਾ ਹੋਇਆ। ੨. ਤੁੱਛ. ਘਟੀਆ. ਅਦਨਾ.

ਹਕੁ: ਦੇਖੋ, ਹਕ. "ਮਰਣੁ ਮੁਣਸਾ ਸੂਰਿਆ ਹਕੁ ਹੈ." (ਵਡ ਮਃ ੧. ਅਲਾਹਣੀ)

ਹਕੂਕ: ਅ਼. حقوٗق ਹ਼ਕ਼ੂਕ਼. ਹ਼ੱਕ ਦਾ ਬਹੁ ਵਚਨ.

ਹਕੰਹਾਕ: ਹਾਕ ਉੱਪਰ ਹਾਕ. ਹਾਕਾਂ ਦਾ ਸ਼ੋਰ.

ਹੱਕ: ਦੇਖੋ, ਹਕ। ੨. ਸੰਗਯਾ- ਹਕਲਾਪਨ. ਆਵਾਜ਼ ਦਾ ਸਾਫ਼ ਨਾ ਨਿਕਲਣਾ. ਦੇਖੋ, ਹਕਲਾ. "ਉਸ ਨੂੰ ਬੋਲਦੇ ਹੋਏ ਹੱਕ ਪੈਂਦੀ ਹੈ". (ਲੋਕੋ) ੩. ਸੰ. ਹਾਥੀ ਨੂੰ ਬੁਲਾਉਣ ਲਈ ਹਥਵਾਨ ਦਾ ਸੰਕੇਤ ਕੀਤਾ ਸ਼ਬਦ। ੪. ਦੇਖੋ, ਹੱਕਣਾ। ੫. ਹਾਕ. ਪੁਕਾਰ. "ਹੱਕ ਦੇਵੰ ਕਰੰ." (ਰਾਮਾਵ)

ਹੱਕਣਾ: ਕ੍ਰਿ- ਪ੍ਰੇਰਨਾ. ਚਲਾਉਣਾ। ੨. ਧਕੇਲਣਾ, ਪੇਲਨਾ.

ਹੱਕਤਾਲਾ: ਅ਼. حقّ تعالےٰ ਹ਼ੱਕ਼ਤਆ਼ਲਾ. ਸਤਜਰੂਪ ਵਡਾ ਪਾਰਬ੍ਰਹਮ. "ਬੰਦਾ ਕੀ ਖ਼ੁਸ਼ਮਾਦ ਸੇ ਆਮਦ ਨ ਜਜਾਦਾ ਹੋਤ ਪਾਨਾ ਤੋ ਵਹੀ ਹੈ ਜੋ ਦਿਲਾਨਾ ਹੱਕਤਾਲਾ ਨੇ." (ਬਾਵਾ ਰਾਮਦਾਸ)

ਹੱਕਾ: ਦੇਖੋ, ਹਕਾ। ੨. ਦੇਖੋ, ਹਿਚਕੀ.

**ਹੱਕਾ ਬੱਕਾ:** ਵਿ- ਜਿਸ ਦਾ ਹੈਰਾਨੀ ਵਿੱਚ ਵਾਕ ਰੁਕ ਗਿਆ ਹੈ. "ਗਿਰੇ ਹੱਕ ਬੱਕੰ." (ਵਿਚਿਤ੍ਰ) ੨. ਹੈਰਾਨ ਹੋਕੇ ਜੜ੍ਹ ਸਾਮਾਨ ਹੋਇਆ.

**ਹਗ:** ਸੰ. ਹਦ੍. ਧਾ- ਮਲ ਤਿਆਗ ਕਰਨਾ. ਸੁਚੇ ਜਾਣਾ. ਹਗਣਾ. ਝਾੜੇ ਹੋਣਾ.

**ਹਗਾਮਾ:** ਫ਼ਾ. ہنگامہ ਹੰਗਾਮਹ. ਸੰਗਜਾ- ਵੇਲਾ. ਸਮਾਂ। ੨. ਆਦਮੀਆਂ ਦਾ ਇਕੱਠ. ਦੇਖੋ, ਹੰਗਾਮਾ। ੩. ਪੰਜਾਬੀ ਵਿੱਚ ਮਰੇ ਪ੍ਰਾਣੀ ਦੇ ਭੰਡਾਰੇ ਤੇ ਹੋਏ ਇਕੱਠ ਨੂੰ ਭੀ ਹਗਾਮਾ ਆਖਦੇ ਹਨ.

**ਹਚਕੋਲਾ:** ਸੰਗਜਾ- ਝੂਟਾ। ੨. ਧੱਕਾ। ੩. ਝਟਕਾ.

**ਹਛਨਈ:** ਸੰਗਜਾ- ਸ੍ਵੱਛਤਾ. ਨਿਰਮਲਤਾ. ਸਫਾਈ। ੨. ਵਿ- ਸ੍ਵੱਛਤਾ ਵਾਲਾ. ਨਿਰਮਲਾ. ਨਿਰਮਲੀ. "ਮਲੀਨ ਬੁਧਿ ਹਛਨਈ." (ਆਸਾ ਮਃ ੫)

**ਹਛਾ, ਹੱਛਾ:** ਸੰ. ਅਚ੍ਛ ਅੱਛ. ਵਿ- ਸ੍ਵੱਛ. ਨਿਰਮਲ. "ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ." (ਸੂਹੀ ਮਃ ੨) "ਨਾਨਕ ਨਾਉ ਖੁਦਾਇ ਦਾ ਦਿਲਿ ਹਛੈ ਮੁਖਿ ਲੇਹੁ." (ਵਾਰ ਮਾਝ ਮਃ ੧) "ਤਨਿ ਧੋਤੈ ਮਨੁ ਹਛਾ ਨ ਹੋਇ." (ਵਡ ਮਃ ੩) ੨. ਅਰੋਗ. ਤਨਦੁਰੁਸ੍ਤ. ਨਰੋਆ। ੩. ਚੰਬੇ (ਪਹਾੜ) ਦੀ ਬੋਲੀ ਵਿੱਚ ਹੱਛਾ ਸ਼ਬਦ ਉੱਜਲ (ਚਿੱਟੇ) ਅਤੇ ਸਾਫ ਲਈ ਵਰਤਿਆ ਜਾਂਦਾ ਹੈ.

**ਹਜ:** ਦੇਖੋ, ਹਜਿ ਅਤੇ ਹੱਜ। ੨. ਅ਼. حظ ਹ਼ਜ. ਪ੍ਰਸੰਨਤਾ. ਖੁਸ਼ੀ। ੩. ਹਿੱਸਾ. ਭਾਗ। ੪. ਸ੍ਵਾਦ. ਚਸਕਾ.

**ਹਜਦਹ:** ਫ਼ਾ. ہژدہ ਹਜ਼ਦਹ. ਅਸ਼੍ਟਾਦਸ਼. ਅਠਾਰਾਂ. ਦਸ ਅਤੇ ਅੱਠ.

**ਹਜਮ:** ਅ਼. ہضم ਹਜਮ. ਤੋੜਨਾ. ਚੂਰ ਕਰਨਾ। ੨. ਪਚਣਾ. ਮੇਦੇ ਵਿੱਚ ਜਾਕੇ ਗਿਜਾ ਦਾ ਹੱਲ ਹੋਣਾ.

**ਹਜਰਤ:** ਅ਼. حضرت ਹ਼ਜਰਤ. ਸੰਗਜਾ- ਸਮੀਪਤਾ. ਨਜ਼ਦੀਕੀ. ਹੁਜ਼ੂਰ। ੨. ਬਜੁਰਗਾਂ ਦੇ ਨਾਉਂ ਨਾਲ ਸਨਮਾਨ ਬੋਧਕ ਸ਼ਬਦ. "ਹਜਰਤ ਜੋ ਫਰਮਾਇਆ ਫਤਵਾ ਮੰਝ ਕਿਤਾਬ." (ਜਸਾ)

**ਹਜਰਾਤ, ਹਜਰਾਯਤ:** ਦੇਖੋ, ਹਾਜਾਰਾਤ.

**ਹਜਰੋ:** ਅਟਕ ਜਿਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ. ਦੇਖੋ, ਰਾਮ ਸਿੰਘ ੮.

**ਹਜਵ:** ਦੇਖੋ, ਹਜੋ.

**ਹਜਾਮਤ:** ਅ਼. حجامت ਹ਼ਜਾਮਤ. ਖਲੜੀ ਪੱਛਕੇ ਸਿੰਗੀ ਨਾਲ ਲਹੂ ਖਿੱਚਣਾ। ੨. ਭਾਵ- ਮੁੰਡਨ ਕਰਨਾ. ਸਿੰਗੀ ਲਾਉਣ ਵੇਲੇ ਰੋਮ ਮੁੰਨਕੇ ਜਗਾ ਸਾਪ ਕਰ ਲੈਂਦੇ ਹਨ, ਇਸ ਲਈ ਮੁੰਡਨ ਅਰਥ ਵਿੱਚ ਹਜਾਮਤ ਸ਼ਬਦ ਆਇਆ ਹੈ.

**ਹਜਾਰ:** ਫ਼ਾ. ہزار ਹਜ਼ਾਰ. ਸੰਗਜਾ- ਦਸ ਸੌ. ਸਹਸ੍ਰ- ੧੦੦੦.

**ਹਜ਼ਾਰ ਦਾਸਤਾਂ:** ਫ਼ਾ. ہزارداستان- ہزارداستاں ਸੰਗਜਾ- ਹਜ਼ਾਰ ਕਹਾਣੀਆਂ। ੨. ਹਜਾਰਾਂ (ਭਾਵ ਅਨੰਤ) ਬੋਲੀਆਂ ਬੋਲਣ ਵਾਲਾ ਪੰਛੀ. ਇਹ ਖਾਸ ਨਾਉਂ ਲਟੋਰੇ ਦੀ ਕਿਸਮ ਦੇ ਇੱਕ ਪੰਛੀ ਦਾ ਹੈ, ਜੋ ਖਾਕੀ ਰੰਗ ਦਾ ਹੁੰਦਾ ਹੈ ਅਤੇ ਅਨੇਕ ਪ੍ਰਕਾਰ ਦੀਆਂ ਬੋਲੀਆਂ ਬੋਲਦਾ ਹੈ. ਇਸਦਾ ਕੱਦ ਅਗਨ ਤੋਂ ਵਡਾ ਅਤੇ ਗੁਟਾਰ ਤੋਂ ਛੋਟਾ ਹੁੰਦਾ ਹੈ. ਕਵੀਆਂ ਨੇ ਅਗਨ, ਚੰਡੋਲ ਅਤੇ ਬੁਲਬੁਲ ਦਾ ਨਾਉਂ ਭੀ "ਹਜਾਰਦਾਸਤਾਂ" ਲਿਖਿਆ ਹੈ. "ਤੀਤਰ ਚਕੋਰ ਚਾਰੁ ਦਾਸਤਾਂਹਜਾਰ ਲਾਲ, ਪਿੰਜਰੇ ਮਝਾਰ ਪਾਇ ਧਰੇ ਪਾਂਤਿ ਪਾਂਤਿ ਕੇ." (ਗੁਪ੍ਰਸੂ) ਦੇਖੋ, ਅਗਨ, ਚੰਡੋਲ ਅਤੇ ਬੁਲਬੁਲ.

**ਹਜਾਰਾ:** ਵਿ- ਹਜਾਰ ਸੰਖਜਾ (ਗਿਣਤੀ) ਵਾਲਾ। ੨. ਜੇਠਾ। ੩. ਵਡਮੁੱਲਾ। ੪. ਸੰਗਜਾ- ਹਜਾਰ (ਅਨੰਤ) ਪੰਖੜੀਆਂ ਵਾਲਾ ਗੇਂਦਾ। ੫. ਅਨੇਕ ਧਾਰਾਂ ਵਾਲਾ ਫੁਹਾਰਾ। ੬. ਉੱਤਰ ਪੱਛਮੀ ਸਰਹੱਦੀ ਇਲਾਕੇ (N. W. F. P. ) ਦਾ ਇੱਕ ਜਿਲਾ.

ਮਹਾਭਾਰਤ ਅਤੇ ਮਾਰਕੰਡੇਯ ਵਿੱਚ ਇਸ ਇਲਾਕੇ ਦਾ ਨਾਉਂ ਅਭਿਸਾਰ ਹੈ। ੭. ਅਫ਼ਗ਼ਾਨਿਸਤਾਨ ਵਿੱਚ ਇੱਕ ਪਿੰਡ। ੮. ਜਿਲਾ ਅਤੇ ਤਸੀਲ ਜਲੰਧਰ ਦਾ ਇੱਕ ਪਿੰਡ, ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਚਰਣ ਪਾਏ ਹਨ.

ਹਜਾਰਾ ਸਿੰਘ: ਸਰਹਿੰਦ ਨਿਵਾਸੀ ਇੱਕ ਬਾਣੀਆ, ਜੋ ਦਸ਼ਮੇਸ਼ ਜੀ ਤੋਂ ਅਮ੍ਰਿਤ ਛਕਕੇ ਸਿੰਘ ਸਜਿਆ ਅਤੇ ਮਹਾਨ ਯੋਧਾ ਹੋਇਆ. ਇਸ ਨੇ ਆਨੰਦਪੁਰ ਦੇ ਜੰਗਾਂ ਵਿੱਚ ਵਡੀ ਵੀਰਤਾ ਦਿਖਾਈ.

ਹਜਾਰੇ ਸਬਦ: ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ੭. ਅਤੇ ਦਸਮਗ੍ਰੰਥ ਦੇ ੧੦. ਸ਼ਬਦ, ਪ੍ਰੇਮੀ ਸਿੱਖਾਂ ਤੋਂ 'ਹਜਾਰੇ' ਕਹੇ ਜਾਂਦੇ ਹਨ. ਇਹ ਨਾਉਂ ਗੁਰੂ ਸਾਹਿਬ ਨੇ ਨਹੀਂ ਰੱਖਿਆ ਅਤੇ ਨਾ ਸਤਿਗੁਰਾਂ ਵੇਲੇ ਇਹ ਸੰਗਯਾ ਪਈ. ਭਾਵ ਹਜਾਰ ਤੋਂ ਪ੍ਰਧਾਨ- ਮੁੱਖ- ਚੁਣੇ ਹੋਏ ਆਦਿਕ ਹੈ। ੨. ਕਈ ਪ੍ਰੇਮੀ ਹਿਜਰ (ਵਿਯੋਗ) ਤੋਂ ਹਜਾਰੇ ਮੰਨਦੇ ਹਨ. ਮਾਝ ਦਾ ਸ਼ਬਦ, ਸ਼੍ਰੀ ਗੁਰੂ ਅਰਜਨ ਦੇਵ ਜੀ ਦਾ, ਪਿਤਾ ਗੁਰੂ ਦੇ ਵਿਯੋਗ ਵਿੱਚ ਹੈ, ਅਤੇ ਵਿਯੋਗੀ ਦੀ ਦਸ਼ਾ "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਦਸਮਗ੍ਰੰਥ ਵਿੱਚ ਦੇਖੀਦਾ ਹੈ.

ਹਜਿ: ਹੱਜ ਲਈ. ਹੱਜ ਨੂੰ. "ਕੋਈ ਨਾਵੈ ਤੀਰਥਿ ਕੋਈ ਹਜਿ ਜਾਇ." (ਰਾਮ ਮਃ ੫) ਦੇਖੋ, ਹੱਜ.

ਹਜੀਰ, ਹਜੀਰਾਂ: ਦੇਖੋ, ਹੰਜੀਰਾਂ.

ਹਜੂਮ: ਦੇਖੋ, ਹੁਜੂਮ.

ਹਜੂਰ: ਅ਼. حضوُر ਹ਼ਜ਼ੂਰ. ਵਿ- ਪ੍ਰਤੱਖ. ਹਾਜਿਰ. "ਅੰਤਰਜਾਮੀ ਸਦਾ ਹਜੂਰ." (ਟੋਡੀ ਮਃ ੫) ੨. ਵ੍ਯ- ਸਤਕਾਰ ਬੋਧਕ ਸ਼ਬਦ. ਸ਼੍ਰੀ ਮਾਨ!

ਹਜੂਰ ਸਾਹਿਬ: ਦੇਖੋ, ਅਬਿਚਲਨਗਰ.

ਹਜੂਰ ਹਾਜਰ: ਦੇਖੋ, ਹਾਜਰ ਹਜੂਰ.

ਹਜੂਰੀ: ਫ਼ਾ. حضوُری ਹ਼ਜ਼ੂਰੀ. ਸੰਗਯਾ- ਹਾਜਿਰਬਾਸ਼ੀ. ਹਾਜਿਰ ਹੋਣ ਦਾ ਭਾਵ। ੨. ਵਿ- ਹਾਜਿਰ ਰਹਿਣ ਵਾਲਾ. ਜਿਵੇਂ- ਹਜੂਰੀ ਸੇਵਕ. ਹਜੂਰੀ ਸੰਗਤਿ.

ਹਜੂਰੀਆ: ਵਿ- ਜਿਸ ਨੇ ਹਜੂਰ ਸਾਹਿਬ (ਅਬਿਚਲਨਗਰ) ਦੀ ਯਾਤ੍ਰਾ ਕੀਤੀ ਹੈ।[321] ੨. ਹਜੂਰ ਸਾਹਿਬ ਵਿੱਚ ਰਹਿਣ ਵਾਲਾ। ੩. ਹਾਜਿਰਬਾਸ਼. ਨਿਕਟਵਰਤੀ.

ਹਜੂਰੀਐ: ਹਜੂਰ ਮੇਂ ਹੈ. ਪ੍ਰਤੱਖ ਹੈ. ਪਾਸ ਹੈ. "ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ." (ਗੁਪ੍ਰਸੂ)

ਹਜੋ: ਅ. ہجو ਹਜਵ. ਸੰਗਯਾ- ਨਿੰਦਾ. ਅਪਕੀਰਤਿ. "ਹਜੋ ਆਪਕੀ ਜਗਤ ਅਲਾਵੈ." (ਵਾਰ ਜੈਤ)

ਹੱਜ: ਅ਼. حج ਹ਼ੱਜ. ਕਾਬੇ ਦੀ ਯਾਤ੍ਰਾ, ਜੋ ਮੁਸਲਮਾਨ ਲਈ ਧਰਮ ਦਾ ਉਸੂਲ (ਨਿਯਮ) ਜਾਣਕੇ ਕਰਨੀ ਜ਼ਰੂਰੀ ਹੈ.

ਇਹ ਹਿਜਰੀ ਸਾਲ ਦੇ ਬਾਰ੍ਹਵੇਂ ਮਹੀਨੇ "ਜੁਲਹਿ਼ਜਹ" ذوالحجہ ਵਿੱਚ ਹੁੰਦੀ ਹੈ. ਇਸ ਦੇ ਕਰਨ ਦੀ ਰੀਤਿ ਇਹ ਹੈ-

ਜਦ ਮੱਕਾ ਇੱਕ ਪੜਾਉ ਰਹਿ ਜਾਵੇ, ਤਦ ਯਾਤ੍ਰੀ ਇਸਨਾਨ ਕਰਕੇ "ਏਹ਼ਰਾਮ" احرام ਬੰਨ੍ਹੇ, ਅਰਥਾਤ ਪਹਿਲੇ ਵਸਤ੍ਰ ਤਿਆਗਕੇ ਕੇਵਲ ਦੋ ਚਾਦਰਾਂ ਰੱਖੇ, ਇੱਕ ਤੇੜ ਅਤੇ ਦੂਜੀ ਸਰੀਰ ਉੱਤੇ. ਜੁੱਤੀ ਦਾ ਤਿਆਗ ਕਰੇ. ਖੜਾਵਾਂ ਪਹਿਰਨ ਦੀ ਰੋਕ ਨਹੀਂ. ਗੀਤ "ਤਲਬੀਯਾ" تلبیہ ਗਾਉਂਦਾ ਹੋਇਆ ਮੱਕੇ ਪਹੁੰਚੇ. ਗੀਤ ਦਾ ਅਰਥ ਇਹ ਹੈ- "ਮੈ ਤੇਰੀ ਸੇਵਾ ਲਈ ਖੜਾ ਹਾਂ, ਤੇਰਾ ਸ਼ਰੀਕ ਕੋਈ ਨਹੀਂ, ਨਿਸਚੇ ਕਰਕੇ ਤੇਰੀ ਹੀ ਉਸਤਤਿ ਹੈ, ਤੇਰੀ ਹੀ ਬਾਦਸ਼ਾਹਤ ਹੈ."

ਕਾਬੇ ਮੰਦਿਰ ਪਾਸ ਜਾਕੇ ਇਸਨਾਨ ਕਰੇ ਅਤੇ "ਸੰਗ ਅਸਵਦ" سنگ اسود ਨੂੰ ਚੁੰਮੇ. ਸੱਤ "ਤ਼ਵਾਫ਼" طواف (ਪਰਿਕ੍ਰਮਾ) ਕਾਬੇ

[321] ਮੁਸਲਮਾਨਾਂ ਵਿੱਚ ਜੇਹਾ ਹਾਜੀ ਦਾ ਮਾਨ ਹੈ, ਤੇਹਾ ਹੀ ਸਿੱਖਾਂ ਵਿੱਚ ਹਜੂਰੀਏ ਦਾ ਹੈ.

ਦੀਆਂ ਕਰੇ, ਤਿੰਨ ਤੇਜ ਚਾਲ ਨਾਲ ਅਤੇ ਚਾਰ ਹੌਲੀ ਹੌਲੀ. ਕਾਬੇ ਨੂੰ ਆਪਣੇ ਖੱਬੇ ਹੱਥ ਰੱਖੇ. ਹਰ ਪਰਿਕ੍ਰਮਾ ਕਰਦਾ ਕਾਲੇ ਪੱਥਰ ਨੂੰ ਚੁੰਮੇ. ਫੇਰ ਇਬਰਾਹੀਮ ਦੇ ਮਕਾਮ ਪੁਰ ਜਾਵੇ ਅਤੇ ਉੱਥੇ ਪ੍ਰਾਰਥਨਾ ਕਰੇ. ਉੱਥੋਂ ਹਟਕੇ ਪਹਾੜੀ "ਸਫ਼ਾ ਮਰੂਹ" صفا - مروہ ਉੱਪਰ ਜਾਕੇ ਕਾਬੇ ਵੱਲ ਮੂੰਹ ਕਰਕੇ ਪ੍ਰਾਰਥਨਾ ਕਰੇ, ਫੇਰ ਮਰਵਾ ਚੋਟੀ ਤੇ ਜਾਕੇ ਪ੍ਰਾਰਥਨਾ ਕਰੇ, ਫੇਰ ਕਾਬੇ ਵਿੱਚ ਆਕੇ "ਖ਼ੁਤ਼ਬਾ" خطبہ ਸੁਣੇ, ਫੇਰ ਮਕਾਮ "ਮਿਨਾ" منیٰ ਪੁਰ ਜਾਕੇ ਰਾਤ ਰਹੇ. ਉੱਥੋਂ ਪਹਾੜੀ "ਅ਼ਰਫ਼ਾਤ" عرفات ਨੂੰ ਜਾਵੇ. ਉੱਥੇ ਪ੍ਰਾਰਥਨਾ ਕਰੇ. ਅਤੇ ਖ਼ੁਤਬਾ ਸੁਣੇ. ਇਥੋਂ "ਮੁਜ਼ਦਲਿਫ਼ਾ" مزدلفہ ਮਕਾਮ ਪੁਰ ਸੰਝ ਦੀ ਨਮਾਜ਼ ਪੜ੍ਹੇ.

ਉੱਪਰ ਦੱਸੀ ਸਾਰੀ ਕ੍ਰਿਯਾ ਨੌਵੀਂ ਤਿਥਿ ਤੀਕ ਸਮਾਪਤ ਕਰਕੇ ਦਸਵੀਂ ਜੋ "ਨਹ਼ਰ" نہر ਕੁਰਬਾਨੀ ਦਾ ਦਿਨ ਹੈ, ਉਸ ਵਿੱਚ ਮੁਜ਼ਦਲਿਫ਼ਾ ਮਕਾਮ ਪੁਰ ਨਮਾਜ਼ ਪੜ੍ਹਕੇ ਸ਼ੈਤ਼ਾਨ ਦੇ (ਥੰਮ) ਪਾਸ ਜਾਕੇ ਸੱਤ ਪੱਥਰ ਸੁਟੇ. ਫੇਰ ਮਿਨਾ ਪਹੁੰਚਕੇ ਕੁਰਬਾਨੀ ਦੇਵੇ. ਬਕਰਾ, ਦੁੰਬਾ, ਗਾਂ, ਅਥਵਾ ਉੱਠ ਨੂੰ ਕਾਬੇ ਵੱਲ ਸਿਰ ਕਰਕੇ ਲਿਟਾਵੇ, ਪਸ਼ੂ ਦੇ ਸੱਜੇ ਪਾਸੇ ਖੜਾ ਹੋਕੇ "ਅੱਲਾਹੂ ਅਕਬਰ" ਕਹਿਕੇ ਗਲ ਤੇ ਛੁਰੀ ਚਲਾਵੇ. ਇਸ ਪਿੱਛੋਂ ਹਾਜੀ "ਏਹਰਾਮ" ਤਿਆਗਕੇ ਮਨ ਭਾਉਂਦੇ ਵਸਤ੍ਰ ਪਹਿਰੇ, ਮੁੰਡਨ ਕਰਾਵੇ, ਨਹੁੰ ਲੁਹਾਵੇ, ਅਰ ਤਿੰਨ ਦਿਨ ਮੱਕੇ ਹੋਰ ਠਹਿਰੇ, ਮੱਕੇ ਤੋਂ ਤੁਰਨ ਵੇਲੇ ਕਾਬੇ ਦੀ ਫੇਰ ਪਰਿਕ੍ਰਮਾ ਕਰੇ ਅਤੇ ਸ਼ੈਤਾਨ ਦੇ ਥੰਮ ਤੇ ਸੱਤ ਵੱਟੀਆਂ ਸੁੱਟੇ, ਅਤੇ ਜ਼ਮਜ਼ਮ زمزم ਖੂਹ ਦਾ ਪਾਣੀ ਪੀਵੇ.

ਬਹੁਤੇ ਮੁਸਲਮਾਨ ਮੱਕੇ ਦੀ ਯਾਤ੍ਰਾ ਪਿੱਛੋਂ ਹਜਰਤ ਮੁਹੰਮਦ ਦੀ ਕ਼ਬਰ ਦੀ ਯਾਤ੍ਰਾ ਲਈ ਮਦੀਨੇ ਜਾਂਦੇ ਹਨ ਅਤੇ ਇਸ ਬਿਨਾ ਹੱਜ ਪੂਰਣ ਨਹੀਂ ਸਮਝਦੇ, ਪਰ "ਵਹਾਬੀ" ਲੋਕ ਕਬਰ ਦਾ ਸਨਮਾਨ ਧਰਮ ਵਿਰੁੱਧ ਮੰਨਦੇ ਹਨ, ਇਸ ਲਈ ਉਹ ਮਦੀਨੇ ਦੀ ਯਾਤ੍ਰਾ ਨਹੀਂ ਕਰਦੇ.

ਜੋ ਉੱਪਰ ਲਿਖੀ ਰੀਤੀ ਨਾਲ ਹੱਜ ਕਰਦਾ ਹੈ ਉਹ ਹਾਜੀ ਸੱਦੀਦਾ ਹੈ. "ਕਿਆ ਹਜ ਕਾਬੈ ਜਾਂਏ." (ਪ੍ਰਭਾ ਕਬੀਰ) ਦੇਖੋ, ਮੱਕਾ ਸ਼ਬਦ.

ਹੱਜਾਮ: ਅ਼. حجّام ਹ਼ੱਜਾਮ. ਹਜਾਮਤ ਕਰਨ ਵਾਲਾ. ਸਿੰਗੀਆਂ ਲਾਕੇ ਲਹੂ ਕੱਢਣ ਵਾਲਾ. ਦੇਖੋ, ਹਜਾਮਤ। ੨. ਭਾਵ- ਮੁੰਡਨ ਕਰਨ ਵਾਲਾ ਨਾਈ.

ਹਟ: ਹਟਣਾ ਦਾ ਅਮਰ. ਮੁੜ. ਪਰਤ। ੨. ਸੰ. हट् ਧਾ- ਪ੍ਰਕਾਸ਼ਿਤ ਹੋਣਾ. ਚਮਕਣਾ। ੩. ਸੰ. हट्ट ਹੱਟ. ਸੰਗਯਾ- ਦੁਕਾਨ. ਹਾਟ। ੪. ਬਾਜਾਰ. "ਦਸਚਾਰਿ ਹਟੁ ਤੁਧੁ ਸਾਜਿਆ." (ਵਾਰ ਸ੍ਰੀ ਮਃ ੪) ਇਸ ਥਾਂ ਭਾਵ ਚੌਦਾਂ ਲੋਕ ਹੈ। ੫. ਹਰਟ ਦਾ ਸੰਖੇਪ. ਦੇਖੋ, ਹਟਮਾਲ.

ਹਟਕ: ਸੰਗਯਾ- ਰੁਕਾਵਟ. ਪ੍ਰਤਿਬੰਧ.

ਹਟਕਣੁ, ਹਟਕਨਾ: ਕ੍ਰਿ- ਵਰਜਣਾ. ਰੋਕਣਾ. "ਜਿਹ ਦਰ ਆਵਤ ਜਾਤਿਅਹੁ ਹਟਕੈ ਨਾਹੀ ਕੋਇ." (ਸ. ਕਬੀਰ)

ਹਟਕਾਰ: ਸੰਗਯਾ- ਰੁਕਾਵਟ. ਪ੍ਰਤਿਬੰਧ। ੨. ਹਟਾਉਣ ਦੀ ਕ੍ਰਿਯਾ. ਵਰਜਣਾ.

ਹਟਣਾ, ਹਟਣੁ: ਕ੍ਰਿ- ਰੁਕਣਾ। ੨. ਲੌਟਣਾ. ਮੁੜਨਾ. ਪਰਤਣਾ। ੩. ਨਟਨਾ. ਮੁੱਕਰਨਾ। ੪. ਟਲਣਾ. "ਕਿਉ ਏਦੂ ਬੋਲਹੁ ਹਟੀਐ." (ਵਾਰ ਰਾਮ ੩)

ਹਟਤਾਰ, ਹਟਤਾਰਿ, ਹਟਤਾਲ: ਸੰ. हट्टतालक ਹੱਟਤਾਲਕ. ਹੜਤਾਲ. ਸੰਗਯਾ- ਦੁਕਾਨਾਂ ਨੂੰ ਜੰਦ੍ਰਾ ਮਾਰਨਾ. ਹੱਟ ਬੰਦ ਕਰਨੀ."ਜਮਹਿ ਕੀਓ ਹਟਤਾਰਿ." (ਸੋਰ ਮਃ ੫) ਯਮ ਨੇ ਦਫਤਰ ਬੰਦ ਕਰ ਦਿੱਤਾ। ੨. ਰੋਸ ਨਾਲ ਕੰਮ ਕਾਜ ਛੱਡਕੇ ਬਹਿਣਾ. Strike.

ਹਟਨਾਲਾ, ਹਟਨਾਲੀ: ਸੰ. हट्टप्रणालिका ਹੱਟ ਪ੍ਰਣਾਲਿਕਾ. ਹੱਟਾਂ ਦੀ ਸਤਰ. ਦੁਕਾਨਾਂ ਦੀ ਪੰਕਤਿ. ਬਾਜਾਰ. "ਦੁਇ ਦੀਵੇ ਚਉਦਹ ਹਟਨਾਲੇ." (ਵਾਰ ਸੂਹੀ ਮਃ ੧) ਸੂਰਜ ਚੰਦ੍ਰਮਾ ਦੋ ਦੀਵੇ, ਚੌਦਾਂ ਲੋਕ ਬਾਜਾਰ. "ਘਰ ਮੰਦਰ ਹਟਨਾਲੇ ਸੋਹੇ ਜਿਸ ਵਿਚਿ ਨਾਮ ਨਿਵਾਸੀ." (ਸੂਹੀ ਛੰਤ ਮਃ ੫) ਭਾਵ ਅੰਤਹਕਰਣ ਅਤੇ ਇੰਦ੍ਰੀਆਂ.

ਹਟਮਾਲ: ਸਂ. ਅਰਘੱਟ ਮਾਲਾ. ਸੰਗਯਾ- ਹਰਟ (ਅਰਘੱਟ) ਦੀ ਮਾਲਾ, ਜਿਸ ਨਾਲ ਟਿੰਡਾਂ ਬੰਨ੍ਹੀਆਂ ਰਹਿੰਦੀਆਂ ਹਨ. "ਕਰ ਹਰਿ ਹਟਮਾਲ ਟਿੰਡ ਪਰੋਵਹੁ." (ਬਸੰ ਮਃ ੧)

ਹਟਵਾਣੀ, ਹਟਵਾਣੀਓ, ਹਟਵਾਣੀਆ: ਸਂ. हट्टवणिक ਹੱਟਵਣਿਕ. ਵਿ- ਦੁਕਾਨਦਾਰ. "ਹਟਵਾਣੀ ਧਨ ਮਾਲ ਹਾਟਕੀਤ." (ਬਸੰ ਮਃ ੫) "ਬਿਖੁ ਸੰਚੈ ਹਟਵਾਣੀਆ." (ਗਉ ਮਃ ੪)

ਹਟੜੀ: ਸੰਗਯਾ- ਹੱਟ. ਦੁਕਾਨ. "ਤਨੁ ਹਟੜੀ ਇਹੁ ਮਨ ਵਣਜਾਰਾ." (ਸਿਧਗੋਸਟਿ) ੨. ਹੱਟ ਦੀ ਸ਼ਕਲ ਦਾ ਮਿੱਟੀ ਦਾ ਖੇਡਣਾ, ਜਿਸ ਤੇ ਹਿੰਦੂ ਦਿਵਾਲੀ ਨੂੰ ਦੀਵੇ ਜਗਾਉਂਦੇ ਹਨ। ੩. ਭਾਵ- ਦੇਹ. ਸ਼ਰੀਰ. "ਹਟੜੀ ਛੋਡਿ ਚਲਿਆ ਵਣਜਾਰਾ." (ਲੋਕੋ) ਭਾਵ- ਜੀਵਾਤਮਾ ਦੇਹ ਨੂੰ ਛੱਡ ਤੁਰਿਆ.

ਹਟਿ ਹਾਟ: ਪ੍ਰਤਿ ਹੱਟ. ਹੱਟੀ ਹੱਟੀ. "ਗੁਰ ਬਚਨਿ ਬਿਕਾਨੋ ਹਟਿ ਹਾਟ." (ਮਾਲੀ ਮਃ ੪) ਭਾਵ- ਹਰੇਕ ਗੁਰੁਮੁਖਾਂ ਦੇ ਸਮਾਜ ਵਿੱਚ.

ਹਟੀ: ਦੇਖੋ, ਹਟਣਾ। ੨. ਦੇਖੋ, ਹੱਟੀ.

ਹਟੁ: ਦੇਖੋ, ਹਟ ੩.

ਹਟੂਆ, ਹਟੋਵਾ, ਹਟੌਆ: ਵਿ- ਹੱਟ ਕਰਨ ਵਾਲਾ. ਦੁਕਾਨਦਾਰ. ਦੇਖੋ, ਸੂਤ ਕੇ ਹਟੂਆ.

ਹੱਟ, ਹੱਟੀ: ਦੇਖੋ, ਹਟ ੩.

ਹੱਟੀ ਸਾਹਿਬ: ਦੇਖੋ, ਸੁਲਤਾਨਪੁਰ.

ਹਠ: ਸਂ. हठ ਧਾ- ਟਪੂਸੀ ਮਾਰਨੀ. ਘਾਤਕੀ ਹੋਣਾ. ਖੋਟਾ ਹੋਣਾ. ਜ਼ੁਲਮ ਕਰਨਾ. ਜਬਰ ਕਰਨਾ. ਜਕੜਨਾ। ਸੰਗਯਾ- ਜਿਦ. ਅੜੀ. "ਹਠ ਕਰਿ ਮਰੈ ਨ ਲੇਖੈ ਪਾਵੈ." (ਗਉ ਅਃ ਮਃ ੧) ੩. ਸਿੰਧੀ. ਹਠੁ. ਦੇਹ. ਸ਼ਰੀਰ. "ਹਠ ਮਝਾਹੂ ਮਾਪਿਰੀ." (ਸ਼੍ਰੀ ਛੰਤ ਮਃ ੫)

ਹਠ ਕਰਮ, ਹਠ ਧਰਮ: ਦੇਖੋ, ਹਠੇ ਕਰਮ ਅਤੇ ਹਠ ਧਰਮੀ.

ਹਠ ਧਰਮੀ: ਸੰਗਯਾ- ਜਿਦ. ਅੜੀ। ੨. ਵਿ- ਹਠ ਧਰਮ ਧਾਰਨ ਵਾਲਾ. ਹਠੀਆ. ਜ਼ਿੱਦੀ. ਅੜੀਅਲ.

ਹਠ ਨਿਗ੍ਰਹ, ਹਠ ਨਿਗ੍ਰਹਿ: ਸੰਗਯਾ- ਹਠ ਨਾਲ ਇੰਦ੍ਰੀਆਂ ਦੇ ਰੋਕਣ ਦਾ ਕਰਮ. ਭਾਵ- ਮਨ ਸ਼ਾਂਤ ਨਹੀਂ, ਪਰ ਲੋਕ ਲਾਜ ਆਦਿਕ ਦੇ ਭੈ ਨਾਲ ਇੰਦ੍ਰੀਆਂ ਨੂੰ ਰੋਕਕੇ ਰੱਖਣਾ. "ਹਠ ਨਿਗ੍ਰਹਿ ਅਤਿ ਰਹਤ." (ਕਾਨ ਮਃ ੫)

ਹਠ ਯੋਗ: ਸੰਗਯਾ- ਹਠ ਨਾਲ ਸਿੱਧ ਹੋਣ ਵਾਲਾ ਯੋਗ. ਦੇਖੋ, ਅਸਟਾਂਗ। ੨. ਹਠ ਯੋਗ ਪ੍ਰਦੀਪਿਕਾ ਵਿੱਚ ਲਿਖਿਆ ਹੈ ਕਿ "ਹ" ਸੂਰਜ "ਠ" ਚੰਦ੍ਰਮਾ. ਇਨ੍ਹਾਂ ਦੋਹਾਂ ਦਾ ਯੋਗ (ਸੰਬੰਧ) ਕਰਨਾ ਹਠ ਯੋਗ ਹੈ. ਭਾਵ- ਇੜਾ ਅਤੇ ਪਿੰਗਲਾ ਦਾ ਸੁਖਮਨਾ ਨਾਲ ਜੋੜਨਾ.

ਹਠਲੀ: ਵਿ- ਹਠ ਵਾਲੀ. ਆਪਣੇ ਇਰਾਦੇ ਤੋਂ ਨਾ ਮੁੜਨ ਵਾਲੀ. "ਮੁਹਕਮ ਫੌਜ ਹਠਲੀ ਰੇ." (ਆਸਾ ਮਃ ੫)

ਹਠਵਾਰ, ਹਠਵਾਰਾ: ਵਿ- ਹਠ ਵਾਲਾ. ਹਠੀਆ.

ਹਠਾ: ਵਿ- ਹਠ ਵਾਲਾ (ਵਾਲੇ). "ਚਲੇ ਬੀਰ ਧੀਰੰ ਹਠੇ." (ਗਜਾਨ)

ਹਠਿ: ਹਠ ਕਰਕੇ. ਹਠ ਤੋਂ. "ਹਠਿ ਨ ਪਤੀਜੈ ਨਾ ਬਹੁ ਭੇਖੈ." (ਧਨਾ ਅਃ ਮਃ ੧)

ਹਠਿਓ: ਦੇਖੋ, ਹਠਜੋ.

ਹਠੀ, ਹਠੀਆ: ਵਿ- ਜਿੱਦੀ. ਹਠ ਵਾਲਾ. ਹਠੀ ਦੋ ਪ੍ਰਕਾਰ ਦੇ ਹਨ. ਇੱਕ ਅੰਧ ਵਿਸ਼੍ਵਾਸੀ, ਜੋ ਯਥਾਰਥ ਜਾਣਨ ਪੁਰ ਭੀ ਅਗਿਆਨ ਨਾਲ ਦ੍ਰਿੜ੍ਹ ਕੀਤੀ ਗੱਲ ਨੂੰ ਨਾ ਤਿਆਗੇ. ਇਹ ਨਿੰਦਿਤ ਹਠੀ ਹੈ.

ਜਾਰ ਕੋ ਵਿਚਾਰ ਕਹਾਂ ਗਣਿਕਾ ਕੋ ਲਾਜ ਕਹਾਂ

ਗਦਹਾ ਕੋ ਮਾਨ ਕਹਾਂ ਆਂਧਰੇ ਕੋ ਆਰਸੀ,

ਨਿਗੁਣ ਕੋ ਗੁਣ ਕਹਾਂ ਦਾਨ ਕਹਾਂ ਦਾਰਿਦੀ ਕੋ

ਸੇਵਾ ਕਹਾਂ ਸੂਮ ਕੀ ਇਰੰਡ ਛਾਹ ਡਾਰਸੀ,

ਮਦਜਪ ਕੀ ਸ਼ੁਚਿ ਕਹਾਂ ਸਾਚ ਕਹਾਂ ਲੰਪਟੀ ਕੋ

ਨੀਚ ਕੋ ਬਚਨ ਕਹਾਂ ਸਜਾਰ ਕੀ ਪੁਕਾਰ ਸੀ,

"ਟੋਡਰ" ਸੁ ਕਵਿ ਏਸੇ ਹਠੀ ਕੋ ਨ ਭਾਵੈ ਸੀਖ

ਭਾਵੇਂ ਕਹੋ ਸੂਧੀ ਬਾਤ ਭਾਵੇਂ ਕਹੋ ਪਾਰਸੀ.

ਦੂਜਾ ਉੱਤਮ ਹਠੀ ਉਹ ਹੈ ਜੋ ਸਤਜ ਵਿਚਾਰ ਨੂੰ ਕਿਸੇ ਲਾਲਚ ਅਥਵਾ ਭੈ ਕਰਕੇ ਨਹੀਂ ਤਿਆਗਦਾ ਅਤੇ ਆਤਮਿਕ ਕਮਜੋਰੀ ਨਹੀਂ ਦਿਖਾਉਂਦਾ. ਅਜਿਹੇ ਹਠੀਏ ਦਾ ਹੀ ਨਾਉਂ ਅਰਦਾਸ ਵਿੱਚ ਸਿੱਖ ਸਿਮਰਦੇ ਹਨ. ਇਸ ਪਵਿਤ੍ਰ ਹਠ ਦਾ ਉਦਾਹਰਣ ਹੈ. "ਸੀਸ ਦੀਆ ਪਰ ਸਿਰਰ ਨ ਦੀਨਾ। ਰੰਚ ਸਮਾਨ ਦੇਹ ਕਰ ਚੀਨਾ." (ਵਿਚਿਤ੍ਰ)

ਹਠੀ ਸਿੰਘ: ਮਾਤਾ ਸੁੰਦਰੀ ਜੀ ਦੇ ਪਾਲਿਤ ਅਜੀਤ ਸਿੰਘ ਦਾ ਬੇਟਾ, ਜਿਸਦਾ ਪ੍ਰਸਿੱਧ ਅਸਥਾਨ ਬੁਰਹਾਨ ਪੁਰ (ਜਿਲਾ ਨਿਮਾਰ) ਦੇ ਸਿੰਧੀ ਮਹੱਲੇ ਵਿੱਚ ਹੈ. ਇਹ ਗੁਰਬਾਣੀ ਵਿੱਚੋਂ "ਨਾਨਕ" ਨਾਮ ਕੱਢਕੇ ਅਰ ਆਪਣਾ ਨਾਉਂ ਪਾਕੇ ਸਿੱਖਾਂ ਨੂੰ ਸ਼ਬਦ ਸੁਣਾਇਆ ਕਰਦਾ ਸੀ. ਇਸ ਅਪਰਾਧ ਕਰਕੇ ਮਾਤਾ ਸੁੰਦਰੀ ਜੀ ਨੇ ਤਿਆਗ ਦਿੱਤਾ. ਇਹ ਪੰਜਾਬ ਛੱਡਕੇ ਮਧਜ ਭਾਰਤ (C. P. ) ਵਿੱਚ ਜਾ ਰਿਹਾ, ਅਰ ਉਸੇ ਪਾਸੇ ਮੋਇਆ. ਇਸ ਦਾ ਦੇਹਰਾ ਬੁਰਹਾਨਪੁਰ ਵਿੱਚ ਹੈ.

ਹਠੀ ਦੈਤ: ਹਠ ਕਰਨ ਵਾਲਾ ਰਾਖਸ਼. ਰਾਵਣ, ਜਿਸ ਨੇ ਸਭ ਸੰਬੰਧੀਆਂ ਅਤੇ ਸੱਜਨਾਂ ਦੇ ਕਹਿਣ ਪੁਰ ਭੀ ਸੀਤਾ ਨੂੰ ਮੋੜ ਦੇਣਾ ਨਾ ਮੰਨਿਆ. "ਤੁਮੀ ਰਾਮ ਹ੍ਵੈਕੈ ਹਠੀ ਦੈਤ ਘਾਯੋ." (ਚਰਿਤ੍ਰ ੧)

ਹਠੀਲਾ: ਵਿ- ਹਠ ਵਾਲਾ.

ਹਠੁ: ਦੇਖੋ, ਹਠ. "ਹਠੁ ਨਿਗ੍ਰਹੁ ਕਰਿ." (ਰਾਮ ਅਃ ਮਃ ੧) ੨. ਦੇਖੋ, ਹਠ ੩.

ਹਠੇ: ਵਿ- ਹਠ ਵਾਲੇ. "ਹਠੇ ਕਸ੍ਰ ਵਾਰੀ." (ਕਲਕੀ) ਕਸ਼੍ਰਵਾਰ ਦੇ ਵਸਨੀਕ ਹਠੀਏ. ਦੇਖੋ, ਕਸਟਵਾਰ.

ਹਠੇ ਕਰਮ: ਮਨ ਦੀ ਏਕਾਗ੍ਰਤਾ ਅਤੇ ਪ੍ਰੇਮ ਬਿਨਾ ਕੇਵਲ ਮਨਹਠ ਨਾਲ ਵਿਖਾਵੇ ਮਾਤ੍ਰ ਕਰਮ."ਹਠੇ ਕਰਮ ਕਰਿ ਉਦਰ ਭਰੈ." (ਰਾਮ ਕਬੀਰ)

੨. ਦੁਖਦਾਈ ਕਰਮ, ਜਿਨ੍ਹਾਂ ਤੋਂ ਲੋਕਾਂ ਨੂੰ ਹਾਨੀ ਪਹੁੰਚੇ, ਚੋਰੀ ਵਧ ਆਦਿਕ. ਦੇਖੋ, ਹਠ ਧਾ.

ਹਠਜੋ: ਹਠ ਸਹਿਤ ਹੋਇਆ। ੨. ਕੁੱਦਿਆ. ਉਛਲਿਆ. ਦੇਖੋ, ਹਠ ਧਾ. "ਹਠਜੋ ਮਾਹਰੀ ਚੰਦਯੰ ਗੰਗ ਰਾਮੰ." (ਵਿਚਿਤ੍ਰ)

ਹਡ, ਹੱਡ: ਸੰ ਹਡੁ ਹੱਡ. ਸੰਗਜਾ- ਹਾਡ. ਅਸਿਥ. "ਜੀਉ ਪਿੰਡ ਚੰਮੁ ਤੇਰਾ ਹਡੇ." (ਵਾਰ ਗਉ ੧. ਮਃ ੪) ੨. ਦੇਖੋ, ਹਾਡਾ.

ਹੱਡ ਭੰਨਣੀ: ਦੇਖੋ, ਹਾਡ ਫੋਰਨੀ.

ਹਢ: ਦੇਖੋ, ਹੜ.

ਹਢਾਉਣਾ: ਕ੍ਰਿ- ਪਹਿਰਨਾ. ਪਰਿਧਾਨ. "ਸਜਿ ਕਾਇਆ ਪਟੁ ਹਢਾਏ." (ਮਾਰੂ ਮਃ ੧) "ਪਾਟ ਪਟੰਬਰ ਪਹਿਰਿ ਹਢਾਵਉ." (ਗਉ ਅਃ ਮਃ ੧) ੨. ਮੁਲ. ਧਾਰਨਾ. ਰੱਖਣਾ. "ਗੁਸਾ ਮਨਿ ਨ ਹਢਾਇ." (ਸ. ਫਰੀਦ) ੩. ਫੇਰਨਾ. ਘੁਮਾਉਣਾ. "ਬੰਨਿ ਬਕਰੀ ਸੀਹੁ ਹਢਾਇਆ." (ਸੋਰ ਮਃ ੪)

ਹਢਿਆਇਆ, ਹਢਿਆਯਾ: ਰਾਜ ਪਟਿਆਲੇ ਵਿੱਚ ਬਰਨਾਲੇ ਤੋਂ ਤਿੰਨ ਕੋਹ ਪੱਛਮ ਇੱਕ ਨਗਰ, ਇਸ ਥਾਂ ਨੌਵੇਂ ਸਤਿਗੁਰੂ ਜੀ ਵਿਰਾਜੇ ਹਨ. ਤਾਪ ਨਾਲ ਦੁਖੀ ਹੋਏ ਇਕ ਰੋਗੀ ਨੂੰ ਟੋਭੇ ਵਿੱਚ ਨੁਵਾਕੇ ਅਰੋਗ ਕੀਤਾ, ਜਿਸਦਾ ਨਾਉਂ, ਹੁਣ "ਗੁਰੂ ਸਰ" ਹੈ. ਮਹਾਰਾਜਾ ਕਰਮ ਸਿੰਘ ਪਟਿਆਲਾਪਤੀ ਨੇ ਸੁੰਦਰ ਗੁਰੁਦ੍ਵਾਰਾ ਬਣਵਾਇਆ ਹੈ. ੨੫੦ ਘੁਮਾਉਂ, ਜ਼ਮੀਨ ਰਿਆਸਤ ਵੱਲੋਂ ਜਾਗੀਰ ਹੈ. ਰੇਲਵੇ ਸਟੇਸ਼ਨ ਹਢਿਆਯਾ ਤੋਂ ੧. ਮੀਲ ਨੈਰਤ ਕੋਣ ਇਹ ਅਸਥਾਨ ਹੈ.

ਹਢਜੋ: ਹੜ੍ਹਿਆ. ਪ੍ਰਵਾਹ ਵਿੱਚ ਰੁੜ੍ਹਿਆ। ੨. ਉਮਗਿਆ. ਉਛਲਿਆ. "ਮਨੋ ਨਿਧਿ ਨੀਰ ਹਢਜੋ." (ਕ੍ਰਿਸਨਾਵ) ਮਾਨੋ ਸਮੁੰਦਰ ਉਛਲਿਆ ਹੈ.

ਹਣ: ਦੇਖੋ, ਹਨ.

ਹਣਵੰਤਰੁ, ਹਣਵੰਤੁ: ਸੰ. हनुमत ਅਤੇ हनुमान ਹਨੁਮਤ ਅਤੇ ਹਨੁਮਾਨ. ਵਿ- ਜਿਸਦਾ ਹਨੁ (ਜਬਾੜਾ) ਵਧਿਆ ਹੋਇਆ ਹੋਵੇ। ੨. ਸੰਗ੍ਯਾ- ਸੁਗ੍ਰੀਵ ਦਾ ਮੰਤ੍ਰੀ ਅਤੇ ਸ਼੍ਰੀ ਰਾਮ ਦਾ ਪਰਮ ਭਗਤ ਮਹਾ ਪਰਾਕ੍ਰਮੀ ਇੱਕ ਯੋਧਾ. ਵਾਲਮੀਕ ਕਾਂਡ ੪, ਅਃ ੬੬ ਵਿੱਚ ਲੇਖ ਹੈ ਕਿ ਅਪਸਰਾ "ਪੁੰਜਕਸ੍ਥਲਾ" ਜਿਸ ਨੂੰ "ਅੰਜਨਾ" ਭੀ ਆਖਦੇ ਹਨ, ਕੇਸਰੀ ਦੀ ਇਸਤ੍ਰੀ ਵਡੀ ਸੁੰਦਰ ਸੀ. ਉਸ ਨੂੰ ਦੇਖਕੇ ਪਵਨ ਦੇਵਤਾ ਕਾਮਾਤੁਰ ਹੋਕੇ ਲਿਪਟ ਗਿਆ, ਜਿਸ ਤੋਂ ਇਹ ਬਲੀ ਪੁਤ੍ਰ ਜਨਮਿਆ, ਜੋ ਉਸੇ ਦਿਨ ਸੂਰਜ ਨੂੰ ਫਲ ਜਾਣਕੇ ਖਾਣ ਲਈ ਕੁੱਦਿਆ. ਇੰਦ੍ਰ ਨੇ ਸੂਰਜ ਦੀ ਰਖ੍ਯਾ ਕਰਨ ਲਈ ਬਾਲਕ ਨੂੰ ਵਜ੍ਰ ਮਾਰਕੇ ਜਮੀਨ ਤੇ ਸੁੱਟ ਦਿੱਤਾ, ਜਿਸ ਤੋਂ ਬੱਚੇ ਦਾ ਹਨੁ (ਜਬਾੜਾ) ਵਿੰਗਾ ਹੋ ਗਿਆ. ਇਸ ਕਾਰਣ ਨਾਉਂ ਹਨੁਮਾਨ ਹੋਇਆ.

ਅਨੇਕ ਪੁਸਤਕਾਂ ਵਿੱਚ ਹਨੁਮਾਨ ਨੂੰ ਬਾਂਦਰ ਲਿਖਿਆ ਹੈ, ਕਿਤਨਿਆਂ ਦਾ ਖਿਆਲ ਹੈ ਕਿ ਇਹ ਬਨਚਰ (ਜੰਗਲੀ) ਲੋਕਾਂ ਵਿੱਚੋਂ ਸੀ ਅਤੇ ਬਨਵਾਸੀ ਰਿਖੀਆਂ ਤੋਂ ਵਿਦ੍ਯਾ ਪੜ੍ਹਕੇ ਵਿਦ੍ਵਾਨ ਹੋ ਗਿਆ ਸੀ. ਵਾਲਮੀਕ ਕਾਂਡ ੪, ਅਃ ੩. ਵਿੱਚ ਲਿਖਿਆ ਹੈ ਕਿ ਹਨੁਮਾਨ ਦੀ ਗੁਫਤਗੂ ਸੁਣਕੇ ਸ੍ਰੀ ਰਾਮ ਨੇ ਆਖਿਆ ਕਿ ਅਜਿਹੀ ਸ਼ੁੱਧ ਸੰਸਕ੍ਰਿਤ ਬਿਨਾ ਵੇਦਾਦਿਕ ਉੱਤਮ ਗ੍ਰੰਥ ਪੜ੍ਹੇ ਕੋਈ ਨਹੀਂ ਬੋਲ ਸਕਦਾ, ਜੇਹੀ ਹਨੁਮਾਨ ਬੋਲਦਾ ਹੈ. "ਹਣਵੰਤਰੁ ਆਰਾਧਿਆ." (ਸਵਾ ਮਃ ੧) "ਹਣਵੰਤੁ ਜਾਗੈ ਧਰਿ ਲੰਕੂਰ." (ਬਸੰ ਕਬੀਰ) ਦੇਖੋ, ਹਨੁਮਾਨ ਨਾਟਕ.

ਹਤ: ਸੰ. ਵਿ- ਮਾਰਿਆ ਹੋਇਆ। ੨. ਨਾਸ਼ ਹੋਇਆ। ੩. ਬੰਨ੍ਹਿਆ ਹੋਇਆ. ਦੇਖੋ, ਹਨ ਧਾ.

ਹਤਕ: ਸੰ. ਵਿ- ਹਤ ਹੋਏ ਜੇਹਾ. ਮੁਰਦੇ ਤੁੱਲ। ੨. ਅ਼. هتک ਸੰਗ੍ਯਾ- ਪਰਦਾ ਪਾੜਨਾ। ੩. ਭਾਵ- ਅਪਮਾਨ. ਅਨਾਦਰ.

ਹਤਤਿਆਗੀ: ਮਾਰਸੁੱਟੀ. ਨਾਸ਼ ਕਰ ਦਿੱਤੀ. "ਹਤਤਿਆਗੀ ਹਉਮੈ." (ਮਾਰੂ ਸੋਲਹੇ ਮਃ ੫)

ਹਤਨ: ਸੰ. ਹਨਨ. ਸੰਗ੍ਯਾ- ਮਾਰਨਾ. ਪ੍ਰਾਣ ਨਾਸ਼ ਕਰਨ ਦੀ ਕ੍ਰਿਯਾ. ਵਧ.

ਹਤਿ: ਸੰ. ਸੰਗ੍ਯਾ- ਵਧ. ਪ੍ਰਾਣ ਨਾਸ਼. ਮਾਰਨ ਦੀ ਕ੍ਰਿਯਾ.

ਹਤਿਆ: ਸੰ. ਹਤ੍ਯਾ. ਸੰਗ੍ਯਾ- ਵਧ. ਨਾਸ਼. ਪ੍ਰਾਣਾਂ ਨੂੰ ਸ਼ਰੀਰ ਤੋਂ ਵਿਛੋੜਨ ਦੀ ਕ੍ਰਿਯਾ. ਕਤਲ. ਖ਼ੂਨ. "ਅਸੰਖ ਗਲ ਵਢਿ ਹਤਿਆ ਕਮਾਹਿ." (ਜਪੁ) ਦੇਖੋ, ਹਤ੍ਯਾ.

ਹਤਿਆਰਾ: ਸੰ. ਹਤ੍ਯਾਕਾਰ. ਵਿ- ਮਾਰਨ ਵਾਲਾ. ਵਧ ਕਰਤਾ. ਪ੍ਰਾਣ ਲੈਣ ਵਾਲਾ. "ਸੰਤ ਕਾ ਨਿੰਦਕ ਮਹਾ ਹਤਿਆਰਾ." (ਸੁਖਮਨੀ)

ਹਤੁ: ਦੇਖੋ, ਹਤ। ੨. ਸੰ. हत्नु ਹਤ੍ਨੁ. ਸੰਗ੍ਯਾ- ਵ੍ਯਾਧ. ਸ਼ਿਕਾਰੀ। ੩. ਤਿੱਖਾ ਸ਼ਸਤ੍ਰ.

**ਹਤੇ:** ਮਾਰੇ. ਹਤ ਕੀਤੇ. ਦੇਖੋ, ਹਤ. "ਸੰਤ ਕੇ ਹਤੇ ਕਉ ਰਖੈ ਨ ਕੋਇ." (ਸੁਖਮਨੀ)

**ਹੱਤਾ:** ਅ਼. حتّےٰ ਹ਼ੱਤਾ ਕਿਰ. ਵਿ- ਇੱਥੋਂ ਤੀਕ. ਯਹਾਂ ਤੱਕ.

**ਹਤ੍ਯਾ, ਹਤ੍ਯੰ:** ਦੇਖੋ, ਹਤਿਆ. "ਘੋਰ ਦੁਖ੍ਯੰ ਅਨਿਕ ਹਤ੍ਯੰ" (ਸਹਸ ਮਃ ੫)

**ਹਥ:** ਸੰ. ਹਸ੍ਤ. ਸੰਗ੍ਯਾ- ਹੱਥ. ਹਾਥ. ਕਰ. ਪਾਣਿ. ਦਸ੍ਤ. "ਹਥ ਦੇਇ ਆਪਿ ਰਖੁ." (ਰਾਮ ਵਾਰ ੨. ਮਃ ੫) ੨. ਸੰ. ਹਥ. ਪ੍ਰਹਾਰ. ਆਘਾਤ. ਵਾਰ.

**ਹਥ ਕੱਢਣਾ:** ਕ੍ਰਿ- ਦਾਨ ਦੇਣਾ. ਦੇਣ ਲਈ ਹੱਥ ਵਧਾਉਣਾ. "ਹਰਿ ਦਾਤੈ ਦਾਤਾਰੁ ਹਥ ਕਢਿਆ ਮੀਹੁ ਵੁਠਾ ਸੈਸਾਰੇ." (ਵਾਰ ਕਾਨ ਮਃ ੪)

**ਹਥਕੜੀ:** ਸੰਗ੍ਯਾ- ਹੱਥ ਬੰਨ੍ਹਣ ਦੀ ਬੇੜੀ. ਹੱਥ ਜਕੜਨ ਦੀ ਸੰਗੁਲੀ.

**ਹਥ ਖਲਾ ਕਰਨਾ, ਹਥ ਖੜਾ ਕਰਨਾ, ਹੱਥ ਚੱਕਣਾ:** ਕ੍ਰਿ- ਮਾਰਨ ਲਈ ਹੱਥ ਉਠਾਉਣਾ. ਪ੍ਰਹਾਰ ਲਈ ਹੱਥ ਉੱਚਾ ਕਰਨਾ. ੨. ਆਪਣੀ ਸੰਮਤਿ ਪ੍ਰਗਟ ਕਰਨ ਲਈ ਹੱਥ ਖੜਾ ਕਰਨਾ. ਇਹ ਸੂਕ੍ਸ਼੍ਮ ਅਲੰਕਾਰ ਹੈ. ਮੁਖੋਂ ਸ਼ਬਦ ਕਹੇ ਬਿਨਾ ਹੱਥ ਚੁੱਕਣ ਦੇ ਇਸ਼ਾਰੇ ਨਾਲ ਸੰਮਤਿ ਦੇਣੀ.

**ਹਥ ਚਰਨਾ, ਹਥ ਚੜ੍ਹਨਾ:** ਕ੍ਰਿ- ਹੱਥ ਲੱਗਣਾ. ਕਿਸੇ ਵਸਤੁ ਦਾ ਹੱਥ ਵਿੱਚ ਆਉਣਾ. "ਹਾਥ ਚਰਿਓ ਹਰਿ ਥੋਕਾ." (ਗੂਜ ਮਃ ੫) ੨. ਕਿਸੇ ਦੇ ਹੱਥ ਵਿੱਚ ਇਉਂ ਫਸਣਾ, ਜਿਵੇਂ ਪੁਤਲੀ ਹੱਥ ਦੇ ਇਸ਼ਾਰੇ ਨਾਲ ਨਚਦੀ ਹੈ. ਪਰਵਸ਼ ਹੋ ਕੇ ਕਰਮ ਕਰਨਾ.

**ਹਥਛੂਟ, ਹਥਛੋਰ:** ਸੰਗ੍ਯਾ- ਹੱਥ ਦੀ ਅਜਿਹੀ ਆਜਾਦੀ ਕਿ ਮਾਰਨ ਲੱਗੇ ਨਾ ਰੁਕਣਾ. ਬਿਨਾ ਰੁਕਾਵਟ ਪ੍ਰਹਾਰ ਕਰਨਾ. "ਤਿਨ ਪਰ ਹ੍ਵੈ ਸਭ ਕੀ ਹਥਛੋਰ." (ਗੁਪ੍ਰਸੂ)

**ਹਥ ਤੱਡਣਾ:** ਕ੍ਰਿ- ਹੱਥ ਪਸਾਰਨਾ. ਮੰਗਣ ਲਈ ਹੱਥ ਫੈਲਾਉਣਾ. ਦੇਖੋ, ਤਡਣਾ.

**ਹਥ ਦੇਣਾ:** ਕ੍ਰਿ- ਸਹਾਰਾ ਦੇਣਾ. ਦਸ੍ਤਗੀਰੀ ਕਰਨੀ. ਸ਼ਹਾਇਤਾ ਦੇਣੀ.

**ਹਥ ਨਾਲ:** ਸੰਗ੍ਯਾ- ਉਹ ਬੰਦੂਕ, ਜੋ ਕਿਸੇ ਸਹਾਰੇ (ਆਧਾਰ) ਤੇ ਰੱਖੇ ਬਿਨਾ ਹੱਥ ਉੱਪਰ ਚੁੱਕਕੇ ਚਲਾਈ ਜਾ ਸਕੇ. "ਜਬਰਜੰਗ ਹਥਨਾਲ." (ਸਨਾਮਾ)

**ਹਥਨੀ:** ਦੇਖੋ, ਹਸ੍ਤਿਨੀ.

**ਹਥ ਪੈਣਾ:** ਕ੍ਰਿ- ਹੱਥ ਆਉਣਾ. ਹੱਥ ਵਿੱਚ ਕਿਸੇ ਵਸ੍ਤੁ ਦਾ ਪ੍ਰਾਪਤ ਹੋਣਾ। ੨. ਸਹਾਰਾ ਮਿਲਣਾ. ਜਿੱਕੁਰ ਡੁਬਦੇ ਦਾ ਕਿਸੇ ਸਹਾਰੇ ਨੂੰ ਹੱਥ ਪੈ ਜਾਣਾ. "ਅੰਤ ਕਾਲਿ ਤਿਥੈ ਧੁਹੈ ਜਿਥੈ ਹਥ ਨ ਪਾਇ." (ਸਵਾ ਮਃ ੩)

**ਹਥ ਫਲਘਾ:** ਦੇਖੋ, ਫਲਘਾ.

**ਹਥ ਫੜਨਾ:** ਕ੍ਰਿ- ਦਸ੍ਤਗੀਰੀ ਕਰਨੀ.

**ਹਥ ਫੂਲ:** ਸੰਗ੍ਯਾ- ਇੱਕ ਪ੍ਰਕਾਰ ਦੀ ਆਤਿਸ਼ਬਾਜੀ, ਜੋ ਅਨਾਰ ਦੀ ਕਿਸਮ ਦੀ ਹੁੰਦੀ ਹੈ. ਇਸ ਵਿੱਚੋਂ ਅਗਨੀ ਦੀ ਫੁਲਝੜੀ ਲਗ ਜਾਂਦੀ ਹੈ ਅਤੇ ਇਸ ਨੂੰ ਆਤਿਸ਼ਬਾਜ਼ ਹੱਥ ਫੜਕੇ ਚਲਾਉਂਦਾ ਹੈ.

**ਹਥ ਬੱਖ:** ਵਿ- ਵੱਖੀ ਵਿੱਚ ਹੱਥ ਪਾਏ ਹੋਏ. ਜੱਫੋ ਜੱਫੀ ਹੋਇਆ. "ਮਿਲੇ ਹਥ ਬੱਖੰ ਮਹਾ ਤੇਜ ਤੱਤੇ." (ਵਿਚਿਤ੍ਰ)

**ਹਥ ਲਗਣਾ:** ਕ੍ਰਿ- ਪ੍ਰਾਪਤ ਹੋਣਾ. ਕਿਸੇ ਵਸਤੁ ਦਾ ਮਿਲਣਾ। ੨. ਕਿਸੇ ਦੇ ਹੱਥ ਚੜ੍ਹਨਾ। ੩. ਸ਼ਸਤ੍ਰ ਆਦਿ ਦਾ ਹੱਥ ਨਾਲ ਸੁਲਗ ਹੋਣਾ.

ਹਥਲੇਵਾ: ਦੇਖੋ, ਹਸ੍ਤ ਗ੍ਰਹਣ.

ਹਥਵਾਈ: ਸੰਗਯਾ- ਮੋਟੇ ਵਾਲਾਂ ਦੀ ਗੁਥਲੀ, ਜੋ ਹੱਥ ਤੇ ਦਸਤਾਨੇ ਦੀ ਤਰਾਂ ਪਹਿਨਕੇ ਘੋੜੇ ਦੀ ਮਾਲਿਸ਼ ਲਈ ਵਰਤੀਦੀ ਹੈ. "ਮਾਲਸ਼ ਕਰਹਿ ਪਹਿਰ ਹਥਵਾਈ." (ਗੁਪ੍ਰਸੂ)

ਹਥਵਾਸਾ, ਹਥਵਾਸੋ: ਸੰਗਯਾ- ਹੱਥਾ. ਦਸ੍ਤਾ। ੨. ਕ਼ਬਜਾ. ਮੁੱਠਾ। ੩. ਢਾਲ ਫੜਨ ਦਾ ਤਸਮਾ.

ਹਥਵਾਰਿ: ਖੇਤ ਵਿੱਚ ਮਨੁੱਖ ਦੇ ਆਕਾਰ ਦਾ ਡਰਨਾ, ਜੋ ਹੱਥ ਪਸਾਰਕੇ ਮ੍ਰਿਗ ਆਦਿਕ ਪਸ਼ੂਆਂ ਨੂੰ ਵਾਰਨ ਕਰਦਾ ਹੈ. "ਲੂਣੇ ਖੇਤਿ ਹਥਵਾਰਿ ਕਰੈ." (ਆਸਾ ਕਬੀਰ)

ਹਥਾਸਾ: ਸੰਗਯਾ- ਹਸ੍ਤਾਸ਼੍ਰਯ. ਹੱਥ ਦਾ ਸਹਾਰਾ. ਹਸ੍ਤਾਲੰਬਨ. "ਹਰਿ ਰਾਖਦਾ ਦੇ ਆਪਿ ਹਥਾਸਾ." (ਗਉ ਮਃ ੪) ੨. ਦਸ੍ਤਾ. ਹੱਥਾ.

ਹਥਾਹਾ: ਹਾਥ ਮੇਂ. ਹੱਥ ਵਿੱਚ. "ਵਸਿ ਆਪੇ ਜੁਗਤਿ ਹਥਾਹਾ." (ਸੋਰ ਮਃ ੪)

ਹਥਾ ਵੱਖ, ਹਥਾ ਵੱਥ: ਦੇਖੋ, ਹਥ ਬੱਖ. "ਧਕਾ ਧੱਕ ਬੀਰੰ ਹਥਾ ਵੱਥ ਹੋਏ." (ਗੁਪ੍ਰਸੂ) ਹੱਥੋ ਹੱਥੀ ਹੋਏ.

ਹਥਿ: ਹਾਥ ਮੇਂ. ਹੱਥ ਵਿੱਚ. "ਰਾਜਾ ਨਿਆਉ ਕਰੇ ਹਥਿ ਹੋਇ." (ਆਸਾ ਮਃ ੧) "ਜਿਸੁ ਆਇਆ ਹਥਿ ਨਿਧਾਨੁ." (ਵਾਰ ਰਾਮ ੨. ਮਃ ੫)

ਹਥਿਆਉਣਾ: ਕ੍ਰਿ- ਹਾਥੀ ਦਾ ਝੂਲਣਾ.

ਹਥਿਆਰ: ਸੰ. ਹਤਿਕਾਰ. ਵਿ- ਹਤਯਾ ਕਰਨ ਵਾਲਾ। ੨. ਸੰਗਯਾ- ਘਾਤਕ ਸ਼ਸਤ੍ਰ। ੩. ਸੰਦ. ਔਜਾਰ.

ਹਥਿਆਰ ਧੋਣਾ, ਹਥਿਆਰ ਪਖਾਰਨਾ: ਕ੍ਰਿ- ਜੰਗ ਸਮਾਪਤ ਕਰਨਾ. ਵੈਰੀਆਂ ਦਾ ਲਹੂ ਹਥਿਆਰਾਂ ਤੋਂ ਉਤਾਰਕੇ ਸ਼ਾਂਤ ਹੋਣਾ. ਭਾਵ ਵੈਰੀਆਂ ਨੂੰ ਸਮਾਪਤ ਕਰਨਾ. "ਜੀਤ ਸਭੈ ਜਗ ਸਾਤਹੁ ਸਿੰਧ ਹਥਿਆਰ ਪਖਾਰੇ." (ਵਿਚਿਤ੍ਰ)

ਹਥਿਨੀ: ਦੇਖੋ, ਹਸ੍ਤਿਨੀ। ੨. ਹਾਥੀਆਂ ਦੀ ਸੈਨਾ. ਗਜ ਸੈਨਾ. (ਸਨਾਮਾ)

ਹਥੀ: ਸੰਗਯਾ- ਭੁਜਾ, ਬਾਂਹ, ਜੋ ਹੱਥ ਨੂੰ ਧਾਰਨ ਕਰਦੀ ਹੈ. "ਹਥੀ ਦਿਤੀ ਪ੍ਰਭੁ ਦੇਵਨਹਾਰੈ." (ਮਾਝ ਮਃ ੫) ੨. ਪਾਣੀ ਰੱਖਣ ਦੀ ਚੰਮ ਦੀ ਥੈਲੀ. "ਹਥੀ ਕੱਢ ਨ ਦਿੱਤੋ ਪਾਣੀ." (ਭਾਗੁ) ੩. ਵਾਲਾਂ ਅਥਵਾ ਕਪੜੇ ਦੀ ਥੈਲੀ, ਜੋ ਦਸਤਾਨੇ ਦੀ ਤਰਾਂ ਹੱਥ ਤੇ ਪਹਿਰਕੇ ਮਾਲਿਸ਼ ਕਰੀਦੀ ਹੈ. ੪. ਹਥਕੜੀ. ਹਸ੍ਤਬੰਧਨ. "ਹਥੀ ਪਉਦੀ ਕਾਹੇ ਰੋਵੈ?" (ਮਾਰੂ ਮਃ ੧) ਜਦ ਯਮਾਂ ਦੀ ਹਥਕੜੀ ਪੈਂਦੀ ਹੈ, ਤਦ ਕਿਉਂ ਰੋਂਦਾ ਹੈਂ? ੫. ਸਿੰਧੀ ਅਤੇ ਪੋਠੋ. ਸਹਾਇਤਾ. ਇਮਦਾਦ। ੬. ਦਸਤਾ. Handle. ਜਿਵੇਂ- ਚੱਕੀ ਦੀ ਹਥੀ.

ਹਥੀਆਰੁ: ਦੇਖੋ, ਹਥਿਆਰ। ੨. ਹਥੌੜਾ. ਘਨ. "ਅਹਿਰਣਿ ਮਤਿ ਵੇਦੁ ਹਥੀਆਰੁ." (ਜਪੁ)

ਹਥੁ: ਦੇਖੋ, ਹਥ.

ਹਥੇਲੀ: ਸੰ. ਹਸ੍ਤ- ਤਲ. ਸੰਗਯਾ- ਹੱਥ ਦੀ ਤਲੀ.

ਹਥੋਹਥਿ, ਹਥੋਹਥੀ: ਕ੍ਰਿ. ਵਿ- ਇੱਕ ਹੱਥ ਤੋਂ ਦੂਜੇ ਹੱਥ. "ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ." (ਸ੍ਰੀ ਮਃ ੧. ਪਹਿਰੇ) ੨. ਸੰਗਯਾ- ਜਿਸ ਹੱਥ ਨਾਲ ਕਰਨਾ ਉਸੇ ਨਾਲ ਫਲ ਪਾਉਣ ਦੀ ਕ੍ਰਿਯਾ। ੩. ਹਸ੍ਤਾ ਹਸ੍ਤਿ. ਹੱਥੋ ਪਾਈ. ਹਸ੍ਤਯੁੱਧ.

ਹਥੌਰਾ, ਹਥੌੜਾ: ਸੰਗਯਾ- ਦਸ੍ਤੇਦਾਰ ਲੋਹੇ ਦਾ ਘਨ, ਜਿਸ ਨਾਲ ਧਾਤੁ ਘੜੀਦੀ ਹੈ.

ਹੱਥ: ਦੇਖੋ, ਹਸ੍ਤ. "ਕਰੇ ਭਾਵ ਹੱਥੰ." (ਵਿਚਿਤ੍ਰ) ੨. ਹਾਥੀ ਦਾ ਸੰਖੇਪ. "ਹਰੜੰਤ ਹੱਥ." (ਕਲਕੀ) ੩. ਹਾਥੀ ਦੀ ਸੁੰਡ. "ਹਾਥੀ

ਹੱਥ ਪ੍ਰਮੱਥ." (ਗੁਪ੍ਰਸੂ)

ਹੱਥ ਉੱਤੇ ਬਚਨ ਦੇਣਾ: ਕ੍ਰਿ- ਕਿਸੇ ਦੇ ਹੱਥ ਤੇ ਹੱਥ ਰਖਕੇ ਅਥਵਾ ਹੱਥ ਉੱਪਰ ਲੀਕ (ਰੇਖਾ) ਕੱਢਕੇ ਪ੍ਰਤਿਗਯਾ ਕਰਨੀ. "ਬਚਨ ਦੇਹੁ ਮੋਰੇ ਜੌ ਹਾਥਾ." (ਚਰਿਤ੍ਰ ੩੦੧)

ਹੱਥ ਬੱਖ, ਹੱਥ ਬੱਥ: ਦੇਖੋ, ਹਥ ਬੱਖ. ਗੁੱਥਮ ਗੁੱਥਾ. ਜੱਫੋਜੱਫੀ.

ਹੱਥੜਾ: ਸੰਗ੍ਯਾ- ਹੱਥ ਰਹਿਤ ਭੁਜਾ ਦਾ ਸਿਰਾ. ਟੁੰਡ. "ਜਜੋਂ ਕਰ ਟੁੰਡੇ ਹੱਥੜਾ." (ਭਾਗੁ)

ਹਦ: ਦੇਖੋ, ਹੱਦ.

ਹਦਫ: ਅ਼. هدف ਸੰਗ੍ਯਾ- ਨਿਸ਼ਾਨਾ. ਲਕ੍ਸ਼੍ਯ.

ਹਦਰਤ, ਹਦਰਥ: ਦੇਖੋ, ਹਜਰਤ. ਇਸ ਦਾ ਉੱਚਾਰਣ ਅਰਬੀ ਦੀ ਰੀਤਿ ਕਰਕੇ ਹ਼ਦਰਤ ਭੀ ਸਹੀ ਹੈ.

ਹਦਰਥਿ: ਹ਼ਜਰਤ ਤੋਂ. "ਤੈ ਤਾਂ ਹਦਰਥਿ ਪਾਇਓ ਮਾਨ." (ਸਵੈਯੇ ਮਃ ੨. ਕੇ) ਤੈਂ ਹਜਰਤ (ਗੁਰੂ ਨਾਨਕ) ਤੋਂ ਮਾਨ ਪਾਇਆ ਹੈ.

ਹਦਾਯਤ: ਅ਼. هدایت ਹਿਦਾਯਤ. ਰਾਹ ਦਿਖਾਉਣਾ। ੨. ਭਾਵ- ਸਿਖ੍ਯਾ. ਨਸੀਹਤ.

ਹਦੀ: ਅ਼. هادی ਹਾਦੀ. ਵਿ- ਰਾਹ ਦਿਖਾਉਣ ਵਾਲਾ। ੨. ਭਾਵ- ਹਦਾਯਤ ਕਰਨ ਵਾਲਾ. ਸਿਖ੍ਯਾ ਦੇਣ ਵਾਲਾ. "ਉਚ ਹਦੀ ਵੈਣੁ ਵਿਰਕਿਓਨੁ." (ਵਾਰ ਰਾਮ ੩) ਉੱਚੇ ਹਾਦੀ (ਸ਼੍ਰੀ ਗੁਰੂ ਨਾਨਕ ਦੇਵ) ਨੇ ਵਚਨ ਕਥਨ ਕੀਤਾ.

ਹਦੀਆ ਬਾਦ: ਰਿਆਸਤ ਕਪੂਰਥਲਾ, ਤਸੀਲ ਫਗਵਾੜੇ ਦਾ ਇੱਕ ਨਗਰ. ਇੱਥੋਂ ਚੜਦੇ ਵੱਲ ਤਕਰੀਬਨ ਇੱਕ ਫਰਲਾਂਗ ਪੁਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ. ਗੁਰੂ ਜੀ ਨੇ ਕਰਤਾਰਪੁਰੋਂ ਕੀਰਤਪੁਰ ਜਾਂਦੇ ਹੋਏ ਇੱਥੇ ਚਰਣ ਪਾਏ ਹਨ. ਕਈ ਆਖਦੇ ਹਨ ਕਿ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਭੀ ਇੱਥੇ ਪਧਾਰੇ ਹਨ।

ਗੁਰੁਦ੍ਵਾਰਾ ਸਾਧਾਰਣ ਬਣਿਆ ਹੋਇਆ ਹੈ ਪਾਸ ਰਹਾਇਸ਼ੀ ਮਕਾਨ ਭੀ ਹਨ. ਸੱਤ ਘੁਮਾਉਂ ਜ਼ਮੀਨ ਰਿਆਸਤ ਵੱਲੋਂ ਮੁਆਫ ਹੈ. ਪੁਜਾਰੀ ਉਦਾਸੀ ਸਾਧੂ ਹੈ. ਰੇਲਵੇ ਸਟੇਸ਼ਨ ਫਗਵਾੜੇ ਤੋਂ ਇੱਕ ਮੀਲ ਲਹਿੰਦੇ ਵੱਲ ਹੈ. ਵੈਸਾਖੀ ਤੇ ਮੇਲਾ ਲਗਦਾ ਹੈ.

ਹਦੀਸ: ਅ਼. حدیث ਹ਼ਦੀਸ. ਸੰਗ੍ਯਾ- ਬਾਤ. ਗੱਲ। ੨. ਪੈਗੰਬਰ ਸਾਹਿਬ ਨਾਲ ਸੰਬੰਧ ਰੱਖਣ ਵਾਲੀ ਬਾਤ। ੩. ਉਹ ਪੁਸਤਕ ਜਿਸ ਵਿੱਚ ਹਜਰਤ ਮੁਹੰਮਦ ਦੇ ਕਥਨ ਅਥਵਾ ਆਚਰਣ ਸੰਬੰਧੀ ਧਰਮ ਵ੍ਯਵਸਥਾ ਹੋਵੇ. "ਨਾਪਾਕ ਪਾਕ ਕਰਿ ਹਦੂਰਿ ਹਦੀਸਾ." (ਮਾਰੂ ਸੋਲਹੇ ਮਃ ੫) ਅਪਵਿਤ੍ਰ ਮਨ ਨੂੰ ਪਵਿਤ੍ਰ ਕਰਨਾ, ਵਾਹਗੁਰੂ ਦੇ ਹਜੂਰ ਦੀ ਹਦੀਸ ਬਣਾ.

ਹਦੀਸ ਕੱਢਣੀ: ਕ੍ਰਿ- ਨ੍ਹੀਸ ਕੱਢਣੀ. ਨੱਕ ਨਾਲ ਲੀਕ ਕੱਢਣੀ. ਭਾਵ- ਪ੍ਰਤਿਗ੍ਯਾ ਕਰਨੀ ਕਿ ਮੈਂ ਇਹ ਕੰਮ ਮੁੜ ਨਹੀਂ ਕਰਾਂਗਾ. "ਤਾਂਕੈ ਆਗੈ ਖੜੇ ਕਢਹਿ ਹਦੀਸ." (ਰਤਨਮਾਲਾ ਬੰਨੋ)

ਹਦੂਰ: ਅ਼. حضور ਹ਼ਜੂਰ. ਇਸ ਦਾ ਉੱਚਾਰਣ ਅਰਬੀ ਵਿੱਚ ਹ਼ਦੂਰ ਭੀ ਹੁੰਦਾ ਹੈ. "ਸਚੈ ਸਬਦਿ ਹਦੂਰ." (ਵਾਰ ਬਿਲਾ ਮਃ ੩)

ਹਦੂਰਿ: ਕ੍ਰਿ. ਵਿ- ਹ਼ਜੂਰੀ ਵਿੱਚ. ਸਨਮੁਖ. ਰੂਬਰੂ. "ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ." (ਜਪੁ) ੨. ਲੋਕਾਂ ਦੇ ਸਾਹ੍ਮਣੇ. ਖੁਲੇ ਮੈਦਾਨ ਵਿੱਚ. "ਮਹਿਲਾ ਅੰਦਰਿ ਹੋਦੀਆ, ਹੁਣਿ ਬਹਣਿ ਨ ਮਿਲਨਿ ਹਦੂਰਿ." (ਆਸਾ ਅਃ ਮਃ ੧)

ਹੱਦ: ਅ਼. حد ਹ਼ੱਦ. ਸੰਗ੍ਯਾ- ਕਿਨਾਰਾ. ਸੀਮਾ. ਅਵਧਿ। ੨. ਤੇਜੀ. ਤੁੰਦੀ.

ਹਨ: ਹੈ ਦਾ ਬਹੁ ਵਚਨ. ਹੈਨ. ਹੈਂ. ਗੁਰਬਾਣੀ ਵਿੱਚ ਇਸ ਦਾ ਰੂਪ ਹੰਨਿ ਆਇਆ ਹੈ. ਦੇਖੋ, ਹੰਨਿ। ੨. ਸੰ. ਹਨ ਧਾ- ਮਾਰਨਾ. ਜਾਣਾ. ਖੰਡਨ ਕਰਨਾ. ਰੋਕਣਾ. ਇਕੱਠਾ ਕਰਨਾ.

ਹਨਛਾ: ਦੇਖੋ, ਅੱਛਾ ਅੱਤ ਹੱਛਾ. "ਮਿਲਿ ਸੰਗਤਿ ਕਰ ਪ੍ਰਭੁ ਹਨਛੇ." (ਬਸੰ ਮਃ ੪)

ਹਨਨ: ਸੰ. ਸੰਗਯਾ- ਮਾਰਨਾ. ਵਧ. ਦੇਖੋ, ਹਨ ਧਾ.

ਹਨਨਨਾਤ: ਸੰ. हननार्थ ਹਨਨਾਥੰ. ਹਨਨ (ਮਾਰਨ) ਵਾਸਤੇ. ਵਧ ਕਰਨ ਲਈ. "ਹਨਨਨਾਤ ਲੈ ਤਾਹਿ ਸਿਧਾਰੇ." (ਚਰਿਤ੍ਰ ੩੬੮) ੨. ਦੇਖੋ, ਹਿਨਨਾਤ.

ਹਨਫੀ: ਦੇਖੋ, ਸੁੰਨੀ.

ਹਨਮੰਤ, ਹਨਮੰਤਰ, ਹਨਵੰਤ: ਦੇਖੋ, ਹਣਵੰਤਰੁ.

ਹਨੀਫ਼: ਅ਼. حنیف ਹ਼ਨੀਫ਼. ਵਿ- ਧਰਮ ਵਿੱਚ ਪੱਕਾ.

ਹਨੁ: ਸੰ. ਸੰਗਯਾ- ਠੋਡੀ। ੨. ਹੇਠਲਾ ਜਬਾੜਾ। ੩. ਹਨੁਮਾਨ ਦਾ ਸੰਖੇਪ ਨਾਉਂ। ੪. ਜਿਸ ਦੀ ਠੋਡੀ ਲੰਮੀ ਹੈ। ੫. ਵਿ- ਲੰਮੇ ਜਬਾੜੇ ਵਾਲਾ.

ਹਨੁਨਾਟਕ: ਦੇਖੋ, ਹਨੁਮਾਨ ਨਾਟਕ.

ਹਨੁਮਾਨ: ਦੇਖੋ, ਗਹਵੰਤਰੁ। ੨. ਵਿ- ਲੰਮੇ ਜਬਾੜੇ ਵਾਲਾ.

ਹਨੁਮਾਨ ਨਾਟਕ: ਸੰ. हनमन्नाटक ਹਨੁਮੱਨਾਟਕ. ਸੰਸਕ੍ਰਿਤ ਦਾ ਇੱਕ ਕਾਵ੍ਯ, ਜੋ ਰਾਮਚੰਦ੍ਰ ਜੀ ਦਾ ਇਤਿਹਾਸ ਅਖਾੜੇ ਵਿੱਚ ਖੇਡਕੇ ਦਿਖਾਉਣ ਯੋਗ ਹੈ. ਇਹ ਵਿਦ੍ਵਾਨ ਹਨੁਮਾਨ ਦੀ ਰਚਨਾ ਹੈ. ਕਈ ਕਵੀਆਂ ਨੇ ਲਿਖਿਆ ਹੈ ਕਿ ਵਾਲਮੀਕਿ ਦੇ ਕਹਿਣ ਤੇ ਹਨੁਮਾਨ ਨੇ ਆਪਣਾ ਨਾਟਕ ਸਮੁੰਦਰ ਵਿੱਚ ਸੁੱਟ ਦਿੱਤਾ ਸੀ ਤਾਂਕਿ ਵਾਲਮੀਕ ਰਾਮਾਇਣ ਦੀ ਮਹਿਮਾ ਨਾ ਘਟੇ. ਰਾਜੇ ਭੋਜ ਦੇ ਸਮੇਂ ਮੋਤੀ ਕੱਢਣ ਵਾਲੇ ਡਬੋਲੀਏ ਨੂੰ ਇੱਕ ਸਿਲਾ ਹੱਥ ਲੱਗੀ, ਜਿਸ ਦੇ ਪੇਸ਼ ਹੋਣ ਪੁਰ ਰਾਜੇ ਨੇ ਓਥੋਂ ਪੱਥਰਾਂ ਪੁਰ ਉੱਕਰਿਆ ਹੋਇਆ ਨਾਟਕ ਕਢਵਾਇਆ ਜੋ ਪ੍ਰਸੰਗ ਨਹੀਂ ਮਿਲੇ ਉਹ ਦਾਮੋਦਰ ਮਿਸ੍ਰ ਨੇ ਬਣਾਕੇ ਗ੍ਰੰਥ ਪੂਰਣ ਕੀਤਾ. ਇਸ ਦਾ ਹਿੰਦੀ ਅਨੁਵਾਦ ਭੱਲਾ ਕੁਲ ਦੇ ਰਤਨ ਕਵਿ ਹ੍ਰਿਦਯਰਾਮ ਨੇ ਬਾਦਸ਼ਾਹ ਜਹਾਂਗੀਰ ਦੇ ਸਮੇਂ ਕੀਤਾ ਹੈ. ਯਥਾ-

ਸੰਮਤ ਬਿਕ੍ਰਮ ਨ੍ਰਿਪਤਿ ਸਹਸ ਖਟ ਸ਼ਤ ਅਸੀਹ[322] ਵਰ,

ਚੈਤ੍ਰ ਚਾਂਦਨੀ ਦੂਜ ਛਤ੍ਰ ਜਹੱਗੀਰ ਸੁਭਟ ਪਰ,

ਸ਼ੁਭ ਲੱਛਨ ਦੱਛਨ ਸੁਦੇਸ਼ ਕਵਿ ਰਾਮ ਵਿਚੱਛਨ,

ਕ੍ਰਿਸ਼੍ਨਦਾਸ ਤਨੁ ਕੁਲ ਪ੍ਰਕਾਸ ਯਸ਼ ਦੀਪਕ ਰੱਛਨ,

ਰਘੁਪਤਿ ਚਰਿਤ੍ਰ ਤਿਨ ਯਥਾਮਤਿ

ਪ੍ਰਗਟ ਕਰਜੋ ਸ਼ੁਭ ਲਗਨ ਗਣ,

ਦੇ ਭਕ੍ਤਿ ਦਾਨ ਨਿਰਭਯ ਕਰੋ,

ਜਯ ਰਘੁਪਤਿ ਰਘੁਵੰਸ਼ ਮਣਿ. ਇਸ ਗ੍ਰੰਥ ਵਿੱਚ ਕਈ ਕਬਿੱਤ ਕਾਸ਼ੀ ਰਾਮ ਕਵੀ ਦੇ ਭੀ ਹਨ.[323]

ਹਨੁਮੰਤ: ਦੇਖੋ, ਹਣਵੰਤੁ.

ਹਨੂ: ਦੇਖੋ, ਹਨੁ. ਇਹ ਸ਼ਬਦ ਹਨੁ ਅਤੇ ਹਨੂ ਦੋਵੇਂ ਸੰਸਕ੍ਰਿਤ ਹਨ। ੨. ਇੱਕ ਰਾਜਪੂਤ ਯੋਧਾ. "ਹਾਥ ਲਗੇ ਅਰਿ ਹਾਸੀ ਹਨੂ ਕੇ." (ਚਰਿਤ੍ਰ ੨)

---

[322] ਸਾਲ ਵਿਕ੍ਰਮੀ ੧੬੮੦.

[323] ਬਹੁਤ ਕਵੀ ਆਖਦੇ ਹਨ ਕਿ ਬਹਾਦੁਰਸ਼ਾਹ ਨੇ ਹ੍ਰਿਦਯਰਾਮ ਦੀ ਲਿਖੀ ਅਸਲ ਕਾਪੀ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਭੇਟਾ ਕੀਤੀ ਸੀ ਅਤੇ ਗੁਰੂ ਸਾਹਿਬ ਨੇ ਪੁਰਸ਼ੁਰਾਮ ਦੇ ਸੰਬਾਦ ਦੇ ਕੁਝ ਛੰਦ ਕਵਿ ਕਾਂਸ਼ੀਰਾਮ ਤੋਂ ਲਿਖਵਾਕੇ ਦਰਜ ਕਰਵਾਏ.

ਹਨੂਦ: ਦੇਖੋ, ਹੁਨੂਦ.

ਹਨੂਮਾਨ: ਦੇਖੋ, ਹਣਵੰਤਰੁ. "ਹਨੂਮਾਨ ਸਰਿ ਗਰੁੜ ਸਮਾਨਾ." (ਧਨਾ ਕਬੀਰ) ਦੇਖੋ, ਸਰਿ.

ਹਨੋਜ਼: ਫ਼ਾ. ہنوز ਕ੍ਰਿ. ਵਿ- ਅਭੀ. ਹੁਣੇ. ਅਜੇ। ੨. ਅਜੇ ਤੀਕ. ਹੁਣ ਤਾਈਂ.

ਹਫਸ: ਹਬਸ਼ ਦੀ ਥਾਂ ਇਹ ਸ਼ਬਦ ਹੈ. "ਹਫਸ ਵਲਾਯਤ ਕੇ ਤਨ ਕਾਰੇ." (ਗੁਪ੍ਰਸੂ)

ਹਫਣਾ: ਕ੍ਰਿ- ਹਾਂਪਨਾ. ਨੱਠ ਭੱਜ ਤੋਂ ਦਿਲ ਦੀ ਤੇਜ਼ ਧੜਕਣ ਦੇ ਕਾਰਣ ਛੇਤੀ ਛੇਤੀ ਸਾਹ ਲੈਣਾ.

ਹਫਤ: ہفت ਹਫ਼ੂ. ਸਪ੍ਰ. ਸੱਤ.

ਹਫ਼ਤ ਅਕ਼ਲੀਮ, ਹਫ਼ਤ ਇਕ਼ਲੀਮ, ਹਫ਼ਤ ਕਿਸ਼ਵਰ: ਫ਼ਾ. ہفت اقلیم -ہفت کشور ਹਫ਼ਤ (ਸੱਤ) ਇਕ਼ਲੀਮ ਅਥਵਾ ਕਿਸ਼ਵਰ (ਵਲਾਇਤ). ਯੂਨਾਨੀ ਵਿਦ੍ਵਾਨਾਂ ਨੇ ਖਤ ਉਸਤਵਾ (Equator- ਮੱਧਰੇਖਾ) ਦੇ ਉੱਤਰ ਵੱਲ ਨੂੰ ਸੱਤ ਖਤ ਇੱਕੋ ਜੇਹੇ ਖਿੱਚਕੇ ਜਮੀਨ ਦੇ ਸੱਤ ਹਿੱਸੇ ਕਰ ਦਿੱਤੇ ਹਨ. ਹਫਤ ਇਕਲੀਮ ਤੋਂ ਭਾਵ ਸਾਰੀ ਦੁਨੀਆਂ ਹੈ, ਪਰ ਇਹ ਚੇਤੇ ਰਹੇ ਕਿ ਉਸ ਵੇਲੇ ਦੇ ਵਿਦ੍ਵਾਨਾਂ ਨੇ ਇਸ ਵਿੱਚ ਅਮਰੀਕਾ ਅਤੇ ਆਸਟ੍ਰੇਲੀਆ ਨਹੀਂ ਗਿਣੇ, ਕਿਉਂਕਿ ਇਹ ਦੇਸ਼ ਮਗਰੋਂ ਮਲੂਮ ਹੋਏ ਹਨ.

ਹਫਤਖਨ, ਹਫ਼ਤਖ਼੍ਵਾਨ: ਫ਼ਾ. ہفت خوان ਅਸਫ਼ੰਦਯਾਰ ਅਤੇ ਰੁਸਤਮ ਨੇ ਸੱਤ ਸੱਤ ਮੰਜ਼ਲਾਂ ਤੈ ਕਰਕੇ ਕਾਮਯਾਬੀ ਪਿੱਛੋਂ ਜੋ ਕਰਤਾਰ ਦਾ ਧਨਜਵਾਦ ਕਰਦੇ ਹੋਏ, ਹਰੇਕ ਮੰਜ਼ਲ ਤੈ ਕਰਨ ਪਿੱਛੋਂ, ਦਸਤਰਖ਼੍ਵਾਨ ਬਿਛਾਕੇ ਭੋਜਨ ਖਵਾਇਆ, ਉਸ ਤੋਂ ਇਸ ਸ਼ਬਦ ਦੀ ਉਤਪੱਤੀ ਹੈ.

ਹਫਤ ਜੁਬਾਂ: ਫ਼ਾ. ہفت زباں ਹਫ਼ਤ ਜ਼ੁਬਾਂ. ਅਰਬ ਦੇਸ਼ ਦੀਆਂ ਸੱਤ ਬੋਲੀਆਂ ਜਾਣਨ ਵਾਲੇ ਨੂੰ ਇਸਲਾਮੀ ਕਿਤਾਬਾਂ ਵਿੱਚ "ਹਫ਼ਤ ਜ਼ੁਬਾਂ" ਲਿਖਿਆ ਹੈ. ਜਿਸ ਤਰਾਂ ਦੁਆਬੇ, ਮਾਝੇ, ਮਾਲਵੇ, ਦੀ ਪੰਜਾਬੀ ਵਿੱਚ ਥੋੜਾ ਬਹੁਤ ਭੇਦ ਹੈ. ਇਸੇ ਤਰਾਂ ਅਰਬੀ ਭਾਸ਼ਾ, ਇਲਾਕਿਆਂ ਦੇ ਭੇਦ ਕਰਕੇ ਸੱਤ ਪ੍ਰਕਾਰ ਦੀ ਹੈ. ਅਰਥਾਤ- ਕ਼ੁਰੈਸ਼, ਤ਼ਯ (ਤ਼ੈ), ਹਵਾਜ਼ਿਨ, ਯਮਨ, ਸ਼ਕੀਫ਼, ਹੁਜ਼ੈਲ ਅਤੇ ਤਮੀਮ.

قریش، طیّے، ہوازن، یمن، ثکیف، ہذیل تمیم

ਹ਼ਫ਼ਤਾ: ਫ਼ਾ. ہفتہ ਸੰ. ਸਪ੍ਤਾਹ. ਸਤਵਾਰਾ.

ਹ਼ਫ਼ਤਾਦ: ਫ਼ਾ. ہفتاد ਸੱਤਰ- ੭੦.

ਹਬ: ਅ਼. حب ਹ਼ਬ. ਸੰਗਜਾ- ਦਾਣਾ. ਬੀਜ। ੨. ਗੋਲੀ. ਵੱਟੀ.

ਹਬਸ: ਅ਼. حبس ਹ਼ਬਸ. ਸੰਗਜਾ- ਰੋਕ ਰੱਖਣਾ। ੨. ਕੈਦ. ਹਵਾਲਾਤ। ੩. ਅ਼. حبش ਹ਼ਬਸ਼. ਅਫਰੀਕਾ ਦੇ ਅੰਤਰਗਤ ਦੇਸ਼ ਐਬਸੀਨੀਆ (Abyssinia) "ਹਬਸ ਵਲਾਯਤ ਗਏ ਦਯਾਲਾ." (ਨਾਪ੍ਰ)

ਹਬਸਦਮ: ਦੇਖੋ, ਦਮ ੯.

ਹਬਸ਼ੀ: ਵਿ- ਹ਼ਬਸ਼ ਦਾ ਵਸਨੀਕ. "ਹਬਸੀ ਹਲਬੀ ਧਜਾਵੈਂ." (ਅਕਾਲ)

ਹਬਾ: ਅ਼. ہبا ਸੰਗਜਾ- ਰੇਣੁ. ਧੂਲਿ. ਰਜ। ੨. ਦੇਖੋ, ਹਵਾ.

ਹਬਾਬ: ਅ਼. حباب ਹ਼ਬਾਬ. ਸੰਗਜਾ- ਪਾਣੀ ਦਾ ਬੁਲਬੁਲਾ. ਬੁਦਬੁਦਾ। ੨. ਓਸ. ਸ਼ਬਨਮ. ਤ੍ਰੇਲ। ੩. ਘੜਾ ਰੱਖਣ ਦੀ ਟਿਕਟਿਕੀ. ਘੜਵੰਜੀ. ਘੜੌਂਜੀ.

ਹਬੀਬ: ਅ਼. حبیب ਹ਼ਬੀਬ. ਵਿ- ਪਿਆਰਾ. ਪ੍ਰਿਯ। ੨. ਦੋਸ੍ਤ. ਮਿਤ੍ਰ. ਦੇਖੋ, ਹੁੱਬ.

ਹਬੂਬ: ਅ਼. حبُوب ਹ਼ਬੂਬ. ਹ਼ਬ (ਦਾਣੇ) ਦਾ ਬਹੁ ਵਚਨ. ਦਾਣੇ। ੨. ਜ਼ਮੀਨ ਦੇ ਮਾਲਿਕ ਅਥਵਾ ਰਾਜੇ ਦਾ ਦਾਨਿਆਂ ਦੀ ਵਟਾਈ ਸਮੇਂ ਕਾਸ਼ਤਕਾਰ ਪੁਰ ਅਨੇਕ ਹੱਕਾਂ ਬਾਬਤ ਲਾਇਆ ਟੈਕਸ. "ਹਬੂਬ ਲਗਾਵੈਂ, ਕਾਰ ਬਿਗਾਰ ਅਨੇਕ ਭਾਂਤ ਕੀ." (ਪੰਪ੍ਰ)

ਹਭ: ਸਿੰਧੀ. ਵਿ- ਸਰਵ. ਸਭ. "ਸੋਹੰਦੜੋ ਹਭ ਠਾਇ." (ਸ੍ਰੀ ਛੰਤ ਮਃ ੫)

ਹਭਕਿਹੁ, ਹਭਕਿਛੁ, ਹਭਕਿਝੁ: ਸਭ ਵਸਤੁ. ਸਭ ਚੀਜ. ਸਭ ਕੁਝ.

ਹਭਕੋ, ਹਭਕੋਇ: ਸਭ ਕੋਈ. ਹਰਇਕ (ਯਕ)

ਹਭਾਹੂੰ: ਸਭ ਸੇ. ਸਭ ਤੋਂ. "ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ." (ਆਸਾ ਮਃ ੫)

ਹਭਿ: ਕ੍ਰਿ. ਵਿ- ਸਭੀ. ਸਾਰੇ. ਸਭ ਹੀ. ਦੇਖੋ, ਹਭ. "ਹਭਿ ਰੰਗ ਮਾਣਹਿ ਜਿਸੁ ਸੰਗਿ." (ਵਾਰ ਜੈਤ).

ਹਭੀਆ: ਸਭ ਦੇ ਸਾਰਿਆਂ ਦੇ. "ਵਸਹਿ ਹਭੀਆ ਨਾਲਿ." (ਵਡ ਮਃ ੧)

ਹਭੁ: ਸਭ. ਦੇਖੋ, ਹਭ. "ਦੂਖ ਦਰਦ ਰੋਗ ਮਾਇ ਮੈਡਾ ਹਭੁ ਨਸੈ." (ਆਸਾ ਮਃ ੫)

ਹਭੇ: ਕ੍ਰਿ. ਵਿ- ਸਾਰੇ. ਤਮਾਮ. "ਹਭੇ ਟੋਲ ਸੁਹਾਵਣੇ ਸਹੁ ਬੈਠਾ ਅੰਙਣ ਮਲਿ." (ਵਾਰ ਮਾਰੂ ੨. ਮਃ ੫)

ਹਭੋ: ਸਭ "ਹਭੋ ਕਿਛੁ ਸੁਹੰਦਾ." (ਜੈਤ ਛੰਤ ਮਃ ੫)

ਹਮ: ਸਰਵ- ਅਸੀਂ. "ਹਮ ਮੈਲੇ ਤੁਮ ਊਜਲ ਕਰਤੇ." (ਸੋਰ ਮਃ ੫) ੨. ਸੰਗਯਾ- ਅਹੰਤਾ. ਅਭਿਮਾਨ. "ਹਮ ਕਾਲਖ ਧੋਵੈ." (ਸਵੈਯੇ ਮਃ ੨. ਕੇ) ੩. ਸਰਵ- ਅਹੰ. ਮੈ. "ਅਵਰਿ ਪੰਚ ਹਮ ਏਕ ਜਨਾ." (ਗਉ ਮਃ ੧) ੪. ਫ਼ਾ. ہمہ ਹਮਹ. ਵਿ- ਤਮਾਮ. ਸਭ. "ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ." (ਵਾਰ ਮਾਝ ਮਃ ੧) ਸੰਸਾਰ ਦੇ ਹਮਹ (ਸਭ) ਪੀਰ, ਮਸ਼ਾਯਖ਼ ਅਤੇ ਰਾਜੇ ਜ਼ਮੀਨ ਹੇਠ ਦੱਬੇ ਗਏ। ੫. ਫ਼ਾ. ہم ਪ੍ਰਤ੍ਯ- ਭੀ. ਸਾਥ. ਸਮਾਨ ਆਦਿ, ਜੈਸੇ- ਹਮਸਰ. ਹਮ ਦਰਦ, ਹਮ ਮਕਤਬ, ਹਮਸ਼ੀਰਾ, ਹਮਨਾਮ, ਹਮਰਾਹ ਆਦਿ.

ਹਮਸਹਰੀ, ਹਮਸਹਿਰੀ: ਵਿ- ਉਸੇ ਸ਼ਹਿਰ ਵਿੱਚ ਰਹਿਣ ਵਾਲਾ. ਫ਼ਾ. ہم شہری "ਜੋ ਹਮਸਹਰੀ ਸੋ ਮੀਤੁ ਹਮਾਰਾ." (ਗਉ ਰਵਿਦਾਸ) ਜੋ ਸਾਡੇ ਨਗਰ (ਬੇਗਮਪੁਰ) ਵਿੱਚ ਰਹਿੰਦਾ ਹੈ ਉਹ ਸਾਡਾ ਮਿਤ੍ਰ ਹੈ.

ਹਮਸਰ: ਫ਼ਾ. ہمسر ਵਿ- ਬਰਾਬਰ ਦਾ. ਤੁੱਲਤਾ ਰੱਖਣ ਵਾਲਾ. "ਹਮਰੰਗ ਹਮਸਰ ਲੜਤ ਭੇ." (ਸਲੋਹ)

ਹਮਸਰਿ: ਹਮਾਰੇ ਸਦ੍ਰਿਸ਼. ਸਾਡੇ ਜੇਹਾ. "ਹਮ ਸਰਿ ਦੀਨੁ, ਦਿਆਲੁ ਨ ਤੁਮ ਸਰਿ." (ਧਨਾ ਰਵਿਦਾਸ)

ਹਮਸਰੀ: ਫ਼ਾ. ہمسری ਸੰਗਯਾ- ਤੁੱਲਤਾ. ਬਰਾਬਰੀ.

ਹਮਸਾਇਆ, ਹਮਸਾਯਾ: ਫ਼ਾ. ہمسایہ ਵਿ- ਉਸੇ ਸਾਯਾ (ਛਾਇਆ- ਛੱਤ) ਵਿੱਚ ਰਹਿਣ ਵਾਲਾ। ੨. ਭਾਵ- ਪੜੋਸੀ.

ਹਮਸੋਸ: ਦੇਖੋ, ਅਫਸੋਸ.

ਹਮਹ, ਹਮਹਿ: ਫ਼ਾ. ہمہ ਵਿ- ਸਭਾ. ਸੰਪੂਰਣ. "ਪ੍ਰਤਿਪਾਲੈ ਨਾਨਕ ਹਮਹਿ." (ਬਾਵਨ) ਸਭ ਨੂੰ ਪਾਲਦਾ ਹੈ। ੨. ਅਸਾਂ ਨੂੰ.

ਹਮਕੀਨ: ਫ਼ਾ. ہم کین ਰਸਤੇ ਦਾ ਸਾਥੀ.

ਹਮਕੀਨੀ: ਸਾਥ ਨਿਬਾਹੁਣ ਵਾਲਾ. ਸਦਾ ਸੰਗੀ. ਦੇਖੋ, ਹਮਕੀਨ. "ਜਿਸ ਗੁਰੁ ਤੇ ਹਰਿ ਪਾਇਆ ਸੋ ਗੁਰੁ ਹਮਕੀਨੀ." (ਗਉ ਮਃ ੩)

ਹਮੱਕ: ਅ. حمق ਹਿਮੱਕ. ਵਿ- ਘਬਰਾਇਆ ਹੋਇਆ. "ਧਮੱਕੇ ਹਮੱਕੇ." (ਕਲਕੀ)

ਹਮਗਿਨਾਂ: ਫ਼ਾ. ہمگناں ਕ੍ਰਿ. ਵਿ- ਸਭ. ਤਮਾਮ। ੨. ਹਰੇਕ.

ਹਮਗੀ: ਫ਼ਾ. ہمگی ਕ੍ਰਿ. ਵਿ- ਸਭ. ਤਮਾਮ. ਸਰਵੰ. ਸਾਰੇ.

ਹਮਚਿਨੀ: ਫ਼ਾ. ہمچنیں ਹਮਚੁਨੀ. ਕ੍ਰਿ. ਵਿ- ਐਹੋ ਜੇਹਾ. ਅਜੇਹਾ. "ਹਮਚਿਨੀ ਪਾਤਸਾਹ ਸਾਵਲੇ ਬਰਨਾ." (ਤਿਲੰ ਨਾਮਦੇਵ)

ਹਮਚੁ: ਫ਼ਾ. ہمچو ਵਿ- ਮਾਨਿੰਦ. ਤੁੱਲ. ਸਮਾਨ.

ਹਮਚੁਨਾ: ਫ਼ਾ. ہمچناں ਵਿ- ਉਸ ਜੈਸਾ. ਓਹੋ ਜੇਹਾ.

ਹਮਚੇ: ਅਸਾਡੇ. ਹਮਾਰੇ। ੨. ਸਾਡੇ ਜੇਹੇ. ਹਮਾਰੇ ਮਾਨਿੰਦ. ਦੇਖੋ, ਤੁਮਚੇ.

ਹਮਜਬਾਂ: ਫ਼ਾ. ہمزباں ਹਮਜ਼ਬਾਂ. ਵਿ- ਹਮਕਲਾਮ. ਜਿਸ ਨਾਲ ਗੱਲ ਬਾਤ ਹੁੰਦੀ ਹੈ। ੨. ਉਹੀ ਬੋਲੀ ਬੋਲਣ ਵਾਲਾ.

ਹਮਜਾ: ਅ. حمزہ ਹ਼ਮਜ਼ਹ. ਮੁਹੰਮਦ ਸਾਹਿਬ ਦਾ ਚਾਚਾ, ਜਿਸ ਨੇ ਇਸਲਾਮ ਮਤ ਧਾਰਨ ਕਰਕੇ ਵਡੀ ਵੀਰਤਾ ਦਿਖਾਈ. ਹਜਰਤ ਮੁਹੰਮਦ ਨੇ ਇਸ ਨੂੰ ਸ਼ੇਰ ਦਾ ਖਿਤਾਬ ਦਿੱਤਾ। ੨. ਸ਼ੇਰ. ਸਿੰਹ. ਸਿੰਘ। ੩. ਜੱਜਾ ਗੋਤ ਦਾ ਇੱਕ ਸਿੱਖ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਉਪਦੇਸ਼ ਧਾਰਕੇ ਆਤਮਗਜਾਨੀ ਹੋਇਆ. "ਹਮਜਾ ਜੱਜਾ ਜਾਣੀਐ." (ਭਾਗੁ) ੪. ہمزہ ਵਜਾਕਰਣ ਅਨੁਸਾਰ ਜ਼ੇਰ ਜ਼ਬਰ ਪੇਸ਼ ਦੇ ਚਿੰਨ੍ਹ ਵਾਲਾ ਅਲਫ ਅੱਖਰ.

ਹਮ ਤੁਮ: ਅਸੀਂ ਤੁਸੀਂ. ਭਾਵ- ਸਭਲੋਕ. "ਉਨ ਕੈ ਸੰਗਿ ਹਮ ਤੁਮ ਸੰਗਿ ਮੇਲ." (ਆਸਾ ਮਃ ੫) ੨. ਅਹੰਤਾ ਤ੍ਵੰਤਾ. "ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ." (ਰਾਮ ਮਃ ੫)

ਹਮਦ: ਅ. حمد ਹ਼ਮਦ. ਸੰਗਜਾ- ਉਸਤਤਿ. ਤਅ਼ਰੀਫ਼. ਵਡਿਆਈ.

ਹਮਦਮ: ਫ਼ਾ. ہمدم ਸੰਗਜਾ- ਏਕ ਪ੍ਰਾਣ. ਇੱਕ ਜਾਨ. ਮਿਤ੍ਰ. ਸੱਚਾ ਦੋਸ੍ਤ.

ਹਮਨ: ਦੇਖੋ, ਹਵਨ। ੨. ਪੂ. ਮੈ. ਮੇਰੀ. "ਹਮਨ ਕੀ ਪੁਕਾਰੇ ਸੁਨੋ ਰਾਜਧਾਨੀ." (ਸਲੋਹ) ੩. ਅਸੀਂ. ਹਮ.

ਹਮਨਸ਼ੀਨ: ਫ਼ਾ. ہم‌نشیں ਵਿ- ਪਾਸ ਬੈਠਣ ਵਾਲਾ. "ਸਾਹ਼ਿਬੇ ਤੋ ਹਮਨਸ਼ੀਨੋ ਹਮਜ਼ੁਬਾਂ." (ਜ਼ਿੰਦਗੀ) ੨. ਸੰਗਜਾ- ਮੁਸਾਹਿਬ. ਸਭਾਸਦ.

ਹਮਯਾਂ: ਫ਼ਾ. ہمیاں ਸੰਗਜਾ- ਰੁਪਯੇ ਰੱਖਣ ਦੀ ਗੁਥਲੀ. ਵਾਸਣੀ.

ਹਮਰਾ: ਸਰਵ- ਹਮਾਰਾ. ਅਸਾਡਾ. "ਹਮਾਰਾ ਮਨੁ ਬੈਰਾਗ ਬਿਰਕਤੁ ਭਇਓ." (ਆਸਾ ਮਃ ੪) ੨. ਹਮਹ ਰਾ. ہمہ‌را ਸਭ ਨੂੰ. ਸਭ ਕਾ (ਕੀ). "ਹਮਰਾ ਬਿਨਉ ਸੁਨਉ ਪ੍ਰਭੁ ਠਾਕੁਰ." (ਗਉ ਮਃ ੪) ਹੇ ਸ੍ਵਾਮੀ! ਆਪ ਸਭ ਦੀ ਬੇਨਤੀ ਸੁਣਦੇ ਹੋ.

ਹਮਰਿਨ ਤੇ: ਵਾ- ਹਮਾਰਿਆਂ ਵਿੱਚੋਂ. ਅਸਾਡਿਆਂ ਵਿੱਚੋਂ "ਦੋਇ ਸਤ੍ਰੁ ਹਮਰਿਨ ਤੇ ਏਕ ਸੰਘਾਰੀਐ." (ਚਰਿਤ੍ਰ ੧੫੩)

ਹਮਲ: ਅ. حمل ਹ਼ਮਲ. ਸੰਗਜਾ- ਬੋਝ ਉਠਾਉਣਾ। ੨. ਗਰਭ. ਆਧਾਨ। ੩. ਹਮਲਹ (ਹੱਲੇ) ਦੀ ਥਾਂ ਭੀ ਗੁਰੁ ਵਿਲਾਸ ੧੦. ਵਿੱਚ ਹਮਲ ਸ਼ਬਦ ਆਇਆ ਹੈ.

ਹਮਲਹ, ਹਮਲਾ: ਅ. حملہ ਹ਼ਮਲਹ. ਸੰਗਜਾ- ਧਾਵਾ. ਹੱਲਾ. ਝਪਟ.

ਹਮਾ: ਦੇਖੋ, ਹਮਹ. "ਅਚਿੰਤ ਹਮਾ ਕਉ ਸਗਲ ਸਿਧਾਂਤੁ." (ਭੈਰ ਅਃ ਮਃ ੫) ਸਭ ਦਾ ਪੂਰਣ ਸਿੱਧਾਂਤ ਅਚਿਤੰਜ (ਕਰਤਾਰ) ਹੈ। ਅਸਾਂ ਨੂੰ.

ਹਮਾਂ: ਫ਼ਾ. ہماں ਹਮ- ਆਂ. ਓਹੀ. ਵਹੀ। ੨. ਦੇਖੋ, ਹਮਹ.

ਹਮਾਇਤ: ਦੇਖੋ, ਹਮਾਯਤ.

ਹਮਾਇਤੀ ਨਾਲਾ: ਦੇਖੋ, ਹਮਾਯਤੀ ਨਾਲਾ.

ਹਮਾਕਤ: ਅ਼. حماقت ਹ਼ਮਾਕ਼ਤ. ਸੰਗਜਾ- ਬੇਅਕਲੀ. ਮੂਰਖਤਾ.

ਹਮਾਚਾ: ਸੰਗਜਾ- ਬੈਲਾ. ਗੁਥਲਾ. "ਤਬ ਹਮਾਚਾ ਭੰਗ ਕਾ ਖੋਲਿਆ." (ਜਸਾ) ਇਹ ਸ਼ਬਦ ਫ਼ਾਰਸੀ "ਹਮਯਾਂ" (ਥੈਲੀ) ਤੋਂ ਬਣਿਆ ਹੈ.

ਹਮਾਤੁਮਾ: ਹਮਾ ਸ਼ੁਮਾ. ਅਸੀਂ ਤੁਸੀਂ. ਭਾਵ- ਸਭ. "ਦੀਬਾਨੁ ਏਕੋ ਕਲਮ ਏਕਾ ਹਮਾ ਤੁਮਾ ਮੇਲੁ." (ਵਾਰ ਆਸਾ)

ਹਮਾਨਾ: ਫ਼ਾ. ہمانا ਵਯ- ਬੇਸ਼ੱਕ. ਨਿਰਸੰਦੇਹ. ਠੀਕ.

ਹਮਾਮ: ਅ਼. حمّام ਹ਼ੱਮਾਮ. ਸੰਗਜਾ- ਗਰਮ ਪਾਣੀ ਨਾਲ ਨ੍ਹਾਉਣ ਵਾਲੀ ਕੋਠੜੀ Bagnio. "ਹਜਰਤ ਕੀਨ ਸਨਾਨ ਹਮਾਮ." (ਗੁਪ੍ਰਸੂ)

ਹਮਾਯਤ: ਅ਼. حمایت ਹ਼ਮਾਯਤ. ਸੰਗਜਾ- ਤਰਫਦਾਰੀ. ਪਕ੍ਸ਼ (ਪੱਖ). ੨. ਨਿਗਹਬਾਨੀ.

ਹਮਾਯਤੀ: ਫ਼ਾ. حمایتی ਵਿ- ਪੱਖੀ. ਸਹਾਇਕ. ਮਦਦਗਾਰ.

ਹਮਾਯਤੀ ਨਾਲਾ: ਆਨੰਦਪੁਰ ਪਾਸ ਇੱਕ ਸਤਲੁਜ ਦੇ ਜਲ ਦਾ ਛੋਟਾ ਪ੍ਰਵਾਹ, ਜੋ ਜੰਗ ਸਮੇਂ ਖਾਲਸਾ ਦਲ ਦਾ ਸਹਾਇਕ ਸਾਬਤ ਹੋਇਆ ਸੀ.

ਹਮਾਰਾ: ਵਿ- ਅਸਾਡਾ. ੨. ਫ਼ਾ. ہمہرا ਹਮਹ ਰਾ. ਸਭ ਤਾਈਂ. "ਹਮਾਰਾ ਏਕ ਆਸ ਵਸੇ." (ਵਾਰ ਮਾਝ ਮਃ ੧) ਸਭ ਨੂੰ ਇੱਕ ਦੀ ਆਸ ਬੱਸ ਹੈ.

ਹਮੀਂ: ਹਮਹੀ। ੨. ਅਸੀਂ ਲੋਕ। ੩. ਫ਼ਾ. ہمیں ਯਹੀ. ਇਹੀ. ਏਹੋ.

ਹਮੀਦ: ਅ਼. حمید ਹ਼ਮੀਦ. ਵਿ- ਵਡਿਆਇਆ ਹੋਇਆ. ਹਮਦ ਕੀਤਾ ਹੋਇਆ. ਪ੍ਰਸ਼ੰਸਿਤ.

ਹਮੀਦਾ: ਵਿ- ਹ਼ਮਦ ਕੀਤੀ ਹੋਈ. ਵਡਿਆਈ ਹੋਈ। ੨. ਦੇਖੋ, ਅਕਬਰ.

ਹਮੀਰ: ਅ਼. ہمیر ਵਿ- ਸ਼ਿਕਸ੍ਤ ਦੇਣ ਵਾਲਾ. ਜਿੱਤਣ ਵਾਲਾ. "ਹਾਠ ਹਮੀਰ." (ਕਲਕੀ) ਹਠੀਆ ਅਤੇ ਵਿਜਯੀ। ੨. ਸੰਗਜਾ- ਰਣਥੰਭੌਰ ਦਾ ਰਾਜਪੂਤ ਰਾਜਾ, ਜੋ ਸੰਃ ੧੩੫੭ ਵਿੱਚ ਗੱਦੀ ਬੈਠਾ. ਬਾਦਸ਼ਾਹ ਅਲਾਉੱਦੀਨ ਖਿਲਜੀ ਦਾ ਇੱਕ ਅਹਿਲਕਾਰ ਮੀਰਮੁਹੰਮਦ ਬਾਗੀ ਹੋਗਿਆ ਅਤੇ ਭੱਜਕੇ ਹਮੀਰ ਪਾਸ ਪਹੁੰਚਿਆ. ਅਲਾਉੱਦੀਨ ਨੇ ਹਮੀਰ ਪਾਸੋਂ ਮੀਰ ਮੁਹੰਮਦ ਮੰਗਿਆ. ਹਮੀਰ ਨੇ ਕਿਹਾ ਕਿ ਭਾਵੇਂ ਸੂਰਜ ਅਪਨੀ ਚਾਲ ਬਦਲ ਲਵੇ, ਪਰ ਹਮੀਰ ਸ਼ਰਣਾਗਤ ਨੂੰ ਨਹੀਂ ਦੇਵੇਗਾ. ਇਸ ਪੁਰ ਅਲਾਉੱਦੀਨ ਨੇ ਚੜ੍ਹਾਈ ਕੀਤੀ ਅਤੇ ਹਮੀਰ ਵਡੀ ਵੀਰਤਾ ਨਾਲ ਸ਼ਹੀਦ ਹੋਇਆ. "ਤਿਰਿਯਾ ਤੇਲ ਹਮੀਰ ਹਠ ਚਢਤ ਨ ਦੂਜੀ ਵਾਰ." (ਲੋਕੋ) ੩. ਇੱਕ ਮੇਵਾਰ ਦਾ ਰਾਜਾ, ਇਹ ਭੀ ਅਲਾਉੱਦੀਨ ਖਿਲਜੀ ਦੇ ਸਮੇਂ ਹੋਇਆ ਹੈ. ਇਹ ਬਾਦਸ਼ਾਹ ਦੇ ਸੂਬੇਦਾਰ ਮਾਲਦੇਵ ਝਲੋਰ ਦੇ ਇਲਾਕੇ ਉੱਤੇ ਹਮਲੇ ਕਰਦਾ ਰਹਿੰਦਾ. ਮਾਲਦੇਵ ਨੇ ਹੋਰ ਤਰਾਂ ਹਮੀਰ ਨੂੰ ਕਾਬੂ ਆਉਂਦਾ ਨਾ ਵੇਖਕੇ ਆਪਣੀ ਬੇਟੀ ਦਾ ਨਾਤਾ ਭੇਜਿਆ, ਜੋ ਹਮੀਰ ਨੇ ਮਨਜ਼ੂਰ ਕਰ ਲਿਆ. ਵਿਆਹ ਹੋਣ ਪੁਰ ਲੜਕੀ ਨੇ ਦੱਸਿਆ ਕਿ ਮੈਂ ਪਹਿਲਾਂ ਵਿਆਹੀ ਹੋਈ ਅਤੇ ਵਿਧਵਾ ਹਾਂ. ਹਮੀਰ ਨੇ ਇੱਕ ਵਾਰ ਮਾਲਦੇਵ ਦੀ ਗੈਰ ਹਾਜਿਰੀ ਵਿੱਚ ਉਸਦੇ ਇਲਾਕੇ ਜਾਕੇ ਸਾਰੀ ਫੌਜ ਨੂੰ ਆਪਣੀ ਵੱਲ ਕਰਕੇ ਸਾਰਾ ਸੂਬਾ ਆਪਣੇ ਕਬਜੇ ਕਰ ਲਿਆ।

ਹਮੀਰ ਸਿੰਘ: ਨਾਭੇ ਦਾ ਪਹਿਲਾ ਰਾਜਾ, ਜੋ ਸੂਰਤੀਏ ਦਾ ਛੋਟਾ ਪੁਤ੍ਰ ਅਤੇ ਬਾਬੇ ਤ੍ਰਿਲੋਕ ਸਿੰਘ ਦਾ ਪੜੋਤਾ ਸੀ. ਇਹ ਆਪਣੇ ਦਾਦੇ ਗੁਰੁਦਿੱਤੇ ਦੇ ਮਰਨ ਤੇ ਧਨੌਲੇ, ਪੱਖੋ, ਕਪੂਰਗੜ੍ਹ ਆਦਿਕ ਇਲਾਕਿਆਂ ਦਾ ਸ੍ਵਾਮੀ ਹੋਇਆ. ਇਹ ਵਡਾ ਬਹਾਦੁਰ ਅਤੇ ਚਤੁਰ ਸੀ. ਸਨ ੧੭੫੫ ਵਿੱਚ ਇਸ ਨੇ ਨਾਭਾ ਨਗਰ ਵਸਾਇਆ ਅਤੇ ਉਸ ਨੂੰ ਰਾਜਧਾਨੀ ਥਾਪਿਆ. ਹਮੀਰ ਸਿੰਘ ਨੇ

ਆਪਣੀ ਬਾਹਾਂ ਦੇ ਬਲ ਨਾਲ ਕਈ ਇਲਾਕੇ ਰਾਜ ਨਾਲ ਮਿਲਾਏ. ਸਨ ੧੭੬੩ ਵਿੱਚ ਸਰਹਿੰਦ ਦੇ ਗਵਰਨਰ ਜੈਨ ਖਾਨ ਨੂੰ ਮਾਰਨ ਵੇਲੇ ਇਹ ਆਪਣੇ ਖਾਲਸਾ ਭਾਈਆਂ ਦੇ ਨਾਲ ਸੀ ਅਤੇ ਇਸ ਫਤੇ ਵਿੱਚ ਅਮਲੋਹ ਦਾ ਇਲਾਕਾ ਇਸ ਦੇ ਹੱਥ ਆਇਆ. ਰਾਜਾ ਹਮੀਰ ਸਿੰਘ ਦਾ ਦੇਹਾਂਤ ਸਨ ੧੭੮੩ ਵਿੱਚ ਨਾਭੇ ਹੋਇਆ. ਸਮਾਧ ਕਿਲੇ ਦੇ ਪਾਸ ਹੀ ਪੂਰਵ ਵੱਲ ਹੈ.

ਹਮੁ: ਫ਼ਾ. همہ ਹਮਹ. ਤਮਾਮ. ਸਭ. "ਖੇਲ ਖਾਨਾ ਬਿਰਾਦਰ ਹਮੁ ਜੰਜਾਲਾ." (ਮਾਰੂ ਸੋਲਹੇ ਮਃ ੫) ੨. ਫ਼ਾ. ہم اِ ਹਮ- ਓ. ਵਹੀ. ਉਹੀ.

ਹਮੇ: ਫ਼ਾ. ہمے ਫਾਰਸ਼ੀ ਦਾ ਪਦ ਪੂਰਤੀ ਲਈ ਪ੍ਰਤਜਯ, ਜੋ ਮੇ ਵਾਂਙ ਆ ਜਾਂਦਾ ਹੈ. ਦੇਖੋ, ਮੇ.

ਹਮੇਸ਼, ਹਮੇਸ਼ਹ: ਫ਼ਾ ہمیشہ ਵਯ- ਸਦਾ. ਸਵੰਦਾ. ਨਿਤਯ (ਨਿੱਤ).

ਹਮੇਰ, ਹਮੇਲ: ਅ. ਹ਼ਮਾਯਲ. ਗਾਤ੍ਰਾ। ੨. ਚਾਂਦੀ ਸੁਵਰਣ ਆਦਿਕ ਦੀ ਮਾਲਾ, ਜੋ ਛਾਤੀ ਤੇ ਲਟਕਦੀ ਰਹਿੰਦੀ ਹੈ. ਇਹ ਇਸਤ੍ਰੀ ਪੁਰਖਾਂ ਤਥਾ ਘੋੜੇ ਆਦਿਕ ਪਸ਼ੂਆਂ ਦਾ ਭੀ ਭੂਸ਼ਣ ਹੈ। ੩. ਮੁਸਲਮਾਨ ਕੁਰਾਨ ਨੂੰ ਭੀ ਮਾਲਾ ਦੀ ਤਰਾਂ ਪਹਿਨਦੇ ਹਨ.

ਹਮੈ: ਸਾਨੂੰ. ਅਸਾਂ ਤਾਈਂ। ੨. ਦੇਖੋ, ਹਮਹ.

ਹਮੈਨੇਕ: ਵਾ- ਹਮ ਨੇ ਅਨੇਕ. ਅਸੀਂ ਬਹੁਤ. "ਹਮੈਨੇਕ ਮਾਰੀ." (ਗੁਵਿ ੧੦) ਅਸੀਂ ਅਨੇਕ ਗੋਲੀਆਂ ਮਾਰੀਆਂ.

ਹਯ: ਸੰ. हय ਧਾ- ਜਾਣਾ. ਤੁਰਨਾ. ਸ਼ਬਦ ਕਰਨਾ। ੨. ਸੰਗਯਾ- ਘੋੜਾ.

ਹਯਸਾਰ, ਹਯਸਾਲ: ਸੰ. ਹਯਸ਼ਾਲਾ. ਸੰਗਯਾ- ਘੋੜਿਆਂ ਦੇ ਰਹਿਣ ਦਾ ਘਰ. ਅਸਤਬਲ. "ਛੋਰ ਲਯੋ ਹਯਸਾਰਹਿ ਤੇ ਹਯ." (ਰਾਮਾਵ) ਤਬੇਲੇ ਤੋਂ ਘੋੜਾ ਖੋਲ੍ਹ ਲੀਤਾ.

ਹਯਕ੍ਰਤੁ, ਹਯਕ੍ਰਿਤੁ: ਸੰਗਯਾ- ਹਯ (ਅਸ਼੍ਵ) ਕ੍ਰਤੁ (ਯਗ੍ਯ). ਅਸ਼੍ਵਮੇਧ ਯਗ੍ਯ.

ਹਯਗ੍ਰੀਵ: ਵਿਸ਼ਨੁਪੁਰਾਣ ਅਨੁਸਾਰ ਭੌਮਾਸੁਰ ਦਾ ਫੌਜੀ ਸਰਦਾਰ, ਜੋ ਮੁਰ ਦੈਤ ਦਾ ਸਾਥੀ ਸੀ. ਇਸ ਨੂੰ ਕ੍ਰਿਸ਼ਨ ਜੀ ਨੇ ਮਾਰਿਆ। ੨. ਦੇਵੀ ਭਾਗਵਤ ਅਨੁਸਾਰ ਵਿਸ਼ਨੁ ਦਾ ਇੱਕ ਅਵਤਾਰ. ਕਥਾ ਇਉਂ ਹੈ ਕਿ ਇੱਕ ਵਾਰ ਵਿਸ਼ਨੁ ਦਾ ਆਪਣੀ ਹੀ ਕਮਾਣ ਦੇ ਚਿੱਲੇ ਨਾਲ ਗਲ ਵੱਢਿਆ ਗਿਆ, ਦੇਵੀ ਦੇ ਆਖੇ ਦੇਵਤਿਆਂ ਨੇ ਘੋੜੇ ਦਾ ਸਿਰ ਵਿਸ਼ਨੁ ਦੇ ਧੜ ਉੱਤੇ ਜੜ ਦਿੱਤਾ, ਜਿਸ ਤੋਂ ਹਯਗ੍ਰੀਵ ਅਵਤਾਰ ਹੋਇਆ. ਹਯਗ੍ਰੀਵ ਨੇ ਮਧੁ ਅਤੇ ਕੈਟਭ ਨੂੰ ਮਾਰਕੇ ਵੇਦਾਂ ਦਾ ਉੱਧਾਰ ਕੀਤਾ.

ਹਯਣੀ: ਘੋੜਿਆਂ ਦੀ ਫੌਜ. (ਸਨਾਮਾ)

ਹਯਣੀ ਇਸਣੀ: ਇਸਣੀ ਇਸਣੀ ਇਸਣੀ ਅਰਣੀ. (ਸਨਾਮਾ) ਉੱਚੈਸ਼੍ਰਵਾ ਘੋੜੇ ਦਾ ਪਤੀ ਇੰਦ੍ਰ, ਉਸ ਦਾ ਸ੍ਵਾਮੀ ਕਸ਼ਯਪ, ਉਸ ਦੀ ਹਕੂਮਤ ਵਿੱਚ ਆਈ ਪ੍ਰਿਥਿਵੀ, ਉਸ ਦਾ ਸ੍ਵਾਮੀ ਰਾਜਾ, ਉਸ ਦੀ ਸੈਨਾ ਦੀ ਵੈਰਣ ਬੰਦੂਕ.

ਹਯਤ੍ਰਾਣ: ਸੰਗਯਾ- ਘੋੜੇ ਦਾ ਕਵਚ. ਘੋੜੇ ਦੇ ਸ਼ਰੀਰ ਨੂੰ ਬਚਾਉਣ ਵਾਲਾ ਸੰਜੋਆ.

ਹਯਨਰਿ, ਹਯਨਾਂਤਕ: ਹਯਨ ਅਰਿ. ਘੋੜਿਆਂ ਦਾ ਵੈਰੀ. ਘੋੜਿਆਂ ਦਾ ਅੰਤ ਕਰਨ ਵਾਲਾ ਸ਼ੇਰ. (ਸਨਾਮਾ)

ਹਯਨੀ: ਘੋੜਿਆ ਦੀ ਸੈਨਾ. (ਸਨਾਮਾ)

ਹਯਲ: ਅ਼. حیل ਹ਼ਯਲ. ਸ਼ਕਤਿ. "ਹਯਲ ਕਾਯਮ ਰੂਹ." (ਮਗੋ)

ਹਯਾ, ਹਯਾਉ: ਅ਼. حیا ਹ਼ਯਾ. ਸੰਗਯਾ- ਵਰਖਾ। ੨. ਲੱਜਾ. ਸ਼ਰਮ। ੩. ਭਗ. ਯੋਨਿ। ੪. ਸੰ. ਹਯਾ. ਘੋੜੀ.

ਹਯਾਤ: ਅ. حیات ਹ਼ਯਾਤ. ਸੰਗਯਾ- ਜੀਵਨ. ਜਿੰਦਗੀ.

**ਹਯਾਤ ਖ਼ਾਂ:** ਸਵਾ ਸੌ ਸਵਾਰ ਦਾ ਸਰਦਾਰ, ਜਿਸ ਨੂੰ ਬੁੱਧੂ ਸ਼ਾਹ ਨੇ ਦਸ਼ਮੇਸ਼ ਜੀ ਪਾਸ ਪਾਂਵਟੇ ਦੇ ਮਕਾਮ ਪੁਰ ਨੌਕਰ ਰਖਵਾਇਆ ਸੀ. ਇਹ ਨਮਕਹਰਾਮ ਹੋਕੇ ਪਹਾੜੀ ਰਾਜਿਆਂ ਨਾਲ ਜਾ ਮਿਲਿਆ. ਭੰਗਾਣੀ ਦੇ ਜੰਗ ਵਿੱਚ ਬਾਬਾ ਕ੍ਰਿਪਾਲ ਦਾਸ ਮਹੰਤ ਨੇ ਇਸ ਨੂੰ ਕੁਤਕੇ ਨਾਲ ਮਾਰਿਆ. ਦੇਖੋ, ਕ੍ਰਿਪਾਲ ਦਾਸ.

**ਹਯਾਤੀ:** ਵਿ- ਜੀਵਨਦਸ਼ਾ ਵਾਲਾ. ਜਿਉਂਦਾ. "ਸੇਖ ਹਯਾਤੀ ਜਗਿ ਨ ਕੋਈ ਥਿਰੁ ਰਹਿਆ." (ਆਸਾ ਫਰੀਦ)

**ਹਯਾਤੁੱਲਾ ਖ਼ਾਨ:** ਦੇਖੋ, ਸ਼ਾਹ ਨਵਾਜ ਖ਼ਾਂ.

**ਹਯੋ:** ਹਨਨ ਕਰਿਆ. ਮਾਰਿਆ. "ਸਮਰਸੈਨ ਰਾਜਾ ਪੁਨ ਹਯੋ." (ਚਰਿਤ੍ਰ ੫੨)

**ਹਰ:** ਵਿ- ਹਰਾ. ਹਰਿਤ. "ਜੈਸ ਬਨ ਹਰ ਪਾਤ." (ਸਾਰ ਕਬੀਰ) "ਬਨ ਹਰ ਪਾਤ ਰੇ." (ਧਨਾ ਮਃ ੫) ੨. ਸੰ. ਸੰਗਯਾ- ਰੁਦ੍ਰ. ਸ਼ਿਵ. "ਕਮਲਾਸਨ ਧਯਾਵਤ ਜਾਹਿ ਭਜੇ ਹਰ." (ਗੁਪ੍ਰਸੂ) ੩. ਅਗਨਿ। ੪. ਕਾਲ। ੫. ਲੈ ਜਾਣਾ. ਹਰਣ. "ਮੇਰੀ ਹਰਹੁ ਬਿਪਤਿ." (ਗਉ ਰਵਿਦਾਸ) ੬. ਫ਼ਾ. ہر ਵਯ- ਕੁੱਲ. ਪ੍ਰਤਿ. ਹਰ ਇੱਕ. "ਹਰਦਿਨੁ ਹਰਿ ਸਿਮਰਨੁ ਮੇਰੇ ਭਾਈ." (ਗਉ ਮਃ ੫) "ਬੰਦੇ ਖੋਜੁ ਦਿਲ ਹਰਰੋਜ." (ਤਿਲੰ ਕਬੀਰ) ੭. ਹਲ ਦੀ ਥਾਂ ਭੀ ਹਰ ਸ਼ਬਦ ਦੇਖੀਦਾ ਹੈ. "ਹਰ ਬਾਹਤ ਇਕ ਪੁਰਖ ਨਿਹਾਰਾ." (ਦੱਤਾਵ) ੮. ਗੁਰੁਬਾਣੀ ਵਿੱਚ ਹਰਿ ਦੀ ਥਾਂ ਭੀ ਹਰ ਸ਼ਬਦ ਅਨੇਕ ਥਾਂ ਆਇਆ ਹੈ, ਜੋ ਕਰਤਾਰ ਬੋਧਕ ਹੈ। ੯. ਇੱਕ ਰਾਜਪੂਤ ਜਾਤਿ, ਜੋ ਬਹੁਤ ਕਰਕੇ ਬੂੰਦੀ ਦੇ ਇਲਾਕੇ ਪਾਈ ਜਾਂਦੀ ਹੈ. ਇਸ ਤੋਂ "ਹਰਾਵਲੀ" ਸ਼ਬਦ ਬਣਿਆ ਹੈ. ਦੇਖੋ, ਹਰਾਵਲੀ.

**ਹਰਉਲ:** ਦੇਖੋ, ਹਰੌਲ.

**ਹਰਅਰਿ:** ਸੰਗਯਾ- ਕਾਮ, ਜੋ ਸ਼ਿਵ ਦਾ ਵੈਰੀ ਹੈ. "ਗਿਰੀ ਮੂਰਛਨਾ ਹਨਐ ਧਰਨਿ ਹਰਅਰਿ ਸਰ ਗਜੋ ਮਾਰ." (ਚਰਿਤ੍ਰ ੯)

**ਹਰ ਇਕ:** ਕ੍ਰਿ. ਵਿ- ਹਰ- ਯਕ. ਪ੍ਰਤਯੇਕ. ਹਰੇਕ.

**ਹਰਏ:** ਚਤੁਰਥੀ. ਹਰਯੇ. ਹਰਿ ਨੂੰ. ਕਰਤਾਰ ਨੂੰ. "ਹਰਏ ਨਮਸਤੇ." (ਗੌਂਡ ਨਾਮਦੇਵ)

**ਹਰਸ:** ਸੰ. ਹਰ੍ਸ਼. ਸੰਗਯਾ- ਆਨੰਦ। ੨. ਸੁਖ. ਦੇਖੋ, ਹ੍ਰਿਸ਼੍ ਧਾ। ੩. ਪ੍ਰਭਾਕਰ ਵਰਧਨ ਦਾ ਪੁਤ੍ਰ ਥਾਨੇਸਰ ਦਾ ਰਾਜਾ ਹਰ੍ਸ਼, ਜਿਸ ਦਾ ਪੂਰਾ ਨਾਉਂ ਹਰ੍ਸ਼ਵਰਧਨ ਹੈ. ਇਹ ਸੋਲਾਂ ਵਰ੍ਹੇ ਦੀ ਉਮਰ ਵਿੱਚ ਸਨ ੬੦੬ ਵਿੱਚ ਗੱਦੀ ਤੇ ਬੈਠਾ ਅਤੇ ਭਾਰਤ ਦਾ ਮਹਾਰਾਜਾ ਹੋਇਆ. ਇਸਦੇ ਦਰਬਾਰ ਦੇ ਉੱਤਮ ਕਵਿ 'ਵਾਣ' ਨੇ ਹਰ੍ਸ਼ਚਰਿਤ੍ਰ ਮਨੋਹਰ ਕਾਵ੍ਯ ਲਿਖਿਆ ਹੈ. ਹਰ੍ਸ਼ ਨੇ ਆਪਣੀ ਰਾਜਧਾਨੀ ਕਨੌਜ ਬਣਾਈ. ਇਸ ਦਾ ਦੇਹਾਂਤ ਸਨ ੬੪੭ ਵਿੱਚ ਹੋਇਆ ਹੈ.

**ਹਰਸਕਤਨਿ:** ਦੇਖੋ, ਹਰਿ ਸਕਤਨਿ.

**ਹਰਸਨ:** ਸੰ. ਹਰ੍ਸ਼ਣ. ਸੰਗਯਾ- ਆਨੰਦ ਹੋਣ ਦੀ ਕ੍ਰਿਯਾ। ੨. ਵਿ- ਆਨੰਦ ਦਾਤਾ. ਆਨੰਦ ਕਰਨ ਵਾਲਾ. "ਦਰਸਨ ਪਰਸਨ ਸਰਸਨ ਹਰਸਨ." (ਆਸਾ ਮਃ ੫) ੩. ਸੰ. ਹ੍ਰਾਸਨ. ਸੰਗਯਾ- ਘਟਾਉਣਾ. ਕਮ ਕਰਨਾ. ਮਿਟਾਉਣਾ. "ਦੋਖ ਸਗਲ ਮਲ ਹਰਸਨ." (ਕਾਨ ਮਃ ੫)

**ਹਰਸਾਤ:** ਹਰ੍ਸ਼ਿਤ ਹੁੰਦਾ ਹੈ. ਦੇਖੋ, ਹਰਸ। ੨. ਹਰਸਾਅ਼ਤ. ہرساعت ਹਰ ਘੜੀ. ਹਰ ਵੇਲੇ. "ਬੋਲਹਿ ਹਰਿ ਹਰਿ ਰਾਮ ਨਾਮੁ ਹਰਸਾਤੇ." (ਵਾਰ ਸੋਰ ਮਃ ੪)

**ਹਰਸਿੰਗਾਰ:** ਦੇਖੋ, ਹਾਰ ਸਿੰਗਾਰ। ੨. ਸੱਪ, ਜੋ ਹਰ (ਸ਼ਿਵ) ਦਾ ਸਿੰਗਾਰ ਹੈ.

**ਹਰਹਟ:** ਸੰ. ਅਰਘੱਟ. ਸੰਗਯਾ- ਹਰਟ. ਘਟਿਯੰਤ੍ਰ. "ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ." (ਸਵਾ ਮਃ ੩)

**ਹਰਹਟ ਮਾਲ:** ਸੰਗਯਾ- ਅਰਘੱਟ ਮਾਲਾ. ਹਰਟ ਦੀ ਮਾਲਾ (ਮਾਲ੍ਹ), ਜਿਸ ਨਾਲ ਟਿੰਡਾਂ ਬੱਧੀਆਂ ਰਹਿੰਦੀਆਂ ਹਨ.

ਹਰਹਾਰ: ਸ਼ਿਵ ਦਾ ਹਾਰ. ਚਿੱਟਾ ਸੱਪ. ਸ਼ਿਵ ਸਫ਼ੇਦ ਸੱਪ ਪਹਿਰਦਾ ਹੈ. "ਹਰਹਾਰ ਸੀ ਹਲਬਾਨੇਰ." (ਅਕਾਲ) "ਸੂਖ ਗਯੋ ਤ੍ਰਸਕੈ ਹਰਹਾਰ." (ਚੰਡੀ ੧)

ਹਰਕ: ਦੇਖੋ, ਹਲਕ.

ਹਰਕਤ: ਅ਼. حرکت ਹ਼ਰਕਤ. ਹਿਲਨਾ. ਚੇਸ਼੍ਟਾ.

ਹਰਕਾ: ਵਿ- ਹਲਕਾ. ਹੌਲਾ. ਓਛਾ. "ਤੁਮ ਕਾਨ੍ਹ ਭਏ ਹਰਕਾ ਹੋ." (ਕ੍ਰਿਸਨਾਵ)

ਹਰਕਾਇਆ: ਵਿ- ਅਲਰਕਾਇਆ. ਹਲਕਾਇਆ. ਹਲਕਿਆ ਹੋਇਆ. ਦੇਖੋ, ਅਲਰਕ. "ਜਿਉ ਕੂਕਰ ਹਰਕਾਇਆ." (ਸ੍ਰੀ ਮਃ ੫)

ਹਰਕਾਤ: ਹਰਕਤ ਦਾ ਬਹੁ ਵਚਨ.

ਹਰਕਿ: ਫ਼ਾ. ہرکہ ਸਰਵ- ਜੋ ਆਦਮੀ. ਜੋ ਕੋਈ.

ਹਰ ਕੀ ਧਰਨੀ: ਹਰ (ਸ਼ਿਵ) ਦੀ ਅਰਧਾਂਗ ਧਾਰਣ ਕੀਤੀ ਹੋਈ ਪਾਰਵਤੀ. "ਹਰਿ ਰੂਪ ਕਿਯੇ ਹਰ ਕੀ ਧਰਨੀ ਹੈ." (ਚੰਡੀ ੧)

ਹਰਕੌਰ: ਸਰਦਾਰ ਹਰੀ ਸਿੰਘ ਜੋਧਪੁਰੀਏ ਦੀ ਸੁਪੁਤ੍ਰੀ, ਰਾਜਾ ਜਸਵੰਤ ਸਿੰਘ ਨਾਭਾਪਤਿ ਦੀ ਰਾਣੀ ਅਤੇ ਰਾਜਾ ਦੇਵੇਂਦ੍ਰ ਸਿੰਘ ਦੀ ਮਾਤਾ.

ਹਰਖ: ਦੇਖੋ, ਹਰਸ. ਦੇਖੋ, ਹ੍ਰਿਸ਼੍ ਧਾ। ੨. ਆਨੰਦ. "ਹਰਖ ਅਨੰਤ ਸੋਗ ਨਹੀ ਬੀਆ." (ਗਉ ਮਃ ੫) ੩. ਕ੍ਰੋਧ. ਪੰਜਾਬੀ ਵਿੱਚ ਸੰਸਕ੍ਰਿਤ ਆਮਰ੍ਸ਼ ਸ਼ਬਦ ਹਰਖ ਹੋ ਗਿਆ ਹੈ.

ਹਰਖਸੋਗ: ਹਰ੍ਸ਼ ਅਤੇ ਸ਼ੋਕ. ਖੁਸ਼ੀ ਅਤੇ ਗਮੀ."ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ." (ਸਃ ਮਃ ੯)

ਹਰਖਣ: ਕ੍ਰਿ- ਕ੍ਰੋਧ ਸਹਿਤ ਹੋਣਾ. ਆਮਰ੍ਸ਼ ਕਰਨਾ। ੨. ਹਰ੍ਸ਼ ਸਹਿਤ ਹੋਣਾ. ਦੇਖੋ, ਹਰਸਨ.

ਹਰਖਵਾਨ, ਹਰਖਵੰਤ: ਵਿ- ਹਰ੍ਸ਼ਵਾਨ. ਖ਼ੁਸ਼. "ਹਰਖਵੰਤ ਆਨੰਤ ਦਇਆਲਾ." (ਮਾਰੂ ਸੋਲਹੇ ਮਃ ੫)

ਹਰਖੀ: ਵਿ- ਕ੍ਰੋਧੀ. ਦੇਖੋ, ਹ੍ਰਿਸ਼੍ ਧਾ। ੨. ਆਨੰਦੀ. ਖ਼ੁਸ਼। ੩. ਹਰ੍ਸ਼ ਹੀ. ਆਨੰਦ ਹੀ. "ਸੋਗੁ ਨਾਹੀ ਸਦਾ ਹਰਖੀ ਹੈ ਰੇ!" (ਕਾਨ ਮਃ ੫)

ਹਰਗਣਾ: ਲੁਦਿਆਨੇ ਦੀ ਤਸੀਲ ਸਮਰਾਲਾ ਦਾ ਇੱਕ ਪਿੰਡ. ਇੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਰਣ ਪਾਏ ਹਨ.

ਹਰਗਾਹ: ਫ਼ਾ. ہرگاہ ਕ੍ਰਿ. ਵਿ- ਜਦੋਂ. ਜਿਸ ਵੇਲੇ। ੨. ਦੇਖੋ, ਹਰ ਅਤੇ ਗਾਹ.

ਹਰਗਿਜ: ਫ਼ਾ. ہرگز ਹਰਗਿਜ਼. ਕ੍ਰਿ. ਵਿ- ਬਿਲਕੁਲ। ੨. ਕਦੇ ਨਾ.

ਹਰਚਿ: ਫ਼ਾ. ہرچہ ਜੋ ਕੁਝ.

ਹਰ ਚੰਦਉਰੀ: ਦੇਖੋ, ਹਰਿਸਚੰਦ੍ਰ.

ਹਰਜ: ਫ਼ਾ. ہرج ਸੰਗਜਾ- ਨੁਕਸਾਨ. ਹਾਨਿ। ੨. ਅ਼. حرج ਹ਼ਰਜ. ਤੰਗੀ। ੩. ਫੰਧਾ. ਫਾਹੀ.

ਹਰਜੱਛ: ਸੰ. ਹਯਕ੍ਸ਼. ਜਿਸ ਦੀਆਂ ਹਰਿ (ਪੀਲੀ) ਅੱਖਾਂ ਹਨ. ਸ਼ੇਰ. ਸਿੰਘ. "ਆਦਿ ਸਬਦ ਹਰਜੱਛ ਉਚਾਰੋ। ਤਾਂ ਪਾਛੇ ਅਰਿ ਪਦ ਦੈ ਡਾਰੋ." (ਸਨਾਮਾ) ਹਰਜੱਛ (ਸ਼ੇਰ) ਦੀ ਵੈਰਣ ਬੰਦੂਕ.

ਹਰਜੱਛ ਅਰਿ: ਦੇਖੋ, ਹਰਜੱਛ.

ਹਰਜੱਛਨਿ ਨਾਦਿਨੀ: ਹਯਜੰਕ (ਸ਼ੇਰ) ਜੇਹਾ ਸ਼ਬਦ ਕਰਨ ਵਾਲੀ. ਸਿੰਘ ਨਾਦਨਿ, ਬੰਦੂਕ. (ਸਨਾਮਾ)

ਹਰਜਨ: ਹਰਿਜਨ. ਕਰਤਾਰ ਦੇ ਲੋਕ. ਸਾਧੁਜਨ. ਦੇਖੋ, ਹਰਿਜਨ.

ਹਰਜਾ: ਫ਼ਾ. هرج ਹਰਜ. ਸੰਗਯਾ- ਨੁਕਸਾਨ. ਹਾਨਿ। ੨. ਹਰ- ਜਾ. ਹਰ ਜਗਹਿ. ਹਰ ਥਾਂ. هرجا "ਹਰ ਜਾ ਅਸਿ ਐਸੇ ਸੁਨਜੋ ਕਰਤ ਏਕ ਤੇ ਦੋਇ। ਬਿਰਹਿ ਬਢਾਰਿਨ ਕੇ ਬਧੇ ਏਕ ਦੋਇ ਤੇ ਹੋਇ." (ਚਰਿਤ੍ਰ ੯੮) ਹਰ ਥਾਂ ਇਹ ਸੁਣਿਆ ਹੈ ਕਿ ਤਲਵਾਰ ਇੱਕ ਤੋਂ ਦੋ ਕਰ ਦਿੰਦੀ ਹੈ, ਪਰ ਵਿਰਹਿ ਰੂਪ ਬਢਾਰਿਨ (ਕਟੀਲੀ ਤਲਵਾਰ) ਦੇ ਵੱਢੇ ਹੋਏ ਦੋ ਤੋਂ ਇੱਕ ਹੋ ਜਾਂਦੇ ਹਨ.

ਹਰਟ: ਦੇਖੋ, ਹਰਹਟ.

ਹਰਣ: ਦੇਖੋ, ਹ੍ਰੀ ਧਾ. ਸੰਗਯਾ- ਲੈ ਜਾਣਾ. ਇੱਕ ਥਾਂ ਤੋਂ ਦੂਜੇ ਥਾਂ ਲੈ ਜਾਣ ਦੀ ਕ੍ਰਿਯਾ। ੨. ਚੁਰਾਉਣਾ। ੩. ਸੰ. ਹਰਿਣ. ਮ੍ਰਿਗ. "ਹਰਣਾਂ ਬਾਜਾਂ ਤੈ ਸਿਕਦਾਰਾਂ." (ਵਾਰ ਮਲਾ ਮਃ ੧)

ਹਰਣ ਹੋਣਾ: ਖ਼ਾ. ਕ੍ਰਿ- ਭੱਜ ਜਾਣਾ. ਮ੍ਰਿਗ ਵਾਂਙ ਨੱਠਣਾ.

ਹਰਣਖ: ਸੰ. हिरणयाक्ष ਹਿਰਣ੍ਯਾਕ੍ਸ਼. ਸੰਗਯਾ- ਹਿਰਣ੍ਯ (ਸੋਨੇ) ਜੇਹੀਆਂ ਪੀਲੀਆਂ ਅੱਖਾਂ ਵਾਲਾ ਇੱਕ ਦੈਤ. "ਤੁਮ ਦੁਸਟ ਤਾਰੇ ਹਰਣਖੇ." (ਨਟ ਮਃ ੪) ਦੇਖੋ, ਹਰਣਾਖਸ.

ਹਰਣਖੇ: ਹਿਰਣ੍ਯਾਕ੍ਸ਼ ਜੇਹੇ. ਦੇਖੋ, ਹਰਣਖ.

ਹਰਣਾ: ਕ੍ਰਿ- ਚੁਰਾਉਣਾ. ਦੇਖੋ, ਹਰਣ. "ਪਰਤ੍ਰਿਯ ਹਰਣਾ." (ਭਾਗੁ) ੨. ਦੇਖੋ, ਹਿਰਣਾ.

ਹਰਣਾਖਸ, ਹਰਣਾਖਸੁ: ਦੇਖੋ, ਹਰਣਖ ਅਤੇ ਪ੍ਰਹਿਲਾਦ. "ਹਰਣਾਖਸੁ ਲੇ ਨਖਹੁ ਬਿਧਾਸਾ." (ਗਉ ਅਃ ਮਃ ੧) ਦੇਖੋ, ਬਿਧਾਸਾ. "ਹਰਣਾਖਸੁ ਦੁਸਟੁ ਹਰਿ ਮਾਰਿਆ, ਪ੍ਰਹਲਾਦ ਤਰਾਇਆ." (ਆਸਾ ਛੰਤ ਮਃ ੪)

ਹਰਣਾਖੀ: ਸੰ. ਹਰਿਣਾਕ੍ਸ਼ੀ. ਵਿ- ਹਰਿਣ (ਹਰਨ) ਜੇਹੇ ਨੇਤ੍ਰਾਂ ਵਾਲੀ. ਮ੍ਰਿਗਨੈਨੀ. "ਹਰਣਾਖੀ ਕੂ ਸਚੁ ਵੈਣ ਸੁਣਾਈ." (ਵਾਰ ਰਾਮ ੨. ਮਃ ੫) "ਸੁਣਿ ਮੁੰਧੇ ਹਰਣਾਖੀਏ." (ਸਵਾ ਮਃ ੧)

ਹਰਣੀ: ਸੰ. ਹਰਿਣੀ. ਮ੍ਰਿਗੀ. ਹਰਨੀ। ੨. ਖ਼ਾ. ਜੂੰ. ਯੂਕਾ। ੩. ਦੇਖੋ, ਹਰਿਨੀ.

ਹਰਣੀਆਂ ਦਾ ਸ਼ਿਕਾਰ: ਖ਼ਾ. ਜੂੰਆਂ ਮਾਰਨ ਦੀ ਕ੍ਰਿਯਾ.

ਹਰਣੋਟਾ: ਹਰਿਣ (ਮ੍ਰਿਗ) ਦਾ ਢੋਟਾ. ਹਰਨ ਦਾ ਬੱਚਾ.

ਹਰਤ: ਦੇਖੋ, ਹਰਿਤ। ੨. ਹਰਤਾ ਦਾ ਸੰਖੇਪ. "ਦੁਖਹਰਤ ਕਰਤਾ ਸੁਖਹ ਸੁਆਮੀ." (ਧਨਾ ਛੰਤ ਮਃ ੫)

ਹਰਤਾ: ਸੰ. हर्तृ ਹਰ੍ਤ੍ਰਿ. ਵਿ- ਚੁਰਾਉਣ ਵਾਲਾ. ਚੋਰ "ਆਤਮਘਾਤੀ ਹਰਤੈ." (ਮਲਾ ਮਃ ੫) ਉਹ ਆਤਮ ਘਾਤੀ ਅਤੇ ਚੋਰ ਹਨ। ੨. ਲੈ ਜਾਣ ਵਾਲਾ। ੩. ਵਿਨਾਸ਼ਕ. ਮਾਰਨ ਵਾਲਾ. ਅੰਤ ਕਰਤਾ. "ਦੁਖਹਰਤਾ ਹਰਿਨਾਮ ਪਛਾਨੋ." (ਬਿਲਾ ਮਃ ੯)

ਹਰਤਾਲ: ਸੰ. हरिताल ਹਰਿਤਾਲ. ਸੰਗਯਾ- ਹੜਤਾਲ. ਪੀਲੇ ਰੰਗ ਦੀ ਇੱਕ ਉਪਧਾਤੁ, ਜੋ ਕਈ ਦਵਾਈਆਂ ਵਿੱਚ ਵਰਤੀਦੀ ਹੈ ਅਤੇ ਮੁਸੱਵਰ ਤਥਾ ਲਿਖਾਰੀਆਂ ਦੇ ਕੰਮ ਆਉਂਦੀ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. Yellow orpiment.[324] ਵੈਦ੍ਯ ਇਸ ਨੂੰ ਅਨੇਕ ਦਵਾਈਆਂ ਵਿੱਚ ਵਰਤਦੇ ਹਨ.

ਹਰਦਮ: ਕ੍ਰਿ. ਵਿ- ਪ੍ਰਤਿ ਸ੍ਵਾਸ. ਸ੍ਵਾਸ ਸ੍ਵਾਸ। ੨. ਹਰ ਵੇਲੇ.

---

[324] ਮਹਾਂਭਾਰਤ ਅਤੇ ਹਰਿਵੰਸ਼ ਵਿੱਚ ਹਰਿਤਾਲ ਦੀ ਉਤਪੱਤੀ ਵਿਸ਼ਨੁ ਦੇ ਵੀਰਯ ਤੋਂ ਲਿਖੀ ਹੈ.

ਹਰਦਾਸ: ਦੇਖੋ, ਹਰਿਦਾਸ। ੨. ਸ਼੍ਰੀ ਗੁਰੂ ਰਾਮਦਾਸ ਜੀ ਦਾ ਪਿਤਾ.

ਹਰਦਾਸਤਨਯ, ਹਰਦਾਸਤਨੇ, ਹਰਦਾਸਤਨੈ: ਹਰਦਾਸ ਜੀ ਦੇ ਤਨਯ (ਪੁਤ੍ਰ) ਸ਼੍ਰੀ ਗੁਰੂ ਰਾਮਦਾਸ ਜੀ. "ਹਰਦਾਸਤਨੇ ਗੁਰੁ ਰਾਮਦਾਸ ਸਰ ਅਭਰ ਭਰੇ." (ਸਵੈਯੇ ਮਃ ੪. ਕੇ) ਦੇਖੋ, ਹਰਿਦਾਸਤਨਯ.

ਹਰਦਿਨ: ਕ੍ਰਿ. ਵਿ- ਪ੍ਰਤਿ ਦਿਨ. ਹਰਰੋਜ. ਨਿਤ੍ਯ. "ਹਰਦਿਨ ਹਰਿਸਿਮਰਨੁ ਮੇਰੇ ਭਾਈ." (ਗਉ ਮਃ ੫) ੨. ਸੰ. ਸੰਗ੍ਯਾ- ਹਰ (ਸ਼ਿਵ) ਦਾ ਦਿਨ. ਫੱਗੁਣ ਬਦੀ ੧੪.

ਹਰਦੀ: ਸੰ. ਹਰਿਦ੍ਰਾ. ਸੰਗ੍ਯਾ- ਹਲਦੀ. L. Curcuma Longa. (turmeric). ਅਦਰਕ ਦੀ ਤਰਾਂ ਜ਼ਮੀਨ ਵਿੱਚ ਹੋਣ ਵਾਲੀ ਇੱਕ ਕੰਦ, ਜਿਸ ਦਾ ਪੀਲਾ ਰੰਗ ਹੁੰਦਾ ਹੈ. ਇਹ ਰੰਗਣ ਦੇ ਕੰਮ ਆਉਂਦੀ ਹੈ ਅਤੇ ਦਾਲ ਤਰਕਾਰੀ ਨੂੰ ਪੀਲਾ ਰੰਗ ਦੇਣ ਲਈ ਵਰਤੀਦੀ ਹੈ. "ਕਬੀਰ ਹਰਦੀ ਪੀਅਰੀ." (ਸ. ਕਬੀਰ)

ਹਰਦੁ: ਕ੍ਰਿ. ਵਿ- ਹਰ ਦੋ. ਦੋਵੇਂ. ਦੋਨੋ. "ਹਰਦੁ ਗਾਜ਼ੈਂ." (ਗ੍ਯਾਨ)

ਹਰਦੇਗੀ ਚਮਚਾ: ਸਾਰੀਆਂ ਬਲਟੋਹੀਆਂ ਵਿੱਚ ਫਿਰਨ ਵਾਲਾ ਕੜਛਾ. ਭਾਵ- ਹਰੇਕ ਮਜਹਬ ਅਤੇ ਸਮਾਜ ਵਿੱਚ ਆਪਣਾ ਪ੍ਰਯੋਜਨ ਸਿੱਧ ਕਰਨ ਲਈ ਸ਼ਾਮਿਲ ਹੋਣ ਵਾਲਾ.

ਦੇਵੀ ਕੋ ਭਗਤ ਕਬੂੰ ਮੀਰਾਂ ਕੋ ਉਪਾਸਕ ਹੈ

ਦਾਸ ਸੁਲਤਾਨ ਕੋ ਔਂ ਕਬੂੰ ਲਾਲਬੇਗੀ ਹੈ,

ਮਨ ਮੇ ਹੈ ਔਰ ਅਰੁ ਮੁਖ ਮਾਹਿ ਦੂਜੀ ਬਾਤ

ਪਰਮ ਪਖੰਡੀ ਨਖ ਸਿਖ ਲੌ ਫਰੇਬੀ ਹੈ,

ਸ੍ਵਾਰਥ ਕੋ ਮਾਨ ਹੈ ਮੁੱਖ ਪਰਮਾਰਥ ਤੈਂ

ਨਿੰਬੂ ਕੋ ਨਿਚੋੜ ਆਗੇ ਕਰਤ ਰਕੇਬੀ ਹੈ,

ਸਿੰਘ ਰੂਪ ਧਾਰੀ ਅਨਯ ਮਤ ਕੋ ਪ੍ਰਚਾਰੀ ਭਾਰੀ

ਪੰਥ ਤੇ ਨਿਕਾਰੋ ਜੋ ਚਮਚ ਹਰਦੇਗੀ ਹੈ.

ਹਰਦੋ: ਦੇਖੋ. ਹਰਦੁ.

ਹਰ ਦੋ ਸਰਾ: ਫ਼ਾ. هردوسری ਦੋਵੇਂ ਘਰ. ਭਾਵ- ਲੋਕ ਪਰਲੋਕ. ਦੇਖੋ, ਦੁਹੀ.

ਹਰਦੋਖੀ: ਡਿੰਗ. ਸੰਗ੍ਯਾ- ਕਾਮ. ਅਨੰਗ. ਸ਼ਿਵ ਨਾਲ ਵੈਰ ਰੱਖਣ ਵਾਲਾ। ੨. ਵਿ- ਹਰੇਕ ਬੁਰਾ ਕਰਨ ਵਾਲਾ. ਸਭ ਦਾ ਵੈਰੀ.

ਹਰਦੋ ਨਮੋਹ: ਦੇਖੋ, ਨਿਰਮੋਹਗੜ੍ਹ.

ਹਰ ਧਰ: ਦੇਖੋ, ਹਲ ਧਰ। ੨. ਦੇਖੋ, ਹਰਿਧਰ.

ਹਰਨ: ਦੇਖੋ, ਹਰਣ. "ਹਰਨ ਭਰਨ ਜਾਂ ਕਾ ਨੇਤ੍ਰ ਫੋਰ." (ਸੁਖਮਨੀ) ਖੋਹ ਲੈਣਾ ਅਤੇ ਦੇ ਦੇਣਾ ਜਿਸ ਦੇ ਅੱਖ ਦੇ ਇਸ਼ਾਰੇ ਨਾਲ ਹੁੰਦਾ ਹੈ। ੨. ਨਾਸ਼ ਕਰਨਾ. ਮਿਟਾਉਣਾ. ਪਾਤਕ ਹਰਨ. "(ਗੁਪ੍ਰਸੂ) ੩. ਹਰਿਣ. ਮ੍ਰਿਗ. "ਲੋਚਨ ਹਰਨਵਾਰੀ ਦੋਸਨ ਹਰਨਵਾਰੀ." (ਗੁਪ੍ਰਸੂ) ਮ੍ਰਿਗ ਜੇਹੇ ਨੇਤ੍ਰਾਂ ਵਾਲੀ ਦੋਸ਼ਾਂ ਦੇ ਨਾਸ਼ ਕਰਨ ਵਾਲੀ। ੪. ਹਿਰਣ੍ਯ. ਸੁਵਰਣ. ਸੋਨਾ.

ਹਰਨਕਸਪ: ਦੇਖੋ, ਹਿਰਨਕਸਪ.

ਹਰਨ ਭਰਨ: ਦੇਖੋ, ਹਰਨ ੧.

ਹਰਨਾ: ਦੇਖੋ, ਹਰਣਾ.

ਹਰਨਾਖਸ, ਹਰਨਾਖਸੁ: ਦੇਖੋ, ਹਰਣਖ ਅਤੇ ਪ੍ਰਹਿਲਾਦ. "ਹਰਿ ਹਰਨਾਖਸ ਹਰੇ ਪਰਾਨ." (ਗੌਂਡ (ਨਾਮਦੇਵ) "ਹਰਨਾਖਸੁ ਜਿਨਿ ਨਖਹ ਬਿਦਾਰਿਓ." (ਭੈਰ ਨਾਮਦੇਵ)

ਹਰਨਾਖਿ: ਹਰਣਾਖਸ ਨੇ. "ਪ੍ਰਹਿਲਾਦ. ਜਨ ਹਰਨਾਖਿ ਪਕਰਿਆ." (ਮਾਲੀ ਮਃ ੪)

ਹਰਨਾਛ, ਹਰਨਾਛਸ: ਦੇਖੋ, ਹਰਣਖ ਅਤੇ ਪ੍ਰਹਿਲਾਦ.

ਹਰਨੀ: ਸੰਗਯਾ- ਹਰਿਣੀ. ਮ੍ਰਿਗੀ. "ਹਰਨੀ ਸਮ ਆਂਖ ਸੁ ਸ਼੍ਰੀਮਤਿ ਕੀ." (ਗੁਪ੍ਰਸੂ) ੨. ਵਿ- ਹਰਣ ਵਾਲੀ. ਚੁਰਾਉਣ ਵਾਲੀ. "ਰਤਿ ਕੀ ਪ੍ਰਭੁਤਾ ਸਗਰੀ ਹਰਨੀ." (ਗੁਪ੍ਰਸੂ) ਕਾਮ ਦੀ ਇਸਤ੍ਰੀ ਦੀ ਸ਼ੋਭਾ ਚੁਰਾਉਣ ਵਾਲੀ.

ਹਰਪਾਤ: ਦੇਖੋ, ਹਰ ੧. ਅਤੇ ਪਾਤ.

ਹਰਪਾਲਪੁਰ: ਰਿਆਸਤ ਪਟਿਆਲਾ ਤਸੀਲ ਰਾਜਪੁਰਾ ਵਿੱਚ ਇੱਕ ਪਿੰਡ ਹੈ. ਇਸ ਤੋਂ ਉੱਤਰ ਵੱਲ ੧੫੦ ਕਦਮ ਤੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਅਸਥਾਨ ਹੈ. ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ. ਸੇਵਾਦਾਰ ਕੋਈ ਨਹੀਂ. ਰੇਲਵੇ ਸਟੇਸ਼ਨ ਕੌਲੀ ਤੋਂ ਦੱਖਣ ਵੱਲ ੪. ਮੀਲ ਕੱਚਾ ਰਸਤਾ ਹੈ.

ਹਰਪੁਰ, ਹਰਪੁਰਿ: ਸ਼ਿਵ ਦਾ ਨਗਰ, ਸ਼ਿਵਪੁਰਿ. ਕਾਸ਼ੀ. ਬਨਾਰਸ.

ਹਰਫ: ਅ਼. حرف ਹ਼ਰਫ਼. ਸੰਗਯਾ- ਅ਼ਕ੍ਸ਼ਰ. ਵਰਣ. "ਹਰਫ ਮਿਟਾਵਤ ਮਲ ਕਰ ਤਾਂਹਿ." (ਗੁਪ੍ਰਸੂ) ੨. ਤਲਵਾਰ ਦੀ ਧਾਰ। ੩. ਕਿਨਾਰਾ। ੪. ਉਹ ਸ਼ਬਦ ਜਿਸ ਨੂੰ ਅਰਥ ਸਪਸ਼੍ਟ ਕਰਨ ਲਈ ਦੂਜੇ ਸ਼ਬਦ ਦੀ ਲੋੜ (ਆਕਾਂਕ੍ਸ਼ਾ) ਹੈ। ੫. ਗੱਲ ਬਾਤ। ੬. ਭਾਵ- ਕਲੰਕ. ਦੋਸ਼. ਜਿਵੇਂ- ਇਉਂ ਕਰਨ ਨਾਲ ਮੇਰੇ ਉੱਤੇ ਹਰਫ ਆਉਂਦਾ ਹੈ.

ਹਰਫਾਤ: ਫ਼ਾ حرفات ਹ਼ਰਫ਼ਾਤ ਹ਼ਰਫ਼ ਦਾ ਬਹੁ ਵਚਨ। ੨. ਬੋਲੀ. ਬਾਣੀ. ਕਲਾਮ.

ਹਰਬ: ਅ਼. حرب ਹ਼ਰਬ. ਸੰਗਯਾ- ਜੰਗ. ਯੁੱਧ.

ਹਰਬਰ, ਹਰਬਰੀ: ਦੇਖੋ, ਹੜ ਬੜ। ੨. ਦੇਖੋ, ਹਰਿਵਰ.

ਹਰਬਲ: ਡਿੰਗ. ਸੰਗਯਾ- ਫੌਜ ਦਾ ਮੁਹਰਲਾ ਭਾਗ. ਸੈਨਾ ਦਾ ਅਗਲਾ ਹਿੱਸਾ.

ਹਰਬਾਣ: ਦੇਖੋ, ਸ਼ਿਵਬਾਣ.

ਹਰਮ: ਸੰ. हर्म्य ਹਮਰ੍‍ਯ. ਸੰਗਯਾ- ਮਨ ਨੂੰ ਹਰ ਲੈਣ (ਚੁਰਾਉਣ) ਵਾਲਾ ਮਹਿਲ. ਮੰਦਿਰ "ਕਹੂੰ ਸਾਧਨਾ ਕੇ ਹਰਮ." (ਅਕਾਲ) "ਹਰਰੰਗੀ ਹਰਮ ਸਵਾਰਿਆ." (ਵਾਰ ਆਸਾ) ਖਾਸ ਕਰਕੇ ਧਨੀ ਦੇ ਘਰ ਦਾ ਨਾਉਂ ਹਰਮ ਹੈ। ੨. ਅ਼. حرم ਹ਼ਰਮ. ਕਾਬੇ ਦੇ ਇਰਦ ਗਿਰਦ ਦਾ ਅਹਾਤਾ। ੩. ਜ਼ਨਾਨਖ਼ਾਨਾ. ਅੰਤਹਪੁਰ। ੪. ਵਿਆਹੀ ਹੋਈ ਇਸਤ੍ਰੀ। ੫. ਵਿ- ਪਵਿਤ੍ਰ। ੬. ਪ੍ਰਸਿੱਧ. ਮਸ਼ਹੂਰ। ੭. ਵਰਜਿਆ ਹੋਇਆ. ਨਿਸ਼ਿੱਧ। ੮. ਧਰਮ ਅਤੇ ਨੀਤਿ ਦੇ ਵਿਰੁੱਧ.

ਹਰਮਨ ਪਿਆਰਾ: ਵਿ- ਸਰਵਪ੍ਰਿਯ. ਹਰਦਿਲ ਅ਼ਜੀਜ਼.

ਹਰਮਾ: ਵਿ- ਹਰਮ ਵਿੱਚ ਰਹਿਣ ਵਾਲੀਆਂ ਇਸਤ੍ਰੀਆਂ. ਵਿਵਾਹਿਤਾ ਇਸਤ੍ਰੀਆਂ. ਦੇਖੋ, ਹਰਮ। ੨. ਹਰਮ ਦਾ ਬਹੁ ਵਚਨ. "ਕਹਾ ਸੁ ਪਾਨ ਤੰਬੋਲੀ ਹਰਮਾ." (ਆਸਾ ਅਃ ਮਃ ੧)

ਹਰਰੋਜ: ਕ੍ਰਿ. ਵਿ- ਪ੍ਰਤਿ ਦਿਨ. ਨਿੱਤ. "ਬੰਦੇ ਖੋਜੁ ਦਿਲ ਹਰਰੋਜ." (ਤਿਲੰ ਕਬੀਰ)

ਹਰਰੰਗੀ: ਵਿ- ਹਰੇਕ ਰੰਗ ਦਾ।

**ਹਰਵਰਖ:** ਦੇਖੋ, ਹਰਿਵਰਖ.

**ਹਰਵਰਿਆਈ:** ਸੰਗਯਾ- ਹੜਬੜੀ. ਵ੍ਯਾਕੁਲਤਾ। ੨. ਕਾਹਲੀ. ਸ਼ੀਘ੍ਰਤਾ.

**ਹਰਵਾ, ਹਰਵੋ:** ਵਿ- ਹੋਲਾ. ਦੇਖੋ, ਹਰੁਵਾ. "ਸੁੰਦਰ ਹਰਵੋ ਭਾਰ ਮਹਿ ਗਾਇ ਬਜਾਵੋਂ ਤਾਂਹਿ." (ਨਾਪ੍ਰ)

**ਹਰੜ:** ਦੇਖੋ, ਹਰੀਤਕੀ। ੨. ਹਰੜ ਦੇ ਆਕਾਰ ਦੀ ਰੇਸ਼ਮ ਅਤੇ ਜ਼ਰੀ ਦੀ ਬਣਾਈ ਡੋਡੀ, ਸੇਜਬੰਦ ਨਾਲੇ ਆਦਿਕ ਦੀ ਡੋਡੀ। ੩. ਹਾਥੀ ਦੇ ਚਿੰਘਾਰਣ ਦੀ ਧੁਨਿ. ਦੇਖੋ, ਹਰੜੰਤ.

**ਹਰੜੰਤ:** ਅਨੁ. "ਹਰੜੰਤ ਹੱਥ." (ਕਲਕੀ) ਹਾਥੀ ਚਿੰਘਾਰਦੇ ਹਨ.

**ਹਰਾ:** ਵਿ- ਹਰਿਤ. ਸਬਜ਼. ਸਾਵਾ. "ਸਗਲਾ ਬਨੁ ਹਰਾ." (ਬਿਲਾ ਛੰਤ ਮਃ ੪) ੨. ਵਾਲਾ. ਵਾਨ. ਹਾਰ. "ਸਿਧ ਸਮਾਧਿਹਰਾ." (ਸਵੈਯੇ ਮਃ ੩. ਕੇ) ੩. ਹਰਣ ਕੀਤਾ. ਮਿਟਾਇਆ. ਦੇਖੋ, ਹ੍ਰੀ ਧਾ. "ਸਗਲ ਸਹਸਾ ਦੁਖੁ ਹਰਾ." (ਬਿਲਾ ਛੰਤ ਮਃ ੫) ੪. ਸੰਗਯਾ- ਹਾਰਿਣ. ਮ੍ਰਿਗਚਰਮ. ਹਿਰਣ ਦਾ ਚੰਮ. "ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ." (ਮਾਰੂ ਸੋਲਹੇ ਮਃ ੫) ੫. ਅ਼. حرا ਹ਼ੁਰਾ. ਸੰਗਯਾ- ਯੋਗ੍ਯਤਾ. ਲਿਆਕ਼ਤ। ੬. ਡਿੰਗ. ਪੋਤ੍ਰਾ. ਪੌਤ੍ਰ.

**ਹਰਾਸ:** ਫ਼ਾ. ہراس ਹਿਰਾਸ. ਸੰਗਯਾ- ਡਰ. ਖ਼ੌਫ। ੨. ਸੰ. ਹ੍ਰਾਸ. ਘਾਟਾ. ਕਮੀ.

**ਹਰਾਂਕਸ:** ਫ਼ਾ. ہرانکس ਜੋ ਕੋਈ. ਜੋ ਸ਼ਖ਼ਸ.

**ਹਰਾਨ:** ਅ਼. حیران ਹ਼ੈਰਾਨ. ਵਿ- ਹੱਕਾ ਬੱਕਾ. ਵਿਸਮਿਤ. "ਮਨ ਹੋਇ ਹਰਾਨ ਸੁ ਵਾਕ ਕਹੈ." (ਨਾਪ੍ਰ) ੨. ਦੇਖੋ, ਹਿਰਾਨੋ.

**ਹਰਾਨੀ:** ਫ਼ਾ. حیرانی ਹ਼ੈਰਾਨੀ. ਸੰਗਯਾ- ਵਿਸਮਯਤਾ. ਅਚਰਜਤਾ। ੨. ਦੇਖੋ, ਹਿਰਾਨੀ.

**ਹਰਾਫ:** ਅ਼. حراف ਹ਼ਿਰਾਫ਼. ਬਦਲਿਆ ਹੋਇਆ. ਫਿਰਿਆ ਹੋਇਆ.

**ਹਰਾਮ:** ਅ਼. حرام ਹ਼ਰਾਮ. ਇ- ਹ਼ਰਮ (ਨਿਸ਼ਿੱਧ) ਕੀਤਾ ਹੋਇਆ. ਵਰਜਿਤ। ੨. ਧਰਮ ਅਨੁਸਾਰ ਜਿਸ ਦਾ ਤ੍ਯਾਗ ਕਰਨਾ ਯੋਗ ਹੈ. "ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ." (ਵਾਰ ਮਾਝ ਮਃ ੧) ੩. ਅਪਵਿਤ੍ਰ। ੪. ਪ੍ਰਸਿੱਧ. ਮਸ਼ਹੂਰ. ਦੇਖੋ, ਹਰਮ ੬.। ੫. ਪਵਿਤ੍ਰ ਕੀਤਾ ਹੋਇਆ. ਦੇਖੋ, ਹਰਮ ੫.

**ਹਰਾਮਖੋਰ:** ਫ਼ਾ. حرامخور ਹ਼ਰਾਮਖ਼ੋਰ. ਵਿ- ਹਰਾਮ ਖਾਣ ਵਾਲਾ. ਧਰਮ ਅਨੁਸਾਰ ਜੋ ਨਿਸ਼ੇਧ ਕੀਤਾ ਹੈ ਉਸ ਦੇ ਖਾਣ ਵਾਲਾ. ਬੇਈਮਾਨੀ ਦਾ ਖੱਟਿਆ ਖਾਣ ਵਾਲਾ. "ਅਸੰਖ ਚੋਰ ਹਰਾਮਖੋਰ." (ਜਪੁ)

**ਹਰਾਮਖੋਰੀ:** ਫ਼ਾ. حرامخوری ਹ਼ਰਾਮਖ਼ੋਰੀ. ਹਰਾਮ ਖਾਣ ਦੀ ਕ੍ਰਿਯਾ। ੨. ਭਾਵ- ਨਮਕਹਰਾਮੀ. ਕ੍ਰਿਤਘਨਤਾ. "ਲੂਣ ਖਾਇ ਕਰਹਿ ਹਰਾਮਖੋਰੀ." (ਮਾਰੂ ਮਃ ੫)

**ਹਰਾਮਜਾਦਾ:** ਫ਼ਾ. حرامزاده ਹ਼ਰਾਮਜ਼ਾਦਹ. ਹਰਾਮ (ਵਿਭਚਾਰ) ਤੋਂ ਪੈਦਾ ਹੋਇਆ. ਜਾਰਪੁਤ੍ਰ. ਜਾਰਜ.

**ਹਰਾਮਿ, ਹਰਾਮੀ:** ਵਿ- ਹ਼ਰਾਮਜ਼ਾਦਹ. ੨. ਹਰਾਮਖ਼ੋਰ। ੩. ਨਿੰਦਿਤ ਕਰਮ ਕਰਨ ਵਾਲਾ.

**ਹਰਾਰਤ:** ਅ਼. حرارت ਹ਼ਰਾਰਤ. ਸੰਗਯਾ- ਗਰਮੀ. ਤਪਨ (ਤਪਤ). ੨. ਜ੍ਵਰ. ਹਲਕਾ ਤਾਪ.

**ਹਰਾਵਲ:** ਦੇਖੋ, ਹਰੋਲ.

**ਹਰਾਵਲੀ:** ਰਾਜਪੂਤਾਨੇ ਦੀ ਇੱਕ ਪਹਾੜਧਾਰਾ, ਜੋ ਹਰ ਗੋਤ ਦੇ ਨਾਉਂ ਤੋਂ ਸੱਦੀ ਜਾਂਦੀ ਹੈ। ੨. ਹਰਿਆਈ. ਸਬਜ਼ੀ.

**ਹਰਿ:** ਵਿ- ਹਰ਼ਿਤ (ਹਰਾ) ਦਾ ਸੰਖੇਪ. "ਦਾਵਾ ਅਗਨਿ ਰਹੇ ਹਰਿ ਬੂਟ." (ਰਾਮ ਅਃ ਮਃ ੫) ਹਰੇ ਬੂਟੇ।

੨. ਹਰਇੱਕ. ਹਰੇਕ. "ਹਰਿ ਭਾਵੈ ਹਰਿ ਨਿਸਤਾਰੇ." (ਗੂਜ ਮਃ ੪) ੩. ਕਿਰ. ਵਿ- ਹਰਕੇ. ਚੁਰਾਕੇ. "ਹਰਿ ਧਨ ਪਾਪ

ਕਰੰਤ." (ਸਲੋਹ) ੪. ਸੰ. (ਹ੍ਰ- ਇਨ) ਸੰਗਯਾ- ਵਿਸ਼ਨੁ. "ਦਸਿਕ ਅਸੁਰ ਹਰਿ ਘਾਏ." (ਹਜਾਰੇ ੧੦) ੫. ਕ੍ਰਿਸ਼ਨ ਜੀ ੬. ਪੌਂਡਕ ਵਾਸੁਦੇਵ. "ਆਇ ਭਿਰਯੋ ਹਰਿ ਹਰਿ ਸੋਂ."[325] (ਕ੍ਰਿਸਨਾਵ) ਕ੍ਰਿਸ਼ਨ ਜੀ ਨਾਲ ਪੌਂਡ੍ਰਕ ਵਾਸੁਦੇਵ ਆਕੇ ਲੜਿਆ। ੭. ਕਰਤਾਰ. ਪਰਮੇਸ਼੍ਵਰ. "ਬਿਨ ਹਰਿ ਨਾਮ ਨ ਬਾਚਨ ਪੈਹੈ." (ਹਜਾਰੇ ੧੦) "ਹਰਿ ਸਿੰਘਾਸਣੁ ਦੀਅਉ ਸਿਰਿ ਗੁਰੁ ਤਹ ਬੈਠਾਯਉ." (ਸਵੈਯੇ ਮਃ ੫. ਕੇ) ੮. ਚੰਦ੍ਰਮਾ. "ਹਰਿ ਸੋ ਮੁਖ ਹੈ." (ਚੰਡੀ ੧) ੯. ਸਿੰਹੁ. ਸ਼ੇਰ। ੧੦. "ਹਰਿ ੧੦. ਸੂਰਜ. "ਹਰਿ ਵੰਸ਼ ਵਿਖੇ ਅਵਤਾਰ ਭਏ." (ਗੁਪ੍ਰਸੂ) ੧੧. ਤੋਤਾ। ੧੨. ਸਰਪ। ੧੩. ਬਾਂਦਰ. ਵਾਨਰ. "ਹਤ ਰਾਵਣ ਕੋ ਲਿਯ ਸੰਗ ਚਮੂ ਹਰਿ." (ਗੁਪ੍ਰਸੂ) ੧੪. ਡੱਡੂ. ਮੇਂਡਕ। ੧੫. ਪੌਣ. ਹਵਾ। ੧੬. ਘੋੜਾ। ੧੭. ਯਮ। ੧੮. ਬ੍ਰਹਮਾ। ੧੯. ਇੰਦ੍ਰ। ੨੦. ਕਿਰਣ. ਰਸ਼ਿਮ। ੨੧. ਮੋਰ। ੨੨ ਕੋਕਿਲਾ। ੨੩ ਹੰਸ। ੨੪ ਅਗਨਿ। ੨੫ ਜਲ. ਦੇਖੋ, ਘਨਿ। ੨੬ ਪੀਲਾ ਰੰਗ। ੨੭ ਮਾਰਗ. ਰਸਤਾ। ੨੮ ਪਰਬਤ। ੨੯ ਹਾਥੀ। ੩੦ ਕਮਲ। ੩੧ ਰਾਜਾ। ੩੨ ਭੌਰਾ. ਭ੍ਰਮਰ। ੩੩ ਸੁਵਰਣ. ਸੋਨਾ. "ਸ੍ਰਿੰਗ ਧਰੇ ਹਰਿ ਧੇਨੁ ਹਜਾਰਾ." (ਕ੍ਰਿਸਨਾਵ) ੩੪ ਕਾਮਦੇਵ। ੩੫ ਮ੍ਰਿਗ. ਹਰਿਣ (ਹਰਨ) ੩੬ ਬਨ. ਜੰਗਲ. ਦੇਖੋ, ਦੌਂ। ੩੭ ਮੇਘ. ਬੱਦਲ. "ਘਨ ਸਜਾਮ ਬਿਰਾਜਤ ਹੈਂ ਹਰਿ, ਰਾਧਿਕਾ ਬਿੱਦੁਲਤਾ." (ਕ੍ਰਿਸਨਾਵ) ੩੮ ਆਕਾਸ਼। ੩੯ ਧਨੁਖ। ੪੦ ਬਾਣ. ਤੀਰ। ੪੧ ਖੜਗ. "ਕਰੱਧਰ ਕੈ ਹਰਿ" (ਚੰਡੀ ੧) ੪੨ ਸੰਖ "ਨਾਦ ਪ੍ਰਚੰਡ ਸੁਨਯੋ ਹਰਿ ਕਾ." (ਕ੍ਰਿਸਨਾਵ) ੪੩ ਚੰਦਨ. "ਹਿਰਡ ਪਲਾਸ ਸੰਗ ਹਰਿ ਬੁਹੀਆ." (ਬਿਲਾ ਅਃ ਮਃ ੪) ੪੪ ਹਰਿ ਚੰਦਨ, ਜੋ ਸੁਰਗ ਦਾ ਬਿਰਛ ਹੈ."ਪਾਰਜਾਤ ਹਰਿ ਹਰਿ ਰੁਖੁ." (ਟੋਡੀ ਮਃ ੫) ਪਾਰਿਜਾਤ ਅਤੇ ਹਰਿਚੰਦਨ ਬਿਰਛ ਹਰਿ (ਕਰਤਾਰ) ਹੈ.

ਉੱਪਰ ਲਿਖੇ ਹਰਿ ਸ਼ਬਦ ਦੇ ਬਹੁਤ ਉਦਾਹਰਣ

ਹੇਠ ਲਿਖੇ ਸਵੈਯੇ ਵਿੱਚ ਦੇਖੇ ਜਾਂਦੇ ਹਨ-

(ੳ) ਹਰਿ ਸੋ ਮੁਖ ਹੈ ਹਰਤੀ ਦੁਖ ਹੈ,

ਅਲਕੈਂ ਹਰਹਾਰ ਪ੍ਰਭਾ ਹਰਨੀ ਹੈ।

(ਅ) ਲੋਚਨ ਹੈਂ ਹਰਿ ਸੇ ਸਰਸੇ,

ਹਰਿ ਸੇ ਭਰੁਟੇ ਹਰਿ ਸੀ ਬਰਨੀ ਹੈ।

(ੲ) ਕੇਹਰਿ ਸੋ ਕਰਿਹਾਂ, ਚਲਬੋ ਹਰਿ,

ਪੈ ਹਰਿ ਕੀ ਹਰਨੀ ਤਰਨੀ ਹੈ।

(ਸ) ਹੈ ਕਰ ਮੇ ਹਰਿ ਪੈ ਹਰਿ ਸੋ,

ਹਰਿਰੂਪ ਕਿਯੇ ਹਰ ਕੀ ਧਰਨੀ ਹੈ.

(ਚੰਡੀ ੧)

(ੳ) ਚੰਦ ਜੇਹਾ ਮੁਖ ਹੈ, ਦੁੱਖ ਦੂਰ ਕਰਦੀ ਹੈ, ਜੁਲਫਾਂ ਸ਼ਿਵ ਦੇ ਹਾਰ (ਸੱਪ) ਦੀ ਸ਼ੋਭਾ ਚੁਰਾਉਂਦੀਆਂ ਹਨ.

(ਅ) ਨੇਤ੍ਰ ਕਮਲ ਤੋਂ ਵਧਕੇ ਕਮਾਣ ਜੇਹੀ ਭੌਹਾਂ, ਤੀਰ ਜੇਹੀ ਪਲਕਾਂ ਹਨ.

(ੲ) ਸ਼ੇਰ ਜੇਹਾ ਕਟਿਭਾਗ, ਹਾਥੀ ਜੇਹੀ ਚਾਲ, ਹਰਿ ਤਰੁਣੀ (ਕਾਮ ਦੀ ਇਸਤ੍ਰੀ- ਰਤਿ) ਦੀ ਸ਼ੋਭਾ ਦੂਰ ਕਰਨ ਵਾਲੀ ਹੈ.

(ਸ) ਹੱਥ ਵਿੱਚ ਖੜਗ ਹੈ, ਜੋ ਸੂਰਜ ਜੇਹਾ ਚਮਕੀਲਾ ਹੈ, ਮਨੋਹਰ ਰੂਪ ਧਾਰੇ ਹੋਏ ਸ਼ਿਵ ਦੀ ਅਰਧਾਂਗਿਨੀ ਹੈ.

ਹਰਿਓ: ਵਿ- ਹਰਿਤ. ਹਰਾ। ੨. ਚੁਰਾਇਆ। ੩. ਮਿਟਾਇਆ.

ਹਰਿਅਉਖਧੁ: ਸੰਗਯਾ- ਹਰਿਨਾਮ ਰੂਪ ਦਵਾ. "ਹਰਿਅਉਖਧੁ ਜਾ ਕਉ ਗੁਰਿ ਦੀਆ." (ਗਉ ਮਃ ੫)

---

[325] ਦੇਖੋ, ਪਉਡਰੀਕ.

**ਹਰਿਅਰਿ:** ਹਰਿ (ਇੰਦ੍ਰ) ਦਾ ਵੈਰੀ. ਇੰਦ੍ਰਜੀਤ. ਮੇਘਨਾਦ. "ਹਰਿਅਰਿ ਫਿਰਜੋ ਸਕ੍ਰੁੱਧ." (ਰਾਮਾਵ) ੨. ਹਰਿ (ਹਾਥੀ) ਦਾ ਵੈਰੀ ਸ਼ੇਰ।੩ ਹਰਿ (ਸੂਰਜ) ਦੀ ਵੈਰਣ ਰਾਤ. (ਸਨਾਮਾ)

**ਹਰਿਆ:** ਵਿ- ਹਰਿਤ. ਹਰਾ. "ਜਾਮੈ ਹਰਿਆ ਖੇਤ." (ਆਸਾ ਮਃ ੪) ੨. ਪ੍ਰਫੁੱਲਿਤ. ਆਨੰਦ. ਖ਼ੁਸ਼. "ਤਨ ਮਨ ਥੀਵੈ ਹਰਿਆ." (ਮੁੰਦਾਵਣੀ) ੩. ਚੁਰਾਇਆ। ੪. ਵਿਨਾਸ਼ ਕੀਤਾ. ਮਿਟਾਇਆ। ੪. ਹਰਿ ਦਾ. ਕਰਤਾਰ ਦਾ. "ਹਰਿ ਊਤਮ ਹਰਿਆ ਨਾਮ ਹੈ." (ਵਾਰ ਕਾਨ ਮਃ ੪)

**ਹਰਿਆਂ:** ਦੇਖੋ, ਵੱਲਾ.

**ਹਰਿਆਉ, ਹਰਿਆਇ, ਹਰਿਆਇਓ:** ਵਿ- ਹਰਿਤ (ਹਰੇ) ਖੇਤ ਨੂੰ ਵੇਖਕੇ ਆਉਣ ਵਾਲਾ ਪਸ਼ੂ. ਹਰੀਚੁਗ। ੨. ਬੇਗਾਨਾ ਹੱਕ ਖਾਣ ਵਾਲਾ ਆਦਮੀ. "ਜਿਉ ਕਿਰਖੈ ਹਰਿਆਇਓ ਪਸੂਆ." (ਗਉ ਮਃ ੫) "ਜੈਸਾ ਪਸੂ ਹਰਿਆਉ ਤੈਸਾ ਸੰਸਾਰ ਸਭ." (ਆਸਾ ਮਃ ੫)

**ਹਰਿਆਈ:** ਸੰਗਜਾ- ਸਬਜ਼ੀ। ੨. ਦੁੱਬ. ਦੂਰਬਾ. "ਉਠ ਦੁੰਬੇ ਚਰਿਯੇ ਹਰਿਆਈ." (ਨਾਪ੍ਰ)

**ਹਰਿਆਰਾ, ਹਰਿਆਲਾ:** ਵਿ- ਹਰਿਆਈ ਵਾਲਾ. ਸਬਜ਼ੀ ਵਾਲਾ. ਸਰਸਬਜ਼.

**ਹਰਿਆਵਲ:** ਹਰੇ (ਸਬਜ਼ੇ) ਦੀ ਪੰਕਤਿ। ੨. ਹਰਾਪਨ. ਹਰਿਤਤਾ.

**ਹਰਿਆਵਲਾ:** ਵਿ- ਹਰਿਤਤਾ ਵਾਲਾ. ਹਰਿਆਈ ਵਾਲਾ. ਸਰਸਬਜ਼। ੨. ਪ੍ਰਫੁੱਲਿਤ ਬਿਰਛ. "ਗੁਰਮੁਖਿ ਬ੍ਰਹਮੁ ਹਰਿਆਵਲਾ." (ਸ੍ਰੀ ਅਃ ਮਃ ੩)

**ਹਰਿਅੰਬਰ:** ਮ੍ਰਿਗ ਚਰਮ. ਹਰਿਣ (ਹਰਨ) ਦੀ ਖੱਲ। ੨. ਹਾਥੀ ਦਾ ਚਮੜਾ। ੩. ਸ਼ੇਰ ਦੀ ਖੱਲ. "ਜਹਾਂ ਬੈਠੇ ਹਰ ਹਰਿਅੰਬਰ ਕੋ ਡਾਰਕੈ." (ਚੰਡੀ ੧)

**ਹਰਿਅੰਮ੍ਰਿਤ:** ਸੰਗਜਾ- ਨਾਮ ਅਮ੍ਰਿਤ। ੨. ਪ੍ਰੇਮ ਜਲ. "ਹਰਿ ਅੰਮ੍ਰਿਤ ਭਿੰਨੇ ਲੋਇਣਾ." (ਆਸਾ ਛੰਤ ਮਃ ੪)

**ਹਰਿਏ:** ਦੇਖੋ, ਹਰਏ.

**ਹਰਿ ਸਕਤਨਿ:** (ਸਨਾਮਾ) ਹਰਿ (ਸ਼ੇਰ) ਜੇਹੀ ਤਾਕਤ ਰੱਖਣ ਵਾਲੀ ਫੌਜ। ੨. ਹਰਿ (ਧਨੁਸ਼) ਅਤੇ ਸ਼ਕ੍ਤਿ (ਬਰਛੀ) ਵਾਲੀ ਸੈਨਾ. (ਸਨਾਮਾ)

**ਹਰਿਸਚੰਦ੍ਰ:** ਸੰ. हरिश्चन्द्र ਹਰਿਸ਼੍ਚੰਦ੍ਰ. ਹਰੀਚੰਦ. ਸੂਰਜ ਵੰਸ਼ ਦਾ ਅਠਾਈਵਾਂ ਰਾਜਾ, ਜੋ ਤ੍ਰਿਸ਼ੰਕੁ ਦਾ ਪੁਤ੍ਰ ਸੀ. ਇਹ ਆਪਣੀ ਰਹਮਦਿਲੀ ਅਤੇ ਨਜਾਯ (ਨਿਆਂ) ਲਈ ਮਸ਼ਹੂਰ ਸੀ. ਮਹਾਭਾਰਤ ਵਿੱਚ ਲਿਖਿਆ ਹੈ ਕਿ ਰਾਜਸੂਯ ਯਗ੍ਯ ਕਰਨ ਦੇ ਕਾਰਣ ਅਤੇ ਬੁਹਤਾ ਦਾਨ ਦੇਣ ਕਰਕੇ ਇਹ ਇੰਦ੍ਰਲੋਕ ਨੂੰ ਪ੍ਰਾਪਤ ਹੋਇਆ. ਮਾਰਕੰਡੇਯ ਪੁਰਾਣ ਵਿੱਚ ਲਿਖਿਆ ਹੈ ਕਿ ਇੱਕ ਦਿਨ ਜਦ ਹਰਿਸ਼ਚੰਦ੍ਰ ਸ਼ਿਕਾਰ ਖੇਡਣ ਗਿਆ ਤਾਂ ਇਸ ਨੂੰ ਇਸਤ੍ਰੀਆਂ ਦੇ ਵਿਰਲਾਪ ਦੀ ਆਵਾਜ਼ ਆਈ, ਜੋ "ਵਿਦਜਾਕਲਾ" ਇਸਤ੍ਰੀ ਰੂਪ ਹੋਈਆਂ ਵਿਸ਼੍ਵਾਮਿਤ੍ਰ ਦੇ ਭੈ ਤੋਂ ਰੋ ਰਹੀਆਂ ਸਨ. ਹਰਿਸ਼ਚੰਦ੍ਰ ਦੁਖੀਆਂ ਨੂੰ ਬਚਾਉਣ ਲਈ ਅੱਗੇ ਗਿਆ ਤਾਂ ਵਿਸ਼੍ਵਾਮਿਤ੍ਰ ਗੁੱਸੇ ਹੋਇਆ. ਹਰਿਸ਼ਚੰਦ੍ਰ ਦੇ ਜਾਣ ਪੁਰ ਉਹ ਇਸਤ੍ਰੀਆਂ ਲੋਪ ਹੋ ਗਈਆਂ, ਜਿਸ ਤੋਂ ਰਾਜੇ ਨੂੰ ਭਾਰੀ ਹੈਰਾਨੀ ਹੋਈ. ਵਿਸ਼੍ਵਾਮਿਤ੍ਰ ਨੇ ਬ੍ਰਾਹਮਣ ਹੋਣ ਦੀ ਹਾਲਤ ਵਿੱਚ ਉਸ ਪਾਸੋਂ ਦਾਨ ਮੰਗਿਆ, ਤਾਂ ਰਾਜਾ ਕਹਿਣ ਲੱਗਾ, ਜੋ ਭੀ ਦਾਨ ਮੰਗੇਂ ਮੈਂ ਦੇਣ ਨੂੰ ਤਿਆਰ ਹਾਂ. ਵਿਸ਼੍ਵਾਮਿਤ੍ਰ ਨੇ ਉਸ ਪਾਸੋਂ ਸਭ ਧਨ ਦੌਲਤ ਲੈ ਕੇ ਉਸ ਪਾਸ ਕੇਵਲ ਇੱਕ ਵਲਕਲ ਦੀ ਪੋਸ਼ਾਕ, ਪੁਤ੍ਰ ਅਤੇ ਇਸਤ੍ਰੀ ਨੂੰ ਰਹਿਣ ਦਿੱਤਾ. ਖਾਲੀ ਹੱਥ ਹੋ ਕੇ ਹਰਿਸ਼ਚੰਦ੍ਰ ਨੇ ਆਪਣੀ ਰਾਜਧਾਨੀ ਨੂੰ ਛੱਡਿਆ. ਕੰਗਾਲ ਦਸ਼ਾ ਵਿੱਚ ਰਾਜਾ ਬਨਾਰਸ ਵੱਲ ਉੱਠ ਤੁਰਿਆ, ਪਰ ਨਿਰਦਈ ਰਿਸ਼ੀ ਉਸ ਨੂੰ ਉੱਥੇ ਭੀ ਹੋਰ ਦੁੱਖ ਦੇਣ ਲਈ ਉਡੀਕ ਰਿਹਾ ਸੀ ਅਤੇ ਕਹਿਣ ਲੱਗਾ ਕਿ ਦਾਨ ਦੀ ਦੱਛਣਾ ਦੇ ਕੇ ਤੂੰ ਆਪਣਾ ਪ੍ਰਣ ਪੂਰਾ ਕਰ. ਛਾਤੀ ਤੇ ਪੱਥਰ ਰੱਖਕੇ ਹਰਿਸ਼ਚੰਦ੍ਰ ਨੇ ਪੁਤ੍ਰ ਅਤੇ ਇਸਤ੍ਰੀ ਨੂੰ ਵੇਚਿਆ, ਅਤੇ ਆਪ ਚੰਡਾਲ ਪਾਸ (ਜੋ ਅਸਲ ਵਿੱਚ ਧਰਮਰਾਜ ਸੀ) ਵਿਕਿਆ. ਚੰਡਾਲ ਨੇ ਉਸ ਨੂੰ ਸ਼ਮਸ਼ਾਨ

ਭੂਮੀ ਵੱਲ ਘੱਲਿਆ ਕਿ ਜਾਕੇ ਮੁਰਦਿਆਂ ਦੇ ਖੱਫਣ ਲਿਆਵੇ. ਸੋ ਇਹ ਨੀਚ ਕੰਮ ਕਰਦਿਆਂ ਇਸਨੇ ਇੱਥੇ ਬਾਰਾਂ ਮਹੀਨੇ ਗੁਜ਼ਾਰੇ. ਇੱਕ ਦਿਨ ਇਸ ਦੀ ਇਸਤ੍ਰੀ 'ਵੈਸ਼ਜਾ' ਆਪਣੇ ਮੁਰਦਾ ਪੁਤ੍ਰ ਰੋਹਿਤ[326] ਨੂੰ, ਜਿਸ ਨੂੰ ਕਿ ਸੱਪ ਲੜ ਗਿਆ ਸੀ, ਸਾੜਨ ਲਈ ਆਈ. ਦੋਹਾਂ ਨੇ ਇੱਕ ਦੂਸਰੇ ਨੂੰ ਪਛਾਣ ਲਿਆ ਅਤੇ ਚਾਹਿਆ ਕਿ ਆਪਣੇ ਪੁਤ੍ਰ ਦੀ ਚਿਖਾ ਤੇ ਸੜ ਮਰੀਏ, ਪਰ ਹਰਿਸ਼ਚੰਦ੍ਰ ਆਪਣੇ ਚੰਡਾਲ ਸ੍ਵਾਮੀ ਦੀ ਆਗਜਾ ਬਿਨਾ ਦਿਲੋਂ ਇਹ ਗੱਲ ਨਹੀਂ ਚਾਹੁੰਦਾ ਸੀ ਅਤੇ ਆਪਣੇ ਫ਼ਰਜ਼ ਦੇ ਪੂਰਾ ਕਰਨ ਲਈ ਦ੍ਰਿੜ੍ਹ ਸੀ. ਇਸ ਪੁਰ ਪ੍ਰਸੰਨ ਹੋ ਕੇ ਸਾਰੇ ਦੇਵਤੇ ਆ ਪਹੁੰਚੇ, ਅਤੇ ਨਾਲ ਹੀ ਧਰਮਰਾਜ ਅਤੇ ਵਿਸ਼੍ਵਾਮਿਤ੍ਰ ਭੀ ਸਨ. ਇੰਦ੍ਰ ਨੇ ਹਰਿਸ਼ਚੰਦ੍ਰ ਨੂੰ ਕਿਹਾ ਕਿ ਤੇਰੀ ਇਸਤ੍ਰੀ ਅਤੇ ਪੁਤ੍ਰ ਨੇ ਆਪਣੇ ਸ਼ੁਭ ਕਰਮਾਂ ਨਾਲ ਸ੍ਵਰਗ ਨੂੰ ਭੀ ਜਿੱਤ ਲਿਆ ਹੈ. ਹਰਿਸ਼ਚੰਦ੍ਰ ਨੇ ਕਿਹਾ ਕਿ ਮੈਂ ਆਪਣੇ ਮਾਲਕ ਚੰਡਾਲ ਦੀ ਆਗਜਾ ਬਿਨਾ ਸ੍ਵਰਗ ਵਿੱਚ ਨਹੀਂ ਜਾ ਸਕਦਾ ਤਦ ਧਰਮ ਨੇ ਚੰਡਾਲ ਸ੍ਵਰੂਪ ਵਿੱਚ ਪ੍ਰਗਟ ਹੋਕੇ ਸਾਕ੍ਸ਼ਾਤ ਦਰਸ਼ਨ ਦਿੱਤਾ. ਜਦ ਇਹ ਗੱਲ ਹੋ ਚੁੱਕੀ ਤਾਂ ਹਰਿਸ਼ਚੰਦ੍ਰ ਨੇ ਕਿਹਾ ਕਿ ਮੈਂ ਆਪਣੀ ਪ੍ਰਜਾ ਬਿਨਾ ਸ੍ਵਰਗ ਨਹੀਂ ਜਾਵਾਂਗਾ, ਇਹ ਗੱਲ ਭੀ ਇੰਦ੍ਰ ਨੇ ਮੰਨ ਲਈ ਅਤੇ ਜਦੋਂ ਵਿਸ਼੍ਵਾਮਿਤ੍ਰ ਨੇ ਇਸ ਦੇ ਪੁਤ੍ਰ ਰੋਹਿਤ ਨੂੰ ਰਾਜ ਤਿਲਕ ਦੇ ਦਿੱਤਾ, ਤਾਂ ਹਰਿਸ਼ਚੰਦ੍ਰ ਆਪਣੇ ਮਿਤ੍ਰਾਂ ਅਤੇ ਪ੍ਰਜਾ ਸਹਿਤ ਸ੍ਵਰਗ ਨੂੰ ਗਿਆ. ਨਾਰਦ ਮੁਨੀ ਨੇ, ਇਸ ਦਾ ਪੁੰਨ ਨਾਸ਼ ਕਰਨ ਲਈ, ਫਰੇਬ ਨਾਲ ਇਸ ਦੇ ਮੂਹੋਂ ਆਪਣੀ ਉਸਤਤਿ ਕਰਵਾਈ, ਜਿਸ ਤੋਂ ਇਹ ਸ੍ਵਰਗ ਵਿੱਚੋਂ ਕੱਢਿਆ ਗਿਆ. ਜਦ ਇਹ ਸ੍ਵਰਗੋਂ ਡਿਗ ਰਿਹਾ ਸੀ ਤਾਂ ਇਸ ਨੇ ਈਸ਼੍ਵਰ ਤੋਂ ਭੁੱਲ ਬਖ਼ਸ਼ਾਈ ਅਤੇ ਬਖਸ਼ਿਆ ਗਿਆ, ਅਤੇ ਹੇਠਾਂ ਵੱਲ ਆਉਂਦਾ ਆਉਂਦਾ ਰਸਤੇ ਵਿੱਚ ਰੋਕਿਆ ਗਿਆ.

ਹੁਣ ਹਰਿਸ਼ਚੰਦ੍ਰ ਅਤੇ ਉਸ ਦੀ ਪ੍ਰਜਾ, ਇੱਕ ਹਵਾਈ ਨਗਰ "ਹਰਿਸ਼ਚੰਦ੍ਰਪੁਰ" ਵਿੱਚ ਰਹਿੰਦੇ ਹਨ, ਜਿਸ ਦੇ ਨਾਉਂ, ਸੌਭਨਗਰ, ਹਰਿਚੰਦੌਰੀ, ਗੰਧਰਵ ਨਗਰ, ਚਿਤ੍ਰਿਮ, ਸੀਕੋਟ ਆਦਿਕ ਅਨੇਕ ਕਲਪੇ ਹੋਏ ਹਨ.

ਵਾਸਤਵ ਵਿੱਚ ਹਰਿਚੰਦੌਰੀ ਕੋਈ ਵਸਤੁ ਨਹੀਂ, ਕੇਵਲ ਮ੍ਰਿਗਤ੍ਰਿਸਨਾ ਦੀ ਤਰਾਂ ਧੁੰਦ ਵਿੱਚ ਖਿਆਲੀ ਰਚਨਾ ਹੈ. ਸਰਦੀ ਦੀ ਰੁਤ ਵਿੱਚ ਸੂਰਜ ਦੀਆਂ ਕਿਰਣਾਂ ਤੇਜ਼ ਹੋਣ ਤੋਂ ਪਹਿਲਾਂ, ਰੇਗਿਸਤਾਨ ਅਥਵਾ ਸਮੁੰਦਰ ਦੇ ਕਿਨਾਰੇ ਗਾੜ੍ਹੀ ਧੁੰਦ ਹੋਣ ਕਰਕੇ ਆਕਾਸ਼ ਵਿੱਚ ਕਦੇ ਸਤਜ ਵਸਤੂਆਂ ਦਾ ਅਕਸ ਅਰ ਕਦੇ ਖਿਆਲ ਵਿੱਚ ਵਸੇ ਹੋਏ ਪਦਾਰਥ ਸਤਜ ਸਮਾਨ ਭਾਸਣ ਲੱਗ ਜਾਂਦੇ ਹਨ. ਹਿਸਾਰ ਦੇ ਜਿਲੇ ਵਿੱਚ ਅਤੇ ਅਰਬ ਦੇ ਸਮੁੰਦਰੀ ਰੇਤਲੇ ਮੈਦਾਨਾਂ ਵਿੱਚ ਹਰਿਚੰਦੌਰੀ ਦਾ ਨਜਾਰਾ ਅਜੀਬ ਭਾਸਿਆ ਕਰਦਾ ਹੈ. ਜਿਸ ਆਦਮੀ ਨੇ ਉਹ ਪਹਿਲਾਂ ਨਹੀਂ ਦੇਖਿਆ, ਉਹ ਬਿਨਾ ਸੰਸ ਸੁੰਦਰ ਮਕਾਨ ਕਿਲੇ ਕੋਟ ਅਤੇ ਬਾਗ ਦੇਖਕੇ ਉਨ੍ਹਾਂ ਦੀ ਸੈਰ ਲਈ ਲਲਚਾਉਂਦਾ ਹੈ, ਪਰ ਜਜੋਂ ਜਜੋਂ ਸੂਰਜ ਦੀਆਂ ਕਿਰਨਾਂ ਤੇਜ ਹੁੰਦੀਆਂ ਜਾਂਦੀਆਂ ਹਨ, ਤਜੋਂ ਤਜੋਂ ਧੁੰਦ ਪਤਲੀ ਪੈਣ ਲਗਦੀ ਹੈ ਅਤੇ ਦੇਖਦੇ ਹੀ ਦੇਖਦੇ ਸਾਰੀ ਰਚਨਾ ਨੇਤਰਾਂ ਤੋਂ ਪਰੇ ਹੋ ਜਾਂਦੀ ਹੈ. ਕਰਨਲ ਟਾਡ (Col. Tod) ਲਿਖਦਾ ਹੈ ਕਿ ਇੱਕ ਵਾਰ ਜਹਾਜ਼ ਵਿੱਚ ਸਫਰ ਕਰਦੇ ਹੋਏ ਮੈਨੂੰ ਹਰਿਚੰਦੌਰੀ ਦਾ ਜਹਾਜ਼ ਐਉਂ ਭਾਸਿਆ ਕਿ ਹੁਣੇ ਹੀ ਸਾਡੇ ਜਹਾਜ਼ ਨੂੰ ਟੱਕਰ ਮਾਰਕੇ ਚੂਰਾ ਚੂਰਾ ਕਰ ਦੇਵੇਗਾ। ਮੈਂ ਡਰਦੇ ਮਾਰੇ ਸ਼ੋਰ ਮਚਾ ਦਿੱਤਾ ਅਰ ਜਾਨ ਬਚਾਉਣ ਦੇ ਫਿਕਰ ਵਿੱਚ ਪੈ ਗਿਆ, ਪਰ ਜਹਾਜ਼ ਦੇ ਅਫਸਰ ਜੋ ਅਸਲ ਗੱਲ ਦੇ ਭੇਤੀ ਸਨ ਸਾਰੇ ਮੈਨੂੰ ਹੱਸਣ ਲੱਗੇ ਅਰ ਮੈਂ ਸ਼ਰਮਿੰਦਾ ਹੋ ਗਿਆ.

ਸੰਸਾਰ ਦੇ ਮਾਇਕ ਪਦਾਰਥ, ਜੋ ਖਿਨ ਭਰ ਚਮਤਕਾਰ ਵਿਖਾਕੇ ਮਿਟ ਜਾਂਦੇ ਹਨ, ਗੁਰੁਬਾਣੀ ਵਿੱਚ ਉਨ੍ਹਾਂ ਨੂੰ ਹਰਿਚੰਦੌਰੀ ਅਥਵਾ ਗੰਧਰਬ ਨਗਰ ਦਾ ਦ੍ਰਿਸ਼੍ਟਾਂਤ ਦਿੱਤਾ ਹੈ. "ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ." (ਆਸਾ ਛੰਤ ਮਃ ੫) "ਦ੍ਰਿਸਟਿ ਦੇਖੁ ਜੈਸੇ ਹਰਿਚੰਦਉਰੀ." (ਆਸਾ ਮਃ ੫) "ਮ੍ਰਿਗ ਤ੍ਰਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ." (ਸਵਾ ਮਃ ੫)

**ਹਰਿ ਸੱਜਣ:** ਵਿ- ਕਰਤਾਰ ਦਾ ਮਿਤ੍ਰ। ੨. ਸੱਜਣ ਰੂਪ ਕਰਤਾਰ.

**ਹਰਿਸਰ:** ਸੰਗਜਾ- ਅਮ੍ਰਿਤਸਰ, ਜੋ ਕਰਤਾਰ ਦਾ ਸਰ ਹੈ। ੨. ਸਤਸੰਗ. ਸਾਧੁਸਮਾਜ. "ਹਰਿਸਰ ਨਿਰਮਲਿ ਨਾਏ." (ਸੂਹੀ ਛੰਤ ਮਃ ੪)

**ਹਰਿਸਰਿ:** ਮਾਨਸਰ ਮੇਂ. ਮਾਨ ਸਰੋਵਰ ਵਿੱਚ. "ਨਿਰਮਲ ਹੰਸਾ ਪ੍ਰੇਮ ਪਿਆਰਿ। ਹਰਿਸਰਿ ਵਸੈ ਹਉਮੈ ਮਾਰਿ." (ਮਾਝ ਅਃ ਮਃ ੩) ਭਾਵ ਸਤਸੰਗ ਵਿੱਚ। ੨. ਕਰਤਾਰ ਦੇ ਸਰੋਵਰ ਸਤਿਸੰਗ ਵਿੱਚ। ੩. ਸੰਗਜਾ- ਹਰਿ ਕਥਾ ਰੂਪ ਨਦੀ. "ਹਰਿ ਸਰਿ

---

[326] ਇਸ ਦਾ ਨਾਉਂ ਪੁਰਾਣਾਂ ਵਿੱਚ "ਰੋਹਤਾਸ਼੍ਵ" ਭੀ ਆਇਆ ਹੈ.

ਤੀਰਥਿ ਜਾਣਿ ਮਨੂਆ ਨਾਇਆ." (ਵਾਰ ਮਲਾ ਮਃ ੧) ੪. ਗੰਗਾ.

ਹਰਿਸਰੁ: ਕਰਤਾਰ ਰੂਪ ਸਰੋਵਰ। ੨. ਅਮ੍ਰਿਤਸਰ.

ਹਰਿਸਿੰਘਾਸਣੁ, ਹਰਿਸਿੰਘਾਸਨ: ਕਰਤਾਰ ਦਾ ਤਖ਼ਤ। ੨. ਗੁਰਮੁਖਾਂ ਦਾ ਰਿਦਾ। ੩. ਇੰਦ੍ਰ ਦਾ ਰਾਜ ਸਿੰਘਾਸਨ। ੪. ਸੁਵਰਣ ਦਾ ਸਿੰਘਾਸਨ.

ਹਰਿ ਸੀ ਕਰਭਾ: ਹਰਿ (ਸੂਰਜ) ਦੀ ਕਰ (ਕਿਰਣਾਂ) ਜੈਸੀ ਭਾ (ਚਮਕ). (ਕਲਕੀ)

ਹਰਿ ਸੇਵਕ: ਕਰਤਾਰ ਦਾ ਸੇਵਕ. "ਹਰਿਸੇਵਕ ਨਾਹੀ ਜਮ ਪੀੜ." (ਬਿਲਾ ਮਃ ੫)

ਹਰਿ ਸੰਗਤਿ: ਸਿੱਖ ਸਮਾਜ. ਗੁਰਸਿੱਖਾਂ ਦੀ ਮੰਡਲੀ. "ਵਡ ਭਾਗੀ ਹਰਿ ਸੰਗਤਿ ਪਾਵਹਿ." (ਮਾਝ ਮਃ ੪)

ਹਰਿ ਸੰਗੀ: ਵਿ- ਹਰਿ (ਕਰਤਾਰ) ਦਾ ਸਾਥੀ. ਸਾਧੁ. ਗੁਰਮੁਖ.

ਹਰਿਸੰਤ: ਵਿ- ਵੈਸ਼ਨਵ. ਵਿਸ਼ਨੁ ਉਪਾਸਕ. "ਸੁਨ ਭੂਪਤਿ ਯਾ ਜਗਤ ਮੇ ਦੁਖੀ ਰਹਿਤ ਹਰਿਸੰਤ." (ਕ੍ਰਿਸਨਾਵ) ੨. ਕਰਤਾਰ ਦਾ ਸੇਵਕ. ਵਾਹਗੁਰੂ ਦਾ ਉਪਾਸਕ. "ਹਰਿ ਸੰਤਾ ਨੋ ਹੋਰੁ ਥਾਉ ਨਾਹੀ." (ਆਸਾ ਛੰਤ ਮਃ ੪)

ਹਰਿਸੰਪੈ: ਸੰਗਯਾ- ਦੈਵੀ ਸੰਪਦਾ. ਆਤਮਿਕ ਧਨ. "ਹਰਿ ਸੰਪੈ ਨਾਨਕ ਘਰਿ ਤਾਕੈ." (ਬਾਵਨ)

ਹਰਿ ਹਰਿ ਛੇਤ੍ਰ: ਇਹ ਉਹ ਅਸਥਾਨ ਦੱਸਿਆ ਜਾਂਦਾ ਹੈ, ਜਿੱਥੇ ਤੰਦੂਏ ਦੇ ਗ੍ਰਸੇ ਹੋਏ ਹਾਥੀ ਨੂੰ ਭਗਵਾਨ ਨੇ ਛੁਡਾਇਆ ਸੀ. ਇਹ ਪਟਨੇ ਤੋਂ ਤਿੰਨ ਕੋਹ ਪਰੇ ਗੰਗਾ ਪੁਰ ਹੈ. ਇੱਥੇ ਕੱਤਕ ਦੀ ਪੂਰਨਮਾਸੀ ਨੂੰ ਵਡਾ ਭਾਰੀ ਮੇਲਾ ਲੱਗਦਾ ਹੈ ਅਤੇ ਬਹੁਤ ਹਾਥੀ ਵਿਕਣ ਨੂੰ ਆਉਂਦੇ ਹਨ.[327]

ਹਰਿ ਹਰਿ ਰੁਖੁ: ਦੇਖੋ, ਹਰਿ ੪੪.

ਹਰਿ ਹਾਂ: ਸੰਬੋਧਨ. ਹੇ ਹਰਿ! ਫੁਨਹੇ ਛੰਦਾਂ ਦੇ ਅੰਤ "ਹਰਿ ਹਾਂ" ਸ਼ਬਦ ਐਸੇ ਹੀ ਵਰਤਿਆ ਹੈ, ਜੈਸੇ ਅੜਿੱਲ ਦੇ ਪਿਛਲੇ ਚਰਣ ਵਿੱਚ ਹੋ! ਆਉਂਦਾ ਹੈ. ਦੇਖੋ, ਪੁਨਹਾ.

ਹਰਿਕ: ਕ੍ਰਿ. ਵਿ- ਪ੍ਰਤਜੇਕ. ਹਰ ਯਕ। ੨. ਸੰ. हिरुक ਹਿਰੁਕ. ਵਜ- ਵਰਜਨ। ੩. ਤਯਾਗ। ੪. ਸਮੀਪ. ਪਾਸ. "ਹਿਰਕਤ੍ਵਾ ਹ੍ਰਿਦਾਨੰ." (ਗਜਾਨ) ਤੂੰ ਰਿਦਿਆਂ ਦੇ ਪਾਸ ਹੈਂ.

ਹਰਿਕਥਾ: ਕਰਤਾਰ ਦੀ ਕਥਾ. ਵਾਹਗੁਰੂ ਦੀ ਗੁਣਕਥਾ. "ਹਾਹੈ ਹਰਿਕਥਾ ਬੂਝੁ ਤੂੰ ਮੂੜੇ!" (ਆਸਾ ਪਟੀ ਮਃ ੩)

ਹਰਿਕਰਮ: ਵਿ- ਪਰਮਾਤਮਾ ਸੰਬੰਧੀ ਕਰਮ. "ਕਰ ਹਰਿਕਰਮ ਸ੍ਰਵਨ ਹਰਿਕਥਾ." (ਸੁਖਮਨੀ)

ਹਰਿ ਕਾ ਗ੍ਰਿਹ: ਵਾਹਗੁਰੂ ਦਾ ਘਰ ਸੰਸਾਰ। ੨. ਮਾਨੁਖ ਦੇਹ। ੩. ਸਤਸੰਗ। ੪. ਨਿਰਮਲ ਅੰਤਹਕਰਣ। ੫. ਹਰਿਮੰਦਿਰ। ੬. ਗੁਰੁਦ੍ਵਾਰਾ.

ਹਰਿ ਕੀ ਪੌੜੀ: ਉੱਤਮ ਕ੍ਰਿਯਾ, ਜੋ ਕਰਤਾਰ ਦੇ ਪਾਉਣ ਦੀ ਸੀੜ੍ਹੀ ਹੈ। ੨. ਅਮ੍ਰਿਤ ਸਰੋਵਰ ਦੀ ਉਹ ਪੌੜੀ ਜੋ ਹਰਿਮੰਦਿਰ ਦੇ ਪਿਛਲੇ ਪਾਸੇ ਦੁਖ ਭੰਜਨੀ ਵੱਲ ਹੈ। ੩. ਹਿੰਦੂਮਤ ਅਨੁਸਾਰ ਹਰਿਦ੍ਵਾਰ ਪੁਰ ਗੰਗਾ ਦੀ ਪੌੜੀ, ਜੋ ਬ੍ਰਹਮਕੁੰਡ ਪਾਸ ਹੈ.

ਹਰਿਕੀਰਤਨ, ਹਰਿਕੀਰਤਨੁ: ਕਰਤਾਰ ਦੇ ਗੁਣਾਨੁਵਾਦ। ੨. ਗੁਰੁਬਾਣੀ ਦਾ ਗਾਇਨ. "ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ." (ਬਾਵਨ)

ਹਰਿ ਕੇ ਲੋਕ, ਹਰਿ ਕੇ ਲੋਗ: ਸਾਧੁਜਨ."ਹਰਿ ਕੇ ਲੋਕ ਸਿ ਸਾਚ ਸੁਹੇਲੇ." (ਭੈਰ ਅਃ ਮਃ ੧) "ਹਰਿ ਸਰਣਾਗਤ ਹਰਿ ਕੇ

---

[327] ਇਸ ਨਾਲ ਗਜ ਸ਼ਬਦ ਦੇ ਅੰਗ ੩. ਦਾ ਮੁਕਾਬਲਾ ਕਰੋ.

ਲੋਗ." (ਗੂਜ ਅਃ ਮਃ ੧)

ਹਰਿਕ੍ਰਿਸਨ ਸਤਿਗੁਰੁ: ਸਿੱਖ ਕੌਮ ਦੇ ਅੱਠਵੇਂ ਪਾਤਸ਼ਾਹ. ਆਪ ਦਾ ਜਨਮ ਸੋਮਵਾਰ ੮. ਸਾਵਣ (ਬਦੀ ੧੦) ਸੰਮਤ ੧੭੧੩ (੭ ਜੁਲਾਈ ਸਨ ੧੬੫੬) ਨੂੰ ਕੀਰਤਪੁਰ ਵਿੱਚ ਸ਼੍ਰੀ ਗੁਰੂ ਹਰਿਰਾਇ ਜੀ ਦੇ ਘਰ ਮਾਤਾ ਕ੍ਰਿਸਨ ਕੌਰ ਜੀ ਤੋਂ ਹੋਇਆ. ੮. ਕੱਤਕ ਸੰਮਤ ੧੭੧੮ (੭ ਅਤੂਬਰ ਸਨ ੧੬੬੧) ਨੂੰ ਗੁਰੁਗੱਦੀ ਤੇ ਵਿਰਾਜੇ. ਬਾਬਾ ਰਾਮਰਾਇ ਦੀ ਸ਼ਕਾਇਤ ਪੁਰ ਔਰੰਗਜ਼ੇਬ ਨੇ ਇਨ੍ਹਾਂ ਨੂੰ ਦਿੱਲੀ ਬੁਲਾਇਆ. ਉੱਥੇ ਚੇਚਕ ਨਾਲ ਚੇਤ ਸੁਦੀ ੧੪. (੩ ਵੈਸਾਖ) ਸੰਮਤ ੧੭੨੧ (੩੦ ਮਾਰਚ ਸਨ ੧੬੬੪) ਨੂੰ ਜੋਤੀ ਜੋਤਿ ਸਮਾਏ. ਆਪ ਦੇ ਪਵਿਤ੍ਰ ਅਸਥਾਨ ਬਾਲਾ ਸਾਹਿਬ ਅਤੇ ਬੰਗਲਾ ਸਾਹਿਬ ਦਿੱਲੀ ਵਿਦਜਮਾਨ ਹਨ. ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ੨. ਵਰ੍ਹੇ ੫. ਮਹੀਨੇ ਤੇ ੨੬ ਦਿਨ ਗੁਰਿਆਈ ਕੀਤੀ. ਆਪ ਦੀ ਸਾਰੀ ਅਵਸਥਾ ੭. ਵਰ੍ਹੇ ੮. ਮਹੀਨੇ ਤੇ ੨੬ ਦਿਨ ਸੀ. "ਸ਼੍ਰੀ ਹਰਿਕ੍ਰਿਸਨ ਧਿਆਈਐ ਜਿਤੁ ਡਿਠੈ ਸਭ ਦੁਖ ਜਾਇ." (ਚੰਡੀ ੩)

ਹਰਿਗਾਲ: ਕਰਤਾਰ ਦੀ ਗੱਲ. ਹਰਿਕਥਾ. "ਹਰਿਗਾਲ ਗਲੋਈਐ." (ਵਾਰ ਵਡ ਮਃ ੪)

ਹਰਿਗੀਤਾ, ਹਰਿਗੀਤਕਾ: ਇੱਕ ਛੰਦ. ਲੱਛਣ- ਚਾਰ ਚਰਣ. ਪ੍ਰਤਿਚਰਣ ੨੮ ਮਾਤ੍ਰਾ. ਪਹਿਲਾ ਵਿਸ਼੍ਰਾਮ ੧੬. ਮਾਤ੍ਰਾ ਪੁਰ, ਦੂਜਾ ੧੨. ਪੁਰ, ਅੰਤ ਲਘੁ ਗੁਰੁ ਅਥਵਾ ਰਗਣ- SIS.

ਉਦਾਹਰਣ-

ਸਭਿ ਦ੍ਰੋਣ ਗਿਰਿਵਰ ਸਿਖਰ ਤਰ ਨਰ,

ਪਾਪ ਕਰਮ ਭਏ ਮਨੋ,

ਉਠ ਭਾਜ ਧਮੰ ਸਭਮੰ ਹ੍ਵੈ ਚਮਕੰਤ

ਦਾਮਨਿ ਸੋ ਮਨੋ. xx (ਕਲਕੀ)

(ਅ) ਹਰਿਗੀਤਿਕਾ ਦਾ ਦੂਜਾ ਰੂਪ ਹੈ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੫. ਪੁਰ ਅੰਤ ਰਗਣ. ਇਸ ਰੂਪ ਦਾ ਨਾਉਂ "ਸਟਪਟਾ" ਅਤੇ "ਪੈਡੀ" (ਪੈੜੀ) ਹੈ.

ਉਦਾਹਰਣ-

ਫਿਰ ਕਰ ਸਗਰੇ ਨਗਰ ਮੇ,

ਮਰਦਾਨਾ ਉਰ ਅਕੁਲਾਇਕੈ,

ਬੈਠੇ ਸ਼੍ਰੀ ਨਾਨਕ ਜਹਾਂ,

ਤਹਿ ਥਕਿਤ ਸੁ ਬੈਸਜੋ ਆਇਕੈ,

ਸ਼੍ਰੀ ਮੁਖ ਸੋ ਬੂਝਤ ਭਯੇ,

ਤਿਹ ਬਦਨਹਿ ਬਿਕਲ ਨਿਹਾਰਕੈ,

ਬਿਨ ਰਬਾਬ ਆਵਨ ਭਯੋ,

ਨਿਜ ਬਿਰਥਾ ਭਨਹੁ ਸੁਧਾਰਕੈ. (ਨਾਪ੍ਰ)

ਹਰਿਗੁਣ: ਕਰਤਾਰ ਦੇ ਗੁਣ. "ਹਰਿਗੁਣ ਗਾਵਹਿ ਅਨਦਿਨੁ ਜਾਗੇ." (ਮਾਰੂ ਸੋਲਹੇ ਮਃ ੩)

ਹਰਿਗੁਬਿੰਦ: ਦੇਖੋ, ਹਰਿਗੋਬਿੰਦ। ੨. ਕ੍ਰਿਸਨ. "ਹਰਿਗੁਬਿੰਦ ਪਰ ਲਰਨ ਸਿਧਾਵਾ। ਹਰਿਗੁਬਿੰਦ ਪਰ ਤਿਮ ਇਹ ਆਵਾ." (ਗੁਪ੍ਰਸੂ) ਜਿਵੇਂ ਕਾਲਯਮਨ ਕ੍ਰਿਸ਼ਨ ਜੀ ਪੁਰ ਲੜਨ ਗਿਆ ਤਿਵੇਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪੁਰ ਅਬਦੁਲਖ਼ਾਨ

ਆਇਆ.

**ਹਰਿ ਗੁਰੁ:** ਵਿ- ਹਰਿ ਰੂਪ ਸਤਿਗੁਰੁ. ੨. ਸਿੱਖ ਦੇ ਵਿਕਾਰ ਅਤੇ ਦੋਸਾਂ ਦੇ ਹਰਣ ਵਾਲਾ ਗੁਰੂ. "ਹਰਿਗੁਰੁ ਨਾਨਕ ਜਿਨਿ ਪਰਸਿਓ ਤੇ ਇਤ ਉਤ ਸਦਾ ਮੁਕਤੇ." (ਸਵੈਯੇ ਮਃ ੫. ਕੇ)

**ਹਰਿਗੋਪਾਲ:** ਦੇਖੋ, ਬਿਸੰਭਰ ਦਾਸ.

**ਹਰਿਗੋਬਿੰਦ:** ਦੇਖੋ, ਖਾਰਾ ਸਾਹਿਬ। ੨. ਦੇਖੋ, ਹਰਿਗੋਬਿੰਦ ਸਤਿਗੁਰੂ। ੩. ਦੇਖੋ, ਖੁਸਾਲ ਸਿੰਘ.

**ਹਰਿਗੋਬਿੰਦ ਸਤਿਗੁਰੂ:** ਸਿੱਖ ਕੌਮ ਦੇ ਛੀਵੇਂ ਪਾਤਸ਼ਾਹ, ਜਿਨ੍ਹਾਂ ਦਾ ਜਨਮ ੨੧. ਹਾੜ (ਵਦੀ ੬) ਸੰਮਤ ੧੬੫੨ (੧੪ ਜੂਨ ਸਨ ੧੫੯੫) ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੇ ਉਦਰ ਤੋਂ ਵਡਾਲੀ ਪਿੰਡ ਵਿੱਚ ਹੋਇਆ. ਆਪ ਨੇ ਬਾਬਾ ਬੁੱਢਾ ਜੀ ਤੋਂ ਧਾਰਮਿਕ ਵਿਦਜਾ ਪੜ੍ਹੀ. ਗੁਰੂ ਸਾਹਿਬ ਦੇ ਤਿੰਨ ਵਿਆਹ ਹੋਏ-

(ੳ) ਡੱਲਾ ਨਿਵਾਸੀ ਨਾਰਾਇਨਦਾਸ ਦੀ ਸੁਪੁਤ੍ਰੀ ਦਾਮੋਦਰੀ ਜੀ ਨਾਲ ੧੨. ਭਾਦੋਂ ਸੰਮਤ ੧੬੬੧.

(ਅ) ਬਕਾਲਾ ਨਿਵਾਸੀ ਹਰੀ ਚੰਦ ਦੀ ਸੁਪੁਤ੍ਰੀ ਨਾਨਕੀ ਜੀ ਨਾਲ ੮. ਵੈਸਾਖ ੧੬੭੦.

(ੲ) ਮੰਡਿਆਲੀ ਨਿਵਾਸੀ ਦਯਾਰਾਮ (ਦ੍ਵਾਰਾ) ਦੀ ਸੁਪੁਤ੍ਰੀ ਮਹਾਦੇਵੀ ਜੀ ਨਾਲ ੧੧. ਸਾਉਣ ੧੬੭੨.

ਧਰਮਵੀਰ ਸਤਿਗੁਰੂ ਜੀ ਦੇ ਪੰਜ ਪੁਤ੍ਰ (ਬਾਬਾ ਗੁਰੁਦਿੱਤਾ ਜੀ, ਸੂਰਜ ਮੱਲ, ਅਣੀ ਰਾਇ, ਅਟਲ ਰਾਇ ਅਤੇ ਗੁਰੂ ਤੇਗਬਹਾਦੁਰ ਜੀ), ਅਰ ਇੱਕ ਸੁਪੁਤ੍ਰੀ ਬੀਰੋ, ਉਤਪੰਨ ਹੋਏ. ੨੯ ਜੇਠ (ਵਦੀ ੧੪) ਸੰਮਤ ੧੬੬੩ (੨੫ ਮਈ ਸਨ ੧੬੦੬) ਨੂੰ ਆਪ ਗੁਰੁਗੱਦੀ ਪੁਰ ਵਿਰਾਜੇ ਅਰ ਮਸਨਦਨਸ਼ੀਨੀ ਸਮੇਂ ਸੇਲੀ ਟੋਪੀ ਪਹਿਰਣ ਦੀ ਪੁਰਾਣੀ ਰੀਤਿ ਹਟਾਕੇ ਜਿਗਾ ਕਲਗੀ ਸੀਸ ਤੇ, ਅਤੇ ਮੀਰੀ ਪੀਰੀ ਦੇ ਦੋ ਖੜਗ ਗਾਤ੍ਰੇ ਸਜਾਏ, ਕਿਉਂਕਿ ਭਾਰਤ ਦੀ ਅਧੋਗਤਿ ਵੇਖਕੇ ਆਪ ਨੇ ਦੇਸ਼ ਉੱਧਾਰ ਲਈ ਭਗਤਿ ਗਜਾਨ ਦੇ ਨਾਲ ਨਾਲ ਸ਼ੂਰਵੀਰਤਾ ਦਾ ਪ੍ਰਚਾਰ ਭੀ ਜਰੂਰੀ ਜਾਣਿਆ. ਸੰਮਤ ੧੬੬੫ ਵਿੱਚ ਹਰਿਮੰਦਿਰ ਦੇ ਸਨਮੁਖ ਤਖ਼ਤ ਅਕਾਲਬੁੰਗਾ ਰਚਿਆ. ਸੰਮਤ ੧੬੬੯ ਵਿੱਚ ਸ਼੍ਰੀ ਗੁਰੂ ਅਰਜਨ ਸਾਹਿਬ ਦਾ ਦੇਹਰਾ ਲਹੌਰ ਬਣਵਾਇਆ. ਸੰਮਤ ੧੬੭੦-੭੧ ਵਿੱਚ ਡਰੋਲੀ ਆਦਿ ਅਸਥਾਨਾਂ ਪੁਰ ਨਿਵਾਸ ਕਰਕੇ ਜੰਗਲ ਦੇਸ਼ ਨੂੰ ਕ੍ਰਿਤਾਰਥ ਕੀਤਾ. ਸੰਮਤ ੧੬੮੪ ਵਿੱਚ ਮੋਹਨ ਅਤੇ ਕਾਲੇ ਦੀ ਸਹਾਇਤਾ ਕਰਕੇ ਮਾਲਵੇ ਵਿੱਚ ਮੇਹਰਾਜ ਵਸਾਇਆ ਅਤੇ ਇਸ ਵਰ੍ਹੇ ਅਮ੍ਰਿਤਸਰ ਜੀ ਵਿੱਚ ਕੌਸਲਰ ਤਾਲ ਲਗਵਾਇਆ. ਸੰਮਤ ੧੬੮੫ ਵਿੱਚ ਬਿਬੇਕੀ ਸਿੱਖਾਂ ਦੇ ਨਿਵਾਸ ਲਈ ਬਿਬੇਕ ਸਰ ਰਚਿਆ.

ਅਕਬਰ ਦੀ ਸੁਲਾਕੁੱਲ ਪਾਲਿਸੀ ਦੀ ਥਾਂ ਜਦ ਜਹਾਂਗੀਰ ਨੇ ਲੋਕਾਂ ਦੇ ਸਿੱਖੇ ਸਿਖਾਏ ਸਿੱਖਾਂ ਵੱਲ ਮੈਲੀ ਨਜ਼ਰ ਕਰ ਲਈ ਅਤੇ ਪੰਜਵੇਂ ਸਤਿਗੁਰੂ ਸ਼ਹੀਦ ਕੀਤੇ ਗਏ, ਤਾਂ ਸ੍ਵਰਖਜਾ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਸ਼ਸਤ੍ਰ ਪਹਿਰਣ ਅਤੇ ਸ਼ੂਰਵੀਰਤਾ ਦਾ ਉਪਦੇਸ਼ ਦਿੱਤਾ. ਇਹ ਵੇਖਕੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲਿਅਰ ਦੇ ਕਿਲੇ ਕੈਦ ਕਰ ਦਿੱਤਾ. ਇਸ ਤੋਂ ਗੁਰੂ ਜੀ ਦਾ ਮਾਨ ਘਟਨ ਦੀ ਥਾਂ ਸਗੋਂ ਦੇਸ਼ ਵਿੱਚ ਹੋਰ ਵਧ ਗਿਆ. ਕਈ ਪਤਵੰਤੇ ਮੁਸਲਮਾਨਾਂ ਨੇ ਬਾਦਸ਼ਾਹ ਨੂੰ ਗੁਰੂ ਸਾਹਿਬ ਦੇ ਛੱਡਣ ਲਈ ਪ੍ਰੇਰਣਾ ਕੀਤੀ. ਇਸ ਤੋਂ ਜਹਾਂਗੀਰ ਨੇ ਛੇਵੇਂ ਗੁਰੂ ਜੀ ਨੂੰ ਛੱਡ ਦਿੱਤਾ ਸਗੋਂ ਮਿਤ੍ਰਤਾ ਦਾ ਵਰਤਾਉ ਕਰਦਾ ਰਿਹਾ, ਪਰ ਜਦ ਸੰਮਤ ੧੬੮੫ ਵਿੱਚ ਸ਼ਾਹਜਹਾਨ ਗੱਦੀ ਤੇ ਆਇਆ, ਤਾਂ ਉਸ ਨੇ ਸਿੱਖਾਂ ਵੱਲ ਪਾਲਿਸੀ ਕਰੜੀ ਕਰ ਲਈ, ਇਸ ਲਈ ਸ੍ਵਰਖਜਾ ਵਾਸਤੇ ਗੁਰੂ ਸਾਹਿਬ ਦੇ ਮੁਗਲਪਤਿ ਸ਼ਾਹਜਹਾਨ ਦੀ ਸੈਨਾ ਨਾਲ ਚਾਰ ਜੰਗ ਹੋਏ-

(ੳ) ਸੰਮਤ ੧੬੮੫ ਵਿੱਚ ਮੁਖਲਿਸ ਖਾਨ ਸੈਨਾਨੀ ਨਾਲ ਅੰਮ੍ਰਿਤਸਰ.

(ਅ) ਸੰਮਤ ੧੬੮੭ ਵਿੱਚ ਜਲੰਧਰ ਦੇ ਹਾਕਮ ਅਬਦੁੱਲਾ ਖਾਨ ਨਾਲ ਸ੍ਰੀ ਗੋਬਿੰਦਪੁਰ.

(ੲ) ਸੰਮਤ ੧੬੮੮ ਵਿੱਚ ਮੇਹਰਾਜ ਪਾਸ ਗੁਰੂ ਸਰ ਦੇ ਮਕਾਮ ਪੁਰ ਕਮਰਬੇਗ ਸੈਨਾਨੀ ਨਾਲ. ਇਸੇ ਜੰਗ ਪਿੱਛੋਂ ਗੁਰੂ ਸਾਹਿਬ ਨੇ

ਫੂਲ ਨੂੰ ਰਾਜ ਭਾਗ ਦਾ ਵਰਦਾਨ ਬਖਸ਼ਿਆ ਹੈ.[328] ਦੇਖੋ, ਫੂਲ.

(ਸ) ਸੰਮਤ ੧੬੯੧ ਵਿੱਚ ਕਾਲੇ ਖਾਂ ਪੈਂਦੇਖਾਂ ਆਦਿ ਯੋਧਿਆਂ ਨਾਲ ਕਰਤਾਰਪੁਰ. ਇਸ ਜੰਗ ਪਿੱਛੋਂ ਗੁਰੂ ਸਾਹਿਬ ਕੀਰਤਪੁਰ ਜਾ ਵਿਰਾਜੇ ਅਤੇ ਧਰਮ ਪ੍ਰਚਾਰ ਦਾ ਕੰਮ ਜਾਰੀ ਰੱਖਿਆ. ਇਨ੍ਹਾਂ ਨੇ ਦੂਰ ਦੂਰ ਜਾਕੇ ਸਿੱਖ ਧਰਮ ਫੈਲਾਇਆ. ਕਸ਼ਮੀਰ. ਪੀਲੀਭੀਤ, ਬਾਰ ਅਤੇ ਮਾਲਵੇ ਵਿੱਚ ਲੱਖਾਂ ਪ੍ਰਾਣੀਆਂ ਨੂੰ ਮੁਕਤਿ ਦਾ ਰਾਹ ਦੱਸਿਆ, ਅਨੇਕ ਮੁਸਲਮਾਨਾਂ ਨੂੰ ਸਿੱਖੀ ਮੰਡਲ ਵਿੱਚ ਲਿਆਂਦਾ. ਉਦਾਸੀ ਪ੍ਰਚਾਰਕਾਂ ਨੂੰ ਦੇਸ਼ ਦੇਸ਼ਾਂਤਰਾਂ ਵਿੱਚ ਭੇਜਕੇ ਗੁਰੂ ਨਾਨਕ ਦੇਵ ਦਾ ਝੰਡਾ ਝੁਲਾਇਆ.

ਆਪਣੇ ਯੋਗ ਪੋਤੇ ਸ਼੍ਰੀ ਗੁਰੂ ਹਰਿਰਾਇ ਜੀ ਨੂੰ ਗੁਰੁਗੱਦੀ ਪੁਰ ਥਾਪਕੇ ੭. ਚੇਤ (ਸੁਦੀ ੫) ਸੰਮਤ ੧੭੦੧ (੩ ਮਾਰਚ ਸਨ ੧੬੪੪) ਨੂੰ ਜੋਤੀ ਜੋਤਿ ਸਮਾਏ.[329] ਆਪ ਦੇ ਦੇਹਰੇ ਦਾ ਨਾਉਂ ਕੀਰਤਪੁਰ ਵਿੱਚ "ਪਾਤਾਲ ਪੁਰੀ" ਹੈ. ਦੇਖੋ, ਕੀਰਤਪੁਰ.

ਛੀਵੇਂ ਗੁਰੂ ਸਾਹਿਬ ਨੇ ੩੭ ਵਰ੍ਹੇ ੧੦. ਮਹੀਨੇ ੭. ਦਿਨ ਗੁਰੁਤਾ ਕੀਤੀ. ਅਤੇ ਸਾਰੀ ਅਵਸਥਾ ੪੮ ਵਰ੍ਹੇ ੮. ਮਹੀਨੇ ੧੫. ਦਿਨ ਭੋਗੀ. "ਅਰਜੁਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ." (ਚੰਡੀ ੩)

ਹਰਿਗੋਬਿੰਦਪੁਰ: ਦੇਖੋ, ਸ੍ਰੀ ਗੋਬਿੰਦਪੁਰ.

ਹਰਿਗੋਬਿੰਦੁ, ਹਰਿਗੋਵਿੰਦ: ਦੇਖੋ, ਹਰਿਗੋਬਿੰਦ. "ਹਰਿਗੋਬਿੰਦੁ ਰਖਿਓ ਪਰਮੇਸਰਿ." (ਗੂਜ ਮਃ ੫) "ਹਰਿਗੋਵਿੰਦੁ ਗੁਰਿ ਰਾਖਿਆ." (ਸੋਰ ਮਃ ੫)

ਹਰਿਚੰਦ: ਦੇਖੋ, ਹਰਿਸਚੰਦ੍ਰ। ੨. ਦੇਖੋ, ਹੀਰਚੰਦ.

ਹਰਿਚੰਦਉਰੜੀ, ਹਰਿਚੰਦਉਰੀ: ਦੇਖੋ, ਹਰਿਸਚੰਦ੍ਰ.

ਹਰਿਚੰਦਨ, ਹਰਿਚੰਦਨੁ: ਸੰ. ਸੰਗਯਾ- ਰੋਸ਼ੀਸ਼ੰ ਨਾਉਂ ਦਾ ਸਫੇਦ ਚੰਦਨ, ਜਿਸ ਦੀ ਸੁਗੰਧਿ ਨਾਲ ਨੇੜੇ ਦੇ ਬਿਰਛਾਂ ਦਾ ਭੀ ਚੰਦਨ ਹੋਣਾ ਮੰਨਿਆ ਹੈ. "ਰਾਮ ਪਾਰਸ ਚੰਦਨ ਹਮ ਕਾਸਟ ਲੋਸਟੁ, ਹਰਿ ਸੰਗਿ ਹਰੀ ਸਤਿਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ." (ਧਨਾ ਮਃ ੪) ਰਾਮ ਪਾਰਸ ਅਤੇ ਹਰਿਚੰਦਨ ਹੈ, ਅਸੀਂ ਕਾਠ ਅਤੇ ਲੋਹਾ ਹਾਂ। ੨. ਇੱਕ ਸੁਰਗ ਦਾ ਬਿਰਛ. ਦੇਖੋ, ਸੁਰਤਰੁ। ੩. ਚੰਦ੍ਰਮਾ ਦੀ ਚਾਂਦਨੀ। ੪. ਕਮਲਾਂ ਦੀ ਪਰਾਗ (Pollen).

ਹਰਿਚੰਦੌਰੀ: ਦੇਖੋ, ਹਰਿਸਚੰਦ੍ਰ.

ਹਰਿਜ: ਦੇਖੋ, ਹਰਜ। ੨. ਸੰਗਯਾ- ਹਰਿ (ਜਲ) ਤੋਂ ਉਤਪੰਨ ਹੋਇਆ ਕਮਲ। ੩. ਬਿਰਛ। ੪. ਦਿਨ, ਜੋ ਹਰਿ (ਸੂਰਜ) ਤੋਂ ਉਤਪੰਨ ਹੁੰਦਾ ਹੈ. (ਸਨਾਮਾ)

ਹਰਿਜ ਅਰਿ: ਹਰਿ (ਸੂਰਜ) ਤੋਂ ਪੈਦਾ ਹੋਇਆ ਦਿਨ, ਉਸ ਦੀ ਵੈਰਣ ਰਾਤ. (ਸਨਾਮਾ) ੨. ਹਰਿ (ਜਲ) ਤੋਂ ਪੈਦਾ ਹੋਇਆ ਬਿਰਛ, ਉਸ ਦਾ ਵੈਰਾ ਹਾਥੀ. (ਸਨਾਮਾ)

ਹਰਿਜਸ, ਹਰਿਜਸੁ: ਕਰਤਾਰ ਦਾ ਯਸ਼. "ਹਰਿਜਸੁ ਕਰਤ ਸੰਤ ਦਿਨੁ ਰਾਤਿ." (ਸੁਖਮਨੀ) ੨. ਦੇਖੋ, ਜੀਤੋ ਮਾਤਾ.

ਹਰਿਜੱਛ: ਦੇਖੋ, ਹਰਜੱਛ.

ਹਰਿਜੱਛਨਿ ਨਾਦਨਿ: ਦੇਖੋ, ਹਰਜੱਛਨਿ ਨਾਦਨਿ.

ਹਰਿਜਨ: ਸੰਗਯਾ- ਕਰਤਾਰ ਦੇ ਸੇਵਕ, ਸਾਧੁਜਨ. "ਹਰਿਜਨ ਹਰਿ ਅੰਤਰ ਨਹੀਂ." (ਸਃ ਮਃ ੯)

---

[328] ਬਹੁਤ ਇਤਹਿਾਸ ਲੇਖਕਾਂ ਨੇ ਫੂਲਵੰਸ਼ ਨੂੰ ਵਰਦਾਨ ਸੱਤਵੇਂ ਸਤਿਗੁਰੂ ਦਾ ਲਿਖਿਆ ਹੈ ਪਰ ਇਹ ਭੁੱਲ ਹੈ. ਗੁਰੂ ਹਰਿਰਾਇ ਸਾਹਿਬ ਨੇ ਦਾਦਾ ਗੁਰੂ ਜੀ ਦੇ ਵਰਦਾਨ ਦੀ ਕੇਵਲ ਖੁਸ਼ੀ ਕੀਤੀ ਹੈ.

[329] ਕਈ ਇਤਿਹਾਸਕਾਰਾਂ ਨੇ ਬਾਬਾ ਗੁਰਦਿੱਤਾ ਜੀ ਦੇ ਜੋਤੀ ਜੋਤਿ ਸਮਾਉਣ ਦਾ ਸੰਮਤ ੧੬੯੫, ਛੀਵੇਂ ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਦਾ ਸਮਝਕੇ ਭੁੱਲ ਕੀਤੀ ਹੈ.

ਹਰਿਜਨੀ: ਹਰਿਜਨਾਂ ਨੇ. ਸਾਧੂਆਂ ਨੇ. "ਇਹ ਬੀਚਾਰੀ ਹਰਿਜਨੀ." (ਬਸੰ ਮਃ ੫)

ਹਰਿਜਾਨ: ਦੇਖੋ, ਹਰਿਜਨ."ਜੋ ਸਚਾ ਹਰਿਜਾਨ." (ਵਾਰ ਬਿਹਾ ਮਃ ੪) ੨. ਹਰਿ (ਵਿਸ਼ਨੁ) ਦਾ ਯਾਨ ਗਰੁੜ। ੩. ਹਰਿ (ਇੰਦ੍ਰ) ਦੀ ਸਵਾਰੀ ਐਰਾਵਤ ਹਾਥੀ। ੪. ਹਰਿ (ਸੂਰਜ) ਦਾ ਵਾਹਨ ਘੋੜਾ.

ਹਰਿਜਾਨੈ: ਹਰਿਜਨ ਦੇ. "ਚਰਨੀ ਆਇਪਵੈ ਹਰਿਜਾਨੈ." (ਕਲਿ ਮਃ ੪)

ਹਰਿਜੰਨ, ਹਰਿਜੰਨੀ: ਦੇਖੋ, ਹਰਿਜਨ ਅਤੇ ਹਰਿਜਨੀ. "ਵੀਚਾਰਿ ਡਿਠਾ ਹਰਿਜੰਨੀ." (ਵਾਰ ਵਡ ਮਃ ੪)

ਹਰਿਣ: ਸੰ. ਸੰਗਯਾ- ਮ੍ਰਿਗ. ਕੁਰੰਗ. ਹਰਨ.

ਹਰਿਣਾਖੀ: ਦੇਖੋ, ਹਰਣਾਖੀ.

ਹਰਿਣੀ: ਸੰ. ਸੰਗਯਾ- ਮ੍ਰਿਗੀ. ਹਰਨੀ.

ਹਰਿਤ: ਸੰ. ਵਿ- ਹਰਾ. ਸਬਜ਼. "ਹਰਿਤ ਵਸ੍ਰ ਤਨ ਧਰੇ." (ਪਾਰਸਾਵ) ੨. ਦੇਖੋ, ਹ੍ਰਿਤ.

ਹਰਿਤਾ: ਹਰਿਤਾਲ (ਹੜਤਾਲ) ਦਾ ਸੰਖੇਪ. "ਲਾਇ ਤਨੈ ਹਰਿਤਾ." (ਕ੍ਰਿਸਨਾਵ) ੨. ਸਬਜ਼ੀ. ਹਰਿਤਤਾ।੩ ਦੇਖੋ, ਹਰਤਾ.

ਹਰਿਤਾਲ: ਸੰ. ਸੰਗਯਾ- ਪੀਲੇ ਰੰਗ ਦੀ ਇੱਕ ਉਪਰ ਧਾਤੁ. ਹੜਤਾਲ. ਦੇਖੋ, ਹਰਤਾਲ। ੨. ਪੀਲੇ ਅਤੇ ਹਰੇ ਰੰਗ ਦਾ ਇੱਕ ਪ੍ਰਕਾਰ ਦਾ ਕਬੂਤਰ.

ਹਰਿਦਸ: ਹਰਿਦਾਸ. ਕਰਤਾਰ ਦਾ ਸੇਵਕ. "ਚਰਣ ਮਲਹੁ ਹਰਿਦਸਨਾ." (ਗੌਂਡ ਮਃ ੪) ਹਰਿਦਾਸ ਦੇ ਚਰਣ ਮਲੋ.

ਹਰਿਦਸਨਾ: ਹਰਿਦਾਸ ਦਾ (ਦੇ). ਦੇਖੋ, ਹਰਿਦਸ.

ਹਰਿਦਯਾਲ: ਤਲਵੰਡੀ ਨਿਵਾਸੀ ਜਯੋਤਿਸ਼ੀ, ਜੋ ਬਾਬਾ ਕਾਲੂ ਜੀ ਦਾ ਪੁਰੋਹਿਤ ਸੀ. ਸ਼੍ਰੀ ਗੁਰੂ ਨਾਨਕਦੇਵ ਜੀ ਦੀ ਜਨਮਪਤ੍ਰੀ ਇਸ ਨੇ ਬਣਾਈ ਸੀ। ੨. ਦੇਖੋ, ਬੇਣੀ ੫.

ਹਰਿਦਰ: ਦੇਖੋ, ਹਰਿਦਰੁ.

ਹਰਿਦਰਸਨ: ਕਰਤਾਰ ਦਾ ਆਤਮਗਯਾਨ ਦ੍ਵਾਰਾ ਸਾਕ੍ਸ਼ਾਤਕਾਰ। ੨. ਅਕਾਲੀ ਸ਼ਾਸਤ੍ਰ. ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਗਟ ਕੀਤਾ ਸਿੱਖਧਰਮ ਦੇ ਨਿਯਮਾਂ ਦਾ ਦਸ਼ੰਨ (ਸ਼ਾਸਤ੍ਰ)."ਹਰਿਦਰਸਨੁ ਪਾਵੈ ਵਡਭਾਗਿ." (ਆਸਾ ਮਃ ੩) ੩. ਸਿੱਖਧਰਮ. ਅਕਾਲੀ ਮਤ. "ਹਰਿਦਰਸਨ ਕੇ ਜਨ ਮੁਕਤਿ ਨ ਮਾਂਗਹਿ." (ਕਲਿ ਅਃ ਮਃ ੪)

ਹਰਿ ਦਰਸਨ ਕੇ ਜਨੁ: ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਾਸਤ੍ਰ ਮੰਨਣ ਵਾਲੇ ਲੋਕ. ਸਿੱਖ. "ਹਰਿਦਰਸਨ ਕੇ ਜਨ ਮੁਕਤਿ ਨ ਮਾਂਗਹਿ." (ਕਲਿ ਅਃ ਮਃ ੪)

ਹਰਿਦਰਸਨਿ: ਕਰਤਾਰ ਦੇ ਦਰਸ਼ਨ ਨਾਲ. ਵਾਹਗੁਰੂ ਦੇ ਸਾਖ੍ਯਾਤਕਾਰ ਤੋਂ. "ਹਰਿਦਰਸਨਿ ਤ੍ਰਿਪਤਾਈ." (ਗੌਂਡ ਮਃ ੪)

ਹਰਿਦਰਸਨੁ: ਦੇਖੋ, ਹਰਿਦਰਸਨ.

ਹਰਿਦਰੁ: ਕਰਤਾਰ ਦੀ ਪ੍ਰਾਪਤੀ ਦਾ ਦਰਵਾਜਾ. ਸਤਸੰਗ. ਸਿੱਖਸਮਾਜ. "ਹਰਿਦਰੁ ਸੇਵੇ ਅਲਖ ਅਭੇਵੇ." (ਸ੍ਰੀ ਛੰਤ ਮਃ ੫)

ਹਰਿਦਾਸ: ਸੰਗਯਾ- ਤਲਵੰਡੀ ਨਿਵਾਸੀ ਵੈਦ੍ਯ, ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਰੋਗ ਦੂਰ ਕਰਨ ਆਇਆ ਸੀ. ਜਿਸ ਪਰਥਾਇ "ਵੈਦ ਬੁਲਾਇਆ ਵੈਦਗੀ" ਸਲੋਕ ਉਚਾਰਿਆ ਹੈ। ੨. ਦੇਖੋ, ਰਾਮ ਦਾਸ ਸਤਿਗੁਰੂ. ਸ਼੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਦਾ ਨਾਉਂ ਹਰਦਾਸ ਅਤੇ ਹਰਿਦਾਸ ਲਿਖਿਆ ਜਾਂਦਾ ਹੈ। ੩. ਵਿੱਜ ਗੋਤ ਦਾ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਸੀ. ਇਸ ਨੂੰ ਵਰਤਾਕੇ ਛਕਣ ਦਾ ਉਪਦੇਸ਼ ਹੋਇਆ। ੪. ਗਵਾਲੀਯਰ ਦੇ ਕਿਲੇ ਦਾ ਦੁਰਗਪਾਲ (ਦਾਰੋਗ਼ਾ), ਜੋ ਗੁਰੂ

ਹਰਿਗੋਬਿੰਦ ਸਾਹਿਬ ਦਾ ਸਿੱਖ ਸੀ। ੫. ਕਨਖਲ ਨਿਵਾਸੀ ਇੱਕ ਜੋਗੀ, ਜਿਸ ਨੇ ਫਰਵਰੀ ਸਨ ੧੮੩੭ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਨੂੰ ੪੦ ਦਿਨ ਸਮਾਧੀ ਲਗਾਕੇ ਦਿਖਾਈ ਸੀ. ਮਹਾਰਾਜੇ ਨੇ ਹਰਿਦਾਸ ਨੂੰ ਇੱਕ ਸੰਦੂਕ ਵਿੱਚ ਬੰਦ ਕਰਕੇ ਜ਼ਮੀਨ ਵਿੱਚ ਦਬਵਾ ਦਿੱਤਾ ਅਤੇ ਉੱਪਰ ਸਾਵਧਾਨ ਪਹਿਰਾ ਰੱਖਿਆ. ਚਾਲ੍ਹੀਵੇਂ ਦਿਨ ਜਦ ਸੰਦੂਕ ਵਿੱਚੋਂ ਕੱਢਿਆ ਤਦ ਮੁਰਦੇ ਦੀ ਸ਼ਕਲ ਸੀ. ਮਾਲਿਸ਼ ਆਦਿ ਅਨੇਕ ਯਤਨ ਕਰਕੇ ਉਸ ਦੇ ਚੇਲਿਆਂ ਨੇ ਹੋਸ਼ ਵਿੱਚ ਲਿਆਂਦਾ. ਮਹਾਰਾਜੇ ਨੇ ਇਸ ਯੋਗੀ ਨੂੰ ਬਹੁਤ ਧਨ ਦਿੱਤਾ. ਇਸ ਘਟਨਾ ਨੂੰ ਡਾਕਟਰ Mac Gregor ਆਦਿ ਕਈ ਯੂਰਪ ਨਿਵਾਸੀ ਇਤਿਹਾਸਕਾਰਾਂ ਨੇ ਅੱਖੀਂ ਡਿੱਠਾ ਵਰਣਨ ਕੀਤਾ ਹੈ। ੬. ਵਿ- ਕਰਤਾਰ ਦਾ ਸੇਵਕ. "ਹਰਿਦਾਸਨ ਕੀ ਆਗਿਆ ਮਾਨਤ, ਤੇ ਨਾਹੀ ਫੁਨਿ ਗਰਭ ਪਰਨ." (ਸਾਰ ਮਃ ੫)

ਹਰਿਦਾਸਸੁਤ, ਹਰਿਦਾਸਤਨਯ, ਹਰਿਦਾਸਤਨੈ: ਹਰਿਦਾਸ ਜੀ ਦੇ ਸੁਪੁਤ੍ਰ ਸ਼੍ਰੀ ਗੁਰੂ ਰਾਮਦਾਸ ਜੀ.

ਹਰਿ ਦਿਨ: ਦੇਖੋ, ਹਰਿ ਵਾਸਰ.

ਹਰਿਦੀਬਾਣ, ਹਰਿਦੀਵਾਨ: ਕਰਤਾਰ ਦਾ ਦੀਵਾਨ. ਸਿੱਖਸਮਾਜ. "ਜੋ ਮਿਲਿਆ ਹਰ ਦੀਬਾਣੁ ਸਿਉ, ਸੋ ਸਭਨੀ ਦੀਬਾਣੀ ਮਿਲਿਆ." (ਵਾਰ ਸ੍ਰੀ ਮਃ ੪) ਜੋ ਸਿੱਖ ਸਭਾ ਦਾ ਮੈਂਬਰ ਹੈ, ਉਹ ਸਾਰੇ ਸੰਸਾਰ ਦੇ ਆਸ੍ਤਿਕ ਸਮਾਜਾਂ ਦਾ ਮੈਂਬਰ ਹੈ.

ਹਰਿਦੁਆਰ: ਦੇਖੋ, ਹਰਿਦ੍ਵਾਰ. "ਸੁਖੁ ਪਾਵਹਿ ਹਰਿਦੁਆਰ ਪਰਾਨੀ." (ਗਉ ਮਃ ੫)

ਹਰਿਦ੍ਰ: ਸੰ. ਹਲਦੀ ਰੰਗਾ. ਦੇਖੋ, ਹਰਦੀ.

ਹਰਿਦ੍ਰਾ: ਦੇਖੋ, ਹਰਦੀ.

ਹਰਿਦ੍ਵਾਰ, ਹਰਿਦ੍ਵਾਰਾ: ਵਾਹਗੁਰੂ ਦੀ ਪ੍ਰਾਪਤੀ ਦਾ ਦਰਵਾਜਾ ਸਤਸੰਗ। ੨. ਆਤਮਗਜਾਨ। ੩. ਹਿੰਦੂਮਤ ਅਨੁਸਾਰ ਜਿਲਾ ਸਹਾਰਨਪੁਰ (ਯੂ. ਪੀ. ) ਵਿੱਚ ਕਨਖਲ ਪਾਸ ਗੰਗਾ ਦਾ ਇੱਕ ਪ੍ਰਸਿੱਧ ਘਾਟ, ਜਿਸ ਦਾ ਨਾਉਂ ਬ੍ਰਹਮਕੁੰਡ ਭੀ ਹੈ. "ਨਹਿ ਮਿਲੀਐ ਹਰਿਦ੍ਵਾਰਾ." (ਸੋਰ ਅਃ ਮਃ ੫) ਹਰਿਦ੍ਵਾਰ ਦਾ ਨਾਉਂ ਮਾਯਾਪੁਰ ਭੀ ਹੈ.

ਹਰਿਧਉਲ: ਦੇਖੋ, ਹਰਿਧੌਲ.

ਹਰਿਧਨ, ਹਰਿਧਨੁ: ਹਰਿਨਾਮ ਰੂਪ ਧਨ. "ਹਰਿਧਨ ਕੇ ਭਰਿਲੇਹੁ ਭੰਡਾਰ." (ਸੁਖਮਨੀ) "ਹਰਿਧਨੁ ਸਚੀ ਰਾਸਿ ਹੈ." (ਵਾਰ ਗਉ ੨. ਮਃ ੫)

ਹਰਿਧਰ: ਹਰਿ (ਜਲ) ਦੇ ਧਾਰਨ ਵਾਲਾ, ਬੱਦਲ। ੨. ਜਲ ਦੇ ਧਾਰਨ ਵਾਲਾ. ਤਾਲ। ੩. ਨਦ. ਦਰਿਆ. (ਸਨਾਮਾ)

ਹਰਿਧਰ ਈਸਰਾਸ੍ਤ੍ਰ: ਹਰਿ (ਜਲ) ਦੇ ਧਾਰਨ ਵਾਲਾ ਤਾਲ ਅਥਵਾ ਨਦ, ਉਸ ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਫਾਹੀ. (ਸਨਾਮਾ)

ਹਰਿਧੌਲ: ਹਰਿ (ਇੰਦ੍ਰ) ਦਾ ਚਿੱਟਾ ਮੰਦਿਰ. ਸ੍ਵਰਗ ਲੋਕ. "ਇਤਨੋ ਸੁਖ ਨਾ ਹਰਿਧੌਲਨ ਕੋ." (ਕ੍ਰਿਸਨਾਵ)

ਹਰਿਨਾਖ, ਹਰਿਨਾਖਸ: ਦੇਖੋ, ਹਰਣਖ ਅਤੇ ਪ੍ਰਹਿਲਾਦ.

ਹਰਿਨਾਮ: ਸੰ. हरिनामन ਕਰਤਾਰ ਦਾ ਨਾਮ. ਸਤਿਨਾਮ. ਵਾਹਗੁਰੂ. "ਹਰਿਨਾਮ ਰਸਨਾ ਕਹਨ." (ਬਿਲਾ ਅਃ ਮਃ ੫) ੨. ਮੂੰਗੀ. ਮੁਦਗ. ਮੂੰਗ. ਦੇਖੋ, ਮੂੰਗੀ.

ਹਰਿਨਾਰਿ: ਮਾਇਆ। ੨. ਅਨੰਨ ਉਪਾਸਕ. ਉਹ ਭਗਤ ਜਿਸ ਨੇ ਕਰਤਾਰ ਨੂੰ ਪਤਿ ਮੰਨਕੇ ਆਪਣੇ ਤਾਈਂ ਉਸ ਦੀ ਪਤਿਵ੍ਰਤਾ ਇਸਤ੍ਰੀ ਮੰਨਿਆ ਹੈ. "ਹਰਿਨਾਰਿ ਸੁਹਾਗਣੇ ! ਸਭਿ ਰੰਗ ਮਾਣੇ." (ਬਿਹਾ ਛੰਤ ਮਃ ੫)

ਹਰਿਨਾਵ: ਦੇਖੋ, ਹਰਿਨਾਮ. "ਹਰਿਨਾਵੈ ਨਾਲਿ ਗਲਾਂ ਹਰਿਨਾਵੈ ਨਾਲਿ ਮਸਲਤਿ." (ਵਾਰ ਵਡ ਮਃ ੪) ੨. ਨੌਕਾ ਰੂਪ ਹਰਿ.

ਪਾਰ ਉਤਾਰਨ ਵਾਲਾ ਕਰਤਾਰ ਦਾ ਨਾਮ.

ਹਰਿਨੀ: ਦੇਖੋ, ਹਰਿਣੀ। ੨. ਹਰਿ (ਹਾਥੀ) ਦੀ ਸੈਨਾ. ਗਜ ਸੈਨਾ. (ਸਨਾਮਾ) ੩. ਹਰਿ (ਜਲ) ਵਾਲੀ ਪ੍ਰਿਥਿਵੀ. (ਸਨਾਮਾ)

ਹਰਿਪਦ, ਹਰਿਪਦੁ: ਆਤਮ ਪਦਵੀ. ਗਜਾਨਪਦ. ਤੁਰੀਯ (ਤੁਰੀਆ) ਪਦ. "ਹਰਿਪਦ ਚੀਨਿ ਭਏ ਸੇ ਮੁਕਤੇ." (ਭੈਰ ਅਃ ਮਃ ੧)

ਹਰਿਪੁਰ: ਇੰਦ੍ਰ ਲੋਕ. ਸ੍ਵਰਗ। ੨. ਵਿਸ਼ਨੁ ਦਾ ਲੋਕ। ਵੈਕੁੰਠ. "ਤਾਂ ਦਿਨ ਸੋ ਸੁਖ ਜਗਤ ਮੈ ਹਰਿਪੁਰ ਮੇ ਹੂੰ ਨਾਹਿ." (ਚਰਿਤ੍ਰ ੧੦੩) ੩. ਆਕਾਸ਼ ਮੰਡਲ, ਜਿਸ ਵਿੱਚ ਹਰਿ (ਸੂਰਜ) ਦਾ ਨਿਵਾਸ ਹੈ. "ਹਰਿਪੁਰ ਪੁਰ ਸਰ." (ਰਾਮਾਵ) ਆਕਾਸ਼ ਤੀਰਾਂ ਨਾਲ ਭਰ ਗਿਆ.

ਹਰਿਪੌਰਿ: ਦੇਖੋ, ਹਰਿ ਕੀ ਪੌੜੀ. "ਲੇ ਹਰਿਪੌਰ ਆਚਮਨ ਆਏ." (ਗੁਪ੍ਰਸੂ)

ਹਰਿਪ੍ਰਿਯਾ: ਸੰਗਯਾ- ਹਰਿ (ਵਿਸ਼ਨੁ) ਦੀ ਪਜਾਰੀ, ਲਕ੍ਸ਼ਮੀ (ਲੱਛਮੀ). ੨. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੪੬ ਮਾਤ੍ਰਾ ਤਿੰਨ ਵਿਸ਼੍ਰਾਮ ਬਾਰਾਂ ਬਾਰਾਂ ਪੁਰ, ਚੌਥਾ ਦਸ ਮਾਤ੍ਰਾਂ ਪੁਰ, ਅੰਤ ਗੁਰੁ.

ਉਦਾਹਰਣ-

ਧਾਰੇ ਪਟ ਵਿਵਿਧ ਰੰਗ, ਹੀਰ ਚੀਰ ਵਿਮਲ ਅੰਗ,

ਰਤਨਨ ਮਨਿਮਾਲ ਸ਼ੁਭ੍ਰ ਭੂਖਨ ਅਮੋਲ ਹੀ,

ਦਾਮਨਿ ਛਬਿ ਛਟਾਕਾਰ, ਦਮਕਤ ਉਰ ਮੁਕ੍ਤਹਾਰ,

ਮਣਿ ਗਨ ਫਣਿ ਨੀਲ ਕਾਂਤਿ, ਮਾਨਿਕ ਅਤੋਲ ਹੀ.

(ਸਲੋਹ)

ਜੈਜਾਵੰਤੀ ਰਾਗ ਵਿੱਚ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦੀ ਬਾਣੀ ਭੀ ਹਰਿਪ੍ਰਿਯਾ ਛੰਦ ਵਿੱਚ ਹੀ ਹੈ.

ਉਦਾਹਰਣ-

ਰੇ ਮਨ, ਕਉਨ ਗਤਿ ਹੋਇ ਹੈ ਤੇਰੀ[330]? xxx

ਮਾਨਸ ਕੋ ਜਨਮ ਲੀਨ, ਸਿਮਰਨ ਨਹਿ ਨਿਮਖ ਕੀਨ,

ਦਾਰਾ ਸੁਖ ਭਇਓ[331] ਦੀਨ, ਪਗਹੁ ਪਰੀ ਬੇਰੀ. xxx

੩. ਦੇਖੋ, ਚਚਰੀਆ ਦਾ ਰੂਪ ੨.

ਹਰਿਬਾਣ: ਹਰਿ (ਕਾਮ) ਦਾ ਤੀਰ। ੨. ਹਰਿ ਨਾਮ ਰੂਪ ਬਾਣ. "ਹਰਿਬਾਣੇ ਪ੍ਰਹਾਰਣਹ." (ਗਾਥਾ) ੩. ਦੇਖੋ, ਸ਼ਿਵ ਬਾਣ ੨.

ਹਰਿਬਾਣੀ: ਅਕਾਲੀ ਬਾਣੀ. ਗੁਰਬਾਣੀ. "ਮਿਲਿ ਸਤਿਸੰਗਿ ਬੋਲੀ ਹਰਿਬਾਣੀ." (ਮਾਝ ਮਃ ੪)

ਹਰਿਬੋਲ ਮਨਾ: ਇਸ ਛੰਦ ਦਾ ਨਾਉਂ "ਤਿਲਕਾ" ਭੀ ਹੈ ਲੱਛਣ- ਚਾਰ ਚਰਣ, ਪ੍ਰਤਿ ਚਰਣ ਦੋ ਸਗਣ ।।S, ।।S.

ਉਦਾਹਰਣ-

---

[330] ਇਹ ਪਹਿਲੀ ਤੁਕ ਰਹਾਉ (ਟੇਕ) ਦੀ ਹੈ.

[331] ਛੰਦ ਲਈ ਇਸ ਦਾ ਉੱਚਾਰਣ 'ਭਯੋ' ਹੈ.

ਕਰੁਣਾਲਯ ਹੈਂ। ਅਰਿਘਾਲਯ ਹੈਂ।

ਖਲਖੰਡਨ ਹੈਂ। ਮਹਿਮੰਡਨ ਹੈਂ ॥ (ਜਾਪੁ)

ਹਰਿਬੰਸ: ਦੇਖੋ, ਹਰਿਵੰਸ਼। ੨. ਇੱਕ ਭੱਟ, ਜੋ ਸਤਿਗੁਰੂ ਅਰਜਨ ਦੇਵ ਜੀ ਦਾ ਸਿੱਖ ਹੋਇਆ. ਇਸ ਦੀ ਰਚਨਾਂ ਭੱਟਾਂ ਦੇ ਸਵੈਯਾਂ ਵਿੱਚ ਹੈ. "ਹਰਿਬੰਸ ਜਗਤਿ ਜਸੁ ਸੰਚਰਤਉ." (ਸਵੈਯੇ ਮਃ ੫. ਕੇ) ੩. ਇੱਕ ਤਪਾ, ਜੋ ਪੰਜਵੇਂ ਸਤਿਗੁਰੂ ਜੀ ਦਾ ਸਿੱਖ ਹੋ ਕੇ ਆਤਮਗਯਾਨ ਨੂੰ ਪ੍ਰਾਪਤ ਹੋਇਆ. ਇਹ ਭਾਈ ਗੁਰੁਦਾਸ ਜੀ ਦਾ ਪਰਮ ਭਗਤ ਸੀ. ਭਾਈ ਗੁਰੁਦਾਸ ਜੀ ਦੀ ਬਾਣੀ ਦਾ ਇਹ ਖਾਸ ਕਰਕੇ ਬਹੁਤ ਪ੍ਰਚਾਰ ਕਰਦਾ ਰਿਹਾ.

ਹਰਿਭਗਤ: ਕਰਤਾਰ ਦਾ ਉਪਾਸਕ। ੨. ਇੱਕ ਨਿਰੰਜਨੀਆਂ, ਜੋ ਜੰਡਿਆਲੇ ਪਿੰਡ ਵਿੱਚ ਰਹਿੰਦਾ ਸੀ. ਇਸੇ ਨੇ ਸਰਦਾਰ ਮਤਾਬ ਸਿੰਘ ਜੀ ਮੀਰਾਂਕੋਟੀਏ ਨੂੰ ਲਹੌਰ ਫੜਵਾਇਆ ਸੀ. ਹੋਰ ਅਨੇਕ ਸਿੱਖਾਂ ਦੇ ਹਰਿਭਗਤ ਨੇ ਪ੍ਰਾਣ ਲੈਕੇ ਮੁਸਲਮਾਨ ਹਾਕਮਾਂ ਤੋਂ ਇਨਾਮ ਪਾਏ.

ਹਰਿਭਗਤਿ: ਕਰਤਾਰ ਦੀ ਸੇਵਾ. ਕਰਤਾਰ ਦੀ ਉਪਾਸਨਾ. "ਹਰਿਭਗਤਿ ਹਰਿ ਕਾ ਪਿਆਰ ਹੈ." (ਸ੍ਰੀ ਮਃ ੩)

ਹਰਿਭਗਾਤ: ਹਰਿਭਗਤ. ਕਰਤਾਰ ਦੇ ਉਪਾਸਕ. "ਤੇ ਹਰਿ ਕੇ ਜਨ ਸਾਧੂ ਹਰਿਭਗਾਤ." (ਸਾਰ ਮਃ ੪. ਪੜਤਾਲ)

ਹਰਿਭਾ: ਕਰਤਾਰ ਦੀ ਭਾ (ਜੋਤ). ੨. ਆਤਮਿਕ ਪ੍ਰਕਾਸ਼. "ਹਰਿ ਉਰ ਧਾਰਿਓ ਗੁਰਿ ਹਰਿਭਾ." (ਪ੍ਰਭਾ ਮਃ ੪)

ਹਰਿ ਭੰਞੁ: ਹਰਿਭਜਨ. ਦੇਖੋ, ਭੰਞੁ.

ਹਰਿਮਾਰਗ: ਕਰਤਾਰ ਦਾ ਰਾਹ। ੨. ਸਿੱਖਪੰਥ. "ਮੋ ਕਉ ਹਰਿਮਾਰਗਿ ਪਾਇਆ." (ਮਾਝ ਮਃ ੫)

ਹਰਿਮਾਰਗ: ਕਰਤਾਰ ਦੇ ਰਾਹ ਵਿੱਚ. "ਓਹੁ ਹਰਿ ਮਾਰਗਿ ਆਪਿ ਚਲਦਾ, ਹੋਰਨਾ ਨੋ ਹਰਿਮਾਰਗਿ ਪਾਏ." (ਵਾਰ ਮਾਝ ਮਃ ੪)

ਹਰਿਮਾਲਾ: ਅੰਤਹਕਰਣ ਦੀ ਵ੍ਰਿੱਤਿ ਦ੍ਵਾਰਾ ਕਰਤਾਰ ਦਾ ਚਿੰਤਨ। ੨. ਅਜਪਾ ਜਾਪ ਰੂਪ ਸਿਮਰਨੀ. "ਹਰਿਮਾਲਾ ਉਰ ਅੰਤਰਿ ਧਾਰੈ." (ਆਸਾ ਮਃ ੫)

ਹਰਿਮਿਲਾ: ਵਿ- ਕਰਤਾਰ ਨੂੰ ਮਿਲਿਆ ਹੋਇਆ, ਆਮਤਗਯਾਨੀ. "ਹਮ ਜੀਵਹਿ ਦੇਖਿ ਹਰਿਮਿਲੇ." (ਨਟ ਮਃ ੪)

ਹਰਿਮੰਦਰ, ਹਰਿਮੰਦਰੁ, ਹਰਿਮੰਦਿਰ: ਵਾਹਗੁਰੂ ਦਾ ਮਹਲ. ਜਗਤ. "ਹਰਿਮੰਦਰ ਏਹੁ ਜਗਤ ਹੈ." (ਪ੍ਰਭਾ ਅਃ ਮਃ ੩) ੨. ਮਾਨੁਸ਼ ਦੇਹ. "ਹਰਿਮੰਦਰੁ ਏਹੁ ਸਰੀਰ ਹੈ." (ਪ੍ਰਭਾ ਅਃ ਮਃ ੩) ੩. ਸਤਸੰਗ. "ਹਰਿਮੰਦਰ ਸੋਈ ਆਖੀਐ ਜਿਥਹੁ ਹਰਿ ਜਾਤਾ." (ਵਾਰ ਰਾਮ ੧. ਮਃ ੩) ੪. ਗੁਰੂ ਅਰਜਨ ਸਾਹਿਬ ਜੀ ਦਾ ਰਚਿਆ ਅਮ੍ਰਿਤ ਸਰੋਵਰ ਦੇ ਵਿਚਕਾਰ ਕਰਤਾਰ ਦਾ ਮੰਦਿਰ. "ਹਰਿ ਜਪੇ ਹਰਿਮੰਦਰ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ." (ਸੂਹੀ ਛੰਤ ਮਃ ੫) ਦੇਖੋ, ਅਮ੍ਰਿਤਸਰ। ੫. ਕੀਰਤਪੁਰ ਵਿੱਚ ਛੀਵੇਂ ਸਤਿਗੁਰੂ ਜੀ ਦਾ ਨਿਵਾਸ ਅਸਥਾਨ। ੬. ਪਟਨੇ ਦਾ ਉਹ ਮੰਦਿਰ ਜਿੱਥੇ ਸ਼੍ਰੀ ਦਸ਼ਮੇਸ਼ ਜੀ ਨੇ ਜਨਮ ਲਿਆ। ੭. ਠਾਕੁਰਦ੍ਵਾਰਾ. ਦੇਵਾਲਯ. "ਕਾਹੂੰ ਕਹਯੋ ਹਰਿਮੰਦਰ ਮੇ ਹਰਿ, ਕਾਹੂੰ ਮਸੀਤ ਕੇ ਬੀਚ ਪ੍ਰਮਾਨਯੋ." (੩੩ ਸਵੈਯੇ)

ਹਰਿਯਾਨ: ਦੇਖੋ, ਹਰਿਜਾਨ ੨- ੩ ਅਤੇ ੪.

ਹਰਿਰਸ, ਹਰਿਰਸੁ: ਨਾਮ ਰਸ. "ਪੀਐ ਹਰਿਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ." (ਅਨੰਦੁ) ੨. ਗਯਾਨਾਨੰਦ. "ਹਰਿਰਸ ਊਪਰਿ ਅਵਰੁ ਕਿਆ ਕਹੀਐ?" (ਸੋਰ ਮਃ ੧)

ਹਰਿਰਾਇ ਸਤਿਗੁਰੂ: ਸਿੱਖ ਕੌਮ ਦੇ ਸੱਤਵੇਂ ਪਾਤਸ਼ਾਹ. ਇਨ੍ਹਾਂ ਦਾ ਜਨਮ ੨੦. ਮਾਘ (ਸੁਦੀ ੧੩) ਸੰਮਤ ੧੬੮੬ (੨੬ ਫਰਵਰੀ ਸਨ ੧੬੩੦) ਨੂੰ ਬਾਬਾ ਗੁਰੁਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੇ ਉਦਰ ਤੋਂ ਕੀਰਤਪੁਰ ਹੋਇਆ. ਹਾੜ ਸੁਦੀ ੩. ਸੰਮਤ ੧੬੯੭ ਨੂੰ ਅਨੂਪ ਸ਼ਹਿਰ (ਜਿਲਾ ਬੁਲੰਦ ਸ਼ਹਿਰ ਯੂ. ਪੀ. ) ਨਿਵਾਸੀ ਦਯਾ ਰਾਮ ਦੀਆਂ ਪੁਤ੍ਰੀਆਂ ਨਾਲ

ਵਿਆਹ ਹੋਇਆ. ਮਹਲਾ ਕੋਟਕਲਜਾਣੀ ਜੀ ਦੇ ਉਦਰ ਤੋਂ ਰਾਮਰਾਇ ਜੀ ਅਤੇ ਕ੍ਰਿਸਨ ਕੌਰ ਜੀ ਤੋਂ ਗੁਰੂ ਹਰਿਕ੍ਰਿਸਨ ਜੀ ਜਨਮੇ. ੧੨. ਚੇਤ (ਸੁਦੀ ੧੦) ਸੰਮਤ ੧੭੦੧ (੮ ਮਾਰਚ ਸਨ ੧੬੪੪) ਨੂੰ ਗੁਰੁਗੱਦੀ ਤੇ ਵਿਰਾਜੇ ਅਤੇ ਉੱਤਮ ਰੀਤਿ ਨਾਲ ਗੁਰੂ ਨਾਨਕ ਜੀ ਦੇ ਧਰਮ ਦਾ ਪ੍ਰਚਾਰ ਕੀਤਾ. ਸੰਮਤ ੧੭੦੩ ਵਿੱਚ ਆਪ ਨੇ ਮਾਲਵੇ (ਜੰਗਲ) ਦੀ ਸੰਗਤਿ ਨੂੰ ਸੁਮਤਿ ਦੇਣ ਲਈ ਦੌਰਾ ਕੀਤਾ ਅਤੇ ਮੇਹਰਾਜ ਦੇ ਮੁਕਾਮ ਪੁਰ ਫੂਲ ਵੰਸ਼ ਨੂੰ, ਦਾਦਾ ਗੁਰੂ ਜੀ ਦੇ ਵਰਦਾਨ ਦੀ ਪੁਸ਼੍ਟੀ ਕਰਨ ਹਿਤ ਆਸ਼ੀਰਵਾਦ ਦੇਕੇ ਨਿਹਾਲ ਕੀਤਾ.[332] ਦੇਖੋ, ਫੂਲ.

ਔਰੰਗਜ਼ੇਬ ਨੇ ਦਾਰਾਸ਼ਿਕੋਹ ਦੀ ਸਹਾਇਤਾ ਕਰਨ ਦਾ ਦੋਸ਼ ਗੁਰੂ ਸਾਹਿਬ ਪੁਰ ਲਾਕੇ ਦਿੱਲੀ ਹਾਜ਼ਰ ਹੋਣ ਦਾ ਹੁਕਮ ਦਿੱਤਾ. ਗੁਰੂ ਸਾਹਿਬ ਨੇ ਆਪਣੇ ਵਡੇ ਪੁਤ੍ਰ ਰਾਮਰਾਇ ਜੀ ਨੂੰ ਦਿੱਲੀ ਭੇਜਿਆ. ਸਾਹਿਬਜ਼ਾਦੇ ਨੇ ਚਤੁਰਾਈ ਨਾਲ ਬਾਦਸ਼ਾਹ ਨਾਲ ਪ੍ਰੇਮ ਉਤਪੰਨ ਕੀਤਾ, ਜਿਸ ਤੋਂ ਔਰੰਗਜ਼ੇਬ ਦਾ ਕੋਪ ਸ਼ਾਂਤ ਹੋ ਗਿਆ.

੭. ਕੱਤਕ (ਵਦੀ ੯) ਸੰਮਤ ੧੭੧੮ (੬ ਅਕਤਬੂਰ ਸਨ ੧੬੬੧) ਨੂੰ ਗੁਰੂ ਹਰਿਕ੍ਰਿਸਨ ਜੀ ਨੂੰ ਗੁਰੁਤਾ ਦੇਕੇ ਕੀਰਤਪੁਰ ਜੋਤੀਜੋਤਿ ਸਮਾਏ. ਸ਼੍ਰੀ ਗੁਰੂ ਹਰਿਰਾਇ ਸਾਹਿਬ ਨੇ ੧੭. ਵਰ੍ਹੇ ੫. ਮਹੀਨੇ ੮. ਦਿਨ ਗੁਰੁਤਾ ਕੀਤੀ ਅਤੇ ਸਾਰੀ ਅਵਸਥਾ ੩੧ ਵਰ੍ਹੇ ੮. ਮਹੀਨੇ ੧੭. ਦਿਨ ਭੋਗੀ. "ਸਿਮਰੌ ਸ੍ਰੀ ਹਰਿਰਾਇ." (ਚੰਡੀ ੩)

ਹਰਿਰਾਸਿ: ਹਰਿਨਾਮ ਰੂਪ ਪੂੰਜੀ. "ਹਰਿਰਾਸਿ ਮੇਰੀ ਮਨੁ ਵਣਜਾਰਾ." (ਅਨੰਦੁ)

ਹਰਿਰਾਤਾ: ਵਿ- ਹਰਿਰਤ. ਕਰਤਾਰ ਦਾ ਪ੍ਰੇਮੀ. ਵਾਹਗੁਰੂ ਦੇ ਪਿਆਰ ਵਿੱਚ ਰੰਗਿਆ ਹੋਇਆ.

ਹਰਿਰੁਖ, ਹਰਿਰੁੱਖ: ਹਰਿਚੰਦਨ ੨. ਹਰਿ (ਇੰਦ੍ਰ) ਦਾ ਬਿਰਛ. ਕਲਪ ਬਿਰਛ. "ਕਾਮਧੇਨੁ ਪਾਰਜਾਤ ਹਰਿ ਹਰਿਰੁਖ." (ਟੋਡੀ ਮਃ ੫) ਕਾਮਧੇਨੁ, ਪਾਰਜਾਤ ਅਤੇ ਕਲਪ ਬਿਰਛ ਹਰਿ (ਕਰਤਾਰ) ਹੈ. ਦੇਖੋ, ਸੁਰਤਰੁ.

ਹਰਿਰੰਗ, ਹਰਿਰੰਗੁ: ਕਰਤਾਰ ਦਾ ਪ੍ਰੇਮ. "ਹਰਿਰੰਗ ਕਉ ਲੋਚੈ ਸਭਕੋਈ." (ਸੂਹੀ ਮਃ ੪) "ਹਰਿਰੰਗੁ ਕਦੇ ਨ ਉਤਰੈ." (ਗਉ ਮਃ ੪. ਕਰਹਲੇ)

ਹਰਿਲਾਲ: ਕਾਸ਼ੀ ਨਿਵਾਸੀ ਬ੍ਰਾਹਮਣ, ਜਿਸ ਦਾ ਭਾਈ ਕ੍ਰਿਸ਼ਨ ਲਾਲ ਸੀ. ਇਹ ਦੋਵੇਂ ਪ੍ਰੇਮੀ ਜਾਤਿ ਅਭਿਮਾਨ ਤਿਆਗਕੇ ਸਤਿਗੁਰੂ ਅਰਜਨ ਦੇਵ ਜੀ ਦੇ ਸਿੱਖ ਹੋਏ. ਇਨ੍ਹਾਂ ਨੇ ਕਾਸ਼ੀ ਅਤੇ ਆਸ ਪਾਸ ਦੇ ਇਲਾਕੇ ਵਿੱਚ ਗੁਰੁਮਤ ਦਾ ਪ੍ਰਚਾਰ ਕੀਤਾ. ਸਹਸਕ੍ਰਿਤੀ ਸਲੋਕ ਇਨ੍ਹਾਂ ਪਰਥਾਇ ਹੀ ਸਤਿਗੁਰੂ ਨੇ ਉਚਾਰੇ ਹਨ.

ਹਰਿਲਿਵ ਮੰਡਲ: ਕਰਤਾਰ ਦੀ ਪ੍ਰੀਤੀ ਦਾ ਦੇਸ਼. ਉਹ ਪਦ, ਜਿਸ ਵਿੱਚ ਵ੍ਰਿੱਤਿ ਵਾਹਗੁਰੂ ਦੇ ਪਿਆਰ ਵਿੱਚ ਲੀਨ ਹੋ ਜਾਂਦੀ ਹੈ ਅਤੇ ਹੋਰ ਸਾਰੇ ਪਿਆਰ ਭੁੱਲ ਜਾਂਦੇ ਹਨ. "ਮਨ ਹਰਿਲਿਵ ਮੰਡਲ ਮੰਡਾ ਹੇ." (ਸੋਹਿਲਾ)

ਹਰਿਲੋਕ: ਸੰਗ੍ਯਾ- ਵੈਕੁੰਠ. ਵਿਸ਼ਨੁ ਲੋਕ। ੨. ਇੰਦ੍ਰ ਲੋਕ. ਸ੍ਵਰਗ। ੩. ਸਤਸੰਗ। ੪. ਕਰਤਾਰ ਦੇ ਸੇਵਕ. ਹਰਿਜਨ. "ਹਰਿ ਕੇ ਸੰਗ ਬਸੇ ਹਰਿਲੋਕ." (ਸਾਰ ਸੂਰਦਾਸ)

ਹਰਿਲੋਗ: ਹਰਿਜਨ. ਹਰਿਦਾਸ. "ਤੇ ਊਤਮ ਹਰਿਲੋਗ ਜੀਉ." (ਆਸਾ ਛੰਤ ਮਃ ੪)

ਹਰਿਵਰ: ਕਰਤਾਰ ਰੂਪ ਪਤਿ. ਪਤਿ ਰੂਪ ਕਰਤਾਰ. "ਨਾਨਕ ਹਰਿਵਰ ਪਾਇਆ ਮੰਗਲ." (ਵਡ ਮਃ ੪. ਘੋੜੀਆਂ) ੨. ਹਰਿ (ਖੜਗ) ਵਰ (ਉੱਤਮ). "ਹਰਿਵਰ ਧਰ ਕਰ." (ਰਾਮਾਵ)

ਹਰਿਵਰਸ, ਹਰਿਵਰਖ: ਸੰ. ਹਰਿਵਰ੍ਸ਼. ਜੰਬੁਦ੍ਵੀਪ ਦਾ ਇੱਕ ਖੰਡ. "ਥੋ ਹਰਿਵਰਖ ਖੰਡ ਜਿਹ ਥਾਈ." (ਨਾਪ੍ਰ) ਦੇਖੋ, ਨਵ ਖੰਡ.

ਹਰਿਵਾਸਨਾ: ਕਰਤਾਰ ਪ੍ਰਾਪਤੀ ਦੀ ਇੱਛਾ. ਆਤਮ ਜਿਗ੍ਯਾਸਾ. "ਜਿਨੀ ਆਪ ਤਜਿਆ ਹਰਿਵਾਸਨਾ ਸਮਾਣੀ." (ਅਨੰਦੁ) ਜਿਨ੍ਹਾਂ ਨੇ ਹੌਮੈ ਤਜਾਗੀ, ਉਨ੍ਹਾਂ ਦੇ ਮਨ ਆਤਮਜਿਗ੍ਯਾਸਾ ਵਸਦੀ ਹੈ.

---

[332] ਦੇਖੋ, ਹਰਿਗੋਬਿੰਦ ਸਤਿਗੁਰੂ ਦਾ ਫੁਟ ਨੋਟ.

ਹਰਿਵਾਸਰ: ਹਰਿ (ਵਿਸ਼ਨੁ) ਦਾ ਦਿਨ. ਏਕਾਦਸ਼ੀ, ਜਿਸ ਵਿੱਚ ਨਿਰਾਹਾਰ ਵ੍ਰਤ ਰੱਖਣਾ ਵੈਸ਼ਨਵ ਪੁੰਨ ਕਰਮ ਮੰਨਦੇ ਹਨ ਅਤੇ ਅੰਨ ਖਾਣਾ ਪਾਪ ਸਮਝਦੇ ਹਨ[333]। ੨. ਹਰਿ (ਸੂਰਜ) ਦਾ ਦਿਨ, ਐਤਵਾਰ.

ਹਰਿਵੰਸ਼: ਚੰਦ੍ਰਵੰਸ਼। ੨. ਸੂਰਜ ਵੰਸ਼। ੩. ਵਿਸ਼ਨੁ ਵੰਸ਼। ੪. ਮਹਾਭਾਰਤ ਦਾ ਅੰਗ ਰੂਪ ਇੱਕ ਗ੍ਰੰਥ, ਜਿਸ ਦਾ ੧੬੩੭੪ ਸ਼ਲੋਕ ਹੈ. ਇਸ ਵਿੱਚ ਹਰਿ (ਵਿਸ਼ਨੁ) ਵੰਸ਼ ਦਾ ਵਰਣਨ ਹੈ. ਬਹੁਤ ਰਾਜਿਆਂ ਦੀ ਵੰਸ਼ਾਵਲੀ ਇਸ ਗ੍ਰੰਥ ਵਿੱਚ ਲਿਖੀ ਹੈ.

ਹਰੀ: ਵਿ- ਹਰਣ ਕੀਤੀ. ਦੂਰ ਕੀਤੀ. ਮਿਟਾਈ. "ਨਾਨਕ ਤਪਤ ਹਰੀ." (ਆਸਾ ਮਃ ੫) ੨. ਹਰਿਤ. ਸਬਜ਼. "ਹਰੀ ਨਾਹੀ ਨਹ ਡਡੁਰੀ." (ਸ੍ਰੀ ਮਃ ੫) ੩. ਸੰਗਜਾ- ਇੱਕ ਜੱਟ ਗੋਤ੍ਰ. ਦੇਖੋ, ਹਰੀ ਕੇ। ੪. ਦੇਖੋ, ਹਰਿ। ੫. ਸੰ. ਹ੍ਰੀ. ਲੱਜਾ. ਸ਼ਰਮ। ੬. ਲਕ੍ਸ਼ਮੀ. "ਹਰੀ ਬਿਸਨੁ ਲੇਖੇ." (ਰਾਮਾਵ) ਲਕ੍ਸ਼ਮੀ ਨੇ ਰਾਮ ਨੂੰ ਵਿਸ਼ਨੁ ਜਾਣਿਆ.

ਹਰੀਅਲ: ਸੰ. ਹਾਰਿਲ. ਸੰਗਜਾ- ਹਰਿਤ ਕਪੋਤ, ਕਬੂਤਰ ਜੇਹਾ ਹਰੇ ਰੰਗ ਦਾ ਇੱਕ ਪੰਛੀ.

ਹਰੀਆ: ਵਿ- ਹਰਣ ਵਾਲਾ. ਚੁਰਾਉਣ ਵਾਲਾ. "ਹਰੀਆ ਕਿ ਜਾਂ ਵ ਤਨ ਕੇ." (ਰਾਮਾਵ) ਜਾਨ ਅਤੇ ਜਿਸਮ ਦੇ ਹਰੀਆ। ੨. ਪ੍ਰਤ੍ਯ- ਵਾਨ. ਵਾਲਾ. "ਦੂਖ ਬਿਡਾਰਨ ਹਰੀਆ." (ਮਾਝ ਮਃ ੫) ੩. ਸੰਗਜਾ- ਕਮੁਦਿਨੀ, ਜੋ ਹਰਿ (ਚੰਦ੍ਰਮਾ) ਨੂੰ ਦੇਖਕੇ ਖਿੜਦੀ ਹੈ. "ਚੰਦ੍ਰਮਾ ਚਰ੍ਹੇ ਤੇ ਜਸੈਂ ਬਿਰਾਜੈਂ ਸੇਤ ਹਰੀਆ." (ਕ੍ਰਿਸਨਾਵ) ੪. ਵਿ- ਪ੍ਰਫੁੱਲਿਤ. ਸਰਸਬਜ਼. "ਮਨਿ ਮਉਲੈ ਤਨੁ ਹਰੀਆ." (ਸੂਹੀ ਛੰਤ ਮਃ ੫) ੫. ਤ੍ਰਿਤੀਯਾ ਵਿਭਕ੍ਤਿ. ਹਰਿ ਨੇ. ਕਰਤਾਰ ਨੇ."ਨਿਰਗੁਣ ਹਰੀਆ ਸਰਗੁਣ ਧਰੀਆ." (ਸੂਹੀ ਮਃ ੫. ਪੜਤਾਲ) ਨਿਰਗੁਣ ਹਰੀ ਨੇ ਸਗੁਣ ਰੂਪ ਧਾਰਿਆ ਹੈ.

ਹਰੀਆਰਾ, ਹਰੀਆਵਲਾ: ਵਿ- ਹਰਿਆਈ ਵਾਲਾ. ਸਰਸਬਜ਼. "ਸਫਲਿਓ ਬਿਰਖੁ ਹਰੀਆਵਲਾ." (ਸ੍ਰੀ ਅਃ ਮਃ ੧) "ਇਹੁ ਹਰੀਆਰਾ ਤਾਲ." (ਸ. ਕਬੀਰ) ਇਹ ਸੰਸਾਰ ਤਾਲ, ਚਾਰੇ ਪਾਸਿਓਂ ਵਿਸ਼ੈ- ਸੁਖ ਰੂਪ ਸਬਜ਼ੀ ਵਾਲਾ ਘੇਰਿਆ ਹੋਇਆ ਹੈ.

ਹਰੀਆਂ ਵੇਲਾ: ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ਛੇ ਮੀਲ ਦੱਖਣ ਵੱਲ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰਦ੍ਵਾਰਾ, ਜੋ ਪਿੰਡ ਚੱਗਰਾਂ, ਬੋਹਣ, ਚੱਬੇ ਵਾਲ ਅਤੇ ਬਜਰੌਰ ਦੇ ਵਿਚਕਾਰ ਹੈ. ਇਸ ਸੰਬੰਧੀ ਪ੍ਰਸੰਗ ਹੈ ਕਿ ਗੁਰੂ ਸਾਹਿਬ ਦੇ ਵਚਨ ਕਰਕੇ ਸੁੱਕੀਆਂ ਬੇਲਾਂ ਇੱਥੇ ਹਰੀਆਂ ਹੋ ਗਈਆਂ ਸਨ, ਜਿਸ ਤੋਂ ਇਹ ਨਾਉਂ ਹੋਇਆ. ਗੁਰਦ੍ਵਾਰੇ ਨਾਲ ੭੧ ਘੁਮਾਉਂ ਜ਼ਮੀਨ ਸਿੱਖਰਾਜ ਸਮੇਂ ਦੀ ਹੈ. ਵੈਸਾਖੀ ਅਤੇ ਮਾਘੀ ਨੂੰ ਮੇਲਾ ਲਗਦਾ ਹੈ.

ਬਾਬਾ ਅਜੀਤ ਸਿੰਘ ਜੀ ਭੀ ਇਸ ਥਾਂ ਆਏ ਹਨ ਜਿਸ ਬਾਬਤ ਕਥਾ ਇਉਂ ਹੈ-

ਬਸੀ ਕਲਾਂ ਦੇ ਪਠਾਣਾਂ ਨੇ ਦੋ ਲੜਕੀਆਂ ਹਰੀਆਂ ਅਤੇ ਭਰੀਆਂ, ਜੋ ਬਜਵਾੜੇ ਦੀਆਂ ਵਸਨੀਕ ਸਨ, ਅਤੇ ਵਿਆਹ ਪਿੱਛੋਂ, ਜੇਜੋਂ ਨੂੰ ਜਾ ਰਹੀਆਂ ਸਨ, ਰਸਤੇ ਵਿੱਚ ਖੋਹ ਲਈਆਂ. ਇਸ ਪੁਰ ਉਨ੍ਹਾਂ ਦੇ ਸੰਬੰਧੀਆਂ ਨੇ ਆਨੰਦਪੁਰ ਪਹੁੰਚਕੇ ਕਲਗੀਧਰ ਪਾਸ ਫਰਿਆਦ ਕੀਤੀ, ਜਿਸ ਪੁਰ ਸਾਹਿਬਜ਼ਾਦੇ ਨੂੰ ਹੁਕਮ ਹੋਇਆ ਕਿ ਲੜਕੀਆਂ ਨੂੰ ਛੁਡਾਕੇ ਅਪਰਾਧੀਆਂ ਨੂੰ ਦੰਡ ਦੇਵੋ. ਬਾਬਾ ਅਜੀਤ ਸਿੰਘ ਜੀ ਨੇ ਯੁੱਧ ਕਰਕੇ ਲੜਕੀਆਂ ਛੁਡਾਈਆਂ ਅਤੇ ਜ਼ਾਲਿਮਾਂ ਨੂੰ ਯੋਗ ਦੰਡ ਦਿੱਤਾ. ਦੋਹਾਂ ਲੜਕੀਆਂ ਨੇ ਬਾਬਾ ਜੀ ਧੰਨਵਾਦ ਕਰਕੇ ਆਪਣੇ ਸ਼ਰੀਰ ਤਜਾਗ ਦਿੱਤੇ. ਉਨ੍ਹਾਂ ਦੀ ਸਮਾਧੀ ਗੁਰਦ੍ਵਾਰੇ ਦੇ ਉੱਤਰ ਵੱਲ ਹੈ. ਜੋ ਸਿੰਘ ਜੰਗ ਵਿੱਚ ਸ਼ਹੀਦ ਹੋਏ ਉਨ੍ਹਾਂ ਦਾ ਭੀ ਸ਼ਹੀਦਗੰਜ ਹੈ.

ਹਰੀਅੰ: ਵਿ- ਹਰਤਾ. ਹਰਣ ਕਰਤਾ. "ਹਰੀਅੰ ਕਰੀਅੰ." (ਜਾਪੁ) ਹਰਤਾ ਅਤੇ ਕਰਤਾ। ੨. ਹਰੀ ਦੀ. ਕਰਤਾਰ ਦੀ. "ਕਿਰਪੰਤ ਹਰੀਅੰ." (ਸਹਸ ਮਃ ੫) ਹਰਿਕ੍ਰਿਪਾ ਕਰਕੇ.

ਹਰੀਸ: ਅ਼. حریص ਹ਼ਰੀਸ. ਵਿ- ਹਿ਼ਰਸ (ਲਾਲਚ) ਵਾਲਾ. ਲੋਭੀ.

ਹਰੀ ਸਿੰਘ: ਇੱਕ ਪਹਾੜੀ ਰਾਜਪੂਤ ਯੋਧਾ, ਜਿਸ ਦਾ ਹੁਸੈਨੀ ਨਾਲ ਜੰਗ ਹੋਇਆ. ਦੇਖੋ, ਵਿਚਿਤ੍ਰ ਨਾਟਕ ਅਃ ੧੧.।

---

[333] ਵ੍ਰਿੱਧ ਹਰੀਤ ਸਿਮ੍ਰਿਤਿ ਦੇ ਚੌਥੇ ਅਧ੍ਯਾਯ ਵਿੱਚ ਲਿਖਿਆ ਹੈ ਕਿ ਜੋ ਬ੍ਰਾਹਮਣ ਹਰਿਵਾਸਰ ਵਿੱਚ ਅੰਨ ਖਾਵੇ, ਉਸ ਨੂੰ ਗਧੇ ਤੇ ਚੜ੍ਹਾਕੇ ਦੇਸ਼ ਨਿਕਾਲਾ ਦੇਣਾ ਚਾਹੀਏ.

੨. ਸਰਦਾਰ ਹਰੀ ਸਿੰਘ ਨਲਵਾ. ਜਿਲਾ ਗੁੱਜਰਾਂਵਾਲਾ ਦਾ ਵਸਨੀਕ ਸਰਦਾਰ ਗੁਰੁਦਯਾਲ ਸਿੰਘ (ਉੱਪਲ ਖਤ੍ਰੀ) ਦਾ ਸੁਪੁਤ੍ਰ, ਜੋ ਮਾਈ ਧਰਮ ਕੌਰ ਦੇ ਉਦਰ ਤੋਂ ਸੰਮਤ ੧੮੪੮ ਵਿੱਚ ਜਨਮਿਆ. ਇਹ ਸਿੱਖਵੀਰ ਮਹਾਰਾਜਾ ਰਣਜੀਤ ਸਿੰਘ ਜੀ ਦਾ ਨਾਮੀ ਜਰਨੈਲ (General) ਹੋਇਆ ਹੈ. ਸਰਹੱਦੀ ਪਠਾਣਾਂ ਵਿੱਚ ਇਸ ਦੇ ਨਾਉਂ ਦਾ ਭੈ ਅੱਜ ਤੀਕ ਬਣਿਆ ਹੋਇਆ ਹੈ. ਇਸ ਨੇ ਸਿੱਖਰਾਜ ਵਾਸਤੇ ਅਨੇਕ ਲੜਾਈਆਂ ਫਤੇ ਕੀਤੀਆਂ ਅਤੇ ਸਰਹੱਦੀ ਜਮਰੋਦ ਦੇ ਕਿਲੇ ਪਾਸ ਪਠਾਣਾਂ ਦੇ ਘੋਰ ਯੁੱਧ ਵਿੱਚ ਵਡੀ ਵੀਰਤਾ ਨਾਲ ੧੯. ਵੈਸਾਖ ਸੰਮਤ ੧੮੯੪ ਨੂੰ ਸ਼ਹੀਦੀ ਪਾਈ. ਪੰਥਰਤਨ ਸਰਦਾਰ ਹਰੀ ਸਿੰਘ ਦੀ ਸਮਾਧ ਜਮਰੋਦ ਦੇ ਕਿਲੇ ਵਿੱਚ ਵਿਦਯਮਾਨ ਹੈ।

੩. ਰਾਜਾ ਗਜਪਤਿ ਸਿੰਘ ਜੀਂਦ ਵਾਲੇ ਦਾ ਪੋਤਾ ਅਤੇ ਮੇਹਰ ਸਿੰਘ ਦਾ ਪੁਤ੍ਰ ਇਹ ਸ਼ਰਾਬ ਦੇ ਨਸ਼ੇ ਨਾਲ ਮਸਤ ਹੋਇਆ ਅਠਾਰਾਂ ਵਰ੍ਹੇ ਦੀ ਉਮਰ ਵਿੱਚ ਛੱਤ ਤੋਂ ਡਿਗਕੇ ਸਨ ੧੭੯੧ ਵਿੱਚ ਮਰ ਗਿਆ। ੪. ਦੇਖੋ, ਸਿਆਲਬਾ। ੫. ਦੇਖੋ, ਭੰਗੀਆਂ ਦੀ ਮਿਸਲ.

ਹਰੀ ਕਾ ਪੱਤਨ: ਹਰੀਕੇ ਪਿੰਡ ਪਾਸ ਇੱਕ ਪੱਤਨ (ਦਰਿਆ ਦਾ ਘਾਟ) ਹੈ. ਇਸ ਪੱਤਨ ਤੋਂ ਥੋੜੀ ਦੂਰ ਉੱਪਰਲੇ ਪਾਸੇ ਸਤਲੁਜ ਤੇ ਬਿਆਸ ਦਰਿਆ ਇਕੱਠੇ ਹੁੰਦੇ ਹਨ. ਇਹ ਪੱਤਨ ਜਿਲਾ ਲਹੌਰ, ਫਿਰੋਜਪੁਰ, ਅੰਮ੍ਰਿਤਸਰ ਤੇ ਰਿਆਸਤ ਕਪੂਰਥਲੇ ਦਾ ਬੰਨਾ ਹੈ.

ਹਰੀ ਕੇ: ਹਰੀ ਗੋਤ ਦੇ ਲੋਕ। ੨. ਹਰੀ ਗੋਤ ਦੇ ਜੱਟਾਂ ਦਾ ਵਸਾਇਆ ਇੱਕ ਪਿੰਡ, ਜੋ ਜਿਲਾ ਲਹੌਰ ਤਸੀਲ ਕ਼ੁਸੂਰ ਥਾਣਾ ਪੱਟੀ ਵਿੱਚ ਰੇਲਵੇ ਸਟੇਸ਼ਨ ਵਲਟੋਹਾ ਦੇ ਨੇੜੇ ਦਰਿਆ ਸਤਲੁਜ ਤੇ ਬਿਆਸ ਦੇ ਮੇਲਸਥਾਨ ਤੇ ਉੱਤਰੀ ਕੰਢੇ ਪੁਰ ਹੈ. ਇੱਥੇ ਸ਼੍ਰੀ ਗੁਰੂ ਅੰਗਦ ਜੀ ਨੇ ਚਰਣ ਪਾਏ ਹਨ. ਪਹਿਲਾਂ ਗੁਰੁਦ੍ਵਾਰਾ ਬਣਿਆ ਹੋਇਆ ਸੀ, ਪਰ ਉਹ ਪੁਰਾਣੀ ਵਸੋਂ ਦੇ ਨਾਲ ਦਰਿਆ ਦੀ ਢਾਹ ਕਰਕੇ ਨਹੀਂ ਰਿਹਾ. ਹੁਣ ਦੀ ਆਬਾਦੀ ਨਵੀਂ ਹੈ. ਇਸ ਲਈ ਕੋਈ ਗੁਰੁਦ੍ਵਾਰਾ ਨਹੀਂ ਹੈ.

ਹਰੀਗੋਬਿੰਦ ਪੁਰ: ਦੇਖੋ, ਸ਼੍ਰੀ ਗੋਬਿੰਦਪੁਰ.

ਹਰੀ ਚੰਦ: ਦੇਖੋ, ਹਰਿਸਚੰਦ੍ਰ. "ਹਰੀ ਚੰਦ ਦਾਨ ਕਰੈ ਜਸ ਲੇਵੈ." (ਗਉ ਅਃ ਮਃ ੧) ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ. ਦੇਖੋ, ਨਾਨਕੀ ਮਾਤਾ। ੩. ਹੰਡੂਰ ਦਾ ਪਹਾੜੀ ਰਾਜਾ, ਜੋ ਭੰਗਾਣੀ ਦੇ ਜੰਗ ਵਿੱਚ ਰਾਜਾ ਭੀਮਚੰਦ ਕਹਿਲੂਰੀ ਦੀ ਸਹਾਇਤਾ ਵਾਸਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਵੈਸਾਖ ਸੰਮਤ ੧੭੪੬ ਵਿੱਚ[334] ਲੜਨ ਆਇਆ. ਇਹ ਵਡਾ ਧਨੁਖਧਾਰੀ ਯੋਧਾ ਸੀ. ਇਸਦੀ ਵੀਰਤਾ ਦਾ ਜਿਕਰ ਦਸ਼ਮੇਸ਼ ਨੇ ਵਿਚਿਤ੍ਰ ਨਾਟਕ ਵਿੱਚ ਲਿਖਿਆ ਹੈ. "ਤਹਾਂ ਏਕ ਬੀਰੰ ਹਰੀ ਚੰਦ ਕੋਪਯੋ." (ਵਿਚਿਤ੍ਰ) ਕਲਗੀਧਰ ਦੇ ਤੀਰ ਨਾਲ ਇਸ ਦਾ ਦੇਹਾਂਤ ਹੋਇਆ.

ਹਰੀਜੈ: ਹਰਿਤ ਹੂਜੈ. ਹਰੇ ਹੋਈਏ. "ਮਿਲਿ ਸਾਧੂ ਸੰਗ ਹਰੀਜੈ." (ਕਲਿ ਅਃ ਮਃ ੪) ੨. ਹਰਣ ਕਰੀਜੈ. ਮਿਟਾਈਏ.

ਹਰੀਤਕੀ: ਸੰ. ਸੰਗਯਾ- ਹਰੜ. L. Terminalia Chebula. "ਗਨ ਜੋਕ ਹਰੀਤਕੀ ਔਰ ਮਦੰ." (ਸਮੁਦ੍ਰ ਮਥਨ) ਹਰੜ ਦੀ ਤਾਸੀਰ ਗਰਮ ਖੁਸ਼ਕ ਹੈ. ਵੈਦਯਕ ਗ੍ਰੰਥਾਂ ਵਿੱਚ ਇਸ ਨੂੰ ਕਬਜੀ, ਖਾਂਸੀ, ਸੰਗ੍ਰਹਣੀ, ਬਵਾਸੀਰ, ਵਿਖਮਜ੍ਵਰ, ਅਫਾਰਾ ਆਦਿਕ ਰੋਗ ਨਾਸ਼ ਕਰਨ ਵਾਲੀ ਲਿਖਿਆ ਹੈ.

ਹਰੀਪੁਰ: ਦੇਖੋ, ਗੁਲੇਰ। ੨. ਜਿਲੇ ਹਜ਼ਾਰੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਸਰਦਾਰ ਹਰੀ ਸਿੰਘ ਨਲਵੇ ਨੇ ਸਨ ੧੮੨੨ ਵਿੱਚ ਵਸਾਇਆ. ਦੇਖੋ, ਹਰੀ ਸਿੰਘ। ੩. ਜਿਲਾ ਫ਼ਿਰੋਜ਼ਪੁਰ, ਤਸੀਲ ਥਾਣਾ ਅਬੋਹਰ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਪੰਜਕੋਸੀ ਤੋਂ ਅੱਧ ਮੀਲ ਪੱਛਮ ਵੱਲ ਹੈ. ਇਸ ਪਿੰਡ ਤੋਂ ਉੱਤਰ ਵੱਲ ਨੇੜੇ ਹੀ "ਬਟ ਤੀਰਥ" ਨਾਮੇ ਤਾਲ ਦੇ ਕਿਨਾਰੇ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਕਲਗੀਧਰ ਦੱਖਣ ਨੂੰ ਜਾਂਦੇ ਇਸ ਥਾਂ ਵਿਰਾਜੇ ਹਨ. ਇਹ ਗੁਰਦ੍ਵਾਰਾ ਸੰਮਤ ੧੯੩੩ ਵਿੱਚ ਪ੍ਰਗਟ ਹੋਇਆ ਹੈ. ਗੁਰਦ੍ਵਾਰਾ ਚੰਗਾ ਬਣਿਆ ਹੋਇਆ ਹੈ, ਜਿਸ ਦੀ ਸੇਵਾ ਸਰਦਾਰ ਗੁਰਮੁਖ ਸਿੰਘ ਜੀ ਨੀਲੇ ਵਾਲਿਆਂ ਦੇ ਉੱਦਮ ਨਾਲ ਹੋਈ ਹੈ.

---

[334] ਕਈ ਲੇਖਕਾਂ ਨੇ ਭੰਗਾਣੀ ਦਾ ਯੁੱਧ ਸੰਮਤ ੧੭੪੩ ਵਿੱਚ ਲਿਖਿਆ ਹੈ, ਪਰ ਇਹ ਸਹੀ ਨਹੀਂ, ਦੇਖੋ, ਪਾਂਵਟਾ ਦਾ ਫੁਟਨੋਟ.

**ਹਰੀਪੁਰਾ:** ਦੇਖੋ, ਹਰੀਪੁਰ ੩.

**ਹਰੀਫ:** ਅ. حریف ਹ਼ਰੀਫ਼. ਵਿ- ਇੱਕੋ ਕੰਮ ਕਰਨ ਵਾਲਾ. ਹਮਪੇਸ਼ਾ। ੨. ਕਪਟੀ. ਪਾਖੰਡੀ। ੩. ਮਿਤ੍ਰ. "ਹਰੀਫੁਲ ਅਜੀਮੈ." (ਜਾਪੁ) ੪. ਵੈਰੀ. "ਹਰੀਫੁਲ ਸਿਕਨ ਹੈ." (ਜਾਪੁ) "ਹਤਨ ਹਰੀਫ ਰਹਜੋ ਇਹ ਕਿਤਹੂ, ਨਹੀ ਸਸਤ੍ਰ ਕਰ ਪਕਰਜੋ ਜਾਇ." (ਗੁਪ੍ਰਸੂ)

**ਹਰੀਫੀ:** ਅ਼. حریفی ਹ਼ਰੀਫ਼ੀ. ਸੰਗਜਾ- ਮਿਤ੍ਰਤਾ। ੨. ਦੁਸ਼ਮਨੀ। ੩. ਪਾਖੰਡ. ਮੱਕਾਰੀ. "ਅਧਿਕ ਹਰੀਫੀ ਜਾਨ ਭੋਗ ਪਰਤ੍ਰਿਯ ਜੋ ਕਰਹੀਂ." (ਚਰਿਤ੍ਰ ੨੧)

**ਹਰੀਰਾ:** ਅ਼. حریرہ ਹ਼ਰੀਰਹ. ਸੰਗਜਾ- ਟਹਿਲਾ. ਪਤਲੀ ਕੜ੍ਹੀ. ਲਾਪਸੀ। ੨. ਖਾਸ ਕਰਕੇ ਬਾਦਾਮ ਕੱਦੂ ਖੀਰੇ ਆਦਿ ਦੀ ਗਿਰੀ ਅਤੇ ਕਣਕ ਦਾ ਦੁੱਧ ਕੱਢਕੇ ਪਕਾਈ ਹੋਈ ਲਾਪਸੀ. ਹਰੀਰਾ ਦਿਮਾਗ ਨੂੰ ਤਾਕਤ ਦੇਣ ਲਈ ਵਰਤੀਦਾ ਹੈ.

**ਹਰੀੜਾ, ਹਰੀੜੀ:** ਹਰੀ ਦਾ. ਹਰੀ ਦੀ. ਕਰਤਾਰ ਦਾ (ਦੀ). "ਸਾਧੁ ਸੰਗਤਿ ਸਚ ਤਖਤ ਹਰੀੜੀ." (ਭਾਗੁ) ੨. ਦੇਖੋ, ਹਰੀਤਕੀ.

**ਹਰੁਵਾ:** ਵਾ- ਹੌਲਾ. ਹਲਕਾ। ੨. ਤੁੱਛ. ਅਦਨਾ, ਹੋਛਾ.

**ਹਰੁਵਾਈ:** ਸੰਗਜਾ- ਹਲਕਾਪਨ. ਹੌਲੱਤਣ. "ਹਰੁਵੇ ਪੁਰਖਨ ਕੀ ਹਰੁਵਾਈ." (ਗੁਪ੍ਰਸੂ)

**ਹਰੂਆ, ਹਰੂਏ:** ਵਿ- ਹੌਲਾ. ਹਲਕਾ. ਹੌਲੇ। ੨. ਭਾਵ- ਅਭਿਮਾਨ ਅਤੇ ਵਿਕਾਰਾਂ ਦੇ ਬੋਝ ਤੋਂ ਰਹਿਤ. "ਹਰੂਏ ਹਰੂਏ ਤਿਰਿਗਏ ਡੂਬੇ ਜਿਨ ਸਿਰਿ ਭਾਰ." (ਸ. ਕਬੀਰ) ੩. ਕ੍ਰਿ. ਵਿ- ਹੌਲੇ. ਸ਼ਨੇ. ਧੀਰੇ. "ਚਾਲ ਚਲੈਂ ਹਰੂਏ ਹਰੂਏ." (ਕ੍ਰਿਸਨਾਵ)

**ਹਰੂਫ਼:** ਹ਼ਰਫ਼ (ਅੱਖਰ) ਦਾ ਬਹੁ ਵਚਨ.

**ਹ਼ਰੂਫ਼ੇ ਤਹੱਜੀ:** ਅ਼. حرُوف تہجّی ਪੈਂਤੀ. ਵਰਣਮਾਲਾ. ਹ਼ਰਫ਼ ਦਾ ਬਹੁ ਵਚਨ ਹ਼ਰੂਫ਼, ਤਹੱਜੀ ਹਿੱਜੇ (ਉੱਚਾਰਣ) ਕਰਨ ਦੀ ਕ੍ਰਿਯਾ. Alphabet.

**ਹਰੇ:** ਵਿ- ਹਰਿਤ. ਸ਼ਬਜ। ੨. ਹਰਣ ਕੀਤੇ. ਮਿਟਾਏ. "ਆਪਿ ਕਰੇ ਆਪੇ ਹਰੇ." (ਆਸਾ ਅਃ ਮਃ ੧) ੩. ਹ੍ਰਿਤ. ਲੈ ਕੀਤੇ. ਮਿਲਾਏ. "ਜੋ ਹਰਿ ਹਰੇ ਸੁ ਹੋਹਿ ਨ ਆਨਾ." (ਗਉ ਕਬੀਰ) ੪. ਕ੍ਰਿ. ਵਿ- ਧੀਰੇ. ਹੌਲੀ. "ਹਰੇ ਬੋਲ ਬਲ ਘੋਂ ਕਹਜੋ." (ਕ੍ਰਿਸਨਾਵ)

**ਹਰੇਕ:** ਫ਼ਾ. ہریک ਵਿ- ਹਰਯਕ. ਪ੍ਰਤਜੇਕ.

**ਹਰੇਖਾ:** ਸੰ. ਹ੍ਰੇਸ਼ਾ. ਸੰਗਜਾ- ਘੋੜੇ ਦਾ ਹਿਣਕਣਾ. ਘੋੜੇ ਦੀ ਧੁਨਿ. "ਭਯੋ ਸ਼ਬਦ ਹਯ ਕੀਨ ਹਰੇਖਾ." (ਗੁਪ੍ਰਸੂ)

**ਹਰੇਵ, ਹਰੇਵੀ:** ਅ਼. ہروی ਹਰਵੀ. ਵਿ- ਹਿਰਾਤੀ. ਹਿਰਾਤ ਦਾ ਵਸਨੀਕ. "ਕੰਧਾਰੀ ਹਰੇਵੀ ਇਰਾਕੀ ਨਿਸਾਕੇ." (ਕਲਕੀ) ਕੰਧਾਰੀ ਹਿਰਾਤੀ ਅਤੇ ਇਰਾਕ ਦੇ ਨਿਸ਼ੰਕ( ਨਿਡਰ) ਲੋਕ.

**ਹਰੈਯਾ:** ਵਿ- ਹਰਣ ਵਾਲਾ. ਚੁਰਾਉਣ ਵਾਲਾ। ੨. ਹਰਾਉਣ ਵਾਲਾ. ਹਾਰ (ਪਰਾਜਯ) ਦੇਣ ਵਾਲਾ। ੩. ਲੈ ਜਾਣ ਵਾਲਾ.

**ਹਰੋਲ, ਹਰੌਲ:** ਡਿੰਗ. ਸੰਗਜਾ- ਫੌਜ ਦਾ ਮੁਹਰਲਾ ਭਾਗ. ਸੈਨਾ ਦਾ ਅਗਲਾ ਟੋਲਾ. "ਹਰੋਲ ਹਾਲ ਚਾਲਯੰ." (ਵਿਚਿਤ੍ਰ) "ਮਾਰ ਹਰੋਲ ਭਜਾਇ ਦਏ." (ਕ੍ਰਿਸਨਾਵ) ੨. ਅ਼. ہرولہ ਹਰਵਲਹ. ਸੰਗਜਾ- ਘੋੜੇ ਦੀ ਪੋਈਆ ਚਾਲ. ਲਾਰਾ. "ਹਰੌਲ ਥਮਜੋ ਹੋਏ ਤਬ ਖੜੇ." (ਪ੍ਰਾਪੰਪ੍ਰ)

**ਹਰੰਗ:** ਹਰ- ਅੰਗ. "ਹਰਿਸਤੁਆ ਹਰੰਗੇ." (ਗਜਾਨ) ਹੇ ਹਰਿ ! ਤੂੰ ਹਰੇਕ ਅੰਗ ਵਿੱਚ ਹੈ.

ਹਰੰਤ: ਹਰਣ ਕਰੰਤ। ੨. ਹ੍ਰੇਸ਼ਾ ਕਰੰਤ. ਹਿਣਕਦਾ. "ਹਰੰਤ ਬਾਜਿ ਅਪਾਰ." (ਗਯਾਨ)

ਹਰਜਉ: ਹਰਣ ਕੀਤਾ. ਮਿਟਾਇਆ. ਦੂਰ ਕੀਤਾ. "ਅਘੰਨ ਹਰਜਉ." (ਸਵੈਯੇ ਮਃ ੪. ਕੇ)

ਹਲ: ਸੰ. ਹਲ੍ ਧਾ- ਜੋਤਣਾ. ਖਿੱਚਣਾ. ਲਕੀਰ ਕੱਢਣੀ। ੨. ਸੰਗਯਾ- ਜ਼ਮੀਨ ਵਾਹੁਣ ਦਾ ਸੰਦ. ਲਾਂਗਲ. ਦੇਖੋ, ਹਲੁ. ਅਤ੍ਰਿ ਸਿਮ੍ਰਿਤਿ ਦੇ ਸਃ ੨੧੮ ਵਿੱਚ ਲਿਖਿਆ ਹੈ- ਅੱਠ ਬੈਲਾਂ ਦਾ ਹਲ ਧਰਮੀ ਲੋਕ ਚਲਾਉਂਦੇ ਹਨ, ਛੀ ਬੈਲਾਂ ਦਾ ਹਲ ਚਲਾਉਣਾ ਭੀ ਨਿੰਦਿਤ ਨਹੀਂ. ਨਿਰਦਈ ਚਾਰ ਬੈਲਾਂ ਦਾ ਹਲ ਚਲਾਉਂਦੇ ਹਨ ਅਤੇ ਦੋ ਬੈਲਾਂ ਦਾ ਹਲ ਚਲਾਉਣ ਵਾਲੇ ਗਊਹਤਯਾ ਕਰਦੇ ਹਨ. ਇਸੀ ਦੀ ਪੁਸ਼੍ਟੀ ਆਪਸਤੰਬ ਸਿਮ੍ਰਿਤਿ ਦੇ ਪਹਿਲੇ ਅਧਯਾਯ ਵਿੱਚ ਹੈ. ਪਾਰਾਸ਼ਰ ਸਿਮ੍ਰਿਤਿ ਦੇ ਦੂਜੇ ਅਧਯਾਯ ਦੇ ਸ਼ਲੋਕ ੮, ੯, ੧੦. ਵਿੱਚ ਭੀ ਐਸਾ ਹੀ ਲਿਖਿਆ ਹੈ। ੩. ਉਤਨੀ ਜ਼ਮੀਨ ਜਿਸ ਨੂੰ ਇੱਕ ਹਲ ਚੰਗੀ ਤਰਾਂ ਵਾਹਕੇ ਖੇਤੀ ਕਰ ਸਕੇ.[335] "ਭੂਮਿ ਪਾਂਚ ਹਲ ਕੀ ਇਨ ਦੀਜੈ." (ਗੁਪ੍ਰਸੂ) ਦੇਖੋ, ਚੜਸਾ। ੪. ਵਯਾਕਰਣ ਅਨੁਸਾਰ ਅਚ ਰਹਿਤ ਅੱਖਰ. ਇਹ ਨਾਉਂ ਭੀ ਲਕੀਰ ਖਿੱਚਣ ਕਰਕੇ ਹੀ ਹੋਇਆ ਹੈ।[336] ੫. ਦੇਖੋ, ਹੂਲ੍ ਧਾ। ੬. ਅ਼. حل ਸਰਵ ਅਤੇ ਵਿ- ਕਿਆ. ਕੀ.

ਹਲਹਰ: ਹਲਹਾਰ. ਕ੍ਰਿਸਾਣ. ਹਲ ਚਲਾਉਣ ਵਾਲਾ. ਹਲਧਰ. "ਜੇਸੈ ਹਲਹਰ ਬਿਨਾ ਜਿਮੀ ਨਹਿ ਬੋਈਐ." (ਗੌਂਡ ਕਬੀਰ) ੨. ਹਲ ਖਿੱਚਣ ਵਾਲਾ. ਬੈਲ.

ਹਲਹਲ: ਦੇਖੋ, ਹਲਾਹਲ.

ਹਲਕ: ਅ਼. حلق ਹ਼ਲਕ਼. ਸੰਗਯਾ- ਗਲ. ਕੰਠ। ੨. ਸੰ. ਅਲਕੰ. فزعالما ਫ਼ਜ਼ਅ਼ਉਲਮਾ. ਪਾਨੀਡਰ. Hydrophobia. ਇਹ ਰੋਗ ਹਲਕਾਏ ਕੁੱਤੇ, ਗਿੱਦੜ, ਲੂੰਬੜ ਆਦਿ ਦੇ ਕੱਟਣ ਤੋਂ ਹੁੰਦਾ ਹੈ. ਇਸ ਦਾ ਬਹੁਤ ਛੇਤੀ ਇਲਾਜ Pasteur[337] Institute ਕਸੌਲੀ ਆਦਿ ਵਿੱਚ ਪਹੁੰਚਕੇ ਕਰਾਉਣਾ ਚਾਹੀਏ. ਜੇ ਇਸ ਦਾ ਅਸਰ ਦਿਮਾਗ ਵਿੱਚ ਪਹੁੰਚ ਜਾਵੇ ਫੇਰ ਕੋਈ ਇਲਾਜ ਨਹੀਂ ਹੋ ਸਕਦਾ. ਕਦੇ ਕਦੇ ਇਸ ਦੀ ਜ਼ਹਿਰ ਸ਼ਰੀਰ ਵਿੱਚ ਦਬੀ ਰਹਿੰਦੀ ਹੈ ਅਤੇ ਚਿਰ ਪਿੱਛੋਂ ਜਾਗ ਉਠਦੀ ਹੈ.

ਹਲਕਾਏ ਜੀਵ ਦੀ ਵਿਖ ਜਿਤਨੀ ਜਾਦਾ ਜਖਮ ਵਿੱਚ ਚਲੀ ਜਾਵੇ ਅਤੇ ਜਖਮ ਜਿਤਨਾ ਦਿਮਾਗ ਦੇ ਨੇੜੇ ਹੋਵੇ, ਉਤਨਾ ਅਸਰ ਛੇਤੀ ਹੁੰਦਾ ਹੈ.

ਹਲਕ ਵਾਲਾ ਰੋਗੀ ਪਾਣੀ ਦੇਖਕੇ ਡਰਦਾ ਹੈ, ਭੁੱਖ ਮਰ ਜਾਂਦੀ ਹੈ, ਹੋਸ਼ ਠਿਕਾਣੇ ਨਹੀਂ ਰਹਿੰਦੀ, ਜੀਭ ਢਲਕ ਪੈਂਦੀ ਹੈ, ਲਾਲਾਂ ਅਤੇ ਝੱਗ ਮੂੰਹੋਂ ਵਗਦੀ ਹੈ, ਮੂੰਹ ਸੁੱਕਦਾ ਹੈ, ਚਾਨਣਾ ਬੁਰਾ ਲਗਦਾ ਹੈ, ਦਿਲ ਦਹਿਲਣਾ, ਪਾਸ ਦੇ ਆਦਮੀਆਂ ਨੂੰ ਵੱਢਣ ਪੈਣਾ ਆਦਿ ਲੱਛਣ ਹੁੰਦੇ ਹਨ.

ਜਿਸ ਥਾਂ ਹਲਕਾਏ ਜੀਵ ਦੇ ਕੱਟਣ ਦਾ ਜ਼ਖਮ ਹੋਵੇ, ਉੱਥੇ ਤੁਰੰਤ ਹੀ ਦਗਦੇ ਕੋਲੇ ਅਥਵਾ ਤਪੇ ਹੋਏ ਲੋਹੇ ਨਾਲ ਦਾਗ ਦੇ ਦੇਣਾ ਚਾਹੀਏ ਅਰ ਪੋਟੈਸ਼ੀਅਮ ਪਰਮੈਂਗਨੇਟ Potassium Permanganate ਚੰਗੀ ਤਰਾਂ ਮਲਨਾ ਲੋੜੀਏ. ਕੁਚਲਾ ਪਾਣੀ ਵਿੱਚ ਘਸਾਕੇ ਲਾਉਣਾ ਭੀ ਗੁਣਕਾਰੀ ਹੈ.

ਹੇਠ ਲਿਖੀਆਂ ਦਵਾਈਆਂ ਹਲਕ ਰੋਗ ਲਈ ਗੁਣਕਾਰੀ ਹਨ-

ਛੋਲਿਆਂ ਦੀਆਂ ਭੁੰਨੀਆਂ ਖਿੱਲਾਂ ਥੋਹਰ ਦੇ ਦੁੱਧ ਵਿੱਚ ਖਰਲ ਕਰਕੇ ਦੋ ਦੋ ਰੱਤੀ ਦੀਆਂ ਗੋਲੀਆਂ ਬਣਾਕੇ ਛਾਵੇਂ ਸੁਕਾ ਲਓ. ਉਮਰ ਅਤੇ ਰੋਗੀ ਦੇ ਬਲ ਅਨੁਸਾਰ ੧. ਤੋਂ ੮. ਤੀਕ ਪਾਣੀ ਨਾਲ ਖਵਾਓ, ਇਸ ਤੋਂ ਦਸਤ ਆਕੇ ਜਹਿਰ ਨਿਕਲ ਜਾਵੇਗਾ. ਪੁਠਕੰਡੇ ਦੀ ਜੜ ਦਾ ਚੂਰਨ ਸ਼ਹਿਦ ਵਿੱਚ ਮਿਲਾਕੇ ਚਟਾਓ. ਤੁਲਸੀ ਦੀ ਜੜ ਚੌਲਾਂ ਦੇ ਧੋਤੇ ਹੋਏ ਪਾਣੀ ਵਿੱਚ ਘੋਟਕੇ

---

[335] ਹਿੰਦੁਸਤਾਨ ਦੇ ਇਲਾਕਿਆਂ ਵਿੱਚ ਹਲ ਦੀ ਮਿਣਤੀ ਇੱਕ ਨਹੀਂ. ਕਿਤੇ ਤੀਹ ਘੁਮਾਉਂ ਦਾ, ਕਿਤੇ ਪੈਂਤੀ ਦਾ, ਕਿਤੇ ਚਾਲੀ ਘੁਮਾਉਂ ਦਾ ਹਲ ਹੈ, ਪਰ ਆਮ ਤੌਰ ਤੇ ਖੂਹ ਦੀ ਜ਼ਮੀਨਾਂ ਦਾ ਹਲ ਥੋੜੇ ਘੁਮਾਵਾਂ ਦਾ ਅਤੇ ਮਾਰੂ ਜ਼ਮੀਨਾਂ ਦਾ ਬਹੁਤੇ ਘੁਮਾਵਾਂ ਦਾ ਹੋਇਆ ਕਰਦਾ ਹੈ.

[336] ਦੇਖੋ, ਨਵੇਂ ਅੱਖਰ.

[337] Pasteur ਨਾਉਂ ਦਾ ਵਿਦ੍ਵਾਨ ਫ੍ਰਾਂਸ ਵਿੱਚ ਹੋਇਆ ਹੈ, ਜੋ ਸਨ ੧੮੨੨ ਵਿੱਚ ਜੰਮਿਆ ਸੀ, ਉਸ ਨੇ ਹਲਕ ਰੋਗ ਦਾ ਉੱਤਮ ਇਲਾਜ ਕੱਢਿਆ. ਉਸ ਦੇ ਨਾਉਂ ਤੋਂ ਆਸ਼੍ਰਮ ਦਾ ਨਾਉਂ ਹੋ ਗਿਆ ਹੈ.

ਪਿਆਓ. ਕਾਲੀਆਂ ਮਿਰਚਾਂ ਅਤੇ ਤੁਲਸੀ ਦੇ ਪੱਤੇ ਘੋਟਕੇ ਛਕਾਓ.

ਹਲਕਣਾ: ਕ੍ਰਿ- ਹਲਕ (ਅਲਰ੍ਕ) ਦੀ ਬੀਮਾਰੀ ਸਹਿਤ ਹੋਣਾ। ੨. ਅਤਯੰਤ ਲੋਭੀ ਹੋਣਾ. ਭੱਖ ਅਭੱਖ ਸਭ ਖਾ ਜਾਣਾ.

ਹਲਕਾ: ਵਿ- ਹੌਲਾ. ਕਮ ਬੋਝ ਵਾਲਾ। ੨. ਤੁੱਛ. ਅਦਨਾ। ੩. ਅ਼. حلقہ ਹ਼ਲਕ਼ਹ. ਸੰਗਯਾ- ਘੇਰਾ. ਮੰਡਲ. "ਹਲਕੇ ਦਲਕੇ ਹਲਕੇ ਕਰ ਡਾਰੇ." (ਕ੍ਰਿਸਨਾਵ) ੪. ਕਈ ਹਲਕਾਏ ਲਈ ਭੀ ਹਲਕਾ ਸ਼ਬਦ ਵਰਤਦੇ ਹਨ. ਦੇਖੋ, ਹਲਕਾਇਆ.

ਹਲਕਾਇਆ: ਵਿ- ਹਲਕਿਆ ਹੋਇਆ."ਅੰਤਰ ਲੋਭ ਫਿਰਹਿ ਹਲਕਾਏ." (ਆਸਾ ਮਃ ੫) ਦੇਖੋ, ਹਲਕ ੨.

ਹਲਕਾਰਾ: ਸੰਗਯਾ- ਸੰਦੇਸ਼ਹਾਰਕ. ਹਰਕਾਰਹ. ਚਿੱਠੀਰਸਾਂ. "ਲਿਖ ਹਰਕਾਰੇ ਬਾਦਸਾਹ ਫਿਰ ਤੁਰਤ ਪਠਾਏ." (ਜੰਗਨਾਮਾ)

ਹਲਕਿਓ, ਹਲਕਿਆ: ਵਿ- ਦੇਖੋ, ਹਲਕ ੨. ਅਤੇ ਹਲਕਾਇਆ "ਹਲਕਿਓ ਸਭਹਿ ਬਿਗਾਰੇ." (ਨਟ ਅਃ ਮਃ ੪)

ਹਲੱਕ: ਵਿ- ਹੌਲਨਾਕ. ਜਿਸ ਤੋਂ ਲੋਕੀ ਕੰਬ ਉੱਠਣ. ਹੌਲ ਕਾਰਕ. "ਹਲੱਕ ਹਾਕ ਮਾਰਹੀਂ." (ਸੂਰਜਾਵ) ਜੰਗ ਵਿੱਚ ਅਜਿਹੀ ਪੁਕਾਰ ਕਰਦੇ ਹਨ, ਜਿਸ ਤੋਂ ਹੌਲ ਪੈ ਜਾਵੇ.

ਹਲਚਲ: ਸੰਗਯਾ- ਘਬਰਾਹਟ. ਹੜਬੜੀ. ਐਸੀ ਕ੍ਰਿਯਾ ਜੋ ਕਾਇਮੀ ਨਾ ਰਹਿਣ ਦੇਵੇ.

ਹਲੱਚ: ਵਿ- ਹਲ ਚਲ ਸਹਿਤ. ਵ੍ਯਾਕੁਲਤਾ ਨਾਲ ਚਲਾਇਮਾਨ ਹੋਇਆ.

ਹਲਣਾ: ਕ੍ਰਿ- ਚਲਾਇਮਾਨ ਹੋਣਾ. ਇਸਥਿਤ ਨਾ ਰਹਿਣਾ. ਦੇਖੋ, ਹਿਲ ਧਾ.

ਹਲਤ, ਹਲਤ ਪਲਤ, ਹਲਤਿ ਪਲਤਿ, ਹਲਤੁ, ਹਲਤੁ ਪਲਤੁ: ਸੰ. ਇਹਤ੍ਰ ਪਰਤ੍ਰ. ਕ੍ਰਿ. ਵਿ- ਇੱਥੇ ਉੱਥੇ. ਇਸ ਲੋਕ ਅਤੇ ਪਰਲੋਕ ਵਿੱਚ. "ਹਲਤਿ ਪਲਤਿ ਮੁਖ ਊਜਲੇ." (ਸ੍ਰੀ ਮਃ ੫) ੨. ਇਹ ਲੋਕ ਅਤੇ ਪਰਲੋਕ. "ਹਲਤੁ ਪਲਤੁ ਸਵਾਰਿਓਨੁ." (ਮਾਝ ਬਾਰਹਮਾਹਾ)

ਹਲਦੀ: ਦੇਖੋ, ਹਰਦੀ.

ਹਲਧਰ: ਵਿ- ਹੱਲ ਰੱਖਣ ਵਾਲਾ ਕ੍ਰਿਸ਼ਾਣ। ੨. ਸੰਗਯਾ- ਕ੍ਰਿਸਨ ਜੀ ਦਾ ਵਡਾ ਭਾਈ. ਬਲਰਾਮ, ਜਿਸ ਦਾ ਸ਼ਸਤ੍ਰ ਹਲ ਸੀ ਦੇਖੋ, ਹਲਾਯੁਧ ਅਤੇ ਮੁਸਲੀ.

ਹਲਧਰ ਅਨੁਜ ਅਰਿ: (ਸਨਾਮਾ) ਬਲਭਦ੍ਰ ਦਾ ਛੋਟਾ ਭਾਈ ਸ਼੍ਰੀ ਕ੍ਰਿਸ਼ਨ, ਉਸ ਦਾ ਵੈਰੀ ਤੀਰ. ਦੇਖੋ, ਕ੍ਰਿਸ਼ਨ.

ਹਲਫ: ਅ਼. حلف ਹ਼ਲਫ਼. ਕਸਮ. ਸੌਗੰਦ. ਸੌਂਹ.

ਹਲਬ: ਅ਼. حلب ਹ਼ਲਬ. ਸ਼ਾਮ ਦੇਸ਼ ਵਿੱਚ ਇੱਕ ਪ੍ਰਸਿੱਧ ਸ਼ਹਿਰ। ੨. ਹਲਬ ਦੇ ਆਸ ਪਾਸ ਦਾ ਦੇਸ਼.

ਹਲਬਾਨੇਰ: ਹਲਬ ਨਗਰ. ਦੇਖੋ, ਹਲਬ ੧. "ਹਰਹਾਰ ਸੀ ਹਲਬਾਨੇਰ." (ਅਕਾਲ) ਸ਼ਿਵ ਦੇ ਹਾਰ (ਚਿੱਟੇ ਸੱਪ) ਜੇਹੀ ਉੱਜਲ ਕੀਰਤਿ ਹਲਬਾਨੇਰ ਵਿੱਚ ਹੈ.

ਹਲਬਿ, ਹਲਬੀ, ਹਲੱਬੀ: ਵਿ- ਹਲਬ ਦਾ (ਦੀ). ੨. ਹਲਬ ਦੀ ਤਲਵਾਰ, ਜੋ ਬਹੁਤ ਆਲਾ ਦਰਜੇ ਦੀ ਹੁੰਦੀ ਹੈ. "ਮਹਿਦ ਫੁਲਾਦੀ ਤੇਜ ਹਲੱਬੀ." (ਗੁਪ੍ਰਸੂ) ੩. ਹਲਬ ਦਾ ਸ਼ੀਸ਼ਾ.

ਹਲਵਾ: ਅ਼. حلوا ਹ਼ਲਵਾ. ਮਿੱਠਾ ਭੋਜਨ। ੨. ਭਾਵ- ਕੜਾਹ.

ਹਲਵਾਈ: ਵਿ- ਹਲਵਾ (ਕੜਾਹ) ਬਣਾਉਣ ਵਾਲਾ. ਦੇਖੋ, ਹਲਵਾ.

ਹਲਵਾਨ: ਦੇਖੋ, ਅਲਵਾਨ। ੨. ਹਲ ਵਾਲਾ. ਹਲਵਾਹ.

ਹਲਾਹਲ: ਸੰਸਕ੍ਰਿਤ ਵਿੱਚ ਹਲਹਲ, ਹਲਾਹਲ ਅਤੇ ਹਾਲਾਹਲ ਤਿੰਨੇ ਸ਼ਬਦ ਸਹੀ ਹਨ. ਸੰਗਯਾ- ਉਹ ਜ਼ਹਿਰ, ਜੋ ਹਲ ਦੀ ਤਰਾਂ ਮੇਦੇ ਵਿੱਚ ਲੀਕਾਂ ਪਾ ਦੇਵੇ. ਦੇਖੋ, ਫ਼ਾ. ہلاہل ਹਲਾਹਲ. "ਛਾਰ ਭਯੋ ਦਲ ਦਾਨਵ ਕੋ ਜਿਮਿ ਘੂਮ ਹਲਾਹਲ ਕੀ ਮਖੀਆਂ." (ਚੰਡੀ ੧) ਜਿਸ ਤਰਾਂ ਜ਼ਹਿਰ ਉੱਪਰ ਫੇਰਾ ਪਾਉਣ ਵਾਲੀ ਮੱਖੀਆਂ ਮਰ ਜਾਂਦੀਆਂ ਹਨ.

ਹਲਾਹਲ ਧਰ: ਵਿ- ਜ਼ਹਿਰ ਰੱਖਣ ਵਾਲਾ। ੨. ਸੰਗਯਾ- ਸੱਪ। ੩. ਸ਼ਿਵ. ਦੇਖੋ, ਨੀਲਕੰਠ.

ਹਲਾਕ: ਅ਼. ہلاک ਹਿਲਾਕ. ਕਤਲ (ਵਧ) ਕਰਨਾ। ੨. ਮਿਟ ਜਾਣਾ. ਨਸ਼੍ਟ ਹੋਣਾ. "ਛੁਧਿਤ ਹਲਾਕ ਹੋਇ ਨਰ ਮਰੇ." (ਗੁਪ੍ਰਸੂ)

ਹਲਾਕਤ: ਅ਼. ہلاکت ਹਿਲਾਕਤ. ਸੰਗਯਾ- ਵਧ. ਕਤਲ। ੨. ਨਸ਼੍ਟ ਹੋਣ ਦਾ ਭਾਵ.

ਹਲਾਕੀ: ਵਿ- ਹਲਾਕ ਕਰਨ ਵਾਲਾ। ੨. ਸੰਗਯਾ- ਹਲਾਕਤ.

ਹਲਾਚਲ: ਦੇਖੋ, ਹਲ ਚਲ. "ਕਬਹੁ ਨ ਹਲਿਆ ਪਰੀ ਹਲਾਚਲ." (ਚਰਿਤ੍ਰ ੩੨੭)

ਹਲਾਯੁਧ: ਸੰ. ਸੰਗਯਾ- ਬਲਰਾਮ, ਜਿਸ ਦਾ ਆਯੁਧ (ਸ਼ਸਤ੍ਰ) ਹਲ ਹੈ. ਹਲ ਸ਼ਸਤ੍ਰਧਾਰੀ ਬਲਭਦ੍ਰ.[338] "ਅਸਿ ਕੋਪ ਹਲਾਯੁਧ ਹਾਥ ਲਯੋ." (ਕ੍ਰਿਸਨਾਵ)

ਹਲਾਲ: ਅ਼. حلال ਹ਼ਲਾਲ. ਧਰਮ ਅਨੁਸਾਰ ਜਿਸ ਦਾ ਵਰਤਣਾ ਯੋਗ ਹੈ. "ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲ ਨ ਜਾਇ." (ਵਾਰ ਮਾਝ ਮਃ ੧) ੨. ਮੁਸਲਮਾਨੀ ਤਰੀਕੇ ਨਾਲ ਜਿਬਹਿ ਕੀਤੇ ਜੀਵ ਦਾ ਮਾਸ, ਜਿਸਦਾ ਖਾਣਾ ਇਸਲਾਮ ਮਤ ਅਨੁਸਾਰ ਹਲਾਲ ਹੈ. "ਜੀਅ ਜੁ ਮਾਰਹਿ ਜੋਰ ਕਰਿ ਕਹਿਤੇ ਹਹਿ ਜੁ ਹਲਾਲ." (ਸ. ਕਬੀਰ) ੩. ਜਿਬਹਿ. "ਹੋਇ ਹਲਾਲੁ ਲਗੈ ਹਕ ਜਾਇ." (ਵਾਰ ਰਾਮ ੧. ਮਃ ੧)

ਹਲਾਲਖੁਰ, ਹਲਾਲਖੋਰ: ਫ਼ਾ. حلال خور ਹ਼ਲਾਲਖ਼ੋਰ. ਵਿ- ਹਲਾਲ ਖਾਣ ਵਾਲਾ. ਧਰਮ ਅਨੁਸਾਰ ਜੋ ਵਿਧਾਨ ਕੀਤਾ ਹੈ ਉਸ ਦੇ ਖਾਣ ਵਾਲਾ। ੨. ਚੂਹੜੇ ਆਦਿਕ ਨੀਚ ਜਾਤਿ ਦੇ ਲੋਕ ਜੋ ਇਸਲਾਮ ਮਤ ਧਾਰ ਲੈਣ, ਉਹ ਭੀ ਹਲਾਲਖੋਰ (ਸਨਮਾਨ ਲਈ) ਕਹੇ ਜਾਂਦੇ ਹਨ. "ਹੈਂ ਹਲਾਲਖੁਰ ਨੀਚ ਚਮਾਰ." (ਗੁਪ੍ਰਸੂ)

ਹਲਾਲੁ: ਦੇਖੋ, ਹਲਾਲ.

ਹਲੀ: ਦੇਖੋ, ਹਲਣਾ. "ਈਤ ਊਤ ਨ ਹਲੀ." (ਕੇਦਾ ਮਃ ੫) ੨. ਸੰ. ਹਲਿਨ ਵਿ- ਹਲਵਾਲਾ। ੩. ਸੰਗਯਾ- ਬਲਰਾਮ. ਹਲਧਰ. "ਕਾਨ੍ਹ ਹਲੀ ਬਲ ਕੈ ਤਬ ਹੀ ਚਤੁਰੰਗ ਦਸੋ ਦਿਸ ਬੀਚ ਬਗਾਈ." (ਕ੍ਰਿਸਨਾਵ) ੪. ਹਲਵਾਹਕ ਕ੍ਰਿਸਾਣ.

ਹਲੀਮ: ਅ਼. حلیم ਹ਼ਲੀਮ. ਵਿ- ਖਿਮਾ ਵਾਲਾ. ਸਹਿਨਸ਼ੀਲ। ੨. ਸ਼ਾਂਤਮਨ. ਨੰਮ੍ਰ. ਦੇਖੋ, ਹਿਲਮ.

ਹਲੀਮੀ: ਫ਼ਾ. حلیمی ਹ਼ਲੀਮੀ. ਸੰਗਯਾ- ਖਿਮਾ. ਸਹਿਨਸ਼ੀਲਤਾ. ਨੰਮ੍ਰਤਾ. ਦੇਖੋ, ਹਿਲਮ.

ਹਲੁ: ਦੇਖੋ, ਹਲ. "ਹਲੁ ਜੋਤੈ ਉਦਮੁ ਕਰੈ." (ਗਉ ਮਃ ੪)

ਹਲੁਕੀ: ਵਿ- ਹੌਲੀ. ਹਮਵਜ਼ਨ. "ਹਲੁਕੀ ਲਗੈ ਨ ਭਾਰੀ." (ਗਉ ਕਬੀਰ)

ਹਲੁਵਾ, ਹਲੂਆ: ਦੇਖੋ, ਹਲਵਾ.

ਹਲੂਨਣਾ: ਕ੍ਰਿ- ਹਿਲਾਉਣਾ. ਝੂਣਨਾ। ੨. ਬਿਰਛ ਆਦਿ ਨੂੰ ਬਲ ਨਾਲ ਕੰਬਾਉਣਾ.

---

[338] ਜ਼ਮੀਨ ਵਾਹੁਣ ਦੇ ਸੰਦ ਹਲ ਨੂੰ ਬਲਰਾਮ ਆਪਣੇ ਮੋਢੇ ਰੱਖਿਆ ਕਰਦਾ ਸੀ. ਖੂੰਡੀ ਵਾਕਰ ਵੈਰੀ ਦੇ ਗਲ ਪਾਕੇ ਆਪਣੀ ਵੱਲ ਖਿੱਚਕੇ ਮੁਸਲ ਨਾਲ ਸਿਰ ਭੰਨ ਦਿੰਦਾ ਸੀ. ਦੇਖੋ, ਮੁਸਲੀ.

ਹਲੂਫਾ: ਦੇਖੋ, ਅਲੂਫਾ.

ਹਲੂਲ: ਅ਼. حلوُل ਹ਼ਲੂਲ. ਉਤਰਨਾ. ਪੈਠਨਾ. ਦਾਖਿਲ ਹੋਣਾ. ਦੇਖੋ, ਮਹਲਾ.

ਹਲੇ: ਵਜ- ਅਹਾ! ਅਹੋ! ਅੰ. Hallo! "ਹਲੇ ਯਾਰਾ! ਹਲੇ ਯਾਰਾ! ਖੁਸ ਖਬਰੀ." (ਤਿਲੰ ਨਾਮਦੇਵ) ੨. ਅ਼. ہلا ਹਲਾ. ਵਜਾ- ਖ਼ਬਰਦਾਰ ਰਹੁ! ੩. ਪ੍ਰਗਟ ਹੋਵੇਂ ਮਾਲੂਮ ਰਹੇ.

ਹਲੇਮੀ: ਦੇਖੋ, ਹਲੀਮੀ. "ਤੀਜੈ ਹਲੇਮੀ ਚਉਥੈ ਖੈਰੀ." (ਮਾਰੂ ਸੋਲਹੇ ਮ: ੫) ਤੀਜੀ ਨਮਾਜ਼ ਬੁਰਦਬਾਰੀ ਹੈ ਚਉਥੀ ਖਰਾਇਤ ਹੈ। ੨. ਵਿ- ਹਿਲਮਵਾਲਾ. ਨਰਮੀ ਅਤੇ ਨੰਮ੍ਰਤਾ ਵਾਲਾ. "ਇਹੁ ਹੋਆ ਹਲੇਮੀ ਰਾਜੁ ਜੀਉ." (ਸ੍ਰੀ ਮ: ੫. ਪੈਪਾਇ) ਦੇਖੋ, ਹਿਲਮ.

ਹਲੇਮੀ ਰਾਜ: ਦੇਖੋ, ਹਲੇਮੀ ੨.

ਹਲੰਕ: ਦੇਖੋ, ਹਲਾਕ। ੨. ਹਲ ਨੂੰ ਅੰਕ ਵਿੱਚ ਧਾਰਨ ਵਾਲਾ. ਹਲਧਰ। ੩. ਦੇਖੋ, ਹਲਕਾ। ੪. ਦੇਖੋ, ਹਲੱਕ. "ਹਲੰਕ ਹਾਕ ਮਾਰਹੀਂ" (ਵਿਚਿਤ੍ਰ)

ਹੱਲ: ਅ਼. حل ਹ਼ੱਲ ਘੁਲਮਿਲ (ਰਲ) ਜਾਣ ਦਾ ਭਾਵ.

ਹੱਲ: ਦੇਖੋ, ਹਮਲਾ.

ਹਵ: ਸੰ. ਸੰਗਜਾ- (ਦੇਖੋ, ਹੁ ਅਤ ਹ੍ਵੇ). ਜੋ ਦੇਵਤਾ ਨੂੰ ਬੁਲਾਕੇ ਦਿੱਤਾ ਜਾਵੇ. ਹੋਮ। ੨. ਯਗਯ। ੩. ਆਗਜਾ। ੪. ਦੇਖੋ, ਹਵਜ.

ਹਵਸ: ਅ਼. ہوس ਸੰਗਜਾ- ਲੋਭ. ਤ੍ਰਿਸਨਾ। ੨. ਇੱਕ ਪ੍ਰਕਾਰ ਦਾ ਸਿਰੜ. Mania.

ਹਵਕ: ਅ਼. حوق ਹ਼ੌਕ਼. ਸੰਗਜਾ- ਸਮੁਦਾਯ. ਗਰੋਹ. ਝੁੰਡ. ਟੋਲਾ. ਜਥਾ. "ਅਸਪਨ ਕੁਦਾਯ ਆਏ ਹਵਕ ਹਾਂਕ ਲੀਨੇ." (ਸਲੋਹ)

ਹਵਨ: ਸੰ. ਸੰਗਜਾ- ਦੇਵਤਾ ਨੂੰ ਵੇਦ ਮੰਤ੍ਰਾਂ ਦ੍ਵਾਰਾ ਬੁਲਾਕੇ ਘੀ ਆਦਿਕ ਪਦਾਰਥਾਂ ਦਾ ਅਗਨਿ ਵਿੱਚ ਪਾਉਣ ਦਾ ਕਰਮ. ਹਮ.

ਹਵਨਕੁੰਡ: ਹੋਮ ਕਰਨ ਲਈ ਸ਼ਾਸਤ੍ਰ ਦੀ ਵਿਧੀ ਅਨੁਸਾਰ ਬਣਾਇਆ ਟੋਆ. 'ਆਮਨਾਯ ਰਹਸ੍ਯ' ਵਿੱਚ ਲਿਖਿਆ ਹੈ ਕਿ ਪੂਰਵ ਦਿਸ਼ਾ ਵਿੱਚ ਚੁਕੋਣਾ, ਅਗਨਿ ਕੋਣ ਵਿੱਚ ਯੋਨਿ ਦੇ ਆਕਾਰ ਦਾ, ਦੱਖਣ ਵਿੱਚ ਅੱਧੇ ਚੰਦ੍ਰਮਾ ਦੇ ਆਕਾਰ ਦਾ, ਨੈਰਤ ਵਿੱਚ ਤ੍ਰਿਕੋਣਾ, ਪੱਛਮ ਵਿੱਚ ਗੋਲ, ਵਾਯੁ ਕੋਣ ਵਿੱਚ ਛੀ ਕੋਣਾ, ਉੱਤਰ ਵੱਲ ਕਮਲ ਦੇ ਆਕਾਰ ਅਤੇ ਈਸ਼ਾਨ ਕੋਣ ਵਿੱਚ ਅੱਠ ਕੋਣਾ ਹਵਨ ਕੁੰਡ ਕਰਨਾ ਚਾਹੀਏ.

ਭਵਿਸ਼ਜਤ ਪੁਰਾਣ ਵਿੱਚ ਲਿਖਿਆ ਹੈ ਕਿ ਜਿਤਨੇ ਹੋਮ ਕਰਨੇ ਹੋਣ ਉਨ੍ਹਾਂ ਦੀ ਗਿਨਤੀ ਅਨੁਸਾਰ ਕੁੰਡ ਦੀ ਗਹਿਰਾਈ ਹੋਣੀ ਚਾਹੀਏ. ਅਰਥਾਤ ਪੰਜਾਹ ਹੋਮਾਂ ਲਈ ਮੁੱਠੀ ਜਿਤਨਾ, ਹਜਾਰ ਹੋਮ ਲਈ ਇੱਕ ਹੱਥ ਦਾ ਅਤੇ ਕਰੋੜ ਹੋਮ ਵਾਸਤੇ ਅੱਠ ਹੱਥ ਦਾ ਕੁੰਡ ਹੋਣਾ ਚਾਹੀਏ.

ਸਾਧੂ ਦਯਾਨੰਦ ਜੀ ਨੇ ਸਤਜਾਰਥ ਪ੍ਰਕਾਸ਼ ਦੇ ਤੀਜੇ ਸਮੁੱਲਾਸ ਵਿੱਚ ਹਵਨਕੁੰਡ ਬਾਬਤ ਇਉਂ ਲਿਖਿਆ ਹੈ- "ਸੂਰਯੋਦਯ ਕੇ ਪਸ਼ਚਾਤ ਔਰ ਸੂਰਯਾਸ੍ਤ ਕੇ ਪੂਰਵ ਅਗਨਿਹੋਤ੍ਰ ਕਰਮ ਕਾ ਸਮਯ ਹੈ, ਉਸ ਕੇ ਲਿਯੇ ਇਕ ਕਿਸੀ ਧਾਤੁ ਵਾ ਮਿੱਟੀ ਕੀ, ਊਪਰ ੧੨. ਵਾ ੧੬. ਅੰਗੁਲ ਚੌਕੋਨ, ਉਤਨੀ ਹੀ ਗਹਿਰੀ ਔਰ ਨੀਚੇ ੩. ਵਾ ੪. ਉਂਗਲ ਪਰਿਮਾਣ ਸੇ ਵੇਦੀ ਬਨਾਵੇ. ਅਰਥਾਤ ਊਪਰ ਜਿਤਨੀ ਚੌੜੀ ਹੋ ਉਸ ਕੀ ਚਤੁਰਥਾਂਸ਼ ਨੀਚੇ ਚੌੜੀ ਰਹੇ. ਉਸ ਮੇ ਚੰਦਨ ਪਲਾਸ਼ ਵਾ ਆਮ੍ਰਾਦਿ ਕੇ ਸ਼੍ਰੇਸ਼੍ਠ ਕਾਸ਼੍ਠੋਂ ਕੇ ਟੁਕੜੇ ਉਸੀ ਵੇਦੀ ਕੇ ਪਰਿਮਾਣ ਸੇ ਬਡੇ ਛੋਟੇ ਕਰਕੇ ਉਸ ਮੇ ਰੱਖੇ, ਉਸ ਕੇ ਮਧ੍ਯ ਮੇ ਅਗਨਿ ਰੱਖਕੇ ਪੁਨ: ਉਸ ਪਰ ਸਮਿਧਾ ਅਰਥਾਤ ਪੂਰਵੋਕਤ ਇੰਧਨ ਰਖਦੇ. ਫਿਰ ਇਨ ਮੰਤ੍ਰੋਂ ਸੇ ਹੋਮ ਕਰੇ." xxx

ਹਵਾ, ਹਵਾਇ: ਅ਼. ہوا ਸੰਗਜਾ- ਪਵਨ. ਵਾਯੁ। ੨. ਇੱਛਾ। ੩. ਹਿਰਸ. ਤ੍ਰਿਸਨਾ। ੪. ਅ਼. ہوا ਹ਼ੱਵਾ. Eve. ਦੇਖੋ, ਆਦਮ.

ਹਵਾਈ: ਵਿ- ਹਵਾ ਨਾਲ ਸੰਬੰਧਿਤ। ੨. ਅ਼. ہوائی ਮਿਤ੍ਰ. ਪ੍ਰੇਮੀ। ੩. ਸੰਗ੍ਯਾ- ਮਤਾਬੀ. ਇੱਕ ਪ੍ਰਕਾਰ ਦੀ ਆਤਿਸ਼ਬਾਜ਼ੀ. "ਪ੍ਰੇਮ ਪਲੀਤਾ ਸੁਰਤਿ ਹਵਾਈ." (ਭੈਰ ਕਬੀਰ) ਪੁਰਾਣੇ ਸਮੇਂ ਤੋਪ ਦਾ ਪਲੀਤਾ ਹਵਾਈ ਨਾਲ ਦਾਗਦੇ ਸਨ.

ਹਵਾਏ ਖ਼ਮਸਾ: ਅ਼. ہوائے خمسہ ਹਵਾ (ਵਾਸਨਾ) ਖ਼ਮਸਾ (ਪੰਜ). ਪੰਜ ਇੰਦ੍ਰੀਆਂ ਦੇ ਸ਼ਬਦ ਆਦਿ ਪੰਜ ਵਿਸ਼ੇ.

ਹਵਾਸ: ਅ਼. حواس ਹ਼ਵਾਸ ਸੰਗ੍ਯਾ- ਹਿਸ ਦਾ ਬਹੁ ਵਚਨ. ਸਪਰਸ਼ ਗ੍ਯਾਨ. ਭਾਵ- ਇੰਦ੍ਰੀਆਂ। ੨. ਉਹ ਸ਼ਕਤਿ, ਜਿਸ ਨਾਲ ਸ਼ਬਦ ਸਪਰਸ਼ ਰੂਪ ਰਸ ਅਤੇ ਗੰਧ ਦਾ ਗ੍ਰਹਣ ਕਰੀਦਾ ਹੈ.

ਹਵਾਸਿ ਖ਼ਮਸਾ: ਅ਼. حواس خمسہ ਹਿਸ (ਸਪਰਸ਼) ਕਰਨ ਵਾਲੀਆਂ ਪੰਜ ਇੰਦ੍ਰੀਆਂ. ਗ੍ਯਾਨ ਇੰਦ੍ਰੀਆਂ.

ਹਵਾਲ: ਅ਼. احوال ਅਹ਼ਵਾਲ. ਸੰਗ੍ਯਾ- ਹਾਲ ਦਾ ਬਹੁ ਵਚਨ. ਹਾਲਤ. ਦਸ਼ਾ. "ਤਿਨ ਕੋ ਕਉਨ ਹਵਾਲ." (ਸ. ਕਬੀਰ) "ਇਹੀ ਹਵਾਲ ਹੋਹਿਗੇ ਤੇਰੇ." (ਗਉ ਕਬੀਰ)

ਹਵਾਲਾ, ਹਵਾਲੈ: ਅ਼. حوالہ ਹ਼ਵਾਲਹ. ਸੰਗ੍ਯਾ- ਸੌਂਪਣ ਦੀ ਕ੍ਰਿਯਾ. ਸਪੁਰਦਗੀ. "ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ." (ਸੋਰ ਮਃ ੫) "ਹਰਿ ਭਗਤਾ ਹਵਾਲੈ ਹੋਤਾ." (ਰਾਮ ਮਃ ੫) ੨. ਉਦਾਹਰਣ (ਮਿਸਾਲ) ਅਤੇ ਪਤੇ ਲਈ ਇਹ ਸ਼ਬਦ ਇਸ ਲਈ ਵਰਤੀਦਾ ਹੈ ਕਿ ਆਪਣੀ ਬਾਤ ਦੀ ਸਿੱਧੀ, ਕਿਸੇ ਗ੍ਰੰਥ ਦੇ ਸਪੁਰਦ ਕਰ ਦਿੱਤੀ ਜਾਂਦੀ ਹੈ.

ਹਵਾੜ: ਸੰਗ੍ਯਾ- ਹਵਾ ਦਾ ਬੰਦ ਹੋਣਾ. ਹੁੰਮ। ੨. ਭੜਦਾ. ਜ਼ਮੀਨ ਦੀ ਗਰਮ ਭਾਪ.

ਹਵਿ, ਹਵਿਖ੍ਯ, ਹਵੀ: ਸੰ. ਹਵਿਃ ਸੰਗ੍ਯਾ- ਚਰੁ. ਹਵਨ ਵਿੱਚ ਪਾਉਣ ਵਾਲੀ ਵਸਤੁ। ੨. ਘੀ, ਜੋ ਹਵਨ ਦਾ ਮੁੱਖ ਅੰਗ ਹੈ. "ਹਵੀ ਜਿਮ ਖੀਰ ਮਹਿ." (ਨਾਪ੍ਰ) ੩. ਹਵਿਸ਼੍ਯ. ਵਿ- ਹਵਨ ਕਰਨ ਯੋਗ੍ਯ ਉਹ ਸਾਮਗ੍ਰੀ, ਜੋ ਹਵਨ ਕਰਨ ਵਾਸਤੇ ਉੱਤਮ ਮੰਨੀ ਗਈ ਹੈ. "ਲੂਟ ਖਾਤ ਹਵਿਖ੍ਯ." (ਰਾਮਾਵ)

ਹਵੇਲੀ: ਅ਼. حویلی ਹ਼ਵੇਲੀ. ਸੰਗ੍ਯਾ- ਹੌਲ (ਘੇਰੇ) ਵਾਲਾ ਮਕਾਨ. ਚਾਰੇ ਪਾਸਿਓਂ ਕੰਧ ਨਾਲ ਘਿਰਿਆ ਮਕਾਨ.

ਹਵੇਲੀ ਸਾਹਿਬ: ਉਹ ਹਵੇਲੀ, ਜਿਸ ਵਿੱਚ ਸਤਿਗੁਰੂ ਅਥਵਾ ਮਾਤਾ ਜੀ ਨੇ ਨਿਵਾਸ ਕੀਤਾ ਹੈ। ੨. ਖਾਸ ਕਰਕੇ ਦਿੱਲੀ ਵਿੱਚ ਮਾਤਾ ਸੁੰਦਰੀ ਜੀ ਦੇ ਨਿਵਾਸ ਦਾ ਮਕਾਨ, ਜੋ ਹੁਣ ਦਿੱਲੀ ਦੇ ਤੁਰਕਮਾਨ ਦਰਵਾਜੇ ਤੋਂ ਬਾਹਰ ਹੈ, ਦੇਖੋ, ਸੁੰਦਰੀ ਮਾਤਾ ਅਤੇ ਦਿੱਲੀ.

ਹਵ੍ਯ: ਸੰ. ਹਵਨ ਕਰਨ ਯੋਗ੍ਯ। ੨. ਸੰਗ੍ਯਾ- ਉਹ ਵਸਤੁ ਜੋ ਦੇਵਤਾ ਨੂੰ ਹਵਨ ਵਿੱਚ ਦਿੱਤੀ ਜਾਵੇ. ਕਾਤ੍ਯਾਯਨ ਸਿਮ੍ਰਿਤਿ ਦੇ ੨੪ ਵੇਂ ਖੰਡ ਵਿੱਚ ਹਵ੍ਯ ਦੇ ਤਿੰਨ ਭੇਦ ਕੀਤੇ ਹਨ.

(ੳ) ਕ੍ਰਿਤ (ਰਿੱਝੇ ਚਾਉਲ ਸੱਤੂ ਆਦਿ)

(ਅ) ਕ੍ਰਿਤਾਕ੍ਰਿਤ (ਸੁੱਕੇ ਤਿਲ ਚਾਉਲ ਆਦਿ)

(ੲ) ਅਕ੍ਰਿਤ (ਧਾਨ ਅਤੇ ਸੂਹੜ ਸਮੇਤ ਜੌਂ ਆਦਿ). ਦੇਖੋ, ਘਬ੍ਰ.

ਹਵ੍ਯ ਕਵ੍ਯ: ਦੇਖੋ, ਹਵ੍ਯ ਅਤੇ ਕਵ੍ਯ.

ਹੜ: ਸੰਗ੍ਯਾ- ਪ੍ਰਵਾਹ। ੨. ਰੋੜ੍ਹ ਦਾ ਜਲ. "ਗੋਬਿੰਦ ਭਜਨ ਬਿਨੁ ਹੜ ਕਾ ਜਲ." (ਟੋਡੀ ਮਃ ੫) ਭਾਵ- ਥੋੜੇ ਸਮੇ ਵਿੱਚ ਮਿਟ ਜਾਣ ਵਾਲੇ ਪਦਾਰਥ। ੨. ਹਾੜ. ਮਰੇ ਹੋਏ ਯੋਧਾ ਦੀ ਰਣ ਭੂਮਿ ਵਿੱਚ ਧੁਨਿ.[339] "ਹੜ ਬੋਲਤੇ ਜਿਸ ਠੋਰ." (ਗੁਪ੍ਰਸੂ)

ਹੜ ਹੜ: ਅਨੁ. ਅੱਟਹਾਸ ਦੀ ਧੁਨਿ. ਉੱਚੇ ਸੁਰ ਨਾਲ ਕੀਤੀ ਹਾਸੀ. "ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ." (ਚੰਡੀ ੩)

ਹੜਨਾ: ਕ੍ਰਿ- ਪ੍ਰਵਾਹ ਵਿੱਚ ਰੁੜ੍ਹਨਾ. ਵਹਿਣਾ.

---

[339] ਲੋਕਾਂ ਦਾ ਖਿਆਲ ਹੈ ਕਿ ਜੰਗ ਦੇ ਮੈਦਾਨ ਵਿੱਚ ਮਰੇ ਹੋਏ ਸੂਰਮਿਆਂ ਦੀਆਂ ਰੂਹਾਂ ਮਾਰੋ ਮਾਰੋ ! ਫੜੋ ਫੜੋ ! ਆਦਿ ਸ਼ਬਦ ਕਰਦੀਆਂ ਹਨ.

ਹੜਤਾਲ: ਦੇਖੋ, ਹਟਤਾਲ। ੨. ਦੇਖੋ, ਹਰਤਾਲ.

ਹੜੱਪਣਾ: ਕ੍ਰਿ. ਨਿਗਲ ਜਾਣਾ. ਬਿਨਾ ਦੰਦ ਲਾਏ ਅੰਦਰ ਕਰਨਾ.

ਹੜੱਪਾ: ਸੰਗਯਾ- ਹੜੱਪਣ ਦੀ ਕ੍ਰਿਯਾ। ੨. ਜਿਲਾ ਮਾਂਟਗੁਮਰੀ ਦਾ ਇੱਕ ਨਗਰ, ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਮੁਲਤਾਨ ਵੱਲ ਵਿਚਰਦੇ ਹੋਏ ਵਿਰਾਜੇ ਹਨ. ਗੁਰਦ੍ਵਾਰੇ ਦਾ ਨਾਉਂ "ਨਾਨਕਸਰ" ਹੈ. ਦੇਖੋ, ਨਾਨਕ ਸਰ ਨੰ: ੩.

ਇੱਥੇ ਇੱਕ ਪੁਰਾਣਾ ਥੇਹ ਖੋਦਣ ਤੋਂ ਬਹੁਤ ਪੁਰਾਣੀਆਂ ਚੀਜ਼ਾਂ ਨਿਕਲ ਰਹੀਆਂ ਹਨ, ਜਿਨ੍ਹਾਂ ਨੂੰ ਵੇਖਕੇ ਵਿਦ੍ਵਾਨਾਂ ਨੇ ਅਨੁਮਾਨ ਲਾਇਆ ਹੈ ਕਿ ਇਹ ਵਸਤੂਆਂ ਈਸਾ ਦੇ ਜਨਮ ਤੋਂ ੩੦੦੦ ਵਰ੍ਹੇ ਪਹਿਲਾਂ ਦੀਆਂ ਹਨ.

ਹੜੱਪੂ: ਵਿ- ਨਿਗਲ ਜਾਣ ਵਾਲਾ। ੨. ਸਰਵਭਕ੍ਸ਼ੀ.

ਹੜਬੜ: ਦੇਖੋ, ਹੜਬੜੀ.

ਹੜਬੜਾਨਾ: ਕ੍ਰਿ- ਘਬਰਾਉਣਾ. ਵ੍ਯਾਕੁਲ ਹੋਣਾ। ੨. ਘਬਰਾਹਟ ਵਿੱਚ ਕਾਹਲੀ ਕਰਨੀ. "ਹੜਬੜਾਇ ਪਹੁਚੀ ਦੁਖਿਆਰੀ." (ਗੁਪ੍ਰਸੂ)

ਹੜਬੜੀ: ਸੰਗਯਾ- ਵ੍ਯਾਕੁਲਤਾ. ਘਬਰਾਹਟ। ੨. ਹਲਚਲ। ੩. ਕਾਹਲੀ.

ਹੜਵਾਣੀ: ਹੜ- ਪਾਣੀ. ਪ੍ਰਵਾਹ ਦਾ ਜਲ। ੨. ਦਰਿਆ, ਜਿਸ ਵਿੱਚ ਜਲ ਦਾ ਪ੍ਰਵਾਹ ਚਲਦਾ ਹੈ. "ਰੱਤੂ ਦੇ ਹੜਵਾਣੀ ਚੱਲੇ ਬੀਰ ਖੇਤ." (ਚੰਡੀ ੩) "ਨਿੰਦਕ ਲਾਇਤਬਾਰ ਮਿਲੇ ਹੜਵਾਣੀਐ." (ਵਾਰ ਮਲਾ ਮ: ੧) ਨਿੰਦਕ ਅਤੇ ਚੁਗਲ ਵੈਤਰਣੀ ਦੇ ਪ੍ਰਵਾਹ ਵਿੱਚ ਪੈ ਗਏ। ੩. ਸੰ. हुड्डूकवानीर ਹੱਡੂਕਵਾਨੀਰ. ਚੰਡਾਲ ਦੀ ਬੈਤ. ਨਿੰਦਕ ਅਤੇ ਚੁਗਲਾਂ ਨੂੰ ਜੇਲ ਵਿੱਚ ਚੰਡਾਲਾਂ ਤੋਂ ਬੈਤ ਲਗਦੇ ਹਨ.

ਹਾ: ਸੰ. ਧਾ- ਛੱਡਣਾ. ਤ੍ਯਾਗ ਕਰਨਾ. ਫਿਰਨਾ. ਘੁੰਮਨਾ. ਜਾਣਾ। ੨. ਵਿ- ਹਨਨ ਕਰਤਾ. ਮਾਰਨ ਵਾਲਾ. "ਸੰਜੋਗ ਨਾਮ ਸਤ੍ਰੁ ਹਾ." (ਪਾਰਸਾਵ) ੩. ਵ੍ਯ- ਸ਼ੋਕ।੪ ਦੁੱਖ। ੫. ਨਿੰਦਾ। ੬. ਫ਼ਾ. ہا ਬਹੁਵਚਨ ਵਾਸਤੇ ਸ਼ਬਦ ਦੇ ਅੰਤ ਲਗਦਾ ਹੈ. ਜੈਸੇ- ਹਜ਼ਾਰਹਾ.

ਹਾਂ: ਵ੍ਯ- ਅੰਗੀਕਾਰ ਅਤੇ ਸੰਮਤੀ ਬੋਧਕ ਸ਼ਬਦ। ੨. ਠੀਕ, ਸਹੀ, ਆਦਿਕ ਦੀ ਥਾਂ ਵਰਤੀਦਾ ਹੈ। ੩. ਸਿਮ੍ਰਿਤੀ (ਚੇਤਾ) ਬੋਧਕ ਭੀ ਹੈ। ੪. ਫ਼ਾ. ہاں ਖ਼ਬਰਦਾਰ!

ਹਾਉਭਾਉ: ਦੇਖੋ, ਹਾਵ ਭਾਵ.

ਹਾਊ: ਵਿ- ਹਤਨ ਕਰਤਾ. ਘਾਤਕ। ੨. ਸੰਗਯਾ- ਅਗ੍ਯਾਨੀਆਂ ਦੀ ਕਲਪੀ ਹੋਈ ਬਲਾ, ਜਿਸ ਦਾ ਭੈ ਬੱਚਿਆਂ ਨੂੰ ਦਿੱਤਾ ਜਾਂਦਾ ਹੈ. ਮਾਊਂ. ਹਊਆ "ਵਾਕ ਕ੍ਰੂਰ ਤੇ ਝਿਰਕਤੋ ਹਾਊ ਇਤ ਓਰਾ." (ਗੁਪ੍ਰਸੂ)

ਹਾਇ: ਵ੍ਯ- ਸ਼ੋਕ ਅਤੇ ਦੁੱਖ ਬੋਧਕ. "ਹਾਇ ਹਾਇ ਕਰੇ ਦਿਨੁ ਰਾਤਿ." (ਧਨਾ ਛੰਤ ਮ: ੪) ੨. ਦੇਖੋ, ਹਾਇ ਭਾਇ.

ਹਾਇਹੂ: ਦੇਖੋ, ਹਾਯ ਹੂ.

ਹਾਇ ਭਾਇ: ਦੇਖੋ, ਹਾਵ ਭਾਵ. "ਬਿਸੇਖ ਹਾਇ ਭਾਇ ਕੈ." (ਰਾਮਾਵ) "ਹਾਇ ਭਾਇ ਬਹੁ ਭਾਂਤ ਦਿਖਾਏ." (ਚਰਿਤ੍ਰ ੧੬)

ਹਾਇਲ: ਦੇਖੋ, ਹਾਯਲ.

ਹਾਈ: ਸੰਗਯਾ- ਇੱਕ ਨੀਲੇ ਰੰਗ ਦੀ ਮੱਖੀ, ਜੋ ਜ਼ਖਮ ਉੱਪਰ ਬੈਠਕੇ ਬਹੁਤ ਕੀੜੇ ਪੈਦਾ ਕਰਦੀ ਹੈ. ਅੰ. Blue Bottle fly। ੨. ਸੰ. ਅਸ੍ਮਿ ਦੀ ਥਾਂ ਹਾਈ ਸ਼ਬਦ ਹੈ. "ਤੂੰ ਮੇਰਾ ਗੁਰੁ ਹਾਈ." (ਸੋਰ ਮ: ੫) ਤੂੰ ਮੇਰਾ ਗੁਰੂ ਹੈਂ। ੩. ہائے ਬਹੁਵਚਨ ਬੋਧਕ ਸ਼ਬਦ. ਇਸ ਦਾ ਪ੍ਰਯੋਗ ਸ਼ਬਦਾਂ ਦੇ ਅੰਤ ਹੁੰਦਾ ਹੈ "ਗਿਆਨੀ ਧਿਆਨੀ ਗੁਰ ਗੁਰ ਹਾਈ." (ਸੋਦਰੁ) ਗੁਰੁਹਾਇ ਗੁਰੁ. ਦੇਖੋ,

ਅੰ. High । ੪. ਵਿ- ਹਨਨ ਕਰਤਾ. ਘਾਤਕ. "ਦਲੰਹੋਤ ਹਾਈ." (ਗੁਵਿ ੧੦)

ਹਾਸ: ਦੇਖੋ, ਹਸ ਧਾ. ਸੰਗ੍ਯਾ- ਹਾਸੀ। ੨. ਠੱਠਾ। ੩. ਰਾਜਪੂਤਾਂ ਦਾ ਇੱਕ ਗੋਤ.

ਹਾਂਸ: ਸੰਗ੍ਯਾ- ਇਸਤ੍ਰੀਆਂ ਦਾ ਇੱਕ ਗਹਿਣਾ, ਜੋ ਗਲੇ ਪਹਿਨੀਦਾ ਹੈ. ਹੱਸ.

ਹਾਸਤਾ: ਹਸਦਾ. ਹਾਸ੍ਯ ਕਰਦਾ. ਦੇਖੋ, ਖਿਰ ਖਿਰ.

ਹਾਸਦ: ਦੇਖੋ, ਹਾਸਿਦ.

ਹਾਸਿਲ: ਅ਼. حاصل ਹ਼ਾਸਿਲ. ਵਿ- ਪ੍ਰਾਪਤ। ੨. ਸੰਗ੍ਯਾ- ਨਤੀਜਾ. ਫਲ। ੩. ਪ੍ਰਯੋਜਨ. ਮਤਲਬ। ੪. ਮਹਿਸੂਲ. ਮੁਆਮਲਾ. "ਹੁਕਮ ਹਾਸਲ ਕਰੀ ਬੈਠਾ." (ਸ੍ਰੀ ਮਃ ੧)

ਹਾਸਾ: ਦੇਖੋ, ਹਾਸ.

ਹਾਸਿਦ: ਅ਼. حاسد ਹ਼ਾਸਿਦ. ਵਿ- ਹ਼ਸਦ (ਈਰਖਾ) ਕਰਨ ਵਾਲਾ. ਦੂਜੇ ਦੀ ਵਿਭੂਤਿ ਅਤੇ ਵਡਿਆਈ ਦੇਖਕੇ ਜਲਣ ਵਾਲਾ. "ਸੀਖਤਾ ਹਾਸਿਦ ਜਨੋਂ ਕੀ ਪਜਾਰੀ ਮਾਨ ਨਵਾਬ." (ਪੰਪ੍ਰ)

ਹਾਸਿਲ: ਦੇਖੋ, ਹਾਸਲ.

ਹਾਸੀ: ਦੇਖੋ, ਹਾਸ.

ਹਾਂਸੀ: ਦੇਖੋ, ਹਾਸ. ਹੱਸੀ। ੨. ਪੰਜਾਬ ਦੇ ਹਿਸਾਰ ਜਿਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਹਿਸਾਰ ਤੋਂ ਪੰਦ੍ਰਾਂ ਮੀਲ ਹੈ. ਇਹ ਰਾਜਪੂਤਾਨਾ ਮਾਲਵਾ ਰੇਲਵੇ ਦਾ ਸਟੇਸ਼ਨ ਹੈ. ਹਾਂਸੀ ਅਨੰਗ ਪਾਲ ਪ੍ਰਿਥੀਰਾਜ, ਮਸਊਦ ਅਤੇ ਜਾਰਜ ਟਾਮਸ ਆਦਿਕਾਂ ਦੀ ਰਾਜਧਾਨੀ ਰਹੀ ਹੈ. ਸਨ ੧੯੦੩ ਵਿੱਚ ਇਹ ਅੰਗ੍ਰੇਜ਼ਾਂ ਦੇ ਹੱਥ ਆਈ. ਇਹ ਚਿਰ ਤੀਕ ਅੰਗ੍ਰੇਜ਼ੀ ਛਾਉਣੀ ਰਹੀ. ਸਨ ੧੯੫੭ ਦੇ ਗਦਰ ਵਿੱਚ ਇੱਥੋਂ ਦੀ ਫੌਜ ਨੇ ਬਾਗੀ ਹੋਕੇ ਬਹੁਤ ਅੰਗ੍ਰੇਜ਼ਾਂ ਦੇ ਪ੍ਰਾਣ ਲਏ. ਹੁਣ ਇਸ ਥਾਂ ਛਾਉਣੀ ਨਹੀਂ ਹੈ, ਪਰ ਕਾਸ਼ਤਕਾਰੀ ਦੀ ਫ਼ਾਰਮ ਬਹੁਤ ਸੁੰਦਰ ਹੈ.

ਹਾਸੀਆ, ਹਾਸ਼ੀਯਹ: ਅ਼. حاشیہ ਹ਼ਾਸ਼ੀਯਹ. ਕਿਨਾਰਾ. ਗੋਠ.

ਹਾਸ੍ਯ: ਸੰ. ਸੰਗ੍ਯਾ- ਹਾਸੀ। ੨. ਮਖੌਲ. ਠੱਠਾ। ੩. ਕਾਵ੍ਯ ਦੇ ਨੌ ਰਸਾਂ ਵਿੱਚੋਂ ਇੱਕ ਰਸ. ਦੇਖੋ, ਰਸ.

ਹਾਹ: ਵ੍ਯ- ਸ਼ੋਕ ਅਤੇ ਅਚਰਜ (ਆਸ਼ਚਰਯ) ਬੋਧਕ.

ਹਾਹਲਾ: ਸੰਗ੍ਯਾ- ਹਾਹਾਕਾਰ ਦੀ ਧੁਨਿ. ਵਿਲਾਪ.

ਹਾਹਾ: ਵ੍ਯ- ਹਾਹਾਕਾਰ ਸ਼ੋਕ ਦੁੱਖ ਬੋਧਕ ਸ਼ਬਦ। ੨. ਪਸ਼ਚਾਤਾਪ. ਤੋਬਾ. "ਹਾਹਾ ਪ੍ਰਭੁ ਰਾਖਿਲੇਹੁ." (ਧਨਾ ਮਃ ੫) ੩. ਇੱਕ ਗੰਧਰਵ. ਦੇਖੋ, ਹਾਹਾ ਹੂਹੂ। ੪. ਹਾਸ੍ਯ ਦੀ ਧੁਨਿ."ਹਾਹਾ ਕਰਤ ਬਿਹਾਨੀ ਅਵਧਹਿ." (ਜੈਤ ਮਃ ੫) ੫. ਹ ਅੱਖਰ ਦਾ ਉੱਚਾਰਣ. ਹਕਾਰ. "ਹਾਹਾ ਹੋਤ ਹੋਇ ਨਹੀ ਜਾਨਾ." (ਗਉ ਬਾਵਨ ਕਬੀਰ)

ਹਾਂ ਹਾਂ: ਵ੍ਯ- ਅੰਗੀਕਾਰ। ੨. ਠੀਕ. ਯਥਾਰਥ. ਸਹੀ ੩. ਓਹੋ! ਅਹੋ ਹੋ! "ਹਾਂ ਹਾਂ ਲਪਟਿਓ ਰੇ ਮੂੜੇ." (ਟੋਡੀ ਮਃ ੫) ੪. ਨਿਰਸੰਦੇਹ. ਬਿਨਾ ਸੰਸੇ. "ਹਾਂ ਹਾਂ ਮਨ ਚਰਨ ਰੇਨੁ." (ਕਾਨ ਮਃ ੫)

ਹਾਹਾ ਹੂਹੂ: ਸੰ. ਗੰਧਰਵਾਂ ਦੇ ਸਰਦਾਰ, ਜੋ ਇੰਦ੍ਰਸਭਾ ਦੇ ਗਵੈਯੇ ਹਨ. "ਹਾਹਾ ਹੂਹੂ ਗੰਧ੍ਰਬ ਅਪਸਰਾ." (ਮਲਾ ਮਃ ੫. ਪੜਤਾਲ) ਗਜੇਂਦ੍ਰਮੋਕ੍ਸ਼ (ਜੋ ਮਹਾਭਾਰਤ ਵਿੱਚੋਂ ਪਾਠ ਹੈ, ਉਸ) ਵਿੱਚ ਲਿਖਿਆ ਹੈ ਕਿ ਹਾਹਾ ਅਤੇ ਹੂਹੂ ਨੂੰ ਆਪਣੀ ਵਿਦ੍ਯਾ ਦਾ ਅਭਿਮਾਨ ਹੋ ਗਿਆ ਇਸ ਕਰਕੇ ਦੇਵਲ ਰਿਖੀ ਦੇ ਸ੍ਰਾਪ ਨਾਲ ਗਜਰਾਜ ਅਤੇ ਤੰਦੂਆ ਬਣੇ.

ਹਾਹਾ ਕਾਰ: ਸੰਗਯਾ- ਹੈ ਹੈ ਦੀ ਧੁਨਿ. ਵਿਲਾਪ.

ਹਾਹੁਕ, ਹਾਹੁਕਾ: ਸੰਗਯਾ- ਠੰਢਾ ਸਾਹ. ਹਾਂ ਸ਼ਬਦ ਕਹਿਕੇ ਲੰਮਾ ਸਾਹ ਲੈਣ ਦੀ ਕ੍ਰਿਯਾ. "ਹਾਹੁਕ ਲੇਤ ਗਈ ਸਭ ਹੀ." (ਕ੍ਰਿਸਨਾਵ)

ਹਾਕ: ਸੰਗਯਾ- ਪੁਕਾਰ. ਆਵਾਜ਼. ਸੱਦ. "ਜਰਾ ਹਾਕ ਦੀ ਸਭ ਮਤਿ ਥਾਕੀ." (ਸੂਹੀ ਕਬੀਰ) ਜਦ ਬੁਢੇਪੇ ਨੇ ਹਾਕ ਮਾਰੀ, ਤਦ ਸਾਰੀ ਬੁੱਧਿ ਥਕ ਗਈ। ੨. ਦੇਖੋ, ਹਕ. "ਸੋਈ ਸਚ ਹਾਕ." (ਵਾਰ ਰਾਮ ੨. ਮਃ ੫) ੩. ਦੇਖੋ, ਹਾਕੁ.

ਹਾਂਕ: ਸੰਗਯਾ- ਪ੍ਰੇਰਣਾ। ੨. ਪੁਕਾਰ. ਟੇਰ। ੩. ਦੇਖੋ, ਹਾਂਕਿ.

ਹਾਂਕਨਾ: ਕ੍ਰਿ- ਹੱਕਣਾ. ਪ੍ਰੇਰਣਾ. ਚਲਾਉਣਾ। ੨. ਧਕੇਲਣਾ.

ਹਾਕਮ: ਅ਼. حاکم ਹ਼ਾਕਿਮ. ਵਿ- ਹੁਕਮ ਕਰਨ ਵਾਲਾ.

ਹਾਕਮਰਾਇ: ਬਹਾਦੁਰ ਸ਼ਾਹ ਦਾ ਮੁਸਾਹਿਬ, ਜਿਸ ਨੂੰ ਭਾਈ ਨੰਦਲਾਲ ਜੀ ਨਾਲ ਮਿਲਾਕੇ ਬਾਦਸ਼ਾਹ ਨੇ ਦਸ਼ਮੇਸ਼ ਪਾਸ ਭੇਜਿਆ ਕਿ ਸਤਿਗੁਰੂ ਉਸ ਦੀ, ਜਜੋਵਾਨ ਦੇ ਜੰਗ ਵਿੱਚ, ਸਹਾਇਤਾ ਕਰਨ.

ਹਾਕਲ, ਹਾਕਲਾ: ਇੱਕ ਛੰਦ. ਇਸਦਾ ਨਾਉਂ ਸੁਧਾਧਰ ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੧੪. ਮਾਤ੍ਰਾ. ਪਹਿਲਾ ਵਿਸ਼੍ਰਾਮ ੯. ਪੁਰ, ਦੂਜਾ ੫. ਪੁਰ, ਅੰਤ ਦੋ ਗੁਰੁ.

ਉਦਾਹਰਣ-

ਗਲ ਮਾਲਾ ਤਿਲਕ, ਲਿਲਾਟੰ,

ਦੁਇ ਧੋਤੀ ਬਸਤ੍ਰ, ਕਪਾਟੰ. xxx

(ਵਾਰ ਆਸਾ)

ਅਣਮੜਿਆ ਮੰਦਲ ਬਾਜੈ।

ਬਿਨ ਸਾਵਨ ਘਨਹਰ ਗਾਜੈ।

ਬਾਦਲ ਬਿਨ ਵਰਖਾ ਹੋਈ।

ਜਉ ਤੱਤੁ ਬਿਚਾਰੈ ਕੋਈ. (ਸੋਰ ਨਾਮਦੇਵ) ੨. ਦੇਖੋ, ਹਕਲਾ.

ਹਾਕਾਰੜਾ, ਹਾਕਾਰਾ: ਵਿ- ਹਕਾਰਨ (ਬੁਲਾਉਣ) ਵਾਲਾ. ਹਰਕਾਰਹ. "ਦਰਿ ਹਾਕਾਰੜਾ ਆਇਆ ਹੈ.". (ਵਡ ਮਃ ੧. ਅਲਾਹਣੀ) "ਹਾਕਾਰਾ ਆਇਆ ਜਾ ਤਿਸੁ ਭਾਇਆ." (ਵਡ ਮਃ ੧. ਅਲਾਹਣੀ)

ਹਾਂਕਿ: ਸਰਵ- ਅਹੰ. ਮੈ। ੨. ਵਜ- ਮੈ ਜੁ. "ਹਾਂਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰ." (ਸਵੈਯੇ ਮਃ ੫. ਕੇ) ੩. ਬਿਨਾ ਸੰਸੇ. ਨਿਃ ਸੰਦੇਹ.

ਹਾਕਿਨੀ: ਤੰਤ੍ਰ ਸ਼ਾਸਤ੍ਰ ਅਨੁਸਾਰ ਇੱਕ ਚੁੜੇਲ ਜਾਤਿ.

ਹਾਕੁ: ਦੇਖੋ, ਹਕ ਅਤੇ ਹਾਕ. "ਦਿਲਾ ਕਾ ਮਾਲਿਕ ਕਰੇ ਹਾਕੁ." (ਰਾਮ ਮ ੫) ਹੱਕ (ਧਰਮ ਨਿਆਂ) ਕਰਦਾ ਹੈ.

ਹਾਂਕੇ: ਦੇਖੋ, ਹਾਂਕਿ.

ਹਾਜਤ: ਅ਼. حاجت ਹ਼ਾਜਤ. ਸੰਗਯਾ- ਜਰੂਰਤ. ਲੋੜ.

ਹਾਜਮਾ: ਅ਼. هاضمه ਹਾਜ਼ਿਮਹ. ਹਜ਼ਮ ਕਰਨ (ਪਚਾਉਣ) ਦੀ ਤਾਕਤ. ਪਾਚਨ ਸ਼ਕਤਿ. Digestive power.

ਹਾਜਰ: ਅ਼. حاضر ਹ਼ਾਜ਼ਿਰ. ਵਿ- ਮੌਜੂਦ. ਉਪਸ੍ਥਿਤ। ੨. ਜਾਹਰ. ਪ੍ਰਤੱਖ. "ਓਇ ਹਾਜਰੁ ਮਿਠਾ ਬੋਲਦੇ." (ਵਾਰ ਗਉ ੧. ਮਃ ੪)

ਹਾਜਰ ਹਜੂਰ: ਅ਼. حاضر حضور ਹ਼ਾਜ਼ਿਰ ਹ਼ਜ਼ੂਰ. ਵਿ- ਪ੍ਰਤ੍ਯਕ੍ਸ਼ ਮੌਜੂਦ. ਸਾਮ੍ਹਣੇ. ਪ੍ਰਗਟ. "ਕਿ ਹਾਜਰ ਹਜੂਰ ਹੈ." (ਜਾਪੁ)

ਹਾਜਰਜਵਾਬ: ਅ਼. حاضر جواب ਹ਼ਾਜ਼ਿਰਜਵਾਬ. ਉਹ ਆਦਮੀ ਜੋ ਉਸੇ ਵੇਲੇ ਉੱਤਰ ਦੇਵੇ. ਜਿਸ ਨੂੰ ਪ੍ਰਸ਼ਨ ਦਾ ਉੱਤਰ ਤੁਰਤ ਫੁਰੇ.

ਹਾਜਰਨਾਮਹ, ਹਾਜਰਨਾਮਾ: ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੋਂ ਬਣਾਇਆ ਹੋਇਆ ਇੱਕ ਸ਼ਬਦ, ਜਿਸ ਦੇ ਮੁੱਢ ਪਾਠ ਹੈ- "ਹਾਜਰਾਂ ਕੋ ਮਿਹਰ ਹੈ." "ਹਾਜਰਨਾਮਾ ਕੀਨ ਬਖਾਨਾ." (ਨਾਪ੍ਰ) ੨. ਭਾਈ ਹਰਨਾਮ ਸਿੰਘ ਦਾ ਬਣਾਇਆ ਹੋਇਆ ਇੱਕ ਰਹਿਤਨਾਮਾ.

ਹਾਜਰਾ ਹਜੂਰ: ਦੇਖੋ, ਹਾਜਰ ਹਜੂਰ. "ਹਾਜਰਾ ਹਜੂਰ ਦਰ ਪੇਸ ਤੋ ਮਨੀ." (ਤਿਲੰ ਨਾਮਦੇਵ)

ਹਾਜਰਾਤ: ਅ਼. حضرات ਹ਼ਾਜ਼ਰਾਤ. ਜਿੰਨ ਭੂਤ ਆਦਿ ਨੂੰ ਹ਼ਾਜ਼ਿਰ ਕਰਨ ਦੀ ਕ੍ਰਿਯਾ. "ਹਾਜਰਾਤ ਜਬ ਬੈਠ ਮੰਗਾਵੈ। ਦੇਵ ਭੂਤ ਜਿੰਨਾਤ ਬੁਲਾਵੈ." (ਚਰਿਤ੍ਰ ੧੩੫)

ਹਾਜਰੀ: ਅ਼. حاضری ਹ਼ਾਜ਼ਿਰੀ. ਮੌਜੂਦਗੀ. ਹ਼ਾਜ਼ਿਰ ਹੋਣ ਦਾ ਭਾਵ.

ਹਾਜਰੁ: ਦੇਖੋ, ਹਾਜਰ.

ਹਾਜਾ: ਅ਼. هذا ਹਾਜ਼ਾ. ਸਰਵ- ਯਹ. ਇਹ.

ਹਾਜੀ: ਹੱਜ ਕਰਨ ਵਾਲਾ. ਦੇਖੋ, ਹੱਜ. "ਜੋ ਦਿਲ ਸੋਧੈ ਸੋਈ ਹਾਜੀ." (ਮਾਰੂ ਸੋਲਹੇ ਮਃ ੫) ੨. ਹਜਵ (ਨਿੰਦਾ) ਕਰਨ ਵਾਲਾ. ਨਿੰਦਕ.

ਹਾਜੀਪੁਰ: ਬਿਹਾਰ ਦੇ ਇਲਾਕੇ ਮੁਜ਼ੱਫਰਪੁਰ ਜਿਲੇ ਦਾ ਇੱਕ ਪ੍ਰਸਿੱਧ ਨਗਰ. "ਹੰਸ ਕੈਸੀ ਹਾਜੀਪੁਰ." (ਅਕਾਲ)

ਹਾਂਝੀ: ਦੇਖੋ, ਹੰਜੀ.

ਹਾਟ: ਸੰਗਯਾ- ਹੱਟ. ਦੁਕਾਨ. "ਆਜੁ ਮੈ ਬੈਸਿਓ ਹਰਿ ਹਾਟ." (ਮਲਾ ਮਃ ੫) ੨. ਦੇਖੋ, ਹਟਣਾ. "ਮਾਇਆ ਗਈਆ ਹਾਟ." (ਸਾਰ ਮਃ ੫)

ਹਾਟਕ: ਸੰ. ਸੰਗਯਾ- ਧਤੂਰਾ। ੨. ਸੁਵਰਣ. ਸੋਇਨਾ. "ਕਟਿ ਸ਼ਮਸ਼ੇਰ ਮੁਸ੍ਰਿ ਜਿਸ ਹਾਟਕ." (ਗੁਪ੍ਰਸੂ)

ਹਾਟਕਪੁਰ: ਸੰਗਯਾ- ਲੰਕਾ, ਜੋ ਸੁਵਰਣ ਦੀ ਬਣੀ ਹੋਈ ਲਿਖੀ ਹੈ ੨. ਕੁੰਦਨਪੁਰ ਦਾ ਅਨੁਵਾਦ ਰੂਪ ਸ਼ਬਦ. ਦੇਖੋ, ਕੁੰਦਨਪੁਰ.

ਹਾਟਕੀ: ਵਿ- ਹਾਟਕ (ਸੁਵਰਣ) ਦਾ. ਸੋਇਨੇ ਦਾ ਬਣਿਆ ਹੋਇਆ.

ਹਾਟਲੀ: ਦੇਖੋ, ਹਾਟੁਲੀ.

ਹਾਟਿ: ਸੰਗਯਾ- ਹੱਟੀ. ਦੁਕਾਨ। ੨. ਕ੍ਰਿ. ਵਿ- ਹਟਕੇ. ਮੁੜਕੇ. "ਮ੍ਰਿਗ ਪਕਰੇ ਘਰ ਆਣੇ ਹਾਟਿ." (ਭੈਰ ਮਃ ੫) ੩. ਹੱਟ (ਦੁਕਾਨ) ਤੇ. "ਤਿਸੁ ਜਨ ਕੇ ਹਮ ਹਾਟਿ ਬਿਹਾਝੇ." (ਮਲਾ ਮਃ ੪)

ਹਾਟਿਓ: ਵਿ- ਹਟਿਆ. ਮੁੜਿਆ. ਬਾਜ਼ ਆਇਆ. "ਨਿੰਦਕ ਗੁਰ ਕਿਰਪਾ ਤੇ ਹਾਟਿਓ." (ਟੋਡੀ ਮਃ ੫) ੨. ਸੰਗਯਾ- ਦੁਕਾਨਦਾਰੀ. "ਝੂਠੇ ਬਨਜਿ ਉਠਿ ਹੀ ਗਈ ਹਾਟਿਓ." (ਮਲਾ ਰਵਿਦਾਸ) ੩. ਹੱਟ. ਦੁਕਾਨ.

ਹਾਟੀ: ਸੰਗਜਾ- ਹੱਟੀ. ਦੁਕਾਨ। ੨. ਗ੍ਰਿਹ ਘਰ. "ਹਾਟੀ ਬਾਟੀ ਰਹਹਿ ਨਿਰਾਲੇ." (ਸਿਧਗੋਸਟਿ) ਘਰ ਅਤੇ ਮਾਰਗ. ਭਾਵ- ਅੰਦਰ ਬਾਹਰ। ੩. ਵਿ- ਹਟੀ. ਮਿਟੀ. ਦੂਰ ਹੋਈ.

ਹਾਟੀਬਾਟੀ: ਵਾ- ਹੱਟੀ ਅਤੇ ਵਾਟਿਕਾ. ਘਰ ਅਤੇ ਬਾਗ. ਮਕਾਨ ਅਤੇ ਜੰਗਲ. ਗ੍ਰਿਹਸਥ ਅਤੇ ਸੰਨਿਆਸ. "ਹਾਟੀ ਬਾਟੀ ਰਹਹਿ ਨਿਰਾਲੇ." (ਸਿਧਗੋਸਟਿ)

ਹਾਟੁ: ਦੇਖੋ, ਹਾਟ.

ਹਾਟੁਲੀ: ਸੰਗਜਾ- ਹੱਟੀ. ਦੁਕਾਨ. ਦੇਖੋ, ਸਫਰੀ.

ਹਾਟੇ: ਹਟੇ. ਰੁਕੇ. "ਮਾਇਆ ਬਿਖ ਮਮਤਾ ਇਹ ਬਿਆਧਿ ਤੇ ਹਾਟੇ." (ਗੂਜ ਮਃ ੫)

ਹਾਟੈ: ਹਟਦਾ ਹੈ. "ਗੁਰ ਕਾ ਸਿਖ ਬਿਕਾਰ ਤੇ ਹਾਟੈ." (ਸੁਖਮਨੀ)

ਹਾਟੈਹਾਟ, ਹਾਟੋਹਾਟ: ਵਾ- ਦੁਕਾਨ ਦੁਕਾਨ ਤੇ. ਹਰੇਕ ਹੱਟ. ਇੱਕ ਹੱਟ ਤੋਂ ਦੂਜੀ ਹੱਟ. "ਰੋਵਹੁ ਸਾਕਤੁ ਬਾਪੁਰੇ ਜੁ ਹਾਟੈ ਹਾਟ ਬਿਕਾਇ." (ਸ. ਕਬੀਰ) ਭਾਵ- ਅਨੇਕ ਯੋਨੀਆਂ ਅਤੇ ਸੁਰਗ ਨਰਕ ਆਦਿ ਲੋਕਾਂ ਵਿੱਚ.

ਹਾਟੋਲੀ: ਸੰਗਜਾ- ਬਾਜਾਰ. ਹੱਟੀਆਂ ਦੀ ਪੰਕਤਿ ੨. ਹਟਵਾਣੀਆਂ.

ਹਾਠ: ਵਿ- ਹਠ ਕਰਨ ਵਾਲਾ. ਦ੍ਰਿੜ੍ਹਚਿੱਤ. "ਰਿਸਵੰਤ ਹਾਠ ਹਮੀਰ." (ਕਲਕੀ) "ਫੌਜ ਸਤਾਣੀ ਹਾਠ ਪੰਜਾਂ ਜੋੜੀਐ." (ਵਾਰ ਗੂਜ ੨. ਮਃ ੫) ੨. ਸੰਗਜਾ- ਪੱਖ. ਧਿਰ. "ਹਾਠਾ ਦੋਵੈ ਕੀਤੀਓ." (ਵਾਰ ਮਾਰੂ ੨. ਮਃ ੫) ਪ੍ਰਵ੍ਰਿੱਤਿ ਅਤੇ ਨਿਵ੍ਰਿੱਤਿ ਦੋਵੇਂ ਧਿਰਾਂ। ੩. ਫੌਜ ਦਾ ਪਰਾ. "ਡਹੇ ਜੁ ਖੇਤ ਜਟਾਲੇ ਹਾਠਾਂ ਜੋੜਕੈ." (ਚੰਡੀ ੩)

ਹਾਠਾਂ: ਹਾਠਦਾ ਬਹੁਵਚਨ. ਦੇਖੋ, ਹਾਠ.

ਹਾਠੀ: ਵਿ- ਹਠ ਵਾਲਾ। ੨. ਸਿੰਧੀ. ਸ਼ਰੀਰ ਦੀ ਬਣਾਵਟ। ੩. ਚਿਤਾ (ਚਿਖਾ) ਦੀ ਭਸਮ.

ਹਾਠੀਸਾ: ਸੰਗਜਾ- ਹਠ- ਈਪ੍ਸਾ. ਹਠੇਪ੍ਸਾ. ਹਠ ਇੱਛਾ. ਹਠ ਨਾਲ ਪ੍ਰਾਪਤ ਕਰਨ ਦੀ ਵਾਸਨਾ. "ਕੂੜੇ ਮੂਰਖ ਕੀ ਹਾਠੀਸਾ." (ਸੂਹੀ ਮਃ ੫)

ਹਾਠੀਲਾ: ਵਿ- ਹਠੀਆ। ੨. ਸੰਗਜਾ- ਹਠਵ੍ਰਿੱਤਿ. ਜਿਦ. ਅੜ. "ਤਿਆਗਹੁ ਮਾਨ ਹਾਠੀਲਾ." (ਗੂਜ ਮਃ ੫)

ਹਾਠੂ ਸਿੰਘ: ਸੰਮਤ ੧੮੧੫ ਵਿੱਚ ਜਦ ਅਹਿਮਦ ਸ਼ਾਹ ਦੁੱਰਾਨੀ ਦੇ ਸਾਮ੍ਹਣੇ ਕੁਝ ਕੈਦੀ ਸਿੰਘ ਪੇਸ਼ ਹੋਏ, ਤਦ ਸ਼ਾਹ ਨੇ ਆਖਿਆ ਕਿ ਸਿੰਘ (ਸ਼ੇਰ) ਤਾਂ ਹਾਥੀ ਨਾਲ ਲੜ ਸਕਦਾ ਹੈ, ਕੀ ਤੁਸੀਂ ਸਿੰਘ ਕਹਾਉਣ ਵਾਲੇ ਭੀ ਹਾਥੀ ਦਾ ਮੁਕਾਬਲਾ ਕਰ ਸਕਦੇ ਹੋਂ? ਹਾਠੂ ਸਿੰਘ ਨੇ ਹਾਥੀ ਨਾਲ ਲੜਨ ਦੀ ਇੱਛਾ ਪ੍ਰਗਟ ਕੀਤੀ. ਇਸ ਦਾ ਹੌਸਲਾ, ਧੀਰਯ ਅਤੇ ਬਲ ਦੇਖਕੇ ਅਹਿਮਦ ਸ਼ਾਹ ਖੁਸ਼ ਹੋ ਗਿਆ ਅਤੇ ਸਾਰੇ ਸਿੱਖ ਛੱਡ ਦਿੱਤੇ. (ਪੰਪ੍ਰ) ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ ਅਹਿਮਦ ਸ਼ਾਹ ਨੇ ਇਸ ਨੂੰ ਮਰਵਾ ਦਿੱਤਾ.[340]

ਹਾਠੋ, ਹਾਠੌ: ਵਿ- ਹਠੀਆ. ਹਠ ਧਰਮ ਵਾਲਾ.

ਹਾਡ: ਸੰਗਜਾ- ਹੱਡ. ਅਸਿਥ. "ਹਾਡ ਮਾਸ ਨਾੜੀ ਕੋ ਪਿੰਜਰ." (ਸੋਰ ਰਵਿਦਾਸ)

ਹਾਡਸਨ: W. S. R. Hodson. ਇਹ ਪਾਦਰੀ ਜਾਰਜ ਹਾਡਸਨ ਦਾ ਪੁਤ੍ਰ ਸੀ. ਇਸ ਦਾ ਜਨਮ ੧੯. ਮਾਰਚ ਸਨ ੧੮੨੧ ਨੂੰ ਇੰਗਲੈਂਡ ਵਿੱਚ ਹੋਇਆ. ਇਸ ਨੇ ਪਲਟਨ ਵਿੱਚ ਨੌਕਰ ਹੋ ਕੇ ਸਿੱਖਾਂ ਨਾਲ ਮੁਦਕੀ ਸਬਰਾਉਂ ਆਦਿਕ ਥਾਵਾਂ ਪੁਰ ਲੜਾਈ ਕੀਤੀ. ਬਦਦਿਆਨਤੀ ਦੇ ਕਲੰਕ ਨਾਲ ਇਹ ਨੌਕਰੀਓਂ ਹਟਾਇਆ ਗਿਆ. ਸਨ ੧੮੫੭ ਦੇ ਗ਼ਦਰ ਵਿੱਚ ਇਸ ਨੇ

---

[340] ਪ੍ਰਾਚੀਨ ਪੰਥਪ੍ਰਕਾਸ਼ ਦਾ ਲੇਖ ਸਤਜ ਹੈ.

ਚੰਗੀ ਸੇਵਾ ਦਿਖਾਈ, ਜਿਸ ਤੋਂ ਇਹ ਇੱਕ ਰਸਾਲੇ ਦਾ ਸਰਦਾਰ ਥਾਪਿਆ ਗਿਆ ਅਰ ਉਸ ਦਾ ਨਾਉਂ "ਹਾਡਸਨ ਹੌਰਸ" (Hodson Horse) ਹੋਇਆ. ਹਾਡਸਨ ਬਹੁਤ ਬੇਰਹਮ ਸੀ. ਇਸ ਨੇ ਦਿੱਲੀ ਦੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਪੁੱਤਾਂ ਸਮੇਤ ਹੁਮਾਯੂੰ ਦੇ ਮਕਬਰੇ ਤੋਂ ਫੜਿਆ ਸੀ ਅਤੇ ਸ਼ਾਹਜ਼ਾਦਿਆਂ ਨੂੰ ਹੱਥੀਂ ਮਰਾਨ ਦੀ ਕਲੰਕ ਮੱਥੇ ਲਿਆ.

ਹਾਡਸਨ ੧੧. ਮਾਰਚ ੧੮੫੮ ਨੂੰ ਬੇਗਮ ਕੋਠੀ ਦੇ ਹੱਲੇ ਵਿੱਚ ਲਖਨਊ ਮਾਰਿਆ ਗਿਆ.

ਹਾਡਫੋਰਨੀ: ਹੱਡ ਭੰਨਣੀ. ਥਕਾਣ ਅਥਵਾ ਤਾਪ ਆਦਿ ਰੋਗਾਂ ਦੇ ਕਾਰਣ ਹੱਡਾਂ ਵਿੱਚ ਅਜੇਹੀ ਪੀੜ ਹੋਣੀ ਕਿ ਮਾਨੋ ਟੁੱਟ ਰਹੇ ਹਨ.

ਹਾਡਾ: ਇੱਕ ਰਾਜਪੂਤ ਜਾਤਿ. ਚੌਹਾਨ ਵੰਸ਼ ਵਿੱਚ ਚੌਹਾਨ ਤੋਂ ੧੫੬ ਵੀਂ ਪੀੜ੍ਹੀ "ਭਾਨੁਰਾਜ" ਪ੍ਰਤਾਪੀ ਰਾਜਾ ਹੋਇਆ, ਜੋ ਦੁਰਗਾ ਦਾ ਵਡਾ ਭਗਤ ਸੀ. ਇੱਕ ਦਿਨ ਸ਼ਿਕਾਰ ਗਏ ਭਾਨੁਰਾਜ ਨੂੰ ਜੰਗਲ ਵਿੱਚ "ਗਭੀਰ" ਰਾਖਸ਼ ਨੇ ਖਾ ਲਿਆ. ਦੁਰਗਾ ਨੇ ਭਾਨੁਰਾਜ ਦੀਆਂ ਹੱਡੀਆਂ ਨੂੰ ਇੱਕਠਾ ਕਰਕੇ ਆਪਣੀ ਸ਼ਕਤੀ ਨਾਲ ਪ੍ਰਾਣ ਦਿੱਤੇ ਅਤੇ ਉਸ ਦੀ ਸੰਗਯਾ ਹੱਡ (ਹਾਡਾ) ਥਾਪੀ. ਭਾਨੁਰਾਜ ਤੋਂ ਚਲੀ ਰਾਜਪੂਤ ਕੁਲ "ਹਾਡਾ" ਪ੍ਰਸਿੱਧ ਹੈ, ਜਿਸ ਵਿੱਚ ਮਹਾਰਾਉ ਬੂੰਦੀ ਹਨ. (ਦੇਖੋ, ਮੁਰਾਰੀਦਾਨ ਕ੍ਰਿਤ ਡਿੰਗਲ ਕੋਸ਼) "ਗਾਡਾ ਚਲੈ ਨ ਹਾਡਾ ਚਲ ਹੈ." (ਵਿਚਿਤ੍ਰ) ਗੱਡਿਆ ਹੋਇਆ ਥੰਮ੍ਹ ਭਾਵੇਂ ਚਲੇ ਪਰ ਰਾਜਪੂਤ ਜੰਗ ਤੋਂ ਨਹੀਂ ਚਲਦਾ. "ਹਾਡਾ ਆਲਮ ਚੰਦ ਹੈ." (ਭਾਗੁ) ੨. ਕਾਂਗੜੇ ਦੇ ਜਿਲੇ ਇੱਕ ਮਜੂਰ ਪੇਸ਼ਾ ਜਾਤਿ.

ਹਾਂਡਾ: ਸੰਗਯਾ- ਵਡੀ ਹਾਂਡੀ. ਚਾਟਾ. ਤੌਲਾ. "ਲੂਣ ਹਾਂਡਾ ਫੜਿਆ." (ਭਾਗੁ) ੨. ਇੱਕ ਖਤ੍ਰੀ ਗੋਤ. ਇਸ ਗੋਤ ਦੇ ਲੋਕ ਝਟਕਾ ਨਹੀਂ ਖਾਂਦੇ ਅਤੇ ਸ਼ੇਖ ਫ਼ਰੀਦ ਜੀ ਨੂੰ ਕੁਲਪੀਰ ਮੰਨਦੇ ਹਨ.

ਹਾਡੀ: ਹਾਡਾ ਦੀ ਇਸਤ੍ਰੀ. ਰਾਜਪੂਤਨੀ. "ਤਬ ਹਾਡੀ ਪਤਿ ਸੋਂ ਨਹਿਂ ਜਰੀ." (ਚਰਿਤ੍ਰ ੧੯੫) ੨. ਵਿ- ਹੱਡ ਚੂਸਣ ਵਾਲਾ. ਮਾਸ ਦਾ ਅਤਿ ਪ੍ਰੇਮੀ.

ਹਾਂਡੀ: ਸੰ. हण्डा ਅਤੇ हाण्डिका ਹੰਡਾ ਅਤੇ ਹੰਡਿਕਾ ਸੰਗਯਾ- ਹੰਡਿਯਾ. ਭੋਜਨ ਪਕਾਉਣ ਦਾ ਪਾਤ੍ਰ."ਕੁੰਭਾਰ ਕੇ ਘਰ ਹਾਂਡੀ ਆਛੈ." (ਟੋਡੀ ਨਾਮਦੇਵ)

ਹਾਂਡੀ ਵਾਲੀ ਸੰਗਤ: ਦੇਖੋ, ਦਾਨਾਪੁਰ.

ਹਾਂਢਣਾ, ਹਾਂਢਨ: ਕ੍ਰਿ- ਫਿਰਨਾ. ਘੁੰਮਣਾ. ਦੇਖੋ, ਹੰਢਣਾ. "ਦਹ ਦਿਸਿ ਚਲਿ ਚਲਿ ਹਾਂਢੇ." (ਗਉ ਮਃ ੪) "ਕਰੈ ਨਿੰਦ ਬਹੁ ਜੋਨੀ ਹਾਂਢੈ." (ਗੌਂਡ ਰਵਿਦਾਸ) "ਜੋਨੀ ਹਾਂਢੀਐ." (ਵਾਰ ਰਾਮ ੨. ਮਃ ੫)

ਹਾਣ: ਦੇਖੋ, ਹਾਣਿ ਅਤੇ ਹਾਨ.

ਹਾਣਤ: ਸੰ. ਹੀਨਤਾ. ਸੰਗਯਾ- ਕਮੀ. ਘਾਟਾ. ਨਯੂਨਤਾ। ੨. ਨੁਕਸਾਨ. "ਹਾਣਤ ਕਦੇ ਨ ਹੋਇ." (ਵਾਰ ਬਿਹਾ ਮਃ ੩) ੨. ਅ਼. اہانت ਇਹਾਨਤ. ਹਤਕ. ਅਪਮਾਨ. ਤੌਹੀਨ.

ਹਾਣਿ, ਹਾਣੀ: ਸੰ. ਹਾਨਿ. ਸੰਗਯਾ- ਨੁਕਸਾਨ. ਕ੍ਸ਼ਤਿ. "ਪਰਘਰੁ ਜੋਹੈ ਹਾਣੇ ਹਾਣਿ." (ਸਿਧਗੋਸਟਿ) ਘਾਟਾ ਹੀ ਘਾਟਾ ਹੈ. ਬਹੁਤ ਨੁਕਸਾਨ ਹੈ. "ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ." ( ਵਾਰ ਮਾਝ ਮਃ ੨) ਹਾਨਿ ਨੂੰ ਹਾਨਿ ਪਹੁੰਚਾਉਂਦਾ ਹੈ। ੨. ਸੰ. ਹਾਯਨੀ. ਵਿ- ਹਮ ਉਮਰ. ਹਾਯਨ (ਵਰ੍ਹੇ)ਵਿੱਚ ਜੋ ਸਮਾਨ ਹੋਵੇ. "ਨਵ ਹਾਣਿ ਨਵ ਧਨ ਸਬਦਿ ਜਾਗੀ, ਆਪਣੇ ਪਿਰ ਭਾਈਆ." (ਬਿਲਾ ਛੰਤ ਮਃ ੧)

ਹਾਣੁ: ਦੇਖੋ, ਹਾਣਿ.

ਹਾਣੇਹਾਣੁ: ਦੇਖੋ, ਹਾਣਿ। ੨. ਸੰ. ਹਾਨੇਃ ਹਾਨਿਃ ਨੁਕਸਾਨ ਤੋਂ ਭੀ ਨੁਕਸਾਨ.

ਹਾਤ: ਦੇਖੋ, ਹਤ। ੨. ਸੰ. हात ਹਾਤ. ਤਿਆਗਿਆ ਹੋਇਆ। ੨. ਹਾਤਵ੍ਯ. ਤਿਆਗਣ ਯੋਗ੍ਯ. ਤਰਕ ਕਰਨੇ ਲਾਇਕ.

"ਬਿਨ ਨਾਮ ਨਾਨਕ ਹਾਤ." (ਕਾਨ ਮਃ ੫) ੩. ਅ਼. ہات ਲਿਆ. ਦੇਹ.

ਹਾਤਕ: ਵਿ- ਹਤ ਕਰਨ ਵਾਲਾ. ਨਾਸ਼ ਕਰਤਾ. "ਅਨਿਕ ਭਾਂਤ ਕੇ ਪਾਤਕ ਹਾਤਕ" (ਗੁਪ੍ਰਸੂ)

ਹਾਤਮ: ਹਾਤਿਮਤਾਈ ਦਾ ਸੰਖੇਪ.

ਹਾਤਾ: ਅ਼. اِحاطہ ਇਹ਼ਾਤ਼ਹ. ਘੇਰਾ. ਵਲਗਣ। ੨. ਦੇਸ਼ ਦਾ ਮੰਡਲ। ੩. ਦੇਖੋ, ਹਤ। ੪. ਪਹਾੜੀ ਮੁਸਲਮਾਨ ਜੋ ਪੰਜਾਬ ਵਿੱਚ ਭਾਰ ਢੋਂਦੇ ਅਤੇ ਲੱਕੜਾਂ ਪਾੜਦੇ ਹਨ, ਉਨ੍ਹਾਂ ਦੀ ਭੀ ਹਾਤਾ ਸੰਗਯਾ ਹੈ.

ਹਾਤਿਫ: ਅ਼. ہاتِف ਹਾਤਿਫ਼. ਸੰਗਯਾ- ਆਕਾਸ਼ ਬਾਣੀ ਕਰਨ ਵਾਲਾ ਫ਼ਰਿਸ਼੍ਤਾ.

ਹਾਤਿਮ: ਅ਼. حاتم ਹ਼ਾਤਿਮ. ਵਿ- ਫੈਸਲਾ ਕਰਨ ਵਾਲਾ.

ਹਾਤਿਮਤਾਈ: ਤਾਈ ਵੰਸ਼ ਦਾ ਇੱਕ ਅਰਬੀ ਸਰਦਾਰ, ਜੋ ਨੀਤੀਨਿਪੁਣ, ਦਾਨੀ, ਅਤੇ ਵਡਾ ਧਰਮਾਤਮਾ ਸੀ. ਇਹ ਹਜਰਤ ਮੁਹੰਮਦ ਦੇ ਜਨਮ ਤੋਂ ਪਹਿਲਾਂ ਹੋਇਆ ਹੈ. ਇਸ ਦੀ ਸ਼ੁਭ ਸਿਖਯਾ ਭਰੀ ਪੁਸਤਕ ਦਾ ਉਲਥਾ ਫਾਰਸੀ ਉਰਦੂ ਅੰਗ੍ਰੇਜ਼ੀ ਆਦਿ ਅਨੇਕ ਜ਼ੁਬਾਨਾਂ ਵਿੱਚ ਦੇਖੀਦਾ ਹੈ.

ਹਾਤੇ: ਨਾਸ਼ ਹੋਏ. ਦੇਖੇ, ਹਤ. "ਕੋਟਿ ਦੋਖ ਰੋਗਾ ਪ੍ਰਭੁ ਦ੍ਰਿਸਟਿ ਤੁਹਾਰੀ ਹਾਤੇ." (ਦੇਵ ਮਃ ੫) ੨. ਹਾਤਾ ਦਾ ਬਹੁ ਵਚਨ.

ਹਾਤ੍ਰੀ: ਸੰ. हर्तृ ਹਰ੍ਤ੍ਰਿ. ਵਿ- ਚੁਰਾਉਣ ਵਾਲਾ। ੨. ਲੈਜਾਣਾ ਵਾਲਾ। ੩. ਦੇਖੋ, ਹੰਤਾ.

ਹਾਥ: ਸੰਗਯਾ- ਹੱਥ ਹਸ੍ਤ. "ਸਤਿਗੁਰੁ ਕਾਢਿਲੀਏ ਦੇ ਹਾਥ." (ਕਾਨ ਮਃ ੪) ੨. ਬੇੜੀ (ਨੌਕਾ) ਚਲਾਉਣ ਦਾ ਚੱਪਾ. "ਨਾ ਤੁਲਹਾ ਨਾ ਹਾਥ." (ਵਾਰ ਮਲਾ ਮਃ ੧) ੩. ਕਰਣ. ਪਤਵਾਰ। ੪. ਥਾਹ. ਡੂੰਘਿਆਈ ਦਾ ਥੱਲਾ. "ਸੁਣਿਐ ਹਾਥ ਹੋਵੈ ਅਸਗਾਹੁ." (ਜਪੁ) ਅਥਾਹ ਦਾ ਥਾਹ ਪ੍ਰਾਪਤ ਹੁੰਦਾ ਹੈ. "ਹਮ ਡੂਬਿ ਰਹੇ ਪਾਈ ਨਹੀ ਹਾਥ." (ਕਾਨ ਮਃ ੪)

ਹਾਥ ਚਰਨਾ, ਹਾਥ ਚੜਨਾ: ਕ੍ਰਿ- ਦੇਖੋ, ਹਥ ਚੜਨਾ. "ਹਾਥ ਚਰਿਓ ਹਰਿ ਥੋਕਾ." (ਗੂਜ ਮਃ ੫)

ਹਾਥ ਡਾਰਨਾ, ਹਾਥ ਡਾਲਨਾ: ਕ੍ਰਿ- ਕਿਸੇ ਦੇ ਕੰਮ ਵਿੱਚ ਦਖ਼ਲ ਦੇਣਾ। ੨. ਜ਼ਬਰਦਸ੍ਤੀ ਕਰਨੀ। ੩. ਵਿਭਚਾਰ ਲਈ ਇਸਤ੍ਰੀ ਨੂੰ ਫੜਨਾ. "ਤੈਂ ਮੁਹਿ ਡਾਰਾ ਹਾਥ ਬਤੈਹੋਂ." (ਚਰਿਤ੍ਰ ੨੯੬)

ਹਾਥਦੇਨਾ: ਕ੍ਰਿ- ਸਹਾਰਾ ਦੇਣਾ. ਹੱਥ ਦਾ ਸਹਾਰਾ ਦੇਕੇ ਬਚਾਉਣਾ. "ਹਾਥ ਦੇਇ ਰਾਖੇ ਪਰਮੇਸਰਿ." (ਗੂਜ ਮਃ ੫)

ਹਾਥ ਪਸਾਰਣਾ: ਕ੍ਰਿ- ਹੱਥ ਫੈਲਾਉਣਾ। ੨. ਮੰਗਣਾ। ੩. ਜਬਰ ਜੁਲਮ ਲਈ ਹੱਥ ਵਧਾਉਣਾ. "ਹਾਥ ਪਸਾਰਿ ਸਕੈ ਕੋ ਜਨ ਕੋ?" (ਬਿਲਾ ਕਬੀਰ)

ਹਾਥ ਪਛੋਰਨਾ, ਹਾਥ ਪਛੋੜਨਾ: ਕ੍ਰਿ- ਹੱਥ ਮੱਥੇ ਤੇ ਮਾਰਨੇ. ਹੱਥਾਂ ਨਾਲ ਛਾਤੀ ਪਿੱਟਣੀ. "ਹਾਥ ਪਛੋਰਹਿ ਸਿਰ ਧਰਨਿ ਲਗਾਹਿ." (ਭੈਰ ਮਃ ੫) "ਹਾਤ ਪਛੋੜੈ ਸਿਰੁ ਧੁਣੈ." (ਤਿਲੰ ਮਃ ੧)

ਹਾਥ ਲਗਾਨਾ: ਕ੍ਰਿ- ਹੱਥਾਂ ਦਾ ਜੋਰ ਦਿਖਾਉਣਾ। ੨. ਕਿਸੇ ਦਾ ਧਨ ਪਦਾਰਥ ਖੋਹਣਾ। ੩. ਹੱਥਾਂ ਨਾਲ ਤਾੜਨਾ, ਦੰਡ ਦੇਣਾ."ਮੁੰਡ ਕੋ ਮੁੰਡ ਉਤਾਰ ਦਿਯੋ, ਅਬ ਚੰਡ ਕੋ ਹਾਥ ਲਗਾਵਤ ਚੰਡੀ." (ਚੰਡੀ ੩)

ਹਾਥਾਲਾ: ਸੰਗਯਾ- ਥਾਹ. ਥੱਲਾ. ਤਲ. "ਸਾਗਰ ਗੁਣੀ ਅਥਾਹ, ਕਿਨ ਹਾਥਾਲਾ ਦੇਖੀਐ " (ਵਾਰ ਮਾਰੂ ੧. ਮਃ ੧) ੨. ਹਸ੍ਤ-ਤਲ. ਕਰਤਲ.

ਹਾਥਿ: ਹੱਥ ਵਿੱਚ. ਹਾਥ ਮੇਂ "ਹਾਥਿ ਤਿਸੈ ਕੈ ਨਾਬੇੜਾ." (ਮਾਰੂ ਸੋਲਹੇ ਮਃ ੫) ਨਾਬੇੜਾ (ਫੈਸਲਾ) ਉਸ ਕਰਤਾਰ ਦੇ ਹੱਥ ਹੈ। ੨. ਦੇਖੋ, ਵੰਝੀ.

ਹਾਥੀ: ਸੰ. ਹਸ੍ਤਿ. ਹਸ੍ਤ (ਸੁੰਡ) ਵਾਲਾ. "ਕਹਾ ਭਇਓ ਦਰਿ ਬਾਂਧੇ ਹਾਥੀ?" (ਧਨਾ ਨਾਮਦੇਵ) ਰਾਜਪੂਤਾਨੇ ਦੀ ਡਿੰਗਲ ਭਾਸ਼ਾ ਵਿੱਚ ਉਮਰ ਦੇ ਲਿਹਾਜ ਨਾਲ ਹਾਥੀ ਦੇ ਇਹ ਨਾਮ ਹਨ-

ਪੰਜ ਵਰ੍ਹੇ ਦਾ "ਬਾਲ."

ਦਸ ਵਰ੍ਹੇ ਦਾ "ਬੋਤ."

ਵੀਹ ਵਰ੍ਹੇ ਦਾ "ਬਿੱਕ."

ਤੀਹ ਵਰ੍ਹੇ ਦਾ "ਕਲਭ."

੨. ਭੁਜਾ (ਬਾਂਹ) ਜੋ ਹੱਥ ਨੂੰ ਧਾਰਨ ਕਰਦੀ ਹੈ. "ਗੁਰੁ ਹਾਥੀ ਦੈ ਨਿਕਲਾਵੈਗੋ." (ਕਾਨ ਅਃ ਮਃ ੪) "ਸੰਸਾਰ ਸਾਗਰ ਤੇ ਕਢੁ, ਦੇ ਹਾਥੀ." (ਵਡ ਮਃ ੫)

ਹਾਦਰ: ਅ਼. حاضر ਹ਼ਾਜ਼ਿਰ. ਮੌਜੂਦ. ਉਪਸ੍ਥਿਤ. "ਹਾਦਰ ਹੋਤ ਜਹਾਂ ਸਿਮਰੇ." (ਗੁਪ੍ਰਸੂ).

ਹਾਦਰ ਹਦੂਰ, ਹਾਦਰਾ ਹਦੂਰਿ: ਦੇਖੋ, ਹਾਜਰਹਜੂਰ। ੨. ਨੇੜੇ ਤੋਂ ਨੇੜੇ. "ਗਾਵੈ ਕੋ ਵੇਖੈ ਹਾਦਰਾ ਹਦੂਰਿ." (ਜਪੁ)

ਹਾਦਿਸਾ: ਅ਼. حادثہ ਹ਼ਾਦਿਸ਼ਹ. ਵਾਕ਼ਅ਼ (ਪ੍ਰਗਟ) ਹੋਣ ਵਾਲੀ ਵਡੀ ਬਾਤ. ਵਿਸ਼ੇਸ਼ ਘਟਨਾ.

ਹਾਦੀ: ਅ਼. ہادی ਵਿ- ਹਦਾਇਤ ਕਰਨ ਵਾਲਾ। ੨. ਸੰਗਜਾ- ਧਰਮ ਉਪਦੇਸ਼੍ਟਾ. ਗੁਰੂ। ੩. ਤੀਰ. ਬਾਣ.

ਹਾਧੋ: ਹੁੰਦਾ ਹੈ. ਹੋਤਾ ਹੈ. "ਗੁਰਮਤੀ ਸੁਧ ਹਾਧੋ." (ਕਾਨ ਮਃ ੪. ਪੜਤਾਲ)

ਹਾਨ: ਸੰ. ਸੰਗਜਾ- ਤਜਾਗ। ੨. ਦੇਖੋ, ਹਾਯਨ. "ਹਾਨ ਬਿਖੈ ਜੇਉ ਜ੍ਵਾਨ ਹੁਤੇ." (ਕ੍ਰਿਸਨਾਵ) ਜੋ ਹਾਯਨ (ਵਰ੍ਹਿਆਂ) ਵਿੱਚ ਸਮਾਨ ਸਨ. ਅਰਥਾਤ ਹਮਉਮਰ (ਹਾਣਿ) ਸਨ.

ਹਾਨਤ: ਅਪਮਾਨ. ਹਤਕ. ਨਿਰਾਦਰੀ. ਦੇਖੋ, ਹਾਣਤ ੩. "ਹਾਨਤ ਕਹਜੋ ਨਬੀ ਕੀ ਕਰੀ." (ਚਰਿਤ੍ਰ ੯੯)

ਹਾਨਿ, ਹਾਨੀ: ਦੇਖੋ, ਹਾਣਿ.

ਹਾਫਿਜ: ਅ਼. حافظ ਹ਼ਾਫ਼ਿਜ਼. ਵਿ- ਹ਼ਿਫ਼ਜ (ਕੰਠਾਗ੍ਰ) ਕਰਨ ਵਾਲਾ। ੨. ਖਾਸ ਕਰਕੇ ਕ਼ੁਰਾਨ ਸ਼ਰੀਫ ਦੇ ਕੰਠ ਕਰਨ ਵਾਲਿਆਂ ਲਈ ਇਹ ਸ਼ਬਦ ਵਰਤੀਦਾ ਹੈ। ੩. ਈਰਾਨ ਦਾ ਇੱਕ ਪ੍ਰਸਿੱਧ ਕਵੀ, ਜਿਸ ਦਾ ਦੀਵਾਨ ਉੱਤਮ ਕਾਵਜਗ੍ਰੰਥ ਹੈ. ਇਸ ਦਾ ਦੇਹਾਂਤ ਸਨ ੧੩੮੯ ਵਿੱਚ ਸ਼ੀਰਾਜ਼ ਹੋਇਆ ਹੈ, ਜਿੱਥੇ ਇਸ ਕਵਿ ਦਾ ਮਕਬਰਾ ਹੈ। ੪. ਬਹੁਤ ਲੋਕ ਅੰਨ੍ਹੇ ਮੁਸਲਮਾਨ ਨੂੰ ਭੀ ਹਾਫਿਜ ਆਖਦੇ ਹਨ. ਇਸ ਦਾ ਕਾਰਣ ਹੈ ਕਿ ਬਹੁਤ ਅੰਨ੍ਹੇ ਕ਼ੁਰਾਨ ਹ਼ਿਫਜ (ਕੰਠ) ਕਰ ਲੈਂਦੇ ਹਨ.

ਹਾਫਿਜਾ: ਅ਼. حافظہ ਹ਼ਾਫ਼ਿਜ਼ਹ. ਸੰਗਜਾ- ਚੇਤਾ. ਸਮਰਣ ਸ਼ਕਤਿ.

ਹਾਫਿਜਾਬਾਦ: ਜਿਲੇ ਗੁੱਜਰਾਂਵਾਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਅਕਬਰ ਬਾਦਸ਼ਾਹ ਦੇ ਮਾਲੀ ਅਹੁਦੇਦਾਰ ਹ਼ਾਫ਼ਿਜ ਨੇ ਵਸਾਇਆ ਹੈ. ਇਹ ਵਜੀਰਾਬਾਦ ਤੋਂ ਵੀਹ ਕੋਹ ਪੱਛਮ ਵੱਲ ਖਾਸ ਰੇਲਵੇ ਸਟੇਸ਼ਨ ਹੈ. ਕਸ਼ਮੀਰ ਤੋਂ ਹਟਦੇ ਹੋਏ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਥਾਂ ਵਿਰਾਜੇ ਹਨ. ਦਰਬਾਰ ਸੁੰਦਰ ਬਣਿਆ ਹੋਇਆ ਹੈ. ਚਾਲੀ ਘੁਮਾਉਂ ਜ਼ਮੀਨ ਹਾਫਿਜਾਬਾਦ ਵਿੱਚ ਅਤੇ ੨੮ ਘੁਮਾਉਂ ਪਿੰਡ ਬਟੇਰੇ ਵਿੱਚ ਸਿੱਖ ਰਾਜ ਸਮੇਂ ਦੀ ਹੈ. ੧੫. ਹਾੜ ਨੂੰ ਮੇਲਾ ਲਗਦਾ ਹੈ.

ਹਾਬਸੀ: ਦੇਖੋ, ਹਬਸ਼ੀ. "ਭਜੇ ਹਾਬਸੀ ਹਾਲਬੀ." (ਕਲਕੀ) ਹਬਸ਼ ਅਤੇ ਹਲਬ ਦੇ ਯੋਧਾ ਭੱਜੇ.

ਹਾਬਿਲ: ਦੇਖੋ, ਆਦਮ.

ਹਾਮਾ: ਸੰਗਜਾ- ਜ਼ਿੰਮੇਵਾਰੀ. ਹਾਂ ਮੈ ਇਸ ਦਾ ਪੱਖੀ ਹਾਂ, ਐਸਾ ਕਹਿਣਾ. ਹਾਮੀ. "ਗੁਰੁ ਪੀਰੁ ਹਾਮਾ ਤਾਂ ਭਰੇ, ਜਾ ਮੁਰਦਾਰੁ ਨ

ਖਾਇ." (ਵਾਰ ਮਾਝ ਮਃ ੧) "ਚੋਰ ਕੀ ਹਾਮਾ ਭਰੈ ਨ ਕੋਇ." (ਧਨਾ ਮਃ ੧) ਦੇਖੋ, ਹਾਮੀ.

ਹਾਮਿਲ: ਅ. حامل ਹ਼ਾਮਿਲ. ਵਿ- ਉਠਾਉਣ ਵਾਲਾ. ਲੈ ਜਾਣ ਵਾਲਾ. ਦੇਖੋ, ਹਮਲ.

ਹਾਮਿਲਾ: ਅ. حاملہ ਹ਼ਾਮਿਲਹ. ਹਮਲ ਵਾਲੀ. ਗਰਭਵਤੀ. ਦੇਖੋ, ਹਮਲ.

ਹਾਮੀ: ਅ. حامی ਹ਼ਾਮੀ. ਹਿਮਾਯਤ (ਸਹਾਇਤਾ) ਕਰਨ ਵਾਲਾ.

ਹਾਯਹੂ: ਫ਼ਾ. ہائےہو ਸੰਗਯਾ- ਹਾਲ ਦੁਹਾਈ. ਸ਼ੋਰ ਸ਼ਰਾਬਾ.

ਹਾਯਨ: ਸੰ. ਸੰਗਯਾ- ਸਾਲ. ਵਰ੍ਹਾ. "ਏਕ ਦੋਇ ਹਾਯਨ ਮੇ ਕੀਜਿਯੇ ਸੁਚੇਤ ਸੋ." (ਨਾਪ੍ਰ) ੨. ਧਾਨ. ਸ਼ਾਲੀ। ੩. ਅਗਨੀ ਦੀ ਲਾਟ.

ਹਾਯਲ: ਅ. حایل ਹ਼ਾਯਲ. ਵਿ- ਵਿੱਚ ਆਜਾਣ ਵਾਲਾ. ਰੋਕਣ ਵਾਲਾ. ਵਿਘਨਕਰਤਾ। ੨. ਬਦਲੇ ਹੋਏ ਰੰਗ ਵਾਲਾ. "ਭ੍ਰਿਤ ਮਿਤ ਪੂਤ ਪਠਾਇ, ਰਾਜਾ ਅਤਿ ਹਾਯਲ ਭਯੋ." (ਚਰਿਤ੍ਰ ੧੧੪) ੩. ਅ. ہایل ਹੌਲ (ਭੈ) ਦਾਇਕ. ਭਯੰਕਰ. ਡਰਾਵਣਾ.

ਹਾਰ: ਸੰਗਯਾ- ਪਰਾਜਯ. ਸ਼ਿਕਸ੍ਤ. ਦੇਖੋ, ਹਾਰੀ. "ਰਨ ਹਾਰ ਨਿਹਾਰ ਭਏ ਬਲ ਰੀਤੇ." (ਚੰਡੀ ੧) ੨. ਸੰ. ਮੋਤੀ ਫੁੱਲ ਆਦਿਕ ਦੀ ਮਾਲਾ. "ਹਾਰ ਡੋਰ ਰਸ ਪਾਟ ਪਟੰਬਰ." (ਤੁਖਾ ਬਾਰਹਮਾਹਾ) ੩. ਵਿ- ਹਰਣ ਵਾਲਾ. ਲੈ ਜਾਣ ਵਾਲਾ. ਢੋਣ ਵਾਲਾ. "ਰਾਮ ਭਗਤ ਕੇ ਪਾਨੀਹਾਰ." (ਗੌਂਡ ਮਃ ੫) ੪. ਪ੍ਰਤ੍ਯ- ਵਾਨ. ਵਾਲਾ. "ਦੇਖੈਗਾ ਦੇਵਣਹਾਰ." (ਸੋਹਿਲਾ) ੫. ਦੇਖੋ, ਸਵੈਯੇ ਦਾ ਰੂਪ ੧੯.

ਹਾਰਈ: ਹਾਰਦਾ ਹੈ. ਸ਼ਿਕਸ੍ਤ ਖਾਂਦਾ ਹੈ। ੨. ਹਾਰ (ਮਾਲਾ) ਰੂਪ ਹੈ. "ਨਾਮੁ ਨਿਧਾਨੁ ਰਿਦੈ ਉਰਿ ਹਾਰਈ." (ਸਵਾ ਮਃ ੫)

ਹਾਰ ਸਿੰਗਾਰ: ਸੰ. हार शृङ्गर ਸੰਗਯਾ- ਪਰਜਾਤਾ. L. Nyctanthes arbortristis. ਇੱਕ ਬਿਰਛ, ਜਿਸ ਦੇ ਸੁਗੰਧਿ ਵਾਲੇ ਚਿੱਟੇ ਰੰਗ ਦੇ ਫੁੱਲ ਹੁੰਦੇ ਹਨ ਅਰ ਡੰਡੀ ਸੁਨਹਿਰੀ ਰੰਗ ਦੀ ਹੁੰਦੀ ਹੈ, ਜਿਸ ਤੋਂ ਵਸਤ੍ਰ ਰੰਗੇ ਜਾਂਦੇ ਹਨ. ਦੇਖੋ, ਬਨਮਾਲਾ। ੨. ਹਾਰ ਆਦਿਕ ਸ਼੍ਰਿੰਗਾਰ.

ਹਾਰਕ: ਸੰ. ਵਿ- ਚਰਾਉਣ ਵਾਲਾ। ੨. ਲੈ ਜਾਣ ਵਾਲਾ. ਢੋਣ ਵਾਲਾ। ੩. ਮਿਟਾਉਣ ਵਾਲਾ.

ਹਾਰ ਜੁਆਰ ਜੁਆ ਬਿਧੇ: (ਗਉ ਮਃ ੫) ਜੂਏ ਵਿੱਚ ਜੁਆਰੀਏ ਦੀ ਹਾਰ ਵਾਂਙ.

ਹਾਰਣਾ: ਕ੍ਰਿ- ਸ਼ਿਕਸ੍ਤ ਖਾਣੀ. ਪਰਾਜਯ ਨੂੰ ਪ੍ਰਾਪਤ ਹੋਣਾ। ੨. ਬਲ ਦਾ ਘਟਣਾ.

ਹਾਰਦ: ਸੰ. ਹਾਦੀ ਵਿ- ਹ੍ਰਿਦੇ ਨਾਲ ਹੈ ਜਿਸ ਦਾ ਸੰਬੰਧ. ਦਿਲੀ. ਮਨ ਦਾ। ੨. ਸੰਗਯਾ- ਪ੍ਰੇਮ. ਪਿਆਰ। ੩. ਅਭਿਪ੍ਰਾਯ. ਮਨ ਦਾ ਭਾਵ.

ਹਾਰਲ: ਪ੍ਰਾ. ਲੰਞਾ. ਲੰਗ. "ਹਰਿ ਹਰਿ ਹਾਰਲ ਕੀ ਲਕਰੀ ਜਯੋਂ ਪ੍ਰੀਤਿ ਹੈ." (ਅਲੰਕਾਰ ਸਾਗਰ ਸੁਧਾ)

ਹਾਰਾ: ਵਿ- ਹਾਰਿਆ ਹੋਇਆ. ਪਰਾਜੈ ਨੂੰ ਪ੍ਰਾਪਤ ਹੋਇਆ. ਹਾਰ ਗਿਆ. "ਕਰਤ ਪਾਪ ਅਬ ਹਾਰਾ." (ਜੈਤ ਮਃ ੯) ੨. ਪ੍ਰਤ੍ਯ- ਵਾਲਾ."ਸਦਣਹਾਰਾ ਸਿਮਰੀਐ." (ਸੋਹਿਲਾ) ੩. ਸੰ. ਹਰਾਲਯ. ਹਰ (ਅਗਨਿ) ਦਾ ਆਲਯ (ਘਰ). ਸੰਗਯਾ- ਇੱਕ ਢੋਲ ਦੀ ਸ਼ਕਲ ਦਾ ਮਿੱਟੀ ਦਾ ਪਾਤ੍ਰ, ਜਿਸ ਵਿੱਚ ਪਾਥੀ ਆਦਿ ਨਾਲ ਜਲਾਕੇ ਦੁੱਧ ਸਾਗ ਖਿਚੜੀ ਆਦਿਕ ਪਕਾਉਂਦੇ ਹਨ.

ਹਾਰਾਇਅਨੁ: ਹਰਾ ਦਿੱਤੇ. ਪਰਾਜੈ ਕਰਾਏ. "ਇਕਿ ਮਨਮੁਖ ਕਰਿ ਹਾਰਾਇਅਨੁ." (ਵਾਰ ਕਾਨ ਮਃ ੪)

ਹਾਰਿ: ਹਾਰਕੇ. ਸ਼ਿਕਸ੍ਤ ਖਾਕੇ. "ਤਿਨ ਜਮੁ ਨੇੜਿ ਨ ਆਵੈ ਗੁਰਸਬਦੁ ਕਮਾਵੈ, ਕਬਹੁ ਨ ਆਵਹਿ ਹਾਰਿ ਜੀਉ."

ਹਾਰਿਓ, ਹਾਰਿਆ: ਵਿ- ਪਰਾਜੈ ਨੂੰ ਪ੍ਰਾਪਤ ਹੋਇਆ। ੨. ਬਲ ਰਹਿਤ ਹੋਇਆ.

ਹਾਰਿਜ: ਅ਼. خارج ਹ਼ਾਰਿਜ. ਹ਼ਰਜ (ਵਿਘਨ) ਕਰਨ ਵਾਲਾ.

ਹਾਰੀ: ਸੰ. ਸੰਗਯਾ- ਜੂਏ ਆਦਿਕ ਬਾਜੀਆਂ ਵਿੱਚ ਹਾਰਨ ਦੀ ਕ੍ਰਿਯਾ. ਹਾਰ. ਪਰਾਜੈ। ੨. ਮੁਸਾਫਰਾਂ ਦਾ ਟੋਲਾ. ਯਾਤ੍ਰੀਆਂ ਦਾ ਝੁੰਡ। ੩. ਮੋਤੀ। ੪. ਸੰ. ਹਾਰਿਨ ਵਿ- ਲੈ ਜਾਣ ਵਾਲਾ। ੫. ਚੁਰਾਉਣ ਵਾਲਾ। ੬. ਜਿਸ ਨੇ ਹਾਰ ਪਹਿਨਿਆ ਹੈ. ਹਾਰ (ਮਾਲਾ) ਵਾਲਾ। ੭. ਮਨੋਹਰ. ਦਿਲ ਚੁਰਾਉਣ ਵਾਲਾ. "ਜਿਨਿ ਦੀਏ ਭ੍ਰਾਤ ਪੁਤ ਹਾਰੀ." (ਰਾਮ ਅਃ ਮਃ ੫) ਹਾਰੀ ਸ਼ਬਦ ਸ਼ਾਇਦ ਇੱਥੇ "ਹਰਾ" ਦਾ ਰੂਪਾਂਤਰ ਹੈ. ਦੇਖੋ, ਹਰਾ ੬.। ੮. ਅਗਨਿ, ਜੋ ਦੇਵਤਿਆਂ ਨੂੰ ਬਲਿ ਪਹੁਚਾਉਂਦਾ ਹੈ। ੯. ਪ੍ਰਤਜ- ਵਾਲੀ. "ਪ੍ਰੇਮਾ ਭਗਤਿ ਉਪਾਵਨਹਾਰੀ, ਹਾਰੀ ਨਿੰਦਕ ਬ੍ਰਿੰਦਨ ਦਾਹ" (ਗੁਪ੍ਰਸੂ) ਨਿੰਦਕ ਦਾਹੁਣ ਨੂੰ ਹਾਰੀ (ਅਗਨਿ). ੧੦. ਸਿੰਧੀ. ਹਲ ਵਾਹੁਣ ਵਾਲਾ. ਹਾਲੀ.

ਹਾਰੁ: ਦੇਖੋ, ਹਾਰ.

ਹਾਰੂ: ਵਿ- ਹਰਣ ਕਰਤਾ. ਚੋਰ. "ਮਨਹਾਰੂ." (ਗੁਪ੍ਰਸੂ) ਦਿਲਚੋਰ.

ਹਾਰੂੰ: ਅ਼. ہارون Aaron. ਹਜਰਤ ਮੂਸਾ ਦਾ ਵਡਾ ਭਾਈ, ਜਿਸ ਦੀ ਗਿਣਤੀ ਨਬੀਆਂ ਵਿੱਚ ਹੈ. ਇਹ ਮੂਸਾ ਦੇ ਹੁਕਮਾਂ ਦੀ ਪੂਰੀ ਤਾਮੀਲ ਕਰਦਾ ਅਤੇ ਉਸ ਦਾ ਨਾਇਬ ਸੀ।

੨. ਹਜਰਤ ਈਸਾ ਦਾ ਮਾਮਾ, ਮੇਰੀ (ਮਰਯਮ) ਦਾ ਭਾਈ. ਇਹ ਹੰਨਾ ਦੇ ਉਦਰ ਤੋਂ ਇਮਰਾਨ ਦਾ ਪੁਤ੍ਰ ਸੀ. ਕਿਤਨਿਆਂ ਦਾ ਖਿਆਲ ਹੈ ਕਿ ਹਾਰੂੰ ਮੇਰੀ ਦਾ ਸੰਬੰਧ ਵਿੱਚ ਭਾਈ ਨਹੀਂ ਸੀ, ਕਿੰਤੂ ਇੱਕ ਪਵਿਤ੍ਰਾਤਮਾ ਪੁਰਖ ਧਰਮਭਾਈ ਸੀ।

੩. ਅੱਬਾਸਵੰਸ਼ੀ ਹਾਰੂੰ (ہارُون الرشید) ਪੰਜਵਾਂ ਖ਼ਲੀਫ਼ਾ ਸੀ, ਜੋ ੨੦. ਮਾਰਚ ਸਨ ੭੬੩ ਨੂੰ ਪੈਦਾ ਹੋਇਆ ਅਤੇ ਆਪਣੇ ਬਾਪ ਮਹਦੀ ਦੇ ਮਰਣ ਪੁਰ ਸਨ ੭੮੬ ਵਿੱਚ ਬਗਦਾਦ ਦੀ ਗੱਦੀ ਤੇ ਬੈਠਾ. ਇਹ ਵਡਾ ਪ੍ਰਤਾਪੀ ਬਾਦਸ਼ਾਹ ਹੋਇਆ ਹੈ. ਇਸ ਦਾ ਦੇਹਾਂਤ ਖੁਰਾਸਾਨ ਵਿੱਚ ੨੪ ਮਾਰਚ ਸਨ ੮੦੯ ਨੂੰ ਹੋਇਆ. ਹਾਰੂੰ ਦਾ ਮਕਬਰਾ ਤੂਸ (ਮਸ਼ਹਦ) ਵਿੱਚ ਹੈ.

ਭਾਈ ਸੰਤੋਖ ਸਿੰਘ ਨੇ ਨਾਨਕ ਪ੍ਰਕਾਸ਼ ਉੱਤਰਾਰਧ ਦੇ ੧੬. ਵੇਂ ਅਧ੍ਯਾਯ ਵਿੱਚ ਹਾਰੂੰ ਨੂੰ ਕਾਰੂੰ ਦਾ ਭਾਈ ਲਿਖਿਆ ਹੈ ਜੋ ਗਲਤ ਹੈ, ਐਸੇ ਹੀ ਕਾਰੂੰ ਦੀ ਕਥਾ ਭੀ ਮਨਘੜਤ ਹੈ. ਦੇਖੋ, ਕਾਰੂੰ.

ਹਾਰੂਤ: ਦੇਖੋ, ਫਰਿਸ਼ਤਾ.

ਹਾਰੂਨ: ਦੇਖੋ, ਹਾਰੂੰ.

ਹਾਰੋ: ਦੇਖੋ, ਹਾਰਾ। ੨. ਹਰਿਆ ਹੋਇਆ. "ਜੀਤੋ ਬੂਡੈ ਹਾਰੋ ਤਰੈ." (ਭੈਰ ਕਬੀਰ)

ਹਾਲ: ਅ਼. حال ਹ਼ਾਲ. ਸੰਗਯਾ- ਵਰਤਮਾਨ ਕਾਲ। ੨. ਪ੍ਰੇਮ. ਪਿਆਰ. "ਭਏ ਗਲਤਾਨ ਹਾਲ." (ਨਟ ਮਃ ੪. ਪੜਤਾਲ) ੩. ਹਾਲਤ. ਦਸ਼ਾ. "ਹਰਿ ਬਿਸਰਤ ਹੋਵਤ ਏਹ ਹਾਲ." (ਗਉ ਥਿਤੀ ਮਃ ੫) "ਅਨਬੋਲਤ ਹੀ ਜਾਨਹੁ ਹਾਲ." (ਬਿਲਾ ਮਃ ੫) ੪. ਪ੍ਰੇਮ ਦੀ ਮਸਤੀ, ਜਿਸ ਵਿੱਚ ਸਰੀਰ ਦੀ ਸੁਧ ਨਾ ਰਹੇ. "ਖੇਲਤ ਖੇਲਤ ਹਾਲ ਕਰਿ." (ਸ. ਕਬੀਰ) ੫. ਅਹਵਾਲ. ਵ੍ਰਿੱਤਾਂਤ. "ਬਨਾਵੈ ਗ੍ਰੰਥ ਹਾਲ ਹੈ." (ਕ੍ਰਿਸਨਾਵ) ੬. ਦਰਹਾਲ (ਛੇਤੀ) ਦਾ ਸੰਖੇਪ. ਸ਼ੀਘ੍ਰ.

ਹਾਲ ਹੂਲ: ਸੰਗਯਾ- ਹਾਲ ਦੁਹਾਈ। ੨. ਹਲਚਲੀ.

ਹਾਲ ਚਾਲ: ਦੇਖੋ, ਹਲਚਲ। ੨. ਰਹਿਣ ਵਰਤਣ ਦੀ ਹਾਲਤ. ਦਸ਼ਾ ਅਤੇ ਆਚਰਣ. ਜਿਵੇਂ- ਉਸ ਦਾ ਕੀ ਹਾਲ ਚਾਲ ਹੈ? (ਲੋਕੋ)

ਹਾਲਤ: ਅ਼. حالت ਹ਼ਾਲਤ. ਸੰਗਯਾ- ਦਸ਼ਾ.

ਹਾਲਬੀ: ਵਿ- ਹਲਬ ਨਾਲ ਸੰਬੰਧਿਤ. ਹਲਬ ਦਾ. ਦੇਖੋ, ਹਾਬਸੀ.

ਹਾਲਾ: ਸੰਗਜਾ- ਹਲ ਪਿੱਛੇ ਲਾਇਆ ਹੋਇਆ ਮੁਆਮਲਾ ਪ੍ਰਤਿ ਹਲ ਮੁਕੱਰਰ ਕੀਤਾ ਟੈਕਸ (ਮਹਸੂਲ) "ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ." (ਸੂਹੀ ਕਬੀਰ) ੨. ਸੰ. ਸ਼ਰਾਬ. ਮਦਿਰਾ. "ਪਿਯੈਂ ਏਕ ਹਾਲਾ ਗੁਹੈਂ ਏਕ ਮਾਲਾ." (ਰਾਮਚੰਦ੍ਰਿਕਾ) "ਹਾਲਾ ਸੇਵਨ ਜਿਨ ਕਰੀ ਕਾਲ ਨਿਮੰਤ੍ਰਣ ਦੀਨ। ਸੁਖ ਸੰਪਦ ਕੋ ਖੋਇਕੈ ਅੰਤ ਭਏ ਅਤਿ ਦੀਨ।" ੩. ਅ਼. حالا ਹ਼ਾਲਾ. ਕ੍ਰਿ. ਵਿ- ਹੁਣੇ. ਇਸੇ ਵੇਲੇ. "ਕਰਹੋਂ ਨਹਿ ਢੀਲ ਦੇਊਂ ਪਟ ਹਾਲਾ." (ਕ੍ਰਿਸਨਾਵ) ੪. ਫ਼ਾ. ہالہ ਹਾਲਹ. ਚੰਦ੍ਰਮਾ ਦਾ ਪਰਿਵੇਸ਼. Halo. ਰੌਸ਼ਨੀ ਦਾ ਚਕ੍ਰ, ਜੋ ਸੂਰਜ ਚੰਦ ਦੇ ਇਰਦ ਗਿਰਦ ਪੈ ਜਾਂਦਾ ਹੈ.

ਹਾਲਾਹਲ: ਦੇਖੋ, ਹਲਾਹਲ.

ਹਾਲਾ ਡੋਲ: ਸੰਗਜਾ- ਹਲਚਲੀ. "ਹਾਲਾ ਡੋਲ ਪਰਤ ਕੁਬੇਰ ਹੂੰ ਕੇ ਘਰ ਮੇ." (ਕਵਿ ੫੨)

ਹਾਲਾਪ੍ਰਿਯ: ਸੰ. ਵਿ- ਸ਼ਰਾਬ ਦਾ ਪ੍ਰੇਮੀ। ੨. ਸੰਗਜਾ- ਬਲਰਾਮ. ਕ੍ਰਿਸਨ ਜੀ ਦਾ ਵਡਾ ਭਾਈ, ਜਿਸ ਨੂੰ ਹਾਲਾ (ਸ਼ਰਾਬ) ਪਿਆਰੀ ਹੈ. "ਹਲੀ ਮਦਿਰਾ ਪੀਤਥੋ." (ਕ੍ਰਿਸਨਾਵ)

ਹਾਲੀ: ਫ਼ਾ. حالی ਹ਼ਾਲੀ. ਵਿ- ਵਰਤਮਾਨ ਕਾਲ ਦਾ। ੨. ਸੰਗਜਾ- ਨਜ਼ਾਮ ਹੈਦਰਾਬਾਦ ਦਾ ਰੁਪਯਾ, ਜੋ ਤੋਲ ਵਿੱਚ ਅੰਗ੍ਰੇਜ਼ੀ ਰੁਪਯੇ ਨਾਲੋਂ ਚਾਰ ਰੱਤੀ ਘੱਟ ਹੈ ਅਤੇ ਨਜ਼ਾਮ ਦੇ ਰਾਜ ਅੰਦਰ ਚੌਦਾਂ ਆਨੇ ਵਿੱਚ ਚਲਦਾ ਹੈ। ੩. ਉਰਦੂ ਦਾ ਇੱਕ ਕਵੀ, ਜੋ ਮੁਹੰਮਦ ਹੁਸੈਨ ਆਜ਼ਾਦ ਦੇ ਪੂਰਨਿਆਂ ਤੇ ਚੱਲਣ ਵਾਲਾ ਅਤੇ ਕੁਦਰਤੀ ਰੰਗ ਦੀ ਕਵਿਤਾ ਲਿਖਣ ਦੇ ਹੱਕ ਵਿੱਚ ਸੀ। ੪. ਸੰ. ਹਾਲਿਕ. ਹਲ ਚਲਾਉਣ ਵਾਲਾ. "ਮਨ ਹਾਲੀ ਕਿਰਸਾਣੀ ਕਰਣੀ." ( ਸੋਰ ਮਃ ੧)

ਹਾਵ: ਸੰ. ਸੰਗਜਾ- ਆਹ੍ਵਾਨ. ਬੁਲਾਉਣ ਦੀ ਕ੍ਰਿਯਾ। ੨. ਕਾਵਯ ਅਨੁਸਾਰ ਮਨ ਦੇ ਭਾਵ ਕਰਕੇ ਅੰਗਾਂ ਵਿੱਚ ਪੈਦਾ ਹੋਈ ਚੇਸ਼੍ਟਾ, ਜਿਸ ਤੋਂ ਚਿੱਤ ਦੇ ਖਿਆਲਾਤ ਪ੍ਰਗਟ ਹੋਣ. "ਹਾਵ ਪਰਸਪਰ ਦੁਹੂੰਅਨ ਭਯੋ." (ਚਰਿਤ੍ਰ (੩੬੭) ਦੇਖੋ, ਰਸ.

ਹਾਵਨ: ਫ਼ਾ. ہاون ਸੰਗਜਾ- ਖਰਲ। ੨. ਉੱਖਲੀ.

ਹਾਵਨ ਦਸ੍ਤਾ: ਉੱਖਲੀ ਅਤੇ ਮਸੂਲ. ਹਮਾਮ ਦਸਤਾ.

ਹਾਵ ਭਾਵ: ਦੇਖੋ, ਹਾਵ ਅਤੇ ਭਾਵ.

ਹਾਵਾ: ਸੰਗਜਾ- ਹਾਹੁਕਾ। ੨. ਪਛਤਾਵਾ. ਪਸ਼ਚਾਤਾਪ "ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ." (ਵਡ ਮਃ ੫) ੩. ਵਿਯੋਗ." "ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ." (ਗਉ ਛੰਤ ਮਃ ੧)

ਹਾਵਾਈ: ਸੰਗਜਾ- ਹਵਾ ਵਿੱਚ ਉਡਣ ਵਾਲੀ. ਆਤਿਸ਼ਬਾਜ਼ੀ. ਦੇਖੋ, ਹਵਾਈ. "ਜੈਸੇ ਹਾਵਾਈ ਛਿਨ ਵਿੱਚ ਆਸਮਾਨ ਨੂੰ ਚੜ ਜਾਂਦੀ ਹੈ." (ਜਸਾ) ੨. ਵਿ- ਹਵਾ ਤੁੱਲ. ਪੌਣ ਰੂਪ. "ਅਖੀ ਮੀਟ ਗਇਆ ਹਾਵਾਈ." (ਭਾਗੁ)

ਹਾਵੀ: ਅ਼. حاوی ਹ਼ਾਵੀ. ਵਿ- ਘੇਰਨ ਵਾਲਾ। ੨. ਕਾਬੂ ਕਰਨ ਵਾਲਾ. ਵਸ਼ ਕਰਨ ਵਾਲਾ.

ਹਾਵੇ, ਹਾਵੈ: ਹਾਵਾ ਦਾ ਬਹੁ ਬਚਨ. "ਤਿਨ ਕਦੇ ਨ ਚੁਕਨਿ ਹਾਵੇ." (ਵਾਰ ਰਾਮ ੨. ਮਃ ੫) ੨. ਹਾਵਿਆਂ ਕਰਕੇ. "ਨੀਦ ਨ ਆਵੈ ਹਾਵੈ." (ਬਿਲਾ ਮਃ ੫. ਪੜਤਾਲ)

ਹਾੜ: ਸੰਗਜਾ- ਰਣ ਭੂਮਿ ਵਿੱਚ ਮੋਏ ਯੋਧਿਆਂ ਦੀ ਧੁਨਿ. ਦੇਖੋ, ਹੜ ੩.। ੨. ਹਾੜ੍ਹ ਮਹੀਨਾ। ੩. ਪਾਣੀ ਦਾ ਹੜ੍ਹ. ਦੇਖੋ, ਓ। ੪. ਦੇਖੋ, ਹਾੜਨਾ.

ਹਾੜਨਾ: ਕ੍ਰਿ- ਜਾਚਣਾ. ਅੰਦਾਜ਼ਾ ਕਰਨਾ.

ਹਾੜੀ: ਸੰਗਜਾ- ਰੱਬੀ. ਆਸ਼ਾਢ (ਹਾੜ੍ਹ) ਤੀਕ ਆਉਣ ਵਾਲੀ ਫਸਲ। ੨. ਇਕ ਜੱਟ ਗੋਤ, ਜੋ ਰਿਆਸਤ ਜੀਂਦ ਦੇ ਇਲਾਕੇ

ਬਹੁਤ ਪਾਇਆ ਜਾਂਦਾ ਹੈ.

ਹਾੜੂ: ਵਿੱਜ ਗੋਤ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋਇਆ। ੨. ਦੇਖੋ, ਹਾੜ੍ਹ। ੩. ਹਾੜਨ (ਅੰਦਾਜ਼ਾ ਕਰਨ) ਵਾਲਾ। ੪. ਹਾੜੇਗਾ.

ਹਾੜੰਬਾ: ਮਗਹਰ ਦੇ ਆਸ ਪਾਸ ਦੀ ਜ਼ਮੀਨ. ਦੇਖੋ. ਮਗਹਰ "ਹਰਿ ਕਾ ਸੰਤ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ." (ਆਸਾ ਕਬੀਰ)

ਹਾੜੰਬੈ: ਹੜੰਬੇ ਵਿੱਚ. ਮਗਹਰ ਵਿੱਚ. ਦੇਖੋ, ਹਾੜੰਬਾ ਅਤੇ ਮਗਹਰ.

ਹਾੜ੍ਹ: ਦੇਖੋ, ਅਖਾੜ.

ਹਾੜ੍ਹੂ: ਹਾੜ੍ਹ ( ਆਸ਼ਾਢ- ਹਾੜ੍ਹ) ਮਹੀਨੇ ਹੋਣ ਵਾਲਾ.

ਹਿ: ਸੰ. ਧਾ- ਜਾਣਾ. ਪ੍ਰੇਰਣਾ. ਭੇਜਣਾ. ਦੁਖੀ ਹੋਣਾ. ਵਧਣਾ। ੨. ਵਜ- ਨਿਸ਼ਚਯ. ਯਕੀਨ। ੩. ਕਾਰਣ. ਸਬਬ। ੪. ਸ਼ਬਦ ਦੇ ਅੰਤ ਹਿ ਸ਼ਬਦ ਹੈ (ਅਸ੍ਤਿ) ਅਰਥ ਭੀ ਬੋਧਨ ਕਰਦਾ ਹੈ. "ਕਿ ਅਤਾਪਹਿ, ਕਿ ਅਥਾਪਹਿ." (ਗਜਾਨ) ੫. ਪੁਰਾਣੀ ਪੰਜਾਬੀ ਵਿੱਚ ਦੁਲਾਈਆਂ ਦੀ ਆਵਾਜ "ਹਿ" ਦਿੰਦਾ ਹੈ. ਯਥਾ- ਜਪੈ ਦੀ ਥਾਂ ਜਪਹਿ, ਕਰੈ ਦੀ ਥਾਂ ਕਰਹਿ ਆਦਿਕ। ੬. ਸ਼ਬਦ ਦੇ ਅੰਤ ਹਿ ਦੂਜੀ ਅਤੇ ਸੱਤਵੀਂ ਵਿਭਕਤੀ (ਕਾਰਕ) ਦਾ ਅਰਥ ਭੀ ਬੋਧਨ ਕਰਦਾ ਹੈ, ਜੈਸੇ- "ਜਿਸਹਿ ਜਗਾਇ ਪੀਆਵੈ ਇਹੁ ਰਸੁ." (ਸੋਹਿਲਾ) ਜਿਸ ਨੂੰ ਜਗਾਕੇ. "ਮਨਹਿ ਨ ਕੀਜੈ ਰੋਸੁ." (ਰਾਮ ਨਾਮਦੇਵ) ਮਨ ਵਿੱਚ ਰੋਸ ਨ ਕੀਜੈ.

ਹਿਅ, ਹਿਆ: ਸੰ. हृदय ਹ੍ਰਿਦਯ. ਸੰਗਜਾ- ਰਿਦਾ. ਮਨ.

ਹਿਆਂ: ਦੇਖੋ, ਹਿਆ ਅਤੇ ਹਜਾਂ.

ਹਿਆਉ: ਸੰਗਜਾ- ਹ੍ਰਿਦਯ. ਮਨ. ਹੀਆ. "ਤਪੈ ਹਿਆਉ ਜੀਅੜਾ ਬਿਲਲਾਇ." (ਧਨਾ ਮਃ ੧) "ਹਿਆਉ ਨ ਠਾਹੇ ਕਹੀ ਦਾ." (ਸ. ਫਰੀਦ) ੨. ਦੇਖੋ, ਹਯਾ.

ਹਿਆਇ: ਦੇਖੋ, ਹਿਆਉ ਅਤੇ ਹਯਾ। ੨. ਹ੍ਰਿਦਯ ਸੇ. ਮਨ ਤੋਂ "ਬਿਨ ਜਿਹਵਾ ਜੋ ਜਪੈ ਹਿਆਇ." (ਮਲਾ ਮਃ ੧) "ਹਿਆਇ ਕਮਾਇ ਧਿਆਇਆ." (ਵਾਰ ਮਾਰੂ ੨. ਮਃ ੫)

ਹਿਆਲਾ: ਹ੍ਰਿਦਯ ਰੂਪ ਆਲਯ (ਘਰ). ਮਨਮੰਦਿਰ. "ਬਸੈ ਰਬ ਹਿਆਲੀਐ." (ਸ. ਫਰੀਦ) "ਘਟਿ ਘਟਿ ਰਾਮੁ ਹਿਆਲੀਐ." (ਮਾਰੂ ਅਃ ਮਃ ੫. ਅੰਜੁਲੀ) ਪ੍ਰਤਿ ਘਟ (ਸ਼ਰੀਰ) ਦੇ ਮਨਮੰਦਿਰ ਅੰਦਰ ਵਾਹਗੁਰੂ ਹੈ.

ਹਿਆਲੀਐ: ਹ੍ਰਿਦਯ ਮੰਦਿਰ ਵਿੱਚ. ਦੇਖੋ ਹਿਆਲਾ.

ਹਿਸ: ਅ. حس, ਹ਼ਿਸ. ਸੰਗਜਾ- ਸਪਰਸ਼ ਗਜਾਨ. ਛੁਹ.

ਹਿੰਸ: ਸੰ. हिंस ਧਾ- ਮਾਰਨਾ. ਕਤਲ ਕਰਨਾ. ਦੁੱਖ ਦੇਣਾ.

ਹਿੰਸਕ: ਸੰ. ਵਿ- ਹਿੰਸਾ ਕਰਨ ਵਾਲਾ. ਮਾਰਨ ਵਾਲਾ. ਸ਼ਰੀਰ ਤੋਂ ਪ੍ਰਾਣਾਂ ਨੂੰ ਅਲਗ ਕਰਨ ਵਾਲਾ.

ਹਿੰਸਤ: ਹ੍ਰੇਸ਼ਾ ਕਰਦੇ. ਹਿਣਕਦੇ. "ਹਿੰਸਤ ਹੈਂ ਹਯਰਾਜ ਹਜਾਰੇ." (ਅਕਾਲ) ੨. ਹਿੰਸਿਤ. ਵਿ- ਮਾਰਿਆ. ਵਧ ਕੀਤਾ.

ਹਿੰਸਨ: ਹਿਣਕਣਾ. ਘੋੜੇ ਦੀ ਹ੍ਰੇਸ਼ਾ। ੨. ਸੰ. ਸੰਗਜਾ- ਮਾਰਨਾ. ਵਧ.

ਹਿਸਮ: ਸੰਗਜਾ- ਹਿੱਸਾ. ਭਾਗ. ਦੇਖੋ, ਹਿੱਸਾ.

ਹਿੰਸਾ: ਸੰ. ਸੰਗਜਾ- ਘਾਤ. ਵਧ. ਸ਼ਰੀਰ ਤੋਂ ਪ੍ਰਾਣਾਂ ਨੂੰ ਅਲਗ ਕਰਨ ਦੀ ਕ੍ਰਿਯਾ. "ਹਿੰਸਾ ਤਉ ਮਨ ਤੇ ਨਹੀ ਛੂਟੀ." (ਸਾਰ

ਪਰਮਾਨੰਦ) ੨. ਦੁਖਾਉਣ ਦਾ ਭਾਵ.

ਹਿਸਾਬ: ਅ. حساب, ਹ਼ਿਸਾਬ. ਸੰਗਯਾ- ਗਿਣਤੀ. ਲੇਖਾ. ਸ਼ੁਮਾਰ.

ਹਿੰਸਾਰੁ: ਸੰ. ਹਿੰਸਾਰ. ਕਰਨ ਵਾਲਾ ਜੀਵ। ੨. ਸ਼ੇਰ

ਹਿੱਸਾ: ਅ. حصہ, ਹ਼ਿੱਸਹ. ਸੰਗਯਾ- ਭਾਗ. ਵਰਤਾਰਾ. ਛਾਂਦਾ.

ਹਿੰਸ੍ਰ: ਸੰ. ਵਿ- ਹਿੰਸਾ ਕਰਨ ਵਾਲਾ. ਪ੍ਰਾਣ ਲੈਣ ਵਾਲਾ। ੨. ਸੰਗਯਾ- ਸ਼ੇਰ ਆਦਿ ਜੀਵ। ੩. ਦੇਖੋ, ਹੀਂਸ.

ਹਿਹਨਾਨਾ: ਕ੍ਰਿ- ਘੋੜੇ ਦਾ ਹਿਣਕਣਾ. ਘੋੜੇ ਦੀ ਆਵਾਜ਼ (ਹ੍ਰੇਸ਼ਾ) ਦਾ ਨਿਕਲਣਾ. "ਹਿਨਨਾਵਤ ਬਹੁ ਫਿਰਹਿ ਤੁਰੰਗ." (ਗੁਪ੍ਰਸੂ)

ਹਿਹਨਾਰੀ: ਸੰਗਯਾ- ਹਿਣਕਾਰ. ਹ੍ਰੇਸ਼ਾ.

ਹਿਹਨਾਵ: ਸੰਗਯਾ- ਹਿਣਕਾਰ ਹ੍ਰੇਸ਼ਾ. "ਪੁਨ ਉਚੇ ਹਿਹਨਾਵ ਸੁਨਾਵਾ." (ਗੁਪ੍ਰਸੂ)

ਹਿਕ: ਦੇਖੋ, ਹਿੱਕ। ੨. ਸਿੰਧੀ ਅਤੇ ਲਹਿੰਦੀ ਪੰਜਾਬੀ ਹਿਕੁ. ਇੱਕ. ਏਕ. ਡਿੰਗ. ਹੇਕ. "ਜੇ ਡੇਖੈ ਹਿਕ ਵਾਰ." (ਵਾਰ ਮਾਰੂ ੨. ਮਃ ੧)

ਹਿਕ ਦੂੰ ਹਿਕਿ: ਇੱਕ ਨਾਲੋਂ ਇੱਕ. ਏਕ ਸੇ ਏਕ. "ਹਿਕ ਦੂ ਹਿਕਿ ਚਾੜੈ." (ਜੈਤ ਛੰਤ ਮਃ ੫)

ਹਿਕਨੀ: ਇਕਨਾਂ ਨੇ "ਹਿਕਨੀ ਲਦਿਆ ਹਿਕਿ ਲਦਿ ਗਏ." (ਮਾਰੂ ਅਃ ਮਃ ੧)

ਹਿਕਮਤ, ਹਿਕਮਤਿ: ਅ. حکمت, ਹ਼ਿਕਮਤ. ਸੰਗਯਾ- ਦਾਨਾਈ. ਚਤੁਰਾਈ. ਪੰਡਿਤਾਈ. "ਮੂਰਖ ਪੰਡਿਤ ਹਿਕਮਤਿ ਹੁਜਤਿ." (ਵਾਰ ਆਸਾ) ੨. ਭਾਵ- ਵੈਦਯ ਵਿਦ੍ਯਾ. ਹਕੀਮੀ.

ਹਿਕਮਤੀ: ਵਿ- ਦਾਨਾ. ਚਤੁਰ. ਹਿਕਮਤ ਵਾਲਾ.

ਹਿਕਾਯਤ: ਦੇਖੋ ਹਕਾਇਤ ਅਤੇ ਹਕਾਯਤ.

ਹਿਕਿ: ਅਨਿਸ਼੍ਚਿਤ ਪੜਨਾਉਂ. ਕਈ. ਬਾਹਲੇ. ਅਨੇਕ. ਦੇਖੋ, ਹਿਕਨੀ.

ਹਿਕੁ: ਦੇਖੋ, ਹਿਕ ੨. "ਹਿਕੁ ਸੇਵੀ ਹਿਕੁ ਸੰਮਲਾ." (ਵਾਰ ਜੈਤ)

ਹਿਕੋ: ਇੱਕੋ. ਕੇਵਲ ਇੱਕ. "ਹਿਕੋ ਮੈਡਾ ਤੂ ਧਣੀ." (ਆਸਾ ਅਃ ਮਃ ੧)

ਹਿੱਕ: ਸੰਗਯਾ- ਛਾਤੀ. ਸੀਨਾ। ੨. ਸੰ. ਹਿਕ੍ਕ ਧਾ- ਦੁਖ ਦੇਣਾ. ਹਿਚਕੀ ਜੇਹਾ ਸ਼ਬਦ ਕਰਨਾ.

ਹਿੱਕਾ: ਦੇਖੋ, ਹਿਚਕੀ। ੨. ਇਹ ਹਿਕੋ ਦਾ ਰੂਪਾਂਤਰ ਭੀ ਹੈ. ਇੱਕੋ. ਦੇਖੋ, ਹਿਕੋ.

ਹਿੰਗ: ਸੰ. ਹਿङ्गु ਹਿੰਗੁ. ਸੰਗਯਾ- ਹੀਂਗ. ਤੀਵ੍ਰਗੰਧਾ. ਹਿੰਙ੍ਰ. L. Ferula Asafetida ਇਸ ਦੀ ਤਾਸੀਰ ਗਰਮ ਤਰ ਹੈ. ਹਿੰਗ ਹਾਜਮਾ ਠੀਕ ਕਰਨ ਵਾਲੀ, ਕਫ ਅਤੇ ਬਾਦੀ ਨਾਸ਼ਕ, ਵਾਉਗੋਲਾ, ਪੇਟ ਦੇ ਕੀੜੇ ਆਦਿਕ ਰੋਗ ਦੂਰ ਕਰਦੀ ਹੈ. ਇਸ ਨੂੰ ਦਾਲ, ਭਾਜੀ ਬੜੀਆਂ, ਮਾਂਹਾਂ ਦੇ ਵੜੇ ਆਦਿ ਵਿੱਚ ਮਸਾਲੇ ਦੇ ਤੌਰ ਤੇ ਭੀ ਪਾਉਂਦੇ ਹਨ.

ਹਿੰਗਲਾ: ਦੇਖੋ, ਹਿੰਗੁਲਾ.

ਹਿੰਗਲਾਜ: ਸੰ. ਹਿङ्गुलाट ਹਿੰਗਲਾਟ. ਉਹ ਅਸਥਾਨ ਜਿੱਥੇ ਸਤੀ ਦੇਵੀ ਦਾ ਤਾਲੂਆ ਡਿੱਗਿਆ ਹੈ. ਹਿੰਗੋਲ ਨਦੀ[341] ਦੇ ਕੰਢੇ

---

[341] ਇਸ ਨਦੀ ਦਾ ਨਾਉ, "ਅਗੋਰ" ਭੀ ਹੈ. "ਮੋਰੜਾ ਅਗੋਰ ਨਯਪਾਲ ਭੀਤ." (ਕਲਕੀ) ਅਗੋਰ ਦੇ ਕਿਨਾਰੇ ਰਹਿਣ ਵਾਲੇ ਲੋਕ.

ਲਾਸਾਬੇਲਾ ਰਾਜ ਅੰਦਰ ਇੱਕ ਦੇਵੀ ਦਾ ਮੰਦਿਰ, ਜੋ ਮੇਕਰਾਨ ਸਾਹਿਲ ਉੱਤੇ ਹਿੰਗੁਲਾ ਪਰਬਤ ਦੇ ਸਿਰੇ ਤੇ ਹੈ. ਟਾਡ ਸਾਹਿਬ ਲਿਖਦਾ ਹੈ ਕਿ ਹਿੰਗਲਾਜ ਠੱਟੇ ਤੋਂ ਨੌ ਦਿਨ ਦਾ ਪੈਂਡਾ ਹੈ ਅਤੇ ਸਮੁੰਦਰ ਦੇ ਕੰਢੇ ਤੋਂ ਨੌ ਮੀਲ ਦੀ ਵਿੱਥ ਤੇ ਹੈ.

ਹਿੰਗੁ: ਦੇਖੋ, ਹਿੰਗ.

ਹਿੰਗੁਲ: ਸੰ. हिङ्गुल. ਸੰਗਯਾ- ਸ਼ਿੰਗਰਫ.

ਹਿੰਗੁਲਾ, ਹਿੰਗੁਲਾਜ: ਦੇਖੋ, ਹਿੰਗਲਾਜ. "ਹਿੰਗੁਲਾਜ ਜਗਮਾਤ ਕੋ ਰਹੈ ਦੇਹੁਰੋ ਏਕ." (ਚਰਿਤ੍ਰ ੧੬੫)

ਹਿੰਗੁਲੀਆ: ਵਿ- ਹਿੰਗਲਾਟ ਵਿੱਚ ਨਿਵਾਸ ਕਰਨ ਵਾਲੀ. ਦੁਰਗਾ. ਦੇਵੀ. ਦੇਖੋ, ਹਿੰਗਲਾਜ.

ਹਿੰਙ, ਹਿੰਙੁ: ਦੇਖੋ, ਹਿੰਗ. "ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ" (ਸ. ਫਰੀਦ) ਭਾਵ- ਮੰਦ ਵਾਸਨਾ ਰੂਪ ਹਿੰਗ ਵਿੱਚ ਵੇੜ੍ਹੀ (ਵੇਸ਼੍ਟਿਤ) ਰਹੀ.

ਹਿਚ: ਸੰਗਯਾ- ਰੁਕਾਵਟ. ਝਿਜਕ. ਸੰਕੋਚ. ਦੇਖੋ, ਅੰ. Hitch. "ਹਿਚਹਿ ਤ ਪ੍ਰੇਮ ਕੇ ਚਾਬਕ ਮਾਰਉ." (ਗਉ ਕਬੀਰ)

ਹਿਚਕਨਾ: ਇਕ੍ਰ. ਰੁਕਣਾ. ਝਿਜਕਣਾ. ਸੰਕੋਚ ਕਰਨਾ. ਦੇਖੋ, ਹਿਚ.

ਹਿਚਕੀ: ਸੰ. हिक्का ਹਿੱਕਾ. Hiccup. ਯੂ- فواک ਫ਼ਵਾਕ਼. ਹਿਡਕੀ. ਬਹੁਤਾ ਭੋਜਨ ਅਤੇ ਗਲੇ ਸੜੇ ਲੇਸਲੇ ਬੇਹੇ ਪਦਾਰਥ ਖਾਣ, ਖਾਧੇ ਉੱਪਰ ਖਾਣ, ਮਲ ਮੂਤ੍ਰ ਦੇ ਵੇਗ ਰੋਕਣ, ਧੂੰਏ ਅਤੇ ਗਰਦ ਫੱਕਣ, ਭੁੱਖੇ ਰਹਿਣ ਤੋਂ ਮੇਦੇ ਦੀ ਖਰਾਬੀ ਦੇ ਕਾਰਣ ਹਿਚਕੀ ਹੁੰਦੀ ਹੈ. ਉਦਾਨ ਪੌਣ ਪ੍ਰਾਣਾਂ ਨਾਲ ਮਿਲਕੇ ਕਲੇਜੇ ਤੇ ਆਂਦਰਾਂ ਨੂੰ ਖਿੱਚ ਪਾਉਂਦੀ ਹੋਈ ਹਿੱਕ ਹਿੱਕ ਸ਼ਬਦ ਕਰਦੀ ਹੈ, ਇਸ ਲਈ ਨਾਉਂ ਹਿੱਕਾ (ਹਿਚਕੀ) ਹੈ. ਬਾਲਕਾਂ ਨੂੰ ਜਾਂ ਚੰਗੀ ਸਿਹਤ ਵਾਲਿਆਂ ਨੂੰ ਜੇ ਹਿਚਕੀ ਹੁੰਦੀ ਹੈ ਤਾਂ ਕੁਝ ਡਰ ਵਾਲੀ ਗੱਲ ਨਹੀਂ, ਪਰ ਜੇ ਬੁਢਾਪੇ ਅਤੇ ਕਿਸੇ ਬੀਮਾਰੀ ਅੰਦਰ ਕਮਜ਼ੋਰ ਰੋਗੀ ਨੂੰ ਹਿਚਕੀ ਲਗ ਜਾਵੇ ਤਾਂ ਇਹ ਭੈਦਾਇਕ ਰੋਗ ਹੈ ਵੈਦਕ ਅਨੁਸਾਰ ਹਿਚਕੀ ਪੰਜ ਪ੍ਰਕਾਰ ਦੀ (ਅੰਨਜਾ, ਯਮਲਾ, ਕ੍ਸ਼ੁਦ੍ਰਾ, ਗੰਭੀਰਾ ਅਤੇ ਮਹਤੀ) ਹੈ.

ਹਿਚਕੀ ਦੇ ਸਾਧਾਰਨ ਇਲਾਜ ਇਹ ਹਨ-

ਕੁਝ ਚਿਰ ਸਾਹ ਰੋਕ ਰੱਖਣਾ, ਗੰਨਾ ਚੂਸਣਾ. ਮਿਸਰੀ ਦੀ ਡਲੀ ਗਰਮ ਕਰਕੇ ਖਾਣੀ ਯੂਕਲਿਪਟਸ ਆਇਲ Eucalyptus Oil ਦੀਆਂ ਪੰਜ ਜਾਂ ਦਸ ਬੂੰਦਾਂ ਮਿਸ਼੍ਰੀ ਦੀ ਡਲੀ ਤੇ ਪਾਕੇ ਖਾਣੀਆਂ. ਲੂਣ ਪਾਕੇ ਗਰਮ ਪਾਣੀ ਪੀਣਾ. ਦੁੱਧ ਦੀ ਮਲਾਈ ਨਾਲ ਸ਼ਹਿਦ ਮਿਲਾਕੇ ਚੱਟਣਾ, ਨੇਂਬੂ ਦੇ ਰਸ ਵਿੱਚ ਕਾਲਾ ਲੂਣ ਤੇ ਸ਼ਹਿਦ ਮਿਲਾਕੇ ਖਾਣਾ, ਰੀਠੇ ਦਾ ਛਿਲਕਾ ਪਾਣੀ ਵਿੱਚ ਘਸਾਕੇ ਨਸਵਾਰ ਲੈਣੀ. ਮੁਲੱਠੀ ਦਾ ਆਟਾ ਸ਼ਹਿਦ ਵਿੱਚ ਮਿਲਾਕੇ ਚੱਟਣਾ ਹਿੰਗ ਅਤੇ ਮਾਹਾਂ ਦੇ ਆਟੇ ਨੂੰ ਦਗਦੀਆਂ ਅੰਗਾਰੀਆਂ ਉੱਤੇ ਪਾਕੇ ਧੂੰਆਂ ਲੈਣਾ.

ਹਿਚਣਾ: ਦੇਖੋ, ਹਿਚਕਨਾ.

ਹਿਜਰ: ਅ਼. ہجر ਸੰਗਯਾ- ਜੁਦਾਈ. ਵਿਛੋੜਾ. ਵਿਯੋਗ.

ਹਿਜਰਤ: ਅ਼. ہجرت ਵਤਨ ਛੱਡਣ ਦੀ ਕ੍ਰਿਯਾ. ਜੁਦਾ ਹੋਣ ਦਾ ਭਾਵ.

ਹਿਜਰੀ: ਵਿ- ਵਿਯੋਗੀ. ਦੇਖੋ, ਹਿਜਰ। ੨. ਦੇਖੋ, ਹਿਜਰੀ ਸਨ.

ਹਿਜਰੀ ਸਨ: ਮੁਹੰਮਦ ਸਾਹਿਬ ਦੇ ਮੱਕੇ ਤੋਂ ਹਿਜਰ (ਵਿਯੋਗ) ਦਾ ਸਾਲ, ਜੋ ੧੫. ਜੁਲਾਈ ਸਨ ੬੨੨ ਤੋਂ ਆਰੰਭ ਹੋਇਆ ਹੈ. ਦੇਖੋ, ਮੁਹੰਮਦ.

ਹਿਜਲੀ, ਹਿਜਲੀਬੰਦਰ: ਬੰਗਾਲ ਦੇ ਮੇਦਨਾਪੁਰ ਜਿਲੇ ਦਾ ਇੱਕ ਪੁਰਾਣਾ ਨਗਰ ਹਿਜਲੀ (ਹਿਜਿਲੀ) ਹੈ, ਜੋ ਰਸੂਲਪੁਰ ਦਰਿਆ ਦੇ ਦਹਾਨੇ ਤੇ ਹੈ. ਕਿਸੇ ਸਮੇਂ ਇੱਥੇ ਤਜਾਰਤੀ ਮਾਲ ਲਿਆਉਣ ਵਾਲੀ ਕਿਸ਼ਤੀਆਂ ਦਾ ਵੱਡਾ ਪ੍ਰਸਿੱਧ ਅੱਡਾ ਸੀ.

"ਹਿਜਲੀਬੰਦਰ ਕੋ ਰਹੈ ਬਾਨੀਰਾਇ ਨਰੇਸ." (ਚਰਿਤ੍ਰ ੧੪੦)

ਹਿਜਾਬ: ਅ਼. حِجاب ਹ਼ਿਜਾਬ. ਸੰਗਯਾ- ਪੜਦਾ. ਆਵਰਣ.

ਹਿੱਜਾ, ਹਿੱਜੇ: ਅ਼. ہِجّہ ਅੱਖਰ ਜੋੜਨ ਦੀ ਕ੍ਰਿਯਾ. Spelling. ਸ਼ਬਦਾਂ ਦੇ ਅੱਖਰ ਮਾਤ੍ਰਾ ਦੇ ਜੋੜ.

ਹਿਠਾਹਾਂ: ਕ੍ਰਿ. ਵਿ- ਨੀਚੇ. ਥੱਲੇ. ਹੇਠ ਵੱਲ. ਹੇਠਾਂ.

ਹਿੰਡ: ਹਠ. ਜਿਦ. ਅੜ। ੨. ਸੰ. हिण्ड ਧਾ- ਭਟਕਣਾ, ਅਨਾਦਰ ਕਰਨਾ. ਪਰਵਾਹ ਨਾ ਕਰਨੀ.

ਹਿਡਕੀ: ਦੇਖੋ, ਹਿਚਕੀ.

ਹਿੰਡੀ: ਹਿੰਡ (ਜਿਦ) ਕਰਨ ਵਾਲਾ। ੨. ਸੰ. ਦੁਰਗਾ. ਦੇਵੀ.

ਹਿੰਡੁਕ: ਸੰ. ਸ਼ਿਵ. ਮਹਾਦੇਵ.

ਹਿੰਡੂਰ: ਦੇਖੋ, ਹੰਡੂਰ.

ਹਿੰਡੋਲ: ਸੰ. हिन्दोल ਹਿੰਦੋਲ. ਸੰਗਯਾ- ਹਿੰਡੋਲਾ. ਝੂਲਾ। ੨. ਡੋਲਾ। ਪਾਲਕੀ. ੩. ਇੱਕ ਰਾਗ, ਜਿਸ ਦੀ ਛੀ ਮੁੱਖ ਰਾਗਾਂ ਵਿੱਚ ਗਿਣਤੀ ਹੈ. ਇਹ ਕਲਯਾਣ ਠਾਟ ਦਾ ਔੜਵ ਰਾਗ ਹੈ. ਰਿਸ਼ਭ ਅਤੇ ਪੰਚਮ ਵਰਜਿਤ ਹਨ. ਧੈਵਤ ਵਾਦੀ ਅਤੇ ਗਾਂਧਾਰ ਸੰਵਾਦੀ ਹੈ. ਸ਼ੜਜ ਗਾਂਧਾਰ ਧੈਵਤ ਅਤੇ ਨਿਸ਼ਾਦ ਸ਼ੁੱਧ ਅਤੇ ਮੱਧਮ ਤੀਵ੍ਰ ਹੈ. ਗਾਉਣ ਦਾ ਵੇਲਾ ਰਾਤ ਦੇ ਪਹਿਲੇ ਪਹਿਰ ਹੈ.

ਆਰੋਹੀ- ਸ ਗ ਮੀ ਧ ਨ ਸ.

ਅਵਰੋਹੀ- ਸ ਨ ਧ ਮੀ ਗ ਸ.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਡੋਲ ਰਾਗ ਵੱਖਰਾ ਨਹੀਂ, ਕਿੰਤੂ ਬਸੰਤ ਨਾਲ ਮਿਲਾਕੇ ਲਿਖਿਆ ਹੈ. ਦੇਖੋ, "ਬਸੰਤ ਹਿੰਡੋਲ ਮਹਲਾ ੧. ਰਾਜਾ ਬਾਲਕੁ ਨਗਰੀ ਕਾਚੀ." xxx ਆਦਿ ਸ਼ਬਦ.

ਹਿੰਡੋਲਾ: ਦੇਖੋ, ਹਿੰਡੋਲ.

ਹਿਡੰਬ, ਹਿਡੰਬਾ: ਦੇਖੋ, ਹਿੜੰਬਾ। ੨. ਡਿੰਗ. ਝੋਟਾ. ਭੈਂਸਾ. ਮਹਿਆਂ. ਮਹਿਸ਼.

ਹਿਡੰਬੀ: ਦੇਖੋ, ਹਿੜੰਬਾ। ੨. ਡਿੰਗ. ਮਹਿੰ. ਭੈਂਸ. ਮਹਿਸ਼ੀ. ਮੱਝ.

ਹਿਣਕਾਰ, ਹਿਣੇਖ, ਹਿਣੇਖਾ: ਸੰ. हिङ्कार ਅਤੇ हेषा ਹਿੰਕਾਰ ਅਤੇ ਹ੍ਰੇਸ਼ਾ. ਸੰਗਯਾ- ਘੋੜੇ ਦੇ ਹਿਣਕਣ ਦੀ ਧੁਨਿ. "ਕਰੀ ਤੁਰੰਗ ਹਿਣੇਖ ਵਿਸੇਖਾ." (ਗੁਪ੍ਰਸੂ)

ਹਿਤ: ਸੰ. ਵਿ- ਹਿਤਕਾਰੀ. ਭਲਾ ਚਾਹੁਣ ਵਾਲਾ। ੨. ਪਥ੍ਯ. "ਬ੍ਰਿਥਾਵੰਤ ਔਖਦ ਹਿਤਾਇ." (ਭਾਗੁ) ੩. ਸੰਗਯਾ- ਭਲਾਈ। ੪. ਪਿਆਰ. "ਹਿਤ ਕਰਿ ਨਾਮੁ ਦ੍ਰਿੜੈ ਦਇਆਲਾ." (ਬਾਵਨ)

ਹਿਤਕਰ, ਹਿਤਕਾਰ, ਹਿਤਕਾਰਕ, ਹਿਤਕਾਰੀ: ਵਿ- ਭਲਾ ਕਰਨ ਵਾਲਾ. ਹਿਤੂ। ੨. ਪਿਆਰ ਕਰਨ ਵਾਲਾ। ੩. ਮੰਗਲ ਕਰਤਾ. "ਮਨਿ ਤਨਿ ਰਾਮ ਨਾਮ ਹਿਤਕਾਰੇ." (ਧਨਾ ਮਃ ੫)

ਹਿਤਨੋ: ਵਿ- ਹਿਤ ਕਰਨ ਵਾਲਾ. ਹਿਤਵੰਤ. "ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ." (ਗਉ ਮਃ ੫)

ਹਿਤਵਕਤਾ, ਹਿਤਵਾਦੀ: हितवादिन ਹਿਤ ਕੀ ਗਲ ਕਹਿਣ ਵਾਲਾ.

ਬਾਤ ਨਿਬਹਨਹਾਰ ਬਿੱਤ ਕੇ ਲਹਨਹਾਰ

ਅੰਤਰ ਕੇ ਕਾਰੇ ਅਰੁ ਉਪਰ ਤੇ ਗੋਰੇ ਹੈਂ,

ਜਾਨ ਲੀਜੈ ਉਨ੍ਹੈ ਦਿਨ ਥੋਰੇ ਕੇ ਰਹਿਨਹਾਰ

ਦੈਕਰ ਕੁਮੰਤ੍ਰ ਸ੍ਵਾਮੀ ਸੰਕਟ ਮੇ ਬੋਰੇ ਹੈਂ,

ਨਾਹਨ ਅਨੀਤਿ ਕੇ ਸਹਿਨਹਾਰ ਹਮ ਤੇਰੀ

ਪੌਰ ਕੇ ਰਹਿਨਹਾਰ ਬਾਂਮਨ ਹੈ ਭੋਰੇ ਹੈਂ,

ਰਾਜਨ ਕੇ ਚਿੱਤ ਕੇ ਗਹਿਨਹਾਰ ਘਨੇ, ਪਰ

ਦੇਵੀਦਾਸ ਹਿਤ ਕੇ ਕਹਿਨਹਾਰ ਥੋਰੇ ਹੈਂ.

ਹਿਤਾਇ: ਦੇਖੋ, ਹਿਤ ੨.

ਹਿਤਾਹਿਤ: ਸੰ. ਭਲਾ ਬੁਰਾ। ੨. ਮਿਤ੍ਰ ਸ਼ਤ੍ਰੁ.

ਹਿਤਾਨਾ: ਕ੍ਰਿ- ਪਿਆਰਾ ਲਗਣਾ. ਸੁਖਦਾਈ ਮਲੂਮ ਹੋਣਾ. "ਯਹਿ ਮੀਠੀ ਜੀਅ ਮਾਹਿ ਹਿਤਾਨੀ." (ਸਵੈਯੇ ਮਃ ੫. ਕੇ)

ਹਿੰਤਾਲ: ਸੰ. हिन्ताल ਸੰਗਜਾ- ਖਜੂਰ ਦੀ ਕਿਸਮ ਦਾ ਇੱਕ ਦਰਖਤ. "ਸਰਲ ਤਰੁ ਤਾਲ ਕੀ ਹਿੰਤਾਲ ਕੀ ਤਮਾਲ ਕੀ." (ਗੁਪ੍ਰਸੂ) L. Phonix palazzos । ੨. ਇੱਕ ਰਾਜਪੂਤ ਗੋਤ. ਰਿਆਸਤ ਚਨੇਨੀ ਇਸੇ ਗੋਤ ਵਿੱਚੋਂ ਹੈ. ਦੇਖੋ, ਬਾਈਧਾਰ.

ਹਿਤਾਵਨ: ਕ੍ਰਿ- ਹਿਤਦਾਇਕ ਪ੍ਰਤੀਤ ਹੋਣਾ. ਪਿਆਰਾ ਲੱਗਣਾ. "ਪ੍ਰਭ ਕੀ ਆਗਿਆ ਆਤਮ ਹਿਤਾਵੈ." (ਸੁਖਮਨੀ) ੨. ਪੱਥ (ਪਥ੍ਯ) ਹੋਵੇ. ਦੇਖੋ, ਹਿਤ ੨. "ਨਾਮ ਅਉਖਧੁ ਜਿਹ ਰਿਦੈ ਹਿਤਾਵੈ." (ਬਾਵਨ)

ਹਿਤੀਖਣ: ਸੰ. हितैषिन् ਹਿਤੈਸ਼ੀ. ਵਿ- ਹਿਤ ਚਾਹੁਣ ਵਾਲਾ. ਸ਼ੁਭਚਿੰਤਕ.

ਹਿਤੀਖਣਾ: ਸੰਗਜਾ- ਹਿਤ ਦੀ ਇੱਛਾ.

ਹਿਤੁ, ਹਿਤੂ: ਵਿ- ਹਿਤ ਚਾਹੁਣ ਵਾਲਾ. ਭਲਾ ਚਾਹੁਣ ਵਾਲਾ. ਮਿਤ੍ਰ। ੨. ਸੰ. ਹੇਤੁ. ਸੰਗਜਾ- ਕਾਰਣ. ਸਬਬ. "ਪੀਲੇ ਪੀਲਾ ਹੋਇ ਮਿਲੈ ਹਿਤੁ ਜੇਹਾ ਵਿਸੈ." (ਭਾਗੁ) ਜਲ ਪੀਲੇ ਪਦਾਰਥ ਨਾਲ ਪੀਲਾ ਹੋ ਜਾਂਦਾ ਹੈ, ਜੇਹਾ ਹੇਤੁ ਹੋਵੇ, ਤੇਹਾ (ਵਿਸੈ- ਵੈਸਾ ਹੀ) ਹੁੰਦਾ ਹੈ.

ਹਿਤੈ: ਹਿਤ ਆਵੇ. ਪਿਆਰਾ ਲੱਗੇ. "ਸਾਧੁ ਸੰਗਿ ਮਨੁ ਤਨੁ ਹਿਤੈ." (ਬਿਲਾ ਮਃ ੫)

ਹਿਤੈਸੀ: ਦੇਖੋ, ਹਿਤੀਖਣ.

ਹਿਤੋਪਦੇਸ਼: ਬੰਗਾਲ ਦੇ ਰਾਜਾ ਧਵਲਚੰਦ੍ਰ ਦੇ ਦਰਬਾਰ ਦੇ ਕਵਿ ਨਾਰਾਯਣ ਦਾ ਰਚਿਆ ਹੋਇਆ ਸੰਸਕ੍ਰਿਤਭਾਸ਼ਾ ਵਿੱਚ ਨੀਤਿਗ੍ਰੰਥ, ਜਿਸ ਵਿੱਚ ਹਿਤ ਭਰੇ ਉਪਦੇਸ਼ ਹਨ. ਇਸਦਾ ਅਨੇਕ ਬੋਲੀਆਂ ਵਿੱਚ ਉਲਥਾ ਹੋ ਗਿਆ ਹੈ. ਸਕੂਲਾਂ ਵਿੱਚ ਇਸ ਦੀ ਪੜ੍ਹਾਈ ਭੀ ਹੁੰਦੀ ਹੈ। ੨. ਹਿੱਤ (ਪਿਆਰ) ਦਾ ਉਪਦੇਸ਼. ਹਿਤਭਰੀ ਸਿਖ੍ਯਾ.

ਹਿੱਤਾ: ਪੱਖੋਕੇ ਪਿੰਡ ਦਾ ਪੈਂਚ, ਜੋ ਰੰਧਾਵੇ ਗੋਤ ਦਾ ਸੀ. ਅਜਿੱਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਨੰਨ ਸਿੱਖ ਇਸੇ ਮਹਾਤਮਾ ਦਾ ਪੁਤ੍ਰ ਸੀ.

ਹਿਤਜੰਤ: ਅਤਜੰਤ ਹਿਤ. ਬਹੁਤ ਪਿਆਰ. ਅਥਵਾ ਇਤਜੰਤ. ਏਥੋਂ ਤੀਕ. ਯਹਾਂ ਤਕ. "ਹਿਤਜੰਤ ਮਾਇਆ." (ਸਹਸ ਮਃ ੫)

ਹਿੰਦ: ਫ਼ਾ. ہند ਸਿੰਧੁ ਸ਼ਬਦ ਤੋਂ ਫ਼ਾਰਸ ਨਿਵਾਸੀਆਂ ਨੇ ਹਿੰਦ ਬਣਾ ਦਿੱਤਾ ਹੈ. ਸ ਦਾ ਬਦਲ ਹ ਵਿੱਚ ਹੋ ਗਿਆ ਹੈ. ਸਿੰਧੁ ਨਦ ਤੋਂ

ਸਾਰੇ ਦੇਸ਼ (ਭਾਰਤ) ਦਾ ਨਾਉਂ, ਹਿੰਦ ਹੋ ਗਿਆ ਹੈ. ਦੇਖੋ, ਹਿੰਦੁਸਤਾਨ.

ਹਿੰਦਸਾ: ਅ਼. ہندسہ ਅੰਦਾਜ਼ਾ. ਅਟਕਲ। ੨. ਗਣਿਤ ਵਿਦਯਾ. ਹਿਸਾਬ ਦਾ ਇ਼ਲਮ। ਅੰਕ. ਅੰਗ.

ਹਿੰਦਗੀ: ਦੇਖੋ, ਹਿੰਦਵੀ.

ਹਿਦਤ: ਅ਼. حِدّت ਹ਼ਿਦਤ. ਸਗ੍ਯਾ- ਤਾਮਸੀ. ਤਿੱਖਾਪਨ. ਤੇਜ਼ੀ। ਸਖ਼ਤੀ.

ਹਿੰਦਵਾਣਾ: ਹਿੰਦੁਗਣ. ਹਨੂਦ. ਹਿੰਦੂ ਲੋਕ. "ਗੰਗ ਬਨਾਰਸ ਦਾ ਹਿੰਦਵਾਣਾ." (ਭਾਗੁ) ਹਿੰਦੂਧਰਮ ਨਾਲ ਸੰਬੰਧਿਤ। ੩. ਦੇਖੋ, ਹਿੰਦਵਾਨਾ.

ਹਿੰਦਵਾਣੀ: ਹਿੰਦੁਣੀ. ਹਿੰਦੂ ਇਸਤ੍ਰੀ. "ਜਾਤਿ ਸਨਾਤੀ ਹੋਰਿ ਹਿੰਦਵਾਣੀਆ." (ਤਿਲੰ ਮਃ ੧) ੨. ਹਿੰਦੁਸਤਾਨ ਦੀ। ੩. ਹਿੰਦੂਮਤ ਸੰਬੰਧੀ.

ਹਿੰਦਵਾਨਾ: ਦੇਖੋ, ਹਿੰਦਵਾਣਾ। ੨. ਫ਼ਾ. ہندوانا ਹਿੰਦਵਾਨਹ. ਸੰਗ੍ਯਾ- ਮਤੀਰਾ. ਤਰਬੂਜ਼. ਦਖੋ, ਤਰਬੂਜ.

ਕੋਪਕੈ ਲੈ ਕ੍ਰਿਪਾਨ ਬਲਵਾਨ ਸ਼੍ਰੀ ਗੋਬਿੰਦ ਸਿੰਘ

ਮਾਰੇ ਚੁਨ ਖਾਨ ਲੁੱਥ ਰੋਲੀ ਰਾਵ ਰਾਨਾ ਕੀ,

ਡਾਕਿਨੀ ਡਕਾਰੈਂ ਔ ਪੁਕਾਰੈਂ ਪੁੰਜ ਪ੍ਰੇਤਨ ਕੇ

ਖੋਪਰੀ ਖਵੀਸ ਖਾਤ ਮੁਗਲ ਪਠਾਨਾ ਕੀ,

ਕਹਿਤ ਪ੍ਰਤਾਪ ਸਿੰਘ ਮੁੰਡ ਬਾਂਧ ਗਜਖਾਲ

ਲਾਦਕੋ ਸੰਭੁ ਬੈਲ ਕਹੂੰ ਸੋਭਾ ਵਾਂ ਠਿਕਾਨਾ ਕੀ,

ਨਦੀ ਕੇ ਕਿਨਾਰਾ ਪੈ ਗਰੀਬ ਏ ਬੇਚਾਰਾ ਕੋਊ

ਜਾਤ ਬਨਜਾਰਾ ਲੀਏ ਗੋਨਿ ਹਿੰਦਵਾਨਾ ਕੀ.

ਹਿੰਦਵੀ: ਵਿ- ਹਿੰਦ (ਭਾਰਤ) ਦਾ (ਦੀ). ੨. ਹਿੰਦੋਸਤਾਨ ਦੀ ਤਲਵਾਰ. "ਕਤਿ ਯਾਮਾਨੀ ਹਿੰਦਵੀ." (ਸਨਾਮਾ) ਯਮਨ ਅਤੇ ਹਿੰਦੀ ਦੀ ਕੱਤੀ.

ਹਿਦਾਯਤ: ਦੇਖੋ, ਹਦਾਯਤ.

ਹਿੰਦਾਲ: ਦੇਖੋ, ਹੰਦਾਲ।੨ ਦੇਖੋ, ਨਿਰੰਜਨੀਏ.

ਹਿੰਦਾਲੀਏ: ਦੇਖੋ, ਨਿਰੰਜਨੀਏ.

ਹਿੰਦੀ: ਹਿੰਦ ਦਾ ਵਸਨੀਕ. ਭਾਰਤ ਦਾ ਨਿਵਾਸੀ। ੨. ਹਿੰਦੁਸਤਾਨ ਨਾਲ ਸੰਬੰਧਿਤ। ੩. ਦੇਵਨਾਗਰੀ ਵਰਣਮਾਲਾ। ੪. ਯੂ. ਪੀ. ਦੀ ਬੋਲੀ, ਜੋ ਸੰਸਕ੍ਰਿਤ ਨਾਲ ਬਹੁਤ ਸੰਬੰਧ ਰਖਦੀ ਹੈ। ੫. ਹਿੰਦੁਸਤਾਨ ਦੀ ਤਲਵਾਰ। ੬. ਸਿੰਧੀ ਦੇ ਥਾਂ ਫ਼ਾਰਸੀ ਲੇਖਕਾਂ ਨੇ ਹਿੰਦੀ ਸ਼ਬਦ ਵਰਤਿਆ ਹੈ.

ਹਿੰਦੁ: ਦੇਖੋ, ਹਿੰਦੂ। ੨. ਸਿੰਧੁ ਨਦ ਨੂੰ ਵਿਦੇਸ਼ੀਆਂ ਨੇ ਹਿੰਦ ਲਿਖਿਆ ਹੈ.

ਹਿੰਦੁਸਤਾਨ, ਹਿੰਦੁਸਤਾਨੁ: ਹਿੰਦੂਆਂ ਦੇ ਰਹਿਣ ਦਾ ਅਸਥਾਨ. ਉਹ ਦੇਸ਼ ਜਿਸ ਵਿੱਚ ਵਿਸ਼ੇਸ਼ ਕਰ ਹਿੰਦੂ ਆਬਾਦ ਹਨ. ਇਸ ਦੇ ਨਾਉ, ਆਰਯਾਵਰਤ ਭਾਰਤ ਆਦਿ ਅਨੇਕ ਹਨ. ਹਿੰਦੁਸਤਾਨ ਹਿਮਾਲਯ ਅਤੇ ਸਮੁੰਦਰ ਨਾਲ ਘਿਰਿਆ ਹੋਇਆ ਹੈ, ਇਸਦੀ ਲੰਬਾਈ ੧੯੦੦ ਅਤੇ ਚੌੜਾਈ ੧੫੦੦ ਮੀਲ ਹੈ. ਰਕਬਾ ੧, ੮੦੫, ੩੩੨ ਵਰਗ ਮੀਲ ਹੈ. ਜਿਸ ਵਿੱਚੋਂ ੧,

੦੯੪, ੩੦੦ ਵਰਗਮੀਲ ਅੰਗ੍ਰੇਜ਼ੀ ਇਲਾਕੇ ਦਾ ਹੈ ਅਤੇ ਬਾਕੀ ਦੇਸੀ ਰਿਆਸਤਾਂ ਦਾ. ਇਸ ਵਿੱਚ ਵਡੀਆਂ ਛੋਟੀਆਂ ਮਿਲਾਕੇ ਕੁੱਲ ੬੬੬ ਦੇਸੀ ਰਿਆਸਤਾਂ ਹਨ. ਹਿੰਦੁਸਤਾਨ ਦੀ ਵਸੋਂ ਨੌਂ ਹਿੱਸੇ ਪਿੰਡਾਂ ਵਿੱਚ ਅਤੇ ਇੱਕ ਹਿੱਸਾ ਸ਼ਹਿਰਾਂ ਵਿੱਚ ਹੈ. ਸ਼ਹਿਰ ੨੩੧੬ ਹਨ ਜਿਨ੍ਹਾਂ ਵਿਚੋਂ ੩੧ ਵੱਡੇ ਵੱਡੇ ਹਨ, ਜਿਨ੍ਹਾਂ ਦੀ ਵਸੋਂ ਇੱਕ ਇੱਕ ਲੱਖ ਤੋਂ ਵਧੀਕ ਹੈ, ਅਤੇ ਪਿੰਡਾਂ ਦੀ ਗਿਨਤੀ ੬੮੫, ੬੬੫ ਹੈ. ਹਿੰਦੁਸਤਾਨ ਬਰਤਾਨੀਆਂ ਤੋਂ ੧੫. ਗੁਣਾ ਵਡਾ ਹੈ. ਜੇ ਕਦੇ ਰੂਸ ਨੂੰ ਕੱਢ ਦਿੱਤਾ ਜਾਵੇ ਤਦ ਸਾਰੇ ਯੂਰਪ ਦਾ ਰਕਬਾ ਮਿਲਕੇ ਇਸ ਦੇ ਬਰਾਬਰ ਹੁੰਦਾ ਹੈ.

ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਹਿੰਦੁਸਤਾਨ ਦੀ ਵਸੋਂ ੩੧੮, ੪੭੫, ੪੮੦ ਹੈ. (ਅੰਗ੍ਰੇਜ਼ੀ ਇਲਾਕੇ ਦੀ ੨੪੭, ੦੦੩, ੨੯੩, ਅਤੇ ਰਿਆਸਤਾਂ ਦੀ ੭੧, ੯੩੯, ੧੮੭ ਹੈ)

ਮਰਦ ੧੬੩, ੯੯੫, ੫੫੪ ਅਤੇ ਤੀਵੀਆਂ ੧੫੪, ੯੪੬, ੯੨੬, ਹਨ. ਧਰਮਾਂ ਦੇ ਲਿਹਾਜ਼ ਨਾਲ ਗਿਣਤੀ ਇਉਂ ਹੈ:-

ਈਸਾਈ ੪, ੧੫੪, ੦੦੦

ਸਿੱਖ ੩, ੨੨੯, ੦੦੦

ਹਿੰਦੂ ੨੧੬, ੭੩੫, ੦੦੦

ਜੈਨੀ ੧, ੧੭੮, ੦੦੦

ਪਾਰਸੀ ੧੦੨, ੦੦੦

ਪੁਰਾਣੇ ਵਸਨੀਕ ੯, ੭੭੫, ੦੦੦

ਬੌੱਧ ੧੧, ੫੭੧, ੦੦੦

ਮੁਸਲਮਾਨ ੬੮, ੭੩੫, ੦੦੦

ਯਹੂਦੀ ੨੨, ੦੦੦

ਹਿੰਦੁਸਤਾਨ ਵਿੱਚ ਹਿੰਦੂ ਵਿਧਵਾ ਇਸਤ੍ਰੀਆਂ ਦੀ ਗਿਣਤੀ ੨੦੨੫੦੦੭੫ ਹੈ, ਅਥਵਾ ਇਉਂ ਕਹੋ ਕਿ ਹਰ ੧੦੦੦ ਪਿੱਛੇ ੧੭੫ ਵਿਧਵਾ ਹਨ.

ਭਾਰਤ ਅੰਦਰ ਕੁੱਲ ਬੋਲੀਆਂ ੨੨੨ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਪ੍ਰਸਿੱਧ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਇਹ ਹੈ-

ਹਿੰਦੀ (ਪੱਛਮੀ ਹਿੰਦੀ) ਬੋਲਣ ਵਾਲੇ

੯੬, ੭੧੪, ੦੦੦

ਕਨਾਰੀ (ਕਾਨੜੀ) ੧੦, ੩੭੪, ੦੦੦

ਗੁਜਰਾਤੀ ੯, ੫੫੨, ੦੦੦

ਤਾਮਿਲ ੧੮, ੭੮੦ ੦੦੦

ਤਿਲੁਗੂ ੨੩, ੬੦੧, ੦੦੦

ਪੰਜਾਬੀ ੧੬, ੨੩੪, ੦੦੦ ਅਤੇ

ਲਹਿੰਦੀ ਪੰਜਾਬੀ ੫, ੬੫੨, ੦੦੦

ਬੰਗਾਲੀ ੪੯, ੨੯੪, ੦੦੦

ਬ੍ਰਹਮੀ ੮, ੪੨੩, ੦੦੦

ਮਰਹਟੀ ੧੮, ੭੯੮, ੦੦੦

ਰਾਜਸ੍ਥਾਨੀ ੧੨, ੬੮੧, ੦੦੦

ਹਿੰਦੁਸਤਾਨ ਦਾ ਰਾਜ ਪ੍ਰਬੰਧ ਵਾਇਸਰਾਯ (Viceroy) ਦੇ ਹੱਥ ਹੈ. ਅਤੇ ਇੰਤਜਾਮ ਦੇ ਲਈ ਦੋ ਕੌਂਸਲਾਂ ਬਣਾ ਰੱਖੀਆਂ ਹਨ, ਇੱਕ ਕੌਂਸਲ ਆਵ ਸਟੇਟ ਦੂਜੀ ਲੈਜਿਸਲੇਟਿਵ ਐਸੰਬਲੀ ( the Council of State and the Legislative Assembly )

ਸਰਕਾਰ ਹਿੰਦ ਦੇ ਮਾਤਹਿਤ ੧੫. ਸੂਬਿਕ ਸਰਕਾਰਾਂ ਹਨ, ਜਿਨ੍ਹਾਂ ਉੱਤੇ ਆਪਣੇ ਆਪਣੇ ਲਾਟ ਸਾਹਿਬ ਹੁਕਮਰਾਂ ਹਨ. ਸੂਬਿਆਂ ਦੀ ਸਰਕਾਰਾਂ ਦੇ ਦੋ ਹਿੱਸੇ ਹਨ, ਇੱਕ ਅੰਤਰੰਗ ਕੌਂਸਿਲ, ਜਿਸ ਹੱਥ ਚੰਦ ਰਾਖਵੇਂ ਮਹਿਕਮੇ ਹਨ. ਅਤੇ ਦੂਜੇ ਦੋ ਜਾਂ ਤਿੰਨ ਵਜ਼ੀਰ, ਜੋ ਕਾਨੂਨ ਕੌਂਸਲ ਅੱਗੇ ਜਿੰਮੇਵਾਰ ਹਨ.

ਹਿੰਦੂ: ਸਿੰਧੁ (ਹਿੰਦ) ਨਦ ਦੇ ਆਸ ਪਾਸ ਰਹਿਣ ਵਾਲੇ ਉਹ ਪ੍ਰਾਚੀਨ ਲੋਕ, ਜੋ ਆਰਯ ਕਹਾਉਂਦੇ ਸੇ. ਵਿਦੇਸ਼ੀਆਂ ਨੇ ਇਨ੍ਹਾਂ ਨੂੰ ਹਿੰਦੂ ਲਿਖਿਆ ਹੈ. ਹੁਣ ਸਾਰੇ ਭਾਰਤ ਵਾਸੀਆਂ ਲਈ ਇਹ ਸ਼ਬਦ ਵਰਤਿਆ ਜਾ ਸਕਦਾ ਹੈ। ੨. ਵੈਦਿਕ ਧਰਮ ਧਾਰਨ ਵਾਲਾ. ਹਿੰਦੂ ਪਦ ਦੀ ਨਿਰਦੋਸ਼ ਵਯਾਖ੍ਯਾ ਹੁਣ ਤਾਈਂ ਕੋਈ ਨਹੀਂ ਕਰ ਸਕਿਆ, ਇਸ ਲਈ ਸਾਡੀ ਸਮਰਥ ਤੋਂ ਭੀ ਬਾਹਰ ਹੈ ਪਰ ਵਿਸ਼ੇਸ਼ ਕਰਕੇ ਹਿੰਦੂ ਦਾ ਲੱਛਣ ਇਹ ਮੰਨਿਆ ਗਿਆ ਹੈ ਕਿ ਜੋ ਚਾਰ ਵਰਣ ਦੀ ਮਰਯਾਦਾ ਰਖਦਾ, ਵੇਦਾਂ ਨੂੰ ਧਰਮ ਪੁਸਤਕ ਮੰਨਦਾ ਅਤੇ ਗਊ ਦਾ ਮਾਸ ਨਹੀਂ ਖਾਂਦਾ ਉਹ ਹਿੰਦੂ ਹੈ.[342] "ਨਾ ਹਮ ਹਿੰਦੂ ਨ ਮੁਸਲਮਾਨ." (ਭੈਰ ਮਃ ੫)

੩. ਅ਼ਰਬੀ ਫ਼ਾਰਸੀ ਦੇ ਕਵੀਆਂ ਨੇ ਚੋਰ ਗੁਲਾਮ ਅਤੇ ਕਾਲੇ ਲਈ ਭੀ ਹਿੰਦੂ ਸ਼ਬਦ ਵਰਤਿਆ ਹੈ. ਇਸੇ ਲਈ ਬਹੁਤਿਆਂ ਨੇ ਕਾਲੇ ਦਾਗ (ਤਿਲ) ਨੂੰ ਹਿੰਦੂ ਰੂਪ ਲਿਖਿਆ ਹੈ.

ਹਿੰਦੂਆਨਾ: ਵਿ- ਹਿੰਦੂ ਦੇ ਢੰਗ ਦਾ। ੨. ਹਿੰਦੂ ਨਾਲ ਸੰਬੰਧਿਤ। ੩. ਸੰਗਯਾ- ਹਿੰਦੂ ਸਮਾਜ।

ਹਿੰਦੂਕੁਸ਼: ਹਿੰਦੁਸਤਾਨ ਦੇ ਉੱਤਰ ਪੱਛਮ, ਅਫਗਾਨਿਸਤਾਨ ਦੀ ਹੱਦ ਤੇ ਇੱਕ ਪਹਾੜ, ਜਿਸ ਦੀ ਉਚਿਆਈ ੨੦੦੦੦ ਫੁਟ ਹੈ. ਇੱਕ ਵੇਰ ਭਾਰਤ ਦੇ ਬਹੁਤ ਲੋਕ ਇੱਥੇ ਬਰਫ ਪੈਣ ਨਾਲ ਮਰ ਗਏ ਸਨ, ਇਸ ਕਾਰਣ ਇਹ ਨਾਉਂ ਹੋਇਆ ਹੈ.

ਹਿੰਦੂਪਤੀ: ਉਦੇਪੁਰ ਦੇ ਮਹਾਰਾਣੇ ਦੀ ਇਹ ਉਪਾਧੀ ਹੈ. ਰਘੁਵੰਸ਼ੀ ਹੋਣ ਕਰਕੇ ਸਾਰੇ ਰਾਜਪੂਤਾਨੇ ਵਿੱਚ ਉਦੇਪੁਰ ਦਾ ਖ਼ਾਨਦਾਨ ਮਾਨਯੋਗ ਹੈ। ੨. ਭੂਸ਼ਣ ਕਵੀ ਨੇ ਸ਼ਿਵਾ ਜੀ ਨੂੰ ਭੀ ਹਿੰਦੂਪਤੀ ਲਿਖਿਆ ਹੈ.

ਹਿੰਦੋਸਤਾਨ: ਦੇਖੋ, ਹਿੰਦੁਸਤਾਨ.

ਹਿੰਦੋਲ: ਦੇਖੋ, ਹਿੰਡੋਲ.

ਹਿਨਕਨਾ: ਦੇਖੋ, ਹਿਣਕਾਰ.

ਹਿਨਨਾਤ: ਹਿਣਕਦਾ, ਹ੍ਰੇਸ਼ਾ ਕਰਦਾ. ਦੇਖੋ, ਹਿਹਨਾਨਾ ਅਤੇ ਹਿਣਕਾਰ.

ਹਿਨਾ: ਦੇਖੋ, ਮਹਿਦੀ.

ਹਿਫਾਜਤ: ਅ਼. حفاظت ਹ਼ਿਫ਼ਾਜਤ. ਨਿਗਹਬਾਨੀ। ੨. ਰਖ੍ਯਾ.

ਹਿਬਾ: ਅ਼. ہبہ ਹਿਬਹ. ਆਪਣੀ ਵਸਤੁ ਕਿਸੇ ਨੂੰ ਬਖ਼ਸ਼ ਦੇਣ ਦੀ ਕ੍ਰਿਯਾ.

---

[342] ਕਿਤਨਿਆਂ ਨੇ ਜੈਨੀਆਂ ਨੂੰ ਆਪਣੇ ਅੰਦਰ ਰੱਖਣ ਲਈ ਕਰਮਾਂ ਦੇ ਮੰਨਣ ਵਾਲਾ ਮੁਰਦੇ ਜਲਾਉਣ ਵਾਲਾ ਆਦਿਕ ਭੀ ਹਿੰਦੂ ਦੇ ਲੱਛਣ ਲਿਖੇ ਹਨ.

ਹਿਮ: ਸੰ. ਸੰਗ੍ਯਾ- ਆਕਾਸ਼ ਤੋਂ ਗਾੜ੍ਹਾ ਹੋਕੇ ਡਿਗਿਆ ਹੋਇਆ ਜਲ. ਤੁਸ਼ਾਰ. ਬਰਫ਼। ੨. ਪੋਹ ਮਾਘ ਦੀ ਰੁੱਤ। ੩. ਚੰਦਨ। ੪. ਕਪੂਰ। ੫. ਵਿ- ਸੀਤਲ. ਠੰਢਾ.

ਹਿਮਕਰ: ਸੰ. ਸੰਗ੍ਯਾ- ਸੀਤਲ ਕਿਰਣਾਂ ਵਾਲਾ, ਚੰਦ੍ਰਮਾ। ੨. ਕਪੂਰ।੩ ਹਿਮਰਿਤੁ. ਮੱਘਰ ਅਤੇ ਪੋਹ ਦਾ ਸਮਾਂ. ਰਾਮਕਲੀ ਰਾਗ ਵਿੱਚ ਪੰਜਵੇਂ ਸਤਿਗੁਰੂ ਦੀ ਬਾਣੀ, ਜੋ "ਰੁਤੀ" ਸਿਰਨਾਵੇਂ ਹੇਠ ਲਿਖੀ ਹੈ. ਉਸ ਵਿੱਚ ਹਿਮਕਰ ਦੀ ਥਾਂ ਸਿਸੀਅਰ (शिशिर ) ਅਰ ਮਾਘ ਫੱਗੁਣ ਨੂੰ ਹਿਮਕਰ ਲਿਖਿਆ ਹੈ, ਯਥਾ- "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ." ਅਤੇ- "ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ." (ਰਾਮ ਰੁਤੀ ਮਃ ੫)[343]

ਹਿਮਕੂਟ, ਹਿਮਗਿਰਿ: ਸੰਗ੍ਯਾ- ਹਿਮ (ਬਰਫ਼) ਦਾ ਪਹਾੜ. ਹਿਮਾਲਯ। ੨. ਦੇਖੋ, ਹੇਮਕੁੰਟ.

ਹਿੰਮਤ: ਅ਼. ہِمّت ਸੰਗ੍ਯਾ- ਇਰਾਦਾ. ਸੰਕਲਪ। ੨. ਹੌਸਲਾ. ਸਾਹਸ.

ਵੇਦਹੁੱ ਚਾਰ ਵਿਚਾਰਤ ਬਾਤ

ਪੂਰ੍ਵਾ ਅਠਾਰਹਿ ਅੰਗ ਮੇ ਧਾਰੈ,

ਰਾਗ ਤੇ ਆਦਿ ਜਿਤੀ ਚਤੁਰਾਈ

"ਸੁਜਾਨ" ਕਹੈ ਸਭ ਯਾਹਿ ਕੇ ਲਾਰੈ.

ਚਿਤ੍ਰਹੁੱ ਆਪ ਲਿਖੈ ਸਮਝੈ ਕਵਿਤਾਨ

ਕੀ ਰੀਤਿ ਮੇ ਵਾਰਤਾ ਪਾਰੈ,

ਹੀਨਤਾ ਹੋਯ ਜੁ ਹਿੰਮਤ ਕੀ ਤੁ

ਪ੍ਰਬੀਨਤਾ ਲੈ ਕਹਾਂ ਕੂਪ ਮੇ ਡਾਰੈ.

੩. ਫਿਕਰ। ੪. ਇੱਕ ਰਾਜਪੂਤ ਯੋਧਾ, ਜਿਸ ਦਾ ਜਿਕਰ ਵਿਚਿਤ੍ਰ ਨਾਟਕ ਦੇ ਗਿਆਰਵੇਂ ਅਧ੍ਯਾਯ ਵਿੱਚ ਆਇਆ ਹੈ.

ਹਿੰਮਤ ਸਿੰਘ: ਦੇਖੋ, ਪੰਜ ਪਯਾਰੇ। ੨. ਟਿੱਕਾ ਸਰਦੂਲ ਸਿੰਘ ਦਾ ਪੁਤ੍ਰ, ਬਾਬਾ ਆਲਾ ਸਿੰਘ ਪਟਿਆਲਾਪਤਿ ਦਾ ਪੋਤਾ ਅਤੇ ਰਾਜਾ ਅਮਰ ਸਿੰਘ ਦਾ ਵਡਾ ਭਾਈ. ਇਸ ਦਾ ਦੇਹਾਂਤ ਸੰਮਤ ੧੮੩੧ (ਸਨ ੧੭੭੪) ਵਿੱਚ ਹੋਇਆ.

ਹਿਮਧਰ: ਬਰਫ ਦੇ ਧਾਰਨ ਵਾਲਾ, ਹਿਮਾਲਯ.

ਹਿਮਰਿਤੁ, ਹਿਮ ਰੁਤ: हिमऋतु ਉਹ ਮੌਸਮ, ਜਦ ਬਰਫ਼ ਡਿਗੇ. ਮੱਘਰ ਪੋਹ ਦਾ ਸਮਾਂ.

ਹਿਮਵੰਤ: ਬਰਫ਼ ਵਾਲਾ, ਹਿਮਾਲਯ। ੨. ਕਾਲਕੂਟ ਅਤੇ ਗੰਧਮਾਦਨ ਦੇ ਵਿਚਕਾਰ ਦਾ ਪਹਾੜ, ਜੋ ਹਿਮਾਲਯ ਦੇ ਹੀ ਅੰਤਰਗਤ ਹੈ. ਦੇਖੋ, ਹੇਮਕੂਟ.

ਹਿਮਾ: ਸੰ. ਸੰਗ੍ਯਾ- ਹਿਮ. ਬਰਫ. "ਹਿਮਾ ਸੀ ਹਿਮਾਲੈ." (ਅਕਾਲ)

ਹਿਮਾਇਤ: ਦੇਖੋ, ਹਮਾਯਤ.

ਹਿਮਾਂਸੁ: ਸੰ. ਹਿਮਾਂਸ਼ੁ. ਸੰਗ੍ਯਾ- ਹਿਮ (ਠੰਢੀਆਂ) ਹਨ ਜਿਸ ਦੀਆਂ ਅੰਸ਼ੁ (ਕਿਰਣਾਂ) ਚੰਦ੍ਰਮਾ. (ਹਿਮਕਰ)। ੨. ਕਪੂਰ.

ਹਿਮਾਕਤ: ਅ਼. حماقت ਹ਼ਿਮਾਕ਼ਤ. ਸੰਗ੍ਯਾ- ਬੇਸਮਝੀ. ਨਾਦਾਨੀ. ਮੂਰਖਤਾ.

---

[343] ਕਈ ਅਗਿਆਨੀ ਆਖਦੇ ਹਨ ਕਿ ਇਹ ਪਾਠ ਲਿਖਾਰੀ ਦੀ ਭੁੱਲ ਨਾਲ ਹੋ ਗਿਆ ਹੈ, ਪਰ ਅਜੇਹਾ ਨਹੀਂ. ਦੇਖੋ, ਸਿਸਿਰ ਅਤੇ ਹਿਮ ਸ਼ਬਦ ਦੇ ਅਰਥ.ਇੱਥੇ ਹਿਮਕਰ ਦਾ ਅਰਥ ਹੈ ਸੀਤਲਤਾ ਕਰਨ ਵਾਲੀ.

ਹਿਮਾਚਲ, ਹਿਮਾਦ੍ਰਿ, ਹਿਮਾਦ੍ਰੀ: ਹਿਮ (ਬਰਫ) ਦਾ ਅਚਲ (ਪਹਾੜ). ਹਿਮ ਦਾ ਅਦ੍ਰਿ (ਪਰਬਤ). ਭਾਰਤ ਦੇ ਉੱਤਰ ਵੱਲ ਅਰ ਤਿੱਬਤ ਅਤੇ ਭਾਰਤ ਦੇ ਮਧ੍ਯ, ਬਰਫ ਦਾ ਪੁੰਜ ਰੂਪ ਪਹਾੜ, ਜੋ ਦੁਨੀਆਂ ਦੇ ਸਾਰੇ ਪਰਬਤਾਂ ਤੋਂ ਉੱਚਾ ਹੈ. ਇਸਦੀ ਸਭ ਤੋਂ ਉੱਚੀ ਚੋਟੀ ੨੯੦੦੨ ਫੁਟ ਹੈ। ੨. हिमाद्रिन ਵਿ- ਹਿਮਾਲਯ ਵਾਲਾ. ਭਾਵ- ਸ਼ਿਵ. "ਰੀਝਤ ਹਿਮਾਦ੍ਰਿ ਪੋਅੰਤ ਸੀਸ." (ਕਲਕੀ).

ਹਿਮਾਮ ਦਸ੍ਤਾ: ਫ਼ਾ هاون دسته ਹਾਵਨਦਸ੍ਤਹ. ਹਾਵਨ (ਉਖਲੀ) ਦਸ੍ਤਾ (ਮੂਸਲ).

ਹਿਮਾਲਯ, ਹਿਮਾਲਾ, ਹਿਮਾਲੈ, ਹਿਮੰਚਲ: ਦੇਖੋ, ਹਿਮਾਚਲ.

ਹਿਮੰਬਾਰ: ਹਿਮ ਦਾ ਅੰਬਾਰ. ਬਰਫ ਦਾ ਢੇਰ। ੨. ਹਿਮ (ਬਰਫ) ਨੂੰ ਵਾਰਿ (ਪਾਣੀ) ਬਣਾਉਣ ਵਾਲਾ ਅਥਵਾ ਹਿਮ ਨੂੰ ਵਾਰਣ (ਹਟਾਉਣ) ਵਾਲਾ ਪਵਨ. (ਸਨਾਮਾ)

ਹਿਮੰਬਾਰਿ: ਹਿਮੰਬਾਰ (ਪਵਨ) ਦਾ ਪੁਤ੍ਰ ਭੀਮਸੇਨ. (ਸਨਾਮਾ) ਦੇਖੋ, ਹਿਮੰਬਾਰ ੨.

ਹਿੱਮਤ ਸਿੰਘ: ਦੇਖੋ, ਪੰਜ ਪਜਾਰੇ.

ਹਿਯ, ਹਿਯਰਾ, ਹਿਯਾ: ਸੰ. हृदय ਹ੍ਰਿਦਯ. ਸੰਗਜਾ- ਮਨ. ਦਿਲ. ਅੰਤਹਕਰਣ.

ਹਿਯਾਂ: ਕ੍ਰਿ. ਵਿ- ਹਜਾਂ. ਇੱਥੇ. ਈਹਾਂ. ਯਹਾਂ

ਹਿਯਾਉ: ਸੰਗਜਾ- ਹ੍ਰਿਦਯ. ਚਿੱਤ. "ਹਿਆਉ ਸਭਿਨ ਕਾ ਡਰਜੋ." (ਕ੍ਰਿਸਨਾਵ) ੨. ਦੇਖੋ, ਹਯਾ.

ਹਿਰ: ਦੇਖੋ, ਹਿਰਿ। ੨. ਦੇਖੋ, ਹਰਣ. "ਹਿਰਹਿ ਪਰਦਰਬੁ ਉਦਰ ਕੈ ਤਾਈ." (ਗਉ ਥਿਤੀ ਮਃ ੫) ਪਰਧਨ ਚੁਰਾਉਂਦਾ ਹੈ "ਜਿਸ ਪੇਖਤ ਕਿਲਵਿਖ ਹਿਰਹਿ." (ਸ੍ਰੀ ਮਃ ੫) ਪਾਪ ਮਿਟ ਜਾਂਦੇ ਹਨ.

ਹਿਰਸ: ਅ਼. حرص ਹ਼ਿਰਸ. ਤ੍ਰਿਸਨਾ. ਪ੍ਰਾਪਤੀ ਦੀ ਚਾਹ। ੨. ਸ਼ੌਕ। ੩. ਇੱਛਾ. ਰੁਚਿ.

ਹਿਰਸੀ: ਵਿ- ਹਿਰਸ (ਤ੍ਰਿਸ਼ਨਾ) ਵਾਲਾ. ਲਾਲਚੀ.

ਹਿਰਡ, ਹਿਰਡੁ: ਦੇਖੋ, ਏਰੰਡ. "ਹਿਰਡ ਪਲਾਸ ਸੰਗਿ ਹਰਿ ਬੁਹੀਆ." (ਬਿਲਾ ਅਃ ਮਃ ੪) "ਚੰਦਨ ਨਿਕਟਿ ਵਸੈ ਹਿਰਡੁ ਬਪੁੜਾ." (ਗੌਂਡ ਮਃ ੪)

ਹਿਰਣ: ਹਰਿਣ. ਮ੍ਰਿਗ. ਕੁਰੰਗ। ੨. ਚੁਰਾਉਣਾ. ਦੇਖੋ, ਹਰਣ. "ਪਰਦਰਬ ਹਿਰਣੰ." (ਸਹਸ ਮਃ ੫) ੩. ਦੇਖੋ, ਹਿਰਣ੍ਯ.

ਹਿਰਣਗਰਭ: ਦੇਖੋ, ਹਿਰਨ੍ਯਗਰਭ. "ਹਿਰਣਗਰਭ ਆਤਮ ਚਿਤ ਚੀਨ." (ਗੁਪ੍ਰਸੂ)

ਹਿਰਣਰਾਟ: ਸੰਗਜਾ- ਹਿਰਣ (ਮ੍ਰਿਗਾਂ) ਦਾ ਰਾਜਾ, ਸ਼ੇਰ। ੨. ਮ੍ਰਿਗ ਦਾ ਸ੍ਵਾਮੀ, ਚੰਦ੍ਰਮਾ. (ਸਨਾਮਾ)

ਹਿਰਣਰਾਟਭਗਨੀ: ਸੰਗਜਾ- ਮ੍ਰਿਗਪਤਿ (ਚੰਦ੍ਰਮਾ) ਦੀ ਭੈਣ, ਚੰਦ੍ਰਭਾਗਾ ਨਦੀ. (ਸਨਾਮਾ)

ਹਿਰਣਾ: ਦੇਖੋ, ਹਰਣ. ਚੁਰਾਉਣਾ. "ਹਿਰਹਿ ਪਰ ਦਰਬੁ ਉਦਰ ਕੈ ਤਾਈ." (ਗਉ ਥਿਤੀ ਮਃ ੫) ੨ਹਿਰਣ. ਸੋਨਾ. ਹਿਰਣ੍ਯ. "ਕੇਸਰ ਕੁਸਮ ਮਿਰਗਮੈ ਹਿਰਣਾ, ਸਰਬ ਸਰੀਰੀ ਚੜਨਾ." (ਤਿਲੰ ਮਃ ੧) ਕੇਸਰ, ਫੁੱਲ, ਕਸਤੂਰੀ ਅਤੇ ਸੁਵਰਣ ਸਭ ਦੇ ਸ਼ਰੀਰ ਨੂੰ ਛੁਹਕੇ ਭਿੱਟੜ ਨਹੀਂ ਹੁੰਦੇ.

ਹਿਰਣ੍ਯ: ਸੰ. ਸੰਗਜਾ- ਸੁਵਰਣ. ਸੋਨਾ। ੨. ਧਤੂਰਾ। ੩. ਧਨ। ੪. ਚਾਂਦੀ। ੫. ਕੌਡੀ.

ਹਿਰਣ੍ਯਕਸਿਪੁ: ਦੇਖੋ, ਹਿਰਨਕਸਿਪੁ.

ਹਿਰਣ੍ਯਕੇਸ਼: ਸੰ. ਵਿ- ਸੋਨੇ ਵਰਗੇ ਕੇਸਾਂ ਵਾਲਾ. ਸੁਨਹਿਰੀ ਹਨ ਜਿਸ ਦੇ ਕੇਸ਼। ੨. ਸੰਗਜਾ- ਵਿਸ਼ਨੁ.

ਹਿਰਣ੍ਯਗਰਭ: ਦੇਖੋ, ਹਿਰਨਜਗਰਭ.

ਹਿਰਣ੍ਯਾਕ੍ਸ਼: ਦੇਖੋ, ਹਰਣਖ ਅਤੇ ਪ੍ਰਹਿਲਾਦ.

ਹਿਰਤ: ਚੁਰਾਉਂਦਾ ਹੈ. ਦੇਖੋ, ਹਰਣ. "ਜਿਉ ਚੋਰ ਹਿਰਤ ਨਿਸੰਗ." (ਬਿਲਾ ਅਃ ਮਃ ੫) ੨. ਸੰ. हृत ਹ੍ਰਿਤ. ਵਿ- ਚੁਰਾਇਆ. ਲੁੱਟਿਆ. "ਮਰਤ ਹਿਰਤ ਸੰਸਾਰ." (ਚਉਬੋਲੇ ਮਃ ੫) ਹ੍ਰਿਤ ਸੰਸਾਰ (ਠਗਿਆ ਹੋਇਆ ਜਗਤ) ਨਾਸ਼ ਹੋ ਰਿਹਾ ਹੈ.

ਹਿਰਤੇ: ਕ੍ਰਿ. ਵਿ- ਚੁਰਾਉਂਦੇ. ਹਰਣ ਕਰਦੇ. ਖਸੋਟਦੇ."ਕਾਹੂ ਬਿਹਾਵੈ ਜੀਆਇਹ ਹਿਰਤੇ." (ਰਾਮ ਅਃ ਮਃ ੩) ੨. ਮਾਰਦੇ. ਵਧ ਕਰਦੇ.

ਹਿਰਦਯ, ਹਿਰਦਾ: ਸੰ. हृदय ਹ੍ਰਿਦਯ ਸੰਗ੍ਯਾ- ਅੰਤਹਕਰਣ. ਮਨ. ਦਿਲ. "ਹਿਰਦਾ ਸੁਧ ਬ੍ਰਹਮੁ ਬੀਚਾਰੈ." (ਗਉ ਮਃ ੫) ੨. ਹਿਰਦੇ ਵਿੱਚ ਨਿਵਾਸ ਕਰਨ ਵਾਲਾ, ਪਾਰਬ੍ਰਹਮ. ਦੇਖੋ, ਛਾਂਦੋਗ ਉਪਨਿਸ਼ਦ- "ਹ੍ਰਿਦਯਯੰ ਤਸ੍ਮਾਤ੍ ਹ੍ਰਿਦਯੰ." "ਹਿਰਦੈ ਰਿਦੈ ਨਿਹਾਲ." (ਵਾਰ ਮਾਝ ਮਃ ੧) ਮਨ ਵਿੱਚ ਕਰਤਾਰ ਨੂੰ ਦੇਖ। ੩. ਛਾਤੀ. ਸੀਨਾ. "ਜੈਸੇ ਆਂਡੋ ਹਿਰਦੇ ਮਾਹਿ." (ਮਾਲੀ ਮਃ ੫) ਪੰਛੀ ਆਪਣੇ ਅੰਡੇ ਨੂੰ ਛਾਤੀ ਹੇਠ ਲੈਕੇ ਪਾਲਨ ਕਰਦਾ ਹੈ.

ਹਿਰਦਾ ਰਿਦਾ: ਦੇਖੋ, ਹਿਰਦਾ ੨.

ਹਿਰਦੈਕਮਲੁ: ਹ੍ਰਿਦਯ ਰੂਪ ਕਮਲ. "ਹਿਰਦੈ ਕਮਲੁ ਪ੍ਰਗਾਸਿਆ. (ਸ੍ਰੀ ਮਃ ੩)

ਹਿਰਨ: ਦੇਖੋ, ਹਿਰਣ.

ਹਿਰਨਕਸਪੁ: ਸੰ. हिरण्यकशिपु ਹਿਰਣ੍ਯਕਸ਼ਿਪੁ. ਸੰਗ੍ਯਾ- ਹਿਰਣ੍ਯ (ਸੁਨਹਿਰੀ) ਹੈ ਜਿਸ ਦੀ ਕਸ਼ਿਪੁ (ਪੋਸ਼ਾਕ). ਇੱਕ ਦੈਤ ਜੋ ਦਿਤਿ ਦੇ ਗਰਭ ਤੋਂ ਕਸ਼੍ਯਪ ਦਾ ਪੁਤ੍ਰ ਸੀ. ਇਹ ਹਰਨਾਖਸ ਦਾ ਵਡਾ ਭਾਈ ਸੀ. ਮਹਾਭਾਰਤ ਅਤੇ ਪੁਰਾਣਾਂ ਅਨੁਸਾਰ ਇਹ ਪ੍ਰਹਲਾਦ ਦਾ ਪਿਤਾ ਸੀ. ਨਰਸਿੰਘ ਭਗਵਾਨ ਨੇ ਇਸ ਨੂੰ ਮਾਰਿਆ ਸੀ.

ਹਿਰਨ ਕੰਚਨ: ਦੇਖੋ, ਹਿਰਣ੍ਯ ਅਤੇ ਕੰਚਨ. ਜਿੱਥੇ ਹਿਰਨ ਅਤੇ ਕੰਚਨ ਦੋ ਸ਼ਬਦ ਇੱਕਠੇ ਆਉਂਦੇ ਹਨ, ਉੱਥੇ ਅਰਥ ਹੁੰਦਾ ਹੈ. ਹਿਰਣ੍ਯ (ਚਾਂਦੀ) ਅਤੇ ਕੰਚਨ (ਸੋਨਾ)

ਹਿਰਨਖੰਡ: ਸੰ. हिरण्य खण्ड. ਭਾਗਵਤ ਅਨੁਸਾਰ ਜੰਬੂਦ੍ਵੀਪ ਦਾ ਇੱਕ ਖੰਡ, ਜੋ ਹਿਰਣ੍ਯ (ਸ੍ਵਰਣ) ਭੂਮਿ ਵਾਲਾ ਲਿਖਿਆ ਹੈ. "ਪਹੁਚੇ ਹਿਰਨਖੰਡ ਮੇ ਜਾਈ." (ਨਾਪ੍ਰ)

ਹਿਰਨਗਰਭ: ਦੇਖੋ, ਹਿਰਨਜਗਰਭ.

ਹਿਰਨਾਛ: ਦੇਖੋ, ਹਰਣਖ ਅਤੇ ਪ੍ਰਹਿਲਾਦ.

ਹਿਰਨੀ: ਦੇਖੋ, ਹਰਿਣੀ.

ਹਿਰਨੁ: ਦੇਖੋ, ਹਿਰਣ੍ਯ. "ਲੋਹਾ ਹਿਰਨੁ ਹੋਵੈ ਸੰਗਿ ਪਾਰਸ." (ਕਾਨ ਅਃ ਮਃ ੪)

ਹਿਰਨ੍ਯਗਰਭ: ਸੰ. हिरण्यगर्भ ਵਿ- ਹਿਰਣ੍ਯ (ਸ੍ਵਰਣ) ਦੇ ਅੰਡੇ ਵਿੱਚ ਹੋਣ ਵਾਲਾ। ੨. ਸੰਗ੍ਯਾ- ਰਿਗਵੇਦ ਵਿੱਚ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਹਿਰਨ੍ਯਗਰਭ ਹੋਇਆ. ਇਹ ਸਾਰੇ ਜੀਵਾਂ ਦਾ ਮਾਲਿਕ, ਆਕਾਸ਼ ਤੇ ਧਰਤੀ ਦਾ ਥੰਮ, ਸ਼ਰੀਰ ਅਤੇ ਆਤਮਾ ਦਾ ਦਾਤਾ, ਦੇਵਤਿਆਂ ਦਾ ਦੇਵਤਾ ਅਤੇ ਸਾਰੇ ਜੀਵਾਂ ਵਿੱਚ ਆਤਮਾ ਬਖਸ਼ਣ ਵਾਲਾ ਹੈ। ੩. ਮਨੁ ਲਿਖਦਾ ਹੈ ਕਿ ਹਿਰਨ੍ਯਗਰਭ ਨਾਮ ਬ੍ਰਹਮਾ ਦਾ ਹੈ, ਜੋ ਸੂਰਜ ਜੇਹਾ ਪ੍ਰਕਾਸ਼ਕ ਇੱਕ ਸੁਨਹਿਰੀ ਆਂਡੇ ਵਿੱਚੋਂ ਪਹਿਲੇ ਪਹਿਲ ਪੈਦਾ ਹੋਇਆ. ਇੱਕ ਸਾਲ ਆਂਡੇ ਦੇ ਅੰਦਰ ਰਹਿਕੇ ਬ੍ਰਹਮਾ ਨੇ ਆਪਣੇ ਚਿੱਤ ਦੀ ਇੱਛਾ ਅਨੁਸਾਰ ਹੀ ਉਸ ਨੂੰ ਦੋ ਹਿੱਸਿਆਂ ਵਿੱਚ ਕਰ ਦਿੱਤਾ। ਜਿਨ੍ਹਾਂ ਵਿੱਚੋਂ ਇੱਕ ਭਾਗ ਸ੍ਵਰਗ ਲੋਕ ਅਤੇ ਦੂਜਾ ਪ੍ਰਿਥਿਵੀ ਹੋਈ। ੪. ਸੂਖਮ ਸ਼ਰੀਰ. ਲਿੰਗ ਸ਼ਰੀਰ। ੫. ਕਰਤਾਰ.

ਵਾਹਗੁਰੂ.

ਹਿਰਨਜਾਕ੍ਸ਼: ਦੇਖੋ, ਹਰਣਖ ਅਤੇ ਪ੍ਰਹਿਲਾਦ.

ਹਿਰਫਤ: ਅ਼. حرفت ਹ਼ਿਰਫ਼ਤ. ਸੰਗ੍ਯਾ- ਪੇਸ਼ਾ. ਕੰਮ। ੨. ਦਸ੍ਤਕਾਰੀ ਆਦਿ ਕ੍ਰਿਯਾ. ਹੁਨਰ.

ਹਿਰਮਚੀ, ਹਿਰਮਜੀ: ਅ਼. ہرمزی ਹਿਰਮਜ਼ੀ. ਇੱਕ ਲਾਲ ਰੰਗ ਦੀ ਮਿੱਟੀ, ਜਿਸ ਨੂੰ ਫਰਸ਼ ਕੰਧ ਆਦਿ ਦੇ ਰੰਗਣ ਲਈ ਵਰਤੀਦਾ ਹੈ.

ਹਿਰਾਇਆ: ਖੁਹਾਇਆ. ਹਰਣ ਕਰਾਇਆ। ੨. ਹੈਰਾਨ ਹੋਇਆ. "ਹੇਰਤ ਹੇਰਤ ਸਭੈ ਹਿਰਾਇਆ." (ਤਨਸੁਖ)

ਹਿਰਾਏ: ਦੇਖੋ, ਹਰਣ. "ਕਾਨ ਫਰਾਇ ਹਿਰਾਏ ਟੂਕਾ." (ਪ੍ਰਭਾ ਅਃ ਮਃ ੧) ਯੋਗੀ ਬਣਕੇ ਟੁਕੜੇ ਢੋਂਦਾ ਹੈ. ਚੇਲੇ ਰੋਟੀਆਂ ਮੰਗਕੇ ਗੁਰੂ ਪਾਸ ਲੈ ਜਾਂਦੇ ਹਨ.

ਹਿਰਾਸ: ਫ਼ਾ. ہراس ਸੰਗ੍ਯਾ- ਡਰ. ਖ਼ੌਫ਼. "ਹੇਰ ਆਜ ਕੋ ਜੰਗ ਹਿਰਾਸਾ." (ਗੁਪ੍ਰਸੂ) ੨. ਦੇਖੋ, ਹੁੱਰਾਸ.

ਹਿਰਾਸਤ: ਅ਼. حراست ਹ਼ਿਰਾਸਤ. ਨਿਗਹਬਾਨੀ. ਨਿਗਰਾਨੀ। ੨. ਹਿਫਾਜਤ. ਰਖ੍ਯਾ.

ਹਿਰਾਸੁਲ ਫਿਕਨ: ਦੇਖੋ, ਫਿਖਨ.

ਹਿਰਾਤ: ਖੋਹਿਆ ਜਾਂਦਾ. ਦੇਖੋ, ਹ੍ਰਿਤ। ੨. ਹਰਣ ਕਰਦਾ. ਚੁਰਾਉਂਦਾ. ਖੋਂਹਦਾ। ੩. ਅਫਗਾਨਿਸਤਾਨ ਦਾ ਇੱਕ ਇਲਾਕਾ ਅਤੇ ਉਸ ਦਾ ਪ੍ਰਧਾਨ ਨਗਰ, ਜੋ ਸਮੁੰਦਰ ਤੋਂ ੨੫੦੦ ਫੁਟ ਉੱਚਾ ਹੈ. ਇੱਥੋਂ ਦੀਆਂ ਖੱਲਾਂ ਤੇ ਰੇਸ਼ਮ ਮਸ਼ਹੂਰ ਹਨ.

ਹਿਰਾਨਾ, ਹਿਰਾਨੀ, ਹਿਰਾਨੋ: ਵਿ- ਹਰਣ ਹੋਇਆ. ਖੋਇਆ. ਖੋਈ. "ਪੂੰਜੀ ਹਿਰਾਨੀ ਬਨਜੁ ਟੂਟ." (ਬਸੰ ਕਬੀਰ) ੨. ਠਗਿਆ. "ਬਹੁ ਬਿਧਿ ਮਾਇਆ ਮੋਹ ਹਿਰਾਨੋ." (ਮਲਾ ਮਃ ੫)

ਹਿਰਿ: ਸੰ. ਹ੍ਰ ਧਾ- ਲੈਜਾਣਾ. ਚੋਰੀ ਕਰਨਾ. ਠਗਣਾ. ਦੂਸਰੇ ਦੀ ਨਕਲ ਕਰਨਾ. ਦੇਣਾ. ਜਮਾ ਕਰਨਾ. ਸਮਾਪਤ ਕਰਨਾ. ਤ੍ਯਾਗਣਾ. ਰੋਕਣਾ. ਮਾਰਨਾ. ਸਮੇਟਨਾ. ਅਨਾਦਰ ਕਰਨਾ. ਜੁਲਮ ਕਰਨਾ. ਯੁੱਧ ਕਰਨਾ. ਖਸੋਟਨਾ। ੨. ਕ੍ਰਿ. ਵਿ- ਚੁਰਾਕੇ. ਲੁੱਟਕੇ. "ਹਿਰਿ ਵਿਤ ਚਿਤ ਦੁਖਾਹੀ." (ਆਸਾ ਪੜਤਾਲ ਮਃ ੫)

ਹਿਰਿਓ, ਹਿਰਿਆ: ਸੰ. ਹ੍ਰਤ ਹ੍ਰਿਤ. ਵਿ- ਚੁਰਾਇਆ. ਖਸੋਟਿਆ. ਖੋਹਿਆ.

ਹਿਰਿਨਜੋ: ਹਿਰਨਜਕਸ਼ਪੁ ਦਾ ਸੰਖੇਪ. "ਹਿਰਿਨਜੋ ਹਿਰੰਨਾਛਸੰ. ਦੋਇ ਬੀਰੰ" (ਵੈਰਾਹ)

ਹਿਰਿਲੀਨਾ: ਦੇਖੋ, ਹਿਰਿ. "ਰਤਨੁ ਗਿਆਨੁ ਸਭ ਕੋ ਹਿਰਿਲੀਨਾ." (ਗਉ ਮਃ ੯)

ਹਿਰੀਆ: ਵਿ- ਹਰਣ ਕਰਤਾ. ਲੈ ਜਾਣ ਵਾਲਾ. ਚੁਰਾਉਣ ਵਾਲਾ. ਹਰੀਆ. "ਪਰ ਕਉ ਹਿਰੀਆ." (ਸੂਹੀ ਮਃ ੫. ਪੜਤਾਲ) ਪਰਧਨ ਦਾ ਹਰੀਆ. "ਕਾਨ੍ਹ ਬਡੇ ਰਸ ਕੇ ਹਿਰੀਆ." (ਕ੍ਰਿਸਨਾਵ)

ਹਿਰੇ: ਦੇਖੋ, ਹਰਣ. ਚੁਰਾਏ। ੨. ਮਿਟਾਏ. "ਕੋਟਿ ਬਿਘਨ ਹਿਰੇ ਖਿਨ ਮਾਹਿ." (ਗਉ ਮਃ ੫)

ਹਿਰੈ: ਹਰਣ ਕਰਦਾ ਹੈ. ਲੈ ਜਾਂਦਾ ਹੈ। ੨. ਚੁਰਾਉਂਦਾ ਹੈ। ੩. ਹ੍ਰਾਸ ਹੁੰਦਾ ਹੈ. ਘਟਦਾ ਹੈ. "ਲਾਭ ਮਿਲੈ ਤੋਟਾ ਹਿਰੈ." (ਗਉ ਥਿਤੀ ਮਃ ੫) ੪. ਹੇਰਣ ਕਰਦਾ (ਵੇਖਦਾ) ਹੈ. "ਹੋਂਦੀ ਕਉ ਅਨਹੋਂਦੀ ਹਿਰੈ." (ਰਾਮ ਮਃ ੫) "ਕੌਡਾ ਡਾਰਤ ਹਿਰੈ ਜੁਆਰੀ." (ਗੌਂਡ ਨਾਮਦੇਵ)

ਹਿਰੌਲ: ਦੇਖੋ, ਹਰੌਲ। ੨. ਹਲਚਲ। ੩. ਅਸ੍ਤਾਚਲ. ਉਹ ਪਹਾੜ, ਜਿਸ ਦੇ ਓਲ੍ਹੇ ਹਰਿ (ਸੂਰਜ) ਹੁੰਦਾ ਹੈ. "ਹਿੰਮਤ ਬਾਂਧ ਹਿਰੌਲਹਿ ਲੌ." (ਚਰਿਤ੍ਰ ੨) ੪. ਸੈਨਾ ਦਾ ਝੁੰਡ. "ਜੈਸੇ ਚੀਰ ਹਿਰੌਲ ਕੋ." (ਚਰਿਤ੍ਰ ੧੦੩)

ਹਿਰੰਡ: ਦੇਖੋ, ਏਰੰਡ ਅਤੇ ਹਿਰਡ.

ਹਿਰੰਨ: ਦੇਖੋ, ਹਿਰਣ੍ਯ.

ਹਿਰੰਨਕਸਪੁ: ਦੇਖੋ, ਹਿਰਨਕਸਪੁ.

ਹਿਰੰਨਾਛਸ, ਹਿਰੰਨਯਾਛ: ਦੇਖੋ, ਹਰਣਖ ਅਤੇ ਪ੍ਰਹਿਲਾਦ.

ਹਿਰਯੋ: ਹਰਣ ਕੀਤਾ. ਚੁਰਾਇਆ। ੨. ਖਸੋਟਿਆ. ਖੋਹਿਆ। ੩. ਹੇਰਿਆ. ਦੇਖਿਆ. "ਆਂਖਨ ਹਿਰਯੋ." (ਚਰਿਤ੍ਰ ੨੩੧)

ਹਿਲ: ਅ਼. حل ਹ਼ਿੱਲ. ਵਿ- ਹਲਾਲ. ਧਰਮ ਅਨੁਸਾਰ ਯੋਗ। ੨. ਦੇਖੋ, ਹਿਲਣਾ.

ਹਿਲਣਾ, ਹਿਲਨਾ: ਕ੍ਰਿ- ਡੋਲਣਾ. ਚਲਾਇਮਾਨ ਹੋਣਾ। ੨. ਗਿੱਝਣਾ. ਪਰਚਣਾ. "ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ." (ਗਉ ਛੰਤ ਮਃ ੫) "ਹਿਲਿਓ ਔਰ ਵਸਤੁ ਲੈ ਜਾਵੈ." (ਗੁਪ੍ਰਸੂ).

ਹਿਲਮ: ਅ਼. حلم ਹ਼ਿਲਮ. ਸੰਗਯਾ- ਨਰਮੀ. ਨੰਮ੍ਰਤਾ. ਇਸੇ ਤੋਂ ਹਲੀਮ ਹਲੀਮੀ ਆਦਿ ਸ਼ਬਦ ਬਣੇ ਹਨ.

ਹਿਲਾਕ: ਦੇਖੋ, ਹਲਾਕ.

ਹਿਲਾਲ: ਅ਼. ہلال ਨਵਾਂ ਚੰਦ. ਪਹਿਲੀ ਤਾਰੀਖ ਦਾ ਚੰਦ੍ਰਮਾ. ਦੂਜ ਦਾ ਚੰਦ.

ਹਿਵ: ਸੰ. ਹਿਮ. ਬਰਫ "ਗੁਰੁ ਹਿਵ ਸੀਤਲ ਅਗਨਿ ਬੁਝਾਵੈ." (ਆਸਾ ਅਃ ਮਃ ੧)

ਹਿਵਘਰ: ਹਿਮ (ਬਰਫ) ਦਾ ਘਰ, ਹਿਮਾਲਯ।੨ ਹਿਮਕਰ. ਚੰਦ੍ਰਮਾ.

ਹਿਵਧਾਰ: ਹਿਮ (ਬਰਫ) ਦੇ ਧਾਰਨ ਵਾਲਾ. ਹਿਮਾਲਯ। ੨. ਵਿ- ਹਿਮ (ਠੰਢੀ) ਧਾਰਾ. ਠੰਢੇ ਜਲ ਦੀ ਧਾਰ. "ਪਵਨ ਬਹੈ ਹਿਵਧਾਰ." (ਸ. ਕਬੀਰ) ਸ਼ਾਂਤਮਨ ਹੋ ਕੇ ਸ੍ਵਾਸ ਸ੍ਵਾਸ ਜੋ ਕਰਤਾਰ ਦੇ ਨਾਉਂ ਦਾ ਜਪ ਹੈ, ਇਹ ਮੱਖਣ ਕੱਢਣ ਸਮੇਂ ਜਲ ਦੀ ਠੰਢੀ ਧਾਰਾ ਦਾ ਰਿੜਕਣੇ ਵਿੱਚ ਪਾਉਣਾ ਹੈ, ਜਿਸ ਤੋਂ ਪਤਲਾ ਮੱਖਣ ਕਰੜਾ ਅਤੇ ਇਕੱਠਾ ਹੋ ਜਾਂਦਾ ਹੈ.

ਹਿਵਾਲਯ, ਹਿਵਾਲਾ, ਹਿਵਾਲੈ: ਦੇਖੋ, ਹਿਮਾਲਯ. "ਕੋਟਿ ਜਉ ਤੀਰਥ ਕਰੈ ਤਨੁ ਜੋ ਹਿਵਾਲੈ ਗਾਰੈ." (ਰਾਮ ਨਾਮਦੇਵ)

ਹਿਵੈ ਘਰ: ਸੰਗਯਾ- ਹਿਮਕਰ. ਚੰਦ੍ਰਮਾ। ੨. ਹਿਮਾਲਯ. "ਗੁਰੁ ਦਾਤਾ ਗੁਰੁ ਹਿਵੈਘਰ." (ਵਾਰ ਮਾਝ ਮਃ ੧) ੩. ਭਾਵ- ਸ਼ਾਂਤਾਤਮਾ.

ਹਿੜੰਬਾ: ਸੰ. हिडिम्बा ਹਿਡਿੰਬਾ. ਹਿਡਿੰਬੀ ਨਾਉਂ ਭੀ ਸਹੀ ਹੈ. ਹਿਡੰਬ ਦੈਤ, ਜਿਸ ਨੂੰ ਭੀਮਸੇਨ ਨੇ ਮਾਰਿਆ, ਉਸ ਦੀ ਭੈਣ. ਮਹਾਭਾਰਤ ਵਿੱਚ ਲਿਖਿਆ ਹੈ ਕਿ ਇਹ ਬਹੁਤ ਸੁੰਦਰੀ ਸੀ, ਭੀਮਸੇਨ ਨੇ ਇਸ ਨੂੰ ਵਿਆਹਕੇ ਘਟੋਤਕਚ ਪੁਤ੍ਰ ਪੈਦਾ ਕੀਤਾ. ਘਟੋਤਕਚ ਨੇ ਕੁਰੁਖੇਤ੍ਰ ਦੇ ਯੁੱਧ ਵਿੱਚ ਵਡੀ ਬਹਾਦੁਰੀ ਦਿਖਾਈ.

ਹੀ: ਵ੍ਯ- ਨਿਸ਼ਚੇ. ਯਕੀਨਨ। ੨. ਕੇਵਲ. ਫ਼ਕਤ.

"ਨਾਥ ਹੀ ਸਹਾਈ ਸੰਤਨਾ." (ਬਿਲਾ ਮਃ ੫) ੩. ਅਚਰਜ। ੪. ਸੰਗਯਾ- ਹ੍ਰਿਦਯ. ਮਨ. "ਸੁਨਿ ਸੁਨਿ ਹੀ ਡਰਾਇਆ." (ਸੂਹੀ ਮਃ ੫. ਪੜਤਾਲ) "ਹਰਿ ਕੀਰਤਨ ਹੀ ਤ੍ਰਿਪਤਾਵੈ." (ਸੋਰ ਮਃ ੫) ੫. ਛਾਤੀ. ਉਰ. "ਚਰਨਕਮਲ ਹੀ ਪਰਸ." (ਗਉ ਮਃ ੫)

ਹੀਉ, ਹੀਂਉ: ਸੰਗਯਾ- ਹ੍ਰਿਦਯ ਅੰਤਕਰਣ. "ਹੀਉ ਕੀਓ ਕੁਰਬਾਨਾ." (ਸਾਰ ਮਃ ੫) ੨. ਵਿਵੇਕ ਸ਼ਕਤਿ. ਜ਼ਮੀਰ. "ਹੀਂਉ ਦੇਉ ਸਭ ਤਨੁ ਮਨ ਅਰਪਉ." (ਸਾਰ ਮਃ ੫)

ਹੀਓ, ਹੀਅ, ਹੀਅਉ, ਹੀਅਰਉ, ਹੀਅਰਾ, ਹੀਅਰੋ: ਸੰਗਯਾ- ਹ੍ਰਿਦਯ. ਅੰਤਹਕਰਣ. ਚਿੱਤ. "ਨਾਨਕ ਨਾਮ ਅਧਾਰ

ਹੀਓ." (ਆਸਾ ਮਃ ੫) "ਬੇਦ ਪੁਰਾਨ ਜਾਸ ਗੁਨ ਗਾਵਤ ਤਾਕੋ ਨਾਮੁ ਹੀਐ ਮੋ ਧਰੁ ਰੇ." (ਗਉ ਮਃ ੯) "ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ." (ਜੈਤ ਮਃ ੪)

ਹੀਅਲੁ: ਹ੍ਰਿਦਯ ਸ੍ਥਲ. ਦੇਖੋ, ਤਲ.

ਹੀਅੜਾ: ਹ੍ਰਿਦਯ. ਮਨ.

ਹੀਆ: ਦੇਖੋ, ਹੀਅ. "ਜੀਅ ਹੀਆ ਪ੍ਰਾਨਪਤੇ." (ਬਿਲਾ ਛੰਤ ਮਃ ੫) ੨. ਹੌਸਲਾ.

ਹੀਇ: ਦੇਖੋ, ਹੀਅ. "ਹੀਏ ਕੋ ਪ੍ਰੀਤਮ ਬਿਸਰਿ ਨ ਜਾਇ." (ਕਾਨ ਮਃ ੫)

ਹੀਸ, ਹੀਂਸ: ਸੰ. ਹਿੰਸ੍ਰ. ਇੱਕ ਕੰਡੇਦਾਰ ਝਾੜ. "ਬਿੜਾ ਹੀਂਸ ਕੋ ਸੰਘਨਘਨੋ." (ਗੁਪ੍ਰਸੂ) L. Coix Barbata. ਇਸ ਦੀ ਬਾੜ ਵਡੀ ਪੱਕੀ ਹੁੰਦੀ ਹੈ. ਜੰਗਲਾਂ ਵਿੱਚ ਜਿੱਥੇ ਸੰਘਣੇ ਹੀਸ ਹੋਣ, ਉਨ੍ਹਾਂ ਵਿੱਚ ਸ਼ੇਰ ਸੂਰ ਆਦਿਕ ਜੀਵ ਆਪਣੇ ਘੁਰੇ ਬਣਾ ਲੈਂਦੇ ਹਨ.

ਹੀਕਣਾ: ਕ੍ਰਿ- ਹਿੱਕਾ (ਹਿਚਕੀ) ਨਾਲ ਸੁਰ ਕੱਢਣਾ। ੨. ਸੰਗ੍ਯਾ- ਗਧੇ ਦੀ ਧੁਨਿ. ਹੀਂਗਣਾ.

ਹੀਂਗ: ਦੇਖੋ, ਹੀਕਣਾ ੨.। ੨. ਦੇਖੋ, ਹਿੰਗੁ. "ਹੀਂਗ ਲਗਾਇ ਤਹਾਂ ਉਠ ਆਵੈ." (ਚਰਿਤ੍ਰ ੧੯੩)

ਹੀਂਗਣਾ, ਹੀਗਨਾ: ਦੇਖੋ, ਹੀਕਣਾ. "ਨਿਤ ਉਠ ਹਾਸੈ ਹੀਂਗੈ ਮਰੈ." (ਗਉ ਕਬੀਰ)

ਹੀਂਗੁ: ਦੇਖੋ, ਹਿੰਗ. "ਬਾਣੀਏ ਕੇ ਘਰ ਹੀਂਗੁ ਆਛੈ." (ਟੋਡੀ ਨਾਮਦੇਵ)

ਹੀਜ, ਹੀਜਰਾ, ਹੀਜੜਾ: ਫ਼ਾ.  ਹੀਜ਼. ਕੁਦਰਤੀ ਨਪੁੰਸਕ. ਜਿਸ ਦੇ ਪੁਰਖ ਇਸਤ੍ਰੀ ਦੇ ਚਿੰਨ੍ਹ ਨਹੀਂ ਹੁੰਦੇ. ਇਹ ਵਿਆਹ ਅਤੇ ਜਨਮਉਤਸਵ ਤੇ ਗਾ ਅਤੇ ਨੱਚਕੇ ਨਿਰਵਾਹ ਕਰਦੇ ਹਨ. "ਨਾਚਨ ਹੀਜ ਗਾਇ ਸੁਰ ਰਾਚੈਂ" (ਗੁਪ੍ਰਸੂ)

ਹੀਡ: ਸੰ. ਹੀਡ੍ ਧਾ- ਖਿੱਚਣਾ. ਪਾੜਨਾ. ਗੁੱਸੇ ਕਰਨਾ.

ਹੀਂਡ: ਡਿੰਗ. ਸੰਗ੍ਯਾ- ਦੌੜ. ਭਾਜ. ਨੱਠਣ ਦੀ ਕ੍ਰਿਯਾ.

ਹੀਂਡਣ: ਡਿੰਗ. ਝੂਲਣ ਵਾਲਾ। ੨. ਏਧਰ ਓਧਰ ਘੁੰਮਣ ਵਾਲਾ.

ਹੀਡੁ: ਹ੍ਰਿਦਯ. ਹਿਰਦਾ. ਅੰਤਹਕਾਰਣ। ੨. ਸੰ. ਹ੍ਰਿਡ੍ ਧਾ- ਜਾਣਾ. ਗਮਨ। ੩. ਸੰਗ੍ਯਾ- ਗਤਿ. ਚਾਲ. "ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰੁ ਹੀਡੁ." (ਵਾਰ ਮਾਰੂ ੧. ਮਃ ੧) ਇੱਕੋ ਰਾਹ ਅਤੇ ਇੱਕੋ ਚਾਲ ਹੈ, ਜਿਸ ਦੇ ਭੁੱਲਣ ਤੋਂ ਮਨ ਵਿੱਚ ਡਰ ਵਸਦਾ ਹੈ. ਦੇਖੋ, ਹੀਂਡ.

ਹੀਂਡੈ: ਡਿੰਗ. ਦੌੜਦਾ ਹੈ। ੨. ਸੰਗ੍ਯਾ- ਦੌੜ. ਭਾਜ.

ਹੀਂਡੋ: ਡਿੰਗ. ਝੂਲਾ. ਹਿੰਡੋਲਾ.

ਹੀਡੋਲ: ਦੇਖੋ, ਹਿੰਡੋਲ.

ਹੀਡੋਲਾ: ਦੇਖੋ, ਹਿੰਡੋਲ. "ਹੀਡੋਲੀ ਚੜਿ ਆਈਆ." (ਆਸਾ ਅਃ ਮਃ ੧) ਹਿੰਦੋਲੇ (ਡੋਲੇ) ਵਿੱਚ ਚੜ੍ਹਕੇ (ਆਈਆਂ).

ਹੀਣ, ਹੀਣਉ: ਸੰ. ਹੀਨ. ਵਿ- ਨਿੰਦਿਤ। ੨. ਘੱਟ. ਕਮ. "ਧਨ ਰੂਪਹੀਣ ਕਿਛੁ ਸਾਕ ਨ ਸਿੰਨਾ." (ਜੈਤ ਵਾਰ) ੩. ਊਣਾ. ਅਪੂਰਣ. "ਹੀਣਉ ਨੀਚ ਕਰਉ ਬੇਨੰਤੀ." (ਸੂਹੀ ਛੰਤ ਮਃ ੧)

ਹੀਣਸਜ: ਸੰ. ਹੀਨੋਸ੍ਮਿ. ਹੀਨ ਹੈ. ਬਿਨਾ ਹੈ. "ਗੁਰਮੰਤ੍ਰ ਹੀਣਸਜ ਜੋ ਪ੍ਰਾਨੀ." (ਸਹਸ ਮਃ ੫)

**ਹੀਣਾ, ਹੀਣੁ, ਹੀਣੋ, ਹੀਣੌ:** ਦੇਖੋ, ਹੀਣ। ੨. ਵਿ- ਬਿਨਾ. ਰਹਿਤ. "ਭਗਤਿਹੀਣੁ ਕਾਹੇ ਜਗਿ ਆਇਆ?" (ਸ੍ਰੀ ਅਃ ਮਃ ੩) ੩. ਕਾਇਰ. ਭੀਰੁ. ਬੁਜ਼ਦਿਲ. " ਨ ਕੋਈ ਸੂਰੁ ਨ ਕੋਈ ਹੀਣਾ." (ਰਾਮ ਅਃ ਮਃ ੫) "ਨਾ ਕੋ ਹੀਣੁ ਨਾਹੀ ਕੋ ਸੂਰਾ." (ਗਉ ਅਃ ਮਃ ੫) "ਹੀਣੋ ਨੀਚੁ ਬੁਰੋ ਬੁਰਿਆਰੁ." (ਪ੍ਰਭਾ ਮਃ ੧)

**ਹੀਤ, ਹੀਤੁ:** ਦੇਖੋ, ਹਿਤ. "ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ." (ਗਉ ਮਃ ੫) "ਸੰਗਿ ਨ ਚਾਲਹਿ ਤਿਨਿ ਸਿਉ ਹੀਤ." (ਧਨਾ ਮਃ ੫) ੨. ਵਿ- ਹਿਤੂ. ਪਿਆਰਾ. "ਹੀਤ ਮੋਹ ਭੈ ਭਰਮ ਭ੍ਰਮਣੰ." (ਸਹਸ ਮਃ ੫)

**ਹੀਨ:** ਦੇਖੋ, ਹੀਣ ਅਤੇ ਹੀਨਾ.

**ਹੀਨਤ, ਹੀਨਤਾ:** ਸੰਗਯਾ- ਘਾਟਾ. ਕਮੀ। ੨. ਨੀਚਤਾ। ੩. ਅਪਮਾਨ. ਅਨਾਦਰ. "ਕਾਲੂ ! ਮੈ ਹੀਨਤ ਮਾਨਤ ਹੋਂ." (ਨਾਪ੍ਰ)

**ਹੀਨੜਾ, ਹੀਨੜੀ:** ਵਿ- ਹੀਨਤਾ ਵਾਲਾ (ਵਾਲੀ). ਤੁੱਛ. ਘੀਆ. "ਹੀਨੜੀ ਜਾਤਿ ਮੇਰੀ." (ਭੈਰ ਨਾਮਦੇਵ)

**ਹੀਨਾ:** ਵਿ- ਦੇਖੋ, ਹੀਨ. "ਸਭ ਊਤਮ ਕਿਸੁ ਆਖਉ ਹੀਨਾ?" (ਬਸੰ ਅਃ ਮਃ ੧) ਕਿਸ ਨੂੰ ਨੀਚ ਕਹਾਂ। ੨. ਕ੍ਸ਼ੀਣ. ਕਮਜ਼ੋਰ. "ਨੈਨੀ ਦ੍ਰਿਸਟਿ ਨਹੀ, ਤਨੁ ਹੀਨਾ." (ਭੈਰ ਮਃ ੧)

**ਹੀਰ:** ਸਿਆਲ ਜਾਤਿ ਦੇ ਰਾਜਪੂਤ ਚੂਚਕ ਦੀ, ਮਲਕੀ ਦੇ ਉਦਰ ਤੋਂ ਪੈਦਾ ਹੋਈ ਇੱਕ ਕੰਨਯਾ, ਜੋ ਚਨਾਬ (ਝਨਾਂ) ਦੇ ਕਿਨਾਰੇ ਝੰਗ ਨਗਰ ਦੀ ਵਸਨੀਕ ਸੀ.[344] ਚਾਹੋ ਇਸ ਦਾ ਵਿਆਹ ਰੰਗਪੁਰ (ਜਿਲਾ ਮੁਜੱਫਰਗੜ੍ਹ) ਨਿਵਾਸੀ ਖੇੜੇ ਜਾਤਿ ਦੇ ਸੈਦੇ ਨਾਮਕ ਜੱਟ ਨਾਲ ਮਾਪਿਆਂ ਨੇ ਕਰ ਦਿੱਤਾ ਸੀ, ਪਰ ਇਸ ਦਾ ਪ੍ਰੇਮਭਾਵ ਤਖਤ ਹਜਾਰੇ ਦੇ ਵਸਨੀਕ ਮੌਜੂ[345] ਦੇ ਪੁਤ੍ਰ ਰਾਂਝੇ ਨਾਲ ਸੀ. ਇਸ ਦੀ ਕਥਾ ਅਨੇਕ ਪੰਜਾਬੀ ਕਵੀਆਂ ਨੇ ਉੱਤਮ ਰੀਤਿ ਨਾਲ ਲਿਖੀ ਹੈ, ਹੀਰ ਦਾ ਦੇਹਾਂਤ ਰਾਂਝੇ ਦਾ ਮਰਨਾ ਸੁਣਕੇ ਸੰਮਤ ੧੫੧੦ ਵਿੱਚ ਹੋਇਆ. ਇਸ ਦੀ ਕਬਰ ਝੰਗ ਤੋਂ ਅੱਧ ਕੋਹ ਤੇ ਹੈ, ਜਿਸ ਥਾਂ ਅਨੇਕ ਲੋਕ ਦੁੱਧ ਚੜ੍ਹਾਉਂਦੇ ਹਨ. "ਰਾਂਝਾ ਹੀਰ ਬਖਾਣੀਐ ਓਹ ਪਿਰਮ ਪਿਰਾਤੀ." (ਭਾਗੁ)

ਦਸਮਗ੍ਰੰਥ ਵਿੱਚ ਜਿਕਰ ਹੈ ਕਿ ਹੀਰ ਮੇਨਕਾ ਅਪਸਰਾ ਅਤੇ ਰਾਂਝਾ ਇੰਦ੍ਰ ਸੀ. "ਰਾਂਝਾ ਭਯੋ ਸੁਰੇਸ ਤਹਿਂ, ਭਈ ਮੇਨਕਾ ਹੀਰ। ਯਾ ਜਗ ਮੇ ਗਾਵਤ ਸਦਾ ਸਭ ਕਵਿਕੁਲ ਜਸ ਧੀਰ." (ਚਰਿਤ੍ਰ ੯੮) ਦੇਖੋ, ਰਾਂਝਾ। ੨. ਦਸ਼ਮੇਸ਼ ਦੇ ਦਰਬਾਰ ਦਾ ਇੱਕ ਕਵਿ, ਜਿਸ ਨੂੰ ਗੁਰੂ ਸਾਹਿਬ ਨੇ ਹੇਠ ਲਿਖਿਆ ਕਬਿੱਤ ਸੁਣਕੇ ਇਤਨਾ ਦਾਨ ਬਖਸ਼ਿਆ ਕਿ ਉਹ ਸਾਰੀ ਉਮਰ ਕਿਸੇ ਅੱਗੇ ਹੱਥ ਪਸਾਰਣ ਜੋਗਾ ਨਾ ਰਹਿਆ.

ਪਾਸ ਠਾਢੋ ਝਗਰਤ ਝੁਕਤ ਦਰੇਰੈ ਮੋਹਿ

ਬਾਤ ਨ ਕਰਨ ਪਾਊਂ ਮਹਾਂ ਬਲੀ ਬੀਰ ਸੋਂ,

ਐਸੋ ਅਰਿ ਬਿਕਟ ਨਿਕਟ ਬਸੈ ਨਿਸਦਿਨ

ਨਿਪਟ ਨਿਸ਼ੰਕ ਸਠ ਘੇਰੈ ਫੇਰ ਭੀਰ ਸੋਂ,

ਦਾਰਦਿ ਕੁਪੂਤ ! ਤੇਰੋ ਮਰਨ ਬਨਯੋ ਹੈ ਆਜ

ਕਰਕੈ ਸਲਾਮ ਵਿਦਾ ਹੂਜੈ ਕਬਿ ਹੀਰ ਸੋਂ,

ਨਾਤਰੁ ਗੋਬਿੰਦ ਸਿੰਘ ਵਿਕਲ ਕਰੈਂਗੇ ਤੋਹਿ

---

[344] ਝੰਗ ਰਾਇਸਰਜਾ ਨੇ ਸੰਮਤ ੯੮੩ ਵਿੱਚ ਵਸਾਇਆ ਹੈ ਸਿਆਲ ਜੱਟਾਂ ਦੀ ਝੁੰਗੀਆਂ ਤੋਂ ਨਾਉਂ ਝੁੰਗੀ ਸਿਆਲ ਆਖਦੇ ਸੇ. ਪਿੱਛੋਂ ਝੰਗ ਸਿਆਲ ਕਰਕੇ ਮਸ਼ਹੂਰ ਹੋਇਆ.

[345] ਰਾਂਝੇ ਦੇ ਪਿਤਾ ਦਾ ਨਾਉਂ ਮੁਅੱਜ਼ੁੱਦੀਨ ਸੀ, ਜਿਸ ਨੂੰ ਮੌਜੂ ਲਿਖਿਆ ਹੈ. ਬਹਲੋਲ ਲੋਦੀ ਦੇ ਵੇਲੇ ਮੌਜੂ ਹਜਾਰੇ ਦਾ ਹਾਕਿਮ ਸੀ, ਤਖਤ ਹਜਾਰਾ ਲੋਦੀਆਂ ਦੇ ਵੇਲੇ ਇੱਕ ਅੱਛਾ ਆਬਾਦ ਕਸਬਾ ਸੀ.

ਟੂਕ ਟੂਕ ਹ੍ਵੈ ਹੈਂ ਗਾਢੇ ਦਾਨਨ ਕੇ ਤੀਰ ਸੋਂ. ੩. ਸੰ. ਹੀਰਾ. ਵਜ੍ਰ. "ਗੁਰਿ ਮਿਲੀਐ ਹੀਰ ਪਰਾਖਾ." (ਜੈਤ ਮਃ ੪) ੪. ਸ਼ਿਵ। ੫. ਸ਼ੇਰ। ੬. ਅਹੀਰ (ਅਭੀਰ) ਦਾ ਸੰਖੇਪ. "ਆਏ ਸਭ ਬ੍ਰਿਜ ਹੀਰ." (ਕ੍ਰਿਸਨਾਵ) ੭. ਇੱਕ ਛੰਦ, ਜਿਸ ਦੀ 'ਹੀਰਕ' ਸੰਗਯਾ ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ, ਦੋ ਵਿਸ਼੍ਰਾਮ ਛੀ ਛੀ ਮਾਤ੍ਰਾ ਪੁਰ, ਤੀਜਾ ਗਿਆਰਾਂ ਪੁਰ, ਹਰੇਕ ਚਰਣ ਦੇ ਆਦਿ ਦਾ ਅੱਖਰ ਗੁਰੁ ਅੰਤ ਰਗਣ SIS

ਉਦਾਹਰਣ-

ਸਤਯ ਰਹਿਤ, ਪਾਪ ਗ੍ਰਹਿਤ, ਕ੍ਰੁੱਧ ਚਹਿਤ ਜਾਨਿਯੇ,

ਧਰਮੰ ਹੀਨ, ਅੰਗ ਛੀਨ, ਕ੍ਰੋਧ ਪੀਨ ਮਾਨਿਯੇ. xxx (ਕਲਕੀ)

(ਅ) ਗਣ ਛੰਦ ਹੀਰ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਭ ਸ ਨ ਜ ਨ ਰ SII, IIS, III, SIS, III, SIS.

ਉਦਾਹਰਣ-

ਸ਼੍ਰੀ ਗੁਰੁ ਧਰ ਹੀ ਚਰਨ ਰਿਦੇ ਨਰ ਦੁਖ ਕੇ ਹਰੀ,

ਹੋਤ ਨ ਭਵ ਮੇ ਭ੍ਰਮਣ ਸਦਾ ਰਹਿ ਮੁਦ ਕੋ ਧਰੀ. xxx 8. ਫ਼ਾ. ਅਗਨੀ. ਆਤਿਸ਼.

ਹੀਰਕ: ਸੰ. ਸੰਗਯਾ- ਹੀਰਾ. ਵਜ੍ਰ। ੨. ਦੇਖੋ, ਹੀਰ ੭.

ਹੀਰਾ: ਦੇਖੋ, ਹੀਰ ਅਤੇ ਹੀਰਕ. "ਹੀਰਾ ਨਾਮੁ ਜਵੇਹਰ ਲਾਲੁ." (ਆਸਾ ਅਃ ਮਃ ੧) ੨. ਕਰਤਾਰ ਵਾਸਤੇ ਭੀ ਹੀਰਾ ਸ਼ਬਦ ਆਇਆ ਹੈ ਭਾਵ ਅਰਥ ਹੈ ਕਿ ਜੋ ਉੱਤਮ ਰਤਨ ਰੂਪ ਹੈ ਅਤੇ ਜਿਸ ਤੇ ਕਿਸੇ ਰੰਗ ਦਾ ਅਸਰ ਨਹੀਂ ਹੁੰਦਾ, ਅਰ ਉਸ ਦੀ ਚਮਕ ਸਭ ਉੱਪਰ ਪੈਂਦੀ ਹੈ. "ਹੀਰੇ ਕਰਉ ਅਦੇਸ." (ਰਾਮ ਕਬੀਰ) ੩. ਜੀਵਾਤਮਾ. "ਹੀਰੈ ਹੀਰਾ ਬੇਧਿ." (ਆਸਾ ਕਬੀਰ) ੪. ਉੱਤਮ ਪੁਰਖ ਭੀ ਹੀਰਾ ਕਹਿਆ ਜਾਂਦਾ ਹੈ। ੫. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜੋ ਵਡਾ ਬਹਾਦੁਰ ਸੀ, ਇਸ ਨੇ ਅਮ੍ਰਿਤਸਰ ਦੇ ਜੰਗ ਵਿੱਚ ਘੋਰ ਯੁੱਧ ਕੀਤਾ। ੬. ਸੰ. ਹੀਰਾ ਲਛਮੀ। ੭. ਕੀੜੀ। ੮. ਹੀਅਰਾ ਦਾ ਸੰਖੇਪ.

ਹੀਰਾ ਸਿੰਘ: ਫੂਲਵੰਸ਼ੀ ਸਰਦਾਰ ਸੁੱਖਾ ਸਿੰਘ ਜੀ ਰਈਸ ਬਡਰੁੱਖਾਂ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ੬. ਪੋਹ ਸੰਮਤ ੧੯੦੦ (ਸਨ ੧੮੪੩) ਨੂੰ ਮਾਈ ਰਾਜ ਕੌਰ (ਸਰਦਾਰ ਬਸਾਵਾ ਸਿੰਘ ਜੀ ਬੋੜਾਵਾਲੀਏ ਦੀ ਸੁਪੁਤ੍ਰੀ) ਦੇ ਉਦਰ ਤੋਂ ਬਡਰੁੱਖੀਂ ਹੋਇਆ. ਰਾਜਾ ਭਗਵਾਨ ਸਿੰਘ ਨਾਭਾਪਤਿ ਦੇ ਔਲਾਦ ਨਾ ਹੋਣ ਕਾਰਣ ਇਹ ਭਾਦੋਂ ਸੁਦੀ ੧੦. ਸੰਮਤ ੧੯੨੮ (੧੦ ਅਗਸਤ ਸਨ ੧੮੭੧) ਨੂੰ ਨਾਭੇ ਦੀ ਰਾਜਗੱਦੀ ਤੇ ਬੈਠੇ.

ਮਹਾਰਾਜਾ ਹੀਰਾ ਸਿੰਘ ਜੀ ਨੇ ਜਿਸ ਯੋਗਯ ਰੀਤਿ ਨਾਲ ਰਾਜ ਦਾ ਪ੍ਰਬੰਧ ਕੀਤਾ ਅਤੇ ਪ੍ਰਜਾ ਨੂੰ ਸੁਖ ਦਿੱਤਾ, ਉਹ ਦੂਜੇ ਰਾਜਿਆਂ ਲਈ ਉਦਾਹਰਣ ਰੂਪ ਹੋਣਾ ਚਾਹੀਏ. ਆਪ ਦਾ ਵਿਦਯਾ ਨਾਲ ਅਪਾਰ ਪ੍ਰੇਮ ਸੀ. ਰਿਆਸਤ ਵਿੱਚ ਅਨੇਕ ਸਕੂਲ ਖੋਲ੍ਹੇ, ਵਿਦਯਾਰਥੀਆਂ ਨੂੰ ਬਹੁਤ ਵਜ਼ੀਫੇ ਦਿੱਤੇ. ਮਕਾਲਿਫ ਸਾਹਿਬ ਨੂੰ "ਸਿੱਖ ਰੀਲੀਜਨ" ਕਿਤਾਬ ਲਿਖਣ ਲਈ ਭਾਰੀ ਸਹਾਇਤਾ ਦਿੱਤੀ ਅਤੇ ਖਾਲਸਾ ਕਾਲਿਜ ਨੂੰ ਪੱਕੇ ਪੈਰੀਂ ਕੀਤਾ.

ਖਾਸ ਰਾਜਧਾਨੀ ਅਤੇ ਇਲਾਕੇ ਵਿੱਚ ਲੱਖਾਂ ਰੁਪਯੇ ਖਰਚ ਕੇ ਆਲੀਸ਼ਾਨ ਇਮਾਰਤਾਂ ਬਣਵਾਈਆਂ ਅਤੇ ਫੌਜ ਨੂੰ ਯੋਗਯ ਬਣਾਉਣ ਲਈ ਬੇਅੰਤ ਧਨ ਖਰਚਿਆ.

ਮਹਾਰਾਜਾ ਹੀਰਾ ਸਿੰਘ ਜੀ ਦੇ ਜਾਤੀ ਖਰਚ ਬਹੁਤ ਹੀ ਘੱਟ ਸਨ, ਉਹ ਰਿਆਸਤ ਦੇ ਖਜ਼ਾਨੇ ਨੂੰ ਪ੍ਰਜਾ ਦੀ ਇਮਾਨਤ ਸਮਝਦੇ ਸਨ. ਇਨਸਾਫ ਲਈ ਨਿੱਤ ਸਮਾਂ ਦਿੰਦੇ ਅਤੇ ਉਨ੍ਹਾਂ ਦੇ ਦਰਬਾਰ ਵਿੱਚ ਬਿਨਾ ਰੋਕ ਟੋਕ ਹਰੇਕ ਆਦਮੀ ਪਹੁੰਚ ਸਕਦਾ ਸੀ.

ਆਪ ਦੇ ਘਰ ਰਾਣੀ ਸਾਹਿਬਾ ਪਰਮੇਸ਼੍ਵਰ ਕੌਰਿ ਰੱਲੇ ਵਾਲਿਆਂ ਦੇ ਉੱਦਰ ਤੋਂ ੭. ਮਾਘ ਸੰਮਤ ੧੯੩੯ (੧੮ ਜਨਵਰੀ ਸਨ

੧੮੮੩) ਨੂੰ ਬੀਬੀ ਰਿਪੁਦਮਨ ਕੌਰ ਜੀ,[346] ਅਤੇ ਰਾਣੀ ਸਾਹਿਬਾ ਜਸਮੇਰ ਕੌਰ ਲੌਂਗੋਵਾਲ ਵਾਲਿਆਂ ਦੇ ਉਦਰ ਤੋਂ ੨੨ ਫੱਗੁਣ ਸੰਮਤ ੧੯੩੯ (੪ ਮਾਰਚ ਸਨ ੧੮੮੩) ਨੂੰ ਟਿੱਕਾ ਰਿਪੁਦਮਨ ਸਿੰਘ ਜੀ ਪੈਦਾ ਹੋਏ.

ਸਨ ੧੮੯੯ ਵਿੱਚ ਜੀ. ਸੀ. ਐਸ. ਆਈ ਸਨ ੧੯੦੩ ਵਿੱਚ ਜੀ. ਸੀ. ਆਈ. ਈ. ਅਤੇ ਸਨ ੧੯੧੧ ਦੇ ਦਿੱਲੀ ਦਰਬਾਰ ਵਿੱਚ ਮੌਰੂਸੀ "ਮਹਾਰਾਜਾ" ਪਦਵੀ ਮਿਲੀ.

੧੧ ਪੋਹ ਸੰਮਤ ੧੯੬੮ (੨੫ ਦਿਸੰਬਰ ਸਨ ੧੯੧੧) ਨੂੰ ਵੈਰਾੜਵੰਸ਼ ਸਿਰਮੌਰ ਮਹਾਰਾਜਾ ਸਰ ਹੀਰਾ ਸਿੰਘ ਰਾਜਰਿਖੀ ਜੀ ਦਾ ਦੇਹਾਂਤ ਨਾਭੇ ਹੋਇਆ.

ਹੀਰਾਹੀਰ, ਹੀਰਾਹੀਰੁ: ਹੀਰਿਆਂ ਵਿੱਚੋਂ, ਉੱਤਮ ਹੀਰਾ. ਰਤਨਾ ਵਿੱਚੋਂ ਸ਼ਿਰੋਮਣਿ ਰਤਨ. "ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ." (ਵਾਰ ਸੂਹੀ ਮਃ ੩)

ਹੀਰਾਘਾਟ: ਦੇਖੋ, ਅਬਿਚਲ ਨਗਰ.

ਹੀਰਾ ਦਾਸ, ਹੀਰਦਾਸੀਏ: ਸੁਰਸਿੰਘ ਪਿੰਡ (ਜਿਲਾ ਲਹੌਰ) ਵਿੱਚ ਅਬਦੁੱਲੇ ਮੋਚੀ ਦੇ ਘਰ ਸੰਮਤ ੧੮੬੭ ਵਿੱਚ ਹੀਰਾ ਜਨਮਿਆ, ਜੋ ਮਹਾਤਮਾ ਸ਼ਰਣਦਾਸ ਉਦਾਸੀ ਸਾਧੂ ਦੀ ਸੰਗਤਿ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਮ ਧਰਮ ਦਾ ਪ੍ਰੇਮੀ ਹੋਇਆ ਅਰ ਨਾਉਂ, ਹੀਰਾ ਦਾਸ ਰੱਖਿਆ ਗਿਆ. ਮਹਾਰਾਜਾ ਰਣਜੀਤ ਸਿੰਘ ਦੇ ਅਹਿਦ ਵਿੱਚ ਇਸ ਨੇ "ਗੰਡੀ ਵਿੰਡ" ਪਿੰਡ (ਤਸੀਲ ਤਰਨਤਾਰਨ) ਵਿੱਚ ਇੱਕ ਵੱਡਾ ਡੇਰਾ ਬਣਾਇਆ ਅਤੇ ਲੰਗਰ ਜਾਰੀ ਕੀਤਾ. ਇਸ ਦਾ ਦੇਹਾਂਤ ਸੰਮਤ ੧੯੩੬ ਵਿੱਚ ਹੋਇਆ ਹੈ. ਹੀਰਾ ਦਾਸ ਦੀ ਸੰਪ੍ਰਦਾਯ ਦੇ ਹੀਰਾਦਾਸੀਏ ਅਖਾਉਂਦੇ ਹਨ. ਹੀਰਾਦਾਸ ਦੀ ਗੱਦੀ ਤੇ ਮਹੰਤ ਸੰਤ ਸਿੰਘ ਬੈਠਾ, ਜਿਸ ਦਾ ਦੇਹਾਂਤ ਸੰਮਤ ੧੯੫੩ ਵਿੱਚ ਹੋਇਆ.

ਹੀਰਾ ਨੰਦ: ਦੇਖੋ. ਛਾਪਾ ੩.

ਹੀਰੁ: ਦੇਖੋ, ਹੀਰ ਅਤੇ ਹੀਰਾ. "ਦਇਆ ਕਰੈ ਹਰਿ ਹੀਰੁ." (ਸ੍ਰੀ ਮਃ ੧) "ਮਾਣਿਕ ਲਾਲ ਨਾਮ ਰਤਨ ਪਦਾਰਥ ਹੀਰੁ." (ਸ੍ਰੀ ਮਃ ੧)

ਹੀਰੇ ਨਾਲ ਹੀਰਾ ਵਿੰਨ੍ਹਣਾ: ਕ੍ਰਿ- ਹੀਰਾ ਸਖਤ ਹੁੰਦਾ ਹੈ, ਉਸ ਦੇ ਵੇਧਨ ਅਤੇ ਛੇਦਨ ਵਾਸਤੇ ਹੀਰੇ ਦਾ ਹੀ ਔਜ਼ਾਰ ਵਰਤੀਦਾ ਹੈ. ਭਾਵ ਇਹ ਹੈ ਕਿ ਜੀਵਾਤਮਾ ਦੀ ਉਪਾਧੀ ਦੂਰ ਕਰਨ ਲਈ ਸ਼ੁੱਧ ਬ੍ਰਹਮ ਦੇ ਗਜਾਨ ਦਾ ਚਮਤਕਾਰ ਹੀ ਸਹਾਇਕ ਹੁੰਦਾ ਹੈ. "ਹੀਰੈ ਹੀਰਾਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ." (ਆਸਾ ਕਬੀਰ).

ਹੀਲਹ: ਦੇਖੋ, ਹੀਲਾ ੩.

ਹੀਲਹਸਾਜੀ: ਫ਼ਾ. حیلہ سازی ਹ਼ੀਲਹਸਾਜ਼ੀ. ਸੰਗਜਾ- ਬਹਾਨੇ ਬਾਜ਼ੀ. ਫਰੇਬ ਖੇਡਣ ਦੀ ਕ੍ਰਿਯਾ.

ਹੀਲਤ: ਦੇਖੋ, ਹੀਲਾ ੩. ਹੀਲਤ ਦਾ ਅਰਥ ਭੀ ਬਹਾਨਾ ਅਤੇ ਮਕਰ ਹੈ.

ਹੀਲੜਾ, ਹੀਲਾ, ਹੀਲੋਂ: ਸੰਗਜਾ- ਛਲ. ਫਰੇਬ। ੨. ਦੁੱਖ. "ਮਨ ਨ ਸੁਹੇਲਾ ਪਰਪੰਚ ਹੀਲਾ." (ਗਉ ਮਃ ੫) "ਸਾਧਨ ਕੋ ਹਰਤਾ ਜੋਉ ਹੀਲੋਂ." (ਕ੍ਰਿਸਨਾਵ) ੩. ਅ਼. حیلہ ਹ਼ੀਲਹ. ਬਹਾਨਾ. "ਹੀਲੜਾ ਏਹੁ ਸੰਸਾਰੋ." (ਵਡ ਮਃ ੧. ਅਲਾਹਣੀ) ੪. ਆਪਣੇ ਬਚਾਉ ਲਈ ਯੁਕਤਿ ਸੋਚਣ ਦੀ ਕ੍ਰਿਯਾ (ਤਦਬੀਰ).

ਹੁ: ਸੰ. ਧਾ- ਯਗਜ ਕਰਨਾ. ਖਾਣਾ. ਤ੍ਰਿਪਤ ਕਰਨਾ. ਭੇਜਣਾ. ਲੈਣਾ। ੨. ਪੁਰਾਣੀ ਪੰਜਾਬੀ ਵਿੱਚ ਹੋੜੇ (ੋ) ਦੀ ਥਾਂ ਹੁ ਅੱਖਰ ਆਉਂਦਾ ਹੈ. ਜੈਸੇ ਕਰੋ ਦੀ ਥਾਂ ਕਰਹੁ, ਜਪੋ ਦੀ ਥਾਂ ਜਪਹੁ ਆਦਿ. "ਮੇਰੀ ਹਰਹੁ ਬਿਪਤ ਜਨ ਕਰਹੁ ਸੁਭਾਈ." (ਗਉ

---

[346] ਬੀਬੀ ਰਿਪੁਦਮਨ ਕੌਰ ਜੀ ਦੀ ਸ਼ਾਦੀ ਮਹਾਰਾਜਾ ਰਾਮ ਸਿੰਘ ਸਾਹਿਬ ਧੌਲ ਪੁਰਪਤਿ ਨਾਲ ਸਨ ੧੯੦੫ ਵਿੱਚ ਹੋਈ. ਪਰ ਬੀਬੀ ਜੀ ਦੀ ਗ੍ਰਿਹਸਤਯਾਤ੍ਰਾ ਸੁਖ ਨਾਲ ਨਹੀਂ ਬੀਤੀ, ਕਿਉਂਕਿ ਸਨ ੧੯੧੧

ਰਵਿਦਾਸ) ੩. ਵ੍ਯ- ਨਿਸ਼ਚਯ. ਯਕੀਨਨ. "ਭਰਮੁ ਭੇਦੁ ਭਉ ਕਬਹੁ ਨ ਛੂਟਸਿ." (ਭੈਰ ਮਃ ੧) ੪. ਪੰਚਮੀ ਵਿਭਕ੍ਤਿ ਦਾ ਅਰਥ ਭੀ ਹੁ ਦਿੰਦਾ ਹੈ. ਸੇ. ਤੋਂ. "ਪਰੇਤਹੁ ਕੀਤੋਨੁ ਦੇਵਤਾ." (ਵਾਰ ਗਉ ੨. ਮਃ ੫)

ਹੁੰ: ਸੰ. ਹੁਸ. ਵ੍ਯ- ਹੁੰਘਾਰਾ. ਹੁੰਕਾਰ। ੨. ਨਿਰਾਦਰ। ੩. ਪ੍ਰਸ਼ਨ। ੪. ਅੰਗੀਕਾਰ.

ਹੁਐ: ਦੇਖੋ, ਹ੍ਵੈ.

ਹੁਅੰ: ਵਿ- ਹੂਆ। ੨. ਸੰਗ੍ਯਾ- ਹੁੰਕਾਰ. "ਹੁਅੰ ਸਬਦ ਅਸਿਧੁਜਹਿ ਉਚਾਰਾ." (ਚਰਿਤ੍ਰ ੪੦੫)

ਹੁਇਓ, ਹੁਈ: ਹੋਇਆ. ਹੋਈ.

ਹੁਈ ਹੈ: ਹੋਈਦਾ ਹੈ. "ਆਨੰਦ ਰੂਪ ਹੁਈ ਹੈ." (ਗੂਜ ਮਃ ੫)

ਹੁਏ: ਹੂਏ. ਹੋਏ. "ਮੁਖ ਹੁਏ ਪੰਡਿਤ ਮਿਠੇ." (ਸਵੈਯੇ ਮਃ ੩. ਕੇ)

ਹੁਸ: ਦੇਖੋ, ਹੁਸਣਾ। ੨. ਦੇਖੋ, ਹਬਸ। ੩. ਫ਼ਾ. ਹੁਸ਼. ਇਹ ਸੰਖੇਪ ਹੈ ਹੋਸ਼ (ਸੁਰਤ) ਦਾ.

ਹੁਸਣਾ: ਸੰ. ਹ੍ਰਸਨਮ੍. ਹੁਸਨੰ. ਸੰਗ੍ਯਾ- ਕਮਹੋਣਾ. ਘਟਣਾ। ੨. ਥੱਕਣਾ. "ਹੋਇ ਨ ਅਸ ਅਸੁ ਹੁਸ ਨਹਿ ਜਾਇ." (ਗੁਪ੍ਰਸੂ) "ਦਿਯੇ ਹੁਸਾਇ ਤੁਰੰਗਮ ਸਾਰੇ." (ਗੁਪ੍ਰਸੂ)

ਹੁਸਨ: ਅ਼. حسن ਹ਼ੁਸਨ. ਸੰਗ੍ਯਾ- ਸੁੰਦਰਤਾ. ਖ਼ੂਬਸੂਰਤੀ. "ਕਿ ਹੁ਼ਸਨੁਲ ਵਜੂ ਹੈ." (ਜਾਪੁ) ਸੁੰਦਰਤਾ ਦਾ ਵਜੂਦ ਹੈ. ਦੇਖੋ, ਵਜਹ ਅਤੇ ਵਜੂਹ। ੨. ਵਿ- ਸੁੰਦਰ. ਖ਼ੂਬਸੂਰਤ.

ਹੁਸਨਾਕ: ਫ਼ਾ. حسن- ناک ਹ਼ੁਸਨ- ਨਾਕ. ਵਿ- ਹ਼ੁਸਨ (ਸੁੰਦਰਤਾ) ਵਾਲਾ. ਖ਼ੂਬਸੂਰਤ "ਅਮਿਤ ਦਰਬ ਹੁਸਨਾਕਨ ਦੇਹੀਂ." (ਚਰਿਤ੍ਰ ੧੧੧) ੨. ਦੇਖੋ, ਉਸਨਾਕ.

ਹੁਸਨੁਲਚਰਾਗ: ਫ਼ਾ. حسن الچراغ ਹ਼ੁਸਨੁਲਚਰਾਗ਼. ਸੁੰਦਰਤਾ ਦਾ ਦੀਪਕ. "ਕਿ ਹੁਸਨੁਲਚਰਾਗ ਹੈਂ." (ਜਾਪੁ)

ਹੁਸਨੁਲਜਮਾਲ: ਅ਼. حسن الجمال ਹ਼ੁਸਨੁਲਜਮਾਲ. ਵਿ- ਅਤਿ ਸੁੰਦਰ. ਮਨੋਹਰ.

ਹੁਸਨੁਲਤਮਾਮ: ਅ਼. حسن التمام ਪੂਰਣ ਸੁੰਦਰਤਾ ਵਾਲਾ. ਅਦਿ ਸੁੰਦਰ.

ਹੁਸਨੁਲਵਜੂ ਹੈ: (ਜਾਪੁ) ਅ਼. حسن الوجوۃ ਸੁੰਦਰ ਚੇਹਰੇ ਵਾਲਾ ਹੈ. ਭਾਵ- ਮੋਹਨਮੂਰਤਿ ਹੈ. ਦੇਖੋ, ਵਜਹ ਅਤੇ ਵਜੂਹ.

ਹੁਸਿਆਰ, ਹੁਸਿਆਰ: ਫ਼ਾ. ہوشیار ਹੋਸ਼ਯਾਰ. ਵਿ- ਹੋਸ਼ (ਬੁੱਧਿ) ਰੱਖਣ ਵਾਲਾ. ਦਾਨਾ। ੨. ਖ਼ਬਰਦਾਰ. "ਦੁਨੀਆ ਹੁਸੀਆਰ ਬੇਦਾਰ." (ਰਾਮ ਕਬੀਰ)

ਹੁਸੀਆਰੀ: ਫ਼ਾ. ہوشیاری ਹੋਸ਼ਯਾਰੀ. ਸੰਗ੍ਯਾ- ਚਤੁਰਾਈ. ਦਾਨਾਈ। ੨. ਸਾਵਧਾਨਤਾ.

ਹੁਸੈਨ: حسین ਹ਼ੁਸੈਨ. ਪੈਗ਼ੰਬਰ ਮੁਹੰਮਦ ਸਹਿਬ ਦੀ ਸੁਪੁਤ੍ਰੀ ਫਾਤਿਮਾ ਦੇ ਉਦਰ ਤੋਂ ਹਜਰਤ ਅਲੀ ਦਾ ਦੂਸਰਾ ਪੁਤ੍ਰ, ਜੋ ਮਦੀਨੇ ਵਿੱਚ ਸਨ ੬੨੫ (ਹਿਜਰੀ ੪) ਵਿੱਚ ਜਨਮਿਆ ਅਤੇ ਕਰਬਲਾ ਦੇ ਮਕਾਮ (ਜੋ ਬਗਦਾਦ ਤੋਂ ਸੱਠ ਮੀਲ ਦੱਖਣ ਪੱਛਮ ਦੀ ਸੰਨ੍ਹ ਵਿੱਚ ਹੈ) ਸੱਤਵੇਂ ਖਲੀਫਾ ਯਜ਼ੀਦ ਦੇ ਸੈਨਾਪਤਿ "ਸਿਮਰ" ਦੇ ਹੱਥੋਂ ਵਡੀ ਬੇਰਹਮੀ ਨਾਲ ੧੮. ਅਕਤੂਬਰ ਸਨ ੬੮੦ ਨੂੰ ਤਿੰਨ ਦਿਨ ਦਾ ਪਿਆਸਾ ਮਾਰਿਆ ਗਿਆ.

ਝਗੜੇ ਦਾ ਕਾਰਣ ਇਹ ਸੀ ਕਿ ਕੂਫੇ ਦੇ ਆਦਮੀਆਂ ਨੇ ਹੁਸੈਨ ਨਾਲ ਗੁਪਤ ਗੱਲ ਕਰਕੇ ਉਸ ਨੂੰ ਖ਼ਲਾਫ਼ਤ ਦੇਣ ਲਈ ਬੁਲਾਇਆ. ਦਮਿਸ਼ਕਪਤੀ ਖਲੀਫਾ ਯਜ਼ੀਦ ਨੇ ਭੇਦ ਮਲੂਮ ਕਰਕੇ ਆਪਣੀ ਫ਼ੌਜ ਹੁਸੈਨ ਦੇ ਵਿਰੁੱਧ ਭੇਜੀ. ਹੁਸੈਨ ਲੜਨਾ ਨਹੀਂ ਚਾਹੁੰਦਾ ਸੀ, ਪਰ ਯਜ਼ੀਦ ਦੇ ਫ਼ੌਜੀਆਂ ਨੇ ਮੱਲੋ ਮੱਲੀ ਉਸ ਤੇ ਹਮਲਾ ਕੀਤਾ. ਇਹ ਸਾਰਾ ਝਗੜਾ ਮੁਹੱਰਮ ਦੀ ਪਹਿਲੀ ਤਾਰੀਖ ਤੋਂ ਦਸਵੀਂ ਤਕ ਰਹਿਆ. ਦਸਵੀਂ ਨੂੰ ਹੁਸੈਨ ਮਾਰਿਆ ਗਿਆ. ਇਸੇ ਲਈ ਸ਼ੀਅ਼ਹ (ਸ਼ੀਆ) ਲੋਕ ਇਹ ਦਸ ਦਿਨ

ਵਡੇ ਸ਼ੋਕ ਦੇ ਮਨਾਉਂਦੇ ਹਨ. ਦੇਖੋ, ਹਸਨ ਅਤੇ ਸੱਯਦ.

**ਹੁਸੈਨਸ਼ਾਹ:** ਇੱਕ ਲਹੌਰ ਦਾ ਫਕੀਰ, ਜਿਸ ਨੂੰ ਸ਼ਾਹ ਹੁਸੈਨ ਭੀ ਆਖਦੇ ਹਨ. ਦੇਖੋ, ਕਾਨ੍ਹਾ.

**ਹੁਸੈਨਾਬਾਦ:** ਗਯਾ ਦੇ ਜਿਲੇ (ਬਿਹਾਰ) ਵਿੱਚ ਇੱਕ ਨਗਰ. "ਹੀਰਾ ਸੀ ਹੁਸੈਨਾਬਾਦ." (ਅਕਾਲ)

**ਹੁਸੈਨੀ:** ਵਿ- ਹੁਸੈਨ ਨਾਲ ਸੰਬੰਧ ਰੱਖਣ ਵਾਲਾ। ੨. ਹੁਸੈਨ ਦੀ ਵੰਸ਼ ਦਾ। ੩. ਹੁਸੈਨ ਦਾ ਭਗਤ। ੪. ਸੰਗਯਾ- ਔਰੰਗਜ਼ੇਬ ਦੇ ਪੰਜ ਹਜਾਰੀ ਮਨਸਬਦਾਰ ਦਿਲਾਵਰ ਖਾਂ ਦਾ ਗੁਲਾਮ. ਜਦ ਦਿਲਾਵਰ ਖਾਂ ਦਾ ਪੁਤ੍ਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਡਰਦਾ ਆਨੰਦਪੁਰ ਵੱਲੋਂ ਮੁੜ ਆਇਆ, ਤਦ ਹੁਸੈਨੀ ਦੋ ਹਜ਼ਾਰ ਫੌਜ ਲੈ ਕੇ ਤੁਰਿਆ, ਪਰ ਸਤਿਗੁਰੂ ਤੀਕ ਨ ਪਹੁੰਚ ਸਕਿਆ, ਹੋਰ ਪਹਾੜੀਆਂ ਨਾਲ ਯੁੱਧ ਕਰਕੇ ਕਟ ਮੋਇਆ. ਦੇਖੋ, ਸੰਗਤੀਆ. "ਕਰਜੋ ਜੋਰ ਸੈਨੰ ਹੁਸੈਨੀ ਪਯਾਨੰ." ( ਵਿਚਿਤ੍ਰ) ੫. ਵਾਹੀ ਕਰਨ ਵਾਲੇ ਮੁਸਲਮਾਨ ਜਿਮੀਦਾਰ, ਜੋ ਸੱਯਦਾਂ ਵਿੱਚੋਂ ਹਨ. ਇਹ ਮਾਂਟਗੁਮਰੀ ਦੇ ਜਿਲੇ ਬਹੁਤ ਪਾਏ ਜਾਂਦੇ ਹਨ। ੬. ਹੁਸੈਨੀ ਬ੍ਰਾਹਮਣ ਭੀ ਹੁੰਦੇ ਹਨ. ਜੋ ਹੁਸੈਨ ਦੀ ਕਥਾ ਸੁਣਾ ਅਤੇ ਗਾਕੇ ਮੁਸਲਮਾਨਾਂ ਤੋਂ ਦਾਨ ਲੈਂਦੇ ਹਨ.

**ਹੁਸੰਗਾਬਾਦ:** ਦੇਖੋ, ਹੋਸੰਗਾਬਾਦ.

**ਹੁਹਰ:** ਵਿ- ਹੈਰਾਨ ਹੋਇਆ. ਚਕਿਤ. "ਚਰਾਚਰਯੰ ਹੁਹਰੰ. (ਵਿਚਿਤ੍ਰ)

**ਹੁਹੁ, ਹੂਹੂ:** ਦੇਖੋ, ਹਾਹਾ ਅਤੇ ਹੂਹੂ.

**ਹੁੰਕ:** ਦੇਖੋ, ਹੁੰਕਾਰ. "ਭਟ ਹੁੰਕੇ ਧੁੰਕੇ ਬੰਕਾਰੇ." (ਰਾਮਾਵ) ੨. ਹਿੰਕਾਰ. ਹੀਂ ਹੀਂ. ਧੁਨਿ. ਹ੍ਰੇਸ਼ਾ. "ਹੁੰਕੇ ਕਿਕਾਣ।" (ਵਿਚਿਤ੍ਰ) ਘੋੜੇ ਹਿਣਕੇ.

**ਹੁਕਈ:** ਵਿ- ਹੁੱਕਾ ਪੀਣ ਵਾਲਾ. ਨੜੀਮਾਰ.

**ਹੁਕਨਾ:** حقنہ ਹ਼ੁਕ਼ਨਾ. Enema. ਪਿਚਕਾਰੀ ਅਥਵਾ ਦਵਾਈ ਲੱਗੀ ਬੱਤੀ ਨਾਲ ਗੁਦਾ ਰਸਤਿਓਂ ਮੈਲ ਝਾੜਨ ਦੀ ਕ੍ਰਿਯਾ.

**ਹੁਕਮ:** ਅ਼. حکم ਹ਼ੁਕਮ. ਸੰਗਯਾ- ਆਗਯਾ.

**ਹੁਕਮਸਤਿ, ਹੁਕਮਸੱਤ, ਹੁਕਮਸਤਯ:** ਹੁਮਕ ਹੈ ਜਿਸ ਦਾ ਸਤਯ, ਐਸਾ ਕਰਤਾਰ. "ੴ ਹੁਕਮਸਤਿ ਵਾਹਿਗੁਰੂ ਜੀ ਕੀ ਫਤਹਿ." (ਜਫਰ) ੨. ਸਤਯ ਹੁਕਮ. ਸੱਚਾ ਹੁਕਮ। ੩. ਖ਼ਾ. ਚਲਾਣਾ. ਦੇਹਾਂਤ. "ਹੁਕਮ ਸੱਤ ਇਕ ਸਿਖ ਹਨਐ ਗਯੋ." (ਗੁਪ੍ਰਸੂ)

**ਹੁਕਮਨਾਮਾ:** ਫ਼ਾ. حکمنامہ ਹ਼ੁਕਮਨਾਮਹ. ਸੰਗਯਾ- ਆਗਯਾਪਤ੍ਰ. ਉਹ ਖ਼ਤ ਜਿਸ ਵਿੱਚ ਹੁਕਮ ਲਿਖਿਆ ਹੋਵੇ। ੨. ਸ਼ਾਹੀ ਫੁਰਮਾਨ। ੩. ਸਤਿਗੁਰੂ ਦਾ ਆਗਯਾਪਤ੍ਰ. ਦੇਖੋ, ਤਿਲੋਕ ਸਿੰਘ.

ਗੁਰੂ ਸਾਹਿਬਾਨ ਦੇ ਸਮੇਂ ਜੋ ਸਤਿਗੁਰਾਂ ਦੇ ਆਗਯਾਪਤ੍ਰ ਸਿੱਖਾਂ ਵੱਲ ਭੇਜੇ ਜਾਂਦੇ ਸਨ, ਉਨ੍ਹਾਂ ਦੀ 'ਹੁਕਮਨਾਮਾ' ਸੰਗਯਾ- ਸੀ. ਮਾਤਾ ਸੁੰਦਰੀ ਜੀ ਭੀ ਸੰਗਤਿ ਨੂੰ ਹੁਕਮਨਾਮੇ ਜਾਰੀ ਕਰਦੇ ਰਹੇ ਹਨ. ਗੁਰੁਪੰਥ ਦੇ ਪ੍ਰਬੰਧ ਵਿੱਚ ਚਾਰ ਤਖ਼ਤਾਂ ਤੋਂ ਭੀ ਹੁਕਮਨਾਮੇ ਭੇਜੇ ਜਾਂਦੇ ਰਹੇ ਅਤੇ ਹੁਣ ਜਾਰੀ ਹੁੰਦੇ ਹਨ.

**ਹੁਕਮਾ:** ਅ਼. حکما ਹ਼ੁਕਮਾ. ਹ਼ਕੀਮ ਦਾ ਬਹੁ ਵਚਨ.

**ਹੁਕਮਾਂ:** ਦੇਖੋ, ਅਮਰ ਸਿੰਘ ਅਤੇ ਸਾਹਿਬ ਸਿੰਘ.

**ਹੁਕਮਾਉ:** ਹੁਕਮਾਨੁਸਾਰ. "ਮੈ ਕਹਿਆ ਸਭ ਹੁਕਮਾਉ ਜੀਉ." (ਸੂਹੀ ਮਃ ੫. ਗੁਣਵੰਤੀ)

**ਹੁਕਮਾਵੈ:** ਹੁਕਮ ਅਨੁਸਾਰ. "ਸਤਿਗੁਰੁ ਕੇ ਹੁਕਮਾਵੈ." (ਵਾਰ ਰਾਮ ੨. ਮਃ ੫) ੨. ਹੁਕਮ- ਆਵੈ.

**ਹੁਕਮਿ:** ਹੁਕਮ ਅਨੁਸਾਰ. ਹੁਕਮ ਸੇ. "ਹੁਕਮਿ ਮਿਲੈ ਵਡਿਆਈ." (ਜਪੁ) ੨. ਦੇਖੋ, ਹੁਕਮੀ.

**ਹੁਕਮੀ:** ਵਿ- ਹੁਕਮ ਕਰਨ ਵਾਲਾ. ਹਾਕਿਮ. "ਹੁਕਮੀ ਹੁਕਮੁ ਚਲਾਏ ਰਾਹੁ." (ਜਪੁ) ੨. ਹੁਕਮ ਅਨੁਸਾਰ. "ਹੁਕਮੀ ਬਰਸਣਿ ਲਾਗੇ ਮੇਹਾ." (ਮਾਝ ਮਃ ੫)

**ਹੁਕਮੀਬੰਦਾ:** ਵਿ- ਹੁਕਮ ਅਨੁਸਾਰ ਚੱਲਣ ਵਾਲਾ ਗੁਲਾਮ. "ਹੁਕਮੀਬੰਦਾ ਹੁਕਮ ਕਮਾਵੈ." (ਮਾਰੂ ਸੋਲਹੇ ਮਃ ੩)

**ਹੁਕਮੁ:** ਦੇਖੋ, ਹੁਕਮ. "ਹੁਕਮੁ ਤੇਰਾ ਖਰਾ ਭਾਰਾ." (ਆਸਾ ਛੰਤ ਮਃ ੩)

**ਹੁਕਮੈ:** ਹੁਕਮ ਦੇ. ਆਗਜਾ ਦੇ. "ਹੁਕਮੈ ਅੰਦਰਿ ਸਭੁ ਕੋ." (ਜਪੁ) ੨. ਹੁਕਮ ਨੂੰ. "ਨਾਨਕ ਹੁਕਮੈ ਜੇ ਬੁਝੈ." (ਜਪੁ)

**ਹੁੰਕਰ:** ਦੇਖੋ, ਹੁੰਕਾਰ.

**ਹੁਕਾਮ:** ਅ਼. حُکّام ਹ਼ੁੱਕਾਮ. ਹਾਕਿਮ ਦਾ ਬਹੁ ਵਚਨ.

**ਹੁਕਾਮੀ:** ਵਿ- ਹੁਕਮਾਂ ਨਾਲ ਸੰਬੰਧਿਤ। ੨. ਹੁਕਮ ਅਨੁਸਾਰ. ਹੁਕਮ ਸੇ. "ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ." (ਵਾਰ ਮਾਰੂ ੨. ਮਃ ੫)

**ਹੁੰਕਾਰ, ਹੁੰਕਾਰਾ:** ਸੰ. ਹੁੰ- ਐਸਾ ਸ਼ਬਦ. ਹੁੰ ਧੁਨਿ. "ਤਿਹ ਛਿਨ ਸ੍ਰੀ ਪ੍ਰਭੁ ਕਿਯਾ ਹੁੰਕਾਰਾ." (ਨਾਪ੍ਰ) ੨. ਹੰਘੂਰਾ. ਹਾਂ.

**ਹੁਕੂਮਤ:** ਅ਼. حکُومت ਹ਼ੁਕੂਮਤ. ਸੰਗਜਾ- ਹੁਕਮ (ਆਗਜਾ) ਕਰਨ ਦੀ ਕ੍ਰਿਯਾ। ਬਾਦਸ਼ਾਹੀ.

**ਹੁੱਕ:** ਸੰਗਜਾ- ਬੱਖੀ ਦੀ ਪੀੜ। ੨. ਫਿਫੜੇ ਵਿੱਚ ਚੁਭਵੀਂ ਪੀੜ। ੩. ਅੰ. Hook. ਕੁੰਡੀ. ਅੰਕੁੜਾ.

**ਹੁੱਕਾ:** ਅ਼. حُقّہ ਹ਼ੁਕ਼ਹ. ਸੰਗਜਾ- ਡੱਬਾ। ੨. ਮਰਤਬਾਨ। ੩. ਤਮਾਕੂ ਆਦਿਕ ਦਾ ਧੂੰਆਂ ਪੀਣ ਦਾ ਯੰਤ੍ਰ. "ਹੁੱਕੇ ਸੇ ਹੁਰਮਤ ਗਈ ਨੇਮ ਧਰਮ ਗਯੋ ਛੂਟ." (ਗਿਰਿਧਰ)

**ਹੁਗਲੀ:** ਬੰਗਾਲ ਦਾ ਇੱਕ ਦਰਿਆ, ਜੋ ਭਾਗੀਰਥੀ ਅਤੇ ਜਲੰਗੀ ਨਾਲ ਮਿਲਕੇ ਬੰਗਾਲ ਦੀ ਖਾੜੀ ਵਿੱਚ ਪੈਂਦਾ ਹੈ। ੨. ਹੁਗਲੀ ਦਰਿਆ ਦੇ ਸੱਜੇ ਕਿਨਾਰੇ ਵਸਿਆ ਹੋਇਆ ਇਕ ਨਗਰ, ਜੋ ਬਰਦਵਾਨ ਦੇ ਪਰਗਨੇ ਵਿੱਚ ਹੈ. ਇਹ ਪੁਰਤਗਾਲੀਆਂ ਨੇ ਸਨ ੧੫੩੭ ਵਿੱਚ ਵਸਾਇਆ ਸੀ.

**ਹੁਗਲੀ ਬੰਦਰ:** ਹੁਗਲੀ ਦਰਿਆ ਦਾ ਸਮੁੰਦਰ ਨਾਲ ਸੰਗਮ ਜਿਸ ਥਾਂ ਹੁੰਦਾ ਹੈ, ਉਸ ਥਾਂ ਜਹਾਜਾਂ ਦਾ ਅੱਡਾ."ਹੁਗਲੀ ਬੰਦਰ ਕੋ ਹੁਤੋ ਹਿੰਮਤ ਸਿੰਘ ਨ੍ਰਿਪ ਏਕ." (ਚਰਿਤ੍ਰ ੧੩੩) ਇਹ ਬੰਦਰ ਅਨੇਕ ਥਾਂ ਬਦਲਦਾ ਰਿਹਾ ਹੈ.

**ਹੁਜਤ, ਹੁਜਤਿ:** ਦੇਖੋ, ਹੁੱਜਤ. "ਗੁਰਮਤਿ ਸਾਚੀ ਹੁਜਤਿ ਦੂਰਿ." (ਆਸਾ ਮਃ ੧)

**ਹੁਜਰਾ:** ਅ਼. حُجرہ ਹ਼ੁਜਰਹ. ਸੰਗਜਾ- ਕੋਠਾ. ਕੋਠੜੀ। ੨. ਸਿਮਰਣ ਕਰਨ ਦਾ ਏਕਾਂਤ ਅਸਥਾਨ. "ਬੰਦਗੀ ਅਲਹ ਆਲਾ ਹੁਜਰਾ." (ਮਾਰੂ ਸੋਲਹੇ ਮਃ ੫) ੩. ਮੁਹੰਮਦ ਸਾਹਿਬ ਜਿਸ ਥਾਂ ਦਫਨ ਕੀਤੇ ਗਏ ਹਨ, ਮਦੀਨੇ ਵਿੱਚ ਉਹ ਅਸਥਾਨ.

**ਹੁਜੂਮ:** ਅ. ہُجُوم ਸੰਗਜਾ- ਸਮੁਦਾਯ. ਗਰੋਹ। ੨. ਅੰਬਾਰ, ਢੇਰ.

**ਹੁੱਜਤ:** ਅ਼. حُجّت ਹ਼ੁੱਜਤ. ਸੰਗਜਾ- ਤਰਕ. ਯੁਕਤਿ। ੨. ਸ਼ੰਕਾ.

**ਹੁਟ:** ਦੇਖੋ, ਹਟਣਾ.

**ਹੁਟਣਾ:** ਕ੍ਰਿ- ਹਟਣਾ. ਬਾਜ਼ ਰਹਿਣਾ. "ਮੀਚ ਹੁਟੈ ਜਮ ਤੇ ਛੁਟੈ." (ਗਉ ਥਿਤੀ ਮਃ ੫) ੨. ਥੱਕਣਾ."ਹਰਿਮਗੁ ਨ ਹੁਟੈ." (ਸਵੈਯੇ ਮਃ ੪. ਕੇ) ੩. ਬਲ ਹਾਰਨਾ. ਕਮਜ਼ੋਰ ਹੋਣਾ. "ਨੈਨ ਸ੍ਰਵਨ ਸਰੀਰ ਸਭ ਹੁਟਿਓ." (ਸਾਰ ਮਃ ੫)

**ਹੁਡ:** ਸੰਗਜਾ- ਸੂਰ ਦੀ ਮੁਖ ਤੋਂ ਬਾਹਰ ਨਿਕਲੀ ਦਾੜ੍ਹ. ੨. ਸੰ. ਚੰਮ ਨਾਲ ਮੜ੍ਹਿਆ ਇਕ ਵਾਜਾ, ਜੋ ਖਾਸ ਕਰਕੇ ਜੰਗ ਵਿੱਚ ਵਜਾਈਦਾ ਸੀ. ਹੁੱਡਕ ਭੀ ਇਸ ਦਾ ਨਾਉਂ ਹੈ। ੩. ਬੱਦਲ. ਮੇਘ। ੪. ਫੌਜ ਦਾ ਕੈਂਪ। ੫. ਦੇਖੋ, ਹੁਡੁ.

ਹੁੰਡ: ਸੰ. ਹ੍ਹੁਣ੍ਡ੍ ਧਾ- ਇਕੱਠਾ ਕਰਨਾ. ਇੰਤਖ਼ਾਬ ਕਰਨਾ. ਚੁਣਨਾ.

ਹੁਡਕ, ਹੁਡਕੀਆ: ਹੁਡ (ਕੈਂਪ) ਦਾ ਪ੍ਰਬੰਧ ਕਰਨ ਵਾਲਾ। ੨. ਹੁਡ ਅਥਵਾ ਹੁੱਡੁਕ ਨਾਮਕ ਵਾਜਾ ਵਜਾਉਣ ਵਾਲਾ. ਇਹ ਵਾਜਾ ਡਫ ਅਰ ਡੌਰੂ ਦੀ ਹੀ ਇੱਕ ਜਾਤਿ ਹੈ। ੩. ਹੁਡੁ (ਮੀਢਾ) ਲੜਾਉਣ ਵਾਲਾ. ਦੇਖੋ, ਹੁਡ ਅਤੇ ਹੁਡੁ. "ਕਿਤੜੇ ਮੇਵੇਦਾਰ ਹਨ ਹੁਡਕ ਹੁਡਕੀਏ ਲੋਲਣ ਲੋਲੀ." (ਭਾਗੁ)

ਹੁੰਡਾਰ: ਦੇਖੋ, ਹੁਡੁ.

ਹੁਡਿਆਰਾ: ਜਿਲਾ ਲਹੌਰ, ਥਾਣਾ ਬਰਕੀ ਦਾ ਇੱਕ ਪਿੰਡ, ਇਸ ਥਾਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਰਾਜੇ ਹਨ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ੧੦੦ ਘੁਮਾਉਂ ਜ਼ਮੀਨ ਇਸ ਪਿੰਡ ਮੁਆਫੀ ਹੈ. ਮਾਘੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਜੱਲੋ ਤੋਂ ਨੌਂ ਮੀਲ ਨੈਰਤ ਕੋਣ ਹੈ.

ਹੁੰਡੀ: ਸੰਗਯਾ- ਸ਼ਾਹੂਕਾਰ ਦਾ ਟੋਮੂ, ਜਿਸ ਨਾਲ ਰੁਪਯਾ ਵਸੂਲ ਕਰੀਦਾ ਹੈ. "ਹੁੰਡੀ ਨਿਧਨ ਸਾਹੁ ਕੇ ਭਾਇ." (ਗੁਪ੍ਰਸੂ)

ਹੁੰਡੀਆ: ਦੇਖੋ, ਹੁੰਡੀ। ੨. ਦੇਖੋ, ਹੁਡੁ. "ਮੰਤ੍ਰ ਸਕਤਿ ਹੁੰਡੀਆ ਤਿਹ ਕਰਯੋ." (ਚਰਿਤ੍ਰ ੨੨੮) ਮੀਢਾ ਬਣਾ ਦਿੱਤਾ।

ਹੁਡੁ, ਹੁੰਡੁ, ਹੁਡੂ, ਹੁੰਡੂਆ: ਸੰ. ਹੁਡੁ ਸੰਗਯਾ- ਮੀਢਾ. ਛੱਤਰਾ. "ਫਿਰ ਹਨਐ ਲਰਕੇ ਹੁੰਡੂਆ ਦੁਹੂੰ ਓਰ ਤੇ, ਆਪਸ ਮੇ ਸਿਰ ਮੇਲਤ ਹੈਂ." (ਕ੍ਰਿਸਨਾਵ)

ਹੁਡੂਹੁਡ: ਸੰਗਯਾ- ਮੀਢਾਯੁੱਧ. ਮੀਢਿਆਂ ਦੀ ਲੜਾਈ। ੨. ਵਿ- ਹੋਡਾਹੋਡੀ. ਜਿਦੋ ਜਿਦੀ. "ਸਿਸੁ ਖੇਲਤ ਰੈਨ ਹੁਡੂਹੁਡ". (ਨਰ ਸਿੰਘਾਵ)

ਹੁਣ, ਹੁਣਿ, ਹੁਣੇ: ਕ੍ਰਿ. ਵਿ- ਅਬ. ਇਸ ਵੇਲੇ. "ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ." (ਮਾਝ ਮਃ ੫) ਇਸ ਦਾ ਮੂਲ ਸੰਸਕ੍ਰਿਤ ਅਹਨਿ ਅਹਨਿ ਹੈ, ਜਿਸ ਦਾ ਅਰਥ ਹੈ ਦਿਨ ਮੇ. ਭਾਵ- ਅੱਜ ਦੇ ਦਿਨ.

ਹੁਤ: ਸੰਗਯਾ- ਤਰਕ. ਹੁੱਜਤ। ੨. ਵਜ- ਭੂਤਕਾਲ ਬੋਧਕ. "ਅੰਬਰ ਚਹੀਯਤ ਹੁਤ ਗਿਰਯੋ." (ਪੰਪ੍ਰ) ਗਿਰਿਆ ਚਾਹੀਦਾ ਸੀ। ੩. ਵਰਤਮਾਨ ਕਾਲ ਬੋਧਕ. "ਆਦਿ ਮੱਧ ਅਰ ਅੰਤ ਹੁਤੇ, ਹੁਤਹੈ ਪੁਨ ਹੋਨਮ." (ਭਾਗੁ ਕ) ੪. ਸੰ. ਵਿ- ਹਵਨ ਕੀਤਾ ਹੋਇਆ। ੫. ਸੰਗਯਾ- ਹੋਮ.

ਹੁਤਭੁਜ: ਸੰ. ਹੁਤਭੁਕ੍. ਆਹੁਤੀ ਖਾਣ ਵਾਲਾ ਅਗਨਿ. ਜਿਸ ਵਿੱਚ ਹੁਤ (ਹੋਮ) ਕਰੀਏ.

ਹੁੰਤਾ: ਹੋਤਾ. ਹੁੰਦਾ. "ਪਤਿਤਪਾਵਨ ਨਾਮ ਕੈਸੇ ਹੁੰਤਾ?" (ਸ੍ਰੀ ਰਵਿਦਾਸ)

ਹੁਤਾਸ਼, ਹੁਤਾਸ਼ਨ: ਸੰ. ਸੰਗਯਾ- ਅਗਨਿ, ਜੋ ਹੁਤ ਹਵਨ ਕੀਤੇ ਪਦਾਰਥਾਂ ਨੂੰ ਅਸ਼ਨ ਕਰੇ (ਖਾਵੇ).

ਹੁਤਾਸਨਖੇਲ: ਸੰਗਯਾ- ਅੱਗ ਦੀ ਖੇਡ. ਆਤਿਸ਼ਬਾਜ਼ੀ.

ਹੁਤੀ: ਥੀ. ਸੀ. "ਹੁਤੀ ਜੁ ਪਿਆਸ ਪਿਊਸ ਪਿਵੰਨ ਕੀ." (ਸਵੈਯੇ ਮਃ ੪. ਕੇ).

ਹੁਤੇ: ਥੇ। ੨. ਹੋਤੇ.

ਹੁਤੋ: ਥਾ. ਸੀ. "ਕਰਣੋ ਹੁਤੋ ਸੁ ਨਾ ਕੀਓ" (ਸਃ ਮਃ ੯)

ਹੁੰਦਮਾਰ: ਵਿ- ਹੁਡੁ (ਛੱਤਰੇ) ਦੀ ਤਰਾਂ ਸਿਰ ਮਾਰਨ ਵਾਲਾ. ਹੁੱਜਤ ਕਰਨ ਵਾਲਾ. ਫਿਸਾਦੀ.

ਹੁੰਦਾ: ਹੁਤੋ. ਹੋਤਾ. ਹੋਣ ਦਾ ਭੂਤਕਾਲ.

ਹੁੰਦਿਆਂ ਸੁੰਦਿਆਂ: ਸ੍ਵ (ਧਨ) ਦੇ ਹੁੰਦਿਆਂ. ਧਨ ਹੋਣ ਪੁਰ ਭੀ.

ਹੁਦੂਦ: ਅ਼. حدود ਹ਼ੁਦੂਦ. ਹੱਦ ਦਾ ਬਹੁ ਵਚਨ. ਹੱਦਾਂ.

ਹੁੰਦੇ ਸੁੰਦੇ: ਦੇਖੋ, ਹੁੰਦਿਆਂ ਸੁੰਦਿਆਂ.

ਹੁੱਦਾ: ਦੇਖੋ, ਉਹਦਾ.

ਹੁਨ: ਇਸ ਵੇਲੇ. ਅਬ. ਦੇਖੋ, ਹੁਣ. "ਉਡ ਹੁਨ ਕਾਗਾ ਕਾਰੇ." (ਗਉ ਕਬੀਰ)

ਹੁਨਰ: ਫ਼ਾ. ہنر ਸੰਗਯਾ- ਕਾਰੀਗਰੀ। ੨. ਗੁਣ. "ਨਿਜ ਹੁ ਨਰਨ ਕੋ ਰਿਦੈ ਛਪਾਵੈ." (ਨਾਪ੍ਰ)

ਹੁਨੀਆ: ਸੰਗਯਾ- ਹਿੰਦੋਲੀ. ਲੋਰੀ. ਹੁੰ- ਹੁੰ ਸ਼ਬਦ ਕਹਿਕੇ ਬੱਚੇ ਨੂੰ ਗੋਦੀ ਵਿੱਚ ਝੂਟਾ ਦੇਣ ਦੀ ਕ੍ਰਿਯਾ. "ਪੁਤ੍ਰਹਿ ਦੇਨ ਲਗੀ ਹੁਨੀਆ ਹੈ." (ਕ੍ਰਿਸਨਾਵ)

ਹੁਨੂਦ: ਅ਼. ہنود ਹਿੰਦੂ ਦਾ ਬਹੁ ਵਚਨ. ਹਿੰਦੂ ਲੋਕ। ੨. ਹਿੰਦੁਸਤਾਨੀ ਦਾ ਬਹੁ ਵਚਨ. Indians.

ਹੁਬਾਬ: ਦੇਖੋ, ਹਬਾਬ.

ਹੁੱਬ: ਅ਼. حُب ਹ਼ੁੱਬ. ਸੰਗਯਾ- ਪਿਆਰ. ਮੁਹੱਬਤ। ੨. ਉਮੰਗ. ਚਾਉ.

ਹੁੰਮ: ਸੰ. ਉਸ਼੍ਮ. ਸੰਗਯਾ- ਵੱਟ. ਤਾਉ. ਭੜਦਾ। ੨. ਸੰ. ਹੁਸ ਹੰਘੂਰਾ. ਹੁੰਕਾਰ.

ਹੁੰਮਸ: ਦੇਖੋ, ਹੁੰਮ। ੨. ਅ਼. ہمس ਹਮਸ. ਸੰਗਯਾ- ਆਹਟ. ਖਟਕਾ.

ਹੁੰਮਸ ਧੁੰਮਸ: ਸੰਗਯਾ- ਸ਼ੋਰ ਸ਼ਰਾਬਾ. ਰੌਲਾ ਗੌਲਾ. ਧੂਮ ਧਾਮ ਦੀ ਧੁਨਿ. "ਬਾਰਿ ਵਿਡਾਨੜੈ ਹੁੰਮਸ ਧੁੰਮਸ, ਕੂਕਾ ਪਈਆ ਰਾਹੀ." (ਵਾਰ ਗੂਜ ੨. ਮਃ ੫) ਵਿਡੰਬਨ (ਮੋਹਨ) ਕਰਨ ਵਾਲੇ ਮਾਇਵੀ ਲੋਕਾਂ ਦੇ ਦਰਵਾਜ਼ੇ ਵਡੀ ਧੂਮ ਧਾਮ ਅਤੇ ਰਾਹ ਵਿੱਚ ਕੂਕਾਂ ਪੈਂਦੀਆਂ ਹਨ. ਭਾਵ ਹਰਖ ਸੋਗ ਨਾਲ ਗ੍ਰਸੇ ਰਹਿੰਦੇ ਹਨ.

ਹੁਮ ਹੁਮਾਉਣਾ, ਹੁਮ ਹੁਮਾਨਾ: ਕ੍ਰਿ- ਉਮੰਗ ਨਾਲ ਆਉਣਾ. "ਹੁਮ ਹੁਮਾਇ ਸੰਗਤਿ ਸਭ ਆਈ." (ਗੁਪ੍ਰਸੂ)

ਹੁੰਮੜ ਧੁੰਮੜ: ਦੇਖੋ, ਹੁੰਮਸ ਧੁੰਮਸ. "ਹੁੰਮੜ ਧੁੰਮੜ ਜਾਗੀ ਘੱਤੀ ਸੂਰਿਆਂ." (ਚੰਡੀ ੩)

ਹੁਮਾ, ਹੁਮਾਉ, ਹੁਮਾਇ: ਫ਼ਾ. ہما ਸੰਗਯਾ- ਇੱਕ ਕਲਪਿਤ ਪੰਛੀ, ਜਿਸ ਦੀ ਛਾਉਂ ਹੇਠ ਆਉਣ ਤੋਂ ਭਾਗ ਦਾ ਉਦੇ ਹੋਣਾ ਮੰਨਿਆ ਹੈ. ਇਹ ਪੰਛੀ ਸਦਾ ਆਕਾਸ਼ ਵਿੱਚ ਹੀ ਵਿਚਰਦਾ ਹੈ. "ਪਰ ਹੁਮਾਉ ਸੰਗ ਲਾਗਜੋ ਕਾਨਾ." (ਗੁਪ੍ਰਸੂ)[347] "ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ." (ਜਫਰ) ੨. ہمای ਈਰਾਨ ਦੇ ਬਾਦਸ਼ਾਹ ਬਹਿਮਨ ਦੀ ਬੇਟੀ, ਜਿਸ ਦਾ ਪੁਤ੍ਰ ਦਾਰਾਬ ਸੀ। ੩. ਭਾਈ ਸੰਤੋਖ ਸਿੰਘ ਨੇ ਹੁਮਾਯੂੰ ਨੂੰ ਹੁਮਾਉ ਲਿਖਿਆ ਹੈ. "ਦਿੱਲੀ ਕਾ ਹੁਮਾਉ ਭਾ ਸਾਹੂ." (ਗੁਪ੍ਰਸੂ) ਦੇਖੋ, ਹੁਮਾਯੂੰ.

ਹੁਮਾਯੂੰ: ਫ਼ਾ. ہمایوں ਵਿ- ਮੁਬਾਰਿਕ। ੨. ਸੰਗਯਾ- ਹੁਮਾਯੂੰ ਤੁਗ਼ਲਕ਼. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰਃ ੨੦.। ੩. ਬਾਦਸ਼ਾਹ ਬਾਬਰ ਦਾ ਵਡਾ ਬੇਟਾ ਅਤੇ ਅਕਬਰ ਦਾ ਪਿਤਾ, ਜਿਸਦਾ ਜਨਮ ਕਾਬੁਲ ਵਿੱਚ ਮਾਹਮ ਬੇਗਮ ਦੇ ਉਦਰ ਤੋਂ ੭. ਮਾਰਚ ਸਨ ੧੫੦੮ ਨੂੰ ਹੋਇਆ. ਇਹ ੨੬ ਦਿਸੰਬਰ ਸਨ ੧੫੩੦ ਨੂੰ ਆਗਰੇ ਤਖਤ ਉੱਪਰ ਬੈਠਾ. ਸਾਰੇ ਮੁਗ਼ਲ ਬਾਦਸ਼ਾਹਾਂ ਵਿੱਚੋਂ, ਇਹ ਵਡਾ ਵਿਦ੍ਵਾਨ ਸੀ, ਪਰ ਸਿਪਾਹੀ ਦੇ ਗੁਣਾਂ ਤੋਂ ਖਾਲੀ ਅਤੇ ਵਡਾ ਅਫੀਮੀ ਸੀ. ਸਨ ੧੫੪੦ ਵਿੱਚ ਸਹਸਰਾਮ ਦੇ ਜਾਗੀਰਦਾਰ ਹਸਨ ਖਾਂ ਦੇ ਪੁਤ੍ਰ ਸ਼ੇਰ ਖਾਨ ਸੂਰ ਪਠਾਣ ਨੇ (ਜਿਸ ਦਾ ਪਹਿਲਾ ਨਾਉਂ ਫਰੀਦ ਸੀ) ਹੁਮਾਯੂੰ ਨੂੰ ਸ਼ਿਕਸ੍ਤ ਦੇਕੇ ਹਿੰਦ ਤੋਂ ਕੱਢ ਦਿੱਤਾ ਅਰ ਆਪ ਦਿੱਲੀ ਦੇ ਤਖਤ ਪੁਰ ਬੈਠਕੇ ਸ਼ਹਨਸ਼ਾਹ ਪਦਵੀ ਧਾਰਣ ਕੀਤੀ.

ਜਦ ਸ਼ੇਰਸ਼ਾਹ ਤੋਂ ਭਾਜ ਖਾਕੇ ਹੁਮਾਯੂੰ ਪੰਜਾਬ ਵਿੱਚੋਂ ਲੰਘ ਰਿਹਾ ਸੀ, ਤਾਂ ਗੁਰੂ ਅੰਗਦ ਸਾਹਿਬ ਪਾਸ ਖਡੂਰ ਆਇਆ, ਗੁਰੂ ਜੀ ਨੇ

---

[347] ਕਵੀਆਂ ਨੇ ਲਿਖਿਆ ਹੈ ਕਿ ਜੇ ਹੁਮਾ ਦਾ ਖੰਭ ਤੀਰ ਨੂੰ ਲਾਕੇ ਆਕਾਸ਼ ਵੱਲ ਚਲਾਇਆ ਜਾਵੇ, ਤਦ ਤੀਰ ਹੇਠਾਂ ਨਹੀਂ ਉਤਰਦਾ, ਸਦਾ ਆਕਾਸ਼ ਮੰਡਲ ਵਿੱਚ ਉਡਦਾ ਰਹਿੰਦਾ ਹੈ.

ਜੋ ਧਿਆਨ ਵਿੱਚ ਮਗਨ ਸਨ, ਇਸ ਦੇ ਆਉਣ ਵੱਲ ਕੋਈ ਗਹੁ ਨਾ ਕੀਤੀ. ਹੁਮਾਯੂੰ ਗੁੱਸੇ ਵਿੱਚ ਆਕੇ ਗੁਰੂ ਜੀ ਦੇ ਮਾਰਣ ਲਈ ਮਿਆਨੋਂ ਤਲਵਾਰ ਕੱਢਣ ਲੱਗਾ. ਸਤਿਗੁਰੂ ਨੇ ਕਿਹਾ ਕਿ ਹੁਣ ਫਕੀਰਾਂ ਤੇ ਜੋ ਤਲਵਾਰ ਖਿੱਚਣ ਲੱਗਾ ਹੈਂ, ਇਹ ਸ਼ੇਰਸ਼ਾਹ ਦਾ ਟਾਕਰਾ ਕਰਣ ਵੇਲੇ ਕਿੱਥੇ ਸੀ? ਹਮਾਯੂੰ ਬਹੁਤ ਸ਼ਰਮਿੰਦਾ ਹੋਇਆ ਅਤੇ ਮੁਆਫੀ ਮੰਗਕੇ ਗੁਰੂ ਅੰਗਦ ਦੇਵ ਦੇ ਆਸ਼ੀਰਵਾਦ ਦਾ ਪਾਤ੍ਰ ਬਨਿਆ.

ਹੁਮਾਯੂੰ ਨੇ ਫਾਰਸ ਦੇ ਬਾਦਸ਼ਾਹ ਦੀ ਪਨਾਹ ਵਿੱਚ ਬਹੁਤ ਸਮਾਂ ਬਿਤਾਇਆ ਅਰ ਈਰਾਨੀ ਫੌਜ ਦੀ ਸਹਾਇਤਾ ਨਾਲ ੨੩ ਜੂਨ ਸਨ ੧੫੫੫ ਨੂੰ ਮੁੜ ਦਿੱਲੀ ਦਾ ਤਖਤ ਮੱਲਿਆ, ਪਰ ਇਹ ਰਾਜ ਦਾ ਸੁਖ ਬਹੁਤ ਚਿਰ ਨਹੀਂ ਭੋਗ ਸਕਿਆ ਕੇਵਲ ਛੀ ਮਹੀਨੇ ਪਿੱਛੋਂ ਪੁਸਤਕਾਲਯ ਦੀ ਪੌੜੀ ਤੋਂ ੨੪ ਜਨਵਰੀ ਨੂੰ ਡਿਗਣ ਦੇ ਕਾਰਣ ੨੮ ਜਨਵਰੀ ਸਨ ੧੫੫੬ ਨੂੰ ਮਰ ਗਿਆ. ਇਸ ਦਾ ਮਕਬਰਾ ਦਿੱਲੀ ਤੋਂ ਚਾਰ ਮੀਲ ਪੱਛਮ ਵੱਲ ਜਮਨਾ ਦੇ ਕਿਨਾਰੇ ਸੁੰਦਰ ਇਮਾਰਤ ਹੈ, ਜੋ ਹੁਮਾਯੂੰ ਦੀ ਬੇਗਮ ਹਮੀਦਾਬਾਨੂੰ (ਅਕਬਰ ਦੀ ਮਾਤਾ) ਨੇ ਸਨ ੧੫੬੫ ਵਿੱਚ ਪੰਦਰਾਂ ਲੱਖ ਰੁਪਯਾ ਖਰਚਕੇ ਬਣਵਾਇਆ ਹੈ.

ਹੁਯਉ: ਹੋਇਆ. ਭਇਆ. "ਬਿਖ ਤੇ ਅੰਮ੍ਰਿਤ ਹੁਯਉ." (ਸਵੈਯੇ ਮਃ ੪. ਕੇ)

ਹੁਰਸਾ: ਦੇਖੋ, ਉਰਸਾ.

ਹੁਰਕ: ਅ਼. حرق ਹ਼ਰਕ਼. ਸੰਗਜਾ- ਅੱਗ। ੨. ਅੱਗ ਦੀ ਲਾਟ। ੩. ਦੇਖੋ, ਹੁਰਕਣਾ.

ਹੁਰਕਣਾ: ਕ੍ਰਿ- ਡਰਾਉਣਾ. ਧਮਕਾਉਣਾ। ੨. ਹੰਘੂਰਾ ਅਥਵਾ ਨੱਕ ਦਾ ਫਰਰਾਟਾ ਗੁੱਸੇ ਵਿੱਚ ਆਕੇ ਮਾਰਨਾ.

ਹੁਰਕਨਿ: ਵਿ- ਅਗਨਿ ਦੀ ਲਾਟਾ ਜੇਹਾ. "ਕੰਚਨ ਹੁਰਕਨਿ ਰੂਪ ਸਰੂਪਾ." (ਚਰਿਤ੍ਰ ੨੪੭) ਦੇਖੋ, ਹੁਰਕ.

ਹੁਰਮਤ, ਹੁਰਮਤਿ: ਅ਼. حرمت ਹ਼ੁਰਮਤ. ਸੰਗਜਾ- ਮਾਨ. ਪ੍ਰਤਿਸ਼੍ਠਾ. "ਹੁਰਮਤਿ ਤਿਸ ਤੇ ਅਗਲੀ." (ਵਾਰ ਆਸਾ)

ਹੁਰਾ: ਅ਼. حورا ਉਹ ਇਸਤ੍ਰੀ ਜਿਸ ਦਾ ਰੰਗ ਗੋਰਾ ਅਤੇ ਅੱਖਾਂ ਕਾਲੀਆਂ ਹੋਣ ਇਸ ਦਾ ਬਹੁ ਵਚਨ ਹੂਰ ਹੈ. ਮੁਸਲਮਾਨਾਂ ਨੇ ਅਪਸਰਾ ਦੀ ਥਾਂ ਇਨ੍ਹਾਂ ਨੂੰ ਮੰਨਿਆ ਹੈ.

ਹੁੱਰਾਸ: ਅ਼. حارش ਹ਼ਾਰਿਸ (ਰਾਖਾ) ਦਾ ਬਹੁ ਵਚਨ. ਰਾਖੀ ਕਰਨ ਵਾਲੇ। ੨. ਬਾਦਸ਼ਾਹ ਦੇ ਪਹਿਰੂ.

ਹੁਰੀਆ: ਸੰਗਜਾ- ਛਾਲ. ਟਪੂਸੀ. "ਪਗਾਂ ਬਿਨ ਹੁਰੀਆ ਮਾਰਤਾ." (ਬਸੰ ਕਬੀਰ) ਮਨ ਬਿਨਾਪੈਰ ਟਪੂਸੀਆਂ ਮਾਰਦੈ ਹੈ. ਦੇਖੋ, ਜੋਇ ਖਸਮ.

ਹੁਰੇਹਿਆ: ਹਰ੍ਸ਼ਿਤ ਕੀਤਾ. ਆਨੰਦ ਕਰਿਆ."ਕਰ ਕਰ ਸਾਂਗ ਹੁਰੇਹਿਆ." (ਭਾਗੁ)

ਹੁਰੇਹੀ: ਵਿ- ਹੌਲੀ. ਹਲਕੀ. "ਕੱਥ ਹੁਰੇਹੀ ਭੂਸਲੀ." (ਭਾਗੁ) ੨. ਹਰ੍ਸ਼ਿਤ (ਪ੍ਰਸੰਨ) ਹੋਈ.

ਹੁਲ: ਦੇਖੋ, ਹੌਲ. "ਹੁਲੈਂ ਨਰੰ." (ਰਾਮਾਵ) ਆਦਮੀ ਹੌਲਦੇ ਹਨ। ੨. ਸੰ. ਮੀਢਾ। ੩. ਇੱਕ ਖਾਸ ਵਾਜਾ

ਹੁਲਸ: ਦੇਖੋ, ਹੁਲਾਸ.

ਹੁਲੜ: ਸੰਗਜਾ- ਹੜ੍ਹ ਪ੍ਰਵਾਹ। ੨. ਉਮੰਗ। ੩. ਉਮਡਨਾ.

ਹੁਲੜਵਾਣੀ: ਹੜ੍ਹ ਦਾ ਪਾਣੀ.

ਹੁਲਾ: ਹੁਲਾਸ (ਉੱਲਾਸ) ਦਾ ਸੰਖੇਪ. "ਰੰਗ ਮਾਣ ਲੈ ਪਿਆਰਿਆ ਜਾ ਜੋਬਨ ਨਉ ਹੁਲਾ." (ਸ੍ਰੀ ਮਃ ੧) ੨. ਦੇਖੋ, ਨਉਹੁਲਾ.

ਹੁਲਾਸ: ਸੰ. ਤਲ਼ਾਸ ਉੱਲਾਸ।੨ ਦੇਖੋ. ਉਲਾਸ। ੨. ਦੇਖੋ ਕਲਸ.

ਹੁਲਾਰਾ: ਸੰਗਜਾ- ਝੂਟਾ. ਹਿਲੋਰਾ। ੨. ਉਮੰਗ ਦਾ ਤਰੰਗ.

ਹੁਲੀਯਾ: ਅ਼. حلیہ ਹ਼ੁਲੀਯਹ. ਭੂਸ਼ਣ. ਗਹਿਣਾ। ੨. ਹਿਲੀਯਹ. ਚਿੰਨ੍ਹਚਕ੍ਰ. ਨਿਸ਼ਾਨ.

ਹੁੱਲਾਲ: ਸੰਗਯਾ- ਹੱਲੇ ਦੀ ਧੁਨਿ. ਹੱਲੇ (ਹਮਲੇ) ਸਮੇ ਹੋਇਆ ਸ਼ੋਰ "ਰਣ ਹੁੱਲ ਕਲੋਲੰ ਹੁੱਲਾਲੰ" (ਰਾਮਾਵ)

ਹੁਵੈਨੀ: ਦੇਖੋ, ਹੋਵੈਨੀ.

ਹੂ: ਦੇਖੋ, ਹੀ. "ਪੀਵਤ ਹੂ ਪਰਵਾਣ ਭਇਆ." (ਸ੍ਰੀ ਮਃ ੩) ਪੀਂਦੇ ਹੀ. ਪੀਣ ਸਾਰ। ੨. ਨੂੰ. ਪ੍ਰਤਿ ਨਾਲ. "ਬਹੁਰਿ ਬਹੁਰਿ ਉਆਹੂ ਲਪਟੇਰਾ." (ਗਉ ਮਃ ੫) ੩. ਦੇਖੋ, ਹੁ। ੪. ਅ਼. ھُو ਸਰਵ- ਵਹ. ਉਹ.

ਹੂੰ: ਸੰਗਯਾ- ਅਹੰਤਾ. ਹੌਮੈ. ਅਹੰਕਾਰ. "ਮੁਝ ਮੇ ਰਹਾ ਨ ਹੂੰ" (ਸ. ਕਬੀਰ) ੨. ਪੰਚਮੀ ਵਿਭਕ੍ਤਿ ਅਰਥ ਵਿੱਚ ਸੇ. ਤੋਂ. "ਊਚੀ ਹੂੰ ਊਚਾ ਥਾਨ." (ਵਾਰ ਗੂਜ ੨. ਮਃ ੫) ੩. ਸੰ. ਵਯ- ਦੇਖੋ, ਹੁੰ. "ਦੁਗਾ ਹੂੰ ਕਿਯੰ ਖੇਤ ਧੁੰਕੇ ਨਗਾਰੇ." (ਚੰਡੀ ੨) ਦੁਰਗਾ ਨੇ ਹੁੰਕਾਰ ਕੀਤਾ.

ਹੂਅ, ਹੂਆ: ਭਇਆ. ਹੋਇਆ. "ਜੈ ਕਾਰ ਅਪਾਰ ਸੁਧਾਰ ਹੂਅ." (ਵਿਚਿਤ੍ਰ)

ਹੂਏ: ਹੋਏ. ਭਏ.

ਹੂਸਨਾ: ਦੇਖੋ, ਹੁਸਣਾ.

ਹੂਹ: ਸੰਗਯਾ- ਧੱਕਾ. ਸੀਨੇਜੋਰੀ. "ਬਿਨਸੀ ਹਉਮੈ ਹੂਹ." (ਸਾਰ ਮਃ ੫) ੨. ਹੱਲਾ. ਹਮਲਾ. "ਪਰੇ ਹੂਹ ਦੈ ਕੈ." (ਚੰਡੀ ੨) ੩. ਸ਼ੋਰ. ਰੌਲਾ.

ਹੂਹ ਕੂਹ: ਸੰਗਯਾ- ਹੱਲੇ (ਹਮਲੇ) ਦੀ ਕੂਕ. ਹੱਲਾ ਕਰਨ ਵੇਲੇ ਹੋਇਆ ਸ਼ੋਰ. "ਹੂਹ ਕੂਹੰ ਭਰੀ." (ਰਾਮਾਵ)

ਹੂ ਹੂ: ਇੰਦ੍ਰ ਦੀ ਸਭਾ ਦਾ ਇੱਕ ਗੰਧਰਵ. ਦੇਖੋ, ਹਾਹਾ.

ਹੂਕ, ਹੂੰਕ: ਸੰਗਯਾ- ਹੁੰਕਾਰ। ੨. ਹਾਹਾਕਾਰ ਦੀ ਧੁਨੀ। ੩. ਪੁਕਾਰ. ਸੱਦ.

ਹੂੰਕਰ: ਦੇਖੋ, ਹੁੰਕਾਰ.

ਹੂੰਗ: ਹੁੰਕਾਰ। ੨. ਫ਼ਾ. ہنگ ਹੰਗ. ਸੈਨਾ. ਫ਼ੌਜ."ਡਿੱਗੇ ਵੀਰ ਜੁਝਾਰੇ ਹੂੰਗਾਂ ਫੁੱਟੀਆਂ." (ਚੰਡੀ ੩) ੩. ਹੋਸ਼ਿਯਾਰੀ। ੪. ਬਲ। ੫. ਕ਼ੌਮ। ੬. ਚੋਟ. ਆਘਾਤ. ਪ੍ਰਹਾਰ.

ਹੂਟ, ਹੂਟਨ: ਦੇਖੋ, ਹੁਟਣਾ. "ਓਇ ਬਿਖਾਦੀ ਦੋਖੀਆ ਤੇ ਗੁਰੁ ਤੇ ਹੂਟੇ." (ਆਸਾ ਮਃ ੫) "ਬਿਖੈ ਬਿਆਧਿ ਤਬ ਹੂਟੇ." (ਧਨਾ ਮਃ ੫)

ਹੂਟਾ: ਵਿ- ਹਟਿਆ. ਥੱਕਿਆ. ਦੇਖੋ, ਹਟਣਾ। ੨. ਸੰਗਯਾ- ਝੂਟਾ. ਹਿਲੋਰਾ.

ਹੂਤ: ਸੰ. आहूत ਦਾ ਸੰਖੇਪ. ਵਿ- ਬੁਲਾਇਆ ਹੋਇਆ. ਸੱਦਿਆ. "ਬਿਨ ਹੂਤ ਨਿਕੇਤ ਧਰੇ ਚਰਨਾ." (ਨਾਪ੍ਰ)

ਹੂਤਨ: ਸੰਗਯਾ- ਬੁਲਾਉਣਾ. ਸੱਦਣਾ. "ਮਾਨਵ ਏਕ ਪਠਯੋ ਹਿਤ ਹੂਤਨ." (ਨਾਪ੍ਰ)

ਹੂਤਿ: ਸੰ. ਸੰਗਯਾ- ਬੁਲਾਉਣਾ. ਸੱਦਣਾ। ੨. ਨਾਮ. ਨਾਉਂ.

ਹੂਤੁ: ਹੋਂਦਾ ਹੈ. "ਬਚਨ ਸਬਦ ਦਾ ਸਫਲਾ ਹੂਤੁ." (ਰਤਨਮਾਲਾ) ੨. ਦੇਖੋ, ਹੂਤ.

ਹੂਦਾ: ਫ਼ਾ. ਵਿ- ਪੁਰਾਣਾ। ੨. ਦੁਰੁਸ੍ਤ. ਸਹੀ। ੩. ਠੀਕ. ਯਥਾਰਥ.

ਹੂਬ: ਦੇਖੋ, ਹੁੱਬ. "ਦੇਤ ਦੂਬ ਕੋ ਦੇਖ ਹੂਬ ਕੋ." (ਗੁਪ੍ਰਸੂ)

ਹੂਬਹੂ: ਅ਼. هُوبهُو ਵਿ- ਓਹੋ ਜੇਹਾ. ਤਦਵਤ.

ਹੂਰ: ਅ਼. حوُر ਹੂਰ. ਹੂਰਾ ਦਾ ਬਹੁ ਵਚਨ. ਸੰਗਯਾ- ਅਪਸਰਾ. ਬਹਿਸ਼ਤ ਦੀਆਂ ਕੁਆਰੀਆਂ ਇਸਤ੍ਰੀਆਂ, ਜੋ ਇਸਲਾਮ ਮਤ ਅਨੁਸਾਰ ਮੋਮਿਨਾ ਨੂੰ ਪ੍ਰਾਪਤ ਹੁੰਦੀਆਂ ਹਨ. ਇਹ ਉਨ੍ਹਾਂ ਯੋਧਿਆਂ ਨੂੰ ਭੀ ਵਰਦੀਆਂ ਹਨ, ਜੋ ਜੰਗ ਵਿੱਚ ਧਰਮ ਅਨੁਸਾਰ ਨਿਡਰ ਪ੍ਰਾਣ ਦਿੰਦੇ ਹਨ. ਦੇਖੋ, ਨੂਰ. "ਹੂਰਾਂ ਸ੍ਰੋਣਤ ਬੀਜ ਨੂੰ ਘਤ ਘੇਰ ਖਲੋਈਆਂ." (ਚੰਡੀ ੩)

ਹੂਲ: ਸੰਗਯਾ- ਹੱਲਾ. ਹਮਲਾ. "ਦੇਕਰ ਏਕ ਬਾਰ ਦਲ ਹੂਲ." (ਗੁਪ੍ਰਸੂ) ੨. ਤਲਵਾਰ ਦੀ ਨੋਕ। ੩. ਅ਼. حول ਹ਼ੌਲ. ਘੇਰਨਾ. ਚਾਰੇ ਪਾਸੇ ਵਲਣ ਦੀ ਕ੍ਰਿਯਾ. "ਹੂਲ ਪਵੈ ਕਾਹਾਹਾ." (ਸ. ਫਰੀਦ) ਚੁਫੇਰਿਓਂ ਘੇਰਕੇ ਹਾਹਕਾਰ. "ਜੋਧਿਆਂ ਦੇਖਣ ਆਈਆਂ ਹੂਲੇ ਹੋਈਆਂ." (ਰਾਮਾਵ) ਚਾਰੇ ਪਾਸੇ ਇਕੱਠੀਆਂ ਹੋਈਆਂ.

ਹੂੜ: ਸੰ. ਹਠ. ਜਿਦ। ੨. ਮੂਰਖਤਾ. "ਆਪਨ ਹੂੜ ਕਹਾਂ ਉਰਝਾਯੋ." (੩੩ ਸਵੈਯੇ)

ਹੇ: ਹੈ. ਅਸ੍ਤਿ. "ਅਗੈ ਜਾਤਿ ਨ ਹੇ." (ਵਾਰ ਆਸਾ) "ਸਿਖ ਵਡਭਾਗੀ ਹੇ." (ਸੁਖਮਨੀ) ੨. ਸੰ. ਵ੍ਯ- ਸੰਬੋਧਨ. "ਹੇ ਪ੍ਰਾਣ ਨਾਥ ਗੋਬਿੰਦਹ." (ਸਹਸ ਮਃ ੫)

ਹੇਇ: ਹੈ. ਅਸ੍ਤਿ. "ਚਿੰਤਾ ਤਿਸ ਹੀ ਹੇਇ." (ਵਾਰ ਰਾਮ ੧. ਮਃ ੨) ੨. ਦੇਖੋ, ਹੇਯ.

ਹੇਹ: ਸੰਗਯਾ- ਹੇਹਾ. ਹ (ਸੰਯੋਗ) ਦੀ ਈਹਾ (ਇੱਛਾ) ਮੈਥੁਨ ਦੀ ਰੁਚਿ. ਭੋਗ ਇੱਛਾ. "ਅਹੇਹ ਹੇਹੇ." (ਰਾਮਾਵ) ਜੋ ਭੋਗ ਦੀ ਇੱਛਾ ਰਹਿਤ ਸਨ, ਉਨ੍ਹਾਂ ਨੂੰ ਇਸਤ੍ਰੀਆਂ ਨੇ ਕਾਮਤੁਰ ਕਰ ਦਿੱਤਾ.

ਹੇਹਰ, ਹੇਹਰਾਂ: ਇੱਕ ਪਿੰਡ, ਜੋ ਜਿਲਾ, ਤਸੀਲ ਲਹੌਰ ਵਿੱਚ ਹੈ. ਇਹ ਰੇਲਵੇ ਸਟੇਸ਼ਨ ਕੋਟ ਲਖਪਤ ਤੋਂ ੮. ਮੀਲ ਅਗਨਿ ਕੋਣ ਹੈ. ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਵਡੇ ਭਾਈ ਪ੍ਰਿਥੀ ਚੰਦ ਜੀ ਦੇ ਇਸ ਪਿੰਡ ਸਹੁਰੇ ਸਨ ਉਨ੍ਹਾਂ ਦਾ ਚਲਾਣਾ ਭੀ ਇੱਥੇ ਹੀ ਹੋਇਆ ਹੈ. ਸਮਾਧ ਬਣੀ ਹੋਈ ਹੈ, ਜਿਸ ਨਾਲ ਬਹੁਤ ਜ਼ਮੀਨ ਅਤੇ ਜਾਗੀਰ ਹੈ। ੨. ਕ੍ਰਿਪਾਲ ਦਾਸ ਉਦਾਸੀ ਮਹਾਤਮਾ ਦੇ ਰਹਿਣ ਦਾ ਗ੍ਰਾਮ, ਜੋ ਜਿਲਾ ਲੁਦਿਆਨਾ, ਤਸੀਲ ਜਗਰਾਉਂ, ਥਾਣਾ ਰਾਇਕੋਟ ਵਿੱਚ ਹੈ. ਇਸ ਥਾਂ ਦਸ਼ਮੇਸ਼ ਮਾਲਵੇ ਨੂੰ ਜਾਂਦੇ ਹੋਏ ਵਿਰਾਜੇ ਹਨ. ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਭੀ ਇਸ ਜਗਾ ਭਾਈ ਹਮੀਰੇ ਸਿੱਖ ਦਾ ਪ੍ਰੇਮ ਵੇਖਕੇ ਕੁਝ ਚਿਰ ਠਹਿਰੇ ਹਨ. ਉਹ ਪਲੰਘ ਜਿਸ ਪੁਰ ਗੁਰੂ ਸਾਹਿਬ ਵਿਰਾਜੇ ਹਨ ਅਤੇ ਉਹ ਚੁਲ੍ਹਾ ਜਿਸ ਤੇ ਗੁਰੂ ਸਾਹਿਬ ਦਾ ਪ੍ਰਸਾਦ ਤਿਆਰ ਹੋਇਆ ਸੀ, ਦੋਵੇਂ ਸੰਭਾਲਕੇ ਰੱਖੇ ਹੋਏ ਹਨ ਮਹੰਤ ਕ੍ਰਿਪਾਲ ਦਾਸ ਦੇ ਸਮੇਂ ਤੋਂ ਲੈ ਕੇ ਇਥੇ ਸਿੱਖ ਸੰਗਤਾਂ ਜੁੜਦੀਆਂ ਆਈਆਂ ਹਨ. ਗੁਰੁਦ੍ਵਾਰਾ ਦੋਹਾਂ ਸਤਿਗੁਰਾਂ ਦਾ ਪਿੰਡ ਦੇ ਪੂਰਵ ਪਾਸੇ ਪਾਸ ਹੀ ਹੈ. ਸਿੱਖਰਾਜ ਸਮੇਂ ਪਿੰਡ ਦਾ ਛੀਵਾਂ ਹਿੱਸਾ ਜ਼ਮੀਨ ਗੁਰੁਦ੍ਵਾਰੇ ਨਾਲ ਲਗਾਈ ਗਈ. ਜੋ ਕਈ ਹਜ਼ਾਰ ਵਿੱਘੇ ਹੈ. ਰੇਲਵੇ ਸਟੇਸ਼ਨ ਚੌਕੀਮਾਨ ਤੋਂ ਛੀ ਮੀਲ ਅਗਨਿ ਕੋਣ ਇਹ ਅਸਥਾਨ ਹੈ.

ਹੇਹਾ: ਦੇਖੋ, ਹੇਹ.

ਹੇਕ: ਸੰਗਯਾ- ਹਕਾਰਣ (ਬੁਲਾਉਣ) ਲਈ ਲੰਮੀ ਧੁਨਿ। ੨. ਗਾਉਣ ਵੇਲੇ ਕੀਤੀ ਲੰਮੀ ਆਵਾਜ। ੩. ਡਿੰਗ. ਵਿ- ਇੱਕ. ਏਕ. ਦੇਖੋ, ਹੇਕਾ ਅਤੇ ਹੇਕੁ.

ਹੇਕਣ, ਹੇਕਲ, ਹੇਕੜੋ, ਹੇਕਾ, ਹੇਕੁ, ਹੇਕੁੜੋ, ਹੇਕੈ, ਹੇਕੋ: ਵਿ- ਇੱਕੋ. ਏਕਲਾ. ਕੇਵਲ ਇੱਕ. ਦੇਖੋ, ਹੇਕ ੩. "ਚਿਤ ਨ ਆਵੈ ਹੇਕੜੋ." (ਗਉ ਵਾਰ ੨. ਮਃ ੫) "ਹੇਕੋ ਪਾਧਰੁ ਹੇਕ ਦਰੁ." (ਵਾਰ ਮਲਾ ਮਃ ੧)

ਹੇਂਗਾ: ਪੂ. ਸੰਗਯਾ- ਸੁਹਾਗਾ. ਵਾਹੇ ਖੇਤ ਦੇ ਡਲੇ ਭੰਨਣ ਦਾ ਸੰਦ. ਦੇਖੋ, ਸੁਹਾਗਾ.

ਹੇਚ: ਫ਼ਾ. هیچ ਵਿ- ਕੁਛ. ਕੁਝ. ਤਨਿਕ. "ਦਿਲ ਹੇਚ ਨ ਦਾਨੀ." (ਤਿਲੰ ਮਃ ੧)

ਹੇਚਕਸ: ਫ਼ਾ. هیچکس ਕੋਈ ਆਦਮੀ.

ਹੇਚਗਾਹ: ਫ਼ਾ. هیچگاہ ਕ੍ਰਿ. ਵਿ- ਕਭੀ. ਕਦੇ.

**ਹੇਜ:** ਹਿਯਜ. ਹ੍ਰਿਦਯ (ਦਿਲ) ਤੋਂ ਪੈਦਾ ਹੋਣ ਵਾਲਾ. ਸੰਕਲਪ. ਖਿਆਲ। ੨. ਪਿਆਰ. ਮੁਹੱਬਤ. ਪ੍ਰੇਮ. "ਧਨ ਕੋ ਨ ਹੇਜ ਰਹੈ ਗਨਕਾ ਪ੍ਰਸੰਗੀ ਕੋ" ੩. ਮਨੋਜ. ਕਾਮ.

**ਹੇਜ਼ਮ:** ਫ਼ਾ. هیزم ਸੰਗਯਾ- ਈਂਧਨ. ਜਲਾਉਣ ਦੀਆਂ ਲੱਕੜਾਂ. ਬਾਲਣ.

**ਹੇਜੁ:** ਸੰਗਯਾ- ਪ੍ਰੇਮ. ਪਿਆਰ। ੨. ਪ੍ਰਸੰਨਤਾ. ਖੁਸ਼ੀ. ਦੇਖੋ, ਹੇਜ.

**ਹੇਠ:** ਕ੍ਰਿ. ਵਿ- ਥੱਲੇ. ਨੀਚੇ. ਤਲੇ। ੨. ਸੰ. हेठ् ਧਾ- ਰੋਕਣਾ. ਕ੍ਰੂਰ ਹੋਣਾ.

**ਹੇਠਾਂ:** ਦੇਖੋ, ਹਿਠਾਹਾਂ ਅਤੇ ਹੇਠ.

**ਹੇਠਿ:** ਕ੍ਰਿ. ਵਿ- ਨੀਚੇ. ਥੱਲੇ. "ਕੁੰਨੇ ਹੇਠਿ ਜਲਾਈਐ." (ਸ. ਫਰੀਦ)

**ਹੇਠੀ:** ਸੰਗਯਾ- ਨੀਚਾਪਨ. ਬੇਇਜਤੀ। ੨. ਕ੍ਰੂਰਤਾ. ਦੇਖੋ, ਹੇਠ ੨.

**ਹੇਤ:** ਪਿਆਰ. ਦੇਖੋ, ਹਿਤ. "ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ." (ਗਉ ਮਃ ੫) ੨. ਕਾਰਣ. ਸਬਬ. ਦੇਖੋ, ਹੇਤੁ. "ਹੇਤ ਰੋਗ ਕਾ ਸਗਲ ਸੰਸਾਰਾ." (ਭੈਰ ਮਃ ੫)

**ਹੇਤਾ:** ਦਸ਼ਮੇਸ਼ ਦਾ ਪ੍ਰੇਮੀ ਸਿੱਖ ਭਾਈ ਹੇਤਾ. ਦੇਖੋ, ਸਿਉਰਾਸੀ.

**ਹੇਤਿ:** ਹਿਤ ਕਰਕੇ. ਹਿਤ ਸੇ. "ਕਮਲ ਹੇਤਿ ਬਿਨਸਿਓ ਹੈ ਭਵਰਾ." (ਧਨਾ ਮਃ ੫) ੨. ਲੀਏ. ਵਾਸਤੇ. ਲਈ. "ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ." (ਗਉ ਅਃ ਮਃ ੧) "ਨਾਦ ਹੇਤਿ ਸਿਰੁ ਡਾਰਿਓ ਕੁਰੰਕਾ." (ਧਨਾ ਮਃ ੫)

**ਹੇਤੁ:** ਸੰ. ਸੰਗਯਾ- ਫਲ. ਨਤੀਜਾ। ੨. ਕਾਰਣ. ਸਬਬ. "ਸਰਬ ਕਲੇਸ਼ਨ ਹੇਤੁ ਅਵਿਦ੍ਯਾ." (ਗੁਪ੍ਰਸੂ) ੩. ਹਿਤੂ ਦੀ ਥਾਂ ਭੀ ਹੇਤੁ ਸ਼ਬਦ ਆਇਆ ਹੈ. "ਸੰਪੈ ਹੇਤੁ ਕਲਤ ਧਨ ਤੇਰੈ." (ਭੈਰ ਕਬੀਰ) "ਨਾਨਕ ਸਚੇ ਨਾਮ ਵਿਣ ਸਭੋ ਦੁਸਮਨ ਹੇਤੁ." (ਵਾਰ ਸੂਹੀ ਮਃ ੧) ੪. ਇੱਕ ਸ਼ਬਦਾਲੰਕਾਰ. ਕਾਰਜ ਅਰ ਕਾਰਣ ਦਾ ਇੱਕ ਸਾਥ ਵਰਣਨ ਕਰਨਾ "ਹੇਤੁ" ਅਲੰਕਾਰ ਹੈ.

ਉਦਾਹਰਣ-

ਜਿਨਿ ਸੇਵਿਆ ਤਿਨਿ ਪਾਇਆ ਮਾਨੁ. (ਜਪੁ)

ਸੇਵਨ ਕਾਰਣ ਹੈ, ਮਾਨ ਦੀ ਪ੍ਰਾਪਤੀ ਕਾਰਜ ਹੈ.

ਸਾਧ ਕੈ ਸੰਗਿ ਨਹੀ ਕਿਛੁ ਘਾਲ,

ਦਰਸਨ ਭੇਟਤ ਹੋਤ ਨਿਹਾਲ. (ਸੁਖਮਨੀ)

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ

ਬੁਧਿ ਕੀ ਨ ਬੁਧਿ ਰਹੀ ਮਤਿ ਮੇ ਨ ਮਤਿ ਹੈ.

(ਭਾਗੁ ਕ)

ਦਰਸਨ ਕਾਰਣ ਹੈ, ਸੁਧ ਬੁਧਿ ਦਾ ਲੋਪ ਹੋਣਾ ਕਾਰਜ ਹੈ.

(ਅ) ਕਾਰਜ ਨਾਲ ਕਾਰਣ ਦੀ ਅਭੇਦਤਾ ਵਰਣਨ ਕਰਨੀ ਹੇਤੁ ਦਾ ਦੂਜਾ ਰੂਪ ਹੈ.

ਉਦਾਹਰਣ-

ਕਹਿ ਕਬੀਰ ਅਬ ਕਹੀਐ ਕਾਹਿ,

ਸਾਧਿ ਸੰਗਤਿ ਬੈਕੁੰਠੈ ਆਹਿ.

(ਭੈਰ ਕਬੀਰ)

ਸਾਧਸੰਗ ਵੈਕੁੰਠ ਪ੍ਰਾਪਤੀ ਦਾ ਕਾਰਣ ਹੈ, ਪਰ ਇੱਥੇ ਦਿਖਾਇਆ ਹੈ ਕਿ ਸਾਧਸੰਗ ਹੀ ਵੈਕੁੰਠ ਹੈ, ਉਸ ਤੋਂ ਭਿੰਨ ਵੈਕੁੰਠ ਨਹੀਂ। ੫. ਹਿਤ (ਮੋਹ) ਵਾਸਤੇ ਭੀ ਹੇਤੁ ਸ਼ਬਦ ਆਇਆ ਹੈ. "ਹੰਸੁ ਹੇਤੁ ਲੋਭ ਕੋਪ." (ਵਾਰ ਮਾਝ ਮਃ ੧) ਹਿੰਸਾ ਮੋਹ ਲੋਭ ਅਤੇ ਕ੍ਰੋਧ। ੬. ਹਿਤ (ਪਿਆਰ) ਵਾਸਤੇ ਭੀ ਹੇਤੁ ਹੈ. "ਮੀਨਾ ਜਿਨਿ ਜਲ ਸਿਉ ਹੇਤੁ ਬਢਾਇਓ." (ਧਨਾ ਮਃ ੫)

ਹੇਤੁਤਾ: ਸੰਗਯਾ- ਹੇਤੁਪਨ. ਹੇਤੁਤ੍ਵ. ਕਾਰਣਤਾ. "ਇਸ ਮਹਿ ਕਰਮ ਹੇਤੁਤਾ ਜਾਨੇ." (ਗੁਪ੍ਰਸੂ)

ਹੇਤੁਮਾਲਾ: ਦੇਖੋ, ਕਾਰਣਮਾਲਾ.

ਹੇਤ੍ਵਾਪਨ੍ਹੁਤਿ: ਦੇਖੋ. ਅਪਨ੍ਹੁਤਿ (ੲ)

ਹੇਮ: ਸੰ. ਸੰਗਯਾ- ਸੁਵਰਣ. ਸੋਨਾ। ੨. ਧਤੂਰਾ। ੩. ਇੱਕ ਮਾਸ਼ਾ ਵਜਨ.

ਹੇਮਕਾਰ: ਸੁਵਰਣਕਾਰ. ਸੁਨਿਆਰ.

ਹੇਮਕੁੰਟ, ਹੇਮਕੁੰਡ, ਹੇਮਕੂਟ: ਹਿਮਾਲਯ ਦੀ ਧਾਰਾ ਵਿੱਚ "ਇੰਦ੍ਰਦ੍ਯੁਮਨ ਸਰ" ਪਾਸ ਹੇਮਕੂਟ ਪਰਬਤ ਹੈ. ਇਸ ਦਾ ਜਿਕਰ ਮਹਾਭਾਰਤ ਦੇ ਆਦਿ ਪਰਬ ਦੇ ੧੧੯ਵੇਂ ਅਧ੍ਯਾਯ ਵਿੱਚ ਆਇਆ ਹੈ. "ਇਦ੍ਰਦ੍ਯੁਮ੍ਨਸਰਃ ਪ੍ਰਾਪ੍ਯ ਹੇਮਕੂਟ ਮਤੀਤ੍ਯਚ." (੪੩) "ਹੇਮਕੁੰਟ ਪਰਬਤ ਹੈ ਜਹਾਂ." (ਵਿਚਿਤ੍ਰ) ੨. ਪਟਨੇ ਦੇ ਜਿਲੇ ਰਾਜਗਿਰਿ ਦੇ ਪੰਜ ਪਹਾੜਾਂ ਵਿੱਚੋਂ "ਰਤਨ ਗਿਰਿ" ਦਾ ਨਾਉਂ ਭੀ ਹੇਮਕੂਟ ਹੈ.[348]

ਹੇਮਗਿਰਿ: ਦੇਖੋ, ਹੇਮਾਦ੍ਰਿ.

ਹੇਮਪੁਸਪ: ਡਿੰਗ. ਸੰਗਯਾ- ਸੁਇਨੇ ਜੇਹਾ ਹੈ ਜਿਸ ਦਾ ਪੁਸ਼੍ਪ (ਫੁੱਲ) ਚੰਪਕ. ਚੰਬਾ। ੨. ਸੋਨੇ ਦਾ ਬਣਾਇਆ ਹੋਇਆ ਫੁੱਲ, ਜੋ ਪੁਰਾਣੇ ਸਮੇਂ ਧਨੀ ਲੋਕਾਂ ਦੇ ਵਿਮਾਨ ਤੇ ਵਰਸਾਇਆ ਜਾਂਦਾ ਸੀ. ਦੇਖੋ, ਕੰਚਨ ਫੂਲ.

ਹੇਮਫੁੱਲਿਕਾ: ਬਸੰਤੀ ਚਮੇਲੀ.

ਹੇਮਾ: ਕਪਾਹੀ ਗੋਤ ਦਾ ਇੱਕ ਪ੍ਰੇਮੀ, ਜੋ ਸੁਲਤਾਨਪੁਰ ਦਾ ਵਸਨੀਕ ਸੀ. ਇਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋ ਕੇ ਆਤਮਗ੍ਯਾਨੀ ਹੋਇਆ.

ਹੇਮਾਚਲ, ਹੇਮਾਦ੍ਰਿ: ਹੇਮ (ਸੁਵਰਣ) ਦਾ ਪਹਾੜ, ਸੁਮੇਰੁ. ਸੋਨੇ ਦਾ ਅਦ੍ਰਿ (ਪਰਬਤ).

ਹੇਮੂ: ਸੁਇਨੀ ਗੋਤ ਦਾ ਸੱਜਨ, ਜੋ ਸ਼ਾਹਦਰੇ ਰਹਿੰਦਾ ਸੀ. ਇਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋ ਕੇ ਵਡਾ ਉਪਕਾਰੀ ਅਰ ਸਦਾਚਾਰੀ ਹੋਇਆ ਹੈ। ੨. ਢੂਸਰ ਜਾਤਿ ਦਾ ਬਾਣੀਆ, ਜੋ ਦਿੱਲੀ ਦੇ ਬਾਦਸ਼ਾਹ ਸਲੀਮਸ਼ਾਹ ਦਾ ਅਹਿਲਕਾਰ ਸੀ ਅਤੇ ਮੁਹੰਮਦ ਸ਼ਾਹ ਆਦਿਲ ਦੇ ਜ਼ਮਾਨੇ ਵਜ਼ੀਰ ਮੁਕੱਰਰ ਹੋਇਆ. ਇਸ ਨੇ ਬਾਦਸ਼ਾਹ ਅਕਬਰ ਦਾ ਵਿਰੋਧ ਕੀਤਾ ਸੀ ਅਤੇ ਮੁਗਲ ਫੌਜ ਨੂੰ ਹਾਰ ਦੇ ਕੇ ਆਗਰੇ ਤੇ ਕਬਜ਼ਾ ਕਰ ਲਿਆ ਸੀ. ਇਸ ਨੇ ਆਪਣੇ ਤਾਈਂ ਬਾਦਸ਼ਾਹ ਪ੍ਰਗਟ ਕਰਕੇ ਬਿਕ੍ਰਮਾਜੀਤ ਪਦਵੀ ਧਾਰਣ ਕੀਤੀ. ਅੰਤ ਨੂੰ ਪਾਨੀਪਤ ਦੇ ਮੈਦਾਨ ਵਿੱਚ ੫. ਨਵੰਬਰ ਸਨ ੧੫੫੬ ਨੂੰ ਜਖਮੀ ਹੋ ਕੇ ਫੜਿਆ ਗਿਆ ਅਤੇ ਵਜ਼ੀਰ ਬੈਰਾਮ ਖਾਂ ਦੇ ਹੱਥੋਂ ਮਾਰਿਆ ਗਿਆ.

ਹੇਯ: ਸੰ. ਵਿ- ਤ੍ਯਾਗਣ ਯੋਗ੍ਯ. ਛੱਡ ਦੇਣਾ ਲਾਇਕ.

ਹੇਰਣ, ਹੇਰਨ: ਕ੍ਰਿ- ਨਿਹਾਰਨ. ਨਿਰੀਕ੍ਸ਼ਣ. ਦੇਖਣਾ. "ਹੇਰਉ ਘਟਿ ਘਟਿ ਸਗਲ ਕੈ." (ਬਾਵਨ) "ਹੇਰਤ ਹੇਰਤ ਹੇ ਸਖੀ!"

---

[348] ਦੇਖੋ. Geographical Dictionary.

(ਓਅੰਕਾਰ)

ਹੇਰਨਵਾਰ: ਵਿ- ਨਿਹਾਰਨੇ ਵਾਲਾ. ਦ੍ਰਸ਼੍ਟਾ.

ਹੇਰਨਾ: ਦੇਖੋ, ਹੇਰਨ.

ਹੇਰਾ: ਵਿ- ਹੇਰਨ ਕੀਤਾ. ਦੇਖਿਆ। ੨. ਸੰਗਜਾ- ਅਹੇਰੀ (ਸ਼ਿਕਾਰੀ) ਦਾ ਕਰਮ. ਮ੍ਰਿਗਯਾ। ੩. ਭਾਵ- ਮਾਂਸ. "ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ?" (ਸ. ਕਬੀਰ) ੪. ਲੰਮੀ ਹੇਕ ਨਾਲ ਗਾਇਆ ਹੋਇਆ ਇੱਕ ਪੰਜਾਬੀ ਗੀਤ. ਇਹ ਖਾਸ ਕਰਕੇ ਵਿਆਹ ਸਮੇਂ ਗਾਈਦਾ ਹੈ.

ਹੇਰਿਕ: ਡਿੰਗ. ਸੰਗਜਾ- ਜਾਸੂਸ. ਗੁਪਤ ਦੂਤ ਜੋ ਬਾਰੀਕ ਨਜ਼ਰ ਨਾਲ ਸਭ ਵੱਲ ਹੇਰਦਾ (ਦੇਖਦਾ) ਹੈ.

ਹੇਰੀ: ਵਿ- ਦੇਖੀ. ਨਿਹਾਰੀ। ੨. ਸੰਗਜਾ- ਅਹੇਰੀ. ਸ਼ਿਕਾਰੀ. "ਮ੍ਰਿਗਨੀ ਜਿਮ ਘਾਵਤ ਹੇਰੀ." (ਕ੍ਰਿਸਨਾਵ) ੩. ਸੰਬੋਧਨ. ਹੇ ਅਲੀ! ਅਰੀ! ਹੇ ਸਖੀ!

ਹੇਰੂ: ਵਿ- ਹੇਰਣ ਵਾਲਾ. ਦੇਖਣ ਵਾਲਾ. ਦੇਖੋ, ਹੇਰਿਕ। ੨. ਖੋਜੀ। ੩. ਚੋਰ ਨੂੰ ਭੇਦ ਦੇਣ ਲਈ ਲੋਕਾਂ ਦੇ ਮਾਲ ਧਨ ਨੂੰ ਨਿਗਾ ਵਿੱਚ ਕਰਨ ਵਾਲਾ. "ਤਸਕਰ ਹੇਰੂ ਆਇ ਲੁਕਾਨੇ." (ਬਿਲਾ ਅਃ ਮਃ ੪) ੪. ਸੰ. ਹੇਰੁਕ. ਸੰਗਜਾ- ਕਾਲ ਦਾ ਦੂਤ. ਮਹਾਕਾਲ ਦਾ ਗਣ. "ਜਮ ਰਾਜੇ ਕੇ ਹੇਰੂ ਆਏ." (ਆਸਾ ਪਟੀ ਮਃ ੧) ੫. ਵਿ- ਹਰਣ ਕਰਤਾ. ਚੋਰ.

ਹੇਰੰਬ: ਸੰ. हेरम्ब ਸੰਗਜਾ- ਗਣੇਸ਼, ਜੋ ਹੇ (ਸ਼ਿਵ) ਨਾਲ ਰੰਬ (ਆਨੰਦ) ਕਰਦਾ ਹੈ.

ਹੇਲ, ਹੇਲਾ: ਸੰਗਜਾ- ਹੱਲਾ. ਹਮਲਾ. "ਹੇਲ ਪੁਕਾਰਤ ਗੋਰਿਨ ਮਾਰਤ." (ਗੁਪ੍ਰਸੂ) "ਹੇਲਾ ਕਰਹੁ ਪਰਹੁ ਇਕ ਬੇਰਾ." (ਨਾਪ੍ਰ) ੨. ਮਾਂਸ ਅਹਾਰੀ ਇੱਕ ਜੀਵ, ਜੋ ਬਘਿਆੜ ਜਾਤਿ ਵਿੱਚੋਂ ਹੈ. ਤਰਕ਼ੁ. Hyena. ਦੇਖੋ, ਤਰਕ। ੩. ਸੰ. हेला ਅਵਗਜਾ. ਅਪਮਾਨ। ੪. ਖੇਲ. ਵਿਲਾਸ. "ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ." (ਮਲਾ ਨਾਮਦੇਵ) ਬਾਨਵੈ (ਬਣਾਉਂਦੇ) ਹਨ. ਥੀਏਟਰ ਵਿੱਚ ਤਮਾਸ਼ੇ ਕਰਦੇ। ੫. ਕਾਵਯ ਅਨੁਸਾਰ ਹਾਵ ਤੋਂ ਉਤਪੰਨ ਹੋਈ ਚੇਸ਼੍ਟਾ.

ਹੇਵ, ਹੇਂਵ: ਦੇਖੋ, ਹਿਮ. ਭਾਵ- ਸੀਤਲ. "ਮਨ ਤਨ ਹੇਂਵ ਭਏ ਸਚ ਪਾਇਆ." (ਮਲਾ ਅਃ ਮਃ ੧) ੨. ਦੇਖੋ, ਹਵ.

ਹੇਵਈ, ਹੇਵਹੀ, ਹੇਵਤ: ਸੀਤਲ ਹੁੰਦਾ ਹੈ. ਠੰਢ ਸਹਾਰਦਾ ਹੈ. ਹਿਮਵਤ ਜੰਮ ਜਾਂਦਾ ਹੈ. "ਸੀਤਲ ਜਲ ਹੇਵਹੀ." (ਵਾਰ ਮਲਾ ਮਃ ੧) "ਜਲ ਹੇਵਤ ਭੂਖ ਅਰੁ ਨੰਗਾ" (ਕਾਨ ਮਃ ੫)

ਹੇੜਾ: ਸੰਗਜਾ- ਅਹੇੜੀ. ਸ਼ਿਕਾਰੀ। ੨. ਮਾਂਸ। ੩. ਦੇਹ. ਸ਼ਰੀਰ. "ਹੇੜੇ ਮੁਤੀ ਧਾਹ." (ਸ. ਫਰੀਦ) ਸ਼ਰੀਰ ਨੇ ਧਾਹ ਮਾਰੀ. "ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ." (ਸ. ਫਰੀਦ)

ਹੇੜ੍ਹ: ਸੰਗਜਾ- ਪਸ਼ੂ ਸਮੁਦਾਯ. ਪਸ਼ੂਆਂ ਦਾ ਟੋਲਾ। ੨. ਵਜਾਪਾਰੀਆਂ ਦਾ ਇਕੱਠਾ ਕੀਤਾ ਪਸ਼ੂਆਂ ਦਾ ਝੁੰਡ.

ਹੈ: ਸੰਗਜਾ- ਹੋਣ ਦੀ ਵਰਤਮਾਨ ਕ੍ਰਿਯਾ. ਅਸ੍ਤਿ. "ਹੈ ਭੀ ਸਚੁ" (ਜਪੁ) ੨. ਸੰ. हय ਹਯ. ਘੋੜਾ. "ਹੈ ਗਏ ਬਾਹਨ." (ਸ. ਕਬੀਰ) ੩. ਵਜ- ਸ਼ੋਕ ਅਤੇ ਦੁੱਖ ਬੋਧਕ ਸ਼ਬਦ. "ਹੈ ਹੈ ਕਰਕੇ ਓਹ ਕਰੇਨਿ." (ਸਵਾ ਮਃ ੧. )

ਹੈਂ: ਵਜ- ਪ੍ਰਸ਼ਨ ਸ਼ੋਕ ਅਤੇ ਅਚਰਜ ਬੋਧਕ। ੨. ਹੈ ਦਾ ਬਹੁ ਵਚਨ. ਹਨ. ਹੈਨ.

ਹੈਆਸਣ: ਸੰਗਜਾ- ਹਯ (ਘੋੜੇ) ਉੱਪਰ ਆਸਣ ਜਮਾਕੇ ਬੈਠਣਾ. "ਗਿਆਨ ਹੈਆਸਨ ਚੜਿਅਉ." (ਸਵੈਯੇ ਮਃ ੩. ਕੇ) ੨. ਤਹਿਰੂ, ਜੋ ਕਾਠੀ ਹੇਠ ਪਾਈਦਾ ਹੈ। ੩. ਚਾਰਜਾਮਾ. ਕਾਠੀ.

ਹੈਸਾਲਾ: ਸੰਗਜਾ- ਹਯ (ਘੋੜਿਆਂ) ਦੀ ਸ਼ਾਲਾ. ਅਸਤਬਲ. ਤਬੇਲਾ.

ਹੈਸੀਯਤ: ਅ਼. حیثیت ਹ਼ੈਸੀਯਤ. ਸੰਗਜਾ- ਦਸ਼ਾ. ਹਾਲਤ। ੨. ਤਰੀਕਾ. ਤੌਰ. ਢੰਗ.

ਹੈਹਯ: ਸੰ. हैहय. ਚੰਦ੍ਰਵੰਸ਼ ਦਾ ਇੱਕ ਰਾਜਾ, ਜੋ ਸਤ੍ਰਾਜਿਤ ਦਾ ਪੁਤ੍ਰ ਸੀ। ੨. ਇੱਕ ਜਾਤਿ, ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ ਕਿ ਹੈਹਯ ਯਾਦਵਾਂ ਵਿੱਚੋਂ ਹਨ. ਅੱਜ ਕਲ ਦੇ ਵਿਦ੍ਵਾਨ "ਸਿਦਿਯਨ" ਜਾਤਿ ਨੂੰ ਹੈਹਯ ਮੰਨਦੇ ਹਨ. ਮਹਾਭਾਰਤ ਤੋਂ ਪਤਾ ਲੱਗਦਾ ਹੈ ਕਿ ਹੈਹਯ ਮਨੁ ਦੇ ਪੁਤ੍ਰ ਯਯਾਤਿ ਦੀ ਔਲਾਦ ਹਨ. ਸਹਸ੍ਰਬਾਹੁ (ਕਾਰਤਵੀਰਯ) ਇਨ੍ਹਾਂ ਦਾ ਪ੍ਰਤਾਪੀ ਰਾਜਾ ਹੋਇਆ ਹੈ, ਜਿਸ ਨੂੰ ਪਰਸ਼ੁਰਾਮ ਨੇ ਜਿੱਤਿਆ ਸੀ. ਕਰਨਲ ਟਾਡ (Col. Tod) ਲਿਖਦਾ ਹੈ ਕਿ ਬਘੇਲ ਖੰਡ ਦੀ ਸੋਹਾਗਪੁਰ ਦੀ ਘਾਟੀ ਵਿੱਚ ਹੁਣ ਭੀ ਹੈਹਯ ਜਾਤਿ ਹੈ.

ਹੈਹਾਹਾ: ਹਾਹਾਕਾਰ. ਸ਼ੋਕ ਦੀ ਧੁਨਿ. ਵਿਲਾਪ.

ਹੈਹਾਤ: ਅ਼. ہیہات ਵਿ- ਦੂਰ ਹੋਇਆ। ੨. ਵ੍ਯ- ਸ਼ੋਕ! ਅਫ਼ਸੋਸ!

ਹੈਕਲ: ਅ਼. ہیکل ਹਯਕਲ. ਸੰਗਯਾ- ਸ਼ਕਲ. ਮੂਰਤਿ। ੨. ਬੁਤਖ਼ਾਨਾ। ੩. ਰਖ੍ਯਾ ਲਈ ਧਾਤੁ ਉੱਪਰ ਖੋਦਿਆ ਹੋਇਆ ਯੰਤ੍ਰ, ਜੋ ਪੁਰਾਣੇ ਸਮੇਂ ਯੋਧਾ ਗਹਿਣੇ ਦੀ ਤਰਾਂ ਪਹਿਰਦੇ ਸਨ. "ਹੈਕਲ ਜੀਨ ਹਮੇਲ ਅਪਾਰਾ." (ਸਲੋਹ)

ਹੈਂਕੜ: ਸੰ. अहंकृति ਅਹੰਕ੍ਰਿਤਿ. ਅਹੰਕਾਰ. ਅਭਿਮਾਨ। ੨. ਅਹੰਤਾ (ਹੌਮੈ) ਨਾਲ ਹੋਈ ਆਕੜ.

ਹੈਕ੍ਰਿਤੁ: ਸੰਗ੍ਯਾ- ਹਯ (ਅਸ਼੍ਵ) ਦੀ ਕੁਰਬਾਨੀ ਦਾ ਕ੍ਰਤੁ (ਯੱਗ). ਅਸ਼੍ਵਮੇਧ. ਹਯ (ਘੋੜੇ) ਦਾ ਹੋਵੇ ਕ੍ਰਿਤ (ਛੇਦਨ) ਜਿਸ ਵਿੱਚ, ਅਜਿਹਾ ਯਗ੍ਯ. "ਹੈਕ੍ਰਿਤੁ ਜੱਗ ਅਰੰਭ ਨ ਕੀਜੈ." (ਰਾਮਾਵ)

ਹੈਜ: ਅ਼. حیض ਹ਼ੈਜ ਇਸਤ੍ਰੀ ਦੀ ਰਿਤੁ.

ਹੈਜਮ: ਡਿੰਗ. ਸੰਗ੍ਯਾ- ਫੌਜ. ਸੈਨਾ.

ਹੈਜਮਪ: ਡਿੰਗ. ਸੰਗ੍ਯਾ- ਹੈਜਮ (ਫੌਜ) ਦਾ ਪਤਿ. ਸੈਨਾ ਦਾ ਸਰਦਾਰ.

ਹੈਜਾ: ہیضہ ਹ਼ੈਜ਼ਾ. ਸੰ. ਵਿਸੂਚਿਕਾ. Cholera ਡਾਕੀ. ਇਹ ਛੂਤ ਦਾ ਭਿਆਨਕ ਰੋਗ ਹੈ. ਇਸ ਦੇ ਕਾਰਣ ਹਨ-

ਸੜੇ ਗਲੇ ਪਦਾਰਥਾਂ ਦੀ ਦੁਰਗੰਧ ਫੈਲਣੀ, ਬੇਹਾ ਅਤੇ ਮਲੀਨ ਅੰਨ ਖਾਣਾ, ਦੁਰਗੰਧ ਵਾਲਾ ਮੈਲਾ ਪਾਣੀ ਪੀਣਾ, ਸੜੇ ਗਲੇ ਫਲ ਵਰਤਣੇ ਆਦਿ. ਜਦ ਇਸ ਰੋਗ ਦੇ ਕ੍ਰਿਮਾਂ ਦਾ ਪਸਾਰਾ ਹਵਾ ਪਾਣੀ ਵਿਗੜਕੇ ਹੋ ਜਾਵੇ, ਤਾਂ ਇਹ ਘਰਾਂ ਦੇ ਘਰ ਅਤੇ ਪਿੰਡਾਂ ਦੇ ਪਿੰਡ ਬਰਬਾਦ ਕਰ ਦਿੰਦਾ ਹੈ. ਇੱਕ ਰੋਗੀ ਇਸ ਦੀ ਜਹਿਰ ਅਨੇਕ ਥਾਂ ਲੈ ਜਾਂਦਾ ਅਤੇ ਇਸ ਦਾ ਬੀਜ ਖ਼ੂਹ ਨਦੀ ਤਾਲ ਆਦਿ ਦੇ ਪਾਣੀ ਅਤੇ ਖਾਣ ਪੀਣ ਵਾਲੇ ਪਦਾਰਥਾਂ ਵਿੱਚ ਫੈਲਾਕੇ ਅਨੇਕਾਂ ਦੀ ਮੌਤ ਦਾ ਕਾਰਣ ਹੁੰਦਾ ਹੈ.

ਜਿਸ ਵੇਲੇ ਹੈਜਾ ਅਸਰ ਕਰਦਾ ਹੈ ਤਾਂ ਸਰੀਰ ਢਿੱਲਾ ਹੋ ਜਾਂਦਾ ਹੈ, ਪੇਟ ਭਾਰੀ ਮਲੂਮ ਹੁੰਦਾ ਹੈ, ਦਿਲ ਨੂੰ ਖੋਹ ਪੈਂਦੀ ਹੈ, ਸਿਰ ਨੂੰ ਘੁਮੇਰੀ ਆਉਂਦੀ ਹੈ, ਪਿਆਸ ਬਹੁਤ ਲਗਦੀ ਹੈ, ਪੇਸ਼ਾਬ ਰੁਕ ਜਾਂਦਾ ਹੈ, ਪਾਖ਼ਾਨਾ ਪਤਲਾ ਅਤੇ ਭੂਰੇ ਚਿੱਟੇ ਰੰਗ ਦਾ ਆਉਂਦਾ ਹੈ, ਸਾਹ ਠੰਢਾ ਹੁੰਦਾ ਹੈ, ਉਲਟੀਆਂ ਆਉਂਦੀਆਂ ਹਨ, ਸ਼ਰੀਰ ਵਿੱਚ ਸੂਈਆਂ ਦੇ ਚੁਭਣ ਜੇਹੀ ਪੀੜ ਹੁੰਦੀ ਹੈ, ਜਿਸ ਕਾਰਣ "ਵਿਸੂਚਿਕਾ" ਨਾਉਂ ਹੈ.

ਜਦ ਦਸਤ ਅਤੇ ਕੈ ਨਾਲ ਕਮਜ਼ੋਰੀ ਹੋ ਜਾਂਦੀ ਹੈ ਤਾਂ ਖੱਲੀਆਂ ਪੈਣ ਲਗਦੀਆਂ ਹਨ, ਹੋਠ ਨੀਲੇ ਹੋ ਜਾਂਦੇ ਹਨ, ਸਿਰ ਚਕਰਾਉਂਦਾ ਹੈ ਅੱਖਾਂ ਹੇਠ ਨੂੰ ਧਸ ਜਾਂਦੀਆਂ ਹਨ.

ਇਸ ਰੋਗ ਦਾ ਬਹੁਤ ਛੇਤੀ ਇਲਾਜ ਕਰਨਾ ਲੋੜੀਏ ਅਤੇ ਦਸਤ ਕੈ ਆਦਿ ਨੂੰ ਚੂਨਾ ਪਾਕੇ ਦੱਬ ਦੇਣਾ ਚਾਹੀਏ, ਜਿਸ ਤੋਂ ਹੈਜੇ ਦੇ ਕੀੜੇ ਮਰ ਜਾਣ. ਰੋਗੀ ਦੇ ਦਸਤ ਇੱਕ ਵੇਰ ਹੀ ਬੰਦ ਕਰ ਦੇਣੇ ਚੰਗੇ ਨਹੀਂ.

ਹੇਠ ਲਿਖੇ ਇਸ ਬੀਮਾਰੀ ਦੇ ਉੱਤਮ ਉਪਾਉ ਹਨ-

ਬਰਫ ਮੂੰਹ ਵਿੱਚ ਰੱਖਣੀ. ਪਾਣੀ ਅਤੇ ਦੁੱਧ ਚੰਗੀ ਤਰਾਂ ਉਬਾਲਕੇ ਦੇਣਾ. ਲੌਂਗ ਲਾਇਚੀਆਂ ਸੁੰਢ ਦਾ ਪਾਣੀ ਉਬਾਲਕੇ ਪਿਆਉਣਾ. ਕਾਲੀ ਮਿਰਚ ਅਤੇ ਨੂਣ ਲਾਕੇ ਨਿੰਬੂ ਚੂਸਣਾ.

ਹਿੰਗ, ਕਪੂਰ, ਲਾਲ ਮਿਰਚਾਂ ਦੇ ਬੀਜ, ਸੁੰਢ, ਅਫੀਮ, ਸਭ ਸਮਾਨ ਲੈ ਕੇ ਗੰਢੇ ਦੇ ਰਸ ਵਿੱਚ ਅੱਧੀ ਅੱਧੀ ਰੱਤੀ ਦੀ ਗੋਲੀਆਂ ਬਣਾਓ. ਸੌਂਫ ਦੇ ਅਰਕ ਨਾਲ ਦੋ ਦੋ ਗੋਲੀਆਂ ਦਿਨ ਵਿੱਚ ਪੰਜ ਵਾਰ ਦੇਓ.

ਮੁਸ਼ਕ ਕਪੂਰ, ਪਦੀਨੇ ਦਾ ਸਤ, ਜਵਾਇਨ ਦਾ ਸਤ, ਇਹ ਸ਼ੀਸੀ ਵਿੱਚ ਇਕੱਠੇ ਕਰੋ. ਇਹ ਪਾਣੀ ਦੀ ਸ਼ਕਲ ਹੋ ਜਾਣਗੇ. ਇਸ ਰਸ ਦੀਆਂ ਚਾਰ ਤੋਂ ਤੀਹ ਬੂੰਦਾਂ ਤੀਕ ਖੰਡ ਤੇ ਪਾਕੇ ਅਧ ਅਧ ਘੰਟੇ ਪਿੱਛੋਂ ਦਿੰਦੇ ਰਹੋ. ਇਸੇ ਰਸ ਨੂੰ ਹੱਥ ਪੈਰ ਪੁੜਪੁੜੀਆਂ ਮੱਥੇ ਨਾਭੀ ਆਦਿਕ ਤੇ ਮਲੋ.

ਅਦਰਕ ਦਾ ਰਸ ਲੂਣ ਮਿਲਾਕੇ ਚਟਾਉਣਾ ਅਥਵਾ ਦੋ ਤੋਲੇ ਨਿੰਮ ਦਾ ਛਿਲਕਾ ਪਾਣੀ ਵਿੱਚ ਉਬਾਲਕੇ ਪਿਆਉਣਾ ਗੁਣਕਾਰੀ ਹੈ.

ਮਘਾਂ ਕਾਲੀ ਮਿਰਚਾਂ ਸੁੰਢ ਅੱਕ ਦੇ ਲੌਂਗ ਨੂਣ ਇਹ ਸਾਰੇ ਬਰਾਬਰ ਪੀਸਕੇ ਰੱਤੀ ਰੱਤੀ ਦੀਆਂ ਗੋਲੀਆਂ ਬਣਾਓ. ਦੋ ਦੋ ਗੋਲੀਆਂ ਪੰਦ੍ਰਾਂ ਪੰਦ੍ਰਾਂ ਮਿੰਟਾਂ ਪਿੱਛੋਂ ਗਰਮ ਜਲ ਨਾਲ ਦੇਓ।

ਤੁਲਸੀ ਦੇ ਪੱਤਿਆਂ ਦਾ ਰਸ ਲੂਣ ਮਿਲਾਕੇ ਖਵਾਉਣਾ. ਕੋਰੀ ਠੂਠੀ ਅੱਗ ਵਿੱਚ ਲਾਲ ਕਰਕੇ ਉਬਲੇ ਹੋਏ ਪਾਣੀ ਵਿੱਚ ਪੰਜ ਛੀ ਵਾਰ ਬੁਝਾਕੇ ਇਹ ਪਾਣੀ ਪੀਣ ਲਈ ਦੇਣਾ ਉੱਤਮ ਹੈ.

ਹੈਜੇ ਦੇ ਦਿਨਾਂ ਵਿੱਚ ਖਾਲੀ ਪੇਟ ਘਰੋਂ ਨਾ ਜਾਓ. ਜਲ ਅਤੇ ਦੁੱਧ ਚੰਗੀ ਤਰਾਂ ਉਬਾਲੇ ਬਿਨਾ ਕਦੇ ਨਾ ਪੀਓ. ਬੇਹਾ ਅੰਨ, ਦਾਗੀ ਬਦਬੂਦਾਰ ਫਲ ਕਦੇ ਨਾ ਖਾਓ. ਸਿਲ੍ਹਾਬੇ ਅਤੇ ਸੜੀ ਹੋਈ ਥਾਂ ਨਾ ਰਹੋ. ਕਰਾਰੀਆਂ ਚੀਜਾਂ ਗੰਢੇ ਅਦਰਕ ਸਿਰਕਾ ਨਿੰਬੂ ਆਦਿਕ ਵਰਤੋਂ. ਮਲ ਮੂਤ੍ਰ ਦੇ ਵੇਗ ਨੂੰ ਨਾ ਰੋਕੋ.

ਹੈਦਰ: ਅ਼. حیدر ਹ਼ੈਦਰ. ਸੰਗਯਾ- ਸ਼ੇਰ. ਸਿੰਘ। ੨. ਮੁਹੰਮਦ ਸਾਹਿਬ ਦੇ ਜਵਾਈ ਹਜਰਤ ਅਲੀ ਦਾ ਭੀ ਇਹ ਉਪਨਾਮ ਹੈ.

ਹੈਦਰਾਬਾਦ: ਇਸ ਨਾਮ ਦੇ ਦੋ ਪ੍ਰਸਿੱਧ ਸ਼ਹਿਰ ਹਨ. ਇਕ ਸਿੰਧ ਵਿੱਚ, ਦੂਜਾ ਦੱਖਨ ਵਿੱਚ, ਜੋ ਨਿਜਾਮ ਦੀ ਰਾਜਧਾਨੀ ਹੈ.

ਹੈਦਰੀ ਝੰਡਾ: ਵਿ- ਹੈਦਰ (ਅ਼ਲੀ) ਦੇ ਨਾਉਂ ਦਾ ਝੰਡਾ. ਅਲੀ ਦਾ ਨਿਸ਼ਾਨ. ਮਜਹਬੀ ਜੰਗ (ਜਹਾਦ) ਕਰਨ ਲਈ ਮੁਸਲਮਾਨਾਂ ਦਾ ਖੜਾ ਕੀਤਾ ਨਿਸ਼ਾਨ। ੨. ਬੰਦੇ ਬਹਾਦੁਰ ਦੇ ਪੰਜਾਬ ਵਿੱਚ ਦੜਕਣ ਵੇਲੇ ਸਾਰਾ ਮਾਝਾ ਮੁਗਲ ਰਾਜ ਦੇ ਵਿਰੁੱਧ ਉਠ ਪਿਆ ਸੀ. ਲਹੌਰ ਦੇ ਸੂਬੇ ਦੀ ਕਮਜ਼ੋਰੀ ਵੇਖਕੇ ਮੁਲਾਣਿਆਂ ਨੇ ਸਿੱਖਾਂ ਦਾ ਮੁਕਾਬਲਾ ਕਰਨ ਲਈ ਅਗਵਾਈ ਆਪਣੇ ਹੱਥ ਲੈ ਲਈ ਅਤੇ ਆਪਣੀ ਫੌਜ ਦੇ ਅੱਗੇ ਅੱਗੇ ਹੈਦਰੀ ਝੰਡਾ ਕੀਤਾ. ਇਸ ਜੰਗ ਦਾ ਨਾਉਂ ਹੀ "ਹੈਦਰੀ ਝੰਡੇ ਵਾਲਾ ਜੰਗ" ਹੋ ਗਿਆ. ਇਹ ਘਟਨਾ ਸੰਮਤ ੧੭੬੭ ਦੀ ਹੈ. ਦੇਖੋ, ਇਸਲਾਮ ਖ਼ਾਂ.

ਹੈਨ, ਹੈਨਿ: ਤ੍ਰਿਤੀਯ (ਪ੍ਰਥਮ) ਪੁਰਖ ਦਾ ਬਹੁ ਵਚਨ. ਹੈਂ. "ਹੈਨਿ ਵਿਰਲੇ ਨਾਹੀ ਘਣੇ." (ਸਵਾ ਮਃ ੧) ੨. ਦੇਖੋ, ਹਾਯਨ.

ਹੈਫ: ਅ਼. حیف ਹ਼ੈਫ਼. ਸੰਗਯਾ- ਸ਼ੋਕ. ਅਫਸੋਸ. "ਹੈ ਸਦ ਹੈਫ ਜੁ ਕਰੀ ਕਮਾਈ." (ਨਾਪ੍ਰ) ੨. ਜੁਲਮ। ੩. ਵ੍ਯ- ਧਿੱਕਾਰ. ਲਾਨਤ.

ਹੈਬਤ: ਅ਼. ہیبت ਸੰਗਯਾ- ਡਰ. ਭਯ (ਭੈ). ੨. ਰੁਅ਼ਬ (ਰੋਬ). ਦਬਦਬਾ.

ਹੈਮ: ਸੰ. ਵਿ- ਹੇਮ (ਸੁਵਰਣ) ਦਾ ਬਣਿਆ ਹੋਇਆ.

"ਸੀਸ ਪੈ ਹੈਮ ਸੁ ਨੀਕੇ ਹੈ ਢਾਰੀ." (ਨਾਪ੍ਰ)

੨. ਹਿਮ (ਬਰਫ) ਦਾ ਵਿਕਾਰ.

ਹੈਮੇਧ: ਸੰਗਯਾ- ਹਯ (ਅਸ਼੍ਵ) ਮੇਧ. ਦੇਖੋ, ਅਸ਼੍ਵਮੇਧ.

ਹੈਮੰਚਲ: ਸੰ. ਹਿਮਾਚਲ. ਹਿਮ (ਬਰਫ) ਦਾ ਪਹਾੜ. ਹਿਮਾਲਯ.

ਹੈਮੰਚਲਿ: ਹਿਮਾਲਯ ਵਿੱਚ. "ਤਨੁ ਹੈਮੰਚਲਿ ਗਾਲੀਐ." (ਸ੍ਰੀ ਅਃ ਮਃ ੧)

ਹੈਯਾਤ: ਦੇਖੋ, ਹਯਾਤ.

ਹੈਯਾਤੀ: ਵਿ- ਹਯਾਤ (ਜੀਵਨ) ਵਾਲਾ. ਜਿਉਂਦਾ. ਦੇਖੋ, ਹਯਾਤੀ.

ਹੈਰਤ, ਹੈਰਤਿ: ਅ਼. حیرت ਹ਼ੈਰਤ. ਸੰਗਯਾ- ਹੈਰਾਨੀ. ਆਸ਼ਚਰਯਤਾ. "ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ." (ਗੂਜ ਮਃ ੫) ਉਨ੍ਹਾਂ ਦੀ ਹੈਰਤ ਦੀ ਕੁਛ ਹੱਦ ਨਾ ਰਹੀ.

ਹੈਰਤੀ: ਵਿ- ਹੈਰਤ (ਹੈਰਾਨੀ) ਵਾਲਾ. ਚਕਿਤ.

ਹੈਰਾਣ, ਹੈਰਾਨ, ਹੈਰਾਨੁ: ਅ਼. حیران ਹ਼ੈਰਾਨ. ਵਿ- ਅਚਰਜ ਸਹਿਤ. ਚਕਿਤ. "ਗੁਨ ਗਾਇ ਰਹੇ ਹੈਰਾਨ." (ਪ੍ਰਭਾ ਮਃ ੪) "ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ." (ਆਸਾ ਅਃ ਮਃ ੧)

ਹੈਵਰ: ਹਯ (ਘੋੜਾ) ਵਰ (ਉੱਤਮ). ਸੁੰਦਰ ਘੋੜੇ. "ਕਨਿਕ ਕਾਮਿਨੀ ਹੈਵਰ ਗੈਵਰ." (ਸੋਰ ਅਃ ਮਃ ੫)

ਹੈਵਾਨ: ਅ਼. حیوان ਹ਼ਯਵਾਨ. ਵਿ- ਜਾਨਦਾਰ. ਜੀਵਨ ਸਹਿਤ। ੨. ਸੰਗਯਾ- ਜੀਵ. "ਹੈਵਾਨ ਹਰਾਮ ਕੁਸਤਨੀ." (ਤਿਲੰ ਮਃ ੫)

ਹੋ: ਕ੍ਰਿ- ਭਵਤੁ. ਹੋਵੇ। ੨. ਸੰ. ਵ੍ਯ- ਸੰਬੋਧਨ. "ਲਾਲਚ ਛੋਡਹੁ ਅੰਧਹੋ." (ਆਸਾ ਅਃ ਮਃ ੧) ੩. ਭਵਿਸ਼੍ਯਤ ਬੋਧਕ. "ਮੁਝ ਤੇ ਕਛੂ ਨ ਹੂਆ, ਹੋ ਨ." (ਆਸਾ ਛੰਤ ਮਃ ੫)

ਹੋਂ: ਹੋਵੇਂ ਭਵੰਤੁ। ੨. ਅਹੰ. ਮੈ. ਹੌਂ। ੩. ਹਾਂ. ਹੂੰ. "ਮੈ ਜੀ ਨਾਮਾ ਹੋਂ ਜੀ." (ਧਨਾ ਨਾਮਦੇਵ)

ਹੋਊ: ਹੋਣ ਦਾ ਭਵਿਸ਼੍ਯਤ ਕਾਲ. ਹੋਵੇਗਾ.

ਹੋਆ: ਭਇਆ. ਹੂਆ. "ਹੋਆ ਆਪਿ ਦਇਆਲੁ." (ਵਾਰ ਗੂਜ ੨. ਮਃ ੫)

ਹੋਇ: ਹੋਵੇ. ਭਵਤੁ। ੨. ਹੋਵੇਗਾ. "ਨਾ ਕੋ ਹੋਆ ਨਾ ਕੋ ਹੋਇ." (ਸੋਦਰੁ) ੩. ਕ੍ਰਿ. ਵਿ- ਹੋਕੇ. "ਹੋਇ ਆਮਰੋ ਗ੍ਰਿਹ ਮਹਿ ਬੈਠਾ." (ਸੋਰ ਮਃ ੫)

ਹੋਇਪਰੀ: ਹੋਗਈ. ਜਹੂਰ ਵਿਚ ਆਈ. "ਐਸੀ ਹੋਇਪਰੀ." (ਸਾਰ ਮਃ ੫. ਪੜਤਾਲ)

ਹੋਇਬਾ: ਹੋਣ ਵਾਲਾ. ਹੋਣ ਯੋਗ। ੨. ਹੋਇਗਾ. ਹੋਵੇਗਾ। ੩. ਹੁੰਦਾ ਹੈ. "ਜੋ ਕਿਛੁ ਕਰਹਿ ਸੋਈ ਪਰੁ ਹੋਇਬਾ." (ਪ੍ਰਭਾ ਮਃ ੧)

ਹੋਇ ਮਹੋਇ: ਦੇਖੋ, ਕਿੰਬਾ ਅਤੇ ਮਹੋਇ.

ਹੋਈ: ਭਈ. ਹੂਈ। ੨. ਅਹੋਈ ਦੇਵੀ. ਦੇਖੋ, ਅਹੋਈ.

ਹੋਸ: ਹੋਵਸਿ. ਹੋਵੇਗਾ. ਭਵਿਸ਼੍ਯਤਿ. "ਜੋ ਤਿਸੁ ਭਾਵੈ ਸੋ ਭਲ ਹੋਸ." (ਪ੍ਰਭਾ ਮਃ ੫) ੨. ਫ਼ਾ. ہوش ਹੋਸ਼. ਸੰਗਯਾ- ਜਾਨ. ਰੂਹ। ੩. ਬੁੱਧਿ. ਅਕਲ. "ਹੋਸ ਭਈ ਫਰਮੋਸ ਸਭੈ." (ਨਾਪ੍ਰ)

ਹੋਸਮੰਦ, ਹੋਸਵੰਦ: ਫ਼ਾ. ہوشمند ਹੋਸ਼ਮੰਦ. ਵਿ- ਬੁੱਧਿਵਾਲਾ. ਦਾਨਾ. "ਹੋਰੋਂ ਹੋਸਵੰਦ ਅਬ ਧਾਮ ਨਿਜ ਜਾਨਿਯੇ." (ਨਾਪ੍ਰ)

ਹੋਸਿ: ਹੋਵਸਿ. ਹੋਵੇਗਾ.

ਹੋਸਿਆਰ: ਦੇਖੋ, ਹੁਸਿਆਰ.

ਹੋਸੀ: ਹੋਵੇਗਾ. ਭਵਿਸ਼੍ਯਤਿ. "ਨਾਨਕ ਹੋਸੀ ਭੀ ਸਚੁ." (ਜਪੁ)

ਹੋਸ਼ੰਗ: ਫ਼ਾ. ہوشنگ ਈਰਾਨ ਦਾ ਇੱਕ ਪ੍ਰਸਿੱਧ ਬਾਦਸ਼ਾਹ.

ਹੋਸੰਗਾਬਾਦ: ਮੱਧ ਭਾਰਤ (ਸੀ. ਪੀ. ) ਵਿਚ ਨਮੰਦਾ (ਨਰਬਦਾ) ਨਦੀ ਦੇ ਕਿਨਾਰੇ ਇੱਕ ਜਿਲੇ ਦਾ ਪ੍ਰਧਾਨ ਨਗਰ, ਜੋ ਬੰਬਈ ਤੋਂ ੪੭੬ ਮੀਲ ਹੈ.

ਹੋਹ: ਹੋਵੇ. ਭਵਤੁ। ੨. ਦੇਖੋ, ਹੋਹਾ.

ਹੋਹਾ: ਭਵਿਤ. ਹੁੰਦਾ ਹੈ. "ਮਨੂਰਹੁ ਕੰਚਨ ਹੋਹਾ." (ਵਾਰ ਰਾਮ ੨. ਮਃ ੫) ੨. ਸੰਗਯਾ- ਧੱਕਾ. "ਬਹੁੜਿ ਨ ਮਾਇਆ ਹੋਹਿਆ." (ਸ੍ਰੀ ਛੰਤ ਮਃ ੫) ੩. ਹਲੋਰਾ. ਹੂਟਾ। ੪. ਲਹਿਰ. ਤਰੰਗ. "ਜੈਸੇ ਮਹਾਸਾਗਰ ਹੋਹੇ." (ਸਾਰ ਮਃ ੫. ਪੜਤਾਲ) ੫. ਇੱਕ ਛੰਦ. ਇਸ ਦਾ ਨਾਉਂ "ਸੁਧੀ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਜ ਗ. ।S।, S.

ਉਦਾਹਰਣ-

ਟੁਟੇ ਪਰੇ। ਨਵੇਂ ਮੁਰੇ। ਅਸੰ ਧਰੇ। ਰਿਸੰ ਭਰੇ।। (ਰਾਮਾਵ)

ਹੋਹਿ: ਹੁੰਦਾ ਹੈ। ੨. ਹੋਵੇ.

ਹੋਹੁ: ਦੇਖੋ, ਹੋਹ. ਹੋ. ਹੋਜਾ. "ਹੋਹੁ ਸਭਨਾ ਕੀ ਰੇਣੁਕਾ." (ਵਾਰ ਮਾਰੂ ੨. ਮਃ ੫)

ਹੋਕਾ: ਸੰਗਯਾ- ਹਕਾਰਨ (ਸੱਦਣ) ਲਈ ਧੁਨਿ. ਪੁਕਾਰ। ੨. ਢੰਡੋਰਾ.

ਹੋਗ, ਹੋਗੀ: ਹੋਵੇਗਾ. ਹੋਵੇਗੀ.

ਹੋਗੀਆ: ਹੋਗਿਆ. ਭਇਆ। ੨. ਹੋਵੇਗਾ. "ਤੂ ਆਪੇ ਕਰਹਿ ਸੁ ਹੋਗੀਆ." (ਵਾਰ ਕਾਨ ਮਃ ੪)

ਹੋਗੁ: ਦੇਖੋ, ਹੋਗ. "ਹੋਗੁ ਤਿਸੈ ਕਾ ਭਾਣਾ." (ਗਉ ਮਃ ੧) "ਦੂਸਰ ਹੋਆ ਨ ਹੋਗੁ." (ਬਾਵਨ)

ਹੋਛਉ: ਵਿ- ਤੁੱਛ. ਅਦਨਾ. ਘਟੀਆ. "ਹੋਛਉ ਕਾਜ ਅਲਪ ਸੁਖ ਬੰਧਨ." (ਸਵੈਯੇ ਸ੍ਰੀ ਮੁਖਵਾਕ ਮਃ ੫)

ਹੋਛਤਾ: ਸੰਗਯਾ- ਤੁੱਛਤਾ. ਕਮੀਨਾਪਨ. "ਬੈਠਯੋ ਨਿਕਟ ਹੋਛਤਾ ਹੇਰੀ." (ਗੁਪ੍ਰਸੂ)

ਹੋਛਾ, ਹੋਛੀ, ਹੋਛੇ: ਦੇਖੋ, ਹੋਛਉ. "ਹੋਛਾ ਸਾਹੁ ਨ ਕੀਜਈ." (ਭਾਗੁ) "ਕਵਨ ਸੁ ਦਾਨਾ ਕਵਨੁ ਸੁ ਹੋਛਾ?" (ਮਾਰੂ ਸੋਲਹੇ ਮਃ ੫) ਇਸ ਥਾਂ ਹੋਛਾ ਦਾ ਅਰਥ ਮੂਰਖ ਹੈ. "ਹਰਿਰਸ ਛਾਡਿ ਹੋਛੈ ਰਸਿ ਮਾਤਾ." (ਆਸਾ ਮਃ ੫) ਤੁੱਛ ਰਸ ਨਾਲ ਮਸ੍ਤ. "ਹੋਛੀ ਸਰਣਿ ਪਇਆ ਰਹਿਣੁ ਨ ਪਾਈ." (ਆਸਾ ਮਃ ੫) ਨਿਰਬਲ ਪਨਾਹ.

ਹੋਟਣਾ: ਕ੍ਰਿ- ਹਟਾਉਣਾ. ਵਰਜਨ. "ਉਚਿਤ ਨ ਭੋਜਨ ਕੇ ਕਹਿ ਹੋਟੇ." (ਗੁਪ੍ਰਸੂ) "ਭੇ ਹਮ ਠਾਂਢੇ ਸਭ ਕੋ ਹੋਟਾ." (ਗੁਪ੍ਰਸੂ)

ਹੋਟਾ: ਦੇਖੋ, ਹੋਟਣਾ। ੨. ਸੰਗਯਾ- ਘਾਟਾ. ਕਮੀ. ਨਯੂਨਤਾ. ਤੋਟਾ. "ਪੀਰ ਮੁਰੀਦਾ ਪਿਰਹੜੀ ਹੁਇ ਕਦੇ ਨ ਹੋਟਾ." (ਭਾਗੁ)

ਹੋਠ: ਸੰ. ਓਸ਼੍ਠ. ਦੰਦਾਂ ਦਾ ਪੜਦਾ. ਬੁੱਲ. ਲਬ. ਖ਼ਾਸ ਕਰਕੇ ਉੱਪਰਲਾ ਬੁੱਲ.

ਹੋਠੀਆਂ: ਜਿਲਾ ਗੁਰਦਾਸਪੁਰ, ਤਸੀਲ ਬਟਾਲਾ ਦਾ ਇੱਕ ਪਿੰਡ, ਜਿਸ ਤੋਂ ਅੱਧ ਮੀਲ ਪੂਰਵ ਵੱਲ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਬਾਰਠ ਤੋਂ ਗੁਰੂ ਕੇ ਬਾਗ (ਘੁੱਕੇਵਾਲੀ) ਵੱਲ ਜਾਂਦੇ ਇੱਥੇ ਵਿਰਾਜੇ ਹਨ. ਇਸ ਗੁਰਦ੍ਵਾਰੇ ਨਾਲ ੯੩ ਘੁਮਾਉਂ ਜ਼ਮੀਨ (੮੮ ਘੁਮਾਉਂ ਇੱਥੇ ਅਤੇ ਪੰਜ ਘੁਮਾਉਂ ਵਾਲੇਵਾਲ ਪਿੰਡ ਵਿੱਚ) ਹੈ. ਰੇਲਵੇ ਸਟੇਸ਼ਨ ਬਟਾਲੇ ਤੋਂ ਉੱਤਰ ਸਾਢੇ ਤਿੰਨ ਮੀਲ ਦੇ ਕਰੀਬ ਹੈ.

ਹੋਡ: ਸਿੰਧੀ ਅਤੇ ਡਿੰਗ. ਸੰਗਯਾ- ਸ਼ਰਤ. ਪ੍ਰਤਿਗਯਾ. "ਬਦਹੁ ਕੀਨ ਹੋਡ ਮਾਧਉ ਮੋ ਸਿਉ?" (ਸਾਰ ਨਾਮਦੇਵ) ੨. ਸੰ. ह्रोड ਧਾ- ਜਾਣਾ. ਅਨਾਦਰ ਕਰਨਾ.

ਹੋਡਾਹੋਡੀ: ਕ੍ਰਿ. ਵਿ- ਜਿਦੋ ਜਿਦੀ। ੨. ਸ਼ਰਤੋ ਸ਼ਰਤੀ.

ਹੋਡੀ: ਵਿ- ਹਠੀਆ. ਜ਼ਿੱਦੀ. "ਇਹ ਮੂਰਖ ਹੋਡੀ." (ਪ੍ਰਭਾ ਅਃ ਮਃ ੧) ੨. ਸ਼ਰਤ ਬੰਨ੍ਹਣ ਵਾਲਾ। ੩. ਇੱਕ ਗੱਖਰ ਜਾਤਿ ਦਾ ਰਾਜਾ, ਜਿਸ ਦਾ ਪ੍ਰਸਿੱਧ ਨਾਉਂ "ਹੂਡੀ" ਹੈ. ਦੇਖੋ, ਰਸਾਲੂ. "ਹੋਡੀ ਤਾਂਕੋ ਰੂਪ ਨਿਹਾਰਯੋ." (ਚਰਿਤ੍ਰ ੯੭)

ਹੋਣਹਾਰ: ਸੰਗਯਾ- ਭਵਿਤਵ੍ਯਤਾ. ਹੋਣ ਵਾਲੀ ਬਾਤ. ਭਾਵੀ. ਦੇਖੋ, ਹੋਨਹਾਰ.

ਹੋਣਾ: ਕ੍ਰਿ- ਭੂ. ਭਵਨ. ਹੋਣਾ। ੨. ਹੋਣ ਯੋਗ ਕਰਮ. "ਹੋਣਾ ਸਾ ਸੋਈ ਫੁਨਿ ਹੋਸੀ." (ਗਉ ਮਃ ੫)

ਹੋਣੀ: ਹੋਣ ਦਾ ਭਾਵ. "ਜਲ ਤੇ ਸੀਤਲ ਹੋਣੀ." (ਦੇਵ ਮਃ ੫) ੨. ਹੋਣਹਾਰ. ਭਵਿਤਵ੍ਯਤਾ. ਭਾਵੀ. "ਹੋਣੀ ਜਾਨ ਸਭਿਨ ਕੇ ਮਾਥ." (ਗੁਵਿ ੬)

ਹੋਤ: ਹੋਵਤ ਦਾ ਸੰਖੇਪ. "ਹੋਤ ਪੁਨੀਤ ਕੋਟਿ ਅਪਰਾਧੂ." (ਬਾਵਨ)

ਹੋਤਾ: ਹੁੰਦਾ. ਹੋਵਤਾ. "ਸਤਿ ਹੋਤਾ ਅਸਤਿ ਕਰਿ ਮਾਨਿਆ." (ਮਾਰੂ ਮਃ ੫) ੨. ਸੰ. ਹੋਤ੍ਰਿ. ਹਵਨ ਕਰਨ ਵਾਲਾ.

ਹੋਤਾਇਆ: ਹੁੰਦਾ ਆਇਆ. ਹੋਤਾ ਆਇਆ। ੨. ਹਵਨ ਕਰਨ ਵਾਲਾ. ਹੋਤ੍ਰਿ। ੩. ਸੰਗਯਾ- ਹੁਤਾਸ਼ਨ. ਅਗਨਿ, ਜਿਸ ਵਿੱਚ ਹਵਨ ਕੀਤਾ ਜਾਂਦਾ ਹੈ.

ਹੋਤੀ: ਹੁੰਦੀ। ੨. ਹੋਤ੍ਰਿ. ਹਵਨ ਕਰਨ ਵਾਲਾ. "ਮਾਲਾ ਤਿਲਕ ਸੋਚ ਪਾਕ ਹੋਤੀ." (ਗਉ ਅਃ ਮਃ ੫) ੩. ਪੇਸ਼ਾਵਰ ਦੇ ਜਿਲੇ ਮਰਦਾਨ ਪਾਸ ਇੱਕ ਨਗਰ. ਦੋਹਾਂ ਦਾ ਮਿਲਵਾਂ ਨਾਉਂ ਹੋਤੀ ਮਰਦਾਨ ਹੈ.

ਹੋਤੌ: ਹੁੰਦਾ. ਮੌਜੂਦ. ਭਾਵ ਸਭ ਥਾਂ ਹੋਣ ਵਾਲਾ ਕਰਤਾਰ. "ਹੋਤੌ ਸੰਗਿ ਨ ਜਾਨੋ." (ਮਲਾ ਮਃ ੫)

ਹੋਤ੍ਰ: ਸੰ. ਸੰਗਯਾ- ਹਵਨ. ਹੋਮ.

ਹੋਤ੍ਰਿ: ਸੰ. होतृ ਵਿ- ਹਵਨ ਕਰਨ ਵਾਲਾ. ਹੋਮਕਰਤਾ.

ਹੋਤ੍ਰੀ: ਸੰ. होत्रिय ਹੋਤ੍ਰਿਯ. ਵਿ- ਹੋਮ ਕਰਨ ਵਾਲਾ। ੨. ਹੋਤਾ ਨਾਲ ਸੰਬੰਧਿਤ. ਹਵਨ ਕਰਨ ਵਾਲੇ ਦਾ.

ਹੋਂਦ: ਸੰਗਯਾ- ਅਸ੍ਤਿਤ੍ਵ. ਹੋਨਾਪਨ. ਭਾਵ. ਸੱਤਾ। ੨. ਮੌਜੂਦਗੀ.

ਹੋਦਾ, ਹੋਂਦਾ: ਵਿ- ਮੌਜੂਦ. ਉਪਸ੍ਥਿਤ. "ਘਰਿ ਹੋਦਾ ਪੁਰਖੁ ਨ ਪਛਾਣਿਆ." (ਸ੍ਰੀ ਮਃ ੩) ੨. ਹੁੰਦਾ. ਬਣਦਾ. ਆਪਣੇ ਤਾਈਂ ਅਭਿਮਾਨ ਸਹਿਤ ਮੰਨਦਾ. "ਹੋਂਦਾ ਫੜੀਅਗੁ ਨਾਨਕ ਜਾਣੁ." (ਵਾਰ ਮਲਾ ਮਃ ੧)

ਹੋਦੀ: ਦੇਖੋ, ਅਣਹੋਦੀ.

ਹੋਦੈ: ਕ੍ਰਿ. ਵਿ- ਹੁੰਦੇ ਹੋਏ. ਹੋਣ ਪੁਰ. "ਜੇ ਘਰਿ ਹੋਦੈ ਮੰਗਣ ਜਾਈਐ." (ਰਾਮ ਅਃ ਮਃ ੧)

ਹੋਨ: ਹੋਵੇਂ. ਹੋਂ। ੨. ਹੋਵਨ. ਹੋਣਾ. ਹੋਂਦ.

ਹੋਨਹਾਰ: ਦੇਖੋ, , ਹੋਣਹਾਰ. "ਮਾਈ ਹੋਨਹਾਰ ਸੁ ਹੋਈਐ." (ਦੇਵ ਮਃ ੫)

ਹੋਨਮ: ਵਿ- ਹੋਣ ਵਾਲਾ. ਦੇਖੋ, ਹੁਤ.

ਹੋਨਾ: ਦੇਖੋ, ਹੋਣਾ. "ਹੋਨਾ ਹੈ ਸੋ ਹੋਈ ਹੈ." (ਗਉ ਕਬੀਰ)

ਹੋਨਿ: ਹੁੰਦੇ ਹਨ. "ਹੋਨਿ ਨਜੀਕ ਖੁਦਾਇ ਦੈ." (ਸ. ਫਰੀਦ)

ਹੋਨੀ: ਦੇਖੋ, ਹੋਣੀ। ੨. ਵਿ- ਹੋਣ ਵਾਲਾ. ਹੋਵਨੀਯ. "ਸੋ ਬ੍ਰਹਮ ਅਜੋਨੀ ਹੈ ਭੀ ਹੋਨੀ." (ਸੋਰ ਮਃ ੧)

ਹੋਮ: ਸੰ. ਸੰਗਯਾ- ਘੀ। ੨. ਦੇਵਤਾ ਵਾਸਤੇ ਘੀ ਆਦਿਕ ਸਾਮਗ੍ਰੀ ਦਾ ਅਗਨੀ ਵਿੱਚ ਪਾਉਣਾ. ਹਵਨ. "ਹੋਮ ਜਗ ਤੀਰਥ ਕੀਏ

ਬਿਚਿ ਹਉਮੈ ਬਧੈ ਬਿਕਾਰ." (ਗਉ ਮਃ ੫)

ਰਿਗ ਅਤੇ ਯਜੁਰ ਵੇਦ ਵਿੱਚ ਹੋਮ ਦੀ ਬਹੁਤ ਮਹਿਮਾ ਹੈ. ਬਾਈਬਲ ਵਿੱਚ ਭੀ ਹੋਮ ਧਰਮ ਦਾ ਅੰਗ ਹੈ. ਦੇਖ, Ex. ਕਾਂਡ ੨੯. ਆਇਤ ੧੩. ਅਤੇ ੧੮। ੩. ਬਲਿਦਾਨ. ਭੇਟਾ ਦਾ ਅਰਪਨਾ. "ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ." (ਅਕਾਲ) ਜਲ ਨੂੰ ਭੇਟਾ ਦੇਣੀ ਅਤੇ ਅਗਨੀ ਤਥਾ ਪਵਨ ਨੂੰ ਬਲਿਦਾਨ ਅਰਪਨਾ.

ਹੋਮਕੁੰਡ: ਸੰਗਯਾ- ਉਹ ਟੋਆ, ਜਿਸ ਵਿੱਚ ਅਗਨਿ ਨੂੰ ਵੇਦ ਵਿਧਿ ਨਾਲ ਅਸਥਾਪਨ ਕਰਕੇ ਹਵਨ ਕਰੀਏ. ਦੇਖੋ, ਹਵਨਕੁੰਡ ਸ਼ਬਦ ਵਿੱਚ ਹੋਮਕੁੰਡ ਦਾ ਨਿਰਣਾ.

ਹੋਮਨ, ਹੋਮਨਾ: ਕ੍ਰਿ- ਹੋਮ ਕਰਨਾ. ਹਵਨ ਕਰਨਾ.

ਹੋਮਾਗਉ: ਹੋਮਾਂਗਾ. ਹਵਨ ਕਰਾਂਗਾ। ੨. ਭੇਟਾ ਦੇਵਾਂਗਾ. "ਕਰਉ ਬੇਨਤੀ ਅਤਿ ਘਨੀ ਇਹ ਜੀਅ ਹੋਮਾਗਉ." (ਬਿਲਾ ਮਃ ੫)

ਹੋਮੀ: ਹਵਨ ਕੀਤੀ। ੨. ਹੋਮ ਕਰਨ ਵਾਲਾ. ਹੋਤ੍ਰਿ.

ਹੋਯਉ, ਹੋਯਾ, ਹੋਯੋ: ਭਇਆ. ਹੁਆ. ਹੋਇਆ. "ਜਿਹ ਕ੍ਰਿਪਾਲ ਹੋਯਉ ਗੋਬਿੰਦ." (ਸਵੈਯੇ ਮਃ ੫. ਕੇ) "ਹੋਯੋ ਹੈ ਹੋਵੰਤੋ." (ਗਾਥਾ)

ਹੋਰ: ਵਯ- ਔਰ। ੨. ਅਨ੍ਯ. ਅਪਰ. "ਕਰੇ ਦੁਹਕਰਮ ਦਿਖਾਵੈ ਹੋਰ." (ਗਉ ਮਃ ੫) ਕਰੇ ਖੋਟਾ ਕਰਮ, ਦਿਖਾਵੇ ਚੰਗਾ। ੩. ਦੇਖੋ, ਹੋਰਨਾ. "ਰਹੇ ਹੋਰ ਲੋਕੰ." (ਵਿਚਿਤ੍ਰ) ਲੋਕ ਵਰਜ ਰਹੇ.

ਹੋਰਤੁ: ਦੇਖੋ, ਤੁ। ੨. ਔਰ ਪ੍ਰਕਾਰ ਸੇ. ਹੋਰ ਰੀਤਿ ਨਾਲ. "ਹੋਰਤੁ ਭਗਤਿ ਨ ਪਾਏ ਕੋਈ." (ਮਾਝ ਅਃ ਮਃ ੩)

ਹੋਰਤੈ: ਹੋਰ ਕਿਸੇ ਤੋਂ. ਅਨ੍ਯ ਸੇ। ੨. ਦੇਖੋ, ਹੋਰਥੈ.

ਹੋਰਥੈ: ਕ੍ਰਿ. ਵਿ- ਹੋਰ ਥਾਂ. ਅਨ੍ਯਤ੍ਰ. "ਹੋਰਥੈ ਸੁਖ ਨ ਭਾਲ." (ਵਾਰ ਬਿਹਾ ਮਃ ੩)

ਹੋਰਨਾ: ਕ੍ਰਿ- ਵਰਜਣਾ. ਹਟਾਉਣਾ. ਰੋਕਣਾ. "ਇਸੁ ਮੀਠੀ ਤੇ ਇਹੁ ਮਨ ਹੋਰੈ." (ਗਉ ਮਃ ੫) "ਨਿੰਦਕ ਸੋ ਜੋ ਨਿੰਦਾ ਹੋਰੈ" (ਗਉ ਕਬੀਰ) ਅਸਾਡਾ ਅਸਲ ਨਿੰਦਕ ਉਹ ਹੈ, ਜੋ ਅਸਾਡੀ ਨਿੰਦਾ ਹੁੰਦੀ ਨੂੰ ਵਰਜੇ.

ਹੋਰਨਿ: ਹੋਰਨਾਂ ਕਰਕੇ. ਔਰੋਂ ਸੇ. "ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ." (ਆਸਾ ਮਃ ੧)

ਹੋਰਾ: ਹੋਰਨ (ਵਰਜਨ) ਕਰਿਆ। ੨. ਸੰ. ਅਹੋਰਾਤ੍ਰ (ਦਿਨ ਰਾਤ) ਦਾ ਚੌਬੀਹਵਾਂ ਹਿੱਸਾ. ਇੱਕ ਘੰਟਾ। ੩. ਜਨਮਕੁੰਡਲੀ.

ਹੋਰਿ: ਅਪਰ. ਔਰ. ਹੋਰ ਦਾ ਬਹੁ ਵਚਨ. "ਹੋਰਿ ਕੇਤੇ ਗਾਵਨਿ." (ਜਪੁ)

ਹੋਰਿਓ: ਹੋਰਨ ਕਰਿਆ. ਵਰਜਿਆ. ਮੋੜਿਆ. ਲੌਟਾਇਆ। ੨. ਹੋਰ ਹੀ. ਔਰ ਹੀ। ੩. ਹੋਰ ਪਾਸਿਓਂ. "ਹੋਰਿਓ ਗੰਗ ਵਹਾਈਐ." (ਵਾਰ ਰਾਮ ੩) ਭਾਵ- ਉਲਟੀ ਗੰਗਾ ਵਗਾ ਦਿੱਤੀ ਹੈ, ਅਰਥਾਤ ਗੁਰੂ ਚੇਲੇ ਦੇ ਪੈਰੀਂ ਪਿਆ ਹੈ.

ਹੋਰਿਆ: ਵਰਜਿਆ. ਰੋਕਿਆ.

ਹੋਰੀ: ਵਰਜਨ ਕੀਤੀ. ਰੋਕੀ. ਹੋੜੀ. "ਮੋਹਨੀ ਮੋਹਤ ਰਹੈ ਨ ਹੋਰੀ." (ਸਾਰ ਮਃ ੫) ੨. ਹੋਰਸ ਔਰ ਸਾਥ. "ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ." (ਵਾਰ ਸ੍ਰੀ ਮਃ ੩) ੩. ਦੇਖੋ, ਹੋਲੀ। ੪. ਅਹੋ ਅਲੀ! "ਗ੍ਵਾਰਨਿ ਯੌਂ ਕਹਯੋ ਹੋਰੀ!" (ਕ੍ਰਿਸਨਾਵ)

ਹੋਰੁ: ਦੇਖੋ, ਹੋਰ. "ਗੁਣ ਏਹੋ, ਹੋਰੁ ਨਾਹੀ ਕੋਇ." (ਸੋਦਰੁ) ਵਡੀ ਸਿਫਤ ਇਹ ਹੈ ਕਿ ਉਸ ਤੁੱਲ ਹੋਰ ਕੋਈ ਨਹੀਂ। ੨. ਪ੍ਰਤਿਬੰਧ. ਰੁਕਾਵਟ. "ਤਿਥੈ ਹੋਰੁ ਨ ਕੋਈ ਹੋਰੁ." (ਜਪੁ)

ਹੋਰੇ, ਹੋਰੈ: ਦੇਖੋ, ਹੋਰਨਾ. "ਕੋਟਿ ਜੋਰੇ ਲਾਖ ਕੋਰੇ ਮਨੁ ਨ ਹੋਰੇ." (ਗਉ ਮਃ ੫) ੨. ਔਰ ਹੀ. ਭਾਵ- ਵਿਪਰੀਤ. ਉਲਟ.

"ਸਾਰਾ ਦਿਨ ਲਾਲਚਿ ਅਟਿਆ ਮਨਮੁਖ ਹੋਰੇ ਗਲਾ." (ਵਾਰ ਗਉ ੧. ਮਃ ੪)

ਹੋਲ: ਸੰ. ਹੋਲਕ. ਸੰਗਯਾ- ਘਾਸ ਫੂਸ ਦੀ ਅੱਗ ਨਾਲ ਅਧਭੁੰਨਿਆ ਅੰਨ. ਧਾਨ ਅਤੇ ਛੋਲੇ ਆਦਿਕ ਨੂੰ ਛਿਲਕੇ ਸਮੇਤ ਭੁੰਨਕੇ ਹੋਲਾਂ ਬਣਾਈਦੀਆਂ ਹਨ.

ਹੋਲਗੜ੍ਹ: ਆਨੰਦਪੁਰ ਦਾ ਇੱਕ ਕਿਲਾ. ਇਸੇ ਥਾਂ ਦਸ਼ਮੇਸ਼ ਨੇ ਦੀਵਾਨ ਲਗਾਕੇ ਸੰਮਤ ੧੭੫੭ ਚੇਤ ਬਦੀ ੧. ਨੂੰ ਹੋਲਾ ਮਹੱਲਾ ਖੇਡਣ ਦੀ ਰੀਤਿ ਚਲਾਈ. ਦੇਖੋ, ਆਨੰਦਪੁਰ ਅਤੇ ਹੋਲਾ ਮਹੱਲਾ.

ਹੋਲਾ: ਦੇਖੋ, ਹੋਲ ਅਤੇ ਹੋਲਾ ਮਹੱਲਾ.

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ,

ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੌਨਾ ਟੋਲਾ ਹੈ,

ਸੁਭਟਸੁਚਾਲਾ ਅਰੁ ਲਖਬਾਹਾਂ ਕਲਗਾ ਸਿੰਘ ਸੁਚੋਲਾ ਹੈ,

ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ.

(ਕਵਿ ਨਿਹਾਲ ਸਿੰਘ)

ਹੋਲਾ ਮਹੱਲਾ: ਸੰਗਯਾ- ਹਮਲਾ ਅਤੇ ਜਾਯ ਹਮਲਾ. ਹੱਲਾ ਅਤੇ ਹੱਲੇ ਦੀ ਥਾਂ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦਯਾ ਵਿੱਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾਕੇ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ. ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (Manoeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦਿੰਦੇ ਸੇ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖਸ਼ਦੇ ਸਨ, ਦੇਖੋ, ਹੋਲ ਗੜ੍ਹ ਅਤੇ ਮਹੱਲਾ.

ਹੋਲਿ, ਹੋਲਿਕਾ, ਹੋਲੀ: ਸੰ. ਹੋਲਾਕਾ ਅਥਵਾ ਹੋਲਿਕਾ. ਸੰਗਯਾ- ਹੋਲਿਕਾਦਹਨ. ਫੱਗੁਣ ਸੁਦੀ ੧੫. ਦਾ ਤਯੋਹਾਰ. ਦੇਖੋ, ਢੁੰਡਾ. "ਹੋਲਿ ਦਸਹਰਾ ਦਰਸਨ ਆਵਹੁ." (ਗੁਪ੍ਰਸੂ) "ਹੋਲੀ ਕੀਨੀ ਸੰਤਸੇਵ." (ਬਸੰ ਮਃ ੫)

ਹੋਵਗ: ਹੋਵੇਗਾ.

ਹੋਵਣ: ਦੇਖੋ, ਹੋਣਾ.

ਹੋਵਤ: ਹੁੰਦਾ. ਹੁੰਦੇ. ਹੋਤਾ. ਹੋਤੇ. "ਹੋਵਤ ਆਏ ਸਦ ਸਦੀਵ." (ਬਾਵਨ)

ਹੋਵਨ: ਹੋਣਾ. ਅਸ੍ਤਿਤ੍ਵ। ੨. ਵਿ- ਹੋਣ ਯੋਗ. ਹੋਣ ਵਾਲਾ. ਅਵਸ਼ਯ ਹੋਣ ਯੋਗਯ ਭਾਵ- ਮਰਣ. "ਹੋਵਨ ਕਉਰਾ ਅਨਹੋਵਨ ਮੀਠਾ." (ਬਿਲਾ ਮਃ ੫) ਮਰਨਾ ਕੌੜਾ ਅਤੇ ਜਿਉਣਾ ਮਿੱਠਾ.

ਹੋਵਨਹਾਰ: ਸੰਗਯਾ- ਹੋਣੀ. ਭਾਵੀ। ੨. ਨਿਤਯ ਹੋਣ ਵਾਲਾ ਕਰਤਾਰ. "ਹੋਵਨਹਾਰ ਹੋਤ ਸਦ ਆਇਆ." (ਬਾਵਨ)

ਹੋਵਨਿ: ਹੁੰਦੇ ਹਨ. "ਹੁਕਮੀ ਹੋਵਨਿ ਆਕਾਰ." (ਜਪੁ)

ਹੋਵੀ: ਹੋਵਸੀ ਹੋਵੇਗਾ। ੨. ਹੁੰਦਾ. "ਤਿਸ ਦਾ ਕਦੇ ਨ ਹੋਵੀ ਭਲਾ." (ਵਾਰ ਗਉ ੧. ਮਃ ੪)

ਹੋਵੈਨੀ: ਵਿ- ਹੋਣ ਵਾਲੀ. ਹੋਣ ਯੋਗ. "ਸਾ ਹੋਵੈ ਜੋ ਬਾਤ ਹੋਵੈਨੀ." (ਬਿਲਾ ਮਃ ੪) ੨. ਹੁੰਦੇ ਹਨ.

ਹੋਵੰਤੋ: ਹੁੰਦਾ। ੨. ਹੋਣ ਵਾਲਾ. "ਹੋਯਾ ਹੈ ਹੋਵੰਤੋ." (ਗਾਥਾ)

ਹੋੜ: ਦੇਖੋ, ਹੋਡ ਅਤੇ ਹੋੜਨਾ.

ਹੋੜਨਾ: ਕ੍ਰਿ- ਵਰਜਣਾ. ਹਟਾਉਣਾ. ਰੋਕਣਾ. ਮੋੜਨਾ. "ਸੂਰ ਬੀਰ ਵਰਿਆਮੁ ਕਿਨੈ ਨ ਹੋੜੀਐ." (ਵਾਰ ਗੂਜ ੨. ਮਃ ੫) ੨. ਰਾਹਣਾ. ਖੁਰਦਰਾ ਕਰਨਾ. ਜਿਵੇਂ- ਚੱਕੀ ਅਤੇ ਖਰਾਸ ਦਾ ਪੱਥਰ ਹੋੜਨਾ.

ਹੋੜਾ: ਸੰਗਯਾ- ਪਸ਼ੂਆਂ ਦਾ ਬਾੜਾ, ਜਿਸ ਵਿੱਚ ਬਾਹਰ ਜਾਣੋ ਪਸ਼ੂ ਰੋਕੇ ਜਾਂਦੇ ਹਨ। ੨. ਵਿਘਨ। ੩. ੳ ਦੀ ਓ ਮਾਤ੍ਰਾ ੋ).

ਹੋਂ: ਦੇਖੋ, ਹੰਉ.

ਹੌਂ: ਦੇਖੋ, ਹਉ.

ਹੌਸ, ਹੌਂਸ: ਦੇਖੋ, ਹਉਸ.

ਹੌਸਲਾ: ਅ਼. حوصلہ ਹੌਸਲਹ. ਸੰਗਯਾ- ਜਾਨਵਰ ਦਾ ਮੇਦਾ. ਪੋਟਾ। ੨. ਭਾਵ- ਹਿੰਮਤ. ਸਾਹਸ। ੩ਪੁਰੁਸ਼ਾਰ੍ਥ. ਪੁਰਖਾਰਥ.

ਹੌਂਕਨਾ: ਕ੍ਰਿ. ਹਾਂਪਨਾ. ਹਫਣਾ. ਛੇਤੀ ਛੇਤੀ ਖਿੱਚਵਾਂ ਸਾਹ ਲੈਣਾ.

ਹੌਂਕਨੀ: ਸੰਗਯਾ- ਦਮਕਸ਼ੀ. ਦਿਲ ਦੇ ਛੇਤੀ ਧੜਕਨ ਕਾਰਣ ਸ੍ਵਾਸ ਦੀ ਤੇਜ ਗਤਿ. "ਦੌਰੇ ਆਵਤ ਹੌਂਕਨੀ ਸੋਏ ਊਰਧ ਸ੍ਵਾਸ." (ਚਰਿਤ੍ਰ ੭)

ਹੌਜ, ਹੌਦ: ਅ਼. حوض ਹ਼ੌਜ. ਸੰਗਯਾ- ਪਾਣੀ ਦਾ ਕੁੰਡ. ਚਬੱਚਾ. "ਬਡੋ ਹੌਜ ਇਕ ਹੁਤੋ ਬਨਾਯੋ." (ਗੁਪ੍ਰਸੂ)

ਹੌਦਜ, ਹੌਦਾ: ਅ਼. ہودج ਹੌਦਜ. ਸੰਗਯਾ- ਉੱਠ ਹਾਥੀ ਆਦਿ ਦੀ ਅਮਾਰੀ. "ਕੰਚਨ ਰਜਤ ਘਰੇ ਜਿਨ ਹੋਦਾ." (ਗੁਪ੍ਰਸੂ)

ਹੌਨ: ਦੇਖੋ, ਹਵਨ.

ਹੌਮੈ: ਦੇਖੋ, ਹਉਮੈ.

ਹੌਰ: ਦੇਖੋ, ਹਉਲ. "ਰੌਰ ਪਰਾ ਪੁਰ ਦੌਰ ਚਲੇ ਨਰ ਹੌਰ ਉਠ੍ਯੋ ਉਰ." (ਨਾਪ੍ਰ) ੨. ਅ਼. ہور ਉਛਾਲਨੇ ਦੀ ਕ੍ਰਿਯਾ. "ਜਮਨਾ ਕਹੁ ਗ੍ਵਾਰਨਿ ਹੌਰੇਂ." (ਕ੍ਰਿਸਨਾਵ) ਗਵਾਲਨਾਂ ਜਮਨਾ ਦੇ ਜਲ ਨੂੰ ਤਰਣ ਸਮੇ ਉਛਾਲਦੀਆਂ ਹਨ.

ਹੌਰਵ, ਹੌਰਵਤ, ਹੌਰਵਤਾ: ਸੰਗਯਾ- ਹੌਲੱਤਣ. ਹਲਕਾਪਨ. ਤੁੱਛਤਾ. ਕਮੀਨਾਪਨ. "ਅਲਪ ਆਰਬਲ ਛਿਮਾ ਕਰਤ ਹੈ। ਇਹ ਜੇਠੋ ਹੌਰਵਤ ਧਰਤ ਹੈ." (ਗੁਪ੍ਰਸੂ)

ਹੌਰਾ: ਹੌਲਾ. ਹਲਕਾ. ਦੇਖੋ, ਹਉਰਾ. "ਹੌਰਾ ਭਯਾ ਸਗਲ ਤੁਰਕਾਨਾ." (ਗੁਪ੍ਰਸੂ)

ਹੌਲ: ਅ਼. ہول ਸੰਗਯਾ- ਖ਼ੌਫ਼. ਡਰ। ੨. ਦਿਲ ਦਾ ਕੰਬਣਾ. ਧੜਕਾ. ਦੇਖੋ, ਦਹਲ.

ਹੌਲਾ: ਵਿ- ਹਲਕਾ। ੨. ਕਮੀਨਾ. ਤੁੱਛ. ਅਦਨਾ.

ਹੌਲੀਂ: ਕ੍ਰਿ. ਵਿ- ਸ਼ਨੇ ਸ਼ਨੇ. ਆਹਿਸ੍ਤਹ.

ਹੰ: ਅਹੰ ਦਾ ਸੰਖੇਪ. ਮੈ. "ਹੰ ਭੀ ਵੰਞਾ ਡੁਮਣੀ." (ਸ੍ਰੀ ਮਃ ੧)

ਹੰਉ: ਦੇਖੋ, ਹੱਉ. "ਤਿਨ ਕੈ ਹੰਉ ਲਾਗਉ ਪਾਏ." (ਵਡ ਮਃ ੩. ਅਲਾਹਣੀ) "ਹੰਉ ਵਾਰੀ ਹੰਉ ਵਾਰੀ ਗੁਰੁਸਿਖ ਮੀਤ ਪਿਆਰੇ." (ਵਡ ਛੰਤ ਮਃ ੪)

ਹੰਉਮੈ: ਦੇਖੋ, ਹਉਮੈ. "ਸਭਿ ਬਿਨਸੇ ਹੰਉਮੈ ਪਾਪਾ ਰਾਮ." (ਵਡ ਛੰਤ ਮਃ ੪)

ਹੰਸ: ਸੰ. ਸੰਗਯਾ- ਬੱਤਕ ਦੀ ਕਿਸਮ ਦਾ ਇੱਕ ਪੰਛੀ, ਜਿਸ ਦੇ ਪੰਖ (ਖੰਭ) ਚਿੱਟੇ, ਪੈਰ ਅਤੇ ਚੁੰਜ ਲਾਲ ਹੁੰਦੇ ਹਨ.[349] ਪੁਰਾਣੇ

---

[349] ਕਾਲੇ ਪੰਖਾਂ ਵਾਲੇ ਭੀ ਹੰਸ ਹੋਇਆ ਕਰਦੇ ਹਨ.

ਗ੍ਰੰਥਾਂ ਵਿੱਚ ਲਿਖਿਆ ਹੈ ਕਿ ਇਸ ਦੀ ਚੁੰਜ ਵਿੱਚ ਖਟਾਸ ਹੁੰਦਾ ਹੈ, ਜਦ ਦੁੱਧ ਵਿੱਚ ਪਾਉਂਦਾ ਹੈ ਤਦ ਪਾਣੀ ਅਲਗ ਹੋ ਜਾਂਦਾ ਹੈ. ਇਸੇ ਦ੍ਰਿਸ਼੍ਟਾਂਤ ਨੂੰ ਲੈ ਕੇ ਸਤਯ ਅਸਤਯ ਦਾ ਵਿਵੇਕ ਕਰਨ ਵਾਲੇ ਨੂੰ ਭੀ ਹੰਸ ਸੱਦੀਂਦਾ ਹੈ. ਹੰਸ ਨੂੰ ਮੋਤੀ ਚੁਗਣ ਵਾਲਾ ਭੀ ਅਨੇਕ ਕਵੀਆਂ ਨੇ ਲਿਖਿਆ ਹੈ.

"ਜੈਸੇ ਮਾਨਸਰ ਤਯਾਗ ਹੰਸ ਆਨ ਸਰ ਜਾਤ,

ਖਾਤ ਨ ਮੁਕਤਫਲ ਭੁਗਤਿ ਜੁ ਗਾਤ ਕੀ." (ਭਾਗੁ ਕ)

"ਪੰਛਨਿ ਮੇ ਹੰਸ ਮ੍ਰਿਗਰਾਜਨ ਮੇ ਸਾਰਦੂਲ." (ਭਾਗੁ ਕ) ੨. ਸੂਰਜ. "ਮਹਿਮਾ ਜਾ ਕੀ ਨਿਰਮਲ ਹੰਸ." (ਭੈਰ ਅਃ ਮਃ ੫) ੩. ਜੀਵਾਤਮਾ. ਰੂਹ. "ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿਜਾਇ?" (ਵਾਰ ਗੂਜ ੧. ਮਃ ੩) ੪. ਵਿਵੇਕੀ. ਸਤਯਾ ਅਸਤਯ ਦਾ ਵਿਚਾਰ ਕਰਨ ਵਾਲਾ. "ਸਿਖ ਹੰਸ ਸਰਵਰਿ ਇਕਠੇ ਹੋਏ." (ਵਾਰ ਰਾਮ ੨. ਮਃ ੫) "ਹੰਸਾ ਵੇਖ ਤਰੰਦਿਆਂ ਬਗਾਂ ਭਿ ਆਇਆ ਚਾਉ." (ਵਾਰ ਵਡ ਮਃ ੩) ੫. ਇੱਕ ਰਾਜਾ, ਜੋ ਜਰਾਸੰਧ ਦਾ ਮਿਤ੍ਰ ਸੀ। ੬. ਚਿੱਟੇ ਕੇਸ਼, ਜਿਨ੍ਹਾਂ ਦਾ ਰੰਗ ਹੰਸ ਜੇਹਾ ਹੈ. "ਹੰਸ ਉਲਥੜੇ ਆਇ." (ਸ੍ਰੀ ਮਃ ੫. ਪਹਿਰੇ) ੭. ਹੰਸ ਪ੍ਰਾਣਾਯਾਮ. ਇਸ ਦੀ ਰੀਤਿ ਹੈ ਕਿ ਸ੍ਵਾਸ ਦੇ ਅੰਦਰ ਜਾਣ ਸਮੇ "ਹੰ" ਅਤੇ ਬਾਹਰ ਜਾਣ ਸਮੇ "ਸ" ਦਾ ਜਾਪ ਹੋਵੇ. ਦੇਖੋ, ਅਜਪਾ ਅਤੇ ਹੰਸਾ। ੮. ਹੰਸ ਅਵਤਾਰ. ਦੇਖੋ, ਹੰਸਾਵਤਾਰ। ੯. ਵਿਸ਼ਨੁ। ੧੦. ਸ਼ਿਵ। ੧੧. ਘੋੜਾ। ੧੨. ਵਿ- ਉੱਤਮ। ੧੩. ਇੱਕ ਛੰਦ, ਜਿਸ ਦਾ ਲੱਛਣ ਹੈ- ਦੋ ਚਰਣ, ਪ੍ਰਤਿ ਚਰਣ, ੧੫. ਮਾਤ੍ਰਾ. ਸੱਤ ਅਤੇ ਅੱਠ ਮਾਤ੍ਰਾ ਤੇ ਵਿਸ਼੍ਰਾਮ. ਅੰਤ ਗੁਰੁ ਲਘੁ.

ਉਦਾਹਰਣ-

ਜਹਿ ਤਹਿ ਬਢਾ ਪਾਪ ਕਾ ਕਰਮੰ,

ਜਗ ਤੇ ਘਟਾ ਧਰਮੰ ਕਾ ਭਰਮੰ (ਕਲਕੀ)

(ਅ) ਕੇਸ਼ਵ ਦਾਸ ਨੇ ਹੰਸ ਛੰਦ ਦੇ ਆਦਿ ਭਗਣ ઽ।। ਦਾ ਹੋਣਾ ਵਿਧਾਨ ਕੀਤਾ ਹੈ, ਯਥਾ-

ਆਵਤ ਜਾਤ ਰਾਜ ਕੇ ਲੋਗ.

ਮੂਰਤਧਾਰੀ ਮਾਨਹੁ ਭੋਗ. xxx

(ਰਾਮਚੰਦ੍ਰਿਕਾ)

(ੲ) ਦੇਖੋ, ਹੰਸਕ.

(ਸ) ਦੇਖੋ, ਦੋਹਰੇ ਦਾ ਰੂਪ ੧੧.

ਹੰਸ ਹੰਸਾ: ਹੰਸਾਂ ਵਿੱਚੋਂ ਹੰਸ. ਪਰਮਹੰਸ. "ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ." (ਵਡ ਛੰਤ ਮਃ ੧) ਮਨ ਦੀ ਮੈਲ ਉਤਰਨ ਤੋਂ ਮਹਾਂ ਪਾਖੰਡੀਆਂ ਤੋਂ ਪਰਮਹੰਸ ਬਣੇਂਗੀਆਂ.

ਹੰਸਕ: ਇੱਕ ਛੰਦ. ਇਸ ਦਾ ਨਾਉਂ "ਉਛਾਲ" ਅਤੇ "ਪੰਕ੍ਤਿ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਭ, ਗ, ਗ, ઽ।।, ઽ, ઽ.

ਉਦਾਹਰਣ-

ਬੈਰਮ ਖਾਨਾ। ਕੀਨ ਮਦਾਨਾ।

ਖੈਂਚ ਕ੍ਰਿਪਾਨਾ। ਬੀਰਨ ਹਾਨਾ ॥ (ਗੁਪ੍ਰਸੂ)

ਕਈ ਪਿੰਗਲ ਗ੍ਰੰਥਾਂ ਵਿੱਚ ਇਸ ਨੂੰ ਹੰਸ ਭੀ ਲਿਖਿਆ ਹੈ। ੨. ਡਿੰਗ. ਨੂਪਰ. ਝਾਂਜਰ.

ਹੰਸਗਤਿ: ਹੰਸ ਦੀ ਚਾਲ। ੨. ਹੰਸ ਜੈਸੀ ਹੈ ਜਿਸ ਦੀ ਚਾਲ। ੩. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੦. ਮਾਤ੍ਰਾ. ਪਹਿਲਾ ਵਿਸ਼੍ਰਾਮ ੧੧. ਪੁਰ, ਦੂਜਾ ੯. ਪੁਰ, ਅੰਤ ਲਘੁ ਗੁਰੁ. ਕਈ ਛੰਦਗ੍ਰੰਥਾਂ ਨੇ ਅੰਤ ਰਗਣ SIS ਦਾ ਹੋਣਾ ਵਿਧਾਨ ਕੀਤਾ ਹੈ.

ਉਦਾਹਰਣ-

ਕੇਤੇ ਕਹਹਿ ਵਖਾਣ, ਕਹਿ ਕਹਿ ਜਾਵਣਾ,

ਵੇਦ ਕਹਹਿ ਵਖਿਆਣ, ਅੰਤੁ ਨ ਪਾਵਣਾ. xxx

(ਵਾਰ ਮਾਝ)

ਤੇਰੀ ਪਨਹਿ ਖੁਦਾਇ, ਤੂ ਬਖਸੰਦਗੀ,

ਸੇਖਫਰੀਦੈ ਖੈਰ, ਦੀਜੈ ਬੰਦਗੀ. (ਆਸਾ)

(ਅ) ਦੇਖੋ, ਪਉੜੀ ਦਾ ਰੂਪ ੪.

ਹੰਸਗਾਮਿਨੀ: ਵਿ- ਹੰਸ ਜੇਹਾ ਚੱਲਣ ਵਾਲੀ. ਹੰਸ ਜੇਹੀ ਚਾਲ ਵਾਲੀ.

ਹੰਸਤ: ਦੇਖੋ, ਹਿੰਸਤ.

ਹੰਸਨੀ: ਹੰਸ ਦੀ ਮਦੀਨ.

ਹੰਸਯਾਨ: ਹੰਸ ਹੈ ਜਿਸ ਦੀ ਯਾਨ (ਸਵਾਰੀ) ਬ੍ਰਹਮਾ। ੨. ਹੰਸਯਾਨੀ. ਸਰਸ੍ਵਤੀ.

ਹੰਸਰਾਜ: ਦੇਖੋ, ਪਰਮਹੰਸ। ੨. ਹੰਸ ਦੀ ਇੱਕ ਖਾਸ ਜਾਤਿ. ਰਾਜ ਹੰਸ.

ਹੰਸਰਾਮ: ਦਸ਼ਮੇਸ਼ ਜੀ ਦੇ ਦਰਬਾਰ ਦਾ ਮਹਾਨ ਕਵਿ, ਜਿਸ ਨੇ ਹੋਰ ਰਚਨਾ ਤੋਂ ਛੁੱਟ ਮਹਾਭਾਰਤ ਦੇ ਕਰਣ ਪਰਵ ਦਾ ਹਿੰਦੀ ਕਵਿਤਾ ਵਿੱਚ ਉੱਤਮ ਅਨੁਵਾਦ ਕੀਤਾ ਹੈ, ਯਥਾ-

ਕੌਨ ਬਡੋ ਯਾ ਜਗਤ ਮੇ ਕੋ ਦਾਤਾ ਕੋ ਸੂਰ?

ਕਾਂਕੇ ਰਨ ਅਰੁ ਦਾਨ ਮੇ ਮੁਖ ਪਰ ਬਰਸਤ ਨੂਰ?

ਰਚਯੋ ਬ੍ਰਹਮ ਕਰ ਆਪਨੇ ਦੀਨੋ ਭੂ ਕੋ ਭਾਰ,

ਸੋ ਤੋ ਗੁਰੁ ਗੋਬਿੰਦ ਹੈ ਨਾਨਕ ਕੋ ਔਤਾਰ.

ਐਸੇ ਕਾਹੂੰ ਕੇ ਨਹੀ ਸੁਰ ਸੁਰਪਤਿ ਕੇ ਭੌਨ,

ਈਸ ਮੁਨੀਸ ਦਿਲੀਸ ਏ ਨਰ ਨਰੇਸ ਕੇ ਕੌਨ?

ਚਾਰ ਬਰਨ ਚਾਰੋਂ ਜਹਾਂ ਆਸ਼੍ਰਮ ਕਰਤ ਅਨੰਦ,

ਤਾਂ ਕੋ ਨਾਮ ਅਨੰਦਪੁਰ ਹੈ ਅਨੰਦ ਕੋ ਕੰਦ.

ਸੰਬਤ ਸਤ੍ਰਾਂ ਸੈ ਬਰਸ ਬਾਵਨ ਬੀਤਨਹਾਰ,

ਮਾਰਗ ਵਦਿ ਤਿਥਿ ਦੂਜ ਕੋ ਤਾਂ ਦਿਨ ਮੰਗਲਵਾਰ,

ਹੰਸ ਰਾਮ ਤਾਂ ਦਿਨ ਕਰਯੋ ਕਰਨ ਪਰਬ ਆਰੰਭ. xxx

ਪ੍ਰਿਥਮ ਕ੍ਰਿਪਾ ਕਰ ਰਾਖ ਕਰ ਗੁਰੁ ਗੋਬਿੰਦ ਉਦਾਰ,

ਟਕਾ[350] ਕਰੇ ਬਖ਼ਸ਼ੀਸ਼ ਤਬ ਮੋ ਕੋ ਸਾਠ ਹਜਾਰ.

ਤਾਂ ਕੋ ਆਯਸ ਪਾਯਕੈ ਕਰਣ ਪਰਵ ਮੈਂ ਕੀਨ,

ਭਾਖਾ ਅਰਥ ਵਿਚਿਤ੍ਰ ਕਰ ਸੁਨੇ ਸੁਕਵਿ ਪਰਬੀਨ.

ਆਸ਼ੀਰਵਾਦ-

ਕਾਯਮ ਕੁਬੇਰ ਸਾਤ ਸਾਯਰ ਸੁਮੇਰੁ ਜੌਲੌ

ਕੀਰਤਿ ਕਰਨ ਕੀ ਕਰਨ ਅਵਗਾਹਬੀ,

ਜੌਲੌ ਪੌਨ ਪੰਨਗ਼ ਪ੍ਰਬਲ ਪੁਹਮੀ ਕੇ ਭਾਰ

ਪਾਰਥ ਕੋ ਜੌਲੌ ਪੁਰਖਾਰਥ ਸਰਾਹਬੀ,

ਜੌਲੌ ਸ਼ਿਵਸਲਿਤਾ[351] ਸੁ ਕਵਿ ਹੰਸਰਾਮ ਕਹੈ

ਜੌਲੌ ਰਾਮ ਰਾਵਨ ਕੋ ਰਾਮਾਯਨ ਚਾਹਬੀ,

ਜੌਲੌ ਧ੍ਰੁਵ ਧਰਨਿ ਤਰੁਨ ਤੇਜ ਰਾਜੈ ਜਗ

ਤੌਲੌ ਸ਼੍ਰੀ ਗੋਬਿੰਦ ਸਿੰਘ ਤੇਰੇ ਸੀਸ ਸਾਹਬੀ.

ਹੰਸਲੀ: ਸੰ. ਅੰਸਲੀ. ਗਲ ਦੇ ਹੇਠ ਛਾਤੀ ਦੇ ਉੱਪਰ ਦੀ ਹੱਡੀ. Collar bone। ੨. ਦੇਖੋ, ਹਸਲੀ.

ਹੰਸਵਾਹਨ: ਬ੍ਰਹਮਾ, ਜੋ ਹੰਸ ਦੀ ਸਵਾਰੀ ਕਰਦਾ ਹੈ.

ਹੰਸਵਾਹਨੀ: ਸਰਸ੍ਵਤੀ.

ਹੰਸ ਵੰਸ: ਹੰਸ (ਸੂਰਜ) ਦੀ ਵੰਸ਼. ਸੂਰਜਕੁਲ। ੨. ਪਵਿਤ੍ਰ ਕੁਲ.

ਹੰਸਾ: ਹੰਸ ਵਾਲਾ. ਬ੍ਰਹਮਾ. "ਤਾਚੇ ਹੰਸਾ ਸਗਲੇ ਜਨਾ." (ਧਨਾ ਨਾਮਦੇਵ) ਉਸ ਤੋਂ ਬ੍ਰਹਮਾ (ਰਜੋਗੁਣ), ਉਸ ਤੋਂ ਸਗਲੇ ਜਨਾ। ੨. ਜੀਵਾਤਮਾ. "ਹੰਸਾ ਸਰਵਰ ਕਾਲ ਸਰੀਰ." (ਗਉ ਕਬੀਰ) ੩. ਸੋਹੰ ਦਾ ਉਲਟ. ਹੰ (ਮੈ) ਸਾ (ਉਹ). "ਨਾਨਕ ਸੋਹੰ ਹੰਸਾ ਜਪੁ ਜਾਪਹੁ." (ਵਾਰ ਮਾਰੂ ੧. ਮਃ ੧)

ਹੰਸਾਵਤਾਰ: ਵਿਸ਼ਨੁ ਦਾ ਅਵਤਾਰ, ਜੋ ਹੰਸ ਰੂਪ ਹੋਇਆ ਹੈ. ਭਾਗਵਤ ਦੇ ਗ੍ਯਾਰਵੇਂ ਸਕੰਧ ਦੇ ਤੇਰਵੇਂ ਅਧ੍ਯਾਯ ਵਿੱਚ ਕਥਾ ਹੈ ਕਿ ਸਨਕਾਦਿਕਾਂ ਨੇ ਬ੍ਰਹਮਾ ਪਾਸ ਆਤਮਵਿਵੇਕ ਦਾ ਪ੍ਰਸ਼ਨ ਕੀਤਾ, ਜਦ ਬ੍ਰਹਮਾ ਉੱਤਰ ਦੇਣ ਦੀ ਚਿੰਤਾ ਵਿੱਚ ਪੈ ਗਿਆ, ਤਦ ਵਿਸ਼ਨੁ ਨੇ ਹੰਸ ਰੂਪ ਧਾਰਕੇ ਤਤ੍ਵਗ੍ਯਾਨ ਦ੍ਰਿੜ੍ਹਾਇਆ.

ਹੰਸੀ: ਹੰਸ ਦੀ ਮਦੀਨ. ਹੰਸਨੀ.

ਹੰਸੁ: ਦੇਖੋ, ਹੰਸ। ੨. ਦੇਖੋ, "ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ." (ਵਾਰ ਮਾਝ ਮਃ ੧) ੩. ਅੰਤਹਕਰਣ. "ਕਾਇਆ ਹੰਸੁ ਨਿਰਮਲੁ ਦਰਿ ਸਚੈ ਜਾਣੁ." (ਮਾਰੂ ਸੋਲਹੇ ਮਃ ੩) ੪. ਜੀਵਾਤਮਾ.

ਹੰਸੁਲਾ: ਹੰਸਪੁਤ੍ਰ. ਹੰਸ ਦਾ ਬੱਚਾ. "ਬਗੁਲੇ ਤੇ ਫੁਨਿ ਹੰਸੁਲਾ ਹੋਵੈ." (ਬਸੰ ਮਃ ੧) ਪਾਖੰਡੀ ਤੋਂ ਵਿਵੇਕੀ ਹੋਵੈ.

---

[350] ਰੁਪਯੇ. ਰਜਤਮੁਦ੍ਰਾ.

[351] ਗੰਗਾ.

ਹੰਸੇਸੁਰੀ: ਹੰਸ ਦੀ ਈਸ਼੍ਵਰੀ. ਹੰਸ ਤੇ ਸਵਾਰ ਹੋਣ ਵਾਲੀ ਸਰਸ੍ਵਤੀ. "ਕਿ ਹੰਸੇਸੁਰੀ ਹੈ." (ਦੱਤਾਵ)

ਹੰਕ: ਵਿ- ਅਹੰਕਾਰੀ "ਭਿਰੇ ਭੂਮਿ ਹੰਕੰ." (ਵਿਚਿਤ੍ਰ) ੨. ਸੰਗ੍ਯਾ- ਹਾਕ. ਪੁਕਾਰ। ੩. ਹੁੰਕਾਰ. ਹੰਘੂਰਾ। ੪. ਅਹੰਕਾਰ.

ਹੰਕੀ: ਵਿ- ਅਹੰਕਾਰੀ ਅਭਿਮਾਨੀ. "ਮੰਡੇ ਆਨ ਹੰਕੀ." (ਵਿਚਿਤ੍ਰ)

ਹੰਗ: ਫ਼ਾ. ہنگ ਫੌਜ. ਸੈਨਾ. ਦੇਖੋ, ਸਰਹੰਗ.

ਹੰਗਤਾ: ਦੇਖੋ, ਅਹੰਤਾ.

ਹੰਗਾਮ: ਫ਼ਾ. ہنگام ਸੰਗ੍ਯਾ- ਸਮਾ. ਵੇਲਾ.

ਹੰਗਾਮਾ: ਫ਼ਾ. ہنگامہ ਹੰਗਾਮਹ. ਸੰਗ੍ਯਾ- ਲੋਕਾਂ ਦਾ ਸਮੁਦਾਯ। ੨. ਜੰਗ. ਯੁੱਧ। ੩. ਮੁਹਿੰਮ. "ਬਹੁਤ ਬਰਖ ਕੋ ਹੁਇ ਹੰਗਾਮਾ." (ਗੁਪ੍ਰਸੂ) ਦੇਖੋ, ਹਗਾਮਾ.

ਹੰਗੂਰਾ: ਦੇਖੋ, ਹੁੰਕਾਰ. "ਲਏ ਲਛਿਕਾ ਦੇਤ ਹੰਗੂਰਾ." (ਨਾਪ੍ਰ)

ਹੰਘ: ਸੰਗ੍ਯਾ- ਸਮਰਥ. ਸ਼ਕਤਿ. ਬਲ.

ਹੰਘਈ: ਸਮਰਥ. ਹੁੰਦਾ ਸਕਦਾ. "ਕੰਨ ਕੋਈ ਕਢਿ ਨ ਹੰਘਈ." (ਸ੍ਰੀ ਮਃ ੫. ਪੈਪਾਇ) ਨਿੰਦਾ ਸੁਣਨ ਨੂੰ ਕੋਈ ਕੰਨ ਨਹੀਂ ਕੱਢ ਸਕਦਾ.

ਹੰਘੂਰਾ: ਦੇਖੋ, ਹੁੰਕਾਰ ਅਤੇ ਹੰਗੂਰਾ.

ਹੰਜੀ: ਕਾਸ਼. ਮਲਾਹ. ਨੌਕਾ ਚਲਾਉਣ ਵਾਲਾ. ਹਾਂਝੀ.

ਹੰਜੀਰ: ਦੇਖੋ, ਅੰਜੀਰ। ੨. ਦੇਖੋ, ਹੰਜੀਰਾਂ.

ਹੰਜੀਰਾਂ: خنازیر ਖ਼ਨਾਜ਼ੀਰ. ਸੰ. गण्डमाला ਗੰਡਮਾਲਾ. Scrofula. ਇਸ ਰੋਗ ਦੇ ਕਾਰਣ ਹਨ-

ਹਾਜਮੇ ਦਾ ਵਿਗਾੜ, ਲਹੂ ਦੀ ਖਰਾਬੀ, ਸ਼ਰਾਬੀ ਅਥਵਾ ਆਤਸ਼ਕ ਰੋਗ ਨਾਲ ਗ੍ਰਸੇ ਹੋਏ ਮਾਤਾ ਪਿਤਾ ਦੇ ਵੀਰਜ ਅਤੇ ਰਕਤ ਵਿਚ ਅਸਰ, ਮੈਲੀ ਥਾਂ ਰਹਿਣਾ ਅਤੇ ਸੜਿਆ ਬੁਸਿਆ ਖਾਣਾ ਆਦਿ.

ਇਸ ਰੋਗ ਨਾਲ ਗਲੇ ਦੇ ਚੁਫੇਰੇ ਗਿਲਟੀਆਂ ਹੋਕੇ ਸੁੱਜ ਜਾਂਦੀਆਂ ਹਨ, ਕਦੇ ਫੁੱਟ ਵਹਿੰਦੀਆਂ ਹਨ. ਕਦੇ ਕਦੇ ਇਹ ਗਿਲਟੀਆਂ ਬਗਲਾਂ ਅਤੇ ਛਾਤੀ ਤੀਕ ਫੈਲ ਜਾਂਦੀਆਂ ਹਨ. ਇਸ ਰੋਗ ਤੋਂ ਬਚਣ ਲਈ ਹਾਜ਼ਮਾ ਠੀਕ ਰੱਖਣਾ ਲੋੜੀਏ. ਬਦਹਜ਼ਮੀ ਕਰਨ ਵਾਲੇ ਪਦਾਰਥਾਂ ਤੋਂ ਪਰਹੇਜ਼ ਰੱਖਣਾ ਚੰਗਾ ਹੈ. ਕਚਨਾਰ ਦੀ ਕਲੀਆਂ ਅਤੇ ਛੋਲਿਆਂ ਦੀ ਚੀਜਾਂ ਵਰਤਣੀਆਂ ਲਾਭਦਾਇਕ ਹਨ.

ਹਰੜਾਂ ਦਾ ਸੇਵਨ, ਉਸ਼ਬੇ ਦੇ ਅਰਕ ਦਾ ਪੀਣਾ, ਮੁੰਡੀ ਬੂਟੀ ਅਤੇ ਨਿੰਮ ਦੇ ਸੱਕ ਦਾ ਕਾੜ੍ਹਾ ਵਰਤਣਾ ਬਹੁਤ ਲਾਭਵੰਦ ਹੈ.

ਬਰਨੇ ਬਿਰਛ ਦੀ ਜੜ ਦਾ ਕਾੜ੍ਹਾ ਸ਼ਹਿਦ ਮਿਲਾਕੇ ਪੀਣਾ ਗੁਣਕਾਰੀ ਹੈ. ਹੰਜੀਰਾਂ ਵਾਸਤੇ ਹੇਠ ਲਿਖੇ ਉੱਤਮ ਲੇਪ ਹਨ-

ਸਫੇਦਾ ਕਾਸਗਰੀ ਛੀ ਮਾਸ਼ੇ, ਸੰਧੂਰ ਦੋ ਤੋਲੇ, ਤਿਲਾਂ ਦਾ ਤੇਲ ਦਸ ਤੋਲੇ, ਇਨ੍ਹਾਂ ਨੂੰ ਲੋਹੇ ਦੇ ਬਰਤਨ ਵਿੱਚ ਮੱਠੀ ਆਂਚ ਨਾਲ ਪਕਾਕੇ ਮਰਹਮ ਬਣਾ ਲਓ. ਗਿਲਟੀਆਂ ਬੰਦ ਹੋਣ ਭਾਵੇਂ ਵਗਦੀਆਂ, ਨਿੰਮ ਦੇ ਕਾੜ੍ਹੇ ਨਾਲ ਧੋਕੇ ਉਨ੍ਹਾਂ ਉੱਪਰ ਇਹ ਮਰਹਮ (ਮਲ੍ਹਮ) ਲਗਾਓ.

ਨਰਮੇ (ਕਪਾਹ) ਦੇ ਪੱਤੇ, ਨਿੰਮ ਦੇ ਪੱਤੇ, ਅਰਿੰਡ ਦੇ ਪੱਤੇ, ਭੰਗਰੇ ਦੇ ਪੱਤੇ ਇੱਕ ਇੱਕ ਛਟਾਂਕ ਲੈ ਕੇ ਘੋਟਕੇ ਨੁਗਦਾ ਬਣਾ ਲਓ, ਸਰ੍ਹੋਂ ਦਾ ਤੇਲ ਤਿੰਨ ਛਟਾਂਕ, ਮੋਮ ਚਾਰ ਤੋਲੇ ਲੈ ਕੇ ਲੋਹੇ ਦੇ ਭਾਂਡੇ ਵਿੱਚ ਨੁਗਦਾ ਪਕਾਓ, ਜਦ ਨੁਗਦਾ ਚੰਗੀ ਤਰਾਂ ਪੱਕ ਜਾਵੇ,

ਤਾਂ ਘੋਟਕੇ ਮਰਹਮ ਬਣਾ ਲਓ ਅਤੇ ਗਿਲਟੀਆਂ ਉੱਪਰ ਲਾਓ.

ਚਿੱਟੀ ਸਰ੍ਹੋਂ, ਸੁਹਾਂਜਨੇ ਦੇ ਬੀਜ, ਸਣ ਦੇ ਬੀਜ, ਅਲਸੀ ਦੇ ਬੀਜ, ਜੌਂ, ਮੂਲੀ ਦੇ ਬੀਜ, ਇਨ੍ਹਾਂ ਸਭਨਾਂ ਨੂੰ ਖੱਟੀ ਲੱਸੀ ਵਿੱਚ ਚੰਗੀ ਤਰਾਂ ਪਿਸਕੇ ਗਿਲਟੀਆਂ ਤੇ ਲੇਪ ਕਰੋ.

"ਹੁਤੀ ਹੰਜੀਰਾਂ ਗਰ ਮਹਿਂ ਤਾਹੀਂ,

ਦੇਤ ਬਿਖਾਦ ਮਿਟ ਸੋ ਨਾਹੀਂ." (ਗੁਪ੍ਰਸੂ)

ਹੰਜੁ, ਹੰਝ: ਸੰਗਯਾ- ਹੰਸ. "ਆਇ ਉਲਥੇ ਹੰਝ." (ਸ. ਫਰੀਦ) ੨. ਬਗੁਲਾ. "ਕੇਲ ਕਰੰਦੇ ਹੰਝ ਨੋ." (ਸ. ਫਰੀਦ) ੩. ਮੱਘ. ਜੰਗਲੀ ਬੱਤਕ.

ਹੰਝੂ: ਸੰਗਯਾ- ਅਸ਼੍ਰ. ਆਂਸੂ. ਅਸ਼੍ਰੂ. "ਦੁਖ ਹੰਝੂ ਰੋਵੈ." (ਭਾਗੁ)

ਹੰਡੀਆ: ਦੇਖੋ, ਹਾਂਡੀ. "ਸਿਰ ਮੁੰਡਿਤ ਹੈਂ ਹੰਡੀਆ ਜੈਸੇ." (ਗੁਪ੍ਰਸੂ)

ਹੰਡੂਰ, ਹਿੰਡੂਰ: ਹੁਣ ਇਹ ਨਾਲਾਗੜ੍ਹ ਰਿਆਸਤ ਦਾ ਹੀ ਨਾਉਂ ਹੈ. ਕਹਲੂਰ ਦੇ ਰਾਜਵੰਸ਼ ਵਿੱਚ ਹੋਣ ਵਾਲੇ ਅਜੀਤਚੰਦ ਨੇ ਨਾਲਾਗੜ੍ਹ ਨੂੰ ਫਤੇ ਕਰਕੇ ਆਪਣੀ ਰਾਜਧਾਨੀ ਬਣਾਇਆ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਤਿਹਾਸ ਵਿੱਚ ਕਹਲੂਰ ਦਾ ਹੀ ਜਿਕਰ ਆਉਂਦਾ ਹੈ. ਦੇਖੋ, ਭੀਮਚੰਦ.

ਹੰਡੂਰੀਆ: ਹੰਡੂਰ ਨਾਲ ਜਿਸ ਦਾ ਸੰਬੰਧ ਹੈ। ੨. ਹੰਡੂਰ ਦਾ ਵਸਨੀਕ.

ਹੰਢ, ਹੰਢਣ, ਹੰਢਨਿ: ਸੰ. हिण्डन ਹਿੰਡਨ. ਸੰਗਯਾ- ਭ੍ਰਮਣ. ਫਿਰਨਾ. ਘੂਮਨਾ. "ਹੰਢਨਿ ਕਰਮਾ ਬਾਹਰੇ." (ਵਾਰ ਮਾਝ ਮਃ ੧) "ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ." (ਸ. ਫਰੀਦ) "ਕਾਇਤੁ ਗਾਰਬਿ ਹੰਢੀਐ?" (ਵਾਰ ਆਸਾ) ੨. ਲਿਖਣਾ। ੩. ਧਾਰਣ.

ਹੰਢਾਉਣਾ: ਕ੍ਰਿ- ਭ੍ਰਮਾਉਣਾ. ਘੁਮਾਉਣਾ। ੨. ਪਹਿਰਣਾ.

ਹੰਢਿਆਯਾ: ਦੇਖੋ, ਹਢਿਆਯਾ.

ਹੰਢਿਕੈ: ਕ੍ਰਿ. ਵਿ- ਫਿਰਕੇ. ਘੁੰਮਕੇ. "ਚਾਰਿ ਗਵਾਇਆ ਹੰਢਿਕੈ." (ਸ. ਫਰੀਦ)

ਹੰਤ: ਸੰ. हन्त ਵਯ- ਆਨੰਦ। ੨. ਦੁੱਖ. ਪੀੜ। ੩. ਅਬ. ਹੁਣ। ੪. ਭੋਜਨ ਸਮੇਂ ਅਭ੍ਯਾਗਤਾਂ ਲਈ ਜੋ ਧਰਮਅਰਥ ਅੰਨ ਅਰਪਿਆ ਜਾਵੇ, ਉਸ ਸਮੇਂ "ਹੰਤ" ਸ਼ਬਦ ਕਹਿਣਾ ਹਿੰਦੂਆਂ ਲਈ ਵਿਧਾਨ ਹੈ. ਦੇਖੋ, ਕਾਤਯਾਯਨ ਖੰਡ ੧੩. ਸ਼ ੧੨। ੫. ਦੇਖੋ, ਹਤ. "ਦੋਖ ਸਭੈ ਹੀ ਹੰਤ." (ਮਾਝ ਦਿਨਰੈਣ) ਸਰਵੇ ਦੋਸ਼ ਹਤਾਃ। ੬. ਸੰ. हन्तृ ਹੰਤ੍ਰਿ. ਮਾਰਨ ਵਾਲਾ. ਵਿਨਾਸ਼ਕ. "ਸਰਬ ਪਾਪਾ ਹੰਤ ਜੀਉ." (ਰਾਮ ਰੁਤੀ ਮਃ ੫)

ਹੰਤਕਾਰ, ਹੰਤਕਾਰੀ: ਵਿ- ਹਤਨ ਕਰਤਾ. ਵਿਨਾਸ਼ਕ. "ਪ੍ਰਭਾਸੈਨ ਕੇ ਪ੍ਰਾਨ ਕੋ ਹੰਤਕਾਰੀ." (ਚਰਿਤ੍ਰ ੨੯੬) ੨. ਸੰ. हन्तकार ਸੰਗਯਾ- ਹੰਤ ਸ਼ਬਦ ਕਹਿਕੇ ਕੱਢਿਆ ਹੋਇਆ ਅੰਨ. ਹੰਦਾ. ਦੇਖੋ, ਹੰਤ ੪। ੩. ਆਨੰਦ ਦੀ ਧੁਨਿ.

ਹੰਤਨਾ: ਸੰਗਯਾ- ਤਨੁ ਅਹੰਤਾ. ਦੇਹਾਭਿਮਾਨ। ੨. ਹੰਤ੍ਰੀ. ਨਾਸ਼ ਕਰਨ ਵਾਲੀ. "ਤਿਆਗੀ ਹੋਮੈ ਹੰਤਨਾ." (ਮਾਰੂ ਸੋਲਹੇ ਮਃ ੫)

ਹੰਤਾ, ਹੰਤਾਰ, ਹੰਤ੍ਰਿ: ਸੰ. हन्तृ. ਵਿ- ਹਨਨ ਕਰਤਾ. ਮਾਰਨ ਵਾਲਾ. "ਜਿਉ ਹੰਤਾ ਮਿਰਗਾਹ." (ਵਾਰਾ ਆਸਾ) "ਸਰਬਹੰਤਾ." (ਜਾਪੁ) ੨. ਅਹੰਤਾ ਲਈ ਭੀ "ਹੰਤਾ" ਸ਼ਬਦ ਵਰਤਿਆ ਜਾਂਦਾ ਹੈ.

ਹੰਦਾ: ਦੇਖੋ, ਹੰਤਕਾਰ ੨.। ੨. ਸੰਬੰਧ ਬੋਧਕ ਵਯ- ਦਾ. ਕਾ. "ਜਸ ਹੰਦਾ ਬਾਣ." (ਵਾਰ ਰਾਮ ੩)

ਹੰਦਾਲ: ਦੇਖੋ, ਨਿਰੰਜਨੀਏ। ੨. ہندال ਬਾਦਸ਼ਾਹ ਬਾਬਰ ਦਾ ਪੁਤ੍ਰ, ਜੋ ਸਨ ੧੫੧੮ ਵਿੱਚ ਪੈਦਾ ਹੋਇਆ ਅਤੇ ੧੫੫੧ ਵਿੱਚ

ਮਰਿਆ. ਇਸ ਦੀ ਕਬਰ ਬਾਬਰ ਦੇ ਮਕਬਰੇ ਪਾਸ ਕਾਬੁਲ ਹੈ.

ਹੰਦਾਲੀਏ: ਦੇਖੋ, ਨਿਰੰਜਨੀਏ.

ਹੰਨ: ਹੈਨ. ਹੈਂ। ੨. ਹੈਂ- ਨਾ. ਨਹੀਂ ਹਨ.

ਹੰਨਾ: ਸੰਗਜਾ- ਘੋੜੇ ਦੀ ਕਾਠੀ ਦੇ ਅੱਗੇ ਦਾ ਕੀਲਾ, ਜਿਸ ਵਿੱਚ ਲਗਾਮ ਅਟਕਾਈਦਾ ਹੈ.

ਹੰਨਿ: ਹੇ ਦਾ ਬਹੁਵਚਨ. ਹਨ. ਹੈਨ. "ਤੇ ਗੁਣ ਮੈ ਤਨਿ ਹੰਨਿ." (ਸੂਹੀ ਮਃ ੧)

ਹੰਨੇ ਹੰਨੇ ਬਾਦਸ਼ਾਹੀ, ਹੰਨੇ ਹੰਨੇ ਮੀਰੀ: ਪ੍ਰਤਿ ਕਾਠੀ ਸਰਦਾਰੀ. ਭਾਵ ਹਰੇਕ ਸਵਾਰ ਆਪਣੀ ਸਰਦਾਰੀ ਰੱਖਣ ਵਾਲਾ. "ਹੰਨੇ ਹੰਨੇ ਬਾਦਸ਼ਾਹੀ ਭੋਗ ਤੇ ਮਹਾਨਿਯੇ." (ਪੰਪ੍ਰ) "ਹੰਨੇ ਹੰਨੇ ਇਨ ਕੀ ਮੀਰੀ." (ਪੰਪ੍ਰ)

ਹੰਨੇਬੰਡ, ਹੰਨੇਵੰਡ: ਉਹ ਤਕਸੀਮ, ਜੋ ਪ੍ਰਤਿ ਕਾਠੀ ਕੀਤੀ ਜਾਵੇ. ਹਰੇਕ ਸਵਾਰ ਦਾ ਸਮਾਨ ਹਿੱਸਾ. ਜੇ ਸੌ ਸਵਾਰ ਨੇ ਕੋਈ ਇਲਾਕਾ ਫਤੇ ਕੀਤਾ ਹੈ, ਤਾਂ ਸੌ ਹਿੱਸਿਆਂ ਵਿੱਚ ਵੰਡਣ ਦੀ ਕ੍ਰਿਯਾ. ਇਸੇ ਤਰਾਂ ਧਨ ਪਦਾਰਥ ਦੀ ਵੰਡ. ਦੇਖੋ, ਕਾਠੀ ਵੰਡ.

ਹੰਬਲੀ: ਦੇਖੋ, ਸੁੰਨੀ.

ਹੰਬੀਰ: ਦੇਖੋ, ਹਮੀਰ। ੨. ਅਹੰਤਾ ਵਾਲਾ ਬੀਰ. ਹੰਕਾਰੀ ਯੋਧਾ. "ਹਾਹਲੇ ਹੰਬੀਰ." (ਰਾਮਾਵ)

ਹੰਬੈ: ਬਾਂਗਰ. ਵਜ- ਹਾਂ ਠੀਕ. ਦੁਰੁਸ੍ਤ. ਸਤਯ ਹੈ. ਬੇਸ਼ੱਕ. ਦੇਖੋ, ਵਣਾਹੰਬੈ.

ਹੰਭਲਾ: ਅਹੰ- ਭਲਾ. ਹੌਸਲਾ। ੨. ਪੁਰਖਾਰਥ. ਉੱਦਮ। ੩. ਉਮੰਗ. ਉਤਸਾਹ.

ਹੰਭੀ: ਅਹੰ ਅਪਿ. ਮੈ ਭੀ. ਦੇਖੋ, ਹੰ.

ਹੰਭੈ: ਦੇਖੋ, ਹੰਬੈ.

ਹਜਾਂ: ਸੰ. ਇਹਤ੍ਯ ਇਹਤਜ. ਕ੍ਰਿ. ਵਿ- ਇੱਥੇ. ਯਹਾਂ. "ਤੇ ਹਜਾਂ ਆਇ ਪ੍ਰਭੁ ਕਹਿਵਾਏ." (ਵਿਚਿਤ੍ਰ) "ਐਸੇ ਕਹਾ ਸਭ ਹਜਾਂ ਨ ਟਿਕੋ." (ਕ੍ਰਿਸਨਾਵ)

ਹ੍ਰਸ: ਸੰ. ਹ੍ਰਸ੍ ਧਾ- ਘਟਣਾ. ਕਮ ਹੋਣਾ. ਉਤਰਨਾ. ਸ਼ਬਦ ਕਰਨਾ.

ਹ੍ਰਸ੍ਵ: ਸੰ. ਹ੍ਰਸ੍ਵ ਵਿ- ਛੋਟਾ. ਲਘੁ। ੨. ਇੱਕ ਮਾਤ੍ਰਾ ਦਾ (ਲਘੁ) ਅੱਖਰ। ੩. ਬਾਂਉਨਾ. ਵਾਮਨ.

ਹ੍ਰਦ: ਸੰ. ਹ੍ਰਦ ਸੰਗਜਾ- ਤਾਲ। ੨. ਧ੍ਵਨਿ. ਸ਼ੋਰ.

ਹ੍ਰਾਸ: ਸੰ ਹ੍ਰਾਸ ਸੰਗਜਾ- ਕਮੀ. ਘਾਟਾ. ਘਟਾਉ.

ਹ੍ਰਿ: ਸੰ. ਹ੍ਰ ਧਾ- ਲੈ ਜਾਣਾ. ਚੁਰਾਉਣਾ. ਨਸ਼੍ਟ ਕਰਨਾ. ਗ੍ਰਹਣ ਕਰਨਾ. ਇਕੱਠਾ ਕਰਨਾ.

ਹ੍ਰਿਸ਼: ਸੰ. ਹ੍ਰਸ਼੍ ਧਾ- ਖੁਸ਼ ਹੋਣਾ. ਝੂਠ ਬੋਲਣਾ. ਜੋਸ਼ ਵਿੱਚ ਆਉਣਾ.

ਹ੍ਰਿਸ਼ੀਕ: ਸੰ. ਹ੍ਰਸ਼ੀਕ ਇੰਦ੍ਰੀਆਂ, ਜੋ ਵਿਸ਼ਿਆਂ ਤੋਂ ਪ੍ਰਸੰਨ ਹੁੰਦੀਆਂ ਹਨ.

ਹ੍ਰਿਸ਼ੀਕੇਸ਼: ਸੰ. ਹ੍ਰਸ਼ੀਕੇਸ਼ ਹ੍ਰਿਸ਼ੀਕ- ਈਸ਼. ਕਰਤਾਰ, ਜੋ ਇੰਦ੍ਰੀਆਂ ਦਾ ਪ੍ਰੇਰਕ ਸ੍ਵਾਮੀ ਹੈ.

ਹ੍ਰਿਸ਼੍ਟ: ਸੰ. ਹ੍ਰਸ਼੍ਟ ਵਿ- ਖੁਸ਼. ਪ੍ਰਸੰਨ.

ਹ੍ਰਿਸ਼੍ਟ ਪੁਸ਼੍ਟ: ਸੰ. ਹ੍ਰਸ਼੍ਟ ਪੁਸ਼੍ਟ ਖੁਸ਼ ਅਤੇ ਮੋਟਾ.

ਹ੍ਰਿਖੀਕ: ਦਖੋ, ਹ੍ਰਿਸ਼ੀਕ.

ਹ੍ਰਿਤ: ਸੰ. हृत ਵਿ- ਚੁਰਾਇਆ। ੨. ਖੋਹਿਆ.

ਹ੍ਰਿਦ, ਹ੍ਰਿਦਯ: ਸੰ. हृद ਅਤੇ हृदय ਸੰਗਯਾ- ਅੰਤਹਕਰਣ. ਮਨ. ਰਿਦਾ। ੨. ਛਾਤੀ. ਉਰ.

ਹ੍ਰਿਦਯ ਰਾਮ: ਦੇਖੋ, ਹਨੁਮਾਨ ਨਾਟਕ.

ਹ੍ਰਿਦਾ: ਦੇਖੋ, ਹ੍ਰਿਦਯ.

ਹ੍ਰਿਦੈ: ਦੇਖੋ, ਹ੍ਰਿਦਯ। ੨. ਹਿਰਦੇ (ਰਿਦੇ) ਵਿੱਚ. ਮਨ ਅੰਦਰ. "ਹ੍ਰਿਦੈ ਕਪਟੁ ਮੁਖ ਗਿਆਨੀ." (ਸੋਰ ਕਬੀਰ) ੨. ਛਾਤੀ ਵਿੱਚ.

ਹ੍ਰਿਦੈਸੰਘਾਤ: ਦਿਲ ਨੂੰ ਸਦਮਾ. ਹਿਰਦੇ (हृदय ) ਨੂੰ ਸੱਟ ਕਈ ਤਰਾਂ ਵੱਜਦੀ ਹੈ. ਪੱਥਰ ਸੋਟਾ ਮੁੱਕਾ ਲੱਗਣ ਤੋਂ ਅਥਵਾ ਡਿੱਗਣ ਤੋਂ. ਇਸੇ ਤਰਾਂ ਸੰਬੰਧੀ ਦੇ ਵਿਜੋਗ, ਸ਼ੋਕ ਅਤੇ ਭੈਦਾਇਕ ਖਬਰ ਤੋਂ ਹਿਰਦੇ ਨੂੰ ਚੋਟ ਲਗਦੀ ਹੈ. ਸੋ ਜੇਹੇ ਕਾਰਣ ਨਾਲ ਜੇਹੀ ਦਸ਼ਾ ਹੋਵੇ ਉਸ ਦੇ ਅਨੁਸਾਰ ਇਲਾਜ ਕਰਨ ਤੋਂ ਦਿਲ ਨੂੰ ਆਰਾਮ ਹੁੰਦਾ ਹੈ.

ਜਿਸ ਦੇ ਹਿਰਦੇ ਨੂੰ ਜਾਦਾ ਸ਼ਰਾਬ ਪੀਣ, ਬਹੁਤ ਗਰਮ ਮਸਾਲੇ ਖਾਣ ਅਰ ਹੱਦੋਂ ਵਧਕੇ ਮੁਸ਼ੱਕਤ ਕਰਨ ਤੋਂ ਸਦਮਾ ਹੋਇਆ ਹੈ, ਉਸ ਨੂੰ ਚਾਹੀਏ ਕਿ ਦਿਲ ਨੂੰ ਤਾਕਤ ਦੇਣ ਵਾਲੀ ਗਿਜਾ ਖਾਵੇ ਅਤੇ ਸਦਾ ਪ੍ਰਸੰਨ ਰਹੇ.

ਕਾਲੇ ਮਿਰਗ ਦੇ ਸਿੰਗ ਦੀ ਸੰਪੁਟ ਕਰਕੇ ਕੀਤੀ ਹੋਈ ਭਸਮ ਜੇ ਥੋੜੀ ਮਿਕਦਾਰ ਵਿੱਚ ਗਊ ਦੇ ਘੀ ਨਾਲ ਮਿਲਾਕੇ ਖਾਧੀ ਜਾਵੇ, ਤਾਂ ਹ੍ਰਿਦੈਸੰਘਾਤ ਦੂਰ ਕਰਦੀ ਹੈ. "ਅਰਧਸਿਰਾ ਅਰ ਹ੍ਰਿਦੈਸੰਘਾਤਾ." (ਚਰਿਤ੍ਰ ੪੦੫)

ਹ੍ਰੀ: ਸੰ. ह्री ਧਾ- ਲੱਜਾ ਕਰਨਾ. ਸ਼ਰਮਾਉਣਾ। ੨. ਸੰਗਯਾ- ਲੱਜਾ. ਸ਼ਰਮ। ੩. ਸੰ. हृ. ਧਾ- ਲੈ ਜਾਣਾ. ਚੁਰਾਉਣਾ. ਨਸ਼੍ਟ ਕਰਨਾ. ਤਯਾਗਣਾ. ਰੋਕਣਾ. ਇਕੱਠਾ ਕਰਨਾ. ਖੋਹਣਾ.

ਹ੍ਰੇਸ਼: ਸੰ. ह्रेष् ਧਾ- ਹਿਣਕਣਾ. ਜਾਣਾ. ਖਿਸਕਣਾ.

ਹ੍ਰੇਸ਼ਾ: ਸੰ. ह्रेषा ਸੰਗਯਾ- ਘੋੜੇ ਦੀ ਆਵਾਜ਼. ਹਿਣਕਾਰ.

ਹ੍ਲਾਦ: ਸੰ. ह्लाद् ਧਾ- ਆਨੰਦ ਕਰਨਾ. ਖੁਸ਼ ਹੋਣਾ. ਆਨੰਦ ਦੀ ਸ਼ੋਰ ਕਰਨਾ। ਸੰਗਯਾ- ਆਨੰਦ. ਖੁਸ਼ੀ. ਦੇਖੋ, ਅਹਲਾਦ.

ਹ੍ਲਾਦਕ: ਆਨੰਦ ਕਰਨ ਵਾਲਾ। ੨. ਆਨੰਦ ਦੇਣ ਵਾਲਾ.

ਹ੍ਵਲ: ਸੰ. ह्वल् ਧਾ- ਕੰਬਣਾ. ਮੋਹਿਤ ਹੋਣਾ.

ਹ੍ਵਾਂਵਾਂ: ਕ੍ਰਿ. ਵਿ- ਵਹਾਂ. ਓਥੇ. ਉਸ ਥਾਂ.

ਹ੍ਵਾਨ: ਸੰ. ह्वान ਸੰਗਯਾ- ਆਵਾਹਨ. ਬੁਲਾਉਣਾ. ਸੱਦਣਾ. ਹਾਕ ਮਾਰਨੀ.

ਹ੍ਵੇ: ਸੰ. ਧਾ- ਬੁਲਾਉਣਾ. ਪੁਕਾਰਨਾ. ਮੰਗਣਾ. ਯੁੱਧ ਲਈ ਬੁਲਾਉਣਾ. ਵੰਗਾਰਣਾ.

ਹ੍ਵੈ: ਅਸ੍ਯ. ਹੋ. ਹੋਵੇ। ੨. ਕ੍ਰਿ. ਵਿ- ਹੋਕੇ. ਹੋਕਰ.

ਕ: ਪੰਜਾਬੀ ਵਰਣਮਾਲਾ ਦਾ ਛੀਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਕੰਠ ਹੈ। ਸੰ. ਸੰਗਯਾ- ਬ੍ਰਹਮਾ। ੨. ਵਿਸ਼ਨੁ। ੩. ਕਾਮਦੇਵ। ੪. ਸੂਰਜ। ੫. ਪ੍ਰਕਾਸ਼. ਰੌਸ਼ਨੀ। ੬. ਅਗਨਿ। ੭. ਪਵਨ। ੮. ਯਮ। ੯. ਆਤਮਾ. ਅੰਤਹਕਰਣ। ੧੦. ਸ਼ਰੀਰ। ੧੧. ਕਾਲ। ੧੨. ਧਨ। ੧੩. ਮੋਰ। ੧੪. ਸ਼ਬਦ. ਧੁਨਿ। ੧੫. ਗੱਠ. ਗਾਂਠ. ਗੰਢ। ੧੬. ਦੇਖੋ, ਕੰ। ੧੭. ਵਿ- ਕਾਰਕ. ਕਰਣ ਵਾਲਾ. ਐਸੀ ਦਸ਼ਾ ਵਿੱਚ ਇਹ ਯੌਗਿਕ ਸ਼ਬਦਾਂ ਦੇ ਅੰਤ ਆਉਂਦਾ ਹੈ. ਜਿਵੇਂ- ਜਾਪਕ, ਸੇਵਕ ਆਦਿ। ੧੮. ਵ੍ਯ- ਕੁ ਦੀ ਥਾਂ ਭੀ ਕ ਆਇਆ ਹੈ. ਦੇਖੋ, ਕਰੂਪੀ। ੧੯. ਪੰਜਾਬੀ ਵਿੱਚ ਇੱਕ ਦਾ ਸੰਖੇਪ ਭੀ ਕ ਹੈ, ਯਥਾ- ਕਲਾਗੇ (ਇੱਕ

ਲਾਗੇ).

ਕਉ: ਸੰਪ੍ਰਦਾਨ ਦਾ ਵਿਭਕ੍ਤਿ ਪ੍ਰਤ੍ਯਯ. ਨੂੰ. ਪ੍ਰਤਿ. ਤਾਂਈ. ਕੋ "ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗ ਕਉ." (ਸੋਹਿਲਾ) "ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ." (ਸਵੈਯੇ ਮਃ ੪. ਕੇ) ਦੇਖੋ, ਕੌ.

ਕਉਸ: ਫ਼ਾ. کفش ਕਫ਼ਸ਼. ਸੰ. ਕੋਸ਼ੀ. ਸੰਗ੍ਯਾ- ਜੁੱਤੀ. ਜੋੜਾ. "ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਿਯਾਲਾ." (ਭੈਰ ਨਾਮਦੇਵ) ੨. ਖੜਾਉਂ. ਦਖੋ, ਕੌਸ.

ਕਉਸਕ: ਦੇਖੋ, ਕੌਸ਼ਿਕ

ਕਉਸਲ: ਦੇਖੋ, ਕੋਸਲ ਅਤੇ ਕੌਸ਼ਲ.

ਕਉਸਲਿਸ: ਦੇਖੋ, ਕੌਸਲਿਸ.

ਕਉਕ ਬੰਦਰ: ਦੇਖੋ, ਕੋਕ ਬੰਦਰ.

ਕਉਚ: ਦੇਖੋ, ਕਵਚ.

ਕਉਡਾ: ਦੇਖੋ, ਕੌਡਾ। ੨. ਕੌਡਾਂ. ਕੌਡੀਆਂ. ਦੇਖੋ, ਕਉਡੀ. "ਕਉਡਾ ਡਾਰਤ ਹਿਰੈ ਜੁਆਰੀ." (ਗੌਂਡ ਨਾਮਦੇਵ) ਕੌਡੀਆਂ ਸੁੱਟਣ ਸਮੇਂ ਜਿਵੇਂ ਜੁਏਬਾਜ਼ ਦਾਉ ਨੂੰ ਧ੍ਯਾਨ ਨਾਲ ਹੇਰੈ (ਦੇਖਦਾ) ਹੈ.

ਕਉਡੀ: ਸੰ. ਕਪਦਿੰਕਾ. ਸੰਗ੍ਯਾ- ਵਰਾਟਿਕਾ. "ਕਉਡੀ ਕਉਡੀ ਜੋਰਤ." (ਗੂਜ ਮਃ ੫) ੨. ਛਾਤੀ ਦੀ ਹੱਡੀ.

ਕਉਣ, ਕਉਣੁ: ਸਰਵ- ਇਹ ਪ੍ਰਸ਼ਨ ਬੋਧਕ ਹੈ. ਕਃ ਜਨ. ਕੋ ਜਨ. ਕਿਹੜਾ. "ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ." (ਸੋਰ ਮਃ ੩)

"ਕਉਣੁ ਸੁ ਗਿਆਨੀ ਕਉਣੁ ਸੁ ਬਕਤਾ." (ਮਾਝ ਅਃ ਮਃ ੫)

ਕਉਤਕ: ਸੰ. ਕੌਤੁਕ. ਸੰਗ੍ਯਾ- ਇੱਛਾ। ੨. ਤਮਾਸ਼ਾ। ੩. ਮਨ ਨੂੰ ਆਨੰਦ ਕਰਨ ਵਾਲੀ ਕ੍ਰਿਯਾ. "ਕਉਤਕ ਕੋਡ ਤਮਾਸਿਆ" (ਵਾਰ (ਜੈਤ) ੪. ਆਸ਼੍ਚਰ੍ਯ. ਅਚਰਜ.

ਕਉਤਕਹਾਰ: ਵਿ- ਕੌਤੁਕ ਕਰਨ ਵਾਲਾ. ਕੌਤੁਕੀ. ਤਮਾਸ਼ਾ ਕਰਨ ਵਾਲਾ. "ਸੋਈ ਰਾਮ ਸਭੈ ਕਹੈ ਸੋਈ ਕਉਤਕਹਾਰ." (ਸ. ਕਬੀਰ)

ਕਉਤਾ: ਦੇਖੋ, ਕਵਿਤਾ। ੨. ਵਿ- ਕੌਤੁਕ ਕਰਨ ਵਾਲਾ। ੩. ਚੇਟਕੀ. ਲੋਕਾਂ ਨੂੰ ਸ੍ਵਾਂਗ ਦਿਖਾਕੇ ਪ੍ਰਸੰਨ ਕਰਨ ਵਾਲਾ. "ਕਾਪੜੀ ਕਉਤੇ ਜਾਗੂਤਾ." (ਸ੍ਰੀ ਅਃ ਮਃ ੫)

ਕਉਧ: ਦੇਖੋ, ਕੌਂਧ.

ਕਉਧਨ: ਦੇਖੋ, ਕੌਂਧਨ.

ਕਉਨ, ਕਉਨੁ: ਕਿਹੜਾ. ਕਵਨ. ਦੇਖੋ, ਕਉਣ. "ਕਉਨ ਕਰਮ ਬਿਦਿਆ ਕਹੁ ਕੈਸੀ?" (ਸੋਰ ਮਃ ੯) ੨. ਕਿਸੀ. ਕਿਸੇ. "ਬਨ ਬੀਚ ਗਏ ਦਿਨ ਕਉਨੈ." (ਕ੍ਰਿਸਨਾਵ) ਕਿਸੇ ਦਿਨ ਬਣ ਵਿੱਚ ਗਏ.

ਕਉਬਚਿਤਿ: ਵਾ- ਕੋ- ਅਬ- ਚਿੱਤ ਵਿੱਚ. "ਮਾਇਆ ਕਉਬਚਿਤਿ ਧਰਉ." (ਧਨਾ ਅਃ ਮਃ ੫) ਮਾਇਆ ਕੋ ਅਬ ਚਿੱਤ ਮੇ. ਮਾਇਆ ਨੂੰ ਹੁਣ ਚਿੱਤ ਵਿੱਚ.

ਕਉਰ: ਸੰਗ੍ਯਾ- ਕਵਰ. ਬੁਰਕੀ. ਗ੍ਰਾਸ। ੨. ਕੁਮਾਰ। ੩. ਦੇਖੋ, ਕੌਰ.

ਕਉਰਉ: ਦੇਖੋ, ਕਉਰਾ। ੨. ਦੇਖੋ, ਕੌਰਵ.

ਕਉਰਪਾਲ: ਦੇਖੋ, ਕੌਰਪਾਲ.

ਕਉਰਵ: ਦੇਖੋ, ਕੌਰਵ.

ਕਉਰਾ: ਵਿ- ਕਟੁ. ਕੜਵਾ. ਕੌੜਾ. "ਓਹ ਕਦੇ ਨ ਬੋਲੈ ਕਉਰਾ." (ਸੂਹੀ ਛੰਤ ਮਃ ੫) "ਅੰਮ੍ਰਿਤ ਕਉਰਾ ਬਿਖਿਆ ਮੀਠੀ." (ਰਾਮ ਮਃ ੫)

ਕਉਰਾਇ, ਕਉਰਾਪਨ: ਸੰਗਯਾ- ਕਟੁਤਾ. ਕੜਵਾਪਨ. ਕੌੜੱਤਣ. "ਮੁਖਿ ਮੀਠੀ ਖਾਈ ਕਉਰਾਇ." (ਪ੍ਰਭਾ ਅਃ ਮਃ ੫) "ਕਉਰਾਪਨ ਤਊ ਨ ਜਾਈ." (ਸੋਰ ਕਬੀਰ)

ਕਉਰੀ: ਦੇਖੋ, ਕਉਡੀ। ੨. ਵਿ- ਕਟੁ. ਕੌੜੀ। ੩. ਸੰਗਯਾ- ਜੱਫੀ. ਅੰਕਵਾਰ.

ਕਉਲ, ਕਉਲੁ: ਸੰਗਯਾ- ਕਮਲ ਦੇ ਆਕਾਰ ਦਾ ਪਿਆਲਾ. ਕਟੋਰਾ। ੨. ਸੰ. ਕਮਲ. "ਕਉਲੁ ਤੂ ਹੈ ਕਵੀਆ ਤੂ ਹੈ." (ਸ੍ਰੀ ਮਃ ੧) ੩. ਕਮਲ ਦੀ ਡੋਡੀ ਦੇ ਆਕਾਰ ਦਾ ਦਿਲ. ਮਨ. "ਮਨਮੁਖ ਊਧਾ ਕਉਲੁ ਹੈ, ਨਾ ਤਿਸੁ ਭਗਤਿ ਨ ਨਾਉ." (ਵਾਰ ਗੂਜ ੧. ਮਃ ੩) ੪. ਅ਼. قوَل ਕ਼ੌਲ. ਵਾਕ੍ਯ. ਵਚਨ. "ਪੁੜ੍ਹੀ ਕਉਲ ਨ ਪਾਲਿਓ." (ਵਾਰ ਰਾਮ ੩) ੫. ਕਵਲ. ਗ੍ਰਾਸ. ਬੁਰਕੀ। ੬. ਦੇਖੋ, ਕੌਲ.

ਕਉਲਸਰ: ਦੇਖੋ, ਕੌਲਸਰ.

ਕਉਲਨਾਭਿ: ਦੇਖੋ, ਕੌਲਨਾਭਿ.

ਕਉਲਾ: ਸੰ. ਕਮਲਾ. ਸੰਗਯਾ- ਲਕ੍ਸ਼੍ਮੀ, ਜਿਸ ਦਾ ਨਿਵਾਸ ਕਮਲ ਵਿੱਚ ਮੰਨਿਆ ਹੈ. "ਸੇਵੇ ਚਰਨ ਨਿਤ ਕਉਲਾ." (ਵਾਰ ਕਾਨ ਮਃ ੪) ੨. ਦੇਖੋ, ਕੌਲਾ.

ਕਉਲਾਸਣ: ਦੇਖੋ, ਕਮਲਾਸਨ। ੨. ਰਤਨਮਾਲਾ ਅਨੁਸਾਰ ਦਸਮਦ੍ਵਾਰ ਦਾ ਕਮਲ, ਜੋ ਕਰਤਾਰ ਦੇ ਵਿਰਾਜਣ ਦਾ ਆਸਣ ਹੈ. ਦੇਖੋ, ਕਉਲਾਸਿਣ.

ਕਉਲਾਸਿਣ: ਕਮਲਰੂਪ ਆਸਣ ਵਾਲਾ. ਭਾਵ- ਦਸਵਾਂ ਦ੍ਵਾਰ, ਜਿਸ ਵਿੱਚ ਯੋਗਮਤ ਅਨੁਸਾਰ ਪਰਮਜੋਤਿ ਦੇ ਵਿਰਾਜਣ ਦਾ ਕਮਲ ਹੈ। ੨. ਦਸਵੇਂ ਦ੍ਵਾਰ ਦੇ ਕਮਲ ਤੇ ਆਸਣ ਲਾਉਣ ਵਾਲਾ, ਜੋਤਿਰੂਪ ਕਰਤਾਰ. "ਪੁਰੀਆ ਸਤਿ ਊਪਰਿ ਕਉਲਾਸਣਿ." (ਰਤਨਮਾਲਾ ਬੰਨੋ) ਸੱਤ ਪੁਰੀਆਂ ਅਥਵਾ ਸੱਤ ਭੂਮਿਕਾ ਤੋਂ ਉੱਪਰ ਪਾਰਬ੍ਰਹਮ ਹੈ.

ਕਉਲਾਸਨ: ਦੇਖੋ, ਕਮਲਾਸਨ.

ਕਉਲਾਰ: ਸੰ. ਕੈਰਵ. ਸੰਗਯਾ- ਨੀਲੋਫ਼ਰ. ਭਮੂਲ. ਕੁਮੁਦ. "ਚੰਦ ਦੇਖਿ ਬਿਗਸਹਿ ਕਉਲਾਰ." (ਬਸੰ ਮਃ ੫)

ਕਉਲਾਲੀ: ਸੰ. ਕੁਮੁਦਾਲੀ. ਸੰਗਯਾ- ਭਮੂਲਾਂ (ਨੀਲੋਫ਼ਰਾਂ) ਦੀ ਪੰਕਤਿ (ਕਤਾਰ). "ਕਉਲਾਲੀ ਸੁਰਜਮੁਖੀ ਲੱਖ ਕਵਲ ਖਿੜਦੇ ਰਸੀਆਲੇ." (ਭਾਗੁ)

ਕਉਲੁ: ਦੇਖੋ, ਕਉਲ.

ਕਉੜਤਣਿ, ਕਉੜੱਤਨ: ਸੰਗਯਾ- ਕਟੁਤ੍ਵ. ਕੜਵਾਪਨ. "ਬਿਖੈ ਕਉੜਤਣਿ ਸਗਲ ਮਾਹਿ." (ਵਾਰ ਗਉ ੨, ਮਃ ੫)

ਕਉੜਾ: ਵਿ- ਕਟੁ. ਕੜਵਾ। ੨. ਅਪ੍ਰਿਯ. ਦੁਪਿਆਰਾ. "ਕਉੜਾ ਕਿਸੈ ਨ ਲਗਈ." (ਵਾਰ ਬਿਹਾ ਮਃ ੪) ੩. ਸੰਗਯਾ- ਬਹੁਜਾਈ ਖਤ੍ਰੀਆਂ ਦਾ ਇੱਕ ਗੋਤ। ੪. ਇੱਕ ਜੱਟ ਗੋਤ੍ਰ.

ਕਉੜੀ: ਦੇਖੋ, ਕਉਡੀ। ੨. ਵਿ- ਕਟੁ. ਕੜਵੀ. ਕੌੜੀ.

ਕਊਆ: ਸੰ. ਕਾਕ. ਸੰਗਯਾ- ਕਾਂਉਂ. "ਕਊਆ ਕਹਾ ਕਪੂਰ ਚਰਾਏ." (ਆਸਾ ਕਬੀਰ) ੨. ਭਾਵ- ਵਿਸ਼ੈਲੰਪਟ ਜੀਵ. "ਜਗੁ ਕਊਆ ਨਾਮੁ ਨਹੀ ਚੀਤਿ." (ਆਸਾ ਕਬੀਰ) ੩. ਦੇਖੋ, ਕਊਆਕਾਗ। ੪. ਦੇਖੋ, ਫੀਲੁ। ੫. ਜੁਲਾਹੇ ਦੀ ਤਾਣੀ ਦਾ ਕਾਨਾ.

"ਫਾਸਿ ਪਾਨਿ ਸੌ ਕਊਆ ਲਏ." (ਚਰਿਤ੍ਰ ੯੩)

ਸੌ ਕਾਨੇ ਦੀ ਫਾਸਿ (ਤਾਣੀ ਹੱਥ ਲਈ.

ਕਊਆਕਾਗ: ਸੰ. क्रव्याद्काग ਕ੍ਰਵ੍ਯਾਦਕਾਗ. ਮੁਰਦਾਰ ਖਾਣ ਵਾਲਾ ਕਾਂਉਂ. "ਕਊਆ ਕਾਗ ਕਉ ਅੰਮ੍ਰਿਤੁਰਸ ਪਾਈਐ." (ਗੂਜ ਮਃ ੪)

ਕਊਸਕ: ਦੇਖੋ, ਕੌਸ਼ਿਕ.

ਕਊਧਤ: ਦੇਖੋ, ਕੌਂਧਿਤ.

ਕਊਮਾਰੀ: ਦੇਖੋ. ਕੌਮਾਰੀ.

ਕਈ: ਕਰੀ. ਕੀਤੀ. "ਤੈਸੀ ਬਿਧ ਕਈ." (ਗੁਵਿ ੬) ੨. ਵਿ- ਕਤਿ. ਅਨੇਕ. "ਕਈ ਜਨਮ ਭਏ ਕੀਟ ਪਤੰਗਾ." (ਗਉ ਮਃ ੫)

ਕਸ: ਕ੍ਰਿ. ਵਿ- ਕੈਸੇ. ਕਿਉਂਕਰ. ਕਿਵੇਂ. ਕਿਸਤਰਾਂ. "ਰਾਮ ਕਹਤ ਜਨ ਕਸ ਨ ਤਰੇ?" (ਗਉ ਨਾਮਦੇਵ) ੨. ਸੰਗਯਾ- ਕਿੱਕਰ ਆਦਿਕ ਬਿਰਛਾਂ ਦੀ ਛਿੱਲ, ਜੋ ਖਿੱਚਕੇ ਲਾਹੀਦੀ ਹੈ. "ਕਰਿ ਕਰਣੀ ਕਸ ਪਾਈਐ." (ਆਸਾ ਮਃ ੧) ਇਸ ਦਾ ਮੂਲ ਕਸ਼ੀਦਨ ਹੈ। ੩. ਸੰ. ਕਸ਼. ਚਾਬੁਕ। ੪. ਸੰ. ਕਸ਼. ਸਾਣ. ਸ਼ਸਤ੍ਰ ਤੇਜ ਕਰਨ ਦਾ ਚਕ੍ਰ। ੫. ਕਸੌਟੀ. ਘਸਵੱਟੀ। ੬. ਪਰੀਖ੍ਯਾ. ਇਮਤਹਾਨ। ੭. ਫ਼ਾ. کش ਕਸ਼. ਖਿਚਾਉ. ਕਸ਼ਿਸ਼. ਦੇਖੋ, ਕਸ਼ਮਕਸ਼. ਜਦ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਤਾਂ ਅਰਥ ਹੁੰਦਾ ਹੈ ਖਿੱਚਣ ਵਾਲਾ, ਜਿਵੇਂ ਜਰੀਬਕਸ਼। ੮. ਫ਼ਾ. کس ਸਰਵ- ਕੋਈ. ਕੋਈ ਪੁਰਖ. "ਕਸ ਨੇਸ ਦਸਤੰਗੀਰ." (ਤਿਲੰ ਮਃ ੧) ੯. ਦੇਖੋ, ਕਸਣਾ. "ਤੁਫੰਗਨ ਮੇ ਗੁਲਿਕਾ ਕਸ ਮਾਰਤ." (ਗੁਪ੍ਰਸੂ) ਦੇਖੋ, ਕਸਿ। ੧੦. ਕਸ਼ਾਯ (ਕਸੈਲੇ) ਦਾ ਸੰਖੇਪ ਭੀ ਪੰਜਾਬੀ ਵਿੱਚ ਕਸ ਹੈ. ਜਿਵੇਂ- ਪਿੱਤਲ ਕਹੇਂ ਦੇ ਭਾਂਡੇ ਵਿੱਚ ਦਹੀਂ ਕਸ ਗਈ ਹੈ। ੧੧. ਕਣਸ ਦਾ ਸੰਖੇਪ ਭੀ ਕਸ ਹੈ. ਦੇਖੋ, ਕਣਸ.

ਕਸਉਟੀ: ਸੰ. ਕਸ਼ਪੱਟੀ. ਸੰਗਯਾ- ਇੱਕ ਖਾਸ ਜਾਤਿ ਦੇ ਕਾਲੇ ਪੱਥਰ ਦੀ ਤਖਤੀ, ਜਿਸ ਉੱਪਰ ਸੋਨੇ (ਸੁਵਰਣ) ਨੂੰ ਘਸਾਕੇ ਪਰਖੀਦਾ ਹੈ. ਘਸਵੱਟੀ। ੨. ਪਰੀਖ੍ਯਾ. ਇਮਤਹਾਨ. "ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ." (ਸ. ਕਬੀਰ)

ਕਸਕ: ਸੰਗਯਾ- ਚੁਭਵੀਂ ਪੀੜ. ਚੀਸ। ੨. ਪੁਰਾਣਾ ਵੈਰ। ੩. ਈਰਖਾ। ੪. ਖਿੱਚ. ਕਸ਼ਿਸ਼। ੫. ਦੇਖੋ, ਟਸਕ.

ਕਸਕਣਾ, ਕਸਕਨਾ: ਕ੍ਰਿ- ਚੁਭਣਾ. ਰੜਕਣਾ. ਚੀਸ ਮਾਰਨੀ. "ਨਿਸ ਦਿਨ ਕਸਕਤ ਹੈ ਮਨ ਮੇਰੋ." (ਗੁਪ੍ਰਸੂ)

ਕਸਕਰ, ਕਸਕਾਰ: ਦੇਖੋ, ਕਾਸਗਰ.

ਕਸਟ: ਸੰ. ਕਸ਼੍ਟ. ਸੰਗਯਾ- ਦੁੱਖ. ਪੀੜਾ। ੨. ਸੰਕਟ. ਮੁਸੀਬਤ.

ਕਸਟਕਰਿ: ਸੰਗਯਾ- ਦੁੱਖ ਕਰਨ ਵਾਲੀ. ਵਿਸ਼. ਜ਼ਹਿਰ. (ਸਨਾਮਾ)

ਕਸਟਵਾਰ: ਕਸ਼੍ਟਵਾਰ. ਕਸ਼ਮੀਰ ਦੇ ਚੜ੍ਹਦੇ ਵੱਲ ਇੱਕ ਰਿਆਸਤ. ਰਾਜਾ ਦਸ਼ਰਥ ਦੀ ਰਾਣੀ ਕੈਕੇਈ ਇੱਥੋਂ ਦੇ ਰਾਜੇ ਦੀ ਹੀ ਪੁਤ੍ਰੀ ਸੀ. ਪੁਰਾਣੇ ਗ੍ਰੰਥਾਂ ਵਿੱਚ ਕਸਟਵਾਰ ਦਾ ਨਾਉਂ ਕੇਕਯ ਹੈ.

ਸਨ ੧੬੮੭ ਵਿੱਚ ਇਸ ਦੇ ਰਾਜਪੂਤ ਰਾਜੇ ਨੇ ਔਰੰਗਜ਼ੇਬ ਦੇ ਅਹਿਦ ਵਿੱਚ ਇਸਲਾਮ ਮਤ ਧਾਰਣ ਕਰ ਲਿਆ ਸੀ. ਹੁਣ ਇਹ

ਰਿਆਸਤ ਜੰਮੂ ਵਿੱਚ ਮਿਲ ਗਈ ਹੈ. ਦੇਖੋ, ਕਸਟ੍ਵਾਰ.

**ਕਸਟਵਾਰੀ:** ਵਿ- ਕਸਟਵਾਰ ਦੇ ਵਸਨੀਕ. "ਕਟੇ ਕਾਸ਼ਮੀਰੀ ਹਠੇ ਕਸਟਵਾਰੀ." (ਕਲਕੀ)

**ਕਸਟੁਆਰ, ਕਸਟ੍ਵਾਰ:** ਦੇਖੋ, ਕਸਟਵਾਰ. "ਗਣ ਯਾਹਿ ਭਯੋ ਕਸਟ੍ਵਾਰ ਨ੍ਰਿਪੰ। ਜਿੰਹ ਕੇਕਯਿ ਧਾਮ ਸੁਤਾ ਸੁਪ੍ਰਭੰ." (ਰਾਮਾਵ)

**ਕਸਣਾ:** ਸੰ. ਕਸ਼ੰਣ. ਕ੍ਰਿ- ਖਿੱਚਣਾ। ੨. ਖਿੱਚਕੇ ਬੰਨ੍ਹਣਾ। ੩. ਦਬਾਉਣਾ. ਠੋਕਣਾ। ੪. ਘੀ ਵਿੱਚ ਭੁੰਨਕੇ ਪਾਣੀ ਖ਼ੁਸ਼ਕ ਕਰਨਾ।

**ਕਸਤ:** ਵਿ- ਕਸਿਤ. ਕਸਿਆ ਹੋਇਆ। ੨. ਸ਼ਸਤ੍ਰਨਾਮਮਾਲਾ ਵਿੱਚ ਕਿਸੇ ਅਵਾਣ ਲਿਖਾਰੀ ਨੇ "ਹਸਤ" ਦੀ ਥਾਂ ਕਸਤ ਲਿਖ ਦਿੱਤਾ ਹੈ. "ਕਸਤ ਕਰੀਕਰ ਪ੍ਰਿਥਮ ਕਹਿ ਪੁਨ ਅਰਿ ਸਬਦ ਸੁਨਾਇ." ਅਸਲ ਪਾਠ ਹੈ- "ਹਸਤ ਕਰੀਕਰ ਪ੍ਰਿਥਮ ਕਹਿ." ਹਸ੍ਤਅਰਿ ਅਤੇ ਕਰੀਕਰਅਰਿ ਨਾਮ ਖੜਗ ਦੇ ਹਨ, ਜੋ ਹਾਥੀ ਦੀ ਸੁੰਡ ਨੂੰ ਕੱਟ ਦਿੰਦਾ ਹੈ.

**ਕਸਤੂਰਾ, ਕਸਤੂਰਿ, ਕਸਤੂਰਿਕਾ, ਕਸਤੂਰੀ:** ਸੰ. कस्तूरी मृग, कस्तुरिका, कस्तुरी ਇੱਕ ਜਾਤਿ ਦਾ ਮ੍ਰਿਗ, ਜਿਸ ਦੀ ਨਾਭਿ ਵਿੱਚੋਂ ਸੁਗੰਧ ਵਾਲਾ ਦ੍ਰਵ੍ਯ (ਪਦਾਰਥ) ਕਸ੍ਤੂਰੀ ਨਿਕਲਦਾ ਹੈ. Musk- deer.

ਇਹ ਚਿੰਕਾਰੇ ਨਾਲੋਂ ਛੋਟਾ ਹੁੰਦਾ ਹੈ, ਅਰ ਠੰਢੇ ਅਸਥਾਨਾਂ ਵਿੱਚ ਰਹਿੰਦਾ ਹੈ, ਖਾਸ ਕਰਕੇ ਉੱਚੇ ਪਹਾੜਾਂ ਤੇ ਮਿਲਦਾ ਹੈ. ਕਸਤੂਰੀ ਦੀ ਤਾਸੀਰ ਗਰਮ ਤਰ ਹੈ. ਇਹ ਅਨੇਕ ਦਵਾਈਆਂ ਵਿੱਚ ਵਰਤੀਦੀ ਹੈ. L. Moschus Moschiferus.

ਕਵਿ ਲਿਖਦੇ ਹਨ ਕਿ ਮ੍ਰਿਗ ਆਪਣੀ ਨਾਭਿ ਵਿੱਚ ਇਸਥਿਤ ਕਸਤੂਰੀ (ਕਸ੍ਤੂਰਿਕਾ) ਦੀ ਸੁਗੰਧ ਤੇ ਮੋਹਿਤ ਹੋਕੇ ਭੁਲੇਖੇ ਨਾਲ ਜਾਣਦਾ ਹੈ ਕਿ ਇਹ ਸੁਗੰਧ ਜੰਗਲ ਵਿੱਚੋਂ ਆ ਰਹੀ ਹੈ, ਅਤੇ ਢੂੰਡਦਾ ਢੂੰਡਦਾ ਥਕ ਜਾਂਦਾ ਹੈ. ਇਹ ਦ੍ਰਿਸ਼੍ਟਾਂਤ ਉਨ੍ਹਾਂ ਉੱਪਰ ਘਟਦਾ ਹੈ, ਜੋ ਆਤਮਾ ਨੂੰ ਆਨੰਦਰੂਪ ਨਾ ਜਾਣਕੇ, ਵਿਸ਼ਿਆਂ ਵਿੱਚ ਆਨੰਦ ਢੂੰਡਦੇ ਹਨ. "ਜਿਉ ਕਸਤੂਰੀ ਮਿਰਗੁ ਨ ਜਾਣੈ." (ਵਾਰ ਸੋਰ ਮਃ ੩) "ਕਸਤੂਰਿ ਕੁੰਗੂ ਅਗਰੁ ਚੰਦਨ." (ਸ੍ਰੀ ਮਃ ੧)

**ਕਸਦ:** ਅ਼. قصد ਕ਼ਸ੍ਦ. ਸੰਗਯਾ- ਸੰਕਲਪ. ਵਿਚਾਰ. ਇਰਾਦਾ ਕਰਨਾ.

**ਕਸਨਾ:** ਦੇਖੋ, ਕਸਣਾ.

**ਕਸਨਿ:** ਸੰਗਯਾ- ਉਹ ਰੱਸੀ ਅਥਵਾ ਤਸਮਾ, ਜਿਸ ਨਾਲ ਕਿਸੇ ਵਸਤੁ ਨੂੰ ਕਸਕੇ (ਜਕੜਕੇ) ਬੰਨ੍ਹੀਏ. "ਕਸਨਿ ਬਹਤਰਿ ਲਾਗੀ ਤਾਹਿ." (ਬਸੰ ਕਬੀਰ) ਬਹੱਤਰ ਨਾੜੀਆਂ ਤੋਂ ਭਾਵ ਹੈ.

**ਕਸ਼ਨੀਜ਼:** ਫ਼ਾ. کشنیز, کسنیج ਧਨੀਆ. ਦੇਖੋ, ਧਨੀਆਂ.

**ਕਸਬ:** ਕੈਸੇ- ਅਬ. "ਛੂਟੇ ਕਸਬ ਲਗਨ ਲਗ ਗਈ." (ਚਰਿਤ੍ਰ ੨੯੯) ੨. ਅ਼. کسب ਸੰਗਯਾ- ਪੇਸ਼ਾ. ਕਿੱਤਾ. ਕਿਰਤ. "ਇਸ ਬਰਾਬਰ ਔਰ ਭਗਤਿ ਨਹੀਂ ਜੋ ਕਸਬ ਕਰਕੈ ਬੰਦਗੀ ਕਰੈ." (ਪ੍ਰੇਮ ਸੁਮਾਰਗ) ੩. ਪੰਜਾਬੀ ਵਿੱਚ ਨਿੰਦਿਤ ਕੰਮ ਨੂੰ ਭੀ ਕਸਬ ਆਖ ਦਿੰਦੇ ਹਨ.

**ਕਸਬਾ:** ਅ਼. قصبہ ਕ਼ਸਬਾ. ਸੰਗਯਾ- ਨਗਰ। ੨. ਨਲਕਾ. ਨਲ.

**ਕਸਬੀ:** ਵਿ- ਕਸਬਾਤੀ. ਨਾਗਰ. ਕਸਬੇ ਨਾਲ ਸੰਬੰਧ ਰੱਖਣ ਵਾਲਾ। ੨. ਕਿਸੇ ਪੇਸ਼ੇ ਦੇ ਕਰਨ ਵਾਲਾ. ਦੇਖੋ, ਕਸਬ ੨.। ੩. ਨਿੰਦਿਤ ਕੰਮ ਕਰਨ ਵਾਲਾ, ਵਾਲੀ, ਦੇਖੋ, ਕਸਬ ੩.

**ਕ਼ਸਮ, ਕ਼ਸਮ:** ਅ਼. قسم ਸੰਗਯਾ- ਸੌਂਹ. ਸ਼ਪਥ। ੨. ਪ੍ਰਤਿਗਯਾ। ੩. ਫ਼ਾ. کشم ਕਸ਼ਮ. ਮੈਂ ਖਿੱਚਾਂਗਾ.

**ਕਸ਼ਮਕਸ਼:** ਫ਼ਾ. کشمکش ਸੰਗਯਾ- ਖਿੱਚੋਤਾਣੀ. ਖੈਂਚਾ ਖੈਂਚੀ. ਖਿੱਚੋ ਖਿੱਚੀ.

**ਕਸਮਲ, ਕਸਮਲੁ:** ਸੰ. ਕਸ਼੍ਮਲ. ਸੰਗਯਾ- ਮੂਰਛਾ. ਗ਼ਸ਼। ੨. ਪਾਪ. ਦੋਸ਼. "ਸਿਮਰਿ ਸਿਮਰਿ ਕਸਮਲ ਸਭ ਹਰੁ ਰੇ." (ਗਉ ਮਃ ੯)

**ਕਸਮਿਨ:** कस्मिन कस्मिन्. ਸਪ੍ਤਮੀ. ਕਿਸ ਮੇ. ਕਿਸ ਵਿੱਚ "ਕਸਮਿਨ ਸ਼ਾਸ੍ਤ੍ਰ ਪ੍ਰਵਿੱਤਿ ਦਿਲਜ" (ਗੁਪ੍ਰਸੂ) ਹੇ ਦ੍ਵਿਜ, ਤਵ ਕਸਿਮਨ੍ ਸ਼ਾਸ੍ਤੇ ਪਵਿੱਤਃ ਹੇ ਬ੍ਰਾਹਮਣ! ਤੇਰਾ ਕਿਸ ਸ਼ਾਸਤ੍ਰ ਵਿੱਚ ਦਖ਼ਲ ਹੈ?

**ਕਸ਼ਮੀਰ:** ਸੰ. ਕਸ਼ੀਰ. ਭਾਰਤ ਦੇ ਉੱਤਰ ਪੱਛਮ ਇੱਕ ਮਨੋਹਰ ਦੇਸ਼, ਜਿਸ ਦਾ ਰਕਬਾ ੮੪੨੫੮ ਵਰਗ ਮੀਲ ਹੈ ਵਸੋਂ ੩੨੨੦੫੧੮ ਹੈ. ਕਸ਼ਮੀਰ ਦੇ ਉਤੱਰ ਹਿਮਾਲਯ ਦੀ ਧਾਰਾ, ਦੱਖਣ ਜੇਹਲਮ ਗੁਜਰਾਤ ਆਦਿ, ਪੱਛਮ ਹਜ਼ਾਰਾ ਅਤੇ ਰਾਵਲਪਿੰਡੀ ਅਰ ਪੂਰਵ ਤਿੱਬਤਰਾਜ ਹੈ.

ਕਸ਼ਮੀਰ ਦਾ ਰਾਜਾ ਲਲਿਤਾਦਿਤਯ ਵਡਾ ਪ੍ਰਤਾਪੀ ਹੋਇਆ ਹੈ, ਜਿਸ ਨੇ ਕਨੌਜ ਦੇ ਰਾਜਾ ਯਸ਼ੋਵਰਧਨ ਨੂੰ ਸਨ ੭੪੦ ਵਿੱਚ ਜਿੱਤਕੇ ਆਪਣਾ ਰਾਜ ਦੂਰ ਤੀਕ ਫੈਲਾਇਆ. ਯਸ਼ੋਵਰਧਨ ਦਾ ਬਣਵਾਇਆ ਮਾਰਤੰਡ (ਸੂਰਯ) ਮੰਦਿਰ ਜਗਤਪ੍ਰਸਿੱਧ ਸੀ, ਜਿਸ ਦੇ ਹੁਣ ਖੰਡਹਰ ਦਿਖਾਈ ਦਿੰਦੇ ਹਨ.

ਈਸਵੀ ਚੌਧਵੀਂ ਸਦੀ ਵਿੱਚ ਕਸ਼ਮੀਰ ਦੇ ਬਹੁਤ ਲੋਕ ਮੁਸਲਮਾਨ ਕੀਤੇ ਗਏ.

ਬਾਦਸ਼ਾਹ ਅਕਬਰ ਨੇ ਕਸ਼ਮੀਰ ਨੂੰ ਸਨ ੧੫੮੭ ਵਿੱਚ ਮੁਗਲ ਰਾਜ ਨਾਲ ਮਿਲਾ ਲਿਆ. ਜਹਾਂਗੀਰ ਨੇ ਇਸ ਦੀ ਸੁੰਦਰਤਾ ਲਈ ਅਨੇਕ ਜਤਨ ਕੀਤੇ. ਔਰੰਗਜ਼ੇਬ ਪਿੱਛੋਂ ਢੇਰ ਚਿਰ ਕਸ਼ਮੀਰ ਵਿੱਚ ਰੌਲਾ ਹੀ ਰਿਹਾ. ਅਠਾਰਵੀਂ ਸਦੀ ਦੇ ਅੱਧ ਵਿੱਚ ਇਹ ਸੂਬਾ ਦਿੱਲੀ ਤੋਂ ਸੁਤੰਤ੍ਰ ਹੋ ਗਿਆ. ਅੰਤ ਮਹਾਰਾਜਾ ਰਣਜੀਤ ਸਿੰਘ ਨੇ ਸਨ ੧੮੧੯ (੫ ਸਾਉਣ ਸੰਮਤ ੧੮੭੬) ਨੂੰ ਇਸ ਪੁਰ ਕਬਜ਼ਾ ਕੀਤਾ ਸੀ. ਅੰਗ੍ਰੇਜ਼ਾਂ ਤੋਂ ਸਿੱਖ ਯੁੱਧ ਪਿੱਛੋਂ ਇਹ ਮੁਲਕ ਰਾਜਾ ਗੁਲਾਬ ਸਿੰਘ ਨੇ ਸਨ ੧੮੪੬ ਵਿੱਚ ਖਰੀਦ ਲਿਆ, ਹੁਣ ਇਹ ਦੇਸ਼ ਜੰਮੂ ਰਿਆਸਤ ਵਿੱਚ ਸ਼ਾਮਿਲ ਹੈ. ਇਸ ਦੀ ਰਾਜਧਾਨੀ ਸ਼੍ਰੀਨਗਰ ਹੈ, ਇਸ ਦੀ ਸਮੁੰਦਰ ਤੋਂ ਬਲੰਦੀ ੫੨੭੬ ਫੁੱਟ ਹੈ. ਕਸ਼ਮੀਰ ਦਾ ਕੇਸ਼ਰ ਅਤੇ ਦੁਸ਼ਾਲੇ ਆਦਿਕ ਬਹੁਤ ਪ੍ਰਸਿੱਧ ਹਨ. ਇਸ ਥਾਂ ਕਾਠ ਦੀ ਚਿਤ੍ਰਾਈ ਦਾ ਕੰਮ ਮਨੋਹਰ ਬਣਦਾ ਹੈ, ਅਤੇ ਮੇਵੇ ਰਸਦਾਇਕ ਹੁੰਦੇ ਹਨ. ਕਲ੍ਹਣ ਕਵਿ ਨੇ ਰਾਜਤਰੰਗਿਣੀ ਵਿੱਚ ਕਸ਼ਮੀਰ ਦਾ ਇਤਿਹਾਸ ਉੱਤਮ ਰੀਤਿ ਨਾਲ ਲਿਖਿਆ ਹੈ.

ਕਸ਼ਮੀਰ ਵਿੱਚ ਇਤਨੇ ਅਸਥਾਨ ਸਤਿਗੁਰਾਂ ਦੇ ਚਰਨਾਂ ਨਾਲ ਪਵਿਤ੍ਰ ਹੋਏ ਹਨ-

੧. ਸ਼੍ਰੀ ਗੁਰੂ ਨਾਨਕ ਦੇਵ ਜੀ ਸ਼੍ਰੀ ਨਗਰ ਜਿਸ ਵੇਲੇ ਪਧਾਰੇ ਹਨ, ਤਦ ਸ਼ੰਕਰਾਚਾਰਜ ਵਾਲੀ ਪਹਾੜੀ ਤੇ ਵਿਰਾਜੇ ਹਨ, ਪਰ ਸਿੱਖਾਂ ਦੀ ਅਨਗਹਿਲੀ ਕਰਕੇ ਗੁਰਦ੍ਵਾਰਾ ਨਹੀਂ ਬਣਿਆ.

੨. ਗੁਲਮਰਗ ਤੋਂ ਉੱਪਰ ਇੱਕ ਪਹਾੜੀ ਹੈ, ਜਿੱਥੇ ਸੁੰਦਰ ਤਲਾਉ ਹੈ, ਉੱਥੇ ਭੀ ਚਰਨ ਪਾਏ ਹਨ.

੩. ਹਰਮੁਖ ਗੰਗਾ, ਜੋ ਸ਼੍ਰੀ ਨਗਰ ਅਤੇ ਬਾਰਾਂਮੂਲਾ ਦੇ ਮੱਧ ਜੇਹਲਮ ਪਾਰ ਹੈ, ਉਸ ਥਾਂ ਭੀ ਗੁਰੂ ਨਾਨਕ ਦੇਵ ਜੀ ਵਿਰਾਜੇ ਹਨ.

੪. ਕਲਿਆਨ ਸਰ, ਜਿੱਥੇ ਜਲ ਦਾ ਨਿਰਮਲ ਸੋਮਾ ਹੈ, ਜਗਤਗੁਰੂ ਨੇ ਆਪਣੇ ਚਰਨਾ ਨਾਲ ਪਵਿਤ੍ਰ ਕੀਤਾ ਹੈ. ਇੱਥੇ ਭਾਈ ਮੋਹਰ ਸਿੰਘ ਜੀ ਪੁਨਛ ਵਾਲਿਆਂ ਨੇ ਗੁਰਦ੍ਵਾਰਾ ਬਣਵਾ ਦਿੱਤਾ ਹੈ. ਇਹ ਥਾਂ ਕਸ਼ਮੀਰ ਦੀ ਪੱਕੀ ਸੜਕ ਦੇ ੩੮ ਵੇਂ ਮੀਲ ਤੋਂ ਸੱਜੇ ਪਾਸੇ ਸੱਤ ਮੀਲ ਦੀ ਵਿੱਥ ਤੇ ਹੈ.

੫. ਦੁਮੇਲ ਪੜਾਉ ਤੋਂ ਤਿੰਨ ਮੀਲ ਤੇ ਕਿਸਨਗੰਗਾ ਅਤੇ ਜੇਹਲਮ ਦੇ ਸੰਗਮ ਦੇ ਸਾਹਮਣੇ, ਨਲੂਛੀ ਪਿੰਡ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਰਾਜਣ ਦਾ ਅਸਥਾਨ ਹੈ. ਇਥੇ ਗੁਰਦ੍ਵਾਰਾ ਬਣਿਆ ਹੋਇਆ ਹੈ, ਹਰ ਐਤਵਾਰ ਅਤੇ ਵੈਸਾਖੀ ਨੂੰ ਮੇਲਾ ਹੁੰਦਾ ਹੈ.

੬. ਬਾਰਾਂਮੂਲੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਰਾਜਣ ਦਾ ਪਵਿੱਤ੍ਰ ਅਸਥਾਨ ਹੈ. ਦੇਖੋ, ਬਾਰਾਂਮੂਲਾ. ੭. ਸ਼੍ਰੀ ਨਗਰ ਦੇ ਕਾਠੀ ਦਰਵਾਜੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ. ਮਾਈ ਭਾਗਭਰੀ ਨੂੰ ਕ੍ਰਿਤਾਰਥ ਕਰਨ ਆਏ ਇੱਥੇ ਵਿਰਾਜੇ ਹਨ. ਦੇਖੋ, ਭਾਗਭਰੀ.

੮. ਇਨ੍ਹਾਂ ਤੋਂ ਬਿਨਾ ਹੋਰ ਭੀ ਕਈ ਪਿੰਡਾਂ ਵਿੱਚ ਗੁਰੂ ਸਾਹਿਬਾਂ ਦੇ ਵਿਰਾਜਣ ਦੇ ਥਾਂ "ਥੜਾ ਸਾਹਿਬ" ਨਾਉਂ ਤੋਂ ਪ੍ਰਸਿੱਧ ਹਨ.

ਕਸਮੀਰਘਾਸ, ਕਸਮੀਰਜ: ਕਸ਼ਮੀਰ ਦੇਸ਼ ਦਾ ਘਾਸ, ਕੇਸਰ. "ਕਸਮੀਰਘਾਸ ਘੋਰਤ ਸੁਬਾਸ." (ਮਨੁਰਾਜ)

ਕਸਮੀਰੀ: ਵਿ- ਕਸ਼ਮੀਰ ਦੇਸ਼ ਦਾ, ਕਸ਼ਮੀਰ ਨਾਲ ਸੰਬੰਧਿਤ. ਕਾਸ਼ਮੀਰੀ.

ਕਸਰ: ਅ. كسر ਸੰਗਜ੍ਞਾ- ਕਮੀ. ਘਾਟਾ। ੨. ਟੁਕੜਾ. ਖੰਡ. ਭਾਗ। ੩. ਤੋੜਨ ਦੀ ਕ੍ਰਿਯਾ। ੪. ਰਾਵਲਪਿੰਡੀ ਵੱਲ ਮੁਸਲਮਾਨਾਂ ਦੀ ਇੱਕ ਜਾਤੀ, ਜਿਸ ਤੋਂ "ਬਲਕਸਰ" ਆਦਿਕ ਕਈ ਪਿੰਡਾਂ ਦੇ ਨਾਉਂ ਹੋ ਗਏ ਹਨ.

ਕਸਰਤ: ਅ. كسرت ਸੰਗਜ੍ਞਾ- ਵ੍ਯਾਯਾਮ. ਵਰਜ਼ਿਸ਼. ਮਿਹਨਤ। ੨. ਅ. كثرت ਕਸ੍ਰਤ. ਅਧਿਕਤਾ. ਜ਼ਿਆਦਤੀ.

ਕਸਵਟੀ, ਕਸਵੱਟੀ: ਕਸ਼ਪੱਟੀ. ਦੇਖੋ, ਕਸਉਟੀ. "ਮਨੁ ਰਾਮਿ ਕਸਵਟੀ ਲਾਇਆ." (ਆਸਾ ਛੰਤ ਮਃ ੪)

ਕਸਾ: ਸੰ. ਕਸ਼ਾ. ਸੰਗਜ੍ਞਾ- ਰੱਸੀ. ਕਸਨ। ੨. ਚਾਬੁਕ ਕੋਰੜਾ. "ਕਸ਼੍ਟ ਨਰਕ ਕੋ ਕਸਾ ਦਿਖਾਵਨ ਕੀਜਿਯੇ." (ਨਾਪ੍ਰ) "ਕਰ ਕਸਾ ਕੁਠਾਰੇ." (ਅਕਾਲ)

ਕਸਾਉ: ਸੰਗਜ੍ਞਾ- ਕਸਣ ਦਾ ਭਾਵ. ਖਿੱਚ. ਕਸ਼ਿਸ਼.

ਕਸਾਇ: ਸੰ. ਕਸ਼ਾਯ. ਵਿ- ਕਸੈਲਾ। ੨. ਕੱਥ ਰੰਗਾ. ਭਗਵਾਂ। ੩. ਸੰਗਜ੍ਞਾ- ਕਸੈਲੀ ਵਸਤੁ। ੪. ਗੂੰਦ। ੫. ਕਲਿਯੁਗ.

ਕਸਾਈ: ਸੰਗਜ੍ਞਾ- ਖਿਚਵਾਈ. ਕਸਾਉਣ ਦੀ ਕ੍ਰਿਯਾ। ੨. ਕਸ਼ਿਸ਼. ਖਿੱਚ. "ਸਬਦਿ ਸੁਹਾਈ ਪ੍ਰੇਮ ਕਸਾਈ." (ਵਡ ਛੰਤ ਮਃ ੩) "ਅਖੀ ਪ੍ਰੇਮਿ ਕਸਾਈਆ." (ਵਾਰ ਕਾਨ ਮਃ ੪) "ਹਰਿ ਪ੍ਰੇਮ ਕਸਾਏ." (ਵਾਰ ਗੂਜ ੧, ਮਃ ੩) ੩. ਅ. قصائی ਕ਼ਸਾਈ. ਇਹ ਸ਼ਬਦ قسائی ਕ਼ਸਾਈ ਭੀ ਸਹੀ ਹੈ, ਅਰ ਇਸ ਦਾ ਮੂਲ قسوت ਕ਼ਸਵਤ (ਸੰਗਦਿਲੀ) ਹੈ. ਭਾਵ- ਬੂਚੜ. ਦੇਖੋ, ਕਸਾਬ.

ਕਸਾਸ: ਸੰਗਜ੍ਞਾ- ਤਾੜਨਾ. ਸਜ਼ਾ. "ਸਹਿੰਦੇ ਬਹੁਤ ਕਸਾਸ." (ਮਗੋ) ਦੇਖੋ, ਕਿਸਾਸ.

ਕਸਾਬ: ਅ. قصاب ਕ਼ੱਸਾਬ. ਸੰਗਜ੍ਞਾ- ਮਾਸ ਕੱਟਣ ਵਾਲਾ. ਬੂਚੜ. ਕਸਾਈ.

ਕਸਾਬਿ: ਕਸਾਬ (ਕਸਾਈ) ਨੇ. ਦੇਖੋ, ਕਸਾਬ, "ਮਹਾ ਕਸਾਬਿ ਛੁਰੀ ਸਟਿਪਾਈ." (ਰਾਮ ਮਃ ੫) ਕ੍ਰੋਧਰੂਪ ਕਸਾਈ ਨੇ ਹਿੰਸਾ ਛੁਰੀ ਸੁੱਟ ਦਿੱਤੀ.

ਕਸਾਰ: ਸੰ. कुसर ਕ੍ਰਿਸਰ. ਸੰਗਜ੍ਞਾ- ਪੰਜੀਰੀ. ਘੀ ਵਿੱਚ ਭੁੰਨੇ ਹੋਏ ਆਟੇ ਨਾਲ ਖੰਡ ਮਿਲਾਕੇ ਇਹ ਪਦਾਰਥ ਤਿਆਰ ਹੁੰਦਾ ਹੈ. ਦੇਖੋ, ਕਾਸਾਰ। ੨. ਦੇਖੋ, ਕਸੀਰ.

ਕਸਾਲਾ: ਸੰਗਜ੍ਞਾ- ਕਸ਼੍ਟ. ਤਕਲੀਫ. ਖੇਚਲ "ਆਨਬੇ ਹੇਤ ਕਸਾਲਾ ਕਯੋਂ ਤੁਮ ਝਾਲਾ?" (ਗੁਪ੍ਰਸੂ) ੨. ਅ. كسل ਕਸਲ. ਸੁਸ੍ਤੀ.

ਕਸਿ: ਕਸਕੇ. ਦੇਖੋ, ਕਸ ੯। ੨. ਦੇਖੋ, ਕਸੀ। ੩. ਕ੍ਰਿ. ਵਿ- ਤਾੜਨਾ ਕਰਕੇ. ਪਰਖਕੇ. "ਆਪੇ ਕਿਸ ਹੀ ਕਸਿ ਬਖਸੇ." (ਮਾਰੂ ਸੋਲਹੇ ਮਃ ੧) ੪. ਖਿੱਚਕੇ. ਘਸਾਕੇ. "ਕਸਿ ਕਸਵਟੀ ਲਾਈਐ." (ਆਸਾ ਅਃ ਮਃ ੧)

ਕਸਿਆਉਣਾ: ਕ੍ਰਿ- ਕਾਂਸਜ (ਕਾਂਸੀ) ਦੇ ਭਾਂਡੇ ਵਿੱਚ ਕਿਸੇ ਵਸ੍ਤੁ ਦਾ ਵਿਕਾਰੀ ਹੋ ਜਾਣਾ। ੨. ਕਸ਼ਾਯ (ਕਸੈਲਾ) ਹੋ ਜਾਣਾ.

ਕਸ਼ਿਸ਼: ਫ਼ਾ. كشش ਸੰਗਜ੍ਞਾ- ਖਿੱਚ. ਆਕਰ੍ਸ਼ਣ. ਖੈਂਚ.

ਕਸਿਕਾਰ: ਦੇਖੋ, ਕਾਸਗਰ. "ਕਾਸਮੀਰ ਕਸਿਕਾਰ ਕਬਜ ਕਾਬੁਲ ਕੋ ਕੀਨੋ." (ਚਰਿਤ੍ਰ ੨੧੭)

ਕਸਿਪੁ: ਸੰ. ਕਸ਼ਿਪੁ. ਸੰਗਜ੍ਞਾ- ਚਟਾਈ. ਸਫ। ੨. ਸਰ੍ਹਾਣਾ. ਤਕੀਆ। ੩. ਮੰਜਾ. ਖਾਟ। ੪. ਭੋਜਨ. ਗਿਜਾ। ੫. ਵਸਤ੍ਰ. ਪੋਸ਼ਾਕ। ੬. ਦੇਖੋ, ਕੱਸਪ.

ਕਸੀ: ਸੰਗਜ੍ਞਾ- ਕਹੀ. ਮਿੱਟੀ ਪੁੱਟਣ ਦਾ ਇੱਕ ਸੰਦ। ੨. ਨਹਿਰ ਦਾ ਛੋਟਾ ਨਾਲਾ. ਰਜਵਾਹਾ। ੩. ਕ੍ਰਿ- ਕਸਣ ਦਾ ਭੂਤਕਾਲ.

ਕਸੀਸ: ਸੰਗਜਾ- ਕਸ਼ਿਸ਼. ਖਿਚਾਉ. ਖੈਂਚ। ੨. ਸੰ. ਕਾਸੀਸ. ਖਾਨਿ ਤੋਂ ਨਿਕਲਨ ਵਾਲਾ ਇਕ ਤੇਜ਼ ਦ੍ਰਵ, ਜਿਸ ਨਾਲ ਤੇਜ਼ਾਬ ਵਿੱਚ ਘੁਲੇ ਹੋਏ ਸੋਨੇ ਨੂੰ ਵੱਖ ਕੀਤਾ ਜਾਂਦਾ ਹੈ, ਅਰ ਫੌਲਾਦ ਦੇ ਜੌਹਰ ਪ੍ਰਗਟ ਕਰਨ ਦੇ ਕੰਮ ਆਉਂਦਾ ਹੈ. ਹੀਰਾਕਸੀਸ. Sulphas ferri.

ਕਸ਼ੀਦਗੀ: ਫ਼ਾ. کشیدگی ਸੰਗਜਾ- ਖਿਚਾਵਟ। ਰੋਸਾ.

ਕਸ਼ੀਦਨ: ਫ਼ਾ. کشیدن ਕ੍ਰਿ- ਖੈਂਚਣਾ. ਖਿੱਚਣਾ.

ਕਸ਼ੀਦਾ: ਫ਼ਾ. کشیدہ ਕਸ਼ੀਦਹ. ਖਿੱਚਿਆ ਹੋਇਆ। ੨. ਸੰਗਜਾ- ਸੂਈ ਨਾਲ ਖਿੱਚਿਆ (ਕੱਢਿਆ) ਹੋਇਆ ਵਸਤ੍ਰ ਪੁਰ ਬੇਲ ਬੂਟਾ. "ਕਢਿ ਕਸੀਦਾ ਪਹਿਰਹਿ ਚੋਲੀ." (ਬਸੰ ਮਃ ੧) ੩. ਅ਼. قصیدہ ਕ਼ਸੀਦਹ. ਵਿ- ਗਾੜ੍ਹਾ. ਸਘਨ। ੪. ਸੰਗਜਾ- ਅਜੇਹੀ ਛੰਦਰਚਨਾ ਜਿਸ ਵਿੱਚ ਪਦਰਚਨਾ ਸੰਘਣੀ (ਗੁੰਦਵੀਂ) ਹੋਵੇ. ਕਸੀਦੇ ਵਿੱਚ ੧੫. ਛੰਦਾਂ ਤੋਂ ਘੱਟ ਰਚਨਾ ਨਹੀਂ ਚਾਹੀਏ. "ਕਰਜੋ ਕਸੀਦਾ ਪੇਸ਼ ਗੁਰੂ ਕੇ." (ਗੁਪ੍ਰਸੂ)

ਕਸੀਰ: ਸੰ. ਕਿੰਸ਼ਾਰੁ. ਸੰਗਜਾ- ਧਾਨ ਜੌਂ ਕਣਕ ਆਦਿ ਦੀ ਬੱਲੀ ਉੱਪਰ ਦੇ ਤਿੱਖੇ ਸੂਖਮ ਕੰਡੇਦਾਰ ਤੀਲੇ. ਕਸਾਰ। ੨. ਅ਼. کسیر ਵਿ- ਟੁੱਟਿਆ ਹੋਇਆ। ੩. ਅ਼. کشیر ਕਸ਼ੀਰ. ਬਹੁਤ. ਅਧਿਕ. ਜ਼ਾਦਾ.

ਕਸੀਰਾ, ਕਸੀਰੋ: ਸੰਗਜਾ- ਪੈਸੇ ਦਾ ਚੌਥਾ ਭਾਗ. ਛਦਾਮ। ੨. ਅਧੇਲਾ. ਧੇਲਾ. "ਕਾਮੁਕ ਮੰਤ੍ਰ ਕਸੀਰੇ ਕੇ ਕਾਮ ਨ." (ਵਿਚਿਤ੍ਰ) "ਕੱਢ ਕਸੀਰਾ ਸੌਂਪਿਆ ਰਵਿਦਾਸ ਗੰਗਾ ਦੀ ਭੇਟਾ." (ਭਾਗੁ)

ਕਸੁ: ਦੇਖੋ, ਕਸ। ੨. ਕਸ਼੍ਟ. ਦੁੱਖ. ਤਾੜਨਾ. "ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ." (ਸਵੈਯੇ ਮਃ ੨. ਕੇ) ਫਲ ਭਰਿਆ ਬਿਰਛ ਜਿਵੇਂ ਝੁਕਦਾ ਅਤੇ ਇੱਟ ਪੱਥਰ ਆਦਿ ਦਾ ਦੁੱਖ ਸਹਾਰਦਾ ਹੈ.

ਕਸੁਧ: ਅਸ਼ੁੱਧ. ਦੇਖੋ, ਕੁਸੁਧ.

ਕਸੁੰਭ, ਕਸੁੰਭੜਾ, ਕਸੁੰਭਾ: ਸੰ. कुसुम्भ ਕੁਸੁੰਭ. ਸੰਗਜਾ- ਅਗਨਿ- ਸ਼ਿਖ. ਅੱਗ ਦੀ ਸ਼ਿਖਾ ਜੇਹਾ ਜਿਸ ਦਾ ਫੁੱਲ ਹੁੰਦਾ ਹੈ, ਐਸਾ ਇੱਕ ਬੂਟਾ, ਅਤੇ ਇਸ ਦੇ ਫੁੱਲ ਦੀਆਂ ਕੇਸਰ ਜੇਹੀਆਂ ਤਰੀਆਂ. ਇਸ ਦਾ ਲਾਲ ਰੰਗ ਬਹੁਤ ਭੜਕੀਲਾ ਹੁੰਦਾ ਹੈ, ਪਰ ਧੁੱਪ ਅਤੇ ਜਲ ਨਾਲ ਤੁਰਤ ਫਿੱਕਾ ਪੈ ਜਾਂਦਾ ਹੈ. ਗੁਰਬਾਣੀ ਵਿੱਚ ਮਾਇਕ ਪਦਾਰਥਾਂ ਦੇ ਚਮਤਕਾਰ ਕੁਸੁੰਭਰੰਗ ਜੇਹੇ ਵਰਣਨ ਕੀਤੇ ਹਨ. "ਕੂੜਾ ਰੰਗ ਕਸੁੰਭ ਕਾ." (ਸ੍ਰੀ ਮਃ ੩) "ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ." (ਸੂਹੀ ਫਰੀਦ) ਦੇਖੋ, ਜਲਿ। ੨. ਕੁਸੁੰਭੇ ਦੀ ਤਰਾਂ ਟਪਕਾਇਆ ਅਤੇ ਕੁਸੁੰਭੇ ਜੇਹੇ ਰੰਗ ਦਾ ਅਫ਼ੀਮ ਦਾ ਰਸ, ਜੋ ਰਾਜਪੂਤਾਨੇ ਵਿੱਚ ਬਹੁਤ ਕਰਕੇ ਵਰਤੀਦਾ ਹੈ. "ਪਾਨ ਡਰਾਇ ਕਸੁੰਭੜੇ ਰੂਰੇ." (ਚਰਿਤ੍ਰ ੧੧੧) ਅਫੀਮ ਦੇ ਰਸ ਵਿੱਚ ਸ਼ਰਾਬ ਮਿਲਾਕੇ.

ਕਸੁੰਭਾਇਲਾ: ਵਿ- ਕੁਸੁੰਭੀ. ਕੁਸੁੰਭ ਦੇ ਰੰਗ ਦਾ। ੨. ਕੁਸੁੰਭੇ ਜੇਹੀ ਰੰਗਤ ਵਾਲਾ. ਭਾਵ- ਭੜਕੀਲੇ ਅਤੇ ਅਸਤਜ ਪਦਾਰਥ. ਦੇਖੋ, ਕੁਸੰਭਾਇਲੇ.

ਕਸੂਤ: ਦੇਖੋ, ਕੁਸੂਤ.

ਕਸ਼ੂਦਨ: ਫ਼ਾ. کشُودن ਕ੍ਰਿ- ਖੋਲ੍ਹਣਾ.

ਕਸੂਰ: ਦੇਖੋ, ਕੁਸੂਰ.

ਕਸੇ: ਫ਼ਾ کسے ਸਰਵ- ਕੋਈ.

ਕਸੇਰਾ: ਸੰ. ਕਾਸ਼ਹਰ. ਸੰਗਜਾ- ਘਾਸ ਹਰਣ ਵਾਲਾ. ਘਸੇਰਾ। ੨. ਸੰ. ਕਾਂਸਜਕਾਰ. ਕਾਂਸੀ ਦੇ ਭਾਂਡੇ ਬਣਾਉਣ ਵਾਲਾ.

ਕਸੈਲਾ: ਦੇਖੋ, ਕਸਾਇ.

ਕਸੌਟੀ: ਦੇਖੋ, ਕਸਉਟੀ.

ਕਸੰਮਲ: ਦੇਖੋ, ਕਸਮਲ. "ਪਾਪ ਕਸੰਮਲ ਭੰਨੇ." (ਗਉ ਵਾਰ ੧, ਮਃ ੪)

ਕੱਸਪ: ਸੰ. ਕਸ਼ਜਪ. ੨ ਵਿ- ਕਸ਼ਜ (ਸ਼ਰਾਬ) ਪ. (ਪੀਣ) ਵਾਲਾ। ੨. ਸੰਗਜਾ- ਬ੍ਰਹਮਾ ਦੇ ਪੁਤ੍ਰ ਮਰੀਚਿ ਦਾ ਬੇਟਾ, ਜਿਸ ਦੀ ਪ੍ਰਜਾਪਤੀਆਂ ਵਿੱਚ ਗਿਣਤੀ ਹੈ. ਵਾਮਨ ਅਵਤਾਰ ਇਸੇ ਦਾ ਪੁਤ੍ਰ ਸੀ. "ਪੁਨ ਧਰਾ ਬ੍ਰਹਮ ਕੱਸਪਵਤਾਰ." (ਬ੍ਰਹਮਾਵ) ਸਿਮ੍ਰਿਤਿ ਅਤੇ ਪੁਰਾਣਾਂ ਵਿੱਚ ਜਿਕਰ ਹੈ ਕਿ ਦਕ੍ਸ਼ ਪ੍ਰਜਾਪਤਿ ਦੀ ਤੇਰਾਂ ਪੁਤ੍ਰੀਆਂ (ਅਦਿਤਿ, ਦਿਤਿ, ਦਨੁ, ਵਿਨਤਾ, ਖਸਾ, ਕਦ੍ਰੂ, ਮੁਨਿ, ਕ੍ਰੋਧਾ, ਅਰਿਸ਼੍ਟਾ, ਇਰਾ, ਤਾਮ੍ਰਾ, ਇਲਾ ਅਤੇ ਪ੍ਰਧਾ) ਕਸ਼ਜਪ ਨੇ ਵਿਆਹੀਆਂ, ਜਿਨ੍ਹਾਂ ਵਿੱਚੋਂ ਜਗਤ ਦੇ ਸਾਰੇ ਪ੍ਰਾਣੀ ਉਪਜੇ। ੩. ਵਿ- ਕਾਲੇ ਦੰਦਾਂ ਵਾਲਾ.

ਕੱਸਪਸੁਤ: ਕਸ਼ਜਪ ਦਾ ਪੁਤ੍ਰ, ਵਾਮਨ। ੨. ਇੰਦ੍ਰ। ੩. ਸੂਰਜ. "ਕੱਸਪਸੁਤ ਨਿਕਸਿਓ." (ਗੁਵਿ ੬)

ਕਸ੍ਚਿਤ: ਸੰ. ਕਸ਼੍ਚਿਤ ਸਰਵ- ਕੋਈ.

ਕਸ਼੍ਟ: ਸੰ. ਸੰਗਜਾ- ਦੁੱਖ ਪੀੜਾ.

ਕਸ੍ਰਿਪੁ: ਤਲਵਾਰ. ਖੜਗ. (ਸਨਾਮਾ) ੨. ਅਮ੍ਰਿਤ. ਸੁਧਾ.

ਕਸ਼੍ਟਵਾਰ: ਦੇਖੋ, ਕਸਟਵਾਰ ਅਤੇ ਕਸਟ੍ਵਾਰ.

ਕਸ਼੍ਟਵਾਰੀਆ: ਰਾਜਪੂਤ ਗੋਤ੍ਰ. ਇਸੇ ਗੋਤ ਦੀ ਰਾਜਧਾਨੀ ਕਸਟਵਾਰ ਸੀ. ਦੇਖੋ, ਬਾਈਧਾਰ.

ਕਸਜ: ਸੰ. ਸਰਵ- ਕਿਸ ਦਾ, ਦੀ. ਕਿਸ ਕਾ, ਕੀ। ੨. ਕਸ਼ਜ. ਵਿ- ਕਸ਼ੀਦਹ. ਨਾਲ ਸਾਥ ਖਿੱਚਿਆ ਹੋਇਆ. ਮੁਕੱਤ੍ਰ। ੩. ਸੰਗਜਾ- ਸ਼ਰਾਬ.

ਕਸ਼ਜਪ: ਕਸ਼ਜ (ਸ਼ਰਾਬ) ਪੀਣ ਵਾਲਾ. ਦੇਖੋ, ਕੱਸਪ.

ਕਸ਼ਯਪਸੁਤ: ਦੇਖੋ, ਕੱਸਪਸੁਤ.

ਕਸ਼ਜਪਪੁਰ: ਜਲੋਦਭਵ ਦੈਤ ਨੂੰ ਮਾਰਕੇ ਕਸ਼ਜਪ ਰਿਖਿ ਦਾ ਵਸਾਇਆ ਕਸ਼ਮੀਰ ਦਾ ਪ੍ਰਧਾਨ ਨਗਰ, ਜਿਸ ਦਾ ਹੁਣ "ਸ੍ਰੀਨਗਰ" ਨਾਉਂ ਹੈ.

ਕਸ਼ਜਪਪ੍ਰਿਯ: ਸ਼ਰਾਬ, ਜੋ ਕਸ਼ਜਪ ਨੂੰ ਬਹੁਤ ਪ੍ਰਿਯ (ਪਿਆਰੀ) ਹੈ। ੨. ਇੰਦ੍ਰ। ੩. ਵਾਮਨ। ੪. ਸੂਰਜ ਆਦਿਕ, ਜੋ ਪੁਤ੍ਰ ਹੋਣ ਕਰਕੇ ਕੱਸ਼ਪ ਨੂੰ ਪਿਆਰੇ ਹਨ.

ਕਹ: ਕ੍ਰਿ. ਵਿ- ਕਹਾਂ. ਕਿੱਥੇ. "ਮਨ, ਕਹ ਅਹੰਕਾਰ ਅਫਾਰਾ?" (ਦੇਵ ਮਃ ੫) "ਗਰਭ ਜੋਨਿ ਕਹ ਆਵੈ?" (ਨਟ ਮਃ ੫) ੨. ਕਦੀ. ਕਦੇ. ਕਭੀ. "ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ." (ਦੇਵ ਮਃ ੫) ੩. ਸਰਵ- ਕਿਆ. ਕਿੰ. "ਕਹ ਕਰੈ ਮੁਲਾ ਕਹ ਕਰੈ ਸੇਖ?" (ਭੈਰ ਕਬੀਰ) ੪. ਦੇਖੋ, ਕਹਨ। ੫. ਦੇਖੋ, ਕਹਁ। ੬. ਵਜ- ਦਾ. ਕਾ। ੭. ਕੋ. ਨੂੰ. ਪ੍ਰਤਿ. "ਅਸੁਰਨ ਕਹ ਇਮ ਆਗਜਾ ਦੀਨੀ." (ਸਲੋਹ)

ਕਹਁ: ਪ੍ਰਤਜ- ਲੀਏ. ਲਈ. ਵਾਸਤੇ। ੨. ਕੋ. ਨੂੰ. ਪ੍ਰਤਿ. "ਗੁਰੂ ਮਨੂਆ ਕਹਁ ਕਹਜੋ ਸੁਧਾਰੀ." (ਵਿਚਿਤ੍ਰ)

ਕਹਉ, ਕਹਹੁ: ਕਹੋ. ਕਥਨ ਕਰੋ. "ਕਹਹੁ ਗੁਸਾਈ ਮਿਲੀਐ ਕੇਹ?" (ਗਉ ਮਃ ੫)

੨. ਕਹਾਂ. ਕਥਨ ਕਰਾਂ. ਕਹੋਂ. "ਕਹਉ ਕਹਾਂ ਅਪਨੀ ਅਧਮਾਈ." (ਟੋਡੀ ਮਃ ੯)

ਕਹਕ: ਸੰਗਜਾ- ਕਾਕ (ਕਾਉਂ) ਆਦਿਕ ਪੰਛੀਆਂ ਦੀ ਧੁਨਿ। ੨. ਹਾਸੇ ਦੀ ਆਵਾਜ਼. ਦੇਖੋ, ਕਹਕਹਾ.

**ਕਹਕਹ ਦੀਵਾਰ:** ਦੇਖੋ, ਕਹਕਹਾ ਦੀਵਾਰ. "ਜਿਸ ਪ੍ਰਕਾਰ ਕਹਕਹ ਦੀਵਾਰ." (ਗੁਪ੍ਰਸੂ)

**ਕਹਕਹਾ:** ਅ਼. قہقہ ਕ਼ਹਕ਼ਹਾ. ਸੰਗਜਾ- ਅਨੁ. ਅੱਟਹਾਸ. ਉਚੀ ਧੁਨੀ ਨਾਲ ਹੱਸਣਾ.

**ਕਹਕਹਾਟ:** ਸੰਗਜਾ- ਦੇਖੋ, ਕਹਕਹਾ. ਉੱਚੀ ਹਾਸੀ ਦਾ ਸ਼ੋਰ. "ਕਹਕਹਾਟ ਕਹੂੰ ਕਾਲ ਸੁਨਾਵੈ." (ਚਰਿਤ੍ਰ ੫੨)

**ਕਹਕਹਾ ਦੀਵਾਰ:** ਫ਼ਾ. قہقہ دیوار ਸੰਗਜਾ- ਚੀਨ ਦੇਸ਼ ਦੀ ਇੱਕ ਕੰਧ, ਜਿਸ ਨੂੰ ਦੇਖਦੇ ਹੀ ਕ਼ਹਕ਼ਹਾ (ਹਾਸੀ) ਆ ਜਾਵੇ. ਇਹ ਦੀਵਾਰ ੧੫੦੦ ਮੀਲ ਲੰਮੀ ੨੦. ਫੁਟ ਉੱਚੀ ਅਤੇ ਇਤਨੀ ਹੀ ਚੌੜੀ ਹੈ, ਸੌ ਸੌ ਗਜ਼ ਦੀ ਵਿੱਥ ਤੇ ਮਜਬੂਤ ਬੁਰਜ ਬਣੇ ਹੋਏ ਹਨ. ਇਹ ਕੰਧ ਈਸਵੀ ਸਨ ਦੇ ਆਰੰਭ ਤੋਂ ੨੧੩ ਵਰ੍ਹੇ ਪਹਿਲਾਂ ਚੀਨ ਦੇ ਰਾਜਾ ਸੀਹ੍ਵਾਙਤੀ ਨੇ ਆਪਣੇ ਵੈਰੀ ਮੰਗੋਲਾਂ ਦੇ ਹੱਲੇ ਰੋਕਣ ਲਈ ਬਣਾਈ ਸੀ। ੨. ਹੁਣ ਮੁਹਾਵਰੇ ਵਿੱਚ ਇਹ ਪਦ ਅਤਿ ਕਠਿਨ ਜਾਂ ਅਚਰਜ ਵਸਤੁ ਲਈ ਵਰਤੀਦਾ ਹੈ. ਦੇਖੋ, ਸੱਤ ਅਜੂਬੇ ਅਤੇ ਕਹਕਹ ਦੀਵਾਰ.

**ਕਹਗਲ, ਕਹਗਿਲ:** ਫ਼ਾ. کہگل ਸੰਗਜਾ- ਕਾਹ (ਘਾਸ) ਅਤੇ ਗਿਲ (ਮਿੱਟੀ) ਮਿਲਾਕੇ ਲਿਪਾਈ ਲਈ ਬਣਾਇਆ ਹੋਇਆ ਗਾਰਾ.

**ਕਹਣ, ਕਹਣਾ:** ਸੰ. ਕਥਨ. ਸੰਗਜਾ- ਕਹਿਣਾ. ਬਿਆਨ. "ਕੂੜੇ ਕਹਣ ਕਹੰਨ." (ਵਾਰ ਬਿਲਾ ਮਃ ੩) "ਤਾਮੈ ਕਹਿਆ ਕਹਣੁ." (ਵਡ ਛੰਤ ਮਃ ੧) "ਕਹਣਾ ਸੁਨਣਾ ਅਕਥ." (ਪ੍ਰਭਾ ਮਃ ੧)

**ਕਹਣਿ:** ਕਥਨ ਕਰਕੇ. ਆਖਣ ਨਾਲ. "ਕਹਿਣ ਨ ਵਡਾ ਹੋਇ." (ਸ੍ਰੀ ਮਃ ੧)

**ਕਹਣੁ:** ਦੇਖੋ, ਕਹਣ.

**ਕਹਣੈ:** ਕਥਨ ਕਰਨ ਨਾਲ. "ਕਹਣੈ ਕਥਨਿ ਨ ਭੀਜੈ ਗੋਬਿੰਦੁ." (ਸੋਰ ਮਃ ੫)

**ਕਹਤ:** ਕ੍ਰਿ. ਵਿ- ਕਹਿੰਦੇ. ਕਥਨ ਕਰਤ. "ਕਹਤ ਸੁਨਤ ਕਛੁ ਜੋਗ ਨ ਹੋਊ." (ਬਾਵਨ) ੨. ਅ਼. قحط ਕ਼ਹ਼ਤ਼ ਸੰਗਜਾ- ਅਕਾਲ. ਦੁਰਭਿੱਖ. Famine.

**ਕਹਤਉ, ਕਹਤਾ, ਕਹਦਾ:** ਵਿ- ਕਥਨ ਕਰਤਾ. ਕਥਕ. ਕਹਣ ਵਾਲਾ। ੨. ਆਖਦਾ. ਕਥਨ ਕਰਦਾ. "ਕਹਤਉ ਪੜਤਉ ਸੁਣਤਉ ਏਕ." (ਧਨਾ ਅਃ ਮਃ ੧) "ਕਹਦੇ ਕਚੇ ਸੁਣਦੇ ਕਚੇ." (ਅਨੰਦੁ)

**ਕਹਨ, ਕਹਨਾ, ਕਹਨੁ:** ਦੇਖੋ, ਕਹਣ. "ਪ੍ਰਭੁ ਕਹਨ ਮਲਨ ਦਹਨ." (ਕਾਨ ਮਃ ੫) "ਉਸਤਤਿ ਕਹਨੁ ਨ ਜਾਇ." (ਫੁਨਹੇ ਮਃ ੫)

**ਕਹਯੋਨ:** ਦੇਖੋ, ਕਹਜੋਨ.

**ਕਹਰ:** ਅ਼. قہر ਕ਼ਹਰ. ਸੰਗਜਾ- ਕ੍ਰੋਧ. ਗੁੱਸਾ। ੨. ਜੁਲਮ. ਜਬਰ। ੩. ਸਜ਼ਾ. ਦੰਡ। ੪. ਸੰਕਟ. ਮੁਸੀਬਤ। ੫. ਦੁੱਖ.

**ਕਹਰਨਾ:** ਕ੍ਰਿ- ਕਰਾਹਨਾ. ਦੁੱਖ ਨਾਲ ਹੈ ਹੈ ਕਰਨਾ. ਦੀਨ ਹੋ ਕੇ ਪੁਕਾਰਨਾ। ੨. ਦੁਖ ਭੋਗਣਾ. "ਬਸਤ੍ਰ ਨ ਪਹਿਰੈ ਅਹਿਨਿਸ ਕਹਰੈ." (ਵਾਰ ਆਸਾ) ਦੇਖੋ, ਕਹਰ.

**ਕਹਰੀ:** ਵਿ- ਕਹਰ (ਕ੍ਰੋਧ) ਵਾਲਾ. ਕ੍ਰੋਧੀ. "ਮਹਾਂ ਬੀਰ ਕਹਰੀ ਦੁਪਹਰੀ ਕੋ ਭਾਨੁ ਮਾਨੋ." (ਚੰਡੀ ੧) ੨. ਸੰਗਜਾ- ਇੱਕ ਰਾਜਪੂਤ ਗੋਤ੍ਰ.

**ਕਹਰੁ:** ਦੇਖੋ, ਕਹਰ. "ਜਹਰੁ ਕਹਰੁ ਸਵਾ ਪਹਰੁ." (ਸਵਾ ਮਃ ੧)

**ਕਹਲ:** ਸੰਗਜਾ- ਤਾਪ. ਦੁੱਖ। ੨. ਵਿ- ਵ੍ਯਾਕੁਲ. ਘਬਰਾਇਆ ਹੋਇਆ. "ਕੂਰਮ ਕਹਲ ਫਨੀਫਨ ਨਸਕਤ ਹੈ." (ਕਵਿ ੫੨) ਜ਼ਮੀਨ ਹੇਠ ਦਾ ਕੱਛੂ ਘਬਰਾ ਜਾਂਦਾ ਹੈ। ੩. ਦੇਖੋ, ਕਾਹਲ। ੪. ਦੇਖੋ, ਕਹਿਲ.

**ਕਹਲ ਗਾਂਉ:** ਬਿਹਾਰ ਵਿੱਚ ਭਾਗਲਪੁਰ ਤੋਂ ਦਸ ਕੋਹ ਚੜ੍ਹਦੇ ਵੱਲ ਇੱਕ ਨਗਰ, ਇਸ ਥਾਂ ਗੁਰੂ ਤੇਗ ਬਹਾਦੁਰ ਸਾਹਿਬ ਵਿਰਾਜੇ ਹਨ. ਗੁਰੁਦ੍ਵਾਰਾ ਪਟਨੇ ਸਾਹਿਬ ਦੇ ਮਹੰਤ ਦੀ ਨਿਗਰਾਨੀ ਵਿੱਚ ਹੈ.

**ਕਹਲੂਰ:** ਰਿਆਸਤ ਬਿਲਾਸਪੁਰ ਦਾ ਇਲਾਕਾ. ਇਸ ਦੇ ਰਈਸ ਰਾਜਪੂਤਾਂ ਦਾ ਨਿਕਾਸ ਚਾਂਦੇਰੀ (ਮਾਲਵਾ) ਤੋਂ ਹੋਇਆ ਹੈ. ਕਹਲੂਰ ਦੇ ਰਾਜਾ ਭੀਮਚੰਦ ਨੇ ਅਕਾਰਣ ਦਸ਼ਮੇਸ਼ ਨਾਲ ਜੰਗ ਕਰਕੇ ਭਾਰਤ ਨੂੰ ਭਾਰੀ ਹਾਨੀ ਪਹੁਚਾਈ. ਦੇਖੋ, ਬਿਲਾਸਪੁਰੇ ਅਤੇ ਭੀਮਚੰਦ.

**ਕਹਾ:** ਕਥਨ ਕੀਤਾ. ਕਿਹਾ। ੨. ਕ੍ਰਿ. ਵਿ- ਕੁਤ੍ਰ. ਕਹਾਂ. ਕਿੱਥੇ. ਸੰ. ਕੁਹਜਾ- "ਕਹਾ ਸੁਖੇਲ ਤਬੇਲਾ ਘੋੜੇ?" (ਆਸਾ ਅਃ ਮਃ ੧) ੩. ਕਜੋਂ. ਕਿਸ ਲਈ. "ਸਿਮਰਤ ਕਹਾ ਨਹੀ." (ਸੋਰ ਮਃ ੯) ੪. ਸਰਵ- ਕਿਸ. "ਆਨ ਕਹਾ ਪਹਿ ਜਾਵਹੁ?" (ਸਾਰ ਮਃ ੫)

**ਕਹਾਂ:** ਦੇਖੋ, ਕਹਾ ੨.

**ਕਹਾਉਣਾ:** ਕ੍ਰਿ- ਕਥਨ ਕਰਾਉਣਾ. ਅਖਵਾਉਣਾ.

**ਕਹਾਈ:** ਸੰਗਜਾ- ਕਛ਼ਾ ਵਾਲੀ. ਲਿੰਗੋਟੀ. ਦੇਖੋ, ਕਖਾਈ.

**ਕਹਾਹ:** ਸੰਗਜਾ- ਹਾਹਾਕਾਰ ਦੀ ਧੁਨਿ। ੨. ਡੰਡ ਰੌਲਾ. ਚੀਕ ਪੁਕਾਰ. "ਬਿਨ ਬੋਹਿਥ ਭੈ ਡੂਬੀਐ ਪਿਆਰੇ, ਕੰਧੀ ਪਾਇ ਕਹਾਹ." (ਸੋਰ ਅਃ ਮਃ ੧) "ਭਾ ਕਹਾਹ ਕੋ ਸਬਦ ਮਹਾਨਾ." (ਨਾਪ੍ਰ)

**ਕਹਾਣ:** ਸੰਗਜਾ- ਵਖਿਆਨ (ਵਜਾਖਜਾਨ). ਕਥਨ। ੨. ਅਖਾਣ (ਆਖਜਾਨ). ਕਥਾ.

**ਕਹਾਣੀ, ਕਹਾਨੀ:** ਸੰਗਜਾ- ਕਥਾਨਕ. ਕਥਾ. ਕਿੱਸਾ. "ਅਕਥ ਕੀ ਕਰਹਿ ਕਹਾਣੀ." (ਅਨੰਦੁ)

**ਕਹਾਨੋ:** ਸੰਗਜਾ- ਆਖਜਾਨ. ਪ੍ਰਸੰਗ. "ਸ੍ਰੋਨ ਸੁਨਜੋ ਸਖਿ, ਪ੍ਰੀਤਿ ਕਹਾਨੋ." (ਕ੍ਰਿਸਨਾਵ)

**ਕਹਾਰ:** ਸੰਗਜਾ- ਕੰ (ਜਲ) ਨੂੰ ਹਾਰ (ਢੋਣ) ਵਾਲਾ. ਸੱਕ਼ਾ। ੨. ਡੋਲੀ ਪਾਲਕੀ ਆਦਿ ਨੂੰ ਕੰਨ੍ਹੇ ਤੇ ਰੱਖਕੇ ਲੈ ਜਾਣ ਵਾਲਾ। ੩. ਅ਼. قہار ਕ਼ਹਾਰ. ਕਰਤਾਰ. ਵਾਹਗੁਰੂ. ਨੀਚਾਂ (ਪਾਮਰਾਂ) ਤੇ ਕ਼ਹਰ ਕਰਨ ਵਾਲਾ. "ਸਿਫਤ ਕਹਾਰ ਸਤਾਰ ਹੈ." (ਗੁਪ੍ਰਸੂ)

**ਕਹਾਵਣ, ਕਹਾਵਣੁ:** ਦੇਖੋ, ਕਹਾਉਣਾ. "ਮੁਸਲਮਾਣੁ ਕਹਾਵਣੁ ਮੁਸਕਲੁ." (ਵਾਰ ਮਾਝ ਮਃ ੧) ਵਾਸਤਵ (ਅਸਲ) ਮੁਸਲਮਾਨ ਕਹਾਉਣਾ ਔਖਾ ਹੈ.

**ਕਹਾਵਤ, ਕਹਾਵਥ:** ਸੰਗਜਾ- ਕਥਾਵਤ ਕਹਿਣ ਵਿੱਚ ਆਈ ਹੋਈ ਬਾਤ। ੨. ਪਹੇਲੀ. ਅਦ੍ਰਿਸ਼੍ਟਕੂਟ। ੩. ਕਥਾ. "ਉਆ ਕੀ ਕਹੀ ਨ ਜਾਇ ਕਹਾਵਤ." (ਸਾਰ ਮਃ ੫) "ਮਨਮੁਖ ਅੰਧੁ ਕਹਾਵਥ." (ਮਾਰੂ ਮਃ ੫)

**ਕਹਿ:** ਦੇਖੋ, ਕਹ। ੨. ਨੂੰ. ਕੋ. "ਪ੍ਰਭੁ ਜੂ, ਤੋ ਕਹਿ ਲਾਜ ਹਮਾਰੀ." (ਹਜਾਰੇ ੧੦)

**ਕਹਿਂ:** ਕ੍ਰਿ. ਵਿ- ਕਹਾਂ. ਕਿੱਥੇ। ੨. ਦੇਖੋ, ਕਹਿ ੨.

**ਕਹਿਓ, ਕਹਿਅਉ, ਕਹਿਅ:** ਕਥਨ ਕੀਤਾ. ਕਿਹਾ. "ਕਹਿਓ ਨ ਬੂਝੈ ਅੰਧ." (ਪ੍ਰਭਾ ਮਃ ੧) "ਕਹਿਆ ਨ ਮਾਨੈ ਸਿਰਿ ਖਾਕ ਛਾਨੈ." (ਜੈਤ ਛੰਤ ਮਃ ੫)

**ਕਹਿਸੰਗਾ:** ਕਹਿ ਸਕਦਾ. ਕਥਨ ਕਰ ਸਕਤਾ. "ਇਕ ਗੁਣ ਨਾਹੀ ਪ੍ਰਭੁ ਕਹਿਸੰਗਾ." (ਮਾਰੂ ਸੋਲਹੇ ਮਃ ੫)

**ਕਹਿਗਲ:** ਦੇਖੋ, ਕਹਗਿਲ.

**ਕਹਿਣਾ:** ਕ੍ਰਿ- ਕਥਨ ਕਰਨਾ. ਆਖਣਾ। ੨. ਸੰਗਜਾ- ਵਡੀ ਕਿਸਮ ਦੀ ਮਕੜੀ ਜੋ ਘਰਾਂ ਦੇ ਅੰਦਰ ਜਾਲਾ ਤਾਣਦੀ ਹੈ. ਮੱਕੜ.

ਕਾਹਣਾ. ਦੇਖੋ, ਕਰਨਾ.

ਕਹਿਤ: ਦੇਖੋ, ਕਹਤ। ੨. ਵਿ- ਕਥਿਤ. ਕਹਿਆ ਹੋਇਆ। ੩. ਸੰਗਯਾ- ਕਹਿਣੀ. "ਰਹਿਤ ਕਹਿਤ ਕੇ ਸਾਥ ਬਡੇਰੇ." (ਗੁਪ੍ਰਸੂ) ਰਹਿਣੀ ਅਤੇ ਕਹਿਣੀ ਨਾਲ.

ਕਹਿਤਅਹ ਕਹਤੀ: ਕੇਵਲ ਕਹਾਵਤ ਹੀ ਕਹਾਵਤ. ਸਿਰਫ ਕਹਿਣੀ. "ਕਹਿਤਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਹੁ." (ਸਵੈਯੇ ਮਃ ੩. ਕੇ) ੨. ਕਵੀਆਂ ਦੀ ਕਹਿਣੀ (ਕਥਨੀ).

ਕਹਿਤਾ: ਕਥਯਿਤਾ. ਕਥਤਾ. ਵਕ੍ਤਾ.

ਕਹਿਨਾ: ਦੇਖੋ, ਕਹਿਣਾ.

ਕਹਿਨਾਵਤ, ਕਹਿਬਤ: ਦੇਖੋ, ਕਹਾਵਤ.

ਕਹਿਰ: ਦੇਖੋ, ਕਹਰ

ਕਹਿਰੀ: ਦੇਖੋ, ਕਹਰੀ। ੨. ਦੇਖੋ ਇਕਹਰੀ. ੩. ਦੇਖੋ, ਕੇਹਰੀ

ਕਹਿਲ: ਸਿੰਧੀ. ਰਹਮ. (ਦਯਾ) ਦਇਆ.

ਕਹਿਵਤ: ਦੇਖੋ, ਕਹਾਵਤ। ੨. ਕਥਨ ਗੁਫ਼ਤਗੂ. "ਗੁਰੁ ਕੀ ਕਹਿਵਤ ਸਕਲ ਸੁਨਾਈ." (ਗੁਪ੍ਰਸੂ)

ਕਹੀ: ਕਥਨ ਕੀਤੀ. ਆਖੀ. "ਉਪਮਾ ਜਾਤ ਨ ਕਹੀ." (ਬਿਲਾ ਅਃ ਮਃ ੫) ੨. ਦੇਖੋ, ਕਸੀ. "ਕਹੀ ਚੁਰਾਈ." (ਗੁਪ੍ਰਸੂ) ੩. ਕਿਸੀ. "ਹਿਆਉ ਨ ਠਾਹੇ ਕਹੀ ਦਾ." (ਸ. ਫਰੀਦ) ੪. ਪੁਰਾਣੇ ਜ਼ਮਾਨੇ ਮਾਲ ਅਫਸਰਾਂ ਦੀ ਇੱਕ ਰੀਤਿ. ਕਾਛੂ ਲੋਕ ਖੇਤਾਂ ਵਿੱਚ ਜਾਕੇ ਅੰਨ ਦੀ ਉਪਜ ਦੇਖਕੇ ਕਹੀ ਨਾਲ ਵੱਟਾਂ ਪਵਾ ਦਿੰਦੇ ਸੇ, ਅਤੇ ਉਨ੍ਹਾਂ ਦੇ ਨੰਬਰ ਨੋਟ ਕਰ ਲੈਂਦੇ. ਇਸ ਦਾ ਨਾਉਂ 'ਕਹੀ ਕਰਨਾ' ਸੀ।

੫. ਇਹ ਪਦ ਲੁੱਟ ਖਸੋਟ ਵਾਸਤੇ ਭੀ ਵਰਤਿਆ ਜਾਂਦਾ ਹੈ. ਜਿਸ ਦਾ ਭਾਵ ਇਹ ਹੈ ਕਿ ਆਪੇ ਹੀ ਖੇਤਾਂ ਨੂੰ ਕੱਛ ਲੈਣਾ. "ਨਿਰਭੈ ਜਾਇ ਕਹੀ ਕਰ ਆਵੈਂ।" (ਗੁਵਿ ੧੦) ੬. ਫੌਜ ਦੇ ਅੱਗੇ ਜੋ ਕਹੀ ਆਦਿਕ ਸੰਦ ਲੈ ਕੇ ਟੋਲਾ ਰਾਹ ਦੀ ਸਫਾਈ ਲਈ ਤੁਰਦਾ ਸੀ, ਉਸ ਨੂੰ ਭੀ ਕਹੀ ਆਖਦੇ ਸਨ. ਸਫਰਮੈਨਾ. ਅੰ. Sappers and Miners.

"ਕਹੀ ਛਿੜੀ ਤੁਰਕਨ ਲਖੀ." (ਪ੍ਰਾਪੰਪ੍ਰ), ਦੇਖੋ, ਕਹੀਂ. "ਕਹੀ ਨ ਉਪਜੈ." (ਆਸਾ ਕਬੀਰ)

ਕਹੀਂ: ਸੰ. ਕੁਹਾਪਿ. ਕ੍ਰਿ. ਵਿ- ਕਿਸੇ ਥਾਂ. ਕਿਤੇ.

ਕਹੀਅਤ: ਕਹਿਆ ਜਾਂਦਾ. ਆਖੀਦਾ. "ਕਹੀਅਤ ਦਾਸ ਤੁਮਾਰਾ." (ਮਾਰੂ ਮਃ ੫)

ਕਹੁ: ਕਥਨ ਕਰ. ਬੋਲ। ੨. ਸੰਗਯਾ- ਬਾਣੀ. ਬਾਤ. ਕਥਾ "ਸੁਕ ਸੰਗ ਰਾਜੇ ਕਹੁ ਕਹੀ." (ਕ੍ਰਿਸਨਾਵ) ੩. ਦੇਖੋ, ਕਹੂੰ.

ਕਹੂੰ: ਕ੍ਰਿ. ਵਿ- ਕਹੂੰ. ਕਹੀਂ ਕਿਤੇ

ਕਹੂੰਕ: ਕ੍ਰਿ- ਵਿ- ਕਿਸੇ ਇੱਕ ਅਸਥਾਨ ਵਿੱਚ। ੨. ਕਿਸੇ ਇੱਕ ਸਮੇਂ.

ਕਹੂੰ: ਦੇਖੋ, ਕਹੂੰ. "ਕਹੂੰ ਨ ਭੀਜੈ ਸੰਜਮ ਸੁਆਮੀ." (ਧਨਾ ਮਃ ੫)

ਕਹੂਕ: ਦਖੋ, ਕਹੂੰਕ। ੨. ਦੇਖੋ, ਕੁਹਕ.

ਕਹੰਤ: ਕਥਨ ਕਰੰਤ. "ਕਹੰਤ ਬੇਦਾ ਗੁਣੰਤ ਗੁਨੀਆ." (ਸਹਸ ਮਃ ੫)

ਕਹਜੋਨ: ਕਹਿਆ- ਉਨ. ਉਸ ਨੇ ਆਖਿਆ. "ਲਿਆਉ ਕਹਜੋਨ, ਲਿਆਇਹੋਂ." (ਕ੍ਰਿਸਨਾਵ) ਉਸ ਨੇ ਆਖਿਆ- ਲਿਆ, ਇਸ ਦੇ ਜਵਾਬ ਵਿੱਚ ਕਿਹਾ- ਲਿਆਇਹੋਂ.

ਕਕਈ, ਕਕਹੀ: ਸੰ. कङ्कती ਕੰਕਤੀ. ਸੰਗਜਾ- ਕੰਘੀ. ਕੇਸ਼ ਸਾਫ ਕਰਨ ਦਾ ਸੰਦ.

ਕਕਨ: ਕਕੁਦਮਿਨ੍ ਦਾ ਸੰਖੇਪ. ਨਰ ਬੈਲ. ਢੱਟਾ. ਦੇਖੋ, ਕਕੁਦ ਅਤੇ ਕਕੁਦਮਿਨ੍। ੨. ਕਿਤਨੇ ਕਕਨ ਦਾ ਅਰਥ ਜਲਬਟੇਰਾ ਪੰਛੀ ਸਮਝਦੇ ਹਨ. "ਤੋਕਕ ਕਕਨ ਕੋਕ." (ਨਾਪ੍ਰ) ਪਪੀਹਾ ਜਲਬਟੇਰਾ ਅਤੇ ਚਕਵਾ.

ਕਕਰ: ਸੰ. ਕਕੰਰ. ਸੰਗਜਾ- ਕੰਕਰ. "ਕਕਰੁ ਚੁਗਨਿ." (ਸ. ਫਰੀਦ) ੨. ਦੇਖੋ, ਪਾਲਾ ਕਕਰ.

ਕਕਰੀ: ਦੇਖੋ, ਕਕੜੀ। ੨. ਅੱਕ ਦੀ ਕੁਕੜੀ. "ਰਾਜਾ ਰਾਮ ਕਕਰੀ ਆਬਰੇ ਪਕਾਏ." (ਆਸਾ ਕਬਰੀ) ਦੇਖੋ, ਫੀਲੁ.

ਕਕਰੁ: ਦੇਖੋ, ਕਕਰ ੧.

ਕਕਰੇਜੀ: ਫ਼ਾ. کاکریزی ਕਾਕਰੇਜ਼ੀ. ਲਾਲੀ ਦੀ ਝਲਕ ਵਾਲਾ ਕਾਲਾ ਰੰਗ. "ਦਸਤਾਰ ਕੋ ਸੁਭ ਕਕਰੇਜੀ ਰੰਗ." (ਗੁਪ੍ਰਸੂ)

ਕਕੜ: ਸੰਗਜਾ- ਇੱਕ ਪਹਾੜੀ ਮ੍ਰਿਗ, ਜੋ ਚਿੰਕਾਰੇ ਤੋਂ ਛੋਟਾ ਹੁੰਦਾ ਹੈ. ਇਹ ਕੁੱਤੇ ਦੀ ਤਰਾਂ ਭੌਂਕਦਾ ਹੈ, ਇਸ ਲਈ ਅੰਗ੍ਰੇਜ਼ੀ ਵਿੱਚ Barking deer ਭੌਂਕੂ ਮ੍ਰਿਗ ਸੱਦੀਦਾ ਹੈ. ਇਸ ਦੇ ਚੰਮ ਦੇ ਦਸਤਾਨੇ ਜੁਰਾਬਾਂ ਆਦਿਕ ਸੁੰਦਰ ਵਸਤ੍ਰ ਬਣਦੇ ਹਨ.

ਕਕੜੀ: ਸੰ. ਕਕੰਟੀ. ਖੱਖੜੀ. ਤਰ.

ਕਕੜੈਲ: ਕਕੜ ਮ੍ਰਿਗ ਦੀ ਛਾਲਾ (ਖੱਲ). ਦੇਖੋ, ਕਕੜ.

ਕਕੜੈਲੀ: ਵਿ- ਕਕੜ ਦੀ ਖੱਲ ਦਾ ਬਣਿਆ ਹੋਇਆ. ਦੇਖੋ, ਕਕੜ.

ਕਕਾ: ਕ ਅੱਖਰ ਦਾ ਉੱਚਾਰਣ. ਕਕਾਰ। ੨. ਕ ਅੱਖਰ. "ਕਕਾ ਕਾਰਨ ਕਰਤਾ ਸੋਊ." (ਬਾਵਨ)

ਕਕਾ ਕਿਕੀ: ਸੰਗਜਾ- ਮੁਹਾਰਨੀ. ਮਾਤ੍ਰਾ ਸਹਿਤ ਵਰਣਮਾਲਾ. ਬਾਰਾਖਰੀ. "ਦੂਆ ਤੀਆ ਵੀਸਰੈ ਸਣ ਕਕਾ ਕਿਕੀ." (ਭਾਗੁ) ਭਾਵ- ਸਾਰੇ ਗਿਣਤੀ ਦੇ ਪਹਾੜੇ ਅਤੇ ਮੁਹਾਰਨੀ। ੨. ਸਿੰਧੀ. ਕਿਕੋ- ਕਿਕੀ. ਬੱਚਾ ਬੱਚੀ. ਕਾਕਾ ਕਾਕੀ.

ਕਕਾਰ: ਦੇਖੋ, ਕਕਾ ਅਤੇ ਕੱਕਾ.

ਕਕੁਤਸ੍ਥ: ਦੇਖੋ, ਰਾਮ ਸ਼ਬਦ ਨੰঃ ੩. ਵਿੱਚ ਸ਼੍ਰੀ ਰਾਮਚੰਦ੍ਰ ਜੀ ਦੀ ਵੰਸ਼ਾਵਲੀ, ਅਤੇ ਪੁਰੰਜਯ.

ਕਕੁਦ: ਸੰ. ਸੰਗਜਾ- ਪਹਾੜ ਦੀ ਚੋਟੀ. ਟਿੱਲਾ। ੨. ਰਾਜੇ ਦੇ ਛਤ੍ਰ, ਚੋਰ ਆਦਿਕ ਚਿੰਨ੍ਹ। ੨. ਢੱਟੇ ਦੇ ਕੰਨ੍ਹਿਆਂ ਉੱਪਰ ਦਾ ਉੱਚਾ ਮਾਂਸਪਿੰਡ. ਢੱਟ.

ਕਕੁਦਸ੍ਥ: ਦੇਖੋ, ਪੁਰੰਜਯ.

ਕਕੁਦਮਿਨ: ਸੰ. ककूद्मिन ਕਕੁਦ (ਢੱਟ) ਵਾਲਾ. ਢੱਟਾ. ਨਰਬੈਲ. ਸਾਂਡ. ਸਾਨ੍ਹ। ੨. ਬੈਲ.

ਕਕੁਭ: ਸੰ. ਸੰਗਜਾ- ਸ਼ਿਵ। ੨. ਇੱਕ ਪਹਾੜ। ੩. ਵੀਣਾ ਦਾ ਤੂੰਬਾ। ੪. ਲਿੰਗ ਪੁਰਾਣ ਅਨੁਸਾਰ ਇੱਕ ਤੀਰਥ। ੫. ਇੱਕ ਛੰਦ. ਲੱਛਣ- ਤਿੰਨ ਚਰਣ. ਪਹਿਲੇ ਚਰਣ ਵਿੱਚ ਅੱਠ, ਦੂਜੇ ਵਿੱਚ ਬਾਰਾਂ, ਤੀਜੇ ਵਿੱਚ ਅਠਾਰਾਂ ਅੱਖਰ. ਅੰਤ ਲਘੁ ਗੁਰੁ ਦਾ ਨੇਮ ਨਹੀਂ.

ਉਦਾਹਰਣ-

ਭਜੋ ਸਦਾ ਦਸ਼ਮੇਸ਼,

ਕਰੈ ਸ਼੍ਰਿਗਾਲਨ ਤੁਰਤ ਮ੍ਰਿਗੇਸ਼,

ਚਟਕਾ ਬਾਜ਼ ਕਾਗ ਹਨਐ ਹੰਸਾ ਪਟਬੀਜਨਾ ਦਿਨੇਸ਼.

ਕਕੁਭਾ: ਇੱਕ ਛੰਦ. ਇਸ ਦਾ ਨਾਉਂ "ਕੁਕੁਭ" ਅਤੇ "ਪ੍ਰਮੋਦਕ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੩੦ ਮਾਤ੍ਰਾ, ੧੬- ੧੪ ਪੁਰ ਵਿਸ਼੍ਰਾਮ, ਅੰਤ ਦੋ ਗੁਰੁ.

ਉਦਾਹਰਣ-

ਸ਼ਸਤਰ ਵਿਦਯਾ ਸਿੱਖੀ ਨਾਹੀ,

ਨਾ ਤੁਰੰਗ ਦੀ ਅਸਵਾਰੀ,

ਸਿੱਖੀ ਦੀ ਨਾ ਰਹਿਤ ਕਮਾਈ,

ਤਨਖਾਹੀਆ ਹੈ ਭਾਰੀ. xxx

ਕੱਕਰ: ਦੇਖੋ, ਕਕਰ। ੨. ਕੰਕਰ ਜੇਹੀ ਬਰਫ਼ ਦਾ। ੩. ਬਰਫ ਦਾ ਕੰਕਰ. ਗੜਾ. ਓਲਾ। ੪. ਇੱਕ ਖਤ੍ਰੀ ਗੋਤ. ਕੱਕੜ ਭੀ ਇਸ ਦਾ ਉੱਚਾਰਣ ਹੈ.

ਕੱਕੜ: ਦੇਖੋ, ਕਕੜ ਅਤੇ ਕੱਕਰ.

ਕੱਕਾ: ਕ ਅੱਖਰ ਦਾ ਉਚਾਰਣ. ਕਕਾਰ। ੨. ਸਿੰਘਾਂ ਦਾ ਉਹ ਚਿੰਨ੍ਹ ਜਿਸ ਦੇ ਮੁੱਢ ਕ ਹੋਵੇ, ਜੈਸੇ- ਕੇਸ਼ ਕ੍ਰਿਪਾਣ ਕੱਛ। ੩. ਇੱਕ ਜਾਤਿ, ਜੋ ਜੇਹਲਮ ਦੇ ਪੂਰਵੀ ਕਿਨਾਰੇ ਵਸਦੀ ਹੈ. ਇਸ ਦਾ ਨਿਕਾਸ ਖਤ੍ਰੀਆਂ ਵਿੱਚੋਂ ਹੈ। ੪. ਦੇਖੋ, ਕੇਕਯ। ੫. ਦੇਖੋ, ਕੁੱਕਾ। ੬. ਵਿ- ਭੂਰੇ ਰੰਗਾ.

ਕਕ੍ਸ਼: ਸੰ. ਸੰਗਯਾ- ਕੱਛੀ. ਬਗਲ। ੨. ਡਿਹੁਡੀ। ੩. ਸਮਤਾ. ਬਰਾਬਰੀ। ੪. ਰੱਤੀ ਭਰ ਤੋਲ। ੫. ਗ੍ਰਹਾਂ ਦੇ ਘੁੰਮਣ ਦਾ ਗੋਲਾਕਾਰ ਰਸਤਾ। ੬. ਪੱਲਾ. ਲੜ.

ਕਖ: ਸੰ. ਕਕ੍ਸ਼. ਸੰਗਯਾ- ਸੁੱਕਿਆ ਹੋਇਆ ਘਾਹ. ਤ੍ਰਿਣ.

ਕਖਾਇ: ਦੇਖੋ, ਕਸਾਇ.

ਕਖਾਈ: ਵਿ- ਕਸ਼ਾਯ (ਭੂਸਲੇ) ਰੰਗ ਵਾਲਾ. ਭਗਵਾਂ। ੨. ਕਕ੍ਸ਼ (ਲੜ) ਵਾਲੀ ਧੋਤੀ. "ਤੇੜ ਧੋਤੀ ਕਖਾਈ." (ਵਾਰ ਆਸਾ) ਹਿੰਦੂਮਤ ਦੇ ਧਰਮਗ੍ਰੰਥਾਂ ਵਿੱਚ ਤਿੰਨ ਕਕ੍ਸ਼ ਦੀ ਧੋਤੀ ਬੰਨ੍ਹਣ ਦੀ ਆਗਯਾ ਹੈ, ਅਰਥਾਤ ਤਿੰਨ ਭਾਗ ਧੋਤੀ ਦੇ ਕਮਰ ਵਿੱਚ ਟੰਗੇ ਹਣ.

"वामे पृष्ठे तथा नाभौ कक्ष त्रयमुदाहृतम्।

राणभिः कक्षैः परीधत्ते यो विप्रः शुचिः स्मृतः"

(ਅਤ੍ਰਿ ਸਿਮ੍ਰਿਤਿ)[੩]

ਕਖੂਤਰ: ਕੁਕ੍ਸ਼ਿ ਭੀਤਰ. ਕੁੱਖ ਵਿੱਚ. "ਅਰਧ ਰਹਾ ਤਨ ਮਾਤ ਕਖੂਤਰ." (ਚਰਿਤ੍ਰ ੨੯੭)

ਕਗਰ: ਸੰਗਯਾ- ਪੌਣ ਦੇ ਵੇਗ ਨਾਲ ਰੇਤੇ ਪੁਰ ਬਣੀ ਹੋਈ ਤਰੰਗ ਦੇ ਆਕਾਰ ਦੀ ਲੀਕ। ੨. ਕਿਨਾਰਾ। ੩. ਬੱਟ. ਡੌਲ.

ਕਚ: ਸੰਗਯਾ- ਕੱਚਾਪਨ. "ਕਚ ਪਕਾਈ ਓਥੈ ਪਾਇ." (ਜਪੁ) ੨. ਕੰਚ. ਕੱਚ. ਕਾਂਚ. "ਕਚਹੁ ਕੰਚਨ ਭਇਓ." (ਸਵੈਯੇ ਮਃ ੪. ਕੇ) ੩. ਦੇਖੋ, ਕਚੁ। ੪. ਸੰਗਯਾ- ਮਨੂਰ "ਪਾਰਸ ਪਰਸ ਕਚ ਕੰਚਨਾ ਹੁਇ" (ਸਵੈਯੇ ਮਃ ੪. ਕੇ) ੫. ਸੰ. ਕੇਸ਼ ਜੋ ਸਿਰ

ਉੱਪਰ ਚਮਕਦੇ ਹਨ (कच् ਧਾ- ਚਮਕਣਾ. ਸ਼ਬਦ ਕਰਨਾ) "ਕਚ ਘੁੰਘਰਾਰੰ ਔ ਹਾਰੰ." (ਰਾਮਾਵ) "ਛਤ੍ਰੀ ਵੈਸਨ ਕੇ ਕਚ ਹਰੇ." (ਗੁਪ੍ਰਸੂ) ੬. ਬੱਦਲ. ਮੇਘ। ਵ੍ਰਿਹਸਪਤਿ[੪] ਦਾ ਬੇਟਾ. "ਬਾਰੁਨੀ ਕਉ ਕਵਿ ਸਜਾਮ ਭਨੈ ਕਚ ਕੇ ਹਿਤ ਤੋ ਭ੍ਰਿਗੁਨੰਦ ਕਰਾਯੋ." (ਕ੍ਰਿਸਨਾਵ)

ਬ੍ਰਹਮਵੈਵਰਤੰ ਅਤੇ ਮਹਾਭਾਰਤ ਆਦਿਕ ਵਿੱਚ ਕਥਾ ਹੈ ਕਿ ਦੈਤਾਂ ਦੇ ਗੁਰੂ ਸ਼ੁਕ੍ਰ ਨੇ ਮਹਾਦੇਵ ਤੋਂ "ਮ੍ਰਿਤਸੰਜੀਵਨੀ" ਵਿਦਯਾ ਸਿੱਖੀ, ਜਿਸ ਨਾਲ ਮੁਰਦਾ ਜੀ ਉਠੇ. ਵ੍ਰਿਹਸਪਤਿ ਦਾ ਪੁਤ੍ਰ ਕਚ, ਸ਼ੁਕ੍ਰ ਦਾ ਚੇਲਾ ਬਣਕੇ ਵਿਦਯਾ ਸਿੱਖਣ ਲੱਗਾ. ਦੈਤਾਂ ਨੇ ਵਿਚਾਰਿਆ ਕਿ ਜੇ ਕਚ ਮ੍ਰਿਤਸੰਜੀਵਨੀ ਵਿਦਯਾ ਸਿੱਖ ਗਿਆ, ਤਦ ਦੇਵਤਾ ਅਜੀਤ ਹੋ ਜਾਣਗੇ, ਕਿਉਂਕਿ ਜੋ ਜੰਗ ਵਿੱਚ ਮਰੇਗਾ, ਕਚ ਉਸ ਨੂੰ ਜਿਵਾ ਲਊ. ਦੈਤਾਂ ਨੇ ਇਸ ਡਾਹ ਨਾਲ ਕਚ ਮਾਰ ਦਿੱਤਾ. ਸ਼ੁਕ੍ਰ ਦੀ ਬੇਟੀ ਦੇਵਯਾਨੀ ਜੋ ਕਚ ਉੱਪਰ ਮੋਹਿਤ ਸੀ, ਉਸ ਕਚ ਬਿਨਾ ਵਜਾਕੁਲ ਹੋ ਗਈ ਅਰ ਆਪਣੇ ਬਾਪ ਨੂੰ ਆਖਕੇ ਕਚ ਜਿਉਂਦਾ ਕਰਾਲਿਆ. ਫੇਰ ਕਈ ਵਾਰ ਦੈਤਾਂ ਨੇ ਕਚ ਮਾਰਿਆ, ਪਰ ਦੇਵਯਾਨੀ ਦੀ ਕ੍ਰਿਪਾ ਨਾਲ ਹਰ ਵਾਰ ਜੀਵਨ ਨੂੰ ਪ੍ਰਾਪਤ ਹੁੰਦਾ ਰਹਿਆ. ਅੰਤ ਨੂੰ ਖਿਝਕੇ ਦੈਤਾਂ ਨੇ ਕਚ ਦਾ ਕੀਮਾ ਕਰਕੇ ਸ਼ਰਾਬ ਦੀ ਲਾਹਣ ਵਿੱਚ ਮਿਲਾਕੇ ਸ਼ਰਾਬ ਕੱਢੀ ਅਤੇ ਸ਼ੁਕ੍ਰ ਨੂੰ ਪਿਆਈ. ਜਦ ਦੇਵਯਾਨੀ ਦੇ ਕਹਿਣ ਤੇ ਕਚ ਨੂੰ ਸ਼ੁਕ੍ਰ ਨੇ ਬੁਲਾਇਆ, ਤਦ ਉਹ ਸ਼ੁਕ੍ਰ ਦੇ ਪੇਟ ਵਿੱਚ ਬੋਲਿਆ. ਸ਼ੁਕ੍ਰ ਨੇ ਕਚ ਨੂੰ ਆਪਣੇ ਪੇਟ ਵਿੱਚ ਹੀ ਮ੍ਰਿਤਸੰਜੀਵਨੀ ਵਿਦਯਾ ਸਿਖਾਈ, ਅਤੇ ਆਪਣਾ ਪੇਟ ਚਾਕ ਕਰਵਾਕੇ ਕਚ ਨੂੰ ਬਾਹਰ ਕੱਢਿਆ. ਕਚ ਨੇ ਵਿਦਯਾ ਦੇ ਪ੍ਰਭਾਵ ਨਾਲ ਸ਼ੁਕ੍ਰ ਨੂੰ ਜਿਵਾਲਿਆ.

ਕਚਅਰਿ: ਸੰਗਯਾ- ਰੋਮਨਾਸ਼ਨੀ, ਜੋ ਕਚ (ਕੇਸ਼ਾਂ) ਦੀ ਵੈਰਣ ਹੈ.[੫] "ਕਚਅਰਿ ਲਾਯ ਦੂਰ ਕਚ ਕਿਯੇ." (ਚਰਿਤ੍ਰ ੧੧੯) ੨. ਉਸਤਰਾ. ਹਜਾਮਤ ਦਾ ਸੰਦ.

ਕਚਹਰੀ: ਸੰ. ਕੁਤਸਿਤ ਹਰੀ. ਕੁਤ੍ਸਿਤ (ਨਿੰਦਤ) ਕਰਮ ਦੇ ਹਰਣ (ਮਿਟਾਉਣ) ਵਾਲੀ. ਅ਼ਦਾਲਤੀ ਦੇ ਬੈਠਣ ਦੀ ਥਾਂ. ਨਜਾਯਸ਼ਾਲਾ। ੨. ਕਚ (ਕੇਸ਼ਾਂ) ਦੇ ਨਾਸ਼ ਕਰਨ ਵਾਲੀ. ਰੋਮਨਾਸ਼ਨੀ. ਦੇਖੋ, ਕਚਅਰਿ.

ਕਚਹਿਰੀ: ਦੇਖੋ, ਕਚਹਰੀ ੧.

ਕਚਕੜਾ: ਕੱਚ (ਕੰਚ) ਦਾ ਕੜਾ (ਕੰਗਣ). ਚੂੜੀ। ੨. ਕੰਚ ਦਾ ਮਣਕਾ.

ਕਚਕੋਲ: ਫ਼ਾ. کچکول ਕਚਕੂਲ. ਸੰਗਯਾ- ਫਕੀਰਾਂ ਦਾ ਭਿਖਯਾ ਮੰਗਣ ਦਾ ਪਾਤ੍ਰ. ਖੱਪਰ. "ਭਰ ਕਚਕੋਲ ਪ੍ਰਸਾਦ ਦਾ." (ਭਾਗੁ)

ਕਚਧਾਗਾ: ਕੱਚਾ ਧਾਗਾ. ਭਾਵ, ਕਮਜ਼ੋਰ ਸੰਬੰਧ. "ਤੂਟੇ ਕਚ ਧਾਗੇ." (ਵਾਰ ਰਾਮ ੨, ਮਃ ੫)

ਕਚਨ ਕੱਚ: ਵਿ- ਕੱਚੇ ਵਿੱਚੋਂ ਕੱਚਾ. ਅਤਿ ਕੱਚਾ. ਮਹਾਨ ਕੱਚਾ. ਅਤਯੰਤ ਚਲਾਇਮਾਨ। ੨. ਜੋ ਥੋੜੇ ਸਮੇਂ ਲਈ ਭੀ ਨਿਸ਼ਚਾ ਨਹੀਂ ਕਰ ਸਕਦਾ। ੩. ਸ਼੍ਰੱਧਾਹੀਨ.

ਕਚਨਾਰ, ਕਚਨਾਲ: ਸੰ. कञ्चनार ਕਾਂਚਨਾਰ. ਸੰਗਯਾ- ਇੱਕ ਬਿਰਛ, ਜਿਸ ਦੀ ਕਲੀਆਂ ਦੀ ਭਾਜੀ ਬਣਦੀ ਹੈ ਜੋ ਲਹੂ ਦੇ ਵਿਕਾਰ ਅਤੇ ਆਤਸ਼ਕ ਆਦਿ ਰੋਗਾਂ ਨੂੰ ਦੂਰ ਕਰਦੀ ਹੈ. L. Bauhinia Variegata.

ਕਚਨਿਕਚੁ: ਦੇਖੋ, ਕਚਨਕੱਚ. "ਅੰਧਾ ਕਚਾ ਕਚਨਿਕਚੁ." (ਸ੍ਰੀ ਮਃ ੧)

ਕਚਪਚ, ਕਚਪਾਚਾ, ਕਚਪਿਚ, ਕਚਪਿਚੁ: ਵਿ- ਕੱਚਾ ਪਿੱਲਾ. ਝੂਠਾ ਅਤੇ ਸ਼੍ਰਧਾ ਰਹਿਤ. "ਬਿਨਸਿ ਜਾਇ ਕੂੜਾ ਕਚ-ਪਾਚਾ." (ਗਉ ਮਃ ੪) ੨. ਸੰਗਯਾ- ਝੂਠ ਅਤੇ ਅਸ਼੍ਰੱਧਾ. "ਕਚਪਿਚ ਬੋਲਦੇ ਸੇ ਕੂੜਿਆਰ" (ਵਾਰ ਗਉ ੧. ਮਃ ੪)

ਕਚਰਾ: ਸੰਗਯਾ- ਖ਼ਰਬੂਜ਼ਾ ਮਤੀਰਾ ਆਦਿਕ ਫਲ, ਜੋ ਅਜੇ ਪੱਕਾ ਨਹੀਂ.

ਕਚਰਾਇਣ: ਅਨੁ. ਕਚਰ ਕਚਰ ਕਰਨਾ. ਦੰਤਕਥਾ. ਬਕਬਾਦ. "ਭਰਮਿ ਭੂਲੇ ਨਰ ਕਰਤ ਕਚਰਾਇਣ." (ਭੈਰ ਮਃ ੫) ੨. ਕੱਚਾਪਨ. ਉਹ ਬਾਤ, ਜੋ ਯੁਕ੍ਤਿ (ਦਲੀਲ) ਅਗੇ ਨ ਠਹਿਰ ਸਕੇ.

ਕਚਰੀ: ਸੰਗਯਾ- ਕੱਚੇ ਚਿੱਭੜ ਅਥਵਾ ਟਿੰਡੀ ਦੀ ਸੁੱਕੀ ਹੋਈ ਫਾੜੀ.

ਕਚੜਾ, ਕਚਾ: ਵਿ- ਜੋ ਪੱਕਿਆ ਨਹੀਂ, ਅਪਕ। ੨. ਸ਼੍ਰੱਧਾ ਰਹਿਤ. ਜਿਸ ਦੇ ਮਨ ਵਿੱਚ ਨਿਸ਼ਚਾ ਨਹੀਂ. "ਜੋ ਹੁਕਮ ਨ ਬੁਝੈ ਖਸਮ ਕਾ ਸੋਈ ਨਰ ਕਚਾ." (ਵਾਰ ਮਾਰੂ ੧, ਮਃ ੩) ੩. ਝੂਠਾ. ਪ੍ਰਤਿਗ੍ਯਾ ਭੰਗ ਕਰਨ ਵਾਲਾ. "ਬਚਨ ਕਰੈ ਤੇ ਖਿਸਕਿਜਾਇ ਬੋਲੈ ਸਭੁ ਕਚਾ." (ਵਾਰ ਮਾਰੂ ੨. ਮਃ ੫) "ਜਿਨਿ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ." (ਆਸਾ ਫਰੀਦ) "ਨਾਨਕ ਕਚੜਿਆ ਸਿਉ ਤੋੜ." (ਵਾਰ ਮਾਰੂ ੨. ਮਃ ੫) ੪. ਬਿਨਸਨ ਹਾਰ. "ਕਾਇਆ ਕਚੀ ਕਚਾ ਚੀਰੁ ਹੰਢਾਏ." (ਮਾਝ ਅਃ ਮਃ ੩)

ਕਚਾਈ: ਸੰਗਯਾ- ਕੱਚਾਪਨ.

ਕਚਾਣ: ਸੰਗਯਾ- ਕੱਚਾਪਨ. ਨਾਪਾਇਦਾਰੀ। ੨. ਵਿ- ਕੱਚਾ. "ਰੰਗ ਕਸੁੰਭ ਕਚਾਣ." (ਗੌਂਡ ਮਃ ੪)

ਕਚਾਰੂ, ਕਚਾਲੂ: ਸੰਗਯਾ- ਅਰਵੀ (ਗਾਗਟੀ) ਦੀ ਜਾਤਿ ਦਾ ਇੱਕ ਕੰਦ, ਜੋ ਆਲੂ ਦੀ ਤਰਾਂ ਜ਼ਮੀਨ ਵਿੱਚ ਹੁੰਦਾ ਹੈ. ਇਹ ਲੇਸਦਾਰ ਅਤੇ ਜ਼ਿਮੀਕੰਦ ਦੀ ਤਰਾਂ ਤੇਜ ਹੁੰਦਾ ਹੈ ਅਤੇ ਕਫਕਾਰਕ ਹੈ ਇਸ ਨੂੰ ਉਬਾਲ ਕੇ ਖਟਾਈ ਨਾਲ ਮਿਲਾਕੇ ਖਾਂਦੇ ਹਨ. ਤਰਕਾਰੀ ਭੀ ਚੰਗੀ ਬਣਦੀ ਹੈ. ਇਸ ਦੇ ਪੱਤਿਆਂ ਦੇ ਪਤੌੜ ਪਕਾਉਂਦੇ ਹਨ. "ਸ਼ਕਰ ਕਚਾਰੂ ਲਜਾਏ." (ਚਰਿਤ੍ਰ ੨੪) L. Arum Colocasia.

ਕਚੀ ਸਾਰੀ: ਕੱਚੀ ਨਰਦ. ਦੇਖੋ, ਪੱਕੀ ਸਾਰੀ. "ਆਪੇ ਧਰਿ ਦੇਖਹਿ ਕਚੀ ਪਕੀ ਸਾਰੀ." (ਮਾਝ ਅਃ ਮਃ ੩)

ਕਚੀਚੀ: ਸੰਗਯਾ- ਕ੍ਰੋਧ ਨਾਲ ਦੰਦਾਂ ਨੂੰ ਕਚ ਕਚ ਕਰਨਾ. ਦੰਦ ਪੀਹਣੇ.

ਕਚੀ ਚੋਲੀ: ਵਿ- ਨਾਪਾਇਦਾਰ ਪੋਸ਼ਾਕ. ਭਾਵ- ਬਿਨਸਨਹਾਰ ਦੇਹ. "ਕਾਮ ਕ੍ਰੋਧ ਦੀ ਕਚੀ ਚੋਲੀ." (ਮਾਰੂ ਸੋਲਹੇ ਮਃ ੧)

ਕਚੀ ਧਾਤੁ: ਖਾਨਿ ਤੋਂ ਨਿਕਲੀ ਹੋਈ ਧਾਤੁ, ਜੋ ਸੋਧੀ ਨਹੀਂ ਗਈ. ਭਾਵ- ਸੰਸਕਾਰ ਰਹਿਤ ਪੁਰਖ.

ਕਚੀ ਬਾਣੀ: ਸੰਗਯਾ- ਅਮਲ ਤੋਂ ਬਿਨਾਂ ਕੇਵਲ ਵਾਕ੍ਯਰਚਨਾ। ੨. ਸ਼੍ਰੀ ਗੁਰੂ ਨਾਨਕ ਦੇਵ ਸਿੱਧਾਂਤ ਤੋਂ ਵਿਰੁੱਧ ਬਾਣੀ. "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ." (ਅਨੰਦੁ)

ਕਚੀਮਤਿ: ਦ੍ਰਿੜ੍ਹਸ਼੍ਰੱਧਾ ਰਹਿਤ ਬੁੱਧਿ. "ਕਚੀ ਮਤਿ ਫੀਕਾ ਮੁਖਿ ਬੋਲ." (ਮਾਰੂ ਸੋਲਹੇ ਮਃ ੩)

ਕਚੁ: ਸੰਗਯਾ- ਕੰਚ. ਕਾਂਚ. ਕੱਚ। ੨. ਵਿ- ਕੱਚ ਰੰਗਾ. "ਨਾ ਭਗਵਾ ਨ ਕਚੁ." (ਵਾਰ ਮਾਰੂ ੧. ਮਃ ੧)

ਕਚੁਨਿਕਚੁ: ਦੇਖੋ, ਕਚਨਕਦ. "ਜੋ ਮਰਿ ਜੰਮੈ ਸੁ ਕਚੁ ਨਿਕਚੁ." (ਵਾਰ ਆਸਾ)

ਕਚੁਪਾਰਕੈ: ਵਾ- ਕਚ (ਕੇਸ) ਉਪਾੜਕੈ (ਪੁੱਟਕੇ). "ਸਿਰੋ ਕਚੁਪਾਰਕੈ." (ਚਰਿਤ੍ਰ ੧੫੦)

ਕਚੂਆ: ਵਿ- ਕੱਚਾ. "ਮਨਮੁਖ ਰੰਗ ਕਸੁੰਭ ਹੈ ਕਚੂਆ." (ਮਾਲੀ ਮਃ ੪) ੨. ਕੰਚਰੰਗਾ. ਕੰਚਈ। ੩. ਦੇਖੋ, ਕੰਚੂਆ.

ਕਚੂਰ: ਸੰ. ਕਚੂੰਰ. ਸੰਗਯਾ- ਜੰਗਲੀ ਹਲਦੀ. ਇਹ ਕਈ ਦਵਾਈਆਂ ਵਿੱਚ ਵਰਤੀਦੀ ਹੈ. L. Curcuma Zerumbet.

ਕਚੌਰੀ: ਸੰਗਯਾ- ਇੱਕ ਪ੍ਰਕਾਰ ਦੀ ਪੂਰੀ, ਜਿਸ ਦੀ ਤਹਿ ਅੰਦਰ ਪੀਠੀ ਆਦਿਕ ਦੇ ਕੇ ਘੀ ਵਿੱਚ ਤਲਦੇ ਹਨ. ਇਸ ਦਾ ਮੂਲ ਘ੍ਰਿਤਚੌਰੀ (ਘੀ ਚੁਰਾਉਣ ਵਾਲੀ) ਹੈ.

ਕੱਚਾ: ਦੇਖੋ, ਕਚਾ.

ਕੱਚਾ ਬੋਲਾ: ਖ਼ਾ. ਉਹ ਵਾਕ ਜੋ ਖਾਲਸੇ ਦੀ ਬੋਲਚਾਲ ਅਤੇ ਮਰਯਾਦਾ ਦੇ ਵਿਰੁੱਧ ਹੈ. ਜੈਸੇ- ਪ੍ਰਸਾਦੇ ਦੀ ਥਾਂ ਰੋਟੀ, ਫਕਣ ਦੀ ਥਾਂ ਖਾਣਾ, ਦਸਤਾਰੇ ਦੀ ਥਾਂ ਪਗੜੀ ਆਦਿ.

ਕੱਚੀ ਸਾਰੀ: ਦੇਖੋ, ਕਚੀ ਸਾਰੀ.

ਕੱਚੀ ਰਸੋਈ, ਕੱਚੀ ਰੋਟੀ: ਹਿੰਦੂਮਤ ਅਨੁਸਾਰ ਉਹ ਭੋਜਨ ਜੋ ਪਾਣੀ ਵਿੱਚ ਪਕਾਇਆ ਗਿਆ ਹੈ.

ਜੈਸੇ- ਦਾਲ ਰੋਟੀ ਅਤੇ ਉਬਲੇ ਹੋਏ ਚਾਵਲ ਆਦਿ. ਦੇਖੋ, ਪੱਕੀ ਰਸੋਈ.

ਕਛ: ਦੇਖੋ, ਕਛੁ। ੨. ਦੇਖੋ, ਕੱਛ। ੩. ਕੱਛਪ. ਕੱਛੂ. ਦੇਖੋ, ਕੱਛਪ ਅਵਤਾਰ.

ਕਛਉਟੀ: ਸੰਗਯਾ- ਕੱਛੋਟਿਕਾ. ਛੋਟੀ ਕੱਛ. ਜਾਂਘੀਆ. ਕਛਨੀ. "ਕਰਮ ਕਰਿ ਕਛਉਟੀ ਮਫੀਟਸਿ ਰੀ." (ਧਨਾ ਤ੍ਰਿਲੋਚਨ)

ਕਛਹਿਰਾ: ਅਮ੍ਰਿਤਧਾਰੀ ਸਿੰਘ ਦੀ ਮੁਹਰੀਦਾਰ ਕੱਛ.

ਕਛ ਕੂਰਮ: ਦੇਖੋ, ਕਛ ੩. ਅਤੇ ਕੂਰਮ ੫.

ਕਛਣਾ: ਕ੍ਰਿ- ਖੇਤੀ ਦੀ ਕਛ (ਹੱਦ) ਨੂੰ ਮਿਣਨਾ। ੨. ਬਯੋਂਤਣਾ. ਲੜ (ਕਛ) ਦੀ ਬਯੌਂਤ ਕਰਨੀ. "ਕੂੜਾ ਕਪੜੁ ਕਛੀਐ." (ਵਾਰ ਸੂਹੀ ਮਃ ੧)

ਕਛਣੀ: ਕੱਛੂ ਦੀ ਮਦੀਨ. ਕੱਛਪੀ। ੨. ਕੱਛਪ ਅਵਤਾਰ ਦੀ ਸ਼ਕਤਿ.

ਕਛਨੀ: ਛੋਟੀ ਕੱਛ. ਜਾਂਘੀਆ.

ਕਛਪ: ਦਖੋ, ਕੱਛਪ.

ਕਛਵਾਹਾ: ਰਾਜਪੂਤਾਂ ਦਾ ਇੱਕ ਗੋਤ. ਜੈਪੁਰ ਦੇ ਮਹਾਰਾਜਾ ਕਛਵਾਹਾ ਕੁਲ ਵਿੱਚੋਂ ਹਨ. ਕਿਤਨੇ ਕਵੀਆਂ ਨੇ ਲਿਖਿਆ ਹੈ ਕੱਛਪ ਅਵਤਾਰ ਦੇ ਉਪਾਸਕ ਰਾਜਪੂਤਾਂ ਦੀ ਕਛਵਾਹਾ ਸੰਗਯਾ ਹੋਈ ਹੈ. "ਜਯ ਸਿੰਘ ਭੂਪ ਹੁਤੋ ਕਛਵਾਹਾ." (ਗੁਪ੍ਰਸੂ)

ਕਛਾਰ: ਦੇਖੋ, ਕੱਛ ੧. "ਨਿਕਸਜੋ ਜਨੁ ਸਿੰਘ ਕਛਾਰ ਤੈਂ." (ਗੁਪ੍ਰਸੂ)

ਕਛੁ: ਦੇਖੋ, ਕਛੁਕ. "ਕਛੁ ਬਿਗਰਿਓ ਨਾਹਨ ਅਜਹੁ ਜਾਗ." (ਬਸੰ ਮਃ ੯) ੨. ਸੰਗਯਾ- ਕੱਛਪ. ਕੱਛੂ। ੩. ਕੱਛਪ ਅਵਤਾਰ. "ਆਪੇ ਮਛੁ ਕਛੁ ਕਰਣੀਕਰੁ." (ਮਾਰੂ ਸੋਲਹੇ ਮਃ ੧)

ਕਛੁਕ, ਕਛੂ, ਕਛੂਅ, ਕਛੂਅਕ: ਵਿ- ਕੁਛ. ਕੁਝ. ਥੋੜਾ. ਤਨਿਕ। ੨. ਤਨਿਕ ਮਾਤ੍ਰ. ਥੋੜਾ ਜੇਹਾ. ਥੋੜਾ ਸਾ. ਕਿੰਚਿਤ. "ਹਮ ਬਾਰਿਕ ਕਛੂਅ ਨ ਜਾਨਹਿ ਗਤਿ ਮਿਤਿ." (ਜੈਤ ਮਃ ੪) "ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ." (ਬਾਵਨ ਕਬੀਰ) "ਕਛੂ ਸਿਆਨਪ ਉਕਤਿ ਨ ਮੋਰੀ." (ਸੂਹੀ ਅਃ ਮਃ ੫) ੩. ਜਦ ਕਛੁ ਅਥਵਾ ਕੁਛ ਸ਼ਬਦ ਕਿਸੇ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ ਤਦ ਵਸਤੁ ਅਥਵਾ ਪਦਾਰਥ ਦਾ ਅਰਥ ਰਖਦਾ ਹੈ. "ਸਭਕਛੁ ਪ੍ਰਾਪਤ ਹੋਇ ਤੁਮਕੋ." (ਸਲੋਹ)

ਕਛੂਆ: ਸੰਗਯਾ- ਕੱਛੂ. "ਕਛੂਆ ਸੰਖ ਬਜਾਵੈ." (ਆਸਾ ਕਬੀਰ) ਦੇਖੋ, ਫੀਲੁ। ੨. ਇੱਕ ਪ੍ਰਕਾਰ ਦੀ ਸਿਤਾਰ, ਜਿਸ ਦਾ ਤੂੰਬਾ ਕੱਛੂ ਦੀ ਸ਼ਕਲ ਦਾ ਹੁੰਦਾ ਹੈ.

ਕਛੋਟੜਾ, ਕਛੋਟਾ: ਛੋਟੀ ਕੱਛ. ਜਾਂਘੀਆ. ਦੇਖੋ, ਕਛਉਟੀ। ੨. ਭਾਵ- ਦੇਹ. ਸ਼ਰੀਰ. "ਗਯਾ ਕਛੋਟਾ ਲੱਧਾ." (ਗੁਪ੍ਰਸੂ)

ਕਛੋਤ, ਕਛੋਤਿ: ਵਿ- ਕੁ- ਛੂਤ. ਨਾ ਛੁਹਣ ਯੋਗਯ. ਜਿਸ ਨਾਲ ਸਪਰਸ਼ ਨਾ ਕਰੀਏ. "ਨਾਮ ਬਿਨਾ ਝੂਠੇ ਕੁਚਲ ਕਛੋਤਿ." (ਬਿਲਾ ਅਃ ਮਃ ੧)

ਕਛੌਟੀ: ਦੇਖੋ, ਕਛਉਟੀ.

ਕੱਛ: ਸੰ. कच्छ ਨਦੀ ਆਦਿਕ ਦੇ ਕਿਨਾਰੇ ਦਾ ਦੇਸ਼. ਕਛਾਰ। ੨. ਬੰਬਈ ਹਾਤੇ ਦਾ ਇੱਕ ਦੇਸ਼, ਜਿਸ ਦੀ ਰਾਜਧਾਨੀ ਭੁਜ ਹੈ ਅਤੇ ਸਿੰਧੁ ਨਦ ਦੀ ਕੋਰੀ ਧਾਰਾ ਦੇ ਕਿਨਾਰੇ ਦਾ ਪੁਰਾਣਾ ਇਲਾਕਾ, ਜਿਸਦੀ ਰਾਜਧਾਨੀ ਕੋਟੀਸ਼੍ਵਰ ਸੀ। ੩. ਧੋਤੀ ਦਾ ਉਹ

ਪੱਲਾ, ਜੋ ਦੋਹਾਂ ਟੰਗਾਂ ਵਿੱਚਦੀਂ ਲਿਆਕੇ ਪਿੱਛੇ ਟੰਗੀਦਾ ਹੈ. ਲਾਂਗ। ੪. ਦੇਖੋ, ਕੱਛਪ। ੫. ਕਛਹਿਰਾ. ਖ਼ਾਲਸੇ ਦਾ ਵਡਾ ਜਾਂਘੀਆ, ਜਿਸ ਨੂੰ ਅਮ੍ਰਿਤਧਾਰੀ ਸਿੰਘ ਪਹਿਨਦੇ ਹਨ. ਇਹ ਸਿੰਘਾਂ ਦਾ ਤੀਜਾ ਕਕਾਰ (ਕੱਕਾ) ਹੈ.

ਕੱਛਪ: ਸੰ. कच्छप ਸੰਗਯਾ- ਕੱਛੂ. ਨਿਰੁਕ੍ਤ ਨੇ ਅਰਥ ਕੀਤਾ ਹੈ ਕਿ ਕੱਛ (ਖੋਲ) ਜਿਸ ਦੀ ਪ. (ਰਖ੍ਯਾ) ਕਰੇ, ਉਹ ਕੱਛਪ ਹੈ. ਕੱਛੂ ਦੇ ਜਿਸਮ ਤੇ ਕਰੜਾ ਖੋਲ (ਗ਼ਿਲਾਫ਼) ਹੁੰਦਾ ਹੈ। ੨. ਦੇਖੋ, ਦੋਹਰੇ ਦਾ ਰੂਪ ੫.

ਕੱਛਪ ਅਵਤਾਰ: ਭਾਗਵਤ ਵਿੱਚ ਕਥਾ ਹੈ ਕਿ ਜਦ ਦੇਵਤਾ ਅਤੇ ਦੈਤ ਖੀਰਸਮੁੰਦਰ ਰਿੜਕਣ ਲਗੇ, ਤਦ ਮੰਦਰਾਚਲ ਮਧਾਣੀ ਦੀ ਥਾਂ ਕੀਤਾ, ਪਰ ਮਧਾਣੀ ਇਤਨੀ ਭਾਰੀ ਸੀ ਜੋ ਥੱਲੇ ਧਸਦੀ ਜਾਂਦੀ ਸੀ. ਵਿਸ਼ਨੁ ਨੇ ਕੱਛੂ ਦਾ ਰੂਪ ਧਾਰਕੇ ਮੰਦਰ ਦੇ ਹੇਠ ਪਿੱਠ ਦਿੱਤੀ, ਜਿਸ ਤੋਂ ਆਸਾਨੀ ਨਾਲ ਰਿੜਕਣ ਦਾ ਕੰਮ ਆਰੰਭ ਹੋਇਆ. ਵ੍ਯਾਸ ਜੀ ਨੇ ਲਿਖਿਆ ਹੈ ਕਿ ਕੱਛੂ ਦੀ ਪਿੱਠ ਲੱਖ ਯੋਜਨ (ਚਾਰ ਲੱਖ ਕੋਹ) ਦੀ ਸੀ.

ਕੱਛਪੀ: ਸੰ. ਸੰਗ੍ਯਾ- ਕੱਛੂ ਦੀ ਮਦੀਨ. ਕਛੁਈ.

ਕੱਛਾਲ, ਕੱਛਾਲਾ: ਵਿ- ਕੱਛ ਵਾਲਾ. ਕਛਹਿਰਾਧਾਰੀ। ੨. ਜਾਂਘੀਆ ਰੱਖਣ ਵਾਲਾ. ਦੇਖੋ, ਕੱਛੀ.

ਕੱਛੀ: ਸੰਗ੍ਯਾ- ਕੁਕ੍ਸ਼ਿ. ਕੁੱਖ। ੨. ਸੰ. ਨਿਕਕ੍ਸ਼. ਬਾਂਹ ਦੇ ਮੂਲ ਹੇਠ ਦਾ ਟੋਆ. Armpit । ੩. ਕੁੜਤੇ ਆਦਿਕ ਦਾ ਉਹ ਭਾਗ, ਜੋ ਬਗਲ ਵੱਲ ਹੁੰਦਾ ਹੈ। ੪. ਕੱਛ ਦੇਸ਼ ਦਾ. "ਉੱਛਲਿਯੇ ਕੱਛੀ ਕੱਛਾਲੇ." (ਰਾਮਾਵ) ੫. ਕੱਛ ਵਾਲਾ. ਕੱਛ ਧਾਰੀ.

ਕੱਛੂ: ਦੇਖੋ, ਕੱਛਪ.

ਕਛ੍ਵਾਹਾ: ਦੇਖੋ, ਕਛਵਾਹਾ. "ਕਛ੍ਵਾਹੇ ਰਠੌਰੇ ਬਘੇਲੇ ਖੰਡੇਲੇ." (ਚਰਿਤ੍ਰ ੩੨੦)

ਕਜ: ਫ਼ਾ. کج ਸੰਗ੍ਯਾ- ਵਿੰਗ. ਟੇਢ। ੨. ਕਸਰ. ਕਮੀ. ਘਾਟਾ. "ਸੋਉ ਸੁਰਤਵੰਤ ਰਚੀ ਬ੍ਰਹਮਾ ਕਰਕੈ ਅਤਿ ਹੀ ਰੁਚਿ, ਕੈ ਨ ਕਜੈਂ." (ਕ੍ਰਿਸਨਾਵ) ੩. ਸੰ. ਕਮਲ, ਜੋ ਕ (ਜਲ) ਤੋਂ ਪੈਦਾ ਹੁੰਦਾ ਹੈ. ਕੰਜ ਸ਼ਬਦ ਭੀ ਸੰਸਕ੍ਰਿਤ ਹੈ। ੪. ਦੇਖੋ, ਕਜਣਾ। ੫. ਫ਼ਾ. کز ਕਜ਼. ਕਿ- ਅਜ਼ ਦਾ ਸੰਖੇਪ. ਕਿ ਉਸ ਤੋਂ.

ਕਜਕੁਲਾਹ: ਫ਼ਾ. کجکلاہ ਟੇਢੀ ਟੋਪੀ ਵਾਲਾ. ਭਾਵ- ਬਾਂਕਾ.

ਕਜਣਾ: ਕ੍ਰਿ- ਢਕਣਾ. ਆਛਾਦਨ ਕਰਨਾ.

ਕਜਬ: ਦੇਖੋ, ਕਿਜਬ.

ਕਜਰ, ਕਜਰਾ: ਦੇਖੋ, ਕੱਜਲ. "ਹਾਰ ਕਜਰ ਬਸਤ੍ਰ ਅਭਰਨ ਕੀਰਨੇ." (ਬਿਲਾ ਮਃ ੫. ਪੜਤਾਲ)

ਕਜਰਾਖੀ, ਕਜਰਾਛੀ, ਕਜਰਾਰਨਿ: ਵਿ- ਕੱਜਲ ਹੈ ਜਿਸ ਦੀਆਂ ਅੱਖਾਂ ਵਿੱਚ ਅਜਿਹੀ ਇਸਤ੍ਰੀ. ਅੱਖਾਂ ਵਿੱਚ ਕੱਜਲ ਪਾਉਣ ਵਾਲੀ. "ਕਜਰਾਰਨਿ ਕੋ ਨ ਬ੍ਰਿਥਾ ਦੁਖ ਦੀਜੈ." (ਕ੍ਰਿਸਨਾਵ)

ਕਜਰਾਰਾ: ਵਿ- ਕੱਜਲ ਵਾਲਾ. "ਖੰਜਨ ਸੇ ਮਨਰੰਜਨ ਰਾਜਤ ਕੰਜਨ ਸੇ ਅਤਿ ਹੀ ਕਜਰਾਰੇ." (ਚਰਿਤ੍ਰ ੧੧੧) ੨. ਕੱਜਲ ਰੰਗਾ. ਸ਼੍ਯਾਮ. ਕਾਲਾ.

ਕਜਰਾਰੀ: ਦੇਖੋ, ਕਜਰਾਰਨਿ.

ਕਜਰੀਬਨ: ਦੇਖੋ, ਕਜਲੀਬਨ "ਤਾਹਿੰ ਰਾਜ ਕਜਰੀਬਨ ਕੋ ਦੀਓ." (ਗੁਰਸੋਭਾ)

ਕਜਲ: ਦੇਖੋ, ਕੱਜਲ. "ਕਜਲ ਰੇਖ ਨ ਸਹਿਦਿਆ." (ਸ. ਫਰੀਦ)

ਕਜ਼ਲਬਾਸ਼: ਤੁ قزلباش ਕ਼ਿਜ਼ਲਬਾਸ਼. ਵਿ- ਲਾਲ ਸਿਰ ਵਾਲਾ. ਈਰਾਨ ਦੇ ਬਾਦਸ਼ਾਹ اسماعیل صفوی ਇਸਮਾਈ਼ਲ ਸਫ਼ਵੀ ਨੇ

ਜਦ ਆਪਣੀ ਫ਼ੌਜ ਤਿਆਰ ਕੀਤੀ, ਤਦ ਉਸ ਦੇ ਸਿਰ ਪੁਰ ਲਾਲ ਟੋਪੀ ਪਹਿਨਾਈ. ਉਸ ਵੇਲੇ ਫ਼ੌਜੀਆਂ ਦਾ ਨਾਉਂ ਲਾਲ ਸਿਰ ਵਾਲੇ ਹੋ ਗਿਆ. ਉਨ੍ਹਾਂ ਸਿਪਾਹੀਆਂ ਦੀ ਔਲਾਦ ਦੀ ਸੰਗ੍ਯਾ ਕ਼ਜ਼ਲਬਾਸ਼ ਹੋਈ.

ਕਜਲਾਖੀ: ਦੇਖੋ, ਕਜਰਾਖੀ.

ਕਜਲੀ: ਕੱਜਲ ਜੇਹੀ ਬਰੀਕ ਪੀਠੀ ਹੋਈ ਵਸਤੁ.

ਕਜਲੀਬਨ: ਕਦਲੀ (ਕੇਲਿਆਂ) ਦਾ ਜੰਗਲ "ਕਾਇਆ ਕਜਲੀਬਨੁ ਭਇਆ, ਮਨੁ ਕੁੰਚਰ ਮਯਮੰਤੁ." (ਸ. ਕਬੀਰ) ਮਸਤ ਹਾਥੀ ਤਾਂ ਦਰਖ਼ਤਾਂ ਨੂੰ ਭੀ ਤੋੜ ਸੁੱਟਦਾ ਹੈ, ਕੇਲਿਆਂ ਦਾ ਬਨ ਦਲ ਦੇਣਾ ਤਾਂ ਬਹੁਤ ਹੀ ਸੌਖਾ ਹੈ। ੨. ਆਸਾਮ ਦਾ ਇੱਕ ਪ੍ਰਸਿੱਧ ਜੰਗਲ, ਜਿਸ ਵਿੱਚ ਬਹੁਤ ਹਾਥੀ ਰਹਿੰਦੇ ਹਨ.

ਕਜਾ: ਅ਼. قضا ਕ਼ਜ਼ਾ. ਸੰਗ੍ਯਾ- ਈਸ਼੍ਵਰ ਦਾ ਹੁਕਮ. ਭਾਵ- ਮੌਤ। ੨. ਕਾਜੀ ਦੀ ਪਦਵੀ. ਕਾਜੀਪੁਣਾ। ੩. ਕਾਜੀ ਦਾ ਫੈਸਲਾ. ਕਾਜੀ ਦੀ ਦਿੱਤੀ ਵ੍ਯਵਸ੍ਥਾ.

ਕਜ਼ਾਂ: ਫ਼ਾ. کزاں ਕਿ- ਅਜ਼- ਆਂ ਦਾ ਸੰਖੇਪ. ਕਿ ਉਸ ਤੋਂ.

ਕਜਾਇ: ਦੇਖੋ, ਕਜਾ.

ਕਜਾਵਾ: ਫ਼ਾ. کجاوہ ਅਥਵਾ کجابہ ਸੰਗ੍ਯਾ- ਊਠ ਦੀ ਅਜੇਹੀ ਕਾਠੀ ਜਿਸ ਦੇ ਦੋਹੀਂ ਪਾਸੀਂ ਆਦਮੀ ਬੈਠ ਸਕਣ. ਖਾਸ ਕਰਕੇ ਇਸ ਦਾ ਰਿਵਾਜ ਅਰਬ ਵਿੱਚ ਬਹੁਤ ਹੈ.

ਕਜਿਆ: ਢਕਿਆ. "ਹਰਿ ਪੜਦਾ ਕਜਿਆ." (ਵਾਰ ਕਾਨ ਮਃ ੪)

ਕਜੀਆ: ਅ਼. قضیہ ਕ਼ਜ਼ੀਅਹ. ਸੰਗ੍ਯਾ- ਝਗੜਾ. ਮੁਕ਼ੱਦਮਾ.

ਕੱਜਣ: ਸੰਗ੍ਯਾ- ਢਕਣ ਦਾ ਵਸਤ੍ਰ ਅਥਵਾ ਢੱਕਣ ਆਦਿਕ ਕੋਈ ਵਸਤੁ. "ਰੱਤੂ ਭਰਿਆ ਕੱਪੜਾ ਕਰ ਕੱਜਣ ਤਾਸ." (ਭਾਗੁ) ੨. ਕ੍ਰਿ- ਕੱਜਣਾ. ਢਕਣਾ. ਆਛਾਦਨ ਕਰਨਾ.

ਕੱਜਣਾ: ਦੇਖੋ, ਕੱਜਣ ੨.

ਕੱਜਣੁ: ਦੇਖੋ, ਕੱਜਣ.

ਕੱਜਲ: ਸੰ. ਸੰਗ੍ਯਾ- ਸੁਰਮਾ. ਕਾਜਲ। ੨. ਸਿਆਹੀ. ਕਾਲਸ। ੩. ਭਾਵ- ਮਾਇਆ। ੪. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੧੪. ਮਾਤ੍ਰਾ, ਅੰਤ ਗੁਰੁ ਲਘੁ. ਉਦਾਹਰਣ-

ਗੁਰੁ ਸੇਵਉ ਕਰਿ ਨਮਸਕਾਰ, xxx

ਆਜ ਹਮਾਰੈ ਮੰਗਲਚਾਰ. ੬

ਆਜੁ ਹਮਾਰੈ ਗ੍ਰਿਹਿ ਬਸੰਤ,

ਗੁਨ ਗਾਏ ਪ੍ਰਭ ਤੁਮ ਬੇਅੰਤ.

(ਬਸੰ ਮਃ ੫)

ਕੱਜ਼ਾਕ, ਕ਼ੱਜ਼ਾਕ਼: ਅ਼. قزاق ਡਾਕੂ. ਲੁਟੇਰਾ। ੨. ਰੂਸ ਦੇ ਦੱਖਣ ਖ਼ੁਸ਼ਕ ਮੈਦਾਨਾਂ ਵਿੱਚ ਵਸਣ ਵਾਲੀ ਇੱਕ ਜਾਤੀ ਜਿਸ ਦੇ ਬਹੁਤ ਆਦਮੀ ਰੂਸੀ ਰਸਾਲਿਆਂ ਵਿੱਚ ਭਰਤੀ ਹੁੰਦੇ ਹਨ. ਖਿਆਲ ਕੀਤਾ ਜਾਂਦਾ ਹੈ ਕਿ ਇਹ ਤੁਰਕਾਂ ਤੇ ਰੂਸੀਆਂ ਦੇ ਮੇਲ ਤੋਂ ਹੈ. Cossack.

ਕਟ: ਦੇਖੋ, ਕਟਿ। ੨. ਦੇਖੋ, ਕਟਣਾ। ੩. ਕਟਕ (ਕੜੇ) ਦਾ ਸੰਖੇਪ. "ਕਰ ਮਹਿ ਕਟ ਪਦ ਨੂਪਰ ਸੋਹੈ." (ਨਾਪ੍ਰ) ੪. ਦੇਖੋ, ਕੱਟ। ੫. ਸੰ. ਕਟ. ਚਟਾਈ. ਸਫ। ੬. ਖਸ। ੭. ਬਟੇਰ (ਪਟੇਰ) ਘਾਸ। ੮. ਮੌਸਮ. ਰੁੱਤ। ੯. ਲੋਥ। ੧੦. ਅਰਥੀ. ਸੀੜ੍ਹੀ। ੧੧. ਹਾਥੀ ਦੀ ਕਨਪਟੀ.

ਕਟਹਰ, ਕਟਹਲ: ਸੰ. कण्टकिफल ਕੰਟਕਿਫਲ. ਵਿ- ਕਟੈਲ ਦਾ ਬਿਰਛ ਅਤੇ ਉਸ ਦਾ ਫਲ. ਪਨਸ. ਇਹ ਸਦਾ ਹਰਾ ਰਹਿਣ ਵਾਲਾ ਦਰਖ਼ਤ ਹੈ ਅਤੇ ਗਰਮ ਦੇਸ਼ਾਂ ਵਿੱਚ ਹੁੰਦਾ ਹੈ. ਇਸ ਦੇ ਫਲ ਬਿਨਾ ਫੁੱਲ ਆਏ ਹੀ ਟਾਹਣੀਆਂ ਵਿੱਚੋਂ ਨਿਕਲ ਆਉਂਦੇ ਹਨ, ਅਤੇ ਫਲਾਂ ਪੁਰ ਬਾਰੀਕ ਕੰਡੇ ਹੁੰਦੇ ਹਨ. ਇਸ ਦੇ ਕੱਚੇ ਫਲਾਂ ਦੀ ਤਰਕਾਰੀ ਅਤੇ ਅਚਾਰ ਬਣਾਈਦਾ ਹੈ. ਪੱਕੇ ਫਲ ਖਾਣ ਦੇ ਕੰਮ ਆਉਂਦੇ ਹਨ. L. Artocarpus integrifolia.

ਕਟਕ: ਸੰ. ਸੰਗਯਾ- ਫ਼ੌਜ. ਸੈਨਾ. "ਕਟਕ ਬਟੋਰ ਆਨ ਰਜਧਾਨੀ." (ਨਾਪ੍ਰ) ੨. ਸਮੁਦਾਯ. ਗਰੋਹ. "ਪਾਲਿਓ ਕਟਕ ਕੁਟੰਬ." (ਸ. ਕਬੀਰ) ੩. ਸੇਂਧਾ ਲੂਣ। ੪. ਰਾਜਧਾਨੀ। ੫. ਕੰਗਣ. ਕੜਾ "ਅਨਿਕ ਕਟਕ ਜੈਸੇ ਭੂਲਿਪਰੇ." (ਸੋਰ ਰਵਿਦਾਸ) ੬. ਉੜੀਸੇ ਦਾ ਇੱਕ ਪ੍ਰਸਿੱਧ ਸ਼ਹਿਰ.

ਕਟਕ ਕੁਟੰਬ: ਦੇਖੋ, ਕਟਕ ੨.

ਕਟ ਕਾਟਿ: ਕ੍ਰਿ. ਵਿ- ਖੰਡ ਖੰਡ (ਟੂਕ ਟੂਕ) ਕਰਕੇ. ਟੁਕੜੇ ਟੁਕੜੇ ਕਰਕੇ.

ਕਟਣਾ: ਕ੍ਰਿ- ਵਿਤਾਉਣਾ. ਗੁਜ਼ਾਰਨਾ. ਜਿਵੇਂ- ਵੇਲਾ ਕਟਣਾ ਅਤੇ ਦਿਨ ਕਟਣਾ ਆਦਿ। ੨. ਸੰ. कर्तन ਕਰ੍‍ਤਨ. ਸੰਗਯਾ- ਵੱਢਣਾ. ਟੁੱਕਣਾ. "ਕਟੀਐ ਤੇਰਾ ਅਹੰਰੋਗ." (ਗਉ ਮਃ ੫) ਦੇਖੋ, ਅੰਃ Cut.

ਕਟਰਾ: ਸੰਗਯਾ- ਕ੍ਰੀਤਾਲਯ. ਵਪਾਰ ਦਾ ਕੂਚਾ. ਸੌਦੇ ਦਾ ਬਾਜ਼ਾਰ. ਕਟੜਾ। ੨. ਕਟਹਰਾ. ਜੰਗਲਾ.

ਕਟਲ: ਦੇਖੋ, ਕਟਹਲ.

ਕਟੜਾ: ਦੇਖੋ, ਕਟਰਾ.

ਕਟਾ: ਸੰਗਯਾ- ਟੋਕਾ. ਕੁਤਰਾ. ਕੀਮਾ. "ਕਟਾ ਕਰਹੁ ਸਤ੍ਰੂ ਸਮੁਦਾਈ." (ਗੁਪ੍ਰਸੂ)

ਕਟਾਈ: ਸੰਗਯਾ- ਵਢਾਈ. ਵਾਢੀ। ੨. ਵੱਢਣ ਦੀ ਮਜੂਰੀ.

ਕਟਾਸ: ਜੇਹਲਮ ਦੇ ਜਿਲੇ ਇੱਕ ਤੀਰਥ, ਜੋ ਪਿੰਡ ਦਾਦਨਖਾਨ ਤੋਂ ੧੫. ਮੀਲ ਉੱਤਰ ਵੱਲ ਹੈ, ਜਿੱਥੇ ਕੁਦਰਤੀ ਪਾਣੀ ਦਾ ਇੱਕ ਪ੍ਰਵਾਹ ਨਿਕਲਦਾ ਹੈ. ਇਸ ਥਾਂ ਵੈਸਾਖੀ ਦੇ ਮੇਲੇ ਪੁਰ ਜਗਤਗੁਰੂ ਨਾਨਕ ਦੇਵ ਅਕਾਲੀਧਰਮ ਦਾ ਪ੍ਰਚਾਰ ਕਰਦੇ ਹੋਏ ਪਧਾਰੇ ਹਨ. ਹਿੰਦੂ ਵਿਸ਼੍ਵਾਸ ਕਰਦੇ ਹਨ ਕਿ ਕਟਾਸ (कटाक्ष) ਅਤੇ ਪੁਸਕਰ (पुष्कर) ਦੋਵੇਂ ਸ਼ਿਵ ਦੀਆਂ ਅੱਖਾਂ ਹਨ. "ਮਧਯ ਕਟਾਸ ਕਰਾ ਅਸਥਾਨਾ." (ਪਾਰਸਾਵ) ਦਸਗ੍ਰੰਥ ਅਨੁਸਾਰ ਪਾਰਸਨਾਥ ਨੇ ਕਟਾਸ ਵਿੱਚ ਦੇਹ ਤਿਆਗੀ ਹੈ.

ਕਟਾਹ: ਸੰ. ਸੰਗਯਾ- ਕੜਾਹਾ। ੨. ਕੱਛੂ ਦਾ ਖੋਪੜ। ੩. ਇੱਕ ਖਾਸ ਨਰਕ। ੪. ਭੈਂਸ (ਮੱਝ) ਦਾ ਬੱਚਾ, ਜਿਸ ਦੇ ਸਿੰਗ ਨਿਕਲਨ ਲੱਗੇ ਹੋਣ.

ਕਟਾਕੁੱਟ: ਕਟਵੱਢ. ਕ਼ਤਲਾਮ.

ਕਟਾਕ੍ਸ਼, ਕਟਾਖ, ਕਟਾਖਯ, ਕਟਾਛ: ਸੰ. कटाक्ष ਸੰਗਯਾ- ਅੱਖ ਦੇ ਕੋਏ ਨਾਲ ਦੇਖਣਾ. ਟੇਢੀ ਨਜਰ. ਬਾਂਕੀ ਚਿਤਵਨ. "ਕ੍ਰਿਪਾ ਖਟਾਖਯ ਅਵਿਲੋਕਨ ਕੀਨਉ." (ਧਨਾ ਮਃ ੫) "ਜਿਨਿ ਕਉ ਤੁਮਰੇ ਵਡ ਕਟਾਖ ਹੈਂ ਤੇ ਗੁਰਮੁਖਿ ਹਰਿ ਸਿਮਰਣੇ." (ਨਟ ਮਃ ੪) ੨. ਵਯੰਗ ਵਾਕ੍ਯ. ਰਮਜ। ੩. ਤਾਨਾ. ਤਨਜ਼.

ਕਟਾਣਾ: ਰਿਆਸਤ ਪਟਿਆਲਾ, ਤਸੀਲ ਪਾਇਲ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਦੋਰਾਹੇ ਤੋਂ ਤਿੰਨ ਮੀਲ ਈਸ਼ਾਨ ਕੋਣ ਹੈ. ਇਸ ਪਿੰਡ ਤੋਂ ਚੜ੍ਹਦੇ ਵੱਲ ਨਹਿਰ ਦੇ ਕਿਨਾਰੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਹੈ, ਜਿਸ ਬੋਹੜ ਹੇਠ ਕੁਝ ਕਾਲ

ਵਿਸ਼੍ਰਾਮ ਕੀਤਾ ਹੈ ਉਹ ਹੁਣ ਮੌਜੂਦ ਹੈ.

ਕਟਾਰ: ਸੰ. ਵਿ- ਕਾਮੀ. ਛਿਨਾਲ। ੨. ਸੰ. ਕੱਟਾਰ. ਸੰਗ੍ਯਾ- ਇੱਕ ਦੁਧਾਰਾ ਛੋਟਾ ਸ਼ਸਤ੍ਰ, ਜੋ ਕਮਰ ਵਿੱਚ ਰੱਖੀਦਾ ਹੈ. ਦੇਖੋ, ਸਸਤ੍ਰ.

ਕਟਾਰਾ: ਦੇਖੋ, ਕਟਾਰ ੨. "ਕਮਰਿ ਕਟਾਰਾ ਬੰਕੁੜਾ." (ਵਾਰ ਰਾਮ ੧. ਮਃ ੧) ੨. ਕਟਾਕ੍ਸ਼, ਜੋ ਕਟਾਰ ਜੇਹੇ ਕਾਟ ਕਰਨ ਵਾਲੇ ਹਨ. ਦੇਖੋ, ਮੁੰਧ। ੩. ਇੱਕ ਖਤ੍ਰੀ ਗੋਤ੍ਰ। ੪. ਇੱਕ ਪ੍ਰੇਮੀ ਸ਼ਰਾਫ਼, ਜੋ ਗੁਰੂ ਅਰਜਨ ਦੇਵ ਦਾ ਸਿੱਖ ਸੀ.

ਕਟਾਰੀ: ਛੋਟਾ ਕੱਟਾਰ. "ਆਪਨ ਕਟਾਰੀ ਆਪਸ ਕਉ ਲਾਈ." (ਸਾਰ ਮਃ ੫)

ਕਟਾਰੂ: ਇੱਕ ਅਰੋੜਾ ਸਿੱਖ, ਜੋ ਕਾਬੁਲ ਵਿੱਚ ਦੁਕਾਨ ਕਰਦਾ ਸੀ. ਇਸ ਦਾ ਵੱਟਾ ਭੁੱਲ ਦੇ ਕਾਰਣ ਘੱਟ ਸੀ. ਸ਼੍ਰੀ ਗੁਰੂ ਅਰਜਨ ਦੇਵ ਨੇ ਇਸ ਦਾ ਵੱਟਾ ਪੂਰਾ ਕਰਕੇ ਕਾਬੁਲ ਦਰਬਾਰ ਵਿੱਚ ਲੱਜਾ ਰੱਖੀ। ੨. ਬੁਰਹਾਨ ਪੁਰ ਨਿਵਾਸੀ ਮਲਿਕ, ਜੋ ਛੀਵੇਂ ਸਤਿਗੁਰੂ ਜੀ ਦਾ ਸਿੱਖ ਹੋ ਕੇ ਯੋਧਾ ਅਤੇ ਉਪਕਾਰੀ ਹੋਇਆ.

ਕਟਿ: ਕੱਟਕੇ. "ਕਟਿ ਦੇਵਉ ਹੀਅਰਾ ਤੇਨ." (ਕਾਨ ਮਃ ੪) ੨. ਟੂਕ ਟੂਕ ਹੋਕੇ. ਕੱਟਿਆ ਜਾਕੇ. "ਪੁਰਜਾ ਪੁਰਜਾ ਕਟਿ ਮਰੈ." (ਮਾਰੂ ਕਬੀਰ) ੩. ਸੰ. ਸੰਗ੍ਯਾ- ਕਮਰ. ਲੱਕ. "ਕਸਕੈ ਕਟਿ ਆਯੋ." (ਗੁਪ੍ਰਸੂ) ੪. ਭਾਰਯਾ. ਬੀਵੀ। ੫. ਰੱਤਕ. ਘੁੰਘਚੀ. ਲਾਲੜੀ.

ਕਟਿਆੜਾ: ਕੱਟ ਦਿੱਤਾ. "ਕਟਿਅੜਾ ਜਮ ਕਾਲੁ." (ਸ਼੍ਰੀ ਮਃ ੫) ੨. ਕੱਟਿਆ ਹੋਇਆ.

ਕਟਿਕ: ਕੜਾ. ਦੇਖੋ, ਕਟਕ. "ਕਨਿਕ ਕਟਿਕ ਜਲ ਤਰੰਗ ਜੈਸਾ." (ਸ੍ਰੀ ਰਵਿਦਾਸ)

ਕਟਿਤ: ਵਿ- ਵੱਢਿਆ ਹੋਇਆ. ਕੱਟਿਆ.

ਕਟਿਤਕਟੀਤਿ: ਵਿ- ਵੱਢੇ ਹੋਏ ਨੂੰ ਵੱਢਣ ਵਾਲਾ. "ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ." (ਕਾਨ ਮਃ ੪) ਅਸੀਂ ਅਪਰਾਧੀਆਂ ਨੇ ਵੱਡੇ ਪਾਪ ਕੀਤੇ, ਗੁਰੂ ਨੇ ਸਾਡੇ ਦੋਸ਼, ਜੋ ਮੋਇਆਂ ਨੂੰ ਮਾਰਨ ਵਾਲੇ ਸਨ, ਨਾਸ਼ ਕਰ ਦਿੱਤੇ. ਕਾਮਾਦਿਕ ਵਿਕਾਰ ਮਰੇ ਹੋਏ ਜੀਵਾਂ ਨੂੰ ਭੀ ਮਾਰ ਰਹੇ ਹਨ.

ਕਟਿੰਦਾ: ਵਿ- ਕੱਟਣ ਵਾਲਾ.

ਕਟਿਦੇਸ਼: ਕਮਰ ਦੀ ਥਾਂ. ਲੱਕ. "ਕਟੰਛੀਨ ਦੇਸੀ." (ਰਾਮਾਵ) ਕਟਿਦੇਸ਼ ਜਿਸ ਦਾ ਪਤਲਾ ਹੈ.

ਕਟਿਦੇਸੀ: ਕਟਿਦੇਸ਼ੀਯ. ਲੱਕ ਦੇ ਥਾਂ ਦਾ. ਭਾਵ- ਲੱਕ ਦੀ ਪੀੜ. ਦੇਖੋ, ਕਟਿਪੀੜ.

ਕਟਿਪੀੜ: ਸੰ. ਕਟਿਗ੍ਰਹ. ਲੱਕ (ਕਮਰ) ਦੀ ਪੀੜ. وجع القطن ਵਜਅ਼ਉਲਕ਼ਤ਼ਨ. Lumbago. ਬਹੁਤੀ ਮਿਹਨਤ ਕਰਨ, ਕਮਜੋਰੀ, ਬਹੁਤ ਮੈਥੁਨ, ਸਰਦੀ ਲੱਗਣ, ਬਹੁਤ ਬੈਠਣ, ਧਾਤੁ ਦੇ ਵਹਿਣ, ਗਿੱਲਾ ਕੱਪੜਾ ਲੱਕ ਬੰਨ੍ਹਣ, ਮਲਮੂਤ੍ਰ ਰੋਕਣ ਅਤੇ ਸਲ੍ਹਾਬ ਵਾਲੀ ਥਾਂ ਸੌਣ ਤੋਂ ਲੱਕ ਵਿੱਚ ਪੀੜ ਹੋਣ ਲੱਗ ਜਾਂਦੀ ਹੈ. ਜਿਸ ਕਾਰਣ ਤੋਂ ਇਹ ਰੋਗ ਹੋਵੇ ਉਸੇ ਅਨੁਸਾਰ ਇਲਾਜ ਹੋਣਾ ਚਾਹੀਏ, ਪਰ ਹੇਠ ਸਾਧਾਰਣ ਉਪਾਉ ਲਿਖੇ ਜਾਂਦੇ ਹਨ-

ਗਰਮ ਬਿਸਤਰ ਤੇ ਲੇਟਣਾ. ਤਾਰਪੀਨ ਦੇ ਤੇਲ Turpentine Oil ਜਾਂ ਤਿਲਾਂ ਦੇ ਤੇਲ ਦੀ ਦੁਖਦੀ ਥਾਂ ਤੇ ਮਾਲਿਸ਼ ਕਰਨੀ. ਬਾਰਾਂਸਿੰਗੇ ਦਾ ਸਿੰਗ ਅਤੇ ਏਲੂਆ ਘਸਾਕੇ ਲਾਉਣਾ. ਸੇਕ ਕਰਨਾ. ਸੁੰਢ ਅਤੇ ਭੱਖੜੇ ਦੇ ਬੀਜਾਂ ਦਾ ਕਾੜ੍ਹਾ ਸਵੇਰ ਵੇਲੇ ਪੀਣਾ. ਸ਼ੁੱਧ ਸਿਲਾਜੀਤ ਗਰਮ ਦੁੱਧ ਨਾਲ ਛਕਣਾ. ਨਗੌਰੀ ਅਸਗੰਧ ਦੋ ਮਾਸ਼ੇ ਗਰਮ ਦੁੱਧ ਨਾਲ ਨਿੱਤ ਖਾਣੀ. ਸੁੰਢ ਦੇ ਕਾੜ੍ਹੇ ਵਿੱਚ ਇਰੰਡ ਦਾ ਤੇਲ ਮਿਲਾਕੇ ਪੀਣਾ. ਗਲਾਸ ਜਾਂ ਫੋਕੀ ਸਿੰਗੀਆਂ ਲਾਉਣੀਆਂ.

"ਪਾਂਡੁ ਰੋਗ ਪੀਨਸ ਕਟਿਦੇਸੀ." (ਚਰਿਤ੍ਰ ੪੦੫) ਦੇਖੋ, ਕਟਿਦੇਸੀ.

ਕਟਿਬੱਧ: ਸੰ. ਵਿ- ਜਿਸ ਦੀ ਕਮਰ ਬੰਨ੍ਹੀ ਹੋਈ ਹੈ. ਕਮਰਕਸਾ ਕਰਕੇ ਤਿਆਰ ਹੋਇਆ.

ਕਟੀਆ: ਸੰਗਜਾ- ਕੱਟੀ. ਭੈਂਸ ਦੀ ਬੱਚੀ। ੨. ਕੀਮਾ. ਟੋਕਾ. ਖੁਤਰਾ. "ਏਕਹਿਂ ਬਾਰ ਕਰੈਂ ਕਟੀਆ." (ਗੁਪ੍ਰਸੂ) ੩. ਵਿ- ਕਟੈਯਾ. ਕੱਟਣ ਵਾਲਾ. "ਸੋ ਕਟੀਆ ਸਿਰ ਦੁਰਜਨਨ." (ਕ੍ਰਿਸਨਾਵ)

ਕਟੀਤ: ਦੇਖੋ, ਕਟਿਤ ਕਟੀਤਿ.

ਕਟੀਲਾ: ਵਿ- ਕੱਟਣ ਵਾਲਾ। ੨. ਕੰਟੀਲਾ. ਕੰਟਕ (ਕੰਡੇ) ਵਾਲਾ. "ਕਮਲੈਂ ਕਟੀਲੋ ਕਹੈਂ." (ਭਾਗੁ ਕ) ਕਮਲ ਦੀ ਨਾਲ ਉੱਪਰ ਸੂਖਮ ਕੰਡੇ ਹੁੰਦੇ ਹਨ.

ਕਟੁ, ਕਟੁਕ: ਸੰ. ਵਿ- ਕੌੜਾ. ਕੜਵਾ। ੨. ਜੋ ਮਨ ਨੂੰ ਨਾ ਭਾਵੇ. ਅਪ੍ਰਿਯ.

ਕਟੁਵਾਚੀ: ਵਿ- ਕੌੜਾ ਬੋਲਣ ਵਾਲਾ. ਬਦਜ਼ੁਬਾਨ.

ਕਟੂ: ਦੇਖੋ, ਕਟੁ। ੨. ਕਮਰ. ਦੇਖੋ, ਕਟਿ. "ਕਟੂ ਪਰ ਕੇਹਰਿ ਰੋਸ." (ਅਜਰਾਜ)

ਕਟੂਆ: ਕੱਟਣ ਵਾਲਾ ਇੱਕ ਜੀਵ. ਦੇਖੋ, ਖਟਮਲ.

ਕਟੇਰਾ: ਵਿ- ਕੱਟਣ ਵਾਲਾ. ਕਟੀਲਾ.

ਕਟੇਰੈ: ਕਟਦਾ ਹੈ. ਕਾਟੇ ਹੈ. "ਮੈਲ ਕਟੇਰੈ." (ਕਾਨ ਮਃ ੫)

ਕਟੈਯਾ: ਵਿ- ਕੱਟਣ ਵਾਲਾ.

ਕਟੋਚ: ਰਾਜਪੂਤ ਗੋਤ੍ਰ. ਕਟੋਚਾਂ ਦੀ ਪਹਿਲਾਂ ਰਾਜਧਾਨੀ ਜਲੰਧਰ ਵਿੱਚ ਸੀ, ਫੇਰ ਕਾਂਗੜਾ ਰਿਆਸਤ ਕ਼ਾਇਮ ਕੀਤੀ. ਕਟੋਚ ਮੰਨਦੇ ਹਨ ਕਿ ਸਭ ਤੋਂ ਪਹਿਲਾ ਰਾਜਾ ਭੂਪਚੰਦ ਦੁਰਗਾ ਦੀ ਭੌਹਾਂ ਵਿੱਚੋਂ ਨਿਕਲੇ ਪਸੀਨੇ ਤੋਂ ਪੈਦਾ ਹੋਇਆ ਸੀ. ਕਾਂਗੜੇ ਦੀ ਰਿਆਸਤ ਬਿਗੜ ਜਾਣ ਪਿੱਛੋਂ ਲੰਬਾਂਗਾਉਂ ਦਾ ਰਾਜਾ ਹੀ ਹੁਣ ਕਟੋਚਾਂ ਵਿੱਚ ਪ੍ਰਧਾਨ ਹੈ. ਗੁਲੇਰ, ਸੀਬਾ, ਨਾਦੌਨ ਦੇ ਰਈਸ ਭੀ ਕਟੋਚ ਗੋਤ੍ਰ ਦੇ ਹਨ. "ਤਬੈ ਕੋਪੀਅੰ ਕਾਂਗੜੇਸੰ ਕਟੋਚੰ." (ਵਿਚਿਤ੍ਰ)

ਕਟੋਨਾ: ਵਿ- ਕੱਟਣ ਵਾਲਾ. ਕਾਤਿਲ. "ਕਾਟੇ ਪਾਪ ਕਟੋਨਾ." (ਵਾਰ ਕਾਨ ਮਃ ੪)

ਕਟੋਰਾ, ਕਟੋਰੀ: ਸੰਗਜਾ- ਖੁਲੇ ਮੂੰਹ ਦਾ ਧਾਤੁ ਦਾ ਪਿਆਲਾ ਕੌਲ ਕੌਲੀ

ਕੱਟ: ਦੇਖੋ ਕਟਣਾ। ੨. ਖਟਾਈ ਵਿੱਚ ਲੋਹਾ ਆਦਿਕ ਵਸਤੂਆਂ ਮਿਲਾਕੇ ਬਣਾਇਆ ਹੋਇਆ ਕਾਲਾ ਰੰਗ. ਇਸ ਨਾਲ ਵਸਤ੍ਰ ਰੰਗੇ ਜਾਂਦੇ ਹਨ ਅਤੇ ਪਾਂਡੁ (ਪੀਲੀਏ) ਰੋਗ ਵਾਲੇ ਨੂੰ ਪਿਆਇਆ ਗੁਣ ਕਰਦਾ ਹੈ.

ਕੱਟਣਾ: ਦੇਖੋ, ਕਟਣਾ.

ਕੱਟਰ: ਵਿ- ਵੱਢਖਾਣਾ. ਕੱਟਣ ਵਾਲਾ। ੨. ਅਗਜਾਨੀ ਧਰਮਾਧ. ਮਜਬ ਦੇ ਜੋਸ਼ ਵਿੱਚ ਮੱਤਾ ਅਗਿਆਨੀ ਮਨੁੱਖ। ੩. ਹਠੀਆ. ਜਿੱਦੀ.

ਕੱਟਾ: ਭੈਂਸ (ਮਹਿਂ- ਮੱਝ) ਦਾ ਬੱਚਾ. ਦੇਖੋ ਕਟਾਹ ੪। ੨. ਖ਼ਾ. ਹਾਥੀ.

ਕੱਟੂ: ਰਾਜ ਨਾਭਾ ਦੀ ਨਜਾਮਤ ਫੂਲ, ਥਾਣੇ ਧਨੌਲੇ ਵਿੱਚ ਇੱਕ ਪਿੰਡ. ਇਸ ਥਾਂ ਨੌਮੇ ਸਤਿਗੁਰੂ ਵਿਰਾਜੇ ਹਨ. "ਕਾਹੇ ਰੇ ਬਨ ਖੋਜਨ ਜਾਈ- " ਸ਼ਬਦ ਇਸੇ ਥਾਂ ਸੰਗਤ ਨੂੰ ਸੰਬੋਧਨ ਕਰਕੇ ਉਚਰਿਆ ਹੈ. ਗੁਰੁਦ੍ਵਾਰਾ ਪਿੰਡ ਤੋਂ ਈਸ਼ਾਨ ਕੋਣ ਅੱਧ ਮੀਲ ਤੇ ਹੈ. ਰਿਆਸਤ ਨਾਭਾ ਵੱਲੋਂ ਦੋ ਹਲ ਦੀ ਜ਼ਮੀਨ ਮੁਆਫ ਹੈ. ਰੇਲਵੇ ਸਟੇਸ਼ਨ ਸੇਖੇ ਤੋਂ ਕਰੀਬ ਚਾਰ ਮੀਲ ਨੈਰਤ ਕੋਣ ਹੈ. ਕੱਟੂ ਵਿੱਚ ਭਾਈ ਧਜਾਨ ਸਿੰਘ ਜੀ ਕਰਣੀ ਵਾਲੇ ਸਿੰਘ ਹੋਏ ਹਨ. ਉਨ੍ਹਾਂ ਨੇ ਦਸਮਗ੍ਰੰਥ ਵਿੱਚੋਂ ਚਰਿਤ੍ਰ ਕੱਢਕੇ ਸਰਬਲੋਹ ਦਰਜ ਕਰ

ਦਿੱਤਾ ਸੀ। ੨. ਦੇਖੋ, ਕੱਟੂਸ਼ਾਹ.

ਕੱਟੂਸ਼ਾਹ: ਇੱਕ ਕਸ਼ਮੀਰੀ ਮੁਸਲਮਾਨ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋ ਕੇ ਆਤਮਗਜਾਨੀ ਹੋਇਆ. ਇਸ ਨੇ ਕਸ਼ਮੀਰ ਵਿੱਚ ਗੁਰਮਤ ਦਾ ਚੰਗਾ ਪ੍ਰਚਾਰ ਕੀਤਾ.

ਕਠ: ਇੱਕ ਰਿਖੀ। ੨. ਯਜੁਰ ਵੇਦ ਦੀ ਇੱਕ ਉਪਨਿਸ਼ਦ, ਜਿਸ ਵਿੱਚ ਯਮ ਅਤੇ ਨਚਿਕੇਤਾ ਦਾ ਸੰਵਾਦ ਹੈ.

ਕਠਗੜ੍ਹ: ਕਾਠ ਦਾ ਕਿਲਾ. ਕਾਠ ਇਕੱਠਾ ਕਰਕੇ ਰਚਿਆ ਕਿਲਾ. "ਤਿਨ ਕਠਗੜ੍ਹ ਨਵਰਸ ਪਰ ਬਾਂਧੋ." (ਵਿਚਿਤ੍ਰ) ੨. ਦੇਖੋ. ਕਾਠਗੜ੍ਹ ੩.

ਕਠਨ: ਸੰ. ਕਠਿਨ. ਵਿ- ਕਰੜਾ. ਸਖ਼ਤ। ੨. ਨਿਰਦਯ. ਬੇਰਹਮ. "ਕਠਨ ਕਰੋਧ ਘਟ ਹੀ ਕੇ ਭੀਤਰਿ." (ਗਉ ਮਃ ੯) ੩. ਔਖਾ. ਮੁਸ਼ਕਿਲ.

ਕਠਨਈ, ਕਠਨਤਾ, ਕਠਨਾਈ: ਸੰਗਯਾ- ਕਠਿਨਤਾ. ਕਾਠਿਨਯ. ਔਖ। ੨. ਕਰੜਾਈ. ਕਠੋਰਤਾ.

ਕਠਪੁਤਲੀ: ਕਾਸ਼੍ਠ ਪੁੱਤਲਿਕਾ. ਕਾਠ ਦੀ ਮੂਰਤਿ। ੨. ਭਾਵ- ਜੋ ਆਪਣੀ ਸਮਝ ਨਹੀਂ ਰਖਦਾ, ਦੂਸਰੇ ਦੇ ਹੱਥ ਪਿਆ ਪੁਤਲੀ ਦੀ ਤਰਾਂ ਨਾਚ ਕਰਦਾ ਹੈ.

ਕਠਫੋੜਾ: ਕਾਠ ਨੂੰ ਚੁੰਜ ਨਾਲ ਭੰਨਕੇ ਵਿੱਚੋਂ ਕੀੜੇ ਕੱਢਕੇ ਖਾਣ ਵਾਲਾ ਪੰਛੀ. ਇਹ ਕਈ ਜਾਤਿ ਦਾ ਹੁੰਦਾ ਹੈ. ਇਸ ਦੀ ਚੁੰਜ ਬਹੁਤ ਤਿੱਖੀ ਅਤੇ ਸਿਰ ਵਿੱਚ ਵਡਾ ਜੋਰ ਹੁੰਦਾ ਹੈ.

ਕਠਮੰਡੂ: ਕਾਸ਼੍ਠਮੰਡਪ. ਭਾਰਤ ਦੇ ਉੱਤਰ ਪੂਰਵ, ਹਿਮਾਲਯ ਦੀ ਧਾਰਾ ਵਿੱਚ ਵਿਸ਼ਨੁਮਤੀ ਨਦੀ ਦੇ ਕਿਨਾਰੇ ਨੈਪਾਲ ਰਾਜ ਦੀ ਰਾਜਧਾਨੀ. ਇਸ ਦੀ ਬਲੰਦੀ ੪੭੮੪ ਫੁੱਟ ਹੈ. ਇਹ ਨਗਰ ਕਰੀਬ ਸਨ ੭੨੩ ਵਿੱਚ ਰਾਜਾ ਕਾਮਦੇਵ ਨੇ ਵਸਾਇਆ ਹੈ.

ਕਠਲ: ਦੇਖੋ, ਕਟਹਰ. "ਕਠਲ ਬਢਲ ਬਰ ਪੀਪਰ ਖਰੇ." (ਗੁਪ੍ਰਸੂ)

ਕਠਿਨ: ਦੇਖੋ, ਕਠਨ.

ਕਠਿਨਤਾ: ਦੇਖੋ, ਕਠਨਤਾ.

ਕਠੂਰ, ਕਠੂਲ: ਵਿ- ਕਾਸ਼੍ਠਵਤ ਕਠੋਰ. ਸ਼ਖ਼ਤ. "ਅਤਿ ਪਾਪਿਸ੍ਠ ਕਠੂਰ." (ਕਲਕੀ) "ਇਕਿ ਰਹੇ ਸੂਕਿ ਕਠੂਲੇ." (ਬਸੰ ਮਃ ੫)

ਕਠੈਨੀ: ਵਿ- ਕਠਿਨਤਾ ਵਾਲੀ. ਔਖੀ. "ਏਹਾ ਬਾਤ ਕਠੈਨੀ." (ਬਿਲਾ ਮਃ ੪)

ਕਠੋਰ: ਸੰ. ਵਿ- ਕਰੜਾ. ਸਖ਼ਤ. ਕਵੀਆਂ ਨੇ ਇਹ ਪਦਾਰਥ ਕਠੋਰ ਗਿਣੇ ਹਨ- ਸੂਮ ਦਾ ਮਨ, ਹੱਡ, ਹੀਰਾ, ਕੱਛੂ ਦੀ ਪਿੱਠ, ਕਾਠ, ਧਾਤੁ, ਪੱਥਰ, ਯੋਧਾ ਦੀ ਛਾਤੀ। ੨. ਦਯਾ ਰਹਿਤ. ਬੇਰਹਮ.

ਕਠੋਰਤਾ: ਸੰਗਯਾ- ਸਖ਼ਤੀ. ਕਰੜਾਈ। ੨. ਬੇਰਹ਼ਮੀ.

ਕਠੋਲਾ: ਵਿ- ਕਾਠ ਦਾ ਬਣਿਆ ਹੋਇਆ ਪਾਤ੍ਰ। ੨. ਕਾਠ ਦਾ ਪੁਤਲਾ.

ਕਠੌਤਾ: ਸੰਗਯਾ- ਕਾਠ ਦਾ ਚੌੜਾ ਬਰਤਨ. ਕਾਠ ਦੀ ਪਰਾਤ.

ਕਠੌਤੀ: ਸੰਗਯਾ- ਕਾਠ ਦੀ ਤੂੰਬੀ. ਚਿੱਪੀ. "ਮਨ ਮੇਰਾ ਚੰਗਾ, ਤਾਂ ਕਠੌਤੀ ਵਿੱਚ ਗੰਗਾ." (ਲੋਕੋ)

ਕਡਾ: ਵਿ- ਕਰੜਾ. ਕਠੋਰ. ਸਖ਼ਤ ਦੇਖੋ, ਕੱਡ ਧਾ.

ਕਡੀ, ਕਡੁ, ਕਡੂ: ਸਿੰਧੀ. ਕ੍ਰਿ. ਵਿ- ਕਬ. ਕਦ. "ਫਿਰਿ ਕਡੂ ਆਵੈ ਰੁਤਿ?" (ਵਾਰ ਮਾਰੂ ੨. ਮਃ ੫)

ਕੱਡ, ਕੱੜ: ਸੰ. ਧਾ- ਕਠੋਰ ਹੋਣਾ. ਕਰੜਾ ਹੋਣਾ.

ਕਢਣਾ: ਕ੍ਰਿ- ਕਸ਼ੰਣ. ਖਿੱਚਣਾ। ੨. ਬਾਹਰ ਕਰਨਾ. "ਦੁਸਮਨ ਦੂਤ ਸਭਿ ਮਾਰਿ ਕਢੀਏ." (ਵਾਰ ਬਿਲਾ ਮਃ ੪) ੩. ਪ੍ਰਗਟ ਕਰਨਾ. "ਕਾਨਿ ਕਢਨ ਤੇ ਛੂਟਿ ਪਰੀ." (ਆਸਾ ਮਃ ੫) ੪. ਖੋਦਣਾ. ਪੁੱਟਣਾ. "ਕਢਿ ਕੂਪ ਕਢੈ ਪਨਿਹਾਰੇ." (ਨਟ ਅਃ ਮਃ ੪) ੫. ਸੂਈ ਨਾਲ ਬੇਲ ਬੂਟੇ ਕਪੜੇ ਪੁਰ ਨਿਕਾਲਣੇ। ੬. ਤਜਵੀਜ਼ ਸੋਚਣੀ. ਨਵਾਂ ਖ਼ਿਆਲ ਪੈਦਾ ਕਰਨਾ. "ਕੋਈ ਕਢਹੁ ਇਹੁ ਵੀਚਾਰੁ." (ਵਾਰ ਰਾਮ ੧. ਮਃ ੩)

ਕਢਾਉਣਾ: ਕ੍ਰਿ- ਨਿਕਲਵਾਉਣਾ। ੨. ਕਹਾਉਣਾ. ਉੱਚਾਰਣ ਕਰਾਉਣਾ. "ਘਾਸੀ ਕਉ ਹਰਿਨਾਮ ਕਢਾਈ." (ਗਉ ਮਃ ੪) "ਅਪਨੀ ਬਿਰਥਾ ਬਹੁ ਬਹੁਤੁ ਕਢਾਸਾ." (ਗੌਂਡ ਮਃ ੪)

ਕਢਿ: ਕ੍ਰਿ. ਵਿ- ਕੱਢਕੇ. "ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ." (ਵਾਰ ਸੋਰ ਮਃ ੪) ਕਸੀਦਾ ਨਿਕਾਲਕੇ.

ਕਢਿਭਾ: ਕਾਢਤਾ ਭਇਆ. "ਡੁਬਦੇ ਬਾਂਹ ਦੇਇ ਕਢਿਭਾ." (ਪ੍ਰਭਾ ਮਃ ੪)

ਕਢੀਏ: ਕੱਢ ਦੀਏ. ਨਿਕਾਸ ਦਿੱਤੇ। ੨. ਨਿਕਾਲੀਏ. ਕੱਢੀਏ.

ਕਢੀਜੈ: ਕੱਢ ਲੀਜੈ. ਕੱਢੀਏ.

ਕਢੁ: ਸਿੰਧੀ. ਕੱਢਣਾ.

ਕਢੋਲਨਾ: ਕ੍ਰਿ- ਕਢਣਾ. "ਮਥਿ ਤਤੁ ਕਢੋਲੈ." (ਵਾਰ ਰਾਮ ੧, ਮਃ ੩) ਕਢਦਾ ਹੈ। ੨. ਖੋਜਣਾ। ੩. ਘਸੀਟਣਾ. ਖਿੱਚਣਾ. "ਤਨ ਜੰਬੁਕ ਗੀਧ ਕਢੋਲਤ." (ਕ੍ਰਿਸਨਾਵ)

ਕਣ: ਸੰ. ਸੰਗਜਾ- ਕਿਨਕਾ. ਕਣਕਾ. ਜ਼ਰੰ। ੨. ਅੰਨ ਦਾ ਦਾਣਾ. ਬੀਜ. "ਕਣ ਬਿਨਾ ਜੈਸੇ ਥੋਥਰ ਤੁਖਾ." (ਗਉ ਮਃ ੫) ੩. ਚਾਉਲਾਂ ਦੀਆਂ ਟੁੱਟੀਆਂ ਕਣੀਆਂ। ੪. ਸੰ. कण् ਧਾ- ਛੋਟਾ ਹੋਣਾ. ਅੱਖਾਂ ਮੀਚਣੀਆਂ. ਸ਼ਬਦ ਕਰਨਾ.

ਕਣਸ: ਸੰਗਜਾ- ਕਣ- ਉਸ਼੍ਣਤਾ. ਥੋੜਾ ਤਾਪ. ਹਲਕਾ. ਬੁਖ਼ਾਰ.

ਕਣਸੋਇ, ਕਣਸੋਈ: ਸੰਗਜਾ- ਕਣੰਸ਼੍ਰੁਤ ਬਾਤ. ਕੰਨੀ ਪਈ ਖ਼ਬਰ.

ਕਣਕ: ਸੰਗਜਾ- ਇੱਕ ਅੰਨ, ਜੋ ਵਿਸ਼ੇਸ਼ ਕਰਕੇ ਖਾਣ ਦੇ ਕੰਮ ਆਉਂਦਾ ਹੈ. ਗੋਧੂਮ. ਗੰਦਮ. Wheat । ੨. ਦੇਖੋ, ਕਣਿਕ.

ਕਣਕੱਛ: ਸੰਗਜਾ- ਦਾਣੇ ਦੀ ਮਿਣਤੀ. ਖੜੇ ਖੇਤ ਦੇ ਅੰਨ ਦਾ ਅੰਦਾਜ਼ਾ. ਕਣ (ਕਨ) ਕੂਤ.

ਕਣਕਵਾਲ ਕਲਾਂ: ਰਿਆਸਤ ਪਟਿਆਲਾ, ਨਜਾਮਤ, ਤਸੀਲ, ਥਾਣਾ ਸੁਨਾਮ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਉੱਤਰ ਵੱਲ ਦੋ ਫਰਲਾਂਗ ਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ.

ਸੰਮਤ ੧੯੭੮ ਵਿੱਚ ਨਾ ਮੁਕੰਮਲ ਜਿਹਾ ਮੰਦਿਰ ਬਣਾਇਆ ਗਿਆ ਹੈ. ਕੋਈ ਸੇਵਾਦਾਰ ਨਾ ਹੋਣ ਕਰਕੇ ਹਾਲਤ ਢਿੱਲੀ ਹੈ.

ਰੇਲਵੇ ਸਟੇਸ਼ਨ ਛਾਜਲੀ ਤੋਂ ਪੱਛਮ ਵੱਲ ੬. ਮੀਲ ਦੇ ਕਰੀਬ ਹੈ.

ਕਣਕਾ: ਸੰਗਜਾ- ਛੋਟਾ ਟੁਕੜਾ. ਕਨਿਕਾ. ਜ਼ਰੰ ਦੇਖੋ, ਕਣਿਕ.

ਕਣਕੂਤ: ਦੇਖੋ, ਕਣਕੱਛ.

ਕਣਛ: ਦੇਖੋ, ਕਣੰਛ। ੨. ਦੇਖੋ, ਕੁਣੱਖਾ.

ਕਣੱਟ: ਕਣ- ਵੱਟ. ਇੱਕ ਪ੍ਰਕਾਰ ਦਾ ਕਣਦਾਰ ਪੱਥਰ, ਜੋ ਪੁਰਾਣੀ ਇਮਾਰਤਾਂ ਵਿੱਚ ਲੱਗਾ ਵੇਖੀਦਾ ਹੈ.

**ਕਣਤਾਉਣਾ:** ਕ੍ਰਿ- ਜਿਵੇਂ ਭੱਠ ਵਿੱਚ ਕਣ (ਦਾਣੇ) ਨੂੰ ਤਪਾਈਦਾ ਹੈ, ਇਸ ਤਰਾਂ ਸਤਾਉਣਾ. ਦੁੱਖ ਦੇਣਾ.

**ਕਣਾਦ:** ਸੰ. ਸੰਗਯਾ- ਇੱਕ ਰਿਖੀ, ਜੋ ਚਾਉਲਾਂ ਦੇ ਕਣ ਖਾਕੇ ਗੁਜ਼ਾਰਾ ਕਰਦਾ ਸੀ, ਇਸੇ ਤੋਂ ਨਾਉਂ ਕਣਾਦ ਹੋਇਆ. ਇਸ ਦਾ ਅਸਲ ਨਾਉਂ, ਉਲੂਕ ਸੀ. ਖਟ ਦਰਸ਼ਨਾਂ ਵਿੱਚੋਂ ਵੈਸ਼ੇਸ਼ਿਕ ਦਰਸ਼ਨ ਇਸੇ ਰਿਖੀ ਦਾ ਬਣਾਇਆ ਹੋਇਆ ਹੈ. ਦੇਖੋ, ਵੈਸ਼ੇਸ਼ਿਕ.

**ਕਣਾਦਕ:** ਵਿ- ਕਣ ਖਾਣ ਵਾਲਾ. ਚਉਲਾਂ ਦੀਆਂ ਕਣੀਆਂ ਖਾਣ ਵਾਲਾ। ੨. ਦੇਖੋ, ਕਣਾਦ.

**ਕਣਿਕ:** ਸੰ. ਸੰਗਯਾ- ਕਨਿਕਾ. ਜ਼ਰਾਂ। ੨. ਗੰਦਮ (ਗੋਧੂਮ) ਦਾ ਆਟਾ.

**ਕਣੀ:** ਸੰਗਯਾ- ਪਾਣੀ ਦਾ ਜ਼ਰਾਂ. ਜਲਬੂੰਦ। ੨. ਕਿਣਕਾ. ਭੋਰਾ. "ਦੇ ਨਾਵੈ ਏਕ ਕਣੀ." (ਸੋਰ ਮਃ ੫) ੩. ਹੀਰੇ ਦਾ ਛੋਟਾ ਟੁਕੜਾ। ੪. ਤੀਰ ਆਦਿਕ ਨੋਕਦਾਰ ਸ਼ਸਤ੍ਰ ਦੀ ਨੋਕ ਦਾ ਟੁੱਟਿਆ ਹੋਇਆ ਬਾਰੀਕ ਅੰਸ਼.

**ਕਣੌਡ:** ਸੰਗਯਾ- ਕਾਣ. ਦਬਾਉ। ੨. ਇਹਸਾਨ। ੩. ਅਜਿਹਾ ਕਰਮ, ਜਿਸ ਤੋਂ ਅੱਖ ਦਬੇ. ਦੇਖੋ, ਕਣ ਧਾ.

**ਕਣੌਡਾ:** ਵਿ- ਇਹਸਾਨਮੰਦ। ੨. ਕਾਂਣ ਮੰਨਣ ਵਾਲਾ। ੩. ਅੱਖ ਨੀਵੀਂ ਕਰਨ ਵਾਲਾ. ਦੇਖੋ, ਕਣ ਧਾ.

**ਕਣੰਛ:** ਸੰਗਯਾ- ਧੁਨਿ. ਸ਼ਬਦ. ਦੇਖੋ, ਕਣ ਧਾ. "ਕਣੰਛੰਤ ਗਾਜੀ." (ਕਲਕੀ) "ਕਣੰਛੇ ਕਿਕਾਣੰ." (ਰਾਮਾਵ)

**ਕਤ:** ਵ੍ਯ- ਕੁਤਃ ਕੁਤੋ. ਕਿਉਂ. ਕਿਸ ਲਈ. ਕਾਹੇ ਕੋ. "ਸਿੰਘਸਰਨ ਕਤ ਜਾਈਐ ਜਉ ਜੰਬੁਕ ਗ੍ਰਾਸੈ." (ਬਿਲਾ ਸਧਨਾ) "ਕਾਗਰ ਨਾਵ ਲੰਘਹਿ ਕਤ ਸਾਗਰ?" (ਮਲਾ ਮਃ ੫) ੨. ਸਰਵ- ਕਿਸ. "ਕਤ ਕੀ ਮਾਈ ਬਾਪ ਕਤ ਕੇਰਾ." (ਗਉ ਮਃ ੧) ੩. ਕ੍ਰਿ. ਵਿ- ਕੁਤ੍ਰ. ਕਿੱਥੇ. ਕਹਾਂ. "ਕਤ ਜਾਈਐ ਰੇ ਘਰ ਲਾਗੋ ਰੰਗ." (ਬਸੰ ਰਾਮਾਨੰਦ) ੪. ਕਿਤੇ. ਕਹੀਂ. "ਕਤ ਨਹੀਂ ਠੌਰ ਮੂਲੁ ਕਤ ਲਾਵਉ?" (ਗਉ ਕਬੀਰ) ਕਿਤੇ ਥਾਂ ਨਹੀਂ ਬੂਟੀ (ਦਵਾਈ) ਕਿੱਥੇ ਲਾਵਾਂ? ੫. ਅ਼. قط ਕ਼ਤ਼. ਕੱਟਣ ਦੀ ਕ੍ਰਿਯਾ. "ਸਚਿ ਨ ਲਾਗੈ ਕਤੁ." (ਮਾਰੂ ਮਃ ੧) ਸੱਚ ਕ਼ਤ਼ਅ਼ ਨਹੀਂ ਕੀਤਾ ਜਾ ਸਕਦਾ. ਭਾਵ, ਸਤ੍ਯ ਖੰਡਨ ਨਹੀਂ ਹੋ ਸਕਦਾ। ੬. ਹਸਦ. ਕੀਨਾ. "ਦੰਦੀ ਮੈਲ ਨ ਕਤੁ ਮਨ ਜੀਭੈ ਸਚਾ ਸੋਇ." (ਵਾਰ ਸੋਰ ਮਃ ੧) ੭. ਦੇਖੋ, ਕ਼ਤ਼ਈ. "ਅਖੀ ਕਤ ਨ ਸੰਜਰੈ ਤਿਨ." (ਭਾਗੁ)

**ਕਤਅ, ਕ਼ਤ਼ਅ਼:** ਅ਼. قطع ਕੱਟ ਦੇਣਾ. ਇੱਕ ਤਰਫ਼ ਗੱਲ ਕਰ ਦੇਣੀ। ੨. ਨਿਸ਼ਚਾ. ਯਕੀਨ.

**ਕਤਈ, ਕ਼ਤ਼ਈ:** ਅ਼. قطعی ਕ੍ਰਿ. ਵਿ- ਬਿਲਕੁਲ. ਯਕ਼ੀਨਨ.

**ਕਤਹ, ਕਤਹਿ:** ਵ੍ਯ- ਕੁਤ- ਕੁਤੋ. "ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ?" (ਫੁਨਹੇ ਮਃ ੫)

੨. ਕ੍ਰਿ. ਵਿ- ਕੁਤ੍ਰ ਕਿੱਥੇ. ਕਹਾਂ "ਪਿਰਹਿ ਬਿਹੂਨ ਕਤਹਿ ਸੁਖ ਪਾਏ?" (ਸੂਹੀ ਫਰੀਦ)

**ਕਤਹੀ, ਕਤਹੁ, ਕਤਹੂ:** ਕ੍ਰਿ. ਵਿ- ਕਹੀਂ. ਕਿਤੇ. ਕਿਸੇ ਥਾਂ. ਕੁਤ੍ਰਾਪਿ. "ਕਤਹੂ ਨ ਜਾਏ ਘਰਹਿ ਬਸਾਏ." (ਕਾਨ ਮਃ ੫)

**ਕਤਕ:** ਸੰ. ਕਾਰ੍ਤਿਕ. ਸੰਗਯਾ- ਕੱਤਕ ਮਹੀਨਾ. ਕ੍ਰਿੱਤਿਕਾ ਨਛਤ੍ਰ ਵਾਲੀ ਪੂਰਣਮਾਸੀ ਹੋਣ ਕਰਕੇ ਇਹ ਸੰਗਯਾ ਹੈ. ਦੇਖੋ, ਕਤਿਕ.

**ਕਤਖ਼ੁਦਾ:** ਦੇਖੋ, ਕਦਖ਼ੁਦਾ.

**ਕਤਣਾ:** ਸੰ. ਕਰ੍ਤਨ. ਕ੍ਰਿ- ਕਾਤਨਾ. ਚਰਖੇ ਆਦਿ ਯੰਤ੍ਰ ਨਾਲ ਭੌਂਦੇ ਤੱਕੁਲੇ ਦੀ ਨੋਕ ਤੇ ਉਂਨ ਰੂਈ ਆਦਿ ਦੀ ਤੰਦ ਕੱਢਣੀ. ਸੂਤ ਵੱਟਣਾ. "ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ." (ਵਾਰ ਸੂਹੀ ਮਃ ੧)

**ਕਤਧੱਉ, ਕਤਧੌਂ:** ਸੰ. ਕਤਿਧਾ. ਵਿ- ਅਨੇਕ ਪ੍ਰਕਾਰ ਦਾ. ਬਹੁਤ ਭਾਂਤ ਦਾ। ੨. ਅਨੇਕ ਦਿਸ਼ਾ ਤੋਂ ਚਾਰੇ ਪਾਸਿਓਂ. ਦੇਖੋ, ਧੌਂ. "ਭਰਮ ਅੰਧੇਰ ਮੋਹਿਓ ਕਤਧੱਉ." (ਸਵੈਯ ਸ੍ਰੀ ਮੁਖਵਾਕ ਮਃ ੫)

ਕਤਰਹ: ਦੇਖੋ, ਕ਼ਤ਼ਰਾ.

ਕਤਰਣ: ਸੰਗਜਾ- ਵਸਤ੍ਰ ਦਾ ਛੋਟਾ ਟੁਕੜਾ, ਜੋ ਕਾਟ ਛਾਂਟ ਪਿੱਛੋਂ ਬਚਦਾ ਹੈ. ਕਾਟ ਦੀ ਲੀਰ। ੨. ਦੇਖੋ, ਕਤਰਣਾ.

ਕਤਰਣਾ: ਸੰ. कृन्तन ਕ੍ਰਿੰਤਨ. ਕਿਸੇ ਸ਼ਸਤ੍ਰ ਜਾਂ ਕੈਂਚੀ ਨਾਲ ਟੁਕੜੇ ਕਰਨੇ. ਕੱਟਣਾ.

ਕਤਰਣੀ: ਸੰ. ਕਤੰਨੀ. ਸੰਗਜਾ- ਕ੍ਰੈਂਚੀ. ਦੇਖੋ, ਕੈਂਚੀ.

ਕਤਰਨਾ: ਦੇਖੋ, ਕਤਰਣਾ.

ਕਤਰਾ, ਕ਼ਤ਼ਰਾ: ਅ਼. قطره ਸੰਗਜਾ- ਬੂੰਦ. ਤੁਬਕਾ. ਫੂਹ। ੨. ਦੌੜਨਾ. ਨੱਠਣਾ.

ਕਤਲ, ਕ਼ਤਲ: ਅ. قتل ਸੰਗਯਾ- ਵਧ. ਹਤਯਾ, ਹਿੰਸਾ.

ਕਤਲਗੜ੍ਹੀ: ਸੈਹਵਾਨੀ ਸੈਯਦਾਂ ਦੇ ਮਹੱਲੇ ਸਢੌਰੇ ਵਿੱਚ ਸਾਈਂ ਬੁੱਧੂਸ਼ਾਹ ਦੀ ਹਵੇਲੀ, ਜਿਸ ਵਿੱਚ ਦਾਖਿਲ ਹੋਏ ਕਈ ਸੌ ਮੁਸਲਮਾਨ ਬੰਦਾ ਬਹਾਦੁਰ ਨੇ ਕਤਲ ਕੀਤੇ ਸਨ. ਦੇਖੋ, ਬੁੱਧੂਸ਼ਾਹ.

ਕਤਲਾ: ਅ਼. قتلیٰ ਕ਼ਤਲਾ. ਵਿ- ਕ਼ਤਲ ਕੀਤੇ ਹੋਏ. ਵਧਕਰੇ ਇਹ ਬਹੁਵਚਨ ਹੈ ਕ਼ਤੀਲ ਦਾ। ੨. ਫ਼ਾ. قتلہ ਟੋਕਾ. ਕੀਮਾ. ਕੁਤਰਾ. "ਕਤਲਾ ਕਰੋ ਮੁਰੋ ਨਹਿ ਧੁਰ ਲਗ." (ਗੁਪ੍ਰਸੂ)

ਕਤਲਾਮ: ਅ਼. قتل عام ਕ਼ਤਲ ਆ਼ਮ. ਸੰਗਜਾ- ਸਰਵ ਸੰਹਾਰ.

ਕਤਵਾਰ: ਸੰਗਜਾ- ਕੂੜਾ. ਨਿਕੰਮਾ ਘਾਸਫੂਸ. "ਕਾਤਰਤਾ ਕਤਵਾਰ ਬੁਹਾਰੈ." (ਕ੍ਰਿਸਨਾਵ)

ਕਤਾ: ਅ਼. قطع ਕ਼ਤ਼ਅ਼. ਸੰਗਜਾ- ਬਜ਼ੋਂਤ. ਕਾਟ. ਤਰਾਸ਼. "ਕਾਟ ਕਤਾ ਕਰ ਲੀਨੋ." (ਚੰਡੀ ੧) ਦੇਖੋ, ਕ਼ਤ਼ਅ਼.

ਕਤਾਬ: ਦੇਖੋ, ਕਿਤਾਬ.

ਕਤਾਰ, ਕ਼ਤ਼ਾਰ: ਅ਼. قطار ਸੰਗਜਾ- ਪੰਕਤਿ. ਸ਼੍ਰੇਣੀ. ਸਤ਼ਰ. ਡਾਰ.

ਕਤਾਲ: ਅ਼. قتال ਕ਼ਤਾਲ. ਸੰਗਜਾ- ਰੂਹ. ਜੀਵਾਤਮਾ। ੨. ਸ਼ਕਤਿ. ਸਮਰਥ. ਦਲ। ੩. ਦੇਹ. ਸ਼ਰੀਰ। ੪. ਦੇਖੋ, ਕੱਤਾਲ.

ਕਤਿ: ਸੰ. ਵਿ- ਕਿਤਨੇ. ਕਿੰਨੇ.

ਕਤਿਕ: ਕਾਰ੍ਤਿਕ. ਦੇਖੋ, ਕਤਕ. "ਕਤਿਕ ਹੋਵੈ ਸਾਧੁ ਸੰਗ." ( ਮਾਝ ਬਾਰਹਮਾਹਾ) ੨. ਵਿ- ਕਿਤਨੇਕ. ਕਿਸ ਕ਼ਦਰ.

ਕਤਿਕਿ: ਕਾਰ੍ਤਿਕ ਮੇ. ਕੱਤਕ ਵਿੱਚ. "ਕਤਿਕਿ ਕਰਮ ਕਮਾਵਣੇ." (ਮਾਝ ਬਾਰਹਮਾਹਾ)

ਕਤੀਆ: ਦੇਖੋ, ਕੱਤੀ.

ਕਤੀਫ: ਅ਼. کثیفت ਕਤੀਫ਼ਤ. ਵਿ- ਕੀਨਾ (ਬੁਗ਼ਜ) ਰੱਖਣ ਵਾਲਾ. "ਚਾਰੋਂ ਵਿੱਚ ਸ਼ਰੀਫ਼ ਕੋ, ਕੌਨ ਕਤੀਫ ਕਹਾਇ." (ਮਗੋ)

ਕਤੀਫਾ: ਅ਼. قطیفت ਕ਼ਤ਼ੀਫ਼ਤ. ਮਖ਼ਮਲ. ਸਾਟਨ। ੨. ਦੇਖੋ, ਕਤੀਫ.

ਕਤੀਫਿਆ: ਕ਼ਤ਼ੀਫ਼ਤ ਦਾ ਬਹੁ ਵਚਨ- ਕ਼ਤ਼ਾਇਫ قطائف ਮਖ਼ਮਲ ਸਾਟਨ ਆਦਿ ਦੇ ਰੇਸ਼ਮੀ ਵਸਤ੍ਰ. "ਰੰਗ ਪਰੰਗ ਕਤੀਫਿਆ ਪਹਿਰਹਿ ਧਰਮਾਈ." (ਵਾਰ ਸਾਰ ਮਃ ੪) ਮਾਇਆਧਾਰੀ ਅਨੇਕ ਰੰਗ ਦੇ ਰੇਸ਼ਮੀ ਵਸਤ੍ਰ ਪਹਿਨਦਾ ਹੈ.

ਕਤੁ: ਦੇਖੋ, ਕਤ.

ਕਤੂਨ: ਸਿੰਧੀ ਕੈਤੂਨ. ਜ਼ਰੀ ਦਾ ਬੁਣਿਆ ਹੋਇਆ ਫੀਤਾ, ਜੋ ਵਸਤ੍ਰਾਂ ਪੁਰ ਸ਼ੋਭਾ ਲਈ ਲਾਈਦਾ ਹੈ. ਦੇਖੋ, ਅੰ. Acton.

ਕਤੂਰਾ: ਦੇਖੋ, ਕੁਤੂਰਾ.

ਕਤੇਬ: ਅ਼. كتيب ਕਿਤਾਬ. ਪੁਸ੍ਤਕ. ਗ੍ਰੰਥ. ਇਹ ਕਿਤਾਬ ਦਾ ਹੀ ਇਮਾਲਹ ਹੋ ਕੇ ਰੂਪਾਂਤਰ ਹੈ। ੨. ਗੁਰਬਾਣੀ ਵਿੱਚ ਕੁਤਬ ਦੀ ਥਾਂ ਭੀ ਕਤੇਬ ਸ਼ਬਦ ਆਉਂਦਾ ਹੈ, ਅਰ ਖਾਸ ਕਰਕੇ ਚਾਰ ਕਿਤਾਬਾਂ ਤੌਰੇਤ, ਜ਼ੱਬੂਰ, ਅੰਜੀਲ ਅਤੇ ਕ਼ੁਰਾਨ (ਫ਼ੁਰਕ਼ਾਨ) ਦਾ ਬੋਧਕ ਹੈ. "ਦੇਵ ਭੇਵ ਨ ਜਾਨਹੀ ਜਿਹ ਬੇਦ ਔਰ ਕਤੇਬ."

(ਜਾਪੁ)

"ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ." (ਆਸਾ ਮਃ ੫)

ਕਤੇਲਾ: ਅ਼. قاتِل ਕ਼ਾਤਿਲ ਵਿ- ਕ਼ਤਲ ਕਰਨ ਵਾਲਾ. ਵਧ ਕਰਤਾ. "ਕੌਮ ਕਤੇਲੇ." (ਭਾਗੁ)

ਕਤੈਯਾ: ਵਿ- ਕੱਤਣ ਵਾਲਾ। ੨. ਕ਼ਤ਼ਅ਼ ਕਰੈਯਾ. ਕਟੈਯਾ.

ਕਤੰਚ: ਸੰ. कुत्रचित ਕੁਤ੍ਰਚਿਤ੍. ਕ੍ਰਿ. ਵਿ- ਕਿੱਥੇ. ਕਹਾਂ। ੨. कुतश्च ਕੁਤਸ਼੍ਚ. ਕਹਾਂ ਸੇ. ਕਿਸ ਥਾਂ ਤੋਂ. "ਕਤੰਚ ਮਾਤਾ ਕਤੰਚ ਪਿਤਾ." (ਸਹਸ ਮਃ ੫)

ਕੱਤਾ: ਸੰਗਯਾ- ਛੋਟਾ ਖੜਗ. ਇਹ ਸਿੱਧਾ ਅਤੇ ਚੌੜਾ ਹੁੰਦਾ ਹੈ. ਅ਼. كتيف ਕਤੀਫ਼.

ਕੱਤਾਲ, ਕ਼ੱਤਾਲ: ਅ਼. قتّال ਵਿ- ਕ਼ਤਲ ਕਰਨ ਵਾਲਾ. "ਸੁਣ ਨਾਨਕ ਕੱਤਾਲ." (ਮਗੋ) ਬਚਨਰੂਪ ਸ਼ਸਤ੍ਰਾਂ ਨਾਲ ਮਾਰਨ ਵਾਲੇ, ਗੁਰੂ ਨਾਨਕ ! ਸੁਣ.

ਕੱਤੀ: ਸੰ. कर्त्रका ਕਰ੍ਤ੍ਰਿਕਾ. ਸੰਗਯਾ- ਕਾਤੀ. ਪਤਲੀ ਅਤੇ ਸਿੱਧੀ ਤਲਵਾਰ. "ਪਰੈਂ ਕੱਤਿਯੰ ਘਾਤ." (ਵਿਚਿਤ੍ਰ)

ਕਤ੍ਰ: ਦੇਖੋ, ਕੁਤ੍ਰ.

ਕਥ: ਸੰਗਯਾ- ਕਥਾ. ਕਹਾਣੀ। ੨. ਦੇਖੋ, ਕਥਨ। ੩. ਦੇਖੋ, ਜਥ ਕਥ। ੪. ਦੇਖੋ, ਕੱਥ.

ਕਥਉ: ਕਹੋ. ਕਥਨ ਕਰੋ। ੨. ਕਥੋਂ. ਕਹਿੰਦਾ. "ਕਥਉ ਨ ਕਥਨੀ ਹੁਕਮ ਪਛਾਨਾ." (ਗਉ ਅਃ ਮਃ ੧)

ਕਥਕ: ਸੰ. ਵਿ- ਕਥਨ ਕਰਤਾ. ਵਕਤਾ. ਕਹਿਣ ਵਾਲਾ. ਕੱਥਕੜ। ੨. ਦੇਖੋ, ਕੱਥਕ ੨.

ਕਥੱਕੜ: ਦੇਖੋ, ਕਥਕ.

ਕਥਤ: ਸੰ कथयति ਕ੍ਰਿ. ਕਥਨ ਕਰਦਾ ਹੈ. ਕਹਿੰਦਾ ਹੈ. ੨. ਦੇਖੋ, ਕਥਿਤ.

ਕਥਤਾ: ਸੰ. कथयिता ਵਿ- ਕਥਨ ਕਰਨ ਵਾਲਾ। ੨. ਕਥਾ ਦਾ. ਪ੍ਰਸੰਗ ਦਾ. "ਕਥਤਾ ਬਕਤਾ ਸੁਨਤਾ ਸੋਈ." (ਗਉ ਮਃ ੧)

ਕਥਨ: ਸੰ. ਸੰਗਯਾ- ਕਹਿਣਾ. ਬਿਆਨ. "ਕਥਨ ਸੁਨਾਵਨ ਗੀਤ ਨੀਕੇ ਗਾਵਨ." (ਦੇਵ ਮਃ ੫)

ਕਥਨਾ: ਕ੍ਰਿ- ਕਹਿਣਾ. ਬਿਆਨ ਕਰਨਾ। ੨. ਸੰਗਯਾ- ਵ੍ਯਾਖ੍ਯਾ (ਵਿਆਖਿਆ) ਬਿਆਨ. ਦੇਖੋ, ਕਥੀ.

ਕਥਨੀ: ਸੰਗਯਾ- ਕਹਿਣ ਦੀ ਕ੍ਰਿਯਾ. ਵ੍ਯਾਖ੍ਯਾ. "ਕਥਨੀ ਕਹਿ ਭਰਮੁ ਨ ਜਾਈ." (ਸੋਰ ਕਬੀਰ)

ਕਥਨੀ ਬਦਨੀ: ਸੰਗਯਾ- ਕੇਵਲ ਮੁਖ ਕਰਕੇ ਬਿਆਨ. ਅਮਲ ਤੋਂ ਬਿਨਾ ਜ਼ੁਬਾਨੀ ਜਮਾ ਖ਼ਰਚ. "ਸਬਦੁ ਨ ਚੀਨੈ ਕਥਨੀ ਬਦਨੀ ਕਰੈ." (ਸ੍ਰੀ ਮਃ ੩)

ਕਥਨੀਯ: ਸੰ. ਵਿ- ਕਹਿਣ ਯੋਗ੍ਯ. ਬਿਆਨ ਕਰਨੇ ਲਾਇਕ.

ਕਥਨੁ: ਦੇਖੋ, ਕਥਨ.

ਕਥੜੀ: ਸੰਗਯਾ- ਕਥਾ. "ਕਥੜੀਆ ਸੰਤਾਹ ਤੇ ਸੁਖਾਊ ਪੰਧੀਆ." (ਵਾਰ ਮਾਰੂ ੨, ਮਃ ੫)

ਕਥਾ: ਸੰ. ਸੰਗਯਾ- ਬਾਤ. ਪ੍ਰਸੰਗ. ਬਿਆਨ. ਵ੍ਯਾਖ੍ਯਾ। ੨. ਕਿਸੇ ਵਾਕ ਦੇ ਅਰਥ ਦਾ ਵਰਣਨ. "ਕਥਾ ਸੁਣਤ ਮਲੁ ਸਗਲੀ ਖੋਵੈ." (ਮਾਝ ਮਃ ੫)

ਕਥਾਇਆ: ਕਥਨ ਕਰਵਾਇਆ. ਕਹਾਇਆ. "ਮਿਲਿ ਸਾਧੂ ਅਕਥੁ ਕਥਾਇਆ ਥਾ." (ਮਾਰੂ ਮਃ ੫)

ਕਥਾਕ: ਕਥਾ ਕਹਿਣ ਵਾਲਾ. ਕਥੱਕੜ.

ਕਥਾਗੀ: ਕਥਾ ਗਾਈ (ਗਾਇਨ ਕੀਤੀ). ੨. ਕਥਾ ਦੇ ਗਾਇਨ ਕਰਨ ਵਾਲਾ. "ਹਮ ਹਰਿਕਥਾ ਕਥਾਗੀ." (ਧਨਾ ਮਃ ੪) ਕਰਤਾਰ ਦੀ ਮਹਿਮਾ ਨੂੰ ਗਾਇਨ ਕਰਨ ਵਾਲੇ ਹਾਂ.

ਕਥਾਨਕ: ਸੰ. ਸੰਗਯਾ- ਕਥਾ ਦਾ ਸਾਰਾਂਸ਼। ੨. ਕਥਾ. ਕਹਾਣੀ. ਕਿੱਸਾ.

ਕਥਿ: ਕ੍ਰਿ. ਵਿ- ਕਥਨ ਕਰਕੇ. ਆਖਕੇ. "ਕਥਿ ਕਥਿ ਕਥੀ ਕੋਟੀ ਕੋਟਿ ਕੋਟਿ" (ਜਪੁ) ਕੋਟੀ (ਕ੍ਰੋੜਹਾ ਵਕਤਿਆਂ ਨੇ) ਕੋਟਿ (ਕ੍ਰੋੜ) ਕੋਟਿ (ਦਲੀਲਾਂ) ਨਾਲ ਕਹਿ ਕਹਿਕੇ ਕਥਨ ਕੀਤੀ ਹੈ. ਭਾਵ- ਅਨੇਕ ਪ੍ਰਕਾਰ ਅਤੇ ਅਨੰਤ ਵਾਰ ਆਖੀ ਹੈ. "ਸਚਾ ਸਬਦੁ ਕਥਿ." (ਸ੍ਰੀ ਮਃ ੫) ੨. ਦੇਖੋ, ਕੱਥ ੪.

ਕਥਿਤ: ਸੰ. ਵਿ- ਕਹਿਆ ਹੋਇਆ. ਬਿਆਨ ਕੀਤਾ.

ਕਥਿਤਾ: ਸੰ. ਕਥਯਿਤਾ. ਵਿ- ਕਹਿਣ ਵਾਲਾ. ਵਕਤਾ.

ਕਥੀ: ਕਥਨ (ਬਿਆਨ) ਕੀਤੀ. "ਕਥਨਾ ਕਥੀ ਨ ਆਵੈ ਤੋਟਿ." (ਜਪੁ)

ਕਥੀਰ: ਸੰਗਯਾ- ਕਥਿਤ- ਇਰਾ. ਆਖੀ ਹੋਈ ਬਾਣੀ. ਕਿੱਸਾ. ਕਸੀਦਾ. "ਕਵਿਆਂਨ ਕੱਥੇ ਕਥੀਰੇ." (ਚੰਡੀ ੨) "ਕੱਥੇ ਕਥੀਰੰ." (ਵਿਚਿਤ੍ਰ) ੨. ਰਾਂਗਾ. ਬੰਗ.

ਕਥੂਰੀ: ਦੇਖੋ, ਕਸਤੂਰੀ. "ਰਾਤਿ ਕਥੂਰੀ ਵੰਡੀਐ." (ਸ. ਫਰੀਦ) ਭਾਵ, ਹਰਿਨਾਮ ਕਥਾ। ੨. ਕੀਰ੍ਤਿ। ੩. ਸ਼ੁਭ ਵਾਸਨਾ. ਸੁਗੰਧ.

ਕਥੰ: ਸੰ. कथम् ਕ੍ਰਿ. ਵਿ- ਕੈਸੇ. ਕਿਸ ਤਰਾਂ. "ਜਗ ਬਿਵਹਾਰ ਕਥੰ ਸੋ ਲਹੈ?" (ਗੁਪ੍ਰਸੂ)

ਕਥੰਚਨ: ਸੰ. कथन्चन ਵ੍ਯ- ਕੈਸੇ. ਕਿਸੀ ਤਰਾਂ. ਕਿਵੇਂ.

ਕਥੰਚਿਤ: ਸੰ. कथञ्चिन ਕ੍ਰਿ. ਵਿ- ਕਿਸੀ ਨ ਕਿਸੀ ਪ੍ਰਕਾਰ ਸੇ. ਕਿਸੇ ਨਾ ਕਿਸੇ ਢੰਗ ਨਾਲ। ੨. ਸ਼ਾਯਦ.

ਕੱਥ: ਸੰਗਯਾ- ਕਥਾ। ੨. ਖੈਰ ਬਿਰਛ ਦੀ ਲਕੜੀਆਂ ਦਾ ਕ੍ਵਾਥ (ਕਾੜ੍ਹਾ) ਬਣਾਕੇ ਗਾੜ੍ਹਾ ਕੀਤਾ ਇੱਕ ਪਦਾਰਥ, ਜੋ ਪਾਨਾਂ ਵਿੱਚ ਵਰਤੀਦਾ ਹੈ ਅਤੇ ਰੰਗਣ ਦੇ ਕੰਮ ਭੀ ਆਉਂਦਾ ਹੈ. ਅਨੇਕ ਦਵਾਈਆਂ ਵਿੱਚ ਭੀ ਇਸ ਨੂੰ ਵਰਤਦੇ ਹਨ. ਕੱਥਾ. Uncaria Gambier । ੩. ਸੰ. कत्थ ਸ਼ਲਾਘਾ. ਉਸਤਤਿ. "ਦਲ ਗਾਹਨ ਕੱਥੇ." (ਚੰਡੀ ੩) ਤਾਰੀਫ਼ ਲਾਇਕ ਯੋਧਾ ਦਲ ਗਾਹਨ। ੪. ਵਿ- ਕਥ੍ਯ. ਕਥਨ ਯੋਗ੍ਯ. ਬਿਆਨ ਕਰਨ ਲਾਇਕ। ੫. ਦੇਖੋ, ਕੱਥੰ.

ਕੱਥਕ: ਸੰ. ਵਿ- ਕਹਿਣ ਵਾਲਾ. ਕਥਨ ਕਰਤਾ। ੨. ਸੰਗਯਾ- ਉਹ ਗਾਯਕ (ਗਵੱਯਾ), ਜੋ ਨ੍ਰਿਤ੍ਯ (ਨਾਚ) ਅਤੇ ਸ਼ਰੀਰ ਦੀ ਹਰਕਤ ਨਾਲ ਗਾਏ ਹੋਏ ਗੀਤ ਦਾ ਭਾਵ ਪ੍ਰਗਟ ਕਰੇ.

ਕੱਥਾ: ਦੇਖੋ, ਕੱਥ ੨.

ਕੱਥੰ: ਕਥਨ ਕੀਤਾ. ਉੱਚਾਰਣ ਕੀਤਾ. "ਪੜੇ ਸਾਮ ਬੇਦੰ ਜੁਜਰ ਬੇਦ ਕੱਥੰ." (ਵਿਚਿਤ੍ਰ)

ਕਦ, ਕਦਹੁ: ਕ੍ਰਿ. ਵਿ- ਕਦਾ. ਕਬ. ਕਦੋਂ. "ਕਉਣ ਕਹੈ ਤੂ ਕਦ ਕਾ." (ਤੁਖਾ ਛੰਤ ਮਃ ੫) "ਕਦਹੁ ਸਮਝਾਇਆ ਜਾਇ." (ਵਾਰ ਸ੍ਰੀ ਮਃ ੩) ੨. ਦੇਖੋ, ਕੱਦ। ੩. ਅ਼. کدّ ਕੱਦ. ਮਿਹਨਤ. ਕੋਸ਼ਿਸ਼। ੪. ਫ਼ਾ. کد ਘਰ। ੫. ਸ਼ਖ਼ਸ. ਕੋਈ ਪੁਰਖ.

ਕਦਖ਼ੁਦਾ: ਫ਼ਾ. کدخدا ਘਰ ਦਾ ਮਾਲਿਕ। ੨. ਬਾਦਸ਼ਾਹ। ੩. ਰੂਹ. ਜੀਵਾਤਮਾ। ੪. ਵਿਆਹਿਆ ਹੋਇਆ ਆਦਮੀ.

ਕਦਨ: ਸੰ. ਸੰਗਯਾ- ਕਲੇਸ਼. ਦੁੱਖ. "ਸੁਮਤਿ ਸਦਨ ਭਯੋ ਕਦਨ ਬਿਰਾਮ ਹੈ." (ਨਾਪ੍ਰ) ੨. ਯੁੱਧ. ਜੰਗ। ੩. ਵਿਨਾਸ਼. ਵਧ.

ਕਦਮ: ਦੇਖੋ, ਕਦੰਬ। ੨. ਅ਼. قدم ਕ਼ਦਮ. ਸੰਗਯਾ- ਚਰਣ. ਪੈਰ. "ਤੇਰੇ ਕਦਮ ਸਲਾਹ." (ਭੈਰ ਮਃ ੫) ੩. ਡਿੰਘ. ਡਗ.

ਕਦਮਪੋਸੀ, ਕ਼ਦਮਬੋਸੀ: ਫ਼ਾ. قدمبوسی ਸੰਗਯਾ- ਪੈਰ ਚੁੰਮਣ ਦੀ ਕ੍ਰਿਯਾ. ਕ਼ਦਮਾਂ ਦਾ ਬੋਸਾ (ਚੁੰਮਾ) ਲੈਣਾ. ਲਿਖਾਰੀ ਨੇ ਕਦਮਬੋਸੀ ਦੀ ਥਾਂ ਕਦਮਪੋਸੀ ਪਾਠ ਲਿਖ ਦਿੱਤਾ ਹੈ. "ਫਿਰੈਂ ਕਦਮਪੋਸੀ ਕਉ ਕਰਤੇ." (ਗੁਪ੍ਰਸੂ)

ਕਦਰ: ਸੰ. ਸੰਗਯਾ- ਆਰਾ। ੨. ਅੰਕੁਸ਼। ੩. ਚਿੱਟਾ ਖ਼ੈਰ ਬਿਰਛ. "ਕਦਰ ਬਟ ਤੈਮਾਲ" (ਗੁਪ੍ਰਸੂ) ਦੇਖੋ, ਯੂ. Kedros । ੪. ਅ਼. قدر ਕ਼ਦਰ. ਸਨਮਾਨ. ਪ੍ਰਤਿਸ਼੍ਠਾ. ਆਦਰ। ੫. ਮਾਨ. ਪ੍ਰਮਾਣ. ਤੋਲ.

ਕ਼ਦਰਸ਼ਨਾਸ, ਕ਼ਦਰਦਾਨ: ਫ਼ਾ. قدرشناس ਵਿ- ਕ਼ਦਰ ਜਾਣਨ ਵਾਲਾ. ਗੁਣਗ੍ਰਾਹਕ.

ਕਦਰਯ, ਕਦਰਾਈ: ਸੰ. ਕਾਤਯੰ. ਸੰਗਯਾ- ਕਾਇਰਪੁਣਾ. ਬੁਜ਼ਦਿਲੀ। ੨. ਘਬਰਾਹਟ। ੩. ਡਰ. ਖ਼ੌਫ.

ਕਦਲ: ਦੇਖੋ, ਕੰਦਲ.

ਕਦਲੀ: ਸੰ. ਸੰਗਯਾ- ਕੇਲਾ। ੨. ਕੰਬੋਜ ਦੇਸ਼ ਦਾ ਮ੍ਰਿਗ, ਜੋ ਸਜਾਹੀ ਮਿਲੇ ਭੂਰੇ ਰੰਗ ਦਾ ਹੁੰਦਾ ਹੈ। ੩. ਆਸਾਮ ਅਤੇ ਬਰਮਾ ਵਿੱਚ ਹੋਣ ਵਾਲਾ ਇੱਕ ਬਿਰਛ, ਜਿਸ ਦੀ ਲੱਕੜ ਤੋਂ ਨੌਕਾ ਬਣਦੀ ਹੈ.

ਕਦਲੀਪੁਹਪ: ਸੰਗਯਾ- ਮਨ. ਦਿਲ, ਕੇਲੇ ਦੇ ਫੁੱਲ ਵਰਗੀ ਹੈ ਜਿਸ ਦੀ ਸ਼ਕਲ. "ਕਦਲੀਪੁਹਪ ਧੂਪ ਪਰਗਾਸ." (ਭੈਰ ਅਃ ਕਬੀਰ)

ਕਦਲੀਬਨ: ਦੇਖੋ, ਕਜਲੀਬਨ.

ਕਦਵ: ਸੰ. कन्दुक ਕੰਦੁਕ. ਸੰਗਯਾ- ਗੇਂਦ. ਫਿੰਡ. ਖੇਂਨੂੰ. "ਖਿਲੰਤ ਜਾਣੁ ਕੱਦਵੰ." (ਰਾਮਾਵ)

ਕਦਾ: ਸੰ. ਕ੍ਰਿ. ਵਿ- ਕਬੀ. ਕਿਸੇ ਵੇਲੇ. ਕਦੀ. "ਜਗਸੁਖ ਮੇ ਉਰਝੈ ਨਹਿ ਕਦਾ." (ਗੁਪ੍ਰਸੂ) ੨. ਅ਼. قدع ਕ਼ਦਅ਼. ਸੰਗਯਾ- ਵਰਜਣ. ਹਟਾਉਣਾ. "ਨੀਲੀ ਸਿਆਹੀ ਕਦਾ ਕਰਣੀ." (ਸ੍ਰੀ ਮਃ ੧) ਨੀਲੀ ਪੌਸ਼ਾਕ ਇਹ ਹੈ ਕਿ ਮਨ ਦੀ ਸਜਾਹੀ ਮਿਟਾਉਣੀ। ੩. ਅ਼. قدح ਕ਼ਦਹ਼. ਪਾੜਨਾ. ਚੀਰਨਾ। ੪. ਅੱਗ ਲਾਉਣੀ। ੫. ਤਾਨਾ ਮਾਰਨਾ.

ਕਦਾਚ, ਕਦਾਂਚ, ਕਦਾਚਹ, ਕਦਾਚਹੁ, ਕਦਾਚਨ, ਕਦਾਚਿਤ, ਕਦਾਚਿਦ, ਕਦਾਪਿ, ਕਦਾਪੀ: ਕ੍ਰਿ. ਵਿ- ਸ਼ਾਯਦ। ੨. ਕਭੀ. ਕਿਸੀ ਸਮੇਂ ਕਿਸੇ ਵੇਲੇ "ਕਦਾਚ ਨਹਿ ਸਿਮਰੰਤ ਨਾਨਕ." (ਵਾਰ ਜੈਤ) "ਨਹਿ ਸਿਮਰੰਤ ਮਰਣੰ ਕਦਾਂਚਹ." (ਸਹਸ ਮਃ ੫) "ਭਲੋ ਕਰਮ ਨਹਿ ਕੀਨ ਕਦਾਪੀ." (ਗੁਪ੍ਰਸੂ)

ਕਦਾਮਤ, ਕ਼ਦਾਮਤ਼: ਅ਼. قدامت ਸੰਗਯਾ- ਕ਼ਦੀਮ ਹੋਣਾ. ਪ੍ਰਾਚੀਨਤਾ. ਪੁਰਾਣਾਪਨ.

ਕਦਿ: ਕ੍ਰਿ. ਵਿ- ਕਦਾ. ਕਬ. ਕਦੋਂ. "ਸਫਲ ਦਰਸਨ ਕਦਿ ਪਾਉ?" (ਸਾਰ ਮਃ ੫) "ਪਾਪ ਬਿਨਾਸੇ ਕਦਿਕੇ." (ਬਾਵਨ)

ਕਦੀਮ, ਕ਼ਦੀਮ: ਅ਼. قدیم ਵਿ- ਪੁਰਾਣਾ। ੨. ਮੁੱਢ ਦਾ."ਸੇਵਕ ਕਦੀਮ ਤਕ ਆਏ ਤੇਰੀ ਸਾਮ ਹੈ." (ਚੰਡੀ ੧)

ਕਦੀਮੀ: ਵਿ- ਮੁੱਢ ਦਾ. ਦੇਖੋ, ਕਦੀਮ. "ਹੁਤੇ ਕਦੀਮੀ ਗੁਰਘਰ ਕੇਰੇ." (ਗੁਪ੍ਰਸੂ)

ਕਦੂ, ਕਦੂਆ: ਫ਼ਾ کدوٗ ਸੰਗਯਾ- ਘੀਆਕੱਦੂ. "ਬੇਲਹਿ ਤੇ ਕਦੂਆ ਕਟ ਡਾਰਜੋ." (ਚੰਡੀ ੧)

**ਕਦੂਰਤ:** ਅ. كدُورت ਸੰਗਯਾ- ਅੰਧੇਰਾ। ੨. ਗੰਧਲਾਪਨ. ਮਲੀਨਤਾ। ੩. ਰੰਜ.

**ਕਦੂਰੀ:** ਦੇਖੋ, ਕਦੂਰਤ। ੨. ਫ਼ਾ. کنْدُوری ਕੰਦੂਰੀ. ਸੰਗਯਾ- ਦਸੂਰਖ਼੍ਵਾਨ. ਮੇਜ਼ਪੋਸ਼. ਉਹ ਵਸਤ੍ਰ ਜਿਸ ਤੇ ਭੋਜਨ ਪਰੋਸਿਆ ਜਾਵੇ। ੩. ਮੁਹੰਮਦ ਸਾਹਿਬ ਦੀ ਪੁਤ੍ਰੀ ਫਾਤਿਮਾ ਦੇ ਨਾਉਂ ਕੀਤਾ ਹੋਇਆ ਭੋਜਨ, ਜਿਸ ਵਿੱਚ ਉਸ ਦੇ ਨਾਉਂ ਦਾ ਫ਼ਾਤਿਹ਼ਾ ਪੜ੍ਹਿਆ ਜਾਂਦਾ ਹੈ. "ਮਿਸਿਮਿਲਿ ਤਾਮਸੁ ਭਰਮੁ ਕਦੂਰੀ." (ਭੈਰ ਕਬੀਰ) ਤਾਮਸ ਅਤੇ ਭਰਮ ਨੂੰ ਜ਼ਿਬਹਿ ਕਰਕੇ ਕੰਦੂਰੀ ਕਰੋ. ਜੋ ਭਰਮਕਦੂਰੀ ਪਾਠ ਕਰਦੇ ਹਨ, ਉਹ ਮੰਮੇ ਦੇ "ਮੁ" ਨੂੰ ਨਹੀਂ ਵਿਚਾਰੇ.

**ਕਦੇ:** ਦੇਖੋ, ਕਦਾ. "ਸਹਸਾ ਕਦੇ ਨ ਜਾਇ." (ਵਾਰ ਮਾਰੂ ੧. ਮਃ ੩)

**ਕਦੰਚ, ਕਦੰਤ:** ਦੇਖੋ, ਕਦਾਚਿਤ. "ਕਦੰਚ ਕਰੁਣਾ ਨ ਉਪਰਜਤੇ." (ਸਹਸ ਮਃ ੫) "ਚਿਤ ਮੇ ਚਿਤਵਯੋ ਨਹੀ ਕਦੰਤ." ਅਤੇ "ਜਾਨਯੋ ਗਹਯੋ ਨ ਛੁਟੈ ਕਦੰਤਾ." (ਗੁਪ੍ਰਸੂ)

**ਕਦੰਨ:** ਸੰ. ਸੰਗਯਾ- ਧਰਮਸ਼ਾਸਤ੍ਰ ਕਰਕੇ ਵਰਜਿਆ ਹੋਇਆ ਅੰਨ। ੨. ਵੈਦਯ ਦਾ ਵਰਜਿਤ ਅੰਨ। ੩. ਬਾਥੂ ਆਦਿਕ ਮੋਟਾ ਅੰਨ.

**ਕਦੰਬ, ਕਦੰਮ:** ਸੰ. कदम्ब ਸੰਗਯਾ- ਸਮੂਹ. ਸਮੁਦਾਯ. "ਸਿਰਜਤ ਹੈ ਬ੍ਰਹਮੰਡ ਕਦੰਬ." (ਨਾਪ੍ਰ) ੨. ਇੱਕ ਖ਼ਾਸ ਬਿਰਛ, ਜਿਸ ਦੇ ਪੀਲੇ ਫੁੱਲ ਲਗਦੇ ਹਨ. ਇਹ ਬਿਰਛ ਕ੍ਰਿਸ਼ਨ ਜੀ ਦੇ ਬਹੁਤ ਪਿਆਰੇ ਸਨ. ਇਨ੍ਹਾਂ ਦੇ ਜੰਗਲ ਵਿੱਚ ਹੀ ਬਹੁਤ ਖੇਲ ਕੀਤੀ ਹੈ. ਹੁਣ ਵ੍ਰਿੰਦਾਵਨ ਵਿੱਚ ਕ੍ਰਿਸ਼ਨ ਜੀ ਦੇ ਭਗਤ ਕਦੰਬ ਦੇ ਫੁੱਲਾਂ ਦੀ ਮਾਲਾ ਕ੍ਰਿਸ਼ਨ ਦੀ ਮੂਰਤੀ ਨੂੰ ਪਹਿਰਾਂਉਂਦੇ ਹਨ. Nauclea Cadamba.

**ਕੱਦ:** ਖਤ੍ਰੀ ਗੋਤ੍ਰ, ਜੋ ਛੋਟੇ ਸਰੀਣਾਂ ਵਿੱਚੋਂ ਹੈ। ੨. ਅ. قد ਕ਼ੱਦ. ਡੀਲ. ਆਕਾਰ ਦੀ ਲੰਬਾਈ ਚੌੜਾਈ.

**ਕੱਦਾਵਰ:** ਫ਼ਾ. قدآور ਵਿ- ਵਡੇ ਕ਼ੱਦ (ਡ਼ੀਲ) ਵਾਲਾ

**ਕੱਦੂ:** ਦੇਖੋ, ਕਦੂਆ.

**ਕੱਦੂਕਸ਼:** ਫ਼ਾ. کدّوکش ਸੰਗਯਾ- ਦੰਦੇਦਾਰ ਝਰਣਾ, ਜਿਸ ਪੁਰ ਕੱਦੂ ਘਸਾਇਆ ਜਾਂਦਾ ਹੈ. ਕੱਦੂ ਦੇ ਬਾਰੀਕ ਲੱਛੇ ਸੁਰਾਖਾਂ ਵਿੱਚੋਂ ਨਿਕਲਦੇ ਹਨ ਜਿਨ੍ਹਾਂ ਦਾ ਰਾਇਤਾ ਪੈਂਦਾ ਹੈ.

**ਕਦ੍ਰ, ਕਦ੍ਰੂਕਾ, ਕਦ੍ਰੂ:** ਸੰ. कद्रु ਸੰਗਯਾ- ਪੁਰਾਣਾਂ ਅਨੁਸਾਰ ਦਕ੍ਸ਼ ਦੀ ਪੁਤ੍ਰੀ ਅਤੇ ਕਸ਼ੵਪ ਦੀ ਇਸਤ੍ਰੀ, ਜਿਸ ਤੋਂ ਨਾਗ ਪੈਦਾ ਹੋਏ. "ਬਿਨਤਾ ਕਦ੍ਰੂ ਦਿਤਿ ਅਦਿਤਿ ਏ ਰਿਖਿ ਬਰੀ ਬਨਾਯ." (ਵਿਚਿਤ੍ਰ)

**ਕਧਾਰ:** ਦੇਖੋ, ਕੰਧਾਰ.

**ਕਨ:** ਦੇਖੋ, ਕਣ। ੨. ਕਰ੍‍ਣ. ਕੰਨ. "ਜਿਨ ਕਨ ਕੀਨੇ ਅਖੀ ਨਾਕ." (ਧਨਾ ਮਃ ੧) ੩. ਬੂੰਦ. "ਜਲ ਕਨ ਸੁਭਗ ਝਰੇ." (ਪਾਰਸਾਵ) ੪. ਕਨਕ ਦਾ ਸੰਖੇਪ. ਸੁਵਰਣ. ਸੋਨਾ. "ਉਚ ਭਵਨ ਕਨ ਕਾਮਨੀ." (ਸ. ਕਬੀਰ)

**ਕਨਉਜ:** ਦੇਖੋ, ਕਨੌਜ.

**ਕਨਸੋਇ:** ਦੇਖੋ, ਕਣਸੋਇ.

**ਕਨਕ:** ਸੰ. ਸੰਗਯਾ- ਸੁਵਰਣ. ਸੋਨਾ. "ਕਨਕ ਕਟਿਕ ਜਲ ਤਰੰਗ ਜੈਸਾ." (ਸ੍ਰੀ ਰਵਿਦਾਸ) ੨. ਧਤੂਰਾ. "ਕਨਕ ਕਨਕ ਤੇ ਸੌ ਗੁਨੋ ਮਾਦਕ ਮੇ ਅਧਿਕਾਇ." (ਬਿਹਾਰੀ) ੩. ਪਲਾਸ. ਢੱਕ। ੪. ਕਣਿਕ. ਗੇਹੂੰ. ਗੰਦਮ ਅਤੇ ਉਸ ਦਾ ਆਟਾ. ਦੇਖੋ, ਕਣਿਕ ੨। ੫. ਦੇਖੋ, ਛੱਪਯ ਦਾ ਭੇਦ ੩.

**ਕਨਕਕਸ਼ਿਪੁ:** ਦੇਖੋ, ਹਿਰਨਯਕਸ਼ਿਪੁ.

**ਕਨਕਕਲਾ:** ਸੰ. ਕਨਕਕਲਃ ਸੋਨਾ ਘੜਨ ਦੀ ਕਲਾ (ਵਿਦਯਾ) ਦੇ ਜਾਣਨ ਵਾਲਾ. ਸੁਨਿਆਰ. ਜ਼ਰਗਰ. "ਜੈਸੇ ਕਨਿਕਕਲਾ ਚਿਤੁ ਮਾਡੀਅਲੇ." (ਰਾਮ ਨਾਮਦੇਵ)

**ਕਨਕਟਾ, ਕਨਕਟੀ:** ਗੋਰਖਪੰਥੀ, ਜਾਂ ਉਹ ਇਸਤ੍ਰੀ, ਜਿਸ ਦੇ ਕੰਨਾਂ ਵਿੱਚ ਛੇਦ ਹੋਣ। ੨. ਬੱਚਾ. ਜਿਸ ਦੇ ਕੰਨ ਕੁਤਰੇ ਗਏ ਹਨ.

**ਕਨਕਬਜਾ:** ਅਞਾਣ ਲਿਖਾਰੀ ਨੇ ਕਾਨਕੁਬਜ ਦੀ ਥਾਂ ਐਸਾ ਲਿਖਿਆ ਹੈ. ਦੇਖੋ, ਚਰਿਤ੍ਰ ੨੧੭ ਅੰਕ ੩.

**ਕਨਕਲੋਚਨ:** ਦੇਖੋ, ਹਰਣਖ (ਹਿਰਨਯਾਕ੍ਸ਼).

**ਕਨਕਾ:** ਦੇਖੋ, ਕਣਕਾ। ੨. ਕਨਯਕਾ. ਕੁਆਰੀ ਲੜਕੀ. "ਔਰ ਮਿਲੀ ਕਨਕਾ ਤਹਿਂ ਆਨ." (ਨਾਪ੍ਰ)

**ਕਨਕਾਚਲ:** ਕਨਕ (ਸੁਵਰਣ) ਦਾ ਅਚਲ (ਪਹਾੜ). ਸੁਮੇਰੁ.

**ਕਨਕਾਮਨੀ:** ਕਨਕ ਅਤੇ ਕਾਮਿਨੀ ਦਾ ਸੰਖੇਪ. ਦੇਖੋ, ਕਨ.

**ਕਨਕਾਯਾ:** ਸੰ. ਕੰਕਾਕਃ ਸੰਗਯਾ- ਜਲਕਾਗ. ਜਲਕਾਂਉਂ. "ਕੰਕ ਭੇਕ ਕਿੰਚਲ ਕਨਕਾਯਾ." (ਗੁਪ੍ਰਸੂ)

**ਕਨਕੂਤ:** ਦੇਖੋ, ਕਣਕੂਤ.

**ਕਨਖਲ:** ਗੰਗਾ ਕਿਨਾਰੇ ਹਰਿਦ੍ਵਾਰ ਤੋਂ ਦੋ ਮੀਲ ਪੱਛਮ ਵੱਲ ਇੱਕ ਸ਼ਹਿਰ. ਕੂਰਮ ਅਤੇ ਲਿੰਗ ਪੁਰਾਣ ਅਨੁਸਾਰ ਇਹ ਦਕ੍ਸ਼ ਪ੍ਰਜਾਪਤਿ ਦੇ ਯੱਗ ਦਾ ਅਸਥਾਨ ਹੈ. ਇਸ ਥਾਂ ਦਕ੍ਸ਼ੇਸ਼੍ਵਰ ਮਹਾਦੇਵ ਦਾ ਪ੍ਰਸਿੱਧ ਮੰਦਿਰ ਹੈ. ਸ਼੍ਰੀ ਗੁਰੂ ਅਮਰ ਦੇਵ ਇਸ ਨਗਰ ਕੁਝ ਸਮਾਂ ਵਿਰਾਜੇ ਹਨ. ਗੁਰਦ੍ਵਾਰਾ ਸਤੀਘਾਟ ਤੇ ਵਿਦਜ਼ਮਾਨ ਹੈ.

**ਕਨਪਟੀ:** ਸੰਗਯਾ- ਕੰਨ ਅਤੇ ਅੱਖ ਦੇ ਵਿਚਕਾਰ ਦਾ ਥਾਂ. ਪੁੜਪੁੜੀ। ੨. ਦੇਖੋ, ਕਨਫਟੀ.

**ਕਨਪਾਟਾ, ਕਨਪਾਟੀ, ਕਨਫਟਾ, ਕਨਫਟੀ, ਕਨਫਾਟਾ:** ਦੇਖੋ, ਕਨਕਟਾ- ਕਨਕਟੀ. "ਜੋਗਾਭਯਾਸੀ ਅਰੁ ਕਨਪਾਟੇ." (ਗੁਪ੍ਰਸੂ)

**ਕਨੱਯਾ:** ਸੰਗਯਾ- ਕਾਹਣਾ. ਕਹਣਾ. ਜਾਲਾ ਤਾਣਨ ਵਾਲਾ ਇੱਕ ਜੀਵ। ੨. ਕਨ੍ਹੈਯਾ. ਕ੍ਰਿਸ਼ਨ. "ਅਟੇਰੂ ਕੋ ਕਨੱਯਾ ਨਾਮ." (ਅਕਾਲ)

**ਕਨਾਅਤ, ਕ਼ਨਾਅ਼ਤ:** ਅ਼. قناعت ਸੰਗਯਾ- ਥੋੜੀ ਚੀਜ਼ ਪੁਰ ਪ੍ਰਸੰਨ ਹੋਣਾ. ਸਬਰ. ਸੰਤੋਖ.

**ਕਨਾਇਤ:** ਦੇਖੋ, ਕਨੈਤ.

**ਕਨਾਈ:** ਸੰਗਯਾ- ਕ੍ਰਿਸ਼ਨ. ਕਨ੍ਹੈਯਾ। ੨. ਕਰਤਾਰ. "ਸਿਮਰਿਓ ਨਾਹਿ ਕਨਾਈ." (ਮਾਰੂ ਮਃ ੯)

**ਕਨਾਤ:** ਦੇਖੋ, ਕ਼ਨਾਅ਼ਤ। ੨. ਤੁ. قنات ਕ਼ਨਾਤ. ਕਪੜੇ ਦੀ ਕੰਧ. ਤੰਬੂ ਦੇ ਚਾਰੇ ਪਾਸੇ ਦੀਵਾਰ ਦੀ ਥਾਂ ਵਸਤ੍ਰ ਦੀ ਭੀਤ। ੩. ਅ਼. ਨੇਜ਼ਾ। ੪. ਪਿੱਠ ਦੀ ਹੱਡੀ ਕੰਗਰੋੜ.

**ਕਨਾਯਤ:** ਦੇਖੋ, ਕ਼ਨਾਅ਼ਤ ਅਤੇ ਕਨੈਤ.

**ਕਨਾਰ:** ਫ਼ਾ. کنار ਕਿਨਾਰਾ. ਪਾਸਾ। ੨. ਕਿਤਾਬ ਦਾ ਹਾਸ਼ੀਆ। ੩. ਘੋੜੇ ਦਾ ਜ਼ੁਕਾਮ.

**ਕਨਾਰਾ:** ਦੇਖੋ, ਕਨਾਰ ੧. ਅਤੇ ਕਿਨਾਰਾ.

**ਕਨਾਲ:** ਪ੍ਰਿਥਿਵੀ ਦੀ ਇੱਕ ਮਿਣਤੀ. ਘੁਮਾਉਂ ਦਾ ਅੱਠਵਾਂ ਹਿੱਸਾ.

**ਕਨਾਵੇਜ਼:** ਸੰਗਯਾ- ਇੱਕ ਪ੍ਰਕਾਰ ਦਾ ਰੇਸ਼ਮੀ ਵਸਤ੍ਰ, ਜੋ ਦਰਿਆਈ ਦੀ ਕਿਸਮ ਵਿੱਚੋਂ ਹੈ. ਬੁਖ਼ਾਰੇ ਦੀ ਕਨਾਵੇਜ਼ ਬਹੁਤ ਪ੍ਰਸਿੱਧ ਹੋਇਆ ਕਰਦੀ ਸੀ.

**ਕਨਿ:** ਵੱਲ. ਓਰ. ਤਰਫ਼. "ਆਇ ਨ ਸਕਾ ਤੁਝ ਕਨਿ ਪਿਆਰੇ." (ਵਡ ਮਃ ੧) ੨. ਕਰਣ ਮੇ. ਕੰਨ ਵਿੱਚ. "ਕਨਿ ਮੁੰਦ੍ਰਾ ਪਾਈ." (ਵਾਰ ਰਾਮ ੧. ਮਃ ੧) ੩. ਸਿੰਧੀ. ਕ੍ਰਿ. ਵਿ- ਨੇੜੇ. ਪਾਸ. ਕੋਲ.

**ਕਨਿਸ਼੍ਠ:** ਸੰ. ਵਿ- ਬਹੁਤ ਛੋਟਾ. ਅਤਯੰਤ ਲਘੁ। ੨. ਨੀਚ. ਕਮੀਨਾ.

**ਕਨਿਸ਼੍ਠਾ:** ਵਿ- ਸਭ ਤੋਂ ਛੋਟੀ। ੨. ਸੰਗਯਾ- ਚੀਚੀ. ਛੋਟੀ ਉਂਗਲਿ। ੩. ਕਾਵ੍ਯ ਅਨੁਸਾਰ ਉਹ ਇਸਤ੍ਰੀ, ਜਿਸ ਨਾਲ ਪਤੀ ਦਾ ਪ੍ਰੇਮ ਘੱਟ ਹੋਵੇ.

**ਕਨਿਸ਼੍ਠਿਕਾ:** ਸੰਗਯਾ- ਸਭ ਤੋਂ ਛੋਟੀ ਅੰਗੁਲੀ. ਚੀਚੀ। ੨. ਛੋਟੀ ਭੈਣ.

**ਕਨਿਕ:** ਸੁਵਰਣ. ਭਾਵ- ਧਨ. ਦੇਖੋ, ਕਣਕ ਅਤੇ ਕਨਕ. "ਕਨਿਕ ਕਾਮਨੀ ਹੇਤ ਗਵਾਰਾ." (ਆਸਾ ਅਃ ਮਃ ੧)

**ਕਨਿਕਕਲਾ:** ਦੇਖੋ, ਕਨਕਕਲਾ.

**ਕਨਿਯਾ:** ਪੁ. ਸੰਗਯਾ- ਕੱਛੀ. ਬਗਲ. ਕਾਂਖ. "ਕਨਿਯਾ ਬਿਖੈ ਕ੍ਰੀਚਕਨ ਧਾਰੈ." (ਚਰਿਤ੍ਰ ੧੯੪) ਭੀਮਸੇਨ ਕੀਚਕ ਅਤੇ ਉਸ ਦੇ ਭਾਈਆਂ ਨੂੰ ਕੱਛੀ ਵਿੱਚ ਧਾਰਦਾ ਹੈ। ੨. ਉਛੰਗ. ਗੋਦੀ। ੩. ਜੱਫੀ. ਕੌਰੀ। ੪. ਦੇਖੋ, ਕਨਜਾ.

**ਕਨੀ:** ਦੇਖੋ, ਕਣੀ.

**ਕਨੀਆ:** ਕੌਰੀ. ਜੱਫੀ. ਦੇਖੋ, ਕਨਿਯਾ ੩. "ਸਾਦਰ ਸੋ ਨਿਜ ਭਰ ਕਰ ਕਨੀਆ." (ਨਾਪ੍ਰ)

**ਕਨੀਜ਼, ਕਨੀਜ਼ਕ:** ਫ਼ਾ. کنیز ਸੰਗਯਾ- ਦਾਸੀ. ਟਹਿਲਣ। ੨. ਕਨਜਾ.

**ਕਨੀਰ:** ਦੇਖੋ, ਕਨੇਰ.

**ਕਨੁ:** ਸਿੰਧੀ. ਕੰਨ. ਕਣੰ. ਕਾਨ.

**ਕਨੂਕਾ:** ਸੰਗਯਾ- ਕਣਕਾ. ਜ਼ਰੰ. "ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿਂਗੇ." (ਅਕਾਲ) ੨. ਚਿੰਗਾੜੀ. ਵਿਸਫੁਲਿੰਗ. "ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈਂ." (ਅਕਾਲ)

**ਕਨੇਸ਼੍ਠਾ:** ਦੇਖੋ, ਕਨਿਸ਼੍ਠਾ.

**ਕਨੇਚ:** ਸਾਨ੍ਹੇਵਾਲ ਸਟੇਸ਼ਨ ਤੋਂ ਡੇਢ ਮੀਲ ਅਗਨਿ ਕੋਣ ਜਿਲਾ ਲੁਧਿਆਨੇ ਦਾ ਇੱਕ ਪਿੰਡ. ਮਾਛੀਵਾੜੇ ਤੋਂ ਚਲਕੇ ਇਸ ਥਾਂ ਦਸਮੇਸ਼ ਕੁਝ ਕਾਲ ਵਿਰਾਜੇ ਹਨ. ਫੱਤਾ ਜ਼ਿਮੀਦਾਰ ਇਸੇ ਥਾਂ ਰਹਿੰਦਾ ਸੀ, ਜਿਸ ਨੇ ਸਤਿਗੁਰਾਂ ਨੂੰ ਸਵਾਰੀ ਲਈ ਸੁੰਦਰ ਘੋੜੀ ਦੇਣ ਤੋਂ ਬਹਾਨਾ ਬਣਾਇਆ ਸੀ.

**ਕਨੇਤ:** ਦੇਖੋ, ਕਨੈਤ.

**ਕਨੇਰ, ਕਨੇਲ:** ਸੰ. ਕਣੇਰ. ਸੰਗਯਾ- ਇੱਕ ਫੁੱਲਦਾਰ ਬੂਟਾ. ਇਸ ਦਾ ਫੁੱਲ ਖਾਸ ਕਰਕੇ ਸ਼ਿਵ ਉੱਪਰ ਚੜ੍ਹਾਈਦਾ ਹੈ. ਇਸ ਨੂੰ ਬਾਰਾਂ ਮਹੀਨੇ ਫੁੱਲ ਆਉਂਦੇ ਹਨ. ਇਸ ਦੇ ਪੱਤਿਆਂ ਦੀ ਨਸਵਾਰ ਭੀ ਬਣਦੀ ਹੈ, ਅਤੇ ਕਨੇਰ ਦੀ ਛਿੱਲ ਤਥਾ ਜੜ ਅਨੇਕ ਦਵਾਈਆਂ ਵਿੱਚ ਵਰਤੀਦੀ ਹੈ. Pterospermum Acerifolium. ਫ਼ਾ. ਖ਼ਰਜ਼ਹਰਹ.

**ਕਨੈਤ:** ਪਹਾੜੀ ਇਲਾਕਿਆਂ ਵਿੱਚ ਰਹਿਣ ਵਾਲੀ ਇੱਕ ਜਾਤਿ, ਜਿਸ ਦਾ ਨਿਕਾਸ ਰਾਜਪੂਤਾਂ ਵਿੱਚੋਂ ਹੈ. ਕਿਤਨਿਆਂ ਨੇ ਇਸ ਦਾ ਮੂਲ "ਕਨਜਾਹੇਤ" ਲਿਖਿਆ ਹੈ. ਅਰਥਾਤ ਰਾਜਪੂਤ ਕੰਨਜਾ ਮਾਰ ਦਿੰਦੇ ਸੇ ਅਤੇ ਇਨ੍ਹਾਂ ਨੇ ਕੰਨਜਾ ਮਾਰਨੀ ਪਾਪ

ਸਮਝਿਆ.

ਕਨੌਜ: ਸੰ. कान्यकुब्ज कानजकुब्ज. ਸੰਗਯਾ- ਯੂ. ਪੀ. ਦੇ ਇਲਾਕੇ. ਜ਼ਿਲਾ ਫ਼ਰਰੁਖ਼ਾਬਾਦ ਵਿੱਚ ਇੱਕ ਸ਼ਹਿਰ ਅਤੇ ਉਸ ਦਾ ਇਲਾਕਾ. ਕਨੌਜ ਪੁਰਾਣੇ ਸਮੇਂ ਹਿੰਦੂਆਂ ਦੀ ਪ੍ਰਸਿੱਧ ਰਾਜਧਾਨੀ ਰਹੀ ਹੈ. ਸਨ ੧੧੯੪ ਵਿੱਚ ਮੁਹੰਮਦ ਗ਼ੋਰੀ ਨੇ ਮਹਾਰਾਜਾ ਜੈਚੰਦ ਦੇ ਨਾਲ ਹੀ ਕਨੌਜ ਦੇ ਰਾਜ ਦੀ ਸਮਾਪਤੀ ਕਰ ਦਿੱਤੀ। ੨. ਬ੍ਰਾਹਮਣਾਂ ਦਾ ਇੱਕ ਗੋਤ੍ਰ. ਦੇਖੋ, ਕਾਨਕਬਜ.

ਕਨੌਜੀਆ: ਵਿ- ਕਨੌਜ ਦੇ ਰਹਿਣ ਵਾਲਾ। ੨. ਸੰਗਯਾ- ਕਾਨਜਕੁਬਜ ਬ੍ਰਾਹਮਣ.

ਕਨੌਡ, ਕਨੌਡਾ: ਦੇਖੋ, ਕਣੌਡ- ਕਣੌਡਾ.

ਕਨ੍ਹਾਈ: ਸੰਗਯਾ- ਕ੍ਰਿਸ਼ਨ. ਕਨ੍ਹੈਯਾ। ੨. ਕਰਤਾਰ. ਪਾਰਬ੍ਰਹਮ.

ਕਨ੍ਹੈਯਾ: ਸੰਗਯਾ- ਕੰਸਹਨੈਯਾ. ਕ੍ਰਿਸ਼ਨ. ਕਾਨ੍ਹ। ੨. ਕਰਤਾਰ. ਵਾਹਗੁਰੂ। ੩. ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਇੱਕ ਪ੍ਰੇਮੀ ਸਿੱਖ, ਜੋ ਆਨੰਦਪੁਰ ਦੇ ਜੰਗ ਵਿੱਚ ਦਸ਼ਮੇਸ਼ ਦੀ ਸੇਵਾ ਕਰਦਾ ਹੋਇਆ ਵੈਰੀਆਂ ਨੂੰ ਭੀ ਪਾਣੀ ਪਿਆਇਆ ਕਰਦਾ ਸੀ. ਇਸ ਦਾ ਨਾਉਂ ਘਨੈਯਾ ਭੀ ਪ੍ਰਸਿੱਧ ਹੈ. ਕਿਤਨੇ ਲੇਖਕਾਂ ਨੇ ਭਾਈ ਮੀਹਾਂ ਨੂੰ ਹੀ ਕਨ੍ਹੈਯਾ ਸਮਝਿਆ ਹੈ, ਜੋ ਭੁੱਲ ਹੈ. ਦੇਖੋ, ਮੀਹਾਂ.

ਕਨ੍ਹੈਯਾਂ ਦੀ ਮਿਸਲ: ਸਿੱਖਾਂ ਦੀ ੧੨. ਮਿਸਲਾਂ ਵਿੱਚੋਂ ਇੱਕ ਮਿਸਲ, ਜੋ ਕਾਨ੍ਹੇ ਪਿੰਡ ਦੇ ਵਸਨੀਕ ਖ਼ੁਸ਼ਹਾਲ ਸਿੰਘ ਦੇ ਪੁਤ੍ਰ ਸਰਦਾਰ ਜੈ ਸਿੰਘ ਸੱਧੂ ਜੱਟ ਨੇ ਕ਼ਾਇਮ ਕੀਤੀ. ਇਸ ਮਿਸਲ ਦੀ ਆਮਦਨੀ ੪੦ ਲੱਖ ਅਤੇ ਫ਼ੌਜ ਅੱਠ ਹਜ਼ਾਰ ਸੀ. ਸੰਮਤ ੧੮੨੦ ਵਿੱਚ ਸਰਹਿੰਦ ਨੂੰ ਫ਼ਤੇ ਕਰਨ ਸਮੇਂ ਜੈ ਸਿੰਘ ਆਪਣੇ ਦਲ ਸਮੇਤ ਪੰਥ ਨਾਲ ਸ਼ਾਮਿਲ ਸੀ. ਇਸ ਵੀਰ ਦਾ ਦੇਹਾਂਤ ਸੰਮਤ ੧੮੪੭ (ਸਨ ੧੭੮੯) ਵਿੱਚ ਹੋਇਆ ਹੈ. ਜੈ ਸਿੰਘ ਦੀ ਪੋਤੀ, ਸਃ ਗੁਰਬਖ਼ਸ਼ ਸਿੰਘ ਦੀ ਪੁਤ੍ਰੀ ਮਹਤਾਬ ਕੌਰ ਮਹਾਰਾਜਾ ਰਣਜੀਤ ਸਿੰਘ ਨੂੰ ਵਿਆਹੀ ਗਈ ਸੀ. ਤਸੀਲ ਕੁਸੂਰ ਦੇ ਰੱਖਾਂਵਾਲੇ ਪਿੰਡ ਦੇ ਸਰਦਾਰ ਅਤੇ ਤਸੀਲ ਵਟਾਲੇ ਦੇ ਫ਼ਤੇਗੜ੍ਹ ਦੇ ਸਰਦਾਰ ਇਸੇ ਮਿਸਲ ਵਿੱਚੋਂ ਹਨ.

ਕਨਜਕਾ: ਸੰ. ਸੰਗਯਾ- ਕੁਆਰੀ ਲੜਕੀ। ੨. ਪੁਤ੍ਰੀ. ਬੇਟੀ. ਧੀ.

ਕਨਜਾ: ਸੰ. ਸੰਗਯਾ- ਪੁਤ੍ਰੀ. ਬੇਟੀ। ੨. ਕੁਆਰੀ ਲੜਕੀ। ੩. ਬਾਰਾਂ ਰਾਸ਼ੀਆਂ ਵਿੱਚੋਂ, ਛੀਵੀਂ ਰਾਸ਼ਿ. Virgo । ੪. ਵਡੀ ਇਲਾਇਚੀ। ੫. ਇੱਕ ਛੰਦ. ਦੇਖੋ, ਅਕਵਾ.

ਕਪ: ਦੇਖੋ, ਕਪਣਾ। ੨. ਦੇਖੋ, ਕੰਪ. "ਹਥ ਮਰੋੜੈ ਤਨੁ ਕਪੈ." (ਮਾਝ ਬਾਰਹਮਾਹਾ) ੩. ਦੇਖੋ, ਕਪਿ। ੪. ਸੰ. कप् ਧਾ- ਚਲਣਾ ਹਿਲਣਾ. ਕੰਬਣਾ.

ਕਪਟ: ਸੰ. ਸੰਗਯਾ- ਛਲ. ਫ਼ਰੇਬ. "ਕੂੜਿ ਕਪਟਿ ਕਿਨੈ ਨ ਪਾਇਓ." (ਸ੍ਰੀ ਮਃ ੪) ੨. ਦੇਖੋ, ਕਪਾਟ. "ਖੋਲਿ ਕਪਟ ਗੁਰੁ ਮੇਲੀਆ." (ਜੈਤ ਛੰਤ ਮਃ ੫) "ਨਾਨਕ ਮਿਲਹੁ ਕਪਟ ਦਰ ਖੋਲਹੁ." (ਤੁਖਾਰੀ ਬਾਰਹਮਾਹਾ)

ਕਪਟਹਥਿਆਰ: ਸੰ. ਕੂਟਾਸ੍ਤ੍ਰ. ਸੰਗਯਾ- ਬਾਘਨਖਾ ਆਦਿਕ ਸ਼ਸਤ੍ਰ, ਜੋ ਪੋਸ਼ਾਕ ਵਿੱਚ ਛੁਪਾਇਆ ਹੋਵੇ. "ਕੂੜ ਕਪਟਹਥਿਆਰ ਜਿਉਂ." (ਭਾਗੁ)

ਕਪਟ ਕਪਾਟ: ਕਪਟ ਰੂਪ ਕਿਵਾੜ. ਛਲ ਦੇ ਤਖ਼ਤੇ. "ਖੁਲੈਂ ਨ ਕਪਟ ਕਪਾਟ." (ਰਹਿਮਨ)

ਕਪਟਪੁਰਖ, ਕਪਟਪੁਰੁਸ਼: ਸੰਗਯਾ- ਡਰਣਾ. ਬਣਾਉਟੀ ਮਨੁੱਖ (ਪੁਰਸ਼), ਜੋ ਪਸ਼ੂਆਂ ਦੇ ਡਰਾਉਣ ਲਈ ਖੇਤ ਵਿੱਚ ਖੜਾ ਕੀਤਾ ਹੋਵੇ.

ਕਪਟਿ: ਕਪਟ ਕਰਕੇ. ਕਪਟ ਤੋਂ. ਦੇਖੋ, ਕਪਟ ੧. ਅਤੇ ਨਿੰਮੁਨੀਆਦਾ.

ਕਪਟੀ: ਵਿ- ਛਲੀਆ. ਫ਼ਰੇਬੀ। ੨. ਪਾਖੰਡੀ.

ਕਪਟੇ: ਕਪਟੀ ਲੋਕ. ਛਲੀਏ ਪੁਰਖ. "ਕੌਡੀ ਕੌਡੀ ਜੋਰਤ ਕਪਟੇ." (ਗੂਜ ਮਃ ੫) ੨. ਕਪਟ ਕਰਕੇ. ਛਲ ਨਾਲ.

ਕਪਣਾ: ਕ੍ਰਿ- ਸੰ. ਕਰ੍ਤਨ. ਕੱਟਣਾ. ਟੁੱਕਣਾ. "ਫਰੀਦਾ ਜਿ ਦਿਹ ਨਾਲਾ ਕਪਿਆ." (ਸ. ਫਰੀਦ)

ਕਪਣੀ: ਵਿ- ਕਪਿ (ਬਾਂਦਰਾਂ) ਦੀ. "ਚਲੀ ਸੈਨ ਕਪਣੀ ਸਕ੍ਰੁੱਧ." (ਰਾਮਾਵ)

ਕਪਤ: ਦੇਖੋ, ਕੰਪਿਤ.

ਕਪਥਲ: ਦੇਖੋ, ਕੈਥਲ. "ਪਰੀ ਲੂਟ ਕਪਥਲ ਵਿਖੈ." (ਗੁਪ੍ਰਸੂ) ਕੈਥਲ ਸ਼ਹਿਰ ਵਿੱਚ ਲੁੱਟ ਪੈ ਗਈ.

ਕਪਰ: ਸਿੰਧੀ. ਕਪੁਰ. ਸੰਗ੍ਯਾ- ਦਰਿਆ ਦਾ ਉੱਚਾ ਢਾਹਾ. "ਬੇੜਾ ਕਪਰ ਵਾਤ." (ਸ. ਫਰੀਦ) ਹਵਾ ਦੇ ਜ਼ੋਰ ਨਾਲ ਬੇੜਾ ਪੱਤਣ ਨੂੰ ਛੱਡਕੇ ਉੱਚੇ ਢਾਹੇ ਨੂੰ ਜਾ ਰਿਹਾ ਹੈ, ਜਿਸ ਨਾਲ ਟਕਰਾਕੇ ਟੁੱਟਣ ਦਾ ਡਰ ਹੈ। ੨. ਕੁਮਾਰਗ. ਉਲਟਾ ਰਾਹ.

ਕਪਰਦ, ਕਪਰਦਕ: ਸੰ. ਕਪਰ੍‍ਦ- ਕਪਰ੍‍ਦਕ. ਕ (ਜਲ) ਨਾਲ ਜੋ ਚੰਗੀ ਤਰਾਂ ਸ਼ੁੱਧ ਹੋਵੇ. ਸ਼ਿਵ ਦੀ ਜਟਾ, ਜਿਨ੍ਹਾਂ ਵਿੱਚੋਂ ਗੰਗਾ ਦਾ ਪ੍ਰਵਾਹ ਨਿਕਲਦਾ ਹੈ। ੨. ਜਟਾ ਦਾ ਜੂੜਾ। ੩. ਕੌਡੀ, ਜੋ ਸਮੁੰਦਰ ਦੇ ਜਲ ਨਾਲ ਸ਼ੁੱਧ ਹੈ.

ਕਪਰਦਨ: ਦੇਖੋ, ਕਪਰਦਿਨ.

ਕਪਰਦਿਕਾ: ਸੰ. ਕਪਰ੍‍ਦਿਕਾ. ਸੰਗ੍ਯਾ- ਕੌਡੀ. ਵਰਾਟਿਕਾ. ਦੇਖੋ, ਕਪਰਦਕ.

ਕਪਰਦਿਨ, ਕਪਰਦਿਨੀ, ਕਪਰਦੀ: ਸੰ. कपर्दिन् ਵਿ- ਜਟਾਜੂਟ ਵਾਲਾ. ਦੇਖੋ, ਕਪਰਦ। ੨. ਕਪਰ੍‍ਦਿਨੀ. ਸਿਰ ਪੁਰ ਜੂੜੇ ਵਾਲੀ. ਜੂੜਾ ਰੱਖਣ ਵਾਲੀ. "ਜੈ ਜੈ ਹੋਸੀ ਮਹਿਖਾਸੁਰ ਮਰਦਨਿ ਰੰਮਕਪਰਦਿਨਿ ਛਤ੍ਰਛਿਤੇ." (ਅਕਾਲ)[2]

ਕਪਰਵਾਤ: ਦੇਖੋ, ਕਪਰ.

ਕਪਰਾ: ਦੇਖੋ, ਕਪੜਾ.

ਕਪਰੁ: ਦੇਖੋ, ਕਪਰ.

ਕਪਰੇ: ਕਪੜਾ ਦਾ ਬਹੁ ਵਚਨ. "ਮੈਲੇ ਕਪਰੇ ਕਹਾਲਉ ਧੋਵਉ." (ਮਲਾ ਰਵਿਦਾਸ) ਭਾਵ, ਮਲੀਨ ਅੰਤਹਕਰਣ.

ਕਪਰੇ ਬਾਗੇ ਵਾਲੀ: ਵਾ- ਸੰਗ੍ਯਾ- ਕੂੰਜ, ਜੋ ਚਿੱਟੇ ਲਿਬਾਸ ਵਾਲੀ ਹੈ. "ਗਗਨ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ." (ਗਉ ਮਃ ੪)

ਕਪਲ: ਦੇਖੋ, ਕਪਿਲ.

ਕਪੜ: ਦੇਖੋ, ਕਪੜਾ। ੨. ਸੰ. ਕਾਰ੍‍ਪਟਿਕ. ਲੀਰਾਂ ਦੀ ਗੋਦੜੀ ਪਹਿਰਣ ਵਾਲਾ. "ਕਪੜ ਕੇਦਾਰੈ ਜਾਈ." (ਸੋਰ ਕਬੀਰ)

ਕਪੜਕੋਠਾ: ਸੰਗ੍ਯਾ- ਤੰਬੂ. ਡੇਰਾ. ਖ਼ੇਮਾ.

ਕਪੜਾ, ਕਪੜੁ: ਸੰ. ਕਰ੍‍ਪਟ. ਸੰਗ੍ਯਾ- ਵਸਤ੍ਰ. ਪਟ. "ਕਪੜੁ ਰੂਪ ਸੁਹਾਵਣਾ." (ਵਾਰ ਆਸਾ) ੨. ਖ਼ਿਲਤ. "ਸਿਫਤਿ ਸਲਾਹ ਕਪੜਾ ਪਾਇਆ." (ਵਾਰ ਮਾਝ ਮਃ ੧) ੩. ਭਾਵ, ਦੇਹ. ਸ਼ਰੀਰ. "ਕਰਮੀ ਆਵੈ ਕਪੜਾ." (ਜਪੁ)[ੲ] "ਪਰਹਰਿ ਕਪੜੁ ਜੇ ਪਿਰ ਮਿਲੈ." (ਵਾਰ ਸੋਰ ਮਃ ੧) ਇਸ ਥਾਂ ਪਾਖੰਡ ਭੇਸ (ਵੇਸ਼) ਦੇ ਤਯਾਗ ਤੋਂ ਭਾਵ ਹੈ.

ਕਪਾਸ, ਕਪਾਹ: ਸੰ. ਕਰ੍‍ਪਾਸ. L. Gossypium Herbaceum. "ਦਇਆ ਕਪਾਹ ਸੰਤੋਖ ਸੂਤ." (ਵਾਰ ਆਸਾ)

ਕਪਾਹਹੁ: ਕਪਾਸ ਤੋਂ. "ਤਗੁ ਕਪਾਹਹੁ ਕਤੀਐ." (ਵਾਰ ਆਸਾ)

ਕਪਾਹੀ, ਕਪਾਹੀਆ: ਵਿ- ਕਪਾਸ ਦਾ। ੨. ਸੰਗ੍ਯਾ- ਇੱਕ ਖਤ੍ਰੀ ਗੋਤ੍ਰ. ਇਹ ਸੰਗ੍ਯਾ ਕਪਾਹ ਦੇ ਵਣਿਜ ਤੋਂ ਹੋਈ ਹੈ, ਜੈਸੇ

ਘੀ ਤੋਂ ਘੇਈ. "ਹੇਮਾ ਵਿੱਚ ਕਪਾਹੀਆ." (ਭਾਗੁ)

ਕਪਾਟ, ਕਪਾਟੰ: ਸੰ. ਸੰਗਜਾ- ਜੋ ਕ ((ਹਵਾ) ਨੂੰ ਬਾਹਰ ਕੱਢੇ ਅਤੇ ਰੋਕੇ. ਕਵਾਟ. ਕਿਵਾੜ. ਤਖ਼ਤਾ। ੨. ਭਾਵ, ਅਗਜਾਨ। ੩. ਦਸਮਦ੍ਵਾਰ. ਤਾਲੂਆ। ੪. ਕ (ਜਲ) ਨਾਲ ਭਿੱਜਿਆ ਪਟ. ਧੋਤਾ ਹੋਇਆ ਗਿੱਲਾ ਪਰਨਾ, ਜੋ ਸੰਧਿਆ ਕਰਮ ਸਮੇਂ ਮੋਢਿਆਂ ਪੁਰ ਰੱਖਣਾ ਵਿਧਾਨ ਹੈ. "ਦੁਇ ਧੋਤੀ ਵਸਤ੍ਰ ਕਪਾਟੰ." (ਵਾਰ ਆਸਾ)

ਕਪਾਲ: ਸੰ. ਸੰਗਜਾ- ਖੋਪਰੀ। ੨. ਮੱਥਾ। ੩. ਘੜੇ ਅੰਡੇ ਆਦਿਕ ਦਾ ਅੱਧਾ ਖੰਡ, ਜੋ ਖੋਪਰੀ ਦੇ ਆਕਾਰ ਦਾ ਹੁੰਦਾ ਹੈ। ੪. ਭਿੱਖਿਆ ਮੰਗਣ ਦਾ ਪਿਆਲਾ.

ਕਪਾਲਕ: ਦੇਖੋ, ਕਾਪਾਲਿਕ.

ਕਪਾਲਕ੍ਰਿਯਾ: ਸੰਗਜਾ- ਹਿੰਦੂਮਤ ਅਨੁਸਾਰ ਦਾਹ ਸਮੇਂ ਮੁਰਦੇ ਦੇ ਸਿਰ ਨੂੰ ਲਕੜੀ ਨਾਲ ਭੰਨਣ ਦੀ ਕ੍ਰਿਯਾ. ਗਰੁੜ ਪੁਰਾਣ ਵਿੱਚ ਲਿਖਿਆ ਹੈ ਕਿ ਗ੍ਰਿਹਸਥੀ ਦਾ ਕਪਾਲ ਸੋਟੇ ਨਾਲ ਅਤੇ ਸਾਧੂ ਦਾ ਬਿਲ ਦਾ ਫਲ ਮਾਰਕੇ ਭੰਨਣਾ ਚਾਹੀਏ. ਐਸਾ ਕਰਨ ਤੋਂ ਪ੍ਰਾਣੀ ਨੂੰ ਪਿਤਰ ਲੋਕ ਪ੍ਰਾਪਤ ਹੁੰਦਾ ਹੈ. [੯]

ਕਪਾਲਮੋਚਨ: ਕਾਸ਼ੀ ਵਿੱਚ ਇੱਕ ਤਾਲ, ਜਿਸ ਦੀ ਕਥਾ ਪਦਮਪੁਰਾਣ ਅਨੁਸਾਰ ਇਉਂ ਹੈ- ਮਹਾਂਭੈਰਵ (ਸ਼ਿਵ) ਨੇ ਖੱਬੇ ਹੱਥ ਦੀ ਉਂਗਲ ਦੇ ਨਹੁੰ ਨਾਲ ਅਭਿਮਾਨੀ ਬ੍ਰਹਮਾ ਦਾ ਸਿਰ ਕੱਟ ਲਿਆ. ਮਹਾਂਭੈਰਵ ਦੇ ਹੱਥ ਨਾਲ ਬ੍ਰਹਮਾ ਦਾ ਸਿਰ ਚਿਮਟ ਗਿਆ. ਕਾਸ਼ੀ ਵਿੱਚ ਆਕੇ ਕਪਾਲਮੋਚਨ ਤਾਲ ਪੁਰ ਸਿਰ ਹੱਥੋਂ ਲੱਥਾ। ੨. ਮਹਾਭਾਰਤ ਅਨੁਸਾਰ ਸਰਸ੍ਵਤੀ ਦੇ ਕਿਨਾਰੇ "ਔਸ਼ਨਸ" ਤੀਰਥ ਦਾ ਨਾਉਂ ਕਪਾਲਮੋਚਨ ਹੈ. ਸ਼੍ਰੀ ਰਾਮ ਚੰਦ੍ਰ ਕਰਕੇ ਵੱਢਿਆ ਹੋਇਆ ਇੱਕ ਦੈਤ ਦਾ ਸਿਰ ਮਹੋਦਰ ਰਿਖੀ ਦੀ ਟੰਗ ਨਾਲ ਚਿਮਟ ਗਿਆ ਸੀ, ਜੋ ਕਿਸੇ ਤੀਰਥ ਨ੍ਹਾਤੇ ਨਾ ਉਤਰਿਆ. ਇਸ ਥਾਂ ਸਨਾਨ ਕਰਨ ਤੋਂ ਸਿਰ ਟੰਗ ਨਾਲੋਂ ਲੱਥਾ. ਇਹ ਜਾਂ ਜਗਾਧਰੀ ਤੋਂ ਪੰਜ ਕੋਹ ਉੱਤਰ ਸਢੌਰੇ ਪਾਸ ਅੰਬਾਲੇ ਜਿਲੇ ਵਿੱਚ ਹੈ. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਇਸ ਥਾਂ ਸੰਮਤ ੧੭੪੨ ਵਿੱਚ ਲੋਕਾਂ ਨੂੰ ਸ਼ੁਭ ਸਿਖਯਾ ਦੇਣ ਪਧਾਰੇ ਹਨ. ਗੁਰਦ੍ਵਾਰਾ ਬਨਿਆ ਹੋਇਆ ਹੈ, ੨੫੦ ਵਿੱਘੇ ਜ਼ਮੀਨ ਗੁਰਦ੍ਵਾਰੇ ਦੇ ਨਾਉਂ ਪਿੰਡਾਂ ਵਿੱਚ ਹੈ. "ਇਕ ਕਪਾਲਮੋਚਨ ਸੁਭ ਤਾਲ। ਤਹਿਂ ਕੋ ਮੇਲਾ ਅਯੋ ਵਿਸਾਲ." (ਗੁਪ੍ਰਸੂ) ਕਪਾਲਮੋਚਨ ਤੀਰਥ "ਮਿਲਖ" ਪਿੰਡ ਦੀ ਜ਼ਮੀਨ ਵਿੱਚ ਹੈ. ਇਸ ਦੇ ਨਾਲ ਹੀ ਇੱਕ "ਰਿਣਮੋਚਨ" ਤਾਲ ਭੀ ਹਿੰਦੂਆਂ ਕਰਕੇ ਪਵਿਤ੍ਰ ਮੰਨਿਆ ਗਿਆ ਹੈ। ੩. ਮਹਾਭਾਰਤ ਅਨੁਸਾਰ ਇੱਕ ਰਿਖੀ ਦਾ ਨਾਉਂ ਕਪਾਲਮੋਚਨ ਹੈ.

ਕਪਾਲੀ: ਸੰ. कपालिन ਵਿ- ਕਪਾਲਧਾਰੀ. ਖੋਪਰੀ ਰੱਖਣ ਵਾਲਾ। ੨. ਸੰਗਜਾ- ਸ਼ਿਵ। ੩. ਖੱਪਰ ਰੱਖਣ ਵਾਲਾ ਫ਼ਕੀਰ। ੪. ਕਪਾਲਿਨੀ. ਦੁਰਗਾ. ਕਾਲੀ. "ਕਾਟਿ ਕਾਟਿ ਦਯੇ ਕਪਾਲੀ." (ਚੰਡੀ ੨)

ਕਪਾਲੀ ਆਸਨ: ਯੋਗੀਆਂ ਦਾ ਇੱਕ ਆਸਨ. ਤਾਲੂਆ ਜ਼ਮੀਨ ਪੁਰ ਰੱਖਕੇ ਟੰਗਾਂ ਆਸਮਾਨ ਵੱਲ ਕਰਨੀਆਂ.

ਕਪਾਲੁ: ਦੇਖੋ, ਕਪਾਲ. "ਕਰਮ ਕਰਿ ਕਪਾਲੁ ਮਫੀਟਸਿਰੀ." (ਧਨਾ ਤ੍ਰਿਲੋਚਨ) ਦੇਖੋ, ਕਪਾਲਮੋਚਨ ਅਤੇ ਮਫੀਟਸਿ.

ਕਪਾਲੰ: ਦੇਖੋ, ਕਪਾਲੀ. "ਹਹਾਸੰ ਕਪਾਲ." (ਕਲਕੀ) ਕਪਾਲੀ (ਸ਼ਿਵ) ਹਾਸ ਕਰਦਾ ਹੈ.

ਕਪਾਵਨ: ਦੇਖੋ, ਕੰਪਾਵਨ. "ਕਰ ਕਾਢ ਕ੍ਰਿਪਾਨ ਕਪਾਵਹਿਂਗੇ." (ਕਲਕੀ)

ਕਪਿ: ਕ੍ਰਿ. ਵਿ- ਕੱਟਕੇ. ਵੱਢਕੇ. "ਸੋ ਸਿਰੁ ਕਪਿ ਉਤਾਰ." (ਸ. ਫਰੀਦ) ੨. ਸੰ. ਸੰਗਜਾ- ਬਾਂਦਰ। ੩. ਹਾਥੀ। ੪. ਸੂਰਜ. ਦੇਖੋ, ਕਪ ੪। ੫. ਵਿ- ਫਿਰਨ ਵਾਲਾ. ਘੁੰਮਣ ਵਾਲਾ. "ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ." (ਗੂਜ ਕਬੀਰ) ਤੇਲੀ ਦੇ ਬੈਲ ਵਾਂਙ ਭ੍ਰਮਤ ਫਿਰਤ.

ਕਪਿਈਸ, ਕਪਿਸ: ਦੇਖੋ, ਕਪੀਸ. "ਬਨ ਮਹਿ ਰਹਿਤ ਕਪਿਸ ਹਨੁਮਾਨਾ." (ਨਾਪ੍ਰ)

ਕਪਿਕ: ਸੰ. ਸੰਗਜਾ- ਬਾਂਦਰ. "ਫਾਕਿਓ ਮੀਨ ਕਪਿਕ ਕੀ ਨਿਆਈ." (ਗੌਂਡ ਮਃ ੫) ਮੱਛੀ ਅਤੇ ਬਾਂਦਰ ਦੀ ਤਰਾਂ ਫਸ ਗਿਆ.

ਕਪਿਕੁੰਜਰ: ਬਾਂਦਰਾਂ ਵਿੱਚ ਸ਼ਿਰੋਮਣਿ. ਹਨੂਮਾਨ। ੨. ਸੁਗ੍ਰੀਵ.

ਕਪਿਕੇਤੁ: ਅਰਜੁਨ, ਜਿਸ ਦੇ ਝੰਡੇ ਪੁਰ ਬਾਂਦਰ ਦਾ ਚਿੰਨ੍ਹ ਹੈ.

ਕਪਿਚ, ਕਪਿਛ: ਦੇਖੋ, ਕਪਿੱਥ.

ਕਪਿੰਜਲ: ਸੰ. ਸੰਗਯਾ- ਇੱਕ ਪ੍ਰਕਾਰ ਦਾ ਤਿੱਤਰ। ੨. ਚਾਤਕ. ਪਪੀਹਾ। ੩. ਇੱਕ ਰਿਖੀ.

ਕਪਿੱਥ: ਸੰ. ਸੰਗਯਾ- ਕੈਥ. ਜੰਗਲੀ ਨਾਸ਼ਪਾਤੀ. ਕਪਿ (ਬਾਂਦਰ) ਇਸਥਿਤ ਹੋਵੇ ਜਿਸ ਪੁਰ, ਸੋ ਕਪਿੱਥ. ਬਾਂਦਰ ਇਸ ਦੇ ਫਲ ਬਹੁਤ ਖਾਂਦੇ ਹਨ. ਦੇਖੋ, ਕੈਥ.

ਕਪਿਧੁਜ, ਕਪਿਧ੍ਵਜ: ਦੇਖੋ, ਕਪਿਕੇਤੁ. "ਡਾਰ ਕਪਿਧ੍ਵਜ ਰਥ ਲਈ ਬਹੁ ਬੀਰਨ ਕੋ ਘਾਇ." (ਚਰਿਤ੍ਰ ੧੩੭) ਅਰਜੁਨ ਨੇ ਰਥ ਵਿੱਚ ਸੁੱਟ ਲਈ.

ਕਪਿਪਤਿ, ਕਪਿਰਾਜ: ਬਾਂਦਰਾਂ ਦਾ ਰਾਜਾ. ਸੁਗ੍ਰੀਵ। ੨. ਹਨੂਮਾਨ.

ਕਪਿਲ: ਸੰ. ਸੰਗਯਾ- ਅਗਨਿ। ੨. ਕੁੱਤਾ। ੩. ਸ਼ਿਵ। ੪. ਪਿੱਤਲ ਧਾਤੁ। ੫. ਸੂਰਜ। ੬. ਸਾਂਖ੍ਯ ਸ਼ਾਸਤ੍ਰ ਦਾ ਕਰਤਾ ਇੱਕ ਪ੍ਰਸਿੱਧ ਰਿਸ਼ੀ, ਜੋ ਦੇਵਹੂਤਿ ਦੇ ਉਦਰ ਤੋਂ ਕਰਦਮ ਦਾ ਪੁਤ੍ਰ ਸੀ. ਭਾਗਵਤ ਵਿੱਚ ਕਪਿਲ ਨੂੰ ਵਿਸ਼ਨੁ ਦਾ ਪੰਜਵਾਂ ਅਵਤਾਰ ਮੰਨਿਆਂ ਹੈ. ਗੀਤਾ ਵਿੱਚ ਕ੍ਰਿਸ਼ਨ ਜੀ ਨੇ "ਸਿੱਧਾਨਾਂ ਕਪਿਲੋ ਮੁਨਿਃ" ਕਥਨ ਕੀਤਾ ਹੈ. ਪੁਰਾਣਾ ਵਿੱਚ ਪ੍ਰਸੰਗ ਹੈ ਕਿ ਇਸ ਨੇ ਰਾਜਾ ਸਗਰ ਦੇ ੬੦੦੦੦ ਪੁਤ੍ਰ, ਜਦ ਕਿ ਉਹ ਇਦ੍ਰ ਕਰਕੇ ਚੁਰਾਏ ਹੋਏ ਘੋੜੇ ਦੀ ਤਲਾਸ਼ ਕਰ ਰਹੇ ਸਨ, ਇੱਕ ਵਾਰ ਦੇਖਣ ਨਾਲ ਹੀ ਭਸਮ ਕਰ ਦਿੱਤੇ ਸਨ. "ਗਾਵਹਿ ਕਪਿਲਾਦਿ ਆਦਿਜੋਗੇਸੁਰ."[੧੦] (ਸਵੈਯੇ ਮः ੧. ਕੇ) ੭. ਵਿਤੱਥ ਰਿਖੀ ਦਾ ਪੁਤ੍ਰ ਇੱਕ ਹੋਰ ਕਪਿਲ ਹੋਇਆ ਹੈ, ਜੋ ਸਾਂਖ੍ਯ ਸ਼ਾਸਤ੍ਰ ਦੇ ਕਰਤਾ ਤੋਂ ਭਿੰਨ ਹੈ। ੮. ਨਾਰਾਚੀ ਦੇ ਉਦਰ ਤੋਂ ਵਸੁਦੇਵ ਦਾ ਪੁਤ੍ਰ ਤੀਜਾ ਕਪਿਲ ਭੀ ਪੁਰਾਣਾ ਵਿੱਚ ਦੇਖੀਦਾ ਹੈ। ੯. ਵਿ- ਭੂਰਾ. ਸਜਾਹੀ ਮਾਇਲ ਪੀਲਾ.

ਕਪਿਲਵਸ੍ਤੁ: ਨੈਪਾਲ ਦੀ ਤਰਾਈ ਵਿੱਚ ਜਿਲਾ ਗੋਰਖਪੁਰ ਵਿੱਚ ਰੋਹਿਣੀ ਨਦੀ ਦੇ ਕਿਨਾਰੇ ਇੱਕ ਨਗਰ, ਜਿਸ ਥਾਂ ਸ਼ੁੱਧੋਦਨ (ਬੁੱਧ ਦਾ ਪਿਤਾ) ਰਾਜ ਕਰਦਾ ਸੀ. ਇਹ ਸ਼ਾਕ੍ਯ ਰਾਜਵੰਸ਼ ਦੀ ਚਿਰ ਤੀਕ ਰਾਜਧਾਨੀ ਰਹੀ ਹੈ.

ਅੱਜ ਕਲ ਦੇ ਵਿਦ੍ਵਾਨਾਂ ਦੇ ਮਤ ਅਨੁਸਾਰ ਫ਼ੈਜ਼ਾਬਾਦ ਤੋਂ ੨੫ ਮੀਲ ਉੱਤਰ ਪੂਰਵ ਬਸਤੀ ਜ਼ਿਲੇ ਦੇ ਅੰਦਰ ਮਨਸੂਰ ਪਰਗਨੇ ਦਾ "ਪਿਪਰਾਵਾ" ਨਾਮਕ ਅਸਥਾਨ ਹੀ ਕਪਿਲਵਸ੍ਤੁ ਹੈ.

ਕਪਿਲਾ: ਸੰ. ਸੰਗਯਾ- ਕਾਮਰੂਪ ਦੀ ਇੱਕ ਨਦੀ। ੨. ਟਾਲ੍ਹੀ. ਸ਼ੀਸ਼ਮ। ੩. ਕਪਿਲ (ਭੂਰੇ ਅਥਵਾ ਚਿੱਟੇ) ਰੰਗ ਦੀ ਗਾਂ, ਜਿਸ ਦੇ ਥਣ ਕਾਲੇ ਹੋਣ. ਹਿੰਦੂਮਤ ਵਿੱਚ ਇਹ ਗਊ ਬਹੁਤ ਪਵਿਤ੍ਰ ਮੰਨੀ ਹੈ. ਦੇਖੋ, ਕਪਿਲ। ੪. ਦੇਖੋ, ਕਾਮਧੇਨੁ ੨.

ਕਪਿਲਾਦ, ਕਪਿਲਾਦਿਕ: ਕਪਿਲ ਆਦਕਿ ਮੁਨਿ. ਦੇਖੋ, ਕਪਿਲ ੬.

ਕਪੀ: ਦੇਖੋ, ਕਪਿ. ਫ਼ਾ. کپی ਲੰਗੂਰ.

ਕਪੀਸ਼, ਕਪੀਸ਼੍ਵਰ, ਕਪੀਂਦ੍ਰ: ਕਪਿ (ਬਾਂਦਰਾਂ) ਦਾ ਈਸ਼ (ਰਾਜਾ) ਸੁਗ੍ਰੀਵ। ੨. ਹਨੂਮਾਨ.

ਕਪੀਰਾ: ਸੰਗਯਾ- ਕੱਪਣ- ਕਤੰਨ (ਕੱਟਣ) ਦਾ ਸੰਦ। ੨. ਖ਼ੰਜਰ. "ਏਕ ਕਪੀਰਾ ਲੇਹੁ ਹਮਾਰਾ." (ਗੁਪ੍ਰਸੂ) ੩. ਸਿੰਧੀ. ਕਪੀਰੋ. ਮੰਦਭਾਗੀ। ੪. ਕੁਕਰਮੀ.

ਕਪੂਰ: ਸੰ. ਕਪੂੰਰ. ਸੰਗਯਾ- ਕਾਫ਼ੂਰ. ਇੱਕ ਬਿਰਛ ਅਤੇ ਉਸ ਦੇ ਰਸ ਤੋਂ ਤਿਆਰ ਕੀਤਾ ਚਿੱਟਾ ਸੁਗੰਧ ਵਾਲਾ ਪਦਾਰਥ, ਜੋ ਹਵਾ ਵਿੱਚ ਉਡ ਜਾਂਦਾ ਹੈ ਅਤੇ ਅੱਗ ਵਿੱਚ ਘੀ ਦੀ ਤਰਾਂ ਜਲਦਾ ਹੈ. ਇਸ ਨੂੰ ਆਰਤੀ ਦੇ ਸਮੇਂ ਭੀ ਜਲਾਉਂਦੇ ਹਨ. ਇਹ ਬਹੁਤ ਦਵਾਈਆਂ ਵਿੱਚ ਵਰਤੀਦਾ ਹੈ. Camphora Officinarum.

ਇਸ ਦੀ ਤਾਸੀਰ ਸਰਦ ਖੁਸ਼ਕ ਹੈ. ਕਪੂਰ ਦਿਲ ਦਿਮਾਗ ਨੂੰ ਤਾਕਤ ਦਿੰਦਾ ਹੈ. ਨਜ਼ਲੇ ਅਤੇ ਖੰਘ ਨੂੰ ਹਟਾਉਂਦਾ ਹੈ. ਫੇਫੜੇ ਦੇ ਰੋਗਾਂ ਵਿੱਚ ਵਰਤਣਾ ਗੁਣਕਾਰੀ ਹੈ. ਜਿਗਰ ਦੀ ਜਲਨ ਅਤੇ ਪਿਆਸ ਬੁਝਾਉਂਦਾ ਹੈ. ਨੀਂਦ ਲਿਆਉਂਦਾ ਹੈ। ੨. ਇੱਕ ਖਤ੍ਰੀ ਗੋਤ੍ਰ। ੩. ਦਸਮਗ੍ਰੰਥ ਵਿੱਚ ਲਿਖਾਰੀ ਦੀ ਭੁੱਲ ਨਾਲ ਕਰਪੂਰ ਦੀ ਥਾਂ ਕਪੂਰ ਲਿਖਿਆ ਹੈ. ਦੇਖੋ, ਕਰਪੂਰ.

ਕਪੂਰ ਸਿੰਘ: ਨਵਾਬ. ਸੰਮਤ ੧੭੯੭ ਵਿੱਚ ਸੂਬਾ ਲਹੌਰ ਨੇ ਸਬੇਗ ਸਿੰਘ ਵਕੀਲ ਦੀ ਰਾਹੀਂ ਨਵਾਬੀ ਖਿਤਾਬ, ਇੱਕ ਲੱਖ ਦੀ ਜਾਗੀਰ ਅਤੇ ਵਡਮੁੱਲਾ ਖਿਲਤ ਅਮ੍ਰਿਤਸਰ ਖ਼ਾਲਸੇ ਨੂੰ ਭੇਜਿਆ, ਤਾਕਿ ਪਰਸਪਰ ਮੇਲ ਹੋ ਜਾਵੇ, ਪਰ ਜਾਲਿਮਾਂ ਦੀ ਬਖਸ਼ਿਸ਼ ਕਿਸੇ ਸਿੰਘ ਨੇ ਲੈਣੀ ਪਸੰਦ ਨਾ ਕੀਤੀ. ਸਬੇਗ ਸਿੰਘ ਦੇ ਬਾਰ ਬਾਰ ਕਹਿਣ ਤੋਂ ਪੰਥ ਨੇ ਕਪੂਰ ਸਿੰਘ ਵਿਰਕ ਜੱਟ ਫ਼ੈਜ਼ੁੱਲਾਪੁਰੀਏ ਨੂੰ, ਜੋ ਉਸ ਵੇਲੇ ਦੀਵਾਨ ਵਿੱਚ ਪੱਖਾ ਕਰ ਰਿਹਾ ਸੀ, ਨਵਾਬ ਪਦਵੀ ਦਿੱਤੀ. ਇਹ ਧਰਮਵੀਰ ਪੰਥ ਦੀ ਵਡੀ ਸੇਵਾ ਕਰਦਾ ਰਿਹਾ, ਅਤੇ ਕਰਣੀ ਵਾਲੇ ਸਿੰਘਾਂ ਵਿੱਚ ਇਸ ਦੀ ਗਿਣਤੀ ਹੋਈ.

ਕਪੂਰ ਸਿੰਘ ਦਾ ਦੇਹਾਂਤ ਸੰਮਤ ੧੮੧੧ (ਸਨ ੧੭੫੩) ਵਿੱਚ ਅਮ੍ਰਿਤਸਰ ਹੋਇਆ, ਸਸਕਾਰ ਬਾਬਾ ਅਟਲ ਜੀ ਦੇ ਦੇਹਰੇ ਪਾਸ ਕੀਤਾ ਗਿਆ. ਦੇਖੋ, ਕਪੂਰਥਲਾ।

੨. ਫੂਲਵੰਸ਼ ਦੇ ਰਤਨ ਗੁਰਦਿੱਤੇ ਦਾ ਪੋਤਾ ਅਤੇ ਸੂਰਤੀਏ ਦਾ ਪੁਤ੍ਰ, ਜਿਸ ਨੇ ਆਪਣੇ ਨਾਉਂ ਕਪੂਰਗੜ੍ਹ ਵਸਾਇਆ, ਜੋ ਹੁਣ ਨਾਭੇ ਰਾਜ ਵਿੱਚ ਹੈ. ਇਸ ਦੇ ਸੰਤਾਨ ਨਹੀਂ ਸੀ, ਇਸ ਲਈ ਰਾਜ ਦਾ ਮਾਲਿਕ ਕਪੂਰ ਸਿੰਘ ਦਾ ਛੋਟਾ ਭਾਈ ਹਮੀਰ ਸਿੰਘ ਹੋਇਆ। ੩. ਦੇਖੋ, ਕਪੂਰਾ ੧.

ਕਪੂਰਗੜ੍ਹ: ਰਾਜ ਨਾਭਾ, ਨਜਾਮਤ ਅਮਲੋਹ, ਥਾਣਾ ਭਾਦਸੋਂ ਵਿੱਚ ਹਮੀਰ ਸਿੰਘ ਦੇ ਵਡੇ ਭਾਈ ਕਪੂਰ ਸਿੰਘ ਦਾ ਵਸਾਇਆ ਪਿੰਡ. ਇੱਥੇ ਬਾਬਾ ਨਾਥਾ ਸਿੰਘ ਜੀ ਦਾ ਸੰਮਤ ੧੯੪੦ ਵਿੱਚ ਨਿਵਾਸ ਹੋਇਆ, ਜੋ ਵਡੇ ਗੁਰਮੁਖ ਸਨ. ਰਿਆਸਤ ਵੱਲੋਂ ਬਾਬਾ ਜੀ ਦੇ ਡੇਰੇ ਦੇ ਨਾਉਂ ੧੦੫੦ ਰੁਪਯੇ ਦੀ ਜਾਗੀਰ ਹੈ. ਇਸ ਅਸਥਾਨ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼੍ਰੀ ਸਾਹਿਬ ਹੈ.

ਕਪੂਰਥਲਾ: ਬਿਆਸ (ਵਿਪਾਸ਼) ਦੇ ਪੂਰਬੀ ਕਿਨਾਰੇ ਇੱਕ ਸ਼ਹਿਰ, ਜੋ ਕਪੂਰਥਲਾ ਰਿਆਸਤ ਦੀ ਰਾਜਧਾਨੀ ਹੈ. ਇਸ ਰਿਆਸਤ ਦੇ ਉੱਤਰ ਹੁਸ਼ਿਆਰਪੁਰ, ਦੱਖਣ ਫਿਰੋਜ਼ਪੁਰ ਅਤੇ ਪੂਰਬ ਜਲੰਧਰ ਹੈ. ਇਸ ਦਾ ਰਕਬਾ (area) ੬੫੨ ਮੀਲ ਅਤੇ ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਜਨ ਸੰਖ੍ਯਾ ੨੮੪੦੭੦ ਹੈ. ਲਹੌਰ ਅਤੇ ਅਮ੍ਰਿਤਸਰ ਦੇ ਜਿਲਿਆਂ ਵਿੱਚ ਭੀ ਕਪੂਰਥਲੇ ਦੇ ਤੀਹ ਪਿੰਡ ਹਨ, ਅਰ ਅਵਧ ਦੇ ਇਲਾਕੇ ੪੬੧੦੩੨ ਏਕੜ ਜ਼ਮੀਨ ਤੇ ਜਿਮੀਂਦਾਰੀ ਹੈ. ਰਿਆਸਤ ਦੀ ਕੁੱਲ ਆਮਦਨ ੪੦ ਲੱਖ ਦੇ ਕਰੀਬ ਹੈ.

ਕਪੂਰਥਲੇ ਦਾ ਵਡੇਰਾ ਸਾਧੂ ਸਿੰਘ (ਜਿਸ ਨੂੰ ਕਈਆਂ ਨੇ ਸੱਦਾ ਸਿੰਘ ਅਤੇ ਸੱਦੋ ਲਿਖਿਆ ਹੈ), ਪ੍ਰਤਾਪੀ ਪੁਰਖ ਹੋਇਆ. ਇਸ ਨੇ ਆਹਲੂ ਪਿੰਡ ਆਬਾਦ ਕੀਤਾ, ਜੋ ਹੁਣ ਲਹੌਰ ਦੇ ਜ਼ਿਲੇ ਵਿੱਚ ਹੈ. ਇਸ ਪਿੰਡ ਤੋਂ ਹੀ ਖ਼ਾਨਦਾਨ ਦੀ ਅੱਲ "ਆਹਲੂਵਾਲੀਏ" ਹੋਈ. [੧੧] ਸਾਧੂ ਸਿੰਘ ਦਾ ਪੜੋਤਾ ਬਦਰ ਸਿੰਘ ਨਵਾਬ ਕਪੂਰ ਸਿੰਘ ਫੈਜ਼ੁੱਲਾਪੁਰੀਆ ਮਿਸਲ ਦੇ ਜਥੇਦਾਰ ਦਾ ਚਾਟੜਾ ਹੋਇਆ. ਬਦਰ ਸਿੰਘ ਦੇ ਘਰ ਕੁਲਦੀਪਕ ਜੱਸਾ ਸਿੰਘ ਸਨ ੧੭੧੮ ਵਿੱਚ ਜਨਮਿਆ. ਅਜੇ ਜੱਸਾ ਸਿੰਘ ਪੰਜ ਵਰ੍ਹੇ ਦਾ ਹੀ ਸੀ ਕਿ ਬਦਰ ਸਿੰਘ ਦਾ ਦੇਹਾਂਤ ਹੋ ਗਿਆ. ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਉਸ ਦੀ ਮਾਤਾ ਸਮੇਤ ਆਪਣੇ ਪਾਸ ਰੱਖਕੇ ਪਿਆਰ ਨਾਲ ਪਾਲਿਆ. ਮਾਤਾ ਜੀ ਨੇ ਜੱਸਾ ਸਿੰਘ ਨੂੰ ਆਸ਼ੀਰਵਾਦ ਦੇ ਕੇ ਇੱਕ ਗੁਰਜ ਬਖਸ਼ੀ ਅਤੇ ਸਿਖ੍ਯਾ ਲਈ ਨਵਾਬ ਕਪੂਰ ਸਿੰਘ ਦੇ ਸਪੁਰਦ ਕੀਤਾ. ਨਵਾਬ ਨੇ ਜੱਸਾ ਸਿੰਘ ਨੂੰ ਆਪਣਾ ਪੁਤ੍ਰ ਜਾਣਕੇ ਧਰਮ ਅਤੇ ਸ਼ਸਤ੍ਰ ਵਿਦ੍ਯਾ ਦੀ ਸਿਖ੍ਯਾ ਦਿੱਤੀ. ਧਰਮਵੀਰ ਕਪੂਰ ਸਿੰਘ ਨੇ ਆਪਣੇ ਦੇਹਾਂਤ ਵੇਲੇ ਜੱਸਾ ਸਿੰਘ ਨੂੰ ਕਲਗੀਧਰ ਦੀ ਤਲਵਾਰ ਦਿੱਤੀ, ਜੋ ਉਸ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ. ਇਹ ਅਮੋਲਕ ਸ਼ਸਤ੍ਰ ਹੁਣ ਰਿਆਸਤ ਦੇ ਤੋਸ਼ੇਖਾਨੇ ਸਨਮਾਨ ਨਾਲ ਰੱਖਿਆ ਹੋਇਆ ਹੈ.

ਸਰਦਾਰ ਜੱਸਾ ਸਿੰਘ ਨੇ ਆਪਣੇ ਉਸਤਾਦ ਨਵਾਬ ਦੀ ਪੈਰਵੀ ਕਰਦੇ ਹੋਏ ਪੰਥ ਵਿੱਚ ਵਡਾ ਮਾਨ ਅਤੇ ਨਾਮ ਪਾਇਆ, ਅਤੇ ਮਿਸਲ ਆਹਲੂਵਾਲੀਆਂ ਦੀ ਜਥੇਦਾਰੀ ਵਿੱਚ ਕੌਮ ਦੀ ਵਡੀ ਸੇਵਾ ਕੀਤੀ. ਅਨੇਕ ਇਲਾਕਿਆਂ ਤੇ ਕਬਜ਼ਾ ਕਰਕੇ ਆਪਣੀ ਹੁਕੂਮਤ ਬੈਠਾਈ. ਇਸ ਨੇ ਸਨ ੧੭੫੮ ਵਿੱਚ ਕੁਝ ਸਮੇਂ ਲਈ ਲਹੌਰ ਭੀ ਮੱਲ ਲਿਆ ਸੀ. ਸਨ ੧੭੭੪ ਵਿੱਚ ਰਾਇ

ਇਬਰਾਹੀਮ ਭੱਟੀ ਤੋਂ ਕਪੂਰਥਲਾ ਜਿੱਤਕੇ ਆਪਣੀ ਰਾਜਧਾਨੀ ਥਾਪੀ.

ਬਾਬਾ ਜੱਸਾ ਸਿੰਘ ਤੋਂ ਵਡੇ ਵਡੇ ਘਰਾਣੇ ਅਮ੍ਰਿਤ ਛਕਣਾ ਪੁੰਨ ਕਰਮ ਜਾਣਦੇ ਸਨ, ਪਟਿਆਲਾਪਤਿ ਰਾਜਾ ਅਮਰ ਸਿੰਘ ਨੇ ਆਪ ਤੋਂ ਹੀ ਅਮ੍ਰਿਤਪਾਨ ਕੀਤਾ ਸੀ.

ਜੱਸਾ ਸਿੰਘ ਜੀ ਦਾ ਦੇਹਾਂਤ ਸਨ ੧੭੮੩ ਵਿੱਚ ਅਮ੍ਰਿਤਸਰ ਹੋਇਆ. ਇਸ ਪੰਥਰਤਨ ਦੇ ਔਲਾਦ ਨਹੀਂ ਸੀ, ਇਸ ਲਈ ਰਿਆਸਤ ਦਾ ਮਾਲਿਕ ਸਰਦਾਰ ਭਾਗ ਸਿੰਘ ਥਾਪਿਆ ਗਿਆ, ਜੋ ਉਸ ਵੇਲੇ ੩੮ ਵਰ੍ਹੇ ਦਾ ਸੀ. ਭਾਗ ਸਿੰਘ ਦਾ ਦੇਹਾਂਤ ਸਨ ੧੮੦੧ ਵਿੱਚ ਕਪੂਰਥਲੇ ਹੋਇਆ. ਇਸ ਦਾ ਪੁਤ੍ਰ ਰਾਜਾ ਫਤੇ ਸਿੰਘ, ਜੋ ਸਨ ੧੭੮੪ ਵਿੱਚ ਜੰਮਿਆ ਸੀ ਗੱਦੀ ਤੇ ਬੈਠਾ. ਇਸ ਦੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਕੇਸਰੀ ਨਾਲ ਗਾੜ੍ਹੀ ਮਿਤ੍ਰਤਾ ਸੀ. ਸਨ ੧੮੦੨ ਵਿੱਚ ਦੋਹਾਂ ਨੇ ਆਪੋ ਵਿੱਚ ਪੱਗ ਬਦਲੀ. ਸਨ ੧੮੨੬ ਵਿੱਚ ਦੂਰੰਦੇਸ਼ ਰਾਜਾ ਫਤੇ ਸਿੰਘ ਸਰਕਾਰ ਅੰਗ੍ਰੇਜ਼ੀ ਦੀ ਰਖਯਾ ਵਿੱਚ ਆਇਆ ਅਤੇ ਸਨ ੧੮੩੬ ਵਿੱਚ ਰਾਜੇ ਦਾ ਦੇਹਾਂਤ ਹੋਇਆ. ਕਪੂਰਥਲੇ ਦੀ ਗੱਦੀ ਤੇ ਰਾਜਾ ਫਤੇ ਸਿੰਘ ਦਾ ਪੁਤ੍ਰ ਨਿਹਾਲ ਸਿੰਘ ਬੈਠਾ. ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਵਿੱਚ ਕਪੂਰਥਲੇ ਦੀ ਫ਼ੌਜ ਨੇ ਲਹੌਰ ਦਾ ਪੱਖ ਲੀਤਾ, ਇਸ ਲਈ ਰਿਆਸਤ ਦਾ ਕੁਝ ਇਲਾਕਾ ਜਬਤ ਹੋ ਗਿਆ ਅਤੇ ਜੋ ਕਪੂਰਥਲੇ ਦੇ ਕਬਜ਼ੇ ਰਹਿਣ ਦਿੱਤਾ ਗਿਆ, ਉਸ ਤੇ ੧੩੧੦੦੦ ਸਾਲਾਨਾ ਖਿਰਾਜ ਲਾਇਆ ਗਿਆ, ਰਾਜਾ ਨਿਹਾਲ ਸਿੰਘ ਦਾ ਦੇਹਾਂਤ ਸਨ ੧੮੫੨ ਵਿੱਚ ਹੋਇਆ ਅਤੇ ਉਸ ਦਾ ਵਡਾ ਪੁਤ੍ਰ ਰਣਧੀਰ ਸਿੰਘ, ਜੋ ਮਾਰਚ ਸਨ ੧੮੩੧ ਵਿੱਚ ਜਨਮਿਆਂ ਸੀ, ੨੨ ਵਰ੍ਹੇ ਦੀ ਉਮਰ ਵਿੱਚ ਗੱਦੀ ਤੇ ਬੈਠਾ. ਇਸ ਨੇ ਸਨ ੧੮੫੭ ਦੇ ਗਦਰ ਵੇਲੇ ਅੰਗ੍ਰੇਜ਼ਾਂ ਨੂੰ ਤਨ ਮਨ ਧਨ ਤੋਂ ਪੂਰੀ ਸਹਾਇਤਾ ਦਿੱਤੀ, ਇਸ ਲਈ ੧੫੦੦੦ ਦਾ ਖਿਲਤ, ੧੧. ਤੋਪਾਂ ਦੀ ਸਲਾਮੀ, ਅਵਧ ਦੇ ਇਲਾਕੇ ਵਡੀ ਭਾਰੀ ਜਿਮੀਦਾਰੀ ਅਤੇ- "ਫ਼ਰਜ਼ੰਦੇ ਦਿਲਬੰਦ ਰਸੀਖ਼ੁਲ ਇਤਕ਼ਾਦ ਦੌਲਤੇ ਇੰਗਲਸ਼ੀਆ"- ਖਿਤਾਬ ਮਿਲਿਆ.

ਰਾਜਾ ਰਣਧੀਰ ਸਿੰਘ ਇੰਗਲੈਂਡ ਨੂੰ ਜਾਂਦਾ ਜਹਾਜ਼ ਵਿੱਚ ਸਖਤ ਬੀਮਾਰ ਹੋ ਗਿਆ ਇਸ ਲਈ ਅਦਨ ਤੋਂ ਮੁੜਨਾ ਪਿਆ. ਵਾਪਿਸ ਆਉਂਦੇ ਹੋਇਆ ੨. ਅਪ੍ਰੈਲ ਸਨ ੧੮੭੦ ਨੂੰ ਜਹਾਜ਼ ਵਿੱਚ ਦੇਹਾਂਤ ਹੋਇਆ.

ਰਾਜਾ ਰਣਧੀਰ ਸਿੰਘ ਦਾ ਪੁਤ੍ਰ ਖੜਕ ਸਿੰਘ, ਜਿਸ ਦਾ ਜਨਮ ਸਨ ੧੮੫੦ ਵਿੱਚ ਹੋਇਆ ਸੀ, ੧੨. ਮਈ ਸਨ ੧੮੭੦ ਨੂੰ ਗੱਦੀ ਤੇ ਬੈਠਾ. ਇਸ ਦਾ ਦਿਮਾਗ ਰੋਗੀ ਹੋ ਗਿਆ, ਇਸ ਲਈ ਰਾਜ ਦਾ ਪ੍ਰਬੰਧ ਪਹਿਲਾਂ ਕੌਂਸਲ ਦੇ ਹੱਥ ਰਿਹਾ ਫੇਰ ਸੁਪਰਨਡੰਟ (Superintendent) ਦੇ ਸਪੁਰਦ ਹੋਇਆ. ਰਾਜਾ ਖੜਕ ਸਿੰਘ ਸਨ ੧੮੭੭ ਵਿੱਚ ਧਰਮਸਾਲਾ ਚਲਾਣਾ ਕਰ ਗਿਆ ਅਤੇ ਉਸ ਦਾ ਪੰਜ ਵਰ੍ਹੇ ਦਾ ਪੁਤ੍ਰ ਟਿੱਕਾ ਜਗਤਜੀਤ ਸਿੰਘ ਗੱਦੀ ਤੇ ਬੈਠਾ.

ਮਹਾਰਾਜਾ ਜਗਤਜੀਤ ਸਿੰਘ ਜੀ ਦਾ ਜਨਮ ੨੪ ਨਵੰਬਰ ਸਨ ੧੮੭੨ ਨੂੰ ਹੋਇਆ, ੧੬. ਅਕਤੂਬਰ ੧੮੭੭ ਨੂੰ ਰਾਜਸਿੰਘਾਸਨ ਤੇ ਬੈਠੇ. ਸਨ ੧੮੯੦ ਵਿੱਚ ਰਾਜ ਦੇ ਪੂਰੇ ਅਖਤਿਆਰ ਆਪਣੇ ਹੱਥ ਲੈ ਕੇ ਰਿਆਸਤ ਸਾਂਭੀ. ਮਹਾਰਾਜਾ ਜਗਤਜੀਤ ਸਿੰਘ ਜੀ ਨੂੰ ਇਮਾਰਤਾਂ ਦਾ ਵਡਾ ਸ਼ੌਕ ਹੈ, ਇਨ੍ਹਾਂ ਦੇ ਬਣਵਾਏ ਮਕਾਨ- ਰਾਜਮਹਿਲ, ਕਚਹਿਰੀਆਂ, ਦਰਬਾਰ ਹਾਲ, ਗੁਰਦ੍ਵਾਰਾ ਮਸਜਿਦ ਆਦਿਕ ਵੇਖਣ ਲਾਇਕ ਹਨ. ਆਪ ਪੰਜਾਬੀ ਅੰਗ੍ਰੇਜ਼ੀ ਫ੍ਰੈਂਚ ਹਿੰਦੀ ਫਾਰਸੀ ਉਰਦੂ ਚੰਗੀ ਤਰਾਂ ਜਾਣਦੇ ਹਨ ਅਤੇ ਵਿਦਯਾ ਨਾਲ ਅਪਾਰ ਪ੍ਰੇਮ ਹੈ. ਸਭ ਤੋਂ ਵਧਕੇ ਇਹ ਗੱਲ ਹੈ ਕਿ ਹਰੇਕ ਮਹਿਕਮੇ ਵਿੱਚ ਆਪਣੇ ਕਦੀਮੀ ਸੇਵਕਾਂ ਨੂੰ ਪੂਰਣ ਵਿਦ੍ਵਾਨ ਬਣਾਕੇ ਅਧਿਕਾਰ ਦਿੱਤੇ ਹਨ.

ਆਪ ਨੇ ਹਿੰਦੁਸਤਾਨ ਦੇ ਮਹਾਰਾਜਿਆਂ ਵਿੱਚੋਂ ਦੁਨੀਆਂ ਦਾ ਸੈਰ ਸਭ ਤੋਂ ਵਧਕੇ ਕੀਤਾ ਹੈ. ਇਨ੍ਹਾਂ ਦੇ ਰਾਜਪ੍ਰਬੰਧ ਤੇ ਖੁਸ਼ ਹੋ ਕੇ ਗਵਰਨਮੈਂਟ ਬਰਤਾਨੀਆਂ ਵੱਲੋਂ ਪ੍ਰਾਣਦੰਡ ਦੇ ਪੂਰੇ ਅਖਤਿਆਰਾਤ ਮਿਲ ਗਏ ਹਨ ਅਤੇ ੧੩੧੦੦੦ ਸਾਲਾਨਾ ਖ਼ਰਾਜ ਮੁਆਫ ਕੀਤਾ ਗਿਆ ਹੈ.

ਮਹਾਰਾਜਾ ਦਾ ਪੂਰਾ ਕਿਤਾਬ ਹੈ- ਹਿਜ਼ ਹਾਈਨੈਸ ਕਰਨੈਲ ਫ਼ਰਜ਼ੰਦੇ ਦਿਲਬੰਦ ਰਸੀਖ਼ੁਲ ਇਤਕ਼ਾਦ ਦੌਲਤੇ ਇੰਗਲਿਸ਼ੀਆ ਰਾਜਾਏ ਰਾਜਗਾਨ ਮਹਾਰਾਜਾ ਜਗਤਜੀਤ ਸਿੰਘ ਜੀ. ਸੀ. ਐਸ. ਆਈ. , ਜੀ. ਸੀ. ਆਈ. ਈ. , ਜੀ. ਬੀ. ਈ. ਵਾਲੀਏ ਕਪੂਰਥਲਾ.

ਮਹਾਰਾਜਾ ਸਾਹਿਬ ਦੇ ਵਡੇ ਪੁਤ੍ਰ ਟਿੱਕਾ ਪਰਮਜੀਤ ਸਿੰਘ ਜੀ ਹਨ, ਜਿਨ੍ਹਾਂ ਦਾ ਜਨਮ ੧੯. ਮਈ ਸਨ ੧੯੯੨ ਨੂੰ ਹੋਇਆ ਹੈ. ਇਨ੍ਹਾਂ ਤੋਂ ਛੋਟੇ ਮਹਾਰਾਜਕੁਮਾਰ ਮਹੀਜੀਤ ਜੀ, ਅਮਰਜੀਤ ਸਿੰਘ ਜੀ, ਕਰਮਜੀਤ ਸਿੰਘ ਜੀ ਅਤੇ ਜੀਤ ਸਿੰਘ ਜੀ ਹਨ, ਜਿਨ੍ਹਾਂ ਨੇ ਯੋਗ੍ਯ ਪਿਤਾ ਦੀ ਨਿਗਰਾਨੀ ਵਿੱਚ ਉੱਚ ਵਿਦ੍ਯਾ ਪਾਈ ਹੈ. ਕਪੂਰਥਲੇ ਦਾ ਵੰਸ਼ਵ੍ਰਿਕ੍ਸ਼ (ਸ਼ਜ਼ਰਾ) ਇਹ ਹੈ: :-

ਸਾਧੂ ਸਿੰਘ (ਸੱਦਾ ਸਿੰਘ)

ਗੋਪਾਲ ਸਿੰਘ

ਦੇਵਾ ਸਿੰਘ

ਗੁਰਬਖ਼ਸ਼ ਸਿੰਘ | ਸਦਰ ਸਿੰਘ | ਬਦਰ ਸਿੰਘ ਦੇਹਾਂਤ ਸਨ ੧੭੨੩

ਜ: ਸਨ ੧੭੧੮ ਸਰਦਾਰ ਜੱਸਾ ਸਿੰਘ ਦੇ: ਸਨ ੧੭੮੩

ਕ੍ਰਿਪਾਲ ਸਿੰਘ

ਸਰਦਾਰ ਲੱਧਾ ਸਿੰਘ

ਰਾਜਾ ਭਾਗ ਸਿੰਘ ਦੇ: ਸਨ ੧੮੦੧

ਰਾਜਾ ਫਤੇ ਸਿੰਘ ਦੇ: ੧੮੩੬

ਰਾਜਾ ਨਿਹਾਲ ਸਿੰਘ ਦੇ: ੧੮੫੨

ਰਾਜਾ ਰਣਧੀਰ ਸਿੰਘਜ: ੧੮੩੧ਦੇ: ੧੮੭੦ ਕੌਰ ਬਿਕ੍ਰਮ ਸਿੰਘਦੇ: ੧੮੮੭।ਕੌਰ ਸੁਚੇਤ ਸਿੰਘ ਦੇ: ੧੯੦੨

ਸਰਦਾਰ ਚਰਨਜੀਤ ਸਿੰਘ

ਜ: ੧੮੭੦ ਸਰਦਾਰ ਪ੍ਰਤਾਪ ਸਿੰਘ ਦੇ: ੧੯੧੧ | ਜ:੧੮੭੯ ਰਾਜਾ ਸਰ ਦਲਜੀਤ ਸਿੰਘ

ਰਾਜਾ ਖੜਕ ਸਿੰਘ ਦੇ: ੧੮੭੭ | ਜ: ੧੮੫੧ ਰਾਜਾ ਸਰ ਹਰਨਾਮ ਸਿੰਘ।

ਜ: ੧੮੭੨ ਮਹਾਰਾਜਾ ਜਗਤਜੀਤ ਸਿੰਘ

ਜ: ੧੮੯੨ ਟਿੱਕਾ ਪਰਮਜੀਤ ਸਿੰਘ

ਕਪੂਰਦੇਉ: ਸ਼੍ਰੀ ਗੁਰੂ ਅਰਜਨ ਸਾਹਿਬ ਦਾ ਇੱਕ ਅਨੰਨ ਸਿੱਖ. ਦੇਖੋ, ਸੰਮਨ.

ਕਪੂਰਾ: ਬੈਰਾੜ ਜੱਟ ਸਰਦਾਰ, ਜਿਸ ਦੇ ਨਾਉਂ ਤੇ "ਕੋਟਕਪੂਰਾ" ਨਗਰ ਆਬਾਦ ਹੈ. ਜਦ ਸੂਬਾ ਸਰਹਿੰਦ ਦਸ਼ਮੇਸ਼ ਦਾ ਪਿੱਛਾ ਕਰਦਾ ਹੋਇਆ ਫ਼ੌਜ ਲੈ ਕੇ ਜੰਗਲ ਪਹੁੰਚਿਆ, ਤਦ ਮੁਕਤਸਰ ਦੇ ਮੁਕਾਮ ਕਪੂਰਾ ਸ਼ਾਹੀ ਫੌਜ ਨਾਲ ਸੀ. ਘੋਰ ਜੰਗ ਪਿੱਛੋਂ ਇਸ ਨੇ ਸੂਬੇ ਨੂੰ ਇਹ ਸਮਝਾਕੇ ਕਿ ਪਾਣੀ ਆਸ ਪਾਸ ਕਿਤੇ ਨਹੀਂ, ਤੁਰਕੀ ਸੈਨਾ ਨੂੰ ਗੁਰੂ ਸਾਹਿਬ ਦਾ ਪਿੱਛਾ ਕਰਨੋਂ ਵਰਜਿਆ. ਕਲਗੀਧਰ ਤੋਂ ਅਮ੍ਰਿਤ ਛਕ ਕੇ ਕਪੂਰਾ ਕਪੂਰ ਸਿੰਘ ਸਜਿਆ. ਗੁਰੂ ਸਾਹਿਬ ਨੇ ਇਸ ਨੂੰ ਇੱਕ ਖੜਗ ਅਤੇ ਢਾਲ ਬਖਸ਼ੀ, ਜੋ ਹੁਣ ਫਰੀਦਕੋਟ ਦੇ ਰਾਜਮਹਿਲ ਵਿੱਚ ਸਨਮਾਨ ਨਾਲ ਰੱਖੇ ਹੋਏ ਹਨ. ਢਾਲ ਗੈਂਡੇ ਦੀ ੨੨ ਇੰਚ ਕੁਤਰ ਦੀ ਹੈ. ਖੜਗ ਫ਼ੌਲਾਦੀ ਸੀਖਮਾਨੀ ਜਾਤਿ ਦਾ ੩੧ ਇੰਚ ਲੰਮਾ ਹੈ, ਚੌੜਾਈ ਸਵਾ ਇੰਚ ਹੈ, ਮੁੱਠ ਸੁਨਹਿਰੀ ਹੈ. ਦੇਖੋ, ਫਰੀਦਕੋਟ.

ਮੰਜ ਈਸਾਖ਼ਾਨ (ਜੋ ਗਵਾਂਢੀ ਇਲਾਕੇ ਦਾ ਮਾਲਿਕ ਬਣਿਆ ਹੋਇਆ ਸੀ), ਉਸ ਨੇ ਕਪੂਰ ਸਿੰਘ ਨੂੰ ਸਨ ੧੭੦੮ ਵਿੱਚ ਫਾਂਸੀ ਦੇ ਕੇ ਮਾਰ ਦਿੱਤਾ। ੨. ਮੀਢੇ ਬਕਰੇ ਆਦਿ ਦਾ ਅੰਡਕੋਸ਼ (ਫ਼ੋਤਾ).

ਕਪੂਰੀ: ਵਿ- ਕਪੂਰ ਤੋਂ ਬਣਿਆ ਪਦਾਰਥ। ੨. ਕਪੂਰਰੰਗਾ। ੩. ਸਢੌਰੇ ਤੋਂ ਚਾਰ ਕੋਹ ਦੀ ਵਿੱਥ ਤੇ ਇੱਕ ਬਸਤੀ, ਜੋ ਸੱਯਦ ਅਮਾਨੁੱਲਾ ਗੁਜਰਾਤ ਦੇ ਸੂਬੇ ਦੀ ਨਗਰੀ ਸੀ. ਬੰਦਾ ਬਹਾਦੁਰ ਨੇ ਇਸ ਨੂੰ ਤਬਾਹ ਕੀਤਾ ਅਤੇ ਸਾਰਾ ਧਨ ਮਾਲ ਖਾਲਸਾਦਲ ਨੇ ਸਢੌਰਾ ਮਾਰਨ ਤੋਂ ਪਹਿਲਾਂ ਲੁੱਟਿਆ.

ਕਪੈ: ਕੰਪੈ. ਕੰਬਦਾ ਹੈ. "ਹਥ ਮਰੋੜੈ ਤਨੁ ਕਪੈ." (ਮਾਝ ਬਾਰਹਮਾਹਾ) ੨. ਦਖੋ, ਕਪਣਾ.

ਕਪੋਤ: ਸੰ. ਸੰਗ੍ਯਾ- ਕ (ਹਵਾ) ਵਿੱਚ ਜੋ ਪੋਤ (ਜਹਾਜ) ਵਾਂਙ ਜਾਂਦਾ ਹੈ, [੧੨] ਪੰਛੀ। ੨. ਕਬੂਤਰ. ਸੁਡੌਲ ਗਰਦਨ ਨੂੰ ਕਵੀ ਕਬੂਤਰ ਦੀ ਗਰਦਨ ਦਾ ਦ੍ਰਿਸ਼੍ਟਾਂਤ ਦਿੰਦੇ ਹਨ. "ਕੀਰ ਔ ਕਪੋਤ ਬਿੰਬ ਕੋਕਿਲਾ ਕਲਾਪੀ ਬਨ ਲੂਟੇ ਫੂਟੇ ਫਿਰੈਂ ਮਨ ਚੈਨ ਹੂੰ ਨ ਕਿਤਹੀ." (ਚੰਡੀ ੧) ਕਬੂਤਰ ਤੋਂ ਆਕਾਸ਼ ਰਾਹੀਂ ਚਿੱਠੀਆਂ ਭੇਜਣ ਦਾ ਕੰਮ ਭੀ ਲਿਆ ਜਾਂਦਾ ਹੈ.

ਕਪੋਤਿ: ਕਬੂਤਰ ਨੇ. "ਜਿਉ ਪੰਖੀ ਕਪੋਤਿ ਆਪੁ ਬਨਾਇਆ." (ਬਿਹਾ ਮਃ ੪) ਜਿਵੇਂ ਕਪੋਤ ਪਖੀ ਨੇ ਚੋਗੇ ਦੇ ਲਾਲਚ ਆਪਣੇ ਤਾਈਂ ਜਾਲ ਵਿੱਚ ਬੰਧਵਾਇਆ.

ਕਪੋਤਿਕਾ, ਕਪੋਤੀ: ਕਪੋਤ (ਕਬੂਤਰ) ਦੀ ਮਦੀਨ. ਕਬੂਤਰੀ. "ਸਘਨ ਛਾਵ ਤਰੁ ਬਨ ਮਹਿ ਅਹਾ। ਰਹਿਤ ਕਪੋਤ ਕਪੋਤੀ ਤਹਾ." (ਗੁਪ੍ਰਸੂ)

ਕਪੋਲ: ਸੰ. ਸੰਗ੍ਯਾ- ਗਲ੍ਹ. ਰੁਖ਼ਸਾਰ.

ਕਪੋਲ ਕਲਪਨਾ: ਸੰਗ੍ਯਾ- ਗੱਪ. ਮਨਘੜਤ ਗੱਲ. ਬਿਨਾ ਗ੍ਰੰਥਪ੍ਰਮਾਣ ਤੋਂ ਗਲ੍ਹਾਂ ਹਿਲਾਕੇ ਘੜੀ ਹੋਈ ਬਾਤ.

ਕੱਪੜ: ਵਸਤ੍ਰ ਸਮੁਦਾਯ. ਦੇਖੋ, ਕਪੜਾ. "ਕੱਪੜ ਕੋਟ ਉਸਾਰਿਅਨ." (ਭਾਗੁ)

ਕੱਪੜੇ ਆਉਂਣੇ: ਇਸਤ੍ਰੀ ਨੂੰ ਰਿਤੁ ਆਉਂਣੀ. ਹ਼ੈਜ ਆਉਂਣੇ.

ਕਪ੍ਰਦਨ: ਦੇਖੋ, ਕਪਰਦਿਨ.

ਕਫ: ਸੰ. ਸੰਗ੍ਯਾ- ਬਲਗ਼ਮ. ਸ਼ਲੇਸ਼੍ਮਾ. ਦੇਖੋ, ਅੰ. cough । ੨. ਫ਼ਾ. کف ਕਫ਼. ਹਥੇਲੀ. ਤਲੀ। ੩. ਝੱਗ. ਫੇਨ.

ਕਫ਼ਸ਼: ਫ਼ਾ. کفش ਸੰਗ੍ਯਾ- ਕਉਂਸ. ਜੁੱਤੀ. ਜੂਤਾ। ੨. ਖੜਾਉਂ। ੩. ਫ਼ਾ. قفس ਅਥਵਾ قپھص ਪਿੰਜਰਾ.

ਕਫ਼ਗੀਰ: ਫ਼ਾ. کفگیر ਸੰਗ੍ਯਾ- ਦੇਗਚੀ ਦੀ ਕਫ਼ (ਝੱਗ) ਲੈਣ ਦਾ ਸੰਦ. ਕੜਛੀ. ਚਮਚਾ.

ਕਫ਼ਨ: ਅ਼. کفن ਸੰਗ੍ਯਾ- ਖੱਫਣ. ਮੁਰਦੇ ਉੱਪਰ ਪਾਉਣ ਦਾ ਵਸਤ੍ਰ. "ਅਬ ਆਛੋ ਤਿਹ ਕਫਨ ਬਨੈਯੈ." (ਚਰਿਤ੍ਰ ੩੨)

ਕਫ਼ਨੀ: ਫ਼ਾ. كفنی ਸੰਗਜਾ- ਫ਼ਕੀਰਾਂ ਦੇ ਗਲ ਦਾ ਇੱਕ ਵਸਤ੍ਰ, ਜੋ ਕਫਨ ਸ਼ਕਲ ਦਾ ਹੁੰਦਾ ਹੈ, ਜੋ ਲੋਕ ਆਪਣੇ ਤਾਈਂ ਮੁਰਦਾ ਸਮਝਦੇ ਹਨ, ਉਹ ਕਫ਼ਨੀ ਪਹਿਰਦੇ ਹਨ.

ਕਫ਼ਾਯਤ: ਅ਼. كفایت ਕਿਫ਼ਾਯਤ. ਕਾਫ਼ੀ ਹੋਣ ਦੀ ਕ੍ਰਿਯਾ। ੨. ਸਰਫਾ. ਸੰਜਮ.

ਕਫ਼ਾਰਹ, ਕਫ਼ਾਰਤ: ਅ਼. كفارة ਅਥਵਾ كفارت ਸੰਗਜਾ- ਪਾਪ ਦੂਰ ਕਰਨ ਲਈ ਦੰਡ ਅਦਾ ਕਰਨਾ. ਪ੍ਰਾਯਸ਼੍ਚਿੱਤ. ਦੋਸ਼ ਤੋਂ ਬਚਣ ਵਾਸਤੇ ਤਪ ਵ੍ਰਤ ਆਦਿ ਕਰਮ.

ਕਫ਼ਾਲਤ: ਅ. كفالت ਸੰਗਜਾ- ਜਿੰਮੇਵਾਰੀ.

ਕਫੀ: ਵਿ- ਕਫ ਦੀ ਵਿਸ਼ੇਸ਼ਤਾ ਵਾਲਾ. "ਕਫੀ ਹੰਕਾਰੀ ਖਾਇ ਗ੍ਰਹਨ ਕਰ ਛਾਤੀ ਬੋਝ ਬਨੈ ਬਡ ਮਾਨ." (ਗੁਪ੍ਰਸੂ) ਹੰਕਾਰੀ ਕਫੀ ਹੈ, ਬ੍ਰਹ੍ਮਗਜਾਨ ਘ੍ਰਿਤ (ਘੀ) ਹੈ.

ਕਫ਼ੀਦਨ: ਫ਼ਾ. کفیدن ਸੰਗਜਾ- ਤੋੜਨਾ. ਪਾੜਨਾ. "ਕਫ਼ੀਦੈ ਦਲ ਬਅਸੁਰਾਨਾ." (ਸਲੋਹ)

ਕਬ: ਕ੍ਰਿ. ਵਿ- ਕਦਾ. ਕਿਸ ਵੇਲੇ. ਕਦੋਂ. ਕਿਸ ਸਮੇਂ "ਕਬ ਲਾਗੈ ਮਸਤਕ ਚਰਨਨ ਰਜ?" (ਭਾਗੁ ਕ) ੨. ਸੰਗਜਾ- ਕਵਿ. ਕਾਵ੍ਯ ਰਚਣ ਵਾਲਾ.

ਕਬਹੁ, ਕਬਹੁਕ, ਕਬਹੂ, ਕਬਹੂੰ, ਕਬਹੂਕ: ਕ੍ਰਿ. ਵਿ- ਕਦਾਂ. ਕਦੀ. ਕਿਸੇ ਵੇਲੇ. ਕਿਸੀ ਇੱਕ ਸਮੇਂ, "ਕਬਹੁਕ ਕੋਊ ਪਾਵੈ ਆਤਮਪ੍ਰਗਾਸ ਕਉ." (ਸਵੈਯੇ ਮਃ ੪. ਕੇ) "ਕਬਹੂ ਨ ਬਿਸਰਹੁ ਮਨ ਮੇਰੇ ਤੇ." (ਨਟ ਮਃ ੫)

ਕਬਜ: ਅ਼. قبض ਕ਼ਬਜ. ਸੰਗਜਾ- ਰੋਕਣ ਦੀ ਕ੍ਰਿਯਾ। ੨. ਕ਼ਾਬੂ ਰੱਖਣਾ। ੩. ਫੜਨਾ। ੪. ਇੱਕ ਰੋਗ. ਸੰ. कोष्ठबद्ध ਕੋਸ਼੍ਠਬੱਧ. Constipation. ਕਬਜ਼ ਦੋ ਤਰਾਂ ਦੀ ਹੁੰਦੀ ਹੈ. ਇੱਕ ਸਾਧਾਰਨ ਜੋ ਕਿਸੇ ਖਾਸ ਕਾਰਣ ਤੋਂ ਕਿਸੇ ਵੇਲੇ ਹੋ ਜਾਂਦੀ ਹੈ. ਦੂਜੀ ਨਿੱਤ ਰਹਿਣ ਵਾਲੀ (ਦਾਯਮੀ). ਕਬਜ਼ ਦੂਰ ਕਰਨ ਲਈ ਤਿੱਖੀਆਂ ਜੁਲਾਬ ਦੀਆਂ ਦਵਾਈਆਂ ਨਹੀਂ ਵਰਤਣੀਆਂ ਚਾਹੀਏ, ਅਜਿਹਾ ਕਰਨ ਤੋਂ ਕਮਜ਼ੋਰੀ ਹੁੰਦੀ ਹੈ.

ਕਬਜ਼ ਦੇ ਕਾਰਨ ਇਹ ਹਨ- ਬਹੁਤੀ ਬੈਠਕ, ਵੇਲੇ ਸਿਰ ਸੁਚੇਤੇ ਨਾਂ ਜਾਣਾ, ਰੁੱਖੀਆਂ ਚੀਜ਼ਾਂ ਖਾਣੀਆਂ, ਆਂਦਰਾਂ ਤੋਂ ਮੈਲ ਕੱਢਣ ਵਾਲੀ ਸ਼ਕਤੀ ਦਾ ਸੁਸਤ ਹੋ ਜਾਣਾ, ਸ਼ਰਾਬ, ਅਫੀਮ, ਭੰਗ, ਚਰਸ ਆਦਿਕ ਦਾ ਵਰਤਣਾ, ਕਸਰਤ ਨਾ ਕਰਨੀ, ਖੱਟੇ ਪਦਾਰਥ ਬਹੁਤੇ ਖਾਣੇ, ਦਿਮਾਗੀ ਮਿਹਨਤ ਬਹੁਤ ਕਰਨੀ, ਚਿੰਤਾ ਵਿੱਚ ਰਹਿਣਾ, ਰੋਟੀ ਚੱਬਕੇ ਨਾ ਖਾਣੀ, ਪਿਆਸ ਹੋਣ ਤੋਂ ਪਾਣੀ ਵੇਲੇ ਸਿਰ ਨਾ ਪੀਣਾ ਆਦਿ.

ਇਸ ਰੋਗ ਦਾ ਇਲਾਜ ਕਾਰਣ ਅਨੁਸਾਰ ਹੀ ਹੋਣਾ ਚਾਹੀਏ, ਪਰ ਕਬਜ ਦੂਰ ਕਰਨ ਦੇ ਸਾਧਾਰਨ ਉਪਾਉ ਇਹ ਹਨ-

ਸੌਣ ਵੇਲੇ ਗਰਮ ਦੁੱਧ ਜਾਂ ਗਰਮ ਜਲ ਛਕਣਾ. ਹਰੜ ਦਾ ਮੁਰੱਬਾ ਖਾਣਾ. ਪੈਦਲ ਫਿਰਨਾ. ਰੋਟੀ ਚਿੱਥਕੇ ਖਾਣੀ. ਮੱਖਣ ਬਦਾਮਰੋਗਨ ਆਦਿਕ ਪਦਾਰਥ ਖਾਣੇ. ਅਮਲਤਾਸ ਦੀ ਗੁੱਦ, ਗੁਲਕੰਦ, ਬਨਫ਼ਸ਼ਾ ਦਾ ਮੁਰੱਬਾ, ਸੌਂਫ, ਇਨ੍ਹਾਂ ਨੂੰ ਚਾਯ ਦੀ ਤਰਾਂ ਉਬਾਲਕੇ ਪੀਣਾ.

ਬਦਾਮ ਦੀ ਗਿਰੀਆਂ, ਮਗਜ ਕਦੂ, ਸਨਾ ਮੱਕੀ, ਸਾਉਗੀ, ਗੁਲਕੰਦ, ਇੱਕੋ ਜੇਹੇ ਲੈ ਕੇ ਕੁੱਟਕੇ ਮਜੂਨ ਬਣਾ ਲੈਣਾ, ਰਾਤ ਨੂੰ ਸੌਣ ਵੇਲੇ ਤੋਲਾ ਅਥਵਾ ਦੋ ਤੋਲਾ ਕੋਸੇ ਦੁੱਧ ਜਾਂ ਜਲ ਨਾਲ ਛਕਣਾ.

ਕਬਜਹ, ਕ਼ਬਜਹ, ਕਬਜਾ: ਅ਼. قبضہ ਕ਼ਬਜਾ. ਸੰਗਜਾ- ਕ਼ਾਬੂ ਕਰਨ ਦੀ ਕ੍ਰਿਯਾ. "ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ." (ਤਿਲੰ ਮਃ ੫) ੩. ਤਲਵਾਰ ਦੀ ਮੁੱਠ.

ਕਬਜੁਲਵਸੂਲ: ਅ਼. قبض الوصوُل ਕ਼ਬਜੁਲਵਸੂਲ. ਸੰਗਜਾ- ਕਿਸੇ ਵਸਤੁ ਪੁਰ ਕਬਜਾ ਕਰਕੇ ਰਸੀਦ ਦਾ ਲਿਖਣਾ.

ਕਬੱਡੀ: ਦੇਖੋ, ਕਵੱਡੀ.

**ਕਬਢੀ:** ਸੰਗਯਾ- ਕਾਵ੍ਯਪ੍ਰਬੰਧ. ਛੰਦਰਚਨਾ. "ਹਰਿ ਕੇ ਸੰਤ ਕਬਢੀ ਸੁਨਾਊਂ." (ਕ੍ਰਿਸਨਾਵ)

**ਕਬਰ, ਕ਼ਬਰ:** ਅ਼. قبر ਮੁਰਦੇ ਦੇ ਦੱਬਣ ਦਾ ਟੋਆ. ਇਸਲਾਮੀ ਸ਼ਰਾ ਅਨੁਸਾਰ ਕਬਰ ਆਦਮੀ ਦੀ ਛਾਤੀ ਪ੍ਰਮਾਣ ਗਹਿਰੀ ਹੋਣੀ ਹੋਣੀ ਚਾਹੀਏ, ਅਰ ਉਸ ਦੇ ਇੱਕ ਪਾਸੇ ਮੁਰਦੇ ਲਈ ਬਗਲ ਵਿੱਚ ਗੁਫਾ ਖੋਦਣੀ ਚਾਹੀਏ, ਜਿਸ ਵਿੱਚ ਮੁਰਦਾ ਖੁਲ੍ਹਾ ਲੇਟ ਸਕੇ. ਮੁਰਦੇ ਦਾ ਮੂੰਹ ਕਾਬੇ ਵੱਲ ਕਰਕੇ ਲਿਟਾਉਣਾ ਚਾਹੀਏ. ਕ਼ਬਰ ਬੰਦ ਕਰਨ ਵੇਲੇ ਧਿਆਨ ਰੱਖਣਾ ਜ਼ਰੂਰੀ ਹੈ ਕਿ ਮੁਰਦੇ ਉੱਪਰ ਮਿੱਟੀ ਨਾ ਪਵੇ. ਕਬਰ ਉੱਪਰ ਇਮਾਰਤ ਬਣਾਉਣੀ ਸ਼ਰਾ ਵਿਰੁੱਧ ਹੈ. "ਅਬੂ ਹੁਰੈਰਾ" ਨੇ ਲਿਖਿਆ ਹੈ ਕਿ ਜਦ ਮੁਰਦੇ ਨੂੰ ਦੱਬਕੇ ਲੋਕ ਚਲੇ ਜਾਂਦੇ ਹਨ, ਤਦ "ਮੁਨਕਰ" ਅਤੇ "ਨਕੀਰ" ਫ਼ਰਿਸ਼ਤੇ ਆਉਂਦੇ ਹਨ, ਅਤੇ ਮੋਏ ਹੋਏ ਨੂੰ ਪੁੱਛਦੇ ਹਨ, "ਤੂੰ ਹਜਰਤ ਮੁਹੰਮਦ ਦਾ ਵਿਸ਼੍ਵਾਸੀ ਹੈਂ?" ਜੇ ਉਹ ਆਖਦਾ ਹੈ- "ਹਾਂ", ਤਦ ਕਬਰ ਸੱਤਰ ਗਜ਼ ਲੰਮੀ ਅਤੇ ਸੱਤਰ ਗਜ਼ ਚੌੜੀ ਹੋ ਜਾਂਦੀ ਹੈ, ਰੌਸ਼ਨੀ ਚਮਕ ਆਉਂਦੀ ਹੈ. ਫ਼ਰਿਸ਼ਤੇ ਉਸ ਨੂੰ ਆਖਦੇ ਹਨ ਕਿ 'ਗਾੜ੍ਹੀ ਨੀਂਦ ਵਿੱਚ ਪ੍ਰਲੈ ਤੀਕ ਸੌਂ ਰਹੁ, ਤੈਨੂੰ ਕੋਈ ਦੁੱਖ ਮਲੂਮ ਨਹੀਂ ਹੋਵੇਗਾ.' ਜੋ ਮੁਰਦਾ ਆਖਦਾ ਹੈ- "ਮੈਂ ਮੁਹੰਮਦ ਨੂੰ ਨਹੀਂ ਜਾਣਦਾ," ਉਸ ਦੀ ਕ਼ਬਰ ਇਤਨੀ ਤੰਗ ਹੋ ਜਾਂਦੀ ਹੈ ਕਿ ਬਦਨ ਸ਼ਿਕੰਜੇ ਵਿੱਚ ਘੁੱਟਿਆ ਪ੍ਰਤੀਤ ਹੁੰਦਾ ਹੈ "ਮਿਸ਼ਕਾਤ" ਵਿੱਚ ਲਿਖਿਆ ਹੈ ਕਿ ਕਾਫ਼ਰ ਨੂੰ ਸੋਟਿਆਂ ਦੀ ਮਾਰ ਐਸੀ ਪੈਂਦੀ ਹੈ ਕਿ ਕ਼ਬਰ ਪਾਸ ਦੇ ਸਭ ਪਸ਼ੂ ਪੰਛੀ ਉਸ ਦਾ ਵਿਲਾਪ ਸੁਣਦੇ ਹਨ, ਕੇਵਲ ਆਦਮੀ ਨੂੰ ਸੁਣਾਈ ਨਹੀਂ ਦਿੰਦਾ. ਇਸ ਕ਼ਬਰ ਦੇ ਦੁੱਖ ਦਾ ਨਾਉਂ "ਅ਼ਜ਼ਾਬੁਲ ਕ਼ਬਰ" ਹੈ। ੨. ਦੇਖੋ, ਕਵਰ.

**ਕਬਰਾ, ਕਬਰੋ:** ਸੰ. ਕੁਵੰਰ ਵਿ- ਚਿਤਕਬ਼ਰਾ. ਡੱਬ ਖੜੱਬਾ। ੨. ਸੰ ਕਬੁੰਰ. ਸੰਗਯਾ- ਸੋਨਾ. ਸੁਵਰਣ. "ਜਿਉ ਕੰਚਨ ਕੋਠਾਰੀ ਚੜਿਓ ਕਬਰੋ ਹੋਤ ਫਿਰੋ." (ਸਾਰ ਮਃ ੫) ਜਿਵੇਂ ਕਾਂਚਨ (ਸੋਨੇ) ਦਾ ਭੂਖਣ ਕੁਠਾਲੀ ਵਿੱਚ ਪੈ ਕੇ ਜਲ ਆਕਾਰ ਅਤੇ ਕੁਠਾਲੀ ਦੇ ਆਕਾਰ ਦਾ ਬਣ ਜਾਂਦਾ ਹੈ, ਪਰ ਫੇਰ ਆਪਣੀ ਸ਼ਕਲ ਹੀ ਧਾਰ ਲੈਂਦਾ ਹੈ, ਅੰਤ ਨੂੰ ਕੁਬੰਰ (ਸੋਨਾ) ਹੀ ਹੈ.

**ਕਬਲ, ਕ਼ਬਲ:** ਅ਼. قبل ਕ੍ਰਿ. ਵਿ- ਪਹਿਲਾਂ. ਅੱਗੋਂ.

**ਕਬਲਾਸ:** ਦੇਖੋ, ਕਬਿਲਾਸ.

**ਕਬਾ, ਕਬਾਉ, ਕਬਾਇ:** ਅ਼. قبا ਕ਼ਬਾ. ਸੰਗਯਾ- ਪੋਸ਼ਾਕ. ਲਿਬਾਸ। ੨. ਚੋਗਾ.

**ਕਬਾਇਲ:** ਦੇਖੋ, ਕ਼ਬਾਯਲ.

**ਕਬਾਹਤ, ਕ਼ਬਾਹ਼ਤ:** ਅ਼. قباحت ਬੁਰਾਈ. ਖ਼ਰਾਬੀ। ੨. ਦਿੱਕ਼ਤ. ਕਠਿਨਾਈ. ਔਖ.

**ਕਬਾਦਹ:** ਫ਼ਾ. کبادہ ਸੰਗਯਾ- ਨਰਮ ਕਮਾਣ. ਧਨੁਖ ਵਿਦਯਾ ਸਿੱਖਣ ਵਾਸਤੇ ਪਹਿਲਾਂ ਕਬਾਦਾ ਖਿੱਚਣਾ ਆਰੰਭ ਕਰੀਦਾ ਹੈ. "ਗਹੈਂ ਕਬਾਦਾ ਖੈਂਚਨ ਕਰੈਂ." (ਗੁਪ੍ਰਸੂ)

**ਕਬਾਬ:** ਅ਼. کباب ਸੰਗਯਾ- ਭੁੰਨਿਆ ਹੋਇਆ ਮਾਸ। ੨. ਕੀਮਾ ਕਰਕੇ ਭੁੰਨਿਆ ਹੋਇਆ ਮਾਸ.

**ਕਬਾਬੀ:** ਵਿ- ਕਬਾਬ ਖਾਣ ਵਾਲਾ. ਕਬਾਬਭਕ੍ਸ਼ੀ.

**ਕਬਾਯਲ, ਕ਼ਬਾਯਲ:** ਅ਼. قبئل ਕ਼ਬੀਲਹ (ਕੁਟੰਬ) ਦਾ ਬਹੁਵਚਨ.

**ਕਬਾਲਹ, ਕ਼ਬਾਲਹ:** ਅ਼. قبالہ ਜ਼ਾਮਿਨ ਹੋਣਾ। ੨. ਕਿਸੇ ਦੀ ਜ਼ਿੰਮੇਵਾਰੀ ਕਬੂਲਣੀ। ੩. ਹੀ (ਇਬਰਾਨੀ) Qabbaleh ਅੰ. Cabbala (ਅਥਵਾ Cabal). ਧਰਮਗ੍ਰੰਥ ਦੇ ਭਾਵ ਦੀ ਵਯਾਖਯਾ. ਗੁਪਤ ਸਿੱਧਾਂਤ ਦੀ ਤਸ਼ਰੀਹ। ੪. ਗੁਪਤ ਜੁੰਡੀ. ਚਾਰ ਯਾਰੀ. [੧੩]

**ਕਬਾੜ:** ਸੰਗਯਾ- ਕੂੜਾ- ਕਰਕਟ. ਟੁੱਟੀ ਫੁੱਟੀ ਵਸ੍ਤੁ. ਕਪੰਟ. ਚੀਥੜਾ। ੨. ਵ੍ਯਰਥ ਕਰਮ. ਮੰਦ ਕਰਮ. "ਜੇ ਸਉ ਕੂੜੀਆ ਕੂੜ ਕਬਾੜ." (ਧਨਾ ਮਃ ੧) "ਛੋਡਹੁ ਪ੍ਰਾਣੀ ਕੂੜ ਕਬਾੜਾ." (ਮਾਰੂ ਸੋਲਹੇ ਮਃ ੧)

**ਕਬਾੜੀ, ਕਬਾੜੀਆ:** ਵਿ- ਟੁੱਟੀ ਫੁੱਟੀ ਚੀਜ਼ਾਂ ਰੱਖਣ ਵੇਚਣ ਵਾਲਾ ਦੁਕਾਨਦਾਰ.

**ਕਬਾੜੁ:** ਦੇਖੋ, ਕਬਾੜ.

**ਕਬਿ:** ਕ੍ਰਿ. ਵਿ- ਕਭੀ. ਕਦਾਪਿ. ਕਦੀ. ਕਿਸੇ ਸਮੇਂ। ੨. ਸੰ. ਕਵਿ. ਸੰਗ੍ਯਾ- ਕਾਵ੍ਯਰਚਨਾ ਕਰਨ ਵਾਲਾ. ਜੋ ਕਵ (ਵਰਣਨ) ਕਰੇ. ਸੋ ਕਵਿ. "ਕਬਿਜਨ ਜੋਗੀ ਜਟਾਧਾਰਿ." (ਬਸੰ ਕਬੀਰ)

**ਕਬਿਤ:** ਦੇਖੋ, ਕਬਿੱਤ.

**ਕਬਿਤਾ:** ਦੇਖੋ, ਕਵਿਤਾ। ੨. ਸੰ. ਕਵਯਿਤਾ. ਕਵੀ. ਕਾਵ੍ਯ ਕਰਤਾ. ਕਾਵ੍ਯਵੇੱਤਾ. "ਕਬਿਤ ਪੜੇ ਪੜਿ ਕਬਿਤਾ ਮੂਏ." (ਸੋਰ ਕਬੀਰ)

**ਕਬਿੱਤ:** ਸੰ. ਕਵਿਤ੍ਵ. ਸੰਗ੍ਯਾ- ਕਵਿਤਾ. ਕਾਵ੍ਯ.

ਮੋਤਿਨ ਕੈਸੀ ਮਨੋਹਰ ਮਾਲ ਗੁਹੇ

ਤੁਕ ਅੱਛਰ ਰੀਝ ਰਿਝਾਵੈ,

ਪ੍ਰੇਮ ਕੋ ਪੰਥ ਕਥਾ ਹਰਿਨਾਮ ਕੀ

ਉਕ੍ਤਿ ਅਨੂਠੀ ਬਨਾਯ ਸੁਨਾਵੈ,

'ਠਾਕੁਰ' ਸੋ ਕਵਿ ਭਾਵੈ ਹਮੈ ਜੁਇ

ਸਵੰ ਸਭਾ ਮੇ ਬਢੱਪਨ ਪਾਵੈ,

ਪੰਡਿਤ ਲੋਗ ਪ੍ਰਬੀਨਨ ਕੋ ਜੋਈ

ਚਿੱਤ ਹਰੈ ਸੁ 'ਕਬਿੱਤ' ਕਹਾਵੈ.

੨. ਕਵਿਪਨ. ਕਵਿਪੁਣਾ। ੩. ਇੱਕ ਛੰਦ, ਸਾਮਾਨ੍ਯ ਕਰਕੇ ਸਭ ਛੰਦ ਕਬਿੱਤ (ਕਵਿਤ੍ਵ) ਕਹੇ ਜਾ ਸਕਦੇ ਹਨ, ਪਰੰਤੂ ਵਿਸ਼ੇਸ਼ ਕਰਕੇ ਇੱਕ ਦੰਡਕ ਜਾਤਿ ਹੈ, ਇਸ ਦਾ ਨਾਉਂ "ਮਨਹਰ" ਅਥਵਾ "ਮਨਹਰਣ" ਹੈ. ਇਸ ਦਾ ਲੱਛਣ ਹੈ ਚਾਰ ਚਰਣ. ਪ੍ਰਤਿ ਚਰਣ ੩੧ ਅੱਖਰ. ਤਿੰਨ ਵਿਸ਼੍ਰਾਮ ਅੱਠ ਅੱਠ ਅੱਖਰਾਂ ਤੇ, ਚੌਥਾ ਸੱਤ ਪੁਰ, ਅੰਤ ਗੁਰੁ. ਇਸ ਛੰਦ ਵਿੱਚ ਸਮ ਵਰਣਾਂ ਦਾ ਪ੍ਰਯੋਗ ਅਤੇ ਅਨੁਪ੍ਰਾਸ, ਰਚਨਾ ਨੂੰ ਬਹੁਤ ਮਨੋਹਰ ਬਣਾ ਦਿੰਦੇ ਹਨ.

ਭਾਵੇਂ ਉੱਪਰ ਦੱਸਿਆ ਲੱਛਣ ਹੀ ਕਬਿੱਤ ਦਾ ਪੂਰਣ ਹੈ, ਪਰ ਕਵੀਆਂ ਨੇ ਇਸ ਦੀ ਚਾਲ ਨੂੰ ਸੁੰਦਰ ਰੱਖਣ ਲਈ ਇਹ ਨਿਯਮ ਭੀ ਥਾਪੇ ਹਨ-

(੧) ਆਦਿ ਵਿੱਚ ਲਘੁ ਗੁਰੁ ਲਘੁ, ਅਰਥਾਤ ਜਗਣ ਰੂਪ ਇੱਕ ਪਦ ਨਾ ਹੋਵੇ.

(੨) ਤਗਣ ਰੂਪ ਇੱਕ ਪਦ ਭੀ ਆਰੰਭ ਵਿੱਚ ਵਿਵਰਜਿਤ ਹੈ.

(੩) ਚਾਰ ਅੱਖਰਾਂ ਪਿੱਛੋਂ ਤਗਣ ਨਹੀਂ ਹੋਣਾ ਚਾਹੀਏ.

(੪) ਅੰਤ ਵਿੱਚ ਤਿੰਨ ਅੱਖਰਾਂ ਦਾ ਇੱਕ ਪਦ, ਜੋ ਮਗਣ ਰੂਪ ਹੋਵੇ ਉੱਤਮ ਨਹੀਂ।

(੫) ਤੁਕ ਦੇ ਅੰਤ ਗੁਰੁ ਲਘੁ ਲਘੁ ਗੁਰੁ ਅਰਥਾਤ ਭਗਣ ਅਤੇ ਗੁਰੁ ਨਹੀਂ ਹੋਣੇ ਚਾਹੀਏ.

(੬) ਚਾਰੇ ਵਿਸ਼੍ਰਾਮ ਦੇ ਸ਼ਬਦ ਠੀਕ ਗਿਣਤੀ ਪੁਰ ਸਮਾਪਤ ਹੋਣੇ ਚਾਹੀਏ, ਇਹ ਉੱਤਮ ਨਹੀਂ ਕਿ ਅੱਧਾ ਸ਼ਬਦ ਪਿਛਲੇ ਵਿਸ਼੍ਰਾਮ ਨਾਲ, ਅੱਧਾ ਅਗਲੇ ਵਿਸ਼੍ਰਾਮ ਨਾਲ ਜੋੜਿਆ ਜਾਵੇ.

(੭) ਸਮ ਪਦ ਨਾਲ ਸਮ, ਵਿਖਮ ਪਦ ਨਾਲ ਵਿਖਮ, ਮਿਲਾਉਣਾ ਚਾਹੀਏ, ਸਮ ਨਾਲ ਵਿਖਮ ਮਿਲਣ ਤੋਂ ਛੰਦ ਦੀ ਸੁੰਦਰਤਾ

ਨਹੀਂ ਰਹਿੰਦੀ.

ਉਦਾਹਰਣ-

(ੳ) ਛਤ੍ਰਧਾਰੀ ਛਤ੍ਰੀਪਤਿ ਛੈਲਰੂਪ ਛਿਤਿਨਾਥ,

ਛੋਣੀਕਰ ਛਾਯਾਬਰ, ਛਤ੍ਰੀਪਤਿ ਗਾਈਐ. xx

(ਗ੍ਯਾਨ)

(ਅ) ਵਿਸ਼੍ਵਪਾਲ ਜਗੁਕਾਲ ਦੀਨਦਯਾਲ ਵੈਰੀਸਾਲ,

ਸਦਾ ਪ੍ਰਤਿਪਾਲ ਜਮਜਾਲ ਤੇ ਰਹਿਤ ਹੈ. xx

(ਅਕਾਲ)

(ੲ) ਸੋਧ ਹਾਰੇ ਦੇਵਤਾ ਵਿਰੋਧ ਹਾਰੇ ਦਾਨੋ ਬਡੇ,

ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ. xx.

(ਅਕਾਲ)

ਕ੍ਰਿਪਾਨ ਅਤੇ ਘਨਾਕ੍ਸ਼ਰੀ ਭੀ ਕਬਿੱਤਜਾਤੀ ਵਿੱਚ ਹੀ ਗਿਣੇ ਜਾਂਦੇ ਹਨ. ਦੇਖੋ, ਕ੍ਰਿਪਾਨ ਅਤੇ ਘਨਾਕ੍ਸ਼ਰੀ.

ਕਬਿੰਦ੍ਰ: ਸੰ. ਕਵੀਂਦ੍ਰ. ਕਵਿਰਾਜ. ਸ਼ਿਰੋਮਣਿ ਕਵਿ.

ਕਬਿਲਾਸ: ਸੰ. ਕੈਲਾਸ. ਸੰਗ੍ਯਾ- ਕ (ਪਾਣੀ) ਵਿੱਚ ਲਸ (ਚਮਕ) ਰਹੇ ਬਿੱਲੌਰ ਸਮਾਨ ਜੋ ਚਿੱਟਾ ਹੋਵੇ, ਸੋ ਕੈਲਾਸ. ਇਹ ਮਾਨਸਰਵੋਰ ਤੋਂ ੨੫ ਮੀਲ ਉੱਤਰ ਹੈ. ਪੁਰਾਣਾਂ ਅਨੁਸਾਰ ਇਹ ਚਾਂਦੀ ਦਾ ਪਹਾੜ ਸੁਮੇਰੁ ਦੇ ਪੱਛਮ ਹੈ. ਇਸ ਪੁਰ ਸ਼ਿਵ ਦਾ ਨਿਵਾਸ ਹੈ. "ਕੋਟਿ ਮਹਾਦੇਵ ਅਰੁ ਕਬਿਲਾਸ." (ਭੈਰ ਅः ਕਬੀਰ)

ਕਬੀ: ਕ੍ਰਿ. ਵਿ- ਕਦਾ. ਕਭੀ. ਕਿਸੇ ਸਮੇਂ। ੨. ਸੰਗ੍ਯਾ- ਕਵਿ. ਕਾਵ੍ਯਰਚਨਾ. ਕਰਨ ਵਾਲਾ.

ਕਬੀਸ: ਵਿ- ਕਵੀਸ਼. ਕਵਿਰਾਜ. ਕਵੀਆਂ ਦਾ ਈਸ਼.

ਕਬੀਰ: ਭਾਰਤ ਦੇ ਪ੍ਰਸਿੱਧ ਭਗਤ ਕਬੀਰ ਜੀ, ਜਿਨ੍ਹਾਂ ਦਾ ਜਨਮ ਇੱਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਜੇਠ ਸੁਦੀ ੧੫. ਸੰਮਤ ੧੪੫੫ ਨੂੰ ਹੋਇਆ. ਇਨ੍ਹਾਂ ਦੀ ਮਾਤਾ ਨੇ ਬਨਾਰਸ ਕੋਲ ਲਹਿਰ- ਤਲਾਉ ਦੇ ਪਾਸ ਨਵੇਂ ਜਨਮੇ ਬਾਲਕ ਨੂੰ ਰੱਖ ਦਿੱਤਾ, ਜਿਸ ਨੂੰ ਅਲੀ (ਨੀਰੂ) ਜੁਲਾਹੇ ਨੇ ਕ੍ਰਿਪਾ ਕਰਕੇ ਘਰ ਲੈ ਆਂਦਾ, ਅਤੇ ਉਸ ਦੀ ਇਸਤ੍ਰੀ ਨੀਮਾ ਨੇ ਪੁਤ੍ਰ ਮੰਨਕੇ ਪਾਲਿਆ.

ਯੋਗ੍ਯ ਸਮੇਂ ਮੁਸਲਮਾਨੀ ਮਤ ਅਨੁਸਾਰ ਕਬੀਰ ਨਾਉਂ ਰੱਖਿਆ ਗਿਆ, ਅਤੇ ਇਸਲਾਮ ਦੀ ਸਿਖ੍ਯਾ ਦਿੱਤੀ ਗਈ, ਪਰ ਕਬੀਰ ਜੀ ਦਾ ਸ੍ਵਾਭਾਵਿਕ ਝੁਕਾਉ ਹਿੰਦੂਮਤ ਵੱਲ ਸੀ. ਯੁਵਾ ਅਵਸਥਾ ਹੋਣ ਪੁਰ ਆਪ ਦੀ ਸ਼ਾਦੀ ਲੋਈ ਨਾਲ ਹੋਈ ਜਿਸ ਤੋਂ ਕਮਾਲ ਪੁਤ੍ਰ ਉਪਜਿਆ.

ਕਬੀਰ ਜੀ ਨੇ ਰਾਮਾਨੰਦ ਜੀ ਤੋਂ ਰਾਮ ਨਾਮ ਦਾ ਉਪਦੇਸ਼ ਲੈ ਕੇ ਵੈਸ਼ਨਵ ਮਤ ਧਾਰਣ ਕੀਤਾ. ਕਾਸ਼ੀ ਵਿਦ੍ਵਾਨਾਂ ਦਾ ਅਸਥਾਨ ਹੋਣ ਕਰਕੇ ਕਬੀਰ ਜੀ ਨੂੰ ਮਤ ਮਤਾਂਤਰਾਂ ਦੇ ਨਿਯਮ ਜਾਣਨ ਅਤੇ ਚਰਚਾ ਕਰਨ ਦਾ ਚੰਗਾ ਮੌਕਾ ਮਿਲਿਆ ਅਤੇ ਤੀਖਣ ਬੁੱਧਿ ਹੋਣ ਕਰਕੇ ਏਹ ਖੰਡਨ ਮੰਡਨ ਵਿੱਚ ਵਡੇ ਨਿਪੁਣ ਹੋ ਗਏ. ਬਹੁਤ ਚਿਰ ਪੂਰਨ ਗ੍ਯਾਨੀਆਂ ਦੀ ਸੰਗਤਿ ਕਰਕੇ ਆਪ ਤਤ੍ਵਗ੍ਯਾਨੀ ਹੋਏ, ਅਤੇ ਆਪਣੀ ਸੰਗਤਿ ਤੋਂ ਅਨੇਕਾਂ ਨੂੰ ਲਾਭ ਪਹੁੰਚਾਇਆ.

ਸਿਕੰਦਰ ਲੋਦੀ ਸੰਮਤ ੧੫੪੭ ਵਿੱਚ ਜਦ ਬਨਾਰਸ ਆਇਆ, ਤਦ ਕਬੀਰ ਜੀ ਨੂੰ ਮਤਾਂਧ ਮੁਸਲਮਾਨਾਂ ਦੀ ਕ੍ਰਿਪਾ ਕਰਕੇ ਬਹੁਤ ਕਲੇਸ਼ ਪਹੁਚਿਆ, ਜਿਸ ਦਾ ਜਿਕਰ ਕਬੀਰ ਜੀ ਨੇ ਆਪਣੇ ਸ਼ਬਦ- "ਭੁਜਾ ਬਾਂਧਿ ਭਿਲਾ ਕਰਿ ਡਾਰਿਓ." (ਗੌਂਡ) ਵਿੱਚ

ਕੀਤਾ ਹੈ. ਪਰ ਅੰਤ ਨੂੰ ਇਨ੍ਹਾਂ ਦੀ ਬਜ਼ੁਰਗੀ ਦਾ ਅਸਰ ਬਾਦਸ਼ਾਹ ਦੇ ਚਿੱਤ ਉੱਪਰ ਹੋਇਆ।

ਕਬੀਰ ਜੀ ਆਪਣਾ ਏਹ ਬਚਨ ਸਿੱਧ ਕਰਨ ਲਈ ਕਿ- ਕਾਸ਼ੀ ਮਰਨ ਤੋਂ ਮੁਕਤਿ ਅਤੇ ਮਗਹਰ ਮਰਨ ਤੋਂ ਅਪਗਤਿ ਨਹੀਂ ਹੁੰਦੀ- ਦੇਹਾਂਤ ਤੋਂ ਕੁਛ ਕਾਲ ਪਹਿਲਾਂ ਮਗਹਰ (ਜੋ ਗੋਰਖਪੁਰ ਤੋਂ ਪੱਛਮ ਵਲ ੧੫. ਮੀਲ ਪੁਰ ਹੈ) ਜਾ ਰਹੇ, ਅਤੇ ਸੰਮਤ ੧੫੭੫ ਵਿੱਚ ਵਿਨਸ਼੍ਵਰ ਸੰਸਾਰ ਤੋਂ ਅੰਤਰਧਾਨ ਹੋਏ.

ਕਾਸ਼ੀ ਵਿੱਚ ਕਬੀਰ ਜੀ ਦਾ ਅਸਥਾਨ "ਕਬੀਰ ਚੌਰਾ" ਨਾਉਂ ਤੋਂ ਪ੍ਰਸਿੱਧ ਹੈ, ਅਤੇ ਲਹਿਰ ਤਲਾਉ ਤੇ ਭੀ ਆਪ ਦਾ ਮੰਦਿਰ ਹੈ.

ਕਬੀਰ ਜੀ ਦੀ ਬਾਣੀ ਦਾ ਸੰਗ੍ਰਹ ਜੋ ਧਰਮ ਦਾਸ ਅਤੇ ਸੂਰਤ ਗੋਪਾਲ ਆਦਿ ਚੇਲਿਆਂ ਨੇ ਕੀਤਾ ਹੈ, ਉਸ ਦਾ ਨਾਉਂ "ਕਬੀਰਬੀਜਕ" ਹੈ. ਰਿਆਸਤ ਰੀਵਾ ਵਿੱਚ ਕਬੀਰਬੀਜਕ ਧਰਮ ਦਾਸ ਦਾ ਲਿਖਿਆ ਹੋਇਆ ਸੰਮਤ ੧੫੨੧ ਦਾ ਦੱਸਿਆ ਜਾਂਦਾ ਹੈ.

ਆਪ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੀ ਦੇਖੀ ਜਾਂਦੀ ਹੈ. "ਕਹਤ ਕਬੀਰ ਛੋਡਿ ਬਿਖਿਆਰਸੁ." (ਸ੍ਰੀ) ਦੇਖੋ, ਗ੍ਰੰਥ ਸਾਹਿਬ ਸ਼ਬਦ। ੨. ਅ਼. کبیر ਕਬੀਰ. ਵਿ- ਵਡਾ. ਬਜ਼ੁਰਗ. "ਹਕਾ ਕਬੀਰ ਕਰੀਮ ਤੂੰ." (ਤਿਲੰ ਮਃ ੧) ੩. ਸੰਗਯਾ- ਕਰਤਾਰ. ਵਾਹਿਗੁਰੂ, ਜੋ ਸਭ ਤੋਂ ਵਡਾ ਹੈ.

ਕਬੀਰਪੰਥੀ: ਕਬੀਰ ਜੀ ਦਾ ਮਤ ਧਾਰਣ ਵਾਲਾ. ਕਬੀਰ ਦਾ ਅਨੁਗਾਮੀ। ੨. ਜੁਲਾਹੇ ਭੀ ਆਪਣੇ ਤਾਈਂ ਕਬੀਰਪੰਥੀ ਸਦਾਉਂਦੇ ਹਨ. ਜਿਵੇਂ ਚਮਾਰ ਰਵਿਦਾਸੀਏ ਕਹੇ ਜਾਂਦੇ ਹਨ.

ਕਬੀਰਬੰਸੀ: ਕਬੀਰ ਦੀ ਕੁਲ ਦਾ। ੨. ਜੁਲਾਹੇ ਭੀ ਆਪਣੇ ਤਾਈਂ ਕਬੀਰਬੰਸੀ ਅਖਾਉਂਦੇ ਹਨ.

ਕਬੀਰੁ: ਦੇਖੋ, ਕਬੀਰ. "ਭਇਓ ਕਬੀਰੁ ਉਦਾਸ." (ਸਃ)

ਕਬੀਲਾ, ਕ਼ਬੀਲਾ: ਅ਼. قبیلہ ਸੰਗਯਾ- ਪਰਿਵਾਰ. ਕੁਟੰਬ. ਕੁਨਬਾ. ਟੱਬਰ. "ਗੁਰੂ ਕਬੀਲਾ ਲੇਤ ਲੰਘਾਏ." (ਗੁਪ੍ਰਸੂ)

ਕਬੁਜ: ਦੇਖੋ, ਕੰਬੋਜ। ੨. ਦੇਖੋ, ਕਬਜੁਲ ਵਸੂਲ. "ਕਬੁਜ ਲਿਖਾ ਕਾਜੀ ਤੇ ਲਈ." (ਚਰਿਤ੍ਰ ੨੮੭)

ਕਬੂਤਰ: ਫ਼ਾ. کبوتر ਸੰਗਯਾ- ਕਪੋਤ. ਦੇਖੋ, ਕਪੋਤ.

ਕਬੂਤਰਬਾਜ਼: ਕਬੂਤਰ ਰੱਖਣ, ਉਡਾਉਣ ਅਤੇ ਲੜਾਉਣ ਵਾਲਾ.

ਕਬੂਤਰੀ: ਕਬੂਤਰ ਦੀ ਮਦੀਨ. ਕਪੋਤੀ.

ਕਬੂਦ: ਫ਼ਾ. کبود ਵਿ- ਨੀਲਾ. "ਸੋਸਨਿ ਕਾਸਨਿ ਕਬੂਦ." (ਸਲੋਹ) ੨. ਸੰਗਯਾ- ਇੱਕ ਖਾਸ ਪਹਾੜ.

ਕਬੂਲ: ਅ਼. قبول ਕ਼ਬੂਲ. ਸੰਗਯਾ- ਸ੍ਵੀਕਾਰ. ਮਨਜ਼ੂਰ. "ਬਿਨ ਭਗਤਿ ਕੋ ਨ ਕਬੂਲ." (ਅਕਾਲ) ੨. ਘੋੜੇ ਦੀ ਜ਼ੀਨ ਨਾਲ ਬੱਧਾ ਥੈਲਾ ਜਿਸ ਵਿੱਚ ਸਵਾਰ ਜਰੂਰੀ ਵਸਤੁ ਰਖਦਾ ਹੈ.

ਕਬੂਲਪੁਰ: ਦੇਖੋ, ਹਸਨਪੁਰ.

ਕਬੂਲਿ: ਕ਼ਬੂਲ (ਮਨਜ਼ੂਰ) ਕਰਕੇ. "ਪਹਿਲਾ ਮਰਣ ਕਬੂਲਿ." (ਵਾਰ ਮਾਰੂ ੨. ਮਃ ੫)

ਕਬੋਜ: ਦੇਖੋ, ਕੰਬੋਜ.

ਕਬੋਤ: ਦੇਖੋ, ਕਪੋਤ.

ਕਬੰਧ: ਸੰ. कबन्ध ਸੰਗਯਾ- ਧੜ. ਸਿਰ ਬਿਨਾ ਦੇਹ. "ਲਰਤ ਕਬੰਧ ਤੁਰਕ ਗਨ ਸੰਗੇ."[੧੪] (ਪੰਪ੍ਰ) ੨. ਬੱਦਲ. ਮੇਘ। ੩. ਜਲ। ੪. ਰਾਹੂ। ੫. ਉਦਰ. ਪੇਟ। ੬. ਇੱਕ ਮੁਨਿ। ੭. ਇੱਕ ਗੰਧਰਵ। ੮. ਇੱਕ ਰਾਖਸ, ਜਿਸ ਦਾ ਸਿਰ ਇੰਦ੍ਰ ਦੇ ਵਜ੍ਰ

ਦਾ ਮਾਰਿਆ ਗਰਦਨ ਤੋਂ ਟੁੱਟਕੇ ਪੇਟ ਵਿੱਚ ਧੱਸ ਗਿਆ ਸੀ. ਦੰਡਕ ਬਣ ਵਿੱਚ ਰਾਮਚੰਦ੍ਰ ਜੀ ਨੇ ਇਸ ਦੇ ਹੱਥ ਵੱਢਕੇ ਜਿਉਂਦਾ ਹੀ ਜ਼ਮੀਨ ਵਿੱਚ ਗੱਡ ਦਿੱਤਾ ਸੀ.

ਕਭੀ: ਕ੍ਰਿ. ਵਿ- ਕਦੇ. ਕਿਸੇ ਸਮੇਂ. ਕਦਾਪਿ.

ਕਮ: ਫ਼ਾ. کم ਵਿ- ਘੱਟ. ਨ੍ਯੂਨ.

ਕਮਸਰੇਟ: ਅੰ. Commissariat. ਸੰਗਯਾ- ਫ਼ੌਜ ਦਾ ਮੋਦੀਖ਼ਾਨਾ. ਰਸਦ ਰਸਾਨੀ ਮਹਿਕਮਾ.

ਕਮਖ਼ਾਬ: ਫ਼ਾ. کمخاب ਸੰਗਯਾ- ਇੱਕ ਕੀਮਤੀ ਵਸਤ੍ਰ, ਜਿਸ ਦਾ ਤਾਣਾ ਰੇਸ਼ਮੀ ਅਤੇ ਪੇਟਾ ਜ਼ਰੀ ਦਾ ਹੁੰਦਾ ਹੈ. ਇਹ ਵਸਤ੍ਰ ਕਾਸ਼ੀ ਵਿੱਚ ਬਹੁਤ ਉੱਤਮ ਬਣਦਾ ਹੈ. ਇਸ ਨੂੰ ਕੀਮਖਾਬ ਭੀ ਲੋਕ ਆਖਦੇ ਹਨ.

ਕਮਖਯਾ: ਦੇਖੋ, ਕਾਮਾਖਯਾ.

ਕਮੱਗਰ: ਫ਼ਾ. کمانگر ਕਮਾਨਗਰ. ਕਮਾਨ (ਧਨੁਖ) ਬਣਾਉਣ ਵਾਲਾ.

ਕਮਚੀ, ਕ਼ਮਚੀ: ਤੁ. قمچی ਸੰਗਯਾ- ਪਤਲੀ ਛਟੀ.

ਕਮੱਛਿਆ, ਕਮਛ੍ਯਾ: ਦੇਖੋ, ਕਾਮਾਖਯਾ.

ਕਮਜਾਤ, ਕਮਜਾਤਿ: ਫ਼ਾ. کمذات ਕਮਜ਼ਾਤ. ਵਿ- ਨੀਚ. ਕਮੀਨਾ. "ਖਸਮ ਵਿਸਾਰਹਿ ਤੇ ਕਮਜਾਤਿ." (ਸੋਦਰੁ)

ਕਮਜ਼ੋਰ: ਫ਼ਾ. کمزور ਵਿ- ਨਿਰਬਲ.

ਕਮਠ: ਸੰਗਯਾ- ਕੱਛੂ। ੨. ਸੇਹ. ਸ਼ੱਲਕੀ। ੩. ਬਾਂਸ.

ਕਮਠਾ, ਕਮਠੀ: ਸੰਗਯਾ- ਕਬਾਦਾ. ਕਮਾਨਚਹ. ਛੋਟੀ ਕਮਾਣ.

ਕਮਤਰ: ਫ਼ਾ. کمتر ਵਿ- ਬਹੁਤ ਘੱਟ.

ਕਮਤਰੀਨ: ਫ਼ਾ. کمترین ਵਿ- ਅਤਯੰਤ ਹੀ ਘੱਟ. ਬਹੁਤ ਹੀ ਘਟੀਆ. "ਮਨ ਕਮੀਨ ਕਮਤਰੀਨ." (ਵਾਰ ਮਲਾ ਮਃ ੧)

ਕਮਤਾ: ਸੰਗਯਾ- ਨ੍ਯੂਨਤਾ. ਕਮੀ. ਘਾਟਾ. ਹੇਠੀ. "ਕਿਮ ਕਮਤਾ ਅਪਨੀ ਚਹੈ." (ਗੁਪ੍ਰਸੂ) ੨. ਵਿ- ਕਮਾਇਆ. ਦੇਖੋ, ਕਮੱਤਾ. "ਸੋ ਡਰੈ ਜਿਨਿ ਪਾਪ ਕਮਤੇ." (ਬਿਹਾ ਛੰਤ ਮਃ ੪)

ਕਮੱਤਾ: ਵਿ- ਕਮਾਇਆ. ਅਮਲ ਵਿੱਚ ਲਿਆਂਦਾ. "ਜੰਗਲ ਅੰਦਰ ਜਾਇਕੈ ਪਾਖੰਡ ਕਮੱਤਾ." (ਭਾਗੁ)

ਕਮੱਧ: ਦੇਖੋ, ਕਬੰਧ. "ਧਾਵਤ ਅੱਧ ਕਮੱਧ ਅਨੇਕਾ." (ਗਜਾਨ)

ਕਮਨੀ, ਕਮਨੀਯ, ਕਮਨੀਵ: ਸੰ. कमनीय ਵਿ- ਚਾਹਨੇ ਲਾਇਕ. ਜਿਸ ਦੀ ਕੰ (ਇੱਛਾ) ਕੀਤੀ ਜਾਵੇ। ੨. ਸੁੰਦਰ. ਮਨੋਹਰ.

ਕਮਬਖ਼ਤ: ਫ਼ਾ. کمبخت ਵਿ- ਕਮ (ਘੱਟ) ਹੈ ਬਖ਼ਤ (ਭਾਗ) ਜਿਸ ਦਾ. ਬਦਨਸੀਬ. ਭਾਗਹੀਨ. ਮੰਦਭਾਗੀ.

ਕਮਬਖ਼ਤੀ: ਫ਼ਾ. کم بختی ਸੰਗਯਾ- ਬਦਨਸੀਬੀ. ਭਾਗਯਹੀਨਤਾ.

ਕਮਰ: ਸੰ. ਵਿ- ਚਾਹੁਣ ਵਾਲਾ. ਕਾਮੁਕ। ੨. ਫ਼ਾ. کمر ਸੰਗਯਾ- ਲੱਕ. ਕਟਿ। ੩. ਕਮਰਬੰਦ. ਕਮਰਕਸਾ। ੪. ਅ਼. قمر ਕ਼ਮਰ. ਚੰਦ੍ਰਮਾ.

ਕਮਰਕਸਾ: ਸੰਗਯਾ- ਕਮਰ ਕਸਣ ਦਾ ਪਟਕਾ। ੨. ਲੱਕ ਬੰਨ੍ਹਣ ਦੀ ਕ੍ਰਿਯਾ। ੩. ਪਲਾਸ ਦਾ ਗੂੰਦ ਅਤੇ ਉਸ ਨਾਲ ਮਿਲਾਕੇ

ਬਣਾਇਆ ਹੋਇਆ ਖਾਣ ਯੋਗ ਪਦਾਰਥ. ਜਿਸ ਨੂੰ ਵਿਸ਼ੇਸ਼ ਇਸਤ੍ਰੀਆਂ ਖਾਂਦੀਆਂ ਹਨ. ਇਸ ਨਾਲ ਕਮਰ ਦਾ ਦਰਦ ਹਟ ਜਾਂਦਾ ਹੈ.

ਕਮਰਖ: ਸੰ. कर्मरङ्ग ਕਮੰਰੰਗ. ਸੰਗ੍ਯਾ- ਇੱਕ ਬਿਰਛ, ਜਿਸ ਨੂੰ ਫਾਂਕਦਾਰ ਖੱਟੇ ਫਲ ਲਗਦੇ ਹਨ, ਜੋ ਅਚਾਰ ਅਤੇ ਚਟਨੀ ਵਿੱਚ ਵਰਤੀਦੇ ਹਨ. ਇਸ ਦੇ ਫਲ ਅਤੇ ਜੜ ਨੂੰ ਕਈ ਦਵਾਈਆਂ ਵਿੱਚ ਭੀ ਵਰਤੀਦਾ ਹੈ. L. Averrhoa Carambala.

ਕਮਰਬਸਤਾ: ਫ਼ਾ. کمربستہ ਵਿ- ਕਟਿਬੱਧ. ਕਮਰਕਸਾ ਕੀਤੇ ਹੋਏ ਤਿਆਰ.

ਕਮਰਬੰਦ, ਕਮਰਬੰਦੁ: ਫ਼ਾ. کمربند ਸੰਗ੍ਯਾ- ਲੱਕ ਬੰਨ੍ਹਣ ਦਾ ਵਸਤ੍ਰ. ਕਮਰਕਸਾ. "ਕਮਰਬੰਦੁ ਸੰਤੋਖ ਕਾ." (ਸ੍ਰੀ ਮਃ ੧) ੨. ਪੇਟੀ। ੩. ਵਿ- ਲੱਕ ਬੰਨ੍ਹਿਆ ਹੈ ਜਿਸ ਨੇ.

ਕਮਰਾ: L. Camera. ਯੂ. Kamara. ਸੰਗ੍ਯਾ- ਕੋਠੜੀ. ਕੋਠਾ.

ਕਮਰੀ: ਵਿ- ਕਮਰ ਨਾਲ ਸੰਬੰਧਿਤ. ਲੱਕ ਦਾ। ੨. ਕਮਲੀ. ਦਿਵਾਨੀ. "ਜੁਤਿਨ ਸੋਂ ਕਮਰੀ ਕਰ ਡਾਰੀ." (ਚਰਿਤ੍ਰ ੧੨੧) ੩. ਸੰਗ੍ਯਾ- ਕੰਬਲ. ਕੰਬਲੀ. "ਤਨ ਊਪਰ ਕਮਰੀ ਸਿਤ ਲੀਨਾ." (ਨਾਪ੍ਰ) ੪. ਧੋਤੀ। ੫. ਤਣੀਦਾਰ ਅੰਗਰਖੀ। ੬. ਅ਼. قمری ਕ਼ਮਰੀ. ਚੰਦ੍ਰਮਾ ਨਾਲ ਹੈ ਜਿਸ ਦਾ ਸੰਬੰਧ. ਚਾਂਦ੍ਰ.

ਕਮਲ: ਸੰ. ਸੰਗ੍ਯਾ- ਕੌਲ ਫੁੱਲ. ਜਲਜ. "ਹਰਿ ਚਰਣਕਮਲ ਮਕਰੰਦ ਲੋਭਿਤ ਮਨੋ." (ਧਨਾ ਮਃ ੧) ੨. ਜਲ। ੩. ਅੱਖ ਦਾ ਡੇਲਾ। ੨. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਇੱਕ ਨਗਣ- ।।।.

ਉਦਾਹਰਣ-

ਭਜਨ। ਕਰਨ। ਦੁਖਨ। ਦਰਨ ॥

(ਅ) ਛੱਪਯ ਦਾ ਇੱਕ ਭੇਦ. ਦੇਖੋ, ਗੁਰੁਛੰਦ ਦਿਵਾਕਰ। ੫. ਕਮਲਾ ਦਾ ਸੰਖੇਪ. ਲਕ੍ਸ਼ਮੀ (ਲੱਛਮੀ). "ਸਕਲ ਅਨੂਪ ਰੂਪ ਕਮਲ ਬਿਖੈ ਸਮਾਤ." (ਭਾਗੁ ਕ)

ਕਮਲਸੁਤ: ਬ੍ਰਹਮਾ, ਜੋ ਕਮਲ ਦਾ ਪੁਤ੍ਰ ਹੈ.

ਕਮਲ ਕੁਸੁਮ: ਕੌਲ ਫੁੱਲ। ੨. ਦੇਖੋ, ਰਾਗਮਾਲਾ.

ਕਮਲਜ, ਕਮਲ ਤਨਯ, ਕਮਲਤਾਤ: ਬ੍ਰਹਮਾ, ਜੋ ਕਮਲ ਤੋਂ ਪੈਦਾ ਹੋਇਆ ਹੈ. ਕਮਲ ਦਾ ਪੁਤਰ.

ਕਮਲ ਤਾਤ ਤਾਤ: ਕਮਲ ਦਾ ਪੁਤ੍ਰ ਬ੍ਰਹਮਾ, ਉਸ ਦਾ ਪੁਤ੍ਰ ਨਾਰਦ. "ਕਮਲ ਕੇ ਤਾਤ ਕੇ ਤਾਤ ਸੰਗ ਨਾਰਿ ਲੈ." (ਗੁਵਿ ੧੦) ਨਾਰਦ ਆਪਣੇ ਨਾਲ ਕਲਯੋਗਣੀਆਂ ਲੈਕੇ.

ਕਮਲਤ੍ਰਾਣ: ਕਮਲਾਂ ਦੀ ਰਖ੍ਯਾ ਕਰਨ ਵਾਲਾ ਤਾਲ. ਝੀਲ. (ਸਨਾਮਾ)

ਕਮਲਨਯਨ, ਕਮਲਨੈਨ: ਵਿ- ਕਮਲ ਜੇਹੇ ਹਨ ਜਿਸ ਦੇ ਨੇਤ੍ਰ. "ਕਮਲਨੈਨ ਅੰਜਨ ਸਿਆਮ." (ਚਉਬੋਲੇ ਮਃ ੫)

ਕਮਲਪੁਤ, ਕਮਲਪਤ੍ਰ: ਬ੍ਰਹਮਾ. ਦੇਖੋ, ਕਮਲਸੁਤ। ੨. ਵਿ- ਕਮਲ ਦਾ ਪੁਤ੍ਰ. "ਬ੍ਰਹਮ ਕਮਲਪੁਤ, ਮੀਨ ਬਿਆਸਾ." (ਕਾਨ ਅਃ ਮਃ ੪) ਬ੍ਰਹਮਾ ਕੌਲ ਦਾ ਪੁਤ ਹੈ, ਵ੍ਯਾਸ ਮਤਸ੍ਯੋਦਰੀ ਦਾ.

ਕਮਲਪ੍ਰਗਾਸ, ਕਮਲਬਿਗਾਸ: ਸੰਗ੍ਯਾ- ਕਮਲ ਦੀ ਡੋਡੀ ਦੇ ਆਕਾਰ ਦਾ ਦਿਲ, ਉਸ ਦੇ ਖਿੜਨ ਦੀ ਕ੍ਰਿਯਾ. ਚਿੱਤ ਦਾ ਵਿਕਾਸ਼. "ਚਾਰਿ ਪਦਾਰਥ ਕਮਲ ਪ੍ਰਗਾਸ." (ਸੁਖਮਨੀ) "ਕਮਲ ਪ੍ਰਗਾਸੁ ਭਇਆ ਗੁਰੁ ਪਾਇਆ." (ਮਾਲੀ ਮਃ ੪) "ਕਮਲ ਬਿਗਾਸ ਸਦਾ ਸੁਖ ਪਾਇਆ." (ਮਾਝ ਅਃ ਮਃ ੩)

ਕਮਲਬੰਧੁ: ਸੂਰਜ, ਜੋ ਕਮਲਾਂ ਦਾ ਮਿਤ੍ਰ ਹੈ.

ਕਮਲਵਿਗਾਸ: ਦੇਖੋ, ਕਮਲ ਬਿਗਾਸ. "ਕਮਲ ਵਿਗਸੈ ਸਚੁ ਮਨ." (ਵਾਰ ਮਲਾ ਮਃ ੩)

ਕਮਲਾ: ਵਿ- ਦੀਵਾਨਾ. ਪਾਗਲ. "ਬਿਨੁ ਨਾਵੈ ਜਗੁ ਕਮਲਾ ਫਿਰੈ." (ਵਾਰ ਸੋਰ ਮਃ ੩) ੨. ਕਮਲ. ਜਲਜ. "ਕੁਟੰਬ ਦੇਖ ਬਿਗਸਹਿ ਕਮਲਾ ਜਿਉ." (ਸ੍ਰੀ ਕਬੀਰ) ੩. ਸੰ. ਲਕ੍ਸ਼ਮੀ. ਰਮਾ. "ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ." (ਆਸਾ ਛੰਤ ਮਃ ੫) ਮਾਇਆ ਦੇ ਭਰਮ ਦੀ ਕੰਧ ਨੂੰ ਦੇਖਕੇ, ਸੌਦਾਈ ਭਰਮ ਕਰਕੇ ਭੈਭੀਤ ਹੋ ਰਿਹਾ ਹੈ। ੪. ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਨੰਨ ਸੇਵਕ. [੧੫] "ਕਮਲਾ ਨਾਮ ਦਾਸ ਇਕ ਆਹਾ." (ਨਾਪ੍ਰ) ੫. ਦੇਖੋ, ਕੌਲਾ ੪.

ਕਮਲਾਸਨ: ਕਮਲ ਉੱਪਰ ਇਸਥਿਤ ਹੋਣ ਵਾਲਾ. ਬ੍ਰਹਮਾ.

ਕਮਲਾਹ ਗੜ੍ਹ: ਰਿਆਸਤ ਮੰਡੀ ਵਿੱਚ ਮੰਡੀ ਤੋਂ ੨੪ ਮੀਲ ਉੱਤਰ ਇੱਕ ਗ੍ਰਾਮ ਅਤੇ ਇਸ ਨਾਉਂ ਦਾ ਪੁਰਾਣਾ ਕਿਲਾ, ਜਿਸ ਥਾਂ ਦਸ਼ਮੇਸ਼ ਕੁਝ ਕਾਲ ਠਹਿਰੇ, ਅਤੇ ਉਸ ਦੇ ਪਾਸ ਹੀ ਗੋਬਿੰਦਗੜ੍ਹ ਨਾਮਕ ਕਿਲਾ ਰਾਜਾ ਮੰਡੀ ਨੇ ਬਣਵਾਇਆ. ਮਹਾਰਾਜਾ ਰਣਜੀਤ ਸਿੰਘ ਨੇ ਵਡੇ ਯਤਨ ਨਾਲ ਸੰਮਤ ੧੮੮੭ ਵਿੱਚ ਕਮਲਾਹਗੜ੍ਹ ਨੂੰ ਫਤੇ ਕੀਤਾ ਸੀ. ਦੇਖੋ, ਗੋਬਿੰਦਗੜ੍ਹ.

ਕਮਲਾਕਾਂਤ, ਕਮਲਾਕੰਤ: ਕਮਲਾ (ਲਕ੍ਸ਼ਮੀ) ਦਾ ਕਾਂਤ (ਪਤਿ) ਵਿਸ਼ਨੁ। ੨. ਕਰਤਾਰ, ਜਿਸ ਦੀ ਮਾਇਆ ਦਾਸ਼ੀ ਹੈ. "ਕਮਲਾਕੰਤ ਕਰਹਿ ਕੰਤੂਹਲ." (ਮਾਰੂ ਸੋਲਹੇ ਮਃ ੫)

ਕਮਲਾਛਣਿ: ਸੰ. ਕਮਲਾਕ੍ਸ਼ੀ. ਵਿ- ਕਮਲ ਜੇਹੇ ਨੇਤ੍ਰਾਂ ਵਾਲੀ. "ਕ੍ਰੋਰਿ ਕ੍ਰਲਾਪ ਕਰੈ ਕਮਲਾਛਨਿ." (ਚਰਿਤ੍ਰ ੧੧੫) ਕਰੋੜ (ਕੋਟਿ) ਵਿਲਾਪ ਕਰਦੀ ਹੈ ਕਮਲਨੈਨੀ. ਦੇਖੋ, ਕ੍ਰਲਾਪ.

ਕਮਲਾਪਤਿ: ਦੇਖੋ, ਕਮਲਾਕੰਤ. "ਕਮਲਾਪਤਿ ਕਵਲਾ ਨਹੀ ਜਾਨਾ." (ਧਨਾ ਕਬੀਰ)

ਕਮਲਾਵਤੀ: ਦੇਖੋ, ਪਦਮਾਵਤੀ ਦਾ ਰੂਪ (ਅ)

ਕਮਲੀ: ਵਿ- ਦੀਵਾਨੀ. ਸਿਰੜੀ। ੨. ਸੰਗ੍ਯਾ- ਕੰਬਲ. "ਲੈ ਕਮਲੀ ਚਲਿਓ ਪਲਟਾਇ." (ਭੈਰ ਨਾਮਦੇਵ) ੩. ਸੰ. कमलिन् ਬ੍ਰਹਮਾ.

ਕਮਲੀਆ: ਦੇਖੋ, ਅਲਮਸਤ.

ਕਮਲੇਸ: ਸੰਗ੍ਯਾ- ਬ੍ਰਹਮਾ। ੨. ਕਮਲਾ (ਲਕ੍ਸ਼ਮੀ) ਦਾ ਈਸ਼ (ਸ੍ਵਾਮੀ) ਵਿਸ਼ਨੁ। ੩. ਮਾਇਆਪਤਿ ਕਰਤਾਰ.

ਕਮਲੇਹਿ: ਕਮਲ ਦੀ ਹੈ. "ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ." (ਸ੍ਰੀ ਅਃ ਮਃ ੧)

ਕਮਲੋਹਾ: ਪਹਾੜ ਦੀ ਘੁੱਗੀ, ਜੋ ਸੰਦਲੀ ਰੰਗ ਦੀ ਕਬੂਤਰ ਦੇ ਕੱਦ ਦੀ ਹੁੰਦੀ ਹੈ. ਇਸ ਦਾ ਲੋਕ ਸ਼ਿਕਾਰ ਕਰਦੇ ਹਨ. ਮਾਸ ਹਰੀਅਲ ਜੇਹਾ ਹੁੰਦਾ ਹੈ.

ਕਮਾਉਣਾ: ਕ੍ਰਿ- ਖੱਟਣਾ. ਕਿਰਤ ਕਰਕੇ ਧਨ ਪੈਦਾ ਕਰਨਾ। ੨. ਅਮਲ ਵਿੱਚ ਲਿਆਉਣਾ. ਅਭ੍ਯਾਸਣਾ. "ਆਪਿ ਕਮਾਉ ਅਵਰਾ ਉਪਦੇਸ." (ਗਉ ਮਃ ੫) ੩. ਕਿਸੇ ਲਾਗੀ ਦਾ, ਵਿਰਤੀਸੁਰ ਦੀ ਸੇਵਾ ਕਰਕੇ ਆਪਣਾ ਹੱਕ ਪ੍ਰਾਪਤ ਕਰਨਾ.

ਕਮਾਊ: ਵਿ- ਖੱਟਣ ਵਾਲਾ. ਕਮਾਉਣ ਵਾਲਾ। ੨. ਅਭ੍ਯਾਸੀ. ਆ਼ਮਿਲ.

ਕਮਾਂਊਂ: ਸੰ. ਕਾਮਰੂਪ. ਆਸਾਮ ਦੇਸ਼ ਦਾ ਪੱਛਮੀ ਅਤੇ ਬੰਗਾਲ ਦਾ ਪੂਰਬੀ ਅਤੇ ਉੱਤਰੀ ਭਾਗ. "ਕਾਸੀ ਬੀਚ ਜਏ ਤੇ ਕਮਾਊਂ ਜਾਇ ਮਰੇ ਹੈਂ." (ਚਰਿਤ੍ਰ ੨੬੬) ੨. ਦੇਖੋ, ਕਮਾਂਊਂ ੨.

ਕਮਾਊਂ ਗਢ (ਗੜ੍ਹ): ਕਾਮਰੂਪ ਦੀ ਰਾਜਧਾਨੀ ਦਾ ਦੁਰਗ (ਕਿਲਾ). "ਫਟਕ ਸੀ ਕੈਲਾਸ ਕਮਾਊਂ ਗਢ." (ਅਕਾਲ)

**ਕਮਾਇਓ, ਕਮਾਇਅੜਾ, ਕਮਾਇਅੜੋ:** ਖੱਟਿਆ. ਮਿਹਨਤ ਨਾਲ ਪੈਦਾ ਕੀਤਾ। ੨. ਅ਼ਮਲ ਵਿੱਚ ਲਿਆਂਦਾ. "ਦਿਨ ਰਾਤਿ ਕਮਾਇਅੜੋ ਸੋ ਆਇਓ ਮਾਥੈ." (ਆਸਾ ਛੰਤ ਮਃ ੫)

**ਕਮਾਇਣ, ਕਮਾਇਣੁ:** ਸੰਗਜਾ- ਅ਼ਮਲ ਵਿੱਚ ਲਿਆਂਦਾ ਕਰਮ. ਐ਼ਮਾਲ। ੨. ਕ੍ਰਿ. ਵਿ- ਕਮਾਉਣ ਕਰਕੇ. ਕਮਾਨੇ ਸੇ. "ਪਾਪੀ ਪਚਿਆ ਆਪਿ ਕਮਾਇਣੁ." (ਭੈਰ ਮਃ ੫)

**ਕਮਾਈ:** ਸੰਗਜਾ- ਖੱਟੀ। ੨. ਘਾਲ. ਮਿਹਨਤ। ੩. ਅਭਜਾਸ. ਅ਼ਮਲ. "ਪੂਰੈ ਗੁਰੂ ਕਮਾਈ." (ਰਾਮ ਅਃ ਮਃ ੫) ੪. ਕਾਮ- ਆਈ. ਕੰਮ ਆਉਂਦਾ ਹੈ. "ਅਪਨਾ ਕੀਆ ਕਮਾਈ." ( ਸੋਰ ਮਃ ੧) ੫. ਮਿੱਟੀ ਦੀ ਠੂਠੀ. ਚੂੰਗੜਾ. (ਕੁ- ਮਯ). "ਪੋਥੀ ਪੁਰਾਣ ਕਮਾਈਐ। ਭਉ ਵਟੀ ਇਤੁ ਤਨਿ ਪਾਈਐ." (ਸ੍ਰੀ ਮਃ ੧) ਉੱਤਮ ਗ੍ਰੰਥਾਂ ਦਾ ਅਭਜਾਸਰੂਪ ਦੀਵੇ ਲਈ ਠੂਠੀ ਹੈ.

**ਕਮਾਈਐ:** ਕੁ- ਮਯ (ਠੂਠੀ) ਹੈ। ੨. ਦੇਖੋ, ਕਮਾਈ.

**ਕਮਾਸਿ:** ਕਮਾਵਸਿ. "ਕਿਆ ਇਹ ਕਰਮ ਕਮਾਸਿ." (ਕਾਨ ਮਃ ੫)

**ਕਮਾਹੀ:** ਕਮਾਉਂਦੇ ਹਨ. ਕਮਾਉਂਦਾ ਹੈ। ੨. ਕਮਾਓ. ਅ਼ਮਲ ਵਿੱਚ ਲਿਆਓ. "ਕੁਰਾਣੁ ਕਤੇਬ ਦਿਲ ਮਾਹਿ ਕਮਾਹੀ." (ਮਾਰੂ ਸੋਲਹੇ ਮਃ ੫)

**ਕਮਾਚ:** ਇੱਕ ਰਾਗ. ਕਈ ਇਸ ਨੂੰ ਖਮਾਚ ਆਖਦੇ ਹਨ. ਇਹ ਕਮਾਚਠਾਟ ਦਾ ਸੰਪੂਰਣ ਰਾਗ ਹੈ. ਆਰੋਹੀ ਵਿੱਚ ਰਿਸ਼ਭ ਵਰਜਿਤ ਹੈ. ਇਸ ਹਿਸਾਬ ਇਹ ਸ਼ਾੜਵ ਸੰਪੂਰਣ ਰਾਗ ਹੈ. ਆਰੋਹੀ ਵਿੱਚ ਨਿਸ਼ਾਦ ਸ਼ੁੱਧ ਲਗਦਾ ਹੈ. ਪਰ ਅਵਰੋਹੀ ਵਿੱਚ ਕੋਮਲ ਹੈ. ਗਾਂਧਾਰ ਵਾਦੀ ਅਤੇ ਨਿਸ਼ਾਦ ਸੰਵਾਦੀ ਹੈ. ਗ੍ਰਹਸੁਰ ਗਾਂਧਾਰ ਹੈ. ਗਾਉਣ ਦਾ ਵੇਲਾ ਰਾਤ ਦਾ ਪਹਿਲਾ ਪਹਿਰ ਹੈ.

ਆਰੋਹੀ- ਸ਼ ਗ ਮ ਪ ਧ ਨ ਸ਼.

ਅਵਰੋਹੀ- ਸ਼ ਨਾ ਧ ਪ ਮ ਗ ਰ ਸ਼.

"ਗੂਜਰਿ ਅਰ ਕਮਾਚ ਧਨਵੰਤੀ (ਗੁਪ੍ਰਸੂ)

**ਕਮਾਣ:** ਦੇਖੋ, ਕਮਾਨ.

**ਕਮਾਣਚਾ:** ਦੇਖੋ, ਕਮਾਨਚਾ.

**ਕਮਾਣਾ:** ਵਿ- ਕਮਾਇਆ. ਅ਼ਮਲ ਵਿੱਚ ਲਿਆਂਦਾ ਹੋਇਆ. "ਐਥੈ ਕਮਾਣਾ ਸੁ ਅਗੈ ਆਇਆ." (ਮਾਰੂ ਸੋਲਹੇ ਮਃ ੩) ੨. ਖੱਟਿਆ। ੩. ਵਰਤੋਂ ਵਿੱਚ ਆਇਆ. "ਚਹੁ ਜੁਗਿ ਮਾਸ ਕਮਾਣਾ." (ਵਾਰ ਮਲਾ ਮਃ ੧)

**ਕਮਾਣੀ:** ਅ਼ਮਲ ਵਿੱਚ ਲਿਆਂਦੀ। ੨. ਕਮਾਈ. ਪੈਦਾ ਕੀਤੀ। ੩. ਦੇਖੋ, ਕਮਾਨੀ.

**ਕਮਾਣੈ:** ਕਮਾਉਣ ਤੋਂ. "ਕੂੜਿ ਕਮਾਣੈ ਕੂੜੋ ਹੋਵੈ." (ਵਾਰ ਆਸਾ)

**ਕਮਾਤਾ:** ਕਮਾਇਆ ਹੋਇਆ. ਕੀਤਾ ਹੋਇਆ. "ਸਭ ਲਾਥੇ ਪਾਪ ਕਮਾਤੇ." (ਸੋਰ ਮਃ ੫) ੨. ਕਾਮ- ਆਤਾ. ਕੰਮ ਆਉਂਦਾ. "ਸਭ ਤੇਰੋ ਕੀਆ ਕਮਾਤਾ ਹੇ." (ਮਾਰੂ ਸੋਲਹੇ ਮਃ ੫)

**ਕਮਾਤਿ:** ਕੰਮ (ਇਸਤਾਮਾਲ) ਵਿੱਚ ਲਿਆਉਂਦਾ. "ਹਰਿ ਹਰਿ ਅਉਖਧੁ ਸਾਧ ਕਮਾਤਿ." (ਸੁਖਮਨੀ)

**ਕਮਾਦ:** ਸੰਗਜਾ- ਕੁ (ਜ਼ਮੀਨ) ਦਾ ਮਦ. ਇੱਖ. "ਤੋਇਅਹੁ ਅੰਨ ਕਮਾਦ ਕਪਾਹਾ." (ਵਾਰ ਮਲਾ ਮਃ ੧)

**ਕਮਾਂਦਾ:** ਕਮਾਉਂਦਾ.

**ਕਮਾਦੁ:** ਦੇਖੋ, ਕਮਾਦ.

ਕਮਾਨ: ਫ਼ਾ. کمان ਸੰਗਯਾ- ਖ਼ਮ- ਆਨ. ਖ਼ਮ (ਟੇਢ) ਵਾਲਾ ਸ਼ਸਤ੍ਰ. ਧਨੁਖ. ਕਾਰਮੁਕ। ੨. ਕਮਾਇਆ. ਕੀਤਾ. "ਦੁਇ ਮਾਸ ਰਾਜ ਕਮਾਨ." (ਗਜਾਨ) "ਨਾਨਕ ਕਿਰਤ ਕਮਾਨ." (ਬਾਵਨ) ੩. ਅੰ. Command. ਹੁਕਮ. ਆਗਯਾ.

ਕਮਾਨਗਰ: ਦੇਖੋ, ਕਮੱਗਰ.

ਕਮਾਨਚਾ: ਫ਼ਾ. کمانچہ ਛੋਟੀ ਕਮਾਨ।

੨. ਕਬਾਦਾ. ਨਰਮ ਕਮਾਨ। ੩. ਤਖਾਣਾਂ ਦਾ ਇੱਕ ਸੰਦ, ਜੋ ਕਮਾਣ ਜੇਹਾ ਹੁੰਦਾ ਹੈ, ਇਸ ਨਾਲ ਬਰਮੇ ਨੂੰ ਭਵਾਕੇ (ਘੁੰਮਾਕੇ) ਛੇਕ ਕਰੀਦਾ ਹੈ.

ਕਮਾਨਜਨਾਉ, ਕਮਾਨਜਨਜ: ਸੰਗਯਾ- ਤੀਰ. ਬਾਣ, ਜੋ ਕਮਾਣ ਤੋਂ ਚਲਾਇਆ ਜਾਂਦਾ ਹੈ. (ਸਨਾਮਾ)

ਕਮਾਨੀ: ਦੇਖੋ, ਕਮਾਣੀ। ੨. ਫ਼ਾ. کمانی ਧਾਤੁ ਦੀ ਲਚਕਦਾਰ ਝੁਕਾਈ ਹੋਈ ਤੀਲੀ ਪੱਤਰਾ ਆਦਿਕ ਕੋਈ ਵਸਤੁ ਜੋ ਦਬਾਉ ਪੈਣ ਤੋਂ ਦਬ ਜਾਵੇ, ਅਰ ਦਬਾਉ ਦੇ ਹਟਣ ਪੁਰ ਆਪਣੀ ਥਾਂ ਆ ਜਾਵੇ. ਅੰ. Spring.

ਕਮਾਮ: ਅ਼. کمام ਗੁਲਾਬ ਦੇ ਸ਼ਗੂਫ਼ੇ। ੨. ਅ਼. قوام ਕ਼ਵਾਮ. ਮਿਲ ਜਾਣ ਦਾ ਭਾਵ। ੩. ਇਨਸਾਫ। ੪. ਸਤਯ. ਸੱਚ। ੫. ਗਾੜ੍ਹਾ ਸ਼ਰਬਤ.

ਕਮਾਰ: ਦੇਖੋ, ਕੁਆਰ ੫.

ਕਮਾਲ: ਅ਼. کمال ਵਿ- ਪੂਰਣ. ਤਮਾਮ. "ਕਰੀਮੁਲ ਕਮਾਲ ਹੈ." (ਜਾਪੁ) ੨. ਸੰਗਯਾ- ਕਬੀਰ ਜੀ ਦਾ ਪੁਤ੍ਰ. "ਉਪਜਿਓ ਪੂਤ ਕਮਾਲ." (ਸ. ਕਬੀਰ) ੩. ਇੱਕ ਕਸ਼ਮੀਰੀ ਮੁਸਲਮਾਨ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋ ਕੇ ਵਡਾ ਕਰਣੀ ਵਾਲਾ ਹੋਇਆ. ਇਹ ਸਤਿਗੁਰਾਂ ਦੀ ਸੇਵਾ ਵਿੱਚ ਕੀਰਤਪੁਰ ਹਾਜਿਰ ਰਿਹਾ। ੪. ਈਰਾਨ ਦੇ ਦੋ ਪ੍ਰਸਿੱਧ ਕਵੀ ਇਸ ਨਾਉਂ ਦੇ ਹੋਏ ਹਨ, ਇੱਕ ਅਫ਼ਗਾਨ ਦਾ ਵਸਨੀਕ, ਦੂਜਾ ਖ਼ਜੰਦ ਦਾ ਰਹਿਣ ਵਾਲਾ ਸੀ. ਪਹਿਲੇ ਦਾ ਦੇਹਾਂਤ ਸਨ ੬੩੯ ਹਿਜਰੀ, ਦੂਜੇ ਦਾ ੮੯੩ ਵਿੱਚ ਹੋਇਆ.

ਕਮਾਲਦੀਂ: ਦੇਖੋ, ਧੁਨੀ (ਅ)

ਕਮਾਲਪੁਰ: ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਭਵਾਨੀਗੜ੍ਹ, ਥਾਣਾ ਦਿੜ੍ਹਬਾ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਉੱਤਰ ਵੱਲ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਚਰਣ ਪਾਏ ਹਨ.

ਗੁਰਦ੍ਵਾਰੇ ਦੀ ਸੇਵਾ ਮਹਾਰਾਜਾ ਕਰਮ ਸਿੰਘ ਜੀ ਨੇ ਕਰਵਾਈ ਹੈ. ੭੫ ਵਿੱਘੇ ਜ਼ਮੀਨ ਮੁਆਫੀ ਅਤੇ ੭੫ ਵਿੱਘੇ ਦਾਮੀ ਸਰਕਾਰ ਪਟਿਆਲਾ ਵੱਲੋਂ ਹੈ. ਪੁਜਾਰੀ ਉਦਾਸੀ ਸਾਧੂ ਹੈ.

ਰੇਲਵੇ ਸਟੇਸ਼ਨ ਸੰਗਰੂਰ ਤੋਂ ਸੰਗਤੀਵਾਲੇ ਤੀਕ ਪੱਕੀ ਸੜਕ ਹੈ, ਅੱਗੋਂ ਕੱਚਾ ਰਸਤਾ ੬. ਮੀਲ ਅਤੇ ਨਾਭਾ ਸਟੇਸ਼ਨ ਤੋਂ ਭਵਾਨੀਗੜ੍ਹ ਤੀਕ ਪੱਕੀ ਸੜਕ ਹੈ, ਅੱਗੋਂ ੭. ਕੋਹ ਕੱਚਾ ਰਸਤਾ ਹੈ। ੨. ਇਸ ਨਾਉਂ ਦਾ ਇੱਕ ਪਿੰਡ ਜਿਲਾ ਲੁਦਿਆਨਾ ਤਸੀਲ ਥਾਨਾ ਜਗਰਾਉਂ ਵਿੱਚ ਭੀ ਹੈ, ਜੋ ਰੇਲਵੇ ਸਟੇਸ਼ਨ ਜਗਰਾਉਂ ਤੋਂ ਅਗਨਿ ਕੋਣ ਸਾਢੇ ਛੀ ਮੀਲ ਹੈ. ਇਸ ਗ੍ਰਾਮ ਤੋਂ ਈਸ਼ਾਨ ਕੋਣ ਇੱਕ ਮੀਲ ਦੇ ਕਰੀਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਹੇਹਰਾਂ ਤੋਂ ਇੱਥੇ ਆਏ ਹਨ. ਇਸ ਗੁਰਦ੍ਵਾਰੇ ਨਾਲ ੧੦. ਵਿੱਘੇ ਦੇ ਕਰੀਬ ਜ਼ਮੀਨ ਪਿੰਡ ਵੱਲੋਂ ਹੈ.

ਕਮਾਵਹਿ: ਕੰਮ (ਇਸਤਮਾਲ) ਵਿੱਚ ਲਾਵਹਿ. "ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ." (ਵਾਰ ਮਾਝ ਮਃ ੧) ੨. ਦੇਖੋ, ਕਮਾਉਣਾ.

ਕਮਾਵਦੜਾ, ਕਮਾਵਦੜੋ: ਕ੍ਰਿ- ਕਮਾਉਂਦਾ. ਕੰਮ ਵਿੱਚ ਲਿਆਉਂਦਾ. "ਕੂੜੁ ਕਪਟੁ ਕਮਾਵਦੜੋ ਜਨਮਹਿ ਸੰਸਾਰਾ." (ਆਸਾ ਛੰਤ ਮਃ ੫)

ਕਮਾਵਨ: ਕ੍ਰਿ- ਦੇਖੋ, ਕਮਾਉਣਾ.

ਕਮਿਛਜਾ: ਦੇਖੋ, ਕਾਮਾਖਜਾ.

ਕਮਿਤਾ: ਦੇਖੋ, ਕਮੱਤਾ. "ਸੇ ਕਰਮ ਕਮਿਤਾ." (ਵਾਰ ਸੂਹੀ ਮਃ ੩)

ਕਮੀ: ਫ਼ਾ. کمی ਸੰਗਜਾ- ਘਾਟਾ. ਨਯੂਨਤਾ.

ਕਮੀਆ: ਨ੍ਯੂਨਤਾ. ਘਾਟਾ. ਕਮੀ। ੨. ਕਮੀ ਹੈ. "ਤਿਸੁ- ਜਨ ਕੋ ਕਹੁ ਕਾਕੀ ਕਮੀਆ?" (ਗਉ ਮਃ ੫)

ਕਮੀਜ: ਅ਼. قمیض ਕ਼ਮੀਸ. ਕੁੜਤਾ. L. Camisia. ਫ੍ਰੈ. Chemise.

ਕਮੀਨ, ਕਮੀਨਾ, ਕਮੀਨੋ: ਫ਼ਾ کمین ਵਿ- ਥੋੜਾ. ਤੁੱਛ। ੨. ਅਦਨਾ. ਘਟੀਆ. ਨੀਚ. "ਮਨ ਕਮੀਨ ਕਮਤਰੀਨ." (ਵਾਰ ਮਲਾ ਮਃ ੧) "ਬਿਨਸੇ ਤਨ ਤੇ ਸਬ ਕਾਮ ਕਮੀਨੋ." (ਗੁਰੁਸੋਭਾ)

ਕਮੀਰ: ਦੇਖੋ, ਕਬੀਰ. "ਕਹਿ ਕਮੀਰ ਕੁਲ ਜਾਤਿ ਪਾਤਿ ਤਜਿ." (ਰਾਮ ਕਬੀਰ)

ਕਮੁ: ਸਿੰਧੀ. ਕਮੁੰ. ਕੰਮ। ੨. ਘੱਟ. ਦੇਖੋ, ਕਮ.

ਕਮੇਰ: ਦੇਖੋ, ਕੁਬੇਰ. "ਕੋਟਿ ਕਮੇਰ ਭਰਹਿ ਭੰਡਾਰ." (ਭੈਰ ਅਃ ਕਬੀਰ)

ਕਮੋ: ਦੇਖੋ, ਕੰਬੋ.

ਕਮੋਦ: ਦੇਖੋ, ਕੁਮੁਦ.

ਕਮੋਦਕੀ: ਵਿਸ਼ਨੁ ਦੀ ਗਦਾ. ਦੇਖੋ, ਕੌਮੋਦਕੀ. "ਕਮੋਦਕੀ ਹਾਥ ਕੇ ਬੀਚ ਸੰਭਾਰੀ." (ਕ੍ਰਿਸਨਾਵ)

ਕਮੋਦਿਨੀ: ਦੇਖੋ, ਕੁਮੁਦਨੀ.

ਕਮੰਡਲ, ਕਮੰਡਲੁ: ਸੰਗਜਾ- ਜੋ ਕ (ਜਲ) ਦੀ ਸ਼ੋਭਾ ਨੂੰ ਗ੍ਰਹਿਣ ਕਰੇ. ਗੰਗਾ ਸਾਗਰ. ਟੂਟੀਦਾਰ ਲੋਟਾ। ੨. ਫਕੀਰਾਂ ਦਾ ਜਲਪਾਤ੍ਰ, ਜੋ ਦਰਿਆਈ ਖੋਪੇ ਦਾ ਹੁੰਦਾ ਹੈ. ਚਿੱਪੀ. "ਰਾਜਨ ਸ਼੍ਰੀ ਰਘੁਨਾਥ ਕੇ ਬੈਰ ਕੁਮੰਡਲ ਛੋਡ ਕਮੰਡਲ ਲੀਨੇ." (ਰਾਮਚੰਦ੍ਰਿਕਾ) "ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ." (ਮਾਰੂ ਅਃ ਮਃ ੧)

ਕਮੰਦ: ਫ਼ਾ. کمند ਸੰਗਜਾ- ਫਾਂਸੀ. ਫੰਧਾ. "ਕਾ ਵਰਣਾਦਿ ਬਖਾਨਕੇ ਮੰਦ ਬਹੁਰ ਪਦ ਦੇਹੁ। ਹੋਵਤ ਨਾਮ ਕਮੰਦ ਕੇ ਚੀਨ ਚਤੁਰ ਚਿਤ ਲੇਹੁ." (ਸਨਾਮਾ) ੨. ਖ਼ਮੰਦ. ਖ਼ਮਦਾਰ ਰੱਸੀ। ੩. ਦੇਖੋ, ਅਤਿਗੀਤਾ.

ਕਮੰਧ: ਦੇਖੋ, ਕਬੰਧ. "ਕਮੰਧ ਅੰਧ ਉੱਠਹੀਂ." (ਰੁਦ੍ਰਾਵ)

ਕਮ੍ਰ: ਸੰ. ਵਿ- ਸੁੰਦਰ. ਮਨਭਾਵਨ। ੨. ਦੇਖੋ, ਕਮਰ.

ਕਮ੍ਰਾਟ: ਦੇਖੋ, ਕਰਤਾਲ.

ਕਯ, ਕ਼ਯ: ਅ਼. قے ਉਛਾਲੀ. ਵਮਨ. ਡਾਕੀ. ਦੇਖੋ, ਛਰਦਿ.

ਕਯਾਸ, ਕ਼ਯਾਸ: ਅ਼. قیاس ਸੰਗਜਾ- ਅਨੁਮਾਨ. ਅਟਕਲ। ੨. ਵਿਚਾਰ. ਖ਼ਿਆਲ

ਕਯਾਸਨ, ਕ਼ਯਾਸਨ: ਕ੍ਰਿ. ਵਿ- ਅੰਦਾਜ਼ਨ. ਅਟਕਲ ਸੇ. ਅਨੁਮਾਨ ਤੋਂ.

ਕਯਾਫ਼ਹ, ਕਯਾਫਾ, ਕ਼ਯਾਫ਼ਹ, ਕ਼ਯਾਫਾ: ਅ਼. قیافہ ਸ਼ਕਲ ਸੂਰਤ ਤੋਂ ਅੰਦਰੂਨੀ ਗੁਣ ਭਾਵ ਆਦਿ ਜਾਣਨ ਦੀ ਕ੍ਰਿਯਾ.

ਕਯਾਮ, ਕ਼ਯਾਮ: ਅ਼. قیام ਕ਼ਾਯਮੀ. ਇਸਥਿਤੀ। ੨. ਖੜੇ ਹੋਣਾ.

ਕਯਾਮਤ, ਕ਼ਯਾਮਤ: ਅ਼. قیامت ਸੰਗਯਾ- ਇਸਥਿਤੀ. ਕ਼ਾਯਮੀ. ਮੁਸਲਮਾਨਾਂ ਦੇ ਮਤ ਅਨੁਸਾਰ ਪ੍ਰਲੈ ਹੋਣ ਪਿੱਛੋਂ ਮੁਰਦੇ ਉਠ ਖੜੇ (ਕ਼ਾਯਮ) ਹੋਣਗੇ, ਇਸ ਲਈ ਅੰਤਲੇ ਦਿਨ ਸ਼ਰੀਰ ਵਿੱਚ ਰੂਹਾਂ ਦੀ ਕ਼ਾਯਮੀ ਦਾ ਨਾਉਂ ਕ਼ਯਾਮਤ ਹੋ ਗਿਆ ਹੈ. "ਕਯਾਮਤ ਕੇ ਹੀ ਦਿਵਸ ਮੇ ਸਭੋ ਨਬੇੜਾ ਹੋਇ." (ਮਗੋ) ਕ਼ੁਰਾਨ ਸੂਰਤ ੩੨ ਆਯਤ ੫. ਵਿੱਚ ਲਿਖਿਆ ਹੈ ਕਿ ਆਦਮੀਆਂ ਦੇ ਹਜ਼ਾਰ ਵਰ੍ਹੇ ਦਾ ਇੱਕ ਦਿਨ ਪ੍ਰਲੈ ਦੇ ਅੰਤ ਹੋਵੇਗਾ, ਜਿਸ ਵਿੱਚ ਜੀਵਾਂ ਦੇ ਸ਼ੁਭ ਅਸ਼ੁਭ ਕਰਮਾਂ ਦਾ ਫੈਸਿਲਾ ਖੁਦਾ ਕਰੇਗਾ.

ਕਰ: ਸੰ. ਸੰਗਯਾ- ਹੱਥ. "ਕਰ ਕੰਪਹਿ ਸਿਰ ਡੋਲ." (ਜੈਤ ਛੰਤ ਮਃ ੫) "ਕਰ ਕਰਿ ਟਹਲ ਰਸਨਾ ਗੁਣ ਗਾਵਉ." (ਗਉ ਮਃ ੫) ਹੱਥਾਂ ਨਾਲ ਕਰਕੇ ਸੇਵਾ। ੨. ਕਿਰਣ. "ਚੰਡ ਕੇ ਬਾਨ ਕਿਧੌਂ ਕਰ ਭਾਨਹਿ ਦੇਖਕੈ ਦੈਤ ਗਈ ਦੁਤਿ ਦੀਆ." (ਚੰਡੀ ੧) ੩. ਮੁਆਮਲਾ. ਮਹਿਸੂਲ. ਟੈਕਸ. ਦੇਖੋ, ਕਰੁ ੨.। ੪. ਹਾਥੀ ਦੀ ਸੁੰਡ. "ਕੁੰਚਰੁ ਤਦੂਐ ਪਕਰਿ ਚਲਾਇਓ ਕਰ ਊਪਰੁ ਕਢਿ ਨਿਸਤਾਰੇ." (ਨਟ ਅਃ ਮਃ ੪) ੫. ਓਲਾ. ਗੜਾ। ੬. ਵਿ- ਕਰਨੇ ਵਾਲਾ. ਜੈਸੇ, ਸੁਖਕਰ, ਦੁਸ਼ਕਰ ਆਦਿ. ਇਸ ਦਾ ਵਰਤਾਉ ਸ਼ਬਦ ਦੇ ਅੰਤ ਹੁੰਦਾ ਹੈ.

੭. ਪ੍ਰਤ੍ਯ- ਕੀ. ਕਾ. ਦਾ. "ਜਾ ਕਰ ਰੂਪ ਰੰਗ ਨਹਿ ਜਨਿਅਤ." (ਹਜਾਰੇ ੧੦) ੮. ਕਲ (ਚੈਨ) ਦੀ ਥਾਂ ਭੀ ਕਰ ਸ਼ਬਦ ਆਇਆ ਹੈ. "ਪਰਤ ਨ ਛਿਨ ਕਰ." (ਚਰਿਤ੍ਰ ੨੭੮) ੯. ਦੇਖੋ, ਕੜ. "ਕਰ ਤੋਰਯੋ ਜਿਸ ਨੇ ਨਿਜ ਹਾਥ." (ਗੁਪ੍ਰਸੂ) ੧੦. ਕਰਨਾ ਕ੍ਰਿਯਾ ਦਾ ਅਮਰ. ਸੰ. ਕੁਰੁ. "ਕਰ ਮਿਤ੍ਰਾਈ ਸਾਧ ਸਿਉਂ." (ਆਸਾ ਮਃ ੫)

ਕਰਉ: ਦੇਖੋ, ਕਰਣਾ. "ਕਰਉ ਸੇਵਾ ਗੁਰੁ ਲਾਗਉ ਚਰਨ." (ਧਨਾ ਅਃ ਮਃ ੫) ੨. ਸੰਗਯਾ- ਕਰਮ. ਕ਼ਦਮ. ਡਿੰਘ. ਡੇਢ ਗਜ਼ ਪ੍ਰਮਾਣ. "ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ." (ਪ੍ਰਭਾ ਅਃ ਮਃ ੧) ੩. ਕਰਉਂ. ਕਰਦਾ ਹਾਂ.

ਕਰਉਤੀ: ਦੇਖੋ, ਕਰੌਤੀ.

ਕਰਉਲੀ: ਦੇਖੋ, ਕਰੌਲੀ.

ਕਰਆਜ: ਸੰ. ਕਰਜ. ਨਹੁੰ. ਨਾਖ਼ੁਨ, ਜੋ ਕਰ (ਹੱਥ) ਤੋਂ ਪੈਦਾ ਹੁੰਦਾ ਹੈ. "ਹਰਨਾਖਸ ਫਾਰੇ ਕਰਆਜ." (ਸਵੈਯੇ ਮਃ ੪. ਕੇ)

ਕਰਈਆ: ਦੇਖੋ, ਕਰੈਯਾ.

ਕਰਸ਼: ਸੰ. कर्ष ਸੰਗਯਾ- ਖਿੱਚਣਾ. ਹਲ ਚਲਾਉਣਾ। ੨. ਸੋਲਾਂ ਮਾਸ਼ਾ ਭਰ ਤੋਲ.

ਕਰਸ਼ਕ: ਸੰ. ਕਸ਼ੰਕ. ਵਿ- ਹਲ ਚਲਾਉਣ ਵਾਲਾ. ਕਿਰਸਾਣ। ੨. ਖਿੱਚਣ ਵਾਲਾ.

ਕਰਸਨ, ਕਰਸਨਿ: ਕਰਨਗੇ. ਕਰੇਂਗੇ. "ਕਰਸਨਿ ਤਖਤ ਸਲਾਮ" (ਵਾਰ ਮਾਝ ਮਃ ੧) ੨. ਸੰ. ਕਸ਼ੰਣ. ਸੰਗਯਾ- ਖਿੱਚਣਾ. ਖੈਂਚ. ਕਸ਼ਿਸ਼.

ਕਰਸਾਇਲ: ਦੇਖੋ, ਕਰਸਾਯਲ.

ਕਰਸ਼ਾਖਾ: ਸੰਗਯਾ- ਅੰਗੁਲੀ, ਜੋ ਹੱਥ ਦੀ ਟਾਹਣੀ ਹੈ. "ਕਰਸਾਖਾ ਇਕਸਾਰ ਵਿਸਾਲਾ." (ਨਾਪ੍ਰ)

ਕਰਸਾਯਰ, ਕਰਸਾਯਲ: ਸੰ. ਕ੍ਰਿਸ਼੍ਣਸਾਰ. ਸੰਗਯਾ- ਕਾਲਾ ਹਿਰਨ. "ਘਾਇਲ ਏਕ ਪਰੇ ਤਰਫੈਂ ਸੁ ਮਨੋ ਕਰਸਾਯਲ ਸਿੰਘ ਬਿਡਾਰੇ." (ਕ੍ਰਿਸਨਾਵ)

ਕਰਸੀ: ਕਰੇਗਾ. ਕਰਿਸ਼ਯਤਿ.

ਕਰਸ਼ਮਾ: ਫ਼ਾ. کرشمہ ਸੰਗਯਾ- ਅਣੋਖਾ ਕਰਮ। ੨. ਜਾਦੂ.

ਕਰਹਲ, ਕਰਹਲਾ, ਕਰਹਲੁ: ਸੰ. ਕ੍ਰਮੇਲ. ਅ਼. قرمل ਕ਼ਿਰਮਿਲ. ਸਿੰਧੀ. ਕਰਹੋ. ਅੰ. Camel. ਸੰਗਯਾ- ਉਟ. ਸ਼ੁਤਰ.

ਦੀਰਘਜੰਘ. "ਬੇਲਿ ਬਾਲਹਾ ਕਰਹਲਾ." (ਧਨਾ ਨਾਮਦੇਵ) "ਜੈਸੇ ਕਰਹਲੁ ਬੇਲਿ ਰੀਝਾਈ." (ਆਸਾ ਮਃ ੪) "ਅਸ੍ਵ ਨਾਗ ਕਰਹਲ ਆਰੂੜਿਤ ਕੋਟਿ ਤੇਤੀਸਾ ਗਾਜੇ." (ਸਲੋਹ) ਪੁਰਾਣੇ ਜ਼ਮਾਨੇ ਦੇਸ਼ਾਂਤਰਾਂ ਵਿੱਚ ਵਪਾਰ ਦੀ ਸਾਮਗ੍ਰੀ ਊੱਠਾਂ ਤੇ ਲੱਦਕੇ ਲੈ ਜਾਈਦੀ ਸੀ, ਅਤੇ ਊੱਠ ਸਦਾ ਪਰਦੇਸਾਂ ਵਿੱਚ ਫਿਰਦੇ ਰਹਿੰਦੇ ਸਨ. ਇਸੀ ਭਾਵ ਨੂੰ ਲੈਕੇ ਚੌਰਾਸੀ ਭ੍ਰਮਣ ਵਾਲੇ ਜੀਵ ਨੂੰ ਗੁਰੁਬਾਣੀ ਵਿੱਚ ਊਠ ਆਖਿਆ ਹੈ. ਦੇਖੋ, "ਕਰਹਲੇ" ਸਿਰਲੇਖ ਹੇਠ ਸ਼ਬਦ- "ਕਰਹਲੇ ਮਨ ਪਰਦੇਸੀਆ." (ਗਉ ਮਃ ੪)

ਕਰਹਲੇ: ਦੇਖੋ, ਕਰਹਲ.

ਕਰਹਾ: ਦੇਖੋ, ਕਰਿਹਾਂ.

ਕਰਹਾਲੀ: ਸੰਗਯਾ- ਕਰਾਹਣੇ ਦੀ ਧੁਨਿ. ਵਿਲਾਪ ਦੀ ਆਵਾਜ਼. "ਸੁੰਭ ਸੁਣੀ ਕਰਹਾਲੀ ਸ੍ਰਵਣਤਬੀਜ ਦੀ." (ਚੰਡੀ ੩) ੨. ਰਾਜ ਪਟਿਆਲਾ ਵਿੱਚ ਸਮਾਨੇ ਤੋਂ ਤਿੰਨ ਕੋਹ ਪੂਰਵ ਥਾਣਾ ਚੂਹੜਪੁਰ ਦਾ ਇੱਕ ਪਿੰਡ. ਇਸ ਥਾਂ ਨੌਮੇ ਸਤਿਗੁਰੂ ਵਿਰਾਜੇ ਹਨ. ਗੁਰਦ੍ਵਾਰਾ ਪਿੰਡ ਤੋਂ ਤਿੰਨ ਫਰਲਾਂਗ ਤੇ ਈਸ਼ਾਨ ਕੋਣ ਹੈ. ਰਿਆਸਤ ਵੱਲੋਂ ੧੫੦ ਵਿੱਘੇ ਜ਼ਮੀਨ ਗੁਰਦ੍ਵਾਰੇ ਦੇ ਨਾਉਂ ਹੈ. ਜੀਂਦ ਰਿਆਸਤ ਤੋਂ ੧੪. ਰੁਪਯੇ ਸਾਲਾਨਾ ਹਨ. ਰੇਲਵੇ ਸਟੇਸ਼ਨ ਪਟਿਆਲੇ ਤੋਂ ੧੧. ਮੀਲ ਨੈਰਤ ਕੋਣ ਕੱਚਾ ਰਸਤਾ ਹੈ.

ਕਰਹੁ: ਕਰੋ. "ਕਰਹੁ ਅਨੁਗ੍ਰਹੁ ਪਾਰਬ੍ਰਹਮ." (ਆਸਾ ਮਃ ੫) ੨. ਕਰਵਾਓ. ਕਰਾਓ. "ਹਰਿ ਜੀਉ ! ਤਿਨ ਕਾ ਦਰਸਨ ਨਾ ਕਰਹੁ." (ਵਾਰ ਸੋਰ ਮਃ ੪)

ਕਰਕ: ਸੰਗਯਾ- ਚੁਭਵੀਂ ਪੀੜ. ਚੀਸ. ਟਸਕ. "ਕਰਕ ਕਰੇਜੇ ਮਾਹੀ." (ਸੋਰ ਭੀਖਨ) ੨. ਬਿਜਲੀ ਆਦਿਕ ਦੀ ਕੜਕ. ਕੜਾਕਾ। ੩. ਸੰ. ਕਮੰਡਲੁ। ੪. ਅਨਾਰ। ੫. ਮੌਲਸਰੀ। ੬. ਕਰੀਰ। ੭. ਕਚਨਾਰ। ੮. ਸੰ. ਕਕੰ. ਕੇਕੜਾ। ੯. ਚੌਥੀ ਰਾਸ਼ਿ, ਜਿਸ ਦੇ ਨਛਤ੍ਰਾਂ ਦੀ ਸ਼ਕਲ ਕੇਕੜੇ ਜੇਹੀ ਹੈ. Capricornus । ੧੦. ਸੰ. ਕਕੰਸ਼. ਵਿ- ਕੌੜਾ. ਕਠੋਰ. "ਕਰਕ ਸਬਦ ਸਮ ਵਿਖ ਨ ਵਿਖਮ ਹੈ." (ਭਾਗੁ ਕ) ੧੧. ਓਲਾ. ਗੜਾ.

ਕਰਕਸ: ਦੇਖੋ, ਕਰਕ ੧੦.

ਕਰਕਟ: ਸੰਗਯਾ- ਕੂੜਾ. ਸੰਬਰਣ। ੨. ਸੰ. ਕਕੰਟ. ਕੇਕੜਾ, ਜੋ ਜਲ ਵਿੱਚ ਰਹਿੰਦਾ ਹੈ, ਅਤੇ ਜਿਸ ਦੀ ਸ਼ਕਲ ਬਿੱਛੂ ਜੇਹੀ ਹੁੰਦੀ ਹੈ। ੩. ਗੋਲਾਕਾਰ ਲੱਕੜ ਦਾ ਜੋੜਾ. "ਕਰਕਟ ਪਾਈ ਝੰਬੀਐ." (ਭਾਗੁ) ਖੂਹ ਦੇ ਚੱਕ ਵਾਂਙ ਗੋਲਾਕਾਰ ਲੱਕੜਾਂ ਦਾ ਘੇਰਾ ਬਣਾਕੇ ਦਾਣੇ ਝੰਬੀਦੇ ਹਨ, ਜਿਸ ਤੋਂ ਵਿਖਰਣ ਦਾ ਭੈ ਨਹੀਂ। ੪. ਕਰਕ ਰਾਸ਼ਿ. ਦੇਖੋ, ਕਰਕ ੯.

ਕਰਕਟੀ: ਸੰ. ਕਕੰਟੀ. ਇੱਕ ਪ੍ਰਕਾਰ ਦੀ ਚਿੜੀ। ੨. ਦੇਖੋ, ਕਕੜੀ.

ਕਰਕਨ: ਦੇਖੋ, ਕੜਕਨ. "ਅਤਿ ਕਰਕਨ ਜਿਹ ਕੀ ਕਿਲਕਾਰੀ." (ਨਾਪ੍ਰ)

ਕਰਕਰ: ਸੰ. ਕਕੰਰ. ਸੰਗਯਾ- ਸਮੁੰਦ੍ਰੀ ਲੂਣ। ੨. ਫ਼ਾ. کرکر ਪ੍ਰਬਲ ਬਾਦਸ਼ਾਹ। ੩. ਕਰਤਾਰ. ਜਗਤਨਾਥ। ੪. ਡਿੰਗ. ਹੱਡੀ. ਅਸਿਥ.

ਕਰਕਰਹਿ: ਕਰਤਾਰ ਨੇ. ਦੇਖੋ, ਕਰਕਰ ੩. ਅਤੇ ਕਰਿਕਰਹਿ.

ਕਰਕਰਤਾ: ਵਿ- ਕ੍ਰਿਯਾਕਰਤਾ. ਅਭ੍ਯਾਸੀ. ਆ਼ਮਿਲ. "ਕਰਕਰਤਾ ਉਤਰਸਿ ਪਾਰੰ." (ਰਾਮ ਕਬੀਰ)

ਕਰਕਰਾ: ਭੁਰਭੁਰਾ। ੨. ਦੇਖੋ, ਅਕਰਕਰਾ। ੩. ਪੇਠਾਪਾਕ. ਕਕਾਂਰੁ (ਪੇਠੇ) ਦੀ ਮਿਠਾਈ. ਪੇਠੇ ਦਾ ਕੜਾਹ. "ਭਾਤੁ ਪਹਿਤਿ ਅਰੁ ਲਾਪਸੀ ਕਰਕਰਾ." (ਆਸਾ ਕਬੀਰ)

ਕਰਕਾ: ਸੰ. ਸੰਗਯਾ- ਓਲਾ. ਗੜਾ. ਹਿਮਉਪਲ (ਹਿਮੋਪਲ). "ਕਰਕਾ ਕੋ ਬਰਖਾਇ ਬਿਸਾਲਾ." (ਨਾਪ੍ਰ)

ਕਰਕਾਰੁ: ਸੰ. कर्कारु ਸੰਗਯਾ- ਪੇਠਾ. ਹਲਵਾ ਕੱਦੂ.

**ਕਰਕੇ:** ਵਿ- ਸਮਾਨ. ਤੁੱਲ. "ਮੈ ਸਤਿਗੁਰੁ ਨੂੰ ਪਰਮੇਸਰ ਕਰਕੇ ਜਾਣਦਾ ਹਾਂ"। ੨. ਕ੍ਰਿ. ਵਿ- ਦ੍ਵਾਰਾ. ਵਸੀਲੇ ਤੋਂ. "ਗੁਰੁ ਕਰਕੇ ਗ੍ਯਾਨ ਪ੍ਰਾਪਤ ਹੁੰਦਾ ਹੈ."

**ਕਰਖ:** ਦੇਖੋ, ਕਰਸ਼ ਅਤੇ ਕਰਖਣ. "ਤੁਮਰੇ ਦਰਸ ਕਰਖ ਮਨ ਲੀਨਾ." (ਨਾਪ੍ਰ) ਮਨ ਖਿੱਚ ਲੀਤਾ। ੨. کرخ ਬਗ਼ਦਾਦ ਪਾਸ ਇੱਕ ਨਗਰ.

**ਕਰਖਣ:** ਸੰ. ਕਸ਼ੰਣ. ਸੰਗ੍ਯਾ- ਖਿੱਚਣਾ। ੨. ਹਲ ਨਾਲ ਜ਼ਮੀਨ ਪੁਰ ਓਰੇ ਕੱਢਣੇ.

**ਕਰਖ਼ਤ:** ਫ਼ਾ. کرخت ਵਿ- ਕਠੋਰ. ਕਰੜਾ। ੨. ਖੁਰਦਰਾ। ੩. ਦੇਖੋ, ਕਰਖਿਤ.

**ਕਰਖਨਾ:** ਦੇਖੋ, ਕਰਖਣ.

**ਕਰਖਾ:** ਇੱਕ ਮਾਤ੍ਰਿਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੩੭ ਮਾਤ੍ਰਾ, ਪਹਿਲਾ ਵਿਸ਼੍ਰਾਮ ਅੱਠ ਪੁਰ, ਦੂਜਾ ਬਾਰਾਂ ਪੁਰ, ਤੀਜਾ ਅੱਠ ਪੁਰ, ਚੌਥਾ ਨੌ ਪੁਰ ਅੰਤ ਯਗਣ.

ਇਸ ਛੰਦ ਵਿੱਚ ਵੀਰ ਰਸ ਦਾ ਵਰਣਨ ਉੱਤਮ ਹੁੰਦਾ ਹੈ. ਦਸਮਗ੍ਰੰਥ ਵਿੱਚ ਲੇਖ ਹੈ-

"ਢਾਢਿਸੈਨ ਢਾਡੀ ਭਵ ਲਯੋ। ਕਰਖਾ ਵਾਰ ਉਚਾਰਤ ਭਯੋ." (ਚਰਿਤ੍ਰ ੪੦੫) "ਗਾਏ ਜੈ ਕਰਖਾ." (ਚੰਡੀ ੨)

ਕਰਖਾ ਛੰਦ ਵਿੱਚ ਜਿਤਨੇ ਅੱਖਰ ਲਘੁ ਜਾਦਾ ਹੋਣ, ਉਤਨੀ ਹੀ ਰੋਚਕਤਾ ਅਧਿਕ ਹੁੰਦੀ ਹੈ. ਇਸ ਛੰਦ ਦਾ ਨਾਉਂ "ਰਣੋੱਧਿਤ" ਭੀ ਹੈ.

ਉਦਾਹਰਣ-

ਉਡਤ ਨਭ ਗਰਦ, ਮੁਖ ਜਰਦ ਨਿਤ ਭ੍ਰਮਤ ਰਵਿ,

ਉਦਧਿ ਉਰ ਦਰਦ, ਦਲ ਦਬਤ ਲੰਕਾ,

ਅਚਲ ਵਡ ਡਗਤ, ਸ਼ਿਵ ਜਗਤ ਨਹਿ ਲਗਤ ਲਿਵ,

ਖਗਤ ਭਯ ਭਗਤ, ਬਿਧਿ ਦਗਤ ਸ਼ੰਕਾ,

ਅਹਿਪ ਹਿਯ ਧੜਕ, ਪਿਠ ਕਮਠ ਲੁਠ ਕੜਕ ਉਠ,

ਖੜਕ ਸੁਨ ਭੜਕ, ਹਰ ਬ੍ਰਿਖਭ ਬੰਕਾ,

ਬਿਕਟ ਭਟ ਕਟਕ, ਰਿਪੁ ਠਟਕ ਤਨ ਤਜਤ ਜਬ,

ਗਜਤ ਗੁਰੁਸਿੰਘ, ਭਲ ਬਜਤ ਡੰਕਾ."

(ਸਿੱਖੀ ਪ੍ਰਭਾਕਰ)

੨. ਵਿ- ਕਸ਼ੰਣ ਕੀਤਾ. ਖਿੱਚਿਆ.

**ਕਰਖਿਤ:** ਸੰ. ਕਸ਼ਿੰਤ. ਵਿ- ਖਿੱਚਿਆ. ਖਿੱਚਿਆ ਹੋਇਆ.

**ਕਰਗ, ਕਰੱਗ:** ਦੇਖੋ, ਕਰੰਗ.

**ਕਰਗਸ:** ਫ਼. کرکس ਸੰਗ੍ਯਾ- ਗਿਰਝ. ਗਿੱਧ. "ਕਰਗਸ ਮੀਨ ਕਛੂ ਲੁਮਰੀ." (ਸਲੋਹ) ਲਹੂ ਦੀ ਨਦੀ ਵਿੱਚ ਗਿਰਝ ਮੱਛ ਅਤੇ ਲੂਮੜੀ ਕੱਛੂ ਹਨ.

**ਕਰਗਹ:** ਜੁਲਾਹੇ ਦਾ ਕਰਘਾ. ਕੰਘੀ. ਜਿਸ ਵਿੱਚ ਤਾਣੀ ਫਸਾਈ ਹੋਈ ਹੁੰਦੀ ਹੈ। ੨. ਫ਼ਾ. کارگاہ ਕਰਗਾਹ ਅਥਵਾ ਕਾਰਗਾਹ. ਸੰਗਯਾ- ਕਾਰਖ਼ਾਨਾ. "ਧਰਨਿ ਅਕਾਸ ਕੀ ਕਰਗਹ ਬਨਾਈ." (ਆਸਾ ਕਬੀਰ)

**ਕਰਗਹਿ:** ਕਰ (ਹੱਥ) ਗ੍ਰਹਣ ਕਰਕੇ. "ਚਰਣ ਸਰਣਾਗਤ ਕਰਗਹਿ ਲੇਹੁ ਉਬਾਰੀ." (ਹਜਾਰੇ ੧੦)

**ਕਰਗੀਰੀ:** ਸੰਗਯਾ- ਦਸ੍ਤਗੀਰੀ. "ਕਯੋਂ ਨ ਕਰੋਂ ਸਿੱਖਨ ਕਰਗੀਰੀ?" (ਗੁਪ੍ਰਸੂ)

**ਕਰਘਾ:** ਦੇਖੋ, ਕਰਗਹ ੧.। ੨. ਤੱਕੜੀ ਦੇ ਛਾਬੇ ਨਾਲ ਬੱਧੀ ਰੱਸੀਆਂ। ੩. ਡੰਡੀ ਵਿੱਚ ਪਾਇਆ ਡੋਰਾ, ਜੋ ਹੱਥ ਵਿੱਚ ਫੜਕੇ ਤੱਕੜੀ ਉਠਾਈ ਜਾਂਦੀ ਹੈ.

**ਕਰ ਚਰਨ:** ਮਸਤਕ ਮੇਲ ਲੀਨੇ. (ਰਾਮ ਛੰਤ ਮਃ ੫) ਕਰ (ਛਤ੍ਰੀ) ਚਰਨ (ਸ਼ੂਦ੍ਰ) ਮਸਤਕ ਬ੍ਰਾਹਮਣ) ਸਾਰੇ ਮੇਲ ਲੀਨੇ. "ਚਾਰ ਵਰਣ ਇੱਕ ਵਰਣ ਕਰਾਇਆ." (ਭਾਗੁ) ੨. ਚਰਣਾਂ (ਸ਼ੂਦ੍ਰਾਂ) ਨੂੰ ਮਸਤਕ (ਬ੍ਰਾਹਮਣ) ਬਣਾਕੇ.

**ਕਰਛਾ, ਕਰਛੀ:** ਸੰ. कररक्ष ਕਰਰਕ੍ਸ਼. ਸੰਗਯਾ- ਕੜਛਾ- ਕੜਛੀ. "ਰਿਸ ਤੇ ਕਰਛਾ ਤਪਤ ਉਠਾਯੋ." (ਗੁਪ੍ਰਸੂ) "ਜੂਠੀ ਕਰਛੀ ਪਰੋਸਨ ਲਾਗਾ." (ਬਸੰ ਕਬੀਰ)

**ਕਰਜ:** ਸੰ. ਸੰਗਯਾ- ਨੌਂਹ, ਜੋ ਕਰ (ਹੱਥ) ਤੋਂ ਪੈਦਾ ਹੁੰਦੇ ਹਨ. ਨਾਖ਼ੁਨ. "ਕਰਜ ਅਰੁਣ ਜਿਮ ਨਗ ਹਨਐਂ ਸੂਚੇ." (ਨਾਪ੍ਰ) ੨. ਅ਼. قرض ਕ਼ਰਜ਼. ਰਿਣ. ਉਧਾਰ. "ਹਮ ਕਰਜ ਗੁਰੂ ਬਹੁ ਸਾਢੇ." (ਗਉ ਮਃ ੪) ਅਸੀਂ ਗੁਰੂ ਤੋਂ ਬਹੁਤ ਰਿਣ ਚੁੱਕਿਆ ਹੈ. ਦੇਖੋ, ਸਾਢੇ ੨.

**ਕਰਜੁ:** ਦੇਖੋ, ਕਰਜ ੨. "ਕਰਜੁ ਉਤਾਰਿਆ ਸਤਿਗੁਰੂ." (ਬਿਲਾ ਮਃ ੫)

**ਕਰ ਜੋੜਿ:** ਹੱਥ ਜੋੜਕੇ. ਦੇਖੋ, ਸਾਲਾਹਿਹੁ.

**ਕਰ ਝਾਰ:** ਦੇਖੋ, ਝਾਰ.

**ਕਰਟ:** ਸੰ. ਸੰਗਯਾ- ਕਾਂਉਂ. ਕਾਕ। ੨. ਹਾਥੀ ਦੀ ਕਨਪਟੀ. ਗੰਡਸ੍ਥਲ.

**ਕਰਟੀ:** ਸੰ. ਸੰਗਯਾ- ਹਾਥੀ, ਜਿਸ ਦੀ ਕਨਪਟੀ ਤੋਂ ਮਦ ਟਪਕਦਾ ਹੈ.

**ਕਰਣ:** ਸੰ. ਸੰਗਯਾ- ਪ੍ਰਧਾਨ ਕਾਰਣ. ਮੁੱਖ ਹੇਤੁ. ਸਬਬ ੩. ਇੰਦ੍ਰੀਆਂ। ੪. ਸ਼ਰੀਰ. ਦੇਹ। ੫. ਸ਼ਸਤ੍ਰ. ਹਥਿਆਰ। ੬. ਵਯਾਕਰਣ ਅਨੁਸਾਰ ਕ੍ਰਿਯਾ ਨੂੰ ਸਿੱਧ ਕਰਨ ਵਾਲਾ ਤੀਜਾ ਕਾਰਕ। ੭. ਜੋਤਿਸ਼ ਅਨੁਸਾਰ ਵਵ ਬਾਲਵ ਆਦਿ ਗਿਆਰਾਂ ਕਰਣ, ਜੋ ਤਿਥੀਆਂ ਦਾ ਵਿਭਾਗ ਹੈ। ੮. ਸੰ. ਕਣੰ. ਕੰਨ. "ਕਰਣ ਦੇਹੁ ਨਹਿ ਨਿੰਦਾ ਓਰ." (ਗੁਪ੍ਰਸੂ)। ੯. ਕੁਆਰੀ ਕੁੰਤੀ ਦੇ ਉਦਰ ਤੋਂ ਸੂਰਜ ਦਾ ਪੁਤ੍ਰ, ਜਿਸਦਾ ਨਾਉਂ "ਵਸੁਸ਼ੇਣ" ਸੀ. ਇਹ ਵਡਾ ਦਾਨੀ ਅਤੇ ਯੋਧਾ ਲਿਖਿਆ ਹੈ. ਇਸ ਨੇ ਸ਼ਸਤ੍ਰਵਿਦ੍ਯਾ ਦ੍ਰੋਣਾਚਾਰਯ ਤੋਂ ਸਿੱਖੀ ਸੀ. ਪਰਸ਼ੁਰਾਮ ਦਾ ਭੀ ਇਹ ਚੇਲਾ ਸੀ. ਕੁਰੁਕ੍ਸ਼ੇਤ੍ਰ ਦੇ ਜੰਗ ਵਿੱਚ ਇਸ ਨੂੰ ਅਰਜੁਨ ਨੇ ਮਾਰਿਆ. ਮਹਾਭਾਰਤ ਵਿੱਚ ਕਥਾ ਹੈ ਕਿ ਭੋਜਰਾਜ ਦੀ ਪੁਤ੍ਰੀ ਕੁੰਤੀ ਨੂੰ ਦੁਰਵਾਸਾ ਨੇ ਰੀਝਕੇ ਅਜਿਹਾ ਮੰਤ੍ਰ ਦਸਿਆ, ਜਿਸ ਤੋਂ ਉਹ ਮਨਭਾਉਂਦੇ ਦੇਵਤਾ ਨੂੰ ਬੁਲਾ ਸਕੇ. ਕੁੰਤੀ ਨੇ ਸੂਰਜ ਨੂੰ ਬੁਲਾਇਆ ਅਤੇ ਉਸ ਦੇ ਸੰਯੋਗ ਤੋਂ ਕਵਚ ਕੁੰਡਲਧਾਰੀ ਪ੍ਰਤਾਪੀ ਪੁਤ੍ਰ ਕਰਣ ਜੰਮਿਆ, ਜਿਸ ਨੂੰ ਕੁੰਤੀ ਨੇ ਲੋਕਲਾਜ ਕਰਕੇ ਤੁਲਹੇ ਵਿੱਚ ਰੱਖਕੇ ਅਸ਼੍ਵ ਨਦੀ ਵਿੱਚ ਵਹਾ ਦਿੱਤਾ.

ਅਧਿਰਥ ਸੂਤ ਨੇ ਨਦੀ ਤੋਂ ਕੱਢਕੇ ਬਾਲਕ ਆਪਣੀ ਇਸਤ੍ਰੀ ਰਾਧਾ ਨੂੰ ਪਾਲਣ ਲਈ ਦਿੱਤਾ. ਕਰਣ ਦੁਰਯੋਧਨ ਦਾ ਸਾਥੀ ਅਤੇ ਪਾਂਡਵਾਂ ਦਾ ਵੈਰੀ ਸੀ. ਇਸ ਦੀ ਇਸਤ੍ਰੀ ਦਾ ਨਾਉਂ ਪਦਮਾਵਤੀ ਅਤੇ ਰਹਿਣ ਦੀ ਥਾਂ ਮਾਲਿਨੀ ਸੀ. "ਭਏ ਕਰਣ ਸੈਨਾਪਤੀ ਛਤ੍ਰਪਾਲੰ। ਮਚਯੋ ਜੁੱਧ ਕ੍ਰੁੱਧੰ ਮਹਾ ਬਿਕਰਾਲੰ." (ਜਨਮੇਜਯ) ੧੦. ਨੌਕਾ ਦਾ ਤਿਕੋਣਾ ਤਖ਼ਤਾ, ਜੋ ਪਿਛਲੇ ਪਾਸੇ ਹੁੰਦਾ ਹੈ। ਦੇਖੋ. ਪਤਵਾਰ. ੧੧. ਅ਼. قرن ਕ਼ਰਨ. ਵਾਹ਼ਿਦ ਅਦ੍ਵਿਤੀਯ (ਅਦੁਤੀ). "ਕਰਣ ਕਰੀਮ ਨ ਜਾਤੋ ਕਰਤਾ." (ਮਾਰੂ ਅੰਜਲੀ ਮਃ ੫)

**ਕਰਣ ਆਧਾਰ:** ਇੰਦ੍ਰੀਆਂ ਦਾ ਆਸਰਾ. ਕਰਤਾਰ.

**ਕਰਣਸਸਕੁਲੀ:** ਸੰ. ਕਣੰਸ਼ਕ੍ਸ਼ੁਲੀ. ਸੰਗਯਾ- ਕੰਨ ਦੇ ਸੁਰਾਖ਼ ਦੇ ਆਸ ਪਾਸ ਸਿੱਪੀ ਦੀ ਸ਼ਕਲ ਦਾ ਮਾਸ ਦਾ ਭਾਗ। ੨. ਕੰਨ ਦੀ ਸ਼ਕਲ ਦਾ ਇੱਕ ਪਕਵਾਨ. ਸਮੋਸਾ.

**ਕਰਣਹਾਰ, ਕਰਣਹਾਰੁ:** ਵਿ- ਕਰਤਾ. ਕਰਨ ਵਾਲਾ. ਕਰਤਾਰ. "ਕਰਣਹਾਰ ਪ੍ਰਭੁ ਹਿਰਦੈ ਵੂਠਾ." (ਰਾਮ ਮਃ ੫) "ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ." (ਬਿਲਾ ਮਃ ੫)

**ਕਰਣ ਕਰਾਵਣਹਾਰ:** ਵਿ- ਕਰਣ ਵਾਲਾ ਅਤੇ ਹੋਰਨਾਂ ਤੋਂ ਕਰਾਉਣ ਵਾਲਾ। ੨. ਇੰਦ੍ਰੀਆਂ ਤੋਂ ਚੇਸ਼੍ਟਾ ਕਰਾਉਣ ਵਾਲਾ "ਕਰਣ ਕਰਾਵਣਹਾਰ ਪ੍ਰਭੁ ਦਾਤਾ (ਸੋਰ ਮਃ ੫)

**ਕਰਣਕਰੇਣ:** ਵਿ ਕਾਰਣ ਦਾ ਕਰਤਾ. ਜਗਤ ਦਾ ਕਾਰਣ, ਜੋ ਤਤ੍ਵ ਆਦਿਕ ਹਨ, ਉਹਨਾਂ ਦਾ ਭੀ ਕਰਤਾ, ਵਾਹਿਗੁਰੂ. "ਨਾਹੀ ਕਰਣਕਰੇਣ." (ਮਾਝ ਦਿਨ ਰੈਣ)

**ਕਰਣ ਕਾ ਥੇਹ:** ਥਨੇਸਰ ਤੋਂ ਪੌਣ ਮੀਲ ਨੈਰਤ ਕੁਰੁਕ੍ਸ਼ੇਤ੍ਰ ਤਾਲ ਦੀ ਵਾਯਵੀ ਕੋਣ ਖੂੰਜੇ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ, ਜੋ ਕਰਣ ਦੇ ਥੇਹ[੧੬] ਤੋਂ ਅੱਧ ਮੀਲ ਹੈ. ਦੇਖੋ, ਥਨੇਸਰ ਨੰਃ ੫.

**ਕਰਣਕਾਰਣ, ਕਰਣਕਾਰਨ:** ਦੇਖੋ, ਕਰਣਕਰੇਣ. "ਕਰਣਕਾਰਣ ਸਮਰਥੁ ਹੈ." (ਵਾਰ ਮਾਝ ਮਃ ੨) ੨. ਸਾਖਯਾਤ ਅਤੇ ਪਰੰਪਰਾ ਕਾਰਣ। ੩. ਸਾਧਨ ਦਾ ਕਾਰਣ.

**ਕਰਣਦੈਵ:** ਦੇਵ (ਪ੍ਰਤਾਪੀ) ਕਰਣ. ਸੂਰਜ ਦਾ ਪੁਤ੍ਰ, ਕਰਣ. "ਕਰਣਦੇਵ ਪ੍ਰਮਾਨ ਲਉ ਅਰਿ ਜੀਤਕੈ ਬਹੁ ਸਾਜ." (ਗ੍ਯਾਨ) ਪ੍ਰਤਾਪੀ ਕਰਣ ਦੀ ਤਰਾਂ ਅਰਿ ਜੀਤਕੈ.

**ਕਰਣਧਾਰ:** ਸੰਗਯਾ- ਮਲਾਹ. ਨਾਵਕ. ਕਣੰ (ਪਤਵਾਰ) ਧਾਰਣ ਵਾਲਾ. ਜੋ ਪਤਵਾਰ ਘੁਮਾਕੇ ਨੌਕਾ ਨੂੰ ਸੱਜੇ ਖੱਬੇ ਕਰਦਾ ਹੈ. ਦੇਖੋ, ਪਤਵਾਰ.

**ਕਰਣਪਲਾਹ, ਕਰਣਪਲਾਵ:** ਸੰ. ਕਾਰੁਣ੍ਯ ਪ੍ਰਲਾਪ. ਸੰਗਯਾ- ਦੁੱਖ ਦੀ ਪੁਕਾਰ, ਜਿਸ ਨੂੰ ਸੁਣਕੇ ਕਰੁਣਾ (ਦਯਾ) ਪੈਦਾ ਹੋਵੇ. ਕੀਰਣੇ. "ਕਰਣਪਲਾਹ ਕਰੇ ਬਹੁਤੇਰੇ." (ਤਿਲੰ ਮਃ ੧) "ਕਰਣਪਲਾਵ ਕਰੈ ਬਿਲਲਾਵੈ." (ਮਾਰੂ ਸੋਲਹੇ ਮਃ ੧)

**ਕਰਣਪੂਰ:** ਸੰਗਯਾ- ਸਰੀਂਹ ਦਾ ਬਿਰਛ। ੨. ਨੀਲਾ ਕਮਲ। ੩. ਇਸਤ੍ਰੀਆਂ ਦੇ ਕੰਨ ਦਾ ਇੱਕ ਗਹਿਣਾ. ਕਾਨਫੂਲ.

**ਕਰਣਵੇਧ:** ਸੰ. ਸੰਗਯਾ- ਹਿੰਦੂਮਤ ਅਨੁਸਾਰ ਕੰਨ ਵਿੰਨ੍ਹਣ ਦਾ ਸੰਸਕਾਰ. ਜਨਮ ਤੋਂ ਛੀਵੇਂ ਮਹੀਨੇ ਤੋਂ ਸੋਲਵੇਂ ਤੀਕ ਇਹ ਸੰਸਕਾਰ ਕਰਨਾ ਵਿਧਾਨ ਹੈ. ਬ੍ਰਾਹਮਣ ਅਤੇ ਵੈਸ਼੍ਯ ਦਾ ਕੰਨ ਚਾਂਦੀ ਦੀ ਸਲਾਈ ਨਾਲ, ਛਤ੍ਰੀ ਦਾ ਸੋਨੇ ਦੀ ਸੂਈ ਨਾਲ ਅਤੇ ਸ਼ੂਦ੍ਰ ਦਾ ਲੋਹੇ ਦੇ ਸੂਏ ਨਾਲ ਵਿੰਨ੍ਹਣਾ ਚਾਹੀਏ. ਸਿੱਖ ਧਰਮ ਵਿੱਚ ਨੱਕ ਕੰਨ ਵਿੰਨ੍ਹਣੇ ਮਨਾ ਹਨ.

**ਕਰਣਾ:** ਕ੍ਰਿ- ਕਿਸੇ ਕਾਰਜ ਦੇ ਕਰਣ ਦੀ ਕ੍ਰਿਯਾ। ੨. ਵਿ- ਕਰਣੀਯ. ਕਰਣ ਯੋਗ੍ਯ. "ਜੋ ਕਿਛੁ ਕਰਣਾ ਸੋ ਕਰ ਰਹਿਆ." (ਵਾਰ ਆਸਾ) ੩. ਸੰਗਯਾ- ਕਾਰਜ. "ਤੁਧ ਆਪੇ ਕਾਰਣ ਆਪੇ ਕਰਣਾ."[੧੭] (ਵਡ ਮਃ ੫) ੪. ਕਾਰਣ. ਸਬਬ. "ਆਪੇ ਹੀ ਕਰਣਾ ਕੀਓ." (ਵਾਰ ਆਸਾ) ੫. ਕਰੁਣਾ. ਕ੍ਰਿਪਾ. "ਕਤੰਚ ਕਰਣਾ ਨ ਉਪਰਜਤੇ." (ਸਹਸ ਮਃ ੫)

**ਕਰਣਾਟ, ਕਰਣਾਟਕ:** ਸੰਗਯਾ- ਮੈਸੂਰ ਦੇ ਆਸ ਪਾਸ ਦਾ ਦੇਸ਼। ੨. ਕਰਣਾਟ ਦੇਸ਼ ਦੀ ਬੋਲੀ.

**ਕਰਣਾਂਤਕ:** ਸੰਗਯਾ- ਅਰਜੁਨ. ਜਿਸ ਨੇ ਕਰਣ ਦਾ ਅੰਤ ਕੀਤਾ. (ਸਨਾਮਾ)

**ਕਰਣਾਮਯ, ਕਰਣਾਮੈ:** ਵਿ- ਕਰੁਣਾਮਯ. ਬਹੁਤੀ ਕ੍ਰਿਪਾਵਾਲਾ. ਕ੍ਰਿਪਾਰੂਪ. ਮਿਹਰਬਾਨ. "ਕਰਤਾਰ ਕਰਣਾਮੈ ਦੀਨ ਬੇਨਤੀ ਕਰੈ." (ਸੁਖਮਨੀ)

ਕਰਣਾਰਿ: ਸੰਗਯਾ- ਕਰਣ ਦਾ ਵੈਰੀ, ਅਰਜੁਨ. (ਸਨਾਮਾ)

ਕਰਣਾਲਯ, ਕਰਣਾਲੈ: ਕ੍ਰਿਪਾ ਦਾ ਘਰ. ਦੇਖੋ, ਕਰੁਣਾਲਯ.

ਕਰਣੀ: ਸੰਗਯਾ- ਕ੍ਰਿਯਾ. ਕਰਤੂਤ. "ਜਿਹ ਕਰਣੀ ਹੋਵਹਿ ਸਰਮਿੰਦਾ." (ਧਨਾ ਮਃ ੫) ੨. ਘਾਲ. ਮਿਹਨਤ. ਕਮਾਈ. "ਜਹ ਕਰਣੀ ਤਹਿ ਪੂਰੀ ਮਤਿ." (ਸ੍ਰੀ ਮਃ ੧) ੩. ਰਾਜ (ਮਿਅ਼ਮਾਰ) ਦਾ ਇੱਕ ਸੰਦ, ਜੋ ਕਰ (ਹੱਥ) ਦੀ ਸ਼ਕਲ ਦਾ ਹੁੰਦਾ ਹੈ। ੪. ਵਿ- ਕਰਣੀਯ. ਕਰਣ ਲਾਇਕ. "ਕਰਣੀ ਕਾਰ ਧੁਰਹੁ ਫੁਰਮਾਈ." (ਧਨਾ ਛੰਤ ਮਃ ੧) ੫. ਦੇਖੋ, ਕਰਿਣੀ। ੬. ਦੇਖੋ, ਕਰਨੀ ੩.

ਕਰਣੀਯ: ਵਿ- ਕਰਣ ਯੋਗ੍ਯ.

ਕਰਣੇ: ਦੇਖੋ, ਕਰਣ। ੨. ਕਰਤਵ੍ਯ.

ਕਰਣੈ: ਕਰਣ ਯੋਗ ਦਾ. "ਕਰਤੇ ਕੈ ਕਰਣੈ ਨਾਹੀ ਸੁਮਾਰੁ." (ਜਪੁ) ਕਰਤਾਰ ਦੇ ਕਰਤੱਬਾਂ ਦਾ ਅੰਤ ਨਹੀਂ.

ਕਰਣੈਹਾਰੁ: ਦੇਖੋ, ਕਰਣਹਾਰ. "ਕਰਣੈਹਾਰ ਰਿਦੈ ਮਹਿ ਧਾਰੁ." (ਗਉ ਮਃ ੫)

ਕਰਣੰਤ: ਸੰ. करान्ति ਕਰਣ (ਕੰਨ) ਅੰਤ (ਤੀਕ). ੨. ਕੰਨ ਦਾ ਅੰਤ. ਕੰਨ ਦਾ ਉੱਪਰਲਾ ਸਿਰਾ. "ਸਾਫ ਸਮਸੁ ਕੇ ਕਚ ਬਿਚ ਚੀਰੇ। ਦਿਸਿ ਦੋਨੋ ਕਰਣੰਤ ਉਚੀਰੇ." (ਗੁਪ੍ਰਸੂ) ਦਾੜ੍ਹੀ ਦੇ ਕੇਸ਼ ਵਿਚਾਲਿਓਂ ਚੀਰਕੇ ਦੋਹਾਂ ਕੰਨਾਂ ਪੁਰ ਉੱਚੇ ਲਪੇਟ ਲਏ.

ਕਰਣੰਦਰਿ: ਕਰਣ (ਸ਼ਰੀਰ) ਦੇ ਅੰਦਰਿ. ਦੇਹ ਵਿੱਚ। ੨. ਦੇਖੋ ਨੰਦਰਿ.

ਕਰਤ: ਕਰਦਾ ਹੈ। ੨. ਕਰਤਵ੍ਯ. ਕਰਮ. "ਨਾਨਾ ਕਰਤ ਨ ਛੂਟੀਐ." (ਓਅੰਕਾਰ) ੩. ਕਰਤਾ. "ਹੇ ਗੋਬਿੰਦ ਕਰਤ ਮਇਆ." (ਸਹਸ ਮਃ ੫) ਹੇ ਕ੍ਰਿਪਾ ਕਰਤਾ ਗੋਬਿੰਦ। ੪. ਸੰ. कर्त्त ਕਤੰ. ਭੇਦ. ਵਿਭਾਗ। ੫. ਟੋਆ. ਗਰਤ। ੬. ਅ਼. کرّت ਕੱਰਤ. ਬਾਰੀ. ਦਫ਼ਹ. ਨੌਬਤ.

ਕਰਤਗਿ, ਕਰਤਗ੍ਯ: ਦੇਖੋ, ਕ੍ਰਤਗ੍ਯ ਅਤੇ ਕ੍ਰਿਤਗ੍ਯ.

ਕਰਤੱਤ: ਕਰ੍ਤ੍ਰਿਤ੍ਵ ਸੰਗਯਾ- ਕਰਤਾਪਨ. ਕਰਤਾ ਦਾ ਧਰਮ.

ਕਰਤਨ: ਸੰ. कर्तन ਕਤੰਨ. ਸੰਗਯਾ- ਕੱਟਣਾ। ੨. ਸੂਤ ਕੱਤਣਾ। ੩. ਕਰਣ ਵਾਲਿਆਂ. ਕਰਤਿਆਂ. "ਕਰਤਨ ਮਹਿ ਤੂੰ ਕਰਤਾ ਕਹੀਅਹਿ." (ਗੂਜ ਅਃ ਮਃ ੫)

ਕਰਤਬ: ਸੰ. कर्तव्य ਕਤੰਵ੍ਯ. ਵਿ- ਕਰਣ ਯੋਗ੍ਯ. ਕਰਣ ਲਾਇਕ਼. "ਸਰਬ ਕਰਤਬ ਮਮੰਕਰਤਾ." (ਸਹਸ ਮਃ ੫) "ਤਿਸ ਕੇ ਕਰਤਬ ਬਿਰਥੇ ਜਾਤ." (ਸੁਖਮਨੀ)

ਕਰਤਰੀ: ਸੰ. कर्तरी ਕਤੰਰੀ. ਸੰਗਯਾ- ਕੈਂਚੀ। ੨. ਦੇਖੋ, ਕਰਤਾ ਅਤੇ ਕਰਤ੍ਰੀ.

ਕਰਤਲ: ਸੰਗਯਾ- ਹੱਥ ਦਾ ਤਲਾ. ਹਥੇਲੀ. "ਨਵ ਨਿਧਿ ਕਰਤਲ ਤਾਂਕੈ." (ਸੋਰ ਰਵਿਦਾਸ) "ਅਸਟ ਸਿਧਾਨ ਠਾਕੁਰ ਕਰਤਲ ਧਰਿਆ." (ਸੋਦਰੁ) ੨. ਸੰ कर्त्तृ ਕਰ੍ਤ੍ਰਿ. ਛੇਦਕ. "ਰਿਦ ਅੰਤਰ ਕਰਤਲ ਕਾਤੀ." (ਪ੍ਰਭਾ ਬੇਣੀ) ਦਿਲ ਅੰਦਰ ਕ਼ਾਤਿਲ ਛੁਰੀ ਹੈ.

ਕਰਤਲ ਕਾਤੀ: ਦੇਖੋ, ਕਰਤਲ ੨.

ਕਰਤਲਿ, ਕਰਤਲੀ: ਹੱਥ ਦੀ ਹਥੇਲੀ ਉੱਪਰ। ੨. ਸੰਗਯਾ- ਹਥੇਲੀ. ਮੁੱਠੀ. "ਖਟ ਦਰਸਨ ਕਰਤਲੀ ਰੇ." (ਆਸਾ ਮਃ ੫) ਵਿਕਾਰਾਂ ਨੇ ਖਟ ਦਰਸ਼ਨਾਂ ਨੂੰ ਮੁੱਠੀ ਵਿੱਚ ਕਰ ਲਿਆ ਹੈ.

ਕਰਤਵ੍ਯ: ਦੇਖੋ, ਕਰਤਬ.

ਕਰਤਾ, ਕਰਤਾਰ: ਸੰ. कर्तृ ਕਰ੍‍ਤ੍ਰਿ. ਵਿ- ਕਰਨ ਵਾਲਾ. ਰਚਣ ਵਾਲਾ. "ਕਰਤਾ ਹੋਇ ਜਨਾਵੈ." (ਗਉ ਮਃ ੫) ੨. ਸੰਗਯਾ- ਵਾਹਗੁਰੂ. ਜਗਤ ਰਚਣ ਵਾਲਾ ਪਾਰਬ੍ਰਹਮ. "ਕਰਤਾਰੰ ਮਮ ਕਰਤਾਰੰ." (ਨਾਪ੍ਰ) ਕਰਤਾਰ ਮੇਰਾ ਕਰਤਾ ਹੈ.

ਕਰਤਾਰ ਚਿੱਤ ਆਵੇ: ਵਾ- ਸਤਿਗੁਰੂ ਨਾਨਕ ਦੇਵ ਦਾ ਆਸ਼ੀਰਵਾਦ. ਜਦ ਕੋਈ ਜਗਤਗੁਰੂ ਨੂੰ ਪ੍ਰਣਾਮ ਕਰਦਾ ਸੀ, ਤਦ ਇਹ ਵਾਕ ਉਚਾਰਦੇ ਸਨ.

ਕਰਤਾਰਨ: ਕਰ (ਕਿਰਣਾਂ) ਤਾਰੁਣ (ਸੂਰਜ) ਦੀਆਂ. ਅਗ੍ਯਾਨਅੰਧੇਰਾ ਦੂਰ ਕਰਨ ਲਈ ਤਰੁਣ (ਸੂਰਜ) ਦੀ ਕਿਰਣਾਂ. "ਕਰਤਾਰਨ ਸੇ ਸੁਭ ਵਾਕ ਵਿਲਾਸ." (ਨਾਪ੍ਰ) ੨. ਕਰਤਾੜਨ. ਕਰਤਾਲੀ (ਤੌੜੀ). "ਬਿਹੰਗ ਵਿਕਾਰਨ ਕੋ ਕਰਤਾਰਨ." (ਨਾਪ੍ਰ) ਦੇਖੋ, ਤਾਰਨ ਸ਼ਬਦ। ੩. ਕਰਤਾਰ- ਹਨ. ਰਚਣ ਵਾਲੇ ਹਨ. ਕਰਨ ਵਾਲੇ ਹਨ.

ਕਰਤਾਰਪੁਰ: ਜਿਲਾ ਗੁਰਦਾਸਪੁਰ, ਤਸੀਲ ਸ਼ਕਰਗੜ੍ਹ ਵਿੱਚ ਗੁਰੂ ਨਾਨਕ ਦੇਵ ਦਾ ਸੰਮਤ ੧੫੬੧ ਵਿੱਚ ਵਸਾਇਆ ਇੱਕ ਨਗਰ, ਜਿਸ ਥਾਂ ਦੇਸ਼ਦੇਸ਼ਾਂਤਰਾਂ ਵਿੱਚ ਸਿੱਖ ਧਰਮ ਦਾ ਉਪਦੇਸ਼ ਕਰਨ ਪਿੱਛੋਂ ਜਗਤਗੁਰੂ ਨੇ ਸੰਮਤ ੧੫੭੯ ਵਿੱਚ ਰਹਾਇਸ਼ ਕੀਤੀ. [੧੮]

ਭਾਈ ਗੁਰਦਾਸ ਜੀ ਲਿਖਦੇ ਹਨ-

"ਬਾਬਾ ਆਇਆ ਕਰਤਾਰਪੁਰ

ਭੇਖ ਉਦਾਸੀ ਸਗਲ ਉਤਾਰਾ।

ਪਹਿਰ ਸੰਸਾਰੀ ਕੱਪੜੇ

ਮੰਜੀ ਬੈਠ ਕੀਆ ਅਵਤਾਰਾ." (ਵਾਰ ੧)

ਇਸ ਨਗਰ ਦੇ ਵਸਾਉਣ ਵਿੱਚ ਭਾਈ ਦੋਦਾ ਅਤੇ ਦੁਨੀ ਚੰਦ (ਕਰੋੜੀ ਮੱਲ) ਦਾ ਉੱਦਮ ਹੋਇਆ, ਜਿਨ੍ਹਾਂ ਨੇ ਸਤਿਗੁਰੂ ਲਈ ਪਿੰਡ ਵਸਾਕੇ ਧਰਮਸਾਲਾ ਬਣਵਾਈ. ਇਸੇ ਨਗਰ ਸ਼੍ਰੀ ਗੁਰੂ ਨਾਨਕ ਦੇਵ ਸੰਮਤ ੧੫੯੬ ਵਿੱਚ ਜੋਤੀਜੋਤਿ ਸਮਾਏ ਹਨ. ਕਰਤਾਰਪੁਰ ਨੂੰ ਚਿਰੋਕਣਾ ਰਾਵੀ ਨੇ ਆਪਣੇ ਵਿੱਚ ਲੀਨ ਕਰ ਲਿਆ ਹੈ, ਹੁਣ ਜੋ ਗ੍ਰਾਮ 'ਦੇਹਰਾ ਬਾਬਾ ਨਾਨਕ' ਅਥਵਾ (ਡੇਰਾ ਨਾਨਕ) ਦੇਖਿਆ ਜਾਂਦਾ ਹੈ, ਇਹ ਬਾਬਾ ਸ਼੍ਰੀਚੰਦ ਅਤੇ ਲਖਮੀ ਦਾਸ ਜੀ ਨੇ ਵਸਾਇਆ ਹੈ. ਗੁਰੂ ਨਾਨਕ ਸ੍ਵਾਮੀ ਦੀ ਸਮਾਧਿ (ਦੇਹਰਾ) ਭੀ ਨਵਾਂ ਬਣਾਇਆ ਗਿਆ ਹੈ.

ਗੁਰਦ੍ਵਾਰੇ ਨੂੰ ੩੭੫ ਰੁਪਯੇ ਸਾਲਾਨਾ ਜਾਗੀਰ ਪਿੰਡ ਕੋਹਲੀਆਂ ਤੋਂ ਮਿਲਦੀ ਹੈ ਅਤੇ ੭੦ ਘੁਮਾਉਂ ਜ਼ਮੀਨ ਕਈ ਪਿੰਡਾਂ ਵਿੱਚ ਹੈ.

ਇਹ ਅਸਥਾਨ ਬਟਾਲੇ ਤੋਂ ੨੧. ਮੀਲ ਵਾਯਵੀ ਕੋਣ ਹੈ ਅਤੇ ਨਾਰਥ ਵੈਸਟਰਨ ਰੇਲਵੇ ਲਾਈਨ "ਅੰਮ੍ਰਿਤਸਰ ਵੇਰਕਾ ਡੇਰਾ ਬਾਬਾ ਨਾਨਕ" ਦਾ ਸਟੇਸ਼ਨ ਹੈ, ਜੋ ਅੰਮ੍ਰਿਤਸਰੋਂ ੩੪ ਮੀਲ ਹੈ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਭੀ ਦੇਹਰੇ ਦੀ ਯਾਤ੍ਰਾ ਲਈ ਇਸ ਥਾਂ ਆਏ ਹਨ, ਜਦੋਂ ਬਾਬਾ ਸ਼੍ਰੀਚੰਦ ਜੀ ਨੂੰ ਮਿਲੇ ਸਨ.

ਇਸ ਥਾਂ ਇਤਨੇ ਗੁਰਦ੍ਵਾਰੇ ਹਨ-

(੧) ਚੋਲਾ ਸਾਹਿਬ.

(੨ ਬਾਬਾ ਸ਼੍ਰੀਚੰਦ ਜੀ ਦੇ ਵਿਰਾਜਣ ਦੀਆਂ

(੩ ਟਾਲ੍ਹੀਆਂ.

(੪) ਦੇਹਰਾ ਸਾਹਿਬ, ਜਿੱਥੇ ਸਮਾਧਿ ਹੈ.

(੫) ਧਰਮਸਾਲਾ ਗੁਰੂ ਨਾਨਕ ਦੇਵ ਜੀ. ਇਸ ਥਾਂ ਪਹਿਲਾਂ ਗੁਰੂ ਸਾਹਿਬ ਆਕੇ ਵਿਰਾਜੇ ਹਨ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ.

(B) ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਲੰਧਰ ਦੇ ਜ਼ਿਲੇ ਵਿੱਚ ਸੰਮਤ ੧੬੫੧ (ਸਨ ੧੫੯੩) ਵਿੱਚ ਵਸਾਇਆ ਨਗਰ, ਜੋ ਰੇਲਵੇ ਸਟੇਸ਼ਨ ਕਰਤਾਰਪੁਰ ਤੋਂ ਅੱਧ ਮੀਲ ਪੂਰਵ ਹੈ. ਅਕਬਰ ਦੇ ਜ਼ਮਾਨੇ ਸ਼ਾਹਜਾਦਾ ਸਲੀਮ (ਜਹਾਂਗੀਰ) ਨੇ ਇਸ ਦੀ ਮੁਆਫ਼ੀ ਦਾ ਪੱਟਾ ਧਰਮਸਾਲਾ ਦੇ ਨਾਉਂ ਸੰਮਤ ੧੬੫੫ ਵਿੱਚ ਦਿੱਤਾ, ਜਿਸ ਵਿੱਚ ਰਕਬਾ ੮੯੪੬ ਘੁਮਾਉਂ, ੭. ਕਨਾਲ, ੧੫. ਮਰਲੇ ਦਰਜ ਹੈ. ਇਸ ਨਗਰ ਦੇ ਮਾਲਿਕ ਸੋਢੀ ਸਾਹਿਬ ਰਈਸ ਕਰਤਾਰਪੁਰ ਹਨ, ਜੋ ਬਾਬਾ ਧੀਰਮੱਲ ਜੀ ਦੀ ਵੰਸ਼ ਵਿੱਚੋਂ ਹਨ.

ਕਰਤਾਰਪੁਰ ਵਿੱਚ ਹੇਠ ਲਿਖੇ ਅਸਥਾਨ ਦਰਸ਼ਨ ਯੋਗ ਹਨ-

(੧) ਸ਼ੀਸ਼ ਮਹਲ. ਇਹ ਮਕਾਨ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਬਣਵਾਇਆ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੁੰਦਰ ਸਜਾਇਆ. ਇਸ ਵਿੱਚ ਇਹ ਗੁਰੁਵਸਤੂਆਂ ਹਨ-

(ੳ) ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋ ਸ਼੍ਰੀ ਗੁਰੂ ਅਰਜਨਦੇਵ ਜੀ ਨੇ ਭਾਈ ਗੁਰੁਦਾਸ ਤੋਂ ਲਿਖਵਾਇਆ. ਦੇਖੋ, ਗ੍ਰੰਥਸਾਹਿਬ ਸ਼ਬਦ.

(ਅ) ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਖੜਗ, ਜੋ ਛੀ ਸੇਰ ਪੱਕੇ ਤੋਲ ਦਾ ਹੈ. ਇਸੇ ਨਾਲ ਪੈਂਦਾ ਖ਼ਾਨ ਮਾਰਿਆ ਸੀ.

(ੲ) ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਖੰਡਾ, ਜਿਸ ਤੇ ਲਿਖਿਆ ਹੈ- "ਗੁਰੂ ਨਾਨਕ ਜੀ ਸਹਾਇ ਗੁਰੂ ਹਰਿਰਾਇ ਜੀ ੧੬੯੪. "

(ਸ) ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਪਾਠ ਦਾ ਗੁਟਕਾ.

(ਹ) ਸੇਲੀ ਅਤੇ ਟੋਪੀ ਬਾਬਾ ਸ਼੍ਰੀ ਚੰਦ ਜੀ ਦੀ, ਜੋ ਬਾਬਾ ਗੁਰੁਦਿੱਤਾ ਜੀ ਨੂੰ ਬਖਸ਼ੀ ਸੀ.

(ਕ) ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨਿਸ਼ਾਨ (ਝੰਡਾ).

(ਖ) ਬਾਬਾ ਗੁਰੁਦਿੱਤਾ ਜੀ ਦੀ ਦਸਤਾਰ.

(ਗ) ਬਾਬਾ ਗੁਰੁਦਿੱਤਾ ਜੀ ਦੇ ਬੈਠਣ ਦੀ ਸੋਜ਼ਨੀ.

(ਘ) ਬਾਬਾ ਗੁਰੁਦਿੱਤਾ ਜੀ ਦੇ ਓਢਣ ਦਾ ਸ਼ਾਲ.

(ਙ) ਬਾਬਾ ਜੀ ਦੀ ਗੋਦੜੀ (ਕੰਥਾ)

(੨) ਖੂਹ ਮੱਲੀਆਂ. ਇੱਥੇ ਭਾਈ ਗੁਰੁਦਾਸ ਜੀ ਵਿਰਾਜਿਆ ਕਰਦੇ ਸਨ. ਏਕਾਂਤ ਬੈਠਕੇ ਕਾਵ੍ਯਰਚਨਾ ਕਰਦੇ ਹੁੰਦੇ ਸਨ.

(੩) ਗੁਰੂ ਕੇ ਮਹਲ ਅਤੇ ਥੰਮ ਸਾਹਿਬ. ਸ਼੍ਰੀ ਗੁਰੂ ਅਰਜਨ ਦੇਵ ਨੇ ਇਕ ਦੀਵਾਨਖਾਨਾ ਬਣਵਾਇਆ ਸੀ, ਜਿਸ ਦੇ ਵਿਚਕਾਰ ਪੱਕੇ ਸਤੂਨ ਦੀ ਥਾਂ ਟਾਲ੍ਹੀ ਦਾ ਥੰਮ ਸੀ, ਜਿਸ ਤੋਂ ਨਾਉਂ ਥੰਮ ਸਾਹਿਬ ਹੋ ਗਿਆ. ਹੁਣ ਇਸ ਥਾਂ ਬਹੁਤ ਉੱਚੀ ਕਈ ਮੰਜ਼ਿਲੀ ਇਮਾਰਤ ਹੈ, ਜੋ ਦੂਰੋਂ ਨਜ਼ਰ ਆਉਂਦੀ ਹੈ.

(੪) ਗੰਗਸਰ ਕੂਆ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੫੬ ਵਿੱਚ ਲਗਵਾਇਆ.

(੫) ਟਾਹਲੀ ਸਾਹਿਬ. ਸ਼ਹਿਰ ਤੋਂ ਡੇਢ ਮੀਲ ਨੈਰਤ ਸ਼੍ਰੀ ਗੁਰੂ ਹਰਿਰਾਇ ਸਾਹਿਬ ਦਾ ਅਸਥਾਨ, ਜਿਸ ਥਾਂ ਆਪ ਵਿਰਾਜਿਆ ਕਰਦੇ ਸਨ.

(੬) ਥੰਮ ਸਾਹਿਬ. ਦੇਖੋ, ਅੰਗ ੩.

(੭) ਦਮਦਮਾ ਸਾਹਿਬ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੈਠਣ ਦਾ ਉੱਚਾ ਅਸਥਾਨ, ਜਿਸ ਥਾਂ ਬੈਠਕੇ ਯੁੱਧ ਦੀਆਂ ਵਾਰਾਂ ਸੁਣਦੇ ਅਤੇ ਫੌਜ ਦੇ ਕਰਤਬ ਦੇਖਦੇ. ਪੈਂਦੇ ਖਾਨ ਨੂੰ ਮਾਰਕੇ ਭੀ ਇੱਥੇ ਵਿਰਾਜੇ ਹਨ.

(੮) ਦਮਦਮਾ ਸਾਹਿਬ ੨. ਇੱਥੇ ਕਈ ਵਾਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਰਾਜਿਆ ਕਰਦੇ ਸਨ.

(੯) ਨਾਨਕੀਆਣਾ. ਸ਼ਹਿਰ ਤੋਂ ਦੱਖਣ ਅੱਧ ਮੀਲ ਜਰਨੈਲੀ ਸੜਕ ਦੇ ਕਿਨਾਰੇ ਮਾਤਾ ਜੀ ਦਾ ਅਸਥਾਨ. ਲੋਕ ਆਖਦੇ ਹਨ ਕਿ ਇਹ ਮਾਤਾ ਜੀ ਦੀ ਸਮਾਧਿ ਹੈ. ਪਰੰਤੂ ਮਾਤਾ ਜੀ ਦਾ ਦੇਹਾਂਤ ਕੀਰਤਪੁਰ ਹੋਇਆ ਹੈ. ਕੋਈ ਅਚਰਜ ਨਹੀਂ ਕਿ ਕਰਤਾਰਪੁਰ ਦੇ ਸੋਢੀ ਸਾਹਿਬਾਨ ਨੇ ਉਸ ਥਾਂ ਤੋਂ ਭਸਮ ਲਿਆਕੇ ਸਮਾਧਿ ਬਣਾਈ ਹੋਵੇ.

(੧੦) ਬੇਰਸਾਹਿਬ. ਸ਼ਹਿਰ ਤੋਂ ਇੱਕ ਮੀਲ ਅਗਨਿ ਕੋਣ ਇੱਕ ਬੇਰੀ, ਜਿਸ ਹੇਠ ਬਾਬਾ ਗੁਰੁਦਿੱਤਾ ਜੀ ਕਈ ਵਾਰ ਵਿਰਾਜੇ ਅਤੇ ਇੱਕ ਵਾਰ ਬਾਬਾ ਸ਼੍ਰੀਚੰਦ ਜੀ ਭੀ ਮਿਲਣ ਆਏ ਠਹਿਰੇ ਹਨ.

(੧੧) ਮਾਤਾ ਕੌਲਾਂ ਜੀ ਦੀ ਸਮਾਧਿ. ਰਾਮਗੜ੍ਹੀਆਂ ਦੇ ਮਹੱਲੇ ਪਾਸ ਪੱਕੇ ਬਾਗ ਅੰਦਰ ਹੈ.

(੧੨) ਵਿਵਾਹ ਅਸਥਾਨ, ਜਿੱਥੇ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼੍ਰੀਮਤੀ ਗੁਜਰੀ ਜੀ ਨਾਲ ਸ਼ਾਦੀ ਹੋਈ. ਇਹ ਗੁਰਦ੍ਵਾਰਾ ਰਬਾਬੀਆਂ ਦੇ ਮਹੱਲੇ ਹੈ.

ਕਰਤਾਰਪੁਰ ਨੂੰ ਸੰਮਤ ੧੮੧੪ (ਸਨ ੧੭੫੬) ਵਿੱਚ ਅਹਮਦਸ਼ਾਹ ਨੇ ਅੱਗ ਲਾਕੇ ਭਾਰੀ ਨੁਕਸਾਨ ਪਹੁੰਚਾਇਆ ਸੀ.

(C) ਸਤਿਸੰਗ. ਵਾਹਗੁਰੂ ਦੇ ਨਿਵਾਸ ਦਾ ਅਸਥਾਨ. ਦੇਖੋ, ਕਰਤਾਰਪੁਰਿ.

ਕਰਤਾਰਪੁਰਿ: ਕਰਤਾਰਪੁਰ ਵਿੱਚ. ਭਾਵ ਸਤਿਸੰਗ ਵਿੱਚ. "ਕਰਤਾਰਪੁਰਿ ਕਰਤਾ ਵਸੈ." (ਬਿਲਾ ਮਃ ੫)

ਕਰਤਾਰਿ: ਕਰਤਾਰ ਨੇ. "ਅੰਗੀਕਾਰੁ ਕੀਓ ਕਰਤਾਰਿ." (ਬਿਲਾ ਮਃ ੫) ੨. ਕਰਤਾਰ ਨੂੰ. "ਜੋ ਭਾਣੀ ਕਰਤਾਰਿ." (ਆਸਾ ਮਃ ੫)

ਕਰਤਾਰੀ: ਗੁਰੂ ਨਾਨਕ ਦੇਵ ਦਾ ਸਿੱਖ, ਜੋ ਕਰਤਾਰ ਦਾ ਉਪਾਸਕ ਹੈ। ੨. ਕਰਤਾਲੀ. ਹੱਥਾਂ ਦੀ ਤਾੜੀ. "ਬਿਖੈ ਬਿਹੰਗਨ ਕੋ ਕਰਤਾਰੀ." (ਗੁਪ੍ਰਸੂ) ਵਿਸ਼ੇਰੂਪ ਪੰਛੀਆਂ ਦੇ ਉਡਾਉਣ ਲਈ ਹੱਥ ਦੀ ਤਾੜੀ (ਤੌੜੀ) ਹੈ.

ਕਰਤਾਰੇ: ਸੰ. कर्त्ता ਕਰਤਾਰ ਨੇ. "ਠਾਢਿ ਪਾਈ ਕਰਤਾਰੇ." (ਸੋਰ ਮਃ ੫)

ਕਰਤਾਲ: ਸੰਗਯਾ- ਕਮ੍ਰਾਟ. ਝਾਂਝ. ਖੜਤਾਲ. "ਕਰ ਕਰਤਾਲ ਪਖਾਵਜ ਨੈਨਹੁ." (ਰਾਮ ਮਃ ੫) ਹੱਥ ਖੜਤਾਲ ਅਤੇ ਨੇਤਰ ਪਖਾਵਜ। ੨. ਦੋ ਹੱਥਾਂ ਦੇ ਪਸਪਰ ਮਾਰਨ ਦੀ ਕ੍ਰਿਯਾ.

ਕਰਤਾਲੀ: ਦੇਖੋ, ਕਰਤਾਰੀ ੨.

ਕਰਤਿਆ: ਵਿ- ਕਾਰਿਤ. ਕਰਾਇਆ ਹੋਇਆ. "ਕੀਤਾ ਕਰਤਿਆ ਓਸ ਦਾ ਸਭੁ ਗਇਆ." (ਵਾਰ ਗਉ ੧. ਮਃ ੪) ਕ੍ਰਿਤ ਅਤੇ ਕਾਰਿਤ ਸਭ ਨਿਸਫਲ ਹੋਇਆ.

ਕਰਤਿਕਜਾਨੀ: ਕਾਰਤਿੰਕੇਯ (ਖੜਾਨਨ) ਦੀ ਸ਼ਕਤਿ. "ਨਮੋ ਕਰਤਿਕਜਾਨੀ ਸਿਵਾ ਸੀਤਲਾਯੰ." (ਚੰਡੀ ੨)

ਕਰਤੂਤ, ਕਰਤੂਤਿ: ਸੰਗਯਾ- ਕਰਤ੍ਰਿਤ੍ਵ. ਕਰਣੀ. "ਕਰਤੂਤਿ ਪਸੂ ਕੀ ਮਾਨਸ ਜਾਤਿ." (ਸੁਖਮਨੀ) ੨. ਵ੍ਯੰਗ ਨਾਲ ਬੁਰੇ ਕੰਮ ਨੂੰ ਭੀ ਕਰਤੂਤ ਆਖਦੇ ਹਨ. ਜਿਵੇਂ- "ਚੰਗੀ ਕਰਤੂਤ ਕੀਤੀ ਹੈ!" (ਲੋਕੋ)

ਕਰਤੋਯਾ: ਸੰਗਯਾ- ਪੂਰਵੀ ਬੰਗਾਲ ਆਸਾਮ ਦੀ ਨਦੀ, ਜੋ ਰੰਗਪੁਰ ਪਾਸ ਵਹਿੰਦੀ ਹੈ. ਪੁਰਾਣਕਥਾ ਹੈ ਕਿ ਜਦ ਸ਼ਿਵ ਨੇ ਪਾਰਬਤੀ ਦਾ ਪਾਣਿਗ੍ਰਹਣ ਕਰਨ ਵੇਲੇ ਹੱਥ ਪੁਰ ਸੰਕਲਪ ਦਾ ਜਲ ਲਿਆ, ਉਸ ਤੋਂ ਇਹ ਨਦੀ ਬਣੀ ਹੈ. ਇਸ ਦੇ ਉੱਪਰੋਂ ਲੰਘ ਜਾਣ ਕਰਕੇ ਧਰਮ ਦਾ ਨਾਸ਼ ਹੋਣਾ ਮੰਨਿਆ ਹੈ. ਦੇਖੋ, ਕਰਮਨਾਸਾ.

ਕਰਤ੍ਰੀ: ਸੰ. कर्तृ ਕਰਨ ਵਾਲਾ. ਕਾਰਕ। ੨. ਵ੍ਯਾਕਰਣ ਅਨੁਸਾਰ ਦੂਸਰੇ ਕਾਰਕਾਂ ਦਾ ਪ੍ਰੇਰਕ. ਕ੍ਰਿਯਾ ਦਾ ਆਸਰਾ। ੩. ਬ੍ਰਹਮਾ। ੪. कर्त्री ਕਰਨੇ ਵਾਲੀ.

**ਕਰਦ:** ਵਿ- ਕਰ (ਟੈਕਸ) ਦੇਣ ਵਾਲਾ. ਮਹਿਸੂਲ ਅਦਾ ਕਰਨ ਵਾਲਾ। ੨. ਹੱਥ ਦੇਣ ਵਾਲਾ. ਸਹਾਰਾ ਦੇਣ ਵਾਲਾ। ੩. ਸੰ. कर्द ਕਦੰ. ਚਿੱਕੜ. ਕੀਚ। ੪. ਫ਼ਾ. کرد ਕੀਤਾ. ਕਰਿਆ। ੫. ਫ਼ਾ. کارد ਕਾਰਦ. ਛੁਰੀ. ਕ੍ਰਿਪਾਣ। ੬. ਭਾਈ ਸੰਤੋਖ ਸਿੰਘ ਨੇ ਲਿਖਿਆ ਹੈ- "ਨਿਜ ਕਰਤੇ ਸਤਿਗੁਰੁ ਕੋ ਦਈ। ਯਾਂਤੇ ਕਰਦ ਨਾਮ ਵਿਦਤਈ." (ਗੁਪ੍ਰਸੂ) ਪਰ ਇਹ ਵ੍ਯੁਤਪੱਤੀ ਨਿਰਮੂਲ ਹੈ.

**ਕਰਦਹ:** ਫ਼ਾ. کرده ਕੀਤਾ. ਕੀਤਾ ਹੋਇਆ.

**ਕਰਦਨ:** ਫ਼ਾ. کردن ਕ੍ਰਿ- ਕਰਨਾ. "ਗੁਸਲ ਕਰਦਨ ਬੂਦ." (ਤਿਲੰ ਕਬੀਰ)

**ਕਰਦਭੇਟ:** ਕ੍ਰਿਪਾਨਭੇਟ. ਦੇਖੋ, ਭੇਟ ਕਰਨਾ.

**ਕਰਦਮ:** ਸੰ. कर्दम ਸੰਗ੍ਯਾ- ਚਿੱਕੜ. ਗਾਰਾ. ਕੀਚ. "ਕਰਦਮੰ ਤਰੰਤ ਪਪੀਲਕਹ." (ਸਹਸ ਮਃ ੫) ੨. ਪਾਪ। ੩. ਇੱਕ ਰਿਖੀ, ਜੋ ਬ੍ਰਹਮਾ ਦੀ ਛਾਇਆ ਤੋਂ ਪੈਦਾ ਹੋਇਆ. ਇਸ ਦੀ ਇਸਤ੍ਰੀ ਦੇਵਹੂਤੀ ਸੀ, ਜਿਸ ਦੇ ਉਦਰੋਂ ਕਪਿਲਮੁਨਿ ਨੇ ਜਨਮ ਲਿਆ. ਦੇਖੋ, ਕਪਿਲ। ੪. ਫ਼ਾ. کردم ਮੈਂ ਕੀਤਾ।

**ਕਰਦਲ:** ਕ੍ਰੰਦਨ. ਪੁਕਾਰਨਾ. ਚਿੱਲਾਨਾ। ੨. ਕ੍ਰਿਤ ਦਲ. ਦਲਨ ਕੀਤਾ। ੩. ਸੰ. कृदर- ਕ੍ਰਿਦਰ. ਘਰ. ਗ੍ਰਿਹ। ੪. ਉਦਰ. ਪੇਟ। ੫. ਦੇਖੋ, ਦਲ ੪.

**ਕਰਦੀ:** ਫ਼ਾ. کردی ਤੈਂ ਕੀਤਾ. ਇਸ ਦਾ ਮੂਲ ਕਰਦਨ ਹੈ.

**ਕਰਦੇਮ:** ਫ਼ਾ. کردیم ਅਸੀਂ ਕੀਤਾ. "ਕਰਦੇਮ ਬਦੀ ਖਿਆਲ." (ਤਿਲੰ ਮਃ ੧)

**ਕਰਦੰ:** ਦੇਖੋ, ਕਰਦਨ.

**ਕਰਨ:** ਦੇਖੋ, ਕਰਣ. "ਕੁੰਡਲ ਕਰਨ ਵਾਰੀ, ਸੁਮਤਿ ਕਰਨ ਵਾਰੀ, ਕਮਲ ਕਰਨ ਵਾਰੀ ਗਤਿ ਹੈ ਕਰਿਨ ਕੀ." (ਗੁਪ੍ਰਸੂ) ਕੰਨਾਂ ਵਿੱਚ ਕੁੰਡਲਾਂ ਵਾਲੀ, ਉੱਤਮ ਬੁੱਧਿ ਦੇ ਬਣਾਉਣ ਵਾਲੀ, ਹੱਥ ਵਿੱਚ ਕਮਲ ਧਾਰਣ ਵਾਲੀ, ਚਾਲ ਹੈ ਹਾਥੀ ਜੇਹੀ। ੨. ਕਰਣ. ਇੰਦ੍ਰਿਯ. ਅੱਖ ਕੰਨ ਨੱਕ ਆਦਿ ਇੰਦ੍ਰੀਆਂ. "ਕਰਨ ਸਿਉਇਛਾ ਚਾਰਹ." (ਸਵੈਯੇ ਮਃ ੨. ਕੇ) ਕੇ) ਕਰਣ (ਇੰਦ੍ਰੀਆਂ) ਨੂੰ ਸ੍ਵ (ਆਪਣੀ) ਇੱਛਾ ਅਨੁਸਾਰ ਚਲਾਉਂਦੇ ਹਨ. ਭਾਵ, ਇੰਦ੍ਰੀਆਂ ਕ਼ਾਬੂ ਕੀਤੀਆਂ ਹਨ। ੩. ਦੇਖੋ, ਕਰਣ ੧੧.

**ਕਰਨਕਾਰਨ:** ਦੇਖੋ, ਕਰਣ ਕਾਰਣ.

**ਕਰਨਧਾਰ:** ਦੇਖੋ, ਕਰਣਧਾਰ.

**ਕਰਨਪਲਾਹ, ਕਰਨਪਲਾਵ:** ਦੇਖੋ, ਕਰਣਪਲਾਹ.

**ਕਰਨਪੂਰ:** ਦੇਖੋ, ਕਰਣਪੂਰ. "ਕਰਨਪੂਰ ਬਰ ਬੇਸਰ ਕੀਨੇ." (ਨਾਪ੍ਰ)

**ਕਰਨਫੂਲ:** ਸੰਗ੍ਯਾ- ਕੰਨਾ ਦਾ ਗਹਿਣਾ, ਜੋ ਫੁੱਲ ਦੀ ਸ਼ਕਲ ਦਾ ਹੁੰਦਾ ਹੈ.

**ਕਰਨਾ:** ਕ੍ਰਿ- ਕਰਣਾ. ਕਿਸੇ ਕਰਮ ਦਾ ਅ਼ਮਲ ਵਿੱਚ ਲਿਆਉਣਾ। ੨. ਸੰਗ੍ਯਾ- ਖੱਟੇ ਦਾ ਬੂਟਾ। ੩. ਖੱਟੇ ਦੇ ਫੁੱਲ. "ਕਹਿਨਾ ਕਹਿਨਾ ਫੂਲ ਹੈਨ ਸੁਗੰਧਿ ਗੁਰੂ ਕਰਨਾ ਕਰਨਾ ਕਰਨਾ." (ਗੁਪ੍ਰਸੂ) ਮੂੰਹ ਦੀ ਕਹਿਣੀ ਕਾਹਣੇ ਬਰਾਬਰ ਹੈ, ਜਿਸ ਵਿੱਚ ਸੁਗੰਧਿ ਨਹੀਂ, ਗੁਰੂ ਦੀ ਕਰਣੀ ਕਰਨੇ ਦੀ ਤਰਾਂ ਸੁਗੰਧਿ ਕਰਨ ਵਾਲੀ ਹੈ। ੪. ਦੇਖੋ, ਕਰਣਾ ਅਤੇ ਕਰੁਣਾ। ੫. ਦੇਖੋ, ਕਰਨਾਇ.

**ਕਰਨਾਇ, ਕਰਨਾਈ:** ਸੰ. कारुण्य ਕਾਰੁਣ੍ਯ. ਸੰਗ੍ਯਾ- ਕ੍ਰਿਪਾਲਤਾ. ਰਹਮ. "ਛੋਰਦਯੋ ਮੁਹਿ ਕੈ ਕਰਨਾਈ।" (ਕ੍ਰਿਸਨਾਵ) ੨. ਅ਼. قرنا - کرنائے ਕ਼ਰਨਾ. ਤੁਰ੍ਹੀ. "ਡਫ ਸੋਂ ਮੁਰਲੀ ਕਰਨਾਈ." (ਨਾਪ੍ਰ) "ਸੰਖ ਢੋਲ ਕਰਨਾਏਂ ਗਾਜੀ." (ਚਰਿਤ੍ਰ ੯੭)

ਦੇਖੋ, ਅੰ. Cornet.

ਕਰਨਾਟਕ: ਦੇਖੋ, ਕਰਣਾਟਕ। ੨. ਹਥਫੇਰੀ. ਹੱਥ ਦੀ ਫੁਰਤੀ.

ਕਰਨਾਲ: ਪੰਜਾਬ ਦਾ ਇੱਕ ਜ਼ਿਲਾ, ਜੋ ਅੰਬਾਲੇ ਦੀ ਕਮਿਸ਼ਨਰੀ ਵਿੱਚ ਹੈ. ਲੋਕਾਂ ਦਾ ਇਹ ਖ਼ਿਆਲ ਹੈ ਕਿ ਇਹ ਕਰਣ ਨੇ ਵਸਾਇਆ ਹੈ (ਕਰਣਾਲਯ).

ਬੰਦਾ ਬਹਾਦੁਰ ਨੇ ਸਨ ੧੭੦੯ ਵਿੱਚ ਕਰਨਾਲ ਫ਼ਤੇ ਕੀਤਾ. ਸ਼੍ਰੀ ਗੁਰੂ ਨਾਨਕ ਦੇਵ ਇਸ ਸ਼ਹਿਰ ਦਿੱਲੀ ਨੂੰ ਜਾਂਦੇ ਹੋਏ ਵਿਰਾਜੇ ਹਨ. ਮਹੱਲਾ ਠਠੇਰਾਂ ਵਿੱਚ ਗੁਰਦ੍ਵਾਰਾ ਹੈ। ੨. ਉਹ ਬੰਦੂਕ, ਜੋ ਹੱਥ ਪੁਰ ਰੱਖਕੇ ਬਿਨਾ ਕਿਸੇ ਸਹਾਰੇ ਦੇ ਚਲਾਈ ਜਾਵੇ. ਇਸੇ ਦਾ ਨਾਉਂ "ਹਥਨਾਲ" ਹੈ.

ਕਰਨਿ: ਕਣੰ (ਕੰਨ) ਵਿੱਚ. ਕਾਨ ਮੇ. "ਕਦੇ ਨ ਕਰਨਿ ਧਰਿਆ." (ਸ੍ਰੀ ਅਃ ਮਃ ੫) ੨. ਕਰਦੇ ਹਨ. "ਮੰਨੇ ਕਾ ਬਹਿ ਕਰਨਿ ਵੀਚਾਰੁ." (ਜਪੁ) ੩. ਕੀਤੇ ਗਏ ਹਨ.

ਕਰਨੀ: ਦੇਖੋ, ਕਰਣੀ. "ਕਹਾ ਕਹਉ ਮੈ ਅਪਨੀ ਕਰਨੀ?" (ਸਾਰ ਮਃ ੯) ੨. ਦੇਖੋ, ਕਰਿਨੀ। ੩. ਕਣੰ (ਕੰਨਾਂ) ਕਰਕੇ. ਕਾਨੋਂ ਸੇ. "ਕਰਨੀ ਸੁਨੀਐ ਜਸੁ ਗੋਪਾਲ." (ਗਉ ਥਿਤੀ ਮਃ ੫)

ਕਰਨੀਨਾਮਾ: ਸਤਿਗੁਰੂ ਨਾਨਕ ਦੇਵ ਜੀ ਦੀ ਕਾਜੀ ਰੁਕਨੁੱਦੀਨ ਨਾਲ ਜੋ ਗੋਸਟਿ ਹੋਈ ਹੈ, ਉਸ ਦਾ ਦੂਜਾ ਨਾਉਂ "ਕਰਨੀਨਾਮਾ" ਹੈ.

ਕਰਨੈਸੇ: ਵਾ- ਕਰਣ- ਜੈਸੇ. ਕਰਣ ਦੀ ਤਰਾਂ. "ਕ੍ਰੁੱਧਕੈ ਜੁੱਧ ਕਰਯੋ ਕਰਨੈਸੇ." (ਚੰਡੀ ੧) ੨. ਕਰਣ ਸੇ. ਕਰਣ ਨਾਲ. "ਪਾਰਥ ਜਯੋਂ ਰਿਸਕੈ ਕਰਨੈਸੇ." (ਕ੍ਰਿਸਨਾਵ)

ਕਰਨੰਦਰਿ: ਦੇਖੋ, ਕਰਣੰਦਰਿ। ੨. ਦੇਖੋ, ਨੰਦਰਿ.

ਕਰਪਟ: ਸੰ. ਕਪੰਟ. ਸੰਗਯਾ- ਚੀਥੜਾ. ਲੀਰ. ਟੱਲੀ। ੨. ਵਸਤ੍ਰ. ਲਿੰਗੜਾ। ੩. ਗੇਰੂਰੰਗਾ ਵਸਤ੍ਰ.

ਕਰਪਟੰਬੁ: ਦੇਖੋ, ਕਰਿਪਟੰਬੁ.

ਕਰਪਤ੍ਰ: ਦੇਖੋ, ਕਰਵਤ.

ਕਰਪਫਾ: ਕਰੀ ਹੈ. ਕੀਤੀ ਹੈ। ੨. ਕਰਦੇ ਹਨ। ੩. ਪ੍ਰਫੁੱਲਿਤ ਕਰ. "ਜਪਿ ਸੋਭਾ ਗੁਰਮੁਖਿ ਕਰਪਫਾ." (ਪ੍ਰਭਾ ਮਃ ੪)

ਕਰਪਰ: ਸੰ. ਕਪੰਰ. ਸੰਗਯਾ- ਪਿਆਲਾ. ਪਾਤ੍ਰ। ੨. ਕਪਾਲ. ਖੋਪਰ.

ਕਰਪਲਵ: ਸੰ. ਕਰਪੱਲਵ. ਸੰਗਯਾ- ਉਂਗਲੀ. ਹੱਥ ਦੀ ਸ਼ਾਖਾ.

ਕਰਪਲਵ ਸਾਖਾ ਬੀਚਾਰੈ: (ਰਾਮ ਬੇਣੀ) ਸੰਸਾਰ ਨੂੰ ਬ੍ਰਹਮਰੂਪ ਬਿਰਛ ਦੇ ਪੱਤੇ ਅਤੇ ਸ਼ਾਖ਼ਾ ਕਰਕੇ ਜਾਣੇ.

ਕਰਪੱਲਵੀ: ਸੰਗਯਾ- ਉਂਗਲਾਂ ਉੱਪਰ ਸੰਕੇਤ ਕੀਤੇ ਅੱਖਰਾਂ ਦੀ ਵਰਣਮਾਲਾ. ਅਨੇਕ ਪ੍ਰਕਾਰ ਦੀ ਕਰਪੱਲਵੀ ਕਲਪੀ ਗਈ ਹੈ. ਲੋਕਾਂ ਨੇ ਆਪਣੇ ਆਪਣੇ ਸੰਕੇਤ ਥਾਪਕੇ ਅੱਖਰ ਅਤੇ ਮਾਤ੍ਰਾ ਦੀ ਰਚਨਾ ਕੀਤੀ ਹੈ, ਪਰੰਤੂ ਬਹੁਤ ਪ੍ਰਸਿੱਧ ਕਰਪੱਲਵੀ ਇਹ ਹੈ-

"ਅਹਿਫਨ ਕਮਲ ਚਕ੍ਰ ਟੰਕਾਰ।

ਤਰੁ ਪੱਲਵ ਯੌਵਨ ਸ਼੍ਰਿੰਗਾਰ।

ਉਂਗਲੀ ਅੱਛਰ ਚੁਟਕੀ ਮਾਤ।

ਰਾਮ ਕਹਤ ਲਛਮਨ ਸੇ ਬਾਤ."

ਸੱਪ ਦੇ ਫਣ ਵਾਂਙ ਹੱਥ ਕਰਨ ਤੋਂ ਉੜੇ ਦੀ ਸਤਰ, ਕਮਲ ਆਕਾਰ ਹੱਥ ਕਰਨ ਤੋਂ ਕੱਕੇ ਦੀ ਪੰਕਤਿ, ਚਕ੍ਰ ਆਕਾਰ ਉਂਗਲੀ ਘੁਮਾਉਣ ਤੋਂ ਚੱਚੇ ਦੀ ਸਤਰ, ਘੜਿਆਲ ਨੂੰ ਹਥੌੜੀ ਲਾਉਣ ਵਾਂਙ ਹਰਕਤ ਤੋਂ ਟ ਦੀ ਸਤਰ. ਬਿਰਛ ਵਾਂਗ ਹੱਥ ਕਰਨ ਤੋਂ ਤੱਤੇ ਦੀ ਸਤਰ, ਪੱਤ ਦੀ ਤਰਾਂ ਬਣਾਉਣ ਤੋਂ ਪੱਪੇ ਦੀ ਪੰਕਤਿ ਅਤੇ ਮੁੱਛਾਂ ਤੇ ਹੱਥ ਫੇਰਨ ਤੋਂ ਯੱਯੇ ਦੀ ਸਤਰ ਦਾ ਬੋਧ ਹੁੰਦਾ ਹੈ. ਉਂਗਲੀ ਤੋਂ ਅੱਖਰ ਅਤੇ ਚੁਟਕੀ ਤੋਂ ਮਾਤ੍ਰਾ ਸਮਝਾਈ ਜਾਂਦੀ ਹੈ. ਯਥਾ- ਜੇ ਗੁਰੁ ਸ਼ਬਦ ਸਮਝਾਉਣਾ ਹੋਵੇ ਤਾਂ ਪਹਿਲਾਂ ਕਮਲ ਵਾਂਙ ਹੱਥ ਕਰੋ, ਇਸ ਤੋਂ ਕੱਕੇ ਦੀ ਸਤਰ ਸਮਝੀ ਗਈ. ਗੱਗਾ ਇਸ ਸਤਰ ਵਿੱਚ ਤੀਜਾ ਅੱਖਰ ਹੈ, ਇਸ ਲਈ ਤੀਜੀ ਉਂਗਲੀ ਖੜੀ ਕਰੋ, ਇਸ ਤੋਂ ਗ ਦਾ ਬੋਧ ਹੋਇਆ. ਗੱਗੇ ਨੂੰ ਮਾਤ੍ਰਾ ਪੰਜਵੀਂ ਹੈ, ਇਸ ਲਈ ਪੰਜ ਚੁਟਕੀਆਂ ਬਜਾਓ. ਦੂਜਾ ਅੱਖਰ ਰਾਰਾ ਹੈ, ਉਸ ਲਈ ਪਹਿਲਾਂ ਮੁੱਛਾਂ ਤੇ ਹੱਥ ਫੇਰੋ ਇਸ ਤੋਂ ਯੱਯੇ ਦੀ ਪੰਕਤੀ ਦਾ ਗਯਾਨ ਹੋਇਆ- ਰਾਰਾ ਦੂਜਾ ਅੱਖਰ ਹੈ, ਇਸ ਲਈ ਦੂਜੀ ਉਂਗਲ ਖੜੀ ਕਰੋ. ਰਾਰੇ ਨੂੰ ਮਾਤ੍ਰਾ ਛੀਵੀਂ ਹੈ ਇਸ ਵਾਸਤੇ ਵੀ ਚੁਟਕੀਆਂ ਬਜਾਓ. ਇਸ ਤਰਾਂ ਗੁਰੁ ਸ਼ਬਦ ਬਣਿਆ. ਐਸੇ ਹੀ ਸਭ ਅੱਖਰ ਅਤੇ ਮਾਤ੍ਰਾ ਸਮਝ ਲਓ.

ਕਰਪਾ: ਸੰਗਯਾ- ਕਾਠ ਦੇ ਦਸਤੇ ਵਾਲਾ ਦੁਧਾਰਾ ਖੰਡਾ,

ਜੋ ਨੇਜੇ ਦੀ ਤਰਾਂ ਚਲਾਈਦਾ ਹੈ। ੨. ਕਰ (ਹੱਥ) ਦੀ ਪਾ (ਰਖ੍ਯਾ) ਕਰਨ ਵਾਲਾ. ਚਿਮਟਾ. ਦਸ੍ਤਪਨਾਹ (ਦਸਤਪਣਾ). ੩. ਦਸਤਾਨਾ.

ਕਰਪਾਤੀ: ਸੰ. करपात्रिन ਕਰਪਾਤ੍ਰੀ. ਵਿ- ਜੋ ਹੱਥ ਨੂੰ ਹੀ ਪਾਤ੍ਰ ਰਖਦਾ ਹੈ. ਬਿਨਾ ਹੱਥ ਤੋਂ ਹੋਰ ਪਾਤ੍ਰ ਦਾ ਤ੍ਯਾਗੀ. "ਮੋਨ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ." (ਸੋਰ ਅਃ ਮਃ ੫)

ਕਰਪਾਨ: ਦੇਖੋ, ਕ੍ਰਿਪਾਣ। ੨. ਹੱਥ ਨਾਲ ਪੀਣਾ ਜਾਂ ਪੀਣਵਾਲਾ.

ਕਰਪਾਲ: ਸੰ. ਸੰਗਯਾ- ਮਹਿਸੂਲੀਆ. ਟੈਕਸ ਬਟੋਰਨ ਵਾਲਾ। ੨. ਦੇਖੋ, ਕਰਵਾਲ.

ਕਰਪਾਲੀ: ਦੇਖੋ, ਕਰਪੱਲਵੀ.

ਕਰਪੂਰ: ਸੰ. ਹਾਥੀ, ਜੋ ਕਰ (ਸੁੰਡ) ਨਾਲ ਉਦਰ ਪੂਰਣ ਕਰਦਾ ਹੈ. "ਕਰਪੂਰਗਤਿ ਬਿਨ ਅਕਾਲ ਦੂਜੋ ਕਵਨ?" (ਗ੍ਯਾਨ) ਇਸ ਪਾਠ ਨੂੰ ਅਞਾਣ ਲਿਖਾਰੀਆਂ ਨੇ ਕਪੂਰਗਤਿ ਲਿਖ ਰੱਖਿਆ ਹੈ. "ਕੰਬੁਗ੍ਰੀਵ ਕਰਪੂਰਗਤਿ." (ਸਲੋਹ) ੨. ਸੰ. ਕਪੂੰਰ. ਕਾਫੂਰ. ਕਪੂੰਰ (ਕਪੂਰ) ਬਿਰਛ ਅਤੇ ਉਸ ਦੇ ਰਸ ਤੋਂ ਬਣਿਆ ਹੋਇਆ ਇੱਕ ਸੁਗੰਧ ਵਾਲਾ ਪਦਾਰਥ. "ਕਰਪੂਰ ਪੁਹਪ ਸੁਗੰਧਾ." (ਗਾਥਾ) ਦੇਖੋ, ਕਪੂਰ.

ਕਰਬ: ਕਰਨਾ. "ਬਹੁਰ ਜੱਗ ਕੋ ਕਰਬ ਮਿਟਾਯੋ." (ਅਰਹੰਤਾਵ) ੨. ਅ਼. کرب ਸੰਗਯਾ- ਗ਼ਮ. ਰੰਜ. ਸ਼ੋਕ। ੩. ਦੁੱਖ। ੪. ਬੇਚੈਨੀ.

ਕਰਬਲਾ: ਅ਼. کربلا ਇ਼ਰਾਕ਼ ਅ਼ਰਬ (Mesopotamia) ਵਿੱਚ ਦਰਿਆ ਫ਼ਰਾਤ ਦੇ ਪੱਛਮੀ ਕਿਨਾਰੇ ਉਹ ਥਾਂ, ਜਿੱਥੇ ੧੦. ਅਕਤੂਬਰ ਸਨ ੬੮੦ ਨੂੰ ਚੌਥੇ ਖਲੀਫ਼ਾ ਹਜਰਤ ਅਲੀ ਦਾ ਪੁਤ੍ਰ ਹੁਸੈਨ, ਯਜ਼ੀਦ ਦੀ ਫ਼ੌਜ ਨੇ, ਵਡੀ ਬੇਰਹਮੀ ਨਾਲ ਮਾਰਿਆ. ਦੇਖੋ, ਹੁਸੈਨ.

ਹੁਣ ਇਸ ਥਾਂ ਵਡਾ ਨਗਰ ਆਬਾਦ ਹੈ, ਜਿਸ ਦੀ ਪਿਛਲੀ ਮਰਦੁਮਸ਼ੁਮਾਰੀ ੬੦੦੦੦ ਸੀ. ਇਮਾਮ ਹੁਸੈਨ ਦਾ ਮਕਬਰਾ ਸੁਨਹਿਰੀ ਗੁੰਬਜਦਾਰ ਸੁੰਦਰ ਬਣਿਆ ਹੋਇਆ ਹੈ. ਬਹੁਤ ਮੁਸਲਮਾਨ ਇਸ ਦੇ ਆਸ ਪਾਸ ਮੁਰਦੇ ਦੱਬਣੇ ਪੁੰਨਕਰਮ ਸਮਝਦੇ ਹਨ ਅਤੇ ਦੂਰ ਦੂਰ ਤੋਂ ਮੁਰਦੇ ਲੈ ਕੇ ਆਉਂਦੇ ਹਨ. ਹਿੰਦੁਸਤਾਨ ਵਿੱਚੋਂ ਭੀ ਧਨੀ ਲੋਕ ਉਸ ਥਾਂ ਮੁਰਦੇ ਲੈ ਜਾਂਦੇ ਹਨ, ਜੈਸੇ ਖ਼ੈਰਪੁਰ ਦੇ ਮੀਰ। ੨. ਉਹ ਅਹਾਤਾ ਜਿਸ ਵਿੱਚ ਤਾਜੀਏ (ਦਹੇ) ਦੱਬੇ ਜਾਣ.

ਕਰਬਾਲ: ਦੇਖੋ, ਕਰਵਾਲ.

ਕਰਬੂਰ: ਸੰ. ਕਬੁੰਰ. ਸੰਗਯਾ- ਸੁਵਰਣ. ਸੋਨਾ। ੨. ਧਤੂਰਾ। ੩. ਜਲ। ੪. ਪਾਪ। ੫. ਦੈਤਯ. ਰਾਖਸ. "ਕਰਬੂਰ ਬਿਨਾਸੀ." (ਭਾਵਰਸਾਂਮ੍ਰਿਤ)

ਕਰਭ: ਸੰ. ਸੰਗਯਾ- ਊਠ ਦਾ ਬੱਚਾ। ੨. ਹਾਥੀ ਦਾ ਬੱਚਾ. "ਕਰਿਕਰਭ ਬਿਸਾਲ ਕਰ." (ਨਾਪ੍ਰ) ਕਰਭ ਦਾ ਕਰ (ਸੁੰਡ), ਉਸ ਜੇਹੀ ਲੰਮੀ ਬਾਹਾਂ। ੩. ਦੇਖੋ, ਦੋਹਰੇ ਦਾ ਰੂਪ ੧੩.

ਕਰਭਿਖ: ਰਾਜਾ ਧ੍ਰਿਤਰਾਸ਼੍ਟ੍ਰ ਦਾ ਇੱਕ ਪੁਤ੍ਰ.

ਕਰਭੀ: ਕਰਭ ਦਾ ਇਸਤ੍ਰੀ ਲਿੰਗ.

ਕਰਮ: ਸੰ. ਕ੍ਰਮ. ਸੰਗਯਾ- ਡਿੰਗ. ਕ਼ਦਮ. ਡਗ. ਡੇਢ ਗਜ ਪ੍ਰਮਾਣ. ਤਿੰਨ ਹੱਥ[੧੯] ਦੀ ਲੰਬਾਈ. "ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ." (ਚਉਬੋਲੇ ਮਃ ੫) ੨. ਸੰ. ਕਮੰ. ਕੰਮ. ਕਾਮ. ਜੋ ਕਰਨ ਵਿੱਚ ਆਵੇ ਸੋ ਕਰਮ. "ਕਰਮ ਕਰਤ ਹੋਵੈ ਨਿਹਕਰਮ." (ਸੁਖਮਨੀ)

ਵਿਦ੍ਵਾਨਾਂ ਨੇ ਕਰਮ ਦੇ ਤਿੰਨ ਭੇਦ ਥਾਪੇ ਹਨ-

(ੳ) ਕ੍ਰਿਯਮਾਣ, ਜੋ ਹੁਣ ਕੀਤੇ ਜਾ ਰਹੇ ਹਨ. [੨੦]

(ਅ) ਪ੍ਰਾਰਬਧ, ਜਿਨ੍ਹਾਂ ਅਨੁਸਾਰ ਇਹ ਵਰਤਮਾਨ ਦੇਹ ਪ੍ਰਾਪਤ ਹੋਈ ਹੈ.

(ੲ) ਸੰਚਿਤ, ਉਹ ਜੋ ਜਨਮਾਂ ਦੇ ਬਾਕੀ ਚਲੇ ਆਉਂਦੇ ਹਨ, ਜਿਨ੍ਹਾਂ ਦਾ ਭੋਗ ਅਜੇ ਨਹੀਂ ਭੋਗਿਆ। ੩. ਵਿ ਕर्मिन ਕਰਮੀ. ਕਰਮ ਕਰਨ ਵਾਲਾ. "ਕਉਣ ਕਰਮ ਕਉਣ ਨਿਹਕਰਮਾ?" (ਮਾਝ ਮਃ ੫) ੪. ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਥਾਂ ਕਰ ਮੇਂ (ਹੱਥ ਵਿੱਚ) ਦੀ ਥਾਂ ਭੀ ਕਰਮ ਸ਼ਬਦ ਆਇਆ ਹੈ. ਦੇਖੋ, ਮੁਖਖੀਰੰ ੫. ਅ਼ਮਲ. ਕਰਣੀ. "ਮਨਸਾ ਕਰਿ ਸਿਮਰੰਤੁ ਤੁਝੈ x x x ਬਾਚਾ ਕਰਿ ਸਿਮਰੰਤੁ ਤੁਝੈ x x x ਕਰਮ ਕਰਿ ਤੁਅ ਦਰਸ ਪਰਸ." (ਸਵੈਯੇ ਮਃ ੪. ਕੇ)

੬. ਅ਼. کرم ਉਦਾਰਤਾ। ੭. ਕ੍ਰਿਪਾ. ਮਿਹਰਬਾਨੀ. "ਨਾਨਕ ਰਾਖਿਲੇਹੁ ਆਪਨ ਕਰਿ ਕਰਮ." (ਸੁਖਮਨੀ) "ਆਵਣ ਜਾਣ ਰਖੇ ਕਰਿ ਕਰਮ." (ਗਉ ਮਃ ੫) "ਨਾਨਕ ਨਾਮ ਮਿਲੈ ਵਡਿਆਈ ਏਦੂ ਉਪਰਿ ਕਰਮ ਨਹੀਂ." (ਰਾਮ ਅਃ ਮਃ ੧)

ਕਰਮਇੰਦ੍ਰਯ, ਕਰਮਇੰਦ੍ਰੀ: ਦੇਖੋ, ਕਰਮੇਂਦ੍ਰਿਯ.

ਕਰਮ ਸਿੰਘ: ਰਾਣੀ ਆਸਕੌਰ ਦੇ ਉਦਰੋਂ ਰਾਜਾ ਸਾਹਿਬ ਸਿੰਘ ਜੀ ਪਟਿਆਲਾਪਤਿ ਦਾ ਸੁਪੁਤ੍ਰ, ਜਿਸ ਦਾ ਜਨਮ ਅੱਸੂ ਸੁਦੀ ੫. ਸੰਮਤ ੧੮੫੫ (੧੬ ਅਕਤਬੂਰ ਸਨ ੧੭੯੮) ਨੂੰ ਹੋਇਆ. ਇਹ ਪੰਦਰਾਂ ਵਰ੍ਹੇ ਦੀ ਉਮਰ ਵਿੱਚ ਹਾੜ ਸੁਦੀ ੨. ਸੰਮਤ ੧੮੭੦ (੩੦ ਜੂਨ ਸਨ ੧੮੧੩) ਨੂੰ ਪਟਿਆਲੇ ਦੇ ਰਾਜਸਿੰਘਾਸਨ ਤੇ ਬੈਠਾ. ਮਹਾਰਾਜਾ ਕਰਮ ਸਿੰਘ ਪੂਰਣ ਗੁਰਸਿੱਖ, ਸੂਰਵੀਰ, ਨਿਰਵਿਕਾਰ ਅਤੇ ਰਾਜ ਦਾ ਪ੍ਰਬੰਧ ਕਰਨ ਵਿੱਚ ਵਡਾ ਚਤੁਰ ਸੀ. ਆਪਣੇ ਰਾਜ ਵਿੱਚ ਅਤੇ ਹੋਰ ਅਨੇਕ ਗੁਰਦ੍ਵਾਰੇ ਇਸ ਮਹਾਤਮਾ ਰਾਜੇ ਨੇ ਪੱਕੇ ਬਣਵਾਏ ਅਤੇ ਜ਼ਮੀਨ ਜਗੀਰਾਂ ਲਾਈਆਂ.

ਮਹਾਰਾਜਾ ਕਰਮ ਸਿੰਘ ਦਾ ਦੇਹਾਂਤ ੨੩ ਦਿਸੰਬਰ ਸਨ ੧੮੪੫ ਨੂੰ ਪਟਿਆਲੇ ਹੋਇਆ.

ਕਰਮਹੀਣ, ਕਰਮਹੀਨ: ਵਿ- ਅਭਾਗੀ. ਬਦਨਸੀਬ.

ਕਰਮਕ: ਦੇਖੋ, ਕਾਰਮੁਕ.

ਕਰਮਕਾਂਡ: ਸੰ. कर्म्मकाण्ड ਸੰਗਯਾ- ਸ਼ਾਸਤ੍ਰ ਦਾ ਉਹ ਕਾਂਡ (ਭਾਗ), ਜਿਸ ਵਿੱਚ ਕਰਮ ਦਾ ਵਰਣਨ ਹੈ. ਕੇਹੜੇ ਕਰਮ ਵਿਹਿਤ ਹਨ ਕੇਹੜੇ ਨਿਸ਼ਿੱਧ, ਕਿਸ ਕਿਸ ਨੂੰ ਕੇਹੜੇ ਕੇਹੜੇ ਕਰਮ ਕਿਸ ਕਿਸ ਸਮੇਂ ਕਰਨੇ ਚਾਹੀਏ, ਇਤਯਾਦਿਕ ਵਰਣਨ ਵਾਲਾ ਹਿੱਸਾ. "ਕਰਮ ਕਾਂਡ ਬਹੁ ਕਰਹਿ ਅਚਾਰ." (ਗਉ ਮ ੩)

ਕਰਮਕਾਂਡੀ: ਕਰਮਕਾਂਡ ਦਾ ਕਰਤਾ. ਦੇਖੋ, ਕਰਮਕਾਂਡ.

**ਕਰਮਕਿਰਤ:** ਕ੍ਰਿਤਕਰਮ. ਕੀਤੇ ਹੋਏ ਐਮਾਲ. "ਕਰਮਕਿਰਤ ਕੀ ਰੇਖ." (ਬਾਵਨ)

**ਕਰਮਖੰਡ:** ਸੰਗਯਾ- ਕ੍ਰਿਪਾ ਦੇ ਦੇਸ਼. ਉਹ ਅਵਸਥਾ (ਅਥਵਾ ਭੂਮਿਕਾ), ਜਿਸ ਵਿੱਚ ਵਾਹਿਗੁਰੂ ਦੀ ਕ੍ਰਿਪਾ ਅਤੇ ਬਖਸ਼ਿਸ਼ ਪ੍ਰਾਪਤ ਹੁੰਦੀ ਹੈ। ੨. ਕਰਮਯੋਗ ਦੀ ਭੂਮਿਕਾ. ਅ਼ਮਲ ਕਰਨ ਦਾ ਦਰਜਾ. "ਕਰਮਖੰਡ ਕੀ ਬਾਣੀ ਜੋਰੁ." (ਜਪੁ)

**ਕਰਮਚਾ:** ਕਰਮਾਨੁਸਾਰ. "ਧੁਰਕਰਮਚਾ." (ਵਾਰ ਮਾਰੂ ੨, ਮः ੫)

**ਕਰਮਚਾਰੀ:** ਕੰਮ ਚਲਾਉਣ ਵਾਲਾ, ਕਾਮਦਾਰ. ਅਹਿਲਕਾਰ.

**ਕਰਮਚੰਦ:** ਚੰਦੂ ਦਾ ਪੁਤ੍ਰ, ਜੋ ਗੁਰੂ ਹਰਿਗੋਬਿੰਦ ਸਾਹਿਬ ਨਾਲ ਹਰਿਗੋਬਿੰਦਪੁਰ ਦੇ ਜੰਗ ਵਿੱਚ ਲੜਿਆ ਅਤੇ ਗੁਰੂ ਸਾਹਿਬ ਦੇ ਹੱਥੋਂ ਮੋਇਆ। ੨. ਦੇਖੋ, ਫੂਲਵੰਸ਼।੩ ਹਾਫਿਜਾਬਾਦ ਨਿਵਾਸੀ ਇੱਕ ਸਿੱਖ, ਜਿਸ ਨੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ, (ਜਦਕਿ ਸਤਿਗੁਰੂ ਕਸ਼ਮੀਰ ਤੋਂ ਮੁੜਦੇ ਹੋਏ ਹਾਫਿਜਾਬਾਦ ਠਹਿਰੇ) ਜਪੁਜੀ ਦੇ ਅਰਥ ਸੁਣਕੇ ਪਰਮਗਜਾਨ ਪ੍ਰਾਪਤ ਕੀਤਾ.

**ਕਰਮਜਾਰ, ਕਰਮਜਾਲ:** ਸੰਗਯਾ- ਕਰਮਾਂ ਦਾ ਸਮੁਦਾਯ। ੨. ਕਰਮਾਂ ਦਾ ਤਾਣਾ. "ਬਿਥਰਜੋ ਅਦ੍ਰਿਸਟ ਜਿਹ ਕਰਮਜਾਰ." (ਅਕਾਲ)

**ਕਰਮਜੋਗ:** ਸੰ. ਕਮੰਯੋਗ. ਸੰਗਯਾ- ਚਿੱਤ ਦੀ ਸ਼ੁੱਧੀ ਲਈ ਫਲ ਦੀ ਇੱਛਾ ਤਯਾਗਕੇ ਪਰਉਪਕਾਰ ਵਾਸਤੇ ਕਰਮਾਂ ਦਾ ਕਰਨਾ। ੨. ਆਪਣੇ ਫ਼ਰਜ ਦੇ ਨਿਬਾਹੁਣ ਲਈ ਕਰਮ ਕਰਨ ਵਿੱਚ ਤਤਪਰ ਹੋਣਾ.

**ਕਰਮਠ, ਕਰਮਠੀ:** ਸੰ. कर्म्मठ ਵਿ- ਕਰਮਕਾਂਡੀ. ਸ਼ੁਭ ਕਰਮਾਂ ਦਾ ਕਰਤਾ. "ਮਹਾਂ ਕਰਮਠੀ ਮਹਾਂ ਸੁਜਾਨੂੰ." (ਦਿਲੀਪ)

**ਕਰਮਣਾ:** ਸੰ. कर्म्मणा ਤ੍ਰਿਤੀਆ. ਕਰਮ ਸੇ. ਕਰਮ ਕਰਕੇ. "ਰਿਦ ਕਰਮਣਾ ਬਚਸਾ." (ਗੂਜ ਜੈਦੇਵ) ਮਨ, ਕ੍ਰਿਯਾ ਅਤੇ ਬਾਣੀ ਕਰਕੇ.

**ਕਰਮਣੇ:** ਵਿ- ਕਮਿੰਨ੍. ਕਰਮੀ। ੨. ਕਮੰਣਯ ਕਰਮ ਕਰਨ ਵਿਚ ਲਾਇਕ੍. ਕਰਮ ਕਰਨ ਯੋਗਯ ੩. ਸੰਗਯਾ- ਕਮੰਨ੍. ਕਰਮ. ਕ੍ਰਿਯਾ. ਕੰਮ.

**ਕਰਮਦਕ੍ਸ਼:** ਵਿ- ਕਰਮ ਕਰਨ ਵਿੱਚ ਚਤੁਰ.

**ਕਰਮ ਧਰਮ:** ਵਿ- ਵਿਹਾਰ ਅਤੇ ਪਰਮਾਰਥ. "ਕਰਮ ਧਰਮ ਕੀ ਸਾਰ ਨ ਜਾਣੈ, ਸੁਰਤਿ ਮੁਕਤਿ ਕਿਉ ਪਾਈਐ." (ਆਸਾ ਮः ੧)

**ਕਰਮਨਾ:** ਦੇਖੋ, ਕਰਮਣਾ. "ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ." (ਮਾਰੂ ਕਬੀਰ)

**ਕਰਮਨਾਸਾ:** ਸੰ. कर्म्मनाशाा ਸ਼ਾਹਬਾਦ ਜਿਲੇ ਦੇ ਕੈਮੋਰ ਪਹਾੜ ਤੋਂ ਨਿਕਲੀ ਇੱਕ ਨਦੀ, ਜੋ ਮਿਰਜ਼ਾਪੁਰ, ਗਾਜ਼ੀਪੁਰ ਆਦਿਕ ਜ਼ਿਲਿਆਂ ਵਿੱਚਦੀਂ ੧੪੬ ਮੀਲ ਵਹਿੰਦੀ ਹੋਈ ਚੌਸਾ ਪਾਸ ਗੰਗਾ ਵਿੱਚ ਜਾ ਮਿਲਦੀ ਹੈ. ਪੁਰਾਣਕਥਾ ਹੈ ਕਿ ਇਹ ਨਦੀ ਤ੍ਰਿਸ਼ੰਕੁ ਦੀ ਲਾਲਾਂ ਤੋਂ ਉਪਜੀ ਹੈ. ਕਈਆਂ ਨੇ ਲਿਖਿਆ ਹੈ ਕਿ ਰਾਵਣ ਦੇ ਮੂਤ੍ਰ ਤੋਂ ਬਣੀ ਹੈ. ਹਿੰਦੂਮਤਾਵਲੰਬੀ ਇਸ ਵਿੱਚ ਇਸਨਾਨ ਕਰਨ ਤੋਂ ਸ਼ੁਭ ਕਰਮਾਂ ਦਾ ਨਾਸ਼ ਮੰਨਦੇ ਹਨ. [੨੧] "ਚਲਤ ਚਲਤ ਕ੍ਰਮਨਾਸਾ ਸਲਤਾ। ਤਹਾਂ ਆਇ ਹੇਰਯੋ ਜਲ ਚਲਤਾ." (ਗੁਪ੍ਰਸੂ) ਗੁਰੂ ਤੇਗਬਹਾਦੁਰ ਸਾਹਿਬ ਨੇ ਇਹ ਭਰਮ ਦੂਰ ਕਰਨ ਲਈ ਇਸ ਨਦੀ ਵਿੱਚ ਸਨਾਨ ਕੀਤਾ ਸੀ.

**ਕਰਮਨਾਮ:** ਕਰਮ (ਕ੍ਰਿਯਾ) ਅਨੁਸਾਰ ਨਾਮ ਦੀ ਕਲਪਨਾ. ਕ੍ਰਿਯਾ ਅਨੁਸਾਰ ਪਈ ਹੋਈ ਅੱਲ. "ਕਰਮਨਾਮ ਬਰਨਤ ਸੁਮਤਿ." (ਜਾਪੁ)

**ਕਰਮਪੇਡ:** ਸ਼ੁਭ ਕਰਮ ਰੂਪ ਬਿਰਛ.

**ਕਰਮਫਲ:** ਕੰਮ ਦਾ ਨਤੀਜਾ.

**ਕਰਮਬਧ:** ਕਰਮਬੱਧ. ਕਰਮਾਂ ਕਰਕੇ ਬੱਧਾ ਹੋਇਆ. "ਕਰਮਬਧ ਤੁਮ ਜੀਉ ਕਹਿਤ ਹੌ." (ਗੌਂਡ ਕਬੀਰ) ੨. ਕਰਮਾਂ ਦਾ ਬਧ (ਨਾਸ਼).

**ਕਰਮਬਿਧਾਤਾ:** ਸੰ. कर्म्मविधातृ ਵਿ- ਕਰਮਾਂ ਦੇ ਕਾਇਦੇ ਬਣਾਉਣ ਵਾਲਾ. ਕਰਤਾਰ. "ਸਭਨਾ ਕਾ ਦਾਤਾ ਕਰਮਬਿਧਾਤਾ." (ਆਸਾ ਛੰਤ ਮਃ ੧)

**ਕਰਮਭਾਗ:** ਵਿ- ਸੌਭਾਗਜਕਰਮ. "ਕਰਮਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ." (ਗਉ ਕਬੀਰ)

**ਕਰਮਭਾਵਨੀ:** ਸੰਗਜਾ- ਕਰਮਾਂ ਦੀ ਭਾਵਨਾ। ੨. ਕਰਮਾਨੁਸਾਰ ਭਵਿਤਵ੍ਯਤਾ (ਭਾਵੀ).

**ਕਰਮਭੀਰੁ:** ਕੰਮ ਕਰਨ ਵਿੱਚ ਕਾਇਰ. ਵਿਘਨ ਅਤੇ ਵਿਪਦਾ ਤੋਂ ਡਰਕੇ ਕਰਮ ਨਾ ਕਰਨ ਵਾਲਾ.

**ਕਰਮਭੂਮਿ:** ਸੰਗਜਾ- ਹਿੰਦੂਮਤ ਅਨੁਸਾਰ ਭਾਰਤ ਦੇਸ਼ ਵਿੰਧ੍ਯਾਚਲ ਅਤੇ ਹਿਮਾਲਯ ਦੇ ਵਿਚਲਾ ਦੇਸ਼. ਪੁਰਾਣਾਂ ਦਾ ਖ਼ਿਆਲ ਹੈ ਕਿ ਇਸ ਦੇਸ਼ ਦੇ ਕੀਤੇ ਕਰਮ ਹੋਰ ਦੇਸ਼ਾਂ ਵਿੱਚ ਭੋਗੀਦੇ ਹਨ. ਬਾਕੀ ਸਭ ਦੇਸ਼ ਭੋਗਭੂਮਿ ਹੈ. "ਕੇਤੀਆ ਕਰਮਭੂਮਿ ਮੇਰ ਕੇਤੇ." (ਜਪੁ) ੨. ਸਿੱਖਮਤ ਅਨੁਸਾਰ ਮਨੁੱਖਦੇਹ. "ਕਰਮਭੂਮਿ ਬੀਜਨ ਸੋ ਖਾਵਨ." (ਟੋਡੀ ਮਃ ੫)

**ਕਰਮਭ੍ਰਸ਼੍ਟ:** ਵਿ- ਕਰਮ ਤੋਂ ਪਤਿਤ.

**ਕਰਮਮਣੀ:** ਸ਼ੁਭਕਰਮ ਰੂਪ ਰਤਨ। ੨. ਕਰਮਾਂ ਦੀ ਮਨੌਤ. ਕਰਮਾਭਿਮਾਨ.

**ਕਰਮਯੋਗ:** ਦੇਖੋ, ਕਰਮਜੋਗ.

**ਕਰਮਰਤ:** ਵਿ- ਕਰਮਾਂ ਦਾ ਪ੍ਰੇਮੀ. ਕਰਮਕਾਂਡੀ. "ਹਉ ਹਉ ਕਰਤੇ ਕਰਮਰਤ." (ਬਾਵਨ)

**ਕਰਮਰੇਖ, ਕਰਮਰੇਖਾ:** ਸੰਗਜਾ- ਕਰਮਾਂ ਅਨੁਸਾਰ ਖਿੱਚੀ ਹੋਈ ਰੇਖਾ. ਕਰਮਾਂ ਦੀ ਲਿਖਿਤ. ਮੱਥੇ ਦਾ ਲੇਖ.

**ਕਰਮਵਿਪਾਕ:** ਸੰਗਜਾ- ਕਰਮ ਦਾ ਫਲ। ੨. ਸੂਰਜ ਦਾ ਆਪਣੇ ਰਥਵਾਹੀ ਅਰੁਣ ਨੂੰ ਉਪਦੇਸ਼ ਕੀਤਾ ਇੱਕ ਗ੍ਰੰਥ, ਜਿਸ ਵਿੱਚ ਕਰਮਾਂ ਦੇ ਫਲਾਂ ਦਾ ਵਰਣਨ ਹੈ. "ਕਰਮਵਿਪਾਕ ਸੁ ਗ੍ਰੰਥ ਵਿਚਾਰੈਂ." (ਗੁਪ੍ਰਸੂ)

**ਕਰਮਵੀਰ:** ਵਿ- ਕੰਮ ਕਰਨ ਵਿੱਚ ਬਹਾਦੁਰ. ਜਿਸ ਕੰਮ ਨੂੰ ਹੱਥ ਲਿਆ ਹੈ, ਉਸ ਨੂੰ ਅਨੇਕ ਵਿਘਨਾਂ ਅਤੇ ਕਲੇਸ਼ਾਂ ਤੋਂ ਨਾ ਤਿਆਗਣ ਵਾਲਾ। ੨. ਸੰਗਜਾ- ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ.

**ਕਰਮਾ:** ਵਿ- ਕਰਮੀ. ਕਰਮ ਕਰਨ ਵਾਲਾ। ੨. ਖ਼ੁਸ਼ਨਸੀਬ. ਚੰਗੇ ਭਾਗਾਂ ਵਾਲਾ. "ਕਹੁ ਨਾਨਕ ਕਉਨ ਉਹ ਕਰਮਾ। ਜਾਕੈ ਮਨਿ ਵਸਿਆ ਹਰਿਨਾਮਾ." (ਆਸਾ ਮਃ ੫)

**ਕਰਮਾਉ:** ਕਰਮ। ੨. ਯਤਨ. ਕੋਸ਼ਿਸ਼. ਘਾਲ. ਕਰਣੀ. "ਜਿਸੁ ਗੁਰੁ ਸਾਚਾ ਭੇਟੀਐ ਭਾਈ, ਪੂਰਾ ਤਿਸੁ ਕਰਮਾਉ." (ਸੋਰ ਅਃ ਮਃ ੫)

**ਕਰਮਾਕਾਰੀ:** ਵਿ- ਕਰਮਕਰਤਾ. ਕਰਮਕਾਂਡੀ. "ਸੁਣਿ ਪੰਡਿਤ ਕਰਮਾਕਾਰੀ।" (ਸੋਰ ਅਃ ਮਃ ੧)

**ਕਰਮਾਤ:** ਦੇਖੋ, ਕਰਾਮਤ ਅਤੇ ਕਰਾਮਾਤ.

**ਕਰਮਾਂਤ:** ਵਿ- ਕਰਮ ਦਾ ਅੰਤ. ਕੰਮ ਦੀ ਸਮਾਪਤੀ.

**ਕਰਮਾਂਤਕ:** ਕਰਮਾਂ ਦਾ ਅੰਤਕ (ਨਾਸ਼ਕ) ਗ੍ਯਾਨ. "ਗਿਆਨੁ ਭਇਆ ਤਹ ਕਰਮਹਿ ਨਾਸ." (ਭੈਰ ਰਵਿਦਾਸ)

**ਕਰਮਾਤਾ:** ਵਿ- ਕਰਮਰਤ. ਕਰਮ ਵਿੱਚ ਲੱਗਿਆ ਹੋਇਆ. "ਪੂਰਕ ਕੁੰਭਕ ਰੇਚਕ ਕਰਮਾਤਾ." (ਬਾਵਨ) ੨. ਸੰ. कर्मात्ता ਕਰਮਾਂ ਦੇ ਗ੍ਰਹਣ ਕਰਨ ਵਾਲਾ.

**ਕਰਮਾਤਿ:** ਦੇਖੋ, ਕਰਾਮਤ ਅਤੇ ਕਰਾਮਾਤ. "ਨਾਨਕ ਸਾ ਕਰਮਾਤਿ ਸਾਹਿਬੁ ਤੁਠੈ ਜੋ ਮਿਲੈ." (ਵਾਰ ਆਸਾ) "ਧਿਗੁ ਸਿਧੀ ਧਿਗੁ ਕਰਮਾਤਿ." (ਵਾਰ ਸੋਰ ਮਃ ੩)

**ਕਰਮਾਨ:** ਸੰ. कर्म्मण्स ਵਿ- ਕਰਮ ਕਰਨ ਯੋਗ੍ਯ. ਕੰਮ ਵਿੱਚ ਤਾਕ। ੨. ਸੰਗ੍ਯਾ- ਤਨਖ਼੍ਵਾਹ. ਤਲਬ। ੩. ਕਰਮ ਗਣ. ਕਰਮਕ੍ਰਿਯਾ. "ਨਿਹਫਲ ਸਭ ਕਰਮਾਨ." (ਸਾਰ ਮਃ ੫).

**ਕਰਮਾਬਾਈ:** ਦੱਖਣ ਦੇ ਖਾਜਲ ਗ੍ਰਾਮ ਨਿਵਾਸੀ ਪੰਡਿਤ ਪਰਸ਼ੁਰਾਮ ਦੀ ਪੁਤ੍ਰੀ ਜੋ ਵਿਸ਼ਨੁਭਗਤਿ ਵਿੱਚ ਲੀਨ ਰਹਿੰਦੀ ਸੀ. ਇਸ ਨੇ ਆਪਣਾ ਪਤੀ ਕੇਵਲ ਇਸ ਲਈ ਤਜਾਗ ਦਿੱਤਾ ਸੀ ਕਿ ਉਹ ਵੈਸ਼ਨਵ ਨਹੀਂ ਸੀ. ਕਰਮਾਬਾਈ ਨੇ ਆਪਣੀ ਸਾਰੀ ਉਮਰ ਵ੍ਰਿੰਦਾਬਨ ਵਿੱਚ ਭਗਤਿਜਾਨ ਦੀ ਚਰਚਾ ਕਰਕੇ ਵਿਤਾਈ. ਇਸ ਦਾ ਅਸਥਾਨ ਹੁਣ ਭੀ ਵ੍ਰਿੰਦਾਬਨ ਵਿੱਚ ਵਿਦਜਮਾਨ ਹੈ. ਇਸ ਦਾ ਮੰਦਿਰ ਜਗੰਨਾਥ ਪਾਸ ਭੀ ਹੈ. ਭਗਤਮਾਲ ਵਿੱਚ ਕਥਾ ਹੈ ਕਿ ਇਸ ਦੀ ਖਿਚੜੀ ਖਾਣ ਲਈ ਜਗੰਨਾਥ ਜੀ ਖ਼ੁਦ ਗਏ ਸਨ. "ਕਰਮਾਬਾਈ ਕਰੀ ਖੀਚਰੀ ਜਿਮ ਅਚਵੀ ਤੁਮ ਰੂਪ ਮੁਰਾਰਿ." (ਗੁਪ੍ਰਸੂ)

**ਕਰਮਾਬਾਹਰਾ:** ਵਿ- ਸ਼ੁਭ ਕਰਮ ਰਹਿਤ। ੨. ਬਦਨਸੀਬ। ੩. ਕਰਤਾਰ ਦੀ ਕ੍ਰਿਪਾ ਤੋਂ ਵਾਂਜਿਆ ਹੋਇਆ. "ਨਾਨਕ ਕਰਮਾਬਾਹਰੇ ਦਰਿ ਢੋਅ ਨ ਲਹਿਨੀ." (ਵਾਰ ਆਸਾ)

**ਕਰਮਾਲ:** ਡਿੰਗ. ਸੰਗ੍ਯਾ- ਕਰ (ਕਿਰਣ) ਮਾਲਾ. ਵਾਲਾ ਸੂਰਜ. ਕਰਮਾਲੀ। ਦੇਖੋ, ਕਰਮਾਲਾ.

**ਕਰਮਾਲਾ:** ਸੰਗ੍ਯਾ- ਹੱਥਾਂ ਦੀ ਮਾਲਾ ਮਾਲਾ ਦੀ ਥਾਂ ਉਂਗਲਾਂ ਦੀਆਂ ਪੋਰੀਆਂ ਪੁਰ ਗਿਣਤੀ ਕਰਨੀ।

**ਕਰਮਾਵਿਸ:** ਦੇਖੋ, ਵਿਸ਼੍ਵਕਰਮਾ. "ਭੌਨ ਰੰਗੀਨ ਬਨਾਇ ਮਨੋ ਕਰਮਾਵਿਸ." (ਚੰਡੀ ੧)

**ਕਰਮਿ:** ਦੇਖੋ, ਕਰਮੀ। ੨. ਕ੍ਰਿਪਾ ਦ੍ਵਾਰਾ. "ਜਿਸ ਨੋ ਕਰਮਿ ਪ੍ਰਾਪਤ ਹੋਵੈ." (ਸੋਰ ਮਃ ੫) ਦੇਖੋ, ਕਰਮ। ੩. ਕਰਮਾਂ ਕਰਕੇ "ਕਰਮਿ ਪਵੈ ਨੀਸਾਨ." (ਵਾਰ ਮਾਝ ਮਃ ੧)

**ਕਰਮਿਆ:** ਸੰ. ਕ੍ਰਮਾਗਤ. ਵਿ- ਸਿਲਸਿਲੇਵਾਰ ਕਿਸੇ ਰੂਪ ਨੂੰ ਪ੍ਰਾਪਤ ਹੋਇਆ. "ਕਿਰਤ ਰੇਖ ਕਰਿ ਕਰਮਿਆ." (ਬਸੰ ਅਃ ਮਃ ੫) ੨. ਕਰਮਕਰਤਾ। ੩. ਕਰਮਕਾਂਡੀ.

**ਕਰਮਿਸ੍ਠ:** ਸੰ. कर्मिष्ठ ਵਿ- ਕਰਮ ਕਰਨ ਵਿੱਚ ਤਤਪਰ.

**ਕਰਮੀ:** ਕਰਮਾਂ ਕਰਕੇ. ਕਰਮੋਂ ਸੇ. "ਕਰਮੀ ਸਹਜੁ ਨ ਊਪਜੈ." (ਅਨੰਦੁ) ੨. ਕਰਮਕਰਤਾ। ੩. ਕਰਮਕਾਂਡੀ। ੪. ਕਰੀਮ. ਬਖ਼ਸ਼ਿਸ਼ ਕਰਨ ਵਾਲਾ.

**ਕਰਮੁ:** ਦੇਖੋ, ਕਰਮ "ਜਿਸ ਨੋ ਕਰਮੁ ਕਰੇ ਕਰਤਾਰ." (ਭੈਰ ਮਃ ੫) ਕਰਤਾਰ ਮਿਹਰ ਕਰੇ.

**ਕਰਮੁਕ:** ਦੇਖੋ, ਕਾਰਮੁਕ. "ਕਰਮੁਕੰ ਉਧੰ." (ਚੰਡੀ ੨) ਉੱਚਾ ਕੀਤਾ ਹੋਇਆ ਧਨੁਖ.

**ਕਰਮੇਂਦ੍ਰਿਯ:** ਸੰ. कर्म्मेन्द्रिय ਸੰਗ੍ਯਾ- ਕੰਮ ਕਰਨ ਦੇ ਇੰਦ੍ਰਿਯ ਹੱਥ, ਪੈਰ, ਮੂੰਹ, ਗੁਦਾ ਅਤੇ ਲਿੰਗ.

**ਕਰਮੋ:** ਬਾਬਾ ਪ੍ਰਿਥੀਚੰਦ ਜੀ ਦੀ ਧਰਮਪਤਨੀ ਅਤੇ ਮੇਹਰਬਾਨ ਦੀ ਮਾਤਾ, ਜਿਸ ਨੇ ਪਤੀ ਨੂੰ ਪ੍ਰੇਰਕੇ ਖਿਡਾਵੇ ਬ੍ਰਾਹਮਣ ਦੀ ਹੱਥੀਂ ਗੁਰੂ ਹਰਿਗੋਬਿੰਦ ਜੀ ਲਈ ਦਹੀਂ ਵਿੱਚ ਜ਼ਹਿਰ ਮਿਲਵਾਈ ਸੀ. "ਧਿਕ ਧਿਕ ਕਰਮੋ ਕੀਨ ਕੁਕਰਮੋ, ਹਤੇ ਬਾਲ ਕਜਾ ਕਰ ਮੋ ਆਇ?" (ਗੁਪ੍ਰਸੂ)

**ਕਰਯਾਰ:** ਕਰਵਾਲ ਦੀ ਥਾਂ ਇਹ ਸ਼ਬਦ ਆਇਆ ਹੈ. ਤਲਵਾਰ. ਕ੍ਰਿਪਾਣ. "ਆਨ ਪਰਜੋ ਕਰਯਾਰ ਨਿਕਾਰੇ." (ਚਰਿਤ੍ਰ ੫੧) ਦੇਖੋ, ਕਰਵਾਲ.

**ਕਰਰਾ, ਕਰਰੋ:** ਵਿ- ਕਰੜਾ. ਕਠੋਰ। ੨. ਰੁੱਖਾ. ਬੇਲਿਹਾਜ. "ਕਰਰੋ ਧਰਮਰਾਇਆ." (ਸੂਹੀ ਮਃ ੫. ਪੜਤਾਲ)

**ਕਰਲ, ਕਰਲਾ:** ਸਿੰਧੀ. ਧੁਨਿ. ਸ਼ਬਦ. "ਕਹਨ ਕਹਾਵਨ ਇਹੁ ਕੀਰਤਿ ਕਰਲਾ." (ਸ੍ਰੀ ਮਃ ੫) ੨. ਮਾਰਗ. ਰਸਤਾ. "ਸਾਹਿਬ ਕਾ ਫੁਰਮਾਣ ਹੋਇ ਉਠੀ ਕਰਲੈ ਪਾਹਿ" (ਵਾਰ ਸਾਰ ਮਃ ੨) ੩. ਪਹਾ- ਤਮਾਸ਼ਾ। ੪. ਨ੍ਰਿਤਜ. ਨਾਚ.

**ਕਰਲਾਉਣਾ:** ਕ੍ਰਿ- ਕਰ (ਮਹਿਸੂਲ- ਟੈਕ੍ਸ) ਲਾਉਣਾ। ੨. ਕਾਰੁਨਜਪ੍ਰਲਾਪ ਕਰਨਾ. ਦੇਖੋ, ਕਰਲਾਪ ਅਤੇ ਕੁਰਲਾਉਣਾ. "ਮਾਰ ਪਈ ਕਰਲਾਣੇ." (ਆਸਾ ਮਃ ੧)

**ਕਰਲਾਪ:** ਸੰ. ਕਾਰੁਣਜਪ੍ਰਲਾਪ. ਸੰਗਜਾ- ਦੁਖ ਭਰੀ ਪੁਕਾਰ. ਐਸਾ ਵਿਲਾਪ, ਜਿਸ ਨੂੰ ਸੁਣਕੇ ਕ੍ਰਿਪਾ ਆ ਜਾਵੇ.

**ਕਰਵ:** ਇਹ ਸ਼ਬਦ ਕਰਮ (ਕਦਮ- ਡਿੰਘ) ਲਈ ਆਇਆ ਹੈ, ਯਥਾ- "ਦੁਇ ਕਰਵਾਂ ਕਰ ਤਿੰਨ ਲੋਅ." (ਭਾਗੁ) ੨. ਅੰ. Curve. ਮੋੜ. ਵਿੰਗ. ਖ਼ਮ.

**ਕਰਵਟ, ਕਰਵਟ:** ਸੰ. ਕਰਵਰ੍ਤ. ਸੰਗਜਾ- ਹੱਥ ਦੇ ਸਹਾਰੇ ਨਾਲ ਘੁੰਮ ਜਾਣ ਦੀ ਕ੍ਰਿਯਾ. ਪਸਵਾੜਾ. ਪਾਸਾ ਪਰਤਣਾ. "ਕਰਵਤੁ ਭਲਾ ਨ ਕਰਵਟੁ ਤੇਰੀ." (ਆਸਾ ਕਬੀਰ) ਤੇਰੇ ਮੂੰਹ ਫੇਰਨ ਨਾਲੋਂ ਕਰਵਤੁ (ਆਰਾ) ਭਲਾ ਹੈ। ੨. ਸੰ. ਕਵੰਟ. ਬਾਜ਼ਾਰ. ਮੰਡੀ.

**ਕਰਵਤ, ਕਰਵਤੁ, ਕਰਵਤ੍ਰ:** ਸੰ. करपत्र ਕਰਪਤ੍ਰ. ਸੰਗਜਾ- ਆਰਾ. ਲੱਕੜੀ ਚੀਰਨ ਦਾ ਇੱਕ ਦੰਦੇਦਾਰ ਸੰਦ. "ਮਨੋ ਰੂਖ ਕਟੇ ਕਰਵਤ੍ਰਨ ਕੇ." (ਕ੍ਰਿਸਨਾਵ) ੨. ਪੁਰਾਣੇ ਸਮੇਂ ਕਾਸ਼ੀ ਅਤੇ ਪ੍ਰਯਾਗ ਵਿੱਚ ਇੱਕ ਆਰਾ ਸੀ, ਜਿਸ ਹੇਠ ਅਨੇਕਾਂ ਲੋਕ ਮੁਕਤਿ ਪਾਉਣ ਲਈ ਕਟ ਮਰਦੇ ਸਨ. "ਅਰਧ ਸਰੀਰ ਕਟਾਈਐ ਸਿਰਿ ਕਰਵਤੁ ਧਰਾਇ." (ਸ੍ਰੀ ਅਃ ਮਃ ੧)

**ਕਰਵਾ:** ਕਦਮਾਂ. ਡਿੰਘਾਂ. "ਦੁਇ ਕਰਵਾ ਕਰ ਤਿੰਨ ਲੋਅ." (ਭਾਗੁ) ਵਾਮਨ ਨੇ ਤਿੰਨ ਲੋਕ ਦੋ ਕਦਮ ਕੀਤੇ। ੨. ਵਿ- ਕੜਵਾ. ਕੁਟ. ਕੌੜਾ। ੩. ਸੰਗਜਾ- ਮਿੱਟੀ ਦਾ ਲੋਟਾ. ਸੰ. ਕਕਾਂ. ਮੱਘਾ. "ਕਾਚੈ ਕਰਵੈ ਰਹੈ ਨ ਪਾਨੀ." (ਸੂਹੀ ਕਬੀਰ) "ਕਰਵੈ ਹੋਇ ਸੁ ਟੋਟੀ ਰੇਖੈ." (ਭਾਗੁ) ਜੋ ਲੋਟੇ ਵਿੱਚ ਹੈ, ਉਹੀ ਟੂਟੀ ਵਿੱਚੋਂ ਨਿਕਲਦਾ ਹੈ.

**ਕਰਵਾਇ, ਕਰਵਾਈ:** ਸੰਗਜਾ- ਕਟੁਤਾ. ਕੜਵਾਈ. ਕੌੜੱਤਣ। ੨. ਦੂਜੇ ਪਾਸੋਂ ਕਰਾਉਣ ਦੀ ਕ੍ਰਿਯਾ.

**ਕਰਵਾਰ, ਕਰਵਾਲ:** ਸੰ. ਕਰਬਾਲ. ਸੰਗਜਾ- ਨੌਂਹ (ਨਾਖੂਨ) ਜੋ ਕਰ (ਹੱਥ) ਦਾ ਬਾਲ (ਪੁਤ੍ਰ) ਹੈ। ੨. ਤਲਵਾਰ, ਜੋ ਨਾਖੂਨ ਦੀ ਸ਼ਕਲ ਜੇਹੀ ਖ਼ਮਦਾਰ ਹੈ. ਸ਼ਮਸ਼ਾਰ. "ਕਰਵਾਰ ਉਭਾਰਤ ਵਾਰ ਕਰਜੋ." (ਗੁਪ੍ਰਸੂ) "ਕਾਲਯੁਧ ਕਰਵਾਰ." (ਸਨਾਮਾ)

**ਕਰੜਾ, ਕਰੜੀ:** ਵਿ- ਕਠੋਰ. "ਕਰੜਾ ਮਨਮੁਖ ਗਾਵਾਰੁ." (ਸਿਧਗੋਸਟਿ) ੨. ਔਖਾ- ਔਖੀ. ਮੁਸ਼ਕਿਲ, "ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖਸਾਰੁ." (ਸਵਾ ਮਃ ੪)

**ਕਰਾ:** ਦੇਖੋ, ਕਲਾ. "ਸਭ ਤਜੀ ਮਨੈ ਕੀ ਕਾਮਕਰਾ." (ਆਸਾ ਮਃ ੫) "ਗ੍ਵਾਰਨਿ ਚੰਦਕਰਾ ਸੀ." (ਕ੍ਰਿਸਨਾਵ) ਗੋਪੀ ਚੰਦ੍ਰਮਾਂ ਦੀ ਕਲਾ ਜੇਹੀ.

**ਕਰਾਂ ਉਪਰਿ:** ਵਿ- ਹੱਥ ਉੱਪਰ. ਭਾਵ, ਬਿਨਾ ਸੰਸੇ. ਇਹ ਪਦ 'ਹਸ੍ਤਾਮਲਕ ਵਤ' ਸ਼ਬਦ ਦਾ ਹੀ ਪ੍ਰਯਾਂਯ ਹੈ. "ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ, ਸੇ ਪਾਇਨਿ ਮੋਖਦੁਆਰੁ." (ਸਵਾ ਮਃ ੩) ਭਾਵ- ਕਰਤਾਰ ਦੀ ਹਸ੍ਤੀ (ਹੋਂਦ) ਵਿੱਚ ਸੰਸਾ ਨਹੀਂ.

**ਕਰਾਇਹ, ਕਰਾਈ:** ਕਰਾਉਂਦਾ ਹੈ. "ਜੇਹਾ ਕਰਾਇਹ ਤੇਹਾ ਹਉ ਕਰੀ ਵਖਿਆਨੁ." (ਸੂਹੀ ਮਃ ੪) ੨. ਤੂੰ ਕਰਾਵੇਂ। ੩. ਕਰਾਈਂ. ਮੈਂ ਕਰਾਵਾਂ.

**ਕਰਾਸਿ, ਕਰਾਸੀ:** ਕਰਾਵਸਿ. ਕਰਾਵੇਗਾ। ੨. ਕਰਾਉਂਦਾ ਹੈ.

**ਕਰਾਹ:** ਦੇਖੋ, ਕੜਾਹ. "ਕਹਜੋ ਕਿ ਤੇਰੇ ਉਦਰ ਮੇਂ ਗੁਰੁ ਕੇਰ ਕਰਾਹੁ." (ਗੁਪ੍ਰਸੂ) ੨. ਦੇਖੋ, ਕਰਾਹਨਾ। ੩. ਸੰਗਜਾ- ਜ਼ਮੀਨ ਸਾਫ਼ ਕਰਨ ਦਾ ਇੱਕ ਜ਼ਿਮੀਦਾਰਾ ਸੰਦ, ਜੋ ਉੱਚੇ ਥਾਂ ਤੋਂ ਮਿੱਟੀ ਖਿੱਚਕੇ ਨੀਵੇਂ ਥਾਂ ਲਿਆਉਂਦਾ ਹੈ। ੪. ਅ਼. قراح ਕ਼ਰਾਹ. ਬੀਜਿਆ ਖੇਤ। ੫. ਬੀਜਣ ਲਈ ਤਿਆਰ ਕੀਤਾ ਹੋਇਆ ਖੇਤ। ੬. ਨਿਰਮਲ ਜਲ। ੭. ਫ਼ਾ. کراہ ਕਿਨਾਰਾ। ੮. ਹੱਦ.

ਸੀਮਾ.

ਕਰਾਹਣਾ: ਕ੍ਰਿ. ਕ੍ਰੰਦਨ. ਹਾਇ ਹਾਇ ਕਰਨਾ. ਵਿਲਾਪ ਕਰਨਾ. ਦੇਖੋ, ਫ਼ਾ. کہرام ਕੁਹਰਾਮ। ੨. ਕਰਾਹ ਸੰਦ ਨਾਲ ਜ਼ਮੀਨ ਸਾਫ ਕਰਨ ਦਾ ਕੰਮ.

ਕਰਾਹਤ: ਵਿਲਾਪ ਕਰਦਾ ਹੈ. ਕ੍ਰੰਦਨ ਕਰਦਾ ਹੈ. "ਕਰਾਹਤ ਹੈਂ ਗਿਰਿ ਸੇ ਗਜ ਲੰਗੇ." (ਚੰਡੀ ੧) ੨. ਜ਼ਮੀਨ ਨੂੰ ਕਰਾਹੁੰਦਾ ਹੈ। ੩. ਅ਼. کراہت ਸੰਗਯਾ- ਘ੍ਰਿਣਾ. ਗਲਾਨਿ.

ਕਰਾਹਨਾ: ਦੇਖੋ, ਕਰਾਹਣਾ.

ਕਰਾਹਾ: ਦੇਖੋ, ਕੜਾਹਾ. "ਦੀਰਘ ਕਰਾਹੇ ਲੀਨ." (ਗੁਪ੍ਰਸੂ)

ਕਰਾਹੀ: ਦੇਖੋ, ਕੜਾਹੀ. "ਕਰਾਹੀ ਚਾਰੁਕੈ ਲੀਨੇ ਬਰੇ ਪਕਾਇ." (ਚਰਿਤ੍ਰ ੩੨) ੨. ਦੁਰਗਾ ਆਦਿਕ ਦੇਵਤਿਆਂ ਨਿਮਿੱਤ ਕੀਤਾ ਹੋਇਆ ਕੜਾਹ.

ਕਰਾਹੀਯਤ: ਅ਼. کراہیت ਮਕਰੂਹ ਜਾਣਨਾ. ਗਲਾਨੀ (ਘ੍ਰਿਣਾ) ਕਰਨ ਦਾ ਭਾਵ.

ਕਰਾਕੂਸ: ਦੇਖੋ, ਕੁਰਲ.

ਕਰਾਗਉ: ਕਰਾਂਗਾ. ਕਮਾਵਾਂਗਾ. "ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ." (ਬਿਲਾ ਮਃ ੫)

ਕਰਾਂਗੁਰ: ਕਰ- ਅੰਗੁਲਿ. ਹੱਥ ਦੀ ਉਂਗਲ. "ਗਹਿ ਤਾਤ ਕਰਾਂਗੁਰ." (ਨਾਪ੍ਰ) ਪਿਤਾਦੇ ਹੱਥ ਦੀ ਉਂਗਲ ਫੜਕੇ.

ਕਰਾਚੀ ਬੰਦਰ: ਬੰਬਈ ਦੇ ਇਲਾਕੇ ਸਿੰਧ ਦੇ ਪ੍ਰਧਾਨ ਨਗਰ ਕਰਾਚੀ ਪਾਸ ਸਮੁੰਦਰ ਦਾ ਘਾਟ, ਜਿਸ ਥਾਂ ਜਹਾਜ਼ ਲਗਦੇ ਹਨ. ਇਸ ਦੀ ਆਬਾਦੀ ਸਨ ੧੭੨੫ ਵਿੱਚ ਹੋਈ ਹੈ.

ਕਰਾਚੂਰ, ਕਰਾਚੋਰ, ਕਰਾਚੋਲ: ਫ਼ਾ. قراچور ਕ਼ਰਾਚੂਰ. ਸੰਗਯਾ- ਤਲਵਾਰ. ਕ੍ਰਿਪਾਣ. "ਕਰਾਚੋਰ ਕਰਧਰ ਚਮਕਾਏ." (ਗੁਪ੍ਰਸੂ) "ਕਰਾਚੋਲ ਕਿਰਪਾਨ ਕੇ ਲੀਜਹੁ ਨਾਮ ਸੁਧਾਰ." (ਸਨਾਮਾ)

ਕਰਾਂਝ: ਸੰਗਯਾ- ਸ਼ੋਕ ਦੀ ਧੁਨਿ. ਦੇਖੋ, ਕ੍ਰੰਦ ਧਾ. "ਓਇ ਖਪਿ ਖਪਿ ਮੁਏ ਕਰਾਂਝਾ." (ਜੈਤ ਮਃ ੪)

ਕਰਾਬਤ, ਕ਼ਰਾਬਤ: ਅ਼. قرابت ਸੰਗਯਾ- ਕ਼ੁਰਬ (ਨੇੜੇ) ਹੋਣ ਦਾ ਭਾਵ. ਸਮੀਪਤਾ. ਰਿਸ਼ਤੇ ਵਿੱਚ ਨਜ਼ਦੀਕ ਹੋਣ ਦਾ ਭਾਵ.

ਕਰਾਬੀਨ, ਕ਼ਰਾਬੀਨ: ਤੁ. قرابین ਸੰਗਯਾ- ਚੌੜੇ ਮੂੰਹ ਦਾ ਲੰਮਾ ਪਿਸਤੌਲ, ਜਿਸ ਵਿੱਚ ਬਹੁਤ ਗੋਲੀਆਂ ਪੈ ਜਾਂਦੀਆਂ ਹਨ। ੨. ਦੇਖੋ, ਅੰ. Carbine.

ਕਰਾਮ: ਦੇਖੋ, ਕਰਮ. "ਸੋ ਪਾਏ ਜਿਸੁ ਮਸਤਕਿ ਕਰਾਮ." (ਧਨਾ ਮਃ ੫) ੨. ਅ਼. کرام ਕਿਰਾਮ. ਕਰੀਮ ਦਾ ਬਹੁਵਚਨ.

ਕਰਾਮਤ: ਅ਼. کرامت ਸੰਗਯਾ- ਬਜ਼ੁਰਗੀ। ੨. ਕ੍ਰਿਪਾ। ੩. ਸਿੱਧੀ. ਕਰਾਮਾਤ.

ਕਰਾਮਲ੍ਕ ਨਜਾਯ: ਦੇਖੋ, ਨਜਾਯ.

ਕਰਾਮਾਤ, ਕਰਮਾਤਿ: ਅ਼. کرامات ਕਰਾਮਤ ਦਾ ਬਹੁ ਵਚਨ. ਸਿੱਧੀਆਂ. ਉਹ ਅਲੌਕਿਕ ਸ਼ਕਤੀਆਂ ਜਿਨ੍ਹਾਂ ਦ੍ਵਾਰਾ ਅਣਹੋਣੀ ਬਾਤ ਹੋ ਸਕੇ. ਕਰਾਮਤ ਦਾ ਸਤ੍ਯ ਹੋਣਾ ਹਿੰਦੂ ਅਤੇ ਸਿੱਖਪੁਸ੍ਤਕਾਂ ਤੋਂ ਛੁੱਟ ਯਹੂਦੀ, ਈਸਾਈ ਅਤੇ ਮੁਸਲਮਾਨਾਂ ਦੇ ਗ੍ਰੰਥਾਂ ਵਿੱਚ ਭੀ ਦੇਖੀਦਾ ਹੈ. ਦੇਖੋ, ਜ਼ੱਬੂਰ ਕਾਂਡ ੧੦੫ ਅਤੇ ਕ਼ੁਰਾਨ ਸੂਰਤ ਬਕਰ, ਆਯਤ ੮੭ ਅਰ ਸੂਰਤ ਅਰਾਫ਼, ਆਯਤ ੧੬੦.

ਕਰਾਮਾਤੀ: ਵਿ- ਕਰਾਮਾਤ ਰੱਖਣ ਵਾਲਾ. ਅਲੌਕਿਕ ਸ਼ਕਤਿ ਵਾਲਾ.

ਕਰਾਮੰ: ਦੇਖੋ, ਕਰਮ.

**ਕਰਾਯਨ, ਕ਼ਰਾਯਨ:** ਅ਼. قراین ਕ਼ਰੀਨਾ ਦਾ ਬਹੁ ਵਚਨ. ਨਿਸ਼ਾਨੀਆਂ. ਚਿੰਨ੍ਹ. ਲੱਛਣ.

**ਕਰਾਰ:** ਸੰਗ੍ਯਾ- ਕਿਨਾਰਾ. ਤਟ. ਕੰਢਾ. "ਸਰਤਾ ਕੇ ਗਿਰੇ ਕਰਾਰਾ." (ਰੁਦ੍ਰਾਵ) "ਕਰਾਰਨ ਤੇ ਬਢ ਮਾਨਹੁ ਨੀਰਧਿ ਕੋਪਕੈ ਗਾਜਜੋ." (ਕ੍ਰਿਸਨਾਵ) ੨. ਦੇਖੋ, ਕਿਰਾੜ। ੩. ਦਰਾਰ. ਖੁੱਡ. ਤੇੜ. ਬਿਲ. "ਮਾਨੋ ਪਹਾਰ ਕਰਾਰ ਮੇਂ ਚੋਂਚ ਪਸਾਰ ਰਹੇ ਸਿਸੁ ਸਾਰਕ ਜੈਸੇ." (ਚੰਡੀ ੧) ੪. ਅ਼. قرار ਕ਼ਰਾਰ. ਸ੍ਥਿਰਤਾ."ਠਹਿਰਾਉ। ੫. ਧੀਰਜ. "ਕਿਛੁ ਪਕੜੋ ਕਰਾਰ" (ਨਸੀਹਤ) ੬. ਪ੍ਰਤਿਗ੍ਯਾ. ਵਾਦਾ। ੭. ਤਸੱਲੀ. ਸੰਤੋਖ.

**ਕਰਾਰਕੰਦਨੀ:** ਸੰਗ੍ਯਾ- ਕਿਨਾਰੇ (ਕੰਢੇ) ਢਾਹੁਣ ਵਾਲੀ ਨਦੀ. (ਸਨਾਮਾ)

**ਕਰਾਰਨਿ:** ਕਿਨਾਰਿਆਂ ਵਾਲੀ ਨਦੀ. ਤਟਿਨੀ. (ਸਨਾਮਾ)

**ਕਰਾਰਾ:** ਵਿ- ਚਰਪਰਾ. ਚਟਪਟਾ. ਮਿਰਚ ਲੂਣ ਆਦਿਕ ਤਿੱਖੇ ਪਦਾਰਥਾਂ ਨਾਲ ਮਿਲਿਆ ਹੋਇਆ ਭੋਜਨ। ੨. ਧੀਰਜ (ਕਰਾਰ) ਵਾਲਾ. "ਗਾਵਹਿ ਵੀਰ ਕਰਾਰੇ." (ਜਪੁ) ੩. ਧੀਰਜ (ਤਸੱਲੀ) ਦੇਣ ਵਾਲਾ. "ਬਿਨ ਗੁਰਸਬਦ ਕਰਾਰੇ." (ਗਉ ਛੰਤ ਮਃ ੩) ੪. ਔਖਾ. ਵਿਖੜਾ. "ਆਗੈ ਪੰਥ ਕਰਾਰਾ." (ਸ੍ਰੀ ਮਃ ੫. ਪਹਿਰੇ) ੫. ਤਿੱਖਾ. ਤੇਜ਼. "ਖੜਗ ਕਰਾਰਾ." (ਵਾਰ ਮਾਰੂ ੧. ਮਃ ੩) ੬. ਦ੍ਰਿੜ੍ਹਚਿੱਤ. ਉਤਸਾਹੀ. "ਸਿੱਖਾਂ ਦੀ ਸੇਵਾ ਕਰਾਰਾ ਹੋਇਕੈ ਕਮਾਂਵਦਾ ਹੈ." (ਭਗਤਾਵਲੀ) ੭. ਸੰਗ੍ਯਾ- ਨਦੀ ਦਾ ਕਿਨਾਰਾ. ਤਟ. ਕੰਢਾ.

**ਕਰਾਰੀ:** ਕਰਾਰਾ ਦਾ ਇਸਤ੍ਰੀ ਲਿੰਗ. ਦੇਖੋ, ਕਰਾਰਾ. ਸੰਗ੍ਯਾ- ਦ੍ਰਿੜ੍ਹਤਾ। ੨. ਇਸਥਿਤੀ. "ਟੁਕ ਦਮ ਕਰਾਰੀ ਜਉ ਕਰਉ." (ਤਿਲੰ ਕਬੀਰ) ੩. ਵਿ- ਦ੍ਰਿੜ੍ਹ. ਮਜਬੂਤ. "ਵਿੱਚ ਹਉਮੈ ਭੀਤ ਕਰਾਰੀ." (ਮਲਾ ਮਃ ੪) ੪. ਔਖੀ. ਮੁਸ਼ਕਿਲ. "ਹੁਕਮੀ ਬੰਦੇ ਕਾਰ ਕਰਾਰੀ." (ਭਾਗੁ) ੫. ਪ੍ਰਤਿਗ੍ਯਾ. ਇਕਰਾਰ. "ਹਮ ਸੋਂ ਇਹ ਬਿਧਿ ਕਰੈਂ ਕਰਾਰੀ." (ਗੁਰੁਸੋਭਾ)

**ਕਰਾਲ:** ਸੰ. ਵਿ- ਭਯਾਨਕ. ਭਯੰਕਰ. ਡਰਾਉਣਾ। ੨. ਸੰਗ੍ਯਾ- ਰਾਵਣ ਦਾ ਇੱਕ ਮੰਤ੍ਰੀ.

**ਕਰਾਲਾ:** ਪਹਾ- ਸੰਗ੍ਯਾ- ਨ੍ਰਿਤ੍ਯ. ਨਾਚ। ੨. ਤਮਾਸ਼ਾ. ਖੇਲ। ੩. ਸੰ. ਅਨੰਤਮੂਲਾ ਬੂਟੀ। ੪. ਕਾਲੀ ਦੇਵੀ। ੫. ਕਰਾਲ ਦਾ ਇਸਤ੍ਰੀ ਲਿੰਗ.

**ਕਰਾਵਣਿ:** ਕਰਾਉਣ ਲਈ. "ਹਰਿ ਕੰਮ ਕਰਾਵਣਿ ਆਇਆ." (ਸੂਹੀ ਛੰਤ ਮਃ ੫)

**ਕਰਾਵਨ:** ਕ੍ਰਿ- ਕਰਾਉਣਾ। ੨. कृ ਕ੍ਰਿ (ਨਾਸ਼) ਕਰਾਉਣਾ. ਲੈ ਕਰਨਾ. ਦੇਖੋ, ਕ੍ਰਿ ਧਾ. "ਆਪਿ ਉਪਾਵਨ ਆਪਿ ਸਧਰਨਾ। ਆਪ ਕਰਾਵਨ ਦੋਸ ਨ ਲੈਨਾ." (ਬਿਲਾ ਮਃ ੫) ਆਪਿ ਪੈਦਾ ਕਰਨਾ, ਆਪ ਅਧਾਰ ਸਹਿਤ ਕਰਨਾ (ਪਾਲਨਾ), ਆਪ ਨਾਸ਼ ਕਰਾਉਣਾ ਅਤੇ ਦੋਸ਼ ਨਾ ਲੈਣਾ. ਭਾਵ- ਨਿਰਲੇਪ ਰਹਿਣਾ.

**ਕਰਾੜ:** ਦੇਖੋ, ਕਿਰਾੜ.

**ਕਰਿ:** ਕਰ (ਹੱਥ) ਵਿੱਚ. ਕਰ ਮੇਂ. "ਰਿਧਿ ਸਿਧਿ ਨਵ ਨਿਧਿ ਬਸਹਿ ਜਿਸੁ ਸਦਾ ਕਰਿ." (ਫੁਨਹੇ ਮਃ ੫) ੨. ਕ੍ਰਿ. ਵਿ- ਕਰਕੇ. "ਕਰਿ ਅਨਰਥ ਦਰਬੁ ਸੰਚਿਆ." (ਵਾਰ ਜੈਤ) ੩. ਸੰ. करिन् ਹਾਥੀ, ਜੋ ਕਰ (ਸੁੰਡ) ਵਾਲਾ ਹੈ. "ਏਕਹਿ ਕਰ ਕਰਿ ਹੈ ਕਰੀ. ਕਰੀ ਸਹਸ ਕਰ ਨਾਹਿ." (ਵ੍ਰਿੰਦ) ਇੱਕੋ ਹੱਥ (ਸੁੰਡ) ਨਾਲ ਹਾਥੀ ਕਰੀ (ਬਾਂਹ ਵਾਲਾ) ਆਖੀਦਾ ਹੈ, ਹਜਾਰ ਹੱਥ ਵਾਲਾ (ਸਹਸ੍ਰਵਾਹ) ਕਰੀ ਨਹੀਂ ਹੈ.

**ਕਰਿਸ਼ਮਾ:** ਦੇਖੋ, ਕਰਸ਼ਮਾ.

**ਕਰਿਹਾਂ:** ਕਰਦਾ ਹਾਂ. "ਗੋਬਿੰਦ ਗੋਬਿੰਦ ਕਰਿਹਾਂ." (ਆਸਾ ਮਃ ੫) ੨. ਪ੍ਰਾ. ਸੰਗ੍ਯਾ- ਕਟਿਦੇਸ਼. ਕਮਰ. "ਬਰ ਕਰਿਹਾਂ ਸ਼ਮਸ਼ੇਰ." (ਗੁਪ੍ਰਸੂ) "ਕੇਹਰਿ ਸੋ ਕਰਿਹਾਂ." (ਚੰਡੀ ੧)

**ਕਰਿਕਰਹਿ:** ਕਰਕਰ (ਕਰਤਾਰ) ਨੇ. "ਸਗਲ ਭਾਤਿ ਕਰਿਕਰਹਿ ਉਪਾਇਓ." (ਬਾਵਨ) ਦੇਖੋ, ਕਰਕਰ.

**ਕਰਿਕੁੰਭ:** ਸੰ. ਸੰਗਯਾ- ਹਾਥੀ ਦੇ ਮੱਥੇ ਤੇ ਘੜੇ ਜੇਹੀ ਉੱਭਰਵੀਂ ਥਾਂ. "ਕੇਹਰਿ ਜਯੋਂ ਕਰਿਕੁੰਭ ਵਿਦਾਰੇ." (ਸਲੋਹ)

**ਕਰਿੰਗ:** ਇੱਕ ਪ੍ਰਕਾਰ ਦਾ ਛੋਟਾ ਬੂਟਾ, ਜਿਸ ਨੂੰ ਕਲਿੰਗਾ ਭੀ ਆਖਦੇ ਹਨ. ਇਸ ਨੂੰ ਬਹੁਤ ਸਿੱਟੇ ਫੁੱਲਾਂ ਦੇ ਆਉਂਦੇ ਹਨ, ਜੋ ਸੰਝ ਤੋਂ ਲੈ ਕੇ ਸਾਰੀ ਰਾਤ ਬਹੁਤ ਸੁਗੰਧ ਦਿੰਦੇ ਹਨ. ਦਿਨ ਨੂੰ ਇਨ੍ਹਾਂ ਵਿੱਚ ਸੁਗੰਧ ਨਹੀਂ ਹੁੰਦੀ. Cestrum Nocturnum.

**ਕਰਿਜਵਾ:** ਪੂ. ਸੰਗਯਾ- ਕਲੇਜਾ. ਜਿਗਰ. "ਕਾਢ ਕਰਿਜਵਾ ਅਪਨ ਲਲਾ ਕੋ ਦੀਜਿਯੈ." (ਚਰਿਤ੍ਰ ੨)

**ਕਰਿੱਜੈ:** ਕੀਜੈ. ਕਰੀਏ.

**ਕਰਿਣੀ:** ਸੰ. ਹਥਿਨੀ. ਕਰਿ (ਹਾਥੀ) ਦੀ ਮਦੀਨ.

**ਕਰਿੰਦ:** ਵਿ- ਕਰੀਂਦ੍ਰ. ਹਾਥੀਆਂ ਦਾ ਰਾਜਾ. ਗਜਰਾਜ.

**ਕਰਿੰਦਾ:** ਦੇਖੋ, ਕਾਰਿੰਦਾ.

**ਕਰਿਨੀ:** ਦੇਖੋ, ਕਰਿਣੀ। ੨. ਹਾਥੀਆਂ ਦੀ ਸੈਨਾ. ਗਜਸੈਨਾ. (ਸਨਾਮਾ)

**ਕਰਿਪਟੰਬੁ:** ਕਰ- ਪੁਟ- ਵਿਚ- ਅੰਬੁ. ਚੁਲੀ ਵਿੱਚ ਪਾਣੀ ਲੈ ਕੇ. "ਕਰਿਪਟੰਬੁ ਗਲੀ ਮਨ ਲਾਵਸਿ." (ਗਉ ਮਃ ੧) ਕਰਪੁਟ (ਚੁਲੀ) ਵਿੱਚ ਅੰਬੁ (ਪਾਣੀ) ਲੈ ਕੇ ਭੀ ਗੱਲਾਂ ਵਿੱਚ ਮਨ ਲਾਉਂਦਾ ਹੈ. ਭਾਵ- ਦੇਵਤਾ ਅਤੇ ਪਿਤਰਾਂ ਨੂੰ ਜਲਦਾਨ ਕਰਨ ਸਮੇਂ ਸੰਧਯਾ ਦੇ ਵੇਲੇ ਭੀ ਮਨ ਸ਼ਾਂਤ ਨਹੀਂ ਕਰਦਾ.

**ਕਰਿਪਾਈ:** "ਕਰਿ ਕਰਤੈ ਕਰਣੀ ਕਰਿਪਾਈ." (ਓਅੰਕਾਰ) ਕਰਣੀ ਅਨੁਸਾਰ ਜੀਵ ਨੂੰ ਰਚਕੇ ਕਰਤੇ ਨੇ ਕਾਰ (ਕਰਤਵ੍ਯ) ਪਾਇਆ ਹੈ. ਭਾਵ- ਲੇਖ ਲਿਖਿਆ ਹੈ.

**ਕਰੀ:** ਹਾਥੀ. ਦੇਖੋ, ਕਰਿ ੩.। ੨. ਸੰਗਯਾ- ਬਾਂਹ. ਭੁਜਾ, ਜੋ ਕਰ (ਹੱਥ) ਨੂੰ ਧਾਰਨ ਕਰਦੀ ਹੈ. "ਤੁਮ ਰਾਖਹੁ ਧਾਰਿ ਕਰੀ." (ਗੂਜ ਮਃ ੫) ੩. ਕਰੀਰ ਦਾ ਸੰਖੇਪ। ੪. ਕਰੀਂ. ਕਰਾਂ. "ਕੰਚਨ ਕੇ ਕੋਟ ਦਤੁ ਕਰੀ." (ਸ੍ਰੀ ਅਃ ਮਃ ੧) ੫. ਕੀਤੀ. ਕਰਨ ਦਾ ਭੂਤ ਕਾਲ "ਜਾਕਉ ਕ੍ਰਿਪਾ ਕਰੀ ਪ੍ਰਭਿ ਮੇਰੈ." (ਸੋਰ ਮਃ ੫)

**ਕਰੀਅਹੁ:** ਕਰਾਈਓ. "ਹਰਿ ! ਸਾਕਤ ਸੇਤੀ ਸੰਗੁ ਨ ਕਰੀਅਹੁ." (ਵਾਰ ਗਉ ੧. ਮਃ ੪) ੨. ਕੀਜੀਓ.

**ਕਰੀਆ:** ਸੰਗਯਾ- ਕਰਣਧਾਰ. ਕਰ (ਚੱਪਾ) ਧਰੀਆ. ਮਲਾਹ. "ਤੁਹੀ ਦਰੀਆ ਤੁਹੀ ਕਰੀਆ." (ਗਉ ਕਬੀਰ) ੨. ਵਿ- ਕਰਨ ਵਾਲਾ. ਕਰਤਾ. "ਕਰੀਆ ਪੂਰਬਬੁਧਿ". (ਸਵੈਯੇ ਮਃ ੪. ਕੇ)

**ਕਰੀਅੰ:** ਵਿ- ਕਰਤਾ. "ਹਰੀਅੰ ਕਰੀਅੰ." (ਜਾਪੁ) ਹਰਤਾ ਅਤੇ ਕਰਤਾ.

**ਕਰੀਹ:** ਅ਼. كريه ਵਿ- ਨਿੰਦਿਤ. ਬੁਰਾ। ੨. ਬਦ ਸ਼ਕਲ। ੩. ਕਰਾਹਤ (ਗਲਾਨਿ) ਯੋਗ੍ਯ. ਦੇਖੋ, ਕਰਾਹਤ.

**ਕਰੀਹਾ, ਕਰੀਹਾਂ:** ਕਰਨ ਦੀ ਈਹਾ (ਇੱਛਾ). ੨. ਕਰਦਾ ਹਾਂ. "ਗੁਣ ਕਾਮਣ ਕਰੀਹਾ ਜੀਉ." (ਗਉ ਮਃ ੪) ੩. ਦੇਖੋ, ਕਰਿਹਾਂ.

**ਕਰੀਕਰ:** ਹਾਥੀ ਦੀ ਸੁੰਡ.

**ਕਰੀਕਰਬਾਹੁ:** ਵਿ- ਕਰੀ (ਹਾਥੀ) ਦੀ ਕਰ (ਸੁੰਡ) ਜੇਹੀ ਜਿਸਦੀ ਬਾਹੁ (ਭੁਜਾ) ਹਨ. ਭਾਵ- ਲੰਮੀਆਂ ਬਾਹਾਂ ਵਾਲਾ.

**ਕਰੀਕਰਾਂਤਕ:** ਸੰਗਯਾ- ਖੜਗ, ਜੋ ਹਾਥੀ ਦੀ ਸੁੰਡ ਦਾ ਅੰਤ ਕਰਦਾ ਹੈ. (ਸਨਾਮਾ)

**ਕਰੀਖਨ, ਕਰੀਛਨ:** ਕ੍ਰਿ- ਕਸ਼ੰਣ. ਖਿੱਚਣਾ। ੨. ਪਾੜਨਾ. ਚੀਰਨਾ.

**ਕਰੀਜਾ:** ਵਿ- ਕਰਨ ਯੋਗਯ.

**ਕਰੀਟ:** ਦੇਖੋ, ਕਿਰੀਟ.

**ਕਰੀਠਾ:** ਦੇਖੋ, ਕਾਰਕਰੀਠਾ.

**ਕਰੀਂਦ੍ਰ:** ਦੇਖੋ, ਕਰਿੰਦ.

**ਕ਼ਰੀਨਾ:** ਅ਼. قرینہ ਸੰਗ੍ਯਾ- ਨਿਯਮ. ਤਰੀਕਾ। ੨. ਸਿਲਸਿਲਾ. ਕ੍ਰਮ। ੩. ਨਿਸ਼ਾਨ. ਚਿੰਨ੍ਹ.

**ਕਰੀਫਲ:** ਕਰੀਰ ਦਾ ਫਲ. ਪੇਂਝੂ. "ਸੁਧਾ ਮਿਸਟਾਨ ਪਾਨ ਕੇ ਬਦਲੇ ਕਰੀਫਲ." (ਭਾਗੁ ਕ)

**ਕਰੀਬ, ਕ਼ਰੀਬ:** ਅ਼. قریب ਕ੍ਰਿ. ਵਿ- ਪਾਸ. ਨੇੜੇ. ਸਮੀਪ। ੨. ਲਗਪਗ.

**ਕਰੀਬੀ:** ਵਿ- ਕੋਲ ਦਾ. ਨਜ਼ਦੀਕ ਦਾ. ਸ਼ਮੀਪੀ। ੨. ਸੰਗ੍ਯਾ- ਸਮੀਪਤਾ. ਨੇੜ. ਦਖੋ, ਕ਼ਰੀਬ.

**ਕਰੀਮ:** ਅ਼. کریم ਵਿ- ਕਰਮ (ਕ੍ਰਿਪਾ) ਕਰਨ ਵਾਲਾ. ਕ੍ਰਿਪਾਲੂ। ੨. ਉਦਾਰ। ੩. ਬਜ਼ੁਰਗ.

**ਕਰੀਮਬਖ਼ਸ਼:** ਸ਼ਾਹਜਹਾਂ ਬਾਦਸ਼ਾਹ ਦਾ ਇੱਕ ਫ਼ੌਜੀ ਅਹੁਦੇਦਾਰ, ਜੋ ਹਰਿਗੋਬਿੰਦਪੁਰ ਦੇ ਜੰਗ ਵਿੱਚ ਭਾਈ ਬਿਧੀਚੰਦ ਦੇ ਹੱਥੋਂ ਮੋਇਆ.

**ਕਰੀਮਾ:** ਅ਼. کریما ਐ ਕਰੀਮ! ਹੇ ਕ੍ਰਿਪਾਲੁ! "ਕਰੀਮਾ ਰਹੀਮਾ ਅਲਾਹ ਤੂ ਗਨੀ." (ਤਿਲੰ ਨਾਮਦੇਵ)

**ਕਰੀਮਾਰ:** ਹਾਥੀ ਨੂੰ ਮਾਰਨ ਵਾਲਾ ਸ਼ੇਰ. (ਸਨਾਮਾ)

**ਕਰੀਮੁਲ ਰਹੀਮ:** (ਜਾਪੁ) ਕ੍ਰਿਪਾਲੂ ਅਤੇ ਦਯਾਲੂ. ਉਦਾਰ ਅਤੇ ਦਯਾਨਵਾਨ.

**ਕਰੀਰ, ਕਰੀਲ:** ਸੰ. ਕਰੀਰ. ਸੰਗ੍ਯਾ- ਬਾਂਸ ਦੀ ਨਵੀਂ ਗੋਭ। ੨. ਘੜਾ. ਕੁੰਭ। ੩. ਕਰੀਰ ਬਿਰਛ, ਜਿਸ ਨੂੰ ਡੇਲੇ ਲਗਦੇ ਹਨ.

**ਕਰੀਲੀ:** ਵਿ- ਕਰੀਰ ਨਾਲ ਸੰਬੰਧਿਤ। ੨. ਕਰਨ ਵਾਲੀ. "ਕਾਰਣ ਕਰੀਲੀ." (ਅਕਾਲ)

**ਕਰੁ:** ਦੇਖੋ, ਕਰ. "ਅਹਿਕਰੁ ਕਰੇ ਸੁ ਅਹਿਕਰੁ ਪਾਏ." (ਵਾਰ ਮਾਰੂ ੨, ਮਃ ੫) ਇਸ ਹੱਥ ਨਾਲ ਕਰੇ ਅਤੇ ਉਸੇ ਹੱਥ ਨਾਲ ਫਲ ਪਾਵੇ। ੨. ਸੰ. ਕਰ. ਦੇਖੋ, ਕਰ ੩. "ਗਊ ਬਿਰਾਰਮਣ ਕਉ ਕਰੁ ਲਾਵਹੁ." (ਵਾਰ ਆਸਾ)

**ਕਰੁੰਜੜਾ:** ਦੇਖੋ, ਕਰੂੰਜੜਾ.

**ਕਰੁਣ:** ਵਿ- ਸ਼ੋਕਾਤੁਰ. ਦੁਖੀ. ੨. ਕ੍ਰਿਪਾਲੂ.

**ਕਰੁਣਕ੍ਰਿਪਾਲੁ:** ਦੁਖੀ ਤੇ ਮਿਹਰ ਕਰਨ ਵਾਲਾ. "ਕਰੁਣਕ੍ਰਿਪਾਲ ਗੋਪਾਲ ਦੀਨਬੰਧੁ." (ਕਾਨ ਮਃ ੫)

**ਕਰੁਣਾ:** ਸੰਗ੍ਯਾ- ਕ੍ਰਿਪਾ. ਦਯਾ। ੨. ਕਾਵ੍ਯ ਦੇ ਨੌਂ ਰਸਾਂ ਵਿੱਚੋਂ, ਇੱਕ ਰਸ. ਦੇਖੋ, ਰਸ.

**ਕਰੁਣਾਨਿਧਾਨ, ਕਰੁਣਾਨਿਧਿ:** ਕ੍ਰਿਪਾ ਦਾ ਖ਼ਜ਼ਾਨਾ। ੨. ਦਯਾ ਦਾ ਆਸਰਾ.

**ਕਰੁਣਾਪਤਿ:** ਕ੍ਰਿਪਾ ਦਾ ਸ੍ਵਾਮੀ.

**ਕਰੁਣਾਂਬੁਧਿ:** ਕ੍ਰਿਪਾ ਦਾ ਅੰਬੁਧਿ (ਸਮੁੰਦਰ).

**ਕਰੁਣਾਮਇ, ਕਰੁਣਾਮਏ, ਕਰੁਣਾਮਯ, ਕਰੁਣਾਮੈ:** ਕ੍ਰਿਪਾਰੂਪ. ਕ੍ਰਿਪਾ ਹੈ ਜਿਸ ਵਿੱਚ ਪ੍ਰਧਾਨ. "ਭਗਤਵਛਲ ਕਰੁਣਾ-ਮਯਹ." (ਸਹਸ ਮਃ ੫) "ਤਾਕੋ ਦੂਖ ਹਰਿਓ ਕਰੁਣਾਮੈ." (ਮਾਰੂ ਮਃ ੯)

ਕਰੁਣਾਯਤਨ, ਕਰੁਣਾਲਯ: ਕ੍ਰਿਪਾ ਦਾ ਆਯਤਨ (ਘਰ). ਦਯਾ ਦਾ ਆਲਯ (ਗ੍ਰਿਹ). "ਕਰੁਣਾਲਯ ਹੈ." (ਜਾਪੁ)

ਕਰੁਨਾ: ਦੇਖੋ, ਕਰੁਣਾ.

ਕਰੁਨਾਜਲੀਸ: ਕਰੁਣਾ (ਕ੍ਰਿਪਾ) ਦਾ ਜਲੀਸ (ਜਲਈਸ਼. ਸਮੁੰਦਰ). ਕ੍ਰਿਪਾਨਿਧਿ. "ਸੁਨੋ ਅਰਜ ਦਾਸ ਕਰੁਨਾਜਲੀਸ." (ਗੁਵਿ ੧੦)

ਕਰੁਨਾਮੈ: ਦੇਖੋ, ਕਰੁਣਾਮਯ. "ਨਾਨਕ ਕਹਿਤ ਗਾਇ ਕਰੁਨਾਮੈ." (ਗਉ ਮਃ ੯)

ਕਰੁਵਾ, ਕਰੁਆ: ਵਿ- ਕਟੁ. ਕੜਵਾ. ਕੌੜਾ. "ਲਗਿ ਸੰਗਤਿ ਕਰੁਆ ਮੀਠਾ." (ਗਉ ਮਃ ੪) ੨. ਸੰ. ਕਰਕੰ. ਸੰਗਯਾ- ਮਿੱਟੀ ਦਾ ਪਾਤ੍ਰ. ਘੜਾ. ਦੇਖੋ, ਕਰੂਆਚੌਥ। ੩. ਸੰ. ਕਵਲ. ਗ੍ਰਾਸ. ਬੁਰਕੀ. "ਲਾਯਕ ਹੈਂ ਤੁਮਰੇ ਮੁਖ ਕੀ ਕੁਰਆ." (ਕ੍ਰਿਸਨਾਵ)

ਕਰੂਆਚੌਥ: ਸੰ. ਕਰਕੰਚਤੁਰਥੀ. ਕੱਤਕ ਬਦੀ ੪. ਇਸ ਤਿਥਿ ਨੂੰ ਹਿੰਦੂ ਇਸਤ੍ਰੀਆਂ ਦਿਨੇ ਵ੍ਰਤ ਕਰਕੇ, ਚੰਦ੍ਰਮਾਂ ਨੂੰ ਮਿੱਟੀ ਦੇ ਕਰੂਏ ਦੀ ਟੂੱਟੀ ਦੇ ਜਲ ਨਾਲ ਅਰਘ ਦਿੰਦੀਆਂ ਅਤੇ ਵ੍ਰਤ ਉਪਾਰਦੀਆਂ ਹਨ. ਵਿਧਵਾ ਇਸਤ੍ਰੀਆਂ ਇਹ ਵ੍ਰਤ ਨਹੀਂ ਰਖਦੀਆਂ.

ਕਰੂੰਜੜਾ: ਸੰ. क्रय्यरटा ਕ੍ਰੱਯਰਟਾ. ਸੰਗਯਾ- ਵੇਚਣ ਯੋਗ ਪਦਾਰਥਾਂ ਦੇ ਵੇਚਣ ਲਈ ਬੋਲਣ ਵਾਲਾ. ਲੈ ਲਓ ਸੌੱਦਾ, ਐਸਾ ਕਹਿਣ ਵਾਲਾ ਹੋਕਾ ਦੇ ਕੇ ਵੇਚਣ ਵਾਲਾ. ਹੁਣ ਖਾਸ ਕਰਕੇ ਸਬਜੀ ਵੇਚਣ ਵਾਲੇ ਦੀ ਇਹ ਸੰਗਯਾ ਹੋ ਗਈ ਹੈ.

ਕਰੂਠ, ਕਰੂਠੀ: ਵਿ- ਕ੍ਰੂਰ ਸੁਭਾਉ ਵਾਲਾ. ਕਠੋਰਮਨ. "ਮਨੋ ਫਾਗ ਖੇਲੈਂ ਪਿਸਾਚੰ ਕਰੂਠੀ."

ਕਰੂਪ, ਕਰੂਪੀ: ਦੇਖੋ, ਕਰੂਪ. "ਭਾਇ ਕਰੂਪੀ ਦੁਖ ਪਾਵਹਿ." (ਵਡ ਮਃ ੩)

ਕਰੂਰ: ਦੇਖੋ, ਕ੍ਰੂਰ.

ਕਰੂਰਾ: ਦੇਖੋ, ਕਾਰੂਰਾ.

ਕਰੂਰਾਛ: ਸੰ. ਕ੍ਰੂਰਾਕ੍ਸ਼. ਸੰਗਯਾ- ਕ੍ਰੂਰ (ਭਯਾਨਕ) ਨੇਤ੍ਰਾਂ ਵਾਲਾ. ਜਿਸ ਦੀ ਦ੍ਰਿਸ਼੍ਟਿ ਕ੍ਰੂਰ ਹੈ. ਸ਼ਨਿ ਗ੍ਰਹ। ੨. ਇੱਕ ਦੈਤ, ਜੋ ਰਾਵਣ ਦਾ ਸੈਨਾਨੀ ਸੀ। ੩. ਇੱਕ ਦੈਤ, ਜੋ ਦੇਵੀ ਨੇ ਮਾਰਿਆ. "ਕਰੂਰਾਛ ਘਾਯਾ." (ਚੰਡੀ ੨) ੪. ਸਰਵਲੋਹ ਅਨੁਸਾਰ ਬ੍ਰਿਜਨਾਦ (ਵੀਰਯਨਾਦ) ਦਾਨਵ ਦਾ ਪੁਤ੍ਰ. "ਕਰੂਰਾਛ ਭਟ." (ਸਲੋਹ)

ਕਰੇਹੁ: ਕਰੋ. "ਕਾਰੀ ਏਹੁ ਕਰੇਹੁ." (ਵਾਰ ਬਿਹਾ ਮਃ ੩)

ਕਰੇਕੈ: ਕਰਕੇ. "ਨਦਰਿ ਕਰੇਕੈ ਆਪਣੀ." (ਸ੍ਰੀ ਮਃ ੧. ਜੋਗੀ ਅੰਦਰ)

ਕਰੇਜਾ: ਸੰ. यकृत ਯਕ੍ਰਿਤ. ਸੰਗਯਾ- ਕਲੇਜਾ. ਜਿਗਰ. "ਕਰਕ ਕਰੇਜੇ ਮਾਹੀ." (ਸੋਰ ਭੀਖਨ) ੨. ਇਹ ਸ਼ਬਦ ਮਨ (ਦਿਲ) ਦਾ ਅਰਥ ਭੀ ਰਖਦਾ ਹੈ.

ਕਰੇਟੁ: ਸੰ. ਸੰਗਯਾ- ਜਲ ਵਿੱਚ ਅਟਨ (ਵਿਚਰਣ) ਵਾਲਾ ਇੱਕ ਪੰਛੀ, ਜੋ ਸਾਰਸ ਦੀ ਜਾਤਿ ਹੈ.

ਕਰੇਂਦੜ: ਵਿ- ਕਰਤਾ. ਕਰਨ ਵਾਲਾ. "ਪਾਪ ਕਰੇਂਦੜ ਸਰਪਰ ਮੁਠੇ." (ਮਾਰੂ ਅਃ ਮਃ ੫. ਅੰਜੁਲੀ)

ਕਰੇਂਦਾ: ਵਿ- ਕਰਿੰਦਾ. ਕਰਨ ਵਾਲਾ। ੨. ਕਰਦਾ. ਕਰਦਾ ਹੋਇਆ.

ਕਰੇਰ, ਕਰੇਰਾ: ਵਿ- ਕਠੋਰ. ਕਰੜਾ. "ਮਾਨੋ ਲੁਹਾਰ ਲਿਯੇ ਘਨ ਹਾਥਨ ਲੋਹ ਕਰੇਰੇ ਕੋ ਕਾਮ ਸਵਾਰੈ." (ਕ੍ਰਿਸਨਾਵ) ੨. ਦੇਖੋ, ਕਰਾਰਾ.

ਕਰੇਰੈ: ਕਰੇ ਹੈ. "ਧੂਰਿ ਪਵਿਤ੍ਰ ਕਰੇਰੈ." (ਕਾਨ ਮਃ ੫) ਪਵਿਤ੍ਰ ਕਰਦੀ ਹੈ.

ਕਰੇਲਾ: ਸੰ. कारवेल्ल ਕਾਰਵੇੱਲ. ਸੰਗਜਾ- ਇੱਕ ਨੋਕਦਾਰ ਪੱਤੀਆਂ ਦੀ ਬੇਲ, ਜਿਸ ਦੇ ਗੁੱਲੀ ਦੀ ਸ਼ਕਲ ਦੇ ਫਲ ਲਗਦੇ ਹਨ, ਜੋ ਕਸੈਲੇ ਸੁਆਦ ਦੇ ਹੁੰਦੇ ਹਨ। ੩. ਕਾਰਵੇੱਲ ਦਾ ਫਲ, ਜਿਸ ਦੀ ਤਰਕਾਰੀ ਬਣਦੀ ਹੈ। ੩. ਕਰੇਲੇ ਦੀ ਸ਼ਕਲ ਦਾ ਸੁਰਮੇਦਾਨ.

ਕਰੇਵ: ਕਰੇ- ਇਵ। ੨. ਕਰਦਾ ਹੈ. "ਆਪੇ ਕਰਣ ਕਰੇਵ." (ਸ੍ਰੀ ਮਃ ੫)

ਕਰੇਵਾ: ਵਿਧਵਾ ਇਸਤ੍ਰੀ ਨਾਲ ਕੀਤਾ ਪੁਨਰਵਿਵਾਹ, ਜੋ ਲੋਕਰੀਤਿ ਨਾਲ ਕੀਤਾ ਗਿਆ ਹੈ.

ਕਰੇੜਾ: ਦੇਖੋ, ਦੰਤਸ਼ਰਕਰਾ.

ਕਰੈਯਾ: ਵਿ- ਕਰਨ ਵਾਲਾ. ਕਰਤਾ. "ਬਰ ਜੁੱਧ ਕਰੈਯਾ." (ਕ੍ਰਿਸਨਾਵ)

ਕਰੋਟ: ਕਰ- ਓਟ. ਹੱਥ ਨੂੰ ਬਚਾਉਣ ਵਾਲੀ ਢਾਲ। ੨. ਖੰਦਕ. ਖਾਈ. "ਓਟਨ ਕੂਦ ਕਰੋਟਨ ਫਾਂਧ." (ਰਾਮਾਵ) ੩. ਸੰ. ਸਿਰ ਦੀ ਖੋਪੜੀ. ਕਪਾਲ.

ਕਰੋਟਿ: ਦੇਖੋ, ਕਰੋਟ ੩. ਕਰੋਟ ਅਤੇ ਕਰੋਟਿ ਦੋਵੇਂ ਸ਼ਬਦ ਸੰਸਕ੍ਰਿਤ ਹਨ.

ਕਰੋਟਿ ਓਟ: ਸੰਗਜਾ- ਲੋਹੇ ਦਾ ਟੋਪ, ਜੋ ਕਰੋਟਿ (ਖੋਪਰੀ) ਦੀ ਓਟ ਹੈ. ਖੋਲ. "ਛੇਦ ਕਰੋਟਿਨ ਓਟਨ ਕੋਟਿ." (ਰਾਮਾਵ)

ਕਰੋਟੀ: ਸੰਗਜਾ- ਕਾਲੀ ਦੇਵੀ, ਜੋ ਹੱਥ ਵਿੱਚ ਕਰੋਟਿ (ਖੋਪਰੀ) ਰਖਦੀ ਹੈ. "ਕਮਛ੍ਯਾ ਕਰੋਟੀ." (ਚੰਡੀ ੨)

ਕਰੋਡ: ਦੇਖੋ, ਕਰੋੜ ਅਤੇ ਕਾਰੋੜ। ੨. ਗੁਰੁਪ੍ਰਤਾਪ ਸੂਰਜ ਅਨੁਸਾਰ ਮਾਲਵੇ ਵਿੱਚ ਗੁਰੂ ਤੇਗ ਬਹਾਦੁਰ ਸਾਹਿਬ ਵਿਚਰਦੇ ਹੋਏ ਬਰ੍ਹੇ ਅਤੇ ਗੁਰਨੇ ਪਿੰਡ ਹੁੰਦੇ ਹੋਏ ਕਰੋਡ ਗ੍ਰਾਮ ਆਕੇ ਠਹਿਰੇ ਹਨ. "ਚਲੇ ਕਰੋਡ ਗ੍ਰਾਮ ਮਹਿਂ ਆਏ." (ਗੁਪ੍ਰਸੂ) ਕਰੋਡ ਤੋਂ ਚੱਲਕੇ ਗੁਰੂ ਸਾਹਿਬ ਧਮਧਾਨ ਆਏ ਹਨ.

ਕਰੋਤਿ: ਕਰਦਾ ਹੈ. "ਜੈਸੇ ਪਾਵਕ ਕਾਸਟ ਭਸਮੰ ਕਰੋਤਿ." (ਸਹਸ ਮਃ ੫)

ਕਰੋਧ: ਦੇਖੋ, ਕ੍ਰੋਧ.

ਕਰੋਧਿ: ਕ੍ਰੋਧ ਕਰਕੇ. ਗੁੱਸੇ ਨਾਲ. "ਕਾਮਿ ਕਰੋਧਿ ਨਗਰੁ ਬਹੁ ਭਰਿਆ." (ਸੋਹਿਲਾ) ੨. ਦੇਖੋ, ਕ੍ਰੋਧੀ.

ਕਰੋਧੁ: ਸੰ. ਕ੍ਰੋਧ. ਸੰਗਜਾ- ਗੁੱਸਾ. "ਕਾਮੁਕਰੋਧੁ ਕਪਟੁ ਬਿਖਿਆ ਤਜਿ." (ਆਸਾ ਮਃ ੧)

ਕਰੋਪ: ਸੰ. ਕੋਪ. ਸੰਗਜਾ- ਗੁੱਸਾ.

ਕਰੋਰ: ਸੰ. ਕੋਟਿ. ਸੰਗਜਾ- ਸੌ ਲੱਖ. ਕ੍ਰੋੜ. ਦੇਖੋ, ਸੰਖ੍ਯਾ.

ਕਰੋਰੀ: ਦੇਖੋ, ਕਰੋੜੀ.

ਕਰੋਲੀ: ਸੰਗਜਾ- ਛੇੜਖਾਨੀ. ਤਾਨੇਜ਼ਨੀ. "ਕਰੈਂ ਕਰੋਲੀ ਨਿੱਤ." (ਪ੍ਰਾਪੰਪ੍ਰ) ੨. ਦੇਖੋ, ਕਰੌਲੀ.

ਕਰੋੜ: ਦੇਖੋ, ਕਰੋਰ.

ਕਰੋੜਾ: ਸੰਗਜਾ- ਦਾਰੋਗਾ. ਨਿਗਰਾਨੀ ਕਰਨ ਵਾਲਾ ਅਹੁਦੇਦਾਰ. ਦੇਖੋ, ਅਕਬਰ। ੨. ਕ੍ਰੋੜ (ਕੋਟਿ) ਦਾਮ ਦੀ ਆਮਦਨ ਦੇ ਇਲਾਕੇ ਦਾ ਮਾਲੀ ਅਫ਼ਸਰ. ਦੇਖੋ, ਕਰੋੜੀ ੨.

ਕਰੋੜਿ: ਕੋਟਿ. ਸੌ ਲੱਖ. ਭਾਵ- ਬੇਅੰਤ. "ਕਰੋੜਿ ਹਸਤ ਤੇਰੀ ਟਹਿਲ ਕਮਾਵਹਿ." (ਸੂਹੀ ਛੰਤ ਮਃ ੫)

ਕਰੋੜੀ, ਕਰੋੜੀਆ: ਵਿ- ਕੋਟਿਪਤਿ. ਜਿਸ ਪਾਸ ਕਰੋੜਹਾ ਰੁਪਯਾ ਹੈ। ੨. ਬਾਦਸ਼ਾਹ ਅਕਬਰ ਨੇ ਸਨ ੧੫੭੫- ੭੬ ਵਿੱਚ

ਆਪਣੀ ਸਾਰੀ ਸਲਤਨਤ ਨੂੰ (ਬੰਗਾਲ ਬਿਹਾਰ ਅਤੇ ਗੁਜਰਾਤ ਬਿਨਾ) ਇੱਕ ਇੱਕ ਕਰੋੜ ਦਾਮ ਦੀ ਆਮਦਨ ਵਾਲੇ ੧੯੨ ਇਲਾਕਿਆਂ ਉੱਤੇ ਵੰਡਿਆ. ਇਨ੍ਹਾਂ ਇਲਾਕਿਆਂ ਦੇ ਹਾਕਮਾਂ ਨੂੰ "ਆਮਿਲ" ਜਾਂ "ਕਰੋੜੀ" ਕਹਿੰਦੇ ਸਨ. ਉਸ ਵੇਲੇ ਦਾਮ ਦਾ ਮੁੱਲ ਇੱਕ ਰੁਪਯੇ ਦਾ ਚਾਲੀਵਾਂ ਹਿੱਸਾ ਹੁੰਦਾ ਸੀ, ਇਸ ਹਿਸਾਬ ਇੱਕ ਕਰੋੜ ਦਾਮ ੨੫੦, ੦੦੦ (ਢਾਈ ਲੱਖ) ਰੁਪਯੇ ਦੇ ਬਰਾਬਰ ਸੀ। ੩. ਖ਼ਜ਼ਾਨਚੀ। ੪. ਦੁਨੀ ਚੰਦ ਸ਼ਾਹੂਕਾਰ ਦੀ ਉਪਾਧੀ, ਜੋ ਸ਼੍ਰੀ ਗੁਰੂ ਨਾਨਕ ਦੇਵ ਦਾ ਸਿੱਖ ਹੋ ਕੇ ਭਰਮ ਪਾਖੰਡ ਨੂੰ ਤਜਾਗਕੇ ਪਰਉਪਕਾਰੀ ਹੋਇਆ. ਇਸ ਦਾ ਨਾਉਂ ਕਰੋੜੀਮੱਲ ਭੀ ਜਨਮਸਾਖੀ ਵਿੱਚ ਆਇਆ ਹੈ. ਕਰਤਾਰਪੁਰ ਨਗਰ ਵਸਾਉਣ ਲਈ ਇਸ ਨੇ ਧਨ ਖ਼ਰਚਿਆ ਅਤੇ ਸਤਿਗੁਰੂ ਦਾ ਮਹਿਲ ਤਥਾ ਧਰਮਸ਼ਾਲਾ ਬਣਵਾਈ. ਦੇਖੋ, ਕਰਤਾਰਪੁਰ ੧.

ਕਰੋੜੀਆਂ ਦੀ ਮਿਸਲ: ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇੱਕ ਮਿਸਲ. ਇਸ ਦਾ ਮੁਖੀਆ, ਜੱਟ ਕਰੋੜਾ ਸਿੰਘ ਬਰਕੀ ਵਾਲਾ ਸੀ, ਜਿਸ ਕਰਕੇ ਇਹ ਮਿਸਲ ਕਰੋੜੀਆਂ ਪ੍ਰਸਿੱਧ ਹੋਈ. ਸਰਦਾਰ ਬਘੇਲ ਸਿੰਘ ਇਸੇ ਮਿਸਲ ਵਿੱਚੋਂ ਸੀ. ਇਸ ਦੀ ਰਾਜਧਾਨੀ ਜਮਨਾ ਕਿਨਾਰੇ ਛਲੌਦੀ ਸੀ. ਕਲਸੀਆ ਰਿਆਸਤ ਇਸੇ ਮਿਸਲ ਵਿੱਚੋਂ ਸਰਦਾਰ ਗੁਰਬਖ਼ਸ਼ ਸਿੰਘ ਦੀ ਵੰਸ਼ ਹੈ. ਕਰਨਾਲ ਜ਼ਿਲੇ ਵਿੱਚ ਧਨੌਰ ਦੇ ਸਰਦਾਰ, ਅੰਬਾਲੇ ਜ਼ਿਲੇ ਦੇ ਲੇਦੇ ਦੇ ਜਾਗੀਰਦਾਰ ਭੀ ਇਸੇ ਮਿਸਲ ਵਿੱਚੋਂ ਹਨ.

ਕਰੋੜੀਮੱਲ: ਦੇਖੋ, ਕਰੋੜੀ ੪.

ਕਰੌ: ਕਰਮ. ਡਿੰਘ. ਦੇਖੋ, ਕਰਉ. "ਕਰੌ ਅਢਾਈ ਧਰਤਿ ਮੰਗ." (ਭਾਗੁ) ਵਾਮਨ ਨੇ ਢਾਈ ਕ਼ਦਮ ਜ਼ਮੀਨ ਮੰਗਕੇ.

ਕਰੌਂਜਾ: ਦੇਖੋ, ਕਰੌਂਦਾ. "ਬਦਰੀ ਖਦਰ ਕਰੌਂਜੇ ਜਾਲ." (ਗੁਪ੍ਰਸੂ) ੨. ਕਰੰਜੂਆ. ਮੀਚਕਾ.

ਕਰੌਤੀ: ਸੰਗਯਾ- ਕਰਪਤ੍ਰਿਕਾ (ਆਰੀ) ਜੇਹੇ ਦੰਦੇ ਰੱਖਣ ਵਾਲੀ ਇੱਕ ਪ੍ਰਕਾਰ ਦੀ ਤਲਵਾਰ. "ਕਰੌਤੀ ਕਟਾਰੰ." (ਚੰਡੀ ੨) ਦੇਖੋ, ਸ਼ਸਤ੍ਰ.

ਕਰੌਂਦਾ: ਸੰ. ਕਰਮਦੰਕ. ਸੰਗਯਾ- ਨਿੰਬੂ ਜੇਹੇ ਪੱਤਿਆਂ ਦਾ ਇੱਕ ਕੰਡੇਦਾਰ ਬੂਟਾ, ਜਿਸ ਦੇ ਫਲਾਂ ਦਾ ਆਚਾਰ ਪੈਂਦਾ ਹੈ. L. Carissa carandas.

ਕਰੌਲ, ਕਰੌਲਾ: ਸੰਗਯਾ- ਸ਼ਿਕਾਰੀ. "ਧਰ ਕਰ ਭੇਮ ਕਰੌਲ ਕੋ ਗਈ ਤਵਨ ਕੇ ਧਾਮ." (ਚਰਿਤ੍ਰ ੨੯੮) ੨. ਵਿ- ਕਰਾਲ. ਭਿਆਨਕ.

ਕਰੌਲੀ: ਤੁ. قرَولی ਕ਼ਰੌਲੀ. ਛੋਟੀ ਅਤੇ ਸਿੱਧੀ ਤਲਵਾਰ. ਲੰਮੀ ਛੁਰੀ. "ਕਰੌਲੀ ਕਿਨੀ ਕਾਢ ਪਹਿਲੂ ਬਿਦਾਰਜੋ." (ਸਲੋਹ) ੨. ਰਾਜਪੂਤਾਨੇ ਦੀ ਇੱਕ ਰਿਆਸਤ, ਜਿਸ ਦੇ ਰਈਸ ਯਦੁਵੰਸ਼ੀ ਹਨ.

ਕਰੰਉ: ਕਰਦਾ ਹਾਂ. "ਭਗਤਿ ਕਰੰਉ ਲਿਵ ਲਾਏ." (ਵਡ ਛੰਤ ਮਃ ੫) ੨. ਕਰਮ. ਕਦਮ. ਡਿੰਘ.

ਕਰੰਕ, ਕਰੰਗ: ਸੰ. करङ्क ਸੰਗਯਾ- ਸ਼ਰੀਰ ਦੀਆਂ ਹੱਡੀਆਂ ਦਾ ਪਿੰਜਰ. "ਕਰੰਗੀ ਲਗਾ ਹੰਸ." (ਵਾਰ ਸੂਹੀ ਮਃ ੧) ਹੰਸਰੂਪ ਜੀਵ, ਜੋ ਮੋਤੀ (ਸ਼ੁਭ ਗੁਣ) ਚੁਗਣ ਵਾਲਾ ਸੀ, ਵਿਸ਼ੇਰੂਪ ਕਰੰਗਾਂ ਨੂੰ ਚੂੰਡਦਾ ਹੈ. "ਕਰੰਗ ਬਿਖੁ ਮੁਖਿ ਲਾਈਐ." (ਰਾਮ ਮਃ ੪)

ਕਰੰਜਨ, ਕਰੰਜਨੋ: ਕਰਦੇ ਹਨ. "ਸੇਵਾ ਕਰੰਜਨ." (ਭਾਗੁ) ੨. ਕਰਨ ਵਾਲਾ. "ਕ੍ਰਿਪਾ ਕਰੰਜਨੋ." (ਭਾਗੁ) ੩. ਜਨ (ਸੇਵਕਾਂ) ਦੇ ਸਿਰ, ਕਰ (ਹੱਥ) ਰੱਖਣ ਵਾਲਾ.

ਕਰੰਜੁਵਾ, ਕਰੰਜੂਆ: ਸੰ. कण्टकरञ्ज ਕੰਟਕਰੰਜ. ਮੀਚਕਾ. L. Caesalpinia Bonzacella. ਇਹ ਕੰਡੇਦਾਰ ਪੌਦਾ ਬਹੁਤ ਕੌੜਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਮੀਚਕਾ ਤਾਪ ਬਵਾਸੀਰ ਕੁਸ਼੍ਠ ਪੇਟ ਦੇ ਕੀੜੇ ਅਤੇ ਤੁਚਾ ਦੇ ਰੋਗਾਂ ਨੂੰ ਹਟਾਉਂਦਾ ਹੈ. ਸੋਜ ਦੂਰ ਕਰਦਾ ਹੈ. ਲਹੂ ਨੂੰ ਸਾਫ ਕਰਨ ਵਾਲਾ ਹੈ. ਖੇਤਾਂ ਦੀ ਬਾੜ ਲਈ ਇਹ ਬਹੁਤ ਲਾਈਦਾ ਹੈ.

ਕਰੰਡ: ਸੰ. कराण्ड. ਸੰਗਯਾ- ਪਿਟਾਰੀ। ੨. ਸ਼ਹਿਦ ਦਾ ਛੱਤਾ। ੩. ਤਲਵਾਰ। ੪. ਹੰਸ ਦੀ ਕ਼ਿਸਮ ਦਾ ਇੱਕ ਪੰਛੀ.

ਕਰੰਤਾ: ਕਰਦਾ. "ਖਟਕਰਮ ਕਰੰਤਾ." (ਸੋਪੁਰਖੁ) ੨. ਦੇਖੋ, ਕਰੰਤੇ ਕੀ ਆਗਿ.

ਕਰੰਤੇ ਕੀ ਆਗਿ: ਸੰ. ਕ੍ਰਤ੍ਵਗ੍ਨਿ. ਯਗ੍ਯ ਦੀ ਅਗਨਿ, ਜੋ ਮਹਾ ਪਵਿਤ੍ਰ ਮੰਨੀ ਹੈ. "ਗੰਗਾ ਕਾ ਉਦਕ ਕਰੰਤੇ ਕੀ ਆਗਿ." (ਬਸੰ ਮਃ ੧) ੨. ਕ੍ਰਿਤ੍ਰਿਮ ਅਗਨਿ. ਅਰਣੀ ਮਥਕੇ ਕੱਢੀ ਹੋਈ ਅੱਗ. ਯੱਗ ਵਿੱਚ ਭੀ ਇਹੀ ਅਗਨੀ ਵਰਤਣੀ ਲਿਖੀ ਹੈ. ਦੇਖੋ, ਅਰਣੀ.

ਕਰੰਦੜ: ਸਿੰਧੀ. ਵਿ- ਕਰਨ ਵਾਲਾ. ਕਰਤਾ. ਦੇਖੋ, ਕਰੇਂਦੜ.

ਕਰੰਮ: ਦੇਖੋ, ਕਰਮ. "ਕਹੁ ਨਾਨਕ ਤਾਕੇ ਪੂਰਕਰੰਮਾ." (ਸੋਰ ਮਃ ੫) "ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ." (ਵਾਰ ਮਾਰੂ ੧. ਮਃ ੫) ੨. ਦਖੋ, ਕ੍ਰਮ.

ਕਰੰਮਕਾਲ: ਕਾਲਕ੍ਰਮ. ਜ਼ਮਾਨੇ ਦੀ ਗਰਦਿਸ਼. "ਕਰੰਮਕਾਲ ਯੌਂ ਭਈ." (ਵਿਚਿਤ੍ਰ)

ਕਰੰਮਾ: ਦੇਖੋ, ਕਰੰਮ। ੨. ਵਿ- ਕਰਮਾਂ ਵਾਲਾ. "ਕਹੁ ਨਾਨਕ ਹਮ ਨੀਚ ਕਰੰਮਾ." (ਆਸਾ ਮਃ ੫) ੩. ਕਰਮਾਂ ਕਰਕੇ. ਕਰਮੋਂ ਸੇ. "ਹਰਿ ਜਪੀਐ ਵਡੇ ਕਰੰਮਾ." (ਬਿਲਾ ਮਃ ੪)

ਕਰ੍ਹਨਾ: ਕ੍ਰਿ- ਕੜ੍ਹਨਾ. ਤਪਣਾ. ਉਬਲਨਾ. ਸੰਤਾਪ ਸਹਿਤ ਹੋਣਾ. "ਕਰ੍ਹੈ ਨ ਝੂਰੇ ਨਾ ਮਨੁ ਰੋਵਨਹਾਰਾ." (ਆਸਾ ਮਃ ੫)

ਕਰ੍ਹਾ: ਜ਼ਿਲਾ ਕਰਨਾਲ, ਤਸੀਲ ਕੈਥਲ, ਥਾਣਾ ਪਹੋਏ ਦਾ ਪਿੰਡ. ਇਸ ਗ੍ਰਾਮ ਤੋਂ ਅੱਧ ਮੀਲ ਅਗਨਿ ਕੋਣ ਵਿੱਚ ਗੁਰੁਦ੍ਵਾਰਾ ਹੈ. ਇਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਨੇ ਚਰਣ ਪਾਏ ਹਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਭੀ ਇਸੇ ਥਾਂ ਵਿਰਾਜੇ ਹਨ. ਗੁਰੂ ਸਾਹਿਬ ਨੇ ਕ੍ਰਿਪਾ ਕਰਕੇ ਇੱਕ ਅੰਨ੍ਹੇ ਪਿੰਗੁਲੇ ਨੂੰ ਅਰੋਗ ਕੀਤਾ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦੇ ਚਰਣਾਂ ਨਾਲ ਭੀ ਇਸ ਅਸਥਨ ਨੂੰ ਮਾਨ ਪ੍ਰਾਪਤ ਹੋਇਆ ਹੈ.

ਨੌਵੇਂ ਸਤਿਗੁਰੂ ਨੇ ਇਸ ਪਿੰਡ ਖੂਹ ਅਤੇ ਬਾਗ ਲਾਉਣ ਲਈ ਮਾਯਾ ਦਿੱਤੀ. ਦਸ਼ਮੇਸ਼ ਭੀ ਇਸ ਥਾਂ ਆਏ ਹਨ, ਪਰ ਡੇਰਾ ਨਹੀਂ ਕੀਤਾ. ਘੋੜੇ ਤੇ ਸਵਾਰ ਹੋਏ ਹੀ ਸੰਗਤਿ ਨੂੰ ਉਪਦੇਸ਼ ਦੇ ਕੇ ਅੱਗੇ ਚਲੇ ਗਏ ਹਨ. ਇੱਕੋ ਹਾਤੇ ਅੰਦਰ ਗੁਰੁਅਸਥਾਨ ਹਨ, ਜਿਨਾਂ ਦੀ ਟਹਿਲ ਭਾਈ ਉਦਯ ਸਿੰਘ ਕੈਥਲਪਤਿ ਨੇ ਕਰਵਾਈ ਸੀ. ਰੇਲਵੇ ਸਟੇਸ਼ਨ ਕੁਰੁਛੇਤ੍ਰ ਤੋਂ ੧੬. ਮੀਲ ਪੱਛਮ ਗੁਰਦ੍ਵਾਰਾ ਹੈ. ਰਿਆਸਤ ਪਟਿਆਲੇ ਵੱਲੋਂ ੪੨੫ ਰੁਪਯੇ, ਜੀਂਦ ਤੋਂ ੫੫ ਰੁਪਯੇ ਅਤੇ ਨਾਭੇ ਤੋਂ ੧੫. ਰੁਪਯੇ ਸਾਲਾਨਾ ਮਿਲਦੇ ਹਨ. ਭਾਈ ਉਦਯ ਸਿੰਘ ਜੀ ਦੀ ਦਿੱਤੀ ਤਿੰਨ ਸੌ ਵਿੱਘੇ ਜ਼ਮੀਨ ਹੈ.

ਕਰ੍ਹੈ: ਦੇਖੋ, ਕਰ੍ਹਨਾ.

ਕਲ: ਸੰ. ਕਲ੍ ਧਾ- ਸ਼ਬਦ ਕਰਨਾ, ਗਿਣਨਾ, ਫੈਂਕਣਾ, ਜਾਣਾ, ਬੰਨ੍ਹਣਾ, ਲੈਣਾ, ਵਜਾਕੁਲ ਹੋਣਾ। ੨. ਵਿ- ਸੁੰਦਰ. ਮਨੋਹਰ. "ਕਹਿਣ ਅੰਮ੍ਰਿਤ ਕਲ ਢਾਲਣ." (ਸਵੈਯੇ ਮਃ ੨. ਕੇ) ਸਤਿਗੁਰਾਂ ਦਾ ਮਨੋਹਰ ਕਥਨ ਅਮ੍ਰਿਤ ਵਤ ਹੈ। ੩. ਸੰਗ੍ਯਾ- ਮਿੱਠੀ ਧੁਨਿ। ੪. ਵੀਰਜ. ਮਣੀ। ੫. ਕਲਾ. ਸ਼ਕਤਿ. "ਨੀਕੀ ਕੀਰੀ ਮਹਿ ਕਲ ਰਾਖੈ." (ਸੁਖਮਨੀ) "ਜਿਨ ਕਲ ਰਾਖੀ ਮੇਰੀ." (ਸੂਹੀ ਮਃ ੫) ੬. ਭਾਗ. ਅੰਸ. ਹਿੱਸਾ. "ਕਲੀਕਾਲ ਮਹਿ ਇਕ ਕਲ ਰਾਖੀ." ਅਤੇ "ਤ੍ਰੇਤੈ ਇਕ ਕਲ ਕੀਨੀ ਦੂਰਿ." (ਰਾਮ ਮਃ ੩) ੭. ਕਲਯ (ਕਲ੍ਯ). "ਚਰਣ ਨ ਛਾਡਉ ਸਰੀਰ ਕਲ ਜਾਈ." (ਗਉ ਰਵਿਦਾਸ) ੮. ਚੈਨ. ਸ਼ਾਂਤਿ. "ਮਨ ਕਲ ਨਿਮਖਮਾਤ੍ਰ ਨਹਿ ਪਰੈ." (ਗੁਪ੍ਰਸੂ) ੯. ਕਲਾ. ਵਿਦ੍ਯਾ. "ਜਿਸੁ ਭੁਲਾਏ ਆਪਿ ਤਿਸੁ ਕਲ ਨਹੀ ਜਾਣੀਆ." (ਵਾਰ ਗਉ ੨. ਮਃ ੫) "ਤੂ ਬੇਅੰਤੁ ਸਰਬ ਕਲ ਪੂਰਾ." (ਬੈਰਾ ਮਃ ੪) ੧੦. ਅਵਿਦ੍ਯਾ, ਜੋ ਜੀਵਾਂ ਨੂੰ ਕਲ (ਬੰਧਨ) ਪਾਉਂਦੀ ਹੈ. "ਗੁਰ ਕੈ ਬਾਨਿ ਬਜਰ ਕਲ ਛੇਦੀ." (ਗਉ ਕਬੀਰ) ੧੧. ਯੰਤ੍ਰ. ਮਸ਼ੀਨ. "ਬੰਧਨ ਕਾਟੈ ਸੋ ਪ੍ਰਭੂ ਜਾਂਕੋ ਕਲ ਹਾਥਿ." (ਬਿਲਾ ਮਃ ੫) ੧੨. ਕਾਲੀ. ਯੋਗਿਨੀ. "ਕਲ ਸਨਮੁਖ ਆਵਤ ਭਈ ਜਾਂਹਿ ਬੇਖ ਬਿਕਰਾਲ." (ਨਾਪ੍ਰ) ੧੩. ਅਕਾਲ ਦਾ ਸੰਖੇਪ. "ਜੋ ਕਲ ਕੋ ਇਕ ਬਾਰ ਧਿਐਹੈ." (ਚੌਪਈ) ੧੪. ਛੰਦ ਦਾ ਚਰਣ. ਤੁਕ। ੧੫. ਦੇਖੋ, ਕਲਿ.

ਕਲਉ: ਕ਼ਲਮ. ਲੇਖਨੀ. "ਕਲਉ ਮਸਾਜਨੀ ਕਿਆ ਸਦਾਈਐ?" (ਵਾਰ ਸ੍ਰੀ ਮਃ ੩) ਕ਼ਲਮ ਦਵਾਤ ਮੰਗਾਉਣ ਦੀ ਕੀ ਲੋੜ

ਹੈ?

**ਕਲਸ:** ਸੰ. ਕਲਸ਼. ਸੰਗਯਾ- ਮੰਦਰ ਦਾ ਮੁਕਟ, ਜੋ ਸੁਵਰਣ (ਸੋਨੇ) ਨਾਲ ਲਿੱਪਿਆ ਹੁੰਦਾ ਹੈ. "ਤੈ ਜਨ ਕਉ ਕਲਸ ਦੀਪਾਇਅਉ." (ਸਵੈਯੇ ਮਃ ੫. ਕੇ) ਤੈਂ ਆਪਣੇ ਦਾਸ ਨੂੰ ਕਲਸ ਵਾਂਙ ਰੌਸ਼ਨ ਕੀਤਾ ਹੈ। ੨. ਘੜਾ. "ਕਨਕ ਕਲਸ ਭਰ ਆਨੈ." (ਸਲੋਹ) ੩. ਇਕ ਤੋਲ, ਜੋ ਅਜ ਕਲ ਅੱਠ ਸੇਰ ਦੇ ਬਰਾਬਰ ਹੈ। ੪. ਇੱਕ ਛੰਦ, ਜਿਸ ਦਾ ਨਾਉਂ ਹੁੱਲਾਸ ਭੀ ਹੈ.[352] ਇਹ ਛੰਦ ਦੋ ਛੰਦਾ ਦੇ ਮੇਲ ਤੋਂ ਬਣਾਇਆ ਜਾਂਦਾ ਹੈ. ਜੋ ਛੰਦ ਕਲਸ਼ (ਸਿਰ) ਪੁਰ ਰੱਖਿਆ ਜਾਵੇ, ਉਸ ਦਾ ਅੰਤਿਮ ਪਦ ਦੂਜੇ ਛੰਦਾਂ ਦੇ ਮੁੱਢ ਸਿੰਘਾਵਲੋਕਨ ਨਜਾਯ ਕਰਕੇ ਆਉਣਾ ਚਾਹੀਏ. ਦਸਮਗ੍ਰੰਥ ਵਿੱਚ ਚੌਪਾਈ ਅਤੇ ਤ੍ਰਿਭੰਗੀ ਦੇ ਮੇਲ ਤੋਂ "ਕਲਸ" ਛੰਦ ਰਚਿਆ ਗਿਆ ਹੈ. ਯਥਾ-

ਆਦਿ ਅਭੈ ਅਨਗਾਧ ਸਰੂਪੰ,

ਰਾਗ ਰੰਗ ਜਿਹ ਰੇਖ ਨ ਰੂਪੰ,

ਰੰਕ ਭਯੋ ਰਾਵਤ ਕਹੂੰ ਭੂਪੰ,

ਕਹੂੰ ਸਮੁਦ੍ਰ ਸਰਿਤਾ ਕਹੂੰ ਕੂਪੰ, -

ਸਰਿਤਾ ਕਹੂੰ ਕੂਪੰ, ਸਮੁਦਸਰੂਪੰ,

ਅਲਖਬਿਭੂਤੰ ਅਮਿਤਗਤੰ,

ਅਦ੍ਵੈ ਅਬਿਨਾਸੀ, ਪਰਮ ਪ੍ਰਕਾਸੀ,

ਤੇਜ ਸੁਰਾਸੀ, ਅਕ੍ਰਿਤਕ੍ਰਿਤੰ,

ਜਿਹ ਰੂਪ ਨ ਰੇਖੰ, ਅਲਖ ਅਭੇਖੰ

ਅਮਿਤ ਅਦ੍ਵੈਖੰ, ਸਰਬਮਈ,

ਸਬ ਕਿਲਵਿਖਹਰਣੰ ਪਤਿਤਉਧਰਣੰ,

ਅਸਰਣਸਰਣੰ, ਏਕ ਦਈ.

(ਗਜਾਨ)

(ਅ) ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਛੰਦਾਂ ਦੇ ਮੇਲ ਤੋਂ ਕਲਸ ਛੰਦ ਰਚੇ ਗਏ ਹਨ, ਜਿਨ੍ਹਾਂ ਦੇ ਕੁਝ ਰੂਪ ਇਸ ਥਾਂ ਲਿਖਦੇ ਹਾਂ.

ਚੌਪਈ ਅਤੇ ਸਵੈਯੇ ਦੇ ਮੇਲ ਤੋਂ ਕਲਸ, ਯਥਾ-

ਸਤਿਗੁਰ ਸੇਵਿ ਪਰਮਪਦੁ ਪਾਯਉ,

ਅਬਿਨਾਸੀ ਅਬਿਗਤੁ ਧਿਆਯਉ,

ਤਿਸ ਭੇਟੇ ਦਾਰਿਦ੍ਰ ਨ ਚੰਪੈ,

ਕਲਜਸਹਾਰੁ ਤਾਸੁ ਗੁਣ ਜੰਪੈ. -

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ,

ਅਮਿਅਨਾਮੁ ਜਾਕਉ ਫੁਰਿਆ,

---

[352] ਕਵਿ ਸੈਨਾਪਤਿ ਨੇ ਗੁਰੁ ਸੋਭਾ ਗ੍ਰੰਥ ਵਿੱਚ ਇਸ ਦਾ ਨਾਉਂ ਲੋਟਨ ਛੰਦ ਲਿਖਿਆ ਹੈ.

ਇਨਿ ਸਤਿਗੁਰ ਸੇਵਿ ਸਬਦਰਸੁ ਪਾਯਾ,

ਨਾਮੁ ਨਿਰੰਜਨ ਉਰਿ ਧਰਿਆ,

ਹਰਿਨਾਮ ਰਸਿਕੁ ਗੋਬਿੰਦਗੁਣਗਾਹਕੁ

ਚਾਹਕੁ ਤੱਤ ਸਮੱਤਸਰੇ,

ਕਵਿ ਕਲਜ ਠਕੁਰ ਹਰਿਦਾਸਤਨੇ,

ਗੁਰ ਰਾਮਦਾਸ ਸਰ ਅਭਰ ਭਰੇ.

(ਸਵੈਯੇ ਮਃ ੪. ਕੇ)

(ੲ) ਨਿਤਾ ਅਤੇ ਸਾਰ ਛੰਦ ਦੇ ਮੇਲ ਤੋਂ ਕਲਸ. ਨਿਤਾ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੧੨. ਮਾਤ੍ਰਾ ਅੰਤ ਦੋ ਗੁਰੁ.

ਉਦਾਹਰਣ-

ਹਮ ਘਰਿ ਸਾਜਨ ਆਏ, ਸਾਚੈ ਮੇਲਿ ਮਿਲਾਏ, x x

ਸਹਜਿ ਮਿਲਾਏ ਹਰਿ ਮਨਿ ਭਾਏ,

ਪੰਚ ਮਿਲੇ ਸੁਖ ਪਾਇਆ.

ਸਾਈ ਵਸਤੁ ਪਰਾਪਤ ਹੋਈ,

ਜਿਸੁ ਸੇਤੀ ਮਨੁ ਲਾਇਆ[353] x x x

(ਸੂਹੀ ਛੰਤ ਮਃ ੧)

ਕਲਸਹਾਰ: ਗੁਰੁਯਸ਼ ਕਰਤਾ ਇੱਕ ਭੱਟ. "ਕਹੁ ਕੀਰਤਿ ਕਲਸਹਾਰ." (ਸਵੈਯੇ ਮਃ ੨. ਕੇ) ੨. ਸੰ. ਕਲਸ਼ਹਾਰ. ਘੜਾ ਲੈ ਜਾਣ ਵਾਲਾ. ਕਹਾਰ.

ਕਲਸਾ: ਦੇਖੋ, ਕਲਸ ੨. "ਫਿਸਲੈ ਪਗ ਕਲਸਾ ਗਿਰੈ." (ਗੁਪ੍ਰਸੂ) ੨. ਬਾਂਗਰ ਵਿੱਚ ਇੱਕ ਪਿੰਡ, ਜਿੱਥੇ ਦਸ਼ਮੇਸ਼ ਇੱਕ ਰਾਤ ਰਹੇ. "ਉਤਰੇ ਕਲਸੇ ਗ੍ਰਾਮ ਸੁਜਾਏ." (ਗੁਪ੍ਰਸੂ)

ਕਲਸੀ: ਛੋਟਾ ਕਲਸ.

ਕਲਸੀਆ: ਲਹੌਰ ਦੀ ਤਸੀਲ ਕੁਸੂਰ ਦੇ ਕਲਸੀਆ ਪਿੰਡ ਦਾ ਨਿਵਾਸੀ ਸਰਦਾਰ ਗੁਰਬਖ਼ਸ਼ ਸਿੰਘ ਸੰਧੂ ਜ਼ਿਮੀਦਾਰ ਸੰਮਤ ੧੭੯੨ ਵਿੱਚ ਅਮ੍ਰਿਤ ਛਕਕੇ ਸਿੰਘ ਸਜਿਆ ਅਤੇ ਕਰੋੜੀਆਂ ਦੀ ਮਿਸਲ ਵਿੱਚ ਸ਼ਾਮਿਲ ਹੋਕੇ ਇਸ ਨੇ ਪੰਥ ਦੀ ਭਾਰੀ ਸੇਵਾ ਕੀਤੀ. ਇਸ ਦੀ ਸੰਤਾਨ ਦੇ ਹੁਣ ਰਾਜਾ ਕਲਸੀਆ ਜ਼ਿਲੇ ਅੰਬਾਲੇ ਵਿੱਚ ਛਛਰੌਲੀ ਰਾਜਧਾਨੀ ਵਿੱਚ ਰਹਿੰਦੇ ਹਨ. ਪਰ ਰਿਆਸਤ ਦਾ ਨਾਉਂ "ਕਲਸੀਆ" ਹੈ.

ਰਾਜਾ ਕਲਸੀਆ ਦੀ ਵੰਸ਼ਾਵਲੀ::-

ਸਰਦਾਰ ਗੁਰਬਖਸ਼ ਸਿੰਘ

।

ਸਰਦਾਰ ਜੋਧ ਸਿੰਘ ਦੇਃ ਸਨ ੧੮੧੭

---

[353] ਮਾਤ੍ਰਾ ਦੀ ਗਿਣਤੀ ਲਈ ਤੁਕਾਂਤ 'ਪਾਯਾ' ਅਤੇ 'ਲਾਯਾ' ਹੈ.

|
ਸੋਭਾ ਸਿੰਘ ਦੇਃ ੧੮੫੮
|
ਲਹਿਨਾ ਸਿੰਘ ਦੇਃ ੧੮੬੯
|
ਬਿਸ਼ਨ ਸਿੰਘ ਦੇਃ ੧੮੮੩
|

ਸ. ਜਗਜੀਤ ਸਿੰਘ ਦੇਃ ੧੮੯੬ | ਸ. ਰਨਜੀਤ ਸਿੰਘ ਦੇਃ ੧੯੦੮
|
ਜ: ੧੯੦੨ ਰਾਜਾ ਰਵੀਸ਼੍ਵਰ ਸਿੰਘ

ਕਲਸੁ: ਦੇਖੋ, ਕਲਸ.

ਕਲਹ: ਸੰਗਯਾ- ਕਲੇਸ਼. ਝਗੜਾ। ੨. ਯੁੱਧ. ਜੰਗ। ੩. ਤਲਵਾਰ ਦਾ ਮਿਆਨ.

ਕਲਹਨੀ: ਵਿ- ਕਲਹ ਕਰਨ ਵਾਲੀ. ਲੜਾਕੀ.

ਕਲਹਾ: ਦੇਖੋ, ਕਲਹ। ੨. ਯੋਗਿਨੀ. "ਕਲਹਾ ਨਾਮ ਸਜਾਮ ਤਨ ਧਾਰਾ." (ਗੁਪ੍ਰਸੂ) ੩. ਯੁੱਧ ਦੀ ਦੇਵੀ.

ਕਲਹਾਂਤਰਿਕਾ, ਕਲਹਾਂਤਰਿਤਾ: ਕਵਾਜ ਅਨੁਸਾਰ ਉਹ ਨਾਇਕਾ, ਜੋ ਪਤਿ ਦਾ ਅਨਾਦਰ ਕਰਕੇ ਫਿਰ ਪਛਤਾਵੇ.

ਕਲਹਾਰ, ਕਲਹਾਰਾ, ਕਲਹਾਰੀ, ਕਲਹਿਨੀ: ਵਿ- ਕਲਹ ਕਰਨ ਵਾਲਾ. ਝਗੜਾਲੂ. ਲੜਾਕਾ. ਕਲੇਸ਼ ਕਰਨ ਵਾਲੀ. ਲੜਾਕੀ। ੨. ਕਲਹਾਂਤਰਿਕਾ ਨਾਇਕਾ.

ਕਲਹੰਸ: ਸੰ. ਸੰਗਯਾ- ਰਾਜਹੰਸ। ੨. ਪਾਰਬ੍ਰਹਮ. ਕਰਤਾਰ। ੩. ਕਦੰਬ ਬਿਰਛ.

ਕਲਕ: ਸੰ. ਕਲ੍ਕ. ਸੰਗਯਾ- ਚੂਰਣ। ੨. ਨੁਗਦਾ। ੩. ਵਿਸ਼੍ਟਾ। ੪. ਪਾਪ। ੫. ਕੰਨ ਦੀ ਮੈਲ। ੬. ਪਾਖੰਡ। ੭. ਅ. قلق ਕ਼ਲਕ਼. ਬੇਚੈਨੀ. ਘਬਰਾਹਟ। ੮. ਦੁੱਖ.

ਕਲਕੱਤਾ: ਸਮੁੰਦਰ ਤੋਂ ੮੬ ਮੀਲ ਪੁਰ ਗੰਗਾ ਦੇ ਕੰਢੇ ਕਾਲੀਘਾਟ ਪਾਸ ਵਸਿਆ, ਬੰਗਾਲ ਦਾ ਪ੍ਰਧਾਨ ਨਗਰ, ਜੋ ਭਾਰਤ ਵਿੱਚ ਮਨੁੱਖੀਸੰਖਯਾ ਦੇ ਲਹਾਜ਼ ਸਭ ਤੋਂ ਵਡਾ ਹੈ.[354] ਇਹ ਭਾਰਤ ਦੀ ਰਾਜਧਾਨੀ ਚਿਰਕਾਲ ਰਹਿਆ ਹੈ. ਸੰਮਤ ੧੯੬੮ (ਸਨ ੧੯੧੧) ਵਿੱਚ ਸ਼ਹਨਸ਼ਾਹ ਜਾਰਜ ਪੰਜਮ ਨੇ ਦਿੱਲੀ ਰਾਜਧਾਨੀ ਕ਼ਾਇਮ ਕੀਤੀ.

ਕਲਕੱਤੇ ਵਿੱਚ ਵਡੀਸੰਗਤਿ ਆਦਿ ਅਨੇਕ ਗੁਰਦ੍ਵਾਰੇ ਹਨ, ਜਿੱਥੇ ਗੁਰਬਾਣੀ ਦਾ ਕੀਰਤਨ ਅਤੇ ਕਥਾ ਹੁੰਦੀ ਹੈ.

ਕਲਕੱਤਾ ਲਹੌਰ ਤੋਂ ੧੧੭੬ ਮੀਲ ਹੈ.

ਕਲਕਲ, ਕਲਕਲਾ: ਸੰਗਯਾ- ਝਰਣੇ ਆਦਿਕ ਤੋਂ ਜਲ ਝਰਣ ਦੀ ਧੁਨਿ। ੨. ਕੁਲਾਹਲ. ਸ਼ੋਰ.

ਕਲਕਾਲ: ਦਖੋ, ਕਲਿਕਾਲ. "ਖੁਸ਼ੀ ਭਯੋ ਕਲਕਾਲ ਸ੍ਰੀ ਮੁਖ ਯੌਂ ਕਹੈਂ." (ਗੁਵਿ ੧੦) ੨. ਕਾਲ ਦਾ ਕਾਲ. ਮਹਾਕਾਲ.

ਕਲਕਿ, ਕਲਕੀ: ਸੰ. ਕਲ੍ਕਿ. ਸੰਗਯਾ- ਕਲਕੀ ਅਵਤਾਰ. "ਚੌਬਿਸਵੋਂ ਕਲਕੀ ਅਵਤਾਰਾ." (ਕਲਕੀ)

ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਘੋਰ ਕਲਿਯੁਗ ਆਉਣ ਤੋਂ ਸੰਭਲ ਨਗਰ (ਜਿਲਾ ਮੁਰਾਦਾਬਾਦ) ਵਿੱਚ ਵਿਸ਼ਨੁਯਸ਼ ਨਾਮਕ

---
[354] ਸਨ ੧੯੨੧ ਦੀ ਮਾਰਦੁਮਸ਼ੁਮਾਰੀ ਅਨੁਸਾਰ ਕਲਕੱਤੇ ਦੀ ਆਬਾਦੀ ੧੩੨੭੫੪੭ ਹੈ.

ਬ੍ਰਾਹਮਣ ਦੇ ਘਰ ਕਲਕੀ ਅਵਤਾਰ ਪ੍ਰਗਟੇਗਾ, ਜੋ ਸਫ਼ੇਦ ਘੋੜੇ ਤੇ ਚੜ੍ਹਕੇ ਦਿਗਵਿਜੈ ਕਰਦਾ ਹੋਇਆ ਸਾਰੇ ਕੁਕਰਮੀਆਂ ਦਾ ਨਾਸ਼ ਕਰੇਗਾ. ਦੇਖੋ, ਸੰਭਲ.

ਕਲਕੰਠ: ਸੰਗ੍ਯਾ- ਮੋਰ ਅਤੇ ਕੋਇਲ, ਜਿਨ੍ਹਾਂ ਦਾ ਕਲ (ਰਸੀਲਾ) ਕੰਠ ਹੈ। ੨. ਵਿ- ਮਿੱਠੀ ਆਵਾਜ਼ ਵਾਲਾ. ਸੁਰੀਲਾ.

ਕਲਖ, ਕਲਖਾ: ਦੇਖੋ, ਕਲੁਖ। ੨. ਸੰ. ਕਸ਼ਿੰਤ. ਆਕ੍ਰਿਸ਼੍ (आकृष्ट ) ਵਿ- ਖਿੱਚਿਆ ਹੋਇਆ. ਧੂਹਿਆ. "ਸਿਰ ਊਪਰਿ ਖੜਗ ਕਲਖਾ." (ਵਾਰ ਮਾਰੂ ੧, ਮਃ ੩)

ਕਲਗਾ: ਇੱਕ ਪ੍ਰਕਾਰ ਦਾ ਫੁੱਲਾਂ ਦਾ ਬੂਟਾ, ਜਿਸ ਦੇ ਸਿਰ ਪੁਰ ਲਾਲ ਰੰਗ ਦਾ ਫੁੱਲ, ਕਲਗੀ ਦੀ ਸ਼ਕਲ ਦਾ ਹੁੰਦਾ ਹੈ. ਕਲੰਗਾ. ਗੁਲਕਲਗਾ। ੨. ਖ਼ਾ. ਗੰਜਾ.

ਕਲਗਾ ਸਿੰਘ: ਖ਼ਾ. ਗੰਜਾ.

ਕਲਗੀ: ਤੁ. کلغی ਸੰਗ੍ਯਾ- ਰਤਨਾਂ ਨਾਲ ਜੜਾਊ ਖੰਭਦਾਰ ਇੱਕ ਭੂਖਣ, ਜਿਸ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਤੇ ਮਹਾਰਾਜੇ ਸਿਰ ਪੁਰ ਪਹਿਰਦੇ ਹਨ। ੨. ਪੰਛੀਆਂ ਦੇ ਸਿਰ ਦੀ ਬੋਦੀ.

ਕਲਗੀਧਰ: ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਜੋ ਅਦਭੁਤ ਕਲਗੀ ਸੀਸ ਤੇ ਧਾਰਣ ਕਰਦੇ ਹਨ. "ਅਬ ਆਨਕੀ ਆਸ ਨਿਰਾਸ ਭਈ ਕਲਗੀਧਰ ਵਾਸ ਕਿਯੋ ਮਨ ਮਾਹੀ." (ਗੁਪ੍ਰਸੂ) ਲੇਡੀ Login ਲਿਖਦੀ ਹੈ ਕਿ ਜਦ ਲਾਹੌਰ ਪੁਰ ਅੰਗ੍ਰੇਜ਼ੀ ਕਬਜਾ ਹੋਇਆ, ਤਦ ਉਸ ਦੇ ਪਤੀ ਡਾਕਟਰ Login ਨੇ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਦੀ ਫ਼ਹਿਰਿਸ੍ਤ ਬਣਾਕੇ ਚਾਰਜ ਲਿਆ. ਤੋਸ਼ੇਖ਼ਾਨੇ ਵਿੱਚ ਉਸ ਵੇਲੇ ਦਸ਼ਮੇਸ਼ ਦੀ ਕਲਗੀ ਮੌਜੂਦ ਸੀ. ਪਤਾ ਨਹੀਂ ਉਹ ਮਹਾਰਾਜਾ ਰਣਜੀਤ ਸਿੰਘ ਦੇ ਕਬਜੇ ਕਿਸ ਤਰਾਂ ਆਈ, ਅਤੇ ਹੁਣ ਉਹ ਅਮੋਲਕ ਵਸਤੁ ਕਿੱਥੇ ਹੈ.[355]

ਕਲੱਗ: ਕ੍ਰਿ. ਵਿ- ਇੱਕ ਲਾਗੇ. ਇੱਕ ਕਿਨਾਰੇ. ਇੱਕ ਪਾਸੇ.

ਕਲਘਾ: ਵਿ- ਘਾਤਕ ਕਾਲ. "ਪਕੜਿ ਖੜੇ ਸਭ ਕਲਘਾ." (ਸੂਹੀ ਮਃ ੪)

ਕਲਜੁਗ: ਦੇਖੋ, ਕਲਿਕਾਲ ਅਤੇ ਯੁਗ.

ਕਲਤ, ਕਲਤੁ, ਕਲਤ੍ਰ: ਸੰ. कलत्र ਸੰਗ੍ਯਾ- ਭਾਰਯ. ਵਹੁਟੀ. "ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ." (ਬਿਲਾ ਅਃ ਮਃ ੧) "ਪੁਤ੍ਰ ਕਲਤ੍ਰ ਮਹਾ ਬਿਖਿਆ ਮਹਿ ਗੁਰਿਸਾਚੈ ਲਾਇ ਤਰਾਈ." (ਰਾਮ ਅਃ ਮਃ ੫) ੨. ਚਿੱਤੜ. ਨਿਤੰਬ। ੩. ਭਗ। ੪. ਦੇਖੋ, ਕਲਿਤ. "ਸੰਪੈ ਹੇਤੁ ਕਲਤੁ ਧਨ ਤੇਰੈ." (ਭੈਰ ਕਬੀਰ) ਕਲਿਤ (ਜਮਾ ਕੀਤਾ) ਧਨ.

ਕਲਦਾਰ ਰੁਪਯਾ: ਦੇਖੋ, ਚੇਹਰੇ ਸ਼ਾਹੀ.

ਕਲਧਉਤ: ਦੇਖੋ, ਕਲਧੌਤ.

ਕਲਧਾਰੀ: ਦੇਖੋ, ਕਲਾਧਾਰੀ.

ਕਲਧੌਤ: ਸੰ. ਸੰਗ੍ਯਾ- ਸੁਵਰਣ. ਸੋਨਾ. "ਕਲਧੌਤ ਕੇ ਭੂਖਨ ਅੰਗ ਸਜੇ ਜਿਹ ਕੀ ਛਬਿ ਸੋਂ ਸਵਿਤਾ ਦਬਹੀ." (ਕ੍ਰਿਸਨਾਵ) ੨. ਚਾਂਦੀ।੩ ਵਿ- ਜਿਸ ਦੀ ਕਲ (ਮੈਲ) ਧੋਤੀ ਗਈ ਹੈ. ਨਿਰਮਲ.

ਕਲਨ: ਸੰ. ਸੰਗ੍ਯਾ- ਗਿਣਨਾ। ੨. ਬਣਾਉਣਾ. ਰਚਣਾ। ੩. ਬੁਰਕੀ. ਗ੍ਰਾਸ। ੪. ਸਜਾਉਣਾ. ਸ਼ਿੰਗਾਰਣਾ.

ਕਲਨਾਮਾ: ਸੌਸਾਖੀ ਅਤੇ ਗੁਰੁਪ੍ਰਤਾਪਸੂਰਯ ਵਿੱਚ ਇੱਕ ਪਾਠ, ਜਿਸ ਵਿੱਚ ਕਲਯੁਗ ਦੇ ਕਰਮਾਂ ਦਾ ਵਰਣਨ ਹੈ. "ਕਲਨਾਮਾ ਗੁਰੁਬਖਸ ਸਿੰਘ ਤੋਕੋ ਦੀਨੋ ਏਹ." (ਗੁਪ੍ਰਸੂ) ਰੁੱਤ ੫, ਅਃ ੨੪.

---

[355] ਦੇਖੋ, Lady Login's recollections, page 80

**ਕਲਪ:** ਸੰ. कल्प ਸੰਗਯਾ- ਵਿਧਿ. ਕਰਨ ਯੋਗਯ ਕਰਮ। ੨. ਵੇਦ ਦਾ ਇੱਕ ਅੰਗ, ਜਿਸ ਵਿਚ ਯਗ੍ਯ ਆਦਿਕ ਕਰਮਾਂ ਦੀ ਵਿਧਿ ਦੱਸੀ ਹੈ ਅਤੇ ਵੇਦਮੰਤ੍ਰਾਂ ਦੇ ਪਾਠ ਦੇ ਮੌਕੇ ਅਤੇ ਫਲ ਵਰਣਨ ਕੀਤੇ ਹਨ। ੩. ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇੱਕ ਦਿਨ, ਜੋ ੪੩੨0000000 ਵਰ੍ਹੇ ਦਾ ਹੁੰਦਾ ਹੈ. ਮੱਕੇ ਦੀ ਗੋਸਟਿ ਵਿੱਚ ਕਲਪ ਦੀ ਇੱਕ ਅਣੋਖੀ ਕਲਪਨਾ ਹੈ ਕਿ ਕਲਪਬਿਰਛ ਦਾ ਇੱਕ ਪੱਤਾ ਝੜਨ ਤੋਂ ਕਲਪ, ਅਤੇ ਸਾਰੇ ਪੱਤੇ ਝੜਨ ਤੋਂ ਮਹਾਕਲਪ (ਅਰਥਾਤ ਪ੍ਰਲੈ) ਹੁੰਦੀ ਹੈ। ੪. ਕਲਪਵ੍ਰਿਕ੍ਸ਼ (ਬਿਰਛ) ੫. ਕਲਪਨਾ ਦਾ ਸੰਖੇਪ. "ਅੰਤਰਿ ਕਲਪ ਭਵਾਈਐ ਜੋਨੀ." (ਪ੍ਰਭਾ ਅਃ ਮਃ ੫) "ਰੋਵੇ ਪੂਤ ਨ ਕਲਪੈ ਮਾਈ." (ਆਸਾ ਮਃ ੧) ੬. ਸਿੰਧੀ. ਕਲਪੁ. ਸੰਸਾ. ਸ਼ੱਕ.

**ਕਲਪਸੂਤ੍ਰ:** ਆਸ਼੍ਵਲਾਯਨ ਅਤੇ ਆਪਸਤੰਬ ਆਦਿ ਰਿਖੀਆਂ ਦੇ ਬਣਾਏ ਗ੍ਰੰਥ, ਜਿਨ੍ਹਾਂ ਵਿੱਚ ਯੱਗ ਆਦਿਕ ਕਰਮਾਂ ਦੀ ਵਿਧਿ ਦੱਸੀ ਹੈ। ੨. ਜੈਨੀ ਸਾਧੁ ਭਦ੍ਰਵਾਹੁ ਦਾ ਲਿਖਿਆ ਇੱਕ ਗ੍ਰੰਥ.

**ਕਲਪਣਾ:** ਦੇਖੋ, ਕਲਪਨਾ. "ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ, ਤਾ ਤੇਰੀ ਕਲਪਣਾ ਜਾਈ." (ਰਾਮ ਅਃ ਮਃ ੩)

**ਕਲਪਤਰੁ, ਕਲਪਦ੍ਰੁਮ:** ਕਲਪ ਵ੍ਰਿਕ੍ਸ਼ (ਬਿਰਛ). ਦੇਖੋ, ਸੁਰਤਰੁ.

**ਕਲਪਦ੍ਰੁਮਅਨੁਜਾ:** ਲਕ੍ਸ਼ਮੀ, ਜੋ ਕਲਪਬਿਰਛ ਦੀ ਛੋਟੀ ਭੈਣ ਹੈ. ਪੁਰਾਣਾਂ ਅਨੁਸਾਰ ਸਮੁੰਦਰ ਰਿੜਕਣ ਸਮੇਂ ਇਹ ਦੋਵੇਂ ਨਿਕਲੇ ਹਨ. "ਕਲਪਦ੍ਰੁਮ ਕੀ ਅਨੁਜਾ ਕਮਨੀ ਬਿਨ." (ਚਰਿਤ੍ਰ ੧੦੯) ਲੱਛਮੀ (ਲਕ੍ਸ਼ਮੀ) ਕਮਨੀਯਤਾ (ਸ਼ੋਭਾ) ਬਿਨਾ ਹੋ ਗਈ.

**ਕਲਪਧੇਨੁ:** ਕਾਮਧੇਨੁ, ਜੋ ਸੰਕਲਪ ਕਰਨ ਪੁਰ ਸਭ ਪਦਾਰਥ ਦਿੰਦੀ ਹੈ.

**ਕਲਪਨਾ:** ਸੰ. कल्पना ਸੰਗਯਾ- ਰਚਣਾ। ੨. ਉਪਾਯ. ਯਤਨ। ੩. ਤਜਵੀਜ਼. ਯੁਕਤਿ। ੪. ਹੁੱਜਤ. ਤਰਕ। ੫. ਭਾਵਨਾ.

**ਕਲਪਬਿਰਛ, ਕਲਪਵ੍ਰਿਕ੍ਸ਼:** ਦੇਖੋ, ਸੁਰਤਰੁ.

**ਕਲਪਾ:** ਵਿਛਾਉਣ ਦਾ ਵਸਤ੍ਰ. ਦੇਖੋ, ਤਲਪਾ. "ਤਾ ਪਰ ਕਲਪਾ ਰੁਚਿਰ ਬਿਛਾਵਾ." (ਨਾਪ੍ਰ) ਅਞਾਣ ਲਿਖਾਰੀ ਨੇ ਤਲਪਾ ਦੀ ਥਾਂ ਕਲਪਾ ਲਿਖ ਦਿੱਤਾ ਹੈ.

**ਕਲਪਾਉਣਾ:** ਕ੍ਰਿ. ਚਿੰਤਾ ਵਿੱਚ ਪਾਉਣਾ. ਦੁਖੀ ਕਰਨਾ. ਕਲਪਨਾ ਵਿੱਚ ਲਾਉਣਾ.

**ਕਲਪੈ:** ਦੇਖੋ, ਕਲਪ ੫.

**ਕਲਫ:** ਅ਼. کلف ਸੰਗਯਾ- ਚੰਦ੍ਰਮਾ ਦਾ ਦਾਗ਼, ਜੋ ਕਾਲਾ ਦਿਖਾਈ ਦਿੰਦਾ ਹੈ। ੨. ਚੇਹਰੇ ਪੁਰ ਦਾ ਦਾਗ਼। ੩. ਚਿੱਟੇ ਵਾਲਾਂ ਪੁਰ ਸਿਆਹੀ ਦਾ ਪੋਚਾ. ਖ਼ਿਜਾਬ. ਦੇਖੋ, ਕਾਲਿਮਾ.

**ਕ਼ਲਬ:** ਅ਼. قلب ਸੰਗਯਾ- ਦਿਲ.

**ਕਲਬਲਾਟ:** ਸੰਗਯਾ- ਸ਼ੋਰ ਸ਼ਰਾਬਾ. ਹੱਲਾ ਗੁੱਲਾ. ਅਜਿਹਾ ਸ਼ੋਰ, ਜਿਸ ਦੀ ਧੁਨਿ ਸਪਸ਼੍ਟ ਨਾ ਜਾਣੀ ਜਾਵੇ. "ਕਲਬਲਾਟ ਹਮ ਨੇ ਸੁਨਪਾਵਾ." (ਗੁਪ੍ਰਸੂ) ੨. ਦੁੱਖਭਰੀ ਪੁਕਾਰ.

**ਕਲਬਿੰਕ:** ਦੇਖੋ, ਕਲਵਿੰਕ.

**ਕਲਬੂਤ:** ਦੇਖੋ, ਕਾਲਬੂਤ.

**ਕਲਭ:** ਸੰ. ਸੰਗਯਾ- ਹਾਥੀ ਦਾ ਬੱਚਾ। ੨. ਊਠ ਦਾ ਬੱਚਾ। ੩. ਧਤੂਰਾ.

**ਕਲਭੀ:** ਕਲਭ ਦਾ ਇਸਤ੍ਰੀ ਲਿੰਗ.

**ਕਲਮ, ਕ਼ਲਮ:** ਅ਼. قلم ਸੰਗਯਾ- ਲੇਖਨੀ. ਲਿੱਖਣ. "ਕਲਮ ਜਲਉ ਸਣੁ ਮਸਵਾਣੀਐ." (ਵਾਰ ਸ੍ਰੀ ਮਃ ੩) ੨. ਬਿਰਛ ਦੀ

ਟਾਹਣੀ, ਜੋ ਪਿਉਂਦ ਲਈ ਵੱਢੀ ਗਈ ਹੈ। ੩. ਕ਼ਲਮ ਦੇ ਆਕਾਰ ਦੀ ਕੋਈ ਵਸਤੁ। ੪. ਕਲਮਾ ਦਾ ਸੰਖੇਪ. "ਕਲਮ ਖੁਦਾਈ ਪਾਕੁ ਖਰਾ." (ਮਾਰੂ ਸੋਲਹੇ ਮਃ ੫) ਅਤਿ ਪਵਿਤ੍ਰ ਰਹਿਣਾ ਖ਼ੁਦਾਈ ਕਲਮਾ ਹੈ। ੫. ਸੰ. ਇੱਕ ਪ੍ਰਕਾਰ ਦੇ ਚਾਉਲ.

ਕਲਮਖ: ਸੰ. कल्मष ਸੰਗਜਾ- ਦਾਗ਼. ਕਲੰਕ। ੨. ਪਾਪ. ਦੋਸ਼.

ਕਲਮਜ਼ਨ, ਕ਼ਲਮਜ਼ਨ: ਫ਼ਾ. قلمزن ਸੰਗਜਾ- ਕ਼ਲਮ ਚਲਾਉਣ ਵਾਲਾ ਲਿਖਾਰੀ। ੨. ਮੁਸੱਵਰ. ਚਿਤ੍ਰਕਾਰ। ੩. ਵਿ- ਕ਼ਲਮ ਫੇਰਕੇ ਲਿਖਿਆ ਹੋਇਆ ਮੇਟਿਆ.

ਕਲਮਦਾਨ, ਕ਼ਲਮਦਾਨ: ਫ਼ਾ. قلمدان ਕ਼ਲਮ ਰੱਖਣ ਦਾ ਅਸਥਾਨ. ਕ਼ਲਮ ਦਵਾਤ ਆਦਿਕ ਲਿਖਣ ਦੇ ਸਾਮਾਨ ਦਾ ਛੋਟਾ ਬਕ੍ਸ (box).

ਕਲਮਰਿਪੁ: ਸੰਗਜਾ- ਛੁਰੀ. ਕ਼ਲਮਤਰਾਸ਼. ਚਾਕੂ (ਸਨਾਮਾ)

ਕਲਮਲ: ਦੇਖੋ, ਕਲਿਮਲ.

ਕਲਮਲਾਨਾ: ਕ੍ਰਿ- ਵ੍ਯਾਕੁਲਤਾ ਨਾਲ ਸ਼ੋਰ ਕਰਨਾ। ੨. ਰੌਲਾ ਪਾਉਣਾ. "ਕਲਮਲਾਤ ਇਕਠੀ ਭਟ ਭੀਰ." (ਗੁਪ੍ਰਸੂ) "ਕਈ ਹਜਾਰ ਸੁਭਟ ਕਲਮਲੇ." (ਗੁਪ੍ਰਸੂ)

ਕਲਮਲਿ: ਕਲਿਯੁਗ ਦੇ ਪ੍ਰਭਾਵ ਕਰਕੇ ਮਲਿਨ. "ਕਲਮਲਿ ਹੋਈ ਮੇਦਨੀ." (ਵਾਰ ਮਲਾ ਮਃ ੩)

ਕਲਮਾ: ਅ਼. کلمہ ਕਲਿਮਾ. ਸੰਗਜਾ- ਮੁਸਲਮਾਨਾਂ ਦਾ ਮੁੱਖਮੰਤ੍ਰ. لاالٰہ الّااللہ محمّدٌرّسوُل اللہ "ਲਾ ਇਲਾਹ ਇੱਲਲਾਹੁ ਮੁਹੰਮਦੁੱਰਸੂਲੱਲਾਹ." ਅਰਥਾਤ- ਕਰਤਾਰ ਬਿਨਾ ਕੋਈ ਪੂਜਨੇ ਯੋਗ੍ਯ ਨਹੀਂ, ਮੁਹੰਮਦ ਉਸ ਦਾ ਭੇਜਿਆ ਪੈਗੰਬਰ ਹੈ. "ਤਵ ਤੁਰਕ ਜਨਮ ਕਲਮਾ ਉਚਾਰ." (ਗੁਪ੍ਰਸੂ) ੨. ਅਰਥਾਂ ਵਾਲਾ ਪਦ. ਉਹ ਵਾਕ, ਜੋ ਅਰਥ ਰਖਦਾ ਹੈ। ੩. ਬਾਤ. ਗੱਲ.

ਕਲਮਾਸ: ਸੰ. कल्माष ਵਿ- ਕਾਲਾ। ੨. ਚਿਤਕਬਰਾ। ੩. ਇੱਕ ਦੇਸ਼. ਦੇਖੋ, ਕਲਮਾਕ.

ਕਲਮਾਸਪਾਦ: ਸੰ. कल्माषपाद् ਵਿ- ਕਾਲੇ ਪੈਰਾਂ ਵਾਲਾ। ੨. ਸੰਗਜਾ- ਇੱਕ ਸੂਰਜਵੰਸ਼ੀ ਰਾਜਾ, ਜੋ ਅਯੋਧ੍ਯਾ (ਅਜੁਧ੍ਯਾ) ਵਿੱਚ ਰਾਜ ਕਰਦਾ ਸੀ, ਇਸ ਦਾ ਨਾਉਂ ਸੌਦਾਸ ਸੀ. ਇੱਕ ਵਾਰ ਇਸ ਦੇ ਲਾਂਗਰੀ ਨੇ (ਜੋ ਇੱਕ ਛਲੀਆ ਰਾਖਸ ਸੀ) ਆਦਮੀ ਦਾ ਮਾਸ ਰਿੰਨ੍ਹਕੇ ਵਸ਼ਿਸ਼੍ਠ ਨੂੰ ਖਵਾ ਦਿੱਤਾ, ਇਸ ਤੇ ਰਿਖੀ ਨੇ ਰਾਜੇ ਨੂੰ ਸ੍ਰਾਪ ਦਿੱਤਾ ਕਿ ਤੂੰ ਰਾਖਸ ਹੋਜਾ. ਰਾਜੇ ਨੇ ਭੀ ਸ੍ਰਾਪ ਦੇਣ ਲਈ ਪਾਣੀ ਦੀ ਚੁਲੀ ਭਰੀ ਕਿਉਂਕਿ ਉਹ ਆਪਣੇ ਤਾਈਂ ਨਿਰਦੋਸ਼ ਜਾਣਦਾ ਸੀ. ਰਾਣੀ ਮਦਯੰਤੀ ਨੇ ਪਤੀ ਨੂੰ ਅਜਿਹਾ ਕਰਨੋਂ ਵਰਜਿਆ. ਰਾਜੇ ਨੇ ਰਿਖੀ ਨੂੰ ਸ੍ਰਾਪ ਦੇਣ ਲਈ ਜੋ ਹੱਥ ਵਿੱਚ ਜਲ ਲਿਆ ਸੀ, ਉਹ ਆਪਣੇ ਪੈਰਾਂ ਉੱਪਰ ਸੁੱਟ ਦਿੱਤਾ, ਜਿਸ ਤੋਂ ਉਹ ਕਾਲੇ ਪੈਰਾਂ ਵਾਲਾ ਹੋ ਗਿਆ.

ਕਲਮਾਕ, ਕਲਮਾਖ: ਤੁ. قلماق ਕ਼ਲਮਾਕ਼. ਸੰਗਜਾ- ਤਾਤਾਰ ਦੇਸ਼। ੨. ਵਿ- ਤਾਤਾਰੀ. "ਰੂਮੀ ਜੰਗੀ ਇਰਮਨੀ ਹਬਸ਼ੀ ਤੇ ਕਲਮਾਕ." (ਮਗੋ)

ਕਲਮੀ: ਵਿ- ਕਲਮ ਨਾਲ ਲਿਖਿਆ ਹੋਇਆ। ੨. ਕਲਮ ਦਾ ਪਿਉਂਦ.

ਕਲਮੁਰਗ਼: ਫ਼ਾ. کلمرُغ ਘੋਗੜ. ਪੰਜਾਬੀ ਵਿੱਚ ਇਸ ਨੂੰ ਬੱਗੀ ਇੱਲ ਭੀ ਆਖਦੇ ਹਨ. ਇਸ ਦੀ ਮਦੀਨ ਦਾ ਰੰਗ ਕਾਲਾ ਹੁੰਦਾ ਹੈ. ਇਹ ਜੇਠ ਹਾੜ ਵਿੱਚ ਦਰਖਤਾਂ ਉੱਤੇ ਆਲ੍ਹਣਾ ਬਣਾਕੇ ਆਂਡੇ ਦਿੰਦੀ ਹੈ. ਘੋਗੜ ਪਿੰਡ ਦੀ ਗੰਦਗੀ ਖਾਕੇ ਨਿਰਵਾਹ ਕਰਦਾ ਹੈ. ਇਹ ਮਸਤੀ ਦੀ ਮੌਸਮ ਬਿਨਾ ਕਦੇ ਨਹੀਂ ਬੋਲਦਾ, ਸਦਾ ਮੌਨਵ੍ਰਤ ਰਖਦਾ ਹੈ. "ਮਾਰਜੋ ਕਲਮੁਰਗ ਕਲੋਲ ਜਿਯ ਮੇ ਭਏ." (ਕਵਿ ੫੨)

ਕਲਮੋਟ: ਇਸ ਦਾ ਨਾਉਂ 'ਖੇੜਾਕਲਮੋਟ' ਭੀ ਹੈ. ਜ਼ਿਲਾ ਹੁਸ਼ਿਆਰਪੁਰ, ਤਸੀਲ ਊਂਨਾ ਥਾਣਾ ਨੂਰਪੁਰ ਦਾ ਇੱਕ ਪਿੰਡ, ਜਿਸ ਦੇ ਵਸਨੀਕਾਂ ਨੇ ਸਿੱਖਾਂ ਦੀ ਸੰਗਤਿ ਆਨੰਦਪੁਰ ਜਾਂਦੀ ਲੁੱਟ ਲਈ ਸੀ. ਦਸ਼ਮੇਸ਼ ਨੇ ਚੜ੍ਹਾਈ ਕਰਕੇ ਅਪਰਾਧੀਆਂ ਨੂੰ ਦੰਡ ਦਿੱਤਾ.

ਇਸ ਥਾਂ ਗੁਰਦ੍ਵਾਰਾ ਬਣਿਆ ਹੋਇਆ ਹੈ. ਜਿਸ ਪਿੱਪਲ ਹੇਠ ਗੁਰੂ ਸਾਹਿਬ ਵਿਰਾਜੇ ਹਨ, ਉਹ ਮੌਜੂਦ ਹੈ. ਗੁਰਪਲਾਹ ਇੱਥੋਂ ਤਿੰਨ ਚਾਰ ਮੀਲ ਉੱਤਰ ਹੈ. ਖੇੜਾਕਲਮੋਟ ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੧੩. ਮੀਲ ਪੂਰਵ ਹੈ.

ਕਲਰ: ਸੰਗ੍ਯਾ- ਰੇਹੀ ਵਾਲੀ ਜ਼ਮੀਨ. ਸੰ. ਵਲ੍ਲੁਰ ਵੱਲੁਰ। ੨. ਊਖਰ. ਪੱਥਰ ਜੇਹੀ ਕਰੜੀ ਜ਼ਮੀਨ, ਜਿਸ ਵਿੱਚ ਖੇਤੀ ਨਾ ਹੋ ਸਕੇ। ੩. ਰੇਹੀ. ਸ਼ੋਰ. "ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ." (ਸ੍ਰੀ ਮਃ ੧) ੪. ਸ਼ੋਰਾ. "ਕਲਰ ਸਿਰਿ, ਕਿਉਕਰਿ ਭਵਜਲੁ ਲੰਘਸਿ?" (ਮਾਰੂ ਸੋਲਹੇ ਮਃ ੧) ਕਲਰ ਪਾਣੀ ਵਿੱਚ ਗਲ ਜਾਂਦਾ ਹੈ. ਇਸ ਥਾਂ ਪਾਖੰਡਕਰਮਾਂ ਤੋਂ ਭਾਵ ਹੈ.

ਕਲਰਕਵਲ: ਦੇਖੋ, ਕੱਲਰਕੌਲ.

ਕਲਰਾ: ਦੇਖੋ, ਕਲਰ. "ਕਾਹੇ ਕਲਰਾ ਸਿੰਚਹੁ?" (ਬਸੰ ਮਃ ੧)

ਕਲਰਿ: ਕੱਲਰ ਵਿੱਚ. ਊਖਰ ਮੇਂ. "ਕਲਰਿ ਖੇਤੀ ਬੀਜੀਐ ਕਿਉਂ ਲਾਹਾ ਪਾਵੈ?" (ਆਸਾ ਅਃ ਮਃ ੧)

ਕਲਵਤ, ਕਲਵਤਿ, ਕਲਵਤੁ, ਕਲਵਤ੍ਰ: ਸੰ. ਕਰਪਤ੍ਰ. ਆਰਾ. ਦੇਖੋ, ਕਰਵਤ੍ਰ। ੨. ਕਰਪਤ੍ਰ (ਆਰੇ) ਨਾਲ. "ਕੰਚਨ ਵੰਨੇ ਪਾਸੇ ਕਲਵਤਿ ਚੀਰਿਆ" (ਆਸਾ ਫਰੀਦ)

ਕਲਵਾਰ, ਕਲਵਾਰਿ, ਕਲਵਾਰੀ, ਕਲਵਾਲੀ: ਸੰ. ਕਲ੍ਯਪਾਲ. ਸੰਗ੍ਯਾ- ਕਲ੍ਯ (ਸ਼ਰਾਬ) ਦੇ ਪਾਲਨ ਵਾਲਾ. ਕਲਾਲ. ਕਲ੍ਯਪਾਲੀ. ਕਲਾਲੀ. "ਰੀ ਕਲਵਾਰਿ ਗਵਾਰਿ ਮੂਢਮਤਿ." (ਕੇਦਾ ਕਬੀਰ) "ਕਲਿ ਕਲਵਾਲੀ ਕਾਮ ਮਦ." (ਵਾਰ ਬਿਹਾ ਸਃ ਮਰਦਾਨਾ) "ਕਲਿ ਕਲਵਾਲੀ ਮਾਇਆ ਮਦ ਮੀਠਾ." (ਆਸਾ ਮਃ ੧) ੨. ਵਿ- ਕਲਹਵਾਲੀ. "ਕਲਿ ਕਲਵਾਲੀ ਸਰਾ ਨਿਬੇੜੀ." (ਰਾਮ ਅਃ ਮਃ ੧) ਕਲਯੁਗ ਵਿੱਚ ਕਲਹ ਵਾਲੀ ਸ਼ਰਾ ਨਾਲ ਮੁਕੱਦਮੇ ਫ਼ੈਸਲਾ ਹੁੰਦੇ ਹਨ.

ਕਲਵਿੰਕ: ਸੰ. ਸੰਗ੍ਯਾ- ਚਿੜਾ. ਚਟਕ. "ਕੀਰ ਕਲਵਿੰਕ ਕੰਕ." (ਨਾਪ੍ਰ) ੨. ਮਤੀਰਾ. ਤਰਬੂਜ਼. ਹਿੰਦਵਾਣਾ.

ਕਲਾ: ਸੰਗ੍ਯਾ- ਕਲਹ. ਲੜਾਈ ਦੀ ਦੇਵੀ. "ਤਬੈ ਕਲਾ ਗੁਰੁ ਕੇ ਨਿਕਟਾਈ." (ਗੁਵਿ ੬) ੨. ਝਗੜਾ. ਫ਼ਿਸਾਦ. ਕਲਹ। ੩. ਸੰ. ਅੰਸ਼. ਭਾਗ। ੪. ਸੋਲਵਾਂ ਹਿੱਸਾ। ੫. ਰਾਸ਼ੀ ਦੇ ਤੀਹਵੇਂ ਹਿੱਸੇ (ਅੰਸ਼) ਦਾ ਸੱਠਵਾਂ ਹਿੱਸਾ। ੫. ਸ਼ਕਤਿ. "ਧਰਣਿ ਅਕਾਸੁ ਜਾਕੀ ਕਲਾ ਮਾਹਿ". (ਬਸੰ ਮਃ ੫) ੭. ਬਾਜ਼ੀ. ਖੇਡ. "ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆਂ ਹਾਰੀਐ." (ਵਾਰ ਆਸਾ) ੮. ਆਧਾਰ. "ਬਾਝੁ ਕਲਾ ਧਰ ਗਗਨ ਧਰੀਆ." (ਬਸੰ ਅਃ ਮਃ ੧) ੯. ਕਲ. ਮਸ਼ੀਨ। ੧੦. ਵਿਦ੍ਯਾ। ੧੧. ਹੁਨਰ. "ਸਰਬ ਕਲਾ ਸਮਰਥ." (ਬਾਵਨ) ਪੁਰਾਣੇ ਕਵੀਆਂ ਨੇ ਵਿਦ੍ਯਾ ਅਤੇ ਹੁਨਰ ਦੇ ੬੪ ਭੇਦ ਮੰਨਕੇ ਚੌਸਠ ਕਲਾ ਲਿਖੀਆਂ ਹਨ, ਪਰੰਤੂ ਇਸ ਵਿੱਚ ਮਤਭੇਦ ਹੈ, ਬ੍ਰਹਮਵੈਵਰਤ ਵਿੱਚ ੧੬, ਬਾਣ ਕਵੀ ਨੇ ੪੮, ਕਲਾਵਿਲਾਸ਼ ਅਤੇ ਮਹਾਭਾਰਤ ਵਿੱਚ ੬੪, ਅਤੇ ਲਲਿਤ ਵਿਸਤਰ ਵਿੱਚ ੮੪ ਲਿਖੀਆਂ ਹਨ. ਜੇ ਅਸੀਂ ਲਿਖੀਏ ਤਦ ਸ਼ਾਯਦ ਸੈਂਕੜੇ ਕਲਾ ਹੋ ਜਾਣ. ਕਲਾ ਤੋਂ ਭਾਵ ਵਿਦ੍ਯਾ ਅਤੇ ਹੁਨਰ ਸਮਝਣਾ ਚਾਹੀਏ. ਦੇਖੋ, ਸੋਲਹ ਕਲਾ, ਚੌਸਠ ਕਲਾ ਅਤੇ ਵਿਦ੍ਯਾ ਸ਼ਬਦ.

ਕਲਾਂ: ਫ਼ਾ. کلاں ਵਿ- ਵੱਡਾ. ਬੜਾ। ੨. ਕਈ ਅਞਾਣ ਕਲਾ ਦਾ ਬਹੁ ਵਚਨ ਕਲਾਂ ਲਿਖ ਦਿੰਦੇ ਹਨ.

ਕਲਾਈ: ਸੰ. ਕਲਾਚੀ. ਸੰਗ੍ਯਾ- ਹੱਥ ਅਤੇ ਬਾਂਹ ਦੇ ਜੋੜ ਦਾ ਥਾਂ. ਵੀਣੀ.

ਕਲਾਕੰਦ: ਸੰਗ੍ਯਾ- ਮਿਸਰੀ ਦੀ ਬਣੀ ਮਿਠਾਈ. ਖੰਡ ਦੀ ਇੱਕ ਖਾਸ ਮਿਠਾਈ, ਜਿਸ ਵਿੱਚ ਦੁੱਧ ਦਾ ਖੋਆ ਪਾਇਆ ਹੋਇਆ ਹੁੰਦਾ ਹੈ.

ਕਲਾਣ, ਕਲਾਣਿ: ਸੰ. ਕਲ੍ਯਾਣ. ਸੰਗ੍ਯਾ- ਕੁਸ਼ਲ. ਮੰਗਲ। ੨. ਆਸ਼ੀਰਵਾਦ. ਅਸੀਸ। ੩. ਬਿਰਦ, ਜੋ ਕਲ੍ਯ (ਸਵੇਰ ਵੇਲੇ) ਉਚਾਰਣ ਕਰੀਦਾ ਹੈ, ਭੱਟ ਆਦਿਕਾਂ ਦਾ ਕਹਿਆ ਹੋਇਆ ਸੁਯਸ਼. "ਤੁਧੁ ਸਚੇ ਸੁਬਹਾਨ ਸਦਾ ਕਲਾਣਿਆ." (ਵਾਰ ਮਾਝ ਮਃ ੧) "ਬਾਂਗਾਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ." (ਵਾਰ ਸੂਹੀ ਮਃ ੧) ਦੇਖੋ, ਬੁਰਗੂ। ੨. ਕ੍ਰਿ. ਵਿ- ਕਲਾਣ (ਉਸਤਤਿ) ਕਰਕੇ. ਮਹਿਮਾ ਗਾਕੇ. "ਸਚਾ ਖਸਮੁ ਕਲਾਣਿ ਕਮਲੁ ਵਿਗਸਿਆ." (ਵਾਰ ਮਾਝ ਮਃ ੧)

ਕਲਾਧਰ: ਸੰ. ਸੰਗਯਾ- ਚੰਦ੍ਰਮਾ, ਜੋ ਸੋਲਾਂ ਕਲਾ ਰਖਦਾ ਹੈ। ੨. ਕਰਤਾਰ, ਜੋ ਸਾਰੀਆਂ ਸ਼ਕਤੀਆਂ ਰੱਖਦਾ ਹੈ. "ਅਕਲ ਕਲਾਧਰ ਸੋਈ." (ਸਿਧ- ਗੋਸਟਿ) ਉਹ ਅ- ਕਲ ਅਤੇ ਕਲਾਧਰ ਹੈ। ੩. ਦੇਖੋ, ਸੁਧਾਨਿਧਿ ਦਾ ਰੂਪ (ਅ)

ਕਲਾਧਾਰੀ: ਵਿ- ਕਲਾ (ਸ਼ਕਤਿ ਅਥਵਾ ਵਿਦ੍ਯਾ) ਰੱਖਣ ਵਾਲਾ। ੨. ਦੇਖੋ, ਵੇਦੀਵੰਸ਼.

ਕਲਾਨ: ਦੇਖੋ, ਕਲਾਣ। ੨. ਦੇਖੋ, ਕਲਾਂ। ੩. ਫ਼ਾ. کلان ਸੰਗਯਾ- ਤਾਜ. ਮੁਕੁਟ. "ਕਾਮ ਕੇ ਕਲਾਨ ਬਿਧਿ ਕੀਨੇ ਹੈ ਬਿਚਾਰਕੇ." (ਅਜਰਾਜ)

ਕਲਾਨਿਧਿ: ਸੰ. ਸੰਗਯਾ- ਚੰਦ੍ਰਮਾ। ੨. ਵਿ- ਵਿਦ੍ਯਾ ਅਤੇ ਹੁਨਰ ਵਿੱਚ ਤਾਕ.

ਕਲਾਨੌਰ: ਗੁਰਦਾਸਪੁਰ ਦੇ ਜ਼ਿਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜਿਸ ਥਾਂ ਅਕਬਰ ਬਾਦਸ਼ਾਹ ਦੀ ਤਖਤਨਸ਼ੀਨੀ ਦੀ ਰਸਮ ਅਦਾ ਹੋਈ ਸੀ, ਅਰ ਇਹ ਅਕਬਰ ਨੂੰ ਬਹੁਤ ਪਿਆਰਾ ਸੀ. ਸੰਮਤ ੧੭੭੨ ਵਿੱਚ ਬੰਦਾ ਬਹਾਦੁਰ ਨੇ ਖਾਲਸਾ ਦਲ ਨਾਲ ਕਲਾਨੌਰ ਨੂੰ ਫਤੇ ਕੀਤਾ ਅਤੇ ਸੁਹਰਾਬ ਖ਼ਾਂ ਫੌਜਦਾਰ ਦੀ ਥਾਂ ਸਿੰਘ ਹਾਕਿਮ ਥਾਪੇ.

ਕਲਾਪ: ਸੰ. ਸੰਗਯਾ- ਸਮੂਹ. ਸਮੁਦਾਯ. "ਪਾਪ ਕਲਾਪ ਆਪ ਛਪਜੈਹੈਂ." (ਗੁਪ੍ਰਸੂ) ੨. ਮੋਰ ਦੀ ਪੂਛ. "ਪੰਖ ਧਰਜੋ ਭਗਵਾਨ ਕਲਾਪੀ" (ਕ੍ਰਿਸਨਾਵ) ੩. ਭੱਥਾ. ਤੀਰਕਸ਼। ੪. ਕਮਰਬੰਦ। ੫. ਵ੍ਯਾਪਾਰ. ਵਣਿਜ.

ਕਲਾਪੀ: ਸੰ. कलापिन ਸੰਗਯਾ- ਮੋਰ. ਦੇਖੋ, ਕਲਾਪ। ੨. ਵਿ- ਤਰਕਸ਼ਬੰਦ. ਭੱਥਾ ਬੰਨ੍ਹਣ ਵਾਲਾ.

ਕਲਾਬੱਤੂ: ਫ਼ਾ. کلابتون ਕਲਾਬਤੂਨ. ਸੰਗਯਾ- ਸੁਇਨੇ ਚਾਂਦੀ ਦੀ ਵੱਟੀ ਹੋਈ ਤਾਰ.

ਕਲਾਬਾਜੀ: ਸੰਗਯਾ- ਬਾਜੀ (ਖੇਲ) ਦੀ ਕਲਾ (ਵਿਦ੍ਯਾ) ੨. ਇੱਕ ਪ੍ਰਕਾਰ ਦੀ ਛਾਲ, ਜਿਸ ਵਿੱਚ ਚਕਰੀ ਦੀ ਤਰਾਂ ਸ਼ਰੀਰ ਘੁੰਮਦਾ ਹੈ. ਸਿਰ ਹੇਠਾਂ ਅਤੇ ਪੈਰ ਉੱਪਰ ਵੱਲ ਕਰਕੇ ਛਾਲ ਮਾਰਨੀ.

ਕਲਾਮ, ਕਲਾਮੁ: ਅ਼ کلام ਸੰਗਯਾ- ਜਿਸ ਵਿੱਚ ਬਹੁਤ ਕਲਮੇ ਜੋੜੇ ਹੋਏ ਹੋਣ. ਗੁਫ਼ਤਗੂ. ਬਾਤ ਚੀਤ। ੨. ਕਥਨ. ਉਕਤਿ। ੩. ਦੇਖੋ, ਕਲਮ. "ਸਭਨਾ ਲਿਖਿਆ ਵੁੜੀ ਕਲਾਮ." (ਜਪੁ) "ਕਰਮੀ ਵਹੈ ਕਲਾਮ." (ਵਾਰ ਸਾਰ ਮਃ ੧)

ਕਲਾਮੁੱਲਹ, ਕਲਾਮੁੱਲਾ: ਅ਼. کلام اللہ ਸੰਗਯਾ- ਮੁਸਲਮਾਨਾਂ ਦੇ ਨਿਸ਼ਚੇ ਅਨੁਸਾਰ ਅੱਲਾ ਦੀ ਕਲਾਮ (ਬਾਣੀ) ਕ਼ੁਰਾਨ. "ਕਲਾਮੁੱਲਹ ਕੀ ਆਨ ਤਿਹਾਰੇ" (ਚਰਿਤ੍ਰ ੩੮)

ਕਲਾਰ, ਕਲਾਰੀ, ਕਲਾਲ, ਕਲਾਲਨ, ਕਲਾਲਨਿ, ਕਲਾਲਨੀ, ਕਲਾਲੀ: ਸੰ. ਕਲ੍ਯਪਾਲ- ਕਲਾਲ. ਕਲ੍ਯ- ਪਾਲੀ. ਕਲਾਲੀ. "ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ." (ਰਾਮ ਕਬੀਰ) ਕਲਾਲੀ ਤੋਂ ਭਾਵ ਆਤਮ ਪਰਾਇਣ ਵ੍ਰਿੱਤਿ ਹੈ। ੨. ਕਲਾਲ ਦੀ ਉਹ ਮੱਟੀ ਜਿਸ ਵਿੱਚ ਲਾਹਣ ਤਿਆਰ ਕਰਦਾ ਹੈ. "ਕਾਇਆ ਕਲਾਲਨਿ ਲਾਹਨਿ ਮੇਲਉ." (ਰਾਮ ਕਬੀਰ)

ਕਲਾਵਤ: ਕਲਾਵੰਤ. ਕਲਾਵਾਨ. ਜਿਸ ਨੂੰ ਗਾਉਣ ਦੀ ਕਲਾ (ਵਿਦ੍ਯਾ) ਆਉਂਦੀ ਹੈ. ਗਵੈਯਾ. ਰਾਗਵਿਦ੍ਯਾ ਦਾ ਗ੍ਯਾਤਾ। ੨. ਪੰਡਤਿ. ਵਿਦ੍ਵਾਨ। ੩. ਚੰਦ੍ਰਮਾ। ੪. ਸ਼ਕਤਿਮਾਨ.

ਕਲਾਵਤਨੀ: ਰਾਗਵਿਦ੍ਯਾ ਜਾਣਨ ਵਾਲੀ। ੨. ਵੇਸ਼੍ਯਾ। ੩. ਪੰਡਿਤਾ.

ਕਲਾਵਾ: ਫ਼ਾ. کلاوہ ਕੁਲਾਵਹ. ਸੰਗਯਾ- ਜੱਫੀ. ਕੌਰੀ। ੨. ਸੂਤ ਦਾ ਲੱਛਾ. ਗਲੋਟਾ.

ਕਲਾਵਾਨ, ਕਲਾਵੰਤ: ਦੇਖੋ, ਕਲਾਵਤ.

ਕਲਿ: ਸੰ. ਸੰਗਯਾ- ਪਾਪ। ੨. ਕਲਹ. ਝਗੜਾ. "ਹੇ ਕਲਿਮੂਲ ਕ੍ਰੋਧੰ." (ਸਹਸ ਮਃ ੫) ੩. ਚੌਥਾ ਯੁਗ. "ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ." x x x "ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ। ਜੇ ਕੋ ਨਾਉ ਲਏ

ਬਦਨਾਵੀ ਕਲਿ ਕੇ ਲਖਣ ਏਈ." (ਰਾਮ ਅਃ ਮਃ ੧) ਦੇਖੋ, ਯੁਗ। ੪. ਯੋਧਾ. ਸੂਰਮਾ। ੫. ਕਲਿਯੁਗ ਦੀ ਪ੍ਰਜਾ ਵਾਸਤੇ ਭੀ ਕਲਿ ਸ਼ਬਦ ਆਇਆ ਹੈ. "ਕਲਿ ਹੋਈ ਕੁਤੇਮੁਹੀ." (ਵਾਰ ਸਾਰ ਮਃ ੧) ੬. ਕਲਕੀ ਅਵਤਾਰ ਲਈ ਭੀ ਕਲਿ ਸ਼ਬਦ ਵਰਤਿਆ ਹੈ. "ਪੌਨ ਸਮਾਨ ਬਹੈਂ ਕਲਿਬਾਨ." (ਕਲਕੀ) ੭. ਸੰ. कल्ि ਕੱਲਿ. ਵ੍ਯ- ਆਉਣ ਵਾਲੇ ਦਿਨ ਵਿੱਚ. ਕਲ੍ਹ ਨੂੰ. "ਖੇਲਣੁ ਅਜੁ ਕਿ ਕਲਿ." (ਸ੍ਰੀ ਅਃ ਮਃ ੧)

ਕਲਿਉਰਾ: ਦੇਖੋ, ਕਲਯੋਰਾ.

ਕਲਿਅਵਤਾਰ: ਭਾਵ- ਕਲਕੀ ਅਵਤਾਰ, ਜੋ ਕਲਿਯੁਗ ਦੇ ਅੰਤ ਹੋਵੇਗਾ. ਦੇਖੋ, ਸਰਦਾਰ ੨.

ਕਲਿਆਣ: ਦੇਖੋ, ਕਲਿਆਨ ੨.। ੨. ਦੇਖੋ, ਕਲਯਾਣ.

ਕਲਿਆਣਮਯ, ਕਲਿਆਣਮੈ: ਕਲਯਾਣ ਰੂਪ. ਮੰਗਲ ਦੀ ਹੈ ਜਿਸ ਵਿੱਚ ਪ੍ਰਧਾਨਤਾ. "ਕਲਿਆਣਮੈ ਪਰਗਟ ਭਏ." (ਬਿਹਾ ਛੰਤ ਮਃ ੫)

ਕਲਿਆਨ: ਦੇਖੋ, ਕਲਯਾਣ। ੨. ਕਲਯਾਣ ਠਾਟ ਦੀ ਓੜਵ ਸੰਪੂਰਣ ਰਾਗਿਨੀ ਹੈ. ਇਸ ਰਾਗ ਦੇ ਕਈ ਭੇਦ ਹਨ. ਇਸ ਥਾਂ ਇਸ ਦਾ ਸ਼ੁੱਧ ਸਰੂਪ ਦਿੱਤਾ ਹੈ. ਆਰੋਹੀ ਵਿੱਚ ਮੱਧਮ ਅਤੇ ਨਿਸ਼ਾਦ ਵਰਜਿਤ ਹਨ. ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ. ਮੱਧਮ ਤੀਵ੍ਰ ਅਤੇ ਬਾਕੀ ਸਾਰੇ ਸ਼ੁੱਧ ਸੁਰ ਹਨ. ਗਾਉਣ ਦਾ ਵੇਲਾ ਰਾਤ ਦਾ ਪਹਿਲਾ ਪਹਿਰ ਹੈ.

ਆਰੋਹੀ- ਸ਼ ਰ ਗ ਪ ਧ ਸ਼।

ਅਵਰੋਹੀ- ਸ਼ ਨ ਧ ਪ ਮੀ ਗ ਰ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਲਿਆਨ ਦਾ ਉਨਤੀਹਵਾਂ ਨੰਬਰ ਹੈ। ੨. ਬੰਬਈ ਹਾਤੇ ਵਿੱਚ ਇੱਕ ਸ਼ਹਿਰ, ਜੋ ਕਿਸੇ ਵੇਲੇ ਚਾਲੁਕ੍ਯ ਰਾਜਪੂਤਾਂ ਦੀ ਰਾਜਧਾਨੀ ਰਿਹਾ ਹੈ.

ਕਲਿਸ਼੍ਟ: ਸੰ. क्लिष्ट. ਵਿ- ਕਲੇਸ਼ ਸਹਿਤ. ਦੁਖੀ। ੨. ਕਠਿਨ. ਮੁਸ਼ਕਿਲ.

ਕਲਿਹਾਰੀ: ਵਿ- ਕਲਹ ਕਰਨ ਵਾਲੀ. ਲੜਾਕੀ। ੨. ਸੰ. ਸੰਗ੍ਯਾ- ਇੱਕ ਬੂਟੀ, ਜਿਸ ਨੂੰ ਕਲਿਕਾਰੀ ਭੀ ਆਖਦੇ ਹਨ. Aconitum Napellum. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਲਹੂ ਦੇ ਰੋਗ, ਬਵਾਸੀਰ, ਕਫ, ਖਾਂਸੀ, ਸੂਲ ਹਟਾਉਂਦੀ ਹੈ. ਜਖਮ ਰਾਜੀ ਕਰਦੀ ਹੈ. ਗਰਭ ਗਿਰਾਉਂਦੀ ਹੈ. ਪਿੱਸੂ ਮਾਰਦੀ ਹੈ.

ਕਲਿਕਲੇਸ: ਕਲਿਯੁਗ ਦੇ ਕਲੇਸ਼ (ਦੁੱਖ) "ਮਿਟਾਨੇ ਸਭਿ ਕਲਿਕਲੇਸ." (ਰਾਮ ਮਃ ੫)

ਕਲਿਕਾ: ਸੰ. ਸੰਗ੍ਯਾ- ਚੰਦ੍ਰਮਾਂ ਦੀ ਸੋਲਵੀਂ ਕਲਾ। ੨. ਫੁੱਲ ਦੀ ਡੋਡੀ. ਕਲੀ. "ਦੁਤਿ ਕਲਿਕਾ ਰਦਨ ਮਨਿੰਦੂ." (ਗੁਪ੍ਰਸੂ) ਚਿੱਟੀ ਕਲੀ ਦੇ ਮਾਨਿੰਦ ਦੰਦਾਂ ਦੀ ਸ਼ੋਭਾ ਹੈ.

ਕਲਿਕਾਲ: ਕਲਿਯੁਗ ਦਾ ਸਮਾਂ.

(ੳ) ਸੂਰਤਾਈ ਆਂਧਰੇ ਮੇ ਦ੍ਰਿੜ੍ਹਤਾਈ ਪਾਹਨ ਮੇ

ਨਾਸਿਕਾ ਚਨਾਨ ਮਧ੍ਯ ਨੌਨ ਰਹੀ ਹਾਟ ਮੇ,

ਧਰਮੰ ਰਹ੍ਯੋ ਪੋਥਿਨ ਵਡਾਈ ਰਹੀ ਵ੍ਰਿਛਨ ਮੇ

ਬੰਧ ਪ੍ਰਪਾ ਪਾਂਤਨ ਮੇ ਪਾਨੀ ਰਹ੍ਯੋ ਘਾਟ ਮੇ,

ਯਹਿ ਕਲਿਕਾਲ ਨੇ ਬਿਹਾਲ ਕੀਓ ਸਬ ਜਗ,

"ਨਾਯਕ" ਸੁਕਵਿ ਕੈਸੀ ਬਨੀ ਹੈ ਕੁਠਾਟ ਮੇ,

ਰਜ ਰਹੀ ਪੰਥਨ ਰਜਾਈ ਰਹੀ ਸ਼ੀਤਕਾਲ

ਰਾਜਾ ਭਯੋ ਨਾਈ ਅਰੁ ਰਾਈ ਰਹੀ ਭਾਟ ਮੇ.

(ਅ) ਮੀਰਜ਼ਾਦੇ ਪੀਰਜ਼ਾਦੇ ਅਸਲ ਅਮੀਰਜ਼ਾਦੇ

ਸਾਹਿਬ ਫ਼ਕੀਰਜ਼ਾਦੇ ਗੋਸ਼ੇ ਤਨ ਗੋ ਰਹੇ,

ਰਾਯਜ਼ਾਦੇ ਰਾਉਜ਼ਾਦੇ ਸ਼ਾਹਜ਼ਾਦੇ ਸਾਹੁਜ਼ਾਦੇ

ਕੁਲ ਕੇ ਅਸੀਲਜ਼ਾਦੇ ਤਾਜਪਨ ਕੋ ਰਹੇ,

"ਠਾਕੁਰ" ਕਹਿਤ ਕਲਿਕਾਲ ਕੇ ਕਹਿਰ ਬੀਚ

ਪਹਿਰ ਪਹਿਰ ਪੀਛੇ ਭਾਰੇ ਭੂਮ ਭੋ ਰਹੇ,

ਦਾਨ ਕਿਰਪਾਨ ਸਮੈ ਸਜਾਨ ਗੁਰੁਗਜਾਨ ਸਮੈ

ਸਭ ਜ਼ਾਦੇ ਮਿਟਕੈ ਹਰਾਮਜ਼ਾਦੇ ਹੋ ਰਹੇ.

(ੲ) ਕੂਰ ਭਯੇ ਕੁੱਵਰ ਮਜੂਰ ਭਏ ਮਾਲਦਾਰ

ਸੂਰ ਭਯੇ ਗੁਪਤ ਅਸ਼ੂਰ ਭਯੇ ਜਬਰੇ,

ਦਾਤੇ ਭਏ ਕ੍ਰਿਪਨ ਅਦਾਤਾ ਕਹੈਂ ਦਾਤਾ ਹਮ

ਧਨੀ ਭਯੇ ਨਿਧਨ ਨਿਧਨ ਭਯੇ ਗਬਰੇ,

ਸਾਚਿਨ ਕੀ ਬਾਤਨ ਪਤਜਾਤ ਕੋਊ ਜਗ ਮਾਂਝ

ਰਾਜ ਦਰਬਾਰਨ ਬੁਲੈਂਯੇਂ ਲੋਗ ਲਬਰੇ,

ਭਨਤ "ਪ੍ਰਬੀਨ" ਅਬ ਛੀਨ ਭਈ ਹਿੰਮਤ, ਸੋ

ਕਲਿਯੁਗ ਅਦਲ ਬਦਲ ਡਾਰੇ ਸਗਰੇ. ੨. ਬੁਰਾ ਸਮਾਂ. ਦੁਖਦਾਈ ਜ਼ਮਾਨਾ. ਦੇਖੋ, ਕਲਿ ੩.[356]

ਕਲਿਕਾਲੀ: ਦੇਖੋ, ਕਾਂਢੀ.

ਕਲਿੰਗ: ਸੰ. कलिङ्ग ਸੰਗਜਾ- ਖ਼ਾਕੀ ਰੰਗ ਦਾ ਇੱਕ ਪੰਛੀ, ਜਿਸ ਦੀ ਗਰਦਨ ਲੰਮੀ ਅਤੇ ਸਿਰ ਲਾਲ ਹੁੰਦਾ ਹੈ. "ਬੋਲਤ ਕਪੋਤ ਭ੍ਰਿੰਗ ਖੰਜਨ ਕਲਿੰਗ ਕਲ." (ਨਾਪ੍ਰ) ੨. ਮਤੀਰਾ. ਤਰਬੂਜ਼। ੩. ਇੱਕ ਦੇਸ਼, ਜੋ ਪੂਰਬੀ ਘਾਟ ਅਤੇ ਗੋਦਾਵਰੀ ਦੇ ਮੱਧ ਹੈ. ਇਸ ਦੇ ਉੱਤਰ ਵੱਲ ਉੜੀਸਾ ਹੈ। ੪. ਇੰਦ੍ਰ ਜੌਂ। ੫. ਸਰੀਂਹ ਦਾ ਦਰਖ਼ਤ.

ਕਲਿੰਗਾ: ਦੇਖੋ, ਕਰਿੰਗ.

ਕਲਿੰਜਰ: ਕਾਲਿੰਜਰ. ਬੁੰਦੇਲਖੰਡ ਦਾ ਨਗਰ. ਇੱਥੇ ਕੀਰਾਤਬ੍ਰਹਮ ਚੰਦੇਲ ਰਾਜਾ ਦਾ ਬਣਵਾਇਆ ਪੁਰਾਣਾ ਕਿਲਾ ਹੈ, ਅਰ ਨੀਲਕੰਠ ਦਾ ਪ੍ਰਸਿੱਧ ਮੰਦਿਰ ਹੈ, ਜਿਸ ਨੂੰ ਕੋਟਿਤੀਰਥ ਆਖਦੇ ਹਨ. "ਦੇਸ ਕਲਿੰਜਰ ਕੇ ਨਿਕਟ ਸੈਨ ਬਿੱਚਛਨ ਰਾਇ." (ਚਰਿਤ੍ਰ ੨੪੦) "ਕੌਡੇ ਸੀ ਕਲਿੰਜਰ, ਸਭਨ ਮੁਖ ਰਦਨ ਸੀ, ਨਾਨਕ ਕੀ ਕੀਰਤਿ ਸੰਤੋਖ ਸਿੰਘ ਗਾਨਿਯੇ." (ਨਾਪ੍ਰ) ਦੇਖੋ, ਕਾਲੰਜਰ.

ਕਲਿਜੁਗ: ਦੇਖੋ, ਕਲਿਕਾਲ ਅਤੇ ਯੁਗ. "ਕਲਿਜੁਗ ਉਦਾਰਿਆ ਗੁਰੁਦੇਵ." (ਆਸਾ ਮਃ ੫) ੨. ਦੇਖੋ, ਕਲਿਯੁਗ ੨.

---

[356] ਮਹਾਭਾਰਤ ਵਿੱਚ ਭੀਸ਼ਮ ਨੇ ਰਾਜੇ ਨੂੰ ਹੀ ਯੁਗਾਂ ਦਾ ਕਾਰਨ ਲਿਖਿਆ ਹੈ, ਯਥਾ-"ਰਾਜਾ ਕਾਲਸਜ ਕਾਰਣੰ."

ਕਲਿਣੰ: ਕਲਿਆਣਮਯ. ਮੰਗਲਰੂਪ. "ਧਰਮ ਫੋਕਟਣੋ ਸਭੈ ਇਕ ਕੇਵਲੰ ਕਲਿਣੰ ਬਿਨਾ." (ਕਲਕੀ)

ਕਲਿਤ: ਸੰ. ਵਿ- ਜਮਾ ਕੀਤਾ. ਸੰਗ੍ਰਹ ਕਰਿਆ। ੨. ਗ੍ਰਸਿਆ ਹੋਇਆ. "ਕਲਿਤ ਕ੍ਰੋਧ." (ਪਾਰਸਾਵ) ੩. ਸਿੰਗਾਰਿਆ ਹੋਇਆ. ਸਜਾਇਆ "ਆਸਤਰਨ ਬਰ ਮ੍ਰਿਦੁਲ ਕਲਿਤ ਕਰ." (ਗੁਪ੍ਰਸੂ) ੪. ਜਾਣਿਆ ਹੋਇਆ. ਗਜਾਤ। ੫. ਮਨੋਹਰ. ਸੁੰਦਰ। ੬. ਦੇਖੋ, ਕਲਤ੍ਰ.

ਕਲਿੱਤਰ, ਕਲਿਤ੍ਰ: ਦੇਖੋ, ਕਲਤ੍ਰ.

ਕਲਿੰਦ, ਕਲਿੰਦਕੰਨਜਾ, ਕਲਿੰਦੀ, ਕਲਿੰਦ੍ਰ, ਕਲਿੰਦ੍ਰੀ: ਸੰ. कलिन्द ਸੰਗਯਾ- ਬਹੇੜਾ। ੨. ਸੂਰਜ। ੩. ਇੱਕ ਪਹਾੜ, ਜਿਸ ਤੋਂ ਯਮੁਨਾ (ਜਮਨਾ) ਨਦੀ ਨਿਕਲਦੀ ਹੈ. ਇਸੇ ਲਈ ਯਮੁਨਾ ਦਾ ਨਾਉਂ ਕਾਲਿੰਦੀ ਅਤੇ ਕਲਿੰਦ- ਕੰਨਯਾ ਹੈ. "ਕਲਿੰਦ੍ਰ ਕੇ ਸ੍ਰਿੰਗਹੁ ਤੇ ਨਿਕਸਯੋ ਅਹਿ ਕੋ ਫਨ ਕੋਪ ਭਰਯੋ ਹੈ." (ਕ੍ਰਿਸਨਾਵ)

ਕਲਿਪਤਰ, ਕਲਿਪਤਰੁ: ਦੇਖੋ, ਸੁਰਤਰੁ ਅਤੇ ਕਲਪਤਰੁ. "ਏਕ ਨਾਮ ਕਲਿਪਤਰ ਤਾਰੇ." (ਗਉ ਕਬੀਰ) "ਕਲਿਪਤਰੁ ਰੋਗਬਿਦਾਰ ਸੰਸਾਰਤਾਪ ਨਿਵਾਰ." (ਸਵੈਯੇ ਮਃ ੨. ਕੇ)

ਕਲਿਭਗਵਤ: ਸੰ. ਕਲਿਭਾਗਵਤ. ਕਲਿਯੁਗ ਦਾ ਭਗਤ. ਪਾਖੰਡੀ ਭਗਤ. "ਕਲਿਭਗਵਤ ਬੰਦ ਚਿਰਾਮੰ." (ਪ੍ਰਭਾ ਬੇਣੀ) ਲੋਕਾਂ ਨੂੰ ਦਿਖਾਉਣ ਲਈ ਚਿਰ ਤੀਕ ਬੰਦਨਾ ਕਰਦਾ ਹੈ.

ਕਲਿਮਲ: ਸੰ. ਸੰਗਯਾ- ਪਾਪ. ਦੋਸ਼. "ਕਲਿਮਲ ਡਾਰਨ ਮਨਹਿ ਸਧਾਰਨ." (ਦੇਵ ਮਃ ੫)

ਕਲਿਮੂਲ: ਕਲਿਯੁਗ ਦੀ ਜੜ। ੨. ਕਲਹ ਮੂਲ. ਫ਼ਿਸਾਦ ਦੀ ਜੜ. "ਹੇ ਕਲਿਮੂਲ ਕ੍ਰੋਧੰ!" (ਸਹਸ ਮਃ ੫)

ਕਲਿਯੁਗ: ਚੌਥਾ ਯੁਗ. ਦੇਖੋ, ਕਲਿ ੩. ਅਤੇ ਯੁਗ। ੨. ਜਗੰਨਾਥ ਦਾ ਇੱਕ ਪੰਡਾ, ਜੋ ਵਡਾ ਪਾਖੰਡੀ ਅਤੇ ਕੁਕਰਮੀ ਸੀ. ਇਹ ਗੁਰੂ ਨਾਨਕ ਦੇਵ ਦੇ ਉਪਦੇਸ਼ ਨਾਲ ਸਦਾਚਾਰੀ ਅਤੇ ਮਹਾਨ ਉਪਕਾਰੀ ਹੋਇਆ.

ਕਲਿਯੁਗੀ: ਵਿ- ਕਲਿਯੁਗ ਦਾ। ੨. ਉਪਦ੍ਰਵੀ. ਫਿਸਾਦੀ.

ਕਲੀ: ਕਲਿਯੁਗ ਦੇਖੋ, ਕਲਿ. "ਨਹਿ ਦੋਖ ਬਿਆਪਹਿ ਕਲੀ." (ਕੇਦਾ ਮਃ ੫) ੨. ਫੂਕਿਆ ਹੋਇਆ ਪੱਥਰ. ਚਿੱਟਾ ਚੂਨਾ। ੩. ਚਿਲਮ, ਜਿਸ ਦੀ ਸ਼ਕਲ ਫੁੱਲ ਦੀ ਕਲੀ ਸਮਾਨ ਹੁੰਦੀ ਹੈ। ੪. ਅੰਗਰਖੇ ਕੁੜਤੇ ਆਦਿਕ ਦੀ ਕਲੀ। ੫. ਤੁਕ. ਛੰਦ ਦਾ ਚਰਣ. "ਕਲੀ ਮਧ ਚਾਰ ਜਗੰਨ ਬਨਾਇ." (ਰੂਪਦੀਪ) ੬. ਕਲਿਕਾ. ਫੁੱਲ ਦੀ ਡੋਡੀ. "ਅਲੀ ਕਲੀ ਹੀ ਸੋਂ ਬਿਧਯੋ." (ਬਿਹਾਰੀ) ੭. ਵਿ- ਕਲਾਵਾਨ. ਸ਼ਕਤਿਵਾਨ. "ਕਿ ਸਰਬੰ ਕਲੀ ਹੈ." (ਜਾਪੁ) ੮. ਅ਼. قلئی ਕ਼ਲਈ. ਕਲਾ ਨਾਮਕ ਖਾਨਿ ਤੋਂ ਨਿਕਲੀ ਹੋਈ ਧਾਤੁ. ਰਾਂਗਾ. ਬੰਗ. Stannum.

ਕਲੀਕਾਲ: ਕਲਿਯੁਗ ਦਾ ਸਮਾਂ (ਜ਼ਮਾਨਾ). "ਕਲੀ ਕਾਲ ਕੇ ਮਿਟੇ ਕਲੇਸਾ." (ਸੂਹੀ ਮਃ ੫) ਦੇਖੋ, ਕਲਿ ੩. ਅਤੇ ਕਲਿਕਾਲ.

ਕਲੀਚਾ: ਦੇਖੋ, ਗਲੀਚਾ.

ਕਲੀਦ: ਫ਼ਾ. کلید ਸੰਗਯਾ- ਕੁੰਜੀ. ਚਾਬੀ. ਤਾਲੀ.

ਕਲੀਦਾ: ਸੰਗਯਾ- ਮਤੀਰਾ. ਕਲਿੰਗ. ਤਰਬੂਜ਼ ਹਿੰਦਵਾਣਾ. "ਖਰਬੂਜਾ ਔ ਕਲੀਦਾ ਸਜਲ ਬਿਕਾਰੀਐ. (ਭਾਗੁ ਕ)

ਕਲੀਮ: ਅ਼. کلیم ਵਿ- ਕਲਾਮ ਕਰਨ ਵਾਲਾ. ਵਕਤਾ. ਕਹਿਣ ਵਾਲਾ. "ਕਿ ਸਰਬੰ ਕਲੀਮੈ." (ਜਾਪੁ) ਸਰਵਵਕਤਾ ਹੈ। ੨. ਅ਼. اِقلیم ਇਕ਼ਲੀਮ. ਦੇਸ਼. ਪ੍ਰਿਥਿਵੀ ਦਾ ਖੰਡ. ਦੇਖੋ, ਅੰ Clime. "ਜਾਹਰ ਕਲੀਮ ਹਫ਼ਤਜ਼." (ਰਾਮਾਵ) ਸੱਤ ਵਲਾਇਤਾਂ ਤੋਂ ਜਾਹਿਰ ਹੈ. ਦੇਖੋ, ਹਫਤ ਇਕਲੀਮ.

ਕਲੀਯਹ, ਕ਼ਲੀਯਹ: ਅ਼. قلیہ ਸੰਗਯਾ- ਤਵੇ ਉੱਪਰ ਪਕਾਇਆ ਹੋਇਆ ਮਾਸ। ੨. ਭਾਵ- ਕੀਮਾ ਕਰਕੇ. ਭੁੰਨਿਆਂ ਮਾਸ.

ਕਲੀਲ: ਅ਼. قلیل ਵਿ- ਥੋੜਾ. ਘੱਟ. ਕਮ.

ਕਲੀਵ: ਸੰ. ਕ੍ਲੀਵ ਸੰਗਯਾ- ਨਪੁੰਸਕ. ਹੀਜੜਾ. "ਤਾਲਨ ਪੂਰ ਕਲੀਵ ਸੁ ਨਾਚਹਿ." (ਨਾਪ੍ਰ) ੨. ਡਰਪੋਕ. ਕਾਇਰ.

ਕਲੁ: ਦੇਖੋ, ਕਲਿ ਅਤੇ ਕਲੂ.

ਕਲੁਖ, ਕਲੁਖਾ, ਕਲੁਖਾਈ: ਸੰ. ਕਲੁਸ਼. ਸੰਗਯਾ- ਮਲੀਨਤਾ. ਮੈਲ। ੨. ਕਾਲਿਸ. ਕਾਲਖ। ੩. ਕਲੰਕ. ਦਾਗ਼। ੪. ਪਾਪ। ੫. ਕ੍ਰੋਧ.

ਕਲ੍ਹੁਚਰੈ: ਕਲ੍ਹ ਕਵਿ ਉਚਰੈ. "ਕਲੁਚਰੈ ਜਸੁ ਜੰਪਉ ਲਹਣੇ ਰਸਨ." (ਸਵੈਯੇ ਮਃ ੨. ਕੇ)

ਕਲੂ: ਦੇਖੋ, ਕਲਿ. "ਅਬ ਕਲੂ ਆਇਓ ਰੇ! ਇਕੁ ਨਾਮੁ ਬੋਵਹੁ." (ਬਸੰ ਮਃ ੫)

ਕਲੂਖ: ਦੇਖੋ, ਕਲੁਖ. "ਖੋਤ ਕਲੂਖਨ ਦੀਨ ਦਯਾਲ." (ਨਾਪ੍ਰ)

ਕਲੂਖਤ: ਸੰ. ਕਲੁਸ਼ਿਤ. ਵਿ- ਪਾਪੀ. ਦੋਸ਼ੀ। ੨. ਕਲੰਕੀ। ੩. ਸੰਗਯਾ- ਕਲੁਸ਼ਤਾ. ਪਾਪ. ਦੋਸ਼. ਮੈਲ. "ਸਾਧ ਕੈ ਸੰਗਿ ਕਲੂਖਤ ਹਰੈ." (ਸੁਖਮਨੀ)

ਕਲੂਨਾਸਨਿ: ਗੰਗਾ. (ਸੁਨਾਮਾ) ਜੋ ਹਿੰਦੂਮਤ ਅਨੁਸਾਰ ਕਲੂ (ਕਲੁਸ਼- ਪਾਪ) ਨਾਸ਼ਨੀ ਮੰਨੀ ਹੈ.

ਕਲੂਬ: ਅ਼. قلوُب ਕ਼ਲੂਬ. ਕਲ਼ਬ (ਦਿਲ) ਦਾ ਬਹੁ ਵਚਨ.

ਕਲੂਰ: ਦੇਖੋ, ਕਹਲੂਰ. "ਕਸਟਵਾਰ ਕੁੱਲੂ ਕਲੂਰ." (ਚਰਿਤ੍ਰ ੨੧੭)

ਕਲੇ: ਕ੍ਰਿ. ਵਿ- ਪਾਤਾਲ ਲੋਕ (ਕੰ ਪਾਣੀ ਹੋਵੇ ਲੀਨ) ਜਿਸ ਵਿੱਚ. ਤਲੇ. ਨੀਚੇ. "ਪਿੰਧੀ ਉਭ ਕਲੇ ਸੰਸਾਰਾ." (ਧਨਾ ਨਾਮਦੇਵ) ਸੰਸਾਰ ਦੀ ਹਾਲਤ ਹਰਟ ਦੀ ਪਿੰਧੀ (ਆਪਧੀ- ਟਿੰਡਾਂ) ਵਾਂਙ ਉੱਚੀ ਨੀਵੀਂ ਹੁੰਦੀ ਰਹਿੰਦੀ ਹੈ.

ਕਲੇਸ: ਸੰ. ਕ੍ਲੇਸ਼. ਸੰਗਯਾ- ਦੁੱਖ। ੨. ਝਗੜਾ। ੩. ਫ਼ਿਕਰ. ਚਿੰਤਾ। ੪. ਕ੍ਰੋਧ। ੫. ਵਿਦ੍ਵਾਨਾਂ ਨੇ ਪੰਜ ਕ੍ਲੇਸ਼ ਸੰਸਕ੍ਰਿਤਗ੍ਰੰਥਾਂ ਵਿੱਚ ਲਿਖੇ ਹਨ.

ੳ- ਅਵਿਦ੍ਯਾ, ਅਸਲੀਯਤ ਨਾ ਸਮਝਣੀ. ਉਲਟੀ ਸਮਝ.

ਅ- ਅਸਿਮਤਾ, ਦੇਹ ਧਨ ਸੰਬੰਧੀ ਆਦਿਕਾਂ ਵਿੱਚ ਅਹੰਤਾ.

ੲ- ਰਾਗ, ਪਦਾਰਥਾਂ ਵਿੱਚ ਪ੍ਰੇਮ.

ਸ- ਦ੍ਵੇਸ਼, ਵੈਰ ਵਿਰੋਧ.

ਹ- ਅਭਿਨਿਵੇਸ਼, ਨਾ ਕਰਨ ਯੋਗ੍ਯ ਕਰਮਾਂ ਨੂੰ ਜਾਣਕੇ ਭੀ ਹਠ ਨਾਲ ਉਨ੍ਹਾਂ ਵਿੱਚ ਮਨ ਲਾਉਣਾ ਅਤੇ ਮੌਤ (ਮਰਣ) ਤੋਂ ਡਰਨਾ.

ਕਲੇਸਰ, ਕਲੇਸ਼੍ਵਰ: ਇੱਕ ਪਹਾੜ, ਜੋ ਬਿਭੌਰ ਦੇ ਇਲਾਕੇ (ਜਿਲਾ ਹੁਸ਼ਿਆਰਪੁਰ) ਵਿੱਚ ਹੈ. "ਨਾਮ ਕਲੇਸਰ ਬ੍ਰਹਮੇ ਧਰਜੋ." (ਗੁਪ੍ਰਸੂ ਅਤੇ ਗੁਵਿ ੧੦)

ਕਲੇਜਾ: ਦੇਖੋ, ਕਰੇਜਾ. "ਕਰਕ ਕਲੇਜੇ ਮਾਹਿ." (ਵਾਰ ਮਲਾ ਮਃ ੧) ਡਿੰਗ. ਕਲੋ.

ਕਲੇਦ: ਸੰ. ਕ੍ਲੇਦ. ਦੇਖੋ, ਕ੍ਲਿਦ ਧਾ. ਸੰਗਯਾ- ਗਿੱਲਾਪਨ। ੨. ਮੁੜ੍ਹਕਾ. ਪਸੀਨਾ। ੩. ਤਕਲੀਫ਼. ਦੁੱਖ। ੪. ਕ਼ਯ. ਵਮਨ. ਡਾਕੀ.

ਕਲੇਦਨ: ਸੰ. ਕ੍ਲੇਦਨ. ਸੰਗਯਾ- ਗਿੱਲਾ ਕਰਨਾ. ਤਰ ਕਰਨਾ। ੨. ਪਸੀਨਾ (ਮੁੜ੍ਹਕਾ) ਦੇਣਾ.

ਕਲੇਵਰ: ਸੰ. ਸੰਗਯਾ- ਦੇਹ. ਸ਼ਰੀਰ. ਜਿਸਮ। ੨. ਢਾਂਚਾ.

ਕਲੇਵਾ: ਕਲਯਾਹਾਰ. ਸਵੇਰਸਾਰ ਕੀਤਾ ਭੋਜਨ. ਹਾਜਰੀ.

ਕਲੈ: ਦੇਖੋ, ਕਲਹ। ੨. ਸੰ. ਕਾਲਿਕ. ਕਾਲ ਕਰਨ ਵਾਲਾ. ਵਿਨਾਸ਼ਕ। ੩. ਕਾਲ. ਸਮਾਂ. "ਨੇੜਿ ਨ ਆਵਈ ਜਮਕੰਕਰ ਜਮਕਲੈ." (ਵਾਰ ਮਾਰੂ ੧. ਮਃ ੩) ਜਮ ਦਾ ਦੂਤ ਅਤੇ ਮੌਤ ਦਾ ਵੇਲਾ ਨੇੜਿ ਨ ਆਵਈ.

ਕਲੈਰ: ਸੰਗਯਾ- ਕਲਾਪ. ਮੋਰ ਦੀ ਪੂਛ. ਫੰਘਾਂ (ਖੰਭਾਂ) ਦਾ ਸਮੁਦਾਯ.

ਕਲੈਰੀ: ਵਿ- ਕਲਾਪ ਰੱਖਣ ਵਾਲਾ। ੨. ਸੰਗਯਾ- ਮੋਰ.

ਕਲੋਹ: ਜਿਲਾ ਕਾਂਗੜੇ ਦੀ ਤਸੀਲ ਹਮੀਰਪੁਰ ਦਾ ਇੱਕ ਪਿੰਡ. ਇਸ ਥਾਂ ਕੁਝ ਸਮਾਂ ਕਲਗੀਧਰ ਵਿਰਾਜੇ ਹਨ.

ਕਲੋਤਾ: ਦੇਖੋ, ਇਕਲੌਤਾ.

ਕਲੋਲ: ਸੰ. ਕੱਲੋਲ. ਸੰਗਯਾ- ਪਾਣੀ ਦੀ ਲਹਿਰ. ਤਰੰਗ. "ਮਹਾ ਕਲੋਲ ਬੁਝਹਿ ਮਾਇਆ ਕੇ." (ਧਨਾ ਮਃ ੫) ੨. ਆਨੰਦ ਦੀ ਮੌਜ. ਮਨ ਦੀ ਉਮੰਗ.

ਕਲੌਂਜੀ: ਸੰਗਯਾ- ਕ੍ਰਿਸ਼੍ਣਜੀਰਕ. ਕਾਲੀ ਜੀਰੀ. Nigella indica. ਇਸ ਦੀ ਤਾਸੀਰ ਗਰਮ ਖੁਸ਼ਕ ਹੈ. ਇਹ ਅੰਬ ਆਦਿ ਦੇ ਆਚਾਰ ਵਿੱਚ ਪਾਈਦੀ ਹੈ ਅਤੇ ਅਨੇਕ ਦਵਾਈਆਂ ਵਿੱਚ ਵਰਤੀਦੀ ਹੈ.

ਕਲੰਕ: ਸੰ. कलङ्क ਸੰਗਯਾ- ਐਬ. ਦੋਸ਼। ੨. ਬਦਨਾਮੀ. ਅਪਯਸ਼। ੩. ਦਾਗ਼. ਧੱਬਾ। ੪. ਚੰਦ੍ਰਮਾ ਦਾ ਕਾਲਾ ਦਾਗ਼। ੫. ਰਸਾਯਨ ਬਣਾਉਣ ਵਾਲਾ ਪਦਾਰਥ. ਮਾਰੀ ਹੋਈ ਕਲੀ ਆਦਿਕ ਰਸ. "ਧਾਤੁ ਮੇ ਤਨਿਕ ਹੀ ਕਲੰਕ ਡਾਰੇ ਅਨਿਕ ਬਰਨਮੇਟ ਕਨਕ ਪ੍ਰਕਾਸ ਹੈ." (ਭਾਗੁ ਕ)

ਕਲੰਕਾਰ: ਵਿ- ਕਲਾ (ਸ਼ਕਤਿ) ਕਰਤਾ. ਸਾਰੀਆਂ ਸ਼ਕਤੀਆਂ ਅਤੇ ਵਿਦਯਾ ਹੁਨਰ ਦੇ ਕਰਨ ਵਾਲਾ. "ਕਲੰਕਾਰ ਰੂਪੇ." (ਜਾਪੁ) ੨. ਕਲੰਕਾਰਿ. ਕਲੰਕ ਦਾ ਵੈਰੀ.

ਕਲੰਕੀ: ਵਿ- ਕਲੰਕ ਵਾਲਾ। ੨. ਸੰਗਯਾ- ਕਲਕੀ ਅਵਤਾਰ. "ਪਰਸੁਰਾਮ ਰਾਮ ਕਿਸਨ ਹੋ ਕਿਲਕ ਕਲੰਕੀ ਅਤਿ ਅਹੰਕਾਰੇ." (ਭਾਗੁ)

ਕਲੰਗ: ਕਲੰਕ। ੨. ਸੰ. ਬ੍ਰਹਮਪੁਤ੍ਰ ਨਦੀ ਦੀ ਇੱਕ ਸ਼ਾਖ਼, ਜੋ ਆਸਾਮ ਵਿੱਚ ਹੈ. ਕਲੰਗ ਦਰਿਆ.

ਕਲੰਗਾ: ਦੇਖੋ, ਕਲੰਗ ਅਤੇ ਕਾਲੰਗਾ. ਕਲੰਕ ਦਾ ਬਹੁ ਵਚਨ. "ਜਨਮ ਜਨਮ ਕੇ ਹਰੇ ਕਲੰਗਾ." (ਬਿਲਾ ਮਃ ੫) ੨. ਇੱਕ ਫੁੱਲ, ਜੋ ਕਲਗੀ ਦੀ ਸ਼ਕਲ ਦਾ ਹੁੰਦਾ ਹੈ. ਗੁਲਕਲਗਾ.

ਕਲੰਜ: ਸੰ. कलन्ज. ਸੰਗਯਾ- ਤਮਾਖੂ. ਤਾਮ੍ਰਕੂਟ। ੨. ਜ਼ਹਿਰੀਲੇ ਤੀਰ ਨਾਲ ਮਾਰਿਆ ਜੀਵ.

ਕਲੰਦਰ, ਕਲੰਦਰੁ: ਫ਼ਾ. کلندر, قلندر ਵਿ- ਮਸ੍ਤ. ਬੇਪਰਵਾ। ੨. ਫ਼ਕੀਰਾਂ ਦਾ ਇੱਕ ਖਾਸ ਦਰਜਾ. ਦੇਖੋ, ਅਬਦਾਲ. "ਆਉ ਕਲੰਦਰ ਕੇਸਵਾ." (ਭੈਰ ਨਾਮਦੇਵ) "ਮਨੁ ਮੰਦਰੁ ਤਨੁ ਵੇਸ ਕਲੰਦਰੁ." (ਬਿਲਾ ਮਃ ੧) ਮਨ ਹੀ ਮੇਰੇ ਲਈ ਮੰਦਿਰ ਹੈ, ਅਤੇ ਸ਼ਰੀਰ ਕਲੰਦਰੀ ਵੇਸ ਹੈ। ੩. ਹੁਣ ਬਾਂਦਰ ਨਚਾਉਣ ਵਾਲੇ ਭੀ ਕਲੰਦਰ ਕਹੇ ਜਾਂਦੇ ਹਨ.

ਜੋਗ ਤੋ ਜਾਨਲੀਓ ਤੁਮ ਊਧਵ,

ਆਸਨ ਸਾਧ ਸਮਾਧਿ ਲਗਾਨੇ,

ਪੂਰਕ ਰੇਚਕ ਕੁੰਭਕ ਕੀ ਗਤਿ,

ਐਨ ਲਗਾਵਤ ਠੀਕ ਠਿਕਾਨੇ,

ਪੈ ਜਸੁਧਾਸੁਤ ਕੇ ਜੋਊ ਕੌਤਕ,

ਕਯੋਂਕਰ ਤੂ ਰਿਦ ਅੰਤਰ ਆਨੇ।

ਮਾਨੀ ਮੁਨਿੰਦ੍ਰ ਸੁ ਜਾਨੇ ਕਹਾਂ ਕਛੁ

ਬੰਦਰ ਭੇਦ ਕਲੰਦਰ ਜਾਨੇ. (ਦਾਸ)

ਕਲੰਬਕ: ਸੰ. ਸੰਗਯਾ- ਇੱਕ ਪ੍ਰਕਾਰ ਦਾ ਸਾਗ, ਜੋ ਬੇਲ ਦੀ ਤਰਾਂ ਪਾਣੀ ਉੱਪਰ ਹੁੰਦਾ ਹੈ. ਗੱਠਾਂ ਦਾ ਸਾਗ। ੨. ਕਮਲ. "ਚੰਦਨ ਧੂਪ ਕਦੰਬ ਕਲੰਬਕ ਦੀਪਕ ਦੀਪ ਤਹਾਂ ਦਰਸਾਏ." (ਕ੍ਰਿਸਨਾਵ) ਚੰਦਨ, ਧੂਪ, ਕਦਮ ਅਤੇ ਕਮਲ ਦੇ ਫੁੱਲ, ਚਮਤਕਾਰੀ ਦੀਪਕ ਤਹਾਂ ਦਰਸਾਏ.

ਕਲੰਮ: ਦੇਖੋ, ਕਲਮ. "ਹਾਥਿ ਕਲੰਮ ਅਗੰਮ." (ਫੁਨਹੇ ਮਃ ੫)

ਕਲ੍ਯ: ਦੇਖੋ, ਕਲਯ.

ਕਲ੍ਹਨ: ਇੱਕ ਵਿਦ੍ਵਾਨ ਕਸ਼ਮੀਰੀ ਬ੍ਰਾਹਮਣ, ਜਿਸ ਨੇ ਈਸਵੀ ਬਾਰ੍ਹਵੀਂ ਸਦੀ ਵਿੱਚ ਕਸ਼ਮੀਰ ਦਾ "ਰਾਜਤਰੰਗਿਣੀ" ਇਤਿਹਾਸ ਲਿਖਿਆ ਹੈ. ਇਹ ਸੰਸਕ੍ਰਿਤ ਸਲੋਕਾਂ ਵਿੱਚ ਹੈ. ਇਸ ਵਿੱਚ ਈਸਵੀ ਸੱਤਵੀਂ ਸਦੀ ਤੋਂ, ਲੈ ਕੇ ਕਸ਼ਮੀਰ ਦੀ ਕਥਾ ਹੈ.

ਕਲ੍ਹਾਰਾਇ, ਕਲ੍ਹਾਰਾਯ: ਰਾਇਕੋਟ (ਜ਼ਿਲਾ ਲੁਦਿਆਨਾ) ਦਾ ਸਰਦਾਰ, ਜੋ ਜਗਰਾਵਾਂ ਦੇ ਪਾਸ ਦੇ ਤਿਹਾੜੇ ਇਲਾਕੇ ਦਾ ਰਾਜਾ ਸੀ. ਇਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੇਵਕ ਸੀ. ਮਾਛੀਵਾੜੇ ਤੋਂ ਉੱਚਪੀਰ ਦੀ ਸ਼ਕਲ ਵਿੱਚ ਦਸ਼ਮੇਸ਼ ਰਾਇਕੋਟ ਪਹੁੰਚੇ. ਕਲ੍ਹੇ ਨੇ ਤਨ ਮਨ ਤੋਂ ਸੇਵਾ ਕੀਤੀ. ਆਪਣਾ ਚਰਵਾਹਾ ਨੂਰੂ ਸਰਹਿੰਦ ਭੇਜਕੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਇਸੇ ਨੇ ਮੰਗਵਾਈ ਸੀ. ਕਲਗੀਧਰ ਨੇ ਕਲ੍ਹਾਰਾਯ ਨੂੰ ਇੱਕ ਖੜਗ ਬਖਸ਼ਿਆ ਅਤੇ ਹੁਕਮ ਦਿੱਤਾ ਕਿ ਇਸ ਨੂੰ ਸਨਮਾਨ ਨਾਲ ਰੱਖਣਾ. ਕਲ੍ਹੇ ਨੇ ਹੁਕਮ ਦੀ ਪੂਰੀ ਪਾਲਨਾ ਕੀਤੀ, ਪਰ ਉਸ ਦੇ ਪੋਤੇ ਨੇ ਦਸ਼ਮੇਸ਼ ਦਾ ਖੜਗ ਪਹਿਰ ਲਿਆ ਅਤੇ ਉਸੇ ਦਿਨ ਸ਼ਿਕਾਰ ਵਿੱਚ ਘੋੜੇ ਤੋਂ ਡਿਗਕੇ ਦਸ਼ਮੇਸ਼ ਦੇ ਖੜਗ ਨਾਲ ਜ਼ਖਮੀ ਹੋ ਕੇ ਮੋਇਆ. ਕਲ੍ਹੇ ਦੀ ਬਿਰਾਦਰੀ ਦੇ ਲੋਕ ਹੁਣ ਰਾਯਕੋਟ ਵਿੱਚ ਹਨ. ਕਲਗੀਧਰ ਦੀ ਦੋ ਵਸਤੂਆਂ ਉਨ੍ਹਾਂ ਪਾਸ ਹਨ, ਇੱਕ ਗੰਗਾ ਸਾਗਰ ਅਤੇ ਇੱਕ ਪੋਥੀ ਖੋਲਣ ਦੀ ਰੇਹਲ. ਦੇਖੋ, ਟਾਹਲੀਆਣਾ ਅਤੇ ਰਾਯਕੋਟ.

ਕਲਯ: ਸੰ. ਸੰਗਯਾ- ਸਵੇਰਾ. ਭੋਰ. ਤੜਕਾ। ੨. ਆਉਣ ਵਾਲਾ ਦਿਨ। ੩. ਬੀਤਿਆ ਦਿਨ। ੪. ਸ਼ਰਾਬ। ੫. ਸ਼ਰਾਬਖ਼ਾਨਾ। ੬. ਗੁਰੁਯਸ਼ ਕਰਤਾ ਇੱਕ ਭੱਟ. "ਕਬਿ ਕਲਯ ਸੁਜਸ ਗਾਵਉ ਗੁਰੁ ਨਾਨਕ." (ਸਵੈਯੇ ਮਃ ੧. ਕੇ)

ਕਲਯਸਹਾਰੁ: ਗੁਰੁਯਸ਼ ਕਰਤਾ ਇੱਕ ਭੱਟ. "ਕਲਯਸਹਾਰੁ ਤਾਸੁ ਗੁਣ ਜੰਪੈ." (ਸਵੈਯੇ ਮਃ ੪. ਕੇ)

ਕਲਯਪਾਲ: ਦੇਖੋ, ਕਲਾਲ.

ਕਲਯਾਣ: ਸੰ. ਸੰਗਯਾ- ਮੰਗਲ. ਸ਼ੁਭ। ੨. ਸ੍ਵਰਗ। ੩. ਇੱਕ ਰਾਗ. ਦੇਖੋ ਕਲਿਆਨ ੨.

ਕਲਯਾਣਰਾਇ: ਗੁਰੂ ਨਾਨਕਚੰਦ੍ਰੋਦਯ ਵਿੱਚ ਇਹ ਬਾਬਾ ਕਾਲੂ ਜੀ ਦਾ ਨਾਉਂ ਆਇਆ ਹੈ. ਦੇਖੋ, ਕਾਲੂ ਬਾਬਾ.

ਕਲਯਾਣੀ: ਸੰ. ਸੰਗਯਾ- ਦੁਰਗਾ. ਦੇਵੀ, ਜੋ ਕਲਯਾਣ ਕਰਨ ਵਾਲੀ ਹਿੰਦੂਮਤ ਵਿੱਚ ਮੰਨੀ ਹੈ। ੨. ਮਾਤਾ ਕੋਟ ਕਲਯਾਣੀ ਦਾ ਸੰਖੇਪ ਨਾਉਂ. ਦੇਖੋ, ਰਾਮਰਾਯ.

ਕਲਯਾਨ: ਦੇਖੋ, ਕਲਯਾਣ। ੨. ਦੇਖੋ, ਕਲਾਣ. ਆਸ਼ੀਰਵਾਦ. ਦੁਆ. "ਇਉਂ ਸੁਨ ਹਰਖ ਉਠਯੋ ਮਰਦਾਨਾ। ਉਚਰਯੋ ਸ੍ਰੀ ਨਾਨਕ ਕਲਯਾਨਾ। ਪਿਤਾ ਪਿਤਾਮਹ ਪਰ ਪੁਨ ਪਰਕੇ। ਬਰਨਨ ਨਾਮ ਕਰੇ ਜਗਗੁਰੁ ਕੇ। ਸੁਭ ਗੁਣ ਸੰਗ ਕੀਨ ਪਰਸੰਸਾ। ਨਿਪਜਯੋ ਵੇਦੀਕੁਲ ਅਵਤੰਸਾ." (ਨਾਪ੍ਰ)

ਕਲਜਾਨਾ: ਸ਼੍ਰੀ ਗੁਰੂ ਅਰਜਨ ਸਾਹਿਬ ਦਾ ਸਿੱਖ, ਜੋ ਆਤਮਗਜਾਨੀ ਅਤੇ ਅਨੰਨ ਸੇਵਕ ਸੀ. ਇਹ ਸ਼੍ਰੀ ਅਮ੍ਰਿਤਸਰ ਦੀ ਰਚਨਾ ਸਮੇਂ ਧਨ ਅਤੇ ਕਾਠ ਆਦਿਕ ਲੈਣ ਪਹਾੜੀ ਇਲਾਕੇ ਗਿਆ. ਮੰਡੀ ਦੇ ਮਕਾਮ ਤੇ ਇਸ ਪੁਰ ਭਾਰੀ ਵਿਪਦਾ ਆਈ. ਕ੍ਰਿਸ਼ਨਜਨਮਅਸ਼੍ਟਮੀ ਦਾ ਵ੍ਰਤ ਨਾ ਰੱਖਣ ਕਰਕੇ ਅਤੇ ਠਾਕੁਰਦ੍ਵਾਰੇ ਜਾਕੇ ਪੂਜਨ ਨਾ ਕਰਨ ਦੇ ਅਪਰਾਧ ਵਿੱਚ ਮੰਡੀਪਤਿ ਦੇ ਹੁਕਮ ਨਾਲ ਇਹ ਕੈਦ ਕੀਤਾ ਗਿਆ. ਰਾਜੇ ਨੇ ਇਸ ਨੂੰ ਨਾਸ੍ਤਿਕ ਜਾਣਕੇ ਭਾਰੀ ਸਜ਼ਾ ਦੇਣੀ ਚਾਹੀ, ਪਰੰਤੂ ਆਤਮਗਜਾਨੀ ਸਿੱਖ ਦੇ ਵਚਨ ਸੁਣਦੇ ਹੀ ਰਾਜੇ ਦਾ ਮਨ ਸ਼ੁੱਧ ਹੋ ਗਿਆ, ਅਤੇ ਭਾਈ ਕਲਜਾਨੇ ਦੇ ਪੈਰੀਂ ਪੈ ਕੇ ਅਪਰਾਧ ਬਖ਼ਸ਼ਵਾਇਆ. ਭਾਈ ਕਲਜਾਨੇ ਦੇ ਨਾਲ ਰਾਜਾ ਗੁਰੂ ਸਾਹਿਬ ਦੇ ਦਰਸ਼ਨ ਲਈ ਸ਼੍ਰੀ ਅਮ੍ਰਿਤਸਰ ਪਹੁੰਚਿਆ ਅਤੇ ਸਤਿਗੁਰੂ ਦਾ ਸਿੱਖ ਹੋਇਆ। ੨. ਬਿੰਦਰਾਉ ਗੋਤ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਇਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿੱਚ ਭੀ ਹਾਜਿਰ ਰਿਹਾ ਅਤੇ ਧਰਮਜੰਗਾਂ ਵਿੱਚ ਹਿੱਸਾ ਲੈਂਦਾ ਰਿਹਾ. ਦੇਖੋ, ਬਲਵੰਤ ਖ਼ਾਂ.

ਕਲਜੁਚਰੈ: ਕਲਜ ਕਵਿ ਉਚਰੈ. "ਗੁਰੁ ਰਾਮਦਾਸ ਕਲਜੁਚਰੈ." (ਸਵੈਯੇ ਮਃ ੪. ਕੇ)

ਕਲਜੋਰਾ: ਦੇਖੋ, ਕਲੇਵਰ. "ਕਾਮ ਜੂ ਨੈ ਕੋਰਿਕ ਕਲਯੋਰਾ ਕੈਧੌਂ ਕਰੇ ਹੈਂ". (ਕ੍ਰਿਸਨਾਵ) ਮਾਨੋ ਕਾਮ ਨੇ ਕ੍ਰੋੜਾਂ ਹੀ ਸ਼ਰੀਰ ਧਾਰਨ ਕੀਤੇ ਹਨ.

ਕੱਲਰ: ਦੇਖੋ, ਕਲਰ.

ਕੱਲਰਕੌਲ: ਊਖਰ ਵਿੱਚ ਕਮਲ. ਭਾਵ- ਮੰਦ ਜਗਾ ਵਿੱਚ ਉੱਤਮ ਵਸਤੁ ਦਾ ਹੋਣਾ। ੨. ਨੀਚਕੁਲ ਵਿੱਚ ਉੱਤਮ ਪੁਰਖ ਦਾ ਹੋਣਾ. "ਕੱਲਰਕੌਲ ਭਗਤ ਪ੍ਰਹਿਲਾਦ." (ਭਾਗੁ)

ਕੱਲਾ: ਵਿ- ਇਕਲਾ. ਤਨਹਾ। ੨. ਫ਼ਾ. کلّہ ਕੱਲਹ. ਸੰਗਯਾ- ਗਲ੍ਹ ਅਤੇ ਗਰਦਨ ਦੇ ਮੱਧ ਦਾ ਭਾਗ. ਗੰਡ.

ਕਵ: ਸੰ. कव ਧਾ. ਕਵਿਤਾ ਕਰਨਾ. ਵਰਣਨ ਕਰਨਾ. ਤਸਵੀਰਾਂ ਖਿੱਚਣੀਆਂ। ੨. ਦੇਖੋ, ਕਵਿ.

ਕਵਕਾ: ਦੇਖੋ, ਕਵਿਕਾ.

ਕਵਚ: ਸੰ. ਸੰਗਯਾ- ਜੋ ਕੰ (ਹਵਾ) ਨੂੰ ਰੋਕੇ, ਸੰਜੋਆ. ਜ਼ਿਰਹ। ੨. ਰਖਯਾ ਕਰਨ ਵਾਲਾ ਮੰਤ੍ਰ. "ਰਾਮ ਕਵਚ ਦਾਸ ਕਾ ਸੰਨਾਹੁ." (ਗੌਂਡ ਮਃ ੫)੩ ਵਡਾ ਨਗਾਰਾ. ਨੌਬਤ.

ਕਵਚ ਸੰਨਾਹ: ਕਵਚ ਦਾ ਬੰਨ੍ਹਣਾ. ਕਵਚ ਨਾਲ ਸ਼ਰੀਰ ਨੂੰ ਸਜਾਉਣਾ.

ਕਵਚਨੀ: ਕਵਚ ਧਾਰਨ ਵਾਲੀ ਸੈਨਾ. (ਸਨਾਮਾ)

ਕਵਚਾਂਤਕ, ਕਵਚਾਂਤਕਰ: ਕਵਚ (ਸੰਜੋਏ) ਦਾ ਅੰਤ ਕਰਨ ਵਾਲਾ ਖੜਗ, ਤੀਰ ਨੇਜ਼ਾ ਅਤੇ ਬੰਦੂਕ. (ਸਨਾਮਾ)

ਕਵਚੀ: ਵਿ- ਕਵਚ ਵਾਲਾ. ਸੰਜੋਆਧਾਰੀ.

ਕਵਚੁ: ਦੇਖੋ, ਕਵਚ.

ਕਵਡੀ: ਕੌਡੀ. ਵਰਾਟਿਕਾ. "ਕਿਸਹੂੰ ਨ ਕਵਡੀ ਪੁੰਨ ਤੇ ਕਬ ਹੀ ਨ ਕਜੋਂਹੀ ਦੇਂਹਗੇ." (ਕਲਕੀ)

ਕਵੱਡੀ: ਇੱਕ ਪ੍ਰਕਾਰ ਦੀ ਪੇਂਡੂ ਖੇਡ. ਦੋ ਟੋਲੇ ਬਣਾਕੇ ਖਿਡਾਰੀ ਮੈਦਾਨ ਵਿੱਚ ਪਾੜਾ (ਲਕੀਰ) ਖਿੱਚਦੇ ਹਨ. ਲਕੀਰ ਤੋਂ ਇੱਕ ਪਾਸੇ ਦਾ ਆਦਮੀ 'ਕਵਡੀ ਕਵਡੀ' ਇੱਕ ਸਾਹ ਆਖਦਾ ਹੋਇਆ ਦੂਜੇ ਪਾਸੇ ਜਾ ਕੇ ਫੁਰਤੀ ਨਾਲ ਕਿਸੇ ਨੂੰ ਛੁਹਿੰਦਾ ਹੈ, ਅਤੇ ਬਿਨਾ ਫੜਾਈ ਖਾਧੇ ਅਤੇ ਸਾਹ ਲੈਣ ਦੇ ਆਪਣੀ ਟੋਲੀ ਨਾਲ ਆ ਮਿਲਦਾ ਹੈ, ਜੇ ਵਿਰੁੱਧ ਮੰਡਲੀ ਦੇ ਖਿਡਾਰੀਆਂ ਤੋਂ ਫੜਿਆ ਜਾਵੇ, ਤਦ ਹਾਰ ਹੁੰਦੀ ਹੈ. ਇਸ ਖੇਡ ਵਿੱਚ ਇਤਨੀ ਹੀ ਚਤੁਰਾਈ ਹੈ ਕਿ ਬਿਨਾ ਸਾਹ ਪਰਤੇ ਵਿਰੋਧੀ ਨੂੰ ਛੁਹ ਲੈਣਾ ਅਰ ਆਪ ਫੜਾਈ ਨਾ ਖਾਣੀ.

**ਕਵਣ, ਕਵਣੁ:** ਸਰਵ- ਕਃ ਜਨ. ਕੋ ਜਨ. ਕੌਣ. "ਤਿਨ ਕਵਣੁ ਖਲਾਵੈ ਕਵਣੁ ਚੁਗਾਵੈ?" (ਸੋਦਰੁ)

**ਕਵਤਕ:** ਦੇਖੋ, ਕੌਤਕ. "ਕਲਹਿ ਕਵਤਕ ਕਰ ਭਾਰੀ." (ਕਲਕੀ)

**ਕਵਤਾ:** ਦੇਖੋ, ਕਵਿਤਾ। ੨. ਕਾਵ੍ਯ ਰਚਣ ਵਾਲਾ. ਕਵਿ. "ਕਵਤੇ ਭੀ ਜਾਸੀ." (ਵਾਰ ਮਾਰੂ ੨. ਮਃ ੫)

**ਕਵਨ, ਕਵਨੁ:** ਦੇਖੋ, ਕਵਣ. "ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ?" (ਗਉ ਮਃ ੫) "ਕਵਨੁ ਸੁਜਨ ਜੋ ਸਉਦਾ ਜੋਰੈ?" (ਗਉ ਮਃ ੫)

**ਕਵਰ:** ਦੇਖੋ, ਕੌਰਵ."ਪਰਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ." (ਚਰਿਤ੍ਰ ੨੧) ੨. ਗ੍ਰਾਸ. ਲੁਕ਼ਮਾ. ਦੇਖੋ, ਕਵਲ। ੩. ਸੰ. ਲੂਣ. ੪. ਖੱਟਾ ਰਸ। ੫. ਜ਼ੁਲਫ਼ ਅਲਕ.

**ਕਵਰਾ:** ਵਿ- ਕਟੁ. ਕੌੜਾ. "ਪੰਚ ਬਿਆਧਿ ਤਿਆਗੈ ਕਵਰੇ." (ਗਉ ਅਃ ਮਃ ੧)

**ਕਵਰੀ:** ਕੌਡੀ. ਵਰਾਟਿਕਾ। ੨. ਕੌੜੀ. ਕਟੁ। ੩. ਸੰ. ਗੁੱਤ. ਬੇਨੀ.

**ਕਵਲ:** ਸੰ. ਸੰਗਜਾ- ਬੁਰਕੀ. ਗ੍ਰਾਸ. "ਭਰਯੋ ਕਵਲ ਕਰ ਆਨਨ ਪਾਯੋ." (ਗੁਪ੍ਰਸੂ) ੨. ਕਮਲ. "ਗੁਰ ਕੇ ਚਰਨ ਕਵਲ ਰਿਦ ਧਾਰੇ." (ਸੋਰ ਮਃ ੫) "ਕਵਲ ਖਿਰੇ ਮੁਖ ਕਵਲ ਸੁਧਾਰੇ." (ਗੁਪ੍ਰਸੂ) ਕਮਲ ਸਮਾਨ ਖਿੜੇ ਮੂੰਹ ਵਿੱਚ ਗ੍ਰਾਸ ਪਾਏ.

**ਕਵਲਨੈਨ:** ਦੇਖੋ, ਕਮਲਨਯਨ. "ਕਵਲਨੈਨ ਮਧੁਰਬੈਨ." (ਸਵੈਯੇ ਮਃ ੪. ਕੇ)

**ਕਵਲਪਰਗਾਸ:** ਦੇਖੋ. ਕਮਲ ਪ੍ਰਗਾਸ "ਕਵਲ ਪਰਗਾਸ ਭਏ ਸਾਧ ਸੰਗੇ." (ਗੂਜ ਮਃ ੫)

**ਕਵਲਯ:** ਦੇਖੋ, ਕੁਵਲਯ.

**ਕਵਲਾ:** ਲਕ੍ਸ਼ਮੀ. ਦੇਖੋ, ਕਮਲਾ. "ਕਵਲਾ ਚਰਨ ਸਰਨ ਹੈ ਜਾਂਕੇ." (ਗਉ ਕਬੀਰ)

**ਕਵਲਾਸ:** ਕੈਲਾਸ ਪਹਾੜ. ਦੇਖੋ, ਕਬਿਲਾਸ. "ਕਵਲਾਸ ਮੈ ਧ੍ਯਾਨ ਛੁਟ੍ਯੋ ਹਰ ਕਾ." (ਚੰਡੀ ੧) ੨. ਦੇਖੋ, ਕੁਵਲਯਾਸ਼੍ਵ.

**ਕਵਲਾਸਨ:** ਬ੍ਰਹਮਾ. ਦੇਖੋ, ਕਮਲਾਸਨ.

**ਕਵਲਾਸਪਤਿ:** ਕੈਲਾਸਪਤਿ ਸ਼ਿਵ. ਦੇਖੋ, ਪਦਮ ਕਵਲਾਸਪਤਿ.

**ਕਵਲਾਸ੍ਰਯ, ਕਵਲਾਸ੍ਰੀ:** ਕਮਲ ਦਾ ਆਸ਼੍ਰਯ ਵਿਸ਼ਨੁ, ਜਿਸ ਦੀ ਨਾਭਿ ਵਿੱਚੋਂ ਕਮਲ ਉਪਜਿਆ ਹੈ. "ਮਨ ਮੈ ਕਵਾਲਸ੍ਰੀ ਜੋ ਗ੍ਯਾਨਾ." (ਅਰਹੰਤਾਵ)

**ਕਵਲਾਕੰਤ, ਕਵਲਾਪਤਿ:** ਦੇਖੋ, ਕਲਮਾਕੰਤ ਅਤੇ ਕਮਲਾਪਤਿ. "ਹਰਿਜਸ ਸੁਣਹਿ ਤਿਸੁ ਕਵਲਾਕੰਤਾ." (ਵਾਰ ਸੋਰ ਮਃ ੪)

**ਕਵਲੁ:** ਗ੍ਰਾਸ. ਲੁਕਮਾ. ਦੇਖੋ, ਕਵਲ. "ਕਾਲੈ ਕਵਲੁ ਨਿਰੰਜਨ ਜਾਨੈ." (ਮਾਰੂ ਸੋਲਹੇ ਮਃ ੧) ਜੋ ਨਿਰੰਜਨ ਨੂੰ ਜਾਣਦਾ ਹੈ, ਉਹ ਕਾਲ ਦਾ ਗ੍ਰਾਸ ਕਰਦਾ ਹੈ. ਆਤਮਗ੍ਯਾਨੀ ਮੌਤ ਨੂੰ ਜਿੱਤਦਾ ਹੈ.

**ਕਵਾ:** ਅ਼. قوےٰ ਕ਼ੁੱਵਾ. ਸੰਗਜਾ- ਕ਼ੁੱਵਤ ਦਾ ਬਹੁ ਵਚਨ. ਤਾਕਤ. ਸ਼ਕਤਿ. ਬਲ। ੨. ਦੇਖੋ, ਕਵਾਇ.

**ਕਵਾਉ:** ਦੇਖੋ, ਕਵਾ। ੨. ਕੁਆਉ. ਵਾਕ੍ਯ. ਹੁਕਮ. "ਕੀਤਾ ਪਸਾਉ ਏਕੋ ਕਵਾਉ." (ਜਪੁ) ਦੇਖੋ, ਕਵ ਧਾ। ੩. ਦੇਖੋ.

**ਕਵਾਇ:** "ਦੇ ਲੈਸਹਿ ਜਿੰਦ ਕਵਾਉ." (ਵਾਰ ਆਸਾ) ਦੇਹਰੂਪ ਪੋਸ਼ਾਕ.

**ਕਵਾਇ:** ਅ਼. قبا ਕ਼ਬਾ. ਸੰਗਜਾ- ਪੋਸ਼ਾਕ. ਅਮੀਰ ਦਾ ਲਿਬਾਸ. "ਗੁਰਿ ਦੀਬਾਨਿ ਕਵਾਇ ਪੈਨਾਈਓ." (ਸ੍ਰੀ ਮਃ ੫. ਪੈਪਾਇ) "ਗਲਹੁ ਕਵਾਇ ਖੋਲ ਪਹਿਨਾਈ." (ਭਾਗੁ) ੨. ਦੇਖੋ, ਕਵਾ.

ਕਵਾਇਦ, ਕ਼ਵਾਇ਼ਦ: ਅ਼. قواعد ਕ਼ਾਇ਼ਦਹ ਦਾ ਬਹੁ ਵਚਨ. ਨਿਯਮ। ੨. ਫ਼ੌਜ ਦੀ ਸਿਖ੍ਯਾ ਦੇ ਨਿਯਮਾਂ ਅਨੁਸਾਰ ਜੋ ਕਸਰਤ ਫੌਜਾਂ, ਜਾਂ ਸਕੂਲਾਂ ਵਿੱਚ ਸਿਖਾਈ ਜਾਂਦੀ ਹੈ. "ਕਰੈਂ ਕਵਾਇਦ ਵਿਦ੍ਯਾ ਸੰਗ." (ਗੁਪ੍ਰਸੂ)

ਕਵਾਈ: ਦੇਖੋ, ਕਵਾਇ. "ਕਹਾਂ ਸੁ ਲਾਲ ਕਵਾਈ." (ਆਸਾ ਅਃ ਮਃ ੧)

ਕਵਾਚੀ: ਵਿ- ਕਵਚਧਾਰੀ. ਕਵਚੀ. "ਭਯੋ ਰੇਣੁਕਾ ਤੇ ਕਵਾਚੀ ਕੁਠਾਰੀ." (ਪਾਰਸਾਵ)

ਕਵਾਟ: ਸੰ. ਸੰਗ੍ਯਾ- ਜੋ ਕ (ਹਵਾ) ਨੂੰ ਅੰਦਰ ਬਾਹਰ ਕਰੇ, ਕਪਾਟ. ਤਖ਼ਤਾ. ਪਟ. ਕਿਵਾੜ.

ਕਵਾਦ, ਕਵਾਦਾ: ਅ਼ قواد ਕ਼ੱਵਾਦ. ਵਿ- ਭੜੂਆ. ਨਿਰਲੱਜ. ਬੇਗ਼ੈਰਤ. "ਦਰਗਹਿ ਹੋਨ ਖੁਆਰ ਕਵਾਦੇ." (ਭਾਗੁ) ੨. ਰਹਨੁਮਾ. ਆਗੂ. "ਦਿਲ ਮਹਿ ਸੋਚਿ ਬਿਚਾਰਿ ਕਵਾਦੇ! ਭਿਸਤ ਦੋਜਕ ਕਿਨਿ ਪਾਈ?" (ਆਸਾ ਕਬੀਰ) ਹੇ ਮੁਸਲਮਾਨਾਂ ਦੇ ਆਗੂ! ਦਿਲ ਵਿੱਚ ਵਿਚਾਰ। ੩. ਦੇਖੋ, ਕਬਾਦਾ.

ਕਵਾਦਿ: ਦੇਖੋ, ਆਦਿਕਵਿ. "ਧ੍ਰੂ ਪ੍ਰਹਿਲਾਦ ਕਵਾਦਿ ਤਿਲੋਚਨ." (ਨਾਪ੍ਰ)

ਕਵਾਯਦ: ਦੇਖੋ, ਕਵਾਇਦ.

ਕਵਾਲੀ: ਦੇਖੋ, ਕ਼ੱਵਾਲ.

ਕਵਾਵ: ਦੇਖੋ, ਕਵਾਉ. "ਏਕ ਕਵਾਵੈ ਤੇ ਸਭ ਹੋਆ." (ਮਾਰੂ ਮਃ ੫) ਦੇਖੋ, ਕਵ ਧਾ.

ਕਵਾੜ: ਦੇਖੋ, ਕਬਾੜ। ੨. ਕਪਾਟ. ਦੇਖੋ, ਕਵਾਟ.

ਕਵਿ: ਦੇਖੋ, ਕਵ ਧਾ. ਜੋ ਰਚਨਾ ਕਰੇ, ਵ੍ਯਾਖ੍ਯਾਨ ਕਰੇ ਸੋ ਕਵਿ. ਵਿਦ੍ਵਾਨਾਂ ਨੇ ਚਾਰ ਪ੍ਰਕਾਰ ਦੇ ਕਵੀ ਲਿਖੇ ਹਨ-

ਪਾਠ ਚੁਰਾਵੈ ਭਾਰਯਾ, ਅਰਥ ਚੁਰਾਵੈ ਪੂਤ,

ਭਾਵ ਚੁਰਾਵੈ ਮੀਤ ਸੋ, ਸੁਤੇ ਕਹੈ ਅਵਧੂਤ.

ਅਥੰ ਹੈ ਮੂਲ ਭਲੀ ਤੁਕ ਡਾਰ ਸੁ

ਅਛਰ ਪੁਤ੍ਰ ਹੈਂ ਦੇਖਕੈ ਜੀਜੈ,

ਛੰਦ ਹੈਂ ਫੂਲ ਨਵੋ ਰਸ ਸੋ ਫਲ ਦਾਨ ਕੇ

ਬਾਰਿ ਸੋਂ ਸੀਂਚਬੋ ਕੀਜੈ,

"ਦਾਨ" ਕਹੈ ਯੌਂ ਪ੍ਰਬੀਨਨ ਸੋਂ ਸੁਥਰੀ

ਕਵਿਤਾ ਸੁਨਕੈ ਰਸ ਪੀਜੈ,

ਕੀਰਤਿ ਕੇ ਬਿਰਵਾ ਕਵਿ ਹੈਂ ਇਨ ਕੋ

ਕਬਹੂੰ ਕੁਮਲਾਨ ਨ ਦੀਜੈ.

ਕਹਾਂ ਗੁਰੁ ਕਰਨ ਦਧੀਚਿ ਬਲਿ ਬੇਨੁ ਕਹਾਂ

ਸਾਕੇ ਸਾਲਿਵਾਹਨ ਕੇ ਅਜਹੂੰ ਲੌਂ ਗਾਏ ਹੈਂ,

ਕਹਾਂ ਪ੍ਰਿਥੁ ਪਾਰਥ ਪੁਰੂਰਵਾ ਪੁਹਮਿਪਤਿ

ਹਰੀਚੰਦ ਪੂਰਨ ਔਂ ਭੋਜ ਵਿਦਤਾਏ ਹੈਂ,

ਕਹੈ "ਮਤਿਰਾਮ" ਕੋਊ ਕਵਿਨ ਕੋ ਨਿੰਦੋ ਮਤ

ਕਵਿਨ ਪ੍ਰਤਾਪ ਸਬ ਦੇਸਨ ਮੇ ਛਾਏ ਹੈਂ,

ਢੂੰਡ ਦੇਖੋ ਤੀਨ ਲੋਕ ਅਮੀ ਹੈ ਕਵਿਨ ਮੁਖ

ਕੇਤੇ ਮੂਏ ਮੂਏ ਰਾਜਾ ਕਵਿਨ ਜਿਵਾਏ ਹੈਂ.

੨. ਸੰਗ੍ਯਾ- ਵਾਲਮੀਕਿ। ੩. ਸ਼ੁਕ੍ਰ। ੪. ਬ੍ਰਹਮਾ। ੫. ਪੰਡਿਤ। ੬. ਬੰਗਾਲ ਵਿੱਚ ਵੈਦ੍ਯ ਨੂੰ ਕਵਿ ਆਖਦੇ ਹਨ.

ਕਵਿਕ, ਕਵਿਕਾ: ਸੰ. ਕਵਿਕਾ. ਲਗਾਮ. ਦਹਾਨਾ. ਕੜਿਆਲਾ. "ਮੁਖਬਲ ਅਸੁ ਕਵਿਕਾ ਜਿਵ ਮਾਨੀ." (ਨਾਪ੍ਰ) ਮੂੰਹਜ਼ੋਰ ਘੋੜੇ ਲਈ ਕੜਿਆਲੇ ਤੁੱਲ ਮੰਨੀ ਗਈ ਹੈ. ਦੇਖੋ, ਕੜਿਆਲਾ.

ਕਵਿਤ: ਦੇਖੋ, ਕਵਿਤ੍ਵ. "ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ." (ਸ੍ਰੀ ਅः ਮः ੧)

ਕਵਿਤਾ: ਸੰ. ਸੰਗ੍ਯਾ- ਕਵਿਤ੍ਵ. ਕਾਵ੍ਯਰਚਨਾ.

ਕਵਿੱਤ: ਦੇਖੋ, ਕਬਿੱਤ ਅਤੇ ਕਵਿਤ੍ਵ.

ਕਵਿਤ੍ਰਾ: ਦੇਖੋ, ਕੁਵਿਤ੍ਰਾ.

ਕਵਿਤ੍ਵ: ਸੰ. ਕਾਵ੍ਯਰਚਨਾ. ਕਵਿਤਾ। ੨. ਦਾਨਾਈ. ਚਤੁਰਾਈ। ੩. ਕਵਿਪੁਰਣਾ.

ਕਵਿਪ੍ਰਿਯਾ: ਹਿੰਦੀਸਾਹਿਤ੍ਯ ਦੇ ਆਚਾਰ੍ਯ ਕਵਿ ਕੇਸ਼ਵਦਾਸ ਕ੍ਰਿਤ ਕਾਵ੍ਯਗ੍ਰੰਥ.

"ਪ੍ਰਗਟ ਪੰਚਮੀ ਕੋ ਭਯੋ ਕਵਿਪ੍ਰਿਯਾ ਅਵਤਾਰ,

ਸੋਰੈਂ ਸੈ ਅੱਠਾਨਵੇਂ ਫਾਗੁਨ ਸੁਦਿ ਬੁਧਵਾਰ."

ਕਵਿਰਾਜ: ਸ਼ਿਰੋਮਣਿ ਕਵਿ। ੨. ਵਾਲਮੀਕਿ। ੩. ਸ਼ੁਕ੍ਰਾਚਾਰ੍ਯ। ੪. ਵ੍ਯਾਸ। ੫. ਭਾਈ ਗੁਰਦਾਸ। ੬. ਭਾਈ ਨੰਦ ਲਾਲ। ੭. ਭਾਈ ਸੰਤੋਖ ਸਿੰਘ। ੮. ਵੈਦ੍ਯਰਾਜ. ਸ਼ਿਰੋਮਣੀ ਵੈਦ. ਦੇਖੋ, ਕਵਿ ੬.

ਕਵੀ: ਦੇਖੋ, ਕਵਿ। ੨. ਕੁਮੁਦ. ਨੀਲੋਫ਼ਰ. ਭੰਮੂਲ. "ਚੰਦ੍ਰਮਾ ਸਿਵੈਯਾ ਕੋ ਕਵੀਕੈ ਪਹਿਚਾਨੀਐ." (ਅਕਾਲ) "ਕਉਲੁ ਤੂ ਹੈ ਕਵੀਆ ਤੂ ਹੈ." (ਸ੍ਰੀ ਮः ੧)

੩. ਅ਼. قوی ਕ਼ਵੀ. ਕ਼ੁੱਵਤ ਵਾਲਾ. ਸ਼ਕ੍ਤਿਵਾਲਾ. ਬਲਵਾਨ.

ਕਵੀਅਣ: ਸੰ. ਕਵਿਜਨੈः ਕਵਿ ਲੋਗੋਂ ਨੇ. ਕਵੀਆਂ ਨੇ."ਸੁਜਸ ਕਲਜ ਕਵੀਅਣ ਬਖਾਣਿਅਉ." (ਸਵੈਯੇ ਮः ੫. ਕੇ)

ਕਵੀਸਰ, ਕਵੀਸ਼੍ਵਰ: ਕਵਿ- ਈਸ਼੍ਵਰ. ਦੇਖੋ, ਕਵਿਰਾਜ.

ਕਵੇ: ਸੰ. ਕਵੇः ਕਵੀ ਦਾ. ਕਵੀ ਦੇ. "ਗੀਤ ਨਾਦ ਕਵਿਤ ਕਵੇ ਸੁਣਿ." (ਤੁਖਾ ਬਾਰਹਮਾਹਾ) ਸੰਗੀਤ ਅਤੇ ਕਵਿਕਾਵ੍ਯ ਸੁਣਕੇ.

ਕਵੰਧ: ਦੇਖੋ, ਕਬੰਧ.

ਕਵ੍ਯ: ਦੇਖੋ, ਹਵ੍ਯ. ਪਿਤਰਾਂ ਨੂੰ ਆਵਾਹਨ ਕਰਕੇ (ਸੱਦਕੇ) ਦਿੱਤਾ ਹੋਇਆ ਅੰਨ ਅਥਵਾ ਹਵਨ। ੨. ਉਹ ਅੰਨ, ਜਿਸ ਨਾਲ ਪਿਤਰਾਂ ਲਈ ਪਿੰਡ ਆਦਿਕ ਬਣਾਏ ਜਾਣ। ੩. ਪਿਤ੍ਰਿਲੋਕ। ੪. ਵਿ- ਸ੍ਤੁਤਿ (ਉਸਤਤਿ) ਕਰਨ ਵਾਲਾ.

ਕੱਵਾਲ, ਕ਼ੱਵਾਲ: ਅ਼. قوّال ਗਵੈਯਾ. ਸੂਫੀਆਂ ਦੀ ਸਭਾ ਵਿੱਚ ਗਾਉਣ ਵਾਲਾ, ਜੋ ਕ਼ੱਵਾਲੀ ਗਾਉਂਦਾ ਹੈ. ਇਹ ਸ਼ਬਦ ਦਾ ਮੂਲ ਕ਼ੌਲ ਹੈ.

ਕੜ: ਸੰਗਯਾ- ਰੋੜਾਂ ਦਾ ਕੜਾ। ੨. ਖਿੱਚ. ਕਸ਼ਿਸ਼. "ਕੜਿ ਬੰਧਨ ਬਾਂਧਿਓ ਸੀਸ ਮਾਰ." (ਬਸੰ ਅਃ ਮਃ ੩) ੩. ਬੰਧਨ. "ਮਾਇਆਮੋਹ ਨਿਤ ਕੜੁ." (ਵਾਰ ਰਾਮ ੧. ਮਃ ੩) ੪. ਬੰਦੂਕ ਆਦਿਕ ਦਾ ਕੜਾਕਾ। ੫. ਦੇਖੋ, ਕੜਨਾ.

ਕੜਈਐ: ਕੜ੍ਹੀਏ. ਤਪੀਏ. ਰਿੱਝੀਏ. ਦੁਖੀ ਹੋਈਏ. "ਤਾ ਮੇਰੇ ਮਨੁ, ਕਾਇਤੁ ਕੜਈਐ?" (ਗੌਂਡ ਮਃ ੪)

ਕੜਕ: ਸੰਗਯਾ- ਬਿਜਲੀ ਬੰਦੂਕ ਆਦਿਕ ਦੀ ਧੁਨਿ. ਕੜਾਕਾ.

ਕੜਕਣਾ: ਕ੍ਰਿ- ਕੜਕਾਰ ਦਾ ਹੋਣਾ. ਬਿਜਲੀ ਆਦਿਕ ਦਾ ਸ਼ਬਦ ਹੋਣਾ। ੨. ਭਯੰਕਰ ਸ਼ਬਦ ਕਰਨਾ. "ਸਿਰਿ ਕੜਕਿਓ ਕਾਲ." (ਭੈਰ ਮਃ ੫)

ਕੜਕਾਉਣਾ: ਕ੍ਰਿ- ਕੜਕਾਰ ਸ਼ਬਦ ਕਰਾਉਣਾ. ਤੋੜਨਾ. ਭੰਨਣਾ. "ਜਿੰਦੁ ਨਿਮਾਣੀ ਕਢੀਐ ਹਡਾਂ ਕੂੰ ਕੜਕਾਇ." (ਸ. ਫਰੀਦ)

ਕੜਖਾ: ਦੇਖੋ, ਕਰਖਾ.

ਕੜਛਾ, ਕੜਛੀ: ਦੇਖੋ, ਕਰਛਾ ਕਰਛੀ. "ਕੜਛੀਆ ਫਿਰੰਨਿ, ਸਾਉ ਨ ਜਾਣਨਿ ਸੁਞੀਆ." (ਵਾਰ ਗੂਜ ੨. ਮਃ ੫)

ਕੜਨ, ਕੜਨਾ: ਕ੍ਰਿ- ਜਕੜਨਾ. ਬੰਨ੍ਹਣਾ। ੨. ਦੇਖੋ, ਕੜ੍ਹਨਾ. "ਤਾ ਕਾਇਤੁ ਕੜੀਐ?" (ਵਾਰ ਗਉ ੧. ਮਃ ੪) ੩. ਸੰ. कड् ਧਾਤੁ ਦਾ ਅਰਥ ਹੈ ਦੁੱਖ ਅਥਵਾ ਆਨੰਦ ਵਿੱਚ ਬੇਸੁਧ ਹੋਣਾ. "ਸਤਿਗੁਰੁ ਜਿਨੀ ਧਿਆਇਆ ਸੇ ਕੜਿਨ ਸਵਾਹੀ."[357] (ਵਾਰ ਸ੍ਰੀ ਮਃ ੪) ਉਹ ਆਨੰਦ ਵਿੱਚ ਸਦਾ (ਸਵੰਦਾ) ਹੀ ਮਗਨ ਰਹਿੰਦੇ ਹਨ। ੪. ਮਰਾ. कडन ਕ੍ਰਿ. ਵਿ- ਦੂਰ. ਕਿਨਾਰੇ.

ਕੜਮੁੜ: ਅਨੁ. ਕੜਕਾਰ ਦੀ ਧੁਨਿ. "ਕੋਲਦਾੜ ਕੜਮੁੜੈ." (ਪਾਰਸਾਵ) ਪ੍ਰਿਥਿਵੀ ਚੁੱਕਣ ਵਾਲੇ ਸੂਰ ਦੀ ਹੁੱਡ ਕੜਾਕਾ ਖਾਂਦੀ ਹੈ.

ਕੜਵਾ: ਵਿ- ਕਟੁ. ਕੌੜਾ.

ਕੜਾ: ਸੰਗਯਾ- ਕਟਕ. ਕੰਗਣ. ਕੰਕਨ। ੨. ਰੋੜ ਆਦਿਕ ਦਾ ਕਠੋਰ ਕੜ। ੩. ਕੜੇ ਦੇ ਆਕਾਰ ਦਾ ਕੁੰਡਾ। ੪. ਵਿ- ਕਰੜਾ. ਕਠੋਰ. ਸਖ਼ਤ.

ਕੜਾਸਣੁ, ਕੜਾਸਨ: ਮਰਾ. ਕਡਾਸਨ. ਸੰਗਯਾ- ਮ੍ਰਿਗਚਰਮ ਦਾ ਆਸਨ। ੨. ਸੰ. ਕਟਾਸਨ. ਕੁਸ਼ਾ ਦਾ ਆਸਨ. "ਕਾਇਆ ਕੜਾਸਣੁ ਮਨੁ ਜਾਗੋਟੀ." (ਸਿਧਗੋਸਟਿ) ਦੇਖੋ, ਜਾਗੋਟੀ.

ਕੜਾਹ: ਸੰ. ਕਟਾਹ. ਸੰਗਯਾ- ਕੜਾਹਾ. ਲੋਹੇ ਦਾ ਕੁੰਡੇਦਾਰ ਖੁਲ੍ਹੇ ਮੂੰਹ ਦਾ ਬਰਤਨ। ੨. ਕੜਾਹੇ ਵਿੱਚ ਤਿਆਰ ਕੀਤਾ ਅੰਨ. ਹਲੂਆ.

ਕੜਾਹਪ੍ਰਸਾਦ: ਸੰਗਯਾ- ਸਿੱਖਮਤ ਦਾ ਮੁੱਖ ਪ੍ਰਸਾਦ, ਜੋ ਅਕਾਲ ਨੂੰ ਅਰਪਨ ਕਰਕੇ ਸੰਗਤਿ ਵਿੱਚ ਵਰਤਾਈਦਾ ਹੈ. ਇਸ ਦਾ ਨਾਉਂ ਪੰਚਾਮ੍ਰਿਤ ਅਤੇ ਵਿਸ਼ੇਸ਼ਣ ਮਹਾਪ੍ਰਸਾਦ ਭੀ ਹੈ.

ਕੜਾਹਪ੍ਰਸਾਦ ਬਣਾਉਣ ਅਤੇ ਵਰਤਾਉਣ ਦੀ ਵਿਧਿ ਰਹਿਤਨਾਮਿਆਂ ਵਿੱਚ ਇਉਂ ਲਿਖੀ ਹੈ-

"ਕੜਾਹ ਕਰਨ ਕੀ ਬਿਧਿ ਸੁਨ ਲੀਜੈ-

ਤੀਨ ਭਾਗ ਕੋ ਸਮਸਰ ਕੀਜੈ,

ਲੇਪਨ ਆਗੈ ਬਹੁਕਰ ਦੀਜੈ,

---

[357] "ਸੇ ਕੜਿ ਨ ਸਵਾਹੀ." ਉਹ ਕੜ੍ਹਕੇ (ਤਪਕੇ) ਸੁਆਹ ਨਹੀਂ ਹੁੰਦੇ.

ਮਾਂਜਨ ਕਰ ਭਾਂਜਨ ਧੋਵੀਜੈ,

ਕਰ ਸਨਾਨ ਪਵਿਤ੍ਰ ਹ੍ਵੈ ਬਹੈ,

ਵਾਹਿਗੁਰੂ ਬਿਨ ਅਵਰ ਨ ਕਹੈ.

ਕਰ ਤਿਆਰ ਚੌਕੀ ਪਰ ਧਰੈ,

ਚਾਰ ਓਰ ਕੀਰਤਨ ਬਹਿ ਕਰੈ.

ਜੋ ਪ੍ਰਸਾਦ ਕੋ ਬਾਂਟ ਹੈ ਮਨ ਮੇ ਧਾਰੇ ਲੋਭ,

ਕਿਸਿ ਥੋੜਾ ਕਿਸਿ ਅੱਗਲਾ ਸਦਾ ਰਹੈ ਤਿਸ ਸੋਗ."

(ਤਨਾਮਾ)

"ਪਾਵਨ ਤਨ ਪਾਵਨ ਕਰ ਥਾਨ,

ਘ੍ਰਿਤ ਮੈਦਾ ਲੇ ਖੰਡ ਸਮਾਨ,

ਕਰ ਕੜਾਹ ਜਪੁ ਪਾਠ ਸੁ ਠਾਨੈ,

ਗੁਰਪ੍ਰਸਾਦ ਅਰਦਾਸ ਬਖਾਨੈ." (ਗੁਪ੍ਰਸੂ)

ਦੇਖੋ, ਪੰਚਾਮ੍ਰਿਤ ਅਤੇ ਮਹਾਪ੍ਰਸਾਦ.

ਕੜਾਹਾ: ਦੇਖੋ, ਕਟਾਹ। "ਤਪਤ ਕੜਾਹਾ ਬੁਝਿ ਗਇਆ." (ਮਾਰੂ ਮਃ ੫) ਇਸ ਥਾਂ ਵਿਕਾਰ ਅਤੇ ਕਲੇਸ਼ਾਂ ਨਾਲ ਤਪੇ ਮਨ ਤੋਂ ਭਾਵ ਹੈ.

ਕੜਾਹੀ: ਛੋਟਾ ਕੜਾਹਾ. ੨. ਕੜਾਹ। ਹਲੂਆ. . "ਧੁਰੋਂ ਪਤਾਲੋਂ ਲਈ ਕੜਾਹੀ." (ਭਾਗੁ) ੩. ਦੇਵੀ ਆਦਿ ਦੇਵਤਿਆਂ ਨੂੰ ਅਰਪਨ ਕੀਤਾ ਕੜਾਹ.

ਕੜਾਹੀਆ: ਵਿ- ਕੜਾਹ ਬਣਾਉਣ ਵਾਲਾ.

ਕੜਾਕੜ: ਅਨੁ. ਕੜਕੜ ਸ਼ਬਦ. ਬੰਦੂਕ਼ ਆਦਿਕ ਦੀ ਧੁਨਿ.

ਕੜਾਕਾ: ਸੰਗਯਾ- ਕੜਕਾਰ। ੨. ਖ਼ਾ. ਫ਼ਾਕ਼ਾ. ਲੰਘਨ. "ਸਿੰਘ ਕੜਾਕੇ ਸੇਂ ਰਹੈਂ ਦੂਏ ਤੀਏ ਦਿਨ ਖਾਂਹਿਂ." (ਪ੍ਰਾਪੰਪ੍ਰ) ੩. ਕਰੜੀ ਧੁਪ ਪੈਣੀ ਅਤੇ ਵਰਖਾ ਦਾ ਨਾ ਹੋਣਾ.

ਕੜਾਬੀਨ: ਦੇਖੋ, ਕਰਾਬੀਨ.

ਕੜਾਮਾਨਕਪੁਰ: ਜਮਨਾ ਕਿਨਾਰੇ ਇੱਕ ਪਿੰਡ, ਜਿਸ ਥਾਂ ਥਨੇਸਰ ਅਤੇ ਬਨੀਬਦਰਪੁਰ ਵੱਲੋਂ ਆਕੇ, ਨੌਵੇਂ ਸਤਿਗੁਰੂ ਵਿਰਾਜੇ ਹਨ. ਇਸ ਥਾਂ ਮਲੂਕਦਾਸ ਨਾਮਕ ਵੈਸ਼ਨਵ ਦਾ ਮਾਸ ਖਾਣ ਬਾਬਤ ਭ੍ਰਮ ਸ੍ਰੀ ਗੁਰੂ ਤੇਗਬਹਾਦੁਰ ਸਾਹਿਬ ਨੇ ਦੂਰ ਕੀਤਾ. "ਕੜੇ ਸੁ ਮਾਨਕ ਪੁਰ ਕੇ ਰਾਹੂ। ਗਮਨੇ ਸਤਿਗੁਰੁ ਬੇਪਰਵਾਹੂ." (ਗੁਪ੍ਰਸੂ)

ਕੜਿ: ਕੜਕੇ. ਕਸਕੇ. ਦੇਖੋ, ਕੜ ੨.। ੨. ਕੜ੍ਹ (ਰਿੱਝ) ਕੇ. ਚਿੰਤਾਤੁਰ ਹੋਕੇ. "ਮਾਇਆ ਮੋਹਿ ਕੜੇ ਕੜਿ ਪਚਿਆ." (ਭੈਰ ਮਃ ੫)

ਕੜਿਆ: ਵਿ- ਬੰਨ੍ਹਿਆ. ਬੰਧਨਾਂ ਵਿੱਚ ਫਸਿਆ. "ਲਿਖਿ ਲਿਖਿ ਪੜਿਆ ਤੇਤਾ ਕੜਿਆ" (ਵਾਰ ਆਸਾ) ਪੜ੍ਹਨ ਦਾ ਫਲ ਹੈ ਬੰਧਨਾਂ ਤੋਂ ਮੁਕਤ ਹੋਣਾ, ਪਰ ਵਿਚਾਰ ਬਿਨਾ ਲੋਕ ਜਿਉਂ ਜਿਉਂ ਪੜ੍ਹਦੇ ਹਨ, ਤਿਉਂ ਤਿਉਂ ਹੌਮੈ ਦੇ ਬੰਧਨਾਂ ਵਿੱਚ ਬੰਨ੍ਹੇ ਜਾਂਦੇ

ਹਨ। ੨. ਕੜ੍ਹਿਆ. ਤਪਿਆ. ਰਿੱਝਿਆ.

ਕੜਿਆਲ, ਕੜਿਆਲਾ: ਸੰਗਯਾ- ਲੋਹੇ ਦੇ ਕੰਡਿਆਂ ਵਾਲਾ ਇੱਕ ਪ੍ਰਕਾਰ ਦਾ ਲਗਾਮ. ਇਸ ਲਗਾਮ ਪੁਰ ਲੋਹੇ ਦੇ ਗੋਲ ਸਿਰ ਦੇ ਕੰਡੇ ਹੁੰਦੇ ਹਨ ਜੋ ਘੋੜੇ ਦੀ ਜ਼ੁਬਾਨ ਪੁਰ ਖਿੱਚਣ ਤੋਂ ਚੁਭ ਜਾਂਦੇ ਹਨ. ਇਹ ਮੂੰਹਜੋਰ ਘੋੜੇ ਲਈ ਵਰਤਿਆ ਜਾਂਦਾ ਹੈ। ੨. ਲਗਾਮ.

ਕੜਿਨ: ਦੇਖੋ, ਕੜਨ.

ਕੜੀ: ਸੰਗਯਾ- ਬਾਲਾ. ਸ਼ਹਤੀਰ ਪੁਰ ਕੜਾ (ਟੇਢਾ) ਪਾਇਆ ਹੋਇਆ ਕਾਠ। ੨. ਸੰਗੁਲ ਆਦਿਕ ਦਾ ਕੁੰਡਾ। ੩. ਤਲਵਾਰ ਦੇ ਮਿਆਨ ਨਾਲ ਲਾਇਆ ਕੁੰਡਾ। "ਕੜੀਆਂ ਅਰ ਚਪੜਾਸ ਵਿਸਾਲਾ." (ਗੁਪ੍ਰਸੂ) ੪. ਵਿ- ਕਠੋਰ. ਕਰੜੀ.

ਕੜੀਆਲ, ਕੜੀਆਲੁ: ਦੇਖੋ, ਕੜਿਆਲਾ. "ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ." (ਵਡ ਮਃ ੪. ਘੋੜੀਆਂ)

ਕੜੁ: ਦੇਖੋ, ਕੜ ੩.

ਕੜੂਆ: ਵਿ- ਕਟੁ. ਕੌੜਾ. "ਮੀਠੇ ਕਉ ਕਉੜਾ ਕਹੈ, ਕੜੂਏ ਕਉ ਮੀਠਾ." (ਗਉ ਅਃ ਮਃ ੧)

ਕੜੂਚਾ: ਸੰ. ਕੁਚੰ. ਸੰਗਯਾ- ਕੂਚਾ. "ਮੂੰਹ ਕੜੂਚੇ ਘਾਹ ਦੇ ਛਡ ਘੋੜੇ ਰਾਹੀਂ." (ਚੰਡੀ ੩) ਮੂੰਹ ਵਿੱਚ ਘਾਸ ਦੇ ਕੂਚੇ (ਆਪਣੇ ਤਾਈਂ ਗਊ ਸਿੱਧ ਕਰਨ ਲਈ) ਲੈ ਲਏ.

ਕੜ੍ਹਨਾ: ਕ੍ਰਿ. ਰਿੱਝਣਾ। ੨. ਤਪਣਾ. ਦੁਖੀ ਹੋਣਾ। ੩. ਵਾਰ ਵਾਰ ਵਿਚਾਰਨਾ. ਅਭ੍ਯਾਸ ਕਰਨਾ. "ਪ੍ਰੀਤਿ ਪੜ੍ਹੈ ਕਰ ਪ੍ਰੀਤਿ ਕੜ੍ਹੈ ਰਸਰੀਤਿਨ ਚੀਤ ਸੁਨੋ ਸੁਇ ਚਾਖੈ." (ਕ੍ਰਿਸਨਾਵ)

ਕੜ੍ਹੀ: ਵਿ- ਕੜ੍ਹੀ ਹੋਈ. ਰਿੱਝੀ। ੨. ਸੰਗਯਾ- ਬੇਸਣ ਦੀ ਸਲੂਣੀ ਅਥਵਾ ਮੈਦੇ ਦੀ ਮਿੱਠੀ ਲਾਪਸੀ.

ਕਾ: ਪ੍ਰਤ੍ਯ. ਸੰਬੰਧ ਬੋਧਕ. ਦਾ. "ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭਕੋਇ." (ਆਸਾ ਮਃ ੫) ੨. ਸਰਵ- ਕਃ ਕਿਆ. "ਕਹੁ ਜਨ, ਕਾ ਨਾਹੀ ਘਰ ਤਾਂਕੇ?" (ਗਉ ਕਬੀਰ) ੩. ਕੋਈ. "ਕਾ ਵਿਰਲੀ ਜਾਇ ਵੁਠੀ." (ਗਉ ਮਃ ੫) ੪. ਕਿਸ. "ਦੂਸਰ ਨਾਹੀ ਠਾਉ ਕਾ ਪਹਿ ਜਾਈਐ?" (ਜੈਤ ਛੰਤ ਮਃ ੫) ੫. ਵਿ- ਕਿੰਚਿਤ. ਕੁਛ. ਕੁਝ. "ਤਿਨਾ ਭੁਖ ਨ ਕਾ ਰਹੀ." (ਗਉ ਵਾਰ ੨. ਮਃ ੫) "ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਵਸਾਇ." (ਸਵਾ ਮਃ ੩)

ਕਾਂ, ਕਾਉ, ਕਾਂਉ: ਸੰਗਯਾ- ਕਾਕ. ਕਾਗ. "ਜਿਉ ਸੁੰਞੈ ਘਰਿ ਕਾਉ." (ਸ੍ਰੀ ਮਃ ੩)

ਕਾਂਉ ਉਡਾਉਣਾ: ਕ੍ਰਿ- ਕਾਕ ਦੇ ਉਡਾਉਣ (ਕਾਂ ਉਡਾਰਨ) ਦੀ ਕ੍ਰਿਯਾ. ਇਸਤ੍ਰੀਆਂ ਦਾ ਮੰਨਿਆ ਹੋਇਆ ਇੱਕ ਸ਼ਕੁਨ (ਸਗਨ). ਘਰ ਪੁਰ ਬੈਠੇ ਕਾਂਉ ਨੂੰ ਜੇ ਬਿਨਾ ਡਰਾਉਣ ਦੀ ਚੇਸ਼੍ਟਾ ਦੇ ਕੇਵਲ ਮੁਖ ਤੋਂ, ਵਿਦੇਸ਼ ਗਏ ਸੰਬੰਧੀ ਨੂੰ ਮਨ ਵਿੱਚ ਚਿਤਵਕੇ, ਉਡਨ ਲਈ ਕਿਹਾ ਜਾਵੇ ਅਤੇ ਕਾਗ ਉਡ ਜਾਵੇ, ਤਦ ਸਮਝਿਆ ਜਾਂਦਾ ਹੈ ਕਿ ਸੰਬੰਧੀ ਛੇਤੀ ਆਉਣ ਵਾਲਾ ਹੈ, ਜੇ ਕਾਂਉ ਨਾ ਉਡੇ, ਤਦ ਮੰਨੀਦਾ ਹੈ ਕਿ ਆਉਣ ਵਿੱਚ ਦੇਰੀ ਹੈ. ਦੇਖੋ, ਕਾਗ ਉਡਾਉਣਾ.

ਕਾਂਉਂਕੇ: ਜਿਲਾ ਲੁਦਿਆਨਾ, ਤਸੀਲ ਥਾਣਾ ਜਗਰਾਉਂ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਜਗਰਾਉਂ, ਤੋਂ ਪੱਛਮ ਦਿਸ਼ਾ ਵੱਲ ੪. ਮੀਲ ਦੀ ਵਿੱਥ ਪੁਰ ਹੈ, ਇਸ ਪਿੰਡ ਤੋਂ ਡੇਢ ਮੀਲ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ. ਸਤਿਗੁਰੂ ਸਿੱਧਵਾਂ ਤੋਂ ਇੱਥੇ ਆਏ ਹਨ.

ਦਰਬਾਰ ਸੁੰਦਰ ਬਣਿਆ ਹੋਇਆ ਹੈ ਪੁਜਾਰੀ ਨਿਹੰਗ ਸਿੰਘ ਹੈ. ਦਰਬਾਰ ਨਾਲ ੧੩. ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ.

ਕਾਉ: ਵਿ- ਕੁਝ. "ਚੀਰੀ ਆਈ ਢਿਲ ਨ ਕਾਉ." (ਵਾਰ ਰਾਮ ੧. ਮਃ ੧) ੨. ਸਰਵ- ਕੋਈ.

**ਕਾਓ:** ਦੇਖੋ, ਕਾਂਉ. "ਜਿਉ ਸੁੰਞੈ ਘਰਿ ਕਾਓ." (ਵਡ ਮਃ ੧. ਅਲਾਹਣੀ)

**ਕਾਅਬਾ, ਕਾਅ਼ਬਾ:** ਦੇਖੋ, ਕਾਬਾ.

**ਕਾਇ, ਕਾਂਇ:** ਕ੍ਰਿ. ਵਿ- ਕਾਹੇ. ਕਿਉਂ "ਕਾਇ ਪਾਪ ਕਮਾਈਐ?" (ਆਸਾ ਛੰਤ ਮਃ ੫) "ਕਾਇ ਪਟੋਲਾ ਪਾੜਤੀ?" (ਸ. ਫਰੀਦ) "ਤੂ ਕਾਂਇ ਗਰਬਹਿ ਬਾਵਲੀ?" (ਬਸੰ ਰਵਿਦਾਸ) ੨. ਕਿਸ ਵਾਸਤੇ. ਕਿਉਂਕਰ. "ਕੇਸ ਮੁਡਾਏ ਕਾਂਇ?" (ਸ. ਕਬੀਰ) ੩. ਸਰਵ- ਕਿਸ ਨੂੰ. ਕਿਸੀ. ਕਿਸੇ "ਜਗਜੀਵਨੁ ਜੁਗਤਿ ਨ ਮਿਲੈ ਕਾਇ." (ਬਸੰ ਮਃ ੧) ੪. ਸੰ. ਕਾਯ. ਸੰਗਯਾ- ਦੇਹ. ਸ਼ਰੀਰ. ਜਿਸਮ.

**ਕਾਇਅਉ:** ਦੇਖੋ, ਕਾਯਉ. "ਕਾਇਅਉ ਧੂਪ ਦੀਪ ਨਈਬੇਦਾ." (ਧਨਾ ਪੀਪਾ)

**ਕਾਇਆ, ਕਾਂਇਆ:** ਸੰ. ਕਾਯ. ਸੰਗਯਾ- ਦੇਹ. ਸ਼ਰੀਰ. "ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ." (ਗਉ ਮਃ ੧) "ਜਬ ਲਗੁ ਕਾਲ ਗ੍ਰਸੀ ਨਹਿ ਕਾਂਇਆ." (ਭੈਰ ਕਬੀਰ)

**ਕਾਇਆ ਸਰੀਰ:** ਸ਼ਰੀਰਕਾਯ. ਸ਼ਰੀਰ (ਬਿਨਸਨਹਾਰ) ਦੇਹ. "ਕਾਇਆ ਸਰੀਰੈ ਵਿਚਿ ਸਭੁਕਿਛੁ ਪਾਇਆ." (ਮਾਝ ਅਃ ਮਃ ੩)

**ਕਾਇਆਕਲਪ:** ਸੰ. ਕਾਯਕਲ੍ਪ. ਸੰਗਯਾ- ਵੈਦਕ ਅਨੁਸਾਰ ਸ਼ਰੀਰ ਸੋਧਣ ਦੀ ਇੱਕ ਵਿਧਿ, ਜਿਸ ਨਾਲ ਸ਼ਰੀਰ ਮੁੜ ਜਵਾਨੀ ਹਾਸਿਲ ਕਰੇ. "ਕਾਇਆਕਲਪ ਕੀਜੈ." (ਰਾਮ ਨਾਮਦੇਵ)

**ਕਇਆ ਕੀ ਅਗਨਿ:** ਸੰਗਯਾ- ਦੇਹ ਦੀ ਉਹ ਗਰਮੀ, ਜੋ ਜੀਵਨਦਸ਼ਾ ਨੂੰ ਕਾਇਮ ਰਖਦੀ ਹੈ. ਇਹ ਦਿਲ ਦੀ ਹਰਕਤ ਤੋਂ ਨਾੜੀਆਂ ਵਿੱਚ ਲਹੂ ਦੇ ਦੌੜਨ ਤੋਂ ਪੈਦਾ ਹੁੰਦੀ ਹੈ। ੨. ਦੇਹਾਭਿਮਾਨ. ਖ਼ੁਦੀ. "ਕਾਇਆ ਕੀ ਅਗਨਿ ਬ੍ਰਹਮ ਪਰਜਾਰੈ." (ਭੈਰ ਕਬੀਰ) ਆਤਮ- ਪ੍ਰਕਾਸ਼ ਰੂਪ ਪ੍ਰਚੰਡ ਅਗਨਿ ਵਿੱਚ ਦੇਹਾਭਿਮਾਨ ਭਸਮ ਕਰੇ.

**ਕਾਇਆਭੋਗੀ:** ਵਿ- ਕਾਯ (ਸ਼ਰੀਰ) ਦੇ ਆਨੰਦ ਨੂੰ ਭੋਗਣ ਵਾਲਾ। ੨. ਪੂਰੀ. ਉਮਰ ਭੋਗਣ ਵਾਲਾ. "ਜਾਂ ਜਤੁ ਜੋਗੀ ਤਾਂ ਕਾਇਆਭੋਗੀ." (ਆਸਾ ਮਃ ੧)

**ਕਾਇਆਰਤ:** ਵਿ- ਦੇਹਾਭਿਮਾਨੀ. ਦੇਹ ਨਾਲ ਪ੍ਰੇਮ ਕਰਨ ਵਾਲਾ. "ਕਾਇਆਰਤ ਬਹੁ ਰੂਪ ਰਚਾਹੀ." (ਗਉ ਕਬੀਰ)

**ਕਾਇਸ, ਕਾਂਇਸ:** ਸੰਗਯਾ- ਝਗੜਾ. ਦੰਗਾ. "ਰਾਹ ਜਾਂਦੀ ਲੈ ਕਾਇਸ ਮੋਲ." (ਪ੍ਰਾਪੰਪ੍ਰ)

**ਕਾਇਕ:** ਦੇਖੋ, ਕਾਯਿਕ.

**ਕਾਇਚੇ:** ਕ੍ਰਿ. ਵਿ- ਕਿਸ ਲਈ. ਕਾਹੇ ਤੇ. "ਕਾਇਚੇ ਭਰਮ ਭੁਲਾ?" (ਮਾਰੂ ਮਃ ੧)

**ਕਾਇਤ, ਕਾਇਤੁ:** ਸੰ. ਕਸ੍ਮੈਹਿਤ. ਕ੍ਰਿ. ਵਿ- ਕਿਸ ਵਾਸਤੇ. ਕਾਹੇ ਤੇ. ਕਿਸ ਲਈ. "ਅਗੋਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ?" (ਆਸਾ ਅਃ ਮਃ ੧)

**ਕਾਇਥ, ਕਾਇਥੁ:** ਸੰ ਕਾਮਸ੍ਥ. ਵਿ- ਸ਼ਰੀਰ ਵਿਚ ਇਸਥਿਤ। ੨. ਸੰਗਯਾ ਜੀਵਾਤਮਾ। ੩. ਜ਼ਮੀਰ. ਵਿਵੇਕਸ਼ਕਤਿ. ਦੇਖੋ, ਕਾਇਥੁਚੇਤੁ। ੪. ਇਕ ਜਾਤਿ. ਦੇਖੋ, ਚਿਤ੍ਰਗੁਪਤ। ੫. ਇੱਕ ਜਾਤਿ, ਜੋ ਸ਼ੂਦ੍ਰੀ ਤੋਂ ਛਤ੍ਰੀ ਪਿਤਾ ਕਰਕੇ ਉਪਜੀ ਹੈ. ਔਸ਼ਨਸ ਸਿਮ੍ਰਿਤੀ ਦੇ ਸ਼ਃ ੩੫ ਵਿੱਚ ਲਿਖਿਆ ਹੈ- ਕਾਕ ਤੋਂ ਚਪਲਤਾ, ਯਮਰਾਜ ਤੋਂ ਕ੍ਰੂਰਤਾ, ਸ੍ਥਪਤਿ (ਤਖਾਣ) ਤੋਂ ਕੱਟਣਾ ਲੈ ਕੇ "ਕਾਯਸ੍ਥ" ਬਣਿਆ ਹੈ.

**ਕਾਇਥੁਚੇਤੁ:** ਕਾਯਸ੍ਥਚੈਤਨ੍ਯ. ਸ਼ਰੀਰ ਵਿੱਚ ਉਹ ਚੇਤਨਸੱਤਾ, ਜਿਸ ਨੂੰ ਜ਼ਮੀਰ, ਵਿਵੇਕਸ਼ਕਤਿ ਅਥਵਾ Conscience ਆਖਦੇ ਹਨ. "ਘਰੀ ਘਰੀ ਕਾ ਲੇਖਾ ਮਾਗੈ ਕਾਇਥੁਚੇਤੁ ਨਾਉ." (ਮਾਰੂ ਕਬੀਰ) ਇਸੇ ਦਾ ਨਾਉਂ ਚਿਤ੍ਰਗੁਪਤ ਹੈ.

ਕਾਇਦਾ: ਅ਼. ਕ਼ਾਇ਼ਦਹ. ਨਿਯਮ. ਅਸੂਲ। ੨. ਰੀਤਿ. ਦਸਤੂਰ.

ਕਾਇਨਾਤ: ਦੇਖੋ, ਕਾਯਨਾਤ.

ਕਾਇਨੁ: ਅ਼. قیان ਕ਼ਿਯਾਨ ਸੰਗਯਾ- ਕ਼ਯਨਤ ਦਾ ਬਹੁ ਵਚਨ. ਲੌਂਡੀਆਂ. ਦਾਸੀਆਂ. "ਬੀਬੀ ਕਉਲਾ ਸਿਉ ਕਾਇਨ ਤੇਰਾ." (ਭੈਰ ਨਾਮਦੇਵ) ਲਕ੍ਸ਼ਮੀ ਨਾਲ ਤੇਰਾ ਦਾਸੀਆਂ ਵਾਲਾ ਸੰਬੰਧ ਹੈ.

ਕਾਇਮ, ਕਾਇਮੁ: ਅ਼. قائم ਕ਼ਾਯਮ. ਵਿ- ਸ੍ਥਿਰ. ਠਹਿਰਿਆ ਹੋਇਆ. "ਕਾਇਮੁ ਦਾਇਮੁ ਸਦਾ ਪਾਤਿਸਾਹੀ." (ਗਉ ਰਵਿਦਾਸ)

ਕਾਇਰ, ਕਾਇਰੁ: ਸੰ. ਕਾਤਰ. ਵਿ- ਡਰਪੋਕ. ਭੀਰੁ. ਕਮਹਿੰਮਤ. "ਮਨਮੁਖੁ ਕਾਇਰੁ ਕਰੂਪੁ ਹੈ." (ਵਾਰ ਵਡ ਮਃ ੩)

ਕਾਇਰਤਾ: ਸੰ. ਕਾਤਰਤਾ. ਸੰਗਯਾ- ਭੀਰੁਤਾ. ਕਮਹਿੰਮਤੀ. ਬੁਜ਼ਦਿਲੀ. ਕਾਤਰ੍ਯ.

ਕਾਇਰੁ: ਦੇਖੋ, ਕਾਇਰ.

ਕਾਇਲ: ਦੇਖੋ, ਕਾਯਲ.

ਕਾਈ: ਸਰਵ- ਕੋਈ. "ਉਨ ਨ ਕਾਈ ਬਾਤਾ." (ਰਾਮ ਮਃ ੫) "ਵਾ ਕਉ ਬਿਆਧਿ ਨ ਕਾਈ." (ਜੈਤ ਮਃ ੫) ੨. ਵਿ- ਕੁਛ. ਕੁਝ. "ਬਿਨਸਤ ਬਾਰ ਨ ਲਾਗੈ ਕਾਈ." (ਪ੍ਰਭਾ ਅਃ ਮਃ ੧) ੩. ਸੰਗਯਾ- ਪਾਣੀ ਦੀ ਮੈਲ, ਜੋ ਹਰੇ ਰੰਗ ਦੀ ਪਾਣੀ ਉੱਪਰ ਛਾਈ ਰਹਿੰਦੀ ਹੈ. "ਮਿਟੈ ਨ ਭ੍ਰਮ ਕੀ ਕਾਈ." (ਧਨਾ ਮਃ ੯) ਅਵਿਦ੍ਯਾ ਭ੍ਰਮ ਦੀ ਕਾਈ. ਆਵਰਣ ਦੋਸ਼.

ਕਾਏ, ਕਾਂਏਂ: ਕ੍ਰਿ. ਵਿ- ਕਿਸ ਵਾਸਤੇ. ਕਾਹੇ. "ਕਾਂਏਂ ਆਨ ਆਨ ਰੁਚੀਐ?" (ਸਾਰ ਮਃ ੫. ਪੜਤਾਲ)

ਕਾਸ: ਸਰਵ- ਕਿਸ. ਕਿਸ ਨੂੰ। ੨. ਸੰਗਯਾ- ਆਕਾਸ ਦਾ ਸੰਖੇਪ. "ਅਸਟ ਕਾਸ ਖਟ ਧਰਣਿ ਕਿਯ." (ਕਲਕੀ) ਜੰਗ ਵਿੱਚ ਜ਼ਮੀਨ ਦੀ ਤਹਿ ਉਡਕੇ ਆਕਾਸ਼ ਨੂੰ ਚਲੀ ਗਈ, ਜਿਸ ਵਾਸਤੇ ਹੇਠਲੇ ਲੋਕ ਛੀ ਰਹਿ ਗਏ ਅਤੇ ਉੱਪਰਲੇ ਲੋਕ ਅੱਠ ਬਣ ਗਏ।

੩. ਕਾਸ਼੍ ਧਾ- ਚਮਕਣਾ. ਪ੍ਰਗਟ ਕਰਨਾ। ੪. ਸੰਗਯਾ- ਚਮਕ. ਪ੍ਰਕਾਸ਼। ੫. ਕਾਹੀ ਘਾਸ. ਕਾਸ। ੬. ਸੰ. ਕਾਸ ਦਮਕਸ਼ੀ. ਦਮੇ ਦਾ ਰੋਗ. "ਮੰਦਾਗਨਿ ਕਾਸ." (ਸਲੋਹ) ੭. ਸੰ. ਕਾਸ਼ ਸਾਣ ਦਾ ਪੱਥਰ. ਸ਼ਸਤ੍ਰ ਤੇਜ਼ ਕਰਨ ਦਾ ਸੰਦ। ੮. ਤੁ. قاش ਕ਼ਾਸ਼. ਭੌਂਹ ਅਬਰੂ। ੯. ਟੁਕੜਾ. ਖੰਡ। ੧੦. ਫਾੜੀ. ਫੰਕ। ੧੧. ਫ਼ਾ. کاش ਵ੍ਯ- ਅਜੇਹਾ ਹੁੰਦਾ। ੧੨. ਈਸ਼੍ਵਰ ਨੂੰ ਭਾਵੇ। ੧੩. ਸ਼ੋਕ.

ਕਾਸਉ: ਕਿਸ ਸੇ. "ਇਹੁ ਦੁਖੁ ਕਾਸਉ ਕਹਉ ਰੇ." (ਆਸਾ ਕਬੀਰ)

ਕਾਸਕਾ: ਦੇਖੋ, ਕਾਸਿਕਾ.

ਕਾਸਕਾਰ, ਕਾਸਕਾਰੀ, ਕਾਸਗਰ, ਕਾਸਗਾਰੀ: ਫ਼ਾ. کاشغر ਕਾਸ਼ਗਰ. ਤੁਰਕਿਸਤਾਨ ਦੇ ਪੂਰਵ ਵੱਲ ਇੱਕ ਸ਼ਹਿਰ. "ਕਾਸ- ਕਾਰ ਕੋ ਸਾਹਿਕ ਜਨਿਯਤ." (ਚਰਿਤ ੫) ੨. ਕਾਸਗਰ ਦੇ ਰਹਿਣ ਵਾਲਾ. "ਕਬੋਜ ਕਾਸਕਾਰੀ ਕੇ." (ਕਲਕੀ)

ਕਾਸਟ: ਸੰ. ਕਾਸ਼੍ਠ. ਸੰਗਯਾ- ਕਾਠ. ਲੱਕੜ. "ਸੂਕੇ ਕਾਸਟ ਹਰਿਆ." (ਸੋਦਰੁ) ੨. ਦੇਖੋ, ਕਸ਼੍ਟ. "ਪ੍ਰੇਤਪਿੰਜਰ ਮਹਿ ਕਾਸਟੁ ਭਇਆ." (ਰਾਮ ਅਃ ਮਃ ੧)

ਕਾਸਟਕੁੰਦਨੀ, ਕਾਸਟਪ੍ਰਿਸਟਣਿ: ਬੰਦੂਕ਼, ਜਿਸ ਦੇ ਕਾਠ ਦਾ ਕੁੰਦਾ ਹੈ, ਕਾਠ ਦੀ ਪਿੱਠ ਵਾਲੀ. (ਸਨਾਮਾ)

ਕਾਸਟਬੇਸਟੰ: ਦੇਖੋ, ਬੇਸਟੰ.

ਕਾਸਟਾ: ਦੇਖੋ, ਕਾਸ਼੍ਟਾ.

ਕਾਸਟੁ: ਦੇਖੋ, ਕਾਸਟ.

ਕਾਸ਼ਤ: ਫ਼ਾ. کاشت ਸੰਗਜਾ- ਕ੍ਰਿਖਿ. ਖੇਤੀ.

ਕਾਸ਼ਤਕਾਰ: ਫ਼ਾ. کاشتکار ਸੰਗਜਾ- ਕਿਸਾਨ. ਕ੍ਰਿਖਿਕਾਰ. ਰਾਹਕ.

ਕਾਸ਼ਤਨ: ਫ਼ਾ. کاشتن ਕ੍ਰਿ- ਬੀਜਣਾ.

ਕਾਸਤੇ: ਕ੍ਰਿ. ਵਿ- ਕਿਸ ਲਈ. ਕਿਸ ਹੇਤੁ "ਐਸੀ ਬੁੱਧਿ ਕਾਸਤੇ ਹੋਈ?" (ਨਾਪ੍ਰ)

ਕਾਸਦ: ਦੇਖੋ, ਕਾਸਿਦ.

ਕਾਸਨੀ: ਫ਼ਾ. کاسنی ਸੰਗਜਾ- ਆਕਾਸ਼ਨੀਲ ਜੇਹੇ ਫੁੱਲ ਵਾਲਾ ਇੱਕ ਪੌਦਾ, ਜਿਸ ਦਾ ਬੀਜ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਇਸ ਦੀ ਤਾਸੀਰ ਸਰਦਤਰ ਹੈ. Cichorium Intybus. ਇਹ ਪਿੱਤ (ਸਫਰਾ) ਨੂੰ ਸ਼ਾਂਤ ਅਤੇ ਲਹੂ ਨੂੰ ਸਾਫ ਕਰਦੀ ਹੈ. ਪਿਆਸ ਬੁਝਾਉਂਦੀ ਹੈ. ਪਿੱਤ ਤੋਂ ਹੋਏ ਤਾਪ ਨੂੰ ਹਟਾਉਂਦੀ ਹੈ। ੨. ਵਿ- ਕਾਸਨੀ ਰੰਗਾ. ਕਾਸਨੀ ਦੇ ਫੁੱਲ ਜੇਹਾ ਹੈ ਰੰਗ ਜਿਸ ਦਾ.

ਕਾਸਪੀ: ਦੇਖੋ, ਕਾਸਿਪੀ.

ਕਾਸਮ: ਦੇਖੋ, ਕਾਸਿਮ.

ਕਾਸਮਬੇਗ: ਕਾਸਿਮਬੇਗ. ਸ਼ਾਹਜਹਾਂ ਦੇ ਸਿਪਹਸਾਲਾਰ ਲਲਾਬੇਗ ਦਾ ਪੁਤ੍ਰ, ਜੋ ਗੁਰੂਸਰ ਦੇ ਜੰਗ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੈਨਾਨੀ ਭਾਈ ਲੱਖੂ ਦੇ ਬਰਛੇ ਨਾਲ ਮਾਰਿਆ ਗਿਆ.

ਕਾਸ਼ਮੀਰ: ਵਿ- ਕਸ਼ਮੀਰ ਦੇਸ਼ ਨਾਲ ਸੰਬੰਧਿਤ. ਕਸ਼ਮੀਰ ਦਾ. ਕਸ਼ਮੀਰੀ। ੨. ਸੰਗਜਾ- ਕੇਸਰ। ੩. ਫਾਰਸੀ ਲੇਖਕਾਂ ਨੇ ਕਸ਼ਮੀਰ ਦੇਸ਼ ਨੂੰ ਕਾਸ਼ਮੀਰ ਲਿਖਿਆ ਹੈ. ਦੇਖੋ, ਕਸ਼ਮੀਰ.

ਕਾਸਰਾ: ਬਹੁਜਾਈ ਖਤ੍ਰੀਆਂ ਦਾ ਇੱਕ ਗੋਤ੍ਰ. "ਦੀਪਕ ਦੀਪਾ ਕਾਸਰਾ ਗੁਰੂਦੁਆਰੇ ਹੁਕਮੀਬੰਦਾ." (ਭਾਗੁ)

ਕਾਸਾ: ਫ਼ਾ. کاسہ ਕਾਸਹ. ਸੰਗਜਾ- ਪਿਆਲਾ. "ਕਰਿ ਕਾਸਾ ਦਰਸਨ ਕੀ ਭੂਖ." (ਤਿਲੰ ਮঃ ੧) "ਹਥੀ ਕਾਸੇ ਲਕੀ ਫੁਮਣ." (ਵਾਰ ਮਾਝ ਮঃ ੧)

ਕਾਂਸਾ: ਸੰਗਜਾ- ਕਾਂਸਜਪਾਤ੍ਰ. ਕਾਂਸੀ ਦਾ ਭਾਂਡਾ। ੨. ਕਾਂਸੀ ਦਾ ਥਾਲ। ੩. ਰਾਜਪੂਤਾਨੇ ਵਿੱਚ ਪਰੋਸੇ ਹੋਏ ਥਾਲ ਨੂੰ ਇਸੇ ਸ਼ਬਦ ਤੋਂ "ਖਾਂਸਾ" ਆਖਦੇ ਹਨ.

ਕਾਸਾਈ: ਦੇਖੋ, ਕਸਾਈ। ੨. ਵਿ- ਕਸਾਈ ਬ੍ਰਿੱਤਿ ਵਾਲਾ. "ਕਲਿਕਾਤੀ ਰਾਜੇ ਕਾਸਾਈ" (ਵਾਰ ਮਾਝ ਮঃ ੧)

ਕਾਂਸਾਗਰ: ਕਾਂਸਜਕਾਰ. ਕਾਂਸੀ ਦੇ ਭਾਂਡੇ ਬਣਾਉਣ ਵਾਲਾ. ਠਠੇਰਾ. ਕਸੇਰਾ.

ਕਾਸਾਰ, ਕਾਸਾਰੁ: ਸੰ. ਸੰਗਜਾ- ਟੋਭਾ. ਛੱਪੜ। ੨. ਘੀ ਵਿੱਚ ਆਟਾ ਭੁੰਨਕੇ ਸੁੱਕੀ ਖੰਡ ਮਿਲਾਕੇ ਬਣਾਈ ਪੰਜੀਰੀ[358] "ਭਾਤੁ

---

[358] घृते तप्ते विनिः क्षिप्य कटाहे पाचयेन्मनाक
ततस्तत्र विनिःचिप्य खण्डं भागसमं पचेत
ततश्च्याकृष्य तत पात्रे क्षिप्त्वा सम्यक् सुचिक्कणे
चतुरस्त्री कृतं ह्येतत भवेत कासार संज्ञकम्.
(ਵ੍ਰਿਹਦਾਭਿਧਾਨ)

ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ." (ਆਸਾ ਕਬੀਰ) ੩. ਸੰ. ਕ੍ਰਿਸਰਾ. ਚਾਉਲ ਅਤੇ ਤਿਲ ਮਿਲਾਕੇ ਬਣਾਇਆ ਭੋਜਨ.

ਕਾਸਿ: ਦੇਖੋ, ਕਾਸੀ.

ਕਾਸਿਉ: ਕਿਸ ਸੇ. ਕਿਸ ਨੂੰ.

ਕਾਸਿਕ: ਦੇਖੋ, ਕਾਸੀਕ.

ਕਾਸਿਕਾ: ਸੰ. ਕਾਸ਼ਿਕਾ. ਸੰਗ੍ਯਾ- ਕਾਸ਼ੀ ਪੁਰੀ। ੨. ਪਾਣਿਨੀਯ ਵ੍ਯਾਕਰਣ ਉੱਪਰ ਵਾਮਨ ਅਤੇ ਜਯਾਦਿੱਤ ਦੀ ਵ੍ਯਾਖ੍ਯਾ. ਅਰਥ ਪ੍ਰਕਾਸ਼ ਕਰਨ ਵਾਲੀ ਟੀਕਾ. "ਕਹੂੰ ਪ੍ਰਕ੍ਰਿਯਾ ਕਾਸਿਕਾ ਸਰਬ ਮੱਥੈਂ." (ਗ੍ਯਾਨ) ੩. ਵਿ- ਪ੍ਰਕਾਸ਼ ਕਰਨ ਵਾਲੀ.

ਕਾਸਿਕਾਰ: ਦੇਖੋ, ਕਾਂਸਾਗਰ। ੨. ਦੇਖੋ, ਕਾਸਗਰ.

ਕਾਸਿਕੀਸ: ਕਾਸ਼ਿਕ- ਈਸ਼. ਕਾਸ਼ਿਕੇਸ਼. ਕਾਸ਼ੀ ਨਿਵਾਸੀਆਂ ਦਾ ਸ੍ਵਾਮੀ ਸ਼ਿਵ ਅਤੇ ਕਾਂਸ਼ੀ ਦਾ ਰਾਜਾ. "ਜਿਣ੍ਯੋ ਕਾਸਿਕੀਸੰ." (ਗ੍ਯਾਨ)

ਕਾਸਿਦ: ਅ਼. قصد ਕ਼ਾਸਿਦ. ਵਿ- ਕ਼ਸਦ. (ਇਰਾਦਾ) ਕਰਨ ਵਾਲਾ। ੨. ਸੰਗ੍ਯਾ- ਹਲਕਾਰਾ। ੩. ਦੂਤ.

ਕਾਸਿਪੀ: ਸੰ. ਕਾਸ਼੍ਯਪੀ. ਸੰਗ੍ਯਾ- ਪ੍ਰਿਥਿਵੀ. ਕਸ਼੍ਯਪ ਦੀ ਮਲਕੀਅਤ ਹੈ ਜਿਸ ਪੁਰ. "ਜੇ ਕਰੈਂ ਪਤ੍ਰ ਕਾਸਿਪੀ ਸਰਬ." (ਦੱਤਾਵ) ਜੇ ਸਾਰੀ ਜ਼ਮੀਨ ਨੂੰ ਕਾਗਜ ਦੀ ਥਾਂ ਕਰੀਏ। ੨. ਡਿੰਗ. ਗਰੁੜ, ਜੋ ਕਸ਼੍ਯਪ ਦੀ ਔਲਾਦ ਹੈ.

ਕ਼ਾਸਿਮ: ਅ਼. قسم ਵਿ- ਤਕ਼ਸੀਮ ਕਰਨ ਵਾਲਾ. ਵੰਡਣ ਵਾਲਾ। ੨. ਸੰਗ੍ਯਾ- ਅਨੇਕ ਮੁਸਲਮਾਨਾਂ ਦਾ ਇਹ ਨਾਉਂ ਹੋਇਆ ਕਰਦਾ ਹੈ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ.

ਕਾਸਿਮਬੇਗ: ਦੇਖੋ, ਕਾਸਮਬੇਗ.

ਕਾਸੀ, ਕਾਂਸੀ: ਸੰ. ਕਾਸ਼ੀ. ਸੰਗ੍ਯਾ- ਵਾਰਾਣਸੀ. ਬਨਾਰਸ. ਯੂ. ਪੀ. ਵਿੱਚ ਹਿੰਦੂਆਂ ਦਾ ਪ੍ਰਧਾਨ ਨਗਰ, ਜੋ ਵਿਦ੍ਯਾ ਦੀ ਟਕਸਾਲ ਅਤੇ ਮਹਾਤੀਰਥ ਹੈ. ਸ਼ਿਵਪੁਰਿ. ਕਾਸੀ ਗੰਗਾ ਦੇ ਖੱਬੇ ਪਾਸੇ ਆਬਾਦ ਹੈ. ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਇਸ ਦੀ ਆਬਾਦੀ ੧੯੮੪੪੭ ਸੀ. "ਨਾ ਕਾਸੀ ਮਤਿ ਉਪਜੈ ਨਾ ਕਾਸੀ ਮਤਿ ਜਾਇ." (ਗੂਜ ਮਃ ੩)

ਹਿੰਦੁਸਤਾਨ ਵਿੱਚ ਕਾਸ਼ੀ ਦੀ ਮਹਿਮਾ ਚਿਰ ਕਾਲ ਤੋਂ ਹੈ. ਹਰੇਕ ਮਤ ਦੇ ਹਿੰਦੂ ਨੇ ਇਸ ਦੀ ਸ਼ੋਭਾ ਵਧਾਉਣ ਦਾ ਯਤਨ ਕੀਤਾ ਹੈ. ਔਰੰਗਜ਼ੇਬ ਨੇ ਕਾਸ਼ੀ ਦਾ ਨਾਉਂ ਮੁਹੰਮਦਾਬਾਦ ਰੱਖਿਆ ਸੀ ਅਤੇ ਵਿਸ਼੍ਵੇਸ਼੍ਵਰ ਨਾਥ ਦਾ ਪ੍ਰਸਿੱਧ ਮੰਦਿਰ ਤੋੜਕੇ ਇੱਕ ਵੱਡੀ ਮਸੀਤ ਚਿਣਵਾਈ, ਜੋ ਹੁਣ ਭੀ ਦੇਖੀ ਜਾਂਦੀ ਹੈ.

ਇਸ ਸ਼ਹਿਰ ਵਿੱਚ ਹੇਠ ਲਿਖੇ ਗੁਰਦ੍ਵਾਰੇ ਹਨ-

(ੳ) ਮਹੱਲਾ ਆਸਭੈਰੋ ਵਿੱਚ "ਵਡੀ ਸੰਗਤਿ" ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਸੰਮਤ ੧੭੨੨ ਵਿੱਚ ਪਧਾਰੇ ਹਨ ਅਤੇ ਸੱਤ ਮਹੀਨੇ ਤੇਰਾਂ ਦਿਨ ਨਿਵਾਸ ਕੀਤਾ ਹੈ. ਜਿਸ ਗੁਫਾ ਵਿੱਚ ਏਕਾਂਤ ਧ੍ਯਾਨਪਰਾਇਣ ਰਹਿੰਦੇ ਸਨ, ਉਹ ਵਿਦ੍ਯਮਾਨ ਹੈ. ਪਟਨੇ ਤੋਂ ਪੰਜਾਬ ਨੂੰ ਆਉਂਦੇ ਹੋਏ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਭੀ ਇਸ ਥਾਂ ਵਿਰਾਜੇ ਹਨ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਚੋਲਾ ਅਤੇ ਨੌਵੇਂ ਅਰ ਗੁਰੂ ਗੋਬਿੰਦ ਸਿੰਘ ਜੀ ਦੇ ਜੋੜੇ ਇੱਥੇ ਸਨਮਾਨ ਨਾਲ ਰੱਖੇ ਹੋਏ ਹਨ, ਜਿਨ੍ਹਾਂ ਦੇ ਦਰਸ਼ਨ ਸੰਕ੍ਰਾਂਤਿ ਵਾਲੇ ਦਿਨ ਕਰਾਇਆ ਜਾਂਦਾ ਹੈ. ਪੋਹ ਸੁਦੀ ੭, ਅੱਸੂ ਵਦੀ ੧੦. ਅਤੇ ਵੈਸਾਖੀ ਦੇ ਮੇਲੇ ਹੁੰਦੇ ਹਨ.

ਮਹਾਰਾਜਾ ਨਰੇਂਦ੍ਰ ਸਿੰਘ ਪਟਿਆਲਾਪਤਿ ਨੇ ਸੰਮਤ ੧੯੧੧ ਵਿੱਚ ਬਹੁਤ ਧੰਨ ਖਰਚਕੇ ਇੱਕ ਸ਼ੀਸ਼ਮਹਿਲ ਬਣਵਾਇਆ ਅਤੇ ਦੋ ਰੁਪਯੇ ਰੋਜ ਦਾ ਲੰਗਰ ਲਗਾਇਆ. ਗੁਰਦ੍ਵਾਰੇ ਨੂੰ ਆਮਦਨ ਕੁਝ ਮਕਾਨਾਂ ਦੇ ਕਿਰਾਏ ਦੀ ਅਤੇ ਕੁਝ ਲੇਢੂਪੁਰਾ ਪਿੰਡ ਵਿੱਚੋਂ ਆਉਂਦੀ ਹੈ. ਪੁਜਾਰੀ ਭਾਈ ਈਸਰ ਸਿੰਘ ਜੀ ਨਿਹੰਗ ਹਨ, ਜਿਨ੍ਹਾਂ ਨੇ ਉੱਦਮ ਕਰਕੇ ਲੋਕਾਂ ਦੇ ਹੱਥ ਗਈ ਗੁਰਦ੍ਵਾਰੇ ਦੀ

ਜਾਯਦਾਦ ਨੂੰ, ਮੁੜ ਸਤਿਗੁਰੂ ਦੇ ਨਾਉਂ ਵਡੇ ਯਤਨ ਨਾਲ ਅਦਾਲਤ ਤੋਂ ਕਰਵਾਇਆ ਹੈ.

(ਅ) ਲਕਸਾ ਮਹਾਲ ਵਿੱਚ ਗੁਰੂ ਕਾ ਬਾਗ ਗੁਰਦ੍ਵਾਰਾ ਹੈ. ਇੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਵਿਰਾਜੇ ਹਨ ਅਤੇ ਗੋਪਾਲ ਪਾਂਡੇ ਨੂੰ ਉੱਤਮ ਉਪਦੇਸ਼ ਦਿੱਤਾ ਹੈ.

(ੲ) ਜਗਤ ਗੰਜ ਵਿੱਚ "ਛਟੀ ਸੰਗਤਿ" ਗੁਰਦ੍ਵਾਰਾ ਹੈ। ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਕੁਝ ਸਮਾਂ ਵਿਰਾਜੇ ਹਨ. ਇਸ ਦੀ ਹਾਲਤ ਬਹੁਤ ਢਿੱਲੀ ਹੈ.

(ਸ) ਕਾਸ਼ੀ ਤੋਂ ਤਿੰਨ ਕੋਹ ਗੰਗਾ ਪਾਰ ਛੋਟੇ ਮਿਰਜਾਪੁਰ ਦੀ ਜ਼ਮੀਨ ਵਿੱਚ ਸੋਲਾਂ ਵਿੱਘੇ ਦਾ ਗੁਰੂ ਕਾ ਬਾਗ ਹੈ. ਇਸ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਵਡੀ ਸੰਗਤਿ ਵਿੱਚ ਵਿਰਾਜਣ ਸਮੇਂ ਇੱਕ ਵਾਰ ਪਧਾਰੇ ਹਨ. ਇਹ ਰੇਲਵੇ ਸਟੇਸ਼ਨ ਅਹਰੋਰਾ ਤੋਂ ਤਿੰਨ ਮੀਲ ਉੱਤਰ ਹੈ.

ਉਦਾਸੀ ਅਤੇ ਨਿਰਮਲੇ ਸੰਤਾਂ ਦੇ ਕਰੀਬ ਚਾਲੀ ਥਾਂ ਕਾਸ਼ੀ ਵਿੱਚ ਅਜਿਹੇ ਹਨ, ਜਿਨ੍ਹਾਂ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

੨. ਕਾਂਸਜ. ਕੈਂਹਾਂ। ੩. ਕਾਂਸਜ (ਕਾਂਸੀ) ਦਾ ਵਾਜਾ. "ਕਾਸੀ ਫੂਟੀ ਪੰਡਿਤਾ! ਧੁਨਿ ਕਹਾ ਸਮਾਈ?" (ਬਿਲਾ ਕਬੀਰ) ੪. ਵਿ- ਚਮਤਕਾਰੀ. ਦੇਖੋ, ਕਾਸ ੩. "ਕਾਸੀ ਕ੍ਰਿਸਨ ਚਰਾਵਤ ਗਾਊ ਮਿਲਿ ਹਰਿਜਨ ਸੋਭਾ ਪਾਈ." (ਮਲਾ ਮਃ ੪)

ਕਾਸੀਕ: ਸੰ. ਕਾਸ਼ਿਕ ਵਿ- ਕਾਸ਼ੀ ਦਾ. ਕਾਸ਼ੀ ਨਾਲ ਸੰਬੰਧਿਤ. "ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ." (ਰਾਮ ਕਬੀਰ)

ਕਾਸੀਪੁਰ: ਦੇਖੋ ਕਾਸੀ। ੨. ਸੀ. ਪੀ. ਵਿੱਚ ਕਰੋਂਦ ਰਿਆਸਤ ਦਾ ਇੱਕ ਨਗਰ. "ਫਟਕ ਸੀ ਕੈਲਾਸ ਕਮਾਊਂਗਢ ਕਾਸੀਪੁਰ." (ਅਕਾਲ)

ਕਾਸ਼ੀਰਾਮ: ਇੱਕ ਕਵੀ, ਜਿਸ ਦੀ ਰਚਨਾ ਹ੍ਰਿਦਯਰਾਮ ਰਚਿਤ ਨਾਟਕ ਵਿੱਚ ਵੇਖੀ ਜਾਂਦੀ ਹੈ, ਯਥਾ-

ਪਰਸ਼ੁਰਾਮੋਵਾਚ

ਅਤ੍ਰ ਛਡਵਾਇ ਦੋਊ ਕਰ ਜੁਰਵਾਇ, ਦਸੋ-

ਨਖ ਮੁਖ ਦਜਾਇ ਅਪਨੋਕੈ ਛਿਟਕਾਯੋ ਹੈ,

ਮੀਚਨ ਡਰਾਇ ਬਾਰ ਬਾਰ ਸਤਰਾਇ, ਆਜ

ਹਨਐਗਯੋ ਸਿਪਾਹੀ ਮੋਸੋ ਤਾਂਹੀ ਕੋ ਤੂੰ ਜਾਯੋ ਹੈ,

ਕਹੈ ਕਾਸ਼ੀਰਾਮ ਤਬ ਰਾਮ ਸੋਂ ਪਰਸ਼ੁਰਾਮ

ਸਿੱਖ ਬਾਮਦੇਵ ਜੂ ਕੇ ਨੀਕੇ ਕੈ ਸਨਾਯੋ ਹੈ,

ਜਾਂਕੀ ਸੋਹੈਂ ਖਾਤ ਛਤ੍ਰਧਾਰੀ ਕਹਿ ਕਹਿ ਜਾਤ

ਤਾਂਹੀ ਪੈ ਮੈ ਦਸਨ ਤਿਨੂਕਾ ਪਕਰਾਯੋ ਹੈ.

ਰਾਮਚੰਦ੍ਰੋਵਾਚ

ਫਾਰਤੋ ਕਪੋਲ ਬੋਲ ਬੋਲਤਹੀ ਬਾਮ੍ਹਨ ਕੇ

ਡਾਰਤੋ ਉਖਾਰ ਦਾੜ੍ਹ ਜਮੀ ਜੋ ਬਦਨ ਮੈਂ,

ਜੀਤ ਬੀਰਖੇਤ ਪਠੈਦੇਤ ਜਮਲੋਕ ਤੋਹਿ

ਲੇਤੋ ਸਭ ਛਤ੍ਰਿਨ ਕੋ ਬੈਰ ਏਕ ਛਿਨ ਮੈਂ,

ਕਹਾਂ ਕਰੋਂ ਹਤਯਾ ਪ੍ਰਾਨ ਅਬ ਜੋ ਤਿਹਾਰੇ ਹਤ

ਸੁਭਟ ਕਹਾਇ ਰਨ ਠਾਢੇ ਹੋਤ ਰਨ ਮੈਂ,

ਯਹੈ ਜਾਨ ਨਾਤੋ ਹੋ ਬਚਯੋ ਹੈਂ ਏਕ ਬਾਮ੍ਹਨ ਕੇ

ਕਾਸ਼ੀਰਾਮ ਸਮਝ ਸਮਝ ਕਰ ਮਨ ਮੈਂ.

ਦੇਖੋ, ਹਨੁਮਾਨ ਨਾਟਕ ਦਾ ਫੁਟਨੋਟ.

ਕਾਸੁ: ਕਿਸ ਸੇ. ਕਾ ਸੋਂ. ਕੀਹ ਨੂੰ. "ਤਾਂ ਕਹੀਐ ਕਾਸੁ?" (ਪ੍ਰਭਾ ਅਃ ਮਃ ੧) ੨. ਆਕਾਸ਼ ਦਾ ਸੰਖੇਪ. "ਅਰਧ ਉਰਧ ਮੁਖਿ ਲਾਗਉ ਕਾਸੁ." (ਭੈਰ ਅਃ ਕਬੀਰ) ਅਰਧ (ਜੀਵ) ਉਰਧ (ਈਸ਼੍ਵਰ) ਵਿੱਚ ਮੁਖਿਕਾਸ (ਪਾਰਬ੍ਰਹਮ ਜੋ ਮੁੱਖ ਆਕਾਸ਼ਵਤ ਹੈ) ਮਿਲਿਆ ਹੋਇਆ ਹੈ.

ਕਾਸੇਰਾ: ਦੇਖੋ, ਕਸੇਰਾ.

ਕਾਸ਼੍ਟ: ਸੰ. ਕਾਸ਼੍ਠ. ਸੰਗ੍ਯਾ- ਕਾਠ. ਲੱਕੜ.

ਕਾਸ਼੍ਟਾ, ਕਸ਼੍ਠਾ: ਸੰ. ਸੰਗ੍ਯਾ- ਹੱਦ. ਸੀਮਾ। ੨. ਦਿਸ਼ਾ. ਤਰਫ਼। ੩. ਅਠਾਰਾਂ ਪਲ ਦਾ ਸਮਾਂ. ਸੁਸ਼੍ਰੁਤ- ਸੰਹਿਤਾ ਅਨੁਸਾਰ ਪੰਦ੍ਰਾਂ ਨਿਮੇਸ਼ (ਨਿਮਖ) ਦੀ ਅਤੇ ਵਿਸ਼ਨੁਪੁਰਾਣ ਦੇ ਮਤ ਅਠਾਰਾਂ ਨਿਮੇਸ਼ ਦੀ ਕਾਸ਼੍ਠਾ ਹੈ। ੪. ਦਕ੍ਸ਼ ਦੀ ਇੱਕ ਬੇਟੀ, ਜੋ ਕਸ਼ਯਪ ਦੀ ਇਸਤ੍ਰੀ ਸੀ। ੫. ਇਸਥਿਤੀ. ਕ਼ਾਇਮੀ.

ਕਾਸ਼ਯਪੀ: ਦੇਖੋ, ਕਾਸਿਪੀ.

ਕਾਹ: ਕ੍ਯਾ. ਕੀ. "ਕਾਹ ਭਯੋ ਦੋਉ ਲੋਚਨ ਮੂੰਦਕੈ ਬੈਠ ਰਹਯੋ?" (ਅਕਾਲ) ੨. ਕਿਸ ਨੂੰ. ਕਿਸੇ। ੩. ਫ਼ਾ. کاہ ਘਾਸ. ਫੂਸ। ੪. ਅ਼. قہ ਕ਼ਾਹ. ਤਾਬੇਦਾਰੀ। ੫. ਬਜ਼ੁਰਗੀ। ੬. ਬਲ. ਸ਼ਕਤਿ.

ਕਾਂਹ: ਕਿਸੇ. ਕਿਸ ਨੂੰ। ੨. ਸੰਗ੍ਯਾ- ਕਾਂਹੀ ਘਾਸ. ਕਾਸ਼.

ਕਾਹਸਿ: ਸੰ. ਕਾਸ਼. ਕਾਹੀਂ ਘਾਹ. "ਕੁਕਹਿ ਕਾਹਸਿ ਫੁਲੇ" (ਤੁਖਾ ਬਾਰਹਮਾਹਾ) ਭਾਵ ਚਿੱਟੇ ਕੇਸ ਹੋ ਗਏ.

ਕਾਹਤੋਂ: ਕ੍ਰਿ. ਵਿ- ਕਿਸ ਲਈ. ਕਿਸ ਵਾਸਤੇ. ਕਿਉਂਕਰ. ਕੋ ਹੇਤੁ.

ਕਾਹਨ: ਸੰਗ੍ਯਾ- ਕ (ਬ੍ਰਹਮਾ) ਦਾ ਅਹਨ (ਦਿਨ). ਕਲਪ। ੨. ਕਾਨ੍ਹ. ਕ੍ਰਿਸ਼ਨ.

ਕਾਹਨ ਸਿੰਘ: ਦੇਖੋ, ਕਾਨ੍ਹ ਸਿੰਘ.

ਕਾਹਰੂ: ਵਿ- ਕਹਰ (ਕ੍ਰੋਧ) ਵਾਲਾ. "ਕੁਪਯੋ ਮਾਹਰੂ ਕਾਹਰੂ ਰੂਪ ਧਾਰੇ." (ਵਿਚਿਤ੍ਰ)

ਕਾਹਲ: ਸੰਗ੍ਯਾ- ਵ੍ਯਾਕੁਲਤਾ. ਘਬਰਾਹਟ. "ਚਿਤ ਮੇ ਅਤਿ ਕਾਹਲ ਹੋਈ." (ਗੁਪ੍ਰਸੂ) ੨. ਸ਼ੀਘ੍ਰਤਾ. ਛੇਤੀ। ੩. ਸੰ. ਵਡਾ ਢੋਲ। ੪. ਮੁਰਗਾ. ਕੁੱਕੜ। ੫. ਅ਼. کاہل ਕਾਹਿਲ. ਵਿ- ਸੁਸਤ.

ਕਾਹਲੀ: ਸੰਗ੍ਯਾ- ਸ਼ੀਘ੍ਰਤਾ. ਫੁਰਤੀ। ੨. ਫ਼ਾ. کاہلی ਸੁਸਤੀ। ੩. ਸੰ. ਜੁਆਨ ਇਸਤ੍ਰੀ.

ਕਾਹਾ: ਸੰਗ੍ਯਾ- ਸਿੰਧੀ. ਕਾਹ. ਹਮਲਾ. ਧਾਵਾ. ਭਾਵ- ਦੰਗਾ. "ਨਾਹੀ ਕਿਸੈ ਨਾਲਿ ਕਾਹਾ ਹੇ." (ਮਾਰੂ ਸੋਲਹੇ ਮਃ ੩) ੨. ਕਹਣ ਯੋਗਯ ਪ੍ਰਸੰਗ. ਕਥਨੀਯ ਵਾਰਤਾ. "ਅਵਰ ਨ ਦੂਜਾ ਕਾਹਾ ਹੇ." (ਮਾਰੂ ਸੋਲਹੇ ਮਃ ੧) ੩. ਘਾਟਾ. "ਤਿਨ ਸਿਰਿ ਚੂਕਾ ਕਾਹਾ ਹੇ." (ਮਾਰੂ ਸੋਲਹੇ ਮਃ ੩) ਦੇਖੋ, ਕਾਹੀਦਨ.

ਕਾਹਾਹਾ: ਹਾਹਾਕਾਰ ਦੀ ਧੁਨਿ. "ਹੂਲ ਪਵੈ ਕਾਹਾਹਾ." (ਸ. ਫਰੀਦ)

ਕਾਹਿ: ਸਰਵ- ਕਿਆ. ਕਿੰ. "ਕਹਿ ਕਬੀਰ ਅਬ ਕਹੀਐ ਕਾਹਿ." (ਭੈਰ) ੨. ਕਿਸ ਨੂੰ. ਕਿਸ ਤੋਂ "ਮਾਗਉ ਕਾਹਿ ਰੰਕ ਸਭ ਦੇਖਉ." (ਬਿਲਾ ਕਬੀਰ) ੩. ਕ੍ਰਿ. ਵਿ- ਕਾਹੇ. ਕਿਸ ਲਈ. "ਸਿਮਰਤ ਕਾਹਿ ਨ ਰਾਮ?" (ਸ. ਮਃ ੯) "ਹਰਿ ਗੁਨ ਕਾਹਿ ਨ ਗਾਵਈ?" (ਤਿਲੰ ਮਃ ੯)

ਕਾਹਿਲ, ਕਾਹਿਲੀ: ਦੇਖੋ, ਕਾਹਲ ਅਤੇ ਕਾਹਲੀ.

ਕਾਹੀ: ਕ੍ਰਿ. ਵਿ- ਕਿਸ ਲਈ. ਕਿਸ ਵਾਸਤੇ. "ਬਾਹਿਰ ਨਾਵਹੁ ਕਾਹੀ?" (ਸੋਰ ਮਃ ੧)

ਕਾਂਹੀਂ: ਸੰਗਯਾ- ਕਾਸ਼. ਕਾਂਹੀਂ ਘਾਸ। ੨. ਦੇਖੋ, ਕਸੀਸ. ਫੌਲਾਦ ਦਾ ਜੌਹਰ ਪ੍ਰਗਟ ਕਰਨ ਲਈ ਇੱਕ ਖਾਰ। ੩. ਕ੍ਰਿ. ਵਿ- ਕਿਸੇ ਤਰਾਂ. "ਚਿਤ ਕਠੋਰ ਨ ਭਿਜੈ ਕਾਂਹੀਂ." (ਭਾਗੁ)

ਕਾਹੀਦਨ: ਫ਼ਾ. کاہیدن ਕ੍ਰਿ- ਘਟਣਾ। ੨. ਘਟਾਉਣਾ.

ਕਾਹੂ: ਸਰਵ- ਕਿਸੇ ਨੂੰ. "ਭੈ ਕਾਹੂ ਕਉ ਦੇਤ ਨਹਿ." (ਸ. ਮਃ ੯) ੨. ਕ੍ਰਿ. ਵਿ- ਕਿਤੇ. ਕਿਸੇ ਥਾਂ. "ਮੇਰਾ ਮਨੁ ਅਨਤ ਨ ਕਾਹੂ ਜਾਇ." (ਸੂਹੀ ਮਃ ੫. ਗੁਣਵੰਤੀ) ੩. ਕਿਆ. ਕੀ. "ਕਹੁ ਨਾਨਕ ਕਾਹੂ ਪਰਵਾਹਾ ਜਉ ਸੁਖਸਾਗਰ ਮੈ ਪਾਇਆ." (ਸਾਰ ਮਃ ੫) ੪. ਫ਼ਾ. کاہو ਇੱਕ ਔਖਧ, ਜੋ ਨਜ਼ਲੇ ਲਈ ਵਿਸ਼ੇਸ਼ ਵਰਤੀਦੀ ਹੈ. ਇਸ ਦੀ ਤਾਸੀਰ ਸਰਦ ਤਰ ਹੈ. Lactuca Stiva. ਕਾਹੂ ਪਿੱਤ (ਸਫਰਾ) ਦੀ ਤੇਜੀ ਨੂੰ ਸ਼ਾਂਤ, ਅਤੇ ਲਹੂ ਸਾਫ ਕਰਦਾ ਹੈ.

ਕਾਹੇ, ਕਾਹੇਕਉ, ਕਾਹੇਕੂ: ਕ੍ਰਿ. ਵਿ- ਕਿਉਂ. ਕਿਸ ਲਈ. ਕਥੰ. ਕਿਸ ਹੇਤੁ. "ਸੋ ਕਾਹੇ ਨ ਕਰੈ ਪ੍ਰਤਿਪਾਲ?" (ਗਉ ਕਬੀਰ) "ਏਕੋ ਕਹੀਐ ਨਾਨਕਾ, ਦੂਜਾ ਕਾਹੇਕੂ?" (ਵਾਰ ਮਲਾ ਮਃ ੧)

ਕਾਹੋ: ਕੀ ਹੈ. "ਤਾਂਕੋ ਅਚਰਜ ਕਾਹੋ?" (ਧਨਾ ਕਬੀਰ)

ਕਾਕ: ਦੇਖੋ, ਕਾਉ.

ਕਾਕਉ: ਕਿਸ ਨੂੰ. ਕਿਸ ਕੋ। ੨. ਕਿਸ ਦਾ. "ਕਾਕਉ ਦੁਰਾਉ ਕਾਸਿਉ ਬਲਬੰਚਾ." (ਬਿਲਾ ਮਃ ੫)

ਕਾਕਣੀ: ਸੰਗਯਾ- ਕਾਕੀ. ਕਾਉਂ ਦੀ ਮਦੀਨ। ੨. ਦੇਖੋ, ਕਾਕਿਣੀ.

ਕਾਕਤਾਲੀਯਨਜਾਯ: ਦੇਖੋ, ਨਜਾਯ.

ਕਾਕਪਕ੍ਸ਼, ਕਾਕਪੱਖ, ਕਾਕਪੱਛ: ਸੰਗਯਾ- ਕਾਂਉ ਦੇ ਪੰਖਾਂ (ਖੰਭਾਂ) ਜੇਹੇ ਬਣਾਏ ਹੋਏ ਕੇਸ਼. ਜ਼ੁਲਫ਼। ੨. ਪਟੇ."ਬਹੁ ਬੈਸਜਨ ਕੇ ਸੁਤ ਤਿਹ ਥਾਏ। ਕਾਕਪੱਖ ਜਿਨ ਸੀਸ ਬਨਾਏ." (ਨਾਪ੍ਰ)

ਕਾਕਪਾਲੀ: ਸੰਗਯਾ- ਕੋਕਿਲਾ. ਕੋਇਲ. ਇਹ ਖ਼ਿਆਲ ਹੈ ਕਿ ਕੋਕਿਲਾ ਦੇ ਅੰਡਿਆਂ ਨੂੰ ਕਾਂਉਂ ਸੇਵਨ ਕਰਕੇ ਬੱਚੇ ਕਢਦਾ ਹੈ.

ਕਾਕਬਲਿ: ਸੰ. ਸੰਗਯਾ- ਹਿੰਦੂਮਤ ਅਨੁਸਾਰ ਸ਼੍ਰਾਧ ਆਦਿਕ ਕਰਮਾਂ ਵਿੱਚ ਕਾਂਉ ਨੂੰ ਅਰਪਣ ਕੀਤਾ ਅੰਨ.

ਕਾਕਭਸੁੰਡ, ਕਾਕਭੁਸੁੰਡਿ: ਸੰ काकभुशुण्डि ਭੁਸ਼ੁੰਡਿ ਨਾਮਕ ਇੱਕ ਬ੍ਰਾਹਮਣ, ਜੋ ਲੋਮਸ਼ ਰਿਖਿ ਦੇ ਸ੍ਰਾਪ ਕਰਕੇ ਕਾਂਉਂ ਹੋਗਿਆ, ਅਤੇ ਚਿਰਜੀਵੀ ਹੋਕੇ ਰਿਖੀਆਂ ਨੂੰ ਕਥਾ ਸੁਣਾਉਂਦਾ ਦੱਸਿਆ ਹੈ. "ਕਾਕਭੁਸੁੰਡਿ ਤੇ ਆਦਿ ਰਿਖੀਸ੍ਵਰ." (ਨਾਪ੍ਰ) "ਬਹੁ ਬਿਹੰਗ ਹੈਂ ਅਨਗਨ ਜਹਿੰਵਾ। ਕਾਕਭਸੁੰਡ ਵਿਰਾਜੈ ਤਹਿੰਵਾ ॥" (ਨਾਪ੍ਰ)

ਕਾਕਮ: ਫ਼ਾ. قاقم ਕ਼ਾਕ਼ੁਮ. ਸੰਗਯਾ- ਸੰਬੂਰ ਅਤੇ ਉਸ ਦੀ ਖਲੜੀ. ਸੰਬੂਰ ਦੀ ਖਲੜੀ ਬਹੁਤ ਨਰਮ ਅਤੇ ਗਰਮ ਹੁੰਦੀ ਹੈ, ਜੋ ਅਮੀਰਾਂ ਦੀ ਪੋਸ਼ਾਕ ਲਈ ਵਰਤੀ ਜਾਂਦੀ ਹੈ. "ਅਤਲਸ ਜਰੀ ਕਾਕਮ." (ਸਲੋਹ)

ਕਾਕਰੀ: ਸੰ. ਕਕੰਟੀ. ਸੰਗਯਾ- ਕੱਕੜੀ. ਖੱਖੜੀ.

ਕਾਂਕਰੀ: ਸੰਗਯਾ- ਕੰਕਰ. ਬਜਰੀ.

ਕਾਕਲਾ, ਕਾਕੜਾ: ਸੰਗਯਾ- ਅਣਪੱਕਿਆ ਬੇਰ। ੨. ਓਲਾ. ਗੜਾ, ਬੇਰ ਜੇਹਾ ਹੈ ਆਕਾਰ ਜਿਸ ਦਾ। ੩. ਦੁਰਗਾ. ਦੇਵੀ, ਜੋ ਕਾਕਲੀ (ਮਿੱਠੇ ਸੁਰ) ਵਾਲੀ ਹੈ.

ਕਾਕਾ: ਕਿਸ ਦਾ. ਕਾਂਕਾ. "ਕਹਹੁ ਕੋਊ ਹੈ ਕਾਕਾ?" (ਧਨਾ ਕਬੀਰ) ੨. ਸੰਗਯਾ- ਬਾਲਕ। ੩. ਪੁਤ੍ਰ। ੪. ਡਿੰਗ ਅਤੇ ਸਿੰਧੀ. ਕਾਕੋ. ਚਾਚਾ। ੫. ਕਾਕੋਲੀ ਦਵਾ। ੬. ਲਾਲੜੀ. ਘੁੰਘਚੀ।੭ ਮਕੋਯ.

ਕਾਂਕਾ: ਦੇਖੋ, ਕਾਕਾ ੧.

ਕਾਕਿਣੀ: ਸੰ. ਸੰਗਯਾ- ਵੀਹ ਕੌਡੀਆਂ ਦਾ ਸਮੁਦਾਯ. ਦਮੜੀ। ੨. ਵਿ- ਕੌਡੀਆਂ ਪਹਿਰਣ ਵਾਲੀ। ੩. ਸੰਗਯਾ- ਸ਼ੀਤਲਾ ਦੇਵੀ.

ਕਾਕੀ: ਸੰਗਯਾ- ਕੰਨਯਾ। ੨. ਪੁਤ੍ਰੀ। ੩. ਡਿੰਗ- ਅਤੇ ਸਿੰਧੀ. ਚਾਚੀ। ੪. ਸੰ. ਕਾਕ (ਕਾਂਉ) ਦੀ ਮਦੀਨ। ੫. ਦੇਖੋ, ਕਾ ਅਤੇ ਕੀ. ਕਿਸ ਕੀ. "ਕਾਕੀ ਮਾਈ ਕਾਕੋ ਬਾਪ." (ਗਉ ਮਃ ੫)

ਕਾਂਕੀ: ਕਿਸ ਦੀ. ਦੇਖੋ, ਕਾਂਕੋ.

ਕਾਕੁ: ਸੰ. ਸੰਗਯਾ- ਸੁਰ (ਸ੍ਵਰ) ਦੇ ਦਬਾਉ ਨਾਲ ਹੋਰ ਅਰਥ ਬੋਧਨ ਕਰਨਾ."काकुः स्त्रियां विकारो यः शोक भीत्यादिभिर्ध्वतने" (ਅਮਰਕੋਸ਼) ਦੇਖੋ, ਵਕ੍ਰੋਕ੍ਤਿ। ੨. ਵਯੰਗ. ਤ਼ਨਜ਼.

ਕਾਕੁਮ, ਕ਼ਾਕ਼ੁਮ: ਦੇਖੋ, ਕਾਕਮ.

ਕਾਕੁਲ: ਫ਼ਾ. کاکل ਸੰਗਯਾ- ਜ਼ੁਲਫ਼. ਅਲਕ। ੨. ਵਾਲਾਂ ਦੀ ਲਟ.

ਕਾਕੂਕ੍ਤਿ: ਦੇਖੋ, ਕਾਕੁ ਅਤੇ ਵਕ੍ਰੋਕ੍ਤਿ.

ਕਾਂਕੇ: ਕਿਸ ਕੇ. ਕਿਸ ਦੇ.

ਕਾਕੋ: ਦੇਖੋ, ਕਾਕੀ। ੨. ਦੇਖੋ, ਕਾਂਕੋ.

ਕਾਂਕੋ: ਕਿਸ ਕੋ. ਕਿਸ ਨੂੰ। ੨. ਕਿਸ ਦਾ. "ਕਾਂਕੋ ਤਨੁ ਧਨੁ ਸੰਪਤਿ ਕਾਂਕੀ." (ਸਾਰ ਮਃ ੯)

ਕਾਕੋਲ: ਪਹਾੜੀ ਕਾਂਉ.

ਕਾਂਕ੍ਸ਼ਾ: ਸੰ. काङ्क्षा ਸੰਗਯਾ- ਇੱਛਾ. ਚਾਹ.

ਕਾਖ: ਸੰ. ਕਕ੍ਸ਼. ਸੰਗਯਾ- ਸੁੱਕਾ ਘਾਸ. ਤ੍ਰਿਣ. ਕੱਖ. "ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕੁ ਮੀਕਾ ਕਾਖਾ." (ਜੈਤ ਮਃ ੪) ਗਾਹਕ ਬਿਨਾ ਇੱਕ ਕੱਖ ਦਾ ਹੈ। ੨. ਦੇਖੋ, ਕਾਂਖ। ੩. ਫ਼ਾ. کاخ ਉੱਚਾ ਮਕਾਨ.

ਕਾਂਖ: ਸੰ. ਕੁਕ੍ਸ਼ਿ. ਸੰਗਯਾ- ਕੁੱਖ. ਬਗਲ. ਕੱਛੀ.

"ਕਾਂਖ ਕਿਤਾਬਹਿ ਗੁਨੀਗਹੇਰਾ." (ਨਾਪ੍ਰ)

੨. ਮਾਤਾ ਦੀ ਕੁੱਖ. ਗਰਭ ਅਸਥਾਨ. "ਜਨੁਕਰ ਜਏ ਨ ਕਾਂਖ ਤੇ ਆਏ ਨਹਿ ਸੰਸਾਰ." (ਚਰਿਤ੍ਰ ੧੨੫) ਮਾਨੋ ਮਾਂ ਦੀ ਕੁੱਖ ਤੋਂ ਜੰਮੇ ਹੀ ਨਹੀਂ.

ਕਾਕਾ: ਦੇਖੋ, ਕਾਖ.

ਕਾਂਖਾ, ਕਾਂਖਿਆ: ਦੇਖੋ, ਕਾਂਙ੍ਖਾ

ਕਾਖੀ, ਕਾਂਖੀ: ਸੰ. काङ्क्षिन् ਕਾਂਙ੍ਖਿਨ੍. ਵਿ- ਚਾਹੁਣਵਾਲਾ. ਇੱਛਾਵਾਨ. "ਕਾਖੀ ਏਕੈ ਦਰਸ ਤਿਹਾਰੋ." (ਸੁਖਮਨੀ) "ਨਾਮ ਕੇ ਜਨ ਕਾਂਖੀ." (ਸਾਰ ਮਃ ੫)

ਕਾਖੈਘੰਙੈ: ਕ- ਖ- ਗ- ਘ- ਙ ਅੱਖਰਾਂ ਦ੍ਵਾਰਾ ਉਪਦੇਸ਼ ਹੈ. "ਕਾਖੈਘੰਙੈ ਕਾਲ ਭਇਆ." (ਆਸਾ ਪਟੀ ਮਃ ੩)

ਕਾਗ: ਦੇਖੋ, ਕਾਉ ਅਤੇ ਕਾਗਉ.

ਕਾਗਉ: ਕਾਂਉ ਤੋਂ. ਕਾਕ ਸੇ. "ਕਾਗਉ ਹੋਇ ਨ ਊਜਲਾ." (ਵਾਰ ਮਾਰੂ ੧. ਮਃ ੩)

ਕਾਗ ਉਡਾਉਣਾ: ਦੇਖੋ, ਕਾਉਂ ਉਡਾਉਣਾ. "ਕਾਗ ਉਡਾਵਤ ਭੁਜਾ ਪਿਰਾਨੀ." (ਸੂਹੀ ਕਬੀਰ) ਪਤੀ ਦੀ ਉਡੀਕ ਵਿੱਚ ਕਾਉਂ ਉਡਾਂਦੇ ਬਾਂਹ ਵਿੱਚ ਪੀੜ ਪੈ ਗਈ ਹੈ.

ਕਾਗਹੁ: ਕਾਗ (ਕਾਉਂ) ਤੋਂ "ਕਾਗਹੁ ਹੰਸ ਕਰੇਇ." (ਵਾਰ ਸ੍ਰੀ ਮਃ ੧)

ਕਾਗਜ: ਅ. کاغذ ਕਾਗ਼ਜ਼. ਸੰਗਯਾ- ਕਾਗਦ. ਕ੍ਰਿਰਤਾਸ. ਪੇਪਰ paper. ਭਾਰਤ ਵਿੱਚ ਕਾਗਜ ਕਦ ਬਣਿਆਂ ਅਤੇ ਇਹ ਕਾਢ ਕਿਸ ਦੀ ਹੈ, ਇਸ ਦਾ ਸਬੂਤ ਗ੍ਰੰਥਾਂ ਤੋਂ ਪੂਰਾ ਨਹੀਂ ਮਿਲਦਾ, ਪਰ ਇਹ ਗੱਲ ਬਿਨਾਂ ਸੰਸੇ ਹੈ ਕਿ ਹਿੰਦੁਸਤਾਨ ਵਿੱਚ ਕਾਗਜ ਬਹੁਤ ਪੁਰਾਣੇ ਸਮੇਂ ਤੋਂ ਪ੍ਰਚਲਿਤ ਹੈ. ਇਸ ਦਾ ਪ੍ਰਮਾਣ ਸਿਕੰਦਰ ਦੇ ਸੈਨਾਨੀ "ਨਿਯਰਖੁਸ" ਦੇ ਲੇਖ ਤੋਂ ਮਿਲਦਾ ਹੈ. ਕਾਗਜ ਬਣਨ ਤੋਂ ਪਹਿਲਾਂ ਭੋਜਪਤ੍ਰ ਤਾੜਪਤ੍ਰ ਲੱਕੜ ਪੱਥਰ ਧਾਤੁ ਦੇ ਪਤ੍ਰ ਦੰਦ ਦੇ ਟੁਕੜੇ ਅਤੇ ਚੰਮ ਆਦਿ ਲਿਖਣ ਲਈ ਵਰਤੇ ਜਾਂਦੇ ਸਨ.

ਇੰਗਲੈਂਡ ਦੇ ਵਿਦ੍ਵਾਨਾਂ ਨੇ ਲਿਖਿਆ ਕਿ ਚੀਨੀਆਂ ਨੇ ਕਰੀਬ B. C. ੯੫ ਵਿੱਚ ਰੂੰ ਅਤੇ ਉੱਨ ਤੋਂ ਕਾਗਜ ਬਣਾਉਣ ਦੀ ਜੁਗਤ ਕੱਢੀ. ਅਰਬ ਦੇ ਲੋਕਾਂ ਨੇ ਜਦ ਸਨ ੭੦੪ ਵਿੱਚ ਸਮਰਕੰਦ ਫਤੇ ਕੀਤਾ ਤਦ ਚੀਨੀ ਕੈਦੀਆਂ ਤੋਂ ਕਾਗਜ ਬਣਾਉਣ ਦੀ ਜੁਗਤ ਸਿੱਖੀ, ਅਰਬ ਤੋਂ ਯੂਨਾਨ ਵਿੱਚ, ਉਸ ਥਾਂ ਤੋਂ ਇਟਲੀ ਵਿੱਚ, ਇਟਲੀ ਤੋਂ ਸਪੇਨ, ਸਪੇਨ ਤੋਂ ਜਰਮਨੀ, ਜਰਮਨੀ ਤੋਂ ਫ੍ਰਾਂਸ ਅਤੇ ਫ੍ਰਾਂਸ ਤੋਂ ਚੌਦਵੀਂ ਸਦੀ ਦੇ ਆਰੰਭ ਵਿੱਚ ਇੰਗਲੈਂਡ ਵਿੱਚ ਕਾਗਜ ਬਣਣ ਦੀ ਵਿਦ੍ਯਾ ਫੈਲੀ.

ਕਾਗਜ ਪਹਿਲਾਂ ਹੱਥ ਨਾਲ ਬਣਦਾ ਸੀ, ਇਸ ਦੇ ਬਣਾਉਣ ਦੀ ਕਲ ਫ੍ਰਾਂਸ ਵਿੱਚ ਸਭ ਤੋਂ ਪਹਿਲਾਂ ਲੂਈਸ ਰਾਬਰਟ Louis Robert ਨੇ ਤਿਆਰ ਕੀਤੀ. ਇੰਗਲੈਂਡ ਵਿੱਚ ਸਨ ੧੯੦੪ ਅਤੇ ਅਮਰੀਕਾ ਵਿੱਚ ਸਨ ੧੯੨੦ ਵਿੱਚ ਕਾਗਜ ਬਣਾਉਣ ਦੀਆਂ ਮਸ਼ੀਨਾਂ ਬਣਾਈਆਂ ਗਈਆਂ. ਹੁਣ ਭਾਰਤ ਵਿੱਚ ਭੀ ਕਲਾਂ ਨਾਲ ਉੱਤਮ ਕਾਗਜ ਬਣਦਾ ਹੈ.

ਕਾਗਜੀ: ਵਿ- ਕਾਗਜ਼ ਦਾ ਬਣਿਆ ਹੋਇਆ। ੨. ਕਾਗਜ ਜੇਹਾ ਪਤਲਾ ਹੈ ਜਿਸ ਦਾ ਛਿਲਕਾ. ਜਿਵੇਂ ਕਾਗਜੀ ਨੇਂਬੂ ਅਤੇ ਕਾਗਜੀ ਅਖ਼ਰੋਟ ਆਦਿ। ੩. ਦੇਖੋ, ਕਾਗਜੀਆ.

ਕਾਗਜੀਆ: ਵਿ- ਕਾਗਜ ਬਣਾਉਣ ਅਤੇ ਵੇਚਣ ਵਾਲਾ। ੨. ਸੰਗਯਾ- ਮੁਨਸ਼ੀ. ਮੁਹਾਸਿਬ. "ਕਾਗਜੀਏ ਰਸ ਕੋ ਅਤਿ ਹੀ ਸੁ ਮਨੋ ਗਨਤੀਕਰ ਜੋਰਦਯੋ ਹੈ." (ਕ੍ਰਿਸਨਾਵ)

ਕਾਗਤ, ਕਾਗਦ: ਦੇਖੋ, ਕਾਗਜ. "ਬਸੁਧ ਕਾਗਦ ਬਨਰਾਜ ਕਲਮਾ." (ਆਸਾ ਛੰਤ ਮਃ ੫)

ਕਾਗਦਕੁੱਟ: ਸਣ ਆਦਿਕ ਨੂੰ ਕੁੱਟਕੇ ਕਾਗਜ ਬਣਾਉਣ ਵਾਲਾ. ਕਾਗਜਾਂ ਦੀ ਕੁੱਟੀ ਨੂੰ ਕੁੱਟਕੇ ਕਾਗਜ ਬਣਾਉਣ ਵਾਲਾ.

ਕਾਗਦਿ: ਕਾਗਜਾਂ ਕਰਕੇ. "ਤਿਨ ਹਰਿਚੰਦ ਪ੍ਰਿਥਮੀਪਤਿ ਰਾਜੈ ਕਾਗਦਿ ਕੀਮ ਨ ਪਾਈ." (ਪ੍ਰਭਾ ਅਃ ਮਃ ੧) ਜਿਸ ਦੀ ਕੀਮ (ਮਹਿਮਾ) ਕਾਗਜਾਂ ਕਰਕੇ ਨਹੀਂ ਪਾਈਦੀ. ਭਾਵ- ਤਹਿਰੀਰ ਵਿੱਚ ਪੂਰੀ ਤਰਾਂ ਨਹੀਂ ਲਿਖੀ ਜਾਂਦੀ। ੨. ਕਾਗਜ ਪੁਰ. "ਕਾਗਦਿ ਕਲਮ ਨ ਲਿਖਣਹਾਰੁ." (ਜਪੁ)

ਕਾਗਦੁ: ਦੇਖੋ, ਕਾਗਜ ਅਤੇ ਕਾਗਦ. "ਕਾਗਦੁ ਲੂਣੁ ਰਹੈ ਘ੍ਰਿਤ ਸੰਗੇ." (ਰਾਮ ਮਃ ੧)

ਕਾਗਭਸੁੰਡ, ਕਾਗਭੁਸੁੰਡਿ: ਦੇਖੋ, ਕਾਕਭੁਸੁੰਡਿ.

ਕਾਗਰ, ਕਾਗਰਾ, ਕਾਗਰੁ, ਕਾਗਲੁ: ਸੰਗ੍ਯਾ- ਕਾਗਜ."ਕਾਗਰ ਨਾਵ ਲੰਘਹਿ ਕਤ ਸਾਗਰੁ?" (ਮਲਾ ਮਃ ੫) "ਦੂਯਾ ਕਾਗਲੁ ਚਿਤਿ ਨ ਜਾਣਦਾ." (ਸ੍ਰੀ ਮਃ ੫. ਪੈਪਾਇ) ਗੁਰੁਬਾਣੀ ਵਿੱਚ ਇਹ ਸ਼ਬਦ ਕਾਗਜ ਦਾ ਅਰਥ ਰਖਦੇ ਹਨ, ਪਰੰਤੂ ਪ੍ਰਕਰਣ ਅਨੁਸਾਰ ਹੋਰ ਅਰਥ ਭੀ ਹੈ, ਯਥਾ- "ਜਨਮ ਜਨਮ ਕੇ ਕਾਟੇ ਕਾਗਰ." (ਆਸਾ ਰਵਿਦਾਸ) ਇਸ ਥਾਂ ਬਹੀ ਖਾਤੇ ਤੋਂ ਭਾਵ ਹੈ. "ਕਢਿ ਕਾਗਲੁ ਦਸੇ ਰਾਹ." (ਵਾਰ ਆਸਾ) ਇਸ ਥਾਂ ਪੰਚਾਂਗਪਤ੍ਰ (ਤਿਥਿਪਤ੍ਰਾ) ਅਰਥ ਹੈ.

ਕਾਂਗੜ: ਰਾਜ ਨਾਭਾ ਵਿੱਚ ਨਜਾਮਤ ਫੂਲ ਦੇ ਥਾਣੇ ਦਿਆਲਪੁਰੇ ਦਾ ਇੱਕ ਪਿੰਡ, ਜੋ ਦੀਨੇ ਤੋਂ ਡੇਢ ਕੋਹ ਦੱਖਣ ਹੈ. ਇਹ ਕਿਸੇ ਸਮੇਂ ਰਾਇਜੋਧ ਦੀ ਰਾਜਧਾਨੀ ਸੀ. ਇਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸੇਵਕ ਰਾਇਜੋਧ ਦਾ ਪ੍ਰੇਮ ਦੇਖਕੇ ਪਧਾਰੇ ਹਨ. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਇਹ ਅਸਥਾਨ ਚਰਣਾਂ ਨਾਲ ਪਵਿਤ੍ਰ ਕੀਤਾ ਹੈ. "ਜਫ਼ਰਨਾਮਹ" ਇਸੇ ਥਾਂ ਵਿਰਾਜਕੇ ਲਿਖਿਆ ਹੈ. "ਕਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ." (ਜਫਰ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਰਾਇਜੋਧ ਨੂੰ ਬਖਸ਼ਿਆ ਕਟਾਰ ਹੁਣ ਸਰਦਾਰ ਬਘੇਲ ਸਿੰਘ ਦੇ ਘਰ ਹੈ.

ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ਕਾਂਗੜ ੧੯. ਮੀਲ ਉੱਤਰ ਵੱਲ ਹੈ. ਦੇਖੋ, ਜਫਰਨਾਮਾ ਸਾਹਿਬ

ਕਾਗੜਦੀ, ਕਾਗੜਦੰਗ: ਸੰਗੀਤਛੰਦਾਂ ਵਿੱਚ ਇਹ ਪਦ ਵਰਤੇ ਹਨ, ਜੋ ਮ੍ਰਿਦੰਗ ਦੇ ਬੋਲ ਹਨ, ਅਤੇ ਇਨ੍ਹਾਂ ਵਿੱਚ ਵਰਣਮੈਤ੍ਰੀ ਅਨੁਪ੍ਰਾਸ ਹੈ. ਯਥਾ- "ਕਾਗੜਦੀ ਕੁਪਜੋ ਕਪਿ ਕਟਕ." (ਰਾਮਾਵ) ਦੇਖੋ, ਸੰਗੀਤਛੰਦ.

ਕਾਂਗੜਾ: ਪੰਜਾਬ ਦਾ ਇੱਕ ਪਹਾੜੀ ਜਿਲਾ ਅਤੇ ਉਸ ਦਾ ਪ੍ਰਧਾਨਨਗਰ, ਜੋ ਕਿਸੇ ਸਮੇਂ ਕਟੋਚ ਰਾਜਪੂਤਾਂ ਦੀ ਰਾਜਧਾਨੀ ਸੀ. ਇਸ ਵੇਲੇ ਜਿਲੇ ਦਾ ਪ੍ਰਧਾਨਨਗਰ "ਧਰਮਸਾਲਾ" ਹੈ.

ਕਾਂਗੜੇਸ: ਕਾਂਗੜੇ ਦਾ ਈਸ਼ (ਰਾਜਾ). "ਤਬੈ ਕੋਪਿਯੰ ਕਾਂਗੜੇਸੰ ਕਟੋਚੰ." (ਵਿਚਿਤ੍ਰ)

ਕਾਗੇਸ਼: ਕਾਕ- ਈਸ਼. ਦੇਖੋ, ਕਾਕਭੁਸੁੰਡਿ.

ਕਾਚ: ਸੰ. ਸੰਗ੍ਯਾ- ਕੰਚ. ਕੱਚ ਕਚੑ ਧਾਤੁ ਦਾ ਅਰਥ ਚਮਕਨਾ ਹੈ. "ਕਾਚ ਬਿਹਾਝਨ ਕੰਚਨ ਛਾਡਨ." (ਬਿਲਾ ਮਃ ੫) ੨. ਮੋਮ। ੩. ਲਾਖ। ੪. ਵਿ- ਕੱਚਾ. ਅਪਕ੍ਵ. "ਕਾਚ ਗਗਰੀਆ ਅੰਭ ਮਝਰੀਆ." (ਆਸਾ ਮਃ ੫) ੫. ਵਿ- ਕੱਚਾ. ਨਾਪਾਇਦਾਰ. "ਕਾਚ ਕੋਟੰ ਰਚੰਤਿ ਤੋਯੰ." (ਸਹਸ ਮਃ ੫)

ਕਾਂਚ: ਦੇਖੋ, ਕਾਚ ੧.। ੨. ਗੁਦਾਚਕ੍ਰ। ੩. ਧੋਤੀ ਦਾ ਉਹ ਪੱਲਾ ਜੋ ਦੋਹਾਂ ਟੰਗਾਂ ਵਿੱਚਦੀਂ ਲੈ ਜਾਕੇ ਟੰਗੀਦਾ ਹੈ. ਸੰ. ਕਕ੍ਸ਼.

ਕਾਚਕਰਮਿ: ਵਿ- ਕੱਚੇ ਕੰਮ ਕਰਨ ਵਾਲਾ. ਪਾਖੰਡੀ. ਦਿਖਾਵੇ ਦੇ ਕਰਮ ਕਰਨ ਵਾਲਾ. "ਕਾਚਕਰਮਿ ਨ ਜਾਤ ਸਹੀ." (ਸਾਰ ਮਃ ੫. ਪੜਤਾਲ) ਪਾਖੰਡੀ ਤੋਂ ਮਾਇਆ ਦੀ ਪ੍ਰਬਲਤਾ ਸਹਾਰੀ ਨਹੀਂ ਜਾਂਦੀ.

ਕਾਂਚਨ: ਸੰ. काञ्चन ਸੰਗ੍ਯਾ- ਸੁਵਰਣ. ਸੋਨਾ. ਕੰਚਨ। ੨. ਵਿ- ਸੁਵਰਣ ਦਾ.

ਕਾਚਮਾਚ: ਮਕੋ. ਮਕੋਯ. ਗਿੱਦੜਦਾਖ.

ਕਾਚਾ: ਵਿ- ਕੱਚਾ. ਅਪਕ੍ਵ. ਜੋ ਪੱਕਿਆ ਨਹੀਂ. ਜਿਵੇਂ ਕੱਚਾ ਫਲ ਅਤੇ ਮਿੱਟੀ ਦਾ ਕੱਚਾ ਭਾਂਡਾ. "ਕਾਚੈ ਕਰਵੈ ਰਹੈ ਨ ਪਾਨੀ." (ਸੂਹੀ ਕਬੀਰ) ਕੱਚਾ ਘੜਾ ਇਸ ਥਾਂ ਸਰੀਰ ਹੈ, ਪਾਣੀ ਪ੍ਰਾਣ ਹਨ। ੨. ਸ਼੍ਰੱਧਾਹੀਨ. ਜਿਸ ਨੂੰ ਭਰੋਸਾ ਨਹੀਂ. "ਮੁਕਤਿ ਭੇਦ ਕਿਆ ਜਾਣੈ ਕਾਚਾ?" (ਗਉ ਅਃ ਮਃ ੧) "ਕਹਿਦੇ ਕਚੇ ਸੁਣਦੇ ਕਚੇ" (ਅਨੰਦੁ) ੩. ਅਗ੍ਯਾਨੀ, ਜੋ ਗ੍ਯਾਨ ਅਤੇ ਅ਼ਮਲ ਵਿੱਚ ਪੱਕਾ ਨਹੀਂ. "ਕਾਚੇ ਗੁਰੁ ਤੇ ਮੁਕਤ ਨ ਹੂਆ." (ਓਅੰਕਾਰ) ੪. ਕਪਟੀ. ਛਲੀਆ, ਜਿਸ ਦੀ ਬਾਤ ਪੱਕੀ ਨਹੀਂ. "ਜਿਨਿ ਮਨਿ ਹੋਰੁ ਮੁਖਿ ਹੋਰੁ ਸਿ ਕਾਢੇ ਕਚਿਆ." (ਆਸਾ ਫਰੀਦ) ੫. ਬਿਨਸਨਹਾਰ, ਜੋ ਇਸਥਿਤ ਨਹੀਂ. "ਕਾਚਾ ਧਨੁ

ਸੰਚਹਿ ਮੂਰਖ ਗਾਵਾਰ." (ਧਨਾ ਮਃ ੫) ੬. ਡਿੰਗ. ਕਾਇਰ. ਭੀਰੁ. ਡਰਪੋਕ.

ਕਾਚੀ: ਕੱਚੀ. ਦੇਖੋ, ਕਾਚਾ.

ਕਾਂਚੀ: ਸੰ. काञ्ची ਸੰ. ਸੰਗਯਾ- ਤੜਾਗੀ. ਖਾਸ ਕਰਕੇ ਇਸਤ੍ਰੀ ਦੀ ਧਾਤੁ ਦੀ ਤੜਾਗੀ, ਜਿਸ ਵਿੱਚ ਘੁੰਗਰੂ ਲੱਗੇ ਹੋਣ. ਛੁਦ੍ਰਘੰਟਿਕਾ। ੨. ਹਿੰਦੂਆਂ ਦੀ ਸੱਤ ਪੁਰੀਆਂ ਵਿੱਚੋਂ ਇੱਕ ਪਵਿਤ੍ਰ ਪੁਰੀ, ਜੋ ਮਦਰਾਸ ਦੇ ਚੇਂਗਲਪਟ ਜਿਲੇ ਵਿੱਚ ਹੈ, ਇਹ ਪੁਰਾਣੇ ਸਮੇਂ ਵਿੱਚ ਚੋਲ ਅਤੇ ਪਲ੍ਹਵਾਂ ਦੀ ਰਾਜਧਾਨੀ ਰਹੀ ਹੈ. ਹੁਣ ਇਸ ਦਾ ਪ੍ਰਸਿੱਧ ਨਾਉਂ ਕਾਂਜੀਵਰੰ (Conjeeveram) ਹੈ. ਕਾਂਚੀ ਦਾ ਨਾਉਂ ਭਾਈ ਗੁਰੁਦਾਸ ਜੀ ਨੇ ਕਾਂਤੀ ਲਿਖਿਆ ਹੈ. ਦੇਖੋ, ਕਾਂਤੀ.

ਕਾਚੀਨਗਰੀ: ਨਾਪਾਇਦਾਰ ਨਗਰੀ. ਭਾਵ- ਦੇਹ. ਸ਼ਰੀਰ.

ਕਾਚੀਪਿੰਡੀ: ਵਿ- ਕੱਚੀ ਦੇਹ ਵਾਲਾ. ਜਿਸ ਨੇ ਬ੍ਰਹਮਚਰਯ ਨਾਲ ਸ਼ਰੀਰ ਨੂੰ ਪਕਾਇਆ ਨਹੀਂ. "ਕਾਚੀਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ." (ਮਾਰੂ ਅਃ ਮਃ ੧)

ਕਾਚੁ: ਦੇਖੋ, ਕਾਚ. ਕੰਚ. "ਆਚੁ ਕਾਚੁ ਢਰਿਪਾਹੀ." (ਮਲਾ ਅਃ ਮਃ ੧) ਅਰਚਿ (ਅੱਗ ਦੀ ਲਾਟ) ਵਿੱਚ ਕੰਚ ਢਲ ਪੈਂਦਾ ਹੈ.

ਕਾਂਚੁਰੀ: ਸੰ. कञ्चुलिका ਕੰਚੁਲਿਕਾ. ਸੰਗਯਾ- ਕੰਜ. ਸੱਪ ਦੀ ਪੁਰਾਣੀ ਹੋਈ ਤੁਚਾ. "ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ." (ਸ. ਕਬੀਰ)

ਕਾਚੂ: ਤੁ. ਚਾਕੂ. ਕਲਮਤਰਾਸ਼.

ਕਾਛ: ਸੰਗਯਾ- ਮਿਣਤੀ। ੨. ਬਜੋਂਤ। ੩. ਕੱਛ. ਜਾਂਘੀਆ। ੪. ਨਟ ਦਾ ਵੇਸ਼. "ਤਉ ਨੈ ਕਾਛ ਕਾਛ ਅਨੁਹਾਰਾ." (ਰਘੁਰਾਜ) ੫. ਵਸਤ੍ਰ ਆਦਿਕ ਦੇ ਪਹਿਰਨ ਦੀ ਕ੍ਰਿਯਾ. "ਨਟ ਜਸੋਂ ਕਾਛ ਬੇਸ." (ਗੁਪ੍ਰਸੂ)

ਕਾਛਨ: ਸੰਗਯਾ- ਕਾਛੀ (ਕਛ ਵਿੱਚ ਖੇਤੀ ਕਰਨ ਵਾਲੇ) ਦੀ ਇਸਤ੍ਰੀ. ਕੂੰਜੜਨੀ. "ਕਾਛਨ ਏਕ ਤਹਾਂ ਮਿਲ ਗਈ." (ਦੱਤਾਵ) ੨. ਦੇਖੋ, ਕਾਛਨਾ.

ਕਾਛਨਾ: ਕ੍ਰਿ- ਮਿਣਨਾ। ੨. ਬਜੋਂਤਣਾ। ੩. ਲਿਬਾਸ ਦਾ ਪਹਿਰਨਾ. "ਅਨਿਕ ਸ੍ਵਾਂਗ ਕਾਛੇ ਭੇਖਧਾਰੀ." (ਕਾਨ ਮਃ ੫) ੪. ਨਟ ਦਾ ਵੇਸ਼ ਧਾਰਨਾ। ੫. ਸਜਾਉਣਾ. ਸਿੰਗਾਰਨਾ. "ਨਿਜ ਨਿਜ ਬਾਹਨ ਕਾਛਨ ਕਰੇ." (ਗੁਪ੍ਰਸੂ) "ਮੰਡਲੀਕ ਬੋਲ ਬੋਲਹਿ ਕਾਛੇ." (ਮਲਾ ਨਾਮਦੇਵ) ਸਨੱਧ ਬੱਧ ਮੰਡਲੀਕ ਬੋਲ ਬੋਲਹਿਂ.

ਕਾਛਨੀ: ਸੰਗਯਾ- ਛੋਟੀ ਕੱਛ. ਕਛਨੀ. "ਕਟਿ ਕਮਨੀਯ ਪੈ ਕਰਤ ਕਲ ਕੇਲਿ ਐਸੀ ਕਾਛਨੀ ਕਲਾਨਿਧਿ ਕਲਾ ਸੀ ਕਾਨ੍ਹ ਪਜਾਰੇ ਕੀ." (ਗ੍ਵਾਲ)

ਕਾਛਰ, ਕਾਛੜ: ਸੰ. कच्छ ਕੱਛ. ਸੰਗਯਾ- ਨਦੀ ਅਤੇ ਸਮੁੰਦਰ ਦੇ ਕਿਨਾਰੇ ਦਾ ਦੇਸ਼। ੨. ਪਹਾੜ ਦਾ ਦਾਮਨ.

ਕਾਂਛਾ: ਚਾਹ. ਇੱਛਾ. ਦੇਖੋ, ਕਾਂਖਾ. "ਕਾਂਛਾ ਇਹੈ ਸਦਾ ਉਰ ਅੰਤਰ." (ਸਲੋਹ) "ਮੋਰ ਜਿਮ ਵਾਕ ਆਛੇ ਜੀਵਨ ਕੋ ਭੱਛ ਕਾਂਛੇ." (ਗੁਪ੍ਰਸੂ)

ਕਾਛਿ: ਦੇਖੋ, ਕਾਛੀ। ੨. ਕਤਰ ਬਜੋਂਤਕੇ ਬਣਾਈ ਹੋਈ ਪੋਸ਼ਾਕ. "ਕਰਿ ਸੰਜੋਗੁ ਬਨਾਈ ਕਾਛਿ." (ਰਾਮ ਮਃ ੫) ਇਸ ਥਾਂ ਦੇਹ ਪੋਸ਼ਾਕ ਹੈ। ੩. ਕੱਛ (ਬਜੋਂਤ) ਕੇ.

ਕਾਛਿ ਕੂਛਿ: ਕਤਰ ਬਜੋਂਤਕੇ. ਕਾਟ ਤਰਾਸ਼ ਕਰਕੇ। ੨. ਸਿੰਗਾਰ ਸਵਾਰਕੇ. "ਕਾਛਿ ਕੂਛਿ ਤਨੁ ਦੀਨਾ." (ਸੋਰ ਕਬੀਰ)

ਕਾਛੀ: ਮਿਣੀ. ਬਜੋਂਤੀ. ਦੇਖੋ, ਕਾਛਨਾ। ੨. ਸੰਗਯਾ- ਕੱਛ ਵਿੱਚ ਖੇਤੀ ਕਰਨ ਵਾਲਾ. ਕੂੰਜੜਾ. ਰਾਈਂ. ਮਾਲੀ. "ਕਾਛੀ ਨੇ ਪੇਡ ਤੇ ਤੂਤ ਗਿਰਾਏ." (ਚੰਡੀ ੧)

ਕਾਛੂ: ਵਿ- ਕਾਛ (ਮਿਣਤੀ) ਕਰਨ ਵਾਲਾ. ਖੇਤ ਦੀ ਕੂਤ ਕਰਨ ਵਾਲਾ। ੨. ਦੇਖੋ, ਕਾਛੀ ੨.

ਕਾਛੇ: ਦੇਖੋ, ਕਾਛਨਾ। ੨. ਸਜੇ ਹੋਏ. ਸੁੰਦਰ ਲਿਬਾਸ ਵਾਲੇ.

ਕਾਛੈ: ਦੇਖੋ, ਕਾਛਨਾ। ੨. ਡਿੰਗ. ਕਿਆ ਹੈ? ਕੀ ਹੈ?

ਕਾਜ: ਸੰ. ਸੰਗਯਾ- ਮੇਖ਼ਚੂ. ਕਾਠ ਦਾ ਹਥੌੜਾ, ਜਿਸ ਨਾਲ ਕਿੱਲੇ ਗੱਡੀਦੇ ਹਨ। ੨. ਸੰ. ਕਾਯੰ. ਕੰਮ. "ਕਾਜ ਹਮਾਰੇ ਪੂਰੇ ਸਤਿਗੁਰ." (ਰਾਮ ਮਃ ੫) ੩. ਦੇਖੋ, ਕਜਣਾ. ਢਕਣਾ. "ਤਉ ਮੁਖ ਕਾਜਿ ਲਜੋ." (ਸਾਰ ਮਃ ੫) ਤਾਂ ਲੱਜਾ ਨਾਲ ਮੂੰਹ ਕੱਜ (ਢਕ) ਲਿਆ। ੪. ਡਿੰਗ. ਸ਼੍ਰਾਧ. ਮਹੋਛਾ. "ਜਜਿ ਕਾਜਿ ਵੀਆਹਿ ਸੁਹਾਵੈ." (ਵਾਰ ਮਲਾ ਮਃ ੧) ਦੇਵਤਾ ਦੇ ਯਜਨ (ਪੂਜਨ) ਸ਼੍ਰਾਧ, ਅਤੇ ਵਿਆਹ ਵਿੱਚ ਮਾਸ ਸੁਹਾਵੈ। ੫. ਸਿੰਧੀ. ਪ੍ਰੀਤਿਭੋਜਨ. ਜਿਆਫ਼ਤ। ੬. ਤੁ. قاز ਕ਼ਾਜ਼. ਮੱਘ. ਜੰਗਲੀ ਬੱਤਕ। ੭. ਕੁੜਤੇ ਕੋਟ ਆਦਿ ਦੇ ਗੁਦਾਮ ਅੜਾਉਣ ਦੇ ਛਿਦ੍ਰ (batton- hole) ਨੂੰ ਭੀ ਕਾਜ ਆਖਦੇ ਹਨ.

ਕਾਜਨ: ਸੰਗਯਾ- ਕਾਜੀ ਦੀ ਇਸਤ੍ਰੀ. "ਕਾਜੀ ਅਰੁ ਕਾਜਨ ਮਨ ਜਾਨੈ." (ਗੁਪ੍ਰਸੂ)

ਕਾਜਰ, ਕਾਜਲ, ਕਾਜਲੁ: ਸੰ. ਕੱਜਲ. ਸੰਗਯਾ- ਸੁਰਮਾ. ਸਿਆਹੀ. "ਕਾਜਰਕੋਠ ਮਹਿ ਭਈ ਨ ਕਾਰੀ." (ਆਸਾ ਮਃ ੫) "ਕਾਜਲ ਹਾਰ ਤੰਬੋਲ ਸਭੈਕਿਛੁ ਸਾਜਿਆ." (ਫੁਨਹੇ ਮਃ ੫)

"ਕਾਜਲੁ ਹਾਰੁ ਤਮੋਲ ਰਸੁ." (ਵਾਰ ਮਾਰੂ ੨. ਮਃ ੫)

ਕਾਜਾ: ਅ਼. قازہ ਕ਼ਾਯਜ਼ਹ. ਘੋੜੇ ਦੇ ਮੁਖ ਵਿੱਚ ਲਗਾਮ ਦੇਕੇ ਬਾਗਾਂ ਦਾ ਫਰਾਕੀ ਅਥਵਾ ਕਾਠੀ ਨਾਲ ਖਿੱਚਕੇ ਬੰਨ੍ਹਣਾ, ਜਿਸ ਤੋਂ ਦਾਣਾ ਅਤੇ ਘਾਹ ਨਾ ਚਰ ਸਕੇ. "ਜਬਹਿ ਸਬਦ ਨੇ ਮਨ ਸਮਝਾਯੋ। ਕਾਜਾ ਕਰਨ ਬਾਜਿ ਸਮ ਭਾਯੋ." (ਨਾਪ੍ਰ) ਘੋੜੇ ਨੂੰ ਮਸਾਲਾ ਚਾਰਕੇ ਕਾਜਾ ਕਰੀਦਾ ਹੈ, ਜਿਸ ਤੋਂ ਹਾਜਮਾ ਠੀਕ ਹੋ ਜਾਂਦਾ ਹੈ.

ਕਾਜਿ: ਦੇਖੋ, ਕਾਜ। ੨. ਕਾਯੰ ਮੇ. ਕੰਮ ਵਿੱਚ। ੩. ਸ਼੍ਰੱਧ ਮੇ। ੪. ਕਾਰਾਮਦ. "ਤੇਰੈ ਕਾਜਿ ਨ ਗ੍ਰਿਹ ਰਾਜ ਮਾਲ." (ਰਾਮ ਮਃ ੫)

ਕਾਜੀ: ਅ਼. قضی ਕ਼ਾਜੀ. ਕ਼ਜਾ (ਫ਼ੈਸਲਾ) ਕਰਨ ਵਾਲਾ. ਝਗੜਾ ਨਿਬੇੜਨ ਵਾਲਾ, ਜੱਜ. "ਕਾਜੀ ਹੋਇਕੈ ਬਹੈ ਨਿਆਇ." (ਵਾਰ ਰਾਮ ੧. ਮਃ ੧) "ਕਾਜੀ ਮੁਲਾ ਕਰਹਿ ਸਲਾਮ." (ਭੈਰ ਨਾਮਦੇਵ) ੨. ਕਾਯੰ ਦੀ. ਕੰਮ ਦੀ. "ਕੀਮਤਿ ਅਪਨੇ ਕਾਜੀ." (ਗਉ ਮਃ ੧)

ਕਾਂਜੀ: ਸੰ. कात्र्जिक ਕਾਂਜਿਕ. ਸੰਗਯਾ- ਇੱਕ ਪ੍ਰਕਾਰ ਦਾ ਖੱਟਾ ਰਸ ਜੋ ਰਾਈ ਆਦਿਕ ਦੇ ਮੇਲ ਤੋਂ ਬਣਦਾ ਹੈ. ਇਹ ਪਾਚਕ ਹੁੰਦਾ ਹੈ ਅਤੇ ਜਿਗਰ ਦੀ ਗਰਮੀ ਦੂਰ ਕਰਨ ਨੂੰ ਗੁਣਕਾਰੀ ਹੈ.

ਕਾਜੁ: ਕਾਯੰ. ਦੇਖੋ, ਕਾਜ. "ਤਿਤੁ ਬਿਗਰਸਿ ਕਾਜੁ." (ਭੈਰ ਮਃ ੫)

ਕਾਜੇ: ਦੇਖੋ, ਕਾਜਾ। ੨. ਦੇਖੋ, ਕਜਣਾ. "ਪੜਦੇ ਸਭ ਕਾਜੇ." (ਰਾਮ ਮਃ ੫) ਪੜਦੇ ਕੱਜੇ (ਢਕੇ).

ਕਾਜੈ: ਕਾਯੰ ਹੈ। ੨. ਕਾਰਾਮਦ. "ਜੋ ਜਾਨਹਿ ਤੂ ਅਪੁਨੇ ਕਾਜੈ." (ਗਉ ਮਃ ੫)

ਕਾਂਝਲਾ: ਦੇਖੋ, ਝਿੜਾਸਾਹਿਬ.

ਕਾਟ: ਸੰਗਯਾ- ਕੱਟਣ ਦੀ ਕ੍ਰਿਯਾ। ੨. ਵਸਤ੍ਰ ਆਦਿਕ ਦੀ ਬਯੋਂਤ. ਤਰਾਸ਼। ੩. ਘਾਉ. ਜ਼ਖ਼ਮ। ੪. ਸੰ. ਗਹਿਰਾਈ. ਡੂੰਘਿਆਈ। ੫. ਰਕਮ ਦੀ ਮਿਨਹਾਈ (deduction). ਜਿਵੇਂ- ਤਨਖਾਹ ਵਿੱਚੋਂ ਪੰਜ ਰੁਪਯੇ ਮਹੀਨਾ ਕਾਟ.

ਕਾਟਕੂਟ: ਕੱਟ ਵੱਢ. ਬਯੋਂਤ ਤਰਾਸ਼। ੨. ਕੱਟਣ ਅਤੇ ਗਾਹੁਣ ਦੀ ਕ੍ਰਿਯਾ.

ਕਾਟਨ, ਕਾਟਨਾ: ਸੰ. कर्त्तन ਕਤੰਨ. ਕ੍ਰਿ- ਵੱਢਣਾ. ਕੱਟਣਾ. "ਅਤਿ ਤੀਖਨ ਮੋਹ ਕੀ ਫਾਸ, ਕਾਟਨਹਾਰ ਜਗਤਗੁਰੁ." (ਗਉ

ਮਃ ੫)

**ਕਾਂਟਾ:** ਸੰ. ਕੰਟਕ. ਸੰਗਯਾ- ਕੰਡਾ.

**ਕਾਟਿ:** ਕੱਟਕੇ. "ਕਾਟਿ ਜੇਵਰੀ ਜਨ ਲੀਏ ਛਡਾਈ." (ਪ੍ਰਭਾ ਮਃ ੫)

**ਕਾਟਿ ਕੂਟਿ:** ਕੱਟ ਵੱਢਕੇ. ਕੁੱਟਕੇ ਅਤੇ ਕੱਟਕੇ. "ਕਾਟਿ ਕੂਟਿਕੈ ਡਾਰੀ." (ਆਸਾ ਕਬੀਰ)

**ਕਾਟੀ, ਕਾਟੇ, ਕਾਟੈ:** ਕੱਟ ਦਿੱਤੀ. ਕੱਟ ਦੇਵੇ. ਕੱਟ ਦਿੱਤੇ. ਕੱਟਦਾ ਹੈ. ਦੇਖੋ, ਕਾਟਨਾ. "ਨਾਕਹੁ ਕਾਟੀ ਕਾਨਹੁਕਾਟੀ." (ਆਸਾ ਕਬੀਰ) "ਕਹੁ ਨਾਨਕ ਗੁਰ ਬੰਧਨ ਕਾਟੇ." (ਸਾਰ ਮਃ ੫) "ਸਤਿਗੁਰੁ ਸਿਖ ਕੇ ਬੰਧਨ ਕਾਟੈ." (ਸੁਖਮਨੀ)

**ਕਾਟੋ:** ਦੇਖੋ, ਗਿਲਹਰੀ.

**ਕਾਠ:** ਸੰ. ਕਾਸ਼੍ਠ. "ਕਾਠ ਕੀ ਪੁਤਰੀ ਕਹਾ ਕਰੈ ਬਪੁਰੀ?" (ਗਉ ਮਃ ੫)

**ਕਾਠ ਕੀ ਰੋਟੀ:** ਦੇਖੋ, ਰੋਟੀ ਕਾਠ ਕੀ.

**ਕਾਠਗੜ੍ਹ:** ਦੇਖੋ, ਕਠਗੜ੍ਹ। ੨. ਇਸ ਨਾਉਂ ਦੇ ਕਈ ਪਿੰਡ ਦੇਖੀਦੇ ਹਨ। ੩. ਖ਼ਾ. ਚਿੱਤਾ. ਚਿਖਾ.

**ਕਾਠਮਾਰਨਾ:** ਕਾਠ ਦਾ ਸ਼ਿਕੰਜੇ ਵਿੱਚ ਲੱਤ ਫਸਾਕੇ ਜੰਦ੍ਰਾ ਮਾਰਨਾ. ਪੁਰਾਣੇ ਸਮੇਂ ਇਹ ਕਰੜੀ ਸਜਾ ਲੋਕਾਂ ਨੂੰ ਦਿੱਤੀ ਜਾਂਦੀ ਸੀ. ਖਾਸ ਕਰਕੇ ਮਾਲੀ ਅਹੁਦੇਦਾਰ ਜਿਮੀਦਾਰਾਂ ਨੂੰ ਮੁਆਮਲਾ ਵਸੂਲ ਕਰਨ ਲਈ ਕਾਠ ਮਾਰਿਆ ਕਰਦੇ ਸਨ.

**ਕਾਠਮੰਡਪ, ਕਾਠ੍ਮੰਡੂ:** ਦੇਖੋ, ਕਠਮੰਡੂ.

**ਕਾਠਾ:** ਵਿ- ਕਾਠ ਜੇਹਾ ਕਰੜਾ। ੨. ਕਾਠ ਦਾ। ੩. ਜੋ ਪਿਉਂਦੀ (ਪਿਵੰਦੀ) ਨਹੀਂ. ਜਿਵੇਂ- ਕਾਠਾ ਅੰਬ, ਕਾਠਾ ਬੇਰ। ੪. ਦੇਖੋ, ਕਾਸ਼੍ਠਾ.

**ਕਾਂਠਾ:** ਸੰਗਯਾ- ਕੰਢਾ. ਕਿਨਾਰਾ. ਤਟ। ੨. ਦੇਖੋ, ਕੰਠਾ.

**ਕਾਠਿਯਾਵਾੜ:** ਦੇਖੋ, ਕਾਠੀਆਵਾੜ.

**ਕਾਠੀ:** ਸੰਗਯਾ- ਘੋੜੇ ਦਾ ਜ਼ੀਨ, ਜੋ ਕਾਠ ਦਾ ਬਣਾਕੇ ਉੱਪਰੋਂ ਚੰਮ ਅਥਵਾ ਰੇਸ਼ਮੀ ਵਸਤ੍ਰ ਨਾਲ ਮੜ੍ਹੀਦਾ ਹੈ। ੨. ਕਾਸ਼੍ਠ. ਕਾਠ. ਇੰਧਨ. ਲੱਕੜ. "ਕਾਠੀ ਧੋਇ ਜਲਾਵਹਿ." (ਆਸਾ ਕਬੀਰ) "ਤਨੁ ਭਇਆ ਕਾਠੀ." (ਗਉ ਕਬੀਰ) ਦੇਹਾਭਿਮਾਨ ਬਾਲਣ ਦੀ ਥਾਂ ਹੋਇਆ। ੩. ਸ਼ਰੀਰ ਦਾ ਪਿੰਜਰ। ੪. ਸੰ. ਕਾਸ਼੍ਠਾ. ਸ੍ਥਿਤੀ. ਠਹਿਰਾਉ. "ਕਾਠੀ ਭਿੰਨ ਭਿੰਨ ਭਿੰਨ ਤਣੀਏ." (ਰਾਮ ਮਃ ੫) ਮਣਕਿਆਂ ਦੀ ਇਸਥਿਤੀ ਮਾਲਾ ਵਿੱਚ ਅਲਗ ਅਲਗ ਹੈ.

**ਕਾਠੀਆ:** ਇੱਕ ਰਾਜਪੂਤ ਗੋਤ੍ਰ. ਦੇਖੋ, ਕਾਠੀਆਵਾੜ.

**ਕਾਠੀਆਵਾੜ:** ਕਾਠੀਆ ਜਾਤਿ ਦੇ ਰਾਜਪੂਤਾਂ ਦਾ ਦੇਸ਼. ਸੁਰਾਸ਼੍ਟ੍ਰ ਦੇਸ਼. ਬੰਬਈ ਹਾਤੇ ਵਿੱਚ ਕੱਛ ਦੀ ਖਾਡੀ ਤੋਂ ਲੈ ਕੇ ਖੰਭਾਤ ਦੀ ਖਾਡੀ ਤੀਕ ਗੁਜਰਾਤ ਦੇ ਪੱਛਮੀ ਭਾਗ ਵਿੱਚ ਇਹ ਦੇਸ਼ ਹੈ. ਇਸ ਦੀ ਲੰਬਾਈ ੨੨੦ ਮੀਲ, ਚੌੜਾਈ ੧੬੫ ਮੀਲ ਹੈ. ਰਕਬਾ ੨੦, ੮੮੨ ਵਰਗ ਮੀਲ ਅਤੇ ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਜਨਸੰਖ੍ਯਾ ੨, ੫੪੨, ੫੩੫ ਹੈ.

**ਕਾਠੀ ਦਰਵਾਜ਼ਾ:** ਸ਼੍ਰੀ ਨਗਰ, ਕਸ਼ਮੀਰ ਦੀ ਰਾਜਧਾਨੀ, ਦਾ ਇੱਕ ਦਰਵਾਜ਼ਾ, ਜੋ ਪੁਰਾਣੇ ਸਮੇਂ ਸੁੰਦਰ ਕਾਠ ਦਾ ਬਣਿਆ ਹੋਇਆ ਸੀ. ਇਸੇ ਦਰਵਾਜ਼ੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਗਰ ਵਿੱਚ ਪ੍ਰਵੇਸ਼ ਹੋਏ ਹਨ. "ਜਹਾਂ ਹੁਤੋ ਕਾਠੀ ਦਰਵਾਜਾ। ਕਿਯੋ ਪ੍ਰਵੇਸ਼ ਗਰੀਬਨਿਵਾਜਾ." (ਗੁਪ੍ਰਸੂ)

**ਕਾਠੀਵੰਡ:** ਪੁਰਾਣੇ ਸਮੇਂ ਦੀ ਇੱਕ ਵੰਡ (ਤਕਸੀਮ), ਜੋ ਹਰ ਘੋੜੇ ਪਿੱਛੇ ਇੱਕੋ ਜੇਹੀ ਹੁੰਦੀ ਸੀ. ਜੇ ਮੁਲਕ ਸੌ ਸਵਾਰ ਨੇ ਮਿਲਕੇ

ਫਤੇ ਕੀਤਾ ਹੈ, ਤਦ ਸਰਦਾਰ ਅਤੇ ਸਿਪਾਹੀ ਦਾ ਖ਼ਿਆਲ ਕਿਨਾਰੇ ਰੱਖਕੇ, ਹਰੇਕ ਕਾਠੀ (ਘੋੜੇ) ਪਿੱਛੇ ਇੱਕੋ ਜੇਹਾ ਸੌ ਹਿੱਸੇ ਵਿੱਚ ਵੰਡਣਾ.

ਕਾਠੁ: ਦੇਖੋ, ਕਾਠ.

ਕਾਠੈ, ਕਾਂਠੈ: ਕ੍ਰਿ. ਵਿ- ਕੰਢੇ. ਕਿਨਾਰੇ। ੨. ਪਾਸੇ. ਇੱਕ ਤਰਫ. "ਕਾਠੈ ਰਹਿਗਇਓ ਰਾਮ." (ਸ. ਕਬੀਰ)

ਕਾਂਡ: ਸੰ. काण्ड ਸੰਗਯਾ- ਬਿਰਛ ਦਾ ਟਾਹਣਾ। ੨. ਦਰਖ਼ਤ ਦਾ ਧੜ. ਪੋਰਾ। ੩. ਬਾਂਸ ਅਥਵਾ ਗੰਨੇ ਦੀ ਪੋਰੀ, ਜੋ ਦੋ ਗੱਠਾਂ ਦੇ ਵਿਚਕਾਰਲਾ ਭਾਗ ਹੈ। ੪. ਸਰਕੁੜਾ. ਸ਼ਰਕਾਂਡ। ੫. ਹਿੱਸਾ. ਵਿਭਾਗ. ਜਿਵੇਂ ਕਰਮ ਉਪਾਸਨਾ ਅਤੇ ਗ੍ਯਾਨ ਕਾਂਡ। ੬. ਕਿਸੇ ਗ੍ਰੰਥ ਦਾ ਪ੍ਰਕਰਣ, ਅਧ੍ਯਾਯ ਅਥਵਾ ਬਾਬ. ਜਿਵੇਂ ਰਾਮਾਇਣ ਦੇ ਸੱਤ ਕਾਂਡ। ੭. ਸਮੂਹ. ਸਮੁਦਾਯ। ੮. ਜਲ। ੯. ਥਮਲਾ. ਖੰਭਾ। ੧੦. ਮੌਕਾ. ਅਵਸਰ। ੧੧. ਪੱਥਰ। ੧੨. ਨਾੜੀਆਂ ਦਾ ਸਮੁਦਾਯ। ੧੩. ਵਿ- ਬੁਰਾ. ਮੰਦ.

ਕਾਂਡੀ: ਸੰਗ੍ਯਾ- ਜਨਮਪਤ੍ਰੀ, ਜਿਸ ਦੇ ਬਾਰਾਂ ਕਾਂਡ ਹਨ. "ਗਣਿ ਗਣਿ ਜੋਤਿਕੁ ਕਾਂਡੀ ਕੀਨੀ." (ਰਾਮ ਅਃ ਮਃ ੧) ੨. ਵੇਦ ਦੀ ਸ਼ਾਖਾ. ਸੰ. काण्डिका "ਵੇਦਾਂ ਕੀ ਕਾਂਡੀਆਂ ਮੈ ਕਹਾ ਥਾ." (ਜਸਭਾਮ)

ਕਾਢ: ਨਵੀਂ ਤਜਵੀਜ਼. ਦਿਲ ਤੋਂ ਕੱਢੀ ਹੋਈ ਬਾਤ. ਦੇਖੋ, ਕਾਢਨਾ। ੨. ਦੇਖੋ, ਕਾਢਿ.

ਕਾਢਕੁ: ਵਿ- ਤਜਵੀਜ਼ ਸੋਚਣ ਵਾਲਾ. ਨਵੀਂ ਜੁਗਤ ਕੱਢਣ ਵਾਲਾ. "ਮਤੜੀ ਕਾਢਕੁ ਆਹਿ ਪਾਵ ਧੋਵੰਦੇ ਪੀਵਸਾਂ." (ਵਾਰ ਮਾਰੂ ੨. ਮਃ ੫) ਜੋ ਚਮਤਕਾਰੀ ਬੁੱਧਿ ਦੇ ਬਲ ਕਰਕੇ ਪਰਮਾਰਥ ਵਿਚਾਰ ਸੋਚਣ ਵਾਲਾ ਹੈ.

ਕਾਢਨਾ: ਕ੍ਰਿ- ਕੱਢਣਾ. ਨਿਕਾਲਨਾ। ੨. ਸੂਈ ਅਥਵਾ ਕ਼ਲਮ ਨਾਲ ਚਿਤ੍ਰ ਖਿੱਚਣਾ। ੩. ਕੋਈ ਨਵੀਂ ਗੱਲ ਦਿਲ ਤੋਂ ਪੈਦਾ ਕਰਨੀ। ੪. ਵੱਖ ਕਰਨਾ. ਜੁਦਾ ਕਰਨਾ. ਮਖ਼ਸੂਸ ਕਰਨਾ.

ਕਾਢਾ: ਸੰਗ੍ਯਾ- ਮਕੌੜਾ. ਮੋਟੇ ਸਿਰ ਵਾਲਾ ਕੀੜਾ, ਜਿਸ ਨੂੰ ਢੱਕ ਪੁਰ ਵਿਸ਼ੇਸ਼ ਰਹਿਣ ਕਰਕੇ ਢੱਕਮਕੌੜਾ ਸਦਦੇ ਹਨ। ੨. ਖੂਹ ਵਿੱਚ ਗੋਤਾ ਮਾਰਕੇ ਡੁੱਬੀ ਵਸਤੁ ਕੱਢਣ ਵਾਲਾ। ੩. ਕਿਸੇ ਤੋਂ ਲੀਤਾ ਉਧਾਰ.

ਕਾਂਢਾ: ਸੰਗ੍ਯਾ- ਕਿਨਾਰਾ. ਤਟ. ਕੰਢਾ. "ਮਹਾ ਤਰੰਗ ਤੇ ਕਾਂਢੈ ਲਾਗਾ." (ਪ੍ਰਭਾ ਅਃ ਮਃ ੫)

ਕਾਢਿ: ਦੇਖੋ, ਕਾਢ। ੨. ਸੰਗ੍ਯਾ- ਕਾੜ੍ਹਾ. ਕ੍ਵਾਥ. "ਕਾਢਿ ਕੁਠਾਰ ਪਿਤ ਬਾਤ ਹੰਤਾ." (ਟੋਡੀ ਮਃ ੫) ਦੇਖੋ, ਕੁਠਾਰ। ੩. ਕ੍ਰਿ. ਵਿ- ਕੰਢੇ. ਕਿਨਾਰੇ. "ਬਿਖ ਡੁਬਦਾ ਕਾਢਿ ਕਢੀਜੈ." (ਕਲਿ ਅਃ ਮਃ ੪)

੪. ਕੱਢਕੇ. ਨਿਕਾਲਕੇ. "ਕਾਢਿ ਖੜਗੁ ਗੁਰਗਿਆਨ ਕਰਾਰਾ." (ਕਲਿ ਅਃ ਮਃ ੪)

ਕਾਂਢਿਆ, ਕਾਂਢੀ, ਕਾਢੀਅਹਿ, ਕਾਂਢੀਐ: ਵਿਸ਼ੇਸ਼ ਕਰਕੇ ਦੱਸਿਆ. ਦੇਖੋ, ਕਾਢਨਾ ੪। ੨. ਕਥਨ ਕੀਤਾ. "ਸੇਵਕ ਸੇਈ ਕਾਂਢਿਆ." (ਵਡ ਛੰਤ ਮਃ ੫) ੩. ਕਥਿਤ. ਕਹਿਆ ਹੋਇਆ. "ਚਹੁ ਜੁਗੀ ਕਲਿਕਾਲੀ ਕਾਂਢੀ." (ਵਾਰ ਸੋਰ ਮਃ ੩) ਸਾਰੇ ਜੁਗਾਂ ਵਿੱਚ ਕਲਿਯੁਗ ਕਲੰਕਿਤ ਕਥਨ ਕੀਤਾ ਹੈ। ੪. ਕਥਨ ਕੀਤਾ ਜਾਂਦਾ ਹੈ. ਕਹੀਦਾ ਹੈ. "ਸਭ ਕਿਛੁ ਤਾਂਕਾ ਕਾਢੀਐ." (ਆਸਾ ਮਃ ੫) "ਨਾਨਕ ਆਸਕੁ ਕਾਂਢੀਐ ਸਦਹੀ ਰਹੈ ਸਮਾਇ." (ਵਾਰ ਆਸਾ ਮਃ ੨)

ਕਾਂਢੇ: ਦੇਖੋ, ਕਾਂਢਾ। ੨. ਕਹੇ ਗਏ. "ਰਾਮ, ਹਮ ਸਤਿਗੁਰ ਲਾਲੇ ਕਾਂਢੇ." (ਗਉ ਮਃ ੪)

ਕਾਣ: ਸੰਗ੍ਯਾ- ਨ੍ਯੂਨਤਾ. ਕਮੀ। ੨. ਵਿੰਗ. ਟੇਢ। ੩. ਹੁਕੂਮਤ। ੪. ਇਹਸਾਨ। ੫. ਸੰ. ਕਾਣਾ. ਇੱਕ ਨੇਤ੍ਰ ਰਹਿਤ.

ਕਾਣਾ: ਦੇਖੋ, ਕਾਣ ੫। ੨. ਕਾਂਉਂ. ਕਾਕ. ਕਾਂਉਂ ਦਾ ਨਾਉਂ ਕਾਣਾ ਪੈਣ ਦਾ ਮੂਲ ਇਹ ਹੈ ਕਿ ਇੰਦ੍ਰ ਦੇ ਪੁਤ੍ਰ ਜਯੰਤ ਨੇ ਕਾਂਉਂ ਦੀ ਸ਼ਕਲ ਬਣਾਕੇ ਸੀਤਾ ਦੇ ਪੈਰ ਵਿੱਚ ਚੁੰਜ ਨਾਲ ਲਹੂ ਚਲਾ ਦਿੱਤਾ, ਰਾਮਚੰਦ੍ਰ ਜੀ ਨੇ ਉਸ ਦੀ ਇੱਕ ਅੱਖ ਤੀਰ ਨਾਲ ਭੰਨੀ. ਸੰਸਕ੍ਰਿਤ ਗ੍ਰੰਥਾਂ ਵਿੱਚ ਇਹ ਭੀ ਲਿਖਿਆ ਹੈ ਕਿ ਕਾਂਉਂ ਦੀ ਡੇਲੀ ਇੱਕ ਹੁੰਦੀ ਹੈ, ਜੋ ਦੋਹਾਂ ਅੱਖਾਂ ਵਿੱਚ ਫਿਰਦੀ ਰਹਿੰਦੀ ਹੈ. ਪਰ ਅਸੀਂ ਕਾਂਉਂ ਨੂੰ ਫੜਕੇ ਚੰਗੀ ਤਰਾਂ ਦੇਖਿਆ ਹੈ ਅਤੇ ਇਹ ਬਾਤ ਨਿਰਮੂਲ ਪਾਈ ਹੈ ੩. ਨਾਮਦੇਵ ਨੇ ਧਰਮ ਅਤੇ

ਵਿਹਾਰ ਦੋ ਨੇਤ੍ਰ ਮੰਨਕੇ, ਜਿਸ ਵਿੱਚ ਇੱਕ ਦਾ ਅਭਾਵ ਹੈ ਉਸ ਨੂੰ ਕਾਣਾ ਲਿਖਿਆ ਹੈ. ਯਥਾ, "ਹਿੰਦੂ ਅੰਨਾ ਤੁਰਕੂ ਕਾਣਾ." (ਗੌਂਡ ਨਾਮਦੇਵ) ਹਿੰਦੂਆਂ ਨੇ ਧਰਮ ਅਤੇ ਨੀਤਿ ਦੋਵੇਂ ਤਯਾਗ ਦਿੱਤੇ ਇਸ ਕਰਕੇ ਅੰਨ੍ਹੇ ਅਤੇ ਤੁਰਕਾਂ ਨੇ ਕੇਵਲ ਦੁਨੀਆਂ ਮੁੱਖ ਸਮਝਕੇ ਧਰਮ ਨੂੰ ਪਿੱਠ ਦੇ ਦਿੱਤੀ ਇਸ ਲਈ ਕਾਣੇ ਹੋ ਗਏ. ਨਾਮਦੇਵ ਜੀ ਨੇ ਸਮੇਂ ਦੀ ਦਸ਼ਾ ਨੂੰ ਦੇਖਕੇ ਸਾਧਾਰਣ ਰੀਤਿ ਕਰਕੇ ਇਹ ਵਾਕ ਕਹਿਆ ਹੈ. ਇਸ ਪ੍ਰਸੰਗ ਦੀ ਪੁਸ਼੍ਟੀ ਮੱਕੇ ਦੀ ਗੋਸਟ (ਗੋਸ਼੍ਠਿ) ਵਿੱਚ ਭੀ ਹੈ-

"ਅੰਧੇ ਕਾਣੇ ਦੋਜਕੀ ਦੋਜਕ ਪੜਨੀ ਜਾਇ,

ਕਾਣੇ ਦਾ ਛਡ ਸੰਗ ਤੂੰ ਅੰਧੇ ਨਾਲ ਨ ਪਾਇ,

ਨਾਨਕ ਕਲਿ ਵਿੱਚ ਨਿਰਮਲੀ ਗੁਰਸਿੱਖੀ ਪਰਵਾਨ,

ਅਗਨਿਤ ਲੰਘੇ ਉੱਮਤੀ ਸੱਚ ਨਾਮ ਪਰਧਾਨ."

ਅਤ੍ਰਿ ਸਿਮ੍ਰਿਤ ਦੇ ਸ਼ਃ ੩੪੮ ਵਿੱਚ ਲਿਖਿਆ ਹੈ ਕਿ ਵੇਦ ਅਤੇ ਸਿਮ੍ਰਿਤਿ ਦਾ ਗਯਾਨੀ ਸੁਜਾਖਾ ਹੈ, ਜਿਸ ਨੂੰ ਇੱਕ ਦਾ ਗਯਾਨ ਨਹੀਂ ਉਹ ਕਾਣਾ ਹੈ ਜੋ ਦੋਹਾਂ ਤੋਂ ਬਿਨਾ ਹੈ ਉਹ ਅੰਧਾ ਹੈ.

ਕਾਣਿ: ਸੰਗਯਾ- ਦੇਖੋ, ਕਾਣ ਅਤੇ ਕਾਨ. "ਕਾਣਿ ਕਢਨ ਤੇ ਚੂਕਿਪਰੀ." (ਆਸਾ ਮਃ ੫) "ਸਿਰੁ ਦੀਜੈ ਕਾਣਿ ਨ ਕੀਜੈ." (ਸਵਾ ਮਃ ੧)

ਕਾਣੁ: ਦੇਖੋ, ਕਾਣ.

ਕਾਤ: ਅ਼. قاطع ਕ਼ਾਤ਼ਅ਼. ਵਿ- ਕੱਟਣ ਵਾਲਾ। ੨. ਦੇਖੋ, ਕਾਤੀ. ਛੁਰੀ. "ਕਾਤ ਨਿਕਾਰ ਹਨਐ ਬਿਦਰਦ ਕਾਟਨ ਲਗਜੋ." (ਗੁਵਿ ੧੦) ੩. ਦੇਖੋ, ਕਾਤਨਾ.

ਕਾਂਤ: ਸੰ. ਸੰਗਯਾ- ਭਰਤਾ. ਪਤਿ। ੨. ਚੰਦ੍ਰਮਾ। ੩. ਕੇਸਰ। ੪. ਬਸੰਤ ਰੁੱਤ। ੫. ਵਿ- ਸੁੰਦਰ. ਮਨੋਹਰ। ੬. ਕ (ਸੁਖ) ਦਾ ਅੰਤ.

ਕਾਤਣ: ਦੇਖੋ, ਕਾਤਨਾ। ੨. ਸੰਗਯਾ- ਕਤਾਰੀ ਹੋਈ ਲੀਰ. ਵਸਤ੍ਰ ਬਯੋਂਤਣ ਸਮੇਂ ਕੈਂਚੀ ਨਾਲ ਕਤਰਿਆ ਟੁਕੜਾ. "ਕਾਤਣ ਕਤਰੈ ਕਤਰਣੀ." (ਭਾਗੁ)

ਕਾਤਨਾ: ਸੰ. ਕੱਤੰਨ. ਸੰਗਯਾ- ਕੱਤਣਾ. "ਬਿਰਧਾ ਵਸਤ੍ਰ ਕਰਜੋ ਜੋ ਕਾਤ." (ਗੁਪ੍ਰਸੂ)

ਕਾਤਨੀ: ਸੰਗਯਾ- ਉਹ ਪਿਟਾਰੀ, ਜਿਸ ਵਿੱਚ ਕੱਤਣ ਦਾ ਸਾਮਾਨ ਅਤੇ ਕੱਤਿਆ ਹੋਇਆ ਸੂਤ ਰੱਖੀਦਾ ਹੈ. ਕਤੰਨ ਦੀ ਸਹਾਇਤਾ ਕਰਨ ਵਾਲੀ. "ਕਾਤਨੀ ਤੂਲਰੁ ਸੂਤ ਜਿ ਪਾਹੀ." (ਗੁਪ੍ਰਸੂ) ਕੱਤਣੀ, ਤੂਲ (ਰੂੰ) ਅਰੁ (ਅਤੇ) ਸੂਤ ਜੋ ਪਾਸ ਹੈ.

ਕਾਂਤਪਖਾਣ: ਸੰ. ਕਾਂਤਪਾਸ਼ਾਣ. ਸੰਗਯਾ- ਚੁੰਬਕ. ਕਾਂਤਮਣਿ. Loadstone. ਦੇਖੋ, ਮਿਕਨਾਤੀਸ.

ਕਾਤਬ: ਦੇਖੋ, ਕਾਤਿਬ.

ਕਾਤਰ: ਸੰਗਯਾ- ਕਤਰੀ ਹੋਈ ਲੀਰ। ੨. ਪਤਲੀ ਠੀਕਰੀ, ਜੋ ਚਕਰੀ ਦੀ ਤਰਾਂ ਪਾਣੀ ਉੱਪਰ ਬਾਲਕ ਚਲਾਉਂਦੇ ਹਨ. ਜੋ ਕੰ (ਪਾਣੀ) ਉੱਪਰ ਤਰ ਜਾਵੇ ਸੋ ਕਾਤਰ. ਛਿਛਲੀ। ੩. ਸੰ. ਵਿ- ਕਾਇਰ ਡਰਪੋਕ. "ਸੂਰ ਤੇ ਕਾਤਰ ਕੂਰ ਤੇ ਚਾਤਰ." (ਚੰਡੀ ੧) ੪. ਤੁ قاطر ਕ਼ਾਤ਼ਰ. ਖੱਚਰ.

ਕਾਤਰਤਾ, ਕਾਤਰਯ: ਸੰ. ਕਾਤਯੰ. ਸੰਗਯਾ- ਕਾਇਰਪੁਣਾ. ਬੁਜ਼ਦਿਲੀ. ਭੀਰੁਤਾ. "ਕਾਤਰਤਾ ਕੁਤਵਾਰ ਬੁਹਾਰੈ." (ਕ੍ਰਿਸਨਾਵ)

ਕਾਤਲ, ਕ਼ਾਤਲ: ਅ਼. قاتل ਕ਼ਾਤਿਲ. ਵਿ- ਕਤਲ ਕਰਨ ਵਾਲਾ. ਵਧ ਕਰਤਾ. ਘਾਤਕ। ੨. ਇੱਕ ਰਾਜਪੂਤ ਗੋਤ੍ਰ.

ਕਾਂਤਾ: ਸੰ. ਸੰਗਯਾ- ਭਾਰਯਾ. ਜੋਰੂ। ੨. ਸੁੰਦਰ ਇਸਤ੍ਰੀ.

ਕਾਂਤਾਮਣਿ: ਦੇਖੋ, ਕਾਂਤਪਖਾਣ.

ਕਾਂਤਿ: ਸੰ. ਸੰਗਯਾ- ਸੁੰਦਰਤਾ. ਸ਼ੋਭਾ। ੨. ਇੱਛਾ। ੩. ਪ੍ਰਕਾਸ਼. ਚਮਕ.

ਕਾਤਿਬ: ਅ਼. کاتِب ਲਿਖਣ ਵਾਲਾ. ਲੇਖਕ. ਲਿਖਾਰੀ.

ਕਾਤੀ: ਸੰ. ਕੱਤੰਰੀ. ਸੰਗਯਾ- ਕੈਂਚੀ. "ਸੇ ਸਿਰ ਕਾਤੀ ਮੁੰਨੀਅਨਿ." (ਆਸਾ ਅਃ ਮਃ ੧) ੨. ਛੁਰੀ."ਕਲਿ ਕਾਤੀ ਰਾਜੇ ਕਾਸਾਈ." (ਵਾਰ ਮਾਝ ਮਃ ੧)

ਕਾਂਤੀ: ਦੇਖੋ, ਕਾਂਤਿ। ੨. ਕਾਂਚੀ ਦੀ ਥਾਂ ਭੀ ਕਾਂਤੀ ਸ਼ਬਦ ਆਇਆ ਹੈ. "ਕਾਸੀ ਕਾਂਤੀ ਪੁਰੀ ਦੁਆਰਾ." (ਮਾਰੂ ਸੋਲਹੇ ਮਃ ੧) ਦੇਖੋ, ਕਾਂਚੀ ੨.। ੩. ਨੈਪਾਲ ਰਾਜ ਦੀ ਇੱਕ ਪੁਰਾਣੀ ਪੁਰੀ, ਜਿਸ ਦਾ ਨਾਉਂ ਕਾਂਤੀਪੁਰ ਹੈ. ਇਸ ਵੇਲੇ ਇਸ ਦਾ ਨਾਉਂ ਕਾਠਮਾਂਡੂ ਹੈ।

ਕਾਤੀ ਤੀਸ ਬਤੀਸ: ਤੀਹ ਅਥਵਾ ਬੱਤੀ ਕੈਂਚੀਆਂ. ਭਾਵ- ਦੰਦ- ਦਾੜ੍ਹਾਂ, ਜੋ ਕੈਂਚੀ ਦੀ ਤਰਾਂ ਕਤਰਨ ਵਾਲੇ ਹਨ. "ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ." (ਗਉ ਮਃ ੪)

ਕਾਤਜਾਯਨ: ਵਿ- ਕਤ ਰਿਖੀ ਦੇ ਗੋਤ ਵਿੱਚ ਹੋਣ ਵਾਲਾ. ਕਤਵੰਸ਼ੀ. ੨. ਸੰਗਯਾ- ਵਿਸ਼੍ਵਾਮਿਤ੍ਰ ਦੀ ਕੁਲ ਵਿੱਚ ਹੋਣ ਵਾਲਾ ਇੱਕ ਰਿਖੀ, ਜਿਸ ਨੇ ਸ਼੍ਰੋਤਸੂਤ੍ਰ, ਗ੍ਰਿਹਯ ਸੂਤ੍ਰ ਅਤੇ ਪ੍ਰਤਿਹਾਰਸੂਤ੍ਰ ਬਣਾਏ ਹਨ। ੩. ਗੋਭਿਲ ਦਾ ਪੁਤ੍ਰ ਕਾਤਜਾਯਨ, ਜਿਸਨੇ ਗ੍ਰਿਹਜਸੰਗ੍ਰਹ ਅਤੇ ਕਰਮਪ੍ਰਦੀਪ ਰਚੇ ਹਨ. ੪. ਵਰਰੁਚਿ ਕਾਤਜਾਯਨ, ਜਿਸ ਨੇ ਪਾਣਿਨਿ ਸੂਤ੍ਰਾਂ ਦੀ ਵਯਾਖਯਾ ਕੀਤੀ ਹੈ ਅਤੇ ਸੂਤ੍ਰਾਂ ਦੀ ਕਮੀ ਪੂਰੀ ਕਰਨ ਵਾਲੇ ਵਾਰਤਿਕ ਰਚੇ ਹਨ. ਇਹ ਬੀ. ਸੀ. ਚੌਥੀ ਸਦੀ ਵਿੱਚ ਹੋਇਆ ਹੈ.

ਕਾਤਜਾਯਨੀ: ਯਾਗਯਵਲਕਯ ਦੀ ਇਸਤ੍ਰੀ, ਜੋ ਕਤ ਗੋਤ੍ਰ ਦੀ ਸੀ। ੨. ਮਹਿਖਾਸੁਰ ਮਾਰਨ ਵੇਲੇ ਜੋ ਦੁਰਗਾ ਨੇ ਘੋਰ ਰੂਪ ਧਾਰਿਆ, ਉਸ ਦਾ ਪੂਜਨ ਸਭ ਤੋਂ ਪਹਿਲਾਂ ਕਾਤਜਾਯਨ ਨੇ ਕੀਤਾ, ਇਸ ਕਰਕੇ ਦੁਰਗਾ ਦੀ ਕਾਤਜਾਯਨੀ ਸੰਗਯਾ ਹੋਈ। ੩. ਵਿ- ਕਤ ਗੋਤ੍ਰ ਵਿੱਚ ਹੋਣ ਵਾਲੀ.

ਕਾਥ: ਦੇਖੋ, ਕਥਾ। ੨. ਦੇਖੋ, ਕੱਥ। ੩. ਦੇਖੋ, ਕ੍ਵਾਥ। ੪. ਕਥਨ. ਕਹਿਣਾ. "ਅਕਥ ਕਥ ਕਾਥ." (ਕਾਨ ਮਃ ੪)

ਕਾਥਾ: ਦੇਖੋ, ਕੱਥ. ਕੱਥਾ. "ਚੂਨ ਔ ਸੁਪਾਰੀ ਕਾਥਾ." (ਭਾਗੁ) ੨. ਕਥਾ. "ਸੁਨੀ ਨ ਜਾਈ ਸਚੁ ਅੰਮ੍ਰਿਤੁ ਕਾਥਾ." (ਆਸਾ ਮਃ ੫)

ਕਾਥਿ: ਕਥਾ. "ਗੁਰੁਮੁਖਿ ਅਕਥੋ ਕਾਥਿ." (ਸ੍ਰੀ ਅਃ ਮਃ ੧) ੨. ਵਿ- ਕਥਨੀਯ. ਕਥਨ ਯੋਗਯ। ੩. ਕਥਨ ਕਰਕੇ. ਆਖਕੇ.

ਕਾਥੂਰੀ: ਦੇਖੋ, ਕਸਤੂਰੀ ਅਤੇ ਕਥੂਰੀ. "ਕਾਥੂਰੀ ਕੋ ਗਾਹਕੁ ਆਇਓ." (ਸਾਰ ਮਃ ੫)

ਕਾਦਰ: ਅ਼. قادِر ਕ਼ਾਦਿਰ. ਵਿ- ਕ਼ੁਦਰਤ ਵਾਲਾ. ਸਰਬਸ਼ਕਤਿਮਾਨ. "ਸੋ ਕਰਤਾ ਕਾਦਰ ਕਰੀਮ." (ਵਾਰ ਆਸਾ) ੨. ਬਹੁਤ ਕਵੀਆਂ ਨੇ ਕਾਤਰ (ਕਾਇਰ) ਦੀ ਥਾਂ ਕਾਦਰ ਸ਼ਬਦ ਵਰਤਿਆ ਹੈ.

ਕਾਦਰਾ: ਅ਼. قاترہ ਕ਼ਾਤਿਰਹ. ਸੰਗਯਾ- ਸ਼ਰੀਰ ਨਾਲ ਚਿਪਕਿਆ ਹੋਇਆ ਵਸਤ੍ਰ. ਅੰਗਰਖਾ. ਤਣੀਦਾਰ ਜਾਮਾ.

ਕਾਂਦਰੋ: ਫ਼ਾ. کاندرو ਕਿ- ਅੰਦਰ- ਓ. ਦਾ ਸੰਖੇਪ. ਉਸ ਦੇ ਅੰਦਰ.

ਕਾਦਾਚਿਤਕ: ਸੰ. ਕ੍ਰਿ. ਵਿ- ਕਦੇ ਕਦੇ ਹੋਣ ਵਾਲਾ.

ਕਾਦਿਰ: ਦੇਖੋ, ਕਾਦਰ.

ਕਾਦਿਰ ਮੁਤਲਿਕ, ਕ਼ਾਦਿਰ ਮੁਤ਼ਲਿਕ਼: ਫ਼ਾ. قادِرمُطلق ਵਿ- ਪੂਰੀ ਕ਼ੁਦਰਤ ਵਾਲਾ. ਸਰਬਸ਼ਕਤਿਮਾਨ.

**ਕਾਦੀ:** ਅ਼. قاضی ਕ਼ਾਜੀ. ਅ਼ਰਬੀ ਵਿੱਚ ਜਾਦ ਨੂੰ ਦਾਲ ਦੀ ਤਰਾਂ ਭੀ ਪੜ੍ਹਿਆ ਜਾਂਦਾ ਹੈ. "ਕਾਦੀ ਕੂੜੁ ਬੋਲਿ ਮਲੁ ਖਾਇ." (ਧਨਾ ਮਃ ੧) "ਵਖਤੁ ਨ ਪਾਇਓ ਕਾਦੀਆ." (ਜਪੁ)

**ਕਾਦੀਵਿੰਡ:** ਦੇਖੋ, ਬਹਿਲੋਲ ਭਾਈ.

**ਕਾਦੰਬ:** ਸੰ. ਵਿ- ਕਦੰਬ ਬਿਰਛ ਦਾ. ਕਦੰਬ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਹੰਸ ਦਾ ਬੱਚਾ। ੩. ਗੰਨਾ.

**ਕਾਦੰਬਰੀ:** ਸੰ. ਸੰਗਯਾ- ਕੋਕਿਲਾ. ਕੋਇਲ। ੨. ਸਰਸ੍ਵਤੀ। ੩. ਕਦੰਬ ਦੇ ਫੁੱਲਾਂ ਦੀ ਸ਼ਰਾਬ. ਹਰਿਵੰਸ਼ ਅਨੁਸਾਰ ਇਹ ਬਲਰਾਮ ਦੀ ਈਜਾਦ ਹੈ। ੪. ਵਾਣ ਭੱਟ ਦੀ ਰਚੀ ਇੱਕ ਪੁਸਤਕ, ਜਿਸ ਵਿੱਚ ਕਾਦੰਬਰੀ ਨਾਇਕਾ ਦਾ ਵਰਣਨ ਹੈ, ਜੋ ਹੰਸ ਗੰਧਰਵ ਦੀ ਪੁਤ੍ਰੀ ਸੀ. ਦੇਖੋ, ਵਾਣ ੬.

**ਕਾਦੰਬਿਨੀ:** ਸੰ. ਸੰਗਯਾ- ਕਾਦੰਬ (ਕਲ ਹੰਸ ਅਥਵਾ ਬਗੁਲਿਆਂ) ਵਾਲੀ ਬੱਦਲ ਦੀ ਗਾੜ੍ਹੀ ਘਟਾ। ੨. ਸਰਸ੍ਵਤੀ.

**ਕਾਦ੍ਰਵੇਯ:** ਸੰ. ਕਦ੍ਰੂ ਦੀ ਔਲਾਦ. ਨਾਗ. ਦੇਖੋ, ਕਦ੍ਰੂ.

**ਕਾਧ, ਕਾਂਧ:** ਸੰਗਯਾ- ਕੰਧ. ਦੀਵਾਰ। ੨. ਕੰਨ੍ਹਾ. ਸ੍ਕੰਧ. ਕੰਧਾ. "ਫਾਟੇ ਨਾਕਨ ਟੂਟੇ ਕਾਧਨ." (ਗੂਜ ਕਬੀਰ) ੩. ਸਿੰਧੀ. ਕਾਂਧ. ਪਤਿ. ਭਰਤਾ.

**ਕਾਨ:** ਸੰਗਯਾ- ਕਣੰ. ਕੰਨ. "ਮੰਤੁ ਦੀਓ ਹਰਿ ਕਾਨ." (ਪ੍ਰਭਾ ਮਃ ੪) ੨. ਕਾਨਾ. ਸਰਕੁੜੇ ਦਾ ਕਾਂਡ. "ਦੀਸਹਿ ਦਾਧੇ ਕਾਨ ਜਿਉ." (ਸ. ਕਬੀਰ) ਜਲੇ ਹੋਏ ਕਾਨੇ ਤੁੱਲ ਦੀਸਹਿਂ। ੩. ਜੁਲਾਹੇ ਦੀ ਤਾਣੀ ਦੇ ਕਾਨੇ. "ਦੁਆਰ ਊਪਰਿ ਝਿਲਕਾਵਹਿ ਕਾਨ." (ਗੌਂਡ ਕਬੀਰ) ੪. ਕਾਨ੍ਹ. ਕ੍ਰਿਸ਼ਨ. "ਗਾਵਹਿ ਗੋਪੀਆ ਗਾਵਹਿ ਕਾਨ." (ਵਾਰ ਆਸਾ) ੫. ਦੇਖੋ, ਕਾਣ, ਕਾਣਿ ਅਤੇ ਕਾਨਿ। ੬. ਤੀਰ. ਬਾਣ. "ਪ੍ਰੇਮ ਕੇ ਕਾਨ ਲਗੇ ਤਨ ਭੀਤਰਿ." (ਮਾਰੂ ਮਃ ੧) ੭. ਫ਼ਾ. کان ਖਾਣਿ. ਆਕਰ। ੮. ਤੁ قان ਕ਼ਾਨ. ਲਹੂ. ਰੁਧਿਰ.

**ਕਾਨਅ, ਕ਼ਾਨਅ਼:** ਦੇਖੋ, ਕਾਨਾ ੪.

**ਕਾਨਕਟਾ:** ਦੇਖੋ, ਕਨਕਟਾ.

**ਕਾਨਕੁਬਜ:** ਸੰ. ਕਾਨਯਕੁਬਜ. ਕਨੌਜ ਸ਼ਹਿਰ. "ਕਾਨਕੁਬਜਈਸੂਰ ਕੋ ਜਿਨਜੋ." (ਚਰਿਤ੍ਰ ੨੧੭) ੨. ਕ਼ਨੌਜ ਦੇ ਆਸ ਪਾਸ ਦਾ ਇਲਾਕਾ. ਫਰਰੁਖਾਬਾਦ ਦਾ ਜਿਲਾ। ੩. ਕਨੌਜੀਆ ਬ੍ਰਾਹਮਣ. ਇਸ ਨਾਉਂ ਦਾ ਕਾਰਣ ਰਾਮਾਇਣ ਵਿੱਚ ਇਉਂ ਲਿਖਿਆ ਹੈ-

ਰਾਜਰਿਖੀ ਕੁਸ਼ਨਾਭ ਨੇ ਘ੍ਰਿਤਾਚੀ ਅਪਸਰਾ ਤੋਂ ਸੌ ਕੰਨਯਾ ਪੈਦਾ ਕੀਤੀਆਂ, ਜਦ ਲੜਕੀਆਂ ਜੁਆਨ ਹੋਈਆਂ, ਤਦ ਵਾਯੁ (ਪੌਣ) ਦੇਵਤਾ ਮੋਹਿਤ ਹੋ ਕੇ ਉਨ੍ਹਾਂ ਨੂੰ ਵਰਣ ਲੱਗਾ. ਲੜਕੀਆਂ ਨੇ ਆਖਿਆ ਕਿ ਪਿਤਾ ਦੀ ਆਗਯਾ ਬਿਨਾ ਅਸੀਂ ਕਿਸੇ ਨੂੰ ਨਹੀਂ ਵਰਦੀਆਂ. ਇਸ ਪੁਰ ਪੌਣ ਦੇਵਤਾ ਨੇ ਕ੍ਰੋਧ ਕਰਕੇ ਸਾਰੀਆਂ ਕੁੱਬੀਆਂ ਕਰ ਦਿੱਤੀਆਂ. ਕੁਸ਼ਨਾਭ ਨੇ ਉਨ੍ਹਾਂ ਕੁਬੜੀਆਂ ਨੂੰ ਰਾਜਾ ਬ੍ਰਹਮਦੱਤ ਨਾਲ ਵਿਆਹ ਦਿੱਤਾ ਅਤੇ ਸ਼ਾਦੀ ਹੋਣ ਪੁਰ ਉਨ੍ਹਾਂ ਦਾ ਕੁਬੜਾਪਨ ਦੂਰ ਹੋ ਗਿਆ. ਇਨ੍ਹਾਂ ਕੁੱਬੀਆਂ ਕੰਨਯਾ ਤੋਂ ਗੋਤ ਅਤੇ ਦੇਸ਼ ਦਾ ਨਾਉਂ "ਕਾਨਯਕੁਬਜ" ਹੋ ਗਿਆ.

**ਕਾਨ ਧਰਨਾ:** ਕ੍ਰਿ- ਗ਼ੌਰ ਨਾਲ ਸੁਣਨਾ. ਧ੍ਯਾਨ ਦੇ ਕੇ ਉਪਦੇਸ਼ ਸੁਣਨਾ. "ਕਹਿਓ ਨ ਕਾਨੁ ਧਰੈ." (ਦੇਵ ਮਃ ੯)

**ਕਾਨਨ:** ਕੰਨਾ ਦ੍ਵਾਰਾ. ਕੰਨਾ ਨਾਲ. ਕਾਨੋ ਸੇ. "ਗੁਰਉਪਦੇਸ ਸੁਨਿਓ ਨਹਿ ਕਾਨਨ." (ਸਾਰ ਮਃ ੯) ੨. ਸੰ. ਸੰਗਯਾ- ਜੰਗਲ. ਬਣ. ਵਨ.

**ਕਾਨਨੇਸ਼:** ਕਾਨਲ (ਜੰਗਲ) ਦਾ ਈਸ਼. ਜੰਗਲੀ ਰਾਜਾ। ੨. ਬਣ ਦਾ ਦੇਵਤਾ। ੩. ਜੰਗਲ ਦਾ ਅਫ਼ਸਰ। ੪. ਭਾਰੀ ਜੰਗਲ, ਜੋ ਸਾਰੇ ਬਣਾਂ ਦਾ ਸਰਦਾਰ ਹੋਵੇ. "ਬਸੈ ਕਾਨਨੇਸੰ." (ਦੱਤਾਵ)

**ਕਾਨ ਪ੍ਰਮਾਨ ਲੌ ਤਾਨ ਕਮਾਨ:** ਵਾ- ਕਮਾਣ ਦਾ ਇਤਨਾ ਖਿੱਚਣਾ ਕਿ ਸੱਜਾ ਹੱਥ (ਤੀਰ ਦੀ ਬਾਗੜ ਵਾਲਾ) ਕੰਨ ਨੂੰ ਜਾ ਲੱਗੇ. ਭਾਵ- ਕਮਾਣ ਦੀ ਪੂਰੀ ਖਿੱਚ.

**ਕਾਨਰਾ, ਕਾਨੜਾ:** ਇੱਕ ਰਾਗ, ਜਿਸ ਦੇ ੧੮. ਭੇਦ ਗਾਇਕਾਂ ਨੇ ਕਲਪੇ ਹਨ- ਦਰਬਾਰੀ, ਨਾਯਕੀ, ਮੁਦ੍ਰਾ, ਕਾਸ਼ਿਕੀ, ਵਾਗੇਸ਼੍ਰੀ (ਵਾਗੀਸ਼੍ਵਰੀ), ਨਟ, ਕਾਫੀ, ਕੋਲਾਹਲ, ਮੰਗਲ, ਸ਼ਜਾਮ, ਟੰਕ, ਨਾਗਧ੍ਵਨਿ, ਅਡਾਨਾ, ਸ਼ਾਹਾਨਾ, ਸੂਹਾ, ਸੁਘਰ, ਹੁਸੈਨੀ ਅਤੇ ਜਯਜਯੰਤਿ.

ਪਾਠਕਾਂ ਦੇ ਗਜਾਨ ਲਈ ਅੱਗੇ ਦਰਬਾਰੀ ਕਾਨੜੇ ਦਾ ਸਰੂਪ ਦਿੱਤਾ ਜਾਂਦਾ ਹੈ. ਇਹ ਆਸਾਵਰੀ ਠਾਟ ਦਾ ਸ਼ਾੜਵ ਸੰਪੂਰਣ ਰਾਗ ਹੈ, ਅਰਥਾਤ ਆਰੋਹੀ ਵਿੱਚ ਛੀ ਅਤੇ ਅਵਰੋਹੀ ਵਿੱਚ ਸੱਤ ਸੁਰ ਹਨ. ਆਰੋਹੀ ਵਿੱਚ ਗਾਂਧਾਰ ਦੁਰਬਲ ਹੈ. ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ. ਪੰਚਮ ਅਤੇ ਰਿਸ਼ਭ ਨਾਲ ਨਿਸ਼ਾਦ ਦੀ ਸੰਗਤਿ ਰਹਿੰਦੀ ਹੈ. ਗਾਂਧਾਰ ਧੈਵਤ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ. ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ.

ਆਰੋਹੀ- ਨਾ ਸ਼ ਰ ਮ ਪ ਧਾ ਨਾ ਸ਼.

ਅਵਰੋਹੀ- ਸ ਧਾ ਨਾ ਪ ਗਾ ਮ ਰ ਸ਼.

ਸ਼੍ਰੀਗੁਰੂ ਗ੍ਰੰਥ ਸਾਹਿਬ ਵਿੱਚ ਕਾਨੜੇ ਦਾ ਅਠਾਈਵਾਂ ਨੰਬਰ ਹੈ.

**ਕਾਨਾ:** ਦੇਖੋ, ਕਾਣਾ। ੨. ਸੰ. काण्ड ਸਰਕੁੜੇ ਦਾ ਕਾਂਡ. ਯੂ. Kanna ਅਤੇ Kanni. ਸਰਕੁੜਾ ਅਤੇ ਕਾਹੀ। ੩. ਉਹ ਆਦਮੀ, ਜੋ ਆਪਣੇ ਐਬ ਦੇ ਕਾਰਣ ਦੂਜੇ ਤੋਂ ਅੱਖ ਚੁਰਾਵੇ. "ਅਵਰਨ ਹਸਤ ਆਪ ਹਹਿ ਕਾਨੇ." (ਗਉ ਕਬੀਰ) ੪. ਅ਼. قانع ਕ਼ਾਨਅ਼. ਸੰਤੋਖੀ. ਸਾਬਿਰ.

**ਕਾਨਾਫੂਸੀ:** ਦੇਖੋ, ਕੰਨਾਫੂਸੀ.

**ਕਾਨਿ:** ਦੇਖੋ, ਕਾਣ ਅਤੇ ਕਾਣਿ. "ਜਿਹ ਸਿਮਰਨਿ ਨਾਹੀ ਤੁਹਿ ਕਾਨਿ." (ਰਾਮ ਅਃ ਕਬੀਰ)

**ਕਾਨੀ:** ਕਾਣੀ. ਇੱਕ ਅੱਖ ਵਾਲੀ। ੨. ਤੀਰ ਦੀ ਬਾਂਸੀ. ਭਾਵ- ਤੀਰ. "ਜੇ ਕਰ ਇਕ ਕਾਨੀ ਕਬਿ ਛੋਰੈਂ." (ਗੁਪ੍ਰਸੂ) ਦੇਖੋ, ਕਾਨਾ ੨.। ੩. ਚੁਭਵੀਂ ਗੱਲ, ਜੋ ਤੀਰ ਜੇਹੀ ਰੜਕੇ। ੪. ਕੰਨਾਂ ਕਰਕੇ. ਕੰਨਾਂ ਦ੍ਵਾਰਾ. "ਹਰਿ ਕੇ ਸੰਤ ਸੁਨਹੁ ਜਸੁ ਕਾਨੀ." (ਧਨਾ ਮਃ ੪) ੫. ਕੰਨਾ ਵਿੱਚ. "ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ." (ਗਉ ਅਃ ਮਃ ੧)

**ਕਾਨੁ:** ਸ਼ਰਕਾਂਡ. ਕਾਨਾ. "ਜਿਉ ਡਵ ਦਧਾ ਕਾਨੁ." (ਸ੍ਰੀ ਅਃ ਮਃ ੧) ੨. ਕੰਨ. ਕਣੰ. ਦੇਖੋ, ਕਾਨ ਧਰਨਾ.

**ਕਾਨੂਗੋ:** ਫ਼ਾ. قانونگو ਕ਼ਾਨੂਨਗੋ. ਮਾਲ ਦੇ ਨਿਯਮ ਦੱਸਣ ਵਾਲਾ. ਮਾਲ ਦੇ ਮਹਿਕਮੇ ਦਾ ਇੱਕ ਅਹੁਦੇਦਾਰ, ਜੋ ਪਟਵਾਰੀਆਂ ਦੇ ਕੰਮ ਦੀ ਪੜਤਾਲ ਕਰਦਾ ਹੈ। ੨. ਦੇਖੋ, ਖਾਲਸੇ ਦੇ ਬੋੱਲੇ.

**ਕਾਨੂਨ, ਕ਼ਾਨੂਨ:** ਅ਼. قانون ਸੰਗਜਾ- ਦਸਤੂਰ. ਕਾਇਦਾ. ਨਿਯਮ। ੨. ਨੀਤਿਪ੍ਰਬੰਧ. ਰਿਆਸਤ ਦੇ ਇੰਤਜਾਮ ਦੇ ਨਿਯਮ। ੩. ਇੱਕ ਪ੍ਰਕਾਰ ਦਾ ਤਾਰਦਾਰ ਬਾਜਾ, ਜੋ ਤਾਨਸੇਨ ਦੀ ਵੰਸ਼ ਵਿੱਚ ਹੋਣ ਵਾਲੇ ਪਜਾਰਸੇਨ ਗਵੈਯੇ ਨੇ ਈਜਾਦ ਕੀਤਾ.

**ਕਾਨੂਨੀ:** ਵਿ- ਕ਼ਾਨੂਨ ਜਾਣਨ ਵਾਲਾ। ੨. ਕ਼ਾਨੂਨ ਦੇ ਨਿਯਮ ਅਨੁਸਾਰ। ੩. ਕਾਨੂਨ ਨਾਮਕ ਵਾਜਾ ਵਜਾਉਣ ਵਾਲਾ.

**ਕਾਨੂਵਾਣ ਦਾ ਛੰਭ:** ਕਾਨੂਵਾਣ ਪਿੰਡ ਦੇ ਕੋਲ (ਗੁਰਦਾਸਪੁਰ ਦੇ ਜਿਲੇ ਵਿੱਚ) ਇੱਕ ਅਜੇਹੀ ਝੀਲ ਹੈ, ਜਿਸ ਵਿੱਚ ਸੈਂਕੜੇ ਚਸ਼ਮੇ ਪਾਣੀ ਦੇ ਨਿਕਲਦੇ ਹਨ. ਸਬਜ਼ੀ ਅਤੇ ਭਾਰੀ ਜੰਗਲ ਹੋਣ ਦੇ ਕਾਰਣ ਭੀੜਾ ਦੇ ਵੇਲੇ ਸਿੰਘ ਅਕਸਰ ਇੱਥੇ ਆਕੇ ਇਕੱਠੇ ਹੋਇਆ ਕਰਦੇ ਸਨ ਅਤੇ ਉਸ ਸਮੇਂ ਇਹ ਖਾਲਸੇ ਦਾ ਵਨਦੁਰਗ ਸੀ. ਸਿੱਖ ਇਤਿਹਾਸ ਨਾਲ ਕਾਨੂਵਾਣ ਦੇ ਛੰਭ ਦਾ ਭਾਰੀ ਸੰਬੰਧ ਹੈ.

**ਕਾਨੇ:** ਦੇਖੋ, ਕਾਨਾ। ੨. ਸਰਵ- ਕਿਸੇ. ਕਿਸ ਨੂੰ."ਕਹੌਂ ਔਰ ਕਾਨੇ ?" (ਰਾਮਾਵ)

**ਕਾਨ੍ਹ:** ਕ੍ਰਿਸ਼ਨਦੇਵ. ਦੇਖੋ, ਕ੍ਰਿਸਨ ੧੧.

**ਕਾਨ੍ਹ ਸਿੰਘ:** ਬਾਵਾ ਬਿਨੋਦ ਸਿੰਘ ਤੇਹਣ ਦਾ ਸੁਪੁਤ੍ਰ. ਦੇਖੋ, ਬੰਦਾ ਬਹਾਦੁਰ। ੨. ਦਸ਼ਮੇਸ਼ ਦਾ ਸੇਵਕ, ਜੋ ਇੱਕ ਵਾਰ ਲੇਪਨ ਕਰਦਾ ਸੀ, ਅਨਗਹਲੀ ਨਾਲ ਦਸ਼ਮੇਸ਼ ਦੇ ਜਾਮੇ ਪੁਰ ਛਿੱਟਾ ਪੈ ਗਿਆ. ਸਤਿਗੁਰੂ ਨੇ ਹੁਕਮ ਦਿੱਤਾ ਕਿ ਇਸ ਦੇ ਤਮਾਚਾ ਮਾਰੋ. ਇਸ ਪੁਰ ਅਨੇਕ ਸਿੱਖਾਂ ਨੇ ਤਮਾਚੇ ਮਾਰੇ. ਦਸ਼ਮੇਸ਼ ਨੇ ਫ਼ਰਮਾਇਆ ਕਿ ਅਸਾਂ ਇੱਕ ਤਮਾਚੇ ਨੂੰ ਕਿਹਾ ਸੀ ਤੁਸੀਂ ਬਹੁਤੇ ਕਿਉਂ ਮਾਰੇ? ਸਭ ਨੇ ਕਿਹਾ ਗੁਰੂ ਦਾ ਹੁਕਮ ਸਭ ਨੂੰ ਮੰਨਣਾ ਚਾਹੀਏ. ਦਸ਼ਮੇਸ਼ ਨੇ ਫ਼ਰਮਾਇਆ ਕਿ ਆਪਣੀ ਪੁਤ੍ਰੀ ਇਸ ਨੂੰ ਅਰਪੋ. ਇਸ ਪੁਰ ਸਭ ਚੁੱਪ ਹੋ ਗਏ. ਅਜਬ ਸਿੰਘ ਕੰਧਾਰ ਨਿਵਾਸੀ ਨੇ ਆਪਣੀ ਪੁਤ੍ਰੀ ਅਰਪੀ. ਸਤਿਗੁਰਾਂ ਨੇ ਉਸ ਦਾ ਕਾਨ੍ਹ ਸਿੰਘ ਨਾਲ ਆਨੰਦ ਪੜ੍ਹਾ ਦਿੱਤਾ. ਕਾਨ੍ਹਾ ਸਿੰਘ ਦਾ ਪੁਤ੍ਰ ਵਸਾਖਾ ਸਿੰਘ ਵਡਾ ਸਿਦਕੀ ਅਤੇ ਕਰਣੀ ਵਾਲਾ ਸਿੱਖ ਹੋਇਆ ਹੈ.

**ਕਾਨ੍ਹਤ੍ਰਿਯਾ:** ਕ੍ਰਿਸ਼ਨ ਜੀ ਦੀ ਇਸਤ੍ਰੀ, ਯਮੁਨਾ. "ਨੀਰ ਬਹੈ ਨਹਿ ਕਾਨ੍ਹਤ੍ਰਿਯਾ." (ਕ੍ਰਿਸਨਾਵ) ੨. ਰੁਕਮਣੀ ਆਦਿ ਇਸਤ੍ਰੀਆਂ।੩ ਰਾਧਿਕਾ. ਰਾਧਾ.

**ਕਾਨ੍ਹਰ:** ਕ੍ਰਿਸ਼ਨ ਜੀ. ਕਾਨ੍ਹ.

**ਕਾਨ੍ਹਰਾ:** ਕਾਨੜਾ ਰਾਗ. ਦੇਖੋ, ਕਾਨੜਾ। ੨. ਇੱਕ ਵਾਜਾ. ਕਾਨੂਨ. "ਨਾਦ ਨਫੀਰੀ ਕਾਨ੍ਹਰੇ ਦੁੰਦਭਿ ਬਜੇ ਅਨੇਕ." (ਚਰਿਤ੍ਰ ੧੦੮)

**ਕਾਨ੍ਹਾ:** कृष्ण ਕ੍ਰਿਸ਼੍ਨ. ਕਾਨ੍ਹ। ੨. ਲਹੌਰ ਦਾ ਇੱਕ ਪ੍ਰਸਿੱਧ ਭਗਤ. ਜਦ ਸ਼੍ਰੀ ਗੁਰੂ ਅਰਜਨ ਦੇਵ ਸ਼੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾ ਰਹੇ ਸਨ, ਤਦ ਕਾਨ੍ਹਾ, ਸ਼ਾਹਹੁਸੈਨ, ਛੱਜੂ ਅਤੇ ਪੀਲੋ ਇਹ ਚਾਰੇ ਭਗਤ ਆਪਣੀ ਬਾਣੀ ਲਿਖਵਾਉਣ ਲਈ ਅਮ੍ਰਿਤਸਰ ਜੀ ਪਹੁੰਚੇ ਅਤੇ ਬਾਣੀ ਦਰਜ ਕਰਨ ਲਈ ਪ੍ਰਾਰਥਨਾ ਕੀਤੀ. ਗੁਰੂ ਸਾਹਿਬ ਨੇ ਫ਼ਰਮਾਇਆ ਕਿ ਤੁਸੀਂ ਆਪਣੀ ਰਚਨਾ ਸੁਣਾਓ. ਇਸ ਪੁਰ ਕਾਨ੍ਹ ਭਗਤ ਬੋਲਿਆ-

"ਓਹੀ ਰੇ ਮੈ ਓਹੀ ਰੇ,

ਜਾਂਕਉ ਬੇਦ ਪੁਰਾਨਾ ਗਾਵੈਂ

ਖੋਜਤ ਖੋਜ ਨ ਕੋਈ ਰੇ,

ਜਾਂਕੋ ਨਾਰਦ ਸਾਰਦ ਸੇਵੈਂ,

ਸੇਵੈਂ ਦੇਵੀ ਦੇਵਾ ਰੇ,

ਬ੍ਰਹਮਾ ਵਿਸਨੁ ਮਹੇਸ ਅਰਾਧੈਂ

ਕਰਦੇ ਜਾਂਕੀ ਸੇਵਾ ਰੇ,

ਕਹਿ ਕਾਨ੍ਹਾ ਮਮ ਅਸ ਸਰੂਪ

ਅਪਰੰਪਰ ਅਲਖ ਅਭੇਵਾ ਰੇ."

ਪੀਲੋ ਭਗਤ ਨੇ ਕਹਿਆ-

"ਅਸਾਂ ਨਾਲੋਂ ਸੇ ਭਲੇ ਜੋ ਜਮਦਿਆਂ ਹੀ ਮੁਏ,

ਚਿੱਕੜ ਪਾਂਵ ਨ ਡੋਬਿਆ ਨਾ ਆਲੂਦ ਭਏ."

ਛੱਜੂ ਨੇ ਉਚਾਰਿਆ-

"ਕਾਗਦ ਸੰਦੀ ਪੁੱਤਲੀ ਤਊ ਨ ਤ੍ਰਿਯਾ ਨਿਹਾਰ,

ਯੌਂਹੀ ਮਾਰ ਲਿਜਾਵਸੀ ਜਥਾ ਬਲੋਚਨ ਧਾਰ."

ਸ਼ਾਹ ਹੁਸੈਨ ਨੇ ਕਹਿਆ-

"ਸੱਜਣਾ ! ਬੋਲਣ ਦੀ ਜਾਇ ਨਾਹੀਂ,

ਅੰਦਰ ਬਾਹਰ ਇੱਕਾ ਸਾਂਈਂ, ਕਿਸ ਨੂੰ ਆਖ ਸੁਣਾਈਂ,

ਇੱਕੋ ਦਿਲਬਰ ਸਭ ਘਟਿ ਰਵਿਆ ਦੂਜਾ ਨਹੀ ਕਦਾਈਂ

ਕਹੈ ਹੁਸੈਨ ਫਕੀਰ ਨਿਮਾਣਾ ਸਤਿਗੁਰੁ ਤੋਂ ਬਲਿ ਜਾਈਂ."

ਸ਼੍ਰੀ ਗੁਰੂ ਅਰਜਨ ਦੇਵ ਨੇ ਗੁਰਸਿੱਧਾਂਤ ਅਨੁਕੂਲ ਵਾਕ ਨਾ ਦੇਖਕੇ ਬਾਣੀ ਦਰਜ ਨਹੀਂ ਕੀਤੀ. ਕਾਨ੍ਹੇ ਭਗਤ ਨੇ ਕ੍ਰੋਧ ਕਰਕੇ ਗੁਰੂ ਸਾਹਿਬ ਨੂੰ ਸ੍ਰਾਪ ਦਿੱਤਾ ਕਿ ਆਪ ਵੈਰੀਆਂ ਦੇ ਹੱਥ ਪੈ ਕੇ ਕਸ਼੍ਟ ਸਹਾਰਕੇ ਸ਼ਰੀਰ ਤਜਾਗੋਂਗੇ. ਨਿਰਾਸ ਹੋ ਕੇ ਚਾਰੇ ਲਹੌਰ ਨੂੰ ਵਾਪਿਸ ਆਏ. ਕਾਨ੍ਹਾ ਰਸਤੇ ਵਿੱਚ ਘੁੜਬਹਿਲ ਤੋਂ ਡਿੱਗਕੇ ਮਰ ਗਿਆ.

ਕਾਨਜਕੁਅਰ: ਕਾਨ੍ਹ (ਕ੍ਰਿਸ਼ਨ) ਕੁਮਾਰ. ਕ੍ਰਿਸ਼ਨਦੇਵ। ੨. ਕਰਤਾਰ. ਵਾਹਿਗੁਰੂ "ਕਾਨਜਕੁਆਰ ਨਿਹਕਲੰਕ." (ਸਵੈਯੇ ਮਃ ੪. ਕੇ)

ਕਾਨਜਕੁਬਜ: ਦੇਖੋ, ਕਾਨਕੁਬਜ.

ਕਾਪ: ਸੰਗਜਾ- ਕਾਟ. ਤਰਾਸ਼। ੨. ਗੂੰਦ ਜੇਹੀ ਇੱਕ ਚੇਪ, ਜਿਸ ਨਾਲ ਬੁਲਬੁਲ ਆਦਿਕ ਪੰਖੀ ਫਾਹੇ ਜਾਂਦੇ ਹਨ.

ਕਾਪਹਿ: ਕਿਸ ਪਾਸ। ੨. ਕੱਪਦਾ (ਕੱਟਦਾ) ਹੈ.

ਕਾਪਟ: ਸੰ. ਵਿ- ਕਪਟ ਕਰਨ ਵਾਲਾ. ਕਪਟੀ.

ਕਾਂਪਨਾ: ਸੰ. ਕੰਪਨ. ਸੰਗਜਾ- ਥਰਥਰਾਨਾ. ਕੰਬਣਾ.

ਕਾਂਪਨੀ: ਸੰਗਜਾ- ਕੰਬਣੀ. ਕਾਂਬਾ. ਕੰਪਨ ਦੀ ਕ੍ਰਿਯਾ. "ਕੇਤਕ ਆਨ ਕਾਂਪਨੀ ਚਢੀ." (ਚਰਿਤ੍ਰ ੪੦੫)

ਕਾਪਰ: ਦੇਖੋ, ਕਪੜਾ. "ਬਹੁ ਭੋਜਨ ਕਾਪਰ ਸੰਗੀਤ." (ਸੁਖਮਨੀ)

ਕਾਪਰਦੀ: ਦੇਖੋ, ਕਪਰਦੀ. "ਕਾਪਰਦੀ ਕੇ ਕੰਠ ਚੜ੍ਹੈ ਹੈਂ." (ਚਰਿਤ੍ਰ ੨੧੩) ਸ਼ਿਵ ਦੇ ਸਿਰ ਪੁਰ ਚੜ੍ਹਾਵਾਂਗੇ.

ਕਾਪਰੁ, ਕਾਪੜ: ਦੇਖੋ, ਕਾਪਰ. "ਕਾਪਰੁ ਤਨਿ ਨ ਸੁਹਾਵੈ." (ਗਉ ਛੰਤ ਮਃ ੩) "ਕਾਪੜ ਛੋਡੇ ਚਮੜ ਲੀਏ." (ਆਸਾ ਮਃ ੧)

ਕਾਪੜੀ, ਕਾਪੜੀਆ: ਸੰ. ਕਾਰ੍ਪਟਿਕ. ਵਿ- ਚੀਥੜੇਧਾਰੀ. ਟੱਲੀਆਂ ਦੀ ਗੋਦੜੀ ਅਥਵਾ ਚੋਲਾ ਪਹਿਰਨ ਵਾਲਾ. "ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰਿ?" (ਆਸਾ ਅਃ ਮਃ ੧) "ਕਾਇ ਕਮੰਡਲੁ ਕਾਪੜੀਆ ਰੇ, ਅਠਸਠਿ ਕਾਇ ਫਿਰਾਹੀ." (ਗੂਜ ਤ੍ਰਿਲੋਚਨ) ੨. ਰਾਜਪੂਤਾਨੇ ਅਤੇ ਬਾਂਗਰ ਵਿੱਚ ਹਿੰਦੂ ਡੂਮ ਕਾਪੜੀਏ ਸੱਦੀਦੇ ਹਨ। ੩. ਪੰਜਾਬ ਵਿੱਚ ਇੱਕ ਬ੍ਰਾਹਮਣਾਂ ਤੋਂ ਪਤਿਤ ਹੋਈ ਜਾਤਿ, ਜੋ ਡੂਨੇ ਪੱਤਲਾਂ ਬਣਾਕੇ ਗੁਜ਼ਾਰਾ ਕਰਦੀ ਅਤੇ ਮੰਦਿਰਾਂ ਵਿੱਚ ਝਾੜੂ ਦਿੰਦੀ ਹੈ.

ਕਾਪੜੁ: ਦੇਖੋ, ਕਪੜ. "ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ." (ਬਿਲਾ ਮਃ ੩)

ਕਾਪਾ: ਦੇਖੋ, ਕਪਣਾ. ਕੱਪਿਆ. ਵੱਢਿਆ। ੨. ਸੰਗਜਾ- ਇੱਕ ਪ੍ਰਕਾਰ ਦਾ ਚੇਪ, ਜਿਸ ਨਾਲ ਬੁਲਬੁਲ ਆਦਿਕ ਪੰਛੀ ਫਾਹੀਦੇ ਹਨ.

ਕਾਪਾਲਿਕ, ਕਾਪਾਲੀ: ਸੰ. ਵਿ- ਕਪਾਲ (ਖੋਪਰੀ) ਧਾਰਨ ਵਾਲਾ। ੨. ਸੰਗਯਾ- ਇੱਕ ਸ਼ੈਵ ਮਤ, ਜੋ ਭਿੱਖਿਆ ਲਈ ਖੋਪਰੀ ਰਖਦਾ ਹੈ ਅਤੇ ਸ਼ਰਾਬ ਮਾਸ ਦਾ ਸੇਵਨ ਕਰਦਾ ਹੈ. ੩. ਸ਼ਿਵ. ਮਹਾਦੇਵ.

ਕਾਪਿ: ਕ੍ਰਿ. ਵਿ- ਕੱਟਕੇ. ਕੱਪਕੇ. "ਬੰਧਨ ਸਗਲ ਕਾਪਿ." (ਵਾਰ ਗੂਜ ੨, ਮਃ ੫) ੨. ਸੰ. ਕੋਈ ਇਸਤ੍ਰੀ। ੩. ਸੰ. ਕ੍ਵਾਪਿ. ਕਿਸੀ ਥਾਂ. ਕਹੀਂਇਕ.

ਕਾਪੁਰਸ, ਕਾਪੁਰਖ: ਸੰ. ਕਾਪੁਰੁਸ਼. ਸੰਗਯਾ- ਨੀਚਪੁਰਖ। ੨. ਨਿਕੰਮਾ। ੩. ਕਾਇਰ. ਡਰਪੋਕ। ੪. ਨਪੁੰਸਕ. ਪੁਰੁਸ਼ਤ੍ਵ ਰਹਿਤ. ਨਾਮਰਦ. "ਜਿਉ ਕਾਪੁਰਖ ਪੁਚਾਰੈ ਨਾਰੀ." (ਗਉ ਮਃ ੫)

ਕਾਫ਼, ਕ਼ਾਫ਼: ਅ਼. قاف ਸੰਗਯਾ- ਇੱਕ ਪਰਬਤ, ਜੋ ਕ੍ਰਿਸ਼ਨ ਸਾਗਰ Black sea. ਅਤੇ ਕੈਸਪੀਅਨ ਸਾਗਰ ਦੇ ਵਿਚਕਾਰ ਹੈ. ਅੰਗ੍ਰੇਜ਼ੀ ਵਿੱਚ ਉਸ ਦਾ ਨਾਉਂ Caucasus ਹੈ। ੨. ਇੱਕ ਕਲਪਿਤ ਪਹਾੜ, ਜਿਸ ਦਾ ਸੰਸਕ੍ਰਿਤ ਨਾਉਂ "ਲੋਕਾਲੋਕ" ਹੈ. ਪੁਰਾਣਾਂ ਅਨੁਸਾਰ ਜਿਸ ਨੇ ਸਾਰੀ ਦੁਨੀਆਂ ਫਸੀਲ ਦੀ ਤਰਾਂ ਘੇਰ ਰੱਖੀ ਹੈ। ੩. ਅਰਬੀ ਦਾ ਇੱਕ ਅੱਖਰ.

ਕਾਫਰ: ਅ਼. کافر ਕਾਫ਼ਿਰ. ਵਿ- ਕੁਫ਼ਰ ਧਾਰਨਵਾਲਾ. ਨਾਸ੍ਤਿਕ. ਕਰਤਾਰ ਨੂੰ ਨਾ ਮੰਨਣ ਵਾਲਾ। ੨. ਨਾ ਸ਼ੁਕਰਾ. ਕ੍ਰਿਤਘਨ। ੩. ਇੱਕ ਜਾਤਿ, ਜੋ ਅਫ਼ਰੀਕ਼ਾ ਦੇ "ਕਾਫ਼ੇਰਿਯਾ" ਅਸਥਾਨ ਤੋਂ ਨਿਕਲੀ ਹੈ.

ਕਾਫ਼ਿਰਿਸ੍ਤਾਨ: ਦੇਖੋ, ਕਾਫਿਰਸਤਾਨ.

ਕਾਫਲਾ: ਅ਼. قافلہ ਕ਼ਾਫ਼ਿਲਾ. ਸੰਗਯਾ- ਯਾਤ੍ਰੀਆਂ (ਯਾਤ੍ਰੂਆਂ) ਦਾ ਟੋਲਾ. ਮੁਸਾਫਰਾਂ ਦੀ ਮੰਡਲੀ.

ਕਾਫਿਰ: ਦੇਖੋ, ਕਾਫਰ.

ਕਾਫਿਰਸਤਾਨ: ਸੰ. ਕਪਿਸ਼.[359] ਚਿਤਰਾਲ, ਅਫ਼ਗਾਨਿਸਤਾਨ ਅਤੇ ਹਿੰਦੂਕੁਸ਼ ਦੇ ਮੱਧ ਦਾ ਦੇਸ਼. ਇਹ ਇਲਾਕਾ ਕਾਬੁਲ ਤੋਂ ੬੦ ਮੀਲ ਤੇ ਹੈ. ਇਸ ਦੀ ਆਬਾਦੀ ੬੦੦੦੦੦ ਹੈ. ਜਿਸ ਵੇਲੇ ਪਠਾਣਾਂ ਨੇ ਇਸਲਾਮ ਅੰਗੀਕਾਰ ਕੀਤਾ ਹੈ ਉਸ ਵੇਲੇ ਇਸ ਇਲਾਕੇ ਦੇ ਆਦਮੀ ਇਸਲਾਮ ਦੇ ਵਿਰੋਧੀ ਰਹੇ ਹਨ. ਹੁਣ ਭੀ ਬਹੁਤ ਲੋਕ ਦੇਵੀ ਦੇਵਤਾ ਦਾ ਪੂਜਨ ਕਰਦੇ ਹਨ। ੨. ਅਫ਼ਰੀਕ਼ਾ ਦੇ ਕਾਫ਼ੇਰਿਯਾ ਅਸਥਾਨ ਤੋਂ ਨਿਕਲੀ ਹੋਈ ਕਾਫ਼ਿਰ ਜਾਤਿ ਦੇ ਰਹਿਣ ਦਾ ਦੇਸ਼.

ਕਾਫਿਲਾ: ਦੇਖੋ, ਕਾਫਲਾ.

ਕਾਫੀ: ਅ਼. کافی ਵਿ- ਕਫ਼ਾਯਤ (ਸਰਫਾ) ਕਰਨ ਵਾਲਾ. ਸੰਜਮੀ ੨. ਸੰਗਯਾ- ਕਰਤਾਰ। ੩. ਇੱਕ ਰਾਗਿਨੀ,

ਜੋ ਕਾਫੀ ਠਾਟ ਦੀ ਸੰਪੂਰਣ ਰਾਗਿਨੀ ਹੈ. ਇਸ ਨੂੰ ਗਾਂਧਾਰ ਸ਼ੁੱਧ ਅਤੇ ਕੋਮਲ ਦੋਵੇਂ ਲਗਦੇ ਹਨ. ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸ਼ੁੱਧ ਸੁਰ ਹਨ. ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਹੈ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ. ਕਈਆਂ ਨੇ ਕਾਫੀ ਨੂੰ ਧਮਾਰ ਨਾਉਂ ਦਿੱਤਾ ਹੈ.

ਆਰੋਹੀ- ਸ਼ ਰ ਗਾ ਮ ਪ ਧ ਨਾ ਸ਼.

ਅਵਰੋਹੀ- ਸ਼ ਨਾ ਧ ਪ ਮ ਗਾ ਰ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਾਫੀ ਵੱਖਰੀ ਨਹੀਂ ਲਿਖੀ, ਕਿੰਤੂ ਆਸਾ, ਤਿਲੰਗ, ਸੂਹੀ ਅਤੇ ਮਾਰੂ ਨਾਲ ਮਿਲਾਕੇ ਲਿਖੀ ਗਈ ਹੈ.

੪. ਗੀਤ ਦੀ ਇੱਕ ਧਾਰਣਾ. ਅ਼ਰਬੀ ਵਿੱਚ "ਕ਼ਾਫ਼ੀ" قافی ਦਾ ਅਰਥ ਹੈ ਪਿੱਛੇ ਚੱਲਣ ਵਾਲਾ. ਅਨੁਚਰ. ਅਨੁਗਾਮੀ. ਛੰਦ ਦਾ ਉਹ ਪਦ, ਜੋ ਸ੍ਥਾਈ (ਰਹਾਉ) ਹੋਵੇ, ਜਿਸ ਪਿੱਛੇ ਹੋਰ ਤੁਕਾਂ ਗਾਉਣ ਸਮੇਂ ਜੋੜੀਆਂ ਜਾਣ, ਅਤੇ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼੍ਰਾਮ ਪੁਰ ਆਵੇ, ਸੋ "ਕ਼ਾਫ਼ੀ" ਹੈ. ਇਹ ਛੰਦ ਦੀ ਖਾਸ ਜਾਤਿ ਨਹੀਂ ਹੈ. ਸੂਫ਼ੀ ਫ਼ਕ਼ੀਰ ਜੋ ਪ੍ਰੇਮਰਸ ਭਰੇ ਪਦ ਗਾਇਆ ਕਰਦੇ ਹਨ, ਅਤੇ ਜਿਨ੍ਹਾਂ ਪਿੱਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ, ਉਹ ਕ਼ਾਫ਼ੀ ਨਾਮ ਤੋਂ ਪ੍ਰਸਿੱਧ ਹਨ.

[359] ਇਸ ਦਾ ਨਾਉਂ "ਉੱਜਾਨਕ" ਭੀ ਹੈ.

ਦੇਖੋ, ਮੀਆਂ ਬਖ਼ਸ਼ ਦੀ ਕ਼ਾਫ਼ੀ-

ਮਿਠੜੀ ਪੌਨ ਮੋਰ ਮਨ ਭਾਵੇ,

ਕੋਇਲ ਮਸ੍ਤ ਅਵਾਜ਼ ਸੁਨਾਵੇ,

ਕੈਸੇ ਗੀਤ ਪਪੀਹਾ ਗਾਵੇ,

ਝਿਮ ਝਿਮ ਮੇਘ ਮਲਾਰੇ. x x x

ਇਸ ਧਾਰਣਾ ਵਿੱਚ ਤਿੰਨ ਪਦ ਸੋਲਾਂ ਸੋਲਾਂ ਮਾਤ੍ਰਾ ਦੇ ਹਨ, ਅੰਤ ਦਾ ਰਹਾਉ (ਕ਼ਾਫ਼ੀ) ੧੨. ਮਾਤ੍ਰਾ ਦਾ ਹੈ.

(ਅ) ਬੁਲ੍ਹੇਸ਼ਾਹ ਫ਼ਕ਼ੀਰ ਦੀਆਂ ਕ਼ਾਫ਼ੀਆਂ ਭੀ ਪੰਜਾਬ ਵਿੱਚ ਬਹੁਤ ਪ੍ਰਸਿੱਧ ਹਨ, ਜੋ ਚੌਪਈ ਦਾ ਰੂਪ ਸੋਲਾਂ ਮਾਤ੍ਰਾ ਦੀਆਂ ਹਨ, ਯਥਾ-

ਉਠ ਜਾਗ ਘੁਰਾੜੇ ਮਾਰ ਨਹੀਂ, -

ਤੂੰ ਏਸ ਜਹਾਨੋ ਜਾਵੇਂਗੀ,

ਫਿਰ ਕਦਮ ਨ ਏਥੇ ਪਾਵੇਂਗੀ,

ਇਹ ਜੋਬਨ ਰੂਪ ਲੁਟਾਂਵੇਗੀ,

ਤੂੰ ਰਹਿਣਾ ਵਿੱਚ ਸੰਸਾਰ ਨਹੀਂ. -

ਮੂੰਹ ਆਈ ਬਾਤ ਨ ਰਹਿੰਦੀ ਹੈ, -

ਉਹ ਸ਼ੌਹ ਅਸਾਥੋਂ ਵੱਖ ਨਹੀਂ,

ਬਿਨ ਸ਼ੌਹ ਤੋਂ ਦੂਜਾ ਕੱਖ ਨਹੀਂ,

ਪਰ ਦੇਖਣ ਵਾਲੀ ਅੱਖ ਨਹੀ,

ਇਹ ਜਾਨ ਪਈ ਦੁਖ ਸਹਿੰਦੀ ਹੈ. -

(ੲ) ਕਈਆਂ ਨੇ "ਤਾਟੰਕ" ਛੰਦ ਦੀ ਚਾਲ ਨੂੰ ਹੀ "ਕ਼ਾਫ਼ੀ" ਦਾ ਸਰੂਪ ਦੱਸਿਆ ਹੈ, ਪਰ ਇਹ ਸਹੀ ਨਹੀਂ, ਕਿਉਂਕਿ ਕਾਫੀ ਖਾਸ ਛੰਦ ਨਹੀਂ ਹੈ ਕਿੰਤੂ ਗਾਉਣ ਦਾ ਇੱਕ ਢੰਗ ਹੈ। ੫. ਅ਼ਰਬ ਮਿਸਰ ਆਦਿਕ ਵਿੱਚ ਹੋਣ ਵਾਲਾ ਇੱਕ ਪੌਦਾ, ਜਿਸ ਨੂੰ ਮਕੋਯ ਜੇਹੇ ਫਲ ਲਗਦੇ ਹਨ. ਇਨ੍ਹਾਂ ਫਲਾਂ ਨੂੰ ਭੁੰਨਕੇ, ਆਟਾ ਬਣਾ ਲੈਂਦੇ ਹਨ. ਅਤੇ ਉਸ ਚੂਰਣ ਨੂੰ ਚਾਯ (ਚਾਹ) ਦੀ ਤਰਾਂ ਉਬਾਲਕੇ ਪੀਂਦੇ ਹਨ. ਕਾਹਵਾ.

ਕਾਫੀਆ, ਕਾ਼ਫੀਯਹ: ਸੰਗਯਾ- ਅੰਤਯਾਨੁਪ੍ਰਾਸ. قافیہ ਦੇਖੋ, ਅਨੁਪ੍ਰਾਸ.

ਕਾਫੂਰ: ਦੇਖੋ, ਕਪੂਰ.

ਕਾਬ: ਦੇਖੋ, ਕਾਵਯ। ੩. ਤੁ. قاب ਕ਼ਾਬ. ਸੰਗਯਾ- ਥਾਲ. ਵਡੀ ਰਿਕਾਬੀ.

ਕਾਂਬ: ਸੰਗਯਾ- ਕਾਕ. ਕਾਉਂ. "ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ." (ਸ. ਕਬੀਰ) ਕਾਗ ਤੋਂ ਭਾਵ ਕੁਸੰਗਤਿ ਹੈ। ੨. ਕਾਂਬਖਾਣ ਤੋਂ ਭਾਵ ਵਿਘਨਪੈਣਾ ਭੀ ਹੈ.

ਕਾਬਰਣਾਦਿ: ਕ- ਵਰਣ- ਆਦਿ. "ਕਾਵਰਣਾਦਿ ਬਖਾਨਕੈ ਮੰਦ ਬਰਣ ਪਦ ਦੇਹੁ." (ਸਨਾਮਾ) ਪਹਿਲਾਂ ਕੱਕਾ ਅੱਖਰ ਕਹਿਕੇ ਫੇਰ ਮੰ ਅਤੇ ਦ ਅਖਰ ਦੇਓ, ਇਸ ਤੋਂ 'ਕਮੰਦ' ਸ਼ਬਦ ਬਣੇਗਾ.

**ਕਾਬਰੀ, ਕਾਂਬਰੀ:** ਸੰ. ਕੰਬਲ. ਸੰਗਜਾ- "ਕਾਬਰੀ ਪਟੰਬਰ ਕੇ ਬਦਲੇ ਉਢਾਈਐ." (ਭਾਗੁ ਕ) "ਸਾਕਤ ਕਾਰੀ ਕਾਂਬਰੀ." (ਸ. ਕਬੀਰ)

**ਕਾਬਲ:** ਦੇਖੋ, ਕਾਬਿਲ ਅਤੇ ਕਾਬੁਲ.

**ਕਾਬਲੀ:** ਦੇਖੋ, ਕਾਬੁਲੀ.

**ਕਾਂਬਲੀ:** ਸੰਗਜਾ- ਕੰਬਲ. "ਕ੍ਰਿਸਨ ਓਢੈ ਕਾਂਬਲੀ." (ਮਲਾ ਨਾਮਦੇਵ)

**ਕਾਬਲੀਯਤ, ਕ਼ਾਬਲੀਯਤ:** ਅ਼. قابلِیت ਸੰਗਜਾ- ਕ਼ਾਬਿਲ (ਯੋਗ੍ਯ) ਹੋਣ ਦਾ ਭਾਵ. ਲਿਆਕ਼ਤ. ਯੋਗ੍ਯਤਾ.

**ਕਾਬਾ:** ਅ਼. کعبہ ਕਅ਼ਬਹ. ਅ਼ਰਬ ਦੇ ਮੱਕੇ ਸ਼ਹਿਰ ਵਿੱਚ ਮੁਸਲਮਾਨਾਂ ਦਾ ਧਰਮਮੰਦਿਰ, ਜੋ ਇਸਲਾਮੀ ਕਿਤਾਬਾਂ ਅਨੁਸਾਰ ਪਹਿਲਾਂ ਹਜਰਤ ਆਦਮ ਨੇ ਬਣਾਇਆ. ਨੂਹ ਵਾਲੇ ਤੂਫਾਨ ਵਿੱਚ ਇਹ ਡਿਗ ਪਿਆ, ਅਤੇ ਮੁੜ ਇਬਰਾਹੀਮ ਨੇ ਉਸਾਰਿਆ. ਫੇਰ ਕਈ ਵੇਰ ਡਿੱਗਾ ਅਤੇ ਬਣਿਆ. ਇੱਕ ਵੇਰ ਮੁਹੰਮਦ ਸਾਹਿਬ ਨੇ ਭੀ ਇਸ ਦੀ ਨਿਉਂ ਰੱਖੀ ਸੀ. ਦੇਖੋ, ਮੁਹੰਮਦ.

ਇਸ ਮੰਦਿਰ ਵਿੱਚ ਅਨੇਕ ਬੁਤਾਂ ਦੀ ਪੂਜਾ ਹੁੰਦੀ ਸੀ, ਜਿਨ੍ਹਾਂ ਨੂੰ ਹਜਰਤ ਮੁਹੰਮਦ ਨੇ ਬਾਹਰ ਕੱਢਿਆ.

ਸਨ ੧੦੪੦ ਵਿੱਚ ਰੂਮ ਦੇ ਉਸਮਾਨੀ ਪਾਤਸ਼ਾਹ "ਸੁਲਤਾਨ ਮੁਰਾਦ ਚੌਥੇ" ਨੇ ਕਾਬੇ ਨੂੰ ਨਵੇਂ ਸਿਰੇ ਬਣਾਇਆ ਜੋ ਹੁਣ ਤਕ ਕਾਇਮ ਹੈ.

ਇਸ ਮੰਦਿਰ ਦੀ ਪੂਰਵ ਵੱਲ ਦੀ ਬਾਹੀ ਜਿੱਧਰ ਦਰਵਾਜ਼ਾ ਹੈ ੩੩ ਗਜ ਲੰਮੀ ਹੈ। ਪੱਛਮ ਦੀ ੩੧ ਗਜ, ਉੱਤਰ ਦੀ ੨੨ ਅਤੇ ਦੱਖਣ ਦੀ ੨੦. ਗਜ ਹੈ. ਬੁਲੰਦੀ ੩੫ ਫੁਟ ਹੈ. ਚਿਣਾਈ ਭੂਰੇ ਰੰਗ ਦੇ ਪੱਥਰ ਦੀ ਚੂਨੇ ਨਾਲ ਹੋਈ ਹੈ. ਕੁਰਸੀ ਦੋ ਫੁੱਟ ਉੱਚੀ ਹੈ. ਛੱਤ ਚਪਟੀ ਹੈ. ਇਸ ਦਾ ਦਰਵਾਜ਼ਾ ਖ਼ਾਸ ਤਿਉਹਾਰਾਂ ਸਮੇਂ ਹੀ ਖੁਲਦਾ ਹੈ ਜਦ ਯਾਤ੍ਰੀ ਲੋਕ ਆਉਂਦੇ ਹਨ, ਨਹੀਂ ਤਾਂ ਬੰਦ ਰਹਿੰਦਾ ਹੈ. ਦੱਖਣ ਪੂਰਵ ਵੱਲ ਦਾ ਜੋ ਮੰਦਿਰ ਦਾ ਕੋਣਾ ਹੈ, ਉਸ ਵਿੱਚ ਜ਼ਮੀਨ ਤੋਂ ੫. ਫੁੱਟ ਉੱਚਾ "ਸੰਗੇ ਅਸਵਦ" (ਕਾਲਾ ਪੱਥਰ) ਜੜਿਆ ਹੋਇਆ ਹੈ, ਜਿਸ ਨੂੰ ਹਾਜੀ ਚੁੰਮਦੇ ਹਨ. ਦੱਖਣ ਦੇ ਕੋਣੇ ਵਿੱਚ ਇੱਕ ਹੋਰ ਪੱਥਰ ਹੈ, ਜਿਸ ਦਾ ਨਾਉਂ "ਰੁਕਨੁਲਯਮਾਨ" ਹੈ. ਇਸਨੂੰ ਯਾਤ੍ਰੀ ਲੋਕ ਸੱਜੇ ਹੱਥ ਨਾਲ ਛੁੰਹਦੇ ਹਨ. ਦਰਵਾਜ਼ੇ ਦੇ ਪਾਸ ਮੰਦਿਰ ਦੀ ਦੀਵਾਰ ਦੇ ਨਾਲ ਲਗਦਾ ਇੱਕ ਸੰਗਮਰਮਰ ਦੇ ਹਾਸ਼ੀਏ ਵਾਲਾ ਗਹਿਰਾ ਮਕਾਮ ਹੈ, ਜਿਸ ਉੱਪਰ ਤਿੰਨ ਆਦਮੀ ਖੜੇ ਹੋ ਸਕਦੇ ਹਨ. ਆਖਦੇ ਹਨ ਕਿ ਇਸ ਥਾਂ ਇਬਰਾਹੀਮ ਨੇ ਇਸਮਾਈਲ ਸਮੇਤ ਈਸ਼੍ਵਰ ਅੱਗੇ ਪ੍ਰਾਰਥਨਾ ਕੀਤੀ ਸੀ. ਕਾਬੇ ਦੇ ਚਾਰੇ ਪਾਸੇ ਪਰਕੰਮਿਆਂ (ਪਰਿਕ੍ਰਮਾ) ਲਈ ਖੁਲੀ ਤਾਂ ਹੈ ਅਤੇ ਸੁੰਦਰ ਵਲਗਣ (ਚਹਾਰਦੀਵਾਰੀ) ਹੈ. ਕਾਬੇ ਦਾ ਮੰਦਿਰ ਸਿਆਹ ਰੇਸ਼ਮੀ ਗਿਲਾਫ ਨਾਲ ਢਕਿਆ ਰਹਿੰਦਾ ਹੈ, ਜਿਸ ਉੱਤੇ ਕ਼ੁਰਾਨ ਦੀਆਂ ਆਯਤਾਂ ਲਿਖੀਆਂ ਹਨ.[360] "ਗੰਗ ਬਨਾਰਸ ਹਿੰਦੂਆਂ ਮੁੱਸਲਮਾਣਾ ਮੱਕਾ ਕਾਬਾ." (ਭਾਗੁ) "ਕਾਬਾ ਘਟ ਹੀ ਭੀਤਰਿ." (ਆਸਾ ਕਬੀਰ) ਦੇਖੋ, ਅਸਵਦ, ਇਬਰਾਹੀਮ ਹੱਜ, ਮੱਕਾ ਅਤੇ ਮੁਹੰਮਦ.

**ਕਾਬਿ:** ਦੇਖੋ, ਕਾਵ੍ਯ. "ਕਈ ਕੋਟਿ ਕਬਿ ਕਾਬਿ ਬਿਚਾਰਹਿ." (ਸੁਖਮਨੀ) ੨. ਕਾਬੇ ਮੇਂ. ਕਾਬੇ ਵੱਲ. ਦੇਖੋ, ਕਾਬਾ. "ਨਿਵਾਜੈਂ ਝੁਕੇ ਹੈਂ ਮਨੋ ਕਾਬਿ ਕਾਜੀ." (ਚਰਿਤ੍ਰ ੪੦੫) ਮਾਨੋ ਕਾਬੇ ਵੱਲ ਕਾਜੀ ਝੁਕੇ ਹਨ.

**ਕਾਬਿਜ:** ਅ਼. قابِض ਕ਼ਾਬਿਜ਼. ਵਿ- ਕ਼ਬਜ (ਕ਼ਾਬੂ) ਕਰਨ ਵਾਲਾ। ੨. ਸੰਗਜਾ- ਅੰਤੜੀ ਵਿੱਚ ਮੈਲ ਨੂੰ ਰੋਕਣ ਵਾਲਾ ਪਦਾਰਥ.

**ਕਾਬਿਲ, ਕ਼ਾਬਿਲ:** ਅ਼. قابل ਵਿ- ਕ਼ਾਬਲੀਯਤ (ਯੋਗ੍ਯਤਾ) ਵਾਲਾ. ਯੋਗ੍ਯ. ਲਾਇਕ਼.

**ਕਾਬੁਲ:** ਸੰ. ਕੁਭਾ. ਇੱਕ ਨਦੀ, ਜਿਸਦਾ ਜ਼ਿਕਰ ਰਿਗਵੇਦ ਵਿੱਚ ਆਇਆ ਹੈ. ਇਹ ਨਦੀ ਅਫ਼ਗਾਨਿਸਤਾਨ ਵਿੱਚ ਵਹਿੰਦੀ ਹੋਈ ਅਟਕ ਪਾਸ ਆਕੇ ਸਿੰਧੁਨਦ ਵਿੱਚ ਡਿਗਦੀ ਹੈ. ਫ਼ਾਰਸੀ ਵਿੱਚ ਇਸੇ ਦਾ ਨਾਉਂ ਕਾਬੁਲ ਹੈ. ਲੋਗਰ ਅਤੇ ਕਾਬੁਲ ਨਦੀ ਦੇ ਵਿਚਕਾਰ ਵਸੇ ਨਗਰ ਦਾ ਨਾਉਂ ਭੀ ਕਾਬੁਲ ਹੋ ਗਿਆ ਹੈ. ਕਾਬੁਲ ਅਫ਼ਗਾਨਿਸਤਾਨ ਦੀ ਰਾਜਧਾਨੀ ਹੈ, ਅਤੇ ਪੇਸ਼ਾਵਰ ਤੋਂ

---

[360] ਇਹ ਗਿਲਾਫ ਮਿਸਰ ਤੋਂ ਬਣਕੇ ਆਇਆ ਕਰਦਾ ਸੀ, ਹੁਣ ਹੱਜਾਜ਼ ਦੇ ਬਾਦਸ਼ਾਹ ਨੇ ਹਿੰਦੁਸਤਾਨ ਤੋਂ ਬਣਵਾਕੇ ਮੰਗਵਾਇਆ ਹੈ.

੧੯੧ ਮੀਲ ਹੈ. ਇਸ ਦੀ ਸਮੁੰਦਰ ਤੋਂ ਬਲੰਦੀ ੫੭੮੦ ਫੁਟ ਹੈ. ਕਾਬੁਲ ਦੇ ਸ਼ਾਹ ਦੀ ਪਦਵੀ "ਅਮੀਰ" ਹੈ.[361]

ਸ੍ਰੀ ਗੁਰੂ ਨਾਨਕ ਦੇਵ ਧਰਮਪ੍ਰਚਾਰ ਕਰਦੇ ਹੋਏ ਸੰਮਤ ੧੫੭੬ ਵਿੱਚ ਇਸ ਸ਼ਹਿਰ ਵਿਰਾਜੇ ਅਤੇ ਅਨੇਕ ਜੀਵਾਂ ਨੂੰ ਸੁਮਾਰਗ ਪਾਇਆ. "ਜਹਿਂ ਕਾਬੁਲ ਕੋ ਨਗਰ ਸੁਹਾਵਾ। ਤਿਸ ਮਹਿਂ ਪ੍ਰਵਿਸੇ ਦੁਖਬਨ ਦਾਵਾ." (ਨਾਪ੍ਰ)

ਸ੍ਰੀ ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਵੇਲੇ ਕਾਬੁਲ ਵਿੱਚ ਸਿੱਖਧਰਮ ਦਾ ਬਹੁਤ ਪ੍ਰਚਾਰ ਹੋਇਆ. ਹੁਣ ਇਸ ਸ਼ਹਿਰ ਵਿੱਚ ਕਈ ਸਿੱਖ ਧਰਮਸ਼ਾਲਾ ਦੇਖੀਦੀਆਂ ਹਨ.

ਕਾਬੁਲੀ: ਵਿ- ਕਾਬੁਲ ਦਾ. ਕਾਬੁਲ ਨਾਲ ਸੰਬੰਧ ਰੱਖਣ ਵਾਲਾ.

ਕਾਬੁਲੀਬੇਗ: ਸ਼ਾਹਜਹਾਂ ਦੀ ਸੈਨਾ ਦਾ ਇੱਕ ਸਰਦਾਰ, ਜੋ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰੂਸਰ ਮੇਹਰਾਜ ਦੇ ਜੰਗ ਵਿੱਚ ਖੜਗ ਨਾਲ ਮਾਰਿਆ.

ਕਾਬੁਲੀਮੱਲ: ਅਹ਼ਮਦਸ਼ਾਹ ਅਬਦਾਲੀ ਦਾ ਸਨ ੧੭੬੨ ਵਿੱਚ ਮੁਕੱਰਰ ਕੀਤਾ ਲਹੌਰ ਦਾ ਗਵਰਨਰ, ਜਿਸ ਪਾਸੋਂ ਖ਼ਾਲਸਾਦਲ ਨੇ ਸਨ ੧੭੬੫ ਵਿੱਚ ਲਹੌਰ ਖੋਹਕੇ ਕਬਜਾ ਕੀਤਾ.

ਕਾਬੂ, ਕ਼ਾਬੂ: ਤੁ قابُو ਵਿ- ਵਸ਼. ਅਧੀਨ। ੨. ਸੰਗ੍ਯਾ- ਅਧਿਕਾਰ. ਇਖ਼ਤ੍ਯਾਰ.

ਕਾਂਬੋਜ: ਵਿ- ਕੰਬੋਜ ਦੇਸ਼ ਨਾਲ ਸੰਬੰਧ ਰਖਦਾ ਹੈ. ਦੇਖੋ, ਕੰਬੋਜ.

ਕਾਮ: ਸੰ. ਕਮੰ. ਸੰਗ੍ਯਾ- ਕੰਮ. ਕਾਰ੍ਯੰ. "ਊਤਮ ਊਚਾ ਸਬਦ ਕਾਮ." (ਬਸੰ ਮਃ ੩) ੨. ਸੰ. ਕਾਮ (ਕਮ੍ ਧਾ- ਚਾਹਨਾ. ਇੱਛਾ ਕਰਨਾ. ) ਕਾਮਦੇਵ. ਮਨੋਜ. "ਕਾਮ ਕ੍ਰੋਧ ਕਰਿ ਅੰਧ." (ਧਨਾ ਮਃ ੫) ੩. ਇੱਛਾ. ਕਾਮਨਾ. "ਮੁਕਤਿਦਾਯਕ ਕਾਮ." (ਜਾਪੁ) ੪. ਸੰਕਲਪ. ਫੁਰਣਾ. "ਤਿਆਗਹੁ ਮਨ ਕੇ ਸਗਲ ਕਾਮ." (ਬਸੰ ਮਃ ੫) ੫. ਕ੍ਰਿਸ਼ਨ ਜੀ ਦਾ ਪੁਤ੍ਰ ਪ੍ਰਦ੍ਯੁਮਨ, ਜਿਸਨੂੰ ਕਾਮ ਦਾ ਅਵਤਾਰ ਹੋਣ ਕਰਕੇ "ਕਾਮ" ਲਿਖਿਆ ਹੈ.

ਕਾਮਪਾਲ ਅਨੁਜਨਨੀ ਆਦਿ ਭਨੀਜੀਐ।

ਜਾਚਰ ਕਹਿਕੈ ਪੁਨ ਨਾਇਕ ਪਦ ਦੀਜੀਐ।

ਸਤ੍ਰੁ ਸਬਦ ਕੋ ਤਾਂਕੇ ਅੰਤ ਉਚਾਰੀਐ।

ਹੋ ! ਸਕਲ ਤੁਪਕੇ ਕੇ ਨਾਮ ਸੁਮੰਤ੍ਰ ਵੀਚਾਰੀਐ। (ਸਨਾਮਾ)

ਕਾਮ (ਪ੍ਰਦ੍ਯੁਮਨ) ਨੂੰ ਪਾਲਨ ਵਾਲਾ ਬਲਰਾਮ, ਉਸ ਦੇ ਅਨੁਜ (ਛੋਟੇ ਭਾਈ) ਕ੍ਰਿਸ਼ਨ ਜੀ ਦੀ ਇਸਤ੍ਰੀ ਯਮੁਨਾ. ਉਸ ਤੋਂ ਪੈਦਾ ਹੋਇਆ ਘਾਹ, ਉਸ ਨੂੰ ਚਰਣ ਵਾਲਾ ਮ੍ਰਿਗ, ਮ੍ਰਿਗਾਂ ਦਾ ਰਾਜਾ ਸ਼ੇਰ, ਉਸ ਦੀ ਵੈਰਣ ਬੰਦੂਕ। ੬. ਵੀਰਯ. ਸ਼ੁਕ੍ਰ. ਰੇਤ. ਮਨੀ. "ਤਾਂ ਉਸ ਨੂੰ ਦੇਖਕੇ ਉਸ ਦਾ ਕਾਮ ਗਿਰਿਆ." (ਜਸਾ) ੭. ਵਿ- ਮਨੋਹਰ. ਦਿਲਕਸ਼. "ਕਾਮਨੈਨ ਸੁੰਦਰ ਬਦਨ." (ਸਲੋਹ) ੮. ਕਾਰਾਮਦ. ਭਾਵ- ਲਾਭਦਾਇਕ. "ਅਵਰਿ ਕਾਜ ਤੇਰੈ ਕਿਤੈ ਨ ਕਾਮ." (ਆਸਾ ਮਃ ੫) ੯. ਫ਼ਾ. کام ਸੰਗ੍ਯਾ- ਮੁਰਾਦ. ਪ੍ਰਯੋਜਨ। ੧੦. ਤਾਲੂਆ.

ਕਾਮ ਆਨਾ: ਕ੍ਰਿ- ਵਰਤੋਂ ਵਿੱਚ ਆਉਣਾ। ੨. ਜੰਗ ਵਿੱਚ ਸ੍ਵਾਮੀ ਅਰਥ ਪ੍ਰਾਣ ਦੇਣੇ. "ਕਾਮਸੂਤ ਅਜਸੁਤ ਕੋ ਆਯੋ." (ਚਰਿਤ੍ਰ ੧੦੨) ਦਸ਼ਰਥ ਦਾ ਰਥਵਾਹੀ ਜੰਗ ਵਿੱਚ ਮਾਰਿਆ ਗਿਆ.

ਕਾਮਸ਼ਾਸਤ੍ਰ: ਉਹ ਸ਼ਾਸਤ੍ਰ ਜੋ ਇਸਤ੍ਰੀ ਪੁਰਖ ਦੀ ਜਾਤਿ ਅਤੇ ਗੁਣ, ਪਰਸਪਰ ਸੰਬੰਧ ਦੀ ਯੋਗ੍ਯਤਾ, ਭੋਗ ਦੇ ਪ੍ਰਕਾਰ, ਸ਼ਰੀਰ ਦੀ ਪੁਸ਼੍ਟਿ ਦੇ ਸਾਧਨ ਆਦਿਕ ਵਰਣਨ ਕਰਦਾ ਹੈ. ਇਸ ਦੇ ਆਚਾਰਯ ਕਾਤ੍ਯਾਯਨ, ਨੰਦੀਸ਼੍ਵਰ ਅਤੇ ਵਾਤਸ੍ਯਾਯਨ ਮੰਨੇ ਗਏ ਹਨ। ੨. ਕੋਕਸ਼ਾਸਤ੍ਰ.

---

[361] ਵਰਤਮਾਨ ਅਮੀਰ ਅਮਾਨੁੱਲਾ ਨੇ ਬਾਦਸ਼ਾਹ (King) ਪਦਵੀ ਧਾਰਣ ਕੀਤੀ ਹੈ.

ਕਾਮਹਾਰ: ਵਿ- ਕਾਮਵਾਲਾ. ਕਾਮੀ. "ਮੈਗਲ ਜਿਉ ਫਾਸਸਿ ਕਾਮਹਾਰ." (ਬਸੰ ਅਃ ਮਃ ੧)

ਕਾਮਕ: ਸੰ. ਕਾਮੁਕ. ਵਿ- ਕਾਮਨਾ ਵਾਲਾ. ਕਾਮਨਾ ਸਹਿਤ. "ਕਾਮਕ ਮੰਤ੍ਰ ਕਸੀਰੇ ਕੇ ਕਾਮਨ." (ਵਿਚਿਤ੍ਰ) ਕਾਮੁਕ ਮੰਤ੍ਰ ਦਮੜੀ ਦੇ ਮੁੱਲ ਦਾ ਨਹੀਂ.

ਕਾਮਕਰਾ: ਕਾਮਕਲਾ. ਕਾਮ ਦੀ ਚੇਸ਼੍ਟਾ। ੨. ਸੰਕਲਪ- ਸ਼ਕਤਿ. ਦੇਖੋ, ਕਰਾ. ੩. ਕਾਮ ਦੀ ਇਸਤ੍ਰੀ ਰਤਿ। ੪. ਤੰਤ੍ਰਸ਼ਾਸਤ੍ਰ ਅਨੁਸਾਰ ਕਾਮਨਾ ਸਿੱਧ ਕਰਨ ਦੀ ਮੰਤ੍ਰਵਿਦ੍ਯਾ.

ਕਾਮਕਰੀ: ਸੰ. ਕਾਮ੍ਯਕ੍ਰਿਯਾ. ਸੰਗ੍ਯਾ- ਕਾਮਨਾ ਸਹਿਤ ਕੀਤੀ ਹੋਈ ਕਿਰਤ. "ਕਾਮਕਰੀ ਸਭ ਤਿਆਗਿਕੈ ਹਉ ਸਰਣਿ ਪਰਉਗੀ." (ਸਾਰ ਮਃ ੫. ਪੜਤਾਲ)

ਕਾਮਕਾਰ: ਵਿ- ਕਾਰਕੁਨ. "ਮੈ ਆਪ ਕਾ ਹੋਂ ਕਾਮਕਾਰ." (ਸਲੋਹ)

ਕਾਮਕੀ: ਦੇਖੋ, ਕਾਮੁਕੀ। ੨. ਕਾਮ ਦੀ ਇਸਤ੍ਰੀ ਰਤਿ.

ਕਾਮਕੇਲ, ਕਾਮਕੇਲਿ: ਸੰਗ੍ਯਾ- ਕਾਮਕ੍ਰੀੜਾ. ਕਾਮਕਲੋਲ. ਭੋਗ ਵਿਲਾਸ। ੨. ਵਿ- ਲੰਪਟ. ਅੱਯਾਸ਼.

ਕਾਮਕੰਦਲਾ: ਇੱਕ ਵੇਸ਼੍ਯਾ, ਜੋ ਰਾਗਵਿਦ੍ਯਾ ਵਿੱਚ ਵਡੀ ਨਿਪੁਣ ਸੀ. ਇਸ ਨਾਲ ਵਿਦ੍ਵਾਨ ਮਾਧਵਾਨਲ ਦਾ ਪ੍ਰੇਮ ਹੋ ਗਿਆ. ਇਸ ਪ੍ਰਸੰਗ ਲਈ ਦੇਖੋ, ਦਸਮਗ੍ਰੰਥ ਦਾ ਚਰਿਤ੍ਰ ੯੧.

ਕਾਮਖ੍ਯਾ: ਦੇਖੋ, ਕਾਮਾਖ੍ਯੀ.

ਕਾਮਗਹੇਲੀ: ਵਿ- ਕਾਮਗ੍ਰਸਿਤ. ਕਾਮ ਦੀ ਫੜੀ ਹੋਈ. "ਸੁਣਿ ਸੁਣਿ ਕਾਮਗਹੇਲੀਏ !" (ਸ੍ਰੀ ਮਃ ੩)

ਕਾਮਗਾਮੀ: ਵਿ- ਸੁੰਦਰ ਚਾਲ ਵਾਲਾ। ੨. ਸ੍ਵੈੱਛਾਚਾਰੀ। ੩. ਕਾਮਗਾਮਿਨੀ. ਸੁੰਦਰ ਚਾਲ ਵਾਲੀ. "ਗੌਰਜਾ ਕਾਮਗਾਮੀਨੀ." (ਚੰਡੀ ੨)

ਕਾਮਗਾਰ: ਫ਼ਾ. کامگار ਵਿ- ਕਾਮਯਾਬ. ਮਤਲਬ ਤੇ ਪੁੱਜਣ ਵਾਲਾ.

ਕਾਮਗ੍ਰਿਹ: ਇਸ੍ਤ੍ਰੀ ਦੀ ਯੋਨਿ. ਮਦਨਗ੍ਰਿਹ. ਭਗ.

ਕਾਮਚਾਰੀ: ਵਿ- ਇੱਛਾਚਾਰੀ. ਆਪਣੀ ਕਾਮ (ਇੱਛਾ) ਅਨੁਸਾਰ ਵਿਚਰਣ ਵਾਲਾ. ਯਥੇੱਛਾਚਾਰੀ। ੨. ਸੰਗ੍ਯਾ- ਗਰੁੜ.

ਕਾਮਚੋਲਨਾ: ਕਾਮ (ਅਨੰਗ) ਨੂੰ ਵਧਾਉਣ ਵਾਲਾ ਲਿਬਾਸ। ੨. ਕਾਮਨਾ ਰੂਪ ਵਸਤ੍ਰ. "ਕਾਮਚੋਲਨਾ ਭਇਆ ਹੈ ਪੁਰਾਨਾ." (ਆਸਾ ਕਬੀਰ)

ਕਾਮੱਛਿਆ: ਦੇਖੋ, ਕਾਮਾਖ੍ਯੀ.

ਕਾਮਝਾਮ: ਦੇਖੋ, ਤਾਮਝਾਮ.

ਕਾਮਣ: ਸੰਗ੍ਯਾ- ਕਾਮਨੁ. ਕਾਮਨਾ ਸਹਿਤ ਕਿਸੇ ਦੇਵਤਾ ਦੀ ਨੁ (ਉਸਤਤਿ) ਕਰਨਾ. ਮੰਤ੍ਰਜਪ. "ਕਾਮਣ ਟੂਣੇ ਔਸੀਆਂ." (ਭਾਗੁ) ੨. ਟੂਣਾ. ਤੰਤ੍ਰ. "ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ." (ਤਿਲੰ ਮਃ ੧) ਜੇ ਕਾਮਿਨੀ (ਇਸਤ੍ਰੀ) ਸ਼ੁਭਗੁਣਾਂ ਦਾ ਮੰਤ੍ਰ ਕਰੇ। ੩. ਸੰ. कार्म्मण ਕਾਰ੍‍ਮੰਣ. ਤੰਤਸ਼ਾਸਤ੍ਰ ਅਨੁਸਾਰ ਮਾਰਣ ਮੋਹਨ ਵਸ਼ਿਕਰਣ ਆਦਿਕ ਲਈ ਮੰਤ੍ਰ ਤੰਤ੍ਰ ਦਾ ਸਾਧਨ.

ਕਾਮਣਿ: ਸੰ. ਕਾਮਿਨੀ. ਸੰਗ੍ਯਾ- ਸੁੰਦਰ ਇਸਤ੍ਰੀ. "ਕਾਮਣਿ ਕਾਮਿ ਨ ਆਵਈ ਖੋਟੀ ਅਵਗੁਣਿਆਰ." (ਸ੍ਰੀ ਅਃ ਮਃ ੧)

ਕਾਮਣਿਆਰਿ, ਕਾਮਣਿਆਰੀ: ਵਿ- ਮੰਤ੍ਰ ਤੰਤ੍ਰ ਕਰਨ ਵਾਲੀ. ਦੇਖੋ, ਕਾਮਣ. "ਭੂੰਡੀ ਕਾਮਣਿ ਕਾਮਣਿਆਰਿ." (ਬਿਲਾ ਮਃ

੧) "ਕਾਮਣਿਆਰੀ ਕਾਮਣ ਪਾਏ ਬਹੁਰੰਗੀ ਗਲਿ ਤਾਗਾ." (ਵਡ ਮਃ ੧. ਅਲਾਹਣੀ)

ਕਾਮਣੀ: ਦੇਖੋ, ਕਾਮਣਿ. "ਸੁਣਿ ਸੁਣਿ ਮੇਰੀ ਕਾਮਣੀ ਪਾਰਿਉਤਾਰਾ ਹੋਇ." (ਧਨਾ ਮਃ ੧)

ਕਾਮਣੁ: ਦੇਖੋ, ਕਾਮਣ.

ਕਾਮਤ, ਕ਼ਾਮਤ: قامت ਸੰਗਯਾ- ਡੀਲ. ਕੱਦ.

ਕਾਮਤਰੁ: ਦੇਖੋ, ਸੁਰਤਰੁ.

ਕਾਮਦ: ਵਿ- ਕਾਮਨਾ ਦੇਣ ਵਾਲਾ. ਮਨਇੱਛਾ ਪੂਰੀ ਕਰਨ ਵਾਲਾ। ੨. ਸੰਗਯਾ- ਕਰਤਾਰ.

ਕਾਮਦਾ: ਵਿ- ਕਾਮਨਾ ਦੇਣ ਵਾਲੀ। ੨. ਸੰਗਯਾ- ਇੱਕ ਦੇਵੀ, ਜੋ ਪਾਤਾਲ ਵਿੱਚ ਅਹਿਰਾਵਣ ਦਾ ਇਸ਼੍ਟ ਸੀ. "ਧਰਯੋ ਧਯਾਨ ਉਰ ਕਾਮਦ ਦੇਵੀ." (ਤੁਲਸੀ)

ਕਾਮਦਾਰ: ਕਾਰਦਾਰ. ਅਹਿਲਕਾਰ."ਕਾਹੂੰ ਕਾਮਦਾਰ ਹੋਇ ਬਡੋ ਬਿਵਹਾਰ ਹੋਇ." (ਗੁਪ੍ਰਸੂ)

ਕਾਮਦਾਰੀ: ਸੰਗਯਾ- ਅਹਿਲਕਾਰੀ.

ਕਾਮਦੂਤ: ਉੱਦੀਪਨ ਵਿਭਾਵ। ੨. ਵਸੰਤ.

ਕਾਮਦੇਵ: ਰਤਿ ਦਾ ਪਤਿ, ਮਨੋਜ. ਅਨੰਗ. ਮਦਨ. ਭੋਗ ਵਿਲਾਸ ਦਾ ਦੇਵਤਾ. ਦੇਖੋ, L. Cupid.

ਕਾਮਧੇਨ, ਕਾਮਧੇਨੁ, ਕਾਮਧੈਨ: ਪੁਰਾਣਾਂ ਅਨੁਸਾਰ ਸੁਰਗ ਦੀ ਇੱਕ ਗਊ, ਜੋ ਸਮੁੰਦਰ ਰਿੜਕਣ ਸਮੇਂ ਨਿਕਲੀ ਹੈ. ਇਹ ਮਨਚਿਤਵੇ ਪਦਾਰਥ ਦੇਣ ਕਰਕੇ ਕਾਮਧੇਨੁ ਸਦਾਉਂਦੀ ਹੈ. "ਅਨਿਕ ਬਸੁਧਾ ਅਨਿਕ ਕਾਮਧੇਨ." (ਸਾਰ ਅਃ ਮਃ ੫)

"ਕਾਮਧੇਨੁ ਸੋਹੀ ਦਰਬਾਰੇ." (ਮਾਰੂ ਸੋਲਹੇ ਮਃ ੫) "ਕਾਮਧੈਨ ਬਸਿ ਜਾਕੇ." (ਮਾਰੂ ਰਵਿਦਾਸ)

ਕਾਲਿਕਾ ਪੁਰਾਣ ਵਿੱਚ ਕਥਾ ਹੈ ਕਿ ਦਕ੍ਸ਼ ਦੀ ਕੰਨਯਾ ਸੁਰਭਿ ਦੇ ਉਦਰ ਤੋਂ ਕਸ਼ਯਪ ਦੀ ਬੇਟੀ ਰੋਹਿਣੀ ਜਨਮੀ. ਰੋਹਿਣੀ ਦੇ ਗਰਭ ਤੋਂ ਸੂਰਸੇਨ ਵਸੁ ਦੇ ਵੀਰਯ ਕਰਕੇ ਕਾਮਧੇਨੁ ਦਾ ਜਨਮ ਹੋਇਆ. ਇੱਕ ਵਿਸ਼ਈ ਵੇਤਾਲ ਕਾਮਧੇਨੁ ਦੀ ਸੁੰਦਰਤਾ ਦੇਖਕੇ ਮੋਹਿਤ ਹੋ ਗਿਆ ਅਤੇ ਬੈਲ ਦਾ ਰੂਪ ਧਾਰਕੇ ਉਸ ਨੇ ਕਾਮਧੇਨੁ ਨਾਲ ਭੋਗ ਕੀਤਾ, ਜਿਸ ਤੋਂ ਇੱਕ ਵੱਡੇ ਕ਼ੱਦ ਦਾ ਬੈਲ ਜਨਮਿਆ ਜੋ ਸ਼ਿਵ ਦਾ ਵਾਹਨ ਹੋਇਆ।

੨. ਕਪਿਲਾ ਨਾਮਕ ਕਾਮਧੇਨੁ ਇੱਕ ਗਊ, ਜੋ ਮਨ ਚਿਤਵੇ ਪਦਾਰਥ ਦਿੰਦੀ ਸੀ. ਇਹ ਗਾਂ ਵਿਸ਼ਨੁ ਨੇ ਬ੍ਰਹਮਾ ਨੂੰ ਦਿੱਤੀ ਸੀ, ਉਸ ਤੋਂ ਭ੍ਰਿਗੁ ਨੂੰ ਅਤੇ ਉਸ ਪਾਸੋਂ ਜਮਦਗ੍ਨਿ ਰਿਖੀ ਨੂੰ ਪ੍ਰਾਪਤ ਹੋਈ. ਜਦ ਕਾਰ੍ਤਵੀਰ੍ਯ ਨੇ ਜਮਦਗ੍ਨਿ ਮਾਰ ਦਿੱਤਾ, ਤਦ ਇਹ ਬ੍ਰਹਮਲੋਕ ਨੂੰ ਚਲੀ ਗਈ. ਦੇਖੋ, ਬ੍ਰਹਮਵੈਵਰ੍ਤ ਪੁਰਾਣ.

ਕਾਮਨਾ: ਸੰ. ਸੰਗਯਾ- ਇੱਛਾ. ਚਾਹ. ਵਾਸਨਾ। ੨. ਅਭਿਲਾਖਾ ਦੀ, ਕ੍ਰਿਯਾ ਵਿੱਚ ਬਦਲਣ ਦੀ ਚੇਸ਼੍ਟਾ.

ਕਾਮਨਾਰਥੀ: ਸੰ. कामनार्थिन् ਵਿ- ਕਾਮਨਾ ਚਾਹੁਣ ਵਾਲਾ. ਇੱਛਾਨੁਸਾਰ ਮੰਗਣ ਵਾਲਾ। ੨. ਸੰਗਯਾ- ਕਾਮਨਾਰੂਪ ਰਥ ਵਾਲਾ ਕਾਮਦੇਵ.

ਕਾਮਨਿ, ਕਾਮਨੀ: ਦੇਖੋ, ਕਾਮਣਿ ਅਤੇ ਕਨਕਾਮਨੀ. "ਕਾਮਨਿ ਚਾਹੈ ਸੁੰਦਰ ਭੋਗ." (ਬਸੰ ਅਃ ਮਃ ੧)

ਕਾਮਪਾਲ: ਬਲਭਦ੍ਰ. ਬਲਰਾਮ, ਜੋ ਪ੍ਰਦ੍ਯੁਮਨ ਦੀ ਪਾਲਨਾ ਕਰਦਾ ਸੀ. ਪ੍ਰਦ੍ਯੁਮਨ ਨੂੰ ਗੋਦੀ ਵਿੱਚ ਖੇਡਾਉਣ ਵਾਲਾ. ਪ੍ਰਦ੍ਯੁਮਨ ਕਾਮ ਦਾ ਅਵਤਾਰ ਲਿਖਿਆ ਹੈ.

ਕਾਮਪਾਲ ਅਨੁਜਨਨੀ: ਜਾਚਰ ਨਾਇਕ ਸਤ੍ਰ. (ਸਨਾਮਾ) ਕਾਮ (ਪ੍ਰਦ੍ਯੁਮਨ) ਦੇ ਪਾਲਣ ਵਾਲਾ ਬਲਰਾਮ, ਉਸ ਦਾ ਛੋਟਾ ਭਾਈ

ਕ੍ਰਿਸ਼ਨਦੇਵ, ਉਸ ਦੀ ਇਸਤ੍ਰੀ ਯਮੁਨਾ, ਉਸ ਤੋਂ ਉਤਪੰਨ ਹੋਇਆ ਘਾਸ, ਉਸ ਦੇ ਚਰਣ ਵਾਲਾ ਮ੍ਰਿਗ, ਉਸ ਦਾ ਸ੍ਵਾਮੀ ਸ਼ੇਰ, ਉਸ ਦੀ ਵੈਰਣ ਬੰਦੂਕ਼.

ਕਾਮਬਖ਼ਸ਼: کامبخش ਵਿ- ਕਾਮ (ਮੁਰਾਦ) ਬਖ਼ਸ਼ਣ ਵਾਲਾ। ੨. ਸੰਗਯਾ- ਔਰੰਗਜ਼ੇਬ ਦਾ ਛੋਟਾ ਪੁਤਰ, ਜਿਸ ਦਾ ਜਨਮ ਸਨ ੧੬੬੭ ਅਤੇ ਦੇਹਾਂਤ ੧੭੦੮ ਵਿੱਚ ਹੋਇਆ.

ਕਾਮਬਾਣ: ਦੇਖੋ, ਪੰਚਬਾਣ। ੨. ਪੰਜ ਸੰਖ੍ਯਾ ਬੋਧਕ, ਕਿਉਂਕਿ ਕਾਮ ਦੇ ਤੀਰ ਪੰਜ ਹਨ.

ਕਾਮਰਿਪੁ: ਕਾਮ ਦਾ ਵੈਰੀ ਸ਼ਿਵ.

ਕਾਮਰੀ: ਕੰਬਲ. "ਪੀਸਨ ਪੀਸਿ ਓਢਿ ਕਾਮਰੀ." (ਸੂਹੀ ਮਃ ੫)

ਕਾਮਰੂ: ਕਾਮਰੂਪ ਦਾ ਸੰਖੇਪ.

ਕਾਮਰੂਪ: ਆਸਾਮ ਦੇਸ਼ ਵਿੱਚ ਪੂਰਵੀ ਬੰਗਾਲ ਦਾ ਭੂਟਾਨ ਦੀ ਸਰਹੱਦ ਪੁਰ ਇੱਕ ਜਿਲਾ ਅਤੇ ਉਸ ਦੇ ਆਸ ਪਾਸ ਦਾ ਇਲਾਕਾ. ਕਾਮਾਖ੍ਯਾ ਦੇਵੀ ਦਾ ਅਸਥਾਨ ਇਸੇ ਦੇਸ਼ ਵਿੱਚ ਹੈ. ਪੁਰਾਣੇ ਸਮੇਂ ਇਹ ਦੇਸ਼ ਮੰਤ੍ਰ ਜੰਤ੍ਰ ਟੂਣੇ ਆਦਿਕ ਲਈ ਵਡਾ ਪ੍ਰਸਿੱਧ ਸੀ. ਇਸ ਦਾ ਪ੍ਰਧਾਨਨਗਰ ਗੋਹਾਟੀ ਹੈ। ੨. ਕਾਮਰੂਪ ਦੇਸ਼ ਦਾ ਇੱਕ ਤੀਰਥ, ਜਿਸ ਦਾ ਮਹਾਤਮ ਕਾਲਿਕਾ ਪੁਰਾਣ ਵਿੱਚ ਲਿਖਿਆ ਹੈ.

ਕਾਮਰੂਪੀ: ਵਿ- ਕਾਮ ਜੇਹਾ ਹੈ ਜਿਸ ਦਾ ਰੂਪ. ਬਹੁਤ ਸੁੰਦਰ। ੨. ਕਾਮਨਾ (ਇੱਛਾ) ਅਨੁਸਾਰ ਸ਼ਕਲ ਬਣਾ ਲੈਣ ਵਾਲਾ.

ਕਾਮਲ: ਅ਼. کامل ਕਾਮਿਲ. ਵਿ- ਪੂਰਾ. ਨਕ਼ੂਨਤਾ ਰਹਿਤ. ਕਮਾਲ ਰੱਖਣ ਵਾਲਾ। ੨. ਯੋਗਜ.

ਕਾਮਲਾ: ਦੇਖੋ, ਸਟਕਾ.

ਕਾਮਲੀ: ਕੰਬਲ. ਲੋਈ.

ਕਾਮੜੀ: ਕੰਮ ਕਰਨ ਵਾਲਾ. ਕਾਮਾ. ਸੇਵਕ। ੨. ਰਾਜਪੂਤਾਨੇ ਵਿੱਚ ਸਾਧੂ ਦਾ ਭੇਖ ਧਾਰਕੇ ਜੋ ਚਮਾਰ ਭਜਨ ਗਾਕੇ ਨਿਰਵਾਹ ਕਰਦੇ ਹਨ, ਉਨ੍ਹਾਂ ਦੀ ਕਾਮੜੀ ਸੰਗਯਾ ਹੈ.

ਕਾਮਾ: ਵਿ- ਕੰਮ ਕਰਨ ਵਾਲਾ। ੨. ਕਮਾਊ. ਖੱਟੂ। ੩. ਕਾਮਿਨੀ. ਸੁੰਦਰ ਇਸਤ੍ਰੀ. "ਤਾ ਸਮ ਨਹੀ ਕਾਮ ਕੀ ਕਾਮਾ." (ਚਰਿਤ੍ਰ ੨੯੬) ੪. ਕਾਮਕੰਦਲਾ. ਮਾਧਵਾਨਲ ਦੀ ਪਿਆਰੀ. "ਕੰਚੁਕੀ ਕਾਮਾ ਕਸੀ ਬਨਾਇ." (ਚਰਿਤ੍ਰ ੯੧) ੫. ਕਾਮਨਾ. ਇੱਛਾ. "ਕਾਮਾ ਬ੍ਰਿੰਦ ਪੂਰੀ ਕਰੀ." (ਗੁਪ੍ਰਸੂ) "ਜਪਿ ਪੂਰਨ ਕਾਮਾ." (ਬਿਹਾ ਛੰਤ ਮਃ ੫)

ਕਾਮਾਂਕੁਸ਼: ਸੰ. ਸੰਗਯਾ- ਕਾਮ ਦਾ ਅੰਕੁਸ਼ ਲਿੰਗ.

ਕਾਮਾਕ੍ਸ਼ੀ, ਕਾਮਾਖ੍ਯਾ: ਕਾਮ (ਸੁੰਦਰ) ਅਕ੍ਸ਼ਿ (ਨੇਤ੍ਰਾਂ) ਵਾਲੀ. ਸੁਲੋਚਨਾ। ੨. ਦੇਵੀ ਦਾ ਯੋਨਿਪੀਠ, ਕਾਮਾਖ੍ਯਾ. ਕਾਮਰੂਪ ਵਿੱਚ ਗੋਹਾਟੀ ਤੋਂ ਦੋ ਮੀਲ ਪੱਛਮ ਨੀਲਾਚਲ ਪੁਰ ਬ੍ਰਹਮਪੁਤ੍ਰ ਨਦੀ ਦੇ ਕਿਨਾਰੇ ਸਤੀ ਦੇਵੀ ਦਾ ਮੰਦਿਰ, ਜਿਸ ਵਿੱਚ ਸਤੀ ਦੀ ਯੋਨਿ (ਭਗ) ਪੂਜੀ ਜਾਂਦੀ ਹੈ. ਦੇਖੋ, ਸਤੀ.

ਕਾਮਾਤੁਰ: ਵਿ- ਕਾਮ (ਮਦਨ) ਕਰਕੇ ਆਤੁਰ (ਰੋਗੀ). ੨. ਕਾਮ ਕਰਕੇ ਦੁਖੀ. ਕਾਮਪੀੜਿਤ.

ਕਾਮਾਨੀ: ਕਮਾਈ. ਅ਼ਮਲ ਵਿੱਚ ਲਿਆਂਦੀ. "ਇਹੈ ਕਾਮਾਨੀ ਰੀਤਿ." (ਧਨਾ ਮਃ ੫)

ਕਾਮਾਮਨ: ਕ੍ਰਿ- ਕਮਾਉਣਾ. ਅਭ੍ਯਾਸ ਕਰਨਾ. ਅ਼ਮਲ ਕਰਨਾ. "ਕਾਮਾਮਨ ਕਾ ਮਾਠਾ." (ਮਾਰੂ ਮਃ ੫) ਅਮਲ ਕਰਨ ਲਈ ਸੁਸਤ ਹੈ.

ਕਾਮਾਰਤ: ਵਿ- ਕਾਮ ਕਰਕੇ ਰੋਗੀ। ੨. ਅਨੰਗ ਕਰਕੇ ਦੁਖੀ.

ਕਾਮਾਰਥੀ: ਸੰ. कामर्थिन् ਵਿ- ਕਾਮ ਦੀ ਇੱਛਾ ਵਾਲਾ. "ਕਾਮਾਰਥੀ ਸੁਆਰਥੀ ਵਾਕੀ ਪੈਜ ਸਵਾਰੀ." (ਬਿਲਾ ਸਧਨਾ) ੨. ਕਾਮਨਾ ਚਾਹੁਣ ਵਾਲਾ. ਗਰਜ ਪੂਰੀ ਕਰਨ ਦੀ ਹੈ ਜਿਸ ਦੀ ਇੱਛਾ.

ਕਾਮਾਰਿ: ਕਾਮ ਦਾ ਵੈਰੀ ਸ਼ਿਵ.

ਕਾਮਾਰਿਜ: ਕਾਮ ਦਾ ਵੈਰੀ ਸ਼ਿਵ, ਉਸ ਦਾ ਪੁਤ੍ਰ ਗਣੇਸ਼ ਅਤੇ ਕਾਰ੍ਤਿਕੇਯ.

ਕਾਮਿ: ਦੇਖੋ, ਕਾਮੀ. "ਕਾਮਣਿ ਦੇਖਿ ਕਾਮਿ ਲੋਭਾਇਆ." (ਪ੍ਰਭਾ ਅਃ ਮਃ ੧) ੨. ਕਾਮ (ਮਨਪਥ) ਕਰਕੇ. ਮਦਨ ਸੇ. "ਕਾਮਿ ਕਰੋਧਿ ਨਗਰੁ ਬਹੁ ਭਰਿਆ." (ਸੋਹਿਲਾ) ੩. ਕੰਮ ਵਿੱਚ. ਕਾਮ ਮੇ. "ਨਰੂ ਮਰੈ ਨਰੁ ਕਾਮਿ ਨ ਆਵੈ." (ਗੌਂਡ ਕਬੀਰ)

ਕਾਮਿਨੀ: ਸੰ. ਸੁੰਦਰ ਇਸਤ੍ਰੀ। ੨. ਭਾਰਯਾ. ਜੋਰੂ. ਵਹੁਟੀ. "ਤਜਿ ਕਾਮ ਕਾਮਿਨੀ ਮੋਹ ਤਜੈ." (ਵਾਰ ਮਾਝ ਮਃ ੪)

ਕਾਮਿਨੀਮੋਹਨਾ: ਦੇਖੋ, ਅਚਕੜਾ.

ਕਾਮਿਲ: ਦੇਖੋ, ਕਾਮਲ.

ਕਾਮੀ: ਕਮੀ. ਘਾਟਾ."ਕਹੁ ਨਾਨਕ ਨਾਹੀ ਤਿਨਿ ਕਾਮੀ" (ਆਸਾ ਮਃ ੫) ੨. ਕੰਮਾਂ ਵਿੱਚ. ਕਾਮੋਂ ਮੇ. "ਹਰਿ ਤਿਸ ਕੀ ਕਾਮੀ." (ਵਾਰ ਮਾਰੂ ੨. ਮਃ ੫) ਕਰਤਾਰ ਉਸ ਦੇ ਕੰਮਾਂ ਵਿੱਚ ਸਹਾਇਤਾ ਕਰਦਾ ਹੈ। ੩. ਕਾਮਨਾ. "ਤਿਆਗਿ ਸਗਲ ਕਾਮੀ." (ਸਾਰ ਮਃ ੫. ਪੜਤਾਲ) ੪. ਸੰ. कामिन ਕਾਮਨਾ ਵਾਲਾ. ਇੱਛਾ ਵਾਲਾ। ੫. ਕਾਮ (ਅਨੰਗ) ਦੇ ਅਸਰ ਵਾਲਾ. "ਕੁਚਿਲ ਕਠੋਰ ਕਪਟਿ ਕਾਮੀ." (ਕਾਨ ਮਃ ੫) ੬. ਅ਼. کامی ਸੰਨੱਧਬੱਧ ਯੋਧਾ. ਕਵਚਧਾਰੀ ਸੂਰਮਾ. "ਕਾਮੀ ਆਦਿ ਉਚਾਰਕੈ ਅਰਿ ਪਦ ਅੰਤ ਸੁ ਦੇਹੁ." (ਸਨਾਮਾ) ਕਵਚਧਾਰੀ ਯੋਧਾ ਦੀ ਵੈਰਣ ਬੰਦੂਕ। ੭. ਸਿੰਧੀ. ਕਰਮਚਾਰੀ. ਅਹੁਦੇਦਾਰ.

ਕਾਮੁ: ਦੇਖੋ, ਕਾਮ. "ਊਤਮ ਕਾਮੁ ਜਪੀਐ ਹਰਿਨਾਮੁ." (ਆਸਾ ਛੰਤ ਮਃ ੪) ੨. ਮਨੋਜ. ਮਦਨ. "ਕਾਮੁ ਕ੍ਰੋਧੁ ਅਹੰਕਾਰੁ ਤਜਾਏ." (ਮਾਰੂ ਸੋਲਹੇ ਮਃ ੫)

ਕਾਮੁਕ: ਦੇਖੋ, ਕਾਮਕ। ੨. ਸੰਗਯਾ- ਚਿੜਾ. ਚਟਕ.

ਕਾਮੁਕੀ: ਸੰ. ਕਾਮੁਕਾ. ਵਿ- ਇੱਛਾ ਵਾਲੀ। ੨. ਸੰਗਯਾ- ਮੂਨ. ਹਰਿਣੀ. ਕਾਲੇ ਮਿਰਗ ਦੀ ਮਦੀਨ. "ਕਹੂੰ ਮਿਰਗ ਹ੍ਵੈਕੈ ਭਲੀ ਭਾਂਤ ਮੋਹੇ. ਕਹੂੰ ਕਾਮੁਕੀ ਜਯੋਂ ਧਰੇ ਰੂਪ ਸੋਹੇ." (ਵਿਚਿਤ੍ਰ)

ਕਾਮੋਦਕੀ: ਦੇਖੋ, ਕੌਮੋਦਕੀ.

ਕਾਮਯ: ਸੰ. ਵਿ- ਜਿਸ ਤੋਂ ਕਾਮਨਾ ਦੀ ਸਿੱਧੀ ਹੋਵੇ। ੨. ਜਿਸ ਦੀ ਇੱਛਾ ਕੀਤੀ ਜਾਵੇ.

ਕਾਮਯ ਕਰਮ: ਸੰਗਯਾ- ਉਹ ਕਰਮ ਜੋ ਕਿਸੇ ਫਲ ਦੀ ਪ੍ਰਾਪਤੀ ਲਈ ਕੀਤਾ ਜਾਵੇ. ਕਾਮਨਾ ਸਹਿਤ ਕੀਤਾ ਕਰਮ.

ਕਾਯ: ਸੰ. ਸੰਗਯਾ- ਦੇਹ. ਸ਼ਰੀਰ। ੨. ਮੂਲਧਨ। ਪੂੰਜੀ ੩. ਸਮੁਦਾਯ. ਇਕੱਠ.

ਕਾਯਉ: ਕਾਯ (ਸ਼ਰੀਰ) ਹੀ। ੨. ਦੇਹ ਵਿੱਚ ਹੀ. "ਕਾਯਉ ਦੇਵਾ ਕਾਯਉ ਦੇਵਲ." (ਧਨਾ ਪੀਪਾ)

ਕਾਯਸ੍ਥ, ਕਾਯਥ: ਦੇਖੋ, ਕਾਇਥ.

ਕਾਯਦਾ: ਦੇਖੋ, ਕਾਇਦਾ.

ਕਾਯਨ: ਅ਼. کاین ਹੋਣ ਵਾਲਾ. ਮੌਜੂਦ। ੨. ਤੁ. قاین ਕ਼ਾਯਨ. ਪਤਿ ਅਥਵਾ ਪਤਨੀ (ਵਹੁਟੀ) ਦਾ ਭਾਈ। ੩. ਦੇਖੋ, ਕਾਇਨੁ.

ਕਾਯਨਾਤ: ਅ਼. كائنات ਸੰਗਜਾ- ਕਾਯਨ ਦਾ ਬਹੁ ਵਚਨ. ਸ੍ਰਿਸ਼੍ਟਿ. ਮਖ਼ਲੂਕ਼ਾਤ.

ਕਾਯਮ: ਦੇਖੋ, ਕਾਇਮ.

ਕਾਯਰ: ਦੇਖੋ, ਕਾਇਰ.

ਕਾਯਲ: ਅ਼. قائل ਕ਼ਾਯਲ. ਵਿ- ਕਹਿਣ ਵਾਲਾ। ੨. ਮੰਨ ਲੈਣ (ਕ਼ਬੂਲ ਕਰਨ) ਵਾਲਾ। ੩. ਪੰਜਾਬੀ ਵਿੱਚ ਵਜਾਕੁਲ ਦੀ ਥਾਂ ਭੀ ਕਾਯਲ ਸ਼ਬਦ ਆਇਆ ਹੈ. "ਬਹੁ ਕਾਯਲ ਮਮ ਚਿਤ ਹੋਵਾ." (ਗੁਪ੍ਰਸੂ)

ਕਾਯਵ੍ਯੂਹ: ਸੰਗਜਾ- ਯੋਗ ਦੀ ਇੱਕ ਕ੍ਰਿਯਾ, ਜਿਸ ਅਨੁਸਾਰ ਅਨੇਕ ਜਨਮਾਂ ਦੇ ਸੰਚਿਤ ਕਰਮ ਵਰਤਮਾਨ ਦੇਹ ਵਿੱਚ ਹੀ ਸੰਕਲਪਮਾਤ੍ਰ ਕਰਕੇ ਭੋਗ ਲੈਣੇ, ਜਿਸ ਤੋਂ ਹੋਰ ਜਨਮ ਧਾਰਨ ਦੀ ਲੋੜ ਨਾ ਪਵੇ। ੨. ਯੋਗਸ਼ਕਤਿ ਨਾਲ ਅਨੇਕ ਸ਼ਰੀਰ ਧਾਰ ਲੈਣੇ.

ਕਾਯਾ, ਕਾਯਾਂ, ਕਾਂਯਾ: ਦੇਖੋ, ਕਾਯ. "ਕਾਂਯਾ ਲਾਹਣਿ ਆਪੁ ਮਦ." (ਵਾਰ ਬਿਹਾ ਮਰਦਾਨਾ) ਦੇਹ ਸ਼ਰਾਬ ਦੇ ਸਾੜੇ ਦੀ ਮੱਟੀ ਹੈ ਅਤੇ ਹੌਮੈ ਮਦਿਰਾ (ਸ਼ਰਾਬ) ਹੈ.

ਕਾਯਿਕ: ਸੰ. ਵਿ- ਦੇਹ ਨਾਲ ਸੰਬੰਧ ਰੱਖਣ ਵਾਲਾ. ਸ਼ਰੀਰ ਦਾ.

ਕਾਰ: ਸੰਗਜਾ- ਕਾਯੰ. ਕੰਮ. ਕ੍ਰਿਯਾ. ਫ਼ਾ. کار "ਜੋ ਤੁਧੁ ਭਾਵੈ ਸਾਈ ਭਲੀ ਕਾਰ." (ਜਪੁ) ੨. ਵਿ- ਕਰਤਾ. ਕਰਨ ਵਾਲਾ. ਜੈਸੇ- ਚਰਮਕਾਰ, ਸੁਵਰਣਕਾਰ, ਲੋਹਕਾਰ ਆਦਿ. ਐਸੀ ਦਸ਼ਾ ਵਿੱਚ ਇਹ ਸ਼ਬਦ ਦੇ ਅੰਤ ਆਉਂਦਾ ਹੈ. ਫ਼ਾਰਸੀ ਵਿੱਚ ਭੀ ਇਹ ਇਵੇਂ ਹੀ ਵਰਤਿਆ ਜਾਂਦਾ ਹੈ. ਜੈਸੇ ਮੀਨਾਕਾਰ। ੩. ਸੰਗਜਾ- ਕਰਨ ਯੋਗ ਕੰਮ. ਕਰਣੀਯ ਕਾਰਯ. "ਜਿਤਨੇ ਜੀਅਜੰਤੁ ਪ੍ਰਭੁ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ." (ਮਲਾ ਮਃ ੪) ੪. ਧਰਮ ਦਾ ਟੈਕਸ. ਦਸਵੰਧ ਆਦਿਕ. "ਕਾਰ ਭੇਟ ਗੁਰ ਕੀ ਸਿਖ ਲਾਵਹਿ." (ਗੁਪ੍ਰਸੂ) ੫. ਰੇਖਾ. ਲਕੀਰ. "ਦੇਕੈ ਚਉਕਾ ਕਢੀ ਕਾਰ."[362] (ਵਾਰ ਆਸਾ) ੬. ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰਵਿਧਿ ਨਾਲ ਰਖਯਾ ਲਈ ਕੀਤੀ ਹੋਈ ਲੀਕ. "ਚਉਗਿਰਦ ਹਮਾਰੈ ਰਾਮਕਾਰ ਦੁਖ ਲਗੈ ਨ ਭਾਈ." (ਬਿਲਾ ਮਃ ੫) ੭. ਕਾਲਸ. "ਤਿਨ ਅੰਤਰਿ ਕਾਰ ਕਰੀਠਾ." (ਗਉ ਮਃ ੪) ਦੇਖੋ, ਕਾਰ ਕਰੀਠਾ। ੮. ਅਹੰਕਾਰ ਦਾ ਸੰਖੇਪ. "ਨ ਕਾਮ ਹੈ ਨ ਕ੍ਰੋਧ ਹੈ ਨ ਲੋਭ ਹੈ ਨ ਕਾਰ ਹੈ." (ਅਕਾਲ) ੯. ਅ਼. قعر ਕ਼ਅ਼ਰ. ਦਰਿਆ ਅਤੇ ਖੂਹ ਦੀ ਗਹਿਰਾਈ. ਖੂਹ ਅਤੇ ਤਾਲ ਦੀ ਗਾਰ. "ਖਨਤੇ ਕਾਰ ਸੁ ਵਹਿਰ ਨਿਕਰਹੀਂ." (ਗੁਪ੍ਰਸੂ) ੧੦. ਫ਼ਾ. کار ਜੰਗ. "ਖ਼ਸਮ ਰਾ ਚੁ ਕੋਰੋ ਕੁਨਦ ਵਕਤ ਕਾਰ." (ਜਫਰ) ੧੧. ਤੁ. قار ਕ਼ਾਰ. ਬਰਫ। ੧੨. ਅ਼. ਕਾਲਾ ਰੰਗ.

ਕਾਰਸ: ਦੇਖੋ, ਕਾਲਸ. "ਜੇ ਕਾਰਸ ਕੋ ਲਾਇ ਵਿਸੇਖੈ." (ਗੁਪ੍ਰਸੂ)

ਕਾਰਸਾਪਣ: ਦੇਖੋ, ਕਾਰਖਾਪਣ.

ਕਾਰਕ: ਸੰ. ਵਿ- ਕਰਨ ਵਾਲਾ. ਕਰਤਾ. ਇਸ ਸ਼ਬਦ ਦਾ ਵਿਸ਼ੇਸ਼ ਕਰਕੇ ਪ੍ਰਯੋਗ ਦੂਜੇ ਸ਼ਬਦਾਂ ਨਾਲ ਮਿਲਕੇ ਹੋਇਆ ਕਰਦਾ ਹੈ, ਜੈਸੇ- ਸੁਖਕਾਰਕ, ਦੁਖਕਾਰਕ ਆਦਿ। ੨. ਸੰਗਜਾ- ਵਜਾਕਰਣ ਅਨੁਸਾਰ ਸੰਗਜਾ ਅਥਵਾ ਸਰਵਨਾਮ ਸ਼ਬਦ ਦੀ ਉਹ ਅਵਸਥਾ, ਜਿਸ ਨਾਲ ਉਸ ਦੀ ਕ੍ਰਿਯਾ ਨਾਲ ਸੰਬੰਧ ਪ੍ਰਗਟ ਹੋਵੇ. Case. ਕਾਰਕ ਛੀ ਹਨ-

ਕਰਤਾ, ਕਰਮ, ਕਰਣ, ਸੰਪ੍ਰਦਾਨ, ਅਪਾਦਾਨ ਅਤੇ ਅਧਿਕਰਣ. ਇਨ੍ਹਾਂ ਵਿੱਚ ਸ਼ਸ਼੍ਠੀ ਵਿਭਕਤੀ ਬਿਨਾ ਹੋਰ ਸਭੇ ਵਿਭਕਤੀਆਂ ਯਥਾਕ੍ਰਮ ਲਗਦੀਆਂ ਹਨ.[363]

ਉਦਾਹਰਣ-

---

[362] ਅਤ੍ਰਿ ਰਿਖੀ ਲਿਖਦਾ ਹੈ ਕਿ ਜੇ ਕਾਰ (ਰੇਖਾ) ਨਾ ਕੱਢੀ ਜਾਵੇ, ਤਦ ਅੰਨ ਦਾ ਰਸ ਰਾਖਸ ਲੈ ਜਾਂਦੇ ਹਨ.

[363] ਛੀਵੀਂ (ਸ਼ਸ਼੍ਠੀ) ਵਿਭਕਤੀ ਸੰਬੰਧ ਵਿੱਚ ਲਗਦੀ ਹੈ, ਇਹ ਕਾਰਕ ਨਹੀਂ. ਦੇਖੋ, ਉਦਾਹਰਣ ਕ.

(ੳ) ਕਰਤਾ- ਗੁਰਮੁਖ ਸਿੰਘ ਪਾਠ ਕਰਦਾ ਹੈ. ਗੁਰੂ ਦੇ ਸਿੱਖ ਨੇ ਅਰਦਾਸ ਕੀਤੀ.

(ਅ) ਕਰਮ- ਸਿੱਖ ਨੂੰ ਪ੍ਰਸਾਦ ਛਕਾਇਆ.

(ੲ) ਕਰਣ- ਕਲਮ ਨਾਲ ਲਿਖੋ.

(ਸ) ਸੰਪ੍ਰਦਾਨ- ਮੇਰੇ ਲਈ ਘੋੜਾ ਲਿਆਓ.

(ਹ) ਅਪਾਦਾਨ- ਗ੍ਰੰਥੀ ਤੋਂ ਪੋਥੀ ਲੈ ਆਓ.

(ਕ) ਸੰਬੰਧ- ਬਾਬੇ ਕਾਲੂ ਦਾ ਪੁਤ੍ਰ ਜਗਤ ਦੇ ਉਧਾਰ ਹਿਤ ਆਇਆ.

(ਖ) ਅਧਿਕਰਣ- ਗੁਰਦ੍ਵਾਰੇ ਵਿੱਚ ਕੀਰਤਨ ਹੁੰਦਾ ਹੈ.

ਕਾਰਕਦੀਪਕ: ਦੇਖੋ, ਦੀਪਕ (ਅ).

ਕਾਰ ਕਰੀਠਾ: ਸੰਗਯਾ- ਕਾਲਸ ਅਤੇ ਕਰੜਾਪਨ. ਸਿਆਹੀ ਅਤੇ ਕਠੋਰਤਾ. "ਮਨਮੁਖ ਹੀਅਰਾ ਅਤਿ ਕਠੋਰ ਹੈ, ਤਿਨਿ ਅੰਤਰਿ ਕਾਰ ਕਰੀਠਾ." (ਗਉ ਮਃ ੪) ੨. ਵਿ- ਕਾਲਾ ਕਲੂਠਾ. ਬਹੁਤ ਸਿਆਹ.

ਕਾਰਕੁਨ: ਫ਼ਾ. کارکن ਸੰਗਯਾ- ਕੰਮ ਕਰਨ ਵਾਲਾ. ਕਾਰਿੰਦਾ. ਪ੍ਰਬੰਧ ਕਰਤਾ.

ਕਾਰਕੁਨੀ: ਸੰਗਯਾ- ਕਾਮਦਾਰੀ. ਅਹਿਲਕਾਰੀ. "ਹਰਿਨਾਮੈ ਕੀ ਹਮ ਕਉ ਸਤਿਗੁਰੁ ਕਾਰਕੁਨੀ ਦਈ." (ਵਾਰ ਵਡ ਮਃ ੪)

ਕਾਰਖ, ਕਾਰਖਾ: ਸੰਗਯਾ- ਕਾਲਸ. ਕਾਲੁਸ਼. ਸਿਆਹੀ.

ਕਾਰਖ਼ਾਨਾ: ਫ਼ਾ. کارخانہ ਸੰਗਯਾ- ਕੰਮ ਕਰਨ ਦਾ ਘਰ. ਕਾਰਯਾਲਯ. ਉਹ ਅਸਥਾਨ ਜਿੱਥੇ ਕੋਈ ਕੰਮ ਕੀਤਾ ਜਾਵੇ.

ਕਾਰਖਾਪਣ, ਕਾਰਖਿਕ: ਸੰ. कार्षापण ਅਤੇ कार्षिक ਸੰਗਯਾ- ਇੱਕ ਪੁਰਾਣਾ ਸਿੱਕਾ, ਜੋ ਇੱਕ ਕਸ਼ੰ (੧੬ ਮਾਸ਼ੇ) ਸੋਨੇ ਅਥਵਾ ਚਾਂਦੀ ਦਾ ਹੁੰਦਾ ਸੀ. ਮਾਸ਼ਾ ਉਸ ਵੇਲੇ ਪੰਜ ਰੱਤੀ ਦਾ ਸੀ। ੨. ਭਾਈ ਸੰਤੋਖ ਸਿੰਘ ਨੇ ਰੁਪਯੇ ਦੀ ਥਾਂ ਕਾਰਖਿਕ ਸ਼ਬਦ ਵਰਤਿਆ ਹੈ. "ਮਕਤਬ ਆਇ ਏਕ ਕਾਰਖਿਕ ਦੀਨ ਕਾਲੂ, ਕਛੁਕ ਮਿਠਾਈ ਬਾਂਟ ਪਟੀਆ ਲਿਖਾਈ ਹੈ." (ਨਾਪ੍ਰ)

ਕਾਰਗਹ: ਫ਼ਾ. کارگاہ ਕਾਰਗਾਹ. ਕਾਰਖ਼ਾਨਾ। ੨. ਕਪੜਾ ਬੁਣਨ ਦੀ ਖੱਡੀ. "ਕਹਿਤ ਕਬੀਰ ਕਾਰਗਹ ਤੋਰੀ." (ਆਸਾ) ੩. ਕਰਘਾ. ਜੁਲਾਹੇ ਦੀ ਤਾਣੀ ਦੀ ਕੰਘੀ.

ਕਾਰਗਰ: ਫ਼ਾ. کارگر ਵਿ- ਲਾਭਦਾਇਕ। ੨. ਅਸਰ ਪਾਉਣ ਵਾਲਾ.

ਕਾਰਗੁਜ਼ਾਰ: ਫ਼ਾ. کارگزار ਵਿ- ਕਾਰਜ ਪੂਰਾ ਕਰਨ ਵਾਲਾ. ਕੰਮ ਚਲਾਉਣ ਵਾਲਾ.

ਕਾਰਚੋਬੀ: ਫ਼ਾ. کارچوبی ਸੰਗਯਾ- ਜ਼ਰਦੋਜ਼ੀ ਕਸ਼ੀਦਾ. ਜ਼ਰੀ ਨਾਲ ਕੱਢਿਆ ਬੇਲ ਬੂਟਾ. "ਤਿਲਾ ਕਾਰਚੋਬੀ ਲਗੇ ਲਾਲ ਹੀਰਾ." (ਸਲੋਹ)

ਕਾਰਜ: ਸੰ. ਕਾਯੰਜ. ਸੰਗਯਾ- ਕੰਮ. ਧੰਧਾ. "ਕਾਰਜ ਸਗਲੇ ਸਾਧੇ." (ਸੋਰ ਮਃ ੫) ੨. ਫਲ. ਨਤੀਜਾ.

ਕਾਰਜਸਿੱਧਿ, ਕਾਰਜਸੀਧ: ਸੰਗਯਾ- ਕਾਯੰਸਿੱਧਿ. ਕਾਮਯਾਬੀ. ਕੰਮ ਵਿੱਚ ਸਫਲਤਾ. "ਨਾਮ ਹਮਾਰੈ ਕਾਰਜਸੀਧ." (ਗੌਂਡ ਮਃ ੫)

ਕਾਰਜ਼ਾਰ: ਫ਼ਾ. کارزار ਸੰਗਯਾ- ਜੰਗ. ਯੁੱਧ.

ਕਾਰਜੁ: ਦੇਖੋ, ਕਾਰਜੁ. "ਕਾਰਜੁ ਤੇਰਾ ਹੋਵੈ ਪੂਰਾ." (ਰਾਮ ਮਃ ੫)

**ਕਾਰਣ:** ਸੰ. ਸੰਗਯਾ- ਹੇਤੁ. ਸਬਬ."ਜਿਨਿ ਕਾਰਣਿ ਗੁਰੂ ਵਿਸਾਰਿਆ." (ਵਾਰ ਵਡ ਮਃ ੩) ੨. ਕ੍ਰਿ. ਵਿ- ਵਾਸਤੇ. ਲਿਯੇ. "ਰੋਟੀਆ ਕਾਰਣਿ ਪੂਰਹਿ ਤਾਲ." (ਵਾਰ ਆਸਾ) ੩. ਸੰਗਯਾ- ਕਾਰਯ ਦਾ ਸਾਧਨ. ਸਾਮਗ੍ਰੀ. "ਕਾਰਣ ਕਰਤੇ ਵਸਿ ਹੈ." (ਵਾਰ ਮਾਝ ਮਃ ੨) "ਆਪੇ ਕਰਤਾ ਕਾਰਣ ਕਰਾਏ." (ਮਾਝ ਅਃ ਮਃ ੩) ਵਿਦ੍ਵਾਨਾਂ ਨੇ ਦੋ ਪ੍ਰਕਾਰ ਦੇ ਕਾਰਣ ਮੰਨੇ ਹਨ ਇੱਕ ਨਿਮਿੱਤ, ਜੇਹਾਕਿ ਕਪੜੇ ਦਾ ਜੁਲਾਹਾ, ਖੱਡੀ, ਨਲਕੀ ਆਦਿ. ਦੂਜਾ ਉਪਾਦਾਨ, ਜੇਹਾ ਕੱਪੜੇ ਦਾ ਸੂਤ, ਘੜੇ ਦਾ ਮਿੱਟੀ.

**ਕਾਰਣਸ਼ਰੀਰ:** ਸੰ. ਸੰਗਯਾ- ਆਨੰਦਮਯਕੋਸ਼. ਸੁਖੁਪਤਿ ਅਵਸਥਾ ਦਾ ਉਹ ਕਲਪਿਤ ਸ਼ਰੀਰ, ਜਿਸ ਵਿੱਚ ਇੰਦ੍ਰੀਆਂ ਦੇ ਵਿਸਿਆਂ ਦਾ ਅਭਾਵ ਹੋ ਜਾਂਦਾ ਹੈ, ਕੇਵਲ ਅਹੰਕਾਰ ਦਾ ਸੰਸਕਾਰ ਬਾਕੀ ਰਹਿ ਜਾਂਦਾ ਹੈ, ਜਿਸ ਤੋਂ ਜੀਵਾਤਮਾ ਸੁਖ ਦਾ ਅਨੁਭਵ ਕਰਦਾ ਹੈ. ਵੇਦਾਂਤਮਤ ਵਾਲੇ ਅਵਿਦ੍ਯਾ ਨੂੰ ਹੀ ਕਾਰਣਸ਼ਰੀਰ ਮੰਨਦੇ ਹਨ.

**ਕਾਰਣਕਰਣ, ਕਾਰਣਕਰਣੇਉ:** ਦੇਖੋ, ਕਰਣਕਾਰਣ। ੨. ਕਾਰਣਾਂ ਦੇ ਕਰਨ ਵਾਲਾ. "ਕਾਰਣਕਰਣ ਕਰੀਮ." (ਰਾਮ ਮਃ ੫)

**ਕਾਰਣਤਨ:** ਦੇਖੋ, ਕਾਰਣਸ਼ਰੀਰ.

**ਕਾਰਣਮਾਲਾ:** ਇੱਕ ਅਰਥਾਲੰਕਾਰ. ਕਾਰਣ ਅਤੇ ਕਾਰਜ ਦੀ ਪਰੰਪਰਾ, ਅਰਥਾਤ ਕਾਰਣ ਤੋਂ ਉਪਜਿਆ ਕਾਰਜ, ਕਿਸੇ ਹੋਰ ਕਾਰਜ ਦਾ ਕਾਰਣ ਵਰਣਨ ਕਰਨਾ "ਕਾਰਣਮਾਲਾ" ਅਲੰਕਾਰ ਹੈ. ਇਸ ਦਾ ਨਾਉਂ "ਹੇਤੁਮਾਲਾ" ਅਤੇ "ਗੁੰਫਾ" ਭੀ ਹੈ.

ਉਦਾਹਰਣ-

ਸੁਣਿਆ ਮੰਨਿਆ ਮਨਿ ਕੀਤਾ ਭਾਉ।

ਅੰਤਰਗਤਿ ਤੀਰਥ ਮਲਿ ਨਾਉਂ। (ਜਪੁ)

ਸ਼੍ਰਵਣ ਮਨਨ ਦਾ ਕਾਰਣ, ਮਨਨ ਨਿਦਿਧ੍ਯਾਸਨ ਦਾ ਕਾਰਣ, ਨਿਦਿਧ੍ਯਾਸਨ ਸਾਕ੍ਸ਼ਾਤਕਾਰ ਦਾ ਕਾਰਣ ਕਿਹਾ.

ਸੇਵਾ ਤੇ ਮਨ ਨੰਮ੍ਰ ਹਨਐ, ਨੰਮ੍ਰ ਰਿਦੇ ਵਸ ਨਾਮ।

ਨਾਮ ਸਿਮਰ ਕਰ ਗ੍ਯਾਨ ਹਨਐ, ਗ੍ਯਾਨ ਮੋਕ੍ਸ਼ ਕੋ ਧਾਮ।

**ਕਾਰਣਿ:** ਕਾਰਣ (ਸਬਬ) ਨਾਲ. ਵਾਸਤੇ. ਲਈ. ਦੇਖੋ, ਕਾਰਣ.

**ਕਾਰਣਿਆਰੇ:** ਵਿ- ਜੰਗ ਕਰਨ ਵਾਲੇ ਯੋਧਾ. ਦੇਖੋ, ਕਾਰ. "ਉੱਠੇ ਕਾਰਣਿਆਰੇ ਰਾਖਸ ਹੜਹੜਾਇ." (ਚੰਡੀ ੩) ੨. ਕਾਰਾ (ਉਪਦ੍ਰਵ) ਕਰਨ ਵਾਲੇ.

**ਕਾਰਣੁ:** ਦੇਖੋ, ਕਾਰਣ.

**ਕਾਰਣੇ:** ਕ੍ਰਿ. ਵਿ- ਵਾਸਤੇ ਲਿਯੇ. ਲਈ.

**ਕਾਰਣੇਯ:** ਵਿ- ਕਾਰਣੀਯ. ਕਰਾਉਣ ਯੋਗ੍ਯ.

**ਕਾਰਤਕ:** ਦੇਖੋ, ਕਾਰਤਿਕ.

**ਕਾਰਤਕਿਆਨੀ:** ਦੇਖੋ, ਕਾਰਤਿਕਿਆਨੀ.

**ਕਾਰਤਕੇਯ:** ਦੇਖੋ, ਕਾਰਤਿਕੇਯ.

**ਕਾਰਤਵੀਰਯ:** ਦੇਖੋ, ਸਹਸ੍ਰਬਾਹੁ.

**ਕਾਰਤਿਕ:** ਸੰ. ਕਾਰ੍ਤਿਕ. ਸੰਗਯਾ- ਕ੍ਰਿੱਤਿਕਾਨਕ੍ਸ਼ਤ੍ਰ ਵਾਲੀ ਪੂਰਣਮਾਸੀ ਹੈ ਜਿਸ ਦੀ, ਕੱਤਕ ਦਾ ਮਹੀਨਾ.

**ਕਾਰਤਿਕਿਆਨੀ:** ਸੰਗਯਾ- ਕਾਰ੍ਤਿਕੇਯ ਦੀ ਇਸਤ੍ਰੀ. ਸ੍ਵਾਮਿਕਾਰ੍ਤਿਕ ਦੀ ਸ਼ਕਤੀ.

**ਕਾਰਤਿਕੇਯ:** ਸੰ. ਕਾਤਿੰਕੇਯ. ਸ਼ਿਵ ਦਾ ਇੱਕ ਪੁਤ੍ਰ. ਦੇਖੋ, ਖੜਾਨਨ. ਬ੍ਰਹਮਵੈਵਰਤ ਵਿੱਚ ਲਿਖਿਆ ਹੈ ਕਿ ਸ਼ਿਵ ਦਾ ਵੀਰਜ ਪਾਰਵਤੀ ਨਾਲ ਕ੍ਰੀੜਾ ਕਰਦੇ ਪ੍ਰਿਥਿਵੀ ਪੁਰ ਡਿਗਿਆ, ਪ੍ਰਿਥਿਵੀ ਨੇ ਅਗਨਿ ਵਿੱਚ ਅਤੇ ਅਗਨਿ ਨੇ ਸਰਕੁੜੇ (ਸ਼ਰਕਾਂਡ) ਦੇ ਬੂਝੇ ਵਿੱਚ ਅਸਥਾਪਨ ਕੀਤਾ, ਜਿਸ ਤੋਂ ਛੀ ਮੂੰਹਾਂ ਵਾਲਾ ਪੁਤ੍ਰ ਪੈਦਾ ਹੋਇਆ. ਉਸ ਦਾ ਪਾਲਨ ਚੰਦ੍ਰਮਾ ਦੀ ਇਸਤਰੀ ਕ੍ਰਿੱਤਿਕਾ ਨੇ ਆਪਣੇ ਦੁੱਧ ਨਾਲ ਕੀਤਾ, ਜਿਸ ਕਾਰਣ ਇਹ ਨਾਉਂ ਪਿਆ. ਇਸ ਦਾ ਜਨਮ ਤਾਰਕਾਸੁਰ ਮਾਰਨ ਲਈ ਹੋਇਆ ਸੀ. ਇਹ ਦੇਵਤਿਆਂ ਦਾ ਸੈਨਾਨੀ ਹੈ. ਕਾਰਤਿਕੇਯ ਨੂੰ "ਤਾਰਕਾਰਿ" ਭੀ ਲਿਖਿਆ ਹੈ.

**ਕਾਰਤਿਕੇਯਪਿਤ:** ਸ਼ਿਵ.

**ਕਾਰਤੂਸ:** ਫ੍ਰ. Cartouche- ਕਾਰਤੂਸ.[364] ਪੁਰਤ. ਕਾਰਟੂਸ਼. ਅੰ. Cartridge. ਸੰਗਯਾ- ਕਾਗਜ ਅਥਵਾ ਧਾਤੁ ਦੀ ਨਲਕੀ, ਜਿਸ ਵਿੱਚ ਬਾਰੂਦ ਗੋਲੀ ਆਦਿਕ ਭਰਕੇ ਬੰਦੂਕ ਵਿੱਚ ਰੱਖਕੇ ਚਲਾਈਦਾ ਹੈ.

**ਕਾਰਦਾਰ:** ਫ਼ਾ. کاردار ਸੰਗਯਾ- ਅਹਿਲਕਾਰ. ਕੰਮ ਰੱਖਣ ਵਾਲਾ। ੨. ਖ਼ਾ. ਫਾਹੁੜਾ. ਕੂੜਾ ਇਕੱਠਾ ਕਰਨ ਦਾ ਸੰਦ. ਦੇਖੋ, ਖਾਲਸੇ ਦੇ ਬੋੱਲੇ.

**ਕਾਰਨ:** ਦੇਖੋ, ਕਾਰਣ. "ਮਾਇਆ ਕਾਰਨ ਬਿਦਿਆ ਬੇਚਹੁ." (ਪ੍ਰਭਾ ਕਬੀਰ) ਮਾਇਆ ਵਾਸਤੇ ਵਿਦ੍ਯਾ ਵੇਚਦੇ ਹੋਂ। ੨. ਕਾਰਜ ਦਾ ਸਾਧਨ. "ਕਾਰਨ ਬਪੁਰਾ ਕਿਆ ਕਰੈ ਜਉ ਰਾਮ ਨ ਕਰੈ ਸਹਾਇ." (ਸ. ਕਬੀਰ) ਕਾਰਜ ਦਾ ਸਾਧਨ ਇਹ ਮਨੁੱਖ ਬੇਚਾਰਾ ਕੀ ਕਰੇ? ੩. ਕਾਰਾਨ. "ਕਾਰਨ ਕੁਨਿੰਦ ਹੈ." (ਜਾਪੁ) ਕਾਰਾਨ ਕੁਨਿੰਦਹ.

**ਕਾਰਨਕਰਨ:** ਦੇਖੋ, ਕਰਣਕਾਰਣ. "ਕਾਰਨਕਰਨ ਤੂੰ ਹਾਂ." (ਆਸਾ ਮਃ ੫)

**ਕਾਰਨਿ:** ਦੇਖੋ, ਕਾਰਣਿ.

**ਕਾਰਨੇ:** ਦੇਖੋ, ਕਾਰਣੇ. "ਬਲਿ ਬਲਿ ਜਾਉ ਰਮਈਆ ਕਾਰਨੇ." (ਧਨਾ ਰਵਿਦਾਸ)

**ਕਾਰਬਾਰ:** ਫ਼ਾ. کاروبار ਸੰਗਯਾ- ਵ੍ਯਾਪਾਰ. ਲੈਣ ਦੇਣ.

**ਕਾਰਬਾਰੀ:** ਵਿ- ਕੰਮ ਕਰਨ ਵਾਲਾ. ਕਾਰਗੁਜ਼ਾਰ। ੨. ਸੰਗਯਾ- ਕੰਮ ਚਲਾਉਣ ਵਾਲਾ ਅਹਿਲਕਾਰ. ਮੁਖ਼ਤਾਰ.

**ਕਾਰਮਣਾ:** ਕ੍ਰਿ- ਕਿਸੇ ਕਾਰ (ਕੰਮ) ਕਰਨ ਜਾਂ ਕਰਾਣ ਲਈ ਕੋਈ ਗੱਲ ਮੰਨਣੀ.

**ਕਾਰਮਾ:** ਦੇਖੋ, ਕਾਲਿਮਾ. "ਕਾਰਮਾ ਹਰਨ ਕਾਜ ਸਾਧਨ ਕਰਤ ਤੁਮ." (ਕ੍ਰਿਸਨਾਵ) "ਲਗ੍ਯੋ ਨਿਸੇਸਹਿ ਕਾਰਮਾ ਤਨ ਏਕ." (ਪਾਰਸਾਵ) ਚੰਦ੍ਰਮਾ ਨੂੰ ਦਾਗ ਲੱਗਿਆ.

**ਕਾਰਮਾਦਿ:** ਕਾਰਮੁਕ ਆਦਿ ਦਾ ਸੰਖੇਪ. ਧਨੁਖ ਆਦਿਕ. "ਕਾਰਮਾਦਿ ਕ੍ਰੂਰ ਕੋਚ ਤੁੱਟ ਹੈਂ." (ਪਾਰਸਾਵ)

**ਕਾਰਮੁਕ, ਕਾਰਮੰ:** ਸੰ. कार्म्मुक ਕਾਮੁੰ. ਸੰਗਯਾ- ਵੈਰੀ ਦੇ ਮਾਰਨ ਦਾ ਜੋ ਕੰਮ ਹੈ, ਉਸ ਵਿੱਚ ਜੋ ਸਮਰਥ ਹੋਵੇ, ਸੋ ਕਾਰਮੁਕ. ਧਨੁਖ. ਕਮਾਣ. ਖਾਸ ਕਰਕੇ ਬਾਂਸ ਦੇ ਧਨੁਖ ਦਾ ਨਾਉਂ ਕਾਰਮੁਕ ਹੈ. "ਸ਼੍ਰੀ ਸਤਿਗੁਰੁ ਕਰ ਕਾਰਮੁਕ ਥਿਰੇ ਦਰੀਚੀ ਬੀਚ." (ਗੁਪ੍ਰਸੂ) "ਬਿਸਿੱਖ ਕਾਰਮੰ ਕਸੇ." (ਚੰਡੀ ੨) ਧਨੁਖ ਵਿੱਚ ਵਿਸ਼ਿਖ (ਤੀਰ) ਕਸੇ.

**ਕਾਰਯ:** ਦੇਖੋ, ਕਾਰਜ.

**ਕਰਵਾਈ:** ਫ਼ਾ. کاروائی ਸੰਗਯਾ- ਯਤਨ. ਤਦਬੀਰ। ੨. ਕਾਰਜ ਵਿੱਚ ਤਤਪਰਤਾ.

**ਕਾਰਵਾਂ, ਕਾਰਵਾਨ:** ਫ਼ਾ. کاروان ਸੰਗਯਾ- ਯਾਤ੍ਰੀਆਂ ਦਾ ਟੋਲਾ. ਕ਼ਾਫ਼ਿਲਾ. ਅੰ. Caravan.

---

[364] ਫ੍ਰਾਂਸੀਸੀ ਜਰਨੈਲਾਂ ਨੇ ਇਹ ਸ਼ਬਦ ਪੰਜਾਬ ਵਿੱਚ ਲਿਆਂਦਾ ਸੀ.

**ਕਾਰਵਿ:** ਦੇਖੋ, ਕਾਰਵੀ। ੨. ਕੁਮੁਦਿਨੀ. ਨੀਲੋਫ਼ਰ.

**ਕਾਰਵੀ:** ਵਿ- ਕੌੜੀ. ਕਟੁ। ੨. ਸੰ. कारवी ਅੱਲ ਕੱਦੂ। ੩. ਸੌਂਫ. ਬਾਦੀਆਂ। ੪. ਸੰ. कर्क ਕਰ੍ਕ. ਮਟਕੀ. "ਕਾਂਇਆਂ ਕਾਚੀ ਕਾਰਵੀ." (ਸ. ਕਬੀਰ) ਦੇਖੋ, ਕਰੂਆ.

**ਕਾਰਵੇਲ:** ਦੇਖੋ, ਕਰੇਲਾ.

**ਕਾਰਾ:** ਸੰਗਯਾ- ਉਪਦ੍ਰਵ. ਦੇਖੋ, ਕਾਰ. "ਕਾਰਾ ਕਰਜੋ ਹਮਹੁँ ਸੰਗ ਭਾਰਾ." (ਗੁਪ੍ਰਸੂ) ੨. ਵਿ- ਕਾਲਾ. "ਤਿਸੁ ਹਲਤਿ ਪਲਤਿ ਮੁਖ ਕਾਰਾ." (ਸੂਹੀ ਮਃ ੪) ੩. ਸੰ. ਸੰਗਯਾ- ਬੰਧਨ. ਕੈਦ। ੪. ਪੀੜਾ. ਕਲੇਸ਼. ਕਾੜ੍ਹਾ. "ਕਾਰਾ ਤੁਝੈ ਨ ਬਿਆਪਈ." (ਬਾਵਨ) ੫. ਦੂਤੀ. ਵਕਾਲਤ ਕਰਨ ਵਾਲੀ ਇਸਤ੍ਰੀ.

**ਕਾਰਾਗਾਰ, ਕਾਰਾਗ੍ਰਿਹ:** ਸੰ. ਸੰਗਯਾ- ਜੇਲਖ਼ਾਨਾ. ਕੈਦੀਆਂ ਦਾ ਘਰ.

**ਕਾਰਾਵਾਸ:** ਸੰਗਯਾ- ਜੇਲ ਦਾ ਨਿਵਾਸ. ਕੈਦਖਾਨੇ ਵਿੱਚ ਰਹਿਣਾ। ੨. ਜੇਲਖ਼ਾਨਾ. ਕੈਦਖ਼ਾਨ.

**ਕਾਰਿ:** ਦੇਖੋ, ਕਾਰੀ। ੨. ਸੰਗਯਾ- ਕ੍ਰਿਯਾ. ਰੀਤਿ. ਢੰਗ. "ਜਿਨਾ ਕਾਰਿ ਨ ਆਈ." (ਸਵਾ ਮਃ ੫) ੩. ਮੁਵੱਸਰ. ਅਸਰ ਸਹਿਤ. "ਗੁਰ ਕੀ ਮਤਿ ਜੀਅ ਆਈ ਕਾਰਿ." (ਗਉ ਅਃ ਮਃ ੧)

**ਕਾਰਿਕਾ:** ਸੰ. ਸੰਗਯਾ- ਅਜੇਹਾ ਸ਼ਲੋਕ (ਛੰਦ) ਜਿਸ ਦੇ ਅੱਖਰ ਥੋੜੇ ਅਤੇ ਅਰਥ ਬਹੁਤ ਹੋਵੇ। ੨. ਕਿਸੇ ਸੂਤ੍ਰ ਅਥਵਾ ਮੰਤ੍ਰ ਦਾ ਟੀਕਾ, ਜੋ ਛੰਦਾਂ ਵਿੱਚ ਕੀਤਾ ਹੋਵੇ. ਛੰਦਬੱਧ ਟੀਕਾ। ੩. ਨਾਟਕ ਕਰਨ ਵਾਲੇ ਨਟ ਦੀ ਇਸਤ੍ਰੀ.

**ਕਾਰਿੰਡਵ:** ਦੇਖੋ, ਕਾਰੰਡਵ.

**ਕਾਰਿੰਦਾ:** ਫ਼ਾ. کارِندا ਸੰਗਯਾ- ਕਰਮਚਾਰੀ. ਕਾਰਕੁਨ. ਕੰਮ ਕਰਨ ਵਾਲਾ.

**ਕਾਰੀ:** ਸੰਗਯਾ- ਕ੍ਰਿਯਾ. ਕਾਰ੍ਯ. "ਸਤਿਗੁਰੁ ਫੁਰਮਾਇਆ ਕਾਰੀ ਏਹੁ ਕਰੇਹੁ." (ਵਾਰ ਬਿਹਾ ਮਃ ੩) ਇਲਾਜ. ਉਪਾਯ. "ਵੈਦ ਕਿ ਜਾਣੈ ਕਾਰੀ?" (ਮਾਰੂ ਮਃ ੧) "ਸੰਤਹੁ ਇਹਾ ਬਤਾਵਹੁ ਕਾਰੀ." (ਸੋਰ ਮਃ ੫) ੩. ਕਾਲੀ ਦੇਵੀ. "ਸੰਘਾਰ ਦਈ ਰਨ ਕਾਰੀ." (ਚੰਡੀ ੨) ੪. ਕਾਲੀਨਾਗ, ਜਿਸ ਨੂੰ ਕ੍ਰਿਸ਼ਨ ਜੀ ਨੇ ਜਮੁਨਾ ਵਿੱਚੋਂ ਕੱਢਿਆ ਸੀ. "ਪ੍ਰਾਨ ਡਸੈ ਜਬ ਕਾਰੀ." (ਕ੍ਰਿਸਨਾਵ) ੫. ਕਾਰ. ਰੇਖਾ. ਲੀਕ. "ਕਾਰੀ ਕਢੀ ਕਿਆ ਥੀਐ?" (ਵਾਰ ਸ੍ਰੀ ਮਃ ੧) ੬. ਵਿ- ਕਾਲੀ. ਸਿਆਹ. "ਕਾਜਰਕੋਠ ਮਹਿ ਭਈ ਨ ਕਾਰੀ." (ਆਸਾ ਮਃ ੫) ੭. ਸੰ. कारिन् ਵਿ- ਕਰਨ ਵਾਲਾ. "ਕੁਕ੍ਰਿਤ ਪ੍ਰਨਾਸਨਕਾਰੀ." (ਹਜਾਰੇ ੧੦) "ਅੰਤਰਿ ਸ਼ਬਦ ਰਵਿਆ ਗੁਣਕਾਰੀ." (ਰਾਮ ਅਃ ਮਃ ੧) ੮. ਕਾਰ ਕਰਨ ਵਾਲਾ. ਪ੍ਰਧਾਨ. ਮੁਖੀਆ. "ਸਤੁ ਸੰਤੋਖੁ ਨਗਰ ਮਹਿ ਕਾਰੀ." (ਮਾਰੂ ਸੋਲਹੇ ਮਃ ੧) ੯. ਫ਼ਾ. کاری ਅਸਰਵਾਲਾ. ਮੁਅੱਸਿਰ। ੧੦. ਗਹਿਰਾ. ਡੂੰਘਾ. "ਤਨ ਸ੍ਰੋਨ ਜਾਰੀ ਭਯੋ ਜਖਮ ਕਾਰੀ." (ਸਲੋਹ) ੧੧. ਅ਼. قاری ਕ਼ਾਰੀ. ਪੜ੍ਹਨ ਵਾਲਾ। ੧੨. ਕੁਰਾਨ ਨੂੰ ਸ਼ੁੱਧ ਪੜ੍ਹਨ ਵਾਲਾ.

**ਕਾਰੀਗਰ:** ਫ਼ਾ. کاریگر ਸੰਗਯਾ- ਕੰਮ ਕਰਨ ਵਾਲਾ. ਹੁਨਰਮੰਦ.

**ਕਾਰੀਗਰੀ:** ਫ਼ਾ. کاریگری ਸੰਗਯਾ- ਕਾਰਜ ਦੇ ਕਰਨ ਦੀ ਵਿਦਯਾ. ਹੁਨਰਮੰਦੀ.

**ਕਾਰੁ:** ਸੰ. ਸੰਗਯਾ- ਕਾਰੀਗਰ. ਹੱਥ ਨਾਲ ਕੰਮ ਕਰਨ ਵਾਲਾ। ੨. ਦੇਖੋ, ਕਾਰ.

**ਕਾਰੁਨਯ:** ਸੰ. कारुण्य ਸੰਗਯਾ- ਕ੍ਰਿਪਾ ਦਾ ਭਾਵ. ਮਿਹਰਬਾਨੀ.

**ਕਾਰੂ, ਕਾਰੂੰ:** ਅ਼. قارُوں ਕ਼ਾਰੂੰ. Korah. ਇਸਰਾਈਲ ਵੰਸ਼ੀ ਯਸ਼ਰ (Izhar) ਦਾ ਪੁਤ੍ਰ, ਜੋ ਮਿਸਰ ਵਿੱਚ ਵਡਾ ਧਨੀ ਅਤੇ ਕੰਜੂਸਾਂ ਦਾ ਸਰਤਾਜ ਸੀ. ਇਸ ਦਾ ਜਿਕਰ ਕੁਰਾਨ ਵਿੱਚ ਭੀ ਆਇਆ ਹੈ. ਦੇਖੋ, ਕ਼ੁਰਾਨ ਸੂਰਤ ੨੯, ਆਯਤ ੩੮ ਅਤੇ ਸੂਰਤ ੨੮, ਆਯਤ ੭੬- ੮੨. ਇਹ ਮੂਸਾ ਦੇ ਚਾਚੇ ਦਾ ਪੁਤ੍ਰ ਸੀ.

ਯਹੂਦੀਆਂ ਦੇ ਗ੍ਰੰਥ Talmud ਵਿੱਚ ਲਿਖਿਆ ਹੈ ਕਿ ਕ਼ਾਰੂੰ ਦਾ ਖ਼ਜ਼ਾਨਿਆਂ ਦੀਆਂ ਕੁੰਜੀਆਂ ੩੦੦ ਖੱਚਰਾਂ ਦਾ ਬੋਝ ਸੀ. ਇਹ ਧਨ ਦੇ ਮਦ ਵਿੱਚ ਆਕੇ ਹਜਰਤ ਮੂਸਾ ਦੇ ਹੁਕਮਾਂ ਦੀ ਤਾਮੀਲ ਨਹੀਂ ਕਰਦਾ ਸੀ ਅਤੇ ਜ਼ਕਾਤ ਨਹੀਂ ਦਿੰਦਾ ਸੀ. ਮੂਸਾ ਦੇ ਸ੍ਰਾਪ ਨਾਲ ਕਾਰੂੰ ਖ਼ਜ਼ਾਨਿਆਂ ਸਮੇਤ ਜ਼ਮੀਨ ਵਿੱਚ ਗਰਕ ਹੋ ਗਿਆ.[365]

ਭਾਈ ਸੰਤੋਖ ਸਿੰਘ ਆਦਿ ਅਨੇਕ ਇਤਿਹਾਸ ਲੇਖਕਾਂ ਨੇ ਕਾਰੂੰ ਨੂੰ ਰੂਮ ਦਾ ਬਾਦਸ਼ਾਹ ਲਿਖਕੇ ਭੁੱਲ ਕੀਤੀ ਹੈ, ਯਥਾ-

"ਰੂਮ ਵਲਾਇਤ ਜਹਾਂ ਮਹਾਨਾ।

ਪਾਤਸ਼ਾਹ ਕਾਰੂੰ ਤਿਹ ਥਾਨਾ। x x

ਤਿਨ ਕੋ ਸੁਖ ਦੇਨੇ ਕੇ ਹੇਤਾ।

ਪੁਰ ਪ੍ਰਵਿਸ਼ੇ ਵੇਦੀਕੁਲਕੇਤਾ।

ਕਾਰੂੰ ਕੇਰ ਦੁਰਗ ਜਹਿਂ ਭਾਰੀ।

ਤਿਸ ਕੇ ਬੈਠੇ ਜਾਇ ਅਗਾਰੀ।" x x

(ਨਾਪ੍ਰ. ਉੱਤਰਾਰਧ, ਅਃ ੧੬)

"ਨਸੀਹਤਨਾਮਾ" ਕਾਰੂੰ ਦੇ ਹੀ ਪਰਥਾਇ ਉਚਾਰਣਾ ਲਿਖਿਆ ਹੈ, ਯਥਾ-

"ਸੁਨ ਸ੍ਰੀ ਨਾਨਕ ਗਿਰਾ ਉਚਾਰੀ।

ਦੇਨ ਨਸੀਹਤ ਸਭ ਸੁਖ ਕਾਰੀ।

ਤਿਲੰਗ ਮਹਲਾ ੧

ਕੀਚੈ ਨੇਕਨਾਮੀ ਜੋ ਦੇਵੈ ਖੁਦਾਇ।

ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫ਼ਨਾਇ। x x

ਚਾਲੀ ਗੰਜ ਜੋੜੇ ਨ ਰਖਿਓ ਈਮਾਨ।

ਦੇਖੋ ਰੇ ਕਾਰੂੰ ! ਜੁ ਹੋਤੇ ਪਰੇਸਾਨ।" x x

(ਨਾਪ੍ਰ ਉ. ਅਃ ੧੬)

ਸ਼੍ਰੀ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਰੂਮ ਵਲਾਇਤ ਗਏ ਹਨ, ਉਸ ਵੇਲੇ ਤਖ਼ਤ ਤੇ ਸੁਲਤਾਨ ਸਲੀਮਖ਼ਾਨ ਅੱਵਲ ਸੀ.

ਕ਼ਾਰੂਰਾ: ਅ਼. قارُورہ ਸੰਗਯਾ- ਸ਼ੀਸ਼ੀ. ਬੋਤਲ। ੨. ਮੂਤ੍ਰ. ਸ਼ੀਸ਼ੀ ਵਿੱਚ ਪਾਕੇ ਵੈਦ ਪਾਸ ਲੈ ਜਾਣ ਕਰਕੇ ਪੇਸ਼ਾਬ ਦੀ ਇਹ ਸੰਗਯਾ ਹੋਈ ਹੈ.

ਕਾਰੇ: ਕੰਮ ਵਿੱਚ. ਕਾਮ ਮੇ। ੨. ਕਾਲੇ. ਸਿਆਹ. "ਕਾਰੇ ਉਭੇ ਜੰਤ." (ਸ. ਕਬੀਰ) ਸਿਆਹ ਲਿਬਾਸ ਵਾਲੇ ਚੋਰ ਉਠ ਖੜੇ ਹਏ. ਅੰਧੇਰੀ ਰਾਤ ਵਿੱਚ ਸਿਆਹ ਵਸਤ੍ਰ ਪਹਿਰਣ ਤੋਂ ਚੋਰ ਨਜਰ ਨਹੀਂ ਪੈਂਦਾ.

---

[365] ਲੀਡੀਆ (Asia minor) ਦਾ ਬਾਦਸ਼ਾਹ ਕਰੂਸਸ (Croesus ) ਜੋ ਸਨ ੫੬੦-੫੪੬ ਵਿੱਚ ਹੋਇਆ ਹੈ ਇਹ ਭੀ ਕਾਰੂ ਕਹਿਆ ਜਾਂਦਾ ਹੈ. ਇਹ ਵਡਾ ਧਨੀ ਸੀ. ਇਸ ਦੀ ਪ੍ਰਭੁਤਾ ਵੇਖਕੇ ਵਡੇ ਵਡੇ ਸਿਆਣੇ ਇਸ ਪਾਸ ਆ ਰਹੇ, ਜਿਨ੍ਹਾਂ ਵਿੱਚੋਂ ਸੋਲਨ (Solon) ਇੱਕ ਵਡਾ ਰਿਖੀ ਸੀ. ਉਸ ਤੋਂ ਕਰੂਸਸ ਨੇ ਪੁੱਛਿਆ ਕਿ ਸੰਸਾਰ ਵਿੱਚ ਸੁਖੀ ਕੌਣ ਹੈ? ਸੋਲਨ ਨੇ ਜਵਾਬ ਦਿੱਤਾ ਕਿ ਜਿਸ ਦਾ ਅੰਤ ਸੁਖ ਨਾਲ ਨਿਭੇ. ਜਦ ਫਾਰਸ ਦੇ ਬਾਦਸ਼ਾਹ (Cyrus) ਨੇ ਕਰੂਸਸ ਨੂੰ ਜਿੱਤਕੇ ਫੜ ਲਿਆ ਤੇ ਕਤਲ ਕਰਨ ਲੱਗਾ, ਤਾਂ ਉਸ ਨੂੰ ਸੋਲਨ ਦੀ ਸਿਖ੍ਯਾ ਯਾਦ ਆਈ ਅਰ ਉਸ ਨੇ ਤਿੰਨ ਵਾਰ ਸੋਲਨ ਦਾ ਨਾਮ ਲਿਆ, ਜਦ ਪੁੱਛਣ ਤੇ ਕਰੂਸਸ ਨੇ ਸਾਰਾ ਹਾਲ ਦੱਸਿਆ ਤਾਂ ਫਾਰਸ ਦੇ ਬਾਦਸ਼ਾਹ ਨੇ ਉਸ ਨੂੰ ਛੱਡ ਦਿੱਤਾ.

**ਕਾਰੈ:** ਕਾਰਜ ਮੇਂ. ਕੰਮ ਵਿੱਚ। ੨. ਸੇਵਾ ਵਿੱਚ. "ਗੁਰਿ ਕਾਰੈ ਲਾਈਆ." (ਵਾਰ ਸੋਰ ਮਃ ੪)

**ਕਾਰੋ:** ਵਿ- ਕਾਲਾ। ੨. ਦੇਖੋ, ਕਾਰਾ.

**ਕਾਰੋੜ:** ਵਿ- ਕਰੋੜ ਨਾਲ ਸੰਬੰਧ ਰੱਖਣ ਵਾਲਾ। ੨. ਕੋਟਲੇਹਰ ਦਾ. ਦੇਖੋ, ਭਾਈ ਧਾਰ. "ਸੁ ਕਾਰੋੜ ਰਾਯੰ." (ਵਿਚਿਤ੍ਰ)

**ਕਾਰੰਡ, ਕਾਰੰਡਵ:** ਸੰ. कारण्डव ਸੰਗ੍ਯਾ- ਹੰਸ ਦੀ ਜਾਤਿ ਦਾ ਇੱਕ ਜਲਜੀਵ. ਲੰਮੀ ਗਰਦਨ ਦੀ ਬੱਤਕ. "ਹੰਸ ਕਾਰੰਡਵ ਮੀਨ ਖਗ ਨਾਨਾ." (ਸਲੋਹ)

**ਕਾਰ੍ਹਾ:** ਸੰਗ੍ਯਾ- ਕਾੜ੍ਹਾ. ਕ੍ਵਾਥ. ਜੋਸ਼ਾਂਦਾ। ੨. ਚਿੰਤਾ. ਮਨ ਦੀ ਤਪਤ. "ਕਾਰ੍ਹਾ ਸਦਾ ਰਹੈ ਮਨ ਮਾਹੀਂ." (ਗੁਪ੍ਰਸੂ)

**ਕਾਲ:** ਸੰਗ੍ਯਾ- ਸਮਾਂ. ਵੇਲਾ. "ਹਰਿ ਸਿਮਰਤ ਕਾਟੈ ਸੋ ਕਾਲ." (ਬਿਲਾ ਮਃ ੫) ਦੇਖੋ, ਕਾਲਪ੍ਰਮਾਣ। ੨. ਮ੍ਰਿਤ੍ਯੁ. ਮੌਤ. "ਕਾਲ ਕੈ ਫਾਸਿ ਸਕਤ ਸਰੁ ਸਾਂਧਿਆ." (ਆਸਾ ਮਃ ੫) ੩. ਯਮ। ੪. ਦੁਰਭਿੱਖ. ਦੁਕਾਲ. ਕਹਿਤ. "ਕਾਲ ਗਵਾਇਆ ਕਰਤੈ ਆਪਿ." (ਮਲਾ ਮਃ ੫) ੫. ਮਹਾਕਾਲ. ਜੋ ਸਾਰੀ ਵਿਸ਼੍ਵ ਨੂੰ ਲੈ ਕਰਦਾ ਹੈ. "ਕਾਲ ਕ੍ਰਿਪਾਲੁ ਹਿਯੈ ਨ ਚਿਤਾਰਯੋ." (੩੩ ਸਵੈਯੇ) ੬. ਕਾਲਸ ਦਾ ਸੰਖੇਪ. ਸਿਆਹੀ. "ਕਾਲ ਮਤਿ ਲਾਗੀ." (ਸ੍ਰੀ ਬੇਣੀ) ੭. ਵਿ- ਕਾਲਾ. ਸਿਆਹ. "ਨਿੰਦਕ ਕੇ ਮੁਖ ਹੋਏ ਕਾਲ." (ਬਿਲਾ ਮਃ ੫) ੮. ਸੰਗ੍ਯਾ- ਜਨਮਸਮਾਂ. ਜਨਮ. "ਕਾਲ ਬਿਕਾਲ ਸਬਦਿ ਭਏ ਨਾਸ." (ਬਿਲਾ ਅਃ ਮਃ ੧) ਜਨਮ ਮਰਣ ਗੁਰਉਪਦੇਸ਼ ਕਰਕੇ ਨਾਸ਼ ਹੋ ਗਏ। ੯. ਕਲ੍ਯ. ਆਉਣ ਵਾਲਾ ਦਿਨ. "ਜੋ ਉਪਜਿਓ ਸੋ ਬਿਨਸ ਹੈ ਪਰੋ ਆਜੁ ਕੇ ਕਾਲ." (ਸ. ਮਃ ੯) ਪਰਸੋਂ ਅੱਜ ਜਾਂ ਕਲ੍ਹ। ੧੦. ਲੋਹਾ। ੧੧. ਸ਼ਨਿਗ੍ਰਹਿ. ਛਨਿੱਛਰ। ੧੨. ਸ਼ਿਵ। ੧੩. ਕੋਕਿਲਾ. ਕੋਇਲ। ੧੪. ਵ੍ਯਾਕਰਣ ਅਨੁਸਾਰ ਕ੍ਰਿਯਾ ਦੇ ਵਾਪਰਨ ਦਾ ਸਮਾਂ. Tense. ਵਰਤਮਾਨ- ਮੈਂ ਪੜ੍ਹਦਾ ਹਾਂ, ਭੂਤ- ਮੈਂ ਪੜ੍ਹਿਆ, ਭਵਿਸ਼੍ਯ- ਮੈਂ ਪੜ੍ਹਾਂਗਾ.

**ਕਾਲਇੰਦੀ:** ਦੇਖੋ, ਕਾਲਿੰਦੀ.

**ਕਾਲਸ:** ਸੰਗ੍ਯਾ- ਕਾਲਿਮਾ. ਕਾਲਿਕਾ. ਸਿਆਹੀ। ੨. ਕਲੁਸ਼. ਕਲੁਸ਼ਤਾ. ਮਲੀਨਤਾ। ੩. ਕਲੰਕ.

**ਕਾਲਸੇਨ, ਕਾਲਸੈਣ:** ਇੱਕ ਸੂਰਜਵੰਸ਼ੀ ਰਾਜਾ. ਵਿਚਿਤ੍ਰਨਾਟਕ ਦੇ ਲੇਖ ਤੋਂ ਪ੍ਰਤੀਤ ਹੁੰਦਾ ਹੈ ਕਿ ਵੇਦੀ ਸੋਢੀ ਵੰਸ਼ ਦੇ ਮੁਖੀਏ ਇਹ ਰਾਜਾ ਸਨ- "ਕਾਲਸੈਣ ਪ੍ਰਿਥਮੇ ਭਯੋ ਭੂਪਾ। x x x ਕਾਲਕੇਤੁ ਦੂਸਰ ਭੂਅ ਭਯੋ। ਕ੍ਰੂਰਬਰਸ ਤੀਸਰ ਜਗ ਠਯੋ। ਕਾਲਧੁਜ ਚਤੁਰਥ ਨ੍ਰਿੱਪ ਸੋਹੈ। x x ਕਾਲਕੇਤੁ ਅਰੁ ਕਾਲਰਾਯ ਭਨ। ਜਿਨ ਤੇ ਭਯੇ ਪੁਤ੍ਰ ਘਰ ਅਨਗਨ." (ਵਿਚਿਤ੍ਰ ਅਃ ੨)

**ਕਾਲਕ:** ਸੰਗ੍ਯਾ- ਕਾਲਸ. ਕਾਲਿਮਾ. ਕਾਲਖ. "ਨੈਨ ਕੀ ਕਾਲਕ ਬੀਚਲ ਦੇਖ." (ਚਰਿਤ੍ਰ ੯੪) ੨. ਕਲੁਖ. ਪਾਪ। ੩. ਦਾਗ. ਕਲੰਕ। ੪. ਵਿ- ਕਾਲ ਦੇ ਕਰਨ ਵਾਲਾ.

**ਕਾਲਕਵਰ, ਕਾਲਕਵਲ:** ਕਾਲ ਦਾ ਗ੍ਰਾਸ. ਦੇਖੋ, ਕਵਲ.

**ਕਾਲਕਾ:** ਦੇਖੋ, ਕਾਲਿਕਾ। ੨. ਸਿਆਹੀ.

**ਕਾਲਕਾਕਾਲ, ਕਾਲਕਾਲ:** ਕਾਲ ਦਾ ਭੀ ਕਾਲ. ਸਭ ਨੂੰ ਲੈ ਕਰਨ ਵਾਲਾ. "ਕਾਲ ਕਾ ਕਾਲ ਨਿਰੰਜਨੁ ਜਚਨਾ." (ਸਵੈਯੇ ਮਃ ੪. ਕੇ) "ਨਮੋ ਕਾਲਕਾਲੇ." (ਜਾਪੁ)

**ਕਾਲਕੂਟ, ਕਾਲਕੂਤ:** ਦੇਖੋ, ਹੇਮਕੁੰਟ। ੨. ਜੋ ਕਾਲ ਨੂੰ ਭੀ ਜਲਾ ਦੇਵੇ. ਜ਼ਹਿਰ. ਵਿਸ਼. ਮ੍ਰਿਤ੍ਯੁ ਦਾ ਸਮੂਹ ਹੋਣ ਕਰਕੇ ਭੀ ਕਾਲਕੂਟ ਕਹੀਦਾ ਹੈ.

**ਕਾਲਕੇਤੁ:** ਦੇਖੋ, ਕਾਲਸੈਣ.

**ਕਾਲਕੰਨਿਆ, ਕਾਲਕੰਨ੍ਯਾ:** ਸੰਗ੍ਯਾ- ਕਾਲ ਦੀ ਪੁਤ੍ਰੀ, ਜਰਾ. ਵ੍ਰਿੱਧ ਅਵਸਥਾ. ਬੁਢਾਪਾ. "ਮਹਾ ਸੁੰਦਰੀ ਕਾਇਆ ਕਾਲਕੰਨਿਆ ਗ੍ਰਾਸਤੇ." (ਸਹਸ ਮਃ ੫) ੨. ਦੇਖੋ, ਵਿਖਕੰਨ੍ਯਾ.

ਕਾਲਕ੍ਰਿਪਾਨ: ਸੰਗ੍ਯਾ- ਕਾਲ ਰੂਪ ਹੈ ਜਿਸਦੀ ਤਲਵਾਰ. ਮਹਾਕਾਲ. "ਕਾਲਕ੍ਰਿਪਾਨ! ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭੁ ਨੈਕ ਰਿਝੈਹੋਂ." (ਵਿਚਿਤ੍ਰ)

ਕਾਲਕ੍ਰਿਯਾ: ਸੰਗ੍ਯਾ- ਸਮੇਂ ਦਾ ਫੇਰ. ਜ਼ਮਾਨੇ ਦੀ ਗਰਦਿਸ਼. "ਕਾਲਕ੍ਰਿਯਾ ਐਸੀ ਤਬ ਭਈ." (ਵਿਚਿਤ੍ਰ)

ਕਾਲਕ੍ਸ਼ੇਪ: ਸੰ. ਸੰਗ੍ਯਾ- ਸਮਾਂ ਵਿਤਾਉਣਾ. ਵਕ਼ਤ ਗੁਜਾਰਨਾ. ਝੱਟ ਲੰਘਾਉਣਾ. ਵੇਲਾ ਟਪਾਉਣਾ.

ਕਾਲਖ: ਦੇਖੋ, ਕਾਲਸ. "ਨਾਮਹੀਨ ਕਾਲਖ ਮੁਖਿ ਮਾਇਆ." (ਆਸਾ ਮਃ ੪) "ਕਾਲਖ ਦਾਗ ਲਗਾਇ." (ਸਵਾ ਮਃ ੩) ੨. ਕਲੰਕ.

ਕਾਲਗ੍ਯ: ਸੰਗ੍ਯਾ- ਜੋਤਿਸ਼ੀ, ਜੋ ਸਮੇਂ ਦਾ ਗ੍ਯਾਤਾ ਹੈ। ੨. ਸਿਆਣਾ. ਦਾਨਾ, ਜੋ ਸਮੇਂ ਦੀ ਹਾਲਤ ਨੂੰ ਚੰਗੀ ਤਰਾਂ ਸਮਝਦਾ ਹੈ। ੩. ਕੁੱਕੜ. ਮੁਰਗਾ.

ਕਾਲਗ੍ਰਸ, ਕਾਲਗ੍ਰਸਤ: ਵਿ- ਕਾਲਗ੍ਰਸਿਤ. ਕਾਲ ਕਰਕੇ ਫੜਿਆ ਹੋਇਆ। ੨. ਕਾਲ ਦਾ ਨਿਗਲਿਆ ਹੋਇਆ. "ਕਾਲਗ੍ਰਸ ਸੰਸਾਰ." (ਸਾਰ ਮਃ ੫) "ਕਾਲਗ੍ਰਸਤ ਸਭ ਲੋਕ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ." (ਸੋਰ ਕਬੀਰ) ੩. ਭਲੇ ਬੁਰੇ ਸਮੇਂ ਦੇ ਭ੍ਰਮ ਕਰਕੇ ਗ੍ਰਸਿਆ ਹੋਇਆ.

ਕਾਲਜ: ਸੰਗ੍ਯਾ- ਯੁਧਿਸ਼੍ਠਿਰ. ਪਾਂਡਵਾਂ ਵਿੱਚੋਂ ਵਡਾ ਭਾਈ. ਕਾਲ (ਧਰਮ) ਦਾ ਪੁਤ੍ਰ ਹੋਣ ਕਰਕੇ ਇਹ ਨਾਉਂ ਹੈ. "ਕਾਲਜ ਧਰਮਜ ਸ਼ਲਜਰਿਪੁ." (ਸਨਾਮਾ) ੨. ਦੇਖੋ, ਕਾਲਿਜ। ੩. ਪਹਾ- ਜੰਗਲੀ ਕਾਲਾ ਮੁਰਗਾ.

ਕਾਲਜਮਨ, ਕਾਲਜਮੁਨ, ਕਾਲਜਮੰਨ: ਸੰ. ਕਾਲਯਵਨ. ਗੋਪਾਲੀ ਅਪਸਰਾ ਦੇ ਪੇਟ ਤੋਂ ਗਾਰਗ੍ਯ ਮੁਨੀ ਦਾ ਪੁਤ੍ਰ, ਜੋ ਕਾਲੇ ਰੰਗ ਦਾ ਯੂਨਾਨੀ ਰਾਜਾ ਸੀ.[366] ਇਹ ਜਰਾਸੰਧ ਦਾ ਪੱਕਾ ਦੋਸਤ ਸੀ. ਜਦ ਜਰਾਸੰਧ ਦੀ ਸਹਾਇਤਾ ਲਈ ਕਾਲਯਮਨ ਮਥੁਰਾ ਪੁਰ ਕ੍ਰਿਸ਼ਨ ਜੀ ਦੇ ਮਾਰਨ ਲਈ ਚੜ੍ਹ ਆਇਆ, ਤਦ ਜੰਗ ਵਿੱਚੋਂ ਕ੍ਰਿਸ਼ਨ ਜੀ ਇਸ ਅੱਗੇ ਭੱਜ ਗਏ. ਕਾਲਯਮਨ ਨੇ ਦੂਰ ਤਾਈਂ ਪਿੱਛਾ ਕੀਤਾ. ਕ੍ਰਿਸ਼ਨ ਜੀ ਦਾਉ ਬਚਾਕੇ ਇੱਕ ਕੰਦਰਾ ਵਿੱਚ ਧਸ ਗਏ, ਜਿਸ ਵਿੱਚ ਮੁਚਕੁੰਦ ਰਾਜਰਿਖੀ ਸੁੱਤਾ ਪਿਆ ਸੀ. ਉਸ ਉੱਪਰ ਆਪਣਾ ਵਸਤ੍ਰ ਪਾਕੇ ਕ੍ਰਿਸ਼ਨ ਜੀ ਲੁਕ ਗਏ. ਕਾਲਯਮਨ ਨੇ ਮੁਚਕੁੰਦ ਨੂੰ ਕ੍ਰਿਸ਼ਨ ਜਾਣਕੇ ਲੱਤ ਮਾਰੀ, ਜਿਸਤੋਂ ਮੁਚਕੁੰਦ ਦੀ ਅੱਖ ਖੁਲ੍ਹੀ ਅਤੇ ਉਸ ਦੀ ਕ੍ਰੋਧਾਦ੍ਰਿਸ਼੍ਟਿ ਨਾਲ ਕਾਲਯਮਨ ਭਸਮ ਹੋ ਗਿਆ. ਦੇਖੋ, ਮੁਚਕੰਦ. "ਜਰਾਸੰਧਿ ਕਾਲਜਮੁਨ ਸੰਘਾਰੇ." (ਗਉ ਅਃ ਮਃ ੧) "ਜੰਗ ਦਰਾਯਦ ਕਾਲਜਮੰਨ." (ਕ੍ਰਿਸਨਾਵ)

ਕਾਲਜਾਲ: ਸੰਗ੍ਯਾ- ਕਾਲ ਦੀ ਫਾਹੀ. "ਕਾਲਜਾਲ ਜਮ ਜੋਹਿ ਨ ਸਾਕੈ." (ਵਡ ਛੰਤ ਮਃ ੩)

ਕਾਲਝਰਾਣੀ: ਦੇਖੋ, ਬੋਹੜੀ.

ਕਾਲਤ੍ਰ: ਦੇਖੋ, ਕਲਤ੍ਰ. "ਸੁਤ ਪਿਤੋ ਸਗਲ ਕਾਲਤ੍ਰ ਮਾਤਾ." (ਸ੍ਰੀ ਮਃ ੧)

ਕਾਲਤ੍ਰੈਦਰਸੀ: ਦੇਖੋ, ਤ੍ਰਿਕਾਲਦਰਸੀ. "ਕ੍ਰਿਪਾਸਿੰਧੁ ਕਾਲਤ੍ਰੈਦਰਸੀ." (ਹਜਾਰੇ ੧੦)

ਕਾਲਦਾੜ੍ਹ: ਕਾਲ (ਮੌਤ) ਦੀ ਦਾੜ੍ਹ. ਯਮਦਾਢ. ਦੇਖੋ, ਜਮਦਾੜ੍ਹ ਅਤੇ ਬਨੈਟੀ.

ਕਾਲਦੈਤ: ਕਾਲਰੂਪ ਦੈਤ੍ਯ. "ਕਾਲਦੈਤ ਸੰਘਾਰੇ ਜਮਪੁਰਿ ਗਏ." (ਬਸੰ ਮਃ ੪)

ਕਾਲਧੁਜ, ਕਾਲਧ੍ਵਜ: ਦੇਖੋ, ਕਾਲਸੈਣ.

ਕਾਲਨਿ: ਵਿ- ਕਾਲ ਕਰਨ ਵਾਲੀ. "ਜਗਉਪਜਾਵਨਿ ਪਾਲਨਿ ਕਾਲਨਿ." (ਨਾਪ੍ਰ)

ਕਾਲਨੁਜਾ: ਕਾਲ (ਧਰਮ) ਦੀ ਅਨੁਜਾ (ਛੋਟੀ ਭੈਣ), ਯਮੁਨਾ. (ਸਨਾਮਾ)

---

[366] ਡਾਕਟਰ ਸਪੂਨਰ (Spooner) ਇਸ ਨੂੰ ਪਰਸੀਆ ਦਾ ਰਾਜਾ ਲਿਖਦਾ ਹੈ.

ਕਾਲਨੇਮਿ, ਕਾਲਨੇਮੁ: ਰਾਵਣ ਦਾ ਮਾਮਾ, ਜੋ ਹਨੂਮਾਨ ਨੂੰ ਵਿਸ਼ਲਜਾ ਬੂਟੀ ਲਿਆਉਣੋਂ ਰੋਕਣਾ ਚਾਹੁੰਦਾ ਸੀ. ਹਨੂਮਾਨ ਨੇ ਇਸ ਨੂੰ ਮਾਰਿਆ। ੨. ਇੱਕ ਦਾਨਵ, ਜੋ ਹਿਰਨਜਕਸ਼ਿਪੁ ਦਾ ਪੁਤ੍ਰ ਸੀ. ਇਸ ਦੇ ਸੌ ਹੱਥ ਅਤੇ ਸੌ ਮੁਖ ਸੀ. ਇਸ ਨੇ ਸੁਰਗ ਆਪਣੇ ਕਬਜੇ ਕਰਕੇ ਦੇਵਤਾ ਕੱਢ ਦਿੱਤੇ ਸਨ. ਇਸ ਨੂੰ ਵਿਸ਼ਨੁ ਨੇ ਮਾਰਿਆ, ਫਿਰ ਇਹੀ ਕੰਸ ਹੋ ਕੇ ਜਨਮਿਆ. "ਰਕਤਬੀਜ ਕਾਲਨੇਮੁ ਬਿਦਾਰੇ." (ਗਉ ਅਃ ਮਃ ੧)

ਕਾਲਪਾਇ: ਸਮਾਂ ਪਾਕੇ. ਜ਼ਮਾਨੇ ਦੀ ਚਾਲ ਅਨੁਸਾਰ। ੨. ਅਕਾਲ ਦੀ ਆਗਜਾ ਪਾਕੇ. ਕਰਤਾਰ ਦੇ ਹੁਕਮ ਅਨੁਸਾਰ. "ਕਾਲ ਪਾਇ ਬ੍ਰਹਮਾ ਬਪੁ ਧਰਾ." (ਚੌਪਈ)

ਕਾਲਪਿਤਾ: ਕਾਲ (ਧਰਮਰਾਜ) ਦਾ ਪਿਤਾ ਸੂਰਜ. (ਸਨਾਮਾ)

ਕਾਲਪੀ: ਯੂ. ਪੀ. ਵਿੱਚ ਜਾਲਉਨ ਜਿਲੇ ਦੀ ਇੱਕ ਤਸੀਲ ਦਾ ਪ੍ਰਧਾਨਨਗਰ, ਜਿਸ ਥਾਂ ਦੀ ਮਿਸ਼ਰੀ ਪੁਰਾਣੇ ਕਵੀਆਂ ਨੇ ਬਹੁਤ ਉੱਤਮ ਲਿਖੀ ਹੈ. "ਸਹਿਰ ਕਾਲਪੀ ਮਾਹਿ ਬਸਤ ਤੇ." (ਚਰਿਤ੍ਰ ੩) "ਮਾਯਾ ਯਹਿ ਕਾਲਪੀ ਕੀ ਮਿਸ਼ਰੀ ਕੋ ਕੂਜਾ." (ਦੇਵੀਦਾਸ)

ਕਾਲਪੁਰਖ: ਸੰਗਜਾ- ਯਮਦੂਤ. ਕਾਲ (ਧਰਮ) ਦਾ ਸੇਵਕ. "ਕਾਲਪੁਰਖ ਕਾ ਮਰਦੈ ਮਾਨ." (ਭੈਰ ਕਬੀਰ) ੨. ਅਕਾਲਪੁਰਖ ਦਾ ਸੰਖੇਪ ਵਾਹਿਗੁਰੂ. "ਕਾਲਪੁਰਖ ਕੀ ਕਰੀ ਬਡਾਈ." (ਪਾਰਸਾਵ)

ਕਾਲਪ੍ਰਮਾਣ: ਸਮੇਂ ਦਾ ਅੰਦਾਜ਼ਾ. ਵਿਸ਼ਨੁਪੁਰਾਣ ਵਿੱਚ ਵੇਲੇ ਦਾ ਪ੍ਰਮਾਣ ਇਉਂ ਲਿਖਿਆ ਹੈ-

ਇੱਕ ਲਘੁ ਅੱਖਰ ਦੇ ਬੋਲਣ ਵਿੱਚ ਜੋ ਸਮਾਂ ਲੱਗੇ ਉਹ ਨਿਮੇਸ਼ (ਅੱਖ ਦਾ ਝਮਕਣਾ) ਹੈ.

੧੫ ਨਿਮੇਸ਼ ਦੀ ਇੱਕ ਕਾਸ਼੍ਠਾ.

੩੦ ਕਾਸ਼੍ਠਾ ਦੀ ਕਲਾ.

੨੦ ਕਲਾ ਦਾ ਮੁਹੂਰਤ.

੬੦ ਮੁਹੂਰਤ ਦਾ ਦਿਨ ਰਾਤ.

੧੫ ਦਿਨ ਰਾਤ ਦਾ ਪਕ੍ਸ਼ (ਪੱਖ).

੨. ਪਕ੍ਸ਼ ਦਾ ਮਹੀਨਾ.

੨. ਮਹੀਨੇ ਦੀ ਰਿਤੁ (ਰੁੱਤ).

੬. ਮਹੀਨੇ ਦਾ ਅਯਨ.

੨. ਅਯਨ ਦਾ ਵਰ੍ਹਾ.

ਅਮਰਕੋਸ਼ ਲਿਖਦਾ ਹੈ-

੧੮ ਨਿਮੇਸ਼ ਦੀ ਕਾਸ਼੍ਠਾ.

੩੦ ਕਾਸ਼੍ਠਾ ਦੀ ਕਲਾ.

੩੦ ਕਲਾ ਦਾ ਕ੍ਸ਼ਣ.

੧੨ ਕ੍ਸ਼ਣ ਦਾ ਮੁਹੂਰਤ.

੩੦ ਮੁਹੂਰਤ ਦਾ ਦਿਨ ਰਾਤ (ਅਹੋਰਾਤ੍ਰ).[367]

੧੫ ਅਹੋਰਾਤ੍ਰ ਦਾ ਪਕ੍ਸ਼

੨. ਪਕ੍ਸ਼ ਦਾ ਮਹੀਨਾ.

੨. ਮਹੀਨੇ ਦੀ ਰਿਤੁ (ਰੁੱਤ).

੩. ਰਿਤੁ ਦਾ ਅਯਨ.

੨. ਅਯਨ ਦਾ ਸਾਲ.

ਜਯੋਤਿਸ਼ਪ੍ਰਭਾਕਰ ਅਨੁਸਾਰ-

੧੫ ਨਿਮੇਖ ਵਿਸਾ.

੧੫ ਵਿਸੇ ਦਾ ਚਸਾ.

੩. ਚਸੇ ਦਾ ਪਲ.

੬੦ ਪਲ ਦੀ ਘੜੀ.

੮. ਘੜੀ ਦਾ ਪਹਿਰ.

੮. ਪਹਿਰ ਅਥਵਾ ੬੦ ਘੜੀ ਦਾ ਦਿਨ ਰਾਤ. ਇਸ ਸਮੇਂ ਵੇਲੇ ਦੀ ਵੰਡ ਇਉਂ ਹੈ-

੬੦ ਸੈਕੰਡ (second) ਦਾ ਮਿਨਟ (minute).

੬੦ ਮਿਨਟ ਦਾ ਘੰਟਾ (hour).

੩. ਤਿੰਨ ਘੰਟੇ ਦਾ ਪਹਿਰ (watch).

੪. ਅੱਠ ਪਹਿਰ (੨੪ ਘੰਟਿਆਂ) ਦਾ ਦਿਨ ਰਾਤ.[368] ਦੇਖੋ, ਕਲਪ ਅਤੇ ਯੁਗ.

ਕਾਲਫਾਸ: ਕਾਲ ਦੀ ਪਾਸ਼. ਜਮ ਦੀ ਫਾਹੀ. "ਕਾਲਫਾਸ ਜਬ ਗਰ ਮੈਂ ਮੇਲੀ." (ਮਾਰੂ ਮਃ ੯)

ਕਾਲਬ: ਅ਼. قالب ਕ਼ਾਲਬ. ਸੰਗਯਾ- ਸੰਚਾ. ਢਾਂਚਾ। ੨. ਦੇਹ. ਸ਼ਰੀਰ. ਜਿਸਮ.

---

[367] ਹਿੰਦੂ ਅਤੇ ਸਿੱਖ ਸੂਰਜ ਚੜ੍ਹੇ ਤੋਂ ਲੈ ਕੇ ਦੂਜੇ ਸੂਰਜ ਚੜ੍ਹਨ ਤਕ ਦਿਨ ਰਾਤ ਮੰਨਦੇ ਹਨ, ਮੁਸਲਮਾਨ ਸ਼ਾਮ (ਸੰਝ) ਤੋਂ ਲੈ ਕੇ ਦੂਜੀ ਸੰਝ ਤਕ ਦਿਨ ਰਾਤ ਸਮਝਦੇ ਹਨ, ਈਸਾਈ ਅੱਧੀ ਰਾਤ ਤੋਂ ਦੂਜੀ ਅੱਧੀ ਰਾਤ ਤਕ ਦਿਨ ਰਾਤ ਮੰਨਦੇ ਹਨ.

[368] ਇਸ ਸਮੇਂ ਦੇ ਵਿਦ੍ਵਾਨ ਦਿਨ ਰਾਤ ਅਤੇ ਸਾਲ ਦਾ ਨਿਰਣਾ ਇਉਂ ਕਰਦੇ ਹਨ-ਕਿ ਪ੍ਰਿਥਿਵੀ ਸਦਾ ਆਪਣੇ ਧੁਰੇ ਤੇ ਫਿਰਦੀ ਰਹਿੰਦੀ ਹੈ ਅਰ ਨਾਲ ਦੀ ਨਾਲ ਸੂਰਜ ਦੇ ਚੌਗਿਰਦੇ ਭੀ ਗੇੜਾ ਲਾਉਂਦੀ ਹੈ. ਇਸ ਨੂੰ ਠੀਕ ਜਿਤਨਾ ਚਿਰ ਆਪਣੇ ਧੁਰੇ ਤੇ ਇੱਕ ਪੂਰਾ ਚਕ੍ਰ ਲਗਾਉਣ ਵਿੱਚ ਲਗਦਾ ਹੈ, ਉਸ ਨੂੰ ਦਿਨ ਰਾਤ ਆਖਦੇ ਹਨ. ਇਸ ਸਮੇਂ ਨੂੰ ੨੪ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਹੈ ਅਰ ਇੱਕ ਹਿੱਸੇ ਨੂੰ ਘੰਟਾ ਕਿਹਾ ਜਾਂਦਾ ਹੈ. ਹਰ ਘੰਟੇ ਨੂੰ ੬੦ ਹਿੱਸਿਆਂ (ਮਿੰਟਾਂ) ਵਿੱਚ ਵੰਡ ਦਿੱਤਾ ਗਿਆ ਹੈ. ਫੇਰ ਹਰ ਮਿੰਟ ਨੂੰ ੬੦ ਹਿੱਸਿਆਂ (ਸੈਕੰਡਾਂ) ਵਿੱਚ ਵੰਡਿਆ ਹੈ.

ਸੂਰਜ ਦੇ ਚੌਗਿਰਦੇ ਪ੍ਰਿਥਿਵੀ, ਠੀਕ ੩੬੫ ਦਿਨ ੫. ਘੰਟੇ ੪੮ ਮਿੰਟ ਅਤੇ ੪੬ ਸੈਕੰਡਾਂ ਵਿੱਚ, ਇੱਕ ਪੂਰਾ ਚਕ੍ਰ ਲਗਾਉਂਦੀ ਹੈ, ਇਸ ਲਈ ਅਸਲੀ ਸਾਲ ਇਤਨੇ ਹੀ ਚਿਰ ਦਾ ਹੋਣਾ ਚਾਹੀਏ, ਪਰ ਇਹ ਗਿਣਤੀ ਵਿਖਮ ਹੋਣ ਕਰਕੇ ਹਰ ਸਾਲ ਨੂੰ ਕੇਵਲ ੩੬੫ ਦਿਨਾਂ ਦਾ ਮੰਨਕੇ ਹਰ ਚੌਥੇ ਸਾਲ ਨੂੰ ੩੬੬ ਦਿਨਾਂ ਦਾ ਮੰਨ ਲਿਆ ਜਾਂਦਾ ਹੈ, ਤਾਂਕਿ ਉੱਪਰ ਬਚੇ ਮਿੰਟਾਂ ਤੇ ਸੈਕੰਡਾਂ ਦਾ ਵਾਧੂ ਸਮਾਂ ਭੀ ਗਿਣਤੀ ਵਿੱਚ ਆ ਜਾਵੇ. ਸੰਸਾਰ ਦੇ ਸਾਰੇ ਮੁਲਕਾਂ ਵਿੱਚ ਕਿਸੇ ਭੀ ਕ੍ਸ਼ਣ ਵਿੱਚ ਸਮਾਂ ਉਹੋ ਨਹੀਂ ਹੁੰਦਾ. ਪੂਰਵ ਦੇ ਮੁਲਕਾਂ ਵਿੱਚ ਜਦ ਦਿਨ ਹੁੰਦਾ ਹੈ ਤਾਂ ਪੱਛਮ ਵੱਲ ਰਾਤ ਹੁੰਦੀ ਹੈ. ਇਸੇ ਪ੍ਰਕਾਰ ਜਦ ਪੱਛਮ ਵਿੱਚ ਦਿਨ ਹੁੰਦਾ ਹੈ ਤਾਂ ਪੂਰਵ ਵਾਲ ਰਾਤ ਪੈ ਜਾਂਦੀ ਹੈ. ਉੱਤਰ ਅਤੇ ਦੱਖਣ ਦੇ ਧ੍ਰੁਵਮੰਡਲਾਂ ਵਿੱਚ ਰਾਤ ਅਤੇ ਦਿਨ ਕਈ ਕਈ ਮਹੀਨਿਆਂ ਦੇ ਹੁੰਦੇ ਹਨ. ਕਾਰਣ ਇਹ ਕਿ ਪ੍ਰਿਥਿਵੀ ਦੇ ਇਨ੍ਹਾਂ ਅਸਥਾਨਾਂ ਪੁਰ ਸੂਰਜ ਕਦੇ ਬਹੁਤ ਚਿਰ ਤਕ ਪ੍ਰਕਾਸ਼ਿਤ ਰਹਿੰਦਾ ਹੈ ਅਰ ਕਦੇ ਇਨ੍ਹਾਂ ਤੋਂ ਬਹੁਤ ਚਿਰ ਤੀਕ ਲੋਪ ਰਹਿੰਦਾ ਹੈ.

ਕਾਲਬਿਕਾਲ: ਜਨਮ ਮਰਣ. ਦੇਖੋ, ਕਾਲ ੮. ਅਤੇ ਬਿਕਾਲ.

ਕਾਲਬੁਦ, ਕਾਲਬੂਤ: ਫ਼ਾ. كالبد ਸੰਗਯਾ- ਸੰਚਾ. ਢਾਂਚਾ. ਕਲਬੂਤ. "ਕਾਲਬੂਤ ਕੀ ਹਸਤਨੀ ਮਨ ਬਉਰਾ ਰੇ." (ਗਉ ਕਬੀਰ) ਹਾਥੀ ਦੇ ਫੜਨ ਲਈ ਹਥਣੀ ਦਾ ਕਾਲਬੂਤ ਬਣਾਕੇ ਘਾਸ ਨਾਲ ਢਕੇ ਹੋਏ ਡੂੰਘੇ ਟੋਏ ਪੁਰ ਖੜਾ ਕਰਦੇ ਹਨ, ਜਿਸ ਪਾਸ ਮਦਮੱਤ ਹਾਥੀ ਆਕੇ ਟੋਏ ਵਿੱਚ ਡਿਗਕੇ ਫਸ ਜਾਂਦਾ ਹੈ। ੨. ਦੇਹ. ਸ਼ਰੀਰ.

ਕਾਲਭਾਸ: ਸੰ. ਕਲਜਭਾਸ. ਸੰਗਯਾ- ਪਹਿ (ਪੁਹ) ਫਟਣ ਵੇਲੇ ਦਾ ਪ੍ਰਕਾਸ਼. "ਕਿ ਖੰ ਕਾਲਭਾਸੰ." (ਦੱਤਾਵ) ਦੱਤ ਸਵੇਰ ਦੀ ਰੌਸ਼ਨੀ ਵਾਂਙ ਪ੍ਰਕਾਸ਼ਦਾ ਹੈ.

ਕਾਲਮਾਕੀ, ਕਾਲਮਾਖੀ, ਕਾਲਮਾਛਾ, ਕਾਲਮਾਛੀ: ਵਿ- ਕਲਮਾਸ (ਕਲਮਾਕ) ਦਾ ਵਸਨੀਕ. "ਕਾਲਮਾਖੀ ਛੁਭੇ ਛਤ੍ਰਧਾਰੀ." (ਕਲਕੀ) ਦੇਖੋ, ਕਲਮਾਕ.

ਕਾਲਮੁਖਾ: ਵਿ- ਜਿਸ ਦੇ ਮੂੰਹ ਪੁਰ ਕਾਲਸ (ਕਾਲਖ) ਲਗੀ ਹੈ. ਕਲੰਕ ਸਹਿਤ. "ਤਉ ਕਾਲਮੁਖਾ ਉਠਿਜਾਹੀ." (ਸਾਰ ਮਃ ੫)

ਕਾਲਯਮਨ, ਕਾਲਯਵਨ: ਦੇਖੋ, ਕਾਲਜਮਨ.

ਕਾਲਰ: ਦੇਖੋ, ਕਲਰ. "ਕਾਲਰਿ ਭੀਤ ਗਿਰੀਐ." (ਬਿਲਾ ਮਃ ੫) ੨. ਸ਼ੋਰਾ, ਜੋ ਕੱਲਰ ਵਿੱਚੋਂ ਕੱਢੀਦਾ ਹੈ. "ਕਾਲਰ ਲਾਦਸਿ ਸਰ ਲਾਂਘਣਉ, ਲਾਭ ਨ ਪੂੰਜੀ ਸਾਥ." (ਵਾਰ ਮਾਰੂ ੧, ਮਃ ੧) ਸ਼ੋਰਾ ਪਾਣੀ ਵਿੱਚ ਖਰ ਜਾਂਦਾ ਹੈ.

ਕਾਲਰਾਇ: ਦੇਖੋ, ਕਾਲਸੈਣ.

ਕਾਲਰਾਤ੍ਰਿ: ਸੰ. ਸੰਗਯਾ- ਮੌਤ ਦੀ ਰਾਤ। ੨. ਅੰਧੇਰੀ ਰਾਤ। ੩. ਪ੍ਰਲੈ ਦੀ ਰਾਤ। ੪. ਦਿਵਾਲੀ ਦੀ ਰਾਤ. ਕੱਤਕ ਬਦੀ ੩੦। ੫. ਕਾਲੀ ਦੇਵੀ. ਕਾਲਿਕਾ.

ਕਾਲਰਾਯ: ਦੇਖੋ, ਕਾਲਸੈਣ.

ਕਾਲਰਿ: ਕੱਲਰ ਵਿੱਚ. "ਕਾਲਿਰ ਬੀਜਸਿ ਦੁਰਮਤਿ ਐਸੀ." (ਮਲਾ ਅਃ ਮਃ ੧) ਕੱਲਰ ਵਿੱਚ ਬੀਜ ਉਗਦਾ ਨਹੀਂ. ਕੱਲਰ ਵਿੱਚ ਬੀਜਣ ਤੋਂ ਭਾਵ ਕੁਪਾਤ੍ਰ ਵਿੱਚ ਦਾਨ ਕਰਨਾ ਹੈ.

ਕਾਲੜਾ, ਕਾਲੜੀ: ਵਿ- ਕਾਲਾ. ਕਾਲੀ. ਸਿਆਹ.

ਕਾਲਾ: ਵਿ- ਸਿਆਹ. ਕ੍ਰਿਸ਼ਨ। ੨. ਕਲੰਕੀ. ਦੋਸ਼ੀ। ੩. ਸੰਗਯਾ- ਚੋਰ, ਜੋ ਰਾਤ ਨੂੰ ਕਾਲਾ ਲਿਬਾਸ ਪਹਿਰਦਾ ਹੈ. "ਕਾਲਿਆਂ ਕਾਲੇ ਵੰਨ." (ਵਾਰ ਸੂਹੀ ਮਃ ੧) ੪. ਦੇਖੋ, ਫੂਲਵੰਸ਼। ੫. ਇੱਕ ਪਹਾੜੀਆ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਸਦਾਚਾਰੀ ਹੋਇਆ। ੬. ਡਿੰਗ. ਪਾਗਲ. ਸਿਰੜਾ.

ਕਾਲਾ ਹਰਣ: ਭਾਵ- ਵਿਸ਼ੇਲੰਪਟ ਜੁਆਨ ਪੁਰਖ. "ਤੂ ਸੁਣਿ ਹਰਣਾ ਕਾਲਿਆ! ਕੀ ਵਾੜੀਐ ਰਾਤਾ?" (ਆਸਾ ਛੰਤ ਮਃ ੧)

ਕਾਲਾਖ਼ਾਨ: ਪੇਸ਼ਾਵਰ ਦਾ ਹਾਕਿਮ, ਜੋ ਸ਼ਾਹਜਹਾਂ ਦੀ ਆਗਯਾ ਨਾਲ ਛੀਵੇਂ ਸਤਿਗੁਰੂ ਨੂੰ ਫੜਨ ਆਇਆ, ਅਤੇ ਸਤਿਗੁਰੂ ਦੇ ਹੱਥੋਂ ਮਰਿਆ. ਦੇਖੋ, ਹਰਿਗੋਬਿੰਦ ਸਤਿਗੁਰੂ। ੨. ਸਵਾ ਸੌ ਸਵਾਰਾਂ ਦਾ ਸਰਦਾਰ ਪਠਾਣ, ਜੋ ਭੰਗਾਣੀ ਦੇ ਜੰਗ ਸਮੇਂ ਸਾਥੀ ਪਠਾਣਾਂ ਵਾਂਙ ਨਮਕਹਰਾਮ ਹੋ ਕੇ, ਦਸ਼ਮੇਸ਼ ਨੂੰ ਛੱਡਕੇ ਜਾਣਾ ਨਹੀਂ ਚਾਹੁੰਦਾ ਸੀ. ਦੇਖੋ, ਬੁੱਧੂਸ਼ਾਹ.

ਕਾਲਾਗਰ: ਡਿੰਗ. ਸੰਗਯਾ- ਕਾਲੀ ਜਹਿਰ. ਅਫੀਮ. ਅਹਿਫੇਨ.

ਕਾਲਾਂਤਰ: ਸੰ. ਸੰਗਯਾ- ਦੂਜਾ ਸਮਾ। ੨. ਉਤਪੱਤੀ ਤੋਂ ਪਿਛਲਾ ਸਮਾ। ੩. ਵਿ- ਦੂਸਰੇ ਵੇਲੇ ਹੋਣ ਵਾਲਾ.

ਕਾਲਾਨੁਜਾਈਸ ਅਸਤ੍ਰ: (ਸਨਾਮਾ) ਕਾਲ (ਯਮ) ਦੀ ਅਨੁਜਾ (ਛੋਟੀ ਭੈਣ) ਯਮੁਨਾ, ਉਸ ਦਾ ਈਸ਼ (ਸ੍ਵਾਮੀ) ਵਰੁਣ, ਉਸ ਦਾ

ਅਸ੍ਤ੍ਰ ਫਾਹੀ. ਪਾਸ਼.

ਕਾਲਾਪਾਣੀ: ਉਹ ਸਮੁੰਦਰ, ਜਿਸ ਦਾ ਪਾਣੀ ਕਾਲਾ ਨਜ਼ਰ ਆਉਂਦਾ ਹੈ. ਏਂਡੇਮਨ (ਅੰਡੇਮਨ) ਅਤੇ ਨਿਕੋਬਾਰ ਦ੍ਵੀਪਾਂ ਦੇ ਪਾਸ ਸਮੁੰਦਰ ਬਹੁਤ ਕਾਲਾ ਵਿਖਾਈ ਦਿੰਦਾ ਹੈ, ਇਸ ਲਈ ਇਹ ਨਾਉਂ ਹੋ ਗਿਆ ਹੈ। ੨. ਭਾਰਤ ਦੇ ਅਪਰਾਧੀਆਂ ਨੂੰ ਦੇਸ਼ ਨਿਕਾਲੇ ਦੀ ਸਜ਼ਾ ਜਦ ਮਿਲਦੀ ਹੈ, ਤਦ ਇਨ੍ਹਾਂ ਟਾਪੂਆਂ ਵਿੱਚ ਭੇਜਿਆਂ ਜਾਂਦਾ ਹੈ, ਇਸ ਵਾਸਤੇ ਜਲਾਵਤਨੀ ਦਾ ਨਾਉਂ ਭੀ "ਕਾਲਾਪਾਨੀ" ਹੋ ਗਿਆ ਹੈ.

ਕਾਲਾਬਾਗ: ਸੰਗਯਾ- ਹਜ਼ਾਰਾ ਜਿਲੇ ਵਿੱਚ ਇੱਕ ਛੋਟੀ ਛਾਉਣੀ, ਜੋ ਐਬਟਾਬਾਦ ਅਤੇ ਮਰੀ ਦੀ ਸੜਕ ਪੁਰ ਹੈ। ੨. ਮੀਆਂਵਾਲੀ ਜਿਲੇ ਦੀ ਈਸਾਖੇਲ ਤਸੀਲ ਵਿੱਚ ਇੱਕ ਨਗਰ, ਜੋ ਸਿੰਧੁਨਦ ਦੇ ਸੱਜੇ ਕੰਢੇ ਹੈ. ਇੱਥੋਂ ਪੀਲੀ ਫਟਕੜੀ ਬਹੁਤ ਨਿਕਲਦੀ ਹੈ, ਜੋ ਅਨੇਕ ਦਵਾਈਆਂ ਵਿੱਚ ਵਰਤੀਦੀ ਹੈ.

ਕਾਲਾਯੁਧ: ਕਾਲ (ਮਹਾਕਾਲ) ਦਾ ਆਯੁਧ (ਸਸ਼ਤ੍ਰ) ਖੜਗ. "ਕਰੀਕਰਾਂਤਕ ਕਸ੍ਰਿਪੁ ਕਾਲਯੁਧ ਕਰਵਾਰ। ਕਰਾਚੋਲ ਕਿਰਪਾਨ ਕੇ ਲੀਜਹੁ ਨਾਮ ਸੁਧਾਰ." (ਸਨਾਮਾ) ੨. ਕਾਲ (ਯਮ) ਦਾ ਸ਼ਸਤ੍ਰ, ਫਾਂਸੀ. (ਸਨਾਮਾ)

ਕਾਲਾਲੇਖ: ਕਲੰਕ ਵਾਲੀ ਲਿਖਤ. ਐਸੀ ਤਹਿਰੀਰ ਜਿਸ ਵਿੱਚ ਹੋਰਨਾ ਪੁਰ ਦੋਸ਼ ਥੱਪੇ ਜਾਣ. "ਜੇ ਤੂ ਅਕਲ ਲਤੀਫ਼ ਕਾਲੇ ਲਿਖ ਨ ਲੇਖ." (ਸ. ਫਰੀਦ) ਜਦ ਆਪਣੇ ਹੀ ਅੰਦਰ ਦੋਸ਼ ਭਰੇ ਪਏ ਹਨ, ਫੇਰ ਦੂਜਿਆਂ ਦੇ ਵਿਰੁੱਧ ਬੁਰੇ ਲੇਖ ਨਾ ਲਿਖ। ੨. ਖੋਟੇ ਕਰਮ, ਜਿਨ੍ਹਾਂ ਦੇ ਕਰਨ ਤੋਂ ਜੀਵ ਦੀ ਕਿਸਮਤ ਬੁਰੀ ਲਿਖੀ ਜਾਵੇ.

ਕਾਲਿ: ਕਾਲ ਕਰਕੇ. ਕਾਲ ਨੇ. "ਸਭ ਬਾਧੀ ਜਮ ਕਾਲਿ." (ਵਡ ਛੰਤ ਮਃ ੩) "ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ." (ਭੈਰ ਕਬੀਰ)

ਕਾਲਿਕ: ਸੰਗਯਾ- ਕਾਲਸ. ਕਾਲਿਮਾ. ਸਿਆਹੀ। ੨. ਸੰ. ਵਿ- ਸਮੇਂ ਦਾ. ਸਮੇਂ ਨਾਲ ਸੰਬੰਧ ਰੱਖਣ ਵਾਲਾ. ਦੇਖੋ, ਕਾਲੀਨ ੨.

ਕਾਲਿਕਾ: ਸੰ. ਸੰਗਯਾ- ਸਿਆਹੀ. ਕਾਲਸ। ੨. ਕਾਲੇ ਰੰਗ ਦੀ ਦੇਵੀ. ਕਾਲੀ। ੩. ਜਲਭਰੀ ਮੇਘਮਾਲਾ। ੪. ਕਾਲਕੜਛੀ ਚਿੜੀ. ਸ਼ਯਾਮਾ। ੫. ਕਾਲ ਭਗਵਾਨ ਦੀ ਉਹ ਸ਼ਕਤਿ ਜਿਸ ਨਾਲ ਸਾਰੇ ਸੰਸਾਰ ਨੂੰ ਲੈ ਕਰਦਾ ਹੈ. ਸੰਹਾਰ ਸ਼ਕਤਿ.

ਕਾਲਿਖ: ਸੰਗਯਾ- ਕਾਲਸ. ਕਾਲਖ. ਕਾਲਿਕਾ. ਸਿਆਹੀ। ੨. ਦਾਗ. ਕਲੰਕ.

ਕਾਲਿਜ: ਅੰ. College. ਸੰਗਯਾ- ਮਹਾਵਿਦਯਾਲਯ. ਉੱਚੀ ਵਿਦ੍ਯਾ ਪ੍ਰਾਪਤ ਕਰਨ ਦੀ ਪਾਠਸ਼ਾਲਾ.

ਕਾਲਿੰਜਰ: ਦੇਖੋ, ਕਲਿੰਜਰ ਅਤੇ ਕਾਲੰਜਰ.

ਕਾਲਿਤ੍ਰ, ਕਾਲਿਤ੍ਰੀ: ਦੇਖੋ, ਕਲਤ੍ਰ.

ਕਾਲਿੰਦ: ਵਿ- ਕਲਿੰਦ ਪਹਾੜ ਨਾਲ ਹੈ ਜਿਸ ਦਾ ਸੰਬੰਧ.

ਕਾਲਿਦਾਸ: ਸੰਸਕ੍ਰਿਤ ਦਾ ਮਹਾਨ ਕਵਿ, ਜੋ ਬੰਗਾਲ ਅਹਾਤੇ ਦੇ ਮੁਰਸ਼ਿਦਾਬਾਦ ਜਿਲੇ ਵਿੱਚ ਸਿੰਗੀਗੋਡਾ ਪੰਚਥੁਪੀ ਦੇ ਮਕਾਮ ਪੈਦਾ ਹੋਇਆ. ਇਸ ਦੇ ਸਮੇਂ ਦਾ ਨਿਰਣਾ ਔਖਾ ਪ੍ਰਤੀਤ ਹੁੰਦਾ ਹੈ. ਅਨੇਕ ਵਿਦ੍ਵਾਨਾਂ ਨੇ ਕਾਲਿਦਾਸ ਨੂੰ ਈਸਵੀ ਪੰਜਵੀਂ ਸਦੀ ਵਿੱਚ ਅਤੇ ਕਈਆਂ ਨੇ ਇਸ ਤੋਂ ਭੀ ਪਹਿਲਾਂ ਹੋਣਾ ਦੱਸਿਆ ਹੈ. ਕਾਲਿਦਾਸ ਦੀ ਕਵਿਤਾ ਵਡੀ ਮਨੋਹਰ ਹੈ. ਇਸ ਨੂੰ ਭਾਰਤ ਦਾ ਕਵਿਰਾਜ ਕਹਿਣਾ ਅਤਯੁਕ੍ਤਿ ਨਹੀਂ ਹੈ. ਇਸ ਕਵਿਰਾਜ ਦੇ ਬਣਾਏ ਗ੍ਰੰਥ- ਸ਼ਕੁੰਤਲਾਨਾਟਕ, ਕੁਮਾਰ ਸੰਭਵ, ਨਲੋਦਯ, ਮਾਲਵਿਕਾਗਨੀਮਿਤ੍ਰ, ਰਘੁਵੰਸ਼, ਮੇਘਦੂਤ, ਵਿਕ੍ਰਮੋਵੰਸ਼ੀਯ ਆਦਿਕ ਜਿਨ੍ਹਾਂ ਨੇ ਪੜ੍ਹੇ ਹਨ ਉਹੀ ਇਸ ਦੀ ਚਮਤਕਾਰੀ ਬੁੱਧਿ ਦਾ ਅਨੁਭਵ ਕਰ ਸਕਦੇ ਹਨ. ਦਸਮਗ੍ਰੰਥ ਵਿੱਚ ਕਾਲਿਦਾਸ ਨੂੰ ਬ੍ਰਹਮਾ ਦਾ ਅਵਤਾਰ ਲਿਖਿਆ ਹੈ- "ਇਹ ਬ੍ਰਹਮ ਵੇਦਨਿਧਾਨ। ਦਸਅਸ੍ਤ੍ਰ ਸਾਸਤ੍ਰ ਪ੍ਰਮਾਨ। ਕਰ ਕਾਲਿਦਾਸਵਤਾਰ। ਰਘੁਕਾਵ੍ਯ ਕੀਨ ਸੁਧਾਰ।" (ਬ੍ਰਹਮਾਵ) ੨. ਇਸ ਨਾਉਂ ਦੇ ਹੋਰ ਭੀ ਕਈ ਸੰਸਕ੍ਰਿਤ ਦੇ ਕਵੀ ਹੋਏ ਹਨ.

ਕਾਲਿੰਦੀ, ਕਾਲਿੰਦੂਕਾ, ਕਾਲਿੰਦ੍ਰੀ: ਕਲਿੰਦ ਪਹਾੜ ਤੋਂ ਪੈਦਾ ਹੋਈ ਨਦੀ, ਯਮੁਨਾ (ਜਮਨਾ). ੨. ਕਲਿੰਦ (ਸੂਰਜ) ਦੀ ਪੁਤ੍ਰੀ. ਜਮੁਨਾ ਨੂੰ ਪੁਰਾਣਾਂ ਵਿੱਚ ਸੂਰਜ ਦੀ ਪੁਤ੍ਰੀ ਮੰਨਿਆ ਹੈ. "ਕਾਲਿੰਦ੍ਰੀ ਤਟ ਕਰੇ ਵਿਲਾਸਾ." (ਵਿਚਿਤ੍ਰ) "ਕਾਲਿੰਦ੍ਰੀ ਤਟ ਸਤਿਗੁਰੂ ਬੈਠੇ ਸਰਬ ਸੁਨਾਇ." (ਨਾਪ੍ਰ)

ਕਾਲਿੰਦ੍ਰੀ ਅਨੁਜ ਤਨੁਜ: ਕਾਲਿੰਦੀ (ਯਮੁਨਾ) ਦਾ ਅਨੁਜ (ਛੋਟਾ ਭਾਈ) ਧਰਮਰਾਜ, ਉਸ ਦਾ ਤਨੁਜ (ਪੁਤ੍ਰ) ਰਾਜਾ ਯੁਧਿਸ਼੍ਟਿਰ. (ਸਨਾਮਾ)

ਕ਼ਾਲਿਬ, ਕ਼ਾਲਿਬ: ਦੇਖੋ, ਕਾਲਬ.

ਕਾਲਿਮਾ: कालिमन ਸੰਗਯਾ- ਕਾਲਾਪਨ. ਸ੍ਯਾਹੀ. ਸ਼੍ਯਾਮਤਾ. ਕਾਲਖ। ੨. ਕਲਫ. ਖ਼ਿਜ਼ਾਬ.

ਗਈ ਵੈ ਤਰੁਨ ਅਬ ਤਰੁਨੀ ਨ ਨੇਹ ਕਰੈ

ਤਰਨੀ ਬੈਤਰਨੀ ਔਤਰਨੀ ਅਗਮ ਗੌਨ,

ਰਹੀ ਹੈ ਨ ਬਾਕੀ ਅਬ ਨਜਰ ਜੁਬਾਕੀ ਬਾਂਕੀ

ਰਸਿਕਸਭਾ ਮੇ ਬੈਠ ਰਸਨਾ ਤੋ ਚਾਹੇਂ ਮੌਨ,

ਬੀਤੇ ਦਿਨ ਜੀ ਕੇ ਅਬ ਅਵਧਿ ਨਜੀਕੇ ਰਹੀ

ਊਜਰੇ ਭਏ ਹੈਂ ਕੇਸ ਊਜਰੇ ਬਿਸ਼ਾ ਕੇ ਭੌਨ,

ਕਾਲ ਕੀ ਬਲੀ ਪੈ ਮੁਖਕੰਜ ਕੀ ਕਲੀ ਪੈ

ਸਸਿਅੰਸ਼ੁ ਅਵਲੀ ਪੈ ਅਬ ਲੀਪੈ ਕਾਲਿਮਾ ਕੋ ਕੌਨ? ੩. ਦਾਗ਼. ਕਲੰਕ.

ਕਾਲੀ: ਸੰਗਯਾ- ਕਾਲੇ ਰੰਗ ਦੀ ਦੇਵੀ. ਕਾਲਿਕਾ. "ਚੰਡੀ ਦਯੋ ਵਿਦਾਰ, ਸ੍ਰੋਣ ਪਾਨ ਕਾਲੀ ਕਰਯੋ." (ਚੰਡੀ ੧) ੨. ਹਿਮਾਲਯ ਪਰਬਤ ਤੋਂ ਨਿਕਲੀ ਇੱਕ ਨਦੀ। ੩. ਦਸ਼ਮੇਸ਼ ਦੀ ਇੱਕ ਤੋਪ ਦਾ ਨਾਉਂ। ੪. ਇੱਕ ਸਰਪ, ਜੋ ਕ੍ਰਿਸ਼ਨ ਜੀ ਨੇ ਜਮੁਨਾ ਤੋਂ ਨਿਕਾਲਿਆ. ਕਾਲੀਯ. "ਕਾਲੀ ਨਥਿ ਕਿਆ ਵਡਾ ਭਇਆ?" (ਆਸਾ ਮਃ ੧) ੫. ਕਲ੍ਯ. ਕਲ੍ਹ. "ਮਤ ਜਾਣਹੁ ਆਜਿ ਕਿ ਕਾਲੀ." (ਧਨਾ ਮਃ ੪) ੬. ਵਿ- ਸ੍ਯਾਹ. ਕਾਲਿਮਾ ਸਹਿਤ. ਕਾਲੀ. "ਕਾਲੀ ਕੋਇਲ ਤੂ ਕਿਤ ਗੁਨਿ ਕਾਲੀ." (ਸੂਹੀ ਫਰੀਦ) ੭. ਕਲੰਕਿਤ. ਦੂਸ਼ਿਤ. "ਕਾਲੀ ਹੋਈਆ ਦੇਹੁਰੀ." (ਸਵਾ ਮਃ ੧) "ਚਹੁ ਜੁਗੀ ਕਲਿ ਕਾਲੀ ਕਾਂਢੀ." (ਵਾਰ ਸੋਰ ਮਃ ੩) ੮. ਕਾਲੀਨ ਦਾ ਸੰਖੇਪ. ਜੈਸੇ ਸਮਕਾਲੀਨ ਦੀ ਥਾਂ ਸਮਕਾਲੀ ਆਖਦੇ ਹਨ. ਦੇਖੋ, ਕਾਲੀਨ ੨। ੯. ਡਿੰਗ. ਅਫੀਮ. ਅਹਿਫੇਨ। ੧੦. ਕਾਲੀਂ. ਕਾਲੇ ਕੇਸਾਂ ਦੇ ਹੁੰਦੇ. ਭਾਵ- ਜਵਾਨੀ ਵਿੱਚ. "ਕਾਲੀ ਜਿਨ੍ਹੀ ਨ ਰਾਵਿਆ ਧਉਲੀ ਰਾਵੈ ਕੋਇ." (ਸ. ਫਰੀਦ)

ਕਾਲੀਆ: ਵਿ- ਕਾਲ ਕਰਨ ਵਾਲਾ. ਕਾਲੀਯ. ਮਾਰਨ ਵਾਲਾ. ਹਤਯਾਰਾ. "ਸੰਤ ਕਾਲੀਆ ਧਰਤਿ ਬਿਦਾਰਉ." (ਗੌਂਡ ਮਃ ੫) ਸੰਤ ਦੇ ਹਤਯਾਰੇ ਨੂੰ ਧਰਤੀ ਤੋਂ ਮਿਟਾਂਉਨਾ ਹਾਂ.

ਕਾਲੀਚਾ: ਦੇਖੋ, ਗਲੀਚਾ.

ਕਾਲੀ ਦਹ: ਜਮੁਨਾ ਵਿੱਚ ਉਹ ਅਸਥਾਨ ਜਿੱਥੇ ਕ੍ਰਿਸ਼ਨ ਜੀ ਨੇ ਕਾਲੀਨਾਗ ਨੂੰ ਨੱਥਿਆ ਸੀ.

ਕਾਲੀਦਾਸ: ਦੇਖੋ, ਕਾਲਿਦਾਸ.

ਕਾਲੀਧਾਰ: ਭਾਵ- ਡੂੰਘੀ ਧਾਰਾ. ਨਿਰਮਲ ਅਤੇ ਡੂੰਘਾ ਜਲ ਸਿਆਹ ਪ੍ਰਤੀਤ ਹੁੰਦਾ ਹੈ. "ਬੂਡੇ ਕਾਲੀਧਾਰ." (ਸ. ਕਬੀਰ)

ਕਾਲੀਨ, ਕ਼ਾਲੀਨ: ਤੁ. قالین ਸੰਗਯਾ- ਗਲੀਚਾ. ਉਭਰੀ ਹੋਈ ਉੱਨ ਅਥਵਾ ਸੂਤ ਦਾ ਬਿਛਾਉਣਾ। ੨. ਸੰ. ਕਾਲੀਨ. ਵਿ-

ਸਮੇਂ ਨਾਲ ਸੰਬੰਧ ਰੱਖਣ ਵਾਲਾ. ਜਿਵੇਂ- ਸਮਕਾਲੀਨ[369] (ਹਮਅ਼ਸਰ).

ਕਾਲੀਨਥੀਆ, ਕਾਲੀਨਾਗ, ਕਾਲੀਨਾਥ: ਕਾਲੀਯ (ਕਾਲੀਨਾਗ) ਨੂੰ ਨੱਥਣ ਵਾਲਾ ਕ੍ਰਿਸ਼ਨਦੇਵ. ਯਮੁਨਾ ਵਿੱਚ ਰਹਿਣ ਵਾਲਾ ਇੱਕ ਭਾਰੀ ਸੱਪ, ਜਿਸ ਨੂੰ ਕ੍ਰਿਸ਼ਨ ਜੀ ਨੇ ਨੱਥਿਆ ਸੀ. ਦੇਖੋ, ਕਾਲੀ ੪.

ਕਾਲੀਪੋਸ਼: ਵਿ- ਸਿਆਹ ਪੋਸ਼ਾਕ ਪਹਿਰਨ ਵਾਲਾ। ੨. ਸੰਗਯਾ- ਫ਼ਕੀਰਾਂ ਦਾ ਇੱਕ ਫ਼ਿਰਕਾ, ਜੋ ਸਿਆਹ ਲਿਬਾਸ (ਹਰ ਵੇਲੇ ਮਾਤਮ ਜਾਣਕੇ) ਪਹਿਨਦਾ ਹੈ. "ਕਾਲੀਪੋਸ ਕਲੰਦਰਾ." (ਭਾਗੁ)

ਕਾਲੁ: ਦੇਖੋ, ਕਾਲ. "ਕਾਲੁ ਨ ਚਾਂਪੈ ਹਰਿਗੁਣ ਗਾਇ. (ਓਅੰਕਾਰ) ੨. ਦੇਖੋ, ਕਾਲੂ। ੩. ਕਲ੍ਯ. ਕਲ੍ਹ. ਵੀਤ ਗਿਆ ਦਿਨ. "ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ." (ਜੈਜਾ ਮਃ ੯)

ਕਾਲੁਖ: ਦੇਖੋ, ਕਲੁਖ, ਕਾਲਸ ਅਤੇ ਖਨਿ.

ਕਾਲੂ: ਦੇਖੋ, ਕਾਲੂ ਬਾਬਾ। ੨. ਸ਼੍ਰੀ ਗੁਰੂ ਨਾਨਕ ਦੇਵ ਦਾ ਇੱਕ ਸਿੱਖ, ਜੋ ਕਰਤਾਰਪੁਰ ਸੇਵਾ ਵਿੱਚ ਹ਼ਾਜਿਰ ਰਿਹਾ। ੩. ਬੰਮੀ ਗੋਤ ਦਾ ਸੁਲਤਾਨਪੁਰ ਨਿਵਾਸੀ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਸੀ। ੪. ਇੱਕ ਕਹਾਰ, ਜੋ ਝਿਉਰਾਂ ਦਾ ਪੀਰ ਹੋਇਆ ਹੈ. ਇਸ ਦਾ ਦੇਹਰਾ ਪਚਨੰਗਲ ਪਿੰਡ (ਜਿਲਾ ਹੁਸ਼ਿਆਰਪੁਰ) ਵਿੱਚ ਹੈ, ਜਿਸ ਥਾਂ ਦੂਰ ਦੂਰ ਦੇ ਝਿਉਰ ਜਾਕੇ ਪੂਜਦੇ ਹਨ. ਮੇਲਾ ਵੈਸਾਖੀ ਨੂੰ ਹੁੰਦਾ ਹੈ। ੫. ਦੇਖੋ, ਕਾਲੂਨਾਥ.

ਕਾਲੂਖਤ, ਕਾਲੂਖੀ: ਵਿ- ਕਲੁਸ਼ਿਤ. ਕਲੰਕ ਸਹਿਤ. ਦੋਸ਼ੀ. ਕਾਲਸ ਸਹਿਤ. ਦਾਗ਼ੀ. "ਕਾਲੂਖਤ ਮੋਹ ਅੰਧਿਆਰ." (ਆਸਾ ਛੰਤ ਮਃ ੪) "ਜਿਉ ਕਾਜਰ ਭਰਿ ਮੰਦਿਰ ਰਾਖਿਓ, ਜੋ ਪੈਸੇ ਕਾਲੂਖੀ ਰੇ." (ਦੇਵ ਮਃ ੫)

ਕਾਲੂਚੰਦ: ਇਹ ਬਾਬਾ ਕਾਲੂ ਜੀ ਦਾ ਹੀ ਨਾਉਂ ਹੈ। ਦੇਖੋ, ਕਾਲੂ ਬਾਬਾ.

ਕਾਲੂਚੰਦ ਦੇ ਦੁਲਾਰੇ: ਬਾਬਾ ਕਾਲੂ ਜੀ ਦੇ ਲਡਾਏ ਗੁਰੂ ਨਾਨਕ ਦੇਵ. ਕਾਲੂ ਜੀ ਦੇ ਸੁਪੁਤ੍ਰ.

ਗੌਰੀਯੇ ਅਹੀਰ ਰਾਈਂ ਗੁਜਰ ਲੁਹਾਰ ਨਾਊ

ਕੁੰਜਰੇ ਕਹਾਰ ਜਾਹਿਂ ਫੂਟੇ ਅੰਕ ਭਾਲ ਕੇ,

ਬਾਣੀਏ ਲਬਾਣੇ ਧੋਬੀ ਧੀਵਰ ਕਸੇਰੇ ਕਾਛੀ

ਧਾਨਕ ਤੰਬੋਲੀ ਕੋਲੀ ਤੇਲੀ ਮੰਦਚਾਲ ਕੇ,

ਬਾਢੀ ਭਠਿਆਰੇ ਬਾਰੀ ਧੁਨੀਏ ਮਲਾਹ ਮਾਲੀ

ਕੋਟਿ ਝੁੰਡ ਝੀਵਰ ਕੁਲਾਲ ਔ ਕਲਾਲ ਕੇ,

ਕੇਸਰੀਨਿਹਾਲ ਕਾਲੂਚੰਦ ਕੇ ਦੁਲਾਰੇ ਬਿਨਾ

ਤਾਰੇ ਕੌਨ ਸਾਰੇ ਨੀਚ ਬੀਚ ਕਲੂਕਾਲ ਕੇ.

ਕਾਯਥ ਸੁਨਾਰ ਸੂਜੀ ਖਾਤੀ ਬਰਿਯਾਰੇ ਬ੍ਰਿੰਦ

ਛੀਪੇ ਰੰਗਰੇਜ਼ ਜੇ ਨੁਵੈਯਾ ਪਾਪਤਾਲ ਕੇ,

ਪਟਵੈ ਪਟੋਲੀ ਕੋਰੀ ਕੁਨਬੀ ਮਦਾਰੀ ਬ੍ਰਿੰਦ

---

[369] ਇਹ ਪਦ ਸੰਸਕ੍ਰਿਤ ਦੇ ਨਿਯਮ ਅਨੁਸਾਰ ਅਸ਼ੁੱਧ ਹੈ. ਵ੍ਯਾਕਰਣ ਅਨੁਸਾਰ "ਸਮਕਾਲਿਕ" ਚਾਹੀਏ, ਪਰ ਪਰੰਪਰਾ ਤੋਂ ਮੁਹਾਵਰੇ ਵਿੱਚ ਆਉਣ ਕਰਕੇ ਵਿਦ੍ਵਾਨ ਭੀ ਅਸ਼ੁੱਧ ਵਰਤ ਰਹੇ ਹਨ.

ਨ੍ਰਿੱਤਕ ਮਲੇਛ ਪੁੰਜ ਖਾਤੇ ਜੀਵ ਪਾਲਕੇ,

ਚੂਹਰੇ ਚਮਾਰ ਚੁਰਹੇਰੇ ਔ ਖਟੀਕ ਡੂੰਮ

ਡੂਮਰੇ ਹਲਾਲਖੋਰ ਭੀਲ ਬੂਢੇ ਬਾਲਕੇ,

ਕੇਸਰੀਨਿਹਾਲ ਕਾਲੂਚੰਦ ਕੇ ਦੁਲਾਰੇ ਬਿਨਾ

ਤਾਰੇ ਕੌਨ ਸਾਰੇ ਨੀਚ ਬੀਚ ਕਲੂਕਾਲ ਕੇ.

ਕਾਲੂਨਾਥ: ਜਿਲਾ ਫ਼ਿਰੋਜ਼ਪੁਰ ਦੇ ਨਿਥਾਣੇ ਪਿੰਡ ਦਾ ਵਸਨੀਕ ਇੱਕ ਯੋਗੀ. ਇਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸੇਵਕ ਬਣਕੇ ਮੁਕਤਿ ਦਾ ਅਧਿਕਾਰੀ ਹੋਇਆ. ਇਸ ਦਾ ਅਸਥਾਨ ਮਾਲਵੇ ਵਿੱਚ ਪ੍ਰਸਿੱਧ ਹੈ. ਦੇਖੋ, ਨਿਥਾਣਾ। ੨. ਦੇਖੋ, ਕਾਲੂ ੪.

ਕਾਲੂਬ: ਫ਼ਾ. كالوُب ਸੰਗਜ੍ਞਾ- ਦੇਹ. ਸ਼ਰੀਰ। ੨. ਅ਼. قلوُب ਕ਼ਲੂਬ. ਬਹੁਵਚਨ ਹੈ ਕ਼ਲਬ (ਦਿਲ) ਦਾ. ੩. ਅ਼. قلوُب ਕ਼ਲੂਬ. ਫਿਰ ਜਾਣ ਵਾਲਾ. ਜੋ ਕਿਸੇ ਬਾਤ ਪੁਰ ਕ਼ਾਇਮ ਨਹੀਂ. "ਕਾਲੂਬਿ ਅਕਲ ਮਨਿ ਗੋਰ ਨ ਮਾਨੀ." (ਵਾਰ ਮਲਾ ਮਃ ੧) ਚੰਚਲ ਅਵਿਸ਼੍ਵਾਸੀ ਬੁੱਧਿ ਵਾਲੇ ਨੇ ਮਨ ਵਿੱਚ ਸ਼ਮਸ਼ਾਨਭੂਮੀ ਚੇਤੇ ਨਹੀਂ ਕੀਤੀ. ਭਾਵ- ਮਰਣਾ ਭੁਲਾ ਦਿੱਤਾ ਹੈ.

ਕਾਲੂ ਬਾਬਾ[370]: ਮਾਤਾ ਬਨਾਰਸੀ ਦੇ ਉਦਰ ਤੋਂ ਬੇਦੀ (ਵੇਦੀ) ਸ਼ਿਵਨਾਰਾਯਣ (ਅਥਵਾ ਸ਼ਿਵਰਾਮ ਦੇ ਘਰ ਸੰਮਤ ੧੪੮੭ ਵਿੱਚ ਆਪ ਦਾ ਜਨਮ, ਅਤੇ ਸੰਮਤ ੧੫੭੯ ਵਿੱਚ ਕਰਤਾਰਪੁਰ ਦੇਹਾਂਤ ਹੋਇਆ. ਆਪ ਜਗਤਗੁਰੂ ਨਾਨਕ ਦੇਵ ਜੀ ਦੇ ਪਿਤਾ ਸਨ. ਭਾਈ ਸੰਤੋਖ ਸਿੰਘ ਜੀ ਨੇ ਦੇਹਾਂਤ ਤਲਵੰਡੀ ਲਿਖਿਆ ਹੈ. ਦੇਖੋ, ਨਾਨਕਪ੍ਰਕਾਸ਼ ਉੱਤਰਾਰਧ ਅਃ ੬, ਅੰਕ ੫੭.

ਕਾਲੂਬਿ ਅਕਲ: ਚੰਚਲ ਬੁੱਧਿ ਵਾਲਾ. ਉਲਟੀ ਸਮਝਵਾਲਾ. ਦੇਖੋ, ਕਾਲੂਬ ੩.

ਕਾਲੇਸੰਙ੍ਹਾ: ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਨੰਦਚੰਦ ਡਰੋਲੀ ਨਿਵਾਸੀ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਦੀਵਾਨ, ਜਦ ਉਦਾਸੀ ਸਾਧਾਂ ਦਾ ਗ੍ਰੰਥ- ਸਾਹਿਬ ਚੁਰਾਉਣ ਕਰਕੇ ਆਨੰਦਪੁਰੋਂ ਚੋਰੀਂ ਨੱਠਾ, ਤਦ ਕਰਤਾਰਪੁਰ ਧੀਰਮੱਲ ਜੀ ਪਾਸ ਆ ਠਹਿਰਿਆ. ਧੀਰਮੱਲ ਜੀ ਨੇ ਉਸ ਨੂੰ ਦਸ਼ਮੇਸ਼ ਜੀ ਦਾ ਜਾਸੂਸ ਸਮਝਕੇ ਧੋਖੇ ਨਾਲ ਗੋਲੀ ਮਾਰਕੇ ਮਰਵਾ ਦਿੱਤਾ ਅਤੇ ਉਸ ਦਾ ਸਰੀਰ ਕਾਲੇਸੰਙ੍ਹੇ ਸਸਕਾਰਿਆ ਗਿਆ. "ਕਾਲੇਸੰਙ੍ਹਾ ਫੂਕਜੋ ਜਾਇ। ਮ੍ਰਿਤਕ ਭਯੋ ਇਮ ਧਰਮ ਗਵਾਇ." (ਗੁਪ੍ਰਸੂ) ਦੇਖੋ, ਨੰਦਚੰਦ.

ਕਾਲੇਖਾ: ਸੰਗਜ੍ਞਾ- ਕਲੁਸ਼ਤਾ. ਕਾਲਸ. ਕਾਲਖ. "ਤਾਂਕੇ ਮੁਖਿ ਲਾਗੈ ਕਾਲੇਖਾ." (ਸਾਰ ਮਃ ੫)

ਕਾਲੇਖ਼ਾਨ: ਦੇਖੋ, ਕਾਲਾਖ਼ਾਨ.

ਕਾਲੇਖੰ: ਕਲੁਖਤਾ. ਕਾਲਖ. ਦੇਖੋ, ਕਾਲੇਖਾ. "ਤਿਲਕ ਕਢੈ ਇਸਨਾਨ ਕਰਿ ਅੰਤਰਿ ਕਾਲੇਖੰ." (ਵਾਰ ਮਾਰੂ ੨, ਮਃ ੫)

ਕਾਲੋਸੀ: ਕੱਕਾ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਇਹ ਵਡਾ ਸ਼ੂਰਵੀਰ ਸੀ. ਸਤਿਗੁਰੂ ਨੇ ਇਸ ਨੂੰ ਯੋਧਾ ਅਰ ਗਜਾਨੀ ਦੇ ਧਰਮ ਦ੍ਰਿੜ੍ਹਾਕੇ ਪਰਮਪਦ ਦਾ ਅਧਿਕਾਰੀ ਕੀਤਾ.

ਕਾਲੰਕ: ਦੇਖੋ, ਕਲੰਕ। ੨. ਵਿ- ਕਲੰਕ ਸਹਿਤ. ਕਲੰਕੀ. "ਜਮਪੁਰਿ ਬਾਂਧਿਖਰੇ ਕਾਲੰਕ." (ਪ੍ਰਭਾ ਅਃ ਮਃ ੫)

ਕਾਲੰਗ, ਕਾਲੰਗਾ: ਸੰਗਜ੍ਞਾ- ਕਲੰਕ. "ਤਾ ਕਉ ਕਛੁ ਨਾਹੀ ਕਾਲੰਗਾ." (ਗਉ ਮਃ ੫) ੨. ਵਿ- ਕਲਿੰਗ ਦੇਸ਼ ਨਾਲ ਸੰਬੰਧ ਰੱਖਣ ਵਾਲਾ। ੩. ਦੇਖੋ, ਕਲੰਗਾ.

ਕਾਲੰਜਰ: ਬੁੰਦੇਲਖੰਡ ਦੀ ਇੱਕ ਪਹਾੜੀ, ਜਿਸ ਪੁਰ ਨੀਲਕੰਠ ਮਹਾਦੇਵ ਦਾ ਪ੍ਰਸਿੱਧ ਮੰਦਿਰ ਹੈ. ਇਸ ਪਹਾੜ ਦੀ ਜੜਾਂ ਵਿੱਚ ਕਾਲਿੰਜਰ ਨਗਰ ਹੈ. ਮਹਮੂਦ ਗ਼ਜ਼ਨਵੀ ਨੇ ਸਨ ੧੦੨੨ ਵਿੱਚ ਇਸ ਪੁਰ ਧਾਵਾ ਕੀਤਾ ਸੀ. ਦੇਖੋ, ਕਲਿੰਜਰ.

---

[370] ਇਤਿਹਾਸਾਂ ਵਿੱਚ ਆਪ ਦੇ ਨਾਮ-ਕਲਜਾਣਰਾਇ, ਕਾਲੂਚੰਦ ਅਤੇ ਕਾਲੂਰਾਇ ਭੀ ਆਏ ਹਨ.

ਕਾਲੁ: ਸੰ. ਕਲਜ. ਸੰਗਜਾ- ਬੀਤ ਗਿਆ ਦਿਨ. ਅੱਜ ਦੇ ਦਿਨ ਤੋਂ ਪਹਿਲਾ ਦਿਨ। ੨. ਆਉਣ ਵਾਲੇ ਦਿਨ ਲਈ ਭੀ ਇਹ ਸ਼ਬਦ ਵਰਤੀਦਾ ਹੈ.

ਕਾਵ: ਦੇਖੋ, ਕਾਵਜ। ੨. ਕਾਉਂ. ਕਾਗ. ਕਾਕ. "ਪਿਛੈ ਪਤਲਿ ਸਦਿਹੁ ਕਾਵ." (ਵਾਰ ਮਾਝ ਮਃ ੧)

ਕਾਵਣੀ: ਸੰਗਜਾ- ਕਾਕੀ. ਕਾਉਂ ਦੀ ਮਦੀਨ.

ਕਾਵਰ, ਕਾਂਵਰ: ਸੰ. ਕ- ਭਰ. ਕ (ਜਲ) ਭਰ (ਭਰਨਾ). ਕਹਾਰਯੰਤ੍ਰ. ਕੰਧੇ ਉੱਪਰ ਚੁੱਕਣ ਵਾਲੀ ਇੱਕ ਲਚਕੀਲੀ ਬਾਂਸ ਆਦਿਕ ਦੀ ਡੰਡੀ, ਜਿਸ ਦੇ ਦੋਹਾਂ ਸਿਰਿਆਂ ਨਾਲ ਤਰਾਜ਼ੂ ਦੀ ਤਰਾਂ ਪਲੜੇ ਹੁੰਦੇ ਹਨ. ਵਹਿੰਗੀ. ਇਹ ਜਲ ਢੋਣ ਅਤੇ ਸਾਮਾਨ ਲੈ ਜਾਣ ਲਈ ਵਰਤੀਦੀ ਹੈ. "ਖੀਰ ਖੰਡ ਪਰਸਾਦ ਕਰਾਏ। ਬਹੁਤ ਸੁਕਾਵਰ ਸੰਗ ਚਲਾਏ." (ਗੁਵਿ ੬)

ਕਾਵਰੂ: ਦੇਖੋ, ਕਾਮਰੂਪ.

ਕਾਵਰੂ ਕਮਾਰੀ: ਕਾਮਰੂਪ ਦੀ ਕੁਮਾਰੀ. ਕਾਮਾਖਜਾ ਦੇਵੀ. "ਕਾਵਰੂਕੁਮਾਰੇ ਅਧਮਉਧਾਰੇ." (ਅਕਾਲ)

ਕਾਵਾਂ: ਦੇਖੋ, ਦਮਦਮਾ ਸਾਹਿਬ ਨੰਃ ੨.

ਕਾਵੇਰੀ: ਦੱਖਣ ਦੇਸ਼ ਦੀ ਇੱਕ ਪ੍ਰਸਿੱਧ ਨਦੀ, ਜੋ ਪਸ਼੍ਚਿਮ ਘਾਟ ਤੋਂ ਨਿਕਲਕੇ ਬੰਗਾਲ ਦੀ ਖਾੜੀ ਵਿੱਚ ਪੈਂਦੀ ਹੈ. ਸਕੰਦ ਪੁਰਾਣ ਅਨੁਸਾਰ ਇਹ ਕਵੇਰ ਰਿਖੀ ਦੀ ਪੁਤ੍ਰੀ ਹੈ, ਜੋ ਨਦੀ ਹੋ ਕੇ ਵਹਿ ਰਹੀ ਹੈ. ਇਸ ਦਾ ਨਾਉ, ਅਰਧਗੰਗਾ ਭੀ ਹੈ। ੨. ਵੇਸ਼ਜਾ। ੩. ਹਲਦੀ.

ਕਾਵਜ: ਸੰਗਜਾ- ਕਵਿ ਦਾ ਕਰਮ। ੨. ਕਵਿਤਾ ਜੋ ਰਸਭਰੀ ਹੋਵੇ. ਰਸਾਤਮਕ ਵਾਕਜ.[371] ਵਿਦ੍ਵਾਨਾਂ ਨੇ ਕਾਵਜ ਦੇ ਦੋ ਭੇਦ ਮੰਨੇ ਹਨ, ਗਦਜ ਅਤੇ ਪਦਜ, ਅਰਥਾਤ ਵਾਰਤਿਕ ਅਤੇ ਛੰਦ, ਅਥਵਾ ਨਸ਼ਰ ਅਤੇ ਨਜ਼ਮ. ਪਰੰਤੂ ਇਹ ਬਾਤ ਨਿਸ਼ਚੇ ਕਰਨੀ ਚਾਹੀਏ ਕਿ ਜੇ ਵਾਰਤਿਕ ਅਤੇ ਛੰਦਰਚਨਾ ਰਸਾਤਮਕ ਨਹੀਂ, ਅਰ ਜਿਸ ਵਿੱਚ ਕੋਈ ਚਮਤਕਾਰ ਨਹੀਂ, ਤਦ ਉਹ 'ਕਾਵਜ' ਨਹੀਂ, ਗਦਜ ਅਤੇ ਪਦਜ ਦੇ ਗੁਣੀਆਂ ਨੇ ਦੋ ਭੇਦ ਹੋਰ ਥਾਪੇ ਹਨ, ਸ਼੍ਰਵਜ ਅਤੇ ਦ੍ਰਿਸ਼ਜ. ਜੋ ਸੁਣਨ ਤੋਂ ਆਨੰਦਦਾਇਕ ਹੋਵੇ ਉਹ ਸ਼੍ਰਵਜ, ਅਰ ਜੋ ਦੇਖਣ ਤੋਂ ਆਨੰਦ ਦਾ ਕਾਰਣ ਹੋਵੇ ਉਹ ਦ੍ਰਿਸ਼ਜ, ਜੈਸੇ ਨਾਟਕ ਆਦਿ। ੩. ਸ਼ੁਕ੍ਰ, ਜੋ ਕਵਿਕਰਮ ਵਿੱਚ ਨਿਪੁਣ ਹੈ। ੪. ਦੇਖੋ, ਰੋਲਾ.

ਕਾਵਜਗੁਣ: ਮਾਧੁਰਜ, ਓਜ ਅਤੇ ਪ੍ਰਸਾਦ. ਇਨ੍ਹਾਂ ਤੇਹਾਂ ਗੁਣਾਂ ਦੇ ਕਾਵਜ ਵਿੱਚ ਉਤਪੰਨ ਕਰਨ ਲਈ ਤਿੰਨ ਹੀ ਵ੍ਰਿੱਤੀਆਂ ਹਨ- ਮਧੁਰਾ, ਪਰੁਸ਼ਾ ਅਤੇ ਪ੍ਰੌਢਾ.

ਕਾਵਜਦੋਸ਼: ਕਵੀਆਂ ਨੂੰ ਸਾਹਿਤਜ ਗ੍ਰੰਥਾਂ ਵਿੱਚ ਦੱਸੇ ਹੋਏ ਦੋਸ਼ਾਂ ਤੋਂ ਸਦਾ ਬਚਣ ਦਾ ਧਜਾਨ ਰੱਖਣਾ ਚਾਹੀਏ, ਜਿਸ ਤੋਂ ਕਵਿਤਾ ਦੂਸ਼ਿਤ ਨਾ ਹੋਵੇ. ਭਾਵੇਂ ਇਸ ਵਿਸ਼ੇ ਦੀ ਵਜਾਖਜਾ ਲਈ ਜੁਦੇ ਗ੍ਰੰਥ ਦੀ ਲੋੜ ਹੈ, ਪਰ ਪਾਠਕਾਂ ਦੇ ਲਾਭ ਹਿਤ ਕੁਝ ਦੋਸ਼ ਸੰਖੇਪ ਕਰਕੇ ਇੱਥੇ ਲਿਖਦੇ ਹਾਂ-

੧. ਸ਼ਬਦਹੀਨ, ਅਰਥਾਤ ਛੰਦ ਦੀ ਚਾਲ ਸਹੀ ਰੱਖਣ ਵਾਸਤੇ ਪਦ ਦੀ ਅਸਲ ਸ਼ਕਲ ਵਿਗਾੜ ਦੇਣੀ.

ਯਥਾ-

ਕਨਕ ਔ ਮਨਕ ਪੁਨ ਲੋਸ਼ਟੰ ਜਾਨੀਯੇ. x x

ਕਈ ਜੁੱਗ ਜਾਨੈ ਕਲੱਪੰ ਵਿਤਾਯੋ. x x

---

[371] "ਸ਼ਬਦ ਅਰਥ ਸ਼ੁਭ ਵਜੰਗ ਵਰ ਸਾਲੰਕ੍ਰਿਤ ਗੁਣਰੂਪ,
ਭਾਵਾਦਿਕ ਰਸ ਰੀਤਿ ਯੁਤ "ਕਾਵਜ" ਉਕਤ ਕਵਿਭੂਪ."
(ਬਾਵਾ ਰਾਮਦਾਸ ਜੀ)

(ਗੁਵਿ ੧੦)

ਸ਼੍ਰੀ ਨਾਨਕ ਅੰਗਦ ਅਮਰ, ਰਾਮਦਾਸ ਅਰਜੰਨ. x x

(ਗੁਪ੍ਰਸੂ)

ਸੁਰ ਸੰਤ ਕੁਪੇ ਨਹਿ ਪੇਸ ਜਏ. x x

ਨਖੱਤ ਗੁਰੂ ਰਵਿ ਲੱਕ ਲਟੇ. x x

ਤਾਂ ਮਧ ਏਕ ਸੁਧਾਸਰ ਸੈਹਰ,

ਲੈਹਰਦਾਰ ਅਪਾਰ ਹਮੇਸੇਂ. (ਪੰਪ੍ਰ)

ਐਸੇ ਹੀ ਅਨੇਕ ਕਵੀਆਂ ਨੇ- ਸੁੰਦਰ ਨੂ ਸੁੰਦ੍ਰ, ਸਰਵ ਨੂੰ ਸ੍ਰਵ, ਤੋਪਖਾਨਾ ਨੂੰ ਤੁਪਖਾਨਾ, ਧੋਬੀ ਨੂੰ ਧੁਬੀ, ਬਬਰ ਨੂੰ ਬੱਬਰ, ਪ੍ਰਤਾਪ ਨੂੰ ਪਰਤਾਪ ਅਤੇ ਨਗਰ ਨੂੰ ਨਗ੍ਰ ਆਦਿਕ ਲਿਖਕੇ ਕਾਵ੍ਯਰਚਨਾ ਦੂਸ਼ਿਤ ਕੀਤੀ ਹੈ. ਛੰਦ ਵਿੱਚ ਪਦ ਇਸ ਰੀਤਿ ਨਾਲ ਵਰਤਣੇ ਚਾਹੀਏ, ਮਾਨੋ ਵਾਰਤਿਕ ਕਵਿਤਾ ਲਿਖੀ ਜਾ ਰਹੀ ਹੈ. ਉੱਤਮ ਕਵੀ ਉਹੀ ਹਨ, ਜੋ ਸ਼ਬਦਾਂ ਦੀ ਦੁਰਗਤਿ ਕੀਤੇ ਬਿਨਾ ਛੰਦਗਤਿ ਠੀਕ ਰਖਦੇ ਹਨ.

੨. ਕਰਣਕਟੁ. ਅਰਥਾਤ ਐਸੇ ਅੱਖਰ ਅਤੇ ਪਦ ਵਰਤਣੇ, ਜੋ ਕੰਨਾ ਨੂੰ ਕੌੜੇ ਲੱਗਣ, ਯਥਾ-

ਭਰ ਕੈ ਢਿੱਡ ਡਕਾਰਨ ਲੇਹੀਂ.

੩. ਅਸਮਰਥ. ਅਰਥਾਤ ਉਹ ਪਦ ਵਰਤਣਾ ਜੋ ਮੰਦਅਰਥ ਭੀ ਦੇ ਸਕੇ, ਯਥਾ-

ਰਾਸ ਮੱਧ ਮੋਹਨ ਜੂ ਤੀਅਨ ਸੋਂ ਖੇਲਹੀਂ.

ਇਸ ਦਾ ਪਾਠ ਇਹ ਭੀ ਹੋ ਸਕਦਾ ਹੈ-

ਰਾਸ ਮੱਧ ਮੋਹਨ ਜੁਤੀਅਨ ਸੋਂ ਖੇਲਹੀਂ.

੪. ਨਿਰਥੰਕ. ਅਰਥਾਤ ਅਰਥਰਹਿਤ ਪਦ. ਕੇਵਲ ਛੰਦਪੂਰਤੀ ਲਈ ਵਰਤਣੇ, ਯਥਾ-

ਪੂਰੀ ਊਰੀ ਰਸ ਭਰੀ ਕੜੀ ਕਚੌਰੀ ਸੰਗ.

੫. ਅਸ਼ਲੀਲ (ਅਸ਼ਲੀਲ ) ਅਰਥਾਤ ਘਿਰਣਾ ਅਰ ਲੱਜਾ ਦੇਣ ਵਾਲਾ ਪਦ, ਯਥਾ-

ਆਪ ਸੋਂ ਮਿਲਾਪ ਕਹੋ ਕੈਸੇ ਹੋਯ ਮਹਾਰਾਜ,

ਚੋਬਦਾਰ ਚੂਤੀਆ ਨ ਜਾਨਦੇਤ ਭੀਤਰੈਂ.

(ਭਗਵੰਤ ਕਵਿ)

੬. ਕਲਿਸ਼੍ਟ. ਅਰਥਾਤ ਅਜੇਹੇ ਔਖੇ ਪਦ, ਬੁਝਾਰਤ ਵਾਙੂੰ ਲਿਖਣੇ, ਜਿਨ੍ਹਾਂ ਦਾ ਅਰਥ ਸਮਝਣ ਲਈ ਔਖ ਹੋਵੇ, ਯਥਾ-

ਨਿਸਅਰਿ ਨਿਰਖ ਘਨਜਸੁਤ ਹਰਖ਼ੇ.[372]

੭. ਪੰਗੁ ਅਥਵਾ ਯਤਿਭੰਗ. ਅਰਥਾਤ ਜਿਤਨੇ ਅੱਖਰ ਅਤੇ ਮਾਤ੍ਰਾ ਪੁਰ ਛੰਦ ਦਾ ਵਿਸ਼੍ਰਾਮ ਹੋਣਾ ਚਾਹੀਏ, ਉਸ ਤੋਂ ਵੱਧ ਘੱਟ ਪੁਰ ਹੋਣਾ, ਜਾਂ ਵਰਜਿਤ ਗਣ ਰੱਖਕੇ ਚਾਲ ਵਿਗਾੜ ਦੇਣੀ, ਜੈਸੇ ਜਗਣਾਤਮਕ ਪਦ ਦੋਹੇ ਦੇ ਆਦਿ.

੮. ਪੁਨਰੁਕ੍ਤਿ. ਅਰਥਾਤ ਇੱਕ ਪਦ ਨੂੰ ਉਸੇ ਅਰਥ ਵਿੱਚ ਫੇਰ ਵਰਤਣਾ, ਯਥਾ-

---

[372] ਸੂਰਜ ਨੂੰ ਦੇਖਕੇ ਕਮਲ ਖਿੜਿਆ.

ਜਾਂ ਨਰ ਕੋ ਨਹਿ ਗ੍ਯਾਨ ਹੈ, ਸੋ ਨਰ ਪਸੂ ਸਮਾਨ.

੯. ਅੰਧ. ਅਰਥਾਤ ਨਿਯਮ ਅਤੇ ਰੀਤਿ ਵਿਰੁੱਧ ਪਦ ਵਰਤਣੇ, ਯਥਾ-

ਨਾਸਿਕਾ ਕਮਲ ਜੈਸੀ ਨੈਨ ਹੈਂ ਨਗਾਰੇ ਸੇ.

੧੦ ਬਧਿਰ. ਅਰਥਾਤ ਵਿਰੁੱਧ ਅਰਥ ਦੇਣ ਵਾਲੇ ਪਦਾਂ ਦਾ ਜੋੜਨਾ, ਯਥਾ-

ਜਾਯਾ ਸੋਂ ਮਿਲ ਤਾਤ ਬਖਾਨੀ.[373]

੧੧ ਮ੍ਰਿਤਕ. ਅਰਥਾਤ ਐਸੇ ਪਦ ਵਰਤਣੇ ਜਿਨ੍ਹਾਂ ਤੋਂ ਸਿਵਾਯ ਅਨੁਪ੍ਰਾਸ ਅਤੇ ਤੁਕਬੰਦੀ ਦੇ ਹੋਰ ਕੁਝ ਅਰਥ ਨਾ ਨਿਕਲੇ, ਯਥਾ-

ਆਨਨ ਮਾਨਨ ਸੋਹਤੋ ਤਾਨਨ ਭਾਨਨ ਜਾਨ.

੧੨ ਅਪਾਰਥੰ. ਅਰਥਾਤ ਐਸੀ ਰਚਨਾ ਕਰਨੀ, ਜਿਸ ਤੋਂ ਕੋਈ ਚਮਤਕਾਰੀ ਅਰਥ ਨਾ ਨਿਕਲੇ, ਯਥਾ-

ਜਲ ਬਰਸੈ ਘਨ ਗਗਨ ਤੇ ਸੂਰ ਹਰੈ ਅੰਧਾਰ. x x x

ਨੇਤ੍ਰਨ ਸੇ ਜਨ ਪੇਖਤੇ ਸੁਨਤ ਕਾਨ ਸੇ ਬਾਤ.

੧੩ ਨਗਨ. ਅਰਥਾਤ ਅਲੰਕਾਰ ਰਹਿਤ ਕਵਿਤਾ.

੧੪ ਰਸਵਿਰੁੱਧ. ਵਿਰੋਧੀ ਰਸਾਂ ਨੂੰ ਮਿਲਾਕੇ ਲਿਖਣਾ, ਅਰਥਾਤ ਸ਼੍ਰਿੰਗਾਰ ਅਤੇ ਵੀਰ, ਅਥਵਾ ਹਾਸ੍ਯ ਨਾਲ ਭਯਾਨਕ ਰਸ ਨੂੰ ਮਿਲਾਉਣਾ.

੧੫ ਦੇਸ਼ ਵ੍ਰਿੱਧ. ਅਰਥਾਤ ਜੋ ਵਸਤੂ ਜਿਸ ਦੇਸ਼ ਦੀ ਹੈ ਉਸ ਤੋਂ ਵਿਰੁੱਧ ਵਰਣਨ, ਯਥਾ-

ਗਿਰਿਸ੍ਰਿੰਗਨ ਪਰ ਕਮਲਨ ਸੋਭਾ,

ਮਰੁਥਲ ਰਾਜਹੰਸ ਮਨ ਲੋਭਾ.

੧੬ ਕਾਲਵਿਰੁੱਧ. ਅਰਥਾਤ ਸਮੇਂ ਦੇ ਉਲਟ ਰਚਨਾ, ਯਥਾ-

ਹਿਮਰਿਤੁ ਮੇਂ ਫੂਲੇ ਕਮਲ ਕੋਕਿਲਧੁਨਿ ਚਹੁੰ ਓਰ.

ਭਾਈ ਸੰਤੋਖ ਸਿੰਘ ਜੀ ਨੇ ਆਪਣੀ ਨੰਮ੍ਰਤਾ ਪ੍ਰਗਟ ਕਰਦੇ ਹੋਏ ਨਾਨਕਪ੍ਰਕਾਸ਼ ਦੇ ਤੀਜੇ ਅਧ੍ਯਾਯ ਵਿੱਚ ਕਾਵ੍ਯਦੋਸ਼ਾਂ ਦਾ ਇਸ ਪ੍ਰਕਾਰ ਜਿਕਰ ਕੀਤਾ ਹੈ-

ਅੰਧ ਜੁ ਬਧਿਰ ਪੰਗੁ ਨਗਨ ਮ੍ਰਿਤਕ, ਪੁਨਰੁਕ੍ਤਿ

ਅਪਾਰਥ ਕੀ ਸਮਝ ਨ ਆਵਈ,

ਵੈਰ ਦੇਸ਼ ਕਾਲ ਗਨ ਅਗਨ ਨਵੋ ਹੀ ਰਸ

ਵਿਵਿਧਾਲੰਕਾਰ ਹੂੰ ਕੋ ਭੇਦ ਨਹਿ ਪਾਵਈ,

ਕੋਊ ਗੁਨ ਹੈ ਨ ਮੋ ਭਨਤ ਮੱਧ ਜਾਨੋ ਮਨ

ਗੁਨੀਅਨ ਹਾਸਯੋਗ ਅਟਪਟੀ ਜਾਵਈ,

ਏਕ ਗੁਨ ਯਾਮੇ ਸੋ ਵਿਦਿਤ ਸ਼੍ਰੁਤ ਸੰਤ ਸੁਨੋ !

---

[373] ਜਾਯਾ ਦਾ ਅਰਥ ਮਾਤਾ ਅਤੇ ਵਹੁਟੀ ਹੈ ਅਤੇ ਤਾਤ ਦਾ ਅਰਥ ਪਿਤਾ ਅਤੇ ਪੁਤ੍ਰ ਹੈ.

ਸਤਿਗੁਰੁ ਕੀਰਤਿ ਸੁ ਨਿਰਮਲ ਭਾਵਈ.

ਕਾਵ੍ਯਲਿੰਗ: ਯੁਕ੍ਤਿ ਨਾਲ ਅਰਥ ਦੀ ਪੁਸ਼੍ਟੀ ਕਰਨੀ, "ਕਾਵ੍ਯਲਿੰਗ" ਅਲੰਕਾਰ ਹੈ.

ਅਰਥ ਸਮਰਥ ਯੁਕ੍ਤਿ ਕਰ ਹੋਯ,

ਕਾਵ੍ਯਲਿੰਗ ਕੋ ਲੱਛਨ ਸੋਯ.

(ਗਰਬਗੰਜਨੀ)

ਉਦਾਹਰਣ

ਥਾਪਿਆ ਨ ਜਾਇ ਕੀਤਾ ਨ ਹੋਇ,

ਆਪੇ ਆਪਿ ਨਿਰੰਜਨ ਸੋਇ. (ਜਪੁ)

ਥਾਪਿਆ ਅਤੇ ਕੀਤਾ ਨਹੀਂ ਜਾਂਦਾ, ਇਸ ਦੀ ਪੁਸ਼੍ਟੀ ਲਈ ਦੂਜੀ ਤੁਕ ਵਿੱਚ ਯੁਕ੍ਤਿ ਹੈ ਕਿ ਸ੍ਵਯੰਭਵ ਹੋਣ ਕਾਰਣ.

ਸ਼੍ਰੀ ਗੁਰੁ ਪਗ ਸੁਰਤਰੁ ਸਰਸ,

ਹੈਂ ਸਬ ਮੰਗਲ ਖਾਨਿ,

ਦਾਰਿਦ ਵਿਘਨ ਨ ਵ੍ਯਪਾਈ

ਬਸਹਿਂ ਰਿਦੇ ਗਤਿਦਾਨ. (ਨਾਪ੍ਰ)

"ਸਤਿਗੁਰੁ ਪਾਰਸ ਪਰਸਕੈ

ਕੰਚਨ ਕਰੈ ਮਨੂਰ ਮਲੀਣਾ." (ਭਾਗੁ)

ਗੁਰੁ ਮਿਲ ਪਲਟ੍ਯੋ ਜਨਮ ਮਮ

ਸ਼ਕਤਿ ਕੀਟ ਜਿਮ ਭ੍ਰਿੰਗ.

(ਅਲੰਕਾਰ ਸਾਗਰਸੁਧਾ)

ਕਾਵ੍ਯਾਰਥਾਪੱਤਿ: ਇੱਕ ਅਰਥਾਲੰਕਾਰ (ਕਾਵ੍ਯ ਅਨੁਸਾਰ, ਨਾ ਕਹੇ ਹੋਏ ਅਰਥ ਦਾ ਆਜਾਣਾ). ਜਿਸ ਥਾਂ ਐਸਾ ਵਰਣਨ ਹੋਵੇ ਕਿ ਜੇ ਐਸਾ ਹੋ ਗਿਆ ਤਾਂ ਇਹ ਹੋਣਾ ਕੀ ਅਸੰਭਵ ਹੈ, ਅਥਵਾ ਜਿਸ ਨੇ ਉਹ ਕੰਮ ਕਰ ਲਿਆ ਉਸ ਨੂੰ ਏਹ ਕਰਨਾ ਕੀ ਔਖਾ ਹੈ? "ਕਾਵ੍ਯਾਰਥਾਪੱਤਿ" ਅਲੰਕਾਰ ਦਾ ਰੂਪ ਹੈ.

ਉਦਾਹਰਣ-

ਕਵਲਾ ਚਰਨ ਸਰਨ ਹੈ ਜਾਂਕੇ,

ਕਹੁ ਜਨ, ਕਾ ਨਾਹੀ ਘਰਿ ਤਾਂਕੇ? (ਗਉ ਕਬੀਰ)

ਅਜਾਮਲੁ ਪਿੰਗਲਾ ਲੁਭਤੁ

ਕੁੰਚਰੁ ਗਏ ਹਰਿ ਕੈ ਪਾਸ,

ਐਸੇ ਦੁਰਮਤਿ ਨਿਸਤਰੇ

ਤੂ ਕਿਉ ਨ ਤਰਹਿ ਰਵਿਦਾਸ? (ਕੇਦਾ)

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ.

ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ?

(ਆਸਾ ਰਵਿਦਾਸ)

ਬਪੁਰੇ ਕਹਾਂ ਪਹਾਰਿਯੇ ਆਯਸ ਨਹਿ ਮਾਨੈ?

ਤੀਨ ਲੋਕ ਪਰ ਹੁਕਮ ਤਵ ਨਹਿ ਫੇਰਨ ਠਾਨੈ.

(ਗੁਪ੍ਰਸੂ)

ਅਚਰ ਚਰੇ ਚਰ ਅਚਰ ਭਏ ਜਬ,

ਕਯਾ ਗਨਤੀ ਨਰ ਬਪੁਰਨ ਕੀ ਤਬ?

(ਗੁਪ੍ਰਸੂ)

ਜੋ ਪਾਹਨ ਲੈ ਔਰ ਡੁਬੰਤੇ,

ਤੁਮਰੇ ਵਚਨਨ ਤੇ ਸੁ ਤਰੰਤੇ,

ਇਹ ਸਾਗਰ ਕਯਾ ਤਰਨ ਦੁਹੇਲਾ?

ਤਾਰਹੁੰ ਭਵਜਲ ਭੂਰਿ ਸੁਹੇਲਾ. (ਨਾਪ੍ਰ)

ਕੋਰਵ ਪਾਂਡਵ ਹਠ ਕਰ ਨਿਸਠੁਰ

ਸੰਘਰ ਕਰ ਵਿਨਸੇ ਬਲਰਾਸ,

ਇਮ ਬਡਿਅਨ ਕੀ ਦਸ਼ਾ ਭਈ ਜਬ,

ਅਲਪਨ ਕੀ ਗਿਨਤੀ ਕਹੁ ਕਾਸ?

(ਗੁਪ੍ਰਸੂ)

ਕਾੜ੍ਹਾ, ਕਾੜ੍ਹਾ: ਸੰਗਯਾ- ਕ੍ਵਾਥ. ਜੋਸ਼ਾਂਦਾ. ਉਬਾਲਕੇ ਕੱਢਿਆ ਹੋਇਆ ਰਸ।[374] ੨. ਚਿੰਤਾ. ਫ਼ਿਕਰ. ਮਨ ਦਾ ਕੜ੍ਹਨਾ. "ਤਾਂ ਭਉ ਕੇਹਾ ਕਾੜਾ?" (ਮਾਝ ਮਃ ੫) "ਕਾੜਾ ਛੋਡਿ ਅਚਿੰਤ ਹਮ ਸੋਤੇ." (ਭੈਰ ਮਃ ੧) "ਤਿਸੁ ਕਿ ਕਾੜਿਆ?" (ਵਾਰ ਰਾਮ ੨, ਮਃ ੫)

ਕਿ: ਵਿ- ਕਿਤਨਾ. ਕੇਤਾ. ਦੇਖੋ, ਕਿਚਰ। ੨. ਵਯ- ਪ੍ਰਸੰਗ ਦੀ ਇਬਾਰਤ ਨੂੰ ਜੋੜਨ ਵਾਲਾ ਸ਼ਬਦ. ਦੂਸਰੇ ਦੇ ਕਥਨ ਅਥਵਾ ਪ੍ਰਕਰਣ ਬੋਧ ਕਰਾਉਣ ਵਾਲਾ ਸ਼ਬਦ, ਜੈਸੇ- "ਉਸ ਨੇ ਆਖਿਆ ਕਿ ਮੈ ਇਹ ਕੰਮ ਆਪ ਹੀ ਕਰ ਲਵਾਂਗਾ." ੩. ਯਾ. ਅਥਵਾ. "ਸਾਧੁ ਮਿਲੈ ਸਿਧਿ ਪਾਈਐ ਕਿ ਇਹੁ ਜੋਗ ਕਿ ਭੋਗ." (ਗਉ ਕਬੀਰ) "ਘਟ ਮਹਿ ਜੀਉ ਕਿ ਪੀਉ." (ਸ. ਕਬੀਰ) ੪. ਪ੍ਰਸ਼ਨ ਬੋਧਕ. ਕਿਆ. ਕੀ. "ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ?" (ਸੋਰ ਅਃ ਮਃ ੧) "ਸੂਰੁ ਕਿ ਸਨਮੁਖ ਰਨ ਤੇ ਡਰਪੈ?" (ਗਉ ਕਬੀਰ) ੫. ਸਰਵ- ਕਿਸ. "ਬਿਨੁ ਗੁਰਸਬਦੈ ਜਨਮ ਕਿ ਲੇਖਹਿ?" (ਆਸਾ ਮਃ ੧) ਕਿਸ ਗਿਣਤੀ ਵਿੱਚ ਹੈ?

ਕਿੰ: ਸੰ. ਕਿਮ ਵਯ- ਕਿਆ. ਕੀ. "ਜੋਗੇ ਨ ਕਿੰ ਜਗੇ ਨ ਕਿੰ?" (ਗੂਜ ਜੈਦੇਵ) "ਕਿੰ ਕਰੀ ਬਿਕਾਰ?" (ਸਾਰ ਪੜਤਾਲ ਮਃ ੫)

---

[374] ਵੈਦਜਕ ਅਨੁਸਾਰ ਚਾਰ ਤੋਲੇ ਦਵਾਈ ਨੂੰ ੬੪ ਤੋਲੇ ਪਾਣੀ ਵਿੱਚ ਪਾ ਕੇ ਉਬਾਲਣਾ ਚਾਹੀਏ, ਜਦ ਸੋਲਾਂ ਤੋਲੇ ਪਾਨੀ ਰਹਿ ਜਾਵੇ ਤਾਂ ਅੱਗ ਤੋਂ ਉਤਾਰ ਲੈਣਾ ਚਾਹੀਏ. ਇਸੇ ਅਨੁਸਾਰ ਘੱਟ ਵੱਧ ਤੋਲ ਸਮਝ ਲੈਣਾ ਚਾਹੀਏ.

ਕਿਉ, ਕਿਉਕਰ, ਕਿਉਕੈ: ਕ੍ਰਿ. ਵਿ- ਕੈਸੇ. ਕਿਸ ਪ੍ਰਕਾਰ. "ਕਿਉ ਵਰਨੀ ਕਿਵ ਜਾਣਾ?" (ਜਪੁ) "ਕਿਉ ਕਰਿ ਇਹੁ ਮਨੁ ਮਾਰੀਐ." (ਵਾਰ ਰਾਮ ੧. ਮਃ ੩) "ਨਿਕਸਿਓ ਕਿਉਕੈ ਜਾਇ?" (ਸ. ਕਬੀਰ) ੨. ਕਿਸ ਵਾਸਤੇ. "ਸਮਝਤ ਨਹਿ ਕਿਉ ਗਵਾਰ?" (ਜੈਜਾ ਮਃ ੯)

ਕਿਊਰ: ਦੇਖੋ, ਕੇਯੂਰ.

ਕਿਓ: ਦੇਖੋ, ਕਿਉ.

ਕਿਅ: ਕੀਤਾ. ਕਰਿਆ.

ਕਿਅਹੁ: ਕ੍ਰਿ. ਵਿ- ਕਿਵੇਂ. ਕੈਸੇ. ਕਿਸ ਤਰਾਂ। ੨. ਕਾ. ਕੀ. ਕੇ. "ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ." (ਵਾਰ ਵਡ ਮਃ ੪) ਮਨੁੱਖਾਂ ਦੀ ਦੀਵਾਨ ਤੋਂ। ੩. ਸੇ. ਤੋਂ.

ਕਿਆ: ਕੀਤਾ. ਕਰਿਆ. ਕੀਆ. "ਮਨਮੁਖ ਲੂਣਹਰਾਮ ਕਿਆ ਨ ਜਾਣਿਆ." (ਵਾਰ ਮਾਝ ਮਃ ੧) ੨. ਕਾ. ਕੀ. ਕੇ. "ਤਿਸ ਕਿਆ ਗੁਣਾ ਕਾ ਅੰਤ ਨ ਪਾਇਆ." (ਰਾਮ ਅਃ ਮਃ ੩) ੩. ਕ੍ਰਿ. ਵਿ- ਕਿਸੇ ਤਰਾਂ. ਕਿਸੀ ਪ੍ਰਕਾਰ. "ਅਤੁਲ ਨ ਜਾਈ ਕਿਆ ਮਿਨਾ." (ਮਾਰੂ ਸੋਲਹੇ ਮਃ ੫) ਅਤੁਲ ਕਰਤਾਰ ਕਿਸੀ ਤਰਾਂ ਮਿਣਿਆ ਨਹੀਂ ਜਾਂਦਾ। ੪. ਸਰਵ- ਕਯਾ. ਕੀ. "ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ?" (ਸੂਹੀ ਮਃ ੫) ੫. ਵਯ- ਪ੍ਰਸ਼ਨ ਬੋਧਕ.

ਕਿਆਸ: ਦੇਖੋ, ਕਯਾਸ.

ਕਿਆਕਰਿ: ਕ੍ਰਿ- ਵਿ- ਕਿਉਂਕਰ. ਕੈਸੇ. "ਕਿਆਕਰਿ ਕਹਿਆਜਾਇ?" (ਆਸਾ ਅਃ ਮਃ ੩)

ਕਿਆਨੀ: ਫ਼ਾ. کیانی ਵਿ- ਕਯ ਖ਼ਾਨਦਾਨ ਦੇ ਈਰਾਨੀ ਬਾਦਸ਼ਾਹਾਂ ਨਾਲ ਹੈ ਜਿਸ ਦਾ ਸੰਬੰਧ, ਜੈਸੇ- ਕਮਾਨੇ ਕਯਾਨੀ.

ਕਿਆਮ: ਦੇਖੋ, ਕਯਾਮ.

ਕਿਆਮਤ, ਕਿਆਮਤ ਦਾ ਦਿਨ: ਦੇਖੋ, ਕਯਾਮਤ.

ਕਿਆਰ, ਕਿਆਰਾ: ਸੰ. ਕੇਦਾਰ. ਸੰਗਯਾ- ਚਮਨ. ਖੇਤ ਵਿੱਚ ਵੱਟ ਪਾਕੇ ਜਲ ਠਹਿਰਣ ਨੂੰ ਬਣਾਇਆ ਵਲਗਣ. ਜਲ ਦੇਣ ਵੇਲੇ ਜਿਸ ਦਾ ਕੇ (ਸਿਰ) ਦਾਰ (ਪਾੜਿਆ ਜਾਵੇ). ਕਹੀ ਨਾਲ ਨੱਕਾ ਜਿਸ ਦਾ ਵੱਢੀਏ ਉਹ ਕੇਦਾਰ ਹੈ. "ਮਨੁ ਤਨੁ ਨਿਰਮਲ ਕਰਤ ਕਿਆਰੋ, ਹਰਿ ਸਿੰਚੈ ਸੁਧਾ ਸੰਜੋਰਿ." (ਜੈਤ ਮਃ ੫) ੨. ਦੇਖੋ, ਕਿਆੜਾ ੩.

ਕਿਆਰਾ ਸਾਹਿਬ: ਨਾਨਕਿਆਨੇ (ਨਨਕਾਣੇ) ਸਾਹਿਬ ਵਿੱਚ ਉਹ ਗੁਰਅਸਥਾਨ, ਜਿਸ ਥਾਂ ਜਗਤਗੁਰੂ ਨੇ ਪਸ਼ੂਆਂ ਦਾ ਖਾਧਾ ਖੇਤ ਜਿਉਂ ਦਾ ਤਿਉਂ ਕਰ ਦਿੱਤਾ ਸੀ. ਦੇਖੋ, ਨਾਨਕਿਆਨਾ.

ਕਿਆੜਾ, ਕਿਆੜੀ: ਸੰ. ਕ੍ਰਿਕਾਟ (कृकाट ) ਅਤੇ ਕ੍ਰਿਕਾਟੀ. ਸੰਗਯਾ- ਗਿੱਚੀ (ਗਰਦਨ) ਦਾ ਜੋੜ. ਗ੍ਰੀਵਾ ਦੀ ਸੰਧਿ. ਸਿੰਧੀ. ਕਿਯਾੜੀ. ਗਿੱਚੀ. ਸਿਰ ਦਾ ਪਿਛਲਾ ਭਾਗ। ੨. ਸੰ. ਕੁਹੇੜੀਧਰ. ਨਮਗੀਰਾ. ਚੰਦੋਆ. "ਲਹਿਣੇ ਧਰਿਓਨੁ ਛਤ੍ਰ ਸਿਰਿ ਅਸਮਾਨਿ ਕਿਆੜਾ ਛਿਕਿਓਨੁ." (ਵਾਰ ਰਾਮ ੩) ਯਸ਼ ਦਾ ਚੰਦੋਆ ਤਾਣਿਆ ਗਿਆ। ੩. ਫ਼ਾ. کیارا ਕਯਾਰਾ. ਦੁੱਖ. ਤਕਲੀਫ਼। ੪. ਸ਼ੋਕ. ਰੰਜ.

ਕਿਸ: ਸਰਵ. ਕੌਣ. ਕਿਸ ਨੂੰ. ਕਿਸੇ। ੨. ਕਸ਼ਮਕਸ਼ ਦੀ ਥਾਂ ਭੀ ਕਿਸ ਸ਼ਬਦ ਆਉਂਦਾ ਹੈ. ਜੈਸੇ- "ਉਸ ਦੀ ਮੇਰੇ ਨਾਲ ਕਿਸ ਹੈ।" ੩. ਕੀਸ਼ (ਬਾਂਦਰ) ਲਈ ਭੀ ਕਿਸ ਸ਼ਬਦ ਆਇਆ ਹੈ. "ਚਪੇ ਕਿਸੰ." ਅਤੇ- "ਜਿਣਜੋ ਕਿਸੰ." (ਰਾਮਾਵ)

ਕਿੰਸਕ: ਦੇਖੋ, ਕਿੰਸ਼ੁਕ.

ਕਿਸਕਿੰਧ: ਸੰ. किष्किन्ध ਸੰਗਯਾ- ਮੈਸੂਰ ਦੇ ਆਸ ਪਾਸ ਦਾ ਦੇਸ਼। ੨. ਕਿਸ਼ਕਿੰਧ ਦੇਸ਼ ਵਿੱਚ ਇੱਕ ਪਹਾੜ. ਦੇਖੋ,

ਕਿਸਕਿੰਧਾ.

ਕਿਸਕਿੰਧਾ: ਕਿਸ਼ਕਿੰਧ ਦੇਸ਼ ਦੀ ਪੁਰਾਣੀ ਰਾਜਧਾਨੀ, ਜਿਸ ਵਿੱਚ ਬਨਚਰਾਂ ਦੇ ਰਾਜੇ ਬਾਲੀ ਅਤੇ ਸੁਗ੍ਰੀਵ ਰਾਜ ਕਰਦੇ ਸਨ. ਇਹ ਤੁੰਗਭਦ੍ਰਾ ਨਦੀ ਦੇ ਕੰਢੇ ਤੇ ਬਲਾਰੀ ਤੋਂ ੬੦ ਮੀਲ ਉੱਤਰ ਵੱਲ ਇੱਕ ਨਿੱਕਾ ਜਿਹਾ ਨਗਰ ਹੈ. ਇਸ ਤੋਂ ਦੋ ਕੁ ਮੀਲ ਦੱਖਣ ਪੱਛਮ ਦੀ ਕੋਣ ਵੱਲ ਪੰਪਾ ਸਰੋਵਰ ਹੈ, ਅਤੇ ਪੰਪਾਸਰ ਤੋ, ਦੱਖਣ ਪੱਛਮ ਵੱਲ ਅੰਜਨਾ ਪਰਬਤ ਹੈ, ਜਿੱਥੇ ਹਨੂਮਾਨ ਦਾ ਜਨਮ ਹੋਣਾ ਦੱਸਿਆ ਜਾਂਦਾ ਹੈ. ਇੱਥੇ ਹੀ ਰਾਮ ਚੰਦ੍ਰ ਜੀ ਨੇ ਬਾਲੀ ਨੂੰ ਮਾਰਿਆ ਸੀ.

ਕਿਸਟਵਾਰ: ਦੇਖੋ, ਕਸਟਵਾਰ.

ਕਿਸਤ: ਅ਼. قسط ਕ਼ਿਸਤ਼. ਸੰਗਯਾ- ਹਿੱਸਾ. ਭਾਗ। ੨. ਇਨਸਾਫ. ਨਯਾਯ। ੩. ਕਰਜ ਦਾ ਉਹ ਹਿੱਸਾ ਜੋ ਕਈ ਵਾਰ ਅਦਾ ਕਰਨ ਲਈ ਠਹਿਰਾਇਆ ਜਾਵੇ। ੪. ਫ਼ਾ. کشت ਕਿਸ਼ਤ. ਫ਼ਸਲ. ਕਾਸ਼ਤਕਾਰੀ. ਖੇਤੀ.

ਕਿਸ਼ਤਨ: ਫ਼ਾ. کشتن ਕ੍ਰਿ- ਬੀਜਣਾ. ਇਸ ਦਾ ਰੂਪ ਕਾਸ਼ਤਨ ਭੀ ਹੈ.

ਕਿਸ਼ਤੀ: ਫ਼ਾ. کشتی ਸੰਗਯਾ- ਨੌਕਾ. ਬੇੜੀ. ਦੇਖੋ, ਨੌਕਾ। ੨. ਕਿਸ਼੍ਤੀ ਦੀ ਸ਼ਕਲ ਦਾ ਇੱਕ ਭਿਖ੍ਯਾਪਾਤ੍ਰ, ਜਿਸ ਨੂੰ ਫ਼ਕ਼ੀਰ ਰਖਦੇ ਹਨ। ੩. ਕਿਸ਼ਤੀ ਦੀ ਸ਼ਕਲ ਦਾ ਇੱਕ ਥਾਲ, ਜਿਸ ਵਿੱਚ ਢੋਏ ਆਦਿ ਦੀਆਂ ਚੀਜਾਂ ਰੱਖਕੇ ਪੇਸ਼ ਕਰੀਦੀਆਂ ਹਨ.

ਕਿਸਥੈ: ਕ੍ਰਿ. ਵਿ- ਕਿਸ ਜਗਾ. ਕਿਸ ਅਸਥਾਨ. "ਕਿਸਥੈ ਰੋਵਹਿ ਰੋਜ." (ਮਾਝ ਬਾਰਹਮਾਹਾ)

ਕਿਸਨ: ਦੇਖੋ, ਕ੍ਰਿਸ਼ਨ.

ਕਿਸਨਚੰਦ: ਦੇਖੋ, ਕ੍ਰਿਸ਼ਨਚੰਦ.

ਕਿਸਨਦਾਸ: ਮਲੇਰਕੋਟਲੇ ਦਾ ਬਾਣੀਆਂ, ਜਿਸ ਨੇ ਬੰਦੇ ਬਹਾਦੁਰ ਨੂੰ ਭੇਟਾ ਦੇਕੇ ਅਤੇ ਬੇਨਤੀ ਕਰਕੇ ਸ਼ਹਰ ਨੂੰ ਲੁੱਟਣੋਂ ਬਚਾਇਆ.

ਕਿਸਨਬੱਲਭਾ: ਦੇਖੋ, ਕ੍ਰਿਸ਼ਨਬੱਲਭਾ.

ਕਿਸਨਾ: ਦੇਖੋ, ਕ੍ਰਿਸਨਗੰਗਾ। ੨. ਗੁਰੂ ਅਰਜਨ ਦੇਵ ਦਾ ਸਿੱਖ, ਜਿਸ ਨੇ ਅਮ੍ਰਿਤਸਰ ਬਣਨ ਸਮੇਂ ਭਾਰੀ ਸੇਵਾ ਕੀਤੀ। ੩. ਝਿੰਗਣ ਗੋਤ ਦਾ ਬ੍ਰਾਹਮਣ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਇਸ ਨੂੰ ਸਤਿਗੁਰੂ ਨੇ ਪ੍ਰਚਾਰਕ ਥਾਪਿਆ। ੪. ਝੰਝੂ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋ ਕੇ ਯੋਧਾ ਅਤੇ ਆਤਮਗਯਾਨੀ ਹੋਇਆ.

ਕਿਸਨਾਰਜੁਨ: ਦੇਖੋ, ਕ੍ਰਿਸਨਾਰਜੁਨ.

ਕਿਸਨੁ: ਦੇਖੋ, ਕ੍ਰਿਸ਼ਨ। ੨. ਵਿਸ਼ਨੁ ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਕਿਸਨੁ ਸਦਾ ਅਵਤਾਰੀ ਰੂਧਾ." (ਵਡ ਮਃ ੩)

ਕਿਸਬਤ: ਅ਼. کسبت ਕਮਾਉਣਾ. ਲਾਭ ਪ੍ਰਾਪਤ ਕਰਨਾ.

ਕਿਸਮ, ਕ਼ਿਸਮ: ਅ਼. قسم ਸੰਗਯਾ- ਭੇਦ. ਜਾਤਿ। ੨. ਪ੍ਰਕਾਰ. ਢੰਗ. ਭਾਂਤਿ.

ਕਿਸਮਤ, ਕ਼ਿਸਮਤ: ਅ਼. قسمت ਸੰਗਯਾ- ਭਾਗ. ਹਿੱਸਾ। ੨. ਪ੍ਰਾਰਬਧ. ਨਸੀਬ। ੩. ਦੇਸ਼. ਪ੍ਰਾਂਤ. ਇਲਾਕਾ.

ਕਿਸ਼ਮਿਸ਼: ਫ਼ਾ. کشمش ਸੰਗਯਾ- ਸੁੱਕੀ ਹੋਈ ਬੇਦਾਨਾ ਦਾਖ. ਸਾਉਗੀ.

ਕਿਸਰਿਯਾ: ਵਿ- ਕੇਸਰ ਦੇ ਰੰਗ ਨਾਲ ਰੰਗਿਆ। ੨. ਕੇਸਰ ਦੇ ਰੰਗ ਜੇਹਾ. ਕੇਸਰੀ. "ਜਿਤ ਜਿਤ ਦ੍ਰਿਸ਼੍ਟਿ ਪਸਾਰਿਯੇ ਤਿਤਹਿ ਕਿਸਰਿਯਾ ਚੀਰ." (ਚਰਿਤ੍ਰ ੩੦)

ਕਿਸ਼ਲਯ: ਸੰ. ਸੰਗਯਾ- ਜੋ ਕਿੰਚਿਤ (ਥੋੜਾ) ਸ਼ਲ (ਚਲੇ). ਹਵਾ ਨਾਲ ਹੌਲੀ ਹੌਲੀ ਹਿੱਲਣ ਵਾਲਾ ਸ਼ਗੂਫ਼ਾ. ਕੂਮਲ.

ਕਿਸ਼ਵਰ: ਫ਼ਾ. کشور ਸੰਗਯਾ- ਮੁਲਕ. ਦੇਸ਼. ਵਲਾਇਤ.

ਕਿਸਾਸ: ਅ਼. قصاص ਕ਼ਿਸਾਸ. ਖ਼ੂਨ ਦੇ ਬਦਲੇ ਕ਼ਤਲ ਦੀ ਸਜ਼ਾ ਦੇਣ ਦੀ ਕ੍ਰਿਯਾ.

ਕਿਸਾਨ: ਦੇਖੋ, ਕਿਰਸਾਣ ਅਤੇ ਕ੍ਰਿਸਾਨ.

ਕਿਸਾਰ: ਸੰਗਯਾ- ਕੇਸ਼ਾਗ੍ਰ ਦਾ ਸੰਖੇਪ. "ਖੁਲ੍ਹੇ ਕਿਸਾਰ, ਜਟਾਧਾਰ." (ਵਿਚਿਤ੍ਰ) ਜੂੜੇ ਖੁੱਲ ਗਏ.

ਕਿਸਾਰਥ: ਕਿਸ- ਅਰਥ. ਕਿਸ ਕੰਮ. ਕਿਸ ਵਾਸਤੇ. "ਕਿਸਾਰਥ ਕੋ ਇਹ ਜਾ ਹਮ ਘੇਰੀ?" (ਕ੍ਰਿਸਨਾਵ)

ਕਿਸੁ: ਸਰਵ- ਕੌਣ. ਕਿਸ ਨੂੰ. "ਕਿਸੁ ਹਉ ਸੇਵੀ, ਕਿਸੁ ਆਰਾਧੀ?" (ਦੇਵ ਮਃ ੫)

ਕਿਸੁਕ: ਸੰ. ਕੌਸ਼ਿਕੀ. ਸੰਗਯਾ- ਕੁਸ਼ (ਜਲ) ਦੇ ਧਾਰਨ ਵਾਲੀ. ਜਿਸ ਵਿੱਚ ਜਲ ਵਹਿੰਦਾ ਹੈ. ਨਦੀ. ਦਰਿਆ. "ਮਾਰੂ ਮੀਹ ਨ ਤ੍ਰਿਪਤਿਆ ਅਗੀ ਲਹੈ ਨ ਭੁਖ। ਰਾਜਾ ਰਾਜ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ." (ਵਾਰ ਮਾਝ ਮਃ ੧) ਮਰੂਭੂਮਿ ਵਰਖਾ ਨਾਲ ਤ੍ਰਿਪਤ ਨਹੀਂ, ਅਗਨੀ ਈਧਨ ਨਾਲ ਨਹੀਂ, ਰਾਜਾ ਰਾਜ ਨਾਲ ਤ੍ਰਿਪਤ ਨਹੀਂ, ਸਮੁੰਦਰ ਨਦੀਆਂ ਨਾਲ ਤ੍ਰਿਪਤ (ਭਰਦਾ) ਨਹੀਂ। ੨. ਸਰਵ- ਕਿਸੇ ਇੱਕ ਪ੍ਰਤਿ। ੩. ਕਿਸੀ ਇੱਕ ਨੇ। ੪. ਦੇਖੋ, ਕਿੰਸ਼ੁਕ.

ਕਿੰਸ਼ੁਕ: ਸੰ. ਸੰਗਯਾ- ਕਿੰ (ਕੀ ਹੈ) ਸ਼ੁਕ (ਤੋਤੇ) ਦੀ ਚੁੰਜ ਜਿਸ ਅੱਗੇ? ਕੇਸੂ. ਪਲਾਸ ਦਾ ਫੁੱਲ. ਕੇਸੂ ਦੀ ਸ਼ਕਲ ਤੋਤੇ ਦੀ ਚੁੰਜ ਜੇਹੀ ਹੁੰਦੀ ਹੈ। ੨. ਢੱਕ. ਪਲਾਹ। ੩. ਪਲਾਸ ਦਾ ਪੱਤਾ.

ਕਿਸੁਖਾ: ਕੀ ਸੁਖ ਲਿਆ? ਕਿਆ ਆਨੰਦ ਪ੍ਰਾਪਤ ਕੀਤਾ? "ਘਰ ਅਸਾਡਾ ਛਡਕੈ ਗੋਲੇ ਦੇ ਘਰ ਜਾਇ ਕਿਸੁਖਾ." (ਭਾਗੁ)

ਕਿਸੋਦਰੀ: ਪਤਲੀ ਕਮਰ ਵਾਲੀ. ਦੇਖੋ, ਕ੍ਰਿਸ਼ੋਦਰੀ. "ਸੁਮੋਦ ਮੇ ਕਿਸੋਦਰੀ ਸੋਂ ਗਾਢੋ ਲਪਟਾਯੋ ਹੈ." (ਨਾਪ੍ਰ)

ਕਿਸ਼ੋਰ: ਸੰ. ਸੰਗਯਾ- ੧੧ ਤੋਂ ੧੫. ਵਰ੍ਹੇ ਦੀ ਅਵਸਥਾ ਦਾ ਬਾਲਕ। ੨. ਪੁਤ੍ਰ. ਬੇਟਾ। ੩. ਘੋੜੇ ਦਾ ਬੱਚਾ. ਬਛੇਰਾ। ੪. ਸੂਰਜ.

ਕਿੱਸਾ: ਅ਼. قصہ ਕ਼ਿੱਸਾ. ਸੰਗਯਾ- ਕਥਾ. ਕਹਾਣੀ. ਆਖ੍ਯਾਨ.

ਕਿਸ੍ਰਾ: ਜ਼ਰਦਾਲੂ ਦਾ ਸੁੱਕਿਆ ਫਲ, ਜੋ ਚਾਂਦੀ ਦੀ ਮੈਲ ਉਤਾਰਨ ਅਤੇ ਖਟਾਈ ਲਈ ਮਸਾਲੇ ਵਿੱਚ ਵਰਤੀਦਾ ਹੈ.

ਕਿਹ: ਸਰਵ- ਕਿਸ। ੨. ਕ੍ਰਿ. ਵਿ- ਕਿਸੀ ਪ੍ਰਕਾਰ. ਕਿਸੇ ਤਰਾਂ. "ਰੂਪ ਰੰਗ ਅਰੁ ਰੇਖ ਭੇਖ ਕੋਉ ਕਹਿ ਨ ਸਕਤ ਕਿਹ." (ਜਾਪੁ) ੩. ਫ਼ਾ. کہ ਵ੍ਯ- ਜੋ. ਕਿਉਂਕਿ. ੪. ਸਰਵ- ਕੌਨ. ਜੋ.

ਕਿਹਾਰੀ: ਵਿ- ਕੈਸੀ. ਕੇਹੀ. "ਓਇ ਪਲ ਘਰੀ ਕਿਹਾਰੀ." (ਕੇਦਾ ਮਃ ੫) ੨. ਸਰਵ- ਕੇਹੜੀ. ਕੌਨਸੀ.

ਕਿਹਿ: ਸਰਵ- ਕਿਸ ਨੂੰ। ੨. ਕਿਸ. "ਕਿਹਿ ਬਿਧਿ ਲਖਉ ਗੁਸਾਈ?" (ਸੋਰ ਮਃ ੯)

ਕਿਹੁ: ਵਿ- ਕੁਝ. ਕਿੰਚਿਤ. "ਕਿਹੁ ਚਲੈ ਨ ਚਲਦਿਆ ਨਾਲਿ." (ਸੋਰ ਮਃ ੩) "ਸਭਕਿਹੁ ਤੇਰੇ ਵਸਿ ਹੈ." (ਵਾਰ ਬਿਹਾ ਮਃ ੪) ੨. ਕ੍ਰਿ. ਵਿ- ਕਿਸੀ ਪ੍ਰਕਾਰ. ਕਿਸੇ ਤਰਾਂ. "ਬਿਨ ਸਤਿਗੁਰੁ ਕਿਹੁ ਨ ਦੇਖਿਆ ਜਾਇ" (ਮਾਝ ਅਃ ਮਃ ੩)

ਕਿੰਕਣੀ: ਦੇਖੋ, ਕਿੰਕਨੀ.

ਕਿੰਕਨਿਅਰਿ: ਅਵਾਣ ਲਿਖਾਰੀ ਨੇ "ਕੰਕਜਾਨਰਿ" ਦੀ ਥਾਂ ਸ਼ਸਤ੍ਰਨਾਮਮਾਲਾ ਵਿੱਚ ਅਸ਼ੁੱਧ ਪਾਠ ਲਿਖ ਦਿੱਤਾ ਹੈ. ਕੰਕਜਾਨ (ਘੋੜੇ) ਦਾ ਵੈਰੀ ਸ਼ੇਰ.

ਕਿੰਕਨੀ: ਸੰ. किङ्किणी ਕਿੰਕਿਣੀ. ਸੰਗਯਾ- ਥੋੜਾ ਸ਼ਬਦ ਕਰਨ ਵਾਲੀ ਤੜਾਗੀ. ਛੁਦ੍ਰਘੰਟਿਕਾ. ਘੁੰਗਰੂਆਂ ਵਾਲੀ ਤੜਾਗੀ. "ਕਿੰਕਨੀ ਸਬਦ ਝਨਤਕਾਰ ਖੇਲ ਪਾਹਿ ਜੀਉ." (ਸਵੈਯੇ ਮਃ ੪. ਕੇ)

ਕਿਕਰ: ਦੇਖੋ, ਕਿਕਰਿ.

ਕਿੰਕਰ: ਸੰ. किङ्कर ਸੰਗ੍ਯਾ- ਦਾਸ. ਸੇਵਕ. ਉਹ ਸੇਵਕ ਜੋ ਨੀਚ ਸੇਵਾ ਭੀ ਕਰ ਸਕੇ. ਭਾਵ- ਸ੍ਵਾਮੀ ਦਾ ਨਿੰਦਿਤ ਕਰਮ ਭੀ ਕਰੇ। ੨. ਇੱਕ ਰਾਖਸ ਜਾਤਿ.

ਕਿੰਕਰਣੀ: ਸੇਵਕਾਂ ਵਾਲੀ ਸੈਨਾ. ਜਿਸ ਵਿੱਚ ਬਹੁਤ ਚਾਕਰ ਹਨ. (ਸਨਾਮਾ)

ਕਿਕਰਿ: ਸੰ. किड़ाल ਕਿੰਕਰਾਲ. ਸੰਗ੍ਯਾ- ਕਿੱਕਰ. ਬਬੂਲ. Acacia Arabica. "ਕਿਕਰਿ ਬੀਜੈ ਜੁਟ." (ਸ. ਫਰੀਦ)

ਕਿੰਕਰੀ: ਸੰਗ੍ਯਾ- ਦਾਸੀ. ਟਹਿਲਣ. "ਸੁਭ ਬਚਨ ਬੋਲ ਗੁਨ ਅਮੋਲ ਕਿੰਕਰੀ ਬਿਕਾਰ." (ਸਾਰ ਮਃ ੫. ਪੜਤਾਲ) ਵਿਕਾਰ ਦਾਸੀ ਵਾਂਙ ਸੇਵਾ ਕਰਨ ਵਾਲੇ ਹੋ ਜਾਣਗੇ। ੨. ਕਿੰ- ਕਰੀ? ਕੀ ਕਰ ਸਕਦੇ ਹਨ?

ਕਿੰਕੜੀ: ਵਿ- ਕਿੰਕਿਣੀ (ਛੁਦ੍ਰਘੰਟਿਕਾ) ਧਾਰਨ ਵਾਲੀ. ਦੇਖੋ, ਕਿੰਕਨੀ "ਕਿੰਕੜੀ ਕਾਲਕਾ." (ਪਾਰਸਾਵ)

ਕਿਕਾ ਕਿਕੀ: ਸਿੰਧੀ- ਕਾਕਾ ਕਾਕੀ. ਦੇਖੋ, ਕਕਾ ਕਿਕੀ.

ਕਿਕਾਣ, ਕਿੰਕਾਣ: ਘੋੜਾ. ਦੇਖੋ, ਕੰਕਜਾਨ.

ਕਿਕਾਣੀ: ਕੰਕਜਾਨ (ਘੋੜੇ) ਵਾਲੀ ਸੈਨਾ. ਰਸਾਲਾ. (ਸਨਾਮਾ)

ਕਿਕਾਨ, ਕਿੰਕਾਨ: ਘੋੜਾ. ਦੇਖੋ, ਕੰਕਜਾਨ. "ਮੁੰਡਹਿ ਤੁੰਡਹਿ ਰੁੰਡਹਿ ਚੀਰ ਪਲਾਨ ਕਿਕਾਨ ਧਸੀ ਵਸੁਧਾ ਮਹਿਂ." (ਚੰਡੀ ੧)

ਕਿਕਾਨੀ: ਦੇਖੋ, ਕਿਕਾਣੀ। ੨. ਕੰਕਜਾਨ ਵਾਲਾ. ਘੁੜਚੜ੍ਹਾ.

ਕਿਕਿਓਨੁ: ਕੀ ਕੀਤਾ ਹੈ. ਕੀ ਕੀਤੋ ਨੇ। ੨. ਉਸ ਨੇ ਕੀ ਕੀਤਾ. "ਦੁਨਿਆਈ ਆਖੈ ਕਿਕਿਓਨੁ." (ਵਾਰ ਰਾਮ ੩)

ਕਿੰਕਿਣੀ: ਦੇਖੋ, ਕਿੰਕਨੀ.

ਕਿੰਕਿਰ: ਸੰ. ਸੰਗ੍ਯਾ- ਘੋੜਾ। ੨. ਭ੍ਰਮਰ. ਭੌਰਾ। ੩. ਕੋਕਿਲਾ. ਕੋਇਲ.

ਕਿਕੁਰ: ਕ੍ਰਿ. ਵਿ- ਕੈਸੇ. ਕਿਸ ਪ੍ਰਕਾਰ. ਕਿਉਂਕਰ.

ਕਿੰਕੁਰੀ: ਸੰਗ੍ਯਾ- ਸੰ. ਕਿੰਨਰੀ. ਕਿੰਗਰੀ. "ਕਿੰਕੁਰੀ ਅਨੂਪ ਵਾਜੈ." (ਰਾਮ ਮਃ ੫)

ਕਿਕੂ, ਕਿਕੂੰ: ਕ੍ਰਿ. ਵਿ- ਕੈਸੇ. ਕਿਸ ਤਰਾਂ. "ਤਿਸ ਦੀ ਕੀਮਤਿ ਕਿਕੂ ਹੋਇ?" (ਬਿਲਾ ਮਃ ੩)

ਕਿਕੈ: ਵਿ- ਕੇਕਯ ਦੇਸ਼ ਦਾ ਨਿਵਾਸੀ. ਕੱਕਾ. "ਕਿਕੈ ਕਾਲਮਾਖੀ." (ਪਾਰਸਾਵ) ਦੇਖੋ, ਕੇਕਯ.

ਕਿੱਕਰ: ਦੇਖੋ, ਕਿਕਰਿ.

ਕਿੱਕੁਰ: ਕ੍ਰਿ. ਵਿ- ਕਿਉਂਕਰ. ਕਿਵੇਂ. ਕਿਸ ਪ੍ਰਕਾਰ.

ਕਿੰਕਜਾਨ: ਦੇਖੋ, ਕੰਕਜਾਨ.

ਕਿੰਗ: ਕਿੰਗਰੀ ਦਾ ਸੰਖੇਪ.

ਕਿੰਗਰੀ: ਦੇਖੋ, ਕਿੰਨਰੀ.

ਕਿੰਗੁਰਾ: ਦੇਖੋ, ਕੰਗੂਰਾ.

ਕਿੰਗੁਰੀ: ਦੇਖੋ, ਕਿੰਨਰੀ ੨. ਅਤੇ ੩. "ਘਟਿ ਘਟਿ ਵਾਜੈ ਕਿੰਗੁਰੀ." (ਸ੍ਰੀ ਅਃ ਮਃ ੧) ਚੇਤਨਸੱਤਾ ਰੂਪ ਵੀਣਾ.

ਕਿੰਗੂਰਾ: ਦੇਖੋ, ਕੰਗੂਰਾ.

ਕਿਚਕਿਚੀ: ਕ੍ਰੋਧ ਵਿੱਚ ਦੰਦ ਪੀਹਣੇ. ਦੇਖੋ, ਕਚੀਚੀ.

ਕਿੰਚਤ: ਦੇਖੋ, ਕਿੰਚਿਤ. "ਕ੍ਰਿਪਾ ਕਿੰਚਤ ਗੁਰਿ ਕੀਨੀ." (ਗਉ ਮਃ ੪)

ਕਿੰਚਨ: ਸੰ. ਸੰਗਯਾ- ਥੋੜੀ ਵਸਤੁ.

ਕਿਚਪਿਚਾਨਾ: ਕ੍ਰਿ- ਕਚੀਚੀ ਲੈਣੀ. ਕ੍ਰੋਧ ਵਿੱਚ ਦੰਦ ਪੀਹਣੇ। ੨. ਕੀਚ (ਗਾਰੇ) ਨਾਲ ਪਾਗੇ ਜਾਣਾ. "ਕਿਚਪਿਚਾਇ ਜੋਧਾ ਮੱਡਹਿਂ." (ਚਰਿਤ੍ਰ ੧) ਲਹੂ ਦੇ ਕੀਚ ਨਾਲ ਲਿਬੜਕੇ ਯੋਧਾ ਜੰਗ ਮੰਡਦੇ ਹਨ.

ਕਿੰਚਬੇਗ: ਦੇਖੋ, ਕਿੰਦਬੇਗ.

ਕਿਚਰ, ਕਿਚਰਕ, ਕਿਚਰਕੁ, ਕਿਚਰੁ: ਸੰ. कियच्चिरम ਕ੍ਰਿ. ਵਿ- ਕਿਤਨਾ ਚਿਰ. ਕਬਤਕ. ਕਦ ਤੀਕ. "ਕਿਚਰੁ ਝਤਿ ਲੰਘਾਈਐ ਛਪਰੁ ਤੁਟੈ ਮੇਹੁ?" (ਸ. ਫਰੀਦ) "ਕਿਚਰਕੁ ਬੰਨ੍ਹੈ ਧੀਰੁ?" ਅਰ "ਕਚੈ ਭਾਂਡੈ ਰਖੀਐ ਕਿਚਰੁ ਤਾਂਈ ਨੀਰ." (ਸ. ਫਰੀਦ)

ਕਿੰਚਲ, ਕਿੰਚਲਕ: ਸੰ. किञ्चिलिक- ਕਿੰਚਿਲਿਕ. ਸੰਗ੍ਯਾ ਕੇਂਚੂਆ. ਇੱਕ ਪ੍ਰਕਾਰ ਦਾ ਲੰਮਾ ਕੀੜਾ, ਜੋ ਵਰਖਾ ਰੁੱਤ ਵਿੱਚ ਹੁੰਦਾ ਹੈ. ਗੰਡੋਆ.

ਕਿੰਚਿਤ: ਸੰ. किञ्चित ਵਿ- ਬਹੁਤ ਥੋੜਾ. ਜ਼ਰਾ ਸਾ.

ਕਿਚਿਰ, ਕਿਚਿਰੁ: ਦੇਖੋ, ਕਿਚਰੁ.

ਕਿਛ, ਕਿਛੁ, ਕਿਛੂ: ਵਿ- ਕਿੰਚਿਤ. ਥੋੜਾ. ਤਨਿਕ. "ਹਮ ਮੂਰਖ ਕਿਛੂ ਨ ਜਾਣਹਾ." (ਆਸਾ ਛੰਤ ਮਃ ੪) ੨. ਸਰਵ- ਕੋਈ ਵਸਤੁ। ੩. ਕੋਈ ਬਾਤ. "ਜੋ ਕਿਛੁ ਕਰਣਾ ਸੋ ਕਰਿ ਰਹਿਆ." (ਵਾਰ ਆਸਾ ਮਃ ੧)

ਕਿਜਇ: ਕੀਜੀਏ. ਕਰੀਏ. "ਲਖ ਬਾਹੇ ਕਿਆ ਕਿਜਇ?" (ਸਵੈਯੇ ਮਃ ੪. ਕੇ)

ਕਿਜਬ: ਅ਼. كِذب ਕਿਜਬ. ਸੰਗਯਾ- ਝੂਠ. ਅਸਤ੍ਯ.

ਕਿਜਬਗੋ: ਫ਼ਾ. كِذب گو ਕਿਜਬਗੋ. ਵਿ- ਝੂਠ ਬੋਲਣ ਵਾਲਾ. ਅਸਤ੍ਯਵਕਤਾ.

ਕਿੰਜਲਕ: ਸੰ. किञ्झल्क ਸੰਗਯਾ- ਕਮਲ ਦਾ ਪਰਾਗ। ੨. ਕਮਲਫੁੱਲ ਦੀ ਤਰੀ। ੩. ਕਮਲ ਦੀ ਡੋਡੀ, ਜਿਸ ਪੁਰ ਪਰਾਗ ਹੁੰਦਾ ਹੈ.

ਕਿਜੇਹਾ: ਕ੍ਰਿ. ਵਿ- ਕੈਸਾ. ਕੇਹੋ ਜੇਹਾ. "ਮੁਖ ਕਿਜੇਹਾ ਤਉ ਧਣੀ?" (ਵਾਰ ਮਾਰੂ ੨. ਮਃ ੫)

ਕਿਝ, ਕਿਝੁ: ਵਿ- ਕੁਛ. ਕਛੁ. "ਕਿਝੁ ਨ ਬੁਝੈ ਕਿਝੁ ਨ ਸੁਝੈ." (ਸ. ਫਰੀਦ)

ਕਿਣ: ਦੇਖੋ, ਕਿਨ। ੨. ਦੇਖੋ, ਕਣ.

ਕਿਣਕਾ, ਕਿਣੰਗਾ: ਸੰਗਯਾ- ਜ਼ match ਜ਼ਰਰਾ. ਕਿਨਕਾ. ਕਣਮਾਤ੍ਰ.

ਕਿਤ: ਕ੍ਰਿ. ਵਿ- ਕਿਧਰ. ਕੁਤ੍ਰ. ਕਹਾਂ. ਕਿੱਥੇ। ੨. ਸੰਗਯਾ- ਕੀਰਤਿ. ਯਸ਼. "ਜਿਹ ਬਰਣ ਜਾਤ ਨਹਿ ਕਿਤ ਅਨੰਤ." (ਦੱਤਾਵ) ੩. ਦੇਖੋ, ਕਿਤੁ.

ਕਿਤਕ: ਕਿ. ਵਿ- ਕਿਯਤ. ਕਿਤਨਾ. ਕਿਸਕ਼ਦਰ.

ਕਿਤਕਿਤ: ਕ੍ਰਿ. ਵਿ- ਕੁਤ੍ਰ ਕੁਤ੍ਰ. ਕਿੱਥੇ ਕਿੱਥੇ. ਕਹਾਂ ਕਹਾਂ। ੨. ਵਿ- ਕ੍ਰਿਤ ਕ੍ਰਿਤ੍ਯ. ਕ੍ਰਿਤਾਰਥ. ਜਿਸ ਦਾ ਕੰਮ ਪੂਰਾ ਹੋ ਗਿਆ ਹੈ. "ਕਿਤ ਕਿਤ ਕੀਨ ਸਭ ਕਾਜ ਕੋ ਸੁਧਾਰ ਦੀਨ." (ਗੁਪ੍ਰਸੂ)

ਕਿਤਕੁ: ਕ੍ਰਿ. ਵਿ- ਕਿਸ ਲਈ. ਕਿਸ ਵਾਸਤੇ. "ਮਾਲੁ ਧਨੁ ਕਿਤਕੁ ਸੰਜਿਆਹੀ?" (ਸ੍ਰੀ ਮਃ ੧)

੨. ਕਿਧਰ ਨੂੰ.

ਕਿਤਨਾ, ਕਿਤਨੋ: ਵਿ- ਕਿਯਤ. ਕੇਤਾ. "ਰਹਿਨ ਨਹੀ, ਗਹੁ ਕਿਤਨੋ!" (ਗਉ ਮਃ ੫) ਰਹਿਣਾ ਹੈ ਨਹੀਂ, ਪਰ ਪਕੜ (ਗਰਿਫ਼ਤ) ਕਿਤਨੀ ਹੈ!

ਕਿਤਵ: ਸੰ. ਵਿ- ਦੁਸ਼੍ਰ। ੨. ਪਾਗਲ। ੩. ਛਲੀਆ। ੪. ਸੰਗਯਾ- ਧਤੂਰਾ। ੫. ਜੁਆਰੀਆ. ਨਿਰੁਕ੍ਤ ਵਿੱਚ ਲਿਖਿਆ ਹੈ ਕਿ ਇੱਕ ਜੁਏਬਾਜ਼ ਦੂਜੇ ਨੂੰ ਪੁਛਦਾ ਹੈ- ਕਿੰ- ਤਵ? (ਤੇਰੇ ਪਾਸ ਕੀ ਹੈ? ਤੇਰਾ ਕੀ ਦਾਉ ਆਇਆ ਹੈ? ) ਇਸ ਕਾਰਣ "ਕਿਤਵ" ਨਾਉਂ ਹੈ.

ਕਿਤੜਾ, ਕਿਤੜੀ, ਕਿਤੜੇ, ਕਿਤੜੋ: ਵਿ- ਕਿਤਨਾ. ਕਿਤਨੀ. ਕਿਸ ਕ਼ਦਰ. ਕਿੰਨੇ.

ਕਿਤਾ: ਕੀਤਾ. ਕਰਿਆ. "ਜਮ ਕਾਲ ਵਸਿ ਕਿਤਾ." (ਵਾਰ ਸੂਹੀ ਮਃ ੩) "ਸਭ ਪੁੰਨ ਤਿਨਿ ਕਿਤਾ." (ਗਉ ਵਾਰ ੨. ਮਃ ੫) ੨. ਸੰਗਯਾ- ਕ੍ਰਿਤ੍ਯ. ਕੰਮ. ਕਿੱਤਾ। ੩. ਵਿ- ਕਿਤਨਾ. ਕੇਤਾ। ੪. ਅ਼. قطعہ ਕ਼ਿਤ਼ਅ਼. ਸੰਗਯਾ- ਟੁਕੜਾ. ਖੰਡ. ਭਾਗ। ੫. ਛੰਦ ਦਾ ਭਾਗ. ਪਦ੍ਯਕਾਵ੍ਯ ਦਾ ਹਿੱਸਾ.

ਕਿਤਾਬ: ਅ਼. کتاب ਸੰਗਯਾ- ਲਿਖਿਆ ਹੋਇਆ ਪੁਸ੍ਤਕ. ਗ੍ਰੰਥ। ੨. ਖ਼ਤ. ਪਤ੍ਰ. ਚਿੱਠੀ.

ਕਿਤਾਬਤ: ਅ਼. کتابت ਸੰਗਯਾ- ਲਿਖਤ. ਤਹਰੀਰ.

ਕਿਤਾਬ ਮੁਕੱਦਸ, ਕਿਤਾਬ ਮੁਕ਼ੱਦਸ: ਅ਼. کتاب مقدس ਪਵਿਤ੍ਰ ਪੁਸ੍ਤਕ. ਧਰਮ ਦਾ ਉਹ ਗ੍ਰੰਥ, ਜੋ ਕਰਤਾਰ ਦਾ ਹੁਕਮ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ, ਵੇਦ, ਬਾਈਬਾਲ, ਕ਼ੁਰਾਨ ਆਦਿਕ.

ਕਿਤਾਬੀ: ਵਿ- ਕਿਤਾਬ ਨਾਲ ਹੈ ਜਿਸ ਦਾ ਸੰਬੰਧ। ੨. ਕਿਤਾਬ ਦਾ ਲੇਖ। ੩. ਕਿਤਾਬ ਦੀ ਸ਼ਕਲ ਦਾ। ੪. ਲਿਖਤੀ. ਜਿਵੇਂ- "ਕਿਤਾਬੀ ਬੋਲੀ."

ਕਿਤਿ: ਸੰਗਯਾ- ਕੀਰ੍ਤਿ. ਯਸ਼. "ਨਾਮ ਕਿਤਿ ਸੰਸਾਰ ਕਿਰਣ ਰਵਿ." (ਸਵੈਯੇ ਮਃ ੩. ਕੇ)

ਕਿਤੀ: ਦੇਖੋ, ਕੀਰ੍ਤਿ। ੨. ਵਿ- ਕਿਤਨੇ. "ਕਿਤੀ ਜੋਬਨ ਪ੍ਰੀਤਿ ਬਿਨੁ." (ਸ. ਫਰੀਦ) ੩. ਸਰਵ- ਕਿਸੇ. "ਉਪਾਇ ਨ ਕਿਤੀ ਪਾਇਆ ਜਾਏ." (ਮਾਝ ਅਃ ਮਃ ੩)

ਕਿਤੀਂ: ਵਿ- ਕਿਤਨੇ. "ਕਿਤੀਂ ਇਤੁ ਦਰੀਆਇ ਵੰਞਨਿ ਵਹਿੰਦਿਆ." (ਆਸਾ ਮਃ ੫)

ਕਿਤੀਆਕੁ: ਵਿ- ਕਿਸਕ਼ਦਰ. ਕਿਤਨਾ. ਕਿਤਨੇ. "ਕਿਤੀਆਕੁ ਢੰਗ ਗੁਝਾ ਥੀਐ ਨ ਹਿਤ." (ਵਾਰ ਗੂਜ ੨. ਮਃ ੫) ਕਿਤਨੇ ਹੀ ਢੰਗ ਕਰੋ, ਪ੍ਰੇਮ ਗੁੱਝਾ ਨਹੀਂ ਰਹਿੰਦਾ.

ਕਿਤੁ: ਕ੍ਰਿ. ਵਿ- ਕੁਤ੍ਰ. ਕਿੱਥੇ. ਕਹਾਂ. "ਜਾਹਿ ਨਿਰਾਸੇ ਕਿਤੁ?" (ਵਾਰ ਆਸਾ) ੨. ਕਿਉਂ. ਕਿਸ ਲਈ. "ਸਤਿਗੁਰੁ ਜਿਨਿ ਨ ਸੇਵਿਓ ਸੇ ਕਿਤੁ ਆਏ ਸੰਸਾਰ?" (ਸ੍ਰੀ ਅਃ ਮਃ ੫) ੩. ਸਰਵ- ਕਿਸ. "ਕਿਤੁ ਬਿਧਿ ਪੁਰਖਾ! ਜਨਮੁ ਗਵਾਇਆ?" (ਸਿਧਗੋਸਟਿ) "ਪਾਈਐ ਕਿਤੁ ਭਤਿ?" (ਸ੍ਰੀ ਮਃ ੪. ਵਣਜਾਰਾ) ਕਿਸ ਪ੍ਰਕਾਰ ਪਾਈਏ?

ਕਿੰਤੁ: ਸੰ. किन्तु ਵ੍ਯ- ਪਰ. ਲੇਕਿਨ। ੨. ਬਲਕਿ. ਸਗੋਂ.

ਕਿੰਤੂ: ਦੇਖੋ, ਕਿੰਤੁ.

ਕਿਤੇ: ਕ੍ਰਿ. ਵਿ- ਕਿਸੇ ਥਾਂ। ੨. ਵਿ- ਕਿਤਨੇ। ੩. ਸਰਵ- ਕਿਸੇ.

ਕਿੰਤੇ: ਸੰ. ਕਿਯੰਤਿ. ਵਿ- ਕਿਤਨੇ. "ਕਿੰਤੇ ਨਾਮਾ ਅੰਤੁ ਨ ਜਾਣਿਆ." (ਰਾਮ ਮਃ ੧)

ਕਿਤੈ: ਕ੍ਰਿ. ਵਿ- ਕਿਸੇ ਥਾਂ. ਕੁਤ੍ਰ. "ਕਿਤੈ ਦੇਸਿ ਨ ਆਇਆ ਸੁਣੀਐ." (ਰਾਮ ਅਃ ਮਃ ੧)

੨. ਕਿਸੇ ਤਰਾਂ. ਕਿਸੀ ਪ੍ਰਕਾਰ. "ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ." (ਸ੍ਰੀ ਮਃ ੧)

ਕਿਤੋ: ਵਿ- ਕਿਤਨਾ. ਕਿਯਤ। ੨. ਵਜ- ਜਾਂ. ਵਾ. ਅਥਵਾ. "ਕਿਤੋ ਚੀਤ ਧਾਰੇ ਭਯੋ ਭਰਮ ਭਾਰੀ." (ਗੁਵਿ ੧੦) ਦੇਖੋ, ਕਿਧੌਂ। ੩. ਕੀਤਾ. ਕਰਿਆ. "ਨਾਨਕ ਸਖਾ ਜੀਅ ਸੰਗਿ ਕਿਤੋ." (ਗਾਥਾ)

ਕਿੱਤ, ਕਿੱਤਿ, ਕਿੱਤਿਯੰ, ਕਿੱਤੀਯੰ: ਸੰ. ਕੀਰ੍ਤਿ. ਸੰਗਯਾ- ਯਸ਼. ਨਾਮਵਰੀ. "ਦੇਵ ਦੈਤ ਕਿੱਤ ਬੁੱਝ ਹੈਂ." (ਪਾਰਸਾਵ) "ਜਿਨੈ ਕਿੱਤਿਯੰ ਜਿੱਤਿਯੰ ਫੌਜ ਤਾਮੰ." (ਵਿਚਿਤ੍ਰ) ਜਿਸ ਨੇ ਭਯੰਕਰ ਸੈਨਾ ਵਿੱਚ ਕੀਰਤਿ ਜਿੱਤੀ ਹੈ, ਭਾਵ- ਨਾਮਵਰੀ ਪਾਈ ਹੈ.

ਕਿਥਹੁ: ਕ੍ਰਿ. ਵਿ- ਕਿਸ ਥਾਂ ਤੋਂ. ਕਹਾਂ ਸੇ. "ਕਿਥਹੁ ਉਪਜੈਕਹਿ ਰਹੈ?" (ਵਾਰ ਬਸੰ)

ਕਿਥਾ, ਕਿਥਾਊ, ਕਿਥੇ, ਕਿੱਥੇ: ਕ੍ਰਿ. ਵਿ- ਕਿਸ ਥਾਂ। ਕਹਾਂ. ੨. ਕਿਸੀ ਜਗਾ. "ਰਹਣੁ ਕਿਥਾਊ ਨਾਹਿ." (ਸ. ਫਰੀਦ) "ਕਿਥੇ ਤੈਡੇ ਮਾਪਿਆ?" (ਸ. ਫਰੀਦ)

ਕਿੰਦਬੇਗ: ਇਹ ਅਸਲ ਨਾਉਂ ਕੁੰਦਬੇਗ ਹੈ. ਦੇਖੋ, ਕੁੰਦ ਸ਼ਬਦ ਦਾ ਨੰਬਰ ੭. ਅਤੇ ੮. ਬਾਦਸ਼ਾਹ ਜਹਾਂਗੀਰ ਦਾ ਅਹਿਲਕਾਰ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿੱਚ ਵਜ਼ੀਰਖ਼ਾਨ ਨਾਲ ਕਈ ਵਾਰ ਹਾਜਿਰ ਹੋਇਆ. ਭਾਈ ਸੰਤੋਖ ਸਿੰਘ ਨੇ ਇਸ ਦਾ ਨਾਉਂ ਕਿੰਚਬੇਗ ਲਿਖਿਆ ਹੈ.

ਕਿਦਾ, ਕਿਦਾਂ: ਕ੍ਰਿ. ਵਿ- ਕੈਸੇ. ਕਿਸ ਪ੍ਰਕਾਰ.

ਕਿਦਾਰ: ਦੇਖੋ, ਕਿਆਰ ਅਤੇ ਕੇਦਾਰ. "ਹੇਰ ਕਿਦਾਰ ਸੁ ਭਯੋ ਹਰਾਨਾ." (ਨਾਪ੍ਰ) ਖੇਤ ਨੂੰ ਦੇਖਕੇ ਹੈਰਾਨ ਹੋ ਗਿਆ.

ਕਿਦਾਰਾ: ਭਾਈ ਸੰਤੋਖ ਸਿੰਘ ਜੀ ਦੇ ਲੇਖ ਅਨੁਸਾਰ ਪਿੰਡ ਮਦ੍ਰ ਦਾ ਵਸਨੀਕ ਇੱਕ ਸਿੱਖ, ਜਿਸਦੇ ਹਜੀਰਾਂ ਸਨ ਸ਼੍ਰੀ ਗੁਰੂ ਅਰਜਨ ਦੇਵ ਦਾ ਜੋੜਾ ਛੁਹਣ ਤੋਂ ਇਸ ਦਾ ਰੋਗ ਦੂਰ ਹੋਇਆ. ਯਥਾ-

"ਮਦ੍ਰੀਂ ਉਤਰੇ ਗੁਰੁ ਪ੍ਰਭੂ[375] ਦਾਸਨ ਲਾਇ ਤੁਰੰਗ, x x

ਸ੍ਰੀ ਅਰਜਨ ਜੀ ਇਸ ਥਲ ਆਏ,

ਸਿੱਖ ਕਿਦਾਰਾ ਮਿਲਜੋ ਸੁਭਾਏ,

ਹੁਤੀ ਹਜੀਰਾਂ ਗਰ ਮਹਿ ਤਾਹੀ,

ਦੇਤ ਵਿਖਾਦ ਮਿਟਤ ਸੋ ਨਾਹੀ.

(ਗੁਪ੍ਰਸੂ) ਰਾਸਿ ੫. ਅਃ ੫੨)

ਇਸ ਪ੍ਰਸੰਗ ਤੇ ਦੇਖੋ, ਮਦ੍ਰ ੪। ੨. ਝੰਝੀ ਗੋਤ ਦਾ ਗੁਰੂ ਅਰਜਨ ਦੇਵ ਦਾ ਸਿੱਖ, ਜਿਸ ਨੇ ਅਮ੍ਰਿਤਸਰ ਬਣਨ ਸਮੇਂ ਵਡੀ ਸੇਵਾ ਕੀਤੀ। ੩. ਸ਼੍ਰੀ ਗੁਰੂ ਅਰਜਨ ਦੇਵ ਦੇ ਦਰਬਾਰ ਦਾ ਇੱਕ ਰਾਗੀ ਸਿੱਖ। ੪. ਦੇਖੋ, ਕੇਦਾਰਾ.

ਕਿਦਾਰੀ: ਸ਼੍ਰੀ ਗੁਰੂ ਅੰਗਦ ਦੇਵ ਦਾ ਪ੍ਰਸਿੱਧ ਪਰਉਪਕਾਰੀ ਸਿੱਖ। ੨. ਡੱਲਾ ਨਿਵਾਸੀ ਸ਼੍ਰੀ ਗੁਰੂ ਅਮਰ ਦੇਵ ਦਾ ਸੇਵਕ। ੩. ਦੇਖੋ, ਕੇਦਾਰੀ.

ਕਿਦਿਹ: ਕਿਸ ਦਿਨ. ਕਿਸ ਰੋਜ਼.

---

[375] ਗੁਰੂ ਹਰਿਗੋਬਿੰਦ ਸਾਹਿਬ.

ਕਿੰਦੁਕ: ਸੰ. ਕੰਦੁਕ. ਸੰਗ੍ਯਾ- ਗੇਂਦ. ਫਿੰਡ.

ਕਿਦੂ: ਸਰਵ- ਕਿਸ. "ਕਿਦੂ ਥਾਵਹੁ ਹਮ ਆਏ?" (ਗਉ ਮਃ ੧) ੨. ਕਿਸ ਤੋਂ। ੩. ਕ੍ਰਿ. ਵਿ- ਕੈਸੇ. ਕਿਸ ਪ੍ਰਕਾਰ. "ਲਾਭ ਕਿਦੂ ਹੋਈ." (ਭੈਰ ਮਃ ੩)

ਕਿਦੂਰ: ਕਿਯਤ੍- ਦੂਰ (कियद्दूर ) ਕਿਤਨੀ ਦੂਰ.

ਕਿਧਰ: ਕ੍ਰਿ. ਵਿ- ਕਿਸ ਤਰਫ਼. ਕਿਸ ਪਾਸੇ.

ਕਿਧੋਂ, ਕਿਧੌਂ: ਵ੍ਯ- ਅਥਵਾ. ਜਾਂ. ਵਾ. "ਕਿਧੋਂ ਦੇਵਕਨ੍ਯਾ ਕਿਧੋਂ ਬਾਸਵੀ ਹੈ." (ਰਾਮਾਵ) ੨. ਮਾਨੋਂ. ਗੋਯਾ। ੩. ਦਸਮਗ੍ਰੰਥ ਵਿੱਚ ਕਿਧੌਂ ਸ਼ਬਦ ਤਿਸ ਸਮੇਂ (ਉਸ ਵੇਲੇ) ਦਾ ਬੋਧਕ ਅਨੇਕ ਥਾਂ ਆਇਆ ਹੈ. "ਹੋਇ ਇਕਤ੍ਰ ਕਿਧੌਂ ਬ੍ਰਿਜਬਾਲਕ." (ਕ੍ਰਿਸਨਾਵ)

ਕਿਨ: ਸਰਵ- ਕਿਸ ਦਾ ਬਹੁ ਵਚਨ. "ਕਿਨ ਬਿਧਿ ਮਿਲੀਐ ਕਿਨ ਬਿਧਿ ਬਿਛੁਰੈ." (ਮਾਝ ਅਃ ਮਃ ੩) ੩. ਕ੍ਰਿ. ਵਿ- ਕਿਉਂ ਨਾ. ਕਿਉਂ ਨਹੀਂ. "ਉਠ ਕਿਨ ਜਪਹਿ ਮੁਰਾਰਿ?" (ਸ. ਕਬੀਰ) ੩. ਜਾਂ. ਅਥਵਾ. "ਸੁਰਗ ਵੈਕੁੰਠ ਕਿਨ ਦਰਬ ਲੀਜੈ." (ਗੁਵਿ ੧੦) ਸੁਰਗ, ਵੈਕੁੰਠ, ਅਥਵਾ ਧਨ ਲੀਜੈ। ੪. ਦੇਖੋ, ਕਿਨਿ.

ਕਿਨਕਾ: ਦੇਖੋ, ਕਿਣਕਾ. ਸੰਗ੍ਯਾ- ਜ਼ੱਰਰਾ. ਭਾਵ- ਪਲਮਾਤ੍ਰ. ਕ੍ਸ਼ਣ (ਖਿਨ) ਭਰ. "ਹਰਿਨਾਮੁ ਦਿੜਾਵਹੁ ਇਕ ਕਿਨਕਾ." (ਵਾਰ ਸੋਰ ਮਃ ੪)

ਕਿਨਖੇ: ਦੇਖੋ, ਖੇ.

ਕਿੰਨਰ: ਸੰ. किन्नर ਸੰਗ੍ਯਾ- ਨਿੰਦਿਤ ਸ਼ਕਲ ਦਾ ਨਰ, ਜਿਸਦਾ ਧੜ ਮਨੁੱਖ ਦਾ ਅਤੇ ਮੂੰਹ ਘੋੜੇ ਦਾ. ਇਹ ਪੁਲਸ੍ਤ੍ਯ ਰਿਖੀ ਦੀ ਉਲਾਦ ਹਨ. ਕੁਬੇਰ ਦੀ ਸਭਾ ਵਿੱਚ ਜਦ ਗੰਧਰਵ ਗਾਉਂਦੇ ਹਨ ਤਦ ਕਿੰਨਰ ਨਾਚ ਕਰਦੇ ਹਨ. ਇਹ ਸ੍ਵਰਗਲੋਕ ਵਿੱਚ ਭੀ ਨ੍ਰਿਤ੍ਯ ਕੀਤਾ ਕਰਦੇ ਹਨ. ਇਨ੍ਹਾਂ ਦਾ ਨਾਉਂ ਕਿੰਪੁਰੁਸ਼ ਭੀ ਹੈ. "ਕਿੰਨਰ ਗੰਧ੍ਰਬ ਗਾਨ ਕਰੈਂ ਗਨ. (ਚੰਡੀ ੧)

ਕਿੰਨਰੀ: ਸੰਗ੍ਯਾ- ਕਿੰਨਰ ਦੀ ਇਸਤ੍ਰੀ. ਦੇਵਸਭਾ ਦੀ ਘੋੜੇਮੂੰਹੀ ਨਚਾਰ ਇਸਤ੍ਰੀ। ੨. ਵੀਣਾ. ਦੋ ਤੂੰਬਿਆਂ ਵਾਲੀ ਤੰਤ੍ਰੀ. "ਕਹੂੰ ਕਿੰਨਰੀ ਕਿੰਨਰੀ ਲੈ ਬਜਾਵੈਂ." (ਰਾਮਚੰਦ੍ਰਿਕਾ) ੩. ਕਿੰਗਾਰੀ. "ਯੋਗੀਆਂ ਦੀ ਇੱਕਤਾਰੀ ਵੀਣਾ. ਦੇਖੋ, ਕਿੰਗੁਰੀ.

ਕਿਨਾਹ: ਕਿਨ੍ਹਾਂ ਨੂੰ। ੨. ਕਿਨ੍ਹਾਂ ਦਾ.

ਕਿਨਾਤ, ਕਿਨਾਯਤ: ਦੇਖੋ, ਕਨਾਯਤ. "ਹਰਹੁ ਈਰਖਾ ਕਰਹੁ ਕਿਨਾਯਤ." (ਨਾਪ੍ਰ)

ਕਿਨਾਰ: ਦੇਖੋ, ਕਨਾਰ.

ਕਿਨਾਰਾ: ਫ਼ਾ. کنارہ ਸੰਗ੍ਯਾ- ਕੰਢਾ. ਤਟ। ੨. ਪਾਸਾ. ਬਗ਼ਲ। ੩. ਗੋਟ. ਹਾਸ਼ੀਆ.

ਕਿਨਿ: ਕਿਨ੍ਹਾਂ ਨੇ। ੨. ਕਿਸ ਬਿਧਿ ਨਾਲ. ਕਿਉਂਕਰ. "ਕਿਨਿ ਕਹੀਐ ਕਿਉ ਦੇਖੀਐ ਭਾਈ, ਕਰਤਾ ਏਕੁ ਅਕਥੁ." (ਸੋਰ ਅਃ ਮਃ ੫)

ਕਿੰਨਿ: ਦੇਖੋ, ਕਿਨਿ। ੨. ਕ੍ਰਿ. ਵਿ- ਕਿਤਨੇ. ਕਿਸ ਕ਼ਦਰ. ਕਿੰਨੇ. "ਖੇਵਟ ਕਿੰਨਿ ਗਏ." (ਆਸਾ ਫਰੀਦ) ਭਾਵ ਕਿਤਨੇ ਪੇਸ਼ਵਾ (ਆਗੂ) ਹੋ ਗੁਜ਼ਰੇ.

ਕਿਨਿਬਿਧਿ: ਕਿਸ ਯੁਕ੍ਤਿ ਨਾਲ. ਕਿਸ ਪ੍ਰਕਾਰ ਸੇ. "ਕਿਨਿਬਿਧਿ ਆਵਣੁ ਜਾਵਣੁ ਤੂਟਾ." (ਮਾਝ ਅਃ ਮਃ ੫)

ਕਿਨੇ: ਵਿ- ਕਿਤਨੇ। ੨. ਸਰਵ- ਕਿਸ ਨੇ.

ਕਿਨੇਹਾ, ਕਿਨੇਹਿਆ, ਕਿਨੇਹੀ: ਕ੍ਰਿ. ਵਿ- ਕੈਸਾ. ਕੇਹੋ ਜੇਹਾ. ਕੈਸੀ. ਕਿਸ ਪ੍ਰਕਾਰ ਦੀ. "ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ?" (ਵਾਰ ਆਸਾ ਮਃ ੨) "ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ?" (ਆਸਾ ਮਃ ੫)

ਕਿਨੈ: ਸਰਵ- ਕਿਸੇ ਨੇ. "ਕਿਨੈ ਵਿਰਲੈ ਚਖਿ ਡੀਠੀ." (ਗਉ ਮਃ ੩)

ਕਿੰਪੁਰਖ, ਕਿੰਪੁਰੁਸ: ਸੰ. किम्पुरुष ਸੰਗਯਾ- ਨਿੰਦਿਤ ਪੁਰੁਸ਼. ਦੇਖੋ, ਕਿੰਨਰ। ੨. ਜੰਬੂ ਦ੍ਵੀਪ ਦਾ ਇੱਕ ਖੰਡ, ਜੋ ਹਿਮਾਲਯ ਅਤੇ ਹੇਮਕੂਟ ਦੇ ਵਿਚਕਾਰ ਮੰਨਿਆ ਹੈ. "ਕਿੰਪੁਰਖ ਖੰਡ ਪਰਵੇਸੇ ਜਾਈ." (ਨਾਪ੍ਰ) ੩. ਨੈਪਾਲ ਇਲਾਕੇ ਦਾ ਨਾਉਂ ਭੀ ਪੁਰਾਣੇ ਗ੍ਰੰਥਾਂ ਵਿੱਚ ਕਿੰਪੁਰੁਸ਼ ਵੇਖੀਦਾ ਹੈ। ੩. ਜੇਰ ਤੋਂ ਉਤਪੰਨ ਹੋਏ ਉਹ ਜੀਵ, ਜੋ ਆਦਮੀ ਨਾਲ ਬਹੁਤ ਮਿਲਦੇ ਹਨ. ਬਨਮਾਨੁਖ ਅਤੇ ਬਾਂਦਰ ਆਦਿ.

ਕਿੰਪੁਰੁਸ਼ੇਸ਼: ਕਿੰਪੁਰੁਸ਼ ਦੇਵਤਿਆਂ ਦਾ ਈਸ਼ (ਸ੍ਵਾਮੀ) ਕੁਬੇਰ.

ਕਿਫ਼ਾਯਤ: ਅ਼. کفایت ਸੰਗਯਾ- ਕਾਫ਼ੀ (ਪੂਰਾ) ਹੋਣ ਦਾ ਭਾਵ। ੨. ਕਮਖ਼ਰਚੀ. ਮਿਤਵ੍ਯਯ.

ਕਿੰਬਦੰਤੀ: ਦੇਖੋ, ਕਿੰਵਦੰਤੀ.

ਕਿਬਲਾ: ਅ਼. قبلہ ਕ਼ਿਬਲਾ. ਕ੍ਰਿ. ਵਿ- ਸਾਮ੍ਹਣੇ. ਸੰਮੁਖ। ੨. ਸੰਗਯਾ- ਜਿਸ ਵੱਲ ਮੂੰਹ ਕਰੀਏ, ਅਜਿਹਾ ਧਰਮਮੰਦਿਰ. ਕਾਬਾ. ਮੱਕੇ ਵਿੱਚ ਮੁਸਲਮਾਨਾਂ ਦਾ ਪ੍ਰਸਿੱਧ ਮੰਦਿਰ. "ਮਨ ਕਰਿ ਮਕਾ, ਕਿਬਲਾ ਕਰਿ ਦੇਹੀ। ਬੋਲਨਹਾਰੁ ਪਰਮਗੁਰ ਏਹੀ." (ਭੈਰ ਕਬੀਰ) ਮਨ ਮੱਕਾ ਅਤੇ ਪਰਮਾਤਮਾ ਕਿਬਲਾ ਕਰ. ਅੰਤਹਕਰਣ ਮੱਕਾ ਹੈ ਅਤੇ ਸਭ ਦੇਹਾਂ ਦਾ ਸ੍ਵਾਮੀ ਕਰਤਾਰ ਉਸ ਵਿੱਚ ਪੂਜ੍ਯ ਹੈ. ਬੋਲਣਹਾਰੁ (ਜੀਵਾਤਮਾ) ਬਾਂਗ ਦੇਣ ਵਾਲਾ ਅਤੇ ਆਗੂ ਹੋਕੇ ਨਮਾਜ ਪੜ੍ਹਾਉਣ ਵਾਲਾ ਪਰਮਗੁਰ (ਇਮਾਮ) ਹੈ.

ਕਿਬਲਾਆਲਮ, ਕ਼ਿਬਲਾਅ਼ਾਲਮ: ਅ਼. قبلہ عالم ਸੰਸਾਰ ਦਾ ਕ਼ਿਬਲਾ. ਜਿਸ ਵੱਲ ਸਾਰੇ ਮੂੰਹ ਕਰਕੇ ਪ੍ਰਾਰਥਨਾ ਕਰਦੇ ਹਨ, ਜਗਤਪੂਜ੍ਯ ਕਰਤਾਰ. ਦੇਖੋ, ਕਿਬਲਾ। ੨. ਬਾਦਸ਼ਾਹਾਂ ਨੂੰ ਭੀ ਲੋਕ ਏਹ ਵਿਸ਼ੇਸ਼ਣ ਦਿੰਦੇ ਹਨ, ਕਿਉਂਕਿ ਕਾਮਨਾ ਵਾਲੇ ਉਨ੍ਹਾਂ ਵੱਲ ਮੂੰਹ ਕਰਦੇ ਹਨ.

ਕਿਬਲਾਸ: ਦੇਖੋ, ਕੈਲਾਸ.

ਕਿੰਬਾ: ਵ੍ਯ- ਕਿੰਵਾ. ਜਾਂ. ਅਥਵਾ. ਯਦਿ. ਵਾ. "ਏਕ ਜੋਤਿ ਏਕਾ ਮਿਲੀ, ਕਿੰਬਾ ਹੋਇ? ਮਹੋਇ." (ਗਉ ਕਬੀਰ) ਜਦ ਪਾਰਬ੍ਰਹਮ ਨਾਲ ਜੋਤਿ ਮਿਲ ਗਈ, ਫਿਰ ਵਿਕਲਪ ਹੋ ਸਕਦਾ ਹੈ? ਨਹੀਂ ਹੁੰਦਾ.

ਕਿਬੋਲਹਿ: ਕੁਬੋਲ ਸੇ. ਕੁਵਾਕ੍ਯ ਕਰਕੇ. "ਟੂਟੇ ਨੇਹੁ ਕਿਬੋਲਹਿ ਸਹੀ." (ਓਅੰਕਾਰ) ੨. ਕੀ ਬੋਲਦਾ ਹੈ.

ਕਿਮ: ਕ੍ਰਿ. ਵਿ- ਕਿਮਿ. ਕੈਸੇ. ਕਿਸ ਤਰਾਂ. ਕਿਵੇਂ.

ਕਿੰਮਤ: ਦੇਖੋ, ਕੀਮਤ। ੨. ਇੱਕ ਪਹਾੜੀਏ ਸਰਦਾਰ ਦਾ ਨਾਉਂ, ਜਿਸ ਦਾ ਜਿਕਰ ਵਿਚਿਤ੍ਰਨਾਟਕ ਵਿੱਚ ਹੈ, ਯਥਾ- "ਹਿੰਮਤ ਕਿੰਮਤ ਸਹਿਤ ਰਿਸਾਏ."

ਕਿਮਾਚ: ਦੇਖੋ, ਕਮਾਚ.

ਕਿਮਾਰ, ਕ਼ਿਮਾਰ: ਅ਼. قمار ਸੰਗਯਾ- ਜੂਆ. ਜੂਪ. ਦ੍ਯੂਤ.

ਕਿਮਾਰਬਾਜ਼, ਕ਼ਿਮਾਰਬਾਜ਼: ਫ਼ਾ. قماباز ਵਿ- ਜੁਆਰੀ. ਜੂਆ ਖੇਡਣ ਵਾਲਾ. ਦ੍ਯੂਤਕਰ.

ਕਿਮਿ: ਦੇਖੋ, ਕਿਮ.

ਕਿਯੂਰ: ਭੁਜਬੰਦ. ਦੇਖੋ, ਕੇਯੂਰ. "ਭੁਜ ਸੁੰਦਰ ਕਰ ਸਜਤ ਕਿਯੂਰਾ." (ਨਾਪ੍ਰ)

ਕਿਰ: ਦੇਖੋ, ਕਿਰਣਾ.

ਕਿਰਸ: ਸੰਗਜਾ- ਕਿੱਤਾ. ਪੇਸ਼ਾ. "ਕੋਈ ਦਲਾਲੀ ਕਿਰਸ ਕਮਾਏ." (ਭਾਗੁ) ੨. कृषि ਕ੍ਰਿਸ਼ਿ. ਖੇਤੀ. "ਜਮ ਚੂਹਾ ਕਿਰਸ ਨਿਤਿ ਕੁਰਕਦਾ." (ਵਾਰ ਗਉ ੧. ਮਃ ੪) ੩. ਕਸ਼ੰਣ (ਵਾਹੀ) ਦੀ ਕ੍ਰਿਯਾ. "ਨਾ ਕੋ ਕਿਰਸ ਕਰੇਇ." (ਵਾਰ ਰਾਮ ੧. ਮਃ ੨)

ਕਿਰਸਾਣ: ਸੰਗਜਾ- ਜੋ ਕ੍ਰਿਸ਼ ਕਰੇ. ਜੋ ਜ਼ਮੀਨ ਵਾਹੇ. ਕ੍ਰਿਸ਼ਕ. ਕ੍ਰਿਸ਼ਿਕਰ. ਕ੍ਰਿਸ਼ਿਕਾਰ. ਕ੍ਰਿਸ਼ਿਵਲ. ਕ੍ਰਿਸ਼ਿਵਾਨ. ਹਲਵਾਹ. ਕਾਸ਼ਤਕਾਰ.

ਕਿਰਸਾਣੀ, ਕਿਰਸਾਣੁ, ਕਿਰਸਾਨ, ਕਿਰਸਾਨੀ: ਸੰਗਜਾ- ਕ੍ਰਿਸ਼ਿਕਰਮ. ਕਾਸ਼ੁਕਾਰੀ. ਵਹਾਈ। ੨. ਖੇਤੀ. ਦੇਖੋ, ਕਿਰਸਾਣ. "ਕਿਰਸਾਣੀ ਕਿਰਸਾਣੁ ਕਰੇ." (ਗਉ ਮਃ ੪) "ਜੈਸੇ ਕਿਰਸਾਣੁ ਬੋਵੈ ਕਿਰਸਾਨੀ." (ਆਸਾ ਮਃ ੫) ਜਿਵੇਂ ਜ਼ਿਮੀਦਾਰ ਖੇਤੀ ਬੀਜਦਾ ਹੈ. "ਕਿਰਸਾਨੀ ਜਿਉ ਰਾਖੈ ਰਖਵਾਲਾ." (ਰਾਮ ਅਃ ਮਃ ੫)

ਕਿਰਸ਼੍ਮਾ: ਦੇਖੋ, ਕਰਸ਼੍ਮਾ.

ਕਿਰਕ: ਦੇਖੋ, ਕਰਕ। ੨. ਦੰਦਾਂ ਵਿੱਚ ਆਕੇ ਜੋ ਕਿਰ ਕਿਰ ਸ਼ਬਦ ਕਰੇ. ਰੇਤ ਅਥਵਾ ਬਾਰੀਕ ਕੰਕਰ. ਜਿਵੇਂ- ਆਟੇ ਵਿੱਚ ਕਿਰਕ ਹੈ.

ਕਿਰਖ: ਸੰ. ਕ੍ਰਿਸ਼ਿ. ਸੰਗਜਾ- ਖੇਤੀ. "ਜੈਸੇ ਕਿਰਖਹਿ ਬਰਸ ਮੇਘ." (ਮਾਲੀ ਮਃ ੫) "ਜਿਉ ਕਿਰਖੈ ਹਰਿਆਇਓ ਪਸੂਆ." (ਗਉ ਮਃ ੫)

ਕਿਰਖਾ: ਸੰਗਜਾ- ਕਰਸ਼ਣ (ਵਾਹੁਣ) ਦੀ ਕ੍ਰਿਯਾ. ਹਲ ਨਾਲ ਲਕੀਰਾਂ ਕੱਢਣੀਆਂ. ਵਹਾਈ। ੨. ਗੁਡਾਈ. ਖੇਤੀ ਵਿਚ ਨਿਕੰਮੇ ਘਾਹ ਨੂੰ ਕਸ਼ੰ (ਖਿੱਚ) ਲੈਣਾ. ਗੋਡੀ. "ਬਿਖੈ ਬਿਕਾਰ ਦੁਸਟ ਕਿਰਖਾ ਕਰੇ." (ਸ੍ਰੀ ਮਃ ੧) ਵਿਕਾਰਾਂ ਨੂੰ ਪੁੱਟਕੇ ਬਾਹਰ ਸੁੱਟੇ. ਨਦੀਣਾ ਕਰੇ। ੩. ਲਕੀਰ ਖਿੱਚਣੀ. ਰੇਖੀ ਕੱਢਣੀ. "ਲੇਖਾ ਧਰਮਰਾਇ ਕੀ ਬਾਕੀ ਜਪਿ ਹਰਿ ਹਰਿ ਨਾਮ ਕਿਰਖੈ." (ਸ੍ਰੀ ਛੰਤ ਮਃ ੪) ਧਰਮਰਾਜ ਦੀ ਬਾਕੀ ਪੁਰ ਹਰਿਨਾਮ ਜਪਕੇ ਟੇਢੀ ਲੀਕ ਫੇਰੇ.

ਕਿਰਖਿ: ਦੇਖੋ, ਕਿਰਖ.

ਕਿਰਚ: ਸੰਗਜਾ- ਹੱਡੀ ਕੰਚ (ਕੱਚ) ਆਦਿਕ ਦਾ ਟੁੱਟਿਆ ਹੋਇਆ ਛੋਟਾ ਟੁਕੜਾ. "ਪਰੀ ਕਿਰਚ ਕੁਛ ਤਹਾਂ ਨਿਹਾਰੇ." (ਗੁਪ੍ਰਸੂ) ੨. ਸਿੱਧੀ ਤਲਵਾਰ. ਸੈਫ. "ਇਲਮਾਨੀਰੁ ਹਲੱਬੀ ਮਗਰਬਿ ਕਿਰਚ ਜੁਨੱਬੀ ਜਾਤੀ." (ਗੁਪ੍ਰਸੂ)

ਕਿਰਣ: ਸੰ. ਸੰਗਜਾ- ਰੌਸ਼ਨੀ ਦੀ ਬਹੁਤ ਸੂਖਮ ਰੇਖਾ. ਅੰਸ਼ੁ. ਰਸ਼ਮਿ। ੨. ਸੂਰਜ.

ਕਿਰਣਧਰ: ਕਿਰਣ (ਰੌਸ਼ਨੀ ਦੀ ਰੇਖਾ) ਦੇ ਧਾਰਨ ਵਾਲਾ, ਸੂਰਜ। ੨. ਚੰਦ੍ਰਮਾ. "ਦੁਤਿਯ ਦਿਵਾਕਰ ਕਿਧੌਂ ਕਿਰਣਧਰ." (ਚਰਿਤ੍ਰ ੨੬੬)

ਕਿਰਣਧਰ ਧਰ ਧਰ: ਕਿਰਣਾਂ ਦੇ ਧਾਰਨ ਵਾਲਾ ਸੂਰਜ ਅਥਵਾ ਚੰਦ੍ਰਮਾ, ਉਸ ਦੇ ਧਾਰਨ ਵਾਲਾ ਆਕਾਸ਼, ਆਕਾਸ਼ ਵਿੱਚ ਆਧਾਰ ਲੈਣ ਵਾਲਾ ਤੀਰ. (ਸਨਾਮਾ)

ਕਿਰਣਾ: ਸੰ. ਕ੍ਰੀ ਧਾਤੁ ਦਾ ਅਰਥ ਹੈ ਛੇਦਨ ਕਰਨਾ- ਨਸ਼੍ਟ ਹੋਣਾ- ਰੇਖਾ ਕਰਨਾ- ਫੈਂਕਣਾ- ਅਲਗ ਕਰਨਾ ਆਦਿਕ. ਇਸ ਤੋਂ ਕਿਰਣਾ ਕ੍ਰਿਯਾ ਹੈ. "ਕਲਰ ਕੇਰੀ ਕੰਧ ਜਿਉ ਅਹਿ ਨਿਸਿ ਕਿਰਿ ਢਹਿਪਾਇ." (ਸ੍ਰੀ ਮਃ ੧)

ਕਿਰਣਿ, ਕਿਰਣੀ: ਵਿ- ਕਿਰਣ ਵਾਲਾ. ਅੰਸ਼ੁਮਾਨ। ੨. ਸੰਗਜਾ- ਚੰਦ੍ਰਮਾ. "ਸਹਜਿ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ." (ਸਵੈਯੇ ਮਃ ੨. ਕੇ) ਗੁਰੁ ਨਾਨਕ ਚੰਦ੍ਰਮਾ ਦੀ ਅਮ੍ਰਿਤ ਬਾਣੀ ਤੋਂ ਆਪ ਨੇ ਸ਼ਾਂਤਿਭਾਵ ਸੰਗ੍ਰਹ ਕੀਤਾ ਹੈ। ੩. ਸੂਰਜ. "ਸਰਵਰ ਕਮਲ ਕਿਰਣਿ ਆਕਾਸੀ." (ਮਲਾ ਅਃ ਮਃ ੧) ੪. ਕਿਰਣਾਂ ਨਾਲ। ੫. ਕਿਰਣਾਂ ਵਿੱਚ. "ਕੀਰਤਿ ਰਵਿ ਕਿਰਣਿ

ਪ੍ਰਗਟ ਸੰਸਾਰਾ." (ਸਵੈਯੇ ਮਃ ੩. ਕੇ) ਸੂਰਜ ਦੀ ਕਿਰਣਾਂ ਵਿੱਚ ਆਪ ਦੀ ਕੀਰਤਿ ਚਮਕ ਰਹੀ ਹੈ। ੬. ਨਦੀ, ਕਿਉਂਕਿ ਉਸ ਦਾ ਪਾਣੀ ਪਹਾੜਾਂ ਤੋਂ ਕਿਰਕੇ (ਸ੍ਰਵਕੇ) ਨਿਕਲਦਾ ਹੈ. "ਸਾਤ ਸਮੁੰਦ ਜਾਂਕੀ ਹੈ ਕਿਰਣੀ." (ਬੰਨੋ)

ਕਿਰਤ: ਸੰ. कृत्य ਕ੍ਰਿਤਜ. ਸੰਗਜਾ- ਕਰਮ. ਕੰਮ. "ਧਰਮਕਿਰਤ ਕਰ ਸੰਤਨ ਸੇਵੈ." (ਗੁਪ੍ਰਸੂ) ੨. ਕ੍ਰਿਤਿ. ਕਰਣੀ. ਕਰਤੂਤ. "ਸਿਰਿ ਸਿਰਿ ਕਿਰਤ ਵਿਹਾਣੀਆ." (ਮਾਰੂ ਮਃ ੫. ਅੰਜੁਲੀ) ੩. ਵਿ- ਕ੍ਰਿਤ. ਕੀਤਾ- ਹੋਇਆ. ਕਰਿਆ। ੪. ਦੇਖੋ, ਕਿਰਤਿ.

ਕਿਰਤਸੰਜੋਗੀ: ਕ੍ਰਿਤ ਕਰਮਾਂ ਦੇ ਸੰਜੋਗ ਨਾਲ. ਕਰਮਾਂ ਦਾ ਪ੍ਰੇਰਿਆ ਹੋਇਆ. ਭਾਵੀ ਦਾ ਪ੍ਰੇਰਿਆ. "ਕਿਰਤਸੰਜੋਗੀ ਦੈਤਰਾਜੁ ਚਲਾਇਆ." ਭੈਰ ਅਃ ਮਃ ੩)

ਕਿਰਤਕਰੰਮਾ: ਸੰ. कृतकर्म्मा ਵਿ- ਕੀਤੇ ਹਨ ਕਰਮ ਜਿਸ ਨੇ. "ਤੂੰ ਸੁਣਿ ਕਿਰਤਕਰੰਮਾ." (ਤੁਖਾ ਬਾਰਹਮਾਹਾ)

ਕਿਰਤ ਕਿਰਤ: ਦੇਖੋ, ਕਿਰਤਿ ਕਿਰਤਿ.

ਕਿਰਤੱਗ: ਦੇਖੋ, ਕ੍ਰਿਤਗਜ.

ਕਿਰਤਘਣ: ਦੇਖੋ, ਕ੍ਰਿਤਘਨ.

ਕਿਰਤਨ: ਦੇਖੋ, ਕੀਰਤਨ.

ਕਿਰਤਨਿ: ਕ੍ਰਿਤਜੋਂ ਮੇਂ. ਕਰਮਾਂ ਵਿੱਚ. "ਕਿਰਤਨਿ ਜੁਰੀਆ." (ਸੂਹੀ ਮਃ ੫. ਪੜਤਾਲ)

ਕਿਰਤਮ: ਸੰ. कृत्रिम ਕ੍ਰਿਤ੍ਰਿਮ. ਵਿ- ਬਣਾਉਟੀ। ੨. ਕਲਪਿਤ. "ਕਿਰਤਮ ਨਾਮੁ ਕਥੇ ਤੇਰੇ ਜਿਹਵਾ." (ਮਾਰੂ ਸੋਲਹੇ ਮਃ ੫) ੩. ਬਣਾਇਆ ਹੋਇਆ. ਰਚਿਆ ਹੋਇਆ. "ਬਿਨ ਕਰਤਾਰ ਨ ਕਿਰਤਮ ਮਾਨੋ." (ਹਜਾਰੇ ੧੦)

ਕਿਰਤਰੇਖ: ਸੰਗਜਾ- ਕ੍ਰਿਤ (ਕੀਤੇ ਹੋਏ) ਕਰਮਾਂ ਅਨੁਸਾਰ ਲਿਖਤ. ਕਰਮਰੇਖਾ. "ਕਿਰਤਰੇਖ ਕਰਿ ਕਰਮਿਆ." (ਬਸੰ ਅਃ ਮਃ ੫)

ਕਿਰਤਾ, ਕਿਰਤਾਇ: ਸੰਗਜਾ- ਕ੍ਰਿਤਜ. ਕਰਮ. "ਸਾਧ ਸੇਵੋ ਸਦਾ ਕਰਉ ਕਿਰਤਾਏ." (ਬਿਲਾ ਮਃ ੫)

ਕਿਰਤਾਸ: ਅ਼. قرطاس ਕ਼ਿਰਤ਼ਾਸ. ਸੰਗਜਾ- ਕਾਗਜ. "ਕੁਟ ਕੁਟ ਸਣ ਕਿਰਤਾਸ ਬਣਾਇਆ." (ਭਾਗੁ)

ਕਿਰਤਾਰਥ, ਕਿਰਤਾਰਥੁ: ਸੰ. कृतार्थ ਕ੍ਰਿਤਾਥੰ. ਵਿ- ਜਿਸ ਦਾ ਪ੍ਰਯੋਜਨ ਪੂਰਾ ਹੋ ਗਿਆ ਹੈ. ਸਫਲ ਮਨੋਰਥ. ਕ੍ਰਿਤਕ੍ਰਿਤਜ. "ਜਪ ਹਰਿ ਕਿਰਤਾਰਥ." (ਰਾਮ ਅਃ ਮਃ ੧) "ਹਿਰਦੈ ਨਾਮੁ ਸਦਾ ਕਿਰਤਾਰਥੁ." (ਬਿਲਾ ਅਃ ਮਃ ੧)

ਕਿਰਤਿ: ਸੰ. ਕ੍ਰਿਤਿ. ਸੰਗਜਾ- ਕਰਮ. ਕਰਣੀ. ਕਰਤੂਤ. "ਕਿਰਤਿ ਕਰਮ ਕੇ ਬੀਛੁੜੇ." (ਬਾਰਹਮਾਹਾ ਮਾਝ) ੨. ਮਿਹਨਤ. ਘਾਲ. "ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤਿ ਨ ਮੇਟਿਆਜਾਈ." (ਬਸੰ ਮਃ ੧) ਇਸ ਮਿਹਨਤ ਦਾ ਫਲ ਨਿਸਫਲ ਨਹੀਂ ਹੋਵੇਗਾ। ੩. ਕੀਰਤਿ. ਜਸ. "ਕਿਰਤਿ ਸੰਜੋਗਿ ਸਤੀ ਉਠਹੋਈ." (ਗਉ ਮਃ ੫) ਕੇਵਲ ਵਾਹ ਵਾਹ ਕਰਾਉਣ ਲਈ ਸਤੀ ਹੋ ਗਈ.

ਕਿਰਤਿਕਰਤਿ: ਸੰ. ਕ੍ਰਿਤ ਕ੍ਰਿਤਜ. ਦੇਖੋ, ਕਿਰਤਾਰਥ. "ਪ੍ਰਭੁ ਕਿਰਤਿਕਿਰਤਿ ਕਰੀ." (ਸਾਰ ਮਃ ੫. ਪੜਤਾਲ)

ਕਿਰਤੀ: ਵਿ- ਕ੍ਰਿਤਜ ਕਰਨ ਵਾਲਾ. ਮਿਹ਼ਨਤੀ.

ਕਿਰਤੁ: ਦੇਖੋ, ਕਿਰਤ. "ਨਕਿ ਨਥ ਖਸਮ ਹਥ ਕਿਰਤੁ ਧਕੇ ਦੇ." (ਵਾਰ ਸੋਰ ਮਃ ੨) ੨. ਦੇਖੋ, ਕ੍ਰਤੁ। ੩. ਕ੍ਰਿਤਜ. ਕਰਮ ੪. ਕ੍ਰਿਤ. ਕੀਤਾ ਹੋਇਆ. ਭਾਵ- ਕ੍ਰਿਤੋਪਕਾਰ. ਉਪਕਾਰ ਕੀਤਾ ਹੋਇਆ. "ਮਾਊ ਪੀਊ ਕਿਰਤੁ ਗਵਾਇਨਿ." (ਵਾਰ ਮਾਜ ਮਃ ੧)

ਕਿਰਦਗਾਰ: ਫ਼ਾ. کردگار ਕਰਤਾਰ. ਪਾਰਬ੍ਰਹਮ.

ਕਿਰਦਾਰ: ਫ਼ਾ. کردار ਸੰਗਯਾ- ਕਰਮ। ੨. ਅ਼ਮਲ. ਅਭ੍ਯਾਸ. "ਕਾਇਆ ਕਿਰਦਾਰ." (ਮਾਰੂ ਸੋਲਹੇ ਮਃ ੫) ਦੇਹ ਨੂੰ ਅ਼ਮਲਾਂ ਵਾਲੀ ਕਰੋ। ੩. ਦੇਖੋ, ਕ੍ਰਿਦਰ.

ਕਿਰਨ: ਦੇਖੋ, ਕਿਰਣ.

ਕਿਰਨਾ: ਦੇਖੋ, ਕਿਰਣਾ.

ਕਿਰਪਛੇ: ਦੇਖੋ, ਕ੍ਰਿਪਛੇ.

ਕਿਰਪਣ, ਕਿਰਪਨ: ਸੰ. कृपण ਕ੍ਰਿਪਣ. ਸੰਗਯਾ- ਕੰਜੂਸ. ਸੂਮ. "ਕਿਰਪਨ ਲੋਭ ਪਿਆਰ." (ਸ੍ਰੀ ਅਃ ਮਃ ੫) "ਕਿਰਪਨ ਤਨ ਮਨ ਕਿਲਬਿਖ ਭਰੇ." (ਟੋਢੀ ਮਃ ੫) ਦੇਖੋ, ਕ੍ਰਿਪਣ.

ਕਿਰਪਾ: ਸੰ. कृपा ਕ੍ਰਿਪਾ. ਸੰਗਯਾ- ਮਿਹਰਬਾਨੀ. ਦਯਾ. "ਕਿਰਪਾ ਕੀਜੈ ਸਾ ਮਤਿ ਦੀਜੈ." (ਸੂਹੀ ਛੰਤ ਮਃ ੫)

ਕਿਰਪਾਈ: ਵਿ- ਕ੍ਰਿਪਾਵਾਨ. ਕ੍ਰਿਪਾਯਨ. ਕ੍ਰਿਪਾਲੁ. "ਮੋਹਨ ਦੀਨਕਿਰਪਾਈ." (ਮਾਰੂ ਮਃ ੫) "ਤਉ ਮਿਲਿਓ ਜਉ ਕਿਰਪਾਈ." (ਕਾਨ ਮਃ ੫) "ਭਗਤਵਛਲੁ ਕਿਰਪਾਏ." (ਬਿਲਾ ਮਃ ੫)

ਕਿਰਪਾਸ: ਸੰ. कृपाशय ਕ੍ਰਿਪਾਸ਼ਯ. ਵਿ- ਕ੍ਰਿਪਾ ਦਾ ਅਸਥਾਨ. ਕ੍ਰਿਪਾ ਰਹਿੰਦੀ ਹੈ ਜਿਸ ਵਿੱਚ. "ਪ੍ਰਭੁ ਕ੍ਰਿਪਾ ਕਰੀ ਕਿਰਪਾਸ." (ਕਾਨ ਮਃ ੪)

ਕਿਰਪਾਧ, ਕਿਰਪਾਧਿ: ਸੰ. ਕ੍ਰਿਪਾਨਿਧਿ. ਕ੍ਰਿਪਾਬ੍ਧਿ. ਕ੍ਰਿਪਾ ਦਾ ਖ਼ਜ਼ਾਨਾ. ਕ੍ਰਿਪਾ ਦੀ ਹੱਦ. ਕ੍ਰਿਪਾ ਦਾ ਸਮੁੰਦਰ. "ਹੋ ਹੋ ਗੁਰੁ ਕਿਰਪਾਧਿ." (ਕਾਨ ਮਃ ੫)

ਕਿਰਪਾਨ: ਦੇਖੋ, ਕ੍ਰਿਪਾਣ। ੨. ਵਿ- ਕ੍ਰਿਪਾਯਨ. ਕ੍ਰਿਪਾ ਦਾ ਘਰ. ਦਯਾ ਦਾ ਨਿਵਾਸ। ੩. ਕ੍ਰਿਪਾਵਾਨ. "ਹਰਿ ਹੋ ਹੋ ਕਿਰਪਾਨ." (ਕਾਨ ਮਃ ੪. ਪੜਤਾਲ)

ਕਿਰਪਾਨਦ: ਕ੍ਰਿਪਾ ਦਾ ਦਰਿਆ. "ਦੀਜੈ ਸਾਧੁ ਸੰਗਤਿ ਕਿਰਪਾਨਦ." (ਸਾਰ ਮਃ ੫) ਹੇ ਕ੍ਰਿਪਾਸਿੰਧੁ!

ਕਿਰਪਾਨਿ: ਦੇਖੋ, ਕਿਰਪਾਨ। ੨. ਕ੍ਰਿਪਾਨ ਨਾਲ। ੩. ਕ੍ਰਿਪਾ ਤੋਂ. ਰਹਮ ਨਾਲ. "ਮਿਲੀਐ ਗੁਰਕਿਰਪਾਨਿ." (ਆਸਾ ਮਃ ੫)

ਕਿਰਪਾਨਿਧ, ਕਿਰਪਾਨਿਧਿ: ਸੰ. ਕ੍ਰਿਪਾਨਿਧਿ. ਕ੍ਰਿਪਾ ਦਾ ਖ਼ਜ਼ਾਨਾ। ੨. ਕ੍ਰਿਪਾ ਦਾ ਸਮੁੰਦਰ. "ਕਿਰਪਾਨਿਧਿ ਪ੍ਰਭੁ ਦੀਨਦਇਆਲਾ." (ਬਿਲਾ ਮਃ ੫)

ਕਿਰਪਾਨੀ: ਦੇਖੋ, ਕ੍ਰਿਪਾਨੀ। ੨. ਵਿ- ਕ੍ਰਿਪਾ- ਵਾਨੀ. ਕ੍ਰਿਪਾਯਾਲੀ. ਮਿਹਰਬਾਨ. "ਜਨ ਪਰ ਆਪ ਕਿਰਪਾਨੀ." (ਸਲੋਹ)

ਕਿਰਪਾਰ: ਦੇਖੋ, ਕਿਰਪਾਲ.

ਕਿਰਪਾਰੀਆ: ਵਿ- ਕ੍ਰਿਪਾਲੁਤਾ ਵਾਲਾ. ਮਿਹਰਬਾਨ. ਕ੍ਰਿਪਾਲੀਆ. "ਸੇਈ ਹੋਏ ਭਗਤ ਜਿਨਿ ਕਿਰਪਾਰੀਆ." (ਗਉ ਅਃ ਮਃ ੫)

ਕਿਰਪਾਲ, ਕਿਰਪਾਲੁ: ਵਿ- ਕ੍ਰਿਪਾ ਕਰਨ ਵਾਲਾ. ਦਯਾਲੁ. "ਕਿਰਪਾਲੁ ਸਦਾ ਦਇਆਲੁ." (ਬਿਲਾ ਛੰਤ ਮਃ ੧)

ਕਿਰਪਾਵਤ: ਵਿ- ਕ੍ਰਿਪਾ ਵੰਤ. ਕ੍ਰਿਪਾਵਾਨ. "ਪੂਰਿਰਹੇ ਕਿਰਪਾਵਤ. (ਸਾਰ ਮਃ ੫)

ਕਿਰਪੀਸ: ਵਿ- ਕ੍ਰਿਪਾ- ਈਸ਼. ਕ੍ਰਿਪਾ ਦਾ ਸ੍ਵਾਮੀ. "ਹਰਿ ਹੋ ਹੋ ਕਿਰਪੀਸ." (ਕਾਨ ਮਃ ੪. ਪੜਤਾਲ) ੨. ਈਸ਼- ਕ੍ਰਿਪਾ. ਕਰਤਾਰ ਦੀ ਦਯਾ.

ਕਿਰਪੇਨ, ਕਿਰਪੈਨ: ਵਿ- ਕ੍ਰਿਪਾ- ਅਯਨ. ਕ੍ਰਿਪਾ ਦਾ ਘਰ। ੨. ਕ੍ਰਿਪਾਲੁ. "ਪ੍ਰਭੁ ਭਏ ਹੈਂ ਕਿਰਪੇਨ." (ਕਾਨ ਮਃ ੫) "ਤਿਨਿ ਪਾਇਓ ਜਿਸੁ ਕਿਰਪੈਨ." (ਧਨਾ ਮਃ ੫)

ਕਿਰਪੰਗਨਾ: ਵਿ- ਕ੍ਰਿਪਾ ਹੈ ਜਿਸ ਦੀ ਅੰਗਨਾ. ਕ੍ਰਿਪਾ ਦਾ ਪਤਿ। ੨. ਕ੍ਰਿਪਾਂਗਿਨ. ਕ੍ਰਿਪਾਂਗੀ. ਕ੍ਰਿਪਾ ਹੈ ਜਿਸ ਦਾ ਅੰਗ. ਕ੍ਰਿਪਾਰੂਪ। ੩. ਕ੍ਰਿਪਾਲੁ। ੪. ਸੰਗਯਾ- ਦਯਾ. ਕ੍ਰਿਪਾ. "ਸੋ ਬੂਝੈ ਜਿਸ ਕਿਰਪੰਗਨਾ." (ਮਾਰੂ ਸੋਲਹੇ ਮਃ ੫)

ਕਿਰਪੰਤ: ਸੰ. ਕ੍ਰਿਪਾਤ- ਕ੍ਰਿਪਾ ਸੇ. "ਕਿਰਪੰਤ ਹਰੀਅੰ ਮਤਿ ਤਤਗਿਆਨੰ." (ਸਹਸ ਮਃ ੫)

ਕਿਰਬਤੀ: ਵਿ- ਕਰਬ (ਚਿੰਤਾ) ਸਹਿਤ। ੨. ਸ਼ੋਕਾ ਤੁਰ. ਰੰਜੀਦਾ. ਦੇਖੋ, ਕਰਬ ੨, ੩. ਅਤੇ ੪. "ਮੁਖ ਤਿਨਾ ਦੇ ਕਿਰਬਤੀ ਬਾਤ ਨ ਪੂਛੈ ਕੋਇ." (ਮਗੋ)

ਕਿਰਮ: ਫ਼ਾ. کرم ਸੰ. कृमि ਕ੍ਰਿਮਿ. ਸੰਗਯਾ- ਕੀੜਾ. ਕੀਟ। ੨. ਅਣੁਕੀਟ. ਬਹੁਤ ਸੂਖਮ ਕੀੜਾ, ਜੋ ਦਿਖਾਈ ਨਹੀਂ ਦਿੰਦਾ. Becteria । ੩. ਲਹੂ ਵੀਰਯ ਆਦਿਕ ਵਿੱਚ ਸੂਖਮ ਬੀਜਰੂਪ ਜੀਵ, ਜੋ ਉਤਪੱਤੀ ਦਾ ਕਾਰਣ ਹਨ.[376] "ਰਕਤ ਕਿਰਮ ਮਹਿ ਨਹੀ ਸੰਘਾਰਿਆ." (ਮਾਰੂ ਸੋਲਹੇ ਮਃ ੫) ੪. ਭਾਵ- ਤੁੱਛ. ਅਦਨਾ. ਕਮੀਨਾ.

ਕਿਰਮਚੀ: ਅ. کیرمزی ਕ਼ਿਰਮਿਜ਼ੀ. ਇੱਕ ਕਿਰਮ (ਕ੍ਰਿਮਿ) ਤੋਂ ਬਣਿਆ ਹੋਇਆ ਲਾਲ ਰੰਗ.

ਕਿਰਮਾਇਣਾ: ਵਿ- ਕ੍ਰਿਮਿ (ਕੀੜੀਆਂ ਦਾ) ਅਯਨ (ਘਰ). ਜਿਸ ਦੇ ਸਰੀਰ ਵਿੱਚ ਕੀੜੇ ਪੈ ਗਏ ਹਨ. ਕੁਸ਼੍ਟ ਆਦਿਕ ਰੋਗਾਂ ਨਾਲ ਗਲਿਤ ਅੰਗ। ੨. ਅਣੁ ਕ੍ਰਿਮਿ (ਤੁੱਛ ਕੀਟ) ਉੱਪਰ. "ਕਰਹੁ ਦਇਆ ਕਿਰਮਾਇਣਾ." (ਮਾਰੂ ਸੋਲਹੇ ਮਃ ੫)

ਕਿਰਮਾਲਾ: ਦੇਖੋ, ਕਰਮਾਲਾ ੨.

ਕਿਰਲਾ: ਸੰ. कृकलास ਕ੍ਰਿਕਲਾਸ. ਸੰਗਯਾ- ਗਿਰਗਿਟ. ਸਰਟ.

ਕਿਰਲੀ: ਛਿਪਕਲੀ. ਗ੍ਰਹਗੋਧਾ. ਛੋਟਾ ਕਿਰਲਾ ਦੇਖੋ, ਕਿਰਲਾ.

ਕਿਰਵਾ: ਸੰਗਯਾ- ਕੀੜਾ. ਕ੍ਰਿਮਿ.

ਕਿਰਾ: ਫ਼ਾ. کرا ਸਰਵ- ਕਿਸ ਨੂੰ. ਕਿਸ ਦੇ ਲਈ.

ਕਿਰਾਂ, ਕ਼ਿਰਾਂ: ਅ. قِران ਕ਼ਰੀਬ ਹੋਣਾ. ਪਾਸ ਹੋਣਾ। ੨. ਇੱਕ ਰਾਸ਼ੀ ਪੁਰ ਕਈ ਗ੍ਰਹਾਂ ਦਾ ਇਕੱਠਾ ਹੋਣਾ। ੩. ਦੇਖੋ, ਸਾਹਿਬਕਿਰਾਂ.

ਕਿਰਾਇਆ: ਦੇਖੋ, ਕਿਰਾਯਾ.

ਕਿਰਾਖੀ: ਕਸ਼ੰਣ ਕੀਤੀ. ਖਿੱਚੀ. ਹਟਾਈ. ਮਿਟਾਈ. "ਜਿਉ ਸੂਰਜਿ ਰੈਣਿ ਕਿਰਾਖੀ." (ਵਾਰ ਸ੍ਰੀ ਮਃ ੪)

ਕਿਰਾਤ: ਸੰ. ਸੰਗਯਾ- ਜੰਗਲੀ ਮਨੁੱਖਾਂ ਦੀ ਇੱਕ ਜਾਤਿ. ਭੀਲ. ਨਿਸ਼ਾਦ। ੨. ਭੂਟਾਨ ਸਿਕਿਮ ਆਦਿਕ ਦਾ ਇਲਾਕਾ. ਕਿਰਾਤ ਦੇਸ਼। ੩. ਚਰਾਇਤਾ। ੪. ਅ. قرات ਕ਼ਿਰਾਤ. ਪੜ੍ਹਨਾ. ਪਠਨ.

ਕਿਰਾਤਾਰਜੁਨੀਯ: ਭਾਰਵੀ ਕਵੀ ਦਾ ਰਚਿਆ ਕਾਵ੍ਯ, ਜਿਸ ਵਿੱਚ ਅਰਜੁਨ ਅਤੇ ਸ਼ਿਵ ਦੇ ਜੰਗ ਦਾ ਪ੍ਰਸੰਗ ਹੈ. ਮਹਾਭਾਰਤ ਦੇ ਤੀਜੇ ਪਰਵ ਵਿੱਚ ਇਹ ਕਥਾ ਵਿਸਤਾਰ ਨਾਲ ਲਿਖੀ ਹੈ. ਦੇਖੋ, ਖਟਕਾਵ੍ਯ.

ਕਿਰਾਨ, ਕ਼ਿਰਾਨ: ਦੇਖੋ, ਕ਼ਿਰਾਂ.

ਕਿਰਾਨਸ਼ਾਹ, ਕ਼ਿਰਾਨਸ਼ਾਹ: ਇਹ ਜ਼ਮਾਨਸ਼ਾਹ ਅਮੀਰਕਾਬੁਲ ਦਾ ਪੁਤ੍ਰ ਸੀ, ਜੋ ਕੁਝ ਸਮੇਂ ਲਈ ਲਹੌਰ ਦਾ ਹਾਕਮ ਥਾਪਿਆ

---

[376] ਦੇਖੋ, ਗਰਭ.

ਗਿਆ ਸੀ. ਇਸ ਨੂੰ ਸਿੱਖਾਂ ਨੇ ਰਾਵੀ ਦੇ ਕਿਨਾਰੇ ਭਾਰੀ ਹਾਰ ਦਿੱਤੀ ਸੀ.

ਕਿਰਾਨੀ: ਦੇਖੋ, ਕ੍ਰਿਸਤਾਨ.

ਕਿਰਾਮ: ਅ਼. کرام ਕਰੀਮ ਦਾ ਬਹੁ ਵਚਨ.

ਕਿਰਾਯਾ: ਅ਼. کرایہ ਸੰਗਯਾ- ਭਾੜਾ.

ਕਿਰਾਰ, ਕਿਰਾੜ: ਸੰ. ਕਿਰਾਟ ਅਤੇ ਕ੍ਰਯਾਰ. ਸੰਗਯਾ- ਹਟਵਾਣੀਆਂ. ਲੈਣ ਦੇਣ ਕਰਨ ਵਾਲਾ. ਵਯਾਪਾਰੀ। ੨. ਭਾਵ- ਮਾਇਆ ਦਾ ਸੇਵਕ. "ਨਾਲ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ." (ਸਵਾ ਮਃ ੧) ੩. ਕਾਇਰ. ਬੁਜ਼ਦਿਲ.

ਕਿਰਿ: ਕ੍ਰਿ. ਵਿ- ਕਿਰਕੇ. ਦੇਖੋ, ਕਿਰਣਾ. "ਅਹਿਨਿਸਿ ਕਿਰਿ ਢਹਿਪਾਇ." (ਸ੍ਰੀ ਮਃ ੧)

ਕਿਰਿਆ: ਸੰ. ਕ੍ਰਿਯਾ. ਸੰਗਯਾ- ਕਰਮ. ਕੰਮ। ੨. ਆਚਾਰ। ੩. ਸ਼੍ਰਾੱਧ ਆਦਿਕ ਕਰਮ. "ਪਿੰਡ ਪਤਲਿ ਮੇਰੀ ਕੇਸਉ ਕਿਰਿਆ." (ਆਸਾ ਮਃ ੧) ੪. ਦੇਖੋ, ਕ੍ਰਿਯਾ.

ਕਿਰਿਆਚਾਰ: ਸੰਗਯਾ- ਕ੍ਰਿਯਾ ਦਾ ਆਚਰਣ. ਕਰਮਕਾਂਡ ਦਾ ਕਰਨਾ. "ਕਿਰਿਆਚਾਰ ਕਰਹਿ ਖਟਕਰਮਾ." (ਗੂਜ ਮਃ ੫)

ਕਿਰਿਸ਼ਮਾ: ਦੇਖੋ, ਕਰਸ਼੍ਮਾ.

ਕਿਰੀਆ: ਦੇਖੋ, ਕਿਰਿਆ.

ਕਿਰੀਆਨ: ਰੇਸ਼ਮੀ ਡੋਰਾ, ਜਿਸ ਨਾਲ ਘਾਉ (ਜ਼ਖਮ) ਸੀਤਾ ਜਾਂਦਾ ਹੈ. "ਤਹਾਂ ਤਾਂਹਿ ਕਿਰੀਆਨ ਕੈ ਘਾਵ ਸੀਨਾ." (ਗੁਰੁਸਭਾ)

ਕਿਰੀਚਕ: ਦੇਖੋ, ਕੀਚਕ.

ਕਿਰੀਚਕਮਾਰ: ਸੰਗਯਾ- ਨਾਸ਼ ਕਰਨ ਵਾਲੀ ਮਾਰ.[377] ਅਜਿਹੀ ਮਾਰ, ਜੇਹੀ ਕਿ ਭੀਮਸੇਨ ਨੇ ਕੀਚਕ ਪੁਰ ਕੀਤੀ ਸੀ. "ਵੇਸ਼ਯਾ ਏਕ ਜਿਯਤ ਨਹਿ ਬਾਚੀ। ਐਸੀ ਮਾਰ ਕਿਰੀਚਕ ਮਾਚੀ." (ਚਰਿਤ੍ਰ ੧੯੮) ਦੇਖੋ, ਕੀਚਕ.

ਕਿਰੀਟ: ਸੰ. ਸੰਗਯਾ- ਮੁਕੁਟ. ਤਾਜ। ੨. ਦੇਖੋ, ਸਵੈਯੇ ਦਾ ਰੂਪ ੧੪.

ਕਿਲ: ਸੰ. ਵ੍ਯ- ਨਿਸ਼ਚੇ ਕਰਕੇ. ਯਕ਼ੀਨਨ। ੨. ਸੰਗਯਾ- ਸਤ੍ਯ. ਸੱਚ। ੩. ਝੂਠ। ੪. ਕਾਰਣ. ਸਬਬ। ੫. ਪਛਤਾਵਾ.

ਕਿਲਕ: ਫ਼ਾ. کلک ਸੰਗਯਾ- ਥੋਥੀ ਕਾਨੀ. ਕ਼ਲਮ।੨ ਸੰ. ਕੀਲਕ. ਕੀਲਾ. ਮੇਖ. "ਅਬ ਲੌ ਖਰੋ ਕਰੀਰ ਤਰੁ ਕਿਲਕ ਲਗ੍ਯੋ ਪਗ ਜਹ." (ਗੁਪ੍ਰਸੂ) ੩. ਕਿਲਕਾਰੀ ਲਈ ਭੀ ਕਿਲਕ ਸ਼ਬਦ ਵਰਤਿਆ ਜਾਂਦਾ ਹੈ. "ਮਾਰ ਕਿਲਕ ਬਹੁ ਰੂਅ ਉਠਾਈ." (ਭਾਗੁ)

ਕਿਲਕਟੀ: ਸੰਗਯਾ- ਕਿਲਕਾਰੀ. ਚੀਕ.

ਕਿਲਕਾ: ਇੱਕ ਛੰਦ. ਇਸ ਨੂੰ "ਅਸਤਾ" ਅਤੇ "ਤੋਟਕ" ਭੀ ਆਖਦੇ ਹਨ. ਜੈਸੇ ਸ਼ੰਖਨਾਰੀ ਦਾ ਦੁਗਣਾ ਰੂਪ ਭੁਜੰਗਪ੍ਰਯਾਤ ਹੈ, ਤੈਸੇ ਹੀ ਤਿਲਕਾ ਦਾ ਦ੍ਵਿਗੁਣ ਰੂਪ ਕਿਲਕਾ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ, ।।ऽ, ।।ऽ, ।।ऽ, ।।ऽ.

ਉਦਾਹਰਣ-

ਪਕਰੈਂ ਨਿਤ ਪਾਪ ਪਰਾਤ ਘਨੇ,

ਜਨ ਦੇਖਨ ਕੇ ਤਰ ਸ਼ੁੱਧ ਬਨੇ,

---

[377] ਇਹ ਮੁਹਾਵਰਾ ਹੈ. ਜਿਵੇਂ- "ਨਾਦਿਰਸ਼ਾਹੀ ਕਤਲਾਮ."

ਜਗ ਛੋਰ ਭਜਾ ਗਤਿ ਧਮੰਨ ਕੀ,

ਸੁ ਜਹਾਂ ਤਂਹਿ ਪਾਪਕ੍ਰਿਯਾ ਪ੍ਰਚੁਰੀ. (ਕਲਕੀ)

ਕਿਲਕਾਰ, ਕਿਲਕਾਰੀ: ਸੰਗਯਾ- ਕਿਲ ਕਿਲ ਸ਼ਬਦ ਕਰਕੇ ਚੀਕ ਮਾਰਨੀ.

ਕਿਲਕਿੰਚਿਤ ਹਾਵ: ਦੇਖੋ, ਹਾਵ. "ਹੋਤ ਜਹਾਂ ਇੱਕ ਵਾਰ ਹੀ ਤ੍ਰਾਸ ਹਾਸ ਰਸ ਰੋਸ਼। ਤਾਂ ਸੋਂ 'ਕਿਲਕਿੰਚਿਤ' ਕਹਿਤ ਹਾਵ ਸਭੈ ਨਿਰਦੋਸ਼." (ਜਗਦਵਿਨੋਦ)

ਕਿਲਕਿਲਾ: ਸੰ. ਸੰਗਯਾ- ਕਿਲ ਕਿਲ ਸ਼ਬਦ. ਆਨੰਦ ਬੋਧਕ ਧੁਨਿ. ਕਿਲਕਾਰੀ। ੨. ਡਿੰਗ- ਦੁਧੀਰਾ. ਮਾਹੀਗੀਰ. ਸੰ. कृकालिका ਕ੍ਰਿਕਾਲਿਕਾ. "ਜਸੋਂ ਕਿਲਕਿਲਾ ਮਛਰੀਐ ਦੂ ਪਰ." (ਚਰਿਤ੍ਰ ੨੬੬)

ਕਿਲਟਾ: ਪਹਾ. ਸੰਗਯਾ- ਲੰਮਾ ਅਤੇ ਗਾਉਦੁੰਮ ਟੋਕਰਾ, ਜਿਸ ਨੂੰ ਪਹਾੜੀਏ ਪਿੱਠ ਪਿੱਛੇ ਲਗਾਉਂਦੇ ਹਨ.

ਕਿਲਬਿਖ: ਪਾਪ. ਦੇਖੋ, ਕਿਲਵਿਖ. "ਕਿਲਬਿਖ ਕਾਟੇ ਨਿਮਖ ਅਰਾਧਿਆ." (ਸੋਰ ਮਃ ੫)

ਕਿਲਮਾਸਪਾਦ: ਦੇਖੋ, ਕਲਮਾਸਪਾਦ.

ਕਿਲਮਾਕ, ਕਿਲਮਾਖ: ਤਾਤਾਰੀ. Tartar. ਦੇਖੋ, ਕਲਮਾਕ. "ਕਾਂਬੋਜ ਕਿਲਮਾਕ ਕਠਨਿ ਪਲ ਮੇ ਕਟਡਾਰੇ." (ਚਰਿਤ੍ਰ ੨੧੭)

ਕਿਲਵਿਖ: ਸੰ. ਕਿਲ੍ਵਿਸ਼. ਸੰਗਯਾ- ਪਾਪ। ੨. ਗੁਨਾਹ. "ਕਿਲਵਿਖ ਉਤਰਹਿ ਸੁਧ ਹੋਇ." (ਬਿਲਾ ਮਃ ੫) ੩. ਰੋਗ.

ਕਿਲਾ: ਅ਼. قلعہ ਕ਼ਿਲਅ਼. ਸੰਗਯਾ- ਦੁਰਗ. ਗੜ੍ਹ.

ਕਿਲਾਲ: ਜਲ. ਦੇਖੋ, ਕੀਲਾਲ. "ਕੀਨ ਸਨਾਨ ਕ੍ਰਿਪਾਲੁ ਕਿਲਾਲ." (ਗੁਪ੍ਰਸੂ)

ਕਿਲਾਲਜ: ਕੀਲਾਲ (ਜਲ) ਤੋਂ ਪੈਦਾ ਹੋਇਆ, ਕਮਲ. ਜਲਜ. "ਕਿਲਾਲਜ ਪੁੰਜ, ਦਿਵਾਕਰ ਕੇ ਬਿਨ ਜਸੋਂ ਅਕੁਲਾਏ." (ਨਾਪ੍ਰ)

ਕਿਲੋਖਰੀ: ਦੇਖੋ, ਤਿਲੋਖਰੀ.

ਕਿਲੋਲ: ਦੇਖੋ, ਕਲੋਲ.

ਕਿੱਲ: ਛੋਟੀ ਮੇਖ. ਕੀਲ.

ਕਿੱਲਤ, ਕਿ਼ੱਲਤ: ਅ਼. قلّت ਸੰਗਯਾ- ਕ਼ਲੀਲ (ਥੋੜਾ) ਹੋਣ ਦਾ ਭਾਵ. ਕਮੀ. ਘਾਟਾ.

ਕਿੱਲਾ: ਸੰਗਯਾ- ਕੀਲ. ਕੀਲਕ. ਕੀਲਾ. ਮੇਖ਼। ੨. ਜ਼ਮੀਨ ਦਾ ਇੱਕ ਮਾਪ, ਜੋ ਏਕੜ ਤੁੱਲ ਹੈ.

ਕਿੱਲੀ: ਛੋਟਾ ਕਿੱਲਾ. ਕੀਲੀ.

ਕਿਵ: ਕ੍ਰਿ. ਵਿ- ਕੈਸੇ. ਕਿਸ ਪ੍ਰਕਾਰ. ਕਿਵੇਂ. "ਕਿਵਕਰਿ ਆਖਾ ਕਿਵ ਸਾਲਾਹੀ?" (ਜਪੁ)

ਕਿੰਵਦੰਤੀ: ਸੰ. किंवदन्ती ਸੰਗਯਾ- ਅਫ਼ਵਾਹ. ਲੋਕਾਂ ਦੀ ਕਹਾਉਤ ਦੰਤਕਥਾ. ਪ੍ਰਵਾਦ. Rumour.

ਕਿਵਰਿਯਾ: ਪੁ. ਸੰਗਯਾ- ਕਿਵਾੜੀ. ਕਵਾਟ. ਪਟ. ਤਖਤੇ। ੨. ਤਾਕੀ. ਮੋਰੀ। ੩. ਦੇਖੋ, ਕਿਵਰੀਆ ੨.

ਕਿਵਰੀਆ: ਦੇਖੋ, ਕਿਵਰਿਯਾ। ੨. ਕਿਵਾੜ ਪੁਰ ਰਹਿਣ ਵਾਲਾ. ਪਹਿਰੇਬਰਦਾਰ. ਦ੍ਵਾਰਪਾਲ.

ਕਿੰਵਾ: ਦੇਖੋ, ਕਿੰਬਾ.

ਕਿਵਾਰ: ਦੇਖੋ, ਕਵਾਟ. "ਦਰਸਨੁ ਦੀਜੈ ਖੋਲਿ ਕਿਵਾਰ." (ਬਿਲਾ ਕਬੀਰ)

ਕਿਵਾਰੀ: ਸੰਗਯਾ- ਛੋਟੀ ਤਾਕੀ. ਮੋਰੀ। ੨. ਛੋਟੇ ਤਖਤੇ. ਕਿਵਾੜੀ। ੩. ਵਿ- ਕਿਵਾੜ ਦੀ ਨਿਗਰਾਨੀ ਕਰਨ ਵਾਲਾ. ਡਿਹੁਡੀ ਦਾ ਦਾਰੋਗਾ. ਦਰਵਾਜ਼ੇ ਦਾ ਅਫ਼ਸਰ. "ਕਾਮ ਕਿਵਾਰੀ ਦੁਖ ਸੁਖ ਦਰਵਾਨੀ." (ਭੈਰ ਕਬੀਰ) ਕਾਮ ਕਿਲੇ ਦਾ ਜਮਾਦਾਰ ਹੈ, ਦੁਖ ਸੁਖ ਦੋ ਦਰਵਾਜ਼ੇ ਦੇ ਚੌਕੀਦਾਰ ਹਨ। ੪. ਸੰਗਯਾ- ਰਾਜ- ਪੂਤਾਨੇ ਵਿੱਚ ਇੱਕ ਟੈਕਸ, ਜੋ ਹਰ ਘਰ ਦੇ ਹਿਸਾਬ ਵਸੂਲ ਹੁੰਦਾ ਹੈ.

ਕਿਵਾੜ, ਕਿਵਾੜਾ: ਦੇਖੋ, ਕਪਾਟ ਅਤੇ ਕਵਾਟ.

ਕਿਵਾੜੀ: ਦੇਖੋ, ਕਿਵਾਰੀ.

ਕਿਵੇਂ, ਕਿਵੈ: ਕ੍ਰਿ. ਵਿ- ਕੈਸੇ. ਕਿਮਿ. ਕਿਸੇ ਪ੍ਰਕਾਰ. "ਮਲੁ ਹਉਮੈ ਧੋਤੀ ਕਿਵੈ ਨ ਉਤਰੈ." (ਸ੍ਰੀ ਮਃ ੩)

ਕਿਵੈਹੈ: ਕਰਨਾ ਹੈ. "ਤ੍ਰਯੋਦਸ ਬਰਸ ਗਏ ਫਿਰ ਐਹੈਂ। ਜਾਹੁ ਹਮੈ ਕਛੁ ਕਾਜ ਕਿਵੈਹੈ." (ਰਾਮਾਵ) ਹੇ ਭਰਤ! ਜਾਓ ਅਸੀਂ ਕੁਝ ਕੰਮ ਕਰਨਾ ਹੈ। ੨. ਕੈਸੇ (ਕਿਸ ਪ੍ਰਕਾਰ) ਹੈ?

ਕਿਵੰ: ਦੇਖੋ, ਕਿਵ। ੨. ਕਿਯੰ (ਕੀਤਾ) ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਹਰ ਕੋਪ ਕਿਵੰ." (ਰੁਦ੍ਰਾਵ)

ਕਿੜੀ: ਮੁਲ. ਸੰਗਯਾ- ਹੋਕਾ. ਸਾਵਧਾਨ ਕਰਨ ਲਈ ਕੀਤੀ ਪੁਕਾਰ. ਪੋਠੋਹਾਰ ਵਿੱਚ ਕੈੜ ਆਖਦੇ ਹਨ. "ਕਿੜੀ ਪਵੰਦੀ ਮੁਹਾਇਓਨੁ." (ਸੋਰ ਅਃ ਮਃ ੩) "ਕਿੜੀ ਪਵੰਦੀਈ ਖੜਾ ਨ ਆਪਿ ਮੁਹਾਇ." (ਸ. ਫਰੀਦ)

ਕੀ: ਦੇਖੋ, ਕਿ. "ਬਗੋਯਦ ਕੀ ਮਨ ਫੌਜ ਕੋ ਸ਼ਾਹਮ." (ਕ੍ਰਿਸਨਾਵ) ੨. ਕਰੀ. ਕੀਤੀ. "ਕੀ ਪ੍ਰਤਿਪਾਲ." (ਭੈਰ ਨਾਮਦੇਵ) ੩. ਸਰਵ- ਕਿਆ. "ਆਇਗਇਓ ਕੀ ਨਾ ਆਇਓ?" (ਸੂਹੀ ਛੰਤ ਮਃ ੧) ਜਦ ਕਰਤਾਰ ਮਨ ਵਿੱਚ ਆਗਿਆ, ਤਦ ਕੀ ਨਹੀਂ ਆਇਆ? ਭਾਵ- ਕੁਝ ਬਾਕੀ ਨਹੀਂ ਰਿਹਾ। ੪. ਕ੍ਰਿ. ਵਿ- ਕਿਉਂ. ਕਿਸ ਵਾਸਤੇ. "ਕੀ ਵਿਸਰਹਿ? ਦੁਖ ਬਹੁਤਾ ਲਾਗੈ." (ਆਸਾ ਮਃ ੧) "ਜਨਮਤ ਕੀ ਨ ਮੂਓ ਅਭਾਗਾ." (ਮਾਰੂ ਸੋਲਹੇ ਮਃ ੩) "ਗਹਿਓ ਕੀ ਨ ਅੰਚਲਾ?" (ਫੁਨਹੇ ਮਃ ੫)

ਕੀਂ: ਫ਼ਾ. کیں ਕਿ- ਈਂ ਦਾ ਸੰਖੇਪ. ਕਿ ਇਹ.

ਕੀਉ, ਕੀਓ, ਕੀਅ, ਕੀਅਉ: ਕੀਤਾ. ਕਰਿਆ. "ਬੰਧਪ ਹਰਿ ਏਕ, ਨਾਨਕ ਕੀਉ." (ਮਾਰੂ ਮਃ ੫) "ਕੀਓ ਸੀਗਾਰੁ ਮਿਲਣ ਕੈ ਤਾਈ." (ਬਿਲਾ ਅਃ ਮਃ ੪) "ਗੁਰੁ ਰਾਮਦਾਸ ਘਰਿ ਕੀਅਉ ਪ੍ਰਗਾਸਾ." (ਸੈਵੇਯ ਮਃ ੫. ਕੇ)

ਕੀਅਹਿ: ਕਰੀਦਾ ਹੈ. ਕੀਤਾ ਜਾਂਦਾ ਹੈ. ਕੀਅਹਿੰ. ਕਰੀਦੇ ਹਨ. "ਤੇ ਕੀਅਹਿ ਪਰਵਾਣ." (ਵਾਰ ਸਾਰ ਮਃ ੨)

ਕੀਅਲੋ, ਕੀਆ: ਕੀਤਾ ਹੈ. ਕਰਿਆ. "ਕੰਤ ਹਮਾਰੋ ਕੀਅਲੋ ਖਸਮਾਨਾ." (ਆਸਾ ਮਃ ੫) "ਕੀਆ ਖੇਲੁ ਬਡ ਮੇਲੁ ਤਮਾਸਾ." ( ਸਵੈਯੇ ਮਃ ੪. ਕੇ)

ਕੀਈ: ਕੀਤੀ. ਕਰੀ. "ਹਮ ਹਰਿ ਕੀ ਗੁਰੁ ਕੀਈ ਹੈ ਬਸੀਠੀ." (ਨਟ ਪੜਤਾਲ ਮਃ ੪)

ਕੀਏ: ਕੀਤੇ. ਕਰੇ. "ਕਈ ਕੋਟਿ ਕੀਏ ਧਨਵੰਤ." (ਸੁਖਮਨੀ) ੨. ਕ੍ਰਿ. ਵਿ- ਕਰਨ ਤੋਂ. ਕਰਨੇ ਸੇ. "ਸੁਨਤਿ ਕੀਏ ਤੁਰਕੁ ਜਿ ਹੋਇਗਾ?" (ਆਸਾ ਕਬੀਰ)

ਕੀਸ: ਸਰਵ- ਕਿਸ. ਕਿਸ ਨੂੰ. "ਤਬ ਛਲ ਛਿਦ੍ਰ ਲਗਤ ਕਹੁ ਕੀਸ?" (ਸੁਖਮਨੀ) ੨. ਕੀਅਸ. ਕੀਤਾ. ਕਰਿਆ. "ਪੁਨ ਕਾਸੀ ਕੋ ਕੀਸ ਪਿਆਨਾ." (ਗੁਵਿ ੧੦) ੩. ਸੰ. ਕੀਸ਼. ਸੰਗਯਾ- ਬਾਂਦਰ. "ਮਹਾਬਲੀ ਰਾਵਨ ਦਸ ਸੀਸ। ਪ੍ਰਾਕ੍ਰਮ ਗਰਬ ਹਰਯੋ

ਮਿਲ ਕੀਸ." (ਗੁਪ੍ਰਸੂ) ੪. ਕ (ਆਕਾਸ਼) ਦਾ ਈਸ਼ (ਸ੍ਵਾਮੀ) ਸੂਰਜ। ੫. ਪੰਛੀ (ਪਕ੍ਸ਼ੀ).

ਕੀਸਾਰ: ਸੰ. ਕਿੰਸ਼ਾਰੁ. ਸੰਗ੍ਯਾ- ਜੌਂ, ਧਾਨ ਅਤੇ ਕਣਕ ਆਦਿਕ ਦੀ ਬੱਲੀ ਪੁਰ ਜੋ ਸੂਈ ਜੇਹੇ ਤਿੱਖੇ ਕੰਡੇ ਹੁੰਦੇ ਹਨ. "ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ." (ਵਾਰ ਮਾਝ ਮਃ ੧) ਕੀਸਾਰ ਤੋਂ ਭਾਵ ਅੰਗੁਲੀ ਆਦਿ ਅੰਗ ਹਨ.

ਕੀਸੁ: ਫ਼ਾ. کیست ਕੀ ਹੈ? ਕਿ- ਅਸੁ ਦਾ ਸੰਖੇਪ. ਸੰ. ਕਿਮਸ੍ਤਿ.

ਕੀਹ: ਕਿਆ. ਕੀ.

ਕੀਹਾਂ: ਕ੍ਰਿ. ਵਿ- ਕਹਾਂ. ਕਿੱਥੇ "ਬੁਲੇ ਬੈਣ ਕੀਹਾਂ ਕਰੇ ਘਾਇ ਜੀਹਾਂ?" (ਰਾਮਾਵ) ਬਚਨ ਬੋਲੇ ਕਿ ਉਹ ਕਿੱਥੇ ਹੈ ਜਿਸ ਨੇ ਜ਼ਖ਼ਮ ਕੀਤੇ ਹਨ। ੨. ਪਹਾੜੀ ਬੋਲੀ ਵਿੱਚ ਕੀਹਾਂ ਦਾ ਅਰਥ ਕਿਉਂ ਹੈ.

ਕੀਕ: ਕੀਤਾ. ਕੀਏ. "ਨਾਮ ਬਿਨਾ ਨਕਟੇ ਨਕ ਕੀਕ." (ਪ੍ਰਭਾ ਮਃ ੪) ੨. ਦੇਖੋ, ਸਸਿਕੀਕ.

ਕੀਕਸ਼: ਸੰ. ਸੰਗ੍ਯਾ- ਚੰਡਾਲ.

ਕੀਕਟ: ਸੰ. ਸੰਗ੍ਯਾ- ਬਿਹਾਰ ਦੇਸ਼. ਇਸ ਥਾਂ ਪੁਰਾਣੇ ਜ਼ਮਾਨੇ ਕੀਕਟ ਜਾਤਿ ਵਸਦੀ ਸੀ, ਜਿਸ ਕਾਰਣ ਦੇਸ਼ ਦਾ ਇਹ ਨਾਉਂ ਹੋਇਆ। ੨. ਘੋੜਾ। ੩. ਕੰਗਾਲਪੁਣਾ. ਨਿਰਧਨਤਾ। ੪. ਮਗਧ ਦੇਸ਼ ਦਾ ਪੁਰਾਣਾ ਨਾਉਂ। ੫. ਵਿ- ਕੰਗਾਲ।

ਕੀਕਰ: ਦੇਖੋ, ਕਿਕਰਿ.

ਕੀਕੁਰ, ਕੀਕੂੰ: ਕ੍ਰਿ. ਵਿ- ਕੈਸੇ. ਕਿਸ ਤਰਾਂ. ਕਿਵੇਂ. ਕਿੱਕੁਰ. "ਤੁਹਾਡੇ ਨਾਲ ਕੀਕੂੰ ਨਿਭੈਗੀ?" (ਜਸਭਾਮ)

ਕੀਚ: ਸੰਗ੍ਯਾ- ਕਦੰਮ. ਗਾਰਾ. ਚਿੱਕੜ. ਪੰਕ. "ਬਿਆਪਤ ਮੋਹਕੀਚ." (ਆਸਾ ਛੰਤ ਮਃ ੫)

ਕੀਚਈ: ਕੀਜਈ. ਕਰੀਏ. ਕਰਨਾ ਚਾਹੀਏ. "ਤਿਨ ਸੰਗਿ ਸੰਗੁ ਨ ਕੀਚਈ ਨਾਨਕ, ਜਿਨਾ ਆਪਣਾ ਸੁਆਉ." (ਵਾਰ ਗੂਜ ੨, ਮਃ ੫)

ਕੀਚਕ: ਸੰ. ਸੰਗ੍ਯਾ- ਥੋਥਾ ਬਾਂਸ। ੨. ਕੇਕਯ ਰਾਜਾ ਦਾ ਪੁਤ੍ਰ ਅਤੇ ਰਾਜਾ ਵਿਰਾਟ ਦਾ ਸਾਲਾ, ਜਿਸ ਨੂੰ ਭੀਮਸੇਨ ਨੇ ਦ੍ਰੋਪਦੀ ਨਾਲ ਛੇੜਖਾਨੀ ਕਰਨ ਬਦਲੇ ਮਾਰ ਦਿੱਤਾ ਸੀ. ਬਹੁਤ ਹਿੰਦੀ ਕਵੀਆਂ ਨੇ ਇਸ ਦਾ ਨਾਉਂ ਕਿਰੀਚਕ ਅਤੇ ਕ੍ਰੀਚਕ ਲਿਖਿਆ ਹੈ. ਦੇਖੋ, ਕਿਰੀਚਕ, ਕਿਰੀਚਕਮਾਰ ਅਤਿ ਕ੍ਰੀਚਕ.

ਕੀਚੜ: ਸੰਗ੍ਯਾ- ਕੀਚ. ਚਿੱਕੜ. ਗਾਰਾ. "ਕੀਚੜ ਹਾਥ ਨ ਬੂਡਈ." (ਸਵਾ ਮਃ ੧) ਇਸ ਥਾਂ ਭਾਵ ਕੁਕਰਮ ਹੈ.

ਕੀਚੜਿ: ਕੀਚੜ ਮੇਂ. ਚਿੱਕੜ ਵਿੱਚ. "ਕੀਚੜਿ ਆਟਾ ਗਿਰਿਪਰਿਆ." (ਸ. ਕਬੀਰ)

ਕੀਚਿਤ: ਕੀਜੀਅਤ. "ਭ੍ਰਮ ਤੇ ਕੀਚਿਤ ਭਿੰਨ." (ਬਾਵਨ)

ਕੀਚੇ, ਕੀਚੈ: ਕੀਜੈ. ਕਰੀਜੈ. ਕਰੋ. ਦੇਖੋ, "ਸੁਧੁਕੀਚੇ." "ਹਰਿਰਸੁ ਕੀਚੈ ਜੀਉ." (ਮਾਝ ਮਃ ੪)

ਕੀਜਈ: ਦੇਖੋ, ਕੀਚਈ.

ਕੀਜਹੁ: ਕਰੋ.

ਕੀਜਤੁ: ਕਰੀਦਾ ਹੈ. "ਕਾਹੇ ਕੀਜਤੁ ਹੈ ਮਨਿਭਾਵਨ?" (ਮਾਰੂ ਕਬੀਰ)

ਕੀਜਾ: ਕਰਿਆ. ਕੀਤਾ. "ਸਚੁ ਸਾਹਿਬ ਸੁਖ ਕੀਜਾ ਹੈ." (ਮਾਰੂ ਸੋਲਹੇ ਮਃ ੫)

ਕੀਜੈ: ਕਰੀਜੈ. ਕਰੋ। ੨. ਕਰੀਦਾ ਹੈ.

**ਕੀਟ:** ਸੰ. ਸੰਗਯਾ- ਕੀੜਾ. "ਕੀਟ ਹਸਤਿ ਸਗਲ ਪੂਰਾਨ." (ਗੌਂਡ ਮਃ ੫) ੨. ਭਾਵ- ਤੁੱਛ. ਅਦਨਾ। ੩. ਵਿ- ਕਠੋਰ. ਸਖ਼ਤ। ੪. ਕੈਟਭ ਅਸੁਰ ਦੀ ਥਾਂ ਭੀ ਕੀਟ ਸ਼ਬਦ ਆਇਆ ਹੈ. "ਸਹਸਬਾਹੁ ਮਧੁ ਕੀਟ ਮਹਿਖਾਸਾ." (ਗਉ ਅਃ ਮਃ ੧) ਸਹਸ੍ਰਬਾਹੁ, ਮਧੁ, ਕੈਟਭ ਅਤੇ ਮਹਿਖਾਸੁਰ. ਦੇਖੋ, ਕੈਟਭ। ੫. ਦੇਖੋ, ਕਿਰਮ.

**ਕੀਟਕ:** ਸੰ. ਸੰਗਯਾ- ਕੀੜਾ। ੨. ਵਿ- ਕਠੋਰ. ਕਰੜਾ.

**ਕੀਟਜ:** ਸੰਗਯਾ- ਰੇਸ਼ਮ, ਜੋ ਕੀਟ (ਕੀੜੇ) ਤੋਂ ਪੈਦਾ ਹੁੰਦਾ ਹੈ.

**ਕੀਟਪਖਾਣੀ:** ਵਿ- ਪੱਥਰ ਦਾ ਕੀੜਾ. ਪਾਸ਼ਾਣ ਵਿੱਚ ਹੋਣ ਵਾਲਾ ਕੀੜਾ. "ਅਚਿੰਤਦਾਨ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟਪਖਾਣੀ ਹੇ." (ਮਾਰੂ ਸੋਲਹੇ ਮਃ ੪)

**ਕੀਟਭ:** ਦੇਖੋ, ਕੈਟਭ. "ਤਾਂਤੇ ਮਧੁ ਕੀਟਭ ਤਨ ਧਾਰਾ." (ਵਿਚਿਤ੍ਰ)

**ਕੀਟੀ:** ਸੰਗਯਾ- ਕੀੜੀ. ਚਜੂੰਟੀ. "ਇਕ ਬਿਹੰਗ ਇਕ ਕੀਟੀ ਰੀਤਾ." (ਨਾਪ੍ਰ) ੨. ਭਾਵ- ਨੰਮ੍ਰਤਾ. ਹਲੀਮੀ. "ਕੀਟੀ ਪਰਬਤ ਖਾਇਆ." (ਆਸਾ ਕਬੀਰ) ਦੇਖੋ, ਫੀਲੁ। ੩. ਵਿ- ਨੰਮ੍ਰ. ਹਲੀਮ. "ਕੀਟੀ ਹੋਇਕੈ ਖਾਇ." (ਸ. ਕਬੀਰ)

**ਕੀਟੁ:** ਦੇਖੋ, ਕੀਟ.

**ਕੀਤ:** ਕੀਤਾ. ਕਰਿਆ. ਕ੍ਰਿਤ. "ਕੋਈ ਵਿਰਲਾ ਆਪਨ ਕੀਤ." (ਨਟ ਮਃ ੫. ਪੜਤਾਲ) "ਮਨ ਅਪਨੇ ਕਉ ਮੈ ਹਰਿਸਖਾ ਕੀਤ." (ਟੋਡੀ ਮਃ ੫)

**ਕੀਤਾ:** ਕਰਿਆ. ਕ੍ਰਿਤ. "ਕੀਤਾ ਪਾਈਐ ਆਪਣਾ." (ਵਾਰ ਆਸਾ) ੨. ਰਚਿਆ ਹੋਇਆ. "ਕੀਤਾ ਕਹਾ ਕਰੈ ਮਨਿ ਮਾਨ?" (ਸ੍ਰੀ ਮਃ ੧) "ਕੀਤੇ ਕਉ ਮੇਰੈ ਸੰਮਾਨੈ, ਕਰਣਹਾਰੁ ਤ੍ਰਿਣੁ ਜਾਨੈ." (ਸੋਰ ਮਃ ੫) ੩. ਕਰਣਾ. "ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਐ." (ਵਾਰ ਸ੍ਰੀ ਮਃ ੪)

**ਕੀਤਾ ਕਰਤਿਆ:** ਕਰਿਆ ਹੋਇਆ ਕ੍ਰਿਤਜ (ਕੰਮ). ੨. ਕਰਿਆ ਕਰਾਇਆ. ਕ੍ਰਿਤ ਅਤੇ ਕਾਰਿਤ. "ਕੀਤਾ ਕਰਤਿਆ ਓਸ ਦਾ ਸਭੁ ਗਇਆ." (ਵਾਰ ਗਉ ੧. ਮਃ ੪)

**ਕੀਤਿ:** ਸੰਗਯਾ- ਕੀਰਤਿ. ਜਸ। ੨. ਸੰ. ਕ੍ਰਿਤਿ (कृति ) ਪ੍ਰਯਤਨ. ਕੋਸ਼ਿਸ਼. "ਜਾਪ ਨ ਤਾਪ ਨ ਕਰਮ ਕੀਤਿ." (ਬਸੰ ਮਃ ੫) ੩. ਕੀਤਾ. ਕਰਿਆ.

**ਕੀਤੀਅਨੁ:** ਉਸ ਨੇ ਕਰ ਦਿੱਤਾ, ਦਿੱਤੀ. "ਭੀੜਹੁ ਮੋਕਲਾਈ ਕੀਤੀਅਨੁ." (ਵਾਰ ਰਾਮ ੨. ਮਃ ੫) ਤੰਗਦਸ੍ਤੀ ਤੋਂ ਖ਼ੁਸ਼ਹਾਲੀ ਕਰ ਦਿੱਤੀ ਹੈ.

**ਕੀਤੁ:** ਦੇਖੋ, ਕੀਤ. "ਟੇਕ ਨਾਨਕ ਸਚੁ ਕੀਤੁ." (ਸ੍ਰੀ ਮਃ ੫)

**ਕੀਤੋਈ, ਕੀਤੋਸੁ, ਕੀਤੋਸੁ:** ਕੀਤਾ (ਕਰਿਆ) ਹੈ. "ਮੈਨੋ ਜੋਗ ਕੀਤੋਈ." (ਮੁੰਦਾਵਣੀ ਮਃ ੫)

**ਕੀਤੋਨ, ਕੀਤੋਨੁ:** ਉਸ ਨੇ ਕਰਿਆ ਹੈ. "ਕੀਤੋਨ ਅਪਣਾ ਪੰਥ ਨਿਰਾਲਾ." (ਭਾਗੁ) "ਜੇਹਾ ਕੀਤੋਨੁ ਤੇਹਾ ਹੋਆ." (ਸ੍ਰੀ ਮਃ ੩)

**ਕੀਤੋਮ, ਕੀਤੋਮੁ:** ਮੈ ਕੀਤਾ। ੨. ਕਰਿਆ ਹੈ. ਕੀਤੋਸੁ. "ਈਧਣੁ ਕੀਤੋਮੁ ਘਣਾ." (ਵਾਰ ਜੈਤ)

**ਕੀਦ੍ਰਿਸ:** ਸੰ. कीदृश ਅਤੇ कीद्रक्ष ਕੀਦ੍ਰਿਸ਼ ਅਤੇ ਕੀਦ੍ਰਿਕ੍ਸ਼. ਕ੍ਰਿ. ਵਿ- ਦੇਖਣ ਵਿੱਚ ਕੇਹਾ. ਕੇਹੋ ਜੇਹਾ. ਕੈਸਾ. ਕਿਸ ਪ੍ਰਕਾਰ ਦਾ.

**ਕੀਨ:** ਕੀਤਾ. ਕਰਿਆ. "ਮਾਨੁਖ ਕੋ ਜਨਮ ਲੀਨ ਸਿਮਰਨ ਨਹਿ ਨਿਮਖ ਕੀਨ." (ਜੈਜਾ ਮਃ ੯) ੨. ਕਿਉਂ. ਕਿਸ ਲਈ. "ਮੁਚੁ ਮੁਚੁ ਗਰਭ ਗਏ ਕੀਨ ਬਚਿਆ?" (ਗਉ ਕਬੀਰ) ਬਹੁਤ ਗਰਭ ਗਏ ਇਹ ਕਿਉਂ ਬਚ ਰਿਹਾ? ੩. ਕਿਉ ਨਹੀਂ.

ਕਿਉਂ ਨਾ. "ਕੀਨ ਸੁਣੇਹੀ ਗੋਰੀਏ!" (ਸ੍ਰੀ ਮਃ ੧) ੪. ਫ਼ਾ. کین ਸੰਗਜਾ- ਦੁਸ਼ਮਨੀ। ੫. ਲੜਾਈ. ਜੰਗ। ੬. ਕਪਟ। ੭. ਦੇਖੋ, ਕੀਂ.

**ਕੀਨਸਿ:** ਕੀਤਾ ਹੈ. "ਜੋ ਕਿਛੁ ਕੀਨਸਿ ਪ੍ਰਭੂਰਜਾਇ." (ਬਸੰ ਅਃ ਮਃ ੧) ੨. ਕਿਉਂ ਨ. ਕਿਸ ਕਾਰਣ ਨਹੀਂ. "ਪ੍ਰਭੁ ਸਰਣਾਗਤਿ ਕੀਨਸਿ ਹੋਗ?" (ਬਸੰ ਅਃ ਮਃ ੧)

**ਕੀਨਹ:** ਦੇਖੋ, ਕੀਨਾ ੨.

**ਕੀਨਹਕੋਸ਼:** ਫ਼ਾ. کینہ کوش ਵਿ- ਬਦਲਾ ਲੈਣ ਦੀ ਕੋਸ਼ਿਸ਼ ਕਰਨ ਵਾਲਾ.

**ਕੀਨਖਾਪ, ਕੀਨਖਾਬ:** ਦੇਖੋ, ਕਮਖਾਬ.

**ਕੀਨਾ:** ਕੀਤਾ. ਕਰਿਆ."ਸੋ ਪਾਏ ਜੋ ਕਿਛੁ ਕੀਨਾ

ਹੇ." (ਮਾਰੂ ਸੋਲਹੇ ਮਃ ੧) ੨. ਫ਼ਾ. کینہ ਵੈਰ. ਬੁਗ਼ਜ. ਦੇਖੋ, ਕੀਨ ੪. ਇਹ ਸ਼ਬਦ ਕੀਨ ਭੀ ਉਹੀ ਅਰਥ ਰਖਦਾ ਹੈ.

**ਕੀਨਾਰਾਮ, ਕੀਨਾਰਾਮੀਏ:** ਦੇਖੋ, ਅਘੋਰੀ.

**ਕੀਨੀ:** ਕੀਤੀ. ਕਰੀ. "ਹਰਿ ਗਤਿ ਕੀਨੀ." (ਗਉ ਮਃ ੩) ੨. ਦੇਖੋ, ਹਮਕੀਨ.

**ਕੀਮ:** ਅ਼. قیم ਕ਼ਿਯਮ. ਸੰਗਜਾ- ਕ਼ੀਮਤ ਦਾ ਬਹੁ ਵਚਨ. ਮੁੱਲ. "ਤਿਸ ਕੀ ਕੀਮ ਨ ਪਾਈ." (ਸ੍ਰੀ ਮਃ ੩) "ਕੀਮ ਨ ਸਕਾ ਪਾਇ ਸੁਖ ਮਿਤੀਹੂ ਬਾਹਰੇ." (ਜੈਤ ਵਾਰ)

**ਕੀਮਤ, ਕ਼ੀਮਤ:** ਅ਼. قیمت ਕ਼ੀਮਤ. ਸੰਗਜਾ- ਮੁੱਲ। ੨. ਕ਼ਦਰ। ੩. ਅੰਦਾਜਾ. ਅਟਕਲ.

**ਕੀਮਤਿ:** ਦੇਖੋ, ਕੀਮ. "ਕੀਮਤਿ ਕੋਇ ਨ ਜਾਣੈ ਦੂਜਾ." (ਮਾਰੂ ਸੋਲਹੇ ਮਃ ੫) ੨. ਦੇਖੋ, ਕੀਮਤ ੩. "ਅਨਿਕ ਦੋਖ ਅਰੁ ਬਹੁਤ ਸਜਾਈ। ਤਾਕੀ ਕੀਮਤਿ ਕਹਣੁ ਨ ਜਾਈ." (ਮਾਰੂ ਮਃ ੫) ੩. ਵਿ- ਕੀਮਤ ਕਰਨ ਵਾਲਾ. ਮੁੱਲ ਪਾਉਣ ਵਾਲਾ. "ਸਭ ਕੀਮਤਿ ਮਿਲਿ ਕੀਮਤਿ ਪਾਈ." (ਸੋਦਰੁ)

**ਕੀਮਤੀ:** ਫ਼ਾ. قیمتی ਬਹੁਤ ਮੁੱਲ ਵਾਲਾ. ਦੇਖੋ, ਕੀਮਤ.

**ਕੀਮਾ:** ਅ਼. قیمہ ਕ਼ੀਮਹ. ਸੰਗਜਾ- ਛੋਟੇ ਟੁਕੜਿਆਂ ਵਿੱਚ ਕੱਟਿਆ ਹੋਇਆ ਮਾਸ.

**ਕੀਮਾਏ:** ਕ਼ੀਮਤ ਪਾਉਣ ਵਾਲੇ. ਕ਼ਦਰਦਾਨ. "ਨਹਿ ਕੀਮਤਿ ਕੀਮ ਕੀਮਾਏ." (ਭੈਰ ਮਃ ੫)

**ਕੀਮਾਹੂ:** ਕ਼ੀਮਤ (ਮੁੱਲ) ਤੋਂ. ਦੇਖੋ, ਕੀਮ. "ਸੁਖ ਕੀਮਾਹੂ ਬਾਹਰੇ." (ਵਾਰ ਮਾਰੂ ੨. ਮਃ ੫)

**ਕੀਮਿਯਾ, ਕੀਮੀਆ:** ਯੂ. کیمیا ਸੰਗਜਾ- ਰਸਾਯਨ. ਰਸਾਇਣ. Chemia.[378] ਪਹਿਲਾਂ ਲੋਕ ਤਾਂਬੇ ਤੋਂ ਸੋਨਾ ਅਤੇ ਕਲੀ ਤੋਂ ਚਾਂਦੀ ਬਣਾਉਣ ਦੇ ਆਹਰ ਵਿੱਚ ਲੱਗੇ, ਭਾਵੇਂ ਇਸ ਵਿੱਚ ਉਨ੍ਹਾਂ ਨੂੰ ਸਫਲਤਾ ਨਾ ਹੋਈ, ਪਰ ਉਨ੍ਹਾਂ ਦੀ ਖੋਜ ਦਾ ਸਿੱਟਾ ਰਸਾਇਨਵਿਦਜਾ (Chemistry) ਪ੍ਰਗਟ ਹੋ ਗਈ, ਜਿਸ ਤੋਂ ਦੇਸ਼ਾਂ ਦੇ ਦੇਸ਼ ਚਾਂਦੀ ਸੋਨੇ ਨਾਲ ਘਰ ਭਰ ਬੈਠੇ.

**ਕੀਮੀਆਗਰ:** ਫ਼ਾ. کیمیاگر ਕੀਮੀਆ (ਰਸਾਇਣ) ਬਣਾਉਣ ਵਾਲਾ. ਰਸਾਯਨੀ.

**ਕੀਮੁਖਤ:** ਫ਼ਾ. کیمخت ਸੰਗਜਾ- ਹਰੇ ਰੰਗ ਰੰਗਿਆ ਘੋੜੇ ਅਥਵਾ ਗਧੇ ਦਾ ਦਾਣੇਦਾਰ ਚਮੜਾ, ਜੋ ਖਾਸ ਕਰਕੇ ਤਲਵਾਰਾਂ ਦੇ ਮਿਆਨਾਂ ਪੁਰ ਮੜ੍ਹੀਦਾ ਹੈ.

---

[378] ਇਹ ਮਿਸਰ ਦਾ ਪੁਰਾਣਾ ਨਾਉਂ ਹੈ. ਮਿਸਰੀ ਰਸਾਇਣ ਬਣਾਉਣ ਵਿੱਚ ਸਭ ਤੋਂ ਪਹਿਲਾਂ ਪ੍ਰਵਿਰਤ ਹੋਏ. ਇਸ ਲਈ ਵਿਦਜਾ ਦਾ ਨਾਮ ਇਹੋ ਹੋ ਗਿਆ.

ਕੀਰ: ਸੰ. ਕੀਕਟ. ਵਿ- ਨਿਰਧਨ. ਕੰਗਾਲ। ੨. ਕ੍ਰਿਪਣ. ਕੰਜੂਸ। ੩. ਲੋਭੀ। ੪. ਸੰ. ਸੰਗ੍ਯਾ- ਕੀਰ. ਤੋਤਾ. ਸ਼ੁਕ. "ਕੀਰ ਸੋਂ ਪ੍ਰੀਤਿ ਕਰੀ ਗਨਿਕਾ." (ਗੁਰੁਸੋਭਾ) ੫. ਕਸ਼ਮੀਰ ਦੇਸ਼। ੬. ਵਿ- ਕਸ਼ਮੀਰੀ। ੭. ਡਿੰਗ. ਸੰਗ੍ਯਾ- ਖੇਵਟ. ਮਲਾਹ.

ਕੀਰਣ: ਸੰ. ਕੀਣੰ. ਵਿ- ਖਿੰਡਿਆ ਹੋਇਆ. ਵਿਖਰਿਆ। ੨. ਫੈਲਿਆ ਹੋਇਆ.

ਕੀਰਣਾ: ਸੰ. ਕ੍ਰੋਸ਼ਣ. ਸੰਗ੍ਯਾ- ਚੀਕਾਂ ਮਾਰਨੀਆਂ. ਉੱਚੇ ਸੁਰ ਨਾਲ ਰੋਣਾ. ਕ੍ਰੰਦਨ.

ਕੀਰਤ: ਗੁਰੁਯਸ਼ ਕਰਤਾ ਇੱਕ ਭੱਟ. "ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ." (ਸਵੈਯੇ ਮਃ ੪. ਕੇ) ੨. ਦੇਖੋ, ਕੀਰਤਿ.

ਕੀਰਤਨ: ਸੰ. ਕੀਤੰਨ. ਸੰਗ੍ਯਾ- ਕਥਨ. ਵ੍ਯਾਖ੍ਯਾਨ। ੨. ਗੁਰੁਮਤ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ "ਕੀਰਤਨ ਨਾਮੁ ਸਿਮਰਤ ਰਹਉ." (ਬਿਲਾ ਮਃ ੫)

ਕੀਰਤਨਸੋਹਿਲਾ: ਦੇਖੋ, ਸੋਹਿਲਾ ਅਤੇ ਕੀਰਤਿ- ਸੋਹਿਲਾ। ੨. ਭਾਵ- ਸਮਾਪਤੀ. ਖ਼ਾਤਿਮਾ.

ਕੀਰਤਨਿ: ਕੀਰਤਨ ਵਿੱਚ. ਕੀਤੰਨ ਮੇ. "ਹਰਿ ਹਰਿ ਕੀਰਤਨਿ ਇਹ ਮਨੁ ਰਾਤਾ." (ਸੋਰ ਅਃ ਮਃ ੫)

ਕੀਰਤਨੀਆ: ਵਿ- ਕੀਰਤਨ ਕਰਨ ਵਾਲਾ. ਕਰਤਾਰ ਦੇ ਗੁਣ ਗਾਉਣ ਵਾਲਾ. "ਭਲੋ ਭਲੋ ਰੇ ਕੀਰਤਨੀਆ." (ਰਾਮ ਮਃ ੫)

ਕੀਰਤਨੁ: ਦੇਖੋ, ਕੀਰਤਨ. "ਹਰਿਕੀਰਤਨੁ ਸੁਣੋ." (ਗਉ ਮਃ ੫)

ਕੀਰਤਪੁਰ: ਜਿਲਾ ਹੁਸ਼ਿਆਰਪੁਰ ਤਸੀਲ ਊਂਨਾਂ ਥਾਣਾ ਆਨੰਦਪੁਰ ਵਿੱਚ ਪਹਾੜੀ ਇਲਾਕੇ ਸਤਲੁਜ ਦੇ ਕਿਨਾਰੇ ਇਹ ਨਗਰ ਹੈ, ਜੋ ਸੰਮਤ ੧੬੮੩ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਹਲੂਰ ਦੇ ਰਾਜਾ ਤਾਰਾਚੰਦ ਤੋਂ ਜ਼ਮੀਨ ਖਰੀਦਕੇ ਬਾਬਾ ਗੁਰਦਿੱਤਾ ਜੀ ਦੀ ਮਾਰਫ਼ਤ ਆਬਾਦ ਕਰਵਾਇਆ. ਇਸ ਦੇ ਵਸਣ ਦਾ ਵਰ ਸ਼੍ਰੀ ਗੁਰੂ ਨਾਨਕ ਦੇਵ ਨੇ ਹੀ ਦਿੱਤਾ ਸੀ, ਜਦੋਂ ਗੁਰੂ ਜੀ ਇੱਥੇ ਆਏ ਹੋਏ "ਚਰਣਕਮਲ" ਠਹਿਰੇ ਅਤੇ ਸਾਂਈਂ ਬੁੱਢਣਸ਼ਾਹ ਨੂੰ ਜੰਗਲ ਵਿੱਚ ਮਿਲੇ ਸਨ.

ਕੀਰਤਪੁਰ ਰੋਪੜ[379] ਤੋਂ ੧੪. ਮੀਲ, ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੩੧ ਮੀਲ ਹੈ.

ਇਸ ਪਵਿਤ੍ਰ ਨਗਰ ਵਿੱਚ ਇਹ ਗੁਰਦ੍ਵਾਰੇ ਹਨ-

(੧) ਸ਼ੀਸ਼ਮਹਲ. ਆਬਾਦੀ ਦੇ ਵਿਚਕਾਰ ਸਤਿਗੁਰਾਂ ਦੇ ਨਿਵਾਸ ਦੇ ਮਕਾਨ. ਇਨ੍ਹਾਂ ਮਹਿਲਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਸੰਮਤ ੧੬੯੧ ਵਿੱਚ ਆਏ ਅਤੇ ਅੰਤ ਤੀਕ ਇੱਥੇ ਹੀ ਰਹੇ. ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਇਨ੍ਹਾਂ ਹੀ ਮਹਿਲਾਂ ਵਿੱਚ ਹੋਇਆ ਹੈ. ਇਨ੍ਹਾਂ ਮਹਿਲਾਂ ਤੋਂ ਉੱਤਰ ਵੱਲ ਗੁਰੂ ਸਾਹਿਬਾਨ ਦੇ ਇਸਨਾਨ ਕਰਨ ਦੇ ਅਸਥਾਨ ਹਨ. ਗੁਰਦ੍ਵਾਰੇ ਦੀ ਹਾਲਤ ਪੱਕੀ ਆਮਦਨ ਨਾ ਹੋਣ ਕਰਕੇ ਹੱਛੀ ਨਹੀਂ ਹੈ.

(੨) ਹਰਿਮੰਦਿਰ ਸਾਹਿਬ. ਕੀਰਤਪੁਰ ਦੀ ਆਬਾਦੀ ਦੇ ਵਿੱਚ ਹੀ ਇਹ ਭੀ ਗੁਰੂ ਹਰਿਗੋਬਿੰਦ ਸਾਹਿਬ ਦੇ ਨਿਵਾਸ ਦਾ ਅਸਥਾਨ ਹੈ. ਗੁਰਦ੍ਵਾਰੇ ਨਾਲ ਕ਼ਰੀਬ ਪੰਜ ਘੁਮਾਉਂ ਜ਼ਮੀਨ ਹੈ.

(੩) ਖੂਹ ਗੁਰੂ ਕਾ. ਇਹ ਕੂਆ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਲਗਵਾਇਆ ਹੋਇਆ ਹੈ.

(੪) ਚਰਨਕਮਲ. ਕੀਰਤਪੁਰ ਦੇ ਪਾਸ ਹੀ ਵਾਯਵੀ ਕੋਣ ਸ਼੍ਰੀ ਗੁਰੂ ਨਾਨਕ ਦੇਵ ਦਾ ਗੁਰਦ੍ਵਾਰਾ ਹੈ. ਪਹਾੜੀਯਾਤ੍ਰਾ ਸਮੇਂ ਗੁਰੂ ਸਾਹਿਬ ਏਧਰ ਆਏ ਹਨ. ਸਾਂਈ ਬੁੱਢਣਸ਼ਾਹ ਨੂੰ ਉਪਦੇਸ਼ ਦੇ ਕੇ ਕ੍ਰਿਤਾਰਥ ਕੀਤਾ. ਦੇਖੋ, ਬੁੱਢਣਸ਼ਾਹ ਅਤੇ ਗੁਰਦਿੱਤਾ ਬਾਬਾ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਛੀ ਸੌ ਰੁਪਯੇ ਸਾਲਾਨਾ ਜਾਗੀਰ ਹੈ. ਪੁਜਾਰੀ ਉਦਾਸੀ ਸਾਧੂ ਹੈ.

(੫) ਚੁੱਬਚਾ ਸਾਹਿਬ. ਸ਼ਹਿਰ ਦੇ ਵਿੱਚ ਹੀ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇੱਥੇ ਇੱਕ ਵਡੇ ਭਾਰੀ ਚੁਬੱਚੇ ਵਿੱਚ ਘੋੜਿਆਂ ਲਈ ਦਾਣਾ ਭਿਉਂਕੇ ਸਤਿਗੁਰੂ ਜੀ ਕਈ ਵਾਰੀਂ ਆਪਣੇ ਹੱਥੀਂ ਵਰਤਾਉਂਦੇ ਹੁੰਦੇ ਸਨ, ਤਿਸ ਸਮੇਂ ਦੀ

---

[379] ਹੁਣ ਰੋਪੜ ਭੀ ਰੇਲਵੇ ਸਟੇਸ਼ਨ ਹੈ.

ਯਾਦਗਾਰ ਵਿੱਚ ਇਹ ਗੁਰਅਸਥਾਨ ਹੈ. ਸਾਧਾਰਣ ਗੁਰੁਦ੍ਵਾਰਾ ਬਣਿਆ ਹੋਇਆ ਹੈ, ਆਮਦਨ ਕੋਈ ਨਹੀਂ ਹੈ.

(੬) ਤਖ਼ਤ ਸਾਹਿਬ. ਕੀਰਤਪੁਰ ਦੀ ਆਬਾਦੀ ਵਿੱਚ ਹੀ ਸ਼੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੂੰ ਗੁਰਿਆਈ ਦੇ ਤਿਲਕ ਹੋਣ ਦੀ ਯਾਦਗਾਰ ਵਿੱਚ ਗੁਰਦ੍ਵਾਰਾ ਹੈ. ਗੁਰਦ੍ਵਾਰਾ ਸਾਧਾਰਣ ਹਾਲਤ ਵਿੱਚ ਹੈ ਕੋਈ ਸੇਵਾਦਾਰ ਨਹੀਂ ਹੈ.

(੭) ਤੀਰਮੰਜੀ ਸਾਹਿਬ. ਕੀਰਤਪੁਰ ਤੋਂ ਦੱਖਣ ਦਿਸ਼ਾ ਵੱਲ ਮੀਲ ਦੇ ਕਰੀਬ ਦੇਹਰਾ ਬਾਬਾ ਗੁਰਦਿੱਤਾ ਜੀ ਦੇ ਪਾਸ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਹੈ. ਸਤਿਗੁਰੂ ਜੀ ਇੱਥੇ ਬੈਠਕੇ ਤੀਰ ਚਲਾਇਆ ਕਰਦੇ ਸਨ. ਕੇਵਲ ਛੋਟਾ ਜਿਹਾ ਮੰਜੀ ਸਾਹਿਬ ਬਣਿਆ ਹੋਇਆ ਹੈ. ਪੁਜਾਰੀ ਕੋਈ ਨਹੀਂ, ਨਾਂਹੀ ਕੋਈ ਆਮਦਨ ਹੈ.

(੮) ਦਮਦਮਾ ਸਾਹਿਬ. ਕੀਰਤਪੁਰ ਦੇ ਵਿਚਕਾਰ ਹਰਿਮੰਦਰ ਦੇ ਪਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਇਸ ਥਾਂ ਦੀਵਾਨ ਸਜਾਇਆ ਕਰਦੇ ਸਨ.

ਗੁਰਦ੍ਵਾਰੇ ਨਾਲ ਦੋ ਦੁਕਾਨਾਂ ਹਨ, ਜਿਨ੍ਹਾਂ ਦਾ ਕਿਰਾਇਆ ੨੫) ਰੁਪਯੇ ਸਾਲ ਆਉਂਦਾ ਹੈ.

(੯) ਦੇਹਰਾ ਬਾਬਾ ਗੁਰਦਿੱਤਾ ਜੀ. ਕੀਰਤਪੁਰ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਇਹ ਆਲੀਸ਼ਾਨ ਇਮਾਰਤ ਹੈ. ਇਸ ਥਾਂ ਬਾਬਾ ਗੁਰਦਿੱਤਾ ਜੀ ਦਾ ਸਸਕਾਰ ਹੋਇਆ ਹੈ. ਦੇਹਰੇ ਨਾਲ ਪੰਜ ਸੌ ਘੁਮਾਉਂ ਜ਼ਮੀਨ ਹੈ. ਮੇਲਾ ਹੋਲੇ ਨੂੰ ਹੁੰਦਾ ਹੈ.

(੧੦) ਪਾਤਾਲਪੁਰੀ. ਕੀਰਤਪੁਰ ਤੋਂ ਨੈਰਤ ਕੋਣ ਦੋ ਫ਼ਰਲਾਂਗ ਦੇ ਕ਼ਰੀਬ ਸਤਲੁਜ ਕਿਨਾਰੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਦੇਹਰਾ ਹੈ.

ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਵਿਭੂਤੀ ਭੀ ਦਿੱਲੀ ਤੋਂ ਲਿਆਕੇ ਇਥੇ ਅਸਥਾਪਨ ਕੀਤੀ ਗਈ ਹੈ.

ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਯਾਦਾਗਰ ਵਿੱਚ ਤਾਂ ਕੇਵਲ ਮੰਜੀ ਸਾਹਿਬ ਬਣੇ ਹੋਏ ਹਨ, ਪਰ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਦੇਹਰਾ ਵਡਾ ਉੱਚਾ ਸੁਨਹਿਰੀ ਕਲਸ਼ ਵਾਲਾ ਬਣਿਆ ਹੋਇਆ ਹੈ.

ਰਿਆਸਤ ਪਟਿਆਲਾ ਵੱਲੋਂ ਸੱਠ ਰੁਪਜੇ ਸਾਲਾਨਾ ਮਿਲਦੇ ਹਨ, ਚੜ੍ਹਾਵੇ ਦੀ ਆਮਦਨ ਇਸ ਅਸਥਾਨ ਨੂੰ ਬਹੁਤ ਹੈ.

(੧੧) ਬੁੱਢਣਸ਼ਾਹ ਜੀ ਦਾ ਤਕੀਆ. ਕੀਰਤਪੁਰ ਤੋਂ ਦੱਖਣ ਵੱਲ ਅੱਧ ਮੀਲ ਦੇ ਕ਼ਰੀਬ ਬਾਬਾ ਗੁਰਦਿੱਤਾ ਜੀ ਦੇ ਦਰਬਾਰ ਪਾਸ ਸਾਂਈ ਬੁੱਢਣਸ਼ਾਹ ਜੀ ਦਾ ਤਕੀਆ ਹੈ, ਜਿਸ ਥਾਂ ਗੁਰੂ ਨਾਨਕ ਦੇਵ ਅਤੇ ਬਾਬਾ ਗੁਰਦਿੱਤਾ ਜੀ ਦੇ ਚਰਣ ਪਏ ਹਨ.

ਤਕੀਆ ਪੱਕਾ ਬਣਿਆ ਹੋਇਆ ਹੈ, ਜਿਸ ਦੇ ਅੰਦਰ ਸਾਂਈ ਜੀ ਦੀ ਕਬਰ ਹੈ ਅਤੇ ਕਬਰ ਤੋਂ ਉੱਤਰ ਦਿਸ਼ਾ ਸਾਈਂ ਜੀ ਦੀਆਂ ਬਕਰੀਆਂ, ਕੁੱਤੇ ਅਤੇ ਸ਼ੇਰ ਦੀਆਂ ਮੜ੍ਹੀਆਂ ਬਣੀਆਂ ਹੋਈਆਂ ਹਨ. ਪੁਜਾਰੀ ਸਾਂਈ ਅੱਲਾਦਿੱਤਾ ਜੀ "ਚਰਨੌਲੀ" ਵਾਲੇ ਪ੍ਰੇਮ ਨਾਲ ਸੇਵਾ ਕਰਦੇ ਹਨ.

(੧੨) ਵਿਮਾਨਗੜ੍ਹ. ਕੀਰਤਪੁਰ ਦੇ ਵਿੱਚ ਹੀ ਉਹ ਅਸਥਾਨ ਹੈ, ਜਿੱਥੇ ਦਿੱਲੀ ਤੋਂ ਆਇਆ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਸੀਸ ਟਿਕਾਇਆ ਗਿਆ ਸੀ, ਅਤੇ ਇਸ ਥਾਂ ਤੋਂ ਵਿਮਾਨ ਵਿੱਚ ਰੱਖਕੇ ਸ਼ਬਦ ਕੀਰਤਨ ਕਰਦੇ ਹੋਏ ਸੰਗਤਿ ਸਾਥ ਗੁਰੂ ਗੋਬਿੰਦ ਸਿੰਘ ਸਾਹਿਬ ਆਨੰਦਪੁਰ ਲੈ ਗਏ ਸਨ.

ਕੀਰਤਿ: ਸੰ. कीर्ति ਸੰਗਯਾ- ਵਡਾਈ. ਨੇਕਨਾਮੀ. ਜਸ. "ਜੈ ਘਰਿ ਕੀਰਤਿ ਆਖੀਐ." (ਸੋਹਿਲਾ)

ਕੀਰਤਿਸਤੰਭ: ਸੰ. कीर्तिस्तम्भ ਸੰਗਯਾ- ਉਹ ਥੰਮ੍ਹ, ਜੋ ਕਿਸੇ ਦੇ ਯਸ਼ ਨੂੰ ਕ਼ਾਇਮ ਰੱਖਣ ਲਈ ਬਣਾਇਆ ਜਾਵੇ.

ਕੀਰਤਿਸ਼ਾਲੀ: ਸੰ. कीर्त्रिशालिन् ਵਿ- ਯਸ਼ਵਾਲਾ. ਕੀਰਤਿਮਾਨ.

ਕੀਰਤਿਸੋਹਿਲਾ: ਪੰਜ ਸ਼ਬਦਾਂ ਦਾ ਇੱਕ ਬਾਣੀ, ਜਿਸ ਨੂੰ ਸੌਣ ਵੇਲੇ ਗੁਰੁਸਿੱਖ ਪੜ੍ਹਦੇ ਹਨ. ਇਸ ਦਾ ਨਾਉਂ "ਸੋਹਿਲਾ" ਮੁੱਖ ਹੈ. ਬਹੁਤੇ ਕੀਰਤਨਸੋਹਿਲਾ ਭੀ ਕਹਿੰਦੇ ਹਨ. ਆਰਤੀਸੋਹਿਲਾ ਭੀ ਇਸੇ ਦੀ ਸੰਗਯਾ ਹੈ.

**ਕੀਰਤਿਮਤ, ਕੀਰਤਿਮਾਨ:** ਵਿ- ਕੀਰਤਿਮੰਤ. ਕੀਰ੍ਤਿ ਵਾਲਾ. ਯਸ਼ਵਾਲਾ। ੨. ਸੰਗ੍ਯਾ- ਵਸੁਦੇਵ ਦਾ ਵੱਡਾ ਪੁਤ੍ਰ, ਜੋ ਕੰਸ ਨੇ ਜੰਮਦਾ ਹੀ ਮਾਰ ਦਿੱਤਾ ਸੀ. "ਪੁਤ੍ਰ ਭਯੋ ਵਸੁਦੇਵ ਕੇ ਕੀਰਤਿਮਤ ਤਿਹ ਨਾਮ." (ਕ੍ਰਿਸਨਾਵ)

**ਕੀਰਤੀ:** ਦੇਖੋ, ਕੀਰਤਿ.

**ਕੀਰਤੀਆ:** ਗੁਰੂ ਗੋਬਿੰਦ ਸਿੰਘ ਜੀ ਦਾ ਚੋਬਦਾਰ। ੨. ਵਿ- ਜਸ ਕਰਨ ਵਾਲਾ.

**ਕੀਰਨ:** ਦੇਖੋ, ਕੀਰਣ.

**ਕੀਰਾ:** ਸੰਗ੍ਯਾ- ਕੀੜਾ. ਕੀਟ। ੨. ਭਾਵ- ਤੁੱਛ. ਨੀਚ. "ਜਨ ਨਾਨਕ ਕੀਰਾ." (ਗਉ ਮਃ ੩) "ਸੁਲਤਾਨ ਖਾਨ ਕਰੇ ਖਿਨਿ ਕੀਰੇ." (ਮਾਰੂ ਸੋਲਹੇ ਮਃ ੫) ੩. ਅ਼. قیراں ਕ਼ੀਰਾਨ. ਕਾਲਾ ਪੱਥਰ. ਦੇਖੋ, ਸਪੀਅਲ ਅਤੇ ਮਖਤੂਲ. "ਤੁਮ ਮਖਤੂਲ ਸਪੇਦ ਸਪੀਅਲ, ਹਮ ਬਪੁਰੇ ਜਸ ਕੀਰਾ." (ਆਸਾ ਰਵਿਦਾਸ)

**ਕੀਰਾਤ:** ਅ਼. قیراط ਕ਼ੀਰਾਤ਼. ਦੋ ਰੱਤੀ ਪ੍ਰਮਾਣ. ਚਾਰ ਗ੍ਰੇਨ. ਦੇਖੋ, ਜਗਾਤ। ੨. ਦੇਖੋ, ਕਿਰਾਤ.

**ਕੀਰੀ:** ਕੀੜੀ. ਕੀਟੀ। ੨. ਭਾਵ- ਤੁੱਛ. ਅਦਨਾ. "ਨੀਕੀ ਕੀਰੀ ਮਹਿ ਕਲ ਰਾਖੈ." (ਸੁਖਮਨੀ) ੩. ਭਾਵ- ਨੰਮ੍ਰਤਾ. ਹਲੀਮੀ. "ਕੀਰੀ ਜੀਤੋ ਸਗਲਾ ਭਵਨ." (ਰਾਮ ਮਃ ੫)

**ਕੀਰੇਕਿਰਮ:** ਕੰਗਾਲ ਅਤੇ ਨੀਚ. ਨਿਰਧਨ ਅਤੇ ਤੁੱਛ. ਦੇਖੋ, ਕਿਰਮ ਅਤੇ ਕੀਰ. "ਹਮ ਕੀਰੇ ਕਿਰਮ ਸਤਿਗੁਰ ਸਰਣਾਈ." (ਸੋਦਰੁ)

**ਕੀਲ:** ਸੰ. ਸੰਗ੍ਯਾ- ਕੀਲਾ. ਮੇਖ਼. ਕਿੱਲ। ੨. ਅੱਗ ਦੀ ਲਾਟ. "ਸੋਹਤ ਜਸੋਂ ਬੜਵਾਨਲ ਕੀਲਾ." (ਨਾਪ੍ਰ) ੩. ਕੂਹਣੀ। ੪. ਤੰਤ੍ਰਸ਼ਾਸਤ੍ਰ ਅਨੁਸਾਰ ਉਹ ਮੰਤ੍ਰ, ਜੋ ਦੂਜੇ ਮੰਤ੍ਰ ਦੇ ਅਸਰ ਨੂੰ ਰੋਕ ਦੇਵੇ. ਕੀਲਕ. "ਕੀਲ ਪਟਲ ਅਰਗਲਾ ਮਹਾਤਮ ਸਹਸਨਾਮ ਸੱਤਾ ਜੈ." (ਸਲੋਹ) ੫. ਸ਼ਸਤ੍ਰ। ੬. ਥੰਮ੍ਹ. ਸ੍ਤੰਭ. ੭. ਅ਼. قیل ਕ਼ੀਲ. ਸੁਖ਼ਨ. ਕਲਾਮ। ੮. ਫ਼ਾ. کیل ਕੀਲ. ਵਿ- ਟੇਢਾ। ੯. ਕੰਗਾਲ.

**ਕੀਲਕ:** ਸੰ. ਸੰਗ੍ਯਾ- ਕੀਲਾ. ਮੇਖ਼। ੨. ਦੇਖੋ, ਕੀਲ ੪.

**ਕੀਲਣਾ, ਕੀਲਨਾ:** ਕ੍ਰਿ- ਕੀਲਕਮੰਤ੍ਰ ਪੜ੍ਹਕੇ ਮੇਖ ਗੱਡਣੀ. ਦੇਖੋ, ਕੀਲ ੪. ਤੰਤ੍ਰਸ਼ਾਸਤ੍ਰ ਵਾਲੇ ਮੰਨਦੇ ਹਨ ਕਿ ਇਸ ਕ੍ਰਿਯਾ ਨਾਲ ਦੁਖ ਦਰਦ ਠਾਕੇ ਜਾਂਦੇ ਹਨ, ਅਤੇ ਭੂਤ ਪ੍ਰੇਤ ਕਾਬੂ ਹੋ ਜਾਂਦੇ ਹਨ.

**ਕੀਲਾ:** ਸੰਗ੍ਯਾ- ਕਿੱਲਾ. ਮੇਖ. ਦੇਖੋ, ਕੀਲ.

**ਕੀਲਾਲ:** ਸੰ. ਸੰਗ੍ਯਾ- ਜਲ, ਜੋ ਕੀਲ (ਅੱਗ ਦੀ ਲਾਟ) ਨੂੰ ਅਲ (ਵਰਜਨ) ਕਰੇ. ਅੱਗ ਬੁਝਾਉਣ ਵਿੱਚ ਸਮਰਥ ਹੋਣ ਕਰਕੇ ਕੀਲਾਲ ਸੰਗ੍ਯਾ ਹੈ। ੨. ਅੰਮ੍ਰਿਤ। ੩. ਕੀਲ (ਕਿੱਲੇ) ਨਾਲ ਜੋ ਰੋਕ ਰੱਖਿਆ ਜਾਵੇ, ਪਸ਼ੂ.

**ਕੀਲਾਲਜ:** ਸੰਗ੍ਯਾ- ਕੀਲਾਲ (ਜਲ) ਤੋਂ ਪੈਦਾ ਹੋਇਆ ਜਲਜ. ਕਮਲ.

**ਕੀਲਿਕਾ, ਕੀਲੀ:** ਸੰਗ੍ਯਾ- ਮੇਖ਼. ਖੂੰਟੀ. ਕਿੱਲੀ। ੨. ਚੱਕੀ ਦੀ ਮੇਖ਼, ਜੋ ਮਾਨਵੀ ਦੇ ਛਿਦ੍ਰ ਵਿੱਚ ਰਹਿੰਦੀ ਹੈ. "ਸ਼੍ਰੀਗੁਰੁ ਪਗ ਹੈਂ ਕੀਲਿਕਾ ਮਨ ਦਾਨੋ ਢਿਗ ਕੀਨ." (ਨਾਪ੍ਰ) ਕੀਲੀ ਨਾਲ ਲੱਗਿਆ ਦਾਣਾ ਪਿਸਣੋਂ ਬਚ ਜਾਂਦਾ ਹੈ.

**ਕੀਲੋਕਾਲ, ਕ਼ੀਲੋਕ਼ਾਲ:** ਅ਼. قیل وقال ਸੰਗ੍ਯਾ- ਬਾਤ ਚੀਤ. ਗੱਲ ਬਾਤ.

**ਕੀੜ:** ਖਤ੍ਰੀਆਂ ਦੀ ਇੱਕ ਜਾਤਿ, ਜੋ ਸਰੀਣਾਂ ਵਿੱਚੋਂ ਹੈ. "ਮੂਲਾ ਕੀੜ ਬਖਾਣੀਐ." (ਭਾਗੁ)

**ਕੀੜਾ, ਕੀੜੀ:** ਸੰਗ੍ਯਾ- ਕੀਟ. ਕੀਟੀ। ੨. ਸਿਉਂਕ. ਦੀਮਕ. "ਇਟ ਸਿਰਾਣੇ ਭੁਇ ਸਵਣ ਕੀੜਾ ਲੜਿਓ ਮਾਸ." (ਸ. ਫਰੀਦ) ੩. ਵਿ- ਅਦਨਾ. ਤੁੱਛ. "ਕੀੜਾ ਥਾਪਿ ਦੇਇ ਪਾਤਸਾਹੀ" (ਵਾਰ ਮਾਝ ਮਃ ੧)

**ਕੀੜ:** ਸੰਗਯਾ- ਗਊ ਮੱਝ ਦਾ ਉਹ ਦੁੱਧ, ਜੋ ਸੂਣ ਪਿੱਛੋਂ ਪਹਿਲਾਂ ਚੋਇਆ ਜਾਵੇ. ਇਸੇ ਦੁੱਧ ਦੀ 'ਬਹੁਲੀ' ਬਣਦੀ ਹੈ.

**ਕੁ:** ਪੰਜਾਬੀ ਵਿੱਚ ਲਗ ਪਗ (ਕਰੀਬ) ਅਰਥ ਵਿੱਚ ਸ਼ਬਦ ਦੇ ਅੰਤ 'ਕੁ' ਆਉਂਦਾ ਹੈ. ਜਿਵੇਂ- "ਸੌਕੁ ਰੁਪਯੇ ਦਾ ਮਾਲ ਖਰੀਦਿਆ ਹੈ।" ੨. ਸੰ. ਧਾ- ਸ਼ਬਦ ਕਰਨਾ. ਗੁੰਜਾਰਨਾ। ੩. ਵ੍ਯ- ਨੀਚ। ੪. ਨਿੰਦਿਤ. ਇਹ ਅਵ੍ਯਯ ਸੰਗ੍ਯਾ ਦੇ ਮੁੱਢ ਲੱਗਕੇ ਨਿੰਦਿਤ ਅਰਥ ਕਰ ਦਿੰਦਾ ਹੈ, ਜਿਵੇਂ- ਕੁਪੁਤ੍ਰ, ਕੁਕਰਮ ਆਦਿ। ੫. ਸੰਗ੍ਯਾ- ਪ੍ਰਿਥਿਵੀ. ਜ਼ਮੀਨ.

**ਕੁਅਤ:** ਬਲ. ਜੋਰ. ਦੇਖੋ, ਕੁਵਤ. "ਦੁਹੂੰ ਹਾਥ ਕਰ ਕੁਅਤ ਪ੍ਰਹਾਰਜੋ." (ਚਰਿਤ੍ਰ ੫੬)

**ਕੁਆਰ, ਕੁੱਅਰ:** ਸੰ. ਕੁਮਾਰ. ਪੰਜ ਵਰ੍ਹੇ ਦੀ ਉਮਰ ਤੀਕ ਦਾ ਬੱਚਾ। ੨. ਰਾਜਕੁਮਾਰ. ਰਾਜਪੁਤ੍ਰ. "ਕਾਨ ਕੁਅਰ ਨਿਹਕਲੰਕ." (ਸਵੈਯੇ ਮਃ ੪. ਕੇ)

**ਕੁਅਰਿ:** ਸੰ. ਕੁਮਾਰੀ. ਪੰਜ ਵਰ੍ਹੇ ਤੀਕ ਦੀ ਲੜਕੀ। ੨. ਰਾਜਪੁਤ੍ਰੀ. ਰਾਜਕੰਨ੍ਯਾ.

**ਕੁਆਉ:** ਸੰਗ੍ਯਾ- ਸੱਦ. ਪੁਕਾਰ ਆਵਾਹਨ ਲਈ ਕੁ (ਸ਼ਬਦ) ਕਰਨਾ। ੨. ਸਿੰਧੀ. ਕ੍ਰਿ. ਵਿ- ਕਿੱਥੇ. ਕਹਾਂ. ਕਬ. "ਜਿਨਾ ਨੈਣ ਨੀਂਦ੍ਰਾਵਾਲੇ ਤਿਨਾ ਮਿਲਣ ਕੁਆਉ?" (ਸ. ਫਰੀਦ) ੩. ਦੇਖੋ, ਕਵਾਉ.

**ਕੁਆਹ:** ਸੰਗ੍ਯਾ- ਨਿੰਦਾ. ਕੁ (ਬੁਰਾ) ਆਹ੍ਵਾਨ (ਪੁਕਾਰਨਾ). ਬੁਰਾ ਕਹਿਣਾ.

**ਕੁਆਰ:** ਸੰਗ੍ਯਾ- ਕਕੰ. ਕਰੂਆ. ਮਟਕਾ. "ਸੁਇਨੇ ਕਾ ਚਉਕਾ ਕੰਚਨ ਕੁਆਰ." (ਬਸੰ ਮਃ ੧) ੨. ਦੇਖੋ, ਕੁਮਾਰ। ੩. ਅੱਸੂ ਦਾ ਮਹੀਨਾ. ਦੇਖੋ, ਕੁਮਾਰ। ੪. ਵਿ- ਜਿਸ ਦਾ ਵਿਆਹ ਨਹੀਂ ਹੋਇਆ. "ਕੁਆਰ ਕੰਨਿਆ ਜੈਸੇ ਕਰਤ ਸੀਗਾਰਾ." (ਸੂਹੀ ਕਬੀਰ) ੫. ਘੀ ਕੁਆਰ. ਇਸ ਨੂੰ ਬਹੁਤ ਕਮਾਰ ਭੀ ਆਖਦੇ ਹਨ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਬਾਈ ਅਤੇ ਜੋੜਾਂ ਦੇ ਦਰਦ ਦੂਰ ਕਰਦਾ ਹੈ. L. Alqe Perfoliata.

**ਕੁਆਰਾ:** ਵਿ- ਜਿਸ ਦਾ ਵਿਆਹ ਨਹੀਂ ਹੋਇਆ. "ਗੁਰੁ ਕੇ ਸੁਤ ਹੈਂ ਜੁਗਲ ਕੁਆਰੇ." (ਗੁਪ੍ਰਸੂ) ਦੇਖੋ, ਕੁਮਾਰ.

**ਕੁਆਰਿ, ਕੁਆਰੀ:** ਕੁਮਾਰੀ. ਪੰਜ ਵਰ੍ਹੇ ਤੀਕ ਦੀ ਕੰਨ੍ਯਾ। ੨. ਕੰਨ੍ਯਾ. ਲੜਕੀ. "ਗਾਛਹੁ ਪੁਤ੍ਰੀ ਰਾਜਕੁਆਰਿ." ਬਸੰ ਅਃ ਮਃ ੧) "ਰਾਜਕੁਆਰਿ ਪੁਰੰਦਰੀਏ." (ਰਾਮ ਨਾਮਦੇਵ) ੩. ਬਿਨਾ ਵਿਆਹੀ ਕੰਨ੍ਯਾ. "ਜਾ ਕੁਆਰੀ ਤਾ ਚਾਉ." (ਸ. ਫਰੀਦ) ੪. ਲੌਂਡੀ. ਦਾਸੀ. "ਜਾਚੈ ਘਰਿ ਲਛਮੀ ਕੁਆਰੀ." (ਮਲਾ ਨਾਮਦੇਵ) ੫. ਕਵਰੀ. ਕਵਲ. ਬੁਰਕੀ. "ਖਿੰਥਾ ਕਾਲ ਕੁਆਰੀ ਕਾਇਆ." (ਜਪੁ) ਦੇਹ ਨੂੰ ਕਾਲ ਦਾ ਗ੍ਰਾਸ ਜਾਣਨਾ ਇਹ ਖਿੰਥਾ ਹੈ.

**ਕੁਆਲਿਉ, ਕੁਆਲਿਓ:** ਵਿ- ਕੁ (ਬੁਰੇ) ਆਲਯ (ਘਰ) ਦੀ. ਖੋਟੇ ਘਰ ਦੀ. ਨੀਚ ਖ਼ਾਨਦਾਨ ਦੀ. "ਖਰੀ ਕੁਆਲਿਓ ਕੁਰੂਪਿ ਕੁਲਖਣੀ." (ਮਾਝ ਅਃ ਮਃ ੩)

**ਕੁਅੰਡ:** ਸੰ. ਕੋਦੰਡ. ਸੰਗ੍ਯਾ- ਧਨੁਖ. ਕਮਾਣ.

**ਕੁਇਰ:** ਦੇਖੋ, ਕੁਆਰ. "ਮੁਛਿ ਮੁਛਿ ਕੁਇਰ ਰੁਲਾਇਆ." (ਆਸਾ ਅਃ ਮਃ ੧) ਦੇਖੋ, ਕੌਰ.

**ਕੁਇਰਿ:** ਦੇਖੋ, ਕੁਅਰਿ.

**ਕੁਇਰੁ:** ਦੇਖੋ, ਕੁਅਰ. ਰਾਜਪੁਤ੍ਰ. ਅਮੀਰਜ਼ਾਦਾ. "ਬਾਬਰਵਾਣੀ ਫਿਰ ਗਈ ਕੁਇਰੁ ਨ ਰੋਟੀ ਖਾਇ." (ਆਸਾ ਅਃ ਮਃ ੧)

**ਕੁਇਲਾ:** ਦੇਖੋ, ਕੋਇਲਾ. "ਖਿੰਥਾ ਜਲਿ ਕੁਇਲਾ ਭਈ." (ਸ. ਕਬੀਰ) ਇਸ ਥਾਂ ਖਿੰਥਾ ਤੋਂ ਭਾਵ ਦੇਹ ਹੈ.

**ਕੁਈ:** ਸਰਵ- ਕੋਈ. "ਅੰਨ ਪੌਣ ਥਿਰ ਨ ਕੁਈ." (ਵਾਰ ਮਾਝ ਮਃ ੧)

**ਕੁਸ:** ਸੰ. ਕੁਸ਼. ਸੰਗ੍ਯਾ- ਦਰਭ. ਦੱਭ। ੨. ਪਾਣੀ. ਜਲ। ੩. ਸ਼੍ਰੀ ਰਾਮਚੰਦ੍ਰ ਜੀ ਦਾ ਇੱਕ ਪੁਤ੍ਰ. ਕੁਸ਼ੁ. ਦੇਖੋ, ਲਵ ੬। ੪. ਪੁਰਾਣਾਂ ਅਨੁਸਾਰ ਸੱਤ ਦ੍ਵੀਪਾਂ ਵਿੱਚੋਂ ਇੱਕ ਦ੍ਵੀਪ. "ਪਹੁਚੇ ਦੀਪ ਹੁਤੋ ਕੁਸ ਨਾਮੂ." (ਨਾਪ੍ਰ) ੫. ਇੱਕ ਦੈਤ, ਜਿਸ ਨੂੰ ਕ੍ਰਿਸ਼ਨ

ਜੀ ਨੇ ਦ੍ਵਾਰਿਕਾ ਵਿੱਚ ਮਾਰਿਆ। ੬. ਹਲ ਦਾ ਫਾਲਾ। ੭. ਫ਼ਾ. کُش ਮਾਰ. ਕਤਲ ਕਰ. ਇਸ ਦਾ ਮੂਲ ਕੁਸ਼ਤਨ ਹੈ. ਇਹ ਸ਼ਬਦ ਦੇ ਅੰਤ ਆਕੇ ਮਾਰਨ ਵਾਲਾ ਅਰਥ ਦਿੰਦਾ ਹੈ, ਜੈਸੇ- ਮਰਦਮਕੁਸ਼। ੮. ਫ਼ਾ. کُس ਕੁਸ. ਭਗ. ਯੋਨਿ.

ਕੁਸਟ: ਕੁਸ਼੍ਠ. ਕੋੜ੍ਹ. ਦੇਖੋ, ਕੁਸ਼੍ਰ.

ਕੁਸਣ: ਦੇਖੋ, ਕੁਸ਼ਤਨ.

ਕੁਸਤ: ਫ਼ਾ. کُشت ਕੁਸ਼੍ਤ. ਮਾਰਿਆ. ਕ਼ਤਲ ਕੀਤਾ। ੨. ਸੰ. कुसृति ਕੁਸ੍ਰਿਤਿ. ਸੰਗ੍ਯਾ- ਫ਼ਰੇਬ. ਛਲ. ਕਪਟ। ੩. ਦੇਖੋ, ਕੁਸਤੁ.

ਕੁਸ਼ਤਗਾਂ: ਫ਼ਾ. کُشتگاں ਕ਼ਤਲ ਕੀਤੇ ਹੋਏ. ਕੁਸ਼ਤਹ ਕੀਤੇ ਹੋਏ.

ਕੁਸਤਤਾ: ਸੰਗ੍ਯਾ- ਅਸਤ੍ਯਤਾ. ਝੂਠਾਪਨ. "ਕੁਸਤਤਾ ਕੋ ਭਲੇ ਸੂਤ ਭੇਦ੍ਯੋ." (ਪਾਰਸਾਵ) ੨. ਦੇਖੋ, ਕੁਤਸਤਾ.

ਕੁਸ਼ਤਨ: ਫ਼ਾ. کُشتن ਕ੍ਰਿ- ਮਾਰਸੁੱਟਣਾ. ਕ਼ਤਲ (ਵਧ) ਕਰਨਾ.

ਕੁਸਤਨੀ: ਫ਼ਾ. کُشتنی ਕੁਸ਼੍ਤਨੀ. ਮਾਰਨੇ ਲਾਇਕ. "ਗੈਬਾਨ ਹੈਵਾਨ ਹਰਾਮ ਕੁਸਤਨੀ." (ਤਿਲੰ ਮਃ ੫)

ਕੁਸ਼ਤਾ: ਫ਼ਾ. کُشتہ ਮਾਰਿਆ ਹੋਇਆ. ਦੇਖੋ, ਕੁਸ਼ਤਨ। ੨. ਸੰਗ੍ਯਾ- ਧਾਤੁ ਦੀ ਭਸਮ. ਮਾਰੀ ਹੋਈ ਧਾਤੁ.

ਕੁਸਤਿ: ਸੰ. ਕੁਸ੍ਰਿਤਿ. ਸੰਗ੍ਯਾ- ਇੰਦ੍ਰਜਾਲ। ੨. ਅਸਤ੍ਯਤਾ. ਝੂਠ। ੩. ਕ੍ਰਿ. ਵਿ- ਛਲ. ਕਪਟ ਆਦਿਕ ਕੁਤਸਿਤ (ਨਿੰਦਿਤ) ਕਰਮਾਂ ਨਾਲ. "ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਂਈ." (ਗਉ ਛੰਤ ਮਃ ੩)

ਕੁਸਤੀ: ਵਿ- ਝੂਠਾ। ੨. ਕੁਕਰਮੀ. ਸਦਾਚਾਰ ਤੋਂ ਰਹਿਤ. "ਭਠ ਕੁਸਤੀ ਗਾਉ." (ਸ. ਕਬੀਰ) ੩. ਫ਼ਾ. کُشتی ਕੁਸ਼ਤੀ. ਸੰਗ੍ਯਾ- ਮੱਲਯੁੱਧ. ਘੋਲ.

ਕੁਸਤੁ: ਸੰ. ਕੁ- ਸਤ੍ਵ. ਸੰਗ੍ਯਾ- ਬਦੀ. "ਮੁਹਹੁ ਕੂੜ ਕੁਸਤੁ ਤਿਨੀ ਢਾਹਿਆ." (ਵਾਰ ਸ੍ਰੀ ਮਃ ੪) ੨. ਨੀਚਪ੍ਰਕ੍ਰਿਤਿ. "ਕੂੜ ਕੁਸਤੁ ਤ੍ਰਿਸਨਾਅਗਨਿ ਬੁਝਾਏ." (ਧਨਾ ਮਃ ੩) ੩. ਆਲਸ. ਉੱਦਮ ਦਾ ਅਭਾਵ। ੪. ਅਧਰਮ ਨਾਲ ਕਮਾਇਆ ਧਨ.

ਕੁਸ਼ਤੰਦਹ: ਫ਼ਾ. کُشتندہ ਵਿ- ਮਾਰਦੇਣ (ਵਧ ਕਰਨ) ਵਾਲਾ.

ਕੁਸ਼ ਧ੍ਵਜ: ਦੇਖੋ, ਸੀਤਾ.

ਕੁਸਨਾ: ਦੇਖੋ, ਕੁਸ਼ਤਨ. "ਕੁਸਾ ਕਟੀਆ ਵਾਰ ਵਾਰ." (ਸ੍ਰੀ ਮਃ ੧)

ਕੁਸ਼ਨਾਭ: ਦੇਖੋ, ਕਾਨ੍ਯਕੁਬਜ.

ਕੁਸਪਾਤੀ: ਸੰਗ੍ਯਾ- ਕੁਸ਼ਪਵਿਤ੍ਰੀ. ਅਨਾਮਿਕਾ (ਚੀਚੀ ਦੇ ਪਾਸ ਦੀ ਉਂਗਲ) ਤੇ ਪਹਿਰਿਆ ਹੋਇਆ ਦੱਭ ਦਾ ਛੱਲਾ, ਜੋ ਹਿੰਦੂਮਤ ਅਨੁਸਾਰ ਦੇਵ ਅਤੇ ਪਿਤ੍ਰਿ ਕਰਮ ਵਿੱਚ ਪਹਿਰਨਾ ਵਿਧਾਨ ਹੈ. "ਗਿਆਨ ਜਨੇਊ ਧਿਆਨ ਕੁਸਪਾਤੀ." (ਆਸਾ ਮਃ ੧)

ਕੁਸ਼ਪੁਰ: ਰਾਮਚੰਦ੍ਰ ਜੀ ਦੇ ਪੁਤ੍ਰ ਕੁਸ਼ ਦਾ ਵਸਾਇਆ ਨਗਰ. ਦੇਖੋ, ਕੁਸੂਰ। ੨. ਅਵਧ (ਔਧ) ਵਿੱਚ ਸੁਲਤਾਨਪੁਰ ਦਾ ਪੁਰਾਣਾ ਨਾਉਂ.

ਕੁਸਮ: ਸੰ. ਕੁਸੁਮ. ਸੰਗ੍ਯਾ- ਫੁੱਲ. "ਪੁੰਡਰ ਕੇਸ ਕੁਸਮ ਤੇ ਧਉਲੇ." (ਸ੍ਰੀ ਬੇਣੀ) ਇਸ ਥਾਂ ਚਿੱਟੇ ਫੁੱਲ ਤੋਂ ਭਾਵ ਹੈ। ੨. ਕੁਸੁੰਭ ਦੀ ਥਾਂ ਭੀ ਕੁਸਮ ਸ਼ਬਦ ਹੈ. "ਕੁਸਮ ਰੰਗ ਸੰਗਿ ਰਚ ਰਹਿਆ." (ਦੇਵ ਮਃ ੫) "ਦੁਨੀਆ ਰੰਗੁ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ." (ਮਾਰੂ ਸੋਲੇਹ ਮਃ ੫) ਦੁਨੀਆਂ ਦਾ ਰੰਗ ਇਸ ਤਰਾਂ ਨੇੜੇ ਨਹੀਂ ਆਉਂਦਾ, ਜਿਵੇਂ ਫੁੱਲ, ਰੇਸ਼ਮ, ਘੀ

ਅਤੇ ਮ੍ਰਿਗਚਰਮ ਦੇ ਪਾਸ ਭਿੱਟ ਨਹੀਂ ਆਉਂਦੀ.

ਕੁਸਮਬਿਚਿਤ੍ਰ: ਇੱਕ ਛੰਦ, ਜਿਸ ਦਾ ਨਾਉਂ ਕੁਸੁਮਵਿਚਿਤ੍ਰਾ ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ- ਨ, ਯ, ਨ, ਯ. III, ISS, III, ISS.

ਉਦਾਹਰਣ-

ਤਿਨ ਬਨਬਾਸੀ ਰਘੁਬਰ ਜਾਨੇ,

ਦੁਖ ਸੁਖ ਸੰਗੀ ਸੁਖ ਦੁਖ ਮਾਨੇ,

ਬਲਕਲ ਲੈਕੇ ਅਬ ਬਨ ਜੈਹੈਂ,

ਰਘੁਪਤਿ ਸੰਗੇ ਬਨਫਲ ਖੈਹੈਂ.

(ਰਾਮਾਵ)

ਕੁਸਮਯ, ਕੁਸਮਾ: ਸੰਗਯਾ- ਬੁਰਾ ਵੇਲਾ. ਖੋਟਾ ਸਮਾਂ। ਮੁਸੀਬਤ ਦਾ ਵੇਲਾ.

ਕੁਸਮਾਹੀ: ਕੁਸੁਮ- ਮਾਂਹੀਂ. ਫੁੱਲ ਵਿੱਚ. "ਉਰਝ ਪਰਿਓ ਕੁਸਮਾਹੀ." (ਸਾਰ ਮਃ ੫) ਭੌਰੇ ਵਾਂਙ ਜਗਤ ਵਿੱਚ ਉਲਝ ਗਿਆ.

ਕੁਸਮਾਂਜਲਿ: ਦੇਖੋ, ਕੁਸੁਮਾਂਜਲਿ.

ਕੁਸਮਾਂਡ: ਦੇਖੋ, ਕੂਖਮਾਂਡ.

ਕੁਸਮਾਯੁਧ: ਦੇਖੋ, ਕੁਸੁਮਾਯੁਧ.

ਕੁਸਮਾਵਲਿ: ਦੇਖੋ, ਕੁਸੁਮਾਵਲਿ.

ਕੁਸਮਿਤ: ਦੇਖੋ, ਕੁਸੁਮਿਤ. "ਕੁਸਮਿਤ ਬਨ ਕੀ ਪ੍ਰਭਾ ਵਿਲੋਕੈਂ." (ਗੁਪ੍ਰਸੂ) ਪ੍ਰਫੁੱਲਿਤ ਬਾਗ਼ ਦੀ ਸ਼ੋਭਾ ਵਿਲੋਕੈਂ (ਵੇਖਦੇ ਹਨ).

ਕੁਸਰਾਈ, ਕੁਸਰਾਤ: ਦੇਖੋ, ਕੁਸਲਤਾ. "ਤੁਮਰੇ ਤਨ ਹੈ ਕੁਸਰਾਈ." (ਕ੍ਰਿਸਨਾਵ)

ਕੁਸਲ: ਸੰ. ਕੁਸ਼ਲ. ਸੰਗਯਾ- ਕਲਯਾਣ. ਮੰਗਲ. "ਇਨ ਬਿਧਿ ਕੁਸਲ ਹੋਤ ਮੇਰੇ ਭਾਈ!" (ਗਉ ਮਃ ੫) "ਮੀਤ ਕੇ ਕਰਤਬ ਕੁਸਲ ਸਮਾਨਾ." (ਗਉ ਮਃ ੫) ੨. ਆਸ਼ੀਰਵਾਦ. "ਕੁਸਲ ਕੁਸਲ ਕਰਤੇ ਜਗ ਬਿਨਸੈ." (ਗਉ ਕਬੀਰ) ੩. ਵਿ- ਦਾਨਾ. ਚਤੁਰ। ੪. ਪੰਡਿਤ.

ਕੁਸਲ ਖੇਮ: ਸੰਗਯਾ- ਕੁਸ਼ਲ ਕ੍ਸ਼ੇਮ. ਕਲਯਾਣ ਅਤੇ ਸੁਖ. ਆਨੰਦ ਮੰਗਲ. "ਕੁਸਲ ਖੇਮ ਸਭ ਭਇਆ." (ਸੋਰ ਮਃ ੫) "ਕੁਸਲ ਖੇਮ ਪ੍ਰਭੁ ਆਪਿ ਬਸਾਏ." (ਗਉ ਮਃ ੫)

ਕੁਸਲਤਾ, ਕੁਸਲਾਤ: ਸੰਗਯਾ- ਕੁਸ਼ਲਤਾ. ਆਨੰਦਤਾ. ਮੰਗਲ ਦਾ ਭਾਵ। ੨. ਦਾਨਾਈ. ਚਤੁਰਾਈ. "ਕਾਹੇ ਕੀ ਕੁਸਲਾਤ ਹਾਥ ਦੀਪ ਕੂਏ ਪਰੈ?" (ਸ. ਕਬੀਰ)

ਕੁਸਾ: ਸੰ. ਕੁਸ਼ ਸੰਗਯਾ- ਦਰਭ. ਦੱਭ. ਇੱਕ ਕਿਸਮ ਦਾ ਘਾਹ, ਜਿਸ ਨੂੰ ਬ੍ਰਾਹਮਣ ਬਹੁਤ ਪਵਿਤ੍ਰ ਮੰਨਦੇ ਅਤੇ ਪੂਜਾ ਵਿੱਚ ਵਰਤਦੇ ਹਨ. ਮਰਨ ਵੇਲੇ ਪ੍ਰਾਣੀ ਦੇ ਹੇਠ ਵਿਛਾਉਂਦੇ ਹਨ. "ਥਾਂਇ ਲਿਪਾਇ ਕੁਸਾ ਬਿਛਵਾਈ." (ਨਾਪ੍ਰ) ੨. ਦੇਖੋ, ਕੁਸ਼ਤਨ. "ਕੁਸਾ ਕਟੀਆ ਵਾਰ ਵਾਰ." (ਸ੍ਰੀ ਮਃ ੧) ਮੈ ਕੁੱਠਾ (ਕੋਹਿਆ) ਜਾਵਾਂ। ੩. ਫ਼ਾ. کشا ਕੁਸ਼ਾ. ਵਿ- ਖੋਲ੍ਹਨੇ ਵਾਲਾ. ਇਹ ਸ਼ਬਦ ਦੇ ਅੰਤ ਵਰਤਿਆ ਜਾਂਦਾ ਹੈ, ਜਿਵੇਂ- ਦਿਲਕੁਸ਼ਾ.

ਕੁਸਾਇ: ਦੇਖੋ, ਆਲਮਕੁਸਾਇ। ੨. ਫ਼ਾ. کشائے ਵਿ- ਖੋਲ੍ਹਣ ਵਾਲਾ.

ਕੁਸ਼ਾਇਸ਼: ਫ਼ਾ. کشایش ਸੰਗਯਾ- ਕੁਸ਼ਾਦਗੀ. ਖੁਲ੍ਹ.ਫ਼ਰਾਖ਼ੀ.

ਕੁਸਾਸਨ: ਸੰ. कुशासनम ਕੁਸ਼ (ਦੱਭ) ਦਾ ਆਸਨ. ਇਹ ਹਿੰਦੂਧਰਮ ਦੇ ਗ੍ਰੰਥਾਂ ਵਿੱਚ ਪੂਜਾ ਪਾਠ ਵੇਲੇ ਵਿਛਾਉਣਾ ਬਹੁਤ ਉੱਤਮ ਲਿਖਿਆ ਹੈ। ੨. ਕੁਸ਼ਾਸਨ. ਬੁਰੀ ਤਰਾਂ ਹੁਕੂਮਤ ਕਰਨ ਦਾ ਭਾਵ.

ਕੁਸ਼ਾਗ੍ਰਬੁੱਧਿ: ਵਿ- ਦੱਭ ਦੀ ਨੋਕ ਜੇਹੀ ਤਿੱਖੀ ਬੁੱਧੀ ਵਾਲਾ. ਭਾਵ- ਸੂਖਮ ਬੁੱਧਿ (ਤੇਜ਼ ਅ਼ਕ਼ਲ) ਰੱਖਣ ਵਾਲਾ.

ਕੁਸ਼ਾਦ: ਫ਼ਾ. ਖੋਲ੍ਹਿਆ। ੨. کشادہ ਖੋਲ੍ਹਿਆ ਹੋਇਆ. "ਦੋਨੋ ਚਸ਼ਮ ਕੁਸ਼ਾਦ ਨਿਸ਼ਸਤਹਿਸਾਮੁਹੇ." (ਨਾਪ੍ਰ) ਦੋਵੇਂ ਅੱਖਾਂ ਖੋਲ੍ਹਕੇ.

ਕੁਸ਼ਾਦਹ: ਦੇਖੋ, ਕੁਸ਼ਾਦ ੨.

ਕੁਸ਼ਾਦਗੀ: ਫ਼ਾ. کشادگی ਸੰਗਯਾ- ਖੁਲ੍ਹ. ਤੰਗੀ ਦੇ ਵਿਰੁੱਧ। ੨. ਬੰਧਨ ਦਾ ਅਭਾਵ.

ਕੁਸ਼ਾਦਨ: ਫ਼ਾ. کشادن ਕ੍ਰਿ- ਖੋਲ੍ਹਣਾ। ੨. ਨਿਰਬੰਧ ਕਰਨਾ.

ਕੁਸ਼ਾਦਾ: ਦੇਖੋ, ਕੁਸ਼ਾਦ ੨.

ਕੁਸਾਮਤ: ਦੇਖੋ, ਖ਼ੁਸ਼ਾਮਦ. "ਕਾਂਹੂੰ ਕੁਸਾਮਤ ਕਰ ਖ਼ੁਸ਼ਲੇਤ." (ਗੁਪ੍ਰਸੂ)

ਕੁਸ਼ਾਯੰਦਹਕਾਰ: ਫ਼ਾ. کشایندہ کار ਵਿ- ਕੰਮ ਖੋਲ੍ਹਣ ਵਾਲਾ. ਕਾਰਜ ਚਲਾਉਣ ਵਾਲਾ. ਕੰਮ ਦੀ ਕਠਿਨਾਈ ਦੂਰ ਕਰਨ ਵਾਲਾ.

ਕੁਸਾਲੀ: ਦੇਖੋ, ਖੁਸਾਲੀ। ੨. ਕੁਸ਼ੀਲ. ਵਿ- ਬੁਰੇ ਸੁਭਾਉ ਵਾਲਾ. ਨੀਚ ਪ੍ਰਕ੍ਰਿਤ ਵਾਲਾ. "ਗੋ ਗਰੀਬ ਕੋ ਹਤੈਂ ਕੁਸਾਲੀ." (ਨਾਪ੍ਰ)

ਕੁਸਿਕ: ਸੰ. ਕੁਸ਼ਿਕ. ਸੰਗਯਾ- ਇੱਕ ਰਾਜਾ, ਜੋ ਗਾਧਿ ਦਾ ਪਿਤਾ ਅਤੇ ਵਿਸ਼੍ਵਾਮਿਤ੍ਰ ਦਾ ਦਾਦਾ ਸੀ. ਇਸ ਤੋਂ ਕੌਸ਼ਿਕ ਗੋਤ੍ਰ ਚੱਲਿਆ.

ਕੁਸੀ: ਵਿ- ਕੁਸ਼ਵੰਸ਼ੀ. ਕੁਸ਼ ਦੀ ਔਲਾਦ ਵਿੱਚ ਹੋਣ ਵਾਲਾ. ਵਿਚਿਤ੍ਰਨਾਟਕ ਅਨੁਸਾਰ ਵੇਦੀ ਕੁਸ਼ ਦੀ ਅਤੇ ਸੋਢੀ ਲਵ (ਲਊ) ਦੀ ਔਲਾਦ ਹਨ. ਦੇਖੋ, ਲਵੀ. "ਲਵੀ ਸਰਬ ਜੀਤੇ ਕੁਸੀ ਸਰਬ ਹਾਰੇ." (ਵਿਚਿਤ੍ਰ) ੨. ਜਿਸ ਪਾਸ ਕੁਸ਼ (ਦੱਭ) ਹੈ. ਕੁਸ਼ਾਧਾਰੀ। ੩. ਸੰਗਯਾ- ਹਲ ਦਾ ਫਾਲਾ, ਜੋ ਕੁ (ਜ਼ਮੀਨ) ਸੀ (ਪਾੜਦਾ) ਹੈ। ੪. ਕੁਸ਼ਕ ਦੀ ਵੰਸ਼ ਦਾ ਵਿਸ਼੍ਵਾਮਿਤ੍ਰ ਰਿਖੀ.

ਕੁਸੀਦ: ਸੰ. ਸੰਗਯਾ- ਵਿਆਜ. ਸੂਦ. ਇਸ ਦਾ ਉੱਚਾਰਣ "ਕੁਸ਼ੀਦ" ਭੀ ਸਹੀ ਹੈ.

ਕੁਸੁਧ: ਵਿ- ਅਪਵਿਤ੍ਰ. ਨਾਪਾਕ. "ਹਿਰਦਾ ਕੁਸੁਧ ਲਾਗਾ ਮੋਹ ਕੂਰ." (ਸਾਰ ਮਃ ੪) "ਕਾਇਆ ਕੁਸੁਧ ਹਉਮੈ ਮਲੁ ਲਾਈ." (ਮਾਰੂ ਸੋਲਹੇ ਮਃ ੩) ੨. ਅਸ਼ੁੱਧ. ਗ਼ਲਤ.

ਕੁਸੁਧਾ: ਵਿ- ਅਸ਼ੁੱਧਿ ਵਾਲਾ. ਜੂਠਾ। ੨. ਕੁਸੂਧਾ. ਟੇਢਾ."ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ?" (ਵਾਰ ਆਸਾ)

ਕੁਸੁਧੁ: ਦੇਖੋ, ਕੁਸੁਧ.

ਕੁਸੁਪੁਰ: ਕੁਸ਼ਪੁਰ. ਦੇਖੋ, ਕੁਸੂਰ.

ਕੁਸੁੰਭ: ਸੰ. ਸੰਗਯਾ- ਕੁਸੁੰਭਾ. ਕੇਸਰ ਜੇਹੀਆਂ ਸੁਨਹਿਰੀ ਤਰੀਆਂ ਵਾਲੇ ਫੁੱਲਾਂ ਵਾਲਾ ਇੱਕ ਬੂਟਾ. ਅਗਨਿਸ਼ਿਖ। ੨. ਕੁਸੁੰਭੇ ਦਾ ਫੁੱਲ। ੩. ਝਾਰੀ. ਸੁਰਾਹੀ। ੪. ਸੰ. ਕੁਸ਼ੁੰਭ. ਸਰਪ ਆਦਿਕ ਜ਼ਹਿਰੀਲੇ ਜੀਵਾਂ ਦੀ ਉਹ ਥੈਲੀ, ਜਿਸ ਵਿੱਚ ਜ਼ਹਿਰ ਜਮਾ ਰਹਿੰਦੀ ਹੈ. Venom- bag.

ਕੁਸੁੰਭਰੰਗ: ਕੁਸੁੰਭੇ ਦਾ ਰੰਗ। ੨. ਭਾਵ- ਕੱਚਾ ਰੰਗ. ਗੁਰਬਾਣੀ ਵਿੱਚ ਮਾਇਕਪਦਾਰਥਾਂ ਦੇ ਅਨੰਦਾਂ ਨੂੰ ਕੁਸੁੰਭੇ ਦੇ ਰੰਗ ਦਾ ਦ੍ਰਿਸ਼੍ਟਾਂਤ ਦਿੱਤਾ ਹੈ. "ਰਚਨੰ ਕੁਸੁੰਭਰੰਗਣਹ." (ਗਾਥਾ)

ਕੁਸੁੰਭੜਾ, ਕੁਸੁੰਭੜੋ, ਕੁਸੁੰਭਾ: ਦੇਖੋ, ਕਸੁੰਭ ਅਤੇ ਕੁਸੁੰਭ। ੨. ਕੁਸੁੰਭੇ ਜੇਹੀ ਰੰਗਤ ਵਾਲਾ। ੩. ਡਿੰਗ- ਅਫ਼ੀਮ ਦਾ ਟਪਕਾਇਆ ਹੋਇਆ ਰਸ, ਜੋ ਕੁਸੁੰਭੇ ਦੇ ਰੰਗ ਵਾਂਙ ਚੁਆਇਆ ਜਾਂਦਾ ਹੈ. ਦੇਖੋ, ਕਸੁੰਭੜਾ ੨.

ਕੁਸੁੰਭੀ: ਵਿ- ਕੁਸੁੰਭੇ ਦੇ ਰੰਗ ਨਾਲ ਰੰਗਿਆ। ੨. ਕੁਸੁੰਭੇ ਜੇਹਾ ਰੰਗੀਨ.

ਕੁਸੁਮ: ਸੰ. ਸੰਗਯਾ- ਫੁੱਲ. ਪੁਸ਼ਪ। ੨. ਰਜ. ਰਿਤੁ. ਹ਼ੈਜ਼.

ਕੁਸੁਮਸ਼ਰ: ਸੰਗਯਾ- ਕੁਸੁਮ (ਫੁੱਲਾਂ) ਦੇ ਸ਼ਰ (ਤੀਰਾਂ) ਵਾਲਾ, ਕਾਮਦੇਵ. ਕੁਸੁਮਾਯੁਧ.

ਕੁਸੁਮਚਾਪ: ਸੰਗਯਾ- ਫੁੱਲਾਂ ਦੇ ਧਨੁਖ ਵਾਲਾ, ਕਾਮਦੇਵ. ਪੁਸ਼੍ਪਧਨ੍ਵਾ.

ਕੁਸੁਮਵਿਚਿਤ੍ਰਾ: ਦੇਖੋ, ਕੁਸਮਬਿਚਿਤ੍ਰ.

ਕੁਸੁਮਾਂਜਲਿ: ਸੰਗਯਾ- ਕੁਸੁਮ (ਫੁੱਲ) ਅੰਜਲਿ (ਬੁੱਕ). ਫੁੱਲਾਂ ਦਾ ਉਂਜਲ. "ਦੇਵ ਕੁਸੁਮਾਂਜਲਿ ਅਰਪੈਂ." (ਸਲੋਹ) ੨. ਮੈਥਿਲ ਬ੍ਰਾਹਮਣ ਉਦਯਨ (ਉਦਯਨਾਚਾਰਯ), ਜੋ ਨ੍ਯਾਯ ਦਾ ਆਪਣੇ ਸਮੇਂ ਅਦੁਤੀ ਪੰਡਿਤ ਸੀ, ਉਸ ਦਾ ਬਣਾਇਆ "ਕੁਸੁਮਾਂਜਲਿ" ਗ੍ਰੰਥ, ਜਿਸ ਵਿੱਚ ਬੌੱਧਮਤ ਦਾ ਖੰਡਨ ਕਰਕੇ ਪ੍ਰਬਲ ਪ੍ਰਮਾਣਾਂ ਨਾਲ ਈਸ਼੍ਵਰਸਿੱਧੀ ਕੀਤੀ ਹੈ. ਇਹ ਗ੍ਰੰਥ ਵਿਦ੍ਵਾਨਾਂ ਦੇ ਸਮਾਜ ਵਿੱਚ ਆਦਰ ਯੋਗ੍ਯ ਹੈ.

ਕੁਸੁਮਾਯੁਧ: ਸੰਗਯਾ- ਫੁੱਲ ਹਨ ਜਿਸ ਦੇ ਸ਼ਸਤ੍ਰ, ਕਾਮਦੇਵ. ਫੁੱਲਾਂ ਦੇ ਬਾਣ ਧਾਰਣ ਵਾਲਾ.

ਕੁਸੁਮਾਵਲਿ: ਸੰਗਯਾ- ਫੁੱਲਾਂ ਦੀ ਪੰਕਤਿ. ਫੁੱਲਾਂ ਦਾ ਗੁੱਛਾ. ਫੁੱਲਾਂ ਦੀ ਮਾਲਾ.

ਕੁਸੁਮਿਤ: ਵਿ- ਫੁੱਲਿਆ ਹੋਇਆ. ਪ੍ਰਫੁੱਲਿਤ.

ਕੁਸੂ: ਦੇਖੋ, ਕੁਸ ੩. ਅਤੇ ਲਵ ੬.

ਕੁਸੂਤ: ਸੰਗਯਾ- ਉਲਝਿਆ ਹੋਇਆ ਸੂਤ। ੨. ਬੁਰਾ ਪ੍ਰਬੰਧ. ਬਦਇੰਤਜ਼ਾਮੀ.

ਕੁਸੁਧਾ: ਦੇਖੋ, ਕੁਸੁਧਾ.

ਕੁਸੂਰ: ਕੁਸ਼ਪੁਰ. ਲਹੌਰ ਦੇ ਜਿਲੇ ਇੱਕ ਨਗਰ, ਜੋ ਤਸੀਲ ਅਤੇ N. W. R. ਦਾ ਜੰਕਸ਼ਨ ਸਟੇਸ਼ਨ ਹੈ. ਵਿਚਿਤ੍ਰਨਾਟਕ ਵਿੱਚ ਇਸ ਨਗਰ ਦਾ ਰਾਮਚੰਦ੍ਰ ਜੀ ਦੇ ਪੁਤ੍ਰ ਕੁਸ਼ ਕਰਕੇ ਵਸਾਉਣਾ ਲਿਖਿਆ ਹੈ, ਯਥਾ- "ਤਹੀ ਤਿਨੈ ਬਾਂਧੇ ਦੁਇ ਪੁਰਵਾ। ਏਕ ਕੁਸੂਰ ਦੁਤੀਯ ਲਹੁਰਵਾ." ਇਸ ਸ਼ਹਿਰ ਨੂੰ ਖਾਲਸਾਦਲ ਨੇ ਜੇਠ ਸੰਮਤ ੧੮੧੭ ਵਿੱਚ ਫਤੇ ਕਰਕੇ ਉੱਥੋਂ ਦੇ ਹਾਕਮ ਆਸਮਾਨ ਖ਼ਾਨ ਨੂੰ ਕਤਲ ਕੀਤਾ. ਸਨ ੧੮੦੭ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿਘ ਦੀ ਸਹਾਇਤਾ ਨਾਲ ਕੁਸੂਰ ਦੇ ਹਾਕਿਮ ਕੁਤਬੁੱਦੀਨ ਨੂੰ ਕਤਲ ਕਰਕੇ ਸਿੱਖਰਾਜ ਨਾਲ ਕੁਸੂਰ ਦਾ ਇਲਾਕਾ ਮਿਲਾਇਆ। ੨. ਅ਼. قصُور ਕ਼ੁਸੂਰ. ਦੋਸ਼. ਖ਼ਤ਼ਾ. ਗੁਨਾਹ. ਅਪਰਾਧ.

ਕੁਸ਼ੇਸ਼ਯ: ਸੰਗਯਾ- ਕੁਸ਼ (ਜਲ) ਪੁਰ ਸ਼ਯ (ਸੌਣ) ਵਾਲਾ, ਕਮਲ. "ਸੰਗ ਪਰਾਗ ਕੁਸੇਸਯ ਹੇਰਾ." (ਨਾਪ੍ਰ) ੨. ਭਮੂਲ. ਨੀਲੋਫਰ. ਕੁਮੁਦ। ੩. ਸਾਰਸ ਪੰਛੀ.

ਕੁਸੈਲ: ਵਿ- ਬੁਰਾ ਸ਼ੈਲ. ਉਹ ਪਹਾੜ, ਜਿਸ ਤੇ ਜਲ ਅਤੇ ਬਿਰਛਾਂ ਦਾ ਅਭਾਵ ਹੈ. "ਚੇਟਕ ਸੇ ਚਿਤ੍ਰ ਚਾਰੁ ਚੌਪਖਾ ਕੁਸੈਲ ਸੀ." (ਚਰਿਤ੍ਰ ੧੨)

ਕੁਸੋਹਣਾ, ਕੁਸੋਹਣੀ: ਵਿ- ਕੁਰੂਪ. ਕੁਰੂਪਾ. ਜਿਸ ਦੀ ਸ਼ਕਲ ਭੈੜੀ ਹੈ. ਬਦਸ਼ਕਲ। ੨. ਸ਼ੋਭਾ ਰਹਿਤ. ਕੁਸ਼ੋਭਨ. "ਕੁਰੂਪਿ ਕੁ ਸੋਹਣੀ ਪਰਹਰਿ ਛੋਡੀ ਭਤਾਰ." (ਵਾਰ ਸ੍ਰੀ ਮਃ ੩)

ਕੁਸੰਗ, ਕੁਸੰਗਤਿ: ਸੰਗਯਾ- ਬੁਰੀ ਸੁਹਬਤ. ਖੋਟਾ ਸਾਥ. "ਕੁਸੰਗਤਿ ਬਹਹਿ ਸਦਾ ਦੁਖ ਪਾਵਹਿ." (ਮਾਰੂ ਸੋਲਹੇ ਮਃ ੩)

**ਕੁਸੰਗੀ:** ਵਿ- ਕੁਸੰਗਤਿ ਕਰਨ ਵਾਲਾ. ਬੁਰੀ ਸੁਹਬਤ ਬੈਠਣ ਵਾਲਾ. "ਸੰਗਿ ਕੁਸੰਗੀ ਬੈਸਤੇ." (ਸ. ਕਬੀਰ) ੨. ਬੁਰਾ ਸਾਥੀ.

**ਕੁਸੰਪ, ਕੁਸੰਪਦ:** ਸੰਗਯਾ- ਬਦਕ਼ਿਸਮਤੀ. ਦੁਰਭਾਗਜਤਾ। ੨. ਨਿੰਦਿਤ ਸੰਪਦਾ. ਜੁਲਮ ਅਤੇ ਅਨੀਤਿ ਨਾਲ ਕਮਾਈ ਮਾਇਆ.

**ਕੁਸੰਭਾਇਲੇ:** ਕੁਸੁੰਭਰੰਗ ਨਾਲ. "ਤੂ ਉਰਝਪਰਿਓ ਕੁਸੰਭਾਇਲੇ." (ਗੌਂਡ ਮਃ ੫)

**ਕੁਸ਼੍ਰ:** ਦੇਖੋ, ਗਲਿਤਕੁਸ੍ਰ.

**ਕੁਸ਼੍ਰੀ:** ਦੇਖੋ, ਕੁਸ਼੍ਰੀ.

**ਕੁਸ਼੍ਰ:** ਦੇਖੋ, ਗਲਿਤਕੁਸ੍ਰ। ੨. ਕੁਠ ਨਾਉਂ ਦੀ ਦਵਾਈ. Costus speciosus. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਕੁਸ਼੍ਰ (ਕੁਠ) ਲਹੂ ਦੇ ਵਿਕਾਰ ਸ਼ਾਂਤ ਕਰਦੀ ਹੈ. ਵੀਰਜ ਵਧਾਉਂਦੀ ਅਤੇ ਕਫ ਨੂੰ ਘਟਾਉਂਦੀ ਹੈ. ਇਹ ਸਿਆਣੇ ਵੈਦ ਦੀ ਦੱਸੀ ਵਿਧਿ ਨਾਲ ਵਰਤਣੀ ਚਾਹੀਏ, ਜਾਦਾ ਖਾਧੀ ਨੁਕਸਾਨ ਕਰਦੀ ਹੈ, ਕਿਉਂਕਿ ਇਹ ਜਹਿਰੀਲੀ ਵਸਤੁ ਹੈ. ਕਸ਼ਮੀਰ ਤੋਂ ਇਹ ਕਈ ਦੇਸਾਂ ਵਿੱਚ ਜਾਂਦੀ ਅਤੇ ਬਹੁਤ ਮੁੱਲ ਪਾਉਂਦੀ ਹੈ.

**ਕੁਸ਼੍ਰੀ:** ਸੰ. कृष्ठिन् ਵਿ- ਕੁਸ਼੍ਰ ਰੋਗ ਵਾਲਾ. ਕੋੜ੍ਹੀ. ਜੁਜ਼ਾਮੀ. Leper.

**ਕੁਸ੍ਰੁ, ਕੁਸ੍ਰੁਨ, ਕੁਸ੍ਰੁੰਦਹ:** ਦੇਖੋ, ਕੁਸਤ, ਕੁਸ਼ਤਨ ਅਤੇ ਕੁਸ਼ਤੰਦਹ.

**ਕੁਸ੍ਰੂਤੀ:** ਦੇਖੋ, ਕੁਸਤਿ.

**ਕੁਹ:** ਵਿ- ਕੁਛ. ਕੁਝ। ੨. ਦੇਖੋ, ਕੁਹਣਾ। ੩. ਸੰ. ਵਯ- ਕਿੱਥੇ. ਕਹਾਂ। ੪. ਡਿੰਗ. ਸੰਗਯਾ- ਕੁਬੇਰ.

**ਕੁਹਕ:** ਸੰ. ਸੰਗਯਾ- ਧੋਖਾ. ਫ਼ਰੇਬ। ੨. ਮੁਰਗੇ ਦੀ ਆਵਾਜ਼। ੩. ਠਗ। ੪. ਸੰ. ਕੁਹੁਕ. ਪੰਛੀਆਂ ਦੀ ਕੁਹ ਕੁਹ ਧੁਨਿ. ਮਿੱਠੀ ਸੁਰ. "ਕੁਹਕਨਿ ਕੋਕਲਾ ਤਰਲ ਜੁਆਣੀ." (ਵਡ ਛੰਤ ਮਃ ੧) ੫. ਦੇਖੋ, ਕੁਹੁਕ.

**ਕੁਹਕਤ:** ਕੁਹਕਦਾ ਹੈ. ਦੇਖੋ, ਕੁਹਕ ੨. "ਕੁਹਕਤ ਕਪਟ." (ਕਾਨ ਮਃ ੫) ਕਪਟ ਬਾਂਗਾਂ ਦਿੰਦਾ ਹੈ.

**ਕੁਹਕਬਾਣ:** ਦੇਖੋ, ਕੁਹੁਕਬਾਣ.

**ਕੁਹਕਿਅੜਾ:** ਦੇਖੋ, ਕੁਹੁਕਿਅੜਾ.

**ਕੁਹਣਾ:** ਦੇਖੋ, ਕੁਸ਼ਤਨ. "ਜੀਆਂ ਕੁਹਤ ਨ ਸੰਗੈ ਪਰਾਣੀ." (ਗਉ ਮਃ ੫) ੨. ਕੁ- ਹਨਨ. ਬੇਰਹਮੀ ਨਾਲ ਜਾਨ ਲੈਣ ਦੀ ਕ੍ਰਿਯਾ. ਮੁਸਲਮਾਂਨੀ ਤਰੀਕੇ ਨਾਲ ਜਿਬਹਿ ਕਰਨਾ.

**ਕੁਹਥੜਾ, ਕੁਹਥਾ:** ਵਿ- ਕੁਤਸਿਤ (ਨਿੰਦਿਤ) ਅਸਥਾਨ। ੨. ਜਿਸ ਥਾਂ ਹੱਥ ਛੁਹਿਣਾ ਗਲਾਨੀ (ਘ੍ਰਿਣਾ) ਦਾ ਕਾਰਣ ਹੋਵੇ. ਕੁਹਥਰੀ ਥਾਂ. "ਵਸੰਦੋ ਕੁਹਥੜੈ ਥਾਇ." (ਜੈਤ ਵਾਰ) "ਕੁਹਥੀ ਜਾਈ ਸਿਟਿਆ." (ਵਾਰ ਆਸਾ) ਬੁਰੀ ਜਾਇ (ਜਾਯ- ਜਗਾ) ਵਿੱਚ.

**ਕੁਹਥੀਜਾਇ:** ਨਿੰਦਿਤ ਥਾਂ. ਦੇਖੋ, ਕੁਹਥੜਾ.

**ਕੁਹਨ, ਕੁਹਨਾ:** ਦੇਖੋ, ਕੁਹਣਾ। ੨. ਫ਼ਾ. کہن ਅਥਵਾ کہنہ ਵਿ- ਪੁਰਾਣਾ. ਜੀਰਣ। ੩. ਡਿੰਗ. ਕੁਹਨ. ਧੂਰਤ. ਲੁੱਚਾ। ੪. ਈਰਖਾ ਵਾਲਾ.

**ਕੁਹਰ:** ਸੰ. ਸੰਗਯਾ- ਛਿਦ੍ਰ. ਛੇਕ. ਸੁਰਾਖ਼। ੨. ਟੋਆ. ਗੜ੍ਹਾ। ੩. ਗਲੇ ਦੀ ਨਲਕੀ. ਕੰਠ ਦਾ ਛਿਦ੍ਰ, ਜਿਸ ਵਿੱਚਦੀਂ ਸੁਰ ਨਿਕਲਦਾ ਹੈ. "ਕਿਲਕਤ ਕੁਹਰ ਕਰ." (ਰਾਮਾਵ) ੪. ਕਾਉਂ ਆਦਿਕ ਪੰਛੀਆਂ ਦੀ ਧੁਨਿ। ੫. ਦੇਖੋ, ਕੁਹੀਰ.

**ਕੁਹਰਾ:** ਦੇਖੋ, ਕੁਹੀੜ.

**ਕੁਹਰੀ:** ਸੰਗਯਾ- ਬਹਿਰੀ. ਇੱਕ ਸ਼ਿਕਾਰੀ ਪੰਛੀ. ਦੇਖੋ, ਬਹਿਰੀ.

**ਕੁਹਲ:** ਅ਼. كحل ਸੰਗਯਾ- ਅੰਜਨ. ਕੱਜਲ। ੨. ਵਿ- ਅੱਖ ਨਾਲ ਹਾਵ ਭਾਵ ਬਣਾਉਣ ਵਾਲਾ। ੩. ਦੇਖੋ, ਕੁਹਿਲ.

**ਕੁਹੜਾਮ:** ਕੋਸ਼ਲ ਦੇਸ਼ ਦਾ ਇੱਕ ਨਗਰ, ਜਿਸ ਥਾਂ ਕੌਸ਼ਲਯਾ ਜਨਮੀ. ਕਈ ਪਟਿਆਲਾਰਾਜ ਦੇ ਘੁੜਾਮ ਨਗਰ ਨੂੰ ਕੁਹੜਾਮ ਸਮਝਦੇ ਹਨ, ਪਰ ਇਹ ਸਹੀ ਨਹੀਂ. ਦੇਖੋ, ਕੋਸਲ. "ਕੁਹੜਾਮ ਜਹਾਂ ਸੁਨਿਯੇ ਸਹਰੰ। ਤਹਿ ਕੋਸਲਰਾਜ ਨ੍ਰਿਪੇਸ ਬਰੰ। ਉਪਜੀ ਤਿੰਹ ਧਾਮ ਸੁਤਾ ਕੁਸਲੰ। ਜਿੰਹ ਜੀਤਲਈ ਸਸਿਅੰਸੁ ਕਲੰ." (ਰਾਮਾਵ)

**ਕੁਹਾਰ:** ਸੰਗਯਾ- ਕ ਜਲ ਹਰਣ (ਲੈਣ) ਲਈ ਬਣਾਇਆ ਟੋਆ. ਕੱਚਾ ਖੂਹ.

**ਕੁਹਾਰਾ, ਕੁਹਾਰੀ, ਕੁਹਾੜਾ, ਕੁਹਾੜੀ:** ਸੰਗਯਾ- ਕੁਠਾਰ. ਕੁਠਾਰੀ ਦੇਖੋ, ਕੁਠਾਰ.

**ਕੁਹਿ:** ਕ੍ਰਿ. ਵਿ- ਕੁਹਕੇ. ਜਿਬਹਿ ਕਰਕੇ. "ਕੁਹਿ ਬਕਰਾ ਰਿੰਨਿ ਖਾਇਆ." (ਵਾਰ ਆਸਾ)

**ਕੁਹਿਲ:** ਸੰ. ਕੁਹਲਿ. ਵਿ- ਪਾਨ ਸਹਿਤ ਹੈ ਜਿਸ ਦਾ ਮੁਖ. ਪਾਨਾਂ ਦੇ ਰੰਗ ਨਾਲ ਜਿਸ ਨੇ ਹੋਠ ਲਾਲ ਕੀਤੇ ਹਨ। ੨. ਦੇਖੋ, ਕੁਹਲ.

**ਕੁਹਿਲਨ:** ਵਿ- ਕੱਜਲ ਲਾਉਣ ਅਤੇ ਨੇਤ੍ਰਾਂ ਦੇ ਹਾਵ ਭਾਵ ਵਿਖਾਉਣ ਵਾਲੀ ਇਸਤ੍ਰੀ. ਦੇਖੋ, ਕੁਹ਼ਲ. "ਲੰਙੀ ਹੈ ਕੁਹਿਲਨ ਆਵਈ ਪਰਵੇਲਿ ਪਿਆਰੀ." (ਭਾਗੁ) ਪਰਾਈ ਕਸਲਾਖੀ ਚਪਲਾ ਇਸਤ੍ਰੀ ਭਾਵੇਂ ਲੰਙੀ ਹੈ, ਪਰ ਵਿਸ਼ਈ ਨੂੰ ਪਿਆਰੀ ਲਗਦੀ ਹੈ.

**ਕੁਹੀ:** ਸੰ. ਕੁਧਿ. ਸੰਗਯਾ- ਬਾਜ਼ ਦੀ ਕ਼ਿਸਮ ਦਾ ਇੱਕ ਸ਼ਿਕਾਰੀ ਪੰਛੀ, ਜੋ ਸਯਾਹਚਸ਼ਮ ਹੁੰਦਾ ਹੈ. ਇਸ ਨੂੰ ਸ਼ਾਹੀਨ ਕੁਹੀ ਆਖਿਆ ਜਾਂਦਾ ਹੈ. ਇਸ ਦਾ ਕੱਦ ਲਗੜ ਬਰੋਬਰ ਹੁੰਦਾ ਹੈ. ਇਸ ਵਿੱਚ ਸਭ ਸਿਫਤਾਂ ਬਹਿਰੀ ਜੇਹੀਆਂ ਹੁੰਦੀਆਂ ਹਨ. ਇਹ ਮਦੀਨ ਹੈ. ਇਸ ਦੇ ਨਰ ਦਾ ਨਾਉਂ ਕੋਹੀਲਾ ਹੈ. ਇਸ ਦਾ ਰੰਗ ਸੁਰਖੀ ਮਿਲਿਆ ਕਾਲਾ ਹੈ. ਕਿਸੇ ਕਿਸੇ ਦਾ ਖਾਕੀ ਭੀ ਹੁੰਦਾ ਹੈ. ਇਹ ਪੰਜਾਬੀ ਪੰਛੀ ਨਹੀਂ, ਵਿਦੇਸ਼ ਤੋਂ ਸਰਦੀ ਦੇ ਸ਼ੁਰੂ ਵਿੱਚ ਆਉਂਦਾ ਹੈ. ਸਿਖਾਈ ਹੋਈ ਕੁਹੀ ਚੰਗਾ ਸ਼ਿਕਾਰ ਕਰਦੀ ਹੈ. ਖਾਸ ਕਰਕੇ ਮੁਰਗਾਬੀਆਂ ਦਾ ਸ਼ਿਕਾਰ ਇਸ ਨਾਲ ਬਹੁਤ ਅੱਛਾ ਹੁੰਦਾ ਹੈ. ਜਿਸ ਝੀਲ ਵਿੱਚ ਮੁਰਗਾਬੀਆਂ ਬੈਠੀਆਂ ਹੋਣ ਇਹ ਉਸ ਉਤੇ ਮੰਡਲਾਉਣ ਲਗਦੀ ਹੈ. ਇਸ ਦੇ ਡਰ ਤੋਂ ਮੁਰਗਾਬੀਆਂ ਉਡਦੀਆਂ ਨਹੀਂ. ਸ਼ਿਕਾਰੀ ਬੰਦੂਕ ਨਾਲ ਖੂਬ ਸ਼ਿਕਾਰ ਕਰਦਾ ਹੈ. ਬੰਦੂਕ ਦੀ ਆਵਾਜ਼ ਨਾਲ ਜਦ ਮੁਰਗਾਬੀਆਂ ਉਡਦੀਆਂ ਹਨ ਤਦ ਕੁਹੀ ਉਨ੍ਹਾਂ ਦੇ ਉੱਪਰ ਚੱਕਰ ਬੰਨ੍ਹ ਲੈਂਦੀ ਹੈ. ਉਹ ਡਰਦੀਆਂ ਫੇਰ ਝੀਲ ਤੇ ਹੀ ਆ ਬੈਠਦੀਆਂ ਹਨ, ਜਿਸ ਤੋਂ ਸ਼ਿਕਾਰੀ ਨੂੰ ਬਹੁਤ ਸ਼ਿਕਾਰ ਮਿਲ ਜਾਂਦਾ ਹੈ. ਜੇ ਇਸ ਦਾ ਬੱਚਾ ਪਾਲਿਆ ਜਾਵੇ ਤਾਂ ਬਾਜ਼ ਵਾਂਙ ਕਈ ਵਰ੍ਹੇ ਸ਼ਿਕਾਰੀ ਪਾਸ ਰਹਿੰਦਾ ਹੈ. Falco Peregrinator. "ਸੀਹਾਂ ਬਾਜਾਂ ਚਰਗਾਂ ਕੁਹੀਆਂ ਇਨਾਂ ਖਵਾਲੇ ਘਾਹੁ." (ਵਾਰ ਮਾਝ ਮਃ ੧) ਦੇਖੋ, ਸ਼ਿਕਾਰੀ ਪੰਛੀ। ੨. ਖ਼ਾ. ਦਾਤੀ (ਦਾਤ੍ਰੀ). ਘਾਹ ਵੱਢਣ ਦਾ ਦੰਦੇਦਾਰ ਸੰਦ.

**ਕੁਹੀ ਦਾ ਸ਼ਿਕਾਰ:** ਸੰਗਯਾ- ਕੁਹੀ ਪੰਛੀ ਨਾਲ ਜਾਨਵਰਾਂ ਦਾ ਸ਼ਿਕਾਰ ਖੇਡਣਾ। ੨. ਖ਼ਾ. ਦਾਤੀ (ਦਾਤ੍ਰੀ) ਨਾਲ ਘਾਹ ਵੱਢਣਾ.

**ਕੁਹੀਰ:** ਸੰ. ਕੁਹੇਡੀ ਕੁਹੇੜੀ. ਸੰਗਯਾ- ਧੁੰਦ. ਪੌਣ ਵਿੱਚ ਜਲ ਦੇ ਬਰੀਕ ਕਿਣਕੇ ਠੰਡ ਨਾਲ ਗਾੜ੍ਹੇ ਹੋਏ ਹੋਏ ਕੁਹਰਾ. "ਜੈਸੇ ਕੁਹੀਰ ਨਿਵਾਰ ਕਰੈ ਹੁਇ ਸੂਰ ਉਦੈ ਮੁਖ ਤਜੋਂ ਪ੍ਰਗਟਾਈ." (ਨਾਪ੍ਰ)

**ਕੁਹੀਲਾ:** ਦੇਖੋ, ਕੁਹੀ ਅਤੇ ਕੋਹੀਲਾ.

**ਕੁਹੀੜ:** ਦੇਖੋ, ਕੁਹੀਰ। ੨. ਉਹ ਲੱਕੜ, ਜਿਸ ਉੱਪਰ ਚੜਸ (ਚਰਸਾ) ਚਲਾਉਣ ਲਈ ਚਕ੍ਰ (ਭੌਣ) ਰਖਿਆ ਜਾਂਦਾ ਹੈ.

**ਕੁਹੁਕ:** ਸੰ. ਸੰਗਯਾ- ਪੰਛੀਆਂ ਦੀ ਮਿੱਠੀ ਧੁਨਿ. ਕੁਹ ਕੁਹ ਦੀ ਆਵਾਜ਼। ੨. ਦੇਖੋ, ਕੁਹਕ.

ਕੁਹੁਕਬਾਣ: ਇੱਕ ਪ੍ਰਕਾਰ ਦਾ ਤੀਰ, ਜਿਸ ਦੀ ਮੁਖੀ ਵਿੱਚ ਛੇਕ ਹੁੰਦਾ ਹੈ. ਜਦ ਤੇਜ਼ੀ ਨਾਲ ਤੀਰ ਚਲਦਾ ਹੈ ਤਦ ਸੀਟੀ ਜੇਹੀ ਆਵਾਜ਼ ਹੁੰਦੀ ਹੈ. "ਤੇਗ ਤੀਰ ਤੁਫੰਗ ਤਬਰਰੁ[380] ਕੁਹੁਕਬਾਣ ਅਨੰਤ." (ਚੰਡੀ ੨) ਕਿਤਨਿਆਂ ਦਾ ਖਿਆਲ ਹੈ ਕਿ ਬਾਂਸ ਦੀ ਫੱਟੀਆਂ ਜੋੜਕੇ ਇਹ ਤੀਰ ਬਣਦਾ ਹੈ ਅਤੇ ਚਲਣ ਸਮੇਂ ਧੁਨਿ ਕਰਦਾ ਹੈ.

ਕੁਹੁਕਿਅੜਾ: ਦੇਖੋ, ਕੁਹੁਕ. "ਮੋਰ ਕੁਹੁਕਿਅੜਾ ਸਬਦ ਮੁਖਿ ਪਾਇਆ." (ਗਉ ਮਃ ੪)

ਕੁਹੂ: ਸੰ. ਸੰਗਯਾ- ਮੌਸ. ਅਮਾਵਸ. ਮਸ੍ਯਾ। ੨. ਮੋਰ ਅਥਵਾ ਕੋਕਿਲਾ (ਕੋਇਲ) ਦੀ ਧੁਨਿ। ੩. ਪੁਰਾਣਾਂ ਵਿੱਚ ਕਾਬੁਲ (ਕੁਭਾ) ਨਦੀ ਦਾ ਨਾਉਂ ਭੀ ਕੁਹੂ ਲਿਖਿਆ ਹੈ.

ਕੁਹੂਕ: ਦੇਖੋ, ਕੁਹੁਕ.

ਕੁਹੂਕੰਠ: ਸੰਗਯਾ- ਕੋਕਿਲਾ. ਕੋਇਲ, ਜੋ ਕੰਠ ਤੋਂ ਕੁਹੂ ਕੁਹੂ ਸ਼ਬਦ ਕਰਦੀ ਹੈ। ੨. ਵਿ- ਕੋਕਿਲਾ ਜੇਹਾ ਸੁਰੀਲਾ ਹੈ ਜਿਸ ਦਾ ਗਲਾ.

ਕੁਹੇਤ: ਸੰਗਯਾ- ਅਹਿਤ. ਸਨੇਹ ਦਾ ਅਭਾਵ। ੨. ਕਪਟ ਦਾ ਪਿਆਰ. ਉਹ ਹਿਤ, ਜਿਸ ਦਾ ਫਲ ਦੁਖਦਾਈ ਹੈ.

ਕੁਹੇਲਾ: ਸੰਗਯਾ- ਦੇਖੋ, ਕੋਹੀਲਾ.

ਕੁਹੇੜੀ: ਦੇਖੋ, ਕੁਹੀਰ.

ਕੁਕਹ: ਸੰਗਯਾ- ਪਿਲਛੀ. ਨਦੀ ਕਿਨਾਰੇ ਹੋਣ ਵਾਲਾ ਲੰਮਾ ਘਾਹ, ਜਿਸ ਦੀਆਂ ਟੋਕਰੀਆਂ ਬਣਦੀਆਂ ਹਨ. "ਕੁਕਹ ਕਾਹਸਿ ਫੁਲੇ." (ਤੁਖਾ ਬਾਰਹਮਾਹਾ) ਪਿਲਛੀ ਅਤੇ ਕਾਂਹੀਂ ਫੁੱਲੀ ਹੈ. ਭਾਵ- ਰੋਮ ਚਿੱਟੇ ਹੋ ਗਏ ਹਨ। ੨. ਕੌਕਯੀ. ਸਰਦ ਰੁੱਤ ਵਿੱਚ ਹੋਣ ਵਾਲੇ ਧਾਨ.

ਕੁਕਟ: ਸੰ. कुक्कुट ਕੁੱਕੁਟ. ਸੰਗਯਾ- ਮੁਰਗਾ. ਕੁੱਕੜ.

ਕੁਕਟੀ: ਸੰ. कुक्कुटी ਕੁੱਕੁਟੀ. ਮੁਰਗੀ. ਕੁੱਕੜ ਦੀ ਮਦੀਨ.

ਕੁਕਨਸ, ਕੁਕਨੁਸ, ਕੁਕਨੂਸ: ਯੂ ققنس ਕ਼ਕ਼ਨੁਸ. ਕੁਕਨੂ. ਆਤਸ਼ਜ਼ਨ. Phoenix. ਯੂਨਾਨੀ ਕਵੀਆਂ ਨੇ ਮੰਨਿਆ ਹੈ ਕਿ ਕ਼ਕ਼ਨੁਸ ਪੰਛੀ ਬਹੁਤ ਰਾਗ ਆਲਾਪਦਾ ਹੈ ਅਤੇ ਬਸੰਤ ਰੁੱਤ ਵਿੱਚ ਦੀਪਕ ਰਾਗ ਦੇ ਗਾਉਣ ਕਰਕੇ ਭਸਮ ਹੋ ਜਾਂਦਾ ਹੈ. ਵਰਖਾ ਵਿੱਚ ਉਸ ਦੀ ਭਸਮ ਤੋਂ ਅੰਡਾ ਪੈਦਾ ਹੋ ਕੇ ਉਸ ਵਿੱਚੋਂ ਕ਼ਕ਼ਨੁਸ ਦਾ ਜਨਮ ਹੁੰਦਾ ਹੈ. ਇਸ ਦਾ ਨਰ ਮਦੀਨ ਦਾ ਜੋੜਾ ਨਹੀਂ ਹੁੰਦਾ, ਕਿੰਤੂ ਉੱਪਰ ਲਿਖੀ ਰੀਤਿ ਤੋਂ ਹੀ ਇਸ ਦੀ ਉਤਪੱਤੀ ਹੁੰਦੀ ਹੈ.

ਕੁਕਭ: ਦੇਖੋ, ਕਕੁਭਾ.

ਕੁੰਕਮ: ਸੰ. कुङ्कुम ਕੁੰਕੁਮ. ਸੰਗਯਾ- ਕੇਸਰ. ਕਸ਼ਮੀਰਜ. ਕੁੰਗੂ. "ਕੁੰਕਮ ਤਿਲਕ ਭਾਲ ਮੇ ਕੀਨੋ." (ਗੁਪ੍ਰਸੂ) ੨. ਕੁਮਕੁਮਾ ਦਾ ਸੰਖੇਪ. "ਬਾਨ ਚਲੇ ਤੇਈ ਕੁੰਕਮ ਮਾਨਹੁ." (ਕ੍ਰਿਸਨਾਵ) ਦੇਖੋ, ਕੁਮਕੁਮਾ.

ਕੁਕਰਮ: ਸੰਗਯਾ- ਖੋਟਾ ਕਰਮ. ਨੀਚ ਕਰਮ. ਬੁਰਾ ਕੰਮ। ੨. ਦੇਖੋ, ਸੱਤ ਕੁਕਰਮ.

ਕੁਕਰਮੀ: ਵਿ- ਬੁਰਾ ਕੰਮ ਕਰਨ ਵਾਲਾ.

ਕੁਕਰਾ: ਅੱਖ ਦੀ ਗੰਨੀਆਂ ਵਿੱਚ ਰੋਮ ਦੀ ਜੜ ਦੀ ਸੁੱਜੀ ਹੋਈ ਗਿਲਟੀ. ਰੋਹਾ. ਦੇਖੋ, ਕੁਕਰੇ.

ਕੁਕਰੀ: ਕੁੱਕੁਟੀ. ਮੁਰਗੀ। ੨. ਖੋਪਰੀ. ਨੈਪਾਲੀਆਂ ਦਾ ਇੱਕ ਖ਼ਮਦਾਰ ਸ਼ਸਤ੍ਰ, ਜੋ ਸ਼ੇਰ ਦੇ ਨੌਂਹ ਦੇ ਆਕਾਰ ਦਾ ਹੁੰਦਾ ਹੈ. ਇਸ

[380] ਤਬਰ-ਅਰੁ. ਤਬਰ ਅਤੇ.

ਨੂੰ ਕਮਰ ਨਾਲ ਬੰਨ੍ਹਦੇ ਹਨ। ੩. ਸੂਤ ਦਾ ਗਲੋਟਾ. "ਬਿਖੇਰਤ ਹੈਂ ਕੁਕਰੀ ਬਿਸਤਾਰੇ." (ਗੁਪ੍ਰਸੂ) ੪. ਦੇਖੋ, ਕੁਕੜੀ.

ਕੁਕਰੇ: ਰੋਹੇ. ਸੰ. नेत्रार्श ਨੇਤ੍ਰਾਸ਼ੰ. Granular lid. جربالاجفان ਜਰਬੁਲਅਜਫ਼ਾਨ. ਅੱਖ ਦੇ ਅੰਦਰਲੇ ਪਾਸੇ ਛੋਟੀਆਂ ਗਿਲਟੀਆਂ ਫੁੱਲਕੇ ਰੇਤੇ ਦੀ ਤਰਾਂ ਰੜਕਣ ਲਗ ਜਾਂਦੀਆਂ ਹਨ, ਜਿਨ੍ਹਾਂ ਤੋਂ ਬਹੁਤ ਪੀੜ ਹੁੰਦੀ ਹੈ, ਅੱਖਾਂ ਲਾਲ ਹੋ ਜਾਂਦੀਆਂ ਹਨ, ਪਾਣੀ ਵਗਦਾ ਰਹਿੰਦਾ ਹੈ. ਕਿਸੇ ਸਿਆਣੇ ਡਾਕਟਰ ਨੂੰ ਦਿਖਾਕੇ ਇਸ ਰੋਗ ਦਾ ਇਲਾਜ ਕਰਾਉਣਾ ਚਾਹੀਏ. ਸਾਧਾਰਣ ਉਪਾਉ ਹੈ ਕਿ- ਕਿਸ਼ਟੇ ਚਾਲੀ ਤੋਲੇ, ਹਰੜਾਂ ਦੀ ਛਿੱਲ ਤਿੰਨ ਤੋਲੇ, ਰਸੌਂਤ ਪੰਜ ਤੋਲੇ, ਹਲਦੀ ਤਿੰਨ ਤੋਲੇ, ਇਨ੍ਹਾਂ ਸਭਨਾਂ ਨੂੰ ਅਧ ਅਧ ਸੇਰ ਪਾਣੀ ਵਿੱਚ ਜੁਦਾ ਜੁਦਾ ਭਿਉਂਕੇ ਚਾਰ ਪਹਿਰ ਰੱਖ ਛੱਡੇ. ਫੇਰ ਸਭ ਨੂੰ ਮਲਕੇ ਪਾਣੀ ਛਾਣ ਲਵੇ ਅਤੇ ਫੋਕੜ ਸੁੱਟ ਦੇਵੇ. ਇਸ ਪਾਣੀ ਨੂੰ ਲੋਹੇ ਦੇ ਬਰਤਨ ਵਿੱਚ ਪਕਾਵੇ, ਵਿੱਚ ਇੱਕ ਤੋਲਾ ਫਟਕੜੀ ਅਤੇ ਇੱਕ ਤੋਲਾ ਅਫੀਮ ਪਾ ਦੇਵੇ. ਜਦ ਗਾੜ੍ਹਾ ਰਸ ਹੋ ਜਾਵੇ ਤਾਂ ਸ਼ੀਸ਼ੀ ਵਿੱਚ ਪਾਕੇ ਮੁਖ ਬੰਦ ਕਰਕੇ ਰੱਖੇ. ਸਲਾਈ ਨਾਲ ਇਹ ਦਵਾ ਅੱਖੀਂ ਪਾਉਣ ਤੋਂ ਰੋਹੇ ਹਟ ਜਾਂਦੇ ਹਨ.

ਜਿਸਤ ਅਤੇ ਤਾਂਬੇ ਦੀ ਭਸਮ ਸੁਰਮੇ ਵਿੱਚ ਮਿਲਾਕੇ ਸਲਾਈ ਨਾਲ ਅੱਖੀਂ ਪਾਉਣੀ ਲਾਭਦਾਇਕ ਹੈ. ਸੌਣ ਵੇਲੇ ਗੁਲਾਬ ਦੇ ਅਰਕ ਨਾਲ ਅੱਖਾਂ ਧੋਣੀਆਂ ਅਤੇ ਗਰਦ ਤਥਾ ਧੁੱਪ ਤੋਂ ਬਚਾਕੇ ਰੱਖਣੀਆਂ ਚਾਹੀਏ.

ਕੁਕੜ, ਕੁਕੜੀ: ਕੁੱਕੁਟ. ਕੁੱਕੁਟੀ. ਮੁਰਗਾ. ਮੁਰਗੀ. "ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ." (ਵਾਰ ਗਉ ੨. ਮਃ ੫) ੨. ਮੱਕੀ ਦੀ ਛੱਲੀ ਨੂੰ ਭੀ ਕੁਕੜੀ ਆਖਦੇ ਹਨ। ੩. ਅੱਕ ਦਾ ਫਲ ਭੀ ਕੁਕੜੀ ਸਦਾਉਂਦਾ ਹੈ.

ਕੁਕੀਜੈ: ਕੂਕੀਜੈ. ਪੁਕਾਰ ਕਰੀਜੈ। ੨. ਕੂਕਦਾ ਹੈ. ਪੁਕਾਰਦਾ ਹੈ. "ਗੁਰੁ ਕਾਢੀਬਾਂਹ ਕੁਕੀਜੈ." (ਕਲਿ ਅਃ ਮਃ ੪) ਬਾਂਹ ਖੜੀ ਕਰਕੇ ਪੁਕਾਰਦਾ ਹੈ.

ਕੁਕੁਭ: ਦੇਖੋ, ਕਕੁਭਾ। ੨. ਉੜੀਸੇ ਦਾ ਇੱਕ ਪਹਾੜ.

ਕੁੰਕੁਮ: ਦੇਖੋ, ਕੁੰਕਮ.

ਕੁੰਕੁਮਾ: ਦੇਖੋ ਕੁਮਕੁਮਾ.

ਕੁੱਕ: ਗਿੱਲ ਜੱਟਾਂ ਦੀ ਇੱਕ ਮੂੰਹੀਂ. ਹੁਸ਼ਿਆਰਪੁਰ ਵੱਲ ਕੁੱਕਾਂ ਦੇ ੨੨ ਪਿੰਡ ਹਨ.

ਕੁੱਕੜ, ਕੁੱਕੜੀ: ਦੇਖੋ, ਕੁਕਟ- ਕੁਕਟੀ.

ਕੁੱਕਾ: ਕੁੱਕ ਗੋਤ ਦਾ. ਦੇਖੋ, ਕੁੱਕ.

ਕੁੱਕੁਟ: ਦੇਖੋ, ਕੁਕਟ.

ਕੁੱਕੋ: ਵਧਾਣ ਖਤ੍ਰੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋ ਕੇ ਵਡਾ ਯੋਧਾ ਅਤੇ ਪਰਉਪਕਾਰੀ ਹੋਇਆ. ਇਸ ਦਾ ਪੁਤ੍ਰ ਅਨੰਤਾ ਭੀ ਪਿਤਾ ਦੇ ਤੁੱਲ ਹੀ ਗੁਣਾਂ ਦਾ ਪੁੰਜ ਸੀ.

ਕੁਕ੍ਰਿਆ: ਦੇਖੋ, ਕੁਕ੍ਰਿਯਾ.

ਕੁਕ੍ਰਿਤ: ਸੰਗਯਾ- ਕੁਕਰਮ. "ਕੁਕ੍ਰਿਤ ਕਰਮ ਜੇ ਜਗ ਮੇ ਕਰਹੀ." (ਵਿਚਿਤ੍ਰ) "ਕੁਕ੍ਰਿਤ ਪ੍ਰਨਾਸਨਕਾਰੀ." (ਹਜਾਰੇ ੧੦)

ਕੁਕ੍ਰਿਯਾ: ਸੰਗਯਾ- ਬੁਰੀ ਕਰਤੂਤ. ਬਦਚਲਨੀ. "ਕੁਕ੍ਰਿਯਾ ਤਿਹ ਨਾਮ ਸੁ ਜੋਧ ਗਨੰ." (ਪਾਰਸਾਵ)

ਕੁਕ੍ਸ਼ਿ, ਕੁੱਖ: ਸੰਗਯਾ- ਪੇਟ। ੨. ਕੌਂਖ. ਪੇਟ ਦਾ ਉਹ ਭਾਗ ਜੋ ਕਮਰ ਅਤੇ ਕੱਛੀ ਦੇ ਮੱਧ ਹੈ। ੩. ਗੁਫਾ. ਕੌਦਰਾ.

ਕੁੱਖ ਹਰੀ ਹੋਣੀ: ਗਰਭ ਧਾਰਨ ਕਰਨਾ. ਹਮਲ ਹੋਣਾ.

ਕੁੱਖਿ: ਦੇਖੋ, ਕੁਕ੍ਸ਼ਿ.

ਕੁਖ੍ਯਾਤਿ: ਸੰਗ੍ਯਾ- ਬੁਰੀ ਖ੍ਯਾਤਿ (ਸ਼ੁਹਰਤ). ਬਦਨਾਮੀ.

ਕੁਗਤਿ: ਸੰਗ੍ਯਾ- ਬੁਰੀ ਹਾਲਤ. ਦੁਰਦਸ਼ਾ। ੨. ਭੈੜੀ ਚਾਲ.

ਕੁਗਿਆਨੀ: ਵਿ- ਨਿੰਦਿਤ ਗ੍ਯਾਨੀ. ਉਲਟੀ ਸਮਝ ਵਾਲਾ. ਜੋ ਯਥਾਰਥ ਗ੍ਯਾਨ ਨਹੀਂ ਰੱਖਦਾ, ਇਸ ਪੁਰ ਭੀ ਆਪਣੇ ਤਾਈਂ ਸਰਵਗ੍ਯ ਜਾਣਦਾ ਹੈ. "ਸਠ ਕਠੋਰ ਕੁਚੀਲ ਕੁਗਿਆਨੀ." (ਸਵੈਯੇ ਸ੍ਰੀ ਮੁਖਵਾਕ ਮਃ ੫)

ਕੁੰਗੀ: ਸੰਗ੍ਯਾ- ਕੁੰਗੂ (ਕੇਸਰ) ਰੰਗੀ ਇੱਕ ਕੀੜੀ, ਜੋ ਬਹੁਤ ਸੂਖਮ ਹੁੰਦੀ ਹੈ, ਇਹ ਕਣਕ ਜੌਂ ਆਦਿਕ ਦੇ ਖੇਤਾਂ ਨੂੰ ਨਾਸ਼ ਕਰ ਦਿੰਦੀ ਹੈ. Ustilago Tritiei.

ਕੁੰਗੂ: ਕੇਸਰ. ਦੇਖੋ, ਕੁੰਕਮ. "ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ." (ਗੂਜ ਮਃ ੧) ੨. ਹਲਦੀ ਆਉਲਾ ਮਿਲਾਕੇ ਬਣਾਇਆ ਇੱਕ ਲਾਲ ਰੰਗ, ਜਿਸ ਦਾ ਤਿਲਕ ਵੈਸ਼ਨਵ ਲਾਉਂਦੇ ਹਨ ਅਤੇ ਇਸਤ੍ਰੀਆਂ ਮਾਂਗ ਵਿੱਚ ਵਰਤਦੀਆਂ ਹਨ.

ਕੁਗੰਧ, ਕੁਗੰਧਿ: ਸੰਗ੍ਯਾ- ਨਿੰਦਿਤ ਗੰਧ. ਬਦਬੂ. ਦੁਰਗੰਧ. "ਅਧਿਕ ਕੁਗੰਧ ਨ੍ਰਿਪਤਿ ਜਬ ਆਯੋ." (ਚਰਿਤ੍ਰ ੨੩੬)

ਕੁਗ੍ਯਾਨੀ: ਦੇਖੋ, ਕੁਗਿਆਨੀ.

ਕੁਚ: ਸੰ. ਸੰਗ੍ਯਾ- ਸ੍ਤਨ. ਮੰਮਾ. ਪਿਸ੍ਤਾਨ। ਦੇਖੋ, ਕੁੱਚ.

ਕੁੰਚ: ਦੇਖੋ, ਕੁੰਚਨ। ੨. ਸੰ. कुञ्ची ਕੁੰਚੀ. ਸੱਪ ਦੀ ਕੁੰਜ. "ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ." (ਆਸਾ ਨਾਮਦੇਵ)

ਕੁਚਜ: ਸੰ. ਕੁਚਰ੍ਯਾ. ਸੰਗ੍ਯਾ- ਬੁਰੀ ਕਰਤੂਤ. ਬਦਚਲਨੀ। ੨. ਕੰਮ ਕਰਨ ਦਾ ਬੁਰਾ ਢੰਗ.

ਕੁਚਜਾ: ਸੰ. कुचर्य ਵਿ- ਕੁਚਰ੍ਯਾ ਵਾਲਾ. ਬਦਚਲਨ। ੨. ਜਿਸ ਨੂੰ ਕੰਮ ਕਰਨ ਦਾ ਵੱਲ ਨਹੀਂ.

ਕੁਚਜਰ, ਕੁਚੱਜੀ: ਸੰ. कुचर्या ਵਿ- ਕੁਚਰ੍ਯਾਵਤੀ. ਬੁਰੇ ਆਚਾਰ ਵਾਲੀ. ਸੂਹੀ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਨੇ "ਕੁਚਜੀ" ਸਿਰਲੇਖ ਹੇਠ- "ਮੰਞੁ ਕੁਚਜੀ ਅੰਮਾਵਣ ਡੋਸੜੇ." ਸ਼ਬਦ ਲਿਖਕੇ ਕੁਚੱਜੀ ਨੂੰ ਸੁਚੱਜ ਸਿਖਾਇਆ ਹੈ.

ਗੋਧਨ ਕੇ ਗ੍ਰਹ ਪਾਣੀ ਫੈਂਕਤ

ਕਬੀ ਉਠਾਇ ਨ ਗੋਬਰ ਫੋਸ,

ਲੌਨ ਫੁਰਾਵਤ ਥਰੀਯਾ ਮੈ ਧਰ

ਸੂਹਣ ਸੇਕਤ ਨਹ ਅਫਸੋਸ,

ਨੀਚੇ ਬੈਠ ਲਘੀ ਕਰ ਉਚੇ

"ਦਾਸ" ਖੜੀ ਫਿਰ ਲੜੇ ਪੜੋਸ,

ਨ੍ਹਾਵਣ ਬੈਠੀ ਛੇੜ ਦੰਦੈਯੇ

ਆਪ ਕੁੱਚਜੀ ਬੇੜ੍ਹੇ ਦੋਸ.

(ਬਾਵਾ ਰਾਮਦਾਸ ਜੀ)

ਕੁੰਚਨ: ਸੰ. कुञ्चन ਸੰਗ੍ਯਾ- ਸੰਕੋਚ. ਸੁਕੜਨ ਦੀ ਕ੍ਰਿਯਾ.

ਕੁੰਚਰ: ਸੰ. कुंचर ਕੁੰਜਰ. ਹਾਥੀ.

ਕੁੰਚਰ ਇਸਨਾਨ: ਸੰਗ੍ਯਾ- ਅ਼ਮਲਰਹਿਤ ਕਰਮ. ਜਿਵੇਂ ਹਾਥੀ ਇਸਨਾਨ ਕਰਕੇ ਖੇਹ ਸਿਰ ਪਾ ਲੈਂਦਾ ਹੈ, ਤਿਵੇਂ ਵ੍ਯਾਖ੍ਯਾਨ

ਕਰਕੇ ਉਸ ਦੇ ਵਿਰੁੱਧ ਆਚਰਣ. "ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ." (ਸ. ਮਃ ੯) ੨. ਭਾਵ- ਨਿਸਫਲ ਕਰਮ.

ਕੁਚਰਚਾ: ਨਿੰਦਿਤ ਚਰਚਾ. ਸਾਰ ਰਹਿਤ ਬਹਿਸ. ਹੁੱਜਤਬਾਜ਼ੀ. "ਛਾਡਿ ਕੁਚਰਚਾ ਆਨ ਨ ਜਾਨਹਿ." (ਗਉ ਕਬੀਰ)

ਕੁਚਰਜਾ: ਸੰ. ਕੁਚਰ੍ਯਾ. ਸੰਗਯਾ- ਨਿੰਦਿਤ ਆਚਾਰ. ਬਦਚਲਨੀ.

ਕੁੰਚਰੀ: ਸੰਗਯਾ- ਕੁੰਜਰੀ. ਹਥਣੀ. ਹਸ੍ਤਿਨੀ। ੨. ਕੁੰਚੀ. ਸੱਪ ਦੀ ਕੁੰਜ. "ਕੁੰਚਰੀ ਜਯੋਂ ਅਹਿਰਾਜ ਤਜੈ." (ਕ੍ਰਿਸਨਾਵ)

ਕੁੰਚਰੀਆ: ਹਾਥੀ. ਦੇਖੋ, ਕੁੰਚਰ. "ਤਲੈ ਕੁੰਚਰੀਆ ਸਿਰ ਕਨਿਕ ਛਤਰੀਆ." (ਆਸਾ ਮਃ ੫) ੨. ਕੁੰਚੀ. ਸੱਪ ਦੀ ਕੁੰਜ। ੩. ਵਿ- ਕੁੰਚਰ (ਹਾਥੀ) ਰੱਖਣ ਵਾਲਾ.

ਕੁਚਲ: ਸੰ. ਕੁਚਰ. ਵਿ- ਦੂਸਰੇ ਦੇ ਦੋਸ਼ ਕਹਿਣ ਵਾਲਾ. "ਇਕ ਕੁਚਲ ਕੁਚੀਲ ਬਿਖਲੀਪਤੇ." (ਆਸਾ ਅਃ ਮਃ ੩) ੨. ਦੇਖੋ, ਕੁਚਾਲੀ। ੩. ਦੇਖੋ, ਕੁਚਿਲ ਅਤੇ ਕੁਚੇਲ.

ਕੁਚਲ ਕੁਚੀਲ: ਨਿੰਦਕ ਅਤੇ ਮਲੀਨ. ਦੇਖੋ, ਕੁਚਲ ਅਤੇ ਕੁਚੀਲ. "ਹਮ ਕੁਚਲ ਕੁਚੀਲ ਅਤਿ ਅਭਿਮਾਨੀ ਮਿਲਿ ਸਬਦੇ ਮੈਲ ਉਤਾਰੀ." (ਰਾਮ ਅਃ ਮਃ ੩)

ਕੁਚਲਨਾ: ਕ੍ਰਿ- ਬੁਰੀ ਤਰਾਂ ਨਾਲ ਚੂਰਣ ਕਰਨਾ. ਦਰੜਨਾ. ਮਸਲਨਾ. ਫੇਹਦੇਣਾ. ਪਾਮਾਲ ਕਰਨਾ.

ਕੁਚਲਾ: ਸੰ. कच्चीर ਕੱਚੀਰ ਅਤੇ कारस्कार ਕਾਰਸ੍ਕਾਰ. ਸੰਗਯਾ- ਇੱਕ ਬਿਰਛ, ਜੋ ਭਾਰਤ ਵਿੱਚ ਅਨੇਕ ਥਾਈਂ ਅਤੇ ਖਾਸ ਕਰਕੇ ਬੰਗਾਲ ਅਤੇ ਮਦਰਾਸ ਦੇਸ਼ ਵਿੱਚ ਹੁੰਦਾ ਹੈ. ਇਸ ਦਾ ਜ਼ਹਿਰੀਲਾ ਫਲ ਭੀ ਕੁਚਲਾ ਸੱਦੀਦਾ ਹੈ, ਜੋ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. L. Strychnos Nuxvomica. ਕੁਚਲੇ ਦੀ ਤਾਸੀਰ ਗਰਮ ਖੁਸ਼ਕ ਹੈ. ਇਸ ਬਾਈ ਦੇ ਰੋਗਾਂ ਨੂੰ ਦੂਰ ਕਰਦਾ ਹੈ. ਲਹੂ ਦੇ ਵਿਕਾਰ ਅਤੇ ਬਵਾਸੀਰ ਹਟਾਉਂਦਾ ਹੈ. ਕੁੱਤੇ ਅਤੇ ਚੂਹੇ ਮਾਰਨ ਲਈ ਭੀ ਕੁਚਲੇ ਵਰਤੇ ਜਾਂਦੇ ਹਨ.

ਕੁਚਾਰ, ਕੁਚਾਰੀ, ਕੁਚਾਲ, ਕੁਚਾਲੀ: ਸੰਗਯਾ- ਨਿੰਦਿਤ ਆਚਾਰ. ਬੁਰਾ ਚਲਨ. ਬਦਚਲਨੀ. "ਕਰਹੈਂ ਕੁਚਾਰ." (ਕਲਕੀ) ੨. ਵਿ- ਬੁਰੇ ਆਚਾਰ ਵਾਲਾ. ਬਦਚਲਨ. "ਗਹਿ ਮਾਰਯੋ ਪਿਤਸਤ੍ਰੁ ਕੁਚਾਰੀ." (ਗੁਪ੍ਰਸੂ)

ਕੁੰਚਿਤ: ਸੰ. कुञ्चित ਵਿ- ਪੇਚਦਾਰ. ਬਲ (ਵੱਟ) ਖਾਧਾ. ਘੁੰਗਰਾਲਾ. "ਅਲਕਾਂ ਕੁੰਚਿਤ." (ਭਾਵਰਸਾਮ੍ਰਿਤ)

ਕੁਚਿਲ: ਦੇਖੋ, ਕੁਚਲ ਅਤੇ ਕੁਚੀਲ. "ਕੁਚਿਲ ਕਠੋਰ ਕਪਟ ਕਾਮੀ." (ਕਾਨ ਮਃ ੫)

ਕੁੰਚੀ: ਦੇਖੋ, ਕੁੰਚ ੨.। ੨. ਸੰਜੋ. ਕਵਚ। ੩. ਦੇਖੋ, ਕੁੰਜੀ.

ਕੁਚੀਲ: ਸੰ. ਕੁਚੇਲ. ਵਿ- ਮੈਲੇ ਵਸਤ੍ਰਾਂ ਵਾਲਾ. ਗੰਦੇ ਲਿਬਾਸ ਵਾਲਾ. ਦੇਖੋ, ਕੁਚਲ ਕੁਚੀਲ.

ਕੁਚੀਲਤਾ: ਸੰਗਯਾ- ਅਪਵਿਤ੍ਰਤਾ. ਲਿਬਾਸ ਦੀ ਮਲੀਨਤਾ. ਦੇਖੋ, ਕੁਚੀਲ ਅਤੇ ਕੁਚੇਲ.

ਕੁਚੇਲ, ਕੁਚੈਲ, ਕੁਚੈਲਾ: ਵਿ- ਨਿੰਦਿਤ ਚੇਲ (ਵਸਤ੍ਰਾਂ) ਵਾਲਾ. ਮੈਲੀ ਪੋਸ਼ਾਕ ਪਹਿਰਨ ਵਾਲਾ.

ਕੁੱਚ: ਸੰ. ਕੂਚੰ. ਸੰਗਯਾ- ਬ੍ਰਸ਼ (brush) ਦੀ ਸ਼ਕਲ ਦਾ ਜੁਲਾਹੇ ਦਾ ਕੁੱਚ.

ਕੁਛ: ਕੁਝ. ਦੇਖੋ, ਕਛੁ.

ਕੁਛੜ: ਸੰ. ਕੁਕ੍ਸ਼ਿ- ਸ੍ਥਲ. ਗੋਦੀ. ਉਛੰਗ. "ਕਰ ਪਿਆਰ ਪਿਉ ਕੁਛੜ ਲੀਤਾ." (ਭਾਗੁ)

ਕੁਛੜਿ: ਕੁੱਛੜ ਵਿੱਚ.

ਕੁਛਿਤ: ਸੰ. ਕੁਤ੍ਸਿਤ. ਵਿ- ਨਿੰਦਿਤ. "ਮਨਮੁਖ ਕੁਚੀਲ ਕੁਛਿਤ ਬਿਕਰਾਲਾ." (ਗਉ ਅਃ ਮਃ ੧) ੨. ਕੁਕ੍ਸ਼ਿਤਿ. ਰੇਹੀ ਦੀ

ਜ਼ਮੀਨ. ਕੱਲਰ. ਉਹ ਭੂਮਿ ਜੋ ਅੰਨ ਘਾਹ ਨਾ ਪੈਦਾ ਕਰੇ। ੩. ਭਾਵ- ਕੁਪਾਤ੍ਰ.

ਕੁਛੋਤ: ਵਿ- ਨਾ ਛੁਹਣ ਯੋਗ੍ਯ. ਜਿਸ ਦੇ ਸਪਰਸ਼ ਤੋਂ, ਭਿੱਟ ਮੰਨੀਏ. ਦੇਖੋ, ਕਛੋਤਿ.

ਕੁੱਛ: ਕੁਝ. ਦੇਖੋ, ਕਛੁ.

ਕੁੱਛੜ, ਕੁੱਛੜਿ: ਦੇਖੋ, ਕੁਛੜ ਅਤੇ ਕੁਛੜਿ.

ਕੁੱਛਿ, ਕੁੱਛੀ: ਦੇਖੋ, ਕੁੱਖ.

ਕੁਜ: ਸੰ. ਸੰਗ੍ਯਾ- ਕੁ (ਜ਼ਮੀਨ) ਤੋਂ ਜ (ਪੈਦਾ ਹੋਇਆ) ਮੰਗਲ ਗ੍ਰਹ. "ਸਮਸ ਸਨੀ ਮੁਖ ਸਸਿ ਕੁਜ ਸਨਜੋ." (ਗੁਪ੍ਰਸੂ) ਦਾੜ੍ਹੀ ਸ਼ਨੀ ਦੇ ਰੰਗ ਦੀ ਕਾਲੀ ਹੈ, ਮਖ ਚੰਦ੍ਰਮਾ ਹੈ, ਪਰ ਮੰਗਲ ਨਾਲ ਮਿਲਿਆ ਹੋਇਆ. ਭਾਵ- ਮੁਖ ਚੰਦ੍ਰਮਾ ਜੇਹਾ ਰੌਸ਼ਨ ਹੈ ਪਰ ਚੰਦ੍ਰਮਾ ਸਮਾਨ ਚਿੱਟਾ ਨਹੀਂ, ਕਿੰਤੂ ਮੰਗਲ ਜੇਹੀ ਲਾਲੀ ਵਾਲਾ ਹੈ। ੨. ਮੰਗਲਵਾਰ. "ਕੁਜ ਦਿਨ ਮੇ ਸ਼੍ਰੀ ਸਤਿਗੁਰੂ ਜੋਤੀਜੋਤਿ ਮਿਲਾਸ." (ਗੁਪ੍ਰਸੂ) ੩. ਬਿਰਛ, ਜੋ ਪ੍ਰਿਥਿਵੀ ਤੋਂ ਪੈਦਾ ਹੁੰਦਾ ਹੈ। ੪. ਨਰਕਾਸੁਰ. ਭੌਮਾਸੁਰ. ਪੁਰਾਣਕਥਾ ਹੈ ਕਿ ਵਰਾਹ ਭਗਵਾਨ ਨਾਲ ਭੋਗ ਕਰਕੇ ਪ੍ਰਿਥਿਵੀ ਨੇ ਨਰਕਾਸੁਰ ਪੈਦਾ ਕੀਤਾ ਸੀ, ਜਿਸ ਤੋਂ ਕੁਜ ਨਾਮ ਹੋਇਆ. ਦੇਖੋ, ਭੌਮਾਸੁਰ.

ਕੁੰਜ: ਸੰ. ਸੰਗ੍ਯਾ- ਚਾਰੇ ਪਾਸਿਓਂ ਝਾੜ ਅਤੇ ਬੇਲਾਂ ਨਾਲ ਢਕਿਆ, ਪਰ ਵਿਚਾਲਿਓਂ ਖ਼ਾਲੀ ਜੰਗਲ ਦਾ ਅਸਥਾਨ। ੨. ਜੰਗਲ ਦੀ ਗਲੀ. ਸੰਘਣੇ ਜੰਗਲ ਵਿੱਚ ਹਾਥੀ ਆਦਿਕ ਜੀਵਾਂ ਦੀ ਪਾਈ ਹੋਈ ਡੰਡੀ। ੩. ਦੇਖੋ, ਕੁੰਚ ੨. "ਕੁੰਜਹਿ ਤਜ੍ਯਾਗ ਭੁਜੰਗ ਸਿਧਾਰਜੋ." (ਕ੍ਰਿਸਨਾਵ) ੪. ਫ਼ਾ. كُنج ਕੋਨਾ. ਗੋਸ਼ਾ. ਕਿਨਾਰਾ. ਗੁੱਠ। ੫. ਤੰਗ ਗਲੀ.

ਕੁੰਜਕ, ਕੁੰਜਕਾ: ਫ਼ਾ. کُنجک ਕਿਨਾਰੇ ਲਾਇਆ ਹੋਇਆ. ਦੇਖੋ, ਕੁੰਜ ੪. ਘੋੜੇ ਦੀ ਕਾਠੀ ਦੇ ਕਿਨਾਰੇ ਬੰਨ੍ਹਿਆ ਥੈਲਾ, ਜਿਸ ਵਿੱਚ ਸਵਾਰ ਜਰੂਰੀ ਸਾਮਗ੍ਰੀ ਰੱਖ ਲੈਂਦਾ ਹੈ. "ਹਯਨ ਕੁੰਜਕੇ ਭੜ ਗਾਨ ਲਾਏ." (ਗੁਪ੍ਰਸੂ)

ਕੁੰਜਕੁਟੀ: ਕੁੰਜ ਵਿੱਚ ਬਣਾਈ ਹੋਈ ਕੁਟੀਆ. ਸੰ. ਕੁੰਜਕੁਟੀਰ. ਦੇਖੋ, ਕੁੰਜ ਅਤੇ ਕੁਟੀਰ.

ਕੁੰਜਗਲੀ: ਦੇਖੋ, ਕੁੰਜ ੨. "ਕੁੰਜਗਲੀਨ ਮੇ ਖੇਲ ਮਚਾਯੋ." (ਕ੍ਰਿਸਨਾਵ)

ਕੁੰਜਪੁਰਾ: ਵਜ਼ੀਰਖ਼ਾਨ ਸੂਬੇ ਸਰਹਿੰਦ ਦਾ ਪਿੰਡ, ਜੋ ਜਿਲਾ ਕਰਨਾਲ ਵਿੱਚ ਹੈ. ਬੰਦਾ ਬਹਾਦੁਰ ਨੇ ਇਸ ਨੂੰ ਸੰਮਤ ੧੭੬੭ ਵਿੱਚ ਬਰਬਾਦ ਕੀਤਾ.

ਕੁੰਜਬਿਹਾਰੀ: ਦੇਖੋ, ਕੁੰਜਵਿਹਾਰੀ.

ਕੁੰਜਮੇਦ, ਕੁੰਜਮੇਧ: ਸੰਗ੍ਯਾ- ਕੁੰਜਰਮੇਧ. ਹਾਥੀ ਦੀ ਕ਼ੁਰਬਾਨੀ ਵਾਲਾ ਯਗ੍ਯ. "ਹਯਾਦਿ ਕੁੰਜਮੇਦ ਰਾਜਸੂ ਬਿਨਾ ਨ ਭਰਮਣੰ." (ਗ੍ਯਾਨ)

ਕੁੰਜਰ: ਸੰ. ਸੰਗ੍ਯਾ- ਜੋ ਕੁੰਜ (ਸੰਘਣੇ ਜੰਗਲ) ਵਿੱਚ ਨਿਵਾਸ ਕਰੇ, ਹਾਥੀ. "ਏਕਲ ਮਾਟੀ ਕੁੰਜਰ ਚੀਟੀ." (ਮਾਲੀ ਨਾਮਦੇਵ)

ਕੁੰਜਰ ਅਸਨ: ਡਿੰਗ. ਸੰਗ੍ਯਾ- ਕੁੰਜਰ (ਹਾਥੀ) ਦਾ ਭੋਜਨ. ਪਿੱਪਲ ਬਿਰਛ.

ਕੁਜਰਤ: ਅ਼. قُدرت ਕ਼ੁਦਰਤ. "ਕੁਜਰਤ ਕਮਾਲ." (ਅਕਾਲ ੨੬੯)

ਕੁੰਜਰਾਰਿ: ਸੰਗ੍ਯਾ- ਕੁੰਜਰ (ਹਾਥੀ) ਦਾ ਵੈਰੀ ਸ਼ੇਰ.

ਕੁਜਰਾਰਿ ਨਾਦਨੀ: ਹਾਥੀ ਦੇ ਵੈਰੀ (ਸ਼ੇਰ) ਜੇਹੀ ਆਵਾਜ਼ ਕਰਨ ਵਾਲੀ, ਬੰਦੂਕ. (ਸਨਾਮਾ)

ਕੁੰਜਰੀ: ਸੰਗ੍ਯਾ- ਹਸ੍ਤਿਨੀ. ਹਥਣੀ। ੨. ਹਾਥੀਆਂ ਦੀ ਸੈਨਾ. (ਸਨਾਮਾ) ੩. ਵਿ- ਹਾਥੀ ਰੱਖਣ ਵਾਲਾ.

ਕੁੰਜਵਿਹਾਰੀ: ਵਿ- ਬਣ ਦੀਆਂ ਗਲੀਆਂ ਵਿੱਚ ਵਿਚਰਨ ਵਾਲਾ। ੨. ਸੰਗ੍ਯਾ- ਕ੍ਰਿਸ਼ਨਦੇਵ.

ਕੁਜਾ: ਸਂ. ਸੰਗਜਾ- ਸੀਤਾ, ਜੋ ਕੁ (ਪ੍ਰਿਥਿਵੀ) ਤੋਂ ਜਨਮੀ ਹੈ। ੨. ਫ਼ਾ. کجا ਕ੍ਰਿ. ਵਿ- ਕਹਾਂ. ਕਿੱਥੇ. "ਕੁਜਾ ਆਮਦ ਕੁਜਾ ਰਫਤੀ?" (ਤਿਲੰ ਨਾਮਦੇਵ)

ਕੁਜਾਤ, ਕੁਜਾਤਿ: ਸੰਗਜਾ- ਨਿੰਦਿਤ ਜਾਤੀ. ਨੀਚ ਜਾਤਿ। ੨. ਵਿ- ਨੀਚ ਜਾਤਿ ਵਾਲਾ, ਵਾਲੀ. ਦੇਖੋ, ਕੁਰੂਪਿ.

ਕੁੰਜੀ: ਸਂ. कुञ्चिका ਕੁੰਚਿਕਾ. ਸੰਗਜਾ- ਚਾਬੀ. ਤਾਲੀ. "ਕੁੰਜੀ ਜਿਨਿ ਕਉ ਦਿਤੀਆ." (ਵਾਰ ਸਾਰ ਮਃ ੨) ਆਤਮਵਿਦਯਾਰੂਪ ਚਾਬੀ.

ਕੁੱਜਾ: ਦਖੋ, ਕੂਜਾ.

ਕੁਝ: ਵਿ- ਕਛੁ. ਕਿਛੁ. ਕੁਛ. ਤਨਿਕ. ਥੋੜਾ.

ਕੁਟ: ਸਂ. कुट् ਧਾ- ਟੇਢਾ ਹੋਣਾ, ਠਗਣਾ, ਕਤਰਨਾ, ਗਰਮ ਕਰਨਾ, ਰਗੜਨਾ, ਨਿੰਦਾ ਕਰਨਾ। ੨. ਸੰਗਜਾ- ਪਰਬਤ. ਕੂਟ। ੩. ਹਥੌੜਾ. ਘਨ। ੪. ਘਰ। ੫. ਕਿਲਾ. ਗੜ੍ਹ। ੬. ਬਿਰਛ। ੭. ਕਲਸ਼. ਘੜਾ। ੮. ਕੁਸ਼੍ਠ (ਕੂਠ) ਨਾਮਕ ਪੌਧਾ, ਜੋ ਕਸ਼ਮੀਰ ਵਿੱਚ ਪੈਦਾ ਹੁੰਦਾ ਹੈ. ਦੇਖੋ, ਕੁਸ਼੍ਠ ੨.

ਕੁੰਟ: ਸੰਗਜਾ- ਦਿਸ਼ਾ. ਕੂਟ. "ਚਾਰਿ ਕੁੰਟ ਦਹ ਦਿਸ ਭ੍ਰਮੇ." (ਮਾਝ ਬਾਰਹਮਾਹਾ) ੨. ਕੁੰਡ. "ਹਰਿਜਨ ਅਮ੍ਰਿਤਕੁੰਟ ਸਰ ਨੀਕੇ." (ਰਾਮ ਮਃ ੪)

ਕੁਟਜ: ਸੰਗਜਾ- ਅਗਸ੍ਤ੍ਯ ਮੁਨਿ, ਜੋ ਕੁਟ (ਘੜੇ) ਤੋਂ ਪੈਦਾ ਹੋਇਆ। ੨. ਦ੍ਰੋਣਾਚਾਰਯ. ਇਹ ਭੀ ਘੜੇ ਵਿੱਚੋਂ ਜੰਮਿਆ ਸੀ। ੩. ਇੱਕ ਬਿਰਛ, ਜਿਸ ਦੇ ਬੀਜ ਇੰਦ੍ਰਜੌਂ ਹਨ. ਇਸ ਨੂੰ ਕੁੜਾ ਭੀ ਆਖਦੇ ਹਨ, ਕੁਟਜ ਦੇ ਛਿਲਕੇ ਦਾ ਕਾੜ੍ਹਾ ਪੇਚਿਸ਼ (ਮਰੋੜੇ) ਨੂੰ ਹਟਾਉਂਦਾ ਹੈ. L. Holarrhena Antidysenterica.

ਕੁਟਣੀ, ਕੁਟਨੀ: ਸਂ. कुट्टनी ਕੁੱਟਨੀ. ਸੰਗਜਾ- ਦੱਲੀ. ਵਿਭਚਾਰ ਕਰਾਉਣ ਵਾਲੀ ਦੂਤੀ. "ਚੋਰਾਂ ਜਾਰਾਂ ਰੰਡੀਆਂ ਕੁਟਣੀਆਂ ਦੀ ਬਾਣੁ." (ਵਾਰ ਸੂਹੀ ਮਃ ੧)

ਕੁਟਬਾਂਢਲਾ: ਵਿ- ਕੱਟਣ ਅਤੇ ਛਿੱਲਣ ਵਾਲਾ. "ਮੇਰੀ ਜਾਤਿ ਕੁਟਬਾਢਲਾ." (ਮਲਾ ਰਵਿਦਾਸ) ਮੇਰੀ ਚਮਾਰ ਜਾਤਿ ਪਸ਼ੂਆਂ ਨੂੰ ਕੱਟਣ ਅਤੇ ਖੋਲਣ ਵਾਲੀ ਹੈ.

ਕੁਟਲ: ਦੇਖੋ, ਕੁਟਿਲ.

ਕੁਟਵਾਰ: ਦੇਖੋ, ਕੋਤਵਾਲ। ੨. ਕੋਟਪਾਲ. ਕੋਟ ਦੀ ਰਾਖੀ ਕਰਨ ਵਾਲਾ.

ਕੁਟਵਾਰੀ: ਸੰਗਜਾ- ਕੋਤਵਾਲ ਦੀ ਕ੍ਰਿਯਾ. ਦੇਖੋ, ਕੋਤਵਾਲੀ. "ਦੂਤਾ ਡਾਨਉ ਇਹ ਕੁਟਵਾਰੀ ਮੇਰੀ." (ਰਾਮ ਕਬੀਰ) ੨. ਕੋਟ (ਦੁਰਗ) ਪਾਲ ਦਾ ਕਰਮ.

ਕੁੰਟਾ: ਦੇਖੋ, ਕੁੰਡਾ। ੨. ਕੁੰਡ. ਦੇਖੋ, ਕੁੰਟ ੨. "ਸਹਜ-

ਕਥਾ ਕੇ ਅੰਮ੍ਰਿਤਕੁੰਟਾ." (ਗਉ ਮਃ ੫) ੩. ਦੇਖੋ, ਕੁੰਟੇ.

ਕੁਟਿ: ਕ੍ਰਿ. ਵਿ- ਕੁੱਟਕੇ। ੨. ਸਂ. ਸੰਗਜਾ- ਮਰੋੜ. ਐਂਠ. ਵਲ। ੩. ਕੁਟੀਆ. ਝੋਂਪੜੀ.

ਕੁਟਿਲ: ਸਂ. ਵਿ- ਟੇਢਾ. ਵਿੰਗਾ। ੨. ਕਪਟੀ. ਛਲੀਆ। ੩. ਗੁੰਝਲਦਾਰ. "ਕੁਟਿਲ ਗਾਂਠ ਜਬ ਖੋਲੈ ਦੇਵ." (ਬਿਲਾ ਕਬੀਰ) ਅਵਿਦਯਾ ਦੀ ਗੱਠ.

ਕਵੀਆਂ ਨੇ ਇਹ ਪਦਾਰਥ ਕੁਟਿਲ ਲਿਖੇ ਹਨ- ਅਲਕ (ਜ਼ੁਲਫ਼), ਸੱਪ, ਸ਼ੇਰ ਦਾ ਨਹੁੰ, ਸੂਰ ਦੀ ਹੁੱਡ, ਤੋਤੇ ਦੀ ਚੁੰਜ, ਦੂਜ ਦਾ ਚੰਦ, ਧਨੁਖ (ਕਮਾਨ).

**ਕੁਟਿਲਤਾ:** ਸੰਗਯਾ- ਟੇਢ. ਵਿੰਗ। ੨. ਕਪਟ. ਛਲ. "ਬੈਠਤ ਊਠ ਕੁਟਿਲਤਾ ਚਾਲਹਿ." (ਗਉ ਕਬੀਰ) "ਹਰਿ ਕਾਟੀ ਕੁਟਿਲਤਾ" (ਸਾਰ ਮਃ ੫)

**ਕੁਟੀ:** ਸੰਗਯਾ- ਪੱਤਿਆਂ ਅਥਵਾ ਫੂਸ ਦਾ ਘਰ. ਕੁਟੀਆ. ਸੰਸਕ੍ਰਿਤ ਕੁਟਿ ਅਤੇ ਕੁਟੀ ਦੋਵੇਂ ਸ਼ਬਦ ਸਹੀ ਹਨ.

**ਕੁਟੀਚਕ:** ਸੰ. ਸੰਗਯਾ- ਕੁਟੀ ਵਿੱਚ ਸ਼ੋਭਾ ਪਾਉਣ ਵਾਲਾ ਸੰਨਯਾਸੀ. ਸੰਨਯਾਸੀ ਦਾ ਇੱਕ ਭੇਦ, ਜੋ ਬੋਦੀ ਅਤੇ ਜਨੇਊ ਨਹੀਂ ਤਯਾਗਦਾ ਅਤੇ ਸੰਧ੍ਯਾ ਆਦਿਕ ਕਰਮ ਕਰਦਾ ਹੈ ਅਤੇ ਆਪਣੇ ਸੰਬੰਧੀਆਂ ਤੋਂ ਬਿਨਾ ਹੋਰ ਦੇ ਘਰ ਭਿਖ੍ਯਾ ਲਈ ਨਹੀਂ ਜਾਂਦਾ. ਕੁਟੀਚਕ ਦਾ ਦਾਹਕਰਮ ਅਤੇ ਅੰਤਿਮਕ੍ਰਿਯਾ ਹੁੰਦੀ ਹੈ.

**ਕੁਟੀਚਰ:** ਛਲੀਆ. ਕਪਟੀ। ੨. ਸੰ. ਸੰਗਯਾ- ਸੰਨਯਾਸੀ, ਜੋ ਕੁਟੀ ਵਿੱਚ ਵਿਚਰੇ. ਕੁਟੀ ਵਿੱਚ ਵਸਣ ਵਾਲਾ। ੩. ਸੂਰ ਜੋ ਕੁਟ (ਪਾਣੀ) ਵਿੱਚ ਵਿਚਰਕੇ ਮੋਥੇ ਅਤੇ ਕਮਲਾਂ ਦੀ ਜੜਾਂ ਖਾਂਦਾ ਹੈ.

**ਕੁਟੀਰ:** ਸੰ. ਸੰਗਯਾ- ਬਹੁਤ ਛੋਟੀ ਕੁਟੀ, ਜਿਸ ਵਿੱਚ ਦੂਜਾ ਆਦਮੀ ਨਾ ਰਹਿ ਸਕੇ.

**ਕੁਟੁੰਬ:** ਦੇਖੋ, ਕੁਟੰਬ.

**ਕੁੰਟੇ:** ਵਿ- ਕੁਟ (ਠੱਗਾਂ) ਵਾਲੇ. ਛਲੀਏ. "ਕ੍ਰਿਆ ਕੁੰਟੇ ਨਿਰਾਹਾਰ." (ਸਾਰ ਮਃ ੫. ਪੜਤਾਲ)

**ਕੁਟੇਵ:** ਸੰਗਯਾ- ਬੁਰੀ ਆਦਤ. ਭੈੜੀ ਵਾਦੀ. "ਤਾਂ ਤ੍ਰਿਯ ਕੀ ਕੁਟੇਵ ਨਹਿ ਜਾਈ." (ਚਰਿਤ੍ਰ ੩੧੩) "ਕਠਿਨ ਕੁਟੇਵ ਨਾ ਮਿਟਤ." (ਭਾਗੁ ਕ)

**ਕੁਟੰਤਰ:** ਦੇਖੋ, ਕੋਟਿ ਕੁਟੰਤਰ.

**ਕੁਟੰਨਟ:** ਸੰ. ਸੰਗਯਾ- ਨਾਗਰਮੋਥਾ। ੨. ਇੱਕ ਝਾੜੀ, ਜਿਸ ਦਾ ਨਾਉਂ ਕੇਵਟਮੋਥਾ ਹੈ। ੩. ਮਲਾਹ। ੪. ਝਿਊਰ. ਧੀਵਰ.

**ਕੁਟੰਬ:** ਸੰ. कुटुम्ब ਕੁਟੁੰਬ. ਸੰਗਯਾ- ਸੰਤਾਨ. ਔਲਾਦ। ੨. ਪਰਿਵਾਰ. ਕੁੰਬਾ. "ਕੁਟੰਬ ਜਤਨ ਕਰਣੰ." (ਵਾਰ ਜੈਤ)

**ਕੁਟੰਬੀ:** ਵਿ- ਕੁਟੁੰਬ (ਪਰਿਵਾਰ) ਵਾਲਾ. ਕੁੰਬੇ ਵਾਲਾ। ੨. ਕੁਟੰਬ ਨਾਲ ਸੰਬੰਧ ਰੱਖਣ ਵਾਲਾ. ਕੁਟੰਬ ਦਾ.

**ਕੁੱਟ:** ਸੰਗਯਾ- ਮਾਰ. ਕੁਟਾਈ. ਦੇਖੋ, ਕੁੱਟਣਾ। ੨. ਕਈ ਧਾਤਾਂ ਕੁੱਟਕੇ ਬਣਾਈ ਹੋਈ ਇੱਕ ਧਾਤੁ, ਜੋ ਬਹੁਤ ਭੁਰ ਭੁਰੀ ਹੁੰਦੀ ਹੈ. "ਭੰਨਿਆਂ ਭਾਂਡਾ ਕੁੱਟ ਦਾ." (ਮਗੋ)

**ਕੁੱਟਣ:** ਦੇਖੋ, ਕੁੱਟਣਾ। ੨. ਸੰਗਯਾ- ਕੁੱਟਨ. ਦੱਲਾ. ਭੇਟੂ. ਭੜੂਆ. ਵਿਭਚਾਰ ਦਾ ਵਿਚੋਲਾ.

**ਕੁੱਟਣਾ:** ਕ੍ਰਿ- ਤਾੜਨਾ. ਪੀਟਨਾ. ਦੇਖੋ, ਕੁਟ ਧਾ.

**ਕੁੱਟਣੀ:** ਸੰਗਯਾ- ਦੱਲੀ. ਵਿਭਚਾਰ ਕਰਾਉਣ ਵਾਲੀ ਦੂਤੀ. ਕੁੱਟਨੀ. ਦੇਖੋ, ਕੁਟਨੀ.

**ਕੁੱਟਮਿਤਹਾਵ:** ਸੰਗਯਾ- ਕਾਵ੍ਯ ਅਨੁਸਾਰ ਮਨ ਦਾ ਭਾਵ ਪ੍ਰਗਟ ਕਰਨ ਲਈ ਇਸਤ੍ਰੀਆਂ ਦੀ ਇੱਕ ਚੇਸ਼੍ਟਾ, ਜਿਸ ਦਾ ਰੂਪ ਹੈ ਕਿ ਸੁਖ ਦੇ ਸਮੇਂ ਕਿਸੇ ਹਰਕਤ ਨਾਲ ਆਪਣਾ ਰੰਜ ਪ੍ਰਗਟ ਕਰਨਾ.

**ਕੁੱਟੀ:** ਸੰਗਯਾ- ਕੁਤਰਾ. ਕਾਗਜ ਆਦਿਕਾਂ ਦਾ ਚੂਰਾ.

**ਕੁਠ:** ਦੇਖੋ, ਕੁਸ਼੍ਠ ੨,

**ਕੁੰਠ:** ਸੰ. कुण्ठ ਧਾ- ਘੇਰਨਾ. ਖੁੰਢਾ ਕਰਨਾ। ੨. ਵਿ- ਖੁੰਢਾ. ਕੁੰਦ। ੩. ਕੁੰਦਜ਼ਿਹਨ. ਖੁੰਢੀ ਬੁੱਧਿ ਵਾਲਾ.

**ਕੁਠਣਾ:** ਕ੍ਰਿ- ਕੁਸ਼੍ਣ. ਕੁਹਣਾ.

ਕੁਠਰਿਯਾ: ਸੰਗਯਾ- ਦੇਖੋ, ਕੁਠਾਰੀ। ੨. ਕੋਠੜੀ. "ਏਕ ਕੁਠਰਿਯਾ ਬੀਚ ਰਾਵ ਕੋ ਰਾਖਿਓ." (ਚਰਿਤ੍ਰ ੬)

ਕੁਠਾ: ਸਿੰਧੀ. ਵਿ- ਜ਼ਿਬਹਿ ਕੀਤਾ. ਕੁਸ਼੍ਹ। ੨. ਮੁਸਲਮਾਨੀ ਤਰੀਕੇ ਨਾਲ ਕੱਟਿਆ ਜੀਵ. "ਅਭਾਖਿਆ ਕਾ ਕੁਠਾ ਬਕਰਾ ਖਾਣਾ." (ਵਾਰ ਆਸਾ) ਦੇਖੋ, ਕੁਹਣਾ ੨.

ਕੁਠਾਉ, ਕੁਠਾਇ, ਕੁਠਾਹਰ: ਸੰਗਯਾ- ਬੁਰੀ ਥਾਂ. ਨਿੰਦਿਤ ਅਸਥਾਨ। ੨. ਔਖੀ ਥਾਂ.

ਕੁਠਾਰ: ਸੰ. ਸੰਗਯਾ- ਕੁਹਾੜਾ. ਪਰਸ਼ੁ. "ਕਾਢਿ ਕੁਠਾਰ ਖਸਮਿ ਸਿਰ ਕਾਟਿਆ." (ਬਿਲਾ ਮਃ ੫) ੨. ਬਿਰਛ। ੩. ਕੋਸ਼੍ਠ. ਕੋਠਾ. ਭੰਡਾਰ. ਮੋਦੀਖ਼ਾਨਾ। ੪. ਸੰ. ਕੁਸ਼੍ਠਾਰਿ. ਕੋੜ੍ਹ ਦੂਰ ਕਰਨ ਦੀ ਦਵਾਈ. "ਕਾਢਿ ਕੁਠਾਰ ਪਿਤ ਬਾਤ ਹੰਤਾ." (ਟੋਡੀ ਮਃ ੫)

ਕੁਸ਼੍ਠਾਰਿ ਕਾੜ੍ਹਾ ਵਾਤ ਪਿੱਤ ਕਫ ਦੂਰ ਕਰਨ ਵਾਲਾ ਹੈ.

ਕੁਠਾਰਿ, ਕੁਠਾਰੀ: ਸੰਗਯਾ- ਕੁਹਾੜੀ. "ਕਾਟੀ ਕੁਟਿਲਤਾ ਕੁਠਾਰਿ." (ਸਾਰ ਮਃ ੫) ੨. ਦੇਖੋ, ਕੁਠਾਲੀ. "ਇਨ ਅਖਲਿਨ ਕੀ ਕਰੈਂ ਕੁਠਾਰੀ." (ਗੁਪ੍ਰਸੂ) ਭਾਵ- ਜਿਵੇਂ ਕੁਠਾਲੀ ਵਿੱਚ ਧਾਤੁ ਗਾਲ ਦੇਈਦੀ ਹੈ, ਤਿਵੇਂ ਸਭ ਦਾ ਨਾਸ਼ ਕਰੀਏ। ੩. ਕੋਸ਼੍ਠਧਾਰੀ. ਕੁਠਾਰ (ਮੋਦੀਖ਼ਾਨੇ) ਦਾ ਦਾਰੋਗ਼ਾ. ਮੋਦੀ। ੪. ਵਿ- ਕੁਹਾੜਾ ਰੱਖਣ ਵਾਲਾ.

ਕੁਠਾਰੁ: ਦੇਖੋ, ਕੁਠਾਰ। ੨. ਸੰ. ਬਾਂਦਰ। ੩. ਬਿਰਛ। ੪. ਸਸਤ੍ਰ ਬਣਾਉਣ ਵਾਲਾ। ੫. ਕੇਸ਼.

ਕੁਠਾਲੀ: ਸੰ. ਕੁ- ਸ੍ਥਾਲੀ. ਸੰਗਯਾ- ਮਿੱਟੀ ਦੀ ਥਾਲੀ. ਮਿੱਟੀ ਦਾ ਬਣਾਇਆ ਭਾਂਡਾ, ਜਿਸ ਵਿੱਚ ਸੁਨਿਆਰ ਸੁਇਨਾ ਚਾਂਦੀ ਆਦਿਕ ਧਾਤਾਂ ਢਾਲਦਾ ਹੈ.

ਕੁੰਠਿਤ: ਵਿ- ਖੁੰਢਾ. ਕੁੰਦ. "ਜਹਿਂ ਕੁੰਠਿਤ ਹਨਐ ਮਨ ਬਾਨੀ." (ਨਾਪ੍ਰ)

ਕੁਠੌਰ: ਸੰਗਯਾ- ਕੁਥਾਉਂ. ਬੁਰੀ ਜਗਾ। ੨. ਬੇਮੌਕਾ.

ਕੁੰਡ: ਸੰ. कुण्ड् ਧਾ- ਰਖ੍ਯਾ ਕਰਨਾ. ਸੰਭਾਲਨਾ। ੨. ਸੰਗਯਾ- ਜੋ ਜਲ ਦੀ ਰਖ੍ਯਾ ਕਰੇ, ਟੋਆ. ਗਢਾ। ੩. ਹੌਜ. ਚਬੱਚਾ. "ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿਜਾਹਾ." (ਆਸਾ ਮਃ ੫)

੪. ਅੱਗ ਦੇ ਰੱਖਣ ਦਾ ਟੋਆ. (ਕੁਡਿ ਦਾਹੇ) ਹੋਮ ਲਈ ਸ਼ਾਸਤ੍ਰ ਦੀ ਵਿਧੀ ਨਾਲ ਪੁੱਟਿਆ ਹੋਇਆ ਟੋਆ. ਦੇਖੋ, ਹਵਨਕੁੰਡ। ੫. ਖਾਸ ਕਰਕੇ ਨਰਕ ਦੇ ੮੬ ਗਰਤ, ਜੋ ਕੁਕਰਮੀਆਂ ਨੂੰ ਸਜ਼ਾ ਦੇਣ ਲਈ ਬਣਾਏ ਹਨ. ਦੇਖੋ, ਦੇਵੀਭਾਗਵਤ ਸਕੰਧ ੯. ਅਃ ੩੭। ੬. ਹਿੰਦੂਧਰਮਸ਼ਾਸਤ੍ਰ ਅਨੁਸਾਰ ਪਤੀ ਦੇ ਜਿਉਂਦੇ ਜਾਰ ਤੋਂ ਪੈਦਾ ਹੋਇਆ ਪੁਤ੍ਰ.[381] ਦੇਖੋ, ਪਾਰਾਸ਼ਰ ਸਿਮ੍ਰਿਤਿ ਅਃ ੪, ਸ਼. ੨੩। ੭. ਕੂਟ (ਦਿਸ਼ਾ) ਲਈ ਭੀ ਕੁੰਡ ਸ਼ਬਦ ਆਇਆ ਹੈ. "ਤਿੰਹ ਚਤੁਰ ਕੁੰਡ ਜਿਤਜੋ ਦੁਬਾਰ." (ਗਯਾਨ) "ਸੋ ਚਹੁ ਕੁੰਡੀ ਜਾਣੀਐ." (ਵਾਰ ਮਾਝ ਮਃ ੨) ੮. ਪੰਜਾਬੀ ਵਿੱਚ ਫ਼ਾਰਸੀ 'ਕੁੰਦ' ਦੀ ਥਾਂ ਭੀ ਕੁੰਡ ਵਰਤਦੇ ਹਨ.

ਕੁੰਡਰੀਆ: ਦੇਖੋ, ਕੁੰਡਲੀਆ.

ਕੁੰਡਲ: ਸੰ. ਸੰਗਯਾ- ਘੇਰਾ. ਦਾਇਰਾ. "ਰੇ ਨਰ ਗਰਭਕੁੰਡਲ ਜਬ ਆਛਤ." (ਸ੍ਰੀ ਬੇਣੀ) "ਗਰਭਕੁੰਡਲ ਮਹਿ ਉਰਧਧਿਆਨੀ." (ਮਾਰੂ ਸੋਲਹੇ ਮਃ ੧) ੨. ਗੋਲਾਕਾਰ ਕੰਨਾਂ ਦਾ ਭੂਸ਼ਣ. ਤੁੰਗਲ. ਬਾਲਾ. "ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ." (ਗਉ ਅਃ ਮਃ ੧)

ਕੁੰਡਲਨੀ: ਸੰ. ਕੁੰਡਲਿਨੀ. ਸੰਗਯਾ- ਤੰਤ੍ਰਸ਼ਾਸਤ੍ਰ ਅਤੇ ਯੋਗਮਤ ਅਨੁਸਾਰ ਇੱਕ ਨਾੜੀ, ਜੋ ਸੁਖਮਨਾ ਨਾੜੀ ਦੀ ਜੜ ਵਿੱਚ ਕਿਵਾੜਰੂਪ ਹੋਕੇ ਰਹਿੰਦੀ ਹੈ. ਸਾਢੇ ਤਿੰਨ ਕੁੰਡਲ (ਚੱਕਰ) ਮਾਰਕੇ ਸੱਪ ਦੀ ਤਰਾਂ ਸੌਣ ਕਾਰਣ ਇਸ ਦਾ ਨਾਉਂ 'ਕੁੰਡਲਿਨੀ' ਹੈ. ਯੋਗਾਭ੍ਯਾਸ ਨਾਲ ਕੁੰਡਲਿਨੀ ਜਾਗਦੀ ਹੈ ਅਤੇ ਸੁਖਮਨਾ ਦੇ ਰਸਤੇ ਦਸ਼ਮਦ੍ਵਾਰ ਨੂੰ ਜਾਂਦੀ ਹੈ. ਜਿਉਂ ਜਿਉਂ ਇਹ ਉਪੱਰ ਨੂੰ

---

[381] ਇਸ ਦਾ ਨਾਮ ਕੁੰਡ ਇਸ ਲਈ ਹੈ ਕਿ ਇਹ ਕੁਲ ਨੂੰ ਦਗਧ ਕਰਨ ਵਾਲਾ ਹੈ. ਕੁਡਿ ਧਾਤੁ ਦਾ ਅਰਥ ਜਲਾਉਣਾ ਹੈ.

ਚੜ੍ਹਦੀ ਹੈ, ਤਿਉਂ ਤਿਉਂ, ਯੋਗੀ ਨੂੰ ਆਨੰਦ ਆਉਂਦਾ ਹੈ. ਕੁੰਡਲਿਨੀ ਨੂੰ ਦਸ਼ਮਦ੍ਵਾਰ ਵਿੱਚ ਠਹਿਰਾਉਣਾ ਅਤੇ ਉਸ ਨੂੰ ਫੇਰ ਹੇਠਾਂ ਨਾ ਉਤਰਣ ਦੇਣਾ ਇਹੀ ਯੋਗੀ ਦੀ ਪੂਰਣ ਸਿੱਧੀ ਹੈ. ਇਸ ਦਾ ਨਾਉਂ ਭੁਜੰਗਮਾ ਭੀ ਹੈ।

੨. ਜਲੇਬੀ. ਇੱਕ ਪ੍ਰਕਾਰ ਦੀ ਮਿਠਾਈ। ੩. ਗੁਰਮਤ ਅਨੁਸਾਰ ਅਵਿਦ੍ਯਾ ਦੀ ਗੱਠ ਦਾ ਨਾਉਂ ਕੁੰਡਲਨੀ ਹੈ. ਮਨ ਦੀ ਗੁੰਝਲ. "ਕੁੰਡਲਨੀ ਸੁਰਝੀ ਸਤਸੰਗਤਿ." (ਸਵੈਯੇ ਮਃ ੪. ਕੇ)

ਕੁੰਡਲਾਕਾਰ: ਵਿ- ਗੋਲਾਕਾਰ. ਕੁੰਡਲ ਦੀ ਸ਼ਕਲ ਦਾ.

ਕੁੰਡਲਿਨੀ: ਦੇਖੋ, ਕੁੰਡਲਨੀ.

ਕੁੰਡਲਿਯਾ: ਦੇਸ਼ੋ, ਕੁੰਡਲੀਆ.

ਕੁੰਡਲੀ: ਵਿ- ਕੁੰਡਲਾਂ ਵਾਲਾ. ਜਿਸ ਨੇ ਤੁੰਗਲ ਪਹਿਨੇ ਹਨ। ੨. ਸੰਗ੍ਯਾ- ਘੇਰਾ. ਦਾਇਰਾ। ੩. ਜਨਮਪਤ੍ਰੀ, ਜਿਸ ਵਿੱਚ ਰੇਖਾ ਨਾਲ ਗ੍ਰਹਾਂ ਦੇ ਕੁੰਡਲ (ਘਰ) ਬਣਾਏ ਗਏ ਹਨ। ੪. ਸੱਪ। ੫. ਜਲੇਬੀ.

ਕੁਡਲੀਆ: ਕੁੰਡਲ ਪਹਿਰਣ ਵਾਲਾ। ਦੇਖੋ, ਕੁੰਡਲ ੨. "ਕਾਨ ਕੁਡਲੀਆ ਬਸਤ੍ਰ ਓਢਲੀਆ." (ਆਸਾ ਮਃ ੫)

ਕੁੰਡਲੀਆ: ਵਿ- ਕੁੰਡਲਾਂ ਵਾਲਾ। ੨. ਸੰਗ੍ਯਾ- ਸੱਪ। ੩. ਕੁੰਡੀ. ਮੱਛੀ ਫਾਹੁਣ ਦੀ ਹੁੱਕ. "ਜਿਉ ਮੀਨ ਕੁੰਡਲੀਆ ਕੰਠਿ ਪਾਇ." (ਬਸੰ ਅਃ ਮਃ ੧) ੪. ਇੱਕ ਮਾਤ੍ਰਿਕ ਛੰਦ. ਲੱਛਣ- ਛੀ ਚਰਣ. ਪਹਿਲੇ ਦੋ ਚਰਣ ਦੋਹਾ, ਫਿਰ ਚਾਰ ਚਰਣ ਰੋਲਾ ਅਰਥਾਤ ਚੌਬੀਹ ਚੌਬੀਹ ਮਾਤ੍ਰਾ ਦੇ ਚਾਰ ਚਰਣ. ਹਰੇਕ ਚਰਣ ਦਾ ਪਹਿਲਾ ਵਿਸ਼੍ਰਾਮ ੧੧. ਮਾਤ੍ਰਾ ਪੁਰ, ਦੂਜਾ ੧੩. ਪੁਰ. ਦੋਹੇ ਦਾ ਅੰਤਿਮ ਪਦ ਸਿੰਘਾਵਲੋਕਨਨ੍ਯਾਯ ਕਰਕੇ ਰੋਲੇ ਦੇ ਮੁੱਢ, ਅਤੇ ਰੋਲੇ ਦਾ ਅੰਤਿਮ ਪਦ ਦੋਹੇ ਦੇ ਆਦਿ ਹੋਣਾ ਚਾਹੀਏ. ਪਦਾਂ ਦਾ ਕੁੰਡਲਾਕਾਰ ਹੋਕੇ ਆਉਣਾ ਹੀ "ਕੁੰਡਲੀਆ" ਨਾਉਂ ਦਾ ਕਾਰਣ ਹੈ. ਇਹ ਛੰਦ "ਕਲਸ਼" ਜਾਤਿ ਵਿੱਚੋਂ ਹੈ.

ਉਦਾਹਰਣ-

ਓਨਮ ਸ਼੍ਰੀ ਸਤਿਗੁਰੁ ਚਰਣ, ਆਦਿਪੁਰਖ ਆਦੇਸ਼,

ਏਕ ਅਨੇਕ ਬਿਬੇਕ ਸਸਿ, ਘਟ ਘਟ ਕਾ ਪਰਵੇਸ਼, -

ਘਟ ਘਟ ਕਾ ਪਰਵੇਸ਼, ਸ਼ੇਸ਼ੁ ਪਹਿ ਕਹਿਤ ਨ ਆਵੈ,

ਨੇਤਿ ਨੇਤਿ ਕਹਿ ਨੇਤ, ਬੇਦ ਬੰਦੀਜਨ ਗਾਵੈ,

ਆਦਿ ਮੱਧ ਅਰੁ ਅੰਤ, ਹੁਤੇ ਹੁਤ ਹੈ ਪੁਨ ਹੋਨਮ,

ਆਦਿਪੁਰਖ ਆਦੇਸ਼, ਚਰਣ ਸ਼੍ਰੀ ਸਤਿਗੁਰੁ ਓਨਮ.

(ਭਾਗੁ ਕ)

(ਅ) ਦਸਮਗ੍ਰੰਥ ਵਿੱਚ ਚਾਰ ਚਰਣ ਦਾ ਕੁੰਡਲੀਆ ਆਉਂਦਾ ਹੈ, ਪਹਿਲੇ ਦੋ ਚਰਣ ਦੋਹਾ, ਪਿਛਲੇ ਦੋ ਚਰਣ ਰੋਲੇ ਦੇ, ਯਥਾ-

ਦੀਨਨ ਕੀ ਰੱਛਾ ਨਮਿਤ, ਕਰ ਹੈਂ ਆਪ ਉਪਾਯ,

ਪਰਮਪੁਰਖ ਪਾਵਨ ਸਦਾ, ਆਪ ਪ੍ਰਗਟ ਹੈਂ ਆਯ, -

ਆਪ ਪ੍ਰਗਟ ਹੈਂ ਆਯ, ਦੀਨਰੱਛਾ ਕੇ ਕਾਰਣ,

ਅਵਤਾਰੀਅਵਤਾਰ, ਧਰਾ ਕੇ ਭਾਰਉਤਾਰਣ.

(ਕਲਕੀ)

(ੲ)

ਸਿੰਘਾਵਲੋਕਨਨਜਾਯ ਕਰਕੇ ਜੋ ਪਦ ਕੁੰਡਲੀਏ ਵਿੱਚ ਆਉਣ, ਜੇ ਉਨ੍ਹਾਂ ਵਿੱਚ "ਯਮਕ" ਹੋਵੇ, ਤਦ ਛੰਦ ਦੀ ਹੋਰ ਭੀ ਸੁੰਦਰਤਾ ਹੈ. ਅਰਥਾਤ ਪਦ ਉਹੀ ਹੋਣ ਪਰ ਅਰਥ ਭਿੰਨ ਹੋਵੇ, ਯਥਾ-

ਹਾਲਾ[382] ਸੇਵਨ ਜਿਨ ਕਰੀ, ਕਾਲਨਿਮੰਤ੍ਰਣ ਦੀਨ,

ਸੁਖ ਸੰਪਤਿ ਕੋ ਖੋਯਕੈ, ਭਯੇ ਅੰਤ ਅਤਿ ਦੀਨ, -

ਦੀਨ ਦੁਨੀ ਕੋ ਮਾਨ, ਤਾਨ ਨਿਜ ਤਨ ਕੋ ਖੋਯੋ,

ਬਿਖਬੇਲੀ ਕੋ ਬੀਜ, ਆਪਨੇ ਹਾਥਨ ਬੋਯੋ,

ਹਰਿਵ੍ਰਿਜੇਸ਼ ਕੁਲਕਾਨ, ਤਜਾਗ ਕਰਤੇ ਮੁਖ ਕਾਲਾ,

ਸਹੈਂ ਨਿਰਾਦਰ ਨਿਤਯ, ਫਿਰੈਂ ਦਰ ਦਰ ਬਦਹਾਲਾ.

ਕੁੰਡਲੀਕ੍ਰਿਤ: ਕੁੰਡਲ- ਆਕ੍ਰਿਤਿ- ਕੁੰਡਲਾਕਾਰ. ਕੁੰਡਲ ਦੀ ਸ਼ਕਲ. "ਭ੍ਰਮੰਤ ਕੁੰਡਲੀਕ੍ਰਿਤੰ." (ਰਾਮਾਵ)

ਕੁੰਡਾ: ਕੁੰਡਾਂ. ਕੂਟ. ਦਿਸ਼ਾ. ਦੇਖੋ, ਕੁੰਡ. "ਚਾਰੇ ਕੁੰਡਾ ਢੂਢੀਆ." (ਆਸਾ ਅਃ ਮਃ ੧) ੨. ਦੇਖੋ, ਕੂੰਡਾ। ੩. ਦਰਵਾਜ਼ਾ ਬੰਦ ਕਰਨ ਦਾ ਸੰਗੁਲ। ੪. ਅੰਕੁਸ਼. "ਨਾਨਕ ਹਸਤੀ ਕੁੰਡੇ ਬਾਹਰਾ." (ਵਾਰ ਗੂਜ ੧. ਮਃ ੩) ੫. ਕੜਾ, ਜਿਸ ਵਿੱਚ ਕੋਈ ਚੀਜ ਅੜਾਈ ਜਾਵੇ.

ਕੁੰਡੀ: ਮੱਛੀ ਫਾਹੁਣ ਦੀ ਹੁੱਕ। ੨. ਦਰਵਾਜ਼ਾ ਅੜਾਉਣ ਦੀ ਛੋਟੀ ਸੰਗੁਲੀ। ੩. ਕੁੰਟੀਂ. ਦਿਸ਼ਾਓਂ ਮੇਂ. "ਚਹੁ ਕੁੰਡੀ ਚਹੁ ਜੁਗ ਜਾਤੇ." (ਬਿਹਾ ਛੰਤ ਮਃ ੪) ੪. ਡਿੰਗ. ਘੋੜਾ. ਬਾਂਕੀ ਚਾਲ ਵੇਲੇ ਅਗਲੇ ਪੈਰਾਂ ਨੂੰ ਕੁੰਡਲ ਜੇਹੇ ਕਰਨ ਤੋਂ ਇਹ ਨਾਉਂ ਹੈ.

ਕੁਡੌਲ: ਵਿ- ਬੁਰੀ ਡੌਲ (ਸ਼ਕਲ) ਦਾ. ਬੇਢੰਗਾ। ੨. ਸੰਗ੍ਯਾ- ਬੁਰੀ ਵਿਓਂਤ (ਵਯੋਂਤ). ਕੁਢੰਗ.

ਕੁਢਬ, ਕੁਢੰਗ: ਸੰਗ੍ਯਾ- ਬੁਰਾ ਢੰਗ. ਕੁਚਾਲ। ੨. ਵਿ- ਕੁਢਬਾ. ਕੁਢੰਗਾ. ਕੁਚਾਲੀ.

ਕੁਣਕਾ: ਦੇਖੋ, ਕਣਕਾ। ੨. ਕਣਮਾਤ੍ਰ ਕੜਾਹਪ੍ਰਸਾਦ ਦਾ ਭੋਰਾ। ੩. ਕੜਾਹਪ੍ਰਸਾਦ ਦੀ ਸੰਗ੍ਯਾ ਭੀ ਕੁਣਕ ਹੋ ਗਈ ਹੈ. "ਖਾਵੈ ਕੁਣਕਾ ਵੰਡਕੈ." (ਮਗੋ)

ਕੁਣੱਖਾ: ਵਿ- ਅੱਖ ਦੀ ਕੋਣ (ਕੋਏ) ਨਾਲ ਦੇਖਣ ਵਾਲਾ. ਟੇਢੀ ਨਜਰ ਨਾਲ ਦੇਖਣ ਵਾਲਾ। ੨. ਭੈਂਗਾ.

ਕੁਣਪ: ਸੰ. ਸੰਗ੍ਯਾ- ਲੋਥ. ਪ੍ਰਾਣ ਬਿਨਾ ਦੇਹ.

ਕੁਣੀਆ: ਸੰਗ੍ਯਾ- ਕੰ (ਜਲ) ਆਨਯਨ ਕੀਰਏ (ਆਣੀਏ) ਜਿਸ ਨਾਲ, ਅੰਜੁਲਿ. ਬੁੱਕ। ੨. ਗਡਵਾ. ਕਮੰਡਲੁ. "ਨਦੀਬਾਰਿ ਕਯੋਂ ਪੀਵੀਏ, ਕੁਣੀਆ ਨਾ ਲੇਤ?" (ਗੁਪ੍ਰਸੂ)

ਕੁੰਤ: ਸੰ. ਸੰਗ੍ਯਾ- ਕੁ (ਜ਼ਮੀਨ) ਨੂੰ ਜੋ ਪੁੱਟਦਾ ਹੈ. ਕੁਦਾਲ। ੨. ਮੁਰਗਾ. ਕੁੱਕੜ. "ਭੁਨਸਾਰ ਭਈ ਧੁਨਿ ਕੁੰਤ ਕਈ." (ਨਾਪ੍ਰ) ੩. ਨੇਜ਼ਾ. ਬਰਛਾ। ੪. ਜੂੰ. ਯੂਕਾ। ੫. ਜਲ. ਪਾਣੀ। ੬. ਕਮਲ। ੭. ਵਿ- ਭਯਾਨਕ. ਡਰਾਵਨਾ.

ਕੁਤਸਤ: ਦੇਖੋ, ਕੁਤਸਿਤ.

ਕੁਤਸਤਾ, ਕੁਤਸਾ: ਸੰ. कुतसा ਸੰਗ੍ਯਾ- ਨਿੰਦਾ. ਹਜਵ। ੨. ਅਪਮਾਨ. ਨਿਰਾਦਰ.

ਕੁਤਸਿਤ: ਵਿ- ਕੁਤ੍ਸਿਤ. ਨਿੰਦਿਤ. "ਕਹੂੰ ਕੁਤਸਿਤ ਕਰਮ." (ਅਕਾਲ) ੨. ਅਪਮਾਨਿਤ. ਨਿਰਾਦਰ ਕੀਤਾ ਹੋਇਆ.

---

[382] ਸ਼ਰਾਬ.

ਕੁਤਕਾ: ਤੁ. کتکا ਸੰਗਜ੍ਞਾ- ਛੋਟਾ ਅਤੇ ਮੋਟਾ ਸੋਟਾ. ਦੇਖੋ, ਕ੍ਰਿਪਾਲਦਾਸ.

ਕੁਤਪ: ਸੰ. ਸੰਗਜ੍ਞਾ- ਸੂਰਜ। ੨. ਅਗਨਿ। ੩. ਬ੍ਰਾਹਮਣ। ੪. ਅਤਿਥਿ। ੫. ਗਊ। ੬. ਭਾਣਜਾ. ਭੈਣ ਦਾ ਪੁਤ੍ਰ। ੭. ਦੋਹਤ੍ਰਾ। ੮. ਵਾਜਾ। ੯. ਦੱਭ ਘਾਸ। ੧੦. ਲੌਢਾ ਵੇਲਾ.

ਕੁਤਬ: ਅ਼. قطب ਕ਼ੁਤ਼ਬ. ਸੰਗਜ੍ਞਾ- ਧ੍ਰੁਵ. ਧ੍ਰੂ. ਧਰਤੀ ਦਾ ਉੱਤਰੀ ਅਤੇ ਦੱਖਣੀ ਸਿਖਰ। ੨. ਉਹ ਕਿੱਲੀ, ਜਿਸ ਦੇ ਸਹਾਰੇ ਚੱਕੀ ਫਿਰਦੀ ਹੈ। ੩. ਸਰਦਾਰ. ਮੁਖੀਆ. ਪ੍ਰਧਾਨ। ੪. ਅ਼. کتب ਕੁਤਬ. ਕਿਤਾਬ ਦਾ ਬਹੁ ਵਚਨ. ਪੋਥੀਆਂ.

ਕੁਤਬਖ਼ਾਨ ਕ਼ੁਤ਼ਬਖ਼ਾਨ: ਸ਼ਾਹਜਹਾਂ ਵੇਲੇ ਜਲੰਧਰ ਦਾ ਹਾਕਿਮ, ਜੋ ਪੈਂਦੇ ਖ਼ਾਨ ਦੇ ਚਾਚੇ ਦਾ ਪੁਤ੍ਰ ਸੀ. ਇਸੇ ਨੇ ਪੈਂਦੇ ਖ਼ਾਂ ਨੂੰ ਬਾਦਸ਼ਾਹ ਦੇ ਪੇਸ਼ ਕੀਤਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਤੇ ਸੈਨਾ ਲੈ ਕੇ ਚੜ੍ਹ ਆਇਆ. ਕਰਤਾਰਪੁਰ ਦੇ ਜੰਗ ਵਿੱਚ ਗੁਰੂ ਸਾਹਿਬ ਦੇ ਖੜਗ ਨਾਲ ਇਸ ਦੀ ਮੁਕਤਿ ਹੋਈ.

ਕੁਤਬਖ਼ਾਨਾ: ਪੁਸ੍ਤਕਾਲਯ. Library.

ਕੁਤਬਦੀਨ: ਦੇਖੋ, ਕ਼ੁਤਬੁੱਦੀਨ.

ਕੁਤਬਨੁਮਾ, ਕ਼ੁਤ਼ਬਨੁਮਾ: ਫ਼ਾ. قطب نُما ਧ੍ਰੁਵ ਦਿਖਾਉਣ ਵਾਲਾ ਯੰਤ੍ਰ (ਧ੍ਰੁਵਦਰਸ਼ਕ), ਜਿਸ ਦੀ ਸੂਈ ਚੁੰਬਕ ਦੀ ਸ਼ਕਤਿ ਨਾਲ ਉੱਤਰ ਵੱਲ ਰਹਿੰਦੀ ਹੈ. ਇਹ ਜਹਾਜ਼ ਚਲਾਉਣ ਵਾਲਿਆਂ ਨੂੰ ਬਹੁਤ ਸਹਾਇਤਾ ਦਿੰਦਾ ਹੈ.

Mariner's Compass.

ਕੁਤਬਮੀਨਾਰ, ਕ਼ੁਤ਼ਬਮੀਨਾਰ: ਦੇਖੋ, ਕ਼ੁਤ਼ਬੁੱਦੀਨ ਐਬਕ.

ਕੁਤਬਾ: ਦੇਖੋ, ਖ਼ੁਤਬਾ. "ਓਹ ਕੁਤਬਾ ਮੇਰਾ ਪੜਨਗੇ ਵਿਚ ਦੁਹਾਂ ਜਹਾਨਾ." (ਜੰਗਨਾਮਾ)

ਕੁਤਬੀ, ਕ਼ੁਤ਼ਬੀ: ਅ਼. قطبی ਮੁਸਲਮਾਨਾਂ ਦਾ ਇੱਕ ਖ਼ਾਸ ਫ਼ਿਰਕਾ। ੨. ਵਿ- ਕ਼ੁਤ਼ਬ ਨਾਲ ਹੈ ਜਿਸ ਦਾ ਸੰਬੰਧ.

ਕੁਤਬੁੱਦੀਨ, ਕ਼ੁਤਬੁੱਦੀਨ: قطب الدین ਕ਼ੁਤ਼ਬੁੱਦੀਨ. ਵਿ- ਧਰਮ ਦਾ ਧ੍ਰੁਵ. ਜਿਸ ਦੇ ਆਸਰੇ ਧਰਮ ਹੈ। ੨. ਜਲੰਧਰ ਦਾ ਜਾਲਿਮ ਹਾਕਿਮ, ਜਿਸ ਨੇ ਸਿੱਖਾਂ ਨੂੰ ਅਸਹਿ ਕਸ਼੍ਟ ਦਿੱਤੇ. ਇੱਕ ਬਾਰ ਜਦਕਿ ਏਹ ਬਿਆਸ ਕਿਨਾਰੇ ਸ਼ਿਕਾਰ ਖੇਡ ਰਿਹਾ ਸੀ, ਤਦ ਬਾਘ ਸਿੰਘ ਨੇ ਅਚਾਨਕ ਆ ਫੜਿਆ ਅਤੇ ਜਿਉਂਦਾ ਹੀ ਅੱਗ ਵਿੱਚ ਫੂਕ ਦਿੱਤਾ। ੩. ਕ਼ੁਸੂਰ ਦਾ ਹਾਕਿਮ. ਦੇਖੋ, ਕ਼ੁਸੂਰ ੧.। ੪. ਦੇਖੋ, ਕ਼ੁਤ਼ਬੁੱਦੀਨ ਐਬਕ.

ਕੁਤਬੁੱਦੀਨ ਐਬਕ, ਕ਼ੁਤ਼ਬੁੱਦੀਨ ਐਬਕ: قطب الدین ایبک ਇਸ ਪ੍ਰਤਾਪੀ ਪੁਰਖ ਦੀ ਕਥਾ ਇਉਂ ਹੈ ਕਿ ਕਿਸੇ ਧਨੀ ਨੇ ਬਚਪਨ ਵਿੱਚ ਮੁੱਲ ਲੈ ਕੇ ਇਸ ਨੂੰ ਅ਼ਰਬੀ ਫ਼ਾਰਸੀ ਪੜਾਈ. ਧਨੀ ਦੇ ਮਰਣ ਪਿੱਛੋਂ, ਇਹ ਇੱਕ ਸੌਦਾਗਰ ਪਾਸ ਵੇਚਿਆ ਗਿਆ. ਸੌਦਾਗਰ ਨੇ ਸ਼ਹਾਬੁੱਦੀਨ ਮੁਹ਼ੰਮਦ ਗ਼ੌਰੀ ਦੀ ਨਜ਼ਰ ਕੀਤਾ. ਸ਼ਹਾਬੁੱਦੀਨ ਦੀ ਇਸ ਪੁਰ ਇਤਨੀ ਕ੍ਰਿਪਾ ਹੋਈ ਕਿ ਉਸ ਨੇ ਹਿੰਦੁਸਤਾਨ ਜਿੱਤਕੇ ਸਨ ੧੧੯੨ (ਸੰਮਤ ੧੨੫੦) ਵਿੱਚ ਆਪਣਾ ਪ੍ਰਤਿਨਿਧਿ ਥਾਪਿਆ. ਸਨ ੧੨੦੬ ਵਿੱਚ ਇਹ ਦਿੱਲੀ ਦੇ ਤਖਤ ਦਾ ਮਾਲਿਕ ਬਣਕੇ ਸ਼ਹਨਸ਼ਾਹ ਹੋਇਆ ਅਤੇ ਖ਼ਾਨਦਾਨ ਗੁਲਾਮਾਂ ਦੀ ਨੀਂਹ ਰੱਖੀ. ਸਨ ੧੨੧੦ ਵਿੱਚ ਇਹ ਪੋਲੋ ਖੇਡਦਾ ਘੋੜੇ ਤੋਂ ਡਿੱਗਕੇ ਲਹੌਰ ਮੋਇਆ.

ਦਿੱਲੀ ਪਾਸ ਕੁਤਬਮੀਨਾਰ, ਜੋ ੨੪੦ ਫੁੱਟ ਉੱਚਾ ਹੈ, ਅਤੇ ਇੱਕ ਅਧੂਰੀ ਮਸਜਿਦ ਜਿਸ ਦਾ ਨਾਉਂ ਕ਼ੁੱਵਤੁਲਇਸਲਾਮ ਹੈ,[383] ਇਹ ਕੁਤਬੁੱਦੀਨ ਨੇ ਹੀ ਬਣਾਉਣੇ ਆਰੰਭੇ ਸਨ. ਸਨ ੧੧੯੬ ਵਿੱਚ ਮਸਜਿਦ ਬਣਾਉਣ ਲਈ ੨੭ ਹਿੰਦੂਮੰਦਿਰਾਂ ਦਾ ਮਸਾਲਾ ਵਰਤਿਆ ਗਿਆ ਸੀ. ਕੁਤਬੁੱਦੀਨ ਦੇ ਗ਼ੁਲਾਮ ਅਤੇ ਜਮਾਈ (ਜਵਾਈ) ਸ਼ਮੁਸੁੱਦੀਨ ਅਲਤਿਮਸ਼ ਬਾਦਸ਼ਾਹ ਨੇ ਕੁਤਬਮੀਨਾਰ ਸਿਰੇ ਚਾੜ੍ਹਿਆ, ਪਰ ਮਸੀਤ ਅਜੇ ਭੀ ਅਧੂਰੀ ਪਈ ਹੈ.

---

[383] ਕਈ ਲੇਖਕਾਂ ਨੇ ਇਸ ਮਸੀਤ ਦਾ ਨਾਉਂ "ਕ਼ੁਤ਼ਬੁਲ ਇਸਲਾਮ" ਲਿਖਿਆ ਹੈ.

ਕੁਤਰ, ਕੁਤ਼ਰ: ਅ਼. قطر ਮਧਜਰੇਖਾ. Diameter.

ਕੁਤਰਕ: ਸੰ. ਕੁਤਰ੍ਕ. ਸੰਗਜਾ- ਬੁਰੀ ਦਲੀਲ. ਨਿਕੰਮੀ ਹੁੱਜਤ। ੨. ਬੁਰਾ ਖ਼ਿਆਲ. ਮੰਦ ਸੰਕਲਪ.

ਕੁਤਰਨਾ: ਸੰ. ਕੱਤੰਨ. ਸੰਗਜਾ- ਕੱਟਣਾ. ਵੱਢਣਾ. ਟੁੱਕਣਾ.

ਕੁਤਰਾ: ਸੰਗਜਾ- ਬਾਰੀਕ ਟੋਕਾ. ਕੁਤਰਿਆ ਹੋਇਆ ਪਦਾਰਥ। ੨. ਇੱਕ ਕੀੜਾ, ਜੋ ਪੈਲੀ ਨੂੰ ਕੁਤਰਦਾ ਹੈ। ੩. ਕੁਤੂਰਾ. ਸੰ. ਕੁਕੁੰਰ. "ਦੇਖਤ ਕੁਤਰਾ ਲੈ ਗਈ ਬਿਲਾਈ." (ਆਸਾ ਕਬੀਰ) ਦੇਖੋ, ਪਹਿਲਾ ਪੂਤ। ੪. ਵਿ- ਕੁਤਾਰੂ. ਜੋ ਚੰਗਾ ਤਰਣ ਨਹੀਂ ਜਾਣਦਾ. ਦੇਖੋ, ਕੁਤਰੇ ਕਾਢੇ.

ਕੁਤਰੇਕਾਢੇ: ਕੁਤਾਰੂ ਕੰਢੇ ਲਾ ਦਿੱਤੇ. ਬਾਂਹ ਫੜਕੇ ਰੁੜ੍ਹਦੇ ਜਾਂਦੇ ਬਾਹਰ ਕੱਢ ਲਏ. "ਜਨ ਨਾਨਕ ਕੁਤਰੇ ਕਾਢੇ." (ਗਉ ਮਃ ੪)[384]

ਕੁੰਤਲ: ਸੰ. ਸੰਗਜਾ- ਕੁੰਤ (ਬਰਛੀ)ਜੇਹੀ ਨੋਕ ਵਾਲਾ, ਕੇਸ਼. "ਕੁੰਤਲ ਲਲਿਤ ਅਲਕ ਅਹਿਛੌਨੰ." (ਨਾਪ੍ਰ) ੨. ਜੌਂ, ਜੋ ਤਿੱਖੀਆਂ ਨੋਕਾਂ ਵਾਲੇ ਹੁੰਦੇ ਹਨ। ੩. ਹਲ, ਜਿਸ ਦਾ ਫਾਲਾ ਬਰਛੀ ਜੇਹਾ ਤਿੱਖਾ ਹੁੰਦਾ ਹੈ। ੪. ਮੁਰਗਾ, ਤਿੱਖੇ ਨੌਹਾਂ ਵਾਲਾ.

ਕੁਤਵਾਰ: ਦੇਖੋ, ਕੋਤਵਾਲ। ੨. ਦੇਖੋ, ਕਤਵਾਰ.

ਕੁਤਾ: ਸੰਗਜਾ- ਕੁੱਤਾ. ਕੂਕਰ. "ਅੰਤਰਿ ਲੋਭ ਭਉਕੈ ਜਿਉ ਕੁਤਾ." (ਮਾਰੂ ਸੋਲਹੇ ਮਃ ੩)

ਕੁਤਾਰੂ: ਵਿ- ਜੋ ਚੰਗਾ ਤਾਰੂ ਨਹੀਂ. ਜਿਸ ਨੂੰ ਤਰਣਵਿਦਜਾ ਘੱਟ ਆਉਂਦੀ ਹੈ.

ਕੁਤੀ: ਕੂਕਰੀ. ਕੁੱਤੀ.

ਕੁਤੀਂ: ਕੁੱਤਿਆਂ ਨੇ. ਕੂਕਰੋਂ ਨੇ। ੨. ਭਾਵ, ਨੀਚ ਪਾਂਮਰਾਂ ਨੇ. "ਰਤਨ ਵਿਗਾੜਿ ਵਿਗੋਏ ਕੁਤੀਂ" (ਆਸਾ ਮਃ ੧)

ਕੁੰਤੀ: ਮਥੁਰਾ ਦੇ ਰਾਜਾ ਸ਼ੂਰਸੇਨ ਦੀ ਕੰਨਜਾ- ਕ੍ਰਿਸ਼ਨ ਜੀ ਦੀ ਭੂਆ, ਰਾਜਾ ਪਾਂਡੁ ਦੀ ਰਾਣੀ ਅਤੇ ਯੁਧਿਸ਼੍ਠਿਰ, ਭੀਮਸੈਨ, ਅਰਜੁਨ ਦੀ ਮਾਤਾ. ਇਸ ਦਾ ਨਾਉਂ ਪ੍ਰਿਥਾ ਸੀ. ਕੁੰਤਿਭੋਜ ਜੋ ਬੇਔਲਾਦ ਸੀ, ਉਸ ਨੇ ਸ਼ੂਰਸ਼ੇਨ ਤੋਂ ਪਾਲਣ ਲਈ ਕੰਨਜਾ ਲੈ ਲਈ, ਇਸੇ ਕਾਰਣ ਨਾਉਂ ਕੁੰਤੀ ਹੋ ਗਿਆ. "ਕੁੰਤੀ ਕੋ ਦੇਖਤ ਹੀ ਕਵਿ ਸ਼ਜਾਮ ਭਨੈ ਤਿਨ ਪਾਇਨ ਸੀਸ ਝੁਕਾਯੋ." (ਕ੍ਰਿਸਨਾਵ)

ਕੁਤੀਆ: ਕੂਕਰੀ. ਕੁੱਤੀ.

ਕੁੰਤੀਸੁਤ: ਯੁਧਿਸ਼੍ਠਿਰ, ਭੀਮ ਅਤੇ ਅਰਜੁਨ.

ਕੁੰਤੀਸੁਤ ਸੁਤ ਅਰਿ: (ਸਨਾਮਾ) ਕੁੰਤੀ ਦਾ ਪੁਤ੍ਰ ਅਰਜੁਨ, ਉਸ ਦਾ ਰਥਵਾਹੀ ਕ੍ਰਿਸ਼ਨਦੇਵ, ਉਸ ਦਾ ਵੈਰੀ ਤੀਰ.

ਕੁੰਤੀਪਤਿ: ਰਾਜਾ ਪਾਂਡੁ. ਪਾਂਡਵਾਂ ਦਾ ਬਾਪ.

ਕੁਤੂਹਲ: ਸੰ. ਸੰਗਜਾ- ਆਸ਼ਚਰਯ. ਅਚਰਜ. ਅਚੰਭਾ. ਅਜੂਬਾ। ੨. ਕੌਤਕ. ਅਦਭੁਤ ਤਮਾਸ਼ਾ। ੩. ਕਿਸੇ ਵਸਤੁ ਦੇ ਦੇਖਣ ਅਥਵਾ ਸੁਣਨ ਦੀ ਪਰਬਲ ਇੱਛਾ। ੪. ਆਨੰਦ ਦੀ ਖੇਡ.

ਕੁਤੂਰਾ: ਕੁੱਤੇ ਦਾ ਬੱਚਾ. ਛੋਟਾ ਕੁੱਤਾ. ਸੰ. ਕੁਕੁੰਰ.

ਕੁਤੇਮੁਹਾ, ਕੁਤੇਮੂਹਾਂ: ਵਿ- ਕੁੱਤੇ ਦਾ ਮੂੰਹ ਜਿਸ ਦਾ. ਕੂਕਰਮੁਖਾ. ਭਾਵ- ਅਭੱਖ ਖਾਣ ਵਾਲਾ. ਗੰਦਗੀ ਅਤੇ ਮੁਰਦਾਰ ਖਾਣ ਵਾਲਾ. "ਕਲਿ ਹੋਈ ਕੁਤੇਮੁਹੀ ਖਾਜੁ ਹੋਇਆ ਮੁਰਦਾਰੁ." (ਵਾਰ ਸਾਰ ਮਃ ੧) ਕਲਿਯੁਗ ਦੀ ਪ੍ਰਜਾ ਕੁੱਤੇਮੁਖੀ ਹੈ, ਜੋ ਮੁਰਦਾਰ

---

[384] ਸਾਂਪ੍ਰਦਾਈ ਗਜਾਨੀ ਅਰਥ ਕਰਦੇ ਹਨ ਕਿ-ਕੁਤੂਰੇ ਕਹੀਦੇ ਹਾਂ.

ਖਾਂਦੀ ਹੈ. ਮੁਰਦਾਰ ਤੋਂ ਭਾਵ ਪਰਾਇਆ ਹੱਕ, ਰਿਸ਼ਵਤ ਆਦਿਕ ਹੈ.

ਕੁਤੋ: ਕ੍ਰਿ. ਵਿ- ਕਿੱਥੇ. ਕਹਾਂ. ਕਿੱਥੋਂ ਕਿਸ ਕਾਰਣ ਤੋਂ "ਤਨ ਨਿਜਰੂਪ ਕੁਤੋ ਤੁਮ ਲਹੇ." (ਗੁਪ੍ਰਸੂ)

ਕੁੱਤਾ, ਕੁੱਤੀ: ਦੇਖੋ, ਕੁਤਾ ਕੁਤੀ.

ਕੁਤ੍ਰ: ਕ੍ਰਿ. ਵਿ- ਕਿੱਥੇ. ਕਹਾਂ.

ਕੁਥਰਾ: ਕੁ (ਨਿੰਦਿਤ) ਥਿਰਾ (ਜ਼ਮੀਨ). ਮੈਲੀ ਥਾਂ। ਵਿ- ਮੈਲਾ.

ਕੁਥਾਉ, ਕੁਥਾਇ, ਕੁਥਾਨ: ਕੁ (ਨਿੰਦਿਤ) ਥਾਇ (ਅਸਥਾਨ). ੨. ਕ੍ਰਿ. ਵਿ- ਬੇਮੌਕ਼ਾ. ਅਯੋਗਯ ਥਾਂ. "ਏਕ ਦਾਨ ਤੁਧ ਕੁਥਾਇ ਲਇਆ." (ਆਸਾ ਪਟੀ ਮਃ ੩) "ਥਾਉ ਕੁਥਾਇ ਨ ਜਾਣਨੀ ਸਦਾ ਚਿਤਵਹਿ ਵਿਕਾਰ." (ਵਾਰ ਸਾਰ ਮਃ ੩) ੩. ਭਾਵ- ਖੋਟਾ ਰਿਦਾ.

ਕੁੰਦ: ਸੰ. ਸੰਗਯਾ- ਜੁਹੀ ਦੀ ਕ਼ਿਸਮ ਦਾ ਇੱਕ ਬੂਟਾ, ਜਿਸ ਨੂੰ ਚਿੱਟੇ ਫੁੱਲ ਲਗਦੇ ਹਨ. ਬਰਦਮਾਨ. ਚਾਂਦਨੀ. ਕੁੰਦ ਦੇ ਫੁੱਲ. ਕਵਿਜਨ ਇਨ੍ਹਾਂ ਦੀ ਉਪਮਾ ਦੰਦਾਂ ਨੂੰ ਦਿੰਦੇ ਹਨ. "ਪੀਤ ਬਸਨ ਕੁੰਦ ਦਸਨ." (ਸਵੈਯੇ ਮਃ ੪. ਕੇ) ਦੇਖੋ, ਡੇਲਾ। ੨. ਕਮਲ। ੩. ਨੌ ਨਿਧੀਆਂ ਵਿੱਚੋਂ ਇੱਕ ਨਿਧਿ। ੪. ਗੁਰੁਪ੍ਰਤਾਪਸੂਰਯ ਵਿੱਚ ਕਕੁਦ੍ (ਢੱਟ) ਦੀ ਥਾਂ ਭੀ ਕੁੰਦ ਸ਼ਬਦ ਆਇਆ ਹੈ. "ਬ੍ਰਿਖਭ ਬਿਲੰਦ ਬਲੀ ਤਨ ਪੀਨ। ਜਿਨ ਕੀ ਕੁੰਦ[385]

ਤੁੰਗ ਦੁਤਿ ਕੀਨ." (ਗੁਪ੍ਰਸੂ) ੫. ਫ਼ਾ. کُند ਵਿ- ਖੁੰਢਾ। ੬. ਜੜ੍ਹਮਤਿ। ੭. ਦਾਨਾ. ਬੁੱਧਿਮਾਨ। ੮. ਦਿਲੇਰ.

ਕੁਦਇਆ: ਨਿੰਦਿਤ ਦਇਆ. ਉਹ ਦਇਆ ਜੋ ਹਾਨੀਕਾਰਕ ਹੋਵੇ. ਮੱਛਰ, ਸੱਪ, ਚੂਹਾ, ਹਲਕਾਇਆ ਕੁੱਤਾ, ਡਾਕੂ, ਚੋਰ, ਵਿਭਚਾਰੀ ਆਦਿ ਪੁਰ ਦਇਆ ਕਰਕੇ ਸੰਸਾਰ ਨੂੰ ਮੁਸੀਬਤ ਵਿੱਚ ਪਾਉਣ ਦਾ ਕਰਮ। ੨. ਬੇਰਹਮੀ. "ਕੁਦਇਆ ਕਸਾਇਣਿ." (ਵਾਰ ਸ੍ਰੀ ਮਃ ੧)

ਕ਼ੁਦਸ: ਅ਼. قُدس ਵਿ- ਪਾਕ. ਪਵਿਤ੍ਰ.

ਕੁਦਣਾ: ਸੰ. ਕੂਦੰਨ. ਸੰਗਯਾ- ਕੁੱਦਣਾ. ਟਪੂਸੀਆਂ ਮਾਰਨੀਆਂ. ਉਛਲਨਾ.

ਕੁੰਦਨ: ਸੰਗਯਾ- ਖਾਲਿਸ ਸੁਵਰਣ. ਬਿਨਾ ਮੈਲ ਸੋਨਾ। ੨. ਨਿਰਮਲ ਸੁਵਰਣ ਦਾ ਪਤਲਾ ਪਤ੍ਰਾ, ਜਿਸ ਨਾਲ ਜੜੀਏ ਰਤਨਾਂ ਦੀ ਜੜਾਈ ਕਰਦੇ ਹਨ.

ਕੁੰਦਨਗਿਰਿ: ਸੁਵਰਣ ਦਾ ਪਹਾੜ. ਸੁਮੇਰੁ.

ਕੁੰਦਨਪੁਰ, ਕੁੰਦਨਪੁਰਿ, ਕੁੰਦਨਪੁਰੀ: कुण्डिनपुर ਵਿਦਰਭ ਦੇਸ਼ (ਬੈਰਾਰ) ਦੀ ਰਾਜਧਾਨੀ, ਜੋ ਅੰਬਰਾਵਤੀ ਦੇ ਪੂਰਵ ੪੦ ਮੀਲ ਤੇ ਹੈ. ਇਸ ਦਾ ਰਾਜਾ ਭੀਸ਼੍ਮਕ, ਕ੍ਰਿਸ਼ਨ ਜੀ ਦੀ ਰਾਣੀ ਰੁਕਮਿਣੀ ਦਾ ਪਿਤਾ ਸੀ. "ਕੁੰਦਨਪੁਰੀ ਨਗਰ ਨਿਯਰਾਯੋ." (ਚਰਿਤ੍ਰ ੩੨੦) ਆਖਦੇ ਹਨ ਕਿ ਬੈਰਾਰ ਵਿੱਚ ਜੋ ਕੌਂਦਾਵਿਰ (Kondavir) ਸ਼ਹਿਰ ਹੈ, ਇਹੋ ਪੁਰਾਤਨ ਕੁੰਦਨਪੁਰ ਹੈ.

ਕੁੰਦਨੀ: ਕੁੰਦੇ ਵਾਲੀ, ਬੰਦੂਕ਼. (ਸਨਾਮਾ)

ਕੁਦਮ: ਕੂਦੰਨ. ਟੱਪਣਾ. ਉਛਲਨਾ. "ਕੁਦਮ ਕਰੈ ਗਾਡਰ ਜਿਉ ਛੇਲ." (ਰਾਮ ਮਃ ੫) "ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲ." (ਸ੍ਰੀ ਮਃ ੫) ੨. ਫ਼ਾ. قُدُم ਕ਼ੁਦਮ. ਕਰਮ ਦਾ ਫਲ.

ਕੁੰਦਰ: ਅ਼. قُندُر ਸੰਗਯਾ- ਬਾਉਨਾ. ਵਾਮਨ। ੨. ਮੋਟਾ ਗਧਾ। ੩. ਪੁਰਾਣਾ ਕਿਲਾ.

---

[385] ਇਹ ਅਞਾਣ ਲਿਖਾਰੀ ਨੇ ਪਾਠ ਬਦਲਿਆ ਹੈ. ਅਸਲ ਪਾਠ ਹੈ, "ਜਿਨ ਕੀ ਕਕੁਦ ਤੁੰਗ."

ਕੁਦਰਤ, ਕੁਦਰਤਿ: قدرت ਕ਼ੁਦਰਤ. ਸੰਗਯਾ- ਤ਼ਾਕ਼ਤ. ਸ਼ਕਤਿ. "ਕੁਦਰਤਿ ਕਉਣ ਹਮਾਰੀ?" (ਬਸੰ ਅਃ ਮਃ ੧) ੨. ਮਾਇਆ. ਕਰਤਾਰ ਦੀ ਰਚਨਾਸ਼ਕਤਿ. ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ." (ਵਾਰ ਆਸਾ) "ਕੁਦਰਤਿ ਪਾਤਾਲੀ ਆਕਾਸੀ." (ਵਾਰ ਆਸਾ)

ਕੁਦਰਤੀ: ਵਿ- ਕ਼ੁਦਰਤ ਵਾਲਾ. ਕ਼ਾਦਿਰ। ੨. ਕ਼ੁਦਰਤ ਨਾਲ. ਕ਼ੁਦਰਤ ਦ੍ਵਾਰਾ. "ਸਿਨਾਖਤੁ ਕੁਦਰਤੀ." (ਵਾਰ ਮਾਝ ਮਃ ੧) ੩. ਕੁਦਰਤ ਨਾਲ ਹੈ ਜਿਸ ਦਾ ਸੰਬੰਧ. ਪ੍ਰਾਕ੍ਰਿਤ. "ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ." (ਵਾਰ ਰਾਮ ੩)

ਕੁਦਰਤੁ, ਕੁਦਰਿਤ: ਦੇਖੋ, ਕੁਦਰਤ.

ਕੁੰਦਲਤਾ: ਦੇਖੋ, ਸਵੈਯੇ ਦਾ ਭੇਦ ੧੯.

ਕੁੰਦੜਾ: ਸੰਗਯਾ- ਛੱਪਰ। ੨. ਘਾਹ ਦਾ ਢੇਰ। ੩. ਨੀਰੇ ਦਾ ਕੁੱਪ। ੪. ਬੰਦੂਕ਼ ਦਾ ਕੁੰਦਾ.

ਕੁੰਦਾ: ਕਾਠੀ ਦਾ ਹੰਨਾ. ਕਾਠੀ ਅੱਗੇ ਦਾ ਕੀਲਾ, ਜਿਸ ਵਿੱਚ ਲਗਾਮ ਅਟਕਾਈਦਾ ਹੈ. "ਚੜਿਕੈ ਘੋੜੜੈ ਕੁੰਦੇ ਪਕੜਹਿ." (ਵਾਰ ਗਉ ੨, ਮਃ ੫) ਅਣਜਾਣ ਸਵਾਰ ਡਿਗਣ ਦੇ ਡਰ ਤੋਂ ਕੁੰਦਾ (ਹੰਨਾ) ਫੜਦਾ ਹੈ, ਸ਼ਹਸਵਾਰ ਖੁਲ੍ਹੇ ਹੱਥ ਸਵਾਰੀ ਕਰਦਾ ਹੈ. ਖੇਡਣੀ ਪੋਲੋ ਤੇ ਫੜਨੇ ਕੁੰਦੇ, ਇਹ ਚੰਗੀ ਸਵਾਰੀ ਹੈ। ੨. ਤੁ. قنداق ਕ਼ੁੰਦਾਕ਼. ਫ਼ਾ. کندہ ਕੁੰਦਹ. ਬੰਦੂਕ਼ ਦੀ ਪਿੱਠ, ਜੋ ਕਾਠ ਦੀ ਬਣੀ ਹੁੰਦੀ ਹੈ. ਅੰ. Stock । ੩. ਮੁਜਰਮ ਦੇ ਪੈਰ ਫਸਾਉਣ ਦਾ ਕਾਠ. ਦੇਖੋ, ਕਾਠ ਮਾਰਨਾ.

ਕੁਦਾਉ, ਕੁਦਾਇ: ਸੰਗਯਾ- ਬੁਰਾ ਦਾਉ. ਨਿੰਦਿਤ ਪੇਚ.

ਕੁਦਾਨ: ਖੋਟਾ ਦਾਨ. ਕੁਪਾਤ੍ਰ ਵਿੱਚ ਦਿੱਤਾ ਦਾਨ. ਜਿਸ ਦਾਨ ਤੋਂ ਸੰਸਾਰ ਨੂੰ ਕੋਈ ਲਾਭ ਨਾ ਪੁੱਜੇ.

ਕੁਦਾਮ: ਫ਼ਾ. کدام ਸਰਵ- ਕੇਹੜਾ. ਕੌਣ। ੨. ਕੀ ਵਸ੍ਤੁ.

ਕੁਦਾਮੀ: ਫ਼ਾ. کدامی ਤੂ ਕੌਣ ਹੈ.

ਕੁਦਾਲ: ਸੰ. ਕੁੱਦਾਲ. ਸੰਗਯਾ- ਕੁ (ਜ਼ਮੀਨ) ਨੂੰ ਪਾੜਨ ਵਾਲ, ਤਿੱਖੀ ਨੋਕ ਦਾ ਇੱਕ ਸੰਦ. ਬੇਲਚਾ। ੨. ਕਸੀ. ਕਹੀ.

ਕੁਦਿ: ਕ੍ਰਿ. ਵਿ- ਕੁੱਦਕੇ. "ਕੁਦਿ ਕੁਦਿ ਚਰੈ ਰਸਾਤਲਿ ਪਾਇ." (ਗਉ ਕਬੀਰ)

ਕੁੰਦੀ: ਸੰਗਯਾ- ਧੋਤੇ ਹੋਏ ਵਸਤ੍ਰਾਂ ਦੀ, ਮੁੰਗਲੀ ਨਾਲ ਅਥਵਾ ਇਸਤ੍ਰੀ ਨਾਲ, ਤਹਿ ਕਰਨ ਦੀ ਕ੍ਰਿਯਾ। ੨. ਵਜੰਗ- ਮਾਰ ਕੁਟਾਈ ਨਾਲ ਤਹਿ ਠੱਪਣੀ.

ਕੁਦੂਮ, ਕ਼ੁਦੂਮ: ਅ਼. قدوم ਆਉਣਾ. ਆਗਮਨ.

ਕੁਦੰਡ: ਧਨੁਖ. ਦੇਖੋ, ਕੋਦੰਡ. "ਨਿਠੁਰ ਕੁਦੰਡ ਭੁਜਦੰਡ ਕੇ ਸਕੰਧ ਧਰ." (ਗੁਪ੍ਰਸੂ)

ਕੁਦ੍ਰਿਸ਼੍ਟਿ: ਸੰਗਯਾ- ਬੁਰੀ ਨਜਰ. ਬਦਨਜਰ। ੨. ਕ੍ਰੋਧਦ੍ਰਿਸ਼੍ਟਿ। ੩. ਵਿ- ਕੁ (ਜਿਮੀਨ) ਵੱਲ ਨਜਰ ਰੱਖਣ ਵਾਲਾ. ਭੁਇਝਾਕਣਾ.

ਕੁਧਕਾ: ਸੰਗਯਾ- ਗਲਹਥਾ. ਨਿਰਾਦਰ ਸਹਿਤ ਦਿੱਤਾ ਹੋਇਆ ਧੱਕਾ। ੨. ਖ਼ੌਫ਼ਨਾਕ ਠੋਕਰ. "ਨਤਰੁ ਕੁਧਕਾ ਦਿਵਈ ਹੈ." (ਬਿਲਾ ਕਬੀਰ)

ਕੁਧਾਤੁ: ਸੰ. ਸੰਗਯਾ- ਲੋਹਾ. ਸਿੱਖਮਤ ਵਿੱਚ ਲੋਹੇ ਦਾ ਨਾਉਂ "ਸੁਧਾਤੁ" ਹੈ.

ਕੁਧਾਨ: ਖੋਟਾ ਧਾਨ. ਖੋਟੀ ਕਮਾਈ ਨਾਲ ਪੈਦਾ ਕੀਤਾ ਅੰਨ.

ਕੁਧਿੱਤ: ਸੰਗਯਾ- ਭੈੜੀ ਵਾਦੀ. ਬੁਰੀ ਬਾਣ. ਕੁ (ਨਿੰਦਿਤ) ਧਿਤ (ਧ੍ਰਿਤ). "ਛੱਡ ਕੁਫੱਕੜ ਕੂੜ ਕੁਧਿੱਤਾ." (ਭਾਗੁ)

ਕੁਧੀ: ਵਿ- ਕੁ (ਮੰਦ) ਹੈ ਜਿਸ ਦੀ ਧੀ (ਬੁੱਧਿ). "ਦੀਸੈ ਕੁਧੀ ਸੁਮਤਿ ਕਾ ਬੋਧਕ" ਗੁਪ੍ਰਸੂ)

**ਕੁਨ:** ਸਰਵ- ਕੌਣ. ਕੌਨ. "ਤੂ ਕੁਨ ਰੇ." (ਧਨਾ ਨਾਮਦੇਵ) ੨. ਫ਼ਾ. کن ਕਰ. "ਦਰ ਗੋਸ ਕੁਨ ਕਰਤਾਰ." (ਤਿਲੰ ਮਃ ੧) "ਦਿਲ ਮੇ ਨ ਜਰਾ ਕੁਨ ਵਾਹਮ." (ਕ੍ਰਿਸਨਾਵ) ਜਰਾ ਵਹਿਮ ਨਾ ਕਰ। ੩. ਅ਼. کن ਹੋਜਾ. ਭਵ. ਅ਼ਰਬੀ ਫ਼ਾਰਸੀ ਦੇ ਵਿਦ੍ਵਾਨਾਂ ਨੇ ਲਿਖਿਆ ਹੈ ਕਿ ਕਰਤਾਰ ਨੇ 'ਕੁਨ' ਆਖਿਆ ਅਤੇ ਦੁਨੀਆ ਬਣ ਗਈ. ਦੇਖੋ, ਏਕੋਹੰ ਬਹੁਸ੍ਯਾਂ.

**ਕੁਨਸ, ਕੁੰਨਸ:** ਪ੍ਰਣਾਮ. ਦੇਖੋ, ਕੁਰਨਿਸ. "ਕੁਨਸਾਂ ਕੀਨੀ ਤੀਨ ਪ੍ਰਬੀਨਾ." (ਗੁਪ੍ਰਸੂ)

**ਕੁਨਕਾ:** ਦੇਖੋ, ਕੁਣਕਾ.

**ਕੁਨੱਖਾ, ਕੁਨੱਖੀ:** ਦੇਖੋ, ਕੁਣੱਖਾ.

**ਕੁਨਣਾਪੁਰ:** ਡਿੰਗ. ਕੁੰਦਨ (ਸੁਵਰਣ) ਪੁਰ. ਸੁਇਨੇ ਦੀ ਨਗਰੀ ਲੰਕਾ। ੨. ਦੇਖੋ, ਕੁੰਦਨਪੁਰ.

**ਕੁਨਦ:** ਫ਼ਾ. کند ਕਰਦਾ ਹੈ. ਦੇਖੋ, ਕਰਦਨ.

**ਕੁਨਫ਼ਕਾਨ:** ਅ਼. کن فکان ਖ਼ੁਦਾ ਨੇ ਹੁਕਮ ਦਿੱਤਾ ਕੁਨ (ਹੋਜਾ), ਪਸ- ਉਹ ਫ਼ਕਾਨ (ਹੋਗਿਆ) ਭਾਵ- ਕਰਤਾਰ ਦੇ ਹੁਕਮ ਤੋਂ ਜਗਤ ਰਚਨਾ ਹੋਈ. ਇਹ ਪਦ ਮੱਕੇ ਦੀ ਗੋਸਟਿ ਵਿੱਚ ਆਇਆ ਹੈ.

**ਕੁਨਫ਼ਿਕੂਨ:** ਅ਼. کن فیکون ਹੋਜਾ, ਐਸਾ ਹੁਕਮ ਦੇਣ ਪੁਰ ਉਹ ਹੋ ਜਾਂਦੀ ਹੈ. ਭਾਵ- ਕਰਤਾਰ ਦੀ ਆਗ੍ਯਾ ਨਾਲ ਸੰਸਾਰ ਰਚਨਾ ਬਣ ਜਾਂਦੀ ਹੈ.

**ਕੁਨਮ:** ਫ਼ਾ. کنم ਮੈ ਕਰਦਾ ਹਾਂ. ਮੈ ਕਰਾਂ. ਮੈ ਕਰਾਂਗਾ. ਇਸ ਦਾ ਮੂਲ ਕਰਦਨ ਹੈ.

**ਕੁੰਨਾ:** ਮੁਲ. ਸੰਗ੍ਯਾ- ਮਿੱਟੀ ਦੀ ਹਾਂਡੀ. ਮੱਘਾ. ਮਿੱਟੀ ਦਾ ਦੇਗਚਾ. "ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ." (ਸ. ਫਰੀਦ) "ਕੁੰਨੇ ਕੋਇਲਿਆਹ." (ਸ. ਫਰੀਦ) ਘੜੇ ਵਿੱਚ ਦਮਬੰਦ ਕੀਤੇ ਕੋਲਿਆਂ ਦੀ ਹਾਲਤ.

**ਕੁਨਾਰਿ, ਕੁਨਾਰੀ:** ਨਿੰਦਿਤ ਇਸਤ੍ਰੀ। ੨. ਵਿਭਚਾਰਿਣੀ "ਮੈਲੀ ਕਾਮਣੀ ਕੁਲਖਣੀ ਕੁਨਾਰਿ." (ਵਾਰ ਸ੍ਰੀ ਮਃ ੩)

**ਕੁਨਾਲੀ:** ਕੁ- ਸ੍ਥਾਲੀ. ਸੰਗ੍ਯਾ- ਮਿੱਟੀ ਦੀ ਥਾਲੀ. ਮਿੱਟੀ ਦੀ ਪਰਾਤ.

**ਕੁਨਿ:** ਸਿੰਧੀ. ਮਿੱਟੀ ਦੀ ਹਾਂਡੀ, ਜਿਸ ਹੇਠ ਲੇਉ ਲੱਗਿਆ ਹੋਵੇ. ਦੇਖੋ, ਕੁੰਨਾ.

**ਕੁਨਿੰਦ, ਕੁਨਿੰਦਾ:** ਫ਼ਾ. کنندہ ਕੁਨੰਦਾ. ਵਿ- ਕਰਨ ਵਾਲਾ. ਕਰਤਾ. "ਕਾਮ ਕੋ ਕੁਨਿੰਦਾ ਹੈ ਕਿ ਖੂਬੀ ਕੋ ਦਿਹੰਦਾ ਹੈ." (ਅਕਾਲ)

**ਕੁਨੀ:** ਫ਼ਾ. کنی ਤੂੰ ਕਰਦਾ ਹੈਂ। ੨. ਤੂੰ ਕਰੇਂ। ੩. ਤੂੰ ਕਰੇਂਗਾ.

**ਕੁੰਨੀ:** ਦੇਖੋ, ਕੁੰਨਾ. ਛੋਟੀ ਹਾਂਡੀ. ਕੁੰਡੜੀ. ਸਿੰਧੀ- ਕੁਨਿ.

**ਕੁਨੀਰ:** ਨਿੰਦਿਤ ਜਲ. ਮੈਲਾ ਪਾਨੀ. ਅਰੋਗਤਾ ਦੇ ਵਿਗਾੜਨ ਵਾਲਾ ਜਲ.

**ਕੁਨੁ:** ਸਿੰਧੀ. ਘੁਮੇਰੀ. ਚਕ੍ਰ.

**ਕੁਪ:** ਸੰ. ਕੁਧ ਧਾ- ਗੁੱਸਾ ਕਰਨਾ- ਬੋਲਣਾ. ਚਮਕਣਾ। ੨. ਕੁ (ਪ੍ਰਿਥਿਵੀ) ਦਾ ਪਤੀ ਰਾਜਾ। ੩. ਦੇਖੋ, ਕੁੱਪ.

**ਕੁਪਤ:** ਦੇਖੋ, ਕੁਪਿਤ.

**ਕੁਪਤਾ:** ਵਿ- ਪਤ (ਪ੍ਰਤਿਸ਼੍ਠਾ) ਰਹਿਤ. "ਝਖ ਮਾਰਨ ਦੁਸਟ ਕੁਪਤੇ ਰਾਮ." (ਬਿਹਾ ਛੰਤ ਮਃ ੪)

**ਕੁਪਤਿ:** ਸੰਗ੍ਯਾ- ਬੇਇੱਜ਼ਤੀ. ਅਪਮਾਨ। ੨. ਨਿੰਦਿਤ ਪਤੀ. ਵਿਭਚਾਰੀ. ਜੋ ਆਪਣੀ ਇਸਤ੍ਰੀ ਤੋਂ ਛੁੱਟ ਹੋਰ ਇਸਤ੍ਰੀ ਨਾਲ ਪ੍ਰੇਮ ਕਰਦਾ ਹੈ। ੩. ਕੁ (ਪ੍ਰਿਥਿਵੀ) ਪਤਿ. ਰਾਜਾ.

**ਕੁਪਥ:** ਸੰਗਯਾ- ਕੁਪੰਥ. ਨਿੰਦਿਤ ਰਾਹ. ਕੁਮਾਰਗ। ੨. ਦੇਖੋ, ਕੁਪੱਥ.

**ਕੁਪੱਥ:** ਸੰ. ਕੁਪਥ੍ਯ. ਸੰਗਯਾ- ਜੋ ਪਥ੍ਯ ਨਹੀ ਬਦਪਰਹੇਜ਼ੀ। ੨. ਅਯੋਗ੍ਯ.

**ਕੁਪਰਵਾਣ:** ਸੰਗਯਾ- ਕੁ ਪ੍ਰਮਾਣ. ਉਹ ਮਿਸਾਲ, ਜਿਸ ਨਾਲ ਬਾਤ ਦੀ ਪੁਸ਼੍ਟੀ ਦੀ ਥਾਂ ਖੰਡਨ ਹੋ ਜਾਵੇ। ੨. ਵਿ- ਜੋ ਅੰਗੀਕਾਰ ਕਰਨ ਯੋਗ੍ਯ ਨਾ ਹੋਵੇ. ਨਾ ਮਨਜ਼ੂਰ. "ਜਾ ਪਤਿ ਲੇਖੇ ਨਾ ਪਵੈ ਤਾ ਸਭੇ ਕੁਪਰ ਵਾਣ." (ਆਸਾ ਮਃ ੧)

**ਕੁਪਾਇ:** ਸੰਗਯਾ- ਹਰਾਮ ਦਾ ਧਨ. ਨਿੰਦਿਤ ਤਰੀਕੇ ਨਾਲ ਪਾਇਆ ਹੋਇਆ ਪਦਾਰਥ. "ਕੌਡੀ ਗਨੀ ਕੁਪਾਇ." (ਚਰਿਤ੍ਰ ੧੪੯)

**ਕੁਪਾਠ:** ਨਿੰਦਿਤ ਪਾਠ। ੨. ਅਸ਼ੁੱਧ ਪਾਠ.

**ਕੁਪਾਣਿ:** ਨਿੰਦਿਤ ਹੱਥਾਂ ਵਾਲਾ. ਜਿਸ ਨੇ ਹੱਥਾਂ ਨਾਲ ਨਾ ਕਿਸੇ ਦੀ ਸੇਵਾ ਕੀਤੀ ਤੇ ਨਾ ਦਾਨ ਦਿੱਤਾ.

**ਕੁਪਾਤ੍ਰ:** ਸੰਗਯਾ- ਬੁਰਾ ਭਾਂਡਾ. ਕੁਭਾਂਡ। ੨. ਮੰਦ ਅਧਿਕਾਰੀ. ਅਨਧਿਕਾਰੀ। ੩. ਕੁ (ਮਿੱਟੀ) ਦਾ ਭਾਂਡਾ.

**ਕੁਪਾਦ:** ਮੰਦੇ ਪੈਰਾਂ ਵਾਲਾ. ਜਿਸ ਨੇ ਪੈਰਾਂ ਨਾਲ ਚੱਲਕੇ ਕਦੇ ਸਤਸੰਗ ਨਹੀਂ ਕੀਤਾ.

**ਕੁਪਾਨ:** ਕੁ (ਨਿੰਦਿਤ) ਪਾਨ (ਪੀਣਾ). ਸ਼ਰਾਬ ਆਦਿਕ ਦਾ ਪੀਣਾ.

**ਕੁਪਾਰ:** ਦੇਖੋ, ਕੂਪਾਰ.

**ਕੁਪਾਲ:** ਕੁ (ਪ੍ਰਿਥਿਵੀ) ਦੀ ਪਾਲਨਾ ਕਰਨ ਵਾਲਾ, ਰਾਜਾ.

**ਕੁਪਿਤ:** ਸੰ. ਵਿ- ਕੋਪਿਤ. ਗੁੱਸੇ ਹੋਇਆ. ਕ੍ਰੋਧ ਵਿੱਚ ਆਇਆ। ੨. ਨਿੰਦਿਤ ਪਿਤਾ।

**ਕੁਪਿਯਾ, ਕੁਪੀਆ:** ਸੰ. ਕੁਤੁਪ. ਸੰਗਯਾ- ਕੁੱਪੀ. ਚੰਮ ਸਾੜਕੇ ਬਣਾਇਆ ਹੋਇਆ ਤੰਗ ਮੂੰਹ ਦਾ ਪਾਤ੍ਰ, ਜਿਸ ਵਿੱਚ ਤੇਲ ਆਦਿਕ ਪਾਉਂਦੇ ਹਨ. "ਏਕ ਬਾਂਸ ਕੋ ਕੁਪਿਯਾ ਕਸੀ ਸੁਧਾਰਕੈ." (ਚਰਿਤ੍ਰ ੧੩੩) ੨. ਵਿ- ਕੋਪ (ਕ੍ਰੋਧ) ਕਰਨ ਵਾਲਾ. ਗੁਸੈਲਾ.

**ਕੁਪੀਨ:** ਸੰ. ਕੌਪੀਨ. ਇਤਨਾ ਲੰਮਾ ਵਸਤ੍ਰ ਜੋ ਖੂਹ ਵਿੱਚ ਵਗਾਉਣ ਯੋਗ੍ਯ ਹੋਵੇ. ਜਿਸ ਨਾਲ ਖੂਹ ਵਿੱਚੋਂ ਪਾਣੀ ਕੱਢ ਲਈਏ. ਇਹ ਵਸਤ੍ਰ ਲਿੰਗੋਟੀ ਅਤੇ ਕਮਰਕਸੇ ਦਾ ਕੰਮ ਦਿੰਦਾ ਹੈ. "ਸਤੁ ਬੰਧਿ ਕੁਪੀਨ." (ਰਾਮ ਅਃ ਮਃ ੧)

**ਕੁਪੁਤ੍ਰ, ਕੁਪੂਤ:** ਸੰਗਯਾ- ਨਾਲਾਇਕ਼ ਪੁਤ੍ਰ. ਨਿੰਦਿਤ ਬੇਟਾ। ੨. ਕੁ (ਪ੍ਰਿਥਿਵੀ) ਦਾ ਪੁਤ੍ਰ, ਮੰਗਲ ਗ੍ਰਹ.

**ਕੁਪੰਖੀ:** ਸੰ. ਕੁਪਕ੍ਸ਼ੀ. ਸੰਗਯਾ- ਨਿੰਦਿਤ ਪੰਛੀ, ਕਾਂਉਂ। ੨. ਘੋਗੜ.

**ਕੁੱਪ:** ਸੰਗਯਾ- ਜੋ ਦੂਰੋਂ ਚਮਕੇ. ਦੇਖੋ, ਕੁਪ ਧਾ. ਘਾਹ ਆਦਿਕ ਦਾ ਬੁਰਜ ਦੇ ਆਕਾਰ ਦਾ ਢੇਰ, ਜਿਸ ਪੁਰ ਸਿਰਕੀ ਲਾਕੇ ਤਿੱਖੀ ਨੋਕ ਸਿਰ ਪੁਰ ਬਣਾਉਂਦੇ ਹਨ.

"ਰਾਖੇ ਵਹਿਰ ਕੁੱਪ ਬੰਧਵਾਇ." (ਗੁਪ੍ਰਸੂ)

੨. ਸੰ. कक्षप ਕਕ੍ਸ਼ਪ. ਕੱਖਾਂ ਦੀ ਰਖ੍ਯਾ ਕਰਨ ਵਾਲਾ. ਕੁੱਪ ਵਿੱਚ ਕੱਖਾਂ ਦੀ ਰਖ੍ਯਾ ਹੁੰਦੀ ਹੈ.

**ਕੁੱਪਾ:** ਵਡੀ ਕੁੱਪੀ. ਦੇਖੋ, ਕੁਪਿਯਾ.

**ਕੁੱਪਾਰੁੜ੍ਹਨਾ, ਕੁੱਪਾਲੁੜ੍ਹਨਾ:** ਕਿਸੇ ਪ੍ਰਸਿੱਧ ਆਦਮੀ ਅਥਵਾ ਬਾਦਸ਼ਾਹ ਦਾ ਮਰਨਾ. ਪੁਰਾਣੇ ਜ਼ਮਾਨੇ "ਬਾਦਸ਼ਾਹ ਮਰਗਿਆ" ਐਸਾ ਕਹਿਣਾ ਅਯੋਗ ਮੰਨਿਆ ਗਿਆ ਸੀ, ਉਸ ਦੇ ਥਾਂ ਆਖਦੇ ਸਨ- "ਕੁੱਪਾ ਰੁੜ੍ਹ ਗਿਆ." "ਕੁੱਪਾਰੁੜ੍ਹਯੋ ਸਭਨ ਸੁਨਪਾਯੋ." (ਗੁਪ੍ਰਸੂ) ਸਭ ਨੇ ਸੁਣ ਲਿਆ ਕਿ ਬਾਦਸ਼ਾਹ ਜਹਾਂਗੀਰ ਮਰ ਗਿਆ.

ਕੁੱਪੀ: ਦੇਖੋ, ਕੁਪਿਯਾ.

ਕੁਪਜੋ: ਕੁਪਿਤ. ਕ੍ਰੋਧ ਸਹਿਤ ਹੋਇਆ. "ਕੁਪਜੋ ਜੇਮ ਪਾਨੰ." (ਗਜਾਨ) ਜਿਸ ਤਰਾਂ ਉਬਲਦਾ ਹੋਇਆ ਪਾਨੀ.

ਕੁਪਜੋਗ, ਕੁਪ੍ਰਯੋਗ: ਕਿਸੇ ਪਦਾਰਥ ਦਾ ਅਯੋਗ ਸੰਬੰਧ. ਕਿਸੇ ਵਸ੍ਤੁ ਨੂੰ ਬੇਮੌਕਾ ਵਰਤਣਾ।

੨. ਵ੍ਯਾਕਰਣ ਅਨੁਸਾਰ ਪਦਾਂ ਦਾ ਅਸ਼ੁੱਧ ਮਿਲਾਪ. "ਕੁਪਜੋਗ ਸੀ ਪ੍ਰਾਕ੍ਰਿਤ." (ਚਰਿਤ੍ਰ ੧੯੦) ਨਾਟਕ ਦੀ ਭਾਸ਼ਾ ਕੰਨਾਂ ਨੂੰ ਬੁਰੀ ਲਗਦੀ ਹੈ.

ਕੁਪ੍ਰਵਾਣ: ਦੇਖੋ, ਕੁਪਰਵਾਣ.

ਕੁਫਕਰ, ਕੁਫਕੜ, ਕੁਫਕੜੀ: ਸੰਗ੍ਯਾ- ਨਿੰਦਿਤ ਫ਼ਕ਼ੀਰ. ਪਾਖੰਡੀ ਸਾਧ. ਨਿੰਦਿਤ ਫ਼ਕ਼ੀਰੀ. ਪਾਖੰਡ ਦੀ ਫ਼ਕ਼ੀਰੀ। ੨. ਕੁਫ਼ਰ ਕਰਮ. ਨਿੰਦਿਤ ਕਰਮ. ਨੀਚ ਕਰਮ. "ਲਗਾ ਕਿਤੁ ਕੁਫਕੜੇ?" (ਸ੍ਰੀ ਮਃ ੫)

ਕੁਫ਼ਰ: ਅ਼. کفر ਸੰਗ੍ਯਾ- ਸੱਚ ਨੂੰ ਛੁਪਾਉਣ ਦਾ ਕਰਮ। ੨. ਨਾਸ੍ਤਿਕਤਾ. "ਮੁੱਲਾ ਭਾਖੈ, ਕਾਫ਼ੁਰਾ! ਕਯੋਂ ਕੁਫਰ ਅਲਾਵਈ." (ਨਾਪ੍ਰ)

ਕੁਫਰਗੋ, ਕੁਫਰਗੋਅ, ਕੁਫਰਗੋਇ: ਵਿ- ਨਾਸ੍ਤਿਕਤਾ ਦੀਆਂ ਗੱਲਾਂ ਕਰਨ ਵਾਲਾ. ਦੇਖੋ, ਕੁਫਰ ਅਤੇ ਕੁਫਰਾਣ.

ਕੁਫਰਾਣ, ਕੁਫਰਾਨ: ਅ਼. کفران ਕੁਫ਼ਰਾਨ. ਸੰਗ੍ਯਾ- ਨਾਸ਼ੁਕਰੀ. ਨਮਕਹਰਾਮੀ. ਕ੍ਰਿਤਘਨਤਾ. "ਕੁਫਰਗੋਇ ਕੁਫਰਾਣੈ ਪਇਆ ਦਝਸੀ." (ਵਾਰ ਮਾਝ ਮਃ ੧)

ਕੁਫਲ: ਸੰਗ੍ਯਾ- ਨਿੰਦਿਤ ਫਲ. ਬੁਰਾ ਨਤੀਜਾ। ੨. ਅ਼. قفل ਕ਼ੁਫ਼ਲ. ਜਿੰਦਾ (ਜੰਦ੍ਰਾ). ਤਾਲਾ.

ਕੁਫਾਰ, ਕੁਫਾਰੀ: ਅ਼. کفّار ਕੁੱਫ਼ਾਰ. ਕਾਫ਼ਰ ਦਾ ਬਹੁ ਵਚਨ. "ਕੇਹੜਾ ਸੁਤਾ ਕੁਫਰ ਕੁਫਾਰੀ?" (ਭਾਗੁ) ਕੇਹੜਾ ਨਾਸ੍ਤਿਕ ਨਾਸ਼ੁਕਰਾ ਸੁੱਤਾ ਪਿਆ ਹੈ?

ਕੁਫੇਰ: ਸੰਗ੍ਯਾ- ਨਿੰਦਿਤ ਗੇੜ. ਕੁਚਕ੍ਰ. ਬੁਰੀ ਗਰਦਿਸ਼.

ਕੁਬਜ: ਸੰ. ਕੁਬ੍ਜ. ਵਿ- ਕੁੱਬਾ. ਕੁਬੜਾ. "ਨਾਮ ਬਿਨਾ ਜੈਸੇ ਕੁਬਜ ਕੁਰੂਪ." (ਗਉ ਕਬੀਰ)

ਕੁਬਜਾ: ਸੰ. ਕੁਬ੍ਜਾ. ਵਿ- ਕੁੱਬੀ. ਕੁਬੜੀ।

੨. ਸੰਗ੍ਯਾ- ਕੰਸ ਦੀ ਇੱਕ ਦਾਸੀ, ਜੋ ਬਟਣਾ ਬਣਾਉਣ ਅਤੇ ਮਲਣ ਵਿੱਚ ਵਡੀ ਨਿਪੁਣ ਸੀ. ਜਦ ਕ੍ਰਿਸ਼ਨ ਜੀ ਮਥੁਰਾ ਗਏ, ਤਦ ਉਨ੍ਹਾਂ ਨੇ ਇਸ ਤੋਂ ਸੁਗੰਧ ਵਾਲਾ ਲੇਪ ਮੰਗਿਆ, ਇਸ ਨੇ ਕੰਸ ਦਾ ਬਟਣਾ ਕ੍ਰਿਸ਼ਨ ਜੀ ਦੇ ਪ੍ਰੇਮ ਨਾਲ ਮਲਿਆ. ਕ੍ਰਿਸ਼ਨ ਜੀ ਨੇ ਰੀਝਕੇ ਇਸ ਦੇ ਪੈਰ ਪੁਰ ਆਪਣਾ ਅੰਗੂਠਾ ਰੱਖ ਅਰ ਠੋਡੀ ਹੇਠ ਹੱਥ ਦੇ ਕੇ ਜੋ ਝਟਕਾ ਦਿੱਤਾ, ਤਾਂ ਕੁਬੜਾਪਨ ਦੂਰ ਹੋ ਗਿਆ. ਇਸ ਦਾ ਨਾਉਂ ਅਨੇਕਵਕ੍ਰਾ ਅਤੇ ਤ੍ਰਿਵਕ੍ਰਾ ਭੀ ਹੈ. ਦੇਖੋ, ਕੁਬਿਜਾ। ੩. ਕੈਕੇਯੀ ਦੀ ਦਾਸੀ ਮੰਥਰਾ, ਜਿਸ ਦੇ ਸਿਖਾਉਣ ਪੁਰ ਕੈਕੇਯੀ ਨੇ ਰਾਜਾ ਦਸ਼ਰਥ ਤੋਂ ਭਰਤ ਨੂੰ ਰਾਜ ਅਤੇ ਰਾਮ ਲਈ ਵਣਵਾਸ ਮੰਗਿਆ ਸੀ.

ਕੁਬਲੀਯਾ: ਦੇਖੋ, ਕੁਵਲੀਆਪੀੜ.

ਕੁਬਾਣ: ਸੰਗ੍ਯਾ- ਨਿੰਦਿਤ ਵਾਦੀ. ਭੈੜੀ ਬਾਂਣ. ਬੁਰੀ ਆਦਤ. ਬਦਖ਼ੋ.

ਕੁਬਾਣਿ, ਕੁਬਾਣੀ: ਸੰਗ੍ਯਾ- ਕੌੜੀ ਬਾਣੀ. ਕੁਬੋਲ. "ਸਬਦੁ ਨ ਚੀਨੈ ਲਵੈ ਕੁਬਾਣਿ." (ਸਿੱਧਗੋਸਟਿ) ਲਵੈ (ਬੋਲਦਾ ਹੈ) ਨਿੰਦਿਤ ਬਾਣੀ। ੨. ਮੰਦ ਕਵਿਤਾ. ਪਰਮਾਰਥ ਤੋਂ ਖਾਲੀ ਬਾਣੀ। ੩. ਕਵਿਤਾ ਦੇ ਨਿਯਮਾਂ ਵਿਰੁੱਧ ਰਚਨਾ.

ਕੁਬਿਜਾ: ਦੇਖੋ, ਕੁਬਜਾ. "ਕੁਬਿਜਾ ਉਧਰੀ ਅੰਗੁਸਟ ਧਾਰ." (ਬਸੰ ਅਃ ਮਃ ੫) "ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ." (ਗਉ ਨਾਮਦੇਵ)

ਕੁਬਿੰਦ: ਸੰ. ਕੁਵਿੰਦ. ਸੰਗਜਾ- ਜੁਲਾਹਾ, ਜੋ ਕੁ (ਜ਼ਮੀਨ) ਨੂੰ ਤਾਣੀ ਦੇ ਤਣਨ ਲਈ ਪਹਿਲਾਂ ਵਿੰਦ (ਜਾਣਦਾ) ਹੈ, ਕਿ ਕਿਤਨੀ ਇਸ ਕੰਮ ਲਈ ਕਾਫੀ ਹੋਵੇਗੀ.

ਕੁਬੁਧ: ਵਿ- ਮੂਰਖ. ਨੀਚਬੁੱਧਿ ਵਾਲਾ.

ਕੁਬੁਧਿ: ਸੰਗਜਾ- ਨਿੰਦਿਤ ਬੁੱਧਿ. ਖੋਟੀ ਮਤਿ. "ਕੁਬੁਧਿ ਡੂਮਣੀ ਕੁਦਇਆ ਕਸਾਇਣਿ." (ਵਾਰ ਸ੍ਰੀ ਮਃ ੧) ੨. ਵਿ- ਨੀਚ ਬੁੱਧਿ ਵਾਲਾ.

ਕੁਬੇਰ: ਸੰਗਜਾ- ਕੁ (ਨਿੰਦਿਤ) ਹੈ ਬੇਰ (ਦੇਹ) ਜਿਸ ਦਾ.[386] ਤਿੰਨ ਪੈਰ ਅਤੇ ਅੱਠ ਦੰਦਾਂ ਵਾਲਾ ਦੇਵਤਿਆਂ ਦਾ ਖ਼ਜ਼ਾਨਚੀ. ਇਹ ਤ੍ਰਿਣਵਿੰਦੁ ਦੀ ਪੁਤ੍ਰੀ ਇਲਵਿਲਾ ਦੇ ਪੇਟ ਤੋਂ ਵਿਸ਼੍ਰਵਾ ਦਾ ਪੁਤ੍ਰ ਹੈ. ਇਸ ਦੀ ਪੁਰੀ ਦਾ ਨਾਉਂ ਅਲਕਾ ਹੈ. ਇਹ ਯਕ੍ਸ਼ ਅਤੇ ਕਿੰਨਰਾਂ ਦਾ ਰਾਜਾ ਹੈ. ਕੁਬੇਰ ਰਾਵਣ ਦਾ ਮਤੇਰ ਭਾਈ ਹੈ.

ਕੁਬੋਲ: ਸੰਗਜਾ- ਨਿੰਦਿਤ ਬੋਲ. ਕੁਵਾਕ੍ਯ. ਕੌੜਾ ਵਚਨ.

ਕੁੱਬਾ: ਦੇਖੋ, ਕੁਬਜ। ੨. ਅ਼. قُبّہ ਕ਼ੁੱਬਾ. ਗੁੰਬਜ. ਬੁਰਜ. ਗੁੰਬਜਦਾਰ ਇਮਾਰਤ.

ਕੁੱਬੇ: ਦੇਖੋ, ਟਾਹਲਾਸਾਹਿਬ.

ਕੁਬ੍ਰਿਤ: ਵਿ- ਨਿੰਦਿਤ ਹੈ वृत्त (ਆਚਾਰ) ਜਿਸ ਦਾ. ਬਦਚਲਨ. "ਕੁਬ੍ਰਿਤਨ ਕ੍ਰਿਪਾਨ." (ਪਾਰਸਾਵ) ਬਦਚਲਨਾਂ ਨੂੰ ਤਲਵਾਰ ਦੀ ਤਰਾਂ ਕੱਟਣ ਵਾਲਾ ਹੈ। ੨. ਕੁ (ਪ੍ਰਿਥਿਵੀ) ਦਾ ਵ੍ਰਿੱਤ (ਘੇਰਾ). ਮਹ਼ੀਤ਼.

ਕੁਬ੍ਰਿਤਿ: ਸੰਗਜਾ- ਕੁਵ੍ਰਿੱਤਿ. ਨਿੰਦਿਤ ਉਪਜੀਵਿਕਾ। ੨. ਬੁਰੀ ਹਾਲਤ. ਦੁਰਦਸ਼ਾ.

ਕੁੰਭ: ਸੰ. ਸੰਗਜਾ- ਘੜਾ. ਕਲਸ਼. "ਕੁੰਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭ ਨ ਹੋਇ." (ਵਾਰ ਆਸਾ) ੨. ਹਾਥੀ ਦੇ ਮੱਥੇ ਪੁਰ ਘੜੇ ਜੇਹਾ ਉਭਰਿਆ ਹੋਇਆ ਹਿੱਸਾ. "ਕਟ ਕਟ ਗਿਰੇ ਗਜਨ ਕੁੰਭਸਥਲ।" (ਪਾਰਸਾਵ) ੩. ਚੌਸਠ ਸੇਰ ਭਰ ਵਜ਼ਨ। ੪. ਗਿਆਰਵੀਂ ਰਾਸ਼ਿ, ਜਿਸ ਦੇ ਨਛਤ੍ਰਾਂ ਦਾ ਆਕਾਰ ਘੜੇ ਤੁੱਲ ਹੈ. Aquarius । ੫. ਯੋਗਸ਼ਾਸਤ੍ਰ ਅਨੁਸਾਰ ਪ੍ਰਾਣਾਯਾਮ ਦੀ ਇੱਕ ਰੀਤਿ, ਜਿਸ ਕਰਕੇ ਪ੍ਰਾਣ ਠਹਿਰਾਈਦੇ ਹਨ. ਕੁੰਭਕ. "ਰੇਚਕ ਪੂਰਕ ਕੁੰਭ ਕਰੈ." (ਪ੍ਰਭਾ ਅਃ ਮਃ ੧) ਦੇਖੋ, ਕੁੰਭਕ। ੬. ਭਵਿਸ਼੍ਯਤਪੁਰਾਣ ਅਨੁਸਾਰ ਇੱਕ ਦੈਤ, ਜਿਸ ਨੂੰ ਦੁਰਗਾ ਨੇ ਮਾਰਿਆ. "ਕੁੰਭ ਅਕੁੰਭ ਸੇ ਜੀਤ ਸਭੈ ਜਗ." (ਵਿਚਿਤ੍ਰ) ੭. ਕੁੰਭਕਰਣ ਦਾ ਇੱਕ ਪੁਤ੍ਰ। ੮. ਵੇਸ਼੍ਯਾ ਦਾ ਪਤਿ। ੯. ਗੁੱਗਲ। ੧੦. ਇੱਕ ਪਰਵ. ਸਕੰਦਪੁਰਾਣ ਵਿੱਚ ਕਥਾ ਹੈ ਕਿ ਜਦ ਦੇਵ ਦੈਤਾਂ ਨੇ ਮਿਲਕੇ ਖੀਰਸਮੁੰਦਰ ਰਿੜਕਿਆ, ਤਾਂ ਚੌਦਾਂ ਰਤਨ ਨਿਕਲੇ, ਜਿਨ੍ਹਾਂ ਵਿੱਚ ਅਮ੍ਰਿਤ ਦੇ ਕੁੰਭ (ਘੜੇ) ਸਹਿਤ ਨਿਕਲੇ ਧਨੰਤਰ (ਧਨ੍ਵੰਤਰਿ) ਦੀ ਗਿਣਤੀ ਹੈ. ਧਨੰਤਰ ਨੇ ਅਮ੍ਰਿਤ ਦਾ ਘੜਾ ਇੰਦ੍ਰ ਨੂੰ ਦਿੱਤਾ, ਇੰਦ੍ਰ ਨੇ ਆਪਣੇ ਪੁਤ੍ਰ ਜਯੰਤ ਨੂੰ ਦੇ ਕੇ ਆਖਿਆ ਕਿ ਘੜੇ ਨੂੰ ਸੁਰਗ ਵਿੱਚ ਲੈਜਾ. ਜਦ ਜਯੰਤ ਕੁੰਭ ਲੈ ਕੇ ਤੁਰਿਆ, ਤਾਂ ਦੈਤਾਂ ਦੇ ਗੁਰੂ ਸ਼ੁਕ੍ਰ ਨੇ ਹੁਕਮ ਦਿੱਤਾ ਕਿ ਘੜਾ ਖੋਹ ਲਓ. ਦੇਵਤਿਆਂ ਅਤੇ ਦੈਤਾਂ ਦਾ ਬਾਰਾਂ ਦਿਨ ਘੋਰ ਯੁੱਧ ਹੋਇਆ. ਘੜੇ ਦੀ ਖੋਹਾ ਖੋਹੀ ਵਿੱਚ ਚਾਰ ਥਾਈਂ (ਹਰਿਦ੍ਵਾਰ, ਪ੍ਰਯਾਗ, ਨਾਸਿਕ, ਉੱਜੈਨ) ਕੁੰਭ ਵਿੱਚੋਂ ਅਮ੍ਰਿਤ ਡਿਗਿਆ, ਇਸ ਲਈ ਚਾਰੇ ਥਾਂ ਕੁੰਭਮੇਲਾ ਹੁੰਦਾ ਹੈ. ਦੇਵਤਿਆਂ ਦੇ ਬਾਰਾਂ ਦਿਨ ਮਨੁੱਖਾਂ ਦੇ ਬਾਰਾਂ ਵਰ੍ਹੇ ਬਰੋਬਰ ਹਨ, ਇਸ ਕਾਰਣ ਬਾਰਾਂ ਵਰ੍ਹੇ ਪਿੱਛੋਂ, ਹਰੇਕ ਥਾਂ ਕੁੰਭਪਰਵ ਹੋਇਆ ਕਰਦਾ ਹੈ.

(ੳ) ਵ੍ਰਿਹਸਪਤਿ ਕੁੰਭ ਰਾਸ਼ਿ ਵਿੱਚ ਅਤੇ ਸੂਰਜ ਮੇਖ ਰਾਸ਼ਿ ਵਿੱਚ ਹੋਵੇ ਤਾਂ ਹਰਿਦ੍ਵਾਰ (ਗੰਗਾ) ਤੇ ਕੁੰਭਪਰਵ ਹੁੰਦਾ ਹੈ.

(ਅ) ਅਮਾਵਸ੍ਯਾ ਨੂੰ ਵ੍ਰਿਹਸਪਤਿ ਮੇਖ ਰਾਸ਼ਿ ਵਿੱਚ, ਚੰਦ੍ਰਮਾ ਅਤੇ ਸੂਰਜ ਮਕਰ ਰਾਸ਼ਿ ਵਿੱਚ ਹੋਣ ਤੋਂ ਪ੍ਰਯਾਗ ਦਾ ਕੁੰਭ ਹੁੰਦਾ ਹੈ.

(ੲ) ਵ੍ਰਿਹਸਪਤਿ ਚੰਦ੍ਰਮਾ ਅਤੇ ਸੂਰਜ ਅਮਾਵਸ੍ਯਾ ਨੂੰ ਕਰਕ ਰਾਸ਼ਿ ਵਿੱਚ ਆਉਣ ਤੋਂ ਗੋਦਾਵਰੀ (ਨਾਸਿਕ) ਪੁਰ ਕੁੰਭਪਰਵ ਹੋਇਆ ਕਰਦਾ ਹੈ.

---

[386] ਕੋੜ੍ਹਰੋਗ ਹੋਣ ਕਰਕੇ ਭੀ ਇਸ ਦਾ ਨਿੰਦਿਤ ਸਰੀਰ ਹੈ.

(ਸ) ਸੂਰਜ, ਚੰਦ੍ਰਮਾ ਅਤੇ ਵ੍ਰਿਹਸਪਤਿ ਕੁੰਭ ਰਾਸ਼ਿ ਵਿੱਚ ਅਮਾਵਸ੍ਯਾ ਨੂੰ ਆਉਣ ਤੋਂ ਧਾਰਾ (ਉੱਜੈਨ) ਦਾ ਕੁੰਭ ਹੁੰਦਾ ਹੈ. ਦੇਖੋ, ਕੁੰਭਿ. "ਕੁੰਭਿ ਜੌ ਕੇਦਾਰ ਨ੍ਹਾਈਐ." (ਰਾਮ ਨਾਮਦੇਵ)

ਕੁੰਭਅਰਿ: ਹਾਥੀ ਦਾ ਮੱਥਾ ਤੋੜਨ ਵਾਲੀ, ਬਰਛੀ. (ਸਨਾਮਾ) ੨. ਸ਼ੇਰ, ਜੋ ਹਾਥੀ ਦਾ ਸਿਰ ਪਾੜਦਾ ਹੈ ੩. ਵੱਟਾ. ਪੱਥਰ, ਜੋ ਘੜਾ ਭੰਨ ਦਿੰਦਾ ਹੈ.

ਕੁੰਭਸੁਤ: ਘੜੇ ਤੋਂ ਪੈਦਾ ਹੋਇਆ ਅਗਸ੍ਤ ਮੁਨਿ। ੨. ਵਸ਼ਿਸ਼੍ਠ। ੩. ਦ੍ਰੋਣਾਚਾਰਯ.

ਕੁੰਭਹਾ: ਹਾਥੀ ਦਾ ਸਿਰ ਪਾੜਨ ਵਾਲੀ, ਬਰਛੀ. (ਸਨਾਮਾ) ੨. ਦੇਖੋ, ਕੁੰਭਅਰਿ.

ਕੁੰਭਕ, ਕੁੰਭਕੁ: ਸੰ. कुम्भक ਸੰਗਯਾ- ਕੁੰਭ ਘੜੇ ਨੂੰ ਜਿਵੇਂ ਪਾਣੀ ਨਾਲ ਭਰੀਦਾ ਹੈ, ਤਿਵੇਂ ਪ੍ਰਾਣਾਂ ਨੂੰ ਅੰਦਰ ਖਿੱਚਕੇ ਭਰਨਾ, ਯੋਗ ਅਨੁਸਾਰ ਕੁੰਭਕ ਹੈ. ਚੀਚੀ ਪਾਸ ਦੀ ਉਂਗਲ ਅਤੇ ਅੰਗੂਠੇ ਨਾਲ ਨੱਕ ਫੜਕੇ ਪ੍ਰਾਣਾਂ ਨੂੰ ਰੋਕਣਾ. ਪ੍ਰਾਣ ਠਹਿਰਾਉਣੇ. "ਜਬ ਕੁੰਭਕੁ ਭਰਿਪੁਰਿ ਲੀਣਾ। ਤਹ ਬਾਜੇ ਅਨਹਦ ਬੀਣਾ." (ਰਾਮ ਕਬੀਰ) ੨. ਕੁਮ੍ਹਾਰ, ਜੋ ਕੁੰਭ ਨੂੰ ਕਰਦਾ ਹੈ.

ਕੁੰਭਕਮਲੁ: ਰਿਦਾਰੂਪ ਘੜਾ. ਘੜਾਰੂਪ ਰਿਦਾ. ਰਿਦੇ ਦਾ ਜੋ ਕਮਲ ਹੈ, ਉਹ ਘੜਾ ਰੂਪ. "ਕੁੰਭਕਮਲੁ ਜਲਿ ਭਰਿਆ." (ਸੋਰ ਕਬੀਰ) ਵਾਸਨਾਰੂਪ ਜਲ ਨਾਲ ਭਰਿਆ ਹੋਇਆ ਹੈ.

ਕੁੰਭਕਰਣ, ਕੁੰਭਕਾਣ, ਕੁੰਭਕਾਨ: ਘੜੇ ਜੇਹੇ ਕੰਨਾ ਵਾਲਾ ਰਾਖਸ, ਜੋ ਰਾਵਣ ਦਾ ਛੋਟਾ ਭਾਈ ਸੀ. ਸੁਮਾਲੀ ਰਾਖਸ ਦੀ ਪੁਤ੍ਰੀ ਕੇਕਸੀ ਦੇ ਉਦਰ ਤੋਂ ਇਹ ਵਿਸ਼੍ਰਵਾ ਦਾ ਪੁਤ੍ਰ ਸੀ. ਇਸ ਨੇ ਬ੍ਰਹਮਾ ਨੂੰ ਤਪ ਕਰਕੇ ਪ੍ਰਸੰਨ ਕੀਤਾ, ਜਦ ਵਰ ਲੈਣ ਦਾ ਸਮਾ ਆਇਆ ਤਦ ਦੇਵਤਿਆਂ ਨੇ ਸਰਸ੍ਵਤੀ ਨੂੰ ਇਸ ਦੀ ਰਸਨਾ ਪੁਰ ਬੈਠਾਕੇ ਇਹ ਕਹਾਇਆ ਕਿ ਮੈਂ ਬਹੁਤ ਸੁੱਤਾ ਰਹਾਂ, ਕੇਵਲ ਛੀ ਮਹੀਨੇ ਪਿੱਛੋਂ ਇਕ ਦਿਨ ਖਾਣ ਲਈ ਜਾਗਾਂ. ਇਸ ਨੂੰ ਰਾਮਚੰਦ੍ਰ ਜੀ ਨੇ ਜੰਗ ਵਿੱਚ ਮਾਰਿਆ. "ਬਲੀ ਕੁੰਭਕਾਨੰ ਤਊ ਨਾਹਿ ਜਾਗਯੰ." (ਰਾਮਾਵ) "ਹਨੇ ਬਾਣ ਤਾਣੰ, ਝਿਣਜੋ ਕੁੰਭਕਾਣੰ." (ਰਾਮਾਵ)

ਕੁੰਭਕਾਨਅਰਦਨ, ਕੁੰਭਕਾਨਅਰਿ: ਕੁੰਭਕਰਣ ਨੂੰ ਪੀੜਨ ਵਾਲਾ. ਕੁੰਭਕਾਨ ਦਾ ਵੈਰੀ. ਸ਼੍ਰੀ ਰਾਮ। ੨. ਤੀਰ. ਕੁੰਭਕਾਨ ਦੀ ਮੌਤ ਤੀਰ ਨਾਲ ਹੋਈ ਹੈ. (ਸਨਾਮਾ)

ਕੁੰਭਕਾਰ: ਸੰ. ਸੰਗਯਾ- ਘੜਾ ਬਣਾਉਣ ਵਾਲਾ. ਘੁਮਿਆਰ। ਕੂਜੀਗਰ. ਕੁਮ੍ਹਾਰ. ਇਹ ਲੋਕ ਆਪਣੇ ਤਾਈਂ ਬ੍ਰਹਮਾ ਦੀ ਵੰਸ਼ ਆਖਦੇ ਅਤੇ ਪ੍ਰਜਾਪਤਿ ਸਦਾਉਂਦੇ ਹਨ. ਔਸ਼ਨਸੀ ਸਿਮ੍ਰਿਤਿ ਦੇ ਸ਼. ੩੨ ਵਿੱਚ ਲਿਖਿਆ ਹੈ ਕਿ ਵੈਸ਼੍ਯ ਦੀ ਕੰਨ੍ਯਾ ਤੋਂ ਬ੍ਰਾਹਮਣ ਦਾ ਪੁਤਰ ਕੁੰਭਕਾਰ ਹੈ.

ਕੁੰਭਕਾਰੀ: ਕੁੰਭਕਾਰ ਦੀ ਇਸਤ੍ਰੀ. ਘੁਮਿਆਰੀ. ੨. ਮੈਨਸਿਲ (ਮਨਃ ਸ਼ਿਲਾ) ਉਪਧਾਤੁ. ਲਾਲ ਹੜਤਾਲ.

ਕੁੰਭਜ: ਸੰਗਯਾ- ਘੜੇ ਵਿੱਚੋਂ ਜੰਮਣ ਵਾਲਾ. ਅਗਸ੍ਤ ਮੁਨਿ। ੨. ਦੇਖੋ, ਕੁੰਭਸੁਤ.

ਕੁੰਭਨਾਸਨੀ: ਹਾਥੀਆਂ ਦੇ ਸਿਰ ਛੇਦਣ ਵਾਲੀ, ਬਰਛੀ. (ਸਨਾਮਾ)

ਕੁੰਭਨੇਸਨੀ: ਕੁੰਭਿਨ (ਪ੍ਰਿਥਿਵੀ), ਉਸ ਦਾ ਈਸ਼ ਰਾਜਾ, ਉਸ ਦੀ ਸੈਨਾ. ਰਾਜੇ ਦੀ ਫ਼ੌਜ. (ਸਨਾਮਾ) ੨. ਕੁੰਭਿਨ੍ (ਹਾਥੀਆਂ) ਦਾ ਈਸ਼ ਰਾਜਾ, ਉਸ ਦੀ ਸੈਨਾ. (ਸਨਾਮਾ)

ਕੁੰਭਪਰਵ: ਦੇਖੋ, ਕੁੰਭ ੧੦.

ਕੁੰਭਪਿਤਾ: ਘੜੇ ਦਾ ਬਾਪ, ਚੱਕ. ਘੁਮਿਆਰ ਦਾ ਚਕ੍ਰ, ਜਿਸ ਪੁਰ ਘੜਾ ਬਣਦਾ ਹੈ. "ਕੁੰਭਪਿਤਾ ਸਮ ਧਰ ਤਬੈ." (ਗੁਵਿ ੬) ਜ਼ਮੀਨ ਚੱਕ ਵਾਂਙ ਫਿਰਣ ਲੱਗੀ.

ਕੁੰਭਲ: ਸੰਗਯਾ- ਜੁਲਾਹੇ ਦਾ ਉਹ ਟੋਆ ਜਿਸ ਵਿੱਚ ਪੈਰ ਲਟਕਾਕੇ ਤਾਣੀ ਬੁਣਦਾ ਹੈ. "ਚੀਰ ਬੁਨੈ ਕੁੰਭਲ ਤਿਸ ਪਾਹੇ." (ਗੁਪ੍ਰਸੂ)

ਕੁਭਾ: ਦੇਖੋ, ਕਾਬੁਲ। ੨. ਕੁ (ਨਿੰਦਿਤ) ਭਾ (ਸ਼ੋਭਾ). ੩. ਕੁ (ਜਮੀਨ) ਦੀ ਭਾ (ਛਾਇਆ).

ਕੁਭਾਂਡ: ਦੇਖੋ, ਕੁਪਾਤ੍ਰ.

ਕੁਭਾਤਿ, ਕੁਭਾਤੀ: ਵਿ- ਬੁਰੀ ਤਰਾਂ ਦਾ. ਕੁਢੰਗਾ. "ਮੇਰਾ ਕਰਮ ਕੁਟਿਲਤਾ ਜਨਮ ਕੁਭਾਤੀ." (ਗਉ ਰਵਿਦਾਸ) ੨. ਕ੍ਰਿ. ਵਿ- ਬੁਰੀ ਤਰਾਂ ਨਾਲ.

ਕੁਭਾਰ, ਕੁੰਭਾਰ: ਦੇਖੋ, ਕੁੰਭਕਾਰ. "ਕੁੰਭਾਰ ਕੈ ਘਰਿ ਹਾਂਡੀ ਆਛੈ." (ਟੋਡੀ ਨਾਮਦੇਵ)

ਕੁੰਭਿ: ਦੇਖੋ, ਕੁੰਭ ਅਤੇ ਕੁੰਭੀ। ੨. ਕੁੰਭਪਰਵ ਦੇ ਸਮੇਂ. "ਕੁੰਭਿ ਜੌ ਕੇਦਾਰ ਨਾਈਐ." (ਰਾਮ ਨਾਮਦੇਵ) ਕੁੰਭਪਰਵਾਂ ਪੁਰ ਇਸਨਾਨ ਕਰੀਏ ਅਤੇ ਕੇਦਾਰਨਾਥ ਨ੍ਹਾਈਏ. ਦੇਖੋ, ਕੁੰਭ ੧੦.। ੩. ਕੁੰਭਿਨੀ. ਗਜਸੈਨਾ. ਹਾਥੀਆਂ ਦੀ ਫੌਜ. "ਸੈਨਾ ਚਤੁ ਰੰਗਨਿ ਰਚੀ ਪਾਇਕ ਰਥ ਹੈ ਕੁੰਭਿ." (ਚੰਡੀ ੧)

ਕੁੰਭਿਕ: ਦੇਖੋ, ਕੁੰਭਿਕਾ ੨.

ਕੁੰਭਿਕਾ: ਸੰ. ਸੰਗਯਾ- ਵੇਸ਼ਯਾ. ਕੰਚਨੀ। ੨. ਕਾਯਫਲ ਦਾ ਬਿਰਛ. ਕੁੰਭਿਕ. L. Pistia Stratiotes. ਇਹ ਪਾਣੀ ਕਿਨਾਰੇ ਹੁੰਦਾ ਹੈ. ਇਸ ਦੀ ਗੰਧ (ਬੂ) ਤੋਂ ਕਟੂਏ (ਖਟਮਲ) ਨੱਠਦੇ ਹਨ. ਇਸ ਦੇ ਪੱਤਿਆਂ ਦੇ ਕਾੜ੍ਹੇ ਨਾਲ ਨਲੀਏਰ ਦਾ ਪਾਣੀ ਮਿਲਾਕੇ ਪੀਣ ਤੋਂ ਪੇਚਿਸ਼ ਹਟ ਜਾਂਦੀ ਹੈ. ਗੁਲਾਬ ਦੇ ਅਰਕ ਅਤੇ ਮਿਸ਼ਰੀ ਨਾਲ ਮਿਲਾਕੇ ਦੇਣ ਤੋਂ ਖਾਂਸੀ ਦੂਰ ਹੁੰਦੀ ਹੈ. ਕਾਯਫਲ ਦੀ ਭਸਮ ਖਾਣ ਤੋਂ ਨਾਰਵਾ ਰੋਗ ਨਾਸ਼ ਹੁੰਦਾ ਹੈ. "ਅਰਜੁਨ ਕੁੰਭਿਕਾ ਰੰਭਾ." (ਗੁਪ੍ਰਸੂ)

ਕੁੰਭਿਦੁਰ: ਸੰਗਯਾ- ਕੁੰਭਿਨ੍. (ਹਾਥੀ) ਦੇ ਸਿਰ ਵਿੱਚੋਂ ਨਿਕਲਿਆ ਦੁਰ (ਮੋਤੀ). ਗਜਮੁਕਤਾ. "ਮਨਿ ਮਾਲ ਮੁਕਤਾ ਕੁੰਭਿਦੁਰ." (ਸਲੋਹ)

ਕੁੰਭਿਨੀ: ਗਜਸੈਨਾ. ਹਾਥੀਆਂ ਦੀ ਫੌਜ. (ਸਨਾਮਾ)

ਕੁੰਭੀ: ਸੰ. ਸੰਗਯਾ- ਕੁੰਭਿਨ. ਹਾਥੀ. ਹਸ੍ਤੀ. ਗਜ। ੨. ਮਗਰਮੱਛ। ੩. ਤਰਬੂਜ਼. ਮਤੀਰਾ। ੪. ਇੱਕ ਨਰਕ, ਜਿਸ ਨੂੰ ਕੁੰਭੀਪਾਕ ਭੀ ਆਖਦੇ ਹਨ। ੫. ਛੋਟਾ ਘੜਾ. ਮੱਘੀ. ਘੜੀ। ੬. ਇੱਕ ਪਰਵ, ਜਿਸ ਨੂੰ ਅਰਧਕੁੰਭੀ ਭੀ ਸੱਦੀਦਾ ਹੈ. ਕੁੰਭਯੋਗ ਬਾਰਾਂ ਵਰ੍ਹਿਆਂ ਪਿੱਛੋਂ ਹੁੰਦਾ ਹੈ. ਕੁੰਭ ਤੋਂ ਛੀ ਵਰ੍ਹੇ ਪਿੱਛੋਂ ਆਉਣ ਵਾਲਾ ਪਰਵ 'ਅਰਧਕੁੰਭ' ਹੈ. ਇਸੇ ਨੂੰ ਅਤਿਕੁੰਭੀ ਆਖਦੇ ਹਨ. ਦੇਖੋ, ਕੁੰਭ ੧੦.

ਕੁੰਭੀਨਸੀ: ਸੁਮਾਲੀ ਰਾਖਸ ਦੀ ਬੇਟੀ, ਜੋ ਰਾਵਣ ਦੀ ਮਾਂ ਕੇਕਸੀ ਦੀ ਸਕੀ ਭੈਣ ਸੀ. ਕੁੰਭੀਨਸੀ ਦੇ ਉਦਰ ਤੋਂ ਮਧੁ ਦੈਤਯ ਦਾ ਪੁਤ੍ਰ ਲਵਣਾਸੁਰ ਪੈਦਾ ਹੋਇਆ, ਜਿਸਦੀ ਰਾਜਧਾਨੀ ਮਥੁਰਾ ਸੀ. ਇਸ ਨੂੰ ਸ਼ਤ੍ਰੂਘਨ ਨੇ ਮਾਰਿਆ.

ਕੁੰਭੀਪਾਕ: ਦੇਖੋ, ਕੁੰਭੀ ੪. ਪੁਰਾਣਾਂ ਅਨੁਸਾਰ ਇਸ ਨਰਕ ਵਿੱਚ ਮਾਸ ਖਾਣ ਵਾਲੇ ਲੋਕ ਉਬਲਦੇ ਹੋਏ ਤੇਲ ਵਿੱਚ ਸੁੱਟੇ ਜਾਂਦੇ ਹਨ.

ਕੁੰਭੀਰ: ਸੰ. ਸੰਗਯਾ- ਮਗਰਮੱਛ. ਨਾਕੂ.

ਕੁੰਭੇ: ਘੜੇ ਵਿੱਚ. "ਕੁੰਭੇ ਬਧਾ ਜਲੁ ਰਹੈ." (ਵਾਰ ਆਸਾ)

ਕੁੰਭੇਉ: ਕੁ- ਭਵ. ਪ੍ਰਿਥਿਵੀ ਤੋਂ ਪੈਦਾ ਹੋਣ ਵਾਲਾ, ਘੜਾ. "ਜਿਉ ਪਰਕਾਸਿਆ ਮਾਟੀ ਕੁੰਭੇਉ." (ਪ੍ਰਭਾ ਨਾਮਦੇਵ)

ਕੁੰਭੇਸ: ਕੁੰਭ- ਈਸ਼. ਹਾਥੀ. ਸਿਰ ਪੁਰ ਕੁੰਭ ਧਾਰਣ ਵਾਲਾ. ਦੇਖੋ, ਕੁੰਭ. ਦੇਖੋ, ਸਸਨ.

ਕੁਮਹਲ, ਕੁਮਹਲੁ: ਸੰਗਯਾ- ਅਯੋਗ ਅਸਥਾਨ. ਬੇਮੌਕਾ. "ਮਹਲੁ ਕੁਮਹਲੁ ਨ ਜਾਣਨੀ ਮੂਰਖ ਆਪਣੇ ਸੁਆਇ." (ਵਾਰ ਸੋਰ ਮਃ ੩) ਦੇਖੋ, ਮਹਲ.

ਕੁਮਕ: ਤੁ. كمك ਸੰਗਯਾ- ਸਹਾਇਤਾ। ੨. ਤਰਫਦਾਰੀ. ਪੱਖ. "ਜਬ ਹੀ ਕੁਮਕ ਆਪਨੀ ਗਯੋ." (ਚਰਿਤ੍ਰ ੨੯੭) "ਆਯੋ ਕੁਮਕ ਸੁਰਪਤਿ ਬਿਸੇਸ." (ਸਲੋਹ)

ਕੁਮਕਮਾ, ਕੁਮਕ਼ੁਮਾ: ਤੁ. قمقمہ ਸੰਗਯਾ- ਤੰਗ ਮੂੰਹ ਦਾ ਗੜਵਾ। ੨. ਗੁਲਾਬਦਾਨੀ. "ਕੋ ਕੁਮਕੁਮਾ ਦੇਹਿ ਛਿਰਕਾਈ." (ਗੁਪ੍ਰਸੂ) ੩. ਲਾਖ ਦਾ ਗੋਲਾ, ਜਿਸ ਵਿੱਚ ਗੁਲਾਲ ਭਰਕੇ ਹੋਲੀ ਦੇ ਮੌਕੇ ਚਲਾਈਦਾ ਹੈ. ਇਹ ਇਤਨਾ ਪਤਲਾ ਅਤੇ ਭੁਰਭੁਰਾ ਹੁੰਦਾ ਹੈ ਕਿ ਜਰਾ ਠੋਕਰ ਵੱਜਣ ਤੋਂ ਫੁੱਟ ਜਾਂਦਾ ਹੈ ਅਤੇ ਗੁਲਾਲ ਬਿਖਰ ਜਾਂਦੀ ਹੈ.

ਕੁਮਤ, ਕੁਮਤੜੀ, ਕੁਮਤਿ: ਨਿੰਦਿਤ ਬੁੱਧ. ਨੀਚ ਮਤਿ. "ਮਨ ਰੇ ਕਉਨ ਕੁਮਤਿ ਤੈ ਲੀਨੀ?" (ਸੋਰ ਮਃ ੯) ੨. ਕੁ (ਪ੍ਰਿਥਿਵੀ) ਜੇਹੀ ਬੁੱਧਿ. ਭਾਵ- ਜੜ੍ਹਮਤਿ.

ਕੁਮਤੀ: ਦੇਖੋ, ਕੁਮਤਿ। ੨. ਵਿ- ਮੰਦਬੁੱਧੀ ਵਾਲਾ। ੩. ਸ਼ਰੀਰ. ਖੋਟਾ.

ਕੁਮਦ, ਕੁਮਦਨੀ, ਕੁਮਦੀ: ਦੇਖੋ, ਕੁਮੁਦ.

ਕੁਮਰਾਉ, ਕੁਮਰਾਵ: ਖਤ੍ਰੀਆਂ ਦੀ ਇੱਕ ਜਾਤਿ.

ਕੁਮਰੀ: ਅ਼. قمری ਕ਼ੁਮਰੀ. ਸੰਗਯਾ- ਘੁੱਗੀ ਦੀ ਇੱਕ ਜਾਤਿ, ਜੋ ਕੱਦ ਵਿੱਚ ਛੋਟੀ ਅਤੇ ਬਹੁਤ ਮਿੱਠਾ ਬੋਲਦੀ ਹੈ.

ਕੁਮਲਾਉਣਾ: ਕ੍ਰਿ- ਬਹੁਤ ਮ੍ਲਾਨ ਹੋਣਾ. ਮੁਰਝਾਉਣਾ. "ਬਦਨ ਜਾਇ ਕੁਮਲਾਇ." (ਵਾਰ ਗੂਜ ੧. ਮਃ ੩) "ਹੰਸ ਗਇਆ ਕਾਇਆ ਕੁਮਲਾਨੀ." (ਸੂਹੀ ਕਬੀਰ)

ਕੁਮਲਾਹਗੜ੍ਹ: ਦੇਖੋ, ਕਮਲਾਹਗੜ੍ਹ.

ਕੁਮਲਾਨਾ: ਦੇਖੋ, ਕੁਮਲਾਉਣਾ.

ਕੁਮਲੈਣੀ: ਵਿ- ਕੁਮਲਾਈ ਹੋਈ. ਮੁਰਝਾਈ. "ਹਰਿ ਬਾਝਹੁ ਧਨ ਕੁਮਲੈਣੀ." (ਗਉ ਮਃ ੪)

ਕੁੰਮਾ: ਸੰ. कूर्म्म ਕੂਰਮੑ. ਸੰਗਯਾ- ਕੱਛੂ. ਕੱਛਪ.

ਕੁਮਾਊਂ, ਕੁਮਾਯੂੰ: ਦੇਖੋ, ਕਮਾਊਂ। ੨. ਸੰ. कुर्माचल ਕੂਮਾਁਚਲ. ਯੂ. ਪੀ. ਵਿੱਚ ਇੱਕ ਇਲਾਕਾ, ਜਿਸ ਦਾ ਪਰਿਮਾਣ ੬੦੦ ਵਰਗ ਮੀਲ ਹੈ. ਇਸ ਦੇ ਉੱਤਰ ਤਿੱਬਤ, ਪੂਰਵ ਨੇਪਾਲ, ਦੱਖਣ ਬਰੇਲੀ ਅਤੇ ਰਾਮਪੁਰ ਰਾਜ, ਪੱਛਮ ਟੇਹਰੀ ਰਿਆਸਤ ਹੈ. ਇਸ ਦਾ ਪੁਰਾਣਾ ਨਾਉਂ "ਪੰਚਕੂਟ" ਭੀ ਹੈ.

ਕੁਮਾਰ: ਸੰ. ਸੰਗਯਾ- ਪੰਜ ਵਰ੍ਹੇ ਤੀਕ ਦੀ ਉਮਰ ਦਾ ਬਾਲਕ। ੨. ਪੁਤ੍ਰ. ਬੇਟਾ। ੩. ਕਾਰ੍ਤਿਕੇਯ. ਸ਼ਿਵਪੁਤ੍ਰ ਖੜਾਨਨ। ੪. ਸਨਕ, ਸਨੰਦਨ, ਸਨਾਤਨ ਅਤੇ ਸਨਤਕੁਮਾਰ ਬ੍ਰਹਮਾ ਦੇ ਪੁਤ੍ਰ, ਜੋ ਸਦਾ ਕੁਮਾਰ ਰਹਿੰਦੇ ਹਨ। ੫. ਤੋਤਾ। ੬. ਸਿੰਧੁਨਦ। ੭. ਜੈਨਮਤ ਦਾ ਬਾਰ੍ਹਵਾਂ ਜਿਨਦੇਵ। ੮. ਮੰਗਲਗ੍ਰਹ। ੯. ਅਗਨਿ। ੧੦. ਘੋੜੇ ਦਾ ਸੇਵਕ. ਸਾਈਸ। ੧੧. ਵਿ- ਜਿਸ ਦਾ ਵਿਆਹ ਨਹੀਂ ਹੋਇਆ. ਕੁਮਾਰਾ। ੧੨. ਦੇਖੋ, ਕੁਮ੍ਹਾਰ.

ਕੁਮਾਰਸੰਭਵ: ਸ਼ਿਵ ਦੇ ਪੁਤ੍ਰ ਕਾਰ੍ਤਿਕੇਯ ਦੇ ਜਨਮ ਦਾ ਹਾਲ ਹੈ ਜਿਸ ਵਿੱਚ, ਕਾਲਿਦਾਸ ਦਾ ਰਚਿਆ ਕਾਵ੍ਯ. ਦੇਖੋ, ਖਟਕਾਵ੍ਯ.

ਕੁਮਾਰਗ: ਬੁਰਾ ਰਾਹ. ਖੋਟਾ ਰਸਤਾ। ੨. ਕੁ (ਪ੍ਰਿਥਿਵੀ) ਦਾ ਮਾਰਗ. ਜਿਸ ਰੇਖਾ ਤੇ ਜਮੀਨ ਘੁੰਮਦੀ ਹੈ.

ਕੁਮਾਰਲਲਿਤ, ਕੁਮਾਰਲਲਿਤਾ: ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਜ, ਰ, ਲ, ਗ, ISI, SIS, I, S.

ਉਦਾਹਰਣ-

ਕਿਸੂ ਨ ਦਾਨ ਦੇਹਿਂਗੇ। ਸੁ ਸਾਧੁ ਲੂਟ ਲੇਹਿਂਗੇ. x x x

(ਕਲਕੀ)

੨. ਦੂਜਾ ਰੂਪ- ਪ੍ਰਤਿ ਚਰਣ- ਜ, ਸ, ਗ. ।ऽ।, ॥ऽ, ऽ.

ਉਦਾਹਰਣ-

ਵਿਰੰਚਿ ਗੁਣ ਦੇਖੈ। ਗਿਰਾ ਗੁਣ ਨ ਲੈਖੇ. (ਰਾਮਚੰਦ੍ਰਿਕਾ) x x x

ਕੁਮਾਰਾ: ਦੇਖੋ, ਕੁਮਾਰ ੧੧.

ਕੁਮਾਰੀ: ਕੁਮਾਰ ਦਾ ਇਸਤ੍ਰੀ ਲਿੰਗ. ਕੁਮਾਰ ਅਵਸਥਾ ਵਾਲੀ ਕੰਨਯਾ. ਦੇਖੋ, ਕੁਮਾਰ ੧.। ੨. ਪਾਰਵਤੀ. ਦੁਰਗਾ। ੩. ਅਣਵਿਆਹੀ ਕੰਨਯਾ। ੪. ਪੁਤ੍ਰੀ. ਬੇਟੀ.

ਕੁਮਿਆਰ: ਦੇਖੋ, ਕੁੰਭਕਾਰ.

ਕੁਮਿਆਰਿ: ਕੁੰਭਕਾਰ (ਘੁਮਿਆਰ) ਨੇ. "ਜਿਉ ਚਕੁ ਕਮਿਆਰਿ ਭਵਾਇਆ." (ਆਸਾ ਛੰਤ ਮਃ ੪)

ਕੁਮਿਹਾਰ: ਦੇਖੋ, ਕੁੰਭਕਾਰ ਅਤੇ ਕੁਮ੍ਹਾਰ.

ਕੁਮਿਤ, ਕੁਮਿਤੁ, ਕੁਮਿਤ੍ਰ: ਨਿੰਦਿਤ ਮਿਤ੍ਰ. ਕਪਟੀ ਮਿਤ੍ਰ. ਛਲੀਆ ਦੋਸਤ. "ਅਹੰਮਤ ਅਨਰਤ ਕੁਮਿਤ ਹਿਤ." (ਕਾਨ ਮਃ ੫) "ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ." (ਗਉ ਵਾਰ ੨. ਮਃ ੫) "ਦੁਨੀਆ ਕੀਆ ਵਡਿਆਈਆ ਨਾਨਕ ਸਭ ਕੁਮਿਤ." (ਵਾਰ ਗਉ ੨. ਮਃ ੫)

੨. ਕੁ (ਜਮੀਨ) ਨੂੰ ਮਿਤ (ਮਿਣਨ ਵਾਲਾ) ੩. ਕੁ (ਪ੍ਰਿਥਿਵੀ) ਦਾ ਮਿਤ੍ਰ ਸੂਰਜ.

ਕੁੰਮੀ: ਸੰ. कुर्म्मी ਕੂਮੀ. ਸੰਗਯਾ- ਕੱਛਪੀ. ਕੱਛੂ ਦੀ ਮਦੀਨ. "ਕੁੰਮੀ ਜਲ ਮਹਿ ਤਨ ਤਿਸੁ ਬਾਹਰਿ." ਆਸਾ ਧੰਨਾ)

ਕੁਮੁਦ: ਸੰ. कुमुदः ਸੰਗਯਾ- ਵਿਸ਼ਨੁ, ਜੋ ਕੁ (ਪ੍ਰਿਥਿਵੀ) ਨੂੰ ਮੋਦ (ਆਨੰਦ) ਦਿੰਦਾ ਹੈ। ੨. ਭਮੂਲ. ਨੀਲੋਫ਼ਰ. ਰਾਤ ਨੂੰ ਖਿੜਨ ਵਾਲਾ ਕਮਲ। ੩. ਚੰਦ੍ਰਮਾ। ੪. ਰਾਜਾ.

ਕੁਮੁਦਨੀ: ਸੰਗਯਾ- ਕੁਮੁਦਿਨੀ. ਦੇਖੋ, ਕੁਮੁਦ ੨. "ਚੰਦ ਕੁਮੁਦਨੀ ਦੂਰਹੁ ਨਿਵ ਸਸਿ." (ਮਾਰੂ ਮਃ ੧) ੨. ਭਮੂਲਾਂ ਵਾਲੀ ਤਲਾਈ.

ਕੁਮੁਦਬੰਧੁ: ਕੁਮੁਦ (ਭਮੂਲਾਂ ਦਾ) ਮਿਤ੍ਰ, ਚੰਦ੍ਰਮਾ. ਚੰਦ੍ਰਮਾ ਨੂੰ ਦੇਖਕੇ ਕੁਮੁਦ ਖਿੜਦੇ ਹਨ.

ਕੁਮੁਦਵਤੀ: ਕੁਮੁਦ ਨਾਗ ਦੀ ਪੁਤ੍ਰੀ. ਜਿਸ ਨੂੰ ਰਾਮਚੰਦ੍ਰ ਜੀ ਦੀ ਪੁਤ੍ਰ ਕੁਸ਼ ਨੇ ਵਿਆਹਿਆ। ਭਮੂਲਾਂ ਵਾਲੀ ਤਲਾਈ.

ਕੁਮੁਦਿਨੀ: ਦੇਖੋ, ਕੁਮੁਦਨੀ.

ਕੁਮੂਤ: ਵਿ- ਨਿੰਦਿਤ ਮੂਤ (ਵੀਰਜ) ਤੋਂ ਪੈਦਾ ਹੋਇਆ. ਹਰਾਮੀ. "ਕੁਮੂਤ ਔ ਕੁਦਾਤਿ ਥੋੜੇ ਜਗ ਮੈ." (ਕ੍ਰਿਸਨਾਵ)

ਕੁਮੂਰ: ਵਿ- ਜਿਸ ਦਾ ਮੂਰ (ਮੂਲ) ਅੱਛਾ ਨਹੀਂ. ਜਿਸਦਾ ਅਸਲ ਚੰਗਾ ਨਹੀਂ. "ਨਹੀ ਸੁਖ ਮੂਰ ਕੁਮੂਰ ਕੁਭਾਗੇ." (ਨਾਪ੍ਰ) ੨. ਅਤਿ ਮੂਰਖ. ਮਹਾ ਮੂੜ੍ਹ.

ਕੁਮੂੜ, ਕੁਮੂੜਾ: ਵਿ- ਨਿੰਦਿਤ ਮੂਰਖ. ਮੂਰਖਰਾਜ. ਮੂਰਖ ਹੋਣ ਪੁਰ ਭੀ ਆਪਣੇ ਤਾਈਂ ਸਰਵਗਯ ਜਾਣਨ ਵਾਲਾ. "ਬਿਆਪਿਆ ਦੁਰਮਤਿ ਕੁਬੁਧਿ ਕੁਮੂੜਾ." (ਵਾਰ ਰਾਮ ੨. ਮਃ ੫)

ਕੁਮੇਤ: ਦੇਖੋ, ਕੁਮੈਤ.

ਕੁਮੇਰ: ਦੇਖੋ, ਕੁਬੇਰ. "ਅਨਿਕ ਧਰਮ ਅਨਿਕ ਕੁਮੇਰ." (ਸਾਰ ਅਃ ਮਃ ੫)

ਕੁਮੇਰੁ: ਦੇਖੋ, ਸੁਮੇਰੁ ੩.। ੨. ਦੇਖੋ, ਕੁਬੇਰ.

ਕੁਮੈਤ: ਤੁ. کمیت ਸਿਆਹੀ ਦੀ ਝਲਕ ਨਾਲ ਲਾਲ ਰੰਗ ਦਾ ਘੋੜਾ. ਲਾਖੀ ਰੰਗਾ ਘੋੜਾ.

ਕੁਮੋਦ: ਦੇਖੋ, ਕੁਮੁਦ.

ਕੁਮੰਡਲ: ਪ੍ਰਿਥਿਵੀ ਮੰਡਲ. ਦੇਖੋ, ਕਮੰਡਲ.

ਕੁਮੰਤ, ਕੁਮੰਤ੍ਰ: ਸੰਗਯਾ- ਨਿੰਦਿਤ ਮੰਤ੍ਰ. ਬੁਰੀ ਸਲਾਹ.

ਕੁਮੰਤ੍ਰੀ: ਵਿ- ਬੁਰਾ ਮੰਤ੍ਰ ਦੇਣ ਵਾਲਾ. ਖੋਟਾ ਸਲਾਹਕਾਰ. "ਮਿਠੀ ਗਲਨਿ ਕੁਮੰਤ੍ਰੀਆ." (ਸਵਾ ਮਃ ੫)

ਕੁਮੰਦ: ਦੇਖੋ, ਕਮੰਦ। ੨. ਵਿ- ਅਤਿਮੰਦ. ਮਹਾਨੀਚ.

ਕੁਮ੍ਹਾਰ, ਕੁਮ੍ਹਿਆਰ: ਦੇਖੋ, ਕੁੰਭਕਾਰ. "ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ." (ਭੈਰ ਮਃ ੩) "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ." (ਵਾਰ ਆਸਾ)

ਕੁਯ: ਸਰਵ- ਕੋਈ. "ਧਰਮ ਕਰਮ ਪਰ ਚਲੈ ਨ ਕੁਯ ਹੈ." (ਕਲਕੀ) ੨. ਕ੍ਰਿ. ਵਿ- ਕ੍ਵ. ਕਿੱਥੇ. ਕਹਾਂ.

ਕੁਯਸ਼: ਅਪਜਸ. ਬਦਨਾਮੀ.

ਕੁਰਸ: ਸੰ. ਬੁਰਾ ਰਸ। ੨. ਅਣਬਣ. ਰਸ (ਪ੍ਰੇਮ) ਵਿੱਚ ਵਿਘਨ। ੩. ਅ਼. قرص ਕ਼ੁਰਸ. ਸੰਗਯਾ- ਟਿੱਕੀ. ਗੋਲ ਆਕਾਰ ਦਾ ਟੁਕੜਾ। ੪. ਕ਼ੁਰਸੇ ਅ਼ਰਸ਼. قرص عرش ਆਕਾਸ਼ ਦੀ ਟਿੱਕੀ, ਸੂਰਜ। ੫. ਭਾਵ- ਸਤਿਗੁਰੂ ਦਾ ਮੁਖ. "ਨੂਰ ਅਰਸਹੁ ਕੁਰਸਹੁ ਝਟੀਐ." (ਵਾਰ ਰਾਮ ਮਃ) ਅ਼ਰਸ਼ੇ ਕ਼ੁਰਸ ਤੋਂ ਨੂਰ ਝੜਦਾ (ਵਰਸਦਾ) ਹੈ.

ਕੁਰਸ ਅਰਸ਼: ਦੇਖੋ, ਕੁਰਸ ੪. ਅਤੇ ੫.

ਕੁਰਸਜ਼ਰ: ਫ਼ਾ. قرص زر ਕ਼ੁਰਸਜ਼ਰ. ਸੰਗਯਾ- ਸੁਵਰਣ ਦੀ ਟਿੱਕੀ. ਭਾਵ- ਸੂਰਜ.

ਕੁਰਸੀ: ਅ਼. کرسی ਸੰਗਯਾ- ਚੌਕੀ। ੨. ਮਕਾਨ ਦੀ ਨਿਉਂ ਤੋਂ ਉੱਪਰ ਦਾ ਚੌਤਰਾ, ਜੋ ਫ਼ਰਸ਼ ਤੀਕ ਹੁੰਦਾ ਹੈ. Plinth. "ਹਰਿਮੰਦਿਰ ਕੀ ਕੁਰਸੀ ਭਈ." (ਗੁਪ੍ਰਸੂ) ੩. ਪੀੜ੍ਹੀ. ਵੰਸ਼. ਨਸਲ. "ਕੁਰਸੀ ਅਪਰ ਬਕੁਰਸੀ ਤਾਂਈ। ਭੋਗਹਿਂ ਪਤਸਾਹੀ ਸੁਖ ਪਾਈ." (ਨਾਪ੍ਰ)

ਕੁਰਸੀਨਸ਼ੀਨ: ਫ਼ਾ. کرسی نشین ਕੁਰਸੀ ਤੇ ਬੈਠਣ ਵਾਲਾ. ਭਾਵ, ਮਾਨ ਯੋਗ ਦਰਬਾਰੀ.

ਕੁਰਸੀਨਾਮਾ: ਫ਼ਾ. کرسی نامہ ਸੰਗਯਾ- ਵੰਸ਼ਵ੍ਰਿਕ੍ਸ਼. ਸ਼ਜਰਾ.

ਕੁਰਹ: ਅ਼. کرہ ਸੰਗਯਾ- ਗੇਂਦ. ਫਿੰਡ। ੨. ਭੂਗੋਲ। ੩. ਮੰਡਲ.

ਕੁਰਕ, ਕ਼ੁਰਕ਼: ਤੁ. قرق ਵਿ- ਜਬਤ਼ ਕਰਨਾ। ੨. ਕ਼ਬਜਾ ਕਰਨਾ। ੩. ਦੇਖੋ, ਕੁਰਕਣਾ.

ਕੁਰਕਟ: ਸੰਗਯਾ- ਕੁੱਕੁਟ. ਮੁਰਗਾ. "ਇਕਤੁ ਪਤਰਿ ਭਰਿ ਉਰਕਟ ਕੁਰਕਟ." (ਆਸਾ ਕਬੀਰ) ਦੇਖੋ, ਉਰਕਟ.

ਕੁਰਕਣਾ: ਕ੍ਰਿ- ਦੰਦਾਂ ਨਾਲ ਕਤਰਨਾ. ਕੱਟਣ ਵੇਲੇ ਕੁਰਕੁਰ ਸ਼ਬਦ ਹੋਣ ਕਰਕੇ ਇਹ ਨਾਉਂ ਹੈ. "ਜਮ ਚੂਹਾ ਕਿਰਸ ਨਿਤ ਕੁਰਕਦਾ." (ਵਾਰ ਗਉ ੧. ਮਃ ੪)

ਕੁਰਕੀ, ਕ਼ੁਰਕ਼ੀ: ਤੁ. قرقی ਸੰਗਯਾ- ਜਬਤ਼ੀ. ਦੇਖੋ, ਕੁਰਕ.

ਕੁਰਖਤ: ਦੇਖੋ, ਕਰਖਤ.

ਕੁਰਖੇਤ: ਦੇਖੋ, ਕੁਰੁਕ੍ਸ਼ੇਤ੍ਰ.

ਕੁਰਤਾ, ਕੁਰਤੀ: ਫ਼ਾ. کُرتہ ਸੰਗਯਾ- ਕੁੜਤਾ. ਕੁੜਤੀ.

ਕੁਰਨਸ, ਕੁਰਨਿਸ: ਫ਼ਾ. کورنش ਕੋਰਨਿਸ਼. ਸੰਗਯਾ- ਪ੍ਰਣਾਮ. ਨਮਸਕਾਰ. "ਤੀਨ ਕੁਰਨਿਸੇਂ ਕਰ ਸਿਰ ਨਯਾਯੋ." (ਚਰਿਤ੍ਰ ੮੨)

ਕੁਰਬ, ਕ਼ੁਰਬ: ਅ਼. قُرب ਨੇੜੇ (ਪਾਸ) ਹੋਣਾ। ੨. ਪੰਜਾਬੀ ਵਿੱਚ ਦਰਜਾ (ਰੁਤਬਾ) ਅਰਥ ਭੀ ਹੈ. ਜਿਵੇਂ- "ਕੀ ਤੇਰਾ ਕੁਰਬ ਘਟਦਾ ਹੈ?"

ਕੁਰਬਤ, ਕ਼ੁਰਬਤ: ਅ਼. قُربت ਸੰਗਯਾ- ਸਮੀਪਤਾ. ਨੇੜੇ ਹੋਣ ਦਾ ਭਾਵ.

ਕੁਰਬਾਣ, ਕੁਰਬਾਣੁ, ਕੁਰਬਾਨ: ਅ਼. قُربان ਕ਼ੁਰਬਾਨ. ਉਹ ਕ੍ਰਿਯਾ ਜਿਸ ਤੋਂ ਕ਼ੁਰਬ (ਨੇੜੇ) ਹੋਈਏ. ਕ਼ੁਰਬਾਨੀ. ਨਿਛਾਵਰ. "ਸਦਾ ਸਦਾ ਜਾਈਐ ਕੁਰਬਾਣੁ." (ਬਿਲਾ ਮਃ ੫) ੨. ਜੋ ਵਸ੍ਤੁ ਕ਼ੁਰਬਾਨ ਕੀਤੀ ਜਾਵੇ.

ਕੁਰਬਾਨੀ, ਕ਼ੁਰਬਾਨੀ: ਫ਼ਾ. قُربانی ਕੁਰਬਾਨ ਕੀਤੀ ਜਾਣ ਵਾਲੀ ਵਸਤੁ. ਦੇਖੋ, ਕੁਰਬਾਨ.

ਕੁਰਬਾਨੁ: ਦੇਖੋ, ਕੁਰਬਾਨ.

ਕੁਰਬਾਨੰਤੀ: ਕੁਰਬਾਨ ਹੁੰਦਾ ਹਾਂ. "ਤਿਸੁ ਜਨ ਕੈ ਹਉ ਕੁਰਬਾਨੰਤੀ." (ਨਟ ਮਃ ੪. ਪੜਤਾਲ)

ਕੁਰਬੇ: ਵਿ- ਕ਼ੁਰਬ ਰਹਿਣ ਵਾਲੇ. ਸਮੀਪੀ। ੨. ਕ਼ਰੀਬੀ. ਨੇੜੇ ਦੇ ਸਾਕ। "ਲੈ ਕੁਰਬੇ ਅਪਨੇ ਸਭ ਸੰਗ." (ਕ੍ਰਿਸਨਾਵ)

ਕੁਰਬੈਣੀ: ਕੁਰਬਾਨ ਹਾਂ. ਕੁਰਬਾਨ ਜਾਨਾ ਹਾਂ. "ਤਿਨ ਹਉ ਕੁਰਬੈਣੀ." (ਵਾਰ ਸੋਰ ਮਃ ੪)

ਕੁਰਮ: ਦੇਖੋ, ਕੂਰਮ। ੨. ਸੰ. कुरूम ਕੁਰੁਮ. ਸੰਗਯਾ- ਇੱਕ ਪੱਛਮੀ ਦਰਿਆ, ਜੋ ਸਫ਼ੇਦਕੋਹ ਤੋਂ ਨਿਕਲਕੇ ਅਫ਼ਗਾਨਿਸਤਾਨ ਦੀ ਹੱਦ ਲੰਘਕੇ ਬੰਨੂ ਦੇ ਇਲਾਕੇ ਵਹਿੰਦਾ ਹੋਇਆ ਸਿੰਧੁਨਦ ਵਿੱਚ ਮਿਲਦਾ ਹੈ. ਰਿਗਵੇਦ ਵਿੱਚ ਇਸ ਦਾ ਨਾਉਂ "ਕ੍ਰੁਮੁ" ਆਇਆ ਹੈ। ੩. ਕੁਰੁਮ ਦੇ ਕਿਨਾਰੇ ਵਸਿਆ ਇੱਕ ਨਗਰ. ਜਨਮਸਾਖੀ ਵਿੱਚ ਇਸ ਦਾ ਨਾਉਂ ਖੁਰਮਾ ਲਿਖਿਆ ਹੈ। ੪. ਦੇਖੋ, ਕੁੜਮ ਅਤੇ ਕੁਰਮਾਤ.

ਕੁਰਮਾ: ਦੇਖੋ, ਕੋੜਮਾ। ੨. ਅ਼. قُرُوم ਕ਼ੁਰੂਮ. ਸੰਗਯਾ- ਕ਼ੁਰਮ (ਸਰਦਾਰ) ਦਾ ਬਹੁ ਵਚਨ. ਸਰਦਾਰ. ਪ੍ਰਧਾਨ. ਮੁਖੀਏ. "ਲਏ ਸੰਗ ਦੈਤਨ ਕੇ ਕੁਰਮਾ." (ਚੰਡੀ ੧) "ਪੁਨ ਸੈਨ ਭਲੀ ਸਜਕੈ ਅਰਿਓ ਬਹੁ ਕੁਰਮਨ ਲੈ ਬਰ ਜੁੱਧ ਮਚਾਯੋ." (ਸਲੋਹ)

ਕੁਰਮਾਤ: ਸੰਗਯਾ- ਕੁੜਮਾਇਤ. ਕੁੜਮਪੁਣਾ। ੨. ਕੁੜਮਾਂ ਦਾ ਸਮੁਦਾਯ. "ਬਹੁ ਹੋਰਿਨ ਤੇਂ ਅਰੁ ਬਯਾਹਨ ਤੇ ਕੁਰਮਾਤਨ ਤੇ ਅਤਿ ਸੋਊ ਖਰੇ." (ਕ੍ਰਿਸਨਾਵ) ਹੋਲੀਆਂ ਸ਼ਾਦੀਆਂ ਕੁੜਮਮੰਡਲੀਆਂ ਤੋਂ ਵੱਧ ਮਖੌਲ ਹੋਏ.

ਕੁਰਰਾ: ਸੰਗਯਾ- ਕੋਰੜਾ. ਚਾਬੁਕ. "ਕੁਰਰਨ ਮਾਰ ਅਧਿਕ ਤਿੰਹ ਮਾਰੀ." (ਚਰਿਤ੍ਰ ੯੫) ੨. ਅ਼. قُرحائے ਕ਼ਰਹ਼ਾਇ. ਫੁੱਲਾਂ ਨਾਲ ਚਿੱਟਾ ਹੋਇਆ ਬਗ਼ੀਚਾ. "ਕੁਰਰੇ ਬਿਖੈ ਏਕ ਮੁਗਲ ਕੀ ਬਾਲ." (ਚਰਿਤ੍ਰ ੨੯੭) ੩. ਬਾਗ. ਉਪਵਨ.

ਕੁਰਰਾਨਾ: ਕ੍ਰਿ- ਕਰੜਾਉਣਾ. ਕ੍ਰੋਧ ਨਾਲ ਬੁੜਬੁੜਾਉਣਾ। ੨. ਖਿਝਣਾ. "ਕਨਕ ਦੇਖ ਕੁਰਰਾਤ." (ਪਾਰਸਾਵ) "ਲੇਤ ਦੇਤ ਆਪਨ ਕੁਰਰਾਨੇ." (ਵਿਚਿਤ੍ਰ)

ਕੁਰਰੀ: ਸੰ. ਸੰਗਯਾ- ਇੱਕ ਸ਼ਿਕਾਰੀ ਪੰਛੀ. ਕਰਾਕੁਲ। ੨. ਮੀਢੇ ਦੀ ਮਦੀਨ. ਮੇਸ਼ੀ। ੩. ਕੂੰਜ.

ਕੁਰਲ: ਸਯਾਹਚਸ਼ਮ ਇੱਕ ਸ਼ਿਕਾਰੀ ਪੰਛੀ, ਜੋ ਜਾਦਾ ਮੱਛੀਆਂ ਦਾ ਸ਼ਿਕਾਰ ਕਰਦਾ ਹੈ. ਚਾਰ ਪੰਜ ਸੇਰ ਦੀ ਮੱਛੀ ਨੂੰ ਉਠਾਕੇ ਆਲਨੇ ਵਿੱਚ ਜਾ ਬੈਠਦਾ ਹੈ. ਇਸ ਦਾ ਕੱਦ ਉਕਾਬ ਤੋਂ ਜਰਾ ਛੋਟਾ ਹੁੰਦਾ ਹੈ. ਪੰਜੇ ਬਹੁਤ ਤਿੱਖੇ ਅਤੇ ਭਾਰੀ ਹੁੰਦੇ ਹਨ. ਪੂਛ ਦੇ ਖੰਭ ਸਫੈਦੀਮਾਇਲ ਹੁੰਦੇ ਹਨ. ਇਹ ਪੰਜਾਬ ਵਿੱਚ ਭੀ ਆਂਡੇ ਦਿੰਦਾ ਹੈ. ਜਾਦਾ ਤੁਰਕਿਸਤਾਨ ਵਿੱਚ ਰਹਿੰਦਾ ਹੈ. ਮੁਰਗਾਬੀ

ਅਤੇ ਸਹੇ ਦਾ ਭੀ ਸ਼ਿਕਾਰ ਕਰ ਲੈਂਦਾ ਹੈ. ਤੁਰਕਿਸਤਾਨ ਵਿੱਚ ਕੁਰਲ ਨੂੰ ਸਿਖਾਕੇ ਲੂੰਬੜ ਅਤੇ ਹਰਨ ਦਾ ਸ਼ਿਕਾਰ ਕਰਦੇ ਹਨ. ਇਹ ਹਰਨ ਦੇ ਸਿਰ ਤੇ ਬੈਠਕੇ ਅੱਖਾਂ ਕੱਢ ਲੈਂਦਾ ਹੈ. ਇਸ ਦਾ ਨਾਉਂ ਕ਼ਰਾਕੂਸ਼ قراقوش ਭੀ ਹੈ.

ਕੁਰਲਾ: ਖ਼ਾ. ਸੰਗਯਾ- ਕੁਰਲੀ. ਮੂੰਹ ਸਾਫ ਕਰਨ ਲਈ ਮੂੰਹ ਵਿੱਚ ਪਾਣੀ ਲੈ ਕੇ ਗਲ੍ਹਾਂ (ਕਪੋਲਾਂ) ਦੇ ਬਲ ਨਾਲ ਪਾਣੀ ਮਥਕੇ ਬਾਹਰ ਸੁੱਟਣ ਦੀ ਕ੍ਰਿਯਾ. ਕੁਰਲ ਕੁਰਲ ਸ਼ਬਦ ਹੋਣ ਕਰਕੇ ਇਹ ਸੰਗਯਾ ਹੈ. ਖ਼ਾਲਸਾ ਇਸਤ੍ਰੀਲਿੰਗ ਸ਼ਬਦਾਂ ਨੂੰ ਅਕਸਰ ਪੁਲਿੰਗ ਬੋਲਦਾ ਹੈ.

ਕੁਰਲਾਉਣਾ: ਕ੍ਰਿ- ਕੁਰਰੀ (ਕੂੰਜ) ਵਾਂਙ ਅਲਾਉਣਾ (ਆਲਾਪ ਕਰਨਾ) "ਬਾਝੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ." (ਗਉ ਛੰਤ ਮਃ ੧) "ਅੰਬਰ ਕੂੰਜਾਂ ਕੁਰਲੀਆਂ." (ਸੂਹੀ ਮਃ ੧. ਕੁਚਜੀ) ਭਾਵ, ਬੁਢਾਪੇ ਕਾਰਨ ਦਿਮਾਗ ਵਿੱਚ ਸਾਂ ਸਾਂ ਹੋਣ ਲੱਗੀ.

ਕੁਰਲੀ: ਦੇਖੋ, ਕੁਰਲਾ.

ਕੁਰੜਾਉਣਾ: ਦੇਖੋ, ਕੁਰਰਾਨਾ.

ਕੁਰਾਹ: ਸੰਗਯਾ- ਕੁਮਾਰਗ. ਨਿੰਦਿਤ ਰਾਹ. ਕੁਪੰਥ.

ਕੁਰਾਹੀ: ਵਿ- ਕੁਮਾਰਗ ਚੱਲਣ ਵਾਲਾ. ਕੁਪੰਥੀ.

ਕੁਰਾਣ, ਕੁਰਾਣੁ, ਕ਼ੁਰਾਨ: ਅ਼. قران ਸੰਗਯਾ- ਕਿਤਾਬ. ਪੜ੍ਹਨਯੋਗ ਪੁਸ੍ਤਕ। ੨. ਅ਼ਰਬੀ ਬੋਲੀ ਵਿੱਚ ਮੁਸਲਮਾਨਾਂ ਦਾ ਧਰਮਗ੍ਰੰਥ, ਜੋ ਕ਼ੁਰਾਨ ਦੇ ਲੇਖ ਅਨੁਸਾਰ ਖ਼ੁਦਾ ਵੱਲੋਂ ਹਜਰਤ ਮੁਹੰਮਦ ਨੂੰ ਪ੍ਰਾਪਤ ਹੋਇਆ. ਕੁਰਾਨ ਨਾਲ ਆਦਰ ਬੋਧਕ ਮਜੀਦ, ਸ਼ਰੀਫ਼ ਆਦਿ ਸ਼ਬਦ ਲਾਏ ਜਾਂਦੇ ਹਨ. ਜਲਾਲੁੱਦੀਨ ਸਯੂਤ਼ੀ ਕ਼ੁਰਾਨ ਦੇ ੫੫ ਨਾਉਂ ਲਿਖਦਾ ਹੈ.

ਕ਼ੁਰਾਨ ਦੇ ਸਾਰੇ ਅੱਖਰ ੩੨੩੭੪੧, ਪਦ ੭੯੪੩੯, ਆਯਤਾਂ ੬੬੬੬ ਅਤੇ ਸੂਰਤਾਂ ੧੧੪ ਹਨ. ਇਨ੍ਹਾਂ ਸੂਰਤਾਂ ਦੀਆਂ ਹੀ ਇੱਕ ਮਹੀਨੇ ਵਿੱਚ ਪਾਠ ਕਰਨ ਲਈ ਸੱਤ ਮੰਜ਼ਲਾਂ ਥਾਪ ਲਈਆਂ ਹਨ. ਕ਼ੁਰਾਨ ਦੀਆਂ ਸੂਰਤਾਂ ਦੇ ਮੁੱਢ ਕਿਤੇ ਕਿਤੇ ਅਲਿਫ਼, ਲਾਮ, ਮੀਮ ਆਦਿ ਅੱਖਰ ਆਉਂਦੇ ਹਨ, ਜਿਨ੍ਹਾਂ ਦੇ ਕਈ ਵਿਦ੍ਵਾਨ ਆਪਣੀ ਸਮਝ ਅਨੁਸਾਰ ਅਰਥ ਕਰਦੇ ਹਨ, ਪਰ ਕਈ ਆਖਦੇ ਹਨ ਕਿ ਖ਼ੁਦਾ ਹੀ ਇਨ੍ਹਾਂ ਅੱਖਰਾਂ ਦਾ ਮਤਲਬ ਜਾਣਦਾ ਹੈ. ਕ਼ੁਰਾਨ ਵਿੱਚ ਇਹ ਭੀ ਲਿਖਿਆ ਹੈ ਕਿ ਕਈ ਆਯਤਾਂ ਦਾ ਅਰਥ ਖ਼ੁਦਾ ਬਿਨਾ ਹੋਰ ਕੋਈ ਭੀ ਨਹੀਂ ਜਾਣਦਾ. ਦੇਖੋ, ਸੂਰਤ ਆਲੇ ਇਮਰਾਂ, ਆਯਤ ੬.

ਕ਼ੁਰਾਨ ੨੩ ਵਰ੍ਹੇ ਵਿੱਚ ਮੁਹੰਮਦ ਸਾਹਿਬ ਨੂੰ ਉਤਰਦਾ ਰਿਹਾ ਹੈ, ਕਦੇ ਫ਼ਰਿਸ਼ਤਾ ਜਿਬਰਾਈਲ ਦੀ ਮਾਰਫ਼ਤ, ਕਦੇ ਸੁਪਨੇ ਵਿੱਚ, ਕਦੇ ਹਜਰਤ ਮੁਹੰਮਦ ਨੂੰ ਆਸਮਾਨ ਤੋਂ ਆਵਾਜ਼ ਆਉਂਦੀ ਹੁੰਦੀ ਸੀ. ਕ਼ੁਰਾਨ ਵਿੱਚ ਏਹ ਭੀ ਲੇਖ ਹੈ ਕਿ ਇਸ ਦੀਆਂ ਸਾਰੀਆਂ ਆਯਤਾਂ ਖ਼ੁਦਾ ਦੇ ਰੋਜ਼ਨਾਮਚੇ "ਲੌਹ਼ ਮਹ਼ਿਫ਼ੂਜ" ਵਿੱਚ ਲਿਖੀਆਂ ਹੋਈਆਂ ਹਨ. ਦੇਖੋ, ਸੂਰਤ "ਜ਼ੁਖ਼ਰੁਫ਼" ਆਯਤ ੪. "ਵਖਤ ਨ ਪਾਇਓ ਕਾਦੀਆਂ ਜਿ ਲਿਖਨਿ ਲੇਖੁ ਕੁਰਾਣੁ." (ਜਪੁ) "ਪੜਹਿ ਕਤੇਬ ਕੁਰਾਣਾ." (ਸ੍ਰੀ ਮਃ ੧) "ਬੇਦ ਪੁਰਾਨ ਕੁਰਾਨ ਦੁਹੂ ਮਿਲ ਭਾਂਤ ਅਨੇਕ ਵਿਚਾਰ ਵਿਚਾਰਾ." (੩੩ ਸਵੈਯੇ)

ਕੁਰਾਲੀ: ਇੱਕ ਕਸਬਾ, ਜੋ ਜਿਲਾ ਅੰਬਾਲਾ, ਤਸੀਲ ਰੋਪੜ ਵਿੱਚ ਹੈ. ਇਸ ਥਾਂ ਦੋ ਗੁਰਦ੍ਵਾਰੇ ਹਨ-

(੧) ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ.

(੨) ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ.

ਕੁਰਿੰਦ: ਡਿੰਗ. ਸੰਗਯਾ- ਕੰਗਾਲੀ. ਨਿਰਧਨਤਾ.

ਕੁਰੀ, ਕੁਰੀਆ: ਦੇਖੋ, ਕੁੜੀ। ੨. ਸੰਗਯਾ- ਪਗਡੰਡੀ. ਪਹੀ. "ਛੋਡ ਦੁਬਿਧਾ ਕੀ ਕੁਰੀਆ." (ਸੂਹੀ ਮਃ ੫. ਪੜਤਾਲ) ੩. ਨਦੀ ਦਾ ਕਿਨਾਰਾ. ਕੰਢਾ. "ਕੁਰੀਏ ਕੁਰੀਏ ਵੈਦਿਆ!" (ਵਾਰ ਮਾਰੂ ੨. ਮਃ ੫) ਹੇ ਕਿਨਾਰੇ ਕਿਨਾਰੇ ਜਾਂਦਿਆ!

ਕੁਰੀਤਿ: ਸੰਗਜਾ- ਨਿੰਦਿਤ ਰੀਤਿ. ਬੁਰੀ ਰਸਮ.

ਕੁਰੁ: ਭਰਤ ਦੀ ਵੰਸ਼ ਵਿੱਚ ਚੰਦ੍ਰਵੰਸ਼ੀ ਰਾਜਾ ਸੰਵਰਣ ਦਾ ਪੁਤ੍ਰ, ਜੋ ਰਾਣੀ ਤਪਤੀ ਦੇ ਉਦਰ ਤੋਂ ਪੈਦਾ ਹੋਇਆ. ਇਹ ਵਡਾ ਧਰਮਾਤਮਾ ਲਿਖਿਆ ਹੈ. ਇਸੇ ਤੋਂ ਕੁਰੁਵੰਸ਼ (ਕੌਰਵ) ਅਤੇ ਕੁਰੁਕ੍ਸ਼ੇਤ੍ਰ ਪ੍ਰਸਿੱਧ ਹਨ. ਦੇਖੋ, ਕੁਰੁਕ੍ਸ਼ੇਤ੍ਰ ਅਤੇ ਕੁਰੁਵੰਸ਼। ੨. ਕੁਰੁ ਦੀ ਵੰਸ਼ ਵਿੱਚ ਹੋਣ ਵਾਲਾ ਪੁਰਖ। ੩. ਕਰਣ ਦੀ ਆਗਜਾ. ਕਰ. ਜਿਵੇਂ- ਪਠਨੰ ਕੁਰੁ। ੪. ਭਾਤ. ਰਿੱਝੇ ਹੋਏ ਚਾਉਲ.

ਕੁਰੁਕ੍ਸ਼ੇਤ੍ਰ: ਕੁਰੁ ਰਾਜਾ ਦੇ ਨਾਉਂ ਤੋਂ ਇੱਕ ਇਲਾਕਾ, ਜੋ ਘੱਗਰ ਨਦੀ ਦੇ ਉੱਤਰ ਅਤੇ ਸਰਸ੍ਵਤੀ ਦੇ ਦੱਖਣ ਹੈ. ਇਸ ਦਾ ਪ੍ਰਮਾਣ ਬਾਰਾਂ ਯੋਜਨ ਹੈ. ਇਸ ਵਿੱਚ ੩੬੫ ਤੀਰਥ ਲਿਖੇ ਹਨ. ਕੁਰੁਕ੍ਸ਼ੇਤ੍ਰ ਦਾ ਜਿਕਰ ਰਿਗਵੇਦ ਵਿੱਚ ਭੀ ਦੇਖੀਦਾ ਹੈ. ਮਹਾਭਾਰਤ ਦੇ ਸ਼ਲਜ ਪਰਵ ਦੇ ੫੩ ਵੇਂ ਅਧਜਾਯ ਵਿੱਚ ਲਿਖਿਆ ਹੈ ਕਿ ਕੁਰੁ ਰਾਜਰਿਖੀ ਨੇ ਇਸ ਥਾਂ ਕਸ਼ੰਣ ਕੀਤਾ ਹੈ, ਜਿਸ ਕਾਰਣ ਕੁਰੁਕ੍ਸ਼ੇਤ੍ਰ ਨਾਉਂ ਹੋਇਆ ਹੈ. ਕਸ਼ੰਣ ਦਾ ਅਰਥ ਹਲ ਵਾਹੁਣਾ ਹੈ. ਯਗਜ ਲਈ ਜ਼ਮੀਨ ਸਾਫ ਕਰਨ ਵਾਸਤੇ ਰਾਜੇ ਆਪ ਹਲ ਵਾਹਿਆ ਕਰਦੇ ਸਨ.

ਕੌਰਵ ਪਾਂਡਵਾਂ ਦਾ ਯੁੱਧ ਇਸੇ ਥਾਂ ਹੋਇਆ ਹੈ. ਇਸ ਥਾਂ ਭਾਰਤ ਦੇ ਹੋਰ ਭੀ ਵਡੇ ਵਡੇ ਜੰਗ ਹੋਏ ਹਨ. ਕੁਰੁਕ੍ਸ਼ੇਤ੍ਰ ਹੁਣ ਈ. ਆਈ. ਰੇਲਵੇ ਦਾ ਸਟੇਸ਼ਨ ਹੈ, ਅਤੇ ਇਸ ਦਾ ਰਕਬਾ ਅੰਬਾਲਾ ਅਤੇ ਕਰਨਾਲ ਦੇ ਜਿਲੇ ਵਿੱਚ ਹੈ.

ਕੁਰੁਕ੍ਸ਼ੇਤ੍ਰਵਾਸੀ ਇਹ ਭੀ ਕਹਿੰਦੇ ਹਨ ਕਿ ਜਦ ਵਿਸ਼ਨੁ ਨੇ ਮਧੁ ਕੈਟਭ ਦੈਤ ਮਾਰੇ, ਤਦ ਉਨ੍ਹਾਂ ਦੀ ਮਿੰਜ (ਮਿੱਝ) ਸਾਰੇ ਜਲ ਪੁਰ ਫੈਲ ਗਈ, ਪਰ ੪੮ ਕੋਸ ਵਿੱਚ ਵਿਸ਼ਨੁ ਦੀ ਚੌਕੜੀ ਲਗੀ ਹੋਈ ਸੀ, ਇਸ ਕਰਕੇ ਇਸ ਥਾਂ ਮਿੰਜ ਨਹੀਂ ਆਈ, ਜਿਸ ਕਾਰਣ ਇਹ ਪਰਮ ਪਵਿਤ੍ਰ ਭੂਮਿ ਹੈ. ਕੁਰੁਕ੍ਸ਼ੇਤ੍ਰ ਦੇ ਗੁਰਦ੍ਵਾਰਿਆਂ ਬਾਬਤ ਦੇਖੋ, ਥਨੇਸਰ ਸ਼ਬਦ.

ਕੁਰੁਖ: ਸੰਗਜਾ- ਕੁਰੁਹ. ਨਿੰਦਿਤ ਬਿਰਛ. ਇਰੰਡ। ੨. ਅੱਕ। ੩. ਬੁਰਾ ਰੁਖ਼ (ਚੇਹਰਾ).

ਕੁਰੁਖੇਤ, ਕੁਰੁਖੇਤ੍ਰ: ਦੇਖੋ, ਕੁਰੁਕ੍ਸ਼ੇਤ੍ਰ.

ਕੁਰੁਖੰਡ: "ਗੇ ਕੁਰੁਖੰਡ ਹੁਤੋ ਜਿਹ ਠੌਰੰ." (ਨਾਪ੍ਰ) ਵਿਦ੍ਵਾਨਾਂ ਨੇ ਹਿਮਾਲੇ ਦੇ ਉੱਤਰ ਭਾਗ ਨੂੰ ਉੱਤਰਕੁਰੁ ਅਤੇ ਦੱਖਣ ਭਾਗ ਨੂੰ ਦਕ੍ਸ਼ਿਣਕੁਰੁ ਮੰਨਿਆ ਹੈ.

ਕੁਰੁਛੇਤ੍ਰ: ਦੇਖੋ, ਕੁਰੁਕ੍ਸ਼ੇਤ੍ਰ.

ਕੁਰੁਤਾ: ਵਿ- ਬੇਮੌਸਮਾ. "ਕੁਰੁਤਾ ਬੀਜ ਬੀਜੈ ਨਹਿ ਜੰਮੈ." (ਮਾਰੂ ਸੋਲਹੇ ਮਃ ੫) ੨. ਦੇਖੋ, ਕੁਰਤਾ.

ਕੁਰੁਮ: ਦੇਖੋ, ਕੁਰਮ ਅਤੇ ਖੁਰਮਾ। ੨. ਕ੍ਰਿਯਾ ਪਦ. ਅਸੀਂ ਕਰਦੇ ਹਾਂ.

ਕੁਰੁਰਾਇ, ਕੁਰੁਰਾਜ, ਕੁਰੁਰਾਯ: ਕੌਰਵਾਂ ਦਾ ਰਾਜਾ. ਦੁਰਯੋਧਨ. "ਤਹਾਂ ਭੀਮ ਕੁਰੁਰਾਜ ਸੋਂ ਜੁੱਧ ਮਚਯੋ."(ਜਨਮੇਜਯ)

ਕੁਰੁਵੰਸ਼: ਕੁਰੁ ਰਾਜਾ ਦੀ ਕੁਲ. ਪੁਰਾਣਾਂ ਅਨੁਸਾਰ ਕੁਰੁਵੰਸ਼ ਦਾ ਵ੍ਰਿਕ੍ਸ਼ (ਸ਼ਜਰਾ) ਇਹ ਹੈ::-

ਅਤ੍ਰਿ
।
ਚੰਦ੍ਰਮਾ
।
ਬੁਧ
।
ਆਯੁ
।
ਨਹੁਸ਼

|

| ਯਦੁ[387] | ਪੁਰੁ |
|---|---|
| \| | \| |
| ਵ੍ਰਿਸ਼ਨਿ | ਦੁਸ਼ਯੰਤ |
| \| | \| |
| ਦੇਵਰਾਤ੍ਰ | ਭਰਤ |
| \| | \| |
| ਅੰਧ੍ਰਕ | ਹਸ੍ਤਿਨ |
| \| | \| |
| ਸੂਰ | ਕੁਰੁ[388] |
| \| | \| |
| ਵਸੁਦੇਵ | ਸ਼ਾਂਤਨੁ |
| \| | \| |
| ਬਲਰਾਮ ਕ੍ਰਿਸ਼ਨ | ਭੀਸ਼ਮ ਵਿਚਿਤ੍ਰ ਵੀਰਯ |
| | \| |
| | ਪ੍ਰਦ੍ਯੁਮਨ ਆਦਿ। |

ਵਿਚਿਤ੍ਰਵੀਰਯ ਦੀਆਂ ਦੋ ਵਿਧਵਾ ਰਾਣੀਆਂ ਅੰਬਿਕਾ ਅਤੇ ਅੰਬਾਲਿਕਾ, ਤੋਂ ਵ੍ਯਾਸ ਰਿਖੀ ਨੇ ਕ੍ਸ਼ੇਤ੍ਰਜ ਸੰਤਾਨ ਪੈਦਾ ਕੀਤੀ.

| ਅੰਬਿਕਾ ਤੋਂ | ਅੰਬਾਲਿਕਾ ਤੋਂ |
|---|---|
| \| | \| |
| ਧ੍ਰਿਤਰਾਸ਼੍ਟ੍ਰ | ਪਾਂਡੁ[389] |
| \| | \| |
| ਦਰਯੋਧਨ ਆਦਿ ਸੌ ਪੁਤ੍ਰ। | ਯੁਧਿਸ਼੍ਠਿਰ ਆਦਿ ਪੰਜ ਭਾਈ. |

ਪਾਂਡੁ ਦੇ ਪੰਜ ਪੁਤ੍ਰ ਕ੍ਸ਼ੇਤ੍ਰਜ ਹੋਏ- ਰਾਣੀ ਕੁੰਤੀ ਤੋਂ ਯੁਧਿਸ਼੍ਠਿਰ, ਭੀਮਸੇਨ ਅਤੇ ਅਰਜੁਨ. ਰਾਣੀ ਮਾਦ੍ਰੀ ਤੋਂ ਨਕੁਲ ਅਤੇ ਸਹਦੇਵ, ਪਰ ਵੰਸ਼ ਕੇਵਲ ਅਰਜੁਨ ਦਾ ਚੱਲਿਆ.

ਅਰਜੁਨ<br>
|<br>
ਅਭਿਮਨ੍ਯੁ<br>
|<br>
ਪਰੀਕ੍ਸ਼ਿਤ

[387] ਇਸ ਤੋਂ ਕੁਲ ਦਾ ਨਾਉਂ "ਯਾਦਵ" ਹੋਇਆ.
[388] ਇਸ ਤੋਂ ਕੁਲ ਦਾ ਨਾਉਂ "ਕੌਰਵ" ਹੋਇਆ ਹੈ.
[389] ਇਸ ਤੋਂ ਪਾਂਡਵਵੰਸ਼ ਪ੍ਰਸਿੱਧ ਹੋਇਆ.

।
जनमेजय.

ਕੁਰੂਪ: ਵਿ- ਬੁਰੀ ਸ਼ਕਲ ਵਾਲਾ. ਬਦਸ਼ਕਲ.

ਕੁਰੂਪਿ: ਕੁਰੂਪਾ. ਭੱਦੀ ਸ਼ਕਲ ਵਾਲੀ. "ਪਹਿਲੀ ਕੁਰੂਪਿ ਕੁਜਾਤਿ ਕੁਲਖਨੀ." (ਆਸਾ ਕਬੀਰ)

ਕੁਰੇਸ: ਅ. قریش. ਕਰੈਸ਼. ਸੰਗਯਾ- ਅ਼ਰਬ ਦੀ ਇੱਕ ਪ੍ਰਸਿੱਧ ਕੁਲ, ਜਿਸ ਵਿੱਚ ਮੁਹੰਮਦ ਸਾਹਿਬ ਦਾ ਦਾਦਾ ਅਬਦੁਲ ਮੁਤੱਲਿਬ ਪ੍ਰਧਾਨ ਸੀ.

ਕੁਰੇਸੀ: ਵਿ- ਕ਼ੁਰੈਸ਼ ਵੰਸ਼ੀ. "ਕੰਧਾਰੀ ਕੁਰੇਸੀ ਜਾਨੈ." (ਅਕਾਲ)

ਕੁਰੇਲਨਾ: ਕ੍ਰਿ- ਕੁ (ਪ੍ਰਿਥਿਵੀ) ਨੂੰ ਵਿਖੇਰਨਾ. ਫਰੋਲਣਾ.

ਕੁਰੈਸ਼: ਦੇਖੋ, ਕੁਰੇਸ.

ਕੁਰੰਕ, ਕੁਰੰਗ: ਸੰ. कुङ्ग ਸੰਗਯਾ- ਮ੍ਰਿਗ. ਹਰਿਣ. "ਕੁਰੰਕ ਨਾਦੈ ਨੇਹੁ." (ਬਿਲਾ ਅਃ ਮਃ ੫) "ਤੁਰੰਗ ਕੁਰੰਗ ਸੇ ਕੂਦਤ." (ਅਕਾਲ)

ਕੁਰੰਗਰਿਪੁ: ਸ਼ੇਰ. "ਜਾਹਿਂ ਕੁਰੰਗਨ ਕੇ ਰਿਪੁ ਸੀ ਕਟਿ." (ਕ੍ਰਿਸਨਾਵ)

ਕੁਰੰਡ: ਸੰ. कुरण्ड ਸੰਗਯਾ- ਅੰਡ (ਫੋਤੇ) ਵਧਣ ਦੀ ਬੀਮਾਰੀ. ਅੰਡਵ੍ਰਿੱਧਿ. "ਜੁਰ ਸੀਤ ਗੁਲਮ ਕੁਰੰਡ." (ਸਲੋਹ) ਦੇਖੋ, ਅੰਡਵ੍ਰਿੱਧਿ। ੨. ਸੰ. कुरूविन्द ਕੁਰੁਵਿੰਦ. ਇੱਕ ਪ੍ਰਕਾਰ ਦਾ ਪੱਥਰ, ਜਿਸ ਨੂੰ ਤੇਲ ਵਿੱਚ ਮਿਲਾਕੇ ਸ਼ਸਤ੍ਰਾਂ ਦੀ ਮੈਲ ਉਤਾਰਦੀ ਹੈ. ਉਸ ਦੇ ਚੂਰਣ ਨਾਲ ਲਾਖ ਆਦਿਕ ਮਿਲਾਕੇ ਸ਼ਸਤ੍ਰ ਤਿੱਖੇ ਕਰਨ ਲਈ ਸਾਣ ਬਣਾਈਦਾ ਹੈ। ੩. कुरण्ट ਇੱਕ ਬੂਟੀ, ਜਿਸ ਦਾ ਨਾਉਂ 'ਬਹੁਫਲੀ' ਭੀ ਹੈ. ਇਹ ਧਾਤੁ ਪੁਸ਼੍ਟ ਕਰਨ ਲਈ ਉੱਤਮ ਹੈ. Barleria Prionitis.

ਕੁਲ: ਸੰ. ਸੰਗਯਾ- ਨਸਲ. ਵੰਸ਼. "ਕੁਲਹ ਸਮੂਹ ਸਗਲ ਉਧਰਣੰ." (ਗਾਥਾ) ੨. ਆਬਾਦ ਦੇਸ਼। ੩. ਘਰ. ਗ੍ਰਿਹ। ੪. ਅ਼. ਕੱਲ. ਤਮਾਮ. ਸਭ. ਦੇਖੋ, ਕੁੱਲ. ਆਪਿ ਤਰਿਆ ਕੁਲ ਜਗਤ ਤਰਾਇਆ." (ਵਾਰ ਗੂਜ ੧. ਮਃ ੩. )

ਕੁਲਅੰਕੁਸ਼: ਸੰਗਯਾ- ਕੁਲ ਦਾ ਡਰ. ਖ਼ਾਨਦਾਨ ਦੇ ਲੋਕਾਂ ਦਾ ਖ਼ੌਫ਼.

ਕੁਲਸ: ਦੇਖੋ, ਕੁਲਿਸ.

ਕੁਲਹ: ਕੁਲ ਦਾ ਬਹੁਵਚਨ. ਕੁਲਾਨਿ. ਦੇਖੋ, ਕੁਲ। ੨. ਫ਼ਾ. کلاہ ਕੁਲਾਹ. ਸੰਗਯਾ- ਟੋਪੀ. "ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ." (ਵਾਰ ਮਲਾ ਮਃ ੧) "ਤਾਜ ਕੁਲਹ ਸਿਰਿ ਛਤ੍ਰ ਬਨਾਵਉ." (ਗਉ ਅਃ ਮਃ ੧) ੩. ਮੁਕੁਟ.

ਕੁਲਹਤ੍ਰੁਤਾ, ਕੁਲਹਤਜਾ: ਸੰਗਯਾ- ਕੁਲਘਾਤ. "ਕਈ ਬਾਣ ਕੁਲਹਤ੍ਰੁਤਾ ਕੋ ਚਲਾਏ." (ਪਾਰਸਾਵ)

ਕੁਲਹਾ: ਵਿ- ਕੁਲਘਾਤਕ। ੨. ਦੇਖੋ, ਕੁਲਹ। ੩. ਦੇਖੋ, ਕੁਲਾਭ.

ਕੁਲਕ: ਸੰ. ਸੰਗਯਾ- ਇੱਕ ਬਿਰਛ, ਜਿਸ ਨੂੰ ਮਕਰਤੇਂਦੂਆ ਭੀ ਆਖਦੇ ਹਨ. L. strychnos Nuxvomica । ੨. ਕੁਚਲੇ ਦਾ ਬਿਰਛ। ੩. ਹਰੇ ਰੰਗ ਦਾ ਸੱਪ। ੪. ਦੀਪਕ. ਦੀਵਾ। ੫. ਇੱਕ ਛੰਦ. ਦਸਮਗ੍ਰੰਥ ਵਿੱਚ ਕੁਲਕ ਦਾ ਰੂਪ ਹੈ- ਚਾਰ ਚਰਣ, ਪ੍ਰਤਿ ਚਰਣ- ਭ, ਜ. SII, ISI.

ਉਦਾਹਰਣ-

ਧੰਧਕਤ ਇੰਦ। ਚੰਚਕਤ ਚੰਦ।

ਥੰਥਕਤ ਪੌਨ। ਭੰਭਜਤ ਮੌਨ।। (ਦੱਤਾਵ)

(ਅ) ਦੂਜਾ ਰੂਪ ਹੈ- ਪ੍ਰਤਿ ਚਰਣ ਅੱਠ ਮਾਤ੍ਰਾ, ਅੰਤ ਦੋ ਗੁਰੁ. ਇਸ ਭੇਦ ਦਾ ਨਾਉਂ "ਛਕਤ" ਭੀ ਹੈ.

ਉਦਾਹਰਣ-

ਦੁੰਦਭਿ ਬਾਜੇ। ਸਭ ਸੁਰ ਗਾਜੇ.

ਸੀਸ ਨਿਵਾਯੇ। ਸਭ ਸੁਖ ਪਾਏ।। (ਚੰਡੀ ੨)

(ੲ) ਤੀਜਾ ਰੂਪ ਹੈ, ਪ੍ਰਤਿ ਚਰਣ ੮. ਮਾਤ੍ਰਾ. ਅੰਤ ਗੁਰੁ ਲਘੁ ਦਾ ਨਿਯਮ ਨਹੀਂ, ਇਸ ਭੇਦ ਦਾ ਨਾਉਂ "ਪ੍ਰਸਿੱਧ" ਹੈ.

ਉਦਾਹਰਣ-

ਗਹਿ ਬਹੁ ਬਰਿਯਤ। ਨਰਕਹਿੰਡਰਿਯਤ।

ਅਸ ਦੁਰਕਰਮੰ। ਛੁਟ ਜਗ ਧਰਮੰ। (ਕਲਕੀ)

ਪਾਪਨ ਭਰਜਨ। ਪੁਨਜਨ ਭਰ ਜਨ।

ਮਰਜਨ ਕਰ ਜਨ। ਕਰਤ ਅਮਰ ਜਨ ॥[390]

(ਚਕ੍ਰਧਰਚਰਿਤ੍ਰ ਚਾਰੁਚੰਦ੍ਰਿਕਾ)

੬. ਤਿੰਨ ਸਲੋਕਾਂ ਵਿੱਚ ਇੱਕ ਕ੍ਰਿਯਾਪਦ ਆਵੇ, ਅਰਥਾਤ ਜੋ ਬਾਤ ਸ਼ੁਰੂ ਕੀਤੀ ਹੈ ਉਹ ਤਿੰਨ ਸਲੋਕਾਂ ਵਿੱਚ ਖਤਮ ਹੋਵੇ, ਉਸ ਨੂੰ "ਕੁਲਕ" ਆਖਦੇ ਹਨ.

ਕੁਲਕਾ: ਇੱਕ ਛੰਦ. ਦਸਮਗ੍ਰੰਥ ਵਿੱਚ ਇਹ "ਸ਼ਸ਼ਿਵਦਨਾ" ਦਾ ਹੀ ਰੂਪ ਹੈ. ਅਰਥਾਤ ਪ੍ਰਤਿ ਚਰਣ, ਨ, ਯ. III, ISS.

ਉਦਾਹਰਣ-

ਸਰਸਿਜ ਰੂਪੰ। ਸਭ ਭਟ ਭੂਪੰ।

ਅਤਿ ਛਬਿ ਸੋਭੰ। ਮੁਨਿਗਨ ਲੋਭੰ ॥ (ਕਲਕੀ)

ਕੁਲਕੁਲ, ਕ਼ੁਲਕ਼ੁਲ: ਫ਼ਾ. قلقل ਅਨੁ- ਸੁਰਾਹੀ ਅਥਵਾ ਬੋਤਲ ਵਿੱਚੋਂ ਪਾਣੀ ਸ਼ਰਾਬ ਆਦਿ ਦੇ ਨਿਕਲਨ ਤੋਂ ਹੋਈ ਧੁਨਿ.

ਕੁਲਛਣ, ਕੁਲਖਣ: ਸੰਗਜਾ- ਨਿੰਦਿਤ ਲੱਛਨ. ਬੁਰੀ ਅਲਾਮਤ.

ਕੁਲਖਣਾ, ਕੁਲਖਣੀ, ਕੁਲਖਨੀ: ਵ- ਬੁਰੇ ਲੱਛਣਾਂ ਵਾਲਾ. ਬੁਰੇ ਲੱਛਣਾਂ ਵਾਲੀ. ਨਿੰਦਿਤ ਹਨ ਜਿਸ ਦੇ ਲੱਛਣ. "ਪਿਰ ਕਾ ਹੁਕਮ ਨ ਜਾਣਈ ਭਾਈ! ਸਾ ਕੁਲਖਣੀ." (ਸੋਰ ਅਃ ਮਃ ੩) "ਪਹਿਲੀ ਕੁਰੂਪਿ ਕੁਜਾਤਿ ਕੁਲਖਨੀ." (ਆਸਾ ਕਬੀਰ)

ਕੁਲਖੇਤ: ਦੇਖੋ, ਕੁਰੁਕ੍ਸ਼ੇਤ੍ਰ. "ਮੋਹਨ ਆਏ ਹੈਂ ਕੁਲਖੇਤ." (ਕ੍ਰਿਸਨਾਵ)

ਕੁਲਖੇਤਿ: ਕੁਰੁਕ੍ਸ਼ੇਤ੍ਰ ਤੀਰਥ ਤੇ. "ਜੇ ਓਹ ਗ੍ਰਹਨ ਕਰੈ ਕੁਲਖੇਤਿ." (ਗੌਂਡ ਰਵਿਦਾਸ)

ਕੁਲਘਾਤੀ, ਕੁਲਘ੍ਨ: ਵਿ- ਕੁਲਘਾਤ ਕਰਨ ਵਾਲਾ. ਵੰਸ਼ਵਿਨਾਸ਼ਕ.

ਕੁਲਚਾ: ਫ਼ਾ. کلچہ ਖ਼ਮੀਰਦਾਰ ਫੁੱਲੀ ਹੋਈ ਛੋਟੀ ਰੋਟੀ.

ਕੁਲਜਨ: ਕੁਲ ਦੇ ਲੋਕ. "ਕੁਲਜਨ ਮਧੇ ਮਿਲਯੋ ਸਾਰੰਗਪਾਨ ਰੇ." (ਧਨਾ ਤ੍ਰਿਲੋਚਨ) ਕੁਲ ਦੇ ਲੋਕਾਂ ਵਿੱਚ ਵਿਸ਼ਨੁ ਸ਼ਾਮਿਲ

---

[390] ਪਾਪਾਂ ਨੂੰ ਭਰਜਨ (ਭੁੰਨ ਦਿੰਦੇ) ਹਨ. ਪੁੰਨਾ ਨਾਲ ਜਨਾਂ ਨੂੰ ਭਰ ਦਿੰਦੇ ਹਨ। ਜਨ (ਦਾਸਾਂ) ਨੂੰ ਮਾਰਜਨ (ਸ਼ੁੱਧ) ਕਰਕੇ ਅਮਰ ਕਰ ਦਿੰਦੇ ਹਨ।

ਹੋਇਆ. ਭਾਵ, ਕ੍ਰਿਸ਼ਨਦੇਵ ਚੰਦ੍ਰਵੰਸ਼ ਵਿੱਚ ਜਨਮਿਆ.

ਕੁਲਟਾ: ਸੰ. ਸੰਗ੍ਯਾ- ਵਿਭਚਾਰ ਲਈ ਕੁਲ ਕੁਲ ਵਿੱਚ ਅਟਨ (ਵਿਚਰਣ) ਵਾਲੀ ਇਸਤ੍ਰੀ. "ਜੋ ਬਹੁ ਲੋਗਨ ਸੋਂ ਤਿਯਾ ਰਾਖਤ ਰਤਿ ਕੀ ਚਾਹ। ਕੁਲਟਾ ਤਾਂਹਿ ਬਖਾਨਹੀਂ ਜੇ ਕਵੀਨ ਕੇ ਨਾਹ." (ਪਦਮਾਕਰ)

ਕੁਲਦੀਪ, ਕੁਲਦੀਪਕ: ਵਿ- ਕੁਲ ਦਾ ਦੀਵਾ. ਜੋ ਵੰਸ਼ ਨੂੰ ਰੌਸ਼ਨ ਕਰੇ. ਸੁਪੁਤ੍ਰ। ੨. ਜੋਤਿਸ਼ ਅਨੁਸਾਰ ਜਨਮਪਤ੍ਰੀ ਵਿੱਚ ਇੱਕ ਯੋਗ ਦਾ ਨਾਮ, ਜਿਸ ਦੇ ਜਨਮਲਗਨ ਵਿੱਚ ਸ਼ੁਕ੍ਰ ਅਥਵਾ ਬੁਧ ਹੋਵੇ ਅਤੇ ਜਿਸ ਦੇ ਲਗਨ ਵਿੱਚ ਜਾਂ ਚੌਥੇ ਜਾਂ ਸੱਤਵੇਂ ਜਾਂ ਦਸਵੇਂ ਵ੍ਰਿਹਸਪਤਿ ਹੋਵੇ ਅਤੇ ਦਸਵੇਂ ਜਿਸ ਦੇ ਮੰਗਲ ਹੋਵੇ, ਉਹ ਪੁਰੁਸ਼ ਕੁਲ ਦਾ ਦੀਵਾ ਪੈਦਾ ਹੋਇਆ ਸਮਝੋ.[391]

ਕੁਲਦੇਵ: ਕੁਲ ਦਾ ਪੂਜ੍ਯ ਦੇਵਤਾ.

ਕੁਲਦ੍ਰੋਹੀ: ਵਿ- ਕੁਲਘਾਤਕ. ਕੁਲ ਦਾ ਵੈਰੀ.

ਕੁਲਧਰਮ: ਸੰਗ੍ਯਾ- ਵੰਸ਼ ਦਾ ਧਰਮ. ਖ਼ਾਨਦਾਨ ਦਾ ਅੰਗੀਕਾਰ ਕੀਤਾ ਕਰਮ.

ਕੁਲਪਤਿ: ਸੰਗ੍ਯਾ- ਖ਼ਾਨਦਾਨ ਦਾ ਸਰਦਾਰ। ੨. ਉਹ ਰਿਖੀ, ਜੋ ਦਸ ਹਜ਼ਾਰ ਵਿਦ੍ਯਾਰਥੀਆਂ ਨੂੰ ਅੰਨ ਅਤੇ ਵਿਦ੍ਯਾ ਦੇਵੇ.

ਕੁਲਪਰਬਤ: ਸੰਗ੍ਯਾ- ਪ੍ਰਿਥਿਵੀ ਦੇ ਪ੍ਰਸਿੱਧ ਪਹਾੜ, ਜੋ ਆਪਣੀ ਆਪਣੀ ਧਾਰਾ ਦੇ ਪ੍ਰਧਾਨ ਹਨ. ਕੁਲਚਾਲ. ਇਨ੍ਹਾਂ ਦੀ ਗਿਣਤੀ ਪੁਰਾਣਾਂ ਵਿੱਚ ਸੱਤ ਲਿਖੀ ਹੈ- ਮਹੇਂਦ੍ਰ, ਮਲਯ, ਸਹ੍ਯ, ਸ਼ੁਕ੍ਤਿਮਾਨ, ਰਿਕ੍ਸ਼, ਵਿੰਧ੍ਯ ਅਤੇ ਪਾਰਿਪਾਤ੍ਰ, ਕਿਤਨੇ ਰਿਕ੍ਸ਼ ਦੀ ਥਾਂ ਗੰਧਮਾਦਨ ਗਿਣਦੇ ਹਨ.

ਕੁਲਪਾਲਕ: ਵਿ- ਵੰਸ਼ (ਖ਼ਾਨਦਾਨ) ਦੀ ਪਾਲਨਾ ਕਰਨ ਵਾਲਾ। ੨. ਸੰਗ੍ਯਾ- ਕਾਂਉਂ. ਕਾਕ। ੩. ਮੁਰਗਾ. ਕੁੱਕੜ। ੪. ਕਬੂਤਰ। ੫. ਕਾਯਸ੍ਥ (ਕਾਇਥ)

ਕੁਲਪੂਜ, ਕੁਲਪੂਜ੍ਯ: ਵਿ- ਖ਼ਾਨਦਾਨ (ਵੰਸ਼) ਵਿੱਚ ਪੂਜਣ ਯੋਗ੍ਯ। ੨. ਸੰਗ੍ਯਾ- ਵੰਸ਼ ਦਾ ਦੇਵਤਾ.

ਕੁਲਫ: ਅ਼. قفل. ਕ਼ੁਫ਼ਲ. ਸੰਗ੍ਯਾ- ਜਿੰਦਾ (ਜੰਦ੍ਰਾ). ਤਾਲਾ. "ਕੁੰਜੀ ਕੁਲਫ ਪ੍ਰਾਣ ਕਰਿ ਰਾਖੇ." (ਗਉ ਕਬੀਰ)

ਕੁਲਫਾ: ਫ਼ਾ. خُرفہ ਖ਼ੁਰਫ਼ਾ. ਸੰਗ੍ਯਾ- ਇੱਕ ਪ੍ਰਕਾਰ ਦਾ ਸਾਗ, ਜੋ ਕੁਝ ਖਟਾਈ ਨਾਲ ਹੁੰਦਾ ਹੈ. ਇਹ ਚੇਤ ਵੈਸਾਖ ਵਿੱਚ ਉਗਦਾ ਹੈ. Potulaca oleracca. ਇਸ ਦੀ ਤਾਸੀਰ ਸਰਦ ਤਰ ਹੈ. ਕੁਲਫਾ ਲਹੂ ਦੇ ਜੋਸ਼ ਨੂੰ ਸ਼ਾਂਤ ਕਰਦਾ ਅਤੇ ਜਿਗਰ ਦੀ ਸੋਜ ਮਿਟਾਉਂਦਾ ਹੈ. ਪੇਸ਼ਾਬ ਦੀ ਚਿਣਗ ਹਟਾਉਂਦਾ ਅਤੇ ਪਿਆਸ ਬੁਝਾਉਂਦਾ ਹੈ.

ਕ਼ੁਲਫ਼ੀ: ਅ਼. قلفی ਸੰਗ੍ਯਾ- ਹੁੱਕੇ ਦੀ ਛੋਟੀ ਨੜੀ। ੨. ਬਰਫ਼ ਜਮਾਉਣ ਦਾ ਪਾਤ੍ਰ। ੩. ਜਮੀ ਹੋਈ ਬਰਫ ਤੇ ਮਿੱਠਾ ਦੁੱਧ ਆਦਿ.

ਕੁਲਬਹ: ਅ਼. قلبہ ਸੰਗ੍ਯਾ- ਹਲ. ਖੇਤੀ ਵਾਹੁਣ ਦਾ ਸੰਦ। ੨. ਉਤਨੀ ਜ਼ਮੀਨ ਜਿਸ ਨੂੰ ਇੱਕ ਹਲ ਵਾਹ ਬੀਜ ਸਕੇ.

ਕੁਲਬਧੂ: ਸੰ. ਕੁਲਵਧੂ. ਸੰਗ੍ਯਾ- ਕੁਲੀਨ ਵਹੁਟੀ. ਚੰਗੇ ਘਰਾਣੇ ਦੀ ਇਸਤ੍ਰੀ.

ਕੁਲਬਾਹੁ: ਵਿ- ਕੁਲ (ਵੰਸ਼) ਹੈ ਜਿਸ ਦੀ ਭੁਜਾ. ਕੁਲ ਦੇ ਲੋਕ ਜਿਸ ਦੇ ਬਾਜ਼ੂ ਹਨ.

ਕੁਲਮੁਰਗ: ਦੇਖੋ, ਕਲਮੁਰਗ.

ਕੁਲਾਹ: ਦੇਖੋ, ਕੁਲਹ। ੨. ਕੁ- ਲਾਭ. ਨਿੰਦਿਤ ਲਾਭ. ਦੁਖਦਾਈ ਨਫਾ. "ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ." (ਗਉ ਵਾਰ ੨. ਮਃ ੫)

ਕੁਲਾਹਲ: ਸੰ. ਕੋਲਾਹਲ. ਸੰਗ੍ਯਾ- ਦੂਰ ਤੀਕ ਪਹੁਚਣ ਵਾਲਾ ਸ਼ੋਰ. ਰੌਲਾ.

---

[391] ਦੇਖੋ, ਲਗਨਚੰਦ੍ਰਿਕਾ.

ਕੁਲਾਚ, ਕੁਲਾਂਚ: ਤੁ. قُلاچ ਕ਼ੁਲਾਂਚ. ਸੰਗਯਾ- ਛਾਲ. ਕੁਦਾੜੀ. ਟਪੂਸੀ. "ਮਾਰ ਕੁਲਾਂਚ ਤਜੀ ਤਬ ਸਜੰਦਨ." (ਗੁਪ੍ਰਸੂ) "ਕੁਲਾਚਨ ਦੈਕਰ ਯੁੱਧ ਕਰੈਂ." (ਕ੍ਰਿਸਨਾਵ)

ਕੁਲਾਚਲ: ਦੇਖੋ, ਕੁਲਪਰਬਤ.

ਕੁਲਾਚਾਰ: ਕੁਲ ਦਾ ਆਚਾਰ. ਕੁਲ ਦਾ ਵਿਹਾਰ. ਕੁਲਰੀਤਿ.

ਕੁਲਾਤ: ਅ਼. قلاعی ਕ਼ਲਾਇ. ਸੰਗਯਾ- ਦੁਸ਼ਮਨੀ. ਵੈਰ. "ਤਿਸੁ ਵਿਹੁ ਵਾਤ ਕੁਲਾਤ ਮਨ ਅੰਦਰ ਗਣਤੀ ਤਾਤ ਪਰਾਈ." (ਭਾਗੁ) ੨. ਸਿੰਧੀ. ਕੁਲਾਤੁ. ਬਦਖ਼ੁਲਕ਼ੀ.

ਕੁਲਾ ਧਰਮ: ਦੇਖੋ, ਕੁਲਧਰਮ.

ਕੁਲਾਬਾ: ਅ਼. قلب ਕ਼ਲਬ (ਉਲਟਿਆ ਹੋਇਆ). ਲੋਹੇ ਦੀ ਚੂੜੀ. ਕਿਸੇ ਚੀਜ਼ ਨੂੰ ਮੋੜਕੇ ਬਣਾਈ ਹੋਈ ਚੂੜੀ. ਇਸੇ ਤੋਂ ਨਹਿਰ ਦੇ ਨਲਕੇ ਦਾ ਨਾਉਂ ਕੁਲਾਬਾ ਹੈ। ੨. ਬੰਬਈ ਦਾ ਇੱਕ ਰੇਲ ਦਾ ਅੱਡਾ (terminus).

ਕੁਲਾਭ: ਦੇਖੋ, ਕੁਲਾਹ ੨.

ਕੁਲਾਯਤ: ਘਮਰੌਦੇ ਅਤੇ ਬਘੌਰ ਦੇ ਮੱਧ ਇਕ ਨਗਰ. ਇਸ ਥਾਂ ਦਸ਼ਮੇਸ਼ ਨਾਦੇੜ ਨੂੰ ਜਾਂਦੇ ਬਾਰਾਂ ਦਿਨ ਵਿਰਾਜੇ ਹਨ. "ਨਗਰ ਕੁਲਾਯਤ ਸੁੰਦਰ ਥਾਇ। x x ਦ੍ਵਾਦਸ ਦਿਵਸ ਬਸਤੇ ਤਹਿਂ ਡੇਰਾ." (ਗੁਪ੍ਰਸੂ)

ਕੁਲਾਲ: ਸੰ. ਸੰਗਯਾ- ਕੁੰਭਕਾਰ. ਘੁਮਿਆਰ. ਦੇਖੋ, ਫ਼ਾ. کلال

ਕੁਲਾਲੀ: ਕੁਲਾਲ (ਕੁੰਭਕਾਰ) ਦੀ ਇਸਤ੍ਰੀ. ਘੁਮਿਆਰੀ.

ਕੁਲਿ: ਕੁਲ (ਵੰਸ਼) ਵਿੱਚ. "ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ." (ਗਉ ਕਬੀਰ) ਦੇਖੋ, ਨਿਮਲੁ.

ਕੁਲਿਸ਼: ਸੰ. ਸੰਗਯਾ- ਵਜ੍ਰ. ਪਹਾੜਾਂ ਨੂੰ ਤੋੜਨ ਵਾਲਾ ਇੰਦ੍ਰ ਦਾ ਸ਼ਸਤ੍ਰ। ੨. ਬਿਜਲੀ ਦਾ ਆਘਾਤ। ੩. ਕੁਹਾੜਾ. ਪਰਸ਼ੁ। ੪. ਹੀਰਾ ਰਤਨ.

ਕੁਲਿਸ਼ਧਰ, ਕੁਲਿਸ਼ਪਾਣਿ: ਸੰਗਯਾ- ਇੰਦ੍ਰ, ਕੁਲਿਸ਼ (ਵਜ੍ਰ) ਧਾਰਨ ਵਾਲਾ. ਵਜ੍ਰ ਹੈ ਜਿਸ ਦੇ ਹੱਥ ਵਿੱਚ.

ਕੁਲਿੰਗ: ਸੰ. कुलिङ्ग ਇੱਕ ਪ੍ਰਕਾਰ ਦਾ ਚੂਹਾ। ੨. ਚਿੜਾ। ੩. ਚਰਿਤ੍ਰ ੫੨ ਵਿੱਚ ਕਿਸੇ ਲਿਖਾਰੀ ਨੇ ਕਲਿੰਗ ਦੀ ਥਾਂ ਕੁਲਿੰਗ ਲਿਖ ਦਿੱਤਾ ਹੈ. ਦੇਖੋ, ਕਲਿੰਗ। ੪. ਦੇਖੋ, ਕੁਲੰਗ। ੫. ਖੋਟਾ ਲਿੰਗ (ਚਿੰਨ੍ਹ) ੬. ਵਿ- ਖੋਟੇ ਚਿੰਨ੍ਹ ਵਾਲਾ.

ਕੁਲੀ: ਦੇਖੋ, ਕੁਲ. "ਕੇਤੇ ਨਾਗਕੁਲੀ ਮਹਿ ਆਏ." (ਗਉ ਮਃ ੧) ੨. ਤੁ. قلی ਕ਼ੁਲੀ. ਮਜ਼ਦੂਰ। ੩. ਗ਼ੁਲਾਮ। ੪. ਦੇਖੋ, ਕੁੱਲੀ.

ਕੁਲੀਨ: ਵਿ- ਉੱਤਮ ਕੁਲ ਵਿੱਚ ਹੋਣ ਵਾਲਾ. ਖ਼ਾਨਦਾਨੀ. ਚੰਗੇ ਘਰਾਣੇ ਦਾ.

ਕੁਲੀਰ: ਸੰ. ਸੰਗਯਾ- ਕੇਕੜਾ. ਕਰਕਟ.

ਕੁਲੰਗ: ਫ਼ਾ. کلنگ ਸੰਗਯਾ- ਸਾਰਸ। ੨. ਕੂੰਜ. "ਨਭ ਤੇ ਬਹਿਰੀ ਲਖ ਛੂਟਪਰੀ ਜਨੁ ਕੂਕ ਕੁਲੰਗਨ ਕੇ ਗਨ ਮੈ." (ਚੰਡੀ ੧)

ਕੁੱਲ: ਅ਼. کُلّ ਕ੍ਰਿ. ਵਿ- ਸਭ. ਤਮਾਮ. ਪੂਰਾ.

ਕੁੱਲਾ: ਝੰਝੂ ਗੋਤ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨ ਦੇਵ ਦਾ ਸਿੱਖ ਸੀ। ੨. ਕੁਲਾਹ. ਟੋਪੀ. ਦੇਖੋ, ਕੁਲਹ ੨.। ੩. ਪੱਟ ਅਤੇ ਪੇਟ ਦੀ ਸੰਧੀ. ਇਸ ਦਾ ਮੂਲ ਅਰਬੀ ਸ਼ਬਦ ਕੁਲੀਯਹ (ਗੁਰਦਹ) ਹੈ. ਪੱਟ ਦੀ ਸੰਧੀ ਤੋਂ ਗੁਰਦੇ ਨੇੜੇ ਹਨ. ਆਮ ਬੋਲਚਾਲ ਵਿੱਚ ਇਸ ਥਾਂ ਦੀ ਇਹ ਸੰਗਯਾ ਹੋ ਗਈ ਹੈ.

ਕੁੱਲੀ: ਘਾਸ ਫੂਸ ਦੀ ਛੱਪਰੀ. ਤ੍ਰਿਣਕੁਟੀਆ। ੨. ਅ਼. کُلّی ਵਿ- ਤਮਾਮ. ਸਭ.

**ਕੁੱਲੂ:** ਸੰ. ਕੁਲੂਤ. ਇੱਕ ਨਗਰ, ਜੋ ਜਿਲੇ ਕਾਂਗੜੇ ਵਿੱਚ ਵਿਪਾਸ਼ਾ (ਵਿਆਸ) ਦੇ ਕਿਨਾਰੇ ਹੈ. ਇਹ ਪਠਾਨਕੋਟ ਤੋਂ ੭੫ ਮੀਲ ਹੈ. ਕੁੱਲੂ ਦੇ ਫਲ ਬਹੁਤ ਉੱਤਮ ਗਿਣੇ ਗਏ ਹਨ.

**ਕੁਵਖਤ:** ਸੰਗਯਾ- ਕੁਸਮਯ. ਕੁਵੇਲਾ। ੨. ਦੇਖੋ, ਕਮਬਖ਼ਤ.

**ਕੁਵਤ, ਕ਼ੁਵਤ:** ਅ਼. قوت ਸੰਗਯਾ- ਤ਼ਾਕ਼ਤ. ਸ਼ਕਤਿ. ਬਲ.

**ਕੁਵਰ, ਕੁੰਵਰ:** ਦੇਖੋ, ਕੁਮਾਰ। ੨. ਦਸ਼ਮੇਸ਼ ਦੇ ਦਰਬਾਰ ਦਾ ਇੱਕ ਕਵਿ. ਦੇਖੋ, ਕੁਵਰੇਸ਼.

**ਕੁਵਰੇਸ਼:** ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਦਾ ਕਵਿ, ਜਿਸ ਨੇ ਹੋਰ ਰਚਨਾਂ ਤੋਂ ਛੁੱਟ, ਮਹਾਭਾਰਤ ਦੇ ਦਰੋਣਪਰਵ ਦਾ ਹਿੰਦੀ ਕਵਿਤਾ ਵਿੱਚ ਅਨੁਵਾਦ (ਉਲਥਾ) ਕੀਤਾ ਹੈ. ਕੁਵਰੇਸ਼ ਲਿਖਦਾ ਹੈ-

ਸੰਬਤ ਸਤ੍ਰਹਸੈ ਅਧਿਕ ਬਾਵਨ ਬੀਤੇ ਔਰ,

ਤਾਂਮੇ ਕਵਿ ਕੁਵਰੇਸ਼ ਯਹ ਕਿਯੋ ਗ੍ਰੰਥ ਕੋ ਡੌਰ.

ਵਾਹੁਜ ਬੇਦੀਕੁਲ ਭਯੇ ਨਾਨਕ ਗੁਰੂ ਅਨੂਪ,

ਜਿਨ ਮੇ ਪੂਰੋ ਪਾਇਯੇ ਪਾਰਬ੍ਰਹਮ ਕੋ ਰੂਪ.

ਨਾਨਕ ਸਿੱਖ ਕਿਯੇ ਤਿਹੁਨ ਕੁਲ ਅੰਗਦ ਸ਼ੁਭਨਾਮ,

ਭਕਤ ਸਰੋਰੁਹ ਕੋ ਭਯੇ ਜੇ ਰਵਿ ਆਠੋਂ ਜਾਮ.

ਅੰਗਦ ਨਿਜ ਗੁਰੁਤਾ ਦਈ ਭੱਲੇ ਭਲੇ ਵਿਚਾਰ,

ਅਮਰਦਾਸ ਕੋ ਨਿਜ ਸਕਲ ਦੀਨੋ ਜਗਤ ਉਧਾਰ.

ਅਮਰਦਾਸ ਅਪਨੇ ਸਕਲ ਗੁਰੁਤਾ ਪ੍ਰਭੁਤਾ ਗਜਾਨ,

ਰਾਮਦਾਸ ਕੋ ਸਬ ਦਿਯੋ ਜੋ ਸੋਢੀਸੁਲਤਾਨ.

ਅਰਜੁਨ ਬਿਕ੍ਰਮ ਨਾਮ ਹੂੰ ਅਰਜੁਨ ਜਗ ਪੁਰਹੂਤ,

ਜਿਨ ਜਗ ਜਸ ਅਰਜੁਨ ਕਿਯੋ ਰਾਮਦਾਸ ਕੇ ਪੂਤ.

ਅਰਜੁਨ ਸੂਨੁ ਉਦਾਰਮਤਿ ਹਰਿਗੋਬਿੰਦ ਨਰਿੰਦ,

ਜਿਨ ਹਰਿ ਲੌਂ ਮਾਰੇ ਨਿਖਿਲ ਬੈਰੀ ਪ੍ਰਬਲ ਕਰਿੰਦ.

ਛੋਡਯੋ ਜਬ ਗੁਰੁਦੱਤ ਜੂ ਜਗਮਾਯਾ ਵਿਸਤਾਰ,

ਤਿਨ ਕੇ ਸੁਤ ਹਰਿਰਾਯ ਕੋ ਦੀਨੋ ਗੁਰੁਤਾ ਭਾਰ.

ਭਯੇ ਸੂਨੁ ਹਰਿਰਾਯ ਕੇ ਗੁਰੁ ਅਤ੍ਰਿਸ਼੍ਨ ਹਰਿਕ੍ਰਿਸ਼੍ਨ,

ਤਜਯੋ ਜਬੈ ਤਿਨਹੂੰ ਜਗਤ ਤਬੈ ਕਰੀ ਯਹ ਪ੍ਰਸ਼੍ਨ.

ਗੁਰੁਤਾ ਪ੍ਰਭੁਤਾ ਕੋ ਉਚਿਤ? ਤੇਗਬਹਾਦੁਰ ਏਕ,

ਨਾਰਾਯਨ ਜਾ ਪਰ ਕਿਯੋ ਭਕ੍ਤਿ ਸੁਧਾ ਕੋ ਸੇਕ.

ਨਿਜ ਜਨ ਕੈਰਵ ਸੁਖ ਕਰਨ ਤੇਗਬਹਾਦੁਰ ਚੰਦ,

ਜਿਨ ਭਵ ਪਾਰਾਵਾਰ ਕੇ ਦੂਰ ਕਿਯੇ ਦੁਖ ਦ੍ਵੰਦ.

ਗੁਰੁ ਗੋਬਿੰਦ ਨਰਿੰਦ ਹੈ ਤੇਗਬਹਾਦੁਰ ਨੰਦ,

ਜਿਨ ਤੇ ਜੀਵਤ ਹੈਂ ਸਕਲ ਭੂਤਲ ਕਵਿ ਬੁਧਬ੍ਰਿੰਦ.

ਨਦੀ ਸਤਦ੍ਰਵ ਤੀਰ ਤਹਿਂ ਸ਼ੁਭ ਆਨੰਦਪੁਰ ਨਾਮ,

ਗੁਰੂ ਗੋਬਿੰਦ ਨਰਿੰਦ ਕੇ ਰਾਜਤ ਸੁਭਗ ਸੁਧਾਮ.

ਗੰਗਾ ਜਮਨਾ ਬੀਚ ਮੇਂ ਬਰੀ ਗ੍ਰਾਮ ਕੋ ਨਾਮ,

ਤਹਾਂ ਸੁ ਕਵਿ ਕੁਵਰੇਸ਼ ਕੋ ਬਾਸ ਕਰੈ ਕੋ ਧਾਮ.

ਭਾਈ ਸੰਤੋਖ ਸਿੰਘ ਗੁਪ੍ਰਸੂ ਦੀ ਰੁੱਤ ੨. ਅਃ ੫੧ ਵਿੱਚ ਲਿਖਦੇ ਹਨ-

ਕੇਸ਼ਵਦਾਸ ਹੁਤੋ ਕਵਿ ਜੋਇ,

ਭਯੋ ਬੁੰਦੇਲਖੰਡ ਮੇ ਸੋਇ.

ਤਿਸ ਕੋ ਪੁਤ੍ਰ ਕੁਵਰ ਹੈ ਨਾਮੂ,

ਸੋ ਭੀ ਰਚਤ ਗਿਰਾ ਅਭਿਰਾਮੂ.

ਤੁਰਕ ਕਰਨ ਨਵਰੰਗ ਚਿਤ ਚਹ੍ਯੋ,

ਗੁਨੀ ਅਧਿਕ ਹਿੰਦੁਨ ਮੇ ਲਹ੍ਯੋ.

ਜਬੈ ਕੁਵਰ ਸੁਧ ਇਸ ਬਿਧਿ ਪਾਈ,

ਤਜਾਗ ਦੇਸ਼ ਘਰ ਗਯੋ ਪਲਾਈ.

ਦੁਰ ਦੁਰ ਦੂਰ ਦੂਰ ਨਿਤ ਚਲਕਰ,

ਪਹੁਚ੍ਯੋ ਆਨ ਅਨੰਦਪੁਰ ਹਿਤਕਰ.

ਕੁਵਲਯ: ਸੰ. ਸੰਗ੍ਯਾ- ਕੁ (ਪ੍ਰਿਥਿਵੀ) ਦਾ ਜੋ ਵਲਯ (ਕੰਗਣ) ਜੇਹਾ ਭੂਸ਼ਣ ਹੋਵੇ. ਕਮਲ. ਇਹ ਸ਼ਬਦ ਨੀਲੇ ਅਤੇ ਚਿੱਟੇ ਦੋਹਾਂ ਕਮਲਾਂ ਦਾ ਬੋਧਕ ਹੈ. "ਪਰਿਫੁੱਲਿਤ ਕੁਵਲਯ ਬਦਨ." (ਨਾਪ੍ਰ) ੨. ਪ੍ਰਿਥਿਵੀ ਦਾ ਕੰਗਣ ਸਮਾਨ ਗੋਲ ਆਕਾਰ। ੩. ਇੱਕ ਖਾਸ ਘੋੜਾ. ਦੇਖੋ, ਕੁਵਲਯਾਸ਼੍ਵ.

ਕੁਵਲਯਾਸ਼੍ਵ: ਇੱਕ ਸੂਰਜਵੰਸ਼ੀ ਰਾਜਾ, ਜਿਸ ਦੇ ਵਿਸ਼ਨੁਪੁਰਾਣ ਅਨੁਸਾਰ ੨੧੦੦੦ ਪੁਤ੍ਰ ਅਤੇ ਹਰਿਵੰਸ਼ ਅਨੁਸਾਰ ੧੦੦ ਸਨ. ਦੇਖੋ, ਧੁੰਧੁ। ੨. ਮਹਾਰਾਜਾ ਸ਼ਤ੍ਰੁਜਿਤ ਦਾ ਪੁਤ੍ਰ, ਜਿਸ ਦਾ ਨਾਉਂ ਰਿਤੁਧ੍ਵਜ ਸੀ. ਗਾਲਵ ਰਿਖੀ ਨੇ ਇਸ ਨੂੰ "ਕੁਵਲਯ" ਨਾਉਂ ਦਾ ਘੋੜਾ ਯੱਗ ਵਿੱਚ ਵਿਘਨ ਕਰਨ ਵਾਲੇ ਦੈਤਾਂ ਦੇ ਮਾਰਨ ਲਈ ਦਿੱਤਾ, ਇਸ ਲਈ ਨਾਉਂ ਕੁਵਲਯਾਸ਼੍ਵ ਹੋਇਆ. ਦੇਖੋ, ਮਦਾਲਸਾ.

ਕੁਵਲਾਸ੍ਵ: ਦੇਖੋ, ਕੁਵਲਯਾਸ਼੍ਵ.

ਕੁਵਲਿਯਾ, ਕੁਵਲੀਆਪੀੜ: ਸੰ. कुवलयापीड़ ਕੁਵਲਯ (ਪ੍ਰਿਥਿਵੀਮੰਡਲ) ਦਾ ਜੋ ਆਪੀਡ (ਭੂਸ਼ਣ) ਹੈ. ਕੰਸ ਦਾ ਵਡਾ ਬਲ ਵਾਲਾ ਅਤੇ ਮਦਮੱਤ ਹਾਥੀ, ਜਿਸ ਨੂੰ ਕ੍ਰਿਸ਼ਨ ਜੀ ਅਤੇ ਬਲਰਾਮ ਨੇ ਮਾਰਿਆ. "ਕੁਵਲੀਆਪੀੜ ਆਪ ਮਰਾਇਦਾ ਪਿਆਰਾ." (ਸੋਰ ਮਃ ੪)

ਕੁਵੱਲਾ: ਵਿ- ਜਿਸ ਨੂੰ ਵੱਲ (ਚੱਜ- ਢੰਗ) ਨਹੀਂ. ਕੁੱਚਜਾ.

ਕੁਵਾਕ, ਕੁਵਾਕ੍ਯ, ਕੁਵਾਚ, ਕੁਵਾਚ੍ਯ: ਸੰਗ੍ਯਾ- ਦੁਰਵਚਨ. ਖੋਟਾ ਬੋਲ। ੨. ਵਿ- ਜੋ ਬੋਲਣ ਯੋਗ੍ਯ ਨਾ ਹੋਵੇ, ਅਜਿਹਾ ਵਾਕ.

ਕੁਵਾਟ, ਕੁਵਾਟੜੀ: ਸਿੰਧੀ- ਸੰਗ੍ਯਾ- ਕੁਮਾਰਗ. ਨਿੰਦਿਤ ਰਾਹ. "ਦੁਬਿਧਾ ਛੋਡਿ ਕੁਵਾਟੜੀ." (ਆਸਾ ਅਃ ਮਃ ੧) "ਦੂਜੀ ਛੋਡਿ ਕੁਵਾਟੜੀ ਇਕਸ ਸਿਉ ਚਿਤੁ ਲਾਇ." (ਸਵਾ ਮਃ ੫. )

ਕੁਵਾਦਾ: ਦੇਖੋ, ਕਬਾਦਾ.

ਕੁਵਿੰਦ: ਦੇਖੋ, ਕੁਬਿੰਦ.

ਕੁਵੇਰ: ਦੇਖੋ, ਕੁਬੇਰ.

ਕੁਵੰਡ: ਦੇਖੋ, ਕੋਦੰਡ.

ਕੁਵੰਡਲ: ਵਿ- ਕੁਵੰਡ (ਕੋਦੰਡ) ਧਾਰੀ. ਧਨੁਰਧਰ. "ਕ੍ਰੂਰ ਕੁਵੰਡਲ ਕੋ ਰਣਮੰਡਲ." (ਚਰਿਤ੍ਰ ੧) ੨. ਸੰਗ੍ਯਾ- ਕੁ (ਪ੍ਰਿਥਿਵੀ) ਮੰਡਲ. ਭੂਮੰਡਲ.

ਕੁਵ੍ਰਿਤ, ਕੁਵ੍ਰਿਤਾ: ਵਿ- ਬੁਰੀ ਉਪਜੀਵਿਕਾ ਵਾਲਾ. ਨਿੰਦਿਤ ਰੋਜ਼ੀ ਕਮਾਉਣ ਵਾਲਾ. ਬਦਮਾਸ਼.

ਕੁਵ੍ਰਿਤਿ: ਸੰਗ੍ਯਾ- ਕੁਵ੍ਰਿੱਤਿ. ਖੋਟੀ ਜੀਵਿਕਾ. ਬੁਰੀ ਰੋਜ਼ੀ. ਹ਼ਰਾਮਖ਼ੋਰੀ. "ਅਸ ਕੁਵ੍ਰਿਤਿ ਬੀਰ ਦੁਰਧਰਖ ਅਤਿ." (ਪਾਰਸਾਵ)

ਕੁੱਵਤ: ਦੇਖੋ, ਕੁਵਤ.

ਕੁੜ: ਸੰਗ੍ਯਾ- ਰਿੜਕਣ ਵਾਲੇ ਪਾਤ੍ਰ ਦੇ ਮੂੰਹ ਪੁਰ ਰੱਖਿਆ ਲੱਕੜ ਦਾ ਢੱਕਣ, ਜਿਸ ਵਿੱਚ ਮਧਾਣੀ ਵਾਸਤੇ ਛਿਦ੍ਰ ਹੁੰਦਾ ਹੈ। ੨. ਦੇਖੋ, ਕੁੜਨਾ.

ਕੁੜੱਕੀ: ਸੰਗ੍ਯਾ- ਜੀਵਾਂ ਦੇ ਫਸਾਉਣ ਦਾ ਯੰਤ੍ਰ trap.

ਕੁੜਤਾ: ਦੇਖੋ, ਕੁਰਤਾ.

ਕੁੜਨਾ: ਕ੍ਰਿ- ਮੁਰਝਾਕੇ ਝੁਕਜਾਣਾ। ੨. ਸੁੱਕਕੇ ਭੁਰਜਾਣਾ। ੩. ਦੇਖੋ, ਕੁੜ੍ਹਨਾ.

ਕੁੜਮ: ਕੁਟੁੰਬਮਣਿ ਦਾ ਸੰਖੇਪ ਅਤੇ ਰੂਪਾਂਤਰ. ਦੁਲਹਾ ਅਤੇ ਦੁਲਹਨਿ ਦੇ ਪਿਤਾ, ਜੋ ਦੋਹਾਂ ਕੁਲਾਂ ਵਿੱਚ ਮਾਨ੍ਯ ਹਨ. "ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ." (ਆਸਾ ਮਃ ੪) ੨. ਸਿੰਧੀ. ਕੁੜੁਮ. ਕੁਟੰਬ. ਪਰਿਵਾਰ.

ਕੁੜਮਣੀ: ਦੁਲਹਾ ਅਤੇ ਦੁਲਹਨਿ ਦੀ ਮਾਤਾ, ਜੋ ਦੋਹਾਂ ਕੁਲਾਂ (ਕੁਟੰਬਾਂ) ਵਿੱਚ ਮਣਿਰੂਪ ਹਨ.

ਕੁੜਮਾਈ: ਸੰਗ੍ਯਾ- ਕੁਟੰਬ ਵਿੱਚ ਮਿਲਾਉਣ ਦੀ ਕ੍ਰਿਯਾ. ਕੁੜਮਪੁਣਾ। ੨. ਸਗਾਈ. ਸਾਕ. "ਕੁੜਮ ਕੁੜਮਾਈ ਆਇਆ ਬਲਿਰਾਮ ਜੀਉ." (ਸੂਹੀ ਛੰਤ ਮਃ ੪)

ਕੁੜਾਣਾ: ਵਿ- ਕੁੜਿਆ ਹੋਇਆ. ਮੁਰਝਾਇਆ ਸੁੱਕਕੇ ਭੁਰਿਆ.

ਕੁੜਿ: ਕ੍ਰਿ. ਵਿ- ਕੁੜ (ਮੁਰਝਾ) ਕੇ ਕੇ. ਦੇਖੋ, ਕੁੜਨਾ. "ਖੜੁ ਪਕੀ ਕੁੜਿ ਭਜੈ ਬਿਨਸੈ." (ਸ੍ਰੀ ਮਃ ੧. ਪਹਿਰੇ)

ਕੁੜਿਈਂ: ਕੁੜੀਆਂ ਕਰਕੇ. "ਕੁੜਿਈਂ ਰੰਨੀ ਧੰਮੀ." (ਸਵਾ ਮਃ ੧) ਕੰਨ੍ਯਾ, ਇਸਤ੍ਰੀਆਂ ਅਤੇ ਧਾਮਾਂ (ਮਕਾਨਾ) ਕਰਕੇ.

ਕੁੜੀ: ਕੰਨ੍ਯਾ. ਲੜਕੀ. ਦੇਖੋ, ਯੂ. ਕੂਰੀ ਅਤੇ ਕੋਰੀ। ੨. ਪੁਤ੍ਰੀ. ਸੁਤਾ। ੩. ਝੰਗ ਵੱਲ ਕੁੜੀ ਨਾਉਂ ਵਹੁਟੀ ਦਾ ਹੈ.

ਕੁੜੀਮਾਰ: ਵਿ- ਕੰਨਜਾ ਮਾਰਨ ਵਾਲਾ. ਪੁਰਾਣੇ ਜ਼ਮਾਨੇ ਕਈ ਲੋਕ ਪੁਤ੍ਰੀ ਨੂੰ ਮਾਰ ਦਿੰਦੇ ਸਨ ਤਾਕਿ ਉਹ ਖਰਚਾਂ ਤੋਂ ਬਚਣ ਅਤੇ ਕਿਸੇ ਨੂੰ ਆਪਣਾ ਦਾਮਾਦ ਨਾ ਬਣਾਉਣ. ਸਿੱਖ ਧਰਮ ਵਿੱਚ ਕੁੜੀਮਾਰ ਨਾਲ ਵਰਤੋਂ ਵਿਹਾਰ ਦਾ ਨਿਸ਼ੇਧ ਹੈ. ਗੁਰੂ ਸਾਹਿਬ ਦੇ ਉਪਦੇਸ਼ ਕਰਕੇ ਇਹ ਖੋਟੀ ਰੀਤਿ ਦੇਸ਼ ਵਿੱਚੋਂ ਬਹੁਤ ਘਟ ਗਈ ਹੈ. "ਮੀਣਾ ਔਰ ਮਸੰਦੀਆ ਮੋਨਾ ਕੁੜੀ ਜੁ ਮਾਰ। ਹੋਇ ਸਿੱਖ ਵਰਤਣ ਕਰੈ ਅੰਤ ਕਰੋਂਗਾ ਖ੍ਵਾਰ." (ਤਨਾਮਾ)

ਕੂੜ੍ਹਨਾ: ਕ੍ਰਿ- ਕ੍ਰੋਧ ਵਿੱਚ ਸੜਨਾ. ਅੰਦਰੇ ਅੰਦਰ ਰਿੱਝਣਾ.

ਕੂ, ਕੂੰ: ਲਹਿੰਦੀ ਬੋਲੀ ਵਿੱਚ ਕਰਮ ਅਤੇ ਸੰਪ੍ਰਦਾਨ ਦਾ ਵਿਭਕ੍ਤਿ ਪ੍ਰਤਜਾਯ. ਕੋ. ਨੂੰ. ਦਾ. ਦੀ. ਪ੍ਰਤਿ. ਤਾਂਈ. "ਪਸਣ ਕੂ ਸਚਾ ਧਣੀ." (ਵਾਰ ਮਾਰੂ ੨. ਮਃ ੫) "ਤਿਨਾ ਕੂੰ ਮਿਲਿਓਹ." (ਸ੍ਰੀ ਛੰਤ ਮਃ ੫) "ਜਿੰਦੂ ਕੂੰ ਸਮਝਾਇ." (ਸ. ਫਰੀਦ) ੨. ਫ਼ਾ. ਸੰਗਜਾ- ਗਲੀ. ਕੂਚਾ.

ਕੂਅਟਾ: ਸੰਗਜਾ- ਕੂਪ. ਕੂਆ ਖੂਹ. "ਕੂਅਟਾ ਏਕੁ ਪੰਚ ਪਨਿਹਾਰੀ." (ਗਉ ਕਬੀਰ) ਦੇਹ ਖੂਹਾ, ਪੰਜ ਪਾਣੀ ਭਰਨ ਵਾਲੀਆਂ ਗਜਾਨਇੰਦ੍ਰੀਆਂ.

ਕੂਅਣਾ: ਕ੍ਰਿ- ਕੂਜਨ. ਸ਼ਬਦ ਕਰਨ. ਬੋਲਣਾ.

ਕੂਆ: ਕੂਪ. ਖੂਹ.

ਕੂਆਸਾਹਿਬ: ਉਹ ਖੂਹ, ਜੋ ਸਤਿਗੁਰਾਂ ਦਾ ਬਣਾਇਆ ਹੋਵੇ. ਦੇਖੋ, ਸ਼ਕਰਗੰਗ ਅਤੇ ਛਿਹਰਟਾ। ੨. ਆਨੰਦਪੁਰ ਤੋਂ ਢਾਈ ਕੋਹ ਪੂਰਵ ਛੀਵੇਂ ਸਤਿਗੁਰੂ ਦਾ ਲਗਵਾਇਆ ਖੂਹ, ਆਦਿ.

ਕੂਈ: ਛੋਟਾ ਕੂਪ. ਖੂਹੀ.

ਕੂਹ: ਸੰਗਜਾ- ਕੂਕ. ਚੀਕ. ਚਿੰਘਾਰ. "ਉਠੀ ਕੂਹ ਜੂਹੰ ਗਿਰੇ ਬੀਰ ਤਾਮੰ" (ਸਲੋਹ)

ਕੂਹਣੀ: ਸੰ. ਕਫੋਣਿ. ਸੰਗਜਾ- ਬਾਂਹ ਦੇ ਮੱਧ ਦਾ ਜੋੜ. ਆਰਕ (elbow)

ਕੂਕ: ਸੰਗਜਾ- ਪੁਕਾਰ. "ਜੇ ਦਰਿਮਾਂਗਤ ਕੂਕ ਕਰੇ ਮਹਲੀ ਖਸਮੁ ਸੁਣੇ." (ਆਸਾ ਮਃ ੧) ੨. ਘੋਸ਼ਣਾ. ਢੰਡੋਰਾ. "ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ." (ਮਲਾ ਮਃ ੩)

ਕੂਕਣ: ਕੂਕੇ ਦੀ ਇਸਤ੍ਰੀ. ਨਾਮਧਾਰੀਆਮਤ ਦੀ ਇਸਤ੍ਰੀ। ੨. ਦੇਖੋ, ਕੂਕਣਾ.

ਕੂਕਣਾ, ਕੂਕਨਾ: ਕ੍ਰਿ- ਪੁਕਾਰਨਾ. ਕ੍ਰੋਸ਼ਨ. "ਕਿਥੈ ਕੂਕਣ ਜਾਉ?" (ਮਾਝ ਮਃ ੫. ਦਿਨਰੈਣਿ) "ਕੇਸੋ ਕੇਸੋ ਕੂਕੀਐ." (ਸ. ਕਬੀਰ)

ਕੂਕਰ: ਸੰ. ਕੁੱਕੁਰ. ਸੰਗਜਾ- ਕੁੱਤਾ. "ਕੂਕਰ ਸੂਕਰ ਕਹੀਐ ਕੂੜਿਆਰਾ." (ਮਾਰੂ ਸੋਲਹੇ ਮਃ ੫) ੨. ਦੇਖੋ, ਤਿਨਹਿ.

ਕੂਕਰਦ੍ਰਿਸ੍ਰਿ: ਦੇਖੋ, ਸ਼ੇਰਦ੍ਰਿਸ਼੍ਰਿ. "ਕੂਕਰਦ੍ਰਿਸ੍ਰਿ ਨ ਕਬ ਮਨ ਧਰਨੀ." (ਨਾਪ੍ਰ)

ਕੂਕਰਿ, ਕੂਕਰੀ: ਕੁੱਕੁਰੀ. ਕੁੱਤੀ. "ਬੈਸਨਉ ਕੀ ਕੂਕਰਿ ਭਲੀ." (ਸ. ਕਬੀਰ) ਕਰਤਾਰ ਦੇ ਭਗਤ ਦੀ ਕੁੱਤੀ ਭਲੀ.

ਕੂਕਾ: ਦੇਖੋ, ਰਾਮ ਸਿੰਘ ੮.

ਕੂਕਿ: ਕੂਕ (ਚਿੱਲਾ) ਕੇ. ਵਿਲਾਪ ਕਰਕੇ. "ਕੂਕਿ ਮੁਏ ਗਵਾਰਾ." (ਵਡ ਛੰਤ ਮਃ ੩) ੨. ਉੱਚੇ ਸੁਰ ਨਾਲ ਢੰਡੋਰਾ ਦੇ ਕੇ. "ਵੇਦ ਕੂਕਿ ਸੁਣਾਵਹਿ." (ਵਾਰ ਮਾਰੂ ੧. ਮਃ ੩)

ਕੂਕੂ: ਫ਼ਾ. ਅਨੁ- ਘੁੱਗੀ ਦੇ ਬੋਲਣ ਦੀ ਆਵਾਜ.

**ਕੂਕੇਦਿਆ:** ਪੁਕਾਰਦਿਆਂ. ਕੂਕਾਂ ਮਾਰਦੇ ਹੋਇਆਂ. ਦੇਖੋ, ਚਾਗੇਦਿਆਂ.

**ਕੂਖਮਾਂਡ:** ਦੇਖੋ, ਕੁਸਮਾਂਡ। ੨ कूष्माण्ड ਕੂਸ਼੍ਮਾਂਡ. ਰਾਖਸਾਂ ਦੀ ਇੱਕ ਖਾਸ ਜਾਤਿ. "ਮਤ੍ਰ ਕੂਖਮਾਂਡਤ੍ਵ ਤਵਪ੍ਰਸਾਦ ਸਫਲੰ." (ਸਲੋਹ)

**ਕੂਚ:** ਸੰ. ਕੂਚੰ. ਸੰਗਯਾ- ਜੁਲਾਹੇ ਦਾ ਕੁੱਚ. "ਕੂਚ ਬਿਚਾਰੇ ਫੂਏ ਫਾਲ." (ਗੌਂਡ ਕਬੀਰ) ੨. ਦਾੜ੍ਹੀ. ਰੀਸ਼। ੩. ਫ਼ਾ. کوچ ਰਵਾਨਾ ਹੋਣਾ. "ਕਰਨਾ ਕੂਚ ਰਹਿਨੁ ਥਿਰੁ ਨਾਹੀ." (ਸੂਹੀ ਰਵਿਦਾਸ)

**ਕੂਚਣਾ:** ਕ੍ਰਿ- ਕੂਚੰ (ਕੁੱਚ) ਨਾਲ ਮਾਂਜਣਾ. ਕੂਚੀ ਫੇਰਨੀ.

**ਕੂਚਬਿਹਾਰ:** ਇੱਕ ਹਿੰਦੂ ਰਿਆਸਤ, ਜੋ ਉੱਤਰੀ ਬੰਗਾਲ ਵਿੱਚ ਹੈ, ਅਤੇ ਉਸ ਦੀ ਰਾਜਧਾਨੀ ਦਾ ਪ੍ਰਧਾਨ ਨਗਰ, ਜੋ ਤੋਰਸਾ ਨਦੀ ਦੇ ਕਿਨਾਰੇ ਹੈ.

**ਕੂਚਾ:** ਸੰਗਯਾ- ਮੁਆਤਾ. "ਆਪਣ ਹਥੀ ਆਪਿ ਹੀ ਦੇ ਕੂਚਾ ਆਪੇ ਲਾਇ." (ਵਾਰ ਮਾਝ ਮਃ ੨) ੨. ਕੂਚੀ ਦੀ ਸ਼ਕਲ ਦਾ ਭਾਂਡੇ ਮਾਂਜਣ ਦਾ ਸੂਜਾ। ੩. ਫ਼ਾ. کوچہ ਗਲੀ. ਮਹੱਲਾ। ੪. ਰਸਤਾ. ਮਾਰਗ. ਰਾਹ.

**ਕੂਚਾ ਦਿਲਵਾਲੀ ਸਿੰਘ:** ਦਿੱਲੀ ਵਿੱਚ ਅਜਮੇਰੀ ਦਰਵਾਜ਼ੇ ਇੱਕ ਕੂਚਾ, ਜਿਸ ਥਾਂ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਕੁਝ ਕਾਲ ਵਿਰਾਜੇ. ਗੁਰਦ੍ਵਾਰਾ ਬਣਿਆ ਹੋਇਆ ਨਹੀਂ ਹੈ. ਮਕਾਨ ਵਿੱਚ ਅਰੋੜੇ ਹਿੰਦੂ ਵਸਦੇ ਹਨ. ਦੇਖੋ, ਦਿੱਲੀ.

**ਕੂਚੀ:** ਛੋਟਾ ਕੁੱਚ (ਬੁਰਸ਼). ੨. ਮੁਸੱਵਰਾਂ ਦੀ ਰੰਗ ਲਾਉਣ ਦੀ ਕੂਚੀ। ੩. ਰਾਜਾਂ ਦੀ ਰੰਗ ਫੇਰਨ ਦੀ ਕੂਚੀ। ੪. ਝਾੜੂ. ਬੁਹਾਰੀ.

**ਕੂਜ:** ਸੰ. ਸੰਗਯਾ- ਧੁਨਿ. ਸ਼ਬਦ. "ਸੁੰਦਰ ਮਿਲ ਕੂਜ ਕਰੰਤਾ." (ਨਾਪ੍ਰ)

**ਕੂੰਜ:** ਸੰ. क्रौञ्च ਕ੍ਰੌਂਚ. ਕਾਸਨੀਰੰਗਾ ਇੱਕ ਪੰਖੇਰੂ, ਜਿਸ ਦੀ ਗਰਦਨ ਲੰਮੀ ਹੁੰਦੀ ਹੈ. ਕੂੰਜ ਖੇਤਾਂ ਦਾ ਬਹੁਤ ਨੁਕਸਾਨ ਕਰਦੀ ਹੈ. ਸਰਦੀਆਂ ਦੇ ਸ਼ੁਰੂ ਵਿੱਚ ਗਰਮ ਦੇਸ਼ਾਂ ਵਿੱਚ ਆਉਂਦੀ ਅਤੇ ਗਰਮੀਆਂ ਵਿੱਚ ਠੰਢੇ ਦੇਸ਼ਾਂ ਨੂੰ ਚਲੀ ਜਾਂਦੀ ਹੈ. "ਆਪਣੀ ਖੇਤੀ ਰਖਿਲੈ, ਕੂੰਜ ਪੜੈਗੀ ਖੇਤਿ." (ਸ੍ਰੀ ਮਃ ੩) ਇਸ ਥਾਂ ਕੂੰਜ ਤੋਂ ਭਾਵ ਮੌਤ ਹੈ.

**ਕੂਜਨ:** ਸੰ. ਸੰਗਯਾ- ਧੁਨਿ ਕਰਨੀ. ਸ਼ਬਦ ਕਰਨਾ। ੨. ਪੰਛੀਆਂ ਦਾ ਗੀਤ.

**ਕੂੰਜਰਾ:** ਦੇਖੋ, ਕੂੰਜੜਾ. "ਰਜਕ ਕੂੰਜਰੇ ਪਾਨੀਹਾਰ." (ਨਾਪ੍ਰ)

**ਕੂਜੜਾ:** ਦੇਖੋ, ਕੂਜਾ. "ਅਜੁ ਫਰੀਦੈ ਕੂਜੜਾ ਸੈ ਕੋਹਾ ਥੀਓਮਿ." (ਸ. ਫਰੀਦ)

**ਕੂੰਜੜਾ:** ਸੰ. ਕੁੰਜਅਟਾ (ਜੰਗਲ ਦੀ ਗਲੀਆਂ) ਵਿੱਚੋਂ ਫਲ ਆਦਿਕ ਲਿਆਉਣ ਵਾਲਾ. ਫਲ ਸਬਜ਼ੀ ਵੇਚਣਵਾਲਾ.

**ਕੂੰਜੜੀ:** ਕੂੰਜੜੇ ਦੀ ਇਸਤ੍ਰੀ। ੨. ਕੂੰਜ. "ਆਜ ਮਿਲਾਵਾ ਸੇਖਫਰੀਦ, ਟਾਕਿਮ ਕੂੰਜੜੀਆ." (ਆਸਾ) ਇਸ ਥਾਂ ਕੂੰਜਾਂ ਤੋਂ ਭਾਵ ਇੰਦ੍ਰੀਆਂ ਹੈ.

**ਕੂਜਾ:** ਅ਼. کوزہ ਕੂਜ਼ਹ. ਸੰਗਯਾ- ਦਸਤੇ ਵਾਲਾ ਲੋਟਾ. ਗੰਗਾਸਾਗਰ. "ਪੁਰਾਬ ਖਾਮ ਕੂਜੈ." (ਵਾਰ ਮਲਾ ਮਃ ੧) ਪੁਰ- ਆਬ- ਖ਼ਾਮ ਕੂਜੈ. ਖ਼ਾਮ (ਕੱਚੇ) ਕੂਜ਼ੇ (ਦੇਹ) ਵਿੱਚ ਆਬ (ਚੇਤਨਸੱਤਾਰੂਪ ਜਲ) ਪੂਰਣ ਹੈ. "ਕੂਜਾ ਬਾਂਗ ਨਿਵਾਜ ਮੁਸਲਾ." (ਬਸੰ ਅਃ ਮਃ ੧) ੨. ਮਿਸ਼ਰੀ ਦਾ ਕੁੱਜਾ. "ਕੂਜਾ ਮੇਵਾ ਮੈ ਸਭਕਿਛੁ ਚਾਖਿਆ." (ਗਉ ਮਃ ੧) ੩. ਜੰਗਲੀ ਚਿੱਟਾ ਗੁਲਾਬ. "ਫੂਲ ਗੁਲਾਬ ਕੇਵੜਾ ਕੂਜਾ." (ਰਘੁਰਾਜ) ੪. ਸੰ. ਮੋਤੀਆ.

**ਕੂੰਜੀ:** ਦੇਖੋ, ਕੁੰਜੀ. "ਸੰਤਨ ਹਥਿ ਰਾਖੀ ਕੂੰਜੀ." (ਰਾਮ ਮਃ ੫)

**ਕੂਜੀਗਰ:** ਦੇਖੋ, ਕੁੰਭਕਾਰ.

ਕੂਟ: ਸੰਗਯਾ- ਦਿਸ਼ਾ. ਤਰਫ। ੨. ਸੰ. ਪਹਾੜ ਦੀ ਚੋਟੀ. ਟਿੱਲਾ. "ਗਿਰਜੋ ਜਾਨੁ ਕੂਟਸ੍ਥਲੀ ਵ੍ਰਿੱਛ ਮੂਲੰ." (ਰੁਦ੍ਰਾਵ) ੩. ਪਹਾੜ. "ਜਮਨਾ ਤਟ ਕੂਟ ਪਰਜੋਂ ਕਿਹ ਭਾਂਤ?" (ਨਾਪ੍ਰ) ੪. ਅੰਨ ਦਾ ਢੇਰ। ੫. ਹਥੌੜਾ। ੬. ਸੋਟੀ ਆਦਿਕ ਵਿੱਚ ਲੁਕਿਆ ਹੋਇਆ ਸ਼ਸਤ੍ਰ. ਗੁਪਤੀ। ੭. ਛਲ. ਕਪਟ। ੮. ਗੁਪਤ ਭੇਤ। ੯. ਪਹੇਲੀ. ਬੁਝਾਰਤ। ੧੦. ਵਿ- ਝੂਠਾ। ੧੧. ਛਲੀਆ। ੧੨. ਬਣਾਉਟੀ. ਨਕ਼ਲੀ। ੧੩. ਧਰਮ ਤੋਂ ਪਤਿਤ.

ਕੂਟਸ੍ਥ: ਵਿ- ਕੂਟ (ਪਹਾੜ) ਦੀ ਤਰਾਂ ਇਸਥਿਤ. ਅਚਲ. ਇੱਕਰਸ। ੨. ਅੰਦਰ ਗੁਪਤ. ਛਿਪਿਆ ਹੋਇਆ. ਲੁਕਿਆ ਹੋਇਆ। ੩. ਸੰਗਯਾ- ਪਾਰਬ੍ਰਹਮ. ਕਰਤਾਰ. "ਕਿਮ ਕੂਟਸ੍ਥ ਲਹੈ ਨਿਰਧਾਰੇ?" (ਗੁਪ੍ਰਸੂ) ੪. ਜੀਵਾਤਮਾ.

ਕੂਟਤਾਨ: ਦੇਖੋ, ਤਾਨ.

ਕੂਟਨ: ਕ੍ਰਿ- ਕੁੱਟਣਾ. ਪੀਟਨਾ. ਤਾੜਨਾ। ੨. ਸੰਗਯਾ- ਦੱਲਾ. ਭੇਟੂ. "ਕੂਟਨ ਸੋਇ ਜੋ ਮਨ ਕਉ ਕੂਟੈ." (ਗੌਂਡ ਕਬੀਰ) ਕਬੀਰ ਜੀ ਦੀ ਨਿੰਦਾ ਕਰਕੇ ਜੋ ਲੋਕਾਂ ਨੇ ਕੂਟਨ ਸ਼ਬਦ ਵਰਤਿਆ, ਉਸ ਦਾ ਉਲਟਾ ਅਰਥ ਕਰਦੇ ਹਨ ਕਿ ਮਨ ਤਾੜਨ ਵਾਲਾ ਕੂਟਨ ਹੈ.

ਕੂਠ: ਦੇਖੋ, ਜੂਠ ਕੂਠ। ੨. ਕੁੱਠ ਨਾਉਂ ਵਾਲੀ ਬੂਟੀ. ਦੇਖੋ, ਕੁਸ਼੍ਠ ੨.

ਕੂੰਡਾ: ਦੇਖੋ, ਕੁੰਡ। ੨. ਮਸਾਲਾ ਸਰਦਾਈ ਆਦਿਕ ਘੋਟਣ ਦਾ ਭਾਂਡਾ, ਜੋ ਉੱਖਲੀ ਆਕਾਰ ਪੱਥਰ ਅਥਵਾ ਮਿੱਟੀ ਦਾ ਹੁੰਦਾ ਹੈ। ੩. ਨੀਲਾਰੀ ਦੇ ਰੰਗ ਰੰਗਣ ਦਾ ਪਾਤ੍ਰ। ੪. ਜੁਲਾਹੇ ਦਾ ਪਾਣ ਰੱਖਣ ਦਾ ਬਰਤਨ. "ਛੂਟੇ ਕੂੰਡੇ ਭੀਗੈ ਪੁਰੀਆ." (ਗਉ ਕਬੀਰ) ਕੂੰਡੇ ਪਦਾਰਥਭੋਗ, ਪੁਰੀਆ (ਨਲਕੀਆਂ) ਵਾਸਨਾ. ਦੇਖੋ, ਗਜਨਵ.

ਕੂਣ, ਕੂਣਾ: ਸੰਗਯਾ- ਕੋਣ. ਕਿਨਾਰਾ। ੨. ਖੂੰਜਾ। ੩. ਦੇਖੋ, ਕੂਅਣਾ.

ਕੂਤ: ਅ਼. قُوت ਕ਼ੂਤ. ਰੋਜ਼ੀ ਖ਼ੁਰਾਕ। ੨. ਦੇਖੋ, ਕ੍ਵਤ। ੩. ਦੇਖੋ, ਕੂਤਨਾ। ੪. ਦੇਖੋ, ਕੂਤੁ.

ਕੂਤਣਾ, ਕੂਤਨਾ: ਕ੍ਰਿ- ਅੰਦਾਜ਼ਾ ਕਰਨਾ. ਅਟਕਲਨਾ. ਜਾਂਚਣਾ। ੨. ਖੇਤ ਦੇ ਅੰਨ ਦੀ ਜਾਂਚ ਕਰਨੀ.

ਕੂਤੁ: ਦੇਖੋ, ਕੂਤਨਾ. "ਕੇਤੀ ਦਾਤਿ ਜਾਣੈ ਕੌਣੁ ਕੂਤੁ." (ਜਪੁ) ੨. ਸੰ. ਆਕੂਤ (ਅਭਿਪ੍ਰਾਯ) ਦਾ ਸੰਖੇਪ.

ਕੂਦਨਾ: ਦੇਖੋ, ਕੁਦਣਾ.

ਕੂਨਾ, ਕੂਨਾਰ: ਸਿੰਧੀ. ਦੇਖੋ, ਕੁੰਨਾ.

ਕੂਨ੍ਹਾ: ਸੰਗਯਾ- ਕੰ (ਜਲ) ਦੇ ਆਨਯਨ (ਲਿਆਉਣ) ਦਾ ਪਾਤ੍ਰ. ਛੋਟੀ ਮਸ਼ਕ.

ਕੂਪ: ਸੰ. ਸੰਗਯਾ- ਕੁ (ਥੋੜਾ) ਹੋਵੇ ਅਪ੍ (ਜਲ) ਜਿਸ ਵਿੱਚ, ਖੂਹਾ ਜੋ ਤਾਲ ਅਤੇ ਨਦਾਂ ਦੇ ਮੁਕ਼ਾਬਲੇ ਥੋੜੇ ਪਾਣੀ ਵਾਲਾ ਹੈ. "ਕੂਪ ਭਰਿਓ ਜੈਸੇ ਦਾਦਿਰਾ." (ਗਉ ਰਵਿਦਾਸ) "ਕੂਪ ਤੇ ਮੇਰੁ ਕਰਾਵੈ." (ਸਾਰ ਕਬੀਰ) ਟੋਏ ਤੋਂ ਪਹਾੜ ਦੀ ਚੋਟੀ ਬਣਾ ਦਿੰਦਾ ਹੈ. ਭਾਵ- ਨੀਵੇਂ ਤੋਂ ਉੱਚਾ ਕਰਦਾ ਹੈ। ੨. ਦੇਖੋ, ਗਗਨ ੬.

ਕੂਪਮੰਡੂਕ: ਖੂਹ ਦਾ ਡੱਡੂ. ਕੂਏ ਦਾ ਮੇਂਡਕ. ਭਾਵ- ਉਹ ਆਦਮੀ ਜੋ ਆਪਣਾ ਥਾਂ ਛੱਡਕੇ ਬਾਹਰ ਨਾ ਗਿਆ ਹੋਵੇ. ਜਿਸ ਨੂੰ ਆਪਣੇ ਘਰ ਤੋਂ ਛੁੱਟ ਬਾਹਰ ਦੀ ਕੁਝ ਖ਼ਬਰ ਨਹੀਂ. ਅਲਪਗਜ.

ਕੂਪਮੰਡੂਕ ਨਜਾਯ: ਦੇਖੋ, ਨਜਾਯ.

ਕੂਪਾਇਆ[392]: ਕੂਪਰੂਪ ਹੈ. "ਗ੍ਰਿਹ ਅੰਧ ਕੂਪਾਇਆ." (ਸੂਹੀ ਮਃ ੫. ਪੜਤਾਲ)

---

[392] कूपमिवाचरती कूपायते कूपायत इति कूपायः (तत्रोनि तदाचष्टे) इतिखिचू.

**ਕੂਪਾਰ:** ਸੰਗਜਾ- ਕੂਪ. ਖੂਹਾ. ਕੁ (ਪ੍ਰਿਥੀ) ਵਿੱਚ ਦਿੱਤਾ ਹੋਇਆ ਪਾੜ. "ਮੁਹਿ ਕਾਢੋ ਭੁਜਾ ਪਸਾਰਿ ਅੰਧ ਕੂਪਾਰੀਆ." (ਗਉ ਅਃ ਮਃ ੫) ਬਾਂਹ ਵਧਾਕੇ ਅੰਧੇਰੇ ਖੂਹ ਤੋਂ ਕੱਢੋ। ੨. ਅਕੂਪਾਰ ਦਾ ਸੰਖੇਪ. ਦੇਖੋ, ਅਕੂਪਾਰ.

**ਕੂਬਰੀ:** ਦੇਖੋ, ਕੁਬਜਾ.

**ਕੂਮ:** ਕੂਮਲ ਦਾ ਸੰਖੇਪ. "ਧਰਮੰਕੁਰ, ਸੰਕੁਲ ਕੂਮ ਦਲੰ, ਜਿੰਹ ਸ਼ਾਖ ਬਢੀ ਸੁਮਤੀ ਸੁਖ ਭਾਰੀ." (ਨਾਪ੍ਰ)

**ਕੂਮਲ:** ਸੰਗਜਾ- ਕੋਮਲਦਲ. ਸ਼ਗੂਫ਼ਾ. "ਕਾਇਆ ਕੂਮਲ ਫੁਲ ਗੁਣ." (ਵਾਰ ਸੂਹੀ ਮਃ ੧)

**ਕੂਯਸ਼:** ਫ਼ਾ. کوُیش ਉਸ ਦਾ ਕੂਚਾ. ਉਸ ਦੀ ਗਲੀ.

**ਕੂਰ:** ਸੰਗਜਾ- ਕੂੜ. ਝੂਠ. ਅਸਤ੍ਯ. "ਸੁਖ ਸੰਪਤਿ ਭੋਗ ਇਸ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ." (ਟੋਡੀ ਮਃ ੫) ੨. ਵਿ- ਕਾਇਰ. ਬੁਜ਼ਦਿਲ. "ਸੂਰ ਕੂਰ ਤਿਹ ਠਾਂ ਪਰਖੈਹੈਂ." (ਸਲੋਹ) ੩. ਤੁੱਛ. ਘਟੀਆ. "ਕਹਾਂ ਕਿੰਨ੍ਰਨੀ ਕੂਰ?" (ਚਰਿਤ੍ਰ ੨੧੨) ੪. ਕ੍ਰੂਰ. ਭਯੰਕਰ. ਡਰਾਂਵਣਾ। ੫. ਦਯਾ ਰਹਿਤ. ਬੇਰਹਮ। ੬. ਸੰਗਜਾ- ਕੂੜਾ. ਗੁੱਦੜ. ਕਤਵਾਰ. "ਕਬਹੂ ਕੂਰਨ ਚਨੇ ਬਿਨਾਵੈ." (ਭੈਰ ਨਾਮਦੇਵ) ਕਦੇ ਕੂੜੇ ਵਿੱਚੋਂ ਦਾਣੇ ਚੁਗਵਾਉਂਦਾ ਹੈ। ੭. ਕੋਰ (ਅੰਧੇ) ਲਈ ਭੀ ਸ਼ਬਦ ਦਾ ਉੱਚਾਰਣ ਕੂਰ ਸਹੀ ਹੈ. ਦੇਖੋ, ਕੋਰ.

**ਕੂਰਮ:** ਸੰ. ਕੂਮੑ. ਸੰਗਜਾ- ਕੱਛੂ ਕੁੰਮਾ। ੨. ਵਿਸ਼ਨੁ ਦਾ ਦੂਜਾ ਅਵਤਾਰ. ਦੇਖੋ, ਕੱਛਪ ਅਵਤਾਰ। ੩. ਦਸ ਪ੍ਰਾਣਾਂ ਵਿੱਚੋਂ ਇੱਕ ਪ੍ਰਾਣ, ਜਿਸ ਨਾਲ ਨੇਤ੍ਰਾਂ ਦੀਆਂ ਪਲਕਾਂ ਖੁਲਦੀਆਂ ਹਨ। ੪. ਇੱਕ ਪੁਰਾਣ, ਜਿਸ ਵਿੱਚ ਕੱਛੂਅਵਤਾਰ ਦੀ ਕਥਾ ਪ੍ਰਧਾਨ ਹੈ। ੫. ਰਿਗਵੇਦ ਦੇ ਮੰਤ੍ਰਾਂ ਦਾ ਪ੍ਰਕਾਸ਼ਕ ਇੱਕ ਦੇਵਰਿਖਿ. "ਮਛ ਕਛ ਕੂਰਮੁ ਆਗਿਆ ਅਉਤਰਾਸੀ." (ਮਾਰੂ ਸੋਲਹੇ ਮਃ ੫)

**ਕੂਰਮਪੁਰਾਣ:** ਦੇਖੋ, ਕੂਰਮ ੪. ਅਤੇ ਪੁਰਾਣ.

**ਕੂਰਮਾਪਾਲ, ਕੂਰਮਾਪਾਲੁ:** ਸੰ. ਕੂਮੑਪਲਜੰਕ. ਕੱਛੂ ਦੀ ਸੇਜਾ. ਕੱਛੂਰੂਪ ਪਲੰਘ. "ਕੂਰਮਾਪਾਲੁ ਸਹਸ੍ਰਫਨੀ, ਬਾਸਕੁ ਸੇਜਵਾਲੂਆ." (ਮਲਾ ਨਾਮਦੇਵ) ਕੱਛੂ ਅਤੇ ਸ਼ੇਸ਼ਨਾਗ ਪਲੰਘ, ਵਾਸੁਕਿਨਾਗ ਸੇਜਬੰਦ.

**ਕੂਰਮੁ:** ਦੇਖੋ, ਕੂਰਮ.

**ਕੂਰਾ:** ਵਿ- ਝੂਠਾ. ਅਸਤ੍ਯ. "ਬਿਨਸੈ ਭਰਮ ਕੂਰਾ." (ਆਸਾ ਅਃ ਮਃ ੧) "ਸਗਲ ਬਿਨਾਸੇ ਰੋਗ ਕੂਰਾ." (ਰਾਮ ਮਃ ੫) "ਕੂਰੇ ਗਾਂਢਨ ਗਾਂਢੇ." (ਗਉ ਮਃ ੪) ੨. ਕੂੜਾ. ਕਤਵਾਰ. "ਕੇਤਕ ਕੂਰਾ ਕਰਹਿਂ ਸਕੇਲਨ." (ਗੁਪ੍ਰਸੂ) ੩. ਪਾਣੀ ਦਾ ਸੂਖਮ ਕੀੜਾ. ਪੂਰਾ.

**ਕੂਰਿ:** ਕੂਰ ਸੇ. ਝੂਠ ਨਾਲ. ਅਸਤ੍ਯ ਕਰਕੇ. "ਨਹਿ ਮਿਲੀਐ ਪਿਰ ਕੂਰਿ." (ਸ੍ਰੀ ਮਃ ੧) ੨. ਸੰਗਜਾ- ਕੂਰਤਾ. ਅਸਤ੍ਯਤਾ. ਝੂਠਪਨ. "ਅੰਤਰਿ ਹਉਮੈ ਕੂਰਿ." (ਸ੍ਰੀ ਮਃ ੫) ੩. ਦੇਖੋ, ਕੂਰੀ.

**ਕੂਰੀ:** ਵਿ- ਕੂੜੀ. ਝੂਠੀ.

**ਕੂਲ:** ਸੰ. ਸੰਗਜਾ- ਕਿਨਾਰਾ. ਤਟ. ਕੰਢਾ। ੨. ਸੈਨਾ ਦਾ ਪਿਛਲਾ ਭਾਗ। ੩. ਪਹਾ. ਨਾਲਾ. ਛੋਟੀ ਨਦੀ. ਸੰ. ਕੁਲ੍ਯਾ. ਕੂਲ੍ਹ. "ਜਾਇ ਰਲਿਓ ਢਲਿ ਕੂਲਿ." (ਸ. ਕਬੀਰ) ਕੂਲ੍ਹ ਵਿੱਚ ਜਾਇ ਰਲਿਓ.

**ਕੂਲਧਾਰੀ:** ਨਦੀ. ਕਿਨਾਰਿਆਂ ਨੂੰ ਧਾਰਣ (ਖਾਰਣ) ਵਾਲੀ. "ਤਹਾਂ ਸ੍ਰੌਣ ਕੀ ਕੂਲਧਾਰੀ ਬਿਰਾਜੈ." (ਚਰਿਤ੍ਰ ੪੦੫)

**ਕੂਲਾ:** ਵਿ- ਕੋਮਲ. ਨਰਮ."ਸਘਨ ਬਾਸ ਕੂਲੇ." (ਬਸੰ ਮਃ ੫) ਕੋਮਲ ਬਿਰਛਾਂ ਵਿੱਚ ਗਾੜ੍ਹੀ ਸੁਗੰਧਿ ਉਤਪੰਨ ਹੋਈ ਹੈ.

**ਕੂਲਿ:** ਕੂਲ੍ਹ ਵਿੱਚ. ਦੇਖੋ, ਕੂਲ ੩.

**ਕੂਲ੍ਹ:** ਦੇਖੋ, ਕੂਲ ੩.

**ਕੂੜ:** ਸੰਗਯਾ- ਕੂਟ. ਅਸਤ੍ਯ. ਝੂਠ. "ਕੂੜ ਕਪਟ ਕਮਾਵੈ ਮਹਾਦੁਖ ਪਾਵੈ." (ਸੂਹੀ ਛੰਤ ਮਃ ੪) "ਕੂੜ ਬੋਲਿ ਬਿਖੁ ਖਾਵਣਿਆ." (ਮਾਝ ਅਃ ਮਃ ੩)

**ਕੂੜਕਬਾੜ:** ਸੰਗਯਾ- ਕੂੜਾ ਕਰਕਟ. ਸੰਬਰਣ ਅਤੇ ਟੁੱਟੀ ਫੁੱਟੀ ਵਸ੍ਤੁ। ੨. ਅਸਤ੍ਯ ਅਤੇ ਮੰਦੇ ਖ਼ਿਆਲ. "ਛੋਡਹੁ ਪ੍ਰਾਣੀ ਕੂੜਕਬਾੜਾ." (ਮਾਰੂ ਸੋਲਹੇ ਮਃ ੧)

**ਕੂੜਾ:** ਸੰਗਯਾ- ਕਤਵਾਰ. ਸੰਬਰਣ। ੩. ਵਿ- ਝੂਠਾ. ਕੂਟ ਸਹਿਤ. "ਕੂੜਾ ਲਾਲਚੁ ਛੋਡੀਐ." (ਆਸਾ ਅਃ ਮਃ ੧)

**ਕੂੜਾਵਾ, ਕੂੜਾਵੀ:** ਵਿ- ਝੂਠਾ. ਕੂੜਤਾ ਵਾਲਾ. ਅਸਤ੍ਯਤ ਸਹਿਤ. ਝੂਠੀ. "ਹਭੇ ਸਾਕ ਕੂੜਾਵੇ ਡਿਠੇ." (ਵਾਰ ਰਾਮ ੨. ਮਃ ੫)

**ਕੂੜਿ:** ਝੂਠ ਕਰਕੇ. ਝੂਠ ਨਾਲ. "ਕੂੜਿ ਵਿਗੁਤੀ ਤਾ ਪਿਰਿ ਮੁਤੀ." (ਗਉ ਛੰਤ ਮਃ ੩) ਦੇਖੋ, ਕਪਟ। ੨. ਝੂਠੇ ਦਾ. "ਕੂੜਿ ਕੂੜੈ ਨੇਹੁ ਲਗਾ." (ਵਾਰ ਆਸਾ) ਝੂਠੇ ਦਾ ਝੂਠ ਨਾਲ (ਭਾਵ- ਅਸਤ੍ਯ ਪਦਾਰਥਾਂ ਨਾਲ) ਸਨੇਹ ਲੱਗਾ.

**ਕੂੜਿਆਰ:** ਵਿ- ਅਸਤ੍ਯਵਾਦੀ. ਝੂਠ ਬੋਲਣ ਵਾਲਾ. "ਅਸੰਖ ਕੂੜਿਆਰ ਕੂੜੇ ਫਿਰਾਹਿ." (ਜਪੁ)

**ਕੂੜਿਆਰਿ:** ਝੂਠ ਧਾਰਨ ਵਾਲੀ. ਝੂਠੀ. "ਵਿਣੁ ਨਾਵੈ ਕੂੜਿਆਰਿ." (ਸੋਰ ਅਃ ਮਃ ੩)

**ਕੂੜਿਆਰੀ:** ਝੂਠਾ. ਅਸਤ੍ਯਵਾਦੀ. "ਕੂੜਿਆਰੀ ਰਜੈ ਕੂੜਿ." (ਵਾਰ ਸੋਰ ਮਃ ੪)

**ਕੂੜੀ:** ਵਿ- ਝੂਠੀ. "ਕੂੜੀ ਰਾਸਿ ਕੂੜਾ ਵਾਪਾਰ." (ਵਾਰ ਆਸਾ) ੨. ਕੂੜ ਵਾਲਾ. ਝੂਠਾ. ਛਲੀਆ. "ਕੂੜੀ ਪੂਰੇ ਥਾਉ." (ਵਾਰ ਮਲਾ ਮਃ ੨) ਪਾਖੰਡੀ ਭਲਿਆਂ ਦਾ ਥਾਉਂ ਪੂਰਦਾ ਹੈ. ਸਚਿਆਰਾਂ ਦੀ ਜਗਾ ਮੱਲ ਬੈਠਦਾ ਹੈ.

**ਕੂੜੁ:** ਦੇਖੋ, ਕੂੜ. "ਕੂੜੁ ਰਾਜਾ ਕੂੜੁ ਪਰਜਾ." (ਵਾਰ ਆਸਾ)

**ਕੂੜੇ:** ਝੂਠੇ. ਅਸਤ੍ਯਵਾਦੀ। ੨. ਝੂਠ ਵਿਚ. "ਅਸੰਖ ਕੂੜਿਆਰ ਕੂੜੇ ਫਿਰਾਹਿ." (ਜਪੁ)

**ਕੂੜੈ:** ਝੂਠ ਨਾਲ. ਦੇਖੋ, ਕੂੜਿ ੨.

**ਕੂੜੋ ਕੂੜ:** ਵਿ- ਅਤ੍ਯੰਤ ਅਸਤ੍ਯ. ਝੂਠ ਹੀ ਝੂਠ "ਕੂੜੋ ਕੂੜ ਕਰੇ ਵਾਪਾਰਾ." (ਮਾਰੂ ਸੋਲਹੇ ਮਃ ੩)

**ਕੇ:** ਸਰਵ- ਕਿਆ. ਕੀ। ੨. ਕੋਈ. "ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ." (ਜਪੁ) ੩. ਪ੍ਰਤ੍ਯ. ਦੇ. ਕੇ. "ਤਿਨ ਕੇ ਨਾਮ ਅਨੇਕ ਅਨੰਤ." (ਜਪੁ) ੪. ਵਿ- ਕਈ. ਅਨੇਕ. "ਤਿਥੈ ਭਗਤ ਵਸਹਿ ਕੇ ਲੋਅ." (ਜਪੁ) ੫. ਵ੍ਯ- ਕੈ. ਅਥਵਾ. ਜਾਂ."ਜੋ ਉਪਜਿਓ ਸੋ ਬਿਨਸ ਹੈ ਪਰੋ ਆਜ ਕੇ ਕਾਲ." (ਸ. ਮਃ ੯) ਪਰਸੋਂ, ਅੱਜ ਜਾਂ ਕਲ੍ਹ.

**ਕੇਉ:** ਕ੍ਰਿ. ਵਿ- ਕੈਸੇ. ਕਿਉਂਕਰ. "ਕੇਉ ਨਿਰਾਸਾ ਹੋਇ?" (ਵਾਰ ਰਾਮ ੧. ਮਃ ੩)

**ਕੇਉਟ:** ਦੇਖੋ, ਕੇਵਟ.

**ਕੇਉੜਾ:** ਦੇਖੋ, ਕੇਵੜਾ.

**ਕੇਊ:** ਸਰਵ- ਕੋਈ. ਕੋਊ.

**ਕੇਇ, ਕੇਈ:** ਸਰਵ- ਕੋਈ. "ਆਖਹਿ ਸਿ ਭਿ ਕੇਈ ਕੇਇ." (ਜਪੁ) "ਕੇਈ ਲਾਹਾ ਲੈਚਲੇ." (ਵਾਰ ਸਾਰ ਮਃ ੨) ੨. ਕੇਈਕੇਇ. ਵਿਰਲੇ.

**ਕੇਸ:** ਸੰ. ਕੇਸ਼. ਸੰਗਯਾ- ਸਿਰ ਦੇ ਰੋਮ. "ਕੇਸ ਸੰਗਿ ਦਾਸ ਪਗ ਝਾਰਉ." (ਗੂਜ ਮਃ ੫) ਕੇਸ, ਅਮ੍ਰਿਤਧਾਰੀ ਸਿੰਘਾਂ ਦਾ ਪਹਿਲਾ ਕਕਾਰ (ਕੱਕਾ) ਹੈ. ਦੇਖੋ, ਮੁੰਡਨ। ੨. ਕ (ਜਲ) ਦਾ ਈਸ਼. ਵਰੁਣ. ਜਲਪਤਿ। ੩. ਫ਼ਾ. کیش ਕੇਸ਼. ਤ਼ਰੀਕ਼ਾ.

ਰਿਵਾਜ. ਦਸ੍ਤੂਰ। ੪. ਆਦਤ. ਸੁਭਾਉ। ੫. ਧਰਮ. ਮਜਹਬ। ੬. ਖ਼ਲੀਜ ਫ਼ਾਰਸ ਵਿੱਚ ਇੱਕ ਟਾਪੂ.

ਕੇਸਉ: ਦੇਖੋ, ਕੇਸਵ. "ਪਿੰਡ ਪਤਲਿ ਮੇਰੀ ਕੇਸਉ ਕਿਰਿਆ." (ਆਸਾ ਮਃ ੧) ਪਿੰਡ ਪੱਤਲ ਆਦਿ ਕ੍ਰਿਯਾ ਮੇਰੀ ਕੇਸ਼ਵ (ਕਰਤਾਰ) ਹੈ.

ਕੇਸਅਰਿ: ਸੰਗਯਾ- ਉਸਤਰਾ। ੨. ਰੋਮਨਾਸ਼ਨੀ.

ਕੇਸਕੀ: ਸੰਗਯਾ- ਛੋਟੀ ਪੱਗ, ਜੋ ਕੇਸਾਂ ਦੀ ਰਖ੍ਯਾ ਲਈ ਪਹਿਰੀ ਜਾਂਦੀ ਹੈ.

ਕੇਸਕੋਟ, ਕੇਸਗੜ੍ਹ: ਭਾਈ ਸੁੱਖਾਸਿੰਘ ਨੇ ਗੁਰੁਵਿਲਾਸ ਵਿੱਚ ਕੇਸਗੜ੍ਹ ਦਾ ਅਨੁਵਾਦ (ਉਲਥਾ) ਕਰਕੇ ਕੇਸਕੋਟ ਅਤੇ ਕੇਸਦੁਰਗ ਆਦਿਕ ਨਾਉਂ ਬਣਾ ਦਿੱਤੇ ਹਨ. ਕੇਸਗੜ੍ਹ ਆਨੰਦਪੁਰ ਵਿੱਚ ਉਹ ਗੁਰਧਾਮ ਹੈ, ਜਿਸ ਥਾਂ ਦਸ਼ਮੇਸ਼ ਨੇ ੧. ਵੈਸਾਖ ਸੰਮਤ ੧੭੫੬ ਨੂੰ ਅਮ੍ਰਿਤਦਾਨ ਦੇ ਕੇ ਮੁਰਦਿਆਂ ਨੂੰ ਜੀਵਨਦਾਨ ਦਿੱਤਾ ਅਤੇ ਕੇਸ਼ ਰੱਖਣ ਦਾ ਉਪਦੇਸ਼ ਕੀਤਾ. ਇਹ ਖ਼ਾਲਸੇ ਦਾ ਤੀਜਾ ਤਖਤ ਹੈ. ਇਸਥਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋ ਸ਼ਸਤ੍ਰ ਹਨ, ਉਹ ਆਨੰਦਪੁਰ ਸ਼ਬਦ ਵਿਚ 'ਕੇਸਗੜ੍ਹ' ਦੇਖੋ.

ਕੇਸਗੁੜ: ਦੇਖੋ, ਗੁੜਾਕੇਸ.

ਕੇਸਦੁਰਗ: ਦੇਖੋ, ਕੇਸਗੜ੍ਹ.

ਕੇਸਧਾਰੀ: ਵਿ- ਕੇਸ਼ ਰੱਖਣ ਵਾਲਾ. ਮੁੰਡਨ ਦਾ ਤਯਾਗੀ। ੨. ਸੰਗਯਾ- ਅੰਮ੍ਰਿਤਧਾਰੀ ਸਿੰਘ। ੩. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ.

ਬਚਨ ਗੁਰੁਦੇਵ ਕੇ ਗ੍ਯਾਨ ਐਸੋ ਕੀਓ

ਮੁਕਤਿ ਕੀ ਯੁਕਤਿ ਐਸੇ ਬਿਚਾਰੀ,

ਰਚੇ ਕਰਤਾਰ ਯੌਂ ਰਚੀ ਆਕਾਰ ਤੇ

ਜਪੈਗੀ ਜਾਪ ਸੁਭ ਸ੍ਰਿਸ੍ਟਿ ਸਾਰੀ,

ਤਤ੍ਵ ਕੋ ਧਾਰਕੈ ਜੀਤ ਬੋਲੀ ਫਤੇ

ਮਾਰ ਦੂਤਨ ਕੀਓ ਭਸਮ ਛਾਰੀ,

ਭਯੋ ਜੈਕਾਰ ਤ੍ਰੈਲੋਕ ਚੌਦੈਂ ਭਵਨ

ਅਚਲ ਪਰਤਾਪ ਗੁਰੁ ਕੇਸ਼ਧਾਰੀ. (ਗੁਰੁਸ਼ੋਭਾ)

ਕੇਸ਼ਪਾਸ਼: ਸੰ. ਸੰਗਯਾ- ਕੇਸਾਂ ਦਾ ਜੂੜਾ.

ਕੇਸਰ: ਸੰ. ਸੰਗਯਾ- ਕੁੰਕੁਮ. ਕਸ਼ਮੀਰਜ. ਕੁੰਗੂ. "ਕੇਸਰ ਕੁਸਮ ਮਿਰਗਮੈ ਹਰਣਾ." (ਤਿਲੰ ਮਃ ੧) ੨. ਘੋੜੇ ਅਤੇ ਸ਼ੇਰ ਦੀ ਗਰਦਨ ਦੇ ਲੰਮੇ ਰੋਮ. ਅਯਾਲ। ੩. ਫੁੱਲ ਦੀ ਤਰੀ. ਇਹ ਸ਼ਬਦ ਕੇਸ਼ਰ ਭੀ ਸ਼ੁੱਧ ਹੈ। ੪. ਡਿੰਗ. ਮੌਲਸਰੀ. ਬਕੁਲ.

ਕੇਸਰੀ: ਵਿ- ਕੇਸਰ ਦੇ ਰੰਗ ਰੰਗਿਆ। ੨. ਕੇਸਰ ਜੇਹੇ ਰੰਗ ਵਾਲਾ। ੩. ਸੰਗਯਾ- ਹਨੂਮਾਨ ਦਾ ਪਿਤਾ। ੪. ਘੋੜਾ। ੫. ਸਿੰਹੁ. ਬਬਰਸ਼ੇਰ. ਘੋੜਾ ਅਤੇ ਸ਼ੇਰ ਕੇਸਰ (ਅਯਾਲ) ਵਾਲੇ ਹੋਣ ਕਰਕੇ ਕੇਸਰੀ (केसरिन्) ਕਹਾਉਂਦੇ ਹਨ. ਕੇਸ਼ਰੀ ਸ਼ਬਦ ਭੀ ਸਹੀ ਹੈ.

ਕੇਸਰੀਆ: ਸ਼ੇਰ. ਦੇਖੋ, ਕੇਸਰੀ ੫.। ੨. ਵਿ- ਕੇਸਰਰੰਗਾ.

ਕੇਸਰੀਆਬਾਹੀ: ਸੰ. ਕੇਸਰਿਵਾਹਨੀ. ਦੁਰਗਾ, ਜੋ ਸ਼ੇਰ ਪੁਰ ਸਵਾਰ ਹੁੰਦੀ ਹੈ. ਜਿਸ ਦਾ ਵਾਹਨ ਸਿੰਘ ਹੈ. "ਕੇਸਰੀਆਬਾਹੀ ਕੌਮਾਰੀ." (ਪਾਰਸਾਵ)

ਕੇਸਰੀਚੰਦ: ਜਸਵਾਲ ਦਾ ਪਹਾੜੀ ਰਾਜਾ, ਜੋ ਆਨੰਦਪੁਰ ਦੇ ਜੰਗ ਵਿਚ ਭਾਈ ਉਦਯ ਸਿੰਘ ਦੇ ਹੱਥੋਂ ਮੋਇਆ. ਦੇਖੋ, ਉਦਯ ਸਿੰਘ। ੨. ਰਾਜਾ ਭੀਮਚੰਦ ਕਹਲੂਰੀ ਦਾ ਸਾਲਾ, ਜੋ ਵਜ਼ੀਰ ਪਰਮਾਨੰਦ (ਪੰਮੇ) ਨਾਲ ਮਿਲਕੇ ਦਸ਼ਮੇਸ਼ ਦੀ ਸੇਵਾ ਵਿੱਚ ਵਕਾਲਤ ਕਰਨ ਆਇਆ ਕਰਦਾ ਸੀ.

ਕੇਸਰੀਬਾਹਨੀ: ਦੇਖੋ, ਕੇਸਰੀਆਬਾਹੀ.

ਕੇਸਵ: ਸੰ. ਕੇਸ਼ਵ. ਸੰਗਯਾ- ਸ਼ਲਾਘਾ ਯੋਗਯ ਹਨ ਜਿਸ ਦੇ ਕੇਸ਼. ਸੁੰਦਰ ਕੇਸ਼ਾਂ ਵਾਲਾ, ਵਿਸ਼ਨੁ। ੨. ਕ (ਬ੍ਰਹਮਾ) ਈਸ਼ (ਸ਼ਿਵ), ਇਨ੍ਹਾਂ ਪੁਰ ਦਇਆ ਕਰਨ ਵਾਲਾ, ਕਰਤਾਰ "ਕੇਸਵ ਕਲੇਸਨਾਸ ਅਘਖੰਡਨ." (ਬਿਲਾ ਮਃ ੫) ੩. ਕੇਸ਼ਿ ਦੈਤਯ ਦੇ ਮਾਰਣ ਵਾਲਾ. ਕ੍ਰਿਸਨਦੇਵ।[393] ੪. ਪ੍ਰਕਾਸ਼ਰੂਪ ਕਰਤਾਰ.[394]

ਕੇਸ਼ਵਦਾਸ: ਵਿ- ਕਰਤਾਰ ਦਾ ਸੇਵਕ। ੨. ਸੰਗਯਾ- ਵ੍ਰਿਜਭਾਸ਼ਾ ਦਾ ਮਹਾਨ ਕਵਿ ਅਤੇ ਹਿੰਦੀਕਾਵ੍ਯ ਦਾ ਆਚਾਰਯ ਇੱਕ ਪ੍ਰਸਿੱਧ ਪੰਡਿਤ ਬੁੰਦੇਲਖੰਡ ਦਾ ਨਿਵਾਸੀ ਸਨਾਢ੍ਯ ਬ੍ਰਾਹਮਣ ਸੀ. ਸ਼ਿਵਸਿੰਘਸਰੋਜ ਵਿੱਚ ਕੇਸ਼ਵਦਾਸ ਦੇ ਜਨਮ ਦਾ ਸੰਮਤ ੧੬੨੪ ਲਿਖਿਆ ਹੈ. ਇਸ ਦੇ ਬਣਾਏ ਕਾਵ੍ਯਗ੍ਰੰਥ ਕਵਿਪ੍ਰਿਯਾ, ਰਸਿਕਪ੍ਰਿਯਾ, ਰਾਮਚੰਦ੍ਰਿਕਾ ਆਦਿਕ ਕਵਿਸਮਾਜ ਵਿੱਚ ਵਡੇ ਆਦਰ ਯੋਗਯ ਹਨ. ਓਰਛਾ ਦੇ ਰਾਜਾ ਇੰਦ੍ਰਜਿਤ ਨੇ ਕੇਸ਼ਵਦਾਸ ਜੀ ਨੂੰ ਜਾਗੀਰ ਵਿਚ ੨੧. ਗ੍ਰਾਮ ਦਿੱਤੇ ਸਨ. ਦੇਖੋ, ਕੁਵਰੇਸ਼। ੩. ਦੇਖੋ, ਕੇਸੋਦਾਸ ੨.

ਕੇਸਾਇਓ: ਸੰ. ਕੇਸ਼ੈਃ ਕੇਸਾਂ ਨਾਲ. ਕੇਸੋਂ ਸੇ. "ਚਰਨ ਝਾਰੀ ਕੇਸਾਇਓ." (ਸਾਰ ਮਃ ੫)

ਕੇਸ਼ਾਂਤਕ: ਸੰਗਯਾ- ਕੇਸ਼ਾਂ ਦਾ ਅੰਤ ਕਰਨ ਵਾਲਾ, ਉਸਤਰਾ। ੨. ਰੋਮਨਾਸ਼ਕ ਚੂਰਣ. ਰੋਮਨਾਸਨੀ।

ਕੇਸਿ: ਦੇਖੇ, ਕੇਸੀ। ੨. ਕੇਸਾਂ ਨਾਲ.

ਕੇਸੀ: ਸੰ. केशिन्- ਕੇਸ਼ੀ. ਵਿ- ਕੇਸ਼ਾਂ ਵਾਲਾ। ੨. ਸੰਗਯਾ- ਇੱਕ ਦਾਨਵ, ਜੋ ਕੰਸ ਦੀ ਆਗਯਾ ਨਾਲ ਘੋੜੇ ਦੀ ਸ਼ਕਲ ਬਣਾਕੇ ਕ੍ਰਿਸ਼ਨ ਜੀ ਨੂੰ ਮਾਰਣ ਆਇਆ. ਕ੍ਰਿਸ਼ਨ ਜੀ ਨੇ ਇਸ ਦੇ ਮੂੰਹ ਵਿੱਚ ਆਪਣੀ ਬਾਂਹ ਪਾਕੇ ਪ੍ਰਾਣ ਹਰੇ. "ਕੇਸੀ ਕੰਸ ਮਥਨੁ ਜਿਨਿ ਕੀਆ." (ਗੌਂਡ ਨਾਮਦੇਵ) ੩. ਨਿਰੁਕ੍ਤ ਵਿੱਚ ਸੂਰਜ ਦਾ ਨਾਉਂ ਕੇਸ਼ੀ ਹੈ, ਜੋ ਕੇਸ਼ (ਕਿਰਣਾਂ) ਧਾਰਣ ਕਰਦਾ ਹੈ। ੪. ਕੇਸਾਂ ਤੋਂ, "ਕੰਸ ਕੇਸੀ ਪਕੜਿ ਗਿਰਾਇਆ." (ਚੰਡੀ ੩) ੫. ਕੇਸਾਂ ਕਰਕੇ. "ਨਾ ਸਤਿ ਮੂੰਡ ਮੁਡਾਏ ਕੇਸੀ." (ਵਾਰ ਰਾਮ ੧. ਮਃ ੧) ਸੱਤ ਦੀ ਪ੍ਰਾਪਤੀ ਨਾ ਮੂੰਡ ਮੁਡਾਏ, ਨਾ ਕੇਸਾਂ ਦ੍ਵਾਰਾ.

ਕੇਸੀਸਨਾਨ: ਸੰਗਯਾ- ਕੇਸਾਂ ਦੇ ਧੋਣ ਦੀ ਕ੍ਰਿਯਾ. ਸਕੇਸ ਸਨਾਨ.

ਕੇਸੁ: ਦੇਖੋ, ਕੇਸੀ ੨. "ਕੰਸ ਕੇਸੁ ਮਰਾਹਾ." (ਸੋਰ ਮਃ ੪) "ਕੰਸ ਕੇਸੁ ਚਾਂਡੂਰੁ ਨ ਕੋਈ." (ਗਉ ਅਃ ਮਃ ੧)

ਕੇਸੂ: ਦੇਖੋ, ਕਿੰਸੁਕ.

ਕੇਸੋ: ਦੇਖੋ, ਕੇਸਵ. "ਕੇਸੋ ਕੀਓ ਨ ਮੀਤ." (ਸ. ਕਬੀਰ)

ਕੇਸੋਗੋਪਾਲ: ਗੋ (ਪ੍ਰਿਥਿਵੀ) ਪਾਲਕ ਕੇਸ਼ਵ. ਬ੍ਰਹਮਾ ਅਤੇ ਸ਼ਿਵ ਉੱਪਰ ਦਇਆ ਕਰਨ ਵਾਲਾ ਜਗਤਪਾਲਕ ਕਰਤਾਰ. ਦੇਖੋ,

---

[393] ਦੇਖੋ, ਵਿਸ਼ਨੁਪੁਰਾਣ. ਅੰਸ਼ ੫, ਅਃ ੧੬.

[394] अंशतो ये प्रकाशते मम ते केश संज्ञिता:
सर्वज्ञा: केशवं तस्मात प्राहुमी द्विज सत्तमा:
(ਮਹਾਭਾਰਤ)

ਕੇਸਵ ੨. "ਕੇਸੋਗੋਪਾਲ ਪੰਡਿਤ ਸਦਿਅਹੁ." (ਸਦੁ)

ਕੇਸ਼ੋੱਤਮਾ: ਵਿ- ਉੱਤਮ ਕੇਸ਼ਾਂ ਵਾਲੀ. ਸੁਕੇਸ਼ੀ.

ਕੇਸੋਦਾਸ: ਦੇਖੋ, ਕੇਸਵਦਾਸ। ੨. ਇੱਕ ਤੰਤ੍ਰਸ਼ਾਸਤ੍ਰ ਦਾ ਪੰਡਿਤ, ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਦੇ ਹਜੂਰ ਮੰਤ੍ਰਸ਼ਕਤਿ ਦ੍ਵਾਰਾ ਦੁਰਗਾ ਸਿੱਧ ਕਰਨ ਦਾ ਦਾਵਾ ਕਰਦਾ ਸੀ ਅਤੇ ਅੰਤ ਨੂੰ ਸ਼ਰਮਿੰਦਾ ਹੋਕੇ ਆਨੰਦਪੁਰ ਤੋਂ ਗਿਆ. ਕੇਸੋਦਾਸ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣੋਂ ਭੀ ਇਨਕਾਰ ਕੀਤਾ ਸੀ.

ਕੇਸੌ: ਦੇਖੋ, ਕੇਸਵ. "ਕਹਿ ਕਬੀਰ ਕੇਸੌ ਜਗਿ ਜੋਗੀ." (ਬਿਲਾ)

ਕੇਹ: ਕ੍ਰਿ. ਵਿ- ਕੈਸੇ. ਕਿਉਂਕਰ. "ਸੁਆਮੀ ਮਿਲੀਐ ਕੇਹ?" (ਗਉ ਮਃ ੫) ੨. ਕਿਸੇ ਤਰਾਂ. ਕਿਸੀ ਪ੍ਰਕਾਰ. "ਇਕ ਬੂੰਦ ਨ ਪਵਈ ਕੇਹ." (ਸ੍ਰੀ ਅਃ ਮਃ ੧) ਦੇਖੋ, ਪਵਈ। ੩. ਵਿ- ਕੁਝ. ਤਨਿਕ. "ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ." (ਵਾਰ ਸੋਰ ਮਃ ੩) ੪. ਸਰਵ- ਕਿਸ ਨੂੰ. ਕਿਸ ਤਾਂਈ.

ਕੇਂਹ: ਕ੍ਰਿ. ਵਿ- ਕਿਸੇ ਤਰਾਂ. ਕਿਸੀ ਪ੍ਰਕਾਰ। ੨. ਵਿ- ਕੁਛ. ਕੁਝ. "ਤਿਸੁ ਬਿਨੁ ਆਨ ਨ ਕੇਂਹ." (ਜੈਤ ਮਃ ੫)

ਕੇਹਰਾ: ਸਰਵ- ਕੇਹੜਾ. ਕੌਨਸਾ.

ਕੇਹਰਿ, ਕੇਹਰੀ: ਸੰ. ਕੇਸਰੀ ਸਿੰਘ. ਕੇਸਰ (ਅਯਾਲ) ਵਾਲਾ. "ਅਜ ਕੈ ਵਸਿ ਗੁਰੁ ਕੀਨੋ ਕੇਹਰਿ." (ਆਸਾ ਮਃ ੫) ਅਜ ਨੰਮ੍ਰਭਾਵ, ਅਤੇ ਕੇਹਰਿ ਘਮੰਡ ਹੈ.

ਕੇਹਰੀਬਾਰ: ਸੰਗਯਾ- ਉਹ ਬਾਰ (ਜੰਗਲ) ਜਿਸ ਵਿੱਚ ਕੇਹਰ (ਸ਼ੇਰ) ਹੋਣ. "ਏਕ ਦਿਵਸ ਵਹ ਗਯੋ ਸ਼ਿਕਾਰਾ। ਜਾਂ ਦਿਸ ਹੁਤੀ ਕੇਹਰੀਬਾਰਾ." (ਚਰਿਤ੍ਰ ੨੯੭)

ਕੇਹਰੋ, ਕੇਹੜਾ, ਕੇਹੜੋ: ਸਿੰਧੀ. ਸਰਵ- ਕੌਨਸਾ. ਕੌਨ. "ਪ੍ਰਭ ਥਾਨੁ ਤੇਰੋ ਕੇਹਰੋ।" (ਕਾਨ ਮਃ ੫)

ਕੇਹਾ: ਕ੍ਰਿ. ਵਿ- ਕੈਸਾ. ਕਿਸ ਪ੍ਰਕਾਰ ਦਾ। ੨. ਕੈਸੇ. ਕਿਉਂਕਰ. "ਬੁਰਾ ਕਰੇ ਸੋ ਕੇਹਾ ਸਿਝੈ?" (ਸਵਾ ਮਃ ੩)

ਕੇਹਿ: ਸਰਵ- ਕਿਸ ਨੂੰ. ਕਿਸ ਪ੍ਰਤਿ। ੨. ਕ੍ਰਿ. ਵਿ- ਕੈਸੇ. ਕਿਉਂਕਰ. ਕਿਵੇਂ. "ਗੁਣਹੀਣੀ ਸੁਖ ਕੇਹਿ?" (ਸ੍ਰੀ ਅਃ ਮਃ ੧)

ਕੇਹਿਆ: ਕੇਹੋ ਜਿਹਾ. ਕਿਸ ਤਰਾਂ ਦਾ.

ਕੇਹੁ: ਸਰਵ- ਕੋਈ. "ਊਨ ਥਾਉ ਨ ਕੇਹੁ." (ਸਾਰ ਮਃ ੫)

ਕੇਹੇ: ਕੈਸੇ. ਕਿਸ ਤਰਾਂ ਦੇ.

ਕੇਕ: ਸੰਗਯਾ- ਕੇਕੜਾ. ਕਰਕਟ. ਬਿੱਛੂ ਦੀ ਸ਼ਕਲ ਦੀ ਲਾਲਰੰਗੀ ਮੱਛੀ.

ਕੇਕਈ: ਸੰ. ਕੈਕੇਯੀ. ਕੇਕਯ ਦੇਸ਼ ਦੇ ਰਾਜਾ ਅਸ਼੍ਵਪਤਿ ਦੀ ਪੁਤ੍ਰੀ, ਜੋ ਦਸ਼ਰਥ ਦੀ ਰਾਣੀ ਅਤੇ ਭਰਤ ਦੀ ਮਾਤਾ ਸੀ.

ਕੇਕਈਨੰਦਨ: ਕੈਕੇਯੀ ਦਾ ਪੁਤ੍ਰ, ਭਰਤ.

ਕੇਕਯ: ਕਸ਼ਮੀਰ ਦੇ ਇਲਾਕੇ ਅੰਦਰ ਇੱਕ ਦੇਸ਼, ਜਿਸ ਨੂੰ ਹੁਣ ਕੱਕਾ ਆਖਦੇ ਹਨ। ੨. ਕੇਕਯ ਦੇਸ਼ ਦੀ ਵਸਤੁ। ੩. ਕੇਕਯ ਦੇ ਰਹਿਣ ਵਾਲਾ. ਕੱਕਾ ਦਾ. "ਅਸਿਤ ਕਰਣ ਪ੍ਰਭਾਸਤ ਕੇਕਯ." (ਰਾਮਾਵ) ਕੇਕਯ ਦੇ ਘੋੜੇ ਕਾਲੇ ਕੰਨਾਂ ਵਾਲੇ ਸ਼ੋਭਾ ਦੇ ਰਹੇ ਹਨ। ੩. ਬਿਆਸ ਅਤੇ ਸਤਲੁਜ ਦੇ ਵਿਚਕਾਰ ਦਾ ਦੇਸ਼.

ਕੇਕਯੀ: ਦੇਖੋ, ਕੇਕਈ.

ਕੇਕਾ: ਸੰ. ਸੰਗਯਾ- ਮੋਰ ਦੀ ਧੁਨਿ (ਆਵਾਜ਼).

ਕੇਕੀ: ਸੰਗਯਾ- ਮੋਰ. ਕੇਕਾਧੁਨਿ ਵਾਲਾ.

ਕੇਚਿਤ: ਸਰਵ- ਕੋਈ ਇੱਕ. ਕੋਈ ਕੋਈ.

ਕੇਜਮ: ਅ. قضم ਕ਼ਜਮ. ਸੰਗਯਾ- ਤੋੜਨ ਦੀ ਕ੍ਰਿਯਾ। ੨. ਤਲਵਾਰ. ਖੜਗ. "ਜਾਪੇ ਛੱਪਰ ਛਾਏ ਬਣੀਆਂ ਕੇਜਮਾਂ." (ਚੰਡੀ ੩) ਦੋਹਾਂ ਪਾਸਿਆਂ ਤੋਂ ਯੋਧਿਆਂ ਦੀਆਂ ਧੂਹੀਆਂ ਤਲਵਾਰਾਂ ਅਜੇਹੀਆਂ ਬਣ ਰਹੀਆਂ ਹਨ, ਮਾਨੋ ਯੁੱਧਭੂਮਿ ਪੁਰ ਛੱਪਰ ਛਾ ਦਿੱਤਾ ਹੈ.

ਕੇਜਮਾ: ਤਲਵਾਰਾਂ. ਦੇਖੋ, ਕੇਜਮ ੨.

ਕੇਡਾ, ਕੇਡੀ: ਕਿਤਨਾ- ਵਡਾ. ਕਿਤਨੀ ਵਡੀ.

ਕੇਤ: ਸਰਵ- ਕਿਯੰਤ. ਕਿਤਨੇ. "ਉਠਿ ਸਿਧਾਰੇ ਕੇਤ." (ਬਾਵਨ) ੨. ਕਿਤਨੀ. ਕਿਸ ਕ਼ਦਰ. "ਮਾਨੁਖ ਕੀ ਕਹੁ ਕੇਤ ਚਲਾਈ?" (ਆਸਾ ਮਃ ੫) "ਗੁਣ ਨਾਇਕਾ! ਗੁਣ ਕਹੀਐ ਕੇਤ?" (ਬਿਲਾ ਮਃ ੫) ੩. ਕਿਸੇ. "ਕਾਰਜ ਨਾਹੀ ਕੇਤ." (ਮਾਝ ਬਾਰਹਮਾਹਾ) ੪. ਕਜੋਂ (ਕਿਉਂ). "ਤਾਂ ਡਰੀਐ ਕੇਤ?" (ਵਾਰ ਸ੍ਰੀ ਮਃ ੪) ੫. ਸੰ. ਘਰ। ੬. ਅਸਥਾਨ। ੭. ਬੁੱਧਿ। ੮. ਸੰਕਲਪ। ੯. ਅੰਨ। ੧੦. ਧੁਜਾ. ਝੰਡਾ. ਕੇਤੁ ਅਤੇ ਕੇਤ ਦੋਵੇਂ ਸ਼ਬਦ ਸਹੀ ਹਨ। ੧੧. ਦੇਖੋ, ਕਿਤੁ ੩.

ਕੇਤਕ: ਵਿ- ਕਿਤਨੇ। ੨. ਕਿਸ ਕ਼ਦਰ. "ਮੈਂ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ[395] ਤਰਿਆ ਰੇ." (ਸੋਰ ਮਃ ੫) "ਮਾਨੁਖ ਕੀ ਕਹੁ ਕੇਤਕ ਬਾਤ." (ਭੈਰ ਮਃ ੫)

ਕੇਤਕਿ, ਕੇਤਕੀ: ਸੰ. ਸੰਗਯਾ- ਕੇਵੜਾ. ਕੇਉੜਾ. L. Panzanus Ozoratissimus। ੨. ਕੇਵੜੇ ਦਾ ਫੁੱਲ. ਇਸ ਦਾ ਅਰਕ ਅਤੇ ਇਤਰ ਬਹੁਤ ਲੋਕ ਵਰਤਦੇ ਹਨ. ਇਹ ਦਿਲ ਦਿਮਾਗ ਨੂੰ ਤਾਕਤ ਦਿੰਦਾ ਹੈ. ਦੇਖੋ, ਕੇਵੜਾ ਅਤੇ ਕੰਟਕ.

ਕੇਤਿਨਿ: ਵਿ- ਕੇਤ ਘਰ ਵਾਲੀ. "ਗੋਲਾ ਪਦ ਪ੍ਰਿਥਮੇ ਉਚਰ ਕੇਤਨਿ ਪਦ ਕਹੁ ਅੰਤ." (ਸਨਾਮਾ) ਗੋਲੇ ਦਾ ਹੈ ਘਰ ਜਿਸ ਵਿੱਚ, ਬੰਦੂਕ. ਤੋਪ.

ਕੇਤੜਾ, ਕੇਤਾ, ਕੇਤਿਕ, ਕੇਤੀ: ਸੰ. ਕਤਿ- ਕਿਯਤ. ਵਿ- ਕਿਤਨਾ. ਕਿਤਨੀ. ਕਿਸ ਕ਼ਦਰ. "ਆਖਉ ਕੇਤੜਾ." (ਸੂਹੀ ਅਃ ਮਃ ੧) "ਜਲ ਮਹਿ ਕੇਤਾ ਰਾਖੀਐ ਅਭਅੰਤਰਿ ਸੂਕਾ." (ਆਸਾ ਅਃ ਮਃ ੧) "ਕੇਤੀ ਦਾਤਿ ਜਾਣੈ ਕੌਣੁ ਕੂਤੁ." (ਜਪੁ)

ਕੇਤੁ: ਕਿਸ."ਕਰਿ ਅਨਰਥ ਦਰਬ ਸੰਚਿਆ ਸੋ ਕਾਰਜ ਕੇਤੁ?" (ਵਾਰ ਜੈਤ) ੨. ਸੰਗਯਾ- ਨਿਸ਼ਾਨ. ਧੁਜਾ. "ਜਿਨਿ ਦੁਖ ਕਾ ਕਾਟਿਆ ਕੇਤੁ." (ਧਨਾ ਮਃ ੫) ਭਾਵ- ਦੁਖ ਦਾ ਰਾਜ ਦੂਰ ਕਰ ਦਿੱਤਾ। ੩. ਪੁਰਾਣਾਂ ਅਨੁਸਾਰ ਇੱਕ ਗ੍ਰਹ, ਜੋ ਸਿੰਹਿਕਾ ਦੇ ਉਦਰ ਤੋਂ ਵਿਪ੍ਰਚਿੱਤਿ ਦਾਨਵ ਦਾ ਪੁਤ੍ਰ ਹੈ. ਇਸ ਦੀ ਨੌ ਗ੍ਰਹਾਂ ਵਿੱਚ ਗਿਣਤੀ ਹੈ। ੪. ਰੋਗ। ੫. ਪੂਛਲ ਤਾਰਾ. ਬੋਦੀ ਵਾਲਾ ਤਾਰਾ. Comet। ੬. ਸਰਦਾਰ. ਮੁਖੀਆ. ੭. ਬਾਉਨਾ. ਵਾਮਨ। ੮. ਦੇਖੋ, ਕੇਤ.

ਕੇਤੁਮਾਛੀ: ਸੰਗਯਾ- ਮੱਛੀ ਹੈ ਜਿਸ ਦੀ ਧੁਜਾ ਵਿੱਚ, ਕਾਮ. मत्स्यकेतु. ਮੱਛਕੇਤੁ. "ਸਜੀ ਸੈਨ ਆਛੀ, ਮਨੋ ਕੇਤੁਮਾਛੀ." (ਗੁਵਿ ੧੦)

ਕੇਤੁਮਾਲ: ਭਾਗਵਤ ਅਨੁਸਾਰ ਜੰਬੁਦ੍ਵੀਪ ਦੇ ਨੌ ਖੰਡਾਂ ਵਿੱਚੋਂ ਇੱਕ ਖੰਡ. "ਕੇਤੁਮਾਲ ਜਹਿਂ ਖੰਡ ਸੁਹਾਵਾ." (ਨਾਪ੍ਰ)

ਕੇਤੇ, ਕੇਤੇਕਿ, ਕੇਤੇਕੇ: ਵਿ- ਕਿਤਨੇ. ਕਿਤਨੇ ਇੱਕ. "ਕੇਤੇ ਇੰਦ ਚੰਦ ਸੂਰ ਕੇਤੇ." (ਜਪੁ) "ਜੀਵਨਾ ਵੀਚਾਰਿ ਦੇਖਿ ਕੇਤੇਕੇ ਦਿਨਾ?" (ਧਨਾ ਮਃ ੧)

ਕੇਤੈ: ਕਿਤਨੇ ਹੀ. ਅਨੇਕਾਂ. "ਕਹਨ ਕਹਾਵਨ ਕਉ ਕਈ ਕੇਤੈ." (ਕਾਨ ਮਃ ੫)

---

[395] ਅਪਰਾਧੀ

ਕੇਤ੍ਵਾਯੁਧ: ਕੇਤੁ (ਧੁਜਾ) ਆਯੁਧ (ਸ਼ਸਤ੍ਰ). "ਸਕਲ ਮੀਨ ਕੇ ਨਾਮ ਕਹਿ ਕੇਤ੍ਵਾਯੁਧ ਕਹਿ ਅੰਤ." (ਸਨਾਮਾ) ਮੱਛ ਦੇ ਨਾਉਂ ਲੈ ਕੇ ਅੰਤ ਕੇਤੁ ਅਤੇ ਆਯੁਧ ਪਦ ਦੇਓ. ਜਿਵੇਂ- ਝਖਕੇਤੁ, ਮਕਰਕੇਤੁ, ਮੱਛਕੇਤੁ, ਮਤਸਜਕੇਤੁ, ਮੀਨਕੇਤੁ- ਆਯੁਧ. ਕਾਮ ਦਾ ਸ਼ਸਤ੍ਰ, ਤੀਰ.

ਕੇਦਾਰ: ਸੰ. ਸੰਗਯਾ- ਖੇਤ। ੨. ਕਿਆਰਾ. ਜਿਸ ਵਿੱਚ ਕ (ਜਲ) ਨੱਕਾ ਦਾਰ (ਵੱਢ) ਕੇ ਦਾਖ਼ਿਲ ਕਰੀਏ। ੩. ਇੱਕ ਤੀਰਥ, ਜੋ ਰਿਆਸਤ ਗੜ੍ਹਵਾਲ (ਯੂ. ਪੀ) ਵਿੱਚ ਰੁਦ੍ਰਹਿਮਾਲੇ ਦੀ ਬਰਫਾਨੀ ਧਾਰਾ ਵਿੱਚ ਮਹਾਪੰਥ ਦੀ ਚੋਟੀ ਤਲੇ ਇੱਕ ਟਿੱਲੇ ਉੱਤੇ ਹੈ. ਇਸ ਦੀ ਬਲੰਦੀ ੧੧੭੫੩ ਫੁਟ ਹੈ. ਏਥੇ ਸਦਾਸ਼ਿਵ ਮੰਦਿਰ ਹੈ, ਜਿਸ ਵਿਚ ਝੋਟੇ ਦੀ ਸ਼ਕਲ ਦਾ ਮਹਾਦੇਵ ਹੈ. ਦੱਸਿਆ ਜਾਂਦਾ ਹੈ ਕਿ ਪਾਂਡਵਾਂ ਤੋਂ ਹਾਰ ਖਾਕੇ ਸ਼ਿਵ ਜੀ ਇਸ ਥਾਂ ਝੋਟਾ ਬਣਕੇ ਆਏ.[396] ਪੁਜਾਰੀ ਮੰਦਿਰ ਦੇ ਜੰਗਮ ਹਨ. "ਕੁੰਭਿ ਜਉ ਕੇਦਾਰ ਨ੍ਹਾਈਐ." (ਰਾਮ ਨਾਮਦੇਵ) "ਕਪੜ ਕੇਦਾਰੈ ਜਾਈ." (ਸੋਰ ਕਬੀਰ)

ਕੇਦਾਰਨਾਥ: ਸ਼ਿਵ. ਦੇਖੋ, ਕੇਦਾਰ ੩.

ਕੇਦਾਰਾ: ਦੇਖੋ, ਕੇਦਾਰ ੩. "ਗੰਗਾ ਜਮਨਾ ਕੇਲ ਕੇਦਾਰਾ." (ਮਾਰੂ ਸੋਲਹੇ ਮਃ ੧) ੨. ਕਲਜਾਣ ਠਾਟ ਦਾ ਇੱਕ ਸੰਪੂਰਣ ਰਾਗ ਹੈ. ਇਸ ਵਿੱਚ ਮੱਧਮ ਸ਼ੁੱਧ ਅਤੇ ਤੀਵ੍ਰ ਦੋਵੇਂ ਲਗਦੇ ਹਨ. ਨਿਸ਼ਾਦ ਭੀ ਦੋਵੇਂ ਹਨ. ਸ਼ੁੱਧ ਮੱਧਮ ਵਾਦੀ ਅਤੇ ਸ਼ੜਜ ਸੰਵਾਦੀ ਹੈ. ਤੀਵ੍ਰ ਮੱਧਮ ਅਤੇ ਗਾਂਧਾਰ ਦੁਰਬਲ ਹਨ. ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ.

ਸ਼ਰਗਮ- ਨ ਸ਼ ਮ, ਗ ਪ, ਮੀ ਪ ਧ ਨਾ ਧ ਪ, ਸ਼ ਨਾ ਧ ਪ, ਮੀ ਪ ਧ ਪ ਮ, ਰ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੇਦਾਰੇ ਦਾ ਤੇਈਹਵਾਂ ਨੰਬਰ ਹੈ। ੩. ਦੇਖੋ, ਕਿਦਾਰਾ.

ਕੇਦਾਰੀ: ਵਟਾਲੇ ਦਾ ਵਸਨੀਕ ਲੂੰਬਾ ਖਤ੍ਰੀ, ਜੋ ਸ਼੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਵਡਾ ਕਰਣੀ ਵਾਲਾ ਪ੍ਰਸਿੱਧ ਹੋਇਆ. ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਥਾਪਕੇ ਮੰਜੀ ਬਖ਼ਸ਼ੀ. ਦੇਖੋ, ਬਾਈ ਮੰਜੀਆਂ.

ਕੇਂਦ੍ਰ: ਸੰ. ਸੰਗਯਾ- ਧੁਰ (ਲੱਠ) ਦਾ ਮੱਧ ਭਾਗ. ਘੇਰੇ ਦੇ ਵਿਚਕਾਰਲਾ ਥਾਂ. ਮਰਕਜ਼ the centre of a circle.[397]

ਕੇਨ: ਕੀਅਨ. ਕੀਤੇ. ਕਰੇ. "ਉਤਮ ਹਰਿ ਹਰਿ ਕੇਨ." (ਕਾਨ ਮਃ ੪) ੨. ਸਰਵ- ਕਿਸੇ ਨੇ. ਕਿਸ ਕਰਕੇ. ਤ੍ਰਿਤੀਯਾ ਵਿਭਕ੍ਤਿ ਦਾ ਇਕ ਵਚਨ. "ਜੇਨ ਕੇਨ ਪ੍ਰਕਾਰੇ ਹਰਿਜਸ ਸੁਨਹੁ." (ਆਸਾ ਛੰਤ ਮਃ ੫) ਜਿਸ ਕਿਸ ਤਰਾਂ ਹਰਿਯਸ਼ ਸੁਣੋ। ੩. ਸੰਗਯਾ- ਇੱਕ ਉਪਨਿਸ਼ਦ, ਜਿਸਦੇ ਮੁੱਢ "ਕੇਨ" ਪਾਠ ਹੋਣ ਕਰਕੇ ਇਹ ਸੰਗਯਾ ਹੋ ਗਈ ਹੈ, ਜਿਵੇਂ- ਸੋਦਰੁ, ਸੋ ਪੁਰਖੁ ਆਦਿਕ. ਕੇਨ ਉਪਨਿਸ਼ਦ ਦਾ ਨਾਉਂ "ਤਲਵਕਾਰ" ਭੀ ਹੈ.

ਕੇਯੂਰ: ਸੰ. ਸੰਗਯਾ- ਭੁਜਬੰਦ. ਅੰਗਦ. ਬਾਜ਼ੂਬੰਦ. ਬਹੁੱਟਾ.

ਕੇਰ: ਵਜ- ਸੰਬੰਧ ਬੋਧਕ ਅਵਜਯ. ਦਾ. ਕਾ. "ਗੁਰੁ ਕੇਰ ਹੁਕਮ ਸਿਰ ਧਾਰਲੀਨ." (ਗੁਪ੍ਰਸੂ) ੨. ਸੰਗਯਾ- ਮਾਂਗਟ ਤੋਂ ਪੰਜ ਕੋਹ ਪੂਰਵ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਇੱਕ ਗੁਰਦ੍ਵਾਰਾ. ਦੇਖੋ, ਕੇਰ ਸਾਹਿਬ। ੩. ਫ਼ਾ. کیر ਲਿੰਗ. ਜਨਨੇਂਦ੍ਰਿਯ.

ਕੇਰ ਸਾਹਿਬ: ਪਿੰਡ. "ਜੈਸੁਖ," ਜਿਲਾ ਗੁਜਰਾਤ, ਤਸੀਲ ਫਾਲੀਆ, ਥਾਣਾ ਪਿੰਡੀਬਹਾਉੱਦੀਨ ਤੋਂ ਪੂਰਵ ਦੋ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੁਦ੍ਵਾਰਾ ਹੈ. ਮਹਾਰਾਜਾ ਰਣਜੀਤ ਸਿੰਘ ਨੇ ੪੦ ਮੁਰੱਬੇ ਜ਼ਮੀਨ ਅਤੇ ਪੰਜ ਹਜ਼ਾਰ ਰੁਪਯਾ ਸਾਲਾਨਾ ਜਾਗੀਰ ਇਸ ਗੁਰਦ੍ਵਾਰੇ ਨਾਲ ਲਾਈ, ਦਰਬਾਰ ਅਤੇ ਤਲਾਉ ਦੀ ਸੇਵਾ ਕਰਾਈ.

ਇੱਥੇ ਵੈਸਾਖੀ ਚੇਤਚੌਦਸ ਅਤੇ ਭਾਦੋਂ ਦੀ ਮੱਸਿਆ ਨੂੰ ਮੇਲੇ ਲਗਦੇ ਹਨ. ਉਦਾਸੀ ਪੁਜਾਰੀ ਹੈ.

---

[396] ਅਰਜੁਨ ਤੋਂ ਹਾਰ ਖਾਕੇ ਸ਼ਿਵ ਜੀ ਨੇ ਝੋਟੇ ਦੀ ਸ਼ਕਲ ਵਿੱਚ ਇੱਥੇ ਪਨਾਹ ਲਈ. ਧੜ ਪਹਾੜ ਵਿੱਚ ਧਸ ਗਿਆ ਕੇਵਲ ਪਿੱਠ ਬਾਹਰ ਦਿਖਾਈ ਦਿੰਦੀ ਹੈ, ਜਿਸ ਦੀ ਪੂਜਾ ਲੋਕ ਕਰਦੇ ਹਨ. ਬਾਕੀ ਹਿੱਸਿਆਂ ਦੀ ਪੂਜਾ ਚਾਰ ਹੋਰਨਾਂ ਥਾਂਵਾਂ ਤੇ ਹੋਂਦੀ ਹੈ-ਬਾਹਾਂ ਦੀ ਪੂਜਾ ਤੁੰਗਨਾਥ ਤੇ, ਮੂੰਹ ਦੀ ਰੁਦ੍ਰਨਾਥ ਤੇ, ਨਾਭੀ ਦੀ ਮਧਜਮੇਸ਼੍ਵਰ ਤੇ, ਸਿਰ ਅਤੇ ਜਟਾ ਦੀ ਕਲਪੇਸ਼੍ਵਰ ਤੇ. ਇਹ ਪੰਜੇ ਅਸਥਾਨ ਪੰਜ ਕੇਦਾਰ ਸਦਾਉਂਦੇ ਹਨ.

[397] ਅੰਗਰੇਜ਼ੀ ਵਿੱਚ ਇਹ ਸ਼ਬਦ, ਯੂਨਾਨੀ Kentron ਤੋਂ ਆਇਆ ਹੈ, ਅਤੇ ਯੂਨਾਨੀ ਵਿੱਚ ਸੰਸਕ੍ਰਿਤ ਦੇ ਕੇਂਦ੍ਰ ਦਾ ਇਹ ਰੂਪਾਂਤਰ ਹੈ.

ਰੇਲਵੇ ਸਟੇਸ਼ਨ ਚਿਲੀਆਂਵਾਲਾ ਤੋਂ ਦੱਖਣ ਵੱਲ ੬. ਮੀਲ ਦੇ ਕਰੀਬ ਹੈ.

ਕੇਰਣਾ: ਕ੍ਰਿ- ਕੀਰ੍ਣ ਕਰਨਾ. ਖਿੰਡਾਉਣਾ. ਵਿਖੇਰਨਾ। ੨. ਬਾਂਸ ਦੇ ਪੋਰ ਵਿੱਚਦੀਂ ਖੇਤ ਵਿੱਚ ਦਾਣੇ ਫੈਲਾਉਣੇ (ਬੀਜਣੇ).

ਕੇਰਲ: ਸੰ. ਸੰਗ੍ਯਾ- ਇੱਕ ਦੱਖਣੀ ਦੇਸ਼, ਜੋ ਕੰਨ੍ਯਾਕੁਮਾਰੀ ਤੋਂ ਲੈ ਕੇ ਗੋਕਰਣ ਤੀਕ ਸਮੁੰਦਰ ਦੇ ਕਿਨਾਰੇ ਹੈ. ਜਿਸ ਵਿੱਚ ਮਾਲਾਬਾਰ ਟ੍ਰਾਵਨਕੋਰ ਅਤੇ ਕਨਾਰਾ ਸ਼ਾਮਲ ਸਨ. ਹੁਣ ਇਸ ਦੀ ਕਨਾਰਾ ਸੰਗ੍ਯਾ ਹੈ. ਇਸ ਦੀ ਬੋਲੀ ਕਨਾਰੀ ਕਹੀ ਜਾਂਦੀ ਹੈ. ਦੇਖੋ, ਚੇਰ। ੨. ਕੇਰਲ ਦੇਸ਼ ਦਾ ਨਿਵਾਸੀ। ੩. ਫਲਿਤਜੋਤਿਸ਼ ਦਾ ਇੱਕ ਭੇਦ, ਜਿਸ ਦਾ ਪ੍ਰਚਾਰ ਪਹਿਲਾਂ ਕੇਰਲ ਦੇਸ਼ ਤੋਂ ਹੋਇਆ ਹੈ.

ਕੇਰਾ: ਸੰਗ੍ਯਾ- ਕੇਰਣ (ਕੀਰ੍ਣ- ਵਿਖੇਰਣ) ਦਾ ਕਰਮ। ੨. ਕੇਲਾ. ਕਦਲੀ। ੩. ਵ੍ਯ ਸੰਬੰਧ ਬੋਧਕ ਅਵ੍ਯਯ. ਕਾ. ਦਾ. "ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ." (ਗਉ ਮਃ ੪) "ਕਤ ਕੀ ਮਾਈ ਬਾਪੁ ਕਤ ਕੇਰਾ." (ਗਉ ਮਃ ੧)

ਕੇਰਿਆ: ਕੀਰ੍ਣ ਕੀਤਾ. ਖਿੰਡਾਇਆ. ਵਿਖੇਰਿਆ। ੨. ਵ੍ਯ- ਦਾ. ਕਾ.

ਕੇਰੀ: ਸੰਗ੍ਯਾ- ਕੱਚੀ ਅੰਬੀ. ਅੰਬਿਯਾ। ੨. ਕੇਰਾ ਦਾ ਇਸਤ੍ਰੀਲਿੰਗ. ਦੀ. ਕੀ. "ਕਲਰ ਕੇਰੀ ਕੰਧ ਜਿਉ." (ਸ੍ਰੀ ਮਃ ੧)

ਕੇਰੇ: ਕੇਰਾ ਦਾ ਬਹੁਵਚਨ. ਦੇ. ਕੇ. "ਅਜਬ ਕੰਮ ਕਰਤੇ ਹਰਿ ਕੇਰੇ." (ਮਾਝ ਅਃ ਮਃ ੩) ੨. ਸਰਵ- ਕੇਹਰਾ (ਕੇੜ੍ਹਾ) ਦਾ ਬਹੁਵਚਨ. ਕੇੜ੍ਹੇ. ਕੌਨਸੇ.

ਕੇਰ੍ਹੇ: ਸਰਵ- ਕਿਸ. "ਤੂ ਆਹੋ ਕੇਰ੍ਹੇ ਕੰਮਿ." (ਸ. ਫਰੀਦ) ੨. ਕੇਹੜੇ. ਕੌਨਸੇ.

ਕੇਲ: ਸੰ. ਕੇਲਿ. ਸੰਗ੍ਯਾ- ਕ੍ਰੀੜਾ. ਖੇਲ. "ਜਿਮ ਕੇਲਹੀਣ ਕੁਮਾਰ." (ਪ੍ਰਿਥੁਰਾਜ) "ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ." (ਸ. ਫਰੀਦ) ੨. ਕੇਲਾ. ਕਦਲੀ. "ਮਾਲੀ ਕੇ ਘਰਿ ਕੇਲ ਆਛੈ." (ਟੋਡੀ ਨਾਮਦੇਵ) ੩. ਕ੍ਰਿਸ਼ਨ ਜੀ ਦੀ ਕੇਲਿ ਦਾ ਅਸਥਾਨ. ਵ੍ਰਿੰਦਾਵਨ. "ਗੰਗਾ ਜਮਨਾ ਕੇਲ ਕੇਦਾਰਾ." (ਮਾਰੂ ਸੋਲਹੇ ਮਃ ੧) ੪. ਸੰ. ਕੇਲਿਕ. ਕੈਲ. ਦੇਵਦਾਰ ਤੋਂ ਘਟੀਆ ਇੱਕ ਪਹਾੜੀ ਬਿਰਛ.

ਕੇਲਕੇਲਾਲੀ: ਵਿ- ਕੇਲਿ (ਖੇਲ) ਕਰਾਉਣ ਵਾਲਾ, ਕੀਲਾਲੀ (ਦੇਵਤਿਆਂ ਤੋਂ). ਜਿਸ ਦੀ ਸੱਤਾ ਕਰਕੇ ਦੇਵਤੇ ਚੇਸ਼੍ਟਾ ਕਰਦੇ ਹਨ. ਜਿਸ ਦੀ ਸ਼ਕਤਿ ਨਾਲ ਦੇਵਤਾ ਖੇਡ ਰਹੇ ਹਨ. "ਹਰਿ ਮਿਲਿਆ ਕੇਲਕੇਲਾਲੀ." (ਧਨਾ ਮਃ ੪)

ਕੇਲਾ: ਵਿ- ਇਕੇਲਾ ਦਾ ਸੰਖੇਪ. ਨਿਰਲੇਪ. ਅਸੰਗ. "ਮਹਾ ਅਨੰਦ ਕਰੇ ਸਦ ਕੇਲਾ." (ਆਸਾ ਨਾਮਦੇਵ) ੨. ਸੰਗ੍ਯਾ- ਕਦਲੀ. ਰੰਭਾ. L. Musa Sapientum. ਕੇਲੇ ਦਾ ਬੂਟਾ ਅਤੇ ਫਲ ਸਾਰੇ ਦੇਸ਼ਾਂ ਵਿੱਚ ਬਹੁਤ ਪ੍ਰਸਿੱਧ ਹੈ. "ਕੇਲਾ ਪਾਕਾ ਝਾਰਿ." (ਰਾਮ ਕਬੀਰ) ਕੰਡੀਲੇ ਝਾੜ ਵਿੱਚ ਪੱਕਾ ਕੇਲਾ ਮੰਨ ਰੱਖਿਆ ਹੈ। ੩. ਦੇਖੋ, ਕੇਲ.

ਕੇਲਾਲੀ: ਵਿ- ਕੀਲਾਲ (ਅੰਮ੍ਰਿਤ) ਵਾਲਾ। ੨. ਸੰਗ੍ਯਾ- ਦੇਵਤਾ ਦੇਖੋ, ਕੇਲਕੇਲਾਲੀ। ੩. ਕੀਲਾਲ (ਜਲ) ਧਾਰਣ ਵਾਲਾ. ਬੱਦਲ. ਮੇਘ.

ਕੇਲਿ: ਸੰ. ਸੰਗ੍ਯਾ- ਖੇਲ. ਕ੍ਰੀੜਾ। ੨. ਮੈਥੁਨ. ਇਸਤ੍ਰੀਸੰਗ. ਰਤਿ। ੩. ਪ੍ਰਿਥਿਵੀ. ਭੂਮਿ. ਜ਼ਮੀਨ.

ਕੇਲੋਂ: ਸੰ. ਕਿਲਿਮ. ਸੰਗ੍ਯਾ- ਕੈਲ ਅਤੇ ਦੇਵਦਾਰੁ ਦੇ ਵਿਚਕਾਰ (ਦਰਜੇ ਦੀ) ਇੱਕ ਪਹਾੜੀ ਲੱਕੜ, ਜੋ ਇਮਾਰਤਾਂ ਵਿੱਚ ਵਰਤੀਦੀ ਹੈ.

ਕੇਵ: ਕ੍ਰਿ. ਵਿ- ਕਿਸ ਪ੍ਰਕਾਰ. ਕੈਸੇ. ਕਿਵੇਂ. "ਤੁਝੁ ਬਾਝੁ ਪਿਆਰੇ ਕੇਵ ਰਹਾ?" (ਧਨਾ ਮਃ ੧) "ਕੇਵ ਨੈਣੀ ਦੇਖਏ?" (ਗਉ ਛੰਤ ਮਃ ੧)

ਕੇਵਟ: ਸੰ. ਸੰਗ੍ਯਾ- ਕੰਦਰਾ. ਗੁਫਾ। ੨. ਸੰ. ਕੈਵਰ੍ਤ. ਮਲਾਹ਼. ਨੌਕਾ (ਬੇੜੀ) ਚਲਾਉਣ ਵਾਲਾ.

**ਕੇਵਡ, ਕੇਵਡੁ:** ਕਿਤਨਾ ਵਡਾ। "ਕੇਵਡੁ ਵਡਾ ਡੀਠਾ ਹੋਇ?" (ਸੋਦਰੁ)

**ਕੇਵਲ:** ਸੰ. ਵਿ- ਇਕੇਲਾ. ਸਿਰਫ. "ਕੇਵਲ ਕਾਲਈ ਕਰਤਾਰ." (ਹਜ਼ਾਰੇ ੧੦) ੨. ਨਿਸ਼ਚੇ ਕੀਤਾ ਹੋਇਆ। ੩. ਸ਼ੁੱਧ. ਖਾਲਿਸ. ਨਿਰੋਲ. "ਕੇਵਲ ਨਾਮ ਦੀਓ ਗੁਰਮੰਤੁ." (ਗਉ ਮਃ ੫) ੪. ਸੰਗ੍ਯਾ- ਦਮਦਮੇ ਤੋਂ ਸੱਤ ਕੋਹ ਦੱਖਣ ਇੱਕ ਪਿੰਡ. ਦੱਖਣ ਨੂੰ ਜਾਣ ਸਮੇਂ ਦਸ਼ਮੇਸ਼ ਦਾ ਪਹਿਲਾ ਡੇਰਾ ਦਮਦਮੇ ਤੋਂ ਚੱਲਕੇ ਇਸ ਥਾਂ ਹੋਇਆ ਸੀ. ਇਹ ਜਿਲਾ ਹਿਸਾਰ ਤਸੀਲ ਥਾਣਾ ਰੋੜੀ ਵਿੱਚ ਰੇਲਵੇ ਸਟੇਸ਼ਨ ਕਾਲਾਂਵਾਲੀ ਤੋਂ ਈਸ਼ਾਨ ਕੋਣ ੪. ਮੀਲ ਹੈ. ਪਿੰਡ ਤੋਂ ਦੱਖਣ ਦੇ ਪਾਸੇ ਬਾਹਰਵਾਰ ਦਸਮੇਸ਼ ਜੀ ਦਾ ਗੁਰਦ੍ਵਾਰਾ ਹੈ. ਇਸ ਦਾ ਪ੍ਰਬੰਧ ਇੱਕ ਕਮੇਟੀ ਦੇ ਹੱਥ ਹੈ, ਜੋ ਕਾਨੂਨ ਅਨੁਸਾਰ ਬਣੀ ਹੋਈ ਹੈ. ਇਸ ਗੁਰਦ੍ਵਾਰੇ ਨਾਲ ੪੦ ਵਿੱਘੇ ਜ਼ਮੀਨ ਹੈ.

**ਕੇਵੜਾ:** ਸੰ. ਕੇਵਿਕਾ. ਸੰਗ੍ਯਾ- ਇਹ ਕੇਤਕੀ ਦੀ ਇੱਕ ਜਾਤਿ ਹੈ. ਇਸ ਦਾ ਰੰਗ ਚਿੱਟਾ ਅਤੇ ਕੇਤਕੀ ਨਾਲੋਂ ਫੁੱਲ ਵਡਾ ਹੁੰਦਾ ਹੈ. ਇਸ ਦਾ ਅਰਕ ਅਤੇ ਇਤਰ ਬਹੁਤ ਵਰਤਿਆ ਜਾਂਦਾ ਹੈ. ਅਨੇਕ ਵਿਦ੍ਵਾਨ ਕੇਵੜਾ ਅਤੇ ਕੇਤਕੀ ਇੱਕ ਹੀ ਮੰਨਦੇ ਹਨ, ਕੋਈ ਵੱਖ ਜਾਤਿ ਨਹੀਂ. ਦੇਖੋ, ਕੇਤਕੀ.

**ਕੇਵਾਰੀ:** ਦੇਖੋ, ਕਿਵਾਰੀ.

**ਕੇੜਾ:** ਸੰਗ੍ਯਾ- ਵੱਟ. ਬਲ। ੨. ਦੇਖੋ, ਕੇੜ੍ਹਾ.

**ਕੇੜ੍ਹਾ:** ਸਰਵ- ਕੌਣ. ਕੌਨਸਾ.

**ਕੈ:** ਸਰਵ- ਕਿਤਨੇ. ਕਈ. "ਕੈ ਲੋਅ ਖਪਿ ਮਰੀਜਈ." (ਵਾਰ ਮਲਾ ਮਃ ੧) ੨. ਕਿਸ. "ਹਉ ਕੈ ਦਰਿ ਪੂਛਉ ਜਾਇ?" (ਸ੍ਰੀ ਮਃ ੩) "ਕੈ ਸਿਉ ਕਰੀ ਪੁਕਾਰ?" (ਧਨਾ ਮਃ ੧) ੩. ਵ੍ਯ- ਅਥਵਾ. ਜਾਂ. "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰੁ ਸੂਰਾ." (ਓਅੰਕਾਰ) "ਕੈ ਸੰਗਤਿ ਕਰਿ ਸਾਧੁ ਕੀ ਕੈ ਹਰਿ ਕੇ ਗੁਣ ਗਾਇ." (ਸ. ਕਬੀਰ) ੪. ਕਾ. ਕੇ. "ਪਹਿਲੇ ਪਹਿਰੈ ਰੈਣ ਕੈ ਵਣਜਾਰਿਆ ਮਿਤ੍ਰਾ." (ਸ੍ਰੀ ਮਃ ੧. ਪਹਿਰੇ) ੫. ਕਰਕੇ. ਕ੍ਰਿਤ੍ਵਾ. "ਕੈ ਪ੍ਰਦੱਖਨਾ ਕਰੀ ਪ੍ਰਨਾਮ." (ਗੁਪ੍ਰਸੂ) "ਪ੍ਰਭੁ ਥੰਭ ਤੇ ਨਿਕਸੇ ਕੈ ਬਿਸਥਾਰ." (ਬਸੰ ਕਬੀਰ) ੬. ਸੇ. ਤੋਂ "ਮਦ ਮਾਇਆ ਕੈ ਅੰਧ." (ਸ. ਮਃ ੯) "ਗੁਰਮਤਿ ਸਤਿ ਕਰ ਜੋਨਿ ਕੈ ਅਜੋਨਿ ਭਏ." (ਭਾਗੁ ਕ) ੭. ਦੇਖੋ, ਕ੍ਯ.

**ਕੈਂ:** ਸਰਵ- ਕਿਸ. "ਤੁਧੁ ਨੇ ਛੋਡਿ ਜਾਈਐ ਪ੍ਰਭੁ ਕੈਂ ਧਰਿ?" (ਆਸਾ ਮ ঃ ੫. ) ਕਿਸ ਪਾਸੇ ਜਾਈਏ?

**ਕੈਸ:** ਕ੍ਰਿ. ਵਿ- ਕੈਸੇ. ਕਯੋਂਕਰ. ਕਿਵੇਂ. "ਕਹੋ ਸੁ ਕੈਸ ਪਾਈਐ?" (ਅਕਾਲ)

**ਕੈਂਸ:** ਸੰਗ੍ਯਾ- ਕਾਯਸ. ਝਗੜਾ. ਫ਼ਿਸਾਦ.

**ਕੈਸਰ:** ਅ਼. قیصر ਕ਼ੈਸਰ. ਸੰਗ੍ਯਾ- ਬਾਦਸ਼ਾਹ. Caesar । ੨. ਰੂਮ ਦਾ ਬਾਦਸ਼ਾਹ. ਕਈ ਵਿਦ੍ਵਾਨ ਲਿਖਦੇ ਹਨ ਕਿ ਰੂਮੀਬੋਲੀ ਵਿੱਚ ਕ਼ੈਸਰ ਉਸ ਦੀ ਸੰਗ੍ਯਾ ਹੈ, ਜੋ ਮਾਤਾ ਦੇ ਮਰਣ ਪੁਰ ਪੈਦਾ ਹੋਇਆ ਹੋਵੇ. ਸੋ ਰੂਮ ਦਾ ਬਾਦਸ਼ਾਹ "ਅਗ਼ਤੂਸ" ਇਸੇ ਤਰਾਂ ਜੰਮਿਆ ਸੀ, ਜਿਸ ਕਰਕੇ ਉਸ ਦੀ ਕੈਸਰ ਸੰਗ੍ਯਾ ਹੋਈ. ਇਸ ਪਿੱਛੋਂ ਇਹ ਸ਼ਬਦ ਬਾਦਸ਼ਾਹ ਅਥਵਾ ਸ਼ਹਨਸ਼ਾਹ ਦਾ ਬੋਧਕ ਹੋ ਗਿਆ.

**ਕੈਸਾ, ਕੈਸਿਕ, ਕੈਸੀ, ਕੈਸੇ, ਕੈਸੋ:** ਕ੍ਰਿ. ਵਿ- ਕਿਸ ਤਰਾਂ ਦਾ. ਕੇਹੋ ਜੇਹਾ. ਕਿਸ ਪ੍ਰਕਾਰ ਸੇ. ਕਿਸ ਤਰਾਂ. "ਕੈਸੇ ਹਰਿਗੁਣ ਗਾਵੈ?" (ਵਡ ਅਃ ਮਃ ੩) ਕੇਹੋ ਜੇਹੀ. ਕੇਹੀ। ੨. ਕੈਸੀ ਸ਼ਬਦ "ਜੈਸੀ" ਅਰਥ ਵਿੱਚ ਭੀ ਆਇਆ ਹੈ. "ਛਪਾ ਕਰ ਕੈਸੀ ਛਬਿ ਕਾਲਿੰਦੀ ਕੇ ਕੂਲ ਕੇ." (ਅਕਾਲ)

**ਕੈਹਬਤ:** ਦੇਖੋ, ਕਹਿਬਤ.

**ਕੈਹਰ:** ਦੇਖੋ, ਕਹਰ.

ਕੈਹਾ, ਕੈਹਾਂ: ਸੰਗਯਾ- ਕਾਂਸਯ. ਕਾਂਸੀ. "ਉਜਲੁ ਕੈਹਾ ਚਿਲਕਣਾ." (ਸੂਹੀ ਮਃ ੧) "ਕੈਹਾਂ ਕੰਚਨ ਤੁਟੈ ਸਾਰ." (ਵਾਰ ਮਾਝ ਮਃ ੧)

ਕੈਹੀ: ਸਰਵ- ਕਿਸੇ ਦਾ. ਕਿਸੇ ਦਾ ਭੀ. "ਹਿਆਉ ਨ ਕੈਹੀ ਠਾਹਿ." (ਸ. ਫਰੀਦ) ਕਿਸੇ ਦਾ ਭੀ ਮਨ ਨਾ ਢਾਹ.

ਕੈਕ: ਸਰਵ- ਕਈ ਇੱਕ. "ਦਿਨ ਕੈਕ ਗਏ." (ਪ੍ਰਿਥੁਰਾਜ)

ਕੈਕਯੀ, ਕੈਕੇਈ, ਕੈਕੇਯੀ: ਦੇਖੋ, ਕੇਕਈ.

ਕੈਕੈ: ਕਰਕੇ। ੨. ਕੈਕਯੀ ਦੇ ਥਾਂ ਵੀ ਇਹ ਸ਼ਬਦ ਆਇਆ ਹੈ. "ਜੀਤ ਜੁੱਧ ਦ੍ਵੈ ਬਰ ਲਏ ਕੈਕੈ." (ਚਰਿਤ੍ਰ ੧੦੨) ਕੈਕੇਯੀ ਨੇ ਦਸ਼ਰਥ ਤੋਂ ਦੋ ਵਰ ਲਏ.

ਕੈਖ਼ੁਸਰੋ: کیخسرو ਈਰਾਨ ਦਾ ਬਾਦਸ਼ਾਹ, ਜੋ ਕਿਆਨੀ ਖ਼ਾਨਦਾਨ ਦਾ ਤੀਜਾ ਸ਼ਾਹ ਸੀ. ਇਹ ਕੈਕਾਉਸ ਦਾ ਪੋਤਾ ਅਤੇ ਸਯਾਬਸ਼ ਦਾ ਬੇਟਾ ਸੀ. ਇਸ ਦੀ ਗਿਣਤੀ ਧਰਮਾਤਮਾ ਬਾਦਸ਼ਾਹਾਂ ਵਿੱਚ ਹੈ. ਕੈਖ਼ੁਸਰੋ ਦਾ ਨਾਉਂ ਅੱਠਵੀਂ ਹਕਾਇਤ ਵਿੱਚ ਆਇਆ ਹੈ.

ਕੈਂਚੀ, ਕ਼ੈਂਚੀ: ਤੁ. قینچی ਸੰ. ਕਤੰਨੀ. ਸੰਗਯਾ- ਕਤਰਣੀ.

ਕੈਟਭ: ਸੰ. ਸੰਗਯਾ- ਪਟਬੀਜਨਾ. ਖਦ੍ਯੋਤ. ਟਣਾਣਾ. ਜੁਗਨੂੰ Glow- worm । ੨. ਮਧੁਦੈਤ ਦਾ ਭਾਈ. ਮਹਾਂਭਾਰਤ ਅਤੇ ਰਾਮਾਇਣ ਵਿੱਚ ਕਥਾ ਹੈ ਕਿ ਜਦ ਵਿਸ਼ਨੁ ਜਲ ਵਿੱਚ ਸੌਂ ਰਹੇ ਸਨ, ਤਦ ਉਨ੍ਹਾਂ ਦੇ ਕੰਨ ਵਿੱਚੋਂ (ਅਥਵਾ ਕੰਨ ਦੀ ਮੈਲ ਤੋਂ) ਦੋ ਦੈਤ ਉਪਜੇ, ਇੱਕ ਦਾ ਨਾਉਂ ਕੈਟਭ, ਦੂਜੇ ਦਾ ਨਾਉਂ ਮਧੁ ਸੀ. ਇਹ ਦੋਵੇਂ ਨਾਭਿਕਮਲ ਤੇ ਬ੍ਰਹਮਾ ਨੂੰ ਵੇਖਕੇ ਮਾਰਣ ਨੂੰ ਤਿਆਰ ਹੋਏ. ਬ੍ਰਹਮਾ ਨੇ ਵਿਸ਼ਨੁ ਦੀ ਆਰਾਧਨਾ ਕੀਤੀ, ਜਿਸ ਤੇ ਵਿਸ਼ਨੁ ਨੇ ਯੁੱਧ ਕਰਕੇ ਦੋਹਾਂ ਨੂੰ ਮਾਰਿਆ. ਦਸਮਗ੍ਰੰਥ ਦੇ ਪਹਿਲੇ ਚੰਡੀਚਰਿਤ੍ਰ ਵਿੱਚ ਇਸੇ ਪ੍ਰਸੰਗ ਦਾ ਅਨੁਵਾਦ ਹੈ-

"ਸ਼੍ਰੁਤਮੈਲ ਤੇ ਦੈਤ ਰਚੇ ਜੁਗ ਤਾ. x x x

ਮਧੁ ਕੈਟਭ ਨਾਮ ਭਏ ਤਿਨ ਕੇ. x x

ਜੁੱਧ ਕਰਯੋ ਤਿਨ ਸੋਂ ਭਗਵੰਤ,

ਨ ਮਾਰ ਸਕੈ ਅਤਿ ਦੈਤ ਬਲੀ ਹੈ,

ਸਾਲ ਭਏ ਤਿਨ ਪੰਚ ਹਜਾਰ,

ਦੁਹੂੰ ਲਰਤੇ ਨਹਿ ਬਾਂਹ ਟਲੀ ਹੈ,

ਦੈਤਨ ਰੀਝ ਕਹਯੋ- "ਵਰਮਾਂਗ"

ਕਹਯੋ ਹਰਿ- "ਸੀਸਨ ਦੇਹੁ," ਭਲੀ ਹੈ,

ਧਾਰ ਉਰੂ ਪਰ ਚਕ੍ਰ ਸੋਂ ਕਾਟਕੈ,

ਜੋਤਿ ਲੈ ਆਪਨੇ ਅੰਗ ਮਲੀ ਹੈ."

ਹਰਿਵੰਸ਼ ਦੇ ੫੨ਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਬ੍ਰਹਮਾ ਨੇ ਦੋ ਮਿੱਟੀ ਦੇ ਖਿਡੌਣੇ ਬਣਾਏ, ਜਦ ਉਨ੍ਹਾਂ ਵਿੱਚ ਪ੍ਰਾਣ ਪਾਏ ਤਦ ਉਹੀ ਮਧੁ ਕੈਟਭ ਦੈਤ ਹੋ ਗਏ. ਦੇਖੋ ਮਧੁ.

ਕੈਟਭਾਰਿ: ਵਿਸ਼ਨੁ ਜੋ ਕੈਟਭ ਦੈਤ ਦਾ ਵੈਰੀ ਹੈ. ਦੇਖੋ, ਕੈਟਭ ੨.

ਕੈਠਲ: ਜਿਲਾ ਸ਼ਿਮਲੇ ਵਿੱਚ ਪਹਾੜੀ ਰਿਆਸਤ. ਕਯੋਂਥਲ.

ਕੈਠੇ, ਕੈਠੈ: ਬਾਂਗਰ. ਕ੍ਰਿ. ਵਿ- ਕਿਸ ਥਾਂ. ਕਹਾਂ. ਕਿੱਥੇ. "ਬਾਹਰਿ ਕੈਠੇ ਜਾਇਓ?" (ਗਉ ਮਃ ੫) "ਦੇਹ ਨ ਹੋਤੀ ਤਉ ਮਨੁ ਕੈਠੈ ਰਹਿਤਾ?" (ਸਿਧ- ਗੋਸਟਿ) ੨. ਸਰਵ- ਕਿਸੇ ਨੇ. "ਬਿਨ ਲਹਿਣੇ ਕੈਠੈ ਪਾਇਓ ਰੇ?" (ਟੋਡੀ ਮਃ ੫)

ਕੈਂਡਾ: ਸੰਗਯਾ- ਮਾਪ. ਪੈਮਾਨਾ। ੨. ਢਾਂਚਾ. ਸਾਂਚਾ। ੩. ਪੋਠੋ. ਸਰਵ- ਕਿਸ ਦਾ.

ਕੈਤਵ: ਸੰ. ਸੰਗਯਾ- ਕਿਤਵ (ਛਲ) ਦਾ ਭਾਵ. ਕਪਟ। ੨. ਜੂਆ। ੩. ਧਤੂਰਾ। ੪. ਹਰੀ ਮਣੀ. ਸਬਜ਼ਾ। ੫. ਵਿ- ਜੁਆਰੀਆ। ੬. ਕਪਟੀ.

ਕੈਤਵਾਪਨ੍ਹੁਤਿ: ਦੇਖੋ, ਅਪਨ੍ਹੁਤਿ (ਅ).

ਕੈਥ: ਸੰ. ਕਪਿੱਥ. ਸੰਗਯਾ- ਜੰਗਲੀ ਨਾਸ਼ਪਾਤੀ. ਦੇਖੋ, ਕਪਿੱਥ। ੨. ਦੇਖੋ, ਕਾਇਥ.

ਕੈਥਲ: ਕਰਨਾਲ ਜ਼ਿਲੇ ਦੀ ਤਸੀਲ ਦਾ ਪ੍ਰਧਾਨ ਨਗਰ, ਜੋ ਕਰਨਾਲ ਤੋਂ ੧੯. ਕੋਹ ਪੱਛਮ ਕੁਰੁਖੇਤ੍ਰਭੂਮਿ ਵਿੱਚ ਹੈ. ਇਹ ਸ਼ਹਿਰ ਯੁਧਿਸ਼੍ਠਿਰ ਨੇ ਵਸਾਇਆ. ਹਨੁਮਾਨ ਦੀ ਮਾਤਾ ਅੰਜਿਨਾ ਦਾ ਮੰਦਿਰ ਹੋਣ ਕਰਕੇ ਨਾਮ "ਕਪਿਸਥਲ" ਥਾਪਿਆ. ਭਗਤੂਵੰਸ਼ੀ ਭਾਈ ਗੁਰੁਬਖ਼ਸ਼ ਸਿੰਘ ਦੇ ਸੁਪੁਤ੍ਰ ਭਾਈ ਦੇਸੂ ਸਿੰਘ ਨੇ ਮੁਲਕ ਮੱਲਕੇ ਕੈਥਲ ਨੂੰ ਸਨ ੧੭੬੭ ਵਿੱਚ ਆਪਣੀ ਰਾਜਧਾਨੀ ਬਣਾਇਆ. ਇਸ ਦੇ ਪੁਤ੍ਰ ਲਾਲ ਸਿੰਘ ਅਤੇ ਪੋਤੇ ਭਾਈ ਉਦਯ ਸਿੰਘ ਨੇ ਰਾਜ ਚੰਗੀ ਤਰਾਂ ਕੀਤਾ. ਭਾਈ ਉਦਯ ਸਿੰਘ ਦੇ ਦਰਬਾਰ ਦੇ ਕਵੀਰਾਜ ਭਾਈ ਸੰਤੋਖ ਸਿੰਘ ਨੇ ਇਸੇ ਨਗਰ ਵਿੱਚ ਰਹਿਕੇ ਗੁਰੁਪ੍ਰਤਾਪਸੂਰਯ ਆਦਿਕ ਪੁਸਤਕ ਰਚੇ ਹਨ. ਭਾਈ ਉਦਯ ਸਿੰਘ ਦੇ ਸੰਤਾਨ ਨਹੀਂ ਹੋਈ. ਇਸ ਲਈ ੧੫. ਮਾਰਚ ਸਨ ੧੯੪੩ ਨੂੰ ਉਸ ਦੇ ਦੇਹਾਂਤ ਹੋਣ ਪੁਰ ਇਹ ਰਿਆਸਤ ਅੰਗ੍ਰੇਜ਼ੀ ਰਾਜ ਵਿੱਚ ਮਿਲ ਗਈ.[398]

ਕੈਂਥਲ ਵਿੱਚ ਨੌਮੇ ਸਤਿਗੁਰੂ ਦੇ ਦੋ ਗੁਰਦ੍ਵਾਰੇ ਹਨ- ਇੱਕ ਠੰਢਾਰ ਤੀਰਥ ਪੁਰ, ਦੂਜਾ ਸ਼ਹਿਰ ਵਿੱਚ. ਬਾਹਰ ਦੇ ਗੁਰਦ੍ਵਾਰੇ ਦੇ ਨਾਲ ਦਸ ਵਿੱਘੇ ਜ਼ਮੀਨ ਹੈ. ਇਸ ਥਾਂ ਗੁਰੂ ਸਾਹਿਬ ਦੇ ਵੇਲੇ ਦਾ ਇੱਕ ਨਿੰਮ ਦਾ ਬਿਰਛ ਹੈ, ਜਿਸ ਦੇ ਪੱਤੇ ਖਵਾਕੇ ਸਤਿਗੁਰੂ ਨੇ ਰੋਗੀ ਦਾ ਤਾਪ ਦੂਰ ਕੀਤਾ ਸੀ.

ਬਾਹਰ ਦੇ ਗੁਰਦ੍ਵਾਰੇ ਨੂੰ ਸੌ ਰੁਪਯਾ ਰਿਆਸਤ ਪਟਿਆਲੇ ਤੋਂ ਅਤੇ ਸੈਂਤਾਲੀ ਰੁਪਯੇ ਰਿਆਸਤ ਜੀਂਦ ਤੋਂ ਸਾਲਾਨਾ ਮਿਲਦੇ ਹਨ. ਭਾਈ ਉਦਯ ਸਿੰਘ ਦੀ ਦਿੱਤੀ ਹੋਈ ਸੌ ਵਿੱਘੇ ਜ਼ਮੀਨ ਹੈ. ਦੇਖੇ, ਭਗਤੂ ਭਾਈ.

ਕੈਦ: ਅ਼. قید ਕ਼ੈਦ. ਸੰਗਯਾ- ਬੰਧਨ. ਬੰਦੀ.

ਕੈਦਾ: ਦੇਖੋ, ਕਾਇਦਾ। ੨. ਸਰਵ- ਕਿਸੇ ਦਾ. ਕਿਸੀ ਕਾ. "ਨਹਿ ਮੈ ਤ੍ਰਾਸ ਧਰੋਂ ਰਿਪੁ ਕੈਦਾ." (ਗੁਪ੍ਰਸੂ)

ਕੈਂਦਾ: ਕਹਿੰਦਾ. ਆਖਦਾ. ਕਥਨ ਕਰਦਾ। ੨. ਦੇਖੋ, ਕੈਦਾ ੨. ਕਿਸੇ ਦਾ. ਕਿਸੀ ਕਾ.

ਕੈਦਾਂ: ਕ੍ਰਿ. ਵਿ- ਕੈਸੇ. ਕਿਸ ਪ੍ਰਕਾਰ.

ਕੈਦੀ, ਕ਼ੈਦੀ: ਅ਼. قیدی ਵਿ- ਬੰਧੂਆ.

ਕੈਧਰ, ਕੈਂਧਰਿ: ਕ੍ਰਿ. ਵਿ- ਕਿਧਰ. ਕਿਸ ਤਰਫ. "ਤੁਧੁ ਨੋ ਛੋਡਿ ਜਾਈਐ ਪ੍ਰਭੁ ਕੈਂਧਰਿ?" (ਆਸਾ ਮਃ ੫)

ਕੈਧੋਂ, ਕੈਧੌਂ: ਵਯ- ਮਾਨੋ. ਝਾਣੀਏ. ਗੋਯਾ.

ਕੈਪਹਿ: ਕਿਸ ਪਾਸ. "ਦੂਸਰ ਕੈਪਹਿ ਜਾਵਉ?" (ਆਸਾ ਮਃ ੫) ੨. ਕਿਸ ਪਾਸੋਂ. ਕਿਸ ਤੋਂ. "ਕੈਪਹਿ ਦੀਖਿਆ ਲੇਵਾ?" (ਸੂਹੀ ਮਃ ੧)

---

[398] ਭਾਈ ਦੇਸੂ ਸਿੰਘ ਦੇ ਛੋਟੇ ਭਾਈ ਸੁੱਖਾ ਸਿੰਘ ਨੇ ਜੋ ਇਲਾਕਾ ਮੱਲਿਆ ਸੀ, ਉਹ ਜ਼ਬਤ ਨਹੀਂ ਹੋਇਆ. ਸੁੱਖਾ ਸਿੰਘ ਦੀ ਔਲਾਦ ਦੇ ਕਬਜ਼ੇ ਹੁਣ ਅਰਨੌਲੀ ਅਤੇ ਸੁੱਧੁਵਾਲ ਦੋ ਛੋਟੀਆਂ ਸਰਦਾਰੀਆਂ ਕਰਨਾਲ ਜ਼ਿਲੇ ਵਿੱਚ ਹਨ.

**ਕੈਫ:** ਅ਼ کیف ਸੰਗਯਾ- ਤੇਜ਼ ਸ਼ਰਾਬ. ਮਦਿਰਾ. "ਕੈਫ ਕੰਚਨੀ ਮੇ ਧਨ ਖੋਵੈਂ." (ਗੁਪ੍ਰਸੂ) ੨. ਨਸ਼ਾ. ਅਮਲ. "ਪੋਸਤ ਭਾਂਗ ਅਫੀਮ ਮੰਗਾਯ ਪਿਯੋ ਸਭ ਸ਼ੋਕ ਵਿਦਾ ਕਰਡਾਰਜੋ। ਮੱਤ ਹ੍ਵੈ ਚਾਰੋਈ ਕੈਫਨ ਸੋਂ ਸੁਤ ਇੰਦ੍ਰ ਕੇ ਸਿਉਂ ਇਮ ਬੈਨ ਉਚਾਰਜੋ." (ਕ੍ਰਿਸਨਾਵ) ੩. ਕ੍ਰਿ. ਵਿ- ਕਯੋਂਕਰ. ਕੈਸੇ.

**ਕੈਫਿਯਾ, ਕੈਫੀ:** ਵਿ- ਸ਼ਰਾਬੀ. ਮਦਮੱਤ. "ਰਾਜ ਕੈਫਿਯੇ ਕਮਾਵੈਂ." (ਚਰਿਤ੍ਰ ੨੪੫) "ਇੱਕ ਪਠਾਣ ਕੈਫੀ ਨੇ ਮੈਨੂ ਧੱਕਾ ਦੇਕੇ ਸੁੱਟ ਘੱਤਿਆ." (ਜਸਭਾਮ)

**ਕੈਫੀਯਤ:** ਅ਼. کیفیت ਕੇਫ਼ਿਯਤ. ਸੰਗਯਾ- ਹਾਲ. ਵ੍ਰਿੱਤਾਂਤ. ਸਮਾਚਾਰ.

**ਕੈਬਰ:** ਸੰਗਯਾ- ਤੀਰ. "ਤੁੱਪਕ ਤੜਾਕ। ਕੈਬਰ ਕੜਾਕ." (ਵਿਚਿਤ੍ਰ)

**ਕੈਮਰੀ:** ਜੰਗਲੀ ਅੰਜੀਰ. ਫਗਵਾੜਾ. ਪਾਕਰ. ਸੰ. ਪਰਕੰਟੀ. L. Ficus Venosa.

**ਕੈਮੁੱਤਿਕ ਨਯਾਯ:** ਦੇਖੋ, ਨਯਾਯ.

**ਕੈਰ:** ਸੰਗਯਾ- ਕਰੀਰ. ਕਰੀਲ.

**ਕੈਰਉ:** ਸੰਗਯਾ- ਕੌਰਵ. ਕੁਰੁਵੰਸ਼ੀ ਲੋਕ. "ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ." (ਧਨਾ ਨਾਮਦੇਵ)

**ਕੈਰਵ:** ਸੰ. ਸੰਗਯਾ- ਕੁਮੁਦ. ਨੀਲੋਫਰ. "ਸਾਧਨ ਕੈਰਵ ਕੋ ਬਿਗਸਾਵਤ." (ਨਾਪ੍ਰ) ੨. ਸ਼ਤ੍ਰੁ. ਵੈਰੀ। ੩. ਜੁਆਰੀਆ। ੪. ਕੌਰਵ. ਕੁਰੁਵੰਸ਼ੀ. "ਕੈਰਵ ਰਣ ਘਾਏ." (ਪਾਰਸਾਵ)

**ਕੈਰੋ, ਕੈਰੋਂ:** ਕੌਰਵ. ਕੁਰੁਵੰਸ਼ੀ. "ਕੈਰੋ ਕੁਰੁਖੇਤ੍ਰ ਮਾਰੇ ਪ੍ਰਚੰਡ." (ਗਯਾਨ)

**ਕੈਲ:** ਦੇਖੋ, ਕੇਲ ੪.। ੨. ਦੇਖੋ, ਕਾਯਲ। ੩. ਕੂਮਲ. ਸ਼ਗੂਫਾ. ਲਗਰ.

**ਕੈਲਾ:** ਸੰ. ਕਿਯਾਹ. ਸੰਗਯਾ- ਲਾਲ ਰੰਗ ਦੀ ਝਲਕ ਨਾਲ ਭੂਰਾ ਘੋੜਾ.

**ਕੈਲਾਸ:** ਸੰ. ਸੰਗਯਾ- ਕੇ (ਪਾਣੀ ਵਿੱਚ) ਬਲੌਰ ਦੀ ਤਰਾਂ ਲਸਕਣ ਵਾਲਾ, ਤਿੱਬਤ ਦੇ ਪੱਛਮ ਅਤੇ ਮਾਨਸਰੋਵਰ ਦੇ ਉੱਤਰ ਇੱਕ ਸੁੰਦਰ ਪਹਾੜ, ਜਿਸ ਨੂੰ ਚੀਨੀ "ਕਿਯੁਨਲਨ" ਆਖਦੇ ਹਨ. ਪੁਰਾਣਾਂ ਅਨੁਸਾਰ ਇਹ ਸ਼ਿਵ ਅਤੇ ਕੁਬੇਰ ਦੇ ਰਹਿਣ ਦਾ ਪਰਬਤ ਹੈ. ਤਿਬੱਤ, ਚੀਨ ਅਤੇ ਹਿੰਦੁਸਤਾਨ ਤੋਂ ਆਕੇ ਹਜ਼ਾਰਾਂ ਯਾਤ੍ਰੂ ਇਸ ਦੀ ਪਰਦੱਖਣਾ ਕਰਦੇ ਹਨ। ੨. ਇੱਕ ਰਾਣਾ. ਦੇਖੋ, ਧੁਨੀ (ਗ).

**ਕੈਲਾਖਰ:** ਰਿਆਸਤ ਟੇਹਰੀ ਅੰਦਰ ਇੱਕ ਦੂਨ (ਪਹਾੜ ਦੀ ਘਾਟੀ) ਦਾ ਪੁਰਾਣਾ ਨਾਉਂ, ਜਿਸ ਦੇ ਇੱਕ ਪਾਸੇ ਗੰਗਾ ਅਤੇ ਦੂਜੇ ਪਾਸੇ ਜਮਨਾ ਨਦੀ ਵਹਿੰਦੀ ਹੈ. "ਗੰਗ ਜਮੁਨ ਭੀਤਰ ਬਸੈ ਕੈਲਾਖਰ ਕੀ ਦੂਨ." (ਚਰਿਤ੍ਰ ੨੫)

**ਕੈਲੀ:** ਸੰ. ਕਪਿਲਾ. ਕਾਲੇ ਥਣਾਂ ਵਾਲੀ ਗਊ. ਸਿਮ੍ਰਿਤੀਆਂ ਵਿੱਚ ਉੱਤਮ ਕਪਿਲਾ ਉਹ ਲਿਖੀ ਹੈ, ਜਿਸ ਦੇ ਰੋਮ ਭੂਰੇ ਅਤੇ ਥਣ ਕਾਲੇ ਹੋਣ.

"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ, ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ."

(ਸਵਾ ਮਃ ੩)

ਬ੍ਰਹਮਗਯਾਨੀ ਅਤੇ ਗਊ ਦਾ ਵਧ, ਕੰਨਯਾ ਅਤੇ ਬਦਮਾਸ਼ ਦਾ ਧਾਨ (ਲੈਣਾ ਅਤੇ ਖਾਣਾ), ਇਹ ਪਾਪ ਪੈਂਦੇ ਹਨ ਉਸ ਉੱਤੇ, ਜਿਸ ਨੂੰ ਕਰਤਾਰ ਦਾ ਨਾਉਂ ਵਿਸਰਦਾ ਹੈ. ਭਾਵ- ਨਾਮ ਦਾ ਭੁਲਾਉਣਾ ਮਹਾ ਪਾਪ ਹੈ.

**ਕੈਲੇ:** ਜ਼ਿਲਾ ਤਸੀਲ ਲੁਦਿਆਣਾ, ਥਾਣਾ ਰਾਇਕੋਟ ਦਾ ਇੱਕ ਪਿੰਡ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਕੇਵਲ ਮੰਜੀ ਸਾਹਿਬ ਹੈ. ਹੋਰ ਇਮਾਰਤ ਨਹੀਂ. ਰੇਲਵੇ ਸਟੇਸ਼ਨ "ਮੁੱਲਾਂਪੁਰ" ਤੋਂ ਅਗਨਿ ਕੋਣ ੧੦. ਮੀਲ ਦੇ ਕਰੀਬ ਹੈ.

**ਕੈਵਲ, ਕੈਵਲਜ:** ਸੰ. कैवल्य ਸੰਗਯਾ- ਕੇਵਲ (ਏਕਤਾ) ਦਾ ਭਾਵ. ਬ੍ਰਹਮ ਵਿੱਚ ਅਭੇਦਤਾ. ਪਰਮਗਤਿ. "ਕੈਵਲਦਾ ਉਚਰੇ ਸੁਭ ਬੈਨਾ." (ਨਾਪ੍ਰ) ੨. ਖਾਲਿਸਪਨ. ਨਿਰੋਲਤਾ.

**ਕੋ:** ਸਰਵ- ਕੋਈ. "ਕੋਊ ਸੁਘਰ ਨ ਕੋਊ ਮੂਰਾ." (ਬਾਵਨ)

**ਕੋਆ:** ਸੰਗਯਾ- ਅੱਖ ਦਾ ਕਿਨਾਰਾ. ਨੇਤ੍ਰ ਦਾ ਕੋਣਾ। ੨. ਇੱਖ ਆਦਿਕ ਦੀ ਅੱਖ, ਜਿਸ ਵਿੱਚੋਂ ਅੰਕੁਰ ਉਗਦਾ ਹੈ.

**ਕੋਅੰਡ:** ਸੰਗਯਾ- ਧਨੁਖ. ਦੇਖੋ, ਕੋਦੰਡ "ਹਠ ਹੱਸੈਂ ਕੱਸੈਂ ਕੋਅੰਡੰ." (ਰਾਮਾਵ)

**ਕੋਅੰਡਜ:** ਸੰ. कोदण्डय: ਤੀਰ, ਜੋ ਕੋਦੰਡ ਵਿੱਚੋਂ ਨਿਕਲਦਾ ਹੈ. (ਸਨਾਮਾ)

**ਕੋਅੰਡਜ ਦਾਇਨੀ:** ਕੋਦੰਡ ਤੋਂ ਉਪਜਿਆ ਤੀਰ, ਉਸ ਦੇ ਦੇਣ (ਬਰਸਾਉਣ) ਵਾਲੀ, ਸੈਨਾ. (ਸਨਾਮਾ)

**ਕੋਅੰਡਨੀ:** ਕੋਦੰਡ (ਧਨੁਖ) ਵਾਲੀ, ਸੈਨਾ. (ਸਨਾਮਾ)

**ਕੋਇ:** ਸਰਵ- ਕੋਈ. "ਕੋਇ ਨ ਕਿਸਹੀ ਜੇਹਾ." (ਮਾਰੂ ਸੋਲਹੇ ਮਃ ੩)

**ਕੋਇਲ:** ਸੰਗਯਾ- ਕੋਕਿਲਾ. "ਕਾਲੀ ਕੋਇਲ ਤੂ ਕਿਤੁ ਗੁਨਿ ਕਾਲੀ." (ਸੂਹੀ ਫਰੀਦ) ੨. ਗੁਰਬਾਣੀ ਵਿੱਚ ਪ੍ਰੇਮੀ ਜਿਗਯਾਸੂ ਲਈ ਕੋਇਲ ਸ਼ਬਦ ਆਇਆ ਹੈ। ੩. ਯੂ. ਪੀ. ਵਿੱਚ ਇੱਕ ਨਗਰ, ਜਿਸ ਦਾ ਹੁਣ ਅਲੀਗੜ੍ਹ ਨਾਉਂ ਹੈ. "ਕੋਇਲ ਕੋ ਉਹ ਗੜ੍ਹਾ ਕਹਾਵੈ." (ਪ੍ਰਾਪੰਪ੍ਰ) ੪. ਦੇਖੋ, ਕੋਇਲਾ.

**ਕੋਇਲਾ, ਕੋਲਾ:** ਸੰ. कालाङ्गार ਕਾਲਾਂਗਾਰ ਅਥਵਾ ਕੋਕਿਲ. ਸੰਗਯਾ- ਬੁਝਿਆ ਹੋਇਆ ਅੱਗ ਦਾ ਅੰਗਾਰ.[399] ਦੇਖੋ, ਅੰ. Coal. "ਕੋਇਲੇ ਪਾਪ ਪੜੇ ਤਿਸ ਊਪਰਿ ਮਨ ਜਲਿਆ." (ਮਾਰੂ ਮਃ ੧) ੨. ਸਰਵ- ਕੋਈ ਲੋਗ. ਕੋਈ ਸ਼ਖਸ. "ਮੁਕਤਿ ਨ ਜਾਨੈ ਕੋਇਲਾ." ਮਲਾ ਨਾਮਦੇਵ) ੩. ਦੇਖੋ, ਕੋਕਿਲਾ.

**ਕੋਈ:** ਸਰਵ- ਕੋਪਿ. ਕੋਈਇੱਕ. "ਕੋਈ ਬੋਲੈ ਰਾਮ ਕੋਈ ਖੁਦਾਇ." (ਰਾਮ ਮਃ ੫)

**ਕੋਈ ਕੋਇ:** ਸ਼ਰਵ- ਵਿਰਲਾ ਕੋਈ ਇਕ. "ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈਕੋਇ." (ਸੋਰ ਮਃ ੫)

**ਕੋਏ:** ਕੋਆ ਦਾ ਬਹੁਵਚਨ। ੨. ਸਰਵ- ਕੋਈ. ਕੋਈ ਭੀ. "ਗੁਰ ਬਿਨੁ ਅਵਰੁ ਨ ਜਾਣੈ ਕੋਏ." (ਅਨੰਦੁ)

**ਕੋਸ:** ਸੰ. ਕ੍ਰੋਸ਼. ਸੰਗਯਾ- ਕੋਹ. ਸਭ ਤੋਂ ਪਹਿਲਾਂ ਕੋਸ ਦੀ ਦੂਰੀ (ਲੰਬਾਈ) ਗਊ ਦੇ ਕ੍ਰੋਸ਼ (ਰੰਭਣ) ਤੋਂ ਥਾਪੀ ਗਈ ਸੀ. ਅਰਥਾਤ ਜਿੱਥੋਂ ਤੀਕ ਗਾਂ ਦੇ ਰੰਭਣ ਦੀ ਆਵਾਜ਼ ਜਾ ਸਕੇ ਉਹ ਕੋਸ ਸਮਝਿਆ ਗਿਆ ਸੀ. ਫੇਰ ਲੋਕਾਂ ਨੇ ਆਪਣੇ ਆਪਣੇ ਦੇਸ਼ਾਂ ਵਿੱਚ ਕੋਸ ਦੀ ਲੰਬਾਈ ਅਨੇਕ ਤਰਾਂ ਦੀ ਕਲਪ ਲਈ. ਦੁਖਣੀਆਂ ਦੇ ਕੋਸ ਪੰਜਾਬੀਆਂ ਦੇ ਕੋਹਾਂ ਨਾਲੋਂ ਬਹੁਤ ਲੰਮੇ ਹਨ. ਪੁਰਾਣੀ ਮਿਣਤੀ ਅਨੁਸਾਰ ੪੦੦੦ ਗਜ਼ ਅਥਵਾ ੮੦੦੦ ਹੱਥ ਦੀ ਲੰਬਾਈ ਦਾ ਕੋਸ ਹੁੰਦਾ ਹੈ. ਵਰਤਮਾਨ ਕਾਲ ਵਿੱਚ ਕੋਸ ਦੇਸ਼ ਭੇਦ ਕਰਕੇ ਅਨੇਕ ਪ੍ਰਕਾਰ ਦਾ ਹੈ.[400] "ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ." (ਸੁਖਮਨੀ) ਦੇਖੋ, ਮਿਣਤੀ।

੨. ਸੰ. ਕੋਸ਼. ਗਿਲਾਫ਼. ਪੜਦਾ। ੩. ਡੱਬਾ। ੪. ਤਲਵਾਰ ਦਾ ਮਿਆਨ। ੫. ਖ਼ਜ਼ਾਨਾ। ੬. ਅਭਿਧਾਨ. ਸ਼ਬਦਾਂ ਦਾ ਸੰਗ੍ਰਹ ਜਿਸ ਗ੍ਰੰਥ ਵਿੱਚ ਹੋਵੇ. ਲੁਗ਼ਾਤ. Dictionary । ੭. ਆਂਡਾ। ੮. ਭਗ. ਯੋਨਿ। ੯. ਫੁੱਲ ਦੀ ਉਹ ਡੋਡੀ, ਜਿਸ ਪੁਰ ਮਿਠਾਸ ਭਰੀਆਂ ਸੂਖਮ ਤਰੀਆਂ ਹੁੰਦੀਆਂ ਹਨ. "ਕਮਲ ਵਿਖੈ ਜਿਮ ਕੋਸ ਵਿਰਾਜੈ." (ਨਾਪ੍ਰ) ੧੦. ਵੇਦਾਂਤਗ੍ਰੰਥਾਂ ਵਿੱਚ ਪੰਜ ਕੋਸ਼ ਮੰਨੇ ਹਨ, ਜੋ ਆਤਮ ਪੁਰ ਗਿਲਾਫ਼ ਦੀ ਤਰਾਂ ਪੜਦਾਰੂਪ ਹਨ-

---

[399] ਜਿਤਨੀ ਬੋਝਲ ਲੱਕੜ ਦਾ ਕੋਇਲਾ ਹੋਵੇ ਉਤਨੀ ਹੀ ਉਸ ਵਿੱਚ ਆਂਚ ਵਧੀਕ ਹੁੰਦੀ ਹੈ. ਪੱਥਰੀ ਕੋਇਲੇ ਦੀ ਆਂਚ ਲੱਕੜ ਦੇ ਕੋਇਲੇ ਨਾਲੋਂ ਕਈ ਗੁਣੀ ਵਧਕੇ ਹੁੰਦੀ ਹੈ. ਭੂਗਰਭਵਿਦ੍ਯਾ ਦੇ ਜਾਣੂ ਆਖਦੇ ਹਨ ਕਿ ਕਿਸੇ ਸਮੇਂ ਸੰਘਣੇ ਜੰਗਲ ਢਹਿਕੇ ਜ਼ਮੀਨ ਵਿੱਚ ਸਮੇਂ ਦੇ ਗੇੜ ਨਾਲ ਦੱਬੇ ਗਏ ਹਨ ਅਰ ਪ੍ਰਿਥਿਵੀ ਦੇ ਕਈ ਅੰਸ਼ ਲੈ ਕੇ ਲੱਕੜ ਪੱਥਰ ਜੇਹੀ ਭਾਰੀ ਹੋ ਗਈ ਹੈ. ਹੁਣ ਕੋਇਲੇ ਦੀ ਖਾਣਾਂ ਤੋਂ ਸੰਸਾਰ ਨੂੰ ਬੁਹਤ ਲਾਭ ਪਹੁੰਚ ਰਿਹਾ ਹੈ.

[400] ੪੦੪੫ ਅਤੇ ੪੫੫੮ ਗਜ਼ ਦਾ ਭੀ ਪੁਰਾਣੇ ਗ੍ਰੰਥਾਂ ਵਿੱਚ ਕੋਸ ਲਿਖਿਆ ਹੈ.

(ੳ) ਅੰਨ ਤੋਂ ਉਤਪੰਨ ਅਤੇ ਅੰਨ ਦੇ ਹੀ ਆਸਰੇ ਰਹਿਣ ਵਾਲਾ ਸ਼ਰੀਰ 'ਅੰਨਮਯ' ਕੋਸ਼ ਹੈ.

(ਅ) ਪੰਜ ਕਰਮਇੰਦ੍ਰੀਆਂ ਅਤੇ ਪੰਜ ਪ੍ਰਾਣ, 'ਪ੍ਰਾਣਮਯ' ਕੋਸ਼ ਹੈ.

(ੲ) ਪੰਜ ਗ੍ਯਾਨਇੰਦ੍ਰੀਆਂ ਅਤੇ ਮਨ, 'ਮਨੋਮਯ' ਕੋਸ਼ ਹੈ.

(ਸ) ਪੰਜ ਗ੍ਯਾਨਇੰਦ੍ਰੀਆਂ ਸਹਿਤ ਬੁੱਧਿ, 'ਵਿਗ੍ਯਾਨਮਯ' ਕੋਸ਼ ਹੈ.

(ਹ) ਸਤੋਗੁਣ ਵਿਸ਼ਿਸ਼੍ਟ ਜੀਵਾਤਮਾ ਦਾ ਆਵਰਣ "ਆਨੰਦਮਯ" ਕੋਸ਼ ਹੈ. ਕੋਸ਼ ਸ਼ਬਦ ਦਾ ਉੱਚਾਰਣ ਕੋਸ਼ ਭੀ ਸਹੀ ਹੈ। ੧੧. ਫ਼ਾ. کوس ਪਿੱਤਲ ਦਾ ਨਗਾਰਾ. ਧੌਂਸਾ। ੧੨. ਫ਼ਾ. ਜ਼ਦ੍ਰ ਕੋਸ਼. ਵਿ- ਕੋਸ਼ਿਸ਼ ਕਰਨ ਵਾਲਾ. ਦੇਖੋ, ਕੋਸ਼ੀਦਨ.

ਕੋਸਟ, ਕੋਸਠ: ਕੋਠਾ. ਦੇਖੋ, ਕੋਸ਼੍ਠ. "ਭੋਜਨ ਕੋ ਕੋਸਟ ਭਰਾਯੋ ਭਾਂਤ ਭਾਂਤ ਕਰ." (ਗੁਪ੍ਰਸੂ)

ਕੋਸਣਾ: ਕ੍ਰਿ. ਸੰ. कुत्सन ਕੁਤ੍ਸਨ. ਨਿੰਦਾ ਕਰਨੀ. ਬਦਨਾਮ ਕਰਨਾ. ਨਿੰਦਣਾ.

ਕੋਸਤਭ: ਦੇਖੋ, ਕੌਸਤੁਭ.

ਕੋਸਨਾ: ਦੇਖੋ, ਕੋਸਣਾ.

ਕੋਸ਼ਪ, ਕੋਸ਼ਪਤਿ, ਕੋਸ਼ਪਾਲ: ਸੰਗ੍ਯਾ- ਕੋਸ਼ (ਖ਼ਜ਼ਾਨੇ) ਦਾ ਅਫ਼ਸਰ. ਕੋਸ਼ਾਧ੍ਯਕ੍ਸ਼. ਖ਼ਜ਼ਾਨਚੀ. "ਕੋਸਪ ਹੋਇ ਸ਼ਾਹ ਕੋ ਜੈਸੇ." (ਨਾਪ੍ਰ)

ਕੋਸਰੋ: ਕੋਸ ਮਾਤ੍ਰ. ਕੋਸ ਭਰ. "ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ." (ਸੋਰ ਮਃ ੫) ਲਾਲ (ਪਿਆਰੇ) ਵੱਲ ਜਦ ਇੱਕ ਕੋਹਮਾਤ੍ਰ ਸਫਰ ਤੈ ਕੀਤਾ, ਤਦ ਚਤੁਰ ਪਤ੍ਰਹਾਰ (ਕਾਸ਼ਿਦ) ਆਮਿਲਿਆ. ਭਾਵ- ਗੁਰੂ ਮਿਲੇ.

ਕੋਸਲ: ਸੰ. ਕੋਸ਼ਲ. ਸੰਗ੍ਯਾ- ਘਾਘਰਾ ਅਤੇ ਸਰਯੂ ਨਦੀ ਦੇ ਮੱਧ ਦਾ ਦੇਸ਼, ਜਿਸ ਦਾ ਪ੍ਰਧਾਨ ਨਗਰ ਅਯੋਧ੍ਯਾ ਹੈ। ੨. ਛਤ੍ਰੀਆਂ ਦਾ ਇੱਕ ਗੋਤ੍ਰ.

ਕੋਸਾ: ਸੰ. कोष्ण ਵਿ- ਥੋੜਾ ਗਰਮ. ਕਿੰਚਿਤ ਉਸ਼੍ਣ। ੨. ਫ਼ਾ. کوشا ਕੋਸ਼ਾ. ਕੋਸ਼ਿਸ਼ ਕਰਨ ਵਾਲਾ.

ਕੋਸ਼ਾਧ੍ਯਕ੍ਸ਼: ਖ਼ਜ਼ਾਨਚੀ. ਦੇਖੋ, ਕੋਸ਼ਪ.

ਕੋਸਾਲ: ਦੇਖੋ, ਸਾਲ.

ਕੋਸ਼ਿਸ: ਫ਼ਾ. کوشش ਸੰਗ੍ਯਾ- ਪ੍ਰਯਤਨ. ਉੱਦਮ.

ਕੋਸੀਦ: ਦੇਖੋ, ਕੁਸੀਦ। ੨. ਡਿੰਗ. ਸੁਸਤੀ. ਆਲਸ.

ਕੋਸ਼ੀਦਨ: ਫ਼ਾ. کوشیدن ਕ੍ਰਿ- ਕੋਸ਼ਿਸ਼ (ਯਤਨ) ਕਰਨਾ.

ਕੋਸ਼੍ਠ: ਸੰਗ੍ਯਾ- ਕੋਠਾ। ੨. ਮੇਦਾ. ਪਕ੍ਵਾਸ਼ਯ. ਉਦਰ.

ਕੋਹ: ਦੇਖੋ, ਕੋਸ ੧. "ਕੋਹ ਕਰੋੜੀ ਚਲਤ ਨ ਅੰਤ." (ਵਾਰ ਆਸਾ) ੨. ਕ੍ਰੋਧ. ਗੁੱਸਾ. ਕੋਪ। ੩. ਫ਼ਾ. کوہ ਪਰਬਤ. ਪਹਾੜ.

ਕੋਹਕਾਫ਼, ਕੋਹਕ਼ਾਫ਼: ਫ਼ਾ. کوہقاف ਕ਼ਾਫ਼ ਨਾਮਕ ਕੋਹ (ਪਹਾੜ). ਸੰ. ਲੋਕਾਲੋਕ. ਸੰਗ੍ਯਾ- ਇੱਕ ਕਲਪਿਤ ਪਹਾੜ, ਜਿਸ ਨੇ ਸਾਰੀ ਦੁਨੀਆਂ ਨੂੰ ਘੇਰਿਆ ਹੋਇਆ ਹੈ. ਦੇਖੋ, ਕਾਫ ੧. ਅਤੇ ੨.

ਕੋਹਤੂਰ: ਤੂਰ ਨਾਮਕ ਪਹਾੜ. ਦੇਖੋ, ਤੂਰ.

ਕੋਹਨੂਰ: ਫ਼ਾ. کوہِنوٗر ਇੱਕ ਪ੍ਰਸਿੱਧ ਹੀਰਾ, ਜੋ ਨੂਰ (ਪ੍ਰਕਾਸ਼) ਦਾ ਕੋਹ (ਪਹਾੜ) ਮੰਨਿਆ ਗਿਆ ਹੈ. ਇਸ ਦੀ ਬਾਬਤ ਬਹੁਤ

ਕਲਪਣਾ ਕਰਦੇ ਹਨ ਕਿ ਇਹ ਪਹਿਲਾਂ ਕਰਣ ਅਤੇ ਅਰਜੁਨ ਪਾਸ ਫੇਰ ਵਿਕ੍ਰਮਾਦਿਤ੍ਯ ਪਾਸ ਰਿਹਾ, ਪਰ ਇਤਿਹਾਸ ਦਾ ਕੋਈ ਪ੍ਰਬਲ ਪ੍ਰਮਾਣ ਨਹੀਂ. ਜੋ ਪ੍ਰਸਿੱਧ ਬਾਤ ਗ੍ਰੰਥਾਂ ਵਿੱਚ ਹੈ ਉਹ ਇਉਂ ਹੈ ਕਿ- ਕੋਹਨੂਰ ਹੀਰਾ ਫਰਵਰੀ ਸਨ ੧੬੨੮ ਵਿੱਚ ਮੀਰਜੁਮਲਾ (ਗੋਲਕੰਡਾ ਦੇ ਬਾਦਸ਼ਾਹ ਅ਼ਬਦੁੱਲਾ ਕੁ਼ਤ਼ਬਸ਼ਾਹ ਦੇ ਵਜ਼ੀਰ) ਨੇ ਸ਼ਾਹਜਹਾਂ ਦੀ ਨਜ਼ਰ ਕੀਤਾ.[401] ਜਨਵਰੀ ਸਨ ੧੭੩੯ ਵਿੱਚ ਦਿੱਲੀ ਦੀ ਲੁੱਟ ਸਮੇਂ ਨਾਦਰਸ਼ਾਹ ਦੇ ਕਬਜ਼ੇ ਆਇਆ ਅਤੇ ਨਾਦਰਸ਼ਾਹ ਨੇ ਇਸ ਦਾ ਨਾਉਂ "ਕੋਹਨੂਰ" ਥਾਪਿਆ. ੮. ਜੂਨ ਸਨ ੧੭੪੭ ਨੂੰ ਇਹ ਰਤਨ ਨਾਦਿਰਸ਼ਾਹ ਦੇ ਪੋਤੇ ਸ਼ਾਹਰੁਖ਼ ਮਿਰਜ਼ਾ ਤੋਂ ਅਹ਼ਿਮਦਸ਼ਾਹ ਦੁੱਰਾਨੀ ਦੇ ਹੱਥ ਲੱਗਾ. ੧. ਜੂਨ ਸਨ ੧੮੧੩ ਨੂੰ ਸ਼ਾਹਸ਼ੁਜਾ ਅਮੀਰ ਕਾਬੁਲ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਾਪਤ ਕੀਤਾ. ੩੦ ਮਾਰਚ ਸਨ ੧੮੪੯ ਨੂੰ ਪੰਜਾਬ ਪੁਰ ਕਬਜ਼ਾ ਕਰਕੇ ਲਾਰਡ ਡਲਹੌਜ਼ੀ (Dalhousie) ਨੇ ੭. ਦਿਸੰਬਰ ਨੂੰ ਨਾਬਾਲਿਗ ਦਲੀਪ ਸਿੰਘ ਦੇ ਖ਼ਜ਼ਾਨੇ ਤੋਂ ਆਪਣੇ ਕਬਜ਼ੇ ਕੀਤਾ, ਅਤੇ ੬. ਏਪ੍ਰਿਲ ਸਨ ੧੮੫੦ ਨੂੰ ਕਰਨੈਲ ਮੈਕਸਨ Col. Mackson ਹੱਥ ਮੁੰਬਈ ਤੋਂ ਜਹਾਜ਼ Medea ਵਿੱਚ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਨੂੰ ਭੇਜਿਆ ਗਿਆ, ਜੋ ਤਿੰਨ ਜੁਲਾਈ ਨੂੰ ਮਹਾਰਾਣੀ ਦੇ ਹੱਥ ਪਹੁੰਚਿਆ. ਇਸ ਦਾ ਪਹਿਲ਼ਾ ਤੋਲ ੩੧੯ ਰੱਤੀ ਸੀ. ਹੁਣ ਤਰਾਸ਼ ਕਰਨ ਤੋਂ ੧੦੨ ਰੱਤੀ ਰਹਿ ਗਿਆ ਹੈ. ਵਲਾਇਤ ਦੇ ਰਤਨਪਰੀਕ੍ਸ਼ਕਾਂ ਨੇ ਇਸ ਦਾ ਮੁੱਲ ਤੀਸ ਲੱਖ ਪੌਂਡ ਜਾਚਿਆ ਹੈ.

ਕੋਹਰ: ਸੰਗ੍ਯਾ- ਕੁਹੇੜੀ. ਕੁਹੇਲਿਕਾ. ਧੁੰਦ। ੨. ਅੰਬ ਆਦਿਕ ਬਿਰਛਾਂ ਦਾ ਬੂਰ। ੩. ਬਿੰਬ ਦੀ ਕਿਸਮ ਦਾ ਇੱਕ ਫਲ, ਜੋ ਪੱਕਣ ਪੁਰ ਬਹੁਤ ਲਾਲ ਹੋ ਜਾਂਦਾ ਹੈ. "ਜਨੁ ਫਲ ਕੋਹਰ ਲਾਲ ਉਦਾਰ." (ਗੁਪ੍ਰਸੂ)

ਕੋਹਲੀ: ਸ਼ਾਹਪੁਰ ਜ਼ਿਲੇ ਵਿੱਚ ਇੱਕ ਕਾਸ਼ਤਕਾਰ ਜਾਤੀ। ੨. ਇੱਕ ਖਤ੍ਰੀ ਗੋਤ੍ਰ, ਜੋ ਖੁਖਰਾਣਾਂ ਵਿੱਚੋਂ ਹੈ. "ਗੁਰਮੁਖ ਰਾਮੂ ਕੋਹਲੀ." (ਭਾਗੁ)

ਕੋਹੀ, ਕੋਹੀਆ: ਵਿ- ਕ੍ਰੋਧੀ। ੨. ਪਹਾੜੀਆ. ਕੋਹ (ਪਹਾੜ) ਵਿੱਚ ਰਹਿਣ ਵਾਲਾ.

ਕੋਹੀਆਂ: ਫ਼ਾ. کوہیاں ਬਹੁਵਚਨ ਕੋਹੀ (ਪਹਾੜੀ) ਦਾ. ਪਹਾੜੀਲੋਕ.

ਕੋਹੀਲਾ: ਇਹ ਕੁਹੀ ਦਾ ਨਰ ਹੈ. ਦੇਖੋ, ਕੁਹੀ.

ਕੋਕ: ਸੰ. ਸੰਗ੍ਯਾ- ਚਕਵਾ. ਸੁਰਖ਼ਾਬ. "ਅਰਿ ਕੋਕ ਕੁਲ ਸ਼ੋਕਵੰਤ." (ਸ਼ੇਖਰ) ੨. ਬਘਿਆੜ. ਭੇੜੀਆ। ੩. ਖਜੂਰ ਦਾ ਬਿਰਛ। ੪. ਡੱਡੂ. ਮੇਂਡਕ। ੫. ਵਿਸ਼ਨੁ। ੬. ਇੱਕ ਪੰਡਿਤ, ਜਿਸ ਦਾ ਬਣਾਇਆ ਕਾਮਸ਼ਾਸਤ੍ਰ ਹੈ. ਇਸ ਸ਼ਾਸਤ੍ਰ ਦੀ ਪ੍ਰਸਿੱਧ ਪੋਥੀ "ਕੋਕ" ਹੈ. "ਕਹੂੰ ਕੋਕ ਕਾਵ੍ਯ ਔ ਪੁਰਾਨ ਕੋ ਪੜ੍ਹਤ ਮਤ." (ਅਕਾਲ) ਦੇਖੋ, ਕਾਮਸ਼ਾਸਤ੍ਰ.

ਕੋਕਨ: ਝਾੜਬੇਰੀ ਦਾ ਬੇਰ.

ਕੋਕਨਦ: ਸੰ. ਸੰਗ੍ਯਾ- ਲਾਲ ਕਮਲ. "ਜਮ ਦਲ ਕੋਕਨਦੰ ਦੁਤਿ ਪਾਵੈਂ." (ਨਾਪ੍ਰ)

ਕੋਕਨਾਰ: ਫ਼ਾ. کوکنار ਸੰਗ੍ਯਾ- ਪੋਸਤ ਦਾ ਡੋਡਾ.

ਕੋਕਬੰਦਰ, ਕੋਕਬੰਦ੍ਰੀ: ਬੰਬਈ ਹਾਤੇ ਵਿੱਚ ਪੱਛਮੀ ਘਾਟਾਂ ਨਾਲ ਲਗਦਾ ਸਮੁੰਦਰੀ ਇਲਾਕਾ 'ਕਾਨਕਨ', ਜਿਸ ਨੂੰ "ਕੋਕਨ" ਭੀ ਆਖਦੇ ਹਨ. ਕੋਕਨਬੰਦਰ ਦੇ ਵਸਨੀਕ ਕੋਕਬੰਦ੍ਰੀ. "ਭਜੇ ਹਾਬਸੀ ਹਾਲਬੀ ਕੋਕਬੰਦ੍ਰੀ." (ਕਲਕੀ)

ਕੋਕਰਮ: ਦੇਖੋ, ਕੁਕਰਮ. "ਕਹਾਂ ਕਰਮ ਕੋਕਰਮ ਹੈ?" (ਅਕਾਲ)

ਕੋਕਲ: ਦੇਖੋ, ਕੋਕਿਲ.

ਕੋਕੜ: ਸੰਗ੍ਯਾ- ਸੁੱਕੇ ਹੋਏ ਫਲ ਦੀ ਭੁਕੜੀ. "ਹੁਤੀ ਕੋਕੜਾਂ ਪੀਲੂ ਕੇਰੀ." (ਗੁਪ੍ਰਸੂ)

---

[401] ਬਾਬਰ ਲਿਖਦਾ ਹੈ ਕਿ ਇਬਰਾਹੀਮ ਲੋਦੀ ਦੀ ਸਹਾਇਤਾ ਕਰਨ ਵਾਲੇ ਗਵਾਲੀਅਰ ਦੇ ਹਿੰਦੂ ਰਾਜਾ ਦੇ ਪਰਿਵਾਰ ਤੋਂ ਇਹ ਹੀਰਾ ਸਨ ੧੫੨੬ ਵਿੱਚ ਹੁਮਾਯੂੰ ਨੂੰ ਆਗਰੇ ਪ੍ਰਾਪਤ ਹੋਇਆ ਹੈ.

ਕੋਕਾ: ਸੰਗਜ੍ਞਾ- ਲੋਹੇ ਦੀ ਮੇਖ਼. ਪਰੇਗ। ੨. ਤੁ. کوکه ਦਾਈ ਦਾ ਪੁੱਤ. ਆਇਆ ਦਾ ਬੇਟਾ. "ਪਾਤਸ਼ਾਹ ਦਾ ਕੋਕਾ ਰਹਿੰਦਾ ਸੀ." (ਜਸਭਾਮ)

ਕੋਕਿਲ, ਕੋਕਿਲਾ: ਸੰ. ਸੰਗਜ੍ਞਾ- ਕੋਇਲ. ਪਿਕ. "ਕੋਕਿਲ ਹੋਵਾਂ ਅੰਬਿ ਬਸਾਂ." (ਗਉ ਮਃ ੧) ੨. ਰਾਜਾ ਰਸਾਲੂ ਦੀ ਰਾਣੀ ਦਾ ਨਾਉਂ ਭੀ ਕੋਕਿਲਾ ਸੀ। ੩. ਇੱਕ ਥਾਂ ਪਹਾੜੀ ਕਾਂਉਂ (ਕਾਕੋਲ) ਵਾਸਤੇ ਕੋਕਿਲ ਸ਼ਬਦ ਵਰਤਿਆ ਹੈ. "ਕੋਕਿਲ ਕਾਕ ਜਹਾਂ ਕਿਲਕਾਰਹਿਂ." (ਚਰਿਤ੍ਰ ੪੦੫) ੪. ਪਹਾੜ ਵਿੱਚ ਹਰੀਅਲ ਪੰਖੀ ਨੂੰ ਭੀ ਕੋਕਿਲ ਆਖਦੇ ਹਨ.

ਕੋਖ, ਕੋਖਿ: ਸੰ. ਕੁਕ੍ਸ਼ਿ. ਸੰਗਜ੍ਞਾ- ਕੁੱਖ. ਦੇਖੋ, ਕੁਕ੍ਸ਼ਿ.

ਕੋਚਬਿਹਾਰ: ਦੇਖੋ, ਕੂਚਬਿਹਾਰ.

ਕੋਛਰ, ਕੋਛੜ: ਗੋਦੀ. ਉਛੰਗ. ਦੇਖੋ, ਕੁੱਛੜ. "ਸਿਰੀਚੰਦ ਨਿਜ ਕੋਛਰ ਪਾਯੋ." (ਨਾਪ੍ਰ) ੨. ਖਤ੍ਰੀਆਂ ਦੀ ਇੱਕ ਜਾਤਿ ਭੀ ਕੋਛੜ ਹੈ.

ਕੋਝਾ: ਵਿ- ਭੱਦਾ. ਬਦਸ਼ਕਲ.

ਕੋਟ: ਸੰ. ਸੰਗਜ੍ਞਾ- ਦੁਰਗ. ਕਿਲਾ. "ਕੋਟ ਨ ਓਟ ਨ ਕੋਸ ਨ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਸ਼ਹਰਪਨਾਹ। ੩. ਰਾਜੇ ਦਾ ਮੰਦਿਰ। ੪. ਸੰ. ਕੋਟਿ. ਕਰੋੜ. "ਕੰਚਨ ਕੇ ਕੋਟ ਦਤੁ ਕਰੀ." (ਸ੍ਰੀ ਅਃ ਮਃ ੧) ਸੁਵਰਣ ਦੇ ਕੋਟਿ ਭਾਰ ਦਾਨ ਕਰੇ। ੫. ਭਾਵ- ਬੇਸ਼ੁਮਾਰ. ਬਹੁਤ. ਅਨੰਤ. "ਕੋਟਨ ਮੇ ਨਾਨਕ ਕੋਊ." (ਸ. ਮਃ ੯) ੬. ਇੱਕ ਅੰਗ੍ਰੇਜ਼ੀ ਵਜ਼ੋਂਤ ਦਾ ਵਸਤ੍ਰ, ਜੋ ਬਟਨਦਾਰ ਹੁੰਦਾ ਹੈ. Coat.

ਕੋਟ ਸਮ੍ਹੀਰ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਵਿੱਚ ਇੱਕ ਪਿੰਡ ਹੈ, ਜਿਸ ਦੇ ਨਾਲ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਦਮਦਮੇ ਸਾਹਿਬ ਤੋਂ ਇੱਥੇ ਆਏ ਹਨ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ, ਜਿਸ ਨਾਲ ੬੩ ਘੁਮਾਉਂ ਦਰਖ਼ਤਾਂ ਦੀ ਝਿੜੀ ਪਟਿਆਲੇ ਵੱਲੋਂ ਹੈ.

ਰੇਲਵੇ ਸਟੇਸ਼ਨ ਕਟਾਰਸਿੰਘਵਾਲਾ ਤੋਂ ਨੈਰਤ ਕੋਣ ਤਿੰਨ ਮੀਲ ਕੱਚਾ ਰਸਤਾ ਹੈ.

ਕੋਟਕਪੂਰਾ: ਫ਼ਰੀਦਕੋਟ ਰਿਆਸਤ ਵਿੱਚ ਕਪੂਰ ਸਿੰਘ ਬੈਰਾੜ ਦਾ ਵਸਾਇਆ ਨਗਰ, ਜੋ ਹੁਣ ਰੇਲਵੇ ਸਟੇਸ਼ਨ ਹੈ. ਦਸ਼ਮੇਸ਼ ਇਸ ਥਾਂ ਕੁਝ ਸਮਾਂ ਠਹਿਰਕੇ ਮੁਕਤਸਰ ਵੱਲ ਗਏ ਹਨ. ਇਸ ਥਾਂ ਦੋ ਗੁਰਦ੍ਵਾਰੇ ਹਨ- ਇੱਕ ਆਬਾਦੀ ਅੰਦਰ ਕੱਚੇ ਤਾਲ ਦੇ ਵਿਚਕਾਰ, ਜਿਸ ਨਾਲ ਰਿਆਸਤ ਵੱਲੋਂ ੧੨੬ ਘੁਮਾਉਂ ਜ਼ਮੀਨ ਹੈ. ਦੂਜਾ ਨਗਰ ਤੋਂ ਦੱਖਣ ਵੱਲ ਦੋ ਮੀਲ ਕਰੀਬ "ਗੁਰੂਢਾਬ" ਨਾਉਂ ਤੋਂ ਪ੍ਰਗਟ ਹੈ. ਇਸ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਇਸਨਾਨਾ ਕਰਕੇ ਦਸਤਾਰ ਸਜਾਈ ਹੈ.

ਕੋਟਕਲਜਾਣੀ: ਦੇਖੋ, ਰਾਮਰਾਇ.

ਕੋਟਕਾਗਰ: ਕਾਗਜ ਦਾ ਕਿਲਾ. ਰਾਮਲੀਲ੍ਹਾ ਆਦਿਕ ਖੇਲਾਂ ਵਿੱਚ ਬਣਾਇਆ ਹੋਇਆ ਕਾਗਜ ਦਾ ਦੁਰਗ. "ਕੋਟਕਾਗਰ ਬਿਨਸ ਬਾਰ ਨਾ ਝੂਠਿਆ." (ਜੈਤ ਛੰਤ ਮਃ ੫) ਝੂਠੇ ਕਾਗਜ ਦੇ ਕੋਟ ਨੂੰ ਨਾਸ਼ ਹੁੰਦੇ ਚਿਰ ਨਹੀਂ ਲਗਦਾ.

ਕੋਟ ਕਾਂਗੜਾ: ਕਾਂਗੜੇ ਦਾ ਕਿਲਾ। ੨. ਕਾਂਗੜਾ ਨਗਰ. ਇਸ ਨੂੰ ਨਗਰਕੋਟ (ਨਾਗਰਕੋਟ) ਭੀ ਲਿਖਿਆ ਹੈ.

ਕੋਟਕੋਟੰਤਰ: ਅਰਬਾਂ ਹੀ. ਭਾਵ ਅਨੰਤ. ਕ੍ਰੋੜਹਾ। ੨. ਕੋਟਿ- ਕੋਟਿ- ਅੰਤਰ. "ਕੋਟਕੋਟੰਤਰ ਕੇ ਪਾਪ ਬਿਨਾਸਨ. " (ਸਾਰ ਅਃ ਮਃ ੩) ਕ੍ਰੋੜਹਾ ਜਨਮਾਂਤਰਾਂ ਦੇ ਪਾਪ ਨਾਸ਼ ਕਰਨ ਵਾਲਾ. ਅਨੰਤ ਪਾਪ ਮਨ ਦੇ ਦੂਰ ਕਰਨ ਵਾਲਾ.

ਕੋਟਗੁਰੂ: ਦੇਖੋ, ਗੁਰੂਕੇ ੨.

ਕੋਟਦ੍ਵਾਰ: ਕ਼ਿਲੇ ਦਾ ਦਰਵਾਜ਼ਾ। ੨. ਸ਼ਹਰਪਨਾਹ ਦਾ ਦਰਵਾਜ਼ਾ। ੩. ਗੜ੍ਹਵਾਲ ਦੇ ਜ਼ਿਲਾ ਪੌੜੀ ਵਿੱਚ ਇੱਕ ਨਗਰ. ਇਸ ਥਾਂ ਗੁਰੂ ਨਾਨਕ ਦੇਵ ਦਾ ਅਸਥਾਨ ਹੈ, ਜੋ 'ਚਰਣਪਾਦੁਕਾ' ਕਰਕੇ ਪ੍ਰਸਿੱਧ ਹੈ.

ਕੋਟਧਰਮੁ: ਦੇਖੋ, ਸੂਲੀਸਰ.

ਕੋਟਪਚਾਸਾ: ਦੇਖੋ, ਕੋਟਪੰਚਾਸਾ.

ਕੋਟਪਾਲ: ਸੰ. ਸੰਗਯਾ- ਦੁਰਗਪਾਲ. ਕਿਲੇ ਦਾ ਰਾਖਾ। ੨. ਸ਼ਹਰਪਨਾਹ ਦੀ ਰਖਯਾ ਕਰਨ ਵਾਲਾ। ੩. ਕੋਤਵਾਲ.

ਕੋਟਪੰਚਾਸਾ: ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਪ੍ਰਿਥਿਵੀ ਦਾ ਪ੍ਰਮਾਣ ਪਚਾਸ ਕੋਟਿ (ਕ੍ਰੋੜ) ਯੋਜਨ ਲਿਖਿਆ ਹੈ. "ਪ੍ਰਿਥਵੀ ਜੋਜਨ ਕੋਟਪਚਾਸਾ। ਲੋਕ ਚਤੁਰਦਸ ਪੂਰ ਪ੍ਰਕਾਸਾ." (ਸਲੋਹ) "ਤੇ ਤਸਕਰ ਜੋ ਨਾਮ ਨ ਲੇਵਹਿ ਵਾਸਹਿ ਕੋਟਪੰਚਾਸਾ." (ਪ੍ਰਭਾ ਮਃ ੧)

ਕੋਟਭਾਈ: ਜ਼ਿਲਾ ਫੀਰੋਜ਼ਪੁਰ, ਤਸੀਲ ਮੁਕਤਸਰ ਵਿੱਚ ਇੱਕ ਮਸ਼ਹੂਰ ਪਿੰਡ, ਜਿਸ ਨੂੰ ਭਾਈ ਭਗਤੂ ਜੀ ਨੇ ਵਸਾਇਆ ਹੈ. ਇਥੇ ਦਸ਼ਮਗੁਰੂ ਜੀ ਦੇ ਦੋ ਗੁਰਦ੍ਵਾਰੇ ਹਨ-

(੧) ਪਿੰਡ ਦੇ ਵਿੱਚ ਗੁਰੂ ਜੀ ਪ੍ਰੇਮੀ ਬਾਣੀਆਂ ਦੇ ਘਰ ਪ੍ਰਸਾਦ ਛਕਣ ਆਏ, ਬਾਣੀਏ ਅਮ੍ਰਿਤ ਛਕਕੇ ਸਿੰਘ ਸਜ ਗਏ ਸਨ, ਜਿਨ੍ਹਾਂ ਦੇ ਨਾਉਂ ਗੁਰੂ ਜੀ ਨੇ ਰੰਗੀ ਸਿੰਘ, ਘੁੰਮੀ ਸਿੰਘ ਰੱਖੇ. ਇਨ੍ਹਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ. ਗੁਰਦ੍ਵਾਰਾ ਬਨਿਆ ਹੋਇਆ ਹੈ, ਅਤੇ ਉਸ ਨਾਲ ੫੦ ਘੁਮਾਉਂ ਜ਼ਮੀਨ ਸਿੱਖਰਾਜ ਦੇ ਸਮੇਂ ਤੋਂ ਹੈ. ਪੁਜਾਰੀ ਅਕਾਲੀ ਸਿੰਘ ਹੈ.

(੨) ਦੂਜਾ, ਪਿੰਡ ਤੋਂ ਦੱਖਣ ਵੱਲ ਪਾਸ ਹੀ ਹੈ. ਜਦੋਂ ਗੁਰੂ ਜੀ ਗੁਪਤਸਰੋਂ ਆਏ ਤਾਂ ਇੱਥੇ ਠਹਿਰੇ. ਗੁਰਦ੍ਵਾਰਾ ਸੰਮਤ ੧੯੭੮ ਵਿੱਚ ਬਣਾਇਆ ਗਿਆ ਹੈ. ਇੱਥੇ ਭੀ ਪੁਜਾਰੀ ਅਕਾਲੀ ਸਿੰਘ ਹੈ.

ਰੇਲਵੇ ਸਟੇਸ਼ਨ ਗਿੱਦੜਬਾਹਾ ਤੋਂ ਉੱਤਰ ਦਿਸ਼ਾ ਪੰਜ ਮੀਲ ਕੱਚਾ ਰਸਤਾ ਹੈ.

ਕੋਟ ਮਿਰਜਾ ਜਾਨ: ਵਟਾਲੇ ਅਤੇ ਕਲਾਨੌਰ ਦੇ ਵਿਚਕਾਰ ਇੱਕ ਪਿੰਡ. ਜਿਸ ਥਾਂ ਬੰਦਾ ਬਹਾਦੁਰ ਨੇ ਕੱਚੀ ਗੜ੍ਹੀ ਬਣਾਉਣੀ ਆਰੰਭੀ ਸੀ, ਪਰ ਅਜੇ ਅਧੂਰੀ ਹੀ ਸੀ ਕਿ ਤੁਰਕਾਨੀਦਲ ਚੜ੍ਹ ਆਇਆ. ਬੰਦਾ ਬਹਾਦੁਰ ਨੇ ਗੁਰਦਾਸਪੁਰ ਦੀ ਗੜ੍ਹੀ ਜਾ ਮੱਲੀ. ਦੇਖੋ, ਦੁਨੀਚੰਦ ਦੀ ਹਵੇਲੀ.

ਕੋਟਰ: ਸੰ. ਸੰਗਯਾ- ਬਿਰਛ ਵਿੱਚ ਹੋਈ ਖੁੱਡ. ਬਿਰਛ ਦਾ ਖੋਖਲਾ ਭਾਗ, ਜੋ ਕੰਦਰਾ ਜੇਹਾ ਪ੍ਰਤੀਤ ਹੁੰਦਾ ਹੈ। ੨. ਕਿਲੇ ਦੀ ਰਖਯਾ ਵਾਸਤੇ ਚਾਰੇ ਪਾਸੇ ਦਾ ਜੰਗਲ। ੩. ਡਿੰਗ- ਦਾਣੇ ਰੱਖਣ ਦਾ ਖਾਤਾ.

ਕੋਟਲਾ: ਰੋਪੜ ਤੋਂ ਦੋ ਕੋਹ ਪੂਰਵ ਇੱਕ ਪਿੰਡ. ਇਸ ਥਾਂ ਦੇ ਪਠਾਣਾਂ ਨੇ ਦਸ਼ਮੇਸ਼ ਦੀ ਬਹੁਤ ਸੇਵਾ ਕੀਤੀ. ਸਤਿਗੁਰੂ ਨੇ ਇੱਕ ਕਟਾਰ ਅਤੇ ਢਾਲ ਬਖ਼ਸ਼ੀ. ਇਸ ਥਾਂ ਗੁਰੂ ਸਾਹਿਬ ਦੇ ਦੋ ਪਵਿਤ੍ਰ ਅਸਥਾਨ ਹਨ. ਇੱਕ ਨਗਰ ਦੇ ਅੰਦਰ ਦੂਜਾ, ਬਾਹਰ। ੨. ਦੇਖੋ, ਮਲੇਰਕੋਟਲਾ.

ਕੋਟਲਾਨਿਹੰਗ: ਦੇਖੋ, ਭੱਠਾਸਾਹਿਬ.

ਕੋਟਲੀਬਾਘਾ: ਇਹ ਪਿੰਡ ਜ਼ਿਲਾ ਤਸੀਲ ਗੁਜਰਾਂਵਾਲਾ, ਥਾਣਾ ਮਾਂਡੇ ਵਿੱਚ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਛੋਟਾ ਜਿਹਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਇਕ ਪਿੱਪਲ ਬਿਰਛ ਤਲੇ ਬੈਠੇ, ਜੋ ਹੁਣ ਤਕ ਮੌਜੂਦ ਹੈ. ਸਤਿਗੁਰੂ ਦੇ ਵਿਰਾਜਣ ਦੀ ਥਾਂ "ਥੜਾ ਸਾਹਿਬ" ਬਣਿਆ ਹੋਇਆ ਹੈ. ਪਾਸ ਇੱਕ ਛੋਟਾ ਜਿਹਾ ਪੱਕਾ ਮਕਾਨ ਹੈ, ਜਿਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਨਾਮਧਾਰੀਆ ਸਿੰਘ ਪੁਜਾਰੀ ਹੈ. ਗੁਰਦ੍ਵਾਰੇ ਨਾਲ ੧੬. ਘੁਮਾਉਂ ਜ਼ਮੀਨ ਇਸੇ ਪਿੰਡ ਵੱਲੋਂ ਹੈ. ਚੇਤ੍ਰਚੌਦਸ ਨੂੰ ਮੇਲਾ ਲਗਦਾ ਹੈ. ਰੇਲਵੇ ਸਟੇਸ਼ਨ ਏਮਨਾਬਾਦ ਤੋਂ ਪੂਰਵ ੧੦. ਮੀਲ ਹੈ. ਬਰਸਾਤ ਦੇ ਦਿਨਾਂ ਵਿੱਚ ਇੱਥੇ ਦਾ ਰਸਤਾ ਚੰਗਾ ਨਹੀਂ.

ਕੋਟਲੇਹਰੀਆ: ਇੱਕ ਰਾਜਪੂਤ ਗੋਤ੍ਰ. ਕੋਟਲੇਹਰ ਪਹਾੜੀ ਰਿਆਸਤ ਇਸੇ ਗੋਤ੍ਰ ਕਰਕੇ ਸੱਦੀਦੀ ਹੈ. ਦੇਖੋ, ਬਾਈ ਧਾਰ.

ਕੋਟਵਰੀਆ, ਕੋਟਵਾਰ: ਦੇਖੋ, ਕੋਟਪਾਲ ੩. "ਵਿਚਿ ਮਨ ਕੋਟਵਰੀਆ." (ਸੂਹੀ ਮਃ ੫. ਪੜਤਾਲ) "ਅਬ ਕਹਾ ਕਰੈ

ਕੋਟਵਾਰ?" (ਮਾਰੂ ਮਃ ੫) ਇਸ ਥਾਂ ਕੋਤਵਾਲ ਤੋਂ ਭਾਵ ਧਰਮਰਾਜ ਹੈ.

ਕੋਟਵਾਰੀ: ਸੰਗਯਾ- ਕੋਤਵਾਲ ਦਾ ਕਰਮ. "ਪਾਪ ਕਰੇ ਕੋਟਵਾਰੀ." (ਬਸੰ ਅਃ ਮਃ ੧)

ਕੋਟਵਾਲ, ਕੋਟਵਾਲੁ: ਦੇਖੋ, ਕੋਟਪਾਲ ਅਤੇ ਕੋਤਵਾਲ. "ਕੋਟਵਾਲੁ ਸੁਕਰਾਸਿਰੀ." (ਮਲਾ ਨਾਮਦੇਵ) ਦੇਖੋ, ਸੁਕਰਾਸਿਰੀ.

ਕੋਟਾ: ਕ੍ਰੋੜਹਾ. ਕੋਟਿ ਦਾ ਬਹੁਵਚਨ. "ਉਧਰਹਿ ਸਗਲੇ ਕੋਟਾ." (ਸੋਰ ਮਃ ੫) ੨. ਰਾਜਪੂਤਾਨੇ ਵਿੱਚ ਇੱਕ ਰਿਆਸਤ ਅਤੇ ਉਸ ਦੀ ਰਾਜਧਾਨੀ ਦਾ ਪ੍ਰਧਾਨ ਨਗਰ (Kotah), ਜੋ ਹੁਣ ਬੀ. ਬੀ. ਅਤੇ ਸੀ. ਆਈ. ਰੇਲਵੇ ਦਾ ਜੰਕਸ਼ਨ ਹੈ. ੩. ਖ਼ਰਬੂਜ਼ਾ ਖੱਖੜੀ (ਕਕੜੀ) ਆਦਿਕ ਦੇ ਮਗ਼ਜ਼ ਭੁੰਨਕੇ ਸੁਪਾਰੀ ਦੇ ਚੂਰਣ ਨਾਲ ਮਿਲਾਇਆ ਇੱਕ ਨਮਕੀਨ ਪਦਾਰਥ, ਜੋ ਅਮੀਰ ਭੋਜਨ ਪਿੱਛੋਂ ਖਾਂਦੇ ਹਨ.

ਕੋਟਿ: ਸੰ. ਸੰਗਯਾ- ਕਰੋੜ. ਸੌ ਲੱਖ. "ਕਈ ਕੋਟਿ ਪ੍ਰਭ ਕਉ ਖੋਜੰਤੇ." (ਸੁਖਮਨੀ) ਦੇਖੋ, ਸੰਖ੍ਯਾ। ੨. ਵਾਦ ਵਿਵਾਦ ਦਾ ਪੂਰਬਪੱਖ. "ਕਥੀ ਕੋਟੀ ਕੋਟਿ ਕੋਟਿ." (ਜਪੁ) ਕੋਟਿ (ਕ੍ਰੋੜਾਂ) ਹੀ ਕੋਟਿ (ਦਲੀਲਾਂ) ਨਾਲ ਕ੍ਰੋੜਹਾ ਵਕਤਿਆਂ ਨੇ ਆਖੀ ਹੈ. ਦੇਖੋ, ਕਥਿ। ੩. ਕਮਾਣ ਦਾ ਗੋਸ਼ਾ. ਦੇਖੋ, ਕੋਟੀ। ੪. ਸ਼ਸਤ੍ਰ ਦੀ ਤਿੱਖੀ ਧਾਰ.

ਕੋਟਿਕੁਟੰਤਰ, ਕੋਟਿਕੋਟੰਤਰ: ਦੇਖੋ, ਕੋਟਕੋਟੰਤਰ. "ਕੋਟਿਕੁਟੰਤਰ ਕੇ ਪਾਪ ਹਰਿ ਖੋਵੈ." (ਬੈਰਾ ਮਃ ੪)

ਕੋਟਿਤੀਰਥ: ਕ੍ਰੋੜਹਾ ਤੀਰਥ. ਭਾਵ- ਅਨੰਤ ਤੀਰਥ। ੨. ਗੋਕਰਣ ਦਾ ਇੱਕ ਤਾਲ। ੩. ਮਥੁਰਾ ਵਿੱਚ ਇੱਕ ਤੀਰਥ। ੪. ਕੁਰੁਖੇਤ੍ਰ ਵਿੱਚ ਇੱਕ ਤੀਰਥ। ੫. ਉੱਜੈਨ ਵਿੱਚ ਮਹਾਕਾਲ ਦੇ ਮੰਦਰ ਪਾਸ ਇੱਕ ਕੁੰਡ. "ਕੋਟਿਤੀਰਥ ਮੱਜਨ ਇਸਨਾਨਾ ਇਸ ਕਲਿ ਮਹਿ ਮੈਲ ਭਰੀਜੈ." (ਸੂਹੀ ਮਃ ੫)

ਕੋਟਿਤੇਤੀਸ: ਤੇਤੀਸਕੋਟਿ ਦੇਵਤਾ. "ਕੋਟਿਤੇਤੀਸਾ ਖੋਜਹਿ ਤਾਕਉ." (ਮਾਝ ਅਃ ਮਃ ੫) ਦੇਖੋ, ਤੇਤੀਸਕੋਟਿ.

ਕੋਟੀ: ਕਮਾਣ ਦਾ ਗੋਸ਼ਾ. ਦੇਖੋ, ਕੋਟਿ ੩. "ਗਹਿ ਕੋਟੀ ਦਏ ਚਲਾਇਕੈ। ਰਣ ਕਾਲੀ ਗੁੱਸਾ ਖਾਇਕੈ." (ਚੰਡੀ ੩) ਕਮਾਣ ਦੇ ਗੋਸ਼ੇ ਨਾਲ ਫੜਕੇ ਰਾਖਸ ਚਲਾ ਦਿੱਤੇ। ੨. ਦੇਖੋ, ਕੋਟਿ ੨.

ਕੋਟੰਤਰ: ਦੇਖੋ, ਕੋਟਕੋਟੰਤਰ.

ਕੋਠ: ਕੋਠਾ. ਦੇਖੋ, ਕੋਸ਼੍ਠ. "ਕਾਜਰਕੋਠ ਮਹਿ ਭਈ ਨ ਕਾਰੀ." (ਆਸਾ ਮਃ ੫) ਕੱਜਲ ਦੇ ਕੋਠੇ ਤੋਂ ਭਾਵ ਗ੍ਰਿਹਸਥ ਅਤੇ ਵਪਾਰ ਆਦਿ ਵਿਹਾਰ ਹੈ.

ਕੋਠਰਾ, ਕੋਠਰੀ, ਕੋਠਰੀਆ, ਕੋਠੜੀ: ਕੋਸ਼੍ਠ. ਕੋਠਾ. ਕੋਠੀ. "ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰ." (ਰਾਮ ਕਬੀਰ) ਸ਼ਰੀਰਕੋਠੇ ਅੰਦਰ ਅੰਤਹਕਰਣ ਰੂਪੀ ਕੋਠੜੀ, ਉਸ ਵਿੱਚ ਆਤਮਵਿਚਾਰ ਕੋਠੀ.

ਕੋਠਾ: ਦੇਖੋ, ਕੋਸ਼੍ਠ. "ਕੋਠੇ ਮੰਡਪ ਮਾੜੀਆ." (ਵਾਰ ਆਸਾ) ੨. ਕਿਸੇ ਅੰਗ ਦਾ ਪਹਾੜਾ, ਜੋ ਇੱਕ ਖ਼ਾਨੇ ਵਿੱਚ ਲਿਖਿਆ ਹੁੰਦਾ ਹੈ. "ਢੌਂਚੇ ਪੁਨ ਊਠੇ ਜੋਰਨ ਕੋਠੇ ਗ੍ਰਾਮਕਾਰ ਪਟਵਾਰ." (ਨਾਪ੍ਰ)

ਕੋਠਾਸਾਹਿਬ: ਜ਼ਿਲਾ ਗੁਰਦਾਸਪੁਰ, ਬਟਾਲੇ ਤੋਂ ਪੰਜ ਕੋਹ ਦੱਖਣ, ਉੱਦੇਕੇ ਪਿੰਡ ਵਿੱਚ ਗੁਰੂ ਨਾਨਕ ਦੇਵ ਦਾ ਅਸਥਾਨ. ਇਸ ਥਾਂ ਜਗਤਗੁਰੂ ਬਟਾਲੇ ਜਾਣ ਸਮੇਂ ਪਧਾਰੇ ਹਨ. ਏਥੇ ਸ਼੍ਰਾੱਧਾਂ ਦੀ ਦਸਮੀ ਨੂੰ ਮੇਲਾ ਹੁੰਦਾ ਹੈ। ੨. ਦੇਖੋ, ਵੱਲਾ। ੩. ਦੇਖੋ, ਕੋਠਾ ਗੁਰੂ ਕਾ। ੪. ਦੇਖੋ, ਬਾਸਰਕੇ.

ਕੋਠਾ ਗੁਰੂ ਕਾ: ਮਾਲਵੇ ਵਿੱਚ ਇੱਕ ਪਿੰਡ, ਜੋ ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਵਿੱਚ, ਰੇਲਵੇ ਸਟੇਸ਼ਨ ਜੈਤੋ ਤੋਂ ੧੪. ਮੀਲ ਅਤੇ ਭੁੱਚੋ ਤੋਂ ੧੫. ਮੀਲ ਹੈ. ਇਹ ਪਿੰਡ ਪ੍ਰਿਥੀਚੰਦ ਜੀ ਨੇ ਸੰਮਤ ੧੬੫੩ ਵਿੱਚ ਵਸਾਇਆ ਹੈ. ਸੋਢੀ ਕੌਲ ਸਾਹਿਬ ਨੇ ਇਸ ਨੂੰ ਬਹੁਤ ਰੌਣਕ ਦਿੱਤੀ.

ਕਹਿੰਦੇ ਹਨ ਕਿ ਸੁਲਹੀ ਇਸੇ ਪਿੰਡ ਵਿੱਚ ਇੱਟਾਂ ਦੇ ਜਲ ਰਹੇ ਆਵੇ ਵਿੱਚ ਪੈ ਕੇ ਮੋਇਆ ਸੀ. ਇਹ ਆਵਾ ਪਿੰਡ ਤੋਂ ੧. ਮੀਲ

ਚੜ੍ਹਦੇ ਪਾਸੇ ਸੀ. ਗੁਰੂ ਕਾ ਕੋਠਾ ਪ੍ਰਿਥੀਚੰਦ ਜੀ ਦੀ ਔਲਾਦ ਦੇ ਸੋਢੀ ਸਾਹਿਬਾਨ ਦੀ ਮਾਲਕੀਯਤ ਅਤੇ ਜਾਗੀਰ ਹੈ. ੨. ਵਜ਼ੀਰਾਬਾਦ ਵਿੱਚ ਛੀਵੇਂ ਸਤਿਗੁਰੂ ਗੁਰਦ੍ਵਾਰਾ. ਦੇਖੋ, ਗੁਰੂ ਕਾ ਕੋਠਾ.

ਕੋਠਾ ਮਲੂਕਾ: ਜੈਤੋ ਤੋਂ ਪੰਜ ਕੋਹ ਪੂਰਵ ਮਾਲਵੇ ਵਿੱਚ ਇੱਕ ਪਿੰਡ. ਇਸ ਥਾਂ ਦਸਮੇਸ਼ ਦੇ ਪਹਿਰੂ ਨੇ ਇੱਕ ਦਿਵਾਨੇ ਨੂੰ, ਜੋ ਵਰਜਣ ਤੇ ਭੀ ਖੇਮੇ ਵਿੱਚ ਜਾਣਾ ਚਾਹੁੰਦਾ ਸੀ, ਅਜਿਹਾ ਮਾਰਿਆ ਕਿ ਥੋੜੇ ਸਮੇਂ ਪਿੱਛੋਂ ਉਸ ਦੇ ਪ੍ਰਾਣ ਨਿਕਲ ਗਏ.

ਕੋਠਾਰੀ: ਦੇਖੋ, ਕੁਠਾਲੀ. "ਜਿਉ ਕਨਕੋ ਕੋਠਾਰੀ ਚੜਿਓ." (ਸਾਰ ਮਃ ੫) ੨. ਦੇਖੋ, ਕੁਠਾਰੀ.

ਕੋਠੀ: ਛੋਟਾ ਕੋਸ਼੍ਠ. ਕੋਠੜੀ। ੨. ਅੰਗ੍ਰੇਜ਼ੀ ਢੰਗ ਦਾ ਬੰਗਲਾ। ੩. ਵਜਾਪਾਰ ਦੀ ਦੁਕਾਨ, ਜਿਸ ਥਾਂ ਹੁੰਡੀ ਦਾ ਲੈਣ ਦੇਣ ਹੋਵੇ। ੪. ਪਲੀਤੇ ਪਾਸ ਦਾ ਬੰਦੂਕ ਦਾ ਉਹ ਭਾਗ ਜਿਸ ਵਿੱਚ ਬਾਰੂਦ ਭਰੀਦਾ ਹੈ. ਇਹ ਪੁਰਾਣੇ ਜ਼ਮਾਨੇ ਦੀ ਬੰਦੂਕਾਂ, ਜੋ ਮੂੰਹ ਤੋਂ ਭਰੀਦੀਆਂ ਸਨ, ਉਨ੍ਹਾਂ ਵਿੱਚ ਹੁੰਦੀ ਸੀ. "ਗਜ ਨਿਕਾਲ ਡਾਲਤ ਬਿਚ ਕਬੈਂ। ਕੋਠੀ ਕਿਤਕ ਬਨੀ ਲਖ ਤਬੈਂ." (ਗੁਪ੍ਰਸੂ) ੫. ਭਾਵ- ਦੇਹ. "ਅੰਧੀ ਕੋਠੀ ਤੇਰਾ ਨਾਮੁ ਨਾਹੀ." (ਆਸਾ ਮਃ ੧)

ਕੋਡ: ਸੰਗਜਾ- ਝੁਕਾਉ. ਵਿੰਗ. ਖ਼ਮ। ੨. ਕੋਟਿ. ਕਰੋੜ. "ਕੋਡ ਅਨੰਦੁ." (ਜਪੁ) "ਕੌਤਕ ਕੋਡ ਤਮਾਸਿਆ." (ਵਾਰ ਜੈਤ) ੩. ਦੇਖੋ, ਕੋਡਿ.

ਕੋਡਾ: ਵਿ- ਝੁਕਿਆ ਹੋਇਆ.

ਕੋਡਿ: ਸਿੰਧੀ. ਕ੍ਰਿ. ਵਿ- ਆਨੰਦਤਾ ਸਹਿਤ. ਖ਼ੁਸ਼ੀ ਨਾਲ.

ਕੋਣ: ਸੰ. ਸੰਗਜਾ- ਕੂਣਾ. ਗੋਸ਼ਾ. ਕਿਨਾਰਾ। ੨. ਦੋ ਦਿਸ਼ਾ ਦੇ ਮੱਧ ਦੀ ਦਿਸ਼ਾ. ਉਪਦਿਸ਼ਾ. ਦੇਖੋ, ਦਿਸ਼ਾ। ੩. ਸਾਰੰਗੀ ਦਾ ਬਾਲਦਾਰ ਕਮਾਨਚਾ. ਗਜ਼। ੪. ਤਲਵਾਰ ਆਦਿਕ ਸ਼ਸਤ੍ਰਾਂ ਦੀ ਧਾਰ। ੫. ਢੋਲ ਦਾ ਡੱਗਾ.

ਕੋਤਰ: ਏਕੋੱਤਰ ਦਾ ਸੰਖੇਪ. ਕਿਸੇ ਗਿਣਤੀ ਤੋਂ ਇੱਕ ਉੱਪਰ. ਜਿਵੇਂ- ਕੋਤਰ (ਏਕੋੱਤਰ) ਸੌ.

ਕੋਤਰੀ: ਦੇਖੋ, ਚਕੋਤਰੀ.

ਕੋਤਲ: ਤੁ کوتل ਸੰਗਜਾ- ਅਮੀਰਾਂ ਦੀ ਖਾਸ ਸਵਾਰੀ ਦਾ ਘੋੜਾ। ੨. ਖਾਲੀ ਘੋੜਾ, ਜੋ ਸਿੰਗਾਰਿਆ ਹੋਇਆ ਅਮੀਰਾਂ ਦੀ ਸਵਾਰੀ ਅੱਗੇ ਚਲੇ। ੩. ਸੰ. ਕੁੰਤਲ (ਵੇਗ) ਵਾਲਾ. ਚਾਲਾਕ ਘੋੜਾ.

ਕੋਤਵਾਲ: ਸੰ. ਕੋਟਪਾਲ। ੨. ਸ਼ਹਿਰ ਦੀ ਰਖਜਾ ਕਰਨ ਵਾਲਾ ਅਹੁਦੇਦਾਰ। ੩. ਮੁਗ਼ਲਰਾਜ ਸਮੇਂ ਕੋਤਵਾਲ ਅਦਾਲਤੀ Magistrate. ਭੀ ਹੁੰਦਾ ਸੀ.

ਕੋਤਾ, ਕੋਤਾਹ: ਫ਼ਾ. کوتہ, کوتاہ ਕੋਤਹ. ਵਿ- ਛੋਟਾ। ੨. ਕਮ. ਘੱਟ.

ਕੋਤਾਹੀ: ਫ਼ਾ. کوتاہی ਸੰਗਜਾ- ਨਜੂਨਤਾ. ਕਮੀ. ਕਸਰ. ਘਾਟਾ.

ਕੋਥਰੀ, ਕੋਥਲੀ: ਸਿੰਧੀ- ਕੋਥਿਰੀ. ਮਰਾ- ਕੋਥਲੀ. ਸੰਗਜਾ- ਥੈਲੀ. ਗੁਥਲੀ. "ਰਾਮਰਤਨੁ ਮੁਖੁ ਕੋਥਰੀ ਪਾਰਖੁ ਆਗੈ ਖੋਲਿ." (ਸ. ਕਬੀਰ) ੨. ਗੋਮੁਖੀ, ਜਿਸ ਵਿੱਚ ਹੱਥ ਪਾਕੇ ਹਿੰਦੂ ਮਾਲਾ ਫੇਰਦੇ ਹਨ.

ਕੋਦ: ਪ੍ਰਾ. ਸੰਗਜਾ- ਦਿਸ਼ਾ. ਤਰਫ. ਓਰ. "ਜੈ ਜੈ ਸ਼ਬਦ ਬਦਤ ਚਹੁੰ ਕੋਦ." (ਨਾਪ੍ਰ)

ਕੋਦਉ: ਸੰ. ਕੋਦਵ ਅਥਵਾ ਕੋਦ੍ਰਵ. ਸੰਗਜਾ- ਕੋਦਾ. ਕੋਦੋ. ਕੋਧ੍ਰਾ. ਬਾਥੂ ਜੇਹਾ ਇੱਕ ਘਾਹ, ਜਿਸ ਦਾ ਦਾਣਾ ਗਰੀਬ ਲੋਕ ਰਿੰਨ੍ਹਕੇ ਅਥਵਾ ਪੀਹਕੇ ਆਟੇ ਦੀ ਰੋਟੀ ਪਕਾਕੇ ਖਾਂਦੇ ਹਨ. "ਕੋਦਉ ਕੋ ਭੁਸ ਖਈ ਹੈ." (ਗੂਜ ਕਬੀਰ)

ਕੋਦਕ: ਸੰ. ਕੂਦੰਕ. ਸੰਗਜਾ- ਕੂਦੰ (ਖੇਲ) ਕਰਨ ਵਾਲਾ. ਬਾਲਕ. ਬੱਚਾ. ਫ਼ਾ. کودک "ਜਬਹਿ ਬਿਲੋਕਜੋ ਅੰਤਰ ਕੋਦਕ." (ਨਾਪ੍ਰ)

ਕੋਦਰਾ, ਕੋਦਾ, ਕੋਦੋ: ਦੇਖੋ, ਕੋਦਉ.

ਕੋਦੰਡ: ਸੰ. कोदण्ड ਸੰਗਯਾ- ਜੋ ਸ਼ਬਦ ਕਰੇ. ਚਲਾਉਣ ਵੇਲੇ ਚਰੜਾਵੇ, ਧਨੁਖ। ੨. ਖਾਸ ਕਰਕੇ ਬਾਂਸ ਦਾ ਉਹ ਧਨੁਖ, ਜਿਸ ਵਿੱਚ ਨੌ ਗੱਠਾਂ ਹੋਣ.

ਕੋਦ੍ਰਵ, ਕੋਧਾ, ਕ੍ਰੋਧਾ: ਦੇਖੋ, ਕੋਦਉ. "ਹੰਸ ਉਡਰ ਕੋਧ੍ਰੈ ਪਾਇਆ." (ਸ. ਫਰੀਦ)

ਕੋਧ੍ਰੈ: ਕੋਧ੍ਰੇ ਦੇ ਖਤੇ ਵਿੱਚ. ਕ੍ਰੋਦ੍ਰਵ ਨੂੰ. ਦੇਖੋ, ਕੋਦਉ ਅਤੇ ਕੋਧ੍ਰਾ.

ਕੋਨ, ਕੋਨਾ: ਦੇਖੋ, ਕੋਣ. "ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨ." (ਸ. ਕਬੀਰ) ੨. ਕੋਈ ਨਹੀਂ.

ਕੋਨੇ: ਕੋਨਾ ਦਾ ਬਹੁਵਚਨ। ੨. ਕੂਣੇ (ਗੋਸ਼ੇ) ਵਿੱਚ. ਦੇਖੋ, ਕੋਨਾ.

ਕੋਪ: ਸੰ. ਸੰਗਯਾ- ਗੁੱਸਾ. ਕ੍ਰੋਧ. "ਕੋਪ ਜਰੀਆ." (ਕਾਨ ਮਃ ੫)

ਕੋਪਰ: ਪ੍ਰਾ. ਕੁੰਡੇਦਾਰ ਥਾਲ. ਤਾਸ. "ਕੋਪਰ ਕਨਕ- ਕਲਸ ਬਹੁ ਥਾਰਾ." (ਗੁਵਿ ੬) ੨. ਕੋਂਪਲ. ਕੂਮਲ. ਸ਼ਗੂਫ਼ਾ. ਕੋਮਲ-ਪੱਲਵ। ੩. ਸੰ. ਕਪੰਰ. ਖੋਪਰੀ. ਖੱਪਰ. ਕਪਾਲ. "ਕੋਪਰ ਚੂਰ ਚਵਾਣੀ ਲੱਥੀ ਕਰੰਗਲੈ." (ਚੰਡੀ ੩) ਖੋਪਰ ਅਤੇ ਚਵਾਣ (ਮੂੰਹ) ਨੂੰ ਚੂਰਨ ਕਰਕੇ ਤਲਵਾਰ ਪਿੰਜਰ ਤੀਕ ਉਤਰਗਈ.

ਕੋਪਰੀ: ਖੋਪਰੀ. ਦੇਖੋ, ਕੋਪਰ ੩.

ਕੋਪਲ: ਦੇਖੋ, ਕੋਪਰ ੨.

ਕੋਪਿ: ਸਰਵ- ਕੋਈ ਇੱਕ। ੨. ਦੇਖੋ, ਕੋਪੀ.

ਕੋਪਿਆ: ਵਿ- ਕੁਪਿਤ. ਗੁੱਸੇ ਹੋਇਆ.

ਕੋਪਿਤ: ਵਿ- ਗੁੱਸੇ ਕੀਤਾ. ਕ੍ਰੋਧ ਵਿੱਚ ਲਿਆਂਦਾ.

ਕੋਪਿਲਾ: ਕ੍ਰੋਧ ਵਿੱਚ ਲਿਆਂਦਾ ਗਿਆ. "ਮੁਝ ਊਪਰਿ ਸਭ ਕੋਪਿਲਾ." (ਮਲਾ ਨਾਮਦੇਵ) ੨. ਕੋਪਿਤ ਹੋਇਆ.

ਕੋਪੀ: ਦੇਖੋ, ਕੋਪਿ। ੨. ਵਿ- ਕ੍ਰੋਧੀ ਕੋਪ ਵਾਲਾ. ਗੁਸੈਲਾ.

ਕੋਪੀਨ: ਦੇਖੋ, ਕੁਪੀਨ ਅਤੇ ਕੌਪੀਨ.

ਕੋਪੁ: ਦੇਖੋ, ਕੋਪ. ਦੇਖੋ, ਹੰਸੁ.

ਕੋਫ਼ਤ: ਫ਼ਾ. کوفت ਕੋਫ਼ੁ. ਸੰਗਯਾ- ਸੱਟ. ਚੋਟ. ਜ਼ਰਬ। ੨. ਥਕੇਵਾਂ। ੩. ਲੋਹੇ ਉੱਪਰ ਚਾਂਦੀ ਅਥਵਾ ਸੁਇਨੇ ਦਾ ਕੁੱਟਕੇ ਕੀਤਾ ਕੰਮ.

ਕੋਫ਼ਤਗਰ: ਫ਼ਾ. کوفتگر ਕੁੱਟਕੇ ਚਾਂਦੀ ਸੁਇਨਾ ਆਦਿ, ਧਾਤੁ ਪੁਰ ਚੜ੍ਹਾਉਣ ਵਾਲਾ.

ਕੋਫ਼ਤਨ: ਫ਼ਾ. کوفتن ਕੁੱਟਣਾ.

ਕੋਫ਼ਤਾ: ਫ਼ਾ. کوفتہ ਵਿ- ਕੁੱਟਿਆ ਹੋਇਆ। ੨. ਸੰਗਯਾ- ਮਾਸ ਕੁੱਟਕੇ ਬਣਾਇਆ ਹੋਇਆ ਆਂਡੇ ਦੀ ਸ਼ਕਲ ਦਾ ਗੋਲ ਪਿੰਨਾ.

ਕੋਬ: ਫ਼ਾ. کوب ਕੁੱਟ. ਕੋਫ਼ਤਨ ਦਾ ਅਮਰ। ੨. ਦੂਜੇ ਸ਼ਬਦ ਦੇ ਅੰਤ ਆਕੇ ਕੁੱਟਣ ਵਾਲੇ ਦਾ ਅਰਥ ਦਿੰਦਾ ਹੈ, ਜਿਵੇਂ- ਸਰਕੋਬ (ਸਿਰ ਕੁੱਟਣ ਵਾਲਾ).

ਕੋਬਦ: ਫ਼ਾ. کوبد ਕੁੱਟੇ. ਕੁੱਟਦਾ ਹੈ. ਕੁੱਟੂਗਾ.

ਕੋਬਿਦ: ਦੇਖੋ, ਕੋਵਿਦ.

ਕੋਮ: ਅ. قوم ਕ਼ੋਮ. ਸੰਗਯਾ- ਜਾਤੀ. ਇੱਕ ਜਾਤੀ ਦੇ ਮਨੁੱਖਾਂ ਦਾ ਸਮੁਦਾਯ. "ਕੋਮਨ ਸਿਰਿ ਕੋਮਾ." (ਗੂਜ ਅਃ ਮਃ ੫)

ਕੋਮਦੀ: ਦੇਖੋ, ਕੌਮੁਦੀ.

ਕੋਮਰ: ਦੇਖੋ, ਕੂਮਲ ਅਤੇ ਕੋਮਲ.

ਕੋਮਲ: ਸੰ. ਵਿ- ਨਰਮ. ਮੁਲਾਯਮ. ਕਠੋਰਤਾ ਰਹਿਤ. "ਕੋਮਲ ਬਾਣੀ ਸਭ ਕਉ ਸੰਤੋਖੈ." (ਗਉ ਥਿਤੀ ਮਃ ੫) ਕਵੀਆਂ ਨੇ ਇਹ ਪਦਾਰਥ ਕੋਮਲ ਗਿਣੇ ਹਨ- ਸੰਤਮਨ, ਪ੍ਰੇਮ, ਫੁੱਲ, ਮੱਖਣ, ਰੇਸ਼ਮ। ੨. ਸੁੰਦਰ. ਮਨੋਹਰ। ੩. ਸੰਗਯਾ- ਜਲ। ੪. ਸੰਗੀਤ ਅਨੁਸਾਰ ਉਤਰਿਆ ਹੋਇਆ ਸੁਰ. ਰਿਖਭ (ਰਿਸ਼ਭ), ਗਾਂਧਾਰ, ਧੈਵਤ ਅਤੇ ਨਿਸ਼ਾਦ, ਇਹ ਚਾਰ ਸੁਰ ਕੋਮਲ ਹੋਇਆ ਕਰਦੇ ਹਨ.

ਕੋਮਲਤਾ: ਸੰਗਯਾ- ਨਰਮੀ. ਕੂਲਾਪਨ। ੨. ਸੁੰਦਰਤਾ.

ਕੋਮਲਬੰਧਨ: ਸੰਗਯਾ- ਵਿਸ਼ਿਆਂ ਦੇ ਬੰਧਨ. "ਕੋਮਲਬੰਧਨ ਬਾਂਧਿਆ." (ਰਾਮ ਮਃ ੫. ਰੁਤੀ) ੨. ਮੋਹਬੰਧਨ.

ਕੋਯ: ਦੇਖੋ, ਕੋਇ.

ਕੋਯਲ: ਦੇਖੋ, ਕੋਇਲ.

ਕੋਯਾ: ਦੇਖੋ, ਕੋਆ.

ਕੋਰ: ਸੰਗਯਾ- ਕਿਨਾਰਾ. ਹ਼ਾਸ਼ੀਆ. ਵਸਤ੍ਰ ਦੇ ਕਿਨਾਰੇ ਲਾਈ ਗੱਠ। ੨. ਅੱਖ ਦਾ ਕੋਆ। ੩. ਕੋਟਿ. ਕ੍ਰੋੜ. "ਨਹੀ ਰਹਿਤ ਬਿਧਿ ਕੋਰ." (ਗਵਿ ੧੦) "ਲਾਖ ਲਾਖ ਕਈ ਕੋਰੈ." (ਕਾਨ ਮਃ ੫) ੪. ਮਰਾ. ਹਠ. ਜਿਦ। ੫. ਐਬ. ਦੋਸ਼. "ਤਉ ਤਨਿ ਕਾਈ ਕੋਰ." (ਸ. ਫਰੀਦ) ੬. ਵੈਰ। ੭. ਪੰਕਤਿ. ਕਤਾਰ। ੮. ਫ਼ਾ. کور ਅੰਧਾ. ਨੇਤ੍ਰਹੀਨ. ੯. ਕੱਲਰ. ਅਜਿਹੀ ਜ਼ਮੀਨ, ਜਿਸ ਵਿੱਚ ਖੇਤੀ ਨਾ ਹੋ ਸਕੇ। ੧੦. ਨਹਿਰੀ ਸੰਕੇਤ ਵਿੱਚ ਉਹ ਖੇਤ, ਜਿਸ ਨੂੰ ਬੀਜਣ ਪਿੱਛੋਂ ਪਾਣੀ ਨਾ ਮਿਲਿਆ ਹੋਵੇ। ੧੧. ਅਕੋਰ (ਭੇਟਾ) ਦਾ ਸੰਖੇਪ. "ਸਸਤ੍ਰੰ ਛੋਰ, ਦੈ ਦੈ ਕੋਰ." (ਰਾਮਾਵ) ੧੨. ਵਿ- ਕੋਰਾ. "ਆਯੋ ਕੋਰ ਮੁੰਡਾਇ." (ਚਰਿਤ੍ਰ ੩੭੬) ਕੋਰਾ ਸਿਰ (ਬਿਨਾ ਪਾਣੀ ਲਵਾਏ) ਮੁੰਨਵਾ ਆਇਆ। ੧੩. ਅਣਲੱਗ. ਜੋ ਪਹਿਲਾਂ ਨਹੀਂ ਵਰਤਿਆ ਗਿਆ. "ਏਕ ਢੋਲ ਤ੍ਰਿਯ ਕੋਰ ਮੰਗਾਵਾ." (ਚਰਿਤ੍ਰ ੩੫੫) ੧੪. ਸਿੰਧੀ- ਫਲ ਦੀ ਗੁਠਲੀ. ਖ਼ਾਸ ਕਰਕੇ ਅੰਬ ਦੀ ਗੁਠਲੀ.

ਕੋਰਕ: ਸੰ. ਸੰਗਯਾ- ਸ਼ਗੂਫ਼ਾ. ਕੂਮਲ। ੨. ਦੇਖੋ, ਕੋਰਿਕ.

ਕੋਰਚੀ: ਤੁ. قورچی ਕ਼ੋਰਚੀ. ਸ਼ਸਤ੍ਰ ਘੜਨ ਵਾਲਾ। ੨. ਸ਼ਾਸਤ੍ਰਧਾਰੀ। ੩. ਬਾਦਸ਼ਾਹ ਦੇ ਦਰਬਾਰ ਦਾ ਪ੍ਰਬੰਧ ਕਰਨ ਵਾਲਾ. Chamberlain.

ਕੋਰਟ: General Court. ਇਹ ਅਬੂਤਬੇਲੇ ਨਾਲ ਲਹੌਰ ਆਕੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਨੌਕਰ ਹੋਇਆ. ਇਸ ਦੀ ਛਾਉਣੀ ਬੇਗਮਪੁਰੇ ਸੀ. ਇਹ ਚੰਗਾ ਲਿਖਿਆ ਪੜ੍ਹਿਆ ਆਦਮੀ ਸੀ. ਸਨ ੧੮੪੧ ਵਿੱਚ ਰਾਜਰੌਲਾ ਵੇਖਕੇ ਇਹ ਲਹੌਰ ਦੀ ਨੌਕਰੀ ਛੱਡ ਗਿਆ। ੨. ਅੰ. Court. ਅੰਗਣ. ਵੇਹੜਾ। ੩. ਰਾਜਦਰਬਾਰ। ੪. ਨਯਾਯਸ਼ਾਲਾ. ਕਚਹਿਰੀ.

ਕੋਰਨਿਸ: ਦੇਖੋ, ਕੁਰਨਿਸ.

ਕੋਰਮਾ: ਦੇਖੋ, ਕੋੜਮਾ। ੨. ਤੁ. قورمہ ਸੰਗਯਾ- ਘੀ ਵਿੱਚ ਭੁੰਨਿਆ ਹੋਇਆ ਮਾਸ.

ਕੋਰੜ: ਸੰਗਯਾ- ਉਹ ਦਾਣਾ ਜੋ ਰਿੱਝੇ ਨਾ, ਕੁੜਕੁੜੂ. "ਕੋਰੜ ਮੋਠ ਜਿਨੇਹਾ." (ਵਾਰ ਰਾਮ ੨. ਮਃ ੫) "ਕੋਰੜ ਮੋਠ ਨ ਰਿਝਈ ਕਰ ਅਗਨੀ ਜੋਸ." (ਭਾਗੁ) ੨. ਸਿੰਧੀ. ਬਿਰਛ ਦੇ ਡਿਗੇ ਹੋਏ ਬੀਜਾਂ ਤੋਂ ਆਪੇ ਪੈਦਾ ਹੋਇਆ ਬੂਟਾ.

ਕੋਰੜਾ: ਸੰਗਯਾ- ਕਸ਼ਾ. ਚਾਬੁਕ। ੨. ਇੱਕ ਛੰਦ. ਇਸ ਦਾ ਨਾਉਂ "ਆਨੰਦ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ੧੩. ਅੱਖਰ. ਪਹਿਲਾ ਵਿਸ਼੍ਰਾਮ ਛੀ ਪੁਰ, ਦੂਜਾ ਸੱਤ ਪੁਰ, ਅੰਤ ਲਘੁ ਗੁਰੁ. ਜੇ ਇਸ ਦੇ ਅੰਤ ਰਗਣ- SIS- ਰੱਖੀਏ ਤਦ ਚਾਲ ਬਹੁਤ ਸੁੰਦਰ ਹੁੰਦੀ ਹੈ.

ਉਦਾਹਰਣ-

ਸਤਿਗੁਰੁ ਕਹਯੋ, ਸੁਨੋ ਵੀਰ ਖਾਲਸਾ,

ਤਜਾਗਦੇਹੁ ਮਨੋ, ਵਡਿਆਈ ਲਾਲਸਾ,

ਹੋਇ ਨਿਸ਼ਕਾਮ, ਕਰੋ ਸੇਵਾ ਦੇਸ਼ ਕੀ,

ਚਾਹਤ ਹੋ ਕ੍ਰਿਪਾ, ਯਦਿ ਜਗਤੇਸ਼ ਕੀ.

ਪਯਾਰ ਛੰਦ ਇਸੇ ਦਾ ਇੱਕ ਭੇਦ ਹੈ. ਦੇਖੋ, ਪਯਾਰ.

ਕੋਰੜੂ: ਦੇਖੋ, ਕੋਰੜ.

ਕੋਰਾ: ਵਿ- ਅਣਭਿੱਜ. ਉਹ ਵਸਤ੍ਰ ਜਿਸ ਦੀ ਪਾਣ ਨਹੀਂ ਕੱਢੀ. "ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ." (ਵਾਰ ਆਸਾ) ੨. ਉਹ ਆਦਮੀ ਜਿਸ ਪੁਰ ਵਿਦਯਾ ਅਤੇ ਉਪਦੇਸ਼ ਦਾ ਅਸਰ ਨਹੀਂ ਹੋਇਆ. "ਮਨਮੁਖ ਮੁਗਧੁ ਨਰੁ ਕੋਰਾ ਹੋਇ." (ਸੂਹੀ ਮਃ ੪) ੩. ਨਵਾਂ ਭਾਂਡਾ, ਜਿਸ ਵਿੱਚ ਜਲ ਆਦਿਕ ਕੁਝ ਨਹੀਂ ਪਾਇਆ. ਅਣਲੱਗ. ਦੇਖੋ, ਕੋਰੀ। ੪. ਲਿਹ਼ਾਜ ਬਿਨਾ. ਰੁੱਖੇ ਸੁਭਾਉ ਵਾਲਾ। ੫. ਸੰਗਯਾ- ਤੁਸ਼ਾਰ. ਹਿਮ. ਕੱਕਰ.

ਕੋਰਿ: ਸੰਗਯਾ- ਕੋਟਿ. ਕਰੋੜ. "ਸਿਧ ਸਾਧਕ ਤੇਤੀਸ ਕੋਰਿ." (ਸਵੈਯੇ ਸ੍ਰੀ ਮੁਖਵਾਕ ਮਃ ੫)

ਕੋਰਿਕ: ਕ੍ਰੋੜ- ਇੱਕ. ਕੋਟਿਕ. ਦੇਖੋ, ਕਲਜੋਰਾ.

ਕੋਰੀ: ਕੋਰਾ ਦਾ ਇਸਤ੍ਰੀਲਿੰਗ. "ਨਿਤ ਉਠਿ ਕੋਰੀ ਗਾਗਰ ਆਨੈ." (ਬਿਲਾ ਕਬੀਰ) ੨. ਸੰਗਯਾ- ਹਿੰਦੂ ਜੁਲਾਹਾ. "ਕੋਰੀ ਕੋ ਕਾਹੂ ਮਰਮੁ ਨ ਜਾਨਾ." (ਆਸਾ ਕਬੀਰ) ੩. ਦੇਖੋ, ਕੋਲੀ ੪। ੪. ਫ਼ਾ. کوری ਅੰਧਾਪਨ. ਕੋਰ (ਅੰਨ੍ਹਾ) ਹੋਣ ਦਾ ਭਾਵ.

ਕੋਲ: ਕ੍ਰਿ. ਵਿ- ਸਮੀਪ. ਪਾਸ. ਨੇੜੇ। ੨. ਸੰ. ਸੰਗਯਾ- ਸੂਰ. "ਮਾਸਲ ਬਲੀ ਕੋਲ ਦਿਖਰਾਏ." (ਗੁਪ੍ਰਸੂ) ੩. ਇੱਕ ਜੰਗਲੀ ਜਾਤਿ, ਜੋ ਵਿਸ਼ੇਸ਼ ਕਰਕੇ ਭਾਗਲਪੁਰ ਦੇ ਜ਼ਿਲੇ ਵਿੱਚ ਪਾਈ ਜਾਂਦੀ ਹੈ। ੪. ਡਿੰਗ. ਘੜਨਾਵ. ਮੰਜੇ ਹੇਠ ਘੜੇ ਬੰਨ੍ਹਕੇ ਬਣਾਈ ਨੌਕਾ.

ਕੋਲਕ: ਸੰ. ਸੰਗਯਾ- ਕਾਲੀ ਮਿਰਚ। ੨. ਦੇਖੋ, ਕੌਲਿਕ.

ਕੋਲਾ: ਦੇਖੋ, ਕੋਇਲਾ.

ਕੋਲਾਹਲ: ਦੇਖੋ, ਕੁਲਾਹਲ.

ਕੋਲਿ: ਦੇਖੋ, ਕੋਲ ਅਤੇ ਕੋਲੀ.

ਕੋਲੀ: ਵਿ- ਕੋਲ ਰਹਿਣ ਵਾਲਾ. ਸਮੀਪੀ. ਨਜ਼ਦੀਕੀ. "ਹਰਿ ਨਿਕਟ ਵਸੈ ਹਰਿਕੋਲੀ." (ਗਉ ਮਃ ੪) ੨. ਕੋਲ (ਸੂਰ) ਪਾਲਣ ਵਾਲਾ। ੨. ਸੰਗਯਾ- ਖੇਤੀਪੇਸ਼ਾ ਇੱਕ ਜਾਤਿ, ਜੋ ਬਹੁਤ ਕਰਕੇ ਪਹਾੜਾਂ ਵਿੱਚ ਪਾਈ ਜਾਂਦੀ ਹੈ. ਬਹੁਤ ਲੋਕ ਇਨ੍ਹਾਂ ਨੂੰ ਅਛੂਤ ਜਾਤਿ ਮੰਨਦੇ ਹਨ. ਇਹ ਹਿੰਦ ਦੀ ਪੁਰਾਣੀ ਕੌਮਾਂ ਵਿੱਚੋਂ ਇੱਕ ਕੌਮ ਹੈ। ੪. ਪੰਜਾਬ ਦੇ ਉੱਤਰ ਪੂਰਵ ਵੱਲ ਦੇ ਜੁਲਾਹੇ ਭੀ ਕੋਲੀ ਕਹੀਦੇ ਹਨ. ਕੋਰੀ ਪਦ ਇਸੇ ਤੋਂ ਹੈ। ੫. ਅਮ੍ਰਿਤਸਰ ਦੇ ਕਈ ਗੁੱਜਰ ਭੀ ਕੋਲੀ ਕਹਾਉਂਦੇ ਹਨ। ੬. ਦੇਖੋ, ਕੋਹਲੀ। ੭. ਇੱਕ ਪੁਰਾਣਾ ਇਲਾਕਾ, ਜੋ ਇਸ ਵੇਲੇ ਅਵਧ (ਯੂ. ਪੀ. ) ਵਿੱਚ ਜਿਲਾ ਬਸਤੀ ਅੰਦਰ ਹੈ. ਇਸ ਥਾਂ ਦਾ ਰਾਜਾ ਸੁਪ੍ਰਬੁੱਧ

ਬੁੱਧ ਭਗਵਾਨ ਦਾ ਨਾਨਾ ਸੀ. ਸੁਪ੍ਰਬੁੱਧ ਦੀਆਂ ਦੋ ਪੁਤ੍ਰੀਆਂ- ਮਾਯਾਦੇਵੀ ਅਤੇ ਪ੍ਰਜਾਪਤੀ (ਗੋਤਮੀ), ਸ਼ੁੱਧੋਦਨ ਨੂੰ ਵਿਆਹੀਆਂ ਗਈਆਂ ਸਨ.

ਕੋਲੂ: ਸੰਗਯਾ- ਤੇਲ ਕੱਢਣ ਦਾ ਯੰਤ੍ਰ. ਤੈਲਯੰਤ੍ਰ. ਘੋਲ੍ਹ. "ਕੋਲੂ ਚਰਖਾ ਚਕੀ ਚਕੁ." (ਵਾਰ ਆਸਾ)

ਕੋਲੂਏ: ਰਾਜਪੂਤ ਗੋਤ੍ਰ. ਕੁੱਲੂ ਦੇ ਰਈਸ ਇਸੇ ਗੋਤ੍ਰ ਵਿੱਚੋਂ ਹਨ.

ਕੋਲ੍ਹੂ: ਦੇਖੋ, ਕੋਲੂ.

ਕੋਵਿੰਦ: ਸੰ. ਸੰਗਯਾ- ਜੋ ਕੁ (ਸ਼ਬਦ) ਕਰਨਾ ਜਾਣੇ. ਜਿਸ ਨੂੰ ਬੋਲਣ ਦਾ ਵੱਲ ਹੈ, ਸੋ ਕੋਵਿਦ. ਪੰਡਿਤ ਵਿਦ੍ਵਾਨ.

ਕੋਵਿਦਈਸ਼, ਕੋਵਿਦੀਸ਼, ਕੋਵਿਦੇਸ਼: ਕੋਵਿਦ (ਵਿਦ੍ਵਾਨਾਂ) ਦਾ ਸਰਦਾਰ. ਪੰਡਿਤਰਾਜ। ੨. ਪ੍ਰਧਾਨ ਵਕਤਾ.

ਕੋਵੰਡ: ਦੇਖੋ, ਕੋਦੰਡ.

ਕੋਵੰਡਜ: ਕੋਦੰਡ (ਧਨੁਖ) ਤੋਂ ਨਿਕਲਿਆ ਹੋਇਆ ਤੀਰ. (ਸਨਾਮਾ)

ਕੋਵੰਡਜਨੀ: ਕੋਦੰਡਜ (ਤੀਰ) ਰੱਖਣ ਵਾਲੀ ਸੈਨਾ. (ਸਨਾਮਾ)

ਕੋਵੰਡਨੀ: ਕੋਦੰਡ (ਧਨੁਖ) ਰੱਖਣ ਵਾਲੀ, ਸੈਨਾ. (ਸਨਾਮਾ)

ਕੋੜ: ਸੰਗਯਾ- ਕੋਟਿ. ਕ੍ਰੋੜ. "ਸਿਮਰਹਿ ਦੇਵਤੇ ਕੋੜ ਤੇਤੀਸਾ." (ਮਾਰੂ ਸੋਲਹੇ ਮਃ ੫) ੨. ਸੰ. ਕ੍ਰੋਡ. ਸੂਰ. "ਧੌਲ ਧੜਹੜਜੋ, ਕਾਗੜਦੀ ਕੋੜੰਭਿ ਕੜਕਯੋ." (ਰਾਮਾਵ) ਰਾਮ ਦੇ ਯੁੱਧ ਸਮੇਂ ਧਵਲ ਦਹਿਲਗਿਆ ਅਤੇ ਵਰਾਹ ਦੀ ਪਿੱਠ ਭੀ ਕੜਕਉੱਠੀ.

ਕੋੜਮਾ: ਸੰਗਯਾ- ਕੁਟੰਬ. ਪਰਿਵਾਰ. ਕੁੰਬਾ. "ਇਕਵਾਕੀ ਕੋੜਮਾ ਵਿਚਾਰੀ।" (ਭਾਗੁ)

ਕੋੜਿ: ਸੰਗਯਾ- ਕੋਟਿ. ਕ੍ਰੋੜ. "ਤੀਨ ਦੇਵ ਅਰੁ ਕੋੜਿ ਤੇਤੀਸਾ." (ਗੂਜ ਮਃ ੫)

ਕੋੜੀ: ਸੰਗਯਾ- ਵੀਹ ਦਾ ਸਮੁਦਾਯ. ਬੀਸੀ। ੨. ਕ੍ਰੋੜਹਾ. ਭਾਵ- ਅਨੰਤ. "ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ." (ਵਾਰ ਜੈਤ)

ਕੋੜੰਭਿ: ਕ੍ਰੋੜ (ਸੂਰ) ਭੀ. ਦੇਖੋ, ਕੋੜ ੨.

ਕੋੜ੍ਹ: ਸੰਗਯਾ- ਕੁਸ਼੍ਠ. ਦੇਖੋ, ਗਲਿਤਕੁਸ਼੍ਠ.

ਕੋੜ੍ਹਾ, ਕੋੜ੍ਹੀ: ਵਿ- ਕੁਸ਼੍ਠੀ. ਜੁਜਾਮੀ. Leper.

ਕੌ: ਵਯ- ਦਾ. ਕਾ. ਦੇਖੋ, ਕਉ. "ਪਦਾਰਥ ਹਿਤ ਕੌ ਦੁਰੈਨ." (ਸਾਰ ਮਃ ੧) "ਭਗਤਿ ਜੋਗ ਕੌ ਜੈਤਵਾਰ." (ਸਵੈਯੇ ਮਃ ੫. ਕੇ) ੨. ਕ੍ਰਿ. ਵਿ- ਕਦ. ਕਬ. ਦੇਖੋ, ਕੌਲੌ.

ਕੌਸ: ਦੇਖੋ, ਕਉਸ. "ਇਕ ਪਗ ਪਨਹੀ ਨੋਕ ਬਡ, ਇਕ ਪਗ ਕੌਸ ਟਿਕਾਇ." (ਨਾਪ੍ਰ) ਇੱਕ ਪੈਰ ਜੁੱਤੀ ਇੱਕ ਪੈਰ ਖੜਾਉਂ. "ਧਰੀ ਨਿਸਾਨੀ ਕੌਸ ਦੀ, ਮੱਕੇ ਅੰਦਰਿ ਪੂਜ ਕਰਾਈ." (ਭਾਗੁ)[402] ੨. ਸੰ. ਕੌਸ਼. ਰੇਸ਼ਮੀ ਵਸਤ੍ਰ, ਜੋ ਕੀੜੇ ਦੇ ਕੋਸ਼ ਤੋਂ ਪੈਦਾ

---

[402] ਗੁਰੁ ਨਾਨਕਪ੍ਰਕਾਸ਼ ਸਟੀਕ ਪੂਰਵਾਰਧ ਦੇ ੫੯ਵੇਂ ਅਧਯਾਯ ਦੇ ੩੬ਵੇਂ ਛੰਦ ਤੇ ਭਾਈ ਵੀਰ ਸਿੰਘ ਜੀ ਨੇ ਇਹ ਫੁਟਨੋਟ ਲਿਖਿਆ ਹੈ-
ਹੇਠ ਲਿਖੀ ਬਾਤ ਭਾਈ ਸਾਹਿਬ ਸੰਤ ਸੰਗਤ ਸਿੰਘ ਜੀ (ਕਮਾਲੀਏ ਵਾਲੇ) "ਉੱਚ" ਤੋਂ ਆਪ ਪਤਾ ਕਰਕੇ ਆਏ ਹਨ-ਰਿਆਸਤ ਬਹਾਵਲਪੁਰ ਵਿੱਚ "ਉੱਚਸ਼ਰੀਫ" ਨਾਮ ਕਰਕੇ ਇੱਕ ਜਗਾ ਹੈ, ਜਿੱਥੇ ਸੱਯਦ "ਜਲਾਲ ਸਾਨੀ ਮਖ਼ਦੂਮ ਰੁਕਨੁੱਦੀਨ ਅੱਬੁਲ-ਫ਼ਤੇ" ਹੋਏ ਹਨ. ਇਹ ਹਜਰਤ ਅਲੀ ਨਕੀ ਦੇ ਖ਼ਾਨਦਾਨ ਦੇ ਸੱਯਦ ਸਾਹਿਬ ਸਨ. ਭਾਵੇਂ ਇਹ ਅਰਬ ਤੋਂ ਹਿੰਦ ਵਿੱਚ ਆ ਗਏ ਸਨ, ਪਰ ਜਦੋਂ ਇਹ ਮੱਕੇ ਸ਼ਰੀਫ ਜਾਂਦੇ ਸਨ, ਤਦ ਇਹ ਉੱਥੋਂ ਦੇ ਸ਼ਰੀਫ ਸਮਾਨ ਹੁੰਦੇ ਸਨ. ਜਦੋਂ ਗੁਰੂ ਬਾਬਾ ਜੀ ਮੱਕੇ ਗਏ, ਤਦੋਂ "ਮਖ਼ਦੂਮ ਰੁਕਨੁੱਦੀਨ" ਸਾਹਿਬ ਭੀ ਉੱਥੇ ਹੀ ਸਨ. ਇਨ੍ਹਾਂ ਦੇ ਨਾਲ "ਲਾਲਜਤੀ" ਆਦਿਕ ਕਈ ਹਿੰਦੀ ਫਕੀਰ ਭੀ ਉੱਥੇ ਹੀ ਸਨ. ਜਦੋਂ ਸਤਿਗੁਰੂ ਬਾਬੇ ਜੀ ਦੇ ਚਰਣਾਂ ਨਾਲ ਕਾਬਾ ਫਿਰਿਆ, ਤਾਂ ਸਾਰੇ ਮੁਸਲਮਾਨਾਂ ਨੇ ਗੁਰੂ ਬਾਬੇ ਨਾਲ ਧਰਮ ਵਿਸ਼ੇ ਦੇ

ਹੋਇਆ ਹੈ। ੩. ਕੁਸ਼ ਦੀ ਸੰਤਾਨ ਵਿੱਚ ਹੋਣ ਵਾਲਾ. ਕੁਸ਼ਵੰਸ਼ੀ। ੪. ਫ਼ਾ. کوس ਕੋਸ. ਪਿੱਤਲ ਦਾ ਨਗਾਰਾ. "ਦੈਰੇ ਦੈਰੇ ਦੀਹ ਧੌਸੜਾ, ਕੌਸ ਜੁਝੌਆ ਦੈ ਰੇ." (ਸਲੋਹ) ੫. ਅ਼. قوس ਕ਼ੌਸ. ਕਮਾਨ. ਧਨੁਖ.

ਕੌਸਕ: ਦੇਖੋ, ਕੌਸ਼ਿਕ.

ਕੌਸਤਕ: ਕਿਸੇ ਅਵਾਣ ਲਿਖਾਰੀ ਨੇ ਕੌਸਤੁਭ ਦੀ ਥਾਂ ਅਸ਼ੁੱਧ ਲਿਖਿਆ ਹੈ. "ਹਿਯੇ ਕੌਸਤਕ ਮਨਿ ਧਾਰੇ." (ਚਰਿਤ੍ਰ ੨੪ ਅਤੇ ੧੨੩) ਦੇਖੋ, ਕੌਸਤੁਭ.

ਕੌਸਤੁਭ: ਸੰ. ਕੌਸ੍ਤੁਭ. ਸੰਗਯਾ- ਕੁਸ੍ਤੁਭ (ਸਮੁੰਦਰ) ਵਿੱਚੋਂ ਨਿਕਲੀ ਇੱਕ ਮਣਿ, ਜਿਸ ਨੂੰ ਵਿਸ਼ਨੁ ਭਗਵਾਨ ਗਲੇ ਪਹਿਰਦਾ ਹੈ.

ਕੌਸ਼ਲ: ਸੰ. ਸੰਗਯਾ- ਕੁਸ਼ਲਤਾ. ਚਤੁਰਾਈ. ਦਾਨਾਈ। ੨. ਵਿ- ਕੋਸ਼ਲ ਦੇਸ਼ ਨਾਲ ਸੰਬੰਧਿਤ। ੩. ਸੰਗਯਾ- ਕੋਸ਼ਲ ਦੇਸ਼ ਦੀ ਰਾਣੀ ਕੌਸ਼ਲਯਾ. "ਕਾਹਿ ਕੋ ਕੌਸਲ ਕੁੱਖਿ ਜਯੋ ਜੂ." (ਸਵੈਯੇ ੩੩) ੪. ਕੋਸ਼ਲ ਗੋਤ੍ਰ ਦਾ.

ਕੌਂਸਲ: ਅੰ. Councel. ਸੰਗਯਾ- ਮੰਤ੍ਰ. ਸਲਾਹ। ੨. ਮੰਤ੍ਰੀਸਭਾ. Council.

ਕੌਸਲਿਆ: ਦੇਖੋ, ਕੌਸ਼ਲਯਾ.

ਕੌਸਲਿਸ, ਕੌਸਲੇਸ਼: ਕੋਸ਼ਲ ਦੇਸ਼ ਦੇ ਲੋਕ ਕੌਸ਼ਲ, ਉਨ੍ਹਾਂ ਦੇ ਸ੍ਵਾਮੀ, ਰਾਮਚੰਦ੍ਰ ਜੀ. "ਜੋਸ ਵਡੋ ਕਰ ਕੌਸਲਿਸੰ ਅਧਬੀਚਹਿ ਤੇ ਸਰ ਕਾਟਉਤਾਰੇ." (ਰਾਮਾਵ)

ਕੌਸ਼ਲਯਾ: ਕੋਸ਼ਲ ਦੇਸ਼ ਦੀ ਅਤੇ ਕੋਸ਼ਲ ਦੇਸ਼ ਦੇ ਰਾਜਾ ਦੀ ਕੰਨਯਾ, ਸ੍ਰੀ ਰਾਮਚੰਦ੍ਰ ਜੀ ਦੀ ਮਾਤਾ, ਮਹਾਰਾਜਾ ਦਸ਼ਰਥ ਦੀ ਪਟਰਾਣੀ। ੨. ਚੰਦ੍ਰਵੰਸ਼ੀ ਰਾਜਾ ਪੁਰੁ ਦੀ ਇਸਤ੍ਰੀ.

ਕੌਸ਼ਿਕ: ਕੁਸ਼ਕ ਰਾਜਾ ਦਾ ਪੁਤ੍ਰ ਗਾਧਿ, ਜੋ ਵਿਸ਼੍ਵਾਮਿਤ੍ਰ ਦਾ ਪਿਤਾ ਸੀ। ੨. ਕੁਸ਼ਕਵੰਸ਼ੀ ਵਿਸ਼੍ਵਾਮਿਤ੍ਰ। ੩. ਇੰਦ੍ਰ। ੪. ਉੱਲੂ। ੫. ਰੇਸ਼ਮੀ ਵਸਤ੍ਰ। ੬. ਨਿਉਲਾ। ੭. ਖ਼ਜ਼ਾਨਚੀ, ਜੋ ਕੋਸ਼ (ਖਜ਼ਾਨੇ) ਦਾ ਰਾਖਾ ਹੈ। ੮. ਅਥਰਵਵੇਦ ਦਾ ਇੱਕ ਮੰਤ੍ਰਪਾਠ। ੯. ਮਹਾਭਾਰਤ ਅਨੁਸਾਰ ਇੱਕ ਕੁਸ਼੍ਠੀ ਬ੍ਰਾਹਮਣ, ਜਿਸ ਦੀ ਪਤਿਵ੍ਰਤਾ ਇਸਤ੍ਰੀ 'ਨਰਮਦਾ' ਸੀ.[403]

ਦੇਖੋ, ਮਾਂਡਵ.

ਕੌਸ਼ਿਕੀ: ਦੇਖੋ, ਅਦ੍ਰਿਸੁਤਾਹੁ ਕੀ ਜੋ ਤਨੀਆ.

ਕੌਕ ਬੰਦਰ: ਦੇਖੋ, ਕੋਕਬੰਦਰ.

ਕੌਕਾ: ਦੇਖੋ, ਕਵਿਕਾ.

---

ਪ੍ਰਸ਼ਨ ਉੱਤਰਾਂ ਲਈ "ਮਖ਼ਦੂਮ ਰੁਕਨੁੱਦੀਨ" ਜੀ ਨੂੰ ਹੀ ਅੱਗੇ ਕੀਤਾ. ਆਪ ਦਾ ਨਾਉਂ ਹੀ ਜਨਸਾਖੀਆਂ ਵਿੱਚ "ਰੁਕਨਲ" ਲਿਖਿਆ ਹੈ. ਜਦ ਹਰ ਤਰਾਂ ਗੁਰੂ ਬਾਬੇ ਜੀ ਵੱਲੋਂ ਆਪ ਨੂੰ ਤਸੱਲੀਬਖਸ਼ ਜਵਾਬ ਮਿਲੇ, ਤੇ ਅੱਖੀਂ ਬਰਕਤ ਵੇਖੀ, ਆਪ ਗੁਰੂ ਜੀ ਦੇ ਸਾਦਿਕ ਬਣ ਗਏ ਤੇ ਨਿਸ਼ਾਨੀ ਮੰਗੀ, ਤਦੋਂ ਸਤਿਗੁਰੂ ਜੀ ਨੇ ਆਪਣੀ ਕੌਸ ਬਖਸ਼ੀ. ਕੌਸ ਉਸ ਖੜਾਂਵ ਨੂੰ ਆਖਦੇ ਹਨ, ਜਿਸ ਦੀ ਖੂੰਟੀ ਨਾ ਹੋਵੇ. ਇਹ ਕੌਸ ਆਪ ਮੱਕੇ ਵਿੱਚ ਪਾਸ ਰੱਖਕੇ ਬੜੇ ਸਤਕਾਰ ਨਾਲ ਆਪ ਦਰਸ਼ਨ ਕਰਦੇ ਤੇ ਹੋਰ ਸਾਦਿਕਾਂ ਨੂੰ ਕਰਾਂਦੇ ਰਹੇ. ਜਦੋਂ ਆਪ ਹਿੰਦ ਨੂੰ ਆਏ ਤਾਂ ਪਿਆਰੇ ਗੁਰੂ ਦੀ ਨਿਸ਼ਾਨੀ ਉਹ ਕੋਸ ਨਾਲ ਹੀ ਲੈ ਆਏ. ਇਹ ਖੜਾਵਾਂ ਅੱਜ ਤਕ ਸਤਿਕਾਰ ਨਾਲ ਉੱਚਸ਼ਰੀਫ ਦੇ ਪੀਰ ਜੀ ਦੇ ਤੋਸ਼ੇਖਾਨੇ ਵਿੱਚ ਮੌਜੂਦ ਹਨ ਅਤੇ ਬੜੇ ਸਤਕਾਰ ਨਾਲ ਉਨ੍ਹਾਂ ਨੇ ਰੱਖੀਆਂ ਹੋਈਆਂ ਹਨ. ਕਈ ਵੇਰ ਧਨਵਾਨ ਸਿੱਖਾਂ ਨੇ ਬਹੁਤ ਸਾਰੀ ਨਕਦੀ ਜ਼ਮੀਨ ਆਦਿ ਨਜਰਾਨਾ ਦੇ ਕੇ ਇਹ ਖੜਾਵਾਂ ਲੈਣੀਆਂ ਚਾਹੀਆਂ ਹਨ, ਪਰ ਉੱਥੋਂ ਦੇ ਪੀਰ ਸਾਹਿਬ ਜੀ ਨੇ ਮੁਕ਼ੱਦਸ ਚੀਜ ਸਮਝਕੇ ਨਹੀਂ ਦਿੱਤੀਆਂ.

[403] ਇੱਕ ਵਾਰ ਨਰਮਦਾ ਆਪਣੇ ਪਤੀ ਨੂੰ ਸਿਰ ਤੇ ਚੁੱਕੀ ਜਾ ਰਹੀ ਸੀ ਕਿ ਮਾਂਡਵਯ ਰਿਖੀ ਜੋ ਚੋਰੀ ਦੇ ਸ਼ੱਕ ਵਿੱਚ ਸੂਲੀ ਟੰਗਿਆ ਹੋਇਆ ਸੀ ਉਸ ਨੂੰ ਕੌਸ਼ਿਕ ਦੇ ਪੈਰ ਦੀ ਠੋਕਰ ਵੱਜੀ. ਮਾਂਡਵਯ ਨੇ ਸ੍ਰਾਪ ਦਿੱਤਾ ਕਿ ਜਿਸ ਨੇ ਮੈਨੂੰ ਦੁੱਖ ਦਿੱਤਾ ਹੈ ਉਹ ਸੂਰਜ ਚੜ੍ਹਦੇ ਹੀ ਮਰ ਜਾਵੇ. ਨਰਮਦਾ ਨੇ ਆਪਣੇ ਸਤ ਦੇ ਪ੍ਰਭਾਵ ਨਾਲ ਸੂਰਜ ਦਾ ਚੜ੍ਹਨਾ ਹੀ ਰੋਕ ਦਿੱਤਾ. ਦੇਵਤਿਆਂ ਦੀ ਪ੍ਰਾਰਥਨਾ ਪੁਰ ਅਨਸੂਯਾ ਦੇ ਸਮਝਾਉਣ ਤੋਂ ਨਰਮਦਾ ਨੇ ਸੂਰਜ ਚੜ੍ਹਨ ਦੀ ਆਗਯਾ ਦਿੱਤੀ. ਸ੍ਰਾਪ ਨਾਲ ਮੋਏ ਕੌਸ਼ਿਕ ਨੂੰ ਅਨਸੂਯਾ ਨੇ ਜੀਵਨਦਾਨ ਦਿੱਤਾ.

ਕੌਚ: ਸੰਜੋਆ. ਦੇਖੋ, ਕਵਚ. "ਕੌਚਨ ਕੋ ਝਟਦੈ ਕਟਦੇਤ." (ਗੁਪ੍ਰਸੂ) ੨. ਤੰਤ੍ਰਸ਼ਾਸਤ੍ਰ ਅਨੁਸਾਰ ਰਖ੍ਯਾ ਕਰਨ ਵਾਲਾ ਸਤੋਤ੍ਰ. "ਤੁਮੀ ਕੌਚ ਵਕਤ੍ਰਾਪਨੇ ਤੇ[404] ਉਚਾਰਜੋ." (ਚਰਿਤ੍ਰ ੧)

ਕੌਚਬਿਹਾਰ: ਦੇਖੋ, ਕੂਚਬਿਹਾਰ.

ਕੌਚਬਿਦ੍ਯਾ: ਸੰਗ੍ਯਾ- ਕਵਚ ਪਹਿਰਣ ਦੀ ਵਿਦ੍ਯਾ। ੨. ਕਵਚ ਬਣਾਉਣ ਦੀ ਵਿਦ੍ਯਾ। ੩. ਮੰਤ੍ਰਸ਼ਕਤਿ ਨਾਲ ਸ਼ਰੀਰਰਖ੍ਯਾ ਕਰਨ ਦੀ ਵਿਦ੍ਯਾ. "ਕੌਚਬਿਦ੍ਯਾ ਅਭਿਦ੍ਯਾ." (ਗ੍ਯਾਨ)

ਕੌਚੀ: ਵਿ- ਕਵਚਿਨ੍. ਕਵਚਧਾਰੀ. "ਅਸੀ ਗਦੀ ਕੌਚੀ ਬਲਗਾਢੇ." (ਚਰਿਤ੍ਰ ੪੦੫) ਅਸਿ (ਤਲਵਾਰ) ਰੱਖਣ ਵਾਲੇ, ਗਦਾਧਾਰੀ ਅਤੇ ਕਵਚਧਾਰੀ.

ਕੌਡਾ: ਵਡੀ ਕੌਡੀ। ੨. ਦੇਖੋ, ਕਉਡਾ। ੩. ਆਦਮਖ਼ੋਰ ਭੀਲ ਅਤੇ ਨਿਸ਼ਾਦਾਂ ਦਾ ਇੱਕ ਸਰਦਾਰ, ਜੋ ਵਿੰਧ ਦੇ ਦੱਖਣੀ ਜੰਗਲਾਂ ਵਿੱਚ ਡਾਕਾ ਮਾਰਿਆ ਕਰਦਾ ਸੀ. ਇਹ ਭਾਈ ਮਰਦਾਨੇ ਨੂੰ ਫੜਕੇ ਖਾਣਾ ਚਾਹੁੰਦਾ ਸੀ. ਸਤਿਗੁਰੂ ਨਾਨਕ ਦੇਵ ਨੇ ਆਪਣੇ ਆਤਮਿਕ ਬਲ ਨਾਲ ਉਸ ਦੀ ਜ਼ਿੰਦਗੀ ਅਜੇਹੀ ਪਲਟੀ ਕਿ ਰਾਕ੍ਸ਼ਸੀਕਰਮ ਛੱਡਕੇ ਦੇਵਤਾ ਬਣ ਗਿਆ ਅਤੇ ਧਰਮ- ਕਿਰਤ ਨਾਲ ਨਿਰਵਾਹ ਕਰਕੇ ਕਰਤਾਰ ਦੇ ਸਿਮਰਣ ਵਿੱਚ ਜੀਵਨ ਵਿਤਾਇਆ.

ਕੌਡੀ: ਦੇਖੋ, ਕਉਡੀ.

ਕੌਡੀਆਰਾ, ਕੌਡੀਆਲਾ, ਕੌਡਯਾਰਾ: ਇੱਕ ਸਰਪ ਜਾਤਿ, ਜਿਸ ਦੇ ਸ਼ਰੀਰ ਪੁਰ ਕੌਡੀ ਜੇਹੇ ਚਿੰਨ੍ਹ ਹੁੰਦੇ ਹਨ. ਇਹ ਬਹੁਤ ਜ਼ਹਿਰੀਲਾ ਹੁੰਦਾ ਹੈ. "ਜਨੁ ਡਸਗਯੋ ਨਾਗ ਕੌਡਯਾਰਾ." (ਚਰਿਤ੍ਰ ੨੯੭) ੨. ਜੁਆਰੀ, ਜੋ ਦਾਉ ਲਾਉਣ ਲਈ ਕੌਡੀਆਂ ਰਖਦਾ ਹੈ.

ਕੌਣ: ਦੇਖੋ, ਕਉਣ.

ਕੌਤਕ: ਦੇਖੋ, ਕਉਤਕ.

ਕੌਤਕਹਾਰ, ਕੌਤਕੀ: ਦੇਖੋ, ਕਉਤਕਹਾਰ.

ਕੌਂਤੇਯ: ਸੰ. ਵਿ- ਕੁੰਤੀ ਦਾ। ੨. ਸੰਗ੍ਯਾ- ਯੁਧਿਸ਼੍ਠਿਰ, ਭੀਮ ਅਤੇ ਅਰਜੁਨ। ੩. ਖ਼ਾਸ ਕਰਕੇ ਅਰਜੁਨ ਦਾ ਇਹ ਪ੍ਰਸਿੱਧ ਨਾਉਂ ਹੈ, ਚਾਹੋ ਕੁੰਤੀ ਦੇ ਪੁਤ੍ਰ ਤਿੰਨੇ ਹਨ.[405] ਦੇਖੋ, ਕੁੰਤੀ.

ਕੌਥ: ਕਾ. ਤਿਥਿ? ਕੇਹੜੀ ਤਿਥਿ ਹੈ?

ਕੌਥਾ: ਸੰ. ਕਤਿਥਃ ਅਤੇ ਕਤਿਥੰ. ਕੈਵਾਂ. ਕਿਤਨੀ ਸੰਖ੍ਯਾ ਦਾ?

ਕੌਂਧ: ਸੰ. ਕਰੰਧ. ਕਿਰਨ (ਛਟਾ) ਨੂੰ ਜੋ ਧਾਰਣ ਕਰੇ. ਸੂਰਜ। ੨. ਬਿਜਲੀ.

ਕੌਂਧਨ: ਕ੍ਰਿ- ਚਮਕਣਾ. ਦੇਖੋ, ਕੌਂਧ. "ਜਿਮ ਕੌਂਧਤ ਸਾਵਣ ਬਿੱਜੁ ਘਟੰ." (ਸੂਰਜਾਵ)

ਕੌਂਧਿਤ: ਵਿ- ਪ੍ਰਕਾਸ਼ਿਤ. ਚਮਕਦਾ ਹੋਇਆ. ਦੇਖੋ, ਕੌਂਧ. "ਕੌਂਧਿਤ ਦਾਮਨਿ ਸਘਨ." (ਪਾਰਸਾਵ)

ਕੌਨ: ਦੇਖੋ, ਕਉਣ ਅਤੇ ਕਉਨੁ। ੨. ਅ਼. کَون ਸੰਗ੍ਯਾ- ਸੰਸਾਰ. ਦੁਨੀਆ. ਜਹਾਨ.

ਕੌਪੀਨ: ਕਮਰਬੰਦ। ੨. ਲੰਗੋਟੀ. ਦੇਖੋ, ਕੁਪੀਨ.

---

[404] ਆਪਣੇ ਵਕਤ੍ਰ. (ਮੂੰਹ) ਤੋਂ.

[405] ਗੀਤਾ ਵਿੱਚ ਕ੍ਰਿਸ਼ਨ ਜੀ ਨੇ ਵਾਰ ਵਾਰ ਅਰਜੁਨ ਨੂੰ "ਕੌਂਤੇਯ" ਕਹਿਕੇ ਸੰਬੋਧਨ ਕੀਤਾ ਹੈ, ਇਸ ਲਈ ਅਰਜੁਨ ਦਾ ਇਹ ਨਾਉਂ ਖ਼ਾਸ ਹੋ ਗਿਆ ਹੈ.

ਕੌਮ: ਅ਼. قوم ਕ਼ੌਮ. ਸੰਗਯਾ- ਜਨਸਮੁਦਾਯ। ੨. ਜਾਤਿ। ੩. ਵੰਸ਼.

ਕੌਮ ਬਹੱਤਰ: ਅਰਬ ਦੀ ਬਹੱਤਰ ਕੌਮਾਂ. ਬਨੀ ਇਸਰਾਈਲ ਦੇ ਬਹੱਤਰ ਫਿਰਕੇ. "ਕੌਮ ਬਹੱਤਰ ਸੰਗ ਕਰ." (ਭਾਗੁ) ਅਰਬ ਦੇਸ਼ ਜੋ ਬਹੱਤਰ ਜਾਤੀਆਂ ਵਿੱਚ ਵੰਡਿਆ ਹੋਇਆ ਸੀ, ਉਸ ਨੂੰ ਮੁਹੰਮਦ ਸਾਹਿਬ ਨੇ ਇਸਲਾਮ ਵਿੱਚ ਇੱਕ ਕਰਕੇ ਆਪਣੇ ਨਾਲ ਕਰ ਲੀਤਾ। ੨. ਦੇਖੋ, ਇਸਲਾਮ ਦੇ ਫਿਰਕੇ.

ਕੌਮਾਰੀ: ਕੁਮਾਰ (ਕਾਰ੍ਤਿਕੇਯ) ਦੀ ਸ਼ਕਤਿ। ੨. ਸਦਾ ਕੁਮਾਰਅਵਸਥਾ ਵਿੱਚ ਰਹਿਣ ਵਾਲੀ, ਦੁਰਗਾ. "ਕੇਸਰੀਆਬਾਹੀ ਕੌਮਾਰੀ." (ਪਾਰਸਾਵ)

ਕੌਮੁਦੀ: ਕੁਮੁਦ (ਭੰਮੂਲਾਂ) ਨੂੰ ਆਨੰਦ ਕਰਨ ਵਾਲੀ, ਚਾਂਦਨੀ. ਚਾਂਦਨੀ ਰਾਤ ਵਿੱਚ ਕੁਮੁਦ ਬਹੁਤ ਖਿੜਦੇ ਹਨ। ੨. ਕੱਤਕ ਦੀ ਪੂਰਨਮਾਸੀ। ੩. ਵ੍ਯਾਕਰਣ ਦੇ ਆਚਾਰਯ ਪਾਣਿਨਿ ਕ੍ਰਿਤ ਅਸ਼੍ਟਾਧ੍ਯਾਈ ਦੇ ਆਧਾਰ ਤੇ ਭੱਟੋਜਿਦੀਕ੍ਸ਼ਿਤ ਦੀ ਬਣਾਈ ਸਿੱਧਾਂਤ ਕੌਮੁਦੀ, ਜੋ ਵ੍ਯਾਕਰਣ ਦਾ ਪ੍ਰਸਿੱਧ ਗ੍ਰੰਥ ਹੈ। ੪. ਵਰਦਰਾਜ ਭੱਟ ਦੀ ਰਚੀ ਹੋਈ ਮਧ੍ਯਸਿੱਧਾਂਤ ਕੌਮੁਦੀ. ਇਸ ਦੀ ਰਚਨਾ ਸੰਮਤ ੧੨੫੦ ਵਿੱਚ ਹੋਈ ਹੈ। ੫. ਵਰਦਰਾਜ ਭੱਟ ਕ੍ਰਿਤ ਲਘੁਸਿੱਧਾਂਤ ਕੌਮੁਦੀ. ਇਸ ਕੌਮੁਦੀ ਦਾ ਪ੍ਰਚਾਰ ਪਹਿਲੀ ਦੋਹਾਂ ਨਾਲੋਂ ਜਾਦਾ ਹੈ। ੬. ਦੇਖੋ, ਗੁਰੁਕੌਮੁਦੀ। ੭. ਕੁਮੁਦ (ਰਾਜਾ) ਦੀ ਸਭਾ। ੮. ਕੁਮੁਦ (ਵਿਸ਼ਨੁ) ਦੀ ਗਦਾ ਕੌਮੋਦਕੀ.

ਕੌਮੋਦਕੀ: ਕੁਮੁਦ (ਵਿਸ਼ਨੁ) ਦੀ ਗਦਾ.

ਕੌਰ: ਸੰਗਯਾ- ਕਵਲ. ਗ੍ਰਾਸ. ਬੁਰਕੀ. "ਪੂਰਬ ਕੌਰ ਨਿਕਾਰਕੈ ਪੰਚ, ਲਗੇ ਪੁਨ ਜੇਮਨ." (ਨਾਪ੍ਰ) ੨. ਕੌਲਾ. ਦਰਵਾਜ਼ੇ ਦਾ ਕਿਨਾਰਾ. "ਪੌਰ ਖਰੇ ਹੁਇ ਕੌਰ ਲਗ." (ਗੁਪ੍ਰਸੂ) ੩. ਕੌਰਵ (ਕੁਰੁਵੰਸ਼ੀ) ਦਾ ਸੰਖੇਪ. "ਮਨ ਭੀਤਰ ਕੋਰਨ ਕੋਪ ਬਢਾਯੋ." (ਕ੍ਰਿਸਨਾਵ) ੪. ਕੈਰਵ. ਭੰਬੂਲ. ਨੀਲੋਫਰ. "ਕੌਰਨ ਕੇ ਮੁਖਰੇ ਮੁਕੁਲੈਂ." (ਗੁਪ੍ਰਸੂ) ੫. ਕੁਮਾਰ. ਕੁੰਵਰ। ੬. ਉਸ ਸਿੰਘਣੀ ਦੀ ਉਪਾਧਿ, ਜਿਸ ਨੇ ਖੰਡੇ ਦਾ ਅਮ੍ਰਿਤ ਛਕਿਆ ਹੈ, ਜੈਸੇ ਪੁਰਖ ਦੇ ਨਾਉਂ ਨਾਲ ਸਿੰਘ ਸ਼ਬਦ ਜੋੜਿਆ ਜਾਂਦਾ ਹੈ ਤੈਸੇ ਸਿੰਘਣੀ ਦੇ ਨਾਉਂ ਨਾਲ ਕੌਰ ਸ਼ਬਦ ਲਾਈਦਾ ਹੈ. ਅਸਲ ਵਿੱਚ ਇਹ ਸ਼ਬਦ "ਕੁੰਵਿਰ" (ਕੌਰਿ)[406] ਹੈ। ੭. ਸੰ. ਕੋਰ. ਅੰਗ ਦਾ ਜੋੜ. "ਕਟਗੇ ਕਹੂੰ ਕੌਰ ਅਰੁ ਚਰਮਾ." (ਗ੍ਯਾਨ)

ਕੌਰਉ, ਕੌਰਓ: ਦੇਖੋ, ਕੌਰਵ. "ਛਾਡ ਚਲੇ ਰਨ ਕੌਰਉ ਜੈਸੇ." (ਚੰਡੀ ੧) "ਭਏ ਤਾਂਹਿ ਕੇ ਕੌਰਓ ਪਾਂਡਵੇਯੰ." (ਜਨਮੇਜਯ)

ਕੌਰਪਾਲ: ਕੌਰਵ (ਕੁਰੁਵੰਸ਼) ਪਾਲਕ. ਦੁਰਯੋਧਨ. "ਉਤੈ ਕੌਰਪਾਲੰ ਧਰੈ ਛਤ੍ਰਿਧਰਮੰ." (ਗ੍ਯਾਨ)

ਕੌਰਵ: ਵਿ- ਕੁਰੁ ਦੀ ਵੰਸ਼ ਨਾਲ ਸੰਬੰਧਿਤ. ਕੁਰੁਵੰਸ਼ੀ। ੨. ਸੰਗਯਾ- ਰਾਜਾ ਧ੍ਰਿਤਰਾਸ਼੍ਟ੍ਰ ਦੇ ਪੁਤ੍ਰ ਦੁਰਯੋਧਨ ਆਦਿਕ. "ਕਟੇ ਕੌਰਵੰ ਦੂਰ ਸਿੰਦੂਰ ਖੇਤੰ." (ਗ੍ਯਾਨ) ਦੇਖੋ, ਕੁਰੁਵੰਸ਼.

ਕੌਰਾ: ਵਿ- ਕਟੁ. ਕੌੜਾ। ੨. ਦੇਖੋ. ਕੌਲਾ.

ਕੌਰਿ, ਕੌਰੀ: ਸੰਗਯਾ- ਜੱਫੀ. ਅੰਕਵਾਰ. "ਭਰ ਕੌਰੀ ਮਹਿਲੀਨ." (ਗੁਪ੍ਰਸੂ) ੨. ਉਤਨੇ ਪ੍ਰਮਾਣ ਦੀ ਵਸਤੁ ਜੋ ਦੋਹਾਂ ਬਾਹਾਂ ਦੇ ਘੇਰੇ (ਜੱਫੀ) ਵਿੱਚ ਆ ਜਾਵੇ. ੩. ਖੂਹ ਦਾ ਮਹਿਲ, ਜੋ ਜ਼ਮੀਨ ਵਿੱਚ ਉਤਾਰਨ ਤੋਂ ਪਹਿਲਾਂ ਬੁਰਜ ਦੀ ਸ਼ਕਲ ਦਾ ਹੁੰਦਾ ਹੈ. "ਜੈਸੇ ਕੂਆ ਖੋਦਕੈ ਸੁ ਵਸੁਧਾ ਧਸਾਇ ਕੌਰੀ." (ਭਾਗੁ ਕ) ੪. ਕੌਡੀ. ਵਰਾਟਿਕਾ। ੫. ਵਿ- ਕਟੁ. ਕੌੜੀ। ੬. ਦੇਖੋ, ਕੌਰ ੬.

ਕੌਲ: ਦੇਖੋ, ਕਉਲ। ੨. ਪ੍ਰਿਥੀਚੰਦ ਜੀ ਦੀ ਵੰਸ਼ ਵਿੱਚ ਹੋਣ ਵਾਲੇ ਸੋਢੀ ਕੌਲ ਸਾਹਿਬ, ਜੋ ਢਿਲਵਾਂ ਗ੍ਰਾਮ ਦੇ ਵਸਨੀਕ ਸਨ. ਜਦ ਦਸ਼ਮੇਸ਼ ਮਾਛੀਵਾੜੇ ਵਾਲੇ ਨੀਲੇ ਬਾਣੇ ਨਾਲ ਉਨ੍ਹਾਂ ਪਾਸ ਪਹੁੰਚੇ, ਤਦ ਇਨ੍ਹਾਂ ਦੇ ਦੋ ਘੋੜੇ ਅਤੇ ਸਫ਼ੇਦ ਪੋਸ਼ਾਕ ਨਜਰ ਕੀਤੀ. ਕਲਗੀਧਰ ਨੇ ਚਿੱਟੇ ਵਸਤ੍ਰ ਪਹਿਨਕੇ ਨੀਲੇ ਵਸਤ੍ਰ ਪਾੜਕੇ ਏਹ ਤੁਕ ਪੜ੍ਹਦੇ ਹੋਏ- "ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਿਆ." ਅਗਨੀ ਵਿੱਚ ਭਸਮ ਕਰ ਦਿੱਤੇ. ਫਿਰੋਜ਼ਪੁਰ ਜ਼ਿਲੇ ਦੇ ਬੁੱਟਰ ਦੇ ਸੋਢੀ ਭੀ ਕੌਲਵੰਸ਼ੀ ਹਨ। ੩. ਸੰ.

---

[406] ਇਸਤ੍ਰੀ ਦਾ ਨਾਉਂ ਮੁਕਤੇ ਰਾਰੇ ਨਾਲ ਲਿਖਣਾ ਅਸ਼ੁੱਧ ਹੈ. ਸਿਆਰੀ ਨਾਲ ਲਿਖਣਾ ਚਾਹੀਏ, ਜਿਵੇਂ-ਮਾਤਾ ਸਾਹਿਬ ਕੌਰਿ ਜੀ, ਪਰ ਹੁਣ ਕੌਰ ਲਿਖਣ ਦਾ ਆਮ ਰਿਵਾਜ ਹੋ ਗਿਆ ਹੈ, ਪ੍ਰਚਲਿਤ ਅਸ਼ੁੱਧ ਸ਼ਬਦ ਭੀ ਸ਼ੁੱਧ ਮੰਨਣੇ ਪੈਂਦੇ ਹਨ.

ਵਿ- ਚੰਗੀਕੁਲ ਵਿੱਚ ਹੋਣ ਵਾਲਾ. ਕੁਲੀਨ। ੪. ਤੰਤ੍ਰਸ਼ਾਸਤ੍ਰ ਅਨੁਸਾਰ ਵਾਮਮਾਰਗੀ.

ਕੌਲਸਰ: ਦੇਖੋ, ਅੰਮ੍ਰਿਤਸਰ.

ਕੌਲਕ: ਦੇਖੋ, ਕੌਲਿਕ.

ਕੌਲਨਾਭਿ: ਵਿਸ਼ਨੁ, ਕਮਲ ਹੈ ਜਿਸ ਦੀ ਨਾਭਿ ਵਿੱਚ। ੨. ਉਹ ਤਾਲ ਜਿਸ ਵਿੱਚ ਕਮਲ ਹਨ. "ਕੌਲਨਾਭਿ ਕੌਲ ਜਿਹ ਤਾਲ ਮੇ ਰਹਤ ਹੈਂ." (ਅਕਾਲ) ਜੇ ਵਿਸ਼ਨੁ ਨੂੰ ਕੌਲਨਾਭਿ ਆਖਦੇ ਹੋਂ, ਤਦ ਕੀ ਉਹ ਤਾਲ ਕੌਲਨਾਭਿ ਨਹੀਂ ਜਿਸ ਵਿੱਚ ਕਮਲ ਹਨ?

ਕੌਲਾ: ਸੰਗਯਾ- ਨਾਰੰਗੀ ਦੀ ਇੱਕ ਜਾਤਿ. ਇਸ ਦਾ ਰੰਗ ਸੰਧੂਰੀ ਹੁੰਦਾ ਹੈ। ੨. ਦਰਵਾਜ਼ੇ ਦਾ ਕਿਨਾਰਾ. ਦਰਵਾਜ਼ੇ ਦਾ ਉਹ ਥਮਲਾ ਜਿਸ ਉੱਪਰੋਂ ਡਾਟ ਉਠਾਇਆ ਜਾਵੇ। ੩. ਕਮਲਾ. ਲਕ੍ਸ਼੍ਮੀ. ਦੇਖੋ, ਕਉਲਾ। ੪. ਇੱਕ ਹਿੰਦੂ ਲੜਕੀ ਕਮਲਾ, ਜੋ ਕਾਜੀ ਰੁਸਤਮਖ਼ਾਂ ਮੁਜੰਗ (ਲਹੌਰ) ਨਿਵਾਸੀ ਨੇ ਮੁੱਲ ਲੈ ਕੇ ਗੋਲੀ ਪਾਲੀ ਸੀ, ਅਤੇ ਇਸਲਾਮ ਧਰਮ ਦੀ ਸਿਖ੍ਯਾ ਦੇ ਕੇ ਵਿਦ੍ਵਾਨ ਬਣਾਈ ਸੀ. ਪਰ ਇਸ ਦੇ ਮਨ ਦਾ ਝੁਕਾਉ ਹਿੰਦੂਧਰਮ ਵੱਲ ਵਿਸ਼ੇਸ਼ ਸੀ. ਗੁਰੁਮਹਿਮਾ ਅਤੇ ਸਤਿਗੁਰੂ ਨਾਨਕ ਦੇਵ ਦੀ ਬਾਣੀ ਕਈ ਦਰਵੇਸ਼ਾਂ ਤੋਂ ਸੁਣਕੇ ਇਸ ਦੇ ਮਨ ਵਿੱਚ ਸਿੱਖੀ ਦਾ ਪ੍ਰੇਮ ਜਾਗਿਆ, ਅਤੇ ਛੀਵੇਂ ਸਤਿਗੁਰੂ ਦੀ ਸ਼ਰਣ ਲੈ ਕੇ ਪਵਿਤ੍ਰ ਜੀਵਨ ਵਿਤਾਇਆ. ਕਮਲਾ ਦਾ ਦੇਹਾਂਤ ਸੰਮਤ ੧੬੯੬ ਵਿੱਚ ਕਰਤਾਰਪੁਰ ਹੋਇਆ. ਇਸ ਦੀ ਸਮਾਧਿ ਉਸ ਥਾਂ ਵਿਦ੍ਯਮਾਨ ਹੈ. ਦੇਖੋ, ਅੰਮ੍ਰਿਤਸਰ ਸ਼ਬਦ ਵਿੱਚ ਕੌਲਸਰ. ਭਾਈ ਸੰਤੋਖ ਸਿੰਘ ਜੀ ਨੇ ਕਮਲਾ ਦਾ ਦਫ਼ਨ ਕਰਨਾ ਇਤਿਹਾਸ ਵਿਰੁੱਧ ਲਿਖਿਆ ਹੈ.

ਕੌਲਾਂ: ਦੇਖੋ, ਕੌਲਾ ੪.

ਕੌਲਾਰ: ਦੇਖੋ, ਕਉਲਾਰ.

ਕੌਲਿਕ: ਸੰ. ਵਿ- ਕੁਲ ਦਾ ਉਹ ਧਰਮ, ਜੋ ਪਰੰਪਰਾ ਤੋਂ ਚਲਾ ਆਇਆ ਹੈ. ਕੁਲ ਨਾਲ ਸੰਬੰਧਿਤ। ੨. ਵਾਮਮਾਰਗੀ। ੩. ਸੰਗਯਾ- ਸ਼ਿਵ, ਜਿਸ ਨੇ ਤੰਤ੍ਰਸ਼ਾਸਤ੍ਰੀਆਂ ਦੇ ਕੁਲਧਰਮ ਚਲਾਏ ਹਨ। ੪. ਸ਼ਾਕ੍ਤ ਧਰਮ। ੫. ਜੁਲਾਹਾ.

ਕੌਲੌ: ਕਦ ਤੀਕ. ਕਬਤਕ. ਕਲਬਗ.

ਕੌੜ, ਕੌੜਾ: ਵਿ- ਕਟੁ. ਕੜਵਾ ੨. ਕ੍ਰੋਧੀ. ਤੁੰਦ ਸੁਭਾਉ ਵਾਲਾ। ੩. ਸੰਗਯਾ- ਬਹੁਜਾਈਆਂ ਵਿਚੋਂ ਇੱਕ ਖਤ੍ਰੀ ਗੋਤ੍ਰ। ੪. ਇੱਕ ਜੱਟ ਗੋਤ੍ਰ, ਜੋ ਬੈਰਾੜਾਂ ਦ ਤਾਕਤ ਵਧਣ ਤੋਂ ਪਹਿਲਾਂ ਮਾਲਵੇ ਵਿੱਚ ਵਡਾ ਪ੍ਰਬਲ ਸੀ.

ਕੌੜਾਮੱਲ: ਏਹ ਲਹੌਰ ਦੇ ਸੂਬੇਦਾਰ ਮੀਰਮੰਨੂ ਦਾ ਦੀਵਾਨ ਸੀ. ਗੁਰੂ ਦਾ ਭਗਤ ਅਤੇ ਸਿੱਖਾਂ ਦਾ ਸਹਾਇਕ ਹੋਣ ਕਰਕੇ ਖ਼ਾਲਸਾਪੰਥ ਵਿੱਚ ਇਸ ਦਾ ਨਾਉਂ "ਮਿੱਠਾ ਮੱਲ" ਪ੍ਰਸਿੱਧ ਹੈ. ਇਸ ਦਾ ਦੇਹਾਂਤ ਦੁਰਾਨੀਆਂ ਦੀ ਫ਼ੌਜ ਦਾ ਟਾਕਰਾ ਕਰਦੇ ਹੋਏ ਸਨ ੧੭੫੨ (ਸੰਮਤ ੧੮੧੦) ਵਿੱਚ ਲਹੌਰ ਹੋਇਆ. ਦੇਖੋ, ਮੀਰਮੰਨੂ.

ਕੰ: ਸੰ. कम ਸੰਗਯਾ- ਜਲ. "ਪਦੰ ਕੰ ਪਖਾਰੇ." (ਨਾਪ੍ਰ) ੨. ਮਸ੍ਤਕ. ਮੱਥਾ। ੩. ਸੁਖ. ਆਨੰਦ. "ਕਹੂੰ ਕੰ ਵਿਤਾਲੰ." (ਵਿਚਿਤ੍ਰ) ੪. ਅਗਨਿ। ੫. ਕਾਮ. ਮਨੋਜ। ੬. ਸੁਵਰਣ. ਸੋਨਾ.

ਕੰਉ: ਕੋ. ਨੂੰ. ਪ੍ਰਤਿ. ਦੇਖੋ, ਕਉ. "ਜਿਨ ਕੰਉ ਹਰਿ ਪ੍ਰਭੁ ਕਿਰਪਾ ਧਾਰੀ." (ਵਡ ਛੰਤ ਮਃ ੪)

ਕੰਸ: ਸੰ. ਸੰਗਯਾ- ਕਾਂਸ੍ਯ. ਕਾਂਸੀ ਧਾਤੁ। ੨. ਪੀਣ ਦਾ ਪਾਤ੍ਰ. ਕਟੋਰਾ. ਛੰਨਾ। ੩. ਰਾਜਾ ਉਗ੍ਰਸੇਨ ਦੀ ਇਸਤਰੀ ਦੇ ਉਦਰੋਂ ਦ੍ਰੁਮਿਲ ਦੈਤ ਦੇ ਵੀਰਜ ਤੋਂ ਪੈਦਾ ਹੋਇਆ ਇੱਕ ਮਥੁਰਾ ਦਾ ਰਾਜਾ, ਜੋ ਕ੍ਰਿਸ਼ਨ ਜੀ ਦਾ ਮਾਮਾ ਅਤੇ ਵਡਾ ਦੁਸ਼ਮਣ ਸੀ. ਕੰਸ ਜਰਾਸੰਧ ਮਗਧਪਤਿ ਦਾ ਜਮਾਈ (ਜਵਾਈ) ਸੀ. ਇਹ ਆਪਣੇ ਸਹੁਰੇ ਦੀ ਸਹਾਇਤਾ ਨਾਲ ਉਗ੍ਰਸੇਨ ਨੂੰ ਗੱਦੀ ਤੋਂ ਲਾਹਕੇ ਆਪ ਰਾਜਾ ਬਣ ਗਿਆ. ਕੰਸ ਨੇ ਆਪਣੀ ਭੈਣ ਦੇਵਕੀ, ਵਸੁਦੇਵ ਯਾਦਵ ਨੂੰ ਵਿਆਹੀ ਸੀ. ਵਿਆਹ ਵੇਲੇ ਆਕਾਸ਼ਬਾਣੀ ਹੋਈ ਕਿ ਦੇਵਕੀ ਦੇ ਅੱਠਵੇਂ ਗਰਭ ਤੋਂ ਕੰਸ ਦਾ ਨਾਸ਼ ਹੋਵੇਗਾ. ਇਸ ਲਈ ਕੰਸ ਨੇ ਦੇਵਕੀ ਅਤੇ ਵਸੁਦੇਵ ਨੂੰ ਕੈਦ ਕਰ ਲਿਆ, ਅਤੇ ਜੋ ਪੁਤ੍ਰ ਪੈਦਾ ਹੋਏ ਸਭ ਮਾਰ ਦਿੱਤੇ. ਅੱਠਵੇਂ ਗਰਭ ਵਿੱਚ ਕ੍ਰਿਸ਼ਨ ਜੀ ਆਏ, ਜੋ ਵਸੁਦੇਵ ਨੇ ਜੰਮਦੇ ਸਾਰ ਗੋਕੁਲ

ਵਿੱਚ ਗੋਪਰਾਜ ਨੰਦ ਦੇ ਘਰ ਪਹੁਚਾ ਦਿੱਤੇ, ਅਤੇ ਯਸ਼ੋਦਾ ਦੇ, ਜੋ ਉਸੇ ਦਿਨ ਲੜਕੀ ਪੈਦਾ ਹੋਈ ਸੀ, ਉਹ ਕੰਸ ਨੂੰ ਲਿਆ ਦਿੱਤੀ, ਜੋ ਪੱਥਰ ਪੁਰ ਪਟਕਾਕੇ ਮਾਰੀ ਗਈ. ਕੰਸ ਨੇ ਕ੍ਰਿਸ਼ਨ ਜੀ ਦੇ ਮਾਰਣ ਦੇ ਬਹੁਤ ਉਪਾਉ ਕੀਤੇ, ਜੋ ਨਿਸ਼ਫਲ ਹੋਏ. ਅੰਤ ਨੂੰ ਕ੍ਰਿਸ਼ਨ ਜੀ ਨੇ ਧਨੁਖਯਰਾਜ ਵਿੱਚ ਪਹੁੰਚਕੇ ਆਪਣੇ ਮਾਮੇ ਕੰਸ ਨੂੰ ਕੇਸ਼ਾਂ ਤੋਂ ਫੜਕੇ ਪਛਾੜਮਾਰਿਆ, ਅਤੇ ਨਾਨਾ ਉਗ੍ਰਸੇਨ ਰਾਜਗੱਦੀ ਤੇ ਬੈਠਾਇਆ. "ਦੁਆਪਰਿ ਕ੍ਰਿਸਨ ਮੁਰਾਰਿ ਕੰਸ ਕਿਰਤਾਰਥੁ ਕੀਓ। ਉਗ੍ਰਸੈਣ ਕਉ ਰਾਜੁ ਅਭੈ ਭਗਤਹਜਨ ਦੀਓ." (ਸਵੈਯੇ ਮਃ ੧. ਕੇ)

ਕੰਸਅਰਿ, ਕੰਸਸ਼ਤ੍ਰੁ: ਕੰਸ ਦਾ ਵੈਰੀ, ਕ੍ਰਿਸ਼ਨ ਭਗਵਾਨ.

ਕੰਸਕਾਰ: ਕਾਂਸਜਕਾਰ. ਕਾਂਸੀ ਦੇ ਭਾਂਡੇ ਬਣਾਉਣ ਵਾਲਾ ਕੱਸੇਰਾ. ਠਠੇਰਾ.

ਕੰਸਨਿਸੂਦਨ, ਕੰਸਾਰਿ: ਕੰਸ ਦੇ ਨਿਸ਼ੂਦਨ (ਮਾਰਨ) ਵਾਲਾ. ਕੰਸ ਦਾ ਵੈਰੀ. ਕ੍ਰਿਸ਼ਨਦੇਵ.

ਕੰਸੁ: ਦੇਖੋ, ਕੰਸ.

ਕੰਕ: ਸੰ. कङ्क ਇੱਕ ਮਾਸ ਖਾਣ ਵਾਲਾ ਪੰਛੀ, ਜੋ ਗਿੱਧ ਜਾਤੀ ਵਿੱਚੋਂ ਹੈ. ਇਸ ਦੇ ਪੰਖ ਤੀਰਾਂ ਨੂੰ ਲਗਾਏ ਜਾਂਦੇ ਹਨ. ਕਈ ਵਿਦ੍ਵਾਨ ਕ੍ਰੌਂਚ ਨੂੰ ਕੰਕ ਆਖਦੇ ਹਨ. "ਕੰਕਨ ਪੰਖ ਬਿਲੰਦ ਲਗੇ ਜਿਨ." (ਗੁਪ੍ਰਸੂ) "ਬਹੁ ਗਿੱਧ ਕੰਕ ਬਾਯਸ ਪੁਕਾਰ." (ਗੁਪ੍ਰਸੂ) ੨. ਛਤ੍ਰੀ। ੩. ਬਗੁਲਾ। ੪. ਧਰਮਰਾਜ। ੫. ਇੱਕ ਬ੍ਰਾਹਮਣ, ਜਿਸ ਦਾ ਪ੍ਰਸੰਗ ੨੭ ਵੇਂ ਚਰਿਤ੍ਰ ਵਿੱਚ ਹੈ। ੬. ਰਾਜਾ ਯੁਧਿਸ਼੍ਠਰ ਦਾ ਉਪਨਾਮ, ਜਦ ਗੁਪਤਭੇਖ ਧਾਰਕੇ ਰਾਜਾ ਵਿਰਾਟ ਦੇ ਰਿਹਾ ਸੀ.

ਕੰਕਣ, ਕੰਕਨ: ਸੰ. कङ्कण ਸੰਗਯਾ- ਕੜਾ. ਕਟਕ. ਕੰਗਣ. "ਹਾਰ ਡੋਰ ਕੰਕਨ ਘਣੇ." (ਓਅੰਕਾਰ) ੨. ਮੁਕੁਟ. ਤਾਜ। ੩. ਗਹਿਣਾ. ਜ਼ੇਵਰ। ੪. ਕੰਗਣਾ, ਜੋ ਵਿਆਹ ਵੇਲੇ ਦੁਲਹਾ ਦੇ ਹੱਥ ਬੰਨ੍ਹੀਦਾ ਹੈ। ੫. ਇੱਕ ਕਵੀ, ਜਿਸ ਦੀ ਰਚਨਾ ਹ੍ਰਿਦਯਰਾਮ ਰਚਿਤ ਹਨੂਨਾਟਕ ਵਿੱਚ ਆਈ ਹੈ, ਯਥਾ-

ਤਬ ਜਾਨਕਿ ਕੋ ਹਰਿ ਕਾਨਨ ਟੇਰਿ

ਗਏ ਸਰ ਤੀਰ ਤ੍ਰਿਖਾ ਜਲ ਕੀ,

ਕਹਿ ਕੰਕਨ ਨੈਕੁ ਭਏ ਦ੍ਰਿਗ ਸ਼ੀਤਲ

ਸੰਪਤਿ ਦੇਖਿ ਰਤੋਪਲ ਕੀ,

ਅਲਿ ਕੋਸ਼ ਗਏ ਅਥਏ ਦਿਨਨਾਥ

ਨਈ ਛਵਿ ਤੌ ਨਲਿਨੀਦਲ ਕੀ,

ਮਨੁ ਮਿਤ੍ਰ ਵਿਯੋਗ ਪਰੇ ਮੁਰਝਾਇ

ਡਲੀ ਮੁਖਿ ਮੇਲਿ ਹਲਾਹਲ ਕੀ.

ਕੰਕਪਤ੍ਰੀ: ਤੀਰ, ਜਿਸ ਨੂੰ ਕੰਕ ਪੰਛੀ ਦੇ ਪਤ੍ਰ (ਪੰਖ) ਲਗੇ ਹੋਏ ਹਨ. "ਛੁਟੇ ਕੰਕਪਤ੍ਰੀ." (ਸਲੋਹ)

ਕੰਕਰ: ਦੇਖੋ, ਕਿੰਕਰ. "ਜਮਕੰਕਰ ਵਸ ਪਰਿਆ." (ਸ੍ਰੀ ਅਃ ਮਃ ੫) ੨. ਰੋੜ। ੩. ਪਥਰ ਦਾ ਛੋਟਾ ਟੁਕੜਾ। ੪. ਸੰ. कङ्कर ਵਿ- ਨਿੰਦਿਤ ਖ਼ਰਾਬ। ੫. ਸੰਗਯਾ- ਅਧਰਿੜਕ. ਮਠਾ। ੬. ਦਸ ਕ੍ਰੋੜ ਦੀ ਗਿਣਤੀ.

ਕੰਕਰੀ: ਸੰਗਯਾ- ਰੋੜੀ। ੨. ਬਜਰੀ.

ਕੰਕੜ: ਦੇਖੋ, ਕੰਕਰ.

ਕੰਕੜੀਆ: ਵਿ- ਕੰਕਾਲ (ਭੈਰਵ) ਰੂਪਾ. ਭੈਰਵ ਦਾ ਵੇਸ਼ ਜਿਸ ਨੇ ਧਾਰਣ ਕੀਤਾ ਹੈ। ੨. ਕੰਕਰ (ਨਿੰਦਿਤ) ਲਿਬਾਸ ਵਾਲੀ.

ਕੰਕਰੀਆ. ਜਿਸਨੇ ਮੁੰਡਮਾਲਾ ਅਤੇ ਲਹੂਟਪਕਦੀ ਖੱਲ ਪਹਿਨੀ ਹੋਈ ਹੈ. "ਕੰਕੜੀਆ- ਰੂਪਾ ਰਕਤਾਲੀ." (ਪਾਰਸਾਵ)

ਕੰਕਾਲ: ਸੰ. कङ्काल ਸੰਗਯਾ- ਭੈਰਵ. ਭੈਰੋਂ। ੨. ਮਾਸ ਰਹਿਤ ਸ਼ਰੀਰ ਦਾ ਪਿੰਜਰ. ਹੱਡੀਆਂ ਦਾ ਪਿੰਜਰ skeleton.

ਕੰਕਾਲੀ: ਭੈਰਵੀ. ਦੇਖੋ, ਕੰਕਾਲ। ੨. ਹੱਡਾਂ ਦਾ ਪਿੰਜਰ ਧਾਰਨ ਵਾਲੀ, ਕਾਲੀ। ੩. ਬੰਗਾਲ ਦੇ ਬੀਰਭੂਮ ਜ਼ਿਲੇ ਵਿੱਚ ਦੇਵੀ ਦਾ ਇੱਕ ਮੰਦਿਰ, ਜੋ ੫੨ ਪੀਠਾਂ ਵਿੱਚ ਹੈ.

ਕੰਕਜਾਨ: ਕੰਕ (ਛੜ੍ਰੀ) ਦਾ ਯਾਨ (ਸਵਾਰੀ). ਘੋੜਾ. ਤੁਰੰਗ। ੨. ਪੰਛੀ ਦੀ ਤਰਾਂ ਹੈ ਜਿਸ ਦੀ ਚਾਲ.

ਕੰਗ: ਡਿੰਗ. ਸੰਗਯਾ- ਕਵਚ. ਸੰਜੋਆ. "ਦੁਰਗਾ ਅਤੇ ਦਾਨਵੀ ਸੂਲ ਹੋਈਆਂ ਕੰਗਾਂ" (ਚੰਡੀ ੩) "ਅਟੁੱਕ ਟੁੱਕੇ ਅਕੰਗ ਕੰਗੇ." (ਰਾਮਾਵ) ਕੰਗ ਵਾਲਿਆਂ ਨੂੰ ਅਕੰਗ ਕਰ ਦਿੱਤਾ (ਕਵਚ ਤੋੜ ਸੁੱਟੇ). ੨. ਇੱਕ ਜੱਟ ਗੋਤ੍ਰ। ੩. ਸੰ. कङ्ग ਫੇਫੜਾ. ਫੁੱਫੁਸ.

ਕੰਗਣ: ਦੇਖੋ, ਕੰਕਣ.

ਕੰਗਣਪੁਰ: ਲਹੌਰ ਦੇ ਜ਼ਿਲੇ ਤਸੀਲ ਚੂਣੀਆ ਦਾ ਪਿੰਡ, ਜੋ ਖਾਸ ਰੇਲਵੇ ਸਟੇਸ਼ਨ ਹੈ. ਜਗਤਗੁਰੂ ਨਾਨਕ ਦੇਵ ਦੀ ਇਸ ਪਿੰਡ ਦੇ ਲੋਕਾਂ ਨੇ ਨਿਰਾਦਰੀ ਕੀਤੀ ਅਤੇ ਵਸਣ ਨੂੰ ਥਾਂ ਨਹੀਂ ਦਿੱਤਾ. ਗੁਰੂ ਸਾਹਿਬ ਨੇ "ਵਸਦੇ ਰਹੋ" ਕਹਿਕੇ ਇੱਥੋਂ ਕੂਚ ਕੀਤਾ. ਜਿਸ ਵਣ ਬਿਰਛ ਹੇਠ ਗੁਰੂ ਸਾਹਿਬ ਵਿਰਾਜੇ ਹਨ ਉਹ "ਮਾਲ ਸਾਹਿਬ" ਕਰਕੇ ਪ੍ਰਸਿੱਧ ਹੈ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ਪੁਜਾਰੀ ਨਾਮਧਾਰੀ ਸਿੰਘ ਹੈ. ੧. ਚੇਤ੍ਰ ਨੂੰ ਮੇਲਾ ਹੁੰਦਾ ਹੈ. ਦੇਖੋ, ਮਾਣਕ ਦੇਕੇ.

ਕੰਗਣਾ: ਦੇਖੋ, ਕੰਕਨ ੪.

ਕੰਗਣੀ: ਸੰਗਯਾ- ਛੋਟਾ ਕੰਕਨ। ੨. ਸੰ. कङ्गुणी ਕੰਗੁਣੀ. ਇੱਕ ਪ੍ਰਕਾਰ ਦਾ ਅੰਨ, ਜੋ ਸਾਉਣੀ ਦੀ ਫਸਲ ਵਿੱਚ ਹੁੰਦਾ ਹੈ. ਮਾਲਕੰਗੁਣੀ.

ਕੰਗਨ: ਦੇਖੋ, ਕੰਕਣ.

ਕੰਗਨਾ: ਦੇਖੋ, ਕੰਕਨ ੪.। ੨. ਦੇਖੋ, ਕੰਕਨ ੧. "ਕਰ ਕਰਿ ਕਰਤਾ ਕੰਗਨਾ ਪਹਿਰੈ." (ਆਸਾ ਮਃ ੧)

ਕੰਗਮਾਈ: ਇਹ ਇੱਕ ਛੋਟਾ ਜਿਹਾ ਪਿੰਡ, ਜਿਲਾ, ਤਸੀਲ ਹੁਸ਼ਿਆਰਪੁਰ, ਥਾਣਾ ਹਰਿਆਣਾ ਵਿੱਚ ਹੈ. ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ਵਾਯਵੀ ਕੋਣ ੧੧. ਮੀਲ ਹੈ. ਹਰਿਆਣੇ ਤੀਕ ਪੱਕੀ ਸੜਕ ਹੈ, ਅੱਗੇ ਦੋ ਮੀਲ ਕੱਚਾ ਰਸਤਾ ਹੈ. ਇਸ ਪਿੰਡ ਵਿੱਚ ਭਾਈ ਮੰਞ ਜੀ ਦਾ ਅਸਥਾਨ ਹੈ, ਜਿਸ ਥਾਂ ਗੁਰੂ ਅਰਜਨ ਦੇਵ ਨੇ ਭੀ ਚਰਣ ਪਾਏ ਹਨ.

ਭਾਈ ਮੰਞ ਜੀ ਇਸ ਇਲਾਕੇ ਦੇ ਮੰਞ ਰਾਜਪੂਤ ਖ਼ਾਨਦਾਨ ਵਿੱਚੋਂ ਸਨ ਅਤੇ ਸਖੀਸਰਵਰ ਦੇ ਪ੍ਰਸਿੱਧ ਉਪਾਸਕ ਸਨ. ਇਨ੍ਹਾਂ ਦਾ ਨਾਉਂ "ਤੀਰਥਾ" ਸੀ.

ਸੰਮਤ ੧੬੪੨ ਨੂੰ ਗੁਰੂ ਅਰਜਨ ਦੇਵ ਤੋਂ ਭਾਈ ਤੀਰਥੇ (ਮੰਞ) ਨੇ ਸਿੱਖਧਰਮ ਗ੍ਰਹਿਣ ਕੀਤਾ ਅਤੇ ਸਿੱਖੀ ਸਿਦਕ ਦਾ ਅਜੇਹਾ ਨਮੂਨਾ ਦੱਸਿਆ, ਜਿਸ ਦਾ ਹਾਲ ਸੁਣਕੇ ਰੋਮਾਂਚ ਹੁੰਦਾ ਹੈ.

ਆਪ ਇੱਕ ਵੇਰ ਅੰਧੇਰੀ (ਹਨੇਰੀ) ਦੇ ਕਾਰਣ ਲੰਗਰ ਦੀਆਂ ਲੱਕੜਾਂ ਸਮੇਤ ਸੁਲਤਾਨਵਿੰਡ ਦੇ ਖੂਹ ਵਿੱਚ ਡਿਗ ਪਏ, ਜਿਸ ਪੁਰ ਪ੍ਰੇਮਡੋਰ ਦੇ ਖਿੱਚੇ ਗੁਰੂ ਅਰਜਨ ਦੇਵ ਜੀ ਉਸ ਥਾਂ ਪਹੁੰਚੇ ਅਤੇ ਭਾਈ ਸਾਹਿਬ ਨੂੰ ਖੂਹ ਤੋਂ ਕੱਢਕੇ ਛਾਤੀ ਨਾਲ ਲਾਇਆ ਅਤੇ ਵਚਨ ਕੀਤਾ-

"ਮੰਞ ਪਿਆਰਾ ਗੁਰੂ ਨੂੰ, ਗੁਰੂ ਮੰਞ ਪਿਆਰਾ,

ਮੰਞ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ."[407]

---

[407] ਇਹ ਵਾਕ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ, ਇਤਿਹਾਸਾਂ ਦਾ ਲੇਖ ਹੈ.

ਸਤਿਗੁਰੂ ਨੇ ਪੂਰੀ ਪਰੀਖ੍ਯਾ ਕਰਨ ਪਿੱਛੋਂ ਭਾਈ ਮੰਞ ਜੀ ਨੂੰ ਦੁਆਬੇ ਦਾ ਪ੍ਰਚਾਰਕ ਥਾਪਿਆ. ਇਸ ਮਹਾਤਮਾ ਨੇ ਦੇਗ ਦੇ ਸਾਥ ਹੀ ਨਾਮ ਦਾ ਸਦਾਵ੍ਰਤ ਲਾਕੇ ਦੇਸ਼ ਕ੍ਰਿਤਾਰਥ ਕੀਤਾ.

ਸੰਮਤ ੧੬੫੧ ਵਿੱਚ ਸਤਿਗੁਰੂ ਨੇ ਕੰਗਮਾਈ ਨੂੰ ਚਰਣ ਪਾਕੇ ਪਵਿਤ੍ਰ ਕੀਤਾ, ਜਿਸ ਤੋਂ ਭਾਈ ਮੰਞ ਨੇ ਆਪਣੀ ਸੇਵਾ ਸਫਲ ਜਾਣੀ. ਭਾਈ ਮੰਞ ਜੀ ਦੀ ਸਮਾਧਿ ਇਸ ਥਾਂ ਹੈ ਅਤੇ ਇੱਥੇ ਹੀ ਗੁਰੂ ਅਰਜਨ ਦੇਵ ਦਾ ਗੁਰਦ੍ਵਾਰਾ ਹੈ.

ਪਹਿਲਾਂ ਪਿੰਡ ਮਾਛੀਆਂ, ਗੂੰਥਪੁਰ, ਤੇ ਕੰਗ ਦੀ ਸਾਰੀ ਜ਼ਮੀਨ ਇਸ ਗੁਰਦ੍ਵਾਰੇ ਦੇ ਨਾਉਂ ਸੀ, ਪਰ ਹੁਣ ਕੋਈ ਜ਼ਮੀਨ ਜਾਗੀਰ ਨਹੀਂ ਹੈ, ਕੇਵਲ ਸਾਧਸੰਗਤਿ ਦੇ ਚੜ੍ਹਾਵੇ ਨਾਲ ਲੰਗਰ ਚਲਦਾ ਹੈ. ਇਸ ਇਲਾਕੇ ਦੇ ਲੋਕ ਬਹੁਤ ਪ੍ਰੇਮ ਨਾਲ ਦਰਸ਼ਨ ਕਰਨ ਆਉਂਦੇ ਹਨ.

ਵਡਾ ਮੇਲਾ ਪਹਿਲੀ ਮਾਘ ਨੂੰ ਲਗਦਾ ਹੈ, ਸਾਧਾਰਣ ਜੋੜਮੇਲ ਹਰ ਸੰਗਰਾਂਦ ਹੁੰਦੇ ਹਨ.

ਕੰਗਰੋੜ: ਪਿੱਠ ਦੀ ਹੱਡੀ. ਰੀੜ੍ਹ. Spine.

ਕੰਗਾਲ: ਦੇਖੋ, ਕੰਕਾਲ ੨. ਭੁੱਖ ਦੇ ਮਾਰੇ ਜਿਸ ਦਾ ਮਾਸ ਸੁੱਕ ਗਿਆ ਹੈ, ਕੇਵਲ ਹੱਡੀਆਂ ਦਾ ਪਿੰਜਰ ਬਾਕੀ ਹੈ. ਭੁੱਖ ਨੰਗ ਦਾ ਮਾਰਿਆ ਹੋਇਆ। ੨. ਕੰ (ਸੁਖ) ਨੂੰ ਗਾਲ ਦੇਣ ਵਾਲਾ.

ਕੰਗੁਣੀ: ਦੇਖੋ, ਕੰਗਣੀ.

ਕੰਗੂਰਾ: ਫ਼ਾ. کنگره, کُنگره ਕੁੰਗਰਾ. ਸੰਗ੍ਯਾ- ਚੋਟੀ. ਸ਼ਿਖਰ। ੨. ਮਕਾਨ ਦੇ ਸਿਰ ਉੱਪਰ ਤਾਜ ਦੀ ਸ਼ਕਲ ਦਾ ਨਿਸ਼ਾਨ.

ਕੰਘਾ: ਸੰ. कङ्कत ਕੰਕਤ. ਕੇਸ ਸਾਫ ਕਰਨ ਦਾ ਸਾਧਨ- ਰੂਪ ਯੰਤ੍ਰ.

ਕੰਘਾ ਕਰਨਾ: ਕ੍ਰਿ- ਕੰਘਾ ਫੇਰਕੇ ਕੇਸ ਸਾਫ ਕਰਨ ਦੀ ਕ੍ਰਿਯਾ। ੨. ਸਰਵਨਾਸ਼ ਕਰਨਾ. ਕੰਘੇ ਦੀ ਤਰਾਂ ਧਨ ਮਾਲ ਸੰਬਰ ਲੈਣਾ। ੩. ਸਿਰ ਭੰਨਣਾ.

ਕੰਘੀ: ਸੰ. कङ्कतिका ਕੰਕਤਿਕਾ. ਛੋਟਾ ਕੰਘਾ। ੨. ਦੋਹਾਂ ਹੱਥਾਂ ਦੀਆਂ ਅੰਗੁਲੀਆਂ ਘੁੱਟਕੇ ਮਿਲਾਈਆਂ ਹੋਈਆਂ। ੩. ਜੁਲਾਹੇ ਦੇ ਰੱਛ ਦੀ ਕੰਘੀ.

ਕੰਘੀ ਮਾਰਣੀ, ਕੰਘੀ ਮਾਰਨੀ: ਕ੍ਰਿ- ਦੋਹਾਂ ਹੱਥਾਂ ਦੀਆਂ ਅੰਗੁਲਾਂ ਘੁੱਟਕੇ ਮਿਲਾਉਣੀਆਂ। ੨. ਦੋਵੇਂ ਗੋਡੇ ਜੋੜਕੇ ਉਨ੍ਹਾਂ ਉੱਪਰ ਹੱਥਾਂ ਦੀਆਂ ਅੰਗੁਲਾਂ ਮਿਲਾਉਣੀਆਂ। ੩. ਕਿਸੇ ਚੀਜ਼ ਨੂੰ ਅਜਿਹਾ ਕਾਬੂ ਕਰਨਾ ਕਿ ਛੱਡਣ ਵਿੱਚ ਨਾ ਆਉਣਾ। ੪. ਵਿਚਾਰਸ਼ਕਤਿ ਨਾਲ ਗੁਣ ਅਵਗੁਣ ਨੂੰ ਵੱਖ ਕਰਨਾ.

ਕੰਙਣ: ਦੇਖੋ, ਕੰਕਣ. "ਹਾਰ ਕੰਙਣ ਧ੍ਰਿਗੁ ਬਨਾ." (ਰਾਮ ਮਃ ੫. ਰੁਤੀ)

ਕੰਚ: ਸੰ. ਕਾਚ. ਕੱਚ। ੨. ਕੰਚਨ (ਕਾਂਚਨ) ਦਾ ਸੰਖੇਪ. ਸੋਨਾ.

ਕੰਚਨ: ਸੰ. काञ्चन ਕਾਂਚਨ. ਸੰਗ੍ਯਾ- ਸੁਵਰਣ. ਸੋਨਾ. "ਕੰਚਨ ਸਿਉ ਪਾਈਐ ਨਹੀ ਤੋਲ." (ਗਉ ਕਬੀਰ) ੨. ਧਤੂਰਾ। ੩. ਕਚਨਾਰ। ੪. ਸੁਵਰਣਮੁਦ੍ਰਾ. ਅਸ਼ਰਫੀ. "ਤਿਉ ਕੰਚਨ ਅਰੁ ਪੈਸਾ." (ਗਉ ਮਃ ੯) ੫. ਚਮਕ. ਦੀਪ੍ਤਿ। ੬. ਸੁਵਰਣੰ ਨੂੰ ਇਸ਼੍ਟ ਮੰਨਣ ਵਾਲੀ ਇੱਕ ਜਾਤਿ, ਜੋ ਵਿਭਚਾਰ ਦੀ ਠੇਕੇਦਾਰ ਹੈ। ੭. ਵਿ- ਸੁਵਰਣ ਦਾ. ਦੇਖੋ, ਕਬਰੋ.

ਕੰਚਨ ਹਿਰਨ: ਕਾਂਚਨ (ਚਮਕੀਲਾ) ਹਿਰਣ੍ਯ (ਸੁਵਰਣ). ਸ਼ੁੱਧ ਸੁਵਰਣ (ਸੋਨਾ). ਕੁੰਦਨ. ਸੌ ਵੰਨੀ ਦਾ ਸੁਇਨਾ. "ਲੋਹਾ ਕੰਚਨ ਹਿਰਨ ਹੋਇ ਕੈਸੇ?" (ਰਾਮ ਰਵਿਦਾਸ)

ਕੰਚਨ ਕਾਇਆ: ਸੁਵਰਣ ਜੇਹੀ ਚਮਕੀਲੀ ਦੇਹ. ਬ੍ਰਹਮਚਰਯ ਕਰਕੇ ਸਾਧਿਆ ਹੋਇਆ ਸ਼ਰੀਰ. "ਕੰਚਨ ਕਾਇਆ ਗੁਰਮੁਖਿ ਬੂਝੈ." (ਮਾਰੂ ਸੋਲਹੇ ਮਃ ੩) ੨. ਭਾਵ- ਅਮੋਲਕ ਦੇਹ। ੩. ਅਰੋਗ ਦੇਹ.

ਕੰਚਨਕੋਟ: ਸੰਗਜਾ- ਸੁਇਨੇ ਦਾ ਕੂਟ (ਪਹਾੜ) ਸੁਮੇਰੁ. "ਕੰਚਨਕੋਟ ਗਿਰਜੋ ਕਹੁ ਕਾਹਿ ਨ?" (ਦੱਤਾਵ)

ਕੰਚਨਦੇਹੀ: ਦੇਖੋ, ਕੰਚਨ ਕਾਇਆ. "ਜਿਹ ਪ੍ਰਸਾਦਿ ਅਰੋਗ ਕੰਚਨਦੇਹੀ." (ਸੁਖਮਨੀ)

ਕੰਚਨਪੁਸਪ, ਕੰਚਨਫੂਲ: ਸੋਨੇ ਦਾ ਫੁੱਲ. ਬਜ਼ੁਰਗ ਅਤੇ ਪਤਵੰਤੇ ਦੇ ਵਿਮਾਨ ਤੇ ਵਰਸਾਉਣ ਲਈ ਸੋਨੇ ਦੇ ਫੁੱਲ ਬਣਾਏ ਜਾਂਦੇ ਹਨ. "ਧਨ ਗਨ ਕੰਚਨ ਫੂਲ ਬਨਾਏ." (ਗੁਪ੍ਰਸੂ) ੨. ਸੋਨੇਰੰਗੇ ਫੁੱਲਾਂ ਵਾਲਾ ਚੰਪਕ. ਚੰਬਾ.

ਕੰਚਨਬੇਲਿ: ਸੰ. ਕਾਂਚਨਪੁਸ਼੍ਪੀ. ਸੰਗਜਾ- ਸੁਵਰਣ ਜੇਹੇ ਫੁੱਲਾਂ ਵਾਲੀ ਇੱਕ ਸੁੰਦਰ ਵੇਲਿ. "ਕੰਚਨਬੇਲਿ ਗਿਰੀ ਇਕਬਾਰਾ." (ਗੁਪ੍ਰਸੂ) ਬਸੰਤੀ ਚਮੇਲੀ। ੨. ਸੁਇਨੇ ਜੇਹੀ ਦੇਹ.

ਕੰਚਨਵਪੁ: ਦੇਖੋ, ਕੰਚਨਕਾਇਆ। ੨. ਹਿਰਨਜਕਸ਼ਿਪੁ. ਹਰਨਾਖਸ ਦਾ ਭਾਈ, ਜਿਸ ਦਾ ਵਪੁ (ਸ਼ਰੀਰ) ਕੰਚਨ (ਸੋਨੇ) ਜੇਹਾ ਹੈ. ਇਹ ਹਿਰਨਜਕਸ਼ਿਪੁ ਸ਼ਬਦ ਦਾ ਅਨੁਵਾਦ ਹੈ. "ਕੰਚਨਵਪੁ ਭਾ ਹਰਖ ਅਪਾਰਾ." (ਨਾਪ੍ਰ)

ਕੰਚਨਵੰਨਾ: ਵਿ- ਕਾਂਚਨ (ਸੁਵਰਣ) ਜੇਹਾ ਹੈ ਜਿਸ ਦਾ ਵਰਨ. ਸੁਇਨੇ ਜੇਹੇ ਚਮਕੀਲੇ ਰੰਗ ਵਾਲਾ. "ਕੰਚਨਵੰਨੇ ਪਾਸੇ ਕਲਵਤ ਚੀਰਿਆ." (ਆਸਾ ਫਰੀਦ)

ਕੰਚਨੀ: ਸੰਗਜਾ- ਕੰਚਨ ਜਾਤਿ ਦੀ ਇਸਤ੍ਰੀ. ਸੁਵਰਣ ਦੀ ਉਪਾਸਿਕਾ ਇਸਤ੍ਰੀ. ਵੇਸ਼ਯਾ. ਕੰਜਰੀ.

ਕੰਚਨੁ: ਦੇਖੋ, ਕੰਚਨ. "ਕੰਚਨੁ ਤਨੁ ਹੋਇ ਪਰਸਿ ਪਾਰਸ ਕਉ." (ਸਵੈਯੇ ਮਃ ੪. ਕੇ)

ਕੰਚੁਕੀ: ਸੰ. कञ्चुकी ਸੰਗਜ- ਚੋਲੀ. ਅੰਗੀਆ। ੨. ਸੰ. कञ्चुकिन ਰਨਵਾਸ ਦੀ ਦਾਸੀਆਂ ਦਾ ਸਰਦਾਰ. ਜ਼ਨਾਨੀ ਡਿਹੁਡੀ ਦਾ ਦਾਰੋਗ਼ਾ. ਖ਼੍ਵਾਜਹਸਰਾ.

ਕੰਚੂਆ: ਸੰ. कञ्चुक ਕੰਚੁਕ ਸੰਗਜਾ- ਘੁੰਘਚੀ. ਲਾਲੜੀ. ਰੱਤਕ. "ਲਾਗੇ ਕੰਚੂਆ ਫਲ ਮੋਤੀ." (ਗਉ ਕਬੀਰ) ਭਾਵ- ਅਵਗੁਣ ਅਤੇ ਸ਼ੁਭਗੁਣ। ੨. ਕਰੰਜੂਆ. ਮੀਚਕਾ. ਕੰਡੇਦਾਰ ਇੱਕ ਪੌਦਾ, ਜੋ ਬਹੁਤ ਕੌੜਾ ਹੁੰਦਾ ਹੈ. ਇਸ ਦੇ ਪੱਤੇ ਰਗੜਕੇ ਤਾਪ ਦੂਰ ਕਰਨ ਲਈ ਪਿਆਏ ਜਾਂਦੇ ਹਨ. ਦੇਖੋ, ਕਰੰਜੂਆ.

ਕੰਜ: ਸੰਗਜਾ- ਕੰ (ਜਲ) ਤੋਂ ਪੈਦਾ ਹੋਣ ਵਾਲਾ, ਕਮਲ। ੨. ਅਮ੍ਰਿਤ। ੩. ਕੇਸ਼, ਜੋ ਕੰ (ਸਿਰ) ਵਿੱਚੋਂ ਪੈਦਾ ਹੁੰਦੇ ਹਨ.

ਕੰਜ ਅਵਲਿ: ਦੇਖੋ, ਪੰਕਜਬਾਟਿਕਾ ਦਾ ਰੂਪ ੨.

ਕੰਜਜਾਸੁ: ਕੰਜ (ਕਮਲ) ਤੋਂ ਜਾ (ਪੈਦਾ) ਹੋਇਆ ਬ੍ਰਹਮਾ, ਉਸ ਦਾ ਸੁਨੁ (ਪੁਤ੍ਰ) ਨਾਰਦ. "ਮੁਨੰ ਕੰਜਜਾਸੂ ਤ੍ਰਿਯਾ ਸੰਗ ਲੀਨੇ." (ਗੁਵਿ ੧੦) ਨਾਰਦ ਯੋਗਿਨੀਆਂ ਨੂੰ ਨਾਲ ਲੈ ਕੇ.

ਕੰਜਰ: ਦੇਖੋ, ਕੰਚਨ ੬। ੨. ਝਾੜੂ ਸਿਰਕੀ ਬਣਾਕੇ ਗੁਜਾਰਾ ਕਰਨ ਵਾਲੀ ਇੱਕ ਜਾਤਿ। ੩. ਸੰ. कञ्जर ਕੰ (ਜਲ) ਨੂੰ ਖਿੱਚਣ ਵਾਲਾ, ਸੂਰਜ। ੪. ਹਾਥੀ। ੫. ਪੇਟ. ਉਦਰ। ੬. ਮੋਰ। ੭. ਅਗਸਤ ਮੁਨਿ.

ਕੰਜਲਕ, ਕੰਜਲਕੀ: ਕਮਲ. ਕਿੰਜਲਕ ਨਾਉਂ ਹੈ ਫੁੱਲ ਦੀ ਬਾਰੀਕ ਤਰੀਆਂ ਦਾ, ਜੋ ਡੋਡੀ ਉੱਪਰ ਹੁੰਦੀਆਂ ਹਨ, ਉਨ੍ਹਾਂ ਦੇ ਧਾਰਨ ਵਾਲਾ ਕਿੰਜਲਕੀ. "ਕੰਜਲਕ ਨੈਨ ਕੰਬੁਗ੍ਰੀਵ." (ਗਜਾਨ)

ਕੰਜੂਸ: ਸੰਗਜਾ- ਕਣਚੂਸ. ਕ੍ਰਿਪਣ. ਸੂਮ. ਬਖ਼ੀਲ.

ਕੰਞਕਾ: ਕਨਜਕਾ. ਕਨਜਾ. "ਬ੍ਰਹਮਣ ਕੈਲੀਘਾਤ ਕੰਞਕਾ ਅਣਚਾਰੀ ਕਾ ਧਾਨ." (ਸਵਾ ਮਃ ੩)

ਕੰਟ, ਕੰਟਕ: ਸੰਗਜਾ- ਕੰਡਾ. ਕਾਂਟਾ. "ਸ੍ਰੀ ਗੁਰੁ ਪਗ ਕੇਤਕਿ ਪੁਸਪ ਪ੍ਰੇਮ ਕੰਟ ਜਿਹ ਸੰਗ। ਮਨ ਮਲਿੰਦ ਕੋ ਵੇਧ ਕਰ ਕਹੋਂ. ਕਥਾ ਸਉਮੰਗ." (ਨਾਪ੍ਰ) ਦੇਖੋ, ਅਘਕੰਟ ਅਤੇ ਮਕਰਕੰਟ। ੨. ਵਿ- ਦੁਖਦਾਈ, ਕੰਡੇ ਦੀ ਤਰਾਂ ਚੁਭਣ ਵਾਲਾ. "ਨਾਕੋ ਕੰਟਕ ਵੈਰਾਈ". (ਵਾਰ ਵਡ ਮਃ ੩) ੩. ਵੈਰੀ. ਦੁਸ਼ਮਨ.

**ਕੰਟਕ ਅਲਾਪੀ:** ਵਿ- ਕੌੜਾ ਬੋਲਣ ਵਾਲਾ. ਚੁਭਵੀਂ ਗੱਲ ਕਹਿਣ ਵਾਲਾ.

**ਕੰਟਕਾ:** ਦੇਖੋ, ਕੰਟਿਕਾ.

**ਕੰਟਾਰੀ:** ਸੰਗ੍ਯਾ- ਕੰਡਿਆਰੀ. ਬਾਰੀਕ ਕੰਡਿਆਂ ਵਾਲੀ ਇੱਕ ਬੂਟੀ. "ਜੇ ਨਹਿ ਬੋਵੈ ਬੀਜ ਅਗਾਰੀ। ਕਯੋਂ ਕੰਟਕ ਦੁਖ ਦੇਇ ਕੰਟਾਰੀ?" (ਨਾਪ੍ਰ)

**ਕੰਟਿਕਾ:** ਦੇਖੋ, ਕੰਟਾਰੀ. ਕੰਡਿਆਂ ਵਾਲੀ ਝਾੜੀ. "ਕਮਲ ਵਾਟਿਕਾ ਹੁਤੇ ਲਗਾਵਤ, ਉਦੈ ਕੰਟਿਕਾ ਥਿਰੀ ਸਡਾਲ." (ਗੁਪ੍ਰਸੂ) ੨. ਕਾਂਟੇਦਾਰ ਲਗਾਮ. ਕੜਿਆਲਾ. "ਕਰੈ ਸੁ ਵਸਿ ਮੁਖ ਮਾਹਿ ਕੰਟਿਕਾ ਦੇਇਕੈ." (ਨਾਪ੍ਰ)

**ਕੰਟੀਲਾ:** ਵਿ- ਕੰਡੀਲਾ. ਕੰਡੇਦਾਰ.

**ਕੰਠ:** ਸੰ. कण्ठ ਸੰਗ੍ਯਾ- ਗਲਾ. ਗਲ। ੨. ਗ੍ਰੀਵਾ. ਗਰਦਨ. "ਕੰਠ ਰਮਣੀਯ ਰਾਮ ਰਾਮ ਮਾਲਾ." (ਸਹਸ ਮਃ ੫) ੩. ਕਿਨਾਰਾ. ਤਟ. ਕੰਢਾ. "ਕੰਠੇ ਬੈਠੀ ਗੁਰਸਬਦਿ ਪਛਾਨੈ." (ਮਲਾ ਅਃ ਮਃ ੧) ੪. ਕੰਠਧੁਨਿ. "ਕੋਕਿਲ ਸੋ ਕੰਠ." (ਕ੍ਰਿਸਨਾਵ) ੫. ਵਿ- ਹ਼ਿਫ਼ਜ. ਕੰਠਾਗ੍ਰ. "ਗੁਰੁਬਾਨੀ ਕੋ ਕੰਠ ਕਰੀਜੈ." (ਗੁਪ੍ਰਸੂ)

**ਕੰਠਅਭੂਖਣ:** ਦੇਖੋ, ਕੰਠਾਭੂਸ਼ਣ.

**ਕੰਠਸਿਰੀ, ਕੰਠਸ਼੍ਰੀ:** ਸੰਗ੍ਯਾ- ਗਲ ਪਹਿਰਨ ਦਾ ਜੜਾਊ ਗਹਿਣਾ. ਜੁਗਨੀ। ੨. ਰਤਨਾਂ ਦੀ ਮਾਲਾ.

**ਕੰਠਗ੍ਰਹਿਤਾ:** ਗਲਾ ਘੁੱਟਣ ਵਾਲੀ, ਫਾਸੀ. ਪਾਸ਼. (ਸਨਾਮਾ)

**ਕੰਠਰਮਣਿ:** ਗਰਦਨ ਵਿੱਚ ਜੋ ਰਮਣੀਯ (ਸੁੰਦਰ) ਹੋਵੇ, ਮਾਲਾ. ਕੰਠ ਵਿੱਚ ਕ੍ਰੀੜਾ ਕਰਨ ਵਾਲੀ.

**ਕੰਠਰਿਪੁ:** ਫਾਂਸੀ. ਪਾਸ਼. (ਸਨਾਮਾ) ੨. ਧਤੂਰਾ.

**ਕੰਠਲਾ:** ਕੰਠਮਾਲਾ. ਕੰਠ ਪਹਿਰਨ ਦਾ ਇੱਕ ਭੂਸ਼ਣ। ੨. ਰੁਦ੍ਰਾਕ੍ਸ਼ ਦੇ ਮਣਕਿਆਂ ਦਾ ਕੰਠਾ, ਜੋ ਸ਼ੈਵ ਸਾਧੁ ਪਹਿਰਦੇ ਹਨ. "ਅਕਪਟ ਕੰਠਲਾ." (ਹਜਾਰੇ ੧੦)

**ਕੰਠਾ:** ਦੇਖੋ, ਕੰਠਲਾ। ੨. ਕਿਨਾਰਾ. ਤਟ. ਕੰਢਾ. "ਕੰਠੇ ਬੈਠੀ ਗੁਰੁਸਬਦਿ ਪਛਾਨੈ." (ਮਲਾ ਅਃ ਮਃ ੧)

**ਕੰਠਾਗ੍ਰ:** ਵਿ- ਹਿ਼ਫ਼ਜ. ਜ਼ੁਬਾਨੀ ਯਾਦ.

**ਕੰਠਾਭਰਣ, ਕੰਠਾਭਰਨ:** ਗਲ ਦਾ ਆਭਰਣ (ਗਹਿਣਾ). ਕੰਠ (ਗਲੇ) ਪਹਿਰਨ ਦਾ ਭੂਸ਼ਣ.

**ਕੰਠਾਭੂਸ਼ਣ:** ਦੇਖੋ, ਕੰਠਾਭਰਣ। ੨. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਤਿੰਨ ਭਗਣ, ਦੋ ਗੁਰੁ. *SII, SII, SII, SS.*

ਉਦਾਹਰਣ-

"ਭਤੰਕੁਮਾਰ ਨ ਔਹਠ ਕੀਜੈ,

ਜਾਹ ਘਰੈਂ ਨ ਹਮੈ ਦੁਖ ਦੀਜੈ,

ਰਾਜ ਕਹ੍ਯੋ ਜੁ ਹਮੈ ਹਮ ਮਾਨੀ,

ਤ੍ਰਯੋਦਸ਼ ਬਰ੍ਖ ਬਸੈਂ ਬਨਧਾਨੀ." (ਰਾਮਾਵ)

**ਕੰਠਿ:** ਕੰਠ ਵਿੱਚ. "ਨਾਮਨਿਧਾਨੁ ਕੰਠਿ ਉਰਿ ਧਾਰਿਆ." (ਵਾਰ ਬਿਲਾ ਮਃ ੪) ੨. ਕੰਠ (ਗਲ) ਸਾਥ. ਛਾਤੀ ਨਾਲ. "ਹਰਿ ਰਾਖੈ ਕੰਠਿ ਜਨ ਧਾਰੇ." (ਰਾਮ ਮਃ ੪) ਕਰਤਾਰ ਆਪਣੇ ਦਾਸ ਨੂੰ ਗਲ ਲਾਕੇ ਰੱਖਦਾ ਹੈ। ੩. ਕੰਢੇ. ਕਿਨਾਰੇ.

ਕੰਠਿਫੂਲ: ਸੰਗਜਾ- ਹਾਰ। ੨. ਸੁਵਰਣ ਦਾ ਜੜਾਊ ਗਹਿਣਾ, ਜੋ ਗਲ ਪਹਿਰੀਦਾ ਹੈ, ਜਿਸ ਦੀ ਫੁੱਲ ਆਕਾਰ ਦੀ ਜੁਗਨੀ ਛਾਤੀ ਪੁਰ ਲਟਕਦੀ ਹੈ. "ਸਗਲ ਆਭਰਣ ਸੋਭਾ ਕੰਠਿਫੂਲ." (ਆਸਾ ਮਃ ੫)

ਕੰਠੀ: ਕੰਠ (ਗਰਦਨ) ਵਿੱਚ ਪਹਿਨੀ ਹੋਈ ਧਾਤੁ ਅਥਵਾ ਕਾਠ ਦੇ ਮਣਕਿਆਂ ਦੀ ਮਾਲਾ. "ਕੰਠੀ ਕੰਠ ਕਾਠ ਕੀ ਡਾਰੀ." (ਵਿਚਿਤ੍ਰ)

ਕੰਠੀਰਵ: ਸੰ. ਸੰਗਜਾ- ਸ਼ੇਰ. ਸਿੰਹ, ਜਿਸ ਦੇ ਕੰਠ ਤੋਂ ਵਡਾ ਰਵ (ਸ਼ਬਦ ) ਹੋਵੇ.

ਕੰਡ: ਸੰਗਜਾ- ਪਿੱਠ. ਪ੍ਰਿਸ਼੍ਠ. "ਗੁਰਿ ਥਾਪੀ ਦਿਤੀ ਕੰਡ ਜੀਉ." (ਸ੍ਰੀ ਮਃ ੫. ਪੈਪਾਇ) ੨. ਛੋਲੇ ਆਦਿਕ ਬੂਟਿਆਂ ਪੁਰ ਅਤੀ ਸੂਖਮ ਖਾਰੀ ਰਾਜ, ਜੋ ਸ਼ਰੀਰ ਨੂੰ ਛੁਹਕੇ ਚੁਭਦੀ ਹੈ.

ਕੰਡਝਾੜਨੀ: ਕ੍ਰਿ- ਕੁੱਟਕੇ ਬੂਟਿਆਂ ਦੇ ਕੰਡੇ ਝਾੜ ਦੇਣੇ। ੨. ਅਭਿਮਾਨੀ ਨੂੰ ਤਾੜਨ ਕਰਕੇ ਉਸ ਦਾ ਹੌਮੈਕੰਡਾ ਕੱਢ ਦੇਣਾ.

ਕੰਡਾ: ਸੰਗਜਾ- ਕੰਟਕ. ਕਾਂਟਾ. "ਤਿਨ ਅੰਤਰਿ ਹਉਮੈ ਕੰਡਾ ਹੇ." (ਸੋਹਿਲਾ) "ਕੰਡਾ ਪਾਇ ਨ ਗਡਹੀ ਮੂਲੇ." (ਮਾਰੂ ਸੋਲਹੇ ਮਃ ੧) ੨. ਖੂਹ ਵਿੱਚੋਂ ਡਿਗੀ ਵਸਤੁ ਕੱਢਣ ਲਈ ਲੋਹੇ ਦਾ ਕਾਂਟੇਦਾਰ ਕੁੰਡਾ। ੩. ਤਰਾਜ਼ੂ ਦਾ ਕੰਟਕ, ਜੋ ਡੰਡੀ ਦੇ ਮੱਧ ਹੁੰਦਾ ਹੈ, ਅਤੇ ਭਾਰੀ ਵਸਤੁ ਵੱਲ ਝੁਕ ਜਾਂਦਾ ਹੈ. "ਆਪੇ ਕੰਡਾ ਤੋਲ ਤਰਾਜੀ." (ਸੂਹੀ ਮਃ ੧) ੪. ਛੋਟਾ ਤਰਾਜ਼ੂ. "ਜਿਉਂ ਕੰਡੈ ਤੋਲੈ ਸੁਨਿਆਰਾ." (ਵਾਰ ਸਾਰ ਮਃ ੧) ੫. ਮੱਛੀ ਫੜਨ ਦੀ ਕਾਂਟੇਦਾਰ ਹੁੱਕ.

ਕੰਡਿਆਰੀ: ਸੰ. कण्टकारी ਕੰਟਕਾਰੀ. ਸੰਗਜਾ- ਬਾਰੀਕ ਕੰਡਿਆਂ ਵਾਲੀ ਇੱਕ ਝਾੜੀ. ਛਮਕਨਮੋਲੀ. Solanum Jacquinii.

ਕੰਡੁ: ਸੰ. कराडु ਸੰਗਜਾ- ਖੁਰਕ. ਖ੍ਾਜ. ਖੁਜਲੀ.

ਕੰਢਾ: ਸੰਗਜਾ- ਕੰਠ. ਤਟ. ਕਿਨਾਰਾ.

ਕੰਢੀ: ਵਿ- ਕੰਠ (ਕਿਨਾਰੇ) ਨਾਲ ਸੰਬੰਧਿਤ। ੨. ਸੰਗਜਾ- ਕੰਠ ਪਹਿਰਨ ਦਾ ਇੱਕ ਇਸਤ੍ਰੀਆਂ ਦਾ ਭੂਸ਼ਣ। ੩. ਪਹਾੜ ਦੀ ਜੜ. ਦਾਮਨੇਕੋਹ। ੪. ਦਰਿਆ ਦੇ ਕਿਨਾਰੇ ਦੀ ਜ਼ਮੀਨ.

ਕੰਤ: ਸੰ. कान्त ਕਾਂਤ. ਸੰਗਜਾ- ਜੋ ਚਾਹੁਣ ਯੋਗਜ ਹੈ, ਸ੍ਵਾਮੀ. ਪਤਿ. "ਅਵਿਗੁਣਿਆਰੀ ਕੰਤ ਵਿਸਾਰੀ." (ਧਨਾ ਛੰਤ ਮਃ ੧) ੨. ਵਿ- ਸੁੰਦਰ. ਮਨੋਹਰ.

ਕੰਤਨਗਰ, ਕੰਤਨਗਰ ਲੱਛਮੀ: ਕਹਲਗਾਂਉ. ਜਿਲਾ ਭਾਗਲਪੁਰ ਤੋਂ, ਦਸ ਕੋਹ ਪੂਰਵ, ਇੱਕ ਪਿੰਡ. ਇਸ ਥਾਂ ਨੌਮੇ ਸਤਿਗੁਰੂ ਵਿਰਾਜੇ ਹਨ. ਗੁਰਦ੍ਵਾਰਾ ਪਟਨਾ ਸਾਹਿਬ ਦੇ ਮਹੰਤ ਦੀ ਨਿਗਰਾਨੀ ਵਿੱਚ ਹੈ.

ਕੰਤਮਹੇਲੀ: ਕਾਂਤ ਮਹਿਲਾ. ਵਿ- ਸੁੰਦਰ ਇਸਤ੍ਰੀ.

ਕੰਤੜਾ: ਦੇਖੋ, ਕੰਤ. "ਜਾ ਉਠੀ ਚਲਸੀ ਕੰਤੜਾ." (ਸ੍ਰੀ ਮਃ ੫) ਭਾਵ- ਜੀਵਾਤਮਾ.

ਕੰਤੀ: ਸੰ. कान्ता ਕਾਂਤਾ. ਸੰਗਜਾ- ਭਾਰਯਾ. ਜੋਰੂ. ਵਹੁਟੀ। ੨. ਵਿ- ਕਾਂਤਿ (ਸ਼ੋਭਾ) ਵਾਲੀ. "ਨਾਨਕ ਸਾ ਸੋਹਾਗਣਿ ਕੰਤੀ." (ਤੁਖਾ ਬਾਰਹਮਾਹਾ) ੩. ਕਾਂਤ (ਪਤੀ) ਦੀ.

ਕੰਤੂਹਲ: ਦੇਖੋ, ਕੁਤੂਹਲ. "ਕਮਲਾ ਕੰਤ ਕਰਹਿ ਕੰਤੂਹਲ. " (ਮਾਰੂ ਸੋਲਹੇ ਮਃ ੫) "ਸੰਤ ਮਰਾਲ ਕਰਹਿ ਕੰਤੂਹਲ." (ਸਵੈਯੇ ਮਃ ੪. ਕੇ)

ਕੰਥ: ਦੇਖੋ, ਕੰਤ। ੨. ਦੇਖੋ, ਕੰਥਾ। ੩. ਸੰਗਜਾ- ਕਥਾ. ਕਥਨ. "ਸੁਣਲੇਹੁ ਮਿਤ੍ਰ ਸੰਛੇਪ ਕੰਥ." (ਅਜਰਾਜ)

ਕੰਥਾ: ਸੰ. कन्था ਸੰਗਜਾ- ਗੋਦੜੀ. ਖਿੰਥਾ। ੨. ਕੱਚੀ ਕੰਧ। ੩. ਭਾਵ- ਦੇਹ.

**ਕੰਦ, ਕੰਦੁ:** ਸੰ. कन्द ਸੰਗਯਾ- ਖੇਤੀ ਦੀ ਕਦਿ (ਜੜ). ੨. ਗਾਜਰ ਗਠਾ ਆਦਿਕ, ਜੋ ਜ਼ਮੀਨ ਅੰਦਰ ਹੋਣ ਵਾਲੇ ਪਦਾਰਥ ਹਨ. "ਚੁਣਿ ਖਾਈਐ ਕੰਦਾ." (ਬਿਲਾ ਕਬੀਰ) "ਇਕਿ ਕੰਦੁ ਮੂਲ ਚੁਣਿ ਖਾਵਹਿ." (ਵਾਰ ਮਾਝ ਮਃ ੧) ੩. ਬੱਦਲ, ਜੋ ਕੰ (ਜਲ) ਦਿੰਦਾ ਹੈ। ੪. ਕੰਦਨ (ਕਦਨ) ਦਾ ਸੰਖੇਪ। ੫. ਫ਼ਾ. قند ਕ਼ੰਦ ਮਿਸ਼ਰੀ.

**ਕੰਦਹ:** ਫ਼ਾ. کندہ ਵਿ- ਖੋਦਿਆ (ਉੱਕਰਿਆ) ਹੋਇਆ.

**ਕੰਦਹਾਰ:** ਦੇਖੋ, ਕੰਧਾਰ। ੨. ਕੰਦਮੂਲ ਲਿਆਉਣ ਵਾਲਾ ਆਦਮੀ। ੩. ਹਵਾ, ਜੋ ਕੰਦ (ਬੱਦਲ) ਨੂੰ ਹਾਰ ( ਲੈ ਜਾਂਦੀ) ਹੈ.

**ਕੰਦਨ:** ਦੇਖੋ, ਕਦਨ. "ਸ਼੍ਰੀ ਅੰਗਦ ਕੰਦਨ ਵਿਘਨ." (ਨਾਪ੍ਰ) ੨. ਫ਼ਾ. کندن ਪੁੱਟਣਾ. ਖੋਦਣਾ. ਖਨਨ.

**ਕੰਦਬਿਦਾਰੀ:** ਦੇਖੋ, ਬਿਦਰੀਕੰਦ.

**ਕੰਦਮੂਲ:** ਸੰ. ਸੰਗਯਾ- ਇੱਕ ਬੂਟਾ, ਜੋ ਤਿੰਨ ਚਾਰ ਹੱਥ ਉੱਚਾ ਹੁੰਦਾ ਹੈ. ਇਸ ਦੇ ਪੱਤੇ ਸਿੰਮਲ ਜੇਹੇ ਹੁੰਦੇ ਹਨ, ਅਤੇ ਜੜ ਮੋਟੀ ਹੁੰਦੀ ਹੈ. ਇਸ ਦੀ ਭਾਜੀ ਬਣਦੀ ਹੈ। ੨. ਦੇਖੋ, ਕੰਦ ਅਤੇ ਮੂਲ. "ਕੰਦ ਮੂਲ ਆਹਾਰੋ ਖਾਈਐ." (ਸਿਧਗੋਸਟਿ)

**ਕੰਦਰ:** ਸੰ. कन्दर ਸੰਗਯਾ- ਹਾਥੀ ਦੇ ਕੰ (ਸਿਰ) ਨੂੰ ਜੋ ਪਾੜੇ, ਅੰਕੁਸ਼। ੨. ਇਸ ਦੇਖੋ, ਕੰਦਰਾ "ਰੂਖ ਬਿਰਖ ਕਰੈ ਕੰਦਰ ਵਾਸੁ." (ਰਤਨਮਾਲਾ ਬੰਨੋ)

**ਕੰਦਰਪ:** ਸੰ. ਕੰਦਪੰ. ਸੰਗਯਾ- ਜਿਸ ਕਰਕੇ ਕੰ (ਨਿੰਦਿਤ) ਦਪੰ (ਗਰਬ) ਹੋਵੇ, ਕਾਮ. ਮਨੋਜ.

**ਕੰਦਰਾ:** ਸੰ. ਸੰਗਯਾ- ਕੰ (ਪਾਣੀ) ਦੀ ਬਣਾਈ ਹੋਈ ਦਰਾਰ. ਉਹ ਖੁੱਡ, ਜੋ ਪਾਣੀ ਦੇ ਵਹਾਉ ਨਾਲ ਬਣੀ ਹੋਵੇ. ਪਹਾੜਾਂ ਵਿੱਚ ਕੰਦਰਾ ਇਸੇ ਤਰਾਂ ਬਣਦੀਆਂ ਹਨ, ਜੋ ਰਿਖੀਆਂ ਦਾ ਨਿਵਾਸ ਅਸਥਾਨ ਹੁੰਦੀਆਂ ਹਨ.

**ਕੰਦਰੋ:** ਦੇਖੋ, ਕਾਂਦਰੋ.

**ਕੰਦਲ:** ਸੰਗਯਾ- ਕੰ (ਜਲ) ਉੱਪਰ ਹੈ ਦਲ (ਪਤ੍ਰ ) ਜਿਸ ਦਾ ਕਮਲ. "ਕੰਦਲ ਸੁਖਦ ਤਿਨਹੁ ਪਗ ਬੰਦ." (ਗੁਪ੍ਰਸੂ) ੨. ਭਮੂਲ ਨੀਲੋਫਰ. ਕੁਮੁਦ। ੩. ਸ਼ਿਲੀਂਧ੍ਰ. ਚਿੱਟੇ ਫੁੱਲਾਂ ਵਾਲਾ ਇੱਕ ਪੌਦਾ, ਜੋ ਜਲ ਕਿਨਾਰੇ ਹੁੰਦਾ ਹੈ. ਇਹ ਸੂਰਜ ਨੂੰ ਦੇਖਕੇ ਕੁਮਲਾ ਜਾਂਦਾ ਹੈ. "ਕੰਦਲ ਦੁਰਾਇ ਦਲ." (ਨਾਪ੍ਰ) ਦੇਖੋ, ਮਾਲ ਉਡੁ। ੪. ਸੁਵਰਣ. ਸੋਨਾ। ੫. ਖੋਪਰੀ ਕਪਾਲ। ੬. ਨਿੰਦਾ। ੭. ਕਨਪਟੀ। ੮. ਪ੍ਰਿਥਿਵੀ ੯. ਅਦਰਕ। ੧੦. ਜਿਮੀਕੰਦ। ੧੧. ਅਪਸ਼ਕੁਨ (ਅਪਸਗਨ).

**ਕੰਦਲਾ:** ਸੰਗਯਾ- ਕੰਦਲ (ਸੁਵਰਣ) ਦਾ ਬਾਰੀਕ ਪੱਤਰਾ ਚਾਂਦੀ ਪੁਰ ਚੜ੍ਹਿਆ ਹੋਇਆ। ੨. ਵਿਸ਼ਨੁਪੁਰਾਣ ਅਨੁਸਾਰ ਇੱਕ ਪਹਾੜ, ਜਿਸ ਪੁਰ ਸਿੱਧ ਅਤੇ ਚਾਰਣ ਦੇਵਤਾ ਰਹਿੰਦੇ ਹਨ.

**ਕੰਦਲੀ:** ਸੰ. ਸੰਗਯਾ- ਕਮਲਡੋਡਾ. ਕੌਲ ਫੁੱਲ ਦਾ ਬੀਜ। ੨. ਇੱਕ ਫੁੱਲਦਾਰ ਝਾੜੀ, ਜੋ ਜਲ ਕਿਨਾਰੇ ਹੁੰਦੀ ਹੈ.

**ਕੰਦੁਕ:** ਸੰ. ਸੰਗਯਾ- ਗੇਂਦ. ਫਿੰਡ. ਖੁੱਦੋ. ਖਿੰਨੂ। ੨. ਗਠਾ. ਪਿਆਜ਼. ਗੰਢਾ, "ਜਥਾ ਕੁ ਕੰਦੁਕ ਮੈ ਅਬ ਫੋਰੇ." (ਗੁਪ੍ਰਸੂ)

**ਕੰਦੋਈ:** ਡਿੰਗ. ਸੰਗਯਾ- ਕੰਦ (ਖੰਭ) ਦੇ ਪਦਾਰਥ ਬਣਾਉਣ ਵਾਲਾ ਹਲਵਾਈ.

**ਕੰਦੂ:** ਸੰਘਰ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਆਤਮਗਯਾਨੀ ਅਤੇ ਪਰੋਪਕਾਰੀ ਹੋਇਆ.

**ਕੰਦ੍ਰਪ:** ਕਾਮ. ਦੇਖੋ, ਕੰਦਰਪ. "ਕੰਦ੍ਰਪ ਕੋਟਿ ਜਾਕੈ ਲਵੈ ਨ ਧਰਹਿ." (ਭੈਰ ਅਃ ਕਬੀਰ) ਕ੍ਰੋੜਾਂ ਕਾਮ ਜਿਸ ਦੇ ਮੁਕਾਬਲੇ ਨਹੀਂ ਰੱਖੇ ਜਾ ਸਕਦੇ, ਭਾਵ- ਸੁੰਦਰਤਾ ਦਾ ਮੁਕਾਬਲਾ ਨਹੀਂ ਕਰ ਸਕਦੇ.

**ਕੰਧ:** ਸੰਗਯਾ- ਦੀਵਾਰ. ਭਿੱਤਿ। ੨. ਭਾਵ- ਦੇਹ, ਜੋ ਜੀਵਾਤਮਾ ਬਿਨਾ ਕੰਧ ਸਮਾਨ ਜੜ੍ਹ ਹੈ. "ਉਡੈ ਨ ਹੰਸਾ ਪੜੈ ਨ ਕੰਧ." (ਸਿਧਗੋਸਟਿ ੩. ਜੜ੍ਹਮਤਿ. ਬੁੱਧਿ- ਹੀਨ. "ਪਾਹ ਕੀ ਪ੍ਰਿਤਮਾ ਕੋ ਅੰਧ ਕੰਧ ਹੈ ਪੁਜਾਰੀ." (ਭਾਗੁ ਕ) ੪. ਸਿੰਧੀ. ਕੰਧ. ਗਰਦਨ. ਗ੍ਰੀਵਾ. ਸੰ. ਕੰਧਰ. ਜੋ ਕੰ (ਸਿਰ) ਨੂੰ ਧਾਰਨ ਕਰਦੀ ਹੈ. "ਨਚੇ ਕੰਧਹੀਣੰ ਕਬੰਧੰ." (ਚੰਡੀ ੨) ੫. ਸੰ. स्कन्ध

ਸ੍ਕੰਧ. ਕੰਨ੍ਹਾ. ਮੋਢਾ. ਕੰਧਾ. "ਕੰਧਿ ਕੁਹਾੜਾ ਸਿਰ ਘੜਾ." (ਸ. ਫਰੀਦ) ਦੇਖੋ, ਮਾਂਦਲ। ੬. ਦੇਖੋ, ਕੰਧੁ। ੭. ਕੰ (ਜਲ) ਨੂੰ ਜੋ ਧਾਰਨ ਕਰੇ, ਮੇਘ ਬਾਦਲ। ੮. ਉੜੀਸੇ ਦੀ ਇੱਕ ਅਸਭ੍ਯ ਜਾਤਿ.

ਕੰਧਰ: ਸੰ. ਸੰਗ੍ਯਾ- ਕੰ (ਜਲ) ਨੂੰ ਧਾਰਨ ਵਾਲਾ, ਬੱਦਲ। ੨. ਕੰ (ਸਿਰ) ਨੂੰ ਧਾਰਨ ਵਾਲੀ, ਗਰਦਨ. ਗ੍ਰੀਵਾ। ੩. ਮਾਰਕੰਡੇਯ ਪੁਰਾਣ ਅਨੁਸਾਰ ਇੱਕ ਮਹਾਨ ਯੋਧਾ.

ਕੰਧਾ: ਦੇਖੋ, ਕੰਧ ੫.

ਕੰਧਾਰ: ਰਾਜਪੂਤਾਂ ਦਾ ਇੱਕ ਗੋਤ, ਜੋ "ਵਲ" ਦੀ ਸੰਤਾਨ ਹੈ। ੨. ਸੰ. स्कन्धावार ਸ੍ਕੰਧਾਵਾਰ. ਸੰਗ੍ਯਾ- ਯੁੱਧ ਸਮੇਂ ਸੈਨਾ ਦਾ ਬਾਕਾਇਦਾ ਅਸਥਾਪਨ. "ਦੁਹਾਂ ਕੰਧਾਰਾ ਮੁਹਜੁੜੇ ਢੋਲ ਸੰਖ ਨਗਾਰੇ ਬੱਜੇ." (ਚੰਡੀ ੩) ੩. ਫ਼ਾ. قندھار ਕ਼ੰਦਹਾਰ. ਸੰ ਗਾਂਧਾਰ. ਅਫ਼ਗ਼ਾਨਿਸਤਾਨ ਰਾਜ ਦਾ ਇੱਕ ਇਲਾਕਾ ਅਤੇ ਉਸ ਦਾ ਪ੍ਰਧਾਨ ਨਗਰ, ਜੋ ਚਮਨ ਤੋਂ ੬੨ ਮੀਲ, ਅਤੇ ਕਾਬੁਲ ਤੋਂ ੩੧੩ ਮੀਲ ਹੈ. ਇਸ ਦੀ ਸਮੁੰਦਰ ਤੋਂ ਬਲੰਦੀ ੩੪੬੨ ਫੁਟ ਹੈ. ਕੰਧਾਰ ਦੇ ਫਲ ਬਹੁਤ ਪ੍ਰਸਿੱਧ ਹਨ.

ਕੰਧਾਰੀ: ਵਿ- ਕੰਧਾਰ ਦਾ ਨਿਵਾਸੀ। ੨. ਕੰਧਾਰ ਨਾਲ ਸੰਬੰਧਿਤ. ਕੰਧਾਰ ਦਾ.

ਕੰਧਿ: ਕੰਨ੍ਹੇ ਉੱਪਰ. ਮੋਢੇ ਤੇ. ਦੇਖੋ, ਕੰਧ ੫.

ਕੰਧੀ: ਸਿੰਧੀ. ਸੰਗ੍ਯਾ- ਕੰ (ਪਾਣੀ) ਦੀ ਅਵਧਿ (ਹੱਦ) ਕਰਨ ਵਾਲਾ. ਕੰ (ਪਾਣੀ) ਨੂੰ ਧਾਰਨ ਵਾਲਾ ਨਦੀ ਦਾ ਕੰਢਾ. ਤਟ. ਕਿਨਾਰਾ. "ਕੰਧੀ ਉਤੈ ਰੁਖੜਾ." (ਸ. ਫਰੀਦ) "ਅੰਧੇ ! ਤੁ ਬੈਠਾ ਕੰਧੀ ਪਾਹਿ, (ਸ੍ਰੀ ਮਃ ੫) "ਤਿਖ ਮੁਈਆ ਕੰਧੀ ਪਾਸਿ." (ਮਾਰੂ ਮਃ ੪) ਨਦੀ ਦੇ ਕਿਨਾਰੇ ਪਾਸ ਹੋਣ ਪੁਰ ਭੀ ਤ੍ਰਿਖਾ ਨਾਲ ਮੁਈਆ। ੨. ਵਿ- ਕਿਨਾਰੇ ਉੱਪਰ ਇਸਥਿਤ. ਕਿਨਾਰੇ ਖੜਾ.

ਕੰਧੁ: ਦੇਖੋ, ਕੰਧ। ੨. ਪੱਖ (ਪਕ੍ਸ਼). "ਤਿਨ ਕਾ ਕੰਧੁ ਨ ਕਬਹੂ ਛਿਜੈ." (ਗਉ ਵਾਰ ੧. ਮਃ ੧) ੩. ਦੇਹ. ਸਰੀਰ.

ਕੰਨ, ਕੰਨੁ: ਸੰ. ਕਰ੍ਣ ਸੰਗ੍ਯਾ- ਕਾਂਨ. ਸ਼੍ਰਵਣ. "ਦੇ ਕੰਨੁ ਸੁਣਹੁ ਅਰਦਾਸਿ ਜੀਉ." (ਸ੍ਰੀ ਮਃ ੫. ਪੈਪਾਇ) ੨. ਕੰਨ੍ਹਾਂ. ਕੰਧਾ. ਸ੍ਕੰਧ. ਦੇਖੋ, ਕੰਨਿ। ੩. ਸੰ. कण्व ਕਨ੍ਵ. ਇੱਕ ਰਿੱਖੀ, ਜਿਸ ਦੇ ਕਈ ਮੰਤ੍ਰ ਰਿਗਵੇਦ ਵਿੱਚ ਦੇਖੀਦੇ ਹਨ. ਇਹ ਮਾਲਿਨੀ ਨਦੀ ਦੇ ਕਿਨਾਰੇ ਰਹਿੰਦਾ ਸੀ. ਸ਼ਕੁੰਤਲਾ ਇਸੇ ਨੇ ਪਾਲੀ ਸੀ. ਰਾਜਾ ਦੁਸ਼ਯੰਤ ਨੇ ਕਨ੍ਵ ਦੇ ਹੀ ਆਸ਼੍ਰਮ ਵਿੱਚ ਸ਼ਕੁੰਤਲਾ ਨਾਲ ਸੰਬੰਧ ਜੋੜਿਆ ਸੀ. "ਸੇਸਨਾਗ ਅਰੁ ਕੰਨ ਰਿਖੀ." (ਜਸਭਾਮ) ੪. ਦੇਖੋ, ਕੰਨ੍ਹ.

ਕੰਨਸੋਇ: ਦੇਖੋ, ਕਣਸੋਇ.

ਕੰਨਹੁ: ਪਹਾ. ਪਾਸੋਂ. ਕੋਲੋਂ. ਵੱਲੋਂ "ਇਹ ਬੁਧਿ ਪਾਈ ਐ ਸਾਧੂ ਕੰਨਹੁ." (ਟੋਡੀ ਮਃ ੫)

ਕੰਨਖਜੂਰਾ: ਸੰ. खर्जुकुर्ण ਖਰ੍ਜੁਕਰਣ. ਸੰਗ੍ਯਾ- ਕੰਨ ਵਿੱਚ ਖਾਜ ਕਰਨ ਵਾਲਾ ਕੀੜਾ. ਦੇਖੋ, ਸ਼ਤਪਦ ਅਤੇ ਖਜੂਰਾ.

ਕੰਨਦੇਣਾ: ਕ੍ਰਿ- ਧ੍ਯਾਨ ਨਾਲ ਸੁਣਨ ਲਈ ਕੰਨ ਵਕਤਾ ਵੱਲ ਦੇਣਾ. "ਦੇ ਕੰਨੁ ਸੁਣਹੁ ਅਰਦਾਸਿ ਜੀਉ." (ਸ੍ਰੀ ਮਃ ੫. ਪੈਪਾਇ)

ਕੰਨ ਨੂੰ ਹੱਥ ਲਾਉਣਾ: ਕ੍ਰਿ- ਤੋਬਾ ਕਰਨਾ. ਕੰਨ ਨੂੰ ਹੱਥ ਲਾਕੇ ਪ੍ਰਤਿਗ੍ਯਾ ਕਰਨੀ ਕਿ ਮੈਂ ਫੇਰ ਇਹ ਕਰਮ ਨਹੀਂ ਕਰਾਂਗਾ. ਇਹ ਭਾਵ ਭੀ ਹੈ ਕਿ ਜੇ ਮੈਂ ਫੇਰ ਕੁਕਰਮ ਕਰਾਂ, ਤਦ ਮੇਰੇ ਕੰਨ ਪੁੱਟੇ ਜਾਣ। ੨. ਪਾਰਾਸ਼ਰ ਸਿੰਮ੍ਰਿਤੀ ਵਿੱਚ ਲਿਖਿਆ ਹੈ ਕਿ ਝੂਠ ਬੋਲਕੇ ਜਾਂ ਪਤਿਤ ਨਾਲ ਗੱਲ ਕਰਕੇ ਸੱਜਾ ਕੰਨ ਛੁਹਿਣਾ ਚਾਹੀਏ, ਕਿਉਂਕਿ ਉਸ ਥਾਂ ਦੇਵਤਾ ਰਹਿੰਦੇ ਹਨ, ਜਿਨ੍ਹਾਂ ਦੇ ਛੂਹਣ ਤੋਂ ਸ਼ੁੱਧ ਹੋ ਜਾਈਦਾ ਹੈ. ਦੇਖੋ, ਅਃ ੭. ਸ਼ਃ ੨੮-੨੯.

ਕੰਨਮਰੋੜਨਾ, ਕੰਨਮੁਰਟਨਾ: ਕ੍ਰਿ- ਗੋਸ਼ਮਾਲੀ ਕਰਨੀ. ਕੰਨ ਮਰੋੜਕੇ ਹਦਾਇਤ ਕਰਨੀ ਕਿ ਇਹ ਕੁਕਰਮ ਫੇਰ ਨਹੀਂ ਕਰਨਾ. "ਕਰਿ ਪੀਰਹੁ ਕੰਨਮੁਰਟੀਐ." (ਵਾਰ ਰਾਮ ੩)

ਕੰਨਰਸ: ਸੰਗ੍ਯਾ- ਰਾਗ ਸੁਣਨ ਦਾ ਸ਼ੌਕ਼। ੨. ਗੱਲਾਂ ਸੁਣਨ ਦਾ ਪ੍ਰੇਮ.

ਕੰਨਾ: ਸੰਗਯਾ- ਦੀਰਘ ਆੜੇ ਦੀ ਮਾਤ੍ਰਾ ( ਾ ). ੨. ਸ੍ਕੰਧ. ਕੰਨ੍ਹਾ. ਮੋਢਾ.

ਕੰਨਾਫੂਸੀ: ਦੇਖੋ, ਕਾਨਾਫੂਸੀ.

ਕੰਨਿ: ਦੇਖੋ, ਕੰਨੀ। ੨. ਕੰਨ੍ਹੇ (ਕੰਧੇ) ਪੁਰ. "ਕੰਨਿ ਮੁਸਲਾ ਸੂਫ ਗਲਿ." (ਸ. ਫਰੀਦ) "ਦੇਖਹੁ ਬੰਦਾ ਚਲਿਆ ਚਹੁ ਜਣਿਆ ਦੇ ਕੰਨਿ." (ਸ. ਫਰੀਦ)

ਕੰਨਿਆ, ਕੰਨਿਕਾ: ਦੇਖੋ, ਕਨਜਕਾ ਅਤੇ ਕਨਜਾ.

ਕੰਨਿਧਨੀ: ਸੰਗਯਾ- ਕੰ (ਜਲ) ਦੀ ਨਿਧੀ ਵਾਲਾ, ਪ੍ਰਿਥਿਵੀ. (ਸਨਾਮਾ)

ਕੰਨੀ: ਸੰਗਯਾ- ਪੱਲਾ. ਦਾਮਨ। ੨. ਕਿਨਾਰਾ. ਹਾਸ਼ੀਆ। ੩. ਕੰਨਾਂ ਵਿੱਚ. ਕਾਨੋ ਮੇ. "ਕੰਨੀ ਬੁਜੇ ਦੇ ਰਹਾ ਕਿਤੀ ਵਗੈ ਪਉਣ." (ਸ. ਫਰੀਦ) ੪. ਕੰਨਾ ਨੂੰ. "ਕੰਨੀ ਸੂਤਕੁ ਕੰਨ ਪੈ ਲਾਇਤਬਾਰੀ ਖਾਹਿ." (ਵਾਰ ਆਸਾ)

ਕੰਨੀ ਕਤਰਾਉਣੀ: ਕ੍ਰਿ- ਪੱਲਾ ਕਤਰਵਾ ਲੈਣਾ. ਪੱਲੇ ਵਿੱਚ ਬੰਨ੍ਹੀ ਹੋਈ ਵਸਤੁ ਕੈਂਚੀ ਨਾਲ ਕਟਵਾ ਲੈਣੀ। ੨. ਕਿਸੇ ਦੇ ਪਾਸ ਜਾਣ ਤੋਂ ਬਚਣਾ. ਪਹਿਲੂਤਹੀ ਕਰਨੀ.

ਕੰਨੁ: ਦੇਖੋ, ਕੰਨ ਅਤੇ ਕੰਨ ਦੇਣਾ.

ਕੰਨੈ: ਪਹਾ. ਵਿ- ਪਾਸ. ਸਮੀਪ। ੨. ਸੰਗਯਾ- ਤਰਫ. ਦਿਸ਼ਾ। ੩. ਕ੍ਰਿ. ਵਿ- ਕਿਨਾਰੇ. ਕੰਢੇ. "ਦਰਿਆਵੈ ਕੰਨੈ ਬਗੁਲਾ." (ਸ. ਫਰੀਦ)

ਕੰਨੋ: ਕ੍ਰਿ. ਵਿ- ਪਾਸੋਂ. ਕੋਲੋਂ. "ਲਹੰਨਿ ਸੇ ਸਾਈਂ ਕੰਨੋ ਦਾਤਿ." (ਸ. ਫਰੀਦ) ੨. ਕੰਨ ਤੋਂ. ਕਾਨ ਸੇ.

ਕੰਨ੍ਹ: ਦੇਖੋ, ਕੰਨ੍ਹਾ। ੨. ਕਾਨ੍ਹ. ਕ੍ਰਿਸ਼ਨ. "ਘੜੀਆਂ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ." (ਵਾਰ ਆਸਾ)

ਕੰਨ੍ਹਾ: ਸੰਗਯਾ- ਸ੍ਕੰਧ. ਕੰਧਾ. ਮੋਢਾ.

ਕੰਨ੍ਹਿ: ਕੰਧਿਆਂ ਪੁਰ. ਮੋਢਿਆਂ ਉੱਤੇ। ੨. ਕੰਨ੍ਹੇ (ਸ੍ਕੰਧ) ਨਾਲ.

ਕੰਨਜਕਾ, ਕੰਨਜਾ: ਦੇਖੋ, ਕਨਜਕਾ ਅਤੇ ਕਨਜਾ। ੨. ਦੇਖੋ, ਨੌ ਕੰਨਜਾ.

ਕੰਨਜਾਦਾਨ: ਸੰਗਯਾ- ਬਿਨਾ ਧਨ ਆਦਿਕ ਲੈਣ ਦੇ ਕੰਨਜਾ ਦਾ ਦਾਨ ਕਰਨਾ. ਯੋਗ੍ਯ ਵਰ ਨੂੰ ਵਿਆਹ ਸਮੇਂ ਕੰਨਜਾ ਦੇਣੀ.

ਕੰਨਜਾਧਨ: ਸੰਗਯਾ- ਉਹ ਧਨ, ਜੋ ਵਿਆਹ ਸਮੇਂ ਕੰਨਜਾ ਨੂੰ ਪਿਤਾ ਆਦਿ ਵੱਲੋਂ ਮਿਲੇ. ਇਸ ਵਿੱਚ ਵਸਤ੍ਰ ਭੂਖਣ ਪਸ਼ੂ ਨਕ਼ਦੀ ਆਦਿਕ ਸਭ ਸ਼ਾਮਿਲ ਹਨ.

ਕੰਨਜਾਰਾਸੀ: ਦੇਖੋ, ਕਨਜਾ। ੨. ਕੰਨਜਾ ਜੇਹਾ ਲੱਜਾਵਾਨ ਅਤੇ ਡਰਪੋਕ ਜੋ ਆਦਮੀ ਹੋਵੇ, ਉਸ ਨੂੰ ਕੰਨਜਾਰਸੀ ਆਖਦੇ ਹਨ.

ਕੰਨ੍ਹੂ: ਦੇਖੋ, ਕੰਨ ੩.

ਕੰਪ, ਕੰਪਨ: ਸੰ. ਸੰਗਯਾ- ਥਰਥਰਾਹਟ. ਕਾਂਬਾ. ਲਰਜ਼ਾ. "ਥਰਹਰ ਕੰਪੈ ਬਾਲਾ ਜੀਉ." (ਸੂਹੀ ਕਬੀਰ)

ਕੰਪਨੀ: ਅੰ. Company. ਸੰਗਯਾ- ਜਥਾ. ਟੋਲਾ. ਗਿਰੋਹ. ਮੰਡਲੀ। ੨. ਸੰਗਤਿ. ਸਾਥ। ੩. ਸਾਥੀ. ਹਮਰਾਹੀ। ੪. ਸਭਾ. ਮਜਲਿਸ। ੫. ਸਿਪਾਹੀਆਂ ਦੀ ਟੋਲੀ.

ਕੰਪਨੀ ਸਰਕਾਰ, ਕੰਪਨੀ ਬਹਾਦੁਰ: ਦੇਖੋ, ਈਸਟ ਇੰਡੀਆ ਕੰਪਨੀ.

ਕੰਪਾਯਮਾਨ: ਸੰ. ਵਿ- ਹਿਲਦਾ ਹੋਇਆ. ਕੰਬਦਾ ਹੋਇਆ. ਕੰਪਿਤ.

ਕੰਪਾਵਨ: ਕ੍ਰਿ- ਕੰਬਾਉਣਾ. ਹਿਲਾਉਣਾ. ਹਲੂਣਨਾ.

ਕੰਪਿਤ: ਦੇਖੋ, ਕੰਪਾਯਮਾਨ.

ਕੰਪਿਲਾ: ਵਿ- ਕੰਪਿਤ ਕਰਾਇਆ. ਹਿਲਾਇਆ ਹੋਇਆ.

ਕੰਪੂ: ਅੰ. Camp. ਲਸ਼ਕਰ ਦਾ ਡੇਰਾ. ਲਸ਼ਕਰਗਾਹ.

ਕੰਬ, ਕੰਬਣਾ: ਦੇਖੋ, ਕੰਪ- ਕੰਪਨ. "ਤਿਸੁ ਕੰਬਹਿ ਪਾਪੈ." (ਵਾਰ ਮਾਰੂ ੨. ਮਃ ੫)

ਕੰਬਰ: ਦੇਖੋ, ਕੰਬਲ. "ਕੰਬਰ ਏਕ ਧਰੈ ਤਨ ਛਾਦਨ." (ਗੁਪ੍ਰਸੂ) ਦੇਖੋ, ਜਰਕੰਬਰ। ੨. ਸੰ. ਵਿ- ਚਿਤਕਬਰਾ. ਡੱਬ ਖੜੱਬਾ। ੩. ਅ਼. قنبر ਕ਼ੰਬਰ. ਸੰਗਯਾ- ਹ਼ਜਰਤ ਅ਼ਲੀ ਦਾ ਇੱਕ ਗੁਲਾਮ.

ਕੰਬਰਬੇਗ: ਸ਼ਾਹਜਹਾਂ ਦੀ ਫੌਜ ਦਾ ਸਰਦਾਰ, ਜੋ ਗੁਰੂਸਰ ਮੇਹਰਾਜ ਦੇ ਜੰਗ ਵਿੱਚ ਰਾਇਜੋਧ ਨੇ ਬਰਛੀ ਨਾਲ ਮਾਰਿਆ.

ਕੰਬਲ: ਸੰ. ਸੰਗਯਾ- ਉੱਨੀ ਵਸਤ੍ਰ। ੨. ਦੁਸ਼ਾਲਾ. "ਕੰਬਲ ਬਾਂਧ ਅਡੰਬਰਕੈ." (ਚਰਿਤ੍ਰ ੧੬੧) ੩. ਗਊ ਅਤੇ ਬੈਲ ਦੀ ਗਰਦਨ ਹੇਠ, ਝਾਲਰ ਦੀ ਤਰਾਂ ਲਟਕਦਾ ਹੋਇਆ ਚਮੜਾ. ਸਾਸ੍ਨਾ। ੪. ਸੱਪਾਂ ਦਾ ਇੱਕ ਰਾਜਾ.

ਕੰਬਲੜੀ, ਕੰਬਲੀ: ਦੇਖੋ, ਕੰਬਲ. "ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ." (ਸ. ਫਰੀਦ) "ਚਲਾ ਤ ਭਿਜੈ ਕੰਬਲੀ." (ਸ. ਫਰੀਦ)

ਕੰਬੀਰ: ਦੇਖੋ, ਕਬੀਰ. "ਨਾਮਾ ਜੈਦੇਉ ਕੰਬੀਰ ਤ੍ਰਿਲੋਚਨ." (ਬਿਲਾ ਅਃ ਮਃ ੪) "ਕਹਿ ਕੰਬੀਰ ਕੋਊ ਸੰਗ ਨ ਸਾਥ." (ਭੈਰ) ੨. ਕੰ- ਵੀਰ. ਜਲਯੋਧਾ.

ਕੰਬੁ: ਸੰ. ਸੰਗਯਾ- ਸੰਖ. "ਕੰਬੁਗ੍ਰੀਵ ਤ੍ਰੈ ਰੇਖ ਵਿਸਾਲਾ." (ਨਾਪ੍ਰ) ੨. ਹਾਥੀ.

ਕੰਬੁਗ੍ਰੀਵ: ਵਿ- ਕੰਬੁ (ਸੰਖ) ਜੇਹੀ ਗਰਦਨ ਵਾਲਾ. ਦੇਖੋ, ਕੰਜਲਕ ਅਤੇ ਕੰਬੁ.

ਕੰਬੋ: ਸੰਗਯਾ- ਖੇਤੀ ਵਾਹੀ ਕਰਨ ਵਾਲੀ ਇੱਕ ਜਾਤਿ. ਕਮੋ. ਇਨ੍ਹਾਂ ਦਾ ਨਿਕਾਸ ਗੁਜਰਾਤ ਦੇਸ਼ ਦੀ ਕਾਂਬੀ ਨਗਰੀ ਤੋਂ ਪਹਿਲਾਂ ਹੋਇਆ ਹੈ, ਜਿਸ ਕਾਰਣ ਕੰਬੋ ਸੱਦੀਦੇ ਹਨ. ਕਈ ਵਿਦ੍ਵਾਨ ਲਿਖਦੇ ਹਨ ਕੰਬੋਜ ਦੇਸ਼ ਨਾਲ ਇਸ ਜਾਤਿ ਦਾ ਸੰਬੰਧ ਹੈ.

ਕੰਬੋਜ: ਸੰ. ਸੰਗਯਾ- ਅਫ਼ਗਾਨਿਸਤਾਨ ਵਿੱਚ ਹਿੰਦੂਕੁਸ਼ ਪਹਾੜ ਦੀ ਧਾਰਾ ਦੇ ਆਸ ਪਾਸ ਦਾ ਦੇਸ਼, ਜਿਸ ਦੇ ਘੋੜੇ ਬਹੁਤ ਉੱਤਮ ਲਿਖੇ ਹਨ.

ਕੰਮ: ਸੰ. ਕਮੰ. ਕਾਂਮ. "ਹਰਿ ਕੰਮ ਕਰਾਵਨ ਆਇਆ." (ਸੂਹੀ ਛੰਤ ਮਃ ੫)

ਕੰਮਲਾ, ਕੰਮਲੀ: ਵਿ- ਕਮਲਾ- ਕਮਲੀ. ਸਿਰੜਾ- ਸਿਰੜੀ. "ਸਹੁ ਨੇੜੈ ਧਨ ਕੰਮਲੀਏ!" (ਤਿਲੰ ਮਃ ੧) ੨. ਦੇਖੋ, ਕੰਬਲੀ.

ਕੰਮੜਾ: ਕਮੰ. ਕੰਮ. ਕਾਂਮ. "ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ." (ਸ. ਫਰੀਦ)

ਕੰਮਾਉਣਾ, ਕੰਮਾਵਨ: ਕ੍ਰਿ- ਕਮਾਨਾ. ਖੱਟਣਾ। ੨. ਅਮਲ ਵਿੱਚ ਲਿਆਉਂਣਾ. ਅ਼ਮਲ ਕਰਨਾ. "ਸਰਾ ਸਰੀਅਤਿ ਲੇ ਕੰਮਾਵਹੁ." (ਮਾਰੂ ਸਲੋਹੇ ਮਃ ੫)

ਕੰਮਿ: ਕਾਮ ਮੇ. ਕੰਮ ਵਿੱਚ. "ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ." (ਸ. ਫਰੀਦ)

ਕੰਮੀ: ਵਿ- ਕੰਮ ਕਰਨ ਵਾਲਾ. ਕਰਮੀ। ੨. ਕਾਂਮਾ। ੩. ਕੰਮਾਂ ਕਰਕੇ. ਕਾਮੋਂ ਸੇ. ਕੰਮਾਂ ਵਿੱਚ. ਦੇਖੋ, ਕੰਮੜਾ.

ਕਜਾ: ਦੇਖੋ, ਕਿਆ.

ਕਜਾਮਤ: ਦੇਖੋ, ਕਯਾਮਤ.

ਕਜਾਰ, ਕਜਾਰਾ: ਦੇਖੋ, ਕਿਆਰ- ਕਿਆਰਾ.

ਕਿਜਹੁ: ਤੋਂ. ਸੇ. "ਦਮ ਕਿਜਹੁ ਹੋਤੀ ਸਾਟ." (ਚਉਬੋਲੇ ਮਃ ੫) ਜੇ ਦਾਮ ਤੋਂ ਸਾਟ (ਵਟਾਂਦਰਾ) ਹੁੰਦਾ.

ਕਜੋਂ: ਕ੍ਰਿ. ਵਿ- ਕਿਸ ਵਾਸਤੇ. ਕਿਸ ਲਈ। ੨. ਕੈਸੇ. ਕਿਵੇਂ.

ਕ੍ਰਤਅਰਣੀ: ਸੰਗਜਾ- ਕਤੰ (कर्त ) ਨਾਉਂ ਹੈ ਵਿਭਾਗ (ਵੰਡ) ਦਾ, ਉਸ ਦੀ ਵੈਰਣ ਨਦੀ. ਨਦੀ ਦੇਸ਼ਾਂ ਅਤੇ ਪਿੰਡਾਂ ਦੀ ਹੱਦਾਂ ਨੂੰ ਮਿਟਾ ਦਿੰਦੀ ਹੈ. "ਕ੍ਰਤਅਰਣੀ ਪਦ ਆਦਿ ਕਹਿ ਜਾਚਰਨਾਥ ਉਚਾਰ। ਸਤ੍ਰੁ ਉਚਰ ਕਰ ਤੁਪਕ ਕੇ ਲੀਜੋ ਨਾਮ ਸੁਧਾਰ." (ਸਨਾਮਾ) ਪਹਿਲੇ ਨਦੀ ਕਹੋ, ਉਸ ਤੋਂ ਜਾ (ਪੈਦਾ ਹੋਇਆ) ਘਾਸ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਸ੍ਵਾਮੀ ਸ਼ੇਰ, ਉਸ ਦੀ ਵੈਰਣ ਬੰਦੂਕ਼.

ਕ੍ਰਤਗਜ: ਦੇਖੋ, ਕ੍ਰਿਤਗਜ. "ਕਰਤ ਰਹੇ ਕ੍ਰਤਗਜ ਕਰੁਣਾਮੈ ਅੰਤਰਜਾਮੀ ਗਜਾਨ." (ਕਾਨ ਮਃ ੫) ਕ੍ਰਿਪਾਮਯ ਅੰਤਰਯਾਮੀ ਨੂੰ ਜਾਣਕੇ ਕ੍ਰਿਤ ਗਜਤਾ ਸਹਿਤ ਕਰਮ ਕਰਤ ਰਹੇ। ੨. ਕ੍ਰਿਤਗਜ (ਕੀਤੀ ਹੋਈ ਕ੍ਰਿਯਾ ਨੂੰ ਜਾਣਨ ਵਾਲਾ) ਕ੍ਰਿਪਾਮਯ ਅੰਤਰਯਾਮੀ ਜਾਣਕੇ ਕਰਮ ਕਰਤ ਰਹੇ. ਭਾਵ- ਜਦ ਪੁਰਖ ਕਰਤਾਰ ਨੂੰ ਕਰਮਾਂ ਦਾ ਗਜਾਤਾ ਜਾਣਦਾ ਹੈ, ਤਦ ਕੁਕਰਮਾਂ ਵਿੱਚ ਪ੍ਰਵ੍ਰਿੱਤ ਨਹੀਂ ਹੁੰਦਾ.

ਕ੍ਰਤਬਿ: ਦੇਖੋ, ਕਰਤਵਯ.

ਕ੍ਰਤੁ: ਸੰ. ਸੰਗਜਾ- ਯਗਜ। ੨. ਸੰਕਲਪ. ਇੱਛਾ। ੩. ਵਿਵੇਕ. ਵਿਚਾਰ। ੪. ਜੀਵਾਤਮਾ। ੫. ਵਿਸ਼ਨੁ। ੬. ਪੁਰਾਣਾਂ ਅਨੁਸਾਰ ਇੱਕ ਰਿਖੀ, ਜੋ ਬ੍ਰਹਮਾ ਦੇ ਹੱਥਾਂ ਵਿੱਚੋਂ ਪੈਦਾ ਹੋਇਆ ਲਿਖਿਆ ਹੈ. ਇਸ ਦਾ ਵਿਆਹ ਕਰਦਮ ਦੀ ਪੁਤ੍ਰੀ ਕ੍ਰਿਯਾ ਨਾਲ ਹੋਇਆ ਹੈ ਜਿਸ ਤੋਂ ਸੱਠ ਹਜ਼ਾਰ ਵਾਲਖਿਲਜ ਰਿਖਿ ਪੈਦਾ ਹੋਏ। ੭. ਕ੍ਰਿਸ਼ਨ ਜੀ ਦਾ ਇੱਕ ਪੁਤ੍ਰ.

ਕ੍ਰਮ: ਸੰ. ਕਮੰ. ਕ੍ਰਿਯਾ. "ਜਪਹੀਨ ਤਪਹੀਨ ਕੁਲਹੀਨ ਕ੍ਰਮਹੀਨ." (ਗਉ ਨਾਮਦੇਵ) ੨. ਸੰ. ਕ੍ਰਮ. ਡਗਾ ਭਰਨ ਦੀ ਕ੍ਰਿਯਾ. ਡਿੰਘ ਭਰਨੀ. ੩. ਤਰਤੀਬ. ਸਿਲਸਿਲਾ. ਪ੍ਰਣਾਲੀ। ੪. ਅ਼ਮਲ. ਅਭ੍ਯਾਸ. "ਮਨ ਬਚ ਕ੍ਰਮ ਹਰਿਗੁਣ ਨਹਿ ਗਾਏ." (ਧਨਾ ਮਃ ੯) ੫. ਦੇਖੋ, ਯਥਾਕ੍ਰਮ.

ਕ੍ਰਮਨਾਸਾ: ਦੇਖੋ, ਕਰਮਨਾਸਾ.

ਕ੍ਰਯ: ਸੰ. ਸੰਗਜਾ- ਖ਼ਰੀਦਣਾ. ਮੁੱਲ ਲੈਣਾ.

ਕ੍ਰਯ ਵਿਕ੍ਰਯ: ਸੰਗਜਾ- ਖਰੀਦ ਫਰੋਖ਼੍ਤ. ਲੈਣ ਦੇਣ. ਮੁੱਲ ਲੈਣਾ ਅਤੇ ਵੇਚਣਾ.

ਕ੍ਰਲਾਪ: ਦੇਖੋ, ਕਰਲਾਪ ਅਤੇ ਕਾਮਲਾਛਨਿ। ੨. ਕੁਰਰੀ ਪ੍ਰਲਾਪ. ਕੁਰਰੀ (ਕੂੰਜ) ਵਾਂਙ ਪੁਕਾਰਨ ਦੀ ਕ੍ਰਿਯਾ.

ਕ੍ਰਵਾਰ, ਕ੍ਰਵਾਲ: ਦੇਖੋ, ਕਰਵਾਲ.

ਕ੍ਰਾਂਤ: ਸੰ. ਵਿ- ਦਬਾਇਆ ਹੋਇਆ। ਢਕਿਆ ਹੋਇਆ। ੩. ਲੈ ਹੋਇਆ. ਲੀਨ ਹੋਇਆ। ੪. ਲੰਘਿਆ. ਉਲੰਘਨ ਕੀਤਾ. ਪਾਰ ਹੋਇਆ. "ਬਰਛੀ ਤਬ ਭੂਪ ਚਲਾਇਦਈ। ਸ਼ਿਵ ਕੇ ਉਰ ਮੇ ਲਗ ਕ੍ਰਾਂਤ ਭਈ." (ਕ੍ਰਿਸਨਾਵ) ੫. ਸੰਗਜਾ- ਘੋੜਾ। ੬. ਪੈਰ.

ਕ੍ਰਾਂਤਿ: ਸੰ. ਸੰਗਜਾ- ਗਤਿ ਚਾਲ। ੨. ਡਿੰਘ ਭਰਨ ਦੀ ਕ੍ਰਿਯਾ। ੩. ਉਹ ਰੇਖਾ, ਜਿਸ ਪੁਰ ਸੂਰਜ ਫਿਰਦਾ ਹੈ. ਇਸ ਨੂੰ ਕ੍ਰਾਂਤਿਵ੍ਰਿੱਤ ਕਹਿੰਦੇ ਹਨ। ੪. ਕਾਂਤਿ (ਸ਼ੋਭਾ) ਦੀ ਥਾਂ ਭੀ ਇਹ ਸ਼ਬਦ ਕਈ ਕਵੀਆਂ ਨੇ ਵਰਤਿਆ ਹੈ.

ਕ੍ਰਾਂਤਿਵ੍ਰਿੱਤ: ਦੇਖੋ, ਕ੍ਰਾਂਤਿ ੩.

ਕ੍ਰਾਰ: ਦੇਖੋ, ਕਰਾਰ। ੨. ਕਿਨਾਰਾ. ਤਟ. ਕੰਢਾ.

ਕ੍ਰਾਰਕੰਦਨੀ: ਨਦੀ, ਜੋ ਕਿਨਾਰਿਆਂ ਨੂੰ ਢਾਂਹੁੰਦੀ ਹੈ. (ਸਨਾਮਾ)

ਕ੍ਰਿਆ: ਦੇਖੋ, ਕ੍ਰਿਯਾ. "ਸਗਲ ਕ੍ਰਿਆ ਮਹਿ ਊਤਮੁ ਕਿਰਿਆ." (ਸੁਖਮਨੀ)

ਕ੍ਰਿਆਕੂੰਟ: ਕੂਟਕ੍ਰਿਯਾ. ਪਾਖੰਡਰਚਨਾ। ੨. ਕੂਟ (ਪਰਵਤ) ਵਾਂਙ ਅਚਲ ਰਹਿਣ ਦਾ ਕਰਮ.

ਕ੍ਰਿਆ ਵਿਸ਼ੇਸਣ: ਦੇਖੋ, ਕ੍ਰਿਯਾਵਿਸ਼ੇਸ਼ਣ.

ਕ੍ਰਿਆਵਿਸੇਖ: ਉਹ ਕਰਮ, ਜਿਸ ਵਿੱਚ ਕਰਮਕਾਂਡ ਦੀ ਵਿਸ਼ੇਸ਼ਤਾ ਹੈ, ਗਜਾਨ ਦੀ ਪ੍ਰਧਾਨਤਾ ਨਹੀਂ. "ਕ੍ਰਿਆਵਿਸੇਖ ਪੂਜਾ ਕਰੇਇ." (ਬਸੰ ਮਃ ੩) ੨. ਵਿਸ਼ੇਸ਼ (ਖ਼ਾਸ) ਕਰਮ.

ਕ੍ਰਿਸ: ਸੰ. क्रश ਕ੍ਰਿਸ਼. ਵਿ- ਪਤਲਾ. ਮਾੜਾ। ੨. ਕਮਜ਼ੋਰ। ੩. ਸੂਖਮ. ਅਣੁਰੂਪ. "ਨਮੋ ਸਰਬਦ੍ਰਿਸੰ। ਨਮੋ ਸਰਬਕ੍ਰਿਸੰ." (ਜਪੁ) ੪. ਸੰ. कृष् ਕ੍ਰਿਸ਼੍. ਧਾ- ਖਿੱਚਣਾ. ਆਕਰਸ਼ਣ ਕਰਨਾ। ੫. ਸੰ. कृषि ਕ੍ਰਿਸ਼ਿ. ਸੰਗਯਾ- ਖੇਤੀ. "ਕ੍ਰਿਸ ਕਹੂੰ ਹੋਨ ਨ ਪਾਵੈ." (ਚੰਦ੍ਰਾਵ)

ਕ੍ਰਿਸਕ: ਸੰ. कृषक ਕ੍ਰਿਸ਼ਕ. ਵਿ- ਰੇਖਾ ਕਰਨ ਵਾਲਾ. ਜ਼ਮੀਨ ਪੁਰ ਹਲ ਨਾਲ ਲੀਕਾਂ ਕੱਢਣ ਵਾਲਾ। ੨. ਸੰਗਯਾ- ਕਿਸਾਨ. ਕਾਸ਼ਤਕਾਰ। ੩. ਬੈਲ.

ਕ੍ਰਿਸਤਾਨ: ਅੰ. Christian. ਸੰਗਯਾ- ਉਹ ਆਦਮੀ ਜਿਸ ਨੇ ਹ਼ਜਰਤ ਈਸਾ Christ ਦਾ ਮਤ ਧਾਰਨ ਕੀਤਾ ਹੈ. ਈ਼ਸਾਈ.

ਕ੍ਰਿਸਨ, ਕ੍ਰਿਸ਼ਨ: ਸੰ. कृष्ण ਕ੍ਰਿਸ਼੍ਣ. ਵਿ- ਕਾਲਾ. ਸਿਆਹ. ਸ਼ਯਾਮ. "ਕ੍ਰਿਸਨ ਰਿਦਾ ਉੱਜਲ ਕਰਿਹਂ." (ਗੁਪ੍ਰਸੂ) "ਕ੍ਰਿਸਨ ਵਿਸ੍ਵ ਤਰਬੇ ਨਿਮਿਤ." (ਕ੍ਰਿਸਨਾਵ) ਪਾਪਾਂ ਨਾਲ ਕਾਲੀ ਹੋਈ ਦੁਨੀਆਂ ਨੂੰ ਤਾਰਣ ਵਾਸਤੇ। ੨. ਸੰਗਯਾ- ਵੇਦਵ੍ਯਾਸ। ੩. ਅਰਜੁਨ। ੪. ਕੋਇਲ। ੫. ਕਾਉਂ। ੬. ਅੰਧੇਰਾ ਪੱਖ। ੭. ਕਲਿਯੁਗ। ੮. ਨੀਲ। ੯. ਲੋਹਾ। ੧੦. ਸੁਰਮਾ। ੧੧. ਵਿਸ਼ਨੁ ਦਾ ਅੱਠਵਾਂ ਅਵਤਾਰ ਸ਼੍ਰੀ ਕ੍ਰਿਸ਼੍ਨ, ਜੋ ਭੋਜਵੰਸ਼ੀ ਦੇਵਕ ਦੀ ਪੁਤ੍ਰੀ[408] ਦੇਵਕੀ ਦੇ ਗਰਭ ਤੋਂ ਯਦੁਵੰਸ਼ੀ ਵਸੁਦੇਵ ਦੇ ਪੁਤ੍ਰ ਸਨ. ਇਨ੍ਹਾਂ ਦਾ ਜਨਮ ਮਥੁਰਾ ਦੇ ਜੇਲ ਵਿੱਚ ਹੋਇਆ ਅਤੇ ਪਰਵਰਿਸ਼ ਗੋਕਲ ਪਿੰਡ ਵਿੱਚ ਨੰਦ ਗੋਪ ਦੇ ਘਰ ਯਸ਼ੋਦਾ ਦੀ ਨਿਗਰਾਨੀ ਵਿੱਚ ਹੋਈ. ਕ੍ਰਿਸ਼ਨ ਜੀ ਵਡੇ ਨੀਤਿਵੇਤਾ ਅਤੇ ਯੋਧਾ ਸਨ, ਇਨ੍ਹਾਂ ਦੀ ਹਿੰਮਤ ਨਾਲ ਯਾਦਵਾਂ ਦਾ ਭਾਰੀ ਪ੍ਰਤਾਪ ਵਧਿਆ. ਇਨ੍ਹਾਂ ਨੇ ਕੰਸ ਨੂੰ ਮਾਰਕੇ ਆਪਣੇ ਨਾਨਾ ਉਗ੍ਰਸੇਨ ਨੂੰ ਮਥੁਰਾ ਦੇ ਰਾਜਸਿੰਘਾਸਨ ਪੁਰ ਬੈਠਾਇਆ. ਕੌਰਵ ਪਾਂਡਵਾਂ ਦੇ ਯੁੱਧ ਵਿੱਚ ਆਪ ਨੇ ਵਡਾ ਹਿੱਸਾ ਲਿਆ. ਅਰਜੁਨ ਦੇ ਰਥਵਾਹੀ ਬਣਕੇ ਪਾਂਡਵਾਂ ਨੂੰ ਜਿੱਤ ਦਿਵਾਈ. ਗੀਤਾ ਦਾ ਉਪਦੇਸ਼ ਆਪ ਨੇ ਹੀ ਦੇ ਕੇ ਜੰਗ ਤੋਂ ਕਾਇਰ ਹੁੰਦੇ ਅਰਜੁਨ ਨੂੰ ਧੀਰਯ ਦਿੱਤਾ ਸੀ. ਜਰਾਸੰਧ ਦੀ ਲੜਾਈਆਂ ਤੋਂ ਤੰਗ ਆ ਕੇ ਇਨ੍ਹਾਂ ਨੇ ਮਥੁਰਾ ਛੱਡਕੇ ਦ੍ਵਾਰਿਕਾ ਯਾਦਵਾਂ ਦੀ ਰਾਜਧਾਨੀ ਥਾਪੀ. ਕ੍ਰਿਸ਼ਨ ਜੀ ਦੀ ਪ੍ਰਧਾਨ ਇਸਤ੍ਰੀਆਂ ਅੱਠ (ਰੁਕਮਿਣੀ, ਕਾਲਿੰਦੀ, ਮਿਤ੍ਰਵਿੰਦਾ, ਸਤਯਾ, ਨਾਗਨਿਜਿਤੀ, ਜਾਂਬਵਤੀ, ਸੁਸ਼ੀਲਾ, ਸਤਯਭਾਮਾ, ਲਕ੍ਸ਼੍ਮਣਾ) ਸਨ. ਇਨ੍ਹਾਂ ਤੋਂ ਛੁੱਟ ੧੬੧੦੦ ਹੋਰ ਭੀ ਦੱਸੀਦੀਆਂ ਹਨ. ਜਰ ਫੰਧਕ (ਜੋ ਬਾਲੀ ਦਾ ਅਵਤਾਰ ਲਿਖਿਆ ਹੈ, ਉਸ) ਦੇ ਹੱਥੋਂ ਕ੍ਰਿਸ਼ਨ ਜੀ ਦਾ ਦੇਹਾਂਤ ਸੋਮ ਤੀਰਥ (ਪ੍ਰਭਾਸ) ਪੁਰ ਹੋਇਆ. ਆਪ ਦੀ ਉਮਰ ੧੨੫ ਵਰ੍ਹੇ ਦੀ ਸੀ.

ਕ੍ਰਿਸ਼ਨ ਜੀ ਦੇ ਰੱਥ ਦੇ ਚਾਰ ਘੋੜੇ- ਸ਼ੈਵ੍ਯ, ਸੁਗ੍ਰੀਵ, ਮੇਘਪੁਸ਼ਪ ਅਤੇ ਵਲਾਹਕ ਸਨ ਅਤੇ ਰਥਵਾਹੀ ਦਾਰਕ ਸੀ.

ਵਿਸ਼ਨੁਪੁਰਾਣ ਅੰਸ਼ ੫. ਅਃ ੧. ਵਿੱਚ ਲੇਖ ਹੈ ਕਿ ਭਗਵਾਨ ਨੇ ਜਗਤ ਦੀ ਰਖ੍ਯਾ ਵਾਸਤੇ ਆਪਣੇ ਦੋ ਕੇਸ਼ ਭੇਜੇ ਸਨ ਇੱਕ ਕਾਲਾ, ਜਿਸ ਤੋਂ ਕ੍ਰਿਸ਼ਨ ਹੋਏ, ਦੂਜਾ ਚਿੱਟਾ, ਜਿਸ ਤੋਂ ਬਲਰਾਮ। ੧੨. ਰਿਗਵੇਦ ਦੇ ਮੰਡਲ ੭. ਸੂਕ੍ਤ ੯੬ ਵਿੱਚ ਲਿਖਿਆ ਹੈ ਕਿ ਅੰਸ਼ੁਮਤੀ ਨਦੀ ਦੇ ਕਿਨਾਰੇ ਇੱਕ ਕ੍ਰਿਸ਼ਨ ਡਾਕੂ ਸੀ, ਜਿਸ ਦੇ ਨਾਲ ਦਸ ਹਜ਼ਾਰ ਲੁਟੇਰਾ ਰਹਿੰਦਾ ਸੀ. ਇਸ ਨੇ ਪ੍ਰਜਾ ਨੂੰ ਬਹੁਤ ਦੁੱਖ ਦਿੱਤਾ, ਅੰਤ ਨੂੰ ਇੰਦ੍ਰ ਦੇ ਹੱਥੋਂ ਇਸ ਦੀ ਮੌਤ ਹੋਈ। ੧੩. ਪਾਰਬ੍ਰਹਮ. ਕਰਤਾਰ, ਜੋ ਸਭ ਦੀ ਉਤਪੱਤਿ ਅਤੇ ਲੈ

---

[408] ਉਗ੍ਰਸੇਨ ਦੀ ਇਹ ਗੋਦੀ ਲਈ ਪੁਤ੍ਰੀ ਸੀ. ਦੇਖੋ, ਉਗ੍ਰਸੇਨ ਅਤੇ ਦੇਵਕ.

ਦਾ ਅਸਥਾਨ ਹੈ.[409] "ਏਕ ਕ੍ਰਿਸਨੰ ਸਰਵ ਦੇਵਾ." (ਵਾਰ ਆਸਾ) "ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ." (ਵਡ ਛੰਤ ਮਃ ੧) ੧੪. ਸੰ. कृशन ਕ੍ਰਿਸ਼ਨ. ਮੋਤੀ। ੧੫. ਦਿਲ ਦੀ ਹਰਕਤ. ਦਿਲ ਦਾ ਸੁਕੜਨਾ ਅਤੇ ਫੈਲਣਾ। ੧੬. ਭਾਈ ਸੰਤੋਖ ਸਿੰਘ ਨੇ ਕ੍ਰਿਸ਼ਕ (ਕਿਸਾਨ) ਦੇ ਥਾਂ ਕ੍ਰਿਸਨ ਸ਼ਬਦ ਭੀ ਵਰਤਿਆ ਹੈ. "ਕ੍ਰਿਸਨ ਭਗਤ ਕੋ ਮੇਘਦ ਜਿਸਨੁ." (ਗੁਪ੍ਰਸੂ) ਕ੍ਰਿਸਾਣ ਰੂਪ ਭਗਤ ਨੂੰ ਇੰਦ੍ਰ ਸਮਾਨ ਵਰਖਾ ਦੇਣ ਵਾਲੇ ਹਨ.

ਕ੍ਰਿਸਨਸਸੁਰ: ਕ੍ਰਿਸ਼ਨ ਜੀ ਦੀ ਰਾਣੀ ਯਮੁਨਾ, ਉਸ ਦਾ ਪਿਤਾ ਸੂਰਜ. (ਸਨਾਮਾ) ੨. ਜਾਮਵੰਤ। ੩. ਰੁਕਮਿਣੀ ਆਦਿ ਰਾਣੀਆਂ ਦੇ ਪਿਤਾ.

ਕ੍ਰਿਸਨਸਖਾ: ਕ੍ਰਿਸ਼ਨ ਜੀ ਦਾ ਮਿਤ੍ਰ, ਅਰਜੁਨ.

ਕ੍ਰਿਸਨਕੌਰ, ਕ੍ਰਿਸਨਕੌਰਿ: ਦੇਖੋ, ਹਰਿਕ੍ਰਿਸਨ ਸਤਿਗੁਰੂ

ਕ੍ਰਿਸਨ ਕ੍ਰਿਸਨ: ਕਰ ਸਾਧ ਦੋ. (ਕ੍ਰਿਸਨਾਵ) ਦੋ ਸਾਧੁ (ਦੇਵਕੀ ਅਤੇ ਵਸੁਦੇਵ) ਕ੍ਰਿਸਨ ਜਾਪ ਜਪਣ ਲੱਗੇ.

ਕ੍ਰਿਸ਼ਨਗੰਗਾ: ਦੱਖਣ ਦੀ ਇੱਕ ਨਦੀ, ਜੋ ਪੱਛਮੀ ਘਾਟ ਤੋਂ ਨਿਕਲਕੇ ਬੰਗਾਲ ਦੀ ਖਾਡੀ ਵਿੱਚ ਡਿਗਦੀ ਹੈ. ਇਸ ਦੀ ਲੰਬਾਈ ੪੦੦ ਮੀਲ ਹੈ. ਇਸ ਨੂੰ ਕ੍ਰਿਸ਼ਨਾ ਭੀ ਆਖਦੇ ਹਨ.

ਕ੍ਰਿਸਨਚੰਦ: ਦੇਖੋ, ਗੰਗਾ ਮਾਤਾ.

ਕ੍ਰਿਸਨਬਰਤਮਾ: ਦੇਖੋ, ਕ੍ਰਿਸਨਵਰਤਮਾ.

ਕ੍ਰਿਸਨਬੱਲਭਾ: ਕ੍ਰਿਸ਼ਨ ਜੀ ਦੀ ਬੱਲਭਾ (ਪਿਆਰੀ) ਯਮੁਨਾ. (ਸਨਾਮਾ) "ਕ੍ਰਿਸਨਬੱਲਭਾ ਤਟ ਇੱਕ ਰਹੈ." (ਗੁਵਿ ੬)

ਕ੍ਰਿਸਨਬੱਲਭਾਈਸ ਸਸਤ੍ਰ: ਕ੍ਰਿਸ਼ਨ ਜੀ ਦੀ ਬੱਲਭਾ (ਪਿਆਰੀ ਯਮੁਨਾ, ਉਸ ਦਾ ਸ੍ਵਾਮੀ ਵਰੁਣ, ਉਸ ਦਾ ਸ਼ਸਤ੍ਰ, ਫਾਸੀ (ਪਾਸ਼). (ਸਨਾਮਾ)

ਕ੍ਰਿਸਨਭਾਵ: ਕ੍ਰਿਸ਼ਨ (ਆਤਮ) ਭਾਵ. ਆਤਮਗ੍ਯਾਨ ਦਾ ਸਿੱਧਾਂਤ. "ਅਗਨਭਾਵ ਕਿਹ ਬਿਧ ਕਹੈਂ ਕ੍ਰਿਸਨਭਾਵ ਕੇ ਸਾਥ?" (ਕ੍ਰਿਸਨਾਵ) ਅਗਨਭਾਵ (ਕਾਮਭਾਵ) ਨੂੰ ਕ੍ਰਿਸਨਭਾਵ (ਆਤਮਗ੍ਯਾਨਭਾਵ) ਨਾਲ ਗੋਪੀਆਂ ਕਿਵੇਂ ਕਥਨ ਕਰਦੀਆਂ ਹਨ?

ਕ੍ਰਿਸਨਲਾਲ: ਕਾਸ਼ੀ ਨਿਵਾਸੀ ਪੰਡਿਤ ਹਰਿਲਾਲ ਦਾ ਭਾਈ, ਜੋ ਸ਼੍ਰੀ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਦੇਖੋ, ਹਰਿਲਾਲ। ੨. ਇੱਕ ਕਵਿ, ਜਿਸ ਨੇ ਮਹਾਭਾਰਤ ਦਾ ਹਿੰਦੀ ਕਵਿਤਾ ਵਿੱਚ ਉਲਥਾ ਕੀਤਾ ਹੈ. ਇਸ ਨੇ ਸ਼੍ਰੀ ਮੁਖਵਾਕ ਪਾਤਸ਼ਾਹੀ ੧੦. ਸਿਰਲੇਖ ਹੇਠ ਭਗਵਤ ਗੀਤਾ ਦੇ ੧੮. ਅਧ੍ਯਾਯ ਲਿਖੇ ਹਨ, ਇਸ ਦਾ ਨਾਉਂ "ਗੋਬਿੰਦਗੀਤਾ" ਭੀ ਪ੍ਰਸਿੱਧ ਹੈ. ਪਰੰਤੂ ਇਸ ਦੀ ਕਵਿਤਾ ਤੋਂ ਸਾਫ ਹੈ ਕਿ ਇਹ ਰਚਨਾ ਦਸ਼ਮੇਸ਼ ਜੀ ਦੀ ਨਹੀਂ, ਕਿੰਤੂ ਕ੍ਰਿਸਨਲਾਲ ਦੀ ਹੈ.

ਕ੍ਰਿਸਨਵਰਤਮਾ: ਸੰ. कृष्णवर्त्मन ਸੰਗ੍ਯਾ- ਕਾਲਾ ਹੈ ਰਸਤਾ ਜਿਸ ਦਾ, ਅਗਨਿ. ਧੂਏਂ ਤੋਂ ਜੋ ਪਹਿਚਾਣੀ ਜਾਵੇ. "ਕ੍ਰਿਸਨਵਰਤਮਾ ਬਨ ਅਘ ਕ੍ਰਿਸਨ." (ਗੁਪ੍ਰਸੂ) ਪਾਪਰੂਪ ਬਣ ਦੇ ਨਾਸ਼ ਕਰਨ ਨੂੰ ਅਗਨਿ ਹਨ.

ਕ੍ਰਿਸਨਾ: ਸੰ. कृष्णा ਸੰਗ੍ਯਾ- ਦ੍ਰੋਪਦੀ। ੨. ਮਾਯਾ. ਦੇਖੋ, ਕ੍ਰਿਸ੍ਨਾ। ੩. ਕਾਲੀ ਦੇਵੀ। ੪. ਕਾਲੀ ਦਾਖ। ੫. ਅੱਖ ਦੀ ਪੁਤਲੀ. ੬. ਕਾਲੀ ਮਿਰਚ। ੭. ਇੱਕ ਨਦੀ. ਦੇਖੋ, ਕ੍ਰਿਸ਼ਨ ਗੰਗਾ। ੮. ਸ਼੍ਰੀ ਗੁਰੂ ਨਾਨਕ ਦੇਵ ਦਾ ਮਾਮਾ, ਮਾਤਾ ਤ੍ਰਿਪਤਾ ਜੀ ਦਾ ਭਾਈ। ੯. ਸੇਠੀ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਇਹ ਮੁਜ਼ੰਗ (ਲਹੌਰ) ਰਹਿਕੇ ਸਿੱਖੀ ਦਾ ਪ੍ਰਚਾਰ ਕਰਦਾ ਸੀ. ੧੦. ਮਘਪਿੱਪਲੀ। ੧੧. ਵਿ- ਕਾਲਾ. ਪਾਪਾਤਮਾ. "ਕਾਜੀ ਕ੍ਰਿਸਨਾ ਹੋਇਆ." (ਰਾਮ ਅਃ ਮਃ ੧) ਰਿਸ਼ਵਤ ਲੈਣ ਕਰਕੇ ਅਤੇ ਧਰਮਨ੍ਯਾਯ ਦਾ ਤ੍ਯਾਗ ਕਰਨ ਤੋਂ ਕ੍ਰਿਸਨਾ ਹੈ.

---

[409] कृषिर्नृवाचकः शब्दः राश्च निर्वृत्ति वाचकः।
तयोरैक्यं परंब्रहम कृष्ण इत्यमिघीयते. (ਸ਼੍ਰੀਧਰ)

ਕ੍ਰਿਸਨਾਈਸ ਅਸਤ੍ਰ: (ਸਨਾਮਾ) ਕ੍ਰਿਸ਼ਨਾ ਨਦੀ ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਪਾਸ਼ (ਫਾਹੀ).

ਕ੍ਰਿਸਨਾਗ੍ਰਜ: ਕ੍ਰਿਸ਼ਨ ਜੀ ਤੋਂ ਪਹਿਲਾਂ ਜੰਮਿਆ (ਵਡਾ ਭਾਈ) ਬਲਰਾਮ. ਬਲਭਦ੍ਰ.

ਕ੍ਰਿਸਨਾਜਿਨ: ਸੰ. कृषणाजिन ਕਾਲਾ ਅਜਿਨ (ਚਮੜਾ). ਕਾਲੇ ਮ੍ਰਿਗ ਦੀ ਖੱਲ। ੨. ਕਾਲੀ ਚਮੜੀ ਵਾਲਾ, ਹਰਿਣ. (ਸਨਾਮਾ)

ਕ੍ਰਿਸਨਾਂਤਕ: ਕ੍ਰਿਸ਼ਨ ਜੀ ਦਾ ਅੰਤ ਕਰਨ ਵਾਲਾ, ਤੀਰ. (ਸਨਾਮਾ) ੨. ਜਰ ਨਾਮਕ ਸ਼ਿਕਾਰੀ ਜਿਸ ਨੇ ਤੀਰ ਮਾਰਿਆ ਸੀ.

ਕ੍ਰਿਸਨਾਭਿਸਾਰਿਕਾ: ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਅੰਧੇਰੀ ਰਾਤ ਵਿੱਚ ਸਿਆਹ ਲਿਬਾਸ ਪਹਿਨਕੇ ਪ੍ਰੀਤਮ ਪਾਸ ਜਾਵੇ, ਜਿਸ ਤੋਂ ਕਿਸੇ ਦੀ ਨਜ਼ਰ ਨਾ ਪੈ ਸਕੇ. "ਕਾਰੀ ਨਿਸ਼ਿ ਕਾਰੀ ਘਟਾ ਕਚ ਰਤਿ ਕਾਰੇ ਨਾਗ। ਕਾਰੇ ਕਾਨੂਰ ਪੈ ਚਲੀ ਅਜਬ ਲਗਨ ਕੀ ਲਾਗ." (ਜਗਦਬਿਨੋਦ)

ਕ੍ਰਿਸਨਾਰਜੁਨ: ਕ੍ਰਿਸ਼ਨ ਅਤੇ ਅਰਜੁਨ। ੨. ਵਿ. ਕਾਲਾ ਅਤੇ ਚਿੱਟਾ

ਕ੍ਰਿਸਨਾਵਤਾਰ: ਕ੍ਰਿਸ਼ਨ- ਅਵਤਾਰ. ਦੇਖੋ, ਕ੍ਰਿਸਨ ੧੧.। ੨. ਦਸਮਗ੍ਰੰਥ ਵਿੱਚ ਭਾਗਵਤ ਦੇ ਦਸਮ ਸਕੰਧ ਦਾ ਉਲਥਾਰੂਪ ਕ੍ਰਿਸ਼ਨ ਜੀ ਦਾ ਇਤਿਹਾਸ, ਜਿਸ ਦੇ ਬਣਨ ਦਾ ਸੰਮਤ ਇਹ ਹੈ-

"ਸਤ੍ਰੈਸੈ ਪੈਤਾਲਿ ਮੇ ਸਾਵਨ ਸੁਦਿ ਤਿਥਿ ਦੀਪ।[410] ਨਗਰ ਪਾਂਵਟਾ ਸੁਭ ਕਰਨ ਜਮੁਨਾ ਬਹੈ ਸਮੀਪ." (ਕ੍ਰਿਸਨਾਵ ੨੪੯੦)

ਕ੍ਰਿਸਨਿਨ: ਕ੍ਰਿਸਨਾ ਨਦੀ ਦੇ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ) ੨. ਕਾਲੀ ਧਾਰਾ ਵਾਲੀ ਯਮੁਨਾ ਦੇ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਕ੍ਰਿਸਨੁ: ਦੇਖੋ, ਕ੍ਰਿਸਨ ੧੧. "ਕ੍ਰਿਸਨੁ ਬਲਭਦ੍ਰੁ ਗੁਰੁਪਗ ਲਗਿ ਧਿਆਵੈ." (ਗਉ ਮਃ ੪)

ਕ੍ਰਿਸ਼ਮਾ: ਫ਼ਾ. کرشمہ ਕ੍ਰਿਸ਼ਮਹ. ਸੰਗਯਾ- ਅੱਖ ਦੀ ਪਲਕ ਦਾ ਇਸ਼ਾਰਾ। ੨. ਕਟਾਕ੍ਸ਼। ੩. ਕਰਾਮਾਤ. ਸਿੱਧੀ. ਦੇਖੋ, ਕਰਸ਼੍ਮਾ.

ਕ੍ਰਿਸਾ: ਦੇਖੋ, ਕ੍ਰਿਸਿ.

ਕ੍ਰਿਸਾਣ, ਕ੍ਰਿਸਾਨ: ਸੰ. कृषाण ਸੰਗਯਾ- ਕ੍ਰਿਸ਼ਿਮਾਨ. ਕਰ੍ਸ਼ਣ ਕਰਨ ਵਾਲਾ ਜ਼ਿਮੀਂਦਾਰ. ਹਲਵਾਹ। ੨. ਦੇਖੋ, ਕ੍ਰਿਸਾਨੁ ੨.

ਕ੍ਰਿਸਾਨਵਾ: ਕਿਸਾਨ ਲੋਕ. ਕਾਸ਼ਤਕਾਰ. ਕ੍ਰਿਸ਼ਿਕਾਰ. "ਪੰਚ ਕ੍ਰਿਸਾਨਵਾ ਭਾਗਿਗਏ ਲੈ ਬਾਧਿਓ ਜੀਉ ਦਰਬਾਰੀ." (ਮਾਰੂ ਕਬੀਰ) ਭਾਵ- ਪੰਜਗ੍ਯਾਨ ਇੰਦ੍ਰੀਆਂ.

ਕ੍ਰਿਸਾਨੀ: ਕਿਸਾਨ ਦੀ ਕ੍ਰਿਯਾ. ਕਾਸ਼ਤਕਾਰੀ.

ਕ੍ਰਿਸਾਨੁ: ਦੇਖੋ, ਕ੍ਰਿਸਾਨ। ੨. ਸੰ. कृशानु ਕ੍ਰਿਸ਼ਾਨੁ. ਅਗਨਿ.

ਕ੍ਰਿਸਿ: ਸੰ. कृषि ਕ੍ਰਿਸ਼ਿ. ਸੰਗਯਾ- ਖੇਤੀ। ੨. ਵਹਾਈ. ਵਾਹੀ.

ਕ੍ਰਿਸੋਦਰਿ, ਕ੍ਰਿਸੋਦਰੀ: ਸੰ. कृशोदरी ਵਿ- ਕ੍ਰਿਸ਼ (ਪਤਲੀ) ਕਮਰ ਵਾਲੀ.

ਕ੍ਰਿਸ੍ਨ: ਦੇਖੋ, ਕ੍ਰਿਸਨ। ੨. ਦੇਖੋ, ਛੱਪਯ ਦਾ ਰੂਪ ੨.

ਕ੍ਰਿਸ੍ਨਾ: ਦੇਖੋ, ਕ੍ਰਿਸਨਾ ੨. "ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ." (ਧਨਾ ਨਾਮਦੇਵ) ਹਰੇਕ ਪ੍ਰਕਾਰ ਦੀ ਸ੍ਰਿਸ਼੍ਟੀ ਜੋ ਨੱਚ ਰਹੀ ਹੈ, ਇਹ ਹਰਿਸੱਤਾ ਕਰਕੇ ਕ੍ਰਿਸ਼੍ਨਾ (ਮਾਯਾ) ਤੋਂ ਜਾਣੋ.

---

[410] ਸੰਮਤ ੧੭੪੫ ਸਾਵਨ ਸੁਦੀ ੭.

ਕ੍ਰਿਕਰ, ਕ੍ਰਿਕਲ: ਸੰ. कृकर ਕ੍ਰਿਕਰ. ਸੰਗਯਾ- ਮਸਤਕ ਦੀ ਉਹ ਪੌਣ (ਪ੍ਰਾਣ) ਜਿਸ ਕਰਕੇ ਛਿੱਕ (ਨਿੱਛ) ਆਉਂਦੀ ਹੈ.

ਕ੍ਰਿਖਾ: ਕਸ਼ੰਣ ਕੀਤਾ. ਖਿੱਚਿਆ. "ਸਭ ਕਿਲਵਿਖ ਕ੍ਰਿਖਾ." (ਵਾਰ ਸੋਰ ਮਃ ੪) ਸਾਰੇ ਪਾਪ ਵਾਹ ਸਿੱਟੇ. ਜੜਾਂ ਪੁੱਟ ਦਿੱਤੀਆਂ.

ਕ੍ਰਿਖਿ: ਦੇਖੋ, ਕ੍ਰਿਸਿ.

ਕ੍ਰਿਖਿਕਾਰ: ਕ੍ਰਿਸ਼ਿ (ਵਹਾਈ) ਕਰਨ ਵਾਲਾ. ਕਾਸ਼ਤਕਾਰ.

ਕ੍ਰਿਖੇ: ਕਸ਼ੰਣ ਕੀਤੇ. ਵਾਹੇ. ਪੁੱਟੇ. "ਸਭ ਤਿਨ ਕੇ ਪਾਪ ਕ੍ਰਿਖੇ." (ਨਟ ਮਃ ੪)

ਕ੍ਰਿਛ, ਕ੍ਰਿਛ੍ਰ: ਸੰ. कृच्छ् ਸੰਗਯਾ- ਦੁੱਖ. ਪੀੜਾ। ੨. ਤਪਸਾ। ੩. ਵ੍ਰਤ. ਬਰਤ. "ਕ੍ਰਿਛ ਚਾਂਦ੍ਰਾਯਣ ਆਦਿਕ ਕਲਮਲਛੈ." (ਗੁਪ੍ਰਸੂ) ਚਾਂਦ੍ਰਾਯਣ ਆਦਿਕ ਬਰਤ ਪਾਪ ਨਾਸ਼ ਕਰਨ ਵਾਲੇ.

ਕ੍ਰਿਤ: ਸੰ. कृत ਵਿ- ਕੀਤਾ ਹੋਇਆ. ਕਰਿਆ. "ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰਗੇਹਣਿ." (ਧਨਾ ਤ੍ਰਿਲੋਚਨ) ੨. ਸੰਗਯਾ- ਸਤਯੁਗ। ੩. ਫਲ. ਨਤੀਜਾ। ੪. ਕਾਂਤਿ ਦੀ ਥਾਂ ਭੀ ਕਿਸੇ ਅਞਾਣ ਲਿਖਾਰੀ ਨੇ ਕ੍ਰਿਤ ਲਿਖ ਦਿੱਤਾ ਹੈ. "ਦਿਨੇਸ ਕ੍ਰਿਤ ਹਾਰੀਅੰ." (ਗ੍ਯਾਨ) ਸੂਰਜ ਦੀ ਕਾਂਤਿ (ਪ੍ਰਭਾ) ਫਿੱਕੀ ਪੈਂਦੀ ਹੈ। ੫. ਕੀਰਤਿ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ- "ਬਦੰਤ ਕ੍ਰਿਤ ਈਸ਼ਰੀ." (ਗ੍ਯਾਨ) ੬. ਦੇਖੋ, ਕ੍ਰਿਤੇਣ.

ਕ੍ਰਿਤਸਨ: ਸੰ. कृत्स्न ਵਿ- ਪੂਰਾ. ਤਮਾਮ. ਸਾਰਾ। ੨. ਸੰਗਯਾ- ਪਾਨੀ. ਜਲ.

ਕ੍ਰਿਤਸੰਜੋਗੀ: ਦੇਖੋ, ਕਿਰਤਸੰਜੋਗੀ.

ਕ੍ਰਿਤਕਾ: ਸੰ. ਕ੍ਰਿੱਤਿਕਾ. ਚੰਦ੍ਰਮਾ ਦੀ ਇਸਤ੍ਰੀ. ਇਹ ਨਛਤ੍ਰਰੂਪਾ ਹੈ, ਇਸ ਵਿੱਚ ਛੀ ਤਾਰੇ ਹਨ. ਇਸੇ ਕ੍ਰਿੱਤਿਕਾ ਨੇ ਸ਼ਿਵ ਜੀ ਦੇ ਪੁਤ੍ਰ ਦੀ ਪਾਲਨਾ ਕੀਤੀ ਸੀ, ਜਿਸ ਤੋਂ ਨਾਉਂ ਕਾਤਿੰਕੇਯ ਹੋਇਆ. ਦੇਖੋ, ਕਾਰਤਿਕੇਯ.

ਕ੍ਰਿਤਕਾਰਯ, ਕ੍ਰਿਤਕ੍ਰਿਤ੍ਯ: ਵਿ- ਕਰਿਆ ਹੈ ਕਾਰਯ ਜਿਸ ਨੇ. ਕ੍ਰਿਤਾਰਥ. ਜੋ ਆਪਣਾ ਕੰਮ ਕਰ ਚੁੱਕਾ ਹੈ.

ਕ੍ਰਿਤਗ੍ਯ: ਸੰ. कृतज्ञ ਵਿ- ਕੀਤੇ ਨੂੰ ਜਾਣਨ ਵਾਲਾ. ਜੋ ਕਿਸੇ ਦੇ ਉਪਕਾਰ ਨੂੰ ਜਾਣਦਾ ਹੈ, ਵਿਸਾਰਦਾ ਨਹੀਂ। ੨. ਸੰਗਯਾ- ਕਰਤਾਰ, ਜੋ ਸਭ ਦੇ ਕੀਤੇ ਨੂੰ ਜਾਣਦਾ ਹੈ.

ਕ੍ਰਿਤਘਨ, ਕ੍ਰਿਤਘ੍ਨ: ਸੰ. कृतघ्न ਵਿ- ਕੀਤੇ ਹੋਏ ਨੂੰ ਨਾਸ਼ ਕਰਨ ਵਾਲਾ. ਜੋ ਕੀਤੇ ਉਪਕਾਰ ਨੂੰ ਮਿਟਾਦੇਵੇ. ਇਹਸਾਨਫ਼ਰਾਮੋਸ਼. ਦੇਖੋ, ਅਕਿਰਤਘਨ.

ਕ੍ਰਿਤਧਰ: ਵਿ- ਕ੍ਰਿਤ (ਫਲ) ਦੇ ਧਾਰਨ ਵਾਲਾ. ਫਲ ਦੇਣਾ ਹੈ ਜਿਸ ਦੇ ਹੱਥ. ਫਲਪ੍ਰਦਾਤਾ. "ਕ੍ਰਿਪਾ ਕੀ ਸੂਰਤ ਕ੍ਰਿਤਧਰ." (ਗ੍ਯਾਨ) ੨. ਕ੍ਰਤੁ (ਸ਼ਕਤਿ) ਧਾਰਨ ਵਾਲਾ. ਸ਼ਕਤਿਮਾਨ.

ਕ੍ਰਿਤਬਰਮਾ: ਦੇਖੋ, ਕ੍ਰਿਤਵਰਮਾ.

ਕ੍ਰਿਤਯੁਗ: ਸੰਗਯਾ- ਸਤਯੁਗ. ਦੇਖੋ, ਯੁਗ.

ਕ੍ਰਿਤਵਰਮਾ: ਵਿ- ਧਾਰਣ ਕੀਤਾ ਹੈ ਵਰਮ (ਕਵਚ) ਜਿਸ ਨੇ. ਸੰਜੋਆ ਪਹਿਨੇ ਹੋਏ। ੨. ਸੰਗਯਾ- ਯਾਦੁਵੰਸ਼ੀ ਕਨਕ ਦਾ ਪੁਤ੍ਰ ਅਤੇ ਕ੍ਰਿਤਵੀਰਯ ਦਾ ਭਾਈ। ੩. ਹ੍ਰਿਦਕ ਦਾ ਪੁਤ੍ਰ ਇੱਕ ਰਾਜਾ, ਜਿਸ ਦੇ ਯੁੱਧ ਦਾ ਪ੍ਰਸੰਗ ਮਹਾਭਾਰਤ ਵਿੱਚ ਹੈ.

ਕ੍ਰਿਤਵਾਨੀ: ਵਿ- ਕੀਰਤਿ ਵਾਲੀ. ਸ਼੍ਲਾਘਿਤ. "ਤਵ ਤੀਨੋ ਕ੍ਰਿਤਵਾਨੀ." (ਨਾਪ੍ਰ) ਤੂੰ ਤੇਹਾਂ ਦੇਵਤਿਆਂ ਤੋਂ ਸਲਾਹੀ ਗਈ ਹੈਂ। ੨. ਕ੍ਰਿਯਾ ਵਾਲੀ. ਤਿੰਨ ਕ੍ਰਿਯਾ (ਉਤਪੱਤਿ, ਪਾਲਨ, ਸੰਘਾਰ) ਕਰਨ ਵਾਲੀ.

ਕ੍ਰਿਤਾਕ੍ਰਿਤ: ਵਿ- ਕ੍ਰਿਤ (ਕੀਤਾ) ਅਕ੍ਰਿਤ (ਨਾ ਕੀਤਾ) ਕਰਿਆ ਅਣਕਰਿਆ। ੨. ਸੰਗਯਾ- ਤੰਦੁਲ ਜੌਂ ਆਦਿਕ ਹਵਨ ਦੀ

ਸਾਮਗ੍ਰੀ. ਦੇਖੋ, ਕਾਤ੍ਯਾਯਨ ਸਿਮ੍ਰਿਤਿ ਖੰਡ ੨੪, ਸ਼ਃ ੩.

ਕ੍ਰਿਤਾਂਜਲੀ: ਵਿ- ਕੀਤੀ ਹੈ ਅੰਜੁਲੀ ਜਿਸ ਨੇ. ਦੋਵੇਂ ਹੱਥ ਜੋੜੇ ਹੋਏ.

ਕ੍ਰਿਤਾਂਤ: ਸੰ. कृतान्त ਸੰਗ੍ਯਾ- ਕੀਤਾ ਹੈ ਅੰਤ ਜਿਸ ਨੇ, ਕਾਲ. ਯਮ। ੨. ਪ੍ਰਾਰਬਧ. ਕਰਮ। ੩. ਸਿੱਧਾਂਤ. ਨਤੀਜਾ। ੪. ਦੇਵਤਾ। ੫. ਦੋ ਸੰਖ੍ਯਾ ਬੋਧਕ. ਦੋ। ੬. ਕ੍ਰਿਤ (ਸਤਯੁਗ) ਦਾ ਅੰਤ.

ਕ੍ਰਿਤਾਰ: ਵਿ- ਕ੍ਰਿੰਤਨਕਾਰ. ਕੱਟਣ ਵਾਲਾ. "ਨਮਸਤੰ ਜਰਾਰੰ ਨਮਸਤੰ ਕ੍ਰਿਤਾਰੰ." (ਜਾਪੁ)

ਕ੍ਰਿਤਾਰਥ, ਕ੍ਰਿਤਾਰਥੁ: ਦੇਖੋ, ਕਿਰਤਾਰਥ. "ਤੀਨ ਸਮਾਏ ਏਕੁ ਕ੍ਰਿਤਾਰਥ." (ਪ੍ਰਭਾ ਅਃ ਮਃ ੧) ਜਦ ਮੋਖ ਦ੍ਵਾਰਾ ਕ੍ਰਿਤਾਰਥ ਹੋਏ, ਤਦ ਧਰਮ ਅਰਥ ਕਾਮ ਸਮਾਏ. "ਹਰਿਨਾਮ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ." (ਮਾਰੂ ਮਃ ੪)

ਕ੍ਰਿਤਿ: ਸੰਗ੍ਯਾ- ਕੀਰਤਿ. "ਕਲਿ ਕ੍ਰਿਤਿ ਬਢਾਵਹਿਗੇ." (ਕਲਕੀ) ੨. ਸੰ. ਕਰਤਾ ਦਾ ਵ੍ਯਾਪਾਰ. ਪੁਰਖ ਦਾ ਪ੍ਰਯਤਨ (ਕੋਸ਼ਿਸ਼).

ਕ੍ਰਿਤੀ: ਸੰ. कर्तृ ਕਰ੍ਤ੍ਰਿ. ਵਿ- ਕਰਨਵਾਲਾ. ਕਰਤਾ. "ਕਿ ਜਗਤੰਕ੍ਰਿਤੀ ਹੈ." (ਜਾਪੁ) ੨. ਸੰ. कृतिन ਕ੍ਰਿਤੀ. ਪੰਡਿਤ ਚਤੁਰ। ੩. ਯੋਗ੍ਯ. ਲਾਇਕ.

ਕ੍ਰਿਤੀਚਿਤ੍ਰ: ਵਿ- ਤਸਵੀਰ ਲਿਖਣ ਵਿੱਚ ਚਤੁਰ. ਲਾਯਕ਼ ਮੁਸੱਵਰ.

ਕ੍ਰਿਤੁ: ਦੇਖੋ, ਕ੍ਰਤੁ.

ਕ੍ਰਿਤੁਆ: ਸੰ. ਕ੍ਰਿਤ੍ਵਾ. ਕ੍ਰਿ. ਵਿ- ਕਰਕੇ ਬਣਾਕੇ. "ਕੀਰਤੰ ਕਲਿਕਰਮ ਕ੍ਰਿਤੁਆ." (ਸਹਸ ਮਃ ੫)

ਕ੍ਰਿਤੇਣ: ਕਿਰਾਤੇਨ. ਕਿਰਾਤ (ਸ਼ਿਕਾਰੀ) ਕਰਕੇ. "ਮ੍ਰਿਗੀਸ ਜਾਣੁ ਘੁਮਤੰ ਕ੍ਰਿਤੇਣ ਕ੍ਰਿਤ ਕ੍ਰਿਤੀ ਸਰੰ." (ਦੱਤਾਵ) ਮ੍ਰਿਗੀ ਦਾ ਈਸ਼ (ਹਰਿਣ) ਮਾਨੋ ਕਿਰਾਤ ਦੇ ਕਾਤਿਲ ਤੀਰ ਦਾ ਘਾਇਲ ਕੀਤਾ ਘੁਮੇਰੀ ਖਾਂਦਾ ਹੈ.

ਕ੍ਰਿੱਤ: ਦੇਖੋ, ਕ੍ਰਿਤ੍ਯ। ੨. ਕੀਰਤਿ. ਯਸ਼.

ਕ੍ਰਿਤ੍ਯ: ਸੰ. ਵਿ- ਕਰਣ ਯੋਗ੍ਯ। ੨. ਸੰਗ੍ਯਾ- ਕਰਣ ਯੋਗ੍ਯ ਕਰਮ.

ਕ੍ਰਿਤ੍ਰਿਮ: ਸੰ. कृत्रिम ਵਿ- ਬਣਾਉਟੀ. ਦੇਖੋ, ਕਿਰਤਮ। ੨. ਸੰਗ੍ਯਾ- ਕਸਤੂਰੀ। ੩. ਚੀਨੀ ਕਪੂਰ.

ਕ੍ਰਿਤ੍ਵਾ: ਦੇਖੋ, ਕ੍ਰਿਤੁਆ.

ਕ੍ਰਿਦਰ: ਸੰ. कृद्र ਸੰਗ੍ਯਾ- ਭੰਡਾਰ। ੨. ਖ਼ਜ਼ਾਨਾ। ੩. ਘਰ। ੪. ਉਦਰ. ਪੇਟ.

ਕ੍ਰਿਪ: ਸੰ. कृप ਧਾ- ਕਲਪਨਾ. ਅੰਦਾਜ਼ਾ ਕਰਨਾ (ਅਟਕਲਨਾ). ਸੁੰਦਰ ਹੋਣਾ. ਚਮਕਣਾ। ੨. ਦੇਖੋ, ਕ੍ਰਿਪੀ.

ਕ੍ਰਿਪਛੇ: ਕ੍ਰਿਪਾ ਅਛਿ. ਇਕ੍ਰਪਾਦ੍ਰਿਸ਼੍ਟਿ. ਨਜਰੇ ਇ਼ਨਾਯਤ. "ਸਤਸੰਗਤਿ ਮੇਲ ਕਰਿ ਕ੍ਰਿਪਛੇ." (ਬਸੰ ਮਃ ੪)

ਕ੍ਰਿਪਣ: ਕੰਜੂਸ. ਸੂਮ. ਬਖ਼ੀਲ.

(ੳ) ਦਾਨ ਬਿਨ ਦਰਬ ਨਿਦਾਨ ਠਹਰਾਤ ਕੌਨ

ਗ੍ਯਾਨ ਬਿਨ ਯਸ਼ ਅਪਯਸ਼ ਕਰ ਕਰਗੇ,

"ਕਵਿਰਾਯ" ਸੰਤਨ ਸੁਭਾਇ ਸੁਨੇ ਸੂਮਨ ਕੇ

ਧਰਮ ਬਿਹੂਨੇ ਧਨ ਧਰਾ ਧਰ ਧਰਗੇ,

ਕਾਮ ਆਏ ਕਾਹੂੰ ਕੇ ਨ ਦਾਮ ਦੁਹੂੰ ਦੀਨਨ ਕੇ
ਧਾਮ ਗਾਡੇ ਗਾਡੇ ਸਬ ਗਥ ਗਰ ਗਰਗੇ,
ਬੋਰ ਬੋਰ ਬਿਰਦ ਬਡਾਈ ਬੇਸ਼ਊਰ ਕੇਤੇ
ਜੋਰ ਜੋਰ ਕ੍ਰਿਪਣ ਕਰੋਰਿ ਮਰ ਮਰਗੇ.
(ਅ) ਦਾਤਾ ਹਾਥ ਜਾਤੀ ਤੌਂ ਕਦਰ ਹੂੰ ਨ ਪਾਤੀ ਅਬ
ਮੇਰੇ ਹਾਥ ਆਈ ਹੈਂ ਬਧਾਈ ਬਾਂਟ ਬਾਵਰੀ!
ਖਾਨੇ ਦਰਖਾਨੇ ਤਹਿਖਾਨੇ ਬੀਚ ਬਾਸ ਦੈਹੋਂ
ਹੋਇ ਨਾ ਉਦਾਸ ਮੇਰੋ ਯਹੈ ਚਿਤ ਚਾਵਰੀ!
ਭਾਈ ਸੁਤ ਮੀਤਨ ਪੈ ਕੌਡੀ ਨਹਿ ਜਾਂਨ ਦੈਹੋਂ
ਵਾਂਧਵ ਸਪੂਰਨ ਕੋ ਆਪਨ ਸੁਭਾਵਰੀ!
ਖੈਹੋਂ ਨ ਖਵੈਹੋਂ ਮਰਜੈਹੋਂ ਤੋ ਸਿਖਾਯ ਜੈਹੋਂ
ਸੂਮ ਕਹੈ ਲੱਛਮੀ! ਤੂ ਬੈਠੀ ਗੀਤ ਗਾਵਰੀ!
(ੲ) ਸੌਨ ਲਗਯੋ ਜਬ ਰੈਨ ਮੇ ਸੂਮ ਕੋ
ਤਾਂਹਿ ਸਮੇ ਸੁਪਨਾ ਅਯੋ ਭੈਯਾ,
ਆਨ ਅਸੀਸ ਕਰੀ ਦਿਜ ਨੇ ਇਮ-
"ਰਾਜਿ ਰਖੈ ਤੁਮ ਕੋ ਜਗਮੈਯਾ,"
ਦੇਨ ਲਗਯੋ ਤਬ ਏਕ ਰੁਪੈਯਾ,
ਸੁ ਤਾਂਹਿ ਸਮੇਂ ਅਖਿਯਾਂ ਖੁਲਗੈਯਾ,
ਆਹ! ਰੇ ਦੈਯਾ ਕਹਾਂ ਕਰਦੈਯਾ!
ਜੁ ਜਾਗ ਨ ਆਤੀ ਤੁ ਜਾਤ ਰੁਪੈਯਾ.
(ਸ) ਕਿਰਪਨ ਅਪਨੀ ਯੁਵਤਿ ਸੋਂ
ਰਤਿ ਮਾਨਤ ਅਲਸਾਯ।
ਮਤ ਕਹੂੰ ਪੁਤ੍ਰ ਉਦਾਰ ਹ੍ਵੈ
ਦੈਹੈ ਦ੍ਰਵ੍ਯ ਲੁਟਾਯ.
(ਹ) ਦੇਵਤਾ ਤੇ ਸੁਰ ਔ ਅਸੁਰ ਕਹੈਂ ਦਾਨਵ ਤੇ
ਦਾਈ ਕੋ ਸੁ ਧਾਯ ਦਾਲ ਪਹਿਤੀ ਲਹਤ ਹੈਂ,
ਦਰਪਨ ਮੁਕੁਰ ਔ ਦਾਖ ਤੇਂ ਮੁਨੱਕਾ ਕਹੈਂ
ਦਾਸ ਤੇਂ ਖਵਾਸ ਕਹਿ ਕਹਿ ਨਿਬਹਤ ਹੈਂ,

ਦੇਵੀ ਸੋਂ ਭਵਾਨੀ ਔਰ ਦੇਹਰਾ ਕੋ ਕਹੈਂ ਮਠ

ਰੈਨ ਦਿਨ ਘਾਸੀਰਾਮ ਯਾਹੀ ਤੋ ਚਹਤ ਹੈਂ,

ਦਾਨਾ ਸੋਂ ਚਬੇ ਨਾ ਤਜੋਂ ਹੀ ਦੀਪ ਕੋ ਚਰਾਗ ਕਹੈਂ

ਦੋਇਬੇ ਕੇ ਡਰ ਤੇਂ ਸੋ ਦਦਾ ਨ ਕਹਤ ਹੈਂ.

੨. ਕੀੜਾ। ੩. ਕਮੀਨਾ.

ਕ੍ਰਿਪਣਤਾ: ਸੰਗਯਾ- ਕੰਜੂਸੀ. ਸੂਮਪੁਣਾ. ਬਖ਼ੀਲੀ.

ਕ੍ਰਿਪਣੇ: ਕ੍ਰਿਪਾ ਕਰਕੇ. "ਹਰਿ ਦੇਵਹੁ ਹਰਿ ਕ੍ਰਿਪਣੇ." (ਨਟ ਮਃ ੪)

ਕ੍ਰਿਪਨ: ਦੇਖੋ, ਕ੍ਰਿਪਣ. "ਧਾਇ ਧਾਇ ਕ੍ਰਿਪਨ ਸੂਮ ਕੀਨੋ ਇਕਤ੍ਰ ਕਰੀ ਹੈ ਮਾਇਆ." (ਟੋਡੀ ਮਃ ੫)

ਕ੍ਰਿਪਫਾ: ਸੰਗਯਾ- ਕ੍ਰਿਪਾਲਤਾ. "ਧਾਰੀ ਹਰਿ ਪ੍ਰਭੁ ਕ੍ਰਿਪਫਾ." (ਪ੍ਰਭਾ ਮਃ ੪) ਦੇਖੋ, ਫਾ.

ਕ੍ਰਿਪਲ: ਦੇਖੋ, ਕ੍ਰਿਪਾਲੁ.

ਕ੍ਰਿਪਲੇ: ਸੰਗਯਾ- ਕ੍ਰਿਪਾਲੁਤਾ. "ਧਾਰੀ ਹਰਿ ਕ੍ਰਿਪਲੇ." (ਨਟ ਮਃ ੪)

ਕ੍ਰਿਪਾ: कृपा ਦੇਖੋ, ਕਿਰਪਾ. "ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ!" (ਮਲਾ ਅਃ ਮਃ ੩) ੨. ਦੇਖੋ, ਕ੍ਰਿਪੀ। ੩. ਕ੍ਰਿਪਾਚਾਰਯ. ਦੇਖੋ, ਕ੍ਰਿਪੀ. "ਨਹਿ ਭੀਖਮ ਦ੍ਰੌਣ ਕ੍ਰਿਪਾ ਅਰੁ ਦ੍ਰੌਣਜ." (ਚੰਡੀ ੧)

ਕ੍ਰਿਪਾਸਿੰਧੁ: ਕ੍ਰਿਪਾ ਦਾ ਸਮੁੰਦਰ. "ਕ੍ਰਿਪਾਸਿੰਧੁ ਕਾਲਤ੍ਰਯ ਦਰਸੀ." (ਹਜਾਰੇ ੧੦) ੨. ਕਪੰਰ (ਖੋਪਰੀਆਂ) ਦਾ ਸਮੁੰਦਰ. ਕਪੰਰਸਿੰਧੁ. ਰਣਭੂਮਿ. "ਕ੍ਰਿਪਾਸਿੰਧੁ ਕਾਲੀ ਗਰੱਜੀ ਕਰਾਲੰ." (ਵਿਚਿਤ੍ਰ) ਘੋਰ ਮੈਦਾਨ ਵਿੱਚ ਕਾਲੀ ਗਰਜੀ.

ਕ੍ਰਿਪਾਕਟਾਕ੍ਸ਼, ਕ੍ਰਿਪਾਕਟਾਖਯ, ਕ੍ਰਿਪਾਕਟਾਛ: ਸੰਗਯਾ- ਕ੍ਰਿਪਾਦ੍ਰਿਸ਼੍ਟਿ. ਨਜਰੇ ਇਨਾਯਤ. "ਕ੍ਰਿਪਾਕਟਾਖ ਅਵਿਲੋਕਨ ਕੀਨਉ." (ਧਨਾ ਮਃ ੫)

ਕ੍ਰਿਪਾਕਰ: ਕ੍ਰਿਪਾ- ਆਕਰ. ਕ੍ਰਿਪਾ ਦੀ ਖਾਨਿ.

ਕ੍ਰਿਪਾਚਾਰਯ: ਦੇਖੋ, ਕ੍ਰਿਪੀ.

ਕ੍ਰਿਪਾਣ, ਕ੍ਰਿਪਾਨ: ਸੰ. कृपाण ਸੰਗਯਾ- ਜੋ ਕ੍ਰਿਪਾ ਨੂੰ ਫੈਂਕ ਦੇਵੇ. ਜਿਸ ਦੇ ਚਲਾਉਣ ਵੇਲੇ ਰਹਮ ਨਾ ਆਵੇ. ਤਲਵਾਰ. ਸ਼੍ਰੀ ਸਾਹਿਬ. ਸ਼ਮਸ਼ੇਰ. ਸਿੰਘਾਂ ਦਾ ਦੂਜਾ ਕਕਾਰ ਜੋ, ਅਮ੍ਰਿਤਧਾਰੀ ਨੂੰ ਪਹਿਰਣਾ ਵਿਧਾਨ ਹੈ. ਦੇਖੋ, ਸ਼ਸਤ੍ਰ "ਜੇ ਜੇ ਹੁਤੇ ਅਕਟੇ ਵਿਕਟੇ ਸੁ ਕਟੇ ਕਾਲ ਕ੍ਰਿਪਾਣ ਕਰਕੇ ਮਾਰੇ." (ਵਿਚਿਤ੍ਰ)

ਚਕ੍ਰਪਾਨਿ ਪਾਨਿ ਮੇ ਤਿਹਾਰੇ ਸ਼੍ਰੀ ਗੋਬਿੰਦ ਸਿੰਘ!

ਤੇਰੀ ਜੋ ਕ੍ਰਿਪਾਨ ਪਰੈ ਜਾਂ ਪਰ ਕ੍ਰਿਪਾ ਨ ਹੈ.

(ਗ੍ਵਾਲ ਕਵਿ)

ਕੱਛ ਕ੍ਰਿਪਾਨ ਨ ਕਬਹੂ ਤਜਾਗੈ।

ਸਨਮੁਖ ਲਰੈ ਨ ਰਣ ਤੇ ਭਾਗੈ.

(ਪ੍ਰਸਨੋੱਤਰ ਭਾਈ ਨੰਦ ਲਾਲ)

੨. ਇੱਕ ਛੰਦ, ਜੋ ਕਬਿੱਤ ਦੀ ਜਾਤਿ ਹੈ. ਲੱਛਣ- ਚਾਰ ਚਰਣ (ਤੁਕਾਂ), ਪ੍ਰਤਿ ਚਰਣ ੩੨ ਅੱਖਰ, ਅੱਠ ਅੱਠ ਅੱਖਰਾਂ ਪੁਰ ਅਨੁਪ੍ਰਾਸ ਸਹਿਤ ਚਾਰ ਵਿਸ਼੍ਰਾਮ. ਹਰੇਕ ਚਰਣ ਦਾ ਸੱਤਵਾਂ, ਪੰਦ੍ਰਵਾਂ, ਤੇਈਹਵਾਂ ਅਤੇ ਇਕਤੀਹਵਾਂ ਅੱਖਰ ਗੁਰੁ, ਅਤੇ ਅੱਠਵਾਂ, ਸੋਲਵਾਂ, ਚੌਬੀਹਵਾਂ ਅਤੇ ਬੱਤੀਹਵਾਂ ਲਘੁ. ਇਸ ਛੰਦ ਦਾ ਪ੍ਰਯੋਗ ਵੀਰਰਸ ਲਈ ਵਿਸ਼ੇਸ਼ ਹੁੰਦਾ ਹੈ.

ਉਦਾਹਰਣ

ਸੈਨਾਪਤਿ ਕਾਲਾਖ਼ਾਨ, ਜੋਰਕੈ ਚਮੂ ਮਹਾਨ,

ਧਾਰ ਬਲ ਅਭਿਮਾਨ, ਡਟਜੋ ਹੈ ਮੈਦਾਨ ਆਨ, ਰਿਸਕਰ ਪੈਂਦਾਖ਼ਾਨ, ਭਯੋ ਗੁਰੁ ਸਮੁਹਾਨ,

ਸਿੰਘਨਾਦ ਉੱਚ ਠਾਨ, ਬੋਲਜੋ ਨਹਿ ਪੈਹੋਂ ਜਾਨ,

ਗਹਿਕੈ ਰਕਾਬ ਪਾਨ, ਰੋਕਲੀਨ ਹੈ ਕਿੰਕਾਨ,

ਹੇਤ ਭੂਮਿ ਪੈ ਗਿਰਾਨ, ਲਾਵਤ ਸ਼ਰੀਰਤਾਨ,

ਸ਼ਤ੍ਰੁਬਨ ਕੋ ਕ੍ਰਿਸ਼ਾਨ, ਵੀਰ ਸੋਢਿਵੰਸ਼ ਭਾਨ,

ਕਾਲਜੀਹ ਕੇ ਸਮਾਨ, ਝਾਰੀ ਸਿਰ ਪੈ ਕ੍ਰਿਪਾਨ.

ਕ੍ਰਿਪਾਣਪਾਣਿ: ਵਿ- ਕ੍ਰਿਪਾਣ (ਤਲਵਾਰ) ਹੈ ਜਿਸ ਦੇ ਹੱਥ ਵਿੱਚ। ੨. ਸੰਗਜਾ- ਮਹਾਕਾਲ.

ਕ੍ਰਿਪਾਣੀ: ਸੰਗਜਾ- ਛੋਟੀ ਤਲਵਾਰ। ੨. ਵਿ- ਕ੍ਰਿਪਾਨਵਾਲਾ. ਕ੍ਰਿਪਾਣਧਾਰੀ.

ਕ੍ਰਿਪਾਨ: ਦੇਖੋ, ਕ੍ਰਿਪਾਣ.

ਕ੍ਰਿਪਾਨਕ੍ਰਿਤ: ਇੱਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ, ਸ, ਨ, ਲ. ।।ऽ, ।।।, ।.

ਉਦਾਹਰਣ-

ਜਹਿਂ ਤੀਰ ਛੁਟਤ। ਰਣਧੀਰ ਜੁਟਤ।

ਬਰ ਬੀਰ ਉਠਤ। ਤਨੁਤ੍ਰਾਣ ਤੁਟ ॥

(ਕਲਕੀ)

(ਅ) ਦੱਤਾਵਤਾਰ ਵਿੱਚ ਮਧੁਭਾਰ ਦਾ ਹੀ ਨਾਉਂ ਕ੍ਰਿਪਾਨਕ੍ਰਿਤ ਆਇਆ ਹੈ,

ਯਥਾ-

ਮੁਨਿ ਅਤਿ ਅਪਾਰ। ਗੁਣ ਗਣ ਉਦਾਰ।

ਵਿਦ੍ਯਾ ਵਿਚਾਰ। ਨਿਤ ਕਰਤ ਚਾਰ ॥

ਕ੍ਰਿਪਾਨਦ: ਦੇਖੋ, ਕਿਰਪਾਨਦ। ੨. ਕ੍ਰਿਪਾਣ ਦੇਣ ਵਾਲਾ.

ਕ੍ਰਿਪਾਨਧਾਰੀ: ਵਿ- ਕ੍ਰਿਪਾਣ ਰੱਖਣ ਵਾਲਾ। ੨. ਸੰਗਜਾ- ਅਮ੍ਰਿਤੀਆ ਸਿੰਘ. ਖ਼ਾਲਸਾ.

ਕ੍ਰਿਪਾਨਨਿ: ਤਲਵਾਰ ਵਾਲੀ, ਸੈਨਾ (ਸਨਾਮਾ)

ਕ੍ਰਿਪਾਨਪਾਨੀ: ਦੇਖੋ, ਕ੍ਰਿਪਾਣਪਾਣਿ।

੨. ਸੰਗਜਾ- ਦੁਰਗਾ. ਭਵਾਨੀ. "ਦੀਨੀ ਰਾਜਧਾਨੀ ਵਜ੍ਰਪਾਨੀ ਕੋ ਕ੍ਰਿਪਾਨਪਾਨੀ." (ਨਾਪ੍ਰ)

ਕ੍ਰਿਪਾਨਭੇਟ: ਦੇਖੋ, ਭੇਟ ਕਰਨਾ.

ਕ੍ਰਿਪਾਨਿਧਾਨ, ਕ੍ਰਿਪਾਨਿਧਿ: ਕ੍ਰਿਪਾ ਦਾ ਖ਼ਜ਼ਾਨਾ। ੨. ਕ੍ਰਿਪਾ ਦਾ ਸਮੁੰਦਰ. "ਕ੍ਰਿਪਾਨਿਧਾਨ ਦਿਆਲ ਬਖਸੰਦ." (ਸੁਖਮਨੀ) "ਕ੍ਰਿਪਾਨਿਧਿ! ਬਸਹੁ ਰਿਦੈ ਹਰਿ ਨੀਤ." (ਟੋਡੀ ਮਃ ੫)

ਕ੍ਰਿਪਾਨੀ: ਦੇਖੋ, ਕ੍ਰਿਪਾਣੀ. "ਸਦਾ ਰਾਖਲੈ ਮੋ ਕ੍ਰਿਪਾਕੈ ਕ੍ਰਿਪਾਨੀ." (ਛੱਕੇ) ੨. ਛੋਟੀ ਤਲਵਾਰ. "ਪਾਗ ਹੂੰ ਕੋ ਬਾਂਧਬੋ ਕਛੁਕ ਦਿਨ ਪੀਛੇ ਸੀਖਜੋ, ਪਹਿਲੇ ਹੀ ਸੀਖਜੋ ਸਿੰਘ ਬਾਂਧਬੋ ਕ੍ਰਿਪਾਨੀ ਕੋ." (ਕਵਿ ੫੨)

ਕ੍ਰਿਪਾਂਬੁਦ: ਕ੍ਰਿਪਾ ਦਾ ਅੰਬੁਦ (ਮੇਘ). ਦਯਾ ਦਾ ਬੱਦਲ. "ਜਾਨੁਕ ਬਰਖ ਕ੍ਰਿਪਾਂਬੁਦ ਗਯੋ." (ਚਰਿਤ੍ਰ ੨੪੪)

ਕ੍ਰਿਪਾਯਤਨ: ਕ੍ਰਿਪਾ ਦਾ ਆਯਤਨ (ਘਰ).

ਕ੍ਰਿਪਾਰ, ਕ੍ਰਿਪਾਰਾ, ਕ੍ਰਿਪਾਰੀ, ਕ੍ਰਿਪਾਰੁ: ਵਿ- ਕ੍ਰਿਪਾਲੁ. ਕ੍ਰਿਪਾਧਾਰੀ. ਕ੍ਰਿਪਾਵਾਲਾ. ਦਯਾਵਾਨ. "ਪ੍ਰਭੁ ਦਇਆਰ ਕ੍ਰਿਪਾਰ." (ਕਾਨ ਮਃ ੫) "ਹੋਹੁ ਦੀਨ ਕ੍ਰਿਪਾਰਾ." (ਗਉ ਛੰਤ ਮਃ ੫)

ਕ੍ਰਿਪਾਲ: ਦੇਖੋ, ਕ੍ਰਿਪਾਲੁ। ੨. ਸੰਗਯਾ- ਜੱਲ੍ਹ ਕਾ ਕ੍ਰਿਪਾਲ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਵਡਾ ਜੋਧਾ ਸੀ। ੩. ਕਟੋਚ ਦਾ ਰਾਜਾ, ਜੋ ਨਾਦੌਨ ਦੇ ਜੰਗ ਵਿੱਚ ਭੀਮਚੰਦ ਕਹਲੂਰੀਏ ਦੇ ਵਿਰੁੱਧ ਲੜਨ ਗਿਆ. ਦਸ਼ਮੇਸ਼ ਨੇ ਇਸ ਨੂੰ ਭਾਰੀ ਸ਼ਿਕਸਤ ਦਿੱਤੀ। ੪. ਦੇਖੋ, ਕ੍ਰਿਪਾਲਚੰਦ। ੫. ਦੇਖੋ, ਕ੍ਰਿਪਾਲਦਾਸ.

ਕ੍ਰਿਪਾਲਚੰਦ: ਮਾਤਾ ਗੁਜਰੀ ਜੀ ਦਾ ਭਾਈ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਮਾ. ਏਹ ਪਰਮ ਗੁਰੁਭਗਤ ਅਤੇ ਮਹਾਨ ਯੋਧਾ ਸੀ. ਇਸ ਨੇ ਭੰਗਾਣੀ ਦੇ ਯੁੱਧ ਵਿੱਚ ਵਡੀ ਬਹਾਦੁਰੀ ਵਿਖਾਈ, ਜਿਸ ਦਾ ਜਿਕਰ ਕਲਗੀਧਰ ਨੇ ਵਿਚਿਤ੍ਰਨਾਟਕ ਦੇ ਅੱਠਵੇਂ ਅਧ੍ਯਾਯ ਵਿੱਚ ਕੀਤਾ ਹੈ-

"ਤਹਾਂ ਮਾਤੁਲੇਯੰ ਕ੍ਰਿਪਾਲੰ ਕਰੁੱਧੰ." x x

੨. ਕਾਂਗੜੇ ਦਾ ਰਾਜਾ. ਕਟੋਚ ਗੋਤ੍ਰ ਕਾਰਣ ਇਸ ਨੂੰ ਕਟੋਚੀਆ ਭੀ ਕਈ ਥਾਈਂ ਲਿਖਿਆ ਹੈ. ਦੇਖੋ, ਵਿਚਿਤ੍ਰ ਨਾਟਕ ਅਃ ੯. ਇਸ ਦਾ ਨਾਉਂ ਕ੍ਰਿਪਾਰਾਮ ਭੀ ਇਕ ਥਾਂ ਆਇਆ ਹੈ. ਹੁਸੈਨੀ ਦੇ ਜੰਗ ਵਿੱਚ ਇਸ ਦਾ ਦਿਹਾਂਤ ਹੋਇਆ. ਦੇਖੋ, ਵਿਚਿਤ੍ਰਨਾਟਕ ਅਃ ੧੧.

ਕ੍ਰਿਪਾਲਦਾਸ: ਨਾਮ ਦਾ ਰਸੀਆ ਅਤੇ ਮਹਾਨ ਸ਼ੂਰਵੀਰ ਉਦਾਸੀ ਸਾਧੂਆਂ ਦਾ ਮਹੰਤ, ਜਿਸ ਨੂੰ ਭੰਗਾਣੀ ਦੇ ਯੁੱਧ ਵਿੱਚ ਹਯਾਤ ਖ਼ਾਂ ਸਰਦਾਰ ਨੂੰ ਕੁਤਕੇ ਨਾਲ ਮਾਰਿਆ ਸੀ, ਜਿਸ ਪੁਰ ਪ੍ਰਸੰਨ ਹੋ ਕੇ ਦਸ਼ਮੇਸ਼ ਨੇ ਸਰੋਪਾ ਬਖ਼ਸ਼ਿਆ ਅਤੇ ਵਿਚਿਤ੍ਰਨਾਟਕ ਵਿੱਚ ਲਿਖਿਆ-

"ਕ੍ਰਿਪਾਲੰ ਕੁਪਯੋ ਹੈ ਕੁੱਤਕੋ ਸੰਭਾਰੀ,

ਹਠੀ ਖ਼ਾਨ ਹੱਯਾਤ ਕੇ ਸੀਸ ਝਾਰੀ,

ਉਠੀ ਛਿੱਛ ਇੱਛੰ ਕੱਢਾ ਮਿੱਜ ਜੋਰੰ,

ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ."

ਕ੍ਰਿਪਾਲਦਾਸ ਦੀ ਗੱਦੀ ਦਾ ਅਸਥਾਨ ਪਿੰਡ ਹੇਹਰ (ਜਿਲਾ ਲੁਦਿਆਨਾ) ਹੈ. ਜਦ ਦਸ਼ਮੇਸ਼ ਮਾਛੀਵਾੜੇ ਤੋਂ ਉੱਚਪੀਰ ਦਾ ਰੂਪ ਧਾਰਕੇ ਹੇਹਰ ਪਹੁਚੇ, ਤਦ ਕ੍ਰਿਪਾਲ ਦਾਸ ਨੇ ਸਤਿਗੁਰੂ ਦੀ ਸੇਵਾ ਕੀਤੀ ਅਤੇ ਵਿਦਾਇਗੀ ਸਮੇਂ ਕਈ ਕੋਹ ਤੀਕ ਪਲੰਘ ਦਾ ਪਾਵਾ ਉਠਾਂਈਂ ਗਿਆ.

ਕ੍ਰਿਪਾਲੁ: ਵਿ- ਕ੍ਰਿਪਾਯੁਕ੍ਤ. ਕ੍ਰਿਪਾਵਾਲਾ. ਮਿਹਰਬਾਨ.

ਕ੍ਰਿਪਾਵਤ, ਕ੍ਰਿਪਾਵਾਨ, ਕ੍ਰਿਪਾਵੰਤ: ਵਿ- ਕ੍ਰਿਪਾਵਾਲਾ. ਦੇਖੋ, ਕਿਰਪਾਵਤ.

ਕ੍ਰਿਪੀ: ਸੰ. कृपी (ਅਥਵਾ ਕ੍ਰਿਪਾ). ਇਹ ਦ੍ਰੋਣਾਚਾਰਯ ਦੀ ਇਸਤ੍ਰੀ ਅਤੇ ਅਸ਼੍ਵੱਥਾਮਾ ਦੀ ਮਾਤਾ ਸੀ. ਮਹਾਭਾਰਤ ਵਿੱਚ ਕਥਾ ਹੈ ਕਿ ਗੌਤਮ ਦੇ ਪੁਤ੍ਰ ਭਰਦ੍ਵਾਜ (ਸ਼ਰਦਵਾਨ) ਦੇ ਤਪਭੰਗ ਕਰਨ ਲਈ ਇੰਦ੍ਰ ਨੇ 'ਗਜਾਨਪਦੀ' ਅਪਸਰਾ ਘੱਲੀ, ਜਿਸ ਨੂੰ ਦੇਖਕੇ ਰਿਖੀ ਦਾ ਵੀਰਜ ਪਾਤ ਹੋ ਗਿਆ. ਇਹ ਵੀਰਜ ਸਰਕੁੜੇ ਵਿੱਚ ਸੁੱਟਿਆ ਗਿਆ, ਜਿਸ ਤੋਂ ਇੱਕ ਲੜਕਾ ਇੱਕ ਲੜਕੀ ਉਪਜੀ. ਸ਼ਾਂਤਨੁ ਰਾਜਾ ਨੇ ਜਦ ਉਨ੍ਹਾਂ ਨੂੰ ਵੇਖਿਆ, ਤਦ ਕ੍ਰਿਪਾ ਆਈ, ਦੋਹਾਂ ਨੂੰ ਉਠਾਕੇ ਘਰ ਲੈ ਆਇਆ ਅਤੇ ਪ੍ਰੇਮ ਨਾਲ ਪਾਲਨਾ ਕੀਤੀ. ਇਸੇ ਕਾਰਣ ਬਾਲਕ ਦਾ ਨਾਉਂ ਕ੍ਰਿਪ ਅਤੇ ਲੜਕੀ ਦਾ ਨਾਉਂ ਕ੍ਰਿਪੀ ਹੋਇਆ. ਜੁਆਨ ਹੋਣ ਪੁਰ ਕ੍ਰਿਪੀ ਦ੍ਰੋਣ ਦੀ ਇਸਤ੍ਰੀ ਹੋਈ ਅਤੇ ਕ੍ਰਿਪਾਚਾਰਯ ਸਾਰੀ ਉਮਰ ਸ਼ਾਂਤਨੁ ਦੀ ਵੰਸ਼ ਦਾ ਭਾਰੀ ਸਿਕ਼ਕ ਅਤੇ ਸਹਾਇਕ ਰਿਹਾ.

ਕ੍ਰਿਪੀਸੁਤ: ਕ੍ਰਿਪੀ ਦਾ ਪੁਤ੍ਰ, ਅਸ਼੍ਵੱਥਾਮਾ. "ਭੀਖਮ ਦ੍ਰੋਣ ਕ੍ਰਿਪਾਰੁ ਕ੍ਰਿਪੀਸੁਤ." (ਕ੍ਰਿਸਨਾਵ) ਭੀਸ਼ਮਪਿਤਾਮਾ, ਦ੍ਰੋਣਾਚਾਰਯ, ਕ੍ਰਿਪਾਚਾਰਯ ਅਤੇ ਅਸ਼੍ਵੱਥਾਮਾ.

ਕ੍ਰਿਮ, ਕ੍ਰਿਮਿ: क्रमि ਦੇਖੋ, ਕਿਰਮ. "ਵਿਚਿ ਪਾਥਰ ਕ੍ਰਿਮ ਜੰਤਾ." (ਵਾਰ ਸੋਰ ਮਃ ੪)

ਕ੍ਰਿਮਿਜਾ: ਸੰ. कृमिजा ਸੰਗਯਾ- ਕੀੜਿਆਂ ਤੋਂ ਪੈਦਾ ਹੋਈ ਲਾਖ. ਦੇਖੋ, ਕਿਰਮਚੀ.

ਕ੍ਰਿਯਮਾਣ: ਵਿ- ਜੋ ਕੀਤਾ ਜਾ ਰਿਹਾ ਹੈ। ੨. ਸੰਗਯਾ- ਉਹ ਕਰਮ, ਜੋ ਵਰਤਮਾਨ ਕਾਲ ਵਿੱਚ ਕੀਤਾ ਜਾਂਦਾ ਹੈ.

ਕ੍ਰਿਯਾ: ਦੇਖੋ, ਕਿਰਿਆ। ੨. ਵ੍ਯਾਕਰਣ ਦਾ ਉਹ ਅੰਗ, ਜਿਸ ਤੋਂ ਕਿਸੇ ਕਰਮ ਦਾ ਹੋਣਾ ਜਾਂ ਕਰਣਾ ਪਾਇਆ ਜਾਵੇ, ਜਿਵੇਂ- ਆਉਣਾ, ਜਾਣਾ, ਲਿਖਣਾ ਆਦਿ. Verb.

ਕ੍ਰਿਯਾਚਤੁਰ: ਕਾਵ੍ਯ ਅਨੁਸਾਰ ਉਹ ਨਾਇਕ, ਜੋ ਆਪਣੀ ਕ੍ਰਿਯਾ ਤੋਂ ਚਤੁਰਾਈ ਪ੍ਰਗਟ ਕਰੇ. ਅਰਥਾਤ ਬਿਨਾ ਮੁਖ ਤੋਂ ਬੋਲੇ ਸ਼ਰੀਰ ਦੀ ਚੇਸ਼੍ਟਾ ਨਾਲ ਚਤੁਰਤਾ ਦਿਖਾਵੇ.

ਕ੍ਰਿਯਾਵਾਚਕ ਸੰਗਯਾ: ਉਹ ਨਾਮ, ਜੋ ਕ੍ਰਿਯਾਬੋਧਕ ਹੋਵੇ, ਜੈਸੇ ਦੁਖਹਰਤਾ. ਮੁਕਤਿਦਾਤਾ ਆਦਿਕ.

ਕ੍ਰਿਯਾਵਿਸ਼ੇਸ਼ਣ: ਵ੍ਯਾਕਰਣ ਅਨੁਸਾਰ ਉਹ ਸ਼ਬਦ, ਜੋ ਕ੍ਰਿਯਾਵਾਚਕ ਸ਼ਬਦ ਦੀ ਭਾਵ, ਰੀਤਿ ਅਥਵਾ ਸਮੇਂ ਦੀ ਵਿਸ਼ੇਸ਼ਤਾ ਜਣਾਵੇ. ਜੈਸੇ- ਅਭੀ, ਹੁਣੇ, ਓਥੇ, ਐਸੇ ਆਦਿਕ. Adverb.

ਕ੍ਰਿਯਾਵਿਸੇਖ: ਦੇਖੋ, ਕ੍ਰਿਆਵਿਸੇਖ.

ਕ੍ਰਿਯਾਵਿਦਗਧਾ: ਸੰ. क्रियाविदग्धा ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਆਪਣੇ ਮਨ ਦੇ ਭਾਵ ਕ੍ਰਿਯਾ (ਚੇਸ਼੍ਟਾ) ਨਾਲ ਪ੍ਰਗਟ ਕਰਨ ਵਿੱਚ ਚਤੁਰ ਹੋਵੇ.

ਕ੍ਰੀਚਕ: ਦੇਖੋ, ਕੀਚਕ. "ਇਹ ਬਿਧਿ ਸੁਨ ਕ੍ਰੀਚਕ ਹਰਖਾਨਾ." (ਨਾਪ੍ਰ)

ਕ੍ਰੀਛਨ: ਦੇਖੋ, ਕਰੀਛਨ.

ਕ੍ਰੀਟ: ਦੇਖੋ, ਕਿਰੀਟ.

ਕ੍ਰੀਤ: ਸੰ. ਵਿ- ਕ੍ਰਯ ਕੀਤਾ ਹੋਇਆ. ਖ਼ਰੀਦਿਆ.

ਕ੍ਰੀੜਨ: ਸੰ. ਸੰਗਯਾ- ਖੇਲ। ਖੇਲਨਾ। ੨. ਵਿਲਾਸ. ਮਖ਼ੌਲ ਕਰਨਾ.

ਕ੍ਰੀੜਾ: ਦੇਖੋ, ਕ੍ਰੀੜਨ। ੨. ਦੇਖੋ, ਅਰੂਪਾ ਅਤੇ ਮਾਧੋ ਦਾ ਰੂਪ ੧.

ਕ੍ਰੀੜਾਚਕ੍ਰ: ਦੇਖੋ, ਭੁਜੰਗਪ੍ਰਯਾਤ ਦਾ ਰੂਪ (ੲ).

**ਕ੍ਰੁਸ਼:** ਸੰ. क्रुश् ਧਾ- ਪੁਕਾਰਨਾ- ਰੋਣਾ- ਗਾਲੀ ਦੇਣਾ- ਦੋਸ਼ ਲਾਉਣਾ.

**ਕ੍ਰੁੰਚ:** ਸੰ. क्रुञ्च् ਧਾ- ਨਜ਼ਦੀਕ (ਨੇੜੇ) ਜਾਣਾ, ਟੇਢਾ ਘੁੰਮਣਾ, ਟੇਢਾ ਹੋਣਾ. ਤੁੱਛ ਹੋਣਾ, ਰੁੱਖਾ ਹੋਣਾ। ੨. ਸੰਗਯਾ- ਇੱਕ ਪ੍ਰਕਾਰ ਦਾ ਬਗੁਲਾ। ੩. ਕੂੰਜ। ੪. ਕ੍ਰੌਂਚ ਪਰਵਤ। ੫. ਰੁੱਖਾਪਨ. "ਧਨੁ ਭ੍ਰਿਕੁਟੀ ਸੁ ਕ੍ਰੁੰਚ ਬਿਨ ਬਾਰੰ." (ਨਾਪ੍ਰ) ਕੇਸ਼ ਰੁਖਾਸਣੇ ਬਿਨਾ. ਭਾਵ- ਮੁਲਾਇਮ.

**ਕ੍ਰੁਧ੍:** ਸੰ. ਧਾ- ਗੁੱਸਾ ਕਰਨਾ.

**ਕ੍ਰੁੱਧ:** ਵਿ- ਕ੍ਰੋਧ ਸਹਿਤ. ਗੁੱਸੇ ਨਾਲ ਭਰਿਆ ਹੋਇਆ.

**ਕ੍ਰੁੱਧ ਬਿਖੈਂ ਜਿਨ ਘੋਰ:** ਵਾ- ਕ੍ਰੋਧੀ ਹੋਕੇ ਜ਼ਹਿਰ ਨਾ ਘੋਲ. (ਰਾਮਾਵ)

**ਕ੍ਰੂਰ:** ਸੰ. ਵਿ- ਨਿਰਦਈ. ਜ਼ਾਲਿਮ। ੨. ਤੱਤਾ. ਗਰਮ। ੩. ਤਿੱਖਾ. ਤੇਜ਼.

**ਕ੍ਰੂਰਕਰਮਾ:** ਵਿ- ਦਯਾ ਰਹਿਤ ਕੰਮ ਕਰਨ ਵਾਲਾ. "ਸੰਗ ਕ੍ਰੂਰਕਰਮਾ ਅਬ ਆਨਾ." (ਗੁਪ੍ਰਸੂ) ੨. ਸੰਗਯਾ- ਇੱਕ ਸੂਰਯਵੰਸ਼ੀ ਰਾਜਾ.

**ਕ੍ਰੂਰਬਰਸ, ਕ੍ਰੂਰਵਰ੍ਸ਼:** ਇੱਕ ਸੂਰਯਵੰਸ਼ੀ ਰਾਜਾ. ਦੇਖੋ, ਕਾਲਸੈਣ.

**ਕ੍ਰੇਸ:** ਕਲੇਸ਼. "ਕਉਸਲ ਕੇ ਛੋਰ ਕ੍ਰੇਸ." (ਰਾਮਾਵ) ਕੋਸ਼ਲ ਦੇਸ਼ ਦੇ ਕਜੀਏ ਛੱਡਕੇ.

**ਕ੍ਰੇਟੂ:** ਸ਼ਜਾਮਾ. ਕਾਲਕੜਛੀ. "ਕੁਰਕਟ ਕ੍ਰੇਟੂ ਕਾਕ." (ਨਾਪ੍ਰ)

**ਕ੍ਰੋਸ਼ਨ:** ਸੰ. ਸੰਗਯਾ- ਪੁਕਾਰਨਾ. ਚਿੱਲਾਨਾ. ਵਿਲਾਪ ਕਰਨਾ. ਦੇਖੋ, ਕ੍ਰੁਸ਼੍. ਧਾ.

**ਕ੍ਰੋਹ:** ਦੇਖੋ, ਕ੍ਰੋਧ. "ਨ ਮੋਹੰ ਨ ਕ੍ਰੋਹੰ." (ਅਕਾਲ)

**ਕ੍ਰੋਂਚ:** ਦੇਖੋ, ਕ੍ਰੌਂਚ.

**ਕ੍ਰੋਧ:** ਗੁੱਸਾ. ਦੇਖੋ, ਕਰੋਧ. "ਕ੍ਰੋਧ ਬਿਨਾਸੈ ਸਗਲ ਬਿਕਾਰੀ." (ਗਉ ਅਃ ਮਃ ੧)

**ਕ੍ਰੋਧਿ, ਕ੍ਰੋਧੀ:** ਵਿ- ਕ੍ਰੋਧਿਨ੍. ਕ੍ਰੋਧ ਵਾਲਾ. ਗੁਸੈਲਾ। ੨. ਦੇਖੋ, ਮੁਠੀ। ੩. ਦੇਖੋ, ਕਰੋਧਿ.

**ਕ੍ਰੋਪ:** ਦੇਖੋ, ਕੋਪ. "ਜੇ ਅਤਿ ਕ੍ਰੋਪ ਕਰੇਕਰਿ ਧਾਇਆ." (ਆਸਾ ਕਬੀਰ)

**ਕ੍ਰੋਪਿ:** ਕ੍ਰੋਪ (ਕ੍ਰੋਧ) ਕਰਕੇ. ਕੁਪਿਤ ਹੋ ਕੇ. "ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ." (ਗੌਂਡ ਕਬੀਰ)

**ਕ੍ਰੋਰ:** ਸੰਗਯਾ- ਕੋਟਿ. ਕ੍ਰੋੜ. ਸੌ ਲਾਖ. "ਜੋਰੇ ਲਾਖ ਕ੍ਰੋਰੇ ਮਨ ਨ ਹੋਰੇ." (ਗਉ ਮਃ ੫)

**ਕ੍ਰੋੜ:** ਸੰ. क्रोड ਸੰਗਯਾ- ਸੂਰ। ੨. ਗੋਦ. ਅੰਕਵਾਰ। ੩. ਬਿਰਛ ਦੀ ਖੋੜ। ੪. ਕਰੋੜ.

**ਕ੍ਰੌਂਚ:** ਸੰ. कौच्र ਸੰਗਯਾ- ਸਾਰਸ. "ਕ੍ਰੌਂਚ ਸੁ ਆਰੁਣਚੂੜ ਪੁਕਾਰਤ." (ਗੁਪ੍ਰਸੂ) ੨. ਹਿਮਾਲਯ ਦੀ ਧਾਰਾ ਦਾ ਇੱਕ ਪਰਬਤ. ਹਰਿਵੰਸ਼ ਅਨੁਸਾਰ ਇਹ ਮੈਨਾਕ ਦਾ ਪੁਤ੍ਰ ਅਤੇ ਹਿਮਾਲਯ ਦਾ ਪੋਤਾ ਹੈ. ਮਹਾਭਾਰਤ ਵਿੱਚ ਕਥਾ ਹੈ ਕਿ ਕ੍ਰੌਂਚ ਪਰਬਤ ਅਜੇਹਾ ਮਸਤਿਆ ਕਿ ਕ੍ਰੌਂਚਦ੍ਵੀਪ ਦੇ ਵਸਨੀਕਾਂ ਨੂੰ ਦਰੜਨ ਲੱਗਾ. ਇਸ ਤੋਂ ਦੁਖੀ ਹੋ ਕੇ ਸਾਰੇ ਲੋਕ ਕਾਰ੍ਤਿਕੇਯ ਦੀ ਸ਼ਰਣ ਗਏ, ਜਿਸ ਤੇ ਸ਼ਿਵਪੁਤ੍ਰ ਨੇ ਤੀਰ ਅਥਵਾ ਬਰਛੀ ਅਜੇਹੀ ਮਾਰੀ ਕਿ ਪਹਾੜ ਨੂੰ ਬਿਨ੍ਹ ਦਿੱਤਾ ਅਤੇ ਖੜਗ ਨਾਲ ਕ੍ਰੌਂਚ ਦਾ ਸ਼੍ਰਿੰਗ ਵੱਢ ਦਿੱਤਾ. "ਕ੍ਰੌਂਚ ਸੈਲ ਮੇ ਜਨੁ ਸ਼ਿਵਨੰਦਨ ਬਰਛੀ ਮਾਰ ਧਸਾਈ." (ਗੁਪ੍ਰਸੂ) ੩. ਇੱਕ ਦੈਤ, ਜੋ ਮਯ ਦਾਨਵ ਦਾ ਪੁਤ੍ਰ ਸੀ. ਇਸ ਦਾ ਨਿਵਾਸ ਕ੍ਰੌਂਚ ਦ੍ਵੀਪ ਵਿੱਚ ਸੀ। ੪. ਪੁਰਾਣਾਂ ਅਨੁਸਾਰ ਸੱਤ ਦ੍ਵੀਪਾਂ ਵਿੱਚੋਂ ਇੱਕ ਦ੍ਵੀਪ, ਜਿਸ ਵਿੱਚ ਕ੍ਰੌਂਚ ਪਹਾੜ ਹੈ. ਇਹ ਖੀਰਸਮੁੰਦਰ ਨਾਲ ਘਿਰਿਆ ਹੋਇਆ ਮੰਨਿਆ ਹੈ. ਇਸ ਦਾ ਪ੍ਰਮਾਣ ਸੋਲਾਂ ਲੱਖ ਯੋਜਨ ਲਿਖਿਆ ਹੈ. "ਕ੍ਰੌਂਚ ਨਾਮ ਤਿਹ

ਦੀਪ ਕੋ ਨਰਿ ਸੁੰਦਰ ਸਮੁਦਾਯ." (ਨਾਪ੍ਰ) ੫. ਦੇਖੋ, ਕ੍ਰੌਂਚਪਦਾ.

ਕ੍ਰੌਂਚਪਦਾ: ਦੇਖੋ, ਸਵੈਯੇ ਦਾ ਰੂਪ ੨੯.

ਕ੍ਰੌਂਚਬ੍ਯੂਹ, ਕ੍ਰੌਚਵ੍ਯੂਹ, ਕ੍ਰੌਂਚਾਬ੍ਯੂਹ: ਸੰਗਯਾ- ਕ੍ਰੌਂਚ (ਸਾਰਸ) ਪੰਛੀ ਦੀ ਸ਼ਕਲ ਸਮਾਨ ਫੌਜ ਦੀ ਰਚਨਾ ਕਰਨੀ. ਫੌਜ ਨੂੰ ਮੈਦਾਨ ਵਿੱਚ ਇਸ ਤਰਾਂ ਖੜਾ ਕਰਨਾ, ਮਾਨੋ ਸਾਰਸ ਦੀ ਸ਼ਕਲ ਬਣ ਗਈ ਹੈ. "ਕ੍ਰੌਂਚਾਬ੍ਯੂਹ ਕਿਯੋ ਅਸੁਰਿਸ ਜਬ." (ਚਰਿਤ੍ਰ ੪੦੫)

ਕ੍ਰੰਦ: ਸੰ. क्रन्द् ਧਾ- ਦੁੱਖ ਪ੍ਰਗਟ ਕਰਨਾ, ਘਬਰਾਉਣਾ, ਦੁੱਖ ਨਾਲ ਪੁਕਾਰਨਾ.

ਕ੍ਰੰਦਨ: ਸੰਗਯਾ- ਰੋਣਾ. ਵਿਲਾਪ। ੨. ਯੁੱਧ ਸਮੇਂ ਜ਼ਖ਼ਮੀਆਂ ਦਾ ਹਾਹਾਕਾਰ.

ਕ੍ਰੰਮ: ਦੇਖੋ, ਕ੍ਰਮ. "ਮਨ ਬਚ ਕ੍ਰੰਮ ਸੇਵੀਐ ਸਚਾ." (ਸਵੈਯੇ ਮਃ ੪. ਕੇ)

ਕ੍ਲਿਸ਼੍ਟ: ਦੇਖੋ, ਕਲਿਸ਼੍ਟ.

ਕ੍ਲੇਦ: ਦੇਖੋ, ਕਲੇਦ.

ਕ੍ਲੇਦਨ: ਦੇਖੋ, ਕਲੇਦਨ.

ਕ੍ਵ: ਵ੍ਯ- ਕਹਾਂ. ਕਿੱਥੇ। ੨. ਦੇਖੋ, ਕੁਇ.

ਕ੍ਵਚਿਤ: ਕ੍ਰਿ. ਵਿ- ਕੋਈ ਹੀ. ਬਹੁਤ ਘੱਟ. ਸ਼ਾਯਦ ਕੋਈ। ੨. ਕਹੀਂ (ਕਿਤੇ) ਭੀ. "ਨਚ ਸੁਖੰ ਦ੍ਰਿਸ਼੍ਯਤੇ ਕ੍ਵਚਿਤ." (ਗੁਪ੍ਰਸੂ)

ਕ੍ਵਾਂਡ: ਦੇਖੋ, ਕੋਦੰਡ. "ਕੁਰੁਰਾਵ ਕ੍ਵਾਂਡ ਭੇ ਮਾਰਯੋ." (ਚਰਿਤ੍ਰ ੧੩੭) ਕੁਰੁ ਰਾਜਾ ਧਨੁਖ ਨਾਲ ਮਾਰਿਆ.

ਕ੍ਵਾਥ: ਸੰ. ਸੰਗਯਾ- ਕਾੜ੍ਹਾ. ਜੋਸ਼ਾਂਦਾ. ਚਾਰ ਤੋਲੇ ਦਵਾ ਵਿੱਚ ਚੌਸਠ ਤੋਲੇ ਪਾਣੀ ਪਾਕੇ ਉਬਾਲਣਾ ਅਤੇ ਉਸ ਦਾ ਚੌਥਾ ਹਿੱਸਾ ਪਾਣੀ ਬਾਕੀ ਰੱਖਣਾ, ਵੈਦਜਕ ਗ੍ਰੰਥਾਂ ਵਿੱਚ ਕ੍ਵਾਥ ਦੀ ਇਹ ਰੀਤਿ ਦੱਸੀ ਹੈ.

ਕ੍ਵਾਪਿ: ਕ੍ਰਿ. ਵਿ- ਕਹੀਂ ਭੀ. ਕਿਤੇ ਭੀ.

ਕ੍ਵਾਰ: ਦੇਖੋ, ਕੁਆਰ ੩. ਦੇਖੋ, ਕੁਮਾਰ. "ਜਾਨਤ ਹੋਂ ਘਨ ਕ੍ਵਾਰ ਕੋ ਗਰਜਤ, ਬਰਸ ਨ ਆਇ." (ਕ੍ਰਿਸਨਾਵ) ਅੱਸੂ ਦਾ ਬੱਦਲ ਗੱਜਦਾ ਹੈ, ਵਰ੍ਹਦਾ ਨਹੀਂ.

ਕ੍ਵਾਰਾ: ਦੇਖੋ, ਕੁਮਾਰ.

ਕ੍ਵੈ: ਦੇਖੋ, ਕ੍ਵ। ੨. ਸਰਵ- ਕੋਈ. "ਨ ਸੁਭਟ ਠਾਢ ਕਨਐ ਰਹਯੋ." (ਕ੍ਰਿਸਨਾਵ)

ਕ੍ਸ਼: ਸੰ. क्ष ਇਹ ਅੱਖਰ ਕ ਅਤੇ ਸ਼ ਦੇ ਮੇਲ ਤੋਂ ਬਣਿਆ ਹੈ. ਪੰਜਾਬੀ ਦੀ ਰੀਤਿ ਅਨੁਸਾਰ ਇਹ ਸਾਰੇ ਦੁੱਤ ਅੱਖਰਾਂ ਤੋਂ ਪਹਿਲਾਂ ਲਿੱਖਣਾ ਚਾਹੀਦਾ ਸੀ, ਅਰਥਾਤ ਟਿੱਪੀ ਪਿੱਛੋਂ ਲਿਖਿਆ ਜਾਂਦਾ. ਪਰੰਤੂ ਪ੍ਰਚਲਿਤ ਕੋਸ਼ਾਂ ਦੀ ਰੀਤਿ ਮੁੱਖ ਰੱਖਕੇ ਅਸੀਂ ਅੰਤ ਵਿੱਚ ਲਿਖਿਆ ਹੈ.

ਕ੍ਸ਼ਣ: ਦੇਖੋ, ਖਿਣ,

ਕ੍ਸ਼ਣਭੰਗੁਰ: ਦੇਖੋ, ਖਿਣਭੰਗਰ.

ਕ੍ਸ਼ਣਿਕ: ਵਿ- ਇੱਕ ਕ੍ਸ਼ਣ (ਲਮਹਾ) ਮਾਤ੍ਰ ਰਹਿਣਵਾਲਾ.

ਕ੍ਸ਼ਤ: ਦੇਖੋ, ਛਤ. "ਜਿਨ ਕੇ ਜਗ ਅਕ੍ਸ਼ਤ ਸੀਸ ਧਰੈ। ਤਿਨ ਕੋ ਤਨੁ ਸਕ੍ਸ਼ਤ ਕੌਨ ਕਰੈ." (ਰਾਮਚੰਦ੍ਰਿਕਾ) ਜਿਨ੍ਹਾਂ ਦੇ ਸਿਰ ਚਾਉਲ

ਚੜ੍ਹਾਕੇ ਪੂਜੀਏ, ਉਨ੍ਹਾਂ ਦੇ ਸ਼ਰੀਰ ਨੂੰ ਸ- ਕ੍ਸ਼ਤ (ਜ਼ਖ਼ਮੀ) ਕੌਣ ਕਰ ਸਕਦਾ ਹੈ?

ਕ੍ਸ਼ਤ੍ਰਿ: ਸੰਗਜਾ- ਹਾਨੀ. ਨੁਕਸਾਨ। ੨. ਨਾਸ਼. ਤਬਾਹੀ.

ਕ੍ਸ਼ਤ੍ਰ: ਸੰਗਜਾ- ਕ੍ਸ਼ਤ (ਘਾਵ) ਤੋਂ ਬਚਾਉਣ ਵਾਲਾ, ਕਵਚ। ੨. ਹਿੰਸਾ (ਤਬਾਹੀ) ਤੋਂ ਬਚਾਉਣ ਵਾਲਾ ਕ੍ਸ਼ਤ੍ਰਿਯ. ਛਤ੍ਰੀ। ੩. ਰਾਜਜ। ੪. ਤਾਕਤ. ਸ਼ਕਤਿ.

ਕ੍ਸ਼ਤ੍ਰਿ, ਕ੍ਸ਼ਤ੍ਰਿਯ, ਕ੍ਸ਼ਤ੍ਰੀ: ਸੰ. क्षत्रिय ਸੰਗਜਾ- ਕ੍ਸ਼ਤ੍ਰ (ਬਲ) ਧਾਰਨ ਵਾਲਾ ਪੁਰਖ. ਹਿੰਦੂਮਤ ਅਨੁਸਾਰ ਦੂਜਾ ਵਰਣ, ਜੋ ਭੁਜਾ ਦੇ ਬਲ ਕਰਕੇ ਪ੍ਰਜਾ ਦੀ ਰਖਯਾ ਕਰਦਾ ਹੈ. ਵੇਦ, ਪੁਰਾਣ ਅਤੇ ਸਿਮ੍ਰਿਤੀਆਂ ਵਿੱਚ ਛਤ੍ਰੀ ਦੀ ਉਤਪੱਤੀ ਕਰਤਾਰ ਦੀ ਭੁਜਾ ਤੋਂ ਲਿਖੀ ਹੈ. ਦੇਖੋ, ਖਤ੍ਰੀ.

ਕ੍ਸ਼ਪਣਕ: ਸੰ. ਸੰਗਜਾ- ਜੋ ਵਿਸ਼ਿਆਂ ਦੀ ਪ੍ਰੀਤਿ ਨੂੰ ਫੈਂਕ ਦੇਵੇ. ਬੌੱਧਮਤ ਦਾ ਸੰਨਜਾਸੀ। ੨. ਰਾਜਾ ਵਿਕ੍ਰਮਾਦਿਤਜ ਦੀ ਸਭਾ ਦਾ ਇੱਕ ਪ੍ਰਸਿੱਧ ਕਵਿ.

ਕ੍ਸ਼ਪਾ: ਦੇਖੋ, ਛਪਾ.

ਕ੍ਸ਼ਮਤਾ: ਸੰਗਜਾ- ਯੋਗਜਤਾ. ਲਿਆਕ਼ਤ। ੨. ਸ਼ਕਤਿ. ਤਾਕਤ.

ਕ੍ਸ਼ਮਾ: ਦੇਖੋ, ਖਿਮਾ ਅਤੇ ਛਿਮਾ। ੨. ਪ੍ਰਿਥਿਵੀ. ਧਰਤੀ.

ਕ੍ਸ਼ਮੀ: ਦੇਖੋ, ਛਮੀ.

ਕ੍ਸ਼ਯ: ਦੇਖੋ, ਖੈ। ੨. ਖਈ ਰੋਗ. ਦੇਖੋ, ਖਈ ੩.। ੩. ਪ੍ਰਲੈ। ੪. ਵਿਨਾਸ਼. ਤਬਾਹੀ। ੫. ਰੋਗ। ੬. ਘਰ। ੭. ਹਿੰਸਾ.

ਕ੍ਸ਼ਯਾਹ: ਦੇਖੋ, ਖਿਆਹ.

ਕ੍ਸ਼ਯੀ: ਦੇਖੋ, ਖਈ ਅਤੇ ਕ੍ਸ਼ਯ ੨. ਵਿ- ਨਾਸ਼ ਹੋਣ ਵਾਲਾ। ੩. ਸੰਗਜਾ- ਦਮੇ ਦੀ ਬੀਮਾਰੀ। ੪. ਚੰਦ੍ਰਮਾ. ਪੁਰਾਣਕਥਾ ਹੈ ਕਿ ਦਕ੍ਸ਼ ਦੇ ਸਰਾਫ ਨਾਲ ਚੰਦ੍ਰਮਾ ਨੂੰ ਖਈਰੋਗ ਚੰਬੜ ਗਿਆ ਸੀ.

ਕ੍ਸ਼ਰ: ਦੇਖੋ, ਖਰ.

ਕ੍ਸ਼ਰਣ: ਦੇਖੋ, ਖਰਣਾ.

ਕ੍ਸ਼ਾਂਤ: ਵਿ- ਕ੍ਸ਼ਿਮਾ (ਖਿਮਾ) ਵਾਲਾ। ੨. ਕ੍ਰਿ- ਸਹਾਰਨਾ.

ਕ੍ਸ਼ਾਰ: ਦੇਖੋ, ਖਾਰ.

ਕ੍ਸ਼ਾਲਨ: ਸੰਗਜਾ- ਧੋਣਾ. ਪ੍ਰਕ੍ਸ਼ਾਲਨ. ਖੰਘਾਲਣਾ.

ਕ੍ਸ਼ਿਤਿ: ਦੇਖੋ, ਛਿਤਿ.

ਕ੍ਸ਼ਿਤਿਪ, ਕ੍ਸ਼ਿਤਿਪਤਿ, ਕ੍ਸ਼ਿਤਿਪਾਲ, ਕ੍ਸ਼ਿਤੀਸ: ਪ੍ਰਿਥਿਵੀਪਤਿ. ਭੂਪਤਿ. ਦੇਖੋ, ਛਿਤਿਪਤਿ.

ਕ੍ਸ਼ਿਪ੍ਰ: ਦੇਖੋ, ਛਿਪ੍ਰ.

ਕ੍ਸ਼ੀਣ: ਦੇਖੋ, ਖੀਣ ਅਤੇ ਛੀਣ.

ਕ੍ਸ਼ੀਰ: ਦੇਖੋ, ਖੀਰ ਅਤੇ ਛੀਰ.

ਕ੍ਸ਼ੀਰਸਮੁਦ੍ਰ, ਕ੍ਸ਼ੀਰਸਾਗਰ, ਕ੍ਸ਼ੀਰਧਿ, ਕ੍ਸ਼ੀਰਨਿਧਿ, ਕ੍ਸ਼ੀਰੋਦ: ਪੁਰਾਣਾਂ ਅਨੁਸਾਰ ਦੁੱਧ ਦਾ ਸਮੁੰਦਰ, ਜਿਸ ਨੂੰ ਰਿੜਕਕੇ ਚੌਦਾਂ

ਰਤਨ ਕੱਢੇ ਗਏ ਸਨ. ਇਸ ਵਿੱਚ ਵਿਸ਼ਨੁ ਦਾ ਨਿਵਾਸ ਲਿਖਿਆ ਹੈ.

ਕ੍ਸ਼ੀਵ: ਦੇਖੋ, ਖੀਵਾ.

ਕ੍ਸ਼ੁਦ੍ਰ: ਦੇਖੋ, ਛੁਦ੍ਰ.

ਕ੍ਸ਼ੁਧ: ਦੇਖੋ, ਖੁਧ.

ਕ੍ਸ਼ੁਧਾ: ਦੇਖੋ, ਖੁਧਾ.

ਕ੍ਸ਼ੁਧਾਤੁਰ: ਵਿ- ਭੁੱਖ ਨਾਲ ਵ੍ਯਾਕੁਲ। ੨. ਭੁੱਖਰੋਗ ਦਾ ਮਾਰਿਆ ਹੋਇਆ.

ਕ੍ਸ਼ੁਪ: ਸੰ. ਸੰਗ੍ਯਾ- ਸਤ੍ਯਭਾਮਾ ਦੇ ਉਦਰ ਤੋਂ ਕ੍ਰਿਸ਼ਨ ਜੀ ਦਾ ਪੁਤ੍ਰ। ੨. ਮਹਾਭਾਰਤ ਅਨੁਸਾਰ ਇੱਕ ਸੂਰਜਵੰਸ਼ੀ ਰਾਜਾ, ਜੋ ਪ੍ਰਸੰਧਿ ਦਾ ਪੁਤ੍ਰ ਅਤੇ ਇਕ੍ਸ਼੍ਵਾਕੁ ਦਾ ਪਿਤਾ ਸੀ. "ਹੋਤ ਭਯੋ ਕ੍ਸ਼ੁਪ ਭੂਪ ਮਹਾਨ." (ਗੁਪ੍ਰਸੂ) ੩. ਛੋਟੀ ਝਾੜੀ. Bush.

ਕ੍ਸ਼ੁਰ੍: ਧਾ- ਕਤਰਨਾ- ਚੀਰਨਾ- ਛੇਦਨਾ- ਲਕੀਰਖਿੱਚਣੀ। ੨. ਸੰਗ੍ਯਾ- ਉਸਤਰਾ। ੩. ਛੁਰਾ। ੪. ਪਸ਼ੂਆਂ ਦਾ ਖੁਰ। ੫. ਤੀਰ. ਬਾਣ.

ਕ੍ਸ਼ੇਤ੍ਰ: ਸੰਗ੍ਯਾ- ਦੇਹ. ਸ਼ਰੀਰ। ੨. ਅੰਤਹਕਰਣ. ਮਨ। ੩. ਖੇਤ। ੪. ਇਸਤ੍ਰੀ. ਨਾਰੀ.

ਕ੍ਸ਼ੇਤ੍ਰਗ੍ਯ: ਸੰਗ੍ਯਾ- ਜੀਵਾਤਮਾ, ਜੋ ਕ੍ਸ਼ੇਤ੍ਰ (ਦੇਹ) ਨੂੰ ਆਪਣੀ ਜਾਣਦਾ ਹੈ। ੨. ਵਿ- ਖੇਤ ਦੇ ਜਾਣਨ ਵਾਲਾ.

ਕ੍ਸ਼ੇਤ੍ਰਜ: ਵਿ- ਖੇਤ ਵਿੱਚ ਪੈਦਾ ਹੋਇਆ। ੨. ਸੰਗ੍ਯਾ- ਹਿੰਦੂਮਤ ਅਨੁਸਾਰ ਉਹ ਪੁਤ੍ਰ, ਜੋ ਕਿਸੇ ਦੇ ਵੀਰਯ ਤੋਂ ਆਪਣੀ ਕ੍ਸ਼ੇਤ੍ਰ (ਇਸਤ੍ਰੀ) ਵਿੱਚੋਂ ਪੈਦਾ ਹੋਇਆ ਹੈ. ਜੈਸੇ- ਪਾਂਡਵ. ਦੇਖੋ, ਕੁਰੁਵੰਸ਼.

ਕ੍ਸ਼ੇਤ੍ਰਪਾਲ: ਦੇਖੋ, ਖੇਤ੍ਰਪਾਲ.

ਕ੍ਸ਼ੇਪਕ: ਵਿ- ਫੈਂਕਣ ਵਾਲਾ. ਜੋ ਕ੍ਸ਼ੇਪਣ ਕਰੇ। ੨. ਸੰਗ੍ਯਾ- ਗ੍ਰੰਥਕਰਤਾ ਦੀ ਰਚਨਾ ਤੋਂ ਛੁੱਟ ਕਿਸੇ ਹੋਰ ਦਾ ਅਥਵਾ ਆਪਣਾ ਪਾਠ ਮਿਲਾਉਣ ਵਾਲਾ.

ਕ੍ਸ਼ੇਪਣ: ਸੰਗ੍ਯਾ- ਫੈਂਕਣਾ। ੨. ਡੇਗਣਾ. ਸੁੱਟਣਾ। ੩. ਪ੍ਰੇਰਣਾ. ਭੇਜਣਾ। ੪. ਨਿੰਦਾ. ਅਪਵਾਦ.

ਕ੍ਸ਼ੇਮ: ਦੇਖੋ, ਖੇਮ.

ਕ੍ਸ਼ੇਮਕਲ੍ਯਾਣ: ਆਨੰਦ ਅਤੇ ਮੁਕਤਿ. ਮੰਗਲ ਅਤੇ ਮੋਕ੍ਸ਼ (ਮੋਖ). ੨. ਕਲ੍ਯਾਣ ਰਾਗ ਦਾ ਇੱਕ ਭੇਦ, ਜੋ ਹਮੀਰ ਅਤੇ ਕਲ੍ਯਾਣ ਦੇ ਸੁਰਾਂ ਦੇ ਮੇਲ ਤੋਂ ਬਣਿਆ ਹੈ. ਇਸ ਦੀ ਗਿਣਤੀ ਸੰਕਰਰਾਗਾਂ ਵਿੱਚ ਹੈ.

ਕ੍ਸ਼ੋਣੀ: ਦੇਖੋ, ਛੋਣਿ.

ਕ੍ਸ਼ੋਭ: ਦੇਖੋ, ਛੋਭ.

ਖ: ਪੰਜਾਬੀ ਵਰਣਮਾਲਾ ਦਾ ਸੱਤਵਾਂ ਅੱਖਰ. ਇਸ ਦਾ ਉੱਚਾਰਣ ਕੰਠ ਤੋਂ ਹੁੰਦਾ ਹੈ। ਸੰ. ਸੰਗ੍ਯਾ- ਸੂਰਜ। ੨. ਆਕਾਸ਼। ੩. ਇੰਦ੍ਰਿਯ. ਇੰਦ੍ਰੀਆਂ। ੪. ਸ਼ਰੀਰ. ਦੇਹ। ੫. ਸਿਫਰ. ਬਿੰਦੀ. ਨੁਕਤਾ। ੬. ਸੁਰਗ। ੭. ਸੁਖ। ੮. ਛਿਦ੍ਰ. ਛੇਕ. ਸੁਰਾਖ਼। ੯. ਕਰਮ ੧੦. ਪੁਰ. ਨਗਰ। ੧੧. ਖੇਤ। ੧੨. ਗ੍ਯਾਨ. ਵਿਵੇਕ। ੧੩. ਬ੍ਰਹਮਾ. ਚਤੁਰਾਨਨ। ੧੪. ਪੰਜਾਬੀ ਵਿੱਚ ਸੰਸਕ੍ਰਿਤ ਕ੍ਸ਼ ਅਤੇ ਦੀ ਥਾਂ ਭੀ ਇਹ ਅੱਖਰ ਵਰਤੀਦਾ ਹੈ. ਜਿਵੇਂ- ਸਾਖੀ, ਮੋਖ, ਬਿਰਖ, ਵਿਖ ਅਤੇ ਖਟ ਆਦਿ ਸ਼ਬਦਾਂ ਵਿੱਚ.

ਖਉ: ਸੰ. ਕ੍ਸ਼ਯ. ਸੰਗ੍ਯਾ- ਵਿਨਾਸ਼. ਨਾਸ਼. "ਅਕਾਲਮੂਰਤਿ ਜਿਸੁ ਕਦੇ ਨਾਹੀ ਖਉ." (ਮਾਰੂ ਸੋਲਹੇ ਮਃ ੫) "ਕੋਟਿ ਪਰਾਧ ਖਿਨ ਮਹਿ ਖਉ ਭਈ ਹੈ." (ਸਾਰ ਮਃ ੫) ੨. ਰੋਗ. ਦੁੱਖ. "ਕਰੁਨਾਨਿਧਿ ਦੂਰ ਕਰੈ ਖਉ." (ਕ੍ਰਿਸਨਾਵ) ੩. ਦੇਖੋ, ਕ੍ਸ਼ਯ.

ਖਉਸ, ਖਉਸੜਾ: ਦੇਖੋ, ਕਉਸ ਅਤੇ ਕੌਸ.

ਖਉਫ, ਖਉਫੁ: ਅ਼. خوَف ਖ਼ੌਫ਼. ਸੰਗ੍ਯਾ- ਡਰ. ਭੈ. "ਖਉਫੁ ਨ ਖਤਾ ਨ ਤਰਸੁ ਜਵਾਲੁ." (ਗਉ ਰਵਿਦਾਸ)

ਖਉਲਣਾ, ਖਉਲਨਾ: ਕ੍ਰਿ- ਉਬਲਨਾ. ਰਿੱਝਣਾ. ਸੰ. ਕ੍ਸ਼ੇਲ੍ ਧਾਤੁ ਦਾ ਅਰਥ ਹੈ ਕੰਬਣਾ, ਕੁੱਦਣਾ, ਖੇਲਣਾ, ਜਾਣਾ. ਇਸੇ ਤੋਂ ਖੌਲਨਾ ਸ਼ਬਦ ਬਣਿਆ ਹੈ। ੨. ਮਲਣਾ. ਮਰਦਨ ਕਰਨਾ. ਲਿੱਪਣਾ. "ਗਦਹੁ ਚੰਦਨਿ ਖਉਲੀਐ, ਭੀ ਸਾਹੂ ਸਿਉ ਪਾਣੁ." (ਵਾਰ ਸੂਹੀ ਮਃ ੧)

ਖਊ: ਵਿ- ਕ੍ਸ਼ਯ (ਖੈ- ਨਾਸ਼) ਹੋਣ ਵਾਲਾ। ੨. ਦੇਖੋ, ਖਾਊ.

ਖਅਉ: ਸੰ. ਕ੍ਸ਼ਯ. ਵਿਨਾਸ਼. ਖੈ. ਦੇਖੋ, ਨਿਖਅਉ.

ਖਇ: ਦੇਖੋ, ਕ੍ਸ਼ਯ.

ਖਇਆ: ਨਾਸ਼. ਦੇਖੋ, ਕ੍ਸ਼ਯ. "ਦੂਤ ਦੁਸਟ ਸਭਿ ਹੋਏ ਖਇਆ." (ਬਿਲਾ ਮਃ ੫) ੨. ਕ੍ਸ਼ਯ (ਨਾਸ਼) ਹੋਇਆ. "ਅਹੰਰੋਗ ਸਗਲ ਹੀ ਖਇਆ." (ਸਾਰ ਮਃ ੫) ੩. ਵਿਨਾਸ਼ਕ. ਹਿੰਸਕ. "ਮੁਏ ਦੁਸਟ ਜੋ ਖਇਆ." (ਦੇਵ ਮਃ ੫) ਕਾਤਿਲ ਵਿਕਾਰ ਮਰ ਗਏ। ੪. ਖਹਿਆ. ਦੇਖੋ, ਖਹਣਾ.

ਖਇਕਾਲ: ਦੇਖੋ, ਖੈਕਾਲ.

ਖਈ: ਦੇਖੋ, ਕ੍ਸ਼ਯ. "ਕਲਮਲ ਤਿਸੁ ਖਈ." (ਵਾਰ ਰਾਮ ੨. ਮਃ ੫) ੨. ਖਾਂਦਾ ਹੈ. ਖਾਦਨ ਕਰਦਾ ਹੈ. "ਇਕਥਲ ਭੋਜਨ ਸਭਕੋ ਖਈ." (ਗੁਪ੍ਰਸੂ) ੩. ਸੰ. ਕ੍ਸ਼ਯ ਅਤੇ ਰਾਜਯਕ੍ਸ਼ਮਾ. حُماّدِق ਹੁੱਮਾਦਿੱਕ਼. Consumption. ਪਹਿਲਾਂ ਨਜਲਾ ਹੋਕੇ ਖਾਂਸੀ ਅਤੇ ਤਾਪ ਹੁੰਦਾ ਹੈ, ਫੇਰ ਸਨੇ ਸਨੇ ਫਿਫੜੇ ਵਿੱਚ ਸੋਜ ਅਤੇ ਜਖਮ ਹੋ ਜਾਂਦੇ ਹਨ. ਖੰਘਾਰ ਨਾਲ ਲਹੂ ਆਉਂਦਾ ਹੈ. ਛਾਤੀ ਵਿੱਚ ਪੀੜ ਹੁੰਦੀ ਹੈ. ਤਾਪ ਹਰ ਵੇਲੇ ਰਹਿੰਦਾ ਹੈ. ਸਰੀਰ ਸੁਸਤ ਪੈ ਜਾਂਦਾ ਹੈ. ਭੁੱਖ ਬੰਦ, ਪਿਆਸ ਬਹੁਤ ਹੁੰਦੀ ਹੈ. ਲਹੂ ਵਿੱਚੋਂ ਲਾਲੀ ਘਟ ਜਾਂਦੀ ਹੈ. ਚਿਹਰੇ ਦਾ ਰੰਗ ਫਿੱਕਾ ਪੈ ਜਾਂਦਾ ਹੈ. ਨੀਂਦ ਘੱਟ ਆਉਂਦੀ ਹੈ. ਦੀਨਤਾ ਚਿੰਤਾ ਡਰ ਸਦਾ ਮਨ ਵਿੱਚ ਵਸਦੇ ਹਨ. ਰਾਤ ਨੂੰ ਧੜ ਤੋਂ ਉੱਪਰ ਪਸੀਨਾ ਆਉਂਦਾ ਹੈ. ਮੱਠੀ ਮੱਠੀ ਸਿਰਪੀੜ ਰਹਿਣੀ, ਬੁਰੇ ਸੁਪਨੇ ਆਉਣੇ, ਪੈਰਾਂ ਉੱਤੇ ਸੋਜ ਹੋਣੀ, ਕਦੇ ਕਬਜ ਕਦੇ ਦਸਤ ਆਉਣੇ ਆਦਿਕ ਇਸ ਦੇ ਲੱਛਣ ਹਨ.

ਖਈ ਦੇ ਕਾਰਣ ਹਨ- ਬਹੁਤਾ ਮੈਥੁਨ, ਛੋਟੀ ਉਮਰ ਦੀ ਸ਼ਾਦੀ, ਪੜ੍ਹਨ ਦੀ ਬਹੁਤੀ ਮਿਹਨਤ, ਚੰਗੀ ਖੁਰਾਕ ਦਾ ਨਾ ਮਿਲਣਾ, ਗੰਦੀ ਹਵਾ ਵਿੱਚ ਰਹਿਣਾ, ਚਿੰਤਾ ਅਤੇ ਸ਼ੋਕ ਦਾ ਹੋਣਾ, ਭੁੱਖ ਮਲਮੂਤ੍ਰ ਤੇਹ ਆਦਿਕ ਦੇ ਵੇਗਾਂ ਨੂੰ ਰੋਕਣਾ, ਬਹੁਤ ਬੈਠੇ ਰਹਿਣਾ, ਘਰ ਦਾ ਹਵਾਦਾਰ ਨਾ ਹੋਣਾ ਆਦਿ.

ਇਹ ਰੋਗ ਕਦੇ ਕਦੇ ਮਾਤਾ ਪਿਤਾ ਤੋਂ (ਮੌਰੂਸੀ) ਭੀ ਹੁੰਦਾ ਹੈ. ਖਈ ਦੇ ਰੋਗੀ ਦੀ ਛੂਤ ਤੋਂ ਭੀ ਦੂਜੇ ਨੂੰ ਹੋ ਜਾਂਦਾ ਹੈ. ਜਿਸ ਘਰ ਵਿੱਚ ਇਹ ਰੋਗ ਇੱਕ ਵਾਰ ਵੜ ਜਾਵੇ ਫੇਰ ਨਿਕਲਨਾ ਔਖਾ ਹੈ. ਖਈ ਦਾ ਰੋਗੀ ਮਸੀਂ ੧੦੦੦ ਦਿਨ ਕਟਦਾ ਹੈ. ਇਸ ਰੋਗ ਦੇ ਹੁੰਦੇ ਹੀ ਕਿਸੇ ਸਿਆਣੇ ਵੈਦ ਹਕੀਮ ਡਾਕਟਰ ਦੀ ਰਾਇ ਨਾਲ ਇਲਾਜ ਸ਼ੁਰੂ ਕਰ ਦੇਣਾ ਚਾਹੀਏ. ਘਰ ਦਾ ਨਿਵਾਸ ਛੱਡ ਕੇ ਜੰਗਲ ਪਹਾੜ ਨਦੀ ਅਥਵਾ ਸਮੁੰਦਰ ਦੇ ਕਿਨਾਰੇ ਅਤੇ ਚੀਲ੍ਹਾਂ ਦੇ ਵਣ ਵਿੱਚ ਡੇਰਾ ਲਾਉਣਾ ਚਾਹੀਏ. ਮੈਥੁਨ ਤੋਂ ਪੂਰਾ ਪਰਹੇਜ਼ ਰੱਖਣਾ ਲੋੜੀਏ. ਸਰਦੀ ਤੋਂ ਬਚਾਉ ਰੱਖਣ ਚਾਹੀਏ. ਮਨ ਪ੍ਰਸੰਨ ਕਰਨ ਵਾਲੇ ਅਤੇ ਨੇਤ੍ਰਾਂ ਨੂੰ ਆਨੰਦ ਦੇਣ ਵਾਲੇ ਪਦਾਰਥਾਂ ਦਾ ਸੇਵਨ ਕਰਨਾ ਚਾਹੀਏ. ਤਾਕਤ ਦੇਣ ਵਾਲੀ ਹਲਕੀ ( ਦੁੱਧ ਸ਼ੋਰਵਾ ਆਦਿ) ਗਿਜਾ ਅਤੇ ਫਲਾਂ ਦਾ ਸੇਵਨ ਕਰਨਾ ਚਾਹੀਏ, ਅਤੇ ਹਰ ਵੇਲੇ ਮਨ ਵਿੱਚ ਉਤਸ਼ਾਹ ਰੱਖਣਾ ਲੋੜੀਏ ਕਿ ਮੈਂ ਰਾਜੀ ਹੋ ਜਾਵਾਂਗਾ.

ਇਸ ਦਾ ਇਲਾਜ ਅਨਾੜੀਆਂ ਤੋਂ ਕਦੇ ਨਹੀਂ ਕਰਾਉਣਾ ਚਾਹੀਏ. ਆਪਣੇ ਆਪ ਨੂੰ ਲਾਇਕ ਡਾਕਟਰਾਂ ਦੇ ਸਪੁਰਦ ਕਰਨਾ ਚੰਗਾ ਹੈ.

ਖਈ ਦੇ ਸਾਧਾਰਣ ਇਲਾਜ ਇਹ ਹਨ-

ਖਾਂਸੀ ਅਤੇ ਤਾਪ ਦੇ ਦੂਰ ਕਰਨ ਵਾਲੀਆਂ ਦਵਾਈਆਂ ਵਰਤੋ, ਬਹੁਤ ਪਸੀਨਾ ਅਤੇ ਦਸਤਾਵਰ ਔਖਧਾਂ ਤੋਂ ਬਚੋ. ਕਾਡਲਿਵਰ ਆਇਲ (Codliver oil) ਪੀਓ. ਬੰਸਲੋਚਨ, ਇਲਾਚੀਆਂ, ਸਤਗਿਲੋ, ਸੁੱਚੇ ਮੋਤੀ, ਚਾਂਦੀ ਦੇ ਵਰਕ ਮਿਲਾਕੇ ਗਊ ਦੇ ਦੁੱਧ ਨਾਲ ਖਾਓ. ਕਾਲੀ ਮਿਰਚਾਂ ਇੱਕ ਤੋਲਾ, ਮਘਾਂ ਦੋ ਤੋਲੇ, ਅਨਾਰ ਦਾ ਛਿੱਲ ਚਾਰ ਤੋਲੇ, ਜੌਂਖਾਰ ਛੀ ਮਾਸੇ, ਗੁੜ ਅੱਠ ਤੋਲੇ, ਇਨ੍ਹਾਂ ਨੂੰ ਪੀਹਕੇ ਦੋ ਦੋ ਮਾਸ਼ੇ ਦੀਆਂ ਗੋਲੀਆਂ ਬਣਾਓ. ਗਰਮ ਜਲ ਨਾਲ ਦੋ ਗੋਲੀਆਂ ਨਿੱਤ ਸੇਵਨ ਕਰੋ. "ਖਈ ਸੁ ਬਾਦੀ ਭਈ ਮਵੇਸੀ." (ਚਰਿਤ੍ਰ ੪੦੫)

ਖਈਹੈ: ਖਾਜਾਊ. "ਮਾਨੁਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ." (ਬਿਲਾ ਕਬੀਰ) ੨. ਦੇਖੋ, ਖਈ.

ਖਏ: ਕ੍ਸ਼ਯ ਭਏ. ਨਾਸ਼ ਹੋਏ. "ਸੁਨਤ ਜਸੋ ਕੋਟਿ ਅਘ ਖਏ." (ਗਉ ਮਃ ੫)

ਖਸ: ਸੰ. घृष् ਧਾ- ਘਸਣਾ. "ਸਿਲਾ ਸੰਗ ਖਸ ਚਾਲਤ ਨੀਰ." (ਗੁਪ੍ਰਸੂ) ਸਿਲਾ ਨਾਲ ਖਹਿਕੇ ਪਾਣੀ ਚਲਦਾ ਹੈ। ੨. ਦੇਖੋ, ਖਸਣਾ। ੩. ਫ਼ਾ. خس ਖ਼ਸ. ਉਸ਼ੀਰ. ਵੀਰਣਮੂਲ. ਪੰਨ੍ਹੀ ਦੀ ਜੜ, ਜੋ ਵਡੀ ਸੁਗੰਧ ਵਾਲੀ ਹੁੰਦੀ ਹੈ. ਇਸ ਦਾ ਇਤਰ ਬਣਦਾ ਹੈ. ਗਰਮੀਆਂ ਵਿੱਚ ਅਮੀਰ ਲੋਕ ਇਸ ਦੀਆਂ ਟੱਟੀਆਂ ਅਤੇ ਪੱਖੇ ਬਣਾਉਂਦੇ ਹਨ. "ਖਸ ਟਾਟੀ ਕੀਨੇ ਛਿਰਕਾਵ." (ਗੁਪ੍ਰਸੂ) ਖਸ ਦੀ ਤਾਸੀਰ ਸਰਦ ਹੈ. ਸਿਰਪੀੜ ਤਾਪ ਦਾਹ ਅਤੇ ਵਮਨ (ਕ਼ਯ) ਨੂੰ ਦੂਰ ਕਰਦੀ ਹੈ. L. Andropogon Muricatus। ੪ ਸੰ. ਗੜ੍ਹਵਾਲ ਅਤੇ ਉਸ ਦੇ ਉੱਤਰ ਵੱਲ ਦਾ ਦੇਸ਼, ਕਸ਼ਮੀਰ ਦੇ ਦੱਖਣ ਵੱਲ ਦਾ ਇਲਾਕਾ, ਜਿਸ ਵਿੱਚ ਖਸ ਜਾਤੀ ਵਸਦੀ ਸੀ। ੫. ਖਸ ਦੇਸ਼ ਵਿੱਚ ਰਹਿਣ ਵਾਲੀ ਇੱਕ ਜਾਤਿ, ਜਿਸ ਨੂੰ ਹੁਣ ਖਸੀਆ ਕਹਿੰਦੇ ਹਨ. "किराता दरदाः खमाः" (ਮਨੁ) ੬. ਪਾਂਉ ਦਾ ਰੋਗ. ਪਾਮਾ.

ਖਸਕਣਾ, ਖਸਕਨਾ: ਕ੍ਰਿ- ਆਪਣੇ ਥਾਂ ਤੋਂ ਟਲਣਾ ਸਰਕਣਾ.

ਖਸਖਸ: ਸੰ. खस्खस ਸੰਗਯਾ- ਪੋਸਤ ਦਾ ਬੀਜ. ਅਹਿਫੇਨਬੀਜ. ਫ਼ਾ. خشخاش ਖ਼ਸ਼ਖ਼ਾਸ਼ ਅੰ. Poppy- seed. ਇਹ ਅਨੇਕ ਦਵਾਈਆਂ ਵਿੱਚ ਵਰਤੀਦੀ ਹੈ, ਇਸ ਵਿੱਚ ਥੋੜਾ ਨਸ਼ਾ ਭੀ ਹੁੰਦਾ ਹੈ.

ਖਸਟ: ਸੰ. ਸ਼ਸ਼੍ਠ. ਵਿ- ਛੀਵਾਂ. ਛਠਾ। ੨. ਖਟ (ਸ਼ਟ- ਛੀ) ਦਾ ਅਰਥ ਬੋਧਕ ਭੀ ਇਹ ਸ਼ਬਦ ਪੰਜਾਬੀ ਵਿੱਚ ਵਰਤਿਆ ਹੈ. "ਦਸ ਅਸਟ ਖਸਟ ਸ੍ਰਵਨ ਸੁਨੇ." (ਸਾਰ ਮਃ ੫. ਪੜਤਾਲ) ਅਠਾਰਾਂ ਪੁਰਾਣ ਛੀ ਸ਼ਾਸਤ੍ਰ ਸੁਣੇ.

ਖਸਟਨੈਣ, ਖਸਟਨੈਨ: ਛੀ ਨੇਤ੍ਰਾਂ ਵਾਲਾ ਤ੍ਰਿਸ਼ਿਰਾਦੈਤ. ਦੇਖੋ, ਤ੍ਰਿਸ਼ਿਰਾ. "ਹਣ੍ਯੋ ਖਸਟਨੈਣੰ." (ਰਾਮਾਵ) ੨. ਤੇਈਆ ਤਾਪ.

ਖਸਟਮ: ਸੰ. ਸ਼ਸ਼੍ਠ. ਵਿ- ਛੀਵਾਂ. ਛਠਾ.

ਖਸਟਮਿ, ਖਸਟਮੀ, ਖਸਟਿ, ਖਸਟੀ: ਸੰ. ਸ਼ਸ਼੍ਠੀ. ਸੰਗਯਾ- ਛੀਵੀਂ ਤਿਥਿ. ਛਠ. "ਖਸਟਮਿ ਖਟਸਾਸਤ੍ਰ ਕਹਹਿ." (ਗਉ ਥਿਤੀ ਮਃ ੫) "ਖਸਟੀ ਖਟਦਰਸਨ ਪ੍ਰਭੁ ਸਾਜੇ." (ਬਿਲਾ ਥਿਤੀ ਮਃ ੧) ੨. ਇੱਕ ਦੇਵੀ, ਜੋ ਕਾਰ੍ਤਿਕੇਯ ਦੀ ਇਸਤ੍ਰੀ ਮੰਨੀ ਹੈ, ਹਿੰਦੂਰੀਤੀ ਅਨੁਸਾਰ ਇਸਦਾ ਪੂਜਨ ਸੰਤਾਨ ਦੇ ਜਨਮ ਸਮੇਂ ਛੀਵੇਂ ਦਿਨ ਹੁੰਦਾ ਹੈ। ੩. ਬਾਲਕ ਦੇ ਜਨਮ ਤੋਂ ਛੀਵੀਂ ਤਿਥਿ. "ਖਸਟੀ ਕੀਨ ਭਲੇ ਕੁਲਚਾਲੀ." (ਨਾਪ੍ਰ) ੪. ਸੰ. ਸ਼ਸ਼੍ਟਿ. ਸੱਠ. ਸਾਠ. "ਖਸਟਿ ਕੁਲ ਜਾਦਵ ਜੁੱਝੇ." (ਪਾਰਸਾਵ) ਸੱਠ ਕੁਲ ਯਾਦਵਾਂ ਦੇ ਲੜ ਮੋਏ। ੫. ਸੱਠੀ ਦੇ ਚੌਲ.

ਖਸਣਾ: ਕ੍ਰਿ- ਖਸੋਟਨਾ (ਖੱਸਣਾ). ਖੋਹਣਾ. ਸਿੰਧੀ. ਖਸਣੁ। ੨. ਖਸਕਨਾ. ਸਰਕਨਾ. ਟਲਨਾ. ਜਗਾ ਤੋਂ ਹਟਣਾ. "ਬ੍ਰਿਥਾ ਸ੍ਰਮ ਖਸਤ ਹੈ." (ਭਾਗੁ ਕ) ਵ੍ਯਥਾ (ਪੀੜਾ) ਅਤੇ ਥਕੇਵਾਂ ਹਟਦਾ ਹੈ। ੩. ਖਹਿਣਾ. ਘਸਣਾ.

ਖ਼ਸਤਨ: ਫ਼ਾ خستن ਕ੍ਰਿ- ਜ਼ਖ਼ਮੀ ਹੋਣਾ। ੨. ਬੀਮਾਰ ਹੋਣਾ। ੩. ਕੰਗਾਲ ਹੋਣਾ.

ਖ਼ਸਤਾ: ਫ਼ਾ. خستہ ਵਿ- ਭੁਰਭੁਰਾ। ੨. ਰੋਗੀ। ੩. ਘਾਇਲ. ਜ਼ਖ਼ਮੀ. ਫੱਟੜ। ੪. ਸੰਗਯਾ- ਗੁਠਲੀ.

ਖਸਨਾ: ਦੇਖੋ, ਖਸਣਾ.

ਖਸਮ, ਖਸਮੁ: ਅ਼. خصم ਖ਼ਸਮ. ਸੰਗਯਾ- ਸ੍ਵਾਮੀ ਆਕ਼ਾ. ਮਾਲਿਕ. "ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ". (ਵਾਰ ਆਸਾ) ੨. ਭਾਵ- ਜਗਤਨਾਥ. ਕਰਤਾਰ. "ਖਸਮ ਵਿਸਾਰਿ ਕੀਏ ਰਸ ਭੋਗ." (ਮਲਾ ਮਃ ੧) ੩. ਪਤਿ. ਭਰਤਾ. "ਪਰਪਿਰ ਰਾਤੀ ਖਸਮੁ ਵਿਸਾਰਾ." (ਮਾਰੂ ਸੋਲਹੇ ਮਃ ੧) ੪. ਵੈਰੀ. ਦੁਸ਼ਮਨ. "ਕਹੁ ਕਬੀਰ ਅਖਰ ਦੁਇ ਭਾਖਿ। ਹੋਇਗਾ ਖਸਮੁ ਤ ਲੇਇਗਾ ਰਾਖਿ." (ਗਉ ਕਬੀਰ) ਜੇ ਤੇਰਾ ਕੋਈ ਅਕਾਰਣ ਵੈਰੀ ਹੋਵੇਗਾ, ਤਾਂ ਰਾਮ ਰਖ੍ਯਾ ਕਰੇਗਾ। ੫. ਤੁ. خصم ਖ਼ਿਸਮ. ਮਿਤ੍ਰ. ਦੋਸ੍ਤ। ੬. ਸੰਬੰਧੀ. ਰਿਸ਼ਤੇਦਾਰ. ੭. ਫ਼ਾ. خشم ਖ਼ਸ਼ਮ. ਕ੍ਰੋਧ. ਗੁੱਸਾ.

ਖਸਮਾਹੁ: ਖਸਮ ਤੋਂ. ਖਸਮ ਸੇ. "ਸਭਿ ਆਏ ਹੁਕਮਿ ਖਸਮਾਹੁ." (ਤਿਲੰ ਮਃ ੪) ਖਸਮ ਦੇ ਹੁਕਮ ਤੋਂ ਆਏ.

ਖਸਮਾਨਾ: ਫ਼ਾ. خصمانہ ਖ਼ਸਮਾਨਹ. ਮਾਲਿਕ ਦੀ ਤਰਹਿ. ਭਾਵ- ਮਾਲਿਕੀ. ਸ੍ਵਤ੍ਵ. ਅਪਣਾਉਣ ਦਾ ਭਾਵ. ਸਿੰਧੀ. ਖਸਿਮਾਣੋ. ਰਹ਼ਮ. ਕ੍ਰਿਪਾ. "ਪ੍ਰਭੁ ਜੀਉ ਖਸਮਾਨਾ ਕਰਿ ਪਿਆਰੇ." (ਸੋਰ ਮਃ ੫) "ਕੰਤ ਹਮਾਰੋ ਕੀਅਲੋ ਖਸਮਾਨਾ." (ਆਸਾ ਮਃ ੫) "ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ." (ਆਸਾ ਮਃ ੧)

ਖਸਮਿ: ਖਸਮ (ਸ੍ਵਾਮੀ) ਨੇ. "ਕਾਢਿ ਕੁਠਾਰ ਖਸਮਿ ਸਿਰ ਕਾਟਿਆ." (ਬਿਲਾ ਮਃ ੫) ੨. ਖਸਮ ਨੂੰ. ਖਸਮ ਦੇ. "ਖਸਮੁ ਮਿਲਿਐ ਸੁਖੁ ਪਾਇਆ." (ਮਾਰੂ ਅਃ ਮਃ ੧) ਖਸਮ ਦੇ ਮਿਲਣ ਕਰਕੇ.

ਖਸਮੁ: ਦੇਖੋ, ਖਸਮ. "ਖਸਮੁ ਵਿਸਾਰਿ ਖੁਆਰੀ ਕੀਨੀ." (ਮਲਾ ਮਃ ੧)

ਖਸਰਾ: ਚੇਚਕ ਦੀ ਤਰਾਂ ਦੀ ਇੱਕ ਬੀਮਾਰੀ. ਸੰ. ਮੰਥਰਜ੍ਵਰ. ਮਧੁਜ੍ਵਰ. ਮਧੌਰਾ. ਅ਼. حصبہ ਹ਼ਸਬਾ. ਇਸ ਰੋਗ ਵਿੱਚ ਤਾਪ ਹੋਕੇ ਸਰੀਰ ਵਿੱਚ ਜਲਨ ਜੇਹੀ ਹੋ ਜਾਂਦੀ ਹੈ. ਪਿਆਸ ਬਹੁਤ ਲਗਦੀ ਹੈ, ਮੂੰਹ ਲਾਲ ਹੁੰਦਾ ਹੈ, ਜੀਭ ਤਾਲੂਆ ਸੁਕਦਾ ਹੈ, ਕੁਝ ਦਿਨ ਪਿੱਛੋਂ ਗਰਦਨ ਛਾਤੀ ਆਦਿਕ ਥਾਵਾਂ ਤੇ ਛੋਟੀਆਂ ਛੋਟੀਆਂ ਫੁਨਸੀਆਂ ਦਿਖਾਈ ਦਿੰਦੀਆਂ ਹਨ.

ਇਸ ਦਾ ਇਲਾਜ ਹੈ-

(੧) ਮੋਥਾ, ਸਜਾਹਤਰਾ, ਮੁਲੱਠੀ, ਦਾਖਾਂ, ਇੱਕੋ ਜੇਹੀਆਂ ਵਜ਼ਨ ਦੀਆਂ ਲੈਕੇ ਪਾਣੀ ਵਿੱਚ ਕਾੜ੍ਹੇ, ਜਦ ਪਾਣੀ ਅੱਠਵਾਂ ਹਿੱਸਾ ਰਹੇ ਤਦ ਉਤਾਰ ਛਾਣਕੇ ਥੋੜਾ ਥੋੜਾ ਸ਼ਹਿਦ ਮਿਲਾਕੇ ਰੋਗੀ ਨੂੰ ਦੇਵੇ.

(੨) ਚੰਦਨ, ਖਸ, ਧਨੀਆਂ, ਬਾਲਛੜ, ਸਜਾਹਤਰਾ, ਮੋਥਾ, ਸੁੰਢ, ਇਹ ਸਮ ਤੋਲ ਦੀਆਂ ਦਵਾਈਆਂ ਲੈ ਕੇ ਕਾੜ੍ਹਾ ਕਰਕੇ ਥੋੜਾ ਥੋੜਾ ਪਿਆਵੇ.

(੩) ਤੁਲਸੀ ਦੇ ਪੱਤੇ ਗਿਆਰਾਂ, ਮੁਲੱਠੀ ਛੀ ਮਾਸ਼ੇ, ਖ਼ੂਬਕਲਾਂ ਇੱਕ ਤੋਲਾ, ਸੌਂਫ ਛੀ ਮਾਸ਼ੇ, ਲੌਂਗ ਇੱਕ, ਅੰਜੀਰ ਦਾ ਚੌਥਾ ਹਿੱਸਾ, ਇਨ੍ਹਾਂ ਸਭਨਾਂ ਨੂੰ ਅੱਧ ਸੇਰ ਪਾਣੀ ਵਿੱਚ ਉਬਾਲੇ, ਜਦ ਪਾਈਆ ਪਾਣੀ ਰਹੇ, ਤਾਂ ਉਤਾਰਕੇ ਰੁਮਾਲ ਨਾਲ ਛਾਣ ਲਵੇ। ਇਹ ਰਸ ਰੋਗੀ ਨੂੰ ਥੋੜਾ ਦੇਵੇ। ੨. ਅ਼. خسرہ ਪਟਵਾਰੀ ਦਾ ਉਹ ਕਾਗਜ਼, ਜਿਸ ਵਿੱਚ ਖੇਤਾਂ ਦੇ ਨੰਬਰ ਅਤੇ ਮਿਣਤੀ ਹੋਵੇ. ੩. ਕਿਸੇ ਹਿਸਾਬ ਦਾ ਕੱਚਾ ਚਿੱਠਾ.

ਖਸਲਤ, ਖਸਲਤਿ: ਅ਼. خصلت ਖ਼ਸਲਤ. ਸੰਗ੍ਯਾ- ਸੁਭਾਉ. ਆਦਤ. ਵਾਦੀ. "ਮੁੰਢੈ ਦੀ ਖਸਲਤਿ ਨ ਗਈਆ." (ਵਾਰ ਬਿਹਾ ਮਃ ੩)

ਖਸਿ: ਦੇਖੋ, ਖਸਣਾ. "ਜਬ ਭਾਵੈ ਲੇਇ ਖਸਿ." (ਸ ਕਬੀਰ) ਖਸੋਟ (ਖੋਹ) ਲਵੇ। ੨. ਖਹਿਕੇ. ਦੇਖੋ, ਖਸ. "ਖਸਿ ਆਪਸ ਮਹਿ ਥਿਰੇ ਮਹੀਪ." (ਗੁਪ੍ਰਸੂ)

ਖਸਿਯਾ, ਖਸੀਆ: ਦੇਖੋ, ਖਸ ੫.। ੨. ਵਿ- ਖੱਸੀ. ਅਖ਼ਤਾ। ੩. ਸੰਗ੍ਯਾ- ਬਕਰਾ. ਛਾਗ. ਇਹ ਨਾਉਂ ਪੈਣ ਦਾ ਕਾਰਣ ਇਹ ਹੈ ਕਿ ਖਾਣ ਲਈ ਪਾਲੇ ਹੋਏ ਬਕਰਿਆਂ ਨੂੰ ਛੋਟੀ ਉਮਰ ਵਿੱਚ ਹੀ ਖੱਸੀ ਕਰ ਦਿੰਦੇ ਹਨ. "ਖਸਿਯਾ ਅਧਿਕ ਸੰਗ ਲੈ ਆਏ." (ਚਰਿਤ੍ਰ ੫੨) ੩. ਫੋਤਾ. ਅੰਡਕੋਸ਼.

ਖਸੁ: ਦੇਖੋ, ਖਸਣਾ.

ਖਸੂਸਨ: ਅ਼. خصُوصن ਖ਼ਸੂਸਨ. ਕ੍ਰਿ. ਵਿ- ਖ਼ਾਸ ਕਰਕੇ. ਵਿਸ਼ੇਸ਼ ਕਰਕੇ.

ਖਸੋਟਨਾ: ਕ੍ਰਿ- ਖੋਹਣਾ. ਛੀਨਨਾ.

ਖਸੰਮ: ਦੇਖੋ, ਖਸਮ.

ਖੱਸਣਾ: ਕ੍ਰਿ- ਖੋਹਣਾ. ਛੀਨਨਾ.

ਖੱਸੀ: ਅ਼. خصّی ਖ਼ੱਸੀ. ਜਿਸ ਦਾ ਖ਼ਸੀਆ (ਅੰਡਕੋਸ਼- ਫੋਤਾ ) ਨਿਕਾਲ ਦਿੱਤਾ ਗਿਆ ਹੈ। ੨. ਭਾਵ- ਬਕਰਾ. ਦੇਖੋ, ਖਸਿਯਾ ੩.

ਖਸ਼੍ਟ: ਦੇਖੋ, ਖਸਟ.

ਖਸ਼੍ਟਿ: ਦੇਖੋ, ਖਸਟਿ.

ਖਸ਼੍ਟੀ: ਦੇਖੋ, ਖਸਟੀ.

ਖਹਣਾ: ਦੇਖੋ, ਖਸ. ਕ੍ਰਿ. - ਸੰਘਰ੍ਸ਼ਣ ਕਰਨਾ। ੨. ਕਸ਼ਮਕਸ਼ੀ ਕਰਨੀ। ੩. ਲੜਨਾ ਭਿੜਨਾ.

ਖਹਦੀ: ਖਾਦਨ ਕੀਤੀ. ਖਾਧੀ. "ਆਪਿ ਖਹਦੀ ਖੈਰਿ ਦਬਟੀਐ." (ਵਾਰ ਰਾਮ ੩) ਆਪਿ ਖਾਧੀ ਅਤੇ ਹੋਰਨਾਂ ਨੂੰ ਖ਼ੈਰਾਤ (ਵੰਡੀ) ਹੈ.

ਖਹਰਾ: ਦੇਖੋ, ਖਹਿਰਾ.

ਖਹੜਾ: ਸੰਗਜਾ- ਹਠ. ਜਿਦ. "ਖੋਇ ਖਹੜਾ ਭਰਮੁ ਮਨ ਕਾ." (ਮਾਰੂ ਮਃ ੫) ੨. ਰਿਹਾੜ.

ਖਹਿ: ਖਹਕੇ. ਦੇਖੋ, ਖਹਣਾ.

ਖਹਿਣਾ: ਦੇਖੋ, ਖਹਣਾ.

ਖਹਿਰਾ: ਕਹਲੂਰ ਦੇ ਰਾਜਾ ਤਾਰਾਚੰਦ ਦੇ ਪੁਤ੍ਰ ਜਹੀਰ ਚੰਦ ਦੀ ਵੰਸ਼ ਦੇ ਰਾਜਪੂਤ। ੨. ਇੱਕ ਜੱਟ ਗੋਤ੍ਰ, ਜਿਸ ਵਿੱਚੋਂ "ਮਹਮਾ" ਨਾਮੀ ਗੁਰੂ ਅੰਗਦ ਦੇਵ ਦਾ ਪ੍ਰਸਿੱਧ ਸਿੱਖ ਸੀ। ੩. ਖਹਿਰਾ ਗੋਤ ਦਾ ਵਸਾਇਆ ਇੱਕ ਪਿੰਡ. ਦੇਖੋ, ਬਾਵਲੀ ਸਾਹਿਬ ਨੰਃ ੭.

ਖਹਿਰੇ: ਖਹਿਰਾ ਦਾ ਬਹੁ ਵਚਨ. ਦੇਖੋ, ਖਹਿਰਾ.

ਖਹੁ: ਦੇਖੋ, ਕ੍ਸ਼ਯ. "ਅੰਤਕਾਲ ਖਹੁ ਲਾਖਹੁ ਰੁੱਖੈ." (ਭਾਗੁ) ਅੰਤ ਨੂੰ ਲਾਖ (ਲਾਕ੍ਸ਼ਾ) ਤੋਂ ਬਿਰਛ ਦਾ ਨਾਸ਼ ਹੋ ਜਾਂਦਾ ਹੈ.

ਖਹੁਰਾ: ਵਿ- ਖੁਰਦਰਾ. ਖਰਦੜਾ। ੨. ਕੌੜਾ ਬੋਲ ਬੋਲਣ ਵਾਲਾ.

ਖਹੰਦਾ: ਵਿ- ਖਹਿੰਦਾ. ਲੜਦਾ. ਭਿੜਦਾ. "ਸੁਖ ਨ ਪਾਇਨਿ ਮੁਗਧਨਰ ਸੰਤ ਨਾਲਿ ਖਹੰਦੇ." (ਵਾਰ ਗਉ ੧. ਮਃ ੪)

ਖਖ: ਦੇਖੋ, ਖੱਖ.

ਖਖਰ: ਸੰਗਜਾ- ਖ (ਘਰ) ਖਰ (ਤਾਮਸੀ ਜੀਵਾਂ ਦਾ). ਡੇਹਮੂੰ ਅਤੇ ਧਮੂੜੀਆਂ (ਭਰਿੰਡ ਅਤੇ ਤੰਦਈਆਂ) ਦਾ ਛੱਤਾ.

ਖਖੜੀ: ਦੇਖੋ, ਕਕੜੀ. "ਖਖੜੀਆਂ ਸੁਹਾਵੀਆਂ ਲਗੜੀਆਂ ਅਕ ਕੰਠਿ." (ਵਾਰ ਗਉ ੨. ਮਃ ੫) ਭਾਵ- ਕੌੜੇ ਤਾਮਸੀ ਮਿੱਠਤ ਵਾਲੇ ਹੋਏ.

ਖਖਾ: ਖਕਾਰ ਅੱਖਰ ਦਾ ਉੱਚਾਰਣ। ੨. ਖ ਅੱਖਰ. "ਖਖਾ, ਖਰਾ ਸਰਾਹਉ ਤਾਹੂ." (ਬਾਵਨ)

ਖੱਖ: ਸੰ. ਖਕ੍ਖ ਧਾ- ਹੱਸਣਾ. ਠੱਠਾ ਕਰਨਾ। ੨. ਸੰਗਜਾ- ਮਖ਼ੌਲ. ਠੱਠਾ। ੩. ਖ (ਆਕਾਸ਼) ਵਿੱਚ ਛਾਈ ਹੋਈ ਬਾਰੀਕ ਗਰਦ.

ਖੱਖਾ: ਦੇਖੋ, ਖਖਾ। ੨. ਗੁਰੁਪ੍ਰਤਾਪਸੂਰਯ ਅਨੁਸਾਰ ਉਹ ਕਸ਼ਮੀਰੀ ਮੁਸਲਮਾਨ, ਜੋ ਔਰੰਗਜ਼ੇਬ ਦੇ ਵੇਲੇ ਖਤ੍ਰੀ ਤੋਂ ਮੁਸਲਮਾਨ ਬਣਿਆ ਹੈ. "ਤਿਸ ਦਿਨ ਤੁਰਕ ਭਏ ਤਹਿਂ ਸਾਰੇ। ਹਿੰਦੁਨ ਹਾਹਾਕਾਰ ਉਚਾਰੇ। ਖੱਖੇ ਨਾਮ ਭਯੇ ਖਤ੍ਰੀਨ। ਭੰਭੇ ਨਾਮ ਦਿਜਨ ਕੋ ਚੀਨ." (ਗੁਪ੍ਰਸੂ)

ਖਗ: ਸੰ. ਸੰਗਜਾ- ਖ (ਆਕਾਸ਼) ਵਿੱਚ ਜੋ ਗ (ਗਮਨ) ਕਰੇ, ਪੰਛੀ। ੨. ਸੂਰਜ। ੩. ਚੰਦ੍ਰਮਾ। ੪. ਤਾਰਾ। ੫. ਦੇਵਤਾ। ੬. ਪਵਨ। ੭. ਟਿੱਡ. ਆਹਣ। ੮. ਬੱਦਲ। ੯. ਤੀਰ. ਭਾਣ। ੧੦. ਖੜਗ (ਕ੍ਰਿਪਾਣ) ਦਾ ਸੰਖੇਪ. "ਖਗ ਖੰਡ ਬਿਹੰਡੰ ਖਲਦਲ ਖੰਡੰ." (ਵਿਚਿਤ੍ਰ) "ਛਤ੍ਰੀ ਕੇਤਿਕ ਖਗਧਾਰੀ." (ਗੁਪ੍ਰਸੂ) ਦੇਖੋ ਖਗਿ.

ਖਗਅਰਿ: ਪੰਛੀਆਂ ਦਾ ਵੈਰੀ, ਬਾਜ਼। ੨. ਤੀਰ ਦਾ ਵੈਰੀ ਖੜਗ. ਆਉਂਦੇ ਬਾਣ ਨੂੰ ਯੋਧਾ ਤਲਵਾਰ ਨਾਲ ਕੱਟ ਦਿੰਦੇ ਸਨ. "ਖਗ ਮ੍ਰਿਗ ਜੱਛ ਭੁਜੰਗ ਗਨ ਏ ਪਦ ਪ੍ਰਿਥਮ ਉਚਾਰ। ਫੁਨ ਅਰਿ ਸਬਦ ਉਚਾਰੀਐ ਜਾਨ ਤਿਸੈ ਤਰਵਾਰ." (ਸਨਾਮਾ)

ਖਗਤਨ: ਵਿ- ਪੰਛੀ ਦਾ ਸ਼ਰੀਰ ਰੱਖਣ ਵਾਲਾ. ਪੰਛੀ ਦੀ ਹੈ ਦੇਹ ਜਿਸ ਦੀ. ਕਾਕਭੁਸੁੰਡਿ, ਗਰੁੜਾਦਿ। ੨. ਹੰਸ ਅਵਤਾਰ. "ਖਗਤਨ ਮੀਨਤਨ ਮ੍ਰਿਗਤਨ ਬਰਾਹਤਨ ਸਾਧੂ ਸੰਗਿ ਉਧਾਰੇ." (ਮਲਾ ਮਃ ੫) ਹੰਸਾਵਤਾਰ, ਮੱਛਾਵਤਾਰ, ਸ਼੍ਰਿੰਗੀਰਿਖਿ, ਵਰਾਹਾਵਤਾਰ ਸਾਧੂ ਸੰਗਿ ਉਧਾਰੇ। ੩. ਦੇਖੋ, ਤਨ.

ਖਗਨੀ: ਖੜਗ (ਤਲਵਾਰ) ਅਤੇ ਤੀਰ ਵਾਲੀ, ਸੈਨਾ. (ਸਨਾਮਾ)

ਖਗਪਤਿ: ਪੰਛੀਆਂ ਦਾ ਸ੍ਵਾਮੀ, ਗਰੁੜ। ੨. ਭਾਵ- ਮਨ. ਦੇਖੋ, ਭਾਈ ਗੁਰਦਾਸ ਕਬਿੱਤ ੨੩੦.

ਖਗਰਾਜ: ਪੰਛੀਆਂ ਦਾ ਰਾਜਾ ਗਰੁੜ.

ਖਗਰੋਹ, ਖਗਾਸਨ: ਗਰੁੜ ਦੀ ਸਵਾਰੀ ਕਰਨ ਵਾਲਾ ਵਿਸ਼ਨੁ. ਜੋ ਖਗ (ਪੰਛੀ) ਪੁਰ ਆਰੋਹਣ ਕਰਦਾ ਹੈ. "ਮੂਰਤਿ ਲੈ ਨ ਕਰੈ ਖਗਰੋਹੈ." (ਕ੍ਰਿਸਨਾਵ) ਕਿਤੇ ਸਾਡੀਆਂ ਸ਼ਕਲਾਂ ਨੂੰ ਕ੍ਰਿਸ਼ਨਦੇਵ ਲੈ ਨਾ ਕਰ ਲਵੇ. ਦੇਖੋ, ਗਰੁੜ.

ਖਗਾਂਤਕ: ਖਗ- ਅੰਤਕ. ਪੰਛੀਆਂ ਦਾ ਅੰਤ ਕਰਨ ਵਾਲਾ ਬਾਜ਼। ੨. ਦੇਖੋ, ਖਗਅਰਿ.

ਖਗਾਧਿਪ: ਖਗ (ਪੰਛੀਆਂ) ਦਾ ਅਧਿਪ (ਸ੍ਵਾਮੀ) ਗਰੁੜ.

ਖਗਿ: ਖੜਗ (ਤਲਵਾਰ) ਨਾਲ. ਦੇਖੋ, ਖਗ ੧੦. "ਰੋਗ ਦੋਖ ਅਘ ਮੋਹ ਛਿਦੇ ਹਰਿਨਾਮ ਖਗਿ." (ਸਵੈਯੇ ਸ੍ਰੀ ਮੁਖਵਾਕ ਮਃ ੫)

ਖਗਿਸ, ਖਗਿੰਦ, ਖਗੇਸ, ਖਗੇਂਦ੍ਰ: ਖਗ- ਈਸ਼. ਖਗ- ਇੰਦ੍ਰ. ਪੰਛੀਆਂ ਦਾ ਈਸ਼ (ਸ੍ਵਾਮੀ), ਗਰੁੜ. ਪੰਛੀਆਂ ਦਾ ਇੰਦ੍ਰ. "ਖਗਿਸ ਕੇ ਸਰ ਲਾਗੇ." (ਚਰਿਤ੍ਰ ੨੦੩) "ਜੇ ਨਰ ਗ੍ਰਸੇ ਕਲੂਖ ਅਹੇਸਾ। ਜਾਂਹਿ ਸ਼ਰਨ ਸੋ ਨਾਮ ਖਗੇਸਾ." (ਨਾਪ੍ਰ) ੨. ਸੂਰਜ। ੩. ਚੰਦ੍ਰਮਾ। ੪. ਦੇਵਰਾਜ. ਇੰਦ੍ਰ.

ਖਗੋਲ: ਸੰਗਜਾ- ਖ (ਆਕਾਸ਼) ਮੰਡਲ. ਪ੍ਰਿਥਿਵੀ ਵਾਂਙ ਜੋ ਆਕਾਸ਼ ਗੋਲ ਪ੍ਰਤੀਤ ਹੋ ਰਿਹਾ ਹੈ. Celestial sphere.

ਖਗੋਲਵਿਦਜਾ: ਸੰਗਜਾ- ਉਹ ਵਿਦਜਾ, ਜਿਸ ਤੋਂ ਆਕਾਸ਼ਮੰਡਲ ਦੇ ਗ੍ਰਹਾਂ ਦੀ ਚਾਲ ਅਤੇ ਅਸਰ ਜਾਣਿਆ ਜਾਵੇ, ਜਜੋਤਿਸ਼. Astronomy.

ਖੱਗ: ਖੜਗ ਦਾ ਸੰਖੇਪ. ਕ੍ਰਿਪਾਣ. ਦੇਖੋ, ਖੜਗ. "ਖੱਗਨ ਖੜਾਕੇ ਖੁਲ੍ਹੈਂ ਤੁੱਪਕ ਤੜਕੇ ਤੁੰਗ." (ਰਾਮਦਾਸ)

ਖੱਗਖਜਾਤਾ: ਵਿ- ਖੜਗਵਿਦਜਾ ਵਿੱਚ ਖਜਾਤਿ (ਪ੍ਰਸਿੱਧਿ) ਰੱਖਣ ਵਾਲਾ. ਤਲਵਾਰ ਦੇ ਵਰਤਣ ਦੀ ਵਿਦਜਾ ਵਿੱਚ ਮਸ਼ਹੂਰ.

"ਦੋਊ ਖੱਗਖਜਤਾ." (ਗੁਪ੍ਰਸੂ)

ਖੱਗਬਹਾਦੁਰ: ਖੱਗ (ਤੇਗ) ਬਹਾਦੁਰ. ਭਾਈ ਸੁੱਖਾ ਸਿੰਘ ਨੇ ਗੁਰੁਵਿਲਾਸ ਵਿੱਚ ਗੁਰੂ ਤੇਗਬਹਾਦੁਰ ਸਾਹਿਬ ਦੇ ਨਾਉਂ ਦਾ ਅਨੁਵਾਦ (ਉਲਥਾ) ਕਰਕੇ ਅਨੇਕ ਥਾਂ ਖੱਗਬਹਾਦੁਰ ਲਿਖਿਆ ਹੈ.

ਖੱਗਾ: ਵਿ- ਖੜਗ ਜੇਹਾ. ਖੜਗ ਦੇ ਆਕਾਰ ਦਾ। ੨. ਸੰਗਯਾ- ਸਰੀਂਹ ਪਲਾਸ ਆਦਿ ਦਾ ਫਲ, ਜੋ ਖੜਗ ਜੇਹੇ ਆਕਾਰ ਦਾ ਹੁੰਦਾ ਹੈ.

ਖਚ: ਸੰ. खच् ਧਾ- ਸੰਪਦਾ ਸਹਿਤ ਕਰਨਾ, ਪਵਿਤ੍ਰ ਕਰਨਾ, ਖਿੱਚਕੇ ਬੰਨ੍ਹਣਾ, ਜੜਨਾ.

ਖਚਣਾ, ਖਚਨਾ: ਕ੍ਰਿ- ਮਿਲਣਾ- ਜੁੜਨਾ. (ਦੇਖੋ, ਖਚ ਧਾ) "ਪ੍ਰੀਤਿ ਪ੍ਰੇਮ ਤਨੁ ਖਚਿਰਹਿਆ." (ਚਉਬੋਲੇ ਮਃ ੫) "ਸਤਿਸੰਗਤਿ ਸੇਤੀ ਮਨ ਖਚਨਾ." (ਸਵੈਯੇ ਮਃ ੪. ਕੇ) "ਹਰਿਸੰਗਿ ਸੰਗਿ ਖਚੀਐ." (ਸਾਰ ਮਃ ੫. ਪੜਤਾਲ)

ਖਚਰ: ਵਿ- ਖ (ਆਕਾਸ਼) ਵਿੱਚ ਚਰ (ਫਿਰਨ) ਵਾਲਾ। ੨. ਸੰਗਯਾ- ਪੰਛੀ. ਦੇਖੋ, ਖਗ। ੩. ਦੇਖੋ, ਖੱਚਰ। ੪. ਖਚਰਾਪਨ. ਖਚਰਊ.

ਖਚਰਊ: ਖਚਰਾਪਨ. ਕੁਟਿਲਤਾ ਛਲ. ਕਪਟ.

ਖਚਰਾ: ਵਿ- ਦੋਗਲਾ। ੨. ਨੀਚ. ਦੁਸ਼੍ਟ। ੩. ਸ਼ਰੀਰ.

ਖਚਾ: ਦੇਖੋ, ਖਚ ਧਾ. ਸੰਗਯਾ- ਸੰਪਦਾ. ਸ਼ਾਨ ਸ਼ੌਕਤ. "ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ." (ਵਾਰ ਮਾਰੂ ੨. ਮਃ ੫)

ਖਚਿ: ਖਚਿਤ ਹੋ ਕੇ. ਦੇਖੋ, ਖਚਣਾ.

ਖਚਿਤ: ਵਿ- ਮਿਲਿਆ ਹੋਇਆ। ੨. ਜੜਿਆ ਹੋਇਆ। ੩. ਖਿੱਚਿਆ ਹੋਇਆ। ੪. ਲਿਵਲੀਨ ਹੋਇਆ. "ਮਨ ਖਚਿਤ ਪ੍ਰੇਮਰਸ." (ਸਾਰ ਮਃ ੫) ਦੇਖੋ, ਖਚ ਧਾ.

ਖੱਚ: ਸੰਗਯਾ- ਝਗੜਾ. ਕਲੇਸ਼। ੨. ਬਕਬਾਦ. ਖੱਪ.

ਖੱਚਰ: ਸੰਗਯਾ- ਗਧੇ ਅਤੇ ਘੋੜੀ ਦੇ ਮੇਲ ਤੋਂ ਪੈਦਾ ਹੋਈ ਇੱਕ ਨਸਲ. ਸੰ. ਅਸ਼੍ਵਤਰ.

ਖਜ: ਸੰ. खज् ਧਾ- ਰਿੜਕਣਾ- ਹਿਲਾਉਣਾ- ਮਿਟਾਉਣਾ.

ਖਜਲ: ਸੰਗਯਾ- ਖ (ਆਕਾਸ਼) ਦਾ ਜਲ. ਸ਼ਬਨਮ. ਓਸ. ਤ੍ਰੇਲ। ੨. ਅ਼. خجل ਖ਼ਜਿਲ. ਵਿ- ਸ਼ਰਮਿੰਦਾ. ਲੱਜਿਤ.

ਖਜ਼ਾਨਚੀ: ਫ਼ਾ. خزانچی ਸੰਗਯਾ- ਖ਼ਜ਼ਾਨਾ ਰੱਖਣ ਵਾਲਾ. ਕੋਸ਼ਪ.

ਖਜਾਨਾ, ਖਜੀਨਾ: ਅ਼. خزانہ ਖ਼ਜ਼ਾਨਹ. ਸੰਗਯਾ- ਧਨ ਰੱਖਣ ਦਾ ਘਰ. ਕੋਸ਼. ਧਨਾਗਾਰ. "ਨਾਮ ਖਜਾਨਾ ਭਗਤੀ ਪਾਇਆ." (ਗਉ ਮਃ ੫) "ਹਰਿ ਹਰਿ ਜਨ ਕੇ ਮਾਲ ਖਜੀਨਾ." (ਸੁਖਮਨੀ)

ਖਜੂਰ: ਸੰ. ਖਜੂੰਰ. ਸੰਗਯਾ- ਇੱਕ ਬਿਰਛ, ਜਿਸ ਦਾ ਫਲ ਛੁਹਾਰਾ ਹੁੰਦਾ ਹੈ. Phoenix sylvestris. "ਜਲ ਕੀ ਮਾਛੁਲੀ ਚਰੈ ਖਜੂਰਿ." (ਟੋਡੀ ਨਾਮਦੇਵ) ਭਾਵ- ਅਣਬਣ ਗੱਲਾਂ ਕਰ ਰਹੇ ਹਨ। ੨. ਚਾਂਦੀ. ਰਜਤ. "ਕੰਚਨ ਔਰ ਖਜੂਰ ਦਯੋ ਪੁਨ ਦਾਸੀ ਦਈ" (ਨਾਪ੍ਰ) ੩. ਬਿੱਛੂ. ਠੂਹਾਂ.

ਖਜੂਰਾ: ਦੇਖੋ, ਖਜੂਰ ੩.। ੨. ਸੰ. खर्जुकर्ण ਕੰਨਖਜੂਰਾ. ਕੰਨ ਵਿੱਚ ਧਸਣ ਵਾਲਾ ਇੱਕ ਕੀੜਾ, ਜਿਸ ਦੀ ਸ਼ਤਪਾਦ ਸੰਗਯਾ ਭੀ ਹੈ. ਦੇਖੋ, ਸਤਪਦ. "ਸੀਸ ਪਟਕਤ ਜਾਂਕੇ ਕਾਨ ਮੇ ਖਜੂਰਾ ਧਸੈ." (ਅਕਾਲ) ਦੇਖੋ, ਕੰਨਖਜੂਰਾ.

ਖਜੂਰਿ: ਖਜੂਰ ਉੱਤੇ. ਦੇਖੋ, ਖਜੂਰ ੧.। ੨. ਖਜੂਰ ਨਾਲ.

ਖਜੂਰੀ: ਸੰਗਯਾ- ਖਾਜੂੰਰ. ਖਜੂਰ ਦਾ ਫਲ. ਖ਼ੁਰਮਾ. ਛੁਹਾਰਾ. "ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ." (ਸ. ਫਰੀਦ) ਸੰਤਾਂ ਦੇ ਹਿਤਭਰੇ ਵਾਕ ਖਜੂਰਾਂ ਅਤੇ ਹਰਿਗੁਣ ਚਰਚਾ ਸ਼ਹਿਦ ਦੀ ਨਦੀ ਹੈ.

ਖੱਜਲ: ਸ਼ਰਮਿੰਦਾ. ਦੇਖੋ, ਖਜਲ ੨.

ਖਟ[411]: ਸੰ. खट् ਧਾ- ਚਾਹੁਣਾ- ਇੱਛਾ ਕਰਨਾ, ਢੂੰਡਣਾ, ਤਲਾਸ਼ ਕਰਨਾ। ੨. ਸੰ. ਸ਼ਟ੍. ਛੀ. ਸ਼ਸ਼ (Six). "ਏਕ ਘੜੀ ਖਟ ਮਾਸਾ." (ਤੁਖਾ ਬਾਰਹਮਾਹਾ) ੩. ਛੀ ਸੰਖਯਾ ਵਾਲੀ ਵਸਤੁ. ਜੈਸੇ ਖਟ ਸ਼ਾਸਤ੍ਰ, ਖਟ ਕਰਮ ਆਦਿ. "ਖਟ ਭੀ ਏਕਾ ਬਾਤ ਬਖਾਨਹਿ." (ਰਾਮ ਮਃ ੫) ੪. ਸੰ ਖਟ ਅੰਧਾ ਕੂਆ (ਅੰਨ੍ਹਾ ਖੂਹ). ੫. ਕਫ. ਬਲਗਮ। ੬. ਹਲ. ਵਾਹੀ ਕਰਨ ਦਾ ਸੰਦ। ੭. ਘਾਸ (ਘਾਹ). ੮. ਦੇਖੋ, ਖੱਟਣਾ। ੯. ਸਿੰਧੀ- ਖਾਟ. ਮੰਜਾ.

ਖਟਊਰਮਿ, ਖਟਊਰਮੀ: ਸੰ. षडूर्म्मि ਸ਼ਡੂਰਮਿੰ. ਸੰਗਯਾ- ਛੀ ਲਹਿਰਾਂ. ਛੀ ਤਰੰਗ. ਅਰਥਾਤ- ਭੁੱਖ, ਤ੍ਰਿਖਾ, ਸ਼ੋਕ, ਮੋਹ, ਬੁਢਾਪਾ ਅਤੇ ਮਰਣ। ੨. ਛੀ ਐਸ਼੍ਵਰਯ ਵਾਲਾ, ਪਰਮੇਸ਼੍ਵਰ. ਦੇਖੋ, ਭਗਵਾਨ.

ਖਟਅੰਗ: ਸੰ. षडङ्ग ਸ਼ੜੰਗ. ਛੀ ਅੰਗ. ਸ਼ਰੀਰ ਦੇ ਪ੍ਰਧਾਨ ਛੀ ਅੰਗ ਇਹ ਹਨ- ਸਿਰ, ਦੋ ਬਾਹਾਂ, ਛਾਤੀ, ਦੋ ਟੰਗਾਂ। ੨. ਦੇਹ. ਸ਼ਰੀਰ, ਜਿਸ ਦੇ ਛੀ ਅੰਗ ਹਨ. "ਖਟਅੰਗ ਪਾਨਿ ਉਛਾਲੀਅੰ." (ਚੰਡੀ ੨) ਦੁਰਗਾ ਨੇ ਸ਼ੁੰਭ ਦਾ ਸਰੀਰ ਹੱਥ ਨਾਲ ਉਛਾਲਿਆ।

੩. ਨੀਤਿ ਦੇ ਛੀ ਅੰਗ-

ੳ. ਸੰਧਿ (ਮੁਲਾਕਾਤ- ਸੁਲਹ).

ਅ. ਵਿਗ੍ਰਹਿ (ਜੰਗ).

ੲ. ਯਾਨ (ਦੁਸ਼ਮਨ ਪੁਰ ਚੜ੍ਹਾਈ).

ਸ. ਆਸਨ (ਜਮਕੇ ਬੈਠਣਾ. ਮਤਲਬ ਸਿੱਧ ਕਰਨ ਲਈ ਕਿਸੇ ਥਾਂ ਆਸਨ ਜਮਾਉਣਾ).

ਹ. ਸੰਸ਼੍ਰਯ (ਕਿਸੇ ਬਲਵਾਨ ਦਾ ਆਸਰਾ ਲੈਣਾ).

ਕ. ਦ੍ਵੈਧੀਭਾਵ (ਫੋਟਕ ਪਾਉਣਾ).

੪. ਵੇਦ ਦੇ ਛੀ ਅੰਗ-

ੳ. ਸਿਕ੍ਸ਼ਾ (ਅਕ੍ਸ਼ਰਾਂ ਦਾ ਉੱਚਾਰਣ ਅਤੇ ਪਾਠ ਦੇ ਸ੍ਵਰ ਦਾ ਜਿਸ ਤੋਂ ਗਯਾਨ ਹੁੰਦਾ ਹੈ).

ਅ. ਕਲਪ कल्प (ਮੰਤ੍ਰਜਾਪ ਦੀ ਵਿਧੀ ਅਤੇ ਪ੍ਰਕਾਰ ਜਿਸ ਤੋਂ ਜਾਣੀਦੇ ਹਨ).

ੲ. ਵਯਾਕਰਣ (ਸ਼ਬਦਾਂ ਦੀ ਸ਼ੁੱਧੀ ਅਤੇ ਪ੍ਰਯੋਗ (ਵਰਤਾਉ) ਜਿਸ ਤੋਂ ਜਾਣੇ ਜਾਂਦੇ ਹਨ).

ਸ. ਜਯੋਤਿਸ਼ (ਅਮਾਵਸ ਮੌਸ) ਪੂਰਣਮਾਸੀ ਸੰਕ੍ਰਾਂਤਿ ਆਦਿ ਦਿਨਾਂ ਦਾ ਜਿਸ ਤੋਂ ਗਯਾਨ ਹੋਵੇ).[412]

ਹ. ਛੰਦ(ਪਦਾਂ ਦੇ ਵਿਸ਼੍ਰਾਮ, ਮੰਤ੍ਰਾਂ ਦੀ ਚਾਲ ਅਤੇ ਛੰਦ ਦਾ ਨਾਉਂ ਜਿਸ ਤੋਂ ਜਾਣੀਏ).

ਕ. ਨਿਰੁਕ੍ਤ (ਸ਼ਬਦਾਂ ਦੇ ਅਰਥਾਂ ਦੀ ਵਯਾਖਯਾ. ਵ੍ਯੁਤਪਤਿ ਸਹਿਤ ਨਾਮਾਂ ਦਾ ਸਰੂਪ ਦੱਸਣ ਵਾਲਾ ਵੈਦਿਕ ਕੋਸ਼).

ਖਟਸਾਸਤ[413], ਖਟਸਾਸਤਰ, ਖਟਸਾਸਤ੍ਰ, ਖਟਸਾਸ੍ਤ੍ਰ: ਸੰ. षट्शास्त्र ਸ਼ਟ੍ਸ਼ਾਸ੍ਤ੍ਰ. ਹਿੰਦੂਮਤ ਦੇ ਛੀ ਮੁੱਖ ਸ਼ਾਸਤ੍ਰ. "ਖਟੁ

---

[411] ਗੁਰਬਾਣੀ ਵਿੱਚ ਇਸ ਦਾ ਰੂਪ ਖਟੁ ਭੀ ਹੈ.

[412] ਜਯੋਤਿਸ਼ ਤੋਂ ਗ੍ਰਹ ਨਛਤ੍ਰ ਆਦਿ ਦੀ ਚਾਲ ਅਤੇ ਅਸਰ ਜਾਣੇ ਜਾਂਦੇ ਹਨ, ਪਰ ਵੈਦਿਕ ਸਮੇਂ ਵਿੱਚ ਕੇਵਲ ਜੱਗ ਆਦਿ ਕਰਮਾਂ ਲਈ ਤਿਥਾਂ ਦੇਖਣ ਦਾ ਹੀ ਕੰਮ ਲਿਆ ਜਾਂਦਾ ਸੀ.

ਸਾਸਤ ਵਿਚਰਤ ਮੁਖਿ ਗਿਆਨਾ." (ਮਾਝ ਮਃ ੫) "ਖਟ ਸਾਸਤ੍ਰ ਸਿਮ੍ਰਿਤਿ ਵਖਿਆਨ." (ਸੁਖਮਨੀ) ਹਿਤ ਦੀ ਸਿਖ੍ਯਾ ਦੇਣ ਵਾਲੇ ਪੁਸਤਕ ਦਾ ਨਾਉਂ ਸ਼ਾਸਤ੍ਰ ਹੈ, ਪਰ ਖਾਸ ਕਰਕੇ ਖਟ ਸ਼ਾਸਤ੍ਰਾਂ ਵਾਸਤੇ ਏਹ ਪਦ ਵਰਤਿਆ ਜਾਂਦਾ ਹੈ. ਖਟ ਸ਼ਾਸਤ੍ਰ ਇਹ ਹਨ-

(੧) ਵੈਸ਼ੇਸ਼ਿਕ- ਇਸ ਸ਼ਾਸਤ੍ਰ ਦਾ ਕਰਤਾ ਕਣਾਦ ਮੁਨਿ ਹੈ, ਜਿਸ ਨੇ ਛੀ ਪਦਾਰਥ ਮੰਨੇ ਹਨ.

ੳ. ਦ੍ਰਵ੍ਯ (ਪ੍ਰਿਥਿਵੀ, ਜਲ, ਅਗਨਿ, ਪਵਨ, ਆਕਾਸ਼, ਕਾਲ, ਦਿਸ਼ਾ, ਆਤਮਾ ਅਤੇ ਮਨ. )

ਅ. ਗੁਣ (ਰੂਪ, ਰਸ, ਗੰਧ, ਸਪਰਸ, ਸੰਖ੍ਯਾ, ਪਰਿਮਾਣ, ਪ੍ਰਥਕਤ੍ਵ, ਸੰਯੋਗ, ਵਿਭਾਗ, ਪਰਤ੍ਵ, ਅਪਰਤ੍ਵ, ਗੁਰੁਤ੍ਵ, ਦ੍ਰਵਤ੍ਵ, ਸ੍ਨੇਹ, ਸ਼ਬਦ, ਬੁੱਧਿ, ਸੁਖ, ਦੁੱਖ, ਇੱਛਾ, ਦ੍ਵੇਸ਼, ਪ੍ਰਯਤਨ, ਧਰਮ, ਅਧਰਮ ਸੰਸਕਾਰ).

ੲ. ਕਰਮ. (ਉਤਕ੍ਸ਼ੇਪਣ, ਅਪਕ੍ਸ਼ੇਪਣ, ਆਕੁੰਚਨ, ਪ੍ਰਸਾਰਣ, ਗਮਨ. )

ਸ. ਸਾਮਾਨ੍ਯ (ਜਾਤਿ). ਪਰ ਅਤੇ ਅਪਰ.

ਹ. ਵਿਸ਼ੇਸ਼. ਜਿਤਨੇ ਨਿਤ੍ਯ ਦ੍ਰਵ੍ਯ ਹਨ ਉਨ੍ਹਾਂ ਨੂੰ ਜੁਦੇ ਜੁਦੇ ਰੱਖਣ ਵਾਲੇ ਉਤਨੇ ਵਿਸ਼ੇਸ਼ ਪਦਾਰਥ ਹਨ.

ਕ. ਸਮਵਾਯ (ਉਪਾਦਾਨ ਕਾਰਣ ਅਤੇ ਕਾਰ੍ਯ ਦਾ ਪਰਸਪਰ ਸੰਬੰਧ).

ਏਹ ਛੀ ਪਦਾਰਥ ਨਿਤ੍ਯ ਅਤੇ ਅਨਿਤ੍ਯ ਹਨ. ਪ੍ਰਿਥਿਵੀ, ਜਲ, ਅਗਨਿ ਅਤੇ ਪਵਨ ਪਰਮਾਣੂ ਰੂਪ ਨਿੱਤ, ਅਤੇ ਸਥੂਲ ਰੂਪ ਅਨਿੱਤ ਹਨ. ਗੁਣ ਨਿਤ੍ਯ ਦ੍ਰਵ੍ਯ ਵਿੱਚ ਰਹਿਣ ਵਾਲੇ ਨਿਤ੍ਯ ਹਨ ਅਤੇ ਅਨਿਤ੍ਯ ਦ੍ਰਵ੍ਯ ਵਿੱਚ ਰਹਿਣ ਵਾਲੇ ਅਨਿਤ੍ਯ ਹਨ. ਅਰ ਕਰਮ ਸਭ ਅਨਿਤ੍ਯ ਹਨ. ਸਾਮਾਨ੍ਯ ਵਿਸ਼ੇਸ਼ ਸਮਵਾਯ ਏਹ ਤਿੰਨੇ ਨਿਤ੍ਯ ਹਨ. ਜੀਵਾਤਮਾ ਸਭ ਸ਼ਰੀਰਾਂ ਵਿੱਚ ਭਿੰਨ ਭਿੰਨ ਹਨ. ਪਰਮਾਤਮਾ ਜੀਵਾਤਮਾਂ ਤੋਂ ਜੁਦਾ ਹੈ. ਪਰਮਾਣੂਆਂ ਤੋਂ ਈਸ਼੍ਵਰ ਦੀ ਇੱਛਾ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਹੋਈ ਹੈ. ਛੀ ਪਦਾਰਥਾਂ ਦੇ ਪੂਰਣ ਗ੍ਯਾਨ ਤੋਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ. ਨਵੇਂ ਵੈਸ਼ੇਸ਼ਿਕਮਤ ਵਾਲਿਆਂ ਨੇ ਅਭਾਵ ਨੂੰ ਭੀ ਪਦਾਰਥ ਮੰਨਿਆਂ ਹੈ. ਇਸ ਤਰਾਂ ਵੈਸ਼ੇਸ਼ਿਕਮਤ ਦੇ ਸੱਤ ਪਦਾਰਥ ਹੁੰਦੇ ਹਨ.

੨. ਨ੍ਯਾਯ. ਇਸ ਸ਼ਾਸਤ੍ਰ ਦਾ ਕਰਤਾ ਗੋਤਮ ਰਿਸ਼ੀ ਹੈ. ਨ੍ਯਾਯਮਤ ਵਿੱਚ ਸੋਲਾਂ ਪਦਾਰਥ ਮੰਨੇ ਹਨ-

ੳ. ਪ੍ਰਮਾਣ (ਪ੍ਰਤ੍ਯਕ੍ਸ਼, ਅਨੁਮਾਨ, ਉਪਮਾਨ, ਸ਼ਬਦ)

ਅ. ਪ੍ਰਮੇਯ (ਆਤਮਾ, ਸ਼ਰੀਰ, ਇੰਦ੍ਰਿਯ, ਅਰਥ, ਬੁੱਧੀ, ਮਨ, ਪ੍ਰਵ੍ਰਿੱਤੀ, ਦੋਸ਼, ਪ੍ਰੇਤ੍ਯਭਾਵ, ਫਲ, ਦੁੱਖ, ਮੁਕਤਿ)

ੲ. ਸੰਸ਼ਯ. (ਦੋ ਕੋਟਿ ਵਾਲਾ ਗਿਆਨ, ਅਰਥਾਤ ਜਿਸ ਵਿੱਚ ਇੱਕ ਕੋਟਿ ਦਾ ਨਿਸ਼ਚਯ ਨਾ ਹੋਵੇ)

ਸ. ਪ੍ਰਯੋਜਨ. (ਜਿਸ ਮਤਲਬ ਨੂੰ ਲੈ ਕੇ ਕਰਮ ਵਿੱਚ ਪ੍ਰਵਿਰਤੀ ਹੁੰਦੀ ਹੈ.

ਹ. ਦ੍ਰਿਸ਼੍ਟਾਂਤ. (ਮਿਸਾਲ- ਨਜੀਰ)

ਕ. ਸਿੱਧਾਂਤ. (ਨਤੀਜਾ)

ਖ. ਅਵਯਵ. (ਪ੍ਰਤਿਗ੍ਯਾ, ਹੇਤੁ, ਉਦਾਹਰਣ, ਉਪਨਯ, ਨਿਗਮਨ. )

ਗ. ਤਰਕ (ਯੁਕਤਿ).

ਘ. ਨਿਰਣਯ. ਫੈਸਲਾ.

ਙ. ਵਾਦ (ਜਿੱਤ ਹਾਰ ਦਾ ਖ਼ਿਆਲ ਛੱਡਕੇ ਯਥਾਰਥ ਗ੍ਯਾਨ ਵਾਸਤੇ ਚਰਚਾ)

ਚ. ਜਲਪ (ਜਿੱਤਣ ਦਾ ਖ਼ਿਆਲ ਰੱਖਕੇ ਚਰਚਾ).

---

[413] ਗੁਰਬਾਣੀ ਵਿੱਚ ਇਸ ਦਾ ਰੂਪ 'ਖਟੁਸਾਸਤ' ਭੀ ਹੈ.

ਛ. ਵਿਤੰਡਾ (ਕੇਵਲ ਦੂਜੇ ਦੇ ਪੱਖ ਡੇਗਣ ਵਾਸਤੇ ਛਲ, ਕਪਟ, ਈਰਖਾ, ਹਠ ਨਾਲ ਮਿਲੀ ਚਰਚਾ).

ਜ. ਹੇਤ੍ਵਾਭਾਸ (ਸਵਜਭਿਚਾਰ, ਵਿਰੁੱਧ, ਪ੍ਰਕਰਣਸਮ,[414] ਸਾਧਜਸਮ[415] ਕਾਲਾਤੀਤ[416]).

ਝ. ਛਲ. ਦੂਸਰੇ ਅਰਧ ਨੂੰ ਅੱਗੇ ਰੱਖਕੇ ਪ੍ਰਤਿਵਾਦੀ ਦੇ ਵਚਨ ਦਾ ਖੰਡਨ ਕਰਨਾ.

ਞ. ਜਾਤਿ (ਅਸਦ ਉੱਤਰ) ਪ੍ਰਤਿਵੰਧੀ ਉੱਤਰ.

ਟ. ਨਿਗ੍ਰਹ ਸ੍ਥਾਨ[417] (ਅਰਥਾਤ- ਮਾਕੂਲ ਜਵਾਬ ਨਾ ਫੁਰਨਾ, ਜਾਂ ਉਲਟਾ ਫੁਰਨਾ, ਜਿਸ ਤੋਂ ਹਾਰ ਹੋ ਜਾਵੇ).

ਇਨ੍ਹਾਂ ਸੋਲ੍ਹਾਂ ਪਦਾਰਥਾਂ ਦੇ ਤਤ੍ਵਗਜਾਨ ਤੋਂ ਮੁਕਤੀ ਦੀ ਪ੍ਰਾਪਤੀ ਮੰਨੀ ਹੈ, ਜੋ ਦੁੱਖ ਦਾ ਅਤਜੰਤ ਨਾਸ਼ਰੂਪ ਹੈ. ਜੀਵਾਤਮਾ ਪਰਮਾਤਮਾ ਤੋਂ ਭਿੰਨ ਹੈ ਅਤੇ ਅਭੇਦਤਾ ਨੂੰ ਪ੍ਰਾਪਤ ਨਹੀਂ ਹੁੰਦਾ. ਪ੍ਰਮਾਣੂਆਂ ਦੇ ਇਕੱਠ ਤੋਂ ਸਥੂਲ ਪਦਾਰਥਾਂ ਦੀ ਰਚਨਾ ਹੋਈ ਹੈ.

(੩) ਸਾਂਖ੍ਯ. ਇਸ ਦਰਸ਼ਨ ਦਾ ਕਰਤਾ ਕਪਲ ਮੁਨਿ ਹੈ. ਸਾਂਖ੍ਯਮਤ ਅਨੁਸਾਰ ਪੱਚੀ ਤਤ੍ਵ ਹਨ-

ੳ. ਪ੍ਰਕ੍ਰਿਤਿ (ਕੁਦਰਤ- Nature, ਜਿਸ ਤੋਂ ਸਭ ਵਸਤੂਆਂ ਬਣੀਆਂ ਹਨ ਅਤੇ ਜੋ ਆਪ ਕਿਸੇ ਤੋਂ ਨਹੀਂ ਬਣੀ, ਅਰ ਜੋ ਸਤ ਰਜ ਤਮ ਤਿੰਨ ਗੁਣਾਂ ਦੀ ਸਮ ਅਵਸਥਾਰੂਪ ਹੈ).

ਅ. ਮਹੱਤਤ੍ਵ (ਗੁਣਾਂ ਵਿੱਚ ਬਿਖਮਤਾ ਹੋਣ ਕਰਕੇ ਪ੍ਰਕ੍ਰਿਤਿ ਦੇ ਕ੍ਸ਼ੋਭਕਾਰਣ ਜੋ ਤੱਤ ਉਪਜਿਆ ਅਰ ਜੋ ਸਰੀਰ ਵਿੱਚ ਬੁੱਧੀ ਰੂਪ ਕਰਕੇ ਇਸਤਿਥ ਹੈ).

ੲ. ਅਹੰਕਾਰ (ਜਿਸ ਦਾ ਰੂਪ "ਹੌਮੈ" ਹੈ).

ਸ. ਪੰਜ ਤਨਮਾਤ੍ਰ (ਰੂਪ, ਰਸ, ਗੰਧ, ਸਪਰਸ਼, ਸ਼ਬਦ).

ਹ. ਗਜਾਰਾਂ ਇੰਦ੍ਰੀਆਂ (ਪੰਜ ਗਜਾਨਇੰਦ੍ਰੀਆਂ, ਪੰਜ ਕਰਮਇੰਦ੍ਰੀਆਂ ਇੱਕ ਮਨ).

ਕ. ਪੰਜ ਮਹਾਭੂਤ (ਪ੍ਰਿਥਿਵੀ, ਜਲ, ਅਗਨਿ, ਪਵਨ, ਆਕਾਸ਼)

ਖ. ਪੁਰੁਸ਼ (ਚੇਤਨ ਸ਼ਕਤੀ).

ਸਾਂਖ੍ਯਮਤ ਅਨੁਸਾਰ ਜਗਤ ਨਿਤਜ ਹੈ ਅਤੇ ਪਰਿਣਾਮਰੂਪ ਪ੍ਰਵਾਹ ਨਾਲ ਸਦਾ ਬਦਲਦਾ ਰਹਿੰਦਾ ਹੈ.

ਪ੍ਰਕ੍ਰਿਤਿ ਨੂੰ ਪੁਰੁਸ਼ ਦੀ, ਪੁਰੁਸ਼ ਨੂੰ ਪ੍ਰਕ੍ਰਿਤਿ ਦੀ ਸਹਾਇਤਾ ਦੀ ਜਰੂਰਤ ਹੈ, ਇਕੱਲੇ ਦੋਵੇਂ ਨਿਸ਼ਫਲ ਹਨ.

ਜੀਵਾਤਮਾ ਪ੍ਰਤਿਸ਼ਰੀਰ ਭਿੰਨ ਭਿੰਨ ਹਨ.

ਬੁੱਧੀ, ਅਹੰਕਾਰ, ਗਜਾਰਾਂ ਇੰਦ੍ਰੀਆਂ ਪੰਜਤਨਮਾਤ੍ਰ, ਇਨ੍ਹਾਂ ਦਾ ਸਮੁਦਾਯ ਸੂਖਮ (ਲਿੰਗ) ਸ਼ਰੀਰ ਹੈ, ਜੋ ਕਰਮ ਅਤੇ ਗਜਾਨ ਦਾ ਆਸਰਾਰੂਪ ਹੈ. ਸਥੂਲ ਸ਼ਰੀਰ ਦੇ ਨਾਸ਼ ਹੋਣ ਤੋਂ ਇਸ ਦਾ ਨਾਸ਼ ਨਹੀਂ ਹੁੰਦਾ. ਸੂਖਮ ਸ਼ਰੀਰ ਕਰਮ ਅਤੇ ਗਜਾਨਵਾਸਨਾ ਕਰਕੇ ਪ੍ਰੇਰਿਆ ਹੋਇਆ ਇੱਕ ਸ਼ਰੀਰ ਤੋਂ ਵਿਛੜਕੇ ਦੂਜੀ ਦੇਹ ਵਿੱਚ ਪ੍ਰਵੇਸ਼ ਕਰਦਾ ਹੈ. ਲਿੰਗ ਸ਼ਰੀਰ ਦਾ ਪ੍ਰਲੈ ਤੀਕ ਨਾਸ਼ ਨਹੀਂ ਹੁੰਦਾ, ਪ੍ਰਲੈ ਸਮੇਂ ਪ੍ਰਕ੍ਰਿਤਿ ਵਿੱਚ ਲੈ ਹੋ ਜਾਂਦਾ ਹੈ. ਸ੍ਰਿਸ਼੍ਟਿ ਦੀ ਉਤਪੱਤੀ ਵੇਲੇ ਫੇਰ ਨਵੇਂ ਸਿਰੇ ਉਪਜਦਾ ਹੈ.

ਜਦ ਪੁਰਖ ਵਿਵੇਕ ਨਾਲ ਆਪਣੇ ਆਪ ਨੂੰ ਪ੍ਰਕ੍ਰਿਤਿ ਅਤੇ ਉਸ ਦੇ ਕਾਰਜਾਂ ਤੋਂ ਭਿੰਨ ਦੇਖਦਾ ਹੈ, ਤਦ ਬੁੱਧੀ ਕਰਕੇ ਪ੍ਰਾਪਤ ਹੋਏ ਸੰਤਾਪਾਂ ਤੋਂ ਦੁਖੀ ਨਹੀਂ ਹੁੰਦਾ. ਇਸੇ ਭਿੰਨਤਾ ਦਾ ਨਾਉਂ ਮੁਕਤੀ ਹੈ.

---

[414] ਇਸ ਦਾ ਨਾਉਂ ਸਤਪ੍ਰਤਿਪਕ੍ਸ਼ ਭੀ ਹੈ.

[415] ਇਸ ਨੂੰ ਅਸਿੱਧ ਭੀ ਆਖਦੇ ਹਨ.

[416] ਇਸ ਦਾ ਨਾਉਂ ਬਾਧਿਤ ਭੀ ਹੈ.

[417] ਏਹ ਬਾਈ ਪ੍ਰਕਾਰ ਦੇ ਹਨ. ਦੇਖੋ, ਨਜਾਯਦਰਸ਼ਨ.

(੪) ਪਾਤੰਜਲ ਅਥਵਾ ਯੋਗਦਰਸ਼ਨ. ਇਸ ਦਾ ਪ੍ਰਚਾਰ ਕਰਨ ਵਾਲਾ ਪਤੰਜਲੀ ਰਿਖੀ ਹੈ. ਇਸ ਸ਼ਾਸਤ੍ਰ ਦਾ ਸਿੱਧਾਂਤ ਇਹ ਹੈ ਕਿ ਦ੍ਰਸ਼੍ਟਾ ਅਤੇ ਦ੍ਰਿਸ਼ਜ ਦੋ ਪਦਾਰਥ ਹਨ. ਪੁਰਖ ਦ੍ਰਸ਼੍ਟਾ ਹੈ ਅਤੇ ਬਾਕੀ ਪ੍ਰਕ੍ਰਿਤਿਰੂਪ ਵਿਸ਼੍ਵ ਸਭ ਦ੍ਰਿਸ਼ਜ ਹੈ.

ਪ੍ਰਕ੍ਰਿਤਿ ਜਗਤ ਦਾ ਉਪਾਦਾਨ ਅਤੇ ਈਸ਼੍ਵਰ ਨਿਮਿੱਤ ਕਾਰਣ ਹੈ. ਚਿੱਤ ਦੀਆਂ ਵ੍ਰਿੱਤੀਆਂ ਜਿਸ ਵੇਲੇ ਰੁਕ ਜਾਂਦੀਆਂ ਹਨ, ਤਦ ਹੋਰ ਦ੍ਰਿਸ਼ਜ ਨਾ ਹੋਣ ਕਰਕੇ ਦ੍ਰਸ਼੍ਟਾ ਦੀ ਆਪਣੇ ਸਰੂਪ ਵਿੱਚ ਇਸਥਿਤੀ ਹੁੰਦੀ ਹੈ. ਚਿੱਤਵ੍ਰਿੱਤੀ ਦੇ ਰੋਕਣ ਦਾ ਸਾਧਨ ਵੈਰਾਗ ਅਤੇ ਅਭ੍ਯਾਸ ਹੈ, ਜਿਸ ਤੋਂ ਚਿੱਤ ਪੂਰਣ ਏਕਾਗ੍ਰਤਾ ਨੂੰ ਪ੍ਰਾਪਤ ਹੁੰਦਾ ਹੈ ਅਤੇ ਇਸੇ ਦਾ ਨਾਉਂ ਯੋਗ ਹੈ.

ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤ੍ਯਾਹਾਰ, ਧਾਰਣਾ, ਧ੍ਯਾਨ ਅਤੇ ਸਮਾਧਿ ਕਰਕੇ ਅੰਤਹਕਰਣ ਦੀ ਮਲੀਨਤਾ ਮਿਟ ਜਾਂਦੀ ਹੈ. ਪ੍ਰਕ੍ਰਿਤਿ ਅਤੇ ਪੁਰੁਸ਼ ਨੂੰ ਭਿੰਨ ਭਿੰਨ ਜਾਣਕੇ ਗ੍ਯਾਨ ਦਾ ਪ੍ਰਕਾਸ਼ ਹੁੰਦਾ ਹੈ, ਅਰ ਆਤਮਾ ਪ੍ਰਕ੍ਰਿਤਿ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਪ੍ਰਕ੍ਰਿਤਿ ਤੋਂ ਭਿੰਨ ਜਾਣਦਾ ਹੋਇਆ ਮੁਕਤਿ ਨੂੰ ਪ੍ਰਾਪਤ ਹੁੰਦਾ ਹੈ.

(੫) ਮੀਮਾਂਸਾ. ਜੈਮਿਨੀ ਰਿਖੀ ਇਸ ਦਰਸ਼ਨ ਦਾ ਕਰਤਾ ਹੈ, ਜੋ ਧਰਮ ਦਾ ਪੂਰਣ ਗ੍ਯਾਨ ਹੀ ਮੁਕਤਿ ਦਾ ਸਾਧਨ ਮੰਨਦਾ ਹੈ. ਯਗ੍ਯ ਆਦਿਕ ਵੇਦ ਦੇ ਦੱਸੇ ਹੋਏ ਕਰਮ ਕਰਨੇ ਹੀ ਧਰਮ ਹੈ. ਕਰਮਾਂ ਦੇ ਪ੍ਰਭਾਵ ਕਰਕੇ ਹੀ ਜੀਵ ਦੇਵਤਾ ਅਵਤਾਰ ਆਦਿਕ ਉੱਚ ਪਦਵੀਆਂ ਲਭਦੇ ਹਨ ਅਤੇ ਸੁਰਗ ਆਦਿਕ ਲੋਕਾਂ ਦੇ ਆਨੰਦ ਭੋਗਦੇ ਹਨ.

(੬) ਵੇਦਾਂਤ. ਇਸ ਦਰਸ਼ਨ ਦੇ ਆਚਾਰਯ ਵੇਦਵ੍ਯਾਸ ਜੀ ਹਨ. ਵੇਦਾਂਤਮਤ ਅਨੁਸਾਰ ਬ੍ਰਹਮ ਦੀ ਸੱਤਾ ਅਤੇ ਸ਼ਕਤੀ ਨਾਲ ਮਾਇਆ ਦ੍ਵਾਰਾ ਸਭ ਕੁਝ ਬ੍ਰਹਮ ਤੋਂ ਉਪਜਿਆ ਹੈ ਅਤੇ ਉਸੇ ਵਿੱਚ ਲੈ ਹੋਵੇਗਾ. ਸ਼ੁੱਧ ਮਾਇਆ ਵਿੱਚ ਬ੍ਰਹਮ ਦਾ ਪ੍ਰਤਿਬਿੰਬ ਈਸ਼੍ਵਰ, ਅਤੇ ਮਲੀਨ ਮਾਇਆ ਵਿੱਚ ਪ੍ਰਤਿਬਿੰਬ ਜੀਵ ਹੈ. ਜੀਵ ਅਵਿਨਾਸ਼ੀ ਅਤੇ ਇੱਕ ਹੈ, ਪਰ ਉਪਾਧੀਭੇਦ ਕਰਕੇ ਭਿੰਨ ਭਿੰਨ ਭਾਸਦਾ ਹੈ. ਉਪਾਧੀਭੇਦ ਮਿਟਾਉਣ ਤੋਂ ਸ਼ੁੱਧ ਬ੍ਰਹਮ ਨਾਲ ਅਭੇਦਤਾ ਹੁੰਦੀ ਹੈ, ਬ੍ਰਹਮਗ੍ਯਾਨ ਦ੍ਵਾਰਾ ਭੇਦਭਾਵ ਮਿਟਕੇ ਸ੍ਵਰੂਪ ਵਿੱਚ ਬ੍ਰਹਮ ਦਾ ਸਾਕ੍ਸ਼ਾਤਕਾਰ ਹੀ ਮੁਕ੍ਤਿ (ਕੈਵਲ੍ਯ ਮੋਕ੍ਸ਼) ਹੈ.

ਖਟਸ਼ਾਸਤ੍ਰੀ: ਸੰ. षट- शास्त्रिन. ਵਿ- ਛੀ ਸ਼ਾਸਤ੍ਰਾਂ ਦੇ ਜਾਣਨ ਵਾਲਾ.

ਖਟਸੰਪਤਿ, ਖਟਸੰਪਦਾ: ਸੰ. षट् सम्पत्ति: ਛੀ ਪ੍ਰਕਾਰ ਦੀ ਧਾਰਮਿਕ ਵਿਭੂਤਿ. ਪਰਮਾਰਥ ਸੰਬੰਧੀ ਐਸ਼੍ਵਰਯ.

੧. ਸ਼ਮ (ਮਨ ਦਾ ਨਿਗ੍ਰਹ).

੨. ਦਮ (ਇੰਦ੍ਰਿਯ ਦਮਨ).

੩. ਉਪਰਤਿ (ਮਾਇਕ ਪਦਾਰਥਾਂ ਤੋਂ ਉਪਰਾਮਤਾ).

੪. ਤਿਤਿਕ੍ਸ਼ਾ (ਸੁਖ ਦੁੱਖ ਆਦਿਕ ਦੇ ਸਹਾਰਨ ਦੀ ਸ਼ਕਤਿ).

੫. ਸ਼੍ਰੱਧਾ (ਵਿਸ਼੍ਵਾਸ).

੬. ਸਮਾਧਾਨਤਾ (ਅੰਤਹਕਰਣ ਦੀ ਏਕਾਗ੍ਰਤਾ).

ਖਟਹ: ਛੀ ਦਾ ਸਮੁਦਾਯ. ਦੇਖੋ, ਤਟਹ। ੨. ਦੇਖੋ, ਖਟਕਰਮ.

ਖਟਕ: ਸੰਗ੍ਯਾ- ਖੜਕਾ. ਧੜਕਾ। ੨. ਫ਼ਿਕਰ. ਚਿੰਤਾ। ੩. ਸੰ. षट्क ਸ਼ਟ੍ਕ. ਛੀ ਦਾ ਸਮੁਦਾਯ. ਛੀ ਵਸਤਾ ਦਾ ਇਕੱਠ। ੪. ਦੇਖੋ, ਖਟਕੜ ੩.

ਖਟਕਣਾ: ਕ੍ਰਿ- ਚੁਭਣਾ। ੨. ਚਿੰਤਾ ਦਾ ਚਿੱਤ ਵਿੱਚ ਫੁਰਨਾ.

ਖਟਕਰਮ: ਸੰ. षट्कर्म्मन् ਸੰਗ੍ਯਾ- ਛੀ ਕਰਮ. "ਕਰਿ ਕਿਰਿਆ ਖਟਕਰਮ ਕਰੰਤਾ." (ਸੋਪੁਰਖੁ) ਮਨੁਸਿਮ੍ਰਿਤੀ ਅਨੁਸਾਰ ਬ੍ਰਾਹਮਣ ਦੇ ਛੀ ਕਰਮ ਇਹ ਹਨ- ਪੜ੍ਹਨਾ, ਪੜ੍ਹਾਉਣਾ, ਯਗ੍ਯ ਕਰਨਾ, ਯਗ੍ਯ ਕਰਾਉਣਾ, ਦਾਨ ਦੇਣਾ, ਦਾਨ ਲੈਣਾ.

(अध्ययन, अध्यापन, यजन, याजन, दान, प्रतिग्रह)[418]

ਮਨੁ ਨੇ ਛੀ ਕਰਮ ਇਹ ਭੀ ਲਿਖੇ ਹਨ- ਵੇਦ ਦਾ ਅਭ੍ਯਾਸ, ਤਪ, ਗ੍ਯਾਨ, ਇੰਦ੍ਰੀਆਂ ਕਾਬੂ ਕਰਨੀਆਂ, ਅਹਿੰਸਾ ਅਤੇ ਗੁਰੂ ਦੀ ਸੇਵਾ।[419]

੨. ਯੋਗਮਤ ਅਨੁਸਾਰ ਖਟਕਰਮ ਇਹ ਹਨ-

(ੳ) ਧੌਤੀ. ਚਾਰ ਉਂਗਲ ਚੌੜੀ ਪੰਦ੍ਰਾ ਹੱਥ ਲੰਮੀ ਬਾਰੀਕ ਵਸਤ੍ਰ ਦੀ ਪੱਟੀ, ਕੋਸੇ ਪਾਣੀ ਨਾਲ ਭਿਉਂਕੇ ਇੱਕ ਇੱਕ ਹੱਥ ਰੋਜ਼ ਨਿਗਲਣ ਦਾ ਅਭ੍ਯਾਸ ਕਰਨਾ ਅਤੇ ਪੰਦ੍ਰਾਂ ਦਿਨਾਂ ਵਿੱਚ ਪੰਦ੍ਰਾਂ ਹੱਥ ਨਿਗਲ ਲੈਣੀ, ਪਿਛਲਾ ਕਿਨਾਰਾ ਦੰਦਾਂ ਵਿੱਚ ਮਜਬੂਤ ਫੜ ਰੱਖਣਾ ਅਤੇ ਪੱਟੀ ਨੂੰ ਹੌਲੀ ਹੌਲੀ ਬਾਹਰ ਕੱਢਣਾ. ਅਜੇਹਾ ਕਰਣ ਨਾਲ ਆਂਦਰਾਂ (ਅੰਤੜੀ) ਦੀ ਸਫਾਈ ਹੁੰਦੀ ਹੈ.

(ਅ) ਨੇਤ੍ਰੀ. ਇੱਕ ਗਿੱਠ ਲੰਮਾ ਸੂਤ ਦਾ ਡੋਰਾ ਬਾਰੀਕ ਅਤੇ ਮੁਲਾਇਮ ਲੈ ਕੇ ਨੱਕ ਵਿੱਚ ਚੜ੍ਹਾਉਣਾ, ਅਰ ਉਸ ਦਾ ਇੱਕ ਸਿਰਾ ਮੂੰਹ ਦੇ ਰਸਤੇ ਕੱਢਣਾ ਅਤੇ ਦੋਵੇਂ ਸਿਰੇ ਫੜਕੇ ਹੌਲੀ ਹੌਲੀ ਨੱਕ ਅਤੇ ਕੰਠ ਦੀ ਸਫਾਈ ਕਰਨੀ.

(ੲ) ਨੌਲਿ (ਨਿਉਲੀ). ਦੋਵੇਂ ਕੰਨ੍ਹੇ ਨੀਵੇਂ ਕਰਕੇ ਪਿੱਠ ਦਾ ਵਲ ਕੱਢਕੇ ਸਿੱਧੇ ਬੈਠਣਾ, ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ ਉੱਪਰ ਹੇਠ ਇਸ ਤਰਾਂ ਚਲਾਇਮਾਨ ਕਰਨਾ, ਜਿਵੇਂ ਮਧਾਣੀ ਦੇ ਫਿਰਣ ਤੋਂ ਮਟਕੇ ਵਿੱਚ ਦਹੀਂ ਦੀ ਹਾਲਤ ਹੁੰਦੀ ਹੈ.

(ਸ) ਵਸਤੀ. ਨਾਭੀ ਤਕ ਪਾਣੀ ਵਿੱਚ ਬੈਠਕੇ ਛੀ ਉਂਗਲ ਦੀ ਲੰਮੀ, ਉਂਗਲ ਜਿਤਨੀ ਮੋਟੀ ਥੋਥੀ ਬਾਂਸ ਦੀ ਨਲਕੀ ਲੈ ਕੇ ਚਾਰ ਉਂਗਲ ਗੁਦਾ ਵਿੱਚ ਚੜ੍ਹਾਉਣੀ ਅਤੇ ਪ੍ਰਾਣਾਂ ਦੇ ਬਲ ਨਾਲ ਉਸ ਰਾਹੀਂ ਜਲ ਖਿੱਚਕੇ ਅੰਤੜੀ ਸਾਫ ਕਰਨੀ.

(ਹ) ਤ੍ਰਾਟਕ. ਨੇਤ੍ਰਾਂ ਦੀ ਟਕ ਕਿਸੇ ਖਾਸ ਚਿੰਨ੍ਹ ਉੱਤੇ ਲਾਕੇ ਉਸ ਵੇਲੇ ਤਾਂਈ ਇੱਕਰਸ ਦੇਖਦੇ ਰਹਿਣਾ, ਜਦੋਂ ਤਕ ਨੇਤ੍ਰਾਂ ਵਿੱਚ ਜਲ ਆਕੇ ਨਜਰ ਥਕ ਨਾ ਜਾਵੇ.

(ਕ) ਭਸ੍ਤ੍ਰਾ (ਕਪਾਲਭਾਤਿ). ਲੁਹਾਰ ਦੀ ਧੌਂਕਣੀ ਵਾਕਰ ਰੇਚਕ ਪੂਰਕ ਦੇ ਅਭ੍ਯਾਸ ਨਾਲ ਪ੍ਰਾਣਾਂ ਨੂੰ ਬਾਰ ਬਾਰ ਚੜ੍ਹਾਉਣਾ ਉਤਾਰਨਾ।

੩. ਤੰਤ੍ਰਸ਼ਾਸ੍ਤ੍ਰ ਅਨੁਸਾਰ ਛੀ ਕਰਮ ਇਹ ਹਨ:-

ਸ਼ਾਂਤਿ, ਵਸ਼ਿਕਰਣ, ਸ੍ਤੰਭਨ, ਵਿਦ੍ਵੇਸ਼ਣ, ਉੱਚਾਟਨ ਅਤੇ ਮਾਰਣ।

੩. ਅਤ੍ਰਿ ਰਿਖਿ ਛੀ ਕਰਮ ਇਹ ਲਿਖਦਾ ਹੈ-

ਜਪ, ਤਪ, ਤੀਰਥਯਾਤ੍ਰਾ, ਦੇਵਪੂਜਨ, ਮੰਤ੍ਰਸਾਧਨ, ਸੰਨ੍ਯਾਸ।

੫. ਪਾਰਾਸ਼ਰ ਸਿਮ੍ਰਿਤੀ ਵਿੱਚ ਖਟ ਕਰਮ ਇਹ ਦੱਸੇ ਹਨ-

ਸੰਧ੍ਯਾ, ਸਨਾਨ, ਜਪ, ਹਵਨ, ਵੇਦਪਾਠ ਅਤੇ ਦੇਵਪੂਜਨ.

ਖਟਕਰਮਾ ਤੇ ਦੁਗਣੇ: ਬਾਰਾਂ ਕਰਮ. ਹਿੰਦੂਧਰਮ ਅਨੁਸਾਰ ਦ੍ਵਾਦਸ਼ ਕਰਮ. ਦੇਖੋ, ਖਟ ਕਰਮ ੧. ਅਤੇ ਸਨਾਨ, ਜਪ, ਹਵਨ, ਦੇਵਪੂਜਨ, ਤੀਰਥਯਾਤ੍ਰਾ ਅਤੇ ਤਪ, ਇਹ ਛੀ ਮਿਲਾਕੇ ਬਾਰਾਂ ਕਰਮ ਹੋਏ. "ਖਟ ਕਰਮਾ ਤੇ ਦੁਗਣੇ ਪੂਜਾ ਕਰਤਾ ਨਾਇ." (ਸ੍ਰੀ ਅਃ ਮਃ ੫)

ਖਟਕਰਮੀ: षट्कर्मिन ਵਿ- ਛੀ ਕਰਮ ਕਰਨ ਵਾਲਾ. ਦੇਖੋ, ਖਟਕਰਮ.

ਖਟਕੜ: ਇੱਕ ਪਿੰਡ, ਜੋ ਜੀਂਦ ਅਤੇ ਧਮਧਾਨ ਦੇ ਮੱਧ ਹੈ. ਇਸ ਥਾਂ ਨੌਵੇਂ ਸਤਿਗੁਰੂ ਵਿਰਾਜੇ ਹਨ. ਚੋਰਾਂ ਨੇ ਇੱਥੇ ਗੁਰੂ ਸਾਹਿਬ ਦੇ ਘੋੜੇ ਚੁਰਾ ਲਏ, ਜਿਸ ਤੋਂ ਉਹ ਅੰਨ੍ਹੇ ਹੋ ਗਏ. ਚੋਰ ਪਛਤਾਕੇ ਗੁਰੂ ਜੀ ਦੀ ਸ਼ਰਣ ਆਏ ਅਤੇ ਗੁਰਸਿੱਖੀ ਧਾਰਣ ਕਰਕੇ

---

[418] ਦੇਖੋ, ਮਨੁ ਅਃ ੧੦, ਸ਼ਃ ੭੫.

[419] ਦੇਖੋ, ਮਨੁ ਅਃ ੧੨, ਸ਼ਃ ੮੩.

ਉਨ੍ਹਾਂ ਨੇ ਸਦਾ ਲਈ ਕੁਕਰਮ ਦਾ ਤਯਾਗ ਕੀਤਾ.

ਇਸ ਪਿੰਡ ਦਾ ਪਾਣੀ ਖਾਰਾ ਸੀ, ਗੁਰੂ ਸਾਹਿਬ ਨੇ ਨਵਾਂ ਖੂਹ ਲਾਉਣ ਦੀ ਆਗ੍ਯਾ ਕੀਤੀ ਅਤੇ ਚੰਗਾ ਥਾਂ ਦੱਸਿਆ. ਉਸ ਖੂਹ ਦਾ ਪਾਣੀ ਬਹੁਤ ਮਿੱਠਾ ਨਿਕਲਿਆ, ਜਿਸ ਤੋਂ ਸਭ ਨੂੰ ਪ੍ਰਸੰਨਤਾ ਹੋਈ.

ਖਟਕੜ ਰਿਆਸਤ ਪਟਿਆਲਾ ਦੀ ਨਜਾਮਤ ਸੁਨਾਮ, ਤਸੀਲ ਥਾਣਾ ਨਰਵਾਣਾ ਵਿੱਚ ਹੈ. ਰੇਲਵੇ ਸਟੇਸ਼ਨ ਬਰਸੋਲਾ ਤੋਂ ਇੱਕ ਮੀਲ ਪੂਰਬ ਹੈ. ੨੫੦ ਵਿੱਘੇ ਜ਼ਮੀਨ ਅਤੇ ੮੫) ਨਕਦ ਰਿਆਸਤ ਤੋਂ ਗੁਰਦ੍ਵਾਰੇ ਦੇ ਨਾਉਂ ਹਨ. ਪੁਜਾਰੀ ਸਿੰਘ ਹੈ। ੨. ਕੋਹਾਟ ਅਤੇ ਪੇਸ਼ਾਵਰ ਜਿਲੇ ਵਿਚਕਾਰ ਪਹਾੜ ਦੀ ਇੱਕ ਧਾਰਾ। ੩. ਖਟਕਧਾਰਾ ਵਿੱਚ ਰਹਿਣ ਵਾਲੀ ਅਫ਼ਗਾਨ ਜਾਤਿ. ਇਸ ਨੂੰ ਖਟਕ ਭੀ ਆਖਦੇ ਹਨ.

ਖਟਕਾ: ਸੰਗ੍ਯਾ- ਖੜਕਾ. "ਪਾਯਨ ਕੋ ਖਟਕੋ ਕਿਯੋ." (ਚਰਿਤ੍ਰ ੨੪੮) ੨. ਚਿੰਤਾ. ਧੜਕਾ. ਧੁਕਧੁਕੀ.

ਖਟਕਾਵ੍ਯ: षट्काव्य ਕਾਵ੍ਯ ਦੇ ਛੀ ਪ੍ਰਸਿੱਧ ਗ੍ਰੰਥ, ਜਿਨ੍ਹਾਂ ਵਿੱਚੋਂ ਤਿੰਨ ਲਘੁਤ੍ਰਯੀ ਨਾਮ ਤੋਂ ਪ੍ਰਸਿੱਧ ਹਨ. ਲਘੁਤ੍ਰਯੀ ਇਹ ਹਨ- ਕਵਿ ਕਾਲਿਦਾਸ ਕ੍ਰਿਤ ਰਘੁਵੰਸ਼, ਮੇਘਦੂਤ ਅਤੇ ਕੁਮਾਰਸੰਭਵ. ਵ੍ਰਿੱਧ ਤ੍ਰਯੀ ਹਨ- ਮਾਘ ਕਵਿ ਦਾ ਮਾਘਕਾਵ੍ਯ (ਸ਼ਿਸ਼ੁਪਾਲਵਧ), ਸ੍ਰੀਹਸ਼ੰ ਦਾ ਬਣਾਇਆ ਨੈਸ਼ਧਕਾਵ੍ਯ (ਨਲੋਪਾਖ੍ਯਾਨ) ਅਤੇ ਭਾਰਵੀ ਕ੍ਰਿਤ ਕਿਰਾਤਾਰਜੁਨੀਯ. ਇਨ੍ਹਾਂ ਛੀਆਂ ਉੱਪਰ ਮੱਲੀਨਾਥ ਨੇ ਉੱਤਮ ਟੀਕਾ ਲਿਖੀ ਹੈ.

ਖਟਗੁਣ: ਸੰ. षड्गुण ਸ਼ਡ੍ਗੁਣ. ਦੇਖੋ, ਖਟ ਅੰਗ ੩.

ਖਟਚਕ੍ਰ: ਸੰ. षट्चक्र ਯੋਗੀਆਂ ਦੇ ਮੰਨੇ ਹੋਏ ਛੀ ਚਕ੍ਰ. "ਉਲਟਤ ਪਵਨ ਚਕ੍ਰ ਖਟ ਭੇਦੇ." (ਗਉ ਕਬੀਰ)

(ੳ) ਮੂਲਾਧਾਰ. ਗੁਦਾਮੰਡਲ ਦਾ ਚਕ੍ਰ ਹੈ, ਜਿਸ ਵਿੱਚ ਮੂਧੇ ਮੁਖ ਦਾ ਚਾਰ ਪਾਂਖੁੜੀ ਵਾਲਾ ਪੀਲਾ ਕਮਲ ਹੈ.

(ਅ) ਸ੍ਵਾਧਿਸ਼੍ਠਾਨ ਚਕ੍ਰ. ਲਿੰਗ ਦੇ ਮੂਲ ਵਿੱਚ ਹੈ, ਜਿਸ ਵਿੱਚ ਲਾਲ ਰੰਗ ਦਾ ਊਰਧਮੁਖ ਛੀਦਲ ਕਮਲ ਹੈ.

(ੲ) ਮਣਿਪੁਰਚਕ੍ਰ- ਨਾਭਿ ਦੇ ਮੂਲ ਵਿੱਚ ਹੈ, ਜੋ ਨੀਲੇ ਰੰਗ ਦਾ ਊਰਧਮੁਖ ਦਸ ਪੱਤੀਆਂ ਦਾ ਕਮਲ ਹੈ.

(ਸ) ਅਨਾਹਤਚਕ੍ਰ- ਬਾਰਾਂ ਦਲ ਦਾ ਸ੍ਵਰਣਰੰਗਾ ਕਮਲ ਹਿਰਦੇ ਵਿੱਚ ਹੈ.

(ਹ) ਵਿਸ਼ੁੱਧ ਚਕ੍ਰ- ਲਾਲ ਰੰਗ ਦਾ ਊਰਧਮੁਖ ਸੋਲਾਂ ਦਲ ਦਾ ਕਮਲ ਕੰਠ ਵਿੱਚ ਹੈ.

(ਕ) ਆਗ੍ਯਾਚਕ੍ਰ- ਭੌਂਹਾਂ ਦੇ ਮੱਧ ਦੋ ਪਾਂਖੁੜੀਆਂ ਦਾ ਊਰਧਮੁਖ ਚਿੱਟਾ ਕਮਲ ਹੈ.

ਇਨ੍ਹਾਂ ਛੀ ਚਕ੍ਰਾਂ ਤੋਂ ਛੁੱਟ, ਯੋਗੀ ਇੱਕ ਸੱਤਵਾਂ ਚਕ੍ਰ ਦਸ਼ਮਦ੍ਵਾਰ ਵਿੱਚ ਭੀ ਮੰਨਦੇ ਹਨ, ਜਿਸ ਨੂੰ ਜ੍ਯੋਤਿਰੂਪ ਦਾ ਸਿੰਘਾਸਨ ਆਖਦੇ ਹਨ, ਇਹ ਹਜ਼ਾਰ ਪਾਂਖੁੜੀ ਦਾ ਸਫ਼ੇਦ ਕਮਲ ਹੈ। ੨. ਖਟਚਕ੍ਰ ਵਾਲਾ ਦੇਹ. ਸ਼ਰੀਰ. "ਛਠਿ ਖਟਚਕ੍ਰ ਛਹੂ ਦਿਸਿ ਧਾਇ." (ਗਉ ਕਬੀਰ ਬਾਵਨ)

ਖਟਜ੍ਯੋਤਿ: ਛੀ ਪ੍ਰਕਾਸ਼ ਕਰਨ ਵਾਲੇ ਪਦਾਰਥ- ਚੰਦ੍ਰਮਾ, ਸੂਰਜ, ਤਾਰੇ, ਬਿਜਲੀ, ਅਗਨਿ ਅਤੇ ਬੁੱਧਿ.

ਖਟਣਾ: ਕ੍ਰਿ- ਖੱਟਣਾ. ਕਮਾਉਣਾ. ਲਾਭ ਲੈਣਾ. "ਜਾ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ." (ਸ. ਫਰੀਦ) "ਸਤਿ ਕੈ ਖਟਿਐ ਦੁਖ ਨਹੀ ਪਾਇਆ." (ਆਸਾ ਮਃ ੫)

ਖਟਤਾਲ: ਇਹ ਅਠਾਰਾਂ ਮਾਤ੍ਰਾ ਦਾ ਤਾਲ ਹੈ. ਇਸ ਦਾ ਬੋਲ ਹੈ- ਧਾ ਤ੍ਰਿਕ ਧਿੰ ਧਿੰ, ਧਾ ਧਾ ਧਿੰ ਧਿੰ, ਧਾ ਧਾ ਤਿ ਟਾ, ਧਿੰ ਧਿੰ, ਧਾ ਧਗ, ਨ ਧਾ ਤ੍ਰਿਕ.

ਖਟਤੁਰਸ: ਤੁਰਸ਼ੀ (ਖਟਿਆਈ) ਨਾਲ ਮਿਲਿਆ ਖਟਰਸ ਦਾ ਸਵਾਦ. ਜੈਸੇ- ਖਟਮਿਠਾ, ਨਮਕੀਨਖੱਟਾ ਆਦਿ.

ਖਟਤੁਰਸੀ: ਖਟਤੁਰਸ਼ਤਾ. ਦੇਖੋ, ਖਟਤੁਰਸ਼. "ਖਟਤੁਰਸੀ ਮੁਖਿ ਬੋਲਣਾ. (ਸ੍ਰੀ ਮਃ ੧)

ਖਟਦਰਸ, ਖਟਦਰਸਨ: षड्दर्शान ਛੀ ਦਰਸ਼ਨ ਛੀ. ਸ਼ਾਸਤ੍ਰ. ਦੇਖੋ, ਖਟਸਾਸਤ੍ਰ. "ਚਾਰ ਬੇਦ ਖਟਦਰਸ ਸਮਾਸੀ." (ਵਾਰ ਮਾਰੂ ੨. ਮਃ ੫) ਚਾਰਵੇਦ ਅਤੇ ਖਟ ਸ਼ਾਸਤ੍ਰ ਲੈ ਹੋ ਜਾਣਗੇ. "ਖਟਦਰਸਨ ਵਰਤੈ ਵਰਤਾਰਾ। ਗੁਰ ਕਾ ਦਰਸਨ ਅਗਮ ਅਪਾਰਾ." (ਆਸਾ ਮਃ ੩) ੨. ਕਈ ਆਪਣੀ ਕਲਪਨਾ ਅਨੁਸਾਰ ਖਟਦਰਸ਼ਨ ਇਹ ਆਖਦੇ ਹਨ- ਜੋਗੀ, ਜੰਗਮ, ਜੈਨੀ, ਸੰਨਜਾਸੀ, ਵੈਰਾਗੀ ਅਤੇ ਮਦਾਰੀ. ਪਰੰਤੂ ਇਹ ਪਰਮਾਣੀਕ (ਪ੍ਰਾਮਾਣਿਕ) ਬਾਤ ਨਹੀਂ ਹੈ. ਜੇ ਵਿਚਾਰਕੇ ਦੇਖੀਏ, ਤਦ ਕੋਈ ਭੀ ਛੀ ਸ਼ਾਸਤ੍ਰ ਅਥਵਾ ਉਨ੍ਹਾਂ ਦਾ ਮਤ ਧਾਰਣ ਵਾਲੇ ਖਟਦਰਸਨ ਕਹੇ ਜਾ ਸਕਦੇ ਹਨ.

ਖਟ ਦੇਵਤਾ: ਦੇਖੋ, ਦੇਵ ਖਟਕ.

ਖਟਨ: ਦੇਖੋ, ਖਟਣਾ। ੨. ਦੇਖੋ, ਤਟਨ.

ਖਟਨੇਮ: ਛੀ ਨੇਮਿ ਦੇ ਧਾਰਣ ਵਾਲਾ ਚਕ੍ਰ. ਖਟਚਕ੍ਰ. ਦੇਖੋ, ਨੇਮਿ. "ਖਟਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ." (ਗਉ ਕਬੀਰ) ਛੀ ਚਕ੍ਰਾਂ ਵਾਲੀ ਕੋਠੜੀ ਸ਼ਰੀਰ. ਦੇਖੋ, ਖਟਚਕ੍ਰ। ੨. ਖਟ ਕਰਮਾਂ ਦੇ ਕਰਨ ਦਾ ਨਿਯਮ. ਦੇਖੋ, ਖਟਕਰਮ.

ਖਟਪਟੀ: ਸੰਗਯਾ- ਬੇ ਇੱਤਿਫ਼ਾਕੀ. ਨਾਚਾਕੀ। ੨. ਨੀਤਿ ਦੇ ਛੀ ਅੰਗਾਂ ਦਾ ਵਿਗੜਜਾਣਾ.

ਖਟਪਦ: ਸੰ. षट्पद ਸੰਗਯਾ- ਛੀ ਪੈਰਾਂ ਵਾਲਾ ਭ੍ਰਮਰ. ਭੌਰਾ। ੨. ਦੇਖੋ, ਕੁੰਡਲੀਆ ਅਤੇ ਛੱਪਯ.

ਖਟਪਦੀ: ਛੀ ਪੈਰਾਂ ਵਾਲੀ ਜੂੰ. ਯੂਕਾ। ੨. ਛਿਪਕਲੀ. ਕਿਰਲੀ। ੩. ਦੇਖੋ, ਮੁਸੱਦਸ। ੪. ਭੌਰੀ. ਭ੍ਰਮਰੀ.

ਖਟ ਪ੍ਰਮਾਣ: ਸ਼ਟ (ਛੀ) ਪ੍ਰਮਾਣ. ਦੇਖੋ, ਪ੍ਰਮਾਣ.

ਖਟਬੇਤਾ: ਵਿ- ਛੀ ਸ਼ਾਸਤ੍ਰਾਂ ਦਾ ਵੇੱਤਾ. ਛੀ ਸ਼ਾਸਤ੍ਰਾਂ ਦੇ ਜਾਣਨ ਵਾਲਾ. "ਮੁਨਿਜਨ ਖਟਬੇਤੇ." (ਆਸਾ ਮਃ ੫)

ਖਟਮਟੁ: ਛੀ ਚਕ੍ਰਾਂ ਵਾਲਾ ਮਠ, ਸ਼ਰੀਰ। ੨. ਛੀ ਅੰਗਾਂ ਵਾਲਾ ਦੇਹ. ਦੇਖੋ, ਖਟਅੰਗ ਅਤੇ ਖਟਚਕ੍ਰ. "ਖਟੁਮਟੁ ਦੇਹੀ ਮਨੁ ਬੈਰਾਗੀ." (ਰਾਮ ਅਃ ਮਃ ੧)

ਖਟਮਲ: ਸੰਗਯਾ- ਖਟ੍ਵਾਮਲ. ਖਾਟ (ਮੰਜੇ) ਦੀ ਮੈਲ ਤੋਂ ਪੈਦਾ ਹੋਇਆ ਇੱਕ ਜੀਵ, ਜੋ ਬਹੁਤ ਕਟੀਲਾ ਹੁੰਦਾ ਹੈ. ਮਾਂਕ੍ਣੂ (मत्कुण). ਕਟੂਆ.

ਖਟਮਿਠਾ: ਖਟਾਈ ਨਾਲ ਮਿਲਿਆ ਹੋਇਆ ਮਿੱਠਾ ਰਸ.

ਖਟਮੁਖ: ਸੰ. षरामुख ਛੀ ਮੂਹਾਂ ਵਾਲਾ ਸ਼ਿਵ ਦਾ ਪੁਤ੍ਰ ਕਾਤਿੰਕੇਯ. ਖਡਾਨਨ. ਰਾਮਾਇਣ ਵਿੱਚ ਕਥਾ ਹੈ ਕਿ ਸ਼ਿਵ ਦਾ ਵੀਰਯ ਸਰਕੁੜੇ ਦੇ ਝਾੜ ਵਿੱਚ ਪੈ ਕੇ ਛੀ ਮੂਹਾਂ ਵਾਲਾ ਪੁਤ੍ਰ ਉਤਪੰਨ ਕਰਣ ਦਾ ਕਾਰਣ ਹੋਇਆ. ਦੇਖੋ, ਕਾਰਤਿਕੇਯ.

ਖਟਮੁਖ ਵਾਹਨ: ਕਾਤਿੰਕੇਯ ਦੀ ਸਵਾਰੀ, ਮੋਰ.

ਖਟਰਸ: ਸੰ. षड्रस ਰਸਨਾ ਕਰਕੇ ਗ੍ਰਹਿਣ ਕਰਣ ਯੋਗ੍ਯ ਛੀ ਪ੍ਰਕਾਰ ਦੇ ਸਵਾਦ- ਮਿੱਠਾ, ਸਲੂਣਾ, ਚਰਪਰਾ- ਤਿੱਖਾ, ਕਸੈਲਾ, ਖੱਟਾ ਅਤੇ ਕੌੜਾ. "ਬਹੁਰਸ ਸਾਲਣੇ ਸਵਾਰਦੀ ਖਟਰਸ ਮੀਠੇ ਪਾਇ." (ਸਵਾ ਮਃ ੩)

ਖਟਰਾਗ: ਸੰਗਯਾ- ਬਖੇੜਾ. ਝਗੜਾ. ਛੀ ਰਾਗਾਂ ਦਾ ਇਕੱਠਾ ਅਲਾਪ, ਜਿਸ ਤੋਂ ਕਿਸੇ ਦਾ ਭੀ ਰਸ ਨਾ ਆਵੇ. ਬਕਬਾਦ. ਖੱਪ। ੨. ਛੀ ਪ੍ਰਧਾਨ ਰਾਗ. ਦੇਖੋ, ਰਾਗ.

ਖਟਰਿਤੁ, ਖਟਰੁਤ: षडऋतु ਛੀ ਰੁੱਤਾਂ. ਸਾਲ ਵਿੱਚ ਦੋ ਦੋ ਮਹੀਨੇ ਦੇ ਛੀ ਮੌਸਮ. ਚੇਤ ਵੈਸਾਖ ਵਸੰਤ, ਜੇਠ ਹਾੜ ਗ੍ਰੀਖਮ, ਸਾਉਣ ਭਾਦੋਂ ਪਾਵਸ, ਅੱਸੂ ਕੱਤਕ ਸਰਦ, ਮੱਘਰ ਪੋਹ ਹਿਮ ਅਤੇ ਮਾਘ ਫੱਗੁਣ ਸ਼ਿਸ਼ਿਰ.[420]

---

[420] वसन्त, ग्रीष्म, वर्षा (प्रावृष) शरद, हेमन्त, शिशिर.

ਰੁਤਿ ਸਰਸ ਬਸੰਤ ਮਾਹ ਚੇਤੁ
ਵੈਸਾਖ ਸੁਖਮਾਸ ਜੀਉ,
ਹਰਿਜੀਉ ਨਾਹੁ ਮਿਲਿਆ ਮਉਲਿਆ
ਮਨੁ ਤਨੁ ਸਾਸ ਜੀਉ,
ਘਰ ਨਾਹੁ ਨਿਹਚਲੁ ਅਨਦੁ ਸਖੀਏ
ਚਰਨਕਮਲ ਪ੍ਰਫੁਲਿਆ,
ਸੁੰਦਰੁ ਸੁਘੜੁ ਸੁਜਾਣੁ ਬੇਤਾ
ਗੁਣਗੋਵਿੰਦ ਅਮੁਲਿਆ,
ਵਡਿਭਾਗਿ ਪਾਇਆ ਦੁਖੁ ਗਵਾਇਆ
ਭਈ ਪੂਰਨ ਆਸ ਜੀਉ,
ਬਿਨਵੰਤਿ ਨਾਨਕ ਸਰਣਿ ਤੇਰੀ
ਮਿਟੀ ਜਮ ਕੀ ਤ੍ਰਾਸ ਜੀਉ.
ਗ੍ਰੀਖਮ ਰੁਤਿ ਅਤਿ ਗਾਖੜੀ
ਜੇਠ ਅਖਾੜੈ ਘਾਮੁ ਜੀਉ,
ਪ੍ਰੇਮ ਬਿਛੋਹੁ ਦੁਹਾਗਣੀ, ਦ੍ਰਿਸਟਿ
ਨ ਕਰੀ ਰਾਮ ਜੀਉ,
ਨਹ ਦ੍ਰਿਸਟਿ ਆਵੈ ਮਰਤ ਹਾਵੈ
ਮਹਾ ਗਾਰਬਿ ਮੁਠੀਆ,
ਜਲ ਬਾਝੁ ਮਛੁਲੀ ਤੜਫੜਾਵੈ
ਸੰਗਿ ਮਾਇਆ ਰੁਠੀਆ,
ਕਰਿ ਪਾਪ ਜੋਨੀ ਭੈਭੀਤ ਹੋਈ
ਦੇਇ ਸਾਸਨ ਜਾਮ ਜੀਉ,
ਬਿਨਵੰਤ ਨਾਨਕ ਓਟ ਤੇਰੀ
ਰਾਖੁ ਪੂਰਨਕਾਮ ਜੀਉ.
ਰੁਤਿ ਬਰਸੁ ਸੁਹੇਲੀਆ
ਸਾਵਣ ਭਾਦਵੇ ਆਨੰਦ ਜੀਉ,
ਘਣ ਉਨਵਿ ਵੁਠੇ ਜਲ ਥਲ
ਪੂਰਿਆ ਮਕਰੰਦ ਜੀਉ,

ਪ੍ਰਭ ਪੂਰਿ ਰਹਿਆ ਸਰਬ ਠਾਈ

ਹਰਿਨਾਮ ਨਵਨਿਧਿ ਗ੍ਰਹਿ ਭਰੇ,

ਸਿਮਰਿ ਸੁਆਮੀ ਅੰਤਰਜਾਮੀ

ਕੁਲ ਸਮੂਹਾ ਸਭਿ ਤਰੇ,

ਪ੍ਰਿਅਰੰਗਿ ਜਾਗੇ ਨਹ ਛਿਦ੍ਰ ਲਾਗੇ

ਕ੍ਰਿਪਾਲੁ ਸਦ ਬਖਸਿੰਦੁ ਜੀਉ,

ਬਿਨਵੰਤਿ ਨਾਨਕ ਹਰਿਕੰਤੁ ਪਾਇਆ

ਸਦਾ ਮਨਿਭਾਵੰਦੁ ਜੀਉ.

ਰੁਤਿ ਸਰਦ ਅਡੰਬਰੋ ਅਸੂ

ਕਤਿਕੇ ਹਰਿਪਿਆਸ ਜੀਉ,

ਖੋਜੰਤੀ ਦਰਸਨੁ ਫਿਰਤ, ਕਬ

ਮਿਲੀਐ ਗੁਣਤਾਸ ਜੀਉ,

ਬਿਨੁ ਕੰਤ ਪਿਆਰੇ ਨਹ ਸੂਖ ਸਾਰੇ

ਹਾਰ ਕੰਙਣ ਧ੍ਰਿਗੁ ਬਨਾ,

ਸੁੰਦਰਿ ਸੁਜਾਣਿ ਚਤੁਰਿ ਬੇਤੀ

ਸਾਸ ਬਿਨੁ ਜੈਸੇ ਤਨਾ,

ਈਤ ਉਤ ਦਹ ਦਿਸ ਅਲੋਕਨ

ਮਨਿ ਮਿਲਨ ਕੀ ਪ੍ਰਭ ਪਿਆਸ ਜੀਉ,

ਬਿਨਵੰਤਿ ਨਾਨਕ ਧਾਰਿ ਕਿਰਪਾ

ਮੇਲਹੁ ਪ੍ਰਭ ਗੁਣਤਾਸ ਜੀਉ.

ਰੁਤਿ ਹਿਮਕਰ ਸੀਤਲ ਹਰਿ

ਪ੍ਰਗਟੇ ਮੰਘਰ ਪੋਹਿ ਜੀਉ,

ਜਲਨਿ ਬੁਝੀ ਦਰਸੁ ਪਾਇਆ

ਬਿਨਸੇ ਮਾਇਆਧ੍ਰੋਹ ਜੀਉ,

ਸਭ ਕਾਮ ਪੂਰੇ ਮਿਲਿ ਹਜੂਰੇ

ਹਰਿਚਰਣ ਸੇਵਕਿ ਸੇਵਿਆ,

ਹਾਰ ਡੋਰ ਸੀਗਾਰ ਸਭਿ ਰਸ

ਗੁਣ ਗਾਉ ਅਲਖ ਅਭੇਵਿਆ,

ਭਾਉ ਭਗਤਿ ਗੋਵਿੰਦ ਬਾਂਛਤ

ਜਮੁ ਨ ਸਾਕੈ ਜੋਹਿ ਜੀਉ,

ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ

ਤਹ ਨ ਪ੍ਰੇਮ ਬਿਛੋਹ ਜੀਉ.

ਸਿਸੀਅਰੁ ਰੁਤਿ ਮਨਿਭਾਵਤੀ

ਮਾਘੁ ਫਗਣੁ ਗੁਣਵੰਤ ਜੀਉ,

ਸਖੀ ਸਹੇਲੀ ਗਾਉ ਮੰਗਲੋ

ਗ੍ਰਿਹਿ ਆਏ ਹਰਿਕੰਤ ਜੀਉ,

ਗ੍ਰਿਹਿ ਲਾਲ ਆਏ ਮਨਿ ਧਿਆਏ

ਸੇਜ ਸੁੰਦਰਿ ਸੋਹੀਆ,

ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ

ਦੇਖਿ ਦਰਸਨ ਮੋਹੀਆ,

ਮਿਲੇ ਸੁਆਮੀ ਇਛ ਪੁੰਨੀ

ਮਨਿ ਜਪਿਆ ਨਿਰਮਲਮੰਤ ਜੀਉ,

ਬਿਨਵੰਤਿ ਨਾਨਕ ਨਿਤ ਕਰਹੁ ਰਲੀਆ

ਹਰਿ ਮਿਲੇ ਸ੍ਰੀਧਰਿ ਕੰਤ ਜੀਉ.

(ਰਾਮ ਰੁਤੀ ਮਃ ੫)

ਖਟਲਛਣ, ਖਟਲਖਣ, ਖਟਲਖਜਣ: ਪੂਰਣਪੁਰਖ ਦੀਆਂ ਛੀ ਸਿਫਤਾਂ. "ਖਟਲਖਜ ਪੂਰਨੰਪੁਰਖਹ." (ਸਹਸ ਮਃ ੫)

(੧) ਸਰਵਵਜਾਪੀ ਕਰਤਾਰ ਦਾ ਧਜਾਨ ਕਰਕੇ ਉਸ ਦਾ ਨਾਮ (ਮਹਾਮੰਤ੍ਰ) ਜਪਣਾ.

(੨) ਨੇਕ ਤ੍ਰੀਕੇ ਨਾਲ ਦੁਨੀਆਂ ਵਿੱਚ ਰਹਿਕੇ ਕਿਸੇ ਨੂੰ ਵੈਰੀ ਨਾ ਬਣਾਉਣਾ ਅਤੇ ਦੁੱਖ ਸੁੱਖ ਵਿੱਚ ਆਪਣੇ ਗਜਾਨ ਨੂੰ ਅਚਲ ਰੱਖਣਾ.

(੩) ਵਿਸ਼ਿਆਂ ਦੇ ਵੇਗ ਨੂੰ ਰੋਕਕੇ ਸਭ ਜੀਵਾਂ ਪੁਰ ਦਜਾ ਕਰਨੀ.

(੪) ਕਰਤਾਰ ਦੇ ਕੀਰਤਨ ਨੂੰ ਭੋਜਨ ਵਾਂਙ ਆਪਣਾ ਆਧਾਰ ਮੰਨਕੇ ਸੰਸਾਰ ਵਿੱਚ ਕੌਲਫੁੱਲ ਦੀ ਤਰਾਂ ਨਿਰਲੇਪ ਰਹਿਣਾ.

(੫) ਕਰਤਾਰ ਦੀ ਭਗਤਿ ਅਤੇ ਸ਼੍ਰੱਧਾ ਦਾ ਉਪਦੇਸ਼ ਮਿਤ੍ਰ ਸ਼ਤ੍ਰੁ ਨੂੰ ਸਮਾਨ ਦੇਣਾ.

(੬) ਨੰਮ੍ਰਭਾਵ ਨਾਲ ਸਭ ਦੀ ਚਰਣਧੂੜਿ ਬਣਨਾ ਅਤੇ ਕਿਸੇ ਦੀ ਨਿੰਦਾ ਨਾ ਸੁਣਨੀ.

ਖਟਲਿੰਗ: ਛੀ ਚਿੰਨ੍ਹ. ਗ੍ਰੰਥ ਦੇ ਛੀ ਅੰਗ-

(ੳ) ਉਪਕ੍ਰਮਉਪਸੰਹਾਰ. ਗ੍ਰੰਥ ਦੀ ਤਮਹੀਦ ਅਤੇ ਅੰਤ ਨੂੰ ਉਸੇ ਸਿੱਧਾਂਤ ਤੇ ਲਿਆਕੇ ਸਮਾਪਤੀ.

(ਅ) ਅਭਜਾਸ. ਵਾਰ ਵਾਰ ਪ੍ਰਸੰਗ ਦਾ ਵਿਚਾਰ.

(ੲ) ਅਪੂਰਵਤਾ. ਪ੍ਰਸੰਗ ਦਾ ਅਨੋਖਾਪਨ.

(ਸ) ਫਲ. ਨਤੀਜਾ. ਸਿੱਧਾਂਤ.

(ਹ) ਅਰਥਵਾਦ. ਗ੍ਰੰਥ ਵਿੱਚ ਰੁਚਿ ਪੈਦਾ ਕਰਨ ਦੇ ਵਾਕ.

(ਕ) ਉਪਪੱਤਿ. ਦਲੀਲ (ਯੁਕ੍ਤਿ). ਮੰਤ੍ਰਿਕ. ੨. ਵਜਾਕਰਣ ਅਨੁਸਾਰ ਤਿੰਨ ਅਜੰਤ (ਅਚ੍- ਅੰਤ) ਅਤੇ ਤਿੰਨ ਹਲੰਤ (ਹਲ੍- ਅੰਤ) ਪੁੱਲਿੰਗ, ਇਸਤ੍ਰੀ ਲਿੰਗ ਅਤੇ ਨਪੁੰਸਕ ਲਿੰਗ. ਜਿਵੇਂ- ਅਜੰਤ ਪੁੱਲਿੰਗ ਰਾਮ, ਅਜੰਤ ਇਸਤ੍ਰੀ ਲਿੰਗ ਰਮਾ, ਅਜੰਤ ਨਪੁੰਸਕ ਲਿੰਗ ਪਨ. ਹਲੰਤ ਪੁੱਲੰਗ ਰਾਜਨ੍, ਹਲੰਤ ਇਸਤ੍ਰੀ ਲਿੰਗ ਸ੍ਰਜ੍ (ਮਾਲਾ), ਹਲੰਤ ਨਪੁੰਸਕ ਲਿੰਗ ਸ਼੍ਰੇਯਸ੍ (ਕਲਜਾਣ).

ਖਟਵਦਨ: ਦੇਖੋ, ਖਟਮੁਖ.

ਖਟਵਰਗ: ਸੰ. षड्वर्ग ਸੰਗਜਾ- ਛੀਆਂ ਦਾ ਸਮੂਹ. ਛੀ ਦਾ ਇਕੱਠ। ੨. ਛੀ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ, ਮਦ, ਮਾਤਸਰਯੰ (ਹਸਦ- ਈਰਖਾ).

ਖਟਵਿੰਸ਼: षड्विंशा ਛੀ ਅਤੇ ਵੀਹਵਾਂ. ਛੱਬੀਸਵਾਂ.

ਖਟਵਿੰਸ਼ਤ, ਖਟਵਿੰਸ਼ਤਿ: ਸੰ. षड्विंशत- षड्विशति. ਛੱਬੀ. ਛੀ ਅਤੇ ਵੀਹ. ੨੬.

ਖਟਵਿਕਾਰ: षड्विकार ਦੇਖੋ, ਖਟ ਊਰਮਿ। ੨. ਦੇਖੋ, ਖਟਵਰਗ। ੩. ਸ਼ਰੀਰ ਦੀ ਛੀ ਹਾਲਤਾਂ- ਨਿੰਮਣਾ, ਜੰਮਣਾ, ਵਧਣਾ, ਘਟਣਾ, ਬਦਲਣਾ ਤੇ ਨਾਸ਼ ਹੋਣਾ. "ਜਨਮ ਅਸ੍ਤਿ ਅਰੁ ਵ੍ਰਿੱਧਿ ਪ੍ਰਣਾਮਾ। ਖੀਣ ਹੋਨ ਮਰਨੋ ਦੁਖ ਧਾਮਾ। ਖਟ ਵਿਕਾਰ ਆਤਮ ਮਹਿਂ ਨਾਹੀਂ." (ਨਾਪ੍ਰ) ੪. ਹੋਰ ਖਟ ਵਿਕਾਰ- ਜਨਮ, ਮਰਨ, , ਭੁੱਖ, ਤੇਹ, ਹਰਖ, ਸ਼ੋਕ. "ਖਟ ਵਿਕਾਰ ਜਨਮਹਿ ਅਰੁ ਮਰਨੇ। ਇਹ ਸ਼ਰੀਰ ਕੇ ਦੋਨਹੁ ਵਰਨੇ। ਛੁਧਾ ਤ੍ਰਿਖਾ ਦੁਇ ਪ੍ਰਾਨਨ ਕੇਰ। ਹਰਖ ਸ਼ੋਕ ਮਨ ਕੇ ਜੁਗ ਹੇਰ।।" (ਗੁਪ੍ਰਸੂ)

ਖਟਾਉਣਾ: ਕ੍ਰਿ- ਖੱਟੀ ਕਰਾਉਣੀ. ਲਾਭ ਦਿਵਾਉਣਾ। ੨. ਸਮਾਉਣਾ. "ਏਕ ਗ੍ਰਿਹ ਮਹਿ ਦੁਇ ਨ ਖਟਾਈ." (ਪ੍ਰਭਾ ਅਃ ਮਃ ੫) ੩. ਖੁਦਵਾਉਣਾ. ਪਟਵਾਉਣਾ. "ਪੂਰਨ ਤਾਲ ਖਟਾਇਆ." (ਭਾਗੁ)

ਖਟਾਈ: ਸੰਗਜਾ- ਤੁਰਸ਼ੀ. ਖੱਟਾਪਨ। ੨. ਦੇਖੋ, ਖਟਾਉਣਾ.

ਖਟਾਸ: ਸੰਗਜਾ- ਖੱਟਾ ਰਸ. ਖੱਟਾਪਨ.

ਖਟਾਨਾ: ਸਮਾਇਆ. ਮਿਲਿਆ. ਦੇਖੋ, ਖਟਾਉਣਾ. "ਜਿਉ ਜਲ ਮਹਿ ਜਲ ਆਇ ਖਟਾਨਾ." (ਸੁਖਮਨੀ) "ਮਿਲਿ ਜਲ ਜਲਹਿ ਖਟਾਨਾ ਰਾਮ." (ਵਡ ਛੰਤ ਮਃ ੫) ਦੇਖੋ, ਖੱਟ ਧਾ.

ਖਟਾਨੀ: ਪਸੰਦ ਆਈ. ਰੁਚੀ. "ਜਨ ਕੀ ਧੂਰਿ ਮਨਿ ਮੀਠ ਖਟਾਨੀ." (ਗਉ ਮਃ ੫) "ਤਉ ਬਿਧਿ ਨੀਕੀ ਖਟਾਨੀ." (ਧਨਾ ਮਃ ੫) "ਮਨਿ ਤਨਿ ਚਰਨ ਖਟਾਨੀ." (ਆਸਾ ਮਃ ੫) ਦੇਖੋ, ਖੱਟ ਧਾ.

ਖਟੀ: ਸੰਗਜਾ- ਖੱਟੀ. ਕਮਾਈ. "ਤੋਟਿ ਨ ਆਵੈ ਖਟੀਐ." (ਵਾਰ ਰਾਮ ੩)

ਖਟੀਆ: ਸੰ. खटवा ਖਟ੍ਵਾ. ਮੰਜਾ. ਖਾਟ। ੨. ਸੰ. खाटि ਖਾਟਿ. ਸਿੜ੍ਹੀ. ਮੁਰਦਾ ਲੈ ਜਾਣ ਦੀ ਅਰਥੀ. "ਖਟੀਆ ਲੇ ਗਏ ਭਾਈ." (ਆਸਾ ਕਬੀਰ) ੩. ਖੱਟੀ. ਕਮਾਈ. "ਇਤਨਕੁ ਖਟੀਆ ਗਠੀਆ ਮਟੀਆ." (ਕੇਦਾ ਕਬੀਰ) ਇਤਨੀ ਖੱਟੀ ਹੈ ਇਤਨੀ ਪੱਲੇ ਹੈ ਇਤਨੀ ਦੱਬੀ ਹੋਈ ਹੈ.

ਖਟੀਐ: ਕਮਾਈਏ. ਲਾਭ ਲਈਏ। ੨. ਖਜਾਤਿ (ਮਸ਼ਹੂਰੀ) ਕਰੀਐ. "ਦੋਹੀ ਖਟੀਐ." (ਵਾਰ ਰਾਮ ੩)

ਖਟੀਕ: ਸੰ. खट्टिक ਖੱਟਿਕ. ਸੰਗਜਾ- ਦਬਗਰ. ਚੰਮ ਰੰਗਣ ਅਤੇ ਕੁੱਪੇ ਆਦਿਕ ਬਣਾਉਣ ਵਾਲਾ.

**ਖਟੁ:** ਦੇਖੋ, ਖਟ.

**ਖਟੁਸਾਸਤ:** ਦੇਖੋ, ਖਟਸਾਸਤ੍ਰ.

**ਖਟੁਮਟੁ:** ਦੇਖੋ, ਖਟਮਟੁ.

**ਖਟੂਆ:** ਵਿ- ਖੱਟਣ ਵਾਲਾ. ਖੱਟੂ। ੨. ਖਟਕਰਮੀ. ਦੇਖੋ, ਖਟਕਰਮ. "ਬਿਚਰਹਿ ਅਨਿਕਸਾਸਤ੍ਰ ਬਹੁ ਖਟੂਆ." (ਸਵੈਯੇ ਸ੍ਰੀਮੁਖਵਾਕ ਮਃ ੫) ੩. ਖਟਸ਼ਾਸਤ੍ਰੀ. ਦੇਖੋ, ਖਟਸ਼ਾਸਤ੍ਰ.

**ਖਟੋਲਾ, ਖਟੋਲੀ, ਖਟੋਲੇ:** ਛੋਟਾ ਖਟ੍ਵਾ (ਮੰਜਾ)। ਮੰਜੀ। ੨. ਖਾਟ ਦੀ ਚੌਖਟ. "ਚਿੰਤ ਖਟੋਲਾ ਵਾਣ ਦੁਖ." (ਸ. ਫਰੀਦ) ੩. ਸੇਜਾ। ੪. ਭਾਵ- ਦੇਹ. ਸ਼ਰੀਰ. "ਅਤਿ ਨੀਕੀ ਮੇਰੀ ਬਨੀ ਖਟੋਲੀ." (ਬਿਲਾ ਮਃ ੫)

**ਖੱਟ:** ਸੰ. ਖਟ੍ਵਾ ਖਟ੍ਵਾ. ਸੰਗਜਾ- ਮੰਜਾ. ਖਾਟ। ੨. ਵਿਆਹ ਸਮੇਂ ਦੁਲਹਨਿ ਅਤੇ ਦੁਲਹਾ ਨੂੰ ਦਿੱਤਾ ਹੋਇਆ ਸਾਮਾਨ, ਜਿਸ ਦਾ ਮੁੱਖਅੰਗ ਖਾਟ ਹੈ। ੩. ਦੇਖੋ, ਖਟ। ੪. ਸੰ. ਖਟ੍ ਧਾ- ਚਾਹੁਣਾ- ਢੂੰਡਣਾ- ਖੋਜਣਾ। ੫. ਸੰ ਖਟ੍ਟ੍ ਖੱਟ੍. ਧਾ- ਢਕਣਾ- ਘੇਰਨਾ। ੬. ਸੰ. ਸ਼ਟ੍ਟ੍ ਸ਼ੱਟ੍. ਧਾ- ਰਹਿਣਾ- ਜ਼ੋਰ ਕਰਨਾ- ਦੇਣਾ- ਮਾਰਨਾ.

**ਖੱਟਣਾ:** ਕ੍ਰਿ- ਕਮਾਉਣਾ. ਲਾਭ ਲੈਣਾ.

**ਖੱਟਰ:** ਵਿ- ਖੱਟੀ ਪ੍ਰਕ੍ਰਿਤਿ ਹੈ ਜਿਸ ਦੀ. ਜਿਸਦਾ ਸੁਭਾਉ ਕ੍ਰੋਧ ਸਹਿਤ ਹੈ। ੨. ਉਹ ਗਊ ਮਹਿਂ ਜੋ ਦੁੱਧ ਦੇਣ ਵੇਲੇ ਲੱਤਾਂ ਮਾਰੇ.

**ਖੱਟਾ:** ਵਿ- ਤੁਰਸ਼. ਅਮ੍ਲ। ੨. ਸੰਗਜਾ- ਇੱਕ ਨੇਂਬੂ ਦੀ ਕਿਸਮ ਦਾ ਬੂਟਾ ਅਤੇ ਉਸ ਦਾ ਫਲ, ਜੋ ਖੱਟੇ ਰਸ ਦਾ ਹੁੰਦਾ ਹੈ. Sour lime. ਇਸ ਦੀ ਬਾੜ ਬਹੁਤ ਸੁੰਦਰ ਹੁੰਦੀ ਹੈ. ਇਸ ਦਾ ਰਸ ਆਲੂ ਗਾਗਟੀ ਅਤੇ ਅਚਾਰ ਆਦਿ ਵਿੱਚ ਵਰਤੀਦਾ ਹੈ. ਇਸ ਉੱਤੇ ਸੰਗਤਰੇ ਮਾਲਟੇ ਆਦਿ ਦਾ ਪਿਉਂਦ ਕੀਤਾ ਜਾਂਦਾ ਹੈ. L. Citrus acida.

**ਖਡ:** ਸੰ. ਖਡ੍ ਧਾ- ਟੁਕੜੇ ਕਰਨਾ- ਖੰਡਨ ਕਰਨਾ. ਦੇਖੋ, ਖੜਗ। ੨. ਦੇਖੋ, ਖੱਡ.

**ਖਡਿ:** ਖੱਡ (ਖੁੱਡ) ਵਿੱਚ. "ਚੂਹਾ ਖਡਿ ਨ ਮਾਵਈ." (ਵਾਰ ਮਲਾ ਮਃ ੧)

**ਖਡੀ:** ਦੇਖੋ, ਖੱਡੀ.

**ਖਡੂਆ:** ਸੰਗਜਾ- ਗੜ੍ਹਾ. ਟੋਆ। ੨. ਬਿਲ. ਖੁੱਡ.

**ਖਡੂਰ, ਖਡੂਰੁ:** ਜਿਲਾ ਅਮ੍ਰਿਤਸਰ, ਥਾਣਾ ਵੈਰੋਵਾਲ ਵਿੱਚ ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਨਿਵਾਸ ਅਸਥਾਨ, ਜੋ ਤਰਨਤਾਰਨ ਰੇਲਵੇ ਸਟੇਸ਼ਨ ਤੋਂ ਵਾਯਵੀ ਕੋਣ ੧੦. ਮੀਲ ਹੈ. "ਸਨੇ ਸਨੇ ਆਵਤਭਏ ਗ੍ਰਾਮ ਖਡੂਰ ਅਵਾਸ." (ਨਾਪ੍ਰ)

ਇਸ ਨਗਰ ਵਿੱਚ ਗੁਰੂ ਅੰਗਦ ਦੇਵ ਜੀ ਦਾ ਦੇਹਰਾ ਹੈ ਅਤੇ ਗੁਰੂ ਅਮਰਦੇਵ ਇੱਥੇ ਹੀ ਗੁਰੂ ਅੰਗਦ ਸਾਹਿਬ ਦੀ ਸੇਵਾ ਕਰਦੇ ਰਹੇ ਹਨ, ਅਰ ਗੁਰੂ ਨਾਨਕ ਸਾਹਿਬ ਜੀ ਨੇ ਭੀ ਇਸ ਨਗਰ ਨੂੰ ਚਰਣਾਂ ਨਾਲ ਪਵਿਤ੍ਰ ਕੀਤਾ ਹੈ. ਆਬਾਦੀ ਦੇ ਅੰਦਰ ਹੀ ਗੁਰੂ ਅੰਗਦ ਦੇਵ ਦਾ ਗੁਰਦ੍ਵਾਰਾ ਹੈ, ਜੋ ਸੁੰਦਰ ਬਣਿਆ ਹੋਇਆ ਹੈ. ਇਸ ਦਰਬਾਰ ਦੀ ਪਰਿਕ੍ਰਮਾ ਵਿੱਚ ਹੀ ਉਸ ਕਿੱਲੇ ਦਾ ਕਰੀਰ ਹੈ, ਜਿਸ ਨਾਲ ਗੁਰੂ ਅਮਰ ਦੇਵ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਨਾਨ ਲਈ ਜਲ ਦੀ ਗਾਗਰ ਲੈਆਉਂਦੇ ਠੋਕਰ ਖਾਕੇ ਡਿਗ ਪਏ ਸਨ. ਗੁਰਦ੍ਵਾਰੇ ਨੂੰ ਛੱਬੀ ਸੌ ਰੁਪਯਾ ਸਾਲਾਨਾ ਜਾਗੀਰ ਹੈ. ਇਸ ਥਾਂ ਇਹ ਗੁਰਦ੍ਵਾਰੇ ਹਨ-

(੧) ਤਪਿਆਨਾ ਸਾਹਿਬ. ਆਬਾਦੀ ਤੋਂ ਇੱਕ ਫਰਲਾਂਗ ਉੱਤਰ ਪੂਰਵ ਗੁਰੂ ਅੰਗਦ ਦੇਵ ਜੀ ਦੇ ਤਪ ਦਾ ਅਸਥਾਨ. ਇਸ ਪਾਸ ਇੱਕ ਤਾਲ ਹੈ, ਜਿਸ ਦੇ ਕਿਨਾਰੇ ਭਾਈ ਬਾਲੇ ਦੀ ਸਮਾਧਿ ਹੈ.

(੨) ਥੜਾ ਸਾਹਿਬ. ਉਹ ਚਬੂਤਰਾ ਹੈ ਜਿਸ ਪੁਰ ਸੇਵਾ ਤੋਂ ਵੇਲ੍ਹ ਮਿਲਣ ਤੇ ਗੁਰੂ ਅਮਰ ਦੇਵ ਜੀ ਪਾਠ ਕੀਤਾ ਕਰਦੇ ਸਨ.

(੩) ਦੇਹਰਾ ਸ੍ਰੀ ਗੁਰੂ ਅੰਗਦ ਸਾਹਿਬ.

(੪) ਮੱਲ ਅਖਾੜਾ. ਆਬਾਦੀ ਦੇ ਪਾਸ ਹੀ ਪੱਛਮ ਵੱਲ ਗੁਰੂ ਅੰਗਦਦੇਵ ਜੀ ਦਾ ਉਹ ਥਾਂ, ਜਿੱਥੇ ਬੈਠਕੇ ਪਿੰਡ ਦੇ ਬਾਲਕਾਂ ਨੂੰ ਮੱਲਯੁੱਧ ਦੀ ਸਿਖ੍ਯਾ ਦਿਆ ਕਰਦੇ ਸਨ. ਦੇਖੋ, ਨਕਸ਼ਾ ਗੋਇੰਦਵਾਲ.

ਖੱਡ: ਸੰਗ੍ਯਾ- ਖੁੱਡ. ਬਿਲ। ੨. ਪਹਾੜ ਜੀ ਖਾਡੀ.

ਖੱਡੀ: ਉਹ ਟੋਆ ਜਿਸ ਵਿੱਚ ਪੈਰ ਲਟਕਾਕੇ ਜੁਲਾਹਾ ਤਾਣੀ ਬੁਣਦਾ ਹੈ।

ਖਣ: ਸੰ. खन् ਦਾ- ਦੁੱਖ ਦੇਣਾ. ਖੋਦਣਾ. ਪੁੱਟਣਾ। ੨. ਸੰ क्षण ਕ੍ਸ਼ਣ. ਸੰਗ੍ਯਾ- ਪਲ. ਲਮਹਾ. "ਉਧਾਰੇ ਇਕ ਖਣੇ." (ਵਾਰ ਰਾਮ ੨ਃ ਮ ਃ ੫) ੩. ਸੰ. खण्ड ਖੰਡ. ਹਿੱਸਾ. ਭਾਗ. ਖਾਸ ਕਰਕੇ ਛੱਤ ਦੇ ਉਹ ਹਿੱਸੇ ਜੋ ਦੋ ਸ਼ਤੀਰਾਂ ਦੇ ਅੰਦਰ ਹੋਣ. ਦੇਖੋ, ਖਨ ੩. ਅਤੇ ੪.

ਖਣਿ: ਦੇਖੋ, ਖਨਿ.

ਖਣੇ: ਕ੍ਸ਼ਣ ਮੇ. ਪਲ ਵਿੱਚ. ਦੇਖੋ, ਖਣ ੨.। ੨. ਪੁੱਟੇ. ਦੇਖੋ, ਖਨ ਧਾ.

ਖਤ: ਸੰਗ੍ਯਾ- ਖਾਤਾ. ਟੋਆ. ਖਾਤ. "ਪਨ੍ਹਿਨ ਮਾਰ ਖਤ ਡਾਰ." (ਚਰਿਤ੍ਰ ੧੯੪) ਜੁੱਤੀਆਂ ਨਾਲ ਮਾਰ ਮਾਰਕੇ ਟੋਏ ਵਿੱਚ ਸੁੱਟ ਦਿੱਤਾ। ੨. ਵੈਰ. ਵਿਰੋਧ। ੩. ਈਰਖਾ। ੪. ਅ਼. خط ਖ਼ਤ੍ਵ.[421] ਲਿਖਤ. ਤਹਿਰੀਰ। ੫. ਰੇਖਾ. ਲਕੀਰ। ੬. ਚਿੱਠੀ। ੭. ਅ਼. خت ਖ਼ਤ. ਵਿਘਨ. ਰੋਕ ਟੋਕ. ਪ੍ਰਤਿਬੰਧ. "ਇਸੁ ਹਰਿਧਨ ਕਾ ਕੋਈ ਸਰੀਕ ਨਾਹੀ, ਕਿਸੈ ਕਾ ਖਤ ਨਾਹੀ." (ਵਾਰ ਬਿਲਾ ਮਃ ੪) ੮. ਖੋਹਣਾ. ਛੀਨਨਾ.

ਖਤਨਾ: ਅ਼. ختنہ ਖ਼ਤਨਹ. ਦੇਖੋ, ਸੁੰਨਤ.

ਖਤਪਾਟਣਾ, ਖਤਫਟਨਾ: ਕ੍ਰਿ- ਚਿੱਠੀ ਦਾ ਪਾਟਣਾ. ਭਾਵ- ਜ਼ਿੰਦਗੀ ਖ਼ਤਮ ਹੋਣੀ. ਦੇਖੋ, ਚੀਰੀਪਾਟੀ।[422] ੨. ਹਿਸਾਬ ਦਾ ਪਰਚਾ ਪਾੜਿਆ ਜਾਣਾ. ਭਾਵ- ਲੇਖਾ ਸਮਾਪਤ ਹੋਣਾ. "ਨਾ ਹਰਿ ਭਜਿਓ ਨ ਖਤੁ ਫਟਿਓ." (ਸ. ਕਬੀਰ)

ਖ਼ਤਮ: ਅ਼. ختم ਪੂਰਣ ਕਰਨ ਦਾ ਭਾਵ। ੨. ਮੁਹਰ ਲਾਉਣ ਦੀ ਕ੍ਰਿਯਾ.

ਖਤਰਾ: ਸੰਗ੍ਯਾ- ਕ੍ਸ਼ੇਤ੍ਰ ਵਿੱਚ ਜਾਣਾ. ਸ਼ੌਚ ਜਾਣਾ। ੨. ਅ਼. خطرہ ਖ਼ਤ਼ਰਹ. ਡਰ. ਭੈ। ੩. ਆਸ਼ੰਕਾ. ਸੰਸਾ. "ਖਤਰਾ ਨ ਕੀਜੈ ਪਤੀਜੈ ਸਦੀਵ." (ਗੁਪ੍ਰਸੂ)

ਖਤਰੇਟਾ: ਕ੍ਸ਼ਤ੍ਰੀ ਦਾ ਬੇਟਾ. ਛਤ੍ਰੀਪੁਤ੍ਰ. "ਸਤ੍ਰੁ ਕੀ ਸੈਨ ਤਰੰਗਨਿ ਤੁੱਲ ਹੈ ਤਾਮੇ ਤੁਰੰਗ ਤਰੇ ਖਤਰੇਟੇ." (ਚਰਿਤ੍ਰ ੨)

ਖਤਰੰਮਾ: ਸੰਗ੍ਯਾ- ਕ੍ਸ਼ਤ੍ਰੀਸਮਾਜ.

ਖਤਾ: ਡਿੰਗ. ਸੰਗ੍ਯਾ- ਦਾੜ੍ਹੀ. ਰੀਸ਼। ੨. ਅ਼. خطا ਖ਼ਤ਼ਾ. ਸੰਗ੍ਯਾ- ਭੁੱਲ. ਚੂਕ. "ਖਾਲਿਕ! ਖਤਾ ਨ ਕਰੀ." (ਸ. ਫਰੀਦ) ਐ ਕਰਤਾਰ! ਮੇਰਾ ਨਿਸ਼ਾਨਾ ਨਾ ਚੁੱਕੇ। ੩. ਗੁਨਾਹ. ਅਪਰਾਧ. "ਅਸੰਖ ਖਤੇ ਖਿਨਿ ਬਖਸਨਹਾਰਾ." (ਬਾਵਨ) "ਅਸੀ ਖਤੇ ਬਹੁਤ ਕਮਾਵਦੇ." (ਸਵਾ ਮਃ ੩) ੪. ਇੱਕ ਪੁਰਾਣਾ ਸ਼ਹਰ, ਜੋ ਚੀਨ ਤੁਰਕਿਸਤਾਨ ਅਤੇ ਤੂਰਾਨ ਦੇ ਮੱਧ ਹੈ.

ਖਤਾਬ: ਅ਼. خطاب ਖ਼ਿਤ਼ਾਬ. ਸੰਗ੍ਯਾ- ਮੁਖ਼ਾਤ਼ਿਬ (ਸੰਬੋਧਨ) ਕਰਕੇ ਕਹਿਣਾ। ੨. ਪਦਵੀ. ਉਪਾਧਿ. ਲਕ਼ਬ. Title.

ਖ਼ਤ਼ਾਬਖ਼ਸ਼: ਅ਼. خطابخش ਵਿ- ਗੁਨਾਹ ਬਖ਼ਸ਼ਣ ਵਾਲਾ. ਅਪਰਾਧ ਕ੍ਸ਼ਮਾਪਨ ਕਰਤਾ.

ਖਤਿਯਾ, ਖਤੀਆ: ਸੰਗ੍ਯਾ- ਖਾਤਾ. ਟੋਆ. ਗੜ੍ਹਾ. "ਖਤਿਯਾ ਪਰੇ ਰਾਵਜੂ ਪਾਏ." (ਚਰਿਤ੍ਰ ੧੯੪) ੨. ਚਿੱਠੀਰਸਾਂ. ਖ਼ਤ਼ ਲੈ ਜਾਣ ਵਾਲਾ.

---

[421] ਗੁਰਬਾਣੀ ਵਿੱਚ ਇਸ ਦਾ ਰੂਪ ਖਤੁ ਭੀ ਹੈ.

[422] ਕਿਸੇ ਦੇ ਮਰਣ ਦੀ ਖਬਰ ਜਿਸ ਚਿੱਠੀ ਵਿੱਚ ਲਿਖੀ ਜਾਵੇ ਉਸ ਦਾ ਸਿਰਾ ਪਾੜ ਦਿੱਤਾ ਜਾਂਦਾ ਹੈ.

ਖ਼ਤ਼ੀਬ: ਖ਼ੁਤਬਾ ਪੜ੍ਹਨ ਵਾਲਾ. ਦੇਖੋ, ਖ਼ੁਤਬਾ.

ਖਤੁ: ਦੇਖੋ, ਖਤ.

ਖਤੰਗ: ਸੰ. क्षताङ्ग ਕ੍ਸ਼ਤਾਂਗ. ਘਾਇਲ ਹੁੰਦੇ ਹਨ ਅੰਗ ਜਿਸ ਤੋਂ, ਤੀਰ. "ਬਾਛੜ ਘੱਤੀ ਸੂਰਿਆਂ ਵਿੱਚ ਖੇਤ ਖਤੰਗਾਂ." (ਚੰਡੀ ੩) ੨. ਘਾਇਲ. ਫੱਟੜ। ੩. ਸਿੰਧੀ. ਬਹਾਦੁਰ. ਦਿਲੇਰ। ੪. ਫ਼ਾ. خدنگ ਖ਼ਦੰਗ. ਇੱਕ ਖ਼ਾਸ ਬਿਰਛ, ਜਿਸ ਤੋਂ ਕਮਾਣ ਅਤੇ ਤੀਰ ਬਣਦੇ ਹਨ। ੫. ਖ਼ਦੰਗ ਦਾ ਬਣਿਆ ਧਨੁਖ ਅਥਵਾ ਤੀਰ. "ਲੀਏ ਕਰ ਚਕ੍ਰ ਵਕ੍ਰ ਗੋਫਨ ਖਦੰਗਨੀ." (ਸਲੋਹ).

ਖਤੰਗੀ: ਵਿ- ਧਨੁਖਧਾਰੀ. ਦੇਖੋ, ਖਤੰਗ ੪. ਅਤੇ ੫.

ਖੱਤਰੀ: ਦੇਖੋ, ਖਤ੍ਰੀ.

ਖਤ੍ਰ: ਸੰ. क्षत्र ਕ੍ਸ਼ਤ੍ਰ. ਸੰਗਯਾ- ਜੋ ਕ੍ਸ਼ਤ (ਘਾਵ ਅਥਵਾ ਹਿੰਸਾ) ਤੋਂ ਬਚਾਵੇ, ਸੋ ਕ੍ਸ਼ਤ੍ਰ. ਰਾਜਯ। ੨. ਯੋਧਾ. "ਤਹਿਂ ਜਾਇ ਪਰੇ ਜਹਿਂ ਖਤ੍ਰ ਬਰੰ." (ਗਯਾਨ)

ਖਤ੍ਰਹਾਣ: ਵਿ- ਕ੍ਸ਼ਤ੍ਰ (ਰਾਜ) ਦੇ ਨਾਸ਼ ਕਰਨ ਵਾਲਾ। ੨. ਕ੍ਸ਼ਤ੍ਰਿਯ ਵਿਨਾਸ਼ਕ. ਛਤ੍ਰੀਆਂ ਦੀ ਹਾਨਿ ਕਰਨ ਵਾਲਾ। ੩. ਸੰਗਯਾ- ਪਰਸ਼ੁਰਾਮ.

ਖਤ੍ਰਖੇਤਾ: ਵਿ- ਕ੍ਸ਼ਤ੍ਰਿਯਕ੍ਸ਼ੇਤ੍ਰ ਵਿੱਚ ਹੋਣ ਵਾਲਾ. ਸ਼ੁੱਧ ਛਤ੍ਰੀਸੰਤਾਨ. ਅਸਲ ਛਤ੍ਰੀ. "ਦੋਊ ਖਤ੍ਰਖੇਤਾ." (ਗਯਾਨ)

ਖਤ੍ਰਾਣ: ਵਿ- ਕ੍ਸ਼ਤ੍ਰਿਯਸੰਤਾਨ. ਛਤ੍ਰੀਕੁਲ ਦਾ.

ਖਤ੍ਰਿਅੰਤਕਰ: ਕ੍ਸ਼ਤ੍ਰਿਯ (ਯੋੱਧਾ) ਦਾ ਅੰਤ ਕਰਨ ਵਾਲਾ, ਤੀਰ. (ਸਨਾਮਾ) ੨. ਪਰਸ਼ੁਰਾਮ.

ਖਤ੍ਰਿਯਾਂਕ ਖੇਲਕ: ਕ੍ਸ਼ਤ੍ਰਿਯ (ਯੋੱਧਾ) ਦੇ ਅੰਗ ਵਿੱਚ ਲਟਕਣ ਵਾਲਾ, ਖੜਗ. (ਸਨਾਮਾ)

ਖਤ੍ਰਿਯਾਣ, ਖਤ੍ਰਿਯਾਨ: ਵਿ- ਕ੍ਸ਼ਤ੍ਰਿਯਸੰਤਾਨ. ਛਤ੍ਰੀਕੁਲ ਦਾ। ੨. ਕ੍ਸ਼ਤ੍ਰਿਯ- ਯਾਨ. ਛਤ੍ਰੀ ਦੀ ਸਵਾਰੀ ਘੋੜਾ.

ਖਤ੍ਰਿਯਾਰਿ: ਕ੍ਸ਼ਤ੍ਰਿਯ (ਯੋੱਧਾ) ਦਾ ਵੈਰੀ, ਖੜਗ. (ਸਨਾਮਾ) ੨. ਪਰਸ਼ੁਰਾਮ.

ਖਤ੍ਰੀ: ਸੰ. क्षत्रिय ਕ੍ਸ਼ਤ੍ਰਿਯ. ਹਿੰਦੂਆਂ ਦੇ ਚਾਰ ਵਰਣਾਂ ਵਿੱਚੋਂ ਦੂਜਾ ਵਰਣ. "ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ." (ਗਉ ਥਿਤੀ ਮਃ ੫) ੨. ਯੋਧਾ. ਪ੍ਰਜਾ ਨੂੰ ਭੈ ਤੋਂ ਬਚਾਉਣ ਵਾਲਾ. "ਖਤ੍ਰੀ ਸੋ ਜੁ ਕਰਮਾ ਕਾ ਸੂਰੁ." (ਸਵਾ ਮਃ ੧) ੩. ਬਹੁਤ ਖ਼ਿਆਲ ਕਰਦੇ ਹਨ ਕਿ ਛਤ੍ਰੀ ਅਤੇ ਖਤ੍ਰੀ ਸ਼ਬਦ ਦੇ ਭਿੰਨ ਅਰਥ ਹਨ, ਪਰੰਤੂ ਐਸਾ ਨਹੀਂ. ਦੋਹਾਂ ਦਾ ਮੂਲ ਕ੍ਸ਼ਤ੍ਰਿਯ ਸ਼ਬਦ ਹੈ. ਪੁਰਾਣਾਂ ਵਿੱਚ ਕ੍ਸ਼ਤ੍ਰੀਆਂ ਦੇ ਮੁੱਖ ਦੋ ਵੰਸ਼ ਲਿਖੇ ਹਨ, ਇੱਕ ਸੂਰਜਵੰਸ਼, ਜਿਸ ਵਿੱਚ ਰਾਮਚੰਦ੍ਰ ਜੀ ਹੋਏ ਹਨ, ਦੂਜਾ ਚੰਦ੍ਰਵੰਸ਼, ਜਿਸ ਵਿੱਚ ਕ੍ਰਿਸ਼੍ਨ ਜੀ ਪ੍ਰਗਟੇ ਹਨ.

ਵਰਤਮਾਨ ਕਾਲ ਵਿੱਚ ਖਤ੍ਰੀ ਚਾਰ ਭਾਗਾਂ ਵਿੱਚ ਵੰਡੇ ਹੋਏ ਹਨ- ਬਾਰ੍ਹੀ, ਖੁਖਰਾਣ, ਬੁੰਜਾਹੀ ਅਤੇ ਸਰੀਨ.

ਬਾਰ੍ਹੀ ਬਾਰਾਂ ਗੋਤਾਂ ਵਿੱਚ, ਖੁਖਰਾਣ ਅੱਠ ਗੋਤਾਂ ਵਿੱਚ,[423] ਬੁੰਜਾਹੀ ਬਵੰਜਾ ਅਤੇ ਸਰੀਨ ਵੀਹ ਗੋਤ੍ਰਾਂ ਵਿੱਚ ਵੰਡੇ ਹੋਏ (ਵਿਭਕ੍ਤ) ਹਨ. ਖਤ੍ਰੀਆਂ ਵਿੱਚ ਢਾਈ ਘਰ ਦੇ ਖਤ੍ਰੀ- ਸੇਠ, ਮੇਹਰਾ, ਕਪੂਰ ਅਤੇ ਖੰਨਾ ਹਨ. ਛੀ ਜਾਤੀ ਵਿੱਚ- ਬਹਲ, ਧੌਨ, ਚੋਪੜਾ, ਸਹਗਲ, ਤਲਵਾੜ ਅਤੇ ਪੁਰੀ ਹਨ. ਪੰਜ ਜਾਤੀ ਵਿੱਚ- ਬਹਲ, ਬੇਰੀ ਸਹਗਲ, ਵਾਹੀ ਅਤੇ ਵਿੱਜ ਹਨ.

ਸ਼੍ਰੀ ਗੁਰੂ ਨਾਨਕ ਦੇਵ ਦੇ ਜਨਮ ਨਾਲ ਵੇਦੀ, ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਜਨਮ ਨਾਲ ਤ੍ਰੇਹਣ (ਅਥਵਾ ਤੇਹਣ), ਸ਼੍ਰੀ ਗੁਰੂ ਅਮਰ ਦੇਵ ਜੀ ਦੇ ਜਨਮ ਕਰਕੇ ਭੱਲੇ ਅਤੇ ਸ਼੍ਰੀ ਗਰੂ ਰਾਮਦਾਸ ਸਾਹਿਬ ਦੇ ਪ੍ਰਗਟਣ ਕਰਕੇ ਸੋਢੀ ਗੋਤ੍ਰ ਜੋ ਮਾਨ ਯੋਗਯ ਹੋਏ ਹਨ,

---

[423] ਸੂਰੀ, ਚੱਢੇ, ਕੋਹਲੀ, ਸੇਠੀ, ਸਾਹਣੀ, ਭਸੀਣ, ਅਣਦ, ਸਭਰਵਾਲ. ਕਈਆਂ ਨੇ-ਤਲਵਾੜ, ਟੰਨਣ, ਜੱਟਚੋਪੜਾ, ਧੌਣ, ਕੱਕੜ ਅਤੇ ਬਹੁਰੇ ਭੀ ਖੁਖਰਾਣਾਂ ਅੰਦਰ ਗਿਣੇ ਹਨ.

ਇਹ ਸਰੀਨ ਜਾਤਿ ਦੇ ਅੰਦਰ ਹਨ.

ਖਤ੍ਰੀਆਂ ਵਿੱਚ ਇਹ ਕਥਾ ਚਲੀ ਆਈ ਹੈ ਕਿ ਦਿੱਲੀਪਤਿ ਅਲਾਉੱਦੀਨ ਖ਼ਲਜੀ ਦੇ ਸਮੇਂ ਜਦ ਬਹੁਤ ਖਤ੍ਰੀਸਿਪਾਹੀ ਜੰਗ ਵਿੱਚ ਮਾਰੇ ਗਏ, ਤਦ ਉਨ੍ਹਾਂ ਦੀਆਂ ਵਿਧਵਾ ਇਸਤ੍ਰੀਆਂ ਦਾ ਪੁਨਰਵਿਵਾਹ ਕਰਾਉਣ ਲਈ ਬਾਦਸ਼ਾਹ ਨੇ ਯਤਨ ਕੀਤਾ. ਜਿਨ੍ਹਾਂ ਖਤ੍ਰੀਆਂ ਨੇ ਸ਼ਾਹੀ ਹੁਕਮ ਮੰਨਿਆ ਉਨ੍ਹਾਂ ਦਾ ਨਾਉਂ ਸਰੀਨ (ਸ਼ਰਹ- ਆਈਨ ਮੰਨਣ ਵਾਲੇ) ਹੋਇਆ. ਵਿਧਵਾ- ਵਿਵਾਹ ਦੇ ਵਿਰੁੱਧ ਕਜਨੰਦ ਗ੍ਰਾਮ ਦੇ ਨਿਵਾਸੀ ਧੰਨਾ ਮਿਹਰਾ ਆਦਿ ਖਤ੍ਰੀ, ਜੋ ਬਾਦਸ਼ਾਹ ਪਾਸ ਅਪੀਲ ਕਰਨ ਲਈ ਤੁਰੇ, ਉਨ੍ਹਾਂ ਨਾਲ ਸ਼ਾਮਿਲ ਹੋਣ ਵਾਲੇ ਖਤ੍ਰੀ ਜੋ ਢਾਈ ਕੋਹ ਪੁਰ ਜਾ ਮਿਲੇ ਉਹ ਢਾਈ ਘਰ, ਬਾਰਾਂ ਕੋਹ ਪੁਰ ਮਿਲਣ ਵਾਲੇ ਬਾਰ੍ਹੀ ਪ੍ਰਸਿੱਧ ਹੋਏ. ਇਸ ਪਿੱਛੋਂ ਜੋ ਬਹੁਤ ਜਗਾ ਦੇ ਖਤ੍ਰੀ ਭਿੰਨ ਭਿੰਨ ਦੂਰੀ ਤੇ ਮਿਲੇ ਉਨ੍ਹਾਂ ਦੀ ਸੰਗਯਾ ਬਹੁਜਾਈ (ਬੁੰਜਾਹੀ) ਹੋਈ.

ਖਤ੍ਰੇਸ: ਕ੍ਸ਼ਤ੍ਰੀਆਂ ਦੇ ਈਸ਼. ਯੋਧਿਆਂ ਦੇ ਸ੍ਵਾਮੀ. "ਕੀਨੇ ਸੁ ਜੇਰ ਖੂਨੀ ਖਤ੍ਰੇਸ." (ਮਨੁਰਾਜ)

ਖਦ: ਸੰ. ਖਦ੍ ਧਾ- ਖਾਣਾ- ਮਾਰਨਾ- ਸੰਤਾਪ ਦੇਣਾ- ਸ੍ਥਿਰ (ਕਾਇਮ) ਰਹਿਣਾ- ਢਕਣਾ.

ਖ਼ਦਸ਼ਾ: ਅ਼. خدشہ ਸੰਗਯਾ- ਛਿੱਲਣ ਦੀ ਕ੍ਰਿਯਾ। ੨. ਦਿਲ ਨੂੰ ਛਿੱਲਣ ਵਾਲੀ ਚਿੰਤਾ। ੩. ਸੰਸਾ.

ਖਦਰਾਨਾ: ਦੇਖੋ, ਖਿਦਰਾਨਾ.

ਖਦਾਨ: ਖੋਦਿਆ ਹੋਇਆ ਅਸਥਾਨ, ਟੋਆ. ਗਰਤ.

ਖਦਿਰ: ਸੰ. ਸੰਗਯਾ- ਖੈਰ ਦਾ ਬਿਰਛ. ਕੈਥ. L. Acacia Catechu । ੨. ਇੰਦ੍ਰ। ੩. ਚੰਦ੍ਰਮਾ.

ਖਦੇਰਨਾ, ਖਦੇੜਨਾ: ਕ੍ਰਿ- ਖੇਦਣਾ. ਧਕੇਲਣਾ। ੨. ਤਾਕੁਬ (ਪਿੱਛਾ) ਕਰਕੇ ਦੌੜਾਉਣਾ. "ਬਹੁਤ ਕੋਸ ਤਿਹ ਮ੍ਰਿਗਹਿ ਖਦੇਰਾ." (ਚਰਿਤ੍ਰ ੩੪੪)

ਖਦੰਗ: ਦੇਖੋ, ਖਤੰਗ ੪. ਅਤੇ ੫.

ਖਦੰਗਨੀ: ਖਤੰਗ ਵਾਲੀ. ਤੀਰ ਕਮਾਨ ਧਾਰਨ ਵਾਲੀ.

ਖੱਦਰ: ਸੰਗਯਾ- ਇੱਕ ਪ੍ਰਕਾਰ ਦਾ ਖਰਦਰਾ ਵਸਤ੍ਰ, ਜੋ ਦੇਸੀ ਜੁਲਾਹਿਆਂ ਦਾ ਬੁਣਿਆ ਹੁੰਦਾ ਹੈ.

ਖਦ੍ਯੋਤ, ਖਦ੍ਯੋਤਨ: ਸੰ. ਸੰਗਯਾ- ਖ (ਆਕਾਸ਼) ਵਿੱਚ ਜੋ ਦ੍ਯੋਤ (ਚਮਕਦਾ ਹੈ) ਸੂਰਜ। ੨. ਪਟਬੀਜਨਾ. ਜੁਗਨੂੰ. ਟਨਾਣਾ. ਟਿਟਾਣਾ. ਅੱਗ ਦੀ ਚਿੰਗਾੜੀ ਵਾਂਙ ਚਮਕਣ ਵਾਲਾ ਇੱਕ ਜੀਵ, ਜੋ ਹਵਾ ਵਿੱਚ ਉਡਦਾ ਹੈ. ਸਲ੍ਹਾਬੇ ਥਾਵਾਂ ਵਿੱਚ ਇਹ ਵਿਸ਼ੇਸ਼ ਹੋਇਆ ਕਰਦਾ ਹੈ. ਕਈ ਕਵੀਆਂ ਨੇ ਖਦ੍ਯੋਤ ਅਤੇ 'ਰਿੰਗਣਜੋਤਿ' ਇੱਕ ਹੀ ਸਮਝ ਰੱਖਿਆ ਹੈ, ਪਰ ਇਨ੍ਹਾਂ ਵਿੱਚ ਭਾਰੀ ਭੇਦ ਹੈ. ਰਿੰਗਣਜੋਤਿ ਉਡਦਾ ਨਹੀਂ, ਉਹ ਜ਼ਮੀਨ ਤੇ ਰਿੰਗਮਾਣ ਹੋਇਆ ਚਮਕਦਾ ਹੈ.

ਖਨ: ਸੰ. ਖਨ ਧਾ ਪਾੜਨਾ. ਖੋਦਣਾ. ਖੁਣਨਾ. ਪੁੱਟਣਾ। ੨. ਸੰਗਯਾ- ਖੰਡ. ਟੂਕ. "ਹਉ ਤਿਸੁ ਵਿਟਹੁ ਖਨ ਖੰਨੀਐ." (ਮਾਰੂ ਮਃ ੪) ਮੈ ਉਸ ਤੋਂ ਖੰਡ ਖੰਡ, ਭਾਵ-. ਕੁਰਬਾਨ ਹੋਂਦਾ ਹਾਂ। ੩. ਫ਼ਾ. ਖ਼ਨ. ਘਰ. ਖ਼ਾਨਹ ਦਾ ਸੰਖੇਪ। ੪. ਮੰਜ਼ਿਲ. ਛਤਾਉ ਦਾ ਦਰਜਾ. ਇਸੇ ਤੋਂ ਪੰਜਾਬੀ 'ਖਣ' ਹੈ.

ਖਨਕ: ਸੰ. ਵਿ- ਖੋਦਣ (ਪੁੱਟਣ) ਵਾਲਾ। ੨. ਸੰਗਯਾ- ਚੂਹਾ। ੩. ਸੰਨ੍ਹ ਲਾਉਣ ਵਾਲਾ ਚੋਰ.

ਖਨਖੰਨੀਐ: ਦੇਖੋ, ਖਨ ੨.

ਖਨਨ: ਸੰ. ਕ੍ਰਿ- ਖੋਦਣਾ. ਖੁਣਨਾ. ਪੁੱਟਣਾ। ੨. ਪਾੜਨਾ. ਚੀਰਨਾ. ਦੇਖੋ, ਖਨ ਧਾ.

ਖਨਨੀ: ਸੰਗਯਾ- ਖਨਯਿਤ੍ਰੀ. ਖੋਦਣ ਦਾ ਸੰਦ, ਕਹੀ. ਕਸੀ. "ਵ੍ਰਿਧ ਵਚ ਤੇ ਖਨਨੀ ਲੇ ਹਾਥ। ਟੱਕ ਲਗਾਯ ਚਿਤਵ

ਗੁਰੁਨਾਥ."[424] (ਗੁਪ੍ਰਸੂ)

ਖਨਲੀ: ਦੇਖੋ, ਖੰਨਲੀ.

ਖਨਵਾਦ: ਸੰਗਯਾ- ਖੰਡਨਵਾਦ. ਉਹ ਚਰਚਾ, ਜੋ ਦੂਜੇ ਦੇ ਸਿੱਧਾਂਤ ਨੂੰ ਖੰਡਨ ਕਰਨ ਲਈ ਹੋਵੇ. "ਚਉਦਹਿ ਖਨਵਾਦੇ." (ਭਾਗੁ) ਚੌਦਾਂ ਵਿਦਯਾ ਦਾ ਖੰਡਨਵਾਦ.

ਖਨਵਾਰਾ, ਖਨਵਾਰੀ: ਵਿ- ਖਨਨ (ਖੋਦਣ) ਵਾਲਾ। ੨. ਸੰਗਯਾ- ਖਾਨਿ ਖੋਦਣ ਵਾਲਾ ਪੁਰਖ (Miner).

"ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ." (ਭਾਗੁ ਕ) "ਜਯੋਂ ਖਨਵਾਰੀ ਪਾਵਹਿ ਹੀਰਾ." (ਨਾਪ੍ਰ)

ਖਨਿ: ਕ੍ਸ਼ਣ ਮੇ. ਪਲ ਵਿੱਚ। ੨. ਖਨਨ ਕਰਕੇ. ਖੋਦਕੇ. ਖੁਰਚਕੇ. "ਕਾਲੁਖ ਖਨਿ ਉਤਾਰ." (ਸਵੈਯੇ ਮਃ ੨. ਕੇ) ੩. ਸੰ. ਸੰਗਯਾ- ਖਾਨਿ. ਕਾਨ. ਧਾਤੁ ਅਤੇ ਰਤਨਾਂ ਦੇ ਨਿਕਲਣ ਦਾ ਥਾਂ (Mine).

ਖਨਿਜ: ਖਾਨਿ (ਕਾਨ) ਤੋਂ ਪੈਦਾ ਹੋਣ ਵਾਲੇ ਧਾਤੁ, ਉਪਧਾਤੁ ਅਤੇ ਰਤਨ ਆਦਿਕ.

ਖਨੀ: ਖਨਨ ਕੀਤੀ, ਖੋਦੀ. ਖੁਣੀ। ੨. ਦੇਖੋ, ਖਨਿ.

ਖਪ: ਸੰ. ਕ੍ਸ਼ਪ ਧਾ- ਪ੍ਰੇਰਨਾ- ਭੇਜਣਾ- ਫੈਂਕਣਾ। ੨. ਸੰ. ਕ੍ਸ਼ਿਪ੍ ਧਾ- ਫੈਂਕਣਾ, ਨਸ਼੍ਟ ਕਰਨਾ, ਮਾਰਨਾ, ਦੋਸ਼ ਲਾਉਣਾ, ਖਿੱਚਣਾ, ਬੰਨ੍ਹਣਾ. ਇਸੇ ਤੋਂ ਪੰਜਾਬੀ ਦਾ ਸ਼ਬਦ 'ਖਪਣਾ' ਅਤੇ 'ਖੱਪ' ਬਣਿਆ ਹੈ.

ਖਪਟ: ਵਿ- ਖਪਾਉਣ ਵਾਲਾ. ਵਿਨਾਸ਼ਕ. "ਖਪਟ ਖਲ ਗਰਜਤ." (ਕਾਨ ਮਃ ੫) ਵਿਨਾਸ਼ਕ ਵਿਕਾਰ ਗਰਜਤ। ੨. ਕੁਰੂਪ. ਬਦਸ਼ਕਲ। ੩. ਦੁਬਲਾ. ਕਮਜ਼ੋਰ। ੪. ਖ (ਆਕਾਸ਼) ਹੀ ਜਿਸ ਦਾ ਪਟ (ਵਸਤ੍ਰ) ਹੈ. ਨੰਗ ਧੜੰਗਾ। ੫. ਦੇਖੋ, ਖਪੁਟ.

ਖਪਟੀ: ਵਿ- ਖਪਾਉਣ ਵਾਲਾ। ੨. ਸੰਗਯਾ- ਖਰਪਾੜ. ਪਾੜੀ ਹੋਈ ਲੱਕੜ ਦਾ ਖੰਡ.

ਖਪਟੁ: ਦੇਖੋ, ਖਪਟ। ੨. ਖ (ਆਕਾਸ਼) ਦਾ ਹਾਲ ਜਾਣਨ ਵਿੱਚ ਜੋ ਪਟੁ (ਨਿਪੁਣ) ਹੈ. ਖਗੋਲ ਦਾ ਗਯਾਤਾ.

ਖਪਣਾ: ਕ੍ਰਿ- ਨਾਸ਼ ਹੋਣਾ. ਦੇਖੋ, ਖਪ. "ਖਿਮਾ ਵਿਹੂਣੇ ਖਪਿ ਗਏ." (ਓਅੰਕਾਰ) "ਖਿਨ ਮਹਿ ਉਪਜੈ ਖਿਨਿ ਖਪੈ." (ਸ੍ਰੀ ਅਃ ਮਃ ੧) ੨. ਖ਼ਰਚ ਹੋਣਾ। ੩. ਜਜਬ ਹੋਣਾ। ੪. ਬੰਧਾਇਮਾਨ ਹੋਣਾ. ਬੰਨ੍ਹੇ ਜਾਣਾ. "ਬਿਖੁ ਮਾਇਆ ਮਹਿ ਨਾ ਓਇ ਖਪਤੇ." (ਬਾਵਨ)

ਖਪਤ, ਖਪਤਿ: ਸੰਗਯਾ- ਕ੍ਸ਼ਯ. ਵਿਨਾਸ਼. "ਓਪਤਿ ਖਪਤਿ ਨ ਆਵਣ ਜਾਣੀ." (ਮਾਰੂ ਸੋਲਹੇ ਮਃ ੧) ੨. ਖ਼ਰਚ. ਸਰਫ਼। ੩. ਦੇਖੋ, ਖਬਤ ਅਤੇ ਖਬਤੀ। ੪. ਖ (ਆਕਾਸ਼) ਦਾ ਪਤਿ ਸੂਰਜ.

ਖਪਰ: ਸੰ. ਕਪੱਰ. ਸੰਗਯਾ- ਖੋਪਰੀ. ਸਿਰ ਦੀ ਹੱਡੀ, ਜੋ ਪਿਆਲੇ ਦੇ ਆਕਾਰ ਦੀ ਹੈ। ੨. ਸੰ. ਖਪੱਰ. ਭਿਖਯਾ ਦਾ ਪਾਤ੍ਰ। ੩. ਚੋਰ.

ਖਪਰਾ: ਸੰਗਯਾ- ਇੱਕ ਪ੍ਰਕਾਰ ਦਾ ਕੀੜਾ, ਜੋ ਦਾਣੇ ਖਾਕੇ ਥੋਥੇ ਕਰ ਦਿੰਦਾ ਹੈ। ੨. ਸੰ. ਕ੍ਸ਼ੁਰਪਤ੍ਰ. ਚੌੜੇ ਫਲ ਦਾ ਤੀਰ. "ਤੀਖਨ ਖਪਰੇ." (ਗੁਪ੍ਰਸੂ)

ਖਪਰਾਲੀ: ਖੱਪਰ (ਖੋਪਰੀ) ਧਾਰਣ ਵਾਲੀ, ਯੋਗਿਨੀ ਅਥਵਾ ਕਾਲੀ. "ਹੱਸੀ ਖਪਰਾਲੀ." (ਵਿਚਿਤ੍ਰ)

ਖਪਰੀ: ਖੋਪਰੀਧਾਰੀ। ੨. ਭਿਖਯਾ ਮੰਗਣ ਦੀ ਕਿਸ਼ਤੀ ਰੱਖਣ ਵਾਲਾ. ਦੇਖੋ, ਖਪਰ. "ਖਲੜੀ ਖਪਰੀ ਲਕੜੀ ਚਮੜੀ." (ਆਸਾ ਮਃ ੧) ਚਰਮਪੋਸ਼, ਕਪਾਲਿਕ, ਦੰਡੀਸੰਨਯਾਸੀ, ਮ੍ਰਿਗਚਰਮਧਾਰੀ ਬ੍ਰਹਮਚਾਰੀ.

---

[424] ਗੁਰੂ ਨਾਨਕ ਦੇਵ ਜੀ ਨੂੰ.

ਖਪਰੈਲ: ਵਿ- ਖਪਰਾ ਰੱਖਣ ਵਾਲਾ. ਦੇਖੋ, ਖਪਰਾ ੨.। ੨. ਸੰਗਜਾ- ਖਪਰਾਪਟੜੀ. ਆਵੀ ਵਿੱਚ ਪਕਾਈ ਮਿੱਟੀ ਦੀ ਚਪਟੀ ਅਤੇ ਗੋਲ ਇੱਟ. Tile. ਇਹ ਘਰਾਂ ਦੀਆਂ ਛੱਤਾਂ ਲਈ ਵਰਤੀਦੀ ਹੈ.

ਖਪਾਉਣਾ: ਕ੍ਰਿ- ਨਾਸ਼ ਕਰਨਾ। ੨. ਖ਼ਰਚ ਕਰਨਾ. ਦੇਖੋ, ਖਪ ਧਾ.

ਖਪਿ: ਖਪਕੇ. "ਖਪਿ ਹੋਏ ਖਾਰੁ." (ਵਾਰ ਆਸਾ)

ਖਪੁਟ: ਸੰ. ਸੰਗਜਾ- ਸ਼ੇਰ ਦਾ ਨਹੁੰ (ਨਾਖ਼ੁਨ). ੨. ਦੇਖੋ, ਖ਼ਪਟ.

ਖੱਪ: ਦੇਖੋ, ਖਪ.

ਖੱਪੀ: ਖੱਪ (ਰੌਲਾ) ਪਾਉਣ ਵਾਲਾ.

ਖ਼ਫ਼ਕਾਨ, ਖ਼ਫ਼ਕ਼ਾਨ, ਖਫਗਾਨ: ਦੇਖੋ, ਦਹਲ.

ਖ਼ਫ਼ਗੀ: ਫ਼ਾ. خفگی ਸੰਗਜਾ- ਨਾਰਾਜਗੀ. ਰੰਜ. ਗ਼ੁੱਸਾ.

ਖ਼ਫ਼ਤਾਨ: ਤੁ. خفتان ਸੰਗਜਾ- ਕਵਚ (ਸੰਜੋ) ਦੇ ਹੇਠ ਪਹਿਨੀ ਹੋਈ ਕੁੜਤੀ.

ਖਫਨ: ਦੇਖੋ, ਕਫਨ.

ਖਫਨੀ: ਦੇਖੋ, ਕਫਨੀ.

ਖ਼ਫ਼ਾ: ਫ਼ਾ. خفا ਵਿ- ਜਿਸ ਦਾ ਗਲ ਘੁੱਟਿਆ ਗਿਆ ਹੈ। ੨. ਨਾਰਾਜ. ਅਪ੍ਰਸੰਨ. ਨਾਖ਼ੁਸ਼.

ਖ਼ਫ਼ੀ: ਅ਼. خفی ਵਿ. ਗੁਪਤ. ਪੋਸ਼ੀਦਾ.

ਖ਼ਫ਼ੀਫ਼: ਅ਼. خفیف ਵਿ- ਹਲਕਾ. ਹੌਲਾ। ੨. ਥੋੜਾ. ਕਮ. ਘੱਟ. ਅਲਪ। ੩. ਤੁੱਛ. ਅਦਨਾ। ੪. ਲੱਜਿਤ. ਸ਼ਰਮਿੰਦਾ.

ਖੱਫਣ: ਦੇਖੋ, ਕਫਨ.

ਖ਼ਬੜ, ਖ਼ਬਤ਼: ਅ਼. خبط ਸੰਗਜਾ- ਹੱਥ ਪੈਰ ਮਾਰਨ ਦੀ ਕ੍ਰਿਯਾ। ੨. ਉਨਮਾਦ. ਪਾਗਲਪੁਣਾ.

ਖ਼ਬਤੀ, ਖ਼ਬਤ਼ੀ: ਅ਼. خبطی ਵਿ- ਸੌਦਾਈ. ਸਿਰੜਾ.

ਖ਼ਬਰ: ਅ਼. خبر ਸੰਗਜਾ- ਸੁਧ. ਸਮਾਚਾਰ. ਹਾਲ। ੨. ਗ੍ਯਾਨ. ਸਮਝ. ਬੋਧ। ੩. ਇੱਤ਼ਿਲਾ. ਸੂਚਨਾ. "ਮਤ ਘਾਲਹੁ ਜਮਕੀ ਖਬਰੀ." (ਬਿਲਾ ਕਬੀਰ) ੪. ਨਿਗਹਬਾਨੀ. ਨਿਗਰਾਨੀ. "ਸਿੰਚਨਹਾਰੈ ਏਕੈ ਮਾਲੀ। ਖਬਰਿ ਕਰਤੁ ਹੈ ਪਾਤ ਪਤ ਡਾਲੀ." (ਆਸਾ ਮਃ ੫)

ਖ਼ਬਰਦਾਰ: ਫ਼ਾ. خبردار ਵਿ- ਸਾਵਧਾਨ. ਸੁਧਵਾਲਾ. ਹੋਸ਼ਿਆਰ.

ਖ਼ਬਰਦਾਰੀ: ਫ਼ਾ. خبرداری ਸੰਗਜਾ- ਸਾਵਧਾਨਤਾ. ਹੋਸ਼ਿਆਰੀ। ੨. ਖ਼ਬਰ ਰੱਖਣ ਦੀ ਕ੍ਰਿਯਾ.

ਖਬਰਿ: ਦੇਖੋ, ਖਬਰ.

ਖਬਰੀ: ਸੰਗਜਾ- ਦੂਤ. ਖਬਰ (ਸਮਾਚਾਰ) ਲੈ ਜਾਣ ਵਾਲਾ। ੨. ਚਿੱਠੀ. ਸਮਾਚਾਰਪਤ੍ਰਿਕਾ। ੩. ਦੇਖੋ, ਖ਼ਬਰ.

ਖਬਰੁ: ਦੇਖੋ, ਖ਼ਬਰ.

ਖਬੀਸ: ਅ਼. خبیث ਖ਼ਬੀਸ. ਵਿ- ਅਪਵਿਤ੍ਰ. ਨਾਪਾਕ। ੨. ਦੁਸ਼੍ਟ. ਪਾਂਮਰ। ੩. ਜਿੰਨ. ਦੇਉ.

ਖਬੀਰ: ਦੇਖੋ, ਖ਼ਮੀਰ.

ਖੱਬਚੂ: ਵਿ- ਖੱਬੇ ਹੱਥ ਨਾਲ ਵਸਤੁ ਉਠਾਉਣ ਵਾਲਾ. ਜੋ ਸੱਜੇ ਹੱਥ ਦੀ ਥਾਂ ਖੱਬਾ ਵਰਤਦਾ ਹੈ.

ਖੱਬਲ: ਦੂਰਵਾ. ਇੱਕ ਪ੍ਰਕਾਰ ਦਾ ਘਾਸ, ਜਿਸ ਦੀ ਸ਼ਾਖਾ (ਤਿੜ੍ਹ) ਬਹੁਤ ਲੰਮੀ ਹੁੰਦੀ ਹੈ. ਇਹ ਬਾਰਾਂ ਮਹੀਨੇ ਸਬਜ਼ ਰਹਿੰਦਾ ਹੈ, ਅਤੇ ਘੋੜਿਆਂ ਦੀ ਪਿਆਰੀ ਖ਼ੁਰਾਕ ਹੈ. ਬਾਗਾਂ ਵਿੱਚ ਹਰਿਆਵਲ ਲਈ ਅਤੇ ਗੇਂਦ ਖੇਡਣ ਦੇ ਮੈਦਾਨਾਂ ਵਿੱਚ ਖੱਬਲ ਲਾਇਆ ਜਾਂਦਾ ਹੈ. L. Cynozon Dactylon. ਇਸ ਦੀ ਜੜ ਦਾ ਰਸ ਜ਼ਖਮ ਦਾ ਅਤੇ ਬਵਾਸੀਰ ਦਾ ਲਹੂ ਬੰਦ ਕਰਦਾ ਹੈ. ਜਲੋਦਰ ਹਟਾਉਂਦਾ ਹੈ.

ਖੱਬਾ: ਸੰ. ਸਵ੍ਯ. ਵਿ- ਬਾਇਆਂ. ਚਪ.

ਖੱਬਾ ਸੱਜਾ: ਵਿ- ਬਾਯਾਂ ਦਾਯਾਂ (ਬਾਇਆਂ ਦਾਇਆਂ). ੨. ਭਾਵ- ਬੁਰਾ ਭਲਾ। ੩. ਏਧਰ ਓਧਰ.

ਖਭਾਰ, ਖੰਭਾਰ: ਸੰਗਯਾ- ਕ੍ਸ਼ੋਭ. ਘਬਰਾਹਟ. "ਪਰਜੋ ਸਰਬ ਪਰਿਵਾਰ ਖਭਾਰੂ." (ਗੁਪ੍ਰਸੂ) ੨. ਖ (ਆਕਾਸ਼) ਭੀ ਜਿਸ ਤੋਂ ਭਾਰੀ ਪ੍ਰਤੀਤ ਹੋਵੇ, ਅਜੇਹੀ ਮੁਸੀਬਤ.

ਖ਼ਮ: ਫ਼ਾ. خم ਸੰਗਯਾ- ਟੇਢ. ਵਿੰਗ. ਝੁਕਾਉ। ੨. ਭੁਜਦੰਡ। ੩. ਸੰ. ਖ (ਆਕਾਸ਼) ਨੂੰ ਜੋ ਮੀਯਤੇ (ਮਿਣ- ਲਵੇ) ਤੀਰ. ਦੇਖੋ, ਖਮਿ.

ਖ਼ਮਸ: ਅ਼. خمس ਵਿ- ਪੰਜ. ਪਾਂਚ.

ਖਮਸਾਨ: ਪ੍ਰਾ. ਸੰਗਯਾ- ਮੇਲ. ਸੰਬੰਧ.

ਖ਼ਮਰ: ਅ਼. خمر ਸੰਗਯਾ- ਸ਼ਰਾਬ (ਮਦਿਰਾ), ਜੋ ਖ਼ਮੀਰ (ਸਾੜੇ) ਤੋਂ ਬਣਾਈ ਗਈ ਹੈ.

ਖਮਿ: ਤੀਰ ਨਾਲ. ਬਾਣ ਸੇ। ੨. ਤੀਰ ਦਾ ਦੇਖੋ, ਖਮ ੩. "ਬਧਿਕੁ ਉਧਾਰਿਓ ਖਮਿ ਪ੍ਰਹਾਰ" (ਬਸੰਃ ਅਃ ਮਃ ੫) ਤੀਰ ਦਾ ਵਾਰ ਕਰਨ ਵਾਲੇ ਬਧਕ ਨੂੰ ਉਧਾਰਿਆ.

ਖ਼ਮੀਰ: ਅ਼. خمیر ਸੰਗਯਾ- ਉਫਾਨ. ਉਬਾਲ। ੨. ਗੁੰਨ੍ਹੇ ਹੋਏ ਆਟੇ ਆਦਿਕ ਦਾ ਉਫਾਨ। ੩. ਸ੍ਵਭਾਵ ਪ੍ਰਕ੍ਰਿਤਿ। ੪. ਸਾੜਾ.

ਖ਼ਮੁਸ਼: ਫ਼ਾ. خمش ਇਹ ਖ਼ਾਮੋਸ਼ ਦਾ ਹੀ ਰੂਪਾਂਤਰ ਹੈ.

ਖਮੋਸ: ਦੇਖੋ, ਖ਼ਾਮੋਸ਼.

ਖ਼ਮੋਸ਼ਾਂ: ਫ਼ਾ. خمشاں ਖ਼ਮੋਸ਼ ਦਾ ਬਹੁਵਚਨ. ਚੁਪ ਕੀਤੇ. ਮੌਨੀ. ਜਿਵੇਂ- ਸ਼ਹਰੇਖ਼ਮੋਸ਼ਾਂ. ਦੇਖੋ, ਖ਼ਾਮੋਸ਼ਸ਼ਹਰ.

ਖ਼ੱਮਾਰ: ਅ਼. خمار ਖ਼ਮਰ (ਸ਼ਰਾਬ) ਵੇਚਣ ਵਾਲਾ.

ਖਯ: ਦੇਖੋ, ਕ੍ਸ਼ਯ.

ਖ਼ਯਾਤ, ਖ਼ਯਾਤ੍ਰ: ਅ਼. خیاط ਸੰਗਯਾ- ਖ਼ੈਤ੍ਰ (ਤਾਗੇ) ਨੂੰ ਵਰਤਣ ਵਾਲਾ. ਦਰਜ਼ੀ. ਕਪੜਾ ਸਿਉਣ ਵਾਲਾ। ੨. ਦੇਖੋ, ਖ੍ਯਾਤ.

ਖ਼ਯਾਨਤ: ਅ਼. خیانت ਸੰਗਯਾ- ਖ਼ੌਨ (ਬਦਨਿਯਤੀ) ਦਾ ਭਾਵ. ਚੋਰੀ। ੨. ਧਰੋਹਰ ਵਿੱਚ ਬੇਈਮਾਨੀ.

ਖਯਾਲ: ਦੇਖੋ, ਖਿਆਲ.

ਖਯਾਲਾ: ਦੇਖੋ, ਖਿਆਲਾ.

ਖਯੋ: ਕ੍ਸ਼ਯ (ਨਾਸ਼) ਹੋਇਆ। ੨. ਖਹਿਆ. ਅੜਿਆ. "ਬਾਨ ਕਮਾਨ ਗਹੇ ਹਰਿ ਸਾਮੁਹੇ ਆਇ ਖਯੋ." (ਕ੍ਰਿਸਨਾਵ)

**ਖਰ:** ਸੰ. ਸੰਗਯਾ- ਜਿਸ ਦੇ ਮੂੰਹ ਦਾ ਖੰ (ਸੁਰਾਖ਼) ਵਡਾ ਹੋਵੇ, ਗਧਾ. ਦੇਖੋ, ਨੰঃ ੧੧. "ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ." (ਵਾਰ ਸਾਰ ਮঃ ੧) ੨. ਇੱਕ ਰਾਖਸ, ਜੋ ਦੂਖਣ (ਦੂਸ਼ਣ), ਦਾ ਭਾਈ ਸੀ. "ਦੂਖਣ ਔ ਖਰ ਦੈਤ ਪਠਾਏ." (ਰਾਮਾਵ) ਇਸ ਨੂੰ ਰਾਮਚੰਦ੍ਰ ਜੀ ਨੇ ਦੰਡਕਬਣ ਵਿੱਚ ਮਾਰਿਆ ਸੀ। ੩. ਕੰਡਾ. ਕੰਟਕ. ਦੇਖੋ, ਫ਼ਾ. ਖ਼ਾਰ. "ਤਿਸ ਖਰ ਧਾਰੇ ਦੇਹ ਪਰ ਯਾਂਤੇ ਸੋ ਮਲੀਨ ਹੈ." (ਨਾਪ੍ਰ) ਕਮਲ ਨੇ ਸ਼ਰੀਰ ਪੁਰ ਕੰਡੇ- ਧਾਰਣ ਕੀਤੇ ਹੋਏ ਹਨ। ੪. ਕਾਉਂ। ੫. ਬਗੁਲਾ. ਵਕ। ੬. ਵਿ- ਤਿੱਖਾ. ਤੇਜ਼. "ਖਰ ਕ੍ਰਿਪਾਣ ਕਰ ਗਹੀ ਕਾਲ." (ਸਲੋਹ) ੭. ਤੱਤਾ. ਤਪ੍ਤ। ੮. ਬੇਰਹਮ. ਕਠੋਰ ਦਿਲ ਵਾਲਾ। ੯. ਸੰ. ਕ੍ਸ਼ਰ੍ ਕ੍ਸ਼ਰ੍. ਧਾ. ਖਰਣਾ. ਪਘਰਣਾ. "ਬਡੇ ਬਡੇ ਬੀਰ ਬਰ ਓਰਾ ਸਮ ਖਰਗੇ." (ਠਾਕੁਰ) ੧੦. ਸੰਗਯਾ- ਖਲ (ਖਲੀ) ਦੇ ਥਾਂ ਭੀ ਖਰ ਸ਼ਬਦ ਹੈ. "ਖਰ ਕੋ ਟੁਕਰੋ ਹਾਥ ਹਮਾਰੇ ਪੈ ਧਰਯੋ." (ਚਰਿਤ੍ਰ ੧੯੨) ੧੧. ਫ਼ਾ. خر ਖ਼ਰ. ਗਧਾ। ੧੨. ਸਾਜ ਬਜਾਉਣ ਦਾ ਡੰਡਾ, ਮਿਜ਼ਰਾਬ. ਚੋਬ. ਡੱਗਾ. "ਸੱਟ ਪਈ ਖਰ ਚਾਮੀ." (ਚੰਡੀ ੩) ਚੰਮ (ਨਗਾਰੇ) ਉੱਤੇ ਖਰ (ਡੱਗੇ) ਦੀ ਸੱਟ ਪਈ. ਦੇਖੋ, ਖਰਚਾਮ। ੧੩. ਸਾਰੰਗੀ ਦਾ ਗਜ਼। ੧੪. ਵਿ- ਵਡਾ। ੧੫. ਖੁਰਦਰਾ. ਖਰਵਾ.

**ਖਰਸ:** ਦੇਖੋ, ਖ਼ਾਰਿਸ਼.

**ਖਰਕ:** ਦੇਖੋ, ਖੜਕ ੨.। ੨. ਜਿਲਾ ਲਹੌਰ ਥਾਣਾ ਬਰਕੀ ਦਾ ਪਿੰਡ. ਦੇਖੋ, ਬੇਰੀ ਸਾਹਿਬ ੨.। ੩. ਦੇਖੋ, ਖਰਕ ਭੂਰਾ.

**ਖਰਕ ਸਿੰਘ:** ਦੇਖੋ, ਖਰਗ ਸਿੰਘ ਅਤੇ ਖੜਗ ਸਿੰਘ.

**ਖਰਕ ਭੂਰਾ:** ਇੱਕ ਪਿੰਡ, ਜੋ ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਥਾਣਾ ਨਰਵਾਣਾ ਵਿੱਚ ਰੇਲਵੇ ਸਟੇਸ਼ਨ ਉਚਾਣਾ ਅਤੇ ਘਸੋ ਤੋਂ ਨੇੜੇ ਹੈ. ਇਸ ਪਿੰਡ ਤੋਂ ਪੂਰਵ ਦੇ ਪਾਸੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਦਿੱਲੀ ਨੂੰ ਜਾਂਦੇ ਵਿਰਾਜੇ ਹਨ. ਗੁਰਦ੍ਵਾਰੇ ਨਾਲ ੧੫੦ ਵਿੱਘੇ ਜ਼ਮੀਨ ਅਤੇ ੨੫ ਰੁਪਯੇ ਸਾਲਾਨਾ ਪਟਿਆਲੇ ਵੱਲੋਂ ਜਾਗੀਰ ਹੈ. ਪੁਜਾਰੀ ਸਿੰਘ ਹੈ.

**ਖਰਕਾ:** ਦੇਖੋ, ਖੜਕਾ. "ਧੁਨਿ ਸੰਖ ਬਜਾਯ ਕਰਯੋ ਖਰਕਾ." (ਚੰਡੀ ੧) ੨. ਗਧੇ ਲਈ ਭੀ ਖਰਕਾ ਸ਼ਬਦ ਨਫਰਤ ਨਾਲ ਵਰਤਿਆ ਜਾਂਦਾ ਹੈ.

**ਖ਼ਰਖ਼ਸ਼ਾ:** ਫ਼ਾ. خرخشہ ਸੰਗਯਾ- ਝਗੜਾ. ਟੰਟਾ. ਬਖੇੜਾ। ਡਰ. ਭੈ. ਖ਼ੌਫ਼.

**ਖਰਖਰਾ:** ਫ਼ਾ. خرخرہ ਸੰ. ਖਿੰਖਿ ਖਿੰਖਿਰੀ. ਆਰੀ ਦੇ ਦੰਦੇ ਜੇਹੇ ਕੰਡਿਆਂ ਵਾਲਾ ਲੋਹੇ ਦਾ ਇੱਕ ਸੰਦ, ਜੋ ਘੋੜੇ ਦੇ ਬਾਲ ਸਾਫ ਕਰਨ ਲਈ ਵਰਤੀਦਾ ਹੈ. "ਖਰੋ ਖਰਖਰਾ ਖਰੋ ਕਰੰਤਾ." (ਗੁਪ੍ਰਸੂ) ਚੰਗਾ ਖਰਖਰਾ ਖੜਾ (ਖਲੋਤਾ) ਕਰਦਾ ਹੈ.

**ਖਰਗ:** ਦੇਖੋ, ਖੜਗ. "ਤਬ ਬ੍ਰਿਜਭੂਸਨ ਖਰਗ ਗਹਿ." (ਕ੍ਰਿਸਨਾਵ)

**ਖਰਗਸਿੰਘ:** ਜਰਾਸੰਧ ਦਾ ਮਿਤ੍ਰ ਇੱਕ ਮਹਾਨ ਯੋਧਾ, ਖੜਗ ਸਿੰਘ. ਕ੍ਰਿਸ਼ਨਾਵਤਾਰ ਵਿੱਚ ਖਰਗ ਸਿੰਘ ਨਾਮ ਦੀ ਵ੍ਯਾਖ੍ਯਾ ਇਉਂ ਕੀਤੀ ਹੈ- "ਖਰਗ ਰਮਜਤਨੁ ਗਰਮਿਤਾ ਸਿੰਘਨਾਦ ਘਮਸਾਨ। ਪੰਚ ਬਰਨ ਕੋ ਗੁਨ ਲਿਯੋ ਇਹ ਭੂਪਤਿ ਬਲਵਾਨ" ਦੇਖੋ, ਖੜਗ ਸਿੰਘ ਅਤੇ ਗਰਮਿਤਾ ਸ਼ਬਦ.

**ਖ਼ਰਗੋਸ਼:** ਫ਼ਾ. خرگوش ਗਧੇਕੰਨਾ, ਸ਼ਸ਼ਕ. ਸਹਾ.

**ਖਰਚ:** ਫ਼ਾ. خرچ ਖ਼ਰ੍‍ਚ. ਅ਼. خرج ਖ਼ਰਜ. ਸੰਗਯਾ- ਵ੍ਯਯ. ਖਪਤ. ਸਰਫ਼। ੨. ਤੋਸ਼ਾ. "ਖਰਚ ਬੰਨੁ ਚੰਗਿਆਈਆਂ." (ਸੋਰ ਮঃ ੧)

**ਖਰਚਾਮ:** ਖਰ (ਡੰਡਾ) ਚਾਮ (ਚਰ੍‍ਮ). ਚਰਮਦੰਡ. ਚੰਮ ਦਾ ਡੱਗਾ. "ਚੋਟ ਪਈ ਖਰਚਾਮੀ." (ਚੰਡੀ ੩) ਚੋਬਾਂ ਦੀ ਸੱਟ ਨਗਾਰਿਆਂ ਉੱਪਰ ਪਈ. ਦੇਖੋ, ਖਰ ੧੨। ੨. ਪੁਰਾਣੇ ਸਮੇਂ ਲੱਕੜ ਦੇ ਡੰਡੇ ਦੀ ਥਾਂ ਚੰਮ ਦਾ ਗੁੰਦਿਆ ਹੋਇਆ ਡੇਢ ਫੁਟ ਦਾ ਡੰਕਾ ਹੋਇਆ ਕਰਦਾ ਸੀ, ਜਿਸ ਨਾਲ ਨਗਾਰਾ ਵਜਾਇਆ ਜਾਂਦਾ ਸੀ. ਚੰਮ ਦੇ ਖਰ (ਡੰਕੇ) ਦੀ ਚੋਟ ਪਈ। ੩. ਪ੍ਰਤੀਤ ਹੁੰਦਾ ਹੈ ਕਿ ਨਗਾਰੇ ਨਾਲੋਂ ਇੱਕ ਭਿੰਨ ਵਾਜਾ ਭੀ ਖਰਚਾਮ ਹੈ- "ਦੈ ਚੋਬ ਦਮਾਮਨ ਉਸਟ ਖਰੀ, ਖਰਚਾਮ ਅਨੇਕ ਬਜੈਂ

ਝਨਕਾਰਾ." (ਸਲੋਹ) "ਖਰਚਾਮ ਅਸਪੀ ਕੁੰਚਰੀ ਸ਼ੁਤਰੀ." (ਸਲੋਹ) ਇਸ ਤੋਂ ਸਿੱਧ ਹੁੰਦਾ ਹੈ ਕਿ ਖਰਚਾਮ (ਕਠੋਰ ਚੰਮ) ਵਾਲਾ ਵਾਜਾ, ਜੋ ਨਗਾਰੇ ਜੇਹਾ ਹੀ ਕੋਈ ਹੈ, ਉਹ ਘੋੜੇ, ਗਧੇ, ਸ਼ੁਤਰ, ਹਾਥੀ ਉੱਪਰ ਰੱਖਕੇ ਵਜਾਈਦਾ ਸੀ। ੪. ਗਜਾਨੀ ਖਰਚਾਮ ਦਾ ਅਰਥ ਕਰਦੇ ਹਨ- ਗਧੇ ਦੇ ਚੰਮ ਨਾਲ ਮੜ੍ਹਿਆ ਨਗਾਰਾ। ੫. ਗਧੇ ਦਾ ਚੰਮ.

ਖਰਚਾਮੀ: ਖਰਚਾਮ (ਡੰਕੇ) ਦ੍ਵਾਰਾ। ੨. ਖਰਚਾਮ ਉੱਤੇ। ੩. ਵਡੇ ਨਗਾਰੇ ਤੇ। ੪. ਦੇਖੋ, ਖਰਚਾਮ.

ਖਰਚਿ: ਖ਼ਰਚ ਕਰਦੇ. ਖ਼ਰਚਦੇ. "ਖਾਤ ਖਰਚਿ ਕਛੁ ਤੋਟਿ ਨ ਆਵੈ." (ਰਾਮ ਮਃ ੫) ੨. ਖ਼ਰਚਕੇ.

ਖਰਜ: ਗਧੇ ਦਾ ਬੱਚਾ। ੨. ਖੱਚਰ। ੩. ਦੇਖੋ, ਖੜਜ (ਸ਼ੜ੍ਜ) ਸੁਰ ਵਾਲਾ ਤਾਰ। ੫. ਦੇਖੋ, ਖਰਚ। ੬. ਸੰ. खर्ज् ਧਾ- ਪੂਜਾ ਕਰਨਾ. ਖੜਕਾ ਕਰਨਾ. ਦੁੱਖ ਦੇਣਾ.

ਖਰਜੰਦਾਲ: ਕਠੋਰ ਸੁਭਾਉ ਵਾਲਾ ਜੱਲਾਦ. "ਤੁਰਕ ਕਹੈਂ ਖਰਜੰਦਾਲ ਪੰਥ ਹੈ." (ਪ੍ਰਾਪੰਪ੍ਰ)

ਖਰਣਾ: ਸੰ. ਕ੍ਸ਼ਰਣ. ਸੰਗਯਾ- ਚੁਇਣਾ. ਟਪਕਣਾ। ੨. ਬਹਿਣਾ. ਵਗਣਾ। ੩. ਦੇਖੋ, ਖੜਨਾ.

ਖਰਦਰਾ: ਵਿ- ਖੁਰਦੜਾ. ਖਾਰਵਾਲਾ. ਖ਼ਾਰਦਾਰ.

ਖਰਦੂਖਨ: ਸੰ. ਖਰਦੂਸ਼ਣ. ਸੰਗਯਾ- ਧਤੂਰਾ. ਕਨਕ. ਜਿਸ ਦੇ ਖਾਣ ਤੋਂ ਗਧਾ ਮਰ ਜਾਂਦਾ ਹੈ। ੨. ਦੇਖੋ, ਖਰ ਅਤੇ ਦੂਖਨ.

ਖਰਨਾ: ਦੇਖੋ, ਖਰਣਾ. "ਕਈ ਜਨਮ ਗਰਭ ਹਿਰਿ ਖਰਿਆ." (ਗਉ ਮਃ ੫) ੨. ਦੇਖੋ, ਖੜਨਾ, "ਜੋ ਦੀਸੈ ਸੋ ਕਾਲਹਿ ਖਰਣਾ" (ਸੂਹੀ ਮਃ ੫) "ਗ੍ਰਸਿ ਮੀਨਾ ਵਸਿਗਤ ਖਰਿਆ." (ਕਾਨ ਮਃ ੪) "ਜੰਜੀਰ ਬਾਂਧਿਕਰਿ ਖਰੇ ਕਬੀਰ." (ਭੈਰ ਅਃ ਕਬੀਰ)

ਖਰਬ: ਸੰ. ਖਰ੍ਬ. ਸੰਗਯਾ- ਕੁਬੇਰ ਦੀ ਇੱਕ ਨਿਧਿ. ਲੀਲਾਵਤੀ ਅਨੁਸਾਰ ਕ੍ਰੋੜ ਦਾ ਦਸ਼ ਗੁਣਾ ਅਰਬੁਦ, ਅਰਬੁਦ ਦਾ ਦਸ਼ ਗੁਣਾ ਅਬਜ, ਅਬਜ ਦਾ ਦਸ਼ ਗੁਣਾ ਖਰਬ ਹੁੰਦਾ ਹੈ. ਰਾਮਾਇਣ ਵਿੱਚ ਮਹਾਪਦਮ ਨੂੰ ਹਜ਼ਾਰ ਗੁਣਾ ਕਰਨ ਤੋਂ ਖਰਬ ਸੰਖਯਾ ਲਿਖੀ ਹੈ. ਦੇਖੋ, ਸੰਖਯਾ. "ਲਾਖ ਅਰਬ ਖਰਬ ਦੀਨੋ ਦਾਨ." (ਗਉ ਮਃ ੫) ੨. ਵਾਮਨ. ਬਾਉਨਾ। ੩. ਵਿ- ਛੋਟਾ.

ਖਰਬੜ: ਮਰਾ. ਵਿ- ਉੱਚਾ ਨੀਵਾਂ. ਸਮਤਾ ਬਿਨਾ। ੨. ਉਚ ਨੀਚ. "ਖਰਬੜ ਹੋਏ ਖੁਦੀ ਖੁਆਰਾ." (ਭਾਗੁ)

ਖਰਬਾਹਨ, ਖਰਬਾਹਨਿ, ਖਰਬਾਹਨੀ: ਗਧੇ ਉੱਪਰ ਸਵਾਰੀ ਕਰਨ ਵਾਲਾ. ਸੀਤਲਾਦੇਵੀ ਦਾ ਰੂਪ. ਖਰਵਾਹਨ. "ਖਰਬਾਹਨ ਉਹ ਛਾਰ ਉਡਾਵੈ." (ਗੌਂਡ ਨਾਮਦੇਵ) ੨. ਗਧੇ ਦੀ ਸਵਾਰੀ ਕਰਨ ਵਾਲੀ ਸ਼ੀਤਲਾ ਦੇਵੀ. ਖਰਵਾਹਿਨੀ.

ਖਰਬਾੜੂ: ਦੇਖੋ, ਖਰਬੜ। ੨. ਸੰ ਉਰ੍ਵਾਰੁ. ਖ਼ਰਬੂਜ਼ਾ. "ਖਰਬਾੜੂ ਖੀਰਾ." (ਭਾਗੁ)

ਖਰਬੂਜਾ: ਫ਼ਾ. خربُوجہ ਖ਼ਰਬੂਜ਼ਾ. ਇਸ ਦਾ ਉੱਚਾਰਣ ਖ਼ੁਰਪੁਜ਼ਹ ਭੀ ਸਹੀ ਹੈ. ਸੰ. ਖਬੂੰਜ, ਉਰ੍ਵਾਰੁ ਅਤੇ ਦਸ਼ਾਂਗੁਲ. ਇਹ ਸਾਉਣੀ ਦੀ ਫਸਲ ਦਾ ਫਲ ਹੈ, ਜੋ ਬੇਲ ਨੂੰ ਲਗਦਾ ਹੈ. ਇਸ ਦੀ ਤਾਸੀਰ ਗਰਮ ਤਰ ਹੈ. ਬਲੋਚਿਸਤਾਨ ਅਤੇ ਮਿਸਰ ਦੇ ਖਰਬੂਜੇ ਬਹੁਤ ਮਿੱਠੇ ਹੁੰਦੇ ਹਨ. ਕਾਬੁਲੀ ਸਰਦਾ ਭੀ ਇਸੇ ਜਾਤਿ ਵਿੱਚੋਂ ਹੈ.

ਖਰਭਰ, ਖਰਭਰੀ: ਸੰਗਯਾ- ਕ੍ਸ਼ੋਭ. ਘਬਰਾਹਟ. ਖਲਭਲੀ. ਵ੍ਯਾਕੁਲਤਾ. "ਅੰਧ ਧੁੰਧ ਜਗ ਖਰਭਰ ਪਰਜੋ." (ਗੁਪ੍ਰਸੂ) "ਕੇਹਰਿ ਗਰਜਨ ਤੇ ਜਜੋਂ ਕਰੀ। ਹੋਇਂ ਪੁੰਜ, ਤੱਦਪਿ ਖਰਭਰੀ." (ਨਾਪ੍ਰ) ੨. ਰੌਲਾ. ਸ਼ੋਰ.

ਖ਼ਰਮਸਤੀ: ਫ਼ਾ. خرمستی ਸੰਗਯਾ- ਗਧੇ ਜੇਹੀ ਮਸ੍ਤੀ. ਊਧਮ। ੨. ਨਿਰਲੱਜ ਕਾਮਚੇਸ਼੍ਟਾ.

ਖਰਮੋਹਰਾ: ਫ਼ਾ. خرمہرہ ਸੰਗਯਾ- ਕੌਡੀ. ਵਰਾਟਿਕਾ.

ਖਰਲ: ਮੁਸਲਮਾਨਾਂ ਦੀ ਇੱਕ ਜਾਤਿ, ਜੋ ਝੰਗ ਦੇ ਜਿਲੇ ਵਿਸ਼ੇਸ਼ ਹੈ। ੨. ਰਾਜਪੂਤਾਂ ਦਾ ਇੱਕ ਗੋਤ੍ਰ। ੩. ਸੰ. ਖਲ੍ਵ. ਪੱਤਰ ਦੀ ਕਿਸ਼ਤੀਨੁਮਾ ਕੂੰਡੀ, ਜਿਸ ਵਿੱਚ ਸੁਰਮਾ ਅਤੇ ਦਵਾਈ ਵੱਟੇ ਨਾਲ ਬਾਰੀਕ ਪੀਸੀਦੀ ਹੈ. ਇਹ ਖ਼ਾਸ ਕਰਕੇ ਗਯਾ ਵਿੱਚ ਬਹੁਤ ਉਮਦਾ ਬਣਦੇ ਹਨ ਅਰ ਅੱਠ ਆਨੇ ਤੋਂ ਲੈ ਕੇ ਦੋ ਹਜ਼ਾਰ ਰੁਪਯੇ ਦੀ ਕੀਮਤ ਤਕ ਮਿਲਦੇ ਹਨ.

ਖਰਵਾਹਨ, ਖਰਵਾਹਿਨੀ: ਦੇਖੋ, ਖਰਬਾਹਨ.

ਖਰਵਾਰ: ਖਰਵਾਦਿਤ੍ਰ. ਦੇਖੋ, ਖਰਚਾਮ. "ਸੱਟ ਪਈ ਖਰਵਾਰ ਕਉ." (ਚੰਡੀ ੩) ੨. ਦੇਖੋ, ਖਲਵਾੜਾ। ੩. ਸੰ. ਖਰਭਾਰ. ਉਤਨਾ ਭਾਰ ਜੋ ਗਧਾ ਉਠਾ ਸਕੇ. ਫ਼ਾ. خروار ਕਸ਼ਮੀਰ ਵਿੱਚ ਦੋ ਮਨ ਚਾਰ ਸੇਰ ਪੱਕਾ ਭਾਰ 'ਖਰਵਾਰ' ਸੱਦੀਦਾ ਹੈ.

ਖਰਵਾਰਾ: ਦੇਖੋ, ਖਲਵਾੜਾ.

ਖਰੜ: ਸੰਗਯਾ- ਖੜਕਾ। ੨. ਗੱਡੇ ਪੁਰ ਦਾਣੇ ਆਦਿਕ ਲੱਦਣ ਲਈ ਇੱਕ ਸਣੀ ਦਾ ਖੁਰਦਰਾ ਵਸਤ੍ਰ। ੩. ਜਿਲਾ ਅੰਬਾਲਾ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ.

ਖਰਾ: ਵਿ- ਅਤਿ. ਬਹੁਤ. ਅਧਿਕ. "ਤੂ ਮੈ ਖਰਾ ਪਿਆਰਾ." (ਧਨਾ ਮਃ ੧) "ਆਏ ਖਰੇ ਕਠਿਨ ਜਮਕੰਕਰ." (ਬਿਹਾ ਛੰਤ ਮਃ ੫) ਵਡੇ ਕਰੜੇ। ੨. ਖਾਲਿਸ ਸ਼ੁੱਧ. ਬਿਨਾ ਮਿਲਾਵਟ. "ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ." (ਗਉ ਅਃ ਮਃ ੧) ੩. ਸੱਚਾ। ੪. ਨਿਸ਼ਕਪਟ. ਛਲ ਰਹਿਤ। ੫. ਖਲੋਤਾ. ਖੜਾ. "ਅੰਤ ਕੀ ਬਾਰ ਕੋ ਖਰਾ ਨ ਹੋਸੀ." (ਸੋਰ ਮਃ ੫)

ਖਰਾਸ: ਸੰਗਯਾ- ਖਰ (ਖੁਰਦਰੀ) ਆਸ (ਚੱਕੀ). ਅਥਵਾ- ਖਰ (ਵਡੀ) ਆਸ (ਚੱਕੀ). ਆਟਾ ਪੀਹਣ ਦੀ ਵਡੀ ਚੱਕੀ, ਜੋ ਬੈਲ ਆਦਿਕ ਅਥਵਾ ਕਿਸੇ ਹੋਰ ਤ਼ਾਕ਼ਤ ਨਾਲ ਚਲਾਈਦੀ ਹੈ। ੨. ਫ਼ਾ. خراش ਖ਼ਰਾਸ਼. ਝਰੀਟ. ਰਗੜ.

ਖ਼ਰਾਸ਼ੀਦਨ: ਫ਼ਾ. خراشیدن ਕ੍ਰਿ- ਛਿੱਲਣਾ. ਝਰੀਟਣਾ.

ਖਰਾਸੌਦਾ: ਦੇਖੋ, ਚੂਹੜਕਾਣਾ.

ਖਰਾਹਟ: ਜਿਲਾ ਮਾਂਟਗੁਮਰੀ, ਤਸੀਲ ਪਾਕਪਟਨ ਥਾਣਾ ਟਿੱਬੀ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਪਾਕਪਟਨ ਤੋਂ ੧੨. ਮੀਲ ਨੈਰਤ ਕੋਣ ਹੈ. ਇੱਥੇ ਗੁਰੂ ਨਾਨਕ ਦੇਵ ਦਾ ਗੁਰਦ੍ਵਾਰਾ ਹੈ. ਪੁਜਾਰੀ ਉਦਾਸੀ ਹੈ.

ਖਰਾਜ: ਅ਼. خراج ਖ਼ਰਾਜ. ਸੰਗਯਾ- ਖ਼ਰਜ (ਨਿਕਾਲਣ) ਦੀ ਕ੍ਰਿਯਾ. ਮੁਆ਼ਮਲਾ. ਮਹਿਸੂਲ. ਟੈਕਸ. ਦੇਖੋ, ਖਿਰਾਜ.

ਖ਼ਰਾਤ, ਖ਼ਰਾਤ਼, ਖ਼ਰਾਦ: ਅ਼. خراط ਫ਼ਾ. خراد ਸੰਗਯਾ- ਤਰਾਸ਼ਣ (ਛਿੱਲਣ) ਦੀ ਕ੍ਰਿਯਾ। ੨. ਇੱਕ ਲੁਹਾਰਾ ਅਤੇ ਤਖਾਣਾ ਯੰਤ੍ਰ, ਜਿਸ ਨਾਲ ਧਾਤੁ ਅਤੇ ਕਾਠ ਦੀਆਂ ਚੀਜ਼ਾਂ ਗੋਲ ਅਤੇ ਸੁੰਦਰ ਘੜੀਦੀਆਂ ਹਨ. Lathe.

ਖ਼ਰਾਬ: ਅ਼. خراب ਵਿ- ਵੀਰਾਨ. ਉਜੜਿਆ ਹੋਇਆ। ੨. ਬੁਰਾ. ਮੰਦ.

ਖ਼ਰਾਬੀ: ਫ਼ਾ. خرابی ਤਬਾਹੀ. ਬਰਬਾਦੀ। ੨. ਬੁਰਾਈ.

ਖਰਾਯਤ: ਦਾਨ. ਦੇਖੋ, ਖੈਰਾਤ. "ਕੇਤਿਕ ਦੇਤ ਫਕੀਰ ਖਰਾਯਤ." (ਨਾਪ੍ਰ)

ਖਰਾਰਿ, ਖਰਾਰੀ: ਖਰ ਦੈਤ ਦਾ ਵੈਰੀ ਰਾਮ. ਦੇਖੋ, ਖਰ। ੨. ਧਤੂਰਾ, ਜਿਸ ਦੇ ਖਾਧੇ ਗਧਾ ਮਰ ਜਾਂਦਾ ਹੈ.

ਖਰਾਲ: ਦੇਖੋ, ਖਰਲ ੩. "ਚੂਨਾ ਸੂਖਮ ਪੀਸ ਖਰਾਲੇ." (ਗੁਪ੍ਰਸੂ) ਖਰਲ ਵਿੱਚ.

ਖਰਾਲੇ: ਖਰਲ ਨਾਲ। ੨. ਖਰਲ ਵਿੱਚ. ਦੇਖੋ, ਖਰਾਲ.

ਖਰਾਂਵ: ਸੰਗਯਾ- ਖੜਾਊਂ. ਪਾਦੁਕਾ. "ਦੇਇ ਖਰਾਂਵ ਸਦਨ ਕੋ ਮੋਰਾ." (ਨਾਪ੍ਰ)

ਖਰਿਆ: ਦੇਖੋ, ਖਰਨਾ ਅਤੇ ਖੜਨਾ। ੨. ਦੇਖੋ, ਖੜੀਆ.

ਖਰੀ: ਖਰਾ ਦਾ ਇਸਤ੍ਰੀ ਲਿੰਗ. "ਰਸਨਾ ਹਰਿਜਸ ਗਾਵੈ ਖਰੀ ਸੁਹਾਵਣੀ." (ਵਾਰ ਸੋਰ ਮਃ ੪) "ਵਿਚ ਸਾਹੁਰੜੈ ਖਰੀ ਸੋਹੰਦੀ." (ਸ੍ਰੀ ਛੰਤ ਮਃ ੪) ੨. ਸੰ. ਖਰ ਦੀ ਮਦੀਨ. ਗਧੀ। ੩. ਵਿ- ਖਰ (ਗਧੇ) ਨਾਲ ਹੈ ਜਿਸ ਦਾ ਸੰਬੰਧ. "ਅਸਪੀ ਸ਼ੁਤਰੀ ਬਜਤ ਅਸੇਖਾ। ਪੀਲ ਖਰੀ ਨੌਬਤ ਨਹਿ ਲੇਖਾ." (ਸਲੋਹ) ਅਸਪ, ਸ਼ੁਤਰ, ਪੀਲ, ਖਰ ਪੁਰ ਲੱਦੀਆਂ ਨੌਬਤਾਂ ਵਜਦੀਆਂ ਹਨ.

ਖਰੀਆ: ਦੇਖੋ, ਖੜੀਆ.

ਖ਼ਰੀਤਾ, ਖ਼ਰੀਤ਼ਾ: ਅ਼. خریطہ ਸੰਗਜ੍ਞਾ- ਥੈਲੀ। ੨. ਲਿਫ਼ਾਫ਼ਾ ਅਥਵਾ ਗੁਥਲੀ, ਜਿਸ ਵਿੱਚ ਮੁਰਾਸਿਲਾ ਪਾਕੇ ਭੇਜਿਆ ਜਾਵੇ। ੩. ਸ਼ਾਹੀ ਰਸਮੀ ਖ਼ਤ.

ਖ਼ਰੀਦ: ਫ਼ਾ. خرید ਸੰਗਜ੍ਞਾ- ਮੁੱਲ ਲੈਣ ਦੀ ਕ੍ਰਿਯਾ. ਕ੍ਰਯ.

ਖਰੀਦਣਾ, ਖਰੀਦਨਾ: ਫ਼ਾ. خریدن ਖ਼ਰੀਦਨ. ਮੁੱਲ ਲੈਣਾ. ਸੰ. क्रयण "ਮੁੱਲਖਰੀਦੀ ਲਾਲਾ ਗੋਲਾ." (ਮਾਰੂ ਮਃ ੧)

ਖ਼ਰੀਫ਼: ਅ਼. خریف ਸੰਗਜ੍ਞਾ- ਸਾਉਣੀ ਦੀ ਫ਼ਸਲ.

ਖਰੁ: ਦੇਖੋ, ਖਰ। ੨. ਸੰ. ਵਿ- ਮੂਰਖ। ੩. ਬੇਰਹਮ। ੪. ਲੋਭੀ। ੫. ਸੰਗਜ੍ਞਾ- ਦੰਦ. ਦਾਂਤ। ੬. ਘੋੜਾ। ੭. ਸ਼ਿਵ। ੮. ਕਾਮਦੇਵ। ੯. ਅਹੰਕਾਰ.

ਖ਼ਰੂਜ: ਅ਼. خرُوج ਬਾਹਰ ਆਉਣ ਦਾ ਭਾਵ. ਨਿਕਲਣਾ. "ਨਾਨਕ ਕੀਆ ਖਰੂਜ." (ਮਗੋ) ਦੇਖੋ, ਖਾਰਿਜ.

ਖਰੂਦ: ਸੰਗਜ੍ਞਾ- ਖਰਮਸ੍ਤੀ. ਖਰਊਧਮ.

ਖਰੇ: ਦੇਖੋ, ਖਰਾ, ਖਰਨਾ ਅਤੇ ਖੜਨਾ.

ਖਰੇਖਰੋਏ: ਕ੍ਰਿ. ਵਿ- ਪਹਿਰੇ ਪੁਰ ਖੜੇ ਹੋਏ. ਫ਼ੌਜੀ ਪਹਿਰਾ ਦਿੰਦੇ। ੨. ਖੜੇ ਹੋਇਆਂ. ਖਲੇ ਖਲੋਤੇ. "ਖਰੇਖਰੋਏ ਬੈਠਤ ਊਠਤ ਮਾਰਗ ਪੰਥਿ ਧਿਆਵੈਗੋ." (ਕਾਨ ਅਃ ਮਃ ੪)

ਖਰੋਆ: ਖੜਾ. ਦੇਖੋ, ਖਲੋਤਾ.

ਖ਼ਰੋਸ਼: ਫ਼ਾ. خروش ਸੰਗਜ੍ਞਾ- ਸ਼ੋਰ. ਡੰਡ. ਰੌਲਾ.

ਖ਼ਰੋਸ਼ੀਦਨ: ਫ਼ਾ. خروشیدن ਕ੍ਰਿ- ਸ਼ੋਰ ਮਚਾਉਣਾ. ਡੰਡ ਪਾਉਣੀ.

ਖਰੋਟ: ਦੇਖੋ, ਅਖਰੋਟ. "ਖਰੇ ਖਰੋਟ ਸੁ ਦਲਗਨ ਹਰੇ." (ਗੁਪ੍ਰਸੂ)

ਖਰ੍ਹਾ: ਦੇਖੋ, ਖਹਿਰਾ.

ਖਲ: ਸੰ. खल्. ਧਾ- ਬਟੋਰਨਾ- ਕੱਠਾ ਕਰਨਾ- ਇੱਕ ਥਾਂ ਤੋਂ ਦੂਜੇ ਥਾਂ ਕਰਨਾ- ਹਿੱਲਣਾ। ੨. ਸੰਗਜ੍ਞਾ- ਖਲਹਾਨ. ਪਿੜ, ਜਿਸ ਵਿੱਚ ਦਾਣੇ ਕੱਠੇ ਕੀਤੇ ਜਾਣ, ਅਥਵਾ ਹੇਠ ਉੱਪਰ ਹਿਲਾਏ ਜਾਕੇ ਗਾਹੇ ਜਾਣ. "ਲੈ ਤੰਗੁਲੀ ਖਲ ਦਾਨਨ ਜਯੋਂ ਨਭ ਬੀਚ ਉਡਾਈ." (ਕ੍ਰਿਸਨਾਵ) ੩. ਦੇਖੋ, ਖਰਲ। ੪. ਪ੍ਰਿਥਿਵੀ। ੫. ਤਿਲ ਅਥਵਾ ਸਰੋਂ ਆਦਿਕ ਦਾ ਫੋਗ, ਜੋ ਤੇਲ ਕੱਢਣ ਪਿੱਛੋਂ ਬਚ ਰਹਿੰਦਾ ਹੈ। ੬. ਖ (ਆਕਾਸ਼) ਵਿੱਚ ਲੀਨ ਹੋਣ ਵਾਲਾ, ਸੂਰਜ। ੭. ਆਕਾਸ਼ ਜੇਹਾ ਹੈ ਰੰਗ ਜਿਸ ਦਾ, ਤਮਾਲ ਬਿਰਛ। ੮. ਵਿ- ਨੀਚ. ਦੁਸ਼੍ਟ "ਖਲ ਮੂਰਖ ਤੇ ਪੰਡਿਤ ਕਰਬੋ." (ਸਾਰ ਕਬੀਰ) ੯. ਨਿਰਦਯ. ਬੇਰਹਮ। ੧੦. ਦੇਖੋ, ਖੱਲ.

ਖਲਹਲ, ਖਲਹਲੁ: ਸੰਗਜ੍ਞਾ- ਘਬਰਾਹਟ. ਦਹਲ. ਵ੍ਯਾਕੁਲਤਾ. "ਦਿਲ ਖਲਹਲੁ ਜਾਕੈ ਜਰਦ ਰੂ ਬਾਨੀ." (ਭੈਰ ਕਬੀਰ) ਜਿਸ ਦੇ ਦਿਲ ਵਿੱਚ ਖਲਭਲੀ ਹੈ, ਉਸ ਦੇ ਮੂੰਹ ਦੀ ਵੰਨੀ (ਵਰਣ) ਜ਼ਰਦ ਹੈ। ੨. ਦੇਖੋ, ਖਲਲ.

ਖਲਹਾਨ, ਖਲਹਾਨੁ: ਦੇਖੋ, ਖਲ ੨. ਫ਼ਾ ਖ਼ਿਰਮਨ. "ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ." (ਭੈਰ ਮਃ ੫) ਦੇਖੋ, ਖਲਿਹਾਨ.

ਖ਼ਲਕ: ਅ਼. خلق ਖ਼ਲਕ਼. ਸੰਗਜ੍ਞਾ- ਰਚਨਾ. ਸ੍ਰਿਸ਼੍ਟੀ. "ਖਾਲਿਕ ਖਲਕ, ਖਲਕ ਮਹਿ ਖਾਲਿਕ." (ਪ੍ਰਭਾ ਕਬੀਰ) ੨. ਪੈਦਾ ਕਰਣਾ. ਰਚਣਾ.

**ਖਲਕਤ:** ਅ਼. خلقت ਖ਼ਲਕ਼ਤ. ਸੰਗਯਾ- ਸੰਸਾਰ. ਸ੍ਰਿਸ਼੍ਟੀ.

**ਖਲਖੰਡਕ, ਖਲਖੰਡਨ:** ਵਿ- ਦੁਸ਼੍ਟਾਂ ਦੇ ਕੱਟਣ ਵਾਲਾ। ੨. ਸੰਗਯਾ- ਖੜਗ. (ਸਨਾਮਾ)

**ਖਲਖੰਡਨੀ:** ਵਿ- ਦੁਸ਼੍ਟਾਂ ਦੇ ਖੰਡਨ ਕਰਨ ਵਾਲੀ। ੨. ਸੰਗਯਾ- ਕ੍ਰਿਪਾਣ. (ਸਨਾਮਾ) ੩. ਖਲਖੰਡਨ (ਕ੍ਰਿਪਾਣ) ਧਾਰਣ ਵਾਲੀ ਸੈਨਾ. (ਸਨਾਮਾ)

**ਖ਼ਲਜੀ:** خلجی ਅਫ਼ਗਾਨਿਸਤਾਨ ਵਿੱਚ ਇਕ ਖ਼ਲਜ ਨਗਰ ਹੈ ਉਸ ਥਾਂ ਦੇ ਹੋਣ ਕਰਕੇ ਖ਼ਲਜੀ ਸੰਗਯਾ ਹੈ. ਇਸ ਵੰਸ਼ ਜਲਾਲੁੱਦੀਨ ਦਿੱਲੀ ਦਾ ਪ੍ਰਸਿੱਧ ਬਾਦਸ਼ਾਹ ਹੋਇਆ ਹੈ. ਭਾਰਤ ਵਿੱਚ ਖ਼ਲਜੀ ਵੰਸ਼ ਦਾ ਰਾਜ ਸਨ ੧੨੯੦ ਤੋਂ ੧੩੨੦ ਤੀਕ ਰਿਹਾ ਹੈ.

**ਖਲਨ:** ਦੇਖੋ, ਸਖਲਨ। ੨. ਖਲੋਣਾ. ਖੜੇ ਹੋਣਾ। ੩. ਖਲਾਂ ਨੂੰ। ੪. ਖਲਾਂ ਨੇ.

**ਖ਼ਲਫ਼:** ਅ਼. خلیف ਵਿ- ਪਿੱਛੇ ਆਉਣ ਵਾਲਾ. ਅਨੁਚਰ। ੨. ਵਾਰਿਸ. ਮਾਲਿਕ। ੩. ਸੰਗਯਾ- ਸੰਤਾਨ. ਔਲਾਦ। ੪. ਬੇਟਾ. ਪੁਤ੍ਰ.

**ਖਲਮਾਰਕ:** ਵਿ. ਦੁਸ਼੍ਟ ਨੂੰ ਮਾਰਨਵਾਲਾ। ੨. ਸੰਗਯਾ- ਖੜਗ (ਸਨਾਮਾ)

**ਖਲਮੂਰਖ:** ਨੀਚ (ਦੁਸ਼੍ਟ) ਅਤੇ ਬੁੱਧਿ ਵਿਦ੍ਯਾ ਰਹਿਤ. ਦੇਖੋ, ਖਲ ੮.

**ਖਲਰਾ, ਖਲਰੀ:** ਦੇਖੋ, ਖਲੜਾ- ਖਲੜੀ। ੨. ਸੁਲਤਾਨ (ਸਖ਼ੀ ਸਰਵਰ) ਦੇ ਭਗਤਾਂ ਦੇ ਗਲ ਪਹਿਰੀ ਖੱਲ, ਜਿਸ ਪੁਰ ਖੂੰਡੀ ਲਟਕਦੀ ਰਹਿੰਦੀ ਹੈ. "ਖੂੰਡੀ ਖਲਰਾ ਗਲ ਮਹਿ ਧਰੋ." (ਗੁਪ੍ਰਸੂ)

**ਖ਼ਲਲ:** ਅ਼. خلل ਸੰਗਯਾ- ਰੁਕਾਵਟ. ਪ੍ਰਤਿਬੰਧ। ੨. ਵਿਘਨ। ੩. ਖ਼ਰਾਬੀ. "ਖਲਲ ਨਿਜਦਲ ਪਰਜੋ ਸ੍ਵਾਮੀ." (ਸਲੋਹ)

**ਖਲਵਾਇਆ:** ਕ੍ਰਿ- ਖੜਾ ਕਰਵਾਇਆ. "ਭਗਤਾ ਅਗੈ ਖਲਵਾਇਆ." (ਵਾਰ ਵਡ ਮਃ ੪) ੨. ਖਾਦਨ ਕਰਵਾਇਆ. ਭੋਜਨ ਕਰਵਾਇਆ.

**ਖਲਵਾਰਾ, ਖਲਵਾੜਾ:** ਖਲ (ਪਿੜ) ਦਾ ਵਲਗਣ. ਪਿੜਮੰਡਲ. ਦੇਖੋ, ਖਲ ੨. ਖ਼ਿਰਮਨ. "ਖੇਤੀ ਜਿਨ ਕੀ ਉਜੜੈ ਖਲਵਾੜੈ ਕਿਆ ਥਾਉ?" (ਵਾਰ ਸਾਰ ਮਃ ੧) "ਸਭ ਕੂੜੈ ਕੇ ਖਲਵਾਰੇ." (ਨਟ ਅਃ ਮਃ ੪)

**ਖਲੜਾ, ਖਲੜੀ:** ਸੰਗਯਾ- ਚਰਮ. ਤੁਚਾ. ਖਾਲ. ਦੇਖੋ, ਖਲ। ੨. ਚੰਮ ਦੀ ਥੈਲੀ. "ਭਉ ਤੇਰਾ ਭਾਂਗ ਖਲੜੀ ਮੇਰਾ ਚੀਤ." (ਤਿਲੰ ਮਃ ੧) ੩. ਵਿ- ਦੇਖੋ, ਖਪਰੀ. "ਖਲੜੀ ਖਪਰੀ ਲਕੜੀ ਚਮੜੀ." (ਆਸਾ ਮਃ ੧)

**ਖਲਾ:** ਵਿ- ਖੜਾ. ਖਲੋਤਾ. "ਸਾਜਨੁ ਸਭਕੈ ਨਿਕਟਿ ਖਲਾ." (ਰਾਮ ਛੰਤ ਮਃ ੫) ੨. ਖਲ ਦਾ ਬਹੁਵਚਨ. "ਸੇ ਅਪਵਿਤ੍ਰ ਅਮੇਧ ਖਲਾ." (ਵਾਰ ਗਉ ੧. ਮਃ ੪) ਦੇਖੋ, ਖਲ ੮। ੩. ਦੇਖੋ, ਖੱਲ.

**ਖਲਾਸ:** ਅ਼. خلاص ਖ਼ਲਾਸ. ਵਿ- ਨਿਰਬੰਧ. ਮੁਕਤ. ਆਜ਼ਾਦ. ਖਲਾਸਾ. "ਦਰਗਹਿ ਹੋਇ ਖਲਾਸ." (ਸਾਰ ਮਃ ੫) "ਕਹਿ ਰਵਿਦਾਸ ਖਲਾਸ ਚਮਾਰਾ." (ਗਉ)

**ਖਲਾਸਾ:** ਦੇਖੋ, ਖਲਾਸ ਅਤੇ ਖੁਲਾਸਾ.

**ਖਲਾਸੀ:** ਫ਼ਾ. خلاصی ਖ਼ਲਾਸੀ. ਸੰਗਯਾ- ਰਿਹਾਈ. ਛੁਟਕਾਰਾ. ਮੁਕਤਿ. "ਤਿਸੁ ਭਈ ਖਲਾਸੀ ਹੋਈ ਸਗਲ ਸਿਧਿ." (ਗਉ ਅਃ ਮਃ ੫) ੨. ਜਹਾਜ਼ ਦਾ ਉਹ ਨੌਕਰ, ਜੋ ਬੰਦਰ ਵਿੱਚ ਬੱਧੇ ਜਹਾਜ਼ ਦਾ ਬੰਧਨ ਖੋਲ੍ਹਦਾ ਹੈ। ੩. ਤੰਬੂ ਦੇ ਰੱਸੇ ਖੋਲ੍ਹਕੇ ਖ਼ੇਮੇ ਅਤੇ ਕਨਾਤ ਨੂੰ ਲਪੇਟਨ ਵਾਲਾ ਸੇਵਕ.

**ਖਲਾਸੁ:** ਦੇਖੋ, ਖਲਾਸ. "ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ." (ਮਾਝ ਬਾਰਹਮਾਹਾ)

ਖਲਾਫਤ: ਖਲੀਫਾ ਦੀ ਪਦਵੀ। ੨. ਖਲੀਫਾ ਦਾ ਕਰਮ. ਦੇਖੋ, ਖਲੀਫਾ.

ਖਲਾਵਨਾ: ਕ੍ਰਿ- ਖਾਦਨ ਕਰਾਉਣਾ. ਭੋਜਨ ਕਰਵਾਉਣਾ. "ਖਲਾਵੈ ਭੋਜਨ." (ਧਨਾ ਮਃ ੫)

ਖਲਿ: ਸੰ. ਸੰਗਯਾ- ਤੇਲ ਕੱਢਣ ਪਿੱਛੋਂ ਤਿਲ ਸਰਸੋਂ ਆਦਿਕ ਦਾ ਫੋਗ. "ਨਾ ਖਲਿ ਭਈ ਨਾ ਤੇਲ." (ਸ. ਕਬੀਰ) ਖਲ ਅਤੇ ਖਲਿ ਦੋਵੇਂ ਸੰਸਕ੍ਰਿਤ ਸ਼ਬਦ ਸਹੀ ਹਨ। ੨. ਦੇਖੋ, ਖਲ.

ਖਲਿਆ: ਖੜੋਤਾ. ਖੜਾ। ੨. ਕ੍ਰਿ. ਵਿ- ਖੜੋਨ ਸਮੇਂ. ਖਲੋਤਿਆਂ. "ਸੋਵਤ ਬੈਸਤ ਖਲਿਆ." (ਸੂਹੀ ਛੰਤ ਮਃ ੫)

ਖਲਿਆਨ: ਦੇਖੋ, ਖਲ ੨. ਅਤੇ ਖਲਿਹਾਨ.

ਖਲਿਇ: ਕ੍ਰਿ. ਵਿ- ਖੜੋਕੇ. ਖੜੇ ਹੋਕਰ. "ਖਲਿਇ ਕੀਚੈ ਅਰਦਾਸਿ." (ਵਾਰ ਮਾਰੂ ੧. ਮਃ ੨)

ਖਲਿਹਾਨ: ਦੇਖੋ, ਖਲ ੨.। ੨. ਸੰ. ਖਲਿਨੀ. ਪਿੜਾਂ ਦਾ ਸਮੁਦਾਯ. ਜਿਸ ਥਾਂ ਕਈ ਖਲਸ੍ਥਾਨ (ਪਿੜ) ਇਕੱਠੇ ਹੋਣ।

ਖਲਿਹਾਨਿ: ਖਲਹਾਨ (ਪਿੜ) ਵਿੱਚ. "ਕੋਈ ਵਾਹੇ ਕੋ ਲੁਣੇ ਕੋ ਪਾਏ ਖਲਿਹਾਨਿ." (ਵਾਰ ਬਿਲਾ ਮਃ ੧)

ਖਲਿਤ: ਦੇਖੋ, ਸਖਲਿਤ.

ਖਲੀ: ਦੇਖੋ, ਖਲ ੨. ਅਤੇ ਖਲਿ। ੨. ਵਿ- ਖੜੋਤੀ. "ਹਥ ਜੋੜਿ ਖਲੀ ਸਭਿ ਹੋਈ." (ਵਾਰ ਬਿਹਾ ਮਃ ੪) ੩. ਸੰ. ਸੰਗਯਾ- ਮੂੰਹ ਦੇ ਖ (ਛਿਦ੍ਰ) ਵਿੱਚ ਜੋ ਲੀਨ (ਲੁਕੀ) ਹੋਵੇ, ਕਵਿਤਾ. ਲਗਾਮ. ਕੜਿਆਲਾ.

ਖ਼ਲੀਕ, ਖ਼ਲੀਕ਼: ਅ਼. خلیق ਵਿ- ਖ਼ੁਲਕ਼ (ਚੰਗੇ ਸੁਭਾਉ) ਵਾਲਾ.

ਖ਼ਲੀਜ: ਅ਼. خلیج ਸੰਗਯਾ- ਸਮੁੰਦਰ ਦਾ ਉਹ ਹਿੱਸਾ, ਜੋ ਜ਼ਮੀਨ ਨੂੰ ਕੱਟਕੇ ਅੰਦਰ ਵੱਲ ਚਲਾ ਗਿਆ ਹੈ. ਇਸ ਦੇ ਤਿੰਨ ਪਾਸੇ ਜ਼ਮੀਨ ਅਤੇ ਚੌਥੇ ਪਾਸੇ ਸਮੁੰਦਰ ਹੁੰਦਾ ਹੈ. Bay। ੨. ਛੋਟਾ ਜਹਾਜ਼.

ਖਲੀਤਾ: ਦੇਖੋ, ਖਰੀਤਾ.

ਖਲੀਤੀ: ਛੋਟਾ ਖਰੀਤਾ. ਥੈਲੀ. "ਰੀਤੀ ਰਾਮ ਨਾਮ ਤੇ ਰਹੀ ਜੌ ਬਿਨ ਕਾਮ, ਤੌ ਯੇ ਖਾਰਿਜ ਖਰਾਬ ਹਾਲ ਖਾਲ ਕੀ ਖਲੀਤੀ ਹੈ. (ਗ੍ਵਾਲ) ਦੇਖੋ, ਖਰੀਤਾ.

ਖ਼ਲੀਫ਼ਾ: ਅ਼. خلیفہ ਖ਼ਲਫ਼ ਪਦ ਤੋਂ ਖ਼ਲੀਫ਼ਾ ਹੈ, ਜਿਸ ਦਾ ਅਰਥ ਹੈ ਪਿੱਛੇ ਛੱਡਣਾ. ਭਾਵ ਇਹ ਕਿ ਆਪਣਾ ਪ੍ਰਤਿਨਿਧਿ ਆਪਣੀ ਗੈਰਹਾਜ਼ਿਰੀ ਵਿੱਚ ਮੁਕੱਰਰ ਕਰਨਾ. ਮੁਹੰਮਦ ਸਾਹਿਬ ਦੇ ਮਰਣ ਪਿੱਛੋਂ ਜੋ ਇਸਲਾਮ ਦੇ ਮੁਖੀਏ, ਪੈਗੰਬਰ ਦੀ ਥਾਂ ਰਾਜ ਦਾ ਪ੍ਰਬੰਧ ਕਰਨ ਵਾਲੇ ਅਤੇ ਧਰਮਪ੍ਰਚਾਰਕ ਹੋਏ, ਉਨ੍ਹਾਂ ਦੀ ਖ਼ਲੀਫ਼ਾ ਸੰਗਯਾ ਹੈ.[425]

ਪਹਿਲਾਂ ਖ਼ਲੀਫ਼ੇ ਮੱਕੇ ਵਿੱਚ ਸਨ, ਜਿਨ੍ਹਾਂ ਵਿੱਚੋਂ ਪ੍ਰਧਾਨ ਚਾਰ ਸਨ-

(੧) اَبُوبکر ਅਬੂਬਕਰ. ਇਹ ਹਿਜਰੀ ਸਨ ੧੧. ਵਿੱਚ ਖ਼ਲੀਫ਼ਾ ਰਸੂਲਅੱਲਾ, ੬੦ ਵਰ੍ਹੇ ਦੀ ਉਮਰ ਵਿੱਚ ਮੁਕ਼ਰਰ ਹੋਇਆ. ਇਹ ਮੁਹੰਮਦ ਸਾਹਿਬ ਦੀ ਇਸਤ੍ਰੀ "ਆਯਸ਼ਾ" ਦਾ ਪਿਤਾ ਸੀ. ਇਹ ਕੇਵਲ ਸਵਾ ਦੋ ਵਰ੍ਹੇ ਖਲੀਫਾ ਰਹਿਕੇ ੨੩ ਅਗਸ੍ਤ ਸਨ ੬੩੪ ਨੂੰ ਮਦੀਨੇ ਮਰ ਗਿਆ.

(੨) عُمر. ਉਮਰ ਖ਼ੱਤ਼ਾਬ ਦਾ ਪੁਤ੍ਰ. ਇਹ ਸਨ ਹਿਜਰੀ ੧੩. ਵਿੱਚ ਖ਼ਲੀਫ਼ਾ ਥਾਪਿਆ ਗਿਆ. ਇਹ ਮੁਹੰਮਦ ਸਾਹਿਬ ਦੀ ਤੀਜੀ ਇਸਤ੍ਰੀ "ਹ਼ਫ਼ਸਾ" ਦਾ ਪਿਤਾ ਸੀ. ਇਸ ਦਾ ਖ਼ਿਤਾਬ ਅਮੀਰੁਲਮੋਮਿਨੀਨ ਸੀ. ਇਸ ਨੇ ਫ਼ਾਰਸ ਅਤੇ ਮਿਸਰ ਨੂੰ ਫ਼ਤੇ ਕੀਤਾ. Alexandria ਦਾ ਜਗਤਪ੍ਰਸਿੱਧ ਪੁਸਤਕਾਲਯ ਇਹ ਕਹਿਕੇ ਭਸਮ ਕਰ ਦਿੱਤਾ, ਕਿ ਜੇ ਇਸ ਵਿੱਚ. ਕੁਰਾਨ ਦੇ ਵਿਰੁੱਧ

---

[425] ਖ਼ਲੀਫ਼ਾ ਦਾ ਅਰਥ ਨਾਯਬ ਭੀ ਹੈ. ਕੁਰਾਨ ਵਿੱਚ ਆਦਮ ਅਤੇ ਦਾਊਦ ਲਈ 'ਖ਼ਲੀਫ਼ਾ' ਸ਼ਬਦ ਆਇਆ ਹੈ. ਦੇਖੋ, ਕੁਰਾਨ ਸੂਰਤ ੨. ਆਯਤ ੨੮ , ਅਤੇ ਸੂਰਤ ੩੮ ਆਯਤ ੨੫.

ਪੁਸਤਕਾਂ ਹਨ, ਤਦ ਰੱਖਣ ਦੀ ਕੋਈ ਲੋੜ ਨਹੀਂ ਅਤੇ ਜੇ. ਕੁਰਾਨ ਅਨੁਸਾਰ ਹਨ ਤਦ ਉਹ ਮਤਲਬ ਕੁਰਾਨ ਵਿੱਚ ਆ ਚੁਕਿਆ ਹੈ, ਇਸ ਲਈ ਰੱਖਣੀਆਂ ਲਾਭਦਾਇਕ ਨਹੀ. ਇਸ ਨੇ ਜੈਰੂਸ਼ਲਮ ਨੂੰ ਫ਼ਤੇ ਕਰਕੇ ਉਸ ਥਾਂ ਇੱਕ ਭਾਰੀ ਮਸਜਿਦ (ਮਸੀਤ) ਬਣਾਈ, ਜੋ ਹੁਣ ਤੀਕ ਇਸ ਦੇ ਨਾਮ ਨਾਲ ਬੁਲਾਈ ਜਾਂਦੀ ਹੈ ੩. ਨਵੰਬਰ ਸਨ ੬੪੪ ਨੂੰ ਜਦਕਿ ਇਮਾਮ ਉਮਰ ਸਵੇਰ ਦੀ ਨਮਾਜ਼ ਮਸਜਿਦ ਵਿੱਚ ਪੜ੍ਹ ਰਿਹਾ ਸੀ, ਉਸ ਵੇਲੇ ਫਿਰੋਜ਼ ਗ਼ੁਲਾਮ ਨੇ ਖ਼ੰਜਰ ਨਾਲ ਜ਼ਖਮੀ ਕੀਤਾ ਅਤੇ ਤਿੰਨ ਦਿਨ ਪਿੱਛੋਂ ਦੇਹਾਂਤ ਹੋਇਆ.

(੩) عثمان. ਉਸਮਾਨ. ਅੱਫ਼ਾਨ ਦਾ ਪੁਤ੍ਰ. ਇਹ ਸਨ ਹਿਜਰੀ ੨੪ ਵਿੱਚ ਖ਼ਲੀਫ਼ਾ ਮੁਕ਼ੱਰਰ ਹੋਇਆ. ਉਸਮਾਨ ਮੁਹੰਮਦ ਸਾਹਿਬ ਦੀਆਂ ਦੋ ਪੁਤ੍ਰੀਆਂ ਰੁਕੀਅਹ ਅਤੇ ਉੱਮੁਕੁਲਸੂਮ ਦਾ ਪਤੀ ਸੀ. ਇਸ ਨੂੰ ਅਬੂਬਕਰ ਦੇ ਬੇਟੇ ਮੁਹੰਮਦ ਨੇ ਮਦੀਨੇ ਵਿੱਚ ੩੦ ਜੂਨ ਸਨ ੬੬੫ ਵਿੱਚ ਕਤਲ ਕਰ ਦਿੱਤਾ.

(੪) علی ਅ਼ਲੀ. ਇਹ ਅਬੂਤਾਲਿਬ ਦਾ ਪੁਤ੍ਰ ਅਤੇ ਮੁਹੰਮਦ ਸਾਹਿਬ ਦੀ ਪੁਤ੍ਰੀ ਫ਼ਾਤ਼ਿਮਾ ਦਾ ਪਤੀ ਸੀ. ਇਸ ਦਾ ਜਨਮ ਸਨ ੫੯੯ ਵਿੱਚ ਹੋਇਆ. ਇਹ ਚੌਥ ਖ਼ਲੀਫ਼ਾ ਥਾਪਿਆ ਗਿਆ, ਪਰ ਕਰੀਬ ਪੰਜ ਵਰ੍ਹੇ ਖ਼ਲਾਫ਼ਤ ਕਰਕੇ ਆਪਣੇ ਅਹੁਦੇ ਨੂੰ ਛੱਡਣ ਲਈ ਮਜਬੂਰ ਹੋਇਆ. ਕੂਫਾ ਦੇ ਮਕਾਮ ਅਬਦੁੱਰਹ਼ਮਾਨ ਦੇ ਹੱਥੋਂ ਜ਼ਹਿਰੀਲੀ ਤਲਵਾਰ ਦੀ ਧਾਰ ਨਾਲ ਖ਼ਲੀਫ਼ਾ ਅਲੀ ਜ਼ਖਮੀ ਹੋਕੇ ਚਾਰ ਦਿਨਾਂ ਪਿੱਛੋਂ ਸਨ ੬੬੧ ਵਿੱਚ ਮਰ ਗਿਆ. ਇਸ ਦੀ ਕ਼ਬਰ "ਨਜਫ਼" ਨਾਮਕ ਨਗਰ ਵਿੱਚ ਮੁਸਲਮਾਨਾਂ ਦਾ ਪ੍ਰਸਿੱਧ ਤੀਰਥ ਹੈ. ਇਮਾਮ ਅਲੀ ਦੇ ਸਾਰੇ ੧੮. ਪੁਤ੍ਰ ਅਤੇ ੧੮. ਪੁਤ੍ਰੀਆਂ ਹੋਈਆਂ, ਇਨ੍ਹਾਂ ਵਿਚੋਂ ਮੁਹੰਮਦ ਸਾਹਿਬ ਦੀ ਸੁਪੁਤ੍ਰੀ ਫ਼ਾਤਿਮਾ ਦੇ ਪੇਟੋਂ ਤਿੰਨ ਪੁਤ੍ਰ- ਹਸਨ, ਹੁਸੈਨ ਅਤੇ ਮੁਹਸਿਨ ਸਨ.

ਇਹ ਚਾਰੇ ਖ਼ਲੀਫ਼ੇ ਚਾਰਯਾਰ ਕਰਕੇ ਪ੍ਰਸਿੱਧ ਹਨ. ਪੰਜਵਾਂ ਖ਼ਲੀਫ਼ਾ ਅਲੀ ਦਾ ਪੁਤ੍ਰ ਹਸਨ ਕੇਵਲ ਛੀ ਮਹੀਨੇ ਰਿਹਾ. ਇਸ ਪਿੱਛੋਂ ਦਮਿਸ਼ਕ਼ ਦੇ ਹਾਕਿਮ ੧੪. ਖ਼ਲੀਫ਼ੇ ਹੋਏ, ਜਿਨ੍ਹਾਂ ਨੇ ਸਨ ੬੬੧ ਤੋਂ ਸਨ ੭੪੯ ਤੀਕ ਖ਼ਲਾਫ਼ਤ ਕੀਤੀ. ਫੇਰ ਖ਼ਲਾਫ਼ਤ ਬਗਦਾਦ ਦੇ ਹਾਕਿਮਾਂ ਪਾਸ ਚਲੀ ਗਈ, ਜੋ ਸਨ ੭੫੦ ਤੋਂ ਸਨ ੧੨੫੮ ਤੀਕ ਇਨ੍ਹਾਂ ਦੇ ਕਬਜ਼ੇ ਰਹੀ. ਇਸ ਪਿੱਛੋਂ ਖ਼ਲਾਫ਼ਤ ਰੂਮ ਦੇ ਬਾਦਸ਼ਾਹਾਂ ਦੇ ਹੱਥ ਆ ਗਈ.

੧੨ ਨਵੰਬਰ ਸਨ ੧੯੨੨ ਨੂੰ ਰੂਮ ਦੀ ਕ਼ੌਮੀਸਭਾ (The Grand National Assembly) ਨੇ ਸੁਲਤਾਨ ਵਾਹਿਦੁੱਦੀਨ ਤੋਂ ਖ਼ਿਲਾਫ਼ਤ ਖੋਹਕੇ ਅਬਦੁਲਮਜੀਦ ਨੂੰ ਖ਼ਲੀਫ਼ਾ ਬਣਾਇਆ ਅਤੇ ਸਲਤਨਤ ਦਾ ਕੰਮ ਖ਼ਲੀਫ਼ੇ ਦੇ ਹੱਥ ਕੁਝ ਨਾ ਰਹਿਣ ਦਿੱਤਾ, ਕੇਵਲ ਧਰਮ ਦਾ ਆਗੂ ਉਸ ਨੂੰ ਥਾਪਿਆ. ਅੰਤ ਨੂੰ ਮਾਰਚ ੧੯੨੪ ਵਿੱਚ ਖ਼ਿਲਾਫ਼ਤ ਦਾ ਭੋਗ ਹੀ ਪਾ ਦਿੱਤਾ.

ਉੱਪਰ ਲਿਖੇ ਖ਼ਲੀਫ਼ਿਆਂ ਤੋਂ ਛੁੱਟ ਅਰਬ, ਮਿਸਰ, ਫਾਰਸ, ਰੂਮ ਆਦਿ ਦੇ ਅਨੇਕ ਬਾਦਸ਼ਾਹ ਪੁਰਾਣੇ ਸਮੇਂ ਵਿੱਚ ਆਪਣੇ ਤਾਂਈਂ ਸ੍ਵਤੰਤ੍ਰ ਖਲੀਫ਼ਾ ਮੰਨਦੇ ਰਹੇ ਹਨ ਅਤੇ ਹੁਣ ਭੀ ਕਈ ਖ਼ਲੀਫ਼ਾ ਅਖਾਉਂਦੇ ਹਨ.

ਦਿੱਲੀ ਦੇ ਬਾਦਸ਼ਾਹ ਅਲਾਉੱਦੀਨ ਖ਼ਲਜੀ ਅਤੇ ਮੁਗਲ ਅਕਬਰ ਆਦਿ ਭੀ ਆਪਣੇ ਤਾਂਈਂ ਖ਼ਲੀਫ਼ਾ ਲਿਖਦੇ ਸਨ. ਇਸੇ ਕਾਰਣ ਰਾਜਧਾਨੀ ਦਾ ਨਾਉਂ "ਦਾਰੁਲਖ਼ਿਲਾਫ਼ਤ" ਪ੍ਰਸਿੱਧ ਹੋਇਆ.

ਸੁੰਨੀਮਤ ਦੇ ਮੁਸਲਮਾਨਾਂ ਦਾ ਨਿਸ਼ਚਾ ਹੈ ਕਿ ਖ਼ਲੀਫ਼ਾ. ਕੁਰੈਸ਼ ਵੰਸ਼ ਤੋ ਬਿਨਾ ਹੋਰ ਕਿਸੇ ਜ਼ਾਤਿ ਦਾ ਨਹੀਂ ਹੋ ਸਕਦਾ. ਸ਼ੀਅ਼ਹਮਤ ਦੇ ਮੁਸਲਮਾਨ ਖ਼ਲੀਫ਼ੇ ਦਾ ਅ਼ਲੀ ਦੀ ਵੰਸ਼ ਵਿੱਚੋਂ ਹੀ ਹੋਣਾ ਯੋਗ ਸਮਝਦੇ ਹਨ.

ਖਲੀਰ: ਸੰਗਜਾ- ਖਿਲਾਰੀ. ਖੇਲ ਕਰਨ ਵਾਲਾ। ੨. ਨਟ। ੨. ਭੰਡ. ਮਖ਼ੌਲੀਆ.

ਖ਼ਲੀਲ: ਅ਼. خلیل ਸੱਚਾ ਮਿਤ੍ਰ. "ਇਬਰਾਹੀਮ ਖਲੀਲ ਪਗੰਬਰ." (ਗੁਪ੍ਰਸੂ)

ਖ਼ਲੀਲ ਖ਼ਾਂ: ਸ਼ਾਹਜਹਾਂ ਬਾਦਸ਼ਾਹ ਦਾ ਇੱਕ ਪੰਜ ਹਜ਼ਾਰੀ ਮਨਸਬਦਾਰ. ਦੇਖੋ, ਸਾਦਾ ੫.

ਖਲੁ: ਸੰ. ਵ੍ਯ- ਪ੍ਰਸ਼੍ਨ. ਸਵਾਲ। ੨. ਨਿਸ਼ੇਧ. ਖੰਡਨ। ੩. ਕਾਰਣ. ਸਬਬ। ੪. ਨਿਸ਼ਚੇ ਕਰਕੇ. ਨਿਰਸੰਦੇਹ. "ਇਨ ਦੂਤਨ ਖਲੁ ਬਧੁਕਰਿ ਮਾਰਿਓ." (ਜੈਤ ਰਵਿਦਾਸ)

ਖਲੋਆ, ਖਲੋਇਅੜਾ, ਖਲੋਹਾ, ਖਲੋਤਾ: ਖੜਾ ਹੋਇਆ. ਖੜੋਤਾ. ਖੜਾ. "ਨਿਕਟਿ ਖਲੋਇਅੜਾ ਮੇਰਾ ਸਾਜਨੜਾ."

(ਰਾਮਛੰਤ ਮਃ ੫) "ਵਿਚਿ ਕਰਤਾਰਪੁਰਖੁ ਖਲੋਆ." (ਸੋਰ ਮਃ ੫) "ਅਗੈ ਆਇ ਖਲੋਹਾ." (ਵਾਰ ਰਾਮ ੨. ਮਃ ੫) ੨. ਖਲਿਹਾਨ (ਪਿੜ) ਵਿੱਚ. "ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ." (ਸਵਾ ਮਃ ੩) ਜੋ ਖੇਤ ਬੀਜੀਐ, ਸੋ ਹੀ ਪਿੜ ਵਿੱਚ ਆਵੇਗਾ.

ਖਲੋਵਨਾ: ਦੇਖੋ, ਖੜੋਵਨਾ.

ਖੱਲ: ਸੰ. खल्ल ਸੰਗਯਾ- ਟੋਆ। ੨. ਚਾਤਕ. ਪਪੀਹਾ। ੩. ਮਸ਼ਕ. ਚਮੜੇ ਦਾ ਥੈਲਾ. "ਭਉ ਖਲਾ ਅਗਨਿ ਤਪ ਤਾਉ." (ਜਪੁ) ੪. ਚੰਮ. ਚਮੜਾ। ੫. ਸੰ. ਖਲ੍ਵ. ਦਵਾਈ ਪੀਹਣ ਅਤੇ ਕੁੱਟਣ ਦੀ ਧਾਤੁ ਅਥਵਾ ਪੱਥਰ ਦੀ ਉਖਲੀ. ਹਾਵਨ. ਖਰਲ.

ਖ਼ੱਲਾਕ, ਖ਼ੱਲਾਕ਼: ਅ਼. خلّاق ਵਿ- ਖ਼ਾਲਿਕ਼. ਪੈਦਾ ਕਰਨ ਵਾਲਾ. ਕਰਤਾਰ. ਦੇਖੋ, ਖਲਕ.

ਖੱਲੀ: تشنّج ਤਸ਼ੱਨੁਜ. Convulsions. ਇਹ ਵਾਤ ਦੋਸ਼ ਤੋਂ ਉਪਜਿਆ ਰੋਗ ਹੈ. ਬਾਹਾਂ ਪਿੰਜਣੀਆਂ ਆਦਿਕ ਅੰਗਾਂ ਵਿੱਚ ਪੱਠਿਆਂ ਦੀ ਖਿੱਚ ਹੋ ਕੇ ਖੱਲੀਆਂ ਪੈਣ ਲਗਦੀਆਂ ਹਨ. ਹੈਜ਼ੇ ਵਿੱਚ ਇਹ ਰੋਗ ਭਾਰੀ ਦੁੱਖ ਦਿੰਦਾ ਹੈ. ਇਸ ਦਾ ਇਲਾਜ ਇਹ ਹੈ ਕਿ ਨਾਰਾਯਣੀ ਆਦਿਕ ਤੇਲਾਂ ਨਾਲ ਸ਼ਰੀਰ ਦੀ ਚੰਗੀ ਤਰਾਂ ਮਾਲਿਸ਼ ਕੀਤੀ ਜਾਵੇ ਅਤੇ ਪੱਠਿਆਂ ਨੂੰ ਤਾਕਤ ਦੇਣ ਵਾਲੀਆਂ ਵਸਤੂਆਂ ਖਾਧੀਆਂ ਜਾਣ। ੨. ਫੋੜੇ ਅਥਵਾ ਜ਼ਖਮ ਦੇ ਕਾਰਣ ਚੱਡਿਆਂ ਦੀ ਗਿਲਟੀਆਂ ਫੁੱਲਣ ਨੂੰ ਭੀ ਖੱਲੀ ਆਖਦੇ ਹਨ.

ਖੱਲੂ: ਦੇਖੋ, ਖੱਲ। ੨. ਖੱਲ ਉਤਾਰਣ ਵਾਲਾ। ੩. ਖੱਲ ਦਾ, ਦੇ. "ਮੇਰੀ ਖੱਲੂ ਮੌਜੜੇ ਗੁਰਸਿੱਖ ਹੰਢਾਂਦੇ." (ਭਾਗੁ)

ਖਵ: ਦੇਖੋ, ਖਵਣ.

ਖਵਣ, ਖਵਣਾ, ਖਵਣੁ: ਕ੍ਰਿ- ਸਹਾਰਨਾ. ਬਰਦਾਸ਼੍ਤ ਕਰਨਾ. "ਪ੍ਰਭ ਦਾਸ ਕਾ ਦੁਖੁ ਨ ਖਵਿਸਕਹਿ." (ਵਾਰ ਗੂਜ ੨. ਮਃ ੫) "ਨਿੰਦਕ ਸਾਕਤ ਖਵ ਨ ਸਕੈ." (ਬਸੰ ਅਃ ਮਃ ੪) "ਨਿਵਣੁ ਸੁ ਅਖਰੁ ਖਵਣੁ ਗੁਣੁ." (ਸ. ਫਰੀਦ) ਦੇਖੋ, ਵੇਸ. "ਖਵੇ ਨ ਵੰਞਨਿ." (ਵਾਰ ਗੂਜ ੨. ਮਃ ੫) ਸਹਾਰੇ ਨਹੀਂ ਜਾਂਦੇ. "ਏਕੁ ਬੋਲ ਭੀ ਖਵਤੋ ਨਾਹੀ." (ਆਸਾ ਮਃ ੫) ਇੱਕ ਵਾਕ ਭੀ ਸਹਾਰਿਆ ਨਹੀਂ ਜਾਂਦਾ ਸੀ। ੨. ਕ੍ਸ਼ਮਾ (ਖਿਮਾ) ਕਰਨਾ. ਮੁਆਫ ਕਰਨਾ। ੩. ਖਪਣਾ. ਜਜ਼ਬ ਹੋਣਾ. "ਆਵਟਣੁ ਆਪੇ ਖਵੈ ਦੁਧ ਕਉ ਖਪਣ ਨ ਦੇਇ." (ਸ੍ਰੀ ਅਃ ਮਃ ੧)

ਖਵਲਾਨਾ: ਕ੍ਰਿ- ਖਵਾਉਣਾ. ਖੁਲਾਨਾ. "ਜੋ ਬੀਜੈ ਸੋ ਖਵਲਾਲੈਗੋ." (ਕਾਨ ਅਃ ਮਃ ੪)

ਖਵਾਸ: ਅ਼. خوّاص ਖ਼ੱਵਾਸ. ਸੰਗਯਾ- ਖ਼ਾਸ ਦਾ ਬਹੁ ਵਚਨ. ਮੰਤ੍ਰੀ ਨਫਰ ਆਦਿਕ ਸ਼ਾਹੀ ਸੇਵਕ। ੨. ਵਿਸ਼ੇਸ਼ ਗੁਣ। ੩. ਅ਼. خبّاس ਖ਼ੱਬਾਸ. ਸ਼ੇਰ। ੪. ਗ਼ੁਲਾਮ। ੫. ਲੁਟੇਰਾ. ਡਾਕੂ. "ਕੀਨੇ ਖਰਾਬ ਖਾਨੇ ਖਵਾਸ." (ਅਜਰਾਜ) ੬. ਫ਼ਾ. خوّاس ਵਿ- ਪ੍ਰਾਰਥਨਾ ਕਰਨ ਵਾਲਾ. ਅਰਦਾਸੀਆ.

ਖਵਾਸੀ: ਫ਼ਾ. خواصی ਖ਼ੱਵਾਸੀ. ਸੇਵਕ ਦਾ ਕਰਮ. ਸੇਵਾ. "ਨਾਰਦ ਸਾਰਦ ਕਰਹਿ ਖਵਾਸੀ." (ਆਸਾ ਕਬੀਰ) ੨. ਹਾਥੀ ਦੇ ਹੌਦੇ ਅਥਵਾ ਬੱਘੀ ਰਥ ਆਦਿਕ ਪਿੱਛੇ ਸੇਵਕ ਦੇ ਬੈਠਣ ਲਈ ਬਣਾਈ ਥਾਂ। ੩. ਖ਼ਵਾਸ ਲੋਕ. ਖਵਾਸਮੰਡਲੀ. "ਕਿਆ ਲਸਕਰ ਕਿਆ ਨੇਬ ਖਵਾਸੀ?" (ਵਾਰ ਮਾਝ ਮਃ ੧)

ਖਵਾਲਣਾ: ਕ੍ਰਿ- ਖਵਾਉਣਾ. ਖਾਦਨ ਕਰਾਉਣਾ.

"ਏਸ ਨੋ ਕੂੜ ਬੋਲਿ ਕਿ ਖਵਾਲੀਐ?" (ਵਾਰ ਗੂਜ ੧. ਮਃ ੩)

ਖਵਿ: ਦੇਖੋ, ਖਵਣ। ੨. ਸਹਾਰਕੇ. ਬਰਦਾਸ਼੍ਤ ਕਰਕੇ.

ਖਵੀ: ਸੰਗਯਾ- ਇੱਕ ਪ੍ਰਕਾਰ ਦਾ ਲੰਮਾ ਅਤੇ ਰੁੱਖਾ ਘਾਹ, ਜਿਸ ਦੇ ਸਿਰ ਪੁਰ ਸਰਕੁੜੇ ਜੇਹੀ ਛੋਟੀ ਬੱਲੀ ਹੁੰਦੀ ਹੈ. ਇਸ ਨੂੰ ਖਵ੍ਹੀ ਭੀ ਆਖਦੇ ਹਨ.

ਖਵੀਸ, ਖਵੀਸਨੀ: ਜਿੰਨ. ਦੇਉ. ਦੇਉਣੀ. ਦੇਖੋ, ਖਬੀਸ. "ਖਵੀਸਨੀ ਪਿਸਾਚਨੀ ਬਿਤਾਲ ਬੀਰ ਭੈਰਵੀ." (ਪੰਪ੍ਰ)

ਖ਼ਵੀਦ: ਫ਼ਾ. خوید ਸੰਗਯਾ- ਜੌਂ ਅਥਵਾ ਕਣਕ ਦਾ ਬੂਟਾ, ਜਿਸ ਦੇ ਅਜੇ ਬੱਲੀ ਨਹੀਂ ਨਿਕਲੀ. ਖੁਇਦ.

ਖਵੀਨ: ਦੇਖੋ, ਖਾਵੀਨ.

ਖਵ੍ਰੀ: ਦੇਖੋ, ਖਵੀ.

ਖੜ, ਖੜੁ: ਦੇਖੋ, ਖੜਨਾ। ੨. ਸੰ. ਖਡ਼ ਖਡ. ਧਾਨਾਂ ਦੀ ਪਰਾਲੀ. "ਖੜੁ ਖਾਵਹਿ ਅੰਮ੍ਰਿਤ ਦੇਹਿ." (ਗੂਜ ਮਃ ੧) ਸਿੰਧੀ. ਖੜੁ. ਖਲ. ਸਰਸ਼ਪ (ਸਰੋਂ) ਆਦਿ ਦਾ ਫੋਗ. ਖਲੀ। ੩. ਖੇਤੀ. "ਖੜੁ ਪਕੀ ਕੁੜ ਭਜੈ ਬਿਨਸੈ." (ਸ੍ਰੀ ਮਃ ੧. ਪਹਿਰੇ) ੪. ਸੰ. ਸ਼ਟ੍ ਸ਼ਟ੍. ਛੀ. "ਧਰਣਿ ਸੁਵੰਨੀ ਖੜ ਰਤਨ ਜੜਾਵੀ." (ਗਉ ਵਾਰ ੨. ਮਃ ੫) ਇਸ ਥਾਂ "ਖੜ" ਸ਼ਬਦ ਵਿੱਚ ਸ਼ਲੇਸ਼ ਹੈ. ਘਾਹਰੂਪੀ ਰਤਨਾਂ ਨਾਲ ਜੜਾਊ ਭੂਮਿ. ਖਟਸੰਪੱਤਿ ਕਰਕੇ ਸੁਹਾਵੀ ਅੰਤਹਕਰਣਰੂਪ ਪ੍ਰਿਥਿਵੀ.

ਖੜਸਨਿ: ਲੈਜਾਣਗੇ. "ਅਵਗਣ ਖੜਸਨਿ ਬੰਨਿ." (ਸ੍ਰੀ ਮਃ ੧. ਪਹਿਰੇ)

ਖੜਹੜ: ਸੰਗਯਾ- ਖੜਕਾਰ. ਖੜਕਾ.

ਖੜਕ: ਦੇਖੋ, ਖੜਕਾ। ੨. ਇੱਕ ਪਿੰਡ, ਜਿਸ ਨੂੰ ਭਾਈ ਸੰਤੋਖ ਸਿੰਘ ਨੇ ਖਰਕ ਲਿਖਿਆ ਹੈ. ਇਹ ਧਮਧਾਨ ਤੋਂ ਬਾਰਾਂ ਕੋਹ ਦੱਖਣ ਹੈ. ਇਸ ਥਾਂ ਗੁਰੂ ਤੇਗਬਹਾਦੁਰ ਸਾਹਿਬ ਬਾਂਗਰ ਨੂੰ ਕ੍ਰਿਤਾਰਥ ਕਰਦੇ ਹੋਏ ਇੱਕ ਬੋਹੜ ਹੇਠ ਵਿਰਾਜੇ ਹਨ. "ਖਰਕ ਗ੍ਰਾਮ ਨਿਯਗ੍ਰੋਧ[426] ਵਿਸਾਲਾ। ਤਹਾਂ ਜਾਇ ਡੇਰਾ ਗੁਰੁ ਡਾਲਾ।।" (ਗੁਪ੍ਰਸੂ)

ਖੜਕ ਸਿੰਘ: ਦੇਖੋ, ਖਰਗ ਸਿੰਘ ਅਤੇ ਖੜਗ ਸਿੰਘ। ੨. ਦੇਖੋ, ਕਪੂਰਥਲਾ.

ਖੜਕਾ, ਖੜਕੁ: ਸੰਗਯਾ- ਖੜਖੜ ਸ਼ਬਦ. ਖੜਕਾਰ. "ਘੂੰਘਰ ਖੜਕੁ ਤਿਆਗਿ ਵਿਸੂਰੇ." (ਰਾਮ ਮਃ ੫) ੨. ਧੜਕਾ. ਖਟਕਾ. ਦਹਿਲ. "ਹਉਮੈ ਅੰਦਰਿ ਖੜਕੁ ਹੈ." (ਵਾਰ ਵਡ ਮਃ ੩)

ਖੜਗ: ਸੰ. ਖਡ੍ਗ ਖੜ੍ਗ. ਸੰਗਯਾ- ਜੋ ਖੰਡਨ (ਭੇਦਨ) ਕਰੇ ਸੋ ਖੜਗ. ਦੇਖੋ, ਖੜ੍ ਧਾ. ਕ੍ਰਿਪਾਣ. ਸ਼੍ਰੀ ਸਾਹਿਬ. ਧਨੁਰਵੇਦ ਅਨੁਸਾਰ ਖੜਗ ਚਾਰ ਅੰਗੁਲ ਚੌੜਾ ਅਤੇ ੫੦ ਅੰਗੁਲ ਲੰਮਾ ਹੋਣਾ ਚਾਹੀਏ. ਖੜਗ ਚਲਾਉਣ ਦੇ ਪ੍ਰਕਾਰ (ਤਲਵਾਰ ਦੇ ਹੱਥ) ੩੨ ਲਿਖੇ ਹਨ. "ਅਸਿ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ। ਰੱਛ ਕਰੋ ਹਮਰੀ ਸਦਾ ਕਵਚਾਂਤਕ ਕਰਵਾਰ." (ਸਨਾਮਾ) ੨. ਜਗਤਵਿਨਾਸ਼ਕ (ਲੈ ਕਰਨਵਾਲਾ) ਮੰਨਕੇ ਮਹਾਕਾਲ ਦਾ ਨਾਉਂ ਭੀ ਖੜਗ ਆਇਆ ਹੈ. "ਨਮਸਕਾਰ ਸ੍ਰੀ ਖੜਗ ਕੋ." (ਵਿਚਿਤ੍ਰ) "ਖੜਗ ਗੋਦ ਮੈ ਤੁਮ ਕੋ ਪਾਯੋ." (ਗੁਵਿ ੧੦) ੩. ਗੈਂਡੇ ਦਾ ਸਿੰਗ। ੪. ਗੈਂਡਾ.

ਖੜਗਸਿੰਘ: ਦਸਮਗ੍ਰੰਥ ਦੇ ਕ੍ਰਿਸ਼ਨਾਵਤਾਰ ਵਿੱਚ ਵਰਣਨ ਕੀਤਾ ਇੱਕ ਯੋਧਾ, ਜੋ ਜਰਾਸੰਧ ਦਾ ਮਿਤ੍ਰ ਸੀ, ਇਸ ਨੇ ਕਈ ਵਾਰ ਕ੍ਰਿਸ਼ਨ ਜੀ ਅਤੇ ਹੋਰ ਸੈਨਾਨੀਆਂ ਨੂੰ ਸ਼ਿਕਸਤ ਦਿੱਤੀ, ਅੰਤ ਨੂੰ ਛਲ ਨਾਲ ਮਾਰਿਆ ਗਿਆ. "ਤਿਹ ਭੂਪਤਿ ਕੋ ਮਿਤ੍ਰ ਇੱਕ ਖੜਗ ਸਿੰਘ ਤਿਹ ਨਾਮ। ਪੈਰੇ ਸਮਰ ਸਮੁਦ੍ਰ ਬਹੁ ਮਹਾਰਥੀ ਬਲਧਾਮ." (ਕ੍ਰਿਸਨਾਵ) ਦੇਖੋ, ਖਰਗ ਸਿੰਘ ਅਤੇ ਗੁਰਮਿਤਾ ਸ਼ਬਦ। ੨. ਮਹਾਰਾਜਾ ਰਣਜੀਤ ਸਿੰਘ ਸ਼ੇਰਪੰਜਾਬ ਦਾ ਮਹਾਰਾਣੀ ਦਾਤਾਰ ਕੌਰਿ ਦੇ ਉਦਰ ਤੋਂ ਵਡਾ ਪੁਤ੍ਰ, ਜੋ ਸੰਮਤ ੧੮੬੦ ਵਿੱਚ ਪੈਦਾ ਹੋਇਆ ਅਤੇ ਸੰਮਤ ੧੮੯੬ ਵਿੱਚ ਲਹੌਰ ਦੇ ਤਖਤ ਉੱਪਰ ਬੈਠਾ, ਪਰ ਚਾਲਾਕ ਧਜਾਨ ਸਿੰਘ ਡੋਗਰੇ ਨੇ ਇਸ ਨੂੰ ਤਖਤੋਂ ਲਾਹਕੇ ਇਸ ਦੇ ਪੁਤ੍ਰ ਨੌਨਿਹਾਲ ਸਿੰਘ ਨੂੰ ਮਹਾਰਾਜਾ ਥਾਪਿਆ. ਖੜਗ ਸਿੰਘ ਇੱਕ ਵਰ੍ਹਾ ਗਮ ਨਾਲ ਬਿਮਾਰ ਰਹਿਕੇ ੨੧. ਕੱਤਕ ਸੰਮਤ ੧੮੯੭ ਨੂੰ ੩੮ ਵਰ੍ਹੇ ਦੀ ਉਮਰ ਵਿੱਚ ਗੁਜ਼ਰ ਗਿਆ.

ਖੜਗਧਾਰੀ: ਵਿ- ਤਲਵਾਰ ਰੱਖਣ ਵਾਲਾ। ੨. ਸੰਗਯਾ- ਖ਼ਾਲਸਾ. ਕ੍ਰਿਪਾਣਧਾਰੀ। ੩. ਅਕਾਲ. ਮਹਾਕਾਲ.

ਖੜਗਧ੍ਵਜ: ਅਕਾਲ. ਖੜਗ ਦਾ ਚਿੰਨ੍ਹ ਹੈ ਜਿਸ ਦੇ ਨਿਸ਼ਾਨ ਪੁਰ. ਅਸਿਕੇਤੁ.

ਖੜਗਨੀ: ਸੰ. ਖਡ੍ਗਿਨੀ ਖੜਗ ਵਾਲੀ ਸੈਨਾ. (ਸਨਾਮਾ)

---

[426] ਨਯਗ੍ਰੋਧ. ਬੋਹੜ. ਵਟ.

ਖੜਗਪਾਣਿ: ਤਲਵਾਰ ਹੈ ਜਿਸ ਦੇ ਹੱਥ ਵਿੱਚ, ਖ਼ਾਲਸਾ। ੨. ਅਕਾਲ. "ਖੜਗਪਾਣਿ ਖਲਦਲ ਬਲਹਰਣੰ." (ਗਜਾਨ)

ਖੜਗੀ: ਸੰ. खड्गिन् ਵਿ- ਖੜਗ (ਤਲਵਾਰ) ਵਾਲਾ। ੨. ਸੰਗਯਾ- ਅਮ੍ਰਿਤਧਾਰੀ ਸਿੰਘ. ਖ਼ਾਲਸਾ। ੩. ਗੈਂਡਾ, ਜਿਸ ਦੇ ਨੱਕ ਉੱਪਰ ਖੜਗ (ਸਿੰਗ) ਹੈ। ੪. ਸੰ. खड्गी ਗੈਂਡੀ. ਗੈਂਡੇ ਦੀ ਮਦੀਨ.

ਖੜਗੁਣ: ਸੰ. षड्गुण ਸ਼ੜ੍ਗੁਣ. ਦੇਖੋ, ਖਟਅੰਗ ੩. ਅਤੇ ਮਹਾਭਾਰਤ ਸ਼ਾਂਤਿ ਪਰਵ ਅਃ ੬੯। ੨. ਉਤਪੰਨ ਕਰਨਾ, ਪਾਲਣਾ, ਸੰਘਾਰ ਕਰਨਾ, ਯਥਾਯੋਗਯ ਕਰਮਫਲ ਦੇਣਾ, ਖਿਮਾ ਕਰਨਾ ਅਤੇ ਸਰਵਗਯ ਹੋਣਾ. "ਖੜਗੁਣ ਈਸ੍ਵਰ ਪੁੰਨ ਅਤੁਲ ਬਲ." (ਦਿਲੀਪਰਾਜ)

ਖੜਗੰ: ਸੰ. षडङ्ग ਸ਼ੜੰਗ. ਦੇਖੋ, ਖਟਅੰਗ. "ਖੜਗੰ ਅਸੇਖ ਵਿਦਯਾ ਵਿਸੇਖ." (ਦੱਤਾਵ) ੨, ਦੇਖੋ ਖੜਗ.

ਖੜਜ: ਸੰ. षडज ਸ਼ੜ੍ਜ. ਸੰਗਯਾ- ਰਾਗ ਦਾ ਪਹਿਲਾ ਸੁਰ, ਜੋ ਸ਼ਟ੍ (ਛੀ) ਥਾਵਾਂ ਤੋਂ ਉਤਪੰਨ ਹੁੰਦਾ ਹੈ. ਨੱਕ, ਕੰਠ, ਛਾਤੀ, ਤਾਲੂਆ, ਜੀਭ ਅਤੇ ਦੰਦ, ਇਨ੍ਹਾਂ ਛੀ ਅੰਗਾਂ ਦੀ ਸਹਾਇਤਾ ਨਾਲ ਖੜਜ ਸੁਰ ਬਣਦਾ ਹੈ.[427] ਸੰਗੀਤਸ਼ਾਸਤ੍ਰ ਨੇ ਮੋਰ ਦੀ ਧੁਨੀ ਤੋਂ ਇਸ ਦੀ ਉਤਪੱਤੀ ਦੱਸੀ ਹੈ.

ਖੜਤਾਲ: ਦੇਖੋ, ਕਰਤਾਲ। ੨. ਦੇਖੋ, ਤਾਲ.

ਖੜਦੁੰਮ: ਵਿ- ਖੜੀ ਕੀਤੀ ਹੈ ਦੁਮ (ਪੂਛ) ਜਿਸ ਨੇ. ਉਮੰਗ ਅਥਵਾ ਕ੍ਰੋਧ ਵਿੱਚ ਆਇਆ ਪਸ਼ੂ। ੨. ਸੰਗਯਾ- ਊਧਮ. ਖਰਮਸਤੀ.

ਖੜਨਾ: ਕ੍ਰਿ- ਲੈਜਾਣਾ. "ਅਵਗਣ ਖੜਸਨਿ ਬੰਨਿ." (ਸ੍ਰੀ ਮਃ ੧. ਪਹਿਰੇ) ੨. ਖਲੋਣਾ. ਖੜੇ ਹੋਣਾ. "ਘਰਿ ਆਪਨੜੈ ਖੜੀ ਤਕਾਂ." (ਸੂਹੀ ਛੰਤ ਮਃ ੧) ੩. ਚੁਰਾਉਣਾ. ਹਰਣ.

ਖੜਪੈਂਚ: ਪੰਚ (ਨੰਬਰਦਾਰਾਂ ਵਿੱਚ) ਛੀਵਾਂ. ਭਾਵ- ਪੰਜਾਂ ਵਿੱਚ ਆਪ ਹੀ ਛੀਵਾਂ ਬਣਨ ਵਾਲਾ. ਮੱਲੋਮੱਲੀ ਦਾ ਮੁਖੀਆ. ਕੂਹਣੀਮਾਰ.

ਖੜਭੜ: ਦੇਖੋ, ਖਲਭਲ. "ਖੜਭੜ ਬੀਰੰ." (ਸੂਰਜਾਵ)

ਖੜਰਤਨ: ਦੇਖੋ, ਖੜ ੪.

ਖੜਾ: ਵਿ- ਖਲੋਤਾ. "ਖੜਾ ਪੁਕਾਰੈ ਪਾਤਣੀ." (ਸ. ਫਰੀਦ)

ਖੜਾਉਂ: ਸੰਗਯਾ- ਪਾਦੁਕਾ. ਖਰਾਂਵ. ਪਊਏ. ਆਂਗਿਰਸ ਸਿਮ੍ਰਿਤੀ ਦਾ ਲੇਖ ਹੈ ਕਿ "ਅਗਨਿਹੋਤ੍ਰੀ ਅਤੇ ਤਪਸ੍ਵੀ ਤੋਂ ਬਿਨਾ ਜੇ ਕੋਈ ਹੋਰ ਆਦਮੀ ਪਊਏ ਪਾਕੇ ਆਪਣੇ ਘਰ ਤੋਂ ਪੰਜ ਘਰ ਤੀਕ ਭੀ ਜਾਵੇ, ਤਦ ਰਾਜਾ ਉਸ ਦੇ ਪੈਰ ਕਟਵਾ ਦੇਵੇ." ਦੇਖੋ, ਸ਼ਲੋਕ ੫੧.

ਖੜਾਂਸਹਾਰੀ: ਸੰ. षंडशहारिन् ਸੰਗਯਾ- ਰਾਜਾ, ਜੋ ਪ੍ਰਜਾ ਦੀ ਉਪਜ ਤੋਂ ਛੀਵਾਂ ਹਿੱਸਾ ਲੈਂਦਾ ਹੈ. ਪੁਰਾਣੇ ਜ਼ਮਾਨੇ ਵਿੱਚ ਰਾਜਾ ਛੀਵੇਂ ਹਿੱਸੇ ਦੀ ਵਟਾਈ ਕੀਤਾ ਕਰਦਾ ਸੀ.

ਖੜਾਨਨ: ਦੇਖੋ, ਖਟਵਦਨ.

ਖੜਾਰੂ: ਵਿ- ਖੜਨ (ਲੈ ਜਾਣ) ਵਾਲਾ. "ਕਾਲ ਖੜਾਰੂ ਆਏ." (ਵਡ ਮਃ ੧. ਅਲਾਹਣੀ)

ਯਮ ਦੇ ਦੂਤ ਲੈ ਜਾਣ ਵਾਲੇ ਆਏ. ਇਸ ਤੁਕ ਦਾ "ਕਾਲ ਖੜਾ ਰੂਆਏ." ਪਾਠ ਅਸ਼ੁੱਧ ਹੈ.

---

[427] नासी कण्ठमुरस्तालु जिह्वां दन्तांश्च संश्रितः
षड्म्यः संजायते यस्मात् तस्मात् षड्ज इति स्मृतः (ਸੰਗੀਤ ਦਾਮੋਦਰ)

ਖੜਿ: ਕ੍ਰਿ. ਵਿ- ਲੈਜਾਕੇ. "ਖੜਿ ਦਰਗਹਿ ਪੈਨਾਈਐ." (ਸ੍ਰੀ ਮਃ ੧) ਦੇਖੋ, ਖੜਨਾ.

ਖੜੀਅਸਿ: ਲੈਜਾਂਈਏਂਗੇ. "ਬਿਨ ਬੂਝੇ ਸਭ ਖੜੀਅਸਿ ਬੰਧਿ." (ਬਸੰ ਮਃ ੧) ਦੇਖੋ, ਖੜਨਾ.

ਖੜੀਆ: ਸੰਗ੍ਯਾ- ਇੱਕ ਪ੍ਰਕਾਰ ਦੀ ਚਿੱਟੀ ਮਿੱਟੀ. ਚਾਕ (Chalk) ੨. ਵਿ- ਖੜਨ (ਲੈ ਜਾਣ) ਵਾਲਾ.

ਖੜੁ: ਦੇਖੋ, ਖੜ.

ਖੜੇਸਰੀ: ਸੰਗ੍ਯਾ- ਉਹ ਤਪਸ੍ਵੀ, ਜੋ ਰਾਤ ਦਿਨ ਖੜਾ ਹੀ ਰਹੇ, ਬੈਠੇ ਅਤੇ ਲੇਟੇ ਨਾ.

ਖੜੋਣਾ, ਖੜੋਵਣਾ: ਕ੍ਰਿ- ਖੜੇ ਹੋਣਾ. "ਆਪਿ ਖੜੋਵਹਿ ਆਪਿ ਕਰ." (ਵਾਰ ਸੂਹੀ ਮਃ ੧)

ਖੜੰਗ: ਸੰ. षडङ्ग ਦੇਖੋ, ਖਟਅੰਗ.

ਖੜੰਗਯੋਗ: ਦਕ੍ਸ਼ ਸਿਮ੍ਰਿਤੀ ਵਿੱਚ ਅੱਠ ਅੰਗਾਂ ਦੀ ਥਾਂ ਯੋਗ ਦੇ ਛੀ ਅੰਗ ਲਿਖੇ ਹਨ-

ਪ੍ਰਾਣਾਯਾਮ, ਧ੍ਯਾਨ, ਪ੍ਰਤ੍ਯਾਹਾਰ, ਧਾਰਣਾ, ਤਰਕ ਅਤੇ ਸਮਾਧਿ. ਇਨ੍ਹਾਂ ਛੀ ਅੰਗਾਂ ਵਾਲਾ ਯੋਗ ਖੜੰਗਯੋਗ ਹੈ। ੨. ਯੋਗ ਦੇ ਛੀ ਕਰਮ, ਜੋ ਯੋਗ ਸਾਧਨ ਦਾ ਅੰਗ ਹਨ. ਦੇਖੋ, ਖਟ ਕਰਮ ੨.

ਖਾ: ਖਾਦਨੰਕੁਰੁ ਦਾ ਸੰਖੇਪ. ਖਾਉ. ਖਾਹ.

ਖ਼ਾਂ: ਖ਼ਾਨ ਦਾ ਸੰਖੇਪ. ਦੇਖੋ, ਖਾਨ.

ਖਾਊ: ਵਿ- ਖਾਦਕ. ਖਾਣ ਵਾਲਾ। ੨. ਗੜੱਪੂ. ਕਿਸੇ ਦਾ ਧਨ ਮਾਲ ਖਾਜਾਣ ਵਾਲਾ। ੩. ਰਿਸ਼ਵਤਖ਼ੋਰ.

ਖਾਇ: ਖਾਂਦਾ ਹੈ. "ਭੋਗੀ ਹੋਵੈ ਖਾਇ." (ਸੂਹੀ ਮਃ ੧) ੨. ਸਹਾਰਦਾ ਹੈ. "ਮੁਹੇ ਮੁਹਿ ਪਾਣਾ ਖਾਇ." (ਵਾਰ ਆਸਾ) ੩. ਕ੍ਰਿ. ਵਿ- ਖਵਾਇ. ਖੁਲਾਕੇ. "ਮਾਤਾ ਪ੍ਰੀਤਿ ਕਰੇ ਪੁਤੁ ਖਾਇ." (ਗਉ ਮਃ ੪) ੪. ਖਾਕੇ. "ਖਾਇ ਖਾਇ ਕਰੈ ਬਦਫੈਲੀ." (ਮਾਝ ਮਃ ੫)

ਖਾਇਆ: ਖਾਦਨ (ਭਕ੍ਸ਼ਣ) ਕੀਤਾ. ਖਾਧਾ. "ਘਰਿ ਘਰਿ ਖਾਇਆ ਪਿੰਡੁ ਵਧਾਇਆ." (ਗੂਜ ਤ੍ਰਿਲੋਚਨ) ੨. ਕ੍ਸ਼ਯ (ਨਾਸ਼) ਹੋਇਆ। ੩. ਮੁੱਕਿਆ. "ਸੋ ਦੀਆਂ ਨਾ ਜਾਈ ਖਾਇਆ." (ਸੋਰ ਕਬੀਰ) ੪. ਫ਼ਾ. خایہ ਖ਼ਾਯਾ. ਅੰਡਕੋਸ਼. ਫ਼ੋਤਾ. "ਤੇਰੇ ਪਤਿ ਕੇ ਦਸ ਖਾਏ." (ਚਰਿਤ੍ਰ ੪੩) ੫. ਆਂਡਾ. ਬੈਜਾ.

ਖਾਇਆ ਮੰਨਣਾ: ਕ੍ਰਿ- ਕਿਸੇ ਦਾ ਅੰਨ ਖਾਕੇ ਉਪਕਾਰ ਮੰਨਣਾ. ਖਾਕੇ ਕ੍ਰਿਤਗ੍ਯ ਹੋਣਾ. "ਕਹਿਆ ਸੁਣਹਿ ਨ ਖਾਇਆ ਮਾਨਹਿ." (ਬਸੰ ਮਃ ੧)

ਖਾਇਕ, ਖਾਇਕੁ: ਫ਼ਾ. خایک ਸੰਗ੍ਯਾ- ਟਿੱਡਾ. ਪਤੰਗਾ। ੨. ਸੰ. ਆਖ੍ਯਾਯਿਕ. ਕਥੱਕੜ. ਗਪੌੜੂ. "ਜੇ ਕੋ ਖਾਇਕੁ ਆਖਣਿ ਪਾਇ." (ਜਪੁ) "ਥਾਉ ਨਾਹੀ ਖਾਇਕਾ." (ਵਾਰ ਸ੍ਰੀ ਮਃ ੧) ੩. ਖਾਦਕ. ਖਾਊ. ਪੇਟਦਾਸੀਆ.

ਖਾਇਣ: ਸੰ. खादन ਸੰਗ੍ਯਾ- ਖਾਣ ਦੀ ਕ੍ਰਿਯਾ. ਖਾਣਾ। ੨. ਭੋਜਨ. "ਅੰਮ੍ਰਿਤਰਸੁ ਖਾਇਣ." (ਵਾਰ ਰਾਮ ੨. ਮਃ ੫)

ਖਾਈ: ਖਾਧੀ. ਛਕੀ. "ਬਿਖੈ ਠਗਉਰੀ ਜਿਨਿ ਜਨਿ ਖਾਈ." (ਗਉ ਮਃ ੫) ੨. ਸੰਗ੍ਯਾ- ਖਾਤ. ਪਰਿਖਾ. ਖਨਿ. ਕੋਟ ਦੇ ਚਾਰੇ ਪਾਸੇ ਪਾਣੀ ਠਹਿਰਣ ਲਈ ਖੋਦੀ ਹੋਈ ਖੰਦਕ, ਜਿਸ ਤੋਂ ਵੈਰੀ ਅੰਦਰ ਦਾਖ਼ਿਲ ਨਾ ਹੋ ਸਕੇ. "ਲੰਕਾ ਸਾ ਕੋਟ ਸਮੁੰਦ ਸੀ ਖਾਈ." (ਆਸਾ ਕਬੀਰ) ੩. ਖਾਣ ਵਾਲੀ. ਭਾਵ- ਤ੍ਰਿਸ਼ਨਾ "ਲਹਬਰ ਬੂਝੀ ਖਾਈ." (ਆਸਾ ਮਃ ੫) ਦੇਖੋ, ਲਹਬਰ.

ਖਾਸ: ਅ਼. خاص ਖ਼ਾਸ. ਵਿ- ਮੁੱਖ. ਪ੍ਰਧਾਨ. ਚੁਣਿਆ ਹੋਇਆ. ਵਿਸ਼ੇਸ਼। ੨. ਫ਼ਾ. خواہش ਖ਼੍ਵਾਹਿਸ਼. ਸੰਗ੍ਯਾ- ਇੱਛਾ. ਲੋੜ. "ਕਿਸੀ ਵਸਤੁ ਕੀ ਖਾਸ ਨ ਰਹੀ." (ਗੁਪ੍ਰਸੂ)

ਖਾਸਾ: ਖਾਵੇਗਾ. ਖਾਵਿਸ. "ਜੈਸਾ ਬੀਜਹਿ ਤੈਸਾ ਖਾਸਾ." (ਗਉ ਮਃ ੫) ੨. ਸੰਗਯਾ- ਅਮੀਰਾਂ ਦੀ ਖਾਸ ਸਵਾਰੀ. ਪਾਲਕੀ. ਤਾਮਝਾਮ. ਸੁਖਪਾਲ. "ਖਾਸੇ ਕੋ ਉਚਵਾਇ ਚਲੇਹੈਂ." (ਗੁਪ੍ਰਸੂ) ੩. ਫ਼ਾ. خاصہ ਖ਼ਾਸਹ. ਨੈਨਸਕੁ. ਪਤਲਾ ਵਸਤ੍ਰ। ੪. ਵਿ- ਉੱਤਮ ਉਮਦਾ. "ਜਿਸ ਸਿਰਪਾਉ ਪਇਆ ਗਲਿ ਖਾਸਾ ਹੇ." (ਮਾਰੂ ਸੋਲਹੇ ਮਃ ੫) ੫. ਅਰੋਗ। ੬. ਅ਼. ਸੰਗਯਾ- ਸੁਭਾਉ. ਪ੍ਰਕ੍ਰਿਤਿ.

ਖਾਂਸਾ: ਦੇਖੋ, ਕਾਂਸਾ.

ਖਾਸਿਯਤ: ਅ਼. خاصیت ਖ਼ਾਸਿਯਤ. ਖ਼ਾਸ ਬਾਤ। ੨. ਆਦਤ. ਸੁਭਾਉ। ੩. ਖ਼ਾਸ ਅਸਰ. ਤਾਸੀਰ.

ਖਾਂਸੀ: ਇੱਕ ਰੋਗ. ਸੰ. काश ਅਤੇ काम سعال ਸੁਆ਼ਲ. Cough. ਖੰਘ. ਇਹ ਰੋਗ ਬਹੁਤ ਖਟਿਆਈਆਂ ਦੇ ਸੇਵਨ, ਤੱਤੀਆਂ ਚੀਜਾਂ ਖਾਕੇ ਠੰਢਾ ਪਾਣੀ ਪੀਣ, ਧੂੰਆਂ ਅਤੇ ਧੂੜ ਨਾਸਾਂ ਦੇ ਰਾਹ ਅੰਦਰ ਜਾਣ, ਰੁੱਖੇ ਬੇਹੇ ਭੋਜਨ ਖਾਣ, ਗੰਦੇ ਥਾਂ ਰਹਿਣ ਅਤੇ ਰੇਜਸ਼ ਦੇ ਹੋਣ ਤੋਂ ਹੋਇਆ ਕਰਦਾ ਹੈ.

ਪੁਰਾਣੇ ਰੋਗਾਂ ਨਾਲ ਜਦ ਬੀਮਾਰ ਕਮਜ਼ੋਰ ਹੋ ਜਾਵੇ ਤਾਂ ਅਚਾਨਕ ਛਾਤੀ ਨੂੰ ਠੰਢ ਲਗਣ ਤੋਂ ਬੀ ਖਾਂਸੀ ਹੁੰਦੀ ਹੈ. ਜੇ ਵਿਚਾਰਕੇ ਦੇਖੀਏ ਤਾਂ ਇਹ ਸਾਰੇ ਰੋਗਾਂ ਦੀ ਜੜ੍ਹ ਹੈ. ਪੰਜਾਬੀ ਕਹਾਉਤ ਹੈ- "ਰੋਗਾਂ ਦਾ ਮੂਲ ਖਾਂਸੀ, ਝਗੜਿਆਂ ਦਾ ਮੂਲ ਹਾਂਸੀ."

ਖਾਂਸੀ ਦੇ ਰੋਗੀ ਦੇ ਕੰਠ ਤੋਂ ਅਵਾਜ਼ ਕਾਂਸੀ ਦੇ ਭੱਜੇ ਬਰਤਨ ਜੇਹੀ ਹੁੰਦੀ ਹੈ, ਛਾਤੀ ਵਿੱਚ ਖਿੱਚ ਪੈਂਦੀ ਹੈ, ਸਾਹ ਦੀਆਂ ਨਾਲੀਆਂ ਬਲਗਮ ਨਾਲ ਭਰ ਜਾਂਦੀਆਂ ਹਨ, ਗਲ ਅਤੇ ਜੀਭ ਉੱਤੇ ਕੰਡੇ ਜੇਹੇ ਹੋ ਜਾਂਦੇ ਹਨ, ਮੱਥੇ ਵਿੱਚ ਦਰਦ ਹੁੰਦਾ ਹੈ, ਭੁੱਖ ਘਟ ਜਾਂਦੀ ਹੈ. ਖਾਂਸੀ ਦੇ ਕਈ ਕਾਰਣ ਤੇ ਭੇਦ ਹਨ. ਸਿਆਣੇ ਹਕੀਮ ਦੇ ਸਲਾਹ ਨਾਲ ਇਲਾਜ ਹੋਣਾ ਚਾਹੀਏ, ਪਰ ਇਸ ਦੇ ਸਾਧਾਰਣ ਇਲਾਜ ਇਹ ਹਨ-

(੧) ਬਾਂਸੇ ਦੇ ਹਰੇ ਪੱਤਿਆਂ ਦਾ ਰਸ ਸ਼ਹਿਦ ਨਾਲ ਮਿਲਾਕੇ ਚੱਟਣਾ.

(੨) ਮੁਲੱਠੀ, ਬਹੇੜੇ ਦੀ ਛਿੱਲ, ਨਸ਼ਾਸਤਾ, ਕਤੀਰਾ ਗੂੰਦ, ਮਿਸ਼ਰੀ ਸਭ ਸਮਾਨ ਤੋਲ ਦੇ ਲੈ ਕੇ ਝਾੜਬੇਰੀ ਦੇ ਬੇਰ ਜਿੱਡੀ ਗੋਲੀ ਬਣਾਕੇ ਮੂੰਹ ਵਿੱਚ ਰੱਖਕੇ ਰਸਾ ਚੂਸਣਾ.

(੩) ਅਦਰਕ ਦੇ ਰਸ ਵਿੱਚ ਸ਼ਹਿਦ ਮਿਲਾਕੇ ਚੱਟਣਾ.

(੪) ਕਾਲੀਆਂ ਮਿਰਚਾਂ, ਅਫੀਮ, ਮਿਸ਼ਰੀ, ਕੱਥ, ਕਿੱਕਰ ਦਾ ਗੂੰਦ, ਇੱਕ ਇੱਕ ਮਾਸ਼ਾ ਲੈ ਕੇ ਪੀਸਕੇ ਰੱਤੀ ਰੱਤੀ ਦੀਆਂ ਗੋਲੀਆਂ ਸਵੇਰ ਵੇਲੇ ਅਤੇ ਸੌਣ ਵੇਲੇ ਗਰਮ ਜਲ ਨਾਲ ਖਾਣੀਆਂ.[428]

ਖਾਸੀਯਤ: ਦੇਖੋ, ਖਾਸਿਯਤ.

ਖਾਹਿ: ਖਾਂਦਾ ਹੈ. "ਕੰਨੀ ਸੂਤਕ ਕੰਨ ਪੈ ਲਾਇਤਬਾਰੀ ਖਾਹਿ." (ਵਾਰ ਆਸਾ) ਚੁਗਲੀ ਖਾਂਦਾ ਹੈ। ੨. ਦੇਖੋ, ਖ੍ਵਾਹ.

ਖਾਹਿਸ: ਦੇਖੋ, ਖ੍ਵਾਹਿਸ਼.

ਖਾਹੀ: ਵਿ- ਖਾਦਕ. ਖਾਣ ਵਾਲਾ. "ਜੁਗਾ ਜੁਗੰਤਰਿ ਖਾਹੀ ਖਾਹਿ." (ਜਪੁ) ੨. ਖ੍ਵਾਹਿਸ਼ ਵਾਲਾ. ਤ੍ਰਿਸ਼੍ਣਾਲੂ.

ਖ਼ਾਕ: ਫ਼ਾ. خاک ਸੰਗਯਾ- ਮਿੱਟੀ. ਧੂਲਿ. ਧੂੜ. "ਤੇਰੇ ਚਾਕਰਾ ਪਾਖਾਕ." (ਤਿਲੰ ਮਃ ੧) ੨. ਜ਼ਮੀਨ. ਪ੍ਰਿਥਿਵੀ.

ਖਾਕਛਾਣਨਾ: ਕ੍ਰਿ- ਧਨਪ੍ਰਾਪਤੀ ਲਈ ਰਸਤੇ ਦੀ ਖ਼ਾਕ ਛਾਣਨੀ, ਤਾਕਿ ਉਸ ਵਿੱਚੋਂ ਰੁਪਯਾ ਪੈਸਾ ਮਿਲੇ। ੨. ਅਪਮਾਨ ਸਹਾਰਨਾ. ਸਿਰ ਸੁਆਹ ਪਾਉਣੀ. "ਕਉਡੀ ਕਉਡੀ ਕਉ ਖਾਕ ਸਿਰ ਛਾਨੈ." (ਰਾਮ ਮਃ ੫)

ਖ਼ਾਕਤੋਦਾ: ਫ਼ਾ. خاک تودہ ਸੰਗਯਾ- ਮਿੱਟੀ ਦਾ ਢੇਰ, ਜਿਸ ਵਿੱਚ ਤੀਰਾਂ ਦਾ ਨਿਸ਼ਾਨਾ ਲਗਾਈਦਾ ਹੈ. ਇਸ ਢੇਰ ਦੇ ਅੱਗੇ ਗਾਰੇ

---

[428] ਇਹ ਗੋਲੀ ਬੱਚਿਆਂ ਨੂੰ ਨਹੀਂ ਦੇਣੀ ਚਾਹੀਏ.

ਦੀ ਪਤਲੀ ਕੰਧ ਹੁੰਦੀ ਹੈ ਅਤੇ ਅੰਦਰ ਸੁੱਕੀ ਬਾਰੀਕ ਮਿੱਟੀ ਭਰੀ ਰਹਿੰਦੀ ਹੈ. ਜਿਤਨੀ ਲੈਸ[429] ਖ਼ਾਕਤੋਦੇ ਵਿੱਚ ਧਸੇ, ਉਤਨਾ ਹੀ ਬਲ ਤੀਰਅੰਦਾਜ਼ ਦਾ ਜਾਣਿਆ ਜਾਂਦਾ ਹੈ. "ਕਰਜੋ ਖਾਕਤੋਦਾ ਸੁਧਰਾਇ." (ਗੁਪ੍ਰਸੂ)

ਖ਼ਾਕਰੋਬ: ਫ਼ਾ. خاکروب ਸੰਗਜਾ- ਖਾਕ (ਧੂੜ ਕੂੜਾ ਆਦਿ) ਰੋਬ (ਸਾਫ) ਕਰਨ ਵਾਲਾ. ਭੰਗੀ. ਮਿਹਤਰ.

ਖ਼ਾਕਾ: ਫ਼ਾ. خاکہ ਸੰਗਜਾ- ਢਾਂਚਾ. ਨਕ਼ਸ਼ਾ.

ਖ਼ਾਕਿਸੂਰ: ਫ਼ਾ. خاکستر ਸੰਗਜਾ- ਰਾਖ. ਭਸਮ. ਸੁਆਹ.

ਖ਼ਾਕੀ: ਫ਼ਾ. خاکی ਵਿ- ਖ਼ਾਕ ਦਾ ਬਣਿਆ ਹੋਇਆ। ੨. ਖ਼ਾਕ ਰੰਗਾ। ੩. ਸੰਗਜ਼ਾ- ਬੈਰਾਗੀਆਂ ਦਾ ਇੱਕ ਫ਼ਿਰਕ਼ਾ, ਜੋ ਸ਼ਰੀਰ ਪੁਰ ਭਸਮ ਮਲਦਾ ਹੈ, ਇਹ ਕ੍ਰਿਸ਼ਨਦਾਸ ਦੇ ਚੇਲੇ 'ਕੀਲ' ਤੋਂ ਚੱਲਿਆ ਹੈ.

ਖ਼ਾਕੀਆਂ: ਖ਼ਾਕੀ ਦਾ ਬਹੁ ਵਚਨ. ਭਾਵ- ਬੰਦੇ. ਲੋਕ. ਜਨ.

ਖਾਕੁ: ਦੇਖੋ, ਖਾਕ. "ਖਾਕੁ ਲੋੜੇਦਾ ਤੰਨਿਖੇ." (ਵਾਰ ਮਾਰੂ ੨. ਮਃ ੫)

ਖਾਕੂ: ਖਾਕ ਸ਼ਬਦ ਨਾਲ ਦੁਲੈਂਕੇ ਸੰਬੰਧ ਬੋਧਕ ਹਨ. ਖਾਕ ਦੇ "ਖਿਨ ਮਹਿ ਰੁਲਤਾ ਖਾਕੂ ਨਾਲਿ." (ਗੌਂਡ ਮਃ ੫) ੨. ਵਿ- ਖ਼ਾਕ ਦਾ ਬਣਿਆ ਹੋਇਆ. "ਖਾਕੂ ਖਾਕ ਰਲੈ." (ਬਿਲਾ ਅਃ ਮਃ ੧) ੩. ਸੰਗਜਾ- ਪ੍ਰਿਥਿਵੀ. ਦੇਖੋ, ਖ਼ਾਕ ੨. "ਖਾਕੂ ਜੇਡੁ ਨ ਕੋਇ." (ਸ. ਫਰੀਦ)

ਖਾਖ: ਸੰਗਜਾ- ਦੋਹਾਂ ਬੁਲ੍ਹਾਂ ਦੀ ਸੰਧਿ ਦਾ ਅਸਥਾਨ। ੨. ਦੇਖੋ, ਖਾਕ.

ਖਾਗ: ਦੇਖੋ, ਖੜਗ। ੨. ਖਗ. ਤੀਰ. ਜੋ ਖ (ਆਕਾਸ਼) ਵਿਚ ਗ (ਗਮਨ) ਕਰਦਾ ਹੈ. "ਛੁਟਗਯੋ ਸਰਪ ਸਮ ਜਾਇ ਲਾਗ। ਜੱਟ ਭੁਜਾਨ ਕੇ ਬੀਚ ਖਾਗ." (ਗੁਪ੍ਰਸੂ)

ਖਾਚੀ: ਦੇਖੋ, ਖਚਿਤ.

ਖਾਜ, ਖਾਜੁ: ਸੰ. ਖਾਦਜ. ਸੰਗਜਾ- ਖਾਣ ਯੋਗ ਪਦਾਰਥ. ਭੋਜਨ. ਖਾਜਾ. "ਖਾਜੁ ਹੋਇਆ ਮੁਰਦਾਰੁ." (ਵਾਰ ਸਾਰ ਮਃ ੧) "ਜਿਨਹੁ ਅਖਾਜ ਖਾਜ ਲਖ ਪਾਏ." (ਗੁਪ੍ਰਸੂ) ੨. ਸੰ. ਖਜੁੰ. ਖੁਜਲੀ. خارش, ਹਿੱਕਾ. Prurigo. ਇਸ ਦੇ ਕਾਰਣ ਹਨ- ਮੈਲਾ ਰਹਿਣਾ, ਨਿਰਮਲ ਅਤੇ ਪੱਕੀ ਹੋਈ ਗਿਜਾ ਨਾ ਖਾਣੀ, ਹਾਜਮੇ ਦਾ ਵਿਗੜਨਾ, ਜਿਗਰ ਦੀਆਂ ਬੀਮਾਰੀਆਂ ਹੋਣੀਆਂ, ਇਸਤ੍ਰੀਆਂ ਦੀ ਰਿਤੁ ਦਾ ਰੁਕਣਾ ਆਦਿ. ਜਦ ਲਹੂ ਵਿੱਚ ਉੱਪਰ ਲਿਖੇ ਕਾਰਣਾਂ ਤੋਂ ਵਿਗਾੜ ਹੁੰਦਾ ਹੈ ਤਾਂ ਸਾਰੇ ਸਰੀਰ ਉੱਤੇ ਖਾਜ ਹੋਣ ਲਗ ਜਾਂਦੀ ਹੈ. ਇਸ ਦਾ ਉੱਤਮ ਇਲਾਜ ਹੈ ਕਿ ਬਦਨ ਨੂੰ ਸਾਫ ਰੱਖੋ, ਲਹੂ ਸਾਫ ਕਰਨ ਦੀਆਂ ਦਵਾਈਆਂ ਖਾਓ ਪੀਓ, ਪਿੱਤਪਾਪੜਾ, ਚਰਾਇਤਾ, ਮੁੰਡੀ ਬੂਟੀ, ਚਿੱਟਾ ਚੰਨਣ, ਛੋਟੀ ਹਰੜ, ਇਹ ਪੰਜ ਪੰਜ ਮਾਸ਼ੇ, ਉਨਾਬ ਦੇ ਸੱਤ ਦਾਣੇ ਲੈ ਕੇ ਡੇਢ ਪਾ ਪਾਣੀ ਵਿੱਚ ਰਾਤ ਨੂੰ ਭਿਉਂ ਦਿਓ, ਸਵੇਰ ਵੇਲੇ ਮਲ ਅਤੇ ਛਾਣਕੇ ਦੋ ਤੋਲਾ ਸ਼ਰਬਤ ਉਨਾਬ ਮਿਲਾਕੇ ਪੀਓ.

ਖਟਿਆਈ, ਲਾਲ ਮਿਰਚਾਂ ਸ਼ਰਾਬ ਆਦਿ ਤੋਂ ਬਚਕੇ ਰਹੋ. ਤੁਚਾ ਨੂੰ ਕੋਮਲ ਕਰਨ ਵਾਲੇ ਬਟਣੇ ਮਲੋ.

ਖਾਜਾ: ਦੇਖੋ, ਖਾਜ ੧.

ਖਾਜਿਨ: ਅ਼. خازن ਖ਼ਾਜ਼ਿਨ. ਵਿ- ਜਮਾਂ ਕਰਨ ਵਾਲਾ। ੨. ਸੰਗਜਾ- ਖ਼ਜ਼ਾਨਚੀ.

ਖਾਜੀਨਿਆ: ਖ਼ਜ਼ਾਨਚੀ. ਭਾਵ- ਸਾਧੁਜਨ. ਦੇਖੋ, ਖਾਜਿਨ. "ਸਚੁ ਤੇਰੇ ਖਾਜੀਨਿਆ." (ਸੂਹੀ ਮਃ ੫)

ਖਾਜੁ: ਦੇਖੋ, ਖਾਜ.

---

[429] ਦੇਖੋ, ਲੈਸ.

ਖਾਜੈ: ਖਾਈਏ. "ਦੇ ਖਾਜੈ ਆਖਿ ਗਵਾਈਐ." (ਵਾਰ ਆਸਾ) ਜੋ ਕਰਤਾਰ ਦੇਵੇ ਸੋ ਖਾਜੈ, "ਮੈ ਦਾਤਾ ਹਾਂ" ਇਹ ਆਖਕੇ ਗਵਾਈਐ। ੨. ਦੇਕੇ (ਵੰਡਕੇ) ਛਕੀਏ, ਪਰ ਦਾਤਾ ਹੋਣ ਦਾ ਅਭਿਮਾਨ ਦੂਰ ਕਰੀਏ.

ਅਰਥਾਤ ਇਹ ਨਾ ਆਖਦੇ ਫਿਰੀਏ ਕਿ ਅਸੀਂ ਹੋਰਨਾਂ ਨੂੰ ਦਿੰਦੇ ਹਾਂ.

ਖਾਟ: ਸੰ. ਖਟ੍ਵਾ. ਮੰਜਾ. ਪਲੰਗ. ਚਾਰਪਾਈ. ਦੇਖੋ, ਅੰ. Cot. "ਖਾਟ ਮਾਗਉ ਚਉਪਾਈ." (ਸੋਰ ਕਬੀਰ)

ਖਾਟਣ, ਖਾਟਨ: ਕ੍ਰਿ- ਖੱਟਣਾ. ਕਮਾਉਣਾ. ਲਾਭ ਲੈਣਾ. "ਖਾਟਣ ਕਉ ਹਰਿ ਹਰਿ ਰੋਜਗਾਰ." (ਧਨਾ ਮਃ ੫) "ਧਨ ਖਾਟਨ ਕੀਜੈ ਬਿਧਿ ਰੂਰਿ." (ਨਾਪ੍ਰ)

ਖਾਟਿ: ਸੰਗਯਾ- ਖੱਟੀ. ਕਮਾਈ. ਲਾਭ. "ਵਡਭਾਗੀ ਧਨ ਖਾਟਿ." (ਸ੍ਰੀ ਮਃ ੫) ੨. ਕ੍ਰਿ. ਵਿ- ਖੱਟਕੇ. ਕਮਾਕੇ. "ਮਾਈ ਖਾਟਿ ਆਇਓ ਘਰਿ ਪੂਤਾ." (ਗੂਜ ਮਃ ੫) ੩. ਸੰ. ਸੰਗਯਾ- ਅਰਥੀ. ਸੀੜ੍ਹੀ. ਸ਼ਵਰਥ.

ਖਾਟਿਓ: ਖੱਟਿਆ. ਕਮਾਇਆ. "ਰਾਮਰਤਨੁ ਧਨੁ ਖਾਟਿਓ." (ਟੋਡੀ ਮਃ ੫)

ਖਾਟਿ ਖਾਟੁਲੀ: ਖੱਟੀ ਖੱਟਕੇ. ਧਨ ਕਮਾਕੇ. "ਕਹਾ ਕਰਹਿ ਰੇ, ਖਾਟਿ ਖਾਟੁਲੀ." (ਸਾਰ ਮਃ ੫)

ਖਾਟੀ: ਖੱਟੀ. ਕਮਾਈ. "ਨਾਮਰਾਸਿ ਸਾਧ ਸੰਗਿ ਖਾਟੀ." (ਗਉ ਮਃ ੫) ੨. ਵਿ- ਖੱਟੀ. ਤੁਰਸ਼। ੩. ਕੌੜੀ. "ਜੈਸਾ ਅੰਮ੍ਰਿਤੁ ਤੈਸੀ ਬਿਖ ਖਾਟੀ." (ਸੁਖਮਨੀ) "ਗੁਰਪ੍ਰਸਾਦਿ ਅੰਮ੍ਰਿਤ ਬਿਖ ਖਾਟੀ." (ਗਉ ਮਃ ੫)

ਖਾਟੀ ਬਿਖ: ਸੰਗਯਾ- ਸ਼ਰਾਬ. ਮਦਿਰਾ। ੨. ਹਲਾਹਲ. ਤੇਜ਼ ਜ਼ਹਿਰ.

ਖਾਟੁਲੀ: ਦੇਖੋ, ਖਾਟਿ ਖਾਟੁਲੀ। ੨. ਖਟੋਲੀ. ਛੋਟਾ ਮੰਜਾ.

ਖਾਟੇ: ਕ੍ਰਿ. ਵਿ- ਖੱਟਕੇ. ਕਮਾਕੇ. "ਅਪਨੇ ਘਰਿ ਲੈ ਆਇਆ ਖਾਟੇ." (ਧਨਾ ਮਃ ੫)

ਖਟੰਗ: ਸੰ. षडङ्ग ਸ਼ੜੰਗ. ਦੇਖੋ, ਖਟਅੰਗ. "ਤਿਲਕ ਖਾਟੰਗਾ." (ਕਾਨ ਮਃ ੫) ਛੀ ਅੰਗਾਂ ਉੱਪਰ ਤਿਲਕ (ਮੱਥਾ, ਦੋਵੇਂ ਕੰਨ, ਦੋ ਬਾਹਾਂ ਅਤੇ ਛਾਤੀ). ਕਈ ਗ੍ਰੰਥਾਂ ਵਿੱਚ ਬਾਰਾਂ ਅੰਗ ਪੁਰ ਭੀ ਤਿਲਕ ਕਰਨਾ ਲਿਖਿਆ ਹੈ. ਦੇਖੋ, ਬਾਰਹਿ ਤਿਲਕ.

ਖਾਡ, ਖਾਂਡ: ਸੰ खण्ड ਖੰਡ. ਸੰਗਯਾ- ਗੰਨੇ (ਇੱਖ) ਆਦਿ ਦੇ ਰਸ ਤੋਂ ਬਣਿਆ ਹੋਇਆ ਮਿੱਠਾ ਪਦਾਰਥ. ਚੀਨੀ. ਸਫ਼ੇਦ ਸ਼ੱਕਰ. "ਖੀਰ ਖਾਡ ਘੀਉ ਨ ਭਾਵੈ." (ਭੈਰ ਨਾਮਦੇਵ) "ਹਰਿ ਹੈ ਖਾਂਡ ਰੇਤ ਮਹਿ ਬਿਖਰੀ." (ਸ. ਕਬੀਰ) ੨. ਖੰਦਕ. ਖਾਈ. ਖਨਿ. ਪਰਖਾ.

ਖਾਂਡਵ, ਖਾਂਡਵਵਨ: ਸੰ. खाण्डव ਸੰਗਯਾ- ਕਾਲਿਕਾ ਪੁਰਾਣ ਅਤੇ ਪਦਮ ਪੁਰਾਣ ਅਨੁਸਾਰ ਖਾਂਡਵੀ ਨਗਰੀ ਦੇ ਉਜੜ ਜਾਣ ਪੁਰ ਦੇਵਤਿਆਂ ਦੀ ਇੱਛਾ ਅਨੁਸਾਰ ਕਾਸ਼ੀਰਾਜ ਦਾ ਲਗਾਇਆ ਹੋਇਆ ਵਨ (ਬਨ), ਜੋ ਜਮੁਨਾ ਦੇ ਕਿਨਾਰੇ ਇੰਦ੍ਰਪ੍ਰਸਥ (ਪੁਰਾਣੀ ਦਿੱਲੀ) ਪਾਸ ਸੀ.[430] ਇਹ ਜੰਗਲ ਇੰਦ੍ਰ ਦਾ ਪਿਆਰਾ ਸੀ. ਮਹਾਭਾਰਤ ਵਿੱਚ ਕਥਾ ਹੈ ਕਿ ਅਗਨਿ ਦੇਵਤਾ ਨੂੰ ਇੱਕ ਵਾਰ ਬਦਹਜਮੀ ਹੋ ਗਈ. ਉਸ ਦਾ ਇਲਾਜ ਇਹ ਦੱਸਿਆ ਗਿਆ ਕਿ ਖਾਂਡਵਵਨ ਦੀਆਂ ਬੂਟੀਆਂ ਜੇ ਅਗਨਿ ਖਾਵੇ, ਤਦ ਹਾਜਮਾ ਠੀਕ ਹੋਵੇਗਾ. ਜਦ ਅਗਨੀ ਵਨ ਖਾਣ ਲੱਗਿਆ, ਤਾਂ ਇਦ੍ਰ ਨੇ ਮੂਸਲਧਾਰ ਵਰਖਾ ਕਰਕੇ ਅੱਗ ਦੀਆਂ ਲਾਟਾਂ ਬੁਝਾ ਦਿੱਤੀਆਂ, ਅੰਤ ਨੂੰ ਅਰਜੁਨ ਨੇ ਅਗਨਿ ਦੀ ਸਹਾਇਤੀ ਕੀਤੀ. ਅਗਨਿ ਨੇ ਗਾਂਡੀਵ ਧਨੁਖ ਅਰਜੁਨ ਨੂੰ ਪ੍ਰਸੰਨ ਹੋ ਕੇ ਦਿੱਤਾ, ਜਿਸ ਨਾਲ ਅਰਜੁਨ ਨੇ ਤੀਰਾਂ ਦਾ ਅਜਿਹਾ ਛੱਪਰ ਛਾਇਆ ਕਿ ਵਰਖਾ ਦਾ ਅਸਰ ਅਗਨੀ ਉੱਪਰ ਨਾ ਹੋਣ ਦਿੱਤਾ ਅਤੇ ਵਾਣਾਂ ਨਾਲ ਬੱਦਲ ਉਡਾ ਦਿੱਤੇ.[431] "ਖਾਂਡਵ ਜਾਰਨ ਕੋ ਅਗਨੀ ਹਿਤ ਪਾਰਥ ਨੇ ਜਨੁ ਮੇਘ ਵਿਡਾਰੇ." (ਕ੍ਰਿਸਨਾਵ) ੨. ਖੰਡ ਦੀ ਬਣੀ ਹੋਈ ਵਸਤੁ। ੩. ਰਾਬ. ਸ਼ੀਰਾ। ੪. ਵਿ- ਖੰਡ ਦਾ.

---

[430] ਮਹਾਭਾਰਤ ਅਨੁਸਾਰ ਖਾਂਡਵਵਨ ਅਸ਼੍ਵਰਥ ਨਦ ਦੇ ਕਿਨਾਰੇ ਸੀ. ਅਰਥਾਤ ਜ਼ਿਲਾ ਮੁਜੱਫਰਨਗਰ ਵਿੱਚ ਮੇਰਟ ਤੋਂ ਥੋੜੀ ਦੂਰ ਇਹ ਜੰਗਲ ਸੀ.
[431] ਦੇਖੋ, ਮਹਾਂਭਾਰਤ ਆਦਿ ਪਰਵ ਅਃ ੨੨੫.

ਖਾਂਡਾ: ਦੇਖੋ, ਖੰਡਾ.

ਖਾਡੀ: ਸੰਗਯਾ- ਸਮੁੰਦਰ ਦਾ ਉਹ ਹਿੱਸਾ ਜੋ ਤਿੰਨ ਪਾਸਿਓਂ ਖੁਸ਼ਕੀ ਨਾਲ ਘਿਰਿਆ ਹੋਵੇ. ਖ਼ਲੀਜ.

ਖਾਡੂਰੁ: ਦੇਖੋ, ਖਡੂਰ. "ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ." (ਵਾਰ ਰਾਮ ੩)

ਖਾਂਡਜੋ: ਖੰਡਨ ਕੀਤਾ. ਟੁਕੜੇ ਕੀਤਾ. "ਭਗਵਾਨ ਅਖੰਡਨ ਖਾਂਡਜੋ." (ਕ੍ਰਿਸਨਾਵ)

ਖਾਣ, ਖਾਣੁ: ਦੇਖੋ, ਖਾਣਾ. "ਦਿੱਤਾ ਪੈਨਣੁ ਖਾਣੁ." (ਸੋਰ ਮਃ ੫) ੨. ਦੇਖੋ, ਖਾਨਿ.

ਖਾਣਾ: ਕ੍ਰਿ- ਖਾਦਨ. ਭੋਜਨ ਕਰਨਾ. ਭਕ੍ਸ਼ਣ. ਜੇਮਨਾ. "ਖਾਣਾ ਪੀਣਾ ਪਵਿਤ੍ਰ ਹੈ." (ਵਾਰ ਆਸਾ) ੨. ਸੰਗਯਾ- ਭੋਜਨ. ਖਾਣ ਯੋਗਯ ਪਦਾਰਥ. ਖਾਦਯ.

ਖਾਣਿ, ਖਾਣੀ: ਸੰਗਯਾ- ਖਾਨਿ. ਕਾਨ। ੨. ਜੀਵਾਂ ਦੀ ਉਤਪੱਤੀ ਦੀ ਪ੍ਰਧਾਨ ਵੰਡ. "ਤੇਰੀਆ ਖਾਣੀ ਤੇਰੀਆ ਬਾਣੀ." (ਮਾਝ ਅਃ ਮਃ ੩) "ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ." (ਸੋਰ ਮਃ ੧)

ਖਾਣੁ: ਦੇਖੋ, ਖਾਣ.

ਖਾਤ: ਖਾਂਦਾ. ਭਕ੍ਸ਼ਣ ਕਰਦਾ. "ਹਰਿਰਸ ਭੋਜਨ ਖਾਤ." (ਬਿਲਾ ਮਃ ੫) ੨. ਸੰ. ਸੰਗਯਾ- ਖਾਤਾ. ਗੜ੍ਹਾ. ਟੋਆ. "ਦੁਨੀਆ ਲਬੁ ਪਇਆ ਖਾਤ ਅੰਦਰਿ." (ਮਾਰੂ ਮਃ ੫. ਅੰਜੁਲੀਆਂ) ੩. ਰੇਹ. Manure.

ਖਾਤਮਾ: ਅ਼. خاتمہ ਖ਼ਾਤਿਮਹ. ਸੰਗਯਾ- ਅੰਤ. ਸਮਾਪਤਿ. ਓੜਕ.

ਖਾਤਰ: ਦੇਖੋ, ਖਾਤਿਰ.

ਖਾਤਰਜਮਾ: ਦੇਖੋ, ਖਾਤਿਰਜਮਾ.

ਖਾਤਾ: ਖਾਂਦਾ. ਭਕ੍ਸ਼ਣ ਕਰਦਾ. "ਹਰਿਰਸ ਭੋਜਨ ਖਾਤਾ." (ਦੇਵ ਮਃ ੫) "ਸਭਿ ਦੋਖਹਿ ਖਾਤਾ." (ਗਉ ਵਾਰ ੨. ਮਃ ੫) ੨. ਸੰਗਯਾ- ਖਾਤ. ਟੋਆ. "ਮਨਮੁਖਿ ਦੁਖੁ ਖਾਤਾ." (ਵਾਰ ਗੂਜ ੧. ਮਃ ੩) ੩. ਬਾਣੀਏ ਦਾ ਰੋਜ਼ਨਾਮਚਾ। ੪. ਹਿਸਾਬ ਦੀ ਮੱਦ.

ਖਾਤਿਮ: ਅ਼. خاتم ਵਿ- ਖ਼ਤਮ ਕਰਨ ਵਾਲਾ. ਅੰਤ ਕਰਤਾ.

ਖਾਤਿਮਾ: ਦੇਖੋ, ਖਾਤਮਾ। ੨. ਭਾਈ ਨੰਦ ਲਾਲ ਜੀ ਦੀ ਰਚੀ ਇੱਕ ਪੁਸਤਕ. ਦੇਖੋ, ਨੰਦਲਾਲ ਭਾਈ.

ਖ਼ਾਤਿਰ, ਖ਼ਾਤ਼ਿਰ: ਅ਼. خاطر ਸੰਗਯਾ- ਸਨਮਾਨ. ਆਦਰ। ੨. ਇਰਾਦਾ. ਸੰਕਲਪ। ੩. ਧ੍ਯਾਨ. ਤੱਵਜੋ. "ਨਿਜ ਖਾਤਿਰ ਮੇ ਕਿਸੇ ਨ ਲ੍ਯਾਵੈ." (ਗੁਪ੍ਰਸੂ) ੪. ਤਸੱਲੀ. "ਉੱਤਰ ਦੇਹੁ ਪੀਰ ਤੁਮ ਦੀਰਘ ਜਿਸ ਤੇ ਮਮ ਖਾਤਿਰ ਹ੍ਵੈਜਾਇ." (ਗੁਪ੍ਰਸੂ) ੫. ਦਿਲ। ੬. ਪੱਖ. ਪਾਸਦਾਰੀ.

ਖ਼ਾਤਿਰਜਮਅ, ਖ਼ਾਤ਼ਿਰਜਮਅ਼, ਖਾਤਿਰਜਮਾ, ਖਾਤਿਰਨਿਸਾ: ਅ਼. خاطرجمع ਸੰਗਯਾ- ਤਸੱਲੀ. ਸੰਤੋਖ. ਧੀਰਜ. "ਖਾਤਿਰਜਮਾ ਹੋਇ ਉਰਤਬਹੀ." (ਨਾਪ੍ਰ) "ਝੂਠ ਮੂਠ ਕਹੈਂ ਸਭ ਖਾਤਿਰ ਕੋ ਜਮਾ ਰਾਖ, ਜਮਾ ਹੋਇ ਘਰ ਮੇ ਤੋ ਖਾਤਿਰਜਮਾ ਰਹੈ." (ਨਿਪਟਕਵਿ) "ਖਾਨੇ ਕੋ ਹਮਾ ਰਹੈ ਨਾ ਕਾਹੂੰ ਕੀ ਤਮਾ ਰਹੈ, ਜੋ ਗਾਂਠ ਮੇ ਜਮਾ ਰਹੈ, ਤੋ ਖਾਤਿਰਜਮਾ ਰਹੈ." (ਗ੍ਵਾਲ)

ਖਾਤੀ: ਸੰ. क्षतृ ਕ੍ਸ਼ਤ੍ਰੀ. ਸੰਗਯਾ- ਕੱਟਣ ਵਾਲਾ, ਤਖਾਣ. ਭਾਵ- ਸ਼ੂਦ੍ਰ. "ਨਾ ਇਹੁ ਬ੍ਰਹਮਣ ਨਾ ਇਹੁ ਖਾਤੀ." (ਗੌਂਡ ਕਬੀਰ) ੨. ਸੰ. खातृ ਵਿ- ਖੋਦਣ ਵਾਲਾ. ਪੁੱਟਣ ਵਾਲਾ। ੩. ਖਾਤੇ (ਗਾਰ) ਵਿੱਚ. "ਅੰਨੇ ਪਵਣਾ ਖਾਤੀ ਟੋਵੈ." (ਸਵਾ ਮਃ ੧)

ਖ਼ਾਤੂਨ: ਤੁ خاتون ਸਨਮਾਨ ਯੋਗਯ ਨਾਰੀ. ਲੇਡੀ. ਖ਼ਾਨਮ. ਬੇਗਮ.

ਖਾਦ: ਸੰ. ਖਾਣਾ. "ਭ੍ਰਮ ਭੈ ਸਗਲੇ ਖਾਦ." (ਸਾਰ ਮਃ ੫) ੨. ਖਾਦ੍ਯ. ਖਾਣ ਯੋਗ੍ਯ ਪਦਾਰਥ. ਭੋਜਨ। ੩. ਰੇਹ. ਦੇਖੋ, ਖਾਤ ੩.

ਖਾਦਮ: ਦੇਖੋ, ਖ਼ਾਦਿਮ.

ਖਾਦਰ: ਸੰ. ਨਿਸ਼ਦ੍ਵਰ ਨਿਸ਼ਦਵਰ. ਸੰਗ੍ਯਾ- ਚਿੱਕੜ. ਗਾਰਾ। ੨. ਦਰਿਆ ਦੇ ਕਿਨਾਰੇ ਦੀ ਜ਼ਮੀਨ, ਜਿਸ ਥਾਂ ਸਦਾ ਗਾਰਾ ਰਹੇ। ੩. ਪਹਾੜ ਦੇ ਜੜ ਦੀ ਜ਼ਮੀਨ. ਦਾਮਨੇ ਕੋਹ.

ਖਾਦਰੀ: ਇੱਕ ਪਿੰਡ, ਜੋ ਜਿਲਾ ਸ਼ੇਖ਼ੂਪੁਰਾ, ਤਸੀਲ ਨਾਨਕਿਆਨਾ ਸਾਹਿਬ ਵਿੱਚ ਹੈ. ਇੱਥੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰੁਦ੍ਵਾਰਾ ਹੈ। ੨. ਖਾਦਰ ਦਾ ਵਸਨੀਕ. ਦੇਖੋ, ਖਾਦਰ ੨. ਅਤੇ ੩.

ਖਾਦਿ: ਦੇਖੋ, ਖਾਦ੍ਯ.

ਖ਼ਾਦਿਮ: ਅ਼. خادِم ਸੰਗ੍ਯਾ- ਖ਼ਿਦਮਤ ਕਰਨ ਵਾਲਾ. ਸੇਵਕ. ਦਾਸ. "ਖਾਦਿਮ ਕੀਜੈ ਬਰਾ ਖੁਦਾਇ." (ਗੁਪ੍ਰਸੂ) ੨. ਨੌਕਰ. ਚਾਕਰ.

ਖ਼ਾਦਿਮਾ: ਖ਼ਾਦਿਮ ਦਾ ਇਸਤ੍ਰੀ ਲਿੰਗ. ਦਾਸੀ.

ਖਾਦੀ: ਸੰਗ੍ਯਾ- ਮੋਟੇ ਸੂਤ ਦਾ ਵਸਤ੍ਰ. ਛਿੱਦਾ ਖੱਦਰ। ੨. ਵਿ- ਖਾਣ ਵਾਲਾ. ਖਾਦਿਨ੍.

ਖਾਦ੍ਯ: ਸੰ. ਸੰਗ੍ਯਾ- ਭੋਜਨ. ਖਾਣ ਲਾਇਕ ਪਦਾਰਥ। ੨. ਵਿ- ਖਾਣ ਯੋਗ੍ਯ. ਖਾਣੇਲਾਇਕ. "ਅਕਰਣੰ ਕਰੋਤਿ ਅਖਾਦ੍ਯ ਖਾਦ੍ਯੰ." (ਸਹਸ ਮਃ ੫)

ਖਾਧਾ: ਖਾਦਨ ਕੀਤਾ. ਛਕਿਆ. "ਖਾਧਾ ਹੋਇ ਸੁਆਹ." (ਵਾਰ ਮਾਝ ਮਃ ੧)

ਖਾਧਾਤਾ: ਦੇਖੋ, ਤਾ.

ਖਾਧੈ: ਖਾਣ ਤੋਂ. ਖਾਨੇ ਸੇ. "ਕਿਆ ਖਾਧੈ ਕਿਆ ਪੈਧੈ ਹੋਇ?" (ਵਾਰ ਮਾਝ ਮਃ ੧)

ਖਾਨ: ਫ਼ਾ. خان ਖ਼ਾਨ. ਸੰਗ੍ਯਾ- ਰਈਸ. ਅਮੀਰ. "ਸੁਲਤਾਨ ਖਾਨ ਮਲੂਕ ਉਮਰੇ." (ਸ੍ਰੀ ਅਃ ਮਃ ੧) ੨. ਘਰ. ਖ਼ਾਨਹ. "ਕਾਹੂੰ ਗਰੀ ਗੋਦਰੀ ਨਾਹੀ ਕਾਹੂੰ ਖਾਨ ਪਰਾਰਾ." (ਆਸਾ ਕਬੀਰ) ਕਿਸੇ ਪਾਸ ਪਾਟੀ ਗੋਦੜੀ ਨਹੀਂ, ਕਿਸੇ ਦੇ ਪਾਯਦਾਰ ਘਰ ਹਨ. ਦੇਖੋ, ਪਰਾਰਾ। ੩. ਕੁਟੰਬ. ਪਰਿਵਾਰ. "ਜੈਸੇ ਘਰ ਲਾਗੈ ਆਗਿ ਭਾਗ ਨਿਕਸਤ ਖਾਨ." (ਭਾਗੁ ਕ) ੪. ਸ਼ਹਿਦ ਦੀ ਮੱਖੀਆਂ ਦਾ ਛੱਤਾ। ੫. ਪਠਾਣਾਂ ਦੀ ਉਪਾਧਿ (ਪਦਵੀ). ੬. ਸੰ. ਖਾਣਾ. "ਸਭਿ ਖੁਸੀਆ ਸਭਿ ਖਾਨ." (ਵਾਰ ਸਾਰ ਮਃ ੧) ੭. ਦੇਖੋ, ਖਾਨਿ.

ਖ਼ਾਨਸ਼ਾਹ: ਭਾਈ ਫੇਰੂ (ਸੱਚੀ ਦਾੜੀ) ਦਾ ਇੱਕ ਚੇਲਾ, ਜੋ ਵਡਾ ਕਰਣੀ ਵਾਲਾ ਸੰਤ ਹੋਇਆ ਹੈ.

ਖ਼ਾਨਸਾਮਾ: ਫ਼ਾ. خانسامان ਅਮੀਰ ਦਾ ਸਾਮਾਨ ਤਿਆਰ ਕਰਨ ਵਾਲਾ। ੨. ਅਮੀਰ ਦਾ ਰਸੋਈਆ. ਖਾਦਨ (ਖਾਣ) ਦਾ ਸਾਮਾਨ ਕਰਨ ਵਾਲਾ.

ਖ਼ਾਨਹ: ਦੇਖੋ, ਖਾਨਾ.

ਖ਼ਾਨਕਾਹ, ਖ਼ਾਨਕ਼ਾਹ: ਫ਼ਾ. خانگاہ, خانقاہ ਸੰਗ੍ਯਾ- ਰਹਿਣ ਦਾ ਥਾਂ. ਨਿਵਾਸ ਅਸਥਾਨ। ੨. ਖ਼ਾਸ ਕਰਕੇ ਮੁਸਲਮਾਨ ਸਾਧੂ ਦੇ ਰਹਿਣ ਦਾ ਮਕਾਨ.

ਖਾਨਖਾਨਾ: ਫ਼ਾ. خانخانان ਖ਼ਾਨਖ਼ਾਨਾਨ ਮਹਲਸਰਾਇ ਦਾ ਦਾਰੋਗ਼ਾ। ੨. ਸਰਦਾਰਾਂ ਦਾ ਸਰਦਾਰ। ੩. ਇੱਕ ਖ਼ਾਸ ਪਦਵੀ, ਜੋ ਮੁਗ਼ਲ ਬਾਦਸ਼ਾਹਾਂ ਵੇਲੇ ਸੈਨਾਪਤੀਆਂ ਨੂੰ ਦਿੱਤੀ ਜਾਂਦੀ ਸੀ। ੪. ਇੱਕ ਪ੍ਰਸਿੱਧ ਅਮੀਰ, ਜੋ ਅਕਬਰ ਦਾ ਪ੍ਰਧਾਨ ਅਹਿਲਕਾਰ

ਸੀ. ਦੇਖੋ, ਅਬਦੁਲਰਹੀਮਖ਼ਾਨ। ੫. ਦਸ਼ਮ ਸਤਿਗੁਰੂ ਦਾ ਪ੍ਰੇਮੀ ਇੱਕ ਅਮੀਰ, ਜੋ ਆਗਰੇ ਬਹੁਤ ਕਰਕੇ ਰਹਿੰਦਾ ਸੀ. ਇਸ ਦਾ ਅਸਲ ਨਾਉਂ, ਮੁਨਇ਼ਮ ਖ਼ਾਨ ਸੀ. ਇਸ ਨੇ ਬਾਦਸ਼ਾਹ ਬਹਾਦੁਰਸ਼ਾਹ ਵੇਲੇ ਵਜ਼ਾਰਤ ਦਾ ਅਹੁਦਾ ਪ੍ਰਾਪਤ ਕੀਤਾ. ਇਸ ਦਾ ਦੇਹਾਂਤ ਸੰਮਤ ੧੭੬੮ ਵਿੱਚ ਹੋਇਆ ਹੈ.[432]

ਖ਼ਾਨਗੀ: ਫ਼ਾ. خانگی ਵਿ- ਘਰੋਗੂ. ਘਰ ਨਾਲ ਹੈ ਜਿਸ ਦਾ ਸੰਬੰਧ. ਘਰੇਲੂ। ੨. ਇਹ ਸ਼ਬਦ ਵਜੰਗ ਨਾਲ ਵੇਸ਼ਜਾ (ਕੰਚਨੀ) ਦਾ ਬੋਧਕ ਭੀ ਹੈ.

ਖਾਨਜਰਾਦ: زرّادخانہ ਜ਼ੱਰਾਦਖ਼ਾਨਹ. ਸ਼ਸਤ੍ਰਾਗਾਰ. ਸਿਲਹ਼ਖ਼ਾਨਹ. ਦੇਖੋ, ਖਾਨਜਰਾਦੀ.

ਖਾਨਜਰਾਦੀ: ਵਿ- ਜ਼ੱਰਾਦਖ਼ਾਨਹ ਦੀ. ਸ਼ਸਤ੍ਰਾਂ ਦੇ ਕਾਰਖ਼ਾਨੇ ਦੀ. ਦੇਖੋ, ਖਾਨਜਰਾਦ. "ਕਰਨ ਗੁਮਾਨ ਕਮਾਨਗਰ ਖਾਨਜਰਾਦੀ ਬਹੁਤ ਬਖੋਆ." (ਭਾਗੁ) ਕਮਾਨਗਰ ਅਹੰਕਾਰ ਕਰਦੇ ਹਨ ਕਿ ਸਾਡੇ ਸਿਲਹਖਾਨੇ ਦੀ ਕਮਾਨ ਬਹੁਤ ਵੱਖਰੇ ਢੰਗ ਦੀ ਹੈ.

ਖ਼ਾਨਦਾਨ: ਫ਼ਾ. خاندان ਸੰਗਯਾ- ਵੰਸ਼. ਕੁਲ.

ਖਾਨਦੇਸ: ਸੰ. ਬੰਬਈ ਦੇ ਇਲਾਕੇ ਸਤਪੁਰਾ ਦੀ ਪਰਬਤਮਾਲਾ ਦੇ ਦੱਖਣ ਪਾਸੇ ਦਾ ਦੇਸ਼, ਜੋ ਦੋ ਭਾਗਾਂ ਵਿੱਚ ਹੈ. ਪਸ਼ਚਿਮੀ ਖਾਨਦੇਸ਼ ਦਾ ਪ੍ਰਧਾਨ ਨਗਰ ਧੂਲੀਆ ਅਤੇ ਪੂਰਵੀ ਦਾ ਜਲਗਾਉਂ ਹੈ.

ਖਾਨਪਰਾਰਾ: ਦੇਖੋ, ਖਾਨ ਅਤੇ ਪਰਾਰਾ.

ਖਾਨਪਾਨ: ਕ੍ਰਿ- ਖਾਣਾ ਪੀਣਾ। ੨. ਸੰਗਯਾ- ਖਾਣ ਪੀਣ ਦੇ ਪਦਾਰਥ.

ਖਾਨਪੁਰ: ਇੱਕ ਪਿੰਡ, ਜੋ ਜ਼ਿਲਾ ਅੰਬਾਲਾ, ਤਸੀਲ ਥਾਣਾ ਨਰਾਇਨਗੜ੍ਹ ਵਿੱਚ ਗੁਰਦ੍ਵਾਰੇ ਟੋਕਾ ਪਾਸ ਹੈ.

ਜਦੋਂ ਦਸ਼ਮੇਸ਼ ਜੀ ਟੋਕੇ ਬਿਰਾਜਮਾਨ ਸਨ, ਤਾਂ ਗੁਰੂ ਜੀ ਦੇ ਉੱਠ ਚੋਰੀ ਹੋ ਗਏ. ਚੋਰਾਂ ਨੂੰ ਤਾੜਨਾ ਕਰਨ ਆਏ ਗੁਰੂ ਜੀ ਇੱਥੇ ਵਿਰਾਜੇ ਹਨ. ਮੰਜੀ ਸਾਹਿਬ ਬਣਿਆ ਹੋਇਆ ਸੀ, ਜੋ ਖੱਡ ਵਿੱਚ ਰੁੜ੍ਹ ਗਿਆ ਹੈ. ੧੦੦ ਵਿੱਘੇ ਜ਼ਮੀਨ ਨਾਲ ਹੈ, ਪੁਜਾਰੀ ਸਿੰਘ ਹੈ.

ਖਾਨਬਹਾਦੁਰ: ਇਸ ਦਾ ਅਸਲ ਨਾਉਂ ਜ਼ਕਰੀਆ ਖ਼ਾਨ ਹੈ, ਇਹ ਅਬਦੁਲਸਮਦ ਖ਼ਾਨ ਦਾ ਪੁਤ੍ਰ ਅਤੇ ਸ਼ਾਹਨਵਾਜ਼ ਦਾ ਪਿਤਾ ਸੀ. ਖ਼ਾਲਸਾਪੰਥ ਵਿੱਚ ਇਸ ਨੂੰ ਖਾਨੂ ਸਦਦੇ ਹਨ. ਸਿੱਖ ਇਤਿਹਾਸ ਨਾਲ ਇਸ ਦਾ ਵਡਾ ਸੰਬੰਧ ਹੈ. ਦੇਖੋ, ਪੰਥਪ੍ਰਕਾਸ਼ ਆਦਿ ਗ੍ਰੰਥ. ਖ਼ਾਨਬਹਾਦੁਰ ਸਨ ੧੭੩੯ ਵਿੱਚ ਲਹੌਰ ਦਾ ਸੂਬਾ ਹੋਇਆ ਅਤੇ ਸਨ ੧੭੪੫ ਵਿੱਚ ਮੋਇਆ.

ਖ਼ਾਨਮ: ਫ਼ਾ. خانم ਸੰਗਯਾ- ਖ਼ਾਨ ਦੀ ਵਹੁਟੀ. ਬੇਗਮ. "ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਉ." (ਸਵੈਯੇ ਸ੍ਰੀ ਮੁਖਵਾਕ ਮਃ ੫)

ਖ਼ਾਨਮਾਨ: ਫ਼ਾ. خانمان ਇਹ ਸੰਖੇਪ ਹੈ ਖ਼ਾਨਹ ਵ ਸਾਮਾਨ ਦਾ. ਘਰ ਅਤੇ ਸਾਮਾਨ.

ਖਾਨਰਜਾਦਾ: ਖਡੂਰ ਤੋਂ ਡੇਢ ਕੋਹ ਪੱਛਮ ਇੱਕ ਪਿੰਡ, ਇੱਥੇ ਗੁਰੂ ਅੰਗਦ ਦੇਵ ਦਾ ਗੁਰਦ੍ਵਾਰਾ ਹੈ. ਇਸ ਥਾਂ ਤਪੇ ਦੀ ਪ੍ਰੇਰਣਾ ਕਰਕੇ ਜਿਮੀਦਾਰਾਂ ਦੇ ਖਡੂਰ ਤੋਂ ਕੱਢੇ ਹੋਏ ਸਤਿਗੁਰੂ ਆ ਵਿਰਾਜੇ ਸਨ. ਹੁਣ ਇਸ ਦਾ ਨਾਉਂ ਛਾਪਰੀ ਅਥਵਾ ਖਾਨਛਾਪਰੀ ਹੈ. ਦੇਖੋ, ਛਾਪਰੀ.

ਖਾਨਵਾਲ: ਇੱਕ ਪੁਰਾਣਾ ਪਿੰਡ, ਜਿਸ ਦੀ ਕੁਝ ਜ਼ਮੀਨ ਗੁਰੂ ਅਰਜਨ ਸਾਹਿਬ ਨੇ ਖ਼ਰੀਦਕੇ ਤਰਨਤਾਰਨ ਵਸਾਇਆ. ਦੇਖੋ, ਤਰਨਤਾਰਨ.

---

[432] ਇਸ ਦੇ ਬਹਾਦੁਰਸ਼ਾਹ ਇਸ ਲਈ ਨਾਰਾਜ ਹੋ ਗਿਆ ਸੀ ਕਿ ਇਸ ਨੇ ਬੰਦੇ ਬਹਾਦੁਰ ਨੂੰ ਘੇਰੇ ਵਿੱਚੋਂ ਜਾਣ ਬੁੱਝਕੇ ਜਾਣ ਦਿੱਤਾ. ਇਸ ਦੀ ਲਿਖੀ ਕਿਤਾਬ "ਇਲਹਾਮਾਤ ਮੁਨਇ਼ਮੀ" ਮਸ਼ਹੂਰ ਹੈ.

ਖਾਨਾ: ਸੰਗ੍ਯਾ- ਖਾਦਨ. ਖਾਣਾ. ਭੋਜਨ। ੨. ਕ੍ਰਿ- ਭੋਜਨ ਕਰਨਾ। ੩. ਫ਼ਾ. خانہ ਖ਼ਾਨਹ. ਸੰਗ੍ਯਾ- ਘਰ। ੪. ਭਾਵ- ਇਸਤ੍ਰੀ. ਜੋਰੂ. ਭਾਰਯਾ. ਵਹੁਟੀ। ੫. ਇੱਕ ਬੈਰਾੜ, ਜੋ ਕਪੂਰੇ ਦੀ ਆਗ੍ਯਾ ਨਾਲ ਦਸ਼ਮੇਸ਼ ਨੂੰ ਖਿਦਰਾਣਾ (ਮੁਕਤਸਰ) ਤਾਲ ਦਾ ਰਾਹ ਦੱਸਣ ਗਿਆ ਸੀ। ੬. ਡੱਲਾ ਪਿੰਡ ਦਾ ਵਸਨੀਕ ਛੁਰਾ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਮਰ ਦੇਵ ਦਾ ਸਿੱਖ ਹੋਕੇ ਪਰਮਗ੍ਯਾਨੀ ਹੋਇਆ.

ਖਾਨਾਇ: ਖ਼ਾਨਹ (ਘਰ) ਦਾ ਸਮੁਦਾਇ. ਮਕਾਨਾਤ. "ਮਿਲਕ ਖਾਨਾਇ." (ਤਿਲੰ ਮਃ ੫) ੨. ਖ਼ਾਨ ਲੋਗ. ਉਮਰਾ.

ਖਾਨਿ, ਖਾਨੀ: ਸੰ. ਖਨਿ ਅਤੇ ਖਾਨਿ. ਸੰਗ੍ਯਾ- ਆਕਰ. ਖਾਨ. ਕਾਨ. "ਵਚਨ ਭਨੇ ਗੁਨਖਾਨਿ." (ਗੁਪ੍ਰਸੂ) ੨. ਜੀਵਾਂ ਦੀ ਯੋਨਿ ਦਾ ਵਿਭਾਗ. "ਅੰਡਜ ਜੇਰਜ ਸੇਤਜ ਕੀਨੀ। ਉਤਭੁਜ ਖਾਨਿ ਬਹੁਰ ਰਚਦੀਨੀ." (ਚੌਪਾਈ) ੩. ਗਿਜਾ. ਭੋਜਨ. ਆਹਾਰ. "ਜੈਸੀ ਲਸਨ ਕੀ ਖਾਨਿ." (ਸ. ਕਬੀਰ)

ਖਾਨੂ: ਦੇਖੋ, ਖਾਨਬਹਾਦੁਰ। ੨. ਸ਼੍ਰੀ ਗੁਰੂ ਅਮਰਦੇਵ ਦਾ ਇੱਕ ਪ੍ਰੇਮੀ ਸਿੱਖ.

ਖਾਨੇਵਾਲ: ਦੇਖੋ, ਖਾਨਵਾਲ.

ਖਾਪ: ਸੰਗ੍ਯਾ- ਖਪਤ. ਵਿਨਾਸ਼. "ਮਦ ਮਤਸਰ ਸਾਧੂ ਕੈ ਸੰਗਿ ਖਾਪ." (ਸਾਰ ਮਃ ੫) ਦੇਖੋ, ਕ੍ਸ਼ਿਪ ਧਾ.

ਖਾਪਕ: ਵਿ- ਕ੍ਸ਼ੇਪਕ. ਫੈਂਕਨੇ ਵਾਲਾ. ਵਗਾਹੁਣ ਵਾਲਾ. "ਖਾਪਕ ਹੈਂ ਸਭ ਤਾਪ." (ਨਾਪ੍ਰ) ੨. ਖਪਾਉਣ ਵਾਲਾ.

ਖਾਪਟ: ਵਿ- ਖਪਾਉਣ ਵਾਲਾ. ਤਬਾਹ ਕਰਨ ਵਾਲਾ. "ਹਣਜੋ ਕਾਪਟੰ ਖਾਪਟੰ." (ਪਾਰਸਾਵ)

ਖਾਪਨ: ਕ੍ਰਿ- ਖਪਾਉਣਾ. ਨਾਸ਼ ਕਰਨਾ। "ਅੰਤਕਾਲ ਸੋਈ ਖਾਪਨਹਾਰਾ." (ਚੌਬੀਸਾਵ) ੨. ਕ੍ਸ਼ੇਪਣ. ਫੈਂਕਣਾ. ਵਗਾਹੁਣਾ.

ਖਾਪਰ, ਖਾਪਰੁ: ਦੇਖੋ, ਖਪਰ ੨. "ਫੂਟੈ ਖਾਪਰੁ ਭੀਖ ਨ ਭਾਇ." (ਰਾਮ ਅਃ ਮਃ ੧) ੨. ਦੇਖੋ, ਖਪਰ ੧. "ਖਿੰਥਾ ਜਲਿ ਕੋਇਲਾ ਭਈ ਖਾਪਰ ਫੂਟਮਫੂਟ." (ਸ. ਕਬੀਰ) ਕੰਥਾ (ਦੇਹ) ਜਲਕੇ ਕੋਇਲਾ ਹੋ ਗਈ ਅਤੇ ਕਪਾਲ ਖੰਡ ਖੰਡ ਹੋ ਗਿਆ.

ਖਾਪੇ: ਖਪੇ. ਤਬਾਹ ਹੋਏ. "ਮਾਇਆ ਮਹਿ ਖਾਪੇ." (ਭੈਰ ਕਬੀਰ)

ਖ਼ਾਫ਼ੀਖ਼ਾਂ: خافی خان ਮੁੰਤਖ਼ਿਬਉਲ ਲੁਬਾਬ (ਤਾਰੀਖ਼ ਖ਼ਾਫ਼ੀ ਖਾਂ) ਦਾ ਲੇਖਕ ਇੱਕ ਇਤਿਹਾਸਕਾਰ. ਇਸ ਦਾ ਅਸਲ ਨਾਉਂ ਮੁਹੰਮਦ ਹਾਸ਼ਿਮ ਸੀ. ਇਸ ਨੇ ਸਨ ੧੫੧੯ ਤੋਂ ੧੭੧੮ ਤਕ ਦੇ, ਅਰਥਾਤ- ਬਾਦਸ਼ਾਹ ਬਾਬਰ ਤੋਂ ਲੈ ਕੇ ਮੁਹੰਮਦਸ਼ਾਹ ਤੀਕ ਦੇ ਹਾਲ ਲਿਖੇ ਹਨ. ਔਰੰਗਜ਼ੇਬ ਦੀ ਆਗ੍ਯਾ ਸੀ ਕਿ ਕੋਈ ਬਿਨਾ ਹੁਕਮ ਤਵਾਰੀਖ ਨਾ ਲਿਖੇ, ਇਸ ਲਈ ਇਸ ਨੇ ਗੁਪਤ ਰੀਤਿ ਨਾਲ ਕਿਤਾਬ ਲਿਖੀ ਅਤੇ ਮੁਹੰਮਦਸ਼ਾਹ ਵੇਲੇ ਸਨ ੧੭੩੨ ਵਿੱਚ ਪ੍ਰਗਟ ਕੀਤੀ. ਬਾਦਸ਼ਾਹ ਨੇ ਮੁਹੰਮਦਹ਼ਾਸ਼ਿਮ ਨੂੰ ਖ਼ਾਫ਼ੀਖ਼ਾਂ ਦੀ ਉਪਾਧੀ ਅਤੇ ਯੋਗਜ ਇਨਾਮ ਦਿੱਤਾ. ਵੀ. ਏ. ਸਮਿਥ ਦਾ ਖਿਆਲ ਹੈ ਕਿ ਇਹ ਖੁਰਾਸਾਨ ਦੇ 'ਖ਼੍ਵਾਫ਼' ਪਿੰਡ ਦਾ ਵਸਨੀਕ ਸੀ, ਇਸ ਲਈ ਨਾਮ ਖ਼ਾਫ਼ੀਖ਼ਾਨ ਸੀ.

ਖ਼ਾਫ਼ੀਖ਼ਾਂ ਨਿਰਪੱਖ ਲੇਖਕ ਨਹੀਂ ਸੀ. ਇਸ ਨੇ ਬੰਦੇ ਬਹਾਦੁਰ ਦਾ ਭੀ ਹਾਲ ਆਪਣੇ ਢੰਗ ਦਾ ਕੁਝ ਲਿਖਿਆ ਹੈ.

ਖ਼ਾਬ: ਫ਼ਾ. خواب ਸੰਗ੍ਯਾ- ਨੀਂਦ। ੨. ਸ੍ਵਪਨ. ਸੁਪਨਾ.

ਖਾਮ: ਫ਼ਾ. خام ਖ਼ਾਮ. ਵਿ- ਕੱਚਾ. "ਪੁਰਾਬ ਖਾਮ ਕੂਜੈ." (ਵਾਰ ਮਲਾ ਮਃ ੧) ਪੁਰ ਆਬ ਖ਼ਾਮ ਕੂਜ਼ਹ. ਕੱਚਾ. ਮਟਕਾ ਸ਼ਰੀਰ ਹੈ, ਪਾਣੀ ਚੇਤਨਸੱਤਾ ਹੈ। ੨. ਨਾਪਾਇਦਾਰ. ਬਿਨਸਨਹਾਰ. "ਸੀਗਾਰ ਤੰਬੋਲ ਰਸ ਸਣ ਦੇਹੀ ਸਭ ਖਾਮ." (ਮਾਝ ਬਾਰਹਮਾਹਾ) ੩. ਬੰਦ. "ਕਾਗਜ ਕਰਕੈ ਖਾਮ ਕੋ ਦੀਨੋ ਸਿੱਖ ਪਠਾਇ." (ਗੁਪ੍ਰਸੂ) ੪. ਨਾਤਜਰਬੇਕਾਰ. "ਤਜ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ." (ਜੈਤ ਮਃ ੫)

ਖਾਮਿ: ਸਿੰਧੀ. ਸ਼ੌਕ. ਰੰਜ। ੨. ਸਾੜਾ. ਜਲਣ. ਮਨ ਦਾ ਦਾਹ.

**ਖ਼ਾਮੀ:** ਫ਼ਾ. خامی ਸੰਗਜਾ- ਕਮਜ਼ੋਰੀ। ੨. ਨਾਤਜਰਬੇਕਾਰੀ। ੩. ਘਾਟਾ. ਕਮੀ. "ਭਯੋ ਹੁਕਮ ਸੇਵਾ ਮਹਿ ਖਾਮੀ." (ਗੁਪ੍ਰਸੂ) ੪. ਕੱਚਾਪਨ.

**ਖ਼ਾਮੋਸ਼:** ਫ਼ਾ. خاموش ਵਿ- ਚੁਪਕੀਤਾ. ਮੌਨੀ.

**ਖ਼ਾਮੋਸ਼ ਸ਼ਹਰ:** ਸੰਗਜਾ- ਸ਼ਹਰੇ ਖ਼ਮੋਸ਼ਾਂ. ਚੁੱਪ ਕੀਤਿਆਂ ਦਾ ਨਗਰ. ਸ਼ਮਸ਼ਾਨਭੂਮਿ. ਕ਼ਬਰਿਸਤਾਨ.

**ਖ਼ਾਮੋਸ਼ੀ:** ਫ਼ਾ. خاموشی ਸੰਗਜਾ- ਚੁੱਪ ਹੋਣ ਦਾ ਭਾਵ. ਚੁੱਪ. ਮੌਨ.

**ਖ਼ਾਯਨ:** ਅ਼. خاین ਵਿ- ਖ਼ਯਾਨਤ (ਅਮਾਨਤ ਵਿੱਚੋਂ ਚੋਰੀ) ਕਰਨ ਵਾਲਾ.

**ਖ਼ਾਯਫ਼:** ਅ਼. خایف ਵਿ- ਖ਼ੌਫ਼ (ਡਰ) ਸਹਿਤ. ਭੈਭੀਤ.

**ਖ਼ਾਯਾ:** ਫ਼ਾ. خایہ ਸੰਗਜਾ- ਆਂਡਾ। ੨. ਫ਼ੋਤਾ. ਅੰਡਕੋਸ਼.

**ਖਾਰ:** ਸੰ. ਕ੍ਸ਼ਾਰ. ਸੰਗਜਾ- ਖਾਰਾਰਸ. "ਆਨਰਸ ਸਭਿ ਖਾਰ." (ਸਾਰ ਮਃ ੫) ੨. ਸੁਆਹ. ਭਸਮ. "ਪਾਪ ਹੋਵਤ ਖਾਰ." (ਸਾਰ ਮਃ ੫) ੩. ਨਮਕ. ਲੂਣ। ੪. ਸੁਹਾਗਾ, ਸੱਜੀ, ਕਲਮੀਸ਼ੋਰਾ, ਜੌਂਖਾਰ, ਨਸਾਦਰ ਆਦਿ ਖਾਰੇ ਪਦਾਰਥ। ੫. ਵਿ- ਖਾਰਾ. "ਖਾਰ ਸਮੁੰਦ੍ਰ ਢੰਢੋਲੀਐ ਇਕੁ ਮਣੀਆ ਪਾਵੈ." (ਮਾਰੂ ਅਃ ਮਃ ੧) ੬. ਫ਼ਾ. خار ਸੰਗਜਾ- ਕੰਡਾ। ਦੇਸ਼, ਦ੍ਵੇਸ਼. ਵੈਰਭਾਵ। ੮. ਫ਼ਾ. خوٗار ਖ਼੍ਵਾਰ. ਅਪਮਾਨ ਸਹਿਤ. "ਖਪਿ ਹੋਇ ਖਾਰ." (ਵਾਰ ਆਸਾ)

**ਖਾਰਸਮੁਦ, ਖਾਰਸਮੁੰਦ, ਖਾਰਸਮੁੰਦ੍ਰ:** ਸੰ. ਕ੍ਸ਼ਾਰਸਮੁਦ੍ਰ. ਸੰਗਜਾ- ਨਮਕੀਨ ਪਾਣੀ ਵਾਲਾ ਸਮੁੰਦਰ. "ਖਾਰਸਮੁੰਦ੍ਰ ਢੰਢੋਲੀਐ ਇਕੁ ਮਣੀਆਂ ਪਾਵੈ" (ਮਾਰੂ ਅਃ ਮਃ ੧) ੨. ਦੇਖੋ, ਖਾਲਸੇ ਦੇ ਬੋੱਲੇ.

**ਖਾਰਕ:** ਸੰ ਕ੍ਸ਼ਾਰਕ. ਸੰਗਜਾ- ਛੁਹਾਰਾ. ਖ਼ੁਰਮਾ. "ਸੂਰਜਮਲ ਖਾਰਕ ਮੁਖ ਦੀਨੇ." (ਗੁਪ੍ਰਸੂ) ਸਗਾਈ ਵੇਲੇ ਦੁਲਹਾ (ਲਾੜੇ) ਦੇ ਮੁਖ ਦੁਲਹਨ (ਲਾੜੀ) ਦੇ ਲਾਗੀਆਂ ਵੱਲੋਂ ਛੁਹਾਰਾ ਦੇਣਾ, ਸੰਬੰਧ ਪੱਕਾ ਕਰਨ ਦਾ ਚਿੰਨ੍ਹ ਹੈ.

**ਖਾਰਜ:** ਦੇਖੋ, ਖਾਰਿਜ.

**ਖਾਰਾ:** ਵਿ- ਕ੍ਸ਼ਾਰਰਸ ਵਾਲਾ। ੨. ਸੰਗਜਾ- ਦੁਲਹਾ ਅਤੇ ਦੁਲਹਨਿ (ਲਾੜੇ ਲਾੜੀ) ਦੇ ਬੈਠਣ ਦਾ ਆਸਨ, ਜੋ ਫੇਰਿਆਂ ਸਮੇਂ ਵਿਛਾਈਦਾ ਹੈ. "ਮੋਤਿਨ ਕੇ ਚੌਕ ਕਰੇ ਲਾਲਨ ਕੇ ਖਾਰੇ ਧਰੇ." (ਕ੍ਰਿਸਨਾਵ) ੩. ਜ਼ਿਲਾ ਅਮ੍ਰਿਤਸਰ, ਤਸੀਲ ਤਰਨਤਾਰਨ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਦੂਖਨਿਵਾਰਨ ਤੋਂ ਡੇਢ ਮੀਲ ਪੱਛਮ ਹੈ, ਇਸ ਥਾਂ ਦੋ ਗੁਰਦ੍ਵਾਰੇ ਹਨ-

(ੳ) ਮੰਜੀ ਸਾਹਿਬ. ਸ਼੍ਰੀ ਗੁਰੂ ਅਰਜਨ ਦੇਵ ਤਰਨਤਾਰਨ ਬਣਨ ਸਮੇਂ ਇੱਥੇ ਕਈ ਵੇਰ ਵਿਰਾਜੇ ਹਨ. ਦਰਬਾਰ ਸੁੰਦਰ ਬਣਿਆ ਹੋਇਆ ਹੈ. ਗੁਰੂ ਸਾਹਿਬ ਦਾ ਲਗਵਾਇਆ ਇੱਕ ਖੂਹ ਭੀ ਹੈ. ਪਿੰਡ ਵੱਲੋਂ ਦਸ ਵਿੱਘੇ ਜ਼ਮੀਨ ਗੁਰਦ੍ਵਾਰੇ ਦੇ ਨਾਉਂ ਹੈ.

(ਅ) ਦੂਖਨਿਵਾਰਨ. ਗੁਰੂ ਅਰਜਨ ਦੇਵ ਦੇ ਸਮੇਂ ਦੀ ਇੱਕ ਛਪੜੀ ਸੀ, ਜਿਸ ਵਿੱਚ ਕਈ ਵਾਰ ਗੁਰੂ ਸਾਹਿਬ ਨੇ ਚਰਣ ਧੋਏ. ਮਹਾਰਾਜਾ ਰਣਜੀਤ ਸਿੰਘ ਜੀ ਵੇਲੇ ਇਹ ਪੱਕਾ ਤਾਲ ਬਣਵਾਇਆ ਗਿਆ ਅਤੇ ਪੰਜ ਸੌ ਰੁਪਯੇ ਸਾਲਾਨਾ ਜਾਗੀਰ ਦਿੱਤੀ ਗਈ. ਇਸ ਗੁਰਦ੍ਵਾਰੇ ਨਾਲ ਚਾਲੀ ਵਿੱਘੇ ਜ਼ਮੀਨ ਭੀ ਹੈ.

**ਖਾਰਾ ਸਾਹਿਬ:** ਪਿੰਡ "ਭਾਈ ਕੇ ਮੱਟੂ" ਜਿਲਾ ਤਸੀਲ ਗੁਜਰਾਂਵਾਲਾ, ਥਾਣਾ ਨੁਸ਼ਹਿਰਾਵਿਰਕਾ ਤੋਂ ਨੈਰਤ ਕੋਣ ਦੋ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ. ਜਦੋਂ ਗੁਰੂ ਜੀ ਇੱਥੇ ਆਕੇ ਬੈਠੇ ਤਾਂ ਇੱਕ ਆਦਮੀ ਮੱਥਾ ਟੇਕਕੇ ਪਾਸ ਬੈਠ ਗਿਆ, ਜਿਸ ਦੀਆਂ ਮੁੱਛਾਂ ਤਮਾਖੂ ਪੀਂਦੇ ਪੀਲੀਆਂ ਹੋ ਗਈਆਂ ਸਨ. ਗੁਰੂ ਜੀ ਨੇ ਉਸ ਦਾ ਨਾਉਂ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ ਕਿ ਮੇਰਾ ਨਾਉਂ "ਹਰਿਗੋਬਿੰਦ" ਹੈ. ਸਤਿਗੁਰਾਂ ਆਖਿਆ, ਭਾਈ, ਇਹ ਨਾਉਂ ਰਖਾਕੇ ਫੇਰ ਤਮਾਖੂ ਪੀਣ ਦਾ ਕੁਕਰਮ ਕਿਉਂ ਕਰਦਾ ਹੈਂ? ਤਾਂ ਉਸ ਨੇ ਅੱਗੋਂ ਲਈ ਤਮਾਖੂ ਪੀਣਾ ਛੱਡ ਦਿੱਤਾ, ਪਿਛਲੀ ਭੁੱਲ ਪੁਰ ਖਿਮਾ ਮੰਗੀ ਤੇ ਗੁਰੂ ਜੀ ਦਾ ਸਿੱਖ ਹੋਇਆ.

ਗੁਰਦ੍ਵਾਰਾ ਛੋਟਾ ਜਿਹਾ ਬਣਿਆ ਹੋਇਆ ਹੈ. ੭. ਸਾਉਂਣ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਗੁੱਜਰਾਂਵਾਲੇ ਤੋਂ ਨੈਰਤ ਕੋਣ ੧੫. ਮੀਲ ਹੈ.

ਖਾਰਾਬ: ਦੇਖੋ, ਖਰਾਬ. "ਖਾਰਾਬਾ ਵੇਕਾਰ." (ਵਾਰ ਆਸਾ)

ਖਾਰਿਸ਼: ਫ਼ਾ. خارش ਸੰਗਯਾ- ਖੁਜਲੀ. ਖਾਜ. ਦੇਖੋ, ਖਾਜ.

ਖਾਰਿਜ: ਅ਼. خارج ਵਿ- ਨਿਕਲਨੇ ਵਾਲਾ. ਬਾਹਰ ਹੋਣ ਵਾਲਾ। ੨. ਕੱਢਿਆ ਹੋਇਆ. ਬਾਹਰ ਕੀਤਾ ਹੋਇਆ। ੩. ਰੱਦ ਕੀਤਾ. ਖੰਡਿਤ.

ਖਾਰੀ: ਸੰਗਯਾ- ਪਿਟਾਰੀ. "ਪਤਿ ਕੁਸ਼੍ਰੀ ਕੋ ਧਰ ਵਿੱਚ ਖਾਰੀ." (ਗੁਪ੍ਰਸੂ) ੨. ਸਮੁੰਦਰ, ਜੋ ਖਾਰੇ ਜਲ ਵਾਲਾ ਹੈ. "ਖਾਰੀ ਲਗ ਲੱਛਮੀ ਸਗਰੀ." (ਗੁਪ੍ਰਸੂ) ੩. ਮੱਟੀ. ਚਾਟੀ. "ਡਾਰ ਦਈ ਦਧਿ ਕੀ ਸਭਿ ਖਾਰੀ." (ਕ੍ਰਿਸਨਾਵ) ੪. ਵਿ- ਖਾਰੇ ਸੁਆਦ ਵਾਲੀ. "ਅੰਤ ਕੀ ਬਾਰ ਹੋਤ ਕਤ ਖਾਰੀ." (ਸਵੈਯੇ ਸ੍ਰੀ ਮੁਖਵਾਕ ਮਃ ੫) ੫. ਸੰ. ਖਾਰੀ ਸੰਗਯਾ- ਇੱਕ ਮਣ ਅਠਾਈ ਸੇਰ ਤੋਲ।[433] ੬. ਦਾਗ. ਧੱਬਾ.

ਖਾਰੀ ਬੀੜ: ਮਾਂਗਟ (ਜਿਲਾ ਗੁਜਰਾਤ) ਨਿਵਾਸੀ ਭਾਈ ਬੰਨੋ ਨੂੰ ਸੰਮਤ ੧੬੬੧ ਵਿੱਚ ਸ਼੍ਰੀ ਗੁਰੂ ਅਰਜਨਦੇਵ ਜੀ ਦੀ ਆਗਯਾ ਹੋਈ ਕਿ ਲਹੌਰ ਜਾਕੇ ਗ੍ਰੰਥਸਾਹਿਬ ਜੀ ਦੀ ਜਿਲਦ ਬੰਧਵਾ ਲਿਆਓ. ਭਾਈ ਜੀ ਨੇ ਰਸਤੇ ਆਉਂਦੇ ਜਾਂਦੇ ਬਹੁਤ ਦਿਨ ਲਾਕੇ ਇੱਕ ਉਤਾਰਾ ਕਰ ਲਿਆ, ਅਤੇ ਕੁਝ ਬਾਣੀ ਵਾਧੂ ਸ਼ਾਮਿਲ ਕਰ ਦਿੱਤੀ. ਜਦ ਇਹ ਪੰਜਵੇਂ ਸਤਿਗੁਰੂ ਦੇ ਪੇਸ਼ ਹੋਈ, ਤਦ ਸ਼੍ਰੀ ਗੁਰੂ ਜੀ ਨੇ ਇਸ ਦਾ ਨਾਉਂ ਵਾਧੂ ਬਾਣੀ ਮਿਲਾਉਣ ਕਾਰਣ "ਖਾਰੀ ਬੀੜ" ਰੱਖਿਆ. ਇਹ ਬੀੜ ਮਾਂਗਟ ਵਿੱਚ ਭਾਈ ਬੰਨੋ ਜੀ ਦੀ ਸੰਤਾਨ ਪਾਸ ਹੈ. ਲਹਿੰਦੇ ਵੱਲ ਜਾਦਾ ਉਤਾਰੇ ਇਸੇ ਬੀੜ ਦੇ ਹਨ. ਦੇਖੋ, ਗ੍ਰੰਥ ਸਾਹਿਬ, ਬੰਨੋ ਭਾਈ ਅਤੇ ਮਾਂਗਟ.

ਖਾਰੁ: ਸੰਗਯਾ- ਕ਼ਾਰਤਾ. ਖਾਰਾਪਨ. "ਕਰਮ ਕਰਿ ਖਾਰੁ ਮਫੀਟਸਿ ਰੀ." (ਧਨਾ ਤ੍ਰਿਲੋਚਨ) ੨. ਦੇਖੋ, ਖਾਰ.

ਖਾਲ: ਦੇਖੋ, ਖੱਲ। ੨. ਫ਼ਾ. خال ਖ਼ਾਲ. ਤਿਲ. ਤੁਚਾ ਉੱਪਰ ਤਿਲ ਦੇ ਆਕਾਰ ਦਾ ਕਾਲਾ ਦਾਗ। ੩. ਲੀਕ. ਰੇਖਾ। ੪. ਪਾਣੀ ਬਹਿਣ ਦੀ ਨਾਲੀ। ੫. ਫੱਵਾਰਾ। ੬. ਚਸ਼ਮਾ। ੭. ਝੰਡਾ. ਨਸ਼ਾਨ। ੮. ਤੀਰ। ੯. ਦੂਤ. ਵਕੀਲ। ੧੦. ਅ਼. ਅਭਿਮਾਨ। ੧੧. ਬੱਦਲ। ੧੨. ਬਿਜਲੀ। ੧੩. ਲਗਾਮ। ੧੪. ਵਡਾ ਘੋੜਾ ਅਥਵਾ ਸ਼ੁਤਰ. "ਮਾਲ ਲਾਲ ਅਰ ਸਾਲ ਮੈ ਖਾਲ ਚਾਲ ਵਾ ਚਾਲ। ਸਿਦਕ ਗੁਰੂ ਕਾ ਐਨ ਢਿਗ ਇਹੀ ਸਿੱਖ ਕਾ ਸ੍ਵਾਲ." (ਗੁਪ੍ਰਸੂ) ਮਾਲ (ਧਨ ਸੰਪਦਾ), ਲਾਲ (ਪੁਤ੍ਰ), ਸਾਲ (ਸ਼ਾਲਾ-ਘਰ), ਖਾਲ (ਘੋੜੇ ਸ਼ੁਤਰ ਆਦਿ) ਵਾਹਨ ਅਥਵਾ ਪੈਦਲ ਵਿਚਰਣਾ, ਇਨ੍ਹਾਂ ਸਾਰੇ ਕਰਮਾਂ ਵਿੱਚ ਗੁਰੂ ਕਾ ਸਿਦਕ ਪੱਲੇ ਰਹੇ, ਸਿੱਖ ਦੀ ਇਹੀ ਮੰਗ ਹੈ.

ਖਾਲਸ: ਅ਼. خالص ਖ਼ਾਲਿਸ. ਵਿ- ਨਿਰੋਲ. ਸ਼ੁੱਧ. ਖਰਾ। ੨. ਸੰਗਯਾ- ਕਰਤਾਰ. ਸ਼ੁੱਧਬ੍ਰਹ੍ਮ. "ਖਾਲਸ ਕੀ ਚਰਨੀ ਸਭ ਲਾਗੋ." (ਗੁਵਿ ੧੦) ੩. ਦੇਖੋ, ਖਾਲਸਾ.

ਖਾਲਸਾ: ਅ਼. خالصہ ਖ਼ਾਲਿਸਹ. ਵਿ- ਸ਼ੁੱਧ। ੨. ਬਿਨਾ ਮਿਲਾਵਟ. ਨਿਰੋਲ. "ਕਹੁ ਕਬੀਰ ਜਨ ਭਏ ਖਾਲਸੇ[434] ਪ੍ਰੇਮਭਗਤਿ ਜਿਹ ਜਾਨੀ." (ਸੋਰ) ੩. ਸੰਗਯਾ- ਉਹ ਜਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ. ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜਿਮੀਦਾਰ ਦਾ ਸ੍ਵਤ੍ਵ ਨਹੀਂ। ੪. ਅਕਾਲੀ ਧਰਮ. ਵਾਹਗੁਰੂ ਜੀ ਕਾ ਖਾਲਸਾ. ਸਿੰਘ ਪੰਥ। ੫. ਖਾਲਸਾਧਰਮਧਾਰੀ ਗੁਰੂ ਨਾਨਕ ਪੰਥੀ.

"ਜਾਗਤਜੋਤਿ ਜਪੈ ਨਿਸ ਬਾਸਰ

---

[433] ਕਿਤਨੇ ਗ੍ਰੰਥਾਂ ਵਿੱਚ ਦੋ ਮਨ ਸੋਲਾਂ ਸੇਰ ਖਾਰੀ ਹੈ.

[434] ਕਈ ਅਞਾਣ ਲੇਖਕਾਂ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਸਾਹਿਬ 'ਖਲਾਸੇ' ਦੀ ਥਾਂ 'ਖਾਲਸੇ' ਸ਼ਬਦ ਬਦਲਿਆ ਹੈ, ਪਰ ਇਹ ਭੁੱਲ ਹੈ. ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੁਰਾਣੀ ਕਲਮ ਦਾ ਲਿਖਿਆ ਪਾਠ ਖਾਲਸੇ ਹੈ.

ਏਕ ਬਿਨਾ ਮਨ ਨੈਕ ਨ ਆਨੈ,
ਪੂਰਨ ਪ੍ਰੇਮ ਪ੍ਰਤੀਤਿ ਸਜੈ
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ,
ਤੀਰਥ ਦਾਨ ਦਯਾ ਤਪ ਸੰਜਮ,
ਏਕ ਬਿਨਾ ਨਹਿ ਨੈਕ ਪਛਾਨੈ,
ਪੂਰਨਜੋਤਿ ਜਗੈ ਘਟ ਮੈ
ਤਬ ਖਾਲਸਾ ਤਾਹਿ ਨਖਾਲਸ ਜਾਨੈ.
(੩੩ ਸਵੈਯੇ)
ਵਾਕ ਕੀਓ ਕਰਤਾਰ ਸੰਤਨ ਲੀਓ ਬਿਚਾਰ
ਸੁਪਨੇ ਸੰਸਾਰ ਤਾਂਹਿ ਕਾਹਿ ਲਪਟਾਈਏ,
ਬਿਖਿਨ ਕੋ ਤਜੋ ਨੇਹ ਸ਼੍ਰੀਗੁਰੁ ਕੀ ਸਿੱਖ ਲੇਹ
ਨਾਸੈ ਛਿਨ ਮਾਂਹਿ ਦੇਹ ਯਮਪੁਰੀ ਜਾਈਏ,
ਸੀਸ ਨ ਮੁੰਡਾਓ ਮੀਤ ! ਹੁੱਕਾ ਤਜ ਭਲੀ ਰੀਤਿ
ਪ੍ਰੇਮ ਪ੍ਰੀਤਿ ਮਨ ਕਰ ਸ਼ਬਦ ਕਮਾਈਏ,
ਜੀਵਨ ਹੈ ਦਿਨ ਚਾਰ ਦੇਖ ਬੂਝ ਕੈ ਬਿਚਾਰ
ਵਾਹਗੁਰੂ ਗੁਰੂ ਜੀ ਕਾ ਖਾਲਸਾ ਕਹਾਈਏ.
(ਗੁਰੁਸੋਭਾ)
ਖਾਲਸਾ ਹਮਾਰੀ ਸੌਜ ਖਾਲਸਾ ਹਮਾਰੀ ਮੌਜ
ਖਾਲਸਾ ਹਮਾਰੀ ਫੌਜ ਜੀਤ ਕੀ ਨਿਸ਼ਾਨੀ ਹੈ,
ਖਾਲਸਾ ਹਮਾਰੀ ਚਾਲ ਖਾਲਸਾ ਹਮਾਰੀ ਢਾਲ
ਖਾਲਸਾ ਹਮਾਰੀ ਘਾਲ ਭੋਗ ਮੋਖ ਦਾਨੀ ਹੈ,
ਖਾਲਸਾ ਹਮਾਰੀ ਜਾਨ ਖਾਲਸਾ ਹਮਾਰੀ ਆਨ
ਖਾਲਸਾ ਹਮਾਰੀ ਖਾਨ ਮੋਦ ਕੀ ਸੁਹਾਨੀ ਹੈ,
ਖਾਲਸਾ ਹਮਾਰੀ ਜਾਤਿ ਖਾਲਸਾ ਹਮਾਰੀ ਪਾਤਿ
ਸ੍ਰੀ ਗੁਰੂ ਗੋਬਿੰਦ ਸਿੰਘ ਬਾਨੀ ਯੌਂ ਬਖਾਨੀ ਹੈ,
(ਸੰਤ ਨਿਹਾਲ ਸਿੰਘ)
ਪੂਜਾ ਏਕ ਅਦ੍ਵਯ ਅਕਾਲ ਕੀ ਹੈ ਇਸ਼੍ਟ ਜਹਾਂ
ਸਤਜਨਾਮ ਵਾਹਗੁਰੂ ਜਾਪ ਮੁਕ੍ਰਮਾਲ ਸਾ,

ਬਾਨੀਗੁਰੁ ਗਾਯਬੇ ਕੋ ਸੁਧੀ ਗੁਰੁਗ੍ਰੰਥ ਜੂ ਕੀ

ਖਾਯਬੇ ਕੋ ਭੋਜਨ ਕੜਾਹ ਨਕ੍ਦ ਮਾਲ ਸਾ,

ਕਹੈ "ਤੋਖਹਰਿ" ਭਏ ਚਾਰੋਂ ਹੀ ਬਰਨ ਏਕ

ਦਰਨ ਮਲੇਛਨ ਕੋ ਧਾਰਯੋ ਵਪੁ ਕਾਲ ਸਾ,

ਦ੍ਵੈਮਤ ਕੋ ਸਾਲ[435] ਸਾ ਨਿਰਾਲਸਾ ਧਰਮ ਨੀਤਿ

ਲਾਲਸਾ[436] ਭਰਨ ਧਨਯ ਭਯੋ ਪੰਥ ਖਾਲਸਾ.

ਖਾਲਸਾ ਕਾਲਿਜ: Khalsa College. ਦੇਖੋ, ਅੰਮ੍ਰਿਤਸਰ.

ਖਾਲਸਾ ਦੀਵਾਨ: ਦੇਖੋ, ਸਿੰਘਸਭਾ.

ਖਾਲਸੇ ਦੇ ਬੋੱਲੇ: ਸੰਗਯਾ- ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ, ਜਿਨ੍ਹਾਂ ਨੂੰ 'ਗੜਗੱਜ ਬੋੱਲੇ' ਭੀ ਆਖਦੇ ਹਨ. ਪੁਰਾਣੇ ਸਿੰਘ ਜੋ ਵਾਕ ਬੋਲਦੇ ਸਨ, ਉਹ ਹੁਣ ਲੋਕਾਂ ਦੇ ਸਾਰੇ ਯਾਦ ਨਹੀਂ ਰਹੇ, ਸਮੇਂ ਦੇ ਫੇਰ ਨਾਲ ਬਹੁਤ ਭੁੱਲ ਗਏ ਹਨ. ਜੋ ਬੋੱਲੇ ਸਾਨੂੰ ਮਿਲ ਸਕੇ ਹਨ, ਉਹ ਅੱਖਰਕ੍ਰਮ ਅਨੁਸਾਰ ਇਸ ਥਾਂ ਲਿਖਦੇ ਹਾਂ-

ਉਗਰਾਹੀ. ਭਿਖ੍ਯਾ. ਗਜਾ ਕਰਨਾ.

ਉਜਾਗਰ. ਦੀਵਾ. ਚਰਾਗ.

ਉਜਾਗਰੀ. ਲਾਲਟੈਣ.

ਅਸਵਾਰਾ. ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਬੀੜ।

੨. ਕੂਚ. ਪ੍ਰਸਥਾਨ। ੩. ਮੌਤ. ਮਰਣਾ.

ਅਸਵਾਰਾ ਸਾਹਿਬ ਪ੍ਰਕਾਸ਼ਨਾ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਖੋਲਕੇ ਪ੍ਰਕਾਸ਼ ਕਰਨਾ.

ਅਸਵਾਰਾ ਕਰਨਾ. ਚੜ੍ਹਾਈ ਕਰਨੀ. ਕੂਚ ਕਰਨਾ। ੨. ਪਰਲੋਕਗਮਨ.

ਅਕਲਦਾਨ. ਸੋਟਾ. ਡੰਡਾ.

ਅਕਾਸਪਰੀ. ਬਕਰੀ.

ਅਕਾਸੀ ਦੀਵਾ. ਸੂਰਜ ਅਤੇ ਚੰਦ੍ਰਮਾ.

ਅਕਾਸੀ ਫੌਜ. ਸ਼ਹੀਦੀ ਫ਼ੌਜ. ਅਜਗੈਬੀ ਸੈਨਾ.

ਅਕਾਲ ਬਾਂਗਾ. ਸਤਿ ਸ੍ਰੀ ਅਕਾਲ ਦਾ ਜੈਕਾਰਾ.

ਅਕਾਲੀ. ਅਕਾਲ ਦਾ ਉਪਸਾਕ। ੨. ਨੀਲਾਬਾਣਾ ਧਾਰੀ ਸਿੰਘ. ਨਿਹੰਗ ਸਿੰਘ.

ਅਖੰਡਪਾਠ. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਹ ਪਾਠ ਜੋ ਲਗਾਤਾਰ ਹੁੰਦਾ ਰਹੇ, ਜਦ ਤੀਕ ਭੋਗ ਨਾ ਪਵੇ ਤਦ ਤੀਕ ਰੁਮਾਲ ਨਾ ਪਾਇਆ ਜਾਵੇ. ਇਹ ਪਾਠ ੧੩. ਪਹਿਰ ਤੋਂ ੧੬. ਪਹਿਰ ਅੰਦਰ ਹੋਇਆ ਕਰਦਾ ਹੈ.

ਅਤੀ ਅਖੰਡਪਾਠ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਪਾਠ, ਜਿਸ ਨੂੰ ਇਕੱਲਾ ਪਾਠੀਆ ਇੱਕੇ ਆਸਨ ਬੈਠਕੇ ਨਿਰੰਤਰ ਕਰਦਾ

---

[435] ਸੱਲ.

[436] ਇੱਛਾ. ਕਾਮਨਾ.

ਹੋਇਆ ਅੱਠ ਅਥਵਾ ਨੌ ਪਹਿਰ ਅੰਦਰ ਸਮਾਪਤ ਕਰੇ.

ਅਤੀ ਅਖੰਡਪਾਠੀ. ਇਕੱਲਾ ਪਾਠੀਆ, ਜੋ ਗੁਰੂ ਗ੍ਰੰਥ ਸਾਹਿਬ ਦਾ ਸਾਰਾ ਪਾਠ ਇੱਕ ਆਸਨ ਬੈਠਕੇ ਸਮਾਪਤ ਕਰੇ.

ਅਥੱਕ. ਮਰੀਅਲ ਟੱਟੂ. ਜੋ ਘੋੜਾ ਹਾਰਿਆ ਹੋਇਆ ਹੈ.

ਅਥੱਕ ਸਵਾਰੀ. ਜੁੱਤੀ. ਜੋੜਾ.

ਅਨਹਤ ਸ਼ਬਦ. ਘੁਰਾੜੇ ਮਾਰਨੇ.

ਅਫਲਾਤੂਨ. ਰਜਾਈ. ਲੇਫ.

ਅਫਲਾਤੂਨੀ. ਦੁਲਾਈ.

ਅਰਦਾਸਾ. ਪ੍ਰਾਰਥਨਾ. ਵਿਨਯ.

ਅਰਦਾਸੀਆ. ਅਰਦਾਸ ਕਰਨ ਵਾਲਾ ਸਿੰਘ.

ਅਰਾਕਣ, ਅਰਾਕੀ: ਘੋੜਾ. ਘੋੜੀ। ਟੈਰ. ਟੈਰਾ.

ਅੜੰਗ ਬੜੰਗ ਹੋਣਾ. ਲੇਟਣਾ. ਸੌਂ ਜਾਣਾ.

ਆਹੂ ਲਾਹੁਣੇ. ਕਤਲਾਮ ਕਰਨੀ. ਵੱਢ ਟੁੱਕ.

ਆਕੜਭੰਨ. ਰੋਗ. ਬੀਮਾਰੀ.

ਆਕੀ ਹੋਣਾ. ਹਵਾਲਾਤ ਵਿੱਚ ਪੈਣਾ. ਜੇਲ ਵਿੱਚ ਹੋਣਾ.

ਆਨੰਦ. ਪੂਰਣ ਤ੍ਰਿਪਤ। ੨. ਸਿੱਖਧਰਮ ਅਨੁਸਾਰ ਵਿਆਹ.

ਐਰਾਪਤ. ਝੋਟਾ. ਇਸ ਦਾ ਨਾਉਂ ਮਹਿਖਾਸੁਰ ਭੀ ਹੈ.

ਅੰਗ ਸੰਗ. ਸਹਾਇਕ. ਸਾਥੀ। ੨. ਕਰਤਾਰ. ਵਾਹਗੁਰੂ.

ਅੰਗੀਠਾ. ਚਿਤਾ. ਚਿਖਾ.

ਅੰਜਨੀ. ਰਾਤ। ੨. ਕਾਲੀ ਦੇਵੀ.

ਅੰਨਮਤੀਆ. ਸਿੰਘਧਰਮ ਤੋਂ ਭਿੰਨ ਹੋਰ ਧਰਮ ਧਾਰਨ ਵਾਲਾ.

ਅੰਨ੍ਹਾ. ਮੂਰਤੀਪੂਜਕ ਹਿੰਦੂ.

ਅੰਮ੍ਰਿਤਵੇਲਾ. ਪ੍ਰਾਤਹਕਾਲ. ਤੜਕਾ.

ਅੰਮ੍ਰਿਤੀ. ਸਲੂਣੀ ਕੜ੍ਹੀ.

ਅੰਮ੍ਰਿਤੀਆ. ਜਿਸ ਨੇ ਖੰਡੇ ਦਾ ਅਮ੍ਰਿਤ ਛਕਿਆ ਹੈ.

ਇੱਕਟੰਗੀ ਬਟੇਰਾ. ਬੈਂਗਣ. ਬਤਾਊਂ.

ਇੰਦ੍ਰ. ਮੇਘ. ਬੱਦਲ.

ਇੰਦ੍ਰਜਲ. ਬਰਖਾ ਦਾ ਪਾਣੀ.

ਇੰਦ੍ਰਾਣੀ. ਹਵਾ. ਪੌਣ. ਵਾਯੂ.

ਇੰਦ੍ਰਾਣੀ ਜੱਫੀਆਂ ਪਾਉਂਦੀ ਹੈ. ਸੁਹਾਵੀ ਹਵਾ ਛੂੰਹਦੀ ਹੈ.

ਇਲਾਚੀ. ਫੁਲਾਹੀ। ੨. ਫੁਲਾਹੀ ਦੀ ਦਾਤਣ.

ਸ਼ਹੀਦ. ਧਰਮ ਲਈ ਪ੍ਰਾਣ ਵਾਰਨ ਵਾਲਾ ਯੋਧਾ.

ਸ਼ਹੀਦਗੰਜ. ਸ਼ਹੀਦਾਂ ਦੇ ਜੰਗ ਅਤੇ ਦਾਹ ਦਾ ਅਸਥਾਨ.

ਸ਼ਹੀਦੀ. ਸ਼ਹੀਦ ਦੀ ਪਦਵੀ। ੨. ਜੰਗ ਵਿੱਚ ਕੀਤੀ ਕੁਰਬਾਨੀ.

ਸ਼ਹੀਦੀ ਸੋਧ. ਕੁਦਰਤੀ ਦੁੱਖ. ਅਕਾਲ ਦੇ ਹੁਕਮ ਅਨੁਸਾਰ ਹੋਈ ਪੀੜਾ। ੨. ਕੁਰਹਿਤੀਏ ਨੂੰ ਸ਼ਹੀਦਾਂ ਵਲੋਂ ਹੋਈ ਤਾੜਨਾ.

ਸ਼ਹੀਦੀ ਦੇਗ. ਭੰਗ ਦੀ ਮਿੱਠੀ ਦੇਗ। ੨. ਸ਼ਹੀਦਾਂ ਨਿਮਿੱਤ ਤਿਆਰ ਕੀਤਾ ਲੰਗਰ.

ਸ਼ਹੀਦੀ ਪ੍ਰਸਾਦ. ਕੜਾਹਪ੍ਰਸਾਦ। ੨. ਪੰਜ ਸਿੰਘਾ ਲਈ ਭਾਵਨਾ ਨਾਲ ਤਿਆਰ ਕੀਤਾ ਭੋਜਨ.

ਸ਼ਹੀਦੀ ਫੌਜ. ਸ਼ਹੀਦਸਿੰਘਾਂ ਦੀ ਸੈਨਾ। ੨. ਅਕਾਲ ਦੀ ਗੁਪਤ ਫੌਜ.

ਸ਼ਹੀਦੀ ਮਾਰ. ਸ਼ਹੀਦ ਸਿੰਘਾਂ ਵਲੋਂ ਹੋਈ ਤਾੜਨਾ. ਕੁਕਰਮੀ ਨੂੰ ਸ਼ਹੀਦ ਸਿੰਘਾਂ ਤੋਂ ਪ੍ਰਾਪਤ ਹੋਇਆ ਦੁੱਖ.

ਸੱਚਖੰਡ. ਗੁਰਪੁਰ। ੨. ਖਾਲਸਾਦੀਵਾਨ। ੩. ਗੁਰਦ੍ਵਾਰਾ ਅਬਿਚਲਨਗਰ. ਹਜੂਰ ਸਾਹਿਬ.

ਸੱਚਖੰਡ ਵਾਸਾ. ਗੁਰਪੁਰ ਵਿੱਚ ਨਿਵਾਸ. ਪਰਲੋਕ ਗਮਨ.

ਸੱਚਾ ਪਾਤਸ਼ਾਹ. ਸਤਿਗੁਰੂ.

ਸਜਣਾ. ਤਿਆਰ ਹੋਣਾ। ੨. ਸਭਾ ਵਿੱਚ ਬੈਠਣਾ। ੩. ਸ਼ਸਤ੍ਰ ਵਸਤ੍ਰ ਪਹਿਰਨੇ.

ਸੱਤ ਸ੍ਰੀ ਅਕਾਲ. ਸਿੰਘਾਂ ਦਾ ਜੈਕਾਰਾ। ੨. ਝਟਕਾ ਕੂਚ ਅਤੇ ਦੀਵਾਨ ਦੀ ਸਮਾਪਤੀ ਤੇ ਉਚਾਰਣ ਕੀਤਾ ਜੈਕਾਰਾ.

ਸਦਾਗੁਲਾਬ. ਕਿੱਕਰ. ਬਬੂਲ.

ਸਦਾਗੁਲਾਬ ਦਾ ਮੁਖਮਾਂਜਣਾ. ਕਿੱਕਰ ਦੀ ਦਾਤਣ.

ਸਫਾਜੰਗ. ਟਕੂਆ. ਕੁਹਾੜੀ.

ਸਬਜ ਪੁਲਾਉ. ਸਾਗ.

ਸਬਜ ਮੰਦਰ. ਬਿਰਛ. ਬਿਰਛ ਹੇਠ ਨਿਵਾਸ.

ਸ਼ਬਦ. ਗੁਰਬਾਣੀ ਦਾ ਪਦ. ਸ੍ਰੀ ਮੁਖਵਾਕ ਛੰਦ.

ਸ਼ਬਦ ਕੀਰਤਨ. ਗੁਰਬਾਣੀ ਦਾ ਗਾਇਨ.

ਸ਼ਬਦਭੇਟ. ਗੁਰਬਾਣੀ ਪੜ੍ਹਨ ਅਤੇ ਗਾਉਣ ਵਾਲੇ ਦੀ ਪੂਜਾ.

ਸਮੁੰਦਰ. ਦੁੱਧ.

ਸਮੁੰਦਰਾਧਾਰੀ. ਦੂਧਾਧਾਰੀ.

ਸਰਦਾਈ. ਘੋਟੀ ਹੋਈ ਭੰਗ। ੨. ਛੱਪੜ ਦਾ ਪਾਣੀ.

ਸਰਦੌਨਾ. ਠੰਢ. ਸ਼ੀਤ. ਪਾਲਾ.

ਸਰਦੌਨਾ ਮੁੱਠੀਆਂ ਭਰਦਾ ਹੈ. ਪਾਲਾ ਲਗਦਾ ਹੈ. ਕਾਂਬਾ.

ਸਰਬਰਸ. ਲੂਣ. ਨਮਕ. ਇਸ ਦਾ ਨਾਮ ਰਾਮਰਸ ਭੀ ਹੈ.

ਸਰਬਲੋਹ. ਅਕਾਲਪੁਰਖ। ੨. ਲੋਹਾ. ਸ਼ਸਤ੍ਰ. ਸਰਬਲੋਹੀਆ. ਉਹ ਸਿੰਘ, ਜੋ ਕੇਵਲ ਲੋਹੇ ਦੇ ਭਾਂਡੇ ਵਿੱਚ ਛਕਦਾ ਹੈ.

ਸਲੋਤਰ. ਮੋਟਾ ਕੁਤਕਾ. ਮਧਰਾ ਅਤੇ ਮੋਟਾ ਡੰਡਾ। ੨. ਭੰਗਘੋਟਣਾ.

ਸਵਾਇਆ. ਥੋੜਾ. ਕਮ. ਘੱਟ.

ਸਵਾਰਾ. ਦੇਖੋ, ਅਸਵਾਰਾ.

ਸਵਾਰਾ ਕਰਨਾ. ਦੇਖੋ, ਅਸਵਾਰਾ ਕਰਨਾ.

ਸਵਾ ਲੱਖ. ਇੱਕ. ਏਕ.

ਸਵਾ ਲੱਖ ਫੌਜ. ਇੱਕ ਸਿੰਘ.

ਸਾਉਗੀ. ਹਰਾ ਛੋਲੂਆ.

ਸ਼ਾਹਜਹਾਂ. ਪੋਸਤ ਦਾ ਬੂਟਾ.

ਸਾਕਤ. ਸਤਿਗੁਰੂ ਤੋਂ ਵਿਮੁਖ. ਮਾਇਆ ਦਾ ਦਾਸ। ੨. ਧਰਮ ਤੋਂ ਪਤਿਤ.

ਸਾਖਤ. ਦੇਖੋ, ਸਾਕਤ.

ਸਾਰ. ਲੋਹਾ. ਫੌਲਾਦ. ਸ਼ਸਤ੍ਰ.

ਸਾਵੀ. ਮੂੰਗੀ.

ਸ਼ਿਕਰੀ. ਨਕਚੂੰਢੀ. ਛੋਟਾ ਮੋਚਨਾ. ਕੰਡਾ ਕੱਢਣ ਦੀ ਚਿਮਟੀ.

ਸ਼ਿਕਾਰੀ. ਵਿਭਚਾਰੀ. ਪਰਇਸਤ੍ਰੀਗਾਮੀ.

ਸਿੰਘ. ਖੰਡੇ ਦਾ ਅਮ੍ਰਿਤਧਾਰੀ ਸਿੱਖ.

ਸਿੰਘਣੀ. ਸਿੰਘਮਤ ਦੀ ਨਾਰੀ.

ਸਿਰਖਿੰਡੀ. ਸ਼ੱਕਰ.

ਸਿਰਗੁੰਮ. ਜਿਸ ਨੇ ਅਮ੍ਰਿਤ ਛਕਕੇ ਕੇਸ ਮੁਨਾਏ ਹਨ.

ਸਿਰਘਸਾ. ਮੋਨਾ. ਮੁੰਡਿਤ। ੨. ਜੈਨੀ ਸਾਧ. ਢੂੰਡੀਆ। ੩. ਸੰਨਯਾਸੀ.

ਸਿਰਜੋੜ. ਗੁੜ.

ਸ਼ੀਸ਼ਮਹਲ. ਟੁੱਟੀ ਹੋਈ. ਛੰਨ, ਜਿਸ ਵਿੱਚਦੀਂ ਆਕਾਸ਼ ਨਜ਼ਰ ਆਵੇ.

ਸੁਕਮਾਂਜ. ਨਿਰਾਹਾਰ. ਭੁੱਖਾ.

ਸੁਖਈ ਸਿੰਘ. ਭੰਗ ਘੋਟਕੇ ਪਿਆਉਣ ਵਾਲਾ.

ਸੁਖਦੇਈ. ਤੁਲਾਈ. ਹੇਠ ਵਿਛਾਉਣ ਦਾ ਰੂੰਦਾਰ ਵਸਤ੍ਰ.

ਸ਼ੁਖਨਿਧਾਨ. ਸੁੱਖਾ. ਭੰਗ. ਵਿਜੀਆ.

ਸੁਚਾਲਾ. ਲੰਙਾ. ਡੁੱਡਾ.

ਸੁਚੇਤਾ. ਝਾੜਾ। ੨. ਪੰਜ ਇਸਨਾਨਾ.

ਸੁਚੇਤਾ ਤਾੜਨਾ. ਪੰਜ ਇਸਨਾਨਾ ਕਰਨਾ. ਹੱਥ ਮੂੰਹ ਧੋਕੇ ਤਿਆਰ ਹੋਣਾ.

ਸੁਚੇਤੇ ਜਾਣਾ. ਸ਼ੌਚ ਲਈ ਬਾਹਰ ਜਾਣਾ. ਜੰਗਲ ਜਾਣਾ.

ਸੁਜਾਖਾ. ਚਲਨੀ. ਛਲਨੀ। ੨. ਗਜਾਨੀ.

ਸੁੰਦਰੀ. ਝਾੜੂ. ਬੁਹਾਰੀ. ਬਹੁਕਰ.

ਸੁਨਹਰਾ. ਅਮ੍ਰਿਤ ਤਿਆਰ ਕਰਨ ਦਾ ਸਰਬਲੋਹ ਦਾ ਪਾਤ੍ਰ। ੨. ਕੂੰਡਾ.

ਸੁਨਹਰੀਆ. ਉਹ ਗੁਰਭਾਈ ਜਿਸ ਨੇ ਇੱਕ ਪਾਤ੍ਰ ਵਿੱਚ ਅਮ੍ਰਿਤ ਛਕਿਆ ਹੈ.

ਸੁਰਗ. ਮੁਸੀਬਤ. ਵਿਪਦਾ। ੨. ਨਿੰਦ੍ਰਾ. ਸੁਖੁਪਤੀ.

ਸੁਰਗਦੁਆਰੀਆ. ਨਕਟਾ.

ਸੁਰਗਬਾਸ. ਗਾੜ੍ਹੀ ਨੀਂਦ ਵਿੱਚ ਸੌਣਾ.

ਸੁਰਮਈ. ਸੁਰਮੇਰੰਗਾ. ਨੀਲਾ. ਕਾਲਾ.

ਸੁਰਮਈ ਦਾਲਾ. ਲੋਹੇ ਦੇ ਭਾਂਡੇ ਵਿੱਚ ਰਿੱਧੀ ਦਾਲ। ੨. ਮਾਹਾਂ ਦੀ ਦਾਲ.

ਸੂਬੇਦਾਰ. ਝਾੜੂ ਦੇਣ ਵਾਲਾ ਸਿੱਖ.

ਸੂਰਮਾ. ਅੰਧਾ. ਨੇਤ੍ਰਹੀਨ.

ਸੇਉ. ਪਿਉਂਦੀ ਬੇਰ.

ਸ਼ੇਰ ਦੇ ਕੰਨ. ਭੰਗ ਛਾਨਣ ਦੇ ਰੁਮਾਲ ਦੇ ਲੜ.

ਸੋਝਾ ਦੇਣਾ. ਮਾਂਜਣਾ. ਸਾਫ ਕਰਨਾ। ੨. ਕੁਰਹਿਤੀਏ ਨੂੰ ਤਾੜਨਾ। ੩. ਅਪਰਾਧੀ ਨੂੰ ਦੰਡ ਦੇ ਕੇ ਸਿੱਧਾ ਕਰਨਾ.

ਸੋਧ. ਸ਼ੁੱਧੀ. ਪਵਿਤ੍ਰਤਾ। ੨. ਧਰਮ ਅਨੁਸਾਰ ਕੁਰਹਿਤੀਏ ਦੀ ਤਨਖਾਹ ਲਾਕੇ ਕੀਤੀ ਸ਼ੁੱਧੀ.

ਸੋਧਣਾ. ਕੁਰਹਿਤੀਏ ਨੂੰ ਤਾੜਕੇ ਸ਼ੁੱਧ ਕਰਨਾ। ੨. ਮੁਲਕ ਫਤੇ ਕਰਨਾ। ੩. ਚੰਦਾ ਵਸੂਲ ਕਰਨਾ.

ਸੰਖੀ. ਮਾਸ ਦੀ ਹੱਡੀ.

ਸੰਤੋਖਣਾ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾਂ ਵਿੱਚ ਲਪੇਟਨਾ। ੨. ਕਾਰਜ ਸਮਾਪਤ ਕਰਨਾ.

ਸ਼੍ਰੀਸਾਹਿਬ. ਤਲਵਾਰ. ਕ੍ਰਿਪਾਣ.

ਹਜਾਰਮੇਖੀ. ਗੋਦੜੀ. ਟਾਕੀਆਂ ਵਾਲੀ ਗੋਦੜੀ.

ਹਜੂਰਸਾਹਿਬ. ਤਖਤ ਸ਼੍ਰੀ ਅਬਿਚਲਨਗਰ ਦੀ ਯਾਤ੍ਰਾ ਕੀਤੀ ਹੈ। ੨. ਜੋ ਹਜੂਰ ਸਾਹਿਬ ਦੇ ਗੁਰਦੁਆਰੇ ਸੇਵਾ ਕਰਦਾ ਹੈ.

ਹਜੂਰੀ ਪਰਨਾ. ਹੱਥ ਮੂੰਹ ਸਾਫ ਕਰਨ ਦਾ ਤੌਲੀਆ. ਹੱਥ ਸੁਚੇਤ ਕਰਨੇ. ਹੱਥ ਧੋਣੇ.

ਹਰਨ ਹੋਣਾ. ਭੱਜਣਾ. ਨੱਠਣਾ.

ਹਰਨੀ. ਮੱਖੀ। ੨. ਜੂੰ. ਯੂਕਾ.

ਹਰਾ. ਸੁੱਕਾ. ਖੁਸ਼ਕ.

ਹਰਾ ਕਰਨਾ. ਸੁਕਾਉਣਾ. ਖੁਸ਼ਕ ਕਰਨਾ। ੨. ਧੋਣਾ. ਸਾਫ ਕਰਨਾ.

ਹਾਜਰੀ ਭਰਨੀ. ਖਾਲਸੇ ਦੇ ਦੀਵਾਨ ਵਿੱਚ ਅਮ੍ਰਿਤ ਵੇਲੇ ਅਤੇ ਸੰਝ ਨੂੰ ਹਾਜ਼ਰ ਹੋਣਾ.

ਹਿਮੰਚਲ. ਹਜਮ. ਹਜਮ ਹੋਇਆ ਪਦਾਰਥ.

ਹਿਰਨਖੁਰੀ. ਭਗ. ਯੋਨਿ.

ਹੁਕਮਸੱਤ. ਮਰਣਾ. ਚਲਾਣਾ ਕਰਨਾ.

ਹੁੰਝਾ. ਬਹਮਤ. ਤੰਬਾਂ.

ਹੋਲਾਂ. ਇਲਾਚੀਆਂ.

ਹੋੱਲਾ ਖੇਡਣਾ. ਜੰਗ ਕਰਨਾ। ੨. ਮਹੱਲਾ ਖੇਡਣਾ. ਹੋੱਲਾ ਮੱਹਲਾ. ਚੇਤ ਬਦੀ ੧. ਦਾ ਤਯੋਹਾਰ, ਜਿਸ ਦਿਨ ਸਿੰਘ ਨਕਲੀ ਜੰਗ ਕਰਦੇ ਹਨ.

ਹੰਕਾਰਿਆ ਹੋਇਆ. ਪਾਟਿਆ. ਲੀਰਾਂ ਹੋਇਆ.

ਹੰਨਾ. ਲਿੰਗ. ਇੰਦ੍ਰੀ. ਇਸ ਦਾ ਨਾਉਂ ਘੋੜਾ ਭੀ ਹੈ. ਦੇਖੋ, ਘੋੜਾ.

ਕਸਤੂਰਾ. ਸੂਰ.

ਕੱਚਾ ਪਿੱਲਾ. ਰਹਿਤ ਮਰਯਾਦਾ ਵਿੱਚ ਢਿੱਲਾ. ਸਿੰਘਧਰਮ ਦੇ ਨਿਯਮਾਂ ਨੂੰ ਜੋ ਚੰਗੀ ਤਰਾਂ ਨਹੀਂ ਧਾਰਦਾ.

ਕੱਚਾ ਬੋੱਲਾ. ਸਿੰਘ ਧਰਮ ਵਿਰੁੱਧ ਬੋੱਲੀ। ੨. ਝੂਠਾ ਵਚਨ.

ਕੱਚੀ ਬਾਣੀ. ਗੁਰਬਾਣੀ ਤੋਂ ਭਿੰਨ ਹੋਰ ਬਾਣੀ। ੨. ਅਕਾਲ ਦੀ ਮਹਿਮਾ ਤੋਂ ਬਿਨਾ ਬਾਣੀ.

ਕਛਹਰਾ. ਕੱਛ.

ਕੱਟਾ. ਹਾਥੀ.

ਕਠੌਤਾ. ਕਾਠ ਦਾ ਪਾਤ੍ਰ.

ਕਪੜਬੀਜ. ਬੜੇਵਾਂ.

ਕਮਰਕਸਾ ਕਰਨਾ. ਕਮਰ ਬੰਨ੍ਹਕੇ ਤਿਆਰ ਹੋਣਾ।

੨. ਪਰਲੋਕਗਮਨ. ਮਰਣਾ.

ਕਮਰਕਸਾ ਖੁਲ੍ਹਾਉਣਾ. ਆਏ ਅਭਯਾਗਤ ਨੂੰ ਨਿਵਾਸ ਦੇਣਾ ਅਤੇ ਸੇਵਾ ਕਰਨੀ.

ਕਰਦੌਨਾ. ਛੋਟੀ ਕਰਦ.

ਕਰਾੜੀ. ਮੂਲੀ.

ਕਲਗਾ. ਗੰਜਾ.

ਕਲਗੀਧਰ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ.

ਕੜਾਹਪ੍ਰਸਾਦ. ਤਿਹਾਵਲ. ਪੰਚਾਂਮ੍ਰਿਤ.

ਕੜਾਕਾ. ਭੁੱਖ. ਨਿਰਾਹਾਰ ਰਹਿਣਾ। ੨. ਮੁਸੀਬਤ.

ਕਾਜਾ. ਭੁੱਖਾ. ਅੰਨ ਦਾ ਨਾ ਮਿਲਣਾ. ਇਨਗਹਾਰ.

ਕਾਜਾ ਖੋਲ੍ਹਣਾ. ਭੋਜਨ ਕਰਨਾ.

ਕਾਜੀ. ਮੁਰਗਾ.

ਕਾਠਗੜ੍ਹ. ਚਿਤਾ. ਚਿਖਾ.

ਕਾਣਾ. ਤੁਰਕ. ਮੁਸਲਮਾਨ.

ਕਾਨੂੰਗੋ. ਖੂੰਡਾ. ਛਟੀ.

ਕਾਬੁਲੀ ਕੁੱਤਾ. ਅਹਿਮਦਸ਼ਾਹ ਦੁੱਰਾਨੀ.

ਕਾਰਦਾਰ. ਫਾਹੁੜਾ.

ਕਾਰਭੇਟ. ਸਤਿਗੁਰੂ ਨਿਮਿੱਤ ਬੰਧਾਨ ਦੀ ਪੂਜਾ.

ਕੀਰਤਨ. ਗੁਰਬਾਣੀ ਦਾ ਗਾਉਣਾ.

ਕੁਹੀ. ਦਾਤੀ. ਦਾਤ੍ਰੀ.

ਕੁਹੀ ਦਾ ਸ਼ਿਕਾਰ. ਦਾਤੀ ਨਾਲ ਘਾਹ ਅਥਵਾ ਖੇਤੀ ਵੱਢਣੀ.

ਕੁੱਠਾ. ਮੁਸਲਮਾਨਰੀਤਿ ਨਾਲ ਜਿਬਹਿ ਕੀਤੇ ਜੀਵ ਦਾ ਮਾਸ.

ਕੁਣਕਾ. ਕੜਾਹਪ੍ਰਸਾਦ ਦਾ ਕਣਮਾਤ੍ਰ ਭੋਰਾ। ਕੜਾਹਪ੍ਰਸਾਦ.

ਕੁਤਬਦੀਨ. ਕੂਕਰ. ਕੁੱਤਾ.

ਕੁਰਹਿਤ. ਖਾਲਸਾਧਰਮ ਵਿਰੁੱਧ ਆਚਾਰ.

ਕੁਰਲਾ. ਗਰਾਰਾ. ਚੁਲੀ.

ਕੁੜੀਮਾਰ. ਕੰਨਜਾ ਮਾਰਨ ਵਾਲਾ. ਕਨਜਾ ਵੇਚਣਵਾਲਾ.

ਕੇਸਰ. ਹਲਦੀ. ਬਸਾਰ.

ਕੋਤਲ. ਮੰਜਾ. ਚਾਰਪਾਈ.

ਕੋਤਲਕਸ. ਵਛਾਈ। ੨. ਸੇਜਬੰਦ.

ਕੋਤਵਾਲ. ਚਾਕੂ. ਕਲਮਤਰਾਸ਼.

ਕੰਘਾ ਕਰਨਾ. ਸਿਰ ਭੰਨਣਾ. ਤਬਾਹ ਕਰਨਾ। ਕੇਸ਼ ਸਾਫ ਕਰਨੇ.

ਕ੍ਰਿਪਾਣ. ਤਲਵਾਰ। ਕਰਦ.

ਖੱਸੀ ਫੌਜ. ਇਸਤ੍ਰੀਆਂ ਦਾ ਟੋਲਾ.

ਖਜੂਰਾਂ. ਬੇਰਾਂ ਦੀਆਂ ਭੁਕੜੀਆਂ

ਖੜਗਕੇਤੁ. ਅਕਾਲ.

ਖੜੇ ਦਾ ਖਾਲਸਾ. ਹਾਜਿਰ ਨੂੰ ਛਾਂਦੇ ਦਾ ਮਿਲਣਾ ਅਤੇ ਗੈਰਹਾਜਿਰ ਦਾ ਖਾਲੀ ਰਹਿਣਾ.

ਖਾਰ ਸਮੁੰਦਰ. ਲੱਸੀ. ਤਕ੍ਰ. ਛਾਛ.

ਖਾਲਸਾ. ਅਮ੍ਰਿਤਧਾਰੀ ਸਿੰਘ.

ਖਿਸਕੂ. ਲਿੰਗੋਟ. ਕੌਪੀਨ.

ਖਿਚੜ ਪੁਲਾਉ. ਖਿਚੜੀ। ਬੇਰੀ ਦੇ ਫੁੱਲ.

ਖੁਸ਼ਕ ਪੁਲਾਉ. ਚਬੀਣਾ. ਭੁੰਨੇ ਦਾਣੇ.

ਖੁਰਮਾ. ਬੇਰ.

ਖੋਤੀ. ਚਿਲਮ.

ਖੰਡ. ਸੁਆਹ. ਭਸਮ.

ਗਹਿਰਾ ਗੱਫਾ. ਕੜਾਹਪ੍ਰਸਾਦ ਆਦਿ ਤਰ ਭੋਜਨ।

੨. ਜੰਗ ਵਿੱਚੋਂ ਪ੍ਰਾਪਤ ਹੋਇਆ ਬਹੁਤ ਧਨ.

ਗਜਗਾਹ. ਲੋਹੇ ਦਾ ਸ਼ਸਤ੍ਰ, ਜਿਸ ਦੇ ਸਿਰ ਉੱਪਰ ਖੰਡਾ ਅਤੇ ਵਿਚਕਾਰ ਸਰਬਲੋਹ ਦੇ ਅਰਧਚੰਦ੍ਰ ਹੁੰਦੇ ਹਨ. ਇਹ ਨਿਹੰਗ ਸਿੰਘ ਦੁਮਾਲੇ ਉੱਪਰ ਸਜਾਉਂਦੇ ਹਨ.

ਗੱਜਣਾ. ਉੱਚੇ ਸੁਰ ਨਾਲ ਗਰਜਨਾ. ਸਿੰਘਨਾਦ ਕਰਨਾ.

ਗਧੀ. ਹੁੱਕਾ.

ਗਧੀ ਚੁੰਘਣੀ. ਹੁੱਕਾ ਪੀਣਾ.

ਗੱਫਾ. ਧਨ। ੨. ਉੱਤਮ ਤਰ ਭੋਜਨ। ੩. ਲੁੱਟ ਦਾ ਮਾਲ.

ਗੱਫਾ ਲਾਉਣਾ. ਤ੍ਰਿਪਤ ਹੋਕੇ ਉੱਤਮ ਭੋਜਨ ਛਕਣਾ.

ਗਰੜੇ. ਚਾਉਲ.

ਗੜ੍ਹ. ਜੰਗਲ. ਸ਼ੰਘਣਾ ਬਣ। ੨. ਵਾੜਾ. ਝਾਫਿਆਂ ਦਾ ਵਲਗਣ.

ਗੜ੍ਹ ਤੋੜਨਾ. ਕਾਰਜ ਸਿੱਧ ਕਰਨਾ. ਮੁਸ਼ਕਲ ਕੰਮ ਨੂੰ ਆਸਾਨ ਕਰਨਾ। ੨. ਵਾੜ ਤੋੜਕੇ ਅੰਦਰ ਦਾਖਲ ਹੋਣਾ.

ਗਿੱਦੜ. ਕਾਇਰ. ਭਗੌੜਾ। ੨. ਕਮਾਈ ਨਾ ਕਰਕੇ ਮੰਗਣ ਵਾਲਾ.

ਗਿੱਦੜਰੰਗਾ. ਭਗਵੇਂ ਵਸਤ੍ਰ ਪਾਉਣ ਵਾਲਾ.

ਗੁਣਗ੍ਰਾਹੀ. ਛੱਜ.

ਗੁੱਦੜ. ਦੁੱਧ ਦੀ ਮਲਾਈ.

ਗੁਪਤਾ. ਗੁੰਗਾ.

ਗੁਪਾਲ ਫਲ, ਗੁਪਾਲ ਲੱਡੂ ਮੁਰਗੀ ਦੇ ਆਂਡੇ.

ਗੁਬਿੰਦੀਆਂ. ਗਾਜਰਾਂ.

ਗੁਬਿੰਦੇ. ਖਰਬੂਜੇ.

ਗੁਰਦੁਆਰਾ, ਗੁਰਦ੍ਵਾਰਾ ਗੁਰਧਾਮ. ਸਿੱਖਾਂ ਦਾ ਧਰਮਮੰਦਿਰ.

ਗੁਰਮਤ. ਗੁਰੂ ਸਾਹਿਬ ਦਾ ਮਜਹਬ। ੨. ਗੁਰੁਸਿੱਧਾਂਤ.

ਗੁਰਮਤਾ. ਖਾਲਸਾਦਿਵਾਨ ਵਿੱਚ ਬੈਠਕੇ ਕੀਤਾ ਮੰਤ੍ਰ. ਮਸ਼ਵਰਾ.

ਗੁਰਮਤਾ ਸੋਧਣਾ. ਮੰਤ੍ਰ ਕਰਨਾ. ਵਿਚਾਰ ਕਰਨਾ.

ਗੁਰਮਰਜਾਦਾ. ਉਹ ਰੀਤਿ ਰਸਮ ਜੋ ਗੁਰਮਤ ਅਨੁਸਾਰ ਹੈ. ਸਤਿਗੁਰੂ ਦੀ ਦੱਸੀ ਰੀਤਿ.

ਗੁਰਮੁਖ. ਗੁਰੂ ਸਾਹਿਬ ਦੀ ਆਗਯਾ ਮੰਨਣ ਵਾਲਾ ਰਹਿਤਵਾਨ. ਆ਼ਮਿਲ ਸਿੱਖ.

ਗੁਰਮੁਖੀ. ਗੁਰੂਸਾਹਿਬ ਦੀ ਰਚੀ ਹੋਈ ਲਿਖਤ, ਜਿਸ ਵਿੱਚ ਪੰਜਾਬੀ ਬੋਲੀ ਚੰਗੀ ਤਰਾਂ ਲਿਖੀ ਜਾਂਦੀ ਹੈ.

ਗੁਰਮੁਖੀ ਦਸਤਾਰਾ. ਸਿੱਧੀ ਪੱਗ. ਪੁਰਾਤਨ ਸਿੰਘਾਂ ਜੇਹੀ ਸਜਾਈ ਹੋਈ ਦਸਤਾਰ.

ਗੁਰਮੁਖੀ ਦਾੜ੍ਹਾ. ਖੁਲ੍ਹੀ ਦਾੜੀ.

ਗੁਰਮੁਖੀ ਪ੍ਰਸਾਦਾ. ਮੋਟੀ ਰੋਟੀ. ਮੰਨੀ.

ਗੁਰਮੁਖੀ ਵਰਤਾਰਾ. ਇੱਕੋਜੇਹਾ ਛਾਂਦਾ. ਸਭ ਨੂੰ ਸਮਾਨ ਵਰਤਾਰਾ.

ਗੈਬੀ ਫੌਜਾਂ. ਸ਼ਹੀਦਾਂ ਦੀਆਂ ਗੁਪਤ ਫੌਜਾਂ.

ਗੋਪਾਲਚੰਦਨ. ਜ਼ਖਮ ਉੱਪਰ ਲਾਉਣ ਦਾ ਲੇਪ. ਮਰਹਮ.

ਗੋਲਕ. ਗੁਰੂ ਨਿਮਿੱਤ ਅਰਪਿਆ ਧਨ, ਜੋ ਗਾਗਰ ਆਦਿ ਪਾਤ੍ਰ ਵਿੱਚ ਜਮਾ ਕੀਤਾ ਜਾਂਦਾ ਹੈ.

ਗੰਗਾਜਲ. ਸ਼ਰਾਬ. ਮਦਿਰਾ.

ਗੰਦਲ. ਜਿਸ ਨੇ ਕੁਰਹਿਤ ਕਰਕੇ ਦੁਬਾਰਾ ਅਮ੍ਰਿਤ ਛਕਿਆ ਹੈ. ਪਾਜੜ.

ਗਯਾਨੀ ਸਿੰਘ. ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨ ਵਾਲਾ ਸਿੰਘ.

ਘਮਸਾਣ. ਜੰਗ. ਯੁੱਧ। ੨. ਝਗੜਾ. ਬਿਖੇੜਾ.

ਘੱਲੂਘਾਰਾ. ਭਯੰਕਰ ਯੁੱਧ। ੨. ਤਬਾਹੀ. ਸਰਬਨਾਸ਼.

ਘਾਣ. ਜੰਗ. ਯੁੱਧ.

ਘਾਲਾਮਾਲਾ. ਬਿਨਾ ਨਿਰਣਾ ਕੀਤੇ ਗੱਲ ਨੂੰ ਟਾਲ ਦੇਣਾ। ੨. ਕੁਰਹਿਤੀਏ ਨੂੰ ਬਿਨਾ ਸੋਧੇ ਵਿੱਚ ਮਿਲਾਉਣਾ.

ਘੁਸਮੁਸਾ. ਕੰਨਾਬਾਤੀ. ਦੀਵਾਨ ਵਿੱਚ ਪ੍ਰਗਟ ਮੰਤ੍ਰ ਨਾ ਕਰਨਾ.

ਘੋੜਾ. ਲਿੰਗ. ਦੇਖੋ, ਹੰਨਾ। ੨. ਜੋੜਾ. ਜੁੱਤੀ.

ਘੋੜਾ ਕਾਜੇ ਕਰਨਾ. ਯਤ ਧਾਰਨ ਕਰਨਾ.

ਘੋੜਾ ਦੌੜਾਉਣਾ. ਮੈਥੁਨ (ਭੋਗ) ਕਰਨਾ.

ਚਕਰੀ. ਸਿਰ ਉੱਪਰ ਪਹਿਰਣ ਦਾ ਛੋਟਾ ਚਕ੍ਰ.

ਚਕ੍ਰ. ਸਿਰ ਅਥਵਾ ਗਲ ਪਹਿਰਨ ਦਾ ਗੋਲ ਸ਼ਸਤ੍ਰ. ਇਹ ਪੁਰਾਣੇ ਸਮੇਂ ਜੰਗ ਵਿੱਚ ਵਰਤਿਆ ਜਾਂਦਾ ਸੀ.

ਚਟਣ ਪੁਲਾਉ. ਚਟਣੀ.

ਚਢਾਈ. ਦੇਖੋ, ਚੜ੍ਹਾਈ.

ਚਤੌੜਗੜ੍ਹ ਤੋੜਨਾ. ਪੇਸ਼ਾਬ ਕਰਨਾ.

ਚਰਨਦਾਸੀ. ਜੁੱਤੀ। ੨. ਖੜਾਉਂ.

ਚਲਾਕਣ. ਰੰਬੀ.

ਚਲਾਕਾ. ਮੋਟਾ ਸੂਆ.

ਚਲਾਣਾ. ਮਰਣਾ. ਪ੍ਰਾਣ ਤਿਆਗਣੇ.

ਚੜ੍ਹਦੀ ਕਲਾ. ਉਤਸਾਹ. ਉਮੰਗ। ੨. ਤਰੱਕੀ.

ਚੜ੍ਹਾਈ. ਕੂਚ. ਪ੍ਰਸਥਾਨ। ੨. ਧਾਵਾ. ਹਮਲਾ। ੩. ਚਲਾਣਾ. ਮਰਣ.

ਚਾਂਦਨੀ ਪੁਲਾਉ. ਜੁਆਰ (ਜਵਾਰ) ਭੁੰਨੀ ਹੋਈ.

ਚਿਤੌੜਗੜ੍ਹ ਤੋੜਨਾ. ਦੇਖੋ, ਚਤੌੜਗੜ੍ਹ ਤੋੜਨਾ.

ਚਿਮਨੀ ਬੇਗਮ. ਅਫੀਮ.

ਚੀਤਾ. ਪੇਸ਼ਾਬ. ਮੂਤ੍ਰ.

ਚੀਤਾ ਕੁਦਾਉਣਾ, ਚੀਤਾ ਭਜਾਉਣਾ. ਪੇਸ਼ਾਬ ਕਰਨਾ.

ਚੁਗਲ. ਪੋਸਤ ਦੇ ਡੋਡੇ.

ਚੁਗਲ ਮਲਨੇ. ਪੋਸਤ ਦੇ ਡੋਡੇ ਮਲਨੇ.

ਚੁਟਕਾ ਪ੍ਰਸਾਦ. ਲੂਣ ਅਤੇ ਪੀਸੀਆਂ ਹੋਈਆਂ ਮਿਰਚਾਂ, ਜਿਨ੍ਹਾਂ ਨਾਲ ਰੁੱਖੀ ਰੋਟੀ ਖਾਈਦੀ ਹੈ.

ਚੁੱਪ. ਖੰਡ.

ਚੁਬਾਰੇ ਚੜ੍ਹਿਆ. ਦੇਖੋ, ਚੌਬਾਰੇ ਚੜ੍ਹਿਆ.

ਚੁਰਾਸੀ. ਸਿੰਘਾਂ ਤੋਂ ਬਿਨਾ ਹੋਰ ਦੁਨੀਆਂ ਦੇ ਲੋਕ.

ਚੁਲਾ. ਭੋਜਨ ਪਿੱਛੋਂ ਜਲ ਨਾਲ ਮੁਖ ਦੀ ਸਫਾਈ ਅਤੇ ਅਕਾਲ ਅੱਗੇ ਕ੍ਰਿਤਗਜਤਾ ਭਰੀ ਅਰਦਾਸ.

ਚੂਨਾ. ਆਟਾ.

ਚੂਰਮਾ. ਤੂੜੀ. ਭੋ. ਨੀਰਾ.

ਚੋਬਚੀਨੀ. ਲਾਲ ਮਿਰਚਾਂ.

ਚੌਕੀ. ਚਾਰ ਰਾਗੀਆਂ ਦੀ ਟੋਲੀ। ੨. ਕੀਰਤਨ- ਮੰਡਲੀ। ੩. ਮੁੱਕਰਿਰ ਵੇਲੇ ਤੇ ਸ਼ਬਦ ਕੀਰਤਨ। ੪. ਕੜਾਹ ਪ੍ਰਸਾਦ ਰੱਖਣ ਦੀ ਟਿਕਟਿਕੀ.

ਚੌਥਾ. ਲੂਣ. ਸਰਵਰਸ.

ਚੌਥਾਪੌੜਾ. ਮਜਹਬੀ ਸਿੰਘ. ਰੰਘੜੇਟਾ ਅਤੇ ਰਵਦਾਸੀਆ ਸਿੰਘ.

ਚੌਬਾਰੇ ਚੜ੍ਹਿਆ. ਬੋਲਾ. ਬਹਿਰਾ.

ਚੰਡੀ. ਅਗਨਿ। ੨. ਤਲਵਾਰ। ੩. ਲੜਾਈ.

ਛਕਣਾ. ਸਜਣਾ. ਸ਼ੋਭਾ ਸਹਿਤ ਹੋਣਾ। ੨. ਭੋਜਨ ਕਰਨਾ.

ਛਤ੍ਰਧਾਰ. ਅਫੀਮ. ਅਫਯੂਨ.

ਛਰਰਾ ਛੱਡਣਾ. ਖੜੇ ਖੜੇ ਪੇਸ਼ਾਬ ਕਰਨਾ.

ਛਾਂਦਾ. ਵਰਤਾਰਾ. ਭਾਗ. ਹਿੱਸਾ.

ਛਾਲ ਮਾਰਨੀ. ਡਿਗ ਪੈਣਾ.

ਛਾਵਣੀ. ਸਿੰਘਾਂ ਦਾ ਡੇਰਾ.

ਛਿੱਲੜ. ਰੁਪੈਯਾ.

ਛੇਵਾਂ. ਤੇਲ.

ਜਹਾਜ਼. ਗੱਡਾ। ੨. ਸਿੱਖਧਰਮ.

ਜਹਾਜ਼ ਚੜ੍ਹਨਾ. ਅਮ੍ਰਿਤ ਛਕਕੇ ਖਾਲਸਾ ਕੌਮ ਵਿੱਚ ਮਿਲਨਾ.

ਜੱਕਾ. ਦਹੀਂ. ਦਧਿ.

ਜਗਤਜੂਠ. ਹੁੱਕਾ.

ਜਗੰਨਾਥੀ. ਤਾਉੜੀ. ਹਾਂਡੀ.

ਜਥਾ. ਯੂਥ. ਟੋਲਾ. ਸਿੰਘਾਂ ਦਾ ਝੁੰਡ.

ਜਥੇਦਾਰ. ਟੋਲੇ ਦਾ ਪ੍ਰਧਾਨ.

ਜਮਦੰਡ. ਮੁਖੀਏ ਸਿੰਘ (ਜਥੇਦਾਰ) ਵੱਲੋਂ ਮਿਲੀ ਸਜ਼ਾ.

ਜਮਰਾਜ ਦੀ ਧੀ. ਦੇਖੋ, ਧਰਮਰਾਜ ਦੀ ਧੀ.

ਜਲਖਿੱਚ ਸਿੰਘ. ਕਹਾਰ. ਝਿਉਰ.

ਜਲਤੋਰੀ. ਮੱਛੀ.

ਜਲੇਬੀ. ਜੰਡ ਦੀ ਫਲੀ.

ਜੜਪੁੱਟ. ਮੋਚਨਾ.

ਜਾਨਭਾਈ. ਸਵਾਰੀ ਦਾ ਘੋੜਾ.

ਜੈਕਾਰਾ. ਉੱਚੀ ਧੁਨਿ ਨਾਲ ਸੱਤ ਸ੍ਰੀ ਅਕਾਲ ਦਾ ਸਿੰਘਨਾਦ. ਅਕਾਲਬਾਂਗਾ.

ਜੋਤੀਜੋਤਿ ਸਮਾਉਣਾ. ਸਤਿਗੁਰਾਂ ਦਾ ਦੇਹ ਤਯਾਗਕੇ ਆਪਣੀ ਜੋਤਿ ਵਿੱਚ ਲੀਨ ਹੋਣਾ.

ਜੋੜਮੇਲ. ਸਿੰਘਾਂ ਦਾ ਇਕੱਠ। ੨. ਗੁਰਪੁਰਵ ਵਾਲੇ ਦਿਹਾੜੇ ਹੋਈ ਏਕਤ੍ਰਤਾ.

ਜੋੜਮੇਲਣੀ. ਸੂਈ। ੨. ਮਿੱਠੀ ਬਾਣੀ.

ਜੰਗਲ ਜਾਣਾ. ਸੁਚੇਤੇ (ਸ਼ੌਚ) ਜਾਣਾ.

ਜ੍ਵਾਲਾ. ਅੱਗ.

ਜ੍ਵਾਲਾਵਮਣੀ. ਬੰਦੂਕ। ੨. ਤੋਪ.

ਝਟਕਾ. ਇੱਕ ਵਾਰ ਨਾਲ ਸਤਿ ਸ੍ਰੀ ਅਕਾਲ ਕਹਿਕੇ ਜੀਵ ਦਾ ਸਿਰ ਧੜ ਜੁਦਾ ਕਰਨ ਦੀ ਕ੍ਰਿਯਾ। ੨. ਝਟਕੇ ਹੋਏ ਜੀਵ ਦਾ ਮਹਾਪ੍ਰਸਾਦ.

ਝੋਲਾ. ਵਡਾ ਥੈਲਾ.

ਟਹਲਾ. ਸੇਵਾ.

ਟਹਲੂਆ. ਪੈਰ ਝਾੜਨ ਦਾ ਰੁਮਾਲ. ਹੱਥ ਮੂੰਹ ਸਾਫ ਕਰਨ ਦਾ ਪਰਣਾ.

ਟਾਂਗੂ. ਬਿਰਛ ਉੱਪਰ ਬੈਠਾ ਆਦਮੀ, ਜੋ ਦੁਸ਼ਮਨ ਨੂੰ ਦੂਰੋਂ ਆਉਂਦਾ ਦੇਖਕੇ ਖ਼ਬਰ ਦੇਵੇ.

ਟੁੱਕਰ. ਬਾਦਸ਼ਾਹ ਵੱਲੋਂ ਮਿਲੀ ਜਾਗੀਰ ਅਤੇ ਗੁਜਾਰਾ.

ਟੇਢਗਿਆਨ. ਲੇਟਣਾ.

ਠਾਕੁਰ. ਅੰਡਕੋਸ਼. ਪਤਾਲੂ.

ਠਾਣਾ. ਆਸ਼੍ਰਮ. ਡੇਰਾ.

ਠੀਕਰ. ਦੇਹ. ਸ਼ਰੀਰ.

ਠੀਕਰੀ. ਰੁਪੈਯਾ.

ਡੱਡੂ. ਮਟਕਾ. ਚਾਟੀ ਵਿੱਚੋਂ ਪਾਣੀ ਕੱਢਣ ਦਾ ਮਟਕਣਾ.

ਡਲਾ. ਸੂਰ ਦੇ ਮਾਸ ਦੀ ਬੋਟੀ.

ਡਾਇਣ. ਮਾਯਾ। ੨. ਵਿਭਚਾਰਿਨ ਇਸਤ੍ਰੀ.

ਡੋਕਲ. ਗੋਡਿਆਂ ਵਾਲੀ ਕੱਛ. ਢਿੱਲੀ ਝੋਲੀ ਦੀ ਕੱਛ.

ਢਹਿੰਦੀ ਕਲਾ. ਗਿਰਿਆ ਹੋਇਆ ਮਨ. ਨਿਰਾਸਤਾ.

ਢਾਈ ਲੱਖ. ਦੋ ਸਿੰਘ.

ਢਾਲਾ. ਇਸਪਰ. ਢਾਲ.

ਢਾਲੇ ਹੇਠ. ਪਨਾਹ ਵਿੱਚ। ੨. ਸਹਾਇਤਾ ਵਿੱਚ.

ਤਹਤੋੜ. ਪਰਾਉਂਠਾ, ਜਿਸ ਦੀ ਤਹਿ ਵਿੱਚ ਘੀ ਲਾਇਆ ਹੈ ਅਤੇ ਪੱਕਕੇ ਜਿਸ ਦੀਆਂ ਤਹਿਆਂ ਟੁੱਟ ਜਾਂਦੀਆਂ ਹਨ.

ਤਖਤ. ਗੁਰੂ ਸਾਹਿਬ ਦੇ ਬੈਠਣ ਦਾ ਸਿੰਘਾਸਨ. ਖਾਸ ਕਰਕੇ ਅਕਾਲਬੁੰਗਾ, ਪਟਨਾ ਸਾਹਿਬ, ਕੇਸਗੜ੍ਹ ਅਤੇ ਅਬਿਚਲਨਗਰ.

ਤੱਤਖਾਲਸਾ. ਦਸ਼ਮੇਸ਼ ਦੀ ਰਹਿਤ ਅਨੁਸਾਰ ਚੱਲਣ ਵਾਲਾ ਰਹਿਤਵਾਨ ਸਿੰਘ.

ਤਨਖਾਹ. ਧਰਮਦੰਡ। ੨. ਕੁਰਹਿਤ. ਖਾਲਸਾਧਰਮ ਵਿਰੁੱਧ ਕਰਮ.

ਤਨਖਾਹੀਆ. ਕੁਰਹਿਤੀਆ. ਜਿਸ ਨੇ ਧਰਮ ਵਿਰੁੱਧ ਕਰਮ ਕੀਤਾ ਹੈ.

ਤਰ ਪੁਲਾਉ. ਖ਼ੁਸ਼ਕ ਰੋਟੀ. ਬਿਨਾ ਘੀ ਅਤੇ ਸਾਗ ਦਾਲ ਦੇ ਭੋਜਨ.

ਤਰਾਤਰੀ. ਬਹੁਤ ਅਧਿਕ. ਜਰੂਰਤ ਤੋਂ ਜਾਦਾ.

ਤਾਂਬਾ. ਪੈਸਾ.

ਤਿਆਰ ਬਰ ਤਿਆਰ. ਸੱਨਧ ਬੱਧ. ਸ਼ਸਤ੍ਰ ਵਸਤ੍ਰ ਪਹਿਨਕੇ ਤਿਆਰ ਹੋਇਆ। ੨. ਸਾਵਧਾਨ। ੩. ਰਹਿਤ ਵਿੱਚ ਪੱਕਾ.

ਤਿਟੰਗੀ. ਗਾਯਤ੍ਰੀ. ਹਿੰਦੂਮਤ ਦਾ ਮੂਲਮੰਤ੍ਰ.

ਤਿਮਰਲੰਗੀਆ. ਲੰਙਾ. ਡੁੱਡਾ.

ਤੁਰਕ. ਮੁਸਲਮਾਨ.

ਤੁਰਕਣੀ. ਮੁਸਲਮਾਨੀ.

ਤੁਰਕਣੀ ਨਾਲ ਜੁੱਧ. ਮੁਸਲਮਾਨੀ ਭੋਗਣੀ.

ਤੋੜਾ. ਸਰਬਲੋਹ ਦਾ ਜੰਜੀਰ, ਜੋ ਨਿਹੰਗ ਸਿੰਘ ਦੁਮਾਲੇ ਤੇ ਸਜਾਉਂਦੇ ਹਨ। ੨. ਬੰਦੂਕ ਦਾ ਫੀਤਾ.

ਤੋੜਾ ਝਾੜਨਾ. ਬੰਦੂਕ ਚਲਾਉਣੀ.

ਥਹਿ ਪਈਆਂ. ਬੜੀਆਂ.

ਥਾਣੇਦਾਰ. ਗਧਾ. ਖੋਤਾ.

ਦਸਤਾਰਾ. ਪੱਗ.

ਦੱਛ. ਬੱਕਰਾ.

ਦਬੜੂ ਘੁਸੜੂ. ਰਹਿਤ ਵਿੱਚ ਢਿੱਲਾ। ੨. ਕਾਇਰ.

ਦਮੜਾ. ਰੁਪੈਯਾ. ਪੈਸਾ. ਨਕਦੀ.

ਦਾਈਆ. ਹਠ. ਪ੍ਰਣ। ੨. ਦਾਵਾ.

ਦਾਖ. ਪੀਲੂ. ਮਾਲ ਦੇ ਫਲ.

ਦਾਲਾ. ਦਾਲ.

ਦਾੜ੍ਹਾ. ਦਾੜ੍ਹੀ. ਰੀਸ਼.

ਦੀਦਾਰੇ. ਦਰਸ਼ਨ.

ਦੁਸਾਂਗਾ. ਪਜਾਮਾ. ਘੁਟੰਨਾ.

ਦੁਸ਼ਾਲਾ. ਕੰਬਲ. ਭੂਰਾ.

ਦੁਨਾਲੀ. ਸਲੰਘ. ਝਾਫੇ ਚੁੱਕਣ ਦਾ ਸੰਦ.

ਦੁਬਾਜਰਾ. ਇੱਕ ਇਸ਼੍ਟ ਨੂੰ ਛੱਡਕੇ ਦੂਜੇ ਮਤ ਵਿੱਚ ਜਾਣ ਵਾਲਾ.

ਦੁਬੁਰਜੀ. ਸੁੱਥਣ. ਜਨਾਨਾ ਪਜਾਮਾ.

ਦੁਮਾਲਾ. ਨਿਹੰਗ ਸਿੰਘ ਦਾ ਉੱਚਾ ਦਸਤਾਰਾ.

ਦੇਗ. ਲੰਗਰ. ਪਾਕਸ਼ਾਲਾ। ੨. ਤਿਆਰ ਹੋਇਆ ਪ੍ਰਸਾਦ.

ਦੇਗ ਸਜਾਉਣੀ. ਭੋਜਨ ਤਿਆਰ ਕਰਨਾ.

ਦੇਗ ਮਸਤ. ਲੰਗਰ ਦਾ ਨਾ ਪੱਕਣਾ. ਖਾਣ ਪੀਣ ਲਈ ਸਾਮਾਨ ਦਾ ਨਾ ਹੋਣਾ.

ਦੇਣਦਾਰ. ਧਰਮਦੰਡ ਦਾ ਅਧਿਕਾਰੀ. ਤਨਖਾਹੀਆ.

ਧਨੰਤਰ. ਨਿੰਮ.

ਧਰਮਰਾਜ. ਦੀ ਧੀ. ਨੀਂਦ.

ਧਰਮਰਾਜ ਦੀ ਧੀ ਨਾਲ ਜੁੱਧ ਕਰਨਾ. ਸੌਣਾ.

ਧਰਮਰਾਜ ਦਾ ਪੁਤ੍ਰ. ਤਾਪ.

ਧਰਮਰਾਜ ਦਾ ਪੁਤ੍ਰ ਸੇਵਾ ਕਰਦਾ ਹੈ. ਤਾਪ ਚੜ੍ਹਿਆ ਹੋਇਆ ਹੈ.

ਧੂੜਕੋਟ. ਘੱਗਰਾ. ਲਹਿੰਗਾ.

ਨਹੇਰਨਾ ਸਿੰਘ. ਨਾਈ.

ਨੜੀਮਾਰ. ਹੁੱਕਾ ਪੀਣ ਵਾਲਾ.

ਨਾਖਾਂ. ਗੋਲ੍ਹਾਂ.

ਨਿਸ਼ਾਨ ਸਾਹਿਬ. ਝੰਡਾ. ਧ੍ਵਜਾ.

ਨਿਹਕਲੰਕ. ਘੜਾ. ਕੁੰਭ.

ਨਿਹੰਗ ਸਿੰਘ. ਉੱਚੇ ਦੁਮਾਲੇ ਅਤੇ ਨੀਲੇ ਬਾਣੇ ਵਾਲਾ ਸਿੰਘ.

ਨਿਰਬਾਣੀਆਂ. ਉਦਾਸੀਨ (ਉਦਾਸੀ) ਸਾਧੂ.

ਨਿਰੰਕਾਰੀ. ਨਿਰਾਕਾਰ ਦੇ ਪੂਜਣਵਾਲਾ ਗੁਰਸਿੱਖ। ੨. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ.

ਨੀਲਵਰਣੀ. ਗਧੀ.

ਨੁਗਦਾ. ਭੰਗ ਛਾਣਨ ਪੁਰ ਜੋ ਰੁਮਾਲ ਵਿੱਚ ਫੋਗ ਬਚਿਆ ਹੈ, ਉਸ ਦੀ ਵੱਟੀ ਹੋਈ ਗੋਲੀ.

ਨੁਗਦਾ ਮਾਰਨਾ. ਨੁਗਦੇ ਦੀ ਗੋਲੀ ਵੈਰੀ ਦਾ ਨਾਉਂ

ਲੈ ਕੇ ਕੰਧ ਅਥਵਾ ਬਿਰਛ ਨਾਲ ਮਾਰਨੀ.

"ਆਇਆ ਨੁਗਦਾ, ਤੇਰੇ ਬਾਲ ਬੱਚੇ ਨੂੰ ਚੁਗਦਾ" ਆਦਿਕ ਵਾਕ ਕਹਿਕੇ ਨੁਗਦਾ ਜੋਰ ਨਾਲ ਮਾਰਨਾ.

ਨੇਤ੍ਰਠੋਕਾ. ਸੁਰਮਾ. ਅੰਜਨ। ੨. ਸੁਰਮਚੂ.

ਪਟਕਾ. ਜੋ ਜੀਵ ਇੱਕ ਵਾਰ ਨਾਲ ਨਹੀਂ ਵੱਢਿਆ ਗਿਆ। ੨. ਪਟਕੇ ਹੋਏ ਜੀਵ ਦਾ ਮਾਸ.

ਪਤਾਲਮੋਚਨੀ. ਕਸੀ. ਕਹੀ.

ਪਰਸਰਾਮ. ਕੁਹਾੜਾ.

ਪਰਸਾ. ਜਲ.

ਪਰਸਾਦਾ. ਰੋਟੀ.

ਪਰਸਾਦਾ ਫੱਟੜ ਕਰਨਾ. ਰੋਟੀ ਭੰਨਣੀ.

ਪਰੀ. ਭੇਡ.

ਪਲੱਟਾ. ਖੁਰਚਣਾ.

ਪਾਹੁਲ. ਖੰਡੇ ਦਾ ਅਮ੍ਰਿਤ.

ਪਾਜੜ. ਦੇਖੋ, ਗੰਢਲ.

ਪਾਲਕਾ. ਕਾਠੀ. ਜੀਨ.

ਪਾਲਕਾ ਸਜਾਉਣਾ. ਕਾਠੀ ਪਾਉਣੀ. ਘੋੜੇ ਉੱਪਰ ਜੀਨ ਪਾਉਣਾ.

ਪੂਰੀ. ਬਣ ਦੇ ਪੱਤੇ. ਖਾਸ ਕਰਕੇ ਗਲ੍ਹੋਟ ਦੀ ਵੇਲ ਦੇ ਪੱਤੇ.

ਪੌਣਤੁਰੰਗ. ਹਾਰਿਆ ਹੋਇਆ ਟੱਟੂ.

ਪੌਣਪ੍ਰਕਾਸ਼. ਪੱਖਾ.

ਪੰਚਾਂਮ੍ਰਿਤ. ਕੜਾਹਪ੍ਰਸਾਦ.

ਪੰਜਇਸਨਾਨਾ. ਹੱਥ ਪੈਰ ਮੂੰਹ ਧੋਣਾ.

ਪੰਜਕਕਾਰੀ. ਜਿਸ ਨੇ ਕੇਸ ਕ੍ਰਿਪਾਨ ਕੱਛ ਕੰਘਾ ਕੜਾ ਧਾਰਨ ਕੀਤਾ ਹੈ.

ਪੰਜੱਖਾ. ਕਾਣਾ.

ਪੰਜ ਪਿਆਰੇ. ਦਯਾ ਸਿੰਘ ਜੀ, ਧਰਮ ਸਿੰਘ ਜੀ, ਮੁਹਕਮ ਸਿੰਘ ਜੀ, ਹਿੰਮਤ ਸਿੰਘ ਜੀ, ਸਾਹਿਬ ਸਿੰਘ ਜੀ। ੨. ਅੰਮ੍ਰਿਤ ਤਿਆਰ ਕਰਨ ਵਾਲੇ ਪੰਜ ਸਿੰਘ.

ਪੰਜਪੀਰੀਆ. ਵਿਸ਼ਨੁ, ਸੂਰਜ, ਸ਼ਿਵ ਗਣੇਸ਼, ਦੁਰਗਾ ਨੂੰ ਮੰਨਣ ਵਾਲਾ। ੨. ਕਈ ਗੁਰੂ ਅਤੇ ਪੀਰ ਮੰਨਣ ਵਾਲਾ.

ਪੰਜ ਮੁਕਤੇ. ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸਰ ਸਿੰਘ, ਫਤੇ ਸਿੰਘ.

ਪੰਜ ਮੇਲ. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਸਿਰਗੁੰਮ.

ਪੰਜਰਤਨਾ. ਗਾਜਰ, ਮੂਲੀ, ਸਲਜਮ, ਬੈਂਗਣ, ਕੱਦੂ ਮਿਲਾਕੇ ਬਣਾਇਆ ਸਲੂਣਾ.

ਪੰਜ ਲੱਖ. ਪੰਜ ਸਿੰਘ.

ਪੰਜਵਾਂ. ਘੀ. ਘ੍ਰਿਤ.

ਪੰਜਾ. ਹੱਥ ਦੇ ਪੰਜੇ ਦੇ ਆਕਾਰ ਦਾ ਸ਼ਸਤ੍ਰ, ਜੋ ਨਿਹੰਗ ਸਿੰਘ ਦੁਮਾਲੇ ਤੇ ਪਹਿਰਦੇ ਹਨ.

ਪੰਥ. ਖਾਲਸਾ ਕੌਮ.

ਪੰਮਾ. ਬ੍ਰਾਹਮਣ.

ਪ੍ਰਕਾਸਾ ਸਿੰਘ. ਦਿਨ। ੨. ਮੀਨਾਰ.

ਫਤੇਕੁਮੈਤ. ਕਾਲੇ ਰੰਗ ਦਾ ਸੋਟਾ.

ਫਤੇ ਗਜਾਉਣੀ. ਆਪੋ ਵਿੱਚੀ ਮਿਲਣ ਸਮੇਂ ਵਾਹਗੁਰੂ ਜੀ ਕੀ ਫਤੇ ਉੱਚੇ ਸੁਰ ਨਾਲ ਬੁਲਾਉਣੀ।

੨. ਵਿਦਾ ਹੋਣਾ। ੩. ਮਰਨਾ.

ਫਤੇ ਗਜਾਗਿਆ. ਚਲਾਗਿਆ। ੨. ਮਰ ਗਿਆ। ੩. ਪਾਟ ਗਿਆ। ੪. ਢਹਿਗਿਆ.

ਫਿਰਨੀ. ਚੱਕੀ.

ਫਿਰਨੀ ਦੀ ਸਵਾਰੀ. ਚੱਕੀ ਨਾਲ ਦਾਣੇ ਪੀਹਣੇ.

ਫੌਜ. ਰਮਤਾ ਇੱਕ ਸਿੰਘ.

ਫੌਜਾਂ. ਰਮਤੇ ਕਈ ਸਿੰਘ.

ਬਸਾਵਾ. ਤਵਾ.

ਬਸੰਤਕੌਰ. ਮੱਕੀ.

ਬਸੰਤਰ. ਅਗਨਿ.

ਬਟੇਰਾ. ਬੈਂਗਣ. ਬਤਾਊਂ.

ਬਦਾਣਾ. ਦੇਖੋ, ਬੇਦਾਣਾ.

ਬਦਾਮ. ਚਣਾ. ਛੋਲਾ.

ਬੱਬਰੂ. ਖ਼ਮੀਰੇ ਪਰਸਾਦੇ.

ਬਾਜ. ਖੁਰਪਾ. ਰੰਬਾ.

ਬਾਜ ਉਡਾਉਣਾ, ਬਾਜ ਦਾ ਸ਼ਿਕਾਰ ਖੁਰਪੇ ਨਾਲ ਘਾਹ ਖੋਤਣਾ. ਘਾਸ ਖੁਰਚਨਾ.

ਬਾਟਾ. ਬਾਟੀ. ਡੂੰਘਾ ਪਾਤ੍ਰ। ੨. ਅਮ੍ਰਿਤ ਤਿਆਰ ਕਰਨ ਦਾ ਬਰਤਨ.

ਬਾਟੇ ਦਾ ਸਾਂਝੀ. ਜਿਸ ਨੇ ਇੱਕ ਬਾਟੇ ਵਿੱਚ ਅੰਮ੍ਰਿਤ ਛਕਿਆ ਹੈ. ਸੁਨਹਿਰੀਆ.

ਬਾਮਣ. ਪਿੱਪਲ.

ਬਾਮਣੀ. ਖੀਰ. ਤਸਮਈ.

ਬਿਹੰਗਮ. ਵਿਚਰਣ ਵਾਲਾ ਸਿੰਘ. ਜੋ ਇੱਕ ਥਾਂ ਨਹੀਂ ਠਹਿਰਦਾ.

ਬਿਖਜਾ. ਤਮਾਖੂ (ਤੰਬਾਕੂ).

ਬਿਚਿਤ੍ਰਸਿੰਘੀਆ. ਲੁਬਾਣਾ ਸਿੰਘ। ੨. ਰਾਜਪੂਤ ਸਿੰਘ.

ਬਿਬੇਕ. ਰਹਿਤ ਮਰਯਾਦਾ ਦਾ ਵਿਚਾਰ। ੨. ਖਾਲਸਾਧਰਮ ਅਨੁਸਾਰ ਸ਼ੁੱਧੀ.

ਬਿਬੇਕੀ. ਵਿਚਾਰਵਾਨ ਸਿੰਘ। ੨. ਪੂਰੀ ਪਵਿਤ੍ਰਤਾ ਰੱਖਣ ਵਾਲਾ.

ਬਿਰਦ. ਲਿਬਾਸ। ੨. ਧਰਮਚਿੰਨ੍ਹ.

ਬਿਰਦਬਾਣਾ. ਖਾਲਸਾਧਰਮ ਦਾ ਲਿਬਾਸ.

ਬਿਰਾਜਣਾ. ਸਭਾ ਵਿੱਚ ਬੈਠਣਾ। ੨. ਲੇਟਣਾ.

ਬੁੰਗਾ. ਸਿੰਘਾਂ ਦੇ ਨਿਵਾਸ ਦਾ ਅਸਥਾਨ। ੨. ਨਿਹੰਗ ਸਿੰਘ ਦਾ ਦੁਮਾਲਾ.

ਬੁੱਧ ਅਵਤਾਰ. ਲੂਲਾ. ਟੁੰਡਾ.

ਬੂੰਦੀ. ਬੱਕੁਲੀਆਂ. ਉਬਲਿਆ ਹੋਇਆ ਅੰਨ.

ਬੇਦਾਣਾ. ਕਰੀਰ ਦਾ ਬਾਟਾ. ਕਰੀਰ ਦੇ ਫੁੱਲ.

ਬੇਮੁਹਤਾਜੀ. ਦੁਸਾਂਗੀ ਲੱਕੜ, ਜਿਸ ਵਿੱਚ ਸਾਫਾ ਫਸਾਕੇ ਭੰਗ ਛਾਣੀਦੀ ਹੈ.

ਬੋੱਲਾ. ਬੋਲੀ. ਭਾਸ਼ਾ। ੨. ਵਚਨ. ਵਾਕ.

ਬੰਦਈ ਕੱਛ. ਗੋਡਿਆਂ ਵਾਲੀ ਢਿੱਲੀ ਕੱਛ. ਡੋਕਲ. ਬ੍ਰਹਮਰਸ. ਇੱਖ. ਕਮਾਦ.

ਭਗਮੁਖੀ. ਕਣਕ. ਗੰਦਮ.

ਭਗੌਤਾ, ਭਗੌਤੀ ਖੜਗ, ਕ੍ਰਿਪਾਣ. ਤਲਵਾਰ.

ਭਰਥਰੀ. ਢੱਟਾ. ਸਾਨ੍ਹ.

ਭਾਉਨੀ. ਸ਼ੁੱਧਾ.

ਭਾਈ. ਗੁਰਭਾਈ। ੨. ਗ੍ਰੰਥੀ। ੩. ਧਰਮ ਅਨੁਸਾਰ ਹਰੇਕ ਸਿੱਖ ਦੀ ਪਦਵੀ.

ਭਾਜਾ. ਤਰਕਾਰੀ. ਭਾਜੀ.

ਭਾਣਾ. ਅਕਾਲ ਦਾ ਹੁਕਮ. ਕਰਤਾਰ ਦੀ ਰਜ਼ਾ.

ਭਾਣਾ ਵਰਤਣਾ. ਵਾਹਗੁਰੂ ਦੇ ਹੁਕਮ ਅਨੁਸਾਰ ਕੰਮ ਦਾ ਹੋਣਾ। ੨. ਮਰਣਾ.

ਭੁਇਸੂਰ. ਗੋਂਗਲੂ. ਸ਼ਲਜਮ.

ਭੁਜੰਗਣ, ਭੁਜੰਗੀ ਲੜਕੀ- ਲੜਕਾ। ੨. ਤਿਆਰ ਬਰ ਤਿਆਰ ਸਿੰਘਣੀ, ਸਿੰਘ.

ਭੁਟੇਰਾ. ਭੁੱਭਲ ਵਿੱਚ ਪਕਾਇਆ ਆਟੇ ਦਾ ਪਿੰਨਾ. ਬਿਨਾ ਤਵੇ ਅੱਗ ਵਿੱਚ ਪਕਾਇਆ ਆਟੇ ਦਾ ਗੋਲਾ.

ਭੂਤਨੀ. ਅੰਧੇਰੀ. ਝੱਖੜ। ੨. ਰੇਲ. ਟ੍ਰੇਨ.

ਭੋਂਸੂਰ. ਦੇਖੋ, ਭੁਇਸੂਰ.

ਮਸਤ. ਵਸਤੁ ਦਾ ਅਭਾਵ. ਘਾਟਾ। ੨. ਬੰਦ. ਦੇਖੋ, ਲੰਗਰ ਮਸਤ.

ਮਸਤਗੜ੍ਹ. ਉਹ ਮਸੀਤ ਜਿਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ੨. ਮਸੀਤ ਦੇ ਥਾਂ ਬਣਾਇਆ ਗੁਰਦੁਆਰਾ.

ਮਸਤਾਨਾ. ਪਾਟਿਆ ਹੋਇਆ. ਪੁਰਾਣਾ। ੨. ਮੁੱਕਿਆ ਹੋਇਆ। ੩. ਰੋਗੀ.

ਮਸਾਣੀ. ਗੁਦਾ.

ਮਸਾਣੀ ਦਾ ਸੁਰ ਢਿੱਲਾ. ਮਰੋੜ ਦਸਤ ਆਦਿ ਦਾ ਹੋਣਾ.

ਮਸਾਲਾਂ. ਲੱਕੜਾਂ. ਈਂਧਨ। ੨. ਨੇਤ੍ਰ.

ਮਸੰਦ. ਸਿੱਖਾਂ ਤੋਂ ਆਪਣੇ ਲਈ ਧਨ ਉਗਰਾਹੁਣ ਵਾਲਾ। ੨. ਗੁਰੂ ਦੇ ਧਨ ਨੂੰ ਹੜੱਪਣ ਵਾਲਾ ਪੁਜਾਰੀ.

ਮਹਖਾਸੁਰ. ਦੇਖੋ, ਐਰਾਪਤ.

ਮਹਾਪ੍ਰਸਾਦ. ਝਟਕੇ ਦਾ ਮਾਸ। ੨. ਕੜਾਹਪ੍ਰਸਾਦ.

ਮਖਮਲੀ ਫਰਸ. ਹਰੇ ਘਾਹ ਵਾਲੀ ਜ਼ਮੀਨ.

ਮਜਹਬੀ. ਚੂਹੜੇ ਤੋਂ ਸਿੰਘ ਸਜਿਆ ਹੋਇਆ ਪੁਰਖ.

ਮਨਮਤ. ਗੁਰਮਤ ਵਿਰੁੱਧ ਮਨਭਾਉਂਦਾ ਕੀਤਾ ਕਰਮ.

ਮਨਮਤੀਆ. ਗੁਰੂ ਦੀ ਆਗਜਾ ਤੋਂ ਵਿਰੁੱਧ ਮਨਮਰਜੀ ਕਰਨ ਵਾਲਾ.

ਮਨਮੁਖ. ਗੁਰੂ ਦੀ ਆਗਜਾ ਤੋਂ ਵਿਰੁੱਧ ਮਨਮਰਜੀ ਕਰਨ ਵਾਲਾ.

ਮਰਚੌਨਾ. ਕਾਲੀਆਂ ਮਿਰਚਾਂ.

ਮਰੋੜਚੁਲਾ. ਪਾਣੀ ਨਾ ਮਿਲਣ ਤੋਂ ਕੇਵਲ ਮੂੰਹ ਉੱਪਰ ਹੱਥ ਫੇਰਕੇ ਸਾਫ ਕਰਨ ਦੀ ਕ੍ਰਿਯਾ.

ਮਲਿਕਾ. ਬਿੱਲੀ.

ਮੜੋਲੀ. ਦੇਹ. ਸ਼ਰੀਰ.

ਮਾਰਾ ਬਕਾਰਾ. ਸਿੰਘਨਾਦ ਕਰਕੇ ਵੈਰੀ ਨੂੰ ਡਰਾਉਣ ਦੀ ਕ੍ਰਿਯਾ.

ਮਾਰੂ ਗਾਉਣਾ. ਰੋਣਾ. ਪਿੱਟਣਾ. ਦੁੱਖ ਦੀ ਪੁਕਾਰ। ੨. ਚਲਾਣੇ ਸਮੇਂ ਮਾਰੂ ਰਾਗ ਦੇ ਸ਼ਬਦ ਗਾਉਣੇ.

ਮਿਠਿਆਈ. ਸ਼ਕਰਕੰਦੀ.

ਮਿੱਠਤ. ਬੇਰੀ.

ਮੀਣਾ. ਬਾਬਾ ਪ੍ਰਿਥੀਚੰਦ ਜੀ ਦੀ ਵੰਸ਼ ਦਾ ਸੋਢੀ, ਜਿਸ ਨੇ ਅਮ੍ਰਿਤ ਨਹੀਂ ਛਕਿਆ.

ਮੁਆਮਲਾ ਲੈਣਾ. ਪਿੰਡ ਤੋਂ ਗਜਾ ਕਰਕੇ ਅੰਨ ਦੁੱਧ ਚੰਦਾ ਆਦਿ ਲੈਣਾ.

ਮੁਸ਼ਕਾਂ ਕਸਣੀਆਂ. ਦਾੜ੍ਹੇ ਨੂੰ ਬੰਨ੍ਹਣਾ.

ਮੁਸਲੀਧਰ. ਮੁਸਲਮਾਨੀ ਰੱਖਣ ਵਾਲਾ.

ਮੁਹੰਮਦੀ ਇਨਸਾਨ. ਕੱਛ ਬਿਨਾਂ ਨੰਗੇ ਨ੍ਹਾਉਣਾ.

ਮੁਹੰਮਦੀ ਸਵਾਰੀ. ਸ਼ੁਤਰ. ਊਟ.

ਮੁਹੰਮਦੀ ਪੌਲਾ. ਉਸਤਰਾ.

ਮੁਖਮਾਂਜਣਾ. ਦਾਤਣ.

ਮੁਛਹਰਾ. ਮੁੱਛਾਂ.

ਮੁਤਹਿਰਾ. ਡੰਡਾ. ਸਰਦਾਈ ਘੋਟਣ ਦਾ ਸੋਟਾ.

ਮੁਰਗਾਈਆਂ. ਗੱਠਾਂ. ਗੰਢਾਂ. ਇੱਕ ਤਰਾਂ ਦੀ ਪਾਣੀ ਤੇ ਹੋਣ ਵਾਲੀ ਤਰਕਾਰੀ.

ਮੂੰਹਤਾਣੀ. ਕੈਂਚੀ.

ਮੇਵੜਾ. ਅਰਦਾਸੀਆ. ਸੰਗਤ ਨੂੰ ਸਤਿਗੁਰੂ ਦੇ ਹਜੂਰ ਪੇਸ਼ ਕਰਨ ਵਾਲਾ.

ਮੈਦਾ. ਆਟਾ.

ਮੈਦਾਨ ਜਾਣਾ. ਸੁਚੇਤੇ ਫਿਰਨ ਲਈ ਜੰਗਲ ਜਾਣਾ.

ਮੋਰਚਾ ਲਾਉਣਾ. ਕਿਸੇ ਕੰਮ ਦੇ ਕਰਨ ਦਾ ਅਰੰਭ ਕਰਨਾ। ੨. ਜੰਗ ਸ਼ੁਰੂ ਕਰਨਾ.

ਮੋਰਧੁਜ. ਦਿਵਾਨਾ ਸਾਧ. ਸੋਢੀ ਮਿਹਰਬਾਨ ਜੀ ਦੀ ਸੰਪ੍ਰਦਾ ਦਾ ਉਦਾਸੀ.

ਮੰਜੀ ਸਾਹਿਬ. ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਨ ਦੀ ਛੋਟੀ ਪਲੰਗੀਰੀ। ੨. ਗੁਰੂ ਸਾਹਿਬ ਦੇ ਬੈਠਣ ਵਾਲੇ ਥਾਂ ਤੇ ਬਣਾਇਆ ਚਬੂਤਰਾ.

ਰਹਣੀ. ਗੁਰਮਤ ਦੇ ਨਿਯਮ ਅਨੁਸਾਰ ਰਹਿਤ ਰੱਖਣ ਦੀ ਕ੍ਰਿਯਾ.

ਰਹਣੀ ਬਹਣੀ. ਧਰਮਰੀਤਿ ਅਤੇ ਵਿਹਾਰ. ਮਜਹਬ ਦੇ ਨਿਯਮ ਅਤੇ ਆਚਰਣ.

ਰਹਤ. ਸਿੱਖ ਨਿਯਮਾਂ ਦੀ ਧਾਰਣਾ.

ਰਹਤਨਾਮਾ. ਸਿੱਖ ਧਰਮ ਦੇ ਨਿਯਮ ਦੱਸਣ ਵਾਲਾ ਗ੍ਰੰਥ.

ਰਹਤੀਆ. ਰਹਤ ਰੱਖਣ ਵਾਲਾ। ੨. ਰਵਦਾਸੀਏ ਤੋਂ ਹੋਇਆ ਅਮ੍ਰਿਤਧਾਰੀ ਸਿੱਖ.

ਰੱਜੀ. ਕੜਛੀ.

ਰਣਸਿੰਗਾ. ਪੱਦ. ਵਾਉਕਾ.

ਰਣਸਿੰਗਾ ਵਜਾਉਣਾ. ਪੱਦ ਮਾਰਨਾ.

ਰਾਮਚੌਕਾ. ਭੋਜਨ ਪਕਾਉਣ ਸਮੇਂ ਚੌਕੇ ਦਾ ਖਿਆਲ ਨਾ ਕਰਨਾ. ਸਾਰੀ ਪ੍ਰਿਥਿਵੀ ਤੇ ਕਰਤਾਰ ਦਾ ਚੌਕਾ ਮੰਨਣਾ.

ਰਾਮਜੰਗਾ. ਬੰਦੂਕ.

ਰਾਮਡੋਲ. ਬੋਕਾ.

ਰਾਮਬਾਗ. ਸੰਸਾਰ. ਵਿਸ਼੍ਵ। ੨. ਜੰਗਲ.

ਰਾਮਰਸ. ਲੂਣ. ਇਸ ਨੂੰ ਸਰਬਰਸ ਅਤੇ ਰੂਪਰਸ ਭੀ ਆਖਦੇ ਹਨ.

ਰਾਮਰੋਟੀ. ਉਹ ਜਗੀਰ ਜੋ ਕਿਲੇ ਰਾਮਗੜ੍ਹ ਨਾਲ ਅਮ੍ਰਿਤਸਰ ਖਾਲਸੇ ਵਾਸਤੇ ਸੀ.

ਰਾਮਲੱਡੂ. ਮਤੀਰਾ.

ਰੁੱਪਾ. ਗਠਾ. ਪਿਆਜ਼.

ਰੂਪਕੌਰ. ਕਾੜ੍ਹਨੀ, ਜਿਸ ਵਿੱਚ ਦੁੱਧ ਕਾੜ੍ਹਿਆ ਜਾਵੇ.

ਰੂਪਰਸ. ਲੂਣ. ਨਮਕ.

ਰੇਸ਼ਮ. ਸਣ. ਸਨਕੁਕੜਾ.

ਰੇਸ਼ਮੀ ਨਾਲਾ. ਸਣ ਦੀ ਰੱਸੀ ਦਾ ਨਾਲਾ.

ਰੋੜ. ਮੋਠ.

ਰੰਘੜ. ਤੂਤ। ੨. ਅਹੰਕਾਰੀ.

ਰੰਘੜੀ. ਮੱਕੀ ਦੀ ਛੱਲੀ। ੨. ਕੌੜਾ ਬੋਲਣ ਵਾਲੀ ਇਸਤ੍ਰੀ.

ਲਖਨੇਤ੍ਰਾ. ਕਾਣਾ.

ਲਖਬਾਹਾਂ. ਇਕ ਬਾਂਹ ਵਾਲਾ. ਟੁੰਡਾ.

ਲੱਡੂ. ਟਿੰਡੋ.

ਲਵੇਰਾ. ਖੋਦਾ. ਜਿਸ ਦੇ ਦਾੜ੍ਹੀ ਨਹੀਂ.

ਲਾਂਗਰਾ ਸਿੰਘ. ਭੋਜਨ ਪਕਾਉਣ ਵਾਲਾ.

ਲਾਚਾ. ਉੱਨ ਦਾ ਆਸਨ.

ਲਾਚੀਦਾਣਾ. ਬਾਜਰਾ.

ਲੇਖੇ ਲਾਉਣਾ. ਵਰਤ ਲੈਣਾ. ਕਿਸੇ ਵਸਤੂ ਨੂੰ ਵਰਤਾਕੇ ਛਕ ਲੈਣਾ। ੨. ਕਰਤਾਰ ਦੇ ਨਾਮ ਖਰਚਣਾ.

ਲੋਹ. ਤਵੀ.

ਲੋਹ ਲੰਗਰ. ਤਵੀ ਅਤੇ ਦੇਗ. ਭਾਵ- ਖਾਨਪਾਨ ਦਾ ਸਾਮਾਨ.

ਲੰਗਰ ਮਸਤ, ਲੰਗਰ ਮਸਤਾਨਾ ਲੰਗਰ ਦਾ ਤਿਆਰ ਨਾ ਹੋਣਾ. ਰਸਦ ਨਾ ਹੋਣ ਕਰਕੇ ਚੁਲ੍ਹੇ ਅੱਗ ਨਾ ਪੈਣੀ.

ਲੰਡੀ ਬੁੱਚੀ. ਸ਼ਰਾਰਤੀ ਲੋਕ। ੨. ਕੁਰਹਿਤਿਏ ਅਤੇ ਕੁਕਰਮੀ.

ਵਹੀਰ. ਖਾਲਸੇ ਦਾ ਵਿਚਰਣ ਵਾਲਾ ਜਥਾ. ਰਹਿਤਵਾਨ ਸਿੰਘਾਂ ਦੀ ਜਮਾਤ, ਜੋ ਗੁਰਦੁਆਰਿਆਂ ਦੀ ਯਾਤ੍ਰਾ ਅਤੇ ਸੇਵਾਦਾਰਾਂ ਦੀ ਸੋਧਨਾ ਕਰਦੀ ਹੈ. ਦੇਸਾਂ ਵਿੱਚ ਫਿਰਕੇ ਸਿੱਖ ਧਰਮ ਦਾ ਪ੍ਰਚਾਰ ਕਰਨ ਵਾਲਾ ਟੋਲਾ.

ਵਹੀਰਪਾਉਣਾ. ਕੂਚ ਕਰਨਾ। ਪਰਲੋਕਗਮਨ.

ਵਹੀਰੀਆ. ਵਹੀਰ ਵਿੱਚ ਰਹਿਣ ਵਾਲਾ. ਵਹੀਰ ਦਾ ਮੈਂਬਰ.

ਵਟਾਊ. ਰਾਹੀ. ਪਾਂਧੀ। ਵਿਨਾਸ਼ ਹੋਣ ਵਾਲਾ.

ਵਰਤਾਵਾ. ਵਡਾ ਕੜਛਾ। ੨. ਵੰਡਣ ਵਾਲਾ.

ਵੇਹਲੇ ਸਿਰ ਵਾਲਾ. ਜਿਸ ਦੇ ਸਿਰ ਤੇ ਕੇਸ਼ ਨਹੀਂ. ਰੋਡਾ.

ਖਾਲਕ: ਦੇਖੋ, ਖਾਲਿਕ. "ਖਾਲਕ ਥਾਵਹੁ ਭੁਲਾ ਮੁਠਾ." (ਮਾਰੂ ਅਃ ਮਃ ੫. ਅੰਜੁਲੀ)

ਖਾਲਕਾ: ਹੇ ਖ਼ਾਲਿਕ਼! "ਸੁਣਿ ਬੇਨੰਤੀ ਖਾਲਕਾ!" (ਮਾਰੂ ਸੋਲਹੇ ਮਃ ੫)

ਖਾਲਕੁ: ਦੇਖੋ, ਖਾਲਿਕ.

ਖਾਲੜਾ: ਜਿਲਾ ਲਹੌਰ ਦਾ ਇੱਕ ਥਾਣਾ, ਜੋ ਰੇਲਵੇ ਸਟੇਸ਼ਨ ਜੱਲੋ ਤੋਂ ੧੩. ਮੀਲ ਨੈਰਤ ਹੈ. ਇਸ ਥਾਂ ਗੁਰੂ ਨਾਨਕਦੇਵ ਵਿਰਾਜੇ ਹਨ. ਧਰਮਸਾਲ ਬਣੀ ਹੋਈ ਹੈ, ਨਾਲ ੪੦ ਵਿੱਘੇ ਜ਼ਮੀਨ ਹੈ.

ਖ਼ਾਲਾ: ਅ਼. خالہ ਸੰਗਯਾ- ਮਾਸੀ. ਮਾਂ ਦੀ ਭੈਣ। ੨. ਖ਼ਾਲੂ. ਮਾਸੜ.

ਖਾਲਿਸ: ਦੇਖੋ, ਖਾਲਸ.

ਖਾਲਿਕ, ਖਾਲਿਕੁ: ਅ਼. خالِق ਖ਼ਾਲਿਕ਼. ਪੈਦਾ ਕਰਨ ਵਾਲਾ, ਕਰਤਾਰ. ਵਾਹਗੁਰੂ. "ਖਾਲਿਕੁ ਖਲਕ, ਖਲਕ ਮਹਿ ਖਾਲਿਕੁ." (ਪ੍ਰਭ ਕਬੀਰ)

ਖ਼ਾਲੀ: ਅ਼. خالی ਵਿ- ਛੂਛਾ। ੨. ਥੋਥਾ। ੩. ਬਿਨਾ ਪ੍ਰਾਪਤੀ. "ਖਾਲੀ ਚਲੇ ਧਣੀ ਸਿਉ." (ਸ. ਫਰੀਦ) ੪. ਛੋਟਾ ਖਾਲ, ਜੋ

ਪਾਣੀ ਦੇ ਵਹਿਣ ਲਈ ਹੋਵੇ। ੫. ਸੰਗੀਤ ਅਨੁਸਾਰ ਤਾਲ ਦੀ ਉਹ ਮਾਤ੍ਰਾ ਜਿਸ ਤੇ ਜਰਬ (ਆਘਾਤ) ਨਾ ਆਵੇ.

ਖਾਲੁ: ਦੇਖੋ, ਖਾਲਾ.

ਖਾਵਣ: ਕ੍ਰਿ- ਖਾਣਾ. ਭਕ੍ਸ਼ਣ. ਛਕਣਾ.

ਖਾਵਨ ਸੰਦੜੇ ਸੂਲ: ਦੇਖੋ, ਸੰਦੜਾ.

ਖਾਵਣਾ: ਕ੍ਰਿ- ਖਾਣਾ. ਭਕ੍ਸ਼ਣ. ਛਕਣਾ. "ਤੇਰਾ ਦਿਤਾ ਖਾਵਣਾ." (ਵਾਰ ਸੋਰ ਮਃ ੪)

ਖਾਵਤ: ਖਾਂਦਾ ਹੈ। ੨. ਕ੍ਰਿ. ਵਿ- ਖਾਂਦੇ ਹੋਏ. "ਭੂਖੇ ਖਾਵਤ ਲਾਜ ਨਾ ਆਵੈ." (ਸੋਰ ਮਃ ੫)

ਖਾਵਨਾ: ਕ੍ਰਿ- ਖਾਣਾ. ਭੋਜਨ ਕਰਨਾ. "ਖਾਵਨਾ ਜਿਤੁ ਭੂਖ ਨ ਲਾਗੈ." (ਮਾਰੂ ਅਃ ਮਃ ੫)

ਖਾਵਨੇ: ਖਾਂਦੇ ਹਨ. "ਜਿਚਰੁ ਪੈਨਨਿ ਖਾਵਨੇ." (ਵਾਰ ਰਾਮ ੨. ਮਃ ੫)

ਖਾਵਾ: ਸੰਗਯਾ- ਖਨਨ ਕੀਤਾ (ਖੋਦਿਆ ਹੋਇਆ) ਟੋਆ. ਗਾਰ। ੨. ਖਾਣ (ਖਾਨਿ). ਜਿਵੇਂ- ਲੂਣ ਦਾ ਖਾਵਾ.

ਖਾਵਾਰੇ: ਖਵਾਲਦਾ ਹੈ. ਖਵਾਂਉਂਦਾ ਹੈ. "ਮਨਿ ਬੀਜਿਆ ਖਾਵਾਰੇ." (ਨਟ ਅਃ ਮਃ ੪)

ਖਾਵਿੰਦ: ਦੇਖੋ, ਖਾਵੰਦ.

ਖਾਵੀਨ: ਫ਼ਾ. خوانین ਖ਼ਵਾਨੀਨ. ਖ਼ਾਨ ਦਾ ਬਹੁ ਵਚਨ. "ਖਾਵੀਨੀਅੰ ਖੇਤ ਮਾਰੇ." (ਵਿਚਿਤ੍ਰ)

ਖਾਵੈ: ਖਾਂਦਾ ਹੈ। ੨. ਨਾਸ਼ ਕਰਦਾ ਹੈ. ਮਿਟਾਉਂਦਾ ਹੈ। ੩. ਆਖ੍ਯਾ (ਪ੍ਰਸਿੱਧੀ) ਵਾਲਾ ਹੋਵੇ. "ਜੇ ਕੋ ਬਡਾ ਕਹਾਇ, ਬਡਾਈ ਖਾਵੈ." (ਮਾਰੂ ਸੋਲਹੇ ਮਃ ੧)

ਖਾਵੰਦ: ਫ਼ਾ. خاوند ਸੰਗਯਾ- ਸ੍ਵਾਮੀ. ਮਾਲਿਕ. "ਮਾਰਤ ਹੈਂ ਤਾਂਕੋ ਲੈ ਕੇ ਖਾਵੰਦ ਕੋ ਨਾਮ ਹੈ." (ਚੰਡੀ ੧) ੨. ਪਤੀ. ਭਰਤਾ.

ਖਾੜਵ: ਸੰ. ਸ਼ਾਡਵ. ਸੰਗਯਾ- ਛੀ ਸੁਰ ਦਾ ਰਾਗ. ਦੇਖੋ, ਰਾਗ.

ਖਿਉਣਾ: ਦੇਖੋ, ਖਵਣਾ। ੨. ਦੇਖੋ, ਖਿਮਕਣਾ.

ਖਿਅਉ: ਦੇਖੋ, ਖਅਉ.

ਖਿਅਤ: ਸੰ. ਖ੍ਯਾਤ. ਵਿ- ਪ੍ਰਸਿੱਧ. ਮਸ਼ਹੂਰ. "ਨਗਰੀ ਨਗਰੀ ਖਿਅਤ ਅਪਾਰ." (ਭੈਰ ਅਃ ਕਬੀਰ) ੨. ਕਥਨ ਕੀਤਾ ਹੋਇਆ. ਵਰਣਨ ਕੀਤਾ.

ਖਿਆਹ, ਖਿਆਹੀ: ਸੰ. ਕ੍ਸ਼ਯਾਹ. ਸੰਗਯਾ- ਕ੍ਸ਼ਯ (ਮਰਣ) ਦਾ ਅਹ (ਦਿਨ). ੨. ਉਹ ਸ਼੍ਰਾੱਧ, ਜੋ ਕਿਸੇ ਦੇ ਮਰਨ ਵਾਲੇ ਦਿਨ ਪੁਰ ਕੀਤਾ ਜਾਵੇ.

ਖਿਆਤਾ: ਦੇਖੋ, ਖ੍ਯਾਤਾ.

ਖਿਆਨ: ਸੰ. ਆਖ੍ਯਾਨ. ਸੰਗ੍ਯਾ- ਕਥਾ. ਇਤਿਹਾਸ. ਵ੍ਯਾਖ੍ਯਾਨ (ਵਖਿਆਨ). "ਨਾਨਾ ਖਿਆਨ ਪੁਰਾਨ ਬੇਦ ਬਿਧਿ." (ਸੋਰ ਅਤੇ ਮਾਰੂ, ਰਵਿਦਾਸ)

ਖਿਆਨਤ: ਦੇਖੋ, ਖ੍ਯਾਨਤ.

ਖਿਆਲ: ਅ਼. خیال ਖ਼ਯਾਲ. ਸੰਗ੍ਯਾ- ਸੰਕਲਪ. ਫੁਰਣਾ. "ਮਨ ਮੇ ਉਪਜ੍ਯੋ ਤਬੈ ਖਿਆਲ." (ਨਾਪ੍ਰ) ੨. ਧ੍ਯਾਨ. ਚਿੰਤਨ. "ਏਕ ਖਿਆਲ ਵਿਖੇ ਮਨ ਰਾਤਾ." (ਗੁਪ੍ਰਸੂ) ੩. ਗਾਯਨ ਲਈ ਬਣਾਇਆ ਹੋਇਆ ਗੀਤ ਦਾ ਇੱਕ ਵਜ਼ਨ. ਦੇਖੋ, ਖਿਆਲ

ਪਾਤਸਾਹੀ ੧੦. "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ x x

ਯਾਰੜੇ ਦਾ ਸਾਨੂ ਸੱਥਿਰ ਚੰਗਾ ਭੱਠਿ ਖੇੜਿਆਂ ਦਾ ਰਹਿਣਾ." (ਹਜ਼ਾਰੇ ੧੦)

ਖਿਆਲਾ: ਰਾਜ ਪਟਿਆਲਾ ਵਿੱਚ ਨਜਾਮਤ ਬਰਨਾਲਾ, ਥਾਣਾ ਮਾਨਸਾ ਦੇ ਖਿਆਲਾ ਨਾਉਂ ਦੇ ਤਿੰਨ ਪਿੰਡ, ਜਿਨ੍ਹਾਂ ਦੇ ਵਿਚਕਾਰ ਨੌਮੇ ਸਤਿਗੁਰੂ ਵਿਰਾਜੇ ਹਨ. ਗੁਰੂ ਸਾਹਿਬ ਨੇ ਇਸ ਥਾਂ ਹੁਕਮ ਦੇ ਕੇ ਇੱਕ ਖੂਹ ਅਤੇ ਵੜ ਦਾ ਬਿਰਛ ਲਗਵਾਇਆ, ਜੋ ਹੁਣ ਵਿਦਜਮਾਨ ਹਨ. ਰਿਆਸਤ ਪਟਿਆਲਾ ਵਲੋਂ ੧੫੦ ਘੁਮਾਉਂ ਜ਼ਮੀਨ ਗੁਰਦ੍ਵਾਰੇ ਦੇ ਨਾਉਂ ਹੈ. ਖਿਆਲਾਕਲਾਂ ਵਿੱਚ ਇੱਕ ਬ੍ਰਾਹਮਣ ਦੇ ਘਰ ਗੁਰੂ ਤੇਗਬਹਾਦੁਰ ਸਾਹਿਬ ਦਾ ਬਖ਼ਸ਼ਿਆ ਕਟੋਰਾ ਹੈ.

ਰੇਲਵੇ ਸਟੇਸ਼ਨ ਮਾਨਸਾ ਤੋਂ ਉੱਤਰ ਵੱਲ ਇਹ ਗੁਰਦ੍ਵਾਰਾ ਕਰੀਬ ਚਾਰ ਮੀਲ ਹੈ.

ਖਿਆਲੁ: ਦੇਖੋ, ਖਿਆਲ. "ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ." (ਵਾਰ ਮਾਰੂ ੨. ਮਃ ੫)

ਖਿਸਕਣਾ, ਖਿਸਣਾ, ਖਿਸਣੁ, ਖਿਸਨਾ, ਖਿਸਰਨਾ, ਖਿਸਲਨਾ: ਕ੍ਰਿ- ਥਾਂ ਤੋਂ ਹਿੱਲਣਾ. ਪਤਨ. ਡਿਗਣਾ. ਫਿਸਲਨਾ. ਹਟਣਾ. ਟਲਨਾ. "ਬਚਨੁ ਕਰੇ ਤੈ ਖਿਸਕਿਜਾਇ ਬੋਲੇ ਸਭੁ ਕਚਾ." (ਵਾਰ ਮਾਰੂ ੨. ਮਃ ੫) "ਕਲਿਜੁਗ ਹਰਿ ਕੀਆ ਪਗ ਤ੍ਰੈ ਖਿਸਕੀਆ." (ਆਸਾ ਛੰਤ ਮਃ ੪) "ਪਰਭਾਤੇ ਤਾਰੇ ਖਿਸਹਿ." (ਸ. ਕਬੀਰ) "ਪਗ ਚਉਥਾ ਖਿਸਿਆ." (ਆਸਾ ਛੰਤ ਮਃ ੪) "ਖਿਸਰਿਗਇਓ ਭੂਮਿ ਪਰ ਡਾਰਿਓ." (ਆਸਾ ਮਃ ੫) "ਪਗਿ ਖਿਸਿਐ ਰਹਿਣਾ ਨਹੀ." (ਸ੍ਰੀ ਮਃ ੩) "ਖਿਸੈ ਜੋਬਨੁ ਬਧੈ ਜਰੂਆ." (ਆਸਾ ਛੰਤ ਮਃ ੫) "ਸਭ ਤਾਪ ਤਨ ਤੇ ਖਿਸਰਿਆ." (ਫੁਨਹੇ ਮਃ ੫) "ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ." (ਭੈਰ ਮਃ ੧) "ਕਰਹੁ ਉਪਾਈ। ਦਰਬ ਖਿਸਾਈ." (ਨਾਪ੍ਰ)

ਖਿਸਾਨ, ਖਿਸਾਨਾ: ਵਿ- ਖਿੰਨਮਨਾ. ਦੁਖੀ ਮਨ ਵਾਲਾ. "ਜੋ ਬਾਰੰਬਾਰ ਕਿਸੇ ਨੂੰ ਬੁਲਾਂਵਦਾ ਹੈ ਤਾਂ ਓਸ ਪਰ ਖਿਸਾਇ ਜਾਂਦਾ ਹੈ." (ਭਗਤਾਵਲੀ) "ਗਯੋ ਮਘਵਾ ਉਠ ਧਾਮ ਖਿਸਾਂਦਾ." (ਕ੍ਰਿਸਨਾਵ) "ਖੰਜਨ ਖਿਸਾਨ ਕੀਨੇ." (ਰਾਮਾਵ) "ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ." (ਚੰਡੀ ੧) "ਦੇਖਿ ਜਗਤ ਕੇ ਲੋਗ ਖਿਸਾਨਹਿ." (ਗੁਪ੍ਰਸੂ) ੨. ਲੱਜਿਤ. ਸ਼ਰਮਿੰਦਾ.

ਖ਼ਿਸਾਰਾ: ਅ਼. خسارہ ਸੰਗਜਾ- ਤੋਟਾ. ਘਾਟਾ. ਨੁਕਸਾਨ.

ਖਿਸੰਦੋ: ਖਿਸਕਦਾ. ਫਿਸਲਦਾ. "ਜਾਮਿ ਖਿਸੰਦੋ ਪੇਰ." (ਵਾਰ ਮਾਰੂ ੨. ਮਃ ੫)

ਖ਼ਿਸ਼੍ਤ: ਫ਼ਾ. خشت ਸੰ. ਇਸ਼੍ਟਿਕਾ. ਇੱਟ. ਈਂਟ.

ਖਿੱਖਰੀ: ਸੰ. ਖਿੰਖਿਰੀ. ਸੰਗਜਾ- ਲੂਮੜੀ। ੨. ਸੰਗਜਾ- ਕਾਲੀ ਦੇਵੀ, ਜਿਸ ਦੇ ਆਸਪਾਸ ਲੂਮੜੀਆਂ ਹਨ.

ਖਿੰਗ: ਫ਼ਾ. خنگ ਖ਼ਿੰਗ. ਸੰਗਜਾ- ਨੁਕ਼ਰਾ ਘੋੜਾ. ਉਹ ਘੋੜਾ ਜਿਸ ਦਾ ਮੂੰਹ ਅਤੇ ਚਾਰੇ ਸੁੰਮ ਗੁਲਾਬੀ ਝਲਕ ਨਾਲ ਚਿੱਟੇ ਹੋਣ. "ਤਦ ਖਿੰਗ ਨਿਸੁੰਭ ਨਚਾਇਆ." (ਚੰਡੀ ੩) ੨. ਘੋੜਾ. ਅਸ਼੍ਵ. "ਦੁਹੂੰ ਓਰ ਤੇ ਖਿੰਗ ਖਤ੍ਰੀ ਨਚਾਵੈਂ." (ਚਰਿਤ੍ਰ ੧੨੦) ੩. ਸੰ. षिङ्ग ਸ਼ਿੰਗ. ਵਿ- ਬਹਾਦੁਰ. ਦਿਲੇਰ.

ਖਿੰਗਰ, ਖਿੰਘਰ: ਸੰਗਜਾ- ਖੰਘਰ. ਆਵੇ ਦੀ ਆਂਚ ਨਾਲ ਬਹੁਤ ਇੱਟਾਂ ਦਾ ਪਘਰਕੇ ਬਣਿਆ ਹੋਇਆ ਪੱਥਰ ਦੇ ਆਕਾਰ ਦਾ ਭਿੱਟਾ.

ਖਿੰਚ: ਸੰਗਜਾ- ਖੈਂਚ. ਕਸ਼ਿਸ਼. "ਸੂਤ ਖਿੰਚੈ ਏਕੰਕਾਰੀ." (ਗੂਜ ਅਃ ਮਃ ੪)

ਖਿੰਚਤਨੀ: ਸੰਗਜਾ- ਖੈਂਚਤਾਨ. ਕਸ਼ਮਕਸ਼ੀ। ੨. ਪ੍ਰਬਲ ਖਿੱਚ. "ਐਸੀ ਮਾਧੋ ਖਿੰਚਤਨੀ." (ਬਿਲਾ ਮਃ ੫)

ਖਿਚਰੀ, ਖਿਚੜੀ: ਸੰ. कृसरा ਕ੍ਰਿਸਰਾ. ਚਾਉਲ ਅਤੇ ਤਿਲਾਂ ਦਾ ਮਿਲਿਆ ਭੋਜਨ। ੨. ਚਾਵਲ ਮੂੰਗੀ ਅਥਵਾ ਮਾਹਾਂ ਦਾ ਮਿਲਿਆ ਅੰਨ. ਸੰ. खिच्चा ਖਿੱਚਾ। ੩. ਹੁਣ ਇਹ ਸ਼ਬਦ ਦੋ ਤਿੰਨ ਖਾਣ ਵਾਲੇ ਪਦਾਰਥ ਇਕੱਠੇ ਕਰਣ ਦੇ ਅਰਥ ਵਿੱਚ ਵਰਤੀਦਾ ਹੈ, ਅਤੇ ਕਈ ਵਸਤੂਆਂ ਦੇ ਮਿਲਾਪ ਦਾ ਬੋਧਕ ਭੀ ਹੈ.

ਖਿੰਚਿ: ਦੇਖੋ, ਖਿੰਚ। ੨. ਖਿੱਚਕੇ।

ਖਿੰਚੋਤਾਣ: ਸੰਗਯਾ- ਖੈਂਚਤਾਨ. ਕਸ਼ਮਕਸ਼. ਹਠ ਦੀ ਖਿੱਚ.

ਖਿੰਚੋਤਾਣਿ: ਖੈਂਚਤਾਨ ਮੇ. ਕਸ਼ਮਕਸ਼ ਨਾਲ. "ਖਿੰਚੋਤਾਣਿ ਵਿਗੁਚੀਐ." (ਸੂਹੀ ਅਃ ਮਃ ੧)

ਖਿੰਜ: ਸੰਗਯਾ- ਖੈਂਚ. ਕਸਾਉ। ੨. ਉਹ ਰੱਸੀ ਅਥਵਾ ਬੱਧਰੀ, ਜਿਸ ਨਾਲ ਖਿੱਚ ਪਾਈ ਜਾਵੇ। ੩. ਹਠ ਦੀ ਖਿੱਚ.

ਖਿੰਜਣਾ: ਕ੍ਰਿ- ਖੈਂਚਨਾ. "ਗਰੀਬਾਂ ਉਪਰਿ ਜਿ ਖਿੰਜੈ ਦਾੜੀ." (ਗਉ ਮਃ ੫) ਜੋ ਗਰੀਬਾਂ ਉੱਪਰ ਮਰਦਊ ਦਿਖਾਉਣ ਲਈ ਦਾੜ੍ਹੀ ਪੁਰ ਹੱਥ ਫੇਰਦਾ ਹੈ.

ਖਿਜਮਤ, ਖਿਜਮਤਿ: ਅ਼. خدمت ਖ਼ਿਦਮਤ. ਸੰਗਯਾ- ਸੇਵਾ। ੨. ਚਾਕਰੀ. "ਖਿਜਮਤਿ ਕਰੀ ਜਨ ਬੰਦਾ ਤੇਰਾ." (ਮਾਰੂ ਮਃ ੧)

ਖਿਜਮਤਗਾਰ, ਖਿਜਮਤਦਾਰ: ਫ਼ਾ. خدمتگار ਖ਼ਿਦਮਤਗਾਰ. ਖ਼ਿਦਮਤਗੁਜ਼ਾਰ. ਖ਼ਿਦਮਤ ਕਰਨ ਵਾਲਾ. ਸੇਵਕ. ਟਹਲੂਆ. "ਹਉ ਬੰਦੀ ਪ੍ਰਿਯ ਖਿਜਮਤਦਾਰ." (ਆਸਾ ਮਃ ੫)

ਖਿਜਮਤਿ: ਦੇਖੋ, ਖਿਜਮਤ.

ਖਿਜਮਤੀ: ਦੇਖੋ, ਖਿਦਮਤੀ.

ਖਿਜਰ: ਅ਼. خضر ਖ਼ਿਜਰ. ਵਿ- ਹਰਿਤ. ਹਰਾ. ਸਬਜ਼। ੨. ਸੰਗਯਾ- ਸਬਜ਼ੀ ਦਾ ਦੇਵਤਾ. ਵਰੁਣ। ੩. ਮੁਸਲਮਾਨੀ ਗ੍ਰੰਥਾਂ ਵਿੱਚ ਇੱਕ ਨਬੀ, ਜਿਸ ਨੂੰ ਨੂਹ ਦੀ ਵੰਸ਼ ਦਾ ਮੰਨਿਆ ਹੈ ਅਤੇ ਮੂਸਾ ਦਾ ਸਮਕਾਲੀ ਦੱਸਿਆ ਹੈ.

ਖਿਜਰਖਾਂਨ: ਦੇਖੋ, ਖ੍ਵਾਜਹ ਮਰਦੂਦ.

ਖਿਜਰਾਬਾਦ: ਦੇਖੋ, ਚਤੌੜ.

ਖਿਜਾਂ: ਫ਼ਾ. خزاں ਖ਼ਿਜ਼ਾਂ. ਸੰਗਯਾ- ਸ਼ਿਸ਼ਿਰ. ਪਤਝਾੜ ਦਾ ਮੌਸਮ. ਪਤਝੜ. ਦੇਖੋ, ਖਟਰਿਤੁ.

ਖਿਜਾਬ: ਅ਼. ਖ਼ਿਜਾਬ. ਦੇਖੋ, ਕਲਫ ਅਤੇ ਕਾਲਿਮਾ.

ਖ਼ਿਜਾਲਤ: ਅ਼. خجالت ਸੰਗਯਾ- ਲੱਜਾ. ਸ਼ਰਮ. "ਦਵੀਦੰ ਪੁਰ ਖਿਜਾਲਤ." (ਸਲੋਹ) ਸ਼ਰਮਿੰਦਾ ਹੋਕੇ ਨੱਠਾ.

ਖਿਜੋਤਾਣ, ਖਿੰਜੋਤਾਣਿ, ਖਿੰਜੋਤਾੜ: ਦੇਖੋ, ਖਿੰਚੋਤਾਣ ਅਤੇ ਖਿੰਚੋਤਾਣਿ. "ਖਿੰਜੋਤਾਣ ਕਰੈਂ ਬੇਤਾਲੇ." (ਭਾਗੁ) "ਨਹਿ ਖਿੰਜੋਤਾੜਾ." (ਵਾਰ ਮਾਰੂ ੨, ਮਃ ੫)

ਖਿਝ: ਸੰਗਯਾ- ਖੇਦ ਨੂੰ ਪ੍ਰਾਪਤ ਹੋਣ ਦੀ ਕ੍ਰਿਯਾ. ਚਿੜ੍ਹ. ਰੋਸ. ਇਸ ਦਾ ਮੂਲ ਖਿਦ ਧਾ ਹੈ.

ਖਿਝਣਾ: ਕ੍ਰਿ- ਚਿੜ੍ਹਨਾ. ਕ੍ਰੋਧ ਕਰਨਾ.

ਖਿੰਡਣਾ: ਕ੍ਰਿ- ਕੀਣੰ ਹੋਣਾ. ਬਿਖਰਣਾ. ਫੈਲਣਾ. "ਬਹੁਤੇ ਰਾਹ ਮਨ ਕੀ ਮਤੀ ਖਿੰਡੀਆ." (ਵਾਰ ਮਾਝ ਮਃ ੧)

ਖਿਡਾਰ, ਖਿਡਾਰੀ: ਵਿ- ਖੇਡਣ ਵਾਲਾ. ਖਿਲਾਰੀ. "ਜਯੋਂ ਪਤੰਗ ਹੈ ਡੋਰ ਅਧੀਨਾ। ਚਹੈ ਖਿਡਾਰ ਕਰਖ ਤਬ ਲੀਨਾ." (ਨਾਪ੍ਰ)

ਖਿਣ: ਸੰ. ਕ੍ਸ਼ਣ. ਸੰਗਯਾ- ਲਮਹਾ. ਲਹ਼ਜਾ. ਪਲ. ਖਿਨ.

ਖਿਣਭੰਗਰ: ਦੇਖੋ, ਕ੍ਸ਼ਣਭੰਗੁਰ.

ਖਿਣੇ: ਕ੍ਸ਼ਣਮਾਤ੍ਰ ਮੇ. ਖਿਨ ਵਿੱਚ. "ਦਰਬਿ ਭਰੇ ਭੰਡਾਰ ਰੀਤੇ ਇਕ ਖਿਣੇ." (ਮਃ ੧. ਵਾਰ ਮਾਝ)

ਖਿਤ: ਦੇਖੋ, ਖਿਤਿ.

ਖਿਤਸਤ੍ਰਾ: ਦੇਖੋ, ਪੈਂਤੀ.

ਖਿਤਾਬ: ਦੇਖੋ, ਖਤਾਬ.

ਖਿਤਿ: ਸੰ. ਕ੍ਸ਼ਿਤਿ. ਸੰਗਯਾ- ਪ੍ਰਿਥਿਵੀ, ਜਿਸ ਦੇ ਆਧਾਰ ਸਭ ਕ੍ਸ਼ਿ (ਰਹਿੰਦੇ) ਹਨ। ੨. ਨਿਵਾਸ. ਰਹਾਇਸ਼.

ਖਿਤਿਪਤਿ, ਖਿਤਿਪਾਲ, ਖਿਤਿਰਾਇ: ਕ੍ਸ਼ਿਤਿ (ਪ੍ਰਿਥਿਵੀ) ਦਾ ਸ੍ਵਾਮੀ. ਭੂਪਤਿ. ਪ੍ਰਿਥਿਵੀ ਪਾਲਣ ਵਾਲਾ ਅਤੇ ਪ੍ਰਿਥਿਵੀ ਦਾ ਰਾਜਾ. ਬਾਦਸ਼ਾਹ। ੨. ਜਿਮੀਦਾਰ.

ਖਿੰਥ, ਖਿੰਥੜ: ਸੰ. कन्था ਸੰਗਯਾ- ਗੋਦੜੀ. ਗੁੱਦੜ। ੨. ਲੀਰਾਂ ਦਾ ਚੋਲਾ। ੩. ਕੱਚੀ ਕੰਧ। ੪. ਭਾਵ- ਦੇਹ. ਸ਼ਰੀਰ.

ਖਿੰਥੜਿ: ਖਿੰਥਾ ਨੂੰ. "ਖਿੰਥੜਿ ਮੇਖਾਂ ਅਗਲੀਆਂ ਜਿੰਦੁ ਨ ਕਾਈ ਮੇਖ." (ਸ. ਫਰੀਦ) ਦੇਹ ਨੂੰ ਬਹੁਤ ਤੋਪੇ ਨਾੜੀਆਂ ਦੇ ਹਨ, ਪਰ ਜਿੰਦ ਦੀ ਰੋਕ ਦਾ ਕੋਈ ਯਤਨ ਨਹੀਂ.

ਖਿੰਥਾ: ਕੰਥਾ. ਗੋਦੜੀ. "ਜੋਗੁ ਨ ਖਿੰਥਾ ਜੋਗੁ ਨ ਡੰਡੈ." (ਸੂਹੀ ਮਃ ੧) ੨. ਦੇਹ. ਸ਼ਰੀਰ. "ਖਿੰਥਾ ਜਲਿ ਕੁਇਲਾ ਭਈ." (ਸ. ਕਬੀਰ)

ਖਿਦ: ਸੰ. ਖਿਦ੍ ਧਾ- ਦੁੱਖ ਦੇਣਾ, ਭੈ ਦਿਖਾਉਣਾ, ਘਬਰਾਉਣਾ.

ਖਿਦਮਤ, ਖਿਦਮਤਗਾਰ: ਦੇਖੋ, ਖਿਜਮਤ ਅਤੇ ਖਿਜਮਤਦਾਰ.

ਖ਼ਿਦਮਤੀ: ਫ਼ਾ. خدمتی ਸੰਗਯਾ- ਤੋਹ਼ਫ਼ਾ. ਪੇਸ਼ਕਸ਼. ਨਜਰਾਨਾ। ੨. ਭਾਵ- ਹੱਥ ਮੂੰਹ ਧੋਣ ਦਾ ਚੌੜੇ ਮੂੰਹ ਦਾ ਭਾਂਡਾ. ਸਿਹਲਾਬਚੀਂ. ਹੁੱਕਾ ਪੀਣ ਵਾਲੇ ਇਸ ਨੂੰ ਚਿਲਮਚੀ ਭੀ ਆਖਦੇ ਹਨ, ਕਿਉਂਕਿ ਚਿਲਮ ਦੀ ਸੁਆਹ ਨੂੰ ਇਹ ਚੁਗ ਲੈਂਦੀ ਹੈ. ਚਿਲਮਚੀ.

ਖਿਦਰ: ਸੰ. ਖਿਦਿਰ. ਵਿ- ਦੀਨ. ਕੰਗਾਲ। ੨. ਤਪੀਆ। ੩. ਸੰਗਯਾ- ਚੰਦ੍ਰਮਾ। ੪. ਅ਼. خدر ਖ਼ਦਰ. ਬਰਖਾ। ੫. ਸੁਸਤੀ. ਆਲਸ। ੬. ਨਿੰਦ੍ਰਾ. ਨੀਂਦ.

ਖਿਦਰਾਣਾ, ਖਿਦਰਾਨਾ: ਖਿਦਿਰਾਯਨ. ਖਿਦਿਰ (ਤਪਸ੍ਵੀ) ਅਯਨ (ਘਰ). ਤਪੀਏ ਲੋਕਾਂ ਦਾ ਨਿਵਾਸਅਸਥਾਨ। ੨. ਦੇਖੋ, ਮੁਕਤਸਰ.

ਖਿਦਰਾਬਾਦ: ਰਾਣੀ ਦੇ ਰਾਇਪੁਰ ਤੋਂ ਆਨੰਦਪੁਰ ਨੂੰ ਜਾਂਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇੱਕ ਵਾਰ ਇੱਥੇ ਵਿਰਾਜੇ ਹਨ. ਇਹ ਨਗਰ ਜਿਲਾ ਅੰਬਾਲਾ, ਤਸੀਲ ਖਰੜ ਵਿੱਚ ਹੈ ਗੁਰਦੁਆਰਾ ਬਣਿਆ ਹੋਇਆ ਹੈ, ਪੁਜਾਰੀ ਸਿੰਘ ਹੈ. ਭਾਈ ਸੰਤੋਖ ਸਿੰਘ ਜੀ ਨੇ ਇਸ ਕੋਲ ਦਸ਼ਮੇਸ਼ ਦਾ ਇੱਕ ਜੰਗ ਹੋਣਾ ਭੀ ਲਿਖਿਆ ਹੈ.

"ਰੋਪਰ ਨਿਕਟ ਅਹੈ ਪੁਰ ਔਰ।

ਖਿਦਰਾਬਾਦ ਵਸੈ ਤਿਸ ਠੌਰ।

ਤਿਸ ਹੀ ਦਿਸਿ ਦਲ ਗਯੋ ਪਲਾਈ।

ਜਾਹਿ ਖਾਲਸਾ ਪੀਠ ਦਬਾਈ।"

(ਗੁਪ੍ਰਸੂ)

ਖਿੰਧਰਾ, ਖਿੰਧੜਾ, ਖਿਧੋਲੜਾ, ਖਿੰਧੋਲਾ, ਖਿੰਧੋਲੀ: ਦੇਖੋ, ਖਿੰਥੜ ਅਤੇ ਖਿੰਥਾ. "ਸੁਨ ਦੋਨਹੁ ਖਿੰਧਰੇ ਤਨ ਧਾਰੇ." (ਗੁਪ੍ਰਸੂ) "ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ." (ਵਾਰ ਗਉ ੧. ਮਃ ੪)

ਪ੍ਰਾਚੀਨ ਗਜਾਨੀ ਦਸਦੇ ਹਨ ਕਿ ਮੁਗ਼ਲਰਾਜ ਸਮੇਂ ਸਿਆਹ ਰੰਗ ਦੇ ਚੋਲੇ ਪਿੰਡਾਂ ਵਿੱਚ ਪੰਚਾਇਤੀ ਧਰਮਸਾਲ ਵਿੱਚ ਰੱਖੇ ਹੁੰਦੇ ਸਨ. ਜੋ ਹਾਕਮ ਪਾਸ ਸ਼ਕਾਇਤ ਕਰਨਾ ਚਾਹੁੰਦਾ ਉਹ ਚੋਲਾ ਪਹਿਨਕੇ ਜਾਂਦਾ, ਜਿਸ ਤੋਂ ਹਾਕਿਮ ਉਸ ਦੇ ਲਿਬਾਸ ਤੋਂ ਹੀ ਭਾਵ ਸਮਝ ਲੈਂਦਾ. ਇਹ ਬਹੁਤਿਆਂ ਕਰਕੇ ਵਰਤੇ ਜਾਣ ਕਾਰਣ ਮੈਲੇ ਅਤੇ ਜੂੰਆਂ ਨਾਲ ਭਰੇ ਹੋਇਆ ਕਰਦੇ ਸਨ.

ਇਸ ਤੁੱਕ ਵਿੱਚ ਇਹ ਪ੍ਰਸੰਗ ਹੈ ਕਿ ਵਿਮੁਖ (ਬੇਮੁਖ) ਮਰਵਾਹੇ ਖਤ੍ਰੀਆਂ ਨੇ ਗੁਰੂ ਅਮਰਦਾਸ ਜੀ ਦੀ ਬਾਦਸ਼ਾਹ ਪਾਸ ਸ਼ਕਾਇਤ ਕਰਾਉਣ ਲਈ ਵਿਮੁਖ ਤਪੇ ਫਕੀਰ ਦੇ ਗਲੇ ਖਿੰਧੋਲਾ ਪਵਾਇਆ.

ਖਿਨ: ਕ੍ਸ਼ਣ. ਦੇਖੋ, ਖਿਣ. "ਖਿਨ ਪਲ ਨਾਮ ਰਿਦੇ ਵਸੈ ਭਾਈ." (ਸੋਰ ਅਃ ਮਃ ੧)

ਖਿੰਨ: ਸੰ. खिन्न ਵਿ- ਖੇਦ ਨੂੰ ਪ੍ਰਾਪਤ ਹੋਇਆ. ਅਪ੍ਰਸੰਨ "ਬਦਨ ਖਿੰਨ ਦੁਤਿ ਨਹੀਂ ਉਦੋਤੇ" (ਗੁਪ੍ਰਸੂ) ੨. ਉਦਾਸ। ੩. ਦੀਨ.

ਖਿਨਭੰਗਨ, ਖਿਨਭੰਗੁਨਾ, ਖਿਨਭੰਗੁਰ: ਖਿਨ ਵਿੱਚ ਨਾਸ਼ ਹੋਣ ਵਾਲਾ. ਦੇਖੋ, ਕ੍ਸ਼ਣਭੰਗੁਰ. "ਖਿਨਭੰਗਨ ਦੇਹਾਦਿ." (ਬਿਲਾ ਮਃ ੫) "ਖਿਨਭੰਗੁਨਾ ਕੈ ਮਾਨਿ ਮਾਤੇ." (ਆਸਾ ਮਃ ੫)

ਖਿਨਵਾਰ: ਕ੍ਸ਼ਣਮਾਤ੍ਰ ਮੇਂ. ਪਲ ਵਿੱਚ. "ਬਿਨਸਜਾਇ ਖਿਨਵਾਰ." (ਸਵਾ ਮਃ ੩)

ਖਿਨਾਹੂ: ਕ੍ਸ਼ਣਮਾਤ੍ਰ ਮੇਂ. ਪਲਭਰ ਵਿੱਚ. "ਦੂਖ ਦਰਦ ਤਿਹ ਮਿਟਹਿ ਖਿਨਾਹੂ." (ਬਾਵਨ)

ਖਿਨਿ: ਕ੍ਸ਼ਣ (ਖਿਣ) ਵਿੱਚ.

ਖਿਨੀ: ਕ੍ਸ਼ਣਮਾਤ੍ਰ. ਪਲਭਰ. "ਰਹਨੁ ਨ ਜਾਇ ਖਿਨੀ." (ਬਿਲਾ ਮਃ ੫)

ਖਿਨੁ: ਦੇਖੋ, ਖਿਣ. "ਖਿਨੁ ਖਿਨੁ ਨਾਮੁ ਸਮਾਲੀਐ." (ਸ੍ਰੀ ਮਃ ੩)

ਖਿਨੂਆ: ਕ੍ਸ਼ਣਮਾਤ੍ਰ. ਪਲਭਰ. "ਆਪਨ ਰਾਮ ਨ ਚੀਨੋ ਖਿਨੂਆ." (ਟੋਡੀ ਮਃ ੫)

ਖਿਪ: ਦੇਖੋ, ਕ੍ਸ਼ਿਪ। ੨. ਵਿ- ਕ੍ਸ਼ਿਪ੍ਤ. ਫੈਂਕਿਆ ਹੋਇਆ. "ਰਿਪੁਖਿਪ ਬਹੁਰ ਉਚਾਰ." (ਸਨਾਮਾ) ਵੈਰੀ ਕਰਕੇ ਫੈਂਕੀ ਹੋਈ ਫਾਂਸੀ। ੩. ਦੇਖੋ, ਖਿੱਪ। ੪. ਦੇਖੋ, ਖਿਪ੍ਰ.

ਖਿਪਣਕ: ਦੱਖੋ, ਕ੍ਸ਼ਪਣਕ.

ਖਿਪਣੀ: ਵਿ- ਕ੍ਸ਼ੇਪਣ (ਸੁੱਟਣ) ਵਾਲੀ. ਫੈਂਕਨੇਵਾਲੀ. "ਰਿਪਣੀ ਆਦਿ ਉਚਾਰਕੈ ਖਿਪਣੀ ਬਹੁਰ ਬਖਾਨ। ਨਾਮ ਤੁਪਕ ਕੇ ਹੋਤ ਹੈਂ ਲੀਜਹੁ ਸਮਝ ਸੁਜਾਨ." (ਸਨਾਮਾ) ਵੈਰੀ ਦੀ ਸੈਨਾ ਨੂੰ ਸੁੱਟਣ ਵਾਲੀ ਬੰਦੂਕ.

ਖਿੱਪ: ਸੰਗਯਾ- ਇੱਕ ਪ੍ਰਕਾਰ ਦਾ ਘਾਸ. ਪਿੰਡਾਂ ਵਿੱਚ ਇਸ ਨੂੰ ਮਕਾਨ ਦੀ ਛੱਤ ਪਾਉਣ ਵੇਲੇ ਕੜੀਆਂ ਉੱਪਰ ਪਾਕੇ ਮਿੱਟੀ ਵਿਛਾਉਂਦੇ ਹਨ.

ਖਿਪ੍ਰ: ਦੇਖੋ, ਕ੍ਸ਼ਿਪ੍ਰ ਅਤੇ ਛਿਪ੍ਰ.

ਖ਼ਿੱਫ਼ਤ: ਅ਼. خفت, ਸੰਗਯਾ- ਹੌਲਾਪਨ. ਹੌਲੱਤਣ। ੨. ਸ਼ਰਮਿੰਦਗੀ.

ਖਿਮ: ਦੇਖੋ, ਖਿਮਾ. "ਕਾਪੜੁ ਪਹਿਰੋ ਖਿਮ ਕਾ." (ਵਾਰ ਸੋਰ ਮਃ ੪) ਖਿਮਾ (ਕ੍ਸ਼ਮਾ) ਦਾ ਲਿਬਾਸ ਪਹਿਨੋ.

ਖਿਮਕਣਾ: ਕ੍ਰਿ- ਕ੍ਸ਼ਣਪ੍ਰਭਾ (ਬਿਜਲੀ) ਦਾ ਚਮਕਣਾ. ਲਿਸ਼ਕਣਾ. "ਖਿਮੀ ਦਾਮਿਨੀ ਜਾਨੁ ਭਾਦੋਂ ਮਝਾਰੰ." (ਚੰਡੀ ੨)

ਖਿਮਾ: ਸੰ. ਕ੍ਸ਼ਮਾ. ਸੰਗਯਾ- ਦੁਖ ਸੁਖ ਸਹਾਰਨ ਵਾਲੀ ਚਿੱਤ ਦੀ ਵ੍ਰਿੱਤਿ. ਸਮਾਈ. ਬੁਰਦਬਾਰੀ. "ਖਿਮਾ ਵਿਹੂਣੇ ਖਪਿਗਏ." (ਓਅੰਕਾਰ) ੨. ਪ੍ਰਿਥਿਵੀ. ਭੂਮਿ. ਜਮੀਨ.

ਖਿਮੀ: ਦੇਖੋ, ਖਿਮਕਣਾ। ੨. ਸੰ. ਕ੍ਸ਼ਮੀ. ਵਿ- ਖਿਮਾ ਵਾਲਾ. ਸਹਨਸ਼ੀਲ. ਬੁਰਦਬਾਰ. ਸਮਾਈ ਵਾਲਾ.

ਖਿਯਾਲ: ਦੇਖੋ, ਖਿਆਲ। ੨. ਅ਼. خیال ਖ਼ੱਯਾਲ. ਖ਼ੈਲ (ਘੋੜੇ) ਉੱਪਰ ਚੜ੍ਹਨ ਵਾਲਾ. ਘੋੜਚੜਾ. "ਹਨਰੋ ਏਕ ਖਾਨੰ ਖਿਯਾਲੰ ਖਤੰਗੰ." (ਵਿਚਿਤ੍ਰ)

ਖਿਰ: ਸੰ. ਕ੍ਸ਼ਰ. ਵਿ- ਨਾਸ਼ ਹੋਣ ਵਾਲਾ. "ਏ ਅਖਰ ਖਿਰਿਜਾਹਿਗੇ." (ਗਉ ਬਾਵਨ ਕਬੀਰ) ੨. ਦੇਖੋ, ਖਿੜਨਾ। ੩. ਫ਼ਾ. خر ਖ਼ਿਰ. ਸੰਗਯਾ- ਖ਼ੁਸ਼ੀ. ਆਨੰਦ.

ਖਿਰਕਾ: ਦੇਖੋ, ਖਿਲਕ। ੨. ਦੇਖੋ, ਖਿੜਕਾ.

ਖਿਰਕੀ: ਦੇਖੋ, ਖਿੜਕੀ.

ਖਿਰਖਿਰ: ਅਨੁ. ਅੱਟਹਾਸ. ਖਿੜ ਖਿੜ ਧੁਨਿ. "ਬਦਨੈ ਬਿਨੁ ਖਿਰ ਖਿਰ ਹਾਸਤਾ." (ਬਸੰ ਕਬੀਰ) ਮਨ, ਬਿਨਾ ਮੁਖ ਅੱਟਹਾਸ ਕਰਦਾ ਹੈ. ਦੇਖੋ, ਜੋਇ ਖਸਮ.

ਖਿਰਣ, ਖਿਰਣਾ: ਦੇਖੋ, ਖਰਣਾ.

ਖਿਰਣੀ: ਸੰ. ਕ੍ਸ਼ੀਰਿਣੀ. ਸੰਗਯਾ- ਮੌਲਸਰੀ ਦੀ ਕ਼ਿਸਮ ਦਾ ਇੱਕ ਕ੍ਸ਼ੀਰ (ਦੁੱਧ) ਦਾਰ ਬਿਰਛ, ਜੋ ਕੱਦ ਅਤੇ ਉਮਰ ਵਿੱਚ ਵਡਾ ਹੁੰਦਾ ਹੈ. ਇਸ ਦੇ ਫਲ ਨਿਮੋਲੀ ਦੀ ਸ਼ਕਲ ਦੇ ਬਹੁਤ ਮਿੱਠੇ ਹੁੰਦੇ ਹਨ. ਜਿਨ੍ਹਾਂ ਦੀ ਤਾਸੀਰ ਗਰਮ ਤਰ ਹੈ. L. Mimusops Elengi (ਅਥਵਾ- Kauki).

ਖਿਰਤ: ਸੰ. ਕ੍ਸ਼ਰਿਤ. ਵਿ- ਟਪਕਿਆ ਹੋਇਆ। ੨. ਨਾਸ਼ ਹੋਇਆ। ੩. ਝੜਿਆ। ੪. ਪਤਿਤ. "ਖਖਾ, ਖਿਰਤ ਖਪਤ ਗਏ ਕੇਤੇ." (ਗਉ ਬਾਵਨ ਕਬੀਰ)

ਖ਼ਿਰਦ: ਫ਼ਾ. خرد ਸੰਗਯਾ- ਦਾਨਾਈ. ਚਤੁਰਾਈ.

ਖਿਰਨਾ: ਕ੍ਰਿ- ਖਿਲਨਾ. ਖਿੜਨਾ. ਪ੍ਰਫੁੱਲਿਤ ਹੋਣਾ। ੨. ਕ੍ਸ਼ਰਣ. ਟਪਕਣਾ. ਚੁਇਣਾ। ੩. ਖਿਸਕਣਾ। ੪. ਥੋੜਾ ਥੋੜਾ ਭੁਰਕੇ ਖੈ ਹੋ ਜਾਣਾ.

ਖਿਰਨੀ: ਦੇਖੋ, ਖਿਰਣੀ.

ਖਿਰਫਤ: ਅ਼. خرفت ਖ਼ੁਰਫ਼ਤ. ਸੰਗਯਾ- ਰੋਚਕ ਕਹਾਣੀ. ਦਿਲ ਖ਼ੁਸ਼ ਕਰਨ ਵਾਲੀ ਕਥਾ.

ਖ਼ਿਰਮਨ: ਫ਼ਾ. خرمن ਸੰਗਯਾ- ਅਨਾਜ ਦਾ ਪਿੜ। ੨. ਅੰਨ ਦਾ ਢੇਰ.

ਖਿਰਾਜ: ਦੇਖੋ, ਖਰਾਜ. "ਖਿਰਾਜ ਨਾ ਮਾਲ." (ਗਉ ਰਵਿਦਾਸ) "ਗਨੀਮੁਲ ਖਿਰਾਜ ਹੈ." (ਜਾਪੁ)

ਖ਼ਿਰਾਮਦ: ਫ਼ਾ. خرامد ਸੁੰਦਰ ਚਾਲ ਚਲਦਾ ਹੈ. ਸੋਹਣੀ ਚਾਲ ਚਲੇ, ਚਲੇਗਾ. ਦੇਖੋ, ਖ਼ਿਰਾਮੀਦਨ.

ਖ਼ਿਰਾਮਾਂ: ਫ਼ਾ. خراماں ਸੁੰਦਰ ਚਾਲ ਚਲਦਾ ਹੋਇਆ. ਲਟਕ ਨਾਲ ਚਲਦਾ ਹੋਇਆ. ਦੇਖੋ, ਖ਼ਿਰਾਮੀਦਨ.

ਖ਼ਿਰਾਮੀਦਨ: ਫ਼ਾ. خرامیدن ਕ੍ਰਿ- ਸੁੰਦਰ ਚਾਲ ਚਲਨਾ. ਬਾਂਕੀ ਗਤਿ ਨਾਲ ਜਾਣਾ.

ਖਿਰਿ: ਦੇਖੋ, ਖਿਰ। ੨. ਕ੍ਸ਼ਰਕੇ. ਨਾਸ਼ ਹੋਕੇ। ੩. ਖਿੜ (ਪ੍ਰਫੁੱਲਿਤ ਹੋ) ਕੇ। ੪. ਖਿਸਕਕੇ. ਟਲਕੇ.

ਖਿਲ: ਸੰ. ਖਿਲ੍ ਧਾ- ਚੁਗਣਾ- ਬੀਨਨਾ- ਦਾਣੇ ਚੁਗਣੇ। ੨. ਸੰ. ਵਿ- ਬਾਕੀ. ਸ਼ੇਸ਼। ੩. ਦੇਖੋ, ਖਿਲਨਾ। ੪. ਅ਼. خیل ਖ਼ਯਲ. ਸੰਗਯਾ- ਗਰੋਹ. ਜਮਾਤ। ੫. ਖ਼ਾਨਦਾਨ. ਦੇਖੋ, ਖਿਲਖਾਨਾ। ੬. ਦੇਖੋ, ਖਿੱਲ। ੭. ਅਖਿਲ (ਤਮਾਮ) ਦਾ ਸੰਖੇਪ ਭੀ ਖਿਲ ਹੈ.

**ਖਿਲਉਨਾ:** ਸੰਗਜਾ- ਉਹ ਵਸ੍ਤੁ ਜਿਸ ਨਾਲ ਖੇਡਿਆ ਜਾਵੇ. ਖਿਡੌਣਾ. ਖਿਲੌਨਾ "ਲੋਗਨ ਰਾਮ ਖਿਲਉਨਾ ਜਾਨਾ." (ਭੈਰ ਕਬੀਰ)

**ਖਿਲਸ:** ਅ਼. خلص ਖ਼ਿਲਸ. ਸੰਗਜਾ- ਸੱਚਾ ਮਿਤ੍ਰ। ੨. ਵਿ- ਸੁੰਦਰ. ਮਨੋਹਰ.

**ਖਿਲਕ:** ਅ਼. خلق ਖ਼ਲਕ਼. ਸੰਗਜਾ- ਚੋਲਾ. ਪੈਰਾਹਨ. "ਤਿਹ ਛਿਨ ਖਿਲਕ ਅਕਾਸ ਤੇ ਉਤਰਜੋ ਗੁਰੁ ਢਿਗ ਆਇ." (ਨਾਪ੍ਰ) ੨. ਪਾਟੀ ਹੋਈ ਗੋਦੜੀ.

**ਖਿਲਕਤ:** ਅ਼. خلقت ਖ਼ਲਕ਼ਤ. ਸੰਗਜਾ- ਸ੍ਰਿਸ਼੍ਟਿ. ਦੁਨੀਆਂ। ੨. ਉਤਪੱਤੀ. ਪੈਦਾਯਸ਼.

**ਖਿਲਕਾ:** ਦੇਖੋ, ਖਿਲਕ.

**ਖਿਲਖਾਨਾ:** ਅ਼. خیل خانہ ਖ਼ਯਲਖ਼ਾਨਹ. ਕੁਲ ਅਤੇ ਘਰ. "ਖਿਲਖਾਨਾ ਬਿਰਾਦਰ ਹਮੂ ਜੰਜਾਲਾ." (ਮਾਰੂ ਸੋਲਹੇ ਮਃ ੫) ੨. ਦੇਖੋ, ਖੇਲ ੨, ੩, ੪. ਅਤੇ ਖੇਲਖਾਨਾ.

**ਖਿਲਜੀ:** ਦੇਖੋ, ਖਲਜੀ.

**ਖਿਲਤ:** ਖੇਲਦਾ ਹੋਇਆ. ਖੇਲਤ. "ਖਿਲਤ ਅਖੇਟਕ ਇਹਠਾਂ ਆਯੋ." (ਚਰਿਤ੍ਰ ੧੦੩) ੨. ਅ਼. خلعت ਖ਼ਿਲਅ਼ਤ. ਸੰਗਜਾ- ਸ਼ਰੀਰ ਉੱਤੋਂ ਉਤਾਰਨ ਦੀ ਕ੍ਰਿਯਾ. ਪੁਰਾਣੇ ਸਮੇਂ ਵਿੱਚ ਬਾਦਸ਼ਾਹ ਆਪਣੇ ਜਿਸਮ ਤੋਂ ਵਸਤ੍ਰ ਉਤਾਰਕੇ ਬਖ਼ਸ਼ ਦਿੰਦੇ ਸਨ, ਇਸ ਤੋਂ ਖਿਲਤ ਦਾ ਅਰਥ ਸਨਮਾਨ ਦੀ ਪੋਸ਼ਾਕ ਹੋ ਗਿਆ ਹੈ। ੩. ਲਿਬਾਸ. ਪੋਸ਼ਾਕ। ੪. ਬਾਦਸ਼ਾਹ ਵੱਲੋਂ ਮਿਲੀ ਪੋਸ਼ਾਕ, ਜੋ ਸਨਮਾਨ ਦਾ ਚਿੰਨ੍ਹ ਹੈ। ੫. ਅ਼. خلط ਖ਼ਿਲਤ਼. ਮਿਲੀ ਹੋਈ ਵਸ੍ਤੁ। ੬. ਸ਼ਰੀਰ ਵਿੱਚ ਮਿਲੇ ਹੋਏ ਤਤ੍ਵ- ਵਾਤ, ਪਿੱਤ, ਕਫ. ਯੂਨਾਨੀ ਹਿਕਮਤ ਵਾਲਿਆਂ ਨੇ ਚਾਰ ਖਿਲਤ ਮੰਨੇ ਹਨ. ਖ਼ੂਨ خوُن ਲਹੂ, ਸਫ਼ਰਾ صفرا ਪਿੱਤ, ਬਲਗ਼ਮ بلغم ਕਫ, ਸੌਦਾ سوَدا ਲਹੂ ਪਿੱਤ ਅਤੇ ਕਫ਼ ਦੇ ਜਲਜਾਣ ਤੋਂ ਜੋ ਸਿਆਹ ਮਾਦਾ ਬਣ ਜਾਂਦਾ ਹੈ, ਉਹ ਸੌਦਾ ਹੈ. ਇਸ ਨੂੰ ਬਾਦੀ (ਵਾਤ) ਸਮਝੋ.

**ਖਿਲਤਾ:** ਅ਼. خرقہ ਖ਼ਿਰਕ਼ਾ. ਸੰਗਜਾ- ਫ਼ਕ਼ੀਰੀ ਚੋਲਾ। ੨. ਦੇਖੋ, ਖਰੀਤਾ.

**ਖਿਲਨਾ:** ਕ੍ਰਿ- ਖਿੜਨਾ. ਪ੍ਰਫੁੱਲਿਤ ਹੋਣਾ। ੨. ਸੰਗਜਾ- ਤਿੱਖੀ ਨੋਕ ਦਾ ਇੱਕ ਜਿਮੀਦਾਰਾ ਸੰਦ, ਜਿਸ ਨਾਲ ਗੋਡੀ ਕਰੀਦੀ ਹੈ. ਇਹ ਖਾਸ ਕਰਕੇ ਪਹਾੜ ਵਿੱਚ ਵਰਤੀਦਾ ਹੈ। ੩. ਦੇਖੋ, ਖੇਲਨਾ.

**ਖਿਲਵਤ:** ਅ਼. خلوت ਖ਼ਲਵਤ. ਸੰਗਜਾ- ਏਕਾਂਤ. ਤਨਹਾਈ. ਇਕੱਲ.

**ਖਿਲਵਾਰ:** ਵਿ- ਖਿਲਾਰੀ. ਖੇਡਣ ਵਾਲਾ. "ਖੇਲ ਬਸੰਤ ਬਡੇ ਖਿਲਵਾਰ." (ਚਰਿਤ੍ਰ ੫੨)

**ਖਿਲਾ:** ਵਿ- ਖਿੜਿਆ. ਵਿਕਸਿਤ. ਪ੍ਰਫੁੱਲਿਤ। ੨. ਖੇਲਿਆ. ਖੇਡਿਆ. "ਹਰਿ ਖੇਲ ਸਭਿ ਖਿਲਾ." (ਵਾਰ ਗਉ ੧. ਮਃ ੪)

**ਖਿਲਾਉਣਾ:** ਕ੍ਰਿ- ਖੇਲਾਨਾ. ਖਿਡਾਉਣਾ। ੨. ਖਵਾਉਣਾ. ਛਕਾਉਣਾ.

**ਖਿਲਾਣ:** ਵਿ- ਖੇਲਨੇ ਵਾਲਾ. ਖਿਲਾਰੀ. "ਬੀਰ ਚਾਲਾਕ ਖੱਗੰ ਖਿਲਾਣੰ." (ਵਿਚਿਤ੍ਰ)

**ਖ਼ਿਲਾਫ਼:** ਅ਼. خلاف ਵਿ- ਵਿਰੁੱਧ. ਉਲਟਾ। ੨. ਸੰਗਜਾ- ਝਗੜਾ। ੩. ਅਨਜਥਾ. ਝੂਠ. "ਨ ਖਿਲਾਫ ਤੁਝ ਸੰਗ ਗਾਊਂ." (ਨਾਪ੍ਰ)

**ਖ਼ਿਲਾਫ਼ਤ:** ਅ਼. خلافت ਸੰਗਜਾ- ਖ਼ਲੀਫ਼ਾ ਦੀ ਪਦਵੀ। ੨. ਖ਼ਲੀਫ਼ਾ ਦਾ ਕੰਮ. ਦੇਖੋ, ਖ਼ਲੀਫ਼ਾ.

**ਖਿਲਾਰਣਾ:** ਕ੍ਰਿ- ਵਿਖੇਰਣਾ. ਖਿੰਡਾਉਣਾ। ੨. ਫੈਲਾਉਣਾ.

**ਖਿਲਾਰੀ:** ਦੇਖੋ, ਖੇਲਾਰੀ.

ਖਿਲਾਵਣਹਾਰ, ਖਿਲਾਵਣਹਾਰੋ: ਵਿ- ਖੇਡਾਉਣ ਵਾਲਾ. ਖੇਲ ਕਰਾਉਣ ਵਾਲਾ. ਖੇਲਾਨੇ ਵਾਲਾ.

ਖਿਲਿਆ: ਖਿੜਿਆ. ਪ੍ਰਫੁੱਲਿਤ ਹੋਇਆ. "ਪਰਗਾਸੁ ਭਇਆ ਕਉਲ ਖਿਲਿਆ." (ਗਉ ਛੰਤ ਮਃ ੫)

ਖਿਲੌਨਾ: ਦੇਖੋ, ਖਿਲਉਨਾ.

ਖਿੱਲ: ਸੰਗਯਾ- ਭੁੱਜਕੇ ਖਿੜੀ ਹੋਈ ਦਾਣਾ ਆਦਿ ਵਸਤੁ। ੨. ਦੇਖੋ, ਖਿਲ.

ਖਿੱਲੀ: ਸੰਗਯਾ- ਹਾਸੀ. ਮਖੌਲ. ਠੱਠਾ। ੨. ਐਸੀ ਕ੍ਰਿਯਾ ਜਿਸ ਤੋਂ ਸਾਰੇ ਖਿੜਜਾਣ. ਪ੍ਰਫੁੱਲਿਤ ਕਰਨ ਵਾਲੀ ਚੇਸ਼੍ਟਾ.

ਖਿਵਣ: ਕ੍ਰਿ- ਦੇਖੋ, ਖਿਮਕਣਾ. "ਖਿਵੰਤ ਬਿੱਜੁ ਜ੍ਵਾਲਿਕਾ." (ਗਯਾਨ) ਚਮਕੰਤ ਵਿਦ੍ਯੁਤ ਜ੍ਵਾਲਾ. ਬਿਜਲੀ ਦੀ ਲਾਟ ਚਮਕਦੀ ਹੈ. "ਸਤਿਗੁਰ ਕਾ ਖਿਵੈ ਚੰਦੋਆ." (ਵਾਰ ਰਾਮ ੩)

ਖਿੜਕਾ, ਖਿੜਕੀ: ਸੰ ਖਡਕ੍ਕਿਕਾ ਖਡੱਕਿਕਾ. ਸੰਗਯਾ- ਤਾਕੀ. ਮੋਰੀ. ਦਰੀਚਾ. ਬਾਰੀ. "ਖਿੜਕੀ ਊਪਰਿ ਦਸਵਾਂ ਦੁਆਰ." (ਭੈਰ ਕਬੀਰ) ੨. ਪੰਜਾਬੀ ਵਿੱਚ ਡੰਡੇਦਾਰ ਕਪਾਟ ਨੂੰ ਭੀ ਖਿੜਕਾ ਅਤੇ ਖਿੜਕੀ ਆਖਦੇ ਹਨ.

ਖਿੜਖਿੜ: ਦੇਖੋ, ਖਿਰਖਿਰ.

ਖਿੜਨਾ: ਕ੍ਰਿ- ਪ੍ਰਫੁੱਲਿਤ ਹੋਣਾ। ੨. ਪ੍ਰਸੰਨ ਹੋਣਾ। ੩. ਹੱਸਣਾ.

ਖੀਉ, ਖੀਓ: ਸੰ. ਕ੍ਸ਼ੀਵ. ਵਿ- ਮਦਮੱਤ. ਮਤਵਾਲਾ. ਮਖ਼ਮੂਰ. ਖੀਵਾ. "ਉਹੀ ਪੀਓ ਉਹੀ ਖੀਓ." (ਗਉ ਮਃ ੫) ੨. ਸੰ. ਕ੍ਸ਼ਯ. ਨਾਸ਼. "ਸਹਿਜੇ ਬਿਖਿਆ ਭਈ ਖੀਓ." (ਆਸਾ ਮਃ ੫)

ਖੀਸ: ਸੰਗਯਾ- ਲੱਜਾ. ਸ਼ਰਮ। ੨. ਰੋਸ਼. ਗੁੱਸਾ। ੩. ਸੰ. किष्क ਕਿਸ਼੍ਕ. ਵਿ- ਨਸ਼੍ਟ. "ਆਜ ਕਾਲ ਮੇ ਹੋਤ ਖੀਸ." (ਗੁਵਿ ੧੦)

ਖੀਸਾ: ਫ਼ਾ. کیسہ ਕੀਸਹ. ਸੰਗਯਾ- ਕੁੜਤੇ ਕੋਟ ਆਦਿਕ ਦੀ ਜੇਬ (ਗੁੱਥੀ).

ਖੀਂਘਰ: ਦੇਖੋ, ਖੰਘਰ.

ਖੀਚ, ਖੀਂਚ: ਸੰਗਯਾ- ਖਿੱਚ. ਖੈਂਚ। ੨. ਹਠ. ਜਿਦ. ਅੜੀ.

ਖੀਚਤਨੀ, ਖੀਂਚਤਾਨ: ਸੰਗਯਾ- ਆਪੋਵਿੱਚੀ ਇੱਕ ਦੂਜੇ ਦੇ ਵਿਰੁੱਧ ਖਿੱਚਣ ਲਈ ਬਲ ਲਾਉਣ ਦੀ ਕ੍ਰਿਯਾ. ਖੈਂਚਾ ਖੈਂਚੀ। ੨. ਕਿਸੇ ਵਾਕ ਦੇ ਅਣਬਣ ਅਰਥ ਨੂੰ ਆਪਣੀ ਇੱਛਾ ਅਨੁਸਾਰ ਸਿੱਧ ਕਰਨ ਦਾ ਯਤਨ.

ਖੀਚਰੀ: ਦੇਖੋ, ਖਿਚੜੀ. "ਖੂਬ ਖਾਨਾ ਖੀਚਰੀ" (ਸ. ਕਬੀਰ)

ਖੀਚਾ: ਸੰਗਯਾ- ਦੇਖੋ, ਖੀਚ। ੨. ਅੰਤਰਾ. ਵਿੱਥ. ਭੇਦ. "ਬੀਚ ਨਾ ਖੀਚਾ, ਹਉ ਤੇਰਾ ਤੂੰ ਮੋਰਾ." (ਬਿਲਾ ਮਃ ੫)

ਖੀਜ: ਸੰਗਯਾ- ਅਪ੍ਰਸੰਨਤਾ. ਨਾਰਾਜਗੀ. ਦੇਖੋ, ਖਿਝ.

ਖੀਜਨਾ: ਕ੍ਰਿ- ਨਾਰਾਜ ਹੋਣਾ. ਖਿਝਣਾ.

ਖੀਝ, ਖੀਝਨਾ: ਦੇਖੋ, ਖਿਝ, ਖੀਜ ਅਤੇ ਖੀਜਨਾ. "ਜਿਨ ਕੀ ਰੀਝ ਖੀਝ ਬਿਨ ਮੋਘੁ." (ਗੁਪ੍ਰਸੂ) ਪ੍ਰਸੰਨਤਾ ਅਤੇ ਕੋਪ ਅਮੋਘ (ਸਫਲ) ਹੈ.

ਖੀਣ, ਖੀਣਾਂ: ਸੰ. ਕ੍ਸ਼ੀਣ. ਵਿ- ਪਤਲਾ. ਦੁਬਲਾ। ੨. ਘਟਿਆ ਹੋਇਆ. ਕਮਜ਼ੋਰ. "ਬਿਰਧੁ ਭਇਆ ਤਨੁ ਖੀਣ." (ਸ੍ਰੀ ਮਃ ੧. ਪਹਿਰੇ) ੩. ਨਸ਼੍ਟ. "ਖੀਣ ਪਦਾਰਥ ਘਰ ਕੇ ਹੋਏ." (ਗੁਪ੍ਰਸੂ) "ਕਹਿ ਕਬੀਰ ਕਿਲਬਿਖ ਗਏ ਖੀਣਾ." (ਪ੍ਰਭਾ)

**ਖੀਂਧ, ਖੀਂਧਾ:** ਸੰਗ੍ਯਾ- ਕੰਥਾ। ੨. ਜੁੱਲੀ. "ਊਪਰ ਕਉ ਮਾਗਉ ਖੀਧਾ." (ਸੋਰ ਕਬੀਰ) "ਖੀਂਧ ਏਕ ਰਾਜਾ ਪਰ ਧਰੀ". (ਚਰਿਤ੍ਰ ੩੯੩)

**ਖੀਨ:** ਦੇਖੋ, ਖੀਣ. "ਜਲਹਿ ਬਿਨ ਖੀਨ." (ਗਉ ਕਬੀਰ) ੨. ਸੰ. ਖੀਨ੍ਨ. ਖਿੰਨ. ਦੁਖੀ. ਵ੍ਯਾਕੁਲ. "ਖਾਤ ਪੀਵਤ ਸਵੰਤ ਸੁਖੀਆ, ਨਾਮ ਸਿਮਰਤ ਖੀਨ." (ਸਾਰ ਮਃ ੫) "ਮੀਨਾ ਜਲਹੀਨ ਹੇ, ਓਹ ਬਿਛੁਰਤ ਮਨੁਤਨੁ ਖੀਨ ਹੇ." (ਆਸਾ ਛੰਤ ਮਃ ੫)

**ਖੀਨਸੂਆ:** ਵਿ- ਕ੍ਸ਼ੀਣਹੋਇਆ. "ਤਨੁ ਖੀਨਸੂਆ." (ਗਉ ਮਃ ੫) ੨. ਖਿੰਨ (ਉਦਾਸ) ਹੋਇਆ.

**ਖੀਨਖਾਫ, ਖੀਨਖਾਬ:** ਦੇਖੋ, ਕਮਖਾਬ. "ਖੀਨਖਾਫ ਲਾਗੈ ਜਰੀ ਸੁੰਦਰ ਦੁਤਿਵੰਤੀ." (ਗੁਪ੍ਰਸੂ) "ਖੀਨਖਾਬ ਕੇ ਥਾਨ ਘਨੇਰੇ." (ਗੁਪ੍ਰਸੂ)

**ਖੀਨਾ:** ਦੇਖੋ, ਖੀਣਾ. "ਨੈਨਹੁ ਨੀਰ ਬਹੈ ਤਨੁ ਖੀਨਾ." (ਸੋਰ ਭੀਖਨ) ੨. ਖਿੰਨ. ਉਦਾਸ. ਨਾਰਾਜ਼. "ਕਾਹੂ ਨ ਕਰਤੇ ਕਛੁ ਖੀਨਾ." (ਬਿਲਾ ਮਃ ੫)

**ਖੀਨੀ:** ਵਿ- ਕ੍ਸ਼ੀਣ (ਨਾਸ਼) ਹੋਈ। ੨. ਖਿੰਨ ਉਦਾਸ ਹੋਈ.

**ਖੀਰ:** ਸੰ. ਕ੍ਸ਼ੀਰ. ਜੋ ਕ੍ਸ਼ੀ (ਕਮਜ਼ੋਰੀ) ਨੂੰ ਹਟਾਵੇ, ਸੋ ਕ੍ਸ਼ੀਰ. ਦੁੱਧ. ਦੁਗਧ. "ਖੀਰ ਅਧਾਰ ਬਾਰਿਕੁ ਜਬ ਹੋਤਾ." (ਮਲਾ ਮਃ ੫) ੨. ਦੁੱਧ ਨਾਲ ਮਿਲਾਕੇ ਰਿਨ੍ਹੇਂ ਹੋਏ ਚਾਉਲ. ਤਸਮਈ. ਪਾਯਸ. ਸੰ. ਕ੍ਸ਼ੀਰੱਨ. "ਰਸ ਅੰਮ੍ਰਿਤ ਖੀਰ ਘਿਆਲੀ." (ਵਾਰ ਰਾਮ ੩) "ਖੀਰ ਸਮਾਨਿ ਸਾਗੁ ਮੈ ਪਾਇਆ." (ਮਾਰੂ ਕਬੀਰ) ੩. ਦੇਖੋ, ਖੀਰੁ.

**ਖੀਰਸਮੁੰਦ, ਖੀਰਸਮੁਦ੍ਰ:** ਪੁਰਾਣਾਂ ਅਨੁਸਾਰ ਦੁੱਧ ਦਾ ਸਮੁੰਦਰ, ਜਿਸ ਵਿੱਚ ਵਿਸ਼ਨੁ ਸੌਂਦੇ ਹਨ. ਕ੍ਸ਼ੀਰਸਮੁਦ੍ਰ. ਇਸੇ ਨੂੰ ਰਿੜਕਕੇ ਚੌਦਾਂ ਰਤਨਾਂ ਦਾ ਕੱਢਣਾ ਦੱਸਿਆ ਹੈ.

**ਖੀਰਾ:** ਦੁੱਧ. ਦੇਖੋ, ਖੀਰ. "ਮੁਖਿ ਨਾਮ ਤੁਮਾਰੋ ਖੀਰਾ." (ਟੋਡੀ ਮਃ ੫) ੨. ਉਹ ਪਸ਼ੂ, ਜਿਸ ਦੇ ਖੀਰ ( ਦੁੱਧ) ਦੰਦ ਹੋਣ। ੩. ਸੰ. ਕ੍ਸ਼ੀਰਕ. ਸੰਗ੍ਯਾ- ਕੱਕੜੀ ਦੀ ਕ਼ਿਸਮ ਦਾ ਇੱਕ ਫਲ, ਜੋ ਬਰਸਾਤ ਦੀ ਮੌਸਮ ਹੁੰਦਾ ਹੈ. L. Cucumis sativus । ੪. ਫ਼ਾ. خیره ਵਿ- ਬੇਸ਼ਰਮ. ਨਿਰਲੱਜ। ੫. ਬੇਅਦਬ. ਗੁਸਤਾਖ਼। ੬. ਦਿਲੇਰ। ੭. ਹੈਰਾਨ ਹੋਇਆ. ਚਕਿਤ। ੮. ਸੰਗ੍ਯਾ- ਅੱਖਾਂ ਅੱਗੇ ਹੋਇਆ ਧੁੰਧਲਾਪਨ. ਅੱਖਾਂ ਦੇ ਚੁੰਧਿਆਉਂਣ ਦਾ ਭਾਵ.

**ਖੀਰੁ:** ਸਿੰਧੀ. ਦੁੱਧ. ਦੇਖੋ, ਖੀਰ. "ਖੀਰੁ ਪੀਐ ਖੇਲਾਈਐ." (ਸ੍ਰੀ ਮਃ ੧. ਪਹਿਰੇ) ੨. ਕ੍ਸ਼ੀਰਸਮੁੰਦਰ. "ਰਤਨੁ ਉਪਾਇ ਧਰੇ ਖੀਰੁ ਮਥਿਆ." (ਆਸਾ ਮਃ ੧)

**ਖੀਲੈ:** ਖੇਲਦਾ ਹੈ. ਕ੍ਰੀੜਾ ਕਰਦਾ ਹੈ. ਖੇਲੈ. "ਖੀਲੈ ਬਿਗਸੈ ਤੇਤੋ ਸੋਗ." (ਬਸੰ ਅਃ ਮਃ ੧)

**ਖੀਵ:** ਸੰ. ਕ੍ਸ਼ੀਵ ਵਿ- ਮਸ੍ਤ. ਮਖਮੂਰ. ਮਦਮੱਤ.

**ਖੀਵਨ, ਖੀਵਨਾ, ਖੀਵਨਿ:** ਕ੍ਰਿ- ਕ੍ਸ਼ੀਵਨ (ਨਸ਼ਈ) ਹੋਣਾ. ਅਮਲ ਨਾਲ ਮਸ੍ਤ ਹੋਣਾ. ਦੇਖੋ, ਖੀਵ. "ਰਾਮ ਨਾਮ ਰਸ ਖੀਵਨਿ." (ਸਾਰ ਮਃ ੫)

**ਖੀਵਾ:** ਸੰ. ਕ੍ਸ਼ੀਵ. ਨਸ਼ੇ ਵਿੱਚ ਮਸ੍ਤ ਹੋਇਆ. ਦੇਖੋ, ਖੀਵ. "ਖੀਵਾ ਅੰਮ੍ਰਿਤੁਧਾਰੈ." (ਆਸਾ ਮਃ ੧) "ਤਾ ਮਨੁ ਖੀਵਾ ਜਾਣੀਐ." (ਸ੍ਰੀ ਮਃ ੧) ੨. ਦੇਖੋ, ਖੀਵਾ ਕਲਾਂ.

**ਖੀਵਾ ਕਲਾਂ:** ਪਟਿਆਲਾ ਰਾਜ ਦੀ ਬਰਨਾਲਾ ਨਜਾਮਤ, ਥਾਣਾ ਮਾਨਸਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮਾਨਸਾ ਤੋਂ ਸੱਤ ਮੀਲ ਵਾਯਵੀ ਕੋਣ ਹੈ. ਇਸ ਥਾਂ ਨੌਮੇ ਸਤਿਗੁਰੂ ਵਿਰਾਜੇ ਹਨ. ਰਿਆਸਤ ਵੱਲੋਂ ਗੁਰਦ੍ਵਾਰੇ ਨੂੰ ੧੫੦ ਘੁਮਾਉਂ ਜ਼ਮੀਨ ਮੁਆਫ ਹੈ. ਪੁਜਾਰੀ ਸਿੰਘ ਹੈ.

ਖੀਵੀ: ਖੀਵਾ ਦਾ ਇਸ੍ਤ੍ਰੀ ਲਿੰਗ। ੨. ਦੇਖੋ, ਖੀਵੀ ਮਾਤਾ.

ਖੀਵੀਸਹੁ, ਖੀਵੀਪਤਿ: ਸ੍ਰੀ ਗੁਰੂ ਅੰਗਦ ਦੇਵ. ਦੇਖੋ, ਖੀਵੀ ਮਾਤਾ.

ਖੀਵੀ ਮਾਤਾ: ਲਹਿਣਾ (ਗੁਰੂ ਅੰਗਦਦੇਵ) ਜੀ ਦੀ ਮਹਿਲਾ, ਜੋ ਖਡੂਰ ਨਿਵਾਸੀ ਦੇਵੀਚੰਦ ਖਤ੍ਰੀ ਦੀ ਸੁਪੁਤ੍ਰੀ ਸੀ. ਇਸ ਦਾ ਵਿਆਹ ਲਹਿਣਾ ਜੀ ਨਾਲ ਸੰਮਤ ੧੫੭੬ ਵਿੱਚ ਹੋਇਆ ਸੀ. ਮਾਤਾ ਖੀਵੀ ਦਾ ਦੇਹਾਂਤ ਸੰਮਤ ੧੬੩੯ ਵਿੱਚ ਹੋਇਆ. ਦੇਹਰਾ ਖਡੂਰ ਵਿਦ੍ਯਮਾਨ ਹੈ. "ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ." (ਵਾਰ ਰਾਮ ੩)

ਖੁਆਉਣਾ: ਕ੍ਰਿ- ਗੁੰਮ ਕਰਾਉਣਾ। ੨. ਗੁੰਮਰਾਹ ਕਰਾਉਣਾ. ਭੁਲਾਉਣਾ. "ਜਿਸਹਿ ਖੁਆਈ ਤਿਸੁ ਕਉਣੁ ਕਹੈ?" (ਵਾਰ ਰਾਮ ੧. ਮਃ ੧) "ਦੂਜੈਭਾਇ ਖੁਆਇ." (ਸ੍ਰੀ ਮਃ ੩) "ਦੂਜੈਭਾਇ ਖੁਆਈ ਰਾਮ." (ਵਡ ਛੰਤ ਮਃ ੩) "ਜਿਸ ਨੋ ਆਪਿ ਖੁਆਏ ਕਰਤਾ." (ਆਸਾ ਅਃ ਮਃ ੧) ੩. ਵੇਲਾ ਖੁੰਝਾਉਣਾ. ਘੁਸਾਉਣਾ.

ਖੁਆਇਅਨੁ: ਉਸ ਨੇ ਭੁਲਾਏ. "ਇਕਿ ਦੂਜੈ ਭਾਇ ਖੁਆਇਅਨੁ." (ਵਾਰ ਸੂਹੀ ਮਃ ੩)

ਖੁਆਈਅਹਿ: ਗੁੰਮਰਾਹ ਕਰਾਈਦਾ ਹੈ। ੨. ਮਹਰੂਮ ਕਰਾਈਦਾ ਹੈ। ੩. ਖੁੰਝਾਈਦਾ ਹੈ. ਘੁਸਾਈਦਾ ਹੈ. "ਇਕਨਾ ਵਖਤ ਖੁਆਈਐ." (ਆਸਾ ਅਃ ਮਃ ੧) ਨਮਾਜ਼ ਦਾ ਵੇਲਾ ਘੁਸਾਈਦਾ ਹੈ.

ਖੁਆਜਾ: ਦੇਖੋ, ਖ਼੍ਵਾਜਹ.

ਖੁਆਬ: ਦੇਖੋ, ਖ਼੍ਵਾਬ.

ਖੁਆਬੀ: ਵਿ- ਖ਼੍ਵਾਬੀ. ਉੱਨਿਦ੍ਰਿਤ. ਉਨੀਂਦਾ.

ਖੁਆਰ: ਫ਼ਾ. خوار ਖ਼੍ਵਾਰ. ਵਿ- ਬੇਕ਼ਦਰ. "ਮਰਿ ਖੁਆਰ ਸਾਕਤਨਰ ਥੀਵੇ." (ਬਿਲਾ ਮਃ ੫) ੨. ਬਿਨਾ ਇਤਿਬਾਰ. ਭਰੋਸੇ ਰਹਿਤ। ੩. ਖਾਣ ਵਾਲਾ. ਐਸੀ ਦਸ਼ਾ ਵਿੱਚ ਇਹ ਸ਼ਬਦ ਦੇ ਅੰਤ ਆਉਂਦਾ ਹੈ. ਜਿਵੇਂ- ਗ਼ਮਖ਼੍ਵਾਰ.

ਖੁਆਰੀ: ਫ਼ਾ. خواری ਸੰਗ੍ਯਾ- ਖ਼੍ਵਾਰੀ. ਬੇਇੱਜ਼ਤੀ. "ਹਰਿ ਬਿਸਰਤ ਸਦਾ ਖੁਆਰੀ." (ਟੋਡੀ ਮਃ ੫) ੨. ਕਮਜ਼ੋਰੀ.

ਖੁਆਰੈ: ਖਵਾਉਂਦਾ ਹੈ. "ਕੋਊ ਪਾਨ ਖੁਆਰੈ." (ਰਾਮਾਵ)

ਖੁਇ: ਸੰਗ੍ਯਾ- ਖ਼ਤ਼ਾ. ਭੁੱਲ. ਚੁਕ. "ਰੋਵੈ ਜਨਮੇਜਾ ਖੁਇ ਗਇਆ." (ਵਾਰ ਰਾਮ ੧. ਮਃ ੧) ੨. ਕ੍ਰਿ. ਵਿ- ਭੁੱਲਕੇ. "ਅੰਨਾ ਬੋਲਾ ਖੁਇ ਉਝੜਿ ਪਾਇ." (ਗਉ ਵਾਰ ੧. ਮਃ ੪)

ਖੁਇਦ: ਦੇਖੋ, ਖਵੀਦ.

ਖੁਈ: ਭੁੱਲੀ. ਗੁਮਰਾਹ ਹੋਈ. "ਦੂਜੈਭਾਇ ਖੁਈ." (ਤੁਖਾ ਬਾਰਹਮਾਹਾ)

ਖੁਸ: ਸੰਗ੍ਯਾ- ਖੋਹਣ (ਖਸੋਟਨ) ਦੀ ਕ੍ਰਿਯਾ. "ਖੁਸਿ ਖੁਸਿ ਲੈਂਦਾ ਵਸਤੁ ਪਰਾਈ." (ਮਾਰੂ ਅਃ ਮਃ ੫. ਅੰਜੁਲੀ) ੨. ਫ਼ਾ. خوش ਖ਼ੁਸ਼. ਵਿ- ਪ੍ਰਸੰਨ. ਆਨੰਦ। ੩. ਪਸੰਦ। ੪. ਅੱਛਾ. ਹੱਛਾ.

ਖ਼ੁਸ਼ਸਿਯਰ: ਫ਼ਾ. خوش‌سیر ਵਿ- ਚੰਗੀ ਆਦਤ ਵਾਲਾ. ਉੱਤਮ ਪ੍ਰਕ੍ਰਿਤਿ ਵਾਲਾ.

ਖ਼ੁਸ਼ਹਾਲ, ਖ਼ੁਸ਼ਹ਼ਾਲ: ਫ਼ਾ. خوشحال ਵਿ- ਅੱਛੇ ਹਾਲ ਵਾਲਾ. ਉੱਤਮ ਦਸ਼ਾ ਵਾਲਾ। ੨. ਪ੍ਰਸੰਨ. ਆਨੰਦ. "ਬੈਠਕ ਮੇਂ ਬੈਠਜੋ ਖੁਸਹਾਲ." (ਗੁਪ੍ਰਸੂ)

ਖ਼ੁਸ਼ਹਾਲੀ, ਖ਼ੁਸ਼ਹ਼ਾਲੀ: ਫ਼ਾ. خوشحالی ਸੰਗ੍ਯਾ- ਉੱਤਮ. ਦਸ਼ਾ. ਚੰਗੀ ਹ਼ਾਲਤ.

ਖ਼ੁਸ਼ਕ: ਫ਼ਾ. خشک ਵਿ- ਸ਼ੁਸ਼੍ਕ. ਸੁੱਕਾ. ਤਰਾਵਤ. ਬਿਨਾ। ੨. ਰੁੱਖਾ.

ਖ਼ੁਸ਼ਖ਼ਬਰੀ: ਫ਼ਾ. خوش خبری ਸੰਗਯਾ- ਸ਼ੁਭ ਸਮਾਚਾਰ. ਆਨੰਦ ਦੇਣ ਵਾਲੀ ਖ਼ਬਰ. "ਹਲੇ ਯਾਰਾ, ਹਾਲੇ ਯਾਰਾ ਖੁਸਖਬਰੀ?" (ਤਿਲੰ ਨਾਮਦੇਵ)

ਖ਼ੁਸ਼ਖ਼ੂ: ਫ਼ਾ. خوشخو ਵਿ- ਭਲੇ ਸੁਭਾਉਵਾਲਾ.

ਖ਼ੁਸ਼ਜ਼ੁਬਾਂ: ਫ਼ਾ. خوش زُواں ਵਿ- ਮਿੱਠੀ ਜ਼ਬਾਨ ਵਾਲਾ. ਖ਼ੁਸ਼ਕਲਾਮ.

ਖ਼ੁਸ਼ਤਰਕ: ਫ਼ਾ. خوشترک ਵਿ- ਬਹੁਤ ਅੱਛਾ. ਅਤਿ ਉੱਤਮ। ੨. ਬਹੁਤ ਖ਼ੁਸ਼.

ਖ਼ੁਸ਼ਨੂਦ: ਫ਼ਾ. خوشنُود ਵਿ- ਖੁਸ਼. ਪ੍ਰਸੰਨ.

ਖ਼ੁਸ਼ਨੂਦੀ: ਫ਼ਾ. خوشنُودی ਸੰਗਯਾ- ਪ੍ਰਸੰਨਤਾ.

ਖੁਸਬੂ, ਖੁਸਬੋ, ਖੁਸਬੋਇ: ਫ਼ਾ. خوشبُو ਖ਼ੁਸ਼ਬੂ. ਸੰਗਯਾ- ਸੁਗੰਧ. ਸੁਵਾਸ.

ਖ਼ੁਸਰ: ਫ਼ਾ. خسر ਸੰ. ਸ਼੍ਵਸ਼ੁਰ. ਸਹੁਰਾ. ਸਸੁਰ. ਧਰਮ ਪਿਤਾ.

ਖੁਸਰਾ: ਫ਼ਾ. خواجہ سرا ਖ਼੍ਵਾਜਹਸਰਾ. ਜ਼ਨਾਨਖ਼ਾਨੇ ਦਾ ਦਾਰੋਗਾ. ਪੁਰਾਣੇ ਸਮੇਂ ਮੁਸਲਮਾਨਾਂ ਦੇ ਰਾਜ ਵਿੱਚ ਕੁਦਰਤੀ ਨਪੁੰਸਕ, ਅਥਵਾ ਅੰਡਕੋਸ਼ (ਫ਼ੋਤੇ) ਦੂਰ ਕਰਕੇ ਬਣਾਉਟੀ ਨਪੁੰਸਕ ਹਰਮ (ਅੰਤਹਪੁਰ) ਦੇ ਦਾਰੋਗੇ ਥਾਪੇ ਜਾਂਦੇ ਸਨ. ਇਸ ਲਈ ਖੁਸਰਾ ਸ਼ਬਦ ਨਪੁੰਸਕ ਬੋਧਕ ਹੋ ਗਿਆ ਹੈ. "ਬਿੰਦੁ ਰਾਖਿ ਜਉ ਤਰੀਐ ਭਾਈ! ਖੁਸਰੈ ਕਿਉ ਨ ਪਰਮਗਤਿ ਪਾਈ?" (ਗਉ ਕਬੀਰ)

ਖ਼ੁਸਰੋ: خسرو ਬਾਦਸ਼ਾਹ. ਮਹਾਰਾਜਾ. ਵਿਦ੍ਵਾਨਾਂ ਨੇ ਇਸ ਦਾ ਮੂਲ ਖ਼ੁਸ਼ਰੁ ਮੰਨਿਆ ਹੈ। ਖ਼ੁਸਰੋ ਸੁਲਤ਼ਾਨ. ਰਾਜਾ ਭਗਵਾਨਦਾਸ ਦੀ ਪੁਤ੍ਰੀ (ਸ਼ਾਹ ਬੇਗਮ) ਦੇ ਉਦਰ ਤੋਂ ਬਾਦਸ਼ਾਹ ਜਹਾਂਗੀਰ ਦਾ ਵਡਾ ਪੁਤ੍ਰ, ਜੋ ਸਨ ੧੫੮੭ ਵਿੱਚ ਲਹੌਰ ਪੈਦਾ ਹੋਇਆ. ਇਹ ਪਿਤਾ ਤੋਂ ਬਾਗੀ ਹੋ ਕੇ ਲਹੌਰ ਤੇ ਕ਼ਬਜ਼ਾ ਕਰਨ ਆਇਆ ਸੀ, ਪਰ ਸੂਬੇ ਨੇ ਅੰਦਰ ਵੜਨ ਵੀ ਨਾ ਦਿੱਤਾ. ਖੁਸਰੋ ਚਨਾਬ ਤੇ ਫੜਿਆ ਗਿਆ. ਜਹਾਂਗੀਰ ਨੇ ਇਸ ਦੇ ਸਾਥੀਆਂ ਨੂੰ ਪ੍ਰਾਣਦੰਡ ਦਿੱਤਾ ਅਤੇ ਖੁਸਰੋ ਦੀਆਂ ਅੱਖਾਂ ਸਿਲਵਾ ਦਿੱਤੀਆਂ. ਇਹ ਚਿਰ ਤੀਕ ਕੈਦ ਰਹਿਕੇ ਸਨ ੧੬੨੨ ਵਿੱਚ ਮੋਇਆ. ਚੰਦੂ ਨੇ ਚੁਗਲੀ ਕਰਕੇ ਕਿ ਗੁਰੂ ਅਰਜਨ ਸਾਹਿਬ ਨੇ ਖ਼ੁਸਰੋ ਦੀ ਸਹਾਇਤਾ ਕੀਤੀ ਹੈ, ਜਹਾਂਗੀਰ ਨੂੰ ਨਾਰਾਜ਼ ਕਰਵਾ ਦਿੱਤਾ ਸੀ.

ਖ਼ੁਸ਼ ਲਕਾ, ਖ਼ੁਸ਼ ਲਕ਼ਾ: ਫ਼ਾ. خوش لقا ਵਿ- ਸੁੰਦਰ ਸ਼ਕਲ ਵਾਲਾ.

ਖ਼ੁਸ਼ਾ: ਫ਼ਾ. خوشا ਵ੍ਯ- ਅੱਛਾ ਹੈ. ਮੁਬਾਰਿਕ ਹੈ. ਖ਼ੂਬ ਹੈ.

ਖ਼ੁਸ਼ਾਇ: ਫ਼ਾ. خوش آئے ਜੀ ਆਇਆਂ ਨੂੰ. ਸ੍ਵਾਗਤ. Welcome । ੨. ਦੇਖੋ, ਕੁਸ਼ਾਇ.

ਖ਼ੁਸ਼ਾਮਦ: ਫ਼ਾ. خوشامد ਸੰਗਯਾ- ਖ਼ੁਸ਼ ਕਰਨ ਲਈ ਝੂਠੀ ਵਡਿਆਈ। ੨. ਖ਼ੁਸ਼ ਕਰਨ ਦੀ ਕ੍ਰਿਯਾ.

ਖੁਸਾਲ: ਫ਼ਾ. خوشحال ਖ਼ੁਸ਼ਹ਼ਾਲ. ਵਿ- ਚੰਗੀ ਹਾਲਤ ਵਾਲਾ. ਪ੍ਰਸੰਨ. ਆਨੰਦ. "ਮਾਦਰ ਖੁਸਾਲ ਖਾਤਰ." (ਰਾਮਾਵ)

ਖ਼ੁਸ਼ਾਲਸਿੰਘ: ਇਕਰੀ ਪਿੰਡ (ਪਰਗਨਾ ਮੇਰਟ) ਦਾ ਵਸਨੀਕ ਗੌੜ ਬ੍ਰਾਹਮਣ, ਜੋ ਹਰਿਗੋਬਿੰਦ ਦਾ ਪੁਤ੍ਰ ਸੀ. ਇਹ ਸੰਮਤ ੧੮੬੪ ਵਿੱਚ ਸਿੰਘਸਾਹਿਬ (ਮਹਾਰਾਜਾ ਰਣਜੀਤ ਸਿੰਘ) ਦੀ ਫੌਜ ਵਿੱਚ ਧੌਂਕਲ ਸਿੰਘ ਦੀ ਪਲਟਨ ਵਿੱਚ ਸਿਪਾਹੀ ਭਰਤੀ ਹੋਇਆ. ਇਸ ਦੇ ਸੁੰਦਰ ਡੀਲ ਨੂੰ ਦੇਖਕੇ ਇੱਕ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਆਖਿਆ ਕਿ ਕੇਹਾ ਚੰਗਾ ਹੁੰਦਾ, ਜੇ ਏਹ ਜਵਾਨ ਸਿੰਘ ਹੁੰਦਾ. ਖੁਸ਼ਾਲਾ ਝਟ ਖ਼ੁਸ਼ਾਲ ਸਿੰਘ ਬਣ ਗਿਆ. ਇਸ ਨੇ ਆਪਣੇ ਬੇਟੇ ਰਾਮਲਾਲ ਅਤੇ ਭਤੀਜੇ ਤੇਜੂ ਨੂੰ ਭੀ ਰਾਮ ਸਿੰਘ ਅਤੇ ਤੇਜ ਸਿੰਘ ਬਣਾ ਦਿੱਤਾ ਸੀ. ਇਸ ਤਰਾਂ ਮਹਾਰਾਜਾ ਦੀ ਕ੍ਰਿਪਾ ਦਾ ਪਾਤ੍ਰ ਹੋ ਕੇ ਏਹ ਹੌਲੀ ਹੌਲੀ ਮਹਾਰਾਜਾ ਦੀ ਡਿਹੁਡੀ ਦਾ ਜਮਾਦਾਰ ਹੋ ਗਿਆ. ਖੁਸ਼ਾਲ ਸਿੰਘ ਦਾ ਦੇਹਾਂਤ ਸਨ ੧੮੪੪ ਵਿੱਚ ਹੋਇਆ ਹੈ. ਇਸ ਦੀ ਵੰਸ਼ ਦੀ ਰਾਜਧਾਨੀ ਸ਼ੇਖੂਪੁਰਾ ਹੈ, ਜਿਸ ਨਾਲ ੧੮੦ ਪਿੰਡ ਕਈ ਜਿਲਿਆਂ (ਸ਼ੇਖ਼ੂਪੁਰਾ, ਸਿਆਲਕੋਟ, ਲਹੌਰ ਅਤੇ ਅੰਮ੍ਰਿਤਸਰ) ਵਿੱਚ ਹਨ.

ਆਮਦਨ ੧੨੦੦੦੦ ਹੈ.

ਖੁਸਾਲੀ: ਫ਼ਾ. خوش حالی ਖ਼ੁਸ਼ਹ਼ਾਲੀ. ਸੰਗਜਾ- ਸੁਦਸ਼ਾ. ਅੱਛੀ ਹਾਲਤ। ੨. ਪ੍ਰਸੰਨਤਾ.

ਖੁਸਿ: ਖੋਹਕੇ. ਖਸੋਟਕੇ. ਦੇਖੋ, ਖੁਸ ੧.

ਖੁਸ਼ੀ: ਫ਼ਾ. خوشی ਸੰਗਜਾ- ਪ੍ਰਸੰਨਤਾ. "ਖੁਸੀ ਖੁਆਰ ਭਏ ਰਸ ਭੋਗਣ." (ਮਾਰੂ ਅਃ ਮਃ ੧) ੨. ਵਿ- ਪਸੰਦ. "ਰਹਿਤ ਕੋ ਖੁਸੀ ਨ ਆਯਉ." (ਸਵੈਯੇ ਮਃ ੩. ਕੇ) "ਜੋ ਸਿਖਾਨੋ ਲੋਚੈ ਸੋ ਗੁਰ ਖੁਸੀ ਆਵੈ." (ਵਾਰ ਗਉ ੧. ਮਃ ੪)

ਖੁੱਸਣਾ: ਕ੍ਰਿ- ਉਲਝਣਾ। ੨. ਬਿਖਰਨਾ। ੩. ਠਗਾ ਹੋਣਾ.

ਖੁਹਦੀ: ਵਰਤਣ ਪਿੱਛੋਂ ਬਚੀ ਹੋਈ. ਸ਼ੇਸ਼. ਦੇਖੋ, ਰਹਦੀਖੁਹਦੀ.

ਖੁਖਰਾਣ: ਦੇਖੋ, ਖਤ੍ਰੀ ਅਤੇ ਖੋਖਰਾਇਣ.

ਖੁਗੀਰ: ਦੇਖੋ, ਖੁਰਗੀਰ.

ਖੁਜਤ: ਖੋਜਤ. ਖੋਜਦਾ। ੨. ਫ਼ਾ. خجت ਖੁਜਤ, ਅਥਵਾ ਖ਼ਜਤ.[437] ਸੰਗਜਾ- ਕਾਮਚੇਸ਼੍ਟਾ. "ਖੁਜਤ ਤੁਰਕ ਨਾ ਕੀਜਿਯੇ." (ਗੁਪ੍ਰਸੁ) ਭਾਵ- ਵੇਸ਼ਜਾ ਆਦਿ ਨਾਲ ਕਾਮਭੋਗ ਨਾ ਕਰੀਏ.

ਖੁਜਲੀ: ਦੇਖੋ, ਖਾਜ ੨.

ਖੁਜੀਆ: ਵਿ- ਖੋਜਣ ਵਾਲਾ. ਖੋਜੀ. "ਖੋਜ ਥਕੇ ਸਭ ਹੀ ਖੁਜੀਆ." (ਅਕਾਲ)

ਖੁਝ: ਸੰ. तृणध्वज ਤ੍ਰਿਣਧ੍ਵਜ. ਸੰਗਜਾ- ਬਾਂਸ. ਵੰਸ਼. "ਚੰਦਨ ਵਾਸ ਨਿਵਾਸ ਨ ਖੁਝੈ." (ਭਾਗੁ) ਬਾਂਸ ਵਿੱਚ ਸੁਗੰਧ ਨਹੀਂ ਵਸਦੀ.

ਖੁੰਝਣਾ: ਕ੍ਰਿ- ਭੁੱਲਣਾ. ਖ਼ਤ਼ਾ ਕਰਨੀ. "ਵਾਦ ਕਰੇਂਦੜ ਖੁੰਝੈ." (ਭਾਗੁ)

ਖੁਟਹਰ: ਵਿ- ਖੋਟਹਾਰ. ਖੋਟ ਵਾਲਾ. ਖੋਟਾ. "ਮਨ ਖੁਟਹਰ, ਤੇਰਾ ਨਹਿ ਬਿਸਾਸੁ." (ਬਿਲਾ ਮਃ ੫)

ਖੁਟਾਈ, ਖੁਟਿਆਈ: ਸੰਗਜਾ- ਖੋਟਾਪਨ. ਦੋਸ਼. ਬੁਰਿਆਈ. "ਪ੍ਰਿਥੀਏ ਕੀ ਇਮ ਸੁਨੀ ਖੁਟਾਈ." (ਗੁਪ੍ਰਸੁ)

ਖੁਟੇਰਾ: ਵਿ- ਖੋਟ ਵਾਲਾ. ਖੋਟਾ.

ਖੁਡ: ਸੰਗਜਾ- ਖੱਡ. ਬਿਲ. "ਖੋਦੀ ਖੁਡ ਨਹਿ ਕੈਸੇ ਲਹਜੋ." (ਗੁਪ੍ਰਸੁ)

ਖੁੰਡ: ਦੇਖੋ, ਖੁੰਢ.

ਖੁਡਾਲ ਅਕਬਰਵਾਲੀ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ, ਥਾਣਾ ਬੋਹਾ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਦੱਖਣ ਵੱਲ ਇੱਕ ਫਰਲਾਂਗ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ.

ਸਤਿਗੁਰੂ ਸਰਸੇ ਠਹਿਰੇ ਹੋਏ ਸਨ ਕਿ ਇੱਥੋਂ ਦੇ ਹਾਕਿਮ ਨਬੀਬਖ਼ਸ਼ ਦੀ ਲੜਕੀ ਨੇ ਇੱਕ ਸੁਨਿਆਰੇ ਸਿੱਖ ਨੂੰ, ਜਿਸ ਦਾ ਨਾਮ ਗੁਲਾਬ ਸਿੰਘ ਸੀ, ਭੋਰੇ ਵਿੱਚ ਬੰਦ ਕਰ ਰੱਖਿਆ ਸੀ. ਉਹ ਲੜਕੀ ਭਾਈ ਗੁਲਾਬ ਸਿੰਘ ਪੁਰ ਮੋਹਿਤ ਹੋਕੇ ਕੁਕਰਮ ਕਰਨ ਲਈ ਆਖਦੀ ਸੀ, ਪਰ ਉਹ ਸਿੱਖ ਗੁਰਸਿੱਖੀ ਨੂੰ ਕਲੰਕਿਤ ਨਹੀਂ ਕਰਨਾ ਚਾਹੁੰਦਾ ਸੀ.

ਅੰਤਰਜਾਮੀ ਸਤਿਗੁਰੂ ਨੇ ਸਰਸੇ ਤੋਂ ਪੰਜਾਂ ਸਿੰਘਾਂ ਸਮੇਤ ਇੱਥੇ ਆਕੇ ਉਸ ਸਿੱਖ ਨੂੰ ਭੋਰੇ ਵਿੱਚੋਂ ਕੱਢਿਆ ਅਤੇ ਨਬੀਬਖ਼ਸ਼ ਨੂੰ

---

[437] क्षय-यत ਯਤਭੰਗ.

ਧਰਮ ਦਾ ਉਪਦੇਸ਼ ਕੀਤਾ. ਪਿੰਡ ਵਿੱਚ ਅਜੇ ਉਹ ਭੋਰਾ ਮੌਜੂਦ ਹੈ.

ਸਾਧਾਰਣ ਜੇਹਾ ਮੰਜੀ ਸਾਹਿਬ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਹਨ. ਪਟਿਆਲੇ ਵੱਲੋਂ ੫੦ ਘੁਮਾਉ ਜ਼ਮੀਨ ਹੈ.

ਰੇਲਵੇ ਸਟੇਸ਼ਨ ਬਰੇਟਾ ਤੋਂ ਪੂਰਵ ਦੋ ਮੀਲ ਕੱਚਾ ਰਸਤਾ ਹੈ.

ਖੁੱਡ: ਬਿਲ. ਖੱਡ. ਦੇਖੋ, ਖੁਡ.

ਖੁੰਢ: ਸੰ. ਮੁਣ੍ਡਕ ਮੁੰਡਕ. ਸੰਗਯਾ- ਠੂਠ. "ਸੁਸਕ ਖੁੰਢ ਸੋਂ ਲਗਕਰ ਠਾਢੋ." (ਗੁਪ੍ਰਸੂ) ੨. ਦਰਖ਼ਤ ਦਾ ਪੋਰਾ. ਧੜ ਦੀ ਮੋਟੀ ਲੱਕੜ। ੩. ਭਾਵ- ਬੇਲਣ, ਜਿਸ ਨਾਲ ਗੰਨੇ ਆਦਿਕ ਦਾ ਰਸ ਕੱਢੀਦਾ ਹੈ. "ਖੁੰਢਾਂ ਅੰਦਰਿ ਰਖਿਕੈ ਦੇਨਿ ਸੁ ਮਲ ਸਜਾਇ." (ਵਾਰ ਮਾਝ ਮਃ ੧)

ਖੁੰਢਾ: ਸੰ. ਕੁਣ੍ਠ ਕੁੰਠ. ਵਿ- ਮੁੜੀ ਹੋਈ ਧਾਰ ਵਾਲਾ ਕੁੰਦ.

ਖੁਣਸ: ਸੰਗਯਾ- ਮਨ ਦੀ ਖਿੰਨਤਾ. ਰਿਸ. ਕ੍ਰੋਧ. "ਖਾਧੀ ਖੁਣਸ ਜੋਗੀਸਰਾਂ." (ਭਾਗੁ) "ਵੇਖ ਚਲਿਤ੍ਰ ਜੋਗੀ ਖੁਣਸਾਈ." (ਭਾਗੁ)

ਖੁਣਸਣਾ: ਕ੍ਰਿ- ਖਿੰਨਮਨਾ ਹੋਣਾ. ਖਿਝਣਾ. ਕ੍ਰੋਧ ਕਰਨਾ. ਦੇਖੋ, ਖੁਣਸ.

ਖੁਣਨਾ: ਸੰ. ਖਨਨ. ਸੰਗਯਾ- ਖੋਦਣਾ. ਪੁੱਟਣਾ। ੨. ਸੂਈ ਨਾਲ ਤੁਚਾ (ਜਿਲਦ) ਖਣਕੇ ਨਾਉਂ ਆਦਿਕ ਉਕਰਨਾ. Tattoo.

ਖ਼ੁਤਨ: ਫ਼ਾ. ختن ਸੰਗਯਾ- ਚੀਨੀ ਤੁਰਕਿਸਤਾਨ ਦਾ ਇੱਕ ਇਲਾਕਾ, ਜਿੱਥੇ ਕਸਤੂਰੀਮ੍ਰਿਗ ਬਹੁਤ ਹੁੰਦੇ ਹਨ.

ਖ਼ੁਤਬਾ: ਅ਼. خطبہ ਖ਼ੁਤ਼ਬਹ. ਵਕਾਖ਼ਯਾਨ (ਵਖਿਆਨ). ਕਥਨ। ੨. ਸ਼ੁਕ੍ਰਵਾਰ (ਜੁਮੇ) ਦੀ ਨਮਾਜ਼ ਤੋਂ ਪਹਿਲਾਂ ਅਤੇ ਈ਼ਦ ਦੀ ਨਮਾਜ਼ ਤੋਂ ਪਿੱਛੇ ਜੋ ਇਮਾਮ ਉਪਦੇਸ਼ ਦਿੰਦਾ ਹੈ ਉਸ ਦੀ 'ਖ਼ੁਤ਼ਬਾ' ਸੰਗਯਾ ਹੈ. ਮਿਸ਼ਕਾਤ ਵਿੱਚ ਲਿਖਿਆ ਹੈ ਕਿ ਮੁਹ਼ੰਮਦ ਸਾਹਿਬ ਵਡੇ ਜੋਸ਼ ਨਾਲ ਖ਼ੁਤਬਾ ਕਿਹਾ ਕਰਦੇ ਸਨ. ਇਸਲਾਮ ਦੀ ਰੀਤਿ ਅਨੁਸਾਰ "ਖ਼ਤ਼ੀਬ" (ਉਪਦੇਸ਼ਕ) ਨੂੰ ਮਸਜਿਦ ਦੇ ਉੱਚੇ ਥੜੇ (ਮਿੰਬਰ) ਉੱਪਰ ਖੜੋਕੇ ਖ਼ੁਤਬਾ ਕਹਿਣਾ ਚਾਹੀਏ ਅਤੇ ਉਸ ਦੇ ਅੰਤ ਵਿੱਚ ਰਸੂਲ ਮੁਹ਼ੰਮਦ ਅਤੇ ਖ਼ਲੀਫ਼ਾ ਲਈ ਦੁਆ਼ ਮੰਗਣੀ ਚਾਹੀਏ. ਜਦ ਤੋਂ ਬਗ਼ਦਾਦ ਅਤੇ ਰੂਮ ਦੇ ਬਾਦਸ਼ਾਹ ਖ਼ਲੀਫ਼ਾ ਹੋਣ ਲੱਗੇ, ਤਦ ਤੋਂ ਇਹ ਰੀਤਿ ਚੱਲੀ ਕਿ ਹਰੇਕ ਬਾਦਸ਼ਾਹ ਆਪਣੇ ਨਾਉਂ ਦਾ ਖ਼ੁਤਬਾ ਪੜ੍ਹਾਉਣ ਲੱਗ ਪਿਆ, ਜੇਹਾ ਕਿ ਭਾਈ ਗੁਰਦਾਸ ਜੀ ਲਿਖਦੇ ਹਨ- "ਖੁਤਬਾ ਜਾਇ ਪੜਾਇੰਦਾ." (ਵਾਰ ੨੬)

ਖੁੱਥਾ: ਵਿ- ਖੁੱਸਿਆ ਹੋਇਆ। ੨. ਪੁੱਟਿਆ. ਨਿਰਮੂਲ ਕੀਤਾ. ਦੇਖੋ, ਸਿਰਖੁਥਾ.

ਖੁੱਥੀ: ਵਿ- ਖੁੱਸੀ ਹੋਈ. ਉਲਝੀ ਹੋਈ। ੨. ਸੰਗਯਾ- ਰੁਪੱਯਾਂ ਦੀ ਥੈਲੀ. ਬਾਸਨੀ। ੩. ਥਾਨਾਂ ਦੀ ਢੇਰੀ. ਵਸਤ੍ਰਾਂ ਦਾ ਅੰਬਾਰ. "ਜੇ ਖੁੱਥੀ ਬਿੰਡਾ ਬਹੈ, ਕਿਉਂ ਹੋਇ ਬਜਾਜ." (ਭਾਗੁ)

ਖ਼ੁਦ: ਫ਼ਾ. خود ਵਯ- ਆਪ. ਸ੍ਵਯੰ. "ਖੁਦ ਖਸਮ ਬਡਾ ਅਤੋਲ." (ਤਿਲੰ ਮਃ ੫)

ਖ਼ੁੰਦਕਾਰ: ਫ਼ਾ. خُنوکار ਖ਼ੁੰਦਕਾਰ. ਬਾਦਸ਼ਾਹ। ੨. ਸ੍ਵਾਮੀ. ਮਾਲਿਕ. "ਖਖੇ ਖੁੰਦਕਾਰ ਸਾਹ ਆਲਮ." (ਆਸਾ ਪਟੀ ਮਃ ੧) "ਮੈ ਅੰਧੁਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ." (ਤਿਲੰ ਨਾਮਦੇਵ) ੩. ਖ਼ੁਦਾਵੰਦਗਾਰ ਦਾ ਰੂਪਾਂਤਰ ਭੀ خُنوگار ਖ਼ੁੰਦਗਾਰ (ਖੁੰਦਗਾਰ) ਹੈ.

ਖੁੰਦਕਾਰਾ: ਸੰਬੋਧਨ. ਹੇ ਖੁੰਦਕਾਰ! ਹੇ ਖੁੰਦਗਾਰ!

ਖ਼ੁਦਕੁਸ਼ੀ: ਫ਼ਾ. خودکشی ਸੰਗਯਾ- ਆਤਮਘਾਤ. ਆਤਮਹਤਯਾ.

ਖ਼ੁਦਖਸਮ: ਆਪਣੇ ਆਪ (ਸ੍ਵਯੰ) ਜੋ ਮਾਲਿਕ ਹੈ. ਇਸ ਨੂੰ ਕਿਸੇ ਤੋਂ ਸ੍ਵਾਮਿਪਨ ਪ੍ਰਾਪਤ ਨਹੀਂ ਹੋਇਆ. "ਖੁਦਖਸਮ ਬਡਾ ਅਤੋਲ." (ਤਿਲੰ ਮਃ ੫)

ਖ਼ਦਖ਼ੁਦਾਇ: ਆਪਣੇ ਆਪ ਸ੍ਵਾਮੀ. ਸ੍ਵਯੰਭੂ ਕਰਤਾਰ. "ਖੁਦਖੁਦਾਇ ਬਡ ਬੇਸ਼ੁਮਾਰ." (ਰਾਮ ਮਃ ੫)

ਖ਼ੁਦਗਰਜ: ਫ਼ਾ. خودغرض ਖ਼ੁਦਗਰਜ. ਵਿ- ਆਪਣਾ ਮਤ਼ਲਬ ਸਿੱਧ ਕਰਨ ਵਾਲਾ. ਸ੍ਵਾਰਥੀ.

ਖ਼ੁਦਗਰਜੀ: ਫ਼ਾ. خودغرضی ਖ਼ੁਦਗਰਜੀ. ਸੰਗ੍ਯਾ- ਸ੍ਵਾਰਥਤਾ.

ਖ਼ੁੰਦਗਾਰ: ਫ਼ਾ. ਖ਼ੁਦਾਵੰਦਗਾਰ. ਦੇਖੋ, ਖ਼ੁੰਦਕਾਰ ਅਤੇ ਖ਼ੁਦਾਵੰਦਗਾਰ.

ਖ਼ੁਦਨੁਮਾ: ਫ਼ਾ. خودنُما ਵਿ- ਆਪਣਾ ਆਪ ਵਿਖਾਉਣ ਵਾਲਾ. ਭਾਵ- ਮਗ਼ਰੂਰ. ਅਹੰਕਾਰੀ. ਖ਼ੁਦਪਸੰਦ। ੨. ਆਪਣੀ ਵਡਿਆਈ ਕਰਨ ਵਾਲਾ.

ਖ਼ੁਦਨੁਮਾਈ: ਫ਼ਾ. خودنُمائی ਸੰਗ੍ਯਾ- ਆਪਣੇ ਆਪ ਨੂੰ ਦਿਖਾਉਣ ਦੀ ਕ੍ਰਿਯਾ. ਸ਼ੇਖ਼ੀ। ੨. ਖ਼ੁਦਪਸੰਦੀ.

ਖ਼ੁਦਪਸੰਦ: ਫ਼ਾ. خودپسند ਵਿ- ਆਪਣੀ ਹੀ ਗੱਲ ਪਸੰਦ ਕਰਨ ਵਾਲਾ.

ਖ਼ੁਦਪਰਸ੍ਤ: ਫ਼ਾ. خودپرست ਵਿ- ਖ਼ੁਦਪਸੰਦ. ਆਤਮ- ਅਭਿਮਾਨੀ.

ਖ਼ੁਦਬਖ਼ੁਦ: ਫ਼ਾ. خودبخود ਕ੍ਰਿ. ਵਿ- ਆਪਣੇ ਆਪ. ਕਿਸੇ ਦੀ ਸਹਾਇਤਾ ਬਿਨਾ.

ਖ਼ੁਦਮੁਖ਼ਤਾਰ: ਫ਼ਾ. خودمختار ਵਿ- ਸ੍ਵਤੰਤ੍ਰ. ਜਿਸ ਉੱਤੇ ਕਿਸੇ ਦਾ ਦਬਾਉ ਨਾ ਹੋਵੇ

ਖ਼ੁਦਰਵੀ: ਫ਼ਾ. خودروی ਆਪਣੀ ਮਰਜੀ ਅਨੁਸਾਰ ਚੱਲਣ ਦੀ ਕ੍ਰਿਯਾ.

ਖ਼ੁਦਾ, ਖ਼ੁਦਾਇ: ਫ਼ਾ. خدا ਸੰਗ੍ਯਾ- ਖ਼ੁਦ ਹੋਣ ਵਾਲਾ. ਸ੍ਵਯੰਭਵ, ਕਰਤਾਰ. "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ." (ਰਾਮ ਮਃ ੫)

ਖ਼ੁਦਾਇਆ: ਖ਼ੁਦਾ ਦਾ. "ਖੁਨਕ ਨਾਮ ਖੁਦਾਇਆ." (ਵਾਰ ਮਲਾ ਮਃ ੧) ੨. ਫ਼ਾ. خدایا ਹੇ ਕਰਤਾਰ! "ਸਚੁ ਖੁਦਾਇਆ." (ਮਾਰੂ ਸੋਲਹੇ ਮਃ ੫)

ਖ਼ੁਦਾਈ: ਫ਼ਾ. خدائی ਵਿ- ਖ਼ੁਦਾ ਸੰਬੰਧੀ. ਖ਼ੁਦਾ ਦਾ. "ਅਲਹ ਅਗਮ, ਖੁਦਾਈ ਬੰਦੇ." (ਮਾਰੂ ਸੋਲਹੇ ਮਃ ੫) "ਮੁਲਾ, ਕਹਹੁ ਨਿਆਉ ਖੁਦਾਈ." (ਪ੍ਰਭਾ ਕਬੀਰ) ੨. ਸੰਗ੍ਯਾ- ਮਾਲਿਕੀ. ਸਾਹਿਬੀ। ੩. ਕਰਤਾਰ ਦੀ ਚੇਤਨਸੱਤਾ. "ਵੇਖੈ ਸੁਣੈ ਤੇਰੈ ਨਾਲਿ ਖੁਦਾਈ." (ਮਾਰੂ ਮਃ ੫. ਅੰਜੁਲੀ) ੪. ਖ਼ੁਦਾ ਦਾ ਉਪਾਸਕ, ਮੁਸਲਮਾਨ. "ਤਿਂਹ ਗ੍ਰਿਹ ਰੋਜ ਖੁਦਾਈ ਆਵੈਂ." (ਚਰਿਤ੍ਰ ੯੯) ੫. ਖ਼ੁਦਵਾਈ ਦਾ ਸੰਖੇਪ. ਪਟਵਾਈ. "ਗਹਰੀ ਕਰਕੈ ਨੀਵ ਖੁਦਾਈ." (ਧਨਾ ਨਾਮਦੇਵ) ੬. ਪੁੱਟਣ ਦੀ ਮਜ਼ਦੂਰੀ.

ਖ਼ੁਦਾ ਸਿੰਘ: ਪਿੰਡ ਸ਼ਜ਼ਾਮਗੜ੍ਹ (ਜਿਲਾ ਕਰਨਾਲ) ਦੇ ਵਸਨੀਕ ਭਾਈ ਨੱਥਾ ਸਿੰਘ ਦੇ ਘਰ ਮਾਤਾ ਸੁਖਦੇਈ ਦੇ ਉਦਰ ਤੋਂ ਭਾਦੋਂ ਸੰਮਤ ੧੮੪੩ ਵਿੱਚ ਇੱਕ ਬਾਲਕ ਜਨਮਿਆ, ਜਿਸ ਦਾ ਨਾਉਂ ਅਮ੍ਰਿਤਸੰਸਕਾਰ ਵੇਲੇ ਜਸਵੰਤ ਸਿੰਘ ਰੱਖਿਆ ਗਿਆ. ਇਹ ਵਡੇ ਡੀਲ ਵਾਲਾ, ਸੁੰਦਰ ਸੁਸ਼ੀਲ ਅਤੇ ਚਤੁਰ ਸੀ. ਇਸ ਦੀ ਸ਼ਾਦੀ ਚੰਦਕੌਰ ਨਾਲ ਹੋਈ.

ਆਸ ਪਾਸ ਦੇ ਸਿਰਕਰਦਿਆਂ ਦੀ ਸਲਾਹ ਨਾਲ ਜਸਵੰਤ ਸਿੰਘ ਕੁਰੜੀ[438] ਦਾ ਥਾਨੇਦਾਰ ਥਾਪਿਆ ਗਿਆ. ਇਸ ਨੇ ਆਪਣੀ ਅਹੁਦੇਦਾਰੀ ਦੇ ਸਮੇਂ ਡਾਕੂ ਚੋਰਾਂ ਨੂੰ ਅਜੇਹਾ ਦਬਾਇਆ ਕਿ ਸਾਰੇ ਸ਼ਾਂਤਿ ਵਰਤ ਗਈ.

ਕੁਰੀ ਨਿਵਾਸੀ ਬਾਬਾ ਭਾਗ ਸਿੰਘ ਜੀ, ਨੌਰੰਗਾਬਾਦ ਵਾਲੇ ਬਾਬਾ ਬੀਰ ਸਿੰਘ ਜੀ ਅਤੇ ਊਨੇ ਵਾਲੇ ਬਾਬਾ ਸਾਹਿਬ ਸਿੰਘ ਜੀ ਦੀ ਸੰਗਤਿ ਨਾਲ ਜਸਵੰਤ ਸਿੰਘ ਜੀ ਪੂਰਣ ਸੰਤ ਹੋ ਗਏ. ਆਪ ਦਾ ਕੰਠ ਵਡਾ ਸੁਰੀਲਾ ਸੀ, ਗੁਰਬਾਣੀ ਦਾ ਪਾਠ ਅਜੇਹੇ ਪ੍ਰੇਮਭਾਵ ਨਾਲ ਕਰਦੇ ਕਿ ਪੱਥਰ ਜੇਹੇ ਦਿਲ ਭੀ ਮੋਮ ਬਣ ਜਾਂਦੇ.

ਬਾਬਾ ਜਸਵੰਤ ਸਿੰਘ ਜੀ ਨੇ ਮਾਝੇ ਵਿੱਚ ਗੁਰਮਤ ਦਾ ਬਹੁਤ ਪ੍ਰਚਾਰ ਕੀਤਾ ਅਤੇ ਮੁਲਤਾਨ, ਪੰਜਾਸਾਹਿਬ, ਹਜਰੋ, ਖੈਰਾਬਾਦ,

---

[438] ਕੁਰੜੀ ਸ਼ਜ਼ਾਮਗੜ੍ਹ ਪਾਸ ਜਿਲਾ ਕਰਨਾਲ ਵਿੱਚ ਹੈ.

ਨੌਸ਼ਹਿਰਾ, ਪਸ਼ੌਰ, ਜਲਾਲਾਬਾਦ, ਕਾਬੁਲ, ਬੁਖਾਰਾ ਆਦਿ ਅਸਥਾਨਾਂ ਵਿੱਚ ਰਹਿਕੇ ਅਨੇਕ ਜੀਵਾਂ ਨੂੰ ਕਰਤਾਰ ਦੇ ਪ੍ਰੇਮੀ ਬਣਾਇਆ.

ਬਾਬਾ ਜਸਵੰਤ ਸਿੰਘ ਜੀ ਦਾ ਚਾਟੜਾ ਟਹਿਲ ਸਿੰਘ ਆਪਣੇ ਤਾਈਂ ਅ਼ਲੀ, ਆਪਣੇ ਗੁਰਭਾਈ ਗੁਲਾਬ ਸਿੰਘ ਨੂੰ ਮੁਹੰਮਦ ਅਤੇ ਜਸਵੰਤ ਸਿੰਘ ਜੀ ਨੂੰ ਖ਼ੁਦਾ ਆਖਿਆ ਕਰਦਾ ਸੀ, ਇਸ ਲਈ "ਖ਼ੁਦਾ ਸਿੰਘ" ਨਾਉਂ ਪ੍ਰਸਿੱਧ ਹੋ ਗਿਆ.

ਚਿੱਲੀਆਂਵਾਲੇ ਦੀ ਲੜਾਈ ਪਿੱਛੋਂ ਖੁਦਾ ਸਿੰਘ ਜੀ ਨੂੰ ਸ਼ੱਕ ਦੀ ਹਾਲਤ ਵਿੱਚ ਅੰਗ੍ਰੇਜ਼ਾਂ ਨੇ ਕੁਝ ਚਿਰ ਕੈਦ ਰੱਖਿਆ, ਅੰਤ ਨੂੰ ਸਾਧੂ ਜਾਣਕੇ ਛੱਡ ਦਿੱਤਾ.

ਖੁਦਾ ਸਿੰਘ ਜੀ ਨੇ ਆਪਣੀ ਉਮਰ ਦਾ ਪਿਛਲਾ ਹਿੱਸਾ ਲਹੌਰ ਚੂੰਨੀਮੰਡੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਅਤੇ ਗੁਰੂ ਅਰਜਨ ਸਾਹਿਬ ਜੀ ਦੇ ਦੀਵਾਨਖਾਨੇ ਦੇ ਵਿਚਕਾਰ ਇੱਕ ਧਰਮਸਾਲਾ ਵਿੱਚ ਰਹਿਕੇ ਵਿਤਾਇਆ, ਜਿਸ ਥਾਂ ਵਿਚਾਰਵਾਨ ਗੁਰਮੁਖ ਸਿੱਖਾਂ ਦੀ ਮੰਡਲੀ ਆਪ ਪਾਸ ਸਦਾ ਨਿਵਾਸ ਕਰਦੀ ਰਹੀ. ਇਸੇ ਥਾਂ ਅੱਸੂ ਵਦੀ ੧੦. ਸੰਮਤ ੧੯੧੯ ਨੂੰ ਬਾਬਾ ਖੁਦਾ ਸਿੰਘ ਜੀ ਦਾ ਦੇਹਾਂਤ ਹੋਇਆ.

ਖ਼ੁਦਾਤਾਲਾ: خداتعلیٰ ਕਰਤਾਰ, ਜੋ ਸਭ ਤੋਂ ਵਡਾ ਹੈ.

ਖੁਦਾ ਦਾ ਰੋਜ਼ਨਾਮਚਾ: ਦੇਖੋ, ਲੌਹ.

ਖ਼ੁਦਾ ਨਖ਼੍ਵਾਸਤਾ: ਫ਼ਾ. خدانخاستہ ਵ੍ਯ- ਵਾਹਗੁਰੂ ਐਸਾ ਨਾ ਕਰੇ ! ਕਰਤਾਰ ਨੂੰ ਇਹ ਨਾ ਭਾਵੇ !

ਖੁਦਾਯੀ. ਦੇਖੋ, ਖੁਦਾਈ.

ਖ਼ੁਦਾਵੰਦ: ਫ਼ਾ. خداوند ਸੰਗ੍ਯਾ- ਮਾਲਿਕ. ਸ੍ਵਾਮੀ। ੨. ਕਰਤਾਰ.

ਖ਼ੁਦਾਵੰਦਗਾਰ: ਫ਼ਾ. ਮਾਲਿਕ. ਸ੍ਵਾਮੀ.

ਖ਼ੁਦੀ: ਫ਼ਾ. خودی ਸੰਗ੍ਯਾ- ਹੌਮੈ. ਅਹੰਤਾ. "ਖੁਦੀ ਮਿਟੀ ਤਬ ਸੁਖ ਭਏ." (ਬਾਵਨ) "ਖੁਦੀ ਮਿਟੀ ਚੂਕਾ ਭੋਲਾਵਾ." (ਮਾਝ ਮਃ ੫) ੨. ਆਪਣਾ ਆਪ.

ਖੁਧ: ਸੰ. ਕ੍ਸ਼ੁਧ੍ ਧਾ- ਭੁੱਖ ਲੱਗਣੀ. ਕ੍ਸ਼ੁਧਿਤ ਹੋਣਾ.

ਖੁਧਾ, ਖੁਧਿ, ਖੁਧਿਆ: ਸੰ. ਕ੍ਸ਼ੁਧਾ. ਸੰਗ੍ਯਾ- ਭੁੱਖ. ਖਾਣ ਦੀ ਇੱਛਾ. "ਖੁਧਿਆ ਨਿਦ੍ਰਾ ਕਾਲੰ" (ਮਲਾ ਅਃ ਮਃ ੧) "ਖਾਨ ਪਾਨ ਆਨ ਨਹੀ ਖੁਧਿਆ." (ਧਨਾ ਮਃ ੫) ੨. ਭਾਵ- ਲੋਭ. ਤ੍ਰਿਸ਼ਨਾ. "ਜਪਿ ਹਰਿਨਾਮ ਮਿਟੀ ਖੁਧਿ ਤਾਸੁ." (ਗਉ ਮਃ ੫)

ਖੁਧਿਆਰਥ, ਖੁਧਿਆਰਥੀ, ਖੁਧਿਆਵੰਤ: ਸੰ. ਕ੍ਸ਼ੁਧਾਰ੍ਤ- ਕ੍ਸ਼ੁਧਾਵਾਨ੍ ਕ੍ਸ਼ੁਧਾਰ੍ਤ- ਕ੍ਸ਼ੁਧਾਵਾਨ੍. ਵਿ- ਭੁੱਖ ਨਾਲ ਦੁਖੀ. ਕ੍ਸ਼ੁਧਾ ਨਾਲ ਵ੍ਯਾਕੁਲ. ਭੁੱਖਾ. "ਜਿਉ ਮਹਾ ਖੁਧਿਆਰਥ ਭੋਗ." (ਬਿਲਾ ਅਃ ਮਃ ੫) "ਖੁਧਿਆਵੰਤੁ ਨ ਜਾਣਈ ਲਾਜ ਕੁਲਾਜ." (ਵਾਰ ਗਉ ੧. ਮਃ ੫)

ਖੁਨਸ, ਖੁਨਸਨਾ: ਖਿੰਨਮਨਸ੍ ਹੋਣਾ. ਦੇਖੋ, ਖੁਣਸ- ਖੁਣਸਣਾ. "ਖੁਨਸੈ ਜਰਜੋ ਨ ਜਾਇ ਪ੍ਰਤਾਪੂ." (ਗੁਪ੍ਰਸੂ)

ਖ਼ੁਨਕ: ਫ਼ਾ. خنک ਵਿ- ਸੀਤਲ. ਠੰਢਾ. "ਆਤਸ ਦੁਨੀਆ ਖੁਨਕ ਨਾਮ ਖੁਦਾਇਆ." (ਵਾਰ ਮਲਾ ਮਃ ੧) ੨. ਖ਼ੁਸ਼. ਪ੍ਰਸੰਨ.

ਖ਼ੁਨਕੀ: ਸੰਗ੍ਯਾ- ਠੰਢ. ਸੀਤਲਤਾ.

ਖੁਨਾਕ: خناق ਖ਼ੁਨਾਕ਼ ਇੱਕ ਰੋਗ. ਸੰ. ਗਲੌਘ, ਤਾਲੁਛਿਦ੍ਰ ਅਤੇ ਗਲਰੋਹਿਣੀ. Croup. ਖੁਨਾਕ ਦਾ ਅਰਥ ਹੈ ਸਾਹ ਘੁਟਣਾ. ਸੋ ਇਸ ਰੋਗ ਨਾਲ ਦਮ ਘੁਟਦਾ ਹੈ, ਇਸ ਲਈ ਇਹ ਨਾਉਂ ਹੈ. ਤਾਲੂ ਦੇ ਵਿੱਚ ਸੋਜ ਹੋਕੇ ਸਾਹ ਦੇ ਆਉਣ ਜਾਣ ਲਈ ਤੰਗੀ ਹੋ ਜਾਂਦੀ ਹੈ. ਇਸ ਦਾ ਆਰੰਭ ਨਜਲੇ ਤੋਂ ਹੁੰਦਾ ਹੈ. ਮੱਠਾ ਮੱਠਾ ਤਾਪ ਰਹਿੰਦਾ ਹੈ. ਆਵਾਜ਼ ਭਾਰੀ ਹੋ ਜਾਂਦੀ ਹੈ. ਭੋਜਨ ਗਲੇ ਹੇਠ

ਉਤਰ ਨਹੀਂ ਸਕਦਾ. ਗਲਾ ਸੁੱਜਕੇ ਲਾਲ ਹੋ ਜਾਂਦਾ ਹੈ, ਜਦ ਖੁਨਾਕ ਜ਼ੋਰ ਪਾਉਂਦਾ ਹੈ ਤਾਂ ਤਾਪ ਭੀ ਪ੍ਰਬਲ ਹੋ ਜਾਂਦਾ ਹੈ. ਇਹ ਰੋਗ ਰਾਤ ਨੂੰ ਬਹੁਤ ਦੁਖ ਦਿੰਦਾ ਹੈ. ਇਸ ਦਾ ਇਲਾਜ ਛੇਤੀ ਵਿਦ੍ਵਾਨ ਤੋਂ ਕਰਾਉਣਾ ਲੋੜੀਏ. ਇਸ ਦਾ ਸਾਧਾਰਣ ਇਲਾਜ ਇਹ ਹੈ-

ਨਰਮ ਜੇਹਾ ਜੁਲਾਬ ਲੈਣਾ, ਕਾਲੇ ਤੂਤਾਂ ਦਾ ਸ਼ਰਬਤ ਜਾਂ ਕਾੜ੍ਹਾ ਪੀਣਾ. ਹਰੜਾਂ ਦੇ ਛਿੱਲ ਅਤੇ ਪਿੱਤਪਾਪੜੇ ਦਾ ਕਾੜ੍ਹਾ ਸ਼ਹਿਦ ਮਿਲਾਕੇ ਪੀਣਾ. ਨਿੰਮ ਦੇ ਪੱਤੇ ਉਬਾਲਕੇ ਨਲਕੀ ਨਾਲ ਉਨ੍ਹਾਂ ਦੀ ਗਲ ਵਿੱਚ ਭਾਪ ਦੇਣੀ. ਬਨਫ਼ਸ਼ਾ ਅਤੇ ਅੰਬਲਤਾਸ ਦਾ ਕਾੜ੍ਹਾ ਪੀਣਾ ਆਦਿ.

ਖੁਨਾਮੀ: ਨਾਮ ਖੋਲੈਣ ਦੀ ਕ੍ਰਿਯਾ. ਜਿਸ ਤੋਂ ਕੁਨਾਮੀ (ਬਦਨਾਮੀ) ਹੋਵੇ. ਅਪਰਾਧ. ਕ਼ਸੂਰ. "ਕੌਨ ਖੁਨਾਮੀ ਪਿਖੀ ਹਮਾਰੀ?" (ਗੁਪ੍ਰਸੂ) ੨. ਵਿ- ਅਪਰਾਧੀ. . ਕ਼ਸੂਰਵਾਰ. "ਦੁਹੀ ਸਰਾਈ ਖੁਨਾਮੀ ਕਹਾਏ." (ਸੂਹੀ ਮਃ ੫)

ਖੁਨਿੰਦਾ: ਫ਼ਾ. خونیدہ ਖ਼ੁਨੀਦਾ. ਵਿ- ਸਲਾਹਿਆ ਹੋਇਆ. ਪ੍ਰਸ਼ੰਸਿਤ। ੨. ਪਸੰਦ ਕੀਤਾ ਹੋਇਆ. "ਕਾਲਖ ਕਟਿੰਦਾ ਖੁਰਾਸਾਨ ਕੋ ਖੁਨਿੰਦਾ." (ਗਜਾਨ) ੩. خوانندہ ਖ਼੍ਵਾਨਿੰਦਾ. ਪੜ੍ਹਨਵਾਲਾ। ੪. ਗਵੈਯਾ. ਗਾਇਕ.

ਖ਼ੁਫ਼ਤਹ: ਫ਼ਾ. خفتہ ਵਿ- ਸੁੱਤਾ ਹੋਇਆ. ਸੁਪ੍ਤ.

ਖ਼ੁਫ਼ਤਨ: ਫ਼ਾ. خفتن ਕ੍ਰਿ- ਸੌਣਾ. ਸ਼ਯਨ.

ਖ਼ੁਫ਼ਿਯਾ, ਖੁਫੀਆ: ਅ਼. خفیہ ਵਿ- ਗੁਪਤ. ਪੋਸ਼ੀਦਾ.

ਖੁੰਬ: ਸੰ. क्षाराम्बु ਕ੍ਸ਼ਾਰਾਂਬੁ. ਸੰਗਯਾ- ਖਾਰਾ ਪਾਣੀ. ਖਾਰ ਦਾ ਜਲ। ੨. ਧੋਬੀ ਦਾ ਉਹ ਬਰਤਨ, ਜਿਸ ਵਿੱਚ ਖਾਰ ਨਾਲ ਮਿਲਿਆ ਪਾਣੀ ਪਾਕੇ ਉੱਪਰ ਵਸਤ੍ਰ ਚਿਣਕੇ ਤੇਜ ਭਾਪ ਦਿੰਦਾ ਹੈ, ਜਿਸ ਤੋਂ ਮੈਲ ਅਲਗ ਹੋ ਜਾਂਦੀ ਹੈ. "ਭੈ ਵਿੱਚ ਖੁੰਬਿ ਚੜਾਈਐ." (ਵਾਰ ਆਸਾ) ੩. ਸੰ. क्षुम्प ਕ੍ਸ਼ੁੰਪ. ਬਰਖਾ ਰੁੱਤ ਵਿੱਚ ਜ਼ਮੀਨ ਤੋਂ ਪੈਦਾ ਹੋਈ ਇੱਕ ਉਦਭਿਜ ਵਸਤੁ, ਜੋ ਚਿੱਟੇ ਰੰਗ ਦੀ ਗੋਲ ਸਿਰ ਵਾਲੀ ਹੁੰਦੀ ਹੈ. ਇਸ ਦੀ ਤਰਕਾਰੀ ਬਣਦੀ ਹੈ. ਅਫਗਾਨਿਸਤਾਨ ਅਤੇ ਕਸ਼ਮੀਰ ਦੀ ਖੁੰਬ ਚਿਰ ਤੀਕ ਰਹਿ ਸਕਦੀ ਹੈ ਅਤੇ ਖਾਣ ਵਿੱਚ ਬਹੁਤ ਸੁਆਦ ਹੁੰਦੀ ਹੈ. L. Agaricus Campestris.

ਖੁੰਬਿ: ਖੁੰਬ ਉੱਪਰ. ਦੇਖੋ, ਖੁੰਬ. ੨.

ਖੁਭ: ਸੰ. क्षुभ् ਕ੍ਸ਼ੁਭ੍. ਧਾ- ਰਿੜਕਣਾ- ਕ੍ਰੋਧ ਕਰਨਾ। ੨. ਦੇਖੋ, ਖੁਭਣਾ.

ਖੁਭਣ: ਸੰਗਯਾ- ਧਸਣ. ਗਡਣ. ਜਿਲ੍ਹਣ। ੨. ਦੇਖੋ, ਖੋਭਣ.

ਖੁਭਣਾ, ਖੁੰਭਣਾ, ਖੁਭਨਾ: ਕ੍ਰਿ- ਧਸਣਾ. ਗਡਣਾ. "ਨਦੀ ਤਰੰਦੀ ਮੈਡਾ ਖੋਜੁ ਨ ਖੁੰਭੈ." (ਵਾਰ ਗੂਜ ੨. ਮਃ ੫) ਸੰਸਾਰਨਦੀ ਤਰਦੇ ਮੇਰਾ ਪੈਰ ਵਿਸ਼ਿਆਂ ਦੀ ਜਲ੍ਹਣ ਵਿੱਚ ਨਹੀਂ ਧਸਦਾ.

ਖੁਭੜੀ: ਖੁਭੀ. ਧਸੀ. ਗਡੀ. "ਖੁਭੜੀ ਕੁਥਾਇ." (ਸਵਾ ਮਃ ੫)

ਖ਼ੁਮ: ਫ਼ਾ. خم ਸੰਗਯਾ- ਸ਼ਰਾਬ ਦਾ ਮੱਟ। ੨. ਜੰਗ ਵਿੱਚ ਬਜਾਉਣ ਦਾ ਟੰਮਕ.

ਖ਼ੁਮਰ: ਅ਼. خمر ਖ਼ਮਰ. ਸੰਗਯਾ- ਸ਼ਰਾਬ. ਮਦਿਰਾ.

ਖੁਮਾਰ: ਅ਼. خمار ਖ਼ੁੱਮਾਰ. ਸੰਗਯਾ- ਖ਼ਮਰ (ਸ਼ਰਾਬ) ਬਣਾਉਣ ਅਤੇ ਵੇਚਣ ਵਾਲਾ ਕਲਾਲ। ੨. ਖ਼ੁਮਾਰ. ਨਸ਼ੇ ਦੀ ਤੋੜ. ਅਮਲ ਟੁੱਟਣ ਤੋਂ ਹੋਈ ਬੇਚੈਨੀ.

ਖੁਮਾਰੀ, ਖੁਮਾਰੋ: ਸੰਗਯਾ- ਖ਼ਮਰ (ਸ਼ਰਾਬ) ਦਾ ਨਸ਼ਾ, ਮਸ੍ਤੀ. ਕ੍ਸ਼ੀਵਤਾ. "ਜੈਸੇ ਖੋਂਦ ਖੁਮਾਰੀ." (ਕੇਦਾ ਕਬੀਰ) ਦੇਖੋ, ਖੋਂਦ. "ਹਰਿਰਸ ਰਪਿਓ ਖੁਮਾਰੋ" (ਸਾਰ ਮਃ ੫)

ਖੁਰ: ਸੰ. ਸੰਗਯਾ- ਪਸ਼ੂ ਦੇ ਪੈਰ ਦਾ ਉਹ ਭਾਗ, ਜੋ ਜ਼ਮੀਨ ਤੇ ਛੁਹਿੰਦਾ ਅਤੇ ਬਹੁਤ ਕਰੜਾ ਹੁੰਦਾ ਹੈ. ਸੁੰਮ. ਖੁਰੀ। ੨. ਭਾਵ- ਨਖ. ਨੌਂਹ "ਇਕਨਾ ਪੇਰਣ ਸਿਰ ਖੁਰ ਪਾਟੇ." (ਆਸਾ ਅਃ ਮਃ ੧) ਇਕਨਾ ਦੇ ਪੈਰਾਹਨ ਸਿਰ ਤੋਂ ਲੈ ਕੇ ਪੈਰਾਂ ਤੀਕ ਪਾਟ ਗਏ ਹਨ, ਭਾਵ- ਫੌਜੀਆਂ ਦੇ ਹੱਥੋਂ ਬੇਪਤੀ ਹੋਈ ਹੈ। ੩. ਉਸਤਰਾ. ਦੇਖੋ- ਕ੍ਸ਼ੁਰ. "ਬਚਨ ਕੀਓ ਕਰਤਾਰ ਖੁਰ ਨਹਿ ਲਾਈਐ." (ਗੁਰੁਸੋਭਾ) ੪. ਦੇਖੋ, ਖ਼ੁਰਸ਼ੀਦ.

ਖ਼ੁਰਸ਼: ਫ਼ਾ. خورش ਸੰਗਯਾ- ਖਾਨ ਪਾਨ. ਖ਼ੁਰਾਕ.

ਖ਼ੁਰਸ਼ੀਦ, ਖ਼ੁਰਸ਼ੈਦ: ਫ਼ਾ. خورشید ਸੰਗਯਾ- ਖ਼ੁਰ (ਸੂਰਜ) ਸ਼ੈਦ (ਚਮਕੀਲਾ). ਪ੍ਰਭਾਕਰ.

ਖੁਰਕ: ਸੰਗਯਾ- ਖੁੜਕ. ਧਕਧਕੀ. ਚਿੰਤਾ. "ਮਨ ਤੇ ਖੁਰਕ ਨ ਜਾਇ." (ਚਰਿਤ੍ਰ ੩੩) ੨. ਦੇਖੋ, ਖਾਜ ੨.। ੩. ਸੰ. ਇੱਕ ਪ੍ਰਕਾਰ ਦਾ ਨਾਚ.

ਖੁਰਗੀਨ, ਖੁਰਗੀਰ: ਫ਼ਾ. خوگیر ਖ਼ੂਗੀਰ. ਸੰਗਯਾ- ਖ਼ੂ (ਪਸੀਨੇ) ਨੂੰ ਗੀਰ (ਫੜਨ ਵਾਲਾ) ਤਹਿਰੂ. ਕਾਠੀ ਹੇਠ ਲਗਿਆ ਨਮਦਾ ਅਥਵਾ ਜੀਨ ਹੇਠ ਪਾਉਣ ਦਾ ਵਸਤ੍ਰ. "ਤਿਨ ਕੇ ਤੁਰੇ ਜਨ ਖੁਰਗੀਰ ਸਭਿ ਪਵਿਤੁ ਹਹਿ." (ਵਾਰ ਸੋਰ ਮਃ ੪) "ਲਗਜੋ ਜੀਨ ਬੀਚੰ ਖੁਰਗੀਨੰ ਪਰੋਯੋ." (ਗੁਪ੍ਰਸੂ)

ਖੁਰਚਣ: ਦੇਖੋ, ਖੁਰਚਨਾ। ੨. ਸੰਗਯਾ- ਖੁਰਚਕੇ ਕੱਢੀ ਹੋਈ ਅਥਵਾ ਪਕਾਈ ਹੋਈ ਵਸਤੁ. ਖਾਸ ਕਰਕੇ ਦੁੱਧ ਦੀ ਤਾਉੜੀ ਹੇਠ ਜਮਿਆ ਹੋਇਆ ਦੁੱਧ ਦਾ ਮਾਵਾ, ਅਤੇ ਕੜਾਹੀ ਵਿੱਚ ਪਕਾਇਆ ਦੁੱਧ ਦਾ ਖੋਆ. ਦੇਖੋ, ਖੋਆ.

ਖੁਰਚਣਾ, ਖੁਰਚਨਾ: ਸੰ. ਕ੍ਸ਼ੁਰਚਯਨ. ਕ੍ਰਿ- ਤਿੱਖੇ ਸੰਦ ਨਾਲ ਕਿਸੇ ਵਸ੍ਤੁ ਦਾ ਇਕੱਠਾ ਕਰਨਾ. ਖੁਰਚਣ ਦੀ ਕ੍ਰਿਯਾ. ਛਿੱਲਣਾ. ਘਰੇੜਨਾ। ੨. ਸੰਗਯਾ- ਖੁਰਚਣ ਦਾ ਸੰਦ.

ਖੁਰਜੀ, ਖ਼ੁਰਜੀਨ: ਫ਼ਾ. خرجین- خرجی ਸੰਗਯਾ- ਜ਼ੀਨ ਉੱਪਰ ਰੱਖਿਆ ਥੈਲਾ, ਜਿਸ ਵਿੱਚ ਸਵਾਰ ਆਪਣਾ ਜਰੂਰੀ ਸਾਮਾਨ ਰਖਦਾ ਹੈ। ੨. ਸਫ਼ਰ- ਖ਼ਰਚ। ੩. ਗਧੇ ਦਾ ਪਲਾਣ.

ਖੁਰਦ: ਫ਼ਾ. خرد ਖ਼ੁਰਦ. ਵਿ- ਛੋਟਾ। ੨. ਟੂਕ ਟੂਕ. ਖੰਡ ਖੰਡ। ੩. ਫ਼ਾ. خورد ਖਾਂਦਾ ਹੈ। ੪. ਖਾਧਾ.

ਖ਼ੁਰਦਸੁ: ਖਾਲਿੱਤਾ ਹੈ. "ਖੁਰਦਸੁ ਜਾਂ ਜਿਗਰ ਰਾ." (ਰਾਮਾਵ) ਦੇਖੋ, ਖ਼ੁਰਦਨ.

ਖ਼ੁਰਦਹਈ: ਫ਼ਾ. خوردہئی ਤੈਂ ਖਾਧਾ ਹੈ. ਦੇਖੋ, ਖ਼ੁਰਦਨ.

ਖ਼ੁਰਦਨ: ਫ਼ਾ. خوردن ਖਾਣਾ. ਭਕ੍ਸ਼ਣ. ਪੀਣਾ। ੨. ਸੰਗਯਾ- ਖਾਣ ਪੀਣ ਦਾ ਕੰਮ.

ਖ਼ੁਰਦਨੀ: ਫ਼ਾ. خوردنی ਕ੍ਰਿ- ਖਾਣ ਯੋਗਯ ਵਸ੍ਤੁ. ਖ਼ੁਰਾਕ. "ਦੁਨੀਆ ਮੁਰਦਾਰਖੁਰਦਨੀ." (ਤਿਲੰ ਮਃ ੫)

ਖੁਰਦਰਾ, ਖੁਰਦੜਾ: ਦੇਖੋ, ਖਰਦਰਾ.

ਖੁਰਪਾ: ਸੰ. ਕ੍ਸ਼ੁਰਪ੍ਰ. ਸੰਗਯਾ- ਜੋ ਕ੍ਸ਼ੁਰ (ਉਸਤਰੇ) ਦੀ ਤਰਾਂ ਕੱਟੇ. ਰੰਬਾ. ਘਾਹ ਖੁਰਚਣ ਅਤੇ ਗੋਡੀ ਕਰਨ ਦਾ ਇੱਕ ਸੰਦ.

ਖ਼ੁਰਪੁਜ਼ਾ: ਫ਼ਾ. خرپوزہ ਦੇਖੋ, ਖਰਬੂਜਾ.

ਖ਼ੁਰਫ਼ਾ: ਦੇਖੋ, ਕੁਲਫਾ.

ਖੁਰਬਾਰ: ਖੁਰ (ਸੁੰਮ) ਦੀ ਧੁਨਿ. ਸੁੰਮ ਦੀ ਆਵਾਜ਼. ਸੰ. ਕ੍ਸ਼ੁਰਰਾਵ. "ਘੋਰਨ ਦੀ ਖੁਰਬਾਰ ਬਜੈ ਭੂਅ." (ਕ੍ਰਿਸਨਾਵ)

ਖ਼ੁਰਮਾ: ਫ਼ਾ. خرما ਸੰਗਯਾ- ਛੁਹਾਰਾ. "ਖਜੂਰ ਤੇ ਟੂਟ ਪਰਯੋ ਖੁਰਮਾ." (ਚੰਡੀ ੧) ੨. ਛੁਹਾਰੇ ਦੀ ਸ਼ਕਲ ਦੀ ਇੱਕ ਮਿਠਾਈ. "ਮੋਦਕ ਖੁਰਮੇ ਬਹੁ ਮਿਸ਼੍ਟਾਨਾ." (ਨਾਪ੍ਰ) ੩. ਅਫਗਾਨਿਸਤਾਨ ਦੇ ਕੁਰਮ ਦਰਿਆ ਅਤੇ ਨਗਰ ਲਈ ਭੀ ਸਿੱਖਪੁਸ੍ਤਕਾਂ ਵਿੱਚ

ਖੁਰਮਾ ਸ਼ਬਦ ਵਰਤਿਆ ਹੈ. "ਅਬ ਚਲ ਖੁਰਮੇ ਨਗਰ ਮਝਾਰਾ." (ਨਾਪ੍ਰ) ਦੇਖੋ, ਕੁਰਮ.

ਖੁਰਲੀ: ਸੰਗਯਾ- ਪਸ਼ੁ ਦੇ ਚਾਰੇ ਦਾ ਪਾਤ੍ਰ। ੨. ਖਤ੍ਰੀ ਆਦਿਕਾਂ ਦੇ ਵਿਆਹ ਦੀ ਇੱਕ ਭੋਜਨਰੀਤਿ. ਇੱਕਠੀ ਮਿਠਾਈ ਸਭ ਅੱਗੇ ਢੇਰ ਲਗਾਕੇ ਰੱਖਣੀ. ਹੁਣ ਲੋਕ ਇਸ ਤਰਾਂ ਖਾਣ ਵਿੱਚ ਲੱਜਾ ਕਰਦੇ ਹਨ। ੩. ਸੰ. ਫੌਜੀ ਕਵਾਇਦ ਦੀ ਥਾਂ। ੪. ਸ਼ਸਤ੍ਰਵਿਦਯਾ ਦਾ ਅਭ੍ਯਾਸ.

ਖੁਰਾ: ਸੰਗਯਾ- ਖੁਰ ਦਾ ਚਿੰਨ੍ਹ. ਪੈਰ ਦਾ ਨਿਸ਼ਾਨ. "ਖੁਰਾ ਖੋਜ ਜਾਨਜੋ ਨਹਿ ਜਾਈ." (ਗੁਪ੍ਰਸੂ)

ਖੁਰਾਸਾਨ: ਸੰ ਅਤੇ ਫ਼ਾ. خراسان ਇੱਕ ਦੇਸ਼, ਜੋ ਈਰਾਨ ਦੇ ਪੂਰਵ ਅਤੇ ਅਫ਼ਗਾਨਿਸਤਾਨ ਦੇ ਪੱਛਮ ਵੱਲ ਹੈ. ਇਸ ਵਿੱਚ ਹਰਾਤ ਅਤੇ ਮਸ਼ਹਦ ਪ੍ਰਸਿੱਧ ਨਗਰ ਹਨ। ੨. ਬਾਦਸ਼ਾਹ ਬਾਬਰ ਲਿਖਦਾ ਹੈ ਕਿ ਹਿੰਦੁਸਤਾਨ ਦੇ ਲੋਕ ਸਿੰਧੁ ਤੋਂ ਪੱਛਮ ਵੱਲ ਦੇ ਦੇਸ਼ਾਂ ਨੂੰ ਖ਼ੁਰਾਸਾਨ ਹੀ ਆਖਦੇ ਹਨ. "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ." (ਆਸਾ ਮਃ ੧)

ਖ਼ੁਰਾਕ: ਫ਼ਾ. خوراک ਸੰਗਯਾ- ਆਹਾਰ. ਭੋਜਨ. ਗਿਜਾ। ੨. ਸੰ. ਖੁਰ ਵਾਲਾ ਪਸ਼ੂ.

ਖੁਰਾ ਖੋਜ ਮਿਟਾਉਣਾ: ਕ੍ਰਿ- ਪੈਰ ਦਾ ਨਿਸ਼ਾਨ, ਜੋ ਜ਼ਮੀਨ ਉੱਪਰ ਹੋਇਆ ਹੈ, ਉਸ ਨੂੰ ਮੇਟਣਾ। ੨. ਕਿਸੇ ਦਾ ਸਰਵਨਾਸ਼ ਕਰਨਾ, ਜਿਸ ਤੋਂ ਉਹ ਫੇਰ ਜ਼ਮੀਨ ਪੁਰ ਫਿਰਕੇ ਪੈਰ ਦਾ ਚਿੰਨ੍ਹ ਨਾ ਕਰ ਸਕੇ. ਭਾਵ- ਪ੍ਰਿਥਿਵੀਮੰਡਲ ਤੋਂ ਹਟਾਉਣਾ.

ਖੁਰਾਂਟ: ਵਿ- ਚਾਲਾਕ. ਖਚਰਾ. ਇਸ ਦਾ ਮੂਲ ਖੁਰਾਨ ਹੈ. ਦੇਖੋ, ਖੁਰਾਨ ੧.

ਖ਼ੁਰਾਣਾ: ਰਿਆਸਤ ਜੀਂਦ, ਤਸੀਲ ਥਾਣਾ ਸੰਗਰੂਰ ਅਤੇ ਰੇਲਵੇ ਸਟੇਸ਼ਨ ਸੰਗਰੂਰ ਤੋਂ ਚਾਰ ਮੀਲ ਈਸ਼ਾਨ ਕੋਣ ਇੱਕ ਪਿੰਡ. ਅਕੋਈ ਤੋਂ ਚੱਲਕੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ ਥਾਂ ਪਧਾਰੇ ਹਨ. ਗੁਰਦ੍ਵਾਰੇ ਨਾਲ ਤਿੰਨ ਵਿੱਘੇ ਜ਼ਮੀਨ ਹੈ ਅਤੇ ਰਿਆਸਤ ਜੀਂਦ ਤੋਂ ਅਠਾਰਾਂ ਰੁਪਯੇ ਸਾਲਾਨਾ ਮਿਲਦੇ ਹਨ.

ਖੁਰਾਨ: ਫ਼ਾ. خونراں ਖ਼ੂੰਰਾਂ. ਵਿ- ਲਹੂ ਵਹਾਉਣ ਵਾਲਾ. ਖ਼ੂੰਰੇਜ਼. "ਖੰਡੇ ਅਖੰਡ ਖੂੰਨੀ ਖੁਰਾਨ." (ਕਲਕੀ) ੨. ਦੇਖੋ, ਖੁਰਾਸਾਨ.

ਖ਼ੁਰਾਨੀਦਨ: ਫ਼ਾ. خورانیدن ਕ੍ਰਿ- ਖਵਾਉਣਾ. ਖਿਲਾਨਾ.

ਖ਼ੁਰਾਫ਼ਾਤ: ਅ਼. خرافات ਸੰਗਯਾ- ਖ਼ੁਰਫ਼ਾਤ (ਬਕਵਾਸ) ਦਾ ਬਹੁ ਵਚਨ. ਵ੍ਰਿਥਾ ਬਾਤਾਂ.

ਖੁਰੀ: ਸੰਗਯਾ- ਚੌਪਾਏ ਦਾ ਪੈਰ. ਦੇਖੋ, ਖੁਰ। ੨. ਖੁਰ ਦਾ ਚਿੰਨ੍ਹ. ਖੁਰ ਦਾ ਨਿਸ਼ਾਨ। ੩. ਜੋੜੇ ਦੀ ਅੱਡੀ। ੪. ਜੋੜੇ ਦੀ ਅੱਡੀ ਹੇਠ ਲਗੀ ਲੋਹੇ ਦੀ ਤਨਾਲ। ੫. ਤੇਜ਼ ਚਾਲ. ਦੌੜ. ਭਾਜ। ੬. ਨਦੀ ਦੀ ਤੇਜ਼ ਧਾਰਾ। ੭. ਸੰ ਖੁਰਿਨ੍ ਖੁਰ ਵਾਲਾ ਪਸ਼ੂ.

ਖ਼ੁੱਰਮ: ਫ਼ਾ. خرّم ਵਿ- ਪ੍ਰਸੰਨ. ਖ਼ੁਸ਼.

ਖੁਲ: ਸੰਗਯਾ- ਖੁਲ੍ਹ. ਆਜ਼ਾਦੀ. ਸ੍ਵਤੰਤ੍ਰਤਾ.

ਖ਼ੁਲਸ: ਅ਼. خلص ਖ਼ੁਲਸ. ਵਿ- ਪਵਿਤ੍ਰ. ਖ਼ਾਲਿਸ. ਨਿਰੋਲ.

ਖੁਲਹਾਨੁ: ਦੇਖੋ, ਖਲਹਾਨ. "ਜਮ ਮਾਰਿ ਕਰੇ ਖੁਲਹਾਨ." (ਸ੍ਰੀ ਮਃ ੧)

ਖੁਲਕ: ਸੰ. ਸੰਗਯਾ- ਟੰਗ ਅਤੇ ਪੈਰ ਦਾ ਜੋੜ. ਮੁਰਚਾ। ੨. ਅ਼. خلق ਖ਼ੁਲਕ਼. ਸੁਭਾਉ. ਪ੍ਰਕ੍ਰਿਤਿ. ਆਦਤ.

ਖ਼ੁਲਦ: ਅ਼. خلد ਸੰਗਯਾ- ਹਮੇਸ਼ਾਂ ਰਹਿਣਾ. ਨਿੱਤ ਦੀ ਇਸਥਿਤੀ। ੨. ਨਿੱਤ ਰਹਿਣ ਦੀ ਥਾਂ। ੩. ਸੁਰਗ. ਬਹਿਸ਼੍ਤ.

ਖੁਲਨਾ: ਕ੍ਰਿ- ਨਿਰਬੰਧ ਹੋਣਾ. ਮੁਕਤ ਹੋਣਾ. "ਮਾਇਆਫਾਸ ਬੰਧ ਬਹੁ ਬੰਧੇ, ਹਰਿ ਜਪਿਓ ਖੁਲ ਖੁਲਨੇ." (ਨਟ ਮਃ ੪) "ਖੁਲੇ ਹਟ ਹੋਇਆ ਵਪਾਰੁ." (ਵਾਰ ਸੂਹੀ ਮਃ ੧) ੨. ਪ੍ਰਗਟ ਹੋਣਾ. ਪੜਦੇ ਤੋਂ ਬਾਹਰ ਆਉਣਾ.

ਖੁਲਰ: ਵਡੇ ਸਰੀਣਾਂ ਵਿੱਚੋਂ ਖਤ੍ਰੀਗੋਤ੍ਰ. "ਨਈਆ ਖੁਲਰ ਗੁਰੂ ਪਿਆਰਾ." (ਭਾਗੁ)

ਖੁਲੜਾ: ਵਿ- ਕੁਸ਼ਾਦਾ. ਖੁਲ੍ਹਾ. "ਖੁਲੜੇ ਕਪਾਟ." (ਸ੍ਰੀ ਛੰਤ ਮਃ ੫) ੨. ਬੰਧਨਰਹਿਤ. ਮੁਕ੍ਤ.

ਖੁਲਾ: ਵਿ- ਬੰਧਨ ਰਹਿਤ. ਮੁਕ੍ਤ. ਆਜ਼ਾਦ। ੨. ਫ਼ਰਾਖ਼. ਖੁਲ੍ਹਾ.

ਖ਼ੁਲਾਸ: ਅ਼. خلاص ਖ਼ੁਲਾਸ. ਖ਼ਲਾਸ (ਨਿਰਬੰਧ) ਹੋਣ ਦਾ ਭਾਵ। ੨. ਵਿ- ਬੰਧਨ ਰਹਿਤ. ਮੁਕ੍ਤ.

ਖ਼ੁਲਾਸਤੁਲਤਵਾਰੀਖ: ਬਟਾਲਾ ਨਿਵਾਸੀ ਸੁਜਾਨਰਾਇ ਦਾ ਸਨ ੧੬੯੭ ਵਿੱਚ ਲਿਖਿਆ ਪੰਜਾਬ ਦਾ ਇਤਿਹਾਸ. ਇਸ ਦੇ ਦੋ ਭਾਗ ਹਨ, ਇੱਕ ਵਿੱਚ ਪੰਜਾਬ ਦੇ ਵਡੇ ਵਡੇ ਨਗਰਾਂ ਤੇ ਅਸਥਾਨਾਂ ਦਾ ਜਿਕਰ ਹੈ, ਜਿਸ ਤੋਂ ਉਸ ਸਮੇਂ ਦਾ ਜੁਗਰਾਫੀਆ ਮਲੂਮ ਹੁੰਦਾ ਹੈ, ਅਤੇ ਦੂਜੇ ਵਿੱਚ ਬਾਦਸ਼ਾਹਾਂ ਦਾ ਇਤਿਹਾਸ ਹੈ. ਇਸ ਕਿਤਾਬ ਵਿੱਚ ਸਿੱਖਾਂ ਦੀ ਯੋਗ ਉਪਮਾ ਕੀਤੀ ਹੋਈ ਹੈ.

ਖ਼ੁਲਾਸਾ: ਅ਼. خلاصہ ਖ਼ੁਲਾਸਹ. ਸੰਗਯਾ- ਸਾਰ. ਸੰਖੇਪ. ਨਿਚੋੜ। ੨. ਦੇਖੋ, ਖੁਲਾਸ। ੩. ਧਾਰਮਿਕ ਨਿਯਮਾਂ ਦੀ ਪਾਬੰਦੀ ਤਜਾਗਣ ਵਾਲਾ. "ਰਹਿਤ ਤਜਾਗ ਤਿਨ ਨੇ ਕਰੀ ਭਏ ਖੁਲਾਸੇ ਸੋਇ." (ਗੁਰੁਸੋਭਾ)

ਖੁਲਾਵਨ: ਕ੍ਰਿ- ਖਵਾਉਣਾ.

ਖੁਲੀ: ਖੁਲਾ ਦਾ ਇਸ੍ਤ੍ਰੀਲਿੰਗ.

ਖੁੜਕ: ਸੰਗਯਾ- ਖਟਕਾ. ਧੜਕ। ੨. ਚਿੰਤਾ. ਫ਼ਿਕਰ.

ਖੁੜਾਲ: ਦੇਖੋ, ਖੁਡਾਲ ਅਕਬਰ ਵਾਲੀ.

ਖ਼ੂ: ਫ਼ਾ. خو ਸੰਗਯਾ- ਸੁਭਾਉ. ਆਦਤ. ਖ਼ਸਲਤ.

ਖ਼ੂੰ: ਫ਼ਾ. خوں ਸੰਗਯਾ- ਖ਼ੂਨ. ਲਹੂ. ਦੇਖੋ, ਖ਼ੂਨ.

ਖੂਹ, ਖੂਹਟਾ: ਸੰਗਯਾ- ਕੂਪ. ਖੂਹਾ "ਤੇ ਬਿਖਿਆ ਕੇ ਖੂਹ." (ਸਾਰ ਮਃ ੫) "ਅੰਤਰਿ ਖੂਹਟਾ ਅੰਮ੍ਰਿਤੁ ਭਰਿਆ." (ਵਡ ਛੰਤ ਮਃ ੩)

ਖੂਹਣ, ਖੂਹਣਿ: ਸੰ. ਅਕ੍ਸ਼ੌਹਿਣੀ ਅਕ੍ਸ਼ੌਹਿਣੀ. ਸੰਗਯਾ- ਇੱਕ ਖਾਸ ਗਿਣਤੀ ਦੀ ਫ਼ੌਜ.

ਹਾਥੀ ੨੧੮੭੦, ਰਥ ੨੧੮੭੦, ਘੋੜੇ ੬੫੬੧੦ ਅਤੇ ਪਿਆਦੇ ੧੦੯੩੫੦. ਕੁੱਲ ਜੋੜ ੨੧੮੭੦੦ "ਖਿਮਾ ਵਿਹੂਣੇ ਖਪਿਗਏ ਖੂਹਣਿ ਲਖ ਅਸੰਖ." (ਓਅੰਕਾਰ)

ਖੂਹ ਦਾ ਡੱਡੂ: ਦੇਖੋ, ਕੂਪਮੰਡੂਕ.

ਖੂਹੜੀ: ਸੰਗਯਾ- ਛੋਟਾ ਕੂਪ. ਕੂਈ. "ਓਹ ਜਿ ਦਿਸੈ ਖੂਹੜੀ ਕਉਨ ਲਾਜ ਵਹਾਰੀ ੧" (ਗਉ ਕਬੀਰ) ਸੰਸਾਰ ਖੂਹੀ ਵਿੱਚ ਵਿਸ਼ੇਰੂਪ ਜਲ ਭਰਣ ਲਈ ਕੌਣ ਲੱਜ (ਜੀਵਨਯਾਤ੍ਰਾ) ਵਹਾ ਰਹੀ ਹੈ?

ਖੂਹਾ, ਖੂਹੀ: ਵਡਾ ਕੂਪ ਅਤੇ ਛੋਟੀ ਕੂਈ। ੨. ਦੇਖੋ, ਵਿਧਣ ਖੂਹੀ.

ਖ਼ੂਕ: ਫ਼ਾ. خوک ਸੰਗਯਾ- ਸੂਰ. ਸ਼ੂਕਰ. "ਖੂਕ ਮਲਹਾਰੀ ਗਜ ਗਦਹਾ ਬਿਭੂਤਧਾਰੀ." (ਅਕਾਲ)

ਖ਼ੂੰਖਾਰ, ਖ਼ੂੰਖ਼੍ਵਾਰ: ਫ਼ਾ. خونخوار ਵਿ- ਲਹੂ ਪੀਣ ਵਾਲਾ। ੨. ਭਯੰਕਰ. ਡਰਾਵਨਾ. "ਜੁਟੇ ਦਲ ਸੁਰ ਅਸੁਰ ਖੂੰਖਾਰ ਦੋ ਸੁ ਜੰਗ ਚਹ." (ਸਲੋਹ) ੩. ਦਯਾ ਰਹਿਤ. ਕ੍ਰੂਰ. ਬੇਰਹਮ.

ਖੂੰਜਾ: ਸੰਗਯਾ- ਕੋਨ. ਕਿਨਾਰਾ. ਗੁੱਠ.

ਖੂੰਟ: ਸੰਗਯਾ- ਕੂਟ. ਕੁੰਟ. ਦਿਸ਼ਾ. ਤਰਫ.

ਖੂੰਟਾ: ਸੰਗਜਾ- ਕਿੱਲਾ. ਮੇਖ.

ਖੂੰਟੀ: ਸੰਗਜਾ- ਕਿੱਲੀ. ਮੇਖ.

ਖੂੰਡਨ: ਸੰਗਜਾ- ਖੰਡਨ. ਛੇਦਨ। ਨੋਚਨਾ. ਠੂੰਗਣਾ. "ਤਲੀਆਂ ਖੂੰਡਹਿ ਕਾਗ." (ਸ. ਫਰੀਦ)

ਖੂੰਡਾ: ਵਿ- ਕੁੰਠਿਤ. ਮੁੜਿਆ ਹੋਇਆ. ਖ਼ਮਦਾਰ। ੨. ਸੰਗਜਾ- ਐਸਾ ਸੋਟਾ ਜਿਸ ਦਾ ਸਿਰ ਖ਼ਮਦਾਰ ਹੈ. ਕੁੰਠਿਤ ਸਿਰ ਵਾਲਾ।

ਖੂੰਡੀ: ਖੂੰਡਾ ਦਾ ਇਸ੍ਤ੍ਰੀ ਲਿੰਗ. "ਖੂੰਡੀ ਦੀ ਖੇਡਾਰੀ." (ਵਾਰ ਗਉ ੨. ਮਃ ੫) ੨. ਸਖ਼ੀਸਰਵਰ (ਸੁਲਤਾਨ) ਦੀ ਹੁੱਕ, ਜੋ ਸੁਲਤਾਨੀਏ ਗਲ ਪਹਿਰਦੇ ਹਨ. "ਖੂੰਡੀ ਖਲਰਾ ਗਲ ਮਹਿ ਧਰੋ." (ਗੁਪ੍ਰਸੂ)

ਖ਼ੂਦ: ਫ਼ਾ. خود ਖ਼ੁਦ. ਧਾਤੁ ਦੀ ਪੇਟੀ। ੨. ਫੌਲਾਦੀ ਪੇਟੀ. "ਪਾਖਰ ਚਿਲਤਹ ਖ਼ੂਦ." (ਸਲੋਹ) ੩. ਦੇਖੋ, ਖਵੀਦ.

ਖੂਧ: ਦੇਖੋ, ਖੁਧ.

ਖੂਧਾ: ਵਿ- ਕ੍ਸੁਧਾਰਤ. ਭੁੱਖਾ. "ਆਵਤ ਪਹੀਆ ਖੂਧੇ ਜਾਹਿ." (ਗੌਂਡ ਕਬੀਰ)

ਖ਼ੂਨ: ਫ਼ਾ. خون ਖ਼ੂਨ. ਸੰਗਜਾ- ਲਹੂ. ਰੁਧਿਰ। ੨. ਵਧ. ਹਤਜਾ. "ਖੂਨ ਕੇ ਸੋਹਲੇ ਗਾਵੀਅਹਿ ਨਾਨਕ." (ਤਿਲੰ ਮਃ ੧)

ਖੂਨਾ: ਸੰ. क्षयोना- ਕ੍ਸ਼ਯੋਨਾ. ਸੰਗਜਾ- ਨ੍ਯੂਨਤਾ. ਕਮੀ. ਘਾਟਾ. "ਖਖਾ! ਖੂਨਾ ਕਛੁ ਨਹੀ ਤਿਸੁ ਸਮ੍ਰਥ ਕੇ ਪਾਹਿ." (ਬਾਵਨ)

ਖ਼ੂਨੀ: ਵਿ- ਖ਼ੂਨ ਕਰਨ ਵਾਲਾ. ਹਤਜਾਰਾ। ੨. ਜਾਲਿਮ। ੩. ਲਹੂਰੰਗਾ.

ਖ਼ੂਬ: ਫ਼ਾ. خوب ਵਿ- ਉੱਤਮ. . ਉਮਦਾ. ਸ਼੍ਰੇਸ਼੍ਠ. "ਖੂਬ ਤੇਰੋ ਨਾਮ." (ਭੈਰ ਮਃ ੫) ੨. ਭਲਾ. ਚੰਗਾ.

ਖੂੰਬ: ਦੇਖੋ, ਖੁੰਬ. "ਭਾਦੋਂ ਮਾਸ ਖੂੰਬ ਜੁਗ ਜੈਸੇ." (ਗੁਪ੍ਰਸੂ) ੨. ਝੱਗ. ਫੇਨ. "ਚਲੀ ਬਹਿ ਸ੍ਰੋਣਤ ਊਪਰ ਖੂੰਬੇ." (ਚੰਡੀ ੧)

ਖ਼ੂਬਸੂਰਤ: ਫ਼ਾ. خوبصورت ਖ਼ੂਬਸੂਰਤ. ਵਿ- ਸੁੰਦਰ. ਸੋਹਣੀ ਸ਼ਕਲ ਵਾਲਾ.

ਖ਼ੂਬਕਲਾਂ: ਫ਼ਾ. خوب کلاں ਖ਼ਾਕਸੀ. ਰਾਮਸਰ੍ਹੋਂ. ਇਸ ਦੀ ਤਾਸੀਰ ਗਰਮ ਤਰ ਹੈ. ਹ਼ਕੀਮ ਇਸ ਨੂੰ ਤੋਰਕੀ ਆਦਿ ਤਾਪ ਦੂਰ ਕਰਨ ਲਈ ਵਰਤਦੇ ਹਨ. Sisysmbrium Irio.

ਖੂੰਬਚਾ: ਦੇਖੋ, ਖੌਂਚਾ.

ਖੂੰਬਰਾ, ਖੂੰਬਰਾਜੁ: ਸੰ क्षमाभ्रज ਕ੍ਸ਼ਮਾਭ੍ਰਜ. ਸੰਗਜਾ- ਕ੍ਸ਼ਮਾ (ਜਮੀਨ) ਅਤੇ ਅਭ੍ਰ (ਬੱਦਲ) ਦੇ ਸੰਜੋਗ ਤੋਂ ਪੈਦਾ ਹੋਇਆ ਛਤ੍ਰਾਕ. ਗੰਗਨਧੂਲ. ਬਰਸਾਤੀ ਮੌਸਮ ਵਿੱਚ ਪੈਦਾ ਹੋਇਆ ਪਦਬਹੇੜਾ. "ਜੈਸੇ ਭਾਦਉ ਖੂੰਬਰਾਜੁ." (ਬਸੰ ਰਵਿਦਾਸ)

ਖ਼ੂਬਾਂ: ਫ਼ਾ. خوباں ਖ਼ੂਬ ਦਾ ਬਹੁਵਚਨ। ੨. ਭਾਵ- ਮਾਸ਼ੂਕ. ਪਿਆਰਾ.

ਖ਼ੂਬਾਨੀ: ਫ਼ਾ. خوبانی ਖ਼ੁਰਮਾਨੀ. Apricot. ਆੜੂ ਦੀ ਕਿਸਮ ਦਾ ਇੱਕ ਫਲ. ਦੇਖੋ, ਜਰਦਾਲੂ.

ਖ਼ੂਬੀ: ਫ਼ਾ. خوبی ਸੰਗਜਾ- ਗੁਣ। ੨. ਭਲਿਆਈ. ਨੇਕੀ. "ਖੈਰ ਖੂਬੀ ਕੋ ਦਿਹੰਦਾ ਹੈ." (ਅਕਾਲ)

ਖ਼ੂਬੀਦਿਹ: ਫ਼ਾ. خوبی دِہ ਵਿ- ਨੇਕੀ ਦੇਣ ਵਾਲਾ.

ਖੂਲਿ: ਦੇਖੋ, ਖੁਲ੍ਹਿ.

ਖੂਲੀ: ਖੁਲ੍ਹੀ. "ਖੂਲੀ ਗੰਠਿ, ਉਠੋ ਲਿਖਿਆ ਆਇਆ." (ਤੁਖਾ ਛੰਤ ਮਃ ੧) ਪ੍ਰਾਣਾਂ ਦੀ ਗੱਠ ਖੁਲ ਗਈ.

ਖੂਲੇ: ਖੁਲ ਗਏ.

ਖੂਲੈ: ਖੁਲ੍ਹੇ. "ਕਿਉ ਖੂਲੈ ਗਲਜੇਵੜੀ?" (ਗਉ ਛੰਤ ਮਃ ੧)

ਖੂਲ੍ਹਿ: ਸੰ. ਕ੍ਸ਼ੁਲ ਕ਼ੁੱਲ. ਵਿ- ਤੁੱਛ. ਅਦਨਾ. "ਮਹਾਮੁਖ ਖੂਲ੍ਹਿ ਮਾਹਬਿਖ ਖਾਇ." (ਪ੍ਰਭਾ ਮਃ ੧) ੨. ਕ੍ਰਿ. ਵਿ- ਖੁਲ੍ਹੇ ਤੌਰ ਪੁਰ, ਬਿਨਾ ਸ਼ੰਕਾ. ਪੂਰੀ ਆਜ਼ਾਦੀ ਨਾਲ.

ਖੂਲ੍ਹੇ: ਖੁਲ੍ਹ ਗਏ. "ਖੂਲ੍ਹੇ ਬੰਧਨ ਮੁਕਤਿ ਗੁਰਿ ਕੀਨੀ." (ਸਾਰ ਮਃ ੫)

ਖੇ: ਸਿੰਧੀ. ਪ੍ਰਤਯ- ਸੰਬੰਧ ਬੋਧਕ. ਕਾ. ਕੀ. ਦਾ. ਦੇ. "ਧੂੜੀ ਮਜਨ ਸਾਧ ਖੇ." (ਸ੍ਰੀ ਛੰਤ ਮਃ ੫) ੨. ਕੋ. ਨੂੰ. ਤਾਂਈਂ. "ਜੋ ਡੁਬੰਦੋ ਆਪ ਸੋ ਤਰਾਏ ਕਿੰਨ ਖੇ?" (ਵਾਰ ਮਾਰੂ ੨. ਮਃ ੫) ੩. ਸੰ. ਖੰ. ਸੰਗ੍ਯਾ- ਆਕਾਸ਼. "ਖੇ ਕਹਿ ਗਯੋ ਧਰਨਿ ਪਸਗਯੋ!" (ਕ੍ਰਿਸਨਾਵ) ੪. ਸੰ. ਖੇ. ਆਕਾਸ਼ ਮੇਂ. "ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ." (ਗਉ ਵਾਰ ੨. ਮਃ ੫) ਜਿਵੇਂ ਖੇ (ਆਕਾਸ਼) ਵਿੱਚ ਦਾਮਿਨੀ (ਬਿਜਲੀ) ਦਾ ਚਮਤਕਾਰ ਹੈ, ਤਿਵੇਂ ਕ਼ਣਭੰਗੁਰ (ਪਲ ਵਿੱਚ ਮਿਟ ਜਾਣ ਵਾਲਾ) ਜਗਤ ਦਾ ਵਰਤਾਰਾ ਹੈ.

ਖੇਈ: ਦੇਖੋ, ਖੇਵਨ.

ਖੇਸ: ਅ਼. خیش ਖ਼ੇਸ਼. ਸੰਗ੍ਯਾ- ਇੱਕ ਮੋਟੀ ਬੁਣਤੀ ਦਾ ਵਸਤ੍ਰ, ਜੋ ਓਢਣ ਦੇ ਕੰਮ ਆਉਂਦਾ ਹੈ. "ਜੇਹਾ ਦੇਸ ਤੇਹਾ ਭੇਸ। ਤੇੜ ਲੁੰਗੀ ਮੋਢੇ ਖੇਸ." (ਰਤਨਮਾਲ) ੨. ਫ਼ਾ. خویش ਆਪਣਾਆਪ। ੩. ਰਿਸ਼ਤੇਦਾਰ. ਸੰਬੰਧੀ. "ਅੱਵਲ ਖੇਸ਼, ਬਾਦਹੂ ਦਰਵੇਸ਼." (ਲੋਕੋ)

ਖ਼ੇਸ਼ਤਨ: ਫ਼ਾ. خویشتن ਆਪਣਾਆਪ.

ਖੇਹ, ਖੇਹੁ, ਖੇਹੂ: ਸੰਗ੍ਯਾ- ਧੂਲਿ. ਧੂੜ. ਰਜ. ਗਰਦ. "ਜਿਉ ਧਰਨੀ ਮਹਿ ਖੇਹ." (ਸ. ਕਬੀਰ) ੨. ਮਿੱਟੀ. "ਖੇਹੂ ਸੇਤੀ ਰਲਿਗਇਆ." (ਵਾਰ ਗਉ ੧. ਮਃ ੪) ੩. ਵਿਸ਼੍ਟਾ. ਗੰਦਗੀ. "ਖੇਹ ਤੋਬਰਾ ਬਦਨ ਚਢਾਇ." (ਗੁਪ੍ਰਸੂ)

ਖੇਚਰ: ਸੰ. ਵਿ- ਖੇ (ਆਕਾਸ਼) ਵਿੱਚ ਵਿਚਰਣ ਵਾਲਾ. ਆਕਾਸ਼ਚਾਰੀ। ੨. ਸੰਗ੍ਯਾ- ਸੂਰਜ। ੩. ਚੰਦ੍ਰਮਾ। ੪. ਗ੍ਰਹ। ੫. ਪਵਨ. ਪੌਣ। ੬. ਦੇਵਤਾ। ੭. ਵਿਮਾਨ। ੮. ਪੰਛੀ। ੯. ਬੱਦਲ। ੧੦. ਭੂਤ ਪ੍ਰੇਤ। ੧੧. ਤੀਰ. ਵਾਣ। ੧੨. ਦੇਖੋ, ਖੇਚਰੀ ਮੁਦ੍ਰਾ. "ਖੇਚਰ ਭੂਚਰ ਤੁਲਸੀਮਾਲਾ." (ਰਾਮ ਨਾਮਦੇਵ)

ਖੇਚਰੀ: ਵਿ- ਆਕਾਸ਼ ਵਿੱਚ ਫਿਰਣ ਵਾਲੀ। ੨. ਸੰਗ੍ਯਾ- ਯੋਗਿਨੀ. "ਭਰੰਤ ਪਤ੍ਰ ਖੇਚਰੀ." (ਰਾਮਾਵ) ੩. ਦੇਖੋ, ਖੇਚਰੀਮੁਦ੍ਰਾ.

ਖੇਚਰੀਮੁਦ੍ਰਾ: ਹਠਯੋਗ ਵਾਲਿਆਂ ਦੀ ਇੱਕ ਧਾਰਣਾ, ਜਿਸ ਦਾ ਤਰੀਕਾ ਇਹ ਹੈ- ਮਾਲਸ਼ ਕਰਕੇ ਅਤੇ ਖਿੱਚਕੇ ਜੀਭ ਇਤਨੀ ਲੰਮੀ ਕਰਨੀ ਕਿ ਮੁੜਕੇ ਤਾਲੂਏ ਵਿੱਚ ਫਸਾਈ ਜਾ ਸਕੇ. ਯੋਗੀਆਂ ਦਾ ਖ਼ਿਆਲ ਹੈ ਕਿ ਕੰਠ ਵਿੱਚ ਜੀਭ ਅੜਾਕੇ ਪ੍ਰਾਣ ਰੋਕਣ ਨਾਲ ਮਸਤਕ ਵਿੱਚ ਇਸਥਿਤ ਚੰਦ੍ਰਮਾ ਤੋਂ ਅਮ੍ਰਿਤ ਟਪਕਦਾ ਹੈ, ਅਤੇ ਯੋਗੀ ਦੀ ਰਸਨਾ ਉੱਪਰ ਡਿਗਦਾ ਹੈ। ੨. ਤੰਤ੍ਰਸ਼ਾਸਤ੍ਰ ਅਨੁਸਾਰ ਆਸਨ ਲਗਾਕੇ ਖੱਬੇ ਹੱਥ ਉੱਪਰ ਸੱਜਾ ਹੱਥ ਲਪੇਟਕੇ ਬੈਠਣਾ ਖੇਚਰੀਮੁਦ੍ਰਾ ਹੈ.

ਖੇਚਲ: ਸੰਗ੍ਯਾ- ਮਿਹਨਤ। ੨. ਔਖ। ੩. ਥਕੇਵਾਂ.

ਖੇਚਾਰੀ: ਵਿ- ਆਕਾਸ਼ ਵਿੱਚ ਫਿਰਣ ਵਾਲਾ. ਦੇਖੋ, ਖੇਚਰ. "ਖੇਚਾਰੀ ਪਾਤਾਲ ਮਹੀਚਰ." (ਗੁਪ੍ਰਸੂ)

ਖ਼ੇਜ਼: ਫ਼ਾ خیز ਖ਼ੇਜ਼ੀਦਨ ਦਾ ਅਮਰ. ਉਠ। ੨. ਵਿ- ਉਠਾਉਣ ਵਾਲਾ। ਪੈਦਾ ਕਰਨ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਜ਼ਰਖ਼ੇਜ਼.

ਖ਼ੇਜ਼ੀਦਨ: ਫ਼ਾ. خیزیدن ਕ੍ਰਿ- ਉਠਣਾ.

**ਖੇਟ:** ਸੰ. ਖੇਟ੍ ਧਾ- ਖਾਣਾ ਭਕ੍ਸ਼ਣ ਕਰਨਾ। ੨. ਸੰਗਜਾ- ਖੇ (ਆਕਾਸ਼) ਵਿੱਚ ਅਟਨ (ਫਿਰਨ) ਵਾਲੇ ਗ੍ਰਹ ਤਾਰੇ ਸੂਰਜ ਆਦਿਕ। ੩. ਖੇੜਾ. ਪਿੰਡ। ੪. ਸ਼ਿਕਾਰ. ਅਹੇਰ। ੫. ਤ੍ਰਿਣ. ਸੁੱਕਾ ਘਾਹ। ੬. ਲਾਠੀ. ਸੋਟੀ। ੭. ਘੋੜਾ। ੮. ਢਾਲ. ਸਿਪਰ। ੯. ਚਮੜਾ. ਚੰਮ.

**ਖੇਟਕ:** ਸੰਗਜਾ- ਢਾਲ. ਸਿਪਰ. ਚਰਮ.

**ਖੇਡ:** ਸੰਗਜਾ- ਖੇਲ। ੨. ਬਾਜ਼ੀ.

**ਖੇਡਾ:** ਸੰਗਜਾ- ਖੇਡ ਦਾ ਅਖਾੜਾ. ਰੰਗਭੂਮਿ। ੨. ਖੇਮਕਰਨ (ਜਿਲਾ ਲਹੌਰ) ਦਾ ਵਸਨੀਕ ਇੱਕ ਦੁਰਗਾ ਭਗਤ ਬ੍ਰਾਹਮਣ, ਜੋ ਗੁਰੂ ਅਮਰਦੇਵ ਦਾ ਸਿੱਖ ਹੋ ਕੇ ਕਰਤਾਰ ਦਾ ਅਨੰਨ ਸੇਵਕ ਹੋਇਆ, ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪਕੇ ਮੰਜੀ ਬਖ਼ਸ਼ੀ। ੩. ਬਹੁਜਾਈ ਖਤ੍ਰੀਆਂ ਦਾ ਇੱਕ ਗੋਤ.

**ਖੇਡਾਰ, ਖੇਡਾਰੀ:** ਵਿ- ਖੇਲ ਕਰਨ ਵਾਲਾ. ਖੇਲਾਰੀ. ਖਿਡਾਰੀ.

**ਖੇਤ, ਖੇਤੁ:** ਸੰ. ਕ੍ਸ਼ੇਤ੍ਰ. ਸੰਗਜਾ- ਪ੍ਰਿਥਿਵੀ. ਭੂਮਿ। ੨. ਉਹ ਅਸਥਾਨ ਜਿੱਥੇ ਅੰਨ ਬੀਜਿਆ ਜਾਵੇ. "ਖੇਤ ਖਸਮ ਕਾ ਰਾਖਾ ਉਠਿਜਾਇ." (ਗਉ ਮਃ ੫) ੩. ਦੇਹ. ਸ਼ਰੀਰ. "ਖੇਤ ਹੀ ਕਰਹੁ ਨਿਬੇਰਾ." (ਮਾਰੂ ਕਬੀਰ) ੪. ਉਤਪੱਤੀ ਦਾ ਅਸਥਾਨ। ੫. ਇਸਤ੍ਰੀ. ਜੋਰੂ. "ਰੰਚਕ ਰੇਤ ਖੇਤ ਤਨ ਨਿਰਮਿਤ." (ਸਵੈਯੇ ਸ੍ਰੀ ਮੁਖਵਾਕ ਮਃ ੫) ੬. ਅੰਤਹਕਰਣ। ੭. ਇੰਦ੍ਰਿਯ। ੮. ਸੁਪਾਤ੍ਰ. ਅਧਿਕਾਰੀ. "ਖੇਤੁ ਪਛਾਣੈ ਬੀਜੈ ਦਾਨੁ." (ਸਵਾ ਮਃ ੧) ੯. ਰਣਭੂਮਿ. ਮੈਦਾਨੇਜੰਗ. "ਪੁਰਜਾ ਪੁਰਜਾ ਕਟਿਮਰੈ ਕਬਹੂ ਨ ਛਾਡੈ ਖੇਤੁ." (ਮਾਰੂ ਕਬੀਰ) ੧੦. ਤੀਰਥਅਸਥਾਨ.

**ਖੇਤਪਾਲ, ਖੇਤਰਪਾਲ:** ਦੇਖੋ, ਖੇਤ੍ਰਪਾਲ.

**ਖੇਤਾਰ ਖੇਤਾਰੁ:** ਸੰਗਜਾ- ਕੇਦਾਰ. ਕ੍ਸ਼ੇਤ੍ਰਕੇਦਾਰ. "ਲੁਣਿ ਮਿਣਿਆ ਖੇਤਾਰੁ." (ਸ੍ਰੀ ਮਃ ੫) ਇਸ ਥਾਂ ਖੇਤਾਰ ਤੋਂ ਭਾਵ ਦੇਹ ਹੈ.

**ਖੇਤੀ:** ਸੰਗਜਾ- ਕੇਤ (ਕ੍ਸ਼ੇਤ੍ਰ) ਵਿੱਚ ਪੈਦਾ ਹੋਈ ਵਸਤੁ. ਖੇਤ ਦੀ ਉਪਜ. ਪੈਲੀ. "ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ?" (ਵਾਰ ਸਾਰ ਮਃ ੧) ੨. ਕ੍ਰਿਸ਼ੀ. ਕਿਸਾਨੀ. ਕਾਸ਼ਤਕਾਰੀ.

**ਖੇਤੀ ਪੱਤੀ:** ਸੰਗਜਾ- ਪੈਲੀ ਅਤੇ ਸਾਗ ਤਰਕਾਰੀ.

**ਖੇਤੁ, ਖੇਤ੍ਰ:** ਦੇਖੋ, ਖੇਤ.

**ਖੇਤ੍ਰਗਜ:** ਸੰ. ਕ੍ਸ਼ੇਤ੍ਰਜ੍ਞ ਵਿ- ਖੇਤ ਦੇ ਜਾਣਨ ਵਾਲਾ। ੨. ਸੰਗਜਾ- ਕਿਸਾਨ. ਕਾਸ਼ਤਕਾਰ। ੩. ਸ਼ਰੀਰ ਦਾ ਸਾਕ੍ਸ਼ੀ ਜੀਵਾਤਮਾ। ੪. ਕ੍ਸ਼ੇਤ੍ਰ (ਅੰਤਹਕਰਣ) ਦੀ ਹਾਲਤ ਜਾਣਨ ਵਾਲਾ, ਕਰਤਾਰ. ਅੰਤਰਜਾਮੀ.

**ਖੇਤ੍ਰਪਾਲ:** ਸੰ. ਕ੍ਸ਼ੇਤ੍ਰਪਾਲ. ਵਿ- ਖੇਤ ਦਾ ਰਾਖਾ। ੨. ਸੰਗਜਾ- ਖੇਤ ਦੀ ਪਾਲਨਾ ਕਰਨ ਵਾਲਾ ਪੁਰਖ। ੩. ਭੈਰਵ ਦੇਵਤਾ ਦਾ ਭੇਦ, ਜੋ ਕਾਲੀਦੇਵੀ ਦਾ ਪੱਛਮ ਦਿਸ਼ਾ ਦਾ ਦ੍ਵਾਰਪਾਲ ਹੈ। ੪. ਰਣਭੂਮਿ ਦਾ ਸਰਦਾਰ. "ਉਭੈ ਖੇਤ੍ਰਪਾਲੰ ਬਕੈਂ ਮਾਰ ਮਾਰੰ." (ਵਿਚਿਤ੍ਰ)

**ਖੇਤ੍ਰੀ:** ਦੇਖੋ, ਖੇਤੀ। ੨. ਸੰ. ਕ੍ਸ਼ੇਤ੍ਰਿਨ੍. ਖੇਤਵਾਲਾ। ੩. ਜੀਵਾਤਮਾ.

**ਖੇਦ:** ਦੇਖੋ, ਖਿਦ। ੨. ਸੰਗਜਾ- ਦੁੱਖ. "ਖੇਦ ਮਿਟੇ ਸਾਧੂ ਮਿਲਤ." (ਬਾਵਨ) ੩. ਸ਼ੋਕ। ੪. ਘਬਰਾਹਟ। ੫. ਦੇਖੋ, ਖੇਦਨਾ.

**ਖੇਦਤ:** ਸੰ. ਖੇਦਿਤ. ਵਿ- ਦੁਖੀ ਕੀਤਾ ਹੋਇਆ. ਦੁਖਾਇਆ। ੨. ਖੇਦੰਤਃ ਖੇਦ ਨੂੰ ਪ੍ਰਾਪਤ ਹੁੰਦੇ ਹੋਏ. "ਖੇਦਤ ਹੈਂ ਅਨਛੇਦ ਪੁਕਾਰੇ." (ਅਕਾਲ)

**ਖੇਦਨ:** ਸੰ. ਖੇਦ ਨੂੰ ਪ੍ਰਾਪਤ ਹੋਣ ਦਾ ਭਾਵ। ੨. ਥਕਾਨ।

ਖੇਦਨਾ: ਦੇਖੋ, ਖੇਦਨ। ੨. ਕ੍ਰਿ- ਖਦੇੜਨਾ. ਧਕੇਲਨਾ. "ਤਿਨੈ ਖੇਦਕੇ ਬਾਰ ਕੇ ਬੀਚ ਡਾਰੰ." (ਵਿਚਿਤ੍ਰ) ਖਦੇੜਕੇ ਵਾੜ ਵਿੱਚ ਵਾੜ ਦਿੱਤੇ.

ਖੇਦਿਆ: ਦੁਖ, ਦਿੱਤਾ। ੨. ਧਕੇਲਿਆ. ਪਰਾਸ੍ਤ ਕੀਤਾ. ਹਰਾਇਆ. "ਖਟਦਰਸਨ ਕਉ ਖੇਦਿਆ." (ਭਾਗੁ)

ਖੇਨਾ: ਦੇਖੋ, ਖੇਵਨ.

ਖੇਪ: ਸਿੰਧੀ. ਸੰਗਯਾ- ਮਾਲ ਦੀ ਭਰਤੀ. ਵਣਿਜ ਦੀ ਵਸਤੁ. "ਲਾਦਿ ਖੇਪ ਸੰਤਹਿ ਸੰਗਿ ਚਾਲ." (ਸੁਖਮਨੀ) "ਨਿਬਹੀ ਨਾਮ ਕੀ ਸਚੁ ਖੇਪ." (ਸਾਰ ਮਃ ੫) ੨. ਦੇਖੋ, ਕ੍ਸ਼ੇਪ.

ਖੇਪਣ: ਦੇਖੋ, ਕ੍ਸ਼ੇਪਣ.

ਖੇਮ: ਸੰ. ਕ੍ਸ਼ੇਮ. ਸੰਗਯਾ- ਕੁਸ਼ਲ. ਮੰਗਲ। ੨. ਮੁਕਤਿ. ਮੋਕ੍ਸ਼. "ਖੇਮ ਸਾਂਤਿ ਰਿਧਿ ਨਵ ਨਿਧਿ." (ਸੁਖਮਨੀ)

ਖੇਮ ਸਿੰਘ ਬਾਬਾ: ਦੇਖੋ, ਵੇਦੀਵੰਸ਼.

ਖੇਮਕਰਨ: ਜਿਲਾ ਲਹੌਰ, ਤਸੀਲ ਥਾਣਾ ਕੁਸੂਰ ਦਾ ਇੱਕ ਕਸਬਾ, ਜਿਸ ਦੇ ਯੱਕਿਆਂ ਵਾਲੇ ਦਰਵਾਜ਼ੇ ਅੰਦਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਥੋੜਾ ਸਮਾਂ ਇੱਥੇ ਠਹਿਰੇ ਹਨ, ਤਿਸ ਸਮੇਂ ਦੀ ਯਾਦਗਾਰ ਵਿੱਚ ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ, ਜਿਸ ਵਿੱਚ ਗੁਰੂ ਸਾਹਿਬ ਦੇ ਵੇਲੇ ਦਾ ਥੰਮ੍ਹ ਦੱਸਿਆ ਜਾਂਦਾ ਹੈ, ਜਿਸ ਦੀ "ਥੰਮ੍ਹ ਸਾਹਿਬ" ਸੰਗਯਾ ਹੈ. ਗੁਰਦ੍ਵਾਰੇ ਨੂੰ ਕੋਈ ਪੱਕੀ ਆਮਦਨ ਨਹੀਂ।

੨. ਖੇਮਕਰਨ ਤੋਂ ਦੱਖਣ ਵੱਲ ਗੁਰੂ ਤੇਗਬਹਾਦਪੁਰ ਸਾਹਿਬ ਦਾ ਗੁਰਦ੍ਵਾਰਾ "ਗੁਰੂਸਰ" ਹੈ. ਇਹ ਪਹਿਲਾਂ ਸਾਧਾਰਣਜਿਹਾ ਦਰਬਾਰ ਸੀ, ਹੁਣ ਸੰਮਤ ੧੯੬੦ ਤੋਂ ਲਾਲਾ ਕਾਸ਼ੀਰਾਮ ਰਈਸ ਫੀਰੋਜ਼ਪੁਰ ਨੇ ਦਰਬਾਰ ਅਤੇ ਰਹਾਇਸ਼ੀ ਮਕਾਨਾਂ ਦੀ ਸੇਵਾ ਕਰਾਈ ਹੈ.

ਮਹੰਤ ਨਿਰਮਲਾ ਸਿੰਘ ਹੈ. ਹਾੜ ਦੀ ਪੂਰਨਮਾਸੀ ਨੂੰ ਮੇਲਾ ਹੁੰਦਾ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਖੇਮਕਰਨ ਤੋਂ ਅਗਨਿ ਕੋਣ ਦੇ ਫਰਲਾਂਗ ਦੇ ਕ਼ਰੀਬ ਹੈ.

ਖੇਮਕਲਜਾਣ: ਦੇਖੋ, ਕ੍ਸ਼ੇਮਕਲਜਾਣ.

ਖੇਮਕੁਸਲ: ਸੰਗਯਾ- ਕਲਜਾਣ ਅਤੇ ਮੰਗਲ. "ਖੇਮ ਕੁਸਲ ਭਇਆ ਇਸਨਾਨਾ." (ਸੋਰ ਮਃ ੫)

ਖੇਮਾ: ਅ਼. خیمہ ਖ਼ੇਮਹ. ਸੰਗਯਾ- ਤੰਬੂ. ਡੇਰਾ. "ਸਤਿਗੁਰਿ ਖੇਮਾ ਤਾਣਿਆ." (ਸਵੈਯੇ ਮਃ ੪. ਕੇ) ਭਾਵ- ਸਿੱਖਧਰਮ ਰੂਪ ਖ਼ੇਮਾ.

ਖੇਰਾ: ਦੇਖੋ, ਖੇੜਾ। ੨. ਹੀਰ ਦਾ ਪਤਿ. ਸੈਦਾ. "ਅਬਹੀ ਯਹ ਖੇਰਾ ਕੋ ਦੀਜੈ." (ਚਰਿਤ੍ਰ ੯੮) ਦੇਖੋ, ਹੀਰ। ੩. ਖਿਰਨੀ ਦੇ ਥਾਂ ਭੀ ਇਹ ਸ਼ਬਦ ਆਇਆ ਹੈ. "ਤੂਤ ਨੀਮ ਆਮ ਖੇਰਾ ਜਾਨੀਐ." (ਗੁਵਿ ੧੦)

ਖੇਲ: ਸੰ. ਕ੍ਸ਼੍ਵੇਲ ਅਤੇ ਖੇਲਿ. ਸੰਗਯਾ- ਖੇਡ. ਕ੍ਰੀੜਾ. "ਖੇਲ ਸੰਕੋਚੈ ਤਉ ਨਾਨਕ ਏਕੈ." (ਸੁਖਮਨੀ) ੨. ਫ਼ਾ. خیل ਖ਼ੈਲ. ਆਦਮੀਆਂ ਦਾ ਗਰੋਹ। ੩. ਗੋਤ. ਵੰਸ਼. "ਬਾਵਨ ਖੇਲ ਪਠਾਨ ਤਹਿਂ ਸਭੈ ਪਰੇ ਅਰਰਾਇ." (ਚਰਿਤ੍ਰ ੯੭) ਦੇਖੋ, ਬਾਵਨ ਖੇਲ। ੪. ਦਾਸ. ਅਨੁਚਰ. ਸੇਵਕ.

ਖੇਲਖਾਸੀ: ਖ਼ਾਸ- ਖ਼ੈਲ. ਹਾਜਰਬਾਸ਼ ਸੇਵਕ. "ਛਪਨ ਕੋਟਿ ਜਾਕੇ ਖੇਲਖਾਸੀ." (ਭੈਰ ਕਬੀਰ)

ਖੇਲਖਾਨਾ: ਫ਼ਾ. خیلخانہ ਖ਼ੈਲ- ਖ਼ਾਨਹ. ਪ੍ਰਧਾਨ ਕੁਲ. ਉੱਤਮ ਵੰਸ਼। ੨. ਘਰ ਵਿੱਚ ਰਹਿਣ ਵਾਲਾ ਗਰੋਹ. ਭਾਵ- ਕੁਟੁੰਬੀ. "ਤੇਤੀਸ ਕਰੋੜੀ ਹੈ ਖੇਲਖਾਨਾ. ਚਉਰਾਸੀ ਲਖ ਫਿਰੈ ਦਿਵਾਨਾ." (ਭੈਰ ਕਬੀਰ) ਤੇਤੀਸ ਕੋਟਿ ਦੇਵਤਾ ਗ੍ਰਿਹਸਥਾਸ਼੍ਰਮੀ ਅਤੇ

ਚੌਰਾਸੀ ਲੱਖ ਜਾਤਿ ਦੇ ਜੀਵ ਖ਼ਾਨਹਬਦੋਸ਼ ਫਿਰ ਰਹੇ ਹਨ. ਦੇਖੋ, ਖੇਲ ਅਤੇ ਖਾਨਾ.

ਖੇਲਣ, ਖੇਲਣਾ: ਕ੍ਰਿ- ਖੇਡਣਾ. ਕ੍ਰੀੜਾ ਕਰਨੀ. "ਜਉ ਤਉ ਪ੍ਰੇਮ ਖੇਲਣ ਕਾ ਚਾਉ." (ਸਵਾ ਮਃ ੧) ਦੇਖੋ, ਖੇਲਨ.

ਖੇਲਤ: ਖੇਡਦਾ ਹੋਇਆ. "ਹਸਤ ਖੇਲਤ ਤੇਰੇ ਦੇਹੁਰੇ ਆਇਆ." (ਭੈਰ ਨਾਮਦੇਵ)

ਖੇਲਨ: ਸੰ. ਖ੍ਵੇਲਨ. ਸੰਗਯਾ- ਖੇਲ. ਕ੍ਰੀੜਾ. ਖੇਡ। ੨. ਦੇਖੋ, ਖੇਲਨਾ ੧.।

ਖੇਲਨਾ: ਕ੍ਰਿ- ਖ੍ਵੇਲਨ ਦੀ ਕ੍ਰਿਯਾ. ਖੇਡਣ. ਕ੍ਰੀੜਾ ਕਰਨੀ। ੨. ਸੰਗਯਾ- ਖਿਲੌਨਾ. ਖਿਡੌਣਾ. ਖੇਡਣ ਦੀ ਵਸਤੁ. "ਖੇਲਨੇ ਕਾਰਨ ਸੁੰਦਰ ਖੇਲਨੇ." (ਗੁਪ੍ਰਸੂ)

ਖੇਲਾਂਤਕ: ਸੰਗਯਾ- ਖੜਗ, ਜੋ ਯੋਧਿਆਂ ਦੇ ਖੇਡ ਦਾ ਭੋਗ ਪਾ ਦਿੰਦਾ ਹੈ. (ਸਨਾਮਾ)

ਖੇਲਾਰੀ: ਵਿ- ਖੇਲ ਕਰਨ ਵਾਲਾ. ਖੇਡਾਰੀ.

ਖੇਲਿ: ਕ੍ਰਿ. ਵਿ- ਖੇਲਕੇ. ਖੇਡ ਕਰਕੇ। ੨. ਸੰ. ਸੰਗਯਾ- ਖੇਡ. ਕ੍ਰੀੜਾ.

ਖੇਲੁ: ਦੇਖੋ, ਖੇਲ.

ਖੇਵ: ਦੇਖੋ, ਖੇਵਨ. "ਅਨਿਲ ਬੇੜਾ ਹਉ ਖੇਵਿ ਨ ਸਾਕਉ." (ਬਸੰ ਨਾਮਦੇਵ) ਤੇਜ਼ ਹਵਾ ਵਿੱਚ ਮੈਂ ਕਿਸ਼ਤੀ ਨਹੀਂ ਚਲਾ ਸਕਦਾ. ਭਾਵ- ਵਾਸਨਾ ਦੀ ਪ੍ਰਬਲਤਾ ਕਾਰਣ ਸੰਸਾਰੋਂ ਪਾਰ ਨਹੀਂ ਹੋ ਸਕਦਾ.

ਖੇਵਟ, ਖੇਵਟੁ, ਖੇਵਟੂ: ਸੰ. कैवर्त्त ਕੈਵਤੰ. ਸੰਗਯਾ- ਮਲਾਹ. ਨੌਕਾ ਚਲਾਉਣ ਵਾਲਾ. "ਗੁਰ ਖੇਵਟ ਸਬਦਿ ਤਰਾਇਆ." (ਬਿਹਾ ਛੰਤ ਮਃ ੪) "ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ." (ਮਾਰੂ ਅਃ ਮਃ ੧) ੨. ਵਿ- ਕ੍ਸ਼ੇਪਕ. ਫੈਂਕਨੇ ਵਾਲਾ. "ਅੰਕੁਸ ਗਯਾਨ ਰਤੰਨੁ ਹੈ ਖੇਵਟੁ ਵਿਰਲਾ ਸੰਤ." (ਸ. ਕਬੀਰ) ਹਾਥੀ ਪੁਰ ਅੰਕੁਸ਼ ਚਲਾਉਣ ਵਾਲਾ ਕੋਈ ਵਿਰਲਾ ਸੰਤ ਹੈ.

ਖੇਵਨ, ਖੇਵਨਾ: ਸੰ. ਕ੍ਸ਼ੇਪਣ. ਨੌਕਾ ਚਲਾਉਣ ਲਈ ਚੱਪਾ ਪਾਣੀ ਵਿੱਚ ਸੁੱਟਣਾ. ਚੱਪਾ ਚਲਾਉਣਾ. ਦੇਖੋ, ਖੇਵ। ੨. ਗੁਜ਼ਾਰਨਾ. ਵਿਤਾਉਣਾ. "ਕਿਨ ਹੀ ਤੰਤੁ ਮੰਤੁ ਬਹੁ ਖੇਵਾ." (ਰਾਮ ਅਃ ਮਃ ੫) ਤੰਤ੍ਰ ਮੰਤ੍ਰ ਵਿੱਚ ਕਾਲ ਕ੍ਸ਼ੇਪਣ ਕੀਤਾ (ਵਕਤ ਗੁਜ਼ਾਰਿਆ). "ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ?" (ਫੁਨਹੇ ਮਃ ੫)

ਖੇਵਾ: ਦੇਖੋ, ਖੇਵਨ। ੨. ਦੇਖੋ, ਖੇਵਾਟ.

ਖੇਵਾਟ, ਖੇਵਾਟੁ: ਦੇਖੋ, ਖੇਵਟ. "ਆਪੇ ਸਾਗਰ ਬੋਹਿਥਾ, ਆਪੇ ਹੀ ਖੇਵਾਟ." (ਵਾਰ ਗੂਜ ੨. ਮਃ ੫)

ਖੇੜਾ: ਸੰ. ਖੇਟ. ਸੰਗਯਾ- ਪਿੰਡ. ਗ੍ਰਾਮ. "ਪ੍ਰਿਥਮੇ ਬਸਿਆ ਸਤ ਕਾ ਖੇੜਾ." (ਰਾਮ ਮਃ ੫) "ਭੱਠ ਖੇੜਿਆਂ ਦਾ ਰਹਿਣਾ." (ਹਜਾਰੇ ੧੦) ੨. ਭਾਵ- ਦੇਹ. ਸ਼ਰੀਰ.

ਖੇੜਾ ਕਲਮੋਟ: ਦੇਖੋ, ਕਲਮੋਟ.

ਖੇੜੀ: ਸੰ. ਖਰਾਯਸ. ਸੰਗਯਾ- ਪੱਕਾ ਲੋਹਾ, ਜਿਸ ਦੇ ਕੁਹਾੜੀ ਦਾਤੀ ਆਦਿਕ ਸੰਦ ਬਣਦੇ ਹਨ। ੨. ਛੋਟਾ ਪਿੰਡ. ਮਾਜਰੀ। ੩. ਜਿਲਾ ਅੰਬਾਲਾ, ਤਸੀਲ ਰੋਪੜ, ਥਾਣਾ ਮੋਰੰਡਾ ਦਾ ਇੱਕ ਪਿੰਡ ਹੈ, ਜਿੱਥੋਂ ਦੇ ਰਹਿਣ ਵਾਲੇ ਗੰਗੂ ਬ੍ਰਾਹਮਣ ਨੇ ਮਾਤਾ ਗੁਜਰੀ ਜੀ ਦਾ ਧਨ ਚੁਰਾਕੇ ਸਾਹਿਬਜ਼ਾਦਿਆਂ ਸਮੇਤ ਮਾਤਾ ਜੀ ਨੂੰ ਤੁਰਕਾਂ ਹੱਥ ਫੜਾਇਆ ਸੀ. ਬੰਦਾਬਹਾਦੁਰ ਨੇ ਸੰਮਤ ੧੭੬੭ ਵਿੱਚ ਇਸ ਪਿੰਡ ਨੂੰ ਤਬਾਹ ਕਰਕੇ ਗੰਗੂ ਨੂੰ ਕਰਣੀ ਦਾ ਫਲ ਭੁਗਾਇਆ. ਹੁਣ ਨਵੀਂ ਆਬਾਦੀ ਦਾ ਨਾਉਂ ਸਹੇੜੀ ਹੈ. ਦੇਖੋ, ਸਹੇੜੀ.

ਖੈ: ਕ੍ਰਿ. ਵਿ- ਖਾਕੇ. ਖਾਦਨ ਕਰਕੇ. "ਏਕ ਕਹੈਂ ਹਮ ਖੈ ਮਰ ਹੈਂ ਬਿਖ." (ਕ੍ਰਿਸਨਾਵ) ੨. ਸੰ. ਕ੍ਸ਼ਯ. ਸੰਗਯਾ- ਵਿਨਾਸ਼. "ਸਗਲ ਬਿਆਧਿ ਮਨ ਤੇ ਖੈ ਨਸੈ." (ਸੁਖਮਨੀ) ੩. ਹਾਨੀ. ਨੁਕਸਾਨ. ਘਾਟਾ. "ਜਾਕੇ ਭਗਤ ਕਉ ਨਾਹੀ ਖੈ." (ਬਸੰ ਮਃ ੫) ੪.

ਖਈ ਰੋਗ. ਦੇਖੋ, ਖਈ ੩.

ਖੈਹੜਾ: ਦੇਖੋ, ਖਹੜਾ.

ਖੈਕਾਰ: ਸਿੰਧੀ. ਪਰਸਪਰ (ਆਪੋ ਵਿੱਚੀ) ਮਿਲਣ ਸਮੇਂ ਦਾ ਸ਼ਿਸ਼੍ਟਾਚਾਰ. ਕੁਸ਼ਲਪ੍ਰਸ਼ਨ। ੨. ਦੇਖੋ, ਖੈਕਾਲ.

ਖੈਕਾਲ, ਖੈਕਾਲੁ: ਵਿ- ਕ੍ਸ਼ਯ (ਨਾਸ਼) ਕਰਨਵਾਲਾ, ਵਿਨਾਸ਼ਕ. ਕ੍ਸ਼ਯਕਾਰ. "ਝੂਠ ਬੁਰਾ ਖੈਕਾਲੁ." (ਓਅੰਕਾਰ) ੨. ਸੰਗ੍ਯਾ- ਕ੍ਸ਼ਯ (ਮਰਣ) ਦਾ ਕਾਲ (ਸਮਾਂ). ਅੰਤਕਾਲ. "ਖੈਕਾਲ ਸਿਰ ਦੁਨੀ ਆਈਐ." (ਵਾਰ ਮਾਝ ਮਃ ੧) ੩. ਪ੍ਰਲੈ. ਕ਼ਯਾਮਤ. "ਦੋਜਕ ਭਿਸਤ ਨਹੀ ਖੈਕਾਲਾ." (ਮਾਰੂ ਸੋਲਹੇ ਮਃ ੧)

ਖੈਂਚ: ਸੰਗ੍ਯਾ- ਖਿੱਚ. ਕਸ਼ਿਸ਼। ੨. ਅੜੀ.

ਖੈਂਚਨਾ, ਖੈਂਚਬ: ਕ੍ਰਿ- ਖਿੱਚਣਾ. ਆਕਰ੍ਸ਼ੰਣ ਕਰਨਾ.

ਖੈਬਰ: ਅ਼. خیبر ਖ਼ੈਬਰ. ਅ਼ਰਬ ਵਿੱਚ ਇੱਕ ਥਾਂ, ਜੋ ਮਦੀਨੇ ਤੋਂ ਅੱਠ ਮੰਜ਼ਿਲ ਹੈ। ਇਸ ਥਾਂ ਮੁਹੰਮਦ ਸਾਹਿਬ ਨੇ ਮੁਤਾਹ ਦੀ ਰਸਮ ਬੰਦ ਕੀਤੀ ਸੀ। ਜਿਲਾ ਪੇਸ਼ਾਵਰ ਅਤੇ ਅਫਗਾਨਿਸਤਾਨ ਦੇ ਮੱਧ ਇੱਕ ਪਹਾੜੀ ਘਾਟੀ, ਜੋ ਪੇਸ਼ਾਵਰ ਤੋਂ ਸਾਢੇ ਦਸ ਮੀਲ ਪੱਛਮ ਤੋਂ ਆਰੰਭ ਹੁੰਦੀ ਹੈ. ਹਿੰਦੁਸਤਾਨ ਉੱਤੇ ਬਹੁਤ ਸਾਰੇ ਹਮਲੇ ਇਸੇ ਦਰੇ ਰਾਹੋਂ ਹੋਏ ਹਨ.

ਖੈਰ: ਅ਼. خیر ਖ਼ੈਰ. ਸੰਗ੍ਯਾ- ਭਲਾਈ. ਨੇਕੀ। ੨. ਅਮਨ. ਸ਼ਾਂਤਿ. "ਊਹਾਂ ਖੈਰ ਸਦਾ ਮੇਰੇ ਭਾਈ." (ਗਉ ਰਵਿਦਾਸ) ੩. ਦਾਨ. ਖ਼ੈਰਾਤ. "ਤੀਜਾ ਖੈਰ ਖੁਦਾਇ." (ਵਾਰ ਮਾਝ ਮਃ ੧) ਤੀਜੀ ਨਮਾਜ਼ ਖ਼ੁਦਾ ਅਰਥ ਖ਼ੈਰਾਤ (ਦਾਨ) ਹੈ.

"ਇਸ਼ਕ ਮੁਸ਼ਕ ਖਾਂਸੀ ਅਰੁ ਖੁਰਕ ਬਖਾਨੀਐ।

ਖੂਨ ਖੈਰ ਮਦਪਾਨ ਸੁ ਬਹੁਰ ਪ੍ਰਮਾਨੀਐ।

ਕਸ ਕੋ ਕਰਈ ਸਾਤ ਛੁਪਾਏ ਛਪਤ ਨਹਿ।

ਹੋ ! ਹੋਵਤ ਪ੍ਰਗਟ ਨਿਦਾਨ ਸੁ ਸਾਰੀ ਸ੍ਰਿਸ਼੍ਟਿ ਮਹਿ."

(ਚਰਿਤ੍ਰ ੧੫੪)

੪. ਸੰ. ਖਦਿਰ ਬਿਰਛ. Mimosa Catechu.

ਖੈਰਖਾਹ, ਖ਼ੈਰਖ਼੍ਵਾਹ: ਫ਼ਾ. خیر خواہ ਵਿ- ਸ਼ੁਭਚਿੰਤਕ. ਭਲਾ ਚਾਹੁਣ ਵਾਲਾ. "ਖੈਰਖਾਹ ਹਮ ਦੋਨਹੁ ਕੇਰ." (ਗੁਪ੍ਰਸੂ)

ਖ਼ੈਰਾਤ: ਅ਼. خیرات ਖ਼ੈਰ ਦਾ ਬਹੁਵਚਨ. ਦਾਨ ਪੁੰਨ. ਨੇਕੀਆਂ.

ਖੈਰਾਬਾਦ: ਇਹ ਪਿੰਡ ਜਿਲਾ, ਤਸੀਲ, ਥਾਣਾ ਅੰਮ੍ਰਿਤਸਰ ਵਿੱਚ ਹੈ, ਜੋ ਰੇਲਵੇ ਸਟੇਸ਼ਨ ਅਮ੍ਰਿਤਸਰ ਤੋਂ ਵਾਯਵੀ ਕੋਣ ਚਾਰ ਮੀਲ ਦੇ ਕਰੀਬ ਹੈ. ਇਸ ਪਿੰਡ ਤੋਂ ਅਗਨਿ ਕੋਣ ਅੱਧ ਮੀਲ ਦੇ ਕਰੀਬ ਦੋ ਗੁਰਦ੍ਵਾਰੇ ਹਨ.

(੧) ਗੁਰਪਲਾਹ. ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਇਸ ਪਾਸੇ ਸ਼ਿਕਾਰ ਖੇਡਣ ਆਉਂਦੇ ਤਾਂ ਇੱਥੇ ਇੱਕ ਪਲਾਸ ਬਿਰਛ ਪਾਸ ਵਿਰਾਜਿਆ ਕਰਦੇ ਸਨ. ਗੁਰਦ੍ਵਾਰਾ ਏਕਾਂਤ ਅਸਥਾਨ ਵਿੱਚ ਹੈ. ਇਰਦ ਗਿਰਦ ਬਹੁਤ ਸੰਘਣੇ ਦਰਖ਼ਤ ਹਨ. ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ, ਨਾਲ ੬. ਵਿੱਘੇ ਦੇ ਕ਼ਰੀਬ ਜ਼ਮੀਨ ਹੈ.

(੨) ਕਲਪਬਿਰਛ. ਇਹ ਭੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਹੈ. ਇੱਥੇ ਕਾਬੁਲ ਦੀ ਸੰਗਤ ਡਾਕੂਆਂ ਨੇ ਲੁੱਟ ਲਈ ਸੀ. ਗੁਰੂ ਸਾਹਿਬ ਨੇ ਪਹੁੰਚਕੇ ਕੁਕਰਮੀਆਂ ਨੂੰ ਦੰਡ ਦਿੱਤਾ ਅਤੇ ਅੱਗੇ ਨੂੰ ਸਿੱਖ ਬਣਾਕੇ ਸੁਮਾਰਗ ਪਾਏ.

ਇੱਕ ਥੜਾ ਪੱਕੀਆਂ ਇੱਟਾਂ ਦਾ ਸਾਧਾਰਨ ਜਿਹਾ ਬਣਿਆ ਹੋਇਆ ਹੈ, ੬. ਵਿੱਘੇ ਦੇ ਕ਼ਰੀਬ ਜ਼ਮੀਨ ਦਾ ਅਹਾਤਾ ਹੈ, ਪੁਜਾਰੀ ਕੋਈ ਨਹੀਂ ਹੈ। ੨. ਅਟਕ ਦੇ ਪਾਸ ਇੱਕ ਸ਼ਹਿਰ.

**ਖੈਰਿ, ਖੈਰੀ:** ਸੰਗਜਾ- ਖ਼ੈਰਾਤ. ਦਾਨ. ਦੇਖੋ, ਖਹਦੀ. "ਚਉਥੇ ਖੈਰੀ." (ਮਾਰੂ ਸੋਹਲੇ ਮਃ ੫) ਚਉਥੀ ਨਮਾਜ਼ ਦਾਨ ਕਰਨਾ ਹੈ.

**ਖੈਲ:** ਦੇਖੋ, ਖੇਲ। ੨. ਦੇਖੋ, ਖਲਲ.

**ਖੈਲਭੈਲ:** ਖਲਲ- ਭੈਦਾਇਕ. ਭਯੰਕਰ ਵਿਘਨ। ੨. ਹਲਚਲ. ਡਾਵਾਂ ਡੋਲ. "ਖੈਲਭੈਲ ਪਰਤ ਖਲਨ ਘਰਬਾਰ ਹੈ." (ਹੰਸਰਾਮ)

**ਖੋ:** ਦੇਖੋ, ਖੋਣਾ। ੨. ਫ਼ਾ. خو ਸੰਗਜਾ- ਸੁਭਾਉ. ਪ੍ਰਕ੍ਰਿਤਿ.

**ਖੋਊ:** ਵਿ- ਖੋਣ ਵਾਲਾ.

**ਖੋਆ:** ਸੰ. ਕ੍ਸ਼ੁਦ- ਪਯ. ਸੰਗਜਾ- ਖੁਰਚਣੇ ਨਾਲ ਤਾੜਿਆ ਹੋਇਆ ਦੁੱਧ. ਮਾਵਾ. ਖੋਇਆ. ਖੋਯਾ. ਆਂਚ ਨਾਲ ਪਾਣੀ ਜਲਾਕੇ ਗਾੜ੍ਹਾ ਪਿੰਨੇ ਦੀ ਸ਼ਕਲ ਵਿੱਚ ਕੀਤਾ ਦੁੱਧ. ਇਸ ਦੀਆਂ- ਪੇੜੇ, ਗੁਲਾਬਜਾਮਣਾਂ, ਕਲਾਕੰਦ ਆਦਿ- ਅਨੇਕ ਮਿਠਾਈਆਂ ਬਣਦੀਆਂ ਹਨ. ਗਾੜ੍ਹੇ ਦੁੱਧ ਵਿੱਚੋਂ ਖੋਆ ਵੱਧ, ਅਤੇ ਪਤਲੇ ਵਿੱਚੋਂ ਘੱਟ ਨਿਕਲਦਾ ਹੈ, ਜਿਵੇਂ- ਮਹਿਂ (ਮੱਝ) ਦੇ ਮਣ ਦੁੱਧ ਵਿੱਚੋਂ ਨੌ ਸੇਰ, ਬਕਰੀ ਦੇ ਦੁੱਧ ਵਿੱਚੋਂ ਸਵਾ ਅੱਠ ਸੇਰ, ਗਉ ਦੇ ਦੁੱਧ ਵਿੱਚੋਂ ਅੱਠ ਸੇਰ ਨਿਕਲਦਾ ਹੈ. ਜੇ ਖੋਏ ਨੂੰ ਘੀ ਵਿੱਚ ਭੁੰਨ ਲਈਏ ਤਦ ਚਿਰਤੀਕ ਖਰਾਬ ਨਹੀਂ ਹੁੰਦਾ. ਖੋਆ ਪੁਸ਼੍ਟਿਕਾਰਕ ਅਤੇ ਮਨੀ ਵਧਾਉਣ ਵਾਲਾ ਹੈ. ਚਿਕਨਾ ਅਰ ਭਾਰੀ ਹੈ. ਇਸ ਨੂੰ ਕਮਜ਼ੋਰ ਆਦਮੀ ਹਜਮ ਨਹੀਂ ਕਰ ਸਕਦਾ. "ਖੋਆ ਪਯ ਤਪਤਾਇ ਬਨਾਵਹਿਂ." (ਗੁਪ੍ਰਸੂ)

**ਖੋਇ:** ਫ਼ਾ. خوئے ਸੰਗਜਾ- ਸੁਭਾਉ. ਆਦਤ. ਬਾਂਣ. ਪ੍ਰਕ੍ਰਿਤਿ. "ਅਭਿਮਾਨ ਖੋਇ ਖੋਇ." (ਬਿਲਾ ਮਃ ੫) "ਤੁਮ ਖੋਇ ਤੁਰਕ ਕੀ ਜਾਨੋ." (ਨਾਪ੍ਰ) ੨. ਦੇਖੋ, ਖੋਣਾ. "ਖੋਇ ਖਹੜਾ ਭਰਮੁ ਮਨ ਕਾ." (ਮਾਰੂ ਮਃ ੫) ੩. ਖੋਕੇ. ਗਵਾਕੇ.

**ਖੋਇਓ:** ਗਵਾਇਆ. "ਖੋਇਓ ਮੂਲ, ਲਾਭ ਕਹਿਂ ਪਾਵਸਿ?" (ਭੈਰ ਮਃ ੫)

**ਖੋਇਆ:** ਦੇਖੋ, ਖੋਇਓ। ੨. ਦੇਖੋ, ਖੋਆ.

**ਖੋਇਦ:** ਦੇਖੋ, ਖਵੀਦ.

**ਖੋਈ:** ਗਵਾਈ. "ਖੋਈ ਹਉ." (ਬਿਲਾ ਮਃ ੫) ੨. ਖ਼ਤਮ ਕੀਤੀ. ਮੁਕਾਈ. "ਲਿਖਦਿਆ ਲਿਖਦਿਆ ਕਾਗਦ ਮਸੁ ਖੋਈ." (ਮਾਝ ਅਃ ਮਃ ੩)

**ਖੋਸਣਾ, ਖੋਸਨਾ:** ਕ੍ਰਿ- ਖਸੋਟਨਾ. ਖੋਹਣਾ.

**ਖੋਂਸਨਾ:** ਕ੍ਰਿ- ਘੁਸੇੜਨਾ. ਟੰਗਣਾ. "ਮੁਰਲੀ ਕਟਿ ਖੋਂਸਲਈ." (ਕ੍ਰਿਸਨਾਵ)

**ਖੋਸਲਾ:** ਇੱਕ ਖਤ੍ਰੀ ਗੋਤ੍ਰ.

**ਖੋਂਸੜਾ:** ਦੇਖੋ, ਖੌਸੜਾ.

**ਖ਼ੋਸ਼ਾ:** ਫ਼ਾ. خوشہ ਸੰਗਜਾ- ਸਿੱਟਾ. ਬੱਲੀ। ੨. خوشا ਵਯ- ਖ਼ੂਬ ਹੈ! ਅੱਛਾ ਹੈ! ਵਾਹ- ਵਾਹ!

**ਖੋਸਾ ਕੋਟਲਾ:** ਜਿਲਾ ਫ਼ੀਰੋਜ਼ਪੁਰ, ਤਸੀਲ ਜ਼ੀਰਾ, ਥਾਣਾ ਧਰਮਕੋਟ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ 'ਡਗਰੂ' ਤੋਂ ਈਸ਼ਾਨ ਕੋਣ ੬. ਮੀਲ ਦੇ ਕਰੀਬ ਹੈ. ਇਸ ਪਿੰਡ ਤੋਂ ਉੱਤਰ ਵੱਲ ਪਾਸ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇੱਥੇ ਢਾਬ ਦੇ ਕਿਨਾਰੇ ਗੁਰੂ ਸਾਹਿਬ ਠਹਿਰੇ ਹਨ.

ਸੰਮਤ ੧੯੬੫ ਵਿੱਚ ਦਰਬਾਰ ਬਣਾਇਆ ਗਿਆ ਹੈ, ਪਹਿਲਾਂ ਕੇਵਲ ਮੰਜੀ ਸਾਹਿਬ ਸੀ. ਪੁਜਾਰੀ ਅਕਾਲੀ ਸਿੰਘ ਹੈ. ਗੁਰਦ੍ਵਾਰੇ ਨਾਲ ੨੮ ਘੁਮਾਉਂ ਜ਼ਮੀਨ ਨਗਰਵਾਸੀਆਂ ਵੱਲੋਂ ਹੈ. ਮਾਘੀ ਅਤੇ ਬਸੰਤਪੰਚਮੀ ਨੂੰ ਮੇਲਾ ਹੁੰਦਾ ਹੈ.

**ਖੋਹ:** ਸੰਗਜਾ- ਅੱਚਵੀ. ਹੱਡਭੰਨਣੀ। ੨. ਗੁਹਾ. ਕੰਦਰਾ. "ਗਿਰਿ ਕੀ ਖੋਹਨ ਮੇ ਵਿਚਰੰਤੇ." (ਗੁਪ੍ਰਸੂ) ੩. ਦੇਖੋ ਖੋਹਣਾ. "ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ." (ਮਾਝ ਬਾਰਹਮਾਹਾ) ੪. ਦੇਖੋ, ਖੋਣਾ. "ਸਚਿਸਬਦਿ ਮਲ ਖੋਹੁ." (ਆਸਾ ਛੰਤ ਮਃ ੩)

**ਖੋਹਣਾ, ਖੋਹਨਾ:** ਕ੍ਰਿ- ਖਸੋਟਣਾ. ਛੀਨਨਾ. ਦੇਖੋ, ਖੋਹ ੩। ੨. ਉਖੇੜਨਾ. ਨੋਚਣਾ. ਪੁੱਟਣਾ. "ਗਲ੍ਹਾਂ ਪਿਟਨਿ ਸਿਰੁ ਖੋਹੇਨਿ." (ਸਵਾ ਮਃ ੧)

**ਖੋਹੀਂ:** ਸੰਗਜਾ- ਇੱਕ ਪ੍ਰਕਾਰ ਦਾ ਘਾਹ. ਕਾਸ਼. ਕਾਹੀਂ। ੨. ਅੱਚਵੀ. ਹੱਡਭੰਨਣੀ। ੩. ਖਾਜ ਦੀ ਪ੍ਰਬਲਤਾ.

**ਖੋਹੁ:** ਦੇਖੋ, ਖੋਹ ੪.

**ਖੋਹੇਨਿ:** ਉਖੇੜਦੀਆਂ (ਪੁੱਟਦੀਆਂ) ਹਨ. ਦੇਖੋ, ਖੋਹਣਾ। ੨. ਖੋਂਹਦੇ ਹਨ.

**ਖੋਖਨੀ:** ਕੁਕਰੀ. ਦੇਖੋ, ਖੋਖਰੀ ੨. "ਛੁਰੀ ਖੋਖਨੀ ਸੈਫ ਲਾਂਬੀ." (ਗੁਪ੍ਰਸੂ)

**ਖੋਖਰ:** ਵਿ- ਖੋਖਲਾ. ਥੋਥਾ. "ਖੋਖਰ ਲਕਰਾ ਪਰ ਮਹਾਨਾ." (ਗੁਪ੍ਰਸੂ) ੨. ਸੰਗਜਾ- ਖੁੱਡ. ਬਿਲ. "ਖੋਖਰ ਸਹਿਤ ਬ੍ਰਿੱਛ ਇਕ ਜੋਵਾ." (ਗੁਪ੍ਰਸੂ) ੩. ਖੁਖਰਾਣ ਖਤ੍ਰੀ ਗੋਤ੍ਰ. ਦੇਖੋ, ਖਤ੍ਰੀ ਅਤੇ ਖੋਖਰਾਇਣ। ੪. ਇੱਕ ਰਾਜਪੂਤ ਗੋਤ੍ਰ, ਤਲਵੰਡੀਪਤਿ ਰਾਇ ਬੁਲਾਰ ਦੀ ਇਸਤ੍ਰੀ ਇਸੇ ਗੋਤ ਦੀ ਸੀ. "ਜਹਿਂ ਰਾਨੀ ਖੋਖਰ ਮਧ ਸਾਲਾ." (ਨਾਪ੍ਰ) ੫. ਇੱਕ ਜੱਟ ਗੋਤ੍ਰ। ੬. ਖੋਖਰ ਜਾਤਿ ਦੇ ਜੱਟਾਂ ਦਾ ਵਸਾਇਆ ਪਿੰਡ.

**ਖੋਖਰਾ:** ਵਿ- ਥੋਥਾ. ਖ਼ਾਲੀ। ੨. ਬੋਦਾ. ਜੀਰਣ.

**ਖੋਖਰਾਇਣ:** ਸੰਗਜਾ- ਖੁਖਰਾਣ (ਖੋਖਰ ਜਾਤਿ) ਦੇ ਲੋਕਾਂ ਦਾ ਸਮੁਦਾਇ. ਖੋਖਰਸਮਾਜ। ੨. ਖਤ੍ਰੀਆਂ ਦੀਆਂ ਕੁਝ ਗਿਣਤੀ ਦੀਆਂ ਜਾਤਾਂ ਦਾ ਸਮੁਦਾਇ ਦੇਖੋ ਖਤ੍ਰੀ.

**ਖੋਖਰੀ:** ਖੋਖਰਾਂ ਦਾ ਇਸਤ੍ਰੀ ਲਿੰਗ। ੨. ਸੰਗਜਾ- ਨੈਪਾਲੀਆਂ ਦਾ ਅਰਧ ਚੰਦ੍ਰਾਕਾਰ ਇੱਕ ਸ਼ਸਤ੍ਰ, ਕੁਕਰੀ. ਦੇਖੋ, ਸਸਤ੍ਰ.

**ਖੋਜ, ਖੋਜੁ:** ਸੰਗਜਾ- ਢੂੰਡ. ਤਲਾਸ਼. "ਬੰਦੇ ਖੋਜੁ ਦਿਲ ਹਰਿ ਰੋਜ." (ਤਿਲੰ ਕਬੀਰ) ੨. ਪੈਰ ਦਾ ਜ਼ਮੀਨ ਪੁਰ ਚਿੰਨ੍ਹ. "ਗੁਰਮਤਿ ਖੋਜ ਪਰੇ ਤਬ ਪਕਰੇ." (ਬਸੰ ਮਃ ੪) ਗੁਰਮਤਿ ਦ੍ਵਾਰਾ ਪੰਜ ਚੋਰਾਂ ਦੇ ਖੋਜ ਪਿੱਛੇ ਜਦ ਪਏ, ਤਦ ਫੜ ਲਏ. ਦੇਖੋ, ਬਾਛਰ ਖੋਜ। ੩. ਮਾਰਗ. ਰਸਤਾ. "ਖੋਜ ਰੋਜ ਕੇ ਹੇਤ ਲਗ ਦਯੋ ਮਿਸ੍ਰ ਜੂ ਰੋਇ." (ਖਾਮ) ੪. ਚਰਣ. ਪੈਰ. "ਨਦੀ ਤਰੰਦੜੀ ਮੈਡਾ ਖੋਜ ਨ ਖੁੰਭੈ." (ਵਾਰ ਗੁਜ ੨. ਮਃ ੫)

**ਖੋਜਕ:** ਵਿ- ਖੋਜ ਕਰਨ ਵਾਲਾ. ਖੋਜੀ.

**ਖੋਜ ਜਨਾਵਰ:** خواجہ انور ਖ਼੍ਵਾਜਹ ਅਨਵਰ. ਬਾਦਸ਼ਾਹ ਸ਼ਾਹਜਹਾਂ ਦਾ ਇੱਕ ਫੌਜੀ ਅਹਿਲਕਾਰ. "ਖੋਜ ਜਨਾਵਰ ਬਿਸਮੈ ਧਾਰੀ." (ਗੁਵਿ ੬) ਦੇਖੋ, ਖ਼੍ਵਾਜਾ ਅਨਵਰ.

**ਖੋਜਣਾ, ਖੋਜਨਾ:** ਕ੍ਰਿ- ਢੂੰਡਣਾ. ਤਲਾਸ਼ ਕਰਨਾ. ਟੋਲਣਾ. ਭਾਲਣਾ. "ਜੋ ਖੋਜੈ ਸੋ ਪਾਵੈ." (ਧਨਾ ਪੀਪਾ) "ਖੋਜਤ ਹਾਰੇ ਦੇਵ." (ਰਾਮ ਮਃ ੫)

**ਖੋਜ ਪੈਣਾ, ਖੋਜ ਲੈਣਾ:** ਕ੍ਰਿ- ਪੈਰ ਦੇ ਚਿੰਨ੍ਹ (ਪੈੜ) ਪਿੱਛੇ ਜਾਣਾ। ੨. ਅਨੁਗਾਮੀ ਹੋਣਾ. ਪੈਰਵੀ ਕਰਨੀ। ੩. ਤਾਕੁਬ ਕਰਨਾ. "ਸਾਕਤ ਖੋਜ ਪਇਆ." (ਕਲਿ ਮਃ ੪)

**ਖੋਜਾ:** ਦੇਖੋ, ਖੁਸਰਾ. "ਖੋਜੇ ਜਹਾਂ ਅਨੇਕ." (ਚਰਿਤ੍ਰ ੯੨) "ਪਤਿਹੁੰ ਤੋਰ ਖੋਜਾ ਕਰਡਾਰਾ." (ਚਰਿਤ੍ਰ ੩੨੬) ੨. ਫ਼ਾ. خواجہ ਖ਼੍ਵਾਜਹ. ਮਾਲਿਕ. ਸਰਦਾਰ। ੩. ਖੜਾ ਹੋ ਜਾ ਦਾ ਸੰਖੇਪ. ਖਲੋਜਾ। ੪. ਦੇਖੋ, ਖੋਦਾ ੨.

ਖੋਜਾ ਅਨਵਰ: ਦੇਖੋ, ਖੋਜ ਜਨਾਵਰ ਅਤੇ ਖ੍ਵਾਜਾ ਅਨਵਰ.

ਖੋਜਿ: ਖੋਜਕੇ. "ਸੇਵੇ ਸਿਖੁ ਸੁ ਖੋਜਿ ਲਹੈ." (ਪ੍ਰਭਾ ਮਃ ੧) ੨. ਰਸਤੇ. ਕਦਮ ਬਕਦਮ. "ਹਮਰੇ ਖੋਜਿ ਪਰਹੁ ਮਤ ਕੋਈ." (ਗਉ ਕਬੀਰ)

ਖੋਜੀ: ਵਿ- ਖੋਜਨੇ ਵਾਲਾ. "ਖੋਜੀ ਉਪਜੈ ਬਾਦੀ ਬਿਨਸੈ." (ਮਲਾ ਮਃ ੧) ੨. ਸੰਗਯਾ- ਪੈੜੂ. ਖੋਜ (ਪਦਚਿੰਨ੍ਹ) ਦਾ ਗ੍ਯਾਤਾ. ਸੁਰਾਗ਼ਰਸਾਂ.

ਖੋਜੁ: ਦੇਖੋ, ਖੋਜ.

ਖੋਟ: ਸੰਗਯਾ- ਦੋਸ਼. ਐਬ। ੨. ਉੱਤਮ ਵਸਤੁ ਵਿੱਚ ਬੁਰੀ ਦਾ ਮਿਲਾਪ. "ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ." (ਆਸਾ ਛੰਤ ਮਃ ੫) ੩. ਸੰ. ਵਿ- ਲੰਗੜਾ. ਲੰਙਾਂ. ਡੁੰਡਾ। ੪. ਸੰ. ਖੋਟ੍. ਧਾ- ਲੰਗੜਾਉਣਾ. ਫੈਂਕਣਾ. ਖਾਣਾ (ਭਕ੍ਸ਼ਣ ਕਰਨਾ).

ਖੋਟਸਰੀਆ: ਵਿ- ਖੋਟ ਮਿਲਾਉਣ ਵਾਲਾ. ਖੋਟਾ ਸਿੱਕਾ ਬਣਾਉਣ ਵਾਲਾ. "ਖੋਟਸਰੀਓ ਨਿਕਾਰਜੋ ਚਾਹੀਐ ਨਗਰ ਹੂੰ ਤੈਂ." (ਭਾਗੁ ਕ)

ਖੋਟਸਾਲਾ: ਸੰਗਯਾ- ਖੋਟੀ ਟਕਸਾਲ. ਖੋਟਾ ਸਿੱਕਾ ਬਣਨ ਦੀ ਥਾਂ। ੨. ਭਾਵ- ਕੁਸੰਗਤਿ.

ਖੋਟਸਾਲੀ: ਵਿ- ਖੋਟੀ ਟਕਸਾਲ ਦਾ. "ਖੋਟਸਾਲੀ ਸਿੱਕੈ." (ਭਾਗੁ)

ਖੋਟੜਾ: ਖਰਲ ਜਾਤੀ ਦੀ ਇੱਕ ਸ਼ਾਖ਼, ਜੋ ਮਾਂਟਗੁਮਰੀ ਦੇ ਜਿਲੇ ਬਹੁਤ ਵਾਹੀ ਕਰਦੀ ਹੈ. "ਬਰਮਦਾਸ ਹੈ ਖੋਟੜਾ." (ਭਾਗੁ) ੨. ਵਿ- ਖੁਟਿਆਈ ਵਾਲਾ. ਖੋਟਾ.

ਖੋਟੜਾ: ਵਿ- ਦੋਸ਼ੀ. ਐਬੀ. "ਖੋਟੇ ਸਚੀ ਦਰਗਹਿ ਸੁਟੀਅਹਿ." (ਵਾਰ ਮਾਝ ਮਃ ੧) ੨. ਮਿਲਾਉਟ ਵਾਲਾ, ਜੋ ਖਾਲਿਸ ਨਹੀਂ. "ਖੋਟੇ ਕਾ ਮੁਲ ਏਕੁ ਦੁਗਾਣਾ." (ਧਨਾ ਮਃ ੧) ਦੇਖੋ, ਦੁਗਾਣਾ.

ਖੋਟਾਈ: ਸੰਗਯਾ- ਖੋਟਾਪਨ.

ਖੋਟੁ: ਦੇਖੋ, ਖੋਟ.

ਖੋਡ: ਸੰਗਯਾ- ਖੱਡ. ਬਿਲ.

ਖੋਣਾ: ਕ੍ਰਿ- ਕ੍ਸ਼ੇਪਣ. ਸੁੱਟਣਾ. ਵਗਾਹੁਣਾ। ੨. ਗਵਾਉਣਾ. ਗੁੰਮ ਕਰਨਾ.

ਖੋਤ: ਖੋਵਤ. ਖੋਦਿੰਦਾ ਹੈ. "ਸਾਧ ਸੰਗਿ ਮਲੁ ਸਗਲੀ ਖੋਤ." (ਸੁਖਮਨੀ) "ਭੈ ਭਰਮ ਦੁਤੀਆ ਸਗਲ ਖੋਤ." (ਆਸਾ ਛੰਤ ਮਃ ੫) ੨. ਸੰਗਯਾ- ਖੋਤਾ. ਗਧਾ. "ਜੈਸੇ ਭਾਰਬਾਹਕ ਖੋਤ." (ਕੇਦਾ ਮਃ ੫)

ਖੋਤਾ: ਸੰਗਯਾ- ਖ਼ਰ. ਗਧਾ। ੨. ਭਾਵ- ਮੂਰਖ. ਬੇਸਮਝ.

ਖੋਤਿ: ਕ੍ਰਿ. ਵਿ- ਖੋਤਕੇ. ਖੋਦਕੇ. ਖੁਣਕੇ. "ਕੋਈ ਗੁਰਮੁਖਿ ਸੇਵਕੁ ਕਢੈ ਖੋਤਿ." (ਵਾਰ ਗਉ ੧. ਮਃ ੪) ਖਨਨ ਕਰਕੇ ਰਤਨ ਕਢਦਾ ਹੈ.

ਖੋਦ: ਦੇਖੋ, ਖੋਦਨਾ। ੨. ਦੇਖੋ, ਖਵੀਦ। ੩. ਦੇਖੋ, ਖੋਂਦ। ੪. ਫ਼ਾ. خود ਸੰਗਯਾ- ਲੋਹੇ ਦਾ ਟੋਪ. ਖੋਲ. ਸ਼ਿਰਤ੍ਰਾਣ.

ਖੋਂਦ: ਸੰ. ਕ੍ਸ਼ੌਦ੍ਰ ਕ੍ਸ਼ੌਦ੍ਰ. ਦਾਖ ਦਾ ਰਸ। ੨. ਅੰਗੂਰੀ ਸ਼ਰਾਬ. "ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ." (ਕੇਦਾ ਕਬੀਰ) ੩. ਸ਼ਹਿਦ. ਮਧੁ.

ਖੋਦਣਾ, ਖੋਦਨਾ: ਕ੍ਰਿ- ਖਨਨ. ਪੁੱਟਣਾ. ਉਖੇੜਨਾ.

**ਖੋਦਾ:** ਸੰਗਜਾ- ਖੋਦਣ (ਪੁੱਟਣ) ਦਾ ਭਾਵ. ਜਿਵੇਂ- ਉਸ ਦੇ ਘਰ ਖੋਦਾ ਦਿੱਤਾ ਹੈ। ੨. ਉਹ ਆਦਮੀ, ਜਿਸ ਦੇ ਮੂੰਹ ਉੱਤੇ ਵਾਲ ਨਾ ਉਗਣ. ਇਸ ਨੂੰ ਖੋਜਾ ਭੀ ਆਖਦੇ ਹਨ.

**ਖੋਦਿ:** ਕ੍ਰਿ. ਵਿ- ਖੋਦਕੇ. "ਬਸੁਧਾ ਖੋਦਿ ਕਰਹਿ ਦੁਇ ਚੂਲੇ." (ਆਸਾ ਕਬੀਰ)

**ਖੋਨਾ:** ਦੇਖੋ, ਖੋਣਾ.

**ਖੋਪਰ, ਖੋਪਰੀ, ਖੋਪੜ, ਖੋਪੜੀ:** ਸੰ. ਖਪੰਰ. ਸੰਗਜਾ- ਸਿਰ ਦੀ ਹੱਡੀ. ਕਪਾਲ.

**ਖੋਪਾ:** ਸੰਗਜਾ- ਨਰੀਏਲ ਦੀ ਗਿਰੀ। ੨. ਬੈਲ ਆਦਿਕ ਪਸ਼ੂਆਂ ਦੀਆਂ ਅੱਖਾਂ ਢਕਣ ਦਾ ਟੋਪਾ. ਇਹ ਪਹਿਲਾਂ ਨਰੀਏਲ ਦੀ ਠੂਠੀਆਂ ਦਾ ਹੋਇਆ ਕਰਦਾ ਸੀ, ਇਸ ਕਾਰਣ ਇਹ ਸੰਗਜਾ ਹੈ.

**ਖੋਭ:** ਸੰਗਜਾ- ਚੋਭ. ਖੁਭਣ ਦਾ ਭਾਵ। ੨. ਦੇਖੋ, ਕ੍ਸ਼ੋਭ ਅਤੇ ਛੋਭ.

**ਖੋਭਣ:** ਸੰ. ਕ੍ਸ਼ੋਭਣ. ਵਿ- ਕ੍ਸ਼ੋਭਿਤ ਕਰਨ ਵਾਲਾ. ਘਬਰਾ ਦੇਣ ਵਾਲਾ। ੨. ਦੇਖੋ, ਖੋਭਣਾ.

**ਖੋਭਣਾ:** ਕ੍ਰਿ- ਧਸਾਉਂਣਾ. ਚੋਭਣਾ.

**ਖੋਯਾ:** ਦੇਖੋ, ਖੋਇਆ। ੨. ਦੇਖੋ, ਖੋਆ.

**ਖੋਰ:** ਸੰਗਜਾ- ਫੋਗ. ਅਸਾਰ. "ਕਰਖ ਲਈ ਸਭ ਸ਼ਕਤਿ ਜਬ ਰਹਿਗਜੋ ਪੀਛੇ ਖੋਰ." (ਨਾਪ੍ਰ) ੨. ਭੀੜੀ ਗਲੀ। ੩. ਖੋੜ. ਗੁਫਾ. ਦੇਖੋ, ਮਹਿਖੋਰ। ੪. ਵੈਰਭਾਵ. ਕੀਨਾ। ੫. ਮਾਰਗ. "ਨਭ ਓਰ ਖੋਰ ਨਿਹਾਰਕੈ." (ਰਾਮਾਵ) ੬. ਸੰ. ਵਿ- ਲੰਙਾ. ਲੰਗ। ੭. ਫ਼ਾ. خور ਖਾਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ. "ਅਸੰਖ ਚੋਰ ਹਰਾਮਖੋਰ." (ਜਪੁ)

**ਖੋਰਹਰਾਮ:** ਦੇਖੋ, ਹਰਾਮਖੋਰ.

**ਖੋਰਰ:** ਵਿ- ਖੁਰਦਰਾ. ਖਰ੍ਹਵਾ. "ਜਿਮ ਖੋਰਰ ਪਾਥਰ ਪੈ ਚਰਨਾਠੀ." (ਕ੍ਰਿਸਨਾਵ)

**ਖੋਰਾ:** ਸੰਗਜਾ- ਪੱਕੀਆਂ ਇੱਟਾਂ ਦਾ ਚੂਰਣ। ੨. ਆਵੇ ਦੀ ਪੱਕੀਹੋਈ ਮਿੱਟੀ, ਜਿਸ ਵਿੱਚ ਭਸਮ ਮਿਲੀ ਹੁੰਦੀ ਹੈ। ੩. ਵਿ- ਖੋਖਲਾ. ਪਿੱਲਾ। ੪. ਫ਼ਾ. خورا ਖ਼ੋਰਾ. ਲਾਇਕ. ਯੋਗਯ। ੫. ਫ਼ਾ. خورہ ਖਾਣ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਸ਼ਕਰਖ਼ੋਰਾ.

**ਖੋਰਿ:** ਸੰਗਜਾ- ਬੁਰਾਈ. ਬਦੀ. "ਮੋਟੀ ਲਾਗੀ ਖੋਰਿ." (ਸ. ਕਬੀਰ) ੨. ਭੀੜੀ ਗਲੀ.

**ਖੋਰੀ:** ਵਿ- ਖੋਰ. (ਵੈਰਭਾਵ) ਰੱਖਣ ਵਾਲਾ। ੨. ਖਾਣ ਵਾਲਾ. "ਕਰਹਿ ਹਰਾਮਖੋਰੀ." (ਮਾਰੂ ਮਃ ੫) ਦੇਖੋ, ਖੋਰਾ ੫.। ੩. ਸੰਗਜਾ- ਭੀੜੀ ਗਲੀ। ੪. ਖ਼ੁਮਾਰੀ. "ਮਨ ਬੀਧੋ ਪ੍ਰੇਮ ਕੀ ਖੋਰੀ." (ਨਟ ਮਃ ੫) "ਮਨ ਖਚਿਤ ਪ੍ਰੇਮਰਸ ਖੋਰੀ." (ਸਾਰ ਮਃ ੫) ੫. ਕਮਾਦ ਦਾ ਫੋਗ. ਪੱਛੀ. ਤੱਥਾ. "ਜੈਸੇ ਊਖ ਦੇਇ ਕਰ ਖੋਰੀ." (ਨਾਪ੍ਰ)

**ਖੋਰੁ:** ਦੇਖੋ, ਖੋਰ। ੨. ਸਿੰਧੀ. ਦੁੱਧ ਅਤੇ ਬਾਦਾਮ ਆਦਿ ਮੇਵਿਆਂ ਦੀ ਮਿਠਾਈ.

**ਖੋਲ:** ਦੇਖੋ, ਖੋਲਨਾ। ੨. ਫ਼ਾ. خول ਖ਼ੋਲ. ਸੰਗਜਾ- ਗਿਲਾਫ। ੩. ਛਿਲਕਾ। ੪. ਕਵਚ. ਸੰਜੋ. "ਖੋਲ ਖੰਡੇ ਅਪਾਰੇ." (ਵਿਚਿਤ੍ਰ) ੫. ਲੋਹੇ ਦਾ ਟੋਪ.

**ਖੋਲਨਾ:** ਕ੍ਰਿ- ਪੜਦਾ ਦੂਰ ਕਰਨਾ. "ਜਿਨਿ ਭ੍ਰਮੁਪਰਦਾ ਖੋਲਾ ਰਾਮ." (ਸੂਹੀ ਛੰਤ ਮਃ ੫) ੨. ਦੋ ਮਿਲੀਆਂ ਚੀਜਾਂ ਨੂੰ ਅਲਗ ਕਰਨਾ। ੩. ਬੰਧਨ ਮਿਟਾਉਣਾ. ਮੁਕ੍ਤਕਰਨਾ। ੪. ਪ੍ਰਗਟ ਕਰਨਾ। ੫. ਸਪਸ਼੍ਟ ਕਰਨਾ.

ਖੋਲਾ: ਸੰਗਜਾ- ਬਿਨਾ ਛੱਤ, ਢੱਠੀਆਂ ਕੰਧਾਂ ਦਾ ਕੋਠਾ। ੨. ਕਾਣਾ. ਏਕਾਕ੍ਸ਼ੀ। ੩. ਹੱਡੀਆਂ ਦਾ ਪਿੰਜਰ.

ਖੋਲਿ, ਖੋਲ੍ਹਿ: ਖੋਲ੍ਹਕੇ. ਕੁਸ਼ਾਦਾ ਕਰਕੇ. "ਖੋਲਿ ਕਪਟ ਗੁਰਿ ਮੇਲੀਆ." (ਵਾਰ ਜੈਤ) ਕਪਾਟ ਖੋਲਕੇ ਮੇਲੀਆ. "ਦਰਸਨ ਦੀਜੈ ਖੋਲ੍ਹਿ ਕਿਵਾਰ." (ਬਿਲਾ ਕਬੀਰ)

ਖੋਵਣਾ: ਕ੍ਰਿ- ਗੁਆਂਉਣਾ. ਗੁੰਮ ਕਰਨਾ। ੨. ਮਿਟਾਉਣਾ. ਦੂਰ ਕਰਨਾ. "ਭਰਮ ਭਉ ਖੋਵਣਾ." (ਵਾਰ ਗੂਜ ੨. ਮਃ ੫) "ਮਾਨਸਜਨਮ ਅਕਾਰਥ ਖੋਵਤ." (ਆਸਾ ਮਃ ੯)

ਖੋਵਤ: ਖੋਂਦਾ ਹੈ. ਦੇਖੋ, ਖੋਵਣਾ.

ਖੋੜ: ਸੰਗਜਾ- ਖੱਡ. ਬਿਲ. ਦੇਖੋ, ਖੋੜਿ। ੨. ਮਿਆਨ. ਕੋਸ਼। ੩. ਮਰਾ. ਖੇਲ. ਕ੍ਰੀੜਾ। ੪. ਦੋਸ਼. ਐਬ। ੫. ਖੋੜਸ (ਸੋਲਾਂ) ਦਾ ਸੰਖੇਪ. "ਖੋੜ ਸੀਗਾਰ ਕਰੈ ਅਤਿ ਪਿਆਰੀ." (ਗਉ ਅਃ ਮਃ ੧) "ਜੈਸੇ ਕੁਲਵਧੂ ਅੰਗ ਰਚਤ ਸਿੰਗਾਰ ਖੋੜ." (ਭਾਗੁ ਕ) ਦੇਖੋ, ਸੋਲਹ ਸਿੰਗਾਰ.

ਖੋੜਸ: ਸੰ. षौडश ਸ਼ੋੜਸ਼. ਵਿ- ਸੋਲਵਾਂ। ੨. षोडशन् ਸੰਗਜਾ- ਸੋਲਾਂ. ਦਸ ਅਤੇ ਛੀ ੧੬.

ਖੋੜਸਪੂਜ, ਖੋੜਸੋਪਚਾਰ: ਸੰ. षोडशोपचार ਪੂਜਨ ਦੇ ਸੋਲਾਂ ਸਾਮਾਨ- ਆਵਾਹਨ, ਆਸਨ, ਪੈਰ ਧੋਣੇ, ਮੁਖ ਧੋਣ ਲਈ ਜਲ, ਆਚਮਨ, ਸਨਾਨ, ਵਸਤ੍ਰ, ਭੂਸ਼ਣ, ਸੁਗੰਧ (ਚੰਦਨ), ਫੁੱਲ, ਧੂਪ, ਦੀਪ, ਨਈਵੇਦਜ (ਨੈਵੇਦਜ), ਨਮਸਕਾਰ, ਦਕ੍ਸ਼ਣਾ ਅਤੇ ਵਿਦਾਯਗੀ. "ਖੋੜਸੋਪਚਾਰ ਕਰ ਪੂਜਾ ਕੁਲਪੂਜ ਹੂੰ ਕੀ." (ਹਨੂ)

ਖੋੜਾ: ਸੰ. षोढा ਸ਼ੋਢਾ. ਵਜ- ਛੀ ਪ੍ਰਕਾਰ. ਛੀ ਤਰਾਂ ਨਾਲ। ੨. ਮਰਾ- ਸੰਗਜਾ- ਪਾਬੰਦੀ. ਬੰਧਨ. ਨਿਯਮ. "ਤੀਨ ਖੋੜਾ ਨਿਤ ਕਾਲ ਸਾਰੈ." (ਸ੍ਰੀ ਮਃ ੧) ਤਿੰਨ ਬੰਧਨਾਂ ਵਿੱਚ ਨਿੱਤ ਸਮਾਂ ਵਿਤਾਉਂਦਾ ਹੈ. ਤ੍ਰਿਕਾਲ- ਸੰਧਜਾ ਅਥਵਾ ਮਨ ਵਾਣੀ ਕਰਮ ਕਰਕੇ ਸ਼ੁਭ ਕਰਮਾਂ ਦਾ ਪਾਲਨ. ਦੇਖੋ, ਬੀਸ ਸਪਤਾਹਰੋ.

ਖੋੜਿ: ਖੁੱਡ ਵਿੱਚ. ਗੁਫਾ ਮੇ. ਦੇਖੋ, ਖੋੜ. "ਖਖਾ ਇਹੈ ਖੋੜਿ ਮਨ ਆਵਾ." (ਗਉ ਬਾਵਨ ਕਬੀਰ) ਮਨ ਏਕਾਗ੍ਰ ਹੋਇਆ ਬਾਹਰ ਨਹੀਂ ਭਟਕਦਾ.

ਖੋੜੀ: ਸੰਗਜਾ- ਦਸਤਾਰ ਦੇ ਪੇਚ ਦੀ ਤਹਿ.

ਖੋੜੁ: ਸਿੰਧੀ. ਢੇਰ. ਅੰਬਾਰ.

ਖੌ: ਦੇਖੋ, ਖਉ.

ਖੌਸੜਾ: ਜੁੱਤੀ. ਦੇਖੋ, ਕੌਸ."ਕਰੈਂ ਖੌਸੜੇ ਮਾਰ." (ਗੁਪ੍ਰਸੂ)

ਖੌਹੀ: ਕਾਹੀਂ. ਦੇਖੋ, ਖੋਹੀਂ. "ਖੌਹੀ ਖਰੀ ਪ੍ਰਭੂ ! ਇਤ ਓਰੇ." (ਗੁਪ੍ਰਸੂ)

ਖੌਂਚਾ: ਸੰਗਜਾ- ਸਾਢੇ ਛੀ ਦਾ ਪਹਾੜਾ। ੨. ਫ਼ਾ. خونچہ ਖ਼੍ਵਾਨਚਾ. ਛੋਟਾ ਖ਼੍ਵਾਨ. ਖਾਣ ਦੀਆਂ ਚੀਜਾਂ ਰੱਖਣ ਦਾ ਥਾਲ ਅਥਵਾ ਛਾਬੜਾ.

ਖੌਜ: ਅ਼. خوض ਖ਼ੌਜ. ਸੰਗਜਾ- ਘੁਸ ਜਾਣ (ਪੈਠਣ) ਦੀ ਕ੍ਰਿਯਾ। ੨. ਸੋਚ ਵਿਚਾਰ.

ਖੌਫ: ਦੇਖੋ. ਖਉਫ.

ਖੌਰ: ਸੰਗਜਾ- ਤਿਲਕ. ਟਿੱਕਾ. "ਮਾਥੇ ਚੰਦਨ ਖੌਰ." (ਹਨੂ) ੨. ਖ਼ਾਸ ਕਰਕੇ ਉਹ ਟਿੱਕਾ ਜੋ ਮੱਥੇ ਪੁਰ ਟੇਢਾ ਧਨੁੱਖ ਦੀ ਸ਼ਕਲ ਦਾ ਹੁੰਦਾ ਹੈ। ੩. ਸੰ. ਕ੍ਸ਼ੌਰ. ਕ੍ਸ਼ੁਰ (ਉਸਤਰੇ) ਨਾਲ ਕੀਤਾ. ਮੁੰਡਨ. ਹਜਾਮਤ.

ਖੌਰੂ: ਸੰਗਯਾ- ਖਰੂਦ. ਊਧਮ। ਖੁਰ ਨਾਲ ਗਰਦ ਉਡਾਉਣ ਦੀ ਕ੍ਰਿਯਾ. "ਢੱਟੇ ਖੌਰੂ ਕਰ ਗਏ." (ਬੰਨੋ)

ਖੌਲਨਾ: ਦੇਖੋ, ਖਉਲਨਾ.

ਖੰ: ਸੰ. खम् ਸੰਗਯਾ- ਆਕਾਸ਼. "ਖੰ ਪੌਨ ਬੰਨ੍ਹਿ ਪਾਣੀ ਛੋਨੀ ਪੰਚ ਤੱਤ ਜਾਣੀ." (ਨਾਪ੍ਰ) ੨. ਦੇਖੋ, ਖ.

ਖੰਕਰੀ, ਖੰਕੜੀਯ: ਵਿ- ਕ੍ਸ਼ਯ (ਵਿਨਾਸ਼) ਕਰਨ ਵਾਲੀ. "ਖੰਕੜੀਯ ਕਾਲ ਕ੍ਰੂਰਾਪ੍ਰਭਾ." (ਕਲਕੀ)

ਖੰਕਾਲ, ਖੰਕਾਲੀ: ਦੇਖੋ, ਕੰਕਾਲ ਅਤੇ ਕੰਕਾਲੀ। ੨. ਸ਼ਿਵ ਦਾ ਇੱਕ ਭੇਦ, ਜੋ ਭੈਰਵ ਦਾ ਸਰੂਪ ਹੈ. "ਕਲ ਨਾਰਦ ਖੰਕਾਲ ਦੀ ਜਮਗਣ ਜੁਹ ਬਿਤਾਲ." (ਸਲੋਹ) ੩. ਖੰਕਾਲ ਸ਼ਕਤਿ ਭੈਰਵੀ. ਖੰਕਾਲੀ. "ਅਨਗੰਜ ਅਭੰਜਾ ਖੰਕਾਲੀ." (ਪਾਰਸਾਵ)

ਖੰਗ: ਕ੍ਸ਼ਯ- ਅੰਗ. "ਕਿਤੇ ਖਿੰਗ ਖੰਗੇ." (ਚਰਿਤ੍ਰ ੧੨੮) ਕਿਤਨੇ ਹੀ ਘੋੜੇ ਕੱਟ ਦਿੱਤੇ। ੨. ਖਈ ਰੋਗ ਦਾ ਅੰਗ, ਖਾਂਸੀ. ਖੰਘ.

ਖੰਗਰ: ਦੇਖੋ, ਖੰਘਰ.

ਖੰਘ: ਦੇਖੋ, ਖਾਂਸੀ। ੨. ਕੰਠ. ਹਲਕ.

ਖੰਘਰ: ਸੰਗਯਾ- ਤੇਜ਼ ਪਚਾਵੇ ਦੀ ਅੱਗ ਨਾਲ ਢਲਕੇ ਬਣਿਆ ਹੋਇਆ ਇੱਟਾਂ ਦਾ ਭਿੱਟਾ, ਜੋ ਪੱਥਰ ਦੀ ਸ਼ਕਲ ਦਾ ਹੁੰਦਾ ਹੈ।

ਖੰਘਾਰ: ਸੰ. ਖੇਟ ਕ੍ਸ਼ਯਕਾਰ. ਸੰਗਯਾ- ਖੇਟ (ਬਲਗਮ) ਦਾ ਕੰਠ ਵਿੱਚੋਂ ਕੱਢਣਾ. ਖੰਘਹਾਰ। ੨. ਖੰਘ ਦੇ ਕਾਰਣ ਛਾਤੀ ਵਿੱਚੋਂ ਨਿਕਲੀ ਹੋਈ ਬਲਗਮ.

ਖੰਘਾਲਨਾ: ਸੰ. ਸੰਕ੍ਸ਼ਾਲਨ. ਕ੍ਰਿ- ਚੰਗੀ ਤਰਾਂ ਧੋਣ ਦੀ ਕ੍ਰਿਯਾ.

ਖੰਘੂਰਣਾ: ਕ੍ਰਿ- ਖੰਘ (ਕੰਠ) ਸਾਫ ਕਰਨ ਲਈ ਸ੍ਵਾਸ ਨੂੰ ਜ਼ੋਰ ਨਾਲ ਬਾਹਰ ਕੱਢਣਾ.

ਖੰਘੂਰਾ: ਸੰਗਯਾ- ਕੰਠ ਦਾ ਉੱਚਾ ਸੁਰ, ਜੋ ਬਲਗਮ ਸਾਫ਼ ਕਰਨ ਲਈ ਕੱਢੀਦਾ ਹੈ.

ਖੰਜ: ਸੰ. खञ्ज ਸੰਗਯਾ- ਪਿੰਗਲਾ. ਪੰਗੁ.

ਖੰਜਕਾ: ਦੇਖੋ, ਖੰਜਰੀ. "ਢੋਲ ਢੋਲਕ ਖੰਜਕਾ ਡਫ." (ਗਯਾਨ)

ਖੰਜਨ: ਸੰ. खञ्जन ਸੰਗਯਾ- ਮਮੋਲਾ. ਖੰਜਰੀਟ. ਕਣਾਟੀਰ. Montacilla alba. ਚਿੜੀ ਦੇ ਆਕਾਰ ਦਾ ਇੱਕ ਪੰਛੀ, ਜੋ ਬਹੁਤ ਚੰਚਲ ਹੁੰਦਾ ਹੈ. ਕਵੀ ਇਸ ਦੀ ਉਪਮਾਂ ਨੇਤ੍ਰ ਅਤੇ ਮਨ ਨੂੰ ਦਿੰਦੇ ਹਨ. "ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ." (ਚੰਡੀ ੧) "ਸ੍ਰੀਗੁਰੁ ਪਗ ਸੋਭਾ ਵਿਮਲ ਪਿੰਜਰ ਸਰ ਪਹਿਚਾਨ। ਮਨ ਖ਼ੰਜਨ ਤਹਿਂ ਪਾਇਕੈ ਕਹੋਂ ਕਥਾ ਗਤਿਦਾਨ." (ਨਾਪ੍ਰ)

੨. ਵਿ- ਦੂਰ ਕਰਨ ਵਾਲਾ. ਮਿਟਾਉਣ ਵਾਲਾ. "ਕਾਲ ਬਿਕਾਲ ਭਰਮ ਭੈ ਖੰਜਨ." (ਮਲਾ ਅਃ ਮਃ ੧) ਦੇਖੋ, ਖਜ ਧਾ। ੩. ਸੰਗਯਾ- ਦੇਖੋ, ਸਵੈਯੇ ਦਾ ਰੂਪ ੨੨.

ਖ਼ੰਜਰ: ਫ਼ਾ. خنجر ਸੰ. नखर ਨਖਰ. ਸੰਗਯਾ- ਛੋਟੀ ਕਟਾਰੀ। ੨. ਭਾਈ ਸੰਤੋਖ ਸਿੰਘ ਦੇ ਲੇਖ ਅਨੁਸਾਰ ਆਸਾਮ ਵਿੱਚ ਧੁਬੜੀ ਪਾਸ ਇੱਕ ਪਿੰਡ, ਜਿਸ ਥਾਂ ਗੁਰੂ ਤੇਗਬਹਾਦੁਰ ਸਾਹਿਬ ਨੇ ਆਪਣਾ ਖੰਜਰ ਜ਼ਮੀਨ ਵਿੱਚ ਗੱਡਿਆ ਸੀ, ਜਿਸ ਤੋਂ 'ਖੰਜਰ' ਨਾਮ ਹੋਇਆ. "ਖੰਜਰ ਤਾਂਕੋ ਨਾਮ ਉਚਾਰੀ." (ਗੁਪ੍ਰਸੂ)

ਖੰਜਰੀ: ਸੰ. ਸੰਗਯਾ- ਛੋਟੀ ਡਫ. ਸੰਗੀਤ ਵਿੱਚ ਇਸ ਦਾ ਨਾਉਂ 'ਕਰਚਕ੍ਰ' ਭੀ ਹੈ.

ਖੰਜਰੀਟ: ਸੰਗਯਾ- ਮਮੋਲਾ. ਦੇਖੋ, ਖੰਜਨ.

ਖੰਡ: ਸੰਗਯਾ- ਖੰਡਾ. ਖੜਗ. "ਪੀਓ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ." (ਗੁਰਦਾਸ ਕਵਿ) ੨. ਸੰ. खण्ड ਟੁਕੜਾ. "ਖੰਡ ਖੰਡ ਕਰਿ ਭੋਜਨੁ ਕੀਨੋ." (ਸੋਰ ਰਵਿਦਾਸ) ੩. ਦੇਸ਼ ਦਾ ਵੱਡਾ ਹਿੱਸਾ. "ਨਉ ਖੰਡ ਪ੍ਰਿਥਮੀ ਫਿਰੈ ਚਿਰ ਜੀਵੈ." (ਸੁਖਮਨੀ)

੪. ਕਮੀ. ਘਾਟਾ. ਨ੍ਯੂਨਤਾ. "ਅਬਿਨਾਸੀ ਨਾਹੀ ਕਿਛੁ ਖੰਡ." (ਸੁਖਮਨੀ) ੫. ਗ੍ਰੰਥ ਦਾ ਹਿੱਸਾ. ਭਾਗ। ੬. ਅਸਥਾਨ. ਦੇਸ਼. "ਕੰਦ ਮੂਲ ਚੁਣਿ ਖਾਵਹਿ ਵਣ ਖੰਡ ਵਾਸਾ." (ਵਾਰ ਮਾਝ ਮਃ ੧) ੭. ਸਫ਼ੇਦ ਸ਼ੱਕਰ. ਚੀਨੀ. "ਸਕਰ ਖੰਡ ਨਿਵਾਤ ਗੁੜ." (ਸ. ਫਰੀਦ) ੮. ਕਾਂਡ. ਭੂਮਿਕਾ. ਦਰਜਾ. ਮੰਜ਼ਲ. "ਗਿਆਨਖੰਡ ਮਹਿ ਗਿਆਨ ਪ੍ਰਚੰਡ." (ਜਪੁ) ੯. ਖੰਡੇ ਦਾ ਅਮ੍ਰਿਤਧਾਰੀ ਸਿੱਖ. "ਤ੍ਰੈ ਪ੍ਰਕਾਰ ਮਮ ਸਿੱਖ ਹੈਂ ਸਹਜੀ ਚਰਨੀ ਖੰਡ." (ਰਤਨਮਾਲ) ੧੦. ਸੰ. षण्ड ਸ਼ੰਡ. ਨਪੁੰਸਕ. ਹੀਜੜਾ.

**ਖੰਡਸ:** ਵਿ- ਖੰਡਨ ਕਰਤਾ. "ਖਲਖੰਡਸ ਹੈਂ." (ਜਾਪੁ)

**ਖੰਡਸਿ:** ਖੰਡਨ ਕਰਦਾ। ੨. ਖੰਡਨ ਕਰੇਗਾ. "ਕਾਹੇ ਨ ਖੰਡਸਿ ਅਵਗਨੁ ਮੇਰਾ?" (ਆਸਾ ਕਬੀਰ)

**ਖੰਡਸੁਰੰ:** ਖੰਡ- ਅਸੁਰੰ. ਅਸੁਰ (ਦੈਤ੍ਯ) ਖੰਡਨ ਕਰਤਾ. "ਤੇਜਤੁਰੰਗੀ ਖੰਡਸੁਰੰ." (ਅਕਾਲ)

**ਖੰਡਹਰ:** ਸੰਗਯਾ- ਖੰਡਨ ਹੋਇਆ ਘਰ. ਖੰਡਿਤ ਗ੍ਰਿਹ.

**ਖੰਡਕ:** ਵਿ- ਖੰਡਨ ਕਰਨ ਵਾਲਾ.

**ਖੰਡਣ:** ਦੇਖੋ, ਖੰਡਨ. "ਖੰਡਣੰ ਕਲਿਕਲੇਸਹ." (ਵਾਰ ਜੈਤ)

**ਖੰਡਤ:** ਦੇਖੋ, ਖੰਡਿਤ.

**ਖੰਡਧਾਰ:** ਖੰਡੇ ਦੀ ਧਾਰ ਦਾ. "ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ." (ਗੁਰਦਾਸ ਕਾਵਿ)

**ਖੰਡਨ:** ਸੰ. ਸੰਗਯਾ- ਤੋੜਨਾ. ਟੁਕੜੇ ਕਰਨਾ. "ਤੁਮ ਪਾਪਖੰਡਨ." (ਸੋਰ ਮਃ ੫) ੨. ਰੱਦ ਕਰਨਾ। ੩. ਨੈਸ਼ਿਧ ਕਾਵ੍ਯ ਦੇ ਕਰਤਾ ਸ਼੍ਰੀਹਰ੍ਸ਼ ਦਾ ਰਚਿਆ ਨ੍ਯਾਯਸ਼ਾਸਤ੍ਰ ਦਾ ਗ੍ਰੰਥ. 'ਖਾਦ੍ਯਖੰਡਨ'.

**ਖੰਡਨੀ:** ਸੰਗਯਾ- ਸੈਨਾ (ਫ਼ੌਜ), ਜੋ ਖੰਡਾ ਧਾਰਣ ਕਰਦੀ ਹੈ. (ਸਨਾਮਾ) ੨. ਵਿ- ਖੰਡਨ ਕਰਨ ਵਾਲੀ. ਵੈਰੀ ਨੂੰ ਟੁਕੜੇ ਟੁਕੜੇ ਕਰਨ ਵਾਲੀ.

**ਖੰਡਪਤਿ:** ਇੱਕ ਦੇਸ਼ ਦਾ ਸ੍ਵਾਮੀ. ਮੰਡਲੇਸ਼੍ਵਰ.

**ਖੰਡਮੰਡਲ:** ਸੰ. ਸੰਗਯਾ- ਬ੍ਰਹਮਾਂਡ ਦਾ ਅੱਧਾ ਭਾਗ. ਭੂਗੋਲ ਅਥਵਾ ਖਗੋਲ. "ਤਿਥੈ ਖੰਡਮੰਡਲ ਵਰਭੰਡ." (ਜਪੁ) ਉੱਥੇ ਕਈ ਬ੍ਰਹਮੰਡ ਅਤੇ ਉਨ੍ਹਾਂ ਦੇ ਭਾਗ ਵਿਭਾਗ ਹਨ.

**ਖੰਡਲ:** ਸੰਗਯਾ- ਅਸਥਾਨ. ਦੇਖੋ, ਸਾਧੂਮੰਡਲ। ੨. ਸੰ. ਵਿ- ਖੰਡਾਂ ਵਾਲਾ. ਜਿਸ ਨਾਲ ਅਨੇਕ ਦੇਸ਼ਾਂ ਦੇ ਭਾਗ ਹੋਣ. "ਸਗਲੋ ਭੂਮੰਡਲ ਖੰਡਲ ਪ੍ਰਭੁ ਤੁਮਹੀ ਆਛੈ." (ਮਾਰੂ ਮਃ ੫) ੩. ਟੁਕੜਾ. ਭਾਗ.

**ਖੰਡਲ ਮੰਡਲ ਮੰਡਲ ਮੰਡਾ:** (ਭੈਰ ਅਃ ਕਬੀਰ) ਖੰਡਾਂ ਵਾਲਾ ਮੰਡਲ (ਬ੍ਰਹਮਾਂਡ, ਜਿਸ ਵਿੱਚ ਅਨੇਕ ਖੰਡ ਹਨ) ਉਸ ਵਿੱਚ ਅਨੇਕ ਮੰਡਲ (ਦੇਸ਼) ਜਿਸ ਨੇ ਸਜਾਏ ਹਨ.

**ਖੰਡਲੀ:** ਵਿ- ਖੰਡਨਕਰਤਾ. "ਪਾਪਖੰਡਲੀ." (ਕਲਿ ਮਃ ੫)

**ਖੰਡਾ:** ਦੋਧਾਰਾ ਖੜਗ. ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਸ਼ਸਤ੍ਰ. "ਤ੍ਰੈ ਸੈ ਹੱਥ ਉਤੰਗੀ ਖੰਡਾ ਧੂਹਿਆ." (ਕਲਕੀ) ਦੇਖੋ, ਸਸਤ੍ਰ। ੨. ਮਾਇਆ, ਜੋ ਖੰਡ (ਵ੍ਰਿੰਦ ਪਦਾਰਥ) ਰਚਣ ਵਾਲੀ ਹੈ. "ਖੰਡਾ ਪ੍ਰਿਥਮੈ ਸਾਜਕੈ ਜਿਨਿ ਸਭ ਸੰਸਾਰ ਉਪਾਯਾ." (ਚੰਡੀ ੩)

**ਖੰਡਾ ਪਖਾਰਨਾ:** ਕ੍ਰਿ- ਜੰਗ ਲਈ ਕੋਈ ਵੈਰੀ ਨਾ ਹੋਣ ਪੁਰ, ਤਲਵਾਰ ਸਾਫ਼ ਕਰਕੇ ਮਿਆਨ ਵਿੱਚ ਕਰਨੀ. ਦੇਖੋ, ਹਥਿਆਰ ਪਖਾਰਨਾ.

**ਖੰਡਿ:** ਖੰਡ (ਦੇਸ਼) ਵਿੱਚ। ੨. ਭਾਵ- ਸ਼ਰੀਰ ਵਿੱਚ. "ਜੋ ਬ੍ਰਹਮੰਡਿ ਖੰਡਿ ਸੋ ਜਾਣਹੁ." (ਮਾਰੂ ਸੋਲਹੇ ਮਃ ੧) ੩. ਖੰਡਨ ਕਰਕੇ. "ਭਵਰੁ ਵਸੈ ਭੈ ਖੰਡਿ." (ਵਾਰ ਮਾਰੂ ੧. ਮਃ ੩) ਜਿਗ੍ਯਾਸੁ ਰੂਪ ਭ੍ਰਮਰ, ਭੈ ਮਿਟਾਕੇ ਵਸਦਾ ਹੈ.

**ਖੰਡਿਸ:** ਖੰਡ- ਈਸ਼. ਦੇਖੋ, ਖੰਡਪਤਿ. "ਖੰਡਿਸਨ ਖੰਡਕਰ." (ਚਰਿਤ੍ਰ ੨੦੦)

**ਖੰਡਿਤ:** ਸੰ. ਵਿ- ਤੋੜਿਆ ਹੋਇਆ. ਟੁਕੜੇ ਕੀਤਾ। ੨. ਰੱਦ ਕੀਤਾ। ੩. ਅਸ਼ੁੱਧ ਪਾਠ, ਜਿਸ ਵਿੱਚ ਕੁਝ ਮਾਤ੍ਰਾ ਅਤੇ ਅੱਖਰ ਛੁੱਟ ਗਏ ਹਨ.

**ਖੰਡਿਤਨਿੰਦ੍ਰਾ:** ਵਿ- ਜਿਸ ਦੀ ਨੀਂਦ ਘਟ ਗਈ ਹੈ. ਥੋੜੀ ਨੀਂਦ ਵਾਲਾ. "ਖੰਡਿਤਨਿੰਦ੍ਰਾ ਅਲਪ ਅਹਾਰੰ." (ਸਿਧਗੋਸਟਿ) ੨. ਸੰਗ੍ਯਾ- ਨਿਦ੍ਰਾਦੋਸ਼. Pollutio nocturna.

**ਖੰਡਿਤਾ:** ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਆਪਣੇ ਪਤਿ ਦੇ ਸ਼ਰੀਰ ਉੱਪਰ ਪਰਇਸਤ੍ਰੀਗਮਨ ਦੇ ਚਿੰਨ੍ਹ ਦੇਖਕੇ ਦੁਖੀ ਹੋਵੇ.

**ਖੰਡਿ ਮੰਡਲ:** ਖੰਡ ਦੇ ਮੰਡਲ. ਖੰਡ ਦੇ ਅੰਤਰਗਤ ਇਲਾਕੇ.

**ਖੰਡੂ:** ਦੇਖੋ, ਖੰਡ। ੨. ਖੰਡਿਤ ਹੈ ਓਸ਼੍ਠ (ਬੁਲ੍ਹ) ਜਿਸ ਦਾ.

**ਖੰਡੂਰ:** ਜਿਲਾ ਲੁਦਿਆਨਾ, ਤਸੀਲ ਜਗਰਾਉਂ, ਥਾਣਾ ਦਾਖਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮੁੱਲਾਂਪੁਰ ਤੋਂ ਚਾਰ ਮੀਲ ਦੇ ਕਰੀਬ ਪੂਰਵ ਹੈ. ਇਸ ਪਿੰਡ ਤੋਂ ਦੱਖਣ ਵੱਲ ਪਾਸ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ, ਜੋ ਨਵਾਂ ਬਣਾਇਆ ਗਿਆ ਹੈ. ਉਦਾਸੀ ਸਾਧੂ ਪੁਜਾਰੀ ਹਨ. ੧੦- ੧੫ ਵਿੱਘੇ ਜ਼ਮੀਨ ਹੈ. ਇਸ ਗੁਰਦ੍ਵਾਰੇ ਨੂੰ "ਗੁਰੂਸਰ" ਭੀ ਆਖਦੇ ਹਨ। ੨. ਦੇਖੋ, ਖਡੂਰ.

**ਖੰਡੇ ਦਾ ਅਮ੍ਰਿਤ:** ਦੇਖੋ, ਅਮ੍ਰਿਤ ਸੰਸਕਾਰ.

**ਖੰਡੇਧਾਰ:** ਖੰਡੇ ਦੀ ਧਾਰਾ. ਭਾਵ- ਸੂਖਮ ਅਤੇ ਔਖਾ. "ਇਹ ਮਾਰਗ ਖੰਡੇਧਾਰ." (ਦੇਵ ਮਃ ੫) ੨. ਦੇਖੋ, ਖੰਡਧਾਰ.

**ਖੰਡੇਲਾ:** ਵਿ- ਖੰਡੇ ਵਾਲਾ. ਖੜਗਧਾਰੀ। ੨. ਸੰਗ੍ਯਾ- ਚੌਹਾਨ ਰਾਜਪੂਤਾਂ ਦੀ ਇੱਕ ਜਾਤਿ.

**ਖੰਢ:** ਦੇਖੋ, ਸੰਢ.

**ਖ਼ੰਦਹ ਰੂ:** ਫ਼ਾ. خندہرُو ਹੱਸਮੁਖ. ਖਿੜੇ ਮੱਥੇ ਵਾਲਾ.

**ਖ਼ੰਦਕ, ਖ਼ੰਦਕ਼:** ਅ. خندق ਸੰਗ੍ਯਾ- ਖਾਈ. ਪਰਿਖਾ.

**ਖ਼ੰਦਾ:** ਫ਼ਾ. خندہ ਸੰਗ੍ਯਾ- ਹਾਸੀ. ਹਾਸ੍ਯ। ੨. ਪ੍ਰਾ. ਵਿ- ਪੁੱਟਣ ਵਾਲਾ. ਇਹ ਕੰਦਨ (ਪੁੱਟਣ) ਤੋਂ ਬਣਿਆ ਹੈ. ਦੇਖੋ, ਕੰਦਹ ਅਤੇ ਕੰਦਨ। ੩. ਬੂ ਲੈ ਕੇ ਖੁੱਡ ਪੁੱਟਣਵਾਲਾ ਕੁੱਤਾ। ੪. ਕ੍ਸ਼ੀਰਦ (ਦੁੱਧ ਦੇਣ ਵਾਲਾ) ਪਸ਼ੁ. ਲਵੇਰਾ.

**ਖ਼ੰਦਾਂ:** ਫ਼ਾ. خنداں ਵਿ- ਹਸਦਾ ਹੋਇਆ। ੨. ਹੱਸਣ ਵਾਲਾ.

**ਖ਼ੰਦੀਦਨ:** ਫ਼ਾ. خندیدن ਕ੍ਰਿ- ਹੱਸਣਾ.

**ਖੰਧਾ:** ਦੇਖੋ, ਖੰਦਾ ੪.

**ਖੰਨ:** ਸੰ. ਖੰਡ. ਸੰਗ੍ਯਾ- ਟੂਕ. ਟੁਕੜਾ.

**ਖੰਨਖੰਨੀਐ:** ਟੁਕੜੇ ਟੁਕੜੇ ਹੁੰਦਾ ਹਾਂ ਭਾਵ-. ਕੁਰਬਾਨ ਹੁੰਦਾ ਹਾਂ। ੨. ਖੰਡ ਖੰਡ ਹੋਈਏ.

**ਖੰਨਲੀ:** ਸੰ. क्षुण्यतैला ਕ੍ਸ਼ੁਣ੍ਯਤੈਲਾ. ਉਹ ਲੀਰ, ਜੋ ਤੇਲੀ ਦੇ ਕੋਲ੍ਹੂ ਸਾਫ ਕਰਨ ਲਈ ਵਰਤੀਦੀ ਹੈ. "ਖੰਨਲੀ ਧੋਤੀ ਉਜਲੀ ਨ ਹੋਵਈ." (ਵਾਰ ਸੋਰ ਮਃ ੩) ਭਾਵ- ਵਿਸ਼ੇ ਪਰਾਇਣ ਮਲੀਨ ਬੁੱਧਿ.

ਖੰਨਾ: ਸੰਗਯਾ- ਖੰਡਾ. ਖੜਗ. ਸਿੰਧੀ. ਖਨੋ. "ਖੰਨਾ ਸਗਲ ਰੇਣ ਛਾਰੀ." (ਸੋਰ ਮਃ ੫) "ਖੰਨਿਅਹੁ ਤਿਖੀ ਵਾਲਹੁ ਨਿਕੀ." (ਅਨੰਦੁ) ੨. ਖਤ੍ਰੀਆਂ ਦੀ ਇੱਕ ਜਾਤਿ। ੩. ਅੱਧਾ ਖੰਡ (ਟੁਕੜਾ).

ਖੰਨੀ: ਵਿ- ਅੱਧੀ. ਖੰਡਿਤ. ਟੁੱਟੀ ਹੋਈ.

ਖੰਨੀਐ: ਖੰਡ (ਟੂਕ) ਹੋਈਏ. ਬਲਿਹਾਰ ਜਾਈਏ. "ਤੇਰੇ ਦਰਸਨ ਵਿਟਹੁ ਖੰਨੀਐ ਵੰਞਾ." (ਵਡ ਮਃ ੧) ਸਦਕੇ ਜਾਵਾਂ.

ਖੰਭ: ਸੰਗਯਾ- ਜੋ ਖ (ਆਕਾਸ਼) ਵਿੱਚ ਅਭਿ (ਸ਼ਬਦ) ਕਰੇ. ਪੰਖ. ਪਰ. "ਖੰਭ ਵਿਕਾਂਦੜੇ ਜੇ ਲਹਾਂ." (ਸਵਾ ਮਃ ੫. "ਜਿਨਿ ਤਨੁ ਸਾਜਿ ਦੀਏ ਨਾਲਿ ਖੰਭ." (ਮਲਾ ਮਃ ੧) ੨. ਸ੍ਤੰਭ. ਥਮਲਾ. ਸਤੂਨ. ਥੰਮ੍ਹ.

ਖੰਭ ਲੱਗਣੇ: ਭਾਵ- ਉਡਾਰੂ ਹੋਣਾ। ੨. ਆਪਣੇ ਬਲ ਨੂੰ ਸੰਭਾਲਕੇ ਪੁਰਖਾਰਥੀ ਬਣਨਾ। ੩. ਆਪਣੇ ਵਿਤ ਤੋਂ ਵਧਕੇ ਹੰਕਾਰ ਵਿੱਚ ਆਕੇ ਓਛਾਪਨ ਦਿਖਾਉਣਾ.

ਖੰਭਾ: ਸੰਗਯਾ- ਸ੍ਤੰਭ. ਥਮਲਾ. ਸਤੂਨ. ਸ੍ਤੂਪ. ਥੰਮ੍ਹਾ.

ਖੰਭਾਰ: ਕ੍ਸ਼ੋਭ. ਦੇਖੋ, ਖੱਭਾਰ. "ਨ੍ਰਿਪਦ੍ਵਾਰ ਭਾਰੀ ਖੰਭਾਰਾ." (ਸਲੋਹ)

ਖੰਭਾਵਤੀ: ਪੰਖਾਂਵਾਲੀ, ਪਰੀ. ਹੂਰ. "ਕਿ ਖੰਭਾਵਤੀ ਹੈ." (ਦੱਤਾਵ)

ਖੰਭੀ: ਵਿ- ਖੰਭਾਂ ਵਾਲਾ। ੨. ਸੰਗਯਾ- ਪੰਖੀ. ਪਰਿੰਦ। ੩. ਫੁੱਲ ਦੀ ਪਾਂਖੁੜੀ। ੪. ਚਰਖੇ ਦੀ ਫੱਟੀ. "ਜਿਉ ਚਰਖਾ ਅਠਖੰਭੀਆ." (ਭਾਗੁ)

ਖਜਤ੍ਰੀ: ਦੇਖੋ, ਕ੍ਸ਼ਤ੍ਰੀ ਅਤੇ ਖਤ੍ਰੀ. "ਬ੍ਰਹਮਨ ਬੈਸ ਸੂਦ ਅਰੁ ਖਜਤ੍ਰੀ." (ਬਿਲਾ ਰਵਿਦਾਸ)

ਖਜਾਹ: ਦੇਖੋ, ਖਿਆਹ. "ਖਜਾਹ ਭਯੋ ਜਿਸ ਦਜੋਸ ਹਮਾਰੇ." (ਗੁਪ੍ਰਸੂ)

ਖਜਾਤ, ਖਜਾਤਾ: ਸੰ. ਵਿ- ਪ੍ਰਸਿੱਧ. ਮਸ਼ਹੂਰ। ੨. ਕਿਹਾ ਗਿਆ. ਕਥਨ ਕੀਤਾ. "ਸਰਬੰ ਖਜਾਤਾ." (ਜਾਪੁ) ੩. ਸਪਸ਼੍ਟ. ਸਾਫ. "ਜੋ ਹੇਰੀ ਸੋ ਭਾਖੀ ਖਜਾਤਾ." (ਨਾਪ੍ਰ)

ਖਜਾਤਿ, ਖਜਾਤੀ: ਸੰ. ਸੰਗਯਾ- ਪ੍ਰਸਿੱਧੀ. ਮਸ਼ਹੂਰੀ। ੨. ਉਸਤਤਿ. ਤਾਰੀਫ਼। ੩. ਨਾਮਵਰੀ. "ਆਨਦਕੰਦ ਮੁਕੰਦ ਜਿ ਖਜਾਤੀ." (ਨਾਪ੍ਰ) ੪. ਕਹਨਾਵਤ. ਅਖਾਣ। ੫. ਭਰਮ (ਸ਼ੱਕ) ਦੇ ਅਸਥਾਨ ਵਿੱਚ ਸ਼ਾਸਤ੍ਰਕਾਰਾਂ ਨੇ ਪੰਜ ਖਜਾਤੀਆਂ ਮੰਨੀਆਂ ਹਨ- ਅਸਤਖਜਾਤਿ, ਆਤਮਖਜਾਤਿ ਅਨਜਥਾਖਜਾਤਿ, ਅਖਜਾਤਿ ਅਤੇ ਅਨਿਰਵਚਨੀਯ- ਖਜਾਤਿ. ਇਨ੍ਹਾਂ ਦਾ ਸੰਖੇਪ ਨਾਲ ਨਿਰਨਾ ਇਉਂ ਹੈ-

(ੳ) ਸ਼ੂਨਜਵਾਦੀ ਅਸਤਖਜਾਤਿ ਮੰਨਦੇ ਹਨ, ਉਨ੍ਹਾਂ ਦਾ ਕਥਨ ਹੈ ਕਿ ਰੱਸੀ ਵਿੱਚ ਸੱਪ ਅਤਜੰਤ ਅਸਤ ਹੈ, ਇਵੇਂ ਹੀ ਹੋਰ ਜਗਾ ਭੀ ਅਤਜੰਤ ਅਸਤ ਹੈ. ਅਤਜੰਤ ਅਸਤ ਪਦਾਰਥ ਦੀ ਰੱਸੀ ਵਿੱਚ ਪ੍ਰਤੀਤਿ ਅਸਤਖਜਾਤਿ ਹੈ.

(ਅ) ਕ੍ਸ਼ਣਿਕ ਵਿਗਜਾਨਵਾਦੀ ਆਤਮਖਜਾਤਿ ਮੰਨਦੇ ਹਨ, ਉਨ੍ਹਾਂ ਦਾ ਕਥਨ ਹੈ ਕਿ ਰੱਸੀ ਵਿੱਚ ਜਾਂ ਹੋਰ ਕਿਸੇ ਥਾਂ ਸੱਚਾ ਸੱਪ ਹੈ ਹੀ ਨਹੀਂ, ਸਾਰੇ ਪਦਾਰਥ ਬੁੱਧਿ ਵਿੱਚ ਹਨ ਅਤੇ ਬੁੱਧਿ ਹੀ ਸਾਰੇ ਪਦਾਰਥਾਂ ਦੀ ਸ਼ਕਲ ਧਾਰ ਲੈਂਦੀ ਹੈ, ਅਰ ਬੁੱਧਿ ਕ੍ਸ਼ਣਿਕ ਵਿਗਜਾਨ ਰੂਪ ਹੈ. ਆਤਮ (ਕ੍ਸ਼ਣਿਕ ਵਿਗਜਾਨਰੂਪ ਬੁੱਧਿ) ਦਾ ਸੱਪਰੂਪ ਹੋਕੇ ਪ੍ਰਤੀਤ ਹੋਣਾ ਆਤਮਖਜਾਤਿ ਹੈ.

(ੲ) ਨੈਯਾਯਿਕ ਅਤੇ ਵੈਸ਼ੇਸ਼ਿਕ ਅਨਜਥਾਖਜਾਤਿ ਮੰਨਦੇ ਹਨ. ਉਹ ਆਖਦੇ ਹਨ ਕਿ ਬਰਮੀ ਆਦਿ ਥਾਂਵਾਂ ਵਿੱਚ ਜੋ ਸੱਚਾ ਸੱਪ ਹੈ, ਭ੍ਰਮੀ ਆਦਮੀ ਉਸੇ ਨੂੰ ਹੀ ਨੇਤ੍ਰਾਂ ਨਾਲ ਵੇਖਦਾ ਹੈ, ਨੇਤ੍ਰਾਂ ਦੇ ਦੋਸ਼ ਕਰਕੇ ਉਹੀ ਰੱਸੀ ਵਿੱਚ ਸਾਮ੍ਹਣੇ ਪ੍ਰਤੀਤ ਹੁੰਦਾ ਹੈ. ਇੱਕ ਪਦਾਰਥ ਦਾ ਅਨਜਥਾ ਭਾਨ ਹੋਣਾ ਅਨਜਥਾਖਜਾਤਿ ਹੈ.

(ਸ) ਸਾਂਖ੍ਯ ਅਤੇ ਪ੍ਰਭਾਕਰ[439] ਅਖ੍ਯਾਤਿ ਬਾਬਤ ਨਿਸ਼ਚੇ ਕਰਦੇ ਹਨ ਕਿ ਰੱਸੀ ਨਾਲ ਆਪਣੀ ਵ੍ਰਿੱਤੀ ਦ੍ਵਾਰਾ ਨੇਤ੍ਰ ਦਾ ਸੰਬੰਧ ਹੋਣ ਤੋਂ, ਜਦ ਰੱਸੀ ਦਾ ਇਦੰ (ਇਹ) ਰੂਪ ਕਰਕੇ ਸਾਮਾਨ੍ਯਗ੍ਯਾਨ ਹੁੰਦਾ ਹੈ ਅਰ ਨਾਲ ਹੀ ਸੱਪ ਦੀ ਸਿਮ੍ਰਿਤੀ (ਯਾਦ) ਹੁੰਦੀ ਹੈ, ਤਦ "ਇਹ ਸੱਪ ਹੈ" ਇਹ ਭਾਨ ਹੁੰਦਾ ਹੈ. ਇਸ ਗ੍ਯਾਨ ਵਿੱਚ ਦੋ ਅੰਸ਼ਾਂ ਹਨ- 'ਇਹ' ਸਿਮ੍ਰਿਤਿ ਜ੍ਞਾਨ ਹੈ. ਇਨ੍ਹਾਂ ਦੋਹਾਂ ਗ੍ਯਾਨਾਂ ਦੇ ਹੁੰਦਿਆਂ ਭੀ ਦੇਖਣ ਵਾਲੇ ਦੇ ਭੈ ਦੋਸ਼ ਨਾਲ ਅਤੇ ਨੇਤ੍ਰਾਂ ਦੇ ਤਿਮਰ ਆਦਿ ਦੋਸ਼ ਕਰਕੇ ਇਹ ਪ੍ਰਤੀਤ ਨਹੀਂ ਹੁੰਦਾ ਕਿ ਮੈਨੂੰ ਦੋ ਗ੍ਯਾਨ ਹੋਏ ਹਨ. ਇਨ੍ਹਾਂ ਦੋ ਗ੍ਯਾਨਾਂ ਦੇ ਅਵਿਵੇਕ ਨੂੰ ਹੀ ਅਖ੍ਯਾਤਿ ਆਖੀਦਾ ਹੈ.

(ਹ) ਵੇਦਾਂਤ ਮਤ ਵਾਲੇ ਅਨਿਰਵਚਨੀਯਖ੍ਯਾਤਿ ਮੰਨਦੇ ਹਨ ਉਨ੍ਹਾਂ ਦਾ ਕਥਨ ਹੈ ਕਿ ਅੰਤਹਕਰਣ ਦੀ ਵ੍ਰਿੱਤੀ ਨੇਤ੍ਰਾਂ ਦ੍ਵਾਰਾ ਨਿਕਲਕੇ ਵਿਸ਼ਯ ਦੇ ਆਕਾਰ ਦੀ ਹੋ ਜਾਂਦੀ ਹੈ, ਉਸ ਤੋਂ ਵਿਸ਼ਯ ਤੇ ਜੋ ਪੜਦਾ ਹੁੰਦਾ ਹੈ ਉਹ ਦੂਰ ਹੋ ਕੇ ਵਿਸ਼ਯ ਦਾ ਪ੍ਰਤੱਖ ਗ੍ਯਾਨ ਹੁੰਦਾ ਹੈ. ਇਸ ਪ੍ਰਤੱਖ ਲਈ ਪ੍ਰਕਾਸ਼ ਦੀ ਸਹਾਇਤਾ ਦੀ ਭੀ ਲੋੜ ਪੈਂਦੀ ਹੈ, ਕਿਉਂਕਿ ਨੇਤ੍ਰਾਂ ਦੀ ਤਾਕਤ ਨਹੀਂ ਕਿ ਪ੍ਰਕਾਸ਼ ਬਿਨਾ ਕਿਸੇ ਪਦਾਰਥ ਨੂੰ ਪ੍ਰਤੱਖ ਕਰ ਸਕਣ. ਜਿੱਥੇ ਕੁਝ ਅੰਧੇਰਾ (ਹਨੇਰਾ) ਹੋਵੇ, ਜਾਂ ਨੇਤ੍ਰਾਂ ਵਿੱਚ ਧੁੰਦ ਆਦਿ ਕੋਈ ਦੋਸ਼ ਹੋਵੇ, ਤਦ ਨੇਤ੍ਰਾਂ ਦ੍ਵਾਰਾ ਵ੍ਰਿੱਤੀ ਬਾਹਰ ਨਿਕਲਕੇ ਭੀ ਰੱਸੀ ਦੀ ਅਸਲ ਸ਼ਕਲ ਨੂੰ ਧਾਰਨ ਨਹੀਂ ਕਰ ਸਕਦੀ ਅਰ ਇਸੇ ਕਾਰਣ ਰੱਸੀ ਦੇ ਆਵਰਣ ਨੂੰ ਮਿਟਾ ਨਹੀਂ ਸਕਦੀ. ਇਸ ਤੋਂ ਰੱਸੀ ਉਪਹਿਤ ਚੇਤਨ ਆਸ਼੍ਰਿਤ ਅਵਿਦ੍ਯਾ ਵਿੱਚ ਕ੍ਸ਼ੋਭ ਹੋ ਕੇ ਅਵਿਦ੍ਯਾ ਹੀ ਸੱਪ ਦੇ ਆਕਾਰ ਨੂੰ ਪ੍ਰਾਪਤ ਹੋ ਜਾਂਦੀ ਹੈ. ਸੋ ਅਵਿਦ੍ਯਾ ਦਾ ਕਾਰਜ ਸੱਪ, ਜੇ ਸੱਚਾ ਹੋਵੇ ਤਾਂ ਰੱਸੀ ਦੇ ਯਥਾਰਥ ਗ੍ਯਾਨ ਪਿੱਛੋਂ ਉਸ ਦਾ ਮਿਟ ਜਾਣਾ ਨਾ ਹੋਵੇ, ਪਰ ਰੱਸੀ ਦੀ ਅਸਲੀਅਤ ਸਮਝਣ ਤੋਂ ਸੱਪ ਦਾ ਭਾਨ ਨਹੀਂ ਹੁੰਦਾ, ਇਸ ਲਈ ਸੱਪ ਸੱਚ ਨਹੀ, ਅਰ ਜੇ ਸੱਪ ਅਸਤ ਹੋਵੇ ਤਾਂ ਬੰਧ੍ਯਾ ਦੇ ਪੁਤ੍ਰ ਦੀ ਤਰਾਂ ਕਦੇ ਪ੍ਰਤੀਤ ਹੀ ਨਾ ਹੋਵੇ, ਪਰ ਪ੍ਰਤੀਤ ਜਰੂਰ ਹੁੰਦਾ ਹੈ, ਇਸ ਲਈ ਅਸਤ ਭੀ ਨਹੀਂ. ਇਸ ਤੋਂ ਨਿਸ਼ਚੇ ਹੁੰਦਾ ਹੈ ਕਿ ਸਤ ਅਸਤ ਤੋਂ ਭਿੰਨ ਅਨਿਰਵਚਨੀਯ ਹੈ. ਅਨਿਰਵਚਨੀਯ ਦੀ ਖ੍ਯਾਤਿ (ਪ੍ਰਤੀਤਿ) ਅਨਿਰਵਚਨੀਯਖ੍ਯਾਤਿ ਹੈ.

ਖ੍ਯਾਤੀਵਾਦ: ਦੇਖੋ, ਖ੍ਯਾਤਿ ੫.

ਖ੍ਯਾਨ: ਦੇਖੋ, ਆਖ੍ਯਾਨ ਅਤੇ ਖਿਆਨ.

ਖ੍ਯਾਲ: ਦੇਖੋ, ਖਿਆਲ.

ਖ੍ਯੇਮ: ਦੇਖੋ, ਕ੍ਸ਼ੇਮ ਅਤੇ ਖੇਮ.

ਖ਼੍ਵਾਸਤ: ਫ਼ਾ. خواست ਵਿ- ਚਾਹਿਆ. ਦੇਖੋ, ਖ਼੍ਵਾਸਤਨ.

ਖ਼੍ਵਾਸਤਗਾਰ: ਫ਼ਾ. خواشتگار ਵਿ- ਚਾਹੁਣ ਵਾਲ. ਇੱਛਾ ਕਰਨ ਵਾਲਾ.

ਖ਼੍ਵਾਸਤਨ: ਫ਼ਾ. خواشتن ਕ੍ਰਿ- ਚਾਹੁਣਾ. ਇੱਛਾ ਕਰਨਾ. ਮੰਗਣਾ.

ਖ਼੍ਵਾਹ: ਫ਼ਾ. خواہ ਵ੍ਯ- ਅਥਵਾ. ਜਾਂ ਵਾ। ੨. ਵਿ- ਚਾਹੁਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਖ਼ੈਰਖ਼੍ਵਾਹ. ਬਦਖ਼੍ਵਾਹ। ੩. ਸੰਗ੍ਯਾ- ਚਾਹ. ਰੁਚਿ. ਮੰਗ.

ਖ਼੍ਵਾਹਦ ਗੁਜ਼ਸ਼੍ਤ: ਫ਼ਾ. خواہدگزشت ਵੀਤ ਜਾਊਗਾ. ਗੁਜ਼ਰ ਜਾਵੇਗਾ.

ਖ਼੍ਵਾਹਾ: ਚਾਹਿਆ. ਲੋੜਿਆ. ਦੇਖੋ, ਖ਼੍ਵਾਹ. "ਨਾ ਬਰ ਆਪ ਕਹੂੰ ਕਛੁ ਖ਼੍ਵਾਹਾ." (ਨਾਪ੍ਰ)

ਖ਼੍ਵਾਹਾਂ: ਫ਼ਾ. خواہاں ਵਿ- ਚਾਹੁਣ ਵਾਲਾ.

ਖ਼੍ਵਾਹਿਸ਼: ਫ਼ਾ. خواہش ਸੰਗ੍ਯਾ- ਇੱਛਾ. ਅਭਿਲਾਖਾ.

ਖ਼੍ਵਾਹਿੰਦਹ, ਖ਼੍ਵਾਹਿੰਦਾ: ਫ਼ਾ. خواہندہ ਵਿ- ਚਾਹੁਣ ਵਾਲਾ। ੨. ਮੰਗਤਾ. ਯਾਚਕ.

---

[439] ਇੱਕ ਮੀਮਾਂਸਕ.

ਖ਼੍ਵਾਜਹ: ਫ਼ਾ. خواجہ ਸੰਗਯਾ- ਘਰ ਦਾ ਮਾਲਿਕ। ੨. ਸਰਦਾਰ। ੩. ਬਜ਼ੁਰਗ। ੪. ਧਨੀ। ੫. ਹਾਕਿਮ.

ਖ਼੍ਵਾਜਹ ਖਿਜਰ: ਦੇਖੋ, ਖ਼੍ਵਾਜਖਿਜਰ.

ਖ਼੍ਵਾਜਹ ਮਰਦੂਦ: ਮਰਦੂਦ (ਰੱਦ ਕੀਤਾ ਹੋਇਆ) ਧਿੱਕਾਰ ਕੀਤਾ, ਖ਼੍ਵਾਜਹ (ਸਰਦਾਰ), ਖ਼ਿਜਰਖ਼ਾਨ ਸ਼ੇਰ ਖ਼ਾਨ ਦਾ ਭਾਈ ਮਲੇਰੀਆ ਸਰਦਾਰ, ਜੋ ਚਮਕੌਰ ਦੇ ਜੰਗ ਵਿੱਚ ਮੌਜੂਦ ਸੀ.

"ਕਿ ਆਂ ਖ਼੍ਵਾਜਹ ਮਰਦੂਦ ਸਾਯਹ ਦੀਵਾਰ।

ਬਮੈਦਾਂ ਨ ਆਮਦ ਬਮਰਦਾਨਹਵਾਰ" (ਜਫਰ)

ਇਸ ਦੀ ਮੌਤ ਖਾਲਸਾਦਲ ਦੇ ਹੱਥੋਂ ਰੋਪੜ ਪਾਸ ਹੋਈ ਸੀ.

ਖ਼੍ਵਾਜਖਿਜਰ, ਖ਼੍ਵਾਜਖਿਦਰ: ਫ਼ਾ خواجہ خضر ਖ਼੍ਵਾਜਹਖ਼ਿਜ਼ਰ. ਇੱਕ ਨਬੀ. ਦੇਖੋ, ਖਿਜਰ। ੨. ਹਰਿਆਵਲ ਦਾ ਪਤਿ. ਸਬਜੀ ਦਾ ਦੇਵਤਾ. ਜਲਪਤਿ. ਵਰੁਣ ਦੇਵਤਾ. Neptune. ਦੇਖੋ, ਵਰੁਣ। ੩. ਇੱਕ ਖਾਸ ਪੀਰ, ਜਿਸ ਨੂੰ ਜ਼ਿੰਦਹਪੀਰ ਭੀ ਆਖਦੇ ਹਨ. ਦੇਖੋ, ਜਿੰਦਪੀਰ ਅਤੇ ਦਰਯਾਪੰਥੀ.

ਖ਼੍ਵਾਜਾ: ਦੇਖੋ, ਖ਼੍ਵਾਜਹ। ੨. ਇੱਕ ਕਸ਼ਮੀਰੀ ਮੁਸਲਮਾਨ, ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ ਹੋ ਕੇ ਆਤਮਗਜਾਨੀ ਅਤੇ ਉਪਕਾਰੀ ਹੋਇਆ.

ਖ਼੍ਵਾਜਾ ਅਨਵਰ: خواجہ انور ਇਹ ਸ਼ਾਹਜਹਾਂ ਦੀ ਫ਼ੌਜ ਦਾ ਸਰਦਾਰ, ਕਾਲਾਖ਼ਾਂਨ ਅਤੇ ਪੈਂਦਾਖ਼ਾਂਨ ਨਾਲ ਮਿਲਕੇ ਛੀਵੇਂ ਸਤਿਗੁਰੂ ਨਾਲ ਕਰਤਾਰਪੁਰ ਲੜਨ ਆਇਆ ਸੀ. ਜੰਗ ਤੋਂ ਪਹਿਲਾਂ ਜਾਸੂਸ ਹੋ ਕੇ ਭੇਤ ਲੈਣ ਪਹੁਚਿਆ ਸੀ. ਭਾਈ ਬਿਧੀਚੰਦ ਦੇ ਤੀਰ ਨਾਲ ਇਹ ਜੰਗ ਵਿੱਚ ਮਾਰਿਆ ਗਿਆ. ਦੇਖੋ, ਖੋਜ ਜਨਾਵਰ.

ਖ਼੍ਵਾਜਾ ਖਿਜਰ: ਦੇਖੋ, ਖ਼੍ਵਾਜਖਿਜਰ.

ਖ਼੍ਵਾਜਾ ਮਰਦੂਦ: ਦੇਖੋ, ਖ਼੍ਵਾਜਹ ਮਰਦੂਦ.

ਖ਼੍ਵਾਂਦਨ: ਫ਼ਾ. خواندن ਕ੍ਰਿ- ਪੜ੍ਹਨਾ. ਪਠਨ.

ਖ਼੍ਵਾਂਦਾ: ਫ਼ਾ. خواندہ ਪੜ੍ਹਿਆ ਹੋਇਆ. ਪਠਿਤ.

ਖ਼੍ਵਾਨ: ਫ਼ਾ. خوان ਸੰਗਯਾ- ਥਾਲ। ੨. ਉਹ ਵਸਤੁ, ਜਿਸ ਪੁਰ ਭੋਜਨ ਪਰੋਸਿਆ ਜਾਵੇ.

ਖ਼੍ਵਾਨੀ: ਫ਼ਾ. خوانی ਤੂ ਪੜ੍ਹੇਂ. ਤੂੰ ਪੜ੍ਹਦਾ ਹੈਂ.

ਖ਼੍ਵਾਬ: ਫ਼ਾ. خواب ਸੰਗਯਾ- ਨੀਂਦ. ਨਿਦ੍ਰਾ। ੨. ਸ੍ਵਪਨ. ਸੁਪਨਾ.

ਖ਼੍ਵਾਬਗਾਹ: ਫ਼ਾ. خوابگاہ ਅਥਵਾ خوابگہ ਸੰਗਯਾ- ਸੌਣ ਦੀ ਥਾਂ. ਸੌਣ ਦਾ ਕਮਰਾ. ਸ਼ਯਨਾਗਾਰ.

ਖ਼੍ਵਾਬੀ: ਵਿ- ਉੱਨਿਦ੍ਰਿਤ. ਉਨੀਂਦਾ. "ਚੌਂਕ ਪਰੈ ਤਮ ਮੇ ਡਰ ਖ੍ਵਾਬੀ." (ਕ੍ਰਿਸਨਾਵ)

ਖ਼੍ਵਾਰ: ਫ਼ਾ. خوار ਵਿ- ਖ਼ਰਾਬ। ੨. ਬਰਬਾਦ.

ਖ੍ਵੈ: ਦੇਖੋ, ਖੋਵਨਾ. "ਖ੍ਵੈਹੋਂ ਧਰਮ ਮਲੇਛ ਕੋ." (ਕ੍ਰਿਸਨਾਵ) ਖੋਵਾਂਗਾ ਮਲੇਛ ਦਾ ਧਰਮ। ੨. ਖੋਕੇ ਗਵਾਕੇ.

ਗ: ਪੰਜਾਬੀ ਵਰਣਮਾਲਾ ਦਾ ਅਠਵਾਂ ਅੱਖਰ. ਇਸ ਦਾ ਉੱਚਾਰਣ ਕੰਠ ਤੋਂ ਹੁੰਦਾ ਹੈ। ਸੰ. ਸੰਗਯਾ- ਗੀਤ। ੨. ਗਣੇਸ਼। ੩. ਗੰਧਰਵ। ੪. ਦੋ ਮਾਤ੍ਰਾ ਵਾਲਾ ਅੱਖਰ. ਗੁਰੁ ਮਾਤ੍ਰਾ। ੫. ਜਦ ਇਹ ਅੱਖਰ ਸਮਾਸ ਵਿੱਚ ਅੰਤ ਆਉਂਦਾ ਹੈ, ਤਦ ਇਸ ਦਾ ਅਰਥ ਹੁੰਦਾ ਹੈ ਗਾਉਣ ਵਾਲਾ, ਗਮਨ ਕਰਤਾ (ਜਾਣ ਵਾਲਾ) ਆਦਿ. ਜਿਵੇਂ- ਸਾਮਗ (ਸਾਮਵੇਦ ਗਾਉਣ ਵਾਲਾ) ਖਗ

(ਅਕਾਸ਼ ਵਿੱਚ ਗਮਨ ਕਰਨ ਵਾਲਾ).

ਗਉ: ਸੰ. ਗਮਨ. ਸੰਗਯਾ- ਜਾਣਾ। ੨. ਭਾਵ- ਮਰਨਾ। ੩. ਆਵਾਗਮਨ. "ਅਭਉ ਲਭਹਿ ਗਉ ਚੁਕਿਹ." (ਸਵੈਯੇ ਮਃ ੩. ਕੇ) ਆਵਾਗੌਣ ਮਿਟ ਜਾਂਦਾ ਹੈ। ੪. ਕਦਮ. ਡਿੰਘ. "ਮਨੁ ਕੇ ਨਲ ਕੇ ਚਲਤੇ ਨ ਚਲੀ ਗਉ" (ਦੱਤਾਵ) ਮਨੁ ਅਤੇ ਨਲ ਆਦਿਕ ਰਾਜਿਆਂ ਦੇ ਮਰਨ ਸਮੇਂ ਇੱਕ ਕਦਮ ਭੀ ਪ੍ਰਿਥਿਵੀ ਸਾਥ ਨਹੀਂ ਚੱਲੀ. "ਭਰੋਂ ਤਿਰਛੀ ਤੁਮ ਗਉਹੈਂ." (ਕ੍ਰਿਸਨਾਵ) ੫. ਦੇਖੋ, ਗੌ.

ਗਉਂ: ਸੰਗਯਾ- ਸ੍ਵਾਰਥ. ਪ੍ਰਯੋਜਨ. ਮਤਲਬ. "ਗਉਂ ਪਿਹਾਵੇ ਜੌਂ, ਭਾਵੇਂ ਗਿੱਲੇ ਹੀ ਹੋਣ." (ਲੋਕੋ) ੨. ਘਾਤ. ਦਾਉ.

ਗਉਸ: ਦੇਖੋ, ਗੌਸ.

ਗਉਹ: ਦੇਖੋ, ਗਉ ੪. ਅਤੇ ਗਹ

ਗਉਹਰ, ਗਉਹਰੁ: ਫ਼ਾ. گوہر ਗੌਹਰ. ਸੰਗਯਾ- ਮੋਤੀ. "ਗਉਹਰ ਗਯਾਨ ਪ੍ਰਗਟ ਉਜੀਆਰਉ." (ਸਵੈਯੇ ਮਃ ੪. ਕੇ) "ਗੁਰ ਗਉਹਰ ਦਰੀਆਉ." (ਸਵੈਯੇ ਮਃ ੩. ਕੇ) ਸਤਿਗੁਰੁ ਮੋਤੀਆਂ ਦਾ ਨਦ ਹੈ। ੨. ਖ਼ਾਨਦਾਨ। ੩. ਸੰ. गह्वर ਗਹ੍ਵਰ. ਵਿ- ਸੰਘਣਾ। ੪. ਗਹਿਰਾ. ਗੰਭੀਰ. ਅਥਾਹ. "ਆਪੇ ਹੀ ਗਉਹਰ." (ਵਾਰ ਬਿਹਾ ਮਃ ੪)

ਗਉਹਾਟੀ: ਆਸਾਮ ਦੇ ਕਾਮਰੂਪ ਜਿਲ੍ਹੇ ਵਿੱਚ ਇੱਕ ਨਗਰ, ਜਿਸਦਾ ਪੁਰਾਣਾ ਨਾਉਂ, 'ਪ੍ਰਾਗਜਯੋਤਿਸ਼ਪੁਰ' ਹੈ. ਇਸ ਥਾਂ ਦਾ ਰਾਜਾ ਭਗਦੱਤ (ਨਰਕਾਸੁਰ ਦਾ ਵਡਾ ਪੁਤ੍ਰ) ਮਹਾਂਭਾਰਤ ਦੇ ਜੰਗ ਵਿੱਚ ਵਡੀ ਵੀਰਤਾ ਨਾਲ ਲੜਿਆ ਹੈ. ਇਸ ਨੇ ਕੌਰਵਾਂ ਦਾ ਪੱਖ ਲਿਆ ਸੀ.

ਗਉਗਾ: ਦੇਖੋ, ਗੌਗਾ.

ਗਉਣ, ਗਉਣੁ: ਸੰ. ਗਮਨ. ਸੰਗਯਾ- ਜਾਣਾ. ਫਿਰਨਾ. "ਗਉਣ ਕਰੇ ਚਹੁ ਕੁੰਟ ਕਾ." (ਸ੍ਰੀ ਅਃ ਮਃ ੫) "ਨਮੋ ਸਰਬਗਉਣੇ." (ਜਾਪੁ) ੨. ਆਵਾਗਮਨ. "ਚੂਕਾ ਗਉਣੁ ਮਿਟਿਆ ਅੰਧਿਆਰ." (ਪ੍ਰਭਾ ਅਃ ਮਃ ੫) ੩. ਦੇਖੋ, ਆਤਮਗਉਣੁ। ੪. ਦੇਖੋ, ਗੌਣ.

ਗਉਤਮ: ਦੇਖੋ, ਗਊਤਮ ਅਤੇ ਗੋਤਮ.

ਗਉਨ: ਗਮਨ. ਦੇਖੋ, ਗਉਣ. "ਜਮਮਗਿ ਗਉਨ ਅਕੇਲੀ." (ਬਿਹਾ ਛੰਤ ਮਃ ੫) ੩. ਦੇਖੋ, ਗਉਨਗਗਨ.

ਗਉਨਗਗਨ: ਸੰਗਯਾ- ਆਕਾਸ਼ਗਤਿ. ਆਸਮਾਨ ਵਿੱਚ ਜਾਣਾ (ਗਮਨ). ੨. ਸੂਰਜ ਚੰਦ੍ਰਮਾ ਆਦਿ ਨਛਤ੍ਰ। ੩. ਦੇਵਤਾ। ੪. ਗਗਨਗੁਣ. ਆਕਾਸ਼ ਦਾ ਗੁਣ ਸ਼ਬਦ. "ਗਉਨਗਗਨ ਜਬ ਤਬਹਿ ਨ ਹੋਤਉ." (ਸਿਧਗੋਸਟਿ)

ਗਉਨਾ: ਦੇਖੋ, ਗਉਨ ਅਤੇ ਗੌਨਾ.

ਗਉਰ: ਦੇਖੋ ਗੌਰ। ਗੌਰੀ. ਗੋਰੇ ਰੰਗ ਵਾਲੀ, ਪਾਰਵਤੀ. "ਫੇਰ ਦਈ ਤਨ ਦਉਰਕੈ ਗਉਰ ਕਉ ਘਾਇਲਕੈ." (ਚੰਡੀ ੧) ੩. ਦੇਖੋ, ਗੌਰਵ.

ਗਉਰਜਾ: ਦੇਖੋ, ਗਿਰਿਜਾ.

ਗਉਰਾ: ਸੰਗਯਾ- ਭਾਈ ਬਹਿਲੋਵੰਸ਼ੀ ਇੱਕ ਸੱਜਨ. ਦੇਖੋ, ਗੌਰਾ। ੨. ਵਿ- ਗੌਰਵਤਾ ਵਾਲਾ. ਵਜ਼ਨਦਾਰ. ਭਾਰੀ. "ਨਿਵੈ ਸੁ ਗਉਰਾ ਹੋਇ." (ਵਾਰ ਆਸਾ) "ਤੂ ਗਉਰਾ ਹਮ ਹਉਰੇ ਹੋਛੇ." (ਸੋਰ ਮਃ ੧) ਦੇਖੋ, ਗਉਰਾਂ ਅਤੇ ਗੌਰੀ.

ਗਉਰਾਂ: ਗੌਰੀ. ਗੋਰੇ ਰੰਗ ਵਾਲੀ, ਪਾਰਵਤੀ.

ਗਉਰੀ: ਗੌਰੀ. ਪਾਰਵਤੀ. ਦੇਖੋ, ਗੌਰੀ। ੨. ਦੇਖੋ, ਗਉੜੀ.

**ਗਉਰੀਸੁਤ:** ਗੌਰੀ (ਪਾਰਵਤੀ) ਦਾ ਪੁਤ੍ਰ, ਗਣੇਸ਼। ੨. ਭਾਈ ਗੁਲਾਬ ਸਿੰਘ. ਦੇਖੋ, ਗੁਲਾਬ ਸਿੰਘ ਨੰ: ੪.

**ਗਉਰੀਪਤਿ:** ਗੌਰੀ (ਪਾਰਵਤੀ) ਦਾ ਭਰਤਾ ਸ਼ਿਵ.

**ਗਉਰੋ:** ਭਾਰੀ. ਦੇਖੋ, ਗਉਰਾ ੨. "ਹਉ ਹਉਰੋ ਤੂ ਠਾਕੁਰ ਗਉਰੋ." (ਆਸਾ ਮਃ ੫)

**ਗਉੜ:** ਦੇਖੋ, ਗੌੜ.

**ਗਉੜਾ:** ਦੇਖੋ, ਗੋਰੋਚਨ ਅਤੇ ਗੌਰਾ.

**ਗਉੜੀ:** ਦੇਖੋ, ਗੌੜੀ। ੨. ਇੱਕ ਰਾਗਿਨੀ, ਜੋ ਪੂਰਬੀ ਠਾਟ ਦੀ ਔੜਵ ਸ਼ਾੜਵ ਹੈ. ਇਸ ਵਿੱਚ ਸ੍ਰੀ ਰਾਗ ਦਾ ਅੰਗ ਹੈ. ਇਸ ਦੀ ਆਰੋਹੀ ਵਿੱਚ ਗਾਂਧਾਰ ਅਤੇ ਧੈਵਤ ਵਰਜਿਤ ਹੈ. ਅਵਰੋਹੀ ਵਿੱਚ ਗਾਂਧਾਰ ਵਰਜਿਤ ਹੈ. ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ. ਰਿਸ਼ਭ ਅਤੇ ਧੈਵਤ ਕੋਮਲ, ਮੱਧਮ ਤੀਵ੍ਰ. ਬਾਕੀ ਸੁਰ ਸ਼ੁੱਧ ਹਨ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਆਰੋਹੀ- ਸ਼ ਰਾ ਮੀ ਪ ਨ ਸ਼.

ਅਵਰੋਹੀ- ਸ਼ ਨ ਧਾ ਪ ਮੀ ਰਾ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਦਾ ਨੰਬਰ ਤੀਜਾ ਹੈ, ਅਤੇ ਇਸ ਰਾਗ ਦੇ ਅਨੇਕ ਭੇਦ ਲਿਖੇ ਹਨ. ਯਥਾ- ਗੁਆਰੇਰੀ, ਚੇਤੀ, ਦੱਖਣੀ, ਦੀਪਕੀ, ਪੂਰਬੀ, ਬੈਰਾਗਣ, ਮਾਝ, ਮਾਲਵਾ ਅਤੇ ਮਾਲਾ, ਦੂਜੇ ਰਾਗਾਂ ਨਾਲ ਸੰਕੀਰਣ ਹੋਣ ਤੋਂ ਇਹ ਭੇਦ ਬਣ ਗਏ ਹਨ. ਸ਼ੋਕ ਹੈ ਕਿ ਇਸ ਵੇਲੇ ਰਾਗੀ ਇਹ ਸਾਰੇ ਭੇਦ ਸ੍ਪਸ਼੍ਟ ਕਰਕੇ ਗਾਉਂਦੇ ਨਹੀਂ ਸੁਣੀਦੇ.

**ਗਉੜੀ ਚੇਤੀ:** ਇਹ ਔੜਵ ਜਾਤਿ ਦੀ ਰਾਗਿਨੀ ਹੈ. ਇਸ ਨੂੰ ਸ਼ੜਜ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲਗਦਾ ਹੈ. ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ.

**ਗਉੜੀ ਬੈਰਾਗਣ:** ਇਹ ਸੰਪੂਰਣ ਜਾਤਿ ਦੀ ਰਾਗਿਨੀ ਹੈ. ਸ਼ੜਜ ਗਾਂਧਾਰ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਗਾਂਧਾਰ ਕੋਮਲ ਅਤੇ ਮੱਧਮ ਤੀਵ੍ਰ ਲਗਦਾ ਹੈ. ਮੱਧਮ ਵਾਦੀ ਰਿਸ਼ਭ ਸੰਵਾਦੀ ਅਤੇ ਗ੍ਰਹ ਸੁਰ ਸ਼ੜਜ ਹੈ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ.

**ਗਉੜੀਮਾਲਾ:** ਇਹ ਸੰਪੂਰਣ ਜਾਤਿ ਦੀ ਰਾਗਿਨੀ ਹੈ. ਸ਼ੜਜ ਮੱਧਮ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਗਾਂਧਾਰ ਧੈਵਤ ਕੋਮਲ ਲਗਦੇ ਹਨ. ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਹੈ. ਗਾਉਣ ਦਾ ਵੇਲਾ ਰਾਤ ਦਾ ਪਹਿਲਾ ਪਹਿਰ ਹੈ.

**ਗਊ:** ਸੰ. ਗੋ. ਗੌ. ਸੰਗਯਾ- ਬੈਲ। ੨. ਗਾਂ. ਦੇਖੋ, ਅੰ. Cow । ੩. ਭਾਵ- ਗਰੀਬ. ਨਿੰਮ੍ਰਤਾ ਵਾਲਾ. "ਗਊ ਕਉ ਚਾਰੈ ਸਾਰਦੂਲ." (ਰਾਮ ਮਃ ੫) ਮਹਾ ਹਿੰਸਕ ਆਦਮੀ, ਜੋ ਸਰਵਨਾਸ਼ ਕਰਨ ਨੂੰ ਤਿਆਰ ਰਹਿੰਦਾ ਸੀ, ਉਹ ਗਰੀਬ ਅਨਾਥਾਂ ਦੀ ਪਾਲਨਾ ਕਰਦਾ ਹੈ.

**ਗਊਗ੍ਰਾਸ:** ਸੰ. ਗੋਗ੍ਰਾਸ. ਸੰਗਯਾ- ਗਊ ਨਿਮਿੱਤ ਸ਼੍ਰੱਧ ਅਤੇ ਭੋਜਨ ਸਮੇਂ ਅਰਪਣ ਕੀਤਾ ਗ੍ਰਾਸ. ਗੋਬਲਿ.

**ਗਊਚਰਾਹਾ:** ਗਾਈਆਂ ਚਾਰਣਵਾਲਾ. ਜੋ ਗਊਆਂ ਨੂੰ ਚਾਰਣ ਲਈ ਜੰਗਲ ਅਤੇ ਖੇਤਾਂ ਵਿੱਚ ਲੈ ਜਾਵੇ.

**ਗਊਚਰਿ:** ਗਊ ਉੱਤੇ ਚੜ੍ਹਕੇ. ਦੇਖੋ, ਚਰਿ.

**ਗਊਚੋਣੀ:** ਯੋਗਮਤ ਅਨੁਸਾਰ ਪ੍ਰਾਣਾਯਾਮ ਦੇ ਬਲ ਕਰਕੇ ਦਸਵੇਂ ਦ੍ਵਾਰ ਤੋਂ ਅਮ੍ਰਿਤਧਾਰ ਟਪਕਾਉਣੀ. "ਗਗਨਮੰਡਲ ਗਊ ਜਿਨਿ ਚੋਈ." (ਰਤਨਮਾਲਾ ਬੰਨੋ)

**ਗਊਤਮ:** ਦੇਖੋ, ਗੋਤਮ. "ਗਊਤਮ ਸਤੀ ਸਿਲਾ ਨਿਸਤਰੀ." (ਗੌਂਡ ਨਾਮਦੇਵ) ੨. ਦੇਖੋ, ਗੋਤਮ.

**ਗਊਮੁਖ:** ਵਿ- ਗਊ ਵਾਂਙ ਚੁਪ ਕੀਤਾ। ੨. ਮੂੰਹ ਦਾ ਨਰਮ ਪਰ ਦਿਲੋਂ ਖੱਟਾ. "ਗਊਮੁਖ ਬਾਘ ਜੈਸੇ ਬਸੈ ਮ੍ਰਿਗਮਾਲ ਬਿਖੈ." (ਭਾਗੁ ਕ) ੩. ਦੇਖੋ, ਗੋਮੁਖ.

ਗਇ: ਸੰ. ਗਜ. ਸੰਗਯਾ- ਹਾਥੀ. "ਹੈ ਗਇ ਬਾਹਨ." (ਸ. ਕਬੀਰ) ੨. ਦੇਖੋ, ਗਯ.

ਗਇਅ: ਗਇਆ. ਗਤ. ਦੂਰ ਹੋਇਆ. ਗਏ. "ਦੁਖ ਦਰਿਦ੍ਰ ਤਿਨ ਕੇ ਗਇਅ." (ਸਵੈਯੇ ਮਃ ੪. ਕੇ)

ਗਇਅਮੁ: ਗਿਆ. ਵੀਤਿਆ. ਮੇਰਾ ਗਿਆ. "ਪਿਰ ਬਿਨੁ ਜੋਬਨੁ ਬਾਦਿ ਗਇਅਮੁ." (ਮਾਰੂ ਕਾਫੀ ਮਃ ੧) ਸਿੰਧੀ. ਵਿਅਮੁ.

ਗਇਆ: ਦੇਖੋ, ਗਇਅਮੁ. "ਮੇਰਾ ਸਗਲ ਅੰਦੇਸਰਾ ਗਇਆ." (ਦੇਵ ਮਃ ੫) ੨. ਦੇਖੋ, ਗਯਾ. "ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ." (ਬਸੰ ਨਾਮਦੇਵ) "ਗਇਆ ਪਿੰਡ ਭਰਤਾ." (ਗੌਂਡ ਨਾਮਦੇਵ)

ਗਇੰਦ, ਗਇੰਦ੍ਰ: ਦੇਖੋ, ਗਜੇਂਦ੍ਰ ਅਤੇ ਗਯੰਦ.

ਗਈ: ਵੀਤੀ. ਗੁਜ਼ਰੀ। ੨. ਬਿਗੜੀ. "ਗਈਬਹੋੜੁ ਬੰਦੀਛੋੜੁ." (ਸੋਰ ਮਃ ੫) ੩. ਗਾਵੇਗਾ. "ਤਬ ਕੈਸੇ ਗੁਨ ਗਈ ਹੈ?" (ਗੂਜ ਕਬੀਰ)

ਗਈਆ: ਗਵੈਯਾ. ਗਾਇਨ ਕਰੈਯਾ। ੨. ਗਾਇਨ ਕੀਤਾ. ਗਾਇਆ. "ਨਾਮ ਕਿਧੌਂ ਤੁਮਰੋ ਸਭ ਹੀ ਜੁਗ ਗਈਆ." (ਕ੍ਰਿਸਨਾਵ) ੩. ਗਾਂਈਆਂ. ਗਊਆਂ। ੪. ਮਿਟ ਗਈ. ਚਲੀ ਗਈ. ਦੂਰਹੋਈ.

ਗਈਬਹੋਰ, ਗਈਬਹੋੜੁ: ਵੀਤੀ ਨੂੰ ਮੋੜਨ ਵਾਲਾ। ੨. ਬਿਗੜੀ ਬਾਤ ਨੂੰ ਸੁਧਾਰਨ ਵਾਲਾ. "ਗਈਬਹੋਰ ਗਰੀਬਨਿਵਾਜੂ." (ਤੁਲਸੀ) ਦੇਖੋ, ਗਈ ੨.

ਗਈਯਰ: ਗਜਵਰ. ਗਜਰਾਜ. "ਚਾਲ ਚਲੈ ਜਿਮ ਗਈਯਰ ਮਾਤੋ." (ਕ੍ਰਿਸਨਾਵ)

ਗਏ: ਵੀਤੇ. ਗੁਜ਼ਰੇ। ੨. ਗਾਇਨ ਕੀਤੇ. ਗਾਏ. "ਗਏ ਜੀਤ ਕਰਖਾ." (ਚੰਡੀ ੨) ਜਿੱਤ ਦੇ ਕਰਖਾ ਛੰਦ ਗਾਏ। ੩. ਗੁੰਮਰਾਹ ਹੋਏ. "ਆਪੁ ਗਏ ਔਰਨ ਹੂੰ ਖੋਵਹਿ." (ਗਉ ਕਬੀਰ)

ਗਸ਼: ਅ਼. غش ਗ਼ਸ਼. ਸੰਗਯਾ- ਮੂਰਛਾ. ਬੇਹੋਸ਼ੀ. ਦੇਖੋ, ਮੂਰਛਾ.

ਗਸ਼ਤ: ਫ਼ਾ. گشت ਗਸ਼੍ਤ. ਸੰਗਯਾ- ਭ੍ਰਮਣ (ਫਿਰਨ) ਦੀ ਕ੍ਰਿਯਾ.

ਗਸ਼ਤਨ: ਫ਼ਾ. گشتن ਕ੍ਰਿ- ਫਿਰਨਾ. ਭ੍ਰਮਣ। ੨. ਹੋਣਾ.

ਗਸ਼ਤਮ: ਫ਼ਾ. گشتم ਮੈਂ ਫਿਰਿਆ. "ਸਬ ਰੋਜ ਗਸਤਮ ਦਰ ਹਵਾ." (ਤਿਲੰ ਮਃ ੧) ੨. ਮੈ ਹੋਇਆ.

ਗਸ਼ਤੀ: ਫ਼ਾ. گشتی ਗਸ਼੍ਤੀ. ਵਿ- ਫਿਰਨ ਵਾਲਾ. ਭ੍ਰਮਣ ਕਰਤਾ। ੨. ਸੰਗਯਾ- ਨੌਕਾ. ਕਿਸ਼ਤੀ. ਬੇੜੀ.

ਗਸ਼ਤੰਦ: ਫ਼ਾ. گشتند ਫਿਰੇ। ੨. ਹੋਏ. ਭਏ.

ਗਸ਼ੀ: ਦੇਖੋ, ਗਸ਼.

ਗਹ: ਦੇਖੋ, ਗ੍ਰਹ ਧਾ. "ਕਰ ਗਹ ਲੇਹੁ ਉਬਾਰੀ." (ਹਜਾਰੇ ੧੦) ੨. ਫ਼ਾ. گہ ਸੰਗਯਾ- ਥਾਂ. ਗਾਹ. ਜਗਾ। ੩. ਵਕ਼ਤ. ਵੇਲਾ। ੪. ਕ੍ਰਿ. ਵਿ- ਕਦੀ. ਕਿਸੇ ਵੇਲੇ. "ਗਹ ਕਲੰਦਰ ਮੇਸ਼ਵਦ." (ਦੀਵਾਨ ਗੋਯਾ)

ਗਹਗਹਾ: ਵਿ- ਗੂੜ੍ਹਾ. ਗਾੜ੍ਹਾ. "ਜਿਉ ਉਬਲੀ ਮਜੀਠੈ ਰੰਗੁ ਗਹਗਹਾ." (ਗਉ ਵਾਰ ੧. ਮਃ ੪) ੨. ਪੱਕਾ. ਪਾਇਦਾਰ.

ਗਹਗਚ: ਵਿ- ਚੂਨੇ ਵਾਂਙ ਹੈ ਪਕੜ ਜਿਸ ਦੀ. ਖਚਿਤ। ੨. ਸੰਗਯਾ- ਗਰਿਫ਼ਤ. ਪਕੜ.

ਗਹਗਚਿ: ਪਕੜ (ਗਰਿਫ਼ਤ) ਵਿੱਚ. "ਗਹਗਚਿ ਪਰਿਓ ਕੁਟੰਬ ਕੈ." (ਸ. ਕਬੀਰ)

ਗਹਗੱਡ: ਵਿ- ਦ੍ਰਿੜ੍ਹ ਗੱਡਿਆ ਹੋਇਆ। ੨. ਲਿਵਲੀਨ ਹੋਇਆ.

ਗਹਡੜੜਾ: ਸੰਗਯਾ- ਗ੍ਰਹਣ ਕਰਨ ਵਾਲਾ ਗਰਤ. ਉਹ ਟੋਆ, ਜੋ ਹਾਥੀ ਦੇ ਫੜਨ ਲਈ ਜੰਗਲ ਵਿੱਚ ਖੋਦਿਆ ਅਤੇ ਘਾਹ ਨਾਲ ਢਕਿਆ ਜਾਂਦਾ ਹੈ। ੨. ਭਾਵ- ਜਗਤ. "ਗਹਡੜੜਾ ਤ੍ਰਿਣਿ ਛਾਇਆ." (ਵਾਰ ਮਾਰੂ ੨. ਮਃ ੫) ਤ੍ਰਿਣ ਤੋਂ ਭਾਵ ਸੰਸਾਰ ਦਾ ਸੁਖ ਹੈ.

ਗਹਡਿਓ, ਗਹਡਿਆ: ਫਸਿਆ. ਗਰਿਫਤ ਵਿੱਚ ਆਇਆ. "ਗਹਡਿਓ ਮੂੜ ਨਰ ਹਾਂ." (ਆਸਾ ਮਃ ੫) ੨. ਗਡਿਆ. ਧਸਿਆ.

ਗਹਣ: ਸੰ. ਗ੍ਰਹਣ. ਸੰਗਯਾ- ਫੜਨਾ। ੨. ਰੂਪ ਰਸ ਆਦਿ ਇੰਦ੍ਰੀਆਂ ਦੇ ਵਿਸ਼ਿਆਂ ਨੂੰ ਗ੍ਰਹਣ ਕਰਨਾ। ੩. ਸੰ. ਗਹਨ. ਵਿ- ਕਠਿਨ. ਮੁਸ਼ਕਿਲ. "ਤਿਨ ਕੀ ਗਹਣਗਤਿ ਕਹੀ ਨ ਜਾਇ." (ਆਸਾ ਮਃ ੩) "ਆਪਣੀ ਗਹਣਗਤਿ ਆਪੇ ਜਾਣੈ." (ਮਾਰੂ ਸੋਲਹੇ ਮਃ ੩) ੪. ਸੰਗਯਾ- ਥਾਹ. ਗਹਿਰਾਈ. "ਹਮ ਨਹ ਜਾਣੀ ਹਰਿ ਗਹਣੇ." (ਨਟ ਮਃ ੪) ੫. ਦੇਖੋ, ਗਹਣੁ.

ਗਹਣਗਤਿ: ਸੰਗਯਾ- ਗੰਭੀਰਗਤਿ. ਅਥਾਹਗਤਿ. ਦੇਖੋ, ਗਹਣ.

ਗਹਣਾ: ਕ੍ਰਿ- ਗ੍ਰਹਣ ਕਰਨਾ. ਫੜਨਾ। ੨. ਸੰਗਯਾ- ਭੂਸ਼ਣ. ਜ਼ੇਵਰ. "ਤੂੰ ਮੇਰਾ ਗਹਣਾ." (ਮਾਝ ਮਃ ੫) "ਨਾਮੁ ਸਚੇ ਕਾ ਗਹਣਾ." (ਮਾਝ ਮਃ ੫) ਦੇਖੋ, ਦੁਆਦਸ ਭੂਸ਼ਣ ਅਤੇ ਭੂਸ਼ਣ। ੩. ਧਰੋਹਰ. ਖਾਸ ਕਰਕੇ ਉਹ ਧਰੋਹਰ, ਜੋ ਕਿਸੇ ਕਰਜ ਦੇ ਬਦਲੇ ਗ੍ਰਹਣ ਕੀਤੀ ਜਾਵੇ. ਰੇਹਨ. "ਜੇ ਤੂੰ ਕਿਸੈ ਨ ਦੇਈ ਮੇਰੇ ਸਾਹਿਬਾ! ਕਿਆ ਕੋ ਕਢੈ ਗਹਣਾ?" (ਧਨਾ ਮਃ ੧) ਜੇ ਤੂੰ ਕਿਸੇ ਨੂੰ ਕੁਝ ਨਾ ਬਖ਼ਸ਼ੇਂ, ਤਦ ਕੀ ਕੋਈ ਜੀਵ ਤੇਰੇ ਪਾਸ ਕੁਝ ਗਿਰੋ ਰੱਖਕੇ ਲੈ ਸਕਦਾ ਹੈ?

ਗਹਣੁ: ਸਿੰਧੀ. ਮੁਸ਼ੱਕਤ. ਮਿਹਨਤ। ੨. ਮਸ਼ਕੂਰ ਕਰਨ ਦੀ ਕ੍ਰਿਯਾ. ਧੰਨਵਾਦੀ ਬਣਾਉਣ ਦਾ ਕਰਮ.

ਗਹਨ: ਸੰ. ਵਿ- ਗੰਭੀਰ. ਅਥਾਹ। ੨. ਕਠਿਨ. ਔਖਾ। ੩. ਦੁਰਗਮ. ਜਿਸ ਥਾਂ ਪਹੁਚਣਾ ਔਖਾ ਹੈ। ੪. ਸੰਘਣਾ। ੫. ਸੰਗਯਾ- ਥਾਹ ਗਹਰਾਈ। ੬. ਜਲ। ੭. ਦੁੱਖ. ਕਲੇਸ਼. "ਮਿਥਿਆ ਗਹਨ ਗਹੇ." (ਆਸਾ ਮਃ ੫) ੮. ਦੇਖੋ ਗਹਣ ੧. "ਕੰਠ ਗਹਨ ਤਬ ਕਰਨ ਪੁਕਾਰਾ." (ਸੂਹੀ ਕਬੀਰ)

ਗਹਨਈਆ: ਵਿ- ਗ੍ਰਹਣ ਕਰੈਯਾ। ੨. ਗ੍ਰਹਣ ਕਰਨ ਯੋਗਯ। ੩. ਗਹਿਨਿਆਂ (ਭੂਸ਼ਣਾਂ) ਵਿੱਚੋਂ. ਗਹਿਨੋਂ ਮੇ ਸੇ. ਦੇਖੋ, ਗਹਨ ਗਹਨਈਆ.

ਗਹਨ ਗਹਨਈਆ: ਗਹਿਣਿਆਂ ਵਿੱਚੋਂ ਉੱਤਮ ਗਹਿਣਾ. ਭੂਸ਼ਣੋਂ ਮੇ ਸੇ ਸ਼੍ਰੇਸ਼੍ਠ ਭੂਸ਼ਣ. ਦੇਖੋ, ਮੋਤੀਚੂਰ.

ਗਹਨਗਤਿ: ਦੇਖੋ, ਗਹਣਗਤਿ ਅਤੇ ਗਹਨ.

ਗਹਨਾ: ਦੇਖੋ, ਗਹਣਾ ੩. "ਰਵਿ ਸਸਿ ਗਹਨੈ ਦੇਉ ਰੇ." (ਰਾਮ ਕਬੀਰ) ਸੂਰਜ ਚੰਦ੍ਰਮਾ ਨੂੰ ਗਿਰੋ ਰੱਖਦਾ ਹਾਂ.

ਗਹਬਰ, ਗਹਬਰਾ: ਸੰ. गह्वर ਗਹ੍ਵਰ. ਸੰਗਯਾ- ਅਤਿ ਸੰਘਣਾ ਬਣ (ਵਨ), ਜਿਸ ਵਿੱਚ ਚਲਣਾ ਔਖਾ ਹੋਵੇ. "ਗਹਬਰ ਬਨ ਘੋਰ, ਗਹਬਰ ਬਨ ਘੋਰ ਹੇ!" (ਆਸਾ ਛੰਤ ਮਃ ੫) ੨. ਔਖਾ ਥਾਂ. ਜਿਸ ਜਗਾ ਪਹੁਚਣਾ ਮੁਸ਼ਕਿਲ ਹੈ। ੩. ਗੁਫ਼ਾ ਕੰਦਰਾ। ੪. ਦੰਭ. ਪਾਖੰਡ। ੫. ਗੰਭੀਰ ਅਰਥ। ੬. ਜਲ। ੭. ਵਿ- ਗੁਪ੍ਤ। ੮. ਗੂੜ੍ਹਾ. ਗਾੜ੍ਹਾ. "ਲਾਲ ਗੁਲਾਲ ਗਹਬਰਾ." (ਸ੍ਰੀ ਮਃ ੧)

ਗਹਰ: ਸੰਗਯਾ- ਧੁੰਦਲਾਪਨ। ੨. ਗ਼ੁਬਾਰ. ਆਸਮਾਨ ਵਿੱਚ ਛਾਈ ਹੋਈ ਗਰਦ। ੩. ਦੇਖੋ, ਗਹਬਰ ੧. "ਮਹਾਂ ਗਹਰ ਬਨ ਤਹਿਂ ਇਕ ਲਹਾ." (ਚਰਿਤ੍ਰ ੨੫੬) ਗਹ੍ਵਰ ਜੰਗਲ ਦੇਖਿਆ.

ਗਹਰਗਹੁ: ਦੇਖੋ, ਗਹਰਿਗਹੁ.

ਗਹਰਗੰਭੀਰ, ਗਹਰਗੰਭੀਰਾ: ਵਿ- ਦੁਰਗਮ ਅਤੇ ਗੰਭੀਰ. ਗਹ੍ਵਰ ਅਤੇ ਗੰਭੀਰ. ਜਿਸ ਦੀ ਪ੍ਰਾਪਤੀ ਕਠਿਨ ਹੈ ਅਤੇ ਅਥਾਹ ਹੈ। ੨. ਦੇਖੋ, ਗਹਿਰਗੰਭੀਰ.

**ਗਹਰਗੰਭੀਰਾ ਗਉਹਰ:** ਦੁਰਗਮ ਅਤੇ ਅਥਾਹ ਸਮੁੰਦਰ ਦਾ ਮੋਤੀ। ੨. ਭਾਵ- ਬ੍ਰਹਮਵੀਚਾਰਰੂਪ ਅਗਾਧ ਸਮੁੰਦਰ ਦਾ ਰਤਨ. "ਤਿਸੁ ਸੇਵਕ ਕੈ ਨਾਨਕ ਕੁਰਬਾਣੀ ਜੋ ਗਹਰਗੰਭੀਰਾ ਗਉਹਰ ਜੀਉ." (ਮਾਝ ਮਃ ੫)

**ਗਹਰਵਾਰ:** ਰਾਜਪੂਤਾਂ ਦੀ ਇੱਕ ਜਾਤਿ. " ਗਹਰਵਾਰ ਚੌਹਾਨ ਗਹਲੌਤ ਦੌਰੇ." (ਚਰਿਤ੍ਰ ੯੧)

**ਗਹਰਾ:** ਸੰ. ਗਹ੍ਵਰ. ਦੇਖੋ, ਗਹਬਰ। ੨. ਗੰਭੀਰ. ਡੂੰਘਾ.

**ਗਹਰਾਈ:** ਸੰਗਯਾ- ਗਹ੍ਵਰਤਾ. ਗੰਭੀਰਤਾ. ਡੂੰਘਿਆਈ.

**ਗਹਰਿਗਹੁ:** ਗੰਭੀਰ ਦਾ ਵਿਚਾਰ. ਭਾਵ- ਕਰਤਾਰ ਦਾ ਗ੍ਯਾਨ. "ਗਹਿਰਿਗਹੁ ਹਦਰਥਿ ਦੀਓ." (ਸਵੈਯੇ ਮਃ ੨. ਕੇ) ਹ਼ਜਰਤ (ਗੁਰੂ ਨਾਨਕ ਦੇਵ) ਨੇ ਕਰਤਾਰ ਦਾ ਗ੍ਯਾਨ ਦਿੱਤਾ.

**ਗਹਰੀ:** ਵਿ- ਡੂੰਘੀ. "ਗਹਰੀ ਕਰਕੈ ਨੀਵ ਖੁਦਾਈ." (ਧਨਾ ਨਾਮਦੇਵ) ੨. ਗਾੜ੍ਹੀ. "ਗਹਰੀ ਬਿਭੂਤ ਲਾਇ ਬੈਠਾ ਤਾੜੀ". (ਰਾਮ ਮਃ ੫)

**ਗਹਲ:** ਭਦੌੜ ਤੋਂ ਦਸ ਕੋਹ ਉੱਤਰ ਇੱਕ ਪਿੰਡ, ਜੋ ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਥਾਣਾ ਭਦੌੜ ਵਿੱਚ ਰੇਲਵੇ ਸਟੇਸ਼ਨ ਬਰਨਾਲੇ ਤੋਂ ੧੪. ਮੀਲ ਉੱਤਰ ਹੈ. ਇਸ ਪਿੰਡ ਤੋਂ ਵਾਯਵੀ ਕੋਣ ਸ਼੍ਰੀ ਗੁਰੂ ਹਰਿਰਾਇ ਜੀ ਦਾ ਗੁਰਦ੍ਵਾਰਾ ਹੈ. ਮੇਹਰਾਜ ਵੱਲ ਜਾਂਦੇ ਹੋਏ ਗੁਰੂ ਜੀ ਇਸ ਥਾਂ ਵਿਰਾਜੇ ਹਨ. ਗੁਰਦ੍ਵਾਰਾ ਬਣਿਆ ਹੋਇਆ ਹੈ, ਨਾਲ ੫੦ ਵਿੱਘੇ ਜ਼ਮੀਨ ਅਤੇ ੨੫ ਰੁਪਏ ਸਾਲਾਨਾ ਪਟਿਆਲਾ ਵੱਲੋਂ ਜਾਗੀਰ ਹੈ. ਪੁਜਾਰੀ ਸਿੰਘ ਹੈ। ੨. ਡਿੰਗ. ਨਸ਼ਾ. ਮਾਦਕ. ਅਮਲ.

**ਗਹਲੜਾ, ਗਹਲੜੋ, ਗਹਲਾ:** ਵਿ- ਗਹਲ (ਨਸ਼ੇ) ਵਿੱਚ ਚੂਰ. ਮਖਮੂਰ. ਨਸ਼ੇ ਨਾਲ ਪਾਗਲ ਹੋਇਆ। ੨. ਦੀਵਾਨਾ। ੩. ਸਿੰਧੀ. ਗਹਿਲੋ- ਗਹੇਲੋ. ਲਾਪਰਵਾ. ਗ਼ਾਫ਼ਿਲ। ੪. ਮੂਰਖ.

**ਗਹਲੋਟ, ਗਹਲੋਤ:** ਰਾਜਪੂਤਾਂ ਦੀ ਇੱਕ ਵੰਸ਼, ਜਿਸ ਵਿੱਚੋਂ ਮੇਵਾੜ ਦੀ ਸ਼ਿਸ਼ੋਦੀਆ (ਸ਼ਿਸ਼ੋਦਯਾ) ਕੁਲ ਹੈ.

**ਗਹਵਰ:** ਦੇਖੋ, ਗਹਬਰ.

**ਗਹਾ:** ਗ੍ਰਹਣ ਕੀਤਾ. ਅੰਗੀਕਾਰ ਕੀਤਾ। ੨. ਫੜਿਆ। ੩. ਫ਼ਾ. گاہ ਗਾਹ. ਸੰਗਯਾ- ਜਗਾ. ਥਾਂ। ੪. ਖਲਹਾਨ (ਪਿੜ) ਗਾਹੁਣ ਲਈ ਕੰਡੇਦਾਰ ਮੋੜ੍ਹਾ, ਜੋ ਪੈਲੀ ਨੂੰ ਤੋੜਕੇ ਬਾਰੀਕ ਕਰ ਦਿੰਦਾ ਹੈ.

**ਗਹਾਉਣਾ:** ਕ੍ਰਿ- ਪੈਲੀ ਦੇ ਗਾਹਣ ਦਾ ਕਰਮ ਕਰਵਾਉਣਾ। ੨. ਫੜਾਉਣਾ. ਪਕੜਾਨਾ.

**ਗਹਾਈ:** ਸੰਗਯਾ- ਗਾਹੁਣ ਦੀ ਕ੍ਰਿਯਾ। ੨. ਗਾਹੁਣ ਦੀ ਮਜ਼ਦੂਰੀ। ੩. ਗਰਿਫ਼ਤ. ਪਕੜ.

**ਗਹਾਵਾ:** ਵਿ- ਗਾਹੁਣ ਵਾਲਾ. ਗਾਹ ਪਾਉਣ ਵਾਲਾ। ੨. ਗ੍ਰਹਿਣ ਕੀਤਾ. ਪਕੜਿਆ। ੩. ਦ੍ਰਿੜ੍ਹਤਾ ਨਾਲ ਅੰਗੀਕਾਰ ਕੀਤਾ. "ਲਖ ਇਨ ਸਾਚ ਕਰੇ ਜੁ ਗਹਾਵਾ। ਅੰਤਕਾਲ ਤਿਹ ਹੁਇ ਪਛਤਾਵਾ." (ਨਾਪ੍ਰ)

**ਗਹਿ:** ਸੰਗਯਾ- ਗਰਿਫ਼ਤ. ਪਕੜ. ਗ੍ਰਹਣ. "ਗਹਿ ਭੁਜਾ ਲੇਵਹੁ ਨਾਮ ਦੇਵਹੁ." (ਆਸਾ ਛੰਤ ਮਃ ੫) ੨. ਲਾਗ. ਲਗਾਉ. "ਹਰਿ ਸੇਤੀ ਚਿਤੁ ਗਹਿ ਰਹੈ." (ਗੂਜ ਮਃ ੩) "ਪਿਰ ਸੇਤੀ ਅਨਦਿਨੁ ਗਹਿ ਰਹੀ." (ਆਸਾ ਅਃ ਮਃ ੩) ਕ੍ਰਿ. ਵਿ- ਗਹਿਕੇ. ਗ੍ਰਹਣ ਕਰਕੇ. ਫੜਕੇ. "ਗਹਿ ਕੰਠ ਲਾਇਆ." (ਆਸਾ ਛੰਤ ਮਃ ੫)

**ਗਹਿਓ, ਗਹਿਆ:** ਪਕੜਿਆ. ਫੜਿਆ। ੨. ਗ੍ਰਹਣ ਕੀਤਾ. ਅੰਗੀਕਾਰ ਕੀਤਾ. "ਮਨ ਰੇ, ਗਹਿਓ ਨ ਗੁਰਉਪਦੇਸੁ." (ਸੋਰ ਮਃ ੯) ੨. ਸੰਗਯਾ- ਗਿਰੋ ਰੱਖਿਆ ਪਦਾਰਥ. ਰੇਹਨ ਰੱਖੀ ਵਸਤੁ.

**ਗਹਿਣਾ, ਗਹਿਨਾ:** ਦੇਖੋ, ਗਹਣਾ.

**ਗਹਿਬਰ:** ਦੇਖੋ, ਗਹਬਰ.

ਗਹਿਮ: ਸੰਗਜਾ- ਗਹਨ। ੨. ਸੰਘੱਟ. ਸਮੁਦਾਯ. ਭੀੜ.

ਗਹਿਮਾਗਹਿਮ: ਬਹੁਤ ਭੀੜ. ਦੇਖੋ, ਗਹਿਮ ੨.। ੨. ਵਡੀ ਰੌਨਕ.

ਗਹਿਰ: ਦੇਖੋ, ਗਹਰ। ੨. ਦੇਖੋ, ਗਹਬਰ. "ਸੀਤਲ ਛਾਇਆ ਗਹਿਰ ਫਲ." (ਸ. ਕਬੀਰ)

ਗਹਿਰਗਭੀਰ, ਗਹਿਰਗਭੀਰੁ, ਗਹਿਰਗੰਭੀਰ, ਗਹਿਰਗੰਭੀਰੀਏ, ਗਹਿਰਗੰਭੀਰੁ: ਦੇਖੋ, ਗਹਰਗੰਭੀਰ. "ਵਡੇ ਮੇਰੇ ਸਾਹਿਬਾ ਗਹਿਰਗੰਭੀਰਾ ਗੁਣੀਗਹੀਰਾ." (ਸੋਦਰੁ) ੨. ਜਿਲਾ ਲੁਦਿਆਨੇ ਦੇ ਪਿੰਡ 'ਠਾਣਾ' ਵਿੱਚ ਚੇਤ ਬਦੀ ੯. ਸੰਮਤ ੧੯੨੦ ਨੂੰ ਸੁੱਖੀ ਦੇ ਗਰਭ ਤੋਂ ਕਾਨ੍ਹਚੰਦ ਤਖਾਣ ਦੇ ਘਰ ਬਿਸਨਾ ਪੈਦਾ ਹੋਇਆ, ਜੋ ਮਤਾਬਦਾਸ ਉਦਾਸੀ ਦਾ ਚੇਲਾ ਹੋ ਕੇ ਬਿਸਨਦਾਸ ਕਹਾਇਆ. ਇਹ ਉਦਾਸੀਆਂ ਦੇ ਵਡੇ ਅਖਾੜੇ ਨਾਲ ਮਿਲਕੇ ਕਈ ਵਰ੍ਹੇ ਵਿਚਰਦਾ ਰਿਹਾ. ਸੰਮਤ ੧੯੪੪ ਵਿੱਚ ਰੋਪੜ ਡੇਰਾ ਜਮਾਕੇ ਉਪਦੇਸ਼ ਕਰਨਾ ਅਰੰਭਿਆ. ਬਿਸਨਦਾਸ ਦਾ ਖਿਆਲ ਹੈ ਕਿ ਕਰਤਾਰ ਦਾ ਸਭ ਤੋਂ ਉੱਤਮ ਨਾਉਂ, "ਗਹਿਰਗੰਭੀਰ" ਹੈ, ਇਸ ਦੀ ਤਾਈਦ ਵਿੱਚ ਉਹ ਗੁਰਬਾਣੀ ਦੀਆਂ ਇਹ ਤੁਕਾਂ ਪੜ੍ਹਿਆ ਕਰਦਾ ਹੈ- "ਗਹਿਰਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ." (ਮਾਰੂ ਸੋਲਹੇ ਮਃ ੫) "ਗਹਿਰਗੰਭੀਰ ਅਥਾਹੁ ਹਾਥ ਨ ਲਭਈ." (ਵਾਰ ਮਲਾ ਮਃ ੧) ਗਹਿਰਗੰਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ." (ਵਾਰ ਮਾਰੂ ੨. ਮਃ ੫) "ਗਹਿਰਗੰਭੀਰ ਸਾਗਰ ਅਵਰ ਨਹੀ ਅਨਪੂਜਾ." (ਸਾਰ ਅਃ ਮਃ ੧) "ਗਹਿਰਗੰਭੀਰ ਰਤਨਾਗਰ ਬੇਅੰਤ ਗੋਵਿੰਦੇ." (ਮਾਝ ਮਃ ੫) ਬਿਸਨਦਾਸ ਦੇ ਚੇਲੇ 'ਗਹਿਰਗੰਭੀਰੀਏ' ਪ੍ਰਸਿੱਧ ਹੋ ਗਏ. ਇਨ੍ਹਾਂ ਦਾ ਧਰਮਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮੁੱਖ ਅਸਥਾਨ ਰੋਪੜ (ਜਿਲਾ ਅੰਬਾਲਾ) ਵਿੱਚ ਹੈ.

ਗਹਿਰੀ: ਦੇਖੋ, ਗਹਰੀ। ੨. ਗਹਿ (ਗ੍ਰਹਣ ਕਰ) ਰੀ (ਅਰੀ ! ) ਦੇਖੋ, ਪੈਓਹਰੀ.

ਗਹਿਰੀਗੰਭੀਰੀ: ਦੇਖੋ, ਪੈਓਹਰੀ.

ਗਹਿਲ: ਦੇਖੋ, ਗਹਲ.

ਗਹਿਲੜੋ, ਗਹਿਲਾ: ਦੇਖੋ, ਗਹਲਾ. "ਗਰਬ ਗਹਿਲੜੋ ਮੂੜੜੋ." (ਟੋਡੀ ਮਃ ੫) "ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ." (ਸ. ਫਰੀਦ) "ਕਿਆ ਸੋਵਹਿ ਨਾਮ ਵਿਸਾਰਿ ਗਾਫਲ ਗਹਿਲਿਆ?" (ਆਸਾ ਮਃ ੫)

ਗਹਿਲੀ: ਵਿ- ਦੀਵਾਨੀ. ਦੇਖੋ, ਗਹਲ ਅਤੇ ਗਹਲਾ। ੨. ਗ੍ਰਹਿਣ ਕਰਨ ਵਾਲੀ. ਅੰਗੀਕਾਰ ਕਰਨ ਵਾਲੀ. "ਕਰਮਿ ਮਿਲੈ ਗੁਣਗਹਿਲੀ." (ਤੁਖਾ ਬਾਰਹਮਾਹਾ)

ਗਹਿਵਰ: ਦੇਖੋ, ਗਹਬਰ. "ਉਰ ਆਮੋਦ ਸੰਗ ਭੇ ਗਹਿਵਰ." (ਨਾਪ੍ਰ)

ਗਹੀ: ਗ੍ਰਹਣ ਕੀਤੀ. ਅੰਗੀਕਾਰ ਕੀਤੀ. "ਗਹੀ ਓਟ ਸਾਧਾਇਆ." (ਸੂਹੀ ਮਃ ੫) ੨. ਗ੍ਰਹਣਕਰਤਾ. ਜਿਸ ਨੇ ਦ੍ਰਿੜ੍ਹਤਾ ਨਾਲ ਵਿਸ਼ੇ ਗ੍ਰਹਣ ਕੀਤੇ ਹਨ. ਲੰਪਟ. "ਕੋਟਿ ਗਹੀ ਕੇ ਪਾਪ ਨਿਵਾਰੇ." (ਮਾਰੂ ਸੋਲਹੇ ਮਃ ੩)

ਗਹੀਜੈ: ਗ੍ਰਹਣ ਕਰੀਜੈ. "ਛੋਡਿ ਮਾਨ ਹਰਿਚਰਣ ਗਹੀਜੈ." (ਗਉ ਮਃ ੫)

ਗਹੀਰ: ਵਿ- ਗੰਭੀਰ. ਅਥਾਹ. ਦੇਖੋ, ਗਹਿਰਗੰਭੀਰ। ੨. ਫ਼ਾ. گہگیر ਗਹਗੀਰ. ਮੈਦਾਨੇ ਜੰਗ ਵਿੱਚ ਆਪਣੀ ਥਾਂ ਤੋਂ ਨਾ ਹਿੱਲਣ ਵਾਲਾ. "ਗੱਜੇ ਗਹੀਰ." (ਵਿਚਿਤ੍ਰ) ੩. ਅੜੀਅਲ ਘੋੜਾ। ੪. ਦੇਖੋ, ਗਹੀਰੁ.

ਗਹੀਰਉ, ਗਹੀਰਾ: ਵਿ- ਗ੍ਰਹਣ ਕਰਨ ਵਾਲਾ. ਪਕੜਨ ਵਾਲਾ. ਨਿਗ੍ਰਹ ਕਰਤਾ. "ਮਨਹਿ ਗਹੀਰਉ ਪੇਖਿ ਪ੍ਰਭੁ ਕਉ." (ਜੈਤ ਮਃ ੫) ੨. ਗੰਭੀਰਤਾ ਵਾਲਾ. ਅਥਾਹ. ਦੇਖੋ, ਗਹਿਰਗੰਭੀਰ.

ਗਹੀਰੁ: ਸਿੰਧੀ. ਵਡਾ। ੨. ਦੇਖੋ, ਗਹੀਰ.

ਗਹੀਲਾ, ਗਹੀਲੀ: ਸੰ. गृहयालु ਗ੍ਰਿਹਯਾਲੁ. ਗ੍ਰਹਣ ਕਰਤਾ. ਧਾਰਣ ਵਾਲਾ. "ਪਤਿਤਉਧਾਰਨ ਬਿਰਦ ਗਹੀਲਾ." (ਨਾਪ੍ਰ) ੨.

ਗ੍ਰਾਹਕ. "ਮਹਾਪੁਰਖ ਤੁਮ ਗੁਨੀਗਹੀਲਾ." (ਨਾਪ੍ਰ) ੩. ਫੜਨ ਵਾਲੀ. "ਗਰਬਿ ਗਹੀਲੀ." (ਅਕਾਲ) ਅਭਿਮਾਨੀਆਂ ਨੂੰ ਪਕੜਨ ਵਾਲੀ.

ਗਹੁ: ਸੰਗਯਾ- ਬਾੜ ਲਈ ਬਣਾਇਆ ਟੋਆ, ਜੋ ਮੋੜ੍ਹੀ ਨੂੰ ਗ੍ਰਹਣ ਕਰ ਲੈਂਦਾ ਹੈ। ੨. ਗਰਿਫ਼ਤ. ਪਕੜ. "ਰਹਿਨ ਨਹੀ ਗਹੁ ਕਿਤਨੋ !" (ਗਉ ਮਃ ੫) ਦੇਖੋ, ਅਜਰ ੫। ੩. ਸੰ. ਆਗ੍ਰਹ. ਹਠ. ਜਿਦ. "ਦੂਰਿ ਕਰਹੁ ਆਪਨ ਗਹੁ ਰੇ." (ਕੇਦਾ ਮਃ ੫) ੪. ਗ੍ਰਹਣ ਕਰ. ਅੰਗੀਕਾਰ ਕਰ. "ਗਹੁ ਪਾਰਬ੍ਰਹਮ ਸਰਨ." (ਧਨਾ ਮਃ ੫)

ਗਹੁਰ: ਫ਼ਾ. ਸੰਗਯਾ- ਦੇਰੀ. ਚਿਰ. "ਚਲਹੁ, ਨਹਿ ਗਹੁਰ ਕਰੀਜੈ." (ਗੁਪ੍ਰਸੂ) ਦੇਖੋ, ਗਉਹਰ.

ਗਹੇ: ਗ੍ਰਹਣ ਕੀਤੇ. ਪਕੜੇ. ਗ੍ਰਸੇ. ਦੇਖੋ, ਗਹਨ.

ਗਹੇਹੀ: ਗ੍ਰਹਣ ਕੀਤੀ ਹੈ. "ਮੈ ਸਤਿਗੁਰ ਓਟ ਗਹੇਹੀ." (ਸੋਰ ਮਃ ੫)

ਗਹੇਰਾ: ਵਿ- ਗੰਭੀਰਤਾ ਵਾਲਾ. ਗਹ੍ਵਰ. "ਸਾਹਿਬ ਗੁਣੀਗਹੇਰਾ." (ਸੋਰ ਮਃ ੫) ੨. ਸੰਘਣਾ ਬਣ. "ਮਨ ਰੇ, ਸੰਸਾਰ ਅੰਧਗਹੇਰਾ." (ਸੋਰ ਕਬੀਰ) ੩. ਗ੍ਰਹਣ ਕਰਤਾ. ਫੜਨਾ ਵਾਲਾ.

ਗਹੇਲੜੋ, ਗਹੇਲਾ, ਗਹੇਲੀ, ਗਹੇਲੋ: ਦੇਖੋ, ਗਹਲਾ. "ਸੁਣਿ ਸੁਣਿ ਕਾਮ- ਗਹੇਲੀਏ !" (ਸ੍ਰੀ ਮਃ ੩) "ਗਰਬ- ਗਹੇਲੀ ਮਹਿਲੁ ਨ ਪਾਵੈ." (ਸੂਹੀ ਮਃ ੫)

ਗਹੈ: ਗ੍ਰਹਣ ਕਰਦਾ ਹੈ। ੨. ਗਾਹੈ। ੩. ਅਵਗਾਹੈ. ਸਨਾਨ ਕਰਦਾ ਹੈ. "ਭਰਮੇ ਭੂਲਾ ਸਭਿ ਤੀਰਥ ਗਹੈ." (ਵਾਰ ਰਾਮ ੧. ਮਃ ੩)

ਗਹੈਯਾ: ਵਿ- ਗ੍ਰਹਣ ਕਰੈਯਾ. ਅੰਗੀਕਾਰ ਕਰਨ ਵਾਲਾ। ੨. ਪਕੜਨ (ਫੜਨ) ਵਾਲਾ.

ਗਹੰ: ਸੰ. गर्ह् ਧਾ- ਨਿੰਦਾ ਕਰਨਾ. ਦੋਸ਼ ਲਾਉਣਾ.

ਗਹੰਣ: ਸੰ. गर्हण ਸੰਗਯਾ- ਨਿੰਦਾ ਕਰਨ ਦਾ ਭਾਵ. ਬਦਨਾਮੀ ਕਰਨੀ. ਨਿੰਦਣਾ.

ਗਹਿੰਤ: ਸੰ. गर्हित- ਵਿ- ਨਿੰਦਿਤ

ਗਹ੍ਵਰ: ਦੇਖੋ, ਗਹਬਰ.

ਗਕਤ: ਦੇਖੋ, ਗਿੰਧ.

ਗੱਕਰ, ਗੱਕਰੀ: ਕਸ਼ਮੀਰ ਦੇ ਪਰਗਨੇ ਕੱਕਾ ਦਾ ਨਿਵਾਸੀ. ਸੰਸਕ੍ਰਿਤ ਵਿੱਚ "ਕੇਕਯ" ਇਸੇ ਦੀ ਸੰਗਯਾ ਹੈ। ੨. ਦੇਖੋ, ਗੱਖਰੀ.

ਗੱਖਰ, ਗੱਖਰੀ, ਗੱਖੜ: ਮੁਸਲਮਾਨਾਂ ਦੀ ਇੱਕ ਰਾਜਪੂਤ ਜਾਤਿ, ਜੋ ਜੇਹਲਮ ਅਤੇ ਹਜ਼ਾਰਾ ਜਿਲੇ ਵਿੱਚ ਬਹੁਤ ਪਾਈ ਜਾਂਦੀ ਹੈ. "ਭੱਖਰੀ ਕੰਧਾਰੀ ਗੋਰ ਗੱਖਰੀ." (ਅਕਾਲ)

ਗਗਣ, ਗਗਣੁ: (ਗੰਧਰਵਾਂ) ਦਾ ਗਣ (ਸਮੁਦਾਯ) ੨. ਆਕਾਸ਼ ਦੇਖੋ, ਗਗਨ। ੩. ਗ੍ਰਹਗਣ ਦਾ ਸੰਖੇਪ.

ਗਗਨ: ਸੰ. ਸੰਗਯਾ- ਜਿਸ ਵਿੱਚ ਗਮਨ ਕਰੀਏ, ਆਕਾਸ਼. "ਗਗਨਮੈ ਥਾਲੁ ਰਵਿ ਚੰਦੁ ਦੀਪਕ ਬਨੇ." (ਸੋਹਿਲਾ) ੨. ਬਿੰਦੀ. ਸਿਫਰ। ੩. ਸੁੰਨਾ ਥਾਂ. ਪੁਲਾੜ। ੪. ਅਬਰਕ. ਅਭ੍ਰਕ। ੫. ਸੁਰਗ। ੬. ਪਵਨ. ਵਾਯੁ. ਹਵਾ. "ਊਪਰਿ ਕੂਪ ਗਗਨ ਪਨਿਹਾਰੀ." (ਪ੍ਰਭਾ ਮਃ ੧) ਦਸ਼ਮਦ੍ਵਾਰ ਕੂਪ, ਪਵਨ (ਪ੍ਰਾਣਾਯਾਮ ਦੀ ਸਾਧਨਾ) ਪਨਿਹਾਰੀ। ੭. ਭਾਵ- ਸਰਵਵ੍ਯਾਪੀ ਕਰਤਾਰ. "ਗਗਨ ਗੰਭੀਰੁ ਗਗਨੰਤਰਿ ਵਾਸੁ." (ਓਅੰਕਾਰ) ੮. ਦਸ਼ਮਦ੍ਵਾਰ. "ਗਗਨਿ ਨਿਵਾਸਿ ਸਮਾਧਿ ਲਗਾਵੈ." (ਆਸਾ ਅਃ ਮਃ ੧) ੯. ਦੇਖੋ, ਛੱਪਯ ਦਾ ਰੂਪ ੧.। ੧੦. ਇੱਕ ਗਿਣਤੀ ਦਾ ਬੋਧਕ, ਕਿਉਂਕਿ ਆਕਾਸ਼ ਇੱਕ ਮੰਨਿਆ ਹੈ.

**ਗਗਨ ਅਕਾਸ:** ਗਗਨ (ਆਸਮਾਨ) ਅਤੇ ਆਕਾਸ਼ (ਚਮਕੀਲੇ ਗ੍ਰਹ). ਦੇਖੋ, ਆਕਾਸ ਅਤੇ ਕਾਸ. "ਜਿਨਿ ਧਰ ਧਾਰੀ ਗਗਨ ਅਕਾਸ." (ਆਸਾ ਅਃ ਮਃ ੧) ੨. ਗ੍ਰਹਗਣ ਅਤੇ ਆਕਾਸ.

**ਗਗਨਕੁਸੁਮ:** ਸੰਗਜਾ- ਆਕਾਸ਼ ਦੇ ਫੁੱਲ. ਭਾਵ- ਅਣਹੋਣੀ ਬਾਤ. ਅਸੰਭਵ ਗੱਲ। ੨. ਅਲੰਕਾਰਰੂਪ ਕਰਕੇ ਆਕਾਸ਼ ਦੇ ਫੁੱਲ ਸੂਰਜ ਚੰਦ ਤਾਰੇ.

**ਗਗਨਗੰਭੀਰ:** ਸੰਗਜਾ- ਕਰਤਾਰ, ਜੋ ਆਕਾਸ਼ ਵਾਕਰ ਵਿਆਪਕ ਅਤੇ ਗੰਭੀਰ ਹੈ.

**ਗਗਨਚਰ, ਗਗਨਚਾਰੀ:** ਵਿ- ਆਕਾਸ਼ ਵਿੱਚ ਵਿਚਰਣ ਵਾਲਾ। ੨. ਸੰਗਜਾ- ਪੰਛੀ। ੩. ਸੂਰਜ। ੪. ਚੰਦ੍ਰਮਾ। ੫. ਨਛਤ੍ਰ। ੬. ਤੀਰ। ੭. ਬੱਦਲ। ੮. ਪਵਨ। ੯. ਦੇਵਤਾ.

**ਗਗਨਨਗਰ, ਗਗਨਨਗਰਿ:** ਸੰਗਜਾ- ਦਸ਼ਮਦ੍ਵਾਰ. "ਗਗਨਨਗਰਿ ਇਕ ਬੂੰਦ ਨ ਬਰਖੈ." (ਆਸਾ ਕਬੀਰ)

**ਗਗਨਪੁਰ, ਗਗਨਪੁਰਿ, ਗਗਨਪੁਰੁ:** ਦੇਖੋ, ਗਗਨਨਗਰ. "ਰਹੈ ਗਗਨਪੁਰਿ ਦ੍ਰਿਸਟਿ ਸਮੈਸਰਿ." (ਰਾਮ ਅਃ ਮਃ ੧) ੨. ਆਕਾਸ਼ਵਤ ਪੂਰਣ, ਵਾਹਗੁਰੂ. "ਗਰਬੁ ਨਿਵਾਰਿ ਗਗਨਪੁਰੁ ਪਾਏ." (ਗਉ ਮਃ ੧) ੩. ਰਾਜਮੰਦਿਰ. ਕਈ ਮੰਜ਼ਿਲਾ ਹੋਣ ਕਰਕੇ ਇਹ ਸੰਗਜਾ ਹੈ.

**ਗਗਨਮੰਡਲ:** ਸੰਗਜਾ- ਆਕਾਸ਼ਮੰਡਲ। ੨. ਦਸ਼ਮਦ੍ਵਾਰ. "ਗਗਨਮੰਡਲ ਮਹਿ ਰੋਪੈ ਥੰਮੁ." (ਵਾਰ ਰਾਮ ੧. ਮਃ ੧)

**ਗਗਨਾਗਨਾ:** ਸੰਗਜਾ- ਗਗਨ (ਆਕਾਸ਼) ਵਿੱਚ ਵਿਚਰਣ ਵਾਲੀ ਅੰਗਨਾ (ਇਸਤ੍ਰੀ) ਅਪਸਰਾ. . ਹੂਰ. ਪਰੀ.

**ਗਗਨਾਂਬੁ:** ਸੰ. ਆਕਾਸ਼ ਦਾ ਅੰਬੁ (ਜਲ). ਮੀਂਹ ਦਾ ਪਾਣੀ. Rain- water. ਸੁਸ਼੍ਰੁਤ ਨੇ ਇਸ ਦਾ ਅਨੇਕ ਦਵਾਈਆਂ ਵਿੱਚ ਵਰਤਣਾ ਲਿਖਿਆ ਹੈ.

**ਗਗਨਿ:** ਆਕਾਸ਼ ਵਿੱਚ. "ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹਿਆ." (ਸਵੈਯੇ ਮਃ ੪. ਕੇ) ੨. ਦਸ਼ਮਦ੍ਵਾਰ ਵਿੱਚ. ਦੇਖੋ, ਗਗਨ ੮.

**ਗਗਨੁ:** ਦੇਖੋ, ਗਗਨ. "ਗਗਨੁ ਰਹਾਇਆ ਹੁਕਮੇ." (ਮਾਰੂ ਸੋਲਹੇ ਮਃ ੫)

**ਗਗਨੰਤਰਿ, ਗਗਨੰਦਰਿ:** ਦਸ਼ਮਦ੍ਵਾਰ ਵਿੱਚ। ੨. ਆਕਾਸ਼ ਸਮਾਨ ਪੂਰਣ ਬ੍ਰਹਮ ਵਿੱਚ. "ਗਗਨੰਤਰਿ ਵਾਸ." (ਓਅੰਕਾਰ) "ਗਗਨੰਤਰਿ ਵਾਸਿਆ ਗੁਣ ਪਰਗਾਸਿਆ." (ਸੋਰ ਅਃ ਮਃ ੧) "ਸਾਚਾ ਵਾਸਾ ਪੁਰਿ ਗਗਨੰਦਰਿ." (ਮਾਰੂ ਸੋਲਹੇ ਮਃ ੧)

**ਗਗਰਾ:** ਦੇਖੋ, ਗਗੜਾ। ੨. ਕਲਸਾ. ਘੜਾ.

**ਗਗਰੀ, ਗਗਰੀਆ:** ਦੇਖੋ, ਗਾਗਰ. "ਕਾਚ ਗਗਰੀਆ ਅੰਭ ਮਗਰੀਆ (ਆਸਾ ਮਃ ੫) ਕੱਚੀ ਗਾਗਰ ਤੋਂ ਭਾਵ ਦੇਹ ਹੈ.

**ਗਗੜਾ, ਗਗੜੀ:** ਇੱਕ ਨੀਚ ਜਾਤਿ, ਜੋ ਜੋਕ, ਤੂੰਬੀ ਅਤੇ ਸਿੰਗੀ ਆਦਿਕ ਨਾਲ ਲਹੂ ਕਢਦੀ ਹੈ. "ਜਯੋਂ ਗਗੜੀ ਤੁਮਰੀ ਤਨ ਲਾਯਕੈ." (ਕ੍ਰਿਸਨਾਵ)

**ਗਗਾ, ਗੱਗਾ:** ਗ ਅੱਖਰ ਦਾ ਉੱਚਾਰਣ। ੨. ਗੱਗਾ ਅੱਖਰ. "ਗਗਾ ਗੋਬਿਦਗੁਣ ਰਵਹੁ." (ਬਾਵਨ)

**ਗੱਗੋਬੂਹਾ:** ਜਿਲਾ ਅਮ੍ਰਿਤਸਰ, ਥਾਣਾ ਤਰਨਤਾਰਨ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਤਰਨਤਾਰਨ ਤੋਂ ਦਸ ਮੀਲ ਪੱਛਮ ਹੈ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇੱਕ ਵਾਰ ਸ਼ਿਕਾਰ ਖੇਡਦੇ ਹੋਏ ਇੱਥੇ ਪਿੱਪਲ ਹੇਠ ਵਿਰਾਜੇ ਹਨ. ਇਸ ਪਿੰਡ ਵਿੱਚ ਭਾਈ ਬੀਰ ਸਿੰਘ ਜੀ (ਖੁਦਾ ਸਿੰਘ ਜੀ ਦੇ ਚਾਟੜੇ) ਪ੍ਰਸਿੱਧ ਪ੍ਰਚਾਲਕ ਹੋਏ ਹਨ, ਜਿਨ੍ਹਾਂ ਦੇ ਡੇਰੇ ਲੰਗਰ ਜਾਰੀ ਹੈ. ਪੰਜ ਜੇਠ ਨੂੰ ਮੇਲਾ ਹੁੰਦਾ ਹੈ. ਦੇਖੋ, ਬੀਰ ਸਿੰਘ.

**ਗਚ, ਗਚੁ:** ਫ਼ਾ. گچ ਸੰਗਜਾ- ਚੂਨਾ. ਇੱਟ ਪੱਥਰ ਆਦਿ ਦੀ ਚਿਣਾਈ ਦਾ ਮਸਾਲਾ। ੨. ਪੱਕੀ ਚਿਣਾਈ ਦੀਆਂ ਕੰਧਾਂ ਅਤੇ

ਡਾਟਦਾਰ ਛੱਤਾਂ ਨੂੰ ਅੰਦਰੋਂ ਸੁੰਦਰ ਅਤੇ ਬਾਹਰੋਂ ਮਜ਼ਬੂਤ ਬਣਾਉਣ ਲਈ ਇੱਕ ਲੇਪ (ਪਲਸਤਰ- plaster) ਤਿਆਰ ਕੀਤਾ ਜਾਂਦਾ ਹੈ, ਜੋ ਗਚ ਕਹਾਉਂਦਾ ਹੈ ਇਹ ਬਹੁਤ ਪੁਰਾਣੇ ਸਮਿਆਂ ਤੋਂ ਵਰਤੀਂਦਾ ਆਉਂਦਾ ਹੈ, ਅਰ ਇਸ ਵਿੱਚ ਜੋ ਵਸਤਾਂ ਜਿਸ ਮਿਕਦਾਰ ਵਿੱਚ ਮਿਲਾਈਆਂ ਜਾਂਦੀਆਂ ਹਨ, ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਹ ਕਈ ਪ੍ਰਕਾਰ ਦਾ ਹੁੰਦਾ ਹੈ. ਦੀਵਾਰਾਂ ਦੀ ਅੰਦਰੂਨੀ ਸ਼ੋਭਾ ਲਈ ਜੋ ਗਚ ਤਿਆਰ ਹੁੰਦਾ ਹੈ ਉਸ ਵਿੱਚ ਬਹੁਤ ਬਰੀਕ ਰੇਤਾ, ਸੰਗਮਰਮਰ ਦਾ ਚੂਰਨ ਅਤੇ ਖ਼ਾਸ ਤਰਾਂ ਦਾ ਚੂਨਾ (Gypsum) ਪੈਂਦਾ ਹੈ. ਬਾਹਰ ਵਰਤਣ ਲਈ ਗਚ ਇਤਨਾ ਸ਼ੁੱਧ ਅਰ ਸੂਖਮ ਨਹੀਂ ਹੁੰਦਾ, ਪਰ ਇਹ ਭੀ ਐਸਾ ਹੁੰਦਾ ਹੈ ਕਿ ਅਗਰ ਲੇਪ ਨੂੰ ਸੁਕਾਕੇ ਚੰਗੀ ਤਰਾਂ ਘੋਟਿਆ ਜਾਵੇ ਤਾਂ ਸੰਗਮਰਮਰ ਦੀ ਆਭਾ ਦੇਂਦਾ ਹੈ. ਅੱਜ ਕਲ੍ਹ ਇਸ ਦੀ ਤਿਆਰੀ ਵਿੱਚ ਸੀਮੈਂਟ ਵਗੈਰਾ ਦਾ ਭੀ ਇਸਤਾਮਾਲ ਹੁੰਦਾ ਹੈ, ਰੇਤ ਅਤੇ ਬਰੀਕ ਚੂਨੇ ਨਾਲ ਮਿਸ਼੍ਰਿਤ ਪਲਾਸਟਰ ਆਵ ਪੈਰਿਸ (Plaster of Paris) ਦੇ ਤੀਜੇ ਪੋਚ ਨੂੰ ਭੀ ਗਚ ਆਖਦੇ ਹਨ. ਗਚ ਦੀ ਇੱਕ ਹੋਰ ਕਿਸਮ ਭੀ ਹੈ ਜਿਸ ਵਿੱਚ ਕਿਸੀ ਕਦਰ ਵਾਲ ਭੀ ਰਲਾਏ ਜਾਂਦੇ ਹਨ. ਗਚ ਅਤਿ ਕਰੜਾ, ਪਧਰਾ ਤੇ ਕੂਲਾ ਹੁੰਦਾ ਹੈ. "ਘਰ ਗਚ ਕੀਤੇ ਬਾਗੇ ਬਾਗ." (ਵਾਰ ਸਾਰ ਮਃ ੧) "ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ." (ਬਸੰ ਮਃ ੧) ੩. ਦੇਖੋ, ਗੱਚ.

ਗਚਕਾਰੀ, ਗਚਗੀਰੀ: ਸੰਗਯਾ- ਜੜਤੀ. ਜੜਾਉ. "ਅਜਰਨ ਬਿਖੈ ਮਣਿਨ ਗਚਕਾਰੀ." (ਨਾਪ੍ਰ) ੨. ਚੂਨੇ ਦੀ ਚਿਣਾਈ. ਚੂਨੇ ਦੀ ਪਕੜ ਵਾਲੀ ਇਮਾਰਤ. "ਗੜ ਮੰਦਰ ਗਚਗੀਰੀਆਂ ਕਿਛੁ ਸਾਥਿ ਨ ਜਾਈ." (ਵਾਰ ਸਾਰ ਮਃ ੪)

ਗਚਨ: ਕ੍ਰਿ- ਚੂਨੇ ਨਾਲ ਜੜਨਾ। ੨. ਜੋੜਨਾ. ਮਿਲਾਉਣਾ. "ਬਚਨ ਚੀਨ ਤਾਮੈ ਗਚੌਂ" (ਚੰਡੀ ੧) "ਪ੍ਰਭਾ ਕਰਤਾਰ ਇਹੀ ਮੈ ਗਚੀ ਹੈ." (ਕ੍ਰਿਸਨਾਵ)

ਗਚੁ: ਦੇਖੋ, ਗਚ.

ਗੱਚ: ਸੰਗਯਾ- ਕ੍ਰੋਧ. ਗੁੱਸਾ। ੨. ਦਿਲ ਦੀ ਹਵਾੜ। ੩. ਵਿ- ਨਸ਼ੇ ਵਿੱਚ ਮਸ੍ਤ. ਮਖ਼ਮੂਰ.

ਗਛ: ਦੇਖੋ, ਗੱਛ.

ਗਛਣਾ, ਗਛਨਾ: ਕ੍ਰਿ- ਜਾਣਾ. ਗਮਨ. "ਗਛੇਣ ਨੈਣ ਭਾਰੇਣ." (ਗਾਥਾ) ਦੇਖੋ, ਗੱਛ ਅਤੇ ਨੈਣਭਾਰ.

ਗੱਛ: ਸੰ. गच्छ ਇਹ ਸ਼ਬਦ ਗਮ (गम् ) ਧਾਤੁ ਤੋਂ ਹੈ, ਜਿਸ ਦਾ ਅਰਥ ਜਾਣਾ ਹੈ। ੨. ਸੰਗਯਾ- ਵ੍ਰਿਕ੍ਸ਼ (ਬਿਰਛ) ਦਰਖ਼ਤ। ੩. ਜੈਨੀ ਸਾਧੂਆਂ ਦਾ ਗਰੋਹ (ਝੁੰਡ). ੪. ਬੁਛਾੜ. ਵਾਛੜ. "ਪਰੀ ਗੱਛ ਤੀਰੰ." (ਚੰਡੀ ੨)

ਗਜ: ਸੰ. गज् ਧਾ- ਮਦ ਨਾਲ ਸ਼ਬਦ ਕਰਨਾ। ੨. ਸੰਗਯਾ- ਹਾਥੀ, ਜੋ ਮਦ ਨਾਲ ਗਰਜਦਾ ਹੈ. "ਕੋਪ ਭਰਜੋ ਗਜ ਮੱਤ ਮਹਾਂ ਭਰ ਸੁੰਡ ਲਏ ਭਟ ਸੁੰਦਰ ਸੋਊ." (ਕ੍ਰਿਸਨਾਵ) ੩. ਇੱਕ ਗੰਧਰਵ, ਜੋ ਦੇਵਲ ਰਿਖੀ ਦੇ ਸ੍ਰਾਪ ਨਾਲ ਹਾਥੀ ਬਣ ਗਿਆ. ਇਸ ਨੂੰ ਵਰੁਣ ਦੇ ਤਲਾਉ ਵਿੱਚ ਤੇਂਦੂਏ ਨੇ ਗ੍ਰਸਲੀਤਾ. ਜਦ ਨਿਰਬਲ ਹੋਕੇ ਡੁੱਬਣ ਲੱਗਾ, ਤਦ ਕਰਤਾਰ ਅੱਗੇ ਅਰਦਾਸ ਕੀਤੀ, ਜਿਸ ਪੁਰ ਗਜ ਦੇ ਬੰਧਨ ਕੱਟੇ ਗਏ. ਦੇਖੋ, ਭਾਗਵਤ ਸਕੰਧ ੮, ਅਃ ੨. "ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ." (ਗਉ ਮਃ ੯) ਦੇਖੋ, ਗਜੇਂਦ੍ਰ। ੪. ਗਣੇਸ਼. "ਕਹੁ ਗੁਰ ਗਜ ਸਿਵ ਸਭਕੋ ਜਾਨੈ." ਜੋ ਮਹਿਖਾਸੁਰ ਦਾ ਪੁਤ੍ਰ ਸੀ. ਗਜਾਸੁਰ. ਇਹ ਪਹਿਲੇ ਜਨਮ ਵਿੱਚ ਮਹੇਸ਼ ਰਾਜਾ ਸੀ. ਨਾਰਦ ਦੇ ਸ੍ਰਾਪ ਨਾਲ ਇਸ ਨੂੰ ਹਾਥੀ ਦਾ ਜਨਮ ਮਿਲਿਆ. ਦੇਵਤਿਆਂ ਦਾ ਦੁੱਖ ਦੂਰ ਕਰਨ ਲਈ ਸ਼ਿਵ ਨੇ ਗਜ ਨੂੰ ਮਾਰਿਆ ਅਤੇ ਉਸ ਦੀ ਖੱਲ ਆਪਣੇ ਸ਼ਰੀਰ ਪੁਰ ਪਹਿਰੀ. [1] ਦੇਖੋ, ਸਕੰਦਪੁਰਾਣ, ਗਣੇਸ਼ਖੰਡ, ਅਃ ੧੦।

੬. ਸੁਗ੍ਰੀਵ ਦਾ ਇੱਕ ਮੰਤ੍ਰੀ। ੭. ਅਠਤਾਲੀ ਉਂਗਲ ਦੀ ਇੱਕ ਮਿਣਤੀ. ਦੇਖੋ, ਫ਼ਾ. گز ਗਜ਼. "ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ." (ਆਸਾ ਨਾਮਦੇਵ) ਗਜ਼ ਦਾ ਮਾਪ ਬਹੁਤ ਬਦਲਦਾ ਰਿਹਾ ਹੈ ਅਤੇ ਹੁਣ ਭੀ ਕਈ ਭੇਦ ਹਨ, ਪਰ ਬਹੁਤ ਕਰਕੇ ਪ੍ਰਚਲਿਤ ਗਜ਼ ੧੬. ਗਿਰੇ ਅਥਵਾ ੩੬ ਇੰਚ ਦਾ ਹੈ. ਗਜ ਦਾ ਪ੍ਰਮਾਣ ਦੋ ਹੱਥ ਭੀ ਪੰਜਾਬ ਵਿੱਚ ਹੈ। ੮. ਸਰੰਦਾ ਸਾਰੰਗੀ ਆਦਿ ਬਜਾਉਣ ਲਈ ਵਾਲਾਂ ਦਾ ਕਮਾਨਚਾ ਅਤੇ ਬੰਦੂਕ ਕਸਣ ਜਾਂ ਸਾਫ ਕਰਣ ਦਾ ਸਰੀਆ. "ਛਣਕੰਤ ਲਗਤ ਗਜ ਫੇਰ ਫੇਰ." (ਗੁਪ੍ਰਸੂ) ੯. ਦੇਖੋ, ਗਜਣਾ। ੧੦. ਗ਼ਾਜ਼ੀ ਦੀ ਥਾਂ ਭੀ ਇੱਕ ਥਾਂ "ਗਜ" ਸ਼ਬਦ ਹੈ. "ਹਮੈ ਨ ਗਜਸੈਨਾ ਮੇ ਦੀਜੈ।

ਹਿੰਦੁਧਰਮ ਰਾਖ ਕਰਿ ਲੀਜੈ." (ਚਰਿਤ੍ਰ ੧੯੫) ਸਾਨੂੰ ਗ਼ਾਜ਼ੀ ਪਠਾਣਾਂ ਦੀ ਫ਼ੌਜ ਦੇ ਸਪੁਰਦ ਨਾ ਕਰੋ.

ਗਜ ਇਕੀਸ: ਦੇਖੋ, ਗਜਨਵ.

ਗਜਇੰਦ੍ਰ: ਦੇਖੋ, ਗਜ ੩. ਅਤੇ ਗਜੇਂਦ੍ਰ. "ਗਜਇੰਦ੍ਰ ਧਿਆਇਓ ਹਰਿ ਕੀਓ ਮੋਖ." (ਬਸੰ ਅਃ ਮਃ ੫)

ਗਜਸਿੰਘ: ਭੀਮਸੈਨ ਕਹਲੂਰੀਏ ਦਾ ਸੰਬੰਧੀ ਅਤੇ ਸੈਨਾਨੀ ਇੱਕ ਰਾਜਪੂਤ. ਦੇਖੋ, ਵਿਚਿਤ੍ਰਨਾਟਕ ਅਃ ੧੨.

ਗਜਹਸਤੀ: ਵਿ- ਪੁਕਾਰ ਕਰਨ ਲਈ ਉਠਾਇਆ ਹੈ ਹਸ੍ਤ ਜਿਸ ਨੇ, ਅਜਿਹਾ ਹਾਥੀ. ਸੁੰਡ ਉਠਾਏ ਹੋਏ ਹਾਥੀ. "ਗਜਹਸਤੀ ਕੇ ਪ੍ਰਾਨ ਉਧਾਰੀਅਲੇ." (ਮਾਲੀ ਨਾਮਦੇਵ) ਪੁਰਾਣਕਥਾ ਹੈ ਕਿ ਗਜ ਨੇ ਸੁੰਡ ਵਿੱਚ ਕਮਲ ਲੈ ਕੇ ਭਗਵਾਨ ਨੂੰ ਅਰਪਨ ਕੀਤਾ ਅਤੇ ਰਖਜਾ ਲਈ ਪੁਕਾਰ ਕੀਤੀ. ਦੇਖੋ, ਗਜ ੩.।

੨. ਮਦਮੱਤ ਹਾਥੀ. ਦੇਖੋ, ਗਜ. "ਗਜਹਸਤੀ ਦੀਨੋ ਚਮਕਾਰਿ." (ਭੈਰ ਅਃ ਨਾਮਦੇਵ)

ਗਜਕ: ਫ਼ਾ. گزک ਗਜ਼ਕ. ਸੰਗਯਾ- ਨੁਕਲ. ਚਾਟ ੨. ਇੱਕ ਪ੍ਰਕਾਰ ਦੀ ਮਠਿਆਈ.

ਗਜਗਤਿ, ਗਜਗਮਨ: ਸੰਗਯਾ- ਹਾਥੀ ਦੀ ਚਾਲ। ੨. ਹਾਥੀ ਜੇਹੀ ਚਾਲ. ਕਾਵਜਗ੍ਰੰਥਾਂ ਵਿੱਚ ਉੱਤਮ ਇਸਤ੍ਰੀ ਦੀ ਚਾਲ ਗਜ ਜੇਹੀ ਲਿਖੀ ਹੈ. ਦੇਖੋ, ਗਜਗਾਮਿਨੀ.

ਗਜਗਾਹ: ਸੰਗਯਾ- ਹਾਥੀ ਦਾ ਗਹਿਣਾ. ਖ਼ਾਸ ਕਰਕੇ ਹਾਥੀ ਅਤੇ ਘੋੜੇ ਦੇ ਸਿਰ ਦਾ ਭੂਖਣ. "ਤੁਰਗ ਨਜ਼ਾਵਤ ਯੁਤ ਗਜਗਾਹਨ." (ਗੁਪ੍ਰਸੂ) ੨. ਯੋਧਾ ਦੇ ਸਿਰ ਦਾ ਭੂਖਣ, ਜੋ ਜਿਗਾ ਦੀ ਸ਼ਕਲ ਦਾ ਹੁੰਦਾ ਹੈ. "ਗਜੰਗਾਹ ਬੰਧੇ, ਪੁਨਾ ਭਾਗ ਜਾਨੋ!" (ਗੁਪ੍ਰਸੂ) ਗਜਗਾਹ ਬਨ੍ਹਕੇ ਫੇਰ ਨੱਠਣਾ! ੩. ਹਾਥੀ ਦਾ ਝੱਗ। ੪. ਹਾਥੀ ਦਾ ਹੌਦਾ.

ਗਜਗਾਮਿਨੀ, ਗਜਗੈਣੀ, ਗਜਗੌਨੀ: ਵਿ- ਹਾਥੀ ਜੇਹੀ ਚਾਲ ਵਾਲੀ. ਹਸ੍ਤੀ ਸਮਾਨ ਹੈ ਗਮਨ ਜਿਸਦਾ. "ਮ੍ਰਿਗਪਤਿ ਕਟਿ ਛਾਜਤ ਗਜਗੈਣੀ." (ਰਾਮਾਵ) "ਗੌਰ ਰੰਗ ਕੰਚਨ ਗਜਗੌਨੀ." (ਨਾਪ੍ਰ)

ਗਜਣਾ: ਸੰ. गर्जन ਗਰ੍ਜਨ. ਸੰਗਯਾ- ਗੱਜਣਾ. ਜ਼ੋਰ ਦੀ ਆਵਾਜ਼ ਕਰਨੀ.

ਗਜਦਸ: ਦੇਖੋ, ਗਜਨਵ.

ਗਜਧਰ: ਰਾਜਾ, ਜੋ ਹਾਥੀ ਰਖਦਾ ਹੈ। ੨. ਉਹ ਜੰਗਲ, ਜਿਸ ਵਿੱਚ ਹਾਥੀ ਰਹਿੰਦੇ ਹਨ। ੩. ਭਿੰਨ ਦਰਜੀ. ਕਪੜੇ ਸਿਉਣ ਵਾਲਾ, ਜੋ ਮਿਣਨ ਲਈ ਗਜ ਰਖਦਾ ਹੈ। ੪. ਸਰੰਦਾ ਸਾਰੰਗੀ ਤਾਊਸ ਆਦਿ ਵਾਜੇ ਵਜਾਉਣ ਵਾਲਾ.

ਗਜਨਵ: ਗਉੜੀ ਰਾਗ ਵਿੱਚ ਕਬੀਰ ਜੀ ਦਾ ਸ਼ਬਦ ਹੈ-

੧. ਗਜਨਵ ਗਜਦਸ ਗਜਇਕੀਸ ਪੁਰੀਆ ਏਕ ਤਨਾਈ,

੨. ਸਾਠ ਸੂਤ ਨਵਖੰਡ ਬਹਤਰਿ ਪਾਟੁ ਲਗੋ ਅਧਿਕਾਈ,

੩. ਗਈ ਬੁਨਾਵਨ ਮਾਹੋ. ੨। ਘਰ ਛੋਡਿਐ ਜਾਇ ਜੁਲਾਹੋ,

੪. ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ,

੫. ਜਉ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ,

੬. ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ?

੭. ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ.

੮. ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰੁ ਰਹੀ ਉਰਝਾਈ,

੯. ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ. (੫੪)

ਭਾਵ

੩. ਜਦ ਜੁਲਾਹਾ (ਲਿੰਗਸ਼ਰੀਰ ਦਾ ਅਭਿਮਾਨੀ ਜੀਵ) ਘਰ (ਦੇਹ) ਛੱਡਕੇ ਜਾ ਰਿਹਾ ਸੀ, ਤਦ ਮਾਹਰੂ (ਸੰਸਕਾਰਾਤਮਕ ਵ੍ਰਿੱਤਿ) ਤਾਣੀ ਤਣਵਾਉਣ ਲਈ ਪਹੁਚੀ ਅਰਥਾਤ- ਦੂਜਾ ਸ਼ਰੀਰ ਰਚਣ ਲਈ ਪ੍ਰਵ੍ਰਿੱਤ ਹੋਈ.

੧. ਨੌ ਗਜ (ਨੌ ਗੋਲਕ) ਦਸ ਰਾਜ (ਦਸ ਇੰਦ੍ਰਿਯ) ਇੱਕੀ ਗਜ (ਪੰਜ ਤਤ੍ਵ, ਪੰਜ ਵਿਸ਼ਯ, ਦਸ ਪ੍ਰਾਣ ਅਤੇ ਅੰਤਹਕਰਣ) ਇਹ ਪੂਰੀ ਚਾਲੀ ਗਜ ਦੀ ਤਾਣੀ ਤਣੀ.

੨. ਸੱਠ (ਨਾੜੀਆਂ) ਨੌ ਟੋਟੇ (ਸ਼ਰੀਰ ਦੇ ਨੌ ਪ੍ਰਧਾਨ ਜੋੜ) ਤਾਣੇ ਦਾ ਸੂਤ, ਬਹੱਤਰ (ਪ੍ਰਧਾਨ ਨਾੜੀਆਂ) ਪੇਟਾ ਲਾਇਆ.

੪. ਕੀ ਇਹ (ਸ਼ਰੀਰਰੂਪ) ਤਾਣੀ ਗਜਾਂ ਨਾਲ ਮਿਣੀ ਅਤੇ ਤੋਲੀ ਹੋਈ ਨਹੀਂ ਹੈ? ਇਸ ਦੀ ਢਾਈ ਸੇਰ ਪਾਣ (ਨਿਤ੍ਯ ਦੀ ਖ਼ੁਰਾਕ) ਹੈ.

੫. ਜੇ ਛੇਤੀ ਪਾਣ ਨਾ ਮਿਲੇ ਤਾਂ ਜੁਲਾਹਾ ਘਰ ਢਾਹ ਦੇਣ ਲਈ ਝਗੜਾ ਕਰਦਾ ਹੈ. ਭਾਵ- ਦੇਹ ਤ੍ਯਾਗਣ ਵਾਸਤੇ ਲਿੰਗਸ਼ਰੀਰ ਤਿਆਰ ਹੁੰਦਾ ਹੈ.

੬. ਹੇ ਮਾਲਕ ਤੋਂ ਉਲਟ ਜਾਣ ਵਾਲੀ! ਦਿਨੇ ਕਿਉਂ ਵੇਹਲੀ ਬੈਠੀ ਹੈਂ? ਇਹ ਵੇਲਾ ਫਿਰ ਕਦੋਂ ਮਿਲਣਾ ਹੈ?

੭. ਕੂੰਡਿਆਂ (ਪਦਾਰਥਾਂ) ਵਿੱਚ ਨਲੀਆਂ (ਵਾਸਨਾ) ਭਿੱਜੀਆਂ ਛੱਡਕੇ ਜੁਲਾਹਾ ਖਿਝਕੇ ਚਲਣ ਨੂੰ ਤਿਆਰ ਹੈ.

੮. ਖਾਲੀ ਨਲਕੀ (ਪ੍ਰਾਣਨਾੜੀ) ਵਿੱਚੋਂ ਤੰਤੁ (ਸ੍ਵਾਸ) ਨਹੀਂ ਨਿਕਲਦਾ, ਨਾ ਤਰੁ (ਪ੍ਰਾਣਗ੍ਰੰਥਿ) ਲਪੇਟੀ ਰਹੀ ਹੈ.

੯. ਹੇ ਬੇਚਾਰੀ ਮਾਹੋ! ਪਸਾਰ ਛੱਡਕੇ ਇੱਛਾ (ਈਹਾ) ਰਹਿਤ ਹੋਜਾ, ਕਬੀਰ ਤੈਨੂੰ ਸਮਝਾਕੇ ਆਖਦਾ ਹੈ. [੩]

ਗ਼ਜ਼ਨਵੀ: ਅ਼. غزنوی ਵਿ- ਗ਼ਜ਼ਨੀ ਨਾਲ ਸੰਬੰਧਿਤ. ਗ਼ਜ਼ਨੀ ਦਾ. ਦੇਖੋ, ਗਜਨੀ ੪। ੨. ਦੇਖੋ, ਮਹ਼ਮੂਦ.

ਗਜਨਾਲ: ਉਹ ਬੰਦੂਕ (ਛੋਟੀ ਤੋਪ), ਜੋ ਹਾਥੀ ਪੁਰ ਰੱਖਕੇ ਚਲਾਈ ਜਾਵੇ। ੨. ਹਾਥੀਆਂ ਦ੍ਵਾਰਾ ਖਿੱਚੀ ਜਾਣ ਵਾਲੀ ਭਾਰੀ ਤੋਪ.

ਗਜਨੀ: ਸੰਗ੍ਯਾ- ਸੰ. ਗਜੀ. ਹਥਣੀ। ੨. ਬਲੱਭਪੁਰ ਦਾ ਪੁਰਾਣਾ ਨਾਉਂ, ਕਿਉਂਕਿ ਇਸ ਨੂੰ ਗਜ ਰਾਜੇ ਨੇ ਵਸਾਇਆ ਸੀ। ੩. ਗਜਸੈਨਾ. ਹਾਥੀਆਂ ਦੀ ਫ਼ੌਜ. (ਸਨਾਮਾ) ੪. ਫ਼ਾ. غزنی ਗ਼ਜ਼ਨੀ. ਅਫ਼ਗਾਨਿਸਤਾਨ ਦੇ ਰਾਜ ਵਿੱਚ ਇਕ ਨਗਰ, ਜੋ ਮਹਮੂਦ ਦੀ ਰਾਜਧਾਨੀ ਸੀ. ਇਹ ਕਾਬੁਲ ਤੋਂ ੯੨ ਮੀਲ ਅਤੇ ਕੰਧਾਰ ਤੋਂ ੨੨੧ ਮੀਲ ਹੈ. ਬੁਲੰਦੀ ੭੨੭੯ ਫੁਟ ਹੈ.

ਗਜਨਜਰਿ: ਗਜਨੀ (ਗਜਸੈਨਾ) ਦੀ ਵੈਰਣ, ਬੰਦੂਕ. (ਸਨਾਮਾ) ੨. ਸ਼ੇਰ, ਜੋ ਹਾਥੀਆਂ ਦੀ ਡਾਰ ਦਾ ਵੈਰੀ ਹੈ. (ਸਨਾਮਾ)

ਗਜਪਤਿ: ਐਰਾਵਤ ਹਾਥੀ ਦਾ ਸ੍ਵਾਮੀ, ਇੰਦ੍ਰ। ੨. ਰਾਜਾ, ਜੋ ਹਾਥੀ ਰੱਖਦਾ ਹੈ। ੩. ਸ਼ਿਰੋਮਣਿ ਹਾਥੀ.

ਗਜਪਤਿ ਸਿੰਘ: ਫੂਲਵੰਸ਼ੀ ਸੁਖਚੈਨ ਦਾ ਦੂਜਾ ਪੁਤ੍ਰ, ਜਿਸ ਦਾ ਜਨਮ ਸਨ ੧੭੩੮ ਵਿੱਚ ਹੋਇਆ. ਇਸ ਦੀ ਸੁਪੁਤ੍ਰੀ ਰਾਜਕੌਰਿ ਦਾ ਵਿਆਹ ਮਹਾਂਸਿੰਘ ਸੁਕ੍ਰਚੱਕੀਏ ਨਾਲ ਸਨ ੧੭੭੪ ਵਿੱਚ ਵਡੀ ਧੂਮਧਾਮ ਨਾਲ ਹੋਇਆ. ਮਹਾਰਾਜਾ ਰਣਜੀਤ ਸਿੰਘ ਜੇਹਾ ਪ੍ਰਤਾਪੀ ਰਾਜਕੁਮਾਰ ਕੁੱਖੋਂ ਪੈਦਾ ਕਰਨ ਤੋਂ ਬੀਬੀ ਰਾਜਕੌਰ ਦਾ ਨਾਉਂ ਫੂਲਵੰਸ਼ ਵਿੱਚ ਸਾਰਥਿਕ ਸਮਝਿਆ ਗਿਆ. ਰਾਜਾ ਗਜਪਤਿ ਸਿੰਘ ਨੇ ਸਨ ੧੭੬੩ ਵਿੱਚ ਮੁਲਕ ਮੱਲਕੇ ਜੀਂਦ ਨਗਰ ਤੇ ਕਬਜਾ ਕੀਤਾ. ਇਸ ਨੇ ਆਪਣੇ ਨਾਉਂ ਦਾ ਸਿੱਕਾ ਚਲਾਇਆ. ਸਨ ੧੭੮੯ ਵਿੱਚ ਰਾਜਾ ਗਜਪਤਿ ਸਿੰਘ ਦਾ ਦੇਹਾਂਤ ਸਫੀਦੋਂ ਹੋਇਆ.

ਗਜਪਾਲ: ਸੰ. ਸੰਗ੍ਯਾ- ਮਹਾਵਤ. ਹਾਥੀਵਾਨ.

ਗਜਪੁਰ: ਹਸ੍ਤਿਨਾਪੁਰ. ਦੇਖੋ, ਗਜਾਪੁਰ.

ਗ਼ਜਬ: ਅ਼. غضب ਗ਼ਜ਼ਬ. ਸੰਗ੍ਯਾ- ਕ੍ਰੋਧ. ਗੁੱਸਾ। ੨. ਆਫ਼ਤ. ਉਪਦ੍ਰਵ। ੩. ਭਾਵ- ਆਸ਼ਚਰਯ (ਅਚਰਜ).

ਗਜਬਦਨ: ਦੇਖੋ, ਗਜਵਦਨ.

ਗਜਬਾਹਨ: ਸੰਗਯਾ- ਇੰਦ੍ਰ, ਜਿਸ ਦੀ ਸਵਾਰੀ ਐਰਾਵਤ ਹਾਥੀ ਹੈ.

ਗਜਬੇਲਿ: ਦੇਖੋ, ਨਾਗਬੇਲਿ.

ਗਜਮੁਕਤਾ: ਸੰਗਯਾ- ਹਾਥੀ ਦੇ ਸਿਰ ਵਿੱਚੋਂ ਨਿਕਲਿਆ ਮੋਤੀ (ਮੁਕ੍ਤਾ). ਕਵਿ ਮੱਲਿਨਾਥ ਲਿਖਦੇ ਹਨ ਕਿ ਪ੍ਰਾਚੀਨ ਵਿਦ੍ਵਾਨਾਂ ਨੇ ਅੱਠ ਅਸਥਾਨਾਂ ਤੋਂ ਅੱਠ ਪ੍ਰਕਾਰ ਦੇ ਮੋਤੀ ਪੈਦਾ ਹੋਣੇ ਲਿਖੇ ਹਨ. ਗਜ, ਮੇਘ, ਵਰਾਹ, ਸ਼ੰਖ, ਮੱਛ, ਸਰਪ, ਸਿੱਪੀ ਅਤੇ ਬਾਂਸ। ੨. ਹਾਥੀ ਦੇ ਮੱਥੇ ਤੇ ਉਭਰਿਆ ਗੋਲ ਮਾਸ. ਕੁੰਭ.

ਗਜਮੁਖ: ਗਣੇਸ਼. ਦੇਖੋ, ਗਜਵਦਨ.

ਗਜਮੇਧ: ਹਾਥੀ ਦੀ. ਕੁਰਬਾਨੀ ਦਾ ਯਗ੍ਯ (ਜੱਗ).

ਗਜਮੋਤੀ, ਗਜਮੋਤੀਆ: ਦੇਖੋ, ਗਜਮੁਕਤਾ. "ਕਨਿਕ ਮਾਣਿਕ ਗਜਮੋਤੀਆ." (ਆਸਾ ਮਃ ੫)

ਗਜਰਥ: ਸੰਗਯਾ- ਗਜ (ਹਾਥੀ) ਹੈ ਰਥ (ਵਾਹਨ) ਜਿਸ ਦਾ, ਇੰਦ੍ਰ। ੨. ਉਹ ਰਥ ਜੋ ਹਾਥੀਆਂ ਨਾਲ ਖਿੱਚਿਆ ਜਾਵੇ. ਤਖ਼ਤਰਵਾਂ.

ਗਜਰਾ: ਸੰਗਯਾ- ਗਾਜਰ ਦਾ ਛੇਜਾ। ੨. ਫੁੱਲਾਂ ਦੀ ਮਾਲਾ। ੩. ਇਸਤ੍ਰੀਆਂ ਦਾ ਇੱਕ ਗਹਿਣਾ, ਜੋ ਪਹੁੰਚੇ ਪੁਰ ਪਹਿਨੀਦਾ ਹੈ. "ਬੇਸਰ ਗਜਰਾਰੰ." (ਰਾਮਾਵ)

ਗਜਰਾਜ: ਸੰਗਯਾ- ਵਡਾ ਹਾਥੀ। ੨. ਐਰਾਵਤ ਹਸ੍ਤੀ। ੩. ਇੰਦ੍ਰ, ਜੋ ਐਰਾਵਤ ਦਾ ਸ੍ਵਾਮੀ ਹੈ.

ਗਜਰਿ: ਗਜ- ਅਰਿ. ਹਾਥੀ ਦਾ ਵੈਰੀ, ਸ਼ੇਰ. (ਸਨਾਮਾ) ਦੇਖੋ, ਗਜਾਰਿ.

ਗ਼ਜ਼ਲ: ਅ਼. غزل ਚਾਰ, ਅੱਠ ਅਤੇ ਬਾਰਾਂ ਘੰਟੇ ਪੁਰ ਯਥਾਕ੍ਰਮ ਉਤਨੀ ਸੰਖ੍ਯਾ ਦੀ ਕੀਤੀ ਹੋਈ ਘੰਟਾਧੁਨਿ. "ਗਜਲ ਬਜਾਈ ਨਹੀ ਅਜਲ ਬਜਾਈ ਹੈ." (ਦਾਸ ਕਵਿ) ੨. ਅ਼ਰਬੀ ਭਾਸ਼ਾ ਵਿੱਚ "ਗ਼ਜ਼ਲ" ਦਾ ਅਰਥ ਹੈ ਇਸਤ੍ਰੀਆਂ ਨਾਲ ਵਾਰਤਾਲਾਪ. ਭਾਵ- ਪ੍ਰੇਮਪੂਰਿਤ ਕਾਵ੍ਯ. ਪਰੰਤੂ ਖ਼ਾਸ ਇੱਕ ਛੰਦ ਦੀ ਜਾਤਿ ਲਈ ਭੀ ਇਹ ਸ਼ਬਦ ਵਰਤੀਦਾ ਹੈ.

ਇਸ ਛੰਦ ਦੇ ਅਨੰਤ ਭੇਦ ਹਨ. ਜੈਸੇ ਸਵੈਯਾ ਅਨੇਕ ਰੂਪ ਦਾ ਦੇਖੀਦਾ ਹੈ, ਤੈਸੇ ਹੀ ਗ਼ਜ਼ਲ ਦੇ ਬਹੁਤ ਰੂਪ ਹਨ. ਭਾਈ ਨੰਦਲਾਲ ਜੀ ਨੇ "ਦੀਵਾਨ ਗੋਯਾ" ਵਿੱਚ ੧੦. ਅਤੇ ੧੨. ਪਦ ਦੇ ਗ਼ਜ਼ਲ ਲਿਖੇ ਹਨ, ਜਿਨ੍ਹਾਂ ਦੇ ਕੁਝ ਕੁਝ ਮਾਤ੍ਰਾ ਦੇ ਭੀ ਭੇਦ ਹਨ. ਗ਼ਜ਼ਲ ਦੇ ਜਸਤ[੪] ਪਦਾਂ ਦਾ ਅਨੁਪ੍ਰਾਸ ਮਿਲਣਾ ਜ਼ਰੂਰੀ ਹੈ. ਦੇਖੋ, ਅੱਗੇ ਦਿੱਤੇ ਰੂਪ-

ੳ. ਦਸ ਚਰਣ, ਪ੍ਰਤਿ ਚਰਣ ੨੭ ਅਥਵਾ ੨੮ ਮਾਤ੍ਰਾ. ਜਸਤ ਪਦ ਦਾ ਤੁਕਾਂਤ ਮਿਲਦਾ, ਅਤੇ ਗੁਰੁ ਅੱਖਰ ਪੁਰ ਸਮਾਪਤੀ.

ਉਦਾਹਰਣ-

ਦੀਨ ਦੁਨਿਯਾ ਦਰ ਕਮੰਦੇ ਆਂ ਪਰੀ ਰੁਖ਼ਸਾਰੇ ਮਾ,

ਹਰ ਦੋ ਆ਼ਲਮ ਕ਼ੀਮਤੇ ਯਕ ਤਾਰ ਮੂਯੇ ਯਾਰੇ ਮਾ.

ਗਾਹੇ ਸੂਫ਼ੀ ਗਾਹੇ ਜ਼ਾਹਦ ਗਹ ਕ਼ਲੰਦਰ ਮੇਸ਼ਵਦ,

ਰੰਗਹਾਯੇ ਮੁਖ਼ਤਲਿਫ਼ ਦਾਰਦ ਬੁਤੇ ਅ਼ੱਯਾਰੇ ਮਾ.

(ਦੀਵਾਨ ਗੋਯਾ)

ਅ. ਬਾਰਾਂ ਚਰਣ, ਪ੍ਰਤਿ ਚਰਣ ੨੧. ਮਾਤ੍ਰਾ, ਜਸਤ ਪਦਾਂ ਦਾ ਅਨੁਪ੍ਰਾਸ ਮਿਲਦਾ ਅਤੇ ਗੁਰੁ ਅੱਖਰ ਪੁਰ ਪਦਾਂਤ.

ਉਦਾਹਰਣ-

ਖ਼ੁਸ਼ਸ੍ਤ. . ਉਮ੍ਰ ਕਿ ਦਰ ਯਾਦ ਬਿਗੁਜ਼ਰਦ, ਵਰਨਹ

ਚਿ ਹਾਸਲਸ੍ਤ ਅਜ਼ੀਂ ਗੁੰਬਦੇ ਕਬੂਦ ਮਰਾ. xxx

(ਦੀਵਾਨ ਗੋਯਾ)

ੲ. ਦਸ ਚਰਣ, ਟੌਂਕ (ਤਾਕ) ਚਰਣ ਦੀਆਂ ਮਾਤ੍ਰਾ ੨੪ ਅਤੇ ਜਸਤ ਪਦਾਂ ਦੀਆਂ ੨੭. ਜਸਤ ਪਦਾਂ ਦਾ ਤੁਕਾਂਤ ਮਿਲਦਾ. ਲਘੁ ਅੱਖਰ ਪੁਰ ਪਦ ਦੀ ਸਮਾਪਤੀ.

ਉਦਾਹਰਣ-

ਗੋਯਾ ਨਿਗਾਹੇ ਯਾਰ ਕਿ ਮਖ਼ਮੂਰ ਗਸ਼੍ਤਹਏਮ

ਕੈ ਖ਼੍ਵਾਸ਼ੇ ਮਯ ਰੰਗੀਨ ਪੁਰ ਅਸਰਾਰ ਮੇਕੁਨੇਮੁ. xxx

(ਦੀਵਾਨ ਗੋਯਾ)

ਸ. ਪੰਜਾਬੀ ਕਵੀ ਭੀ ਅਨੇਕ ਵਜ਼ਨ ਦੀ ਗ਼ਜ਼ਲ ਲਿਖਦੇ ਹਨ, ਜਿਨ੍ਹਾਂ ਵਿੱਚੋਂ ਇੱਕ ਰੂਪ ਇਹ ਹੈ-

ਅੱਠ ਚਰਣ, ਟੌਂਕ (ਤਾਕ) ਚਰਣਾਂ ਦੀਆਂ ਮਾਤ੍ਰਾ ੨੭, ਅਤੇ ਜਸਤ ਚਰਣਾਂ ਦੀਆਂ ੨੬. ਜਸਤ ਚਰਣਾਂ ਦੇ ਅਨੁਪ੍ਰਾਸ ਦਾ ਮੇਲ ਅਤੇ ਅੰਤ ਗੁਰੁ. ਤਾਕ ਪਦਾਂ ਦਾ ਯਮਕ ਅਣਮੇਲ ਅਤੇ ਅੰਤ ਲਘੁ.

ਉਦਾਹਰਣ-

ਮਿਟਗਈ ਮਨ ਕੀ ਬੁਰਾਈ ਸ਼ਾਂਤਿ ਨੇ ਕੀਨੋ ਨਿਵਾਸ,

ਸਤਿਗੁਰੂ ਕੀ ਕ੍ਰਿਪਾ ਪਾਈ ਜਨਮ ਮਰਣਾ ਕਟ ਗਿਆ.

ਸਭਿਨ ਸੇ ਕੀਨੀ ਮਿਤਾਈ ਦੂਰ ਕੀਨੋ ਦ੍ਵੈਤਭਾਵ,

ਹੈਂ ਦਿਖਾਤੇ ਸਗੇ ਭਾਈ ਪਟਲ ਭ੍ਰਮ ਕਾ ਫਟਗਿਆ.

ਗਜਵਦਨ: ਸੰਗਯਾ- ਗਜ (ਹਾਥੀ) ਦਾ ਹੈ ਵਦਨ (ਮੁਖ) ਜਿਸ ਦਾ, ਗਣੇਸ਼. ਗਜਾਨਨ. ਦੇਖੋ, ਗਣੇਸ਼.

ਗਜਾ: ਸੰਗਯਾ- ਗੱਜਕੇ (ਉੱਚੇ ਸੁਰ ਨਾਲ ਬੋਲਕੇ) ਮੰਗੀ ਹੋਈ ਭਿਖ੍ਯਾ. ਗਦਾ (ਮੰਗਤੇ) ਦੀ ਕਿਰਤ.

ਗਜਾਉਣਾ: ਕ੍ਰਿ- ਗਰਜਨ ਕਰਾਉਣਾ. ਗਰਜ (ਗੱਜ) ਕੇ ਬੁਲਾਉਣਾ, ਜੈਸੇ- ਜੈਕਾਰਾ ਗਜਾਉਣਾ.

ਗਜਾਇਧ: ਦੇਖੋ, ਗਜਾਯੁਧ.

ਗਜਾਇਬ: ਅ਼. غزاوی ਗ਼ਜਾਬੀ. ਵਿ- ਬਹੁਵਚਨ ਹੈ ਗ਼ਜਬਾਨ ਦਾ. ਕ੍ਰੋਧ ਨਾਲ ਪੂਰਿਆ. "ਗਜਾਇਬ ਗਨੀਮੇ." (ਜਾਪੁ)

ਗਜਾਸੁਰ: ਗਜ ਨਾਮਕ ਅਸੁਰ. ਦੇਖੋ, ਗਜ ੫.

ਗਜਾਧਿਪੀ: ਸੰਗਯਾ- ਗਜ ਅਧਿਪਤਿ. ਐਰਾਵਤ ਦਾ ਸ੍ਵਾਮੀ ਇੰਦ੍ਰ. "ਗਜਾਧਿਪੀ ਨਰਾਧਿਪੀ ਕਰੰਤ ਸੇਵ ਹੈਂ ਸਦਾ." (ਅਕਾਲ) ਇੰਦ੍ਰ ਅਤੇ ਕੁਬੇਰ ਸਦਾ ਸੇਵਾ ਕਰਦੇ ਹਨ। ੨. ਰਾਜਾ, ਜੋ ਹਾਥੀਆਂ ਦਾ ਸ੍ਵਾਮੀ ਹੈ.

ਗਜਾਨਨ: ਸੰ. ਸੰਗਯਾ- ਗਜ (ਹਾਥੀ) ਦਾ ਹੈ ਆਨਨ (ਮੁਖ) ਜਿਸ ਦਾ, ਗਣੇਸ਼.

ਗਜਾਪੁਰ: ਹਸ੍ਤਿਨਾਪੁਰ. "ਬਰ ਬੀਰ ਗਜਾਪੁਰ ਮੇ ਚਲਜੈਯੈ." (ਕ੍ਰਿਸਨਾਵ) ਦੇਖੋ, ਹਸ੍ਤਿਨਾਪੁਰ.

ਗਜਾਮੇਧ: ਦੇਖੋ, ਗਜਮੇਧ.

ਗਜਾਯਬ: ਦੇਖੋ, ਗਜਾਇਬ.

ਗਜਾਯੁਧ: ਸੰਗਯਾ- ਗਜ (ਹਾਥੀ) ਪ੍ਰੇਰਣ ਦਾ ਆਯੁਧ (ਸ਼ਸਤ੍ਰ) ਅੰਕੁਸ਼. "ਬਰਛੀ ਬਾਨ ਕ੍ਰਿਪਾਨ ਗਜਾਯੁਧ." (ਪਾਰਸਾਵ) ਪੁਰਾਣੇ ਸਮੇਂ ਯੋਧਾ ਜੰਗ ਵਿੱਚ ਅੰਕੁਸ਼ ਭੀ ਵਰਤਦੇ ਸਨ.

ਗਜਾਰਿ, ਗਜਾਰੀ: ਸੰਗਯਾ- ਗਜ- ਅਰਿ. ਹਾਥੀ ਦਾ ਵੈਰੀ, ਸ਼ੇਰ. ਸਿੰਘ। ੨. ਸ਼ਾਲ ਬਿਰਛ ਦੀ ਇੱਕ ਜਾਤਿ.

ਗਜਿਆ: ਗਰਜਿਆ. ਗਰਜਨ ਕੀਤਾ. "ਗੁਰਸਬਦੀ ਗੋਬਿੰਦ ਗਜਿਆ." (ਵਾਰ ਕਾਨ ਮਃ ੪) ਗੋਬਿੰਦ ਦਾ ਜੈਕਾਰ ਗਜਾਇਆ.

ਗਜਿੰਦ: ਦੇਖੋ, ਗਜੇਂਦ੍ਰ. "ਕਰੈ ਗਜਿੰਦ ਸੁੰਡ ਕੀ ਚੋਟ." (ਭੈਰ ਨਾਮਦੇਵ)

ਗਜਿੰਦਾ: ਵਿ- ਗਰਜਨ ਕਰਿੰਦਾ। ੨. ਫ਼ਾ. ਗੁਜ਼ੀਨੰਦਾ. ਚੁਣਨਵਾਲਾ. ਇੰਤਖ਼ਾਬਕੁਨਿੰਦਾ. "ਜੋਤ ਜੇਬ ਕੋ ਗਜਿੰਦਾ ਜਾਨ." (ਗਜਾਨ)

ਗਜੀ: ਸੰ. ਸੰਗਯਾ- ਗਜ ਦੀ ਮਦੀਨ. ਹਥਣੀ। ੨. ਗਜਸੈਨਾ. (ਸਨਾਮਾ) ਦੇਖੋ, ਹਈ। ੩. ਵਿ- ਹਾਥੀ ਵਾਲਾ। ੩. ਗਜ਼ਾਂ ਨਾਲ. ਗਜ਼ੋਂ ਸੇ. "ਗਜੀ ਨ ਮਿਨੀਐ ਤੋਲਿ ਨ ਤੁਲੀਐ." (ਗਉ ਕਬੀਰ)

ਗਜੁ: ਦੇਖੋ, ਗਜ.

ਗਜੇਂਦ੍ਰ: ਸੰ. गजेन्द्र ਵਿ- ਗਜ- ਇੰਦ੍ਰ. ਹਾਥੀਆਂ ਦਾ ਸਰਦਾਰ. ਸ਼ਿਰੋਮਣਿ ਹਾਥੀ। ੨. ਸੰਗਯਾ- ਐਰਾਵਤ. ਸ੍ਵਰਗ ਦਾ ਹਾਥੀ। ੩. ਇੱਕ ਗੰਧਰਵ, ਜੋ ਦੇਵਲ ਰਿਖੀ ਦੇ ਸ਼੍ਰਾਪ ਨਾਲ ਹਾਥੀ ਬਣ ਗਿਆ ਅਤੇ ਵਰੁਣ ਦੇਵਤਾ ਦੇ ਤਲਾਉ ਵਿੱਚ ਤੇਂਦੂਏ ਨੇ ਗ੍ਰਸਲੀਤਾ ਸੀ. ਜਦ ਨਿਰਬਲ ਹੋਕੇ ਡੁੱਬਣ ਲੱਗਾ, ਤਦ ਕਮਲ ਸੁੰਡ ਵਿੱਚ ਲੈ ਕੇ ਈਸ਼੍ਵਰ ਨੂੰ ਅਰਪਦੇ ਹੋਏ ਨੇ ਸਹਾਇਤਾ ਲਈ ਪੁਕਾਰ ਕੀਤੀ, ਜਿਸ ਤੇ ਭਗਵਾਨ ਨੇ ਤੇਂਦੂਏ ਦੇ ਬੰਧਨਾ ਤੋਂ ਗਜਰਾਜ ਨੂੰ ਮੁਕ੍ਤ ਕੀਤਾ. ਇਹ ਕਥਾ ਭਾਗਵਤ ਦੇ ਅੱਠਵੇਂ ਸਕੰਧ ਦੇ ਦੂਜੇ ਅਧ੍ਯਾਯ ਵਿੱਚ ਵਿਸਤਾਰ ਨਾਲ ਲਿਖੀ ਹੈ.

ਇੰਦ੍ਰਦੁਮਨ[ਪ] ਰਾਜਾ ਦਾ ਅਗਸਤ੍ਯ ਮੁਨਿ ਦੇ ਸ਼੍ਰਾਪ ਨਾਲ ਭੀ ਗਜੇਂਦ੍ਰ ਹੋਣਾ ਲਿਖਿਆ ਹੈ. ਦੇਖੋ, ਹਾਹਾ ਹੂਹੂ. ਦੇਖੋ, ਗਜਇੰਦ੍ਰ.

ਗਜ਼ੰਦ: ਫ਼ਾ. گزند ਸੰਗਯਾ- ਦੁੱਖ. ਤਕਲੀਫ਼। ੨. ਸਦਮਾ. ਚੋਟ. ਸੱਟ.

ਗਜੰਦਾ: ਦੇਖੋ, ਗਜਿੰਦਾ। ੨. ਵਿ- ਗਰਜਨ ਕਰਾਉਣ ਵਾਲਾ. "ਗਜ ਗਾਜੀ ਕੋ ਗਜੰਦਾ." (ਗਜਾਨ)

ਗੱਜਣ: ਸ਼ੀਹੇਂ ਦਾ ਭਾਈ, ਜੋ ਸਤਿਗੁਰੂ ਨਾਨਕਦੇਵ ਦਾ ਅਨੰਨ ਸਿੱਖ ਹੋਇਆ ਹੈ। ੨. ਦੇਖੋ, ਗਰਜਨ.

ਗੱਜਲ: ਦੇਖੋ, ਝਾੜਸਾਹਿਬ.

ਗੱਜਾ ਸਿੰਘ: ਦੇਖੋ, ਗੁਰੂਸਰ ੧.

ਗੱਜੂ: ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜੋ ਆਤਮਗ੍ਯਾਨੀ ਅਤੇ ਮਹਾਨ ਯੋਧਾ ਸੀ. ਇਸ ਨੇ ਅਮ੍ਰਿਤਸਰ ਜੀ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ. "ਛੱਜੂ ਗੱਜੂ ਮੁਹਰੂ ਰੰਧਾਵਾ ਤੇ ਸੁਜਾਨਾ ਸੂਰ." (ਗੁਪ੍ਰਸੂ)

ਗੱਝ: ਸੰਗਯਾ- ਗਜ. ਹਾਥੀ। ੨. ਗੰਜ. ਖ਼ਜ਼ਾਨਾ। ੩. ਵਿ- ਦਿਲੇਰ. ਹੌਸਲੇਵਾਲਾ. "ਗੱਝ ਆਨ ਜੁੱਟਹੈਂ." (ਪਾਰਸਾਵ)

ਗਟਕ, ਗਟਕਾ: ਸੰਗਯਾ- ਅਨੁ. ਦੁੱਧ ਆਦਿਕ ਪੀਣ ਸਮੇਂ ਕੰਠ ਵਿੱਚ ਹੋਈ ਧੁਨਿ. ਗਟਗਟ ਸ਼ਬਦ। ੨. ਘੁੱਟ ਭਰਣ ਦੀ ਕ੍ਰਿਯਾ. "ਜਿਉ ਗੂੰਗਾ ਗਟਕ ਸਮਾਰੇ." (ਨਟ ਅਃ ਮਃ ੪) "ਰਸ ਰਸਿਕ ਗਟਕ ਨਿਤ ਪੀਜੈ." (ਕਲਿ ਅਃ ਮਃ ੪) "ਹਰਿ ਪੀਆ ਰਸ ਗਟਕੇ." (ਸੂਹੀ ਮਃ ੪)

ਗਟਕਾਉਣਾ: ਕ੍ਰਿ- ਘੁੱਟ ਭਰਨਾ. ਪੀਜਾਣਾ. ਗਟਗਟ ਸ਼ਬਦ ਕਰਦੇ ਹੋਏ ਪੀਣਾ। ੨. ਨਿਗਲਣਾ. ਬਿਨਾ ਦੰਦ ਜਾੜ੍ਹ ਲਾਏ ਛਕਜਾਣਾ. "ਡਾਲਾ ਸਿਉ ਪੇਡਾ ਗਟਕਾਵਹਿ." (ਆਸਾ ਕਬੀਰ)

ਗਟਕਾਰ, ਗਟਕਾਰਾ: ਸੰਗਯਾ- ਦੇਖੋ, ਗਟਕਾ. "ਕਢਿ ਮਾਖਨ ਕੇ ਗਟਕਾਰੇ." (ਨਟ ਅਃ ਮਃ ੪)

ਗਟਾ: ਸੰਗਯਾ- ਪੰਕ੍ਤਿ. "ਬਗਪੰਤਿ ਲਸੈ ਜਨੁ ਦੰਤ ਗਟਾ." (ਚੰਡੀ ੧) ੨. ਗ੍ਰੰਥਿ. ਗੱਠ। ੩. ਫੁੱਲ ਦੀ ਡੋਡੀ.

ਗਟਾਕ, ਗਟਾਕਾ: ਦੇਖੋ, ਗਟਕਾ. "ਅੰਧੇ ਖਾਵਹਿ ਬਿਸੂ ਕੇ ਗਟਾਕ." (ਸਾਰ ਮਃ ੫) "ਹਰਿਰਸ ਗਟਾਕ ਪੀਆਉ ਜੀਉ." (ਆਸਾ ਛੰਤ ਮਃ ੪)

ਗਟੀ: ਸੰਗਯਾ- ਗਿਣਤੀ. ਬਜੋਂਤ. "ਮਨ ਗਿਨਤ ਗਟੀ ਕਿਮ ਵਿਘਨ ਠਾਨ." (ਗੁਪ੍ਰਸੂ) ੨. ਚਿੰਤਾ। ੩. ਨਰਦ. ਗੋਟੀ। ੪. ਗੱਠ. ਗ੍ਰੰਥਿ। ੫. ਬੇੜੀ. ਜੌਲਾਨ. ਪਗਬੰਧਨ. "ਅਉਗੁਣਾ ਦੀਆਂ ਪੈਰੀਂ ਗਟੀਆਂ ਪਾਉਂਦੇ ਹਨ." (ਜਸਭਾਮ)

ਗੱਟਾ: ਸੰਗਯਾ- ਡਾਟ. ਡੱਟਾ. ੨. ਹਲਵਾਈਆਂ ਦੇ ਸੰਕੇਤ ਵਿੱਚ ਖੰਡ ਜਾਂ ਗੁੜ ਦੀ ਚਾਸ਼ਨੀ ਜਮਾਕੇ ਉਸ ਦੀ ਕੱਢੀ ਹੋਈ ਮੋਟੀ ਤਾਰ, ਜਿਸ ਨੂੰ ਕੱਟਕੇ ਰੇਵੜੀਆਂ ਬਣਦੀਆਂ ਹਨ। ੩. ਦੇਖੋ, ਗਟਾ.

ਗਠ: ਸੰਗਯਾ- ਗ੍ਰੰਥਿ. ਗਾਂਠ. ਗੰਢ। ੨. ਜੋੜ. ਸੰਢ. ਅੰਗਾਂ ਦੀ ਸੰਧਿ.

ਗਠਕਟਾ, ਗਠਕਤਰਾ, ਗਠਕੱਪ: ਗੰਢ ਕਤਰਨ ਵਾਲਾ, ਠਗ। ੨. ਧੋਖੇਬਾਜ਼.

ਗਠਜੋੜਾ: ਸੰਗਯਾ- ਦੁਲਹਾ ਅਤੇ ਦੁਲਹਨ (ਲਾੜੇ ਲਾੜੀ) ਦਾ ਵਿਆਹ ਸਮੇਂ ਵਸਤ੍ਰ ਦਾ ਜੋੜਨਾ. ਦੋਹਾਂ ਦੇ ਵਸਤ੍ਰਾਂ ਦੇ ਪੱਲੇ ਮਿਲਾਕੇ ਗੱਠ ਦੇਣੀ. ਭਾਵ ਇਹ ਹੁੰਦਾ ਹੈ ਕਿ ਪਰਸਪਰ (ਆਪੋਵਿੱਚੀ) ਪੱਕਾ ਸੰਬੰਧ ਹੋ ਗਿਆ ਹੈ ਅਰ ਇੱਕ ਰੂਪ ਹੋਕੇ ਰਹੋ.

ਗਠਨ: ਸੰ. ਗ੍ਰੰਥਨ. ਕ੍ਰਿ- ਗੰਢਣਾ. ਗੁੰਦਣਾ. ਜੋੜਨਾ। ੨. ਸੰਗਯਾ- ਬਣਾਵਟ. ਜੜਤ.

ਗਠਰੀ, ਗਠੜੀ: ਸੰਗਯਾ- ਗੰਢ (ਗ੍ਰੰਥਿ) ਦੇਕੇ ਬੰਨ੍ਹੀ ਹੋਈ ਪੰਡ. ਪੋਟ.

ਗਠਾ: ਸੰ. पलाण्डु ਪਲਾਂਡੁ. ਸੰਗਯਾ- ਗੰਢਾ. Allium Sepa. (Onion) ਪਿਆਜ਼. ਖ਼ਾ. ਰੁੱਪਾ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਲਾਲ ਗਠੇ ਨਾਲੋਂ ਚਿੱਟਾ ਗਠਾ ਘੱਟ ਗਰਮ ਹੈ. ਇਹ ਵੀਰਜ ਵਧਾਉਣ ਵਾਲਾ ਥੋੜਾ ਕਫਕਾਰਕ, ਵਾਤ ਨਾਸ਼ਕ ਅਤੇ ਬਲਦਾਇਕ ਹੈ. ਆਂਦ ਦੀ ਮੈਲ ਵਿੱਚ ਪਏ ਕੀੜਿਆਂ ਨੂੰ ਮਾਰਦਾ ਹੈ. ਵਬਾਈ ਹਵਾ ਨੂੰ ਸ਼ੁੱਧ ਕਰਦਾ ਹੈ. ਇਸ ਦੇ ਸੁੰਘਣ ਤੋਂ ਕਯ ਬੰਦ ਹੋ ਜਾਂਦੀ ਹੈ. ਹੈਜ਼ੇ ਵਿੱਚ ਗਠੇ ਦਾ ਵਰਤਣਾ ਗੁਣਕਾਰੀ ਹੈ.

ਗਠਾਉਣਾ, ਗਠਾਨਾ: ਵਿ- ਗੱਠ ਲਗਵਾਉਣਾ. ਸਿਲਾਉਣਾ. ਜੋੜ ਲਵਾਉਣਾ. "ਲੋਗੁ ਗਠਾਵੈ ਪਨਹੀ." (ਸੋਰ ਰਵਿਦਾਸ)

ਗਠਿਯਾ, ਗਠੀਆ: ਗਠਕਤਰਾ. ਠਗ। ੨. ਅੰਗਾਂ ਦੀ ਗੱਠਾਂ (ਜੋੜਾਂ) ਵਿੱਚ ਹੋਣ ਵਾਲਾ ਇੱਕ ਰੋਗ. ਸੰ. ਸੰਧਿਵਾਤ. نقرس ਨਕ਼ਰਸ. Gout. ਗੰਠ (ਗੰਢਾਂ- ਜੋੜਾਂ) ਵਿੱਚ ਇਸ ਤੋਂ ਪੀੜ ਹੁੰਦੀ ਹੈ, ਇਸ ਕਾਰਣ ਇਹ ਨਾਉਂ ਹੈ. ਇਹ ਹਵਾ ਦੇ ਵਿਗਾੜ ਤੋਂ ਬਾਦੀ ਦੀ ਬੀਮਾਰੀ ਹੈ. ਸਰੀਰ ਸੁਸਤ ਹੋ ਕੇ ਅੰਗਾਂ ਦੇ ਜੋੜਾਂ ਵਿੱਚ ਦਰਦ ਅਤੇ ਸੋਜ ਹੋ ਜਾਂਦੀ ਹੈ. ਕਦੇ ਕਦੇ ਪੀੜ ਨਾਲ ਤਾਪ ਭੀ ਹੋ ਜਾਂਦਾ ਹੈ. ਗਠੀਆ ਕਈ ਕਾਰਣਾਂ ਤੋਂ ਹੁੰਦਾ ਹੈ, ਉਨ੍ਹਾਂ ਦੇ ਅਨੁਸਾਰ ਹੀ ਇਲਾਜ ਕਰਣਾ ਸੁਖਦਾਇਕ ਹੈ. ਇਸ ਰੋਗ ਦੇ ਮੁੱਖ ਕਾਰਣ ਇਹ ਹਨ-

ਬਹੁਤ ਬੈਠੇ ਰਹਿਣਾ, ਕਸਰਤ ਨਾ ਕਰਨੀ, ਚਿਕਨੇ ਅਤੇ ਭਾਰੀ ਪਦਾਰਥ ਖਾਣੇ, ਤਾਪ ਵਿੱਚ ਹਵਾ ਲੱਗ ਜਾਣੀ, ਸਰਦ ਮੁਲਕ ਵਿੱਚ ਵਸਤ੍ਰ ਆਦਿਕ ਦੀ ਬੇਪਰਵਾਹੀ ਕਰਨੀ, ਨੰਗੇ ਪੈਰੀਂ ਫਿਰਨਾ, ਆਤਸ਼ਕ ਅਤੇ ਸੁਜਾਕ ਦਾ ਜਹਿਰ ਸ਼ਰੀਰ ਵਿੱਚ ਰਹਿਣਾ, ਕੱਚੀਆਂ ਧਾਤਾਂ ਖਾਣੀਆਂ, ਬਹੁਤੀ ਸ਼ਰਾਬ ਪੀਣੀ, ਪੇਸ਼ਾਬ ਦੇ ਰੋਗ ਹੋਣੇ ਆਦਿਕ. ਇਹ ਰੋਗ ਮੌਰੂਸੀ ਭੀ ਹੋਇਆ ਕਰਦਾ ਹੈ.

ਗਠੀਏ ਦੇ ਸਾਧਾਰਣ ਇਲਾਜ ਇਹ ਹਨ-

(ੳ) ਤੁੰਮੇ ਦੀ ਜੜ, ਮਘਪਿੱਪਲ, ਦੋ ਦੋ ਮਾਸ਼ੇ, ਗੁੜ ਇੱਕ ਤੋਲਾ ਮਿਲਾਕੇ ਦੋ ਦੋ ਮਾਸ਼ੇ ਦੀ ਗੋਲੀਆਂ ਕਰਨੀਆਂ, ਦੋ ਗੋਲੀਆਂ ਰੋਜ ਜਲ ਨਾਲ ਖਾਣੀਆਂ.

(ਅ) ਇਰੰਡ ਦੇ ਤੇਲ ਦੀ ਜੋੜਾਂ ਤੇ ਮਾਲਿਸ਼ ਕਰਨੀ.

(ੲ) ਸੁਰੰਜਾਂ ਮਿੱਠੀਆਂ, ਅਸਗੰਧ, ਬਿਧਾਰਾ, ਸੁੰਢ, ਸੌਂਫ, ਇਨ੍ਹਾਂ ਨੂੰ ਪੀਹ ਛਾਣਕੇ, ਬਰੋਬਰ ਦੀ ਖੰਡ ਪਾ ਕੇ ਚਾਰ ਚਾਰ ਮਾਸ਼ੇ ਦੀਆਂ ਪੁੜੀਆਂ ਕਰਨੀਆਂ. ਇੱਕ ਪੁੜੀ ਸਵੇਰੇ ਇੱਕ ਸੰਝ ਨੂੰ ਗਰਮ ਦੁੱਧ ਨਾਲ ਛਕਣੀ.

(ਸ) ਯੋਗਰਾਜ ਗੁੱਗਲ ਵਰਤਣੀ.

(ਹ) ਤਾਰਪੀਨ ਦਾ, ਤਿਲਾਂ ਦਾ, ਕਾਫੂਰੀ, ਕੁੱਠ ਦਾ ਤੇਲ ਅਤੇ ਨਾਰਾਯਣੀ ਤੇਲ ਜੋੜਾਂ ਉੱਪਰ ਮਲਣਾ.

(ਕ) ਅਸਗੰਧ ਦਾ ਚੂਰਨ ਤਿੰਨ ਮਾਸ਼ੇ, ਛੀ ਮਾਸ਼ੇ ਖੰਡ ਮਿਲਾਕੇ ਬਕਰੀ ਦੇ ਦੁੱਧ ਨਾਲ ਫੱਕਣਾ। ੩. ਗਾਂਠ ਮੇਂ, ਗੰਢ ਵਿੱਚ "ਇਤਨਕੁ ਖਟੀਆ ਗਠੀਆ ਮਟੀਆ" (ਕੇਦਾ ਕਬੀਰ) ਐਨੀ ਮਾਇਆ ਖੱਟੀ ਹੈ, ਇਤਨੀ ਪੱਲੇ ਹੈ, ਇਤਨੀ ਦੱਬੀ ਹੋਈ ਹੈ.

ਗਠੀਲਾ: ਵਿ- ਗੱਠਾਂ ਵਾਲਾ. ਗ੍ਰਥਿਤ. ਗੁਥਿਆ ਹੋਇਆ.

ਗਠੌਤ, ਗਠੌਤੀ: ਸੰਗਯਾ- ਮੇਲ ਮਿਲਾਪ. ਮਿਤ੍ਰਤਾ. ਸੰਧਿ। ੨. ਗੱਠਣ ਦੀ ਕ੍ਰਿਯਾ.

ਗੱਠਾ: ਸੰਗਯਾ- ਲੱਕੜ ਆਦਿਕ ਦਾ ਬੰਨ੍ਹਿਆ ਹੋਇਆ ਪੁਲੰਦਾ। ੨. ਕਾਰਤੂਸਾਂ ਦਾ ਮੁੱਠਾ। ੨. ਜ਼ਮੀਨ ਦੀ ਮਿਣਤੀ ਵਿੱਚ ਗੱਠਾ ਬਿਸਵਾਸੀ ਦੇ ਬਰਾਬਰ ਹੈ. ਦੇਖੋ, ਕਰਮ ਅਤੇ ਮਿਣਤੀ ਸ਼ਬਦ। ੪. ਦੇਖੋ, ਗਠਾ.

ਗਡ: ਸੰ. गड् ਧਾ- ਵਹਿਣਾ- ਟਪਕਣਾ- ਸਿੰਜਣਾ- ਢਕਣਾ- ਲੁਕੋਣਾ। ੨. ਸੰਗਯਾ- ਰੋਕ. ਰੁਕਾਵਟ. ਪ੍ਰਤਿਬੰਧ। ੩. ਖਾਈ. ਖੰਦਕ. ਗੜ੍ਹਾ. ਟੋਆ। ੪. ਵਿੱਥ. ਫਰਕ। ੫. ਇੱਕ ਪ੍ਰਕਾਰ ਦੀ ਮੱਛੀ. ਦੇਖੋ, ਅੰ Coz. "ਇਹੁ ਮਨ ਲਹਿਰੀ ਗਡ ਥਿਆ." (ਸ. ਫਰੀਦ) ਸੰਕਲਪ ਤਰੰਗਾਂ ਦੀ ਮੱਛੀ ਹੋ ਗਿਆ ਹੈ। ੬. ਨੇਜ਼ਾ. ਭਾਲਾ। ੭. ਗਰੁੜਾ. ਚਾਵਲ. "ਗਡਸਤੁਯੰ। ਦਧਿਸਤੁਯੰ." (ਗਜਾਨ) ੮. ਦੇਖੋ, ਗਡੁ.

ਗਡਸ: ਸੰ. गण्डूष ਗੰਡੂਸ਼. ਸੰਗਯਾ- ਕੁਰਲੀ। ੨. ਘੁੱਟ। ੩. ਦੇਖੋ, ਗਡ ੭.

ਗਡਹਾ: ਸੰਗਯਾ- ਗੜ੍ਹਾ. ਖੋਦਿਆ ਹੋਇਆ ਟੋਆ. "ਦੇ ਕਰਿ ਗਡਹਾ ਗਾਡੀ." (ਧਨਾ ਮਃ ੫) "ਏਕੈ ਸੂਮ ਕਰਿ ਗਾਡੀ ਗਡਹੈ." (ਮਾਰੂ ਮਃ ੫) ਗੜ੍ਹੇ ਵਿੱਚ ਗੱਡੀ.

ਗਡਣ: ਸੰਗਯਾ- ਧਸਣ. ਜਿਲ੍ਹਣ. ਖੁਭਣ.

ਗਡਣਾ: ਕ੍ਰਿ- ਧਸਣਾ. ਖੁਭਣਾ। ੨. ਮਿਲਣਾ. ਦਾਖ਼ਿਲ ਹੋਣਾ. "ਵਿਚਿ ਸਚੇ ਕੂੜੁ ਨ ਗਡਈ." (ਵਾਰ ਗਉ ਮਃ ੪)

ਗਡ ਥਿਆ: ਦੇਖੋ, ਗਡ ੫.। ੨. ਧਸਗਿਆ.

ਗਡਦਾਰ: ਵਿ- ਗਡ (ਨੇਜ਼ਾ) ਰੱਖਣ ਵਾਲਾ. ਭਾਲਾਬਰਦਾਰ. "ਮੱਤ ਕਰੀ ਗਡਦਾਰਨ ਜੈਸੇ." (ਕ੍ਰਿਸਨਾਵ)

ਗਡਬਡ: ਕ੍ਰਿ. ਵਿ- ਉਲਟ ਪੁਲਟ। ਹੇਠ ਉੱਪਰ। ੩. ਘਚਾਪੀਚ। ੪. ਦੇਖੋ, ਗੜਬੜ.

ਗਡਰੀਆ: ਸੰ. गड्डरिक ਗੱਡਰਿਕ. ਭੇਡਾਂ ਰੱਖਣ ਅਤੇ ਚਾਰਨ ਵਾਲਾ.

ਗਡਵਾ: ਦੇਖੋ, ਗੜਵਾ. "ਦੂਧ ਕਟੋਰੈ ਗਡਵੈ ਪਾਨੀ." (ਭੈਰ ਨਾਮਦੇਵ)

ਗਡਵਾਰ: ਨੇਜ਼ੇ ਵਾਲਾ. ਦੇਖੋ, ਗਡਦਾਰ। ੨. ਗੱਡਣ ਵਾਲਾ.

ਗਡਾ: ਦੇਖੋ, ਗਡਹਾ। ਦੇਖੋ, ਗੱਡਾ.

**ਗਡਾਈ:** ਮਿਲਾਈ. "ਵਸਤੁ ਮਾਹਿ ਲੇ ਵਸਤੁ ਗਡਾਈ." (ਸੁਖਮਨੀ) ੨. ਸੰਗਯਾ- ਗੱਡਣ ਦੀ ਕ੍ਰਿਯਾ। ੩. ਗੱਡਣ ਦੀ ਮਜ਼ਦੂਰੀ.

**ਗਡਾਰ:** ਦਮਸਗ੍ਰੰਥ ਵਿੱਚ ਇਹ ਸ਼ਕਟਾਸੁਰ ਦਾ ਹੀ ਨਾਉਂ, ਆਇਆ ਹੈ. "ਬਕਈ ਬਕ ਔਰ ਗਡਾਰ ਤ੍ਰਿਣਾਵਤ." ਕ੍ਰਿਸਨਾਵ) ਵਕੀ (ਪੂਤਨਾ), ਵਕਦੈਤ, ਸ਼ਕਟਾਸੁਰ ਅਤੇ ਤ੍ਰਿਣਾਵਰਤ ੨. ਡਿੰਗ. ਗੱਡੇ ਦਾ ਰਾਹ. ਪਹਾ.

**ਗਡਾਵਡ:** ਦੇਖੋ, ਗਡਬਡ "ਹੋਇ ਗਡਾਵਡ ਜੁੱਧ ਮਚਾਇਆ." (ਭਾਗੁ)

**ਗਡਿ:** ਸੰਗਯਾ- ਦ੍ਰਿੜ੍ਹਧਾਰਣਾ ੨. ਵਿ- ਗਾਢ. ਦ੍ਰਿੜ੍ਹ. ਪੱਕਾ. "ਸੋ ਨਿਬਾਹੂ ਗਡਿ, ਜੋ ਚਲਾਊ ਨ ਥੀਐ." (ਵਾਰ ਮਾਰੂ ੨. ਮਃ ੫. ) ੩. ਸੰ. ਪੈਯਲ ਬੈਲ. ਕੰਮ ਦੇ ਭੈ ਕਰਕੇ ਲੇਟਣਵਾਲੀ ਬੈਲ। ੪. ਕ੍ਰਿ. ਵਿ- ਗੱਡਕੇ. ਗਾਡਕਰ.

**ਗਡਿਆ:** ਦ੍ਰਿੜ੍ਹ ਕਰਕੇ ਧਸਾਇਆ. ਠੋਕਿਆ। ੨. ਮਿਲਾਇਆ. ਸੰਬੰਧਿਤ ਹੋਇਆ. "ਪਾਪੀ ਸਿਉ ਤਨੁ ਗਡਿਆ." (ਵਾਰ ਆਸਾ) ਪਾਪੀ ਤਨੁ ਸਿਉ ਗਡਿਆ.

**ਗਡੀ:** ਦੇਖੋ, ਗੱਡੀ.

**ਗਡੀਆ:** ਸੰਗਯਾ- ਗਾੜੀ. ਗੱਡੀ. ਬਹਿਲੀ. "ਪੰਚ ਬੈਲ ਗਡੀਆ ਦੇਹ ਧਾਰੀ." (ਰਾਮ ਮਃ ੧) ਬੈਲ ਗਜਾਨਇੰਦ੍ਰੀਆਂ ਹਨ.

**ਗਡੀਹਰ:** ਸੰਗਯਾ- ਬਾਲਕਾਂ ਦੇ ਖੇਡਣ ਦਾ ਛੋਟਾ ਗੱਡਾ। ੨. ਰੇੜ੍ਹਾ, ਜਿਸ ਦਾ ਸਹਾਰਾ ਲੈ ਕੇ ਬੱਚੇ ਤੁਰਣਾ ਸਿਖਦੇ ਹਨ. "ਰਾਹ ਸਿਖਾਵਨ ਕਾਜ ਗਡੀਹਰ." (ਕ੍ਰਿਸਨਾਵ).

**ਗਡੀਰ:** ਸੰ. गाण्डिव ਗਾਂਡਿਵ. ਸੰਗਯਾ- ਗੱਠਾਂ ਵਾਲਾ ਧਨੁਖ. ਬਾਂਸ ਦੀ ਬਣੀ ਹੋਈ ਕਮਾਣ। ੨. ਕਮਾਣ. ਸ਼ਰਾਸਨ. ਧਨੁਖ. "ਅਹਿਨਿਸ ਰਹੈ ਗਡੀਰ ਚੜਾਇ." (ਰਤਨਮਾਲਾ ਬੰਨੋ) ਭਾਵ- ਕਾਮਾਦਿਕ ਵਿਕਾਰਾਂ ਦਾ ਸ਼ਿਕਾਰ ਕਰਨ ਲਈ ਜੋ ਸਦਾ ਧਨੁਖ ਚੜ੍ਹਾਕੇ ਰਖਦਾ ਹੈ.

**ਗਡੀਰਣ, ਗਡੀਰਨਾ, ਗਡੀਰਾ:** ਦੇਖੋ, ਗਡੀਹਰ. ੨. "ਹਾਥ ਗਡੀਰਨ ਪੈ ਧਰਕੈ ਪਦ ਮੰਦਹਿ ਮੰਦ ਉਠਾਵਨ ਲਾਗੇ." (ਗੁਪ੍ਰਸੂ) ੨. ਛੋਟੀ ਗੱਡੀ. ਬਹਿਲੀ. "ਗਨ ਗਡੀਰਨੇ ਪਰ ਹੈਂ ਚੀਤੇ." (ਗੁਪ੍ਰਸੂ)

**ਗਡੁ:** ਸਿੰਧੀ. ਸੰਗਯਾ- ਧੂਲਿ. ਰਜ। ੨. ਬਿਰਛ ਦਾ ਪਤਲਾ ਤੋਣਾ। ੩. ਵਿ- ਗਹਿਰਾ. ਡੂੰਘਾ। ੪. ਸੰ. ਕੁੱਬਾ। ੫. ਥੋਥਾ.

**ਗਡੂਆ:** ਸੰਗਯਾ- ਗੜਵਾ. ਲੋਟਾ। ੨. ਕਮੰਡਲੁ. "ਅੰਗਨ ਮੇ ਸਜ ਹੋਂ ਭਗਵੇ ਪਟ ਹਾਥ ਬਿਖੇ ਗਡੂਆ ਗਹਿਲੈਹੋਂ." (ਚਰਿਤ੍ਰ ੨੫੭)

**ਗਡੋਣਾ:** ਕ੍ਰਿ- ਧਸਾਉਣਾ. ਖੁਭਾਉਣਾ. ਗੱਡਣਾ.

**ਗੱਡਾ, ਗੱਡੀ:** ਸੰਗਯਾ- ਸ਼ਕਟ. ਸ਼ਕਟੀ. ਦੋ ਪਹੀਆਂ ਦਾ ਛਕੜਾ, ਜੋ ਬੋਝ ਲੱਦਣ ਲਈ ਹੁੰਦਾ ਹੈ. ਛੋਟੀ ਗਾਡੀ (ਗਾੜੀ) ਸਵਾਰੀ ਦੇ ਕੰਮ ਭੀ ਆਉਂਦੀ ਹੈ, ਅਤੇ ਕਈ ਤਰਾਂ ਦੀ ਹੁੰਦੀ ਹੈ. ਹਣ ਇਹ ਪਦ ਪਹੀਏਦਾਰ ਸਵਾਰੀ ਲਈ ਆਮ ਵਰਤੀਦਾ ਹੈ.

**ਗਢ:** ਸੰ. ਸੰਗਯਾ- ਖਾਈ. ਖੰਦਕ। ੨. ਕਿਲਾ. ਦੁਰਗ. "ਕਿਉ ਲੀਜੈ ਗਢੁ ਬੰਕਾ ਭਾਈ?" (ਭੈਰ ਕਬੀਰ)

**ਗਢਨ, ਗਢਨਾ:** ਕ੍ਰਿ- ਘੜਨਾ. "ਪਾਖਾਨ ਗਢਿਕੈ ਮੂਰਤਿ ਕੀਨੀ." (ਆਸਾ ਕਬੀਰ) "ਸੋਨਾ ਗਢਤੇ ਹਿਰੈ ਸੁਨਾਰਾ." (ਗੌਂਡ ਨਾਮਦੇਵ) ੨. ਬਣਾਉਣਾ. ਰਚਣਾ.

**ਗਢਵਾਲ:** ਯੂ. ਪੀ. ਦੇ ਇਲਾਕੇ ਕੁਮਾਊਂ ਡਿਵੀਜਨ ਦਾ ਇੱਕ ਜਿਲਾ। ੨. ਯੂ. ਪੀ. ਵਿੱਚ ਇੱਕ ਰਿਆਸਤ, ਜੋ ਹਰਿਦ੍ਵਾਰ ਦੇ ਉੱਤਰ ਵੱਲ ਹੈ. ਬਦਰੀਨਾਰਾਯਣ ਅਤੇ ਕੇਦਾਰਨਾਥ ਆਦਿਕ ਹਿੰਦੂਧਾਮ ਇਸ ਵਿੱਚ ਬਹੁਤ ਹਨ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਇਸ ਰਾਜ ਦੀ ਰਾਜਧਾਨੀ 'ਸ਼੍ਰੀਨਗਰ' ਸੀ. ਦੇਖੋ, ਸ਼੍ਰੀਨਗਰ.

**ਗਢਿਕੈ:** ਘੜਕੇ. ਦੇਖੋ, ਗਢਨ.

**ਗਢਿਯਾ, ਗਢੀਆ:** ਵਿ- ਘੜਨਵਾਲਾ. ਗਠਨ ਕਰਤਾ। ੨. ਦੇਖੋ, ਗੜੀਆ ੩.

**ਗਢੁ:** ਦੇਖੋ, ਗਢ.

**ਗਢੰਤ:** ਸੰਗਯਾ- ਘਾੜਤ। ੨. ਬਣਾਉਟੀ ਗੱਲ. ਕਪੋਲਕਲਪਨਾ.

**ਗਣ:** ਸੰ. ਸੰਗ੍ਯਾ- ਸਮੁਦਾਯ. ਗਰੋਹ. ਝੁੰਡ। ੨. ਫ਼ੌਜ ਦੀ ਇੱਕ ਖ਼ਾਸ ਗਿਣਤੀ- ਰਥ ੨੭, ਹਾਥੀ ੨੭, ਘੋੜੇ ੮੧, ਅਤੇ ਪੈਦਲ ੧੩੫। ੩. ਜਾਤੀ। ੪. ਦੇਵਤਿਆਂ ਦੇ ਦਾਸ਼, ਜਿਵੇਂ- ਯਮਗਣ, ਸ਼ਿਵਗਣ, ਆਦਿ "ਗਣ ਗੰਧਰਬ ਸਿਧ ਅਰੁ ਸਾਧਿਕ." (ਦੇਵ ਮਃ ੫) ੫. ਵ੍ਯਾਕਰਣ ਦੇ ਭ੍ਵਾਦਿ ਅਦਾਦਿ ਆਦਿ ਦਸ ਗਣ। ੬. ਨੌ ਦੇਵਤਿਆਂ ਦੀ "ਗਣ" ਸੰਗ੍ਯਾ ਇਸ ਲਈ ਹੈ ਕਿ ਉਹ ਕਈ ਕਈ ਗਿਣਤੀ ਦੇ ਹਨ. ਉਹ ਨੌ ਗਣ ਇਹ ਹਨ-

ੳ. ਅਨਿਲ (ਪਵਨ) ਉਣੰਜਾ.

ਅ. ਆਦਿਤ੍ਯ (ਸੂਰਯ) ਬਾਰਾਂ.

ੲ. ਆਭਾਸ੍ਵਰ, ਚੌਸਠ.

ਸ. ਸਾਧ੍ਯ, ਬਾਰਾਂ.

ਹ. ਤੁਸ਼ਿਤ, ਛੱਤੀ.

ਕ. ਮਹਾਰਾਜਿਕ, ਦੋ ਸੌ ਵੀਹ.

ਖ. ਰੁਦ੍ਰ, ਗਿਆਰਾਂ.

ਗ ਵਸੁ, ਅੱਠ.

ਘ. ਵਿਸ਼੍ਵੇਦੇਵਾ, ਦਸ਼.

੭. ਛੰਦਸ਼ਾਸਤ੍ਰ (ਪਿੰਗਲ) ਅਨੁਸਾਰ ਤਿੰਨ ਅੱਖਰਾਂ ਦਾ ਸਮੁਦਾਯ ਗਣ ਹੈ. ਅਤੇ ਉਨ੍ਹਾਂ ਦੀ ਗਿਣਤੀ ਅੱਠ ਹੈ-

| | | |
|---|---|---|
| ਮਗਣ | SSS | ਸਰਵਗੁਰੁ |
| ਭਗਣ | SII | ਆਦਿਗੁਰੁ |
| ਜਗਣ | ISI | ਮਧ੍ਯਗੁਰੁ |
| ਸਗਣ | ISS | ਅੰਤਗੁਰੁ |
| ਨਗਣ | III | ਸਰਵਲਘੁ |
| ਯਗਣ | ISS | ਆਦਿਲਘੁ |
| ਰਗਣ | SIS | ਮਧ੍ਯਲਘੁ |
| ਤਗਣ | SSI | ਅੰਤਲਘੁ |

੮. ਛੰਦਸ਼ਾਸਤ੍ਰ ਅਨੁਸਾਰ ਪੰਜ ਮਾਤ੍ਰਿਕ ਗਣ- ਟਗਣ ਛੀ ਮਾਤ੍ਰਾ ਦਾ, ਠਗਣ ਪੰਜ ਮਾਤ੍ਰਾ ਦਾ, ਡਗਣ ਚਾਰ ਮਾਤ੍ਰਾ ਦਾ, ਢਗਣ ਤਿੰਨ ਦਾ ਅਤੇ ਗਣਗਣ ਦੋ ਮਾਤ੍ਰਾ ਦਾ। ੯. ਸਕੰਦ ਪੁਰਾਣ ਅਨੁਸਾਰ ਇੱਕ ਦੈਤ, ਜੋ ਅਭਿਜਿਤ ਬ੍ਰਾਹਮਣ ਦੀ ਇਸਤ੍ਰੀ ਦੇ ਗਰਭ ਤੋਂ ਬ੍ਰਹਮਾ ਦੇ ਵੀਰਯ ਦ੍ਵਾਰਾ ਪੈਦਾ ਹੋਇਆ. ਇਸ ਨੂੰ ਗਣੇਸ਼ ਨੇ ਮਾਰਿਆ, ਜਿਸ ਤੋਂ ਨਾਮ ਗਣੇਸ਼ (ਗਣ- ਈਸ਼, ਗਣ ਨੂੰ ਜਿੱਤਣ ਵਾਲਾ) ਹੋਇਆ.

ਗਣਕ: ਸੰ. ਸੰਗਯਾ- ਜਯੋਤਿਸ਼ੀ, ਜੋ ਗਿਣਤੀ ਕਰਨ ਵਾਲਾ ਹੈ.

ਗਣਣਾਉਣਾ: ਕ੍ਰਿ- ਗਰਜਨ. ਇਹ ਧੁਨਿ ਦਾ ਅਨੁਕਰਣ ਹੈ. "ਸੀਂਹ ਤੁਰਿਆ ਗਣਣਾਇਕੈ." (ਚੰਡੀ ੩)

ਗਣਤ, ਗਣਤੀ: ਸੰਗਯਾ- ਗਣਨਾ. ਗਿਣਤੀ. "ਗਣਤ ਗਣਾਵੈ ਅਖਰੀ." (ਓਅੰਕਾਰ) "ਗਣਤੀ ਗਣੀ ਨ ਜਾਇ." (ਵਾਰ ਗੂਜ ੨. ਮਃ ੫)

"ਚਿੰਤ ਅੰਦੇਸਾ ਗਣਤ ਤਜਿ ਜਨ ਹੁਕਮ ਪਛਾਤਾ." (ਬਿਲਾ ਮਃ ੫) ੨. ਸਿਪਾਹੀ, ਮਜ਼ਦੂਰ ਆਦਿ ਦੀ ਹਾਜਿਰੀ ਦੀ ਗਣਨਾ (ਗਿਣਤੀ). "ਸਤਿਗੁਰ ਕੀ ਗਣਤੈ ਘੁਸੀਐ ਦੁਖੇਦੁਖ ਵਿਹਾਇ." (ਵਾਰ ਗਉ ੧. ਮਃ ੩)

ਗਣਤੈ: ਗਿਨਤੀ ਨਾਲ. "ਗਣਤੈ ਪ੍ਰਭੁ ਨ ਪਾਈਐ." (ਵਾਰ ਗੂਜ ੧. ਮਃ ੩)

ਗਣਦੇਵ: ਦੇਖੋ, ਗਣ ੬.

ਗਣਨਾ: ਸੰ. ਸੰਗਯਾ- ਗਿਣਤੀ. ਸ਼ੁਮਾਰ। ੨. ਹਿਸਾਬ.

ਗਣਨਾਇਕ, ਗਣਨਾਥ, ਗਣਨਾਯਕ, ਗਣਪ, ਗਣਪਤਿ, ਗਣਰਾਜ: ਸੰਗਯਾ- ਗਣ (ਸਭ) ਦਾ ਸ੍ਵਾਮੀ ਕਰਤਾਰ. ਜਗਤਨਾਥ। ੨. ਗਣੇਸ਼। ੩. ਸ਼ਿਵ.

ਗਣਰਾਜ ਰਦਨ: ਗਣੇਸ਼ ਦਾ ਰਦਨ (ਦੰਦ). ਇੱਕ ਗਿਣਤੀ ਬੋਧਕ, ਕਿਉਂਕਿ ਗਣੇਸ਼ ਦੇ ਇੱਕ ਦੰਦ ਹੈ. ਦੇਖੋ, ਗਣੇਸ਼.

ਗਣਾ: ਸੰ. गणय ਗਣਯ. ਵਿ- ਗਿਣਨ ਯੋਗ੍ਯ ਸ਼ੁਮਾਰ ਦੇ ਲਈ ਲਾਇਕ਼. "ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ." (ਮਾਝ ਬਾਰਹਮਾਹਾ)

ਗਣਾਉਣਾ: ਕ੍ਰਿ- ਸ਼ੁਮਾਰ ਕਰਾਉਣਾ. ਆਪਣੇ ਤਾਈਂ ਭਲੇ ਲੋਕਾਂ ਦੀ ਗਿਣਤੀ ਵਿੱਚ ਲਿਖਵਾਉਣਾ.

"ਅਣਹੋਦਾ ਆਪੁ ਗਣਾਇਦੇ." (ਵਾਰ ਵਡ ਮਃ ੩)

ਗਣਾਧਿਪ: ਸੰਗਯਾ- ਗਣ- ਅਧਿਪ ਸਭਾ ਦਾ ਸ੍ਵਾਮੀ ਕਰਤਾਰ। ੨. ਗਣ ਦੇਵਤਿਆਂ ਦਾ ਸ੍ਵਾਮੀ, ਗਣੇਸ਼। ੩. ਸ਼ਿਵ.

ਗਣਿ: ਕ੍ਰਿ. ਵਿ- ਗਿਣਤੀ ਦ੍ਵਾਰਾ. ਗਣਨ ਕਰਕੇ. "ਗਣਿ ਗਣਿ ਜੋਤਕੁ." (ਰਾਮ ਅਃ ਮਃ ੧) ੨. ਸੰ. ਸੰਗਯਾ- ਗਿਣਤੀ. ਸ਼ੁਮਾਰ.

ਗਣਿਕਾ: ਸੰ. ਸੰਗਯਾ- ਗਣ (ਬਹੁਤ) ਪਤੀਆਂ ਵਾਲੀ. ਬਹੁਤਿਆਂ ਦੀ ਇਸਤ੍ਰੀ. ਵੇਸ਼ਯਾ. ਕੰਚਨੀ. ਦੇਖੋ, ਗਨਕਾ। ੨. ਹਥਣੀ. ਗਜੀ. ਅਨੇਕ ਹਾਥੀਆਂ ਦੀ ਹੋਣ ਕਰਕੇ ਇਹ ਸੰਗਯਾ ਹੈ.

ਗਣਿਤ: ਸੰ. ਵਿ- ਗਿਣਿਆ ਹੋਇਆ। ੨. ਸੰਗਯਾ- ਹਿਸਾਬ। ੩. ਉਹ ਸ਼ਾਸਤ੍ਰ, ਜਿਸ ਵਿੱਚ ਹਿਸਾਬ ਦਾ ਨਿਰਣਾ ਹੋਵੇ.

ਗਣਿਤਗਯ: ਸੰ. ਸੰਗਯਾ- ਹਿਸਾਬ ਜਾਣਨ ਵਾਲਾ, ਜਯੋਤਿਸ਼ੀ। ੨. ਹਿਸਾਬ ਦਾ ਗ੍ਯਾਤਾ. ਹ਼ਿਸਾਬੀ. Mathematician.

ਗਣਿਤ ਵਿਦ੍ਯਾ: ਹਿਸਾਬ ਦਾ ਇਲਮ. Science of Computation (Mathematics).

ਗਣੀ: ਦੇਖੋ, ਗਣਨਾ. "ਗਣਤ ਨ ਜਾਇ ਗਣੀ." (ਸੋਰ ਮਃ ੫) ਹਿਸਾਬ ਦੀ ਗਣਨਾ (ਗਿਣਤੀ) ਨਹੀਂ ਹੋ ਸਕਦੀ.

ਗਣੇਸ: ਸੰ. ਗਣੇਸ਼. ਦੇਵਗਣ ਦਾ ਸ੍ਵਾਮੀ ਦੇਵਤਾ. [੬] ਬ੍ਰਹਮਵੈਵਰਤ ਪੁਰਾਣ ਵਿੱਚ ਲਿਖਿਆ ਹੈ ਕਿ ਵਿਸ਼ਨੁ ਦੇ ਵਰ ਨਾਲ ਪਾਰਵਤੀ ਦੇ ਪੁਤ੍ਰ ਪੈਦਾ ਹੋਇਆ. ਸਾਰੇ ਦੇਵਤਾ ਬਾਲਕ ਨੂੰ ਦੇਖਣ ਆਏ. ਜਦ ਸਾਰੇ ਦੇਵਤਾ ਦੇਖਕੇ ਪ੍ਰਸੰਨ ਹੋਏ, ਤਦ ਪਾਰਵਤੀ ਨੇ ਸ਼ਨੀ ਨੂੰ ਬਾਲਕ ਦੇਖਣ ਲਈ ਆਖਿਆ. ਜਦ ਸ਼ਨੀ ਦੀ ਨਜਰ ਪਈ, ਤਦ ਬੱਚੇ ਦਾ ਸਿਰ ਉਡ ਗਿਆ. ਪਾਰਵਤੀ ਰੋਣ ਲੱਗੀ. ਵਿਸ਼ਨੁ ਨੇ ਇੱਕ ਹਾਥੀ ਦਾ ਸਿਰ ਵੱਢਕੇ ਬਾਲਕ ਦੇ ਧੜ ਨਾਲ ਜੋੜ ਦਿੱਤਾ ਅਤੇ ਨਾਉਂ ਗਣੇਸ਼ ਥਾਪਕੇ ਕਿਹਾ ਕਿ ਸਭ ਕਾਰਯਾਂ

ਦੇ ਆਦਿ ਇਸ ਦਾ ਪੂਜਨ ਕਰੋ.

ਇਹ ਪ੍ਰਸੰਗ ਭੀ ਹੈ ਕਿ ਪਾਰਵਤੀ ਨੇ ਆਪਣੇ ਸ਼ਰੀਰ ਦੀ ਮੈਲ ਤੋਂ ਇੱਕ ਬਾਲਕ ਬਣਾਕੇ ਦਰਵਾਜ਼ੇ ਪੁਰ ਪਹਿਰੇ ਲਈ ਬੈਠਾਇਆ, ਸ਼ਿਵ ਜਦ ਆਏ ਤਾਂ ਬਾਲਕ ਨੇ ਅੰਦਰ ਜਾਣੋ ਰੋਕਿਆ, ਇਸ ਪੁਰ ਮਹਾਦੇਵ ਨੇ ਬਾਲਕ ਦਾ ਸਿਰ ਵੱਢ ਦਿੱਤਾ. ਪਾਰਵਤੀ ਦਾ ਵਿਲਾਪ ਸੁਣਕੇ ਸ਼ਿਵ ਨੇ ਹਾਥੀ ਦਾ ਸਿਰ ਧੜ ਨਾਲ ਜੋੜਕੇ ਨਾਉਂ ਗਣੇਸ਼ ਥਾਪਿਆ.

ਗਜਮੁਖ ਦੈਤ ਨਾਲ ਇੱਕ ਵਾਰ ਗਣੇਸ਼ ਦਾ ਯੁੱਧ ਹੋਇਆ, ਗਣੇਸ਼ ਨੇ ਤੀਰ ਨਾਲ ਗਜਮੁਖ ਨੂੰ ਵੇਧਨ ਕਰਕੇ ਚੂਹਾ ਬਣਾ ਲਿਆ ਅਤੇ ਆਪਣੀ ਸਵਾਰੀ ਹੇਠ ਰੱਖਿਆ.

ਪਰਸ਼ੁਰਾਮ ਇੱਕ ਵਾਰ ਸ਼ਿਵ ਨੂੰ ਮਿਲਣ ਗਿਆ, ਉਸ ਵੇਲੇ ਕਿਸੇ ਨੂੰ ਮਹਿਲ ਵਿੱਚ ਜਾਣ ਦੀ ਆਗਯਾ ਨਹੀਂ ਸੀ. ਗਣੇਸ਼ ਨੇ ਪਰਸ਼ੁਰਾਮ ਨੂੰ ਰੋਕਿਆ, ਇਸ ਪੁਰ ਦੋਹਾਂ ਦੀ ਲੜਾਈ ਹੋ ਪਈ. ਪਰਸ਼ੁਰਾਮ ਨੇ ਸ਼ਿਵ ਦਾ ਦਿੱਤਾ ਹੋਇਆ ਕੁਹਾੜਾ ਗਣੇਸ਼ ਪੁਰ ਚਲਾਇਆ ਜਿਸ ਨਾਲ ਇੱਕ ਦੰਦ ਕੱਟਿਆ ਗਿਆ, ਇਸੇ ਕਰਕੇ ਗਣੇਸ਼ ਦਾ ਨਾਉਂ ਏਕਦੰਤ- ਏਕਰਦਨ ਹੋਇਆ. ਸਕੰਦ ਪੁਰਾਣ ਦੇ ਗਣੇਸ਼ਖੰਡ ਵਿੱਚ ਕਥਾ ਹੈ ਕਿ 'ਵਰੇਣ੍ਯ' ਰਾਜੇ ਦੇ ਘਰ ਰਾਣੀ 'ਪੁਸ਼ਪਕਾ' ਦੇ ਗਰਭ ਤੋਂ ਗਣੇਸ਼ ਜੰਮਿਆ ਸੀ. ਇਸ ਦੀ ਸ਼ਕਲ ਨੂੰ ਵੇਖਕੇ ਰਾਜਾ ਡਰ ਗਿਆ ਅਤੇ ਪਾਰਸ਼੍ਵ ਮੁਨਿ ਦੇ ਆਸ਼੍ਰਮ ਪਾਸ ਸੁੱਟ ਆਇਆ. ਮੁਨਿ ਦੀ ਇਸਤ੍ਰੀ 'ਦੀਪਵਤਸਲਾ' ਨੇ ਪਾਲਿਆ ਇਸੇ ਕਰਕੇ ਗਣੇਸ਼ ਦਾ ਨਾਉਂ ਦ੍ਵੈਮਾਤੁਰ ਹੈ. ਗਣੇਸ਼ ਦਾ ਜਨਮ ਭਾਦੋਂ ਸੁਦੀ ੪. ਨੂੰ ਹੋਣਾ ਲਿਖਿਆ ਹੈ, ਇਸੇ ਕਰਕੇ ਉਸ ਦਾ ਨਾਉਂ ਗਣੇਸ਼- ਚਤੁਰਥੀ ਹੈ. ਮਾਘ ਸੁਦੀ ੪. ਭੀ ਗਣੇਸ ਚਤੁਰਥੀ ਕਹਾਉਂਦੀ ਹੈ.

ਪੁਰਾਣਾਂ ਵਿੱਚ ਇਹ ਕਥਾ ਭੀ ਹੈ ਕਿ ਗਣੇਸ਼ ਬਹੁਤ ਛੇਤੀ ਲਿਖਣ ਵਾਲਾ ਲਿਖਾਰੀ ਹੈ. [੭] ਅਤੇ ਮਹਾਭਾਰਤ ਦੀ ਪਹਿਲੀ ਪੋਥੀ ਗਣੇਸ਼ ਨੇ ਹੀ ਲਿਖੀ ਸੀ, ਵ੍ਯਾਸ ਬੋਲਦੇ ਸਨ ਅਤੇ ਗਣੇਸ਼ ਲਿਖਦਾ ਸੀ. ਗਣੇਸ਼ ਦੇ ਚਾਰ ਬਾਹਾਂ ਹਨ, ਜਿਨ੍ਹਾਂ ਵਿੱਚ ਸੰਖ, ਚਕ੍ਰ, ਅੰਕੁਸ਼ ਅਤੇ ਪਦਮ[੮] ਰੱਖਦਾ ਹੈ. ਇਸ ਦੀ ਪੂਜਾ ਦੱਖਣ ਵਿੱਚ ਸਭ ਦੇਸ਼ਾਂ ਤੋਂ ਵਿਸ਼ੇਸ਼ ਹੈ. ਦੇਖੋ, ਗਣੇਸ਼ਚਕ੍ਰ ਅਤੇ ਗਨੇਸ। ਕਰਤਾਰ, ਜੋ ਸਭ ਦਾ ਸ੍ਵਾਮੀ (ਗਣ- ਈਸ਼) ਹੈ.

ਗਣੇਸ਼ਚਕ੍ਰ: ਤੰਤ੍ਰਸ਼ਾਸਤ੍ਰ ਅਨੁਸਾਰ ਸਾਰੇ ਦੇਵਤਿਆਂ ਦੇ ਯੰਤ੍ਰ ਚਕ੍ਰ ਜੁਦੇ ਜੁਦੇ ਹੋਇਆ ਕਰਦੇ ਹਨ. ਉਪਾਸਕ ਲੋਕ ਆਪਣੇ ਆਪਣੇ ਦੇਵਤਾ ਦਾ ਚਕ੍ਰ ਆਟੇ ਸੰਧੂਰ ਆਦਿ ਨਾਲ ਬਣਾਕੇ ਪੂਜਦੇ ਹਨ. ਗਣੇਸ਼ਚਕ੍ਰ ਬਾਰਾਂ ਜਾਂ ਅੱਠ ਦਲ ਦੇ ਕਮਲ ਵਿੱਚ ਛੀ ਕੋਣ ਦਾ ਸੰਘਾੜੇ ਦੇ ਆਕਾਰ ਦਾ ਯੰਤ੍ਰ ਬਣਾਉਣ ਤੋਂ ਹੋਇਆ ਕਰਦਾ ਹੈ, ਜਿਸ ਦਾ ਚਿਤ੍ਰ ਇਹ ਹੈ[੯]-

(fig.)

ਇਸ ਦਾ ਪੀਠਮੰਤ੍ਰ ਹੈ- "ਗੰ ਸਵੰਸ਼ਕ੍ਤਿ ਕਮਲਾਸਨਾਯ ਨਮਃ"

ਯਾਗ੍ਯਵਲ੍ਕ੍ਯ ਸਿਮ੍ਰਿਤੀ ਦੇ ਗਣਪਤਿ ਕਲਪ ਪ੍ਰਕਰਣ ਵਿੱਚ ਲਿਖਿਆ ਹੈ ਕਿ ਭਦ੍ਰਾਸਨ[੧੦] ਹੇਠ ਸ੍ਵਸ੍ਤਿਕ ਚਿੰਨ੍ਹ::- (fig.) ਲਿਖਕੇ ਗਣੇਸ਼ਪੂਜਨ ਆਦਿ ਕਰਮ ਕਰੇ. ਪੁਰਾਣਾਂ ਦਾ ਵਾਕ ਭੀ ਹੈ ਕਿ "ਗਣਪਃ ਸ੍ਵਸ੍ਤਿਕੇ ਪੂਜ੍ਯਃ" ਉੱਪਰ ਲਿਖੇ ਗਣੇਸ਼ਚਕ੍ਰ ਦਾ ਹੀ ਜਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੇਣੀ ਭਗਤ ਨੇ ਕੀਤਾ ਹੈ- "ਮਿਲ ਪੂਜਸਿ ਚਕ੍ਰਗਣੇਸੰ." (ਪ੍ਰਭਾ)

ਗਣੇਸ਼ਚੌਥ: ਦੇਖੋ, ਗਣੇਸ.

ਗਤ: ਵਿ- ਜਾਣਿਆ ਹੋਇਆ। ੨. ਲਾਭ ਕੀਤਾ ਹੋਇਆ. ਪ੍ਰਾਪਤ. ਜਿਵੇਂ- ਹਸ੍ਤਗਤ। ੩. ਸਮਾਪਤ ਹੋਇਆ. ਮਿਟਿਆ. "ਗਰਬਗਤੰ ਸੁਖ ਆਤਮ ਧਿਆਨ." (ਗਉ ਅਃ ਮਃ ੧) "ਦੂਖ ਰੋਗ ਭਏ ਗਤ ਤਨ ਤੇ." (ਆਸਾ ਮਃ ੫) ੪. ਵੀਤਿਆ. ਗੁਜ਼ਰਿਆ। ੫. ਦੇਖੋ, ਗਤਿ.

ਗਤ ਅਵਗਤ: ਦੇਖੋ, ਗਤਿ ਅਵਗਤਿ.

ਗਤਕਾ: ਸੰਗ੍ਯਾ- ਗਦਾਯੁੱਧ ਦੀ ਸਿਖ੍ਯਾ ਦਾ ਪਹਿਲਾ ਅੰਗ ਸਿਖਾਉਣ ਲਈ ਇੱਕ ਡੰਡਾ, ਜੋ ਤਿੰਨ ਹੱਥ ਲੰਮਾ ਹੁੰਦਾ ਹੈ, ਇਸ ਪੁਰ ਚੰਮ ਦਾ ਖੋਲ ਚੜਿਆ ਹੁੰਦਾ ਹੈ. ਸੱਜੇ ਹੱਥ ਵਿੱਚ ਗਤਕਾ ਅਤੇ ਖੱਬੇ ਵਿੱਚ ਫਰੀ (ਛੋਟੀ ਢਾਲ) ਲੈ ਕੇ ਦੋ ਆਦਮੀ ਆਪੋ ਵਿੱਚੀ ਖੇਡਦੇ ਹਨ. ਫ਼ਾ. ☞ ਖ਼ੁਤਕਾ.

ਗਤਾ: ਗਤਿ. ਲੀਲਾ. "ਗਹਿ ਨ ਸਕਾਹ ਗਤਾ." (ਗੂਜ ਮਃ ੫) ਦੇਖੋ, ਗਤਿ ਸ਼ਬਦ.

ਗਤਾਗਤ: ਵਿ- ਗਤ- ਆਗਤ. ਗਿਆ ਆਇਆ। ੨. ਸੰਗਜਾ- ਆਵਾਗਮਨ. ਗਮਨਾਗਮਨ। ੩. ਦੇਖੋ, ਚਿਤ੍ਰਅਲੰਕਾਰ ਦਾ ਅੰਗ (ਸ)

ਗਤਾਗਤੀ: ਸੰਗਜਾ- ਆਮਦਰਫ਼ਤ. ਜਾਣਾ ਆਉਣਾ. "ਮਨ ਕੀ ਗਤਾਗਤੀ ਜੋ ਜਾਨੈ." (ਨਾਪ੍ਰ)

ਗਤਿ: ਦੇਖੋ, ਗਮ੍ ਧਾ. ਸੰ. ਸੰਗਜਾ- ਗਮਨ. ਚਾਲ. "ਕਰਪੂਰ[11] ਗਤਿ ਬਿਨ ਅਕਾਲ ਦੂਜੇ ਕਵਨ?" (ਗਜਾਨ) ੨. ਮਾਰਗ. ਰਸਤਾ. "ਗੁਰਪਰਸਾਦਿ ਮੁਕਤਿ ਗਤਿ ਪਾਏ." (ਮਾਝ ਅਃ ਮਃ ੩) ੩. ਗਿਆਨ ਵਿਦਜਾ. "ਅਪਨੀ ਗਤਿ ਮਿਤਿ ਜਾਨਹੁ ਆਪੇ." (ਸੁਖਮਨੀ) "ਗਤਿ ਮੁਕਤਿ ਘਰੈ ਮਹਿ ਪਾਇ." (ਸ੍ਰੀ ਮਃ ੩) ਮੁਕਤਿ ਪਾਉਣ ਦਾ ਇ਼ਲਮ। ੪. ਪ੍ਰਾਪਤੀ. "ਗੁਰ ਕੈ ਦਰਸਨ ਮੁਕਤਿ ਗਤਿ ਹੋਇ." (ਆਸਾ ਮਃ ੩)੫ ਮੋਕ੍ਸ਼. ਮੁਕਤਿ. "ਜਿਹ ਸਿਮਰਤ ਗਤਿ ਪਾਈਐ." (ਸਃ ਮਃ ੯) ੬. ਵਿਸ਼੍ਰਾਮ. ਇਸਥਿਤਿ. ਟਿਕਾਉ. "ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ." (ਗੂਜ ਕਬੀਰ) ੭. ਸ਼ੁੱਧੀ. ਪਵਿਤ੍ਰਤਾ. "ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ." (ਵਾਰ ਮਾਝ ਮਃ ੧) "ਅੰਤਰ ਕੀ ਗਤਿ ਤਾਹੀ ਜੀਉ." (ਸੋਰ ਮਃ ੧) ੮. ਹਾਲਤ. ਦਸ਼ਾ. "ਅੰਤਰ ਕੀ ਗਤਿ ਤੁਮਹੀ ਜਾਨੀ." (ਸੋਰ ਮਃ ੫) "ਰੇ ਮਨ! ਕਉਨ ਗਤਿ ਹੋਇਹੈ ਤੇਰੀ?" (ਜੈਜਾ ਮਃ ੯) ੯. ਵਿਧਿ. ਤਰੀਕਾ. ਢੰਗ. ਜੁਗਤਿ."ਰਾਮਭਜਨ ਕੀ ਗਤਿ ਨਹਿ ਜਾਨੀ." (ਸੋਰ ਮਃ ੯) ੧੦. ਸਿਤਾਰ ਦੀ ਸਰਗਮ ਦਾ ਜੋੜ ਅਤੇ ਮ੍ਰਿਦੰਗ ਦਾ ਬੋਲ. ਦੇਖੋ ਜਤਿ ੩.। ੧੧. ਦਖ਼ਲ. ਪ੍ਰਵੇਸ਼। ੧੨. ਲੀਲਾ. ਖੇਲ. "ਹਰਿ ਕੀ ਗਤਿ ਨਹਿ ਕੋਊ ਜਾਨੈ." (ਬਿਹਾ ਮਃ ੯) ੧੩. ਨਤੀਜਾ. ਫਲ। ੧੪. ਵਿ- ਗਤ. ਪ੍ਰਾਪਤ ਹੋਇਆ. "ਅੰਤਰਗਤਿ ਤੀਰਥਿ ਮਲਿ ਨਾਉ." (ਜਪੁ) ਅੰਤਰਗਤ ਤੀਰਥ (ਆਤਮਤੀਰਥ) ਵਿੱਚ ਮਲਕੇ (ਮੈਲ ਉਤਾਰਕੇ) ਨ੍ਹਾਉ. ਭਾਵ- ਬਾਹਰਲੇ ਤੀਰਥਾਂ ਤੋਂ ਗਤਿ ਨਹੀਂ.

ਗਤਿ ਅਪਗਤਿ, ਗਤਿ ਅਵਗਤਿ, ਗਤਿ ਅਵਿਗਤਿ: ਸੰਗਜਾ- ਉੱਤਮ ਅਤੇ ਮੰਦ ਗਤਿ. ਉੱਪਰ ਅਤੇ ਹੇਠ ਜਾਣ ਦੀ ਕ੍ਰਿਯਾ. ਉਚਨੀਚ ਗਤਿ. ਚੜ੍ਹਾਉ ਉਤਰਾਉ. "ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ." (ਆਸਾ ਛੰਤ ਮਃ ੩) "ਗਤਿ ਅਵਗਤਿ ਕੀ ਸਾਰ ਨ ਜਾਣੈ." (ਮਾਰੂ ਸੋਲਹੇ ਮਃ ੧)

ਗਤਿਕੈ: ਕ੍ਰਿ. ਵਿ- ਪ੍ਰਾਪ੍ਤ ਕਰਕੇ. ਹਾਸਿਲ ਕਰਕੇ.

ਗਤਿਚਿਤ੍ਰ: ਦੇਖੋ, ਚਿਤ੍ਰਅਲੰਕਾਰ ਦਾ ਅੰਗ (ਸ)

ਗਤਿਪਤਿ: ਸੰਗਜਾ- ਮੋਕ੍ਸ਼ (ਮੁਕਤਿ) ਦਾ ਸ੍ਵਾਮੀ, ਕਰਤਾਰ। ੨. ਮੁਕਤਿ ਅਤੇ ਪ੍ਰਤਿਸ਼੍ਠਾ। ੩. ਭਾਵ- ਮੋਖ ਅਤੇ ਭੋਗ.

ਗਤਿਬਿਵਾਨ: ਦੇਖੋ, ਬਿਵਾਨਗਤਿ.

ਗਤਿਮਿਤਿ: ਸੰਗਜਾ- ਗਜਾਨ ਦੀ ਅਵਧਿ. ਆਤਮਵਿਦਜਾ ਦੀ ਹੱਦ। ੩. ਗਜਾਨ ਅਤੇ ਮਰਯਾਦਾ. "ਗਤਿਮਿਤਿ ਸਬਦੇ ਪਾਏ." (ਵਾਰ ਬਿਹਾ ਮਃ ੩) ੩. ਲੀਲਾ ਦਾ ਅੰਤ. "ਤੁਮਰੀ ਗਤਿ ਮਿਤਿ ਤੁਮਹੀ ਜਾਨੀ." (ਸੁਖਮਨੀ)

ਗਤਿ ਮੁਕਤਿ: ਸੰਗਜਾ- ਮੁਕਤਿ ਪਾਉਣ ਦੀ ਰੀਤਿ. "ਗਤਿ ਮੁਕਤਿ ਘਰੈ ਮਹਿ ਪਾਇ." (ਸ੍ਰੀ ਮਃ ੩) ੨. ਮੁਕਤਿ ਦੀ ਪ੍ਰਾਪਤੀ. "ਗਤਿ ਮੁਕਤਿ ਕਦੇ ਨ ਹੋਵਈ." (ਮਲਾ ਮਃ ੩)

ਗਤਿਵਿਦਜਾ: ਚਾਲ (ਰਫ਼ਤਾਰ) ਜਾਣਨ ਦਾ ਇਲਮ. ਇਸ ਵਿਦਜਾ ਤੋਂ ਰੌਸ਼ਨੀ, ਆਵਾਜ਼, ਪੌਣ ਦੀ ਲਹਿਰ, ਸਮੁੰਦਰ ਦੇ ਤਰੰਗ, ਦਿਲ ਦੀ ਹਰਕਤ, ਪੈਦਲ ਰਸਾਲੇ ਆਦਿਕ ਫੌਜਾਂ ਦੀ ਰਫ਼ਤਾਰ ਆਦਿ ਅਨੇਕ ਲਾਭਦਾਇਕ ਗੱਲਾਂ ਜਾਣੀਦੀਆਂ ਹਨ. ਗਤਿਵਿਦਜਾ ਦਾ ਗਜਾਤਾ ਹੀ ਸੰਸਾਰ ਵਿੱਚ ਸੁਖ ਨਾਲ ਜੀਵਨ ਵਿਤਾ ਸਕਦਾ ਹੈ.

ਗਤੀ: ਦੇਖੋ, ਗਤਿ. "ਲਾਲਨ ਰਾਵਿਆ ਕਵਨੁ ਗਤੀ ਰੀ?" (ਸੂਹੀ ਮਃ ੫) ਕਿਸ ਰੀਤਿ (ਢੰਗ) ਰਾਵਿਆ?

ਗਤੁ: ਨਸ੍ਰਿ. ਦੇਖੋ, ਗਤ. "ਅਪਿਓ ਪੀਓ ਗਤੁ ਥੀਓ ਭਰਮਾ." (ਜੈਤ ਮਃ ੫) ੨. ਸੰ ਗਾਤੁ ਗਾਤ੍ਰ. ਸੰਗਜਾ- ਮਾਰਗ. ਰਸਤਾ.

ਰਾਹ. "ਜਰਾ ਮਰਣ ਗਤੁ ਗਰਬ ਨਿਵਾਰੇ." (ਗਉ ਅ: ਮ: ੧)

ਗਤੇ: ਚਲੇ ਗਏ. "ਮੁਖ ਭਾਖ ਗਤੇ ਨ ਪਿਖੈਂ ਦੁਖ ਦੀਨਾ." (ਨਾਪ੍ਰ) ੨. ਬੀਤੇ. ਗੁਜਰੇ.

ਗੱਤਲਾ: ਸੰਗਜਾ- ਮਾਸ ਦਾ ਟੁਕੜਾ. ਬੋਟੀ. "ਸਰੋਣ ਮਾਸ ਗੱਤਲੇ." (ਪੰਪ੍ਰ) ੨. ਟੂਕ. ਖੰਡ.

ਗੱਤਾ: ਸੰਗਜਾ- ਲੱਕੜੀ ਅਥਵਾ ਕ਼ਾਗਜ਼ ਦਾ ਤਖ਼ਤਾ, ਜੋ ਪੋਥੀ ਦੀ ਰਖਜਾ ਵਾਸਤੇ ਲਗਾਇਆ ਜਾਂਦਾ ਹੈ.

ਗਥ: ਦੇਖੋ, ਗਥੁ.

ਗਥਈ: ਗਤ ਭਏ. ਨਾਸ਼ ਹੋਏ. "ਸਭ ਕਿਲਵਿਖ ਪਾਪ ਗਥਈ." (ਕਲਿ ਮ: ੪)

ਗਥੁ, ਗੱਥ: ਪ੍ਰਾ. गत्थ ਸੰਗਜਾ- ਪੂੰਜੀ. ਮੂਲਧਨ. "ਬਿਨ ਨਾਵੈ ਗਥੁ ਗਇਆ ਗਵਾਏ." (ਮਾਰੂ ਸੋਲਹੇ ਮ: ੧) ੨. ਸਮੁਦਾਯ. ਗਰੋਹ। ੩. ਗਾਥਾ. ਕਥਾ.

ਗਦ: ਸੰ. ਸੰਗਜਾ- ਵਿਸ਼. ਜ਼ਹਿਰ। ੨. ਰੋਗ. ਬੀਮਾਰੀ. "ਵਿਪ੍ਰ ਜਾਤਿਮਦ ਵਿਦਜਾਮਦ ਹੈ। ਯਾਂਤੇ ਅੰਧ ਅਧਿਕ ਵ੍ਹੈ ਗਦ ਹੈ." (ਗੁਪ੍ਰਸੁ) ੩. ਕ੍ਰਿਸ਼ਨ ਜੀ ਦਾ ਛੋਟਾ ਭਾਈ। ੪. ਕਥਨ. ਕਹਿਣਾ. ੫. ਵਾਯੁਪੁਰਾਣ ਅਨੁਸਾਰ ਇੱਕ ਅਸੁਰ ਦੇਖੋ, ਗਦਾਧਰ। ੬. ਦੇਖੋ, ਗੱਦ.

ਗਦਹਾ: ਸੰਗਜਾ- ਗਧਾ. ਗਰਦਭ. "ਪਹਿਰਿ ਚੋਲਨਾ ਗਦਹਾ ਨਾਚੈ." (ਆਸਾ ਕਬੀਰ) ਦੇਖੋ, ਫੀਲੁ। ੨. ਸੰ. ਵੈਦ, ਜੋ ਗਦ (ਰੋਗ) ਨਾਸ਼ ਕਰਦਾ ਹੈ. "ਯਾਗਦ ਕੋ ਗਦਹਾ ਕਜਾ ਕਰਿਯੈ?" (ਚਰਿਤ੍ਰ ੧੭੨) "ਅਤਿ ਹਾਸੀ ਗਦਹਾ ਕੋ ਭਈ." (ਚਰਿਤ੍ਰ ੬੮) ਵੈਦ ਨੂੰ ਬਹੁਤ ਮਖ਼ੌਲ ਹੋਇਆ.

ਗਦਹੀ: ਸੰਗਜਾ- ਗਰਦਭੀ. ਗਧੀ"ਗਦਹੀ ਹੁਇਕੈ ਅਉਤਰੈ." (ਸ. ਕਬੀਰ)

ਗਦਹੁ: ਸੰਗਜਾ- ਗਧਾ. ਗਰਦਭ.। ੨. ਗਧੇ ਨੂੰ. "ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ." (ਵਾਰ ਸੂਹੀ ਮ: ੧)

ਗਦਗਦ: ਸੰ. गद्गद ਸੰਗਜਾ- ਅਜਿਹੀ ਗਦ (ਆਵਾਜ਼), ਜੋ ਸਾਫ ਨਾ ਸਮਝੀ ਜਾਵੇ. ਸ਼ੋਕ ਜਾਂ ਖ਼ੁਸ਼ੀ ਨਾਲ ਰੁਕੇ ਹੋਏ ਕੰਠ ਵਿੱਚੋਂ ਨਿਕਲੀ ਧੁਨਿ. "ਗਦਗਦ ਬਾਨੀ ਭਾਈ ਮਹਾਨੀ." (ਸਲੋਹ)

ਗਦਰ: ਅ਼. غدر ਗ਼ਦਰ. ਸੰਗਜਾ- ਬੇਵਫ਼ਾਈ। ੨. ਹਿਲਚਲ। ੩. ਉਪਦ੍ਰਵ। ੪. ਵਿਦ੍ਰੋਹ. ਬਗ਼ਾਵਤ। ੫. ਦੇਖੋ, ਚੌਦਹ ਦਾ ਗਦਰ.

ਗਦਰੀ: ਵਿ- ਗ਼ਦਰ (ਬਗ਼ਾਵਤ) ਕਰਨ ਵਾਲਾ। ੨. ਅਧਪੱਕੀ. ਦੇਖੋ, ਗੱਦਰ. "ਕਾਚੀ ਗਦਰੀ ਪਾਕ ਖਰੀ ਹੈ." (ਗੁਪ੍ਰਸੁ)

ਗਦਾ: ਸੰ. ਸੰਗਜਾ- ਮੁਦਗਰ (ਮੁਗਦਰ). ਮੂਸਲ. ਦੇਖੋ, ਗਦਾਧਰ. "ਗਰੀਬੀ ਗਦਾ ਹਮਾਰੀ." (ਸੋਰ ਮ: ੫) ਦੇਖੋ, ਸ਼ਸਤ੍ਰ। ੨. ਫ਼ਾ. گدا ਫ਼ਕ਼ੀਰ. ਮੰਗਤਾ.

ਗਦਾਈ: ਫ਼ਾ. ਸੰਗਜਾ- ਮੰਗਤਾਪਨ. ਭਿਖਜਾ ਮੰਗਣ ਦੀ ਕ੍ਰਿਯਾ.

ਗਦਾਸੁਰ: ਗਦ ਨਾਮਕ ਅਸੁਰ. ਦੇਖੋ, ਗਦਾਧਰ.

ਗਦਾਹਵ: ਗਦਾ- ਆਹਵ. ਗਦਾਯੁੱਧ. ਗਦਾ ਨਾਲ ਆਹਵ (ਲੜਾਈ) ਕਰਨੀ. "ਜੈਸੇ ਗਦਾਹਵ ਕੀ ਵਿਧਿ ਹੈ." (ਕ੍ਰਿਸਨਾਵ)

ਗਦਾਧਰ: ਸੰਗਜਾ- ਗਦਾ ਰੱਖਣ ਵਾਲਾ ਵਿਸ਼ਨੁ, ਜਿਸ ਦੀ ਕੌਮੋਦਕੀ ਗਦਾ ਪ੍ਰਸਿੱਧ ਹੈ. ਵਾਯੁਪੁਰਾਣ ਵਿੱਚ ਲਿਖਿਆ ਹੈ ਕਿ ਹੇਤਿਰਕ੍ਸ਼ ਨਾਮਕ ਪ੍ਰਤਾਪੀ ਰਾਜਾ ਬ੍ਰਹਮਾ ਤੋਂ ਵਰ ਲੈ ਕੇ ਤ੍ਰਿਲੋਕ ਵਿੱਚ ਅਜਿਤ ਹੋ ਗਿਆ, ਉਸ ਦੇ ਦੁਖਾਏ ਦੇਵਤੇ ਵਿਸ਼ਨੁ ਪਾਸ ਗਏ. ਵਿਸ਼ਨੁ ਨੇ ਆਖਿਆ ਕਿ ਜੇ ਤੁਸੀਂ ਮੈਨੂੰ ਕੋਈ ਕਰੜਾ ਸ਼ਸਤ੍ਰ ਲਿਆਕੇ ਦੇਓਂ, ਤਾਂ ਮੈਂ ਹੇਤਿਰਕ੍ਸ਼ ਨੂੰ ਮਾਰ ਸਕਾਂਗਾ, ਇਸ

ਪੁਰ ਦੇਵਤਿਆਂ ਨੇ 'ਗਦਾਸੁਰ' ਦੀ ਵਜ੍ਰ ਜੇਹੀ ਹੱਡੀਆਂ ਦਾ ਮੂਸਲ ਤਿਆਰ ਕਰਕੇ ਵਿਸ਼ਨੁ ਨੂੰ ਦਿੱਤਾ, ਜਿਸ ਨਾਲ ਹੇਤਿਰਕ ਮਾਰਿਆ, ਅਤੇ ਇਸ ਗਦਾ (ਸ਼ਸਤ੍ਰ) ਦੇ ਧਾਰਣ ਕਰਕੇ ਵਿਸ਼ਨੁ ਦਾ ਨਾਉਂ 'ਗਦਾਧਰ' ਹੋਇਆ.

ਗਦਾਯੁੱਧ: ਦੇਖੋ, ਗਦਾਹਵ.

ਗਦਿਤ: ਵਿ- ਕਹਿਆ ਹੋਇਆ. ਕਥਿਤ। ੨. ਸੰਗਯਾ- ਕਥਨ. ਬਿਆਨ.

ਗਦੀ: ਵਿ- ਗਦਾਵਾਲਾ. ਜਿਸ ਪਾਸ ਗਦਾ ਹੈ। ੨. ਗਦ (ਰੋਗ) ਵਾਲਾ. ਰੋਗੀ। ੩. ਸੰਗਯਾ- ਪਵਨ ਦੇਵਤਾ, ਜੋ ਹੱਥ ਗਦਾ ਰਖਦਾ ਹੈ. (ਸਨਾਮਾ) ੪. ਭੀਮਸੈਨ। ੫. ਦੁਰਯੋਧਨ. (ਸਨਾਮਾ) ੬. ਵਿਸ਼ਨੁ। ੭. ਹਨੂਮਾਨ। ੮. ਦੇਖੋ, ਗੱਦੀ.

ਗਦੂਦ: ਅ਼. غدُوُد ਗ਼ਦੂਦ. ਸੰਗਯਾ- ਬਹੁਵਚਨ (ਗ਼ੁੱਦਹ) ਦਾ. ਗਿਲਟੀਆਂ. ਫੋੜੇ. "ਮਲੇਰਿਯਨ ਮੇ ਥੇ ਬਡੇ ਗਦੂਦ." (ਪ੍ਰਾਪੰਪ੍ਰ) ਭਾਵ- ਦਿਲ ਵਿੱਚ ਚੋਭ.

ਗਦੇਲਾ: ਸੰਗਯਾ- ਰੂਈ ਆਦਿਕ ਨਾਲ ਭਰਿਆ ਹੋਇਆ ਮੋਟਾ ਵਸਤ੍ਰ, ਜੋ ਹੇਠ ਵਿਛਾਈਦਾ ਹੈ. ਗੱਦਾ.

ਗੱਦ: ਅਨੁ ਗਦਾਕਾ. ਕਿਸੇ ਭਾਰੀ ਚੀਜ਼ ਦੇ ਡਿੱਗਣ ਤੋਂ ਹੋਇਆ ਸ਼ਬਦ। ੨. ਗਾਂਵ ਦੀ ਹੱਦ ਸ਼ਬਦ ਦਾ ਸੰਖੇਪ. ਠੱਡਾ ਤੋਖਾ. ਸੀਮਾਚਿੰਨ੍ਹ. "ਸੈਲਪਤੀ ਦੋਹਾਨ ਮੇ ਲਗਯੋ ਗੁਰੂ ਕੇ ਗੱਦ." (ਗੁਪ੍ਰਸੂ) ੩. ਗਦਾ ਮੂਸਲ. "ਸੁਣੇ ਗੱਦ ਸੱਦੰ." (ਵਿਚਿਤ੍ਰ) ਗਦਾ ਸ਼ਬਦ ਸੁਣੇ। ੪. ਦੇਖੋ, ਗਦਯ.

ਗੱਦਰ: ਵਿ- ਅਧਪੱਕਾ.

ਗੱਦਾ: ਦੇਖੋ, ਗਦੇਲਾ.

ਗੱਦੀ: ਸੰਗਯਾ- ਛੋਟਾ ਗਦੇਲਾ। ੨. ਰਾਜਾ ਦਾ ਸਿੰਘਾਸਨ। ੩. ਮਹੰਤ ਦਾ ਆਸਨ। ੪. ਪਹਾੜੀ ਇ਼ਲਾਕ਼ੇ ਵਿੱਚ ਇੱਕ ਦ੍ਵਿਜ ਜਾਤਿ ਹੈ ਜੋ, ਜਨੇਊ ਦਾ ਅਧਿਕਾਰ ਰੱਖਦੀ ਹੈ. ਗੁਰੁਪ੍ਰਤਾਪਸੂਰਯ ਵਿੱਚ ਇਸ ਜਾਤਿ ਦਾ ਨਾਉਂ "ਗਧੀਲਾ" ਲਿਖਿਆ ਹੈ। ੫. ਇੱਕ ਨੀਚ ਜਾਤਿ, ਜੋ ਭੇਡ ਗਧੇ ਆਦਿਕ ਰਖਦੀ ਹੈ ਅਤੇ ਖ਼ਾਨਾਬਦੋਸ਼ ਹੈ.

ਗੱਦੀਆਲ: ਜਿਲਾ ਹੁਸ਼ਿਆਰਪੁਰ, ਥਾਣਾ ਨੂਰਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੧੩ ਮੀਲ ਪੂਰਵ ਹੈ. ਖੇੜਾ ਕਲਮੋਟ ਨੂੰ ਫ਼ਤੇ ਕਰਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਇਸ ਥਾਂ ਕੁਝ ਕਾਲ ਠਹਿਰੇ ਹਨ. ਪਿੰਡ ਦੇ ਨਾਲ ਹੀ ਪੱਛਮ ਵੱਲ ਮੰਜੀ ਸਾਹਿਬ ਹੈ.

ਗੱਦੀਨਸ਼ੀਨ: ਵਿ- ਗੱਦੀ ਉੱਪਰ ਬੈਠਣ ਵਾਲਾ। ੨. ਸੰਗਯਾ- ਰਾਜਾ। ੩. ਕਿਸੇ ਧਰਮ ਅਸਥਾਨ ਦਾ ਮਹੰਤ.

ਗੱਦੋਂ: ਸੰਗਯਾ- ਗਧਾ. ਖੋਤਾ. ਗਰਦਭ.

ਗਦਯ: ਵਿ- ਕਥਨ ਯੋਗਯ. ਕਹਿਣ ਲਾਇਕ਼। ੨. ਸੰਗਯਾ- ਵਾਰਤਿਕ ਕਾਵਯ. ਨਸਰ.

ਗਧਾ: ਸੰਗਯਾ- ਗਰਦੰਭ. ਖੋਤਾ। ੨. ਭਾਵ- ਵਿਦਯਾ ਬੁੱਧਿਹੀਂਨ. ਮੂਰਖ.

ਗਧੀ ਚੁੰਘਣੀ: ਖ਼ਾ. ਕ੍ਰਿ- ਹੁੱਕਾ ਪੀਣਾ. ਨੜੀ ਜਾਂ ਨਲੀ ਨਾਲ ਤਮਾਕੂ ਦਾ ਧੂਆਂ ਖਿੱਚਣਾ.

ਗਨ: ਦੇਖੋ, ਗਣ। ੨. ਗਣਨਾ. ਗਿਣਤੀ. ਸ਼ੁਮਾਰ. "ਏ ਅਵ ਗਨ ਕਤ ਜਾਹੀ?" (ਗਉ ਕਬੀਰ) ੩. ਦੇਖੋ, ਗੰਨ.

ਗਨਕ: ਦੇਖੋ, ਗਣਕ। ੨. ਦੇਖੋ, ਗਣਿਕਾ ਅਤੇ ਗਨਕਾ. "ਪੜਿ ਸੂਆ ਗਨਕ ਉਧਾਰੇ." (ਨਟ ਅਃ ਮਃ ੪)

ਗਨਕਾ: ਸੰ. ਗਣਿਕਾ. ਸੰਗਯਾ- ਵੇਸ਼ਯਾ. ਕੰਚਨੀ. ਦੇਖੋ, ਗਣਿਕਾ. ਗੁਰਬਾਣੀ ਵਿੱਚ ਦੋ ਗਨਿਕਾ ਦਾ ਪ੍ਰਸੰਗ ਆਉਂਦਾ ਹੈ. ਇੱਕ ਪਿੰਗਲਾ, ਜੋ ਰਾਜਾ ਜਨਕ ਦੀ ਪੁਰੀ ਵਿੱਚ ਰਹਿੰਦੀ ਸੀ. ਇੱਕ ਰਾਤ ਇਸ ਨੂੰ ਕੋਈ ਕਾਮੀ ਪੁਰਖ ਨਾ ਮਿਲਿਆ. ਅੱਧੀ ਰਾਤ

ਵੀਤਣ ਪੁਰ ਮਨ ਨੂੰ ਪਛਤਾਵਾ ਹੋਇਆ ਅਤੇ ਖ਼ਿਆਲ ਉਪਜਿਆ ਕਿ ਜੇ ਇਤਨਾ ਧ੍ਯਾਨ ਅਤੇ ਪਿਆਰ ਕਰਤਾਰ ਵੱਲ ਜੋੜਦੀ, ਤਦ ਕੇਹਾ ਉੱਤਮ ਫਲ ਹੁੰਦਾ. ਉਸੇ ਵੇਲੇ ਸਭ ਕੁਕਰਮ ਛੱਡਕੇ ਕਰਤਾਰ ਪਰਾਇਣ ਹੋਈ ਅਤੇ ਪਵਿਤ੍ਰ ਜੀਵਨ ਵਿਤਾਇਆ. ਇਸੇ ਗਨਿਕਾ ਨੂੰ ਦੱਤਾਤ੍ਰੇਯ ਜੀ ਨੇ ਗੁਰੂ ਕਲਪਿਆ ਸੀ. "ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ." (ਕੇਦਾ ਰਵਿਦਾਸ)

ਦੂਜੀ ਗਨਿਕਾ ਉਹ ਸੀ, ਜਿਸ ਨੂੰ ਕਿਸੇ ਸਾਧੂ ਨੇ ਤੋਤਾ ਦੇ ਕੇ ਹਰਿਨਾਮ ਸਿਖਾਉਣ ਦਾ ਉਪਦੇਸ਼ ਦਿੱਤਾ ਅਤੇ ਉਹ ਨਾਮਅਭ੍ਯਾਸ ਵਿੱਚ ਲੱਗਕੇ ਪਵਿਤ੍ਰਾਤਮਾ ਹੋ ਗਈ. "ਗਨਿਕਾ ਉਧਰੀ ਹਰਿ ਕਹੈ ਤੋਤ." (ਬਸੰ ਅ: ਮ: ੫) "ਜਿਹ ਸਿਮਰਤ ਗਨਕਾ ਸੀ ਉਧਰੀ." (ਸੋਰ ਮ: ੯) ਦੇਖੋ ਗਨਿਕਾ.

ਗਨਕਾਪ੍ਰਸੰਗੀ: ਵੇਸ਼੍ਯਾਗਾਮੀ. ਗਣਿਕਾ ਭੋਗਣ ਵਾਲਾ.

ਲਾਜ ਕੋ ਨ ਲੇਸ਼ ਰਹੈ ਘਰ ਮੇ ਕਲੇਸ਼ ਰਹੈ

ਛਲ ਕੋ ਪ੍ਰਵੇਸ਼ ਰਹੈ ਮੂੜ੍ਹ ਮਤਿਭੰਗੀ ਕੋ,

ਕੁਲ ਕੋ ਨ ਮੋਹ ਰਹੈ ਵਾਮ ਸੋ ਵਿਛੋਹ ਰਹੈ

ਪਾਰਸ ਕੀ ਟੋਹ ਰਹੈ ਯਾ ਰਸ ਉਮੰਗੀ ਕੋ,

ਸਾਚ ਸੋ ਨ ਮੇਲ ਰਹੈ ਝੂਠ ਸੋ ਝਮੇਲ ਰਹੈ

ਹਾਰ ਨ ਹਮੇਲ ਰਹੈ ਉੱਧਤਅਨੰਗੀ ਕੋ,

ਸਾਜੀ ਨਿਤ ਸੇਜ ਰਹੈ ਧਨ ਕਾ ਨ ਹੇਜ ਰਹੈ

ਤਨ ਕਾ ਨ ਤੇਜ ਰਹੈ ਗਨਕਾ ਪ੍ਰਸੰਗੀ ਕੋ.

ਗਨਕਾਵਾੜਾ: ਗਣਿਕਾ (ਵੇਸ਼੍ਯਾ) ਦਾ ਹਾਤਾ. ਕੰਚਨੀਆਂ ਦਾ ਅੱਡਾ. ਚਕਲਾ. "ਗਨਕਾਵਾੜੇ ਜਾਇ ਖਲੋਤਾ." (ਭਾਗੁ)

ਗਨਣ, ਗਨਣੁ: ਦੇਖੋ, ਗਣਨ ਅਤੇ ਗਣਨਾ. "ਗਨਣ ਨ ਜਾਈ ਕੀਮ ਨ ਪਾਇ." (ਰਾਮ ਮ: ੫) "ਤੇ ਦੁਖੀਆ ਮਹਿ ਗਨਣੇ." (ਸੋਰ ਮ: ੫)

ਗਨਮਿਨ: ਦੇਖੋ, ਗਨਿਮਿਨਿ.

ਗਨਲਾ: ਦੇਖੋ, ਗੰਨਲਾ.

ਗਨਿ: ਗਿਣਕੇ. ਗਣਨਾ ਕਰਕੇ. ਦੇਖੋ, ਗਨਿਮਿਨਿ.

ਗਨਿਕਾ: ਦੇਖੋ, ਗਣਿਕਾ ਅਤੇ ਗਨਕਾ. "ਤਾਰੀਲੇ ਗਨਿਕਾ ਬਿਨ ਰੂਪ ਕੁਬਿਜਾ." (ਗਉ ਨਾਮਦੇਵ)

ਗਨਿ ਮਿਨਿ: ਕ੍ਰਿ. ਵਿ- ਗਿਣ ਮਿਣਕੇ. ਪੂਰੀ ਜਾਂਚ ਅਤੇ ਧ੍ਯਾਨ ਕਰਕੇ. "ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ." (ਬਾਵਨ)

ਗਨੀ: ਗਣਨਾ ਕਰਾਂ. ਗਿਣਾਂ. ਮੈਂ ਗਿਣਾਂ. "ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ?" (ਸੁਖਮਨੀ) "ਵਿਚਿ ਵਰਤੈ ਨਾਨਕ ਆਪਿ ਝੂਠ ਕਹੁ ਕਿਆ ਗਨੀ?" (ਤਿਲੰ ਮ: ੪) ੨. ਅ਼. غنی ਗ਼ਨੀ. ਧਨਵਾਨ. ਧਨੀ. "ਊਹਾ ਗਨੀ ਬਸਹਿ ਮਾਮੂਰ" (ਗਉ ਰਵਿਦਾਸ) "ਜਿਨਿ ਤੂ ਧਿਆਇਆ ਸੇ ਗਨੀ." (ਬਸੰ ਮ: ੫) ੩. . ਕੁਰਾਨ ਵਿੱਚ ਲਿਖੇ ਹੋਏ ਖ਼ੁਦਾ ਦੇ ੯੯ ਅਥਵਾ ੧੦੦ ਗੁਣਵਾਚਕ ਨਾਮਾ ਵਿੱਚੋਂ ਇੱਕ ਨਾਮ. "ਕਰੀਮਾ ਰਹੀਮਾ ਅਲਾਹ ਤੂੰ ਗਨੀ." (ਤਿਲੰ ਨਾਮਦੇਵ)

ਗਨੀਆ: ਗਿਣੀ ਗਈ ਹਾਂ. ਸ਼ੁਮਾਰ ਵਿੱਚ ਆਈ ਹਾਂ. "ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ." (ਆਸਾ ਅ: ੫) ੨.

ਗਿਣਨ ਵਾਲਾ. ਗਣਿਕ.

ਗ਼ਨੀਖ਼ਾਂ: غنی خاں ਮਾਛੀਵਾੜੇ ਦਾ ਵਸਨੀਕ ਪਠਾਣ, ਜੋ ਨਬੀਖ਼ਾਂ ਦਾ ਵਡਾ ਭਾਈ ਸੀ. ਇਹ ਦੋਵੇਂ ਭਾਈ ਦਸ਼ਮੇਸ਼ ਪਾਸ ਕੁਝ ਕਾਲ ਨੌਕਰ ਰਹੇ ਸਨ. ਜਦ ਚਮਕੌਰ ਤੋਂ ਚਲਕੇ ਕਲਗੀਧਰ ਮਾਛੀਵਾੜੇ ਆਏ, ਤਦ ਏਹ ਪ੍ਰੇਮਭਾਵ ਨਾਲ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਿਰ ਹੋਏ ਅਤੇ ਸਤਿਗੁਰੂ ਦਾ ਪਲੰਘ ਉਠਾਕੇ ਹੇਹਰ ਪਿੰਡ ਤੀਕ ਸਾਥ ਰਹੇ. ਜਗਤਗੁਰੂ ਨੇ ਇਸ ਥਾਂ ਤੋਂ ਇਨ੍ਹਾਂ ਨੂੰ ਵਿਦਾ ਕਰਨ ਵੇਲੇ. ਹੁਕਮਨਾਮਾ ਬਖ਼ਸ਼ਿਆ, ਜਿਸ ਵਿੱਚ ਲਿਖਿਆ ਹੈ ਕਿ ਗਨੀਖ਼ਾਂ ਅਤੇ ਨਬੀਖ਼ਾਂ ਸਾਨੂੰ ਪੁੱਤ੍ਰਾਂ ਤੋਂ ਵਧਕੇ ਪਿਆਰੇ ਹਨ.

ਸਿੱਖਰਿਆਸਤਾਂ ਤੋਂ ਇਨ੍ਹਾਂ ਦੀ ਔਲਾਦ ਨੂੰ ਸਾਲਾਨਾ ਬੰਧਾਨ ਮਿਲਦੇ ਹਨ ਅਤੇ ਗੁਰਸਿੱਖ ਭੀ ਹਰ ਤਰਾਂ ਸਨਮਾਨ ਕਰਦੇ ਹਨ.

ਗ਼ਨੀਮ: ਅ਼. غنیم ਸੰਗਯਾ- ਲੁਟੇਰਾ. ਡਾਕੂ। ੨. ਵੈਰੀ. ਦੁਸ਼ਮਨ.

ਗ਼ਨੀਮਤ: ਅ਼. غنیمت ਸੰਗਯਾ- ਲੁੱਟ ਦਾ ਮਾਲ. ਬਿਨਾ ਮਿਹਨਤ ਮਿਲਿਆ ਹੋਇਆ ਧਨ.

ਗਨੀਮੁਲ ਸਿਕਸਤੈ: (ਜਾਪੁ) ਗ਼ਨੀਮਾਂ ਨੂੰ ਸ਼ਿਕਨਿੰਦਹ (ਤੋੜਨ ਵਾਲਾ) ਹੈ. ਵੈਰੀਆਂ ਨੂੰ ਭੰਨਣ ਵਾਲਾ ਹੈ.

ਗ਼ਨੀਮੁਲ ਖ਼ਿਰਾਜ ਹੈ: (ਜਾਪ) ਗ਼ਨੀਮਾਂ ਤੋਂ ਖ਼ਿਰਾਜ (ਮੁਆਮਲਾ) ਲੈਣ ਵਾਲਾ ਹੈ. ਭਾਵ- ਆਪਣੇ ਅਧੀਨ ਕਰਨ ਵਾਲਾ ਹੈ.

ਗ਼ਨੀਮੁਲਗੁਦਾਜ਼: ਫ਼ਾ. غنیم الگداز ਵਿ- ਵੈਰੀਆਂ ਨੂੰ ਪਘਾਰਨ (ਗਾਲਨ) ਵਾਲਾ.

ਗਨੀਵ: ਵਿ- ਗਣਨੀਯ. ਗਣ੍ਯ. ਸ਼ੁਮਾਰ ਦੇ ਲਾਇਕ. "ਸਦੀਵ ਗਨੀਵ ਸੁਹਾਵਨੇ." (ਬਾਵਨ) ੨. ਧਨੀ. ਦੌਲਤਮੰਦ. ਦੇਖੋ, ਗਨੀ ੨.। ੩. ਦੇਖੋ, ਗਨੀਮਤ. "ਗਨੀਵ ਤੇਰੀ ਸਿਫਤਿ, ਸਚੇ ਪਾਤਸਾਹ!" (ਭੈਰ ਮਃ ੫)

ਗਨੇਸ: ਦੇਖੋ, ਗਣੇਸ.

ਗਨੇਸਹਿ: ਗਣੇਸ਼ (ਗਜਾਨਨ ਦੇਵਤਾ) ਨੂੰ. "ਮੈ ਨ ਗਨੇਸਹਿ ਪ੍ਰਿਥਮ ਮਨਾਊ." (ਕ੍ਰਿਸਨਾਵ)

ਗਨ੍ਯ: ਸੰ गण्य ਵਿ- ਗਿਣਨ ਯੋਗ੍ਯ. ਗਿਣਤੀ ਦੇ ਲਾਇਕ੍.

ਗਪ: ਦੇਖੋ, ਗੱਪ.

ਗਪਕਣਾ, ਗਪਕਨਾ: ਕ੍ਰਿ- ਨਿਗਲਨਾ। ੨. ਚੱਟਮ ਕਰਨਾ.

ਗਪਿਯਾ, ਗਪੀਆ: ਗੱਪੀ. ਗਪੌੜੂ। ੨. ਗਾਲੜੀ. ਕਥੱਕੜ. "ਗਪੈਂ ਕਹਿਤ ਗਪਿਯਾਂਹਿ ਨਿਹਾਰਯੋ." (ਚਰਿਤ੍ਰ ੩੯)

ਗਪੌੜਾ: ਝੂਠਾ ਵਾਕ. ਅਸਤ੍ਯ ਕਲਪਨਾ.

ਗਪੌੜੂ: ਵਿ- ਗੱਪੀ. ਕਥੱਕੜ। ੨. ਝੂਠਾ. ਅਸਤ੍ਯਵਾਦੀ.

ਗੱਪ: ਸੰਗ੍ਯਾ- ਪ੍ਰਾ. ਗਲ੍ਪ. ਮਿਥ੍ਯਾ ਪ੍ਰਵਾਦ. ਝੂਠੀ ਗੱਲ. ਅਸਤ੍ਯ ਕਲਪਨਾ। ੨. ਫ਼ਾ. گپّ ਬਾਤ. ਗੱਲ। ੩. ਸ਼ੇਖ਼ੀ ਮਾਰਨੀ.

ਗਫ: ਅ਼. گف ਕਫ਼. ਵਿ- ਸੰਘਣਾ. ਗਾੜ੍ਹਾ. ਅਵਿਰਲ. ਅਸਲ ਵਿੱਚ ਇਸ ਸ਼ਬਦ ਦਾ ਅਰਥ ਹੈ ਦੋ ਤਹਿ ਕਰਕੇ ਸੀਤਾ ਵਸਤ੍ਰ।

੨. Viscount Hough Gough. ਇਹ ਜਾਰਜ ਗਫ਼ ਦਾ ਪੁਤ੍ਰ ਸਨ ੧੭੭੯ ਵਿੱਚ ਆਇਰਲੈਂਡ ਵਿੱਚ ਜੰਮਿਆ. ਅੰਗ੍ਰੇਜ਼ੀ ਫੌਜ ਵਿੱਚ ਸਨ ੧੭੯੪ ਵਿੱਚ ਭਰਤੀ ਹੋਇਆ ਅਤੇ ਆਪਣੀ ਲਿਆਕਤ ਨਾਲ ਤਰੱਕੀ ਪਾਈ. ਸਨ ੧੮੪੩ ਵਿੱਚ ਹਿੰਦ ਦੀ ਫੌਜ ਦਾ ਸਿਪਹਸਾਲਾਰ (ਕਮਾਂਡਰਿਨਚੀਫ਼) ਬਣਿਆ. ਸਨ ੧੮੪੫- ੪੬ ਦੀਆਂ ਸਿੱਖਾਂ ਦੀਆਂ ਮਸ਼ਹੂਰ ਲੜਾਈਆਂ ਵਿੱਚ ਮੁਦਕੀ, ਫ਼ਿਰੋਜ਼ਸ਼ਹਰ ਅਤੇ ਸਬਰਾਉਂ ਦੇ ਮਕਾਮ ਇਸ ਨੇ ਵਡੀ ਵੀਰਤਾ ਵਿਖਾਈ. ਸਨ ੧੮੪੮- ੪੯ ਦੇ ਅਖੀਰੀ ਸਿੱਖਜੰਗ ਚਿਲੀਆਂਵਾਲੇ ਵਿੱਚ ਅੰਗ੍ਰੇਜ਼ੀ ਫੌਜ ਦਾ ਬਹੁਤ ਨੁਕਸਾਨ ਹੋਇਆ, ਜਿਸ ਕਰਕੇ ਗਫ਼ ਨੂੰ ਹਟਾਕੇ ਸਰ ਚਾਰਲਸ

ਨੇਪੀਅਰ (Sir Charles Napier) ਨੂੰ ਜੰਗੀਲਾਟ ਮੁਕਰਰ ਕੀਤਾ ਗਿਆ, ਪਰ ਨੇਪੀਅਰ ਦੇ ਪਹੁੰਚਣ ਤੋਂ ਪਹਿਲਾਂ ਹੀ ਗਫ਼ ਨੇ ਗੁਜਰਾਤ ਦੀ ਲੜਾਈ ਜਿੱਤ ਲਈ ਅਤੇ ਪਿਛਲਾ ਧੋਣਾ ਧੋ ਦਿੱਤਾ.

ਇਸ ਦੀ ਸੇਵਾ ਦੀ ਗਵਰਨਮੈਂਟ ਨੇ ਵਡੀ ਕਦਰ ਕੀਤੀ ਅਤੇ ਇਸ ਨੂੰ ਚਾਰ ਹਜ਼ਾਰ ਪੌਂਡ ਪੈਨਸ਼ਨ ਮਿਲੀ. ਗਫ਼ ਸਾਹਿਬ ਦੀ ਮੌਤ ਸਨ ੧੮੬੯ ਵਿੱਚ ਹੋਈ.

ਗ਼ਫ਼ਲਤ: ਅ਼. غفلت ਸੰਗਯਾ- ਭੁੱਲ. ਪ੍ਰਮਾਦ।

੨. ਅਣਗਹਿਲੀ. ਲਾਪਰਵਾਹੀ. ਅਸਾਵਧਾਨਤਾ.

"ਗਫਲਤ ਕਰੋਗੇ ਤੁ ਖਾਵੋਗੇ ਮਾਰ." (ਨਸੀਹਤ)

ਗਫਾ: ਸੰਗਯਾ- ਗੱਫਾ. ਧਨ। ੨. ਲਾਭ।

੩. ਲੁਕਮਾ. ਗ੍ਰਾਸ. ਬੁਰਕੀ. "ਦੈਤ ਕਰੇ ਸਭ ਏਕ ਗਫਾ." (ਕ੍ਰਿਸਨਾਵ)

ਗ਼ਫ਼ੂਰ: ਅ਼. غفوٗر ਵਿ- ਬਖ਼ਸ਼ਣ ਵਾਲਾ. ਕ੍ਸ਼ਮਾ (ਮੁਆਫ)

ਕਰਤਾ। ੨. ਸੰਗਯਾ- ਕਰਤਾਰ. ਵਾਹਗੁਰੂ.

ਗੱਫਾ: ਦੇਖੋ, ਗਫਾ.

ਗ਼ੱਫ਼ਾਰ: ਅ਼. غفّار ਵਿ- ਕ੍ਸ਼ਮਾ (ਮੁਆਫ਼) ਕਰਨ ਵਾਲਾ।

੨. ਸੰਗਯਾ- ਕਰਤਾਰ. ਪਾਰਬ੍ਰਹਮ. "ਐ ਖਾਲਿਕਾ ਗੱਫਾਰ." (ਸਲੋਹ)

ਗ਼ਬਨ: ਅ਼. غبن ਸੰਗਯਾ- ਖ਼ਰੀਦ ਵਿੱਚ ਨੁਕਸਾਨ। ੨. ਖ਼ਯਾਨਤ। ੩. ਮਕਰ ਕਰਨ ਦੀ ਕ੍ਰਿਯਾ.

ਗਬਰ: ਅ਼. غبر ਗ਼ਬਰ. ਵਿ- ਪਾਸਦੀਂ ਜਾਣ ਵਾਲਾ. ਕੋਲੋਂ ਗੁਜ਼ਰਨ ਵਾਲਾ। ੨. ਸੰਗਯਾ- ਗ਼ਿਬਰ. ਵੈਰ ਵਿਰੋਧ. ਦ੍ਵੇਸ਼। ੩. ਫ਼ਾ. گبر ਗਬਰ. ਅਗਨਿਪੂਜਕ. ਆਤਿਸ਼ਪਰਸ੍ਤ.

ਗ਼ਬੀ: ਅ਼. غبی ਵਿ- ਮੰਦਮਤਿ. ਮੋਟੀ ਸਮਝ ਵਾਲਾ. ਨਮਦਾਬੁੱਧ.

ਗਬੁ: ਸੰ. ਗਰ੍‍ਵ. ਸੰਗਯਾ- ਅਹੰਕਾਰ. ਅਭਿਮਾਨ. "ਏਤਾ ਗਬੁ ਅਕਾਸਿ ਨ ਮਾਵਤ." (ਸਵੈਯੇ ਸ੍ਰੀ ਮੁਖਵਾਕ ਮਃ ੫)

ਗੱਬਰ: ਵਿ- ਗਰ੍‍ਵਧਰ. ਅਭਿਮਾਨੀ। ੨. ਧਨ ਦੇ ਮਦ ਨਾਲ ਮਸ੍ਤ.

ਗਭ: ਸੰ. ਸੰਗਯਾ- ਭਗ. ਯੋਨਿ। ੨. ਗਰਭ ਦਾ ਸੰਖੇਪ. ਹਮਲ. ਦੇਖੋ, ਗਰਭ.

ਗਭਣ, ਗਭਣਿ: ਸੰ. ਗਰ੍‍ਭਿਣੀ. ਵਿ- ਹਾਮਿਲਾ. "ਮਾਂ ਗਭਣ ਜੀਅ ਜਾਣਦੀ." (ਭਾਗੁ)

ਗਭਰੂ. ਗਰਵ- ਰੂ. ਸੰਗਯਾ- ਗਰਵ ਹੈ ਜਿਸ ਨੂੰ ਰੂਪ ਦਾ, ਜੁਆਨ. ਤਰੁਣ. "ਕਿਆ ਗਭਰੂ ਕਿਆ ਬਿਰਧ ਹੈ." (ਵਾਰ ਸੋਰ ਮਃ ੩)

ਗਭੀਰ, ਗਭੀਰੁ: ਸੰ. गंभीर ਵਿ- ਗੰਭੀਰ. ਡੂੰਘਾ. ਅਥਾਹ. "ਗੁਰਮਤਿ ਗਭੀਰ." (ਸਵੈਯੇ ਮਃ ੫. ਕੇ) "ਗੁਣਗਭੀਰ ਗੁਣਨਾਇਕਾ." (ਬਿਲਾ ਮਃ ੫) "ਸਤਿਗੁਰੁ ਗਹਿਰਗਭੀਰੁ ਹੈ." (ਸ੍ਰੀ ਮਃ ੫)

੨. ਨਾੜ ਅਥਵਾ ਹੱਡ ਵਿੱਚ ਹੋਇਆ ਵਗਣ ਵਾਲਾ ਫੋੜਾ. ਨਾੜੀਵ੍ਰਣ, ਜਿਸ ਦੀ ਜੜ ਡੂੰਘੀ (ਗਭੀਰ) ਹੁੰਦੀ ਹੈ. ਇਹ ਲਹੂ ਦੇ ਵਿਗਾੜ ਤੋਂ ਉਪਜਦਾ ਹੈ, ਇਸ ਲਈ ਲਹੂ ਸਾਫ ਕਰਨ ਵਾਲੀਆਂ ਦਵਾਈਆਂ ਵਰਤਣੀਆਂ ਚਾਹੀਏ, ਅਤੇ ਸਿਆਣੇ ਡਾਕਟਰ ਤੋਂ ਨਾਸੂਰ ਦਾ ਇਲਾਜ ਕਰਾਉਣਾ ਲੋੜੀਏ. ਹੇਠ ਲਿਖੀ ਦਵਾਈ ਗਭੀਰ ਲਈ ਉੱਤਮ ਸਿੱਧ ਹੋਈ ਹੈ-

ਸਮੁੰਦਰਝੱਗ, ਚਰਾਇਤਾ, ਨਿੰਮ ਦਾ ਪੰਚਾਂਗ, ¹² ਆਉਲੇ, ਭੰਗਰਾ, ਬਾਬਚੀ, ਵਡੀ ਹਰੜ, ਬਹੇੜੇ, ਅਸਗੰਧ, ਪੁਨਰਨਵਾ, ਸੰਭਾਲੂ, ਦੇਵਦਾਰੁ, ਗਲੋਇ, ਇੰਦ੍ਰਾਯਣ, ਮੁੰਡੀ, ਸੁਹਾਂਜਣਾ ਅਤੇ ਪਲਾਸਬੀਜ, ਇਹ ਸਮਾਨ ਵਜ਼ਨ ਦੀਆਂ ਲੈ ਕੇ ਪੀਸਕੇ ਚੂਰਣ ਬਣਾਵੇ, ਚਾਰ ਮਾਸ਼ੇ ਨਿੱਤ ਸੱਜਰੇ ਜਲ ਨਾਲ ਵਰਤੇ.

ਉੱਪਰ ਲਾਉਣ ਲਈ ਇਹ ਤੇਲ ਗੁਣਕਾਰੀ ਹੈ- ਮਸਰੀ ਦੀ ਦਾਲ ਅਤੇ ਕਪੂਰ ਇਕੋ ਤੋਲ ਦੇ ਲੈ ਕੇ ਗਊ ਦੇ ਘੀ ਵਿੱਚ ਮਿਲਾਕੇ ਪਤਾਲਯੰਤ੍ਰ ਨਾਲ ਟਪਕਾ ਲਵੇ. ਦੋ ਵੇਲੇ ਇਹ ਤੇਲ ਫੰਬੇ ਨਾਲ ਨਾਸੂਰ ਤੇ ਲਾਵੇ.

ਗਮ: ਸੰ. ਗਮ੍ ਧਾ- ਜਾਣਾ, ਮਿਲਨਾ, ਨਕਲ ਕਰਣੀ, ਤਜਾਗਣਾ, ਜੁੜਨਾ। ੨. ਸੰਗਯਾ- ਮਾਰਗ. ਰਸਤਾ। ੩. ਗਮਨ. "ਮਮ ਦਿਸ ਤੇ ਲੇ ਗਮਹੁ ਉਪਾਯਨ." (ਗੁਪ੍ਰਸੂ) ੪. ਦੇਖੋ, ਗਮ੍ਯ। ੫. ਅ਼. غم ਗ਼ਮ. ਰੰਜ. ਦੁੱਖ। ੬. ਫ਼ਿਕਰ. ਚਿੰਤਾ. "ਸਾਸਨਾ ਤੇ ਬਾਲਕ ਗਮ ਨ ਕਰੈ." (ਭੈਰ ਮਃ ੫) ੭. ਦੇਖੋ, ਗਮੁ.

ਗਮਕ: ਸੰ. ਸੰਗਯਾ- ਸਬਬ. ਹੇਤੁ. ਕਾਰਣ। ੨. ਵਿ- ਜਾਣ ਵਾਲਾ। ੩. ਸਮਝਾਉਣ ਵਾਲਾ। ੪. ਸੰਗਯਾ- ਸੰਗੀਤ ਅਨੁਸਾਰ ਸੁਰ ਦਾ ਕੰਪ. ਸੰਗੀਤਦਾਮੋਦਰ ਵਿੱਚ ਗਮਕ ਦੇ ਸੱਤ ਭੇਦ ਲਿਖੇ ਹਨ- ਕੰਪਿਤ, ਸਫੁਰਿਤ, ਲੀਨ, ਭਿੰਨ, ਸ੍ਥਵਿਰ, ਆਹਤ ਅਤੇ ਆਂਦੋਲਿਤ. ਸੰਗੀਤਸਾਰ ਵਿੱਚ ਗਮਕ ਦੇ ਪੰਦ੍ਰਾਂ ਭੇਦ ਕਲਪੇ ਹਨ। ੫. ਗੰਭੀਰ ਧੁਨਿ. ਡੂੰਘੀ ਆਵਾਜ਼.

ਗਮਖਾਰ, ਗਮਖੋਰ, ਗ਼ਮਖ਼੍ਵਾਰ: ਫ਼ਾ. غمخوار ਵਿ- ਸਹਨਸ਼ੀਲ। ੨. ਹਮਦਰਦੀ ਕਰਨ ਵਾਲਾ.

ਗ਼ਮਗੀਨ: ਫ਼ਾ. غمگین ਵਿ- ਚਿੰਤਾਤੁਰ. ਫ਼ਿਕਰਮੰਦ। ੨. ਸ਼ੋਕਾਤੁਰ.

ਗ਼ਮਜ਼ਹ: ਅ਼. غمزہ ਸੰਗਯਾ- ਸੈਨਤ. ਇਸ਼ਾਰਾ. ਅੱਖ ਦਾ ਇਸ਼ਾਰਾ.

ਗਮਤਾ: ਦੇਖੋ, ਗਮ੍ਯਤਾ. "ਅਸ ਨਹਿ ਗਮਤਾ ਮੋਰਨ ਕਰਨੀ." (ਨਾਪ੍ਰ) ਆਗਯਾ ਮੋੜਨ ਦੀ ਗਮ੍ਯਤਾ (ਸਮਰਥ) ਨਹੀਂ.

ਗਮਨ: ਸੰ. ਸੰਗਯਾ- ਜਾਣਾ. ਚਲਨਾ. ਯਾਤ੍ਰਾ (ਸਫਰ) ਕਰਨਾ.

ਗਮਨਾਗਮਨ: ਆਉਣ ਜਾਣ. ਜਾਣਾ ਅਤੇ ਆਉਣਾ. ਆਮਦ ਰਫ਼ਤ। ੨. ਭਾਵ- ਮਰਣਾ ਤੇ ਜੰਮਣਾ.

ਗਮਰ, ਗਮਰੁ: ਅ਼. غمر ਗ਼ਮਰ. ਵਿ- ਬਹਾਦੁਰ. ਜਵਾਂਮਰਦ। ੨. ਉਦਾਰ। ੩. ਪਾਣੀ ਦਾ ਚੜ੍ਹਾਉ। ੪. ਸੰਗਯਾ- ਗੁਰੁਤ੍ਵ. ਵਡਿਆਈ. ਬਜ਼ੁਰਗੀ. "ਜਾਕੈ ਕਾਮਿ ਤੇਰਾ ਵਡ ਗਮਰੁ." (ਗਉ ਅਃ ਮਃ ੫) ੫. ਦੇਖੋ, ਗੁਮਰ.

ਗਮਲਾ: ਸੰਗਯਾ- ਉਖਲੀ ਦੇ ਆਕਾਰ ਦਾ ਇੱਕ ਬਰਤਨ, ਜਿਸ ਵਿੱਚ ਫੁੱਲਦਾਰ ਬੂਟੇ ਲਾਈਦੇ ਹਨ। ੨. ਬੂਟੇ ਦਾ ਆਲਬਾਲ (ਘੇਰਾ).

ਗਮਾਉਣਾ: ਕ੍ਰਿ- ਖੋਣਾ. ਗੁਆਉਣਾ. ਗੁਮ ਕਰਨਾ.

ਗਮਾਗਮ: ਸੰ. ਸੰਗਯਾ- ਜਾਣਾ ਆਉਣਾ। ੨. ਸੰਸਾਰ. ਜਗਤ। ੩. ਦੇਖੋ, ਗਹਿਮਾਗਹਿਮ. "ਚੰਦਨ ਸੁਗੰਧਿ ਗਮਾਗਮ ਹੈ." (ਭਾਗੁ)

ਗਮਾਰਾ: ਇੱਕ ਸਾਉਣੀ ਦਾ ਅੰਨ, ਜੋ ਪਸ਼ੂਆਂ ਦੇ ਚਾਰਣ ਲਈ ਵਰਤੀਦਾ ਹੈ. ਇਸ ਦਾ ਦਾਣਾ ਲਬੇਰੇ ਪਸ਼ੂਆਂ ਅਤੇ ਬਲਦਾਂ ਨੂੰ ਦਿੱਤਾ ਜਾਂਦਾ ਹੈ. ਜੇ ਇਸ ਨੂੰ ਖੇਤ ਵਿੱਚ ਬੀਜਕੇ, ਜਦ ਕੁਝ ਉੱਚਾ ਹੋ ਜਾਵੇ, ਹਲਵਾਹਕੇ ਜਿਮੀ ਵਿੱਚ ਮਿਲਾ ਦੇਈਏ, ਤਦ ਇਸ ਦਾ ਸਬਜ ਖਾਦ ਕਣਕ ਆਦਿ ਫਸਲ ਲਈ ਬਹੁਤ ਹੀ ਪੁਸ਼੍ਟੀ ਕਰਨ ਵਾਲਾ ਹੈ.

ਗ਼ਮੀ: ਫ਼ਾ. غمی ਸੰਗਯਾ- ਗ਼ਮ (ਸ਼ੋਕ) ਦੀ ਦਸ਼ਾ.

ਗਮੁ: ਸਿੰਧੀ. ਸੰਗਯਾ- ਸ਼ੋਕ. ਦੇਖੋ, ਗਮ.

ਗਮ੍ਯ: ਸੰ. ਵਿ- ਜਾਣ ਯੋਗ੍ਯ. ਗਮਨਯੋਗ੍ਯ। ੨. ਪ੍ਰਾਪਤ ਹੋਣ ਯੋਗ੍ਯ। ੩. ਸਿੱਧ ਕਰਨ ਯੋਗ੍ਯ.

ਗਮਜਤਾ: ਸੰ. ਸੰਗਯਾ- ਪਹੁਚ। ੨. ਸਾਮਰਥਯ. ਸ਼ਕਤਿ.

ਗਮਯੋਤਪ੍ਰੇਕ੍ਸ਼ਾ: ਦੇਖੋ, ਉਤਪ੍ਰੇਕ੍ਸ਼ਾ (ਅ)

ਗਯ: ਸੰਗਯਾ- ਪੁੰ. ਰਾਧ. ਪੂਯ. ਰੀਮ। ੨. ਸੰ. ਘਰ। ੩. ਆਕਾਸ਼। ੪. ਪ੍ਰਾਣ। ੫. ਧਨ। ੬. ਪੁਤ੍ਰ। ੭. ਮਹਾਭਾਰਤ ਅਨੁਸਾਰ ਅਮੂਰਤਰਯ ਰਾਜਰਿਖੀ ਦਾ ਪੁਤ੍ਰ, ਜਿਸ ਦਾ ਯਗਯਅਸਥਾਨ ਗਯਾ ਤੀਰਥ ਹੈ। ੮. ਵਾਯੁਪੁਰਾਣ ਅਨੁਸਾਰ ਇੱਕ ਅਸੁਰ, ਜੋ ਵਡਾ ਧਰਮੀ ਸੀ. ਇਸ ਦੀ ਕਥਾ ਇਉਂ ਹੈ ਕਿ ਗਯਾਸੁਰ ਨੇ ਅਜੇਹਾ ਤਪ ਕੀਤਾ ਜਿਸ ਤੋਂ ਬ੍ਰਹਮਾ ਵਿਸ਼ਨੁ ਰੀਝਕੇ ਉਸ ਨੂੰ ਵਰ ਦੇਣ ਗਏ. ਗਯ ਨੇ ਵਰ ਮੰਗਿਆ ਕਿ ਜੋ ਮੇਰਾ ਦਰਸ਼ਨ ਕਰੇ ਉਹ ਵੈਕੁੰਠ ਜਾਵੇ. ਵਿਸ਼ਨੁ ਨੇ ਇਹ ਗੱਲ ਮੰਨ ਲਈ. ਗਯਾਸੁਰ ਰਾਤ ਦਿਨ ਸਾਰੀ ਪ੍ਰਿਥਿਵੀ ਪੁਰ ਫਿਰਣ ਲੱਗਾ ਉਸ ਦੀ ਵਡੀ ਦੇਹ ਨੂੰ (ਜੋ ੧੨੫ ਯੋਜਨ ਲੰਮੀ ਅਤੇ ੬੦ ਯੋਜਨ ਚੌੜੀ ਸੀ) ਦੂਰੋਂ ਹੀ ਲੋਕ ਦੇਖਦੇ ਅਤੇ ਵੈਕੁੰਠ ਦੇ ਅਧਿਕਾਰੀ ਬਣ ਜਾਂਦੇ। ਥੋੜੇ ਸਮੇਂ ਵਿੱਚ ਧਰਮਰਾਜ ਦਾ ਦਫਤਰ ਬੰਦ ਹੋ ਗਿਆ ਅਤੇ ਉਸ ਨੇ ਆਪਣੀ ਦੁਰਦਸ਼ਾ ਬ੍ਰਹਮਾ ਵਿਸ਼ਨੁ ਨੂੰ ਸੁਣਾਈ. ਇਸ ਪੁਰ ਦੇਵਤਿਆਂ ਨੇ ਗਯ ਤੋਂ ਦਾਨ ਮੰਗਿਆ ਕਿ ਆਪਣਾ ਸਰੀਰ ਸਾਨੂੰ ਦੇਦੇ. ਉਸ ਨੇ ਉਦਾਰਤਾ ਨਾਲ ਦੇਵਤਿਆਂ ਦੀ ਇੱਛਾ ਪੂਰੀ ਕੀਤੀ. ਦੇਵਤਿਆਂ ਨੇ ਉਸ ਦੇ ਸ਼ਰੀਰ ਨੂੰ ਪੱਥਰ ਦੇ ਚਟਾਨ ਹੇਠ ਦੱਬ ਦਿੱਤਾ, ਪਰ ਗਯ ਦੀ ਇੱਛਾ ਅਨੁਸਾਰ ਇਹ ਵਰ ਦਿੱਤਾ ਕਿ ਜੋ ਇਸ ਅਸਥਾਨ ਪੁਰ, ਜਿੱਥੇ ਕਿ ਤੇਰਾ ਦੇਹ ਦੱਬਿਆ ਹੈ, ਪਿੰਡ ਭਰਾਵੇਗਾ ਉਹ ਆਪ ਅਤੇ ਆਪਣੇ ਪਿੱਤਰਾਂ ਨੂੰ ਵੈਕੁੰਠ ਦਾ ਅਧਿਕਾਰੀ ਕਰੇਗਾ. ਇਸੇ ਅਸਥਾਨ ਦਾ ਨਾਉਂ ਗਯਾ ਹੈ. ਦੇਖੋ, ਗਯਾ। ੯. ਪ੍ਰਾ. ਗਜ. ਹਾਥੀ.

ਗਯਉ: ਚਲਾਗਿਆ. ਦੂਰ ਹੋਇਆ. "ਗਯਉ ਦੁਖ ਦੂਰਿ." (ਸਵੈਯੇ ਮਃ ੪. ਕੇ)

ਗਯਨੀ: ਸੰਗਯਾ- ਗਜਸੈਨਾ. ਹਾਥੀਆਂ ਦੀ ਫ਼ੌਜ. (ਸਨਾਮਾ)

ਗਯਾ: ਸੰ. ਸੰਗਯਾ- ਹਿੰਦੂਆਂ ਦੀਆਂ ਸੱਤ ਪਵਿਤ੍ਰ ਪੁਰੀਆਂ ਵਿੱਚੋਂ ਇੱਕ ਪੁਰੀ, ਜੋ ਬਿਹਾਰ ਦੇਸ਼ ਵਿੱਚ ਪਟਨੇ ਦੇ ਇਲਾਕੇ ਫਲਗੂ ਨਦੀ ਦੇ ਕਿਨਾਰੇ ਹੈ. ਇਸ ਥਾਂ ਪਿਤਰਾਂ ਦੀ ਗਤੀ ਲਈ ਹਿੰਦੂ ਪਿੰਡਦਾਨ ਕਰਦੇ ਹਨ. ਸ਼੍ਰੀ ਗੁਰੂ ਨਾਨਕਦੇਵ ਨੇ ਇੱਥੇ ਚਰਣ ਪਾਏ ਅਤੇ ਅਕਾਲੀ ਧਰਮ ਦਾ ਉਪਦੇਸ਼ ਕੀਤਾ ਹੈ. ਆਸਾ ਰਾਗ ਦਾ ਸ਼ਬਦ "ਦੀਵਾ ਮੇਰਾ ਏਕ ਨਾਮੁ." ਇੱਥੇ ਹੀ ਉਚਾਰਿਆ ਹੈ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਭੀ ਇਸ ਥਾਂ ਪਧਾਰੇ ਹਨ. ਦੇਖੋ, ਗਯ ੭. ਅਤੇ ੮.

ਗਯਾਸ: ਅ਼. ਗਿਯਾਸ. ਸੰਗਯਾ- ਸਹਾਇਤਾ. ਇਮਦਾਦ। ੨. ਸਹਾਇਤਾ ਲਈ ਪੁਕਾਰ। ੩. ਇਨਸਾਫ ਲਈ ਫਰਿਆਦ.

ਗਯਾਸੁੱਦੀਨ: ਗ਼ਿਯਾਸੁੱਦੀਨ. ਧਰਮ ਦਾ ਸਹਾਇਕ.

ਗਯਾਸੁੱਦੀਨ ਤੁਗ਼ਲਕ: ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ.

ਗਯਾਸੁਰ: ਦੇਖੋ, ਗਯ ੮.

ਗਯਾਤਿ, ਗਯਾਤੀ: ਦੇਖੋ, ਗਯਾਤਿ.

ਗਯਾਰਵ: ਦੇਖੋ, ਗਯਾਰਵ.

ਗਯੰਦ: ਇੱਕ ਭੱਟ, ਜਿਸ ਦੀ ਰਚਨਾ ਭੱਟਾਂ ਦੇ ਸਵੈਯਾਂ ਵਿੱਚ ਹੈ "ਤਜ ਬਿਕਾਰੁ ਮਨ ਗਯੰਦ." (ਸਵੈਯੇ ਮਃ ੪. ਕੇ) ੨. ਇੱਕ ਦੋਹਰੇ ਦਾ ਭੇਦ. ਦੇਖੋ, ਦੋਹਰੇ ਦਾ ਰੂਪ ੧੦। ੩. ਗਜੇਂਦ੍ਰ. ਗਜਰਾਜ. ਵਡਾ ਹਾਥੀ.

ਗਰ: ਸੰਗਯਾ- ਗਲਾ. ਕੰਠ. "ਕਾਲ ਫਾਸਿ ਜਬ ਗਰ ਮੈ ਮੇਲੀ." (ਮਾਰੂ ਮਃ ੯) "ਸੁਆਮੀ ਗਰ ਮਿਲੇ." (ਸਾਰ ਮਃ ੫. ਪੜਤਾਲ) ੨. ਗਰਨਾ. ਗਲਨਾ. ਪਿਘਰਨਾ. "ਗਰ ਸੈਨ ਗਈ ਜਿਮਿ ਆਤਪ ਓਰਾ." (ਸਲੋਹ) ੩. ਸੰ. ਵਿਸ਼. ਜ਼ਹਿਰ. "ਗਰ ਕੰਠ ਵਸਾਈ." (ਸਲੋਹ) ਸ਼ਿਵ ਨੇ ਜ਼ਹਿਰ ਕੰਠ ਵਸਾਈ." ੩. ਫ਼ਾ. ਪ੍ਰਤ੍ਯ- ਇਹ ਪਦਾਂ ਦੇ ਅੰਤ ਆਕੇ ਵਾਨ (ਵਾਲਾ) ਆਦਿਕ ਅਰਥ ਦਿੰਦਾ ਹੈ, ਜਿਵੇਂ- ਕਾਰੀਗਰ, ਸੌਦਾਗਰ, ਬਾਜ਼ੀਗਰ ਆਦਿ। ੫. ਫ਼ਾ. ਵਯ- ਅਗਰ ਦਾ ਸੰਖੇਪ. ਯਦਿ. ਜੇ. "ਤੁਰਾ ਗਰ ਨਜਰ ਹਸ੍ਤ ਲਸ਼ਕਰ ਵ ਜ਼ਰ." (ਜਫਰ)

ਗਰਸਨਾ: ਸੰ. ਗ੍ਰਸਨ. ਸੰਗਜਾ- ਨਿਗਲਨਾ। ੨. ਗ੍ਰਹਣ. ਪਕੜ. ਗਰਿਫ਼ਤ.

ਗਰਹ: ਦੇਖੋ, ਗ੍ਰਹ. "ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ." (ਆਸਾ ਮঃ ੫) "ਪਾਪ ਗਰਹ ਦੁਇ ਰਾਹੁ." (ਵਾਰ ਮਾਝ ਮঃ ੧)

ਗਰਹਰ: ਗਰ (ਜ਼ਹਿਰ) ਦੂਰ ਕਰਨ ਵਾਲਾ ਅਮ੍ਰਿਤ। ੨ ਡਿੰਗ. ਨਗਾਰੇ ਦੀ ਧੁਨਿ.

ਗਰਿਹ: ਗਲ ਮੇਂ. ਗਲੇ. "ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ." (ਗਉ ਕਬੀਰ) ੨. ਦੇਖੋ, ਗ੍ਰਹ। ੩. ਦੇਖੋ, ਗ੍ਰਿਹ.

ਗ਼ਰਕ, ਗ਼ਰਕ਼: ਅ਼. غرق ਸੰਗਜਾ- ਡੁੱਬਣ ਦਾ ਭਾਵ। ੨. ਵਿ- ਡੁੱਬਿਆ ਹੋਇਆ. ਧਸਿਆ ਹੋਇਆ. ਗ਼ਰੀਕ਼। ੩. ਲੀਨ. "ਗਰਕ ਹੋਨ ਛਿਤਿ ਛਿਦ੍ਰ ਨ ਪਾਈ." (ਗੁਪ੍ਰਸੂ) ੪. ਤਬਾਹ. ਬਰਬਾਦ. "ਹੋਵੇਂਗੇ ਗਰਕ ਕੁਛ ਲਾਗੈ ਨ ਬਾਰ." (ਨਸੀਹਤ)

ਗ਼ਰਕਹ ਖ਼ੂੰ, ਗ਼ਰਕ਼ਹ ਖ਼ੂੰ: ਫ਼ਾ. غرقہ خوُں ਵਿ- ਲਹੂ ਲੁਹਾਣ. ਲਹੂ ਵਿੱਚ ਤਰ.

ਗ਼ਰਕਾਬ, ਗ਼ਰਕ਼ਾਬ: ਫ਼ਾ. غرقاب ਸੰਗਜਾ- ਗ਼ਰਕ਼- ਆਬ. ਡੁਬਾਊ. ਡੋਬੂ ਪਾਣੀ। ੨. ਵਿ- ਡੁੱਬਿਆ ਹੋਇਆ। ੩. ਲੀਨ ਹੋਇਆ.

ਗਰਕੰਠੀ: ਕੰਠ (ਗਲ) ਵਿੱਚ ਗਰ (ਵਿਸ਼) ਨੂੰ ਰੱਖਣ ਵਾਲਾ. ਨੀਲਕੰਠ ਸ਼ਿਵ.

ਗਰਗ: ਸੰ. . गर्ग ਗਰਗੰ. ਵਿਤੱਥ ਦਾ ਪੁਤ੍ਰ ਇੱਕ ਪ੍ਰਾਚੀਨ ਰਿੱਖੀ, ਜੋ ਜਜੋਤਿਸ਼ਵਿਦਜਾ ਦਾ ਆਚਾਰਯ ਮੰਨਿਆ ਹੈ. ਪੁਰਾਣਾਂ ਵਿੱਚ ਲਿਖਿਆ ਹੈ ਕਿ ਇਸ ਨੇ ਸ਼ੇਸ਼ਨਾਗ ਤੋਂ ਵਿਦਜਾ ਪੜ੍ਹੀ ਸੀ. ਇਹ ਯਾਦਵਾਂ ਦਾ ਕੁਲਗੁਰੂ ਸੀ. ਬਲਰਾਮ ਅਤੇ ਕ੍ਰਿਸ਼ਨ ਜੀ ਦਾ ਨਾਮਕਰਣ ਸੰਸਕਾਰ ਕਰਾਉਣ ਲਈ ਵਸੁਦੇਵ ਨੇ ਇਸ ਨੂੰ ਨੰਦ ਦੇ ਘਰ ਭੇਜਿਆ ਸੀ. "ਵਾਸੁਦੇਵ ਤਬ ਗਰਗ ਕੋ ਨਿਕਟ ਸੁ ਕਹੀ ਬਠਾਇ। ਗੋਕਲ ਨੰਦਹਿ ਕੇ ਭਵਨ ਕ੍ਰਿਪਾ ਕਰੋ ਤੁਮ ਜਾਇ." (ਕ੍ਰਿਸਨਾਵ)

ਗਰਜ: ਦੇਖੋ, ਗਰਜਨ। ੨. ਅ਼. غرض ਗ਼ਰਜ. ਪ੍ਰਯੋਜਨ. ਮਤ਼ਲਬ। ੩. ਚਾਹ. ਇੱਛਾ। ੪. ਜਰੂਰਤ. ਲੋੜ.

ਗਰਜਨ: ਸੰ. ਗਜੰਨ. ਸੰਗਜਾ- ਗੰਭੀਰ ਅਤੇ ਜ਼ੋਰਦਾਰ ਸ਼ਬਦ. ਜੈਸੇ ਬੱਦਲ ਅਤੇ ਸ਼ੇਰ ਆਦਿਕ ਦੀ ਧੁਨਿ. ਗੱਜਣਾ. "ਬੋਲੈ ਪਵਨਾ ਗਗਨ ਗਰਜੈ." (ਸਿਧਗੋਸਟਿ)

ਗਰਜਮੰਦ: ਫ਼ਾ. غرض مند ਗ਼ਰਜਮੰਦ. ਵਿ- ਮਤਲਬੀ. ਗੌਂ ਵਾਲਾ। ੨. ਜਰੂਰਤ ਵਾਲਾ। ੩. ਖ਼ੁਦਗਰਜ.

ਗਰਜਾ ਸਿੰਘ: ਦੇਖੋ, ਬੋਤਾ ਸਿੰਘ.

ਗਰਜਿਤ: ਵਿ- ਗੱਜਦਾ ਹੋਇਆ.

ਗਰਜੀ: ਵਿ- ਗ਼ਰਜ (ਜਰੂਰਤ) ਵਾਲਾ. ਲੋੜ ਵਾਲਾ. "ਅਰਜੀ ਸਿਖ ਕੀ ਰਾਵਰ ਮਰਜੀ। ਮੈ ਗਰਜੀ ਇਕ ਸੇਵਾ ਗਰਜੀ." (ਗੁਪ੍ਰਸੂ)

ਗਰਠਾ, ਗਰਠੇ: ਸੰ. ਗ੍ਰਥਿਤ. ਵਿ- ਮਾਰਿਆ ਗਿਆ। ੨. ਦਬਾਇਆ ਗਿਆ। ੩. ਸੰ. ਗ੍ਰਸਿਤ. ਗ੍ਰਸਿਆ ਹੋਇਆ. ਗ੍ਰਸੇ ਹੋਏ. "ਜਮਕਾਲਿ ਗਰਠੇ ਕਰਹਿ ਪੁਕਾਰਾ." (ਮਾਝ ਅঃ ਮঃ ੩)

ਗਰਤ: ਸੰ. गर्त्त ਗਰਤੰ. ਸੰਗਜਾ- ਖਾਤਾ. ਟੋਆ. "ਗਰਤ ਪਰਤ ਗਹਿਲੇਹੁ ਅੰਗੁਰੀਆ." (ਗਉ ਮঃ ੫) "ਗਰਤ ਘੋਰ ਅੰਧ ਤੇ ਕਾਢਹੁ ਪ੍ਰਭੁ ਨਾਨਕ ਨਦਰਿ ਨਿਹਾਰ." (ਕਾਨ ਮ ঃ ੫) ੨. ਦੇਖੋ, ਗਾਰਤ. "ਸਭ ਮੈ ਗਰਤ ਕਰ ਦਿੱਤੇ ਹੈਨ." (ਜਸਭਾਮ) ੩. ਦੇਖੋ, ਗਲਤ.

ਗਰਦ: ਸੰ. ਵਿ- ਗਰ (ਜ਼ਹਿਰ) ਦੇਣ ਵਾਲਾ। ੨. ਸੰ. ਗਦੰ. ਤੁੰਦ. ਤੇਜ਼ਮਿਜ਼ਾਜ। ੩. ਫ਼ਾ. گرد ਸੰਗਜਾ- ਧੂਲਿ. ਰਜ. ਗੁਬਾਰ।

੪. ਨਫ਼ਾ. ਲਾਭ। ੫. ਆਨੰਦ.

ਗਰਦਸ਼: ਦੇਖੋ, ਗਰਦਿਸ਼.

ਗਰਦਨ: ਫ਼ਾ. گردن ਸੰਗਜਾ- ਗ੍ਰੀਵਾ.

ਗਰਦਨ ਮਾਰਨਾ: ਕ੍ਰਿ- ਤਲਵਾਰ ਆਦਿਕ ਨਾਲ ਅਪਰਾਧੀ ਦਾ ਸਿਰ ਵੱਢਣਾ. ਪੁਰਾਣੇ ਸਮੇਂ ਇਹ ਸਜ਼ਾ ਫਾਸੀ ਦੇਣ ਦੀ ਥਾਂ ਪ੍ਰਚਲਿਤ ਸੀ. "ਕਾਮ ਕ੍ਰੋਧ ਲੈ ਗਰਦਨਮਾਰੇ." (ਮਾਰੂ ਸਲੋਹੇ ਮਃ ੧)

ਗਰਦਨੀ: ਸੰਗਜਾ- ਇਸਤ੍ਰੀਆਂ ਦੇ ਗਲ ਦਾ ਇੱਕ ਗਹਿਣਾ। ੨. ਗਿਰੇਬਾਨ। ੩. ਘੋੜੇ ਦੇ ਜ਼ੀਨ ਪੁਰ ਗਰਦ ਤੋਂ ਬਚਾਉਣ ਲਈ ਪਾਇਆ ਵਸਤ੍ਰ। ੪. ਫ਼ਾ. ਵਿ- ਗਰਦਨ ਮਾਰਨੇ ਯੋਗਜ. ਗਰਦਨ ਮਾਰਨਾ.

ਗਰਦਪ: ਦੇਖੋ, ਗਰਦਭ.

ਗਰਦਭ: ਸੰ. गर्दभ ਸੰਗਜਾ- ਗਰਦੰ (ਨਿੰਦਿਤ ਸ਼ਬਦ) ਕਰਨ ਵਾਲਾ, ਗਧਾ.

ਗਰਦਭੀ: ਸੰਗਜਾ- ਗਰਦਭ ਦਾ ਇਸਤ੍ਰੀਲਿੰਗ. ਗਧੀ. ਦੇਖੋ, ਗਰਦਭ.

ਗਰਦਾਨ: ਫ਼ਾ. گردان ਸੰਗਜਾ- ਲਪੇਟ. ਗੇੜਾ. ਘੁਮਾਉ। ੨. ਵਜਾਕਰਣ ਅਨੁਸਾਰ ਵਿਭਕ੍ਤਿ ਅਤੇ ਲਕਾਰ ਆਦਿ ਨਾਲ ਸ਼ਬਦਾਂ ਦੇ ਸੀਗੇ ਬਦਲਣ ਦੀ ਕ੍ਰਿਯਾ। ੩. ਸੰ. ਗਰ (ਵਿਸ਼) ਦੇਣ ਦੀ ਕ੍ਰਿਯਾ. ਜ਼ਹਿਰ ਦੇਣੀ.

ਗਰਦਿਸ਼: ਫ਼ਾ. گردش ਸੰਗਜਾ- ਚੱਕਰ. ਘੁਮਾਉ. ਗੇੜਾ। ੨. ਸਮੇਂ ਦਾ ਫੇਰ.

ਗਰਦੀ: ਫ਼ਾ. گردی ਤੂੰ ਫਿਰੇਂ. ਤੂੰ ਫਿਰਦਾ ਹੈਂ. ਤੂੰ ਫਿਰੇਂਗਾ.

ਗਰਦੀਦਨ: ਫ਼ਾ. گردیدن ਕ੍ਰਿ- ਫਿਰਨਾ. ਚੱਕ੍ਰ ਲਾਉਣਾ। ੨. ਸੰਗਜਾ- ਬਦਲੀ. ਤਬਦੀਲੀ. "ਜੁਗਗਰਦੀ ਜਬ ਹੋਵਹੇ." (ਭਾਗੁ)

ਗਰਦੀਦਮ: ਫ਼ਾ. گردیدم ਮੈਂ ਫਿਰਿਆ (ਚੱਕਰ ਲਾਇਆ)

ਗਰਦੂੰ: ਫ਼ਾ. گردوں ਸੰਗਜਾ- ਪਹੀਆ. ਚਕ੍ਰ। ੨. ਆਕਾਸ਼. "ਬਾਜਿ ਸਮੇਤ ਉਡਜੋ ਗਰਦੂੰ ਮਹਿਂ." (ਸਲੋਹ)

ਗਰਦੂੰਚਰ: ਸੰਗਜਾ- ਗਰਦੂੰ (ਆਕਾਸ਼) ਵਿੱਚ ਫਿਰਨ ਵਾਲਾ ਤੀਰ. (ਸਨਾਮਾ) ੨. ਪੰਛੀ। ੩. ਬੱਦਲ.

ਗਰਦੇਜ: ਗ਼ਜ਼ਨੀ ਅਤੇ ਹਿੰਦੁਸਤਾਨ ਦੇ ਵਿਚਕਾਰ ਦਾ ਇਲਾਕਾ ਗਰਦੇਜ਼ ਹੈ.

ਗਰਦੇਜਾਚਾਰੀ, ਗਰਦੇਜੀ: ਗਰਦੇਜ਼ ਵਿੱਚ ਫਿਰਨ ਵਾਲਾ. ਗਰਦੇਜ਼ ਦਾ ਵਸਨੀਕ। ੨. ਹੁਸੈਨੀ ਸੈਯਦਾਂ ਦੀ ਇੱਕ ਜਾਤੀ ਭੀ ਗਰਦੇਜ਼ੀ ਹੈ. ਇਸ ਦਾ ਦੂਜਾ ਨਾਉਂ ਬਾਗ਼ਦਾਦੀ ਹੈ.

ਗਰਧਪ, ਗਰਧਬ, ਗਰਧਭ: ਗਧਾ. ਖੋਤਾ. ਦੇਖੋ, ਗਰਦਭ. "ਗਰਧਪ ਵਾਂਗੂ ਲਾਹੇ ਪੇਟ." (ਗਉ ਮਃ ੫) "ਗਰਧਬ ਪ੍ਰੀਤਿ ਭਸਮ ਸੰਗਿ ਹੋਇ." (ਸੁਖਮਨੀ) "ਕੂਕਰ ਸੂਕਰ ਗਰਧਭ ਪਵਹਿ ਗਰਭਜੋਨੀ." (ਗੂਜ ਮਃ ੪)

ਗਰਨਾ: ਕ੍ਰਿ. ਨਿਗਲਨਾ. ਦੇਖੋ, ਗ੍ਰਿ ਧਾ। ੨. ਗਲਨਾ. ਤ੍ਰੁਕਣਾ. ਸੜਨਾ। ੩. ਸੰਗਜਾ- ਇੱਕ ਬਿਰਛ. ਦੇਖੋ, ਗਰਨਾ ਸਾਹਿਬ.

ਗਰਨਾ ਸਾਹਿਬ: ਜਿਲਾ ਹੁਸ਼ਿਆਰਪੁਰ, ਥਾਣਾ ਦਸੂਹਾ ਵਿੱਚ ਪਿੰਡ "ਬੋਦਲ" ਤੋਂ ਪੱਛਮ ਵੱਲ ਦੋ ਫਰਲਾਂਗ ਦੇ ਕਰੀਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇੱਥੇ ਵਡਾ ਸੰਘਣਾ ਜੰਗਲ ਸੀ. ਗੁਰੂ ਜੀ ਕਰਤਾਰਪੁਰੋਂ ਇੱਥੇ ਸ਼ਿਕਾਰ ਖੇਡਣ ਲਈ ਆਏ ਤਾਂ ਗਰਨੇ ਬਿਰਛ ਹੇਠ ਕੁਝ ਸਮਾਂ ਵਿਰਾਜੇ.

ਇਸ ਪਿੰਡ (ਬੋਦਲ) ਦੇ ਚੂਹੜ ਮਿਰਾਸੀ ਨੂੰ ਬੁਲਾਕੇ ਗੁਰੂ ਜੀ ਨੇ ਕਿਹਾ ਕਿ ਤੂੰ ਕੀਰਤਨ ਕੀਤਾ ਕਰ. ਉਸ ਨੂੰ ਇੱਕ ਰਬਾਬ ਦਿੱਤਾ, ਜੋ ਹੁਣ "ਸ੍ਰੀ ਹਰਿਗੋਬਿੰਦਪੁਰ ਸਤਿਕਰਤਾਰੀਆਂ ਦੇ ਡੇਰੇ ਮੌਜੂਦ ਹੈ.

ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਸਭ ਤੋਂ ਪਹਿਲਾਂ ਗੁਰਦ੍ਵਾਰੇ ਦੀ ਸੇਵਾ ਸਰਦਾਰ ਜੋਧ ਸਿੰਘ ਜੀ ਜਥੇਦਾਰ ਮਿਸਲ ਰਾਮਗੜ੍ਹੀਆਂ ਨੇ ਕੀਤੀ. ਸਤਿਗੁਰੂ ਜੀ ਦੇ ਸਮੇਂ ਦਾ ਗਰਨੇ ਦਾ ਬਿਰਛ ਗੁਰਦ੍ਵਾਰੇ ਦੀ ਪਰਿਕ੍ਰਮਾ (ਪਰਕੰਮਿਆ) ਵਿੱਚ ਹੈ.

ਗੁਰਦ੍ਵਾਰੇ ਦੇ ਨਾਲ ੧੩. ਘੁਮਾਉਂ ਦੇ ਕਰੀਬ ਜ਼ਮੀਨ ਹੈ, ਜੋ ਸਿੱਖਰਾਜ ਸਮੇਂ ਦੀ ਹੈ ਅਤੇ ੧੦. ਕਨਾਲ ਜ਼ਮੀਨ ਮਾਈ ਪ੍ਰੇਮ ਕੌਰ ਨੇ ਦਿੱਤੀ ਹੈ. ਗੁਰਦ੍ਵਾਰੇ ਦੇ ਪਾਸ ਹੀ ਰਹਿਣ ਦੇ ਮਕਾਨ ਹਨ, ਜਿੱਥੇ ਆਏ ਮੁਸਾਫਰਾਂ ਨੂੰ ਆਰਾਮ ਮਿਲਦਾ ਹੈ ਅਤੇ ਲੰਗਰ ਦਾ ਪ੍ਰਬੰਧ ਭੀ ਹੈ.

ਮੇਲਾ ਵੈਸਾਖੀ ਅਤੇ ਮਾਘੀ ਨੂੰ ਹੁੰਦਾ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਗਰਨਾਸਾਹਿਬ ਤੋਂ ਇਕੱ ਮੀਲ ਅਗਨਿਕੋਣ ਹੈ.

ਗਰਬ, ਗਰਬੁ: ਸੰ. गर्व ਗਵੰ. ਸੰਗਯਾ- ਅਭਿਮਾਨ. ਅਹੰਕਾਰ. "ਕਬੀਰ ਗਰਬੁ ਨ ਕੀਜੀਐ." (ਸ॰) ੨. ਅਵਗ੍ਯਾ ਦਾ ਭਾਵ. "ਓਨਾ ਅਹੰਕਾਰ ਬਹੁ ਗਰਬੁ ਵਧਾਇਆ." (ਵਾਰ ਗੂਜ ਮ: ੩) "ਜਿਤੁ ਹਉਮੈ ਗਰਬ ਨਿਵਾਰੀ." (ਸੋਰ ਮ: ੫) ੩. ਇੱਕ ਸੰਚਾਰੀ ਭਾਵ. ਦੇਖੋ, ਭਾਵ। ੪. ਅ਼. غرب ਗ਼ਰਬ. ਸੂਰਜ ਦੇ ਗ਼ੁਰੂਬ ਹੋਣ ਦੀ ਦਿਸ਼ਾ. ਮ਼ਗ਼ਰਬ. ਪਸ਼੍ਚਿਮ. ਪੱਛੋਂ.

ਗਰਬਸਿ: ਗਰਬ ਕਰਦਾ ਹੈ. "ਕਹਾਂ ਨਰ ਗਰਬਸਿ ਥੋਰੀ ਬਾਤ." (ਸਾਰ ਕਬੀਰ) ੨. ਗਰਬੇਗਾ.

ਗਰਬਸੂਆ: ਸੰਗ੍ਯਾ- ਹੌਮੈਭਾਵ। ੨. ਗਰਵ ਅਤੇ ਅਸੂਯਾ. ਅਹੰਕਾਰ ਅਤੇ ਈਰਖਾ (ਹ਼ਸਦ).

"ਸਰਣਿ ਪਰਿਓ ਤਜਿ ਗਰਬਸੂਆ." (ਗਉ ਮ: ੫)

ਗਰਬਹ, ਗਰਬਹਿ: ਗਰਬਦਾ ਹੈ. ਅਹੰਕਾਰ ਕਰਦਾ ਹੈ.

ਗਰਬਗੁਬਾਰ: ਸੰਗ੍ਯਾ- ਅਭਿਮਾਨ ਦੀ ਅੰਧੇਰੀ। ੨. ਵਿ- ਅਭਿਮਾਨਰੂਪ ਗੁਬਾਰ (ਘੱਟੇ) ਵਾਲਾ.

ਗਰਬਗੁਮਾਨ: ਸੰਗ੍ਯਾ- ਅਭਿਮਾਨ ਦਾ ਖਿਆਲ. ਹੌਮੈ ਦਾ ਸੰਕਲਪ. ਦੇਖੋ, ਗੁਮਾਨ.

ਗਰਬਗੰਜਨੀ: ਭਾਈ ਸੰਤੋਖ ਸਿੰਘ। ਕਵਿਰਾਜ ਦਾ ਰਚਿਆ ਜਪੁਜੀ ਦਾ ਟੀਕਾ, ਜਿਸ ਵਿੱਚ ਕਾਵ੍ਯ ਦੇ ਅਲੰਕਾਰ ਦਿਖਾਏ ਹਨ. ਭਾਈ ਸਾਹਿਬ ਲਿਖਦੇ ਹਨ-

"ਉਦੈ ਸਿੰਘ ਬਡ ਭੂਪ ਬਹਾਦਰ,

ਕਵਿ ਬੁਲਾਇ ਰਾਖਿਓ ਢਿਗ ਸਾਦਰ.

ਸ੍ਰੀ ਗ੍ਰੰਥਸਾਹਿਬ ਗੁਰੁਬਾਨੀ,

ਸਰਵ ਸਿਰੋਮਣਿ ਜਪੁਜੀ ਜਾਨੀ.

ਅਰਥ ਗੰਭੀਰ ਮਹਾਨ ਮਹਾਨੇ,

ਅਸ ਲਖਿ ਕਵਿ ਸੋਂ ਵਚਨ ਬਖਾਨੇ, -

ਅਲੰਕਾਰ ਯੁਤ ਟੀਕਾ ਰਚਿਯੇ.

ਨਿਰਨੈ ਅਰਥ ਧਰਹੁ ਮਤਿ ਖਚਿਯੈ

ਟੀਕੇ ਦੀ ਸਮਾਪਤਿ ਦਾ ਸੰਮਤ ਲਿਖਿਆ ਹੈ- "ਸੰਮਤ ਰਸ ਬਸੁ ਬਸੁ ਰਸਾ ਚੇਤ ਚਾਂਦਨੀ ਦੂਜ." ਅਰਥਾਤ ੧੮੮੬ ਚੇਤ ਸੁਦੀ ੨.

ਗਰਬਨਿਵਾਰਣ, ਗਰਬਪ੍ਰਹਾਰੀ: ਵਿ- ਹੰਕਾਰ ਨਾਸ਼ ਕਰਨ ਵਾਲਾ. "ਗਰਬਨਿਵਾਰਣ ਸਰਬਸਧਾਰਣ ਕਿਛੁ ਕੀਮਤਿ ਕਹੀ ਨਾ ਜਾਈ ਹੇ." (ਮਾਰੂ ਸੋਲਹੇ ਮ: ੫)

ਗਰਬਰ: ਦੇਖੋ, ਗੜਬੜ.

ਗਰਬਵਤੀ: ਵਿ- ਅਭਿਮਾਨਿਨੀ. "ਗਰਬਵਤੀ ਕਾ ਨਾਹੀ ਠਾਉ." (ਬਸੰ ਰਵਿਦਾਸ)

ਗਰਬਾਈ: ਗਰਬ ਕਰਦਾ ਹੈ। ੨. ਗਰਬ ਨਾਲ. ਅਭਿਮਾਨ ਕਰਕੇ. "ਗਰਬੈ ਗਰਬਾਈ." (ਵਾਰ ਸਾਰ ਮਃ ੪) ੩. ਸੰਗ੍ਯਾ- ਗੌਰਵ. ਭਾਰੀਪਨ. ਗਰੁਵਾਈ ਗੁਰੁਤਾ.

ਗਰਬਿ, ਗਰਬੀ, ਗਰਬੀਲਾ: ਵਿ- ਅਭਿਮਾਨੀ. ਗਰਵਵਾਲਾ. ਗਰਵਿਤ.

ਗਰਬੁ: ਦੇਖੋ, ਗਰਬ.

ਗਰਬੇਣ: ਤ੍ਰਿਤੀਯਾ. ਗਰ੍ਵ ਕਰਕੇ. ਅਹੰਕਾਰ ਨਾਲ. "ਗਰਬੇਣ ਅਗ੍ਯਾਨਣੋ." (ਗਾਥਾ)

ਗਰਬੈ: ਗਰਵ ਕਰਦਾ ਹੈ. "ਜੋ ਗਰਬੈ ਸੋ ਪਚਸੀ ਪਿਆਰੇ." (ਸੋਰ ਮਃ ੪)

ਗਰਭ: ਸੰ. गर्भ ਅ਼. ਹ਼ਮਲ ਆਦਮੀ ਦੇ ਵੀਰਜ ਅਤੇ ਇਸਤ੍ਰੀ ਦੀ ਰਕਤ ਦੇ ਅਣੁਕੀਟਾਂ (Spermatozoon and Ovum) ਦੇ ਮਿਲਾਪ ਤੋਂ ਬੱਚੇਦਾਨ ਅੰਦਰ ਛੋਟਾ ਅੰਡਾ ਪੈਦਾ ਹੋ ਕੇ ਵਧਦਾ ਵਧਦਾ ਇੱਕ ਝਿੱਲੀ (ਜੇਰ) ਵਿੱਚ ਬੱਚੇ ਦੀ ਸ਼ਕਲ ਬਣ ਜਾਂਦਾ ਹੈ, ਜੋ ਦਸਵੇਂ ਮਹੀਨੇ ਦੇ ਅੱਠ ਦਸ ਦਿਨ ਲੈ ਕੇ ਜਨਮਦਾ ਹੈ.

ਗਰੁੜਪੁਰਾਣ ਦੇ ਛੀਵੇਂ ਅਧ੍ਯਾਯ ਵਿੱਚ ਗਰਭ ਦੇ ਬਣਨ ਵਧਣ ਆਦਿ ਦਾ ਹਾਲ ਵਿਸਤਾਰ ਨਾਲ ਲਿਖਿਆ ਹੈ. ਮਨੁਸਿਮ੍ਰਿਤਿ ਦੇ ਤੀਜੇ ਅਧ੍ਯਾਯ ਦੇ ਸ਼ਲੋਕ ੪੯ ਵਿੱਚ ਦੱਸਿਆ ਹੈ ਕਿ ਪਿਤਾ ਦਾ ਵੀਰਜ ਵੱਧ ਹੋਣ ਤੋਂ ਪੁਤ੍ਰ, ਮਾਤਾ ਦੀ ਰਿਤੁ ਜਾਦਾ ਹੋਣ ਤੋਂ ਪੁਤ੍ਰੀ ਅਤੇਦੋਹਾਂ ਦੇ ਸਮਾਨ ਹੋਣ ਤੋਂ ਨਪੁੰਸਕ ਪੈਦਾ ਹੁੰਦਾ ਹੈ।[੧੩] ੨. ਕੁਕ੍ਸ਼ਿ. ਕੁੱਖ। ੩. ਬੱਚਾ। ੪. ਅੰਨ। ੫. ਅਗਨਿ। ੬. ਨਦੀ ਆਦਿਕ ਦਾ ਮੱਧ ਭਾਗ। ੭. ਗੁਪਤ ਅਸਥਾਨ.

ਗਰਭਅਗਨਿ: ਸੰਗ੍ਯਾ- ਗਰਭਾਸ਼ਯ ਦੀ ਤਪਤ. "ਗਰਭ ਅਗਨਿ ਮਹਿ ਜਿਨਹਿ ਉਬਾਰਿਆ." (ਸੁਖਮਨੀ)

ਗਰਭਸ੍ਰਾਵ, ਗਰਭ ਹਿਰਣਾ: ਗਰਭ (ਹਮਲ) ਦਾ ਸ੍ਰਵ (ਚੁਇਜਾਣਾ) إسقاط حمل ਇਸਕ਼ਾਤ਼ ਹ਼ਮਲ. Abortion. ਕੱਚਾ ਗਰਭ ਕਈ ਕਾਰਣਾਂ ਤੋਂ ਡਿਗ ਪੈਂਦਾ ਹੈ, ਪਰ ਮੁੱਖ ਇਹ ਹਨ- ਮਾਤਾ ਪਿਤਾ ਨੂੰ ਕੋਈ ਭੈੜਾ ਰੋਗ ਹੋਣਾ, ਅਚਾਨਕ ਸ਼ੋਕ ਦੀ ਗੱਲ ਸੁਣਨਾ, ਡਰਨਾ, ਡਿਗਕੇ ਸੱਟ ਲੱਗਣੀ, ਬਹੁਤ ਭੁੱਖ ਤ੍ਰੇਹ ਕੱਟਣੀ, ਉੱਚੇ ਨੀਵੇਂ ਥਾਂ ਚੜ੍ਹਨਾ, ਪੇਚਿਸ਼ ਹੋਣੀ, ਗਰਭਾਸ਼ਯ (ਰਿਹ਼ਮ) ਦਾ ਮੂੰਹ ਖੁੱਲ ਜਾਣਾ, ਬਹੁਤ ਪੈਂਡਾ ਕਰਨਾ, ਗਰਮ ਪਦਾਰਥਾਂ ਦਾ ਬਹੁਤ ਸੇਵਨ ਕਰਨਾ, ਕੁੱਦਣਾ, ਗਰਭ ਸਮੇਂ ਮੈਥੁਨ ਕਰਨਾ, ਪੈੜੇ ਦੀ ਬੀਮਾਰੀ ਹੋਣੀ ਆਦਿਕ.

ਇਸ ਦਾ ਇਲਾਜ ਹੈ ਕਿ-

(੧) ਇਸਤ੍ਰੀ ੧੫. ਮਹੀਨੇ ਤੀਕ ਪਤੀ ਦਾ ਸੰਗ ਨਾ ਕਰੇ ਅਤੇ ਜਦ ਗਰਭ ਠਹਿਰ ਜਾਵੇ ਤਾਂ ਭੀ ਮੈਥੁਨ ਦਾ ਤਿਆਗ ਰੱਖੇ.

(੨) ਗਰਭ ਠਹਿਰਣ ਪੁਰ ਨਰਮ ਗਿਜਾ ਖਾਵੇ. ਚਰਪਰੀ ਅਤੇ ਭਾਰੀ ਚੀਜਾਂ ਛੱਡ ਦੇਵੇ.

(੩) ਬਨਾਰਸੀ ਆਉਲੇ ਦਾ ਮੁਰੱਬਾ ਚਾਂਦੀ ਦਾ ਵਰਕ ਲਾਕੇ ਖਾਵੇ.

(੪) ਅਨਾਰਸ਼ਰਬਤ ਜਾਂ ਚੰਦਨ ਦੇ ਬੁਰਾਦੇ ਦਾ ਸ਼ਰਬਤ ਪੀਵੇ.

(੫) ਸਫੇਦਚੰਦਨ ਦਾ ਬੁਰਾਦਾ, ਕੌਲਡੋਡੇ ਦੀ ਗਿਰੁ, ਛੋਟੀਆਂ ਇਲਾਇਚੀਆਂ, ਵੰਸਲੋਚਨ, ਲੋਧਪਠਾਨੀ, ਸੁੱਕੇ ਆਉਲੇ, ਕਤੀਰਾ ਗੂੰਦ, ਸਤਾਵਰ, ਸੰਘਾੜੇ ਦੀ ਗਿਰੀ, ਮੁਲੱਠੀ ਦਾ ਆਟਾ, ਕਚੂਰ, ਮੋਚਰਸ, ਸਤ ਈਸਬਗੋਲ, ਮਿਸ਼ਰੀ, ਕੁਸ਼ਤਾ ਫੌਲਾਦੀ ਆਬੀ, ਸਭ ਚੀਜਾਂ ਸਮਾਨ ਤੋਲ ਦੀਆਂ ਲੈ ਕੇ ਪੀਸਕੇ ਦੋ ਦੋ ਮਾਸ਼ੇ ਦੀਆਂ ਪੁੜੀਆਂ ਬਣਾਕੇ ਗਊ ਦੇ ਦੁੱਧ ਨਾਲ ਇੱਕ ਸਵੇਰੇ ਇੱਕ ਸੰਝ ਨੂੰ ਖਾਵੇ. ਜਦ ਗਰਭ ਪੰਜ ਮਹੀਨੇ ਦਾ ਹੋ ਜਾਵੇ ਤਾਂ ਇਸ ਦਾ ਵਰਤਣਾਂ ਛੱਡ ਦੇਵੇ "ਕਈ ਜਨਮ ਗਰਭ ਹਿਰਿ ਖਰਿਆ." (ਗਉ ਮਃ ੫) ਦੇਖੋ, ਅਠਰਾਹਾ ਅਤੇ ਗਰਭਪਾਤ.

ਗਰਭਕੁੰਟ, ਗਰਭਕੁੰਡ: ਸੰਗਯਾ- ਗਰਭਾਸ਼ਯ. (ਰਿਹ਼ਮ). ਬੱਚੇ- ਦਾਨ. "ਗਰਭਕੁੰਟ ਮਹਿ ਉਰਧ ਤਪ ਕਰਤੇ." (ਬਾਵਨ)

ਗਰਭਕੁੰਡਲ: ਸੰਗਯਾ- ਗਰਭ ਦਾ ਘੇਰਾ. ਗਰਭਾਸ਼ਯ. "ਰੇ ਨਰ, ਗਰਭਕੁੰਡਲ ਜਬ ਆਛਤ." (ਸ੍ਰੀ ਬੇਣੀ)

ਗਰਭਜੋਨਿ: ਗਰਭਾਸ਼ਯ ਅਤੇ ਉਦਭਿੱਜ ਸ੍ਵੇਦਜ ਆਦਿ ਯੋਨਿ। ੨. ਗਰਭ ਵਿੱਚ ਨਿੰਮਣਾ. ਗਰਭ ਵਿੱਚ ਨਿਵਾਸ. "ਸੋ ਨਰੁ ਗਰਭਜੋਨਿ ਨਹੀ ਆਵੈ." (ਆਸਾ ਅਃ ਮਃ ੧)

ਗਰਭਣੀ: ਦੇਖੋ, ਗਰਭਿਣੀ.

ਗਰਭਦਾਨ: ਸੰਗਯਾ- ਗੁਪਤਦਾਨ. ਪੇਠੇ ਆਦਿਕ ਦੇ ਅੰਦਰ ਛੁਪਾਕੇ ਧਨ ਦਾਨ ਕਰਨਾ. "ਸੋਨਾ ਗਰਭਦਾਨ ਦੀਜੈ." (ਰਾਮ ਨਾਮਦੇਵ)

ਗਰਭਪਾਤ: ਸੰਗਯਾ- ਹਮਲ ਦਾ ਡਿਗਣਾ. ਚਾਰ ਮਹੀਨੇ ਪਿੱਛੋਂ ਗਰਭ ਦਾ ਗਿਰਨਾ, ਇਸ ਤੋਂ ਪਹਿਲਾਂ ਸ੍ਰਾਵ ਕਹਾਉਂਦਾ ਹੈ. ਦੇਖੋ, ਗਰਭਸ੍ਰਾਵ.

ਗਰਭਵਤੀ: ਵਿ- ਹਾਮਿਲਾ. ਗਰਭਿਣੀ. ਗੱਭਣ.

ਗਰਭਵਾਸ: ਸੰਗਯਾ- ਗਰਭ ਵਿੱਚ ਵਾਸਾ. ਰਿਹ਼ਮ ਵਿੱਚ ਨਿਵਾਸ ਦੀ ਹਾਲਤ. "ਗਰਭਵਾਸ ਮਹਿ ਕੁਲ ਨਹਿ ਜਾਤੀ." (ਗਉ ਕਬੀਰ)

ਗਰਭਾਸ: ਸੰ. ਗਰਭਾਂਸ਼ਯ. ਸੰਗਯਾ- ਗਰਭ ਦਾ ਅਸਥਾਨ. ਜਰਾਯੁ. ਬੱਚੇਦਾਨ.

ਗਰਭਾਸਿ: ਗਰਭਾਂਸ਼ਯ ਮੇਂ. ਗਰਭ ਵਿੱਚ. "ਹੁਕਮਿ ਪਇਆ ਗਰਭਾਸਿ." (ਸ੍ਰੀ ਮਃ ੧. ਪਹਿਰੇ) "ਫਿਰ ਗਰਭਾਸਿ ਨ ਪਰਿਆ ਰੇ." (ਸ੍ਰੀ ਮਃ ੫)

ਗਰਭਾਧਾਨ: ਸੰ. गर्भाधान ਸੰਗਯਾ- ਗਰਭ ਧਾਰਣ. ਗਰਭ (ਹਮਲ) ਦਾ ਠਹਿਰਨਾ.

ਗਰਭਿ: ਗਰਭ ਵਿੱਚ. "ਗਰਭਿ ਨਾਹੀ ਬਸੰਤ." (ਰਾਮ ਮਃ ੫)

ਗਰਭਿਣੀ: ਸੰ. गर्भिणी ਵਿ- ਗਰਭ ਵਾਲੀ. ਗੱਭਣ. ਹ਼ਾਮਿਲਾ.

ਗਰਭਿਤ: ਵਿ- ਗਰ੍ਭਿਤ. ਗਰਭ ਸਹਿਤ। ੨. ਭਰਿਆ- ਹੋਇਆ. ਪੂਰਿਤ. ਜਿਵੇਂ- "ਇਹ ਵਾਕ੍ਯ ਸਾਰਗਰ੍ਭਿਤ ਹੈ." (ਲੋਕੋ)

ਗਰਮ: ਫ਼ਾ. گرم ਵਿ- ਤੱਤਾ. ਦੇਖੋ, ਘਰਮ। ੨. ਸੰ. गरिमन ਭਾਰੀ. ਵਜ਼ਨਦਾਰ. "ਕਿਤੇ ਬਰਮ ਪੈ ਚਰਮ ਰੁਪ ਗਰਮ ਝਾਰੈ." (ਚਰਿਤ੍ਰ ੯੧)

ਗਰਮਾ: ਸੰਗਯਾ- ਬਲੋਚਿਸਤਾਨ ਦਾ ਖ਼ਰਬੂਜ਼ਾ, ਜੋ ਸਰਦੇ ਤੋਂ ਮਿੱਠਾ ਹੁੰਦਾ ਹੈ। ੨. ਗਰਮੀ ਦੀ ਰੁੱਤ. ਗ੍ਰੀਸ਼ਮ। ੩. ਦੇਖੋ, ਗਰਿਮਾ.

ਗਰਮਾਈ: ਸੰਗਯਾ- ਉਸ਼ਨਤਾ. ਤੱਤਾਪਨ. ਸੇਕ. ਗਰਮੀ.

ਗਰਮਿਤਾ: ਸੰ. गरिमा ਗਰਿਮਾ. ਸੰਗਯਾ- ਗੁਰਤ੍ਵ. ਭਾਰੀਪਨ। ੨. ਇੱਕ ਸਿੱਧੀ. ਦੇਖੋ, ਅਸਟ ਸਿਧਿ। ੩. ਬਜ਼ੁਰਗੀ. ਮਹਤ੍ਵ. "ਖਰਗ ਰਮਜਤਨੁ ਗਰਮਿਤਾ ਸਿੰਘਨਾਦ ਘਮਸਾਨ।[੧੪] ਪੰਚ ਬਰਨ ਕੋ ਗੁਨ ਲਿਯੋ ਇਹ ਭੂਪਤਿ ਬਲਵਾਨ." (ਕ੍ਰਿਸਨਾਵ) ਖਰਗਸਿੰਘ ਨਾਮ ਇਨ੍ਹਾਂ ਪੰਜ ਸ਼ਬਦਾਂ ਦੇ ਆਦਿ ਅੱਖਰ ਅਤੇ ਗੁਣ ਤੋਂ ਬਣਿਆ ਹੈ.

ਗਰਮੀ: ਦੇਖੋ, ਗਰਮਾਈ। ੨. ਗ੍ਰੀਖਮ ਰੁੱਤ.

ਗਰਰਾ: ਦੇਖੋ, ਗਰੜ। ੨. ਸੰਗਯਾ- ਸ਼ਤਦ੍ਰਵ. ਸਤਲੁਜ.

ਗਰਰਾਟ: ਸੰਗਯਾ- ਗਰਰ ਗਰਰ ਦੀ ਧੁਨਿ. ਗਰੜਾਟ.

ਗਰਲ: ਸੰ. ਸੰਗਯਾ- ਜੋ ਜੀਵਨ ਨੂੰ ਗਰ (ਨਿਗਲ) ਜਾਵੇ. ਜ਼ਹਿਰ, ਵਿਸ਼. "ਗਰਲ ਨਾਸ ਤਨਿ ਨਠਯੋ ਅਮਿਉ ਅੰਤਰਗਤਿ ਪੀਓ." (ਸਵੈਯੇ ਮਃ ੨. ਕੇ)

ਗਰਲਧਰ: ਸੰ. ਸੰਗਯਾ- ਜ਼ਹਿਰ ਧਾਰਨ ਵਾਲਾ ਸ਼ਿਵ। ੨. ਸਰਪ. ਸੱਪ। ੩. ਜ਼ਹਿਰ ਵਾਲਾ ਜੀਵ.

ਗਰਵ: ਦੇਖੋ, ਗਰਬ,

ਗਰੜ: ਦੇਖੋ, ਗਰੁੜ.

ਗਰੜਧ੍ਵਜ: ਦੇਖੋ. ਗਰੁੜਧ੍ਵਜ.

ਗਰੜਾ: ਵਿ- ਡੱਬਖੜੱਬਾ. ਗਰੁੜ ਜੇਹੇ ਅਨੇਕ ਰੰਗਾਂ ਵਾਲਾ। ੨. ਦੇਖੋ, ਗਰੁੜਾ.

ਗਰਾ: ਸੰਗਯਾ- ਗਲਾ. ਕੰਠ. "ਆਨ ਅਫੀਮ ਗਰੋ ਤਿਹ ਗਹਾ." (ਚਰਿਤ੍ਰ ੩੩੧) "ਗਯੋ ਗਰਾ ਭਰ ਗਦਗਦ ਬਾਨੀ." (ਗੁਪ੍ਰਸੂ) ੨. ਪਹਾੜ ਦਾ ਦਰਾ. ਘਾਟੀ। ੩. ਵਿ- ਗਰਿਆ. ਗਲਿਆ. ਸੜਿਆ.

ਗਰਾਂ: ਸੰਗਯਾ- ਗ੍ਰਾਮ. ਗਾਂਵ "ਗਰਾਂ ਓਰ ਕਹਿ ਯੌਂ ਗਈ" (ਚਰਿਤ੍ਰ ੧੩) ੨. ਦੇਖੋ, ਗਿਰਾਂ.

ਗਰਾਸ: ਸੰ. ਗ੍ਰਾਸ. ਸੰਗਯਾ- ਬੁਰਕੀ. ਲੁਕਮਾ। ੨. ਪਕੜ. ਗਰਿਫ਼ਤ. ਗ੍ਰਸਨ ਦਾ ਭਾਵ.

ਗਰਾਹ: ਸੰਗਯਾ- ਗ੍ਰਾਸ. ਬੁਰਕੀ। ੨. ਸੰ. ਗ੍ਰਾਹ. ਜਲਹਸ੍ਤੀ. ਤੇਂਦੂਆ. "ਗਜ ਗਰਾਹ ਤੇ ਛੂਟਾ." (ਸੋਰ ਮਃ ੯) ੩. ਕ਼ੈਦੀ। ੪. ਸ਼ਸਤ੍ਰ ਦਾ ਦਸ੍ਤਾ। ੫. ਵਿ- ਗ੍ਰਹਣ (ਫੜਨ) ਵਾਲਾ.

ਗਰਾਪ, ਗਰਾਫ, ਗਰਾਬ: ਅੰ. Grape- shot. ਗ੍ਰੇਪਸ਼ਾਟ. ਅੰਗੂਰ ਦੀ ਸ਼ਕਲ ਦਾ ਛਰਰਾ. ਰੌਣਾ. "ਤੋਪ ਗਰਾਫ ਸਾਥ ਬਹੁ ਦੰਭੈਂ." (ਪੰਪ੍ਰ) ਤੋਪ ਦੇ ਰੌਣਿਆਂ ਨਾਲ ਬਹੁਤਿਆਂ ਨੂੰ ਡੰਭਦੇ (ਘਾਇਲ ਕਰਦੇ) ਹਨ.

ਗਰਾਮ: ਸੰ. ਗ੍ਰਾਮ. ਸੰਗਯਾ- ਪਿੰਡ. ਗਾਂਵ। ੨. ਦੇਖੋ, ਗ੍ਰਾਮ.

ਗਰਾਮਨੋ: ਸੰ. गामिन्. ਗਾਮਿਨ੍. ਵਿ- ਜਾਣ ਵਾਲਾ. ਗਾਮੀ. "ਗੁਰੁ ਬੋਹਿਥ ਪਰਗਰਾਮਨੋ." (ਗਉ ਮਃ ੫) ਗੁਰੂ ਪਾਰ ਜਾਣ ਵਾਲਾ ਬੋਹਿਥ (ਵਹਿਤ੍ਰ- ਜਹਾਜ) ਹੈ. ਭਾਵ- ਅਧਵਿੱਚ ਡੁੱਬਣ ਦਾ ਭੈ ਨਹੀਂ.

ਗ਼ਰਾਰਹ, ਗਰਾਰਾ: ਫ਼ਾ. غرارہ ਅ਼ਰਬੀ ਵਿੱਚ ਇਹ ਸ਼ਬਦ ਗ਼ਰਗ਼ਰਹ ਹੈ. ਕੁਰਲਾ. ਮੂੰਹ ਵਿੱਚ ਪਾਣੀ ਲੈ ਕੇ ਕੁਲ ਕੁਲ ਸ਼ਬਦ ਕਰਨ ਦੀ ਕ੍ਰਿਯਾ. ਅੰ. Gurgle । ੨. ਖੁੱਲ੍ਹੇ ਪਜਾਮੇ ਨੂੰ ਭੀ ਗਰਾਰਾ ਆਖਦੇ ਹਨ.

ਗਰਾਵ: ਸੰ. ਸੰਗਯਾ- ਗ੍ਰਾਮ ਗਾਂਵ। ੨. ਦੇਖੋ, ਗਰਾਬ। ੩. ਸੰ. ग्रावन ਗ੍ਰਾਵਨ. ਪੱਥਰ. ਚਟਾਨ "ਕਾਟਿਓ ਬੰਧ ਗਰਾਵਉ." (ਆਸਾ ਮਃ ੫) ਪੱਥਰ ਦਾ ਬੰਨ੍ਹ ਤੋੜ ਦਿੱਤਾ. ਭਾਵ- ਅਗਯਾਨ.

ਗਰਿ: ਕ੍ਰਿ. ਵਿ- ਗਲਕੇ. ਪਿਘਲਕੇ. "ਓਰਾ ਗਰਿ ਪਾਨੀ ਭਇਆ." (ਸ. ਕਬੀਰ) ੨. ਗਲ ਵਿੱਚ. ਗਲੇ.

ਗਰਿਸਤ: ਦੇਖੋ, ਗ੍ਰਿਸਤ.

ਗਰਿਸ੍ਟ: ਸੰ. ਗਰਿਸ਼੍ਠ. ਵਿ- ਵਡਾ ਭਾਰੀ. ਬਹੁਤ ਵਜ਼ਨਦਾਰ। ੨. ਬਹੁਤ ਮਾਨਯ. "ਗੁਸਾਈ ਗਰਿਸ੍ਟ ਰੂਪੇਣ." (ਸਹਸ ਮਃ ੫) ੩. ਸੰਗਯਾ- ਮਹਾਂਭਾਰਤ ਅਨੁਸਾਰ ਇੱਕ ਬਲਵਾਨ ਦਾਨਵ.

ਗਰਿੰਦਾ: ਫ਼ਾ. گیرندہ ਗੀਰਿੰਦਾ. ਵਿ- ਗ੍ਰਹਣ ਕਰਨ ਵਾਲਾ. ਫੜਨ ਵਾਲਾ। ੨. ਗ਼ਾਰਤ ਕੁਨੰਦਾ. "ਗਨੀਮਨ ਗਰਿੰਦਾ." (ਅਕਾਲ)

ਗਰਿਫ਼ਤ: ਫ਼ਾ. گرفت ਸੰਗਯਾ- ਪਕੜ.

ਗਰਿਫ਼ਤਨ: ਫ਼ਾ. گرفتن ਕ੍ਰਿ- ਪਕੜਨਾ. ਫੜਨਾ.

ਗਰਿਮਾ: ਦੇਖੋ, ਗਰਮਿਤਾ ਅਤੇ ਅਸਟ ਸਿਧਿ.

ਗਰੀ: ਵਿ- ਗਲੀ ਹੋਈ. "ਕਾਹੂੰ ਗਰੀ ਗੋਦਰੀ ਨਾਹੀ." (ਆਸਾ ਕਬੀਰ) ੨. ਸੰਗਯਾ- ਗਿਰੂ (ਗਿਰੀ). ਮਗ਼ਜ਼. "ਬਦਾਮਨ ਗਰੀ ਸਮਾਈ." (ਗੁਪ੍ਰਸੂ) ੩. ਖੋਪਾ. ਨਰੀਏਲ ਦਾ ਮਗ਼ਜ਼. "ਗਰੀ ਛੁਹਾਰੇ ਖਾਂਦੀਆਂ." (ਆਸਾ ਅਃ ਮਃ ੧) ੪. ਗਲੀ. ਵੀਥੀ. "ਖੇਲਤ ਕੁੰਜ ਗਰੀਨ ਕੇ ਬੀਚ." (ਕ੍ਰਿਸਨਾਵ) "ਗਰੀ ਬਜਾਰ ਬਿਲੋਕਤ ਆਏ." (ਗੁਪ੍ਰਸੂ) "ਭ੍ਰਮਤ ਲਾਖ ਗਰੀਆ." (ਕਨਾ ਮਃ ੫)

ਗਰੀਬ, ਗਰੀਬੁ: ਅ਼. غریب ਗ਼ਰੀਬ. ਵਿ- ਮੁਸਾਫਿਰ. ਪਰਦੇਸੀ। ੨. ਨਿਰਧਨ. ਕੰਗਾਲ। ੩. ਦੀਨ। ੪. ਅਸਮਰਥ. "ਨਾਨਕ ਗਰੀਬੁ ਢਹਿਪਇਆ ਦੁਆਰੇ." (ਸੂਹੀ ਅਃ ਮਃ ੪)

ਗਰੀਬਦਾਸ, ਗਰੀਬਦਾਸੀਆ: ਦਿੱਲੀ ਦੇ ਇਲਾਕੇ ਛੁਡਾਣੀ ਪਿੰਡ ਵਿੱਚ ਸੰਮਤ ੧੭੭੪ ਵਿੱਚ ਧਨਖੜੇ ਜੱਟਾਂ ਦੇ ਘਰ ਗਰੀਬਦਾਸ ਦਾ ਜਨਮ ਹੋਇਆ. ਇਸ ਨੇ ਪਹਿਲੀ ਅਵਸਥਾ ਗ੍ਰਿਹਸਥ ਵਿੱਚ ਬਿਤਾਈ ਅਤੇ ਚਾਰ ਬੇਟੇ ਦੋ ਬੇਟੀਆਂ ਪੈਦਾ ਹੋਈਆਂ.

ਦਾਦੂਪੰਥੀ ਸਾਧੂਆਂ ਦੀ ਸੰਗਤਿ ਦਾ ਗਰੀਬਦਾਸ ਤੇ ਅਜੇਹਾ ਅਸਰ ਹੋਇਆ ਕਿ ਘਰ ਬਾਰ ਛੱਡਕੇ ਸੰਤਮੰਡਲੀ ਵਿੱਚ ਮਿਲ ਗਿਆ ਅਤੇ ਕਰਣੀ ਦੇ ਪ੍ਰਭਾਵ ਨਾਲ ਪੂਜਯ ਹੋ ਗਿਆ. ਇਸ ਦੀ ਰਚਨਾ ਭਗਤਿ ਅਤੇ ਨਾਮ ਦੀ ਮਹਿਮਾ ਨਾਲ ਭਰਪੂਰ ਹੈ. ਗਰੀਬਦਾਸ ਦਾ ਦੇਹਾਂਤ ਸੰਮਤ ੧੮੨੫ ਵਿੱਚ ਹੋਇਆ. ਇਸ ਦੀ ਸੰਪ੍ਰਦਾਯ ਦੇ ਸਾਧੂ ਗਰੀਬਦਾਸੀਏ ਸਦਾਉਂਦੇ ਹਨ.

ਗਰੀਬਦਾਸੀਏ ਆਪੋਵਿੱਚੀ ਮਿਲਣ ਸਮੇਂ "ਸਤ ਸਾਹਿਬ" ਸ਼ਬਦ ਆਖਦੇ ਹਨ, ਇਸ ਲਈ ਇਨ੍ਹਾਂ ਦੀ ਸੰਗਯਾ 'ਸਤਸਾਹਿਬੀਏ' ਭੀ ਹੈ.

ਗਰੀਬਨਿਮਾਜ, ਗ਼ਰੀਬਨਿਵਾਜ਼: ਫ਼ਾ. غریب نواز ਵਿ- ਦੀਨਾਂ ਉੱਪਰ ਦਯਾ ਕਰਨ ਵਾਲਾ. ਨਿਰਧਨਾਂ ਨੂੰ ਨਿਵਾਜ਼ਿਸ਼ ਕਰਨ ਵਾਲਾ. "ਗਰੀਬਨਿਵਾਜ ਗੁਸਈਆ ਮੇਰਾ." (ਮਾਰੂ ਰਵਿਦਾਸ)

ਗ਼ਰੀਬਪਰਵਰ: ਫ਼ਾ. غریب پرور ਦੀਨਾਂ ਦੀ ਪਾਲਨਾਂ ਕਰਨ ਵਾਲਾ.

ਗਰੀਬਾਨ: ਦੇਖੋ, ਗਿਰੀਵਾਨ.

ਗਰੀਬਾਨੋ: ਵਿ- ਗ਼ਰੀਬੀਵਾਲਾ. ਹਲੀਮ. ਨੰਮ੍ਰ. "ਏਕ ਮਹਲਿ ਗਰੀਬਾਨੋ." ਗਉ ਮਃ ੫)

ਗਰੀਬੀ: ਸੰਗਯਾ- ਗਰੀਬਪਨ. ਕੰਗਾਲਤਾ। ੨. ਨੰਮ੍ਰਤਾ. ਹਲੀਮੀ. "ਗਰੀਬੀ ਗਦਾ ਹਮਾਰੀ." (ਸੋਰ ਮਃ ੫)

ਗਰੀਬੁ: ਦੇਖੋ, ਗਰੀਬ.

ਗ਼ਰੀਬੁਲਪਰਸੁ: ਫ਼ਾ. ਵਿ- ਗਰੀਬਾਂ ਦੀ ਪਾਲਨਾ ਕਰਨਵਾਲਾ. "ਗਰੀਬੁਲਪਰਸਤੈ." (ਜਾਪੁ)

ਗਰੀਯ, ਗਰੀਯਸ, ਗਰੀਯਾਨ: ਸੰ गरीयस् ਵਿ- ਬਹੁਤ ਭਾਰੀ। ੨. ਗੌਰਵ (ਗੁਰੁਤ੍ਵ) ਵਾਲਾ. ਬਜ਼ੁਰਗੀ ਸਹਿਤ.

ਗਰੀਵਹ: ਫ਼ਾ. گریوہ ਸੰਗਯਾ- ਟਿੱਲਾ. ਟਿੱਬਾ. ਢੇਰ। ੨. ਡੋਰ. ਰੱਸੀ.

ਗਰੀਵੇ ਕਮਾਨ: ਫ਼ਾ. ਸੰਗਯਾ- ਕਮਾਣ ਦਾ ਚਿੱਲਾ. ਦੇਖੋ, ਗਰੀਵਹ.

ਗਰੁਆਈ: ਸੰਗਯਾ- ਗੁਰੁਤ੍ਵ. ਭਾਰੀਪਨ. ਵਜ਼ਨਦਾਰੀ। ੨. ਬਜ਼ੁਰਗੀ.

ਗਰੁਤ: ਸੰ. ਸੰਗਯਾ- ਗ (ਆਕਾਸ਼) ਵਿੱਚ ਜੋ ਰੁਤ (ਆਵਾਜ਼) ਕਰੇ, ਪੰਖ. ਖੰਭ. ਪ੯.

ਗਰੁਤਮੰਤ: ਗਰੁਤ (ਪੰਖਾਂ) ਵਾਲਾ, ਪੰਛੀ. ਪਰਿੰਦ। ੨. ਗਰੜ.

ਗਰੁਰ: ਦੇਖੋ, ਗਰੁੜ. "ਗਰੁਰ ਗਰੂਰ ਤਜਜੋ ਬਾਜ਼ ਸਭ ਬਾਜ਼ ਆਏ." (ਕਵਿ ੫੨)

ਗਰੁਵ, ਗਰੁਵਾ: ਵਿ- ਗੌਰਵ. ਭਾਰੀ. "ਬਖਸੈ ਮੈ ਜੁ ਗਰੁਵ ਅਪਰਾਧੁ." (ਨਾਪ੍ਰ)

ਗਰੁੜ: ਸੰ. गरुड ਸੰਗਯਾ- ਵਿਨਤਾ ਦੇ ਗਰਭ ਤੋਂ ਕਸ਼ਯਪ ਦਾ ਪੁਤ੍ਰ, ਜੋ ਵਿਸ਼ਨੁ ਦਾ ਵਾਹਨ ਅਤੇ ਪੰਛੀਆਂ ਦਾ ਰਾਜਾ ਲਿਖਿਆ ਹੈ. ਇਸ ਦਾ ਅੱਧਾ ਧੜ ਪੰਛੀ ਦਾ ਅਤੇ ਉਪੱਰਲਾ ਭਾਗ ਮਨੁੱਖ ਦਾ ਹੈ. ਮਹਾਭਾਰਤ ਵਿੱਚ ਲਿਖਿਆ ਹੈ ਕਿ ਜਦ ਗਰੁੜ ਦੇਵਤਿਆਂ ਨੂੰ ਜਿੱਤਕੇ ਸੁਰਗ ਤੋਂ ਅਮ੍ਰਿਤ ਲੈ ਆਇਆ, ਤਦ ਵਿਸ਼ਨੁ ਨੇ ਰੀਝਕੇ ਆਖਿਆ ਕਿ ਵਰ ਮੰਗ. ਗਰੁੜ ਨੇ ਕਿਹਾ ਕਿ ਮੈਂ ਸਦਾ ਆਪ ਦੇ ਉੱਪਰ ਰਹਾਂ, ਵਿਸ਼ਨੁ ਨੇ ਇਹ ਬਾਤ ਮੰਨ ਲਈ, ਪਰ ਗਰੁੜ ਨੇ ਮਨ ਵਿੱਚ ਸੋਚਿਆ ਕਿ ਇਹ ਗੱਲ ਚੰਗੀ ਨਹੀਂ ਹੋਈ, ਕਿਉਂਕਿ ਅਜਿਹਾ ਹੋਣ ਤੋਂ ਵਿਸ਼ਨੁ ਦਾ ਅਪਮਾਨ ਹੈ. ਗਰੁੜ ਨੇ ਵਿਸ਼ਨੁ ਨੂੰ ਆਖਿਆ ਕਿ ਆਪ ਮੈਥੋਂ ਕੋਈ ਵਰ ਲੈ ਲਓ. ਵਿਸ਼ਨੁ ਨੇ ਆਖਿਆ ਕਿ ਤੂੰ ਮੇਰੀ ਸਵਾਰੀ ਬਣਜਾ. ਹੁਣ ਚਿੰਤਾ ਇਹ ਹੋਈ ਕਿ ਦੋਹਾਂ ਨੂੰ ਇੱਕ ਦੂਜੇ ਦੇ ਹੇਠ ਹੋਣ ਪਿਆ. ਅੰਤ ਨੂੰ ਵਡੀ ਵਿਚਾਰ ਪਿੱਛੋਂ ਇਹ ਫੈਸਲਾ ਹੋਇਆ ਕਿ ਗਰੁੜ ਵਿਸ਼ਨੁ ਦੀ ਧੁਜਾ ਉੱਪਰ ਰਹੇ, ਇਸ ਤੋਂ ਵਿਸ਼ਨੁ ਦਾ ਵਾਹਨ ਭੀ ਹੋ ਗਿਆ ਅਤੇ ਵਿਸ਼ਨੁ ਦੇ ਉੱਪਰ ਭੀ ਹੋਇਆ.

"ਗਰੁੜ ਚੜੇ ਆਏ ਗੋਪਾਲ." (ਭੈਰ ਨਾਮਦੇਵ) ੨. ਦੇਖੋ, ਗਰੁੜੁ.

ਗਰੁੜਗੰਗਾ: ਬਦਰੀਨਾਰਾਇਣ ਦੇ ਰਸਤੇ ਇੱਕ ਛੋਟੀ ਨਦੀ, ਜਿਸ ਦੀ ਪਥਰੀ ਘਰ ਰੱਖਣ ਤੋਂ ਕਈ ਹਿੰਦੂ ਸੱਪ ਦੇ ਡਰ ਤੋਂ ਛੁਟਕਾਰਾ ਮੰਨਦੇ ਹਨ.

ਗਰੁੜਦੁਗਾਰ: ਸੰ. गरुडोद्गार ਗਰੁੜੋਦਗਾਰ. ਸੰਗਯਾ- ਸੱਪ ਦਾ ਵਿਹੁ ਦਰੂ ਕਰਨ ਵਾਲੀ ਇੱਕ ਬੂਟੀ, ਜਿਸ ਨੂੰ ਗਰੁੜ ਦੇ ਉਦਗਾਰ (ਡਕਾਰ) ਤੋ ਉਤਪੰਨ ਹੋਇਆ ਮੰਨਿਆ ਹੈ.

ਗਰੁੜਧੁਜ, ਗਰੁੜਧ੍ਵਜ: ਵਿਸ਼ਨੁ, ਜਿਸ ਦੀ ਧੁਜਾ (ਨਿਸ਼ਾਨ) ਉੱਤੇ ਗਰੁੜ ਦੇ ਬੈਠਣ ਦਾ ਅੱਡਾ ਹੈ. ਦੇਖੋ, ਗਰੁੜ.

ਗਰੁੜਪੁਰਾਣ: ਦੇਖੋ, ਪੁਰਾਣ.

ਗਰੁੜਾ: ਸੰ. ਗਾਰਿਤ੍ਰ. ਓਦਨ. ਰਿੱਝੇ ਹੋਏ ਚਾਵਲ. "ਗਰੁੜਾ ਖਾਣਾ ਦੁਧ ਸਿਉ ਗਾਡਿ." (ਬਸੰ ਮਃ ੧) ੨. ਸਿੰਧੀ. ਵਿ- ਨਰਮ. ਪਘਰ ਜਾਣ ਵਾਲਾ. "ਭਾਰ ਅਠਾਰਹਿ ਮੇਵਾ ਹੋਵੈ ਗਰੁੜਾ ਹੋਵੈ ਸੁਆਉ." (ਵਾਰ ਮਾਝ ਮਃ ੧) ਦੇਖੋ, ਸੁਆਉ ੮.

ਗਰੁੜਾਸਨ: ਵਿਸ਼ਨੁ, ਜਿਸ ਦਾ ਆਸਨ (ਨਿਸ਼ਸਤ) ਗਰੁੜ ਪੁਰ ਹੈ। ੨. ਯੋਗਮਤ ਅਨੁਸਾਰ ਇੱਕ ਪ੍ਰਕਾਰ ਦੀ ਬੈਠਕ.

ਗਰੁੜਾਰੀ, ਗਰੁੜੀ: ਸੰ. गारुडिक ਗਾਰੁੜਿਕ. ਗਰੁੜਮੰਤ੍ਰ ਦੇ ਜਾਣਨ ਵਾਲਾ। ੨. ਸੱਪ ਦੀ ਜ਼ਹਿਰ ਦਾ ਇਲਾਜ ਕਰਨ ਵਾਲਾ। ੩. ਸਰਪ ਦੀ ਵਿਸ਼ ਦੂਰ ਕਰਨ ਵਾਲੀ ਦਵਾਈ. "ਗਰੁਮੰਤ੍ਰ ਮੁਖਿ ਗਰੁੜਾਰੀ." (ਸਾਰ ਮਃ ੫) ਗੁਰਉਪਦੇਸ਼ ਮੁੱਖ ਵਿੱਚ ਵਿਖ ਦੂਰ ਕਰਨ ਦੀ ਦਵਾਈ ਹੈ.

ਗਰੁੜੁ: ਸੰ. गारुड़ ਗਾਰੁੜ. ਗਰੁੜ ਹੈ ਜਿਸ ਦਾ ਦੇਵਤਾ, ਐਸਾ ਸੱਪ ਦਾ ਵਿਹੁ ਦੂਰ ਕਰਨ ਦਾ ਮੰਤ੍ਰ।੨ ਸੱਪ ਦਾ ਵਿਸ਼ ਦੂਰ ਕਰਨ ਵਾਲੀ ਦਵਾਈ. "ਘਸਿ ਗਰੁੜੁ ਸਬਦ ਮੁਖਿ ਲੀਠਾ." (ਗਉ ਮਃ ੪) ਗੁਰਸ਼ਬਦ ਰੂਪ ਗਾਰੁੜ ਚੱਟਿਆ. ਦੇਖੋ, ਲੀਠਾ. "ਗਰੁੜੁ ਸਬਦੁ ਮੁਖਿ ਪਾਇਆ, ਹਉਮੈ ਬਿਖੁ ਹਰਿ ਮਾਰੀ." (ਮਲਾ ਮਃ ੩)

ਗਰੁੜੋਦਗਾਰ: ਦੇਖੋ, ਗਰੁੜਦੁਗਾਰ.

ਗਰੂ, ਗਰੂਓ, ਗਰੂਅ: ਵਿ- ਗੌਰਵ. ਗੁਰੁਤਾ ਵਾਲਾ. ਭਾਰੀ. "ਗੁਰੁਮੁਖ ਦੇਖਿ ਗਰੂ ਸੁਖ ਪਾਇਓ." (ਸਵੈਯੇ ਮਃ ੪. ਕੇ)

ਗਰੂਅਮਤ, ਗਰੂਅਮਤਿ: ਵਿ- ਗੌਰਵ (ਗੁਰੁਤ੍ਵ) ਸਹਿਤ ਹੈ ਮਤ (ਸਿੱਧਾਂਤ) ਜਿਸ ਦਾ। ੨. ਵਡੀ ਬੁੱਧਿ ਵਾਲਾ. ਮਤਿ ਉੱਚੀ ਵਾਲਾ. ਆਲਾ ਦਿਮਾਗ ਰੱਖਣਵਾਲਾ. "ਗਰੂਅਮਤ ਨਿਰਵੈਰ ਲੀਣਾ." (ਸਵੈਯੇ ਮਃ ੩. ਕੇ) "ਗੁਰੁ ਗੰਭੀਰ ਗਰੂਅਮਤਿ." (ਸਵੈਯੇ ਮਃ ੩. ਕੇ)

ਗਰੂਆ: ਦੇਖੋ, ਗਰੂਅ. "ਸੋਈ ਨਰ ਗਰੂਆ ਜੋ ਪ੍ਰਭੁ ਕੇ ਗੁਨ ਗਾਵੈ." (ਬਿਲਾ ਮਃ ੯)

ਗ਼ਰੂਰ: ਅ਼. غرُوُر ਸੰਗਜਾ- ਫ਼ਰੇਬ. ਧੋਖਾ। ੨. ਘਮੰਡ. ਗਰਵ. ਹੰਕਾਰ. "ਹੋਰ ਮੁਚੁ ਗਰੂਰ." (ਵਾਰ ਰਾਮ ੩) ਦੇਖੋ, ਗਰੂਰ.

ਗਰੂਰੀ: ਵਿ- ਗ਼ਰੂਰ (ਅਹੰਕਾਰ) ਵਾਲਾ. ਘਮੰਡੀ। ੨. ਸੰਗਜਾ- ਗਰੂਰਤਾ. ਅਹੰਕਾਰ.

ਗਰੇਬਾਨ: ਦੇਖੋ, ਗਿਰੀਵਾਨ.

ਗਰੇਵਾਲ: ਇੱਕ ਜੱਟ ਗੋਤ੍ਰ, ਜਿਸ ਦਾ ਨਿਕਾਸ ਰਾਜਪੂਤਾਂ ਵਿੱਚੋਂ ਹੈ.

ਗਰੋ: ਗਲਾ. ਕੰਠ. "ਗਰੋ ਰੁਕਗਯੋ." (ਨਾਪ੍ਰ) ੨. ਦੇਖੋ, ਗਿਰੋ.

ਗਰੋਹ: ਸੰਗਜਾ- ਮੇਲ. ਮਿਲਾਪ। ੨. ਸਨੇਹ. ਮੁਹੱਬਤ. "ਜਬ ਦਿਜ ਕੇ ਗ੍ਰਹਿ ਪਤ੍ਰਤ ਤਬ ਮੋ ਸੋਂ ਹੁਤੋ ਗਰੋਹ." (ਕ੍ਰਿਸਨਾਵ) ੩. ਫ਼ਾ. گروہ ਝੁੰਡ. ਸਮੁਦਾਯ। ੪. ਜਥਾ. ਟੋਲਾ. ਯੂਥ.

ਗਰੰਥ: ਦੇਖੋ, ਗ੍ਰੰਥ. "ਅਸੰਖ ਗਰੰਥ ਮੁਖਿ ਵੇਦਪਾਠ." (ਜਪੁ)

ਗਰੰਥ ਸਾਹਿਬ: ਦੇਖੋ, ਗ੍ਰੰਥ ਸਾਹਿਬ.

ਗਰੰਥੀ: ਦੇਖੋ, ਗ੍ਰੰਥੀ.

ਗਰ੍ਹ: ਦੇਖੋ, ਗਹੰ.

ਗਰ੍ਹਣ: ਦੇਖੋ, ਗਹੰਣ.

ਗਰ੍ਹਿਤ: ਦੇਖੋ, ਗਹਿੰਤ.

ਗਲ: ਸੰ. ਗਲ੍ ਧਾ- ਖਾਣਾ, ਨਿਗਲਣਾ, ਗਲਣਾ, ਟਪਕਣਾ, ਚੁਇਣਾ, ਨਸ਼੍ਟ ਕਰਨਾ। ੨. ਸੰਗਜਾ- ਗਲਾ. ਕੰਠ। ੩. ਕਪੋਲ. ਦੇਖੋ, ਗੱਲ. "ਗਲਾ ਪਿਟਨਿ ਸਿਰ ਖੁਹੇਨਿ." (ਸਵਾ ਮਃ ੧) ੪. ਦੇਖੋ, ਗਲਾ ੨.

ਗਲਉਰਾ: ਦੇਖੋ, ਗਲੌਰਾ। ੨. ਪਾਨਾਂ ਦਾ ਬੀੜਾ, ਜੋ ਗਲ੍ਹ ਵਿੱਚ ਰੱਖ ਲਈਦਾ ਹੈ. "ਘੀਸ ਗਲਉਰੇ ਲਿਆਵੈ." (ਆਸਾ ਕਬੀਰ) ਦੇਖੋ, ਫੀਲੁ.

ਗਲਉਰੀ: ਪਾਨਾਂ ਦੀ ਬੀੜੀ. ਦੇਖੋ, ਗਲਉਰਾ ੨.

ਗਲਹਥਾ: ਸੰਗਜਾ- ਕਿਸੇ ਨੂੰ ਬਾਹਰ ਕੱਢਣ ਅਤੇ ਧਕੇਲਣ ਲਈ ਗਲ ਪੁਰ ਅੱਧੇ ਚੰਦ ਦੇ ਆਕਾਰ ਰੱਖਿਆ ਹੋਇਆ ਹੱਥ. ਅਰਧਚੰਦ੍ਰ.

ਗਲੱਕੜੀ: ਸੰਗਜਾ- ਗਲ (ਕੰਠ) ਨੂੰ ਹੱਥਾਂ ਨਾਲ ਪ੍ਰੇਮ ਸਹਿਤ ਲਿਪਟਣ ਦੀ ਕ੍ਰਿਯਾ. ਜੱਫੀ. ਗੱਲਫੜੀ.

ਗਲਗੱਜ: ਸੰਗਜਾ- ਕੰਠ ਦੀ ਗਰਜ. ਯੋਧਿਆਂ ਦੇ ਕੰਠ ਤੋਂ ਨਿਕਲੀ ਉੱਚੀ ਧੁਨੀ. ਸਿੰਘਨਾਦ. "ਯੋਧਾ ਗਲਗਜਜੰ." (ਰਾਮਾਵ) "ਗਲਗਾਜਹਿੰਗੇ." (ਕਲਕੀ)

ਗਲਗਲ: ਨੇਂਬੂ ਦੀ ਜਾਤਿ ਦਾ ਇੱਕ ਵਡੇ ਆਕਾਰ ਦਾ ਫਲ. ਇਸ ਦਾ ਆਚਾਰ ਬਣਦਾ ਹੈ ਅਤੇ ਵੈਦ ਕਈ ਦਵਾਈਆਂ ਵਿੱਚ ਇਸ ਦਾ ਰਸ ਵਰਤਦੇ ਹਨ. Citrum Medica.

ਗਲਚਮੜੀ: ਦੇਖੋ, ਗਲਿਚਮੜੀ.

ਗਲਣ, ਗਲਣਾ: ਸੰ. ਗਲਨ. ਚੁਇਣਾ. ਟਪਕਣਾ। ੨. ਸੜਨਾ. ਤ੍ਰੁੱਕਣਾ। ੩. ਬਰਬਾਦ ਹੋਣਾ. ਨਸ਼੍ਟ ਹੋਣਾ. ਦੇਖੋ, ਗਲ ਧਾ। ੪. ਪੰਜਾਬੀ ਵਿੱਚ ਚੌੜੇ ਮੂੰਹ ਦੇ ਚਾਟੇ ਨੂੰ ਭੀ ਗਲਣਾ ਆਖਦੇ ਹਨ.

ਗਲਣਿ: ਸੰਗ੍ਯਾ- ਧਸਣ. ਖੁਭਣ. ਜਿਲ੍ਹਣ। ੨. ਵਾਣੀ. ਗਲ (ਕੰਠ) ਦੀ ਧੁਨਿ. ਬਾਤ. ਗੱਲ. "ਮਿਠੀ ਗਲਣਿ ਕੁਮੰਤ੍ਰੀਆ." (ਸਵਾ ਮਃ ੫)

ਗਲਣੀ: ਚੌੜੇ ਮੂੰਹ ਦੀ ਚਾਟੀ. ਦੇਖੋ, ਗਲਣਾ ੪.

ਗਲਤ: गलित ਗਲਿਤ. ਵਿ- ਪਤਿਤ ਹੋਇਆ. ਡਿਗਿਆ। ੨. ਗਲਿਆ. ਸੜਿਆ। ੩. ਚੁਇਆ. ਟਪਕਿਆ। ੪. ਪਘਰਿਆ. ਦ੍ਰਵੀਭੂਤ. "ਤਨੁ ਮਨੁ ਗਲਤ ਭਏ ਠਾਕੁਰ ਸਿਉ." (ਕਾਨ ਮਃ ੫) ੫. ਅ਼. غلط ਗ਼ਲਤ਼. ਅਸ਼ੁੱਧ. ਨਾਦੁਰੁਸ੍ਤ.

ਗਲਤਾਨ: ਫ਼ਾ. غلطان ਗ਼ਲਤ਼ਾਨ. ਵਿ- ਰੁੜ੍ਹਦਾ ਹੋਇਆ। ੨. ਲੇਟਿਆ ਹੋਇਆ। ੩. ਖਚਿਤ. ਲਿਵਲੀਨ. "ਮਨ ਤਨੋ ਗਲਤਾਨ ਸਿਮਰਤ ਪ੍ਰਭੁਨਾਮ." (ਸ੍ਰੀ ਛੰਤ ਮਃ ੫) "ਹਰਿ ਮਿਲੇ ਭਏ ਗਲਤਾਨ." (ਨਟ ਮਃ ੪. ਪੜਤਾਲ)

ਗਲਤੀ: ਸੰਗ੍ਯਾ- ਗਲ- ਵਲਿਤ. ਗਲ ਨੂੰ ਵਲਿਤ (ਲਪੇਟੀ ਹੋਈ) ਚਾਦਰ. ਕੁੜਤੇ ਦੀ ਥਾਂ ਸ਼ਰੀਰ ਉੱਪਰ ਲਪੇਟੀ ਹੋਈ ਚਾਦਰ. ਅਥਵਾ- ਗਲਤ੍ਰੀ. ਗਲ ਦੀ ਰਖ੍ਯਾ ਕਰਨ ਵਾਲੀ. ਫ਼ਾ. غلطه ਗ਼ਲਤ਼ਹ। ੨. ਫ਼ਾ. غلطی ਗ਼ਲਤ਼ੀ. ਭੁੱਲ. ਅਸ਼ੁੱਧੀ.

ਗ਼ਲਤੀਦਨ, ਗ਼ਲਤ਼ੀਦਨ: ਫ਼ਾ. غلطیدن ਕ੍ਰਿ- ਲੇਟਣਾ। ੨. ਲੋਟਣਾ.

ਗਲਤੁ: ਦੇਖੋ, ਗਲਤ.

ਗਲਨਾ: ਦੇਖੋ, ਗਲਣਾ. "ਹਰਿਬਿਸਰਤ ਤੇਰੇ ਗੁਣ ਗਲਿਆ." (ਸੋਪੁਰਖੁ)

ਗਲਫਰੋਸ: ਸੰਗ੍ਯਾ- ਗੱਲਾਂ (ਬਾਤਾਂ) ਵੇਚਣ ਵਾਲਾ. ਮੁਖ਼ਬਰ। ੨. ਭੰਡ. ਮਸ਼ੌਲੀਆ।

ਗਲਫਰੋਸੀ: ਸੰਗ੍ਯਾ- ਮੁਖ਼ਬਰੀ। ੨. ਭਾਂਡਪਨ. ਭੰਡਪੁਣਾ. "ਓਹ ਗਲਫਰੋਸੀ ਕਰੇ ਬਹੁਤੇਰੀ." (ਵਾਰ ਗਉ ੧. ਮਃ ੪)

ਗ਼ਲਬਾ: ਅ਼. غلبه ਸੰਗ੍ਯਾ- ਗ਼ਾਲਿਬ (ਪ੍ਰਬਲ) ਹੋਣ ਦਾ ਭਾਵ। ੨. ਦਬਾਉ. ਦਾਬਾ.

ਗਲਾ: ਸੰਗ੍ਯਾ- ਗ੍ਰੀਵਾ. ਗਲ. ਗਰਦਨ. "ਗਲਾ ਬਾਂਧਿ ਦੁਹਿਲੇਇ ਅਹੀਰ." (ਸਾਰ ਨਾਮਦੇਵ) ੨. ਗੱਲ (ਬਾਤ) ਦਾ ਬਹੁਵਚਨ. ਗੱਲਾਂ. "ਗਲਾ ਕਰੇ ਘਣੇਰੀਆ." (ਵਾਰ ਆਸਾ ਮਃ ੨) ੩. ਗੱਲ (ਕਪੋਲ) ਦਾ ਬਹੁਵਚਨ. ਗਲ੍ਹਾਂ "ਗਲਾ ਪਿਟਨਿ ਸਿਰੁ ਖੁਹੇਨਿ." (ਸਵਾ ਮਃ ੧) ੪. ਓਲਾ. ਗੜਾ. ਹਿਮਉਪਲ. "ਗਲਿਆਂ ਸੇਤੀ ਮੀਹ ਕੁਰੁੱਤਾ." (ਭਾਗੁ) ੫. ਮੋਰੀ. ਸੁਰਾਖ਼. ਛਿਦ੍ਰ. ਮੋਘਾ. ਪਹਾੜ ਦਾ ਦਰਾ। ੬. ਅੰਨ ਦਾ ਉਤਨਾ ਪ੍ਰਮਾਣ, ਜੋ ਖਰਾਸ ਅਥਵਾ ਚੱਕੀ ਦੇ ਗਲ (ਮੂੰਹ) ਵਿੱਚ ਆਸਕੇ. ੭. ਅ਼. غله ਗ਼ੱਲਹ. ਅਨਾਜ. ਦਾਣਾ. ਅੰਨ. "ਗਲਾ ਪੀਹਾਵਣੀ." (ਭਾਗੁ) ੮. ਵੱਗ. ਪਸ਼ੁਝੁੰਡ. ਪਸ਼ੂਆਂ ਦਾ ਟੋਲਾ. "ਫਿਟਾ ਵਤੈ ਗਲਾ." (ਵਾਰ ਮਾਝ ਮਃ ੧) ਫਿੱਟਿਆ (ਅਪਮਾਨਿਤ) ਪਸ਼ੁਝੁੰਡ ਫਿਰ ਰਿਹਾ ਹੈ.

ਗਲਾਉਣਾ: ਕ੍ਰਿ- ਉੱਚਾਰਣ ਕਰਨਾ. ਕਹਿਣਾ. ਗਲੇ ਤੋਂ ਅਵਾਜ਼ ਕੱਢਣੀ.

ਗਲਾਈ: ਵਿ- ਕਥਨ ਕੀਤੀ ਕਹੀ. ੨. ਸੰਗ੍ਯਾ- ਗਾਲਨ ਦੀ ਕ੍ਰਿਯਾ. ਗਲਵਾਈ। ੩. ਗਲਵਾਈ ਦੀ ਉਜਰਤ.

ਗਲਾਸ: ਸੰ. ਗਲ੍ਵਰ੍ਕ. ਸੰਗ੍ਯਾ- ਕੰਚ (ਕੱਚ) ਦਾ ਭਾਂਡਾ. ਦੇਖੋ, ਅੰ Glass । ੨. ਬਲੌਰ ਦਾ ਬਰਤਨ। ੩. ਕਸ਼ਮੀਰ ਵੱਲ ਸ਼ਾਹਦਾਨੇ ਚੇਰੀਫਲ (Cherry) ਨੂੰ ਭੀ ਗਲਾਸ ਆਖਦੇ ਹਨ. ਇਹ ਬੇਰ ਦੇ ਆਕਾਰ ਦਾ ਬਹੁਤ ਰਸਾਇਕ ਹੁੰਦਾ ਹੈ.

ਗਲਾਹ: ਸੰ. ग्लाह ਗ੍ਲਾਹ. ਸੰਗ੍ਯਾ- ਬਾਜੀ ਦਾ ਦਾਉ। ੨. ਬਾਜ਼ੀ ਦੀ ਸ਼ਰਤ਼ ਵਿੱਚ ਰੱਖਈ ਵਸ੍ਤੁ. "ਪ੍ਰਥਮ ਗਲਾਹ ਦਰਬ ਕੋ ਲਾਵਾ." (ਨਾਪ੍ਰ)

ਗਲਾਜਤ: ਫ਼ਾ. غلاظت ਗ਼ਲਾਜਤ. ਸੰਗਯਾ- ਗੰਦਗੀ. ਨਾਪਾਕੀ. ਅਪਵਿਤ੍ਰਤਾ.

ਗਲਾਟੇ: ਕ੍ਰਿ. ਵਿ- ਗਲ ਲਿਪਟਕੇ. "ਗੁਰਸਿਖ ਪ੍ਰੀਤਿ ਗੁਰੁ ਮਿਲੇ ਗਲਾਟੇ." (ਗਉ ਮः ੪)

ਗਲਾਢੇ: ਗਲਗਏ. ਗਲਿਤ ਭਏ. "ਮਨਮੁਖ ਗਰਭਿ ਗਲਾਢੇ." (ਗਉ ਮः ੪)

ਗਲਾਣਾ, ਗਲਾਨਾ: ਕ੍ਰਿ- ਕਹਿਣਾ. ਗਲ (ਕੰਠ) ਤੋਂ ਧੁਨਿ ਦਾ ਕੱਢਣਾ। ੨. ਵਿ- ਕਥਿਤ. ਕਿਹਾ ਹੋਇਆ। ੩. ਗਲ ਦਾ. ਕੰਠ ਦਾ. ਗ੍ਰੀਵਾ ਨਾਲ ਸੰਬੰਧਿਤ. "ਤੇਤੇ ਬੰਧ ਗਲਾਣੇ." (ਮਾਰੂ ਮः ੫) ੪. ਸੰਗਯਾ- ਗਲਾਂਵਾਂ. ਗਿਰੇਬਾਨ.

ਗਲਾਨਿ: ਸੰ. ग्लानि ਗ੍ਲਾਨਿ. ਸੰਗਯਾ- ਘ੍ਰਿਣਾ. ਨਫ਼ਰਤ.

ਗਲਾਂਵਾਂ: ਸੰਗਯਾ- ਗਿਰੇਬਾਨ। ੨. ਗਲਬੰਧਨ. ਤੌਕ. ਗਲੇ ਦੀ ਰੱਸੀ. "ਘਤਿ ਗਲਾਵਾ ਚਾਲਿਆ ਤਿਨਿ ਦੂਤਿ." (ਵਾਰ ਗਉ ੧. ਮः ੪) "ਲੈ ਚਲੇ ਘਤਿ ਗਲਾਵਿਆ." (ਆਸਾ ਛੰਤ ਮः ੫) "ਜਿਉ ਤਸਕਰ ਪਾਇ ਗਲਾਵੈ." (ਵਾਰ ਗਉ ੧. ਮः ੪)

ਗਲਿ: ਗਲ (ਗ੍ਰੀਵਾ) ਮੇ. ਗਲੇ ਵਿੱਚ. "ਗਲਿ ਜੇਵੜੀ ਹਉਮੈ." (ਗਉ ਮः ੫) ੨. ਗਲੇ ਸੇ. ਛਾਤੀ ਨਾਲ. "ਗਲਿ ਲਾਵੈਗੋ." (ਕਾਨ ਅः ਮः ੪)

ਗਲਿਚਮੜੀ: ਸੰਗਯਾ- ਜੋਕ. ਜਲੌਕਾ। ੨. ਚਿੱਚੜੀ. ਚਰਮਕ੍ਰਿਮਿ. "ਗਲਿਚਮੜੀ ਜਉ ਛੋਡੈ ਨਾਹੀ." (ਆਸਾ ਮः ੫) ਭਾਵ- ਪਦਾਰਥਾਂ ਦੀ ਲਾਲਸਾ.

ਗਲਿਤ: ਵਿ- ਗਲਿਆ ਹੋਇਆ. "ਗਲਿਤ ਅੰਗ ਪੰਛੀ ਤਬੈ." (ਚਰਿਤ੍ਰ ੨੧੭) ੨. ਦੇਖੋ, ਗਲਤ। ੩. ਦੇਖੋ, ਗਲਿਤ ਗੈਵਰ.

ਗਲਿਤਕੁਸਟ, ਗਲਿਤਕੁਸ੍ਰ, ਗਲਿਤਕੁਸ਼੍ਠ: ਉਹ ਕੌੜ੍ਹ, ਜਿਸ ਤੋਂ ਅੰਗਾਂ ਵਿੱਚੋਂ ਲਹੂ ਰਾਧ ਆਦਿ ਚੁਇਪਵੇ ਅਤੇ

ਅੰਗ ਝੜਨ ਲੱਗ ਪੈਣਾ. جزام ਜੁਜਾਮ. Lepprosy. ਵਡਾਰੋਗ. ਇਸ ਦੇ ਕਾਰਣ ਹਨ- ਮਾਤਾ ਪਿਤਾ ਦੇ ਵੀਰਜ ਵਿੱਚ ਵਿਗਾੜ ਹੋਣਾ, ਆਤਸ਼ਕ ਰੋਗ ਹੋਣਾ, ਗਲੀ ਸੜੀ ਮੱਛੀ ਆਦਿ ਖਾਣੀ, ਕੁਸ਼੍ਠ ਰੋਗ ਵਾਲੇ ਦੀ ਛੂਤ ਲੱਗਣੀ, ਲਹੂ ਨੂੰ ਵਿਗਾੜਨ ਵਾਲੇ ਪਦਾਰਥ ਖਾਣੇ ਪੀਣੇ, ਮਲ ਮੂਤ੍ਰ ਵਮਨ ਦਾ ਵੇਗ ਰੋਕਣਾ ਆਦਿਕ.

ਇਸ ਭਿਆਨਕ ਬੀਮਾਰੀ ਦਾ ਲਹੂ ਤੇ ਬੁਰਾ ਅਸਰ ਹੁੰਦਾ ਹੈ, ਆਦਮੀ ਦੀ ਸ਼ਕਲ ਡਰਾਵਨੀ ਹੋ ਜਾਂਦੀ ਹੈ, ਹੱਥਾਂ ਪੈਰਾਂ ਦੀਆਂ ਉਂਗਲੀਆਂ ਤੇ ਸੋਜ ਆ ਜਾਂਦੀ ਹੈ, ਪੀਪ ਪੈ ਕੇ ਅੰਗ ਝੜਨ ਲਗ ਪੈਂਦੇ ਹਨ, ਨੱਕ ਬਹਿ ਜਾਂਦਾ ਹੈ, ਸੁਰ ਘੱਘਾ ਹੋ ਜਾਂਦਾ ਹੈ, ਪਾਸ ਬੈਠੇ ਬਦਬੂ ਤੋਂ ਘ੍ਰਿਣਾ ਕਰਦੇ ਹਨ.

ਵੈਦਕ ਅਨੁਸਾਰ ਇਸ ਦੇ ੧੮. ਭੇਦ ਹਨ, ਜਿਨ੍ਹਾਂ ਵਿੱਚ ਫੁਲਬਹਰੀ ਪਾਉਂ ਚੰਬਲ ਦੱਦ ਆਦਿਕ ਭੀ ਗਿਣੇ ਹਨ, ਪਰ ਸਭ ਤੋਂ ਵੱਡਾ ਭੈਦਾਇਕ ਇਹ ਗਲਿਤਕੁਸ਼੍ਠ ਹੈ. ਜਦ ਇਹ ਪਤਾ ਲੱਗ ਜਾਵੇ ਕਿ ਕੁਸ਼੍ਠ ਹੋ ਗਿਆ ਹੈ, ਤਦ ਬਿਨਾ ਢਿੱਲ ਵਿਦ੍ਵਾਨ ਤਜਰਬੇਕਾਰ ਹਕੀਮ ਵੈਦ ਡਾਕਟਰ ਤੋਂ ਇਲਾਜ ਕਰਾਉਣਾ ਚਾਹੀਏ. ਇਸ ਰੋਗ ਦੇ ਸਾਧਾਰਣ ਉਪਾਉ ਇਹ ਹਨ-

(੧) ਰੋਗੀ ਨੂੰ ਵਸੋਂ ਤੋਂ ਬਾਹਰ ਖੁਲ੍ਹੀ ਹਵਾ ਵਿੱਚ ਰੱਖਣਾ.

(੨) ਨਿੰਮ ਦੇ ਪੱਤੇ ਉਬਾਲਕੇ ਉਸ ਪਾਣੀ ਨਾਲ ਇਸ਼ਨਾਨ ਕਰਾਉਣਾ.

(੩) ਛੋਲਿਆਂ ਦੇ ਬਣੇ ਪਦਾਰਥ ਬਹੁਤ ਕਰਕੇ ਖਾਣ ਨੂੰ ਦੇਣੇ.

(੪) ਜਖਮਾਂ ਨੂੰ ਚੰਗੀ ਤਰਾਂ ਸਾਫ ਕਰਕੇ ਮਰਮਹਪੱਟੀ ਲਾਉਣੀ.

(੫) ਬ੍ਰਹਮਡੰਡੀ, ਗੋਰਖਮੁੰਡੀ, ਚਰਾਯਤਾ, ਸ਼ੁੱਧ ਗੰਧਕ ਆਦਿਕ ਦਾ ਸੇਵਨ ਕਰਾਉਣਾ.

(੬) ਉਸ਼ਬੇ ਦਾ ਕਾੜ੍ਹਾ ਪਿਆਉਣਾ.

(੭) ਚਾਲ ਮੋਗਰਾ ਆਯਲ Chaulmoogra oil ਪੰਜ ਪੰਜ ਬੂੰਦਾਂ ਦਿਨ ਵਿੱਚ ਤਿੰਨ ਵਾਰ ਦੇਣੀਆਂ ਅਤੇ ਇਸ ਦਾ ਸੁੱਜੇ ਅੰਗਾਂ

ਤੇ ਮਲਣਾ.

(੮) ਨਿੰਮ ਦਾ ਤੇਲ ਦਸ ਦਸ ਬੂੰਦਾਂ ਪਿਆਉਣਾ.

(੯) ਬਾਇਬੜਿੰਗ ਸਾਢੇ ਪੰਜ ਤੋਲੇ, ਪੀਲੀ ਹਰੜ ਦੀ ਛਿੱਲ ਦੋ ਤੋਲੇ, ਖੱਸੀ ਆਉਲੇ ਸੱਤ ਤੋਲੇ, ਚਿੱਟੀ ਤ੍ਰਿਬੀ ਸੋਲਾਂ ਤੋਲੇ, ਇਹ ਔਖਧਾਂ ਜੁਦੀ ਜੁਦੀ ਪੀਸ ਕਪੜਛਾਣ ਕਰਕੇ ਦੂਣੇ ਤੋਲ ਦਾ ਪੁਰਾਣਾ ਗੁੜ ਮਿਲਾਕੇ ਸੁਪਾਰੀ ਦੇ ਆਕਾਰ ਦੀ ਗੋਲੀਆਂ ਕਰਕੇ ਸਵੇਰ ਵੇਲੇ ਗਰਮ ਜਲ ਨਾਲ ਇੱਕ ਗੋਲੀ ਨਿੱਤ ਦੇਣੀ. "ਗਲਿਤਕੁਸ੍ਰ ਉਪਜਾ ਦੁਸਟਨ ਤਨ." (ਚਰਿਤ੍ਰ ੪੦੫)

ਗਲਿਤਗੈਵਰ: ਵਿ- ਗਲਿਤ (ਟਪਕਰਿਹਾ) ਹੈ ਮਦ ਜਿਸ ਦਾ, ਐਸਾ ਗਜਵਰ. ਜਿਸ ਦੇ ਗੰਡਸਥਲਾਂ ਤੋਂ ਮਦ ਚੁਇ ਰਿਹਾ ਹੈ ਐਸਾ ਉੱਤਮ ਹਸ੍ਤੀ (ਹਾਥੀ). "ਗਲਿਤਗੈਵਰ ਜਜੋਂ ਜੁੱਟੈ." (ਪਾਰਸਾਵ) "ਗਲਿਤ ਦੁਰਦ ਮਦ ਚੜਜੋ." (ਪਾਰਸਾਵ)

ਗਲਿੰਦਾ: ਵਿ- ਗਾਲਨ ਵਾਲਾ.

ਗਲੀ: ਸੰਗਜਾ- ਵੀਥੀ. ਬੀਹੀ. ਘਰਾਂ ਕੋਠਿਆਂ ਦੇ ਵਿਚਕਾਰ ਰਸਤਾ. "ਸਿਰ ਧਰਿ ਤਲੀ ਗਲੀ ਮੇਰੀ ਆਉ." (ਸਵਾ ਮਃ ੧) "ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ?" (ਦੇਵ ਮਃ ੪) ਪਹਾੜ ਵਿੱਚ ਲੰਘਣ ਦਾ ਦਰਾ ਅਤੇ ਘਾਟੀ ਦੀ ਵਸੋਂ ਜਿਵੇਂ- ਘੋੜਾਗਲੀ. ਛਾਂਗਲਾਗਲੀ, ਨਥੀਆਗਲੀ ਆਦਿ। ੨. ਵਿ- ਸੜੀ. ਤ੍ਰੁੱਕੀ. ਗਲਿਤ। ੩. ਗੱਲੀ. ਗੱਲਾਂ ਨਾਲ. ਬਾਤੋਂ ਸੇ. "ਗਲੀ ਹੌ ਸੋਹਾਗਣਿ ਭੈਣੇ!" (ਆਸਾ ਪਟੀ ਮਃ ੧) "ਗਲੀ ਸੈਲ ਉਠਾਵਤ ਚਾਹੈ." (ਟੋਡੀ ਮਃ ੫) ੪. ਗਲੀਂ. ਗਲਾਂ ਵਿੱਚ. "ਇਕਨਾ ਗਲੀ ਜੰਜੀਰੀਆ." (ਵਾਰ ਆਸਾ)

ਗਲੀਂ, ਗਲੀਈ: ਗੱਲਾਂ ਨਾਲ. ਬਾਤੋਂ ਸੇ. "ਗਲੀਂ ਸੁ ਸਜਣ ਵੀਹ." (ਸ. ਫਰੀਦ) "ਗਿਆਨੁ ਨ ਗਲੀਈ ਢੂਢੀਐ." (ਵਾਰ ਆਸਾ) ੨. ਗੱਲਾਂ ਵਿੱਚ. ਦੇਖੋ, ਗਲੀ ੪.

ਗਲੀਚਾ: ਫ਼ਾ. قالیچہ ਕ਼ਾਲੀਚਾ ਅਤੇ ਗ਼ਾਲੀਚਾ غالیچہ ਸੰਗਜਾ- ਉੱਨ ਅਥਵਾ ਸੂਤ ਦਾ ਬੇਲਬੂਟੇਦਾਰ ਮੋਟਾ ਗੁਦਗੁਦਾ ਵਸਤ੍ਰ, ਜੋ ਫ਼ਰਸ਼ ਪੁਰ ਵਿਛਾਈਦਾ ਹੈ.

ਗਲੀਜ: ਅ਼. غلیظ ਗ਼ਲੀਜ. ਵਿ- ਅਪਵਿਤ੍ਰ। ੨. ਮੈਲਾ. ਗੰਦਾ। ੩. ਮੋਟਾ. ਗਾੜ੍ਹਾ. ਸੰਘਣਾ.

ਗਲੂਆ, ਗਲੂਆਰਾ: ਸੰਗਜਾ- ਗਲਾ. ਮੋਘਾ. ਛਿਦ੍ਰ. ਸੁਰਾਖ਼. "ਗੋਲਨ ਕੇ ਹ੍ਵੈਗੇ ਗਲੂਆਰੇ." (ਕ੍ਰਿਸਨਾਵ)

ਗਲੇ: ਗਲਗਏ. ਤ੍ਰੁੱਕੇ. ਸੜੇ. "ਹੰਕਾਰੀਆ ਨਾਨਕ ਗਰਬਿ ਗਲੇ." (ਸੁਖਮਨੀ) ੨. ਨਿਗਲੇ. ਗਿਲੇ."ਮਾਨ ਮੁਨੀ ਮੁਨਿਵਰ ਗਲੇ." (ਸ. ਕਬੀਰ)

੩. ਗਲ ਨਾਲ. ਕੰਠ ਸੇ. "ਲਾਗੁ ਗਲੇ ਸੁਨੁ ਬਿਨਤੀ ਮੇਰੀ." (ਆਸਾ ਕਬੀਰ)

ਗਲੇਫ: ਸੰਗਜਾ- ਗਿਲਾਫ। ੨. ਲਿਹਾਫ. ਰਜਾਈ। ੩. ਦੇਖੋ, ਗਲੇਫਣਾ.

ਗਲੇਫਣਾ: ਕ੍ਰਿ. ਚਣੇ ਇਲਾਚੀ ਸੌਂਫ ਬਦਾਮ ਆਦਿ ਨੂੰ ਖੰਡ ਨਾਲ ਢਕਕੇ (ਪਾਗਕੇ) ਮਿਠਾਈ ਬਣਾਉਣੀ। ੨. ਲਪੇਟਣਾ.

ਗਲੋਈਐ: ਕਥਨ ਕਰੀਏ. ਗਲ (ਕੰਠ) ਤੋਂ ਆਲਾਪ ਕਰੀਐ. "ਹਰਿਗਾਲ ਗਲੋਈਐ." (ਵਾਰ ਵਡ ਮਃ ੪)

ਗਲੋਹੀ: ਗਲਾਈ. ਕਥਨ ਕੀਤੀ. "ਸੰਤ ਤੇਰੇ ਸਿਉ ਗਾਲ ਗਲੋਹੀ." (ਗਉ ਮਃ ੫)

ਗਲੋਗੱਡ: ਸੰ. गृल्मगड ਗੁਲ੍ਮਗਡ. ਸੰਗਜਾ- ਸੈਧਨਾ ਦਾ ਦੁਰਗ. ਫੌਜ ਦੇ ਟੋਲੇ ਨੂੰ ਕਿਲੇ ਦੀ ਸ਼ਕਲ ਵਿੱਚ ਕੀਤਾ ਹੋਇਆ. ਦੁਰਗਵ੍ਯੂਹ. "ਗਲੋਗੱਡ ਫੋਰੈਂ." (ਚੰਡੀ ੨)

ਗਲੋਟਾ: ਸੰਗਜਾ- ਚਰਖੇ ਪੁਰ ਕੱਤਕੇ ਸੂਤ ਦਾ ਬਣਾਇਆ ਹੋਇਆ ਪਿੰਨਾ, ਜੋ ਆਂਡੇ ਦੇ ਆਕਾਰ ਹੁੰਦਾ ਹੈ.

ਗਲੋਟੀਆ ਖ਼ੁਰਦ: ਜਿਲਾ ਸਿਆਲਕੋਟ. ਤਸੀਲ ਥਾਣਾ ਡਸਕਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੁੱਜਰਾਂਵਾਲੇ ਤੋਂ ਬਾਰਾਂ ਮੀਲ

ਈਸ਼ਾਨ ਕੋਣ ਹੈ. ਇਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਜਾਂਦੇ ਵਿਰਾਜੇ ਹਨ, ਅਤੇ ਗੁਰੂ ਹਰਿਰਾਇ ਸਾਹਿਬ ਨੇ ਇੱਕ ਪ੍ਰੇਮੀ ਦੀ ਆਰਾਧਨਾਂ ਪੁਰ ਅਚਾਨਕ ਦਰਸ਼ਨ ਦਿੱਤਾ ਸੀ. ਗੁਰੂ ਸਾਹਿਬ ਦੇ ਸਮੇਂ ਦਾ ਬੋਹੜ ਦਾ ਬਿਰਛ ਹੈ. ਗੁਰਦ੍ਵਾਰਾ ਬਣਿਆ ਹੋਇਆ ਹੈ, ੧੩. ਘੁਮਾਉਂ ਜ਼ਮੀਨ ਇਸੇ ਪਿੰਡ ਵੱਲੋਂ ਹੈ.

ਗਲੋਲ: ਦੇਖੋ, ਗੁਲੇਲ. "ਪੰਦੂਏ ਗਲੋਲੰ ਪਾਸ ਅਮੋਲੰ." (ਰਾਮਾਵ) ਰਾਵਣ ਦੇ ਪੰਜਵੇਂ ਹੱਥ ਵਿੱਚ ਗੁਲੇਲ ਅਤੇ ਸੋਲਵੇਂ ਵਿੱਚ ਪਾਸ਼ (ਫਾਹੀ) ਹੈ.

ਗਲੋਲਾ: ਫ਼ਾ. غلولہ ਗ਼ਲੋਲਹ ਸੰਗਯਾ- ਗੋਲਾਕਾਰ ਪਿੰਡ। ੨. ਗੋਲੀ. ਵੱਟੀ. "ਅਮਲ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ." (ਸ੍ਰੀ ਮਃ ੧) ਝੂਠ ਦਾ ਮਾਵਾ ਮਾਇਆ ਨੇ ਦਿੱਤਾ। ੩. ਗੁਲੇਲਾ.

ਗਲੌਰਾ: ਚਿਹਕਾ (ਚੀਕਾ) ਪਿੰਡ ਦਾ ਵਸਨੀਕ ਇੱਕ ਮਸੰਦ. ਇਸ ਨੂੰ ਸ੍ਰੀ ਗੁਰੂ ਤੇਗਬਹਾਦੁਰ ਸਾਹਿਬ ਨੇ ਹਾਂਸੀ ਅਤੇ ਹਿਸਾਰ ਦੇ ਇਲਾਕੇ ਗੁਰਸਿੱਖੀ ਦੇ ਪ੍ਰਚਾਰ ਲਈ ਭੇਜਿਆ ਸੀ. ਨੌਮੇ ਸਤਿਗੁਰੂ ਇਸ ਦੇ ਘਰ ਇੱਕ ਵੇਰ ਵਿਰਾਜੇ ਅਤੇ ਗਲੌਰੇ ਨੂੰ ਇੱਕ ਤੀਰਾਂ ਦਾ ਭਰਿਆ ਤਰਕਸ਼ ਬਖ਼ਸ਼ਿਆ. ਦੇਖੋ, ਚੀਕਾ.

ਗਲੌਰੀ: ਦੇਖੋ, ਗਲਉਰੀ। ੨. ਦੇਖੋ, ਗਿਲਹਰੀ.

ਗਲੰਥ: ਦੇਖੋ, ਗਲਹਥਾ. "ਮਾਰ ਗਲੰਥ ਨਿਕਾਰਾ." (ਨਾਪ੍ਰ)

ਗਲ੍ਹ, ਗੱਲ: ਸੰ. गल्ल ਸੰਗਯਾ- ਕਪੋਲ. ਰੁਖ਼ਸਾਰ. ਗੰਡ। ੨. ਗਲਜ. ਗਲ (ਕੰਠ) ਨਾਲ ਹੈ ਜਿਸ ਦਾ ਸੰਬੰਧ, ਬਾਤ. ਗੁਫ਼ਤਗੂ। ੩. ਸੰ. गल्ह् ਧਾ ਦੋਸ਼ ਦੇਣਾ. ਨਿੰਦਾ ਕਰਨਾ.

ਗੱਲਾ: ਦੇਖੋ, ਗਲਾ ੭.

ਗਵ: ਸੰ. ਸੰਗਯਾ- ਬੈਲ. ਬਲਦ.

ਗਵਜ਼ਨ: ਫ਼ਾ. گوزن ਸੰਗਯਾ- ਬਾਰਹਸਿੰਗਾ. ਝੰਖਾਰ.

ਗਵਣ, ਗਵਣੁ, ਗਵਨ, ਗਵਨੁ: ਦੇਖੋ, ਗਮਨ "ਸੰਗ ਨ ਸਾਥੀ ਗਵਨੁ ਇਕੇਲਾ." (ਸੂਹੀ ਰਵਿਦਾਸ) ੨. ਆਵਾਗਮਨ. "ਫਾਹੇ ਕਾਟੇ ਮਿਟੇ ਗਵਨ." (ਬਾਵਨ) ੩. ਇਸਤ੍ਰੀਗਮਨ. ਮੈਥੁਨ. ਸੰਭੋਗ. "ਤਿਹ ਸਾਥ ਗਵਨ ਕੈਸੇ ਕਰ ਕਰਿਯੈ?" (ਚਰਿਤ੍ਰ ੩੧) ੪. ਸੰ. ਗੌਣ. ਵਿ- ਜੋ ਮੁੱਖ ਨਹੀਂ. ਸਾਮਾਨ੍ਯ. "ਮੁੱਖ ਕਰਕੇ ਨਹੀਂ ਗਾਏ, ਗਵਨ ਕਰਕੇ ਗਾਏ ਹੈਨ." (ਜਸਭਾਮ)

ਗਵਯ: ਸੰ. ਸੰਗਯਾ- ਬੈਲ ਜੇਹਾ ਇਕ ਮ੍ਰਿਗ, ਗੋਮ੍ਰਿਗ. ਰੋਝ. ਨੀਲਗਾਇ। ੨. ਸੁਗ੍ਰੀਵ ਦਾ ਸੈਨਾਨੀ ਇੱਕ ਰੋਝ. ਬਨਚਰ। ੩. ਦੇਖੋ, ਗਵਜ਼ਨ.

ਗਵਰ: ਦੇਖੋ, ਗਹਬਰ ੨. ਦੇਖੋ, ਗੌਰ। ੩. ਦੇਖੋ, ਗੌਰਵ.

ਗਵਰਨਮਿੰਟ, ਗਵਰਨਮੇਂਟ: ਅੰ. Government. ਸੰਗਯਾ- ਹੁਕੂਮਤ. ਅਧਿਕਾਰ। ੨. ਹੁਕਮਰਾਂ ਸਰਕਾਰ। ੩. ਰਾਜ. ਸਲਤਨਤ.

ਗਵਰਨਰ: ਅੰ. Governor ਸੰਗਯਾ- ਹਾਕਿਮ. ਹੁਕਮਰਾਂ। ੨. ਸੂਬੇ ਦਾ ਮੁੱਖ ਪ੍ਰਬੰਧਕ। ੩. ਕਿਸੇ ਆਸ਼੍ਰਮ ਦਾ ਪ੍ਰਬੰਧਕ ਅਧਿਕਾਰੀ.

ਗਵਰਨਰ ਜਨਰਲ: ਅੰ. Governor General. ਸੰਗਯਾ- ਸਾਰੇ ਅਧਿਕਾਰੀਆਂ ਤੇ ਹੁਕੂਮਤ ਕਰਨ ਵਾਲਾ ਅਹੁਦੇਦਾਰ, ਜਿਸ ਦੇ ਅਧੀਨ ਸਾਰੇ ਗਵਰਨਰ (ਹਾਕਿਮ) ਹੋਣ. ਮੁਲਕੀ ਲਾਟ. ਹਿੰਦੁਸਤਾਨ ਦਾ ਪਹਿਲਾ ਗਵਰਨਰ ਜਨਰਲ ਸਨ ੧੭੭੩ ਵਿੱਚ ਵਾਰਨਹੇਸਟਿੰਗਸ (Warren Hastings) ਕਾਇਮ ਹੋਇਆ ਸੀ.

ਗਵਰਮਿੰਟ: ਦੇਖੋ, ਗਵਰਨਮੇਂਟ.

ਗਵਰਾ: ਵਿ- ਗੋਰਾ. ਗੌਰ। ੨. ਦੇਖੋ, ਗਉਰਾ.

ਗਵਰਾਜ: ਸੰ. ਸਾਂਨ੍ਹ. ਢੱਟਾ। ੨. ਗਵਿਰਾਜ. ਸੰਗ੍ਯਾ- ਕਾਮਧੇਨੁ, ਜੋ ਸਭ ਗਊਕੁਲ ਦੀ ਰਾਜਾ ਹੈ. "ਨਿਕਸੀ ਗਵਰਾਜ ਸੁ ਧੇਨੁ ਭਲੀ." (ਸਮੁਦ੍ਰਮਥਨ)

ਗਵਰਿ, ਗਵਰੀ: ਦੇਖੋ, ਗਉੜੀ। ੨. ਗੌਰੀ. ਪਾਰਵਤੀ. "ਆਨ ਗਵਰਿ ਕੌਂਹਿ ਸੀਸ ਝੁਕਾਵਤ." (ਚਰਿਤ੍ਰ ੩੫੫)

ਗਵਲ: ਸੰ. ਸੰਗ੍ਯਾ- ਮੈਂਹ. ਭੈਂਸ. ਮਹਿਸ਼ੀ। ੨. ਜੰਗਲੀ ਝੋਟਾ। ੩. ਝੋਟੇ ਦਾ ਸਿੰਗ.

ਗਵਾਉਣਾ: ਕ੍ਰਿ- ਖੋਣਾ. ਗੁੰਮ ਕਰਨਾ. ਗੁਆਉਣਾ. "ਪੰਡਿਤ ਰੋਵਹਿ ਗਿਆਨ ਗਵਾਇ." (ਵਾਰ ਰਾਮ ੧. ਮਃ ੧) "ਗੁਰਮੁਖਿ ਲਾਧਾ ਮਨਮੁਖਿ ਗਵਾਇਆ." (ਸੋਪੁਰਖੁ) "ਮਾਊ ਪੀਊ ਕਿਰਤ ਗਵਾਇਨ." (ਵਾਰ ਮਾਝ ਮਃ ੧) ੨. ਵਿਤਾਉਣਾ. ਗੁਜ਼ਾਰਨਾ. ਵ੍ਰਿਥਾ ਵਿਤਾਉਣਾ. "ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ." (ਆਸਾ ਕਬੀਰ) ੩. ਗਾਇਨ ਕਰਾਉਣਾ. ਗਵਾਉਣਾ.

ਗਵਾਇ: ਕ੍ਰਿ. ਵਿ- ਗਾਇਨ ਕਰਾਕੇ। ੨. ਗਵਾ (ਖੋ) ਕੇ. ਦੇਖੋ, ਗਵਾਉਣਾ.

ਗਵਾਸਿ, ਗਵਾਸੀ: ਗਾਵੇਗਾ. ਗਾਇਨ ਕਰੇਗਾ। ੨. ਸੰ. गमयिष्यसि ਗਮਯਿਸ਼੍ਯਸੀ. ਗਮਨ ਕਰਾ ਦੇਂਗਾ. ਗਵਾਦੇਂਗਾ। ੩. ਗੁਵਾ ਦੇਵੇਗਾ. "ਤਿਨ ਕਾ ਭਉ ਸਭੁ ਗਵਾਸੀ." (ਸੋਪੁਰਖੁ)

ਗਵਾਹ: ਫ਼ਾ. گواہ ਸੰਗ੍ਯਾ- ਗਵਾਹੀ ਦੇਣ ਵਾਲਾ. ਸਾਕ੍ਸ਼ੀ (ਸਾਖੀ). ਸ਼ਾਹਦ. ਉਗਾਹ.

ਗਵਾਹੀ: ਫ਼ਾ. گواہی ਸੰਗ੍ਯਾ- ਸਾਕ੍ਸ਼੍ਯ (ਸਾਖ). ਸ਼ਹਾਦਤ. ਉਗਾਹੀ.

ਗਵਾਕ: ਸੰ. ਸੰਗ੍ਯਾ- ਗਾਂ ਦੀ ਅੱਖ ਵਰਗਾ ਛਿਦ੍ਰ, ਜੋ ਮਕਾਨ ਦੀ ਪਰਦੇਦਾਰ ਤਾਕੀਆਂ ਵਿੱਚ ਹੁੰਦਾ ਹੈ. ਝਰੋਖਾ। ੨. ਸੂਰਜ ਦੀ ਗਵ (ਕਿਰਣਾਂ) ਆਉਣ ਜਿਸ ਸੁਰਾਖ਼ ਵਿੱਚਦੀਂ। ੩. ਸੁਗ੍ਰੀਵ ਦਾ ਇੱਕ ਮੰਤ੍ਰੀ। ੪. ਚਾਂਦਮਾਰੀ ਦਾ ਤਖ਼ਤਾ, ਜਿਸ ਪੁਰ ਬੈਲ ਦੀ ਅੱਖ ਜੇਹਾ ਚਿੰਨ੍ਹ ਹੁੰਦਾ ਹੈ. Bull's eye. ਇਸੇ ਦਾ ਵਿਗੜਿਆ ਸ਼ਬਦ ਗੁਲਜਰੀ ਹੈ.

ਗਵਾਞਾ: ਵਿ- ਗਵਾਚਿਆ. ਖੋਇਆ ਗਿਆ. ਨਸ਼੍ਟ ਹੋਇਆ. "ਸਭ ਕਿਲਬਿਖ ਗਏ ਗਵਾਞਾ." (ਜੈਤ ਮਃ ੪)

ਗਵਾਂਢ: ਸੰਗ੍ਯਾ- ਪੜੋਸ.

ਗਵਾਂਢੀ: ਵਿ- ਪੜੋਸ ਦਾ। ੨. ਸੰਗ੍ਯਾ- ਪੜੋਸ ਰਹਿਣ ਵਾਲਾ. ਪੜੋਸੀ.

ਗਵਾਤੇ: ਗਵਾ ਦਿੱਤੇ. ਖੋਏ. "ਜਪਿਐ ਪਾਪ ਗਵਾਤੇ." (ਬਿਹਾ ਛੰਤ ਮਃ ੪)

ਗਵਾਧਾ: ਵਿ- ਵਿਨਸ਼੍ਟ. ਦੇਖੋ, ਗਵਾਞਾ। ੨. ਗਾਇਨ ਕਰਦਾ. ਗਾਉਂਦਾ. "ਗੁਣਗੋਬਿੰਦ ਗੁਰਮੁਖਿ ਗਵਾਧਾ." (ਵਾਰ ਮਾਰੂ ੨. ਮਃ ੫)

ਗਵਾਧੂ: ਦੇਖੋ, ਗਵਾਧਾ ੧. "ਸਭਿ ਪਾਪ ਗਵਾਧੂ." (ਸਾਰ ਮਃ ੫. ਪੜਤਾਲ)

ਗਵਾਰ: ਸੰ. ਗ੍ਰਾਮਨਰ. ਪੇਂਡੂ. ਦੇਹਾਤੀ. ਭਾਵ- ਅਸਭ੍ਯ. "ਮੂਰਖ ਮੁਗਧ ਗਵਾਰ." (ਮਾਰੂ ਕਬੀਰ)

੨. ਫ਼ਾ. گوار ਪ੍ਰਤ੍ਯ- ਇਹ ਦੂਜੇ ਸ਼ਬਦ ਦੇ ਅੰਤ ਆਕੇ ਅਨੁਕੂਲ ਪਸੰਦ ਆਦਿ ਅਰਥ ਦਿੰਦਾ ਹੈ, ਜਿਵੇਂ ਖੁਸ਼ਗਵਾਰ. ਨਾਗਵਾਰ.

ਗਵਾਰਾ: ਗਵਾਰ ਦਾ ਸੰਬੋਧਨ. "ਹਰਿ ਕਾ ਨਾਮ ਕੀ ਨ ਜਪਸਿ ਗਵਾਰਾ?" (ਸੋਰ ਕਬੀਰ) ੨. ਦੇਖੋ, ਗਮਾਰਾ। ੩. ਫ਼ਾ. گوارا ਗਵਾਰਾ. ਵਿ- ਅਨੁਕੂਲ. ਪਸੰਦ। ੪. ਸੰਗ੍ਯਾ- ਸ਼ਹਿਦ ਦੀ ਮੱਖੀਆਂ ਦਾ ਛੱਤਾ.

ਗਵਾਰੀ: ਗਵਾਰ ਦਾ ਸ੍ਤ੍ਰੀ ਲਿੰਗ. "ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ?" (ਧਨਾ ਤ੍ਰਿਲੋਚਨ) ੨. ਗੋਪੀ. ਗੋਪਾਲਿਕਾ. ਗਵਾਲਨ. "ਪਟ ਸਾਜਨ ਕੋ ਸਜਕੈ ਸੁ ਗਵਾਰੀ." (ਕ੍ਰਿਸਨਾਵ)

ਗਵਾਰੀਏਰ, ਗਵਾਲਿਯਰ, ਗਵਾਲੀਅਰ: ਸੰ. ਗੋਪਾਦ੍ਰਿ. ਮੱਧਭਾਰਤ (ਸੇਂਟ੍ਰਲ ਇੰਡੀਆ) ਵਿੱਚ ਇੱਕ ਪ੍ਰਸਿੱਧ ਰਿਆਸਤ, ਜਿਸ ਦੀ ਇਹ ਰਾਜਧਾਨੀ ਹੈ. ਇਸ ਥਾਂ ਇੱਕ ਵਡਾ ਪੁਰਾਣਾ ਕਿਲਾ ਹੈ, ਜਿਸ ਵਿੱਚ ਮੁਗ਼ਲਰਾਜ ਸਮੇਂ ਸ਼ਾਹੀ ਕੈਦੀ ਰੱਖੇ ਜਾਂਦੇ ਸਨ. ਇਹ ਕਿਲਾ ੩੦੦ ਫੁਟ ਦੀ ਉੱਚੀ ਪਹਾੜੀ ਉੱਪਰ ਹੈ, ਜੋ ਬਹੁਤ ਖ਼ੁਸ਼ਕ ਹੈ. ਕਿਲੇ ਦੀ ਲੰਬਾਈ ੧. ੩/੪ ਮੀਲ ਅਤੇ ਚੌੜਾਈ ੨੮੦੦ ਫੁਟ ਹੈ. ਕੰਧ ਦੀ ਬਲੰਦੀ ੩੦ ਫੁਟ ਹੈ. ਚੰਦੂ ਦੀ ਚਲਾਕੀ ਅਤੇ ਬਾਦਸ਼ਾਹ ਜਹਾਂਗੀਰ ਦੀ ਪਾਲਿਸੀ ਦੇ ਕਾਰਣ[੧੫] ਗੁਰੂ ਹਰਿਗੋਬਿੰਦ ਸਾਹਿਬ ਨੂੰ ਭੀ ਇਸ ਕਿਲੇ ਕੁਝ ਸਮਾਂ ਰਹਿਣਾ ਪਿਆ ਸੀ, ਜਿਸ ਦਾ ਜਿਕਰ ਭਾਈ ਗੁਰਦਾਸ ਜੀ ਕਰਦੇ ਹਨ-

"ਗੜ ਚੜਿਆ ਪਤਸਾਹ ਚੜਾਇਆ."

ਸਤਿਗੁਰਾਂ ਨੇ ਕਿਲੇ ਤੋਂ ਨਿਕਲਣ ਸਮੇਂ ਬਹੁਤ ਸ਼ਾਹੀ ਕੈਦੀ ਰਿਹਾ ਕਰਵਾਏ, ਜਿਸ ਕਾਰਣ ਗੁਰੂ ਸਾਹਿਬ ਦਾ ਨਾਉਂ "ਬੰਦੀਛੋੜ" ਪ੍ਰਸਿੱਧ ਹੋਇਆ. ਸਿੱਖਾਂ ਨੇ ਇਸ ਗੁਰਅਸਥਾਨ ਦੀ ਕੋਈ ਸਾਰ ਨਹੀਂ ਲਈ, ਇਸ ਲਈ ਕਿਸੇ ਚਾਲਾਕ ਮੁਸਲਮਾਨ ਨੇ "ਬੰਦੀਛੋੜ ਦਾਤਾ" ਦਾ ਥਾਂ ਬਣਾਕੇ ਆਪਣੀ ਆਮਦਨ ਦੀ ਸੂਰਤ ਕ਼ਾਇਮ ਕਰ ਲਈ ਹੈ.

ਗਵਾਲੰਭ: ਗਵ (ਬੈਲ) ਦਾ ਆਲੰਭ (ਵਧ). ਗੌਸਵ ਅਥਵਾ ਗੋਮੇਧ ਯਗਜ. ਬਹੁਤ ਸਿਮ੍ਰਿਤੀਕਾਰਾਂ ਨੇ ਕਲਿਯੁਗ ਵਿੱਚ ਇਸ ਯਗਜ ਦਾ ਨਿਸ਼ੇਧ ਲਿਖਿਆ ਹੈ. ਪਰਾਸ਼ਰਜੀ ਲਿਖਦੇ ਹਨ- "ਅਸ਼੍ਵਮੇਧ, ਗਵਾਲੰਭ, ਸੰਨ੍ਯਾਸ ਧਾਰਣ, ਸ਼੍ਰਾੱਧ ਵਿੱਚ ਮਾਸ ਦੇਣਾ, ਦੇਵਰ ਤੋਂ ਭਰਜਾਈ ਦਾ ਪੁਤ੍ਰ ਪੈਦਾ ਕਰਨਾ, ਕਲਿਯੁਗ ਵਿੱਚ ਇਹ ਪੰਜ ਮਨਾ ਹਨ."[੧੬]

"ਗਵਾਲੰਭ ਅਜਮੇਧ ਅਨੇਕਾ." (ਰਾਮਾਵ)

"ਗਵਾਲੰਭ ਬਹੁ ਜੱਗ ਕਰੇ ਬਰ." (ਰਘੁਰਾਜ)

ਗਵਾਵਣਾ, ਗਵਾਵਨਾ: ਕ੍ਰਿ- ਖੋਣਾ. ਬਰਬਾਦ ਕਰਨਾ. ਨਸ਼੍ਟ ਕਰਨਾ. "ਮਤ ਤੂੰ ਆਪਣਾਆਪ ਗਵਾਵਹੇ." (ਆਸਾ ਛੰਤ ਮਃ ੩) ੨. ਚਲੇ ਜਾਣਾ. ਵੰਞਣਾ. "ਜੋ ਘਰ ਛਡਿ ਗਵਾਵਣਾ." (ਸ੍ਰੀ ਮਃ ੫) ੩. ਗਾਇਨ ਕਰਵਾਉਣਾ.

ਗਵਿਆ: ਗਾਵਿਆ. ਗਾਇਆ. ਗਾਇਨ ਕੀਤਾ. "ਵਿਰਲੇ ਹੀ ਗਵਿਆ." (ਬਾਵਨ) ੨. ਤਲਾਸ਼ ਕੀਤਾ. ਢੂੰਡਿਆ. ਦੇਖੋ, ਗਵੇਸ਼ਣ.

ਗਵਿਤਾ: ਗਵਾ ਦਿੱਤਾ. ਖੋ ਦੀਆ. "ਸਭ ਗਿਆਨ ਗਵਿਤਾ." (ਗੂਜ ਵਾਰ ੧. ਮਃ ੩) ੨. ਗਾਇਕ. ਗਾਉਣ ਵਾਲਾ. ਗਵੈਯਾ.

ਗਵੀ: ਸੰ. ਸੰਗਯਾ- ਗਊ. ਗਾਂ. ਗੌ.

ਗਵੀਜੈ: ਦੇਖੋ, ਗਾਵੀਜੈ.

ਗਵੇ: ਦੇਖੋ, ਗਵੈ. ਸੰ. गच्छ. "ਪਾਰਬ੍ਰਹਮ ਕੀ ਦਰਗਹ ਗਵੇ." (ਸੁਖਮਨੀ)

ਗਵੇਸ਼ਣ: ਸੰ. ਸੰਗਯਾ- ਢੂੰਢਣਾ. ਤਲਾਸ਼ ਕਰਨਾ. ਅਨ੍ਵੇਸ਼ਣ.

ਗਵੈ: ਗਮਨ ਕਰਦਾ ਹੈ. ਜਾਂਦਾ ਹੈ. ਪਹੁੰਚਦਾ ਹੈ. ਦੇਖੋ ਗਵੇ। ੨. ਜਾਵੇ. ਪਹੁਚੇ. "ਹਰਿਦਰਗਹ ਕਹੁ ਕੈਸੇ ਗਵੈ?" (ਸੁਖਮਨੀ)

ਗਵੈਯਾ: ਗਾਇਨ ਕਰੈਯਾ. ਗਾਇਕ.

ਗਵ੍ਯ: ਸੰ. ਵਿ- ਗਊ ਦਾ. ਗਊ ਸੰਬੰਧੀ ਦੇਖੋ, ਪੰਚਗਵ੍ਯ.

ਗੜ: ਦੇਖੋ, ਗਢ. "ਹਰਿਚਰਣ ਸਰਣ ਗੜ ਕੋਟਿ ਹਮਾਰੈ." (ਸੂਹੀ ਮਃ ੫) "ਗੜ ਚੜਿਆ ਪਤਸਾਹ ਚੜਾਇਆ." (ਭਾਗੁ)

ਦੇਖੋ, ਗਵਾਲਿਯਰ। ੨. ਘਟਨ. ਘੜਨਾ. "ਲੋਸਟ ਕੋ ਜੜ ਗੜ ਬੋਹਿਥ ਬਨਾਈਅਤ." (ਭਾਗੁ ਕ) ੩. ਨੇਜ਼ਾ. ਭਾਲਾ. ਦੇਖੋ, ਗਡ. "ਪੱਟਿਸ ਲੋਹਹਥੀ ਪਰਸੰ ਗੜ." (ਰਾਮਾਵ) ੪. ਫੋੜਾ.

ਗੜਕਨਾ: ਕ੍ਰਿ- ਗਰਜਨਾ. ਗੜ ਗੜ ਸ਼ਬਦ ਕਰਨਾ.

ਗੜਗੱਜ: ਸੰਗਯਾ- ਗੜਗੜ ਸ਼ਬਦ ਸਹਿਤ ਗਰਜ. ਗੜਾ (ਓਲਾ) ਵਰਸਾਉਣ ਵਾਲੇ ਮੇਘ ਦੀ ਗਰਜ। ੨. ਬਿਜਲੀ ਦੀ ਕੜਕ। ੩. ਵਿ- ਕੜਕ. ਘੋਰ ਨਾਦ ਕਰਨ ਵਾਲਾ. "ਗੜਗੱਜੀਅਨ ਗਾਹਿਕੈ." (ਚਰਿਤ੍ਰ ੧੪੨)

ਗੜਗੱਜ ਬੋੱਲੇ: ਸੰਗਯਾ- ਕੜਾਕੇਦਾਰ ਵਾਕ. ਦੇਖੋ, ਖਾਲਸੇ ਦੇ ਬੋੱਲੇ.

ਗੜਗਣੀ: ਗਡ (ਨੇਜਾ) ਧਾਰਨ ਵਾਲੀ. ਭਾਲਾ ਧਾਰਿਣੀ. "ਖੜਗਣੀ ਗੜਗਣੀ." (ਪਾਰਸਾਵ)

ਗੜਗੰਗਾ: ਮੇਰਟ ਦੇ ਜਿਲੇ ਗੜ੍ਹਮੁਕਤੇਸ਼੍ਵਰ ਨਗਰ ਪਾਸ ਵਹਿਣ ਵਾਲੀ ਗੰਗਾ. "ਗੜਗੰਗਾ ਕੇ ਪੰਥ ਪਧਾਰੇ." (ਗੁਪ੍ਰਸੂ) ੨. ਕਿਤਨੇ ਗਰੁੜਗੰਗਾ ਨੂੰ ਗੜਗੰਗਾ ਆਖਦੇ ਹਨ. ਦੇਖੋ, ਗਰੁੜਗੰਗਾ.

ਗੜਤ: ਸੰਗਯਾ- ਘੜਤ. ਘਾੜਤ। ੨. ਵਿ- ਘਟਿਤ. ਘੜਿਆ ਹੋਇਆ.

ਗੜਤਾ: ਘਟਨ ਕਰਤਾ. ਘੜਨ ਵਾਲਾ.

ਗੜਦਾਰ: ਗਡ (ਨੇਜਾ) ਰੱਖਣ ਵਾਲਾ. ਭਾਲਾਬਰਦਾਰ. "ਗੜੇਦਾਰ ਮਾਨੋ ਕਰੀ ਮੱਤ ਕੀ ਜਯੋਂ." (ਚਰਿਤ੍ਰ ੩੨੦)

ਗੜਨ: ਸੰ. ਘਟਨ. ਘੜਨਾ.

ਗੜਨਹਾਰਾ: ਵਿ- ਘਟਨ ਵਾਲਾ. ਘੜਨ ਕਰਤਾ. "ਜੇ ਇਹੁ ਮੂਰਤਿ ਸਾਚੀ ਹੈ ਤਉ ਗੜਨਹਾਰੇ ਖਾਉ." (ਆਸਾ ਕਬੀਰ)

ਗੜੱਪਣਾ, ਗੜੱਪਨਾ: ਕ੍ਰਿ- ਨਿਗਲਜਾਣਾ. ਗ੍ਰਾਸ ਕਰਨਾ.

ਗੜੱਪੂ: ਵਿ- ਗ੍ਰਾਸ ਕਰਜਾਣ ਵਾਲਾ. ਗਿਰਣ (ਨਿਗਲਣ) ਵਾਲਾ.

ਗੜਬੜ: ਸੰਗਯਾ- ਉਲਟ ਪੁਲਟ। ੨. ਬਕਬਾਦ. "ਗੜਬੜ ਕਰੈ ਕੌਡੀ ਰੰਗ ਲਾਇ." (ਭੈਰ ਮਃ ੫) ੩. ਰਿੱਝਣ ਦਾ ਸ਼ਬਦ. ਇਹ ਅਨੁਕਰਣ ਹੈ.

ਗੜਬਾ: ਸੰ. गडुक ਗਡੁਕ. ਸੰਗਯਾ- ਲੋਟਾ. ਗਡਵਾ. ਗੜਵਾ.

ਗੜਵਈ: ਗੜਵਾ ਉਠਾਉਣ ਵਾਲਾ ਸੇਵਕ. ਗੜਵੇਦਾਰ ਨ਼ਫਰ. ਮਹਾਰਾਜਾ ਰਣਜੀਤ ਸਿੰਘ ਦਾ ਗੜਵਈ ਡੋਗਰਾ ਗੁਲਾਬ ਸਿੰਘ, ਸਿੰਘ ਸਾਹਿਬ ਤੋਂ ਰਾਜਾ ਪਦਵੀ ਨੂੰ ਪ੍ਰਾਪਤ ਹੋਇਆ ਅਤੇ ਲਹੌਰ ਦਾ ਘਰ ਬਿਗੜ ਜਾਣ ਪੁਰ ਸਰਕਾਰ ਅੰਗ੍ਰੇਜ਼ ਤੋਂ ਮਹਾਰਾਜਾ ਪਦ ਪ੍ਰਾਪਤ ਕੀਤਾ. ਦੇਖੋ, ਗੁਲਾਬ ਸਿੰਘ ਨੰਃ ੫.

ਗੜਵਾ: ਦੇਖੋ, ਗੜਬਾ

ਗੜਵਾਰ: ਵਿ- ਗਢ (ਦੁਰਗ) ਵਾਲਾ. ਕਿਲੇ ਵਾਲਾ। ੨. ਸੰਗਯਾ- ਕਿਲੇਦਾਰ. ਕਿਲੇ ਦਾ ਦਾਰੋਗਾ। ੩. ਨੇਜ਼ਾ ਬਰਦਾਰ। ੪. ਦੇਖੋ, ਗਢਵਾਲ.

ਗੜਾ: ਸੰਗਯਾ- ਓਲਾ. ਹਿਮਉਪਲ. "ਆਪੇ ਸੀਤਲੁ ਠਾਰ ਗੜਾ." (ਮਾਰੂ ਸੋਲਹੇ ਮਃ ੫) ੨. ਦੇਖੋ, ਭਰਮਗੜ੍ਹ.

ਗੜਾਡੀਲ: ਅੰ. Grenadier. ਬੰਮ ਦਾ ਗੋਲਾ ਫੈਂਕਣ ਵਾਲਾ ਸਿਪਾਹੀ। ੨. ਪੰਜਾਬੀ ਵਿੱਚ ਕੱਦਾਵਰ ਸਿਪਾਹੀ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ. ਇਸ ਦਾ ਮੂਲ ਗਿਰਾਂ- ਡੀਲ ਭੀ ਹੋ ਸਕਦਾ ਹੈ.

ਗੜਾੜ: ਸੰਗਯਾ- ਗਡ (ਨੇਜਾ) ਆਰ (ਕੰਡੇ) ਵਾਲਾ. ਉਹ ਬਰਛਾ ਜਿਸ ਦੇ ਕਈ ਕੰਡੇ ਹੁੰਦੇ ਹਨ. "ਦਹ ਦਿਸ ਛੂਟਤ ਤੋਪ

ਸਾਯਕ ਵਜ੍ਰ ਗੜਾੜ." (ਸਲੋਹ) ੨. ਸੰ. ਵਡਵਾਗਨਿ ਵੜਵਾਗ੍ਨਿ. ਪੁਰਾਣਾਂ ਅਨੁਸਾਰ ਉਹ ਅਗਨਿ, ਜੋ ਘੋੜੀ ਦੇ ਮੂੰਹੋਂ ਨਿਕਲਦੀ ਅਤੇ ਸਮੁੰਦਰ ਦੇ ਜਲਾਂ ਨੂੰ ਭਸਮ ਕਰਦੀ ਹੈ. "ਸੱਤ ਸਮੁੰਦ ਗੜਾੜ ਮਹਿ ਜਾਇ ਸਮਾਇ ਨ ਪੇਟ ਭਰਾਵੈ." (ਭਾਗੁ) ੩. ਪੁਰਾਣੇ ਜਮਾਨੇ ਲੋਕਾਂ ਦਾ ਇਹ ਭੀ ਖਿਆਲ ਸੀ ਕਿ ਸਮੁੰਦਰ ਦੇ ਵਿਚਕਾਰ ਇੱਕ ਵਡਾ ਮੋਘਾ (ਗ਼ਾਰ) ਹੈ ਜਿਸ ਵਿੱਚ ਪਾਣੀ ਗਰਕ ਹੁੰਦਾ ਰਹਿੰਦਾ ਹੈ, ਇਸੇ ਲਈ ਸਮੁੰਦਰ ਕਦੇ ਨਹੀਂ ਭਰਦਾ.

ਗੜਿ: ਘੜਕੇ. ਘਟਨ ਕਰਕੇ। ੨. ਗੜ (ਦੁਰਗ) ਮੇਂ. ਕਿਲੇ ਅੰਦਰ. "ਗੜਿ ਦੋਹੀ ਪਾਤਿਸਾਹ ਕੀ." (ਓਅੰਕਾਰ)

ਗੜਿਓ, ਗੜਿਆ: ਗਠਨ ਕੀਤਾ. ਰਚਿਆ. ਘੜਿਆ.

ਗੜੀ: ਛੋਟਾ ਗਢ (ਕਿਲਾ).

ਗੜੀਅਲ: ਬੁੰਜਾਹੀ ਖਤ੍ਰੀਆਂ ਦੀ ਇੱਕ ਜਾਤੀ, ਜਿਸ ਦਾ ਸ਼ੁੱਧ ਉਚਾਰਣ ਗੁੜੀਅਲ ਹੈ. "ਗੜੀਅਲ ਮਥਰਾਦਾਸ ਹੈ." (ਭਾਗੁ) ੨. ਗਡ (ਨੇਜ਼ਾ) ਧਾਰੀ. ਭਾਲਾਬਰਦਾਰ.

ਗੜੀਆ: ਸੰਗਯਾ- ਨੇਜਾ. ਭਾਲਾ। ੨. ਬਰਛੀ. "ਗੜੀਆ ਭਸੁੰਡੀ ਭੈਰਵੀ ਭਾਲਾ ਨੇਜਾ ਭਾਖ." (ਸਨਾਮਾ) ੩. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਅਨੰਨ ਸੇਵਕ ਬ੍ਰਹਮਗਯਾਨੀ ਇੱਕ ਸਿੱਖ. ਇਸ ਨੂੰ ਗੁਰੂ ਸਾਹਿਬ ਨੇ ਧਰਮਪ੍ਰਚਾਰ ਲਈ ਕਸ਼ਮੀਰ ਭੇਜਿਆ ਸੀ. ਇਸ ਤੋਂ ਗੁਜਰਾਤ ਨਿਵਾਸੀ ਸਾਂਈਂ ਸ਼ਾਹਦੌਲਾ ਸੁਖਮਨੀ ਸੁਣਕੇ ਗੁਰੂਘਰ ਦਾ ਸ਼੍ਰੱਧਾਲੂ (ਮੋਤਕਿਦ) ਹੋਇਆ ਸੀ. ਇਹ ਮਹਾਤਮਾ ਨੌਵੇਂ ਸਤਿਗੁਰੂ ਦੀ ਭੀ ਸੇਵਾ ਕਰਦਾ ਰਿਹਾ ਹੈ. ਇਸ ਦਾ ਨਾਉਂ ਗਢੀਆ ਭੀ ਲਿਖਿਆ ਹੈ.

ਗੜੁ: ਦੇਖੋ, ਗਢ ਅਤੇ ਗੜ. "ਜਿਨਿ ਭਰਮਗੜੁ ਤੋੜਿਆ." (ਵਾਰ ਗੂਜ ੨. ਮਃ ੫)

ਗੜੇਦਾਰ: ਦੇਖੋ, ਗੜਦਾਰ.

ਗੜ੍ਹ: ਦੇਖੋ, ਗਢ ਅਤੇ ਗੜ.

ਗੜ੍ਹਸ਼ੇਰ, ਸ਼ੇਰਗੜ੍ਹ: ਬੰਗਾਲ ਦੇ ਸ਼ਾਹਬਾਦ ਜਿਲੇ ਵਿੱਚ ਸਸਰਾਮ ਸਬ ਡਿਵੀਜਨ ਵਿੱਚ ਸ਼ੇਰਸ਼ਾਹ ਦਾ ਬਣਾਇਆ ਇੱਕ ਕਿਲਾ, ਜੋ ਹੁਣ ਰੱਦੀ ਹਾਲਤ ਵਿੱਚ ਹੈ.

ਗੜ੍ਹਸ਼ੰਕਰ: ਹੁਸ਼ਿਆਰਪੁਰ ਜਿਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ. ਇੱਥੇ ਭਾਈ ਤਿਲਕ ਅਨੰਨ ਸਿੱਖ ਰਹਿੰਦਾ ਸੀ. ਦੇਖੋ, ਤਿਲਕ ੨.

ਗੜ੍ਹਚਿਲਾਨ, ਗੜ੍ਹ ਚਿਰੋਲੀ: ਦੇਖੋ, ਰਾਮ ਸਿੰਘ ੩.

ਗੜ੍ਹਾ: ਦੇਖੋ, ਗਢ। ੨. ਗਰਤ. ਟੋਆ. ਗਢਾ.

ਗੜ੍ਹੀ: ਸੰਗਯਾ- ਛੋਟਾ ਕਿਲਾ। ੨. ਦੇਖੋ, ਸਮਾਨਾ ੩. ਅਤੇ ਗੜ੍ਹੀਨਜ਼ੀਰ.

ਗੜ੍ਹੀਨਜ਼ੀਰ: ਜਿਲਾ ਕਰਨਾਲ, ਤਸੀਲ ਕੈਥਲ, ਥਾਣਾ ਗੂਲ੍ਹਾ ਵਿੱਚ ਇੱਕ ਪਿੰਡ ਹੈ, ਜਿਸ ਨੂੰ ਭੀਖਨਖ਼ਾਂ ਪਠਾਣ ਨੇ ਆਬਾਦ ਕੀਤਾ ਸੀ. ਇਸ ਗੜ੍ਹੀ ਤੋਂ ਦੱਖਣ ਦਿਸ਼ਾ ਪਾਸ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ, ਜਿੱਥੇ ਭੀਖਨਖ਼ਾਂ ਨੇ ਗੁਰਾਂ ਨੂੰ ਪ੍ਰੇਮ ਨਾਲ ਠਹਿਰਾਕੇ ਯੋਗ ਸੇਵਾ ਕੀਤੀ ਸੀ. ਗੁਰਦ੍ਵਾਰਾ ਅਤੇ ਰਹਾਇਸ਼ੀ ਪੱਕੇ ਮਕਾਨ ਬਣੇ ਹੋਏ ਹਨ, ਜਿਨ੍ਹਾਂ ਦੀ ਸੇਵਾ ਮਹਾਰਾਜਾ ਕਰਮ ਸਿੰਘ ਜੀ ਪਟਿਆਲਾ ਨੇ ਕਰਾਈ. ੧੦੦ ਵਿੱਘੇ ਜ਼ਮੀਨ ਭਾਈ ਸਾਹਿਬ ਉਦਯ ਸਿੰਘ ਜੀ ਵੱਲੋਂ ਅਤੇ ਦੋ ਸੌ ਰੁਪਯਾ ਸਾਲਾਨਾ ਰਿਆਸਤ ਜੀਂਦ ਵੱਲੋਂ ਹੈ. ਰੇਲਵੇ ਸਟੇਸ਼ਨ ਪਟਿਆਲੇ ਤੋਂ ਨੈਰਤ ਕੋਣ ੧੯. ਮੀਲ ਪੱਕੀ ਸੜਕ ਹੈ.

ਜਿਸ ਵੇਲੇ ਗੁਰੂ ਸਾਹਿਬ ਨੇ ਇੱਥੇ ਚਰਣ ਪਾਏ ਹਨ, ਓਦੋਂ ਇਹ ਜ਼ਮੀਨ ਸਮਾਨੇ ਦੀ ਸੀ, ਇਸ ਕਰਕੇ ਲੇਖਕਾਂ ਨੇ ਗੁਰਦ੍ਵਾਰਾ ਸਮਾਨੇ ਲਿਖਿਆ ਹੈ. ਦੇਖੋ, ਸਮਾਨਾ.

ਗਾ: ਸੰ. ਧਾ- ਜਾਣਾ- ਗਮਨ ਕਰਨਾ- ਪ੍ਰਸ਼ੰਸਾ ਕਰਨਾ- ਉਸਤਤਿ ਕਰਨੀ। ੨. ਸੰਗ੍ਯਾ- ਸ੍ਤੁਤਿ. ਤਾਰੀਫ਼। ੩. ਗਾਇਨ। ੪. ਆਉਣ ਵਾਲੇ ਸਮੇਂ (ਭਵਿਸ਼੍ਯਤ) ਦਾ ਬੋਧਕ. "ਜੀਅਰੇ ਜਾਹਿਗਾ ਮੈ ਜਾਨਾ." (ਗਉ ਕਬੀਰ) ੫. ਗਾਮ (ਗ੍ਰਾਮ) ਦਾ ਸੰਖੇਪ. "ਨਾਹਿ ਲਖੈਂ ਹਮ ਕੋ ਜਨ ਗਾ ਕੇ." (ਕ੍ਰਿਸਨਾਵ) ਪਿੰਡ ਦੇ.

ਗਾਂ: ਗ੍ਰਾਮ. ਪਿੰਡ। ੨. ਗਾਨ ਦਾ ਸੰਖੇਪ. ਦੇਖੋ, ਗਾਨ ੬. "ਬੱਚਗਾਂ ਕੁਸ਼ਤਹ ਚਾਰ." (ਜਫਰ)

ਗਾਉ: ਦੇਖੋ, ਗਾਉਣਾ. "ਗਾਉ ਗਾਉ ਰੀ ਦੁਲਹਨੀ ਮੰਗਲਚਾਰ." (ਆਸਾ ਕਬੀਰ) ੨. ਫ਼ਾ. گاو ਬੈਲ.

ਗਾਂਉ, ਗਾਉਂ: ਸੰਗ੍ਯਾ- ਗ੍ਰਾਮ. ਗਾਂਵ. ਪਿੰਡ. "ਬਹੁਤ ਪ੍ਰਤਾਪ ਗਾਂਉ ਸਉ ਪਾਏ." (ਸਾਰ ਕਬੀਰ) ੨. ਗਾਇਨ ਕਰਦਾ ਹਾਂ. "ਨਾਨਕ ਹਰਿਗੁਣ ਗਾਉਂ." (ਵਾਰ ਮਲਾ ਮਃ ੫)

ਗਾਉਣਾ: ਸੰ. ਗਾਯਨ. ਸ੍ਵਰਾਂ ਦਾ ਆਲਾਪ.

ਗਾਊ: ਗਾਵੇਗਾ. ਗਾਇਨ ਕਰੇਗਾ। ੨. ਸੰਗ੍ਯਾ- ਗਾਈਆਂ ਦਾ ਸਮੁਦਾਯ. ਵੱਗ. ਚੌਣਾ. "ਕ੍ਰਿਸਨ ਚਰਾਵਤ ਗਾਊ ਰੇ." (ਗਉ ਕਬੀਰ) ੩. ਗ੍ਰਾਮ. ਗਾਂਵ ਪਿੰਡ. "ਮਾਝ ਬਨਾਰਸ ਗਾਊ ਰੇ." (ਗਉ ਕਬੀਰ) ਦੇਖੋ, ਬਨਾਰਸ.

ਗਾਇ: ਸੰਗ੍ਯਾ- ਗਊ. ਗਾਂ. "ਹਕੁ ਪਰਾਇਆ ਨਾਨਕਾ, ਉਸੁ ਸੂਅਰੁ ਉਸੁ ਗਾਇ." (ਵਾਰ ਮਾਝ ਮਃ ੧) ੨. ਗ੍ਰਾਮ. ਪਿੰਡ. "ਗਾਇ ਸਮੇਤ ਸਭੈ ਮਿਲ ਕੌਰਨ." (ਕ੍ਰਿਸਨਾਵ) ੩. ਗਾਇਨ. "ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ." (ਆਸਾ ਪਟੀ ਮਃ ੧) ਜਿਸ ਨੇ ਕਰਤਾਰ ਦੀ ਗੋਇ (ਬਾਣੀ) ਗਾਉਣੋਂ ਛੱਡੀ ਹੈ, ਉਹ ਗੱਲਾਂ ਵਿੱਚ ਗੋਵਿਦੁ (ਵੇਦਵੇੱਤਾ) ਹੋਣ ਦਾ ਅਭਿਮਾਨੀ ਹੋਇਆ ਹੈ। ੪. ਪ੍ਰਿਥਿਵੀ. ਭੂਮਿ। ੫. ਗਾਇਨ ਕਰਕੇ. ਗਾਕੇ. "ਨਾਨਕ ਕਹਿਤ ਗਾਇ ਕਰੁਨਾਮੈ." (ਗਉ ਮਃ ੯) ੬. ਫ਼ਾ. گاہ ਗਾਹ. ਜਗਾ. ਥਾਂ. "ਤੁਝੈ ਕਿਨਿ ਫਰਮਾਈ ਗਾਇ?" (ਸ. ਕਬੀਰ) ਤੈਨੂੰ ਕਿਸ ਨੇ ਇਹ ਥਾਂ ਦੱਸੀ ਹੈ?

ਗਾਇਕ: ਸੰ. ਗਾਯਕ. ਗਾਉਣ ਵਾਲਾ. ਗਵੈਯਾ.

ਗਾਇਣ, ਗਾਇਣੁ: ਸੰ. ਗਾਯਨ (ਗੈ ਧਾ- ਗਾਉਣਾ. ਦੇਖੋ, ਅ਼. غِنا ਗ਼ਿਨਾ). ਸੰਗ੍ਯਾ- ਗਾਉਣਾ. ਗਾਨਾ. "ਸਾਧ ਮੇਲਿ ਹਰਿ ਗਾਇਣੁ?" (ਭੈਰ ਮਃ ੪) ੨. ਗਾਇਨ ਕਰਤਾ. ਗਵੈਯਾ. "ਕਬ ਕੋਊ ਮੇਲੈ ਪੰਚ ਸਤ ਗਾਇਣ?" (ਆਸਾ ਮਃ ੪)

ਗਾਇਤ੍ਰੀ: ਸੰ. ਗਾਯਤ੍ਰੀ. ਸੰਗ੍ਯਾ- ਜੋ ਗਾਉਣ ਵਾਲੇ ਦੀ ਰਖ੍ਯਾ ਕਰੇ ਗਾਯਤ੍ਰੀ. ਨਿਰੁਕ੍ਤ ਵਿੱਚ ਅਰਥ ਕੀਤਾ ਹੈ ਕਿ ਸ੍ਤੁਤਿ ਕਰਦੇ ਹੋਏ ਬ੍ਰਹਮਾ ਦੇ ਮੁੱਖ ਤੋਂ ਨਿਕਲਣੇ ਕਾਰਣ ਗਾਯਤ੍ਰੀ ਸੰਗ੍ਯਾ ਹੈ. ਫੇਰ ਨਿਰੁਕ੍ਤ ਨੇ ਹੋਰ ਅਰਥ ਕੀਤਾ ਹੈ ਤ੍ਰਿ- ਗਾਯ ਦਾ ਉਲਟ ਗਾਯਤ੍ਰੀ ਹੈ. ਅਰਥਾਤ ਤ੍ਰੈ ਪੈਰਾਂ ਵਾਲੀ. ਤ੍ਰਿਪਦਾ. "ਸੰਧਿਆ ਤਰਪਣ ਕਰਹਿ ਗਾਇਤ੍ਰੀ." (ਸੋਰ ਮਃ ੩) ਗਾਇਤ੍ਰੀ ਹਿੰਦੂਆਂ ਦਾ ਮਹਾਮੰਤ੍ਰ ਹੈ, ਜਿਸ ਨੂੰ ਕੇਵਲ ਦ੍ਵਿਜ (ਬ੍ਰਾਹਮਣ, ਕ੍ਸ਼ਤ੍ਰਿਯ, ਵੈਸ਼੍ਯ) ਜਪ ਸਕਦੇ ਹਨ.

ਗਾਯਤ੍ਰੀ:-

"तत्सवितुर्वरेण्यं मर्गो देवस्य धीमहि, धियो योनः प्रचोदयात्"

ਇਸ ਦਾ ਅਰਥ ਹੈ- ਜੋ ਸੂਰਜਦੇਵਤਾ ਸਭ ਨੂੰ ਜਿਵਾਉਂਦਾ ਹੈ, ਦੁੱਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ਰੂਪ ਹੈ, ਵੇਨਤੀ ਕਰਣ ਯੋਗ੍ਯ ਹੈ, ਪਾਪਨਾਸ਼ਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧ੍ਯਾਨ ਕਰਦੇ ਹਾਂ.

ਪਦਮਪੁਰਾਣ ਵਿੱਚ ਕਥਾ ਹੈ ਕਿ ਇੱਕ ਵੇਰ ਬ੍ਰਹਮਾ ਯਗ੍ਯ ਕਰਨ ਲੱਗਾ ਅਤੇ ਆਪਣੀ ਇਸਤ੍ਰੀ ਸਾਵਿਤ੍ਰੀ ਨੂੰ ਬੁਲਾਉਣ ਲਈ ਇੰਦ੍ਰ ਭੇਜਿਆ, ਕਿਉਂਕਿ ਅਰਧਾਂਗਿਨੀ ਬਿਨਾਂ ਯਗ੍ਯ ਹੋ ਨਹੀਂ ਸਕਦਾ ਸੀ. ਸਾਵਿਤ੍ਰੀ ਨੇ ਆਖਿਆ ਕਿ ਮੈਂ ਆਪਣੀ ਸਹੇਲੀਆਂ (ਲਕ੍ਸ਼ਮੀ ਆਦਿਕ) ਬਿਨਾ ਨਹੀਂ ਜਾਂਦੀ. ਜਦ ਇੰਦ੍ਰ ਖਾਲੀ ਆਇਆ, ਤਦ ਬ੍ਰਹਮਾ ਨੇ ਆਖਿਆ ਕਿ ਮੇਰੇ ਵਾਸਤੇ ਕੋਈ ਹੋਰ ਇਸਤ੍ਰੀ ਲਿਆ. ਇੰਦ੍ਰ ਨੇ ਮਰਤ੍ਯ ਲੋਕ ਤੋਂ ਇੱਕ ਗਵਾਲਨ (ਗੋਪੀ) ਲੈ ਆਂਦੀ, ਜਿਸ ਦਾ ਨਾਉਂ ਗਾਯਤ੍ਰੀ ਸੀ. ਬ੍ਰਹਮਾ ਨੇ ਉਸ ਨਾਲ ਗਾਂਧਰਵ ਵਿਆਹ ਕਰਕੇ ਯਗ੍ਯ ਪੂਰਾ ਕੀਤਾ.

ਗਾਯਤ੍ਰੀ ਦਾ ਰੂਪ ਇਉਂ ਦਸਿਆ ਹੈ ਕਿ- ਇੱਕ ਹੱਥ ਵਿੱਚ ਮ੍ਰਿਗ ਦਾ ਸਿੰਗ ਅਤੇ ਦੂਜੇ ਹੱਥ ਵਿੱਚ ਕਮਲ ਹੈ. ਲਾਲ ਵਸਤ੍ਰ, ਗਲੇ ਮੋਤੀਆਂ ਦਾ ਹਾਰ, ਕੰਨਾਂ ਵਿੱਚ ਕੁੰਡਲ ਅਤੇ ਮੱਥੇ ਉੱਪਰ ਮੁਕੁਟ ਹੈ.

ਵੇਦ ਬ੍ਰਾਹ੍ਮਣਾਂ ਵਿੱਚ ਜਿਕਰ ਆਇਆ ਹੈ ਕਿ ਇੱਕ ਵਾਰ ਵ੍ਰਿਹਸਪਤਿ ਨੇ ਲੱਤ ਮਾਰਕੇ ਗਾਯਤ੍ਰੀ ਦਾ ਮੱਥਾ ਭੰਨ ਦਿੱਤਾ, ਅਤੇ ਉਸ ਜ਼ਖ਼ਮ ਵਿੱਚੋਂ ਵਖਟਕਾਰ ਦੇਵਤਾ ਪੈਦਾ ਹੋ ਗਏ. ਗਾਯਤ੍ਰੀ ਨੂੰ ਵੇਦਾਂ ਦੀ ਮਾਤਾ ਲਿਖਿਆ ਹੈ. ਅਸਲ ਵਿੱਚ ਇਹ ਰਿਗਵੇਦ ਦਾ ਮੰਤ੍ਰ ਵਿਸ਼੍ਵਾਮਿਤ੍ਰ ਰਿਖੀ ਦੀ ਰਚਨਾ ਹੈ. ਦੇਖੋ, ਲੋਧਾ.

੨. ਛੰਦਾਂ ਦੀ ਉਹ ਜਾਤਿ ਜਿਨ੍ਹਾਂ ਦੇ ਪ੍ਰਤਿ ਚਰਣ ਛੀ ਛੀ ਅੱਖਰ (ਅਰ ਕੁੱਲ ੨੪ ਅੱਖਰ) ਹੋਣ, ਜੈਸੇ- ਸਸਿਵਦਨਾ ਅਤੇ ਸੋਮਰਾਜੀ.

ਗਾਇਨ: ਸੰ. ਗਾਯਨ. ਸ੍ਵਰ ਦਾ ਆਲਾਪ. ਗਾਉਣਾ. "ਗੁਨਗੋਬਿੰਦ ਗਾਇਓ ਨਹੀ." (ਸਃ ਮਃ ੯). ੨. ਗਾਯਕ. ਗਵੈਯਾ. "ਗਾਵਹਿ ਗਾਇਨ ਪ੍ਰਾਤ."[੧੭] (ਮਾ. ਸੰਗੀਤ)

ਗਾਇਨਪਾਤ੍ਰ: ਗਾਉਣਵਿਦ੍ਯਾ ਦਾ ਅਧਿਕਾਰੀ. ਭਾਵ- ਗਵੈਯਾ. ਰਾਗੀ. "ਗਾਵਹਿ ਗਾਇਨਪਾਤ੍ਰ." (ਰਾਗਮਾਲਾ)

ਗਾਇਨਿ: ਗਾਉਣ ਵਾਲੀ. ਗਾਯਕਾ. "ਸੁਨ ਗਾਇਨਿ ਤੈਂ ਬਾਤ ਹਮਾਰੀ." (ਚਰਿਤ੍ਰ ੨੭੬)

ਗਾਇਬ: ਗਾਯਕ. ਗਵੈਯਾ. "ਗਾਇਬ ਪੇਖ ਰਿਸੈਂ ਗਨ ਗੰਧ੍ਰਬ." (ਕ੍ਰਿਸਨਾਵ) ੨. ਗਾਉਣਾ. ਗਾਨਾ। ੩. ਦੇਖੋ, ਗਾਯਬ.

ਗਾਈ: ਗਾਇਨ ਕੀਤੀ. "ਨਹਿ ਕੀਰਤਿਪ੍ਰਭ ਗਾਈ." (ਸੋਰ ਮਃ ੯) ੨. ਗਾਈਆਂ. ਗਊਆਂ. "ਗਾਈਪੁਤਾ ਨਿਰਧਨਾ ਪੰਥੀ ਚਾਕਰੁ ਹੋਇ." (ਵਾਰ ਮਲਾ ਮਃ ੧) ਦੇਖੋ, ਚਹੁ ਵੇਛੋੜਾ.

ਗਾਈਪੁਤ: ਬੈਲ. ਦੇਖੋ, ਗਾਈ ੨.

ਗਾਸੀ: ਗਾਵਸਿ. ਗਾਵੇਗਾ। ੨. ਪ੍ਰਾ. ਸੰਗ੍ਯਾ- ਤੀਰ ਦੀ ਕਾਨੀ. ਗਾਂਸੀ। ੩. ਤੀਰ ਦੀ ਮੁਖੀ "ਅਖੀਆਂ ਸਮ ਗਾਸੀ." (ਕ੍ਰਿਸਨਾਵ) "ਤੇਰੀ ਹਾਸੀ ਹਮੈ ਗਾਸੀ ਸੀ ਲਗਤ ਹੈ." (ਕ੍ਰਿਸਨਾਵ) ੪. ਅ਼. غاسی ਗ਼ਾਸੀ. ਵਿ- ਜਰਜਰਾ ਬੋਦਾ.

ਗਾਸੀਆ: ਅ਼. غاشیہ ਗ਼ਾਸ਼ਿਯਾ. ਸੰਗ੍ਯਾ- ਗ਼ਿਸ਼ਾ (ਢਕ ਲੈਣ ਵਾਲੀ ਵਸਤੁ). ਗਿਲਾਫ. ਉਛਾੜ। ੨. ਜ਼ੀਨਪੋਸ਼. ਕਾਠੀ ਉੱਤੇ ਪਾਇਆ ਵਸਤ੍ਰ.

ਗਾਹ: ਸੰ. ਗਾਹ੍ ਧਾ- ਨਸ਼੍ਟ ਕਰਨਾ, ਤੋੜਨਾ, ਹਿਲਾਉਣਾ, ਹੇਠ ਉੱਪਰ ਕਰਨਾ, ਸਨਾਨ ਕਰਨਾ। ੨. ਸੰਗ੍ਯਾ- ਗਾਹਣ ਦੀ ਕ੍ਰਿਯਾ. "ਲਾਟੂ ਮਧਾਣੀਆਂ ਅਨਗਾਹ." (ਵਾਰ ਆਸਾ) ੩. ਗ੍ਰਹਣ. ਅੰਗੀਕਾਰ. "ਅਖਰੀ ਗਿਆਨੁ ਗੀਤ ਗੁਣਗਾਹ." (ਜਪੁ) ੪. ਸੰ. ਗਾਹ. ਗੰਭੀਰਤਾ. ਡੂੰਘਿਆਈ। ੫. ਫ਼ਾ. گاہ ਜਗਾ. ਥਾਂ.

ਗਾਹਕ, ਗਾਹਕੁ: ਸੰ. ਗ੍ਰਾਹਕ. ਵਿ- ਗ੍ਰਹਣਕਰਤਾ. ਲੈਣ ਵਾਲਾ. ਖ਼ਰੀਦਾਰ. "ਸਾਚੇ ਕਾ ਗਾਹਕੁ ਵਿਰਲਾ ਕੋ ਜਾਣ." (ਧਨਾ ਮਃ ੩)

ਗਾਹਕੀ: ਸੰਗ੍ਯਾ- ਗ੍ਰਹਣ ਕਰਨ ਦੀ ਕ੍ਰਿਯਾ. ਗ੍ਰਾਹਕਤਾ. ਖ਼ਰੀਦਾਰੀ। ੨. ਵਿ- ਗ੍ਰਾਹਕ. ਲੈਣ ਵਾਲਾ. "ਕੋਈ ਆਨਿ ਮਿਲੈਗੋ ਗਾਹਕੀ." (ਸ. ਕਬੀਰ)

ਗਾਹਕੁ: ਦੇਖੋ, ਗਾਹਕ.

ਗਾਹਣ: ਦੇਖੋ, ਗਾਹਣਾ। ੨. ਸੰ. ਗਾਹ- ਅਣੁ. ਥੋੜੀ ਗੰਭੀਰਤਾ. ਉਹ ਥਾਂ ਜਿੱਥੇ ਪਾਣੀ ਦੀ ਗਹਿਰਾਈ ਘੱਟ ਹੋਵੇ.

ਗਾਹਣਾ: ਕ੍ਰਿ- ਕੁਚਲਣਾ. ਮਸਲਣਾ. "ਕਣੁ ਨਾਹੀ ਤੁਹ ਗਾਹਣ ਲਾਗੇ." (ਸਾਰ ਮਃ ੫) ੨. ਜਲ ਵਿੱਚ ਗੋਤਾ ਮਾਰਨਾ. ਦੇਖੋ, ਗਾਹ ਧਾ। ੩. ਚੰਗੀ ਤਰਾਂ ਵਿਚਾਰਣਾ. ਸਤ੍ਯ ਅਸਤ੍ਯ ਨਿਖੇੜਨਾ.

ਗਾਹਣੁ: ਦੇਖੋ, ਗਾਹਣ.

ਗਾਹਨ: ਦੇਖੋ, ਗਾਹਣ ਅਤੇ ਗਾਹਣਾ. "ਬਿਨੁ ਕਣ ਖਲਹਾਨੁ ਕੈਸੇ ਗਾਹਨ ਪਾਇਆ?" (ਭੈਰ ਮਃ ੫) "ਬਿਖੈਦਲ ਸੰਤਨ ਤੁਮਰੈ ਗਾਹਿਓ." (ਕਾਨ ਮਃ ੫) ਡੂੰਘੀ ਖੋਜ ਨਾਲ ਵਿਚਾਰਨਾ. "ਨਾਨਕ ਗੁਣ ਗਾਹਿ." (ਗਉ ਮਃ ੫) "ਨਾਨਕ ਹਰਿਗੁਨ ਗਾਹਿ." (ਆਸਾ ਮਃ ੫)

ਗਾਹਨਾ: ਦੇਖੋ, ਗਾਹਣਾ.

ਗਾਹਨੁ: ਦੇਖੋ, ਗਾਹਨ.

ਗਾਹਰਾ, ਗਾਹਰੋ: ਵਿ- ਗਹ੍ਵਰ. ਗਹਿਰਾ. ਗਾੜ੍ਹਾ. ਸੰਘਣਾ। ੨. ਗੰਭੀਰ. ਅਥਾਹ. "ਬਹੁ ਬੇਅੰਤ ਅਤਿ ਬਡੋ ਗਾਹਰੋ." (ਦੇਵ ਮਃ ੫)

ਗਾਹਾ: ਸੰਗਯਾ- ਗਾਥਾ. ਕਥਾ. "ਹਰਿ ਕੈ ਰੰਗ ਸਦਾ ਗੁਣਗਾਹਾ." (ਜੈਤ ਮਃ ੪) ੨. ਗਾਯਨ. ਗਾਨ."ਗੁਣ ਗੋਪਾਲ ਪ੍ਰਭੁ ਕੇ ਨਿਤ ਗਾਹਾ." (ਸੂਹੀ ਮਃ ੫) ੩. ਇੱਕ ਛੰਦ, ਜੋ ਦੋ ਤੁਕਾਂ ਦਾ ਹੁੰਦਾ ਹੈ. ਪ੍ਰਤਿ ਤੁਕ ਦੋ ਵਿਸ਼੍ਰਾਮ ਦੇ ਹਿਸਾਬ ਚਾਰ ਪਾਦ ਹੁੰਦੇ ਹਨ. ਪਹਿਲੇ ਦੀਆਂ ਬਾਰਾਂ ਮਾਤ੍ਰਾ, ਦੂਜੇ ਦੀਆਂ ਅਠਾਰਾਂ, ਤੀਜੇ ਦੀਆਂ ਬਾਰਾਂ ਅਰ ਚੌਥੇ ਪਾਦ ਦੀਆਂ ਪੰਦ੍ਰਾਂ ਮਾਤ੍ਰਾ ਅੰਤ ਗੁਰੁ. ਇਸ ਦਾ ਨਾਉਂ "ਆਰਯਾ" ਭੀ ਹੈ. [੧੮]

ਉਦਾਹਰਣ-

ਗੁਰੁ ਨਾਨਕ ਪਦ ਪਦ੍ਮੰ

ਸੁਰ ਨਰ ਮੁਨਿ ਵ੍ਰਿੰਦ ਵੰਦਨੀਯੰ ਭੋਃ। ਵੰਦੇਹੰ ਸੁਖਹੇਤੋਮੰਨ੍ਸਾ ਵਾਚਾ ਸ਼ਰੀਰੇਣ।

(ਅ) ਦੇਖੋ, ਗਾਹਾ ਦੂਜਾ.

ਗਾਹਾ ਦੂਜਾ: ਦਸਮਗ੍ਰੰਥ ਵਿੱਚ "ਗਾਹਾ ਦੂਜਾ" ਸਿਰਲੇਖ ਹੇਠ ਗਾਹਾ ਛੰਦ ਦਾ ਇਹ ਸਰੂਪ ਹੈ-

ਦੋ ਚਰਣ. ਪ੍ਰਤਿ ਚਰਣ ੨੭ ਮਾਤ੍ਰਾ. ਪਹਿਲਾ ਵਿਸ਼੍ਰਾਮ ੧੪. ਪੁਰ, ਦੂਜਾ ੧੩. ਪੁਰ.

ਉਦਾਹਰਣ-

ਮਾਤਵੰ ਮਦਿਅੰ ਕੁਨਾਰੰ, ਅਨਰਤੰ ਧਮੰਣੋ ਤ੍ਰਿਆਇ। ਕੁਕਰਮਣੋ ਕਥਿਤੰ ਬਦਿਤੰ, ਲੱਜਣੋਹ ਤਜਤੰ ਨਰੰ." (ਕਲਕੀ)

ਗਾਹਿ: ਦੇਖੋ, ਗਾਹਨ. "ਹਰਿ ਕੇ ਗੁਣ ਗਾਹਿ." (ਪ੍ਰਭਾ ਮਃ ੩) ੨. ਦੇਖੋ, ਗਾਹ ੫. "ਤਸਕਰ ਬੈਸਹਿ ਗਾਹਿ." (ਸ. ਕਬੀਰ) ਦੇਖੋ, ਲਾਹੂਲਾਹਿ। ੩. ਕ੍ਰਿ. ਵਿ- ਗਾਹਕੇ। ੪. ਵਿਚਾਰਕੇ. ਖੋਜ ਕਰਕੇ.

ਗਾਹੁ: ਦੇਖੋ, ਗਾਹ। ੨. ਗਾਇਨ ਕਰ. ਦੇਖੋ, ਗਾਹਨ ੨. "ਮਿਲਿ ਸਾਧੂ ਗੁਣ ਗਾਹੁ." (ਮਾਝ ਬਾਰਹਮਾਹਾ)

ਗਾਹੁਣਾ: ਦੇਖੋ, ਗਾਹਣਾ.

ਗਾਹੇ: ਗਾਹਨ ਕਰੇ। ੨. ਅਵਗਾਹੇ। ੩. ਫ਼ਾ. گاہے ਕ੍ਰਿ. ਵਿ- ਕਭੀ. ਕਦੇ. "ਗਾਹੇ ਨ ਨੇਕੀ ਕਾਰ ਕਰਦਮ." (ਤਿਲੰ ਮਃ ੧)

ਗਾਹੈ: ਗਾਹੁੰਦਾ ਹੈ. ਦੇਖੋ, ਗਾਹ ਧਾ। ੨. ਅਵਗਾਹਨ (ਖੋਜ) ਕਰਦਾ ਹੈ। ੩. ਗਾਇਨ ਕਰਦਾ ਹੈ. "ਜਿਸਹਿ ਪਰਾਪਤਿ ਸੋ ਹਰਿਗੁਣ ਗਾਹੈ." (ਗਉ ਮਃ ੫)

ਗਾਹੰਪਤਯ: ਦੇਖੋ, ਗਾਰ੍ਹਪਤਯ.

ਗਾਖਣ, ਗਾਖਣਾ, ਗਾਖਨਾ: ਸੰ. ਗਵੇਸ਼ਣਾ. ਸੰਗਯਾ- ਖੋਜ. ਤਲਾਸ਼ "ਨ ਗੱਲੀਂ ਗਾਖੀਐ." (ਭਾਗੁ) "ਰਸ ਜਾਨਤ ਸੋ ਨਰ ਜੋ

ਰਸ ਗਾਖੈ." (ਕ੍ਰਿਸਨਾਵ) ੨. ਨਿਰਣੈ ਕਰਨਾ. "ਸਾਦਹੁੰ ਗੁਣ ਗਾਖੈ." (ਭਾਗੁ) ੩. ਦੇਖਭਾਲ. ਛਾਨਬੀਨ. "ਸਹੈ ਕਸੌਟੀ ਮਨ ਕੋ ਗਾਖੈ." (ਗੁਪ੍ਰਸੂ)

ਗਾਖਰਾ, ਗਾਖਰੀ, ਗਾਖਰੋ, ਗਾਖੜਾ, ਗਾਖੜੀ, ਗਾਖੜੋ: ਵਿ- ਕਠਿਨ. ਔਖਾ. ਔਖੀ. ਮੁਸ਼ਕਿਲ। ੨. ਦੁਰਗਮ, ਜਿਸ ਥਾਂ ਜਾਣਾ ਮੁਸ਼ਕਿਲ ਹੈ। ੩. ਦੁੱਸਹ. ਜਿਸ ਦਾ ਸਹਾਰਣਾ ਔਖਾ ਹੈ. ਇਹ ਸ਼ਬਦ ਸੰ. ਗੋਕ੍ਸ਼ੁਰ ਗੋਕ੍ਸ਼ੁਰ ਤੋਂ ਬਣਿਆ ਹੈ. ਗੋਕ੍ਸ਼ੁਰ ਨਾਉਂ ਹੈ ਭੱਖੜੇ ਦੇ ਕੰਡੇ ਦਾ. ਗੋਕ੍ਸ਼ੁਰ (ਗੋਖਰੂ) ਵਾਲਾ ਮਾਰਗ, ਗਾਖਰਾ. "ਘੂਮਨਘੇਰਿ ਅਗਾਹ ਗਾਖਰੀ." (ਆਸਾ ਮਃ ੫) "ਸਤਿਗੁਰ ਕੀ ਸੇਵਾ ਗਾਖੜੀ." (ਸ੍ਰੀ ਮਃ ੩) "ਕਾਮੁ ਕ੍ਰੋਧੁ ਅਹੰਕਾਰੁ ਗਾਖਰੋ, ਸੰਜਮਿ ਕਉਨੁ ਛੁਟਿਓ ਰੀ?" (ਆਸਾ ਮਃ ੫) "ਗ੍ਰੀਖਮ ਰੁਤਿ ਗਾਖੜੀ." (ਰਾਮ ਮਃ ੫. ਰੁਤੀ) "ਵਿਛੋਹੇ ਜੰਬੂ ਖਵੇ ਨ ਵੰਞਨਿਗਾਖੜੇ" (ਵਾਰ ਗੂਜ ੨. ਮਃ ੫) "ਊਚਉ ਪਰਬਤ ਗਾਖੜੋ." (ਸ੍ਰੀ ਅਃ ਮਃ ੧) "ਸਭ ਔਗੁਨ ਤੇ ਗਰਬ ਗਾਖੜੋ, ਪਰਮੇਸੁਰ ਨਹਿ ਭਾਵਤ." (ਸਲੋਹ)

ਗਾਂਗ: ਸੰ. ਗਾਙ੍ਗ ਵਿ- ਗੰਗਾ ਨਾਲ ਸੰਬੰਧਿਤ. ਗੰਗਾ ਦਾ। ੨. ਸੰਗਯਾ- ਭੀਸ਼ਮਪਿਤਾਮਾ। ੩. ਕਾਰਤਿਕੇਯ. ਖੜਾਨਨ.

ਗਾਗਟੀ: ਸੰਗਯਾ- ਇੱਕ ਕੰਦ. ਅਰਵੀ. ਇਹ ਕਚਾਲੂ ਦੀ ਇੱਕ ਜਾਤਿ ਹੈ. ਗਾਗਟੀ ਦੀ ਤਰਕਾਰੀ ਅਤੇ ਪੱਤਿਆਂ ਦੇ ਪਤੌੜ ਬਣਦੇ ਹਨ. ਇਹ ਚੇਤ ਵੈਸਾਖ ਬੀਜੀ ਅਤੇ ਕੱਤਕ ਵਿੱਚ ਪੱਟੀ ਜਾਂਦੀ ਹੈ.

ਗਾਂਗਨਾ, ਗਾਂਗਨੋ: ਸੰਗਯਾ- ਗਾਨਾ. ਮੰਗਲਸੂਤ੍ਰ. ਵਿਆਹ ਅਤੇ ਯੁੱਧ ਸਮੇਂ ਹੱਥ ਨੂੰ ਬੰਨ੍ਹਿਆ ਰਖਯਾ ਅਰਥ ਡੋਰਾ. "ਹਾਥ ਗਾਂਗਨੋ ਯਾ ਪਰ ਆਯੋ." (ਕ੍ਰਿਸਨਾਵ)

ਗਾਗਰ, ਗਾਗਰਿ, ਗਾਗਰੀ: ਸੰ. ਗਰਗੰਰੀ. ਸੰਗਯਾ- ਧਾਤੁ ਅਥਵਾ ਮਿੱਟੀ ਦਾ ਤੰਗ ਮੂੰਹ ਵਾਲਾ ਜਲ ਲਿਆਉਣ ਦਾ ਪਾਤ੍ਰ. ਪਾਣੀ ਭਰਣ ਵੇਲੇ ਗਰ ਗਰ ਸ਼ਬਦ ਕਰਣ ਤੋਂ ਇਹ ਸੰਗਯਾ ਹੈ. ਕਲਸ਼. ਘੜਾ. "ਟੂਟਤ ਬਾਰ ਨ ਲਾਗੈ ਤਾ ਕਉ ਜਿਉ ਗਾਗਰਿ ਜਲ ਫੋਰੀ." (ਸਾਰ ਮਃ ੫) "ਨਿਤ ਉਠਿ ਕੋਰੀ ਗਾਗਰਿ ਆਨੈ." (ਬਿਲਾ ਕਬੀਰ)

ਗਾਗਾ: ਰਿਆਸਤ ਪਟਿਆਲਾ, ਨਜਾਮਤ, ਤਸੀਲ ਅਤੇ ਥਾਣਾ ਸੁਨਾਮ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਵਾਯਵੀ ਕੋਣ ਇੱਕ ਫਰਲਾਂਗ ਪੁਰ ਸ੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦੁਆਰਾ ਹੈ. ਗੁਰੂ ਜੀ ਇੱਥੇ ਇੱਕ ਢਾਬ ਦੇ ਕਿਨਾਰੇ ਠਹਿਰੇ ਹਨ.

ਗੁਰਦੁਆਰਾ ਅਤੇ ਰਹਾਇਸ਼ੀ ਮਕਾਨ ਚੰਗੇ ਬਣੇ ਹੋਏ ਹਨ, ਜਿਨ੍ਹਾਂ ਦੀ ਸੇਵਾ ਸਰਦਾਰ ਸੇਵਾ ਸਿੰਘ ਜੀ ਵਜ਼ੀਰ ਰਿਆਸਤ ਨਾਭਾ ਨੇ ਸੰਮਤ ੧੯੩੩ ਵਿੱਚ ਕਰਾਈ. ਗੁਰਦੁਆਰੇ ਨਾਲ ੭੫੦ ਵਿੱਘੇ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਪੁਜਾਰੀ ਸਿੰਘ ਹੈ. ਰੇਲਵੇ ਸਟੇਸ਼ਨ ਲਹਿਰਾਗਾਗਾ ਤੋਂ ਪੱਛਮ ਡੇਢ ਮੀਲ ਦੇ ਕਰੀਬ ਹੈ.

ਗਾਂਗਾ: ਰਾਜਾ ਭੋਜ ਦੇ ਸਮੇਂ ਇੱਕ ਪ੍ਰਸਿੱਧ ਤੇਲੀ, ਜਿਸ ਨੇ ਇੱਕ ਵੇਰ ਪੰਡਿਤਾਂ ਦੀ ਸਭਾ ਵਿੱਚ ਮੂੰਹੋਂ ਬੋਲਣ ਬਿਨਾਂ ਹੀ ਅੰਗਾਂ ਦੇ ਇਸ਼ਾਰਿਆਂ ਨਾਲ ਫਤੇ ਪਾਈ ਸੀ. "ਗੋਸ਼ਟਿ ਗਾਂਗੇ ਤੇਲੀਐ ਪੰਡਿਤ ਨਾਲ ਹੋਵੈ ਜਗ ਦੇਖੈ। ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ। ਫੇਰ ਉਚਾਇ ਪੰਜਾਂਗੁਲਾਂ ਗਾਂਗਾ ਮੁੱਠ ਹਲਾਇ ਅਲੇਖੈ। ਪੈਰੀਂ ਪੈ ਉਠ ਚੱਲਿਆ ਪੰਡਿਤ ਹਾਰ ਭੁਲਾਵੈ ਭੇਖੈ। ਨਿਰਗੁਨ ਸਰਗੁਨ ਅੰਗ ਦੁਇ"

ਪਰਮੇਸੁਰ ਪੰਜ ਮਿਲਨ ਸਰੇਖੈ। ਅੱਖੀਂ ਦੋਵੈਂ ਭੰਨਸਾਂ ਮੁੱਕੀ ਲਾਇ ਹਲਾਇ ਨਿਮੇਖੈ। ਮੂਰਖ ਪੰਡਿਤ ਸੁਰਤ ਵਿਸੇਖੈ।"

ਜਦ ਵਡੇ ਛੋਟੇ ਅਤੇ ਪੰਡਿਤ ਮੂਰਖ ਦੀ ਅਸਮਤਾ ਆਖਣ ਵਿੱਚ ਆਉਂਦੀ ਹੈ, ਤਾਂ ਇਹ ਅਖਾਉਤ, ਬੋਲੀ ਜਾਂਦੀ ਹੈ- "ਕਿੱਥੇ ਰਾਜਾ ਭੋਜ ਅਤੇ ਕਿੱਥੇ ਗਾਂਗਾ ਤੇਲੀ." (ਲੋਕੋ)

ਗਾਂਗੇਯ, ਗਾਂਗੇਵ: ਸੰ. ਗਾਙ੍ਗੇਯ ਵਿ- ਗੰਗਾ ਨਾਲ ਸੰਬੰਧ ਰੱਖਣ ਵਾਲਾ. ਗੰਗਾ ਦਾ। ੨. ਸੰਗਯਾ- ਭੀਸ਼ਮਪਿਤਾਮਾ, ਜੋ ਗੰਗਾ ਦਾ ਪੁਤ੍ਰ ਹੈ. "ਗਾਂਗੇਵ ਭਾਨੁਜ ਕਹਿਂ ਮਾਰਜੋ" (ਨਰਾਵ) ਭੀਸ਼ਮ ਅਤੇ ਕਰਣ ਨੂੰ ਮਾਰਿਆ.

ਗਾਛ, ਗਾਛਹੁ, ਗਾਛੈ, ਗਾਛੇ: ਦੇਖੋ, ਗੱਛ. "ਗਾਛਹੁ ਪੁਤ੍ਰੀ ਰਾਜਕੁਆਰਿ." (ਬਸੰ ਅਃ ਮਃ ੧) "ਜੋ ਦਿਸਟੈ ਸੋ ਗਾਛੈ." (ਦੇਵ ਮਃ ੫)

ਗਾਜ: ਸੰ. ਗਰ੍ਜ. ਸੰਗਯਾ- ਉੱਚੀ ਧੁਨੀ. ਕੜਕ। ੨. ਬਿਜਲੀ, ਜੋ ਗਰ੍ਜਨ ਵਾਲੀ ਹੈ। ੩. ਚਿੰਘਾਰ. ਹਾਥੀ ਆਦਿ ਦੀ ਚੀਕ. "ਜੈਸੇ ਗਜਰਾਜ ਗਾਜ ਮਾਰਤ." (ਭਾਗੁ ਕ) ੪. ਫ਼ਾ. گاژ ਗਾਜ਼. ਜਗਾ. ਅਸਥਾਨ. ਥਾਂ। ੫. ਸੰ. ਵਿ- ਗਜ ਸੰਬੰਧੀ. ਗਜ (ਹਾਥੀ) ਨਾਲ ਹੈ ਜਿਸ ਦਾ ਸੰਬੰਧ। ੬. ਗਜ ਸਮੁਦਾਯ. ਹਾਥੀਆਂ ਦਾ ਝੁੰਡ.

ਗਾਜਰ: ਸੰ. गर्जर ਗਰ੍ਜਰ. ਸੰਗਯਾ- ਮੂਲੀਜੇਹਾ ਇੱਕ ਕੰਦ, ਜੋ ਖਾਣ ਵਿੱਚ ਮਿੱਠਾ ਹੁੰਦਾ ਹੈ. ਇਸ ਦੀ ਤਾਸੀਰ ਸਰਦ ਤਰ ਹੈ. ਗਾਜਰ ਦਿਲ ਦਿਮਾਗ ਨੂੰ ਤਾਕਤ ਦਿੰਦੀ ਹੈ ਇਸ ਦਾ ਗੁਰਦੇ ਤੇ ਚੰਗਾ ਅਸਰ ਹੁੰਦਾ ਹੈ. ਯਰਕਾਨ ਦੂਰ ਕਰਦੀ ਹੈ. L. Daucus Carota. ਅੰ. Carrot। ੨. ਫ਼ਾ. گازر ਗਾਜ਼ਰ. ਧੋਬੀ. ਰਜਕ "ਗਾਜਰ ਹੁਤੋ ਤੀਰ ਪਰ ਬਾਰੀ." (ਨਾਪ੍ਰ)

ਗਾਜਗਜ: ਗਾਜ (ਬਿਜਲੀ) ਦਾ ਸ੍ਵਾਮੀ, ਇੰਦ੍ਰ. (ਸਨਾਮਾ) ੨. ਗਜ ਸਮੁਦਾਯ (ਗਾਜ), ਉਸ ਦਾ ਰਾਜਾ. ਹਸ੍ਤੀਆਂ ਦਾ ਰਾਜਾ.

ਗਾਂਜਾ: ਸੰ. गञ्जिका ਗੰਜਿਕਾ. ਸੰਗਯਾ- ਮਦੀਨ ਭੰਗ ਦੇ ਫੁੱਲਾਂ ਤੋਂ ਬਣੀ ਹੋਈ ਇੱਕ ਨਸ਼ੀਲੀ ਵਸਤੁ, ਜਿਸ ਨੂੰ ਤਮਾਖੂ ਵਾਂਙ ਚਿਲਮ ਵਿੱਚ ਰੱਖਕੇ ਪੀਂਦੇ ਹਨ. ਅੰ. Hemp. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਗਾਂਜਾ. ਦਿਲ ਦਿਮਾਗ ਪੱਠੇ ਅਤੇ ਮੇਦੇ ਨੂੰ ਬਹੁਤ ਨੁਕਸਾਨ ਪੁਚਾਉਂਦਾ ਅਤੇ ਸੁਸਤ ਕਰਦਾ ਹੈ.

ਗ਼ਾਜ਼ੀ: ਫ਼ਾ. غازی ਸੰਗਯਾ- ਵੇਸ਼੍ਯਾ. ਕੰਚਨੀ। ੨. ਨਟਣੀ। ੩. ਅ਼. ਧਰਮਵੀਰ. "ਹਠਜੋ ਜੀਤਮੱਲੰ ਸੁਗਾਜੀ ਗੁਲਾਬੰ." (ਵਿਚਿਤ੍ਰ) ੪. ਕਾਫ਼ਰਾਂ ਨੂੰ ਜੰਗ ਵਿੱਚ ਮਾਰਨ ਵਾਲਾ ਯੋਧਾ। ੫. ਪ੍ਰਧਾਨ ਸੈਨਾਪਤਿ. ਮੁਖੀਆ ਫੌਜੀ ਸਰਦਾਰ.

ਗ਼ਾਜ਼ੀਆਬਾਦ: ਯੂ. ਪੀ. ਵਿੱਚ ਮੇਰਟ ਜਿਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਅਸਫ਼ਜਾਹ ਦੇ ਪੁਤ੍ਰ ਗ਼ਾਜ਼ੀਉੱਦੀਨ ਨੇ ਵਸਾਇਆ ਹੈ. ਇਹ ਈਸ੍ਟ ਇੰਡੀਅਨ, ਨਾਰ੍ਥ ਵੈਸ੍ਟਰਨ ਅਤੇ ਅਵਧਰੁਹੇਲਖੰਡ ਰੇਲਵੇ ਦਾ ਜੰਕਸ਼ਨ ਹੈ.

ਗ਼ਾਜ਼ੀਪੁਰ: ਯੂ. ਪੀ. ਵਿੱਚ ਇੱਕ ਜਿਲੇ ਦਾ ਪ੍ਰਧਾਨ ਨਗਰ, ਜੋ ਗੰਗਾ ਦੇ ਖੱਬੇ ਕਿਨਾਰੇ ਆਬਾਦ ਹੈ. ਬਹੁਤ ਇਤਿਹਾਸਕਾਰਾਂ ਨੇ ਰਾਜਾ ਗਾਧਿ ਦਾ ਵਸਾਇਆ ਗਾਧਿਪੁਰ ਇਸ ਨੂੰ ਮੰਨਿਆ ਹੈ. ਅਨੇਕਾਂ ਨੇ ਮਜੂਦ ਗ਼ਾਜ਼ੀ ਦੇ ਨਾਉਂ ਪੁਰ ਇਸ ਦਾ ਨਾਮ ਕਲਪਿਆ ਹੈ.

ਗ਼ਾਜ਼ੀਮਰਦ[੧੯]: ਫ਼ਾ. غازی مرد ਸੰਗਯਾ- ਬਹਾਦੁਰ ਪੁਰੁਸ਼. ਯੋਧਾ ਆਦਮੀ। ੨. ਘੋੜਾ.

ਗਾਟ: ਸੰਗਯਾ- ਗਟਾਕਾ. ਅਨੁ. ਗਟ ਗਟ ਸ਼ਬਦ, ਜੋ ਪੀਣ ਸਮੇਂ ਹੁੰਦਾ ਹੈ. "ਰਸਹਰਿ ਗਾਟ." (ਕਾਨ ਮਃ ੪. ਪੜਤਾਲ)

ਗਾਟਾ: ਸੰਗਯਾ- ਗ੍ਰੀਵਾ. ਗਰਦਨ."ਉਚੋ ਕਰ ਗਾਟਾ." (ਗੁਪ੍ਰਸੂ)

ਗਾਠ, ਗਾਂਠ: ਸੰਗਯਾ- ਗ੍ਰੰਥਿ. ਗੱਠ. ਗਿਰਹ. "ਹਉਮੈ ਬਿਨਠੀ ਗਾਠੇ." (ਸੂਹੀ ਛੰਤ ਮਃ ੫) ੨. ਦੇਖੋ, ਗਾਂਠਨਾ. "ਹਉ ਬਿਨੁ ਗਾਂਠੇ ਜਾਇ ਪਹੂਚਾ." (ਸੋਰ ਰਵਿਦਾਸ)

ਗਾਂਠਕਤਰਾ: ਦੇਖੋ, ਗਠਕਤਰਾ.

ਗਾਂਠਨਾ: ਸੰ. ਗ੍ਰੰਥਨ. ਕ੍ਰਿ- ਗੁੰਦਣਾ. ਗੱਠਣਾ. ਗੰਢ ਦੇਣੀ. ਦੇਖੋ, ਗਾਂਠ ੨.

ਗਾਂਠਰੀ, ਗਾਂਠਲੀ, ਗਾਂਠੜੀ: ਸੰ. ਗ੍ਰੰਥਿ. ਗੱਠ। ੨. ਗਠੜੀ. "ਬਚਨ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ." (ਮਾਰੂ ਮਃ ੫) "ਜਾਕੋ ਲਹਿਣੋ ਮਹਾਰਾਜਰੀ ਗਾਂਠੜੀਓ." (ਟੋਡੀ ਮਃ ੫) ਜਿਸ ਨੇ ਵਾਹਗੁਰੂ ਦੀ ਗੱਠ ਤੋਂ ਲੈਣਾ ਹੈ. ਦੇਖੋ, ਗਾਠਲੀ.

ਗਾਂਠੜੀਓ: ਗੱਠ ਵਿੱਚੋਂ. ਗਾਂਠ ਸੇ. ਦੇਖੋ, ਗਾਂਠੜੀ.

ਗਾਠਾ, ਗਾਠਿ, ਗਾਂਠਿ, ਗਾਠੀ, ਗਾਂਠੀ: ਸੰ. ਗ੍ਰੰਥਿ ਗੱਠ. ਗਾਂਠ. ਗੰਢ. "ਬਿਨੁ ਗੁਰੁ ਗਾਠਿ ਨ ਛੂਟਈ." (ਸੋਰ ਅਃ ਮਃ ੧) "ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ?" (ਫਨਹੇਮ ਮਃ ੫) "ਗਾਂਠੀ ਨਿਭਿਨਿ ਭਿਨਿ ਤਣੀਏ." (ਬਿਲਾ ਮਃ ੫) ੨. ਗੱਠ ਵਿੱਚ. ਗ੍ਰੰਥੀ ਮੇ. "ਗਾਂਠਿ ਨ ਬਾਂਧਉ ਬੇਚਿ ਨ ਖਾਉ." (ਭੈਰ ਕਬੀਰ) "ਟਕਾ ਚਾਰ ਗਾਂਠੀ." (ਸਾਰ ਕਬੀਰ)

ਗਾਂਠੀਛੋਰਾ: ਠਗ, ਜੋ ਪੱਲੇ ਬੱਧਾ ਧਨ ਖੋਲ੍ਹ ਲੈਂਦਾ ਹੈ. ਗ੍ਰੰਥਿਚੋਰ.

ਗਾਂਠੁਲੀ: ਦੇਖੋ, ਗਾਂਠਲੀ. "ਆਜ ਕਾਲ ਖੁਲੈ ਤੇਰੀ ਗਾਂਠੁਲੀ." (ਸਾਰ ਮਃ ੫) ਭਾਵ- ਪ੍ਰਾਣਗ੍ਰੰਥਿ (ਗੱਠ) ਤੋਂ ਹੈ.

ਗਾਡ: ਸੰਗਯਾ- ਗਢਾ. ਗਰੑ. ਟੋਆ। ੨. ਮ੍ਰਿਗ ਦੇ ਬੈਠਣ ਦਾ ਥਾਂ, ਜਿੱਥੇ ਉਹ ਖੁਰੀਆਂ ਨਾਲ ਜ਼ਮੀਨ ਖੋਦਕੇ ਛੋਟਾ ਟੋਆ ਬਣਾ ਲੈਂਦਾ ਹੈ. ਦੇਖੋ, ਗਡ ੩.। ੩. ਗਾਢਾ. ਮਿਲਾਪ. ਮੇਲ.

ਗਾਡਨਾ: ਕ੍ਰਿ- ਗਰੑ ਕਰਨਾ. ਟੋਆ ਖੋਦਣਾ। ੨. ਟੋਏ ਵਿੱਚ ਦੱਬਣਾ. ਦਫ਼ਨ ਕਰਨਾ.

"ਉਇ ਲੇ ਜਾਰੇ ਉਇ ਲੇ ਗਾਡੇ." (ਸੋਰ ਕਬੀਰ)

੩. ਗਾੜ੍ਹਾ ਸੰਬੰਧ ਕਰਨਾ. ਮਿਲਾਉਣਾ. "ਇਹੁ ਤਨੁ ਜਿਨ ਸਿਉ ਗਾਡਿਆ." (ਸੂਹੀ ਛੰਤ ਮਃ ੧)

ਗਾਡਰ, ਗਾਡਰੀ: ਡਿੰਗ. ਸੰਗਯਾ- ਭੇਡ. ਸੰ. गड्डुरी ਗੱਡੁਰੀ. "ਗਾਡਰ ਲੇ ਕਾਮਧੇਨੁ ਕਰਿ ਪੂਜੀ." (ਗਉ ਮਃ ੫)

ਗਾਡਰੋ: ਡਿੰਗ. ਸੰਗਯਾ- ਮੀਢਾ. ਛੱਤਰਾ. ਦੇਖੋ, ਗਾਡਰ.

ਗਾਡਾ: ਸੰਗਯਾ- ਖੰਭਾ. ਸ੍ਤੰਭ. ਜੋ ਦ੍ਰਿੜ੍ਹ ਕਰਕੇ ਗੱਡਿਆ ਹੋਇਆ ਹੈ. "ਗਾਡਾ ਚਲੈ ਨ ਹਾਡਾ ਹਲ ਹੈ." (ਵਿਚਿਤ੍ਰ) ਖੰਭਾ ਭਾਵੇਂ ਚਲ ਜਾਵੇ, ਪਰ ਰਾਜਪੂਤ ਮੈਦਾਨੋਂ ਨਹੀਂ ਹੱਲਦਾ। ੨. ਗੱਡਾ. ਸ਼ਕਟ. "ਗਾਡੇ ਲਾਦੇ ਛਾਰ." (ਮਾਰੂ ਅਃ ਮਃ ੧) ੩. ਗੜ੍ਹਾ. ਟੋਆ. ਗਰਤ। ੪. ਸ਼ਕਟਾਸੁਰ ਵਾਸਤੇ ਭੀ ਗਾਡਾ ਸ਼ਬਦ ਆਇਆ ਹੈ. ਦੇਖੋ, ਸਕਟਾਸੁਰ। ੫. ਵਿ- ਗਾਢਾ. ਦ੍ਰਿੜ੍ਹ. ਮਜਬੂਤ "ਕਹਾਂ ਸੁ ਤੇਗਬੰਦ ਗਾਡੇ ਰੜਿ?" (ਆਸਾ ਅਃ ਮਃ ੧) ਉਹ ਤਲਵਾਰ ਬੰਨ੍ਹਣ ਵਾਲੇ, ਜੋ ਰੜ (ਮੈਦਾਨੇ ਜੰਗ) ਵਿੱਚ ਦ੍ਰਿੜ੍ਹ ਸਨ, ਕਿੱਥੇ ਹਨ?

ਗਾਂਡਾ: ਸੰਗਯਾ- ਗੁਡਦੰਡ. ਗੰਨਾ. ਪੋਨਾ. ਜਿਸ ਦੇ ਗਾਂਡਿ (ਗੱਠਾਂ) ਹੋਣ. ਪੋਰੀਆਂ ਵਾਲਾ. "ਰਸ ਕੋ ਗਾਂਡੋ ਚੂਸੀਐ." (ਸ. ਕਬੀਰ)

ਗਾਡਿ: ਮਿਲਾਕੇ. "ਗਰੁੜਾ ਖਾਣਾ ਦੁਧ ਸਿਉ ਗਾਡਿ." (ਬਸੰ ਮਃ ੧)

ਗਾਂਡਿਵ: ਦੇਖੋ, ਗਾਂਡੀਵ.

ਗਾਡੀ: ਸੰਗਯਾ- ਗੰਤ੍ਰੀ ਗੱਡੀ. ਬਹਿਲੀ. "ਧੁੜਿਮਣੀ ਗਾਡੀ ਚਾਲਤੀ." (ਬਸੰ ਨਾਮਦੇਵ) ੨. ਦੇਖੋ, ਗਾਡਨਾ। ੩. ਗੱਡੀ ਹੋਈ "ਗਾਡੀ ਹੁਇ ਠਾਢੀ ਤਹਿਂ ਐਸੇ." (ਗੁਪ੍ਰਸੂ)

ਗਾਂਡੀਸਾਖਾ: ਸੰਗਯਾ- ਗੁਦਾ ਪਾਸ ਦੀ ਉਹ ਗਿਲਟੀ ਜਿਸ ਵਿੱਚ ਮਸ਼ਕਬਿਲਾਈ ਦੇ ਸੁਗੰਧ ਹੁੰਦੀ ਹੈ. "ਮੁਸਕਬਿਲਾਈ ਗਾਂਡੀਸਾਖਾ." (ਭਾਗੁ) ਦੇਖੋ, ਮੁਸਕਬਿਲਾਵ.

ਗਾਡੀਰਾਹ: ਸੰਗਯਾ- ਸੜਕ ਦਾ ਰਸਤਾ. ਉਹ ਮਾਰਗ ਜਿਸ ਪੁਰ ਗੱਡੀ ਆਸਾਨੀ ਨਾਲ ਜਾ ਸਕੇ। ੨. ਭਾਵ- ਸਿੱਖ ਧਰਮ, ਜਿਸ ਮਾਰਗ ਚੱਲਕੇ ਕੋਈ ਔਕੜ ਪੇਸ਼ ਨਹੀਂ ਆਉਂਦੀ. "ਗੁਰਮੁਖ ਗਾਡੀਰਾਹ ਚਲਾਯਾ." (ਭਾਗੁ)

ਗਾਂਡੀਵ: ਸੰ. गाण्डीव ਵਿ- ਗਾਂਡਿ (ਗੱਠਾਂ) ਵਾਲਾ. ਗੰਢਦਾਰ। ੨. ਸੰਗਯਾ- ਇੱਕ ਧਨੁਖ, ਜੋ ਗੱਠਾਂ ਵਾਲਾ ਸੀ. ਮਹਾਭਾਰਤ ਵਿੱਚ ਲੇਖ ਹੈ ਕਿ ਇਹ ਧਨੁਖ ਬ੍ਰਹਮਾ ਨੇ ਬਣਾਕੇ ਚੰਦ੍ਰਮਾ ਨੂੰ ਦਿੱਤਾ. ਚੰਦ੍ਰਮਾ ਤੋਂ ਵਰੁਣ ਨੂੰ ਮਿਲਿਆ. ਜਦ ਅਰਜੁਨ ਨੇ ਖਾਂਡਵਬਣ ਦਾਹ ਸਮੇਂ ਅਗਨਿ ਦੀ ਸਹਾਇਤਾ ਕਰਨ ਦੀ ਪ੍ਰਤਿਗਯਾ ਕੀਤੀ, ਤਦ ਅਗਨਿ ਨੇ ਵਰੁਣ ਤੋਂ ਲੈ ਕੇ ਇਹ ਧਨੁਖ ਅਰਜੁਨ ਨੂੰ ਦਿੱਤਾ. ਅਰਜੁਨ ਦੀ ਇਹ ਪ੍ਰਤਿਗਯਾ ਸੀ ਕਿ ਜੋ ਗਾਂਡੀਵ ਦੀ ਨਿੰਦਾ ਕਰੇਗਾ ਉਸ ਨੂੰ ਮੈਂ ਮਾਰਾਂਗਾ। ੩. ਧਨੁਖ. ਕਮਾਣ. ਖਾਸ ਕਰਕੇ ਬਾਂਸ ਦਾ ਧਨੁਖ, ਜਿਸ ਦੇ ਗੱਠਾਂ ਹੁੰਦੀਆਂ ਹਨ. ਜਿਸ ਧਨੁਖ ਪੁਰ ਰੌਂਦੇ ਦੇ ਬੰਦ ਹੋਣ, ਉਹ ਭੀ ਗਾਂਡੀਵ ਸੱਦੀਦਾ ਹੈ. ਗਾਂਡਿਵ ਅਤੇ ਗਾਂਡੀਵ ਦੋਵੇਂ ਸ਼ਬਦ ਸਹੀ ਹਨ.

**ਗਾਂਡੀਵਧਰ:** ਅਰਜੁਨ, ਜੋ ਗਾਂਡੀਵ ਧਨੁਖ ਰਖਦਾ ਹੈ. ਗਾਂਡੀਵੀ.

**ਗਾਡੀਵਾਨ:** ਗੰਤ੍ਰੀਵਾਹ. ਗਾਡੀਆ. ਗੱਡੀ ਚਲਾਉਣ ਵਾਲਾ.

**ਗਾਂਡੀਵੀ:** ਦੇਖੇ, ਗਾਂਡੀਵਧਰ.

**ਗਾਡੇਰੜਿ:** ਦੇਖੋ, ਗਾਡਾ ੫.

**ਗਾਡੋ:** ਦੇਖੋ, ਗਾਡਾ ੨. "ਧੁਰ ਤੂਟੀ ਗਾਡੋ ਸਿਰਭਾਰਿ." (ਰਾਮ ਮਃ ੧) ਇਸ ਥਾਂ ਗੱਡਾ ਸ਼ਰੀਰ, ਅਤੇ ਧੁਰ ਪ੍ਰਾਣਾਂ ਦੀ ਗੱਠ ਹੈ.

**ਗਾਂਡੋ:** ਦੇਖੋ, ਗਾਂਡਾ.

**ਗਾਢ:** ਸੰ. ਸੰਗਯਾ- ਸੰਕਟ. ਵਿਪਦਾ. ਮੁਸੀਬਤ. "ਗਾਢ ਪਰੀ ਬਿਰਹੀ ਜਨ ਕੋ." (ਕ੍ਰਿਸਨਾਵ) ੨. ਵਿ- ਅਧਿਕ. ਬਹੁਤ। ੩. ਗਾੜ੍ਹਾ. ਸੰਘਣਾ। ੪. ਡੂੰਘਾ. ਗਹਿਰਾ। ੫. ਕਠਿਨ. ਔਖਾ। ੬. ਮਜਬੂਤ. ਦ੍ਰਿੜ੍ਹ.

**ਗਾਂਢ:** ਸੰਗਯਾ- ਗੰਢ. ਜੋੜ. ਗੱਠ.

**ਗਾਂਢਣਾ, ਗਾਢਨ:** ਕ੍ਰਿ. ਗ੍ਰੰਥਨ. ਗੁੰਦਣਾ. ਪਰੋਣਾ। ੨. ਜੋੜਨਾ. "ਟੂਟੀ ਗਾਢਨਹਾਰ ਗੋਪਾਲ." (ਸੁਖਮਨੀ) "ਕੂੜੇ ਗਾਢਨ ਗਾਢੇ." (ਗਉ ਮਃ ੪) "ਜਨਮ ਜਨਮ ਕਾ ਟੂਟਾ ਗਾਂਢਾ." (ਪ੍ਰਭਾ ਅਃ ਮਃ ੫)

**ਗਾਢਾ:** ਦੇਖੋਂ, ਗਾਢ."ਗਾਢੇ ਗਢਾਨ ਕੇ ਤੋੜਨਹਾਰ." (ਅਕਾਲ) ਮਜਬੂਤ ਕਿਲਿਆਂ ਦੇ ਸਰ ਕਰਨ ਵਾਲੇ। ੨. ਦੇਖੋ, ਗਾਢਨ. "ਜਨਮ ਜਨਮ ਕੇ ਟੂਟੇ ਗਾਢੇ." (ਸੂਹੀ ਮਃ ੫)

**ਗਾਣਪਤਯ:** ਸੰ. ਵਿ- ਗਣਪਤਿ (ਗਣੇਸ਼) ਨਾਲ ਸੰਬੰਧਿਤ। ੩. ਸੰਗਯਾ- ਗਣੇਸ਼ ਦਾ ਉਪਾਸਕ.

**ਗਾਣਵਾ:** ਵਿ- ਗਿਣਤੀ ਦਾ. ਗਿਣਵਾਂ. ਗਿਣਿਆ ਹੋਇਆ. ਸਿੰਧੀ. ਗਾਣਵੋ."ਜੋ ਦਿਹ ਲਧੇ ਗਾਣਵੇ." (ਸ. ਫਰੀਦ) ਗਿਣੇ ਹੋਏ ਦਿਨ, ਅਰਥਾਤ ਜੀਵਨ ਦੇ ਗਿਣਕੇ ਦਿੱਤੇ ਹੋਏ ਦਿਨ.

**ਗਾਣਵੇ:** ਦੇਖੋ, ਗਾਣਵਾ.

**ਗਾਤ:** ਸੰ. ਗਾਤ੍ਰ. ਸੰਗਯਾ- ਦੇਹ. ਸ਼ਰੀਰ. "ਬਿਨਸਿਜੈਹੈ ਤੇਰੋ ਗਾਤ." (ਜੈਜਾ ਮਃ ੯) ੨. ਅੰਗ. "ਮੈਨ ਕੇ ਤੋਮੈ ਹੈਂ ਸਭ ਗਾਤ." (ਕ੍ਰਿਸਨਾਵ) ੩. ਗਤਿ. ਮੁਕਤਿ. ਦੇਖੋ, ਗਤਿ. "ਨਾਥ ਨਰਹਰਿ ਕਰਹੁ ਗਾਤ." (ਆਸਾ ਛੰਤ ਮਃ ੫)

**ਗਾਤਰਾ:** ਸੰਗਯਾ- ਗਾਤ੍ਰ (ਸ਼ਰੀਰ) ਪੁਰ ਤਲਵਾਰ ਪਹਿਰਣ ਦੀ ਪੇਟੀ, ਜੋ ਜਨੇਊ ਵਾਂਙ ਮੋਢੇ ਉੱਪਰ ਪਹਿਰੀਦੀ ਹੈ. "ਜਰੀ ਗਾਤਰਾ ਜਹਿਂ ਗੁਲਜਾਰ." (ਗੁਪ੍ਰਸੂ)

**ਗਾਤਿ:** ਮੁਕਤਿ. ਦੇਖੋ, ਗਤਿ. "ਭਈ ਹਮਾਰੀ ਗਾਤਿ." (ਧਨਾ ਮਃ ੫) ੨. ਹ਼ਾਲਤ. ਦਸ਼ਾ. ਅਵਸ੍ਥਾ. "ਜਾਨੀ ਨ ਜਾਈ ਤਾਂਕੀ ਗਾਤਿ." (ਦੇਵ ਮਃ ੫) ੩. ਗਾਤ੍ਰਿ. ਗਵੈਯਾ. ਗਾਇਕ.

**ਗਾਤੀ:** ਸੰਗਯਾ- ਗਾਤ੍ਰ (ਸ਼ਰੀਰ) ਉੱਪਰ ਲਪੇਟੀ ਚਾਦਰ. ਕੁੜਤੇ ਆਦਿਕ ਦੀ ਥਾਂ ਦੇਹ ਪੁਰ ਲਪੇਟਿਆ ਵਸਤ੍ਰ। ੨. ਹਾਲਤ. ਦਸ਼ਾ. ਦੇਖੋ, ਗਤਿ. "ਜਾਨਹੁ ਆਪਨ ਗਾਤੀ." (ਧਨਾ ਮਃ ੪) ੩. ਦੇਖੋ, ਗਯਾਤਿ. "ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ." (ਮਾਝ ਮਃ ੫) ਗੁਰਮੁਖਾਂ ਦ੍ਵਾਰਾ ਹਰਿ ਧਿਆਓ, ਜੋ ਸਾਡਾ ਗਯਾਤੀ (ਸੰਬੰਧੀ) ਹੈ। ੪. ਦੇਖੋ, ਗਾਤ੍ਰਿ.

**ਗਾਤੁ:** ਸੰ. ਸੰਗਯਾ- ਮਾਰਗ. ਰਸਤਾ। ੨. ਗੀਤ। ੩. ਗਵੈਯਾ। ੪. ਭ੍ਰਮਰ. ਭੌਰਾ। ੫. ਗੰਧਰਵ। ੬. ਧਨ. ਦੌਲਤ.

**ਗਾਤੇ:** ਗਾਇਨ ਕਰਦੇ. ਗਾਉਂਦੇ। ੨. ਮੁਕਤਿ. ਨਜਾਤ. ਦੇਖੋ, ਗਤਿ. "ਕਰਹੁ ਹਮਾਰੀ ਗਾਤੇ." (ਗਉ ਮਃ ੫) ੩. ਗਤਿ ਹੈ. ਛੁਟਕਾਰਾ ਹੈ. "ਹਰਿ ਏਕਸ ਤੇ ਮੇਰੀ ਗਾਤੇ." (ਸਾਰ ਮਃ ੫)

**ਗਾਤ੍ਰ:** ਸੰ. ਸੰਗਜਾ- ਦੇਹ. ਸ਼ਰੀਰ। ੨. ਅੰਗ.

**ਗਾਤ੍ਰਿ:** ਸੰ. गातृ ਗਾਇਕ. ਗਵੈਯਾ.

**ਗਾਥ:** ਸੰ. ਸੰਗਜਾ- ਗਾਇਨ. ਗਾਉਣਾ। ੨. ਸਤੋਤ੍ਰ. ਉਸਤਤਿ ਦਾ ਗੀਤ. "ਸੁਣ ਨਾਨਕ ਜੀਵੈ ਗਾਥ." (ਮਾਰੂ ਮਃ ੫) ੩. ਗਾਥਾ. ਕਥਾ। ੪. ਦੇਖੋ, ਗਾਥੁ.

**ਗਾਥਕ:** ਸੰ. ਸੰਗਜਾ- ਗਵੈਯਾ. ਗਾਇਕ। ੨. ਕਥਾ ਕਰਨ ਵਾਲਾ.

**ਗਾਥਾ:** ਸੰ. ਸੰਗਜਾ- ਸ੍ਤੁਤਿ. ਉਸਤਤਿ "ਗਾਥਾ ਗਾਵੰਤਿ ਨਾਨਕ." (ਗਾਥਾ) ੨. ਕਥਾ. ਪ੍ਰਕਰਣ ਕਹਾਣੀ. "ਰਾਰ ਕਰਤ ਝੂਠੀ ਲਗਿ ਗਾਥਾ." (ਆਸਾ ਮਃ ੫) ੩. ਉਹ ਇਤਿਹਾਸਿਕ (ਐਤਿਹਾਸਿਕ) ਰਚਨਾ, ਜਿਸ ਵਿੱਚ ਕਿਸੇ ਦੀ ਵੰਸ਼ ਅਤੇ ਦਾਨ ਆਦਿਕ ਦਾ ਵਰਣਨ ਹੋਵੇ. "ਜਾਤਿ ਪਾਤਿ ਨ ਗੋਤ੍ਰ ਗਾਥਾ." (ਅਕਾਲ) ੪. ਇੱਕ ਛੰਦ, ਜਿਸ ਦਾ ਨਾਉਂ ਆਰਯਾ ਅਤੇ ਗਾਹਾ ਭੀ ਹੈ. ਦੇਖੋ, ਗਾਹਾ। ੫. ਇੱਕ ਪ੍ਰਾਚੀਨ ਭਾਸ਼ਾ, ਜਿਸ ਵਿੱਚ ਸੰਸਕ੍ਰਿਤ, ਪਾਲ ਅਤੇ ਹੋਰ ਬੋਲੀਆਂ ਦੇ ਸ਼ਬਦ ਮਿਲੇ ਦੇਖੀਦੇ ਹਨ. 'ਲਲਿਤ- ਵਿਸ੍ਤਰ' ਆਦਿਕ ਬੌੱਧ ਧਰਮ ਦੇ ਗ੍ਰੰਥ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ "ਸਹਸਕ੍ਰਿਤੀ ਸਲੋਕ" ਅਤੇ "ਗਾਥਾ" ਇਸੇ ਭਾਸ਼ਾ ਵਿੱਚ ਹਨ. ਕਈ ਅਗਜਾਨੀ ਸਹਸਕ੍ਰਿਤੀ ਅਤੇ ਗਾਥਾ ਦਾ ਅਰਥ ਸਮਝੇ ਬਿਨਾ ਹੀ ਆਪਣੀ ਅਲਪ ਵਿਦਜਾ ਦੇ ਕਾਰਣ ਸਹਸਕ੍ਰਿਤੀ ਸਲੋਕਾਂ ਨੂੰ ਸੰਸਕ੍ਰਿਤ ਦੇ ਵਜਾਕਰਣ ਵਿਰੁੱਧ ਆਖਿਆ ਕਰਦੇ ਹਨ.

**ਗਾਥੁ:** ਪ੍ਰਾ गत्थ ਗੱਥ. ਸੰਗਜਾ- ਪੂੰਜੀ ਮੂਲਧਨ. "ਮਹਾਰਾਜਰੋ ਗਾਥੁ ਵਾਹੂ ਸਿਉ ਲੁਭੜਿਓ." (ਟੋਡੀ ਮਃ ੫) ੨. ਦੇਖੋ, ਗਾਥ.

**ਗਾਦ:** ਸੰ. ਗਾਧ. ਸੰਗਜਾ- ਜਲ ਦੇ ਹੇਠ ਦਾ ਥੱਲਾ। ੨. ਜਲ ਤੇਲ ਆਦਿਕ ਦੇ ਥੱਲੇ ਬੈਠੀ ਹੋਈ ਮੈਲ.

**ਗਾਦਰ:** ਸੰਗਜਾ- ਗਿੱਦੜ। ੨. ਕਾਤਰ. ਕਾਇਰ. ਡਰਪੋਕ.

**ਗਾਂਦਲਾ:** ਵਿ- ਗੰਧਲਾ, ਜੋ ਸਾਫ ਨਹੀਂ.

**ਗਾਦੀ:** ਦੇਖੋ, ਗੱਦੀ. "ਗੁਰਗਾਦੀ ਕੀ ਸੇਵ ਕਰੰਤਾ." (ਗੁਪ੍ਰਸੂ)

**ਗਾਧ:** ਸੰ. ਸੰਗਜਾ- ਜਲ ਦਾ ਥੱਲਾ. ਥਾਹ। ੨. ਅਸਥਾਨ. ਥਾਂ. ਜਗਾ। ੩. ਚਾਹ. ਪ੍ਰਾਪਤੀ ਦੀ ਇੱਛਾ. "ਨ ਆਧ ਹੈ ਨ ਗਾਧ ਹੈ ਨ ਬਜਾਧ ਕੋ ਬਿਚਾਰ ਹੈ." (ਅਕਾਲ) ੪. ਸਨਾਨ. ਗ਼ੁਸਲ.

**ਗਾਂਧਰਵ:** ਸੰ. गान्धर्व ਵਿ- ਗੰਧਰਵ ਨਾਲ ਹੈ ਜਿਸ ਦਾ ਸੰਬੰਧ। ੨. ਸੰਗਜਾ- ਰਾਗਵਿਦਜਾ। ੩. ਘੋੜਾ। ੪. ਮਨੁਸਿਮ੍ਰਿਤੀ ਵਿੱਚ ਲਿਖੇ ਅੱਠ ਵਿਆਹਾਂ ਵਿੱਚੋਂ ਇੱਕ ਵਿਆਹ. ਅਰਥਾਤ ਇਸਤ੍ਰੀ ਪੁਰਖ ਦਾ ਆਪੋ ਵਿੱਚੀ ਪ੍ਰੇਮ ਹੋਣ ਪੁਰ ਹੋਇਆ ਸੰਯੋਗ.

**ਗਾਂਧਰਵ ਵੇਦ:** ਦੇਖੋ, ਉਪਵੇਦ.

**ਗਾਂਧਾਰ:** ਦੇਖੋ, ਕੰਧਾਰ। ੨. ਵਿ- ਗੰਧਾਰ ਦੇਸ਼ ਦਾ ਕੰਧਾਰੀ. ਦੇਖੋ, ਗੰਧਾਰ। ੩. ਰਾਗ ਦੇ ਸੱਤ ਸੁਰਾਂ ਵਿੱਚੋਂ ਤੀਜਾ ਸੁਰ। ੪. ਸਿੰਦੂਰ (ਸੰਧੂਰ)

**ਗਾਂਧਾਰੀ:** ਗਾਂਧਾਰ ਦੇ ਰਾਜਾ ਸੁਬਲ ਦੀ ਪੁਤ੍ਰੀ, ਜੋ ਕੌਰਵਵੰਸ਼ੀ ਧ੍ਰਿਤਰਾਸ਼੍ਟ੍ਰ ਨੂੰ ਵਿਆਹੀ ਗਈ. ਇਸ ਤੋਂ ਦੁਰਯੋਧਨ ਆਦਿ ਸੌ ਪੁਤ੍ਰ ਹੋਏ ਅਤੇ ਇੱਕ ਪੁਤ੍ਰੀ ਦੁਹਸ਼ਲਾ ਜਨਮੀ, ਜੋ ਸਿੰਧੁ ਦੇ ਰਾਜਾ ਜੈਦਰਥ ਨੂੰ ਵਿਆਹੀ ਗਈ ਸੀ. ਗਾਂਧਾਰੀ ਨੇ ਆਪਣੇ ਪਤੀ ਨੂੰ ਅੰਨ੍ਹਾ ਵੇਖਕੇ ਆਪਣੇ ਨੇਤ੍ਰਾਂ ਪੁਰ ਭੀ ਸਾਰੀ ਉਮਰ ਪੱਟੀ ਬੰਨ੍ਹਕੇ ਰੱਖੀ. ਉਸ ਦਾ ਇਹ ਭਾਵ ਸੀ ਕਿ ਜੇ ਪਤੀ ਨੇਤ੍ਰਾਂ ਦੇ ਆਨੰਦ ਤੋਂ ਵੰਚਿਤ ਹੈ, ਤਦ ਮੇਰਾ ਨੇਤ੍ਰ ਸਹਿਤ ਹੋਣਾ ਉੱਤਮ ਨਹੀਂ.

**ਗਾਧਿ:** ਕੁਸ਼ਿਕਵੰਸ਼ੀ ਕੁਸ਼ਾਂਬ ਦਾ ਪੁਤ੍ਰ ਇੱਕ ਰਾਜਾ, ਜੋ ਵਿਸ਼੍ਵਾਮਿਤ੍ਰ ਦਾ ਪਿਤਾ ਸੀ. ਇਹ ਕਨੌਜ ਦਾ ਰਾਜਾ ਸੀ. ਇਸੇ ਲਈ ਕਨੌਜ ਦਾ ਨਾਉਂ ਗਾਧਿਪੁਰ ਲਿਖਿਆ ਹੈ.

**ਗਾਧਿਸੁਤ, ਗਾਧਿਜ, ਗਾਧਿਤਨਯ, ਗਾਧਿਨੰਦਨ, ਗਾਧਿਪੁਤ੍ਰ:** ਵਿਸ਼੍ਵਾਮਿਤ੍ਰ, ਜੋ ਗਾਧਿ ਦਾ ਬੇਟਾ ਸੀ. "ਗਾਧਿਤਨੈ ਪਰਖ੍ਯੋ ਹਰਿਚੰਦ." (ਨਾਪ੍ਰ)

**ਗਾਧਿਪੁਰ:** ਕਨੌਜ. ਦੇਖੋ, ਗਾਧਿ.

**ਗਾਂਧੀ:** ਸੰ. ਗਾਂਧਿਕ. ਸੁਗੰਧ ਬਣਾਉਣ ਅਤੇ ਵੇਚਣ ਵਾਲਾ. ਗੰਧਵਣਿਕ.

**ਗਾਂਧ੍ਰਬੀ:** ਸੰ. गान्धर्वी ਗਾਂਧਵੀੰ. ਸੰਗ੍ਯਾ- ਗੰਧਰਵ ਨਾਲ ਹੈ ਜਿਸ ਦਾ ਸੰਬੰਧ. ਗੰਧਰਵ ਦੀ। ੨. ਸੰਗ੍ਯਾ- ਗੰਧਰਵ ਇਸਤ੍ਰੀ.

**ਗਾਨ:** ਸੰਗ੍ਯਾ- ਗੀਤ। ੨. ਗਾਉਣਾ। ੩. ਸ੍ਵਰ. ਧੁਨਿ। ੪. ਗ੍ਯਾਨ ਦਾ ਸੰਖੇਪ. "ਗਾਨ ਧਾਨ ਧਰਤ ਹੀਐ ਚਾਹਿ." (ਸਵੈਯੇ ਮਃ ੪. ਕੇ) ਗ੍ਯਾਨ ਧ੍ਯਾਨ ਧਰਤ ਹਿਯੇ ਚਾਹ। ੫. ਫ਼ਾ. گان ਵਿ- ਯੋਗ੍ਯ. ਲਾਇਕ. ੬. ਜਿਨ੍ਹਾਂ ਸ਼ਬਦਾਂ ਦੇ ਅੰਤ ਹੇ ਅੱਖਰ ਹੋਵੇ ਉਨ੍ਹਾਂ ਦੇ ਅੰਤ ਆਕੇ ਇਹ ਬਹੁਵਚਨ ਬਣਾ ਦਿੰਦਾ ਹੈ, ਜਿਵੇਂ- ਬੱਚਹ ਦਾ ਬੱਚਗਾਨ, ਰਾਜਹ ਦਾ ਰਾਜਗਾਨ ਆਦਿ.

**ਗਾਨਬੰਧੁ:** ਅਦਭੁਤਰਾਮਾਇਣ ਅਨੁਸਾਰ ਨਾਰਦ ਰਿਖੀ ਦਾ ਉਸਤਾਦ, ਜਿਸ ਨੇ ਰਾਗਵਿਦ੍ਯਾ ਸਿਖਾਈ.

**ਗਾਨਾ:** ਦੇਖੋ, ਗਾਨ। ੨. ਗੋਪਨ (ਰਖ੍ਯਾ) ਲਈ ਮੰਤ੍ਰਵਿਧੀ ਨਾਲ ਹੱਥ ਬੱਧਾ ਡੋਰਾ. ਹਿੰਦੂਆਂ ਵਿੱਚ ਇਹ ਗਾਨਾ ਵਿਆਹ, ਯੁੱਧ, ਯਗ੍ਯ ਅਤੇ ਮੰਤ੍ਰਪ੍ਰਯੋ ਗ ਆਦਿ ਦੇ ਸਮੇਂ ਬੰਨ੍ਹਿਆ ਜਾਂਦਾ ਹੈ. ਦੇਖੋ, ਗਾਨਾ ਬੰਨ੍ਹਣਾ। ੩. ਗੰਨਾ. "ਮੀਠ ਰਸ ਗਾਨੇ." (ਗਉ ਮਃ ੪)

**ਗਾਨਾ ਬੰਨ੍ਹਣਾ:** ਵਿਆਹ ਅਥਵਾ ਜੰਗ ਲਈ ਹੱਥ ਗਾਨਾ ਬੰਨ੍ਹਕੇ ਤਿਆਰ ਹੋਣਾ. ਜੰਗ ਵਿੱਚ ਗਾਨਾ ਬੰਨ੍ਹਣ ਦਾ ਭਾਵ ਹੁੰਦਾ ਹੈ ਕਿ ਮੌਤ ਅਥਵਾ ਅਪਸਰਾਲਾੜੀ ਨਾਲ ਸ਼ਾਦੀ ਹੋਵੇਗੀ. "ਜਾਂ ਆਇਆ ਹੁਕਮ ਅਕਾਲ ਦਾ ਹਥ ਬੱਧਾ ਗਾਨਾ." (ਜੰਗਨਾਮਾ) ਦੇਖੋ, ਗਾਨਾ ੨.

**ਗਾਨੀ:** ਗਾਇਨ ਕੀਤੀ. "ਤੀਨੋ ਗਾਨੀ ਬਰਬੰਡਿਕਾ." (ਨਾਪ੍ਰ) ਤੇਹਾਂ ਦੇਵਤਿਆਂ ਅਤੇ ਤੇਹਾਂ ਵੇਦਾਂ ਨੇ ਗਾਇਨ ਕੀਤੀ ਹੈ ਬਲਵੰਤਿਕਾ.

**ਗਾਨੇ:** ਗਾਨਾ ਦਾ ਬਹੁਵਚਨ। ੨. ਗਾਇਨ ਕੀਤੇ. ਗਾਏ। ੩. ਗੰਨਾ ਦਾ ਬਹੁਵਚਨ. ਦੇਖੋ, ਗਾਨਾ ੩.

**ਗਾਫਲ, ਗ਼ਾਫ਼ਿਲ:** ਅ਼. غافل ਵਿ- ਬੇਖ਼ਬਰ. ਗ਼ਫ਼ਲਤ ਵਾਲਾ. ਸੁਸਤ. ਆਲਸੀ. "ਕਹਿ ਗਾਫਲ ਸੋਇਆ." (ਤਿਲੰ ਮਃ ੯) "ਬਖੀਲ ਗਾਫਿਲ." (ਤਿਲੰ ਮਃ ੧)

**ਗ਼ਾਫ਼ਿਲਸ਼ਿਕਨ:** ਫ਼ਾ. غافل شکن ਵਿ- ਗ਼ਾਫਿਲ ਨੂੰ ਤੋੜਨ ਵਾਲਾ. ਆਲਸੀਆਂ ਦਾ ਅੰਤ ਕਰਨ ਵਾਲਾ.

**ਗਾਮ:** ਸੰ. ਗਮਨ. ਗਤਿ. ਚਾਲ. "ਚਲ ਕੇ ਗਜਗਾਮੈ." (ਕ੍ਰਿਸਨਾਵ) ੨. ਗਾਵਨ. ਗਾਇਨ. ਗਾਨ. "ਹਰਿ ਹਰਿ ਗੁਣ ਗਾਮ." (ਸੁਖਮਨੀ) ੩. ਸੰ. ਗ੍ਰਾਮ. ਵਿ- ਸਮੁਦਾਯ. "ਮਿਲੈ ਕ੍ਰਿਪਾ ਗੁਣ ਗਾਮ." (ਟੋਡੀ ਮਃ ੫) ੪. ਸੰਗ੍ਯਾ- ਪਿੰਡ. ਗਾਂਵ. ਗ੍ਰਾਮ. "ਗਾਮ ਕਿਸੀ ਮੇ ਸੋ ਨਹਿ ਰਹੈਂ." (ਗੁਪ੍ਰਸੂ) ੫. ਫ਼ਾ. گام ਕ਼ਦਮ. ਪੈਰ। ੬. ਘੋੜੇ ਦਾ ਲਗਾਮ। ੭. ਘੋੜੇ ਦੀ ਇੱਕ ਖ਼ਾਸ ਚਾਲ. ਕਦਮ ਕਦਮ ਸਾਧਾਰਣ ਚਾਲ.

**ਗਾਮਚਾ, ਗਾਮਚੀ:** ਫ਼ਾ. گامچی ਸੰਗ੍ਯਾ- ਘੋੜੇ ਦੇ ਸੁੰਮ ਅਤੇ ਗਿੱਟੇ ਦੇ ਵਿਚਕਾਰ ਦਾ ਭਾਗ. "ਅਲਪ ਗਾਮਚੀ ਸੁੰਮ ਬਡੇਰੇ." (ਗੁਪ੍ਰਸੂ) ਛੋਟੀ ਗਾਮਚੀ ਵਾਲਾ ਘੋੜਾ ਮਜਬੂਤ ਹੁੰਦਾ ਹੈ.

**ਗਾਮਨ:** ਦੇਖੋ, ਗਾਇਨ ਅਤੇ ਗਾਨ। ੨. ਦੇਖੋ, ਗਾਮਨਿ। ੩. ਦੇਖੋ, ਗਾਮੀ.

**ਗਾਮਨਿ, ਗਾਮਨੀ, ਗਾਮਿਨੀ:** ਸੰ. ਗਾਮਿਨੀ. ਵਿ- ਜਾਣ ਵਾਲੀ. ਤੁਰਣ ਵਾਲੀ. "ਨਹਿ ਸੰਗ ਗਾਮਨੀ." (ਰਾਮ ਮਃ ੫)

**ਗਾਮੀ:** ਸੰ. गामिन् ਵਿ- ਜਾਣ ਵਾਲਾ. ਬਲਣ ਵਾਲਾ। ੨. ਗਾਮਿਨੀ. "ਗੌਰਜਾ ਕਾਮਗਾਮੀ." (ਚੰਡੀ ੨) ਕਾਮ (ਮਨੋਹਰ) ਚਾਲ

ਵਾਲੀ ਗਿਰਿਜਾ। ੩. ਸੰਗਮ ਕਰਤਾ. ਪਰਿਇਸਤ੍ਰੀਗਾਮੀ. "ਗੋਤਮਨਾਰਿ ਉਮਾਪਤਿ ਸੁਆਮੀ। ਸੀਸਧਰਨ ਸਹਸਭਗ ਗਾਮੀ." (ਜੈਤ ਰਵਿਦਾਸ) ਗੋਤਮਨਾਰਿਗਾਮੀ ਸਹਸ ਭਗ, ਉਮਾਪਤਿ ਸੁਆਮੀ ਸੀਸਧਰਨ. ਅਰਥਾਤ- ਕਾਮ ਦੇ ਵਸ਼ਿ ਇੰਦ੍ਰ ਦੇ ਸੌ ਭਗ ਹੋਈ, ਕ੍ਰੋਧ ਦੇ ਵਸ਼ਿ ਸ਼ਿਵ ਦੇ ਹੱਥ ਬ੍ਰਹਮਾ ਦੀ ਕਪਾਲੀ ਚਿਮਟ ਗਈ.

ਗਾਮੁ: ਦੇਖੋ, ਗਾਮ.

ਗਾਯ: ਦੇਖੋ, ਗਾਇ.

ਗਾਯਕ: ਦੇਖੋ, ਗਾਇਕ.

ਗਾਯਕਵਾਰ, ਗਾਯਕਵਾੜ: ਮਹਾਰਾਜਾ ਬੜੌਦਾ ਦੀ ਪਦਵੀ. ਇਸ ਵੰਸ਼ ਦੀ ਉਤਪੱਤੀ 'ਦਾਮਾਜੀ ਗਾਯਕਵਾੜ' ਤੋਂ ਹੋਈ ਹੈ.

ਗਾਯਤ: ਅ਼. غایت ਗ਼ਾਯਤ. ਵਿ- ਅਤਜੰਤ. ਨਿਹਾਯਤ. ਅਧਿਕ. ਹੱਦੋਂ ਵਧਕੇ। ੨. ਸੰਗਜਾ- ਕਿਨਾਰਾ. ਕੰਢਾ। ੩. ਨਤੀਜਾ। ੪. ਪ੍ਰਯੋਜਨ. ਮਤਲਬ.

ਗਾਯਤ੍ਰੀ: ਦੇਖੋ, ਗਾਇਤ੍ਰੀ.

ਗਾਯਨ: ਦੇਖੋ, ਗਾਇਨ.

ਗ਼ਾਯਬ: ਅ਼. غائِب ਵਿ- ਗ਼ੈਬ (ਨੇਤ੍ਰਾਂ ਤੋਂ ਪਰੇ). ਲੋਪ. ਅੰਤਰਧਾਨ। ੨. ਗ਼ੈਰਹਾਜਿਰ.

ਗ਼ਾਯਬਾਨਾ: ਦੇਖੋ, ਗੈਬਾਨਾ.

ਗਾਰ: ਸੰਗਜਾ- ਗਾਦ. ਗੰਧਲਾਪਨ। ੨. ਪਾਣੀ ਦੇ ਥੱਲੇ ਦੀ ਮੈਲ ਕੀਚ ਆਦਿ। ੩. ਗਰਵ. ਅਹੰਕਾਰ. "ਮਨ ਮਹਿ ਧਰਤੇ ਗਾਰ." (ਦੇਵ ਮਃ ੫) "ਮਾਇਆਮਤ ਕਹਾਲਉ ਗਾਰਹੁ?" (ਸਵੈਯੇ ਸ੍ਰੀ ਮੁਖਵਾਕ ਮਃ ੫) ੪. ਗੜ੍ਹ. ਗਢ. ਕਿਲਾ. ਦੁਰਗ. "ਕੋਊ ਬਿਖਮ ਗਾਰ ਤੋਰੈ." (ਆਸਾ ਮਃ ੫) ੫. ਗਾਲੀ. ਗਾਲ. ਦੁਸ਼ਨਾਮਦਹੀ. "ਗਾਰ ਦੈਨਹਾਰੀ ਬੋਲਹਾਰੀ ਡਾਰੀ ਸੇਤ ਕੋ." (ਭਾਗੁ ਕ) ੬. ਦੇਖੋ, ਗਾਲਨਾ. "ਗਾਰ ਗਾਰ ਅਖਰਬ ਗਰਬ." (ਪ੍ਰਿਥੁਰਾਜ) ੭. ਦੇਖੋ, ਗਾਰੁ। ੮. ਫ਼ਾ. غار ਗ਼ਾਰ. ਟੋਆ. ਖਾਤਾ. "ਸੈਸਾਰ ਗਾਰ ਬਿਕਾਰ ਸਾਗਰ." (ਕਾਨ ਮਃ ੫) ੯. ਪਹਾੜ ਦੀ ਖੱਡ. ਕੰਦਰਾ। ੧੦. ਫ਼ਾ. گار ਪ੍ਰਤ੍ਯ. ਇਹ ਪਦਾਂ ਦੇ ਅੰਤ ਲਗਕੇ ਸਬਬ (ਕਾਰਣ), ਵਾਨ (ਵਾਲਾ), ਯੋਗਯ (ਲਾਯਕ਼) ਆਦਿਕ ਅਰਥ ਬੋਧਨ ਕਰਦਾ ਹੈ, ਜਿਵੇਂ- ਰੋਜ਼ਗਾਰ, ਯਾਦਗਾਰ ਆਦ. "ਗੁਨਹਗਾਰ ਲੂਣਹਰਾਮੀ." (ਸੂਹੀ ਮਃ ੫)

ਗਾਰਹੁ: ਗਰਵਹੁੰ. ਅਹੰਕਾਰ ਕਰਦੇ ਹੋਂ. ਦੇਖੋ, ਗਾਰ ੩.

ਗਾਰਕ: ਵਿ- ਗਾਲਕ. ਗਾਲਣ ਵਾਲਾ. "ਗਨੀਮਨ ਕੋ ਗਾਰਕ ਹੈ." (ਅਕਾਲ)

ਗਾਰਕੀ: ਸੰਗਜਾ- ਗਰਕ ਹੋਣ ਦਾ ਭਾਵ. ਤਬਾਹੀ. ਬਰਬਾਦੀ. ਪ੍ਰਲੈ. "ਭਯੋ ਸਮਾ ਦਿਨ ਗਾਰਕੀ." (ਗੁਪ੍ਰਸੂ)

ਗਾਰਗੀ: ਸੰ. गार्गी ਗਰਗ ਗੋਤ੍ਰ ਦੀ ਇੱਕ ਕੰਨਜਾ, ਜੋ ਵਡੀ ਪੰਡਿਤਾ ਸੀ. ਇਹ ਮੈਤ੍ਰੇਯੀ ਦੀ ਭੂਆ ਸੀ. ਇਸ ਨੇ ਸਾਰੀ ਉਮਰ ਬ੍ਰਹਮਚਰਯ ਵਿੱਚ ਵਿਤਾਈ. ਇਸ ਦੀ ਕਥਾ ਬ੍ਰਿਹਦਾਰਣਜਕ ਉਪਨਿਸ਼ਦ ਵਿੱਚ ਆਈ ਹੈ. ਇਸ ਦੀ ਵੇਦਾਂਤਚਰਚਾ ਇੱਕ ਵਾਰ ਰਾਜਾ ਜਨਕ ਦੀ ਸਭਾ ਵਿੱਚ ਲੋਕਾਂ ਨੂੰ ਮੋਹਿਤ ਕਰਨ ਵਾਲੀ ਹੋਈ ਸੀ। ੨. ਦੁਰਗਾ. ਦੇਵੀ। ੩. ਯਾਗਜਵਲਕ ਰਿਖੀ ਦੀ ਇੱਕ ਇਸਤ੍ਰੀ.

ਗਾਰਤ: ਅ਼. غارت ਗ਼ਾਰਤ. ਸੰਗਜਾ- ਲੁੱਟਣ ਦੀ ਕ੍ਰਿਯਾ। ੨. ਵਿ- ਨਸ਼੍ਟ. ਬਰਬਾਦ. ਤਬਾਹ.

ਗਾਰਨ, ਗਾਰਨਾ: ਕ੍ਰਿ- ਗਾਲਨਾ. "ਤਨੁ ਜਉ ਹਿਵਾਲੇ ਗਾਰੈ." (ਰਾਮ ਨਾਮਦੇਵ) ੨. ਗ਼ਾਰਤ ਕਰਨਾ "ਸੰਤ ਉਬਾਰ ਗਨੀਮਨ ਗਾਰੈ." (ਅਕਾਲ) ੩. ਮਿਲਾਉਣਾ. "ਘਸਿ ਕੁੰਕਮ ਚੰਦਨ ਗਾਰਿਆ." (ਸੋਰ ਕਬੀਰ) ਚੰਦਨ ਕੇਸਰ ਦੇ ਮਿਲਾਪ ਵਾਂਙ

ਜੀਵਾਤਮਾ ਬ੍ਰਹਮ ਨਾਲ ਮਿਲਾਇਆ.

ਗਾਰਬ: ਸੰ. ਗਬੰ. ਸੰਗਜਾ- ਅਭਿਮਾਨ. ਅਹੰਕਾਰ.

ਗਾਰਬਿ: ਕ੍ਰਿ. ਵਿ- ਹੰਕਾਰ ਨਾਲ. ਗਰਬ ਕਰਕੇ. "ਕਾਇਤੁ ਗਾਰਬਿ ਹੰਢੀਐ." (ਵਾਰ ਆਸਾ) "ਮਨ, ਤੂ ਗਾਰਬਿ ਅਟਿ." (ਆਸਾ ਛੰਤ ਮਃ ੩)

ਗਾਰਬੁ: ਸੰ. ਗਾਰਬ. "ਚਾਕਰ ਲਗੇ ਚਾਕਰੀ ਨਾਲੇ ਗਾਰਬੁ ਵਾਦ." (ਵਾਰ ਆਸਾ ਮਃ ੨)

ਗਾਰਰੂ: ਦੇਖੋ, ਗਾਰੜੂ.

ਗਾਰਵ, ਗਾਰਵੁ: ਦੇਖੋ, ਗਾਰਬ। ੨. ਗੌਰਵ. ਗੁਰੁਤਾ. ਵਡਿਆਈ. "ਧਨਹਿ ਕਿਆ ਗਾਰਵੁ ਦਿਜੈ?" (ਸਵੈਯੇ ਮਃ ੪. ਕੇ) ੩. ਗਿਰਿਵ੍ਰਜ ਦੇ ਆਸਪਾਸ ਦਾ ਇਲਾਕਾ, ਜੋ ਬਿਹਾਰ ਵਿੱਚ ਹੈ. ਗਿਰਿਵ੍ਰਜ (ਜਿਸ ਦਾ ਹੁਣ ਨਾਉਂ ਰਾਜਗ੍ਰਿਹ ਹੈ) ਕਿਸੇ ਸਮੇਂ ਮਗਧ ਦੀ ਰਾਜਧਾਨੀ ਸੀ. "ਗਾਰਵ ਦੇਸ ਬਸਤ ਹੈ ਜਹਾਂ." (ਚਰਿਤ੍ਰ ੩੧੦)

ਗਾਰੜੀ, ਗਾਰੜੁ, ਗਾਰੜੂ: ਸੰ. गारुड ਗਾਰੁੜ. ਗਰੁੜਮੰਤ੍ਰ ਦਾ ਗਜਾਤਾ। ੨. ਸਰਪਵਿਸ਼ ਦੂਰ ਕਰਨ ਦੀ ਦਵਾਈ ਦਾ ਜਾਣੂ. "ਗੁਰਮੁਖਿ ਕੋਈ ਗਾਰੜੂ." (ਵਾਰ ਗੂਜ ੧. ਮਃ ੩) "ਦਸਨ ਬਿਹੂਨ ਭੁਯੰਗੰ ਮੰਤ੍ਰੀ ਗਾਰੁੜੀ ਨਿਵਾਰੰ." (ਗਾਥਾ) ਗੁਰਮੰਤ੍ਰ ਦੇ ਬਲ ਕਰਕੇ ਠਾਕਿਆ ਹੋਇਆ ਸਰਪ, ਡੰਗਣ (ਦੰਸ਼ਨ) ਬਿਨਾ ਹੋ ਜਾਂਦਾ ਹੈ। ੩. ਗਰੁੜਮੰਤ੍ਰ, ਜੋ ਸਰਪਵਿਖ ਦੂਰ ਕਰਤਾ ਮੰਨਿਆ ਹੈ. "ਗਾਰੜੁ ਗੁਰਗਿਆਨ." (ਮਲਾ ਅਃ ਮਃ ੧) ੪. ਸੰ. ਗਾਰੁੜੀ. ਗਰੁੜਵਿਦਯਾ. "ਕਹੂੰ ਬੈਠਕੈ ਗਾਰੜੀਗ੍ਰੰਥ ਬਾਚੈਂ." (ਜਨਮੇਜਯ)

ਗਾਰਾ: ਸੰਗਜਾ- ਕੀਚ. ਪੰਕ. ਚਿੱਕੜ। ੨. ਗਾਲੀਆਂ. "ਛੋਹਿਓ ਮੁਖ ਤੇ ਸੁਨਿਕਰਿ ਗਾਰਾ." (ਮਾਰੂ ਮਃ ੫)

ਗਾਰਿ: ਦੇਖੋ, ਗਾਰੀ। ੨. ਗਾਲਕੇ.

ਗਾਰਿਆ: ਦੇਖੋ, ਗਾਰਨਾ.

ਗਾਰੀ: ਸੰਗਜਾ- ਗਾਲੀ. ਦੁਸ਼ਨਾਮਦਹੀ। ੨. ਬਦਦੁਆ. ਸ੍ਰਾਪ (ਸ਼ਾਪ). "ਤਿਸ ਕੈ ਕੁਲਿ ਲਾਗੀ ਗਾਰੀ." (ਮਲਾ ਮਃ ੪)

ਗਾਰੁੜ: ਦੇਖੋ, ਗਾਰੜੀ. "ੜਾੜੈ ਗਾਰੁੜ ਤੁਮ ਸੁਣਹੁ." (ਓਅੰਕਾਰ) ਵਿਕਾਰ ਰੂਪ ਸਰਪਾਂ ਦੀ ਵਿਸ਼ ਦੂਰ ਕਰਨ ਲਈ ਹਰਿਨਾਮ ਗਾਰੁੜ (ਗਰੁੜਮੰਤ੍ਰ) ਸੁਣਹੁ.

ਗਾਰੁੜੀ: ਦੇਖੋ, ਗਾਰੜੀ.

ਗਾਰੈ: ਦੇਖੋ, ਗਾਰਨਾ.

ਗਾਰ੍ਹ: ਸੰਗਜਾ- ਗੜ੍ਹੀ. ਛੋਟਾ ਕ਼ਿਲਾ. "ਗੁਰਿ ਬਿਖਮ ਗਾਰ੍ਹ ਤੋਰੀ." (ਸਾਰ ਮਃ ੫. ਪੜਤਾਲ) ੨. ਗ਼ਾਰ. ਪਹਾੜੀ ਖੁੱਡ. ਕੰਦਰਾ. "ਬਿਖਮ ਗਾਰ੍ਹ ਕਰੁ ਪਹੁਚੈ ਨਾਹੀ." (ਸਾਰ ਮਃ ੫)

ਗਾਰ੍ਹਪਤਯ: ਸੰ. गार्हपत्य ਸੰਗਜਾ- ਗ੍ਰਿਹਪਤੀ (ਘਰ ਦਾ ਮਾਲਿਕ), ਉਸ ਦੇ ਨਾਲ ਸੰਬੰਧ ਰੱਖਣ ਵਾਲੀ. ਉਹ ਅਗਨਿ, ਜਿਸ ਨਾਲ ਗ੍ਰਿਹਸਥੀ ਦੇਵ ਪਿਤ੍ਰਿ ਕਾਰਜ ਅਤੇ ਘਰ ਦੇ ਕੰਮ ਕਰਦਾ ਹੈ.

ਗਾਲ: ਸਿੰਧੀ. ਸੰਗਜਾ- ਗੱਲ. ਬਾਤ. "ਸੰਤ ਤੇਰੇ ਸਿਉ ਗਾਲ ਗਲੋਹੀ." (ਗਉ ਮਃ ੫) "ਸਭ ਰੈਨਿ ਸਮ੍ਹਾਲਹਿ ਹਰਿਗਾਲ." (ਪ੍ਰਭਾ ਮਃ ੪) "ਕੋਈ ਆਨਿ ਸੁਨਾਵੈ ਹਰਿ ਕੀ ਹਰਿਗਾਲ." (ਨਟ ਮਃ ੪) ੨. ਗਾਲੀ. ਸ਼੍ਰਾਪ (ਸ਼ਾਪ). ੩. ਦੇਖੋ, ਗਾਲਨਾ। ੪. ਦੇਖੋ, ਗਾਲ੍ਹ.

ਗਾਲਕ: ਵਿ- ਗਾਲ ਦੇਣ ਵਾਲਾ। ੨. ਵਿਨਾਸ਼ਕ.

ਗਾਲਨ: ਕ੍ਰਿ- ਗਾਲਣਾ। ੨. ਟਪਕਾਉਣਾ. ਚੁਆਉਣਾ.

ਗਾਲਬ: ਅ਼. غالب ਗ਼ਾਲਿਬ. ਵਿ- ਪ੍ਰਬਲ. ਜ਼ੋਰਾਵਰ। ੨. ਵਿਜਯੀ. ਫਤੇ ਪਾਉਣ ਵਾਲਾ। ੩. ਪੰਜਾਬੀ ਵਿੱਚ ਕ਼ਾਲਬ (ਸੰਚੇ) ਦੀ ਥਾਂ ਭੀ ਗਾਲਬ ਸ਼ਬਦ ਵਰਤੀਦਾ ਹੈ. "ਗੁਲਿਕਾ ਗਾਲਬ ਮਹਿ ਢਲਵਾਇ." (ਗੁਪ੍ਰਸੂ) ੪. ਉਰਦੂ ਦਾ ਇੱਕ ਪ੍ਰਸਿੱਧ ਕਵੀ। ੫. ਦੇਖੋ, ਗਾਲਵ.

ਗਾਲਭ: ਦੇਖੋ, ਗਾਲਵ.

ਗਾਲਵ: ਵਿਸ਼੍ਵਾਮਿਤ੍ਰ ਰਿਖੀ ਦਾ ਇੱਕ ਪੁਤ੍ਰ। ੨. ਵਿਸ਼੍ਵਾਮਿਤ੍ਰ ਦਾ ਇੱਕ ਚੇਲਾ. ਮਹਾਂਭਾਰਤ ਵਿੱਚ ਕਥਾ ਹੈ ਕਿ ਜਦ ਗਾਲਵ ਵਿਦਜਾ ਪੜ੍ਹ ਚੁੱਕਾ, ਤਦ ਉਸ ਨੇ ਗੁਰੁ ਨੂੰ ਗੁਰਦਕ੍ਸ਼ਿਣਾ ਦੇਣੀ ਚਾਹੀ. ਵਿਸ਼੍ਵਾਮਿਤ੍ਰ ਨੇ ਕਈ ਵਾਰ ਦੱਛਣਾ ਲੈਣੋ ਨਾਂਹ ਕੀਤੀ, ਪਰ ਗਾਲਵ ਨੇ ਬਹੁਤ ਹਠ ਕੀਤਾ. ਅੰਤ ਵਿਸ਼੍ਵਾਮਿਤ੍ਰ ਨੇ ਖਿਝਕੇ ਆਖਿਆ ਕਿ ਜੇ ਤੂੰ ਦੱਖਣਾ ਦੇਣੀ ਚਾਹੁੰਦਾ ਹੈਂ, ਤਦ ਅੱਠ ਸੌ ਚਿੱਟੇ ਰੰਗ ਦੇ ਘੋੜੇ, ਜਿਨ੍ਹਾਂ ਦੇ ਕੰਨ ਕਾਲੇ ਹੋਣ ਮੈਨੂੰ ਅਰਪਣ ਕਰ. ਗਾਲਵ ਨੇ ਚਿੰਤਾਤੁਰ ਹੋਕੇ ਆਪਣੇ ਪ੍ਰੇਮੀ ਗਰੁੜ ਨੂੰ ਚੇਤੇ ਕੀਤਾ. ਗਰੁੜ ਉਸ ਨੂੰ ਆਪਣੇ ਉੱਪਰ ਚੜ੍ਹਾਕੇ ਰਾਜਾ ਯਯਾਤੀ ਪਾਸ ਲੈ ਗਿਆ. ਰਿਖੀ ਨੇ ਰਾਜਾ ਤੋਂ ਘੋੜੇ ਮੰਗੇ. ਰਾਜੇ ਨੇ ਆਖਿਆ ਕਿ ਮੇਰੇ ਪਾਸ ਅਜੇਹੇ ਘੋੜੇ ਤਾਂ ਨਹੀਂ, ਪਰ ਮੇਰੀ ਪੁਤ੍ਰੀ 'ਮਾਧਵੀ' ਨੂੰ ਤੂੰ ਲੈਜਾ, ਇਸ ਤੋਂ ਤੇਰਾ ਮਨੋਰਥ ਪੂਰਾ ਹੋ ਜਾਵੇਗਾ. ਗਾਲਵ ਮਾਧਵੀ ਨੂੰ ਲੈ ਕੇ ਰਾਜਾ ਹਰਯਸ਼੍ਵ ਪਾਸ ਗਿਆ ਅਤੇ ਆਖਿਆ ਕਿ ਆਪ ਇਸ ਕੰਨਜਾ ਤੋਂ ਇੱਕ ਪੁਤ੍ਰ ਪੈਦਾ ਕਰਕੇ ਮੈਨੂੰ ਦੋ ਸੌ ਘੋੜੇ ਦਿਓ. ਹਰਯਸ਼੍ਵ ਨੇ "ਸੁਮਨਾ" ਪੁਤ੍ਰ ਪੈਦਾ ਕਰਕੇ ਦੋ ਸੌ ਘੋੜੇ ਸਮੇਤ ਮਾਧਵੀ ਗਾਲਵ ਦੇ ਹਵਾਲੇ ਕੀਤੀ. ਫੇਰ ਰਿਖੀ ਕਾਸ਼ੀਪਤਿ ਰਾਜਾ ਦਿਵੋਦਾਸ ਪਾਸ ਗਿਆ, ਉਸ ਨੇ ਭੀ "ਪ੍ਰਤਰਦਨ" ਪੁਤ੍ਰ ਪੈਦਾ ਕਰਕੇ ਦੋ ਸੌ ਘੋੜੇ ਸਮੇਤ ਗਾਲਵ ਨੂੰ ਮਾਧਵੀ ਮੋੜ ਦਿੱਤੀ. ਫਿਰ ਗਾਲਵ ਨੇ ਮਾਧਵੀ ਉਸ਼ੀਨਰ ਨੂੰ ਦਿੱਤੀ, ਉਸ ਨੇ "ਸ਼ਿਵੀ" ਪੁਤ੍ਰ ਪੈਦਾ ਕਰਕੇ ਦੋ ਸੌ ਘੋੜੇ ਸਮੇਤ ਮਾਧਵੀ ਗਾਵਲ ਨੂੰ ਸੌਂਪੀ. ਜਦ ਹੋਰ ਕਿਤੇ ਇਸ ਕ਼ਿਸਮ ਦੇ ਘੋੜੇ ਮਿਲਦੇ ਨਾ ਦਿੱਸੇ, ਤਦ ਗਰੁੜ ਦੀ ਸਲਾਹ ਨਾਲ ਗਾਲਵ ਨੇ ਦੋ ਸੌ ਘੋੜੇ ਦੇ ਬਦਲੇ ਮਾਧਵੀ ਅਤੇ ਛੀ ਸੌ ਘੋੜੇ ਦੇ ਕੇ ਗੁਰਦੱਛਣਾ ਤੋਂ ਛੁਟਕਾਰਾ ਪਾਇਆ. ਵਿਸ਼੍ਵਾਮਿਤ੍ਰ ਨੇ ਮਾਧਵੀ ਤੋਂ "ਅਸ਼੍ਟਕ" ਨਾਮੀ ਪੁਤ੍ਰ ਪੈਦਾ ਕੀਤਾ. ਅੰਤ ਨੂੰ ਗਾਲਵ ਨੇ ਮਾਧਵੀ ਮੁੜ ਰਾਜਾ ਯਯਾਤਿ ਦੇ ਜਾ ਹਵਾਲੇ ਕੀਤੀ. "ਗਾਲਵ ਆਦਿ ਅਨੰਤ ਮੁਨੀਸਰ ਬ੍ਰਹਮਹੂੰ ਤੇ ਨਹਿ ਜਾਤ ਗਨਾਯੇ." (ਦੱਤਾਵ)

ਗਾਲੜੀ: ਵਿ- ਬਹੁਤ ਗੱਲਾਂ ਕਰਨ ਵਾਲਾ. ਗੱਪੀ। ੨. ਸੰਗਜਾ- ਗੁਰਦਾਸਪੁਰ ਦੀ ਤਸੀਲ ਅੰਦਰ ਇੱਕ ਪਿੰਡ. ਇੱਥੇ ਬਾਬਾ ਸ੍ਰੀਚੰਦ ਜੀ ਦਾ ਅਸਥਾਨ ਹੈ.

ਗਾਲਾਇ: ਦੇਖੋ, ਗਲਾਉਣਾ. "ਇੱਕ ਫਿਕਾ ਨ ਗਾਲਾਇ." (ਸ. ਫਰੀਦ) ਫਿੱਕਾ ਬੋਲ ਕਹੁ

ਗਾਲਾਇਓ: ਕਥਨ ਕੀਤਾ. ਕਿਹਾ. ਦੇਖੋ, ਗਲਾਉਣਾ. "ਕਿਆ ਗਾਲਾਇਓ ਭੂਛ." (ਵਾਰ ਮਾਰੂ ੨. ਮਃ ੫) ਦੇਖੋ, ਭੂਛ.

ਗਾਲਿ, ਗਾਲੀ: ਕ੍ਰਿ. ਵਿ- ਗਾਲਕੇ. ਗਲਾਕੇ. "ਹਿਵੈ ਗਾਲਿ ਗਾਲਿ ਤਨੁ ਛੀਜੈ." (ਕਲਿ ਅਃ ਮਃ ੪) ੨. ਸੰਗਜਾ- ਗੱਲ. ਬਾਤ. "ਬਿੰਦਕ ਗਾਲਿ ਸੁਣੀ." (ਆਸਾ ਮਃ ੫) "ਗਾਲੀ ਬਿਆ ਵਿਕਾਰ, ਨਾਨਕ ਧਣੀ ਵਿਹੂਣੀਆ." (ਵਾਰ ਗਉ ੨. ਮਃ ੫) "ਨਾਨਕ ਗਾਲੀ ਕੂੜੀਆ ਬਾਝ ਪਰੀਤਿ ਕਰੇਇ." (ਵਾਰ ਵਡ ਮਃ ੧) ੩. ਗੱਲ ਦਾ ਬਹੁਵਚਨ. ਗੱਲਾਂ. ਬਾਤਾਂ. "ਸੇ ਗਾਲੀ ਰਬ ਕੀਆ." (ਸ. ਫਰੀਦ) ੪. ਤ੍ਰਿਤੀਯਾ ਵਿਭਕ੍ਤਿ. ਗੱਲੀਂ. ਗੱਲਾਂ ਕਰਕੇ. ਬਾਤਾਂ ਨਾਲ. "ਗਾਲੀ ਹਰਿਨੀਹੁ ਨ ਹੋਇ." (ਟੋਡੀ ਮਃ ੫) ੫. ਸੰ. ਗਾਲੀ. ਸੰਗਜਾ- ਗਾਲ. ਦੁਸ਼ਨਾਮਦਹੀ. ਸ਼ਾਪ (ਸ੍ਰਾਫ). "ਜੋ ਬੇਮੁਖ ਗੋਬਿੰਦ ਤੇ ਪਿਆਰੇ, ਤਿਨਿ ਕੁਲਿ ਲਾਗੈ ਗਾਲਿ." (ਸੋਰ ਅਃ ਮਃ ੫) ੬. ਬਦਨਾਮੀ. ਕਲੰਕ. ਧੱਬਾ. "ਤੇਰੇ ਕੁਲਹਿ ਨ ਲਾਗੈ ਗਾਲਿ ਜੀਉ." (ਮਾਝ ਅਃ ਮਃ ੫)

ਗਾਲ੍ਹ: ਸੰ. ਗਲ੍ਹ ਗੱਲ. ਸੰਗਜਾ- ਕਪੋਲ. ਰੁਖ਼ਸਾਰ. ਗੰਡ.

ਗਾਲ੍ਹ ਬਜਾਨਾ, ਗਾਲ੍ਹ ਮਾਰਨਾ: ਕ੍ਰਿ- ਬਕਬਾਦ ਕਰਨਾ। ੨. ਸ਼ੇਖ਼ੀ ਮਾਰਨੀ. "ਆਵਤ ਹੈਂ ਚਲੇ ਗਾਲ੍ਹ ਬਜਾਵਤ." (ਕ੍ਰਿਸਨਾਵ) ੩. ਸ਼ਿਵਮੰਦਿਰ ਵਿੱਚ (ਮੂੰਹ ਵਿੱਚ ਅੰਗੂਠਾ ਪਾਕੇ) ਬਕਰੇ ਜੇਹੀ ਆਵਾਜ਼ ਕੱਢਣੀ.

ਜਦ ਸਤੀ ਆਪਣੇ ਪਤਿ ਸ਼ਿਵ ਦਾ ਅਪਮਾਨ ਦੇਖਕੇ ਆਪਣੇ ਪਿਤਾ ਦਕ੍ਸ਼ ਦੇ ਯੱਗ ਵਿੱਚ ਸੜਗਈ, ਤਦ ਸ਼ਿਵ ਦੇ ਗਣ ਵੀਰਭਦ੍ਰ ਨੇ

ਆਕੇ ਯੱਗ ਦਾ ਨਾਸ਼ ਕੀਤਾ ਅਤੇ ਦਕ੍ਸ਼ ਦਾ ਸਿਰ ਵੱਢ ਦਿੱਤਾ. ਅੰਤ ਨੂੰ ਸ਼ਿਵ ਨੇ ਕ੍ਰਿਪਾ ਕਰਕੇ ਦਕ੍ਸ਼ ਦੇ ਧੜ ਪੁਰ ਬਕਰੇ ਦਾ ਸਿਰ ਜੜਕੇ (ਸਹੁਰੇ ਨੂੰ) ਜ਼ਿੰਦਾ ਕੀਤਾ. ਦਕ੍ਸ਼ ਦੀ ਬਕਰੇ ਦੀ ਆਵਾਜ਼ ਸੁਣਕੇ ਸ਼ਿਵ ਬਹੁਤ ਪ੍ਰਸੰਨ ਹੋਏ. ਉਸ ਸਮੇਂ ਤੋਂ ਸ਼ਿਵ ਨੂੰ ਪ੍ਰਸੰਨ ਕਰਨ ਲਈ ਲੋਕ ਗਲ੍ਹ ਬਜਾਉਂਦੇ ਹਨ.

ਗਾਵ: ਗਾਇਨ. ਗਾਨ. "ਗਾਵ ਲੇਹ." (ਆਸਾ ਮਃ ੫) ੨. ਸੰ. ਗਾਵਃ ਪ੍ਰਿਥਮਾ ਦਾ ਬਹੁਵਚਨ. ਗਾਈਆਂ. ਗਊਆਂ. "ਗਾਵ ਸਭ ਆਨੀ." (ਨਰਾਵ) ੩. ਗ੍ਰਾਮ. ਗਾਂਵ. "ਬਿਖੈਬਿਆਧਿ ਕੇ ਗਾਵ ਮਹਿ ਬਾਸੁ." (ਰਾਮ ਮਃ ੫) ੪. ਫ਼ਾ. گاو ਬੈਲ. ਬਲਦ. "ਅਮਿਤ ਗਾਵ ਲਵਗਨ ਕੇ ਭਰੇ." (ਦੱਤਾਵ) ਬੇਅੰਤ ਬੈਲ ਲੌਂਗਾਂ ਦੇ ਲੱਦੇ ਹੋਏ.

ਗਾਂਵ: ਸੰਗਯਾ- ਗ੍ਰਾਮ. ਪਿੰਡ.

ਗਾਵਸਿ, ਗਾਵਸੀ: ਗਾਵੇਗਾ। ੨. ਗਾਉਂਦਾ. ਗਾਇਨ ਕਰਦਾ.

ਗਾਵਹਿ: ਗਾਂਉਂਦਾ ਹੈ। ੨. ਗਾਵਹਿਂ. ਗਾਂਉਂਦੇ ਹਨ. "ਗਾਵਹਿ ਈਸਰੁ ਬਰਮਾ ਦੇਵੀ." (ਜਪੁ)

ਗਾਵਹੀ: ਗਾਂਉਂਦਾ ਹੈ। ੨. ਗਾਵਹੀਂ. ਗਾਂਉਦੇ ਹਨ.

ਗਾਵਣ: ਦੇਖੋ, ਗਾਇਨ.

ਗਾਵਣਹਾਰਾ: ਵਿ- ਗਾਉਣਵਾਲਾ. ਗਵੈਯਾ. ਗਾਇਕ. "ਕੇਤੇ ਗਾਵਣਹਾਰੇ." (ਜਪੁ)

ਗਾਵਣਾ: ਦੇਖੋ, ਗਾਇਨ। ੨. ਵਿ- ਗਾਇਨ ਯੋਗ੍ਯ. ਗਾਨੇ ਲਾਇਕ. "ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ." (ਵਾਰ ਸੋਰ ਮਃ ੪)

ਗਾਵਣਿ: ਸੰਗਯਾ- ਗਾਇਨਵਿਦ੍ਯਾ। ੨. ਕੀਰਤਨ. "ਗਾਵਣਿ ਗਾਵਹਿ ਜਿਨਿ ਨਾਮੁ ਪਿਆਰੁ." (ਗਉ ਮਃ ੩) ੩. ਦੇਖੋ, ਗਾਵਨਿ.

ਗਾਵਤ: ਕ੍ਰਿ. ਵਿ- ਗਾਉਂਦਾ ਹੋਇਆ. "ਗਾਵਤ ਸੁਣਤ ਸਭੇ ਹੀ ਮੁਕਤੇ." (ਮਾਝ ਮਃ ੫)

ਗਾਵ ਤਕੀਆ, ਗਾਵ ਤਕੀਯਹ: ਫ਼ਾ گاو تکیہ ਸੰਗਯਾ- ਵਡਾ ਸਿਰ੍ਹਾਨਾ, ਜਿਸ ਨਾਲ ਪਿੱਠ ਲਾਕੇ ਬੈਠੀਏ. ਗਾਵਾ.

ਗਾਵਨ: ਸੰਗਯਾ- ਗਾਇਨ. ਗਾਉਣਾ.

ਗਾਵਨਹਾਰਾ: ਗਾਉਣਵਾਲਾ. ਗਾਇਕ. ਗਵੈਯਾ.

ਗਾਵਨਿ: ਗਾਇਨ ਕਰਦੇ ਹਨ. ਗਾਉਂਦੇ ਹਨ. "ਗਾਵਨਿ ਪੰਡਿਤਾ ਰਖੀਸਰ." (ਜਪੁ) ੨. ਦੇਖੋ, ਗਾਵਣਿ.

ਗਾਵਨੀ: ਦੇਖੋ, ਗਾਵਨਿ। ੨. ਸੰਗਯਾ- ਗਾਇਨ (ਗਾਉਣ) ਦੀ ਰੀਤੀ. "ਗਾਵਨੀ ਨੀਕੀ." (ਮਲਾ ਮਃ ੫)

ਗਾਵਨੋ: ਸੰਗਯਾ- ਗਾਇਨ. ਗਾਉਣਾ। ੨. ਵਿ- ਗਾਉਣ ਵਾਲਾ. "ਕੋਈ ਰਾਮਨਾਮ ਗੁਨ ਗਾਵਨੋ। ਜਨ ਨਾਨਕ ਤਿਸੁ ਪਗ ਲਾਵਨੋ." (ਬਿਲਾ ਮਃ ੪. ਪੜਤਾਲ)

ਗਾਵਰ: ਫ਼ਾ. گاور ਬੇਦੀਨ. ਕਾਫ਼ਿਰ. "ਉਰਝਿਰਹਿਓ ਰੇ ਬਾਵਰ ਗਾਵਰ." (ਗਉ ਮਃ ੫) ੨. ਦੇਖੋ, ਗਵਾਰ। ੩. ਦੇਖੋ, ਗਹੂਰ.

ਗਾਵਰਾ, ਗਾਂਵੜਾ: ਸੰਗਯਾ- ਗ੍ਰਾਮ. ਪਿੰਡ. ਗਾਂਵ. "ਬਚਾਇਲਯੋ ਗਾਵਰਾ." (ਕ੍ਰਿਸਨਾਵ)

ਗਾਵਾ: ਦੇਖੋ, ਗਾਵ ਤਕੀਆ। ੨. ਗ੍ਰਾਮ. ਪਿੰਡ. "ਦੇਹੀ ਗਾਵਾ ਜੀਉ ਧਰ ਮਹਿਤਉ." (ਮਾਰੂ ਕਬੀਰ) ਦੇਹੀ (ਸ਼ਰੀਰ) ਪਿੰਡ ਹੈ, ਜੀਵਾਤਮਾ ਵਿਸਵੇਦਾਰ ਹੈ। ੩. ਸੰ. ਗਵ੍ਯ. ਵਿ- ਗਊ ਦਾ. ਗੋ ਸੰਬੰਧੀ. ਗੋਕਾ. "ਗਾਵਾ ਗੋਬਰ ਲੇਹੁ ਮੰਗਾਇ." (ਚਰਿਤ੍ਰ ੩੨੦) ੪. ਗਾਵਾਂ. ਗਾਇਨ ਕਰਾਂ. "ਜਬ ਦੇਖਾ ਤਬ ਗਾਵਾ." (ਸੋਰ ਨਾਮਦੇਵ)

ਗਾਵਾਇਦਾ: ਗਾਇਨ ਕਰਾਉਂਦਾ ਹੈ. "ਆਪੇ ਗੁਣ ਗਾਵਾਇਦਾ." (ਸੋਰ ਮਃ ੪)

ਗਾਵਾਈ: ਗਾਇਨ ਕਰਾਈ। ੨. ਗਾਇਨ ਦੀ ਕ੍ਰਿਯਾ। ੩. ਗਾਉਣ ਦੀ ਮਜ਼ਦੂਰੀ। ੪. ਸੰ. गवेष्य ਗੁੰਮ ਕਰਵਾਈ. ਮਿਟਵਾਈ.

ਗਾਵਾਏ: ਗਾਇਨ ਕਰਾਏ। ੨. ਖੋਏ. ਗਵਾਏ. "ਹਲਤ ਪਲਤ ਦੋਵੈ ਗਾਵਾਏ." (ਮਾਝ ਅਃ ਮਃ ੩)

ਗਾਵਾਹਾ: ਗਾਇਨ ਕਰਾਉਂਦਾ ਹੈ. "ਗੁਣ ਗੁਰਮੁਖਿ ਗਾਵਾਹਾ." (ਮਾਝ ਮਃ ੫) ੨. ਗਾਇਨ ਯੋਗ੍ਯ ਹੈ. ਗਾਉਣ ਲਾਇਕ ਹੈ.

ਗਾਵਾਧਾ: ਗਾਇਨ ਕੀਤਾ। ੨. ਗਾਇਨ ਕਰਵਾਇਆ.

ਗਾਵਾਰ, ਗਾਵਾਰੁ: ਦੇਖੋ, ਗਵਾਰ. "ਕਾਚਾ ਧਨੁ ਸੰਚਹਿ ਮੂਰਖ ਗਾਵਾਰ." (ਧਨਾ ਮਃ ੩)

ਗਾਵਾਵਹਿ: ਗਾਇਨ ਕਰਾਵਹਿ। ੨. ਗਵਾ (ਖੋ) ਦਿੰਦਾ ਹੈ. ਗੁਆਉਂਦਾ ਹੈ। ੩. ਗਵਾਵਹਿਂ. ਖੋਦਿੰਦੇ ਹਨ. "ਧਰਮੀ ਧਰਮ ਕਰਹਿ ਗਾਵਾਵਹਿ." (ਵਾਰ ਆਸਾ)

ਗਾਵਿਆ: ਗਾਇਆ। ੨. ਕ੍ਰਿ. ਵਿ- ਗਾਇਆ ਹੋਇਆ. ਗਾਇਨ ਕੀਤਾ. "ਸਹਜੇ ਗਾਵਿਆ ਥਾਇ ਪਵੈ." (ਸ੍ਰੀ ਅਃ ਮਃ ੩)

ਗਾਵਿਸ: ਸੰਗ੍ਯਾ- ਗਵ (ਬੈਲ) ਪੁਰ ਇਸਥਿਤ ਹੋਈ, ਪ੍ਰਿਥਿਵੀ. ਜ਼ਮੀਨ. (ਸਨਾਮਾ)

ਗਾਵਿਸਇਸ: ਪ੍ਰਿਥਿਵੀ ਦਾ ਈਸ਼ (ਸ੍ਵਾਮੀ) ਰਾਜਾ. (ਸਨਾਮਾ) ਦੇਖੋ ਗਾਵਿਸ.

ਗਾਵਿਸਇਸਣੀ: ਪ੍ਰਿਥਿਵੀ ਦਾ ਸ੍ਵਾਮੀ ਰਾਜਾ, ਉਸ ਦੀ ਸੈਨਾ. (ਸਨਾਮਾ) ਦੇਖੋ, ਗਾਵਸਿ.

ਗਾਵੀਏ, ਗਾਵੀਐ: ਗਾਇਨ ਕਰੀਏ. ਗਾਈਏ.

ਗਾਵੀਜੈ: ਘਾਇਨ ਕਰੀਜੈ. ਗਾਈਏ.

ਗਾਵੀਤਾ: ਗਾਇਨ ਕੀਤਾ. "ਹਰਿਗੁਣ ਗਾਵੀਤਾ." (ਵਾਰ ਰਾਮ ੧. ਮਃ ੩)

ਗਾੜ: ਸੰ. ਗਾਢ. ਵਿ- ਅਧਿਕ. ਬਹੁਤ. "ਲਗੈ ਪਾਪ ਗਾੜੰ." (ਜਨਮੇਜਯ) ੨. ਸੰਗ੍ਯਾ- ਘਾੜਤ. ਘਟਨਾ. ਭਾਵ- ਕਾਵ੍ਯਰਚਨਾ. "ਪੜਤ ਪੜਤ ਥਕੇ ਮਹਾਕਵਿ ਗੜਤ ਗਾੜ ਅਨੰਤ." (ਅਕਾਲ) ੩. ਵਿਪੱਤਿ. ਮੁਸੀਬਤ. "ਗਾੜ ਪਰੀ ਗਜ ਪੈ ਜਬ ਹੀ." (ਕ੍ਰਿਸਨਾਵ) ੪. ਮੁਠਭੇੜ ਹੱਥੋਪਾਈ. "ਗਾੜ ਪਰੀ ਇਹ ਭਾਂਤ ਤਹਾਂ." (ਚਰਿਤ੍ਰ ੧੧੬) ੫. ਗ੍ਰੰਥਿ. ਗੱਠ. "ਸਤ ਗਾੜਨ ਕੋ ਬਲ ਜੋ ਨਰ ਕਰ ਮੈ ਧਰੈ." (ਚਰਿਤ੍ਰ ੧੭੪) ਜੋ ਸੌ ਗੱਠਾਂ ਵਾਲਾ ਬੱਲਮ (ਨੇਜ਼ਾ) ਹੱਥ ਵਿੱਚ ਧਾਰੇ। ੬. ਪਠਾਣਾਂ ਦਾ ਇੱਕ ਗੋਤ, ਜੋ ਓਰਕਜ਼ਈ ਪਠਾਣਾਂ ਦੀ ਸ਼ਾਖ਼ ਹੈ। ੭. ਛੋਟੇ ਛੋਟੇ ਪੱਥਰਾਂ ਵਾਲੀ ਪਹਾੜੀ। ੮. ਛੋਟੇ ਛੋਟੇ ਟੋਟੇ ਹੋਇਆ ਲੂਣ.

ਗਾੜਾ: ਵਿ- ਗਾਢ. ਸੰਘਣਾ. ਘਨਾ। ੨. ਦ੍ਰਿੜ੍ਹ ਮਜਬੂਤ। ੩. ਪਹਾ- ਦੋਗਲਾ, ਜੋ ਅਸਲ ਨਸਲ ਦਾ ਨਹੀਂ। ੪. ਵਿਭਚਾਰੀ. "ਆਪਿ ਸਤਵੰਤਾ ਆਪਿ ਗਾੜਾ." (ਮਾਰੂ ਸੋਲਹੇ ਮਃ ੫) ੫. ਦੇਖੋ, ਗਾੜ.

ਗਾੜ੍ਹੂ: ਵਿੱਜ ਗੋਤ ਦਾ ਇੱਕ ਪ੍ਰੇਮੀ, ਜੋ ਸ੍ਰੀ ਗੁਰੂ ਅਰਜਨ ਦੇਵ ਦਾ ਸਿੱਖ ਹੋਕੇ ਸੱਚਾ ਦੇਸ਼ਭਗਤ ਹੋਇਆ.

ਗਿ: ਆਉਣ ਵਾਲੇ ਸਮੇਂ (ਭਵਿਸ਼੍ਯ) ਦਾ ਬੋਧਕ. ਆਵੇਗੀ. "ਆਵਗਿ ਆਗਿਆ ਪਾਰਬ੍ਰਹਮ ਕੀ." (ਆਸਾ ਮਃ ੫) ੨. ਦੇਖੋ, ਗੀ

ਗਿਆ: ਵਿ- ਗਤ. ਚਲਾਗਿਆ। ੨. ਦੂਰ ਹੋਇਆ. ਮਿਟਿਆ। ੩. ਦੇਖੋ. ਗਯਾ.

ਗਿਆਸ: ਸੰਗ੍ਯਾ- ਗਿਆਰਸ. ਏਕਾਦਸ਼ੀ. ਚੰਦ੍ਰਮਾ ਦੀ ਗ੍ਯਾਰਵੀਂ ਤਿਥਿ. "ਬ੍ਰਹਮਨ ਗਿਆਸ ਕਰਹਿ ਚਉਬੀਸਾ." (ਪ੍ਰਭਾ ਕਬੀਰ) ਬ੍ਰਾਹਮਣ ਸਾਲ ਵਿੱਚ ੨੪ ਏਕਾਦਸ਼ੀਆਂ ਦਾ ਵ੍ਰਤ ਰਖਦੇ ਹਨ। ੨. ਸੰ. ज्ञास ਜ੍ਞਾਸ. [20] ਨਜ਼ਦੀਕੀ ਰਿਸ਼ਤੇਦਾਰ. ਸਕਾ। ੩. ਦੇਖੋ, ਗਯਾਸ.

ਗਿਆਸੁੱਦੀਨ: ਦੇਖੋ, ਗਯਾਸੁੱਦੀਨ.

ਗਿਆਤ: ਸੰ. ज्ञात ਵਿ- ਜ੍ਞਾਤ੍ਰਿ. ਵਿ- ਜਾਣਿਆ ਹੋਇਆ. ਮਾਲੂਮ.

ਗਿਆਤਾ: ਸੰ. ज्ञाता ਜ੍ਞਾਤਿ. ਜਾਣਨ ਵਾਲਾ. ਗ੍ਯਾਨੀ। ੨. ਗਾਤ੍ਰ ਨੂੰ ਸ਼ਰੀਰ ਨੂੰ. "ਕਿਆ ਜਲਿ ਬੋਰਿਓ ਗਿਆਤਾ?" (ਗਉ ਕਬੀਰ) ਜਲ ਵਿੱਚ ਗਾਤ ਡੋਬਣ ਤੋਂ ਕੀ ਹੈ?

ਗਿਆਤੀ: ਸੰ. ज्ञाति- ਜ੍ਞਾਤਿ ਸੰਗ੍ਯਾ- ਉਹ ਸੰਬੰਧੀ, ਜੋ ਆਪਣੇ ਗੋਤ ਦਾ ਹੈ. ਬਾਪ ਦਾਦੇ ਦੀ ਕੁਲ ਦਾ ਸੰਬੰਧੀ.

ਗਿਆਨ: ਸੰ. ज्ञान ਜ੍ਞਾਨ. ਸੰਗ੍ਯਾ- ਜਾਣਨਾ. ਬੋਧ. ਸਮਝ. ਇ਼ਲਮ. "ਅੰਤਰਿ ਗਿਆਨ ਨ ਆਇਓ ਮਿਰਤਕੁ ਹੈ ਸੰਸਾਰ." (ਵਾਰ ਸ੍ਰੀ ਮਃ ੩) ੨. ਪਾਰਬ੍ਰਹਮ, ਜੋ ਗ੍ਯਾਨਰੂਪ ਹੈ.

ਗਿਆਨਅੰਜਨ, ਗਿਆਨਅੰਜਨੁ: ਸੰਗ੍ਯਾ- ਗ੍ਯਾਨਾਂਜਨ. ਗ੍ਯਾਨ- ਰੂਪ ਸੁਰਮਾ. "ਗਿਆਨਅੰਜਨੁ ਗੁਰਿ ਦੀਆ, ਅਗਿਆਨ ਅੰਧੇਰੁ ਬਿਨਾਸ." (ਸੁਖਮਨੀ)

ਗਿਆਨਇੰਦ੍ਰੀ: ਦੇਖੋ, ਇੰਦ੍ਰਿਯ. "ਗੁਰ ਗਿਆਨਇੰਦ੍ਰੀ ਦ੍ਰਿੜਤਾ." (ਗੌਂਡ ਨਾਮਦੇਵ)

ਗਿਆਨਹੀਣ, ਗਿਆਨਹੀਨ: ਵਿ- ਗ੍ਯਾਨ ਰਹਿਤ. ਅਗ੍ਯਾਨੀ. "ਗਿਆਨਹੀਣੰ ਅਗਿਆਨਿ ਪੂਜਾ." (ਸਵਾ ਮਃ ੧)

ਗਿਆਨਖੰਡ: ਸੰਗ੍ਯਾ- ਗ੍ਯਾਨ ਅਵਸਥਾ. ਆਤਮਬੋਧ ਦੀ ਮੰਜ਼ਿਲ. ਗ੍ਯਾਨਭੂਮਿਕਾ. "ਗਿਆਨਖੰਡ ਮਹਿ ਗਿਆਨੁ ਪਰਚੰਡੁ." (ਜਪੁ) ੨. ਗ੍ਯਾਨਕਾਂਡ.

ਗਿਆਨਮਤੀ: ਵਿ- ਗ੍ਯਾਨ ਸਹਿਤ ਹੈ ਮਤਿ (ਬੁੱਧਿ) ਜਿਸ ਦੀ. "ਗਿਆਨਮਤੀ ਪਛਾਤਾ ਹੈ." (ਮਾਰੂ ਸੋਲਹੇ ਮਃ ੩)

ਗਿਆਨਰਾਉ, ਗਿਆਨਰਾਇ: ਸੰਗ੍ਯਾ- ਪਾਰਬ੍ਰਹਮ, ਜੋ ਸਾਰੇ ਗ੍ਯਾਨਾਂ ਦਾ ਸ੍ਵਾਮੀ ਹੈ. ਜਿਸ ਤੋਂ ਸਭ ਗ੍ਯਾਨ ਉਤਪੰਨ ਹੁੰਦੇ ਹਨ. "ਗਿਆਨਰਾਉ ਜਬ ਸੇਜੈ ਆਵੈ." (ਆਸਾ ਮਃ ੧)

ਗਿਆਨਵੰਤ: ਵਿ- ਗ੍ਯਾਨਵਾਨ. "ਗਿਆਨਵੰਤ ਕਉ ਤਤੁਵੀਚਾਰ." (ਗਉ ਬਾਵਨ ਕਬੀਰ)

ਗਿਆਨੀ: ਸੰ. ज्ञानिन् ਗ੍ਯਾਨੀ. ਵਿ- ਜਾਣਨ ਵਾਲਾ. ਗ੍ਯਾਤਾ. ਆ਼ਲਿਮ. "ਆਪੁ ਬੀਚਾਰੇ ਸੁ ਗਿਆਨੀ ਹੋਇ." (ਗਉ ਮਃ ੧) "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ। ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨ." (ਸਃ ਮਃ ੯) ੨. ਦੇਖੋ, ਗ੍ਯਾਨੀ.

ਗਿਆਰਸਿ: ਸੰਗ੍ਯਾ- ਗ੍ਯਾਰਵੀਂ ਤਿਥਿ. ਏਕਾਦਸ਼ੀ.

ਗਿਆਰਹ: ਗ੍ਯਾਰਾਂ. ਏਕਾਦਸ਼. "ਗਿਆਰਹ ਮਾਸ ਪਾਸ ਕੈ ਰਾਖੇ." (ਪ੍ਰਭਾ ਕਬੀਰ)

ਗਿਆਰਹ ਗੇੜਾ ਸਿੱਖ: ਗ੍ਯਾਰਾਂ ਵਾਰ ਕਥਨ ਕੀਤੀ ਗੁਰਮੰਤ੍ਰ ਦੀ ਸਿਖ੍ਯਾ. "ਗਿਆਰਹਿ ਗੇੜਾ ਸਿੱਖ ਸੁਣਿ ਗੁਰਸਿਖ ਲੈ ਗੁਰਸਿੱਖ ਸਦਾਯਾ." (ਭਾਗੁ) ਖੰਡੇ ਦੇ ਅਮ੍ਰਿਤ ਤੋਂ ਪਹਿਲਾਂ ਇਹ ਰੀਤਿ ਸੀ ਕਿ ਚਰਨਾਮ੍ਰਿਤ ਦੇਣ ਸਮੇਂ ਸਤਿਨਾਮੁ ਵਾਹਗੁਰੂ ਮੰਤ੍ਰ ਦਾ ਉਪਦੇਸ਼ ਸਿੱਖ ਨੂੰ ਗ੍ਯਾਰਾਂ ਵਾਰ ਦਿੱਤਾ ਜਾਂਦਾ ਸੀ। ੨. ਕਈ ਖ਼ਿਆਲ ਕਰਦੇ ਹਨ ਕਿ ਗ੍ਯਾਰਾਂ ਵਿਸ਼ੇਸ਼ਣਾਂ ਵਾਲੇ ਗੁਰਮੰਤ੍ਰ-

¤ ਤੋਂ ਗੁਰਪ੍ਰਸਾਦਿ- ਤੀਕ ਦੀ ਸਿਖ੍ਯਾ.

ਗਿਆਰਾਂ: ਦੇਖੋ, ਗਿਆਰਹ.

ਗਿਆਰਾਂ ਸ਼ਿਵ, ਗਿਆਰਾਂ ਰੁਦ੍ਰ: ਦੇਖੋ, ਰੁਦ੍ਰ.

ਗਿਆੜਕੀ: ਸੰਗ੍ਯਾ- ਸੰਘਣੀ ਝਾੜੀ। ੨. ਕੰਦਰਾ. ਗੁਹਾ. ਗੁਫਾ. ਗਿਰਿਦਰਾਰ.

ਗਿਸਟ: ਸੰ. ਵਿਤਸ੍ਤਿ. ਸੰਗ੍ਯਾ- ਗਿੱਠ. ਬਾਲਿਸ਼ਤ. ਗਜ਼ ਦਾ ਚੌਥਾ ਹਿੱਸਾ. "ਕਿਤੇ ਡੇਢ ਗਿਸਟੇ." (ਜਨਮੇਜਯ)

ਗਿੰਗਲੀ: ਸੰਗ੍ਯਾ- ਗ੍ਲੌ ਅੰਗੀ. ਜਿਸ ਨੇ ਗ੍ਲੌ (ਚੰਦ੍ਰਮਾ) ਮੱਥੇ ਪੁਰ ਧਾਰਣ ਕੀਤਾ ਹੈ. ਦੁਰਗਾ. "ਗਿੰਗਲੀ ਹਿੰਗਲੀ ਪਿੰਗਲਾ." (ਪਾਰਸਾਵ)

ਗਿੱਚੀ: ਸੰਗ੍ਯਾ- ਗਰਦਨ (ਗ੍ਰੀਵਾ) ਦਾ ਪਿਛਲਾ ਭਾਗ.

ਗਿਜਾ: ਅ਼. غِذا ਗ਼ਿਜਾ. ਸੰਗ੍ਯਾ- ਖ਼ੁਰਾਕ. ਭੋਜਨ.

ਗਿਜ਼ਾਫ਼: ਦੇਖੋ, ਗੁਜ਼ਾਫ਼.

ਗਿਝਣਾ, ਗਿਝਨਾ: ਕ੍ਰਿ- ਗ੍ਰਿਧ (ਲੋਭ) ਸਹਿਤ ਹੋਣਾ. ਲਲਚਾਉਣਾ. ਚਾਹਣਾ. ਦੇਖੋ, ਗਿਧਾ. "ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ." (ਮਾਝ ਮਃ ੫)

ਗਿਟਕ: ਸੰਗ੍ਯਾ- ਗੁਟਿਕਾ. ਫਲ ਦੀ ਗੁਠਲੀ. "ਬਦਰੀਫਲ ਕੀ ਗਿਟਕ ਬਡੇਰੀ." (ਗੁਪ੍ਰਸੂ)

ਗਿੱਟਾ: ਸੰ. ਗੁਲ੍ਫ. ਪਾਦਗ੍ਰੰਥਿ. ਟਖ਼ਨਾ.

ਗਿਠ: ਦੇਖੋ, ਗਿਸਟ.

ਗਿਡ: ਸੰ. ਕਿੱਟ. ਸੰਗ੍ਯਾ- ਨੇਤ੍ਰ ਦੀ ਮੈਲ। ੨. ਗਿਰਨਾ. ਪਤਨ. ਡਿਗਣ ਦਾ ਭਾਵ.

ਗਿਣਤ, ਗਿਣਤੀ: ਦੇਖੋ, ਗਣਤ ਅਤੇ ਗਣਤੀ. ਦੇਖੋ, ਸੰਖ੍ਯਾ.

ਗਿਣਨਾ: ਦੇਖੋ, ਗਣਨਾ.

ਗਿੰਦ: ਸੰ. कन्दुक ਕੰਦੁਕ. ਸੰਗ੍ਯਾ- ਗੇਂਦ. ਫਿੰਡ. ਖਿੱਦੋ. "ਜਮੁਨਾ ਕੇ ਕੂਲਿ ਖੇਲੁ ਖੇਲਿਓ ਜਿਨ ਗਿੰਦ ਜੀਉ." (ਸਵੈਯੇ ਮਃ ੪. ਕੇ)

ਗਿਦੜ, ਗਿਦੂਆ: ਸੰਗ੍ਯਾ- ਗੀਦਰ. ਸ੍ਰਿਗਾਲ. ਦੇਖੋ, ਗੀਦਰ. "ਗਿਦੂਆ ਮਸਾਨਬਾਸ ਕਰਜੋਈ ਕਰਤ ਹੈਂ." (ਅਕਾਲ)

ਗਿੰਦੂਆ: ਦੇਖੋ, ਗਿੰਦ.

ਗਿੰਦੌੜਾ: ਦੇਖੋ, ਗੰਦੌੜਾ.

ਗਿੱਦੜ: ਦੇਖੋ, ਗਿਦੜ.

ਗਿੱਦੜਦਾਖ: ਦੇਖੋ, ਮਕੋ.

ਗਿੰਧ: ਸੰਗ੍ਯਾ- ਗਯੰਦ. ਹਾਥੀ। ੨. ਦਿੱਗਜ ਹਸ੍ਤੀ. "ਗੰਗਕਤ ਗਿੰਧ." (ਦੱਤਾਵ) ਚਿੰਘਾਰਦੇ ਹਨ ਦਿੱਗਜ.

ਗਿਧਾ: ਵਿ- ਲੋਭੀ ਹੋਇਆ. ਇੱਛਾਵਾਨ ਹੋਇਆ. ਲਲਚਾਇਆ. ਸੰ. गृध् ਗ੍ਰਿਧ ਧਾਤੁ ਦਾ ਅਰਥ ਹੈ ਚਾਹਣਾ- ਲੋਭ ਕਰਣਾ. ਇਸੇ ਤੋਂ ਗਿਧਾ ਅਥਵਾ ਗ੍ਰਿਧ ਹੈ. "ਸੂਰਿਆਂ ਦੇ ਤਨ ਲਾਈਆਂ ਗੋਸਤ ਗਿਧੀਆਂ." (ਚੰਡੀ ੩) ੨. ਸਿੰਧੀ. ਖ਼ਰੀਦਿਆ. ਮੁੱਲ ਲੀਤਾ। ੩. ਸੰ. ਗੀਤ- ਤਾਲ. ਗਾਉਣ ਵੇਲੇ ਹੱਥ ਦੀ ਤਾੜੀ ਨਾਲ ਦਿੱਤਾ ਤਾਲ। ੪. ਗਿਤ- ਧ੍ਯਾਨ. ਅਨੁ- ਗਿਤ ਗਿਤ ਧੁਨਿ.

ਗਿੱਧ: ਸੰ. गृध्र ਗ੍ਰਿਧ੍ਰ. ਸੰਗ੍ਯਾ- ਗਿਰਝ, ਜੋ ਮਾਸ ਦਾ ਲੋਭੀ ਹੈ. ਇਸ ਦਾ ਸਿਰ ਲਾਲ, ਖੰਭ ਕਾਲੇ, ਚੁੰਜ ਮੁੜਵੀਂ ਨੋਕਦਾਰ ਅਤੇ ਬਹੁਤ ਤਿੱਖੀ ਹੁੰਦੀ ਹੈ. ਇਸ ਦੀ ਨਜ਼ਰ ਵਡੀ ਤੇਜ ਹੈ, ਉਡਦਾ ਹੋਇਆ ਬਹੁਤ ਦੂਰੋਂ ਮੁਰਦਾਰ ਨੂੰ ਦੇਖਕੇ ਡਿਗਦਾ ਹੈ. ਗਿੱਧ

ਆਪ ਸ਼ਿਕਾਰ ਨਹੀਂ ਕਰਦਾ ਕੇਵਲ ਮੁਰਦਾਰ ਤੇ ਗੁਜਾਰਾ ਕਰਦਾ ਹੈ. Vulture. ਕਰਗਸ.

ਗਿਨਣਾ: ਦੇਖੋ, ਗਣਨਾ.

ਗਿਨਤੀ: ਦੇਖੋ, ਗਣਤੀ। ੨. ਚਿੰਤਾ. ਫ਼ਿਕਰ.

ਗਿਬਣਾ, ਗਿਬਨਾ: ਕ੍ਰਿ- ਗਰਵ ਕਰਨਾ। ੨. ਸ਼ੇਖ਼ੀ ਮਾਰਨੀ.

ਗਿਬਰ: ਦੇਖੋ, ਗਬਰ.

ਗਿਰ: ਦੇਖੋ, ਗਿਲ। ੨. ਦੇਖੋ, ਗਿਰਿ। ੩. ਸੰ. गिर ਵਾਕ੍ਯ. ਬਾਣੀ.

ਗਿਰਸਤ: ਸੰ. गृहस्थ ਗ੍ਰਿਹਸ੍ਥ. ਵਿ- ਘਰ ਵਿੱਚ ਰਹਿਣ ਵਾਲਾ. ਘਰਬਾਰੀ. "ਨਾਮ ਵਸਿਆ ਜਿਸੁ ਅੰਤਰਿ ਪਰਵਾਣ ਗਿਰਸਤ ਉਦਾਸਾ ਜੀਉ." (ਮਾਝ ਮਃ ੫) ਉਹ ਗ੍ਰਿਹਸਥੀ ਅਤੇ ਉਦਾਸੀ ਮਕ਼ਬੂਲ ਹੈ। ੨. ਸੰਗ੍ਯਾ- ਗ੍ਰਿਹਸਥ ਆਸ਼੍ਰਮ। ੩. ਵਿ- ਗ੍ਰਸਿਤ. ਗ੍ਰਸਿਆ ਹੋਇਆ. "ਰੋਗਗਿਰਸਤ ਚਿਤਾਰੇ ਨਾਉਂ" (ਗਉ ਮਃ ੫) ਰੋਗਗ੍ਰਸਿਤ ਚਿਤਾਰੇ ਨਾਉ.

ਗਿਰਸਤਿ, ਗਿਰਸਤੀ, ਗਿਰਸਤੁ: ਸੰ. गृहस्थिन ਗ੍ਰਿਹਸ੍ਥੀ. ਘਰ ਵਿੱਚ ਇਸਥਿਤ ਹੋਣ ਵਾਲਾ. ਘਰਬਾਰੀ. ਗ੍ਰਿਹੀ. "ਗਿਰਸਤੀ ਗਿਰਸਤਿ ਧਰਮਾਤਾ." (ਸ੍ਰੀ ਅਃ ਮਃ ੫) ੨. ਗ੍ਰਿਹਸ੍ਥ ਆਸ਼੍ਰਮ. ਦੇਖੋ, ਗਿਰਸਤ. "ਤਜੈ ਗਿਰਸਤੁ ਭਇਆ ਬਨਵਾਸੀ." (ਬਿਲਾ ਅਃ ਮਃ ੪)

ਗਿਰਹ: ਸੰ. गृह ਗ੍ਰਿਹ. ਸੰਗ੍ਯਾ- ਘਰ. ਰਹਿਣ ਦਾ ਅਸਥਾਨ.। ੨. ਗ੍ਰਿਹਸਥਾਸ਼੍ਰਮ. "ਵਿਚੇ ਗਿਰਹ ਉਦਾਸ." (ਵਾਰ ਸਾਰ ਮਃ ੪) ੩. ਫ਼ਾ. گرہ ਗੱਠ. ਗ੍ਰੰਥਿ. "ਗਿਰਹਾ ਸੇਤੀ ਮਾਲੁ ਧਨੁ." (ਜਪੁ)

"ਮੋਹਮਗਨ ਲਪਟਿਓ ਭ੍ਰਮਗਿਰਹ." (ਰਾਮ ਮਃ ੫) ੪. ਤਿੰਨ ਉਂਗਲ ਪ੍ਰਮਾਣ (ਗਜ਼ ਦਾ ਸੋਲਵਾਂ ਹਿੱਸਾ) ੫. ਦੇਖੋ, ਗ੍ਰਿਹ.

ਗਿਰਹਾ: ਦੇਖੋ, ਗਿਰਹ ੨, ਅਤੇ ਗਿਰਿਹਾ.

ਗਿਰਹੀ: ਸੰ. गृहिन ਗ੍ਰਿਹੀ. ਵਿ- ਗ੍ਰਿਹਸਥੀ. "ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ?" (ਮਲਾ ਮਃ ੩) ੨. ਗ੍ਰਿਹ ਹੀ. ਘਰ ਹੀ. "ਗਿਰਹੀ ਮਹਿ ਸਦਾ ਹਰਿਜਨ ਉਦਾਸੀ." (ਸੋਰ ਮਃ ੩)

ਗਿਰਹੁ: ਸੰ. गृह ਗ੍ਰਿਹ. ਸੰਗ੍ਯਾ- ਘਰ. "ਏਕ ਗਿਰਹੁ ਦਸ ਦੁਆਰ ਹੈਂ ਜਾਕੇ." (ਬਿਲਾ ਅਃ ਮਃ ੪) ੨. ਵਿ- ਗ੍ਰਿਹਸਥੀ. ਗ੍ਰਿਹੀ. "ਇਸ ਭੇਖੈ ਥਾਵਹੁ ਗਿਰਹੁ ਭਲਾ, ਜਿਥਹੁ ਕੋ ਵਰਸਾਇ." (ਵਾਰ ਵਡ ਮਃ ੩)

ਗਿਰਗਟ, ਗਿਰਗਿਟ: ਸੰਗ੍ਯਾ- ਕ੍ਰਿਕਲਾਸ. ਕਿਰਲਾ. ਸਰਟ. ਗਲਗਤਿ.

ਗਿਰਜਾ: ਪੁਰਤ- ਇਗ੍ਰਿਜਿਯਾ. ਸੰਗ੍ਯਾ- ਈਸਾਈਆਂ ਦਾ ਧਰਮਮੰਦਿਰ. ਚਰਚ। ੨. ਘਰ. ਗ੍ਰਿਹ। ੩. ਦੇਖੋ, ਗਿਰਿਜਾ.

ਗਿਰਝ: ਦੇਖੋ, ਗਿੱਧ. "ਦੇਹੀ ਗਿਰਝਨ ਖਾਈ." (ਧਨਾ ਨਾਮਦੇਵ)

ਗਿਰਣ: ਸੰ. ਸੰਗ੍ਯਾ- ਨਿਗਲਣ ਦੀ ਕ੍ਰਿਯਾ. ਨਿਗਲਜਾਣਾ.

ਗਿਰਣਾ: ਕ੍ਰਿ- ਡਿਗਣਾ. ਪਤਿਤ ਹੋਣਾ. "ਗਿਰਤ ਕੂਪ ਮਹਿ ਖਾਹਿ ਮਿਠਾਈ." (ਆਸਾ ਮਃ ੫) ੨. ਦੇਖੋ, ਗਿਰਣ.

ਗਿਰਦ: ਫ਼ਾ. گرد ਵ੍ਯ- ਆਸਪਾਸ. ਚਾਰੋਂ ਓਰ. ਚੁਫੇਰੇ। ੨. ਸੰਗ੍ਯਾ- ਘੇਰਾ. "ਪੰਦ੍ਰਹਿ ਪਹਿਰ ਗਿਰਦ ਤਿੰਹ ਕੀਓ." (ਵਿਚਿਤ੍ਰ)

ਗਿਰਦਨਵਾ, ਗਿਰਦਨਵਾਰਾ, ਗਿਰਦਨੁਵਾਹ: ਫ਼ਾ. گردنواح ਆਸਪਾਸ ਦਾ ਇਲਾਕਾ. "ਜਾਨਤ ਗਿਰਦਨਵਾ ਇਹ ਸਾਰਾ." (ਗੁਪ੍ਰਸੂ) "ਹੁਣ ਲਿਖ ਘੱਲੋ ਵਲ ਰਾਜਿਆਂ ਜੋ ਗਿਰਦਨਵਾਰਾ." (ਜੰਗਨਾਮਾ)

**ਗਿਰਦਾ:** ਫ਼ਾ. گرده ਸੰਗਜਾ- ਘੇਰਾ. ਵਲਗਣ. ਗਿਰਦਾ ਕਰਕੈ ਤਿਹ ਕੋ ਤਿਸਟੈਯਾ." (ਕ੍ਰਿਸਨਾਵ) ੨. ਆਸ ਪਾਸ ਦਾ ਇਲਾਕਾ. "ਲਵਪੁਰ ਕੋ ਗਿਰਦਾ ਸਭ ਮਿਲੇ." (ਗੁਪ੍ਰਸੂ) ੩. ਵਸਤ੍ਰ ਦੇ ਕਿਨਾਰੇ ਦਾ ਹਾਸ਼ੀਆ. ਗੋਟ. "ਗਿਰਦਾ ਵਸਤ੍ਰ ਵਰਣ ਵਾਰ ਨਾਨਾ." (ਗੁਪ੍ਰਸੂ) ੪. ਗੋਲ ਤਕੀਆ. ਗਾਵਾ.

**ਗਿਰਦਾਨ:** ਫ਼ਾ. گردان ਸੰਗਜਾ- ਲਪੇਟ. ਘੇਰਾ.

**ਗਿਰਦਾਬ:** ਫ਼ਾ. گرداب ਸੰਗਜਾ- ਪਾਣੀ ਦਾ ਚੱਕਰ. ਭੌਰੀ. ਘੁੰਮਣਵਾਣੀ.

**ਗਿਰਦਾਵਰ:** ਫ਼ਾ. گرداور ਸੰਗਜਾ- ਦੌਰਾ ਕਰਨ ਵਾਲਾ. ਮਾਲੀ ਮਹਿਕਮੇ ਦਾ ਇੱਕ ਕਰਮਚਾਰੀ, ਜੋ ਖੇਤਾਂ ਦੀ ਪੜਤਾਲ ਕਰਦਾ ਹੈ.

**ਗਿਰਧਰ:** ਦੇਖੋ, ਗਿਰਿਧਰ.

**ਗਿਰਧਾਰੀ:** ਦੇਖੋ, ਗਿਰਿਧਾਰੀ। ੨. ਸ਼੍ਰੀ ਗੁਰੂ ਅਮਰ ਦੇਵ ਦਾ ਇੱਕ ਬਾਣੀਆਂ ਸਿੱਖ, ਜੋ ਸਤਜਵਕਤਾ ਅਤੇ ਪਰਮ ਗਜਾਨੀ ਸੀ.

**ਗਿਰਨਾ:** ਕ੍ਰਿ- ਡਿਗਣਾ. ਪਤਨ। ੨. ਦੇਖੋ, ਗਿਰਣ.

**ਗਿਰਨਾਰ:** ਦੇਖੋ, ਗਿਰਿਨਾਰ.

**ਗਿਰਫਤਹ:** ਫ਼ਾ. گرفته ਗਰਿਫ਼ਤਹ. ਪਕੜਿਆ ਹੋਇਆ. ਗ੍ਰਿਹੀਤ. "ਮਮ ਸਰਮੂਇ ਅਜਰਾਈਲ ਗਿਰਫਤਹ." (ਤਿਲੰ ਮਃ ੧)

**ਗਿਰਵਰ:** ਦੇਖੋ, ਗਿਰਿਵਰ.

**ਗਿਰਵੀ:** ਫ਼ਾ. گروی ਵਿ- ਗਿਰੋ ਰੱਖਿਆ ਹੋਇਆ. ਗਹਿਣੇ ਪਾਇਆ. ਰੇਹਿਨ.

**ਗਿਰਾ:** ਦੇਖੋ, ਗਿਰਹ। ੨. ਸੰ. ਸੰਗਜਾ- ਬਾਣੀ. ਕਲਾਮ। ੩. ਜੀਭ. ਰਸਨਾ। ੪. ਸਰਸ੍ਵਤੀ.

**ਗਿਰਾਂ:** ਦੇਖੋ, ਗਰਾਂ। ੨. ਫ਼ਾ. گراں ਵਿ- ਭਾਰੀ. ਬੋਝਲ। ੩. ਮਹਿੰਘਾ (ਮਹਿੱਗਾ). ੪. ਵਡਮੁੱਲਾ.

**ਗਿਰਾਉ:** ਸੰਗਜਾ- ਡਿਗਣ ਦੀ ਕ੍ਰਿਯਾ. ਪਤਨ। ੨. ਗ੍ਰਾਮ. ਪਿੰਡ "ਓਨਾ ਘਰ ਨ ਗਿਰਾਉ." (ਸ੍ਰੀ ਅਃ ਮਃ ੩) "ਵੁਨਾ ਘੁਘਿ ਗਿਰਾਉ ਜੀਉ." (ਸ੍ਰੀ ਮਃ ੫. ਪੈਪਾਇ)

**ਗਿਰਾਂਉ:** ਸੰਗਜਾ- ਗ੍ਰਾਮ. ਪਿੰਡ. ਨਗਰ। ੨. ਭਾਵ- ਸ਼ਰੀਰ. ਦੇਹ.

**ਗਿਰਾਉਣਾ:** ਕ੍ਰਿ- ਡੇਗਣਾ. ਗੇਰਨਾ। ੨. ਢਾਹੁਣਾ.

**ਗਿਰਾਇ:** ਸੰਗਜਾ- ਗ੍ਰਾਮ. ਨਗਰ. "ਸਚੈ ਕੋਟਿ ਗਿਰਾਇ ਨਿਜਘਰਿ ਵਸਿਆ." (ਵਾਰ ਮਾਝ ਮਃ ੨) ੨. ਭਾਵ- ਸ਼ਰੀਰ. ਦੇਹ.

**ਗਿਰਾਸ:** ਸੰ. ਗ੍ਰਾਸ. ਸੰਗਜਾ- ਬੁਰਕੀ. ਲੁਕਮਾਂ. "ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ." (ਵਾਰ ਵਡ ਮਃ ੩) ੨. ਰੋਜ਼ੀ. ਨਿੱਤ ਦਾ ਭੋਜਨ। ੩. ਨਿਗਲਨਾ. ਗ੍ਰਸਣਾ. "ਸਸਿ ਕੀਨੋ ਸੂਰ ਗਿਰਾਸਾ." (ਰਾਮ ਕਬੀਰ) ਦਸ਼ਮਦ੍ਵਾਰ ਵਿੱਚ ਇਸਥਿਤ ਚੰਦ੍ਰਮਾ ਨੇ ਅਮ੍ਰਿਤ ਸੋਖਣ ਵਾਲਾ ਸੂਰਜ ਜੋ ਨਾਭਿ ਵਿੱਚ ਰਹਿੰਦਾ ਸੀ ਗ੍ਰਸਲੀਤਾ. ਇਹ ਯੋਗਮਤ ਦਾ ਖਿਆਲ ਹੈ। ੪. ਭਾਵ- ਸਤੋਗੁਣ ਨੇ ਤਮੋਗੁਣ ਮਿਟਾ ਦਿੱਤਾ.

**ਗਿਰਾਸੀ:** ਸੰਗਜਾ- ਗ੍ਰਾਸ. ਬੁਰਕੀ। ੨. ਗ੍ਰਸਲੀਤੀ.

**ਗਿਰਾਸੁ:** ਸੰਗਜਾ- ਗ੍ਰਾਸ. ਲੁਕਮਾ। ੨. ਰੋਜ਼ੀ "ਆਪੇ ਦੇਇ ਗਿਰਾਸੁ." (ਵਾਰ ਗਉ ੧. ਮਃ ੪)

**ਗਿਰਾਹ:** ਦੇਖੋ, ਗਿਰਹ. "ਪਰੰਦਏ ਨ ਗਿਰਾਹ ਜਰ." (ਵਾਰ ਮਾਝ ਮਃ ੧) ਪੰਛੀਆਂ ਦੇ ਪੱਲੇ ਧਨ ਨਹੀਂ ਹੈ। ੨. ਗ੍ਰਾਸ. ਬੁਰਕੀ.

ਲੁਕਮਾ। ੩. ਰੋਜ਼ੀ. ਨਿੱਤ ਦਾ ਭੋਜਨ. "ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ." (ਵਾਰ ਮਾਝ ਮਃ ੧)

ਗਿਰਾਹੁ: ਸੰਗਯਾ- ਗ੍ਰਾਸ. "ਤੀਜੇ ਮੁਹੀ ਗਿਰਾਹੁ." (ਵਾਰ ਮਾਝ ਮਃ ੧)

ਗਿਰਾਨਾ: ਦੇਖੋ, ਗਿਰਾਉਣਾ.

ਗਿਰਾਨੀ: ਸੰਗਯਾ- ਅਜੀਰਣ. ਮੇਦੇ ਦਾ ਭਾਰੀਪਨ. ਅਣਪਚ। ੨. ਫ਼ਾ. گرانی ਮਹਿੰਗਾਈ। ੩. ਕਮੀ. ਘਾਟਾ.

ਗਿਰਾਪਤਿ, ਗਿਰਾਪਿਤੁ: ਬ੍ਰਹਮਾ. ਚਤੁਰਾਨਨ. ਪੁਰਾਣਾਂ ਅਨੁਸਾਰ ਬ੍ਰਹਮਾ ਸਰਸ੍ਵਤੀ ਦਾ ਪਤਿ ਅਤੇ ਪਿਤਾ ਮੰਨਿਆ ਹੈ.

ਗਿਰਾਬ: ਦੇਖੋ, ਗਿਰਾਉ। ੨. ਦੇਖੋ, ਗਰਾਪ.

ਗਿਰਾਮ: ਸੰਗਯਾ- ਗ੍ਰਾਮ. ਨਗਰ. "ਫਿਰਆਇਓ ਦੇਹ ਗਿਰਾਮਾ." (ਸਾਰ ਮਃ ੫) ੨. ਦੇਖੋ, ਗ੍ਰਾਮ.

ਗਿਰਾਂਮਾਯਹ: ਫ਼ਾ. گرانمایہ ਵਿ- ਬਹੁਤ ਕੀਮਤੀ. ਵਡਮੁੱਲਾ.

ਗਿਰਾਮੀ: ਫ਼ਾ. گرامی ਵਿ- ਬਜ਼ੁਰਗ.

ਗਿਰਿ: ਸੰ. ਸੰਗਯਾ- ਪਰਬਤ. ਪਹਾੜ. "ਗਿਰਿ ਬਸੁਧਾ ਜਲ ਪਵਨ ਜਾਇਗੋ." (ਸਾਰ ਮਃ ੫) ੨. ਦਸਨਾਮੀ ਸੰਨਯਾਸੀਆਂ ਵਿੱਚੋਂ ਇੱਕ ਫਿਰਕਾ, ਜਿਸ ਦੇ ਨਾਉਂ ਅੰਤ "ਗਿਰਿ" ਸ਼ਬਦ ਹੁੰਦਾ ਹੈ. ਦੇਖੋ, ਦਸਨਾਮ ਸੰਨਯਾਸੀ.

ਗਿਰਿਸੁਤਾ: ਸੰਗਯਾ- ਪਾਰਵਤੀ, ਜੋ ਹਿਮਾਲਯ ਗਿਰਿ (ਪਹਾੜ) ਦੀ ਪੁਤ੍ਰੀ ਲਿਖੀ ਹੈ.

ਗਿਰਿਹਾ: ਦੇਖੋ, ਗਿਰਹਾ। ੨. ਸੰ. ਇੰਦ੍ਰ, ਜੋ ਵਜ੍ਰ ਨਾਲ ਗਿਰਿ (ਪਹਾੜਾਂ) ਨੂੰ ਚੂਰਣ ਕਰਦਾ ਹੈ। ੩. ਵਜ੍ਰ.

ਗਿਰਿਜਾ: ਸੰਗਯਾ- ਪਾਰਵਤੀ, ਜੋ ਹਿਮਾਲਯ ਗਿਰਿ ਦੀ ਪੁਤ੍ਰੀ ਹੈ. "ਬੈਠ ਤਬੈ ਗਿਰਿਜਾ ਅਰੁ ਦੇਵਨ ਬੁੱਧਿ ਇਹੈ ਮਨ ਮੱਧ ਵ੍ਰਿਚਾਰੀ." (ਚੰਡੀ ੧) ੨. ਗੰਗਾ ਗਿਰਿਜਾ ਪ੍ਰਿਥਮ ਕਹਿ ਪੁਤ੍ਰ ਸਬਦ ਪੁਨ ਦੇਹੁ." (ਸਨਾਮਾ)

ਗਿਰਿਜਾਸੁਤ, ਗਿਰਿਜਾਨੰਦਨ: ਪਾਰਵਤੀ ਦਾ ਪੁਤ੍ਰ ਗਣੇਸ਼। ੨. ਕਾਰਤਿਕੇਯ. ਖੜਾਨਨ। ੩. ਗੰਗਾ ਦਾ ਪੁਤ੍ਰ ਭੀਸ਼ਮ. (ਸਨਾਮਾ)

ਗਿਰਿਜਾਪਤਿ: ਪਾਰਵਤੀ ਦਾ ਭਰਤਾ ਸ਼ਿਵ.

ਗਿਰਿਜਾਪੁਤ੍ਰ: ਦੇਖੋ, ਗਿਰਿਜਾਸੁਤ। ੨. ਸ਼ਸਤ੍ਰਨਾਮਮਾਲਾ ਅਨੁਸਾਰ ਭੀਸ਼ਮਪਿਤਾਮਾ, ਜੋ ਗਿਰਿਜਾ (ਗੰਗਾ) ਦਾ ਪੁਤ੍ਰ ਹੈ, ਗਿਰਿਜਾ ੨.

ਗਿਰਿੰਦ: ਦੇਖੋ, ਗਿਰੀਂਦ੍ਰ.

ਗਿਰਿਧਰ, ਗਿਰਿਧਾਰੀ: ਗੋਵਰਧਨ ਗਿਰਿ (ਪਹਾੜ) ਦੇ ਉਠਾਉਣ ਵਾਲੇ ਕ੍ਰਿਸ਼ਨ ਜੀ. ਭਾਗਵਤ ਵਿੱਚ ਲੇਖ ਹੈ ਕਿ ਗੋਪ, ਇੰਦ੍ਰ ਦੀ ਪੂਜਾ ਹਰ ਸਾਲ ਕਰਦੇ ਸਨ, ਕ੍ਰਿਸ਼ਨ ਜੀ ਨੇ ਇੰਦ੍ਰ ਦੀ ਪੂਜਾ ਕਰਣੋਂ ਸਭ ਨੂੰ ਰੋਕ ਦਿੱਤਾ. ਇਸ ਪੁਰ ਇੰਦ੍ਰ ਨੇ ਕ੍ਰੋਧ ਕਰਕੇ ਬੱਦਲਾਂ ਨੂੰ ਹੁਕਮ ਦਿੱਤਾ ਕਿ ਮੂਸਲਧਾਰ ਵਰਖਾ ਕਰਕੇ ਗੋਪਾਂ ਦੇ ਪਿੰਡ ਪਸ਼ੂ ਸਭ ਰੋੜ੍ਹ ਦਿਓ. ਜਦ ਗਵਾਲੇ ਵਰਖਾ ਤੋਂ ਤੰਗ ਆ ਗਏ ਅਤੇ ਘਰ ਪਾਣੀ ਨਾਲ ਡੁਬਦੇ ਦੇਖੇ, ਤਦ ਕ੍ਰਿਸ਼ਨ ਜੀ ਨੇ ਗੋਵਰਧਨ ਪਹਾੜ ਉਂਗਲ ਤੇ ਛਤਰੀ ਦੀ ਤਰ੍ਹਾਂ ਉਠਾਕੇ ਸਭ ਨੂੰ ਇੰਦ੍ਰ ਦੇ ਕ੍ਰੋਧ ਤੋਂ ਬਚਾਇਆ। ੨. ਕਰਤਾਰ, ਜੋ ਸਾਰੇ ਪਹਾੜਾਂ ਨੂੰ ਧਾਰਣ ਕਰ ਰਿਹਾ ਹੈ। ੩. ਦੇਖੋ, ਗਿਰਿਧਾਰੀ ਲਾਲ. ੪. ਗਿਰਿਧਰ ਕਵਿਰਾਯ, ਜੋ ਈਸਵੀ ਉਨੀਹਵੀਂ ਸਦੀ ਵਿੱਚ ਹੋਇਆ ਹੈ. ਇਸ ਦਾ ਅਸਲ ਨਾਉਂ 'ਹਰਿਦਾਸ' ਸੀ. ਇਹ ਉਦਾਸੀਨ ਸਾਧੂ ਬਹੁਤ ਵਿਰਕਤ ਅਤੇ ਵਿਦ੍ਵਾਨ ਸੀ. ਗਿਰਿਧਰ ਦੇ ਕੁੰਡਲੀਏ ਬਹੁਤ ਮਨੋਹਰ ਹਨ.

ਸਾਂਈ ਗਿਰਿਧਰ ਗਿਰਿ ਧਰਯੋ

ਗਿਰਿਧਰ ਕਹਿ ਸਭਕੋਇ।

ਹਨੂਮਾਨ ਗਿਰਿਵਰ ਧਰਜੋ

ਗਿਰਿਧਰ ਕਹੈ ਨ ਕੋਇ।

ਗਿਰਿਧਰ ਕਹੈ ਨ ਕੋਇ

ਹਨੂ ਦ੍ਰੋਣਾਗਿਰਿ ਲਜਾਯੋ।

ਤਾਂਤੇ ਕਨਕਾ ਗਿਰਜੋ ਸੋਊ

ਲੈ ਕ੍ਰਿਸ਼ਨ ਉਠਾਯੋ।

ਕਹਿ ਗਿਰਿਧਰ ਕਵਿਰਾਯ

ਵਡਿਨ ਕੀ ਯਹੀ ਵਡਾਈ।

ਥੋਰੇ ਹੂੰ ਜਸ ਹੋਤ

ਵਡੇ ਪੁਰਖਨ ਕੋ ਸਾਂਈ।।

ਬਿਨਾ ਵਿਚਾਰੇ ਜੋ ਕਰੇ ਸੋ ਪਾਛੇ ਪਛਤਾਇ।

ਕਾਮ ਬਿਗਾਰੇ ਆਪਨੋ ਜਗ ਮੇ ਹੋਤ ਹੱਸਾਇ।-

ਜਗ ਮੇ ਹੋਤ ਹੱਸਾਯ ਚਿੱਤ ਮੇ ਚੈਨ ਨਾ ਆਵੇ।

ਖਾਨ ਪਾਨ ਸਨਮਾਨ ਰਾਗ ਰੰਗ ਮਨਹਿ ਨ ਭਾਵੇ।

ਕਹਿ ਗਿਰਿਧਰ ਕਵਿਰਾਯ ਦੁੱਖਕਛੁ ਟਰਤ ਨ ਟਾਰੇ।

ਖਟਕਤ ਹੈ ਜਿਯ ਮਾਂਹਿ ਕਿਯੋ ਜੋ ਬਿਨਾ ਵਿਚਾਰੇ।

ਗਿਰਿਧਾਰੀ ਲਾਲ: ਆਗਾਰਾ ਨਿਵਾਸੀ ਇੱਕ ਕਵੀ, ਜੋ ਚਿਰ ਤੀਕ ਕਲਗੀਧਰ ਸ੍ਵਾਮੀ ਦੇ ਦਰਬਾਰ ਵਿੱਚ ਹਾਜਿਰ ਰਿਹਾ. ਇਸ ਦਾ ਰਚਿਆ "ਪਿੰਗਲਸਾਰ" ਉੱਤਮ ਛੰਦਗ੍ਰੰਥ ਹੈ.

"ਸ਼੍ਰੀ ਸਤਿਗੁਰੁ ਗੁਬਿੰਦਸਿੰਘ ਮੀਰ ਪੀਰ ਸੁਖਮੰਡ।

ਰਾਜ ਮਧਜ ਗਿਰਿਧਰ ਕਰਜੋ ਪਿੰਗਲਸਾਰ ਅਖੰਡ."

(ਪਿੰਗਲਸਾਰ)

ਗਿਰਿਨਾਸਨਿ: ਨਦੀ, ਜੋ ਪਹਾੜਾਂ ਨੂੰ ਖਾਰਦੀ ਹੈ. (ਸਨਾਮਾ)

ਗਿਰਿਨਾਸਨਿਪਤਿ ਸਸਤ੍ਰ: ਸੰਗਜਾ- ਫਾਂਸੀ. ਪਾਸ਼. ਪਰਬਤਾਂ ਦੇ ਨਾਸ਼ ਕਰਨ ਵਾਲੀ ਨਦੀ, ਉਸ ਦਾ ਸ੍ਵਾਮੀ ਵਰੁਣ, ਉਸ ਦਾ ਸ਼ਸਤ੍ਰ ਫਾਸੀ. (ਸਨਾਮਾ)

ਗਿਰਿਨਾਰ: ਸੰ. ਗਿਰਿਨਗਰ. ਬੰਬਈ ਦੇ ਇਲਾਕੇ ਜੂਨਾਗੜ੍ਹ ਤੋਂ ਥੋੜੀ ਦੂਰ ਪੂਰਵ ਇਕ ਪਹਾੜ, ਜਿਸ ਦੀ ਬੁਲੰਦੀ ੩੫੦੦ ਫੁਟ ਹੈ. ਇਸ ਉੱਪਰ ਜੈਨੀਆਂ ਦੇ ਧਰਮਮੰਦਿਰ ਅਤੇ ਦੁਰਗਾ, ਗੋਰਖ, ਕਾਲਿਕਾ ਅਰ ਦੱਤਾਤ੍ਰੇਯ ਦੇ ਅਸਥਾਨ ਭੀ ਹਨ. ਸ਼੍ਰੀ ਗੁਰੂ ਨਾਨਕ ਦੇਵ ਨੇ ਇਸ ਥਾਂ ਜਗਤ ਦਾ ਉੱਧਾਰ ਕਰਦੇ ਹੋਏ ਚਰਣ ਪਾਏ ਹਨ.

**ਗਿਰਿਫ਼ਤਨ:** ਦੇਖੋ, ਗਰਿਫ਼ਤਨ.

**ਗਿਰਿਮੇਰੁ:** ਦੇਖੋ, ਮੇਰੁਗਿਰਿ.

**ਗਿਰਿਰਾਇ, ਗਿਰਿਰਾਜ:** ਪਹਾੜਾਂ ਦਾ ਰਾਜਾ ਹਿਮਾਲਯ। ੨. ਸੁਮੇਰੁ.

**ਗਿਰਿਵਰ:** ਉਹ ਪਹਾੜ, ਜਿਸ ਉੱਪਰ ਹਰਿਆਈ ਅਤੇ ਬਿਰਛਾਂ ਦੀ ਅਧਿਕਤਾ ਹੈ। ੨. ਹਿਮਾਲਯ। ੩. ਸੁਮੇਰੁ। ੪. ਵਾਰਿਗੀਰ. ਬੱਦਲ. ਮੇਘ. "ਜਉ ਤੁਮ ਗਿਰਿਵਰ, ਤਉ ਹਮ ਮੋਰਾ." (ਸੋਰ ਰਵਿਦਾਸ)

**ਗਿਰੀ:** ਦੇਖੋ, ਗਿਰਿ। ੨. ਇੱਕ ਪਹਾੜੀ ਨਦੀ, ਜੋ ਪਾਂਵਟੇ ਦੇ ਪਾਸੇ ਬਹਿੰਦੀ ਹੈ. "ਬਹੈ ਨਦੀ ਇੱਕ ਨਾਮ ਗਿਰੀ ਹੈ। ਦਿਸਿ ਦੂਜੇ ਰਵਿਸੁਤਾ ਢਰੀ ਹੈ." (ਗੁਪ੍ਰਸੂ) ੩. ਇਸ ਨਾਊਂ ਦੀ ਹੋਰ ਭੀ ਕਈ ਪਹਾੜੀ ਨਦੀਆਂ ਹਨ. ਇਕ ਸ਼ਿਮਲੇ ਅਤੇ ਚਾਯਲ ਦੇ ਮੱਧ ਭੀ ਵਹਿੰਦੀ ਹੈ। ੪. ਗਿਰੂ. ਮਗ਼ਜ਼। ੫. ਗਿਰਿ (ਪਹਾੜ) ਦਾ ਵਸਨੀਕ. ਪਹਾੜੀਆ.

**ਗਿਰੀਆ:** ਫ਼ਾ. گریہ ਗਿਰੀਯਹ. ਰੁਦਨ. ਵਿਲਾਪ. "ਸੁਭ ਅਮਲਾ ਥੀਂ ਬਿਗੈਰ ਗਿਰੀਆ ਕਰਦੇ ਹਨ." (ਜਸਭਾਮ)

**ਗਿਰੀਆਂ:** ਫ਼ਾ. گریاں ਰੋਂਦਾ ਹੋਇਆ. ਵਿਲਾਪ ਕਰਦਾ। ੨. ਰੋਂਦੂ. ਵਿਲਾਪ ਕਰਨ ਵਾਲਾ.

**ਗਿਰੀਸ:** ਸੰ. ਗਿਰੀਸ਼. ਗਿਰਿ- ਈਸ਼. ਪਹਾੜੀ ਰਾਜਾ। ੨. ਸ਼ਿਵ, ਜੋ ਕੈਲਾਸ਼ਪਤਿ ਹੈ. "ਬ੍ਰਹਮਾ ਬਿਸਨੁ ਬਿਹੀਨ ਗਿਰੀਸਾ." (ਨਾਪ੍ਰ) ੩. ਪਹਾੜਾਂ ਦਾ ਰਾਜਾ ਹਿਮਾਲਯ। ੪. ਸੁਮੇਰੁ.

**ਗਿਰੀਸਤਨ:** ਫ਼ਾ. گریستن ਕ੍ਰਿ- ਰੋਣਾ. ਵਿਲਾਪ ਕਰਨਾ.

**ਗਿਰੀਂਦ੍ਰ:** ਗਿਰੀ. ਇੰਦ੍ਰ. ਦੇਖੋ, ਗਿਰੀਸ.

**ਗਿਰੀਵਾਨ, ਗਿਰੇਬਾਨ, ਗਿਰੇਵਾਨ:** ਫ਼ਾ. گریبان ਗਿਰੇਬਾਨ. ਸੰਗਯਾ- ਕੁੜਤੇ, ਕੋਟ ਆਦਿਕ ਦਾ ਗਲਾਵਾਂ. "ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖੁ." (ਸ. ਫਰੀਦ) ਭਾਵ- ਆਪਣੇ ਅੰਦਰ ਝਾਤੀ ਮਾਰ. ਦੂਜਿਆਂ ਦੇ ਦੋਸ਼ ਦੇਖਣ ਦੀ ਥਾਂ ਆਪਣੇ ਐਬ ਦੇਖ। ੨. ਗੀਰਵਾਣ (ਦੇਵਤਾ) ਦੀ ਥਾਂ ਭੀ ਗਿਰੀਵਾਨ ਸ਼ਬਦ ਆਇਆ ਹੈ. "ਗਿਰੀਵਾਨਵਾਚਾ ਅਤਿ ਗੋਈ." (ਗੁਪ੍ਰਸੂ) ਦੇਵਤਿਆਂ ਦੀ ਬੋਲੀ (ਸੰਸਕ੍ਰਿਤ) ਬਹੁਤ ਔਖੀ ਹੈ.

**ਗਿਰੇ:** ਫ਼ਾ. گرو ਵਿ- ਗਿਰਵੀ. ਗਿਰਵੀ ਪਾਇਆ. ਰੇਹਨ.

**ਗਿਰੰਤ:** ਡਿਗਦਾ ਹੈ. ਪਤਨ ਹੁੰਦਾ ਹੈ. "ਗਿਰੰਤ ਗਿਰਿ ਪਤਿਤ ਪਾਤਾਲੰ." (ਸਹਸ ਮਃ ੫)

**ਗਿਰੰਦਾ:** ਵਿ- ਗੇਰਣ ਵਾਲਾ. ਡੇਗਣ ਵਾਲਾ. "ਗਾਲਬ ਗਿਰੰਦਾ." (ਗਜਾਨ) ੨. ਦੇਖੋ, ਗੀਰੰਦਾ.

**ਗਿਰੰਬਾਰੀ:** ਗਿਰਿ (ਪਹਾੜ) ਅਤੇ ਬਾਰਿ (ਜਲ). ਥਲ ਅਤੇ ਜਲ. "ਗਿਰੰਬਾਰੀ ਵਡ ਸਾਹਿਬੀ." (ਸ੍ਰੀ ਮਃ ੫) ਸਮੁੰਦਰ ਸਮੇਤ ਸਾਰੀ ਪ੍ਰਿਥਿਵੀ ਦੀ ਹੁਕੂਮਤ। ੨. ਫ਼ਾ. گریوار ਗਿਰੀਵਾਰਾ. ਹਾਰ. ਮਾਲਾ.

**ਗਿਲ:** ਸੰ. गिल् ਧਾ- ਨਿਗਲਣਾ. ਦੇਖੋ, ਤਿਮਿੰਗਲ ਗਿਲ। ੨. ਵਿ- ਨਿਗਲਣ ਵਾਲਾ। ੩. ਫ਼ਾ. گِل ਸੰਗਯਾ- ਮਿੱਟੀ। ੪. ਚਿੱਕੜ.

**ਗਿਲਉਰੀ:** ਦੇਖੋ, ਗਲਉਰੀ। ੨. ਦੇਖੋ, ਗਿਲਹਰੀ.

**ਗਿਲਹਰੀ:** ਸੰਗਯਾ- ਗਾਲ੍ਹੜ. ਕਾਟੋ.

**ਗਿਲਜ਼ਈ, ਗਿਲਜ਼ਾ:** ਮਤੀ ਪਠਾਣਾਂ ਦੀ ਇੱਕ ਸ਼ਾਖ. ਪੁਸ਼ਤੋ (ਪਸ਼ਤੋ) ਵਿੱਚ ਇਸ ਦਾ ਉੱਚਾਰਣ "ਗ਼ਲੇਜ਼ੀ" ਹੈ. "ਕਾਬੁਲ ਕੇ ਗਿਲਜ਼ੇ ਜਿਨ ਕਹੈਂ." (ਗੁਪ੍ਰਸੂ)

ਗਿਲਨ: ਸੰ. ਗਿਰਣ. ਸੰਗਯਾ- ਨਿਗਲਣਾ। ੨. ਦੇਖੋ, ਗਿਲ ਧਾ.

ਗਿਲਮ: ਫ਼ਾ. گلیم ਗਿਲੀਮ. ਸੰਗਯਾ- ਉੱਨ ਦਾ ਗਰਮ ਕਾਲੀਨ. "ਗਿਲਮ ਗਲੀਚੇ ਫਰਸ ਬਿਸਾਲਾ." (ਗੁਪ੍ਰਸੂ)

ਗ਼ਿਲਮਾਨ: ਅ਼. غلمان ਗ਼ੁਲਾਮ ਦਾ ਬਹੁਵਚਨ. ਖਾਸ ਕਰਕੇ ਸੁਰਗ (ਬਹਿਸ਼੍ਤ) ਦੇ ਜਵਾਨ ਲੜਕੇ, ਜੋ ਇਸਲਾਮ ਦੇ ਮੋਮਿਨਾ ਨੂੰ ਸੇਵਾ ਲਈ ਮਿਲਣਗੇ. ਦੇਖੋਂ, . ਕੁਰਾਨ ਪਾਰਾ ੨੭, ਸੂਰਤ ਤੌਰ ੫੨, ਰੁਕੂਅ਼ ੧.

ਗਿਲਾ: ਫ਼ਾ. گلہ ਗਿਲਹ. ਸੰਗਯਾ- ਸ਼ਿਕਾਯਤ. "ਕਰੋ ਨ ਗਿਲਾ ਸੁਨਤ ਇਸ ਬੈਨ." (ਨਾਪ੍ਰ) ੨. ਗੁੱਛੇ ਤੋਂ ਟੁੱਟਿਆ ਅੰਗੂਰ ਦਾ ਦਾਣਾ। ੩. ਦੋ ਪਹਾੜਾਂ ਦੇ ਵਿਚਕਾਰ ਦਾ ਰਸਤਾ. ਦਰਾ। ੪. ਦੇਖੋ, ਗਿੱਲਾ.

ਗਿਲਾਜਤ: ਅ਼. غلاظت ਗਿਲਾਜ਼ਤ. ਮੋਟਾ ਹੋਣ ਦਾ ਭਾਵ- ਮੋਟਾਈ. ਗਾੜ੍ਹਾਪਨ। ੨. ਭਾਵ- ਮੈਲ. ਗੰਦਗੀ.

ਗਿਲਾਨ, ਗਿਲਾਨਿ: ਦੇਖੋ, ਗਲਾਨਿ. "ਗਈ ਗਿਲਾਨਿ ਸਾਧ ਕੈ ਸੰਗਿ." (ਰਾਮ ਮਃ ੫)

ਗ਼ਿਲਾਫ਼: ਅ਼. غلاف ਸੰਗਯਾ- ਪਰਦਾ। ੨. ਉਛਾੜ. ਢਕਣ ਦਾ ਵਸਤ੍ਰ.

ਗਿਲਿਸਤ: ਬਾਲਿਸ਼ਤ. ਗਿੱਠ. ਦੇਖੋ, ਗਿਸਟ. "ਸਵਾ ਗਿਲਿਸਤ ਪ੍ਰਮਾਨ ਕੀ ਚੋਟੀ ਸਿਰ ਕੇਸ." (ਗੁਪ੍ਰਸੂ)

ਗਿਲਿੰਦਾ: ਵਿ- ਨਿਗਲਣ ਵਾਲਾ. ਦੇਖੋ, ਗਿਲ.

ਗਿਲੀ: ਵਿ- ਗਿੱਲੀ. ਆਰਦ੍ਰ. "ਗਿਲੀ ਗਿਲੀ ਰੋਡੜੀ." (ਵਾਰ ਮਾਰੂ ੨. ਮਃ ੫) ਦ੍ਰਵੀ ਹੋਈ ਗੁੜ ਦੀ ਰੋੜੀ। ੨. ਨਿਗਲੀ ਹੋਈ. ਦੇਖੋ, ਗਿਲ। ੩. ਫ਼ਾ. گلی ਮਿੱਟੀ ਦਾ. ਖ਼ਾਕੀ.

ਗਿਲੋ: ਦੇਖੋ, ਗੁੜੂਚੀ.

ਗਿਲੋਟ: ਸੰ. ਗਿਲਡੋਜ. ਆਲੂ ਦੀ ਕਿਸਮ ਦਾ ਇੱਕ ਜੰਗਲੀ ਕੰਦ. ਇਸ ਦੀ ਬੇਲ ਝਾੜੀਆਂ ਉੱਪਰ ਫੈਲਦੀ ਹੈ, ਅਤੇ ਪੱਤੇ ਖੱਟੇ ਹੁੰਦੇ ਹਨ. ਬੇਲ ਦੀ ਜੜ ਵਿੱਚੋਂ ਚਿੱਟੇ ਰੰਗ ਦਾ ਗੋਲ ਆਲੂ ਨਿਕਲਦਾ ਹੈ, ਜੋ ਖਾਣ ਦੇ ਕੰਮ ਆਉਂਦਾ ਹੈ.

ਗਿਲੋਲਾ: ਗਿਲ (ਮਿੱਟੀ) ਦਾ ਓਲਾ. ਗੁਲੇਲਾ. ਗੁਲੇਲ ਵਿੱਚ ਚਲਾਉਣ ਦਾ ਗੋਲਾ। ੨. ਦੇਖੋ, ਗਲੋਲਾ.

ਗਿਲੌਰੀ: ਦੇੱਖੋ, ਗਲਉਰੀ। ੨. ਦੇਖੋ, ਗਿਲਹਰੀ.

ਗਿਲ੍ਹੜ: ਸੰਗਯਾ- ਗਲਗੰਡ. ਇੱਕ ਬੀਮਾਰੀ, ਜਿਸ ਨਾਲ ਗਲੇ ਦਾ ਮਾਸ ਫੁੱਲ ਜਾਂਦਾ ਹੈ. غوتر ਗ਼ੂਤਰ. Goiter. ਪਹਾੜ ਆਦਿ ਦੇਸਾਂ ਵਿੱਚ ਜਿੱਥੇ ਪਾਣੀ ਵਿੱਚ ਚੂਨੇ ਦਾ ਅੰਸ਼ ਬਹੁਤ ਹੋਵੇ, ਉੱਥੇ ਇਹ ਰੋਗ ਜਾਦਾ ਹੁੰਦਾ ਹੈ. ਗਲ ਫੁੱਲਕੇ ਵਡੀ ਰਸੌਲੀ ਜੇਹੀ ਹੋ ਜਾਂਦੀ ਹੈ. ਬਹੁਤ ਵਧ ਜਾਣ ਤੋਂ ਗਲ ਹੇਠ ਮਾਸ ਲਟਕਣ ਲਗ ਜਾਂਦਾ ਹੈ. ਇਸ ਦਾ ਉੱਤਮ ਇਲਾਜ ਇਹ ਹੈ ਕਿ ਜਿਸ ਦੇਸ਼ ਵਿੱਚ ਗਿਲ੍ਹੜ ਨਾ ਹੋਵੇ ਉੱਥੇ ਜਾ ਰਹੇ. ਪਾਣੀ ਉਬਾਲ ਅਤੇ ਫ਼ਿਲਟਰ ਕਰਕੇ ਪੀਵੇ. ਸਣ ਦੇ ਬੀਜ ਪਾਣੀ ਵਿੱਚ ਪੀਹਕੇ ਕੋਸੇ ਕੋਸੇ ਗਿਲ੍ਹੜ ਤੇ ਬੰਨ੍ਹੇ. ਪਲਾਸ (ਢੱਕ) ਦੀ ਜੜ ਚਾਉਲਾਂ ਦੇ ਧੋਣ ਨਾਲ ਰਗੜਕੇ ਲੇਪ ਕਰੇ. ਦਾਰੂਹਲਦੀ, ਸੁਹਾਗਾ ਬਰੀਕ ਪੀਹਕੇ ਘੀਕੁਆਰ ਦੇ ਪੱਠੇ ਤੇ ਛਿੜਕਕੇ ਬੰਨ੍ਹੇ. ਗਿਲ੍ਹੜਪਤ੍ਰ[੧] ਅਤੇ ਕਾਲੀਆਂ ਮਿਰਚਾਂ ਦਾ ਚੂਰਣ ਇੱਕ ਇੱਕ ਮਾਸ਼ਾ ਸਵੇਰੇ ਅਤੇ ਸੰਝ ਪਾਣੀ ਨਾਲ ਫੱਕੇ.

ਗਿੱਲ: ਸੰਗਯਾ- ਨਮੀ. ਤਰਾਵਤ. ਗਿੱਲਾਪਨ। ੨. ਇੱਕ ਜੱਟ ਗੋਤ੍ਰ। ੩. ਗਿੱਲ ਜਾਤਿ ਦੇ ਵਸਾਏ ਅਨੇਕ ਪਿੰਡ. ਦੇਖੋ, ਗਿੱਲ ਕਲਾਂ।

ਗਿੱਲ ਕਲਾਂ: ਨਾਭਾ ਰਾਜ ਵਿੱਚ ਨਜਾਮਤ ਫੂਲ ਦਾ ਇੱਕ ਪਿੰਡ, ਜੋ ਰਾਮਪੁਰਾ ਫੂਲ ਰੇਲਵੇ ਸਟੇਸ਼ਨ ਤੋਂ ਡੇਢ ਮੀਲ ਪੂਰਵ ਹੈ. ਇੱਥੇ ਗੁਰੂ ਹਰਿਗੋਬਿੰਦ ਸਾਹਿਬ ਵਿਰਾਜੇ ਹਨ. ਮਹਾਰਾਜਾ ਹੀਰਾ ਸਿੰਘ ਜੀ ਨੇ ਸੁੰਦਰ ਗੁਰਦ੍ਵਾਰਾ ਬਣਾਇਆ ਹੈ. ੭੦ ਘੁਮਾਉਂ ਜ਼ਮੀਨ ਗੁਰਦ੍ਵਾਰੇ ਦੇ ਨਾਉਂ ਹੈ. ਪੋਹ ਸੁਦੀ ੭. ਅਤੇ ਮਾਘੀ ਨੂੰ ਮੇਲਾ ਹੁੰਦਾ ਹੈ. ਮਹੰਤ ਸਿੰਘ ਹੈ.

ਗਿੱਲ ਨਾਲ ਗਿੱਲ ਮਿਲਣੀ: ਅਜੇਹੀ ਵਰਖਾ ਹੋਣੀ ਕਿ ਜਮੀਨ ਦੀ ਪਹਿਲੀ ਗਿੱਲ ਨਾਲ ਵਰਖਾ ਦੀ ਗਿੱਲ ਦਾ ਮਿੱਲ ਜਾਣਾ. ਫਸਲਾਂ ਦੀ ਵਹਾਈ ਅਤੇ ਵਿਜਾਈ ਨੂੰ ਇਸ ਤੋਂ ਬਹੁਤ ਲਾਭ ਹੁੰਦਾ ਹੈ ਅਤੇ ਚਿਰ ਤੀਕ ਸੋਕਾ ਨਹੀਂ ਲਗਦਾ.

ਗਿੱਲਾ: ਵਿ- ਗੀਲਾ. ਭਿੱਜਿਆ ਹੋਇਆ. ਤਰ. ਨਮਦਾਰ.

ਗਿੜਗਿੜਾਉਣਾ, ਗਿੜਗਿੜਾਨਾ: ਕ੍ਰਿ- ਗਿੜ ਗਿੜ ਸ਼ਬਦ ਕਰਨਾ. ਬਹੁਤ ਦੀਨਤਾ ਨਾਲ ਬੋਲਣਾ. ਘਿਘਿਆਉਣਾ.

ਗਿੜਨਾ: ਕ੍ਰਿ- ਡਿਗਣਾ. ਪਤਨ.

ਗਿੜਵੜ: ਦੇਖੋ, ਗਿਰਿਵਰ. "ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ." (ਸਵਾ ਮਃ ੧) ਚੂੰਨੇ ਦੀ ਚਿਣਾਈ ਦੇ ਉੱਚੇ ਧੌਲਰ.

ਗਿੜਵੜੀ: ਦੇਖੋ, ਗਿੜਵੜ। ੨. ਇੱਕ ਪਿੰਡ, ਜੋ ਜਿਲੇ ਹੁਸ਼ਿਆਰਪੁਰ ਵਿੱਚ ਹੈ. ਦੇਖੋ, ਗੁਲਾਬ ਸਿੰਘ ੬. ਅਤੇ ਤਾਰਾ ਸਿੰਘ ੨.

ਗਿੜਾਉ, ਗਿੜਾਇ: ਸੰਗਜਾ- ਗਿਰਾਉ. ਪਾਤ. "ਸੁਖ ਭੋਗਕੇ ਗਿੜਾਉ ਮਿਲਦਾ ਹੈ." (ਜਸਭਾਮ)

ਗਿੜਿਮੁੜਿ: ਕ੍ਰਿ. ਵਿ- ਜ਼ਮੀਨ ਉੱਪਰ ਡਿਗਕੇ ਅਤੇ ਲੋਟਣੀ ਖਾਕੇ. ਚਕ੍ਰਦੇਕੇ. "ਗਿੜਿਮੁੜਿ ਪੂਰਹਿ ਤਾਲ." (ਵਾਰ ਆਸਾ) ੨. ਮੁੜਘਿੜਕੇ.

ਗੀ: ਗਾ ਦਾ ਇਸਤ੍ਰੀ ਲਿੰਗ. ਜਿਵੇਂ- ਜਾਵੇਗੀ, ਆਵੇਗੀ। ੨. ਸੰ. ਸੰਗਜਾ- ਬਾਣੀ. ਕਲਾਮ। ੩. ਸਰਸ੍ਵਤੀ.

ਗੀਓ: ਗਿਆ. ਦੂਰਹੋਇਆ. ਚਲਾਗਿਆ. "ਤਾਪ ਸੰਤਾਪ ਮੇਰਾ ਬੈਰ ਗੀਓ." (ਆਸਾ ਮਃ ੫)

ਗੀਅ: ਸੰ. गेय ਗੇਯ. ਵਿ- ਗਾਉਣ ਲਾਇਕ੍. ਗਾਨੇ ਯੋਗਜ। ੨. ਸੰਗਜਾ- ਗੀਤ. "ਇਕਨਾ ਨਾਦ ਨ ਬੇਦ, ਨ ਗੀਅ ਰਸੁ, ਰਸ ਕਸ ਨ ਜਾਣੰਤਿ." (ਵਾਰ ਸਾਰ ਮਃ ੧) ਇਕਨਾਂ ਨੂੰ ਵੇਦਸ੍ਵਰ ਨਹੀਂ ਆਉਂਦਾ, ਗਾਂਧਰਵ ਸ਼ਾਸਤ੍ਰ ਦਾ ਰਸ ਨਹੀਂ, ਅਤੇ ਵੈਦਜਵਿਦਜਾ ਅਨੁਸਾਰ ਰਸਸਾਧਨ ਦਾ ਪ੍ਰਕਾਰ ਭੀ ਨਹੀਂ ਜਾਣਦੇ.

ਗੀਅਰਸ: ਦੇਖੋ, ਗੀਅ.

ਗੀਆ: ਇੱਕ ਛੰਦ, ਜੋ ਹਰਿਗੀਤਿਕਾ ਦਾ ਪਹਿਲਾ ਰੂਪ ਹੈ. ਦੇਖੋ, ਹਰਿਗੀਤਿਕਾ ਅਤੇ ਗੀਤਮਾਲਿਤੀ ਦਾ ਰੂਪ ੨.

ਗੀਹਨਿ: ਸੰ. गृहिणी ਗ੍ਰਿਹਿਣੀ. ਘਰ ਵਾਲੀ. ਔਰਤ. ਜੋਰੂ. "ਘਰ ਕੀ ਗੀਹਨਿ ਚੰਗੀ." (ਧਨਾ ਧੰਨਾ)

ਗੀਗਾ: ਡਿੰਗ. ਬਾਲਕ. ਅਞਾਣ। ੨. ਗੀ (ਬਾਣੀ) ਤੋਂ ਅਗਜ (ਅਗਜਾਨੀ). ਜੋ ਚੰਗੀ ਤਰਾਂ ਬੋਲ ਨਹੀਂ ਸਕਦਾ.

ਗੀਡ: ਦੇਖੋ, ਗਿਡ. "ਗੀਡ ਬਹਿਤ ਜਿਹ ਪਿਖਤ ਗਿਲਾਨਾ." (ਨਾਪ੍ਰ)

ਗੀਤ: ਸੰ. ਸੰਗਜਾ- ਗਾਉਣ ਯੋਗਜ ਛੰਦ ਅਥਵਾ ਵਾਕ. "ਗਿਆਨ ਵਿਹੂਣਾ ਗਾਵੈ ਗੀਤ." (ਵਾਰ ਸਾਰ ਮਃ ੧) ੨. ਵਡਾਈ. ਯਸ਼। ੩. ਉਹ, ਜਿਸ ਦਾ ਯਸ਼ ਗਾਇਆ ਜਾਵੇ.

ਗੀਤਗੋਬਿੰਦ, ਗੀਤਗੋਵਿੰਦ: ਕਰਤਾਰ ਦੇ ਯਸ਼ ਦਾ ਗੀਤ. ਵਾਹਿਗੁਰੂ ਦੀ ਮਹਿਮਾ ਦਾ ਕੀਰਤਨ. "ਸਹੀਆ ਮੰਗਲ ਗਾਵਹੀ ਗੀਤਗੋਬਿੰਦ ਅਲਾਇ." (ਬਾਰਹਮਾਹਾ ਮਾਝ) ੨. ਗਾਯਨ ਕੀਤਾ ਹੈ ਗੋਵਿੰਦ ਜਿਸ ਵਿੱਚ, ਅਜੇਹਾ ਜਯਦੇਵ ਕਵਿ ਦਾ ਬਣਾਇਆ ਇੱਕ ਗ੍ਰੰਥ, ਜਿਸ ਦੇ ਅਤਿ ਮਨੋਹਰ ਛੰਦ ਗਾਉਣ ਦੀ ਧਾਰਨਾ ਪੁਰ ਹਨ. ਦੇਖੋ, ਜਯਦੇਵ.

ਗੀਤਨਾਦ, ਗੀਤਬਾਦ: ਗੀਤ (ਗਾਉਣਾ) ਬਾਦ (ਵਾਦਨ). ਗਾਉਣਾ ਅਤੇ ਵਜਾਉਣਾ. "ਗੀਤਨਾਦ ਹਰਖ ਚਤੁਰਾਈ." (ਪ੍ਰਭਾ ਮਃ ੧) "ਗੁਰਰਸੁ ਗੀਤ ਬਾਦ ਨਹੀਂ ਭਾਵੈ ਸੁਣੀਐ, ਗਹਿਰਗੰਭੀਰ ਗਵਾਇਆ." (ਓਅੰਕਾਰ) ਜਿਸ ਨੂੰ ਗੁਰਬਾਣੀਰਸ ਭਿੰਨਾ ਗਾਉਣਾ ਵਜਾਉਣਾ ਨਹੀਂ ਭਾਉਂਦਾ ਹੈ, ਉਸ ਨੇ ਆਤਮ ਰਸ ਗਵਾ ਲੀਤਾ.

ਗੀਤਮਾਲਿਤੀ: ਇੱਕ ਮਾਤ੍ਰਿਕਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੮ ਮਾਤ੍ਰਾ. ਚੌਦਾਂ ਚੌਦਾਂ ਪੁਰ ਦੋ ਵਿਸ਼੍ਰਾਮ, ਅੰਤ ਰਗਣ SIS.

ਉਦਾਹਰਣ-

ਪਛਿਰਾਜ ਰਾਵਨ ਮਾਰਕੈ,

ਰਘੁਰਾਜ ਸੀਤਹਿ ਲੈਗਯੋ।

ਨਭ ਓਰ ਖੋਰ ਨਿਹਾਰਕੈ,

ਸੁ ਜਟਾਯੁ ਸਿਯ ਸੰਦੇਸ ਦਯੋ।

ਤਬ ਜਾਨ ਰਾਮ ਗਏ ਬਲੀ,

ਸਿਯ ਸਤਜ ਰਾਵਨ ਹੀ ਹਰੀ।

ਹਨੁਵੰਤ ਮਾਰ ਮੋ ਮਿਲੇ,

ਤਬ ਮਿਤ੍ਰਤਾ ਤਿਹ ਸੌਂ ਕਰੀ। (ਰਾਮਾਵ)

੨. ਵਿਸ਼੍ਰਾਮਭੇਦ ਕਰਕੇ ਇਸੇ ਛੰਦ ਦੀ "ਗੀਯਾਮਾਲਤੀ" ਸੰਗਯਾ- ਹੈ. ਪ੍ਰਤਿ ਚਰਣ ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੨. ਪੁਰ, ਅੰਤ ਰਗਣ SIS.

ਉਦਾਹਰਣ-

ਗੁਰੁ ਕਲਪਤਰੁ ਕਰ ਸ਼ਾਖ ਸੁੰਦਰ,

ਫੂਲ ਢਲ ਯੁਤ ਸੋਭਤੀ।

ਛਬਿ ਲਲਿਤ ਲਹਿ ਲਹਿ ਲਖਤ ਜਿਹ ਜਗ,

ਅਮਰ ਹੂੰ ਬ੍ਰਿਤਿ ਲੋਭਤੀ। x x x

(ਨਿਰਮਲ ਪ੍ਰਭਾਕਰ)

ਗੀਤਾ: ਸੰਗਯਾ- ਗੀਤ. ਛੰਦ। ੨. ਯਸ਼. "ਗੁਣ ਗੀਤਾ ਨਿਤ ਵਖਾਣੀਆ." (ਮਾਰੂ ਅਃ ਮਃ ੫. ਅੰਜੁਲੀ) ਦੇਖੋ, ਗੀਤ। ੩. ਮਹਾਭਾਰਤ ਦੇ ਭੀਸ਼ਮ ਪਰਵ ਦਾ ਇੱਕ ਪਾਠ, ਜਿਸ ਦੇ ੧੮. ਅਧ੍ਯਾਯ ਹਨ, ਜਿਨ੍ਹਾਂ ਦੀ ਸ਼ਲੋਕਸੰਖ੍ਯਾ ੭੦੦ ਹੈ. ਕ੍ਰਿਸ਼ਨ ਜੀ ਨੇ ਕੁਰੁਕ੍ਸ਼ੇਤ੍ਰ ਦੇ ਮੈਦਾਨੇਜੰਗ ਵਿੱਚ ਅਰਜੁਨ ਨੂੰ ਯੁੱਧ ਤੋਂ ਉਪਰਾਮ ਹੁੰਦਾ ਵੇਖਕੇ ਗੀਤਾ ਦਾ ਉਪਦੇਸ਼ ਕੀਤਾ ਹੈ. ਜਿਸ ਥਾਂ ਕ੍ਰਿਸ਼ਨ ਅਰਜੁਨ ਸੰਵਾਦ ਹੋਇਆ ਹੈ ਉਸ ਦਾ ਨਾਉਂ "ਜ੍ਯੋਤਿਸਰ" ਹੈ. ਹੁਣ ਉੱਥੇ ਸੁੰਦਰ "ਗੀਤਾਭਵਨ" ਬਣਾਇਆ ਗਿਆ ਹੈ।

੪. ਇੱਕ ਮਾਤ੍ਰਿਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੬ ਮਾਤ੍ਰਾ, ਪਹਿਲਾ ਵਿਸ਼੍ਰਾਮ ੧੪. ਪੁਰ, ਦੂਜਾ ੧੨. ਪੁਰ, ਅੰਤ ਗੁਰੁ ਲਘੁ.

ਉਦਾਹਰਣ-

ਮੋਤੀ ਤ ਮੰਦਰਿ ਊਸਰਹਿ, ਰਤਨੀ ਤ ਹੋਇ ਜੜਾਉ।

ਕਸਤੂਰਿ ਕੁੰਗੂ ਅਗਰ ਚੰਦਨਿ, ਲੀਪਿ ਆਵਹਿ ਚਾਉ।

(ਸ੍ਰੀ ਮਃ ੧)

ਯਕ ਅਰਜ ਗੁਫਤਮ ਪੇਸ ਤੋ, ਦਰ ਗੋਸ ਕੁਨ ਕਰਤਾਰ।

ਹੱਕਾ ਕਬੀਰ ਕਰੀਮ ਤੂ, ਬੇਐਬ ਪਰਵਦਗਾਰ।

(ਤਿਲੰ ਮਃ ੧)

(ਅ) ਗੀਤਾ ਦਾ ਦੂਜਾ ਰੂਪ- ਤੇਰਾਂ ਤੇਰਾਂ ਮਾਤ੍ਰਾ ਪੁਰ ਦੋ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

ਸੇਵੀਂ ਸਤਿਗੁਰੁ ਆਪਣਾ,

ਹਰਿ ਸਿਮਰੀ ਦਿਨ ਸਭਿ ਰੈਣ।

ਆਪ ਤਿਆਗਿ[22] ਸਰਣੀ ਪਵਾਂ,

ਮੁਖਿ ਬੋਲੀ ਮਿਠੜੇ ਵੈਣ। x x x

(ਮਾਝ ਮਃ ੫. ਦਿਨਰੈਣਿ)

ਗੀਤਾਮਾਲਿਤੀ: ਦੇਖੋ, ਗੀਤਮਾਲਿਤੀ.

ਗੀਤਿ: ਸੰ. ਸੰਗਯਾ- ਗਾਇਨ। ੨. ਗਾਇਨ ਦਾ ਪ੍ਰਕਾਰ. ਗਾਉਣ ਦਾ ਢੰਗ.

ਗੀਤਿਕਾ: ਇੱਕ ਮਾਤ੍ਰਿਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੬ ਮਾਤ੍ਰਾ, ੧੪- ੧੨ ਪੁਰ ਵਿਸ਼੍ਰਾਮ, ਅੰਤ ਲਘੁ ਗੁਰੁ.

ਉਦਾਹਰਣ-

ਦਾਸ ਚਖੁ ਭੇ ਕੁਮੁਦ ਕੇ ਸਮ, ਚੰਦ ਸ਼੍ਰੀ ਕਲਗੀਧਰੰ."

(੨) ਦੂਜਾ ਰੂਪ- ਚਾਰ ਚਰਣ, ਪ੍ਰਤਿ ਚਰਣ ੨੫ ਮਾਤ੍ਰਾ, ੧੪- ੧੧ ਪੁਰ ਵਿਸ਼੍ਰਾਮ, ਅੰਤ ਲਘੁ ਗੁਰੁ. ਪਰਮਾਦਿ ਪੁਰਖ ਮਨੋਪਿਮੰ, ਸਤਿਆਦਿ[23] ਭਾਵਰਤੰ,

ਪਰਮਭੁਤੰ ਪਰਕ੍ਰਿਤਿਪਰੰ, ਜਦਿ ਚਿੰਤ ਸਰਬਗਤੰ.

(ਗਜ ਜੈਦੇਵ)

(੩) ਗੁਣਛੰਦ ਗੀਤਿਕਾ ਇਉਂ ਹੈ- ਚਾਰ ਚਰਣ, ਪ੍ਰਤਿ ਚਰਣ- ਸ, ਜ, ਜ, ਭ, ਰ, ਸ, ਲ, ਗ. IIS, ISI, ISI, SII, SIS, IIS, I, S.

ਉਦਾਹਰਣ-

ਜਿਨ ਕੇ ਰਿਦੇ ਸੁਮਤੀ ਨਿਵਾਸਤ

ਸੋ ਕਭੀ ਦੁਖ ਪਾਤ ਨਾ।

ਜਿਨ ਹੈ ਰਟੀ ਗੁਰੁ ਕੀ ਗਿਰਾ

ਨਹਿਂ ਸੋ ਸਹੈਂ ਯਮਯਾਤਨਾ।

ਮਾਤ੍ਰਾ ਦੇ ਲਿਹਾਜ ਇਹ ਹਰਿਗੀਤਿਕਾ ਦਾ ਹੀ ਪਹਿਲਾ ਰੂਪ ਹੈ, ਪਰੰਤੂ ਇਸ ਰੂਪ ਵਿੱਚ ਗਣਹਿਸਾਬ ਪ੍ਰਧਾਨ ਹੈ.

ਗੀਦਰ, ਗੀਦੜ: ਜਿਸ ਦੀ ਗੀ (ਬਾਣੀ) ਦਰ (ਡਰਾਵਣੀ) ਹੈ. ਗਿੱਦੜ. ਸ੍ਰਿਗਾਲ। ੨. ਭਾਵ- ਕਾਇਰ. ਡਰਪੋਕ.

ਗੀਦੀ: ਫ਼ਾ. گیدی ਵਿ- ਡਰਪੋਕ. ਭੀਰੁ. ਕਾਇਰ. "ਅਬ ਗੀਦੀ ਜਾਨੋ ਨਹਿ ਪਾਵੈ." (ਗੁਪ੍ਰਸੂ)

ਗੀਧ: ਦੇਖੋ, ਗਿੱਧ। ੨. ਵਿ- ਲਲਚਾਇਆ. ਦੇਖੋ, ਗਿਧਾ. "ਨਾਮ ਸੰਗਿ ਇਹੁ ਮਨੂਆ ਗੀਧ." (ਗੌਂਡ ਮਃ ੫)

ਗੀਧਨਾ: ਕ੍ਰਿ- ਲਲਚਾਉਣਾ. ਇੱਛਾਵਾਨ ਹੋਣਾ. ਚਾਹਣਾ. ਦੇਖੋ, ਗ੍ਰਿਧ ਧਾ. "ਨਾਨਕ ਗੀਧਾ ਹਰਿਰਸ ਮਾਹਿ." (ਆਸਾ ਮਃ ੫) "ਰਸਨਾ ਗੀਧੀ ਬੋਲਤ ਰਾਮ." (ਗਉ ਮਃ ੫) "ਰਾਮ ਰਸਾਇਨਿ ਜੋ ਨਰ ਗੀਧੇ." (ਗਉ ਮਃ ੫)

ਗੀਧਾ, ਗੀਧੇ: ਦੇਖੋ, ਗੀਧਨਾ.

ਗੀਨ: ਫ਼ਾ. گین ਪ੍ਰਤਯ- ਪੂਰਣ. ਭਰਿਆ ਹੋਇਆ. ਵਾਨ. ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਇਆ ਕਰਦਾ ਹੈ, ਜਿਵੇਂ- ਗ਼ਮਗੀਨ, ਰੰਗੀਨ ਆਦਿ.

ਗੀਬਤ: ਅ਼. غیبت ਗ਼ੀਬਤ. ਸੰਗਯਾ- ਗ਼ੈਰਹਾਜਿਰੀ ਵਿੱਚ ਕੀਤੀ ਹੋਈ ਬਦਨਾਮੀ ੨. ਨਿੰਦਾ.

ਗੀਯਾਮਾਲਿਤੀ: ਦੇਖੋ, ਗੀਤਮਾਲਿਤੀ ਦਾ ਰੂਪ ੨.

ਗੀਰ: ਫ਼ਾ. گیر ਪ੍ਰਤਯ. ਧਾਰਨ ਵਾਲਾ. ਲੈਣ ਵਾਲਾ. ਇਸ ਦੀ ਵਰਤੋਂ ਸ਼ਬਦਾਂ ਦੇ ਅੰਤ ਹੁੰਦੀ ਹੈ, ਜਿਵੇਂ- ਦਾਮਨਗੀਰ, ਜਹਾਂਗੀਰ ਆਦਿ. "ਕਸ ਨੇਸ ਦਸਤੰਗੀਰ." (ਤਿਲੰ ਮਃ ੧) ੨. ਸੰ. ਸੰਗਯਾ- ਵਾਣੀ. ਬੋਲੀ.

ਗੀਰਬਾਣ, ਗੀਰਵਾਣ: ਸੰ. गीर्वाण ਸੰਗਯਾ- ਗੀਰ (ਵਾਣੀ) ਹੈ ਜਿਨ੍ਹਾਂ ਦਾ ਤੀਰ. ਭਾਵ- ਵਾਕ ਨਾਲ ਨਸ਼੍ਟ ਕਰ ਦੇਣ ਵਾਲੇ ਦੇਵਤਾ। ੨. ਪੂਰਣ ਸਤਿਗੁਰੂ, ਜੋ ਆਪਣੀ ਬਾਣੀ ਨਾਲ ਮਨ ਵਿੰਨ੍ਹ ਦਿੰਦਾ ਹੈ. ਦੇਖੋ, ਕਬੀਰ ਜੀ ਦਾ ਸਲੋਕ ੧੫੭.

ਗੀਰਵਾਣੇਸ਼: ਗੀਰਵਾਂਣ- ਈਸ਼. ਦੇਵਤਿਆਂ ਦਾ ਰਾਜਾ ਇੰਦ੍ਰ. ਸੁਰਪਤਿ.

ਗੀਰਵਾਨ: ਦੇਖੋ, ਗੀਰਵਾਣ.

ਗੀਰੀ: ਫ਼ਾ. گیری ਪਕੜਨ ਦੀ ਕ੍ਰਿਯਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਦਸ੍ਤਗੀਰੀ. ਇਸ ਦਾ ਮਸਦਰ (ਧਾਤੁ) ਗਰਿਫ਼ਤਨ ਹੈ.

ਗੀਰੰਦਾ: ਫ਼ਾ. گیرنده ਵਿ- ਗ੍ਰਾਹਕ. ਲੈਣ ਵਾਲਾ. ਪਕੜਨ ਵਾਲਾ.

ਗੀਲਾ: ਵਿ- ਗਿੱਲਾ. ਆਰਦ੍ਰ.

ਗੀਲਾਨ: ਫ਼ਾ. ਫ਼ਾਰਸ (ਪਰਸ਼ੀਆ) ਦਾ ਇੱਕ ਇਲਾਕਾ, [੨੪] ਜਿਸ ਦੇ ਘੋੜੇ ਬਹੁਤ ਮਸ਼ਹੂਰ ਹਨ.

ਗੁ: ਸੰ. ਧਾ- ਮਲ ਤਜਾਗਣਾ. ਝਾੜੇ ਫਿਰਨਾ। ੨. ਅਸਪਸ਼੍ਟ ਬਾਣੀ ਬੋਲਨਾ. ਐਸਾ ਵਾਕ ਕਹਿਣਾ ਜਿਸ ਦੇ ਅੱਖਰ ਨਾ ਸਮਝੇ ਜਾਣ। ੩. ਪੁਰਾਣੀ ਪੰਜਾਬੀ ਦੇ ਅੰਤ ਲੱਗਾ ਗੁ ਭਵਿਸ਼ਜਤ ਦਾ ਬੋਧ ਕਰਦਾ ਹੈ. ਦੇਖੋ, ਫੜੀਅਗੁ.

ਗੁਆ: ਦੇਖੋ, ਗੁਆਉਣਾ। ੨. ਗਵਾਹ ਦਾ ਸੰਖੇਪ। ੩. ਫ਼ਾ. گوئے ਗੋਯ. ਗੇਂਦ. "ਮਾਤ ਕੁਨੇਮ ਜਿ ਜੰਗ ਗੁਆਹਮ." (ਕ੍ਰਿਸਨਾਵ) ਜੰਗ ਦੀ ਬਾਜ਼ੀ ਜੋ ਅਹਮ ਹੈ. ਦੇਖੋ, ਜੰਗ ਦਰਾਯਦ.

ਗੁਆਉ: ਸੰਗਯਾ- ਕਥਨ. ਵਚਨ. ਦੇਖੋ, ਗੋ. "ਏਵੈ ਕਰੈ ਗੁਆਉ." (ਵਾਰ ਮਲਾ ਮਃ ੨) ੨. ਦੇਖੋ, ਗੁਆਉਣਾ.

ਗੁਆਉਣਾ: ਕ੍ਰਿ- ਖੋਣਾ. ਗੁਮ ਕਰਨਾ। ੨. ਗਾਇਨ ਕਰਾਉਣਾ. ਗਵਾਉਣਾ.

ਗੁਆਈ: ਗਾਇਨ ਕਰੀਦਾ ਹੈ. ਗਾਇਆ ਜਾਂਦਾ ਹੈ. "ਘਰਿ ਘਰਿ ਬਾਬਾ ਪੂਜੀਐ, ਹਿੰਦੂ ਮੁਸਲਮਾਨ ਗੁਆਈ." (ਭਾਗੁ) ੨. ਗੁਆਦਿੱਤੀ. ਖੋਈ। ੩. ਫ਼ਾ. گویائی ਗੋਯਾਈ. ਸੰਗਯਾ- ਵਕਤ੍ਰਿਤਾ. ਗੁਫ਼ਤਗੂ ਦੀ ਸਾਮਰਥਯ (ਸ਼ਕ੍ਤਿ).

ਗੁਆਹ: ਦੇਖੋ, ਗਵਾਹ.

ਗੁਆਹਮ: ਗੋਯ- ਅਹਮ. "ਮਾਤ ਕੁਨੇਮ ਜਿ ਜੰਗ ਗੁਆਹਮ." (ਕ੍ਰਿਸਨਾਵ) ਜੰਗਰੂਪ ਖੁੱਦੋ ਦੀ ਜਰੂਰੀ ਖੇਡ ਮਾਤ ਕਰੀਏ. ਦੇਖੋ, ਜੰਗ ਦਰਾਯਦ.

ਗੁਆਤਾ: ਗਵਾਇਆ. ਖੋਇਆ.

ਗੁਆ ਬੰਦਰ: ਦੇਖੋ, ਗੋਆ ਬੰਦਰ. "ਗੁਆ ਬੰਦਰ ਇੱਕ ਰਹਿਤ ਨ੍ਰਿਪਾਲਾ." (ਚਰਿਤ੍ਰ ੨੩੯)

ਗੁਆਰ: ਦੇਖੋ, ਗਵਾਰ। ੨. ਗੋਪਾਲ. ਗਊਪਾਲਕ. ਗਵਾਲਾ. "ਹਮ ਗੋਰੂ ਤੁਮ ਗੁਆਰ ਗੁਸਾਈ." (ਆਸਾ ਕਬੀਰ)

ਗੁਆਲ: ਗੋਪਾਲ. ਗਵਾਲਾ. ਅਹੀਰ.

ਗੁਆਲਨਿ, ਗੁਆਲਨੀ: ਗੋਪਾਲਿਕਾ. ਗੋਪੀ. ਅਹੀਰਨਿ.

ਗੁਆਲੀਅਰ: ਦੇਖੋ, ਗਵਾਲੀਅਰ.

ਗੁਸਈਆ, ਗੁਸਈਆਂ: ਸੰ. गोस्वामिन ਗੋਸ੍ਵਾਮੀ. ਸੰਗਯਾ- ਗੋ (ਪ੍ਰਿਥਿਵੀ) ਦਾ ਮਾਲਿਕ. ਜਗਤਨਾਥ. ਕਰਤਾਰ. "ਕੋਈ ਸੇਵੈ ਗੁਸਈਆ ਕੋਈ ਅਲਾਹਿ." (ਰਾਮ ਮਃ ੫) ੨. ਗੋ (ਇੰਦ੍ਰੀਆਂ) ਦਾ ਮਾਲਿਕ. ਇੰਦ੍ਰੀਆਂ ਨੂੰ ਪ੍ਰੇਰਣ ਵਾਲਾ। ੩. ਇੰਦ੍ਰਿਯਜਿਤ ਸਾਧੂਆਂ ਦੀ ਉਪਾਧਿ। ੪. ਦੇਖੋ, ਗੁਸਾਂਈਂ ੨. ਅਤੇ ੩.

ਗੁਸਤਾਖ਼: ਫ਼ਾ. گستاخ ਵਿ- ਚਾਲਾਕ. ਸ਼ੋਖ਼। ੨. ਬੇਅਦਬ.

ਗੁਸਤਾਖ਼ੀ: ਫ਼ਾ. گستاخی ਸੰਗ੍ਯਾ- ਬੇਅਦਬੀ. ਅਵਗ੍ਯਾ। ੨. ਚਾਲਾਕੀ. ਸ਼ੋਖ਼ੀ.

ਗੁਸਲ: ਅ਼. غُسل ਗ਼ੁਸਲ. ਸੰਗ੍ਯਾ- ਸਨਾਨ. ਮੱਜਨ. "ਗੁਸਲ ਕਰਦਨ ਬੂਦ." (ਤਿਲੰ ਕਬੀਰ)

ਗੁਸਾ: ਅ਼. غُصّہ ਗ਼ੁੱਸਾ. ਸੰਗ੍ਯਾ- ਰੋਸ਼. ਕ੍ਰੋਧ. ਨਾਰਾਜਗੀ. "ਗੁਸਾ ਮਨਿ ਨ ਹਢਾਇ." (ਸ. ਫਰੀਦ)

ਗੁਸਾਇਨਿ: ਸੰ. ਗੋਸ੍ਵਾਮਿਨੀ. ਗੋਸ੍ਵਾਮੀ ਦਾ ਇਸਤ੍ਰੀ ਲਿੰਗ. ਦੇਖੋ, ਗੁਸਈਆ. "ਗੰਗ ਗੁਸਾਇਨਿ ਗਹਿਰਗੰਭੀਰ." (ਭੈਰ ਕਬੀਰ)

ਗੁਸਾਈ, ਗੁਸਾਂਈ: ਗੋਸ੍ਵਾਮੀ. ਦੇਖੋ, ਗੁਸਈਆਂ "ਗੁਸਾਈ, ਪਰਤਾਪੁ ਤੁਹਾਰੋ ਡੀਠਾ." (ਸਾਰ ਅਃ ਮਃ ੫) ੨. ਸੰਨਯਾਸੀ ਸਾਧੂਆਂ ਦਾ ਇੱਕ ਫ਼ਿਰਕ਼ਾ। ੩. ਵੈਰਾਗੀਆਂ ਦੀ ਇੱਕ ਜਮਾਤ.

ਗੁਸੈਲਾ: ਵਿ- ਗੁੱਸੇ (ਕ੍ਰੋਧ) ਵਾਲਾ.

ਗੁੱਸਾ: ਦੇਖੋ, ਗੁਸਾ.

ਗੁਹ: ਸੰ. ਸੰਗ੍ਯਾ- ਸ਼ਿਵ ਦਾ ਪੁਤ੍ਰ ਕਾਰਤਿਕੇਯ. ਖੜਾਨਨ। ੨. ਇੱਕ ਭੀਲਾਂ ਦਾ ਰਾਜਾ, ਜੋ ਸ਼੍ਰਿੰਗਵੇਰ ਵਿੱਚ ਰਾਜ ਕਰਦਾ ਸੀ. ਦੇਖੋ, ਗੁਹਨਾ.

ਗੁਹਜ: ਸੰ. गुह्य ਗੁਹ੍ਯ. ਵਿ- ਗੁਪਤ. ਪੋਸ਼ੀਦਾ. "ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ." (ਵਾਰ ਬਿਲਾ ਮਃ ੪) "ਗੁਹਜਕਥਾ ਇਹੁ ਗੁਰੁ ਤੇ ਜਾਣੀ." (ਸੂਹੀ ਮਃ ੫) ੨. ਗੂਢ. ਜਿਸ ਦਾ ਤਾਤਪਰਯ ਸਮਝਣਾ ਔਖਾ ਹੋਵੇ। ੩. ਸੰਗ੍ਯਾ- ਛਲ. ਕਪਟ। ੪. ਗੁਦਾ, ਭਗ ਅਤੇ ਲਿੰਗ, ਜੋ ਗੁਪਤ ਅੰਗ ਹਨ.

ਗੁਹਨ, ਗੁਹਨਾ: ਸੰ. गुम्फन ਗੁੰਫਨ. ਸੰਗ੍ਯਾ- ਗੁੰਦਣਾ.

ਗੁਹਯ: ਦੇਖੋ, ਗੁਹਜ ਅਤੇ ਗੁਹ੍ਯ.

**ਗੁਹਰ:** ਫ਼ਾ. گہر ਗੋਹਰ ਦਾ ਸੰਖੇਪ. ਮੋਤੀ. ਦੇਖੋ, ਗਉਹਰ.

**ਗੁਹਾ:** ਸੰ. ਸੰਗ੍ਯਾ- ਗੁਫਾ. ਕੰਦਰਾ। ੨. ਹਿਰਦਾ. ਅੰਤਹਕਰਣ। ੩. ਮਾਯਾ.

**ਗੁਹਾਂਗਨੀ, ਗੁਹਾਂਜਣੀ:** ਸੰ. ਗੁਹਜ ਅੰਜਨਾ. ਸੰਗ੍ਯਾ- ਅੱਖ ਦੀ ਪਲਕ ਦੇ ਅੰਦਰਲੇ ਪਾਸੇ ਹੋਣਵਾਲੀ ਫੁਨਸੀ.

**ਗੁਹਾਰ:** ਸੰਗ੍ਯਾ- ਪੁਕਾਰ. ਸੱਦ. ਹਾਕ. "ਦਰ ਪਰ ਤਿਸ਼੍ਠ ਗੁਹਾਰ ਸੁਨਾਈ." (ਨਾਪ੍ਰ) ੨. ਗਊ ਹਰਣ ਵਾਲਿਆਂ ਪਿੱਛੇ ਖੋਜ ਲੈਣ ਵਾਲੀ ਟੋਲੀ. ਵਾਹਰ. "ਗੁਹਾਰ ਲਾਗ ਤੁਰਤ ਛੁਡਾਵਈ." (ਭਾਗੁ ਕ) "ਪੀਛੇ ਪਰੀ ਗੁਹਾਰ ਵਿਸਾਲਾ." (ਗੁਪ੍ਰਸੂ)

**ਗੁਹਾਰਾ:** ਸੰਗ੍ਯਾ- ਗੋਮਯ ਅੰਬਾਰ. ਗੋਹੇ ਦਾ ਢੇਰ. ਪਾਥੀਆਂ ਦਾ ਢੇਰ.

**ਗੁਹਾਰੂ:** ਵਿ- ਪੁਕਾਰ ਕਰਨ ਵਾਲਾ. ਹਾਕ ਮਾਰਨ ਵਾਲਾ। ੨. ਸੰਗ੍ਯਾ- ਗੁਹਾਰ (ਤਾਕੁਬ ਕਰਨ ਵਾਲੀ ਜਮਾਤ) ਦਾ ਸਾਥੀ. ਦੇਖੋ, ਗੁਹਾਰ ੨.

**ਗੁਹਿ:** ਦੇਖੋ, ਗੁਹ। ੨. ਦੇਖੋ, ਗੁਹਨਾ। ੩. ਗੁੰਦਕੇ. ਗੁੰਫਨ ਕਰਕੇ.

**ਗੁਹੀ:** ਗੁੰਦੀ. ਪਰੋਈ. ਦੇਖੋ, ਗੁਹਨ ਅਤੇ ਗ੍ਰਥਨ. "ਮੁੰਡਨਮਾਲ ਅਨੇਕ ਗੁਹੀ ਸਿਵ." (ਕ੍ਰਿਸਨਾਵ) "ਕਵਿਤਾ ਕਵਿ ਕੇ ਮਨ ਮੱਧਿ ਗੁਹੀ ਹੈ." (ਚੰਡੀ ੧) ੨. ਦੇਖੋ, ਦੇਵਗੁਹੀ.

**ਗੁਹੀਰਾ:** ਸੰਗ੍ਯਾ- ਜਮਾਂ ਕੀਤਾ ਗੋਹਾ. ਗੁਹਾਰਾ। ੨. ਗੋਹ ਦੀ ਕ਼ਿਸਮ ਦਾ ਇੱਕ ਜ਼ਹਿਰੀਲਾ ਜੀਵ, ਜਿਸ ਦਾ ਲਾਲ ਸਿਰ ਹੁੰਦਾ ਹੈ. ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਉਂ "ਗੋਧਿਕਾਤਮਜ" ਲਿਖਿਆ ਹੈ ਅਤੇ ਦੱਸਿਆ ਹੈ ਕਿ ਗੋਹ (ਗੋਧਾ) ਦੇ ਉਦਰ ਤੋਂ ਕਾਲੇ ਸੱਪ ਦੇ ਸੰਯੋਗ ਨਾਲ ਇਹ ਉਤਪੰਨ ਹੁੰਦਾ ਹੈ. ਡਿੰਗ. ਗੋਧੇਰਕ.

**ਗੁਹਜ:** ਸੰ. ਦੇਖੋ, ਗੁਹਜ.

**ਗੁਹਜਕ:** ਸੰ. ਸੰਗ੍ਯਾ- ਉਹ ਯਕ੍ਸ਼ ਦੇਵਤਾ, ਜੋ ਕੁਬੇਰ ਦੇ ਗੁਪਤ ਖ਼ਜ਼ਾਨਿਆਂ ਦੀ ਰਾਖੀ ਕਰਦੇ ਹਨ.

**ਗੁਹਜਕੇਸ਼੍ਵਰ:** ਸੰਗ੍ਯਾ- ਗਹੁਜਕ (ਯਕ੍ਸ਼ਾਂ) ਦਾ ਈਸ਼੍ਵਰ (ਸ੍ਵਾਮੀ) ਕੁਬੇਰ.

**ਗੁਹਜਾਰਥ:** ਗੁਪਤ ਅਰਥ. ਭਾਵਾਰਥ. "ਵਾਹਿਗੁਰੂ ਗੁਹਜਾਰਥ ਬਖਾਨੋ." (ਗੁਪ੍ਰਸੂ)

**ਗੁੰਗ:** ਫ਼ਾ. گنگ ਵਿ- ਗੁੰਗਾ. ਜੋ ਬੋਲ ਨਾ ਸਕੇ. "ਕਹਾਂ ਬਿਸਨੁਪਦ ਗਾਵੈ ਗੁੰਗ?" (ਸੁਖਮਨੀ)

**ਗੁਗਾ:** ਇੱਕ ਚੌਹਾਨ ਰਾਜਪੂਤ, ਜੋ ਈਸਵੀ ਗ੍ਯਾਰਵੀਂ ਸਦੀ ਵਿੱਚ ਹੋਇਆ ਹੈ ਇਹ ਹਿੰਦੂਧਰਮ ਛੱਡਕੇ ਮੁਸਲਮਾਨ ਹੋ ਗਿਆ ਸੀ ਅਤੇ ਸਰਪ ਦੀ ਜ਼ਹਿਰ ਦੂਰ ਕਰਨ ਵਿੱਚ ਵਡਾ ਨਿਪੁਣ ਸੀ. ਲੋਕ ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਮੰਨਦੇ ਅਤੇ ਇਸ ਦੇ ਅਸਥਾਨ (ਮਾੜੀ) ਬਣਾਕੇ ਪੂਜਦੇ ਹਨ. ਖ਼ਾਸ ਕਰਕੇ ਭਾਦੋਂ ਬਦੀ ੯. ਨੂੰ (ਜੋ ਗੁਗੇ ਦਾ ਜਨਮਦਿਨ ਹੈ) ਵਿਸ਼ੇਸ਼ ਪੂਜਨ ਹੋਇਆ ਕਰਦਾ ਹੈ. ਗੁਗੇ (ਅਥਵਾ ਗੋਗੇ) ਦਾ ਜਨਮ ਬੀਕਾਨੇਰ ਰਾਜ ਵਿੱਚ ਓਡੇਰੋ ਪਿੰਡ ਵਿੱਚ ਹੋਇਆ ਅਤੇ ਤੈਹਰ ਨਗਰ ਵਿੱਚ ਮੋਇਆ, ਜਿੱਥੇ ਹੁਣ ਲੋਕ ਉਸ ਦੀ ਕਬਰ ਪੂਜਦੇ ਹਨ. ਇਹ ਕਥਾ ਭੀ ਪ੍ਰਸਿੱਧ ਹੈ ਕਿ ਵਾਛਲ ਨਾਮਕ ਰਾਜਪੂਤਕੰਨ੍ਯਾ ਨੂੰ ਗੋਰਖਨਾਥ ਨੇ ਸੰਤਾਨ ਲਈ ਗੁੱਗਲ ਦਿੱਤੀ ਸੀ, ਜਿਸ ਤੋਂ ਗੁੱਗੇ ਦਾ ਜਨਮ ਹੋਇਆ. ਗੁੱਗੇ ਦੀ ਇਸਤ੍ਰੀ ਦਾ ਨਾਉਂ ਸ਼ਿਰਿਯਾਲ ਅਤੇ ਘੋੜੇ ਦਾ ਨਾਉਂ ਜਵਾਦਿਯਾ ਸੀ.

**ਗੁੰਗਾ:** ਦੇਖੋ, ਗੁੰਗ. "ਗੁੰਗਾ ਬਕਤ ਗਾਵੈ ਬਹੁ ਛੰਦ." (ਰਾਮ ਅਃ ਮਃ ੫)

**ਗੁੰਗੇ ਕੀ ਮਿਠਿਆਈ:** ਭਾਵ- ਅਕਹਿ ਕਥਾ. ਜਿਸ ਬਾਤ ਦਾ ਆਨੰਦ ਅਨੁਭਵ ਕਰੀਏ, ਪਰ ਕਥਨ ਨਾ ਹੋ ਸਕੇ, ਉਸ ਲਈ ਇਹ ਪਦ ਵਰਤੀਦਾ ਹੈ. "ਹਰਿਰਸ ਸੇਈ ਜਾਣਦੇ ਜਿਉ ਗੁੰਗੇ ਮਿਠਿਆਈ ਖਾਈ." (ਵਾਰ ਗਉ ੧. ਮਃ ੪) "ਜਿਨਿ ਇਹ ਚਾਖੀ ਸੋਈ ਜਾਣੈ ਗੁੰਗੇ ਕੀ ਮਿਠਿਆਈ." (ਸੋਰ ਮਃ ੪)

ਗੁੱਗਲ. ਸੰ. ਗੁਗ੍ਗੁਲ ਸੰਗ੍ਯਾ- ਇੱਕ ਕੰਡੇਦਾਰ ਦਰਖ਼ਤ, ਜੋ ਕਾਠੀਆਵਾੜ, ਰਾਜਪੂਤਾਨਾ ਅਤੇ ਖ਼ਾਨਦੇਸ਼ ਵਿੱਚ ਬਹੁਤ ਹੁੰਦਾ ਹੈ। ੨. ਗੁੱਗਲ ਬਿਰਛ ਦੀ ਗੂੰਦ, ਜੋ ਬਹੁਤ ਸੁਗੰਧ ਵਾਲੀ ਹੁੰਦੀ ਹੈ. ਇਸ ਦਾ ਧੂਪ ਦੇਵ ਮੰਦਿਰਾਂ ਅਤੇ ਘਰਾਂ ਵਿੱਚ ਦਿੱਤਾ ਜਾਂਦਾ ਹੈ. ਗੁੱਗਲ ਗਠੀਏ ਆਦਿਕ ਅਨੇਕ ਰੋਗਾਂ ਵਿੱਚ ਭੀ ਵਰਤੀਦੀ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. Balsamozenzron mukul.

ਗੁੱਗਾ: ਦੇਖੋ, ਗੁਗਾ.

ਗੁੱਗੁਲ, ਗੁੱਗੁਲੁ: ਦੇਖੋ, ਗੁੱਗਲ.

ਗੁੰਚਹ: ਫ਼ਾ. گنچہ ਅਥਵਾ غُنچہ خنر ਸੰਗ੍ਯਾ- ਕਲੀ. ਫੁੱਲ ਦੀ ਡੋਡੀ.

ਗੁੰਚਹ ਖ਼ੰਦ: ਫ਼ਾ. گزشتہ ਵਿ- ਫੁੱਲ ਦੀ ਕਲੀ ਵਾਂਙ ਹੱਸਣ ਵਾਲਾ. ਜਿਸ ਦਾ ਹਸਦਾ ਹੋਇਆ ਮੁਖ ਖਿੜੇ ਫੁੱਲ ਸਮਾਨ ਹੈ.

ਗੁਚਕੀ: ਸੰਗ੍ਯਾ- ਗੋਤਾ. ਟੁੱਬੀ. "ਵੇਸ਼ਜਾ ਸਕਲ ਗੁਚਕਿਯਨ ਖੰਹੀਂ." (ਚਰਿਤ੍ਰ ੧੬੮)

ਗੁੰਚਾ: ਦੇਖੋ, ਗੁੰਚਹ.

ਗੁੱਛ, ਗੁੱਛਾ: ਸੰ. ਗੁੱਛ ਸੰਗ੍ਯਾ- ਪੱਤੇ ਅਤੇ ਫਲਾਂ ਦਾ ਸਮੂਹ. ਇੱਕ ਸ਼ਾਖ਼ ਨੂੰ ਲੱਗੇ ਹੋਏ ਬਹੁਤ ਫਲ. ਜੈਸੇ- ਅੰਗੂਰਾਂ ਦਾ ਗੁੱਛਾ। ੨. ਫੂੰਦਨਾ. ਛੱਬਾ.

ਗੁੱਛੀ: ਛੋਟਾ ਗੁੱਛਾ. ਦੇਖੋ, ਗੁੱਛ। ੨. ਸਰਦ ਥਾਂ ਹੋਣ ਵਾਲੀ ਖੁੰਬ. ਲੋਕ ਇਸ ਨੂੰ ਸੁਕਾਕੇ ਰੱਖਦੇ ਅਤੇ ਤਰਕਾਰੀ ਬਣਾਉਂਦੇ ਹਨ। ੩. ਨਾਈ ਦੀ ਗੁਥਲੀ, ਜਿਸ ਵਿੱਚ ਮੁੰਡਨ ਦਾ ਸਭ ਸਾਮਾਨ ਹੁੰਦਾ ਹੈ.

ਗੁੰਜ: ਸੰ. ਗੁਞ੍ਜ੍ ਧਾ- ਗੁੰਜਾਰ ਕਰਨਾ. ਅਸਪਸ਼੍ਟ ਸ਼ਬਦ ਕਰਨਾ। ੨. ਸੰਗ੍ਯਾ- ਧੁਨਿ. ਸ਼ਬਦ "ਗੁੰਜ ਰਹਿਤ ਤਿੰਹ ਪਰ ਸਦਾ." (ਚਰਿਤ੍ਰ ੨੬੬) ੩. ਪ੍ਰਤਿਧ੍ਵਨਿ. ਗੂੰਜ.

ਗੁਜਸ਼ਤਹ: ਫ਼ਾ. گذشتہ ਗੁਜਸ਼ਤਹ. ਵਿ- ਵਿਤੀਤ. ਗੁਜ਼ਰਿਆ ਹੋਇਆ. ਬੀਤਿਆ। ੨. ਮੋਇਆ. ਮ੍ਰਿਤ।

ਗੁਜਸ਼ਤਨ: ਫ਼ਾ. گذشتن ਗੁਜਸ਼ਤਨ. ਕ੍ਰਿ- ਬੀਤਣਾ। ੨. ਮਰਨਾ।

ਗੁੰਜਤ: ਗੁੰਜ- ਕਰਤ. ਦੇਖੋ, ਗੁੰਜ. "ਗੁੰਜਤ ਸਿੰਘ ਡਕਾਰਤ ਕੋਲ." (ਰਾਮਾਵ) ਗਰਜਦੇ ਹਨ ਸ਼ੇਰ.

ਗੁੰਜਦ: ਫ਼ਾ. گنجد ਸਮਾਉਂਦਾ ਹੈ. ਸਮਾਵੇ. ਸਮਾਵੇਗਾ. ਇਸ ਦਾ ਮੂਲ ਹੈ ਗੁੰਜੀਦਨ.

ਗੁੰਜਨ: ਸੰਗ੍ਯਾ- ਗੁੰਜਾਰ ਕਰਨਾ. ਗੂੰਜਣਾ. ਦੇਖੋ, ਗੁੰਜ.

ਗੁਜਰ: ਦੇਖੋ, ਗੁਜ਼ਰ ਅਤੇ ਗੁੱਜਰ.

ਗੁਜ਼ਰ: ਫ਼ਾ. گزر ਸੰਗ੍ਯਾ- ਗਤਿ. ਨਿਕਾਸ। ੨. ਪ੍ਰਵੇਸ਼. ਪਹੁਚ। ੩. ਨਿਰਵਾਹ. ਗੁਜ਼ਾਰਾ. "ਮਾਫਕ ਗੁਜਰ ਤਹਾਂ ਧਨ ਪਾਵੋ." (ਗੁਪ੍ਰਸੂ)

ਗੁਜ਼ਰਦ: ਫ਼ਾ. گزرد ਬੀਤਦਾ ਹੈ. ਬੀਤੇ. ਬੀਤੇਗਾ. ਇਸ ਦਾ ਮੂਲ ਗੁਜਸ਼ਤਨ ਹੈ.

ਗੁਜਰਨਾ: ਦੇਖੋ, ਗੁਜਸ਼ਤਨ.

ਗੁਜਰਾਤ: ਸੰ. ਗੁਰ੍ਜਰ ਗੁਜੱਰ. ਸੰਗ੍ਯਾ- ਬੰਬਈ ਹਾਤੇ ਦਾ ਇੱਕ ਪਰਗਨਾ, ਜਿਸ ਵਿੱਚ ਕਛ, ਕਾਠੀਆਵਾੜ, ਪਾਲਨਪੁਰ ਅਤੇ ਦਮਾਨ ਦਾ ਇਲਾਕਾ ਹੈ. ਇਸ ਦੀ ਬੋਲੀ ਗੁਜਰਾਤੀ ਹੈ। ੨. ਗੁਜਰਾਤ ਦੇਸ਼ ਅਤੇ ਗੁਜਰਾਤ ਨਗਰ ਦੀ ਬਣੀ ਹੋਈ ਤਲਵਾਰ, ਜਿਸਦੇ ਦੋ ਭੇਦ ਹਨ- ਵਡੀ ਗੁਜਰਾਤ ਅਤੇ ਛੋਟੀ ਗੁਜਰਾਤ. ਦੇਖੋ, ਛੋਟੀ ਗੁਜਰਾਤ। ੩. ਪੰਜਾਬ ਦਾ ਇੱਕ ਨਗਰ, ਜੋ ਜਿਲੇ

ਦਾ ਅਸਥਾਨ ਹੈ. ਇਹ ਵਜ਼ੀਰਾਬਾਦ ਅਤੇ ਲਾਲਾਮੂਸਾ ਦੇ ਮੱਧ ਹੈ. ਗੁਜਰਾਤ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਕਾਬੁਲੀ ਦਰਵਾਜ਼ੇ ਗੁਰਦ੍ਵਾਰਾ ਹੈ. ਕਸ਼ਮੀਰ ਤੋਂ ਹਟਦੇ ਹੋਏ ਗੁਰੂ ਸਾਹਿਬ ਇੱਥੇ ਵਿਰਾਜੇ ਹਨ. ਰੇਲਵੇ ਸਟੇਸ਼ਨ ਗੁਜਰਾਤ ਤੋਂ ਇੱਕ ਮੀਲ ਪੂਰਵ ਹੈ.

ਗੁਜਰਾਤ ਵਿੱਚ ਸੁਨਿਆਰਾਂ ਦੀ ਗਲੀ ਭਾਈ ਲਾਲ ਸਿੰਘ ਦੇ ਘਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਹੁਕਮਨਾਮੇ ਦੱਸੇ ਜਾਂਦੇ ਹਨ, ਜਿਨ੍ਹਾਂ ਦੀ ਨਕਲ ਦੇਖਣ ਤੋਂ ਨਿਸਚਾ ਨਹੀਂ ਹੁੰਦਾ ਕਿ ਇਹ ਸਤਿਗੁਰੂ ਦੇ ਲਿਖੇ ਹੋਏ ਹਨ, ਕਿਉਂਕਿ ਸੰਮਤ ੧੭੫੪ ਦੇ ਹੁਕਮਨਾਮੇ ਵਿੱਚ ਖਾਲਸੇ ਦਾ ਜਿਕਰ ਹੈ. ਖਾਲਸਾ ਸੰਮਤ ੧੭੫੬ ਵਿੱਚ ਸਜਿਆ ਹੈ।

ਗੁਜਰਾਤ ਪਾਸ ਸਿੱਖਾਂ ਅਤੇ ਅੰਗ੍ਰੇਜਾਂ ਦਾ ਅੰਤਿਮ ਜੰਗ ੨੧. ਫਰਵਰੀ ਸਨ ੧੮੪੯ ਨੂੰ ਹੋਇਆ ਸੀ.

ਦੇਖੋ, ਗੜੀਆ ੩. ਅਤੇ ਦੌਲਾਸ਼ਾਹ.

ਗੁਜਰਾਤੀ: ਵਿ- ਗੁਜਰਾਤ ਦਾ। ੨. ਇੱਕ ਬ੍ਰਾਹਮਣ ਜਾਤਿ, ਜੋ ਸਿੰਧ ਦੀ ਗੁਜਰਾਤ ਤੋਂ ਨਿਕਲੀ ਹੈ. ਇਸ ਦੀ ਵਜਾਸ ਸੰਗਯਾ ਭੀ ਹੈ. ਗ੍ਰਹਿਣਦਾਨ ਅਤੇ ਹੋਰ ਕਈ ਨਿੰਦਿਤ ਦਾਨ ਇਹ ਲੈਂਦੇ ਹਨ। ੩. ਗੁਜਰਾਤ ਦੇਸ਼ ਦੀ ਬੋਲੀ। ੪. ਗੁਜਰਾਤ ਦੀ ਬਣੀ ਹੋਈ ਤਲਵਾਰ.

ਗੁਜ਼ਰਾਨ: ਫ਼ਾ. گزران ਸੰਗਯਾ- ਨਿਰਵਾਹ. ਗੁਜ਼ਾਰਾ.

ਗੁਜਰਾਂਵਾਲਾ: ਪੰਜਾਬ ਦੇ ਇੱਕ ਜਿਲੇ ਦਾ ਪ੍ਰਧਾਨ ਨਗਰ, ਜੋ ਕਿਸੇ ਸਮੇਂ ਗੁੱਜਰਾਂ ਨੇ ਆਬਾਦ ਕੀਤਾ ਹੈ. ਇਸ ਦਾ ਨਾਉਂ ਕੁਝ ਕਾਲ ਖ਼ਾਨਪੁਰ ਭੀ ਰਿਹਾ ਹੈ. ਇਹ ਲਹੌਰ ਤੋਂ ੪੨ ਮੀਲ ਵਾਯਵੀ ਕੋਣ ਹੈ. ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਾਹਾਂ ਸਿੰਘ ਦੀ ਇੱਥੇ ਰਾਜਧਾਨੀ ਰਹੀ ਹੈ. ਬਹੁਤਿਆਂ ਨੇ ਗੁੱਜਰਾਂਵਾਲੇ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਅਸਥਾਨ ਲਿਖਿਆ ਹੈ.

ਗੁਜਰਾਵੈ: ਪਹੁਚਾਵੈ. ਗੁਜ਼ਾਰਿਸ਼ ਕਰੇ. "ਮੋ ਗਰੀਬ ਕੀ ਕੋ ਗੁਜਰਾਵੈ?" (ਭੈਰ ਕਬੀਰ)

ਗੁਜਰੀ: ਗੁੱਜਰ (ਗੁਜੰਰ) ਦੀ ਇਸਤ੍ਰੀ. ਗੂਜਰੀ। ੨. ਗੁਜਸ਼ਤਨ ਦਾ ਭੂਤ ਕਾਲ. ਬੀਤੀ. ਗੁਜਰੀ। ੩. ਮਰੀ. ਦੇਖੋ, ਗੁਜਸ਼ਤਹ। ੪. ਦੇਖੋ, ਗੁਜਰੀ ਮਾਤਾ.

ਗੁਜਰੀ ਮਾਤਾ[੨੫]: ਕਰਤਾਰਪੁਰ ਨਿਵਾਸੀ ਲਾਲਚੰਦ ਸੁਭਿਖੀਏ ਖਤ੍ਰੀ ਦੀ, ਮਾਤਾ ਬਿਸਨਕੌਰ ਦੇ ਉਦਰ ਤੋਂ ਉਪਜੀ ਬੇਟੀ, ਜਿਸ ਦਾ ਵਿਆਹ ੧੫. ਅੱਸੂ ਸੰਮਤ ੧੬੮੬ ਨੂੰ ਕਰਤਾਰਪੁਰ ਵਿੱਚ ਗੁਰੂ ਤੇਗ ਬਹਾਦੁਰ ਜੀ ਨਾਲ ਹੋਇਆ, ਅਤੇ ਜਿਸ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਹੋਣ ਦਾ ਮਾਨ ਪ੍ਰਾਪਤ ਕੀਤਾ.

ਜਿਸ ਵੇਲੇ ਛੋਟੇ ਸਾਹਿਬਜ਼ਾਦੇ ਤੁਰਕਾਂ ਦੇ ਫੜੇ ਹੋਏ ਸਰਹਿੰਦ ਪਹੁਚੇ ਹਨ, ਤਦ ਮਾਤਾ ਜੀ ਨਾਲ ਸਨ. ਪੋਤਿਆਂ ਦਾ ਸ਼ਹੀਦ ਹੋਣਾ ਸੁਣਕੇ ੧੩. ਪੋਹ ਸੰਮਤ ੧੭੬੧ ਨੂੰ ਆਪ ਦੇਹ ਤਯਾਗਕੇ ਗੁਰਪੁਰਿ ਪਧਾਰੇ. ਜਿਸ ਬੁਰਜ ਵਿੱਚ ਮਾਤਾ ਜੀ, ਬਾਬਾ ਜ਼ੋਰਾਵਰ ਸਿੰਘ ਅਤੇ ਫ਼ਤੇਹ ਸਿੰਘ ਜੀ ਨਜਰਬੰਦ ਰਹੇ ਸਨ, ਉਸ ਦਾ ਨਾਉਂ ਹੁਣ "ਮਾਤਾ ਗੁਜਰੀ ਦਾ ਬੁਰਜ" ਹੈ. ਆਪ ਦੀ ਸਮਾਧਿ ਗੁਰਦ੍ਵਾਰਾ ਜੋਤਿਸਰੂਪ ਪਾਸ ਹੈ. ਦੋਖੋ, ਸਰਹਿੰਦ ਅਤੇ ਫਤੇਗੜ੍ਹ.

ਗੁੰਜਾ: ਸੰ. ਗੁਞ੍ਜਾ ਸੰਗਯਾ- ਰੱਤੀ. ਲਾਲੜੀ. ਰੱਤਕ. ਘੁੰਘਚੀ. Abrus precatorius । ੨. ਨਗਾਰਾ. ਪਟਹ, ਜੋ ਗੁੰਜਾਰ ਕਰਦਾ ਹੈ.

ਗੁੰਜਾਇਸ: ਦੇਖੋ, ਗੁੰਜਾਯਸ਼.

ਗੁਜਾਸ਼੍ਤ: ਫ਼ਾ. گزاشت ਗੁਜਾਸ਼੍ਤ. ਛੱਡ ਦਿੱਤਾ. ਨਿਰਬੰਧ (ਰਿਹਾ) ਕੀਤਾ.

ਗੁਜਾਸ਼੍ਤਨ: ਫ਼ਾ. گزاشتن ਗੁਜਾਸ਼੍ਤਨ. ਛੱਡਣਾ. ਤਯਾਗਣਾ। ੨. ਰਿਹਾ (ਨਿਰਬੰਧ) ਕਰਨਾ.

ਗੁੰਜਾਨ: ਫ਼ਾ. گنجان ਵਿ- ਸੰਘਣਾ. ਬਿਨਾ ਵਿੱਥ. ਅਵਿਰਲ.

ਗੁਜ਼ਾਫ਼: ਫ਼ਾ. گزاف ਸੰਗ੍ਯਾ- ਬਕਵਾਸ। ੨. ਝੂਠ ਫ਼ਰੇਬ ਦੀਆਂ ਗੱਲਾਂ. ਗਪੌੜੇ.

ਗੁੰਜਾਯਸ਼: ਫ਼ਾ. گنزایش ਸੰਗ੍ਯਾ- ਅਵਕਾਸ. ਸਮਾਉਣ ਦੀ ਥਾਂ। ੨. ਅਸਥਾਨ. ਜਗਾ.

ਗੁਜ਼ਾਰ: ਫ਼ਾ. گزار ਪ੍ਰਤ੍ਯ. ਅਦਾ ਕਰਨ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਮਾਲਗੁਜ਼ਾਰ.

ਗੁੰਜਾਰ: ਦੇਖੋ, ਗੁੰਜਨ.

ਗੁਜਾਰਦਨ: ਫ਼ਾ. گذاردن ਗੁਜਾਰਦਨ. ਕ੍ਰਿ- ਛੱਡ ਦੇਣਾ. ਰਿਹਾ (ਨਿਰਬੰਧ) ਕਰਨਾ। ੨. گزاردن ਗੁਜ਼ਾਰਦਨ. ਪੇਸ਼ ਕਰਨਾ। ੩. ਅਦਾ ਕਰਨਾ. ਦੇਣਾ.

ਗੁਜ਼ਾਰਨਾ: ਸੰਗ੍ਯਾ- ਵਿਤਾਉਣਾ. ਕੱਟਣਾ। ੨. ਅਦਾ ਕਰਨਾ. ਦੇਖੋ, ਗੁਜਾਰਦਨ ੨. "ਸੁਬਹਿ ਨਿਵਾਜ ਸਰਾਇ ਗੁਜਾਰਉ." (ਸੂਹੀ ਕਬੀਰ)

ਗੁਜ਼ਾਰਮ: ਫ਼ਾ. گزارم ਮੈ ਛੱਡਾਂ. ਮੈ ਛਡਦਾ ਹਾਂ. ਮੈਂ ਛੱਡਾਂਗਾ.

ਗੁਜਾਰਾ: ਫ਼ਾ. گزاره ਸੰਗ੍ਯਾ- ਗੁਜ਼ਰਾਨ. ਨਿਰਵਾਹ। ੨. ਨਿਰਵਾਹ ਲਈ ਮਿਲਿਆ ਧਨ ਆਦਿ ਪਦਾਰਥ.

ਗੁਜ਼ਾਰਿਸ਼: ਫ਼ਾ. گزارِش ਸੰਗ੍ਯਾ- ਪ੍ਰਾਰਥਨਾ. ਵਿਨਯ. ਬੇਨਤੀ

ਗੁਜ਼ਾਰਿੰਦਹਕਾਰ: ਫ਼ਾ. گزارِندہ کار ਵਿ- ਕੰਮ ਕਰਨ ਵਾਲਾ. ਕਾਰਜ ਦਾ ਨਿਰਵਾਹ ਕਰਨ ਵਾਲਾ. ਕੰਮ ਚਲਾਉਣ ਵਾਲਾ.

ਗੁੰਜਿਤ: ਸੰ. ਵਿ- ਗੂੰਜਦਾ ਹੋਇਆ.

ਗੁੰਜੀਦਨ: ਫ਼ਾ. گنجیدن ਕ੍ਰਿ- ਸਮਾਉਣਾ. ਖਟਾਨਾ (ਮਿਲ ਜਾਣਾ).

ਗੁਜ਼ੀਰ: ਫ਼ਾ. گزیر ਸੰਗ੍ਯਾ- ਚਾਰਾ. ਇਲਾਜ। ੨. ਤਦਬੀਰ. ਯੁਕ੍ਤਿ.

ਗੁੱਜਰ: ਸੰ. ਗੁਜੱਰ. ਗੋਚਾਰਕ. ਅਹੀਰਾਂ ਦੀ ਇੱਕ ਜਾਤਿ। ੨. ਛਤ੍ਰੀਆਂ ਦਾ ਇੱਕ ਗੋਤ੍ਰ। ੩. ਗੁਜਰਾਤ ਦੇਸ਼। ੪. ਗੁਰੂ ਅੰਗ ਦੇਵ ਦਾ ਇੱਕ ਲੁਹਾਰ ਸਿੱਖ, ਜੋ ਪਰਉਪਕਾਰੀਆਂ ਵਿੱਚ ਮੁਖੀਆ ਸੀ. "ਗੁੱਜਰ ਜਾਤਿ ਲੁਹਾਰ ਹੈ." (ਭਾਗੁ)

ਗੁੱਜਰਵਾਲ: ਜਿਲਾ ਲੁਦਿਆਨਾ, ਥਾਣਾ ਡੇਹਲੋਂ ਦਾ ਇੱਕ ਨਗਰ, ਜੋ ਰੇਲਵੇ ਸਟੇਸ਼ਨ ਕ਼ਿਲਾ ਰਾਇਪੁਰ ਤੋਂ ਚਾਰ ਮੀਲ ਪੱਛਮ ਹੈ. ਇਸ ਥਾਂ ਛੀਵੇਂ ਸਤਿਗੁਰੂ ਕੁਝ ਸਮਾਂ ਵਿਰਾਜੇ ਹਨ. ਗੁਰਦ੍ਵਾਰਾ ਪਿੰਡ ਤੋਂ ਡੇਢ ਮੀਲ ਅਗਨਿਕੋਣ ਹੈ, ਜਿਸ ਨੂੰ "ਗੁਰੂਸਰ" ਭੀ ਆਖਦੇ ਹਨ. ੩੦ ਵਿੱਘੇ ਜ਼ਮੀਨ ਪਿੰਡ ਵੱਲੋਂ ਹੈ. ਚੇਤਚੌਦਸ ਨੂੰ ਮੇਲਾ ਹੁੰਦਾ ਹੈ.

ਗੁੱਜਰਾਂਵਾਲਾ: ਦੇਖੋ, ਗੁਜਰਾਂਵਾਲਾ.

ਗੁਝ, ਗੁਝੜਾ, ਗੁਝਾ, ਗੁਝੀ, ਗੁੱਝਾ, ਗੁੱਝੀ: ਸੰ. ਗੁਹ੍ਯ. ਦੇਖੋ ਗੁਹ੍ਯ. "ਗੁਝੜਾ ਲਧਮੁ ਲਾਲ." (ਵਾਰ ਮਾਰੂ ੨. ਮਃ ੫) "ਨਾਮਰਤਨ ਲੈ ਗੁਝਾ ਰਖਿਆ." (ਮਾਝ ਅਃ ਮਃ ੫) "ਦੁਨੀਆ ਗੁਝੀ ਭਾਹਿ." (ਸ. ਫਰੀਦ) ੨. ਫਿਫੜੇ ਦੀ ਬੀਮਾਰੀ ਨੇਮੋਨੀਆ (Pneumonia) ਦਾ ਨਾਉਂ ਭੀ ਪੰਜਾਬ ਵਿੱਚ ਗੁੱਝਾ ਕਹਿੰਦੇ ਹਨ, ਪਰ ਇਹ ਸ਼ਬਦ, ਵਿਸ਼ੇਸ਼ ਕਰਕੇ ਇਸਤ੍ਰੀਆਂ ਵਰਤਦੀਆਂ ਹਨ ਅਰ ਖ਼ਾਸ ਕਰਕੇ ਛੋਟੇ ਬੱਚੇ ਦੇ ਨੇਮੋਨੀਏ ਨੂੰ ਗੁੱਝਾ ਆਖਿਆ ਜਾਂਦਾ ਹੈ.

ਗੁਝਕ: ਦੇਖੋ, ਗੁਹ੍ਯਕ.

ਗੁਟਇ: ਗੁਟਕਦਾ ਹੈ. ਦੇਖੋ, ਗੁਟਕਣਾ.

ਗੁਟਕ: ਸੰਗ੍ਯਾ- ਅਨੁ. ਕਬੂਤਰ ਆਦਿਕ ਪੰਛੀਆਂ ਦੀ ਪ੍ਰਸੰਨਤਾ ਨਾਲ ਕੀਤੀ ਧੁਨਿ। ੨. ਢੋਲਕ ਆਦਿਕ ਦੀ ਧੀਮੀ ਆਵਾਜ਼.

"ਪਰਨ ਪਖਾਵਜ ਗੁਟਕ ਢੋਲਕਾ." (ਸਲੋਹ) ੨. ਘੁੱਟ ਭਰਣ ਸਮੇਂ ਕੰਠ ਵਿੱਚ ਹੋਈ ਧੁਨਿ. ਗਟਾਕਾ.

ਗੁਟਕਣਾ, ਗੁਟਕਨਾ: ਕ੍ਰਿ- ਗੁਟਕ ਗੁਟਕ ਸ਼ਬਦ ਕਰਨਾ। ੨. ਗਟ ਗਟ ਸ਼ਬਦ ਨਾਲ ਪੀਣਾ. "ਅਮਿਅ ਧਾਰਾ ਰਸ ਗੁਟਇ." (ਸਵੈਯੇ ਮਃ ੪. ਕੇ)

ਗੁਟਕਾ, ਗੁਟਿਕਾ: ਸੰ. ਗੁਟਿਕਾ. ਸੰਗਯਾ- ਗੋਲੀ. ਵੱਟੀ। ੨. ਤੰਤ੍ਰਸ਼ਾਸਤ੍ਰ ਅਨੁਸਾਰ ਸਿੱਧਾਂ ਦੀ ਇੱਕ ਪ੍ਰਕਾਰ ਦੀ ਗੋਲੀ, ਜਿਸ ਨੂੰ ਮੂੰਹ ਵਿੱਚ ਰੱਖਕੇ ਹਰ ਥਾਂ ਜਾਣ ਦੀ ਸ਼ਕਤੀ ਹੋ ਜਾਂਦੀ ਹੈ. ਮੰਤ੍ਰਵਟੀ. "ਗੁਟਕੇ ਬਲਕੈ ਬਹੁ ਉਡ ਜਾਵੈ." (ਚਰਿਤ੍ਰ ੮੫) "ਗੁਟਕਾ ਮੂੰਹ ਵਿੱਚ ਪਾਇਕੈ ਦੇਸ ਦਿਸੰਤਰ ਜਾਇ ਖਲੋਵੈ." (ਭਾਗੁ) ੩. ਛੋਟੇ ਆਕਾਰ ਦੀ ਪੋਥੀ.

ਗੁੱਟ: ਸੰਗਯਾ- ਨਾਰੀਅਲ ਵਿੱਚੋਂ ਨਿਕਲਿਆ ਗੋਲਾਕਾਰ ਪਿੰਡ. ਖੋਪਾ. ਨਰੀਏਲ ਦੀ ਗਿਰੀ। ੨. ਵਿ- ਨਸ਼ੇ ਵਿੱਚ ਮਸ੍ਤ. ਮਖ਼ਮੂਰ। ੩. ਸੰਗਯਾ- ਗੁਥਵਾਂ ਫੁੱਲ। ੪. ਅਧਖਿੜਿਆ ਫੁੱਲ.

ਗੁਠ: ਸੰ. ਗੁਠ੍ ਧਾ- ਘੇਰਨਾ- ਲਪੇਟਣਾ. ਇਸੇ ਤੋਂ ਗੋਟ ਅਤੇ ਗੋਠ ਸ਼ਬਦ ਬਣਿਆ ਹੈ.

ਗੁਠਲੀ: ਸੰਗਯਾ- ਫਲ ਦੀ ਗਿਟਕ (ਗੁਟਿਕਾ), ਜਿਸ ਨੂੰ ਛਿੱਲ ਅਥਵਾ ਗੁੱਦੇ ਨੇ ਘੇਰਿਆ ਹੈ. ਦੇਖੋ, ਗੁਠ.

ਗੁੱਠ: ਸੰਗਯਾ- ਕੋਣ, ਕਿਨਾਰਾ. ਖੂੰਜਾ.

ਗੁੰਡਕ: ਸੰ. गुण्डक ਵਿ- ਮੈਲਾ. ਗੰਦਾ। ੨. ਲੁੱਚਾ. ਇਸੇ ਤੋਂ ਗੁੰਡਾ ਸ਼ਬਦ ਹੈ.

ਗੁਡਗੁਡੀ: ਸੰਗਯਾ- ਗੁਡ ਗੁਡ ਸ਼ਬਦ ਕਰਨ ਵਾਲੀ ਢੱਡ. "ਮੁਚੰਗ ਸਨਾਈ ਗੁਡਗੁਡੀ." (ਚਰਿਤ੍ਰ ੧੦੨) ੨. ਹੁਕੜੀ.

ਗੁਡਲੀ: ਦੇਖੋ, ਗੁਠਲੀ। ੨. ਕ੍ਰਿ. ਵਿ- ਗੋਡਿਆਂ ਦੇ ਬਲ. ਗੋਡਿਆਂ ਪਰਨੇ। ੩. ਸੰਗਯਾ- ਗੋਡਿਆਂ ਪਰਨੇ ਫਿਰਣ ਦੀ ਕ੍ਰਿਯਾ. "ਅੰਗਣ ਬੀਚ ਫਿਰੈਂ ਗੁਡਲੀ." (ਗੁਪ੍ਰਸੂ)

ਗੁਡਾ, ਗੁੱਡਾ: ਸੰਗਯਾ- ਆਦਮੀ ਦੀ ਸ਼ਕਲ ਦਾ ਕਾਠ ਵਸਤ੍ਰ ਆਦਿਕ ਦਾ ਬਣਾਇਆ ਬੁਤ, ਜੋ ਖੇਡਣ, ਭੰਡਣ ਅਤੇ ਮੰਤ੍ਰਸਿੱਧੀ ਲਈ ਲੋਕ ਵਰਤਦੇ ਹਨ. "ਦਾਬ ਖਾਟ ਤਰ ਗਈ ਗੁਡਾਨ ਬਨਾਯਕੈ." (ਚਰਿਤ੍ਰ ੨੩੩) ੨. ਚਰਖੇ ਦਾ ਮੁੰਨਾ.

ਗੁੰਡਾ: ਦੇਖੋ, ਗੁੰਡਕ. "ਗੁੰਡਨ ਸਾਥ ਕਰੈ ਗੁਜਰਾਨ." (ਚਰਿਤ੍ਰ ੧੯੭)

ਗੁਡਿਯਾ, ਗੁਡੀਆ, ਗੁੱਡੀ: ਸੰਗਯਾ- ਪੁਤਲੀ. ਖੇਡਣ ਅਤੇ ਤਮਾਸ਼ੇ ਲਈ ਕਾਠ ਵਸਤ੍ਰ ਆਦਿ ਦੀ ਬਣਾਈ ਹੋਈ ਮੂਰਤਿ. "ਗੁਡੀਆ ਰਹੀ ਸੱਭਾਲਤੀ." (ਗੁਪ੍ਰਸੂ) ੨. ਪਤੰਗ. ਚੰਗ.

ਗੁਣ, ਗੁਣੁ: ਸੰ. गुण ਸੰਗਯਾ- ਵਿਸ਼ੇਸ਼ਣ. ਸਿਫ਼ਤ. "ਗੁਣ ਏਹੋ ਹੋਰੁ ਨਾਹੀ ਕੋਇ." (ਆਸਾ ਮਃ ੧) ਕਰਤਾਰ ਦੀ ਇਹੀ ਸਿਫ਼ਤ ਹੈ ਕਿ ਉਸ ਤੁੱਲ ਹੋਰ ਨਹੀਂ। ੨. ਸ਼ੀਲ. ਸਦਵ੍ਰਿੱਤਿ ਨੇਕ. ਐਮਾਲ. "ਵਿਣੁ ਗੁਣ ਕੀਤੇ ਭਗਤਿ ਨ ਹੋਇ." (ਜਪੁ) "ਬਿਨੁ ਗੁਣ ਜਨਮੁ ਵਿਣਾਸੁ." (ਸ੍ਰੀ ਅਃ ਮਃ ੧)

੩. ਮਾਇਆ ਦੇ ਸਤ ਰਜ ਤਮ ਗੁਣ. "ਰਜ ਗੁਣ ਤਮ ਗੁਣ ਸਤ ਗੁਣ ਕਹੀਐ ਏਹ ਤੇਰੀ ਸਭ ਮਾਇਆ." (ਕੇਦਾ ਕਬੀਰ) ੪. ਸੁਭਾਉ. ਪ੍ਰਕ੍ਰਿਤਿ. "ਐਸੋ ਗੁਣ ਮੇਰੋ ਪ੍ਰਭੁ ਜੀ ਕੀਨ." (ਟੋਡੀ ਮਃ ੫) ੫. ਰੱਸੀ. ਤਾਗਾ. ਡੋਰਾ. "ਗੁਣ ਕੈ ਹਾਰ ੫. ਪਰੋਵੈ. (ਤੁਖਾ ਛੰਤ ਮਃ ੧) ਗੁਣਰੂਪ ਗੁਣ (ਤਾਗੇ) ਨਾਲ ਹਾਰ ਪਰੋਵੈ. "ਕਵਣੁ ਸੁ ਅਖਰੁ ਕਵਣ ਗੁਣ?" (ਸ. ਫਰੀਦ) ੬. ਕਮਾਣ ਦਾ ਚਿੱਲਾ. "ਕੋਟਿ ਦੋਇ ਧਾਰੀ ਧਨੁਖ ਗੁਣ ਬਿਨ ਗਹਿਤ ਨ ਕੋਇ." (ਵ੍ਰਿੰਦ) ੭. ਦੀਵੇ ਦੀ ਬੱਤੀ। ੮. ਨੀਤਿ ਦੇ ਛੀ ਅੰਗ. ਦੇਖੋ, ਖਟ ਅੰਗ। ੯. ਨਯਾਯਮਤ ਦੇ ਚੌਬੀਸ ਗੁਣ. ਦੇਖੋ, ਖਟਸ਼ਾਸਤ੍ਰ। ੧੦. ਕਾਵ੍ਯ ਦੇ- ਓਜ, ਪ੍ਰਤਾਪ, ਮਾਧੁਰਯ, ਤਿੰਨ ਗੁਣ। ੧੧. ਵਿਦ੍ਯਾ. ਹੁਨਰ ਆਦਿ ਔਸਾਫ਼. "ਤੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤਿ." (ਵਾਰ ਸਾਰ ਮਃ ੧) ੧੨. ਤਾਸੀਰ. ਅਸਰ। ੧੩. ਇੰਦ੍ਰੀਆਂ ਦੇ ਵਿਸ਼ੇਸ਼ਬਦ, ਸਪਰਸ਼, ਰੂਪ, ਰਸ, ਗੰਧ। ੧੪. ਰਤਨ. "ਸਰੀਰਿ ਸਰੋਵਰਿ ਗੁਣ ਪਰਗਟਿ ਕੀਏ." (ਆਸਾ ਮਃ ੪) ੧੫. ਫਲ. ਲਾਭ. "ਜਿਨੀ ਕੰਮੀ ਨਾਹ ਗੁਣ, ਤੇ ਕੰਮੜੇ ਵਿਸਾਰ." (ਸ. ਫਰੀਦ) ੧੬.

ਤਿੰਨ ਸੰਖਯਾ ਬੋਧਕ, ਕਿਉਂਕਿ ਮਾਇਆ ਦੇ ਗੁਣ ਤਿੰਨ ਹਨ। ੧੭. ਕਰਮ. ਕ੍ਰਿਯਾ। ੧੮. ਇਨਸਾਫ਼. ਨਿਆਉਂ. ਨ੍ਯਾਯ. "ਅਦਲੁ ਕਰੇ ਗੁਣਕਾਰੀ." (ਰਾਮ ਅਃ ਮਃ ੧) ਦੇਖੋ, ਗੁਨ। ੧੯. ਦੇਖੋ, ਗੁਣਨ. "ਉਨ ਤੇ ਦੁਗੁਣ ਦਿੜੀ ਉਨ ਮਾਏ." (ਗਉ ਮਃ ੫) ੨੦. ਫੁੱਲ. ਪੁਸ਼੍ਪ. "ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ." (ਕਲਿ ਅਃ ਮਃ ੪) ਬ੍ਰਹਮਬਿਰਛ ਦੀ ਸ਼ਾਖਾ ਨਾਮ ਹੈ, ਸ਼ੁਭਗੁਣ ਗੁਣ (ਫੁੱਲ) ਹਨ, ਉਨ੍ਹਾਂ ਨੂੰ ਚੁਣਕੇ ਪੂਜਾ ਕਰੋ। ੨੧. ਵ੍ਯਾਕਰਣ ਤਿੰਨ ਅਨੁਸਾਰ ਗੁਣ- ਅ, ਏ, ਓ.

ਗੁਣਆਦਿ: ਸੰਗ੍ਯਾ- ਕਰਤਾਰ. ਪਾਰਬ੍ਰਹਮ, ਜੋ ਸਾਰੇ ਗੁਣਾਂ ਦੀ ਜੜ ਹੈ. "ਮਨਆਦਿ ਗੁਣਆਦਿ ਵਖਾਣਿਆ." (ਮਾਰੂ ਜੈਦੇਵ)

ਗੁਣਸਾਖੀ: ਵਿ- ਗੁਣਾਂ (ਕਰਮਾਂ) ਦਾ ਸਾਕ੍ਸ਼ੀ (ਸਾਖੀ- ਗਵਾਹ). "ਧਨੁ ਗੁਪਾਲ ਗੁਣਸਾਖੀ." (ਧਨਾ ਮਃ ੫)

ਗੁਣਸਾਗਰ: ਸੰਗ੍ਯਾ- ਗੁਣਾਂ ਦਾ ਸਮੁੰਦਰ. ਗੁਣਸਿੰਧੁ.

ਗੁਣਸਾਂਝ: ਸੰਗ੍ਯਾ- ਗੁਣਾਂ ਦੀ ਸ਼ਰਾਕਤ "ਗੁਣ ਕੀ ਸਾਂਝ ਸੁਖ ਊਪਜੈ." (ਸੂਹੀ ਅਃ ਮਃ ੩) "ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ." (ਸੂਹੀ ਛੰਤ ਮਃ ੧)

ਗੁਣਸਾਂਝੀ: ਵਿ- ਗੁਣਾਂ ਦੀ ਸਾਂਝ (ਭਿਆਲੀ) ਕਰਨ ਵਾਲਾ। ੨. ਸੰਗ੍ਯਾ- ਗੁਣਾਂ ਦੀ ਸ਼ਰਾਕਤ. "ਗੁਣਸਾਂਝੀ ਤਿਨਿ ਸਿਉ ਕਰੀ." (ਵਾਰ ਸੋਰ ਮਃ ੪)

ਗੁਣਸਾਰਣਾ: ਦੇਖੋ, ਸਾਰਣਾ.

ਗੁਣ ਸੰਘਰੈ: ਦੇਖੋ, ਸੰਘਰੈ.

ਗੁਣਹੀਣ, ਗੁਣਹੀਨ: ਵਿ- ਗੁਣਰਹਿਤ. ਗੁਣਾਂ ਤੋਂ ਖਾਲੀ. "ਗੁਣਹੀਣ ਹਮ ਅਪਰਾਧੀ." (ਸੋਰ ਅਃ ਮਃ ੩) ੨. ਚਿੱਲੇ (ਜਿਹ) ਬਿਨਾ.

ਗੁਣ ਕਾਮਣ: ਦੇਖੋ, ਕਾਮਣ.

ਗੁਣਕਾਰੀ: ਵਿ- ਗੁਣ ਕਰਨ ਵਾਲਾ. "ਗੁਰਮੁਖਿ ਸਜਣੁ ਗੁਣਕਾਰੀਆ." (ਸ੍ਰੀ ਮਃ ੪) "ਜਿਸੁ ਅੰਤਰਿ ਹਰਿ ਗੁਣਕਾਰੀ." (ਵਾਰ ਵਡ ਮਃ ੪) ੨. ਲਾਭਦਾਇਕ। ੩. ਇਨਸਾਫ਼ ਕਰਨ ਵਾਲਾ. ਨ੍ਯਾਯਕਰਤਾ. ਦੇਖੋ, ਗੁਣ ੧੮.

ਗੁਣਗ: ਸੰ. ਗੁਣਾਜ੍ਞ ਗੁਣਗ੍ਯ. ਵਿ- ਗੁਣਗ੍ਯਾਤਾ. ਗੁਣ ਜਾਣਨ ਵਾਲਾ.

ਗੁਣਗਹਿਲਾ: ਵਿ- ਗੁਣ ਗ੍ਰਹਣ ਕਰਤਾ. ਗੁਣਗ੍ਰਾਹੀ.

ਗੁਣਗਾਹ, ਗੁਣਗਾਹਕ: ਵਿ- ਗੁਣਗ੍ਰਾਹਕ.

ਗੁਣਗਾਨ: ਸੰਗ੍ਯਾ- ਗੁਣਾਂ ਦਾ ਗਾਇਨ. ਗੁਣਕੀਰਤਨ.

ਗੁਣਗਾਮ: ਸੰਗ੍ਯਾ- ਗੁਣਗ੍ਰਾਮ, ਗੁਣਾਂ ਦਾ ਸਮੁਦਾਯ. ਗੁਣਪੁੰਜ. ਗੁਣਖਾਨਿ. "ਕਲਿਆਨਰੂਪ ਮੰਗਲ ਗੁਣਗਾਮ." (ਸੁਖਮਨੀ) ੨. ਗੁਣਗਾਇਨ. ਗੁਣਾਨੁਵਾਦ. "ਮਿਲੈ ਕ੍ਰਿਪਾ ਗੁਣਗਾਮ." (ਟੋਡੀ ਮਃ ੫)

ਗੁਣਗੀਤ, ਗੁਣਗੀਤਾ: ਸੰਗ੍ਯਾ- ਕਰਤਾਰ ਦੀ ਮਹਿਮਾ ਦਾ ਗੀਤ. "ਗਾਵੋ ਰਾਮ ਕੇ ਗੁਣਗੀਤ." (ਰਾਮ ਮਃ ੫) "ਗੁਣਗੀਤਾ ਨਿਤ ਵਖਾਣੀਆ." (ਮਾਰੂ ਅਃ ਮਃ ੫. ਅੰਜੁਲੀ)

ਗੁਣਗੁਣਾ: ਵਿ- ਨੱਕ ਵਿੱਚ ਬੋਲਣ ਵਾਲਾ. ਇਹ ਸ਼ਬਦ ਅ਼ਰਬੀ ਗ਼ੁੰਨਹ غُنّہ ਤੋਂ ਬਣਿਆ ਹੈ.

ਗੁਣਗ੍ਯ: ਦੇਖੋ, ਗੁਣਗ. "ਗੁਣਗ੍ਯ ਨਾਮਕੀਰਤਨਹ." (ਸਹਸ ਮਃ ੫)

ਗੁਣਗ੍ਰਾਹਕ, ਗੁਣਗ੍ਰਾਹੀ: ਵਿ- ਗੁਣ ਗ੍ਰਹਣ ਕਰਨ ਵਾਲਾ. ਕ਼ਦਰਦਾਨ.

ਗੁਣਚੋਰ: ਡਿੰਗ. ਵਿ- ਕ੍ਰਿਤਘ੍ਨ. ਅਹਿਸਾਨਫਰਾਮੋਸ਼.

ਗੁਣਤਾਸ: ਦੇਖੋ, ਤਾਸ.

ਗੁਣਧਾਤੁ: ਸੰਗਯਾ- ਮੂਲ ਗੁਣ. ਉਹ ਗੁਣ ਜੋ ਸਭ ਗੁਣਾਂ ਦਾ ਮੂਲ ਹੋਵੇ। ੨. ਪੰਜ ਧਾਤੁ (ਤੱਤਾਂ) ਦੇ ਗੁਣ. ਸ਼ਬਦ ਸਪਰਸ ਰੂਪ ਰਸ ਗੰਧ. ਦੇਖੋ, ਧਾਤੁ. "ਤਰਕਸ ਤੀਰ ਕਮਾਣ ਸਾਂਗ ਤੇਗ ਬੰਦ ਗੁਣਧਾਤੁ." (ਸ੍ਰੀ ਮਃ ੧) ਪੰਜ ਹਥਿਆਰਾਂ ਦਾ ਬੰਨ੍ਹਣਾ ਪੰਜ ਧਾਤੁਗੁਣਾਂ ਨੂੰ ਬੰਨ੍ਹਣਾ ਹੈ. "ਬੰਦ" ਸ਼ਬਦ ਵਿੱਚ ਸ਼ਲੇਸ਼ ਹੈ.

ਗੁਣਨ, ਗੁਣਨਾ: ਸੰ. गुणन ਸੰਗਯਾ- ਵਿਸ਼ੇਸ਼ ਕਰਨਾ. ਜ਼ਰਬ ਦੇਣੀ. Multiply । ੨. ਭਾਵ- ਲੇਖਾ ਕਰਨਾ। ੩. ਚਰਚਾ ਲਈ ਯੁਕ੍ਤਿ ਸੋਚਣੀ. "ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ." (ਆਸਾ ਪਟੀ ਮਃ ੩)

ਗੁਣਨਿਧਾਨ, ਗੁਣਨਿਧਾਨੁ, ਗੁਣਨਿਧਿ: ਵਿ- ਗੁਣਾਂ ਦਾ ਖ਼ਜ਼ਾਨਾ. "ਗੁਣ- ਨਿਧਾਨ ਅਪਾਰ ਠਾਕੁਰ." (ਜੈਤ ਛੰਤ ਮਃ ੫) ੨. ਗੁਣਾਂ ਦਾ ਸਮੁੰਦਰ. "ਗੁਣਨਿਧਿ ਗਾਇਆ ਸਭ ਦੂਖ ਮਿਟਾਇਆ." (ਆਸਾ ਛੰਤ ਮਃ ੫)

੩. ਸੰਗਯਾ- ਪਾਰਬ੍ਰਹਮ. ਕਰਤਾਰ. "ਸਤਿਗੁਰੁ ਸੇਵਿ ਗੁਣਨਿਧਾਨੁ ਪਾਇਆ." (ਸ੍ਰੀ ਮਃ ੩)

ਗੁਣਬਾਣੀ: ਵਿ- ਗੁਣਭਰੀ ਬਾਣੀ. ਗੁਣਦਾਇਕ ਬਾਣੀ. "ਜਨ ਨਾਨਕ ਬੋਲੇ ਗੁਣਬਾਣੀ." (ਗੂਜ ਮਃ ੪)

ਗੁਣਬਾਦ: ਸੰ. ਗੁਣਾਨੁਵਾਦ. ਸੰਗਯਾ- ਗੁਣ ਕਥਨ. ਤਾਰੀਫ਼. ਵਡਿਆਈ. "ਰਮਣ ਕੋ ਰਾਮ ਕੇ ਗੁਣਬਾਦ." (ਸਾਰ ਮਃ ੫)

ਗੁਣਬੰਧ: ਵਿ- ਗੁਣਬੱਧ. ਗੁਣਾਂ ਦਾ ਬੰਨ੍ਹਿਆ ਹੋਇਆ. ਗੁਣਾਂ ਦੇ ਅਧੀਨ। ੨. ਦੇਖੋ, ਗੁਣਬੰਧੁ.

ਗੁਣਬੰਧੁ: ਵਿ- ਗੁਣਾਂ ਦਾ ਸੰਬੰਧੀ. ਦੇਖੋ, ਗੁਣਬੰਧੁ.

ਗੁਣਭ੍ਰਮ: ਸੰਗਯਾ- ਰੱਜੁਭ੍ਰਮ. ਜੈਸੇ ਗੁਣ (ਰੱਸੀ) ਵਿੱਚ ਸੱਪ ਦਾ ਭ੍ਰਮ. ਭਾਵ- ਮਿਥ੍ਯਾ ਭ੍ਰਮ. "ਗੁਣਭ੍ਰਮ ਭਾਗਾ ਤਉ ਮਨ ਸੁੰਨਿ ਸਮਾਨਾ." (ਆਸਾ ਕਬੀਰ)

ਗੁਣਰਾਸਿ: ਵਿ- ਗੁਣਪੁੰਜ. ਗੁਣਾਂ ਨਾਲ ਭਰਪੂਰ। ੨. ਗੁਣਰੂਪ ਪੂੰਜੀ. "ਗੁਣਰਾਸਿ ਬੰਨਿ ਪਲੈ ਆਨੀ." (ਆਸਾ ਮਃ ੫)

ਗੁਣਵਾਚਕ ਸੰਗਯਾ: ਗੁਣ ਵਾਚਕ ਨਾਮ. ਜੈਸੇ- ਸ਼ੀਤਾਂਸ਼ੁ ਚੰਦ੍ਰਮਾ ਦਾ, ਅਤੇ ਤਪਤਾਂਸ਼ੁ ਸੂਰਜ ਦਾ ਨਾਉਂ.

ਗੁਣਵਾਨ, ਗੁਣਵੰਤ, ਗੁਣਵੰਤੜਾ, ਗੁਣਵੰਤੜੀ, ਗੁਣਵੰਤਾ, ਗੁਣਵੰਤੀ: ਵਿ- ਗੁਣ ਵਾਲਾ. ਗੁਣਵਤੀ. "ਗੁਣਵੰਤੀ ਸਹੁ ਰਾਵਿਆ." (ਵਡ ਮਃ ੧) "ਗੁਣਵੰਤਾ ਹਰਿ ਹਰਿ ਦਇਆਲੁ." (ਗਉ ਮਃ ੪) "ਗੁਣਵੰਤ ਨਾਹ ਦਇਆਲੁ ਬਾਲਾ." (ਗਉ ਛੰਤ ਮਃ ੫) ਗੁਰੂ ਅਰਜਨ ਦੇਵ ਨੇ "ਗੁਣਵੰਤੀ" ਸਿਰਲੇਖ ਹੇਠ ਸੂਹੀ ਰਾਗ ਵਿੱਚ ਇੱਕ ਸ਼ਬਦ- "ਜੋ ਦੀਸੈ ਗੁਰਸਿਖੜਾ"- ਲਿਖਕੇ ਸੁਭਗੁਣਾਂ ਦੀ ਅਮੋਲਕ ਸਿਖ੍ਯਾ ਦਿੱਤੀ ਹੈ.

ਗੁਣਾ: ਦੇਖੋ, ਗੁਣਨ। ੨. ਸੰਕੇਤ ਕੀਤਾ ਪਦਾਰਥ ਅਥਵਾ ਅੰਗ.

ਗੁਣਾਗੁਣ: ਗੁਣ ਅਤੇ ਅਵਗੁਣ. ਸ਼ੁਭ ਅਤੇ ਅਸ਼ੁਭ ਸਿਫ਼ਤ.

ਗੁਣਾਢ, ਗੁਣਾਢ੍ਯ: ਸੰ. ਵਿ- ਗੁਣਾਂ ਕਰਕੇ ਆਢ੍ਯ (ਯੁਕ੍ਤ). ਪੂਰਣ ਗੁਣੀ. ਵਿਦ੍ਯਾ ਅਤੇ ਹੁਨਰ ਸਹਿਤ। ੨. ਇੱਕ ਕਵਿ, ਜਿਸ ਨੇ "ਵ੍ਰਿਹਤਕਥਾ ਸਰਿਤ ਸਾਗਰ" ਗ੍ਰੰਥ ਲਿਖਿਆ ਹੈ. ਇਹ ਈਸਵੀ ਸਨ ਤੋਂ ੩੧੫ ਵਰ੍ਹੇ ਪਹਿਲਾਂ ਹੋਇਆ ਹੈ.

ਗੁਣਾਤੀਤ: ਵਿ- ਗੁਣਾਂ ਤੋਂ ਲੰਘਿਆ ਹੋਇਆ. ਮਾਯਾ ਦੇ ਗੁਣ ਸਤ ਰਜ ਤਮ ਤੋਂ ਪਰੇ। ੨. ਸੰਗਯਾ- ਵਾਹਿਗੁਰੂ. ਕਰਤਾਰ.

ਗੁਣਾਧਾਰ: ਵਿ- ਗੁਣਾਂ ਦਾ ਆਸਰਾ.

ਗੁਣਾਨਿਧਿ: ਦੇਖੋ, ਗੁਣਨਿਧਿ.

ਗੁਣਾਨੁਵਾਦ: ਦੇਖੋ, ਗੁਣਬਾਦ.

ਗੁਣਾਯਨ: ਵਿ- ਗੁਣਾਂ ਦਾ ਅਯਨ (ਘਰ).

ਗੁਣਾਰਾਸ, ਗੁਣਾਰਾਸਿ: ਦੇਖੋ, ਗੁਣਰਾਸਿ। ੨. ਗੁਣਰੂਪ ਪੂੰਜੀ. ਗੁਣਾਂ ਦੀ ਰਾਸਿ (ਮੂੜੀ).

ਗੁਣਾਲਯ: ਵਿ- ਗੁਣਾਂ ਦਾ ਆਲਯ (ਘਰ).

ਗੁਣਿ: ਗੁਣ (ਸਿਫਤ) ਕਰਕੇ. "ਇਹ ਗੁਣਿ ਨਾਮ ਸੁਖਮਨੀ." (ਸੁਖਮਨੀ)

ਗੁਣਿਤ: ਵਿ- ਗੁਣਨ ਕੀਤਾ ਹੋਇਆ. ਜਰਬ ਦਿੱਤਾ ਹੋਇਆ. ਵਿਸ਼ੇਸ਼ ਕੀਤਾ.

ਗੁਣੀ: ਗੁਣਾਂ ਨਾਲ. ਗੁਣਾਂ ਕਰਕੇ. "ਅਵਗੁਣ ਗੁਣੀ ਬਖਸਾਇਆ." (ਆਸਾ ਅਃ ਮਃ ੩) ੨. ਗੁਣਿਨ੍ ਗੁਣ ਵਾਲਾ. ਸਿਫਤ ਵਾਲਾ. "ਗੁਣ ਕਹਿ ਗੁਣੀ ਸਮਾਏ." (ਸੋਰ ਮਃ ੩) ੩. ਚਿੱਲੇ ਵਾਲਾ। ੪. ਸੰਗਯਾ- ਕਮਾਨ. ਧਨੁਖ.

ਗੁਣੀਆ: ਵਿ- ਗੁਣ ਵਾਲਾ. ਗੁਣਵਾਨ. "ਗੁਣੀਆ ਗੁਣ ਲੇ ਪ੍ਰਭੁ ਮਿਲੇ." (ਓਅੰਕਾਰ) ੨. ਗੁਣਨ ਕਰਤਾ. ਜਰਬ ਦੇਣ ਵਾਲਾ। ੩. ਸੰਗਯਾ- ਰਾਜ ਅਤੇ ਤਖਾਣਾਂ ਦਾ ਇੱਕ ਸੰਦ, ਜਿਸ ਨਾਲ ਸਿੱਧੀ ਰੇਖਾ ਦਾ ਗਯਾਨ ਹੁੰਦਾ ਹੈ.

ਗੁਣੀਕੇ: ਨਾਭਾ ਰਾਜ ਵਿੱਚ ਨਜਾਮਤ ਅਮਲੋਹ, ਥਾਣਾ ਨਾਭਾ ਦਾ ਇੱਕ ਪਿੰਡ. ਇਸ ਥਾਂ ਨੌਮੇ ਸਤਿਗੁਰੂ ਵਿਰਾਜੇ ਹਨ. ਪਿੰਡ ਤੋਂ ਦੱਖਣ ਵੱਲ ਇੱਕ ਫਰਲਾਂਗ ਪੁਰ ਗੁਰਦ੍ਵਾਰਾ ਹੈ. ਇਮਾਰਤ ਦੀ ਸੇਵਾ ਮਹਾਰਾਜਾ ਭਰਪੂਰ ਸਿੰਘ ਜੀ ਨੇ ਕਰਵਾਈ ਹੈ. ਰਿਆਸਤ ਤੋਂ ਸਤਾਸੀ ਰੁਪਯੇ ਸਾਲਾਨਾ ਮਿਲਦੇ ਹਨ. ਰੇਲਵੇ ਸਟੇਸ਼ਨ ਨਾਭੇ ਤੋਂ ਛੀ ਮੀਲ ਪੱਛਮ ਹੈ.

ਗੁਣੀਗਹੀਰ, ਗੁਣੀਗਹੀਰਾ, ਗੁਣੀਗਹੇਰਾ: ਵਿ- ਗੁਣਾਂ ਕਰਕੇ ਗੰਭੀਰ. ਅਥਾਹ ਗੁਣਾਂ ਵਾਲਾ. "ਵਡੇ ਮੇਰੇ ਸਾਹਿਬਾ, ਗਹਿਰਗੰਭੀਰਾ ਗੁਣੀਗਹੀਰਾ." (ਸੋਦਰੁ) "ਤੂੰ ਸਾਚਾ ਸਾਹਿਬੁ ਗੁਣੀਗਹੇਰਾ." (ਮਾਝ ਮਃ ੫)

ਗੁਣੀਤਾ: ਵਿ- ਗੁਣਿਤ. ਜਰਬਦਿੱਤਾ. ਵਿਸ਼ੇਸ਼ ਕੀਤਾ। ੨. ਗੁਣਧਰਤਾ. ਗੁਣਾਂ ਵਾਲਾ. "ਬੇਅੰਤ ਗੁਣੀਤਾ." (ਬਿਲਾ ਮਃ ੫)

ਗੁਣੀਨਿਧਾਨ, ਗੁਣੀਨਿਧਾਨੁ: ਵਿ- ਗੁਣਾਂ ਦਾ ਖ਼ਜ਼ਾਨਾ।੨ ਗੁਣਾਂ ਦਾ ਸਮੁੰਦਰ. "ਤਾਂ ਪਾਈਐ ਗੁਣੀਨਿਧਾਨ." (ਸ੍ਰੀ ਮਃ ੧) "ਗਾਵੀਐ ਗੁਣੀਨਿਧਾਨੁ." (ਜਪੁ)

ਗੁਣੁ: ਦੇਖੋ, ਗੁਣ.

ਗੁਣੰਤ: ਗੁਣਨ ਕਰੰਤ. ਹਿਸਾਬ ਲਾਉਂਦੇ. ਜਰਬਦਿੰਦੇ. "ਗੁਣੰਤ ਗੁਨੀਆ." (ਸਹਸ ਮਃ ੫)

ਗੁਤਾਵਾ: ਸੰਗਯਾ- ਗਊ ਮਹਿਂ ਆਦਿਕ ਪਸ਼ੂਆਂ ਲਈ ਅੰਨ ਅਤੇ ਨੀਰਾ ਮਿਲਾਕੇ ਬਣਾਇਆ ਹੋਇਆ ਚਾਰਾ.

ਗੁੱਤ: ਗ੍ਰਥਿਤ. ਗੁੰਫਿਤ. ਗੁੰਦੀ ਹੋਈ ਬੇਨੀ. ਡੋਰੀ ਵਿੱਚ ਗੁੰਦੇ ਹੋਏ ਕੇਸ਼.

ਗੁੰਥਨ: ਸੰ. ਗ੍ਰਨ੍ਥਨ ਗ੍ਰੰਥਨ. ਸੰਗਯਾ- ਜੋੜਨਾ. ਮਿਲਾਉਣਾ। ੨. ਗੁੰਦਣਾ.

ਗੁਥਰੀ, ਗੁਥਲਾ, ਗੁਥਲੀ, ਗੁੱਥੀ: ਸੰਗਯਾ- ਥੈਲੀ. ਝੋਲੀ. ਥੈਲਾ. ਝੋਲਾ ਬਟੂਆ.

ਗੁਦ: ਸੰ. ਗੁਦ੍ ਧਾ- ਖੇਡਣਾ. ਕ੍ਰੀੜਾ ਕਰਨਾ। ੨. ਸੰਗਯਾ- ਗਦਾ. ਮੂਲਦ੍ਵਾਰ। ੩. ਦੇਖੋ, ਗੁੱਦ.

ਗੁਦਰ: ਦੇਖੋ, ਗੁਜਰ.

ਗੁਦਰਾਣੁ: ਦੇਖੋ ਗੁਜਰਾਨ. "ਗੁਰਮੁਖਿ ਸਾਚਿ ਤਹਾਂ ਗੁਦਰਾਣੁ." (ਆਸਾ ਮਃ ੧)

ਗੁਦਰਾਵੈ: ਗੁਜ਼ਾਰਿਸ਼ ਕਰੈ. ਦੇਖੋ, ਗੁਜਰਾਵੈ.

ਗੁਦਰੀ: ਸੰਗਯਾ- ਗੋਦੜੀ. ਕੰਥਾ। ੨. ਵਿ- ਗੁਜ਼ਰੀ. ਵੀਤੀ. "ਸਗਲੀ ਰੈਣਿ ਗੁਦਰੀ ਅੰਧਿਆਰੀ, ਸੇਵਿ ਸਤਿਗੁਰੁ ਚਾਨਣੁ ਹੋਇ." (ਸ੍ਰੀ ਮਃ ੫. ਪਹਿਰੇ) ਸਾਰੀ ਉਮਰ ਅਵਿਦਯਾ ਵਿੱਚ ਵੀਤੀ.

ਗੁੰਦਰੀ: ਵਿ- ਗੁੰਦੀ ਹੋਈ. ਗ੍ਰਥਿਤ. "ਹੀਰਨ ਪਾਂਤਿ ਮਨੋ ਗੁੰਦਰੀ." (ਨਾਪ੍ਰ)

ਗੁਦਰੈ: ਗੁਜਰੈ. ਵੀਤਦਾ ਹੈ. "ਝਗੜਾ ਕਰਦਿਆ ਅਨੁਦਿਨ ਗੁਦਰੈ." (ਗਉ ਵਾਰ ੧. ਮਃ ੪)

ਗੁਦੜ, ਗੁਦੜੁ: ਸੰਗਯਾ- ਗੋਦੜਾ. ਜੁੱਲਾ. ਪਾਟੀ ਲੀਰਾਂ ਦਾ ਬਣਿਆ ਹੋਇਆ ਭਾਰੀ ਲਿਹਾਫ਼ (ਲੇਫ) "ਜਿਨ ਪਟੁ ਅੰਦਰਿ ਬਾਹਰਿ ਗੁਦੜੁ." (ਵਾਰ ਆਸਾ) ਅੰਦਰੋਂ ਕੋਮਲ ਜਾਹਰਾ ਰੁੱਖੇ। ੨. ਕੂੜਾ ਕਰਕਟ.

ਗੁਦੜਸਿੰਘ: ਭਾਈ ਰੂਪਚੰਦ ਜੀ ਦੇ ਪੜੋਤੇ ਅਤੇ ਭਾਈ ਦਯਾਲ ਸਿੰਘ ਦੇ ਸੁਪੁਤ੍ਰ, ਜੋ ਕਰਨੀ ਵਾਲੇ ਗੁਰਮੁਖ ਸੰਤ ਅਤੇ ਭਾਈ ਰੂਪਚੰਦ ਜੀ ਦੀ ਗੱਦੀ ਬਾਗੜੀਆਂ ਦੇ ਪ੍ਰਸਿੱਧ ਮਹੰਤ ਹੋਏ ਹਨ. ਦੇਖੋ, ਰੂਪਚੰਦ ਭਾਈ.

ਗੁਦੜਾ, ਗੁਦੜੀ: ਸੰਗਯਾ- ਗੋਦੜਾ- ਗੋਦੜੀ. ਜੁੱਲਾ- ਜੁੱਲੀ.

ਗੁਦੜੁ: ਦੇਖੋ, ਗੁਦੜ.

ਗੁਦਾ: ਦੇਖੋ, ਗੁਦ। ਦੇਖੋ, ਗੁੱਦਾ.

ਗੁਦਾਖ਼ਤਨ: ਫ਼ਾ. گداختن ਕ੍ਰਿ- ਪਘਰਨਾ. ਦ੍ਰਵਣਾ.

ਗੁਦਾਜ: ਫ਼ਾ. گداز ਗੁਦਾਜ਼. ਵਿ- ਪਘਰਾਉਣ (ਗਾਲਣ) ਵਾਲਾ. ਇਕ ਦੂਜੇ ਸ਼ਬਦ ਦੇ ਅੰਤ ਆਇਆ ਕਰਦਾ ਹੈ, ਜਿਵੇਂ- ਦਿਲਗੁਦਾਜ਼

ਗੁਦਾਜ਼ਿੰਦਹ: ਫ਼ਾ. گدازندہ ਵਿ- ਪਘਰਣ ਵਾਲਾ. ਦ੍ਰਵਣ ਵਾਲਾ.

ਗੁਦਾਰਣਾ, ਗੁਦਾਰਨਾ: ਕ੍ਰਿ- ਗੁਜਾਰਨਾ. ਵਿਤਾਉਣਾ. "ਸੁਖੇ ਸੁਖਿ ਗੁਦਾਰਨਾ." (ਰਾਮ ਅਃ ਮਃ ੫) "ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ." (ਵਾਰ ਗੂਜ ੨. ਮਃ ੫) ੨. ਲੰਘਾਉਣਾ. ਹੱਦੋਂ ਬਾਹਰ ਕਰਨਾ. "ਜਿਨਿ ਪੰਚ ਮਾਰਿ ਬਿਦਾਰਿ ਗਦਾਰੇ, ਸੋ ਪੂਰਾ ਇਹ ਕਲੀ ਰੇ." (ਆਸਾ ਮਃ ੫)

ਗੁਦਾਰੀ: ਗੁਜਾਰੀ. ਵਿਤਾਈ. "ਇਵ ਹੀ ਕਰਤ ਗੁਦਾਰੀ." (ਧਨਾ ਮਃ ੫)

ਗੁਦਾਰੈ: ਗੁਜਾਰਦਾ ਹੈ. ਵਿਤਾਉਂਦਾ ਹੈ. "ਬਿਖਈ ਦਿਨ ਰੈਨਿ ਇਵਹੀ ਗੁਦਾਰੈ." (ਸਾਰ ਮਃ ੫)

ਗੁੱਦ, ਗੁੱਦਾ: ਸੰ. ਗੋਦੰ. ਸੰਗਯਾ- ਫਲ ਦਾ ਨਰਮ ਭਾਗ, ਜੋ ਛਿਲਕੇ ਦੇ ਅੰਦਰ ਹੁੰਦਾ ਹੈ. "ਗੁੱਦਾ ਭਖ੍ਯੋ ਖਪਰ ਸਿਰ ਧਰ੍ਯੋ." (ਚਰਿਤ੍ਰ ੪੧) ੩. ਗਿਰੀ. ਮਗ਼ਜ਼.

ਗੁੰਧਨ: ਦੇਖੋ, ਗੁੰਨ੍ਹਣਾ.

ਗੁਧਾ: ਵਿ- ਗ੍ਰਥਿਤ. ਗੁੰਦਿਆ। ੨. ਗੁੰਨ੍ਹਿਆ ਹੋਇਆ। ੩. ਗ੍ਰਿਧ (ਇੱਛਾ) ਵਾਨ ਹੋਇਆ. ਲੁਬਧ ਭਇਆ. "ਨਾਨਕ ਰਸਿ ਗੁਧਾ." (ਆਸਾ ਛੰਤ ਮਃ ੪)

ਗੁਨ: ਦੇਖੋ, ਗੁਣ। ੨. ਉਪਕਾਰ. "ਇਕ ਗੁਨ ਨਹੀ ਮੂਰਖ ਜਾਤਾ ਰੇ." (ਸੋਰ ਮਃ ੫) ੩. ਲਾਭ. "ਬੇਦ ਪੁਰਾਨ ਪੜੇ ਕੋ ਇਹ ਗੁਨ." (ਗਉ ਮਃ ੯) "ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ। ਕਹਿ ਰਵਿਦਾਸ ਛੂਟਿਬੋ ਕਵਨ ਗੁਨ?" (ਆਸਾ) ਇਸ ਬੰਧਨ ਤੋਂ ਛੁੱਟਣ ਵਿੱਚ ਕੀ ਲਾਭ ਹੈ? ੪- ੫ ਰੱਸੀ ਅਤੇ ਵਸਫ਼. "ਮਨ ਬਾਂਧੋ ਹਮਾਰੋ ਮਾਈ, ਕਵਲ ਨੈਨ ਅਪਨੇ ਗੁਨ." (ਮਾਰੂ

ਮੀਰਾਬਾਈ ਬੰਨੋ) ਕਮਲਨੈਨ ਨੇ ਆਪਣੇ ਗੁਣ ਰੂਪ ਰੱਸੀ ਨਾਲ ਮਨ ਬੰਨ੍ਹ ਲਿਆ ਹੈ। ੬. ਮਹਿਮਾ. ਯਸ਼. "ਹਰਿਜਨ ਰਾਮ ਨਾਮ ਗੁਨ ਗਾਵੈ." (ਬੈਰਾ ਮਃ ੪) ੭. ਨਤੀਜਾ. ਸਿੱਧਾਂਤ. "ਕਹਿ ਕਬੀਰ ਕਿਛੁ ਗੁਨ ਬੀਚਾਰ." (ਭੈਰ) ੮. ਕਮਾਣ ਦਾ ਚਿੱਲਾ. "ਤੀਰ ਚਲਯੋ ਗੁਨ ਤੇ ਛੁਟਕਾਯੋ." (ਗੁਰੁਸੋਭਾ) ੯. ਗੌਣ. ਸਾਮਾਨ੍ਯ। ੧੦. ਵਿਸ਼ੇਸ਼ਣ.

ਗੁਨਹ: ਫ਼ਾ. گنہ ਅਥਵਾ گناہ ਗੁਨਾਹ. ਸੰਗ੍ਯਾ- ਅਪਰਾਧ. ਦੋਸ਼. ਪਾਪ. "ਗੁਨਹ ਉਸ ਕੇ ਸਗਲ ਆਫੂ." (ਤਿਲੰ ਮਃ ੫) "ਪਿਛਲੇ ਗੁਨਹ ਸਤਿਗੁਰੁ ਬਖਸਿਲਏ." (ਵਾਰ ਬਿਲਾ ਮਃ ੪)

ਗੁਨਹਗਾਰ: ਫ਼ਾ. گنہگار ਅਥਵਾ ਗੁਨਾਹਗਾਰ. ਵਿ- ਅਪਰਾਧੀ. ਦੋਸ਼ੀ. ਪਾਪੀ. "ਗੁਨਹਗਾਰ ਲੂਣਹਰਾਮੀ." (ਸੂਹੀ ਮਃ ੫)

ਗੁਨਹਾ: ਗੁਨਾਹ ਦਾ ਬਹੁਵਚਨ. ਦੇਖੋ, ਗੁਨਹ. "ਗੁਨਹਾ ਬਖਸਨਹਾਰੁ." (ਆਸਾ ਅਃ ਮਃ ੧)

ਗੁਨਹੀ: ਵਿ- ਗੁਨਾਹੀ. ਅਪਰਾਧੀ। ੨. ਗੁਨਾਹਾਂ ਨਾਲ. ਗੁਨਾਹੋਂ ਸੇ. "ਗੁਨਹੀ ਭਰਿਆ ਮੈ ਫਿਰਾਂ." (ਸ. ਫਰੀਦ)

ਗੁਨਕੈ: ਹਿਸਾਬ ਕਰਕੇ. ਸੋਚਕੇ. ਵਿਚਾਰਕੇ. "ਸੈਯਦ ਗੁਨਕੈ ਗਿਰਾ ਉਚਾਰੀ." (ਨਾਪ੍ਰ)

ਗ਼ੁਨਗ਼ੁਨਾ: ਦੇਖੋ, ਗੁਣਗੁਣਾ.

ਗੁਨਗਜ: ਦੇਖੋ, ਗੁਣਗਜ. "ਧੁਨਿਤ ਲਲਿਤ ਗੁਨਗਜ ਅਨਿਕ ਭਾਂਤਿ." (ਮਲਾ ਮਃ ੫. ਪੜਤਾਲ) "ਅਚੁਤ ਗੁਨਗਯ ਪੂਰਨੰ ਬਹੁਲੋ ਕ੍ਰਿਪਾਲਾ." (ਸਹਸ ਮਃ ੫)

ਗੁਨਚਾਰ: ਗੁਨ ਅਤੇ ਆਚਾਰ. ਵਿਦ੍ਯਾ ਅਤੇ ਕਰਮ. "ਨਾਮ ਬਿਨਾ ਕੈਸੇ ਗੁਨਚਾਰ?" (ਬਸੰ ਅਃ ਮਃ ੧) ੨. ਗੁਣ ਭਰੇ ਆਚਾਰ (ਕਰਮ).

ਗੁਨਣਾ: ਦੇਖੋ, ਗੁਣਨਾ। ੨. ਵਿਚਾਰਨਾ. ਮਨਨ. "ਨਾਨਕ ਪੜਨਾ ਗੁਨਣਾ ਇਕ ਨਾਉ ਹੈ." (ਵਾਰ ਸਾਰ ਮਃ ੩)

ਗੁਨਨਿਧਾਨ: ਦੇਖੋ, ਗੁਣਨਿਧਾਨ. "ਗੁਨਨਿਧਾਨ ਬੇਅੰਤ ਅਪਾਰ." (ਸੁਖਮਨੀ)

ਗੁਨਬੰਧ: ਵਿ- ਗੁਣਬੱਧ. ਸ਼ੁਭ ਗੁਣਾਂ ਕਰਕੇ ਬੱਧਾ ਹੋਇਆ. ਗੁਣਰੂਪ ਗੁਣ (ਰੱਸੀ) ਕਰਕੇ ਬੰਧਾਯਮਾਨ. "ਮੈ ਗੁਨਬੰਧ ਸਗਲ ਕੀ ਜੀਵਨਿ." (ਸਾਰ ਨਾਮਦੇਵ) ੨. ਰਜ ਸਤ ਤਮ ਤਿੰਨ ਗੁਣਾਂ ਵਿੱਚ ਬੱਧਾ.

ਗੁਨਬੰਧੁ: ਵਿ- ਸ਼ੁਭ ਗੁਣਾਂ ਦਾ ਸੰਬੰਧੀ.

ਗੁਨਾਉ: ਸੰਗ੍ਯਾ- ਸਿਫਤ। ੨. ਪ੍ਰਕ੍ਰਿਤਿ. ਖ਼ਾਸਹ. "ਬ੍ਰਹਮਗਿਆਨੀ ਕਾ ਇਹੈ ਗੁਨਾਉ." (ਸੁਖਮਨੀ) ੩. ਲਾਭ. ਫ਼ਾਇਦਾ. "ਤੀਰਥ ਮਜਨ ਕਰਬੇ ਕੋ ਹੈ ਗੁਨਾਉ ਇਹ." (ਭਾਗੁ ਕ)

ਗੁਨਾਇਨ: ਵਿ- ਗੁਣ ਦਾ ਅਯਨ (ਘਰ). ਦੇਖੋ, ਗੁਣਾਯਨ. "ਦੇਂਉ ਮੈ ਉਪਾਇਨ ਗੁਨਾਇਨ ਸੁ ਹੋਇ ਜਬ." (ਨਾਪ੍ਰ)

ਗੁਨਾਹ: ਫ਼ਾ. گناہ ਸੰਗ੍ਯਾ- ਦੇਖੋ, ਗੁਨਹ.

ਗੁਨਾਕਰ: ਵਿ- ਗੁਣ- ਆਕਰ. ਗੁਣਾਂ ਦੀ ਖਾਨਿ. "ਕਹੈਂ ਗੁਨਾਕਰ ਬਾਨੀ ਸਾਚੀ." (ਨਾਪ੍ਰ)

ਗੁਨਾਢ: ਦੇਖੋ, ਗੁਣਾਢ੍ਯ. "ਗੁਨਾਢ ਕੀਏ ਇਕਤ੍ਰ." (ਗਜਾਨ)

ਗੁਨਿਤ: ਦੇਖੋ, ਗੁਣਿਤ। ੨. ਵਿਚਾਰਿਆ (ਸੋਚਿਆ) ਹੋਇਆ। ੩. ਲੈ ਤਾਰ ਨਾਲ ਜਿਸ ਦਾ ਵਿਭਾਗ ਕੀਤਾ ਗਿਆ ਹੈ. "ਅਨਿਕ ਗੁਨਿਤ ਧੁਨਿਤ ਲਲਿਤ." (ਭੈਰ ਪੜਤਾਲ ਮਃ ੫) ਦੇਖੋ, ਧੁਨਿਤ.

ਗੁਨੀ: ਦੇਖੋ, ਗੁਣੀ. "ਗੁਨੀ ਰਹੇ ਗੁਨ ਗਾਈ." (ਗਉ ਮਃ ੯)

ਗੁਨੀਆ: ਵਿ- ਗੁਣਵਾਨ. "ਸੁਨਹੁ ਰੇ ਗੁਨੀਆ." (ਗਉ ਕਬੀਰ) ਦੇਖੋ, ਗੁਣੀਆ.

ਗੁਨੀਐ: ਗੁਣਨ ਕਰੀਐ. ਹਿਸਾਬ ਕਰੀਏ।

੨. ਵਿਚਾਰੀਏ. "ਕਿਆ ਪੜੀਐ ਕਿਆ ਗੁਨੀਐ?"

(ਸੋਰ ਕਬੀਰ) ੩. ਗੁਣਾਂ ਦਾ. "ਅੰਤੁ ਨ ਪਾਈਐ ਗੁਨੀਐ." (ਰਾਮ ਛੰਤ ਮਃ ੫)

ਗੁਨੀਗਹੀਰ, ਗੁਨੀਗਹੀਰਾ, ਗੁਨੀਗਹੇਰਾ, ਗੁਨੀਗਹੇਰੋ, ਗੁਨੀਯਗਹੀਰਾ: ਵਿ- ਦੇਖੋ, ਗੁਣੀਗਹੀਰਾ. "ਸਾਹਿਬੁ ਗੁਨੀਗਹੇਰਾ." (ਸੋਰ ਮਃ ੫) "ਬੇਅੰਤ ਸੁਆਮੀ ਊਚੋ ਗੁਨੀਗਹੇਰੋ." (ਸੋਰ ਮਃ ੫) "ਨੀਚਕੁਲਾ ਜੋਲਾਹਰਾ ਭਇਓ ਗੁਨੀਯਗਹੀਰਾ." (ਆਸਾ ਧੰਨਾ)

ਗ਼ੁਨੂਦਗੀ: ਫ਼ਾ. غنُودگی ਸੰਗਯਾ- ਊਂਘ. ਨੀਂਦ. ਤੰਦ੍ਰਾ.

ਗ਼ੁਨੂਦਨ: ਫ਼ਾ. غنُودن ਕ੍ਰਿ- ਊਂਘਣਾ.

ਗੁੰਨ੍ਹਣਾ: ਕ੍ਰਿ- ਗੁੰਥਨ ਕਰਨਾ. ਮਸਲਣਾ. ਮਲਣਾ.

ਗੁਪ: ਸੰ ਗੁਧ੍ ਧਾ- ਰਕ੍ਸ਼ਾ (ਰਖ੍ਯਾ) ਕਰਨਾ, ਬਚਾਉਣਾ, ਲੁਕੋਣਾ, ਨਿੰਦਾ ਕਰਨਾ, ਪ੍ਰਕਾਸ਼ ਕਰਨਾ, ਵ੍ਯਾਕੁਲ ਹੋਣਾ, ਘਬਰਾਉਣਾ.

ਗੁਪਸਾ: ਦੇਖੋ, ਜੁਗੁਪਸਾ.

ਗੁਪਸਿ: ਗੁੰਫਸਿ. ਗੁੰਫਨ (ਗੁੰਦਣਾ) ਕਰਦਾ ਹੈ. "ਫੂਲ ਗੁਣ ਨਾਨਕ ਗੁਪਸਿ ਮਾਲ." (ਵਾਰ ਸੂਹੀ ਮਃ ੧) ਦੇਖੋ, ਗੁੰਫ.

ਗੁਪਤ: ਸੰ. ਗੁਪ੍ਤ ਵਿ- ਰਕ੍ਸ਼ਿਤ. ਹਿਫ਼ਾਜਤ ਕੀਤਾ ਹੋਇਆ। ੨. ਲੁਕਿਆ ਹੋਇਆ. ਪੋਸ਼ੀਦਾ. "ਗੁਪਤ ਕਰਤਾ ਸੰਗਿ ਸੋ ਪ੍ਰਭੁ." (ਮਾਰੂ ਮਃ ੫) ੩. ਸੰਗ੍ਯਾ- ਵੈਸ਼੍ਯ ਜਾਤਿ ਦੀ ਉਪਾਧਿ. ਇਹ ਸ਼ਬਦ ਵੈਸ਼ਾਂ ਦੇ ਨਾਉਂ ਪਿੱਛੇ ਲਗਦਾ ਹੈ। ੪. ਇੱਕ ਪ੍ਰਤਾਪੀ ਪੁਰਖ, ਜਿਸ ਤੋਂ ਵੰਸ਼ ਦੀ ਅੱਲ ਗੁਪਤ ਹੋਈ. ਇਸ ਦਾ ਪੁਤ੍ਰ ਘਟੋਤਕਚ ਬਲਵਾਨ ਅਤੇ ਵਡਾ ਉੱਦਮੀ ਸੀ. ਘਟੋਤਕਚ ਦਾ ਬੇਟਾ ਚੰਦ੍ਰਗੁਪਤ ਹੋਇਆ, ਜੋ ਆਪਣੀ ਇਸਤ੍ਰੀ ਕੁਮਾਰਦੇਵੀ ਦੀ ਸਹਾਇਤਾ ਨਾਲ ਸਨ ੩੨੦ ਵਿੱਚ ਮਗਧ ਦਾ ਰਾਜਾ ਹੋਕੇ ਨੀਤਿਬਲ ਨਾਲ ਭਾਰਤ ਦਾ ਮਹਾਰਾਜਾ ਬਣਿਆ. ਇਸ ਦੀ ਰਾਜਧਾਨੀ ਪਾਟਲੀਪੁਤ੍ਰ ਸੀ. ਇਸ ਦਾ ਪੁਤ੍ਰ ਸਮੁਦ੍ਰਗੁਪਤ ਭੀ ਵਡਾ ਪ੍ਰਸਿੱਧ ਮਹਾਰਾਜਾ ਸਨ ੩੩੦ ਵਿੱਚ ਹੋਇਆ, ਜਿਸ ਨੇ ਪਾਟਲੀਪੁਤ੍ਰ ਤੋਂ ਛੁੱਟ ਆਪਣੀ ਰਾਜਧਾਨੀ ਅਯੋਧ੍ਯਾ ਭੀ ਥਾਪੀ.

ਧ੍ਰੁਵਦੇਵੀ ਦੇ ਉਦਰ ਤੋਂ ਸਮੁਦ੍ਰਗੁਪਤ ਦਾ ਪੁਤ੍ਰ ਚੰਦ੍ਰਗੁਪਤ ਦੂਜਾ, (ਜਿਸ ਦਾ ਨਾਉਂ ਵਿਕ੍ਰਮਾਦਿਤ੍ਯ ਭੀ ਹੈ) ਮਹਾ ਤੇਜਸ੍ਵੀ ਮਹਾਰਾਜਾ ਸਨ ੩੮੦ ਵਿੱਚ ਹੋਇਆ, ਇਸ ਨੇ ਉੱਜਯਨ ਮਾਲਵਾ, ਗੁਜਰਾਤ ਤੇ ਸੁਰਾਸ਼੍ਟ੍ਰ ਨੂੰ ਫ਼ਤੇ ਕੀਤਾ. ਬਹੁਤ ਸਾਰੀ ਸਾਖੀਆਂ ਜੋ ਮਸ਼ਹੂਰ ਰਾਜਾ ਬਿਕ੍ਰਮਾਜੀਤ ਨਾਲ ਸੰਬੰਧ ਰਖਦੀਆਂ ਹਨ, ਉਹ ਇਸੇ ਪ੍ਰਤਾਪੀ ਰਾਜੇ ਦੇ ਜੀਵਨ ਤੋਂ ਲਈਆਂ ਗਈਆਂ ਹਨ. ਇਸ ਦੇ ਵੇਲੇ ਸੰਸਕ੍ਰਿਤ ਦੀ ਭਾਰੀ ਤਰੱਕੀ ਹੋਈ. ਬਹੁਤਿਆਂ ਨੇ ਕਾਲੀਦਾਸ ਮਹਾਂ ਕਵੀ ਇਸੇ ਦੇ ਸਮੇਂ ਹੋਣਾ ਮੰਨਿਆ ਹੈ. ਇਸ ਦਾ ਪੁਤ੍ਰ ਕੁਮਾਰਗੁਪਤ ਸਨ ੪੧੩ ਅਥਵਾ ੪੧੫ ਵਿੱਚ ਗੱਦੀ ਪੁਰ ਬੈਠਾ, ਪਰ ਇਸ ਦੇ ਸਮੇਂ ਤੋਂ ਗੁਪਤਵੰਸ਼ ਦਾ ਪ੍ਰਤਾਪ ਘਟਣ ਲੱਗ ਪਿਆ.

ਕੁਮਾਰਗੁਪਤ ਦਾ ਪੁਤ੍ਰ ਸਕੰਦਗੁਪਤ ਸਨ ੪੫੫ ਵਿੱਚ ਹੂਨ ਜਾਤਿ ਤੋਂ ਜਿੱਤਿਆ ਗਿਆ. ਇਸ ਨੂੰ ਗੁਪਤਵੰਸ਼ ਦਾ ਅਖ਼ੀਰੀ ਮਹਾਰਾਜਾ ਸਮਝਣਾ ਚਾਹੀਏ. ਭਾਵੇਂ ਇਸ ਕੁਲ ਦੇ, ਛੋਟੇ ਛੋਟੇ ਰਾਜੇ ਅਰ ਸਰਦਾਰ ਨਰਸਿੰਹਗੁਪਤ, ਕੁਮਾਰਗੁਪਤ ਦੂਜਾ ਆਦਿਕ ਹੋਏ, ਜਿਨ੍ਹਾਂ ਵਿੱਚੋਂ ਭਾਨੁਗੁਪਤ ਸਨ ੫੧੦ ਵਿੱਚ ਅਖ਼ੀਰੀ ਹੋਇਆ, ਪਰ ਇਸ ਗੁਪਤਵੰਸ਼ ਦਾ ਰਾਜ ਪੂਰੇ ਪ੍ਰਤਾਪ ਵਿੱਚ ਸਨ ੩੨੦ ਤੋਂ ੪੫੫ ਤੀਕ ਰਿਹਾ.

ਗੁਪਤ ਸੰਮਤ ਜੋ ਸਨ ੩੨੦ ਤੋਂ ਆਰੰਭ ਹੋਇਆ ਸੀ, ਉਹ ਭੀ ਇਸ ਕੁਲ ਦੇ ਰਾਜ ਨਾਲ ਹੀ ਲੋਪ ਹੋ ਗਿਆ। ੫. ਰਾਜਾ ਦਾ ਅੰਤਹਪੁਰ. ਰਾਣੀਆਂ ਦੇ ਰਹਿਣ ਦਾ ਮਹਿਲ। ੬. ਜੇਲਖ਼ਾਨਾ. ਕੈਦੀਆਂ ਦਾ ਘਰ। ੭. ਭੂਤ ਪ੍ਰੇਤ. "ਸੰਗਤ ਗੁਪਤਨ ਕੀ ਹੈ ਜੇਤੀ। ਲਾਲੋ ਕੇ ਪਗ ਪੂਜਹਿ ਤੇਤੀ." (ਗੁਪ੍ਰਸੂ)

**ਗੁਪਤਸਰ:** ਜਿਲਾ ਫ਼ਿਰੋਜ਼ਪੁਰ, ਤਸੀਲ ਮੁਕਤਸਰ, ਥਾਣਾ ਕੋਟਭਾਈ ਦਾ ਇੱਕ ਪਿੰਡ ਛੱਤੇਆਣਾ, ਉਸ ਤੋਂ ਅਗਨਿ ਕੋਣ ਇੱਕ ਮੀਲ ਪੁਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਜਦੋਂ ਗੁਰੂ ਜੀ ਇਥੇ ਆਏ, ਤਾਂ ਨੌਕਰਾਂ ਨੇ ਤਨਖ਼੍ਵਾਹ ਮੰਗੀ. ਗੁਰੂ ਸਾਹਿਬ ਨੇ ਘੋੜਾ ਠਹਿਰਾ ਲਿਆ, ਉਸ ਵੇਲੇ ਇੱਕ ਸਿੱਖ ਨੇ ਅਚਾਨਕ ਰੁਪਏ ਅਤੇ ਅਸ਼ਰਫ਼ੀਆਂ ਦੀ ਲੱਦੀ ਹੋਈ ਖੱਚਰ ਗੁਰੂ ਜੀ ਅੱਗੇ ਲਿਆ ਢਾਲੀ. ਸਤਿਗੁਰੂ ਜੀ ਨੇ ਅੱਠ ਆਨੇ ਸਵਾਰ, ਚਾਰ ਆਨੇ ਪੈਦਲ ਨੂੰ ਰੋਜ਼ ਦੇ ਹਿਸਾਬ ਗਿਣਕੇ ਤਲਬ ਵਰਤਾ ਦਿੱਤੀ. ਪੰਜ ਸੌ ਸਵਾਰ ਅਤੇ ਨੌ ਸੌ ਪਿਆਦਾ ਸੀ. ਇਨ੍ਹਾਂ ਦੇ ਜਥੇਦਾਰ ਭਾਈ ਦਾਨ ਸਿੰਘ ਨੂੰ ਗੁਰੂ ਜੀ ਨੇ ਕਿਹਾ ਕਿ ਤੂੰ ਭੀ ਤਨਖ਼੍ਵਾਹ ਲੈ ਲੈ. ਉਸ ਨੇ ਹੱਥ ਜੋੜਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ! ਸਿੱਖੀ ਬਖ਼ਸ਼ੋ. ਹੋਰ ਸਭ ਪਦਾਰਥ ਮੇਰੇ ਘਰ ਮੌਜੂਦ ਹਨ, ਉਸ ਦਾ ਪ੍ਰੇਮ ਜਾਣਕੇ ਗੁਰੂ ਜੀ ਨੇ ਫ਼ਰਮਾਇਆ ਕਿ ਭਾਈ ਮਹਾਂ ਸਿੰਘ ਨੇ ਮਾਝੇ ਦੀ, ਅਤੇ ਤੈਂ ਮਾਲਵੇ ਦੀ ਸਿੱਖੀ ਰੱਖ ਲਈ ਹੈ.

ਜੋ ਮਾਯਾ ਤਨਖ਼੍ਵਾਹ ਦੇ ਕੇ ਬਚੀ, ਉਹ ਗੁਰੂ ਜੀ ਨੇ ਉੱਥੇ ਹੀ ਦੱਬ ਦਿੱਤੀ. ਗੁਰਾਂ ਦੇ ਚਲੇ ਜਾਣ ਪਿੱਛੋਂ ਬੈਰਾੜ ਚੋਰੀਂ ਕੱਢਣ ਲੱਗੇ ਤਾਂ ਨਾ ਲੱਭੀ, ਤਦੇ ਨਾਉਂ 'ਗੁਪਤਸਰ' ਹੋਇਆ.

ਮੰਦਰ ਪੁਰਾਣਾ ਬਣਿਆ ਹੋਇਆ ਹੈ, ਨਿਹੰਗ ਸਿੰਘ ਸੇਵਾਦਾਰ ਹੈ.

ਗੁਰਦ੍ਵਾਰੇ ਨਾਲ ੧੯. ਘੁਮਾਉਂ ਜ਼ਮੀਨ ਪਿੰਡ ਸਾਹਿਬਚੰਦ ਅਤੇ ਛੱਤੇਆਣੇ ਵੱਲੋਂ ਹੈ। ਰੇਲਵੇ ਸਟੇਸ਼ਨ ਗਿੱਦੜਬਾਹਾ ਤੋਂ ਉੱਤਰ ਵੱਲ ੯. ਮੀਲ ਕੱਚਾ ਰਸਤਾ ਹੈ. ਦੇਖੋ, ਬਹਮੀਸ਼ਾਹ.

**ਗੁਪਤ ਸੰਮਤ:** ਦੇਖੋ, ਗੁਪਤ ੪.

**ਗੁਪਤਦਾਨ:** ਸੰਗਯਾ- ਉਹ ਦਾਨ, ਜਿਸ ਦਾ ਪਤਾ, ਦੇਣ ਵਾਲੇ ਤੋਂ ਛੁੱਟ ਦੂਜੇ ਨੂੰ ਨਾ ਹੋਵੇ.

**ਗੁਪਤਵੰਸ਼:** ਦੇਖੋ, ਗੁਪਤ ੪.

**ਗੁਪਤਾ:** ਸੰ. ਗੁਪ੍ਤਾ ਸੰਗਯਾ- ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਆਪਣੇ ਕੁਕਰਮ ਨੂੰ ਲੁਕਾਉਂਦੀ ਹੈ. ਇਸ ਦੇ ਤਿੰਨ ਭੇਦ ਹਨ- ਭੂਤ ਗੁਪਤਾ, ਜੋ ਪਿੱਛੇ ਕੀਤੇ ਕਰਮ ਨੂੰ ਲੁਕੋਵੇ ਵਰਤਮਾਨ ਗੁਪਤਾ, ਜੋ ਜ਼ਮਾਨੇ ਹਾਲ ਦੇ ਕਰਮ ਨੂੰ ਲੁਕੋਵੇਂ, ਭਵਿਸ਼੍ਯਤ ਗੁਪਤਾ, ਜੋ ਆਉਣ ਵਾਲੇ ਸਮੇਂ ਵਿੱਚ ਕਰਨ ਵਾਲੀ ਕਰਤੂਤ ਨੂੰ ਪੇਸ਼ਬੰਦੀ ਨਾਲ ਲੁਕੋਣ ਦਾ ਯਤਨ ਕਰੇ।

੨. ਵਿ- ਪੋਸ਼ੀਦਾ. ਗੁਪਤ. "ਗੁਪਤਾਹੀਰਾ ਪ੍ਰਗਟ ਭਇਓ." (ਆਸਾ ਕਬੀਰ) ੩. ਖ਼ਾ. ਗੁੰਗਾ.

**ਗੁਪਤਾਹੀਰਾ:** ਆਤਮਾ. ਦੇਖੋ, ਗੁਪਤਾ ੨.

**ਗੁਪਤਾਰਘਾਟ:** ਗੁਪ੍ਰਘਾਟ. ਅਯੋਧ੍ਯਾ ਪਾਸ ਸਰਯੂ ਨਦੀ ਦਾ ਉਹ ਘਾਟ, ਜਿੱਥੇ ਰਾਮਚੰਦ੍ਰ ਜੀ ਨਦੀ ਵਿੱਚ ਪ੍ਰਵੇਸ਼ ਕਰਕੇ ਵੈਕੁੰਠ ਗਏ.

**ਗੁਪਤਿ, ਗੁਪਤੀ:** ਸੰ. ਗੁਪ੍ਤਿ ਸੰਗਯਾ- ਰਖ੍ਯਾ. ਹਿਫਾਜ਼ਤ। ੨. ਲੁਕੋਣ ਦੀ ਕ੍ਰਿਯਾ। ੩. ਗੁਫਾ. ਕੰਦਰਾ। ੪. ਉਹ ਤਲਵਾਰ, ਜੋ ਸੋਟੀ ਆਦਿਕ ਵਿੱਚ ਲੁਕੀ ਹੋਈ ਹੋਵੇ। ੫. ਵਿ- ਪੋਸ਼ੀਦਾ. ਗੁਪਤ. "ਗੁਪਤੀ ਬਾਣੀ ਪਰਗਟ ਹੋਇ." (ਸਿਧਗੋਸਟਿ) ੬. ਕ੍ਰਿ. ਵਿ- ਗੁਪਤ ਰੀਤਿ ਸੇ. ਪੋਸ਼ੀਦਾ ਤੌਰ ਪੁਰ. "ਗੁਪਤੀ ਖਾਵਹਿ ਵਟਿਕਾ ਸਾਰੀ." (ਗੌਂਡ ਕਬੀਰ)

**ਗੁਪਤੋਤ੍ਪ੍ਰੇਕ੍ਸ਼ਾ:** ਦੇਖੋ, ਉਤਪ੍ਰੇਕ੍ਸ਼ਾ (ਅ).

**ਗੁਪਲਾਕ, ਗੁਪਲੀਆ:** ਵਿ- ਗੋਪਾਲਕ. ਗਊ ਚਾਰਨ ਵਾਲਾ। ੨. ਸੰਗਯਾ- ਜਗਤਨਾਥ ਕਰਤਾਰ, ਜੋ ਸਾਰੀ ਗੋ (ਪ੍ਰਿਥਿਵੀ) ਦੀ ਪਾਲਨਾ ਕਰਦਾ ਹੈ. "ਘਟਿ ਘਟਿ ਰਾਮ ਰਵਿਓ ਗੁਪਲਾਕ." (ਕਾਨ ਮਃ ੪) ੨. ਕ੍ਰਿਸ਼ਨਦੇਵ.

**ਗੁਪਾਲ:** ਵਿ- ਗੋਪਾਲਕ. ਗਵਾਲਾ। ਸੰਗਯਾ- ਕ੍ਰਿਸ਼ਨ ਜੀ। ੩. ਜਗਤਨਾਥ ਵਾਹਿਗੁਰੂ ਦੇਖੋ, ਗੋ। ੪. ਗੁਲੇਰ ਦਾ ਰਾਜਾ, ਜੋ ਭੀਮਚੰਦ ਕਹਲੂਰੀਏ ਨਾਲ ਮਿਲਕੇ ਦਸ਼ਮੇਸ਼ ਨਾਲ ਆਨੰਦਪੁਰ ਦੇ ਜੰਗ ਵਿੱਚ ਲੜਿਆ. ਦੇਖੋ, ਵਿਚਿਤ੍ਰਨਾਟਕ। ੫. ਦੇਖੋ,

ਚੌਪਈ ਦਾ ਰੂਪ ੨.

ਗੁਪਾਲਾ: ਸ੍ਰੀ ਗੁਰੂ ਅਰਜਨ ਦੇਵ ਦਾ ਇੱਕ ਸਿੱਖ, ਜੋ ਵਿਦ੍ਵਾਨ ਅਤੇ ਵਿਚਾਰਵਾਨ ਸੀ. ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਭੀ ਬਹੁਤ ਸੇਵਾ ਕੀਤੀ ਅਤੇ ਅਮ੍ਰਿਤਸਰ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ. ਇੱਕ ਵਾਰ ਸ੍ਰੀ ਹਰਿਗੋਬਿੰਦਪੁਰ ਦੇ ਮਕਾਮ ਛੀਵੇਂ ਸਤਿਗੁਰੂ ਨੇ ਇਸ ਤੋਂ ਜਪੁ ਸਾਹਿਬ ਦਾ ਸ਼ੁੱਧ ਪਾਠ ਸੁਣਕੇ ਕ਼ੀਮਤੀ ਘੋੜਾ ਅਤੇ ਖਿਲਤ ਬਖ਼ਸ਼ਿਆ ਸੀ ਅਤੇ ਫ਼ਰਮਾਇਆ ਸੀ ਕਿ ਜੇ ਕਿਤੇ ਨਿਸ਼ਕਾਮ ਹੋ ਕੇ ਸਾਰਾ ਪਾਠ ਸਮਾਪਤ ਕਰਦਾ, ਤਦ ਗੁਰੁਤਾ ਪ੍ਰਾਪਤ ਕਰ ਲੈਣੀ ਸੀ। ੨. ਗੁਪਾਲ ਦਾ ਸੰਬੋਧਨ. ਹੇ ਗੋਪਾਲ ! "ਤੁਮਰੀ ਓਟ ਗੁਪਾਲਾ ਜੀਉ." (ਮਾਝ ਮਃ ੫)

ਗੁਪੀਆ: ਸੰਗਯਾ- ਗੋਪੀ. ਗਵਾਲਨ. ਗੋਪ ਦੀ ਇਸਤ੍ਰੀ। ੨. ਦੇਖੋ, ਗੋਪੀਆ.

ਗੁੰਫ: ਸੰ. ਗੁम्फ़् ਧਾ- ਗੁੰਦਣਾ. ਰਚਣਾ। ੨. ਸੰਗਯਾ- ਗੁੱਛਾ। ੩. ਗੁੰਦਣ ਪਰੋਣ ਦੀ ਕ੍ਰਿਯਾ। ੪. ਕਾਵ੍ਯ- ਰਚਨਾ. "ਗਾਥਾ ਗੁੰਫ ਗੋਪਾਲ ਕਥੰ." (ਗਾਥਾ)

ਗੁਫ਼ਤ: ਫ਼ਾ. گفت ਵਿ- ਆਖਿਆ.

ਗੁੰਫਤ: ਦੇਖੋ, ਗੁੰਫਿਤ.

ਗੁਫ਼ਤਗੂ, ਗੁਫਤਗੋ: ਫ਼ਾ. گفتگو ਸੰਗਯਾ- ਵਾਰਤਾਲਾਪ. ਬਾਤਚੀਤ. ਗੱਲਬਾਤ.

ਗੁਫ਼ਤਨ: ਫ਼ਾ. گفتن ਕ੍ਰਿ- ਕਹਿਣਾ. ਕਥਨ. ਬਿਆਨ ਕਰਨਾ.

ਗੁਫ਼ਤਮ: ਫ਼ਾ. گفتم ਮੈਂ ਆਖਿਆ. ਮੈਂ ਕਥਨ ਕੀਤਾ। ੨. ਮੈ ਆਖਦਾ ਹਾਂ. "ਯਕ ਅਰਜ ਗੁਫਤਮ ਪੇਸਿ ਤੋ." (ਤਿਲੰ ਮਃ ੧)

ਗੁਫ਼ਤਾਰ: ਫ਼ਾ. گفتار ਸੰਗਯਾ- ਕਥਨ ਕਰਨ ਦੀ ਕ੍ਰਿਯਾ. ਬਿਆਨ.

ਗੁਫਨ: ਸੰਗਯਾ- ਗੋਪੀਆ. ਦੇਖੋ, ਗੋਫਨ. "ਮੁਦਗਰ ਗੁਫਨ ਗੁਰਜ ਗੋਲਾਲੇ." (ਪਾਰਸਾਵ)

ਗੁੰਫਨ: ਸੰ. गुम्फन ਸੰਗਯਾ- ਗੁੰਦਣਾ. ਪਰੋਣਾ. "ਹਰਿਗੁਣ ਗੁੰਫਹੁ ਮਨਿਮਾਲ." (ਵਾਰ ਗਉ ੨. ਮਃ ੫) ਮਨਿਮਾਲ ਵਿੱਚ ਸ਼ਲੇਸ਼ ਹੈ, ਮਨ ਵਿੱਚ ਮਾਲਾ ਅਤੇ ਮਣੀਆਂ ਦੀ ਮਾਲਾ.

ਗੁਫਾ: ਸੰ. ਗੁਹਾ. ਸੰਗਯਾ- ਕੰਦਰਾ। ੨. ਭੌਰਾ. ਤਹਖ਼ਾਨਾ "ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸ." (ਮਾਰੂ ਕਬੀਰ) ੩. ਭਾਵ- ਅੰਤਹਕਰਣ. "ਇਸ ਗੁਫਾ ਮਹਿ ਅਖੁਟ ਭੰਡਾਰਾ." (ਮਾਝ ਅਃ ਮਃ ੩) ੪. ਦੇਹ. ਸ਼ਰੀਰ. "ਹਰਿ ਜੀਉ ਗੁਫਾ ਅੰਦਰਿ ਰਖਿਕੈ ਵਾਜਾ ਪਵਣੁ ਵਜਾਇਆ." (ਅਨੰਦੁ)

ਗੁੰਫਾ: ਸੰਗਯਾ- ਗੁੱਛਾ. ਦੇਖੋ, ਗੁੰਫ. "ਸੇਜਬੰਦ ਗੁੰਫੇ ਬਡ ਜਰੀ." (ਗੁਪ੍ਰਸੂ) ੨. ਕਾਰਣਮਾਲਾ ਅਲੰਕਾਰ ਦੀ ਭੀ ਗੁੰਫਾ ਸੰਗਯਾ ਹੈ. ਦੇਖੋ, ਕਾਰਣਮਾਲਾ.

ਗੁੰਫਿਆ, ਗੁੰਫਿਤ: ਵਿ- ਗੁੰਦਿਆ ਹੋਇਆ। ੨. ਉਲਝਿਆ. ਫਸਿਆ. "ਪੰਕਜ ਫਾਥੇ ਪੰਕ ਮਹਾਂ ਮਦ ਗੁੰਫਿਆ." (ਫੁਨਹੇ ਮਃ ੫)

ਗੁੰਬਜ, ਗੁੰਬਦ: ਫ਼ਾ. گنبد ਸੰਗਯਾ- ਬੁਰਜ। ੨. ਮੇਹਰਾਬ। ੩. ਸ਼ਗੂਫ਼ਾ। ੪. ਪਿਆਲਾ। ੫. ਆਸਮਾਨ.

ਗੁੰਬਦੇ ਕਬੂਦ: ਫ਼ਾ. گنبدِکبوٗد ਸੰਗਯਾ- ਨੀਲਾ ਗੁੰਬਦ. ਭਾਵ- ਆਸਮਾਨ.

ਗੁਬਾਰ, ਗੁਬਾਰੁ: ਅ਼. غُبار ਗ਼ੁਬਾਰ. ਸੰਗਯਾ- ਗਰਦ। ਅੰਧੇਰੀ ਦਾ ਛਾਇਆ ਹੋਇਆ ਘੱਟਾ. "ਭਰਮ ਗੁਬਾਰ ਮੋਹ ਬੰਧ ਪਰੇ." (ਬਿਲਾ ਮਃ ੫) "ਗੁਰੁ ਤੇ ਮਾਰਗ ਪਾਈਐ ਚੂਕੈ ਮੋਹ ਗੁਬਾਰੁ." (ਸ੍ਰੀ ਮਃ ੩) ੩. ਅੰਧਕਾਰ. ਅਨ੍ਹੇਰਾ (ਹਨ੍ਹੇਰਾ).

ਗੁਬਾਰਾ: ਦੇਖੋ, ਗੁਬਾਰ। ੨. ਅੰਧਕਾਰ. "ਬਾਝੁ ਗੁਰੂ ਗੁਬਾਰਾ." (ਸੋਰ ਮਃ ੩) ੨. ਚੌੜੇ ਮੂੰਹ ਵਾਲੀ ਅਤੇ ਲੰਬਾਈ ਵਿੱਚ ਬਹੁਤ ਛੋਟੀ ਤੋਪ. ਗੁਬਾਰਾ ਫਟਵੇਂ ਗੋਲੇ ਫੈਂਕਣ ਵਾਸਤੇ ਵਰਤਿਆ ਜਾਂਦਾ ਹੈ। ੪. ਨੇਤ੍ਰਾਂ ਨੂੰ ਗਰਦ ਤੋਂ ਬਚਾਉਣ ਵਾਲਾ ਚਸ਼ਮਾ। ੫. ਆਕਾਸ਼ ਵਿੱਚ ਉਡਣ ਵਾਲਾ ਥੈਲਾ. ਬੈਲੂਨ। ੬. ਵਿ- ਗੁਬਾਰ (ਅਗਜਾਨ) ਵਾਲਾ. ਅਗਜਾਨੀ. "ਮਨਮੁਖ ਮੁਗਧ ਗੁਬਾਰਾ." (ਸੋਰ ਮਃ ੩)

ਗੁਬਾਰਿ: ਅੰਧੇਰੇ ਵਿੱਚ. "ਫਿਰਤਉ ਗਰਬ ਗੁਬਾਰਿ." (ਫੁਨਹੇ ਮਃ ੫) ੨. ਗਰਦ (ਘੱਟੇ) ਨਾਲ.

ਗੁਬਾਰੀ: ਸੰਗਯਾ- ਅੰਧੇਰੀ. ਅੰਨ੍ਹੇਰੀ (ਹਨੇਰੀ). ੨. ਅੰਧਕਾਰ ਦਸ਼ਾ। ੩. ਵਿ- ਅਗਜਾਨੀ. "ਜਿਨਿ ਕੀਏ ਤਿਸੈ ਨ ਜਾਣਨੀ ਮਨਮੁਖ ਗੁਬਾਰੀ." (ਵਾਰ ਸੂਹੀ ਮਃ ੩)

ਗੁਬਾਰੁ: ਦੇਖੋ, ਗੁਬਾਰ.

ਗੁਬਿੰਦ: ਦੇਖੋ, ਗੋਵਿੰਦ. "ਸਤਿਗੁਰੁ ਗੁਬਿੰਦ ਜੀਉ." (ਸਵੈਯੇ ਮਃ ੪. ਕੇ)

ਗੁਬਿੰਦੀ: ਸੰਗਯਾ- ਲਕ੍ਸ਼ਮੀ, ਜੋ ਗੋਵਿੰਦ (ਵਿਸ਼ਨੁ) ਦੀ ਸ਼ਕਤਿ ਹੈ. "ਨਮੋ ਚੰਦ੍ਰਵੀ ਭਾਨੁਵੀਯੰ ਗੁਬਿੰਦੀ." (ਚੰਡੀ ੨) ੨. ਵਿ- ਗੋਵਿੰਦ (ਕਰਤਾਰ) ਨਾਲ ਹੈ ਜਿਸ ਦਾ ਸੰਬੰਧ.

ਗੁਮ: ਫ਼ਾ. گم ਵਿ- ਗੁਪਤ. ਲੁਕਿਆ ਹੋਇਆ। ੨. ਅਪ੍ਰਸਿੱਧ, ਜੋ ਜਾਹਿਰ ਨਹੀਂ। ੩. ਖੋਇਆ ਹੋਇਆ. ਗਵਾਚਿਆ.

ਗੁਮਟਾਲਾ: ਅੰਮ੍ਰਿਤਸਰ ਪਾਸ ਇੱਕ ਪਿੰਡ, ਜਿੱਥੇ ਬਾਦਸ਼ਾਹ ਸ਼ਾਹਜਹਾਂ ਦਾ ਚਿੱਟਾ ਬਾਜ਼ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰਸ਼ਿਕਾਰ ਨੇ ਅਢਾਣਪੁਣੇ ਫੜ ਲਿਆ ਸੀ.

ਗੁਮਟੀ, ਗੁੰਮਟੀ: ਸੰਗਯਾ- ਮਕਾਨ ਦੀ ਉੱਪਰਲੀ ਅਟਾਰੀ. ਮੰਮਟੀ ਅਥਵਾ ਮੁਮਟੀ। ੨. ਰਿਆਸਤ ਨਾਭੇ ਵਿੱਚ ਇੱਕ ਪਿੰਡ, ਜਿੱਥੇ ਫੂਲਵੰਸ਼ੀ ਲੌਂਢਘਰੀਏ ਸਰਦਾਰ ਰਹਿੰਦੇ ਹਨ. ਦੇਖੋ, ਫੂਲਵੰਸ਼। ੩. ਦੇਖੋ, ਜੰਡਸਾਹਿਬ। ੪. ਇੱਕ ਕਿਸਮ ਦਾ ਕਪੜਾ, ਜੋ ਮੋਟੀ ਬੁਣਤੀ ਦਾ ਸਾਦਾ ਅਤੇ ਧਾਰੀਦਾਰ ਹੁੰਦਾ ਹੈ.

ਗੁਮਰ: ਦਿਲ ਦਾ ਸਾੜ. ਬਦਲਾ ਲੈਣ ਦੀ ਚਾਹ। ੨. ਅ਼. غمر ਗ਼ੁਮਾਰ. ਸੰਗਯਾ- ਸਮੁਦਾਇ. ਭਾਰੀ ਗਰੋਹ। ੩. ਘੁੰਮਣਘੇਰੀ. ਜਲ ਦਾ ਭੌਰੀ.

ਗੁਮਰਾਹ: ਫ਼ਾ. گمراہ ਰਾਹ ਭੁੱਲਿਆ ਹੋਇਆ. ਜਿਸ ਨੇ ਰਸਤਾ ਖੋ ਦਿੱਤਾ ਹੈ। ੨. ਪਰਮਾਰਥੋਂ ਘੁੱਥਾ.

ਗੁਮਾਇ: ਦਖੋ, ਗੋਮਾਯੁ.

ਗੁਮਾਸ਼ਤਾ: ਫ਼ਾ. گماشتہ ਵਿ- ਮੁਕ਼ਰਰ ਕੀਤਾ. ਕਿਸੇ ਕੰਮ ਵਿੱਚ ਲਾਇਆ ਹੋਇਆ। ਸੰਗਯਾ- ਸ਼ਾਹੂਕਾਰ ਦਾ ਏਜੰਟ (agent). ੩. ਵਪਾਰੀ ਦਾ ਮੁਨਸ਼ੀ.

ਗੁਮਾਣ, ਗੁਮਾਨ: ਫ਼ਾ. گمان ਖ਼ਿਆਲ. ਸੰਕਲਪ. "ਹਉਮੈ ਜਾਇ ਗੁਮਾਨ." (ਵਾਰ ਗੂਜ ੨. ਮਃ ੩) ੨. ਸ਼ੱਕ. ਭਰਮ। ੩. ਭਾਵ- ਹੰਕਾਰ ਦਾ ਖ਼ਿਆਲ. ਮੈਂ ਦਾਨੀ ਹਾਂ, ਮੈਂ ਤਪੀਆ ਹਾਂ, ਇਹ ਹੌਮੈ ਦਾ ਸੰਕਲਪ. "ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ." (ਸਃ ਮਃ ੯)

ਗੁਮਾਨੀ: ਵਿ- ਅਭਿਮਾਨੀ. "ਫਿਰਹਿ ਗੁਮਾਨੀ ਜਗ ਮਹਿ." (ਵਾਰ ਮਾਰੂ ੨. ਮਃ ੫) "ਮਰਤੇ ਫੂਟਿ ਗੁਮਾਨੀ." (ਰਾਮ ਕਬੀਰ) ੨. ਸੰਗਯਾ- ਅਹੰਤਾ. ਹੌਮੈਭਾਵ. "ਤਿਆਗਹੁ ਮਨਹੁ ਗੁਮਾਨੀ." (ਗਉ ਮਃ ੫)

ਗੁਮਾਨੁ: ਦੇਖੋ, ਗੁਮਾਨ.

ਗੁਰ: ਸੰਗਯਾ- ਗੁੜ. ਸਿਆਹਕੰਦ. "ਜੈਸੇ ਭਾਂਤ ਮਾਖਿਕਾ ਗੁਰ ਸੋਂ." (ਚਰਿਤ੍ਰ ੧੦੯) ੨. ਸੰ. ਗੁਰ ਧਾ- ਯਤਨ ਕਰਨਾ, ਉੱਦਮ

ਕਰਨਾ, ਮਾਰਨਾ, ਨੁਕ਼ਸਾਨ ਕਰਨਾ, ਉਭਾਰਨਾ, ਉੱਚਾ ਕਰਨਾ। ੩. ਸੰ. ਗੁਰੂ ਗੁਰੂ. ਸੰਗ੍ਯਾ- ਇਹ ਸ਼ਬਦ ਗ੍ਰੀ (ਗ੍ਰਿ) ਧਾਤੁ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, ਜੋ ਅਗ੍ਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗ੍ਯਾਨ ਸਮਝਾਉਂਦਾ ਹੈ, ਉਹ ਗੁਰੂ ਹੈ. ਗੁਰਬਾਣੀ ਵਿੱਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇੱਕ ਹੀ ਅਰਥ ਵਿੱਚ ਆਏ ਹਨ, ਯਥਾ- "ਗੁਰੁ ਅਪਨੇ ਬਲਿਹਾਰੀ." (ਸੋਰ ਮः ੫) "ਸੁਖਸਾਗਰੁ ਗੁਰੁ ਪਾਇਆ." (ਸੋਰ ਮः ੫) "ਅਪਨਾ ਗੁਰੂ ਧਿਆਏ." (ਸੋਰ ਮः ੫) ੪. ਧਰਮਉਪਦੇਸ਼੍ਟਾ. ਧਾਰਮਿਕ ਸਿਖ੍ਯਾ ਦੇਣ ਵਾਲਾ ਆਚਾਰਯ। ੫. ਮਤ ਦਾ ਆਚਾਰਯ. ਕਿਸੇ ਮਤ ਦੇ ਚਲਾਉਣ ਵਾਲਾ. "ਛਿਅ ਘਰ ਛਿਅ ਗੁਰ ਛਿਅ ਉਪਦੇਸ." (ਸੋਹਿਲਾ) ਦੇਖੋ, ਛਿਅ ਉਪਦੇਸ। ੬. ਪਤਿ. ਭਰਤਾ. "ਸੋਭਾਵੰਤੀ ਸੋਹਾਗਣੀ ਜਿਨਿ ਗੁਰ ਕਾ ਹੇਤ ਅਪਾਰੁ." (ਸ੍ਰੀ ਮः ੩) ੭. ਵ੍ਰਿਹਸਪਤਿ. ਦੇਵਗੁਰੁ. "ਕਹੁ ਗੁਰ ਗਜ ਸਿਵ ਸਭਕੋ ਜਾਨੈ." (ਗਉ ਕਬੀਰ) ੮. ਅੰਤਹਕਰਣ. ਮਨ. "ਕੁੰਭੇ ਬਧਾ ਜਲੁ ਰਹੈ, ਜਲੁ ਬਿਨੁ ਕੁੰਭ ਨ ਹੋਇ। ਗਿਆਨ ਕਾ ਬਧਾ ਮਨੁ ਰਹੈ, ਗੁਰ (ਮਨ) ਬਿਨੁ ਗਿਆਨ ਨ ਹੋਇ." (ਵਾਰ ਆਸਾ) ੯. ਵਿ- ਪੂਜ੍ਯ. "ਨਾਨਕ ਗੁਰ ਤੇ ਗੁਰ ਹੋਇਆ." (ਗੂਜ ਮः ੩) ੧੦. ਵਡਾ. ਪ੍ਰਧਾਨ. "ਕਉਨ ਨਾਮ ਗੁਰ ਜਾਕੈ ਸਿਮਰੈ ਭਵਸਾਗਰ ਕਉ ਤਰਈ?" (ਸੋਰ ਮः ੯) ੧੧. ਦੇਖੋ, ਗੁਰੁ.

ਗੁਰਉਪਦੇਸ: ਸੰਗ੍ਯਾ- ਗੁਰੂਪਦੇਸ਼. ਗੁਰਸਿਖ੍ਯਾ. ਗੁਰੂ ਦਾ ਉਪਦੇਸ਼. "ਗੁਰੂ ਸਿਖ ਸਿਖ ਗੁਰੂ ਹੈ ਏਕੋ, ਗੁਰਉਪਦੇਸ ਚਲਾਏ." (ਆਸਾ ਛੰਤ ਮः ੪) "ਗੁਰ ਉਪਦੇਸ ਕਰਿ ਹਾਰ ਉਰਿ ਧਾਰੀਐ." (ਭਾਗੁ ਕ)

ਗੁਰਉਪਦੇਸਿ: ਗੁਰੂ ਦੇ ਉਪਦੇਸ ਨਾਲ. ਗੁਰੂ ਦੀ ਸਿਖ੍ਯਾ ਦ੍ਵਾਰਾ. "ਗੁਰਉਪਦੇਸਿ ਜਪੀਐ ਮਨਿ ਸਾਚਾ." (ਮਾਰੂ ਸੋਲਹੇ ਮः ੫)

ਗੁਰਉਪਦੇਸੁ: ਗੁਰੂਪਦੇਸ਼. ਸਤਿਗੁਰੂ ਦਾ ਉਪਦੇਸ਼. ਗੁਰੁਸ਼ਿਕ੍ਸ਼ਾ. "ਗੁਰਉਪਦੇਸੁ ਸੁਨਿਓ ਨਹਿ ਕਾਨਨ." (ਸਾਰ ਮः ੯)

ਗੁਰਅੰਸ: ਇਹ ਸ਼ਬਦ ਗੁਰੁਵੰਸ਼ ਲਈ ਵਰਤਿਆ ਜਾਂਦਾ ਹੈ. ਦੇਖੋ, ਗੁਰੁਵੰਸ.

ਗੁਰਏ: ਸੰ. ਗੁਰਵੇ. ਚਤੁਰਥੀ ਵਿਭਕ੍ਤਿ. ਗੁਰੂ ਤਾਈਂ. ਗੁਰੂ ਨੂੰ. "ਆਦਿ ਗੁਰਏ ਨਮਹ." ਸੁਖਮਨੀ)

ਗੁਰਸਤਿਗੁਰ: ਵਿ- ਸ਼ਿਰੋਮਣਿ ਸਦਗੁਰੁ. ਸਭ ਤੋਂ ਵਡਾ ਧਰਮ ਦਾ ਆਚਾਰਯ। ੨. ਸੰਗ੍ਯਾ- ਗੁਰੂ ਨਾਨਕ ਦੇਵ. "ਗੁਰੁ ਸਤਿਗੁਰ ਕਾ ਜੋ ਸਿਖ ਅਖਾਏ." (ਵਾਰ ਗਉ ੧. ਮः ੪)

ਗੁਰਸਨਹ: ਫ਼ਾ. گرسنہ ਵਿ- ਭੁੱਖਾ. ਕ੍ਸ਼ੁਧਾਤੁਰ.

ਗੁਰਸਨਗੀ: ਫ਼ਾ. گرسنگی ਸੰਗ੍ਯਾ- ਭੁੱਖ. ਕ੍ਸ਼ੁਧਾ.

ਗੁਰਸਬਦ[੨੬]: ਸਤਿਗੁਰੂ ਦਾ ਉਪਦੇਸ਼. ਗੁਰੂ ਸਾਹਿਬ ਦਾ ਵਾਕ.

ਗੁਰਸਬਦੀ: ਗੁਰੂ ਦੇ ਉਪਦੇਸ਼ ਨਾਲ. "ਗੁਰਸਬਦੀ ਸਾਲਾਹੀਐ." (ਸ੍ਰੀ ਮः ੧)

ਗੁਰਸਬਦੁ: ਸਤਿਗੁਰੂ ਦਾ ਉਪਦੇਸ਼. ਗੁਰੂ ਦਾ ਵਾਕ੍ਯ. "ਗੁਰਸਬਦੁ ਕਮਾਇਆ." (ਆਸਾ ਛੰਤ ਮः ੪)

ਗੁਰਸਭਾ: ਸੰਗ੍ਯਾ- ਸਿੱਖਸਭਾ. ਸਤਿਗੁਰੂ ਨਾਨਕ ਦੇਵ ਦੇ ਸਿੱਖਾਂ ਦੀ ਮਜਲਿਸ। ੨. ਗੁਰੂ ਦੀ ਸੰਗਤਿ. "ਗੁਰਸਭਾ ਏਵ ਨ ਪਾਈਐ." (ਵਾਰ ਸ੍ਰੀ ਮः ੩)

ਗੁਰਸਰ: ਗੁਰੂ ਰੂਪ ਸਰੋਵਰ. "ਤੇ ਨਾਏ ਸੰਤੋਖ ਗੁਰਸਰਾ." (ਬਿਲਾ ਮः ੪)

ਗੁਰਸਾਖੀ: ਸੰਗ੍ਯਾ- ਗੁਰੁਕਥਾ। ੨. ਸਾਕ੍ਸ਼ੀ ਰੂਪ ਸਤਿਗੁਰੂ। ੩. ਗੁਰਸਿਖ੍ਯਾ. "ਗੁਰਸਾਖੀ ਜੋਤਿ ਜਗਾਇ ਦੀਵਾ ਬਾਲਿਆ." (ਵਾਰ ਮਲਾ ਮः ੧) ੪. ਕ੍ਰਿ. ਵਿ- ਗੁਰੂ ਦੀ ਸਿਖ੍ਯਾ ਦ੍ਵਾਰਾ. "ਗੁਰਸਾਖੀ ਮਿਟਿਆ ਅੰਧਿਆਰਾ." (ਮਾਝ ਅः ਮः ੩)

ਗੁਰਸਿਖ, ਗੁਰਸਿਖੜਾ: ਸੰਗ੍ਯਾ- ਗੁਰੂ ਨਾਨਕ ਦੇਵ ਦਾ ਅਨੁਗਾਮੀ. ਗੁਰੂ ਨਾਨਕ ਸ੍ਵਾਮੀ ਦੇ ਧਰਮ ਨੂੰ ਧਾਰਣ ਵਾਲਾ. "ਗੁਰਸਿਖ ਮੀਤ! ਚਲਹੁ ਗੁਰਚਾਲੀ." (ਧਨਾ ਮः ੪) "ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ." (ਸੂਹੀ ਮः ੫. ਗੁਣਵੰਤੀ)

ਗੁਰੂ ਹੀ ਉਚਾਰੈ ਪ੍ਰੀਤਿ ਗੁਰੂ ਕੀ ਸੁਧਾਰੈ ਰੀਤਿ
ਗੁਰੂ ਕੀ ਪ੍ਰਤੀਤਿ ਜਾਂਕੋ ਭੂਤ ਔ ਭਵਿੱਖ ਹੈ,
ਗੁਰੂ ਹੀ ਕੀ ਕੀਜੈ ਸੇਵ ਗੁਰੂ ਹੀ ਕੋ ਦੀਜੈ ਭੇਵ
ਗੁਰੂ ਹੀ ਕੋ ਪੂਜੈ ਦੇਵ ਊਚੋ ਏਵ ਪਿੱਖ ਹੈ,
ਗੁਰੂਪੰਥ ਹੀ ਕੋ ਦਾਨੀ ਗੁਰੂ ਕੀ ਕਹਾਨੀ ਜਾਨੀ
ਗੁਰੂ ਹੀ ਕੀ ਸੁੱਧ ਵਾਨੀ ਆਛੀ ਭਾਂਤਿ ਲਿੱਖ ਹੈ,
ਗੁਰੂ ਸੋ ਨਾ ਮਾਨੈ ਕੋਈ ਗੁਰੂ ਜੂ ਕੇ ਧਾਮ ਢੋਈ
ਗੁਰੂ ਜੀ ਕੋ ਪਜਾਰੋ ਜੋਈ ਸੋਈ ਗੁਰਸਿੱਖ ਹੈ।
(ਨਿਹਾਲ ਸਿੰਘ ਜੀ)
ਸੱਤਕਰਤਾਰ ਕੀ ਉਪਾਸਨਾ ਕਰਨਹਾਰੋ,
ਪੂਜੈ ਨਾਹਿ ਮਾਯਾ ਵਿਧਿ ਵਿਸ਼ਨੁ ਮਹੇਸ਼ ਕੋ,
ਉੱਦਮ ਸੇ ਲੱਛਮੀ ਕਮਾਵੈ ਆਪ ਖਾਵੈ ਭਲੇ,
ਔਰਨ ਖੁਲਾਵੈ ਕਰੈ ਨਿਤ ਹਿਤਦੇਸ਼ ਕੋ,
ਵਾਦ ਵੈਰ ਈਰਖਾ ਵਿਕਾਰ ਮਨ ਲਾਵੈ ਨਾਹਿ,
ਪਰ ਹਿਤ ਖੇਦ ਸਹੈ, ਦੇਵੈ ਨ ਕਲੇਸ਼ ਕੋ,
ਸਦਾਚਾਰੀ ਸਾਹਸੀ ਸੁਹ੍ਰਿਦ ਸਤਜਵ੍ਰਤਧਾਰੀ,
ਐਸੇ ਗੁਰਸਿੱਖ ਸਰਤਾਜ ਹੈ ਦ੍ਵਿਜੇਸ਼ ਕੋ.

੨. ਗੁਰੁਸਿਖ੍ਯਾ ਲਈ ਭੀ ਗੁਰਸਿਖ ਸ਼ਬਦ ਆਇਆ ਹੈ. "ਗੁਰਸਿਖ ਦੇ ਗੁਰਸਿੱਖ ਮਿਲਾਇਆ." (ਭਾਗੁ)

**ਗੁਰਸੁਖੁ:** ਵਡਾ ਸੁਖ. "ਆਤਮਆਨੰਦ. "ਗੁਰ ਮਿਲਿ ਗੁਰਸੁਖੁ ਪਾਈ." (ਸੂਹੀ ਅਃ ਮਃ ੪) ੨. ਮੁਕਤਿ.

**ਗੁਰਸੇਵ, ਗੁਰਸੇਵਾ:** ਸੰਗ੍ਯਾ- ਗੁਰੁਸੇਵਾ. ਸਤਿਗੁਰੂ ਦੀ ਟਹਿਲ. "ਗੁਰਸੇਵ ਨ ਭਾਈ ਚੋਰ ਚੋਰ." (ਬਸੰ ਮਃ ੧) "ਗੁਰਸੇਵਾ ਤਪਾਂ ਸਿਰਿ ਤਪੁ ਸਾਰੁ." (ਆਸਾ ਅਃ ਮਃ ੩) "ਗੁਰਸੇਵਾ ਤੇ ਭਗਤਿ ਕਮਾਈ। ਤਬ ਇਹ ਮਾਨਸ ਦੇਹੀ ਪਾਈ." (ਭੈਰ ਕਬੀਰ) ਜਦ ਗੁਰੁਸੇਵਾ ਕਰਕੇ ਵਾਹਿਗੁਰੂ ਦੀ ਭਕ੍ਤਿ ਕਮਾਈ, ਤਦ ਹੀ ਮਾਨੁਖ ਦੇਹ ਪ੍ਰਾਪਤ ਹੋਈ. ਇਸ ਤੋਂ ਪਹਿਲੇ ਦਿਨ ਪਸ਼ੂ ਵਾਂਗ ਵਿਤਾਏ, ਭਾਵ- ਆਦਮੀ ਹੋਣ ਪੁਰ ਭੀ ਗੁਰੁਸੇਵਾ ਰਹਿਤ ਪਸ਼ੂ ਹੈ.

**ਗੁਰਸੰਗਤਿ:** ਦੇਖੋ, ਗੁਰੁਸੰਗਤਿ.

**ਗੁਰਸੰਤ:** ਸੰਗ੍ਯਾ- ਸ਼ਾਂਤਾਤਮਾ ਗੁਰੂ, ਗੁਰੂ ਨਾਨਕ ਦੇਵ। ੨. ਗੁਰੂ ਨਾਨਕ ਦੇਵ ਦੀ ਪੱਧਤਿ ਦਾ ਸਾਧੂ. ਦੇਖੋ, ਗੁਰੁਸੰਤੁ.

**ਗੁਰਸੰਤ ਸਭਾ:** ਗੁਰਸਿੱਖਾਂ ਦਾ ਸਮਾਜ. "ਗੁਰਸੰਤ ਸਭਾ ਦੁਖੁ ਮਿਟੈ ਰੋਗੁ." (ਬਸੰ ਮਃ ੧)

**ਗੁਰਹਟੀ, ਗੁਰਹੱਟ:** ਸੰਗ੍ਯਾ- ਗੁਰਦ੍ਵਾਰਾ। ੨. ਗੁਰਗੱਦੀ, ਜੋ ਧਰਮ ਦੇ ਵਪਾਰ ਦੀ ਹੱਟ ਹੈ. "ਤਖਤਿ ਬੈਠਾ ਗੁਰਹਟੀਐ." (ਵਾਰ ਰਾਮ ੩) ੩. ਸਿਖ੍ਯਾ ਦੀ ਟਕਸਾਲ. "ਬੇਦ ਗ੍ਰੰਥ ਗੁਰਹੱਟ ਹੈ." (ਭਾਗੁ)

**ਗੁਰਹਾਈ:** ਦੇਖੋ, ਹਾਈ. "ਗਿਆਨੀ ਧਿਆਨੀ ਗੁਰ ਗੁਰਹਾਈ." (ਸੋਦਰੁ) ੨. ਗੁਰੂ ਨੂੰ ਮਾਰਣ ਵਾਲਾ. ਗੁਰੂਘਾਤਕ.

**ਗੁਰਹਿ:** ਗੁਰੂ ਨੂੰ। ਗੁਰੂ ਨੇ. "ਗੁਰਹਿ ਦਿਖਾਇਓ ਲੋਇਨਾ." (ਆਸਾ ਮਃ ੫)

**ਗੁਰਹਿਗਾਰ:** ਵਿ- ਗੁਨਹਗਾਰ. ਦੋਸ਼ੀ ਪਾਪੀ। ੨. ਗੁਰੁਗਿਰਾ ਅਨੁਸਾਰ. ਗੁਰੁਉਪਦੇਸ਼ ਮੁਤਾਬਿਕ. "ਰਾਮ ਨ ਛੋਡਉ ਗੁਰਹਿਗਾਰ." (ਬਸੰ ਕਬੀਰ)

**ਗੁਰਕਰਣੀ:** ਸੰਗਯਾ- ਗੁਰੂ ਨਾਨਕ ਦੇਵ ਦੀ ਦੱਸੀ ਹੋਈ ਰਹਿਤ. ਸਿੱਖਧਰਮ ਦੀ ਧਾਰਣਾ. "ਗੁਰਕਰਣੀ ਬਿਨੁ ਭਰਮੁ ਨ ਭਾਗੈ." (ਬਸੰ ਅਃ ਮਃ ੧)

**ਗੁਰਕਾਰ:** ਗੁਰੂ ਦਾ ਕੰਮ. ਗੁਰੂ ਦੀ ਸੇਵਾ. "ਜੋ ਸਿਖ ਗੁਰਕਾਰ ਕਮਾਵਹਿ." (ਵਾਰ ਗਉ ੧. ਮਃ ੪)

**ਗੁਰਕਿਰਪਾ:** ਸਤਿਗੁਰੂ ਦੀ ਕ੍ਰਿਪਾ. "ਗੁਰਕ੍ਰਿਪਾ ਤੇ ਮਿਲੈ ਵਡਿਆਈ." (ਮਾਰੂ ਸੋਲਹੇ ਮਃ ੩)

**ਗੁਰਗ:** ਫ਼ਾ. گرگ ਸੰਗਯਾ- ਬਘਿਆੜ. ਭੇੜੀਆ.

**ਗੁਰਗਮ:** ਸੰਗਯਾ- ਗੁਰੁ ਦਾ ਗਮ (ਮਾਰਗ) ਗੁਰੁ- ਮਾਰਗ. "ਗੁਰਗਮ ਗਿਆਨੁ ਬਤਾਵੈ ਭੇਦੁ." (ਗਉ ਥਿਤੀ ਕਬੀਰ) ੨. ਗੁਰੁ- ਆਗਮ. ਗੁਰੁਸ਼ਾਸਤ੍ਰ. "ਗੁਰਗਮ ਪ੍ਰਮਾਣਿ ਅਜਰੁ ਜਰਿਓ." (ਸਵੈਯੇ ਮਃ ੫. ਕੇ) ੩. ਵਿ- ਗੁਰੁ ਗਮ੍ਯ. ਗੁਰੂ ਕਰਕੇ ਪ੍ਰਾਪਤ ਹੋਣ ਯੋਗ੍ਯ. ਗੁਰੂ ਦ੍ਵਾਰਾ ਪ੍ਰਾਪਤ ਹੋਣ ਲਾਇਕ਼।

**ਗੁਰਗਮਿ:** ਗੁਰੁਮਾਰਗ ਸੇ. ਗੁਰੁਆਗਮ (ਸ਼ਾਸਤ੍ਰ) ਕਰਕੇ. "ਗੁਰਗਮਿ ਭੇਦ ਸੁ ਹਰਿ ਕਾ ਪਾਵਉ." (ਗਉ ਕਬੀਰ ਵਾਰ ੭)

**ਗੁਰਗਾ:** ਭੇੜੀਏ ਦੀ ਤਰਾਂ ਦਾਉ ਲਾਉਣ ਵਾਲਾ. ਸ੍ਵਾਰਥੀ ਆਦਮੀ. ਦੇਖੋ, ਗੁਰਗ। ੨. ਗੁਰੂ ਦਾ ਅਨੁਗਾਮੀ. ਗੁਰੂ ਦਾ ਪੈਰੋ. ਗੁਰੁਗ.

**ਗੁਰਗਾਬੀ:** ਫ਼ਾ. گرگابی ਇੱਕ ਪ੍ਰਕਾਰ ਦੀ ਖੜਾਉਂ ਅਤੇ ਜੁੱਤੀ.

**ਗੁਰਗਿਆਨ, ਗੁਰਗਿਆਨੁ:** ਸੰਗਯਾ- ਗੁਰੂ ਨਾਨਕ ਦੇਵ ਦਾ ਦ੍ਰਿੜ੍ਹਾਇਆ ਗ੍ਯਾਨ."ਗੁਰਗਿਆਨ ਦੀਪਕ ਉਜਿਆਰੀਆ." (ਗਉ ਮਃ ੫)

੨. ਆਤਮਗ੍ਯਾਨ, ਜੋ ਸਭ ਗ੍ਯਾਨਾਂ ਤੋਂ ਉੱਚਾ ਹੈ. "ਗੁਰਗਿਆਨੁ ਪਦਾਰਥੁ ਨਾਮੁ ਹੈ." (ਸੂਹੀ ਅਃ ਮਃ ੪)

**ਗੁਰਗੋਪ, ਗੁਰਗੋਪਕ:** ਵਿ- ਨਿਗੁਰਾ. ਉਹ ਆਦਮੀ, ਜੋ ਆਪਣੇ ਗੁਰ ਦਾ ਨਾਉਂ ਛੁਪਾਉਂਦਾ ਹੈ, ਅਰਥਾਤ ਆਪ ਹੀ ਸਰਵਗ੍ਯ ਬਣਦਾ ਹੈ। ੨. ਗੁਰਨਿੰਦਕ. ਦੇਖੋ, ਗੋਪਨ.

**ਗੁਰ ਗੋਬਿੰਦ:** ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ. "ਰਹਿਓ ਗੁਰੂ ਗੋਬਿੰਦ." (ਸ. ਮਃ ੯)

੨. ਗੋਬਿੰਦਰੂਪ ਗੁਰੂ। ੩. ਸਾਰੇ ਜਗਤ ਦਾ ਹਾਲ ਜਾਣਨ ਵਾਲਾ (ਸਰਵਗ੍ਯ) ਗੁਰੁ. ਕਰਤਾਰ.

**ਗੁਰਘਰ:** ਦੇਖੋ, ਗੁਰੁਘਰ.

**ਗੁਰਚਰਣ, ਗੁਰਚਰਨ:** ਸਤਿਗੁਰੂ ਦੇ ਚਰਣ. ਗੁਰੁਪਾਦ. "ਗੁਰਚਰਣ ਲਾਗੀ ਸਹਜਿ ਜਾਗੀ." (ਬਿਲਾ ਛੰਤ ਮਃ ੫) "ਗੁਰਚਰਨ ਸਰੇਵਹਿ ਗੁਰਸਿੱਖ ਤੋਰ." (ਬਸੰ ਮਃ ੧)

**ਗੁਰਚਾਲ, ਗੁਰਚਾਲੀ:** ਸੰਗਯਾ- ਗੁਰੁਰੀਤਿ. ਗੁਰੁਮਤ ਦੀ ਮਰਯਾਦਾ. "ਗੁਰਸਿਖ ਮੀਤ ਚਲਹੁ ਗੁਰਚਾਲੀ." (ਧਨਾ ਮਃ ੪)

**ਗੁਰਜ:** ਫ਼ਾ. گرز ਗੁਰਜ਼. ਸੰਗਯਾ- ਗਦਾ ਜੇਹਾ ਲੋਹੇ ਦਾ ਸ਼ਸਤ੍ਰ. ਦੇਖੋ, ਸਸਤ੍ਰ. "ਪਿਤਾ ਪ੍ਰਹਿਲਾਦ ਸਿਉ ਗੁਰਜ ਉਠਾਈ." (ਭੈਰ ਅਃ ਮਃ ੩)

ਗੁਰਜਗਤ: ਦੇਖੋ, ਜਗਤਗੁਰੁ. "ਗੁਰਜਗਤ ਫਿਰਣ ਸੀਹ ਅੰਗਰਉ." (ਸਵੈਯੇ ਮਃ ੨. ਕੇ) ਫੇਰੂ ਦੇ ਸਿੰਘ ਰੂਪ (ਸੁਪੁਤ੍ਰ) ਜਗਤਗੁਰੂ ਅੰਗਦ ਜੀ.

ਗੁਰਜਦਾਰ: ਵਿ- ਗਦਾਧਰ. ਗੁਰਜ ਰੱਖਣ ਵਾਲਾ। ੨. ਸੰਗਜਾ- ਮੁਗ਼ਲ ਬਾਦਸ਼ਾਹਾਂ ਵੇਲੇ ਚੋਬਦਾਰਾਂ ਤੁੱਲ ਇੱਕ ਜਮਾਤ, ਜੋ ਗੁਰਜ ਰਖਦੀ ਸੀ. "ਗੁਰਜਦਾਰ ਦ੍ਵੈ ਦੀਨੇ ਸੰਗ." (ਗੁਪ੍ਰਸੂ) ਦੇਖੋ, ਗੁਰਜ਼ਬਰਦਾਰ। ੩. ਮੁਸਲਮਾਨ ਫਕੀਰਾਂ ਦਾ ਇੱਕ ਫ਼ਿਰਕ਼ਾ, ਜੋ ਗੁਰਜ ਰਖਦਾ ਹੈ।

ਗੁਰਜਨ, ਗੁਰਜਨੁ: ਦੇਖੋ, ਗੁਰੁਜਨ. "ਨਾ ਹਰਿ ਭਜਿਓ ਨਾ ਗੁਰਜਨੁ ਸੇਵਿਓ." (ਸੋਰ ਮਃ ੯)

ਗੁਰਜਬਰਦਾਰ, ਗੁਰਜਮਾਰ: ਦੇਖੋ, ਗੁਰਜਦਾਰ. ਗੁਰਜ ਰੱਖਣ ਵਾਲੇ ਸ਼ਾਹੀ ਕਰਮਚਾਰੀ. ਇਹ ਬ਼ਕ਼ਾਇਆ ਅਤੇ ਜੁਰਮਾਨਾਂ ਵਸੂਲ ਕਰਨ ਲਈ ਗੁਰਜ ਦੀ ਮਾਰ ਭੀ ਕੀਤਾ ਕਰਦੇ ਸਨ. ਮੰਗਣ ਵਾਲੇ ਗੁਰਜਧਾਰੀ ਫ਼ਕੀਰ ਭੀ ਕਦੇ ਕਦੇ ਆਪਣੇ ਸ਼ਰੀਰ ਪੁਰ ਗੁਰਜਾਂ ਮਾਰਕੇ ਗ੍ਰਿਹਸਥੀਆਂ ਨੂੰ ਡਰਾਕੇ ਧਨ ਮੰਗਿਆ ਕਰਦੇ ਹਨ.

ਗੁਰਜੋਤਿ: ਮਹਾਨ ਜਯੋਤਿ (ਪ੍ਰਕਾਸ਼). ਆਤਮਿਕ ਰੌਸ਼ਨੀ. "ਗੁਰਜੋਤਿ ਅਰਜੁਨ ਮਾਹਿ ਧਰੀ." (ਸਵੈਯੇ ਮਃ ੫. ਕੇ)

ਗੁਰਝ, ਗੁਰਝਨ: ਸੰਗਜਾ- ਗੁਲਝਨ. ਉਲਝੀ ਹੋਈ ਗੱਠ. "ਸਾਕਤ ਸੂਤੁ ਬਹੁ ਗੁਰਝੀ ਭਰਿਆ." (ਕਲਿ ਅਃ ਮਃ ੪)

ਗੁਰਤਾ: ਦੇਖੋ, ਗੁਰੁਤਾ.

ਗੁਰਤੀ: ਦੇਖੋ, ਗੁੜ੍ਹਤੀ. "ਗੁਰਤੀ ਆਦਿ ਦੇਂਹਿਂ ਸੁਖ ਕੰਦ." (ਗੁਪ੍ਰਸੂ)

ਗੁਰਦਛਨਾ: ਦੇਖੋ, ਗੁਰੁਦਕ੍ਸ਼ਿਣਾ. "ਤੋ ਪ੍ਰਥਮੈ ਗੁਰਦਛਨਾ ਦੀਜੈ। ਪਾਛੈ ਸ਼੍ਰਵਣ ਗਯਾਨ ਕੋ ਕੀਜੈ." (ਨਾਪ੍ਰ)

ਗੁਰਦਰਸਨ: ਸੰਗਜਾ- ਗੁਰੁਸ਼ਾਸਤ੍ਰ. ਸਿੱਖਧਰਮ ਦੇ ਨਿਯਮਾਂ ਦਾ ਪ੍ਰਕਾਸ਼ਕ ਸ਼ਾਸਤ੍ਰ. "ਖਟੁ ਦਰਸਨ ਵਰਤੈ ਵਰਤਾਰਾ। ਗੁਰ ਕਾ ਦਰਸਨ ਅਪਰ ਅਪਾਰਾ." (ਆਸਾ ਮਃ ੩) ੨. ਸਤਿਗੁਰੂ ਦਾ ਦੀਦਾਰ.

ਗੁਰਦਰਸਨਿ: ਗੁਰੂ ਦੇ ਦਰਸ਼ਨ ਨਾਲ. ਸਤਿਗੁਰੂ ਦੇ ਦੀਦਾਰ ਤੋਂ. "ਗੁਰਦਰਸਨਿ ਉਧਰੈ ਸੰਸਾਰਾ." (ਆਸਾ ਮਃ ੩) ੨. ਸਤਿਗੁਰੂ ਦੇ ਸ਼ਾਸਤ੍ਰ ਤੋਂ.

ਗੁਰਦਰਸਨੁ: ਦੇਖੋ, ਗੁਰਦਰਸਨ. "ਗੁਰਦਰਸਨੁ ਦੇਖਿ ਮਨਿ ਹੋਇ ਬਿਗਾਸੁ." (ਸੁਖਮਨੀ)

ਗੁਰਦਰਸੁ: ਦੇਖੋ, ਗੁਰਦਰਸਨ. "ਗੁਰਦਰਸੁ ਪਾਇਆ ਅਗਿਆਨੁ ਗਵਾਇਆ." (ਤੁਖਾ ਛੰਤ ਮਃ ੪)

ਗੁਰਦਰਿਆਉ: ਦੇਖੋ, ਗੁਰੁਦਰੀਆਉ.

ਗੁਰਦਾ: ਫ਼ਾ. گردہ ਅੰ. Kidney. ਪੇਟ ਦੇ ਪਿਛਲੇ ਪਾਸੇ ਗਿਆਰਵੀਂ ਪਸਲੀ ਦੇ ਹੇਠ ਦੋਹੀਂ ਪਾਸੀਂ ਗੁਰਦੇ ਹੋਇਆ ਕਰਦੇ ਹਨ. ਇਹ ਇੱਕ ਪ੍ਰਕਾਰ ਦੀਆਂ ਨਾਲੀਦਾਰ ਗਿਲਟੀਆਂ ਹਨ, ਜਿਨ੍ਹਾਂ ਦਾ ਕੰਮ ਲਹੂ ਵਿੱਚੋਂ ਗੰਦਾ ਅੰਸ਼ ਕੱਢਕੇ ਮੂਤ੍ਰ (ਪੇਸ਼ਾਬ) ਦੀ ਸ਼ਕਲ ਵਿੱਚ ਮਸਾਨੇ ਅੰਦਰ ਭੇਜਣਾ ਹੈ.

ਗੁਰਦਾਸ: ਵਿ- ਗੁਰੁਦਾਸ. ਸਤਿਗੁਰੂ ਦਾ ਸੇਵਕ। ੨. ਸੰਗਜਾ- ਭਾਈ ਗੁਰਦਾਸ. "ਆਦਿ ਬ੍ਰਿੱਧ ਗੁਰਦਾਸ ਗਨ ਚਹੂੰ ਦਿਸਿ ਮੇ ਗੁਰਦਾਸ." (ਗੁਪ੍ਰਸੂ)

ਭਾਈ ਗੁਰਦਾਸ ਜੀ ਸਤਿਗੁਰੂ ਦੇ ਸੱਚੇ ਸਿੱਖ, ਬੀਬੀ ਭਾਨੀ ਜੀ ਦੇ ਨੇੜਿਓਂ ਭਾਈ ਸਨ. ਇਨ੍ਹਾਂ ਨੇ ਚੌਥੇ ਸਤਗੁਰਾਂ ਤੋਂ ੧੬੩੬ ਵਿੱਚ ਸਿੱਖਧਰਮ ਧਾਰਣ ਕੀਤਾ ਅਤੇ ਗੁਰਬਾਣੀ ਦਾ ਸਿੱਧਾਂਤ ਪੰਜਵੇਂ ਸਤਿਗੁਰਾਂ ਤੋਂ ਸਮਝਿਆ. ਸਿੱਖਮਤ ਦੇ ਪ੍ਰਚਾਰਕ ਹੋ ਕੇ ਇਨ੍ਹਾਂ ਨੇ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ. ਲਹੌਰ, ਆਗਰਾ, ਕਾਸ਼ੀ ਆਦਿਕ ਅਸਥਾਨਾਂ ਵਿੱਚ ਸਿੱਖਧਰਮ ਦਾ ਪ੍ਰਚਾਰ ਕਰਦੇ ਰਹੇ. ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਭ ਤੋਂ ਪਹਿਲਾ ਗੁਰੂ ਗ੍ਰੰਥਸਾਹਿਬ, ਜੋ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ

ਹੈ, ਉਹ ਇਨ੍ਹਾਂ ਦੀ ਹੀ ਕਲਮ ਤੋਂ ਲਿਖਿਆ ਗਿਆ ਹੈ. ਭਾਈ ਸਾਹਿਬ ਦੀ ਬਾਣੀ (੪੦ ਵਾਰਾਂ ਅਤੇ ੫੫੬ ਕਬਿੱਤ ਆਦਿਕ ਛੰਦ) ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ. ਇਹ ਆਖਣਾ ਅਤਿਉਕਤਿ ਨਹੀਂ ਕਿ ਸਿੱਖੀ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵਧਕੇ ਹੋਰ ਕੋਈ ਨਹੀਂ. ਸ਼੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ.

ਸ੍ਰੀ ਮਾਨ ਭਾਈ ਗੁਰਦਾਸ ਜੀ ਦਾ ਛੀਵੇਂ ਸਤਿਗੁਰਾਂ ਦੇ ਸਮੇਂ ਭਾਦੋਂ ਸੁਦੀ ੮, ਸੰਮਤ ੧੬੯੪ ਨੂੰ ਗੋਇੰਦਵਾਲ ਦੇਹਾਂਤ ਹੋਇਆ. ਸਤਿਗੁਰੂ ਨੇ ਅੰਤਿਮ ਸੰਸਕਾਰ ਆਪਣੇ ਹੱਥੀਂ ਕੀਤਾ।

੩. ਬਹਿਲੋ ਵੰਸ਼ੀ ਗੁਰਦਾਸ ਮਸੰਦ, ਜੋ ਬਾਬਾ ਰਾਮਰਾਇ ਦਾ ਮੁਸਾਹਿਬ ਸੀ. ਰਾਮਰਾਇ ਜੀ ਦੇ ਪਰਲੋਕ ਗਮਨ ਪਿੱਛੋਂ ਇਹ ਦਸ਼ਮੇਸ਼ ਦੀ ਸੇਵਾ ਵਿੱਚ ਰਿਹਾ. ਦੇਖੋ, ਤਾਰਾ।

੪. ਇੱਕ ਪ੍ਰੇਮੀ ਸਿੱਖ ਕਵੀ, ਜਿਸ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨਾਲ ਆਪਣੀ ਰਚਨਾ ੪੧ ਵੀਂ ਵਾਰ ਜੋੜੀ ਹੈ, ਜਿਸ ਵਿੱਚ ਪਾਠ ਹੈ- "ਪੀਓ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ, ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ." ਆਦਿ। ੫. ਸ਼ਿਕਾਰਪੁਰ ਨਿਵਾਸੀ ਇੱਕ ਉਦਾਸੀ ਸੰਤ, ਜਿਸ ਦੀ ਧਰਮਸਾਲਾ ਸਿੰਧ ਵਿੱਚ ਬਹੁਤ ਪ੍ਰਸਿੱਧ ਹੈ. ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਯਾਯ ਭੀ ਲਿਖੇ ਹਨ.

ਗੁਰਦਾਸਪੁਰ: ਪੰਜਾਬ ਦੇ ਇੱਕ ਜਿਲੇ ਦਾ ਪ੍ਰਧਾਨ ਨਗਰ, ਜੋ ਅੰਮ੍ਰਿਤਸਰ ਤੋਂ ਰੇਲ ਦੇ ਰਸਤੇ ੪੫ ਮੀਲ ਹੈ. ਇੱਥੇ ਬੰਦਾਬਹਾਦੁਰ ਨੂੰ ਅਬਦੁਲਸਮਦਖ਼ਾਨ ਨੇ ਵੀਹ ਹਜਾਰ ਫੌਜ ਨਾਲ ਘੇਰ ਲਿਆ ਸੀ ਅਤੇ ਫੜਕੇ ਦਿੱਲੀ ਭੇਜ ਦਿੱਤਾ ਸੀ, ਦੇਖੋ, ਬੰਦਾ ਬਹਾਦੁਰ.

ਗੁਰਦਿੱਤਾ: ਦੇਖੋ, ਗੁਰਦਿੱਤਾ ਬਾਬਾ। ੨. ਬਾਬਾ ਫੂਲ ਦੇ ਸੁਪੁਤ੍ਰ ਤਿਲੋਕ ਸਿੰਘ ਦਾ ਬੇਟਾ, ਜੋ ਨਾਭਾਵੰਸ਼ ਦਾ ਵਡੇਰਾ ਹੋਇਆ ਹੈ. ਗੁਰਦਿੱਤੇ ਦਾ ਦੇਹਾਂਤ ਸਨ ੧੭੫੪ ਵਿੱਚ ਹੋਇਆ. ਦੇਖੋ, ਫੂਲਵੰਸ਼.

ਗੁਰਦਿੱਤਾ ਬਾਬਾ: ਗੁਰੁਦੱਤ ਬਾਬਾ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਸੁਪੁਤ੍ਰ, ਜੋ ਕੱਤਕ ਸੁਦੀ ੧੫. ਸੰਮਤ ੧੬੭੦ ਨੂੰ ਮਾਤਾ ਦਾਮੋਦਰੀ ਜੀ ਦੇ ਉਦਰੋਂ ਡਰੋਲੀ (ਜਿਲਾ ਫਿਰੋਜ਼ਪੁਰ) ਵਿੱਚ ਜਨਮੇ ਬਾਬਾ ਜੀ ਨੇ ਧਾਰਮਿਕ ਅਤੇ ਸ਼ਸਤ੍ਰਵਿਦਯਾ ਪਿਤਾ ਗੁਰੂ ਜੀ ਦੀ ਨਿਗਰਾਨੀ ਵਿੱਚ ਉੱਤਮ ਰੀਤਿ ਨਾਲ ਪਾਈ. ੨੧. ਵੈਸਾਖ ਸੰਮਤ ੧੬੮੧ ਨੂੰ ਆਪ ਦਾ ਵਿਆਹ ਰਾਮੇ ਸਿਲ ਖਤ੍ਰੀ ਦੀ ਸੁਪੁਤ੍ਰੀ ਅਨੰਤੀ ਜੀ ਨਾਲ ਵਟਾਲੇ ਹੋਇਆ, ਜਿਸ ਦੀ ਕੁੱਖ ਤੋਂ ਬਾਬਾ ਧੀਰਮੱਲ ਜੀ ਅਤੇ ਗੁਰੂ ਹਰਿਰਾਇ ਸਾਹਿਬ ਜੀ ਉਤਪੰਨ ਹੋਏ.

ਬਾਬਾ ਗੁਰਦਿੱਤਾ ਜੀ ਯੋਗਿਰਾਜ ਬਾਬਾ ਸ਼੍ਰੀਚੰਦ ਜੀ ਦੇ ਚੇਲੇ ਹੋਏ ਅਤੇ ਆਪਣੇ ਸਰਵਗੁਣ ਭਰਪੂਰ ਚਾਰ ਚੇਲੇ ਕਰਕੇ ਉਦਾਸੀਨਮਤ ਨੂੰ ਸਿੱਖੀ ਦੇ ਪ੍ਰਚਾਰ ਲਈ ਹਿੰਦੁਸਤਾਨ ਵਿੱਚ ਬਹੁਤ ਫੈਲਾਇਆ.

ਚੇਤ ਸੁਦੀ ੧੦. ਸੰਮਤ ੧੬੯੫[22] ਨੂੰ ਕੀਰਤ ਪੁਰ ਪਰਲੋਕ ਸਿਧਾਰੇ, ਜਿੱਥੇ ਆਪ ਦਾ ਆਲੀਸ਼ਾਨ ਦੇਹਰਾ ਬਣਿਆ ਹੋਇਆ ਹੈ. ਦੇਖੋ, ਕੀਰਤਪੁਰ.

ਬਾਬਾ ਗੁਰਦਿੱਤਾ ਜੀ ਨੂੰ ਬਾਬਾ ਪਦਵੀ ਮਿਲਣ ਦੇ ਦੋ ਕਾਰਣ ਇਤਿਹਾਸਕਾਰਾਂ ਨੇ ਲਿਖੇ ਹਨ, ਇੱਕ ਤਾਂ ਇਹ ਕਿ ਇਨ੍ਹਾਂ ਨੇ ਸਾਂਈ ਬੁੱਢਣਸ਼ਾਹ ਨੂੰ ਗੁਰੂ ਨਾਨਕ ਦੇਵ ਦੇ ਰੂਪ ਵਿੱਚ ਦਰਸ਼ਨ ਦਿੱਤਾ ਸੀ, ਦੂਜੇ ਇਹ ਕਿ ਬਾਬਾ ਸ਼੍ਰੀਚੰਦ ਜੀ ਦੇ ਚੇਲੇ ਹੋਕੇ ਉਦਾਸੀਨ ਮਤ ਦੀ ਮਹੰਤੀ ਧਾਰਣ ਕੀਤੀ। ੨. ਦੇਖੋ, ਬੁੱਢਾ ਬਾਬਾ.

ਗੁਰਦੀਖਿਆ: ਗੁਰੁਦੀਕ੍ਸ਼ਾ. ਗੁਰੂ ਦ੍ਵਾਰਾ ਧਰਮਮੰਤ੍ਰ ਦਾ ਉਪਦੇਸ਼. "ਬਿਨ ਗੁਰਦੀਖਿਆ ਕੈਸੇ ਗਿਆਨ?" (ਭੈਰ ਮਃ ੫) "ਗੁਰਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ." (ਬਾਵਨ)

ਗੁਰਦੁਆਰ: ਦੇਖੋ, ਗੁਰਦੁਆਰਾ ਅਤੇ ਗੁਰਦੁਆਰਿ। ੨. ਗੁਰੁਘਰ. ਗੁਰਗ੍ਰਿਹ.

ਗੁਰਦੁਆਰਾ: ਗੁਰੁਦ੍ਵਾਰਾ. ਕ੍ਰਿ. ਵਿ- ਗੁਰੂ ਦਾ ਮਾਰਫਤ. ਗੁਰੂ ਦੇ ਜਿਰੀਏ। ੨. ਸੰਗ੍ਯਾ- ਗੁਰੂ ਦਾ ਘਰ। ੩. ਸਿੱਖਾਂ ਦਾ ਧਰਮ

ਮੰਦਿਰ. ਉਹ ਅਸਥਾਨ, ਜਿਸ ਨੂੰ ਦਸ ਸਤਿਗੁਰਾਂ ਵਿੱਚੋਂ ਕਿਸੇ ਨੇ ਧਰਮਪ੍ਰਚਾਰ ਲਈ ਬਣਾਇਆ ਅਥਵਾ ਜਿੱਥੇ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਸਿੱਖਾਂ ਦੇ ਧਰਮਮੰਦਿਰ ਦਾ ਨਾਮ. "ਧਰਮਸਾਲਾ" ਰਿਹਾ ਹੈ. [੨੮] ਸ੍ਰੀ ਗੁਰੂ ਅਰਜਨ ਦੇਵ ਨੇ ਸਭ ਤੋਂ ਪਹਿਲਾਂ ਅਮ੍ਰਿਤਸਰੋਵਰ ਦੇ ਧਰਮਮੰਦਿਰ ਦੀ "ਹਰਿਮੰਦਿਰ" ਸੰਗ੍ਯਾ ਥਾਪੀ ਅਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਧਰਮਸਾਲਾ ਦੀ "ਗੁਰਦੁਆਰਾ" ਸੰਗ੍ਯਾ ਹੋਈ ਹੈ.

ਸਿੱਖਾਂ ਦਾ ਗੁਰਦੁਆਰਾ ਵਿਦ੍ਯਾਰਥੀਆਂ ਲਈ ਸਕੂਲ, ਆਤਮਜਿਗ੍ਯਾਸਾ ਵਾਲਿਆਂ ਲਈ ਗ੍ਯਾਨਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ, ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ.

ਸਤਿਗੁਰਾਂ ਦੇ ਵੇਲੇ ਅਤੇ ਬੁਢੇਦਲ ਦੇ ਸਮੇਂ ਗੁਰਦੁਆਰਿਆਂ ਦਾ ਖ਼ਾਸ ਧ੍ਯਾਨ ਰੱਖਿਆ ਜਾਂਦਾ ਸੀ, ਗੁਰਦੁਆਰੀਆ ਉਹ ਹੋਇਆ ਕਰਦਾ ਜੋ ਵਿਦ੍ਵਾਨ ਗੁਰਮਤ ਵਿੱਚ ਪੱਕਾ ਅਤੇ ਉੱਚੇ ਆਚਾਰ ਵਾਲਾ ਹੁੰਦਾ ਜਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿੱਚ ਮੁੱਖ ਗੁਰੁਦਆਰਿਆਂ ਦਾ ਪ੍ਰਬੰਧ ਸਾਰਾ ਉਲਟ ਪੁਲਟ ਕਰ ਦਿੱਤਾ, ਜਿਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ ਤੇ ਭੀ ਹੌਲੀ ਹੌਲੀ ਹੋਇਆ ਅਰ ਕੌਮ ਵਿੱਚੋਂ ਜਿਉਂ ਜਿਉਂ ਗੁਰਮਤ ਦਾ ਪ੍ਰਚਾਰ ਲੋਪ ਹੁੰਦਾ ਗਿਆ, ਤਿਉਂ ਤਿਉਂ ਗੁਰਦੁਆਰਿਆਂ ਦੀ ਮਰਯਾਦਾ ਬਿਗੜਦੀ ਗਈ ਅਰ ਇੱਥੋਂ ਤਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਗੁਰਧਾਮ ਰਹਿ ਗਏ.

ਗੁਰਦੁਆਰਿਆਂ ਦੇ ਸੇਵਕਾਂ ਨੇ ਗੁਰਦੁਆਰਿਆਂ ਦੀ ਜਾਯਦਾਦ ਨੂੰ ਆਪਣੀ ਘਰੋਗੀ ਬਣਾਲਿਆ ਅਰ ਪਵਿਤ੍ਰ ਅਸਥਾਨਾਂ ਵਿੱਚ ਉਹ ਅਪਵਿਤ੍ਰ ਕੰਮ ਹੋਣ ਲੱਗੇ, ਜਿਨ੍ਹਾਂ ਦਾ ਜਿਕਰ ਕਰਨਾ ਲੱਜਾ ਦਾ ਕਾਰਣ ਹੈ.

ਸਮੇਂ ਦੇ ਗੇੜ ਨਾਲ ਜਦ ਹਿੰਦੁਸਤਾਨ ਦੇ ਅਨੇਕ ਮਤ ਦੇ ਲੋਕਾਂ ਨੇ ਆਪਣੇ ਸਮਾਜ ਅਤੇ ਜਥੇ ਧਰਮ ਸੁਧਾਰ ਲਈ ਬਣਾਏ, ਤਾਂ ਸਿੱਖਾਂ ਨੂੰ ਭੀ ਹੋਸ਼ ਆਈ ਅਤੇ ਉਨ੍ਹਾਂ ਨੇ ਸਿੰਘਸਭਾਵਾਂ ਅਰ ਖਾਲਸਾਦੀਵਾਨ ਬਣਾਕੇ ਧਰਮ ਅਤੇ ਸਮਾਜ ਦਾ ਸੁਧਾਰ ਕਰਨਾ ਆਰੰਭਿਆ. ਖਾਲਸਾਅਖ਼ਬਾਰ, ਖਾਲਸਾਸਮਾਚਾਰ ਆਦਿਕ ਅਖ਼ਬਾਰ ਅਤੇ ਖਾਲਸਾ ਟ੍ਰੈਕਟ ਸੋਸਾਇਟੀਆਂ ਦ੍ਵਾਰਾ ਉੱਤਮ ਲੇਖ ਨਿਕਲਨ ਲੱਗੇ, ਜਿਸ ਤੋਂ ਕੌਮ ਜਾਗ੍ਰਤ ਅਵਸਥਾ ਵਿੱਚ ਆਈ.

ਇਸ ਵੇਲੇ ਜੋ "ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਦੇਖੀ ਜਾਂਦੀ ਹੈ, ਇਹ ਭੀ ਇਸੇ ਯਤਨ ਦਾ ਫਲ ਹੈ. ਇਸ ਪ੍ਰਸੰਗ ਵਿੱਚ ਪ੍ਰਬੰਧਕ ਕਮੇਟੀ ਦੇ ਬਣਨ ਦਾ ਹਾਲ ਇਸ ਲੇਖ ਵਿੱਚ ਲਿਖਣਾਂ ਭੀ ਯੋਗ੍ਯ ਪ੍ਰਤੀਤ ਹੁੰਦਾ ਹੈ-

ਜਿਉਂ ਜਿਉਂ ਲੋਕਾਂ ਨੂੰ ਗੁਰਮਤ ਦਾ ਗ੍ਯਾਨ ਹੁੰਦਾ ਗਿਆ, ਤਿਉਂ ਤਿਉਂ ਉਨ੍ਹਾਂ ਨੇ ਆਪਣੇ ਧਰਮਮੰਦਿਰਾਂ ਦੀ ਵਿਗੜੀ ਹੋਈ ਹਾਲਤ ਨੂੰ ਵੇਖਕੇ ਸੁਧਾਰ ਕਰਨ ਦਾ ਜਤਨ ਕੀਤਾ, ਪਰ ਕੌਮ ਦੀ ਪ੍ਰਬਲ ਜਥੇਬੰਦੀ ਨਾ ਹੋਣ ਕਰਕੇ ਮਨਭਾਉਂਦਾ ਫਲ ਪ੍ਰਾਪਤ ਨਾ ਹੋਇਆ.

੧੨ ਅਕਤੂਬਰ ਸਨ ੧੯੨੦ ਨੂੰ ਖਾਲਸਾ ਬਰਾਦਰੀ ਸ਼ਹਿਰ ਅਮ੍ਰਿਤਸਰ ਦੇ ਸਾਲਾਨਾਦੀਵਾਨ ਵਿੱਚ ਕੁਝ ਕਹਿਣਮਾਤ੍ਰ ਦੇ ਅਛੂਤ ਅਮ੍ਰਿਤ ਛਕਕੇ ਕੜਾਹਪ੍ਰਸਾਦ ਅਤੇ ਮਾਇਆ ਲੈਕੇ ਸ੍ਰੀ ਹਰਿਮੰਦਿਰ ਸਾਹਿਬ ਭੇਟਾ ਕਰਨ ਗਏ, ਤਾਂ ਉੱਥੇ ਕੁਝ ਢਿੱਲ ਮੱਠ ਦੇ ਪਿੱਛੋਂ ਉਨ੍ਹਾਂ ਦਾ ਅਰਦਾਸਾ ਕੀਤਾ ਗਿਆ, ਪਰ ਜਦ ਉਹ ਪ੍ਰੇਮੀ ਸ੍ਰੀ ਅਕਾਲਤਖਤ ਹਾਜ਼ਿਰ ਹੋਏ ਤਾਂ ਉੱਥੋਂ ਦੇ ਪੁਜਾਰੀ ਸੇਵਾ ਛੱਡਕੇ ਭੱਜ ਗਏ. ਹਾਜ਼ਿਰ ਸੰਗਤ ਨੇ ਫੈਸਲਾ ਕੀਤਾ ਕਿ ਤਖ਼ਤਸਾਹਿਬ ਸੁੰਞਾਂ ਨਹੀਂ ਰਹਿਣਾ ਚਾਹੀਦਾ, ਸੋ ੨੫ ਸਿੰਘਾਂ ਦਾ ਜਥਾ ਸੇਵਾ ਲਈ ਨੀਯਤ ਕੀਤਾ ਗਿਆ ਅਤੇ ਇਸ ਦੀ ਇੱਤਲਾਹ ਸਰਬਰਾਹ ਨੂੰ ਦਿੱਤੀ ਗਈ। ਨੱਠੇ ਹੋਏ ਪੁਜਾਰੀ ਸਰਬਰਾਹ ਅਤੇ ਡਿਪਟੀਕਮਿਸ਼ਨਰ ਦੇ ਕਹਿਣ ਤੇ ਭੀ ਹਾਜਿਰ ਨਾ ਹੋਏ, ਜਿਸ ਪੁਰ ਡਿਪਟੀਕਮਿਸ਼ਨਰ ਨੇ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਅਤੇ ਸ੍ਰੀ ਅਕਾਲਤਖਤ ਦੇ ਪ੍ਰਬੰਧ ਲਈ ੯. ਆਦਮੀਆਂ ਦੀ, ਜੋ ਸਾਰੇ ਹੀ ਗੁਰਦੁਆਰਾਸੁਧਾਰ ਲਹਿਰ ਦੇ ਹਾਮੀ ਸਨ, ਆਰਜ਼ੀ ਕਮੇਟੀ ਬਣਾ ਦਿੱਤੀ.

ਸਾਰੇ ਪੰਥ ਨੂੰ ਜਥੇਬੰਦ ਕਰਕੇ ਪੰਥ ਦੀ ਇੱਕ ਪ੍ਰਤੀਨਿਧਿ ਤੇ ਸਾਂਝੀ ਕਮੇਟੀ ਕਾਇਮ ਕਰਨ ਦੀ ਲੋੜ ਨੂੰ ਪ੍ਰਤੀਤ ਕਰਕੇ ਨਵੇਂ ਪ੍ਰਬੰਧਕਾਂ ਨੇ ਸ੍ਰੀ ਅਕਾਲਤਖਤ ਸਾਹਿਬ ਤੋਂ ਇੱਕ ਹੁਕਮਨਾਮਾ ਜਾਰੀ ਕੀਤਾ ਕਿ ਸਾਰਾ ਪੰਥ ਅਜਿਹੀ ਕਮੇਟੀ ਕਾਇਮ ਕਰਨ

ਲਈ ੧੫. ਨਵੰਬਰ ਸਨ ੧੯੨੦ ਨੂੰ ਸ੍ਰੀ ਅਕਾਲਤਖ਼ਤ ਸਾਹਿਬ ਇਕਤ੍ਰ ਹੋਵੇ। ੧੫- ੧੬ ਨਵੰਬਰ ਦੀ ਸਾਂਝੀ ਪੰਥਕ ਇਕਤ੍ਰਤਾ ਨੇ ੧੭੫ ਆਦਮੀਆਂ ਦੀ ਇੱਕ ਪ੍ਰਤੀਨਿਧਿ ਕਮੇਟੀ ਚੁਣੀ, ਜਿਸ ਦਾ ਨਾਉਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ. ਇਸ ਦੀ ਪਹਿਲੀ ਇਕਤ੍ਰਤਾ ੧੨. ਦਸੰਬਰ ਸੰਃ ੧੯੨੦ ਨੂੰ ਸ੍ਰੀ ਅਕਾਲਤਖ਼ਤ ਸਾਹਿਬ ਹੋਈ। ਇਸ ਇਕਤ੍ਰਤਾ ਤੇ ਸਾਰੇ ਮੈਂਬਰਾਂ ਦੀ ਸੋਧ ਕਰਕੇ ਅਹੁਦੇਦਾਰ ਚੁਣੇ ਗਏ, ਅਤੇ ਇੱਕ ਸਬਕਮੇਟੀ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਨੀਯਤ ਕੀਤੀ ਗਈ. ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੩੦ ਅਪ੍ਰੈਲ ੧੯੨੧ ਨੂੰ ਰਜਿਸਟਰ ਕਰਾਈ ਗਈ ਅਤੇ ਨਿਯਮਾਂ ਦੇ ਬਣਨ ਪਿੱਛੋਂ ਇਸ ਦੀ ਨਵੀਂ ਚੋਣ ਜੁਲਾਈ ੧੯੨੧ ਵਿੱਚ ਕੀਤੀ ਗਈ। ਚੁਣੇ ਹੋਏ ਮੈਂਬਰਾਂ ਨੇ ਕੁੱਲ ਗਿਣਤੀ ਦਾ ਪੰਜਵਾਂ ਹਿੱਸਾ ੧੪. ਅਗਸਤ ਨੂੰ ਨਾਮਜ਼ਦ ਕੀਤਾ ਅਤੇ ਮੁਕੰਮਲ ਕਮੇਟੀ ਦੀ ਇਕਤ੍ਰਤਾ ੨੭ ਅਗਸਤ ਸਨ ੧੯੨੧ ਨੂੰ ਹੋਈ.

ਕਮੇਟੀ ਨੇ ਵਡੇ ਉਤਸ਼ਾਹ ਅਤੇ ਧਰਮਭਾਵ ਨਾਲ ਗੁਰਦੁਆਰਿਆਂ ਦੇ ਸੁਧਾਰ ਦਾ ਕੰਮ ਆਰੰਭਿਆ ਅਰ ਇਸ ਵਿੱਚ ਅਨੇਕ ਵਿਘਨ ਪਏ, ਜਿਸ ਤੋਂ ਬੇਹੱਦ ਕੁਰਬਾਨੀ ਕਰਨੀ ਪਈ, ਜਿਸ ਦਾ ਸੰਖੇਪ ਹਾਲ ਇਹ ਹੈ-

੨੫ ਜਨਵਰੀ ੧੯੨੧ ਨੂੰ ਜਦਕਿ ਸ੍ਰੀ ਤਰਨਤਾਰਨਸਾਹਿਬ ਦੇ ਪੁਜਾਰੀਆਂ ਅਤੇ ਸੁਧਾਰਕ ਸਿੰਘਾਂ ਦੇ ਵਿਚਕਾਰ ਸਮਝੌਤੇ ਦੀਆਂ ਸ਼ਰਤਾਂ ਉੱਤੇ ਵਿਚਾਰ ਹੋ ਰਹੀ ਸੀ, ਪੁਜਾਰੀਆਂ ਨੇ ਇੱਕਦਮ ਛਵੀਆਂ ਸੋਟਿਆਂ ਆਦਿ ਨਾਲ ਅਕਾਲੀਆਂ ਨੂੰ ਮਾਰਨਾ ਆਰੰਭ ਦਿੱਤਾ, ਜਿਸ ਨਾਲ ੧੭. ਸਿੰਘ ਜ਼ਖਮੀ ਹੋਏ, ਭਾਈ ਹਜ਼ਾਰਾ ਸਿੰਘ ਅਤੇ ਭਾਈ ਹੁਕਮ ਸਿੰਘ ਸ਼ਹੀਦੀ ਪਾ ਗਏ।

ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰਾਇਣਦਾਸ ਦੀਆਂ ਕੁਰੀਤੀਆਂ ਵੇਖਕੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਜਨਰਲ ਇਕਤ੍ਰਤਾ ਵਿੱਚ ੨੪ ਜਨਵਰੀ ੧੯੨੧ ਨੂੰ ਪਾਸ ਕੀਤਾ ਕਿ ੪, ੫. ਅਤੇ ੬. ਮਾਰਚ ਨੂੰ ਨਨਕਾਣੇ ਸਾਹਿਬ ਵਿੱਚ ਇੱਕ ਭਾਰੀ ਦੀਵਾਨ ਕੀਤਾ ਜਾਵੇ, ਜਿਸ ਵਿੱਚ ਸਾਰਾ ਪੰਥ ਇਕਤ੍ਰ ਹੋ ਕੇ ਮਹੰਤ ਨੂੰ ਕਹੇ ਕਿ ਉਹ ਆਪਣਾ ਸੁਧਾਰ ਕਰੇ. ਇਹ ਖ਼ਬਰ ਸੁਣਕੇ ਮਹੰਤ ਨੇ ਸੁਧਾਰ ਦੀ ਥਾਂ ਜੰਗ ਦਾ ਸਾਮਾਨ ਜਮਾਕਰਨਾ ਆਰੰਭ ਦਿੱਤਾ ਅਤੇ ੨੦. ਫਰਵਰੀ ੧੯੨੧ ਨੂੰ ੧੫੦ ਸਿੰਘਾਂ ਦਾ ਜਥਾ, ਜੋ ਸ੍ਰੀ ਨਨਕਾਣੇ ਸਾਹਿਬ ਸੁਧਾਰ ਦਾ ਭਾਵ ਲੈ ਕੇ ਦਰਸ਼ਨ ਕਰਨ ਗਿਆ ਸੀ, ਵਡੀ ਬੇਰਹਮੀ ਨਾਲ ਕਤਲ ਕਰ ਦਿੱਤਾ. ਇਨ੍ਹਾਂ ਵਿੱਚੋਂ ਕੁਝ ਸਿੰਘ ਗੋਲੀਆਂ, ਛਵੀਆਂ ਅਤੇ ਗੰਡਾਸਿਆਂ ਨਾਲ ਮਾਰੇ ਗਏ, ਕੁਝ ਜਿਉਂਦੇ ਹੀ ਤੇਲ ਪਾਕੇ ਸਾੜੇ ਗਏ. ਇਸ ਭਯੰਕਰ ਘਟਨਾ ਪਿੱਛੋਂ ਗਵਰਨਮੇਂਟ ਨੇ ੨੧. ਫਰਵਰੀ ਦੀ ਸ਼ਾਮ ਨੂੰ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਸ਼ਿਰੋਮਣੀ ਕਮੇਟੀ ਨੂੰ ਦੇ ਦਿੱਤੀਆਂ।

ਕੁਝ ਗ਼ਲਤਫ਼ਹਿਮੀ ਦੇ ਕਾਰਣ ੭. ਨਵੰਬਰ ਸਨ ੧੯੨੧ ਨੂੰ ਦਰਬਾਰ ਹਰਿਮੰਦਿਰ ਦੇ ਤੋਸ਼ੇਖ਼ਾਨੇ ਦੀ ਚਾਬੀਆਂ ਡਿਪਟੀਕਮਿਸ਼ਨਰ ਨੇ ਸ਼ਿਰੋਮਣੀ ਕਮੇਟੀ ਤੋਂ ਲੈ ਲਈਆਂ, ਜਿਸ ਤੇ ਬਹੁਤ ਮੁਆਮਲਾ ਵਧਿਆ ਅਤੇ ਬਹੁਤ ਸਿੰਘਾਂ ਨੂੰ ਜੇਲ ਜਾਣਾ ਪਿਆ, ਅੰਤ ਨੂੰ ੧੯. ਜਨਵਰੀ ਸਨ ੧੯੨੨ ਨੂੰ ਚਾਬੀਆਂ ਸਰਦਾਰ ਖੜਕ ਸਿੰਘ ਪ੍ਰਧਾਨ ਕਮੇਟੀ ਦੇ ਸਪੁਰਦ ਕੀਤੀਆਂ ਗਈਆਂ.

੮. ਅਗਸਤ ਸਨ ੧੯੨੨ ਨੂੰ ਲੰਗਰ ਦੀ ਲੱਕੜਾਂ ਬਾਬਤ ਗੁਰਦੁਆਰਾ ਗੁਰੂ ਕੇ ਬਾਗ (ਘੁੱਕੇਵਾਲੀ) ਦਾ ਮੁਆਮਲਾ ਇਤਨਾ ਵਧਿਆ ਕਿ ੧੨. ਅਗਸਤ ਤੋਂ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ ਅਤੇ ਪੁਲਿਸ ਵੱਲੋਂ ਸਖ਼ਤ ਮਾਰਕੁਟਾਈ ਹੋਈ. ਗੁਰਸਿੱਖ ਸਰ ਗੰਗਾਰਾਮ ਨੇ ਇਹ ਝਗੜਾ ੧੭. ਨਵੰਬਰ ਨੂੰ ਵਿੱਚ ਪੈ ਕੇ ਸ਼ਾਂਤ ਕੀਤਾ. ਇਸ ਮੋਰਚੇ ਵਿੱਚ ਗ੍ਰਿਫਤਾਰੀਆਂ ਦੀ ਗਿਣਤੀ ੫੬੦੫ ਤੱਕ ਪੁੱਜ ਗਈ ਸੀ, ਜਿਨ੍ਹਾਂ ਵਿੱਚੋਂ ੩੫ ਸ਼ਿਰੋਮਣੀ ਕਮੇਟੀ ਦੇ ਮੈਂਬਰ ਸਨ. [੨੯]

ਇਸ ਸੁਧਾਰ ਲਹਿਰ ਵਿੱਚ ਇੱਕ ਹੋਰ ਜਰੂਰੀ ਅਤੇ ਉੱਤਮ ਕੰਮ ਹੋਇਆ, ਅਰਥਾਤ ਸ਼੍ਰੀ ਅਮ੍ਰਿਤਸਰ ਜੀ ਦੇ ਸਰੋਵਰ ਦੀ ਕਾਰ ਕੱਢਣ ਦੀ ਸੇਵਾ ਕੀਤੀ ਗਈ. ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ੍ਰੀ ਅਮ੍ਰਿਤਸਰ ਪੁੱਜੀਆਂ ਅਤੇ ਪੰਥ ਦੇ ਹਰੇਕ ਫਿਰਕੇ ਅਰ ਦਰਜੇ ਦੇ ਸ਼੍ਰੱਧਾਲੂਆਂ ਨੇ ਵਡੇ ਪ੍ਰੇਮ ਅਤੇ ਉਤਸ਼ਾਹ ਨਾਲ ਸੇਵਾ ਕੀਤੀ. ਕਾਰਸੇਵਾ ੧੭. ਜੂਨ ਸਨ ੧੯੨੩ ਨੂੰ ਆਰੰਭ ਕੀਤੀ ਗਈ. ਇਹ ਨਜ਼ਾਰਾ ਵੇਖਣ ਯੋਗਜ ਸੀ.

ਗੁਰਦੁਆਰਾ ਸੁਧਾਰ ਲਹਿਰ ਦੀ ਤੇਜ਼ੀ ਅਤੇ ਸਿੱਖਾਂ ਦੇ ਦਿਲੀ ਜਜ਼ਬਾਤ ਨੂੰ ਵੇਖਕੇ ਗਵਰਨਮੈਂਟ ਨੇ ਪ੍ਰਤੀਤ ਕੀਤਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਕੋਈ ਕਾਰਵਾਈ ਹੋਣੀ ਚਾਹੀਦੀ ਹੈ. ਇਸ ਲਈ ੧੬. ਫਰਵਰੀ ਸਨ ੧੯੨੧ ਨੂੰ ਇੱਕ ਪੜਤਾਲੀਆ ਕਮੇਟੀ ਬਣਾਉਣ ਦਾ ਐਲਾਨ ਕੀਤਾ ਅਤੇ ਸ਼ੇਖ ਅਸਗਰਅਲੀ ਦੀ ਪ੍ਰਧਾਨਗੀ ਹੇਠ ਸ਼ਿਰੋਮਣੀ ਕਮੇਟੀ ਦੇ

ਪ੍ਰਤਿਨਿਧਾਂ ਅਤੇ ਮਹੰਤਾਂ ਦੀ ਕਾਨਫ੍ਰੈਂਸ ਹੋਣ ਦਾ ਫੈਸਲਾ ਹੋਇਆ, ਪਰ ਇਹ ਸਕੀਮ ਵਿੱਚੇ ਰਹਿ ਗਈ। ੧੪. ਮਾਰਚ ਸਨ ੧੯੨੧ ਨੂੰ ਫੇਰ ਮੀਆਂ ਫ਼ਜ਼ਲਹੁਸੈਨ ਨੇ ਪੰਜਾਬ ਕੌਂਸਲ ਵਿੱਚ ਇੱਕ ਮਤਾ ਪੇਸ਼ ਕੀਤਾ ਕਿ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਨੂੰ ਠੀਕ ਕਰਨ ਲਈ ਇੱਕ ਬਿਲ ਪੇਸ਼ ਹੋਣਾ ਚਾਹੀਦਾ ਹੈ, ਬਿਲ ਦੇ ਬਣਨ ਤਕ ਤਿੰਨ ਮੈਂਬਰਾਂ ਦਾ ਇੱਕ ਗੁਰਦੁਆਰਾ ਕਮਿਸ਼ਨ ਨੀਯਤ ਕਰਨ ਦਾ ਫੈਸਲਾ ਹੋਇਆ, ਪਰ ਗਵਰਨਮੈਂਟ ਨੇ ਗੁਰਦੁਆਰਾ ਕਮਿਸ਼ਨ ਦਾ ਸਵਾਲ ਛੱਡਕੇ ਗੁਰਦੁਆਰਾ ਬਿਲ ੫. ਅਪ੍ਰੈਲ ਨੂੰ ਪੇਸ਼ ਕਰਨ ਦਾ ਫੈਸਲਾ ਕੀਤਾ, ਪਰ ਇਹ ਕਾਰਵਾਈ ਭੀ ਸਫਲ ਨਾ ਹੋਈ. ਅੰਤ ਨੂੰ ਵਡੀ ਬਹਿਸ ਅਤੇ ਕੋਸ਼ਿਸ਼ ਦੇ ਪਿੱਛੋਂ ਗੁਰਦੁਆਰਾ ਕਾਨੂੰਨ ਨੰਃ ੮. ਸਨ ੧੯੨੫ The Sikh Gurdwara Act, 1925. (Punjab) Act. No. VIII of 1925) ਪਾਸ ਹੋਇਆ, ਜਿਸ ਦੀ ਮਨਜ਼ੂਰੀ ਗਵਰਨਰ ਜਨਰਲ ਨੇ ੨੮ ਜੁਲਾਈ ੧੯੨੫ ਨੂੰ ਦਿੱਤੀ ਅਰ ਜਿਸ ਉੱਤੇ ੧. ਨਵੰਬਰ ੧੯੨੫ ਤੋਂ ਅਮਲ ਆਰੰਭ ਹੋਇਆ.

ਇਸ ਗੁਰਦੁਆਰਾ ਕਾਨੂੰਨ ਅਨੁਸਾਰ ਗੁਰਦੁਆਰਾ ਸੇਂਟ੍ਰਲਬੋਰਡ Central Board ਦੇ ਚੁਣੇ ਹੋਏ ਮੈਂਬਰਾਂ ਦੀ ਇਕਤ੍ਰਤਾ ੪. ਸਿਤੰਬਰ ੧੯੨੬ ਨੂੰ ਟਾਊਨਹਾਲ ਅਮ੍ਰਿਤਸਰ ਵਿੱਚ ਹੋਈ ਅਤੇ ੧੪. ਮੈਂਬਰ ਚੁਣੇ ਗਏ. ਪੂਰੇ ਸੇਂਟ੍ਰਲਬੋਰਡ ਦੀ ਪਹਿਲੀ ਇਕਤ੍ਰਤਾ ੨. ਅਕਤੂਬਰ, ੧੯੨੬ ਨੂੰ ਟਾਊਨਹਾਲ ਵਿੱਚ ਹੋਈ, ਜਿਸ ਵਿੱਚ ਅਹੁਦੇਦਾਰਾਂ ਅਤੇ ਅੰਤਰੰਗ ਕਮੇਟੀ ਦੀ ਚੋਣ ਦੇ ਪਿੱਛੋਂ ਪਾਸ ਹੋਇਆ ਕਿ ਸੇਂਟ੍ਰਲਬੋਰਡ ਦਾ ਨਾਉਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਖਿਆ ਜਾਵੇ ਅਤੇ ਗਵਰਨਮੈਂਟ ਨੇ ਭੀ ਇਹ ਨਾਮ ਆਪਣੇ ਨੋਟੀਫ਼ੀਕੇਸ਼ਨ ਤਾਰੀਖ਼ ੧੭. ਜਨਵਰੀ ੧੯੨੭ ਰਾਹੀਂ ਪ੍ਰਵਾਨ ਕਰ ਲਿਆ. ਪੁਰਾਣੀ ਸ਼ਿਰੋਮਣੀ ਕਮੇਟੀ ਨੇ ਨਵੀਂ ਸ਼ਿਰੋਮਣੀ ਕਮੇਟੀ ਨੂੰ ੨੭ ਨਵੰਬਰ, ੧੯੨੬ ਨੂੰ ਚਾਰਜ ਦੇਣਾ ਆਰੰਭ ਕੀਤਾ ਅਤੇ ੪. ਦਸੰਬਰ ੧੯੨੬ ਤਕ ਮੁਕੰਮਲ ਚਾਰਜ ਦੇ ਕੇ ਆਪਣੇ ਆਪ ਨੂੰ ਉਸ ਵਿੱਚ ਲੀਨ ਕਰ ਦਿੱਤਾ।

ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥ ਦੇ ਵਿਚਾਰਵਾਨ ਸਾਰੇ ਜਥੇ ਅਤੇ ਸਮਾਜ, ਦਿਲੋਂ ਚਾਹੁੰਦੇ ਹਨ ਕਿ ਗੁਰਦੁਵਾਰਿਆਂ ਦਾ ਪ੍ਰਬੰਧ ਹੋਰਨਾਂ ਲਈ ਉਦਾਹਰਣ ਰੂਪ ਹੋਵੇ, ਪਰ ਜਦ ਤੀਕ-

(ੳ) ਗੁਰਦੁਆਰਿਆਂ ਦੇ ਸੇਵਕ ਗੁਰਮਤ ਦੇ ਪੂਰੇ ਗਜਾਤਾ, ਵਿਦ੍ਵਾਨ ਅਤੇ ਸਦਾਚਾਰੀ ਨਹੀਂ ਹੁੰਦੇ,

(ਅ) ਜਦ ਤੀਕ ਉਦਾਸੀ, ਨਿਹੰਗ, ਨਿਰਮਲੇ, ਨਾਮਧਾਰੀ ਆਦਿਕ ਫਿਰਕੇ ਤਅੱਸੁਬ ਛੱਡਕੇ ਆਪਣੇ ਤਾਂਈ ਇੱਕ ਪਿਤਾ ਦੇ ਪੁਤ੍ਰ ਜਾਣਕੇ ਭ੍ਰਾਤ੍ਰਿਭਾਵ ਦਾ ਵਰਤਾਉ ਨਹੀਂ ਕਰਦੇ,

(ੲ) ਜਦ ਤੀਕ ਮਾਯਾ ਦੇ ਜਾਲ ਤੋਂ ਮੁਕਤ ਹੋਕੇ ਨਿਸ਼ਕਾਮ ਸੇਵਾ ਨੂੰ ਆਪਣਾ ਆਦਰਸ਼ ਨਹੀਂ ਬਣਾਉਂਦੇ, ਤਦ ਤੀਕ 'ਸੁਧਾਰ' ਅਤੇ 'ਪ੍ਰਬੰਧ' ਸ਼ਬਦ ਕੇਵਲ ਲਿਖਣ ਅਤੇ ਬੋਲਣ ਵਿੱਚ ਹੀ ਰਹਿਣਗੇ.

ਗੁਰਦੁਆਰਿਆਂ ਦੇ ਸੇਵਕਾਂ ਨੂੰ ਅਮ੍ਰਿਤਵੇਲੇ ਨਿੱਤਨੇਮ ਨਾਲ ਭਾਈ ਗੁਰਦਾਸ ਜੀ ਦੇ ਇਸ ਕਬਿੱਤ ਦਾ ਪਾਠ ਕਰਨਾ ਚਾਹੀਏ-

ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ,

ਨਾਉ ਮੈ ਜੌ ਆਗ ਲਾਗੈ ਕੈਸੇ ਕੈ ਬੁਝਾਈਐ?

ਬਾਹਰ ਸੇ ਭਾਗ ਓਟ ਲੀਜੀਅਤ ਕੋਟਗੜ੍ਹ,

ਗੜ੍ਹ ਮੈਂ ਜੋ ਲੂਟਲੀਜੈ, ਕਹੋ ਕਤ ਜਾਈਐ?

ਚੋਰਨ ਕੇ ਤ੍ਰਾਸ ਜਾਇ ਸ਼ਰਨ ਗਹੇ ਨਰਿੰਦ,

ਮਾਰੇ ਮਹੀਪਤਿ ਜੀਉ ਕੈਸੇਕੈ ਬਚਾਈਐ?

ਮਾਯਾਡਰ ਡਰਪਤ ਹਾਰ ਗੁਰਦ੍ਵਾਰੇ ਜਾਵੈ,

ਤਹਾਂ ਜੌ ਮਾਯਾ ਬਿਆਪੈ, ਕਹਾਂ ਠਹਿਰਾਈਐ?

(ਕਬਿੱਤ ੫੪੪)

ਗ੍ਰੰਥਕਰਤਾ ਦੀ ਅਕਾਲਪੁਰਖ ਅੱਗੇ ਸੁੱਧਭਾਵ ਨਾਲ ਅਰਦਾਸ ਹੈ ਕਿ ਉਹ ਸਮਾ ਛੇਤੀ ਆਵੇ, ਜਦ ਅਸੀਂ ਆਪਣੇ ਗੁਰਦੁਆਰਿਆਂ ਵਿੱਚ ਬਾਬਾ ਬੁੱਢਾ ਜੀ, [੩੦] ਭਾਈ ਗੁਰਦਾਸ ਜੀ, [੩੧] ਸੰਤ ਅਲਮਸਤ ਜੀ, [੩੨] ਭਾਈ ਕਨ੍ਹੈਯਾ ਜੀ, [੩੩] ਭਾਈ ਮਨੀ ਸਿੰਘ ਜੀ[੩੪] ਅਤੇ ਮਹਾਤਮਾ ਗੁਰਬਖ਼ਸ਼[੩੫] ਜੇਹੇ ਗ੍ਰੰਥੀ, ਪੁਜਾਰੀ ਅਤੇ ਮਹੰਤ ਵੇਖੀਏ, ਜਿਸ ਤੋਂ ਗੁਰੂ ਨਾਨਕਦੇਵ ਦੇ ਪ੍ਰਚਾਰ ਕੀਤੇ ਅਕਾਲੀ ਧਰਮ ਦਾ ਝੰਡਾ ਸਾਰੇ ਸੰਸਾਰ ਤੇ ਝੂਲੇ.

**ਗੁਰਦੁਆਰਾ ਐਕਟ, ਗੁਰਦੁਆਰਾ ਸੁਧਾਰ, ਗੁਰਦੁਆਰਾ ਪ੍ਰਬੰਧਕ ਕਮੇਟੀ:** ਦੇਖੋ, ਗੁਰਦੁਆਰਾ ੩.

**ਗੁਰਦੁਆਰਿ, ਗੁਰਦੁਆਰੈ:** ਗੁਰਦ੍ਵਾਰੇ ਵਿੱਚ. ਗੁਰੂ ਦੇ ਦਰਬਾਰ ਵਿੱਚ. "ਕਿਉ ਸੋਹੈ ਗੁਰਦੁਆਰਿ." (ਸ੍ਰੀ ਮਃ ੧) ੨. ਗੁਰੂ ਦ੍ਵਾਰਾ. ਗੁਰੂ ਦੀ ਮਾਰਫਤ. ਗੁਰੂ ਦੇ ਜਿਰੀਏ. "ਜਗ ਜੀਤਉ ਗੁਰਦੁਆਰਿ." (ਸਵੈਯੇ ਮਃ ੨. ਕੇ) "ਗੁਰਦੁਆਰੈ ਹਰਿਕੀਰਤਨੁ ਸੁਣੀਐ." (ਮਾਰੂ ਸੋਲਹੇ ਮਃ ੫)

**ਗੁਰਦੇਉ, ਗੁਰਦੇਵ:** ਦੇਵਰੂਪ ਸਤਿਗੁਰੁ. ਗੁਰੁਦੇਵ. "ਗੁਰਦੇਵ ਮਾਤਾ ਗੁਰਦੇਵ ਪਿਤਾ." (ਬਾਵਨ) ੨. ਇਸ਼੍ਟ ਦੇਵਤਾ. ਪੂਜਯ ਦੇਵ। ੩. ਗੁਰੂ ਨਾਨਕ ਸ੍ਵਾਮੀ.

**ਗੁਰਦੇਵਏ:** ਗੁਰੁਦੇਵਾਯ. ਚਤੁਰਥੀ ਵਿਭਕ੍ਤਿ. ਗੁਰੁਦੇਵ ਤਾਈਂ. ਦੇਵਰੂਪ ਗੁਰੂ ਪ੍ਰਤਿ. "ਸ੍ਰੀ ਗੁਰਦੇਵਏ ਨਮਹ." (ਸੁਖਮਨੀ)

**ਗੁਰਦ੍ਵਾਰਾ, ਗੁਰਦ੍ਵਾਰਾ ਪ੍ਰਬੰਧਕ ਕਮੇਟੀ:** ਦੇਖੋ, ਗੁਰਦੁਆਰਾ ੩.

**ਗੁਰਨੇ ਕਲਾਂ:** ਰਿਆਸਤ ਪਟਿਆਲਾ, ਨਜਾਮਤ ਤਸੀਲ ਸੁਨਾਮ, ਥਾਣਾ ਮੂਨਕ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਪੱਛਮ ਇੱਕ ਫਰਲਾਂਗ ਪੁਰ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ. ਪਾਸ ਛੋਟਾ ਰਹਾਇਸ਼ੀ ਮਕਾਨ ਹੈ. ਪੁਜਾਰੀ ਸਿੰਘ ਹੈ. ਗੁਰਦ੍ਵਾਰੇ ਨਾਲ ੩੦੦ ਰੁਪਯੇ ਸਾਲਾਨਾ ਜਾਗੀਰ ਰਿਆਸਤ ਪਟਿਆਲੇ ਵੱਲੋਂ ਅਤੇ ੧੦. ਵਿੱਘੇ ਜ਼ਮੀਨ ਪਿੰਡ ਵੱਲੋਂ ਹੈ.

ਰੇਲਵੇ ਸਟੇਸ਼ਨ ਗੁਰਨੇ ਤੋਂ ਵਾਯਵੀ ਕੋਣ ਇੱਕ ਮੀਲ ਦੇ ਕ਼ਰੀਬ ਹੈ.

**ਗੁਰਪਗ:** ਸਤਿਗੁਰੂ ਦੇ ਚਰਣ. ਗੁਰੁਪਾਦ. "ਗੁਰਪਗ ਝਾਰਹਿ ਹਮ ਬਾਲ." (ਪ੍ਰਭਾ ਮਃ ੪)

**ਗੁਰਪਰਸਾਦ:** ਗੁਰੂ ਦੀ ਪ੍ਰਸਾਦ (ਕ੍ਰਿਪਾ).

**ਗੁਰਪਰਸਾਦਿ, ਗੁਰਪਰਸਾਦੀ:** ਗੁਰੂ ਪ੍ਰਸਾਦ (ਕ੍ਰਿਪਾ) ਕਰਕੇ. ਗੁਰੁਕ੍ਰਿਪਾ ਦ੍ਵਾਰਾ. "ਗੁਰਪਰਸਾਦਿ ਨ ਹੋਇ ਸੰਤਾਪੁ." (ਬਿਲਾ ਮਃ ੫) "ਗੁਰਪਰਸਾਦੀ ਪਾਇਆ." (ਸ੍ਰੀ ਮਃ ੧. ਜੋਗੀ ਅੰਦਰ) "ਗੁਰਪਰਸਾਦੀ ਏਕੋ ਜਾਣਾ." (ਮਾਝ ਅਃ ਮਃ ੩)

**ਗੁਰਪਰਗਾਸ:** ਸੰਗਯਾ- ਗੁਰੁਗਯਾਨ ਦਾ ਚਮਤਕਾਰ। ੨. ਆਤਮਪ੍ਰਕਾਸ਼। ੩. ਵਿ- ਵਡਾ ਪ੍ਰਕਾਸ਼, ਜੋ ਚੰਦ੍ਰਮਾ ਸੂਰਜ ਤੋਂ ਭੀ ਵਧਕੇ ਹੈ.

**ਗੁਰਪਰਵਾਨ:** ਸੰਗਯਾ- ਗੁਰੁਪ੍ਰਮਾਣ. ਗੁਰੁਸ਼ਬਦ ਦਾ ਪ੍ਰਮਾਣ। ੨. ਵਿ- ਪ੍ਰਾਮਾਣਿਕ ਗੁਰੂ. ਸਾਰੇ ਪ੍ਰਮਾਣਾਂ ਤੋਂ ਸਿੱਧ ਹੋਇਆ ਗੁਰੂ. "ਸੇਵਿਆ ਗੁਰਪਰਵਾਨ." (ਸਵੈਯੇ ਮਃ ੨. ਕੇ)

**ਗੁਰਪਲਾਸ, ਗੁਰਪਲਾਹ:** ਉਹ ਪਲਾਸ (ਢੱਕ), ਜਿਸ ਦਾ ਗੁਰੂ ਨਾਲ ਸੰਬੰਧ ਹੈ. ਖਾਸ ਕਰਕੇ ਅੱਗੇ ਲਿਖੇ ਗੁਰਪਲਾਹ ਪ੍ਰਸਿੱਧ ਹਨ-

ਜਿਲਾ ਜਲੰਧਰ ਬੰਗੇ ਪਿੰਡ ਤੋਂ ਅੱਧ ਕੋਹ ਉੱਤਰ ਸੋਤ੍ਰ ਪਿੰਡ ਵਿੱਚ. ਇਸ ਪਲਾਸ ਹੇਠ ਛੀਵੇਂ ਸਤਿਗੁਰੂ ਕੁਝ ਕਾਲ ਠਹਿਰੇ ਹਨ. ਇੱਥੇ ਵੀਹ ਹਾੜ ਨੂੰ ਮੇਲਾ ਹੁੰਦਾ ਹੈ. ਬੰਗਾ ਰੇਲਵੇ ਸਟੇਸ਼ਨ ਤੋਂ ਇੱਕ ਮੀਲ ਪੱਛਮ ਹੈ। ੨. ਫਗਵਾੜੇ ਤੋਂ ੨. ਕੋਹ ਪੂਰਵ ਇੱਕ ਪਲਾਸ, ਜਿਸ ਹੇਠ ਸੱਤਵੇਂ ਸਤਿਗੁਰੂ ਵਿਰਾਜੇ ਹਨ। ੩. ਫਗਵਾੜੇ ਤੋਂ ਪੰਜ ਕੋਹ ਪੂਰਵ ਸਰਾਲੇ ਪਿੰਡ ਪਾਸ ਨੌਵੇਂ ਸਤਿਗੁਰੂ ਦਾ ਪਲਾਹ। ੪. ਆਨੰਦਪੁਰ ਤੋਂ ਬਾਰਾਂ ਕੋਹ ਪੱਛਮ ਇੱਕ ਪਲਾਸ, ਜਿਸ ਹੇਠ ਭਬੌਰ ਤੋਂ ਹਟਦੇ ਹੋਏ ਕਲਗੀਧਰ ਕੁਝ ਕਾਲ

ਠਹਿਰੇ ਹਨ. ਇਹ ਪਿੰਡ ਬਾਬੂ ਤੋਂ ਇੱਕ ਫਰਲਾਂਗ ਪੂਰਵ ਹੈ. ਇਸ ਨੂੰ ਪੱਚੀ ਘੁਮਾਉਂ ਜ਼ਮੀਨ ਹੈ. ਰਿਆਸਤ ਨਾਭੇ ਤੋਂ ਪੱਚੀ ਰੁਪਯੇ ਸਾਲਾਨਾ ਮਿਲਦੇ ਹਨ. ਰੇਲਵੇ ਸਟੇਸ਼ਨ ਜੇਜੋ ਤੋਂ ਦਸ ਮੀਲ ਪੂਰਵ ਹੈ.

ਗੁਰਪਾਗ: ਗੁਰਪਗ. ਗੁਰੁਚਰਣ. "ਮਸਤਕ ਡਾਰਿ ਗੁਰਪਾਗਿਓ." (ਗਉ ਮਃ ੫) ਗੁਰੂ ਦੇ ਚਰਣਾਂ ਉੱਪਰ.

ਗੁਰਪੁਰ: ਦੇਖੋ, ਗੁਰੁਪੁਰ.

ਗੁਰਪੁਰਬ: ਦੇਖੋ, ਗੁਰੁਪਰਬ. "ਭਾਇ ਭਗਤਿ ਗੁਰਪੁਰਬ ਕਰੰਦੇ." (ਭਾਗੁ)

ਗੁਰਪ੍ਰਸਾਦ: ਸੰਗਜਾ- ਗੁਰੁਪ੍ਰਸਾਦ. ਗੁਰੁਕ੍ਰਿਪਾ. ਸਤਿਗੁਰੂ ਦੀ ਦਯਾ.

ਗੁਰਪ੍ਰਸਾਦਿ: ਦੇਖੋ, ਗੁਰੁ ਅਤੇ ਪ੍ਰਸਾਦਿ "ਅਜੂਨੀ ਸੈਭੰ ਗੁਰਪ੍ਰਸਾਦਿ." (ਜਪੁ) ੨. ਗੁਰੁਕ੍ਰਿਪਾ ਕਰਕੇ. ਗੁਰੁਕ੍ਰਿਪਾ ਦ੍ਵਾਰਾ. "ਗੁਰਪ੍ਰਸਾਦਿ ਨਾਨਕ ਮਨਿ ਜਾਗਹੁ." (ਸੁਖਮਨੀ)

ਗੁਰਪ੍ਰਣਾਲੀ: ਦੇਖੋ, ਗੁਰੁਪ੍ਰਣਾਲੀ.

ਗੁਰਪ੍ਰਤਾਪ: ਜਿਲਾ ਜਲੰਧਰ, ਤਸੀਲ ਨਵਾਂਸ਼ਹਰ, ਥਾਣਾ ਬੰਗੇ ਦਾ ਇੱਕ ਪਿੰਡ ਗੁਰੂ ਕਾ ਚੱਕ ਹੈ. ਇਸ ਤੋਂ ਅੱਧ ਮੀਲ ਪੱਛਮ ਸ੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ "ਗੁਰਪ੍ਰਤਾਪ" ਹੈ. ਗੁਰੂ ਜੀ ਨੇ "ਬਾਬੇ ਬਕਾਲੇ" ਤੋਂ ਚੱਲਕੇ ਕੀਰਤਪੁਰ ਜਾਂਦੇ ਇੱਥੇ ਇੱਕ ਮਹੀਨਾ ਨਿਵਾਸ ਕੀਤਾ. ਇੱਥੇ ਜਲ ਦੀ ਤਕਲੀਫ ਸੀ, ਇਲਾਕੇ ਦੇ ਵਸਨੀਕਾਂ ਦੀ ਪ੍ਰਾਰਥਨਾ ਕਰਨ ਪੁਰ ਗੁਰੂ ਜੀ ਨੇ ਇੱਕ ਖੂਹ ਲਗਵਾਇਆ, ਜਿਸ ਦਾ ਟੱਕ ਮਾਤਾ ਗੁਜਰੀ ਜੀ ਨੇ ਲਾਇਆ ਅਤੇ 'ਗੁਰੂ ਕਾ ਚੱਕ' ਪਿੰਡ ਵਸਾਇਆ.

ਮਹਾਰਾਜਾ ਰਣਜੀਤ ਸਿੰਘ ਨੇ ਇਸ ਸਾਰੇ ਪਿੰਡ ਦੀ ਜ਼ਮੀਨ ਗੁਰਦ੍ਵਾਰੇ ਨਾਲ ਲਾ ਦਿੱਤੀ. ਗੁਰਦ੍ਵਾਰੇ ਵੱਲੋਂ ਪਿੰਡ ਵਾਲੇ ਵਾਹੁੰਦੇ ਰਹੇ, ਪਰ ਹੁਣ ਅੰਗ੍ਰੇਜ਼ੀ ਅਮਲਦਾਰੀ ਸਮੇਂ ਆਨੰਦਪੁਰ ਦੇ ਸੋਢੀਆਂ ਨੇ ਪਿੰਡ ਵਾਲਿਆਂ ਨੂੰ ਮੌਰੂਸੀ ਬਣਾ ਲਿਆ ਹੈ, ਹੱਕ ਮਾਲਕਾਨਾ ਅਤੇ ਚੁਕੋਤਾ ਆਪ ਵਸੂਲ ਕਰਦੇ ਹਨ. ੧੫. ਘੁਮਾਉਂ ਜ਼ਮੀਨ ਅਜੇ ਭੀ ਗੁਰਦ੍ਵਾਰੇ ਨਾਲ ਹੈ.

ਇਹ ਅਸਥਾਨ ਰੇਲਵੇ ਸਟੇਸ਼ਨ "ਕਲਥਮ ਅ਼ਬਦੁੱਲਾਸ਼ਾਹ" ਤੋਂ ਡੇਢ ਮੀਲ ਦੱਖਣ ਹੈ.

ਗੁਰਪ੍ਰਤਾਪਸੂਰਜ: ਦੇਖੋ, ਗੁਰੁਪ੍ਰਤਾਪਸੂਰਯ.

ਗੁਰਬਖਸ: ਦੇਖੋ, ਗੁਰੁਬਖਸ.

ਗੁਰਬਖਸ਼ ਸਿੰਘ: ਦੇਖੋ, ਗੁਰੁਬਖਸ਼ ਸਿੰਘ.

ਗੁਰਬਚਨਾਤ: ਗੁਰੁਵਚਨਾਤ੍. ਪੰਚਮੀ. ਗੁਰਾਂ ਦੇ ਵਚਨ ਤੋਂ. "ਗੁਰਬਚਨਾਤ ਕਮਾਤ ਕਿਰਪਾ ਤੇ." (ਸਾਰ ਮਃ ੫)

ਗੁਰਬਚਨਿ, ਗੁਰਬਚਨੀ: ਗੁਰੂ ਦੇ ਉਪਦੇਸ਼ ਦ੍ਵਾਰਾ. ਸਤਿਗੁਰੂ ਦੇ ਵਾਕਾਂ ਅਨੁਸਾਰ. "ਗੁਰਬਚਨਿ ਧਿਆਇਆ ਜਿਨ੍ਹਾਂ ਅਗਮੁ ਹਰਿ." (ਵਾਰ ਕਾਨ ਮਃ ੪) "ਗੁਰਬਚਨੀ ਸੁਖੁ ਊਪਜੈ." (ਸੋਰ ਅਃ ਮਃ ੫)

ਗ਼ੁਰਬਤ: ਅ਼. غربت ਬੇਵਤ਼ਨੀ. ਪਰਦੇਸ ਵਿੱਚ ਹੋਣ ਦਾ ਭਾਵ। ੨. ਨਿਰਧਨਤਾ. ਕੰਗਾਲੀ। ੩. ਓਪਰਾਪਨ. ਜਾਣ ਪਹਿਚਾਣ ਦਾ ਅਭਾਵ. "ਗੁਰਬਤ ਸਿੰਘ ਸੋਂ ਨਹਿ ਖੁਲੀ ਹਮਾਰੀ." (ਪ੍ਰਾਪੰਪ੍ਰ)

ਗੁਰਬਾ: ਫ਼ਾ. گربہ ਗੁਰਬਹ. ਸੰਗਜਾ- ਬਿੱਲੀ। ੨. غربا ਗ਼ੁਰਬਾ. ਗ਼ਰੀਬ ਦਾ ਬਹੁਵਚਨ.

ਗੁਰਬਾਣੀ, ਗੁਰਬਾਨੀ: ਸੰਗਜਾ- ਗੁਰੂ ਨਾਨਕਦੇਵ ਅਤੇ ਉਨ੍ਹਾਂ ਦੇ ਰੂਪ ਸਤਿਗੁਰਾਂ ਦੀ ਬਾਣੀ. ਅਕਾਲੀ ਬਾਣੀ, ਜੋ ਗੁਰੂ ਦ੍ਵਾਰਾ ਸਾਨੂੰ ਪ੍ਰਾਪਤ ਹੋਈ ਹੈ. "ਗੁਰਬਾਣੀ ਇਸੁ ਜਗ ਮਹਿ ਚਾਨਣੁ." (ਸ੍ਰੀ ਅਃ ਮਃ ੩) "ਗੁਰਬਾਣੀ ਹਰਿਨਾਮ ਸਮਾਇਆ." (ਗਉ ਮਃ ੪) ਦੇਖੋ, ਗੁਰਬਾਨੀ.

ਗੁਰਬਿਲਾਸ: ਦੇਖੋ, ਗੁਰੁਵਿਲਾਸ.

ਗੁਰਬੰਸ: ਦੇਖੋ, ਗੁਰੁਵੰਸ਼.

ਗੁਰਭਾਉ: ਸੰਗਯਾ- ਗੁਰੁਭਾਵ. ਸਤਿਗੁਰੂ ਦਾ ਅਭਿਪ੍ਰਾਯ। ੨. ਗੁਰੁਸਿੱਧਾਂਤ। ੩. ਗੁਰੁਭਕ੍ਤਿ. ਗੁਰੁਸ਼੍ਰੱਧਾ.

ਗੁਰਮਹਲ: ਸਤਿਗੁਰੂ ਦੇ ਮੰਦਿਰ। ੨. ਗੁਰੂ ਦੀ ਪਦਵੀ। ੩. ਆਤਮਪਦ। ੪. ਸਤਿਗੁਰੂ ਦੀ ਸੁਪਤਨੀ.

ਗੁਰਮਹਲੀ: ਗੁਰੁਮਹਲ ਦ੍ਵਾਰਾ। ੨. ਪਰਮਪਦਵੀ ਦਾ ਅਧਿਕਾਰੀ. "ਗੁਰਮਹਲੀ ਸੋ ਮਹਲਿ ਬੁਲਾਵੈ." (ਬਸੰ ਅਃ ਮਃ ੧)

ਗੁਰਮਣੀਆ: ਸੰਗਯਾ- ਚਿੰਤਾਮਣਿ, ਜੋ ਸਭ ਮਣੀਆਂ ਵਿੱਚੋਂ ਗੁਰੂ ਹੈ। ੨. ਭਾਵ- ਆਤਮਵਿਦ੍ਯਾ. "ਗੁਰੂ ਪਾਸ ਸਚੀ ਗੁਰਮਣੀਆ." (ਵਾਰ ਬਿਲਾ ਮਃ ੪)

ਗੁਰਮਤ: ਸਤਿਗੁਰੂ ਦਾ ਸਿੱਧਾਂਤ। ੨. ਗੁਰੂ ਦਾ ਥਾਪਿਆ ਧਰਮ ਦਾ ਨਿਯਮ.

ਗੁਰਮਤਾ: ਦੇਖੋ, ਗੁਰੁਮਤਾ.

ਗੁਰਮਤਿ, ਗੁਰਮਤੀ: ਸੰਗਯਾ- ਗੁਰੁਸੰਮਤਿ. ਗੁਰੂ ਦੀ ਰਾਇ। ੨. ਸਤਿਗੁਰੂ ਦੀ ਇੱਛਾ। ੩. ਗੁਰੂ ਦੀ ਨਸੀਹ਼ਤ. "ਗੁਰਮਤਿ ਲੇਹੁ ਤਰਹੁ ਭਵ ਦੁਤਰੁ." (ਮਾਰੂ ਸੋਲਹੇ ਮਃ ੧) ੪. ਗੁਰੁਮਤ ਦ੍ਵਾਰਾ. "ਗੁਰਮਤਿ ਪਾਇਆ ਸਹਜਿ ਮਿਲਾਇਆ." (ਸੂਹੀ ਛੰਤ ਮਃ ੩) "ਗੁਰਮਤੀ ਮਨੁ ਨਿਜਘਰਿ ਵਸਿਆ." (ਵਡ ਛੰਤ ਮਃ ੩)

ਗੁਰਮਨਾਰਿ: ਦੇਖੋ, ਮਨਾਰਿ.

ਗੁਰਮਾਰੀ: ਸਰਹਿੰਦ ਪੁਰੀ. ਦੇਖੋ, ਗੁਰੁਮਾਰੀ.

ਗੁਰਮੁਖ: ਦੇਖੋ, ਗੁਰੁਮੁਖ। ੨. ਸੰਗਯਾ- ਸਤਿਗੁਰੂ ਦਾ ਮੁਖ. ਗੁਰੂ ਦਾ ਚੇਹਰਾ. "ਗੁਰਮੁਖ ਦੇਖ ਸਿੱਖ ਬਿਗਸਾਵਹਿਂ." (ਗੁਪ੍ਰਸੂ) ੩. ਓਹ ਪੁਰਖ, ਜੋ ਗੁਰੂ ਦੇ ਸੰਮੁਖ ਹੈ, ਕਦੇ ਵਿਮੁਖ ਨਹੀਂ ਹੁੰਦਾ. "ਗੁਰਮੁਖ ਸਿਉ ਮਨਮੁਖੁ ਅੜੇ ਡੁਬੈ." (ਵਾਰ ਮਾਝ ਮਃ ੨)

ਗੁਰਮੁਖ ਗਾਤੀ: ਦੇਖੋ, ਗਾਤੀ.

ਗੁਰਮੁਖਾ, ਗੁਰਮੁਖਾਂ: ਗੁਰਮੁਖਾਂ ਨੇ. "ਗੁਰਮੁਖਾ ਹਰਿਧਨੁ ਖਟਿਆ." (ਸਵਾ ਮਃ ੩)

ਗੁਰਮੁਖਿ: ਗੁਰੂ ਦੇ ਮੁਖ ਵਿੱਚ. ਭਾਵ- ਗੁਰੂ ਦੇ ਉਪਦੇਸ਼ ਅਤੇ ਬਾਣੀ ਵਿੱਚ. "ਗੁਰਮੁਖਿ ਨਾਦੰ ਗੁਰਮੁਖਿ ਵੇਦੰ." (ਜਪੁ) ੨. ਗੁਰਮੁਖਤਾ ਕਰਕੇ. "ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ." (ਮਾਝ ਅਃ ਮਃ ੫) ੩. ਦੇਖੋ, ਗੁਰਮੁਖੀ। ੪. ਦੇਖੋ, ਗੁਰਮੁਖ. "ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ." (ਮਾਝ ਅਃ ਮਃ ੫) ੫. ਪ੍ਰਧਾਨ ਗੁਰੂ ਨੇ. ਆਦਿ ਗੁਰੂ ਨੇ. "ਓਅੰ ਗੁਰਮੁਖਿ ਕੀਓ ਅਕਾਰਾ." (ਬਾਵਨ) ਓਅੰ (ਬ੍ਰਹਮ) ਆਦਿਗੁਰੂ ਨੇ। ੬. ਗੁਰਮੁਖ ਨੂੰ. "ਗੁਰਮੁਖਿ ਸਦਾ ਹਜੂਰਿ." (ਸ੍ਰੀ ਮਃ ੧)

ਗੁਰਮੁਖੀ: ਸੰਗਯਾ- ਪੰਜਾਬੀ ਬੋਲੀ ਦੀ ਵਰਣਮਾਲਾ, ਜੋ ਸ਼ਾਰਦਾ ਅਤੇ ਟਾਂਕਰੀ ਤੋਂ ਨਿਕਲੀ ਹੈ. ਇਸ ਵਿੱਚ ਸਤਿਗੁਰਾਂ ਦੇ ਮੁਖਵਾਕ੍ਯ ਗੁਰਮੁਖਾਂ ਨੇ ਲਿਖੇ, ਜਿਸ ਕਾਰਣ ਨਾਉਂ "ਗੁਰਮੁਖੀ" ਪ੍ਰਸਿੱਧ ਹੋਇਆ. ਪੰਜਾਬ ਦੇਸ਼ ਦੀ ਸ਼ੁੱਧ ਭਾਸ਼ਾ ਇਨ੍ਹਾਂ ਹੀ ਅੱਖਰਾਂ ਵਿੱਚ ਲਿਖੀ ਜਾ ਸਕਦੀ ਹੈ, ਇਸ ਕਾਰਣ ਇਹ ਪੰਜਾਬੀ ਵਰਣਮਾਲਾ ਭੀ ਸੱਦੀ ਜਾਂਦੀ ਹੈ.

ਕਈ ਲੇਖਕਾਂ ਨੇ ਲਿਖਿਆ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦਦੇਵ ਨੇ ਰਚੇ ਹਨ, ਪਰ ਇਹ ਭੁੱਲ ਹੈ. ਸ਼੍ਰੀ ਗੁਰੂ ਅੰਗਦ ਸ੍ਵਾਮੀ ਨੇ ਕੇਵਲ ਪ੍ਰਚਾਰ ਕੀਤਾ ਹੈ. ਸ਼੍ਰੀ ਗੁਰੂ ਨਾਨਕ ਦੇਵ ਦੀ ਲਿਖੀ "ਪੱਟੀ" ਜੋ ਆਸਾ ਰਾਗ ਵਿੱਚ ਹੈ, ਉਸ ਦੇ ਪਾਠ ਤੋਂ ਸੰਸਾ ਦੂਰ ਹੋ ਜਾਂਦਾ ਹੈ ਕਿ ਪੈਂਤੀ ਅੱਖਰਾਂ ਦੀ ਵਰਣਮਾਲਾ ਉਸ ਵੇਲੇ ਮੌਜੂਦ ਸੀ, ਅਤੇ ੜ ਅੱਖਰ, ਜੋ ਬਿਨਾ ਪੰਜਾਬੀ ਤੋਂ ਹੋਰ ਕਿਸੇ ਭਾਸ਼ਾ ਵਿੱਚ ਨਹੀਂ, ਪੱਟੀ ਵਿੱਚ ਦੇਖੀਦਾ ਹੈ. ਪੱਟੀ ਵਿੱਚ ਅੱਖਰਕ੍ਰਮ ਇਉਂ ਹੈ-

ਸ ੲ ੳ ਙ ਕ ਖ ਗ ਘ ਚ ਛ ਜ ਝ ਞ

ਟ ਠ ਡ ਢ ਣ ਤ ਥ ਦ ਧ ਨ

ਪ ਫ ਬ ਭ ਮ ਯ ਰ ਲ ਵ ੜ ਹ ਅ.::-

(fig.)

ਜਦ ਅਸੀਂ ਸ਼ਾਰਦਾ ਅਤੇ ਟਾਂਕਰੀ ਦੇ ਅੱਖਰਾਂ ਨਾਲ ਗੁਰਮੁਖੀ ਦੇ ਅੱਖਰ ਮਿਲਾਉਂਦੇ ਹਾਂ ਤਾਂ ਬਹੁਤ ਸ਼ਕਲਾਂ ਆਪੋਵਿੱਚੀ ਮਿਲਦੀਆਂ ਹਨ.

ਗੁਰਮੁਖੀ ਅੱਖਰ ਸਮੇਂ ਦੇ ਫੇਰ ਨਾਲ ਜਿਸ ਤਰਾਂ ਆਪਣਾ ਸਰੂਪ ਬਦਲਦੇ ਰਹੇ ਹਨ ਉਹ ਅੱਗੇ ਦਿੱਤੇ ਅੱਖਰ ਤੋਂ ਪ੍ਰਤੀਤ ਹੋਵੇਗਾ- (fig.)

ਗੁਰਮੁਖੀਂ: ਗੁਰੁਮੁਖਾਂ ਨੇ.

ਗੁਰਮੁਖੁ: ਦੇਖੋ, ਗੁਰਮੁਖ.

ਗੁਰਮੰਤ, ਗੁਰਮੰਤੁ, ਗੁਰਮੰਤ੍ਰ, ਗੁਰਮੰਤ੍ਰੜਾ: ਸੰਗਯਾ- ਗੁਰੁਮੰਤ੍ਰ, ਧਰਮ ਦਾ ਉਹ ਮੰਤ੍ਰ (ਮਹਾ ਵਾਕ੍ਯ), ਜੋ ਧਰਮ (ਮਜਹਬ) ਧਾਰਣ ਸਮੇਂ ਉਪਦੇਸ਼ ਕੀਤਾ ਜਾਂਦਾ ਹੈ. ਸਾਰੇ ਮਜਹਬੀ ਸ਼ਬਦਾਂ ਵਿੱਚੋਂ ਚੁਣਿਆ ਹੋਇਆ ਬੀਜਰੂਪ ਧਰਮ ਦਾ ਮੰਤ੍ਰ. ਸਿੱਖਧਰਮ ਅਨੁਸਾਰ "ਸਤਿਨਾਮ ਵਹਿਗੁਰੁ." "ਜਿਨਿ ਜਪਿਓ ਗੁਰਮੰਤੁ." (ਸਃ ਮਃ ੯) "ਚਲਤ ਬੈਸਤ ਸੋਵਤ ਜਾਗਤ ਗੁਰਮੰਤ੍ਰ ਰਿਦੈ ਚਿਤਾਰਿ." (ਮਾਰੂ ਮਃ ੫) "ਗੁਰਮੰਤ੍ਰੜਾ ਚਿਤਾਰਿ ਨਾਨਕ ਦੁਖ ਨ ਥੀਵਈ." (ਵਾਰ ਗੂਜ ੨. ਮਃ ੫)

ਗੁਰਰ: ਡਿੰਗ. ਸੰਗਯਾ- ਗਰੂਰ. ਹੰਕਾਰ. ਘਮੰਡ.

ਗੁਰਰਸੁ: ਆਤਮਰਸ. ਜੋ ਸਾਰੇ ਰਸਾਂ ਤੋਂ ਵਧਕੇ ਹੈ। ੨. ਗੁਰਬਾਣੀ ਦਾ ਰਸ. "ਗੁਰਰਸੁ ਗੀਤ ਬਾਦ ਨਹੀ ਭਾਵੈ." (ਓਅੰਕਾਰ)

ਗੁਰਰਸਨਾ: ਸਤਿਗੁਰੂ ਦੀ ਜ਼ਬਾਨ. "ਗੁਰਰਸਨਾ ਅੰਮ੍ਰਿਤੁ ਬੋਲਦੀ." (ਤਿਲੰ ਮਃ ੪)

ਗ਼ੁਰਰਾਂ: ਫ਼ਾ. غُرّاں ਵਿ- ਕੜਕਣ ਵਾਲਾ. ਗਰਜਨੇ ਵਾਲਾ.

ਗੁਰਰਾਨਾ, ਗ਼ੁਰਰੀਦਨ: ਫ਼ਾ. غُرّیدن ਕ੍ਰਿ- ਗਰਜਣਾ ਕੜਕਣਾ। ੨. ਗਰੜਾਉਣਾ.

ਗੁਰਲ: ਸੰਗਯਾ- ਜੰਗਲੀ ਬਕਰਾ.

ਗੁਰਵਾਹੁ: ਗੁਰੂ ਧਨ੍ਯ (ਧੰਨ) ਹੈ. "ਨਾਨਕ ਦਾਸ ਕਹੋ ਗੁਰਵਾਹੁ." (ਆਸਾ ਮਃ ੫)

ਗੁਰਵਾਕ: ਗੁਰੁਵਾਕ੍ਯ. ਸੰਗਯਾ- ਗੁਰੂ ਦਾ ਵਚਨ. ਦੇਖੋ, ਗੁਰਵਾਕੁ.

ਗੁਰਵਾਕਿ: ਸਤਿਗੁਰੂ ਦੇ ਵਾਕ ਦ੍ਵਾਰਾ. "ਗੁਰਵਾਕਿ ਸਤਿਗੁਰ ਜੋ ਭਾਇ ਚਲੈ." (ਤੁਖਾ ਛੰਤ ਮਃ ੪)

ਗੁਰਵਾਕੁ: ਦੇਖੋ, ਗੁਰਵਾਕ. "ਗੁਰਵਾਕੁ ਨਿਰਮਲੁ ਸਦਾ ਚਾਨਣ." (ਧਨਾ ਛੰਤ ਮਃ ੧)

ਗੁਰਵਿਲਾਸ: ਦੇਖੋ, ਗੁਰੁਵਿਲਾਸ.

ਗੁਰਵੀਚਾਰ: ਸੰਗਯਾ- ਗੁਰੁਸਿੱਧਾਂਤ. ਗੁਰੁਵਿਵੇਕ. ਸਤਿਗੁਰੂ ਦਾ ਵਿਚਾਰ.

ਗੁਰਵੀਚਾਰਿ: ਗੁਰੁਵਿਵੇਕ ਸੇ. ਸਤਿਗੁਰੂ ਦੇ ਵਿਚਾਰ ਨਾਲ. "ਤਰੀਐ ਗੁਰਵੀਚਾਰਿ." (ਸ੍ਰੀ ਮਃ ੧)

ਗੁਰੜਾਉਨਾ: ਕ੍ਰਿ- ਦੇਖੋ, ਗੁਰਰਾਨਾ.

ਗੁਰਾਹਾ, ਗੁਰਾਣਾ: ਵਿ- ਗੁਰੁ ਨਾਲ ਸੰਬੰਧਿਤ. ਗੁਰੂ ਦਾ. ਸਤਿਗੁਰੂ ਦੀ. "ਮਿਲ ਸਤਸੰਗਤਿ ਸੰਗ ਗੁਰਾਹਾ." (ਜੈਤ ਮਃ ੪)

ਗੁਰਾਲਾ: ਗੁਰੁ- ਆਲਯ. ਗੁਰੁਘਰ। ੨. ਨਿਰਮਲ ਅੰਤਹਕਰਣ। ੩. ਦਸ਼ਮਦ੍ਵਾਰ. "ਸੁਰਤ ਸੰਕੋਚ ਬਜ੍ਰ ਖੁਲ ਤਾਲਾ। ਧਸਜੋ ਮੱਧ

ਜਹਿਂ ਸੁਖਦ ਗੁਰਾਲਾ." (ਗੁਵਿ ੧੦)

**ਗੁਰਿ:** ਗੁਰੂ ਨੇ. "ਗੁਰਿ ਕਟੀ ਮਿਹੰਡੀ ਜੇਵੜੀ." (ਸ੍ਰੀ ਮਃ ੫. ਪੈਪਾਇ. ) "ਗੁਰਿ ਆਸਾ ਮਨਸਾ ਪੂਰੀਆ." (ਬਿਹਾ ਛੰਤ ਮਃ ੪) ੨. ਸੰ. ਗੁਰੁਭਿ: ਤ੍ਰਿਤੀਆ ਵਿਭਕ੍ਤਿ ਦਾ ਬਹੁਵਚਨ. ਗੁਰੂਆਂ ਨੇ. ਸਤਿਗੁਰਾਂ ਨੇ ੩. ਗੁਰ੍ਵੀ. ਵਡੀ ਭਾਰੀ.

**ਗੁਰਿਆਈ:** ਸੰਗਯਾ- ਗੁਰੁਤਾ. ਗੁਰੂ ਪਦਵੀ. "ਪ੍ਰਾਪਤ ਭੀ ਗੁਰਿਆਈ." (ਗੁਪ੍ਰਸੂ)

**ਗੁਰਿਆਣੀ:** ਸਤਿਗੁਰੂ ਦੀ ਮਹਿਲਾ.

**ਗੁਰਏ ਖੇਲ:** ਦੇਖੋ, ਗੁਰੇਖੇਲ.

**ਗੁਰਿਬਾਬੈ:** ਬਾਬਾ ਗੁਰੂ ਨੇ. ਗੁਰੂ ਨਾਨਕ ਦੇਵ ਨੇ. "ਗੁਰਿਬਾਬੈ ਫਿਟਕੇ ਸੇ ਫਿਟੇ, ਗੁਰਿ ਅੰਗਦਿ ਕੀਤੇ ਕੂੜਿਆਰੇ." (ਵਾਰ ਗਉ ੧. ਮਃ ੪)

**ਗੁਰੀ:** ਸੰ. ਗੌਰੀ. ਵਿ- ਗੋਰੇ ਰੰਗ ਵਾਲੀ."ਗੁਰੀ ਗੌਰਜਾ." (ਚੰਡੀ ੨) ਗੌਰੀ ਗਿਰਿਜਾ। ੨. ਗੁਰ੍ਵੀ. ਭਾਰੀ. ਵਡੀ.

**ਗੁਰੀਆ:** ਵਿ- ਗੁਰੁਤ੍ਵ ਵਾਲੀ. ਗੌਰਵ ਵਾਲੀ. ਵਡੀ ਭਾਰੀ. ਗੁਰ੍ਵੀ. "ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ." (ਸੂਹੀ ਮਃ ੫. ਪੜਤਾਲ) ੨. ਭਾਈ ਗੋਂਦੇ ਨੂੰ ਕਈਆਂ ਨੇ ਗੁਰੀਆ ਲਿਖਿਆ ਹੈ. "ਕਾਬੁਲ ਮੇ ਗੁਰੀਆ ਗੁਰੂ ਕੋ ਏਕ ਸਿੱਖ ਹੁਤੋ." (ਗ੍ਵਾਲ)

**ਗੁਰੁ:** ਦੇਖੋ, ਗੁਰ ੩। ੨. ਸੰਗਯਾ- ਧਰਮਉਪਦੇਸ਼੍ਟ. ਧਰਮ ਦਾ ਆਚਾਰਯ. "ਗੁਰੁ ਈਸਰੁ ਗਰੁ ਗੋਰਖੁ ਬਰਮਾ." (ਜਪੁ) "ਤਿਨਿ ਕਉ ਕਿਆ ਉਪਦੇਸੀਐ ਜਿਨਿ ਗੁਰੁ ਨਾਨਕਦੇਉ?" (ਵਾਰ ਮਾਝ ਮਃ ੨)

ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਚਾਰ ਪ੍ਰਕਾਰ ਦੇ ਗੁਰੂ ਦੱਸੇ ਹਨ-

(ੳ) ਭ੍ਰਿੰਗੀਗੁਰੁ. ਭ੍ਰਿੰਗੀ ਖ਼ਾਸ ਜਾਤਿ ਦੇ ਕੀੜੇ ਨੂੰ ਆਪ ਜੇਹਾ ਕਰ ਲੈਂਦਾ ਹੈ, ਪਰ ਹਰੇਕ ਕ੍ਰਿਮਿ ਨੂੰ ਨਹੀਂ.

(ਅ) ਪਾਰਸ ਗੁਰੁ. ਲੋਹੇ ਨੂੰ ਸੋਨਾ ਕਰਦਾ ਹੈ, ਪਰ ਪਾਰਸਰੂਪ ਕਿਸੇ ਨੂੰ ਨਹੀਂ ਕਰਦਾ.

(ੲ) ਵਾਮਨਚੰਦਨ ਗੁਰੁ. ਖ਼ਾਸ ਰੁੱਤ ਵਿੱਚ ਪਾਸ ਦੇ ਬਿਰਛਾਂ ਨੂੰ ਸੁਗੰਧਿ ਵਾਲਾ ਕਰ ਦਿੰਦਾ ਹੈ, ਪਰ ਸਾਰੀ ਰੁੱਤਾਂ ਵਿੱਚ ਨਹੀਂ ਅਤੇ ਬਾਂਸ ਨੂੰ ਕਿਸੇ ਰੁੱਤ ਵਿੱਚ ਭੀ ਸੁਗੰਧਿ ਵਾਲਾ ਨਹੀਂ ਕਰਦਾ.

(ਸ) ਦੀਪਕ ਗੁਰੁ. ਆਪਣੇ ਤੁੱਲ ਹੀ ਦੂਜੇ ਦੀਪਕ ਨੂੰ ਜੋਤਿਵਾਲਾ ਕਰ ਦਿੰਦਾ ਹੈ। ੩. ਵ੍ਰਿਹਸਪਤਿ। ੪. ਉਸਤਾਦ. ਵਿਦ੍ਯਾ ਦੱਸਣ ਵਾਲਾ। ੫. ਦੋ ਮਾਤ੍ਰਾ ਵਾਲਾ ਅੱਖਰ. ਲਘੁ ਨਾਲੋਂ ਦੂਣਾ ਸਮਾਂ ਜਿਸ ਦੇ ਉੱਚਾਰਣ ਵਾਸਤੇ ਲੱਗੇ ਉਹ "ਗੁਰੁ" ਹੈ. ਕੰਨਾ, ਬਿਹਾਰੀ, ਦੋਲੈਂਕੇ, ਏਲਾਂ, ਦੁਲਾਈਆਂ, ਹੋੜਾ, ਕਨੌੜਾ, ਬਿੰਦੀ (ਅਨੁਸ੍ਵਾਰ ਅਥਵਾ ਟਿੱਪੀ) ਵਿਸਰਗ, ਇਜਾਫ਼ਤ ਅਤੇ ਅਧਿਕ ਵਾਲਾ ਅੱਖਰ ਗੁਰੁ ਹੁੰਦਾ ਹੈ. ਪਦ ਵਿੱਚ ਦੁੱਤ (ਦ੍ਵਿਤ੍ਵ) ਅਖਰ ਦੇ ਆਦਿ ਦਾ ਅੱਖਰ ਲਘੁ ਭੀ ਗੁਰੁ ਮੰਨਿਆ ਜਾਂਦਾ ਹੈ, ਜੈਸੇ "ਸ਼ਤ੍ਰੁ ਮਿਤ੍ਰ" ਵਿੱਚ "ਸ਼" ਅਤੇ "ਮਿ" ਗੁਰੂ ਹਨ. ਜੇ ਸੰਯੋਗੀ ਅੱਖਰ ਤੋਂ ਪਹਿਲੇ ਲਘੁ ਉੱਪਰ ਉੱਚਾਰਣ ਸਮੇਂ ਦਬਾਉ ਨਾ ਪਵੇ, ਤਦ ਗੁਰੁ ਨਹੀਂ ਹੁੰਦਾ, ਉਹ ਲਘੁ ਹੀ ਰਹਿੰਦਾ ਹੈ, ਜੈਸੇ- ਕ੍ਸ਼ਿਪ੍ਰ ਅਤੇ ਕਨ੍ਹੈਯਾ ਪਦ ਦਾ "ਕ੍ਸ਼" ਅਤੇ "ਕ" ਗੁਰੁ ਨਹੀਂ.

ਕਦੇ ਕਦੇ ਛੰਦ ਦੇ ਪਾਠ ਨੂੰ ਸਹੀ ਰੱਖਣ ਵਾਸਤੇ ਲਘੁ ਨੂੰ ਗੁਰੁ ਕਰਕੇ ਪੜ੍ਹੀਦਾ ਅਤੇ ਲਿਖੀਦਾ ਹੈ, ਜੈਸੇ- "ਨਾਥ ਨਿਰੰਜਨ ਤ੍ਵ ਸਰਨ." ਇਸ ਵਾਕ ਵਿੱਚ "ਤ੍ਵ" ਲਘੁ ਹੈ, ਪਰੰਤੁ ਛੱਪਯ ਦੀ ਮਾਤ੍ਰਾ ਪੂਰਨ ਕਰਨ ਲਈ "ਤਨਐ" ਪੜ੍ਹੀਦਾ ਹੈ, ਇਵੇਂ ਹੀ "ਰੱਛਾ ਹੋਇ ਤਾਂਹਿ ਸਭ ਕਾਲਾ। ਦੁਸ਼੍ਟ ਅਰਿਸ਼੍ਟ ਟਰਹਿਂ ਤਤਕਾਲਾ." ਇਸ ਥਾਂ ਕਾਲ ਅਤੇ ਤਤਕਾਲ ਦਾ "ਲ" ਦੀਰਘ ਲਿਖਿਆ ਹੈ.

ਗੁਰੁ ਦੇ ਨਾਮ ਗ, ਗੁ, ਗੋ, ਦੀਹ ਅਤੇ ਦੀਰਘ ਹਨ, ਇਸ ਦੀਆਂ ਮਾਤ੍ਰਾਂ ਦੋ ਗਿਣੀਆਂ ਜਾਂਦੀਆਂ ਹਨ ਅਤੇ ਲਿਖਣ ਦਾ ਸੰਕੇਤ ਇਹ "ऽ" ਹੈ।

੬. ਪਿਤਾ। ੭. ਰਾਜਾ। ੮. ਗੁਰੂ ਨਾਨਕਦੇਵ। ੯. ਪਾਰਬ੍ਰਹਮ. ਕਰਤਾਰ। ੧੦. ਵਿ- ਵਜ਼ਨਦਾਰ. ਭਾਰੀ। ੧੧. ਲੰਮਾ ਚੌੜਾ। ੧੨. ਸੰਗਯਾ- ਕਿਸੇ ਅਰਥ ਅਥਵਾ ਸਿੱਧਾਂਤ ਦੀ ਤਾਲਿਕਾ (ਕੁੰਜੀ).

ਗੁਰੁਆਨੀ: ਸੰਗਯਾ- ਗੁਰੂ ਦੀ ਇਸਤ੍ਰੀ। ੨. ਧਰਮ- ਉਪਦੇਸ਼ ਦੇਣ ਵਾਲੀ ਇਸਤ੍ਰੀ.

ਗੁਰੁਅੰਕਸੁ: ਸੰਗਯਾ- ਗੁਰੁਅੰਕੁਸ਼. ਗੁਰੂ ਦਾ ਭੈ. ਗੁਰੁਆਗਯਾ ਅੰਦਰ ਰਹਿਣ ਦੀ ਕ੍ਰਿਯਾ. "ਗੁਰੁਅੰਕਸੁ ਜਿਨਿ ਨਾਮੁ ਦ੍ਰਿੜਾਇਆ." (ਸੋਰ ਅਃ ਮਃ ੧)

ਗੁਰੁਸਤਗੁਰੁ, ਗੁਰਸਤਿਗੁਰ: ਦੇਖੋ, ਗੁਰਸਤਗੁਰ.

ਗੁਰੁਸ਼ਬਦ: ਦੇਖੋ ਗੁਰਸਬਦ ਅਤੇ ਗੁਰਸਬਦੁ.

ਗੁਰੁਸਬਦੀ: ਗੁਰੂ ਦੇ ਉਪਦੇਸ਼ ਦ੍ਵਾਰਾ. "ਗੁਰੁਸਬਦੀ ਸਭੁ ਬ੍ਰਹਮ ਪਛਾਨਿਆ." (ਮਾਰੂ ਸੋਲਹੇ ਮਃ ੧) ੨. ਗੁਰੂ ਦੇ ਸ਼ਬਦ ਦਾ ਅਭ੍ਯਾਸੀ.

ਗੁਰੁਸਰ: ਦੇਖੋ, ਗੁਰਸਰ। ੨. ਦੇਖੋ, ਗੁਰੂਸਰ.

ਗੁਰੁਸਰ ਮਨੀਕਰਣ: ਦੇਖੋ, ਗੁਰੂਸਰ ਮਨੀਕਰਣ.

ਗੁਰੁਸਾਖੀ: ਦੇਖੋ, ਗੁਰਸਾਖੀ.

ਗੁਰੁਸਿੱਖ: ਦੇਖੋ, ਸਿਖ, ਸਿੱਖ ਅਤੇ ਗੁਰਸਿਖ.

ਗੁਰੁਸੁਖ, ਗੁਰੁਸੁਖੁ: ਦੇਖੋ, ਗੁਰਸੁਖੁ.

ਗੁਰੁਸੁਤ: ਗੁਰੁਪੁਤ੍ਰ. ਗੁਰੂ ਦਾ ਬੇਟਾ. ਸਾਹਿਬਜ਼ਾਦਾ.

ਗੁਰੁਸੂਰਯਪ੍ਰਤਾਪ: ਦੇਖੋ, ਗੁਰੁਪ੍ਰਤਾਪ ਸੂਰਯ.

ਗੁਰੁਸੇਵਾ: ਸੰਗਯਾ- ਸਤਿਗੁਰੂ ਦੀ ਸੇਵਾ. ਦੇਖੋ, ਗੁਰਸੇਵਾ.

ਗੁਰੁਸੋਭਾ: ਦੇਖੋ, ਸੈਨਾਪਤਿ.

ਗੁਰੁਸੰਗਤਿ: ਸੰਗਯਾ- ਸਤਿਗੁਰੂ ਦੀ ਸੁਹਬਤ। ੨. ਸਿੱਖ ਸਮਾਜ.

ਠਾਢੇ ਕਰ ਜੋਰਕੈ ਕ੍ਰਿਤਾਂਤ ਸੋਂ ਪੁਕਾਰੈਂ ਦੂਤ

ਆਛੀ ਗੁਰੁਸੰਗਤਿ ਜੁ ਹੁਈ ਹੈ ਪਤੀਜਿਯੇ,

ਬੇਰੀ ਪਾਂਯ ਡਾਰਕੈ ਲਪੇਟਕੈ ਜੰਜੀਰੈਂ ਹਾਥ

ਕੰਠ ਤੌਕ ਪਾਯ ਹਿਯੇ ਆਗ ਧਾਰ ਲੀਜਿਯੇ,

ਫਾਸੀ ਕਟਿ ਨਾਕ ਦੰਡ ਕਾਂਧਨ ਪੈ ਥੰਭੇ ਧਾਰ

ਸੂੰਨਨ ਮੈ ਪਿੰਜਰੇ ਔ ਬਹੀ ਧੋਇ ਪੀਜਿਯੇ,

ਸੇਸ ਨਰਕਾਵਲੀ ਬਟੋਰਕੈ ਉਠਾਯ ਮੂੰਡ

ਭਾਰੀ ਭੀਮ ਗੈਲ ਮੈ ਨਿਸ਼ੰਕ ਸੈਲ ਕੀਜਿਯੇ.

(ਸੰਤ ਨਿਹਾਲ ਸਿੰਘ)

ਗੁਰੁਸੰਤ, ਗੁਰੁਸੰਤੁ: ਸੰਗਯਾ- ਗੁਰੂ ਨਾਨਕਦੇਵ. ਵਡਾ (ਸ਼ਿਰੋਮਣਿ) ਸੰਤ. "ਗੁਰਮੰਤੁ ਪਾਇਆ ਪ੍ਰਭੁ ਧਿਆਇਆ." (ਸੂਹੀ ਛੰਤ ਮਃ ੫) ੨. ਗੁਰੁਨਾਨਕ ਪੰਥੀ. ਗੁਰਮੁਖ ਸਿੱਖ. ਦੇਖੋ, ਗੁਰਸੰਤ.

ਗੁਰੁਕਰਣੀ: ਦੇਖੋ, ਗੁਰਕਰਣੀ.

ਗੁਰੁਕਾਰ: ਦੇਖੋ, ਗੁਰਕਾਰ.

ਗੁਰੁਕੁਲ: ਸੰਗ੍ਯਾ- ਗੁਰੁਵੰਸ਼. ਗੁਰੂ ਦਾ ਖ਼ਾਨਦਾਨ.

ਗੁਰੁਕੌਮੁਦੀ: ਰਾਮਨਾਰਾਯਣ ਕ੍ਰਿਤ ਇੱਕ ਸੰਸਕ੍ਰਿਤ ਗ੍ਰੰਥ, ਜਿਸ ਵਿੱਚ ਗੁਰੂ ਨਾਨਕ ਦੇਵ ਅਤੇ ਸਤਿਗੁਰਾਂ ਨੂੰ ਹਿੰਦੂਮਤ ਦੇ ਸ਼ਾਸਤ੍ਰਾਂ ਦੇ ਪ੍ਰਮਾਣਾਂ ਨਾਲ ਅਵਤਾਰ ਸਿੱਧ ਕੀਤਾ ਹੈ.

ਗੁਰੁਗਮ: ਦੇਖੋ, ਗੁਰਗਮ.

ਗੁਰੁਗਿਰਾ: ਗੁਰੂ ਦੀ ਬਾਣੀ. ਸਤਿਗੁਰੂ ਦੀ ਕਵਿਤਾ. ਦਸਾਂ ਸਤਿਗੁਰਾਂ ਦੇ ਸ਼੍ਰੀ ਮੁਖਵਾਕ.

ਗੁਰੁਗਿਰਾ ਕਸੌਟੀ: ਗੁਰਬਾਣੀ ਰੂਪ ਘਸਵੱਟੀ. ਇਸ ਨਾਮ ਦਾ ਮੇਰਾ ਲਿਖਿਆ ਇੱਕ ਗ੍ਰੰਥ ਜਿਸ ਵਿੱਚ ਸਿੱਖ ਇਤਿਹਾਸ ਅਥਵਾ ਧਰਮ ਸੰਬੰਧੀ ਪੁਸਤਕਾਂ ਦੇ ਲੇਖਾਂ ਨੂੰ ਗੁਰਬਾਣੀ ਦੀ ਘਸਵੱਟੀ ਤੇ ਪਰਖਿਆ ਗਿਆ ਹੈ. ਜਿਵੇਂ ਖੋਟੇ ਖਰੇ ਸੋਨੇ ਦੀ ਪਰੀਖ੍ਯਾ ਕਸੌਟੀ ਨਾਲ ਹੁੰਦੀ ਹੈ, ਇਵੇਂ ਹੀ ਹਰੇਕ ਲੇਖ ਗੁਰਬਾਣੀ ਨਾਲ ਮਿਲਾਕੇ ਪਰਖਣ ਤੋਂ ਯੋਗ੍ਯ ਅਥਵਾ ਅਯੋਗ੍ਯ ਜਾਣੇ ਜਾਂਦੇ ਹਨ. ਦੇਖੋ, ਗੁਰੁਮਤਸੁਧਾਕਰ ਦੀ ਭੂਮਿਕਾ.

ਗੁਰੁਗੁਰੁ: ਵਿ- ਗੁਰੂਆਂ ਦਾ ਗੁਰੂ. ਸਾਰੇ ਧਰਮ ਦੇ ਆਚਾਰਯਾਂ ਨੂੰ ਸਿਖ੍ਯਾ ਦੇਣ ਵਾਲਾ, ਕਰਤਾਰ. ਵਾਹਿਗੁਰੂ."ਗੁਰੁਗੁਰੁ ਏਕੋ ਵੇਸ ਅਨੇਕ" (ਸੋਹਿਲਾ) "ਜਨ ਨਾਨਕ ਹਰਿ ਗੁਰੁਗੁਰੁ ਮਿਲਾਉ." (ਬਸੰ ਮਃ ੧) ੨. ਸੰਗ੍ਯਾ- ਗੁਰੂ ਨਾਨਕ ਦੇਵ.

ਗੁਰੁਗੋਬਿੰਦ: ਦੇਖੋ, ਗੁਰਗੋਬਿੰਦ। ੨. ਦੇਖੋ, ਗੋਬਿੰਦ ਸਿੰਘ ਸਤਿਗੁਰੂ.

ਗੁਰੁਗ੍ਰਿਹ: ਸੰਗ੍ਯਾ- ਗੁਰੂ ਦਾ ਘਰ। ੨. ਗੁਰਦ੍ਵਾਰਾ। ੩. ਗੁਰੁਸੰਪ੍ਰਦਾਯ. ਗੁਰੁਪੱਧਤਿ.

ਗੁਰੁਗ੍ਰੰਥ: ਗੁਰੂਆਂ ਦਾ ਗ੍ਰਥਨ ਕੀਤਾ ਸਿੱਖਧਰਮ ਦਾ ਪਵਿਤ੍ਰ ਗ੍ਰੰਥ. ਦੇਖੋ, ਗ੍ਰੰਥ ਸਾਹਿਬ.

ਗੁਰੁਘਰ: ਦੇਖੋ, ਗੁਰੁਗ੍ਰਿਹ ੩. "ਗੁਰੁਘਰ ਕੀ ਮਰਯਾਦਾ ਪੰਚਹੁ." (ਗੁਪ੍ਰਸੂ)

ਗੁਰੁਘਰਨੀ: ਸਤਿਗੁਰੂ ਦੇ ਘਰ ਵਾਲੀ. ਗੁਰੂ ਦੀ ਧਰਮਪਤਨੀ. "ਗੁਰੁਘਰਨੀ ਦਾਮੋਦਰੀ." (ਗੁਪ੍ਰਸੂ)

ਗੁਰੁਚੰਦ੍ਰੋਦਯ: ਦੇਖੋ, ਗੁਰੁ ਨਾਨਕ ਚੰਦ੍ਰੋਦਯ.

ਗੁਰੁਜਗਤ: ਦੇਖੋ, ਗੁਰਜਗਤ ਅਤੇ ਜਗਤਗੁਰੁ.

ਗੁਰੁਜਨ: ਸੰਗ੍ਯਾ- ਵਡੇ (ਬਜੁਰਗ)ਲੋਕ. ਮਾਤਾ. ਪਿਤਾ, ਧਰਮ ਦੇ ਆਚਾਰਯ ਆਦਿ. "ਗੁਰੁਜਨ ਕੀ ਇੱਜਤ ਬਹੁ ਕਰਨੀ." (ਗੁਵਿ ੬)

ਗੁਰੁਜੋਤਿ, ਗੁਰੁਜ੍ਯੋਤਿ: ਦੇਖੋ, ਗੁਰਜੋਤਿ.

ਗੁਰੁਤਲਪੀ: ਸੰ. गुरुतल्पिन ਸੰਗ੍ਯਾ- ਗੁਰੂ ਦੀ ਸੇਜਾ ਪੁਰ ਜਾਣ ਵਾਲਾ. ਮਾਤਾ ਤੁੱਲ ਪੂਜ੍ਯ ਇਸਤ੍ਰੀਆਂ ਨੂੰ ਭੋਗਣ ਵਾਲਾ ਪੁਰਖ. "ਗੁਰੁਤਲਪੀ ਕਪਟੀ ਹੈ ਜੋਈ। ਬਡ ਤਨਖਾਹੀ ਜਾਨਹੁ ਸੋਈ." (ਤਨਾਮਾ)

ਗੁਰੁਤਾ, ਗੁਰੁਤ੍ਵ: ਸੰਗ੍ਯਾ- ਭਾਰੀਪਨ। ੨. ਵਡਾਪਨ. ਮਹਤ੍ਵ. "ਗੁਰੁਤਾ ਗੁਰੁ ਸਹਿ ਸਕੈ ਸੁ ਨਾਹੀ." (ਗੁਪ੍ਰਸੂ) ੩. ਗੁਰੂ ਦਾ ਕਰਮ. ਗੁਰੂਪੁਣਾ। ੪. ਗੁਰਿਆਈ. ਗੁਰੂਪਦਵੀ. "ਗੁਰੁਤਾ ਨ੍ਰਿਪਤਾ ਦੋਊ ਸਿਧ ਬਿਧਿ." (ਗੁਰੁਪਦ)

ਗੁਰੁਦਕ੍ਸ਼ਿਣਾ, ਗੁਰੁਦਖਣਾ: ਸੰਗ੍ਯਾ- ਗੁਰੁਭੇਟਾ. ਵਿਦ੍ਯਾ ਅਥਵਾ ਧਰਮਸਿਖ੍ਯਾ ਪਾਕੇ ਗੁਰੂ ਨੂੰ ਅਰਪੀ ਨਕਦੀ ਵਸਤ੍ਰ ਪ੍ਰਿਥਿਵੀ ਮਕਾਨ ਆਦਿ ਵਸਤੂ.

**ਗੁਰੁਦੱਤ ਬਾਬਾ:** ਦੇਖੋ, ਗੁਰਦਿੱਤਾ ਬਾਬਾ.

**ਗੁਰੁਦਰਸਨ:** ਦੇਖੋ, ਗੁਰਦਰਸਨ.

**ਗੁਰੁਦਰਿਆਉ:** ਸੰਗਯਾ- ਦਰਿਆ (ਨਦ) ਰੂਪ ਸਤਿਗੁਰੁ. "ਗੁਰੁਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿਮੈਲੁ ਹਰੈ." (ਪ੍ਰਭਾ ਮਃ ੧)

੨. ਵਰੁਣ ਦੇਵਤਾ, ਜੋ ਸਾਰੇ ਨਦਾਂ ਦਾ ਰਾਜਾ ਹੈ. ਉਦਾਸੀਨ ਸਾਧੂ ਅਤੇ ਬਹੁਤ ਸਾਰੇ ਸਿੱਖ ਕੜਾਹ ਪ੍ਰਸਾਦ ਵਰਤਾਉਣ ਵੇਲੇ ਗੁਰਦਰੀਆਉ (ਵਰੁਣ) ਨੂੰ ਪ੍ਰਸਾਦ ਦਿੰਦੇ ਹਨ, ਅਤੇ ਇਸ ਦਾ ਕਾਰਣ ਦਸਦੇ ਹਨ ਕਿ ਸੁਲਤਾਨਪੁਰ ਵੇਈਂ ਨਦੀ ਵਿੱਚੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਵਰੁਣ ਦੇਵਤਾ ਸੱਚਖੰਡ ਲੈ ਗਿਆ ਸੀ. ਗੁਰਬਾਣੀ ਦਾ ਵਿਚਾਰ ਕਰਨ ਵਾਲੇ ਇਸ ਰਸਮ ਨੂੰ ਸਿੱਖਧਰਮ ਦੇ ਨਿਯਮਾਂ ਦੇ ਵਿਰੁੱਧ ਜਾਣਦੇ ਹਨ.

**ਗੁਰੁਦਾਸ:** ਦੇਖੋ, ਗੁਰਦਾਸ ੨। ੨. ਸਤਿਗੁਰੂ ਦਾ ਸੇਵਕ.

**ਗੁਰੁਦਾਸਪੁਰ:** ਦੇਖੋ, ਗੁਰਦਾਸਪੁਰ.

**ਗੁਰੁਦਾਸ ਭਾਈ:** ਦੇਖੋ, ਗੁਰਦਾਸ ੨।

**ਗੁਰੁਦਿੱਤਾ:** ਵਿ- ਗੁਰੁਦੱਤ. ਗੁਰੂ ਦਾ ਦਿੱਤਾ ਹੋਇਆ। ੨. ਸੰਗਯਾ- ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਪ੍ਰੇਮੀ ਸਿੱਖ। ੩. ਦੇਖੋ, ਗੁਰਦਿੱਤਾ ਬਾਬਾ.

**ਗੁਰੁਦਿੱਤਾ ਬਾਬਾ:** ਦੇਖੋ, ਗੁਰਦਿੱਤਾ ਬਾਬਾ.

**ਗੁਰੁਦੀਕ੍ਸ਼ਾ, ਗੁਰੁਦੀਖਿਆ, ਗੁਰੁਦੀਖ੍ਯਾ, ਗੁਰੁਦੀਛਾ:** ਸੰਗਯਾ- ਗੁਰੁ ਦ੍ਵਾਰਾ ਮੰਤ੍ਰੋਪਦੇਸ਼. ਗੁਰਮੰਤ੍ਰ ਦਾ ਉਪਦੇਸ਼ ਲੈਣ ਦੀ ਕ੍ਰਿਯਾ। ੨. ਛੀਵੀਂ ਪਾਤਸ਼ਾਹੀ ਦੇ ਗੁਰੁਵਿਲਾਸ ਵਿੱਚ ਗੁਰੁਦਕ੍ਸ਼ਿਣਾ ਦੀ ਥਾਂ ਗੁਰੁਦੀਖਿਆ ਸ਼ਬਦ ਆਇਆ ਹੈ. " ਸਾਹਿਬ ਬੁੱਢੇ ਕੇ ਪਗ ਲਾਗੇ। ਗੁਰੁਦੀਖਿਆ ਦੀਨੀ ਮਤਿ ਪਾਗੇ."

**ਗੁਰੁਦੁਆਰਾ:** ਦੇਖੋ, ਗੁਰਦੁਆਰਾ ਅਤੇ ਗੁਰੁਦ੍ਵਾਰਾ.

**ਗੁਰੁਦੇਵ:** ਦੇਖੋ, ਗੁਰਦੇਵ। ੨. ਅਕਾਲ, ਜੋ ਸਤਿਗੁਰੂ ਦਾ ਗੁਰੂ ਹੈ. "ਧਰਮ ਹੇਤ ਗੁਰੁਦੇਵ ਪਠਾਏ." (ਵਿਚਿਤ੍ਰ)

**ਗੁਰੁਦੇਵਏ:** ਦੇਖੋ, ਗੁਰਦੇਵਏ.

**ਗੁਰੁਦ੍ਵਾਰ, ਗੁਰਦ੍ਵਾਰਾ, ਗੁਰੁਧਾਮ:** ਦੇਖੋ, ਗੁਰੁਗ੍ਰਿਹ ਅਤੇ ਗੁਰਦੁਆਰਾ। ੨. ਗੁਰੂ ਕੇ ਮਹਿਲ। ੩. ਗੁਰਦ੍ਵਾਰਾ. ਸਿੱਖਾਂ ਦਾ ਧਰਮਮੰਦਰਿ। ੪. ਹਰਿਮੰਦਿਰ. "ਸੁਧਾ ਸਰੋਵਰ ਅਰੁ ਗੁਰੁਧਾਮੂ." (ਗੁਪ੍ਰਸੂ)

**ਗੁਰੁਨਾਥ:** ਸੰਗਯਾ- ਗੁਰੂਆਂ ਦਾ ਸ੍ਵਾਮੀ ਕਰਤਾਰ। ੨. ਗੁਰੂ ਨਾਨਕ ਦੇਵ. ਦੇਖੋ, ਖਨਨੀ.

**ਗੁਰੁ ਨਾਨਕ ਦੇਵ:** ਦੇਖੋ, ਨਾਨਕਦੇਵ ਸਤਿਗੁਰੂ.

**ਗੁਰੁਨਾਨਕ ਚੰਦ੍ਰੋਦਯ:** ਦੇਵਰਾਜ ਕਵਿ ਦੀ ਸੰਸਕ੍ਰਿਤ ਛੰਦਾਂ ਵਿੱਚ ਮਨੋਹਰ ਰਚਨਾ, ਜਿਸ ਵਿੱਚ ਭਾਈ ਬਾਲੇ ਵਾਲੀ ਜਨਮਸਾਖੀ ਦਾ ਹੀ ਅਨੁਵਾਦ ਹੈ. ਇਸ ਤੇ ਪੰਡਿਤ ਬ੍ਰਹਮਾਨੰਦ ਜੀ ਉਦਾਸੀਨ ਸਾਧੂ ਨੇ ਉੱਤਮ ਟੀਕਾ ਲਿਖਿਆ ਹੈ.

**ਗੁਰੁਨਾਨਕ ਪ੍ਰਕਾਸ਼:** ਦੇਖੋ, ਸੰਤੋਖ ਸਿੰਘ ਅਤੇ ਨਾਨਕ ਪ੍ਰਕਾਸ਼.

**ਗੁਰੁਪਚਾਸਾ:** ਗੁਰੁਪੰਚਾਸ਼ਿਕਾ. ਗੁਰੁਮਹਿਮਾ ਦੇ ਪੰਜਾਹ ਛੰਦਾਂ ਦਾ ਸਤੋਤ੍ਰ. ਦੇਖੋ, ਸੇਖਰ ਅਤੇ ਗ੍ਵਾਲ.

**ਗੁਰੁਪਤਨੀ:** ਸਤਿਗੁਰੂ ਦੀ ਮਹਿਲਾ. ਗੁਰੂ ਦੀ ਇਸਤ੍ਰੀ.

**ਗੁਰੁਪਦਪ੍ਰੇਮਪ੍ਰਕਾਸ਼:** ਭੱਲਾਵੰਸ਼ ਦੇ ਭੂਸ਼ਣ ਬਾਬਾ ਸਾਧੂ ਸਿੰਘ ਜੀ ਦੇ ਸੁਪੁਤ੍ਰ ਬਾਵਾ ਸੁਮੇਰੁ ਸਿੰਘ ਜੀ (ਪਟਨਾ ਸਾਹਿਬ ਦੇ ਮਹੰਤ) ਕ੍ਰਿਤ ਦਸਾਂ ਸਤਿਗੁਰਾਂ ਦਾ ਛੰਦਬੱਧ ਇਤਿਹਾਸ. ਇਸ ਦਾ ਦਸਮ ਮੰਡਲ ਛਪ ਗਿਆ ਹੈ, ਜਿਸ ਵਿੱਚ ਦਸ਼ਮੇਸ਼ ਦੀ ਕਥਾ ਹੈ. ਦੇਖੋ, ਸੁਮੇਰ ਸਿੰਘ.

**ਗੁਰੁਪਰਨਾਲੀ:** ਦੇਖੋ, ਗੁਰੁਪ੍ਰਣਾਲੀ.

**ਗੁਰੁਪਰਬ:** ਸੰਗਯਾ- ਗੁਰੁਪਰ੍ਵ. ਉਹ ਤਯੋਹਾਰ, ਜਿਸ ਦਾ ਗੁਰੂ ਨਾਲ ਸੰਬੰਧ ਹੈ. ਗੁਰੁਸੰਬੰਧੀ ਮੰਗਲਦਿਨ. ਦੇਖੋ, ਗੁਰਪੁਰਬ ਅਤੇ ਪਰਬ.

**ਗੁਰੁਪੁਤ੍ਰ:** ਸਤਿਗੁਰੂ ਦਾ ਬੇਟਾ. ਸਾਹਿਬਜ਼ਾਦਾ.

**ਗੁਰੁਪੁਰ:** ਰਾਮਦਾਸਪੁਰ. ਅੰਮ੍ਰਿਤਸਰ ਸ਼ਹਰ.

ਰਾਜੈਂ ਸੁਰ ਹ੍ਵਾਂ ਤੋ ਇਹਾਂ ਸਾਧੁ ਸੁਰ ਰਾਜੈਂ ਸਦਾ

ਸੁਧਾ ਹੈ ਵਹਾਂ ਤੋ ਹਯਾਂ ਸੁਧਾਸਰ ਦਰਸ ਹੈ।

ਪਾਨ ਕਿਯੇ ਵਾਂਕੇ ਹੋਤ ਅਮਰ ਸੁ ਮਰਹੂੰਕੈ

ਜੀਵਨਮੁਕਤ ਯਹ ਸਭ ਕੋ ਪਰਸ ਹੈ।

ਗ੍ਵਾਲ ਕਵਿ ਯੋਗਿਨਿ ਕੋ ਦੁਰਲਭ ਕਹਾ ਹੈ ਵਹ

ਯੋਗੀ ਭੋਗੀ ਦੋਊਨ ਕੋ ਹੋਤ ਹਯਾਂ ਹਰਸ ਹੈ।

ਹ੍ਵਾਂ ਹੈ ਹਰਿਮੰਦਿਰ ਹਯਾਂ ਹਰਿ ਗੁਰੁ ਮੰਦਿਰ ਹੈ

ਯਾਂਤੇ ਗੁਰੁਪੁਰ ਸੁਰਪੁਰ ਤੇ ਸਰਸ ਹੈ।

**ਗੁਰੁਪੁਰਖ:** ਸੰਗਯਾ- ਗੁਰੁਪੁਰੁਸ਼. ਗੁਰੁਭਗਤ. ਗੁਰੁਸੇਵਕ। ੨. ਪਰਮਾਤਮਾ (ਪੁਰੁਸ਼) ਰੂਪ ਸਤਿਗੁਰੁ. "ਗੁਰੁਪੁਰਖ ਅਜਨਮਾ." (ਗਉ ਮਃ ੪)

**ਗੁਰੁਪ੍ਰਸਾਦ:** ਸੰਗਯਾ- ਗੁਰੁਕ੍ਰਿਪਾ. ਸਤਿਗੁਰੂ ਦੀ ਦਯਾ.

**ਗੁਰੁਪ੍ਰਸਾਦਿ:** ਦੇਖੋ, ਗੁਰਪ੍ਰਸਾਦਿ.

**ਗੁਰੁਪ੍ਰਣਾਲੀ, ਗੁਰੁਪ੍ਰਨਾਲੀ:** ਸੰਗਯਾ- ਗੁਰੁਵੰਸ਼ਾਵਲੀ। ੨. ਉਹ ਪੁਸ੍ਤਕ, ਜਿਸ ਵਿੱਚ ਗੁਰੁਵੰਸ਼ ਦਾ ਵਰਣਨ ਹੈ. ਦੇਖੋ, ਪ੍ਰਣਾਲੀ.

**ਗੁਰੁਪ੍ਰਤਾਪ ਸੂਰਯ:** ਭਾਈ ਸੰਤੋਖ ਸਿੰਘ ਜੀ ਕ੍ਰਿਤ ਨੌ ਸਤਿਗੁਰਾਂ ਦਾ ਛੰਦਬੱਧ ਇਤਿਹਾਸ, ਜੋ ਰੂਪਕ ਅਲੰਕਾਰ ਅਨੁਸਾਰ ਬਾਰਾਂ ਰਾਸਾਂ, ਛੀ ਰੁੱਤਾਂ ਅਤੇ ਦੋ ਐਨਾਂ ਵਿੱਚ ਹੈ. ਇਸ ਦੇ ਸਾਰੇ ਅੰਸ਼ੁ (ਕਿਰਣ- ਅਰਥਾਤ ਅਧਯਾਯ) ੧੧੫੨ ਹਨ, ਅਰ ਕਥਾ ਦੀ ਵੰਡ ਇਸ ਪ੍ਰਕਾਰ ਹੈ-

੧. ਰਾਸਿ ਵਿੱਚ ਗੁਰੂ ਅੰਗਦ ਜੀ ਅਤੇ ਗੁਰੂ ਅਮਰਦੇਵ ਜੀ ਦੀ ਕਥਾ.

੨. ਰਾਸਿ ਵਿੱਚ ਗੁਰੂ ਰਾਮਦਾਸ ਜੀ ਦੀ ਕਥਾ.

੩- ੪ ਰਾਸਿ ਵਿੱਚ ਗੁਰੂ ਅਰਜਨ ਸਾਹਿਬ ਜੀ ਦੀ ਕਥਾ.

੫- ੬- ੭- ੮ ਰਾਸਿ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਥਾ.

੯- ੧੦ ਰਾਸਿ ਵਿੱਚ ਗੁਰੂ ਹਰਿਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸਨ ਜੀ ਦੀ ਕਥਾ.

੧੧- ੧੨ ਰਾਸਿ ਵਿੱਚ ਸ਼੍ਰੀ ਗੁਰੂ ਤੇਗਬਹਾਦੁਰ ਜੀ ਦੀ ਕਥਾ.

ਛੀ ਰੁਤਾਂ ਅਤੇ ਦੋ ਐਨਾਂ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕਥਾ.

ਇਸ ਪੁਸਤਕ ਦਾ ਪ੍ਰਸਿੱਧ ਨਾਉਂ "ਸੂਰਯ ਪ੍ਰਕਾਸ਼" ਹੈ. ਦੇਖੋ, ਸੰਤੋਖ ਸਿੰਘ.

ਗੁਰੁਬਖ਼ਸ਼: ਮਹਾਦੇਵ ਉਦਾਸੀ ਸਾਧੂ ਦਾ ਚੇਲਾ ਮਹਾਤਮਾ ਗੁਰੁਬਖ਼ਸ਼ਦਾਸ, ਜਿਸ ਨੂੰ ਦਸ਼ਮੇਸ਼ ਨੇ ਆਨੰਦਪੁਰ ਤਜਾਗਣ ਸਮੇਂ ਗੁਰੂ ਤੇਗਬਹਾਦੁਰ ਜੀ ਦੇ ਦੇਹਰੇ ਤਥਾ ਗੁਰਅਸਥਾਨਾਂ ਦਾ ਸੇਵਾਦਾਰ ਥਾਪਿਆ. "ਇੱਕ ਗੁਰੁਬਖਸ ਸਾਧੁ ਢਿਗ ਖਰਜੋ। ਤਿਸੈ ਵਿਲੋਕਤ ਵਾਕ ਉਚਰਜੋ। ਬਸੋ ਇਹਾਂ ਤੁਮ ਸੇਵਾ ਕਰੋ। ਕਰ ਸੇਵਾ ਨਿਜ ਜਨਮ ਸੁਧਰੋ." (ਗੁਪ੍ਰਸੂ) ਦੇਖੋ, ਗੁਲਾਬਰਾਇ। ੨. ਦਿੱਲੀ ਦਾ ਮਸੰਦ, ਜੋ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿੱਚ ਦਿੱਲੀ ਹਾਜਿਰ ਰਿਹਾ। ੩. ਜੌਨਪੁਰ ਦਾ ਨਿਵਾਸੀ ਇੱਕ ਪ੍ਰੇਮੀ ਸਿੱਖ, ਜੋ ਗੁਰੂ ਤੇਗਬਹਾਦੁਰ ਸਾਹਿਬ ਦੇ ਕਾਸ਼ੀ ਠਹਿਰਨ ਸਮੇਂ ਕੀਰਤਨ ਸੁਣਾਉਂਦਾ ਰਿਹਾ. ਇਹ ਰਾਗਵਿਦਜਾ ਵਿੱਚ ਵਡਾ ਨਿਪੁਣ ਸੀ.

ਗੁਰੁਬਖ਼ਸ਼ਸਿੰਘ: ਦੇਖੋ, ਬੁੱਢਾ ਬਾਬਾ ਅਤੇ ਰਾਮ ਕੁੰਵਰ। ੨. ਦੇਖੋ, ਬੰਦਾਬਹਾਦੁਰ। ੩. ਭੈਰੋਵਾਲ ਦਾ ਕਲਾਲ, ਜਿਸ ਨੇ ੧. ਵੈਸਾਖ ਸੰਮਤ ੧੭੫੬ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅਮ੍ਰਿਤ ਛਕਿਆ. ਇਹ ਆਨੰਦਪੁਰ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਉਂਦਾ ਰਿਹਾ ਹੈ। ੪. ਸ਼ਹੀਦ ਗੁਰੁਬਖ਼ਸ਼ ਸਿੰਘ. ਇਹ ਲੀਲ ਪਿੰਡ (ਜਿਲਾ ਅਮ੍ਰਿਤਸਰ) ਦੇ ਵਸਨੀਕ ਸਨ. ਇਨ੍ਹਾਂ ਨੇ ਭਾਈ ਮਨੀ ਸਿੰਘ ਜੀ ਤੋਂ ਅਮ੍ਰਿਤ ਛਕਿਆ ਅਤੇ ਪੰਥ ਦੇ ਜਥੇਦਾਰਾਂ ਵਿੱਚ ਗਿਣਤੀ ਹੋਈ. ਸੰਮਤ ੧੮੨੨ ਵਿੱਚ ਹਰਿਮੰਦਰ ਦੀ ਰਖਜਾ ਲਈ ਅਹਿਮਦਸ਼ਾਹ ਦੀ ਤੀਹ ਹਜ਼ਾਰ ਸੈਨਾ ਨਾਲ ਕੇਵਲ ਤੀਹ ਕੁ ਸਿੰਘਾਂ ਨੂੰ ਲੈ ਕੇ ਟਾਕਰਾ ਕੀਤਾ ਤੇ ਸ਼ਹੀਦ ਹੋਏ. ਆਪ ਦਾ ਸ਼ਹੀਦ ਗੰਜ ਅਮ੍ਰਿਤਸਰ ਵਿੱਚ ਅਕਾਲ ਬੁੰਗੇ ਦੇ ਪਿੱਛੇ ਹੈ। ੫. ਦੀਵਾਨ ਮਤੀਦਾਸ ਦਾ ਭਤੀਜਾ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹਜੂਰੀ ਸਿੱਖ ਸੀ.

ਗੁਰੁਬਖਸ਼ਦਾਸ: ਦੇਖੋ, ਗੁਰੁਬਖਸ ੧.

ਗੁਰੁਬਾਣੀ, ਗੁਰੁਬਾਨੀ: ਦੇਖੋ, ਗੁਰਬਾਣੀ. "ਗੁਰੁਬਾਣੀ ਕਹੈ ਸੇਵਕ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ." (ਨਟ ਅਃ ਮਃ ੪)

ਸੁਧਾ ਕੀ ਤਰੰਗਿਨੀ ਸੀ ਰੋਗ ਭ੍ਰਮ ਭੰਗਨੀ ਹੈ

ਮਹਾਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ।

ਕਿਧੌਂ ਯਹਿ ਹੰਸਨੀ ਸੀ ਮਾਨਸਵਤੰਸਨੀ ਹੈ

ਗੁਨਿਨ ਪ੍ਰਸੰਸਨੀ ਸਰਬ ਜਗ ਜਾਨੀ ਹੈ।

ਕਿਧੌਂ ਚੰਦ ਚਾਂਦਨੀ ਸੀ ਮੋਹਘਾਮ ਮੰਦਨੀ ਹੈ

ਰਿਦੈ ਕੀ ਅਨੰਦਨੀ ਸਦੀਵ ਸੁਖਦਾਨੀ ਹੈ।

ਪ੍ਰੇਮ ਪਟਰਾਨੀ ਸਜਾਨੀ ਗਜਾਨ ਕੀ ਜਨਨਿ ਜਾਨੀ

ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰੁਬਾਨੀ ਹੈ।

(ਨਾਪ੍ਰ)

੨. ਕਰਤਾਰ ਸੰਬੰਧੀ ਬਾਣੀ. "ਰਾਤੀ ਜਾਇ ਸੁਣੈ ਗੁਰੁਬਾਣੀ." (ਭਾਗੁ)

ਗੁਰੁਬਾਬਾ: ਗੁਰੂ ਨਾਨਕਦੇਵ.

ਗੁਰੁਬਿਲਾਸ: ਦੇਖੋ, ਗੁਰੁਵਿਲਾਸ.

ਗੁਰੁਬੰਸ: ਦੇਖੋ, ਗੁਰੁਵੰਸ਼.

ਗੁਰੁਭਾਇ: ਸੰਗਜਾ- ਗੁਰੁਭਾਵ. ਗੁਰੁਪ੍ਰੇਮ. ਗੁਰੁਭਾਵਨਾ. ਸਤਿਗੁਰੂ ਵਿੱਚ ਸ਼੍ਰੱਧਾ.

ਗੁਰੁਭਾਈ: ਸੰਗਜਾ- ਗੁਰੂ ਦੇ ਸੰਬੰਧ (ਨਾਤੇ) ਕਰਕੇ ਭ੍ਰਾਤਾ. ਗੁਰੁਰੂਪ ਪਿਤਾ ਦਾ ਜੋ ਸਿੱਖ (ਪੁਤ੍ਰ) ਹੈ. "ਗੁਰੁਭਾਈ ਸੰਤੁਸਟ ਕਰ." (ਭਾਗੁ)

ਗੁਰੁਮਤ: ਸੰਗਜਾ- ਗੁਰੁਸਿੱਧਾਂਤ. ਗੁਰੂ ਦੇ ਥਾਪੇ ਹੋਏ ਨਿਯਮ। ੨. ਸਿੱਖਧਰਮ.

ਗੁਰੁਮਤ ਪਾਰਿਜਾਤ: ਨਿਰਮਲੇ ਸਾਧੂ ਪੰਡਿਤ ਹਰਾ ਸਿੰਘ ਜੀ ਦਾ ਬਣਾਇਆ ਗ੍ਰੰਥ, ਜਿਸ ਵਿੱਚ ਗੁਰੁਮਤ ਦਾ ਨਿਰਣਾ ਕੀਤਾ ਹੈ.

ਗੁਰੁਮਤਾ: ਸੰਗਜਾ- ਗੁਰੁਮਤ ਅਨੁਸਾਰ ਕੀਤਾ ਹੋਇਆ ਮੰਤ੍ਰ. ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿੱਚ ਸਲਾਹ ਕਰਦੇ ਸਨ, ਜੋ ਗੁਰੁਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ "ਗੁਰੁਮਤਾ" ਕਿਹਾ ਜਾਂਦਾ. ਜੋ ਗੁਰੁਮਤੇ ਦੇ ਵਿਰੁੱਧ ਕੋਈ ਕਰਮ ਕਰੇ ਉਹ ਤਨਖਾਹੀਆ ਹੁੰਦਾ ਸੀ. ਖਾਲਸੇ ਦੇ ਗੁਰੁਮਤੇ ਅਕਾਲਬੁੰਗੇ ਸਾਹਿਬ ਦੇ ਦੀਵਾਨ ਵਿੱਚ ਖਾਸ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ ਤਖ਼ਤ ਕੇਸਗੜ੍ਹ ਹੋਇਆ ਕਰਦੇ ਸਨ. ਗੁਰੁਮਤੇ ਲਈ ਜਾਤੀ ਵੈਰ ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿੱਚ ਬੈਠਿਆ ਕਰਦੇ ਸਨ.

ਗੁਰੁਮਤਿ, ਗੁਰੁਮਤੀ: ਗੁਰੁਸੰਮਤਿ. ਗੁਰੂ ਦੀ ਰਾਇ। ੨. ਗੁਰੁਮਤਿ ਸੇ. ਗੁਰੁਮਤਿ ਦ੍ਵਾਰਾ. ਦੇਖੋ, ਗੁਰਮਤਿ.

ਗੁਰੁਮਾਂਗਟ: ਲਹੌਰ ਤੋਂ ਚਾਰ ਕੋਹ ਪੂਰਵ ਇੱਕ ਪਿੰਡ. ਗੁਰੂ ਹਰਿਗੋਬਿੰਦ ਸਾਹਿਬ ਲਹੌਰ ਤੋਂ ਅਮ੍ਰਿਤਸਰ ਨੂੰ ਜਾਂਦੇ ਹੋਏ ਇੱਥੇ ਵਿਰਾਜੇ ਹਨ। ੨. ਦੇਖੋ, ਮਾਂਗਟ.

ਗੁਰੁਮਾਰਿਆ: ਦੇਖੋ, ਸਰਸਾ ੨.

ਗੁਰੁਮਾਰੀ: ਖ਼ਾਲਸੇ ਨੇ ਇਹ ਨਾਉਂ ਸਰਹਿੰਦ ਦਾ ਉਸ ਵੇਲੇ ਰੱਖਿਆ, ਜਦ ਦੋ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਉਸ ਥਾਂ ਸ਼ਹੀਦ ਹੋਏ. ਦੇਖੋ, ਸਰਹਿੰਦ ਅਤੇ ਫਤੇਗੜ੍ਹ.

ਗੁਰੁਮੁਖ: ਦੇਖੋ, ਗੁਰਮੁਖ। ੨. ਦੇਖੋ, ਮੋਹਨ। ੩. ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਪ੍ਰੇਮੀ ਸਿੱਖ, ਜਿਸ ਨੇ ਬੇਨਤੀ ਕੀਤੀ ਕਿ ਮੈਨੂੰ ਕਿਸੇ ਗੁਰੁਮੁਖ ਸਿੱਖ ਦਾ ਦਰਸ਼ਨ ਕਰਾਓ. ਗੁਰੂ ਸਾਹਿਬ ਨੇ ਗੁਜਰਾਤ ਨਿਵਾਸੀ ਭਾਈ ਭਿਖਾਰੀ ਪਾਸ ਭੇਜਕੇ ਇਸ ਦੀ ਭਾਵਨਾ ਪੂਰਣ ਕੀਤੀ. ਦੇਖੋ, ਭਿਖਾਰੀ ੨.

ਗੁਰੁਮੁਖੀ: ਦੇਖੋ, ਗੁਰਮੁਖੀ.

ਗੁਰੁਮੁਖੀ ਦਸਤਾਰਾ: ਸੰਗਜਾ- ਪਗੜੀ ਦਾ ਉਹ ਬੰਧੇਜ, ਜੋ ਗੁਰੂ ਸਾਹਿਬ ਨੇ ਸਿੱਖਾਂ ਨੂੰ ਬੰਨ੍ਹਣਾ ਦੱਸਿਆ. ਦੇਖੋ, ਦਸ਼ਮੇਸ਼ ਦੀ ਮੂਰਤੀ, ਜਿਸ ਤੋਂ ਗੁਰੁਮੁਖੀ ਦਸਤਾਰੇ ਦਾ ਗਜਾਨ ਹੁੰਦਾ ਹੈ.

ਗੁਰੁਮੰਤ੍ਰ, ਗੁਰੁਮੰਤ੍ਰੜਾ: ਦੇਖੋ, ਗੁਰਮੰਤ੍ਰ.

ਗੁਰੁਰਸ: ਦੇਖੋ, ਗੁਰਰਸੁ.

ਗੁਰੁ ਰਤਨਾਵਲੀ: ਦੇਖੋ, ਮਹਿਮਾਪ੍ਰਕਾਸ.

ਗੁਰੁਵਾਰ: ਸੰਗਜਾ- ਦੇਵਗੁਰੁ (ਵ੍ਰਿਹਸਪਤਿ) ਦਾ ਦਿਨ. ਵੀਰਵਾਰ.

ਗੁਰੁਵਿਲਾਸ: ਇਸ ਨਾਉਂ ਦੇ ਦੋ ਗ੍ਰੰਥ ਪ੍ਰਸਿੱਧ ਹਨ. ਛੀਵੇਂ ਗੁਰੂ ਸਾਹਿਬ ਦਾ ਇਤਿਹਾਸ ਅਤੇ ਦਸ. ਗੁਰੂ ਸਾਹਿਬ ਦਾ.

ਛੀਵੇਂ ਪਾਤਸ਼ਾਹੀ ਦੇ ਗੁਰੁਵਿਲਾਸ ਕਰਤਾ ਕਵੀ ਜੀ[440] ਲਿਖਦੇ ਹਨ ਕਿ ਭਾਈ ਮਨੀ ਸਿੰਘ ਜੀ ਨੇ ਨਾਨਕਿਆਨੇ ਸਾਹਿਬ ਨਾਨਕਸਰ ਦੇ ਕਿਨਾਰੇ ਇਹ ਕਥਾ ਭਾਈ ਭਗਤ ਸਿੰਘ ਜੀ ਨੂੰ ਸੁਣਾਈ ਅਤੇ ਮੇਰੇ (ਕਵਿ ਦੇ) ਗੁਰਦੇਵ ਧਰਮ ਸਿੰਘ ਜੀ ਨੇ ਭੀ ਸੁਣੀ, ਉਨ੍ਹਾਂ ਨੇ ਮੈਨੂੰ ਸੁਣਾਈ, ਜਿਸ ਦੀ ਛੰਦਰਚਨਾ ਮੈ ਕੀਤੀ ਹੈ.

"ਸਤ੍ਰਾਂ ਸੈ ਬੀਤੇ ਤਬੈ ਬਰਖ ਪਝੱਤਰ ਜਾਨ।

ਸਾਵਨ ਮਾਸ ਇਕੀਸ ਦਿਨ ਗਯੋ ਸੁਖਦ ਪਹਿਚਾਨ।

ਸੁਦੀ ਪੱਖ ਦਿਨ ਪੰਚਮੀ ਸ਼੍ਰੀ ਗੁਰੁ ਕੇ ਪਰਸਾਦ।

ਪਾਇ ਭੋਗ ਗੁਰੁਗਾਥ ਕਾ ਕਰ ਕਵਿਤਾ ਅਹਿਲਾਦ।"

ਇਸ ਗ੍ਰੰਥ ਦੇ ਸਾਰੇ ਅਧਜਾਯ ੨੧. ਹਨ. ਦੇਖੋ, ਗੁਰੁਮਤਸੁਧਾਕਰ ਕਲਾ ੪।

੨. ਦਸ਼ਮ ਸਤਿਗੁਰੂ ਦਾ ਇਤਿਹਾਸ ਭਾਈ ਸੁੱਖਾ ਸਿੰਘ ਜੀ ਕੇਸ਼ਗੜ੍ਹ ਸਾਹਿਬ (ਆਨੰਦਪੁਰ) ਦੇ ਗ੍ਯਾਨੀ ਜੀ ਦੀ ਰਚਨਾ ਹੈ. ਇਹ ਗ੍ਰੰਥ ਸੰਮਤ ੧੮੫੪ ਵਿੱਚ ਤਿਆਰ ਹੋਇਆ ਹੈ. ਇਸ ਦੇ ੩੦ ਅਧਜਾਯ ਹਨ.

"ਸੰਮਤ ਸਹਿਸ ਪੁਰਾਨ ਕਹਿਤ ਤਬ। ਅਰਧ ਸਹਿਸ ਪੁਨ ਚਾਰ ਗਨਤ ਸਬ। ਕ੍ਵਾਰ ਵਦੀ ਪੰਚਮਿ ਰਵਿਵਾਰਾ। ਗੁਰੁਵਿਲਾਸ ਲੀਨੋ ਅਵਤਾਰਾ." ਦੇਖੋ, ਗੁਰੁਮਤ ਸੁਧਾਕਰ ਕਲਾ ੧੫.

ਗੁਰੁਵੰਸ਼: ਸਤਿਗੁਰੂ ਦੀ ਕੁਲ. ਗੁਰੂ ਦਾ ਖ਼ਾਨਦਾਨ. ਵੇਦੀ, ਤੇਹਣ (ਤ੍ਰੇਹੁਣ), ਭੱਲੇ ਅਤੇ ਸੋਢੀ ਕੁਲ ਦੇ ਸਾਹਿਬਜ਼ਾਦੇ। ੨. ਸਿੱਖਸਮਾਜ.

ਗੁਰੂ: ਦੇਖੋ, ਗੁਰ ਅਤੇ ਗੁਰੁ। ੨. ਪੂਜ੍ਯ. "ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ." (ਗਉ ਅਃ ਮਃ ੧)

ਗੁਰੂਆ: ਦੇਖੋ, ਗਰੂਆ.

ਗੁਰੂਆਣਾ: ਵਿ- ਗੁਰੂ ਦਾ. ਗੁਰੂ ਨਾਲ ਹੈ ਜਿਸ ਦਾ ਸੰਬੰਧ। ੨. ਸੰਗ੍ਯਾ- ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਵੈਰੋਵਾਲ ਦਾ ਇੱਕ ਪਿੰਡ ਭਰੋਵਾਲ ਹੈ, ਉਸ ਤੋਂ ਪੂਰਵ ਵੱਲ ਆਬਾਦੀ ਦੇ ਪਾਸ ਇੱਕ ਟੋਭੇ ਦੇ ਕਿਨਾਰੇ ਸ਼੍ਰੀ ਗੁਰੂ ਅੰਗਦ ਸਾਹਿਬ ਜੀ ਦਾ ਅਸਥਾਨ ਹੈ. ਗੁਰੂ ਜੀ "ਛਾਪਰੀ" ਪਿੰਡ ਤੋਂ ਖਡੂਰ ਸਾਹਿਬ ਜਾਂਦੇ ਕੁਝ ਸਮਾਂ ਇੱਥੇ ਵਿਰਾਜੇ ਹਨ.

ਰੇਲਵੇ ਸਟੇਸ਼ਨ ਤਰਨਤਾਰਨ ਤੋਂ ਵਾਯਵੀ ਕੋਣ ੧੦. ਮੀਲ ਹੈ. ਸੜਕ ਪੱਕੀ ਹੈ।

੩. ਜਿਲਾ ਲਹੌਰ, ਤਸੀਲ ਕੁਸੂਰ ਵਿੱਚ ਕਸਬਾ ਪੱਟੀ ਤੋਂ ਅਗਨਿਕੋਣ ਦੋ ਫਰਲਾਂਗ ਦੇ ਕਰੀਬ ਇੱਕ ਟੋਭੇ ਦੇ ਕਿਨਾਰੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਹੈ. ਗੁਰੁਦ੍ਵਾਰਾ ਅਜੇ ਨਹੀਂ ਬਣਿਆ, ਸਾਧਾਰਣ ਮੰਜੀ ਸਾਹਿਬ ਹੈ. ਇੱਥੇ ਸ਼ਹਿਰ ਵਿੱਚ "ਭੱਠ ਸਾਹਿਬ" ਹੈ, ਜਿੱਥੇ ਭਾਈ ਬਿਧੀਚੰਦ ਜੀ ਸਰਦੀ ਦੇ ਬਚਾਉ ਲਈ ਭੱਠ ਵਿੱਚ ਰਹੇ ਸਨ।

੪. ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਆਨੰਦਪੁਰ ਦਾ ਇੱਕ ਪਿੰਡ ਜਿੰਦਵੜੀ ਹੈ, ਇਸ ਤੋਂ ਉੱਤਰ ਵੱਲ ਬਾਹਰਵਾਰ ਬਾਬਾ ਗੁਰਦਿੱਤਾ ਜੀ ਦਾ ਗੁਰਦ੍ਵਾਰਾ ਹੈ. ਬਾਬਾ ਜੀ ਨੇ ਇੱਥੇ ਮੋਈ ਹੋਈ ਗਊ ਜਿਵਾਈ ਸੀ. ਇਸ ਥਾਂ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਚਰਣ ਪਾਏ ਹਨ. ਇਹ ਅਸਥਾਨ ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ਪੂਰਵ ੨੦. ਮੀਲ ਸਤਲੁਜ ਪਾਰ ਹੈ. ਪੱਚੀ ਘੁਮਾਉਂ ਜ਼ਮੀਨ ਗੁਰਦ੍ਵਾਰੇ ਨਾਲ ਹੈ. ਅਕਾਲੀ ਸਿੰਘ ਪੁਜਾਰੀ ਹੈ। ੫. ਦੇਖੋ, ਮਾਣਕ ਟਬਰਾ.

ਗੁਰੂਸਰ: ਸੰਗ੍ਯਾ- ਉਹ ਤਾਲ, ਜੋ ਸਤਿਗੁਰੂ ਦਾ ਲਗਵਾਇਆ ਅਥਵਾ ਗੁਰੂ ਨਾਲ ਸੰਬੰਧ ਰਖਦਾ ਹੈ. ਇਸ ਨਾਉਂ ਦੇ ਅਨੇਕਾਂ ਤਾਲ ਅਤੇ ਗੁਰਦ੍ਵਾਰੇ ਹਨ, ਪਰ ਜੋ ਬਹੁਤ ਪ੍ਰਸਿੱਧ ਹਨ ਉਹ ਇੱਥੇ ਲਿਖਦੇ ਹਾਂ-

੧. ਫਿਰੋਜ਼ਪੁਰ ਦੇ ਜਿਲੇ ਮੇਹਰਾਜ ਪਿੰਡ ਦੀ ਹੱਦ ਵਿੱਚ ਛੀਵੇਂ ਸਤਿਗੁਰੂ ਦਾ ਤਾਲ, ਜਿਸ ਦੇ ਕਿਨਾਰੇ ਡੇਰਾ ਜਮਾਕੇ ਸ਼ਾਹੀਸੈਨਾ

---

[440] ਇਨ੍ਹਾਂ ਨੇ ਆਪਣਾ ਨਾਉਂ ਗੁਪਤ ਰੱਖਿਆ ਹੈ, ਪਰ ਅਸੀਂ ਪੂਰੀ ਖੋਜ ਕਰਕੇ ਗੁਰੁਮਤ ਸੁਧਾਕਰ ਵਿੱਚ ਪ੍ਰਗਟ ਕਰ ਦਿੱਤਾ ਹੈ.

ਨਾਲ ਤੀਜਾ ਜੰਗ ਗੁਰੂ ਸਾਹਿਬ ਨੇ ਕੀਤਾ. ਇੱਥੇ ਇੱਕ ਦਮਦਮਾ ਹੈ, ਜਿਸ ਹੇਠ ਫੌਜੀ ਸਰਦਾਰ ਦਬਾਏ ਹੋਏ ਹਨ. ਜਿਸ ਥਾਂ ਗੁਰੂ ਸਾਹਿਬ ਦਾ ਤੰਬੂ ਸੀ ਉੱਥੇ ਮਹਾਰਾਜਾ ਹੀਰਾ ਸਿੰਘ ਸਾਹਿਬ ਨਾਭਾਪਤੀ ਨੇ ਬਹੁਤ ਸੁੰਦਰ ਗੁਰਦ੍ਵਾਰਾ ਬਣਵਾਇਆ ਹੈ. ਇਸ ਥਾਂ ਦੇ ਮਹੰਤ ਭਾਈ ਗੱਜਾ ਸਿੰਘ ਜੀ ਸਿੱਖਾਂ ਵਿੱਚ ਅਦੁਤੀ ਰਾਗ ਵਿਦ੍ਯਾ ਦੇ ਪੰਡਿਤ ਹੋਏ ਹਨ. ਜਿਨ੍ਹਾਂ ਨੇ ਉਨਾਂ ਦੇ ਤਾਊਸ ਦਾ ਆਲਾਪ ਸੁਣਿਆ ਹੈ ਉਹ ਕਦੇ ਉਨ੍ਹਾਂ ਨੂੰ ਨਹੀਂ ਭੁੱਲਦੇ.

੨. ਦਸ਼ਮੇਸ਼ ਦਾ ਦਮਦਮੇਂ (ਸਾਬੋ ਕੀ ਤਲਵੰਡੀ) ਇੱਕ ਤਾਲ. ਇਹ ਨੌਵੇਂ ਸਤਿਗੁਰੂ ਅਤੇ ਦਸਵੇਂ ਪਾਤਸ਼ਾਹ ਦੇ ਚਰਣਾਂ ਨਾਲ ਪਵਿਤ੍ਰ ਹੋਇਆ ਹੈ.

੩. ਮਾਛੀਵਾੜੇ ਤੋਂ ਪੰਜ ਕੋਹ ਦੱਖਣ ਵੱਲ ਲੱਲ ਪਿੰਡ ਵਿੱਚ ਦਸ਼ਮੇਸ਼ ਦਾ ਅਸਥਾਨ.

੪. ਪਿੰਡ ਸਰਾਵ (ਸਰਾਵਾਂ) ਅਤੇ ਬਹਿਬਲ ਦੇ ਮੱਧ ਇੱਕ ਗੁਰਅਸਥਾਨ, ਜੋ ਰਿਆਸਤ ਫਰੀਦਕੋਟ ਥਾਣਾ ਕੋਟਕਪੂਰਾ ਵਿੱਚ ਹੈ. ਇਸ ਦੀ ਇਮਾਰਤ ਦੀ ਸੇਵਾ ਰਿਆਸਤ ਵੱਲੋਂ ਹੋਈ ਹੈ. ਇੱਕ ਹਲ ਦੀ ਜਮੀਨ ਮੁਆਫ ਹੈ, ਇੰਤਜਾਮ ਰਿਆਸਤ ਦੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਦੇ ਹੱਥ ਹੈ.

੫. ਰਿਆਸਤ ਫਰੀਦਕੋਟ, ਥਾਣਾ ਕੋਟਕਪੂਰਾ ਵਿੱਚ ਇੱਕ ਪਿੰਡ, ਜਿਸ ਦੇ ਪਾਸ ਹੀ ਦੱਖਣ ਵੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰਦ੍ਵਾਰੇ ਪਾਸ ਕੱਚਾ ਤਾਲ ਗੁਰੂ ਸਾਹਿਬ ਦੇ ਵੇਲੇ ਦਾ ਹੈ. ਰਿਆਸਤ ਵੱਲੋਂ ੪੦ ਘੁਮਾਉਂ ਜ਼ਮੀਨ ਹੈਂ. ਵੈਸਾਖੀ ਅਤੇ ਮਾਘੀ ਨੂੰ ਮੇਲਾ ਹੁੰਦਾ ਹੈ. ਇਹ ਰੇਲਵੇ ਸਟੇਸ਼ਨ ਰੁਮਾਣਾ ਅਲਬੇਲ ਸਿੰਘ ਤੋਂ ਤਿੰਨ ਮੀਲ ਪੂਰਵ ਹੈ।

੬. ਜਿਲਾ ਫਿਰੋਜ਼ਪੁਰ ਵਿੱਚ ਮੁਕਤਸਰ ਤੋਂ ਅੱਠ ਕੋਹ ਦੱਖਣ ਇੱਕ ਪਿੰਡ, ਜਿਸ ਦੀ ਢਾਬ ਦੇ ਕਿਨਾਰੇ ਦਸ਼ਮੇਸ਼ ਵਿਰਾਜੇ ਹਨ. ਗੁਰਦ੍ਵਾਰੇ ਨਾਲ ੨੫ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਰੇਲਵੇ ਸਟੇਸ਼ਨ ਫਕਰਸਰ ਤੋਂ ਪੰਜ ਮੀਲ ਉੱਤਰ ਹੈ।

੭. ਰਾਜ ਨਾਭਾ, ਨਜਾਮਤ ਫੂਲ ਦੇ ਥਾਣਾ ਦਯਾਲਪੁਰੇ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਰਾਮਪੁਰਾਫੂਲ ਤੋਂ ੧੮. ਮੀਲ ਉੱਤਰ ਹੈ. ਪਿੰਡ ਦੇ ਨਾਲ ਹੀ ਪੱਛਮ ਵੱਲ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਦੀਨੇ ਤੋਂ ਏਥੇ ਸੈਰ ਕਰਦੇ ਹੋਏ ਆਏ ਹਨ. ਇਹ ਗੁਰੂਸਰ ਪਿੰਡ ਉਸ ਵੇਲੇ ਨਹੀਂ ਸੀ, ਪਿੱਛੋਂ ਆਬਾਦ ਹੋਇਆ ਹੈ. ਗੁਰਦ੍ਵਾਰੇ ਨਾਲ ਰਿਆਸਤ ਨਾਭੇ ਵੱਲੋਂ ੭੦ ਘੁਮਾਉਂ ਜ਼ਮੀਨ ਹੈ. ਮਾਘੀ ਨੂੰ ਮੇਲਾ ਹੁੰਦਾ ਹੈ.

੮. ਜਿਲਾ ਅਮ੍ਰਿਤਸਰ, ਤਸੀਲ ਅਜਨਾਲਾ, ਥਾਣਾ ਲੋਪੋਕੇ ਦਾ ਪਿੰਡ "ਬੈਰਾੜ ਮਾਦੋਕੇ" ਹੈ. ਉਸ ਤੋਂ ਅੱਧ ਮੀਲ ਅਗਨਿਕੋਣ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰਦ੍ਵਾਰੇ ਪਾਸ ਇੱਕ ਪੱਕਾ ਤਾਲ ਹੈ. ੧੮. ਕਨਾਲ ਜ਼ਮੀਨ ਇਸੇ ਪਿੰਡ ਹੈ. ਮੇਲਾ ੧- ੨- ੩ ਜੇਠ ਨੂੰ ਹੁੰਦਾ ਹੈ, ਇਸ ਥਾਂ ਛੀਵੇਂ ਸਤਿਗੁਰੂ ਦਾ ਇੱਕ ਬੀਸ ਇੰਚ ਲੰਮਾ ਕਟਾਰ ਹੈ. ਰੇਲਵੇ ਸਟੇਸ਼ਨ ਗੁਰੂਸਰਸਤਲਾਣੀ ਤੋਂ ਚਾਰ ਮੀਲ ਉੱਤਰ ਹੈ.

੯. ਦੇਖੋ, ਅਜਿੱਤ ਗਿੱਲ।

੧੦ ਦੇਖੋ, ਸਧਾਰ ੨.।

੧੧ ਦੇਖੋ, ਖੇਮ ਕਰਨ।

੧੨ ਦੇਖੋ, ਗੁੱਜਰਵਾਲ।

੧੩ ਦੇਖੋ, ਚਕਰ।

੧੪ ਦੇਖੋ, ਢਿੱਲਵਾਂ ਕਲਾਂ।

੧੫ ਦੇਖੋ, ਤਿਲਕਪੁਰ।

੧੬ ਦੇਖੋ, ਪੱਤੋ ੨.।

੧੭ ਦੇਖੋ, ਭੁੱਚੋ।

੧੮ ਦੇਖੋ, ਮਹਿਰੋਂ।

੧੯ ਦੇਖੋ, ਰਹਿਸਮਾ।

੨੦ ਦੇਖੋ, ਰਣਜੀਤਗੜ੍ਹ।

੨੧ ਦੇਖੋ, ਲੋਪੋ।

੨੨ ਦੇਖੋ, ਵਜੀਦਪੁਰ।

ਗੁਰੂਸਰਸਤਲਾਣੀ: ਜਿਲਾ ਅੰਮ੍ਰਿਤਸਰ, ਥਾਣਾ ਘਰਿੰਡਾ ਦਾ ਇੱਕ ਪਿੰਡ ਹੁਸ਼ਿਆਰਨਗਰ ਹੈ. ਇਸ ਤੋਂ ਅੱਧ ਮੀਲ ਉੱਤਰ ਗੁਰੂ ਹਰਿਗੋਬਿੰਦ ਸਾਹਿਬ ਲਹੌਰੋਂ ਅਮ੍ਰਿਤਸਰ ਆਉਂਦੇ ਇੱਕ ਕੱਚੇ ਤਾਲ ਦੇ ਕਿਨਾਰੇ ਠਹਿਰੇ, ਜੋ ਹੁਣ ਸੁੰਦਰ ਪੱਕਾ ਬਣ ਗਿਆ ਹੈ ਅਤੇ ਗੁਰੁਦ੍ਵਾਰੇ ਦੀ ਸ਼ਾਨਦਾਰ ਇਮਾਰਤ ਹੈ. ਮਹਾਰਾਜਾ ਰਣਜੀਤ ਸਿੰਘ ਜੀ, ਅਤੇ ਸਿੱਖਰਿਆਸਤਾਂ ਵੱਲੋਂ ਇਸ ਗੁਰਦ੍ਵਾਰੇ ਦੇ ਨਾਉਂ ਬਹੁਤ ਜਾਗੀਰ ਅਤੇ ਜ਼ਮੀਨ ਹੈ, ਜਿਸ ਦੀ ਸਾਲਾਨਾ ਆਮਦਨ ਵੀਹ ਹਜ਼ਾਰ ਦੇ ਕਰੀਬ ਹੈ. ਇਸ ਗੁਰਦ੍ਵਾਰੇ ਨਾਲ ਆਸ ਪਾਸ ਦੇ ਬਹੁਤ ਗੁਰਦ੍ਵਾਰੇ ਅਤੇ ਧਰਮਅਸਥਾਨ ਸੰਬੰਧਿਤ ਹਨ, ਗੁਰੂ ਰਾਮਦਾਸ ਜੀ ਦੇ ਜਨਮ ਦਿਨ ਅਤੇ ਹਰ ਸੰਕ੍ਰਾਂਤਿ ਨੂੰ ਮੇਲਾ ਹੁੰਦਾ ਹੈ.

ਰੇਲਵੇ ਸਟੇਸ਼ਨ ਗੁਰੂਸਰਸਤਲਾਣੀ ਤੋਂ ਅੱਧ ਮੀਲ ਦੱਖਣ ਵੱਲ ਹੈ. ਵਿਸ਼ੇਸ਼ ਹਾਲ ਜਾਣਨ ਲਈ ਦੇਖੋ, ਸਤਲਾਣੀ.

ਗੁਰੂਸਰਮਨੀਕਰਣ: ਗੁਰਦ੍ਵਾਰਾ ਦਮਦਮਾ (ਸਾਬੋ ਕੀ ਤਲਵੰਡੀ) ਦੇ ਵਡੇ ਦਰਬਾਰ ਤੋਂ ਇੱਕ ਸੌ ਵੀਹ ਕਦਮ ਪੱਛਮ ਇੱਕ ਤਾਲ, ਜਿਸ ਨੂੰ ਦਸ਼ਮੇਸ਼ ਦੇ ਚਰਣ ਪਰਸਨ ਦਾ ਮਾਨ ਹੈ.

ਗੁਰੂਸਾਹਿਬ: ਸਤਿਗੁਰੂ ਨਾਨਕਦੇਵ ਅਤੇ ਉਨ੍ਹਾਂ ਦਾ ਸਰੂਪ ਨੌ ਸਤਿਗੁਰੂ.

ਗੁਰੂਸਾਹਿਬਾਨ: ਗੁਰੂ ਸਾਹਿਬ ਦਾ ਬਹੁਵਚਨ.

ਗੁਰੂਹਰਸਹਾਇ, ਗੁਰੂਹਰਿਸਹਾਇ: ਸੋਢੀ ਜੀਵਨਮੱਲ ਜੀ ਬਾਬਾ ਪ੍ਰਿਥੀਚੰਦ ਜੀ ਤੋਂ ਛੀਵੀਂ ਪੀੜ੍ਹੀ ਸਨ. ਜੋ ਮਹੰਮਦਪੁਰ (ਤਸੀਲ ਚੂਣੀਆਂ, ਜਿਲਾ ਲਾਹੌਰ) ਵਿੱਚ ਰਹਿੰਦੇ ਸਨ. ਲਹੌਰ ਦੇ ਹਾਕਿਮ ਨੇ ਤੱਅਸੁਬ ਦੇ ਕਾਰਣ ਜੀਵਨਮੱਲ ਜੀ ਨੂੰ ਸਭ ਸਾਮਾਨ ਜਬਤ ਕਰਕੇ ਪਿੰਡੋਂ ਕੱਢ ਦਿੱਤਾ. ਜੀਵਨਮੱਲ ਜੀ ਜੰਗਲ (ਮਾਲਵੇ) ਵਿੱਚ ਬੈਰਾੜਾਂ ਅਤੇ ਡੋਗਰੀ ਦੀ ਸਰਹੱਦ ਤੇ ਆ ਬੈਠੇ. ਮੁਸਲਮਾਨ ਡੋਗਰਾਂ ਦੇ ਸਰਦਾਰ ਸੁਲਤਾਨ ਨੇ, ਸੋਢੀ ਸਾਹਿਬ ਨੂੰ ਇਸ ਲਈ ਜੀ ਆਇਆਂ ਆਖਿਆ ਕਿ ਉਨ੍ਹਾਂ ਦੇ ਹੁੰਦੇ ਬੈਰਾੜਾਂ ਵੱਲੋਂ ਬੇਫਿਕਰੀ ਹੋ ਜਾਵੇਗੀ.

ਜੀਵਮਨਮੱਲ ਜੀ ਨੇ ਚੌਵੀਹ ਹਜ਼ਾਰ ਘੁਮਾਉਂ ਜ਼ਮੀਨ ਤੇ ਕਬਜਾ ਕਰਕੇ ਆਪਣੇ ਪੁਤ੍ਰ ਹਰਸਹਾਇ ਦੇ ਨਾਮ ਪਿੰਡ ਗੁਰੂ ਹਰਸਹਾਇ[441] ਵਸਾਇਆ, ਜੋ ਹੁਣ ਤਸੀਲ ਮੁਕਤਸਰ ਜਿਲਾ ਫਿਰੋਜ਼ਪੁਰ ਵਿੱਚ ਹੈ ਅਤੇ ਨਾਰਥ ਵੈਸਟਰਨ ਰੇਲਵੇ ਦੀ ਸ਼ਾਖ ਲੁਦਿਆਨਾ ਫਿਰੋਜ਼ਪੁਰ ਮੈਕਲੋਡਗੰਜ ਦਾ ਸਟੇਸ਼ਨ ਹੈ. ਇਸ ਵੇਲੇ ਜਿਲੇ ਫਿਰੋਜ਼ਪੁਰ ਵਿੱਚ ਗੁਰੂ ਹਰਸਹਾਇ ਦੇ ਸੋਢੀ ਸਾਹਿਬਾਨ ਨਵਾਬ ਮਮਦੋਟ ਤੋਂ ਦੂਜੇ ਦਰਜੇ ਦੇ ਜ਼ਿਮੀਦਾਰ ਹਨ. ਗੁਰੂ ਹਰਸਹਾਇ ਤੋਂ ਛੁੱਟ, ਪੈਂਤੀ ਪਿੰਡ ਹੋਰ ਇਨ੍ਹਾਂ ਦੀ ਮਾਲਕੀਅਤ ਦੇ ਹਨ. ਸੋਢੀ ਜਸਵੰਤ ਸਿੰਘ ਜੀ ਗੱਦੀਨਸ਼ੀਨ ਹਨ. ਇਨ੍ਹਾਂ ਪਾਸ ਇੱਕ ਪੋਥੀ ਅਤੇ ਇੱਕ ਉੱਨ ਦੀ ਲੰਮੀ ਮਾਲਾ ਹੈ, ਜਿਸ ਨੂੰ ਗੁਰੂ ਨਾਨਕ ਦੇਵ ਦੀ ਦਸਦੇ ਹਨ. ਵੈਸਾਖੀ ਦੇ ਦਿਨ ਸੰਗਤਿ ਨੂੰ ਦਰਸ਼ਨ ਕਰਾਉਂਦੇ ਹਨ. ਜੇ ਕੋਈ ਪ੍ਰੇਮੀ ਕਿਸੇ ਹੋਰ ਦਿਨ ਦਰਸ਼ਨ ਕਰਨਾ ਚਾਹੇ, ਤਾਂ ਸਵਾ ਸੌ ਰੁਪਯਾ ਭੇਟਾ ਦੇਕੇ ਕਰ ਸਕਦਾ ਹੈ.

ਗੁਰੂ ਕਾ ਅੰਬ: ਦੇਖੋ, ਲੰਬੇ.

ਗੁਰੂ ਕਾ ਕੋਠਾ: ਦੇਖੋ, ਕੋਠਾ ਗੁਰੂ ਕਾ। ੨. ਵਜ਼ੀਰਾਬਾਦ ਵਿੱਚ ਭਾਈ ਖੇਮਚੰਦ ਪ੍ਰੇਮੀ ਸਿੱਖ ਦਾ ਮਕਾਨ, ਜਿਸ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਵਿਰਾਜੇ. ਇਸ ਗੁਰਦ੍ਵਾਰੇ ਨਾਲ ੩੬ ਘੁਮਾਉਂ ਮੁਆਫ਼ੀ ਸਿੱਖਰਾਜ ਸਮੇਂ ਦੀ

---

[441] ਮੁੱਖ ਮੁੱਖ ਥਾਵਾਂ ਦੇ ਗੱਦੀਨਸ਼ੀਨ ਸਾਹਿਬਜ਼ਾਦੇ ਨਾਵਾਂ ਦੇ ਮੁੱਢ "ਗੁਰੂ" ਸ਼ਬਦ ਜੋੜ ਲੈਂਦੇ ਹਨ.

ਵਜ਼ੀਰਾਬਾਦ ਵਿੱਚ ਅਤੇ ੭੭ ਘੁਮਾਉਂ ਹੋਰਨਾਂ ਪਿੰਡਾਂ ਵਿੱਚ ਹੈ. ਬਸੰਤਪੰਚਮੀ ਅਤੇ ਦਿਵਾਲੀ ਨੂੰ ਮੇਲਾ ਹੁੰਦਾ ਹੈ। ੩. ਦੇਖੋ, ਵੱਲਾ.

ਗੁਰੂ ਕਾ ਖੂਹ: ਉਹ ਖੂਹ ਜੋ ਕਿਸੇ ਸਤਿਗੁਰੂ ਨੇ ਲਗਵਾਇਆ ਹੈ, ਜੈਸੇ- ਸ਼ਕਰਗੰਗ ਅਤੇ ਛਿਹਰਟਾ ਆਦਿਕ.

ਗੁਰੂ ਕਾ ਚੱਕ: ਰਾਮਦਾਸਪੁਰ. ਗੁਰੂ ਰਾਮਦਾਸ ਸਾਹਿਬ ਨੇ ਅਮ੍ਰਿਤਸਰੋਵਰ ਦੀ ਕੁਝ ਖੁਦਵਾਈ ਕਰਵਾਕੇ ਉਸ ਪਾਸ ਜੋ ਬਸਤੀ ਵਸਾਈ ਸੀ, ਉਸ ਦਾ ਨਾਉਂ ਪਹਿਲਾਂ "ਗੁਰੂ ਕਾ ਚੱਕ" ਸੀ. ਗੁਰੂ ਅਰਜਨ ਦੇਵ ਨੇ ਨਾਉਂ ਰਾਮਦਾਸਪੁਰ ਰੱਖਿਆ, ਪਰੰਤੂ ਸਰੋਵਰ ਦੀ ਮਹਿਮਾ ਦੇ ਕਾਰਣ ਅਮ੍ਰਿਤਸਰ ਨਾਉਂ ਪ੍ਰਸਿੱਧ ਹੋ ਗਿਆ.

ਗੁਰੂ ਕਾ ਬਾਗ: ਉਹ ਬਾਗ, ਜੋ ਗੁਰੂ ਸਾਹਿਬ ਨੇ ਲਾਇਆ ਅਥਵਾ ਗੁਰੂ ਦੇ ਨਾਮ ਨਾਲ ਸੰਬੰਧ ਰਖਦਾ ਹੈ. ਇਸ ਨਾਮ ਦੇ ਹੇਠ ਲਿਖੇ ਬਾਗ ਪ੍ਰਸਿੱਧ ਹਨ-

੧. ਅਮ੍ਰਿਤਸਰੋਵਰ ਅਤੇ ਕੌਲਸਰ ਦੇ ਮੱਧ ਗੁਰੂ ਅਰਜਨ ਸਾਹਿਬ ਦਾ ਲਵਾਇਆ ਹੋਇਆ ਬਾਗ।

੨. ਕਾਸ਼ੀ ਵਿੱਚ ਉਹ ਅਸਥਾਨ, ਜਿਸ ਥਾਂ ਨੌਵੇਂ ਸਤਿਗੁਰੂ ਪਹਿਲਾਂ ਆਕੇ ਵਿਰਾਜੇ ਹਨ।

੩. ਪਟਨੇ ਵਿੱਚ ਹਰਿਮੰਦਿਰ ਤੋਂ ਇੱਕ ਕੋਹ ਪੂਰਵ ਨੌਵੇਂ ਸਤਿਗੁਰੂ ਦਾ ਬਾਗ।

੪. ਦੇਖੋ, ਘੁੱਕੇ ਵਾਲੀ.

ਗੁਰੂ ਕਾ ਬਾਜਾਰ: ਦੇਖੋ, ਅਮ੍ਰਿਤਸਰ.

ਗੁਰੂ ਕਾ ਬੀੜ: ਦੇਖੋ, ਬੀੜ ਬਾਬਾ ਬੁੱਢਾ ਜੀ ਦਾ.

ਗੁਰੂ ਕਾ ਲਹੌਰ: ਆਨੰਦਪੁਰ ਤੋਂ ਸੱਤ ਕੋਹ ਉੱਤਰ, ਜਿੱਥੇ ਸ਼੍ਰੀ ਜੀਤੋ ਜੀ ਦਾ ਦਸ਼ਮੇਸ਼ ਜੀ ਨਾਲ ਵਿਆਹ ਹੋਇਆ ਹੈ. ਮਾਤਾ ਜੀ ਦਾ ਪਿਤਾ ਲਹੌਰ ਵਿੱਚ ਸ਼ਾਦੀ ਕਰਨਾ ਚਾਹੁੰਦਾ ਸੀ. ਕਲਗੀਧਰ ਨੇ ਉਸ ਦੀ ਪ੍ਰਸੰਨਤਾ ਲਈ ਸਿੱਖਾਂ ਨੂੰ ਹੁਕਮ ਦੇ ਕੇ ਉਸ ਸਮੇਂ ਵਾਸਤੇ ਅਦਭੁਤ ਸ਼ਹਿਰ ਰਚ ਦਿੱਤਾ. ਇਹ ਥਾਂ ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੨੮ ਮੀਲ ਪੂਰਵ ਹੈ. ਬਸੰਤ ਪੰਚਮੀ ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ. ੧੮. ਘੁਮਾਉਂ ਜ਼ਮੀਨ ਸਿੱਖਰਾਜ ਸਮੇਂ ਤੋਂ ਮੁਆਫ ਹੈ. ਦਰਬਾਰ ਦੇ ਨਾਲ ਜਲ ਦਾ ਸ੍ਰੋਤ ਹੈ, ਜੋ ਕਲਗੀਧਰ ਨੇ ਬਰਛਾ ਮਾਰਕੇ ਕੱਢਿਆ ਸੀ. ਦੇਖੋ, ਜੀਤੋ ਮਾਤਾ.

ਗੁਰੂ ਕੀ ਕਾਸ਼ੀ: ਦੇਖੋ, ਦਮਮਦਾ.

ਗੁਰੂ ਕੀ ਟਾਹਲੀਆਂ, ਗੁਰੂ ਕੀ ਟਾਲ੍ਹੀਆਂ: ਜਿਲਾ ਹੁਸ਼ਿਆਰਪੁਰ, ਤਸੀਲ ਗੜ੍ਹਸ਼ੰਕਰ, ਥਾਣਾ ਮਾਹਲਪੁਰ ਦੇ ਪਿੰਡ "ਗੋਂਦਪੁਰ" ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ "ਪੁਰਹੀਰਾਂ" ਤੋਂ ਚੱਲਕੇ ਕੀਰਤਪੁਰ ਵੱਲ ਜਾਂਦੇ ਇੱਥੇ ਠਹਿਰੇ ਹਨ. ਇਹ ਰੇਲਵੇ ਸਟੇਸ਼ਨ "ਸੈਲਾ ਖੁਰਦ" ਤੋਂ ਅੱਠ ਮੀਲ ਪੱਛਮ, "ਫਗਵਾੜੇ" ਤੋਂ ਬਾਰਾਂ ਮੀਲ ਪੂਰਵ ਅਤੇ ਹੁਸ਼ਿਆਰਪੁਰ ਤੋਂ ਚੌਦਾਂ ਮੀਲ ਦੱਖਣ ਹੈ. ਵੱਡਾ ਮੇਲਾ ਕੋਈ ਨਹੀਂ ਹੁੰਦਾ, ਸਾਧਾਰਣ ਜੋੜ ਮੇਲ ਹਰ ਸੰਕ੍ਰਾਂਤਿ ਨੂੰ ਹੋ ਜਾਂਦਾ ਹੈ. ਗੁਰਦ੍ਵਾਰੇ ਨਾਲ ੩. ਕਨਾਲ ੧੪. ਮਰਲੇ ਜ਼ਮੀਨ ਹੈ.

ਜਿਨ੍ਹਾਂ ਬਿਰਛਾਂ ਨਾਲ ਸਤਿਗੁਰੂ ਜੀ ਦੇ ਘੋੜੇ ਬੱਧੇ ਸਨ ਉਹ (ਇੱਕ ਕਿੱਕਰ, ਛੀ ਟਾਹਲੀਆਂ) ਮੌਜੂਦ ਹਨ, ਇਸੇ ਕਾਰਣ ਗੁਰਦ੍ਵਾਰੇ ਦਾ ਨਾਉਂ ਗੁਰੂ ਕੀ ਟਾਲ੍ਹੀਆਂ ਹੈ.

ਗੁਰੂ ਕੀ ਰੌੜ: ਦੇਖੋ, ਘੁੱਕੇਵਾਲੀ.

ਗੁਰੂਕੇ: ਸਤਿਗੁਰੂ ਦੇ ਸੇਵਕ, ਚੇਲੇ ਜਾਂ ਬੇਟੇ।

੨. ਰਾਜ ਪਟਿਆਲਾ, ਤਸੀਲ ਥਾਣਾ ਭਟਿੰਡਾ ਵਿੱਚ ਇੱਕ ਪਿੰਡ, ਜਿਸ ਨੂੰ ਸਰਕਾਰੀ ਕਾਗਜ਼ਾਂ ਵਿੱਚ "ਕੋਟ ਗੁਰੂ" ਲਿਖਿਆ ਜਾਂਦਾ ਹੈ. ਇਹ ਸੋਢੀ ਬਨਮਾਲੀ ਜੀ ਦੇ ਪੁਤ੍ਰਾਂ (ਅਭੈ ਰਾਮ ਅਤੇ ਜੈਰਾਮ) ਨੇ ਰਿਆਸਤ ਪਟਿਆਲੇ ਦੀ ਆਗਯਾ ਨਾਲ ਆਬਾਦ

ਕੀਤਾ ਸੀ. ਮਹਾਰਾਜਾ ਪਟਿਆਲਾ ਨੇ ਇਸ ਦਾ ਮੁਆਮਲਾ ਸੋਢੀ ਸਾਹਿਬਾਨ ਨੂੰ ਜਾਗੀਰ ਵਿੱਚ ਦੇ ਰੱਖਿਆ ਹੈ. ਪਿੰਡ ਦਾ ਰਕਬਾ ੧੧੪੪੯ ਵਿੱਘੇ ਕੱਚਾ ਹੈ ਅਤੇ ਮੁਆਮਲਾ (੧੧੦੦) ਸਾਲਾਨਾ ਹੈ. ਬੀ. ਬੀ. ਸੀ. ਆਈ. ਰੇਲਵੇ ਦੇ ਸਟੇਸ਼ਨ ਸੰਗਤ ਤੋਂ ਇਹ ਪਿੰਡ ਡੇਢ ਮੀਲ ਪੱਛਮ ਵੱਲ ਹੈ.

ਗੁਰੂ ਕੇ ਮਹਲ, ਗੁਰੂ ਕੇ ਮਹਿਲ: ਗੁਰੂ ਸਾਹਿਬ ਦੀ ਸੁਪਤਨੀ ਜਾਂ ਸੁਪਤਨੀਆਂ। ੨. ਸਤਿਗੁਰੂ ਦੇ ਰਹਿਣ ਦੇ ਮੰਦਿਰ. ਖਾਸ ਕਰਕੇ ਇਸ ਨਾਉਂ ਦੇ ਅਸਥਾਨ ਇਹ ਹਨ-

੩. ਅਮ੍ਰਿਤਸਰ ਜੀ ਗੁਰੂ ਅਰਜਨ ਦੇਵ ਦੇ ਬਣਾਏ ਹੋਏ ਰਹਾਇਸ਼ੀ ਮਕਾਨ।

੪. ਅਮ੍ਰਿਤਸਰ ਵਿੱਚ ਉਹ ਅਸਥਾਨ ਜਿੱਥੇ ਸ਼੍ਰੀ ਮਤੀ ਨਾਨਕੀ ਜੀ ਨਾਲ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਹੋਇਆ।

੫. ਪੰਜਵੇਂ ਸਤਿਗੁਰੂ ਦੇ ਕਰਤਾਰਪੁਰ ਵਿੱਚ ਮਹਲ।

੬. ਸ਼੍ਰੀ ਹਰਿਗੋਬਿੰਦਪੁਰ (ਸ਼੍ਰੀ ਗੋਬਿੰਦਪੁਰ) ਵਿੱਚ ਛੀਵੇਂ ਸਤਿਗੁਰੂ ਦੇ ਮਕਾਨ।

੭. ਕੀਰਤਪੁਰ ਵਿੱਚ ਸੱਤਵੇਂ ਸਤਿਗੁਰੂ ਦੇ ਮਹਲ।

੮. ਆਨੰਦਪੁਰ ਵਿੱਚ ਨੌਂਵੇਂ ਸਤਿਗੁਰੂ ਦੇ ਰਚੇ ਮੰਦਿਰ.

ਗੁਰੂਗੁਰ, ਗੁਰੂਗੁਰੁ: ਗੁਰੂਆਂ ਦਾ ਗੁਰੂ. ਕਰਤਾਰ. "ਅਨਿਦਨੁ ਜਪਉ ਗੁਰੂਗੁਰ ਨਾਮ." (ਗਉ ਮਃ ੫) ੨. ਗੁਰੂ ਨਾਨਕ ਦੇਵ. "ਉਪਦੇਸ ਗੁਰੂਗੁਰੁ ਸੁਨੇ." (ਨਟ ਮਃ ੪)

ਗੁਰੂ ਚਿੱਤ ਆਵੇ: ਧਾਰਮਿਕ ਸਿੱਖਾਂ ਅਤੇ ਮਾਈ ਬੀਬੀਆਂ ਵੱਲੋਂ ਇਹ ਆਸ਼ੀਰਵਾਦ ਹੈ। ੨. ਦੇਖੋ, ਕਰਤਾਰ ਚਿੱਤ ਆਵੇ.

ਗੁਰੂਦੁਆਰਾ, ਗੁਰੂਦੁਆਰੈ: ਦੇਖੋ, ਗੁਰਦੁਆਰਾ ਅਤੇ ਗੁਰੁਦ੍ਵਾਰਾ। ੨. ਗੁਰੂ ਦੀ ਮਾਰਫਤ. ਗੁਰੂ ਦੇ ਜਰਿਯੇ (ਰਾਹੀਂ). "ਗੁਰੁਦੁਆਰੈ ਦੇਵਸੀ." (ਓਅੰਕਾਰ) "ਗੁਰੂਦੁਆਰੈ ਸੋਈ ਬੁਝੈ." (ਸਾਰ ਅਃ ਮਃ ੩)

ਗੁਰੂਪਦੇਸ਼: ਸੰਗਜਾ- ਸਤਿਗੁਰੂ ਦਾ ਉਪਦੇਸ਼. ਗੁਰਸਿਖ੍ਯਾ. ਦੇਖੋ, ਗੁਰਉਪਦੇਸ਼.

ਗੁਰੂ ਮਾਂਗਟ: ਜਿਲਾ ਲਹੌਰ, ਥਾਣਾ ਮੁਜ਼ੰਗ ਦਾ ਇੱਕ ਪਿੰਡ, ਜੋ ਸਟੇਸ਼ਨ ਲਹੌਰ ਛਾਵਨੀ ਤੋਂ ਦੱਖਣ ਵੱਲ ਡੇਢ ਮੀਲ ਦੇ ਕਰੀਬ ਹੈ. ਇਸ ਪਿੰਡ ਤੋਂ ਨੈਰਤ ਕੋਣ ਦੋ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਮੁਜ਼ੰਗ ਤੋਂ ਚੱਲਕੇ ਇੱਥੇ ਠਹਿਰੇ ਹਨ. ਗੁਰਦ੍ਵਾਰਾ ਬਹੁਤ ਸੁੰਦਰ ਸੁਨਹਿਰੀ ਕਲਸ ਵਾਲਾ ਬਣਿਆ ਹੋਇਆ ਹੈ. ਅੱਠ ਘੁਮਾਉਂ ਜ਼ਮੀਨ ਗੁਰਦ੍ਵਾਰੇ ਦੇ ਨਾਲ ਹੈ. ਮਾਘ ਬਦੀ ਏਕਮ ਨੂੰ ਮੇਲਾ ਹੁੰਦਾ ਹੈ.

ਗੁਰੂਰ: ਦੇਖੋ, ਗਰੂਰ.

ਗੁਰੇਖ਼ਤਨ: ਫ਼ਾ. گریختن ਭੱਜਣਾ. ਦੌੜਨਾ। ੨. ਟਲਣਾ.

ਗੁਰੇਖੇਲ: ਸੰਗਜਾ- ਗੁਲੀਖ਼ੇਲ. ਪਠਾਣਾਂ ਦੀ ਇੱਕ ਜਾਤਿ, ਜੋ ਕਾਸਿਮਖ਼ੇਲ ਦੀ ਸ਼ਾਖ਼ ਹੈ. "ਗੁਰੇਖੇਲ ਮਹਮੰਦ ਲੇਜਾਕ ਧਾਏ." (ਚਰਿਤ੍ਰ ੯੬)

ਗੁਰੇਜ਼: ਫ਼ਾ. گریز ਟਲਜਾਣ ਦੀ ਕ੍ਰਿਯਾ। ੨. ਭੱਜਣਾ. "ਕਾਨ੍ਹ! ਗੁਰੇਜ ਮਕੁਨ." (ਕ੍ਰਿਸਨਾਵ) ੩. ਕਸ਼ਮੀਰ ਦਾ ਇੱਕ ਇਲਾਕਾ.

ਗੁਰੇਜ਼ਦ: ਫ਼ਾ. گریزد ਭੱਜਦਾ ਹੈ. ਨੱਠਦਾ ਹੈ.

ਗੁਰੇਜ਼ੀਦਨ: ਫ਼ਾ. گریزیدن ਕ੍ਰਿ- ਨੱਠਣਾ. ਭੱਜਣਾ। ੨. ਟਲਜਾਣਾ.

ਗੁਰੰਡ: ਦੇਖੋ, ਗੋਰੰਡ। ੨. ਡਿੰਗ. ਅੰਗ੍ਰੇਜ਼. ਇੰਗਲੈਂਡ ਦੇ ਵਸਨੀਕ.

ਗੁਲ: ਫ਼ਾ. گل ਸੰਗਯਾ- ਫੁੱਲ. ਪੁਸ਼ਪ. "ਗੁਲ ਮੇ ਜਿਮ ਗੰਧ." (ਨਾਪ੍ਰ) ੨. ਖਾਸ ਕਰਕੇ ਗੁਲਾਬ ਦਾ ਫੁੱਲ। ੩. ਲੋਹਾ ਤਪਾਕੇ ਸ਼ਰੀਰ ਪੁਰ ਲਾਇਆ ਹੋਇਆ ਦਾਗ. ਚਾਚੂਆ. "ਨਿਜ ਤਨ ਗੁਲਨ ਨ ਖਾਹੁ." (ਚਰਿਤ੍ਰ ੨੩੬) ੪. ਦੀਵੇ ਦੀ ਬੱਤੀ ਦਾ ਉਹ ਹਿੱਸਾ, ਜੋ ਜਲਕੇ ਵਧ ਆਉਂਦਾ ਹੈ। ੫. ਅ਼. غل ਗ਼ੁਲ. ਸ਼ੋਰ. ਡੰਡ. ਰੌਲਾ. "ਦਾਨਵ ਕਰੈਂ ਗੁਲ." (ਸਲੋਹ)

ਗੁਲ ਅੱਬਾਸ: ਫ਼ਾ. گل عبّاس ਅ਼ੱਬਾਸ ਦਾ ਫੁੱਲ. ਗੁਲਾਬਾਂਸ. ਗੁਲਬਾਸੀ. ਇਸ ਦੇ ਕਈ ਰੰਗਾਂ ਦੇ ਫੁੱਲ ਲਗਦੇ ਹਨ ਅਤੇ ਹਕੀਮ ਇਸ ਦੇ ਪੱਤੇ ਬੀਜ ਅਤੇ ਜੜ ਨੂੰ ਕਈ ਦਵਾਈਆਂ ਵਿੱਚ ਵਰਤਦੇ ਹਨ. ਇਸ ਦੇ ਫੁੱਲ ਗਰਮ ਖ਼ੁਸ਼ਕ, ਬੀਜ ਸਰਦ ਤਰ ਅਤੇ ਜੜ ਗਰਮ ਤਰ ਹੈ. ਗੁਲਬਾਂਸੇ ਦੀ ਜੜ ਮਣੀ ਨੂੰ ਪੁਸ਼੍ਟ ਅਤੇ ਲਹੂ ਨੂੰ ਸਾਫ ਕਰਦੀ ਹੈ. ਲੱਕ ਦੀ ਪੀੜ ਮਿਟਾਉਂਦੀ ਹੈ. ਇਸ ਦੇ ਪੱਤੇ ਫੋੜੇ ਫੁਨਸੀ ਨੂੰ ਪਕਾਉਂਦੇ ਹਨ. ਲੂਣ ਨਾਲ ਰਗੜਕੇ ਲੇਪ ਕੀਤੇ ਦੱਦ (ਧਦ੍ਰ) ਹਟਾਉਂਦੇ ਹਨ.

ਗੁਲਸਤ੍ਰਾਣ: ਸੰਗਯਾ- ਅੰਗੁਲ ਦੀ ਰਖਯਾ ਕਰਨ ਵਾਲਾ ਚਮੋਟਾ. ਦੇਖੋ, ਅੰਗੁਲਿਤ੍ਰਾਣ. "ਗੁਲਸਤ੍ਰਾਣ ਅੰਗੁਸ਼੍ਠ ਮਝਾਰਾ." (ਗੁਪ੍ਰਸੂ)

ਗੁਲਸ਼ਨ: ਫ਼ਾ. گلشن ਸੰਗਯਾ- ਫੁਲਵਾੜੀ. ਪੁਸ਼ਪਵਾਟਿਕਾ। ੨. ਬਾਗ. ਉਪਵਨ.

ਗੁਲ ਹੋ ਜਾਣਾ, ਗੁਲ ਕਰਨਾ: ਬੁਝਜਾਣਾ. ਬੁਝਾਉਣਾ. ਜਿਵੇਂ- ਦੀਵਾ ਗੁਲ ਹੋ ਗਿਆ, ਚਰਾਗ ਗੁਲ ਕਰਦੇਓ.

ਗੁਲਕਾ: ਦੇਖੋ, ਗੁਲਿਕਾ.

ਗੁਲਕਾਰੀ: ਸੰਗਯਾ- ਸੂਈ ਨਾਲ ਵਸਤ੍ਰ ਪੁਰ ਫੁੱਲਾਂ ਦੀ ਰਚਨਾ। ੨. ਰੰਗ ਅਥਵਾ ਚਿਤ੍ਰਕੇ ਫੁੱਲਾਂ ਦੇ ਬਣਾਉਣ ਦੀ ਕ੍ਰਿਯਾ.

ਗੁਲਕੰਦ, ਗੁਲਕ਼ੰਦ: ਫ਼ਾ. گل قند ਸੰਗਯਾ- ਗੁਲ (ਗੁਲਾਬ) ਦੇ ਫੁੱਲ ਅਤੇ ਕੰਦ (ਖੰਡ) ਤੋਂ ਬਣਿਆ ਹੋਇਆ ਇੱਕ ਪਦਾਰਥ, ਜੋ ਬਹੁਤ ਰੋਗਾਂ ਵਿੱਚ ਵਰਤੀਦਾ ਹੈ. ਚੇਤੀ ਗੁਲਾਬ ਅਤੇ ਪਹਾੜੀ ਸੇਵਤੀ (ਸਫ਼ੇਦ ਗੁਲਾਬ) ਦੀ ਗੁਲਕ਼ੰਦ ਉੱਤਮ ਹੁੰਦੀ ਹੈ.

ਗੁਲਖ਼ਾਂ: ਸੈਦਖ਼ਾਨ ਦਾ ਪੁਤ੍ਰ, ਪੈਂਦੇਖ਼ਾਨ ਦਾ ਪੋਤਾ, ਜੋ ਆਪਣੇ ਦਾਦੇ ਦਾ ਬਦਲਾ ਲੈਣ ਲਈ ਆਪਣੇ ਭਾਈ ਅਤਾਉੱਲਾਖਾਂ ਸਹਿਤ ਦਸ਼ਮੇਸ਼ ਪਾਸ ਨੌਕਰ ਹੋ ਗਿਆ. ਇੱਕ ਦਿਨ ਇਸ ਨੇ ਨਦੇੜ ਦੇ ਮਕਾਮ ਮੌਕਾ ਪਾਕੇ ਜਦ ਕਿ ਸਤਿਗੁਰੂ ਧਰਮੋਪਦੇਸ਼ ਕਰ ਰਹੇ ਸਨ, ਗੁਰੂ ਸਾਹਿਬ ਦੇ ਪੇਟ ਵਿੱਚ ਕਟਾਰ ਮਾਰਿਆ ਅਰ ਕਲਗੀਧਰ ਦੇ ਹੱਥੋਂ ਉਸੇ ਵੇਲੇ ਮਾਰਿਆ ਗਿਆ. ਅਤਾਉੱਲਾ ਨੂੰ ਭਾਈ ਲੱਖਾ ਸਿੰਘ ਨੇ ਕਤਲ ਕਰ ਦਿੱਤਾ. ਇਹ ਘਟਨਾ ਸੰਮਤ ੧੭੬੫ ਦੀ ਹੈ.

ਗੁਲਗੁਲਾ: ਵਿ- ਕੋਮਲ. ਨਰਮ। ੨. ਸੰਗਯਾ- ਇੱਕ ਪ੍ਰਕਾਰ ਦਾ ਪਕਵਾਨ। ੩. ਫ਼ਾ. غلغلہ ਗ਼ੁਲ- ਗ਼ੁਲਹ. ਸ਼ੋਰ. ਰੌਲਾ. "ਉਠਾਯੋ ਗੁਲਗੁਲੋ ਇਸ ਤੌਰ." (ਪ੍ਰਾਪੰਪ੍ਰ) ੪. ਦੰਤਕਥਾ. ਜਨਵਾਦ.

ਗੁਲਗੂਨਾ: ਫ਼ਾ. گلگوُنہ ਗੁਲਗੂਨਹ. ਵਿ- ਫੁੱਲ ਦੇ ਰੰਗ ਜੇਹਾ। ੨. ਗੁਲਾਬਰੰਗਾ। ੩. ਸੰਗਯਾ- ਚੇਹਰੇ ਤੇ ਮਲਨ ਦਾ ਵਟਣਾ, ਜਿਸ ਤੋਂ ਫੁੱਲ ਜੇਹਾ ਰੰਗ ਹੋ ਜਾਵੇ.

ਗੁਲਗੋਲਾ, ਗੁਲਗੋਲੀ: ਵਿ- ਗੋਲਿਆਂ ਦਾ ਗੋਲਾ. ਗੁਲਾਮਾਂ ਦਾ ਗੁਲਾਮ. ਦਾਸਾਨੁਦਾਸ. ਸੇਵਕਾਂ ਦੀ ਸੇਵਿਕਾ. "ਸਤਿਗੁਰ ਕੇ ਗੁਲਗੋਲੇ." (ਸਵਾ ਮਃ ੪) "ਹਮ ਤਿਸ ਕੀ ਗੁਲਗੋਲੀਐ." (ਦੇਵ ਮਃ ੪)

ਗੁਲਚਿਹਰ: ਵਿ- ਫੁੱਲਵਦਨ. ਫੁੱਲਜੇਹਾ ਮੁਖ। ੨. ਖਿੜਿਆ ਹੋਇਆ ਚੇਹਰਾ। ੩. ਪ੍ਰਫੁੱਲਿਤ ਮੁਖਵਾਲਾ. ਗੁਲਾਬ ਦੇ ਫੁੱਲ ਜੇਹੇ ਚੇਹਰੇ ਵਾਲਾ. "ਵੋਹ ਗੁਲਚਿਹਰ ਕਹਾਂ ਹੈ?" (ਰਾਮਾਵ)

ਗੁਲਜਰੀ: ਦੇਖੋ, ਗਵਾਕ੍ਸ਼ ੪.

ਗੁਲਜਾਰ: ਫ਼ਾ. گلزار ਗੁਲਜ਼ਾਰ. ਸੰਗਯਾ- ਫੁੱਲਾਂ ਦੀ ਜਗਾ. ਪੁਸ਼ਪਵਾਟਿਕਾ. ਫੁਲਵਾੜੀ.

ਗੁਲਜਾਰ ਸਿੰਘ: ਇਸ ਧਰਮਵੀਰ ਨੇ ਕਲਗੀਧਰ ਤੋਂ ਅਮ੍ਰਿਤ ਛਕਿਆ ਸੀ, ਇਹ ਭਾਈ ਮਨੀ ਸਿੰਘ ਜੀ ਦਾ ਸੰਗੀ ਸੀ. ਇਹ ਭਾਈ ਸਾਹਿਬ ਦੇ ਨਾਲ ਹੀ ਲਹੌਰ ਸ਼ਹੀਦ ਹੋਇਆ. ਇਸ ਦੀ ਸਮਾਧਿ ਭੀ ਕਿਲੇ ਪਾਸ ਭਾਈ ਮਨੀ ਸਿੰਘ ਜੀ ਦੇ ਸ਼ਹੀਦਗੰਜ ਕੋਲ ਹੈ.

ਗੁਲਝਣ: ਸੰਗਯਾ- ਗੁੰਝਲ. ਘੋਲਗੱਠ। ੨. ਪੇਚਦਾਰ ਔਖੀ ਬਾਤ। ੩. ਬੁਝਾਰਤ. ਅਦ੍ਰਿਸ਼੍ਟਕੂਟ.

ਗੁਲਝਣਾ, ਗੁਲਝਨਾ: ਕ੍ਰਿ- ਉਲਝਣਾ. ਗੁੰਝਲ ਵਿੱਚ ਪੈਣਾ.

ਗੁਲਝੜੀ: ਸੰਗਯਾ- ਫੁੱਲਾਂ ਦੀ ਵਰਖਾ। ੨. ਇੱਕ ਪ੍ਰਕਾਰ ਦੀ ਆਤਿਸ਼ਬਾਜ਼ੀ. ਫੁੱਲਝੜੀ.

ਗੁਲਦਸਤਾ: ਫ਼ਾ. گلدستہ ਸੰਗਯਾ- ਫੁੱਲਾਂ ਦਾ ਇਕਤ੍ਰ ਕੀਤਾ ਗੁੱਛਾ.

ਗੁਲਦਾਨ: ਫੂਲਦਾਨ. ਫੁੱਲ ਰੱਖਣ ਦਾ ਧਾਤੁ ਅਥਵਾ ਕੱਚ ਚੀਨੀ ਆਦਿਕ ਦਾ ਪਾਤ੍ਰ.

ਗੁਲਦੁਮ: ਫ਼ਾ. گلدم ਬੁਲਬੁਲ, ਜਿਸ ਦੀ ਪੂਛ ਹੇਠ ਫੁੱਲ ਜੇਹਾ ਲਾਲ ਚਿੰਨ੍ਹ ਹੈ.

ਗੁਲਫ: ਸੰ गुल्फ ਸੰਗਯਾ- ਗਿੱਟਾ। ੨. ਪਜਾਮੇ ਦੀ ਮੁਹਰੀ ਪੁਰ ਲੱਗਾ ਹੋਇਆ ਹਾਸ਼ੀਆ. "ਗੁਲਫ ਲਗੇ ਹੋਵਹਿ ਬਹੁ ਚੌਰਾ." (ਗੁਪ੍ਰਸੂ)

ਗੁਲਫ਼ਾਮ: ਫ਼ਾ. گلفام ਕਿ- ਗੁਲ (ਗੁਲਾਬ) ਜੇਹੇ ਫ਼ਾਮ (ਰੰਗਵਾਲਾ). ਗੁਲਾਬੀ.

ਗੁਲਬਦਨ: ਫ਼ਾ. گلبدن ਸੰਗਯਾ- ਇੱਕ ਧਾਰੀਦਾਰ ਰੇਸ਼ਮੀ ਵਸਤ੍ਰ, ਜੋ ਲਾਲ ਰੰਗ ਦਾ ਹੁੰਦਾ ਹੈ. ਇਸ ਦੇ ਪਜਾਮੇ ਇਸਤ੍ਰੀਆਂ ਪਹਿਰਦੀਆਂ ਹਨ. ਪੁਰਾਣੇ ਸਮੇਂ ਅਮੀਰ ਆਦਮੀ ਭੀ ਪਹਿਰਿਆ ਕਰਦੇ ਸਨ।

੨. ਵਿ- ਗੁਲਾਬ ਦੇ ਫੁੱਲ ਜੇਹਾ ਹੈ ਜਿਸ ਦਾ ਕੋਮਲ ਸ਼ਰੀਰ (ਬਦਨ). "ਵਹ ਗੁਲਬਦਨ ਕਹਾਂ ਹੈ?" (ਰਾਮਾਵ)

ਗੁਲਬਾਂਸ, ਗੁਲਬਾਂਸਾ, ਗੁਲਬਾਂਸੀ: ਦੇਖੋ, ਗੁਲ ਅੱਬਾਸ.

ਗੁਲਬਾਗ: ਕਾਬੁਲ ਦੇ ਪ੍ਰੇਮੀ ਸਿੱਖ ਬਹੁਤ ਰੁਪਯਾ ਖ਼ਰਚਕੇ ਗੁਰੂ ਹਰਿਗੋਬਿੰਦ ਸਾਹਿਬ ਲਈ ਗੁਲਬਾਗ ਅਤੇ ਦਿਲਬਾਗ ਨਾਉਂ ਦੇ ਘੋੜੇ ਪੰਜਾਬ ਨੂੰ ਲੈ ਆ ਰਹੇ ਸਨ ਕਿ ਲਹੌਰ ਦੇ ਹਾਕਿਮ ਨੇ ਜਬਰਨ ਖੋਹ ਲਏ. ਸੰਗਤਿ ਦੀ ਪ੍ਰਾਰਥਨਾ ਪੁਰ ਭਾਈ ਬਿਧੀਚੰਦ ਜੀ ਵਡੀ ਚਤੁਰਾਈ ਨਾਲ ਇਹ ਘੋੜੇ ਲਹੌਰ ਤੋਂ ਵਾਪਸ ਲਿਆਏ. ਗੁਰੂ ਸਾਹਿਬ ਨੇ ਇਨ੍ਹਾਂ ਦਾ ਨਾਉਂ ਸੁਹੇਲਾ ਅਤੇ ਜਾਨਭਾਈ ਰੱਖਿਆ.

ਗੁਲਮ: ਗ਼ੁਲਾਮ ਦਾ ਸੰਖੇਪ. "ਹਉ ਗੁਲਮ ਤਿਨਾ ਕਾ ਗੋਲੀਆ." (ਵਾਰ ਗਉ ੧. ਮਃ ੪) ਮੈਂ ਉਨ੍ਹਾਂ ਦੇ ਗ਼ੁਲਾਮਾਂ ਦਾ ਗੋਲਾ ਹਾਂ। ੨. ਸੰ. गुल्म ਸੰਗਯਾ- ਬਿੜਾ. ਜਾੜਾ. ਇੱਕ ਜੜ ਤੋਂ ਹੋਈਆਂ ਕਈ ਸ਼ਾਖ਼ਾਂ। ੩. ਫੌਜ ਦੀ ਇੱਕ ਖਾਸ ਗਿਣਤੀ ੯. ਹਾਥੀ, ੯. ਰਥ, ੨੭ ਘੋੜੇ ਅਤੇ ੪੫ ਪੈਦਲ[442]। ੪. ਪੇਟ ਦਾ ਇੱਕ ਰੋਗ. ਵਾਉਗੋਲਾ (ਵਾਤਗੁਲਮ ਅਤੇ ਰਕਤਗੁਲਮ). "ਜੁਰ ਸੀਤ ਗੁਲਮ." (ਸਲੋਹ) ਦੇਖੋ, ਵਾਉਗੋਲਾ.

ਗੁਲਮਗੁਲਾਮ: ਵਿ- ਗੁਲਾਮਾਂ ਦਾ ਗੁਲਾਮ. ਦਾਸਾਨੁਦਾਸ. "ਨਾਨਕ ਹਾਟ ਵਿਹਾਝਿਆ ਹਰਿ ਗੁਲਮ ਗੁਲਾਮੀ." (ਗਉ ਮਃ ੪)

ਗੁਲਰ: ਦੇਖੋ, ਉਦੁੰਬਰ ਅਤੇ ਗੂਲਰ.

ਗੁਲ ਲਾਲਹ, ਗੁਲ ਲਾਲਾ: ਫ਼ਾ. گل لالہ ਗੁਲ- ਲਾਲਹ. ਸੰਗਯਾ- ਲਾਲਹ (ਬੰਧੂਕ- ਦੁਪਹਿਰੀਏ) ਦਾ ਫੁੱਲ. ਦੇਖੋ, ਲਾਲਹ.

ਗੁਲ ਲਾਲਾ ਰੰਗ: ਫ਼ਾ. گل لالہ رنگ ਵਿ- ਲਾਲਹ (ਬੰਧੂਕ) ਦੇ ਫੁੱਲ ਜੇਹੇ ਰੰਗ ਵਾਲਾ. ਬਹੁਤ ਲਾਲ। ੨. ਭਾਵ- ਲਹੂ ਨਾਲ ਰੰਗੀਨ.

ਗੁਲਾ: ਦੇਖੋ, ਗ਼ੱਲਾ. "ਅਧੁ ਗੁਲਾ ਚਿੜੀ ਕਾ ਚੁਗਣੁ." (ਵਾਰ ਮਲਾ ਮਃ ੧) ਇੱਕ ਅੱਧ ਦਾਣਾ. ਭਾਵ- ਬਹੁਤ ਥੋੜਾ। ੨. ਦੇਖੋ, ਗੁੱਲਾ.

---

[442] ੨੭ ਹਾਥੀ, ੨੭ ਰਥ, ੮੧ ਘੋੜੇ ਅਤੇ ੧੩੫ ਪੈਦਲ. ਇਤਨੀ ਫੌਜ ਦੀ ਭੀ ਗਲਮ ਸੰਗਯਾ ਲਿਖੀ ਹੈ.

ਗੁਲਾਨਾਰ: ਫ਼ਾ. گلنار ਗੁਲਨਾਰ. ਸੰਗਯਾ- ਅਨਾਰ ਦਾ ਫੁੱਲ। ੨. ਵਿ- ਅਨਾਰ ਦੇ ਫੁੱਲ ਜੇਹਾ। ੩. ਸੁਰਖ਼ ਰੰਗ, ਜੋ ਗੁਲਾਬ ਦੇ ਫੁੱਲ ਜੇਹਾ ਹੈ.

ਗੁਲਾਬ: ਫ਼ਾ. گلاب ਸੰਗਯਾ- ਸ੍ਥਲਕਮਲ. Rose ਭਾਰਤ ਵਿੱਚ ਇਹ ਅਨੇਕ ਜਾਤਾਂ ਦਾ ਹੁੰਦਾ ਹੈ ਅਤੇ ਬਹੁਤ ਜਾਤੀਆਂ ਵਿਦੇਸ਼ ਤੋਂ ਆਈਆਂ ਹਨ. ਗੁਲਕ਼ੰਦ, ਅਰਕ ਅਤੇ ਇਤਰ ਲਈ ਚੇਤੀ ਗੁਲਾਬ ਸਭ ਤੋਂ ਉੱਤਮ ਹੁੰਦਾ ਹੈ.

ਗੁਲਾਬ ਅਫ਼ਸ਼ਾਨੀ: ਫ਼ਾ. گلاب افشانی ਗੁਲਾਬ ਛਿੜਕਣ ਦੀ ਕ੍ਰਿਯਾ. "ਗੁਲਾਬ ਅਫ਼ਸ਼ਾਨਿਯੇ ਦਸ੍ਤੇ ਮੁਬਾਰਿਕ." (ਦੀਵਾਨ ਗੋਯਾ) ਬਰਕਤ ਵਾਲੇ ਹੱਥ ਨਾਲ ਗੁਲਾਬ ਛਿੜਕਣ ਦੀ ਕ੍ਰਿਯਾ.

ਗੁਲਾਬ ਸਿੰਘ: ਅਮ੍ਰਿਤ ਛਕਣ ਪਿੱਛੋਂ ਬਾਬਾ ਗੁਲਾਬ ਰਾਇ ਦਾ ਇਹ ਨਾਮ ਹੋਇਆ. ਦੇਖੋ, ਸੂਰਜਮੱਲ ਅਤੇ ਗੁਲਾਬਰਾਇ। ੨. ਇੱਕ ਪ੍ਰੇਮੀ ਖਤ੍ਰੀ, ਜਿਸਨੇ ਦਸ਼ਮੇਸ਼ ਤੋਂ ਅਮ੍ਰਿਤ ਛਕਕੇ ਦੇਸ਼ ਅਤੇ ਕੌਮ ਦੀ ਸੇਵਾ ਕੀਤੀ. ਇਹ ਆਨੰਦਪੁਰ ਦੇ ਜੰਗ ਵਿੱਚ ਸ਼ਹੀਦ ਹੋਇਆ। ੩. ਦੇਖੋ, ਖੁਡਾਲ ਅਕਬਰਵਾਲੀ। ੪. ਭਾਈ ਗੁਲਾਬ ਸਿੰਘ ਜੀ ਨਿਰਮਲੇ ਸਾਧੂ, ਜੋ ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਦੇ ਪੰਡਿਤ ਸਨ. ਇਨ੍ਹਾਂ ਦਾ ਜਨਮ ਸੰਮਤ ੧੭੯੯ ਵਿੱਚ ਚੱਬੇ ਜਿਮੀਦਾਰਾਂ ਦੀ ਕੁਲ ਵਿੱਚ ਮਾਤਾ ਗੌਰੀ ਦੇ ਉਦਰੋਂ ਪਿਤਾ ਰਾਯਾ (ਰਾਇਆ) ਦੇ ਘਰ ਪਿੰਡ ਸੇਖਵ, ਜਿਸ ਨੂੰ ਸੇਖਮ ਭੀ ਆਖਦੇ ਹਨ (ਜਿਲਾ ਲਹੌਰ, ਤਸੀਲ ਚੂਣੀਆਂ ਥਾਣਾ ਸਰਾਇਮੁਗਲ) ਵਿੱਚ ਹੋਇਆ.[443] ਆਪ ਨੇ ਸੰਤ ਮਾਨ ਸਿੰਘ ਜੀ ਤੋਂ ਸਿੱਖਧਰਮ ਦੀ ਦੀਕ੍ਸ਼ਾ ਲਈ ਅਤੇ ਵੇਦਾਂਤਗ੍ਰੰਥ ਪੜ੍ਹੇ,[444] ਅਰ ਕਾਸ਼ੀ ਵਿੱਚ ਬਹੁਤ ਸਮਾ ਰਹਿਕੇ ਸੰਸਕ੍ਰਿਤ ਦਾ ਅਭ੍ਯਾਸ ਕੀਤਾ. ਪੰਡਿਤ ਗੁਲਾਬ ਸਿੰਘ ਜੀ ਦੀ ਇਹ ਪ੍ਰਬਲ ਇੱਛਾ ਸੀ ਕਿ ਭਾਸ਼ਾ ਵਿੱਚ ਗ੍ਰੰਥ ਲਿਖਕੇ ਦੇਸ ਦੀ ਸੇਵਾ ਕੀਤੀ ਜਾਵੇ.

ਆਪ ਨੇ ਸੰਮਤ ੧੮੩੪ ਵਿੱਚ ਭਾਵਰਸਾਮ੍ਰਿਤ, ਸੰਮਤ ੧੮੩੫ ਵਿੱਚ ਮੋਕ੍ਸ਼ਪੰਥ, ਸੰਮਤ ੧੮੩੯ ਵਿੱਚ ਅਧ੍ਯਾਤਮਰਾਮਾਇਣ ਦਾ ਛੰਦਾਂ ਵਿੱਚ ਉਲਥਾ ਅਤੇ ਸੰਮਤ ੧੮੪੯ ਵਿੱਚ ਪ੍ਰਬੋਧਚੰਦ੍ਰ ਨਾਟਕ ਰਚਿਆ. ਇਨ੍ਹਾਂ ਦੇ ਲਿਖੇ ਹੋਰ ਭੀ ਕਈ ਉੱਤਮ ਗ੍ਰੰਥ ਸਨ, ਜੋ ਈਰਖਾ ਵਾਲਿਆਂ ਦੇ ਹੱਥੋਂ ਨਸ਼੍ਟ ਹੋ ਗਏ।

੫. ਗੁਲਾਬ ਸਿੰਘ ਡੋਗਰਾ. ਅਸਮੈਹਲਪੁਰ ਡਿਉਲੀ ਵਿੱਚ (ਜੋ ਜੰਮੂ ਤੋਂ ਸੱਤ ਕੋਹ ਦੇ ਫਾਸਲੇ ਪੁਰ ਹੈ) ਕੇਸਰੀ ਡੋਗਰੇ ਦੇ ਘਰ ਸਨ ੧੭੮੮ ਵਿੱਚ ਧ੍ਯਾਨ ਸਿੰਘ, ਸਨ ੧੭੯੨ ਵਿੱਚ ਗੁਲਾਬ ਸਿੰਘ, ਸਨ ੧੮੦੧ ਵਿੱਚ ਸੁਚੇਤ ਸਿੰਘ ਜੰਮੇ. ਇਹ ਡੋਗਰੇ ਕਈ ਥਾਂਈਂ ਨੌਕਰੀ ਕਰਦੇ ਕਰਦੇ ਅੰਤ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਭਰਤੀ ਹੋਏ. ਪ੍ਰਾਰਬਧ ਦੇ ਚੱਕਰ ਨਾਲ ਧ੍ਯਾਨ ਸਿੰਘ ਮਹਾਰਾਜਾ ਦੀ ਕ੍ਰਿਪਾ ਦਾ ਪਾਤ੍ਰ ਬਣਕੇ ਗੜਵਈ ਤੋਂ ਵਧਦਾ ਵਧਦਾ ਡਿਹੁਢੀ ਵਾਲਾ ਬਣ ਗਿਆ, ਅਤੇ ਰਾਜਾ ਦੀ ਪਦਵੀ ਪਾਈ. ਗੁਲਾਬ ਸਿੰਘ ਭੀ ਰਾਜਾ ਬਨਿਆ. ਧ੍ਯਾਨ ਸਿੰਘ ਦੀ ਔਲਾਦ ਹੁਣ ਪੁਣਛ ਰਾਜ ਕਰ ਰਹੀ ਹੈ ਅਤੇ ਗੁਲਾਬ ਸਿੰਘ ਦਾ ਵੰਸ਼ ਜੰਮੂ ਅਤੇ ਕਸ਼ਮੀਰ ਦਾ ਮਹਾਰਾਜਾ ਹੈ.

ਸਿੱਖਰਾਜ ਦੇ ਛਿੰਨ ਭਿੰਨ ਹੋਣ ਪੁਰ ਸਨ ੧੮੪੬ ਵਿੱਚ ਗੁਲਾਬ ਸਿੰਘ ਨੇ ਅੰਗ੍ਰੇਜ਼ੀ ਸਰਕਾਰ ਤੋਂ ਵਡੀ ਚਤੁਰਾਈ ਨਾਲ ਮਹਾਰਾਜਗੀ ਦਾ ਖਿਤਾਬ ਅਤੇ ੭੫ ਲੱਖ ਰੁਪਯੇ ਬਦਲੇ ਕਸ਼ਮੀਰ ਦਾ ਇਲਾਕਾ ਪ੍ਰਾਪਤ ਕੀਤਾ. ਇਸ ਦਾ ਦੇਹਾਂਤ ਅਗਸਤ ਸਨ ੧੮੫੭ ਵਿੱਚ ਹੋਇਆ।

੬. ਗਿੜਵੜੀ ਨਿਵਾਸੀ ਮਹਾਨ ਪੰਡਿਤ ਗੁਲਾਬ ਸਿੰਘ ਜੀ, ਜਿਨ੍ਹਾਂ ਦੇ ਵਿਦ੍ਯਾਰਥੀ ਸੰਤ ਸਾਧੂ ਸਿੰਘ ਜੀ ਅਤੇ ਪੰਡਿਤ ਤਾਰਾ ਸਿੰਘ ਜੀ ਪ੍ਰਸਿੱਧ ਹੋਏ ਹਨ. ਦੇਖੋ, ਸਾਧੂ ਸਿੰਘ ਅਤੇ ਤਾਰਾ ਸਿੰਘ.

---

[443] ਮਦ੍ਰ ਦੇਸ ਮੰਡਨ ਮਹਾਂ ਪੁਰ ਸੇਖਵ ਅਭਿਰਾਮ।
ਰਾਯਾ ਜਨਕ ਪ੍ਰਸਿੱਧ ਜਗ ਜਨਨੀ ਗੌਰੀ ਨਾਮ।। (ਮੋਖਪੰਥ) ਸੇਖਵ (ਸੇਖਮ) ਪਿੰਡ ਪੱਤੋਮੰਡੀ ਤੋਂ ਚਾਰ ਮੀਲ ਪੱਕੀ ਸੜਕ ਤੇ ਹੈ. ਕੱਚੀਕੋਠੀ ਤੋਂ ਤਿੰਨ ਚਾਰ ਕੋਹ ਦੇ ਕਰੀਬ ਹੈ. ਪੰਡਿਤ ਜੀ ਦੀ ਯਾਦਗਾਰ ਵਿੱਚ ਇੱਕ ਖੂਹ ਭੀ ਸੇਖਵ ਵਿੱਚ ਸੁਣੀਦਾ ਹੈ.

[444] "ਵਿਦ੍ਯਾ ਸ਼ਾਂਤਿ ਸੁਗ੍ਯਾਨ ਸੁਖ ਦਾਇਕ ਫਲ ਸੁਭ ਚਾਰ।
ਮਾਨ ਸਿੰਘ ਗੁਰੁ ਕੇ ਸਦਾ ਬੰਦੌਂ ਪਾਦ ਉਦਾਰ." (ਭਾਵਰਸਾਮ੍ਰਿਤ)
"ਭਾਰਤ ਭੂਮਿ ਪੁਨੀਤ ਪਦ ਤਪੋ ਗ੍ਯਾਨ ਅਵਤਾਰ।
ਮਾਨ ਸਿੰਘ ਗੁਰੁ ਕੋ ਨਮੋ ਤਾਰਣ ਕਰੁਣਾ ਸਾਰ." (ਪ੍ਰਬੋਧਚੰਦ੍ਰ ਨਾਟਕ)

ਗੁਲਾਬਚੰਦ: ਦੇਖੋ, ਬੀਰੋ ਬੀਬੀ.

ਗੁਲਾਬਦਾਸ: ਰਟੌਲ ਪਿੰਡ ਜੋ ਤਰਨਤਾਰਨ ਦੇ ਪਾਸ ਹੈ, ਉਸ ਦੇ ਵਸਨੀਕ ਹਮੀਰੇ ਰਟੌਲ ਜੱਟ ਦੇ ਘਰ ਦੇਸੋ ਦੇ ਉਦਰ ਤੋਂ ਸੰਮਤ ੧੮੬੬ ਵਿੱਚ ਗੁਲਾਬਦਾਸ ਪੈਦਾ ਹੋਇਆ. ਕੁਝ ਚਿਰ ਸਿੰਘਾਂ ਦੀ ਨੌਕਰੀ ਕਰਕੇ ਕੁਸੂਰ ਨਿਵਾਸੀ ਹੀਰਾਦਾਸ ਉਦਾਸੀ ਦਾ ਚੇਲਾ ਹੋ ਗਿਆ. ਨਾਭੇ ਦੇ ਇਲਾਕੇ ਧਨੌਲੇ ਪਿੰਡ ਬਾਵਾ ਧਜਾਨਦਾਸ ਜੀ ਤੋਂ ਕਾਵ੍ਯਵਿਦ੍ਯਾ ਪੜ੍ਹੀ ਅਤੇ ਹਰਿਦਾਸ (ਗਿਰਿਧਰ) ਕਵਿ ਦੀ ਸੰਗਤਿ ਕਰਕੇ ਕਵਿਤਾ ਰਚਣ ਲੱਗਾ. ਫੇਰ ਭਾਈ ਦੇਵਾ ਸਿੰਘ ਨਿਰਮਲੇ ਤੋਂ ਵੇਦਾਂਤ ਪੜ੍ਹਕੇ ਨਾਸ੍ਤਿਕ ਬਣ ਗਿਆ. ਇਸ ਦੀ ਸੰਪ੍ਰਦਾਯ ਦੇ ਲੋਕ ਗੁਲਾਬਦਾਸੀਏ ਅਖਾਉਂਦੇ ਹਨ. ਗੁਲਾਬਦਾਸ ਦਾ ਪ੍ਰਸਿੱਧ ਡੇਰਾ ਚੱਠਿਆਂਵਾਲਾ ਪਿੰਡ ਵਿੱਚ ਕੁਸੂਰ ਪਾਸ ਹੈ. ਗੁਲਾਬ ਦਾਸ ਦੇ ਰਚੇ ਹੋਏ ਸ਼ਬਦਾਂ ਦਾ ਸੰਗ੍ਰਹਿ "ਉਪਦੇਸ ਵਿਲਾਸ" ਪੁਸ੍ਤਕ ਹੈ. ਗੁਲਾਬਦਾਸ ਦਾ ਦੇਹਾਂਤ ਭਾਦੋਂ ਸੁਦੀ ੧੨. ਸੰਮਤ ੧੯੩੦ ਨੂੰ ਹੋਇਆ।

੨. ਰਾਜ ਪਟਿਆਲੇ ਦੀ ਤਸੀਲ ਭਵਾਨੀਗੜ੍ਹ ਦੇ ਪਿੰਡ ਮਾਝੀ ਦੇ ਨਿਵਾਸੀ ਇੱਕ ਨਿਰਬਾਣ ਉਦਾਸੀ ਸਾਧੂ, ਜਿਨ੍ਹਾਂ ਦਾ ਜਨਮ ਸੰਮਤ ੧੮੮੦ ਅਤੇ ਦੇਹਾਂਤ ੧੯੫੯ ਵਿੱਚ ਹੋਇਆ. ਇਹ ਗੁਰਬਾਣੀ ਦੇ ਵਡੇ ਪ੍ਰੇਮੀ ਅਤੇ ਉੱਚੇ ਆਚਾਰ ਵਾਲੇ ਸਨ. ਵਿਦ੍ਯਾ ਪੜ੍ਹਾਉਣੀ ਅਤੇ ਸੁੰਦਰ ਅੱਖਰ ਲਿਖਕੇ ਗ੍ਰੰਥ ਦਾਨ ਕਰਨੇ ਆਪ ਦਾ ਨਿੱਤ ਕਰਮ ਸੀ. ਇਨ੍ਹਾਂ ਨੇ ਬਹੁਤ ਸਾਧੂਆਂ ਨੂੰ ਕਾਸ਼ੀ ਆਦਿਕ ਅਸਥਾਨਾਂ ਵਿੱਚ ਭੇਜਕੇ ਵਿਦ੍ਯਾ ਪੜ੍ਹਾਈ.

ਗੁਲਾਬਦਾਸ ਜੀ ਦੇ ਕਈ ਚੇਲੇ ਇਸ ਵੇਲੇ ਪ੍ਰਸਿੱਧ ਵਿਦ੍ਵਾਨ ਹਨ, ਜਿਨ੍ਹਾਂ ਵਿੱਚੋਂ ਭਾਸ਼ਾ ਅਤੇ ਸੰਸਕ੍ਰਿਤ ਦੇ ਉੱਤਮ ਕਵੀ ਪੰਡਿਤ ਕ੍ਰਿਸ਼ਨਦਾਸ ਸ਼ਾਸਤ੍ਰੀ ਜੀ ਅਨੇਕ ਗ੍ਰੰਥਾਂ ਦੇ ਕਰਤਾ ਉਦਾਸੀਪੰਥ ਵਿੱਚ ਰਤਨ ਰੂਪ ਹਨ.

ਗੁਲਾਬਦਾਸੀਆ, ਗੁਲਾਬਦਾਸੀਏ: ਗੁਲਾਬਦਾਸ ਨੰঃ ੧. ਦਾ ਮਤ ਧਾਰਨ ਵਾਲਾ, ਵਾਲੇ.

ਗੁਲਾਬਦਾਨੀ, ਗੁਲਾਬਪਾਸ਼ੀ: ਸੁਰਾਹੀ ਦੀ ਸ਼ਕਲ ਦਾ ਗੁਲਾਬ ਛਿੜਕਣ ਦਾ ਪਾਤ੍ਰ, ਜਿਸ ਦੇ ਮੁੱਖ ਪੁਰ ਬਰੀਕ ਛੇਕਾਂ ਵਾਲਾ ਝਰਨਾ ਹੁੰਦਾ ਹੈ, ਜਿਸ ਵਿੱਚਦੀਂ ਗੁਲਾਬ ਦੀਆਂ ਬੂੰਦਾਂ ਵਰਸਦੀਆਂ ਹਨ.

ਗੁਲਾਬਰਾਇ: ਸੂਰਜਮੱਲ ਦਾ ਪੋਤਾ ਅਤੇ ਦੀਪਚੰਦ ਦਾ ਪੁਤ੍ਰ (ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪੜੋਤਾ), ਜੋ ਸ਼ਜਾਮਦਾਸ ਜੀ ਦਾ ਭਾਈ ਸੀ. ਇਸ ਨੇ ਆਪਣੇ ਭਾਈ ਸਮੇਤ ਕਲਗੀਧਰ ਤੋਂ ਅਮ੍ਰਿਤ ਛਕਕੇ ਖ਼ਾਲਸਾ ਧਰਮ ਧਾਰਣ ਕੀਤਾ. ਦਸ਼ਮੇਸ਼ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਗੁਲਾਬ ਸਿੰਘ ਨੇ ਆਨੰਦਪੁਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਗੱਦੀ ਪੁਰ ਬੈਠਕੇ ਪੂਜਾ ਕਰਾਉਣੀ ਚਾਹੀ, ਪਰ ਭਾਈ ਗੁਰੁਬਖਸ਼ਦਾਸ ਮਹੰਤ ਨੇ ਇਸ ਕੁਕਰਮ ਤੋਂ ਰੋਕਿਆ, ਯਥਾ-

"ਤਿਨ ਇਕ ਦਿਨ ਅਵਿਲੋਕਯੋ ਆਨ।

ਥਿਰਯੋ ਗੁਲਾਬਰਾਇ ਗੁਰਥਾਨ।

ਸਹੀ ਨ ਗਈ ਅਵਗ੍ਯਾ ਹੇਰ।

ਹਾਥ ਜੋਰਿ ਬੋਲਯੋ ਤਿਸ ਵੇਰ।

ਥਾਨ ਬਨਾਵਹੁ ਆਪਨ ਦੂਜਾ।

ਤਹਾਂ ਬੈਠ ਲੀਜੈ ਸਭ ਪੂਜਾ."

ਗੁਲਾਬਰਾਇ ਦੀ ਵੰਸ਼ ਨਹੀਂ ਚੱਲੀ. ਆਨੰਦਪੁਰ ਦੇ ਸੋਢੀ ਸਾਹਿਬਾਨ ਸ਼ਜਾਮ ਸਿੰਘ ਜੀ ਦੀ ਉਲਾਦ ਹਨ. ਦੇਖੋ, ਸੂਰਜਮਲ.

ਗੁਲਾਬਾ: ਮਾਛੀਵਾੜਾ (ਜਿਲਾ ਲੁਦਿਆਨਾ) ਦਾ ਵਸਨੀਕ ਇੱਕ ਖਤ੍ਰੀ ਸਿੱਖ, ਜੋ ਮਸੰਦੀ ਤ੍ਯਾਗਕੇ ਕਿਰਤ ਕਰਦਾ ਸੀ. ਚਮਕੌਰ ਦੇ ਕਿਲੇ ਤੋਂ ਚਲਕੇ ਦਸ਼ਮੇਸ਼ ਇਸ ਦੇ ਘਰ ਸੰਮਤ ੧੭੬੧ ਵਿੱਚ ਠਹਿਰੇ. ਉੱਚਪੀਰ ਦਾ ਲਿਬਾਸ ਇਸੇ ਦੇ ਘਰ ਪਹਿਰਿਆ ਸੀ. ਦੇਖੋ, ਮਾਛੀਵਾੜਾ.

ਗੁਲਾਬਾਂਸ: ਦੇਖੋ, ਗੁਲਅੱਬਾਸ. ਅੱਬਾਸ ਦਾ ਫੁੱਲ. ਅੱਬਾਸ ਦਾ ਪੌਧਾ, ਜਿਸ ਨੂੰ ਗਰਮੀ ਅਤੇ ਬਰਸਾਤ ਦੀ ਮੌਸਮ ਲਾਲ ਅਤੇ ਪੀਲੇ ਫੁੱਲ ਲਗਦੇ ਹਨ.

ਗੁਲਾਬੂ: ਇਹ ਤਮਾਖੂ ਵੇਚਣਵਾਲਾ ਇੱਕ ਬਾਣੀਆਂ ਸੀ. ਬਹਾਦੁਰਸ਼ਾਹ ਵੇਲੇ ਜਦ ਸਿੰਘਾਂ ਦੀ ਧਰਮਵੀਰਤਾ ਵੇਖੀ, ਤਾਂ ਖ਼ਾਲਸਾਦਲ ਨਾਲ ਮਿਲ ਗਿਆ. ਇਸ ਨੇ ਲੋਹਗੜ੍ਹ ਦੇ ਕਿਲੇ ਬੰਦੇ ਬਹਾਦੁਰ ਦੀ ਪੋਸ਼ਾਕ ਪਹਿਨਕੇ ਵੈਰੀਆਂ ਨੂੰ ਧੋਖਾ ਦਿੱਤਾ, ਜਿਸ ਤੋਂ ਬੰਦਾਬਹਾਦੁਰ ਸਹੀ ਸਲਾਮਤ ਪਹਾੜਾਂ ਵੱਲ ਚਲਾ ਗਿਆ. ਗੁਲਾਬੂ ਲੋਹੇ ਦੇ ਪਿੰਜਰੇ ਪਾਕੇ ਦਿੱਲੀ ਭੇਜਿਆ ਗਿਆ ਅਤੇ ਕਈ ਵਰ੍ਹੇ ਕੈਦ ਰਿਹਾ. ਜਦ ਬੰਦਾਬਹਾਦੁਰ ਕੈਦ ਹੋ ਕੇ ਦਿੱਲੀ ਪਹੁੰਚਿਆ ਤਾਂ ਉਸ ਦੇ ਸਾਹਮਣੇ ਗੁਲਾਬੂ ਕਤਲ ਕੀਤਾ ਗਿਆ.

ਗੁਲਾਮ: ਅ਼. غُلام ਗ਼ੁਲਾਮ. ਸੰਗਯਾ- ਲੁੱਟ ਵਿੱਚ ਹੱਥ ਆਇਆ ਜਾਂ ਮੁੱਲ ਲਿਆ ਹੋਇਆ ਸੇਵਕ.[445] ਗੋੱਲਾ. ਪੁਰਾਣੇ ਸਮੇਂ ਯੁੱਧ ਵਿੱਚੋਂ ਵੈਰੀ ਦੇ ਫੜੇ ਹੋਏ ਆਦਮੀਆਂ ਨੂੰ ਜਾਨੋ ਨਹੀਂ ਮਾਰਦੇ ਸਨ. ਸਗੋਂ ਕਾਬੂ ਕਰਕੇ ਕੈਦ ਕਰ ਲੈਂਦੇ ਸਨ. ਕੁਝ ਚਿਰ ਮਗਰੋਂ ਜਾਂਤਾਂ ਇਨ੍ਹਾਂ ਤੋਂ ਕਰੜੀ ਮਿਹਨਤ ਦੇ ਕੰਮ ਕਰਾਉਂਦੇ, ਜਾਂ ਡੰਗਰਾਂ ਵਾਂਙ ਵੇਚ ਛਡਦੇ. ਇਸ ਤਰਾਂ ਖਰੀਦੇ ਜਾਂ ਫੜੇ ਹੋਏ ਮਨੁੱਖ ਨੂੰ ਗ਼ੁਲਾਮ ਕਿਹਾ ਜਾਂਦਾ ਸੀ.[446]

ਅਸਲ ਵਿੱਚ ਗ਼ੁਲਾਮ ਉਸ ਨੂੰ ਆਖਦੇ ਸਨ ਜੋ ਪਸ਼ੂ ਸਮਾਨ ਕਿਸੇ ਹੋਰ ਮਨੁੱਖ ਦੀ ਮਾਲਕੀਅਤ ਹੁੰਦਾ ਸੀ, ਅਰ ਸਭ ਤਰਾਂ ਆਪਣੇ ਮਾਲਿਕ ਦੇ ਅਧੀਨ ਹੁੰਦਾ ਹੋਇਆ ਆਪਣੀ ਇੱਛਾ ਅਨੁਸਾਰ ਕੋਈ ਕੰਮ ਭੀ ਕਰਨ ਦੇ ਸਮਰਥ ਨਹੀਂ ਸੀ.

ਭਾਵੇਂ ਭਾਰਤ ਵਿੱਚ ਭੀ ਕਦੇ ਗੁਲਾਮੀ ਪ੍ਰਚਲਿਤ ਸੀ, ਪਰ ਇਸ ਦਾ ਪੂਰਾ ਜੋਰ ਪਹਿਲਾਂ ਉਨ੍ਹਾਂ ਦੇਸ਼ਾਂ ਵਿੱਚ ਰਿਹਾ ਹੈ ਜਿੱਥੇ ਹੁਣ ਕੁਝ ਸਦੀਆਂ ਤੋਂ ਇਸਲਾਮੀ ਕੌਮਾਂ ਆਬਾਦ ਹਨ. ਇਨ੍ਹਾਂ ਤਬਕਿਆਂ ਵਿੱਚ ਗੁਲਾਮੀ ਮੁਹੰਮਦ ਸਾਹਿਬ ਦੇ ਜਨਮ ਤੋਂ ਬਹੁਤ ਵਰ੍ਹੇ ਪਹਿਲਾਂ ਤੋਂ ਚਲੀ ਆਉਂਦੀ ਸੀ, ਇਨ੍ਹਾਂ ਦੇਸ਼ਾਂ ਤੋਂ ਹੀ ਇਹ ਯੂਰਪ ਵਿੱਚ ਫੈਲੀ, ਅਰ ਅੰਤ ਨੂੰ ਅਮਰੀਕਾ ਵਿੱਚ ਤਕੜੇ ਪੈਰ ਜਮਾਕੇ ਸਨ ੧੯੬੫ ਵਿੱਚ ਸਦਾ ਲਈ ਸਭਯ ਦੇਸ਼ਾਂ ਤੋਂ ਲੋਪ ਹੋ ਗਈ. ਗੁਲਾਮੀ ਦਾ ਇਤਿਹਾਸ ਨਰਕ ਵਿੱਚ ਬਿਲਕਦੇ ਜੀਵਾਂ ਦਾ ਕਥਾ ਤੋਂ ਭੀ ਜਾਦਾ ਦੁਖਦਾਈ ਕਿਹਾ ਜਾਵੇ, ਤਾਂ ਅਯੋਗ ਨਹੀਂ, ਦੇਖੋ, Ingram ਕ੍ਰਿਤ History of Slavery and Serfdom (1895).

ਗੁਲਾਮ ਅਹਮਦ, ਗੁਲਾਮ ਅਹ਼ਮਦ, ਗੁਲਾਮ ਅਹਿਮਦ: ਵਿ- ਅਹ਼ਮਦ (ਮੁਹ਼ੰਮਦ) ਦਾ ਗ਼ੁਲਾਮ (ਦਾਸ). ੨. ਸੰਗਯਾ- ਕਾਦੀਆਂ ਨਿਵਾਸੀ ਮਿਰਜ਼ਾ ਗ਼ੁਲਾਮ ਮੁਰਤਜਾ ਦੇ ਘਰ ਚਰਾਗ਼ਬੀਬੀ ਦੇ ਪੇਟੋਂ ਸਨ ੧੮੩੯ ਵਿੱਚ ਮਿਰਜ਼ਾ ਗੁਲਾਮਅਹਮਦ ਦਾ ਜਨਮ ਹੋਇਆ. ਇਸ ਨੇ ਆਪਣੇ ਤਾਈਂ ਮਹਦੀ ਦੱਸਕੇ ਪ੍ਰਗਟ ਕੀਤਾ ਕਿ ਜਿਸ ਪੈਗੰਬਰ ਦਾ ਆਉਣਾ ਹਦੀਸਾਂ ਵਿੱਚ ਲਿਖਿਆ ਹੈ ਅਤੇ ਕੁਰਾਨ ਸ਼ਰੀਫ ਦੀ ਸੂਰਤ ਜਮੀਅ਼ਦੀ ਆਯਤ ਤਿੰਨ ਅਤੇ ਚਾਰ ਵਿੱਚ ਇਸ਼ਾਰਾ ਹੈ, ਉਹ ਮੈਂ ਹੀ ਹਾਂ. ਕਿਤਨੇ ਮੁਸਲਮਾਨ ਇਸ ਦੇ ਪੈਰੋ ਹੋ ਗਏ ਅਤੇ ਬਹੁਤਿਆਂ ਨੇ ਇਸ ਦਾ ਵਿਰੋਧ ਕੀਤਾ. ਮਿਰਜਾ ਜੀ ਨੇ ਆਪਣੇ ਮਤ ਦਾ ਨਾਉਂ ਅਹਮਦੀ ਰੱਖਿਆ, ਜੋ ਦੋ ਅਰਥ ਬੋਧਕ ਹੈ. ਅਹਮਦ ਨਾਉਂ ਮੁਹੰਮਦ ਸਾਹਿਬ ਦਾ ਅਤੇ ਮਿਰਜਾ ਜੀ ਦਾ ਆਪਣਾ ਨਾਉਂ ਭੀ ਹੈ. ੮. ਮਈ ਸਨ ੧੯੦੮ ਨੂੰ ਇਸ ਆਗੂ ਦਾ ਦੇਹਾਂਤ ਕਾਦੀਆਂ ਵਿੱਚ ਹੋਇਆ.

ਮਿਰਜਾ ਜੀ ਪਿੱਛੋਂ ਹਕੀਮ ਨੁਰੁੱਦੀਨ ਖ਼ਲੀਫ਼ਾ ਮੰਨਿਆ ਗਿਆ. ਉਸ ਪਿੱਛੋਂ ਮਿਰਜਾ ਜੀ ਦਾ ਪੁਤ੍ਰ ਮਿਰਜ਼ਾ ਮਹਮੂਦ ਅਹਮਦ ਹੁਣ ਅਹਮਦੀ ਫਿਰਕੇ ਦਾ ਖ਼ਲੀਫ਼ਾ ਹੈ.

ਗੁਲਾਮੀ: ਸੰਗਯਾ- ਗੁਲਾਮਪੁਣਾ. ਦਾਸਤ੍ਵ. ਦੇਖੋ, ਗੁਲਾਮ.

ਗੁਲਾਰ: ਸੰਗਯਾ- ਗੁਲ ਲਾਲਹ. ਗੁਲਦੁਪਹਿਰੀ ਦਾ ਫੁੱਲ।੨ ਵਿ- ਗੁਲ ਲਾਲਹ ਰੰਗਾ. "ਮੇਰੇ ਲਾਲਨ ਲਾਲ ਗੁਲਾਰੇ." (ਨਟ ਅਃ ਮਃ ੪)

---

[445] "ਬੈਖਰੀਦੁ ਕਿਆ ਕਰੇ ਚਤੁਰਾਈ." (ਸੂਹੀ ਮਃ ੫) "ਮੁਲਖਰੀਦੀ ਲਾਲਾ ਗੋਲਾ." (ਮਾਰੂ ਮਃ ੧)

[446] ਧਾੜਵੀ ਲੋਕ ਭੀ ਮੁੰਡੇ ਅਤੇ ਮੁਟਿਆਰ ਤੀਮੀਆਂ ਨੂੰ ਘਰੋਂ ਕੱਢਕੇ ਲੈ ਜਾਂਦੇ ਅਤੇ ਵੇਚ ਦਿੰਦੇ ਸਨ.

ਗੁਲਾਲ: ਦੇਖੋ, ਗੁਲ ਲਾਲਾ। ੨. ਸੰਗਜਾ- ਗੁਲ ਲਾਲਹ ਦੇ ਰੰਗ ਦਾ ਸੰਘਾੜੇ ਆਦਿਕ ਦਾ ਰੰਗੀਨ ਆਟਾ, ਜੋ ਹੋਲੀ ਅਤੇ ਵਿਆਹ ਆਦਿਕ ਸਮੇਂ ਵਰਤੀਦਾ ਹੈ. "ਫਾਗੁਨ ਮੇ ਸਖੀ ਡਾਰ ਗੁਲਾਲ ਸਭੈ ਹਰਿ ਸੇ ਬਨ ਬੀਚ ਰਮੈ." (ਕ੍ਰਿਸਨਾਵ) ੩. ਵਿ- ਗੁਲ ਲਾਲਹ ਜੇਹਾ ਸੁਰਖ਼। ੪. ਦੇਖੋ, ਗੁਲਾਲੁ.

ਗੁਲਾਲਾ: ਦੇਖੋ, ਗੁਲ ਲਾਲਾ.

ਗੁਲਾਲੁ: ਵਿ- ਗੁਲ ਲਾਲਹ ਜੇਹਾ ਸੁਰਖ਼. "ਲਾਲੁ ਗੁਲਾਲੁ ਗਹਬਰਾ ਸਚਾ ਰੰਗੁ." (ਸ੍ਰੀ ਮਃ ੧) ੨. ਸੰ. कीलाल- ਕੀਲਾਲ. ਸੰਗਜਾ- ਪਾਣੀ. ਜਲ. ਪੰਜਾਬੀ ਵਿੱਚ ਅਨੇਕ ਥਾਂ ਕੱਕੇ ਦੀ ਥਾਂ ਗੱਗਾ ਹੋ ਜਾਂਦਾ ਹੈ,

ਜਿਵੇਂ- ਕੰਦੁਕ ਦੀ ਥਾਂ ਗੇਂਦ, ਅਕ਼ਦ- ਅਗਦੁ, ਜ਼ਕਾਤ- ਜਗਾਤ, ਆਕਾਸ਼- ਆਗਾਸ, ਪ੍ਰਕਾਸ਼- ਪਰਗਾਸ, ਧਿਕ੍- ਧਿਗੁ, ਭਕ੍ਤ ਦੀ ਥਾਂ ਭਗਤ ਆਦਿ. "ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ." (ਵਾਰ ਸ੍ਰੀ ਮਃ ੪) ਸੈਂਕੜੇ ਹੱਥ ਡੂੰਘੇ ਕੀਲਾਲ (ਪਾਣੀ) ਵਿੱਚ ਅਲੇਪ ਕਮਲ ਹੈਂ.

ਗੁਲਿਸਤਾਂ: ਫ਼ਾ. گلستان ਸੰਗਜਾ- ਫੁੱਲਾਂ ਦਾ ਅਸਥਾਨ. ਬਾਗ। ੨. ਸ਼ੈਖਸਾਦੀ ਦੀ ਫ਼ਾਰਸੀ ਵਿੱਚ ਲਿਖੀ ਇੱਕ ਉੱਤਮ ਕਿਤਾਬ, ਜਿਸ ਦਾ ਉਲਥਾ ਅਨੇਕ ਬੋਲੀਆਂ ਵਿੱਚ ਹੋ ਗਿਆ ਹੈ. ਮਹਾਰਾਜਾ ਨਰੇਂਦ੍ਰ ਸਿੰਘ ਜੀ ਪਟਿਆਲਾਪਤੀ ਦੇ ਕਵੀ ਭਾਈ ਬਸੰਤ ਸਿੰਘ ਨੇ ਇਸ ਦਾ ਛੰਦਬੱਧ ਉੱਤਮ ਅਨੁਵਾਦ ਕੀਤਾ ਹੈ.

ਗੁਲਿਸਤ੍ਰਾਣ: ਦੇਖੋ, ਅੰਗੁਲਿਤ੍ਰਾਣ.

ਗੁਲਿਕਾ: ਸੰ. ਸੰਗਜਾ- ਗੋਲੀ. ਵੱਟੀ। ੨. ਬੰਦੂਕ਼ ਦੀ ਗੋਲੀ. "ਗੋਲੇ ਗੁਲਿਕਾ ਲਾਗਹਿਂ ਆਇ." (ਗੁਪ੍ਰਸੂ)

ਗੁਲਿਤ੍ਰਾਣ: ਦੇਖੋ, ਅੰਗੁਲਿਤ੍ਰਾਣ. "ਗੁਲਿਤ੍ਰਾਣ ਬੱਧੰ." (ਚੰਡੀ ੨)

ਗੁਲੂ: ਫ਼ਾ. گلو ਸੰਗਜਾ- ਗਲ. ਕੰਠ. ਗਰਦਨ. ਗ੍ਰੀਵਾ.

ਗੁਲੂਬੰਦ: ਸੰਗਜਾ- ਗਲ ਬੰਨ੍ਹਣ ਦਾ ਰੁਮਾਲ ਆਦਿਕ ਵਸਤ੍ਰ.

ਗੁਲੇਰ: ਸੰਗਜਾ- ਗਵਾਲੀਅਰ ਦੇ ਥਾਂ ਇਹ ਸ਼ਬਦ ਆਇਆ ਹੈ. "ਸ਼ਾਹ ਗੁਰੂ ਕੋ ਪਠੈ ਗੁਲੇਰ." (ਗੁਪ੍ਰਸੂ) ੨. ਕਟੋਚ ਰਾਜਪੂਤਾਂ ਦੀ ਇੱਕ ਸ਼ਾਖ਼। ੩. ਕਾਂਗੜੇ ਜਿਲੇ ਦੀ ਡੇਰਾ ਤਸੀਲ ਵਿੱਚ ਇੱਕ ਪਹਾੜੀ ਰਿਆਸਤ, ਜੋ ਰਾਜਾ ਹਰੀਚੰਦ ਕਟੋਚੀਏ ਨੇ ਕ਼ਾਇਮ ਕੀਤੀ. ਇਸ ਦਾ ਇਤਿਹਾਸ ਇਉਂ ਹੈ-

ਇੱਕ ਵਾਰ ਹਰੀਚੰਦ ਸ਼ਿਕਾਰ ਖੇਡਦਾ ਖੂਹ ਵਿੱਚ ਡਿਗ ਪਿਆ, ਜਦ ਚਿਰ ਤੀਕ ਰਿਆਸਤ ਨੂੰ ਨਾ ਮੁੜਿਆ ਤਾਂ ਸਭ ਨੇ ਉਸ ਨੂੰ ਮੋਇਆ ਜਾਣਕੇ ਉਸ ਦੇ ਪੁੱਤ ਨੂੰ ਰਾਜਗੱਦੀ ਪੁਰ ਬੈਠਾ ਦਿੱਤਾ. ਜਦ ਹਰੀਚੰਦ ਕਿਸੇ ਤਰਾਂ ਖੂਹੋਂ ਨਿਕਲਕੇ ਰਿਆਸਤ ਵਿੱਚ ਆਇਆ, ਤਦ ਪੁਤ੍ਰ ਨੂੰ ਰਾਜਾ ਦੇਖਕੇ ਉਹ ਵਾਪਿਸ ਚਲਾ ਗਿਆ ਅਤੇ ਗੁਲੇਰ ਨਗਰ ਵਸਾਕੇ ਜੁਦਾ ਰਾਜ ਕਰਨ ਲੱਗਾ.

ਗੁਲੇਰਾ, ਗੁਲੇਰੀਆ: ਵਿ- ਗੁਲੇਰ ਦਾ ਵਸਨੀਕ. ਦੇਖੋ, ਗੁਲੇਰ ੩.

ਗ਼ੁਲੇਲ: ਫ਼ਾ. غلیل ਸੰਗਜਾ- ਮਿੱਟੀ ਦੀ ਗੋਲੀ ਚਲਾਉਣ ਦਾ ਧਨੁਖ.

ਗੁਲੇਲਚੀ: ਸੰਗਜਾ- ਗੁਲੇਲ ਧਾਰਣ ਅਥਵਾ ਚਲਾਉਣ ਵਾਲਾ ਪੁਰਖ.

ਗੁਲੇਲਾ: ਦੇਖੋ ਗਲੋਲਾ ਅਤੇ ਗਿਲੋਲਾ.

ਗੁੱਲਾ: ਸੰਗਜਾ- ਮੱਕੀ ਆਦਿਕ ਦਾ ਉਹ ਨਰਮ ਗੋਲਾ, ਜਿਸ ਪੁਰ ਦਾਣੇ ਲੱਗੇ ਹੋਏ ਹੁੰਦੇ ਹਨ। ੨. ਲਕੜੀ ਦੇ ਅੰਦਰ ਦਾ ਚਿਕਨਾ ਅਤੇ ਸਾਰ ਭਾਗ। ੩. ਘੋੜੇ ਦੀ ਦੁਮ ਦਾ ਦੰਡ, ਜਿਸ ਪੁਰ ਬਾਲ ਜੜੇ ਰਹਿੰਦੇ ਹਨ। ੪. ਗ਼ੁਲ. ਸ਼ੋਰ. ਜੈਸੇ ਹੱਲਾ ਗੁੱਲਾ। ੫. ਗੁਲਾਮ ਜਾਂ ਗੋਲਾ ਦਾ ਸੰਖੇਪ. ਜਿਵੇਂ- ਤਾਸ਼ ਵਿੱਚ ਪਾਨ ਦਾ ਗੁੱਲਾ। ੬. ਮੋਟੀ ਅਤੇ ਛੋਟੀ ਰੋਟੀ.

ਗੁੱਲੀ: ਸੰਗਯਾ- ਮੋਟੀ ਅਤੇ ਚੋਟੀ ਰੋਟੀ। ੨. ਡੰਡੇ ਨਾਲ ਖੇਡਣ ਦੀ ਇੱਕ ਬੀਟੀ, ਜੋ ਜੌਂ ਦੇ ਆਕਾਰ ਦੀ ਪੰਜ ਛੀ ਇੰਚ ਲੰਮੀ ਅਤੇ ਮੱਧਭਾਗ ਤੋਂ ਇੰਚ ਡੇਢ ਇੰਚ ਮੋਟੀ ਹੁੰਦੀ ਹੈ. ਇਸ ਦੀ ਖੇਡ ਦਾ ਨਾਉਂ ਗੁੱਲੀਡੰਡਾ ਹੈ। ੩. ਛਿੱਲ ਉਤਾਰਕੇ ਅੰਦਰੋਂ ਸਾਫ ਕੱਢੀ ਹੋਈ ਲਸਨ ਆਦਿ ਦੀ ਗਠੀ। ੪. ਲੱਕੜ ਨੂੰ ਛਿੱਲਕੇ ਅੰਦਰ ਦੀ ਸਾਰਰੂਪ ਕੱਢੀ ਹੋਈ ਗੋਲ ਅਕਾਰ ਦੀ ਪੋਰੀ.

ਗੁਲੀਡੰਡਾ: ਦੇਖੋ, ਗੁੱਲੀ ੨.

ਗੁਵਰਧਨ: ਦੇਖੋ, ਗੋਵਰਧਨ.

ਗੁਵਾਰ, ਗੁਵਾਰਿ, ਗੁਵਾਰੀ: ਦੇਖੋ, ਗਵਾਰ। ੨. ਸੰਗਯਾ- ਗੋਪੀ. ਗੋਪਾਲਿਕਾ. "ਸਾਜਨ ਕੋ ਸਜਕੈ ਸੁ ਗੁਵਾਰੀ." (ਕ੍ਰਿਸਨਾਵ)

ਗੁੜ: ਸੰ. ਗੁਡ. ਸੰਗਯਾ- ਇੱਖ ਦੇ ਰਸ ਨੂੰ ਕਾੜ੍ਹਕੇ ਗੰਡ ਵਿੱਚ ਬਣਾਇਆ ਪਿੰਡ. ਕੰਦਸਿਆਹ. ਗੰਡੋਲ.

ਗੁੜਗੁੜੀ: ਦੇਖੋ, ਗੁਡਗੁਡੀ। ੨. ਹੁੱਕੀ. ਛੋਟਾ ਹੁੱਕਾ. ਗੁੜਗੁੜ ਸ਼ਬਦ ਕਰਨ ਤੋਂ ਇਹ ਸੰਗਯਾ ਹੈ.

ਗੁੜਣਾ, ਗੁੜਨਾ: ਕ੍ਰਿ- ਮਨਨ. ਵਿਚਾਰਨਾ। ੨. ਯਾਦ ਕਰਨਾ. "ਪੜਣਾ ਗੁੜਣਾ ਸੰਸਾਰ ਕੀ ਕਾਰ ਹੈ." (ਵਾਰ ਸੋਰ ਮਃ ੩)

ਗੁੜਤੀ: ਸੰਗਯਾ- ਜਨਮ ਸਮੇਂ ਗੁੜ ਆਦਿਕ ਵਸਤੂਆਂ ਦੇ ਮੇਲ ਤੋਂ ਬਣੀ ਹੋਈ ਘੁੱਟੀ, ਜੋ ਬਾਲਕ ਨੂੰ ਦਿੱਤੀ ਜਾਂਦੀ ਹੈ. ਇਸ ਤੋਂ ਅੰਤੜੀ ਦੀ ਸਫਾਈ ਹੁੰਦੀ ਹੈ. ਜੰਮਣਘੁੱਟੀ. ਦੇਖੋ, ਘੁੱਟੀ.

ਗੁੜਫਲ: ਡਿੰਗ. ਸੰਗਯਾ- ਗੁੜ ਜੇਹੇ ਮਿੱਠੇ ਹਨ ਜਿਸ ਦੇ ਫਲ. ਪੀਲੂ ਦਾ ਬਿਰਛ. ਮਾਲ. ਵਣ.

ਗੁੜਾਕਾ: ਸੰ. ਗੁਡਾਕਾ ਸੰਗਯਾ- ਨਿਦ੍ਰਾ. ਨੀਂਦ. ਊਂਘ "ਹੋਤ ਗੁੜਾਕਾ ਤਿਨ ਤਨ ਰੋਗੁ." (ਨਾਪ੍ਰ) "ਸਵਾ ਜਾਮ ਨਿਸਿ ਤਜੀ ਗੁੜਾਕਾ." (ਨਾਪ੍ਰ)

ਗੁੜਾਕੇਸ: ਸੰ. ਗੁਡਾਕੇਸ਼. ਸੰਗਯਾ- ਅਰਜੁਨ, ਜਿਸ ਨੇ ਗੁੜਾਕਾ (ਨੀਂਦ) ਜਿੱਤ ਲਈ ਹੈ। ੨. ਸ਼ਿਵ। ੩. ਵਿ- ਸੰਘਣੇ ਕੇਸ਼ਾਂ ਵਾਲਾ.

ਗੁੜੀਅਲ: ਦੇਖੋ, ਗੜੀਅਲ ੧.

ਗੁੜੁ: ਦੇਖੋ, ਗੁੜ. "ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ." (ਆਸਾ ਮਃ ੧) "ਦਿਲਿ ਕਾਤੀ ਗੁੜੁ ਵਾਤਿ." (ਸ. ਫਰੀਦ) ਦਿਲ ਵਿੱਚ ਛੁਰੀ ਅਤੇ ਵਾਤ (ਮੂੰਹ) ਵਿੱਚ ਗੁੜ. ਦਿਲੋਂ ਖੋਟਾ, ਮੂੰਹ ਦਾ ਮਿੱਠਾ.

ਗੁੜੂਚੀ: ਸੰ. ਗੁਡੂਚੀ ਸੰਗਯਾ- ਗਿਲੋ. ਗਿਲੋਯ. ਅਮ੍ਰਿਤਾ. ਜ੍ਵਰਾਰਿ. Cocculus Cordifolius. ਇਸ ਦੀ ਤਾਸੀਰ ਗਰਮ ਖੁਸ਼ਕ ਹੈ. ਇਹ ਤਾਪ, ਖਾਂਸੀ, ਪੀਲੀਆ (ਪਾਂਡੂ ਰੋਗ), ਲਹੂ ਦਾ ਵਿਕਾਰ, ਖ਼ੂਨੀ ਬਵਾਸੀਰ ਆਦਿਕ ਰੋਗਾਂ ਨੂੰ ਨਾਸ਼ ਕਰਦੀ ਹੈ.

ਗੁੜੰਬਾ: ਸੰਗਯਾ- ਗੁੜ ਅਤੇ ਅੰਬ (ਆਮ੍ਰ) ਦਾ ਰਸ ਮਿਲਾਕੇ ਬਣਾਇਆ ਹੋਇਆ ਇੱਕ ਭੋਜਨ.

ਗੂ: ਸੰ. ਗੂ ਧਾ- ਮਲ ਤਯਾਗਣਾ. ਸੁਚੇਤੇ ਫਿਰਨਾ. ਇਸੇ ਤੋਂ ਗੂਹ (ਗੂੰਹ) ਸ਼ਬਦ ਹੈ.

ਗੂਆਹਟੀ: ਦੇਖੋ, ਗਉਹਾਟੀ. "ਨਰਕਾਸੁਰ ਰਾਜਾ ਬਡੋ ਗੂਆਹਟੀ ਕੋ ਰਾਇ." (ਚਰਿਤ੍ਰ ੨੦੩)

ਗੂਆਬੰਦਰ: ਦੇਖੋ, ਗੋਆ ਬੰਦਰ.

ਗੂਹ: ਸੰਗਯਾ- ਗੰਦਗੀ. ਮਲ. ਦੇਖੋ, ਗੂ. "ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ." (ਵਾਰ ਗਉ ੧. ਮਃ ੪)

ਗੂੰਗਾ: ਦੇਖੋ, ਗੁੰਗ. "ਚਾਖਿ ਗੂੰਗਾ ਮੁਸਕਾਵਤ." (ਸਾਰ ਮਃ ੫)

ਗੂੰਗੇ ਕੀ ਮਿਠਿਆਈ: ਦੇਖੋ, ਗੁੰਗੇ ਕੀ ਮਿਠਿਆਈ. "ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ." (ਸੋਰ ਮਃ ੪)

ਗੂੰਜ: ਦੇਖੋ, ਗੁੰਜ.

ਗੂੰਜਣਾ, ਗੂੰਜਨਾ: ਦੇਖੋ, ਗੁੰਜਨ.

ਗੂਜਰ: ਦੇਖੋ, ਗੁੱਜਰ.

ਗੂਜਰੀ: ਸੰ. ਗੁਜੰਰੀ. ਸੰਗਯਾ- ਗੁੱਜਰ ਦੀ ਇਸਤ੍ਰੀ. "ਗੂਜਰੀ ਜਾਤਿ ਗਵਾਰ." (ਵਾਰ ਗੂਜ ੧. ਮਃ ੩) ੨. ਦੇਖੋ, ਗੁਜਰੀਮਾਤਾ। ੩. ਟੋਡੀ ਠਾਟ ਦੀ ਇੱਕ ਸ਼ਾੜਵ ਰਾਗਿਣੀ. ਇਸ ਵਿੱਚ ਪੰਚਮ ਵਰਜਿਤ ਹੈ। ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਹੈ. ਰਿਸ਼ਭ ਗਾਂਧਾਰ ਧੈਵਤ ਕੋਮਲ, ਮੱਧਮ ਤੀਵ੍ਰ, ਨਿਸ਼ਾਦ ਸ਼ੁੱਧ ਹੈ. ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ.

ਆਰੋਹੀ- ਸ਼ ਰਾ ਗਾ ਮੀ ਧਾ ਨ ਸ਼.

ਅਵਰੋਹੀ- ਸ਼ ਨ ਧਾ ਮੀ ਗਾ ਰਾ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਵਿੱਚ ਗੂਜਰੀ ਦਾ ਪੰਜਵਾਂ ਨੰਬਰ ਹੈ.

ਗੂਜਰੀਮਾਤਾ: ਦੇਖੋ, ਗੁਜਰੀ ਮਾਤਾ.

ਗੂਝਾ, ਗੂਝੀ: ਦੇਖੋ, ਗੁਝਾ- ਗੁਝੀ "ਗੂਝੀ ਭਾਹਿ ਜਲੈ ਸੰਸਾਰਾ." (ਧਨਾ ਮਃ ੫)

ਗੂਟ: ਸੰਗਯਾ- ਛੋਟੇ ਕ਼ੱਦ ਦਾ ਘੋੜਾ. ਬਾਉਂਨਾ ਘੋੜਾ.

ਗੂਡਰ: ਡਿੰਗ. ਸੰਗਯਾ- ਖ਼ੇਮਾ. ਤੰਬੂ.

ਗੂਡੀ: ਦੇਖੋ, ਗੁਡੀ। ੨. ਪਤੰਗ. ਚੰਗ. "ਆਨੀਲੇ ਕਾਗਦੁ ਕਾਟੀਲੇ ਗੂਡੀ." (ਰਾਮ ਨਾਮਦੇਵ)

ਗੂਢ: ਸੰ. ਵਿ- ਗੁਪ੍ਤ. ਲੁਕਿਆ ਹੋਇਆ। ੨. ਜਿਸ ਦਾ ਮਤਲਬ ਛੇਤੀ ਸਮਝ ਵਿੱਚ ਨਾ ਆਵੇ ਐਸਾ ਵਾਕ। ੩. ਦੇਖੋ, ਗੂੜ ੨.

ਗੂਢਾਰਥ: ਸੰ. गूढार्थ ਸੰਗਯਾ- ਗੁਪਤ ਅਰਥ.

ਗੂਢਾਰਥ ਦੀਪਿਕਾ: ਪੰਡਿਤ ਨਿਹਾਲ ਸਿੰਘ ਜੀ ਨਿਰਮਲੇ ਸਾਧੂ ਦਾ ਲਿਖਿਆ ਸੰਸਕ੍ਰਿਤ ਭਾਸ਼ਾ ਵਿੱਚ ਜਪੁਜੀ ਦਾ ਟੀਕਾ, ਜਿਸ ਵਿੱਚ ਸ਼ੰਕਰ ਦੇ ਵੇਦਾਂਤ ਸੂਤ੍ਰਾਂ ਦੇ ਭਾਸ਼ਯ ਅਨੁਸਾਰ ਜਪੁਜੀ ਦੇ ਪਾਠ ਦਾ ਪ੍ਰਬੰਧ ਅਤੇ ਭਾਵ ਪ੍ਰਗਟ ਕੀਤਾ ਹੈ. ਇਹ ਟੀਕਾ ਕਰੀਬ ਸੰਮਤ ੧੯੪੦ ਦੇ ਤਿਆਰ ਹੋਇਆ ਹੈ.

ਗੂਢੋਕ੍ਤਿ: ਗੁਪਤ ਕਥਨ। ੨. ਇੱਕ ਅਰਥਾਲੰਕਾਰ. ਕਹਿਣਾ ਹੋਰ ਪਰਥਾਇ ਅਥਵਾ ਹੋਰ ਨੂੰ ਸੰਬੋਧਨ ਕਰਕੇ, ਪਰ ਇਸ਼ਾਰਾ ਹੋਰ ਵੱਲ ਕਰਨਾ "ਗੂਢੋਕ੍ਤਿ" ਹੈ. ਇਸ ਦਾ ਨਾਉਂ "ਅਨਯੋਕ੍ਤਿ" ਭੀ ਹੈ.

ਵਜਾਜਹਿਂ ਪਰ ਉਪਦੇਸ਼ ਕਰ ਪਰਮ ਚਾਤੁਰੀ ਸੰਗ,

ਅਲੰਕਾਰ ਗੂਢੋਕ੍ਤਿ ਤਹਿਂ ਵਰਣਤ ਕਵਿ ਨਵਰੰਗ.

(ਰਾਮਚੰਦ੍ਰਭੂਸ਼ਣ)

ਜਹਿਂ ਸਮਝਾਯੈ ਔਰ ਕੋ ਡਾਰ ਔਰ ਪੈ ਬਾਤ,

ਸੋ ਅਨਯੋਕ੍ਤਿ ਨਾਮ ਕਵਿ ਵਰਣਤ ਰਸ ਸਰਸਾਤ.

ਉਦਾਹਰਣ-

(੧) ਸਿੰਮਲ ਰੁਖ ਸਰਾਇਰਾ ਅਤਿ ਦੀਰਘ ਅਤਿ ਮੁਚੁ,

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ?

(ਵਾਰ ਆਸਾ)

(੨) ਹੰਸਾ ਵੇਖ ਤਰੰਦਿਆ ਬਗਾ ਭਿ ਆਇਆ ਚਾਉ,

ਡੁਬਿ ਮੁਏ ਬਗ ਬਪੁੜੇ ਸਿਰ ਤਲਿ ਉਪਰਿ ਪਾਉ.

(ਵਾਰ ਵਡ ਮਃ ੩)

(੩) ਦਾਦੁਰ, ਤੂ ਕਬਹਿ ਨ ਜਾਨਸਿ ਰੇ,

ਭਖਸਿ ਸਿਬਾਲੁ ਬਸਸਿ ਨਿਰਮਲ ਜਲ,

ਅਮ੍ਰਿਤੁ ਨ ਲਖਸਿ ਰੇ.

(ਮਾਰੂ ਮਃ ੧)

(੪) ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ,

ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ.

(ਸ. ਕਬੀਰ)

(੫) ਸਾਰਸ ਕੇ ਨਾਦਨ ਕੋ ਬਾਦ ਨਾ ਸੁਨਤ ਕਹੂੰ

ਨਾਹਕ ਹੀ ਬਕਬਾਦ ਦਾਦੁਰ ਮਹਾ ਕਰੈਂ,

"ਸ਼੍ਰੀ ਪਤਿ" ਸੁ ਕਵਿ ਜਹਾਂ ਔਜ ਨਾ ਸਰੋਜਨ ਕੋ

ਫੂਲੈਂ ਨ ਭੰਭੂਲ ਜਾਂਹਿਂ ਚਿੱਤ ਦੈ ਚਹਾ ਕਰੈਂ,

ਬਕਨ ਕੀ ਬਾਨੀ ਕੀ ਬਿਰਾਜਤ ਹੈ ਰਾਜਧਾਨੀ

ਕਾਈ ਸੋਂ ਕਲਿਤ ਪਾਨੀ ਹੇਰਤ ਹਹਾ ਕਰੈਂ,

ਘੋਂਘਨ ਕੇ ਜਾਲ ਜਾਂਮੇ ਨਰਈ ਸਿਵਾਰ ਤਾਂ ਮੇ

ਏਸੇ ਪਾਪੀ ਤਾਲ ਕੋ ਮਰਾਲ ਲੇ ਕਹਾਂ ਕਰੈਂ?

(੬) ਛੋਟੇ ਛੋਟੇ ਪਾਤ ਕੌਨੇ ਕਾਮ ਕੇ ਨ ਠਹਰਾਤ

ਦੇਖੇ ਛੁਟ ਛਾਂਹ ਮਨ ਕੈਸੇਕੈ ਰਸਾਈਏ,

ਪੈਨੇ ਪੈਨੇ ਕੰਟਕ ਬਿਲੋਕਕੈ ਬਢਤ ਸੂਲ

ਮੂਲ ਹੂ ਮੇ ਠੌਰ ਵਿਸ਼੍ਰਾਮ ਕੋ ਨ ਪਾਈਏ,

"ਲਾਲ" ਕਵਿ ਫੂਲੇ ਫੂਲ ਰਸ ਰੂਪ ਗੰਧ ਬਿਨ

ਸ੍ਵਾਦ ਬਿਨਾ ਫਲ ਮੁਖ ਕੈਸੇਕੈ ਲਗਾਈਏ,

ਤਮ ਹੀ ਕਹੌ ਨ ਹੇ ਬਬੂਰ ਕਹਾਂ ਧਾਰੀ ਮੌਨ?

ਕੌਨ ਆਸ ਰਾਖ ਰਾਵਰੇ ਕੇ ਆਸ ਆਈਏ?

(੭) ਸੁਨੀਏ ਵਿਟਪ ਪ੍ਰਭੁ! ਪੁਹਪ ਤਿਹਾਰੇ ਹਮ

ਰਾਖੀਏ ਹਮੈ ਤੋ ਸ਼ੋਭਾ ਰਾਵਰੀ ਬਢਾਇ ਹੈਂ,

ਤਜਹੋਂ ਹਰਖ ਤੇ, ਨ ਚਾਰੋ ਕਛੁ ਆਪ ਸਨ

ਜਹਾਂ ਜਹਾਂ ਜਾਂਇਂ ਤਹਾਂ ਦੂਨੀ ਛਬਿ ਪਾਇ ਹੈਂ,

ਸੁਰਨ ਚਢੈਂਗੇ ਸੁਰਨਰ ਨ ਚਢੈਂਗੇ ਸੀਸ,

ਸੁਕਵਿ "ਰਹੀਮ" ਹਾਥ ਹਾਥ ਹੀ ਬਿਕਾਇ ਹੈਂ,

ਦੇਸ਼ ਮੇ ਰਹੇਂਗੇ ਪਰਦੇਸ਼ ਮੇ ਰਹੇਂਗੇ, ਕਾਹੂੰ

ਭੇਸ ਮੇ ਰਹੇਂਗੇ ਪਰ ਰਾਵਰੇ ਕਹਾਇ ਹੈਂ.

ਮਹਾਰਾਜਾ ਨਰੇਂਦ੍ਰ ਸਿੰਘ ਸਾਹਿਬ ਪਟਿਆਲਾਪਤਿ ਦੇ ਦਰਬਾਰ ਦੇ ਭੂਖਣ ਭਾਈ ਬਸੰਤ ਸਿੰਘ ਜੀ ਨੇ ਇੱਕ ਸਤਸਈ ਲਿਖੀ ਹੈ, ਜਿਸ ਦੇ ਕੁਝ ਦੋਹੇ ਗੂਢੋਕ੍ਤਿ ਦੇ ਉਦਾਹਰਣਰੂਪ ਅੱਗੇ ਲਿਖੇ ਜਾਂਦੇ ਹਨ–

ਹੰਸ ਅਨਯੋਕ੍ਤਿ

ਮਿਲ ਹੈਂ ਹੰਸ! ਰਸਾਲ ਫਲ, ਸੀਤਲ ਜਲ ਸੁਭ ਛਾਂਹ, ਵੇ ਮੁਕਤਾ ਬਿਨ ਮਾਨਸਰ, ਮਿਲੈਂ ਆਨ ਸਰ ਨਾਹ. ਮਾਨਸਰੋਵਰ ਮੋਂ ਕਰੈਂ, ਜਯੋਂ ਤਯੋਂ ਕਰ ਨਿਰਬਾਹ, ਤੂ ਨ ਸਿੰਧੁ ਤਟ ਜਾਂਨ ਕੀ, ਕਰੈਂ ਹੰਸ! ਚਿਤ ਚਾਹ. ਬਿਨ ਮੁਕਤਾ ਪੁਖਰੀਨ[447] ਮੈ, ਕਬ ਲਗ ਹੋਇ ਨਿਭਾਉ, ਕਗਲਨ ਬਗਲਨ ਮਾਂਝ ਮਿਲ, ਹੰਸ! ਨ ਲੋਗ ਹਸਾਉ. ਤੂ ਮਰਾਲ! ਬੈਠਤ ਕਹਾਂ, ਪੰਖ ਸਵਾਰ ਸਵਾਰ? ਯਹਾਂ ਖੀਰ ਅਰੁ ਨੀਰ ਕੋ, ਰਹਿਤ ਭਾਉ ਇਕਸਾਰ.

ਕਿੰਸ਼ੁਕ[448] ਅਨਯੋਕ੍ਤਿ

ਨਹਿ ਪਰਾਗ ਮਕਰੰਦ ਨਹਿ, ਨਹਿ ਸੁਗੰਧਿ ਸੁਖ ਮੂਲ,

ਮਤ ਕਿੰਸ਼ੁਕ ਉਰ ਐਂਠ ਕਰ, ਆਏ ਭ੍ਰਮਰ ਜੁ ਭੂਲ.

ਤੂ ਨ ਗਰਬ ਕਿੰਸ਼ੁਕ ਕੁਸਮ, ਹੈ ਮੁਹਿ ਅਧਿਕ ਸੁਗੰਧ.

ਕਹਾਂ ਭਯੋ ਮੰਡਰਾਤ ਜੋ, ਯਹ ਮਧੁਕਰ ਮਦਅੰਧ?

ਗਜ ਅਨਯੋਕ੍ਤਿ

ਕਤ ਕੁਟੇਵ[449] ਤੋਕੋਂ ਪਰੀ, ਅਰੇ ਕਰੀ! ਮਤਿਕੂਰ,

ਅਬ ਆਨਯੋ ਅਨ੍ਹਵਾਯ ਤੂ, ਅਬ ਮੇਲਤ ਸਿਰ ਧੂਰ.

ਕਾਕ ਅਨਯੋਕ੍ਤਿ

ਕਿਤੋ ਕਾਕ ਪ੍ਰਤਿਪਾਲ ਤੂ, ਕਿਤੋ ਲਾਡ ਦੈ ਯਾਂਹਿ.

ਜਬ ਕਬ ਕੋਕਿਲ ਕੇ ਬਚਾ, ਮਿਲੈਂ ਕੋਕਿਲਨ ਮਾਂਹਿ.

---

[447] ਛੱਪੜੀਆਂ.

[448] ਕੇਸੂ. ਪਲਾਸ਼ ਦਾ ਫੁੱਲ.

[449] ਭੈੜੀ ਵਾਦੀ.

ਸਿੰਘ ਅਨਜੋਕ੍ਤਿ.

ਹਨਤ ਮੇਂਡਕਨ ਕੋ ਕਹਾਂ, ਰੇ ਅਜਾਨ ਮ੍ਰਿਗਰਾਇ?

ਮਾਰ ਮੱਤ ਗਜਰਾਜ ਕੋ, ਸਭ ਪਰਿਵਾਰ ਅਘਾਇ.

ਸਿੰਘ ਤੋਰ ਪਿਤ ਮਾਤ ਨੇ, ਬ੍ਰਿਥਾ ਲਡਾਯੋ ਲਾਡ,

ਅਜਅੰਡਨ ਕੋ ਤਕਤ ਤੂ, ਗਜਗੰਡਨ[450] ਕੋ ਛਾਡ.

ਆਮ੍ਰ ਅਨਜੋਕ੍ਤਿ

ਤੂ ਰਸਾਲ ਸਭ ਕੋ ਸੁਖਦ, ਦੇਤ ਸਫਲ ਰਸ ਭੀਨ,

ਯਾਂਹੀ ਤੇ ਬਿਧਿ ਕਰਤ ਨਹਿ, ਤੋਹਿ ਕਬੈ ਪਤਹੀਨ।।[451].

ਰਸਨਾ ਅਨਜੋਕ੍ਤਿ

ਰਸਨਾ! ਤੁਵ ਅਸ ਨਾ ਕੋਊ, ਸੀਲਵੰਤ ਸ ਹੁਲਾਸ,

ਕਠਿਨ ਦਸਨਮੈ ਦਿਵਸ ਨਿਸ, ਕਰਤ ਵਯਸ ਭਰ ਵਾਸ.

ਅਰੀ ਜੀਹ, ਪਗਿਯਾ[452]।। ਕਹਿਤ, ਬੋਲ ਬੈਨ ਰਸਬੋਰ,

ਤੋਰ ਕੁਰਖਤੀ ਤਨਕ ਸੀ, ਕਰੈ ਕੁਬਖਤੀ[453] ਮੋਰ.

ਅਧਰ ਅਨਜੋਕ੍ਤਿ

ਕਵਨ ਦੇਹੁ ਮਤ ਬਦਨ ਤੇ, ਅਰੇ ਅਧਰ! ਅਸਬੋਲ,

ਨਾਹਕ ਬਸਤ ਪਰੋਸ ਤੁਹ, ਕੂਟੇ ਜਾਹਿਂ ਕਪੋਲ. ਅੱਕ ਅਨਜੋਕ੍ਤਿ

ਅਰਕ! ਥਲੀ[454] ਕੇ ਮਾਂਝ ਨਿਜ, ਭਲੀ ਸੁ ਬੈਸ ਬਿਤਾਉ,

ਤੂ ਆਂਬਨ ਕੇ ਮੁਲਕ ਮੈ, ਮਤ ਨਿਜ ਪਤ ਉਤਰਾਉ.

ਬਕ (ਬਗਲਾ) ਅਨਜੋਕ੍ਤਿ

ਖੀਰ ਨੀਰ ਬਿਲਗਾਵਤੋ, ਜੌ ਬਕ ਮੇਂਡਕ ਖਾਇ,

ਕੋ ਪ੍ਰਤਿਪਾਲਤ ਹੰਸ ਕੋ, ਮੁਕਤਾ ਚੋਗ ਚੁਗਾਇ?

ਅਰੇ ਪਥਿਕ, ਤੁਵ ਦ੍ਰਿਗਨ ਮੈ, ਰਹਜੋ ਸਾਧੁ ਸ਼ੁਭ ਸੂਝ,

ਯਾ ਬਕ ਕੋ ਬਿਵਹਾਰ ਤੂ, ਮੁਹਿ ਮੇਂਡਕ ਤੇ ਬੂਝ.

ਗਰਧਭ (ਗਧਾ) ਅਨਜੋਕ੍ਤਿ

---

[450] ਹਾਥੀ ਦੀ ਕਨਪਟੀ. ਗਲ੍ਹ ਅਤੇ ਗਰਦਨ ਦਾ ਮੱਧ ਭਾਗ.

[451] ਪੱਤਾਂ ਤੋਂ ਬਿਨਾ. ਬੇਪਤ.

[452] ਪਗੜੀ. ਦਸਤਾਰ.

[453] ਕਮਬਖ਼ਤੀ.

[454] ਰੇਗਿਸਤਾਨ. ਮਰੁਦੇਸ਼.

ਕਹਾਂ ਭਯੋ ਤੁਹਿ ਪੀਠ ਪਰ, ਲਦੀ ਕਿਤਾਬ ਹਜਾਰ,

ਤੂ ਨ ਮੁਲਾਨੋ ਹੋਇ ਖਰ, ਗੂਨ ਪਲਾਨੋ ਡਾਰ.

ਰੇ ਗਰਧਭ, ਯਾਂਤੇ ਕਹਿਤ ਗਰਧਭ ਤੋਹਿ ਜਹਾਨ,

ਸੀਖਯੋ ਰੰਚ ਨ ਗਜਾਨ ਤੈਂ ਹੋਤ ਇਤੇ ਬਡ ਕਾਨ.

ਬਿੜਾਲ (ਬਿੱਲਾ) ਅਨਯੋਕ੍ਤਿ

ਕਿਤੌ ਕਠਿਨ ਬ੍ਰਤ ਧਾਰ ਕਰ, ਪਰਸੈਂ ਜਾਇ ਕਿਦਾਰ,

ਮਿਟੈ ਮੰਜਾਰ ਨ ਬਿਨ ਕਿਯੇ, ਮੂਖਕ ਮਾਸ ਅਹਾਰ.

ਉੱਲੂ ਅਨਯੋਕ੍ਤਿ

ਤਵ ਅਖਿਯਨ ਮੈ ਮਿਤ੍ਰ[455] ਕੀ ਰਹੀ ਨ ਜਬ ਪਹਿਚਾਨ,

ਕਹਿਨ ਲਗਯੋ ਸਭ ਜਗਤ ਤੁਹਿ, ਨਾਮ ਉਲੂਕ ਬਖਾਨ

ਬਾਗਵਾਨ ਅਨਯੋਕ੍ਤਿ

ਰੇ ਮਾਲੀ, ਤੁਹਿ ਫਲਨ ਕੀ ਅਭਿਲਾਖਾ ਨ ਲਖਾਇ.

ਤੈਂ ਸਾਖਾਮ੍ਰਿਗ[456] ਵਿਪਨ ਕੇ ਰਾਖਾ ਦਏ ਬਨਾਇ

ਮਾਲੀ ! ਜਿੰਹ ਖਾਲੀ ਉਦਰ ਤਿਹ ਫਲ ਦੇਹ ਜਰੂਰ !

ਰਹਯੋ ਅਘਾਇ ਅੰਗੂਰ ਸੋਂ ਖ੍ਵਾਵਤ ਤਾਂਹਿ ਖਜੂਰ.

ਤਹਿਂ ਨ ਰਾਖ ਮਾਲੀ ਅਰੇ, ਜਹਿ ਫਲ ਭਰੇ ਪਿਯੂਖ,

ਯਾ ਬਾਨਰ ਕੋ ਸੌਂਪ ਤੂ, ਬਰ ਗੂਲਰ ਕੇ ਰੁਖ.

ਕੋਕਿਲ ਕੇਕੀ[457] ਕੋ ਸ਼ਬਦ ਸੁਨ ਸੁਹਾਤ ਨਹਿ ਤੋਹਿ,

ਮਾਲੀ, ਲਾਲੀ ਭਾਲ ਕੀ, ਅਬ ਕਛੁ ਕਾਲੀ ਹੋਹਿ,

ਅਰੇ ਬਾਗਵਾਰੇ, ਕਰਤ ਕਤ ਰਤਨਾਰੇ[458] ਨੈਨ?

ਜੌਂ ਨ ਮਧੁਰ ਫਲ ਦੇਤ ਤੂ, ਬੋਲ ਮਧੁਰ ਮੁਖ ਬੈਨ.

ਬਿੱਲ ਅਨਯੋਕ੍ਤਿ

ਰਾਖ ਆਪਨੇ ਪਾਸ ਤੂ ਬਿਲ ਅਪਨੀ ਬਖ਼ਸ਼ੀਸ਼,

ਤੋਰ ਫਲਨ ਕੇ ਸਹਿਨ ਕੋ, ਨਹਿਨ ਮੋਰ ਬਲ ਸੀਸ.

ਫੋਰਤ ਸਿਰ ਜਾਚਕਨ ਕੋ, ਦੈ ਫਲ ਅਤਿ ਬੇਸ੍ਵਾਦ,

---

[455] ਮ੍ਰਿਤ ਦਾ ਅਰਥ ਦੋਸਤ ਅਤੇ ਸੂਰਜ ਹੈ.

[456] ਬਾਂਦਰ.

[457] ਮੋਰ.

[458] ਲਾਲ.

ਬਿਲ, ਮੁਹਿ ਸਾਚ ਬਤਾਉ ਤੂ, ਕਿਯੋ ਕੌਨ ਉਸਤਾਦ?

ਸੁਲਤਾਨ (ਸਰਵਰ) ਅਨਯੋਕ੍ਤਿ

ਤੂ ਪਰਧਨ ਹਰਵਾਇ ਕਰ, ਖਾਇ ਖੁਸ਼ੀ ਨਿਤ ਹੋਹਿ,
ਆਯਤ ਕਵਨ ਕੁਰਾਨ ਕੀ, ਆਵਤ ਪਢਨੀ ਤੋਹਿ?
ਪਾਵਤ ਧਾਂਨ ਕੁਧਾਂਨ ਜਹਿਂ, ਤੁਰਤ ਮਨਾਵਤ ਈਦ,
ਜੈਸੋ ਤੂ ਸੁਲਤਾਨ ਹੈਂ, ਤੈਸੇ ਤੋਰ ਮੁਰੀਦ.

ਇੱਖ ਅਨਯੋਕ੍ਤਿ

ਚੂਮੈਂ ਚਾਟੈਂ ਊਖ ਤੁਹਿ, ਕਿਤੋ ਲਾਇ ਹਿਯ ਹੇਤ,
ਬਿਨ ਕਾਟੇ ਕੂਟੇ ਬਿਨਾ, ਤੂ ਨ ਕਬੈ ਰਸ ਦੇਤ.

ਬਕਰੀ ਅਨਯੋਕ੍ਤਿ

ਅਜਾ, ਤਿਹਾਰੇ ਪੂਤ ਕੋ, ਜਬ ਕਬ ਸਿਰ ਧੜ ਹੈ ਨ,
ਤੂ ਲਖਦਾਤਾ[459] ਕੋ ਕਹੈਂ, ਕਿਤੋਂ ਚੂਰਮਾ ਦੈਨ.
ਅਹੋ ਅਜਾ, ਤਵ ਪ੍ਰਕ੍ਰਿਤ ਕੋ ਕਹੋਂ ਕਹਾਂ ਮਤ ਕੂਰ,
ਮੇਂਗਨ ਗਨ ਤੈਂ ਪੂਰਕਰ, ਦੀਨੋ ਦੂਧ ਜਰੂਰ.
ਕਹਾਂ ਭਯੋ ਸਠ ਸ੍ਵਾਨ ਤੁਹਿ, ਦੇਤ ਅਜਾ ਅਤਿ ਤ੍ਰਾਸ,
ਤੂ ਫਰਯਾਦੀ ਜਾਹ ਜਿਨ, ਭੁਖੇ ਭਿੜਹਨ ਪਾਸ.[460]
ਅਜਾ, ਤੋਰ ਪਰਵਾਰ ਮੈਂ, ਬਢੈ ਕਿਤੀ ਕਿਨ ਰਾਰ,
ਤੂ ਨ ਜਾਇ ਭਿੜਹਾਨ ਢਿਗ ਨਜਾਉ ਲੈਨ ਨਿਰਧਾਰ.
ਅਜਾ, ਤਿਹਾਰੇ ਪੂਤ ਕੋ ਮਿਟੈ ਆਪ ਹੀ ਘਾਇ,
ਤੂ ਮਤ ਹਟਵਾਯੋ ਚਹੈਂ, ਸ੍ਵਾਨਨ ਤੇ ਚਟਵਾਇ.

ਮਲਾਹ ਅਨਯੋਕ੍ਤਿ

ਲਾਵਤ ਵਾਰ ਨ ਪਾਰ ਤੂ ਬਹੀਜਾਤ ਜਲਜਾਨ,[461]
ਤੋਰ ਮਲਾਹੀ ਲੈਨ ਕੇ, ਮੈ ਮਲਾਹ! ਕੁਰਬਾਨ.

ਬਾਂਦਰ ਅਨਯੋਕ੍ਤਿ

ਤੂ ਦੇਖ੍ਯੋ ਬਹੁ ਬਾਰ ਕਪਿ, ਮਟਕਾਵਤ ਦ੍ਰਿਗ ਦੋਇ,

---

[459] ਸੁਲਤਾਨ ਪੀਰ.
[460] ਭੇੜੀਏ (ਬਘਿਆੜਾਂ) ਪਾਸ.
[461] ਨੌਕਾ. ਕਿਸ਼ਤੀ.

ਹਾਵ ਭਾਵ ਲਖ ਰਾਵਰੇ, ਰੀਝਤ ਲਖ੍ਯੋ ਨ ਕੋਇ.

ਦੀਪਕ ਅਨਜੋਕ੍ਤਿ

ਅਰੇ ਦਿਯੋ,[462] ਤੈਂ ਕਰਦਿਯੋ ਉਜਿਆਰੋ ਘਰ ਮਾਹਿ,

ਤੋਰ ਪਗਨ ਤਰ ਕੋ ਕਬੈ, ਮਿਟਤ ਅੰਧਰੋ ਨਾਹਿ.

ਜਬ ਦੀਪਕ ਬਾਰੋ[463] ਹੁਤੋ, ਥੋ ਉਜਿਯਾਰੋ ਗੇਹ,

ਬਡੋ[464] ਹੋਯਕਰ ਤੈਂ ਕਿਯੋ, ਬਡ ਅੰਧਜਾਰੋ ਏਹ.

ਭੈਂਸ ਅਨਜੋਕ੍ਤਿ

ਮਹਿਖ ਤਿਹਾਰੇ ਬਡਨ ਰਹੀ ਸਦਾ ਯਹਿ ਬਾਨ,

ਪਾਛੇ ਪਾਨੀ ਪਿਯਤ ਸਭ ਪਾਇ ਪ੍ਰਥਮ ਘਮਸਾਨ.

ਚਾਤਕ ਅਨਜੋਕ੍ਤਿ

ਸਭ ਮੇਘਨ ਕੋ ਜਾਚ ਜਿਨ, ਚਾਤ੍ਰਕ ! ਚੋਂਚ ਪਸਾਰ,

ਏ ਬਰਸਾਵਨਹਾਰ ਨਹਿ, ਏ ਤਰਸਾਵਨਹਾਰ.

ਚੂਹਾ ਅਨਜੋਕ੍ਤਿ

ਬਿਘਨਬਿਨਾਸਨ[465] ਕੋ ਬਨਜੋ, ਤੂ ਬਾਹਨ ਸਿਰਤਾਜ,

ਬਿਘਨ ਕਰਤ ਨਿਸ ਦਿਨ ਫਿਰਤ, ਰੇ ਮੂਖਕ ਨਿਰਲਾਜ.

ਸੂਰ ਅਨਜੋਕ੍ਤਿ

ਰੇ ਸੂਕਰ, ਕਤ ਫਿਰਤ ਤੂ ਦ੍ਵੈਕ ਦਸਨ ਸਿਤ ਕਾਢ?

ਗਜਮੁਕਤਾ ਚਾਬਨ ਚਹਿਤ, ਵੇ ਸਿੰਘਨ ਕੀ ਦਾਢ.

ਕਹਾਂ ਭਯੋ ਢਿਗ ਰਾਖ ਤੁਹਿ, ਕਰਤ ਸਿੰਘ ਚਿਤਚਾਹ.

ਰੇ ਬੈਰਾਹ, ਸਿਖਾਵਮਤ, ਚਲਨ ਯਾਹਿ ਬੇਰਾਹ[466]

ਰੇ ਸੂਕਰ ਧਸ ਤਾਲ ਮੈ, ਤੂ ਮਾਰਤ ਖੁਰਤਾਲ,

ਆਵਹਿਂ ਮੰਜੁ ਮਰਾਲ ਤੌਂ ਕਹਾਂ ਕਾਟ ਹੈਂ ਕਾਲ?

ਬਨਜੋ ਸਚਿਵ ਜੌ ਸਿੰਘ ਕੋ, ਥੋਰੋ ਖਾਹ ਨਿਲਾਜ,

ਲਖ ਮੋਟਾਪਨ ਨਹਿ ਕਰੈ, ਖੋਟਾਪਨ ਮ੍ਰਿਗਰਾਜ.

---

[462] ਦੀਪਕ.

[463] ਬਾਲਿਆ ਅਤੇ ਬਾਲਕ

[464] ਵਡਾ ਹੋਕੇ. ਬੁਝਕੇ.

[465] ਗਣੇਸ਼.

[466] ਬੁਰੇ ਰਾਹ. ਕੁਮਾਰਗ.

ਲਖ੍ਯੋ ਬਹੁਤ ਦਰਯਾਵ ਮੈ, ਤੈਰਤ ਯੁਤ ਪਰਵਾਰ,

ਨਹਿ ਸੂਕਰ, ਤਵ ਪੂਛ ਗਹਿ, ਭਯੋ ਮੁਸਾਫਰ ਪਾਰ.

ਮੀਰਾਂ ਪੀਰ ਅਨਜੋਕ੍ਤਿ

ਖੇਲਤ ਤੂ ਪਰਤ੍ਰਿਯਨ ਮੇ, ਢੋਲ ਬਜਾਇ ਸੁਛੰਦ,

ਤੂ ਕਹੁ ਕਿਨ ਪੀਰਾਨ ਮੈ, ਰੇ ਮੀਰਾਂ ਮਤਿਮੰਦ?

ਗੂਢੋੱਤਰ: ਗੁਪਤ ਸਿੱਧਾਂਤ ਵਾਲਾ ਜਵਾਬ. ਵਿਚਿਤ੍ਰ ਅਭਿਪ੍ਰਾਯ ਵਾਲਾ ਉੱਤਰ. ਅਰਥਾਤ, ਜਿਸ ਦੇ ਗੁਪਤ ਭਾਵ ਵਿੱਚ ਚਮਤਕਾਰ ਪਾਇਆ ਜਾਵੇ। ੨. ਇੱਕ ਅਰਥਾਲੰਕਾਰ.

ਸਾਭਿਪ੍ਰਾਯ ਸੁ ਭਾਵ ਜਹਿਂ ਉੱਤਰ ਦੈ ਪਰਬੀਨ,

ਗੂਢੋੱਤਰ ਵਰਣਨ ਕਰੈਂ ਜੇ ਕਬਿੱਤ ਰਸ ਲੀਨ.

(ਰਾਮਚੰਦ੍ਰ ਭੂਸ਼ਣ)

ਉਦਾਹਰਣ-

ਹੇ ਯਾਚਕ, ਤੂ ਸਬਰ ਕਰ ਤਜਾਗੋ ਬੋਜਨ ਆਸ,

ਦੋ ਕੋ ਦੈਕਰ ਖਾਤ ਹੈਂ, ਯੇ ਠਾਕੁਰ ਕੇ ਦਾਸ.

ਕਿਸੇ ਮੰਗਤੇ ਨੇ ਪੁੱਛਿਆ ਕਿ, ਕੀ ਇਸ ਦੇਵਾਲੇ ਤੋਂ ਮੈਨੂੰ ਭੋਜਨ ਮਿਲੇਗਾ? ਇਸ ਦਾ ਗੂਢ ਉੱਤਰ ਮਿਲਿਆ ਕਿ ਇਹ ਪੁਜਾਰੀ ਦੋ ਨੂੰ ਦੇ ਕੇ ਖਾਂਦੇ ਹਨ, ਅਰਥਾਤ ਦੋਵੇਂ ਤਖ਼ਤੇ ਦੇ ਕੇ (ਕਿਵਾੜ ਬੰਦ ਕਰਕੇ) ਭੋਜਨ ਕਰਦੇ ਹਨ.

ਮਾਂਜਾਰ ਇਹਠਾਂ ਇਕ ਆਯੋ,

ਤੁਮ ਕੋ ਹੇਰ ਅਧਿਕ ਡਰਪਾਜੋ.

(ਚਰਿਤ੍ਰ ੧੧੫)

ਮਾਂਜਾਰ ਦਾ ਅਰਥ ਬਿੱਲਾ ਅਤੇ ਮੇਰਾ ਜਾਰ ਹੈ, ਇਸ ਸ਼ਲੇਸ਼ ਨਾਲ ਗੂਢੋੱਤਰ ਦਿੱਤਾ.

ਗੂਣ: ਸੰ. ਗੋਣੀ. ਸੰਗਜਾ- ਖੱਚਰ ਬੈਲ ਆਦਿਕ ਪੁਰ ਸਾਮਾਨ ਲੱਦਣ ਦੀ ਥੈਲੀ. ਬੋਰੀ.

ਗੂਣਾ: ਵਿ- ਗੁਣਨ ਕੀਤਾ. ਜ਼ਰਬ ਕੀਤਾ. ਦੇਖੋ, ਸਹਸਾਗੂਣਾ। ੨. ਸੰਗਜਾ- ਗੁਮਾਰੇ ਦਾ ਨੀਰਾ.

ਗੂਤ: ਦੇਖੋ, ਗੁੱਤ. "ਹਾਥ ਕੋ ਪਸਾਰ ਗਹੀ ਛੋਰੀ ਤਬ ਗੂਤ ਨਾ." (ਗੁਪ੍ਰਸੂ)

ਗੂਥਨ: ਦੇਖੋ, ਗੁੰਥਨ.

ਗੂਦ: ਸੰਗਜਾ- ਸਿਰ ਦਾ ਗੁੱਦਾ. ਭੇਜਾ. "ਗੂਦ ਪਰਜੋ ਤਿਹ ਕੋ ਇਮ, ਜਜੋਂ ਸਵਦਾਗਰ ਕੋ ਟੁਟਗਜੋ ਮਟ ਘੀ ਕੋ." (ਕ੍ਰਿਸਨਾਵ) ੨. ਕਿਸੇ ਫਲ ਆਦਿਕ ਦਾ ਗੁੱਦਾ.

ਗੂੰਦ: ਸੰ. ਗੁੰਦ- ਸੰਗਜਾ- ਗੋਂਦ. Gum. ਬਿਰਛ ਦਾ ਲੇਸਦਾਰ ਰਸ, ਜੋ ਕਾਗਜ ਆਦਿਕ ਜੋੜਨ ਤਥਾ ਅਨੇਕ ਰੋਗਾਂ ਵਿੱਚ ਵਰਤੀਦਾ ਹੈ। ੨. ਦੇਖੋ, ਗੁੰਦਣਾ। ੩. ਗੂੰਜ. "ਗੋਲਨ ਕੀ ਗੂੰਦ ਦੂੰਦ ਬੂੰਦ ਮਨੋ ਬਾਰਿ ਹੈ." (ਕਵਿ ੫੨)

ਗੂੰਦਾ: ਸੰਗਜਾ- ਗੁੰਨ੍ਹਿਆ ਹੋਇਆ ਆਟਾ ਆਦਿਕ ਪਦਾਰਥ, ਜੋ ਬੁਲਬੁਲ ਆਦਿ ਪੰਛੀਆਂ ਨੂੰ ਖਵਾਈਦਾ ਹੈ। ੨. ਵਿ- ਗੁੰਨ੍ਹਿਆ ਹੋਇਆ। ੩. ਨਸ਼ੇ ਵਿੱਚ ਬੇਸੁਧ.

ਗੂੰਧਨਾ: ਦੇਖੋ, ਗੁੰਨ੍ਹਣਾ. "ਕੁਮ੍ਹਾਰੈ ਏਕੁ ਜੁ ਮਾਟੀ ਗੂੰਧੀ." (ਆਸਾ ਕਬੀਰ) ੨. ਦੇਖੋ, ਗੁੰਦਣਾ.

ਗੂਨ: ਦੇਖੋ, ਗੂਣ। ੨. ਫ਼ਾ. گوُن ਸੰਗਯਾ- ਰੰਗ. ਗੂੰ। ੩. ਤਰਹਿ. ਕ਼ਿਸਮ. ਪ੍ਰਕਾਰ. ਭਾਂਤ.

ਗੂਨਾਗੂਨ: ਫ਼ਾ. گوُناگوُن ਵਿ- ਵੰਨਸੁਵੰਨਾ. ਰੰਗ- ਬਰੰਗਾ. ਚਿਤ੍ਰਵਿਚਿਤ੍ਰ। ੨. ਤਰਹਿ ਤਰਹਿ ਕਾ.

ਗੂਪ: ਦੇਖੋ, ਗੁਪਤ.

ਗੂਲ: ਸੰਗਯਾ- ਪੁਲੰਦਾ. ਗੱਠਾ. "ਤ੍ਰਿਣ ਗੂਲ ਬਹਾਇਸ." (ਚਰਿਤ੍ਰ ੨੪੬) ੨. ਫ਼ਾ. گوُل ਉੱਲੂ. ਘੁਕ। ੩. ਮੂਰਖ। ੪. ਛੋਟਾ ਤਾਲ। ੫. ਅ਼. غوُل ਗ਼ੂਲ. ਤਬਾਹੀ. ਬਰਬਾਦੀ। ੬. ਅ਼. ਛਲੇਡਾ. ਜਿੰਨ. ਭੂਤ. "ਗਨ ਰੁਦ੍ਰ ਗੂਲ ਡਕਾਰਹੀਂ." (ਸਲੋਹ)

ਗੂਲਰ: ਸੰ. ਉਦੁੰਬਰ. ਬੜ (ਬੋਹੜ) ਦੀ ਕ਼ਿਸਮ ਦਾ ਇੱਕ ਬਿਰਛ, ਜਿਸ ਦੀ ਛਿੱਲ ਵਿੱਚ ਦੁੱਧ, ਫਲ ਅੰਜੀਰ ਵਰਗੇ ਅਤੇ ਛਾਇਆ ਬਹੁਤ ਸੰਘਣੀ ਹੁੰਦੀ ਹੈ. ਦੇਖੋ, ਉਦੁੰਬਰ.

ਗੂੜ: ਸੰ. ਗੂਢ. ਵਿ- ਦੇਖੋ, ਗੂਢ। ੨. ਸੰਗਯਾ- ਛਤ੍ਰੀ ਦੀ ਕੰਨਯਾ ਤੋਂ ਰਾਜਾ ਦਾ ਵਿਲਾਸ ਭੋਗ ਨਾਲ ਪੈਦਾ ਕੀਤਾ ਪੁਤ੍ਰ. ਦੇਖੋ, ਔਸ਼ਨਸੀ ਸਿਮ੍ਰਿਤਿ ਸ਼. ੨੮. "ਗੂੜ ਗਉੜ ਨ ਭੀਲ ਭੀਕਰ ਸੇਖ ਬ੍ਰਹਮ ਸਰੂਪ." (ਅਕਾਲ) ਦੇਖੋ, ਭੀਕਰ.

ਗੂੜਉ, ਗੂੜਾ, ਗੂੜ੍ਹ, ਗੂੜ੍ਹਉ, ਗੂੜ੍ਹਾ: ਵਿ- ਗੂਢ. ਗੁਪਤ। ੨. ਗੁਪਤ ਅਰਥ ਵਾਲਾ ਵਾਕ. "ਸੁਣ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ." (ਸਵਾ ਮਃ ੧) ੩. ਗਾੜ੍ਹਾ. ਸੰਘਣਾ. ਦੇਖੋ, ਗਾਢ.

ਗੇ: ਗਏ. "ਜੁ ਗੇ ਰਾਜਦ੍ਵਾਰੰ." (ਗ੍ਯਾਨ) ੨. ਆਉਣ ਵਾਲੇ ਸਮੇਂ (ਭਵਿਸ਼੍ਯ) ਦਾ ਬੋਧਕ. "ਹਰਿ ਜੂ ਹਰਿਮੰਦਿਰ ਆਵਹਿੰਗੇ." (ਕਲਕੀ) ੩. ਦੇਖੋ, ਗੇਯ। ੪. ਦੇ. ਕੇ. "ਹਉ ਬਲਿ ਬਲਿ ਤਿਨਗੇ." (ਨਟ ਮਃ ੪)

ਗੇਇ: ਦੇਖੋ, ਗੇਯ.

ਗੇਹ: ਸੰ. ਸੰਗਯਾ- ਘਰ.

ਗੇਹਨਿ, ਗੇਹਿਨੀ: ਸੰ. गेहिनी ਅਤੇ गृहिणी ਗੇਹਿਨੀ ਅਤੇ ਗ੍ਰਿਹਿਣੀ. ਸੰਗਯਾ- ਘਰ ਵਾਲੀ. ਵਹੁਟੀ. ਜੋਰੂ.

ਗੇਹੀ: ਸੰ. गृहि ਸੰਗਯਾ- ਗੇਹ(ਘਰ) ਵਾਲਾ. ਗ੍ਰਿਹਸਥੀ.

ਗੇਹੁ: ਦੇਖੋ, ਗੇਹ.

ਗੇਹੂੰ: ਸੰਗਯਾ- ਗੋਧੂਮ. ਗੰਦਮ. ਕਣਕ.

ਗੇਂਡਾ: ਦੇਖੋ, ਗੈਂਡਾ.

ਗੇਤੀ: ਫ਼ਾ. گیتی ਸੰਗਯਾ- ਸਮਾ. ਵੇਲਾ. ਜ਼ਮਾਨਾ। ੨. ਜਗਤ. ਸੰਸਾਰ.

ਗੇਤੀ ਫ਼ਰੋਜ਼: ਫ਼ਾ. گیتی افروز ਸੰਗਯਾ- ਗੇਤੀ (ਜਹਾਨ) ਨੂੰ ਅਫ਼ਰੋਜ਼ (ਚਮਕਾਉਣ ਵਾਲਾ) ਸੂਰਜ.

ਗੇਂਦ: ਸੰ. ਕੰਦੁ. ਸੰਗਯਾ- ਕੰਦੁਕ. ਗੇਂਡੁਕ. ਫਿੰਡ. ਖਿੱਦੋ। ੨. ਸੰ. ਸਯੰਦ. ਹਸ੍ਤੀ. ਹਾਥੀ. "ਨਨਾਦ ਗੇਂਦ ਬ੍ਰਿੰਦਯੰ." (ਗ੍ਯਾਨ)

ਗੇਂਦਾ: ਸੰਗਯਾ- ਇੱਕ ਫੁੱਲਦਾਰ ਪੌਦਾ, ਜਿਸ ਨੂੰ ਗੇਂਦ ਦੇ ਆਕਾਰ ਦਾ ਫੁੱਲ ਲਗਦਾ ਹੈ. ਸਦਬਰਗ. L. Tagetes erecta. ਇਹ ਕਈ ਰੰਗਾ ਬਹੁਤ ਸੁੰਦਰ ਹੁੰਦਾ ਹੈ ਅਤੇ ਸਰਦੀ ਵਿੱਚ ਖਿੜਦਾ ਹੈ.

ਗੇਯ: ਸੰ. गेय ਵਿ- ਗਾਉਣ ਲਾਇਕ। ੨. ਸੰਗਯਾ- ਗਾਇਕ. ਗਵੈਯਾ। ੩. ਸੰ. ज्ञेय ਗ੍ਯੇਯ. ਵਿ- ਜਾਣਨ ਯੋਗ੍ਯ. ਸਮਝਣੇ ਲਾਇਕ.

ਗੇਰਣਾ, ਗੇਰਨਾ: ਕ੍ਰਿ- ਗੀਣੰ. ਸਿੱਟਣਾ. ਗਿਰਾਉਣਾ। ੨. ਢਾਹੁਣਾ.

ਗੇਰੀ, ਗੇਰੂ: ਸੰ. ਗੈਰਿਕ. ਸੰਗਯਾ- ਗਿਰਿ (ਪਰਬਤ) ਦੀ ਲਾਲ ਮਿੱਟੀ. "ਗੇਰੀ ਕੇ ਬਸਤ੍ਰਾ." (ਪ੍ਰਭਾ ਅਃ ਮਃ ੫) "ਘੋਲੀ ਗੇਰੂ ਰੰਗ ਚੜਾਇਆ." (ਮਾਰੂ ਅਃ ਮਃ ੧) ਹਿੰਦੁਸਤਾਨ ਦੇ ਸਾਧੂ ਗੇਰੂ ਦੇ ਰੰਗ ਨਾਲ ਰੰਗੇ ਵਸਤ੍ਰ ਪਹਿਰਦੇ ਹਨ, ਜੋ ਤ੍ਯਾਗ ਦਾ ਚਿੰਨ੍ਹ ਹੈ.

ਗੇਰੂਆ: ਸੰ. ਗੈਰਿਕ. ਵਿ- ਗੇਰੂ ਦਾ. ਗੇਰੂਰੰਗਾ। ੨. ਗੇਰੂ ਨਾਲ ਰੰਗਿਆ ਹੋਇਆ.

ਗੇਰੂਬਾਬੁੜ੍ਹਾ: ਵਾ- ਗੇਰੂਆ (ਗੇਰੂਰੰਗਾ) ਆਬ (ਜਲ) ਉਤਰਿਆ. "ਵੈਗ ਰੱਤ ਝੁਲਾਰੀ ਜਜੋਂ ਗੇਰੂਬਾਬੁੜ੍ਹਾ." (ਚੰਡੀ ੩) ਯੋਧਿਆਂ ਦੇ ਸ਼ਰੀਰ ਦਾ ਲਹੂ ਇਉਂ ਵਗ ਰਿਹਾ ਹੈ, ਜਿਵੇਂ ਪਹਾੜ ਤੋਂ ਗੇਰੂਰੰਗਾ ਜਲ ਝਲਾਰਾਂ (ਕੂਲ੍ਹਾਂ) ਵਿੱਚੋਂ ਡਿਗਦਾ ਹੈ.

ਗੇਲੀ: ਸੰਗਯਾ- ਬਿਰਛ ਦਾ ਧੜ. ਪੋਰਾ. ਗੋਲਾਕਾਰ ਲੰਮੀ ਅਤੇ ਮੋਟੀ ਲੱਕੜ। ੨. ਫ਼ਾ. گیلی ਗੀਲਾਨ ਦਾ ਘੋੜਾ. ਦੇਖੋ, ਗੀਲਾਨ। ੩. ਅੰ. galley ਉਹ ਤਖ਼ਤੀ, ਜਿਸ ਉੱਪਰ ਟਾਈਪ ਦੇ ਅੱਖਰ ਜੋੜੇ ਜਾਂਦੇ ਹਨ.

ਗੇੜ: ਸੰਗਯਾ- ਗੋਲਾਕਾਰ ਚਕ੍ਰ। ੨. ਫੇਰਾ. ਘੁਮਾਉ. ਗੇੜਾ.

ਗੇੜਨਾ: ਕ੍ਰਿ- ਘੁਮਾਉਣਾ. ਗੋਲ ਚਕ੍ਰ ਦੇਣਾ। ੨. ਗੇਰਨਾ. ਸਿੱਟਣਾ.

ਗੇੜਾ: ਦੇਖੋ, ਗੇੜ। ੨. ਪੁਨਰਾਵ੍ਰਿੱਤੀ. ਹਟ ਹਟਕੇ ਆਉਣਾ ਅਥਵਾ ਅਭ੍ਯਾਸ ਕਰਨਾ. "ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ." (ਜਪੁ) ੩. ਵਾਰ. ਦਫ਼ਅ਼ਹ. "ਓਸ ਨੋ ਸੁਖੁ ਨ ਉਪਜੈ, ਭਾਵੈ ਸਉ ਗੇੜਾ ਆਵਉ ਜਾਉ." (ਵਾਰ ਵਡ ਮਃ ੩) ੪. ਚੌਰਾਸੀ ਦਾ ਚਕ੍ਰ.

ਗੈ: ਦੇਖੋ, ਗਯ। ੨. ਦੇਖੋ, ਗਾਯਨ. "ਤੇਰੇ ਗੁਨ ਗੈਹੈਂ." (ਕ੍ਰਿਸਨਾਵ)

ਗੈਠ: ਸੰਗਯਾ- ਗਠਨ. ਬਿਓਂਤ. ਵਜੋਂਤ. ਤਜਵੀਜ਼. "ਤਿਨ ਬੈਠ ਗੈਠ ਇਕੈਠ ਹ੍ਵੈ." (ਰਾਮਾਵ)

ਗੈਂਡਾ: ਸੰ. गण्डक ਗੰਡਕ. ਸੰਗਯਾ- ਖੜਗ. ਨੱਕ ਪੁਰ ਸਿੰਗ ਰੱਖਣ ਵਾਲਾ ਜੰਗਲੀ ਭੈਂਸੇ ਜੇਹਾ ਪਸ਼ੁ Rhinoceros. "ਗੈਂਡਾ ਮਾਰਿ ਹੋਮ ਜਗੁ ਕੀਏ ਦੇਵਤਿਆ ਕੀ ਬਾਣੇ." (ਵਾਰ ਮਲਾ ਮਃ ੧) ਗੈਂਡੇ ਦੇ ਚਮੜੇ ਦੀ ਢਾਲ ਪੁਰਾਣੇ ਜ਼ਮਾਨੇ ਬਹੁਤ ਵਰਤੀ ਜਾਂਦੀ ਸੀ, ਜੋ ਤੀਰ ਅਤੇ ਤਲਵਾਰ ਦੇ ਘਾਉ ਤੋਂ ਰਖ੍ਯਾ ਕਰਦੀ ਸੀ. ਹਿੰਦੂਮਤ ਵਿੱਚ ਗੈਂਡੇ ਦੇ ਸਿੰਗ ਦਾ ਅਰਘਾ ਦੇਵਤਾ ਅਤੇ ਪਿਤਰਾਂ ਨੂੰ ਜਲ ਦੇਣ ਲਈ ਬਹੁਤ ਪਵਿਤ੍ਰ ਮੰਨਿਆ ਹੈ। ੨. ਭਾਈ ਭਗਤੂਵੰਸ਼ੀ ਦੇਸੂ ਦਾ ਪੁਤ੍ਰ। ੩. ਚਾਹਲ ਗੋਤ ਦਾ ਇੱਕ ਸੁਲਤਾਨੀਆਂ ਜੱਟ, ਜੋ ਭਿੱਖੀ ਪਿੰਡ (ਰਾਜ ਪਟਿਆਲਾ) ਦਾ ਵਸਨੀਕ ਸੀ. ਇਸ ਨੂੰ ਗੁਰੂ ਤੇਗਬਹਾਦੁਰ ਸਾਹਿਬ ਨੇ ਸਿੱਖ ਕੀਤਾ ਅਤੇ ਪੰਜ ਤੀਰ ਬਖ਼ਸ਼ੇ.

ਗੈਣ: ਸੰਗਯਾ- ਗਗਨ. ਆਕਾਸ਼। ੨. ਆਕਾਸ਼ਮੰਡਲ. ਸ੍ਵਰਗਾਦਿਕ ਲੋਕ. "ਖੋਜਿ ਡਿਠੇ ਸਭਿ ਗੈਣ." (ਮਾਝ ਮਃ ੫. ਦਿਨਰੈਣ) ੩. ਗਮਨ. ਚਾਲ. "ਗਜਗੈਣੀ." (ਰਾਮਾਵ)

ਗੈਣਾਰ: ਸੰਗਯਾ- ਗਗਨਮੰਡਲ. "ਹੰਸ ਗਇਆ ਗੈਣਾਰੇ." (ਵਡ ਮਃ ੧. ਅਲਾਹਣੀ) "ਚੰਦ ਸੂਰਜੁ ਗੈਣਾਰੇ." (ਮਾਰੂ ਸੋਲਹੇ ਮਃ ੧)

ਗੈਣਾਰੇ: ਗਗਨ ਨੂੰ. ਆਕਾਸ਼ ਮੇਂ. ਦੇਖੋ, ਗੈਣਾਰ.

ਗੈਣਿ: ਗਗਨ ਮੇਂ. ਅਕਾਸ਼ ਵਿੱਚ. ਗੈਣਿ ਚੜੀ ਬਿਲਲਾਇ." (ਵਾਰ ਮਲਾ ਮਃ ੧)

ਗੈਣੀ: ਵਿ- ਗਾਮਿਨੀ. ਦੇਖੋ, ਗੈਣ ੩। ੨. ਸੰਗਯਾ- ਗਜਨੀ. ਗਜਸੈਨਾ. ਹਾਥੀਆਂ ਦੀ ਫ਼ੌਜ. (ਸਨਾਮਾ)

ਗੈਨ: ਦੇਖੋ, ਗੈਣ. "ਉਰਧਤਾਪ ਲੈ ਗੈਨ." (ਧਨਾ ਮਃ ੫) ਉਗ੍ਰ ਤਪ ਅਤੇ ਸਿੱਧਿਬਲ ਨਾਲ ਆਕਾਸ਼ ਵਿੱਚ ਲੀਨ ਹੋਣਾ.

ਗੈਨਾਰ: ਦੇਖੋ, ਗੈਣਾਰ.

ਗੈਨੀ: ਦੇਖੋ, ਗੈਣੀ.

ਗੈਬ: ਅ਼. غیب ਗ਼ੈਬ. ਵਿ- ਗੁਪਤ. "ਅਲਹੁ ਗੈਬ ਸਗਲ ਘਟ ਭੀਤਰਿ." (ਆਸਾ ਕਬੀਰ)

ਗੈਬਰ: ਦੇਖੋ, ਗੈਵਰ.

ਗੈਬਾ: ਵਿ- ਗੈਬ (ਗੁਪਤ) ਰਹਿਣ ਵਾਲਾ.

ਗੈਬਾਨ, ਗੈਬਾਨਾ: ਫ਼ਾ. غایبانہ ਗ਼ਾਯਬਾਨਹ. ਕ੍ਰਿ. ਵਿ- ਲੁਕਕੇ. ਗੁਪਤ ਰੀਤਿ ਨਾਲ. "ਗੈਬਾਨ ਹੈਵਾਨ ਹਰਾਮ ਕੁਸਤਨੀ." (ਤਿਲੰ ਮਃ ੧) ੨. ਅ਼. غبین ਗ਼ਬੀਨ. ਵਿ- ਮੂਰਖ. ਬੁੱਧਿ ਰਹਿਤ. "ਬਦਫੈਲੀ ਗੈਬਾਨਾ ਖਸਮੁ ਨ ਜਾਣਈ." (ਵਾਰ ਮਾਝ ਮਃ ੧) ੩. ਠਗਿਆ ਹੋਇਆ। ੪. ਸਿੰਧੀ. ਗੈਬਾਣੋ. ਨਾ ਜਾਣਿਆ ਹੋਇਆ। ੫. ਜਿਸ ਦੀ ਕੋਈ ਰਖ੍ਯਾ ਕਰਨ ਵਾਲਾ ਨਹੀਂ.

ਗੈਬੀ: ਵਿ- ਗੁਪਤ. ਦੇਖੋ, ਗੈਬ। ੨. ਗੁਪਤ ਰਹਿਣ ਵਾਲਾ। ੩. ਗੁਪਤ ਅਸਥਾਨ ਤੋਂ.

ਗੈਬੀ ਫੌਜਾਂ: ਖ਼ਾ. ਸ਼ਹੀਦੀ ਸੈਨਾ. ਸ਼ਹੀਦਾਂ ਦੀਆਂ ਗੁਪਤ ਫ਼ੌਜਾਂ.

ਗ਼ੈਬੁਲਗ਼ੈਬ: ਅ਼. غیب الغیب ਵਿ- ਗੁਪਤ ਤੋਂ. ਗੁਪਤ ਮਨ ਇੰਦ੍ਰੀਆਂ ਤੋਂ ਪਰੇ. ਅਲਖ. "ਕਿ ਗੈਬੁਲਗੈਬ ਹੈ." (ਜਾਪੁ)

ਗੈਯਰ: ਸੰਗ੍ਯਾ- ਗਜਵਰ. ਉੱਤਮ ਹਾਥੀ.

ਗੈਰ: ਅ਼. غیر ਗ਼ੈਰ. ਵਿ- ਅਨ੍ਯ. ਦੂਸਰਾ। ੨. ਓਪਰਾ. ਬੇਗਾਨਾ। ੩. ਬਿਨਾ. ਸਿਵਾਯ.

ਗੈਰਹਾਜਰ, ਗੈਰਹਾਜਿਰ: ਅ਼. غیر حاضر ਗ਼ੈਰਹ਼ਾਜਿਰ. ਵਿ- ਅਨੁਪਸ੍ਥਿਤ. ਜੋ ਮੌਜੂਦ ਨਹੀਂ. ਗ਼ਾਯਬ.

ਗੈਰਤ, ਗੈਰਤਿ: ਅ਼. غیرت ਗ਼ੈਰਤ. ਸੰਗ੍ਯਾ- ਸ਼ਰਮ. ਲੱਜਾ. "ਫਿਰ ਗੈਰਤਿ ਅੰਦਰਿ ਪਾਇ." (ਵਾਰ ਆਸਾ)

ਗ਼ੈਰਪਰਸ੍ਤੀ: ਫ਼ਾ. غیر پرستی ਸੰਗ੍ਯਾ- ਕਰਤਾਰ ਤੋਂ ਛੁੱਟ ਦੂਜੇ ਦੀ ਉਪਾਸਨਾ.

ਗੈਰਮਹਲ, ਗੈਰਮਹਿਲ: ਓਰਾ ਘਰ. ਭਾਵ- ਆਪਣੇ ਇਸ਼੍ਟ ਤੋਂ ਛੁੱਟ ਹੋਰ ਦੇਵੀ ਦੇਵਤੇ ਦਾ ਅਸਥਾਨ. "ਗੈਰਮਹਿਲ ਜਾਣਾ ਮਨ ਮਾਰੀ." (ਭਾਗੁ) ੨. ਬਿਨਾ ਘਰ. ਜਿਸ ਦਾ ਕੋਈ ਘਰ ਨਹੀਂ। ੩. ਸੰਗ੍ਯਾ- ਪਾਰਬ੍ਰਹਮ. ਕਰਤਾਰ. "ਮਹਿਲਾ ਅੰਦਰਿ ਗੈਰਮਹਿਲ ਪਾਏ, ਭਾਣਾ ਬੁਝਿ ਸਮਾਹਾ ਹੇ." (ਮਾਰੂ ਸੋਲਹੇ ਮਃ ੩)

ਗ਼ੈਰਮਨਕੂਲਾ: ਅ਼. غیر منکوٗلہ ਸੰਗ੍ਯਾ- ਸਥਿਰ ਸੰਪਦਾ. ਜੋ ਵਿਭੂਤਿ ਇੱਕ ਥਾਂ ਤੋਂ ਦੂਜੇ ਥਾਂ ਨਾ ਜਾ ਸਕੇ. ਮਕਾਨ, ਬਾਗ਼ ਆਦਿ.

ਗੈਰਵ: ਵਿ- ਗੇਰੂ (ਗੈਰਿ) ਰੰਗਾ. ਗੇਰੂਆ। ੨. ਸੰਗ੍ਯਾ- ਗਯ (ਗਜ) ਦਾ ਰਵ (ਸ਼ਬਦ). ਹਾਥੀ ਦੀ ਆਵਾਜ਼.

ਗ਼ੈਰਵਜਹਿ: ਫ਼ਾ. غیروجہ ਵਿ- ਅਕਾਰਣ. ਵ੍ਰਿਥਾ. "ਡਾਨ ਸਗਲ ਗੈਰਵਜਹਿ ਭਰਿਆ." (ਆਸਾ ਮਃ ੫)

ਗੈਰਿਕ: ਦੇਖੋ, ਗੇਰੂ ਅਤੇ ਗੇਰੂਆ.

ਗੈਲ, ਗੈਲਿ, ਗੈਲੁ: ਸੰਗ੍ਯਾ- ਮਾਰਗ. ਰਸਤਾ. "ਸੰਤ ਕੀ ਗੈਲ ਨ ਛੋਡੀਐ." (ਸ. ਕਬੀਰ) ੨. ਪਿੱਛਾ. ਤਾਕੁਬ. "ਊਹਾ ਗੈਲ ਨ ਛੋਰੀ." (ਸਾਰ ਮਃ ੫) ੩. ਰੀਸ. ਪੈਰਵੀ. "ਉਨ ਕੀ ਗੈਲਿ ਤੋਹਿ ਜਿਨ ਲਾਗੈ." (ਆਸਾ ਕਬੀਰ)

ਗੈਵਰ: ਸੰਗ੍ਯਾ- ਗਜਵਰ. ਗਯਵਰ. ਉੱਤਮ ਹਸ੍ਤੀ. "ਕਨਿਕ ਕਾਮਿਨੀ ਹੈਵਰ ਗੈਵਰ." (ਸੋਰ ਅਃ ਮਃ ੫) "ਹੈਵਰ ਗੈਵਰ ਬਹੁ ਰੰਗੇ." (ਸ੍ਰੀ ਮਃ ੫) ਸਿੰਧੀ. ਗੱਯਰੁ.

**ਗੈਵਾਨ:** ਦੇਖੋ, ਗੈਬਾਨ.

**ਗੋ:** ਭਵਿਸ਼ਜਤ (ਆਉਣ ਵਾਲੇ ਸਮੇਂ) ਦਾ ਬੋਧਕ. ਗਾ. "ਨਾਮੁ ਜਪਤ ਸੁਖ ਪਾਵੈਗੋ." (ਕਾਨ ਅਃ ਮਃ ੪) ੨. ਹੈ. ਅਸ੍ਤਿ. "ਰਾਜਾ ਦੇ ਘਰ ਸਾਂਡੀਗੋ." (ਟੋਡੀ ਨਾਮਦੇਵ) ੩. ਸੰ. ਗਊ. ਗਾਂ। ੪. ਕਿਰਣ. ਰਸ਼੍ਮਿ. "ਗੋ ਮਰੀਚਿ ਕਿਰਣੱਛਟਾ." (ਸਨਾਮਾ) ੫. ਇੰਦ੍ਰਿਯ। ੬. ਬਾਣੀ। ੭. ਵੇਦ। ੮. ਸਰਸ੍ਵਤੀ। ੯. ਨੇਤ੍ਰ. ਦ੍ਰਿਸ਼੍ਟਿ। ੧੦. ਪ੍ਰਿਥਿਵੀ। ੧੧. ਬਿਜਲੀ। ੧੨. ਦਿਸ਼ਾ. ਤਰਫ। ੧੩. ਮਾਤਾ। ੧੪. ਜੀਭ. ਰਸਨਾ। ੧੫. ਘੋੜਾ। ੧੬. ਸੂਰਜ। ੧੭. ਚੰਦ੍ਰਮਾ। ੧੮. ਤੀਰ। ੧੯. ਗਵੈਯਾ. ਗਾਇਕ। ੨੦. ਆਕਾਸ਼। ੨੧. ਸ੍ਵਰਗ। ੨੨ ਜਲ। ੨੩ ਵਜ੍ਰ। ੨੪ ਖਗ. ਪੰਛੀ। ੨੫ ਬਿਰਛ। ੨੬ ਫ਼ਾ. گو ਵਜ- ਯਦਜਪਿ. ਅਗਰਚਿ। ੨੭ ਵਿ- ਕਥਨ ਕਰਤਾ. ਕਹਿਣ ਵਾਲਾ. ਐਸੀ ਦਸ਼ਾ ਵਿੱਚ ਇਸ ਦਾ ਪ੍ਰਯੋਗ ਸ਼ਬਦ ਦੇ ਅੰਤ ਹੁੰਦਾ ਹੈ, ਜੈਸੇ ਦਰੋਗ਼ਗੋ. ਬਦਗੋ। ੨੮ ਗੁਫ਼ਤਨ ਦਾ ਅਮਰ. ਤੂੰ ਕਹੁ. ਕਥਨ ਕਰ.

**ਗੋਊ:** ਵਿ- ਗੋਪਨਕਰਤਾ. ਲੁਕੋਣਵਾਲਾ.

**ਗੋਆ:** ਗੋਪਕ ਪੱਤਨ. ਅਰਬ ਸਾਗਰ ਦੇ ਕੰਢੇ ਬੰਬਈ ਹਾਤੇ ਨਾਲ ਲਗਦਾ ਇੱਕ ਪਹਾੜੀ ਇਲਾਕਾ, ਜੋ ੬੨ ਮੀਲ ਲੰਮਾ ਅਤੇ ਜਾਦਾ ਤੋਂ ਜਾਦਾ ੪੦ ਮੀਲ ਚੌੜਾ ਹੈ. ਇਸ ਪੁਰ ਸਨ ੧੫੧੦ ਵਿੱਚ ਪੁਰਤਗੇਜ਼ਾਂ (Portuguese) ਨੇ ਕਬਜਾ ਕੀਤਾ, ਅਤੇ ਹੁਣ ਭੀ ਉਨ੍ਹਾਂ ਦੇ ਹੀ ਰਾਜ ਵਿੱਚ ਹੈ. ਭਾਰਤ ਵਿੱਚ ਸਭ ਤੋਂ ਪਹਿਲਾਂ ਈਸਾਈ ਮਤ ਵਾਲਿਆਂ ਦਾ ਇੱਥੇ ਹੀ ਅਧਿਕਾਰ ਹੋਇਆ ਹੈ। ੨. ਗੋਇਆ ਦਾ ਵਨਸੀਕ.

**ਗੋਆਹੱਟੀ, ਗੋਆਹਾਟੀ:** ਦੇਖੋ, ਗਉਹਾਟੀ। ੨. ਦੇਖੋ, ਭੌਮਾਸੁਰ.

**ਗੋਆ ਬੰਦਰ:** ਸੰ. ਗੋਪਕ ਪੱਤਨ. ਦੇਖੋ, ਗੋਆ.

**ਗੋਆਲਾ, ਗੋਆਲੀਆ:** ਸੰਗਯਾ- ਗੋਪਾਲ. ਗੋਪਾਲਕ. ਗਊ ਪਾਲਨ ਵਾਲਾ ਅਹੀਰ. "ਗੋਪੀ ਕਾਨੁ ਨ ਗਊ ਗੋਆਲਾ." (ਮਾਰੂ ਸੋਲਹੇ ਮਃ ੧) ਗੋਪੀ ਨੈ ਗੋਆਲੀਆ." (ਸ੍ਰੀ ਮਃ ੫. ਜੋਗੀਅੰਦਰ)

**ਗੋਇ:** ਸੰਗਯਾ- ਗੋ (ਬਾਣੀ)."ਗਗੈ ਗੋਇ ਗਾਇ ਜਿਨਿ ਛੋਡੀ." (ਆਸਾ ਪਟੀ ਮਃ ੧) ਜਿਸ ਨੇ ਗੁਰਬਾਣੀ ਗਾਉਣੀ ਛੱਡੀ ਹੈ। ੨. ਗੋ (ਪ੍ਰਿਥਵੀ). "ਗੋਰਖ ਸੋ ਜਿਨ ਗੋਇ ਉਠਾਲੀ." (ਰਾਮ ਮਃ ੧) "ਤੁਧੁ ਆਪੇ ਗੋਇ ਉਠਾਲੀਆ (ਸ੍ਰੀ ਮਃ ੫. ਜੋਗੀਅੰਦਰ) ਜਿਸ ਨੇ ਸਾਰੀ ਪ੍ਰਿਥਿਵੀ ਉਠਾਈ ਹੋਈ ਹੈ, ਅਰਥਾਤ ਸਾਰੀ ਵਿਸ਼੍ਵ ਦਾ ਭਾਰ ਆਪਣੇ ਪੁਰ ਲਿਆ ਹੋਇਆ ਹੈ।

੩. ਫ਼ਾ. گوی ਗੋਯ. ਗੇਂਦ. ਫਿੰਡ. "ਸੀਸ ਕਾਟਿ ਕਰਿ ਗੋਇ." (ਸ. ਕਬੀਰ) ੪. ਗੜ੍ਹਾ. ਟੋਆ.

**ਗੋਇਣ:** ਸੰ. ਗਵੇਣ. ਸੰਗਯਾ- ਗੋ ਜੇਹਾ ਏਣ (ਮ੍ਰਿਗ). ਰੋਝ. ਗਾਵਯ. "ਸਸੇ ਸਜਾਲ ਗੋਇਣੰ." (ਗੁਵਿ ੧੦) ੨. ਦੇਖੋ, ਗਵਜ਼ਨ.

**ਗੋਇਦ:** ਦੇਖੋ, ਗੋਯਦ। ੨. ਦੇਖੋ, ਗੋਵਿੰਦ. "ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ." (ਮਾਝ ਮਃ ੫)ਮੇਰੇ ਗੋਬਿੰਦ ਦਾ.

**ਗੋਇੰਦ:** ਦੇਖੋ, ਗੋਵਿੰਦ. "ਗੁਣ ਗੋਇੰਦ ਨਿਤ ਗਾਇ." (ਸ੍ਰੀ ਮਃ ੫) ੨. ਵਿ- ਗੋ (ਪ੍ਰਿਥਿਵੀ) ਨੂੰ ਜੋ ਇੰਦੁ (ਗਿੱਲਾ) ਕਰੇ. ਵਰਖਾ ਕਰਤਾ। ੩. ਇੱਕ ਮਹਾਤਮਾ ਉਦਾਸੀ ਸਾਧੂ. ਇਸ ਦਾ ਜਨਮ ਕਾਸ਼ਮੀਰੀ ਖਤ੍ਰੀ ਦੇ ਘਰ ਸੰਮਤ ੧੬੨੬ ਨੂੰ ਹੋਇਆ ਅਤੇ ਸੰਮਤ ੧੬੯੧ ਵਿੱਚ ਬਾਬਾ ਗੁਰਦਿੱਤਾ ਜੀ ਦਾ ਚੇਲਾ ਹੋ ਕੇ ਕਰਣੀ ਵਾਲਾ ਸਾਧੂ ਹੋਇਆ. ਇਹ ਉਦਾਸੀਆਂ ਦੇ ਇੱਕ ਧੂਏਂ ਦਾ ਮੁਖੀਆ ਹੈ. ਗੋਇੰਦ ਦਾ ਦੇਹਾਂਤ ਸੰਮਤ ੧੭੦੬ ਵਿੱਚ ਫਲੌਰ ਹੋਇਆ ਹੈ. ਕਈ ਲੇਖਕਾਂ ਨੇ ਇਸ ਦਾ ਨਾਉਂ ਗੋਂਦ ਅਤੇ ਗੋਂਦਾ ਲਿਖਿਆ ਹੈ.

**ਗੋਇੰਦਵਾਲ:** ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਵੈਰੋਵਾਲ ਵਿੱਚ ਵਿਆਸ (ਵਿਪਾਸ਼ਾ) ਦੇ ਕਿਨਾਰੇ ਗੋਇੰਦਾ (ਅਥਵਾ ਗੋਂਦਾ) ਨਾਮੀ ਮਰਵਾਹੇ ਖਤ੍ਰੀ ਦਾ ਸ਼੍ਰੀ ਗੁਰੂ ਅਮਰਦਾਸ ਜੀ ਦੀ ਸਹਾਇਤਾ ਨਾਲ ਵਸਾਇਆ ਨਗਰ, ਜੋ ਰੇਲਵੇ ਸਟੇਸ਼ਨ ਤਰਨਤਾਰਨ ਤੋਂ ੧੫. ਮੀਲ ਅਗਨਿ ਕੋਣ ਹੈ.

ਇਸ ਗੁਰਨਗਰ ਵਿੱਚ ਇਹ ਗੁਰਦੁਆਰੇ ਅਤੇ ਪਵਿਤ੍ਰ ਅਸਥਾਨ ਹਨ-

(੧) ਅਨੰਦ ਜੀ ਦਾ ਅਸਥਾਨ. ਅਨੰਦ ਜੀ ਸ਼੍ਰੀ ਗੁਰੂ ਅਮਰਦਾਸ ਜੀ ਦੇ ਪੋਤੇ, ਬਾਬਾ ਮੋਹਰੀ ਜੀ ਦੇ ਪੁਤ੍ਰ ਸਨ. ਬਾਜ਼ਾਰ ਵਿੱਚ ਉਨ੍ਹਾਂ ਦੇ ਰਹਿਣ ਦੇ ਥਾਂ ਮੰਜੀ ਸਾਹਿਬ ਬਣਿਆ ਹੋਇਆ ਹੈ. ਪੁਜਾਰੀ ਸਿੰਘ ਹੈ, ਜਿਸ ਪਾਸ ਸੰਸਰਾਮ ਜੀ ਦੀਆਂ ਲਿਖੀਆਂ ਗੁਰਬਾਣੀ ਦੀਆਂ ਦੋ ਪੋਥੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਪੋਥੀ ਇਸ ਨੇ ਆਪਣੇ ਭਾਈ ਨੂੰ ਦੇ ਦਿੱਤੀ, ਜੋ ਪਿੰਡ "ਅਹੀਆਪੁਰ" (ਜਿਲਾ ਹੁਸ਼ਿਆਰਪੁਰ) ਵਿੱਚ ਰਹਿੰਦਾ ਹੈ. ਦੂਜੀ ਪੋਥੀ ਇਸ ਦੇ ਪਾਸ ਹੈ.

(੨) ਹਵੇਲੀ ਸਾਹਿਬ. ਸ਼੍ਰੀ ਗੁਰੂ ਅਮਰਦਾਸ ਸਾਹਿਬ ਦੇ ਰਹਿਣ ਦੇ ਮਕਾਨ, ਜਿਸ ਦੇ ਇੱਕ ਚੌਬਾਰੇ ਦੀ ਕੀਲੀ ਨੂੰ ਫੜਕੇ ਖਲੋਤੇ ਹੋਏ ਗੁਰੂ ਸਾਹਿਬ ਭਜਨ ਕਰਦੇ ਹੁੰਦੇ ਸਨ. ਪ੍ਰੇਮੀਆਂ ਨੇ ਇਸ ਕਿੱਲੀ ਤੇ ਹੁਣ ਚਾਂਦੀ ਚੜ੍ਹਾ ਦਿੱਤੀ ਹੈ.

ਇਸ ਥਾਂ ਗੁਰੂ ਅਮਰਦਾਸ ਜੀ ਦੀਵਾਨ ਕੀਤਾ ਕਰਦੇ ਸਨ. ਇੱਥੇ ਗੁਰੂ ਪੰਚਮ ਪਾਤਸ਼ਾਹ ਜੀ ਦੀ ਵੇਲੇ ਦੀ ਇੱਕ ਪਾਲਕੀ ਹੈ, ਜਿਸ ਵਿੱਚ ਗੁਰਬਾਣੀ ਦੀਆਂ ਪੋਥੀਆਂ ਸ਼੍ਰੀ ਅਮ੍ਰਿਤਸਰ ਲੈ ਗਏ ਸਨ ਅਤੇ ਵਾਪਿਸ ਭੀ ਇਸੇ ਪਾਲਕੀ ਵਿੱਚ ਇੱਥੇ ਲਿਆਏ ਇਸ ਪਾਲਕੀ ਵਿੱਚ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ.

ਬਰਾਂਡੇ ਵਿੱਚ ਹੀ ਸ਼੍ਰੀ ਗੁਰੂ ਰਾਮਦਾਸ ਜੀ ਦਾ ਗੁਰਿਆਈ ਅਸਥਾਨ ਹੈ. ਸੁਨਹਿਰੀ ਤਸਵੀਰ ਵਿੱਚ ਗੁਰਿਆਈ ਦੇ ਸਮੇਂ ਦਾ ਝਾਕਾ ਦਿਖਾਇਆ ਗਿਆ ਹੈ. ਇਸ ਦੇ ਪਾਸ ਹੀ ਸ਼੍ਰੀ ਗੁਰੂ ਅਮਰਦਾਸ ਜੀ ਅਤੇ ਸ਼੍ਰੀ ਗੁਰੂ ਰਾਮਦਾਸ ਜੀ ਦੇ ਜੋਤੀਜੋਤਿ ਸਮਾਉਣ ਦਾ ਅਸਥਾਨ ਹੈ. ਇਸੀ ਬਰਾਂਡੇ ਵਿੱਚ ਬੀਬੀ ਭਾਨੀ ਜੀ ਦਾ ਚੁਲ੍ਹਾ ਹੈ, ਜੋ ਹੁਣ ਸੰਗਮਰਮਰ ਦਾ ਬਣਾਇਆ ਗਿਆ ਹੈ. ਇਸ ਚੁੱਲ੍ਹੇ ਦੇ ਪਾਸ ਹੀ ਉਹ ਥੰਮ੍ਹ ਮੌਜੂਦ ਹੈ, ਜਿਸ ਦੇ ਸਹਾਰੇ ਸਤਿਗੁਰੂ ਅਰਜਨਦੇਵ ਜੀ ਖਲੋਇਆ ਕਰਦੇ ਸਨ.

ਪਾਸ ਹੀ ਇੱਕ ਕੋਠੜੀ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਅਵਤਾਰ ਧਾਰਨ ਦੇ ਅਸਥਾਨ ਪਾਸ ਬਾਬਾ ਪ੍ਰਿਥੀਚੰਦ ਅਤੇ ਮਹਾਦੇਵ ਜੀ ਦੇ ਪ੍ਰਗਟ ਹੋਣ ਦਾ ਅਸਥਾਨ ਹੈ. ਇਸ ਦੇ ਸਾਮ੍ਹਣੇ ਇੱਕ ਕੋਠੜੀ ਹੈ, ਜਿੱਥੇ ਸ਼੍ਰੀ ਗੁਰੂ ਅਮਰਦਾਸ ਜੀ ਨੇ ਤੇਈਆ ਤਾਪ ਕੈਦ ਕੀਤਾ ਸੀ, ਅਤੇ ਭਾਈ ਲਾਲੋ ਡੱਲਾ ਨਿਵਾਸੀ ਛੁਡਾਕੇ ਲੈ ਗਿਆ ਸੀ.[467]

ਇਸ ਗੁਰਦੁਆਰੇ ਵਿੱਚ ਸੰਗਮਰਮਰ ਦੀ ਸੇਵਾ ਬਹੁਤ ਹੋਈ ਹੈ. ਖਾਸ ਕਰਕੇ ਮਹਾਰਾਜਾ ਫਰੀਦਕੋਟ ਵੱਲੋਂ ੧੮. ਹਜ਼ਾਰ ਰੁਪਏ ਦੀ ਲਾਗਤ ਨਾਲ ਡਿਉਢੀ ਬਣਾਈ ਗਈ ਹੈ, ਜੋ ਬਹੁਤ ਸੁੰਦਰ ਹੈ. ਇਸ ਅਸਥਾਨ ਸ਼੍ਰੀ ਗੁਰੂ ਅਮਰਦਾਸ ਜੀ ਦੇ ਪਹਿਰਣ ਦਾ ਬਾਰੀਕ ਵਸਤ੍ਰ ਦਾ ਚੋਲਾ ਭੀ ਹੈ.

(੩) ਖੂਹ ਗੁਰੂ ਰਾਮਦਾਸ ਜੀ ਦਾ. ਚੌਥੇ ਸਤਿਗੁਰਾਂ ਦਾ ਲਵਾਇਆ ਖੂਹ, ਜੋ ਆਬਾਦੀ ਦੇ ਵਿੱਚ ਹੈ. ਪਾਸ ਇੱਕ ਕਮਰੇ ਅੰਦਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੁੰਦਾ ਹੈ.

(੪) ਬਾਵਲੀ ਸਾਹਿਬ. ਚੌਰਾਸੀ ਪੌੜੀਆਂ ਦੀ ਬਹੁਤ ਸੁੰਦਰ ਵਾਪੀ, ਜੋ ਸ਼੍ਰੀ ਗੁਰੂ ਅਮਰਦਾਸ ਜੀ ਨੇ ਸੰਮਤ ੧੬੧੬ ਵਿੱਚ ਲਗਵਾਈ, ਜੋ ਬਹੁਤ ਪ੍ਰੇਮੀਆਂ ਦਾ ਯਾਤ੍ਰਾ ਅਸਥਾਨ ਹੈ. ਕਈ ਸ਼੍ਰੱਧਾਲੂ ਹਰੇਕ ਪੌੜੀ ਤੇ ਜਪੁ ਸਾਹਿਬ ਦਾ ਇੱਕ ਇੱਕ ਪਾਠ ਚੌਰਾਸੀ ਸਨਾਨ ਕਰਕੇ ਕਰਣ ਤੋਂ, ਚੌਰਾਸੀ ਲੱਖ ਯੋਨਿ ਤੋਂ ਛੁਟਕਾਰਾ ਮੰਨਦੇ ਹਨ. ਮੁਗਲ ਬਾਦਸ਼ਾਹਾਂ ਦੇ ਵੇਲੇ ਦੀ ਜਾਗੀਰ ੧੧੫੫) ਰੁਪਯੇ ਗੋਇੰਦਵਾਲ, ਟੋਡੇਵਾਲ, ਦੁੱਗਲਵਾਲਾ ਅਤੇ ਫਤੇਚੱਕ ਵਿੱਚ ਹੈ. ਰਿਆਸਤ ਕਪੂਰਥਲੇ ਵੱਲੋਂ ੩੩੫) ਰਿਆਸਤ ਨਾਭੇ ਤੋਂ ੫੪) ਰੁਪਯੇ ਹਨ. ਗੁਰਦੁਆਰੇ ਨਾਲ ਗੋਇੰਦਵਾਲ, ਖਡੂਰ ਸਾਹਿਬ, ਕਾਵਾਂ, ਅਕਬਰਪੁਰਾ, ਮਿਆਣੀਖੱਖ, ਝਡੇਰ, ਵੈਰੋਵਾਲ, ਧੁੰਦਾ, ਆਦਿਕ ਪਿੰਡਾਂ ਵਿੱਚ ਬਹੁਤ ਸਾਰੀ ਜ਼ਮੀਨ ਹੈ ਅਤੇ ਗੁਰਦੁਆਰੇ ਦੇ ਮਕਾਨ ਗੋਇੰਦਵਾਲ, ਫਤੇਆਬਾਦ, ਫਿਰੋਜ਼ਪੁਰ ਸ਼ਹਿਰ, ਅਮ੍ਰਿਤਸਰ, ਗੁਰਦਾਸਪੁਰ ਅਤੇ ਹਰਿਗੋਬਿੰਦਪੁਰ ਵਿੱਚ ਹਨ.

ਪਹਿਲੇ ਸਰਾਧ (ਸ਼੍ਰਾੱਧ) ਭਾਰੀ ਮੇਲਾ ਹੁੰਦਾ ਹੈ.

(੫) ਮੋਹਨ ਜੀ ਦਾ ਚੌਬਾਰਾ. ਸ਼੍ਰੀ ਗੁਰੂ ਅਮਰਦਾਸ ਜੀ ਦੇ ਵਡੇ ਸੁਪੁਤ੍ਰ ਬਾਬਾ ਮੋਹਨ ਜੀ ਇਸ ਵਿੱਚ ਨਿਵਾਸ ਕੀਤਾ ਕਰਦੇ ਸਨ. ਬਾਜ਼ਾਰ ਦੇ ਨਾਲ ਹੀ ਹਵੇਲੀ ਸਾਹਿਬ ਦੇ ਹਾਤੇ ਨਾਲ ਲਗਦਾ ਸਾਧਾਰਨ ਜਿਹਾ ਅਸਥਾਨ ਹੈ. ਮੰਜੀ ਸਾਹਿਬ ਬਣਿਆ ਹੋਇਆ

---

[467] ਭਾਈ ਲਾਲੋ ਜੀ ਵਡੇ ਵੈਦ੍ਯ ਸਨ, ਇਸ ਕੋਠੜੀ ਅੰਦਰ ਤਾਪ ਆਦਿ ਰੋਗਾਂ ਦੇ ਦੂਰ ਕਰਨ ਵਾਲਾ ਔਖਧਾਲਯ ਸੀ.

ਹੈ. ਸ਼੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਇਸੇ ਚੌਬਾਰੇ ਪਾਸ ਖਲੋਕੇ "ਮੋਹਨ ਤੇਰੇ ਊਚੇ ਮੰਦਰ ਮਹਿਲ ਅਪਾਰਾ." ਸ਼ਲੇਸ਼ ਪਦਾਂ ਵਿੱਚ ਬਾਬਾ ਮੋਹਨ ਜੀ ਦੀ ਉਸਤਤਿ ਕੀਤੀ ਸੀ. ਅਤੇ ਗੁਰਬਾਣੀ ਦੀਆਂ ਪੋਥੀਆਂ ਲਈਆਂ ਸਨ. ਹੁਣ ਇਹ ਮਕਾਨ ਦੋ ਮੰਜਿਲਾ ਨਹੀਂ ਹੈ.

ਗੋਇੰਦਾ: ਫ਼ਾ. گوینده ਵਿ- ਕਹਿਣ ਵਾਲਾ. ਕਥਨ ਕਰਤਾ। ੨. ਸੰਗਯਾ- ਗੁਪਤਚਰ. ਭੇਤੀਆ. ਗੁਪਤ ਦੂਤ। ੩. ਗੁਰੂ ਅਰਜਨ ਦੇਵ ਦਾ ਇੱਕ ਸਿੱਖ, ਜਿਸ ਨੇ ਹਰਿਮੰਦਿਰ ਬਣਨ ਸਮੇਂ ਵਡੀ ਸੇਵਾ ਕੀਤੀ। ੪. ਦੇਖੋ, ਗੋਇੰਦ ੩। ੫. ਦੇਖੋ, ਗੋਂਦਾ.

ਗੋਇਨ: ਰੋਝ. ਦੇਖੋ, ਗੋਇਣ. "ਗੋਇਨ ਸੂਕਰ ਰੀਛ ਬਡੇ." (ਕ੍ਰਿਸਨਾਵ)

ਗੋਇਲ, ਗੋਇਲੜਾ: ਮਰਾ. ਗੋਂਵਲ. ਸੰਗਯਾ- ਗੋ ਆਲਯ. ਗਊਆਂ ਦਾ ਘਰ. ਗਵਾਲਯ। ੨. ਉਹ ਥਾਂ, ਜਿੱਥੇ ਬਰਸਾਤ ਦੀ ਮੌਸਮ ਹਰਾ ਘਾਹ ਚਰਣ ਲਈਂ ਗਾਈਆਂ ਨੂੰ ਰੱਖਿਆ ਜਾਵੇ. "ਐਥੈ ਗੋਇਲੜਾ ਦਿਨ ਚਾਰੇ." (ਮਾਰੂ ਸੋਲਹੇ ਮਃ ੧) ੩. ਅ਼. غوٗل ਗ਼ੁਅਲ. ਵਿ- ਸੁਗਮ. ਆਸਾਨ. "ਚਾਰ ਪਦਾਰਥ ਗੋਇਲ ਗੋਲੇ." (ਭਾਗੁ)

ਗੋਇਲਿ: ਗਾਈਆਂ ਦੀ ਚਰਾਂਦ ਵਿੱਚ. ਦੇਖੋ, ਗੋਇਲ ੨. "ਗੋਇਲਿ ਆਇਆ ਗੋਇਲੀ." (ਸ੍ਰੀ ਮਃ ੫)

ਗੋਇਲੀ: ਵਿ- ਗੋਇਲ ਨਾਲ ਸੰਬੰਧ ਰੱਖਣ ਵਾਲਾ। ੨. ਸੰਗਯਾ- ਗੋਪਾਲ. ਗਵਾਲਾ. "ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ." (ਗਉ ਅਃ ਮਃ ੧)

ਗੋਈ: ਗੁਪਤ ਕੀਤੀ. ਗੋਪਨ ਕਰੀ। ੨. ਭਾਵ- ਲੈ ਕੀਤੀ. "ਤੁਧੁ ਆਪੇ ਸਿਰਜਿ ਸਭ ਗੋਈ." (ਸੋਪੁਰਖੁ) ੩. ਗੁਪਤ. ਗੂਢ. "ਗਿਰੀਵਾਨ ਵਾਚਾ ਅਤਿ ਗੋਈ." (ਗੁਪ੍ਰਸੂ) ਦੇਵਭਾਸ਼ਾ ਬਹੁਤ ਗੂਢ ਹੈ. ਭਾਵ- ਸਮਝਣੀ ਔਖੀ ਹੈ। ੪. ਕਥਨ ਕੀਤੀ. ਦੇਖੋ, ਗੋ ੬. "ਮਨਮੁਖ ਗੋਈਆ." ਵਾਰ (ਮਲਾ ਮਃ ੧) ੫. ਸੰਗਯਾ- ਮਿੱਠੀ ਕੜ੍ਹੀ. ਲਾਪਸੀ। ੬. ਫ਼ਾ. گوئی ਤੂੰ ਕਹਿੰਦਾ ਹੈ. ਤੂੰ ਕਹੇਂ. ਤੂੰ ਕਹੇਂਗਾ.

ਗੋਏਮ: ਫ਼ਾ. گوئیم ਅਸੀਂ ਕਹਿੰਦੇ ਹਾਂ. ਅਸੀਂ ਕਹੀਏ. ਅਸੀਂ ਕਹਾਂਗੇ.

ਗੋਸ: ਫ਼ਾ. گوش ਗੋਸ਼. ਸੰਗਯਾ- ਕੰਨ. "ਦਰ ਗੋਸ ਕੁਨ ਕਰਤਾਰ." (ਤਿਲੰ ਮਃ ੧) ੨. ਦਸਵੀਂ ਪਾਤਸ਼ਾਹੀ ਦੇ ਗੁਰੁਵਿਲਾਸ ਵਿੱਚ ਸਜਾਹਗੋਸ਼ ਦੀ ਥਾਂ ਕੇਵਲ ਗੋਸ਼ ਸ਼ਬਦ ਵਰਤਿਆ ਹੈ. ਦੇਖੋ, ਸਜਾਹਗੋਸ਼.

ਗੋਸਈਆ: ਹੇ ਗੋਸ੍ਵਾਮੀ. ਦੇਖੋ, ਗੁਸਈਆ. "ਹਰਿ ਰਾਖੁ ਮੇਰੇ ਗੋਸਈਆ." (ਗਉ ਮਃ ੪)

ਗੋਸਟ, ਗੋਸਟਿ: ਸੰ. ਗੋਸ਼੍ਠ. ਸੰਗਯਾ- ਗਊਆਂ ਦੇ ਠਹਿਰਣ ਦਾ ਥਾਂ. ਗੋਸ਼ਾਲਾ। ੨. ਸੰ. ਗੋਸ਼੍ਠੀ. ਸ਼ਭਾ. ਮਜਲਿਸ। ੩. ਭਾਵ- ਸਭਾ ਵਿੱਚ ਵਾਰਤਾਲਾਪ. ਚਰਚਾ. "ਗੋਸਟਿ ਗਿਆਨ ਨਾਮ ਸੁਣਿ ਉਧਰੇ." (ਸੋਰ ਮਃ ੫)

ਗੋਸਤ: ਫ਼ਾ. گوشت ਗੋਸ਼੍ਤ। ਸੰਗਯਾ- ਮਾਸ. "ਭੂਤਾਂ ਇੱਲਾਂ ਕਾਗੀਂ ਗੋਸਤ ਭੱਖਿਆ." (ਚੰਡੀ ੩)

ਗੋਸਨਸੀਨੀ: ਫ਼ਾ. گوشه نشینی ਗੋਸ਼ਹਨਸ਼ੀਨੀ. ਸੰਗਯਾ- ਕਿਨਾਰੇ ਬੈਠਣਾ. ਏਕਾਂਤਵਾਸ. "ਗੁਰਮੁਖ ਗੋਸਨਸੀਨੀ ਰਹਿਣਾ." (ਭਾਗੁ)

ਗੋਸਪੰਦ: ਫ਼ਾ. گوسپند ਸੰਗਯਾ- ਬਕਰੀ. ਅਜਾ. ਛੇਲੀ.

ਗੋਸਲਾਂ: ਇੱਕ ਪਿੰਡ ਜੋ ਜਿਲਾ ਲੁਦਿਆਨਾ, ਤਸੀਲ ਸਮਰਾਲਾ ਵਿੱਚ ਹੈ. ਇੱਥੇ ਛੀਵੇਂ ਗੁਰੂ ਜੀ ਦਾ ਗੁਰਦ੍ਵਾਰਾ ਹੈ.

ਗੋਸਵ: ਦੇਖੋ, ਗਵਾਲੰਭ.

ਗੋਸਾ: ਫ਼ਾ. گوشه ਗੋਸ਼ਹ. ਸੰਗਯਾ- ਕੋਣਾ. ਕਿਨਾਰਾ. ਨੁੱਕਰ। ੨. ਕਮਾਣ ਦਾ ਸਿਰਾ. ਕੋਟਿ.

ਗੋਸਾਈ, ਗੋਸਾਂਈ: ਗੋਸ੍ਵਾਮੀ. ਦੇਖੋ, ਗੁਸਈਆਂ ਅਤੇ ਗੁਸਾਈਂ. "ਗੋਸਾਈ ਸੇਵੀ ਸਚੜਾ." (ਸ੍ਰੀ ਮਃ ੫. ਪੈਪਾਇ)

ਗੋਸ਼ਾਲਾ: ਸੰਗਯਾ- ਗਾਈਆਂ ਦਾ ਘਰ. ਗਊਵਾੜਾ.

ਗੋਹ: ਦੇਖੋ, ਗੋਧਾ. "ਏਕ ਗੋਹ ਕੋ ਲਯੋ ਮੰਗਾਈ." (ਚਰਿਤ੍ਰ ੧੪੦) ਚੋਰ ਆਪਣੇ ਪਾਸ ਗੋਹ ਰੱਖਦੇ ਹਨ. ਉਸ ਦੀ ਕਮਰ ਨੂੰ ਰੱਸਾ ਬੰਨ੍ਹਕੇ ਮਕਾਨ ਪੁਰ ਚੜ੍ਹਾ ਦਿੰਦੇ ਹਨ, ਜਦ ਗੋਹ ਪਤਨਾਲੇ ਦੇ ਸੁਰਾਖ਼ ਅਥਵਾ ਕਿਸੇ ਹੋਰ ਬਿਲ ਵਿੱਚ ਆਪਣੇ ਪੈਰ ਜਮਾ ਲੈਂਦੀ ਹੈ, ਤਦ ਰੱਸੇ ਦੇ ਅਧਾਰ ਚੋਰ ਮਕਾਨ ਉੱਪਰ ਚੜ੍ਹ ਜਾਂਦੇ ਹਨ। ੨. ਦੇਖੋ, ਗੁਹਾ.

ਗੋਹਾ: ਸੰਗਯਾ- ਗੋਮਯ. ਗੋਬਰ. "ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ." (ਗੂਜ ਮਃ ੪) "ਗੋਹੈ ਅਤੇ ਲਕੜੀ ਅੰਦਰਿ ਕੀੜਾ ਹੋਇ." (ਵਾਰ ਆਸਾ)

ਗੋਹਾਟੀ: ਦੇਖੋ, ਗਊਹਾਟੀ ਅਤੇ ਭੌਮਾਸੁਰ.

ਗੋਹਾਰ: ਦੇਖੋ, ਗੁਹਾਰ.

ਗੋਕਰਣ: ਸੰਗਯਾ- ਗਾਂ ਦਾ ਕੰਨ। ੨. ਇੱਕ ਨਗਰ ਅਤੇ ਇਸ ਨਾਉਂ ਦਾ ਤੀਰਥ, ਜੋ ਬੰਬਈ ਦੇ ਇਲਾਕੇ ਕਰਵਾਰ ਜਿਲੇ ਵਿੱਚ ਗੋਆ ਤੋਂ ੩੦ ਮੀਲ ਹੈ. ਇਸ ਥਾਂ ਸ਼ਿਵ ਦਾ ਪ੍ਰਸਿੱਧ ਮੰਦਿਰ 'ਮਹਾਬਲੇਸ਼੍ਵਰ' ਹੈ. ਹਿੰਦੂ ਮੰਨਦੇ ਹਨ ਕਿ ਇਹ ਲਿੰਗ ਸ਼ਿਵ ਨੇ ਰਾਵਣ ਨੂੰ ਦਿੱਤਾ ਸੀ। ੩. ਇੱਕ ਰਿਖੀ, ਜੋ ਗਾਂ ਦੇ ਪੇਟ ਵਿੱਚੋਂ ਜੰਮਿਆ ਸੀ.

ਗੋਕਲ, ਗੋਕੁਲ: ਸੰ. ਸੰਗਯਾ- ਗਾਈਆਂ ਦਾ ਕੁਲ. ਗੋਵੰਸ਼। ੨. ਗਾਈਆਂ ਦਾ ਵੱਗ। ੩. ਮਥੁਰਾ ਦੇ ਦੱਖਣ ਪਾਸੇ ਜਮੁਨਾ ਦੇ ਕਿਨਾਰੇ ਇੱਕ ਪਿੰਡ, ਜਿੱਥੇ ਗੋਪਰਾਜ ਨੰਦ ਰਹਿੰਦਾ ਸੀ, ਕ੍ਰਿਸ਼ਨ ਜੀ ਇੱਥੇ ਗਊਆਂ ਚਾਰਦੇ ਰਹੇ ਹਨ. ਹੁਣ ਇਸ ਦਾ ਨਾਉਂ ਬਹੁਤ ਲੋਕ "ਮਹਾਬਲ" ਸਦਦੇ ਹਨ।

ਗੋਖਰੂ: ਸੰ. ਗੋਕ੍ਸ਼ੁਰ. ਸੰਗਯਾ- ਭੱਖੜਾ, ਜੋ ਗੋ (ਪ੍ਰਿਥਿਵੀ) ਪੁਰ ਛੁਰੇ ਵਾਂਙ ਚੁਭਣ ਵਾਲਾ ਹੈ. ਗੋਕੰਟਕ। ੨. ਗਊ ਦਾ ਖੁਰ। ੩. ਇਸਤ੍ਰੀਆਂ ਦਾ ਇੱਕ ਗਹਿਣਾ.

ਗੋਖਾ: ਸੰਗਯਾ- ਗੋਰਖਾ ਦਾ ਸੰਖੇਪ. "ਗੋਖਾ ਗੁਨ ਗਾਵੈਂ." (ਅਕਾਲ) ੨. ਮਹਤਮ ਕਾਸ਼ਤਕਾਰਾਂ ਦੀ ਇੱਕ ਜਾਤਿ, ਜੋ ਮਾਂਟਗੁਮਰੀ ਵਿੱਚ ਹੈ। ੩. ਇੱਕ ਨਗਰ, ਜਿਸ ਦਾ ਜਿਕਰ ੮੮ ਵੇਂ ਚਰਿੱਤ੍ਰ ਵਿੱਚ ਹੈ. ਇਹ ਬੰਗਾਲ ਦੇ ਦਾਰਜਿਲਿੰਗ ਜਿਲੇ ਵਿੱਚ ਹੁਣ "ਗੋਖ" ਕਰਕੇ ਪ੍ਰਸਿੱਧ ਹੈ। ੪. ਸੰ. ਗੋ (ਪ੍ਰਿਥਿਵੀ) ਖਨਨ ਕਰੀਏ (ਖੋਦੀਏ) ਜਿਸ ਨਾਲ, ਨਖ. ਨਾਖ਼ੁਨ। ੫. ਕੁਦਾਲ.

ਗੋਖੁਰੂ: ਦੇਖੋ, ਗੋਖਰੂ.

ਗੋਖੂ: ਮਹਿਤਾ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ ਅਤੇ ਅਮ੍ਰਿਤਸਰ ਜੀ ਤਨ ਮਨ ਤੋਂ ਸੇਵਾ ਕਰਦਾ ਰਿਹਾ.

ਗੋਗੜ: ਸੰਗਯਾ- ਗੌਰਵ ਉਦਰ. ਭਾਰੀ ਪੇਟ. ਮੋਟਾ ਅਤੇ ਲਟਕਦਾ ਹੋਇਆ ਢਿੱਡ.

ਗੋਗਾ: ਦੇਖੋ, ਗੁਗਾ.

ਗੋਗਿਰਦ: ਫ਼ਾ. گوگرد ਸੰਗਯਾ- ਗੰਧਕ. ਗੰਧਰਕ. ਦੇਖੋ, ਗੰਧਕ.

ਗੋਗ੍ਰਾਸ: ਦੇਖੋ, ਗਊਗ੍ਰਾਸ.

ਗੋਘਨ, ਗੋਘ੍ਨ: ਸੰ. ਵਿ- ਗਊ ਮਾਰਨ ਵਾਲਾ. ਗੋਹਤਯਾ ਕਰਨ ਵਾਲਾ। ੨. ਸੰਗਯਾ- ਅਤਿਥਿ. ਪਰਾਹੁਣਾ. ਪੁਰਾਣੇ ਸਮੇਂ ਇਹ ਰੀਤਿ ਸੀ ਕਿ ਪਰਾਹੁਣੇ ਦੇ ਘਰ ਆਉਣ ਪੁਰ ਉਸ ਦੀ ਖਾਤਿਰ ਲਈ ਗੋਹਤਯਾ ਕੀਤੀ ਜਾਂਦੀ ਸੀ. ਇਸ ਲਈ ਅਤਿਥਿ ਦਾ ਨਾਉਂ ਗੋਘ੍ਨ ਪੈ ਗਿਆ. "अथापि ब्राह्मणाय वा राजन्याय वा ऽभ्यागताय वा महोक्षं वा महाजं वा पचेद्देवमस्यातिथ्यं कुर्वन्तीति" (ਵਸ਼ਿਸ਼੍ਠ ਸਿਮ੍ਰਿਤਿ ਅਃ ੪)

ਅਰਥਾਤ- ਬ੍ਰਾਹਮਣ ਜਾਂ ਛਤ੍ਰੀ ਦੇ ਅਭ੍ਯਾਗਤ ਹੋਣ ਪੁਰ, ਉਨ੍ਹਾਂ ਵਾਸਤੇ ਵਡਾ ਬੈਲ ਜਾਂ ਵਡਾ ਬਕਰਾ ਪਕਾਵੇ, ਇਸ ਤਰ੍ਹਾਂ ਮਿਹਮਾਨਦਾਰੀ ਕਰਨ ਦਾ ਨਿਯਮ ਹੈ.

ਗੋਚਰ: ਸੰ. ਵਿ- ਜੋ ਗੋ (ਇੰਦ੍ਰੀਆਂ) ਦਾ ਵਿਸ਼ਯ ਹੈ। ੨. ਪ੍ਰਿਥਿਵੀ ਪੁਰ ਫਿਰਨ ਵਾਲਾ। ੩. ਸੰਗ੍ਯਾ- ਇੰਦ੍ਰੀਆਂ ਦਾ ਵਿਸ਼ਯ ਪਦਾਰਥ। ੪. ਗਊਆਂ ਦੇ ਚਰਣ ਦਾ ਅਸਥਾਨ (ਚਰਾਂਦ).

ਗੋਚਰਮ: ਸੰ. ਗੋਚਰ੍‍ਮ. ਸੰਗ੍ਯਾ- ਗਾਂ ਅਥਵਾ ਬੈਲ ਦੀ ਖੱਲ. ਵੈਸ਼੍ਯ ਨੂੰ ਬ੍ਰਹਮਚਰਯ ਧਾਰਣ ਸਮੇਂ ਗਾਂ ਅਥਵਾ ਬਕਰੇ ਦਾ ਚਰਮ ਪਹਿਰਣਾ ਵਿਧਾਨ ਕੀਤਾ ਹੈ. ਦੇਖੋ, ਵਸ਼ਿਸ਼੍ਠ ਸਿਮ੍ਰਿਤੀ, ਅਃ ੧੧.। ੨. ਜ਼ਮੀਨ ਦਾ ਇੱਕ ਖਾਸ ਮਾਪ. ਡੇਢ ਸੌ ਗਜ ਲੰਮੀ ਅਤੇ ਇਤਨੀ ਹੀ ਚੌੜੀ. ਦੇਖੋ, ਚੜਸਾ. ਕਈ ਗ੍ਰੰਥਾਂ ਵਿੱਚ ੨੧੦੦ ਹੱਥ ਲੰਮਾ ਅਤੇ ਇਤਨਾ ਹੀ ਚੌੜਾ "ਗੋਚਟਮ" ਦਾ ਪ੍ਰਮਾਣ ਹੈ.

ਗੋਚਰਾ: ਵਿ- ਅਧੀਨ. ਵਸ਼ੀਭੂਤ. "ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ." (ਵਾਰ ਗੂਜ ੨. ਮਃ ੫)

ਗੋਚੰਦਨ: ਸੰਗ੍ਯਾ- ਇੱਕ ਪ੍ਰਕਾਰ ਦਾ ਚੰਦਨ. ਗੋਸ਼ੀਰ੍ਸ਼ ਚੰਦਨ. ਸੁਸ਼੍ਰੁਤ ਨੇ ਇਸ ਚੰਦਨ ਦੇ ਅਨੇਕ ਗੁਣ ਲਿਖੇ ਹਨ.

ਗੋਜ: ਸੰਗ੍ਯਾ- ਪ੍ਰਿਥਿਵੀ ਤੋਂ ਉਪਜਿਆ ਪਦਾਰਥ। ੨. ਗਊ ਤੋਂ ਪੈਦਾ ਹੋਏ ਦੁੱਧ ਘੀ ਆਦਿਕ। ੩. ਹਿੰਦੂਮਤ ਅਨੁਸਾਰ ਇੱਕ ਸੰਕਰ ਜਾਤਿ।੪ ਫ਼ਾ. گوز ਗੋਜ਼. ਅਪਾਨਵਾਯੁ. ਵਾਉਕਾ. ਪੱਦ.

ਗੋਜ਼ਨ: ਦੇਖੋ, ਗਵਜ਼ਨ.

ਗੋਜੀ: ਗੋਜਵੀ. ਗੋਧੂਮ (ਗੰਦਮ) ਅਤੇ ਜੌਂ ਮਿਲੇ ਹੋਏ ਅੰਨ। ੨. ਗੋਜ਼ੀ. ਪਾਦੜ.

ਗੋਟ: ਸੰਗ੍ਯਾ- ਮਗਜੀ. ਕਿਨਾਰਾ. ਗੋਠ. ਦੇਖੋ, ਗੁਠ ਧਾ। ੨. ਦੇਖੋ, ਗੋਟੀ.

ਗੋਟਾ: ਸੰਗ੍ਯਾ- ਸੁਨਹਿਰੀ ਅਥਵਾ ਰੁਪਹਿਰੀ ਤਾਰਾਂ ਦਾ ਫੀਤਾ, ਜੋ ਵਸਤ੍ਰਾਂ ਪੁਰ ਸ਼ੋਭਾ ਲਈ ਲਗਾਇਆ ਜਾਂਦਾ ਹੈ.

ਗੋਟੀ: ਸੰਗ੍ਯਾ- ਸ਼ਤਰੰਜ ਚੌਪੜ ਆਦਿਕ ਦਾ ਮੁਹਰਾ ਅਤੇ ਨਰਦ. "ਬਨਾਕਰ ਸੂਰਤਾਂ ਗੋਟੀ ਪਰਾਕ੍ਰਮ ਸਾਰ ਪਾਸਾ ਕਰ." (ਸਲੋਹ)

ਗੋਠ: ਦੇਖੋ, ਗੋਟ ੧. ਅਤੇ ਗੁਠ ਧਾ। ੨. ਚੌਕੜੀ (ਚਪਲੀ) ਲਾਕੇ ਬੈਠਣ ਦੀ ਕ੍ਰਿਯਾ.

ਗੋਡ: ਸੰਗ੍ਯਾ- ਗੁਡਾਈ. ਗੋਡੀ। ੨. ਗੋਡਾ. ਜਾਨੁ. "ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ." (ਸ. ਕਬੀਰ)

ਗੋਂਡ: ਸੰ. गोण्ड ਸੰਗ੍ਯਾ- ਇੱਕ ਜੰਗਲੀ ਜਾਤੀ, ਜੋ ਭੀਲਾਂ ਤੁੱਲ ਹੈ। ੨. ਵਿ- ਤੁੰਨਲ. ਜਿਸ ਦੀ ਤੁੰਨ ਦਾ ਮਾਸ ਬਾਹਰ ਉਭਰਿਆ ਹੋਇਆ ਹੈ.

ਗੋਡਣਾ, ਗੋਡਨਾ: ਕ੍ਰਿ- ਗੁੱਡਣਾ, ਖੋਦਣਾ। ੨. ਧਸਾਉਣਾ. ਖੁਭਾਉਣਾ। ੩. ਉਕਸਾਉਣਾ. ਭੜਕਾਉਣਾ। ੪. ਦੁਖਾਉਣਾ. ਤੰਗ ਕਰਨਾ. ਦੇਖੋ ਮੂੜੀ। ੫. ਨਦੀਨ ਕੱਢਣਾ. ਖੇਤੀ ਦੀ ਗੁਡਾਈ ਕਰਨੀ. "ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ." (ਬਸੰ ਮਃ ੧) ਸ਼ੁਭ ਕਰਮਾਂ ਦੀ ਕਾਮਨਾ ਅਤੇ ਕੁਕਰਮਾਂ ਦਾ ਨਿਰਾਦਰ ਇਹ ਦੋ ਕੁਦਾਲ ਬਣਾਓ, ਅੰਤਹਕਰਣ ਰੂਪ ਜ਼ਮੀਨ ਗੋਡੋ.

ਗੋਣ: ਦੇਖੋ, ਗੂਣ। ੨. ਸੰ. ਬੈਲ.

ਗੋਤ: ਸੰਗ੍ਯਾ- ਗੋਤਾ. ਟੁੱਬੀ। ੨. ਗੁਤਾਵਾ. ਪਸ਼ੂ ਦੇ ਚਾਰਨ ਲਈ ਤੂੜੀ ਆਦਿਕ ਪੱਠਿਆਂ ਵਿੱਚ ਮਿਲਾਇਆ ਅੰਨ. "ਜੈਸੇ ਗਊ ਕਉ ਗੋਤ ਖਵਾਈਦਾ ਹੈ." (ਜਸਭਾਮ) ੩. ਸੰ. ਗੋਤ੍ਰ. ਕੁਲ. ਵੰਸ਼. ਖ਼ਾਨਦਾਨ.

ਗੋਤਕੁਨਾਲਾ, ਗੋਤਕੁਨਾਲੀ: ਸੰਗ੍ਯਾ- ਗੋਤ੍ਰਸ੍ਥਾਲੀ. ਨਵੀਂ ਵਿਆਹੀ ਇਸਤ੍ਰੀ ਨੂੰ ਗੋਤ੍ਰ ਵਿੱਚ ਸ਼ਾਮਿਲ ਕਰਨ ਲਈ, ਕੁਨਾਲੀ

ਵਿੱਚ ਭੋਜਨ ਪਰੋਸਕੇ ਪਰਿਵਾਰ ਦੇ ਇੱਕ ਥਾਂ ਖਾਣ ਦੀ ਰੀਤਿ. "ਇਸ ਕੋ ਭਯੋ ਨ ਗੋਤਕੁਨਾਲਾ." (ਗੁਪ੍ਰਸੂ)

ਗੋਤਮ: ਮਹਾਭਾਰਤ ਵਿੱਚ ਗੋਤਮ ਦਾ ਅਰਥ ਕੀਤਾ ਹੈ ਕਿ ਜਿਸ ਨੇ ਆਪਣੇ ਗੋ (ਪ੍ਰਕਾਸ਼) ਨਾਲ ਤਮ (ਅੰਧਕਾਰ) ਨਾਸ਼ ਕਰ ਦਿੱਤਾ ਹੈ।

੨. ਇੱਕ ਵਿਦ੍ਵਾਨ ਰਿਖੀ, ਜਿਸ ਦਾ ਨਾਉਂ ਅਕ੍ਸ਼ਪਾਦ ਭੀ ਹੈ. ਇਹ ਈਸਵੀ ਸਦੀ ਤੋਂ ੬੦੦ ਵਰ੍ਹੇ ਪਹਿਲਾਂ ਹੋਇਆ ਹੈ. ਇਸ ਨੇ ਨਜਾਯ ਦਰਸ਼ਨ ਦੇ ੫੩੨ ਸੂਤ੍ਰ ਬਣਾਏ ਹਨ, ਇਸੇ ਲਈ ਨਜਾਯ ਸ਼ਾਸਤ੍ਰ ਦਾ ਨਾਉਂ ਅਕ੍ਸ਼ਪਾਦ ਦਰਸ਼ਨ ਹੈ। ੩. ਇੱਕ ਬਹੁਤ ਪ੍ਰਾਚੀਨ ਰਿਖੀ, ਜਿਸ ਤੋਂ ਗੌਤਮ ਵੰਸ਼ ਚੱਲਿਆ ਹੈ।

੪. ਗੌਤਮ. ਗੋਤਮ ਵੰਸ਼ ਵਿੱਚ ਹੋਣ ਵਾਲਾ "ਸ਼ਰਦ੍ਵਤ" ਜਿਸ ਦੀ ਕਥਾ ਰਾਮਾਯਣ ਵਿੱਚ ਹੈ. ਇਹ ਅਹਲਜਾ ਦਾ ਪਤਿ ਅਤੇ ਜਨਕ ਦੇ ਪੁਰੋਹਿਤ ਸਤਾਨੰਦ ਦਾ ਪਿਤਾ ਸੀ. ਪੁਰਾਣਾਂ ਵਿੱਚ ਲਿਖਿਆ ਹੈ ਕਿ ਇਸ ਦੀ ਇਸਤ੍ਰੀ ਅਹਲਜਾ ਮਹਾ ਸੁੰਦਰੀ ਸੀ, ਜਿਸ ਪੁਰ ਇੰਦ੍ਰ ਮੋਹਿਤ ਹੋ ਗਿਆ. ਇੱਕ ਦਿਨ ਚੰਦ੍ਰਮਾ ਨੂੰ ਮੁਰਗਾ ਬਣਾਕੇ ਵੇਲੇ ਤੋਂ ਪਹਿਲਾਂ ਬਾਂਗ ਦਿਵਾਈ, ਜਿਸ ਤੋਂ ਗੌਤਮ ਅਗੇਤਾ ਹੀ ਨਦੀ ਪੁਰ ਨ੍ਹਾਉਂਣ ਚਲਾ ਗਿਆ. ਇੰਦ੍ਰ ਨੇ ਅਹਲਜਾ ਨਾਲ ਕੁਕਰਮ ਕੀਤਾ, ਜਦ ਗੌਤਮ ਨੂੰ ਪਤਾ ਲੱਗਾ, ਤਾਂ ਉਸ ਨੇ ਇਸਤ੍ਰੀ ਨੂੰ ਸ਼ਿਲਾਰੂਪ ਕਰ ਦਿੱਤਾ. ਇੰਦ੍ਰ ਦੇ ਸ਼ਰੀਰ ਪੁਰ ਹਜ਼ਾਰ ਭਗ ਦਾ ਚਿੰਨ੍ਹ ਹੋਣ ਦਾ ਸ੍ਰਾਪ ਦਿੱਤਾ ਅਤੇ ਚੰਦ੍ਰਮਾਂ ਨੂੰ ਖਈ ਰੋਗ ਲਾ ਦਿੱਤਾ.

ਵਾਲਮੀਕ ਕਾਂਡ ੧. ਅਃ ੪੭- ੪੮ ਵਿੱਚ ਲੇਖ ਹੈ ਕਿ ਅਹਲਜਾ ਖੁਦ ਇੰਦ੍ਰ ਨੂੰ ਚਾਹੁੰਦੀ ਸੀ. ਇੰਦ੍ਰ ਗੌਤਮ ਦਾ ਰੂਪ ਧਾਰਕੇ ਰਿਖੀ ਦੇ ਆਸ਼ਰਮ ਉਸ ਦੀ ਗੈਰਹਾਜਿਰੀ ਵਿੱਚ ਅਹਲਜਾ ਨੂੰ ਮਿਲਿਆ. ਜਦ ਘਰੋਂ ਇੰਦ੍ਰ ਨਿਕਲਦਾ ਸੀ ਤਦ ਗੌਤਮ ਮਿਲ ਗਿਆ. ਰਿਖੀ ਨੇ ਆਖਿਆ ਹੇ ਪਾਪੀ! ਤੂੰ ਨਪੁੰਸਕ ਹੋਜਾ. ਇਤਨਾ ਕਹਿਣ ਪੁਰ ਇੰਦ੍ਰ ਦੇ ਫੋਤੇ ਝੜ ਗਏ. ਦੇਵਤਿਆਂ ਨੇ, ਪਿਤਰਾਂ ਦੇ ਦੇਵਤਾ "ਕਵਜਵਾਹਨ" ਵਾਸਤੇ ਜੋ ਮੀਢਾ ਬਲਿਦਾਨ ਲਈ ਰੱਖਿਆ ਸੀ, ਉਸ ਦੇ ਫੋਤੇ ਤੋੜਕੇ ਇੰਦ੍ਰ ਦੇ ਜੜੇ, ਜਿਸ ਤੋਂ ਨਪੁੰਸਕਪੁਣਾ ਦੂਰ ਹੋਇਆ ਤੇ ਉਸ ਦਿਨ ਤੋਂ ਖੱਸੀ ਮੀਢਾ ਬਲਿਦਾਨ ਦੇਣਾ ਵਿਧਾਨ ਹੋਇਆ.

ਆਸ਼੍ਰਮ ਵਿੱਚ ਆਕੇ ਰਿਖੀ ਨੇ ਅਹਲਜਾ ਨੂੰ ਸ਼੍ਰਾਪ ਦਿੱਤਾ ਕਿ ਤੂੰ ਅਦ੍ਰਿਸ਼ਜ (ਗਾਯਬ) ਹੋਕੇ ਇਸ ਆਸ਼੍ਰਮ ਪਈਰਹੁ ਅਰ ਕੇਵਲ ਪਵਨ ਆਹਾਰ ਕਰ, ਜਦ ਤਕ ਰਾਮ ਨਹੀਂ ਆਉਂਦੇ ਤੇਰੀ ਇਹੀ ਦਸ਼ਾ ਰਹੇਗੀ. ਰਾਮ ਦੀ ਚਰਣਰਜ ਛੁਹਿਣ ਤੋਂ ਤੇਰਾ ਛੁਟਕਾਰਾ ਹੋਵੇਗਾ, ਅਤੇ ਤੂੰ ਆਪਣਾ ਅਸਲ ਰੂਪ ਧਾਰਨ ਕਰੇਂਗੀ. ਸੋ ਜਦ ਰਾਮ ਗੌਤਮ ਦੇ ਆਸ਼੍ਰਮ ਆਏ, ਤਦ ਅਹਲਜਾ ਪਹਿਲੇ ਜੇਹੀ ਬਣਕੇ ਗੌਤਮ ਨੂੰ ਮਿਲੀ. "ਗੋਤਮਨਾਰਿ ਅਹਲਿਆ ਤਾਰੀ" (ਮਾਲੀ ਨਾਮਦੇਵ) ਦੇਖੋ, ਅਹਲਿਆ। ੫. ਇੱਕ ਪਰਬਤ, ਜੋ ਨਾਸਿਕ ਪਾਸ ਹੈ, ਜਿੱਥੋਂ ਗੋਦਾਵਰੀ ਨਦੀ ਨਿਕਲਦੀ ਹੈ। ੬. ਦੇਖੋ, ਗੌਤਮ.

ਗੋਤਮਨਾਰਿ: ਅਹਲਜਾ. ਦੇਖੋ, ਗੋਤਮ ੪. ਅਤੇ ਅਹਲਿਆ। ੨. ਦੇਖੋ, ਉਮਾਪਤਿ ਅਤੇ ਸੀਸਧਰਨਿ.

ਗੋਤਮੀ: ਦੇਖੋ, ਗੌਤਮ ੨.

ਗੋਤਮੀ ਸਿਲਾ: ਇੱਕ ਪ੍ਰਕਾਰ ਦਾ ਪੱਥਰ, ਜਿਸ ਨੂੰ ਹਿੰਦੂ ਪੂਜਦੇ ਹਨ. ਲੋਕਾਂ ਦਾ ਖ਼ਿਆਲ ਹੈ ਕਿ ਇਹ ਪਾਣੀ ਵਿੱਚ ਨਹੀਂ ਡੁਬਦਾ. ਕਈ ਆਖਦੇ ਹਨ ਕਿ ਰਾਮਚੰਦ੍ਰ ਜੀ ਨੇ ਲੰਕਾ ਜਾਣ ਲਈ ਗੋਤਮੀ ਸਿਲਾ ਦਾ ਹੀ ਪੁਲ ਬੱਧਾ ਸੀ.

ਗੋਤਮੁ: ਦੇਖੋ, ਗ਼ੋਤਮ ੪.

ਗੋਤਾ: ਅ਼. غوطہ ਗ਼ੋਤ਼ਹ. ਸੰਗਜਾ- ਟੁੱਬੀ. ਡੁਬਕੀ.

ਗੋਤਾਚਾਰ: ਦੇਖੋ, ਗੋਤ੍ਰਾਚਾਰ। ੨. ਚਾਰ ਜਾਤੀਆਂ. ਚਾਰ ਕ੍ਰਿਸਮਾਂ. ਭਾਵ- ਅਨੇਕ ਭੇਦ. "ਪਾਰਸ ਪਰਸ ਹੋਤ ਕਨਿਕ ਅਨੇਕ ਧਾਤੁ, ਕਨਿਕ ਸੇ ਅਨਿਕ ਨ ਹੋਤ ਗੋਤਾਚਾਰ ਜੀਉ." (ਭਾਗੁ ਕ) ਫੇਰ ਸੋਨੇ ਤੋਂ ਕਈ ਕਿਸਮ ਦੀਆਂ ਧਾਤਾਂ ਹੁੰਦੀਆਂ. ਭਾਵ ਸਿੱਖਮਤ ਵਿੱਚ ਆਕੇ ਅਨੇਕ ਵਰਣ ਸਿੱਖ ਹੋ ਜਾਂਦੇ ਹਨ, ਸਿੱਖ ਤੋਂ ਅਨੇਕ ਜਾਤਾਂ ਦੇ ਭੇਦ ਨਹੀਂ ਹੁੰਦੇ।

ਗੋਤੀ: ਵਿ- ਗੋਤ ਦਾ. ਗੋਤ੍ਰੀਯ.

**ਗੋਤੀਤ:** ਵਿ- ਗੋ (ਇੰਦ੍ਰੀਆਂ) ਤੋਂ ਅਤੀਤ (ਪਰੇ). ਜੋ ਇੰਦ੍ਰੀਆਂ ਦਾ ਵਿਸ਼ਯ ਨਹੀਂ. ਅਗੋਚਰ.

**ਗੋਤ੍ਰ:** ਸੰ. ਸੰਗਯਾ- ਜੋ ਗੋ (ਪ੍ਰਿਥਿਵੀ) ਦੀ ਤ੍ਰ (ਰਖ੍ਯਾ) ਕਰੇ. ਪਰਵਤ. ਪਹਾੜ। ੨. ਸੰਤਾਨ. ਔਲਾਦ। ੩. ਕੁਲ. ਖ਼ਾਨਦਾਨ। ੪. ਸਮੂਹ. ਸਮੁਦਾਯ. ਝੁੰਡ। ੫. ਨਾਮ। ੬. ਸੰਪੱਤਿ. ਵਿਭੂਤਿ। ੭. ਵਨ. ਜੰਗਲ। ੮. ਰਸਤਾ. ਮਾਰਗ.

**ਗੋਤ੍ਰਪਾਲ:** ਵਿ- ਗੋਤ ਦੀ ਪਾਲਨਾ ਕਰਨ ਵਾਲਾ.

**ਗੋਤ੍ਰਾਚਾਰ:** ਸੰਗਯਾ- ਗੋਤ੍ਰਾਖ੍ਯਾ. ਗੋਤ ਦਾ ਨਾਮ। ੨. ਗੋਤ੍ਰ ਦਾ ਨਾਮ ਉੱਚਾਰਣ ਕਰਨ ਦੀ ਕ੍ਰਿਯਾ। ੩. ਗੋਤ੍ਰ ਦਾ ਆਚਾਰ. ਕੁਲਰੀਤੀ.

**ਗੋਦ:** ਸੰ. ਕ੍ਰੋਡ. ਸੰਗਯਾ- ਗੋਦੀ. ਉਛੰਗ। ੨. ਸੰ. ਗੋਦ. ਵਿ- ਗਊ ਦੇਣ ਵਾਲਾ.

**ਗੋਂਦ:** ਸੰਗਯਾ- ਗੁੰਦਣ ਦੀ ਕ੍ਰਿਯਾ। ੨. ਵਿਉਂਤ. ਤਜਵੀਜ਼. ੩. ਗੂੰਦ। ੪. ਦੇਖੋ, ਗੋਇੰਦ ੩.

**ਗੋਂਦਨੀ:** ਦੇਖੋ, ਇੰਗੁਦੀ.

**ਗੋਂਦਪੁਰ:** ਦੇਖੋ, ਗੁਰੂ ਕੀ ਟਾਲ੍ਹੀਆਂ.

**ਗੋਦਰੀ, ਗੋਦੜੀ:** ਸੰਗਯਾ- ਨਗੰਦਿਆਂ ਨਾਲ ਗੁੰਦੀ ਹੋਈ ਓਢਨੀ. ਰੂਈਦਾਰ ਵਸਤ੍ਰ. ਰਜਾਈ. "ਕਾਹੂੰ ਗਰੀ ਗੋਦਰੀ ਨਾਹੀ." (ਆਸਾ ਕਬੀਰ)

**ਗੋਦੜੀਆ:** ਗੋਦੜੀ ਧਾਰਨ ਵਾਲਾ। ੨. ਦੇਖੋ, ਕਮਲਾ। ੩. ਭਾਈ ਗੌਰੇ ਦਾ ਇੱਕ ਸੇਵਕ, ਜੋ ਵਡਾ ਗੁਰਮੁਖ ਸੀ ਇਹ ਨਿੱਤ ੨੧. ਪਾਠ ਜਪੁ ਦੇ ਕਰਦਾ ਅਤੇ ਕਿਰਤ ਵਿੱਚ ਲੱਗਾ ਰਹਿੰਦਾ. ਜਦ ਦਸ਼ਮੇਸ਼ ਦਮਦਮੇ ਉਤਰੇ, ਤਦ ਇਹ ਸੇਵਾ ਵਿੱਚ ਹਾਜਿਰ ਹੋਇਆ, ਅਤੇ ਜਿਸ ਵੇਲੇ ਦਸ਼ਮੇਸ਼ ਭਾਈ ਕੇ ਚੱਕ ਪਧਾਰੇ, ਤਦ ਇਸ ਨੇ ਸਤਿਗੁਰੂ ਅਤੇ ਸੰਗਤਿ ਦੀ ਸੇਵਾ ਕਰਕੇ ਆਸ਼ੀਰਵਾਦ ਲਿਆ.

**ਗੋਂਦਾ:** ਇੱਕ ਖਤ੍ਰੀ, ਜਿਸਨੇ ਗੁਰੂ ਅਮਰਦੇਵ ਦੀ ਸਹਾਇਤਾ ਨਾਲ ਗੋਇੰਦਵਾਲ ਨਗਰ ਵਸਾਇਆ। ੨. ਸਤਿਗੁਰੂ ਹਰਿਰਾਇ ਜੀ ਦਾ ਇੱਕ ਪ੍ਰੇਮੀ ਸਿੱਖ, ਜਿਸ ਨੂੰ ਗੁਰੂ ਸਾਹਿਬ ਨੇ ਪ੍ਰਚਾਰ ਲਈ ਕਾਬੁਲ ਭੇਜਿਆ. ਇਸ ਨੇ ਇੱਕ ਵੇਰ ਧ੍ਯਾਨ ਵਿੱਚ ਚਰਣ ਫੜਕੇ ਗੁਰੂ ਸਾਹਿਬ ਨੂੰ ਚਿਰ ਤੀਕ ਕੀਰਤਪੁਰ ਬੈਠੇ ਅਚਲ ਕਰ ਰੱਖਿਆ ਸੀ. ਇਸ ਨੂੰ ਕਈ ਸਿੱਖ ਲੇਖਕਾਂ ਨੇ ਗੁਰੀਆ ਭੀ ਲਿਖਿਆ ਹੈ. ਦੇਖੋ, ਗੁਰੀਆ ੨। ੩. ਦੇਖੋ, ਗੋਇੰਦਾ। ੪. ਮੂਲੋਵਾਲ (ਰਾਜ ਪਟਿਆਲਾ) ਦਾ ਵਸਨੀਕ ਇੱਕ ਜੱਟ, ਜੋ ਨੌਵੇਂ ਸਤਿਗੁਰੂ ਦਾ ਸਿੱਖ ਹੋਇਆ ਜਿਸ ਨੂੰ ਸਤਿਗੁਰੂ ਨੇ ਪਿੰਡ ਦਾ ਚੌਧਰੀ ਥਾਪਿਆ। ੫. ਦੇਖੋ, ਗੂੰਦਾ.

**ਗੋਦਾਵਰਿ, ਗੋਦਾਵਰੀ:** ਗੋ (ਸ੍ਵਰਗ)ਦੇਣ ਵਾਲੀ ਦੱਖਣ ਦੀ ਇੱਕ ਨਦੀ, ਜੋ ਪੂਰਵੀ ਘਾਟਾਂ ਤੋਂ ਤ੍ਰਿਅੰਬਕ (ਤ੍ਰਯੰਬਕ) ਪਾਸੋਂ ਨਿਕਲਕੇ ੮੯੮ ਮੀਲ ਵਹਿੰਦੀ ਹੋਈ ਬੰਗਾਲ ਦੀ ਖਾਡੀ ਵਿੱਚ ਡਿਗਦੀ ਹੈ. ਅਬਿਚਲਨਗਰ (ਹਜੂਰ ਸਾਹਿਬ) ਇਸੇ ਨਦੀ ਦੇ ਕਿਨਾਰੇ ਹੈ. "ਗੰਗਾ ਜਉ ਗੋਦਾਵਰਿ ਜਾਈਐ." (ਰਾਮ ਨਾਮਦੇਵ) "ਸੁਰ ਸੁਰੀ ਸਰਸ੍ਵਤੀ ਜਮੁਨਾ ਗੋਂਦਾਵਰੀ." (ਭਾਗੁ ਕ)

ਬ੍ਰਹਮਵੈਵਰਤ ਪੁਰਾਣ ਵਿੱਚ ਇੱਕ ਅਣੋਖੀ ਕਥਾ ਲਿਖੀ ਹੈ ਕਿ ਇੱਕ ਬ੍ਰਾਹਮਣੀ ਤੀਰਥ ਕਰਦੀ ਫਿਰਦੀ ਇੱਕ ਜੰਗਲ ਵਿੱਚ ਕਿਸੇ ਕਾਮੀ ਨੂੰ ਮਿਲ ਗਈ. ਬ੍ਰਾਹਮਣੀ ਦੀ ਇੱਛਾ ਵਿਰੁੱਧ ਕਾਮ ਦੇ ਸੇਵਕ ਨੇ ਜੋਰਾਵਰੀ ਭੋਗ ਕੀਤਾ. ਬ੍ਰਾਹਮਣੀ ਨੇ ਉਸ ਵੇਲੇ ਉਸ ਪਰਪੁਰਖ ਦੇ ਵੀਰਯ ਨੂੰ ਤ੍ਯਾਗ ਦਿੱਤਾ, ਜਿਸ ਤੋਂ ਵਡਾ ਸੁੰਦਰ ਬਾਲਕ ਤੁਰਤ ਹੀ ਪੈਦਾ ਹੋ ਗਿਆ. ਬ੍ਰਾਹਮਣੀ ਪੁਤ੍ਰ ਸਮੇਤ ਰੋਂਦੀ ਹੋਈ ਆਪਣੇ ਪਤੀ ਪਾਸ ਆਈ ਅਤੇ ਸਾਰੀ ਕਥਾ ਸੁਣਾਈ. ਪਤੀ ਨੇ ਇਸਤ੍ਰੀ ਦਾ ਤ੍ਯਾਗ ਕਰ ਦਿੱਤਾ, ਇਸ ਪੁਰ ਬ੍ਰਾਹਮਣੀ ਨੇ ਤਪ ਅਤੇ ਯੋਗਾਭ੍ਯਾਸ ਕਰਨਾ ਆਰੰਭ ਕੀਤਾ ਅਤੇ ਪੁੰਨ ਦੇ ਪ੍ਰਭਾਵ ਗੋਦਾਵਰੀ ਨਦੀ ਰੂਪ ਹੋਕੇ ਸੰਸਾਰ ਪੁਰ ਵਹਿਣ ਲੱਗੀ.

ਬ੍ਰਹਮਾਂਡ ਉਪਪੁਰਾਣ ਵਿੱਚ ਲਿਖਿਆ ਹੈ ਕਿ ਗੋਤਮਰਿਖੀ, ਇੱਕ ਮੋਈ ਹੋਈ ਗਊ ਦੇ ਜਿੰਦਾ ਕਰਨ ਲਈ ਸ਼ਿਵ ਦੀਆਂ ਜਟਾਂ ਵਿੱਚੋਂ ਜੋ ਗੰਗਾ ਦੀ ਧਾਰਾ ਲਿਆਇਆ, ਉਸੇ ਤੋਂ ਗੋਦਾਵਰੀ ਨਦੀ ਹੋਈ ਅਤੇ ਇਸੇ ਲਈ ਇਸ ਦਾ ਦੂਜਾ ਨਾਉਂ ਗੌਤਮੀ ਹੋਇਆ.

**ਗੋਦੀ:** ਦੇਖੋ, ਗੋਦ.

**ਗੋਧਨ:** ਸੰਗਯਾ- ਗਉਰੂਪ ਧਨ. ਗਊਆਂ ਦਾ ਵੱਗ. "ਬੇਨੁ ਬਜਾਵੈ ਗੋਧਨ ਚਰੈ." (ਮਾਲੀ ਨਾਮਦੇਵ) ੨. ਗੋਵਰਧਨ ਪਹਾੜ. "ਰੱਛਨ ਗੋਧਨ ਕੇ ਹਿਤ ਕਾਨ ਉਠਾਯਲਯੋ ਗਿਰਿ ਗੋਧਨ ਜੈਸੇ." (ਚੰਡੀ ੧)

**ਗੋਧਯੰ:** ਸੰਗਯਾ- ਗੌਧੇਯ. ਗੋਧਾ (ਗੋਹ) ਦੇ ਚੰਮ ਦਾ ਅੰਗੁਲਿਤ੍ਰਾਣ. ਤੀਰ ਚਲਾਉਣ ਸਮੇਂ ਅੰਗੂਠੇ ਦੀ ਰਖ੍ਯਾ ਲਈ ਪਹਿਰਿਆ ਹੋਇਆ ਚਮੋਟਾ. "ਸਨੱਧ ਬੱਧ ਗੋਧਯੰ." (ਰਾਮਾਵ) ਦੇਖੋ, ਗੋਧਾ ੨.

**ਗੋਧਰ:** ਗੋ (ਕਿਰਣ) ਧਾਰਨ ਵਾਲਾ. ਕਿਰਣਧਰ. ਚੰਦ੍ਰਮਾ। ੨. ਸੂਰਜ। ੩. ਗੋ (ਪ੍ਰਿਥਿਵੀ) ਧਾਰਨ ਵਾਲਾ ਸ਼ੇਸ਼ਨਾਗ। ੪. ਗੋ (ਜਲ) ਧਾਰਨ ਵਾਲਾ ਜਲਧਰ. ਬੱਦਲ.

**ਗੋਧਾ:** ਸੰ. ਸੰਗਯਾ- ਗੋਹ. ਕਿਰਲੀ ਦੀ ਕਿਸਮ ਦਾ ਇੱਕ ਜੰਗਲੀ ਜੀਵ. ਦੇਖੋ, ਅੰਗੁਲਿਤ੍ਰਾਣ। ੨. ਕਮਾਣ ਦੇ ਚਿੱਲੇ ਦੀ ਚੋਟ ਤੋਂ ਬਚਾਉਣ ਲਈ ਖੱਬੇ ਪਹੁੰਚੇ ਪੁਰ ਬੰਨ੍ਹਿਆ. ਚਮੜਾ. "ਬਧੇ ਗੋਧਾਂਗੁਲਿਤ੍ਰਾਣ ਬੱਧੰ." (ਚੰਡੀ ੨) ਬਧੇ (ਵਧਕਰੇ) ਅਵਧ੍ਯ ਯੋਧਾ, ਜੋ ਗੋਹ ਦੇ ਅੰਗੁਲਿਤ੍ਰਾਣ ਬੰਨ੍ਹੇ ਹੋਏ ਸਨ.

**ਗੋਧੂਮ:** ਸੰ. ਸੰਗਯਾ- ਗੰਦਮ. ਕਣਕ। ੨. ਨਾਰੰਗੀ। ੩. ਜ਼ਮੀਨ ਦੀ ਭਾਪ.

**ਗੋਧੂਲਿਵੇਲਾ:** ਸੰਗਯਾ- ਦਿਨ ਛਿਪਣ ਦਾ ਵੇਲਾ, ਜਦ ਗਾਈਆਂ ਚਰਕੇ ਘਰਾਂ ਨੂੰ ਮੁੜਦੀਆਂ ਹਨ ਅਤੇ ਉਨ੍ਹਾਂ ਦੇ ਖੁਰਾਂ ਤੋਂ ਗਰਦ ਉਠਦੀ ਹੈ. ਦੇਖੋ, ਧੇਨੁਧੂਰਿ ਵੇਲਾ.

**ਗੋਨ, ਗੋਨਿ:** ਦੇਖੋ, ਗੂਣ. "ਗਿਆਨ ਗੋਨ ਭਰਡਾਰੀ." (ਕੇਦਾ ਕਬੀਰ) ੨. ਦੇਖੋ, ਪਹਿਲਾ ਪੂਤ.

**ਗੋਪ:** ਸੰ. ਸੰਗਯਾ- ਗਊ ਦੀ ਰਖ੍ਯਾ ਕਰਨ ਵਾਲਾ. ਗੋਪਾਲਕ. ਗਵਾਲਾ। ੨. ਗੋ (ਪ੍ਰਿਥਿਵੀ) ਨੂੰ ਪਾਲਨ ਵਾਲਾ ਰਾਜਾ। ੩. ਦੇਖੋ, ਗੋਪਨ.

**ਗੋਪਤਾ:** ਵਿ- ਗੋਪ੍ਤ੍ਰਾ. ਰਕ੍ਸ਼ਕ. ਰਖ੍ਯਾ ਕਰਨ ਵਾਲਾ. "ਦਾਸਨ ਕੋ ਗੋਪਤਾ ਸੁ ਨੰਦ ਕੋ ਉਬਾਰੈ ਕਯੋਂ ਨ?" (ਗੁਪ੍ਰਸੂ)

**ਗੋਪਦ:** ਸੰਗਯਾ- ਗਾਂ ਦਾ ਪੈਰ। ੨. ਗਊ ਦੇ ਪੈਰ ਦਾ ਜ਼ਮੀਨ ਪੁਰ ਲੱਗਾ ਚਿੰਨ੍ਹ.

**ਗੋਪਨ:** ਸੰ. ਸੰਗਯਾ- ਰਖ੍ਯਾ। ੨. ਲੁਕਾਉਣਾ. ਦੁਰਾਉ। ੩. ਜੁਗੁਪਸਨ. ਨਿੰਦਣਾ. "ਜਿਨਿ ਗੁਰ ਗੋਪਿਆ ਆਪਣਾ ਤੇ ਨਰ ਬੁਰਿਆਰੀ." (ਵਾਰ ਸੋਰ ਮਃ ੪) "ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ." (ਵਾਰ ਗਉ ੧. ਮਃ ੪) ਦੇਖੋ, ਗੁਪ ਧਾ.

**ਗੋਪਨੀਯ:** ਵਿ- ਛੁਪਾਉਣ ਲਾਇਕ੍। ੨. ਰਖ੍ਯਾ ਕਰਨ ਯੋਗ੍ਯ.

**ਗੋਪਪਤਿ:** ਵਿ- ਗਵਾਲਿਆਂ ਦਾ ਸ੍ਵਾਮੀ। ੨. ਸੰਗਯਾ- ਨੰਦ, ਜਿਸ ਦੇ ਘਰ ਕ੍ਰਿਸ਼ਨ ਜੀ ਨੇ ਪਰਵਰਿਸ਼ ਪਾਈ.

**ਗੋਪਲਾ:** ਗੋਪਾਲ ਦੀ ਥਾਂ ਇਹ ਸ਼ਬਦ ਹੈ. ਦੇਖੋ, ਗੋਪਾਲ ੫. "ਨ੍ਰਿਪੰ ਗੋਪਲਾਯੰ ਖਰੋ ਖੇਤ ਗਾਜੈ." (ਵਿਚਿਤ੍ਰ)

**ਗੋਪਾ:** ਗੋਪ੍ਤਾ ਦਾ ਸੰਖੇਪ. ਰਖ੍ਯਾ ਕਰਨ ਵਾਲਾ। ੨. ਸੰ. ਵਿ- ਛੁਪਾਉਣ (ਲੁਕੋਣ) ਵਾਲਾ। ੩. ਨਾਸ਼ ਕਰਨ ਵਾਲਾ। ੪. ਸੰਗਯਾ- ਗੋਪ ਜਾਤਿ ਦੀ ਇਸਤ੍ਰੀ. ਅਹੀਰਨ। ੫. ਬੁੱਧ ਭਗਵਾਨ ਦੀ ਇਸਤ੍ਰੀ, ਜਿਸ ਦਾ ਨਾਉਂ ਯਸ਼ੋਧਰਾ ਭੀ ਹੈ.

**ਗੋਪਾਸ਼੍ਟਮੀ:** ਕੱਤਕ ਸੁਦੀ ੮, ਜਿਸ ਦਿਨ ਕ੍ਰਿਸ਼ਨ ਜੀ ਨੇ ਗਾਈਆਂ ਚਾਰਣੀਆਂ ਆਰੰਭ ਕੀਤੀਆਂ ਸਨ. ਹੁਣ ਇਹ ਸਾਰੇ ਭਾਰਤ ਵਿੱਚ ਤ੍ਯੋਹਾਰ ਮਨਾਇਆ ਜਾਂਦਾ ਹੈ. ਇਸ ਦਿਨ ਹਿੰਦੂ ਗਾਈਆਂ ਨੂੰ ਹਾਰ ਪਹਿਨਾਉਂਦੇ ਅਤੇ ਉੱਤਮ ਭੋਜਨ ਖਵਾਉਂਦੇ ਹਨ.

**ਗੋਪਾਲ:** ਸੰਗਯਾ- ਗੋ (ਪ੍ਰਿਥਿਵੀ) ਦੀ ਪਾਲਨਾ ਕਰਨ ਵਾਲਾ ਰਾਜਾ। ੨. ਪਾਰਬ੍ਰਹਮ. ਜਗਤਪਾਲਕ ਵਾਹਗੁਰੂ. "ਹੇ ਗੋਬਿੰਦ ਹੇ ਗੋਪਾਲ." (ਮਲਾ ਮਃ ੫) "ਜਗੰਨਾਥ ਗੋਪਾਲ ਮੁਖਿ ਭਣੀ." (ਮਾਰੂ ਸੋਲਹੇ ਮਃ ੫) ੩. ਗਵਾਲਾ. ਗੋਪ. ਅਹੀਰ। ੪. ਤਲਵੰਡੀ ਦਾ ਪਾਧਾ, ਜਿਸ ਪਾਸ ਬਾਬਾ ਕਾਲੂ ਜੀ ਨੇ ਜਗਤ ਗੁਰੂ ਨੂੰ ਸੰਸਕ੍ਰਿਤ ਅਤੇ ਹਿਸਾਬ ਪੜ੍ਹਨ ਬੈਠਾਇਆ ਸੀ. "ਜਾਲਿ

ਮੋਹ ਘਸਿਮਸਿ ਕਰਿ." (ਸ੍ਰੀ ਮਃ ੧) ਸ਼ਬਦ ਇਸੇ ਪਰਥਾਇ ਉਚਰਿਆ ਹੈ। ੫. ਗੁਲੇਰ ਦਾ ਪਹਾੜੀ ਰਾਜਾ, ਜੋ ਭੰਗਾਣੀ ਦੇ ਜੰਗ ਵਿੱਚ ਦਸ਼ਮੇਸ਼ ਨਾਲ ਲੜਿਆ. ਦੇਖੋ, ਗੋਪਲਾ. ੬. ਫ਼ਾ. گوپال ਗੁਰਜ. ਗਦਾ. ਧਾਤੁ ਦਾ ਮੂਸਲ। "ਹਮਹ ਖੰਜਰੋ ਗੁਰਜ ਗੋਪਾਲ ਨਾਮ." (ਹਕਾਯਤ ੧੦)

ਗੋਪਾਲ ਸਿੰਘ: ਦੇਖੋ, ਸੁਧਾਸਰ.

ਗੋਪਿਕਾ: ਸੰਗਜਾ- ਗੋਪੀ. ਗਵਾਲਨ. ਅਹੀਰਨ.

ਗੋਪੀ: ਸੰਗਜਾ- ਗੋਪ (ਗੋਪਾਲਕ) ਦੀ ਇਸਤ੍ਰੀ. ਗਵਾਲਨ. ਅਹੀਰਨ. "ਘੜੀਆਂ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ." (ਵਾਰ ਆਸਾ) ੨. ਭਾਵ- ਇੰਦ੍ਰੀਆਂ "ਨਾਚੰਤੀ ਗੋਪੀ ਜਨਾ." (ਧਨਾ ਨਾਮਦੇਵ) ੩. ਗੁਰੂ ਅਮਰਦੇਵ ਦਾ ਇੱਕ ਆਤਮਗਜਾਨੀ ਸਿੱਖ। ੪. ਇੱਕ ਭਾਰਦ੍ਵਾਜੀ ਬ੍ਰਾਹਮਣ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਧਰਮਪ੍ਰਚਾਰਕ ਹੋਇਆ.

ਗੋਪੀਆ: ਦੇਖੋ, ਗੋਫਣ.

ਗੋਪੀਚੰਦ: ਬੰਗਾਲ ਦੇਸ਼ ਵਿੱਚ ਰੰਗਪੁਰ (ਰੰਗਵਤੀ) ਦਾ ਰਾਜਾ, ਜੋ ਭਰਥਰੀ (ਹਰਿਭਰਤ੍ਰਿ) ਦੀ ਭੈਣ ਮੇਨਾਵਤੀ ਦਾ ਪੁਤ੍ਰ ਅਤੇ ਰਾਣੀ ਪਾਰਮਦੇਵੀ ਦਾ ਪਤੀ ਸੀ. ਇਹ ਵੈਰਾਗ ਦੇ ਕਾਰਣ ਰਾਜ ਤਜਾਗਕੇ ਜਲੰਧਰ ਨਾਥ ਯੋਗੀ ਦਾ ਚੇਲਾ ਹੋਇਆ। ੨. ਇੱਕ ਜੋਗੀ, ਜਿਸ ਦੀ ਚਰਚਾ ਗੁਰੂ ਨਾਨਕ ਦੇਵ ਨਾਲ ਹੋਈ. "ਬੋਲੈ ਗੋਪੀਚੰਦ ਸਤਿ ਸਰੂਪ." (ਵਾਰ ਰਾਮ ੧. ਮਃ ੧)

ਗੋਪੀਚੰਦਨ: ਦ੍ਵਾਰਿਕਾ ਪਾਸ ਇੱਕ ਗੋਪੀਤਾਲ ਹੈ, ਜਿੱਥੇ ਕ੍ਰਿਸ਼ਨ ਜੀ ਦੇ ਦੇਹਾਂਤ ਹੋਣ ਪੁਰ ਵਿਯੋਗ ਦੁੱਖ ਨਾਲ ਗੋਪੀਆਂ ਨੇ ਪ੍ਰਾਣ ਤਜਾਗੇ ਸਨ. ਇਸ ਦੀ ਮਿੱਟੀ ਗੋਪੀਚੰਦਨ ਕਹਾਉਂਦੀ ਹੈ. ਵੈਸ਼ਨਵ ਲੋਕ ਇਸ ਦਾ ਤਿਲਕ ਲਾਉਂਦੇ ਹਨ. ਪਦਮਪੁਰਾਣ ਦੇ ਉੱਤਰਖੰਡ ਦੇ ਅਧਜਾਯ ੩੦ ਅਤੇ ੬੮ ਵਿੱਚ ਗੋਪੀਚੰਦਨ ਦਾ ਵਡਾ ਮਹਾਤਮ ਲਿਖਿਆ ਹੈ. "ਕਿਨ ਹੂੰ ਤਿਲਕ ਗੋਪੀਚੰਦਨ ਲਾਇਆ." (ਰਾਮ ਅਃ ਮਃ ੫)

ਗੋਪੀਨਾਥ, ਗੋਪੀਪਤਿ: ਸੰਗਜਾ- ਕ੍ਰਿਸ਼ਨ, ਜੋ ਗੋਪੀਆਂ ਦਾ ਸ੍ਵਾਮੀ ਹੈ। ੨. ਰਿਸ਼ੀਕੇਸ਼. ਇੰਦ੍ਰੀਆਂ ਦਾ ਪ੍ਰੇਰਕ. "ਗੋਪੀਨਾਥ ਸਗਲ ਹੈ ਸਾਥੇ." (ਮਾਰੂ ਸੋਲਹੇ ਮਃ ੫)

ਗੋਪੀਪਤਿ ਸਸਿ: ਗੁਰੁਵਿਲਾਸ ੬. ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਸਹੁਰੇ ਕ੍ਰਿਸ਼ਨ ਚੰਦ ਦਾ ਨਾਉਂ ਪਹੇਲੀ ਦੇ ਢੰਗ ਆਇਆ ਹੈ. ਗੋਪੀਪਤਿ (ਕ੍ਰਿਸ਼ਨ) ਸਸਿ (ਚੰਦ)

ਗੋਪੁੱਛ: ਸੰਗਜਾ- ਗਊ ਦੀ ਪੂਛ। ੨. ਬਾਂਦਰ ਦੀ ਇੱਕ ਜਾਤੀ. ਗੋਲਾਂਗੂਲ, ਜਿਸ ਦੀ ਦੁੰਮ ਗਾਂ ਜੇਹੀ ਹੁੰਦੀ ਹੈ। ੩. ਪੁਰਾਣੇ ਸਮੇਂ ਦਾ ਇੱਕ ਵਾਜਾ.

ਗੋਪੈ: ਦੇਖੋ, ਗੋਪਨ.

ਗੋਪਜ: ਵਿ- ਛੁਪਾਉਣ ਯੋਗਯ. ਗੋਪਨੀਯ। ੨. ਰਖਜਾ ਯੋਗਜ.

ਗੋਫਣ, ਗੋਫਨ: ਸੰ. ਗੋਫਣਾ ਅਤੇ ਭਿੰਦਿਪਾਲ. ਗੋਪੀਆ. ਮਿੱਟੀ ਦਾ ਗੋਲਾ ਚਲਾਉਣ ਦਾ ਇੱਕ ਯੰਤ੍ਰ. "ਗੋਫਣ ਗੁਰਜ ਕਰਤ ਚਮਕਾਰੀ." (ਰਾਮਾਵ)

ਗੋਬਰ: ਸੰਗਜਾ- ਗੋਵਿਟ. ਗੋਮਯ. ਗੋਹਾ.

ਗੋਬਰਧਨ: ਦੇਖੋ, ਗੋਵਰਧਨ.

ਗੋਬਰਾਗਨਿ: ਸੰਗਜਾ- ਗੋਹੇ ਦੀ ਅੱਗ.

ਗੋਬਰਿ: ਗੋਬਰ ਕਰਕੇ. ਗੋਹੇ ਨਾਲ. "ਗੋਬਰਿ ਤਰਣੁ ਨ ਜਾਈ." (ਵਾਰ ਆਸਾ)

ਗੋਬਰੀ: ਵਿ- ਗੋਹੇ ਦੀ. ਗੋਹੇ ਨਾਲ ਸੰਬੰਧਿਤ। ੨. ਸੰਗ੍ਯਾ- ਗੋਬਰ ਨਾਲ ਮਿਲੀ ਹੋਈ ਮਿੱਟੀ, ਜਿਸ ਦਾ ਲੇਪਨ ਕਰੀਦਾ ਹੈ.

ਗੋਬਿਦ, ਗੋਬਿੰਦ: ਸੰ. ਗੋਵਿੰਦ. ਸੰਗ੍ਯਾ- ਗਊ ਨੂੰ ਲਾਭ ਪਹੁਚਾਉਣਵਾਲਾ ਕ੍ਰਿਸ਼ਨਦੇਵ। ੨. ਗ੍ਯਾਨ ਕਰਕੇ ਪ੍ਰਾਪਤ ਹੋਣ ਯੋਗ੍ਯ ਵਾਹਗੁਰੂ। ੩. ਪ੍ਰਿਥਿਵੀਪਾਲਕ ਕਰਤਾਰ। ੪. ਗੋ (ਗੁਰਬਾਣੀ) ਕਰਕੇ ਜੋ ਵਿੰਦ (ਲੱਭਿਆ ਜਾਵੇ) ਪਾਰਬ੍ਰਹਮ. ਕਰਤਾਰ. "ਮਨਹੁ ਨ ਬੀਸਰੈ ਗੁਣਨਿਧਿ ਗੋਬਿਦਰਾਇ." (ਬਾਵਨ) "ਗੁਣਗਾਇ ਗੋਬਿੰਦ ਅਨਦੁ ਉਪਜੈ." (ਸੂਹੀ ਛੰਤ ਮਃ ੫)

ਗੋਬਿੰਦ ਸਿੰਘ ਸਤਿਗੁਰੂ: ਸਿੱਖਕੌਮ ਦੇ ਦਸਵੇਂ ਪਾਤਸ਼ਾਹ. ਆਪ ਦਾ ਜਨਮ ਗੁਰੂ ਤੇਗਬਹਾਦੁਰ ਸਾਹਿਬ ਦੇ ਘਰ ਮਾਤਾ ਗੁਜਰੀ ਜੀ ਤੋਂ ਪਟਨੇ ਸ਼ਹਿਰ, ਪੋਹ ਸੁਦੀ ੭. (੨੩ ਪੋਹ) ਛਨਿਛਰਵਾਰ ਸੰਮਤ ੧੭੨੩ (੨੨ ਦਿਸੰਬਰ ਸਨ ੧੬੬੬) ਨੂੰ ਹੋਇਆ. ੧੨. ਮੱਘਰ ਸੰਮਤ ੧੭੩੨ (੧੧ ਨਵੰਬਰ ਸਨ ੧੬੭੫) ਨੂੰ ਆਨੰਦਪੁਰ ਵਿੱਚ ਆਪ ਗੁਰੂ ਨਾਨਕ ਦੇਵ ਦੇ ਸਿੰਘਾਸਨ ਪੁਰ ਵਿਰਾਜੇ.

ਗੁਰੂ ਸਾਹਿਬ ਨੂੰ ਸ਼ਾਸਤ੍ਰ ਅਤੇ ਸ਼ਸਤ੍ਰਵਿਦ੍ਯਾ ਦਾ ਮੁੱਢ ਤੋਂ ਹੀ ਵਡਾ ਪ੍ਰੇਮ ਸੀ, ਇਸ ਲਈ ਥੋੜੇ ਸਮੇਂ ਵਿੱਚ ਹੀ ਦੋਹਾਂ ਦੇ ਪੂਰਣ ਪੰਡਿਤ ਹੋ ਗਏ. ਆਪ ਦਾ ਦਰਬਾਰ ਵਿਦ੍ਵਾਨਾਂ ਨਾਲ ਸਦਾ ਭਰਪੂਰ ਰਹਿੰਦਾ ਸੀ. ਦੂਰ ਦੂਰ ਦੇ ਕਵੀ ਆਕੇ ਆਪ ਦੀ ਸੇਵਾ ਵਿੱਚ ਹਾਜਿਰ ਰਹਿੰਦੇ ਅਤੇ ਦਾਨ ਸਨਮਾਨ ਨਾਲ ਪ੍ਰਸੰਨਤਾ ਲਾਭ ਕਰਦੇ. ਆਪ ਦਾ ਸ਼ੁਭ ਸੰਕਲਪ ਇਹ ਸੀ ਕਿ ਮਤ ਮਤਾਂਤਰਾਂ ਦੀਆਂ ਸਭ ਪੁਸ੍ਤਕਾਂ ਗੁਰਮੁਖੀ ਵਿੱਚ ਹੋਣ ਅਤੇ ਸਿੱਖਕੌਮ ਸੰਸਾਰ ਵਿੱਚ ਵਿਦ੍ਵਾਨਾਂ ਦੀ ਮੰਡਲੀ ਹੋਵੇ. ਆਨੰਦਪੁਰ ਨੂੰ ਵਿਦ੍ਯਾ ਦਾ ਕੇਂਦ੍ਰ ਬਣਾਉਣ ਵਾਸਤੇ ਆਪ ਨੇ ਸਿੱਖਾਂ ਨੂੰ ਦੂਰ ਦੂਰ ਇਲਮ ਹਾਸਿਲ ਕਰਨ ਲਈਂ ਮਸ਼ਹੂਰ ਆ਼ਲਿਮਾਂ ਪਾਸ ਭੇਜਿਆ.

ਭਾਰਤ ਦੇ ਮੁਰਦਾ ਪੁਰਸ਼ਾਂ ਨੂੰ ਜੀਵਦਾਨ ਦੇਣ ਵਾਸਤੇ ਆਪ ਨੇ ੧. ਵੈਸਾਖ ਸੰਮਤ ੧੭੫੬ ਨੂੰ ਕੇਸਗੜ੍ਹ ਦੇ ਦੀਵਾਨ ਵਿੱਚ ਅਮ੍ਰਿਤਦਾਨ ਦਿੱਤਾ, ਅਤੇ ਅਮ੍ਰਿਤਧਾਰੀਆਂ ਦੀ "ਖ਼ਾਲਸਾ" ਸੰਗ੍ਯਾ ਥਾਪੀ. ਦੇਸ਼ ਤੇ ਅਨ੍ਯਾਯ ਹੁੰਦਾ ਵੇਖਕੇ ਅਤੇ ਭ੍ਰਮਜਾਲਾਂ ਵਿੱਚ ਲੋਕਾਂ ਨੂੰ ਫਸੇ ਜਾਣਕੇ, ਆਪ ਨੇ ਸ਼੍ਰੀ ਗੁਰੂ ਨਾਨਕ ਦੇਵ ਦੇ ਪ੍ਰਗਟ ਕੀਤੇ ਅਕਾਲੀਧਰਮ ਦਾ ਵਡੇ ਉਤਸਾਹ ਅਤੇ ਯਤਨ ਨਾਲ ਪ੍ਰਚਾਰ ਆਰੰਭਿਆ, ਜਿਸ ਤੋਂ ਪਹਾੜੀ ਰਾਜੇ ਅਰ ਸਮੇਂ ਦੇ ਹਾਕਿਮ ਸਤਿਗੁਰੂ ਦਾ ਸਿੱਧਾਂਤ ਸਮਝੇ ਬਿਨਾ, ਅਕਾਰਣ ਹੀ ਵੈਰੀ ਹੋ ਗਏ ਅਤੇ ਆਪ ਨੂੰ ਸ੍ਵਰਖ੍ਯਾ ਲਈ ਕਈ ਜੰਗ ਕਰਨੇ ਪਏ.

ਸੰਮਤ ੧੭੬੧ ਵਿੱਚ ਤੁਰਕੀਸੈਨਾ ਨੇ ਝੂਠੀ ਕਸਮ ਖ਼ਾਕੇ ਆਪ ਤੋਂ ਆਨੰਦਪੁਰ ਖਾਲੀ ਕਰਵਾਇਆ. ਜਦ ਗੁਰੂ ਜੀ ਕ਼ਿਲੇ ਤੋਂ ਬਾਹਰ ਆਏ, ਤੁਰਤ ਹਮਲਾ ਕਰ ਦਿੱਤਾ, ਜਿਸ ਕਾਰਣ ਦਸ਼ਮੇਸ਼ ਦਾ ਭਾਰੀ ਨੁਕਸਾਨ ਹੋਇਆ ਅਰ ੫੨ ਕਵੀਆਂ ਦੀ ਵਰ੍ਹਿਆਂ ਦੀ ਮਿਹਨਤ, ਵਿਦ੍ਯਾ ਦੇ ਵੈਰੀਆਂ ਨੇ, ਮਿਸਰ ਦੇ ਕੁਤਬਖ਼ਾਨੇ ਦੀ ਤਰ੍ਹਾਂ ਛਿਨ ਵਿੱਚ ਮਿੱਟੀ ਨਾਲ ਮਿਲਾ ਦਿੱਤੀ.

ਆਪ ਵਡੀ ਵੀਰਤਾ ਅਤੇ ਧੀਰਯ ਨਾਲ ਸ਼ਾਹੀ ਫ਼ੌਜ ਦਾ ਮੁਕ਼ਾਬਲਾ ਕਰਦੇ ਹੋਏ ਸ਼ਤ੍ਰੁ ਤੋਂ ਬਚਕੇ ਜੰਗਲ ਦੀ ਮਰੁਭੂਮਿ ਵਿੱਚ ਪਹੁਚੇ. ਉਸ ਥਾਂ ਆਪਣੇ ਅਲੌਕਿਕ ਪ੍ਰਭਾਵ ਨਾਲ ਭੂਤਦੇਸ਼ ਨੂੰ ਦੇਵਦੇਸ਼ ਅਤੇ ਜੰਗਲ ਨੂੰ ਮੰਗਲਰੂਪ ਮਾਲਵਾ ਬਣਾਇਆ. ਅਨੰਤ ਜੀਵਾਂ ਨੂੰ ਸ਼ਾਂਤਿ ਅਤੇ ਵੀਰਤਾ ਦੀ ਸੰਥਾ ਦੇ ਕੇ ਆਤਮਗ੍ਯਾਨ ਅਤੇ. ਕੁਰਬਾਨੀ ਦਾ ਉੱਚਭਾਵ ਦ੍ਰਿੜਾਇਆ.

ਮਾਤਾ ਜੀਤੋ ਜੀ ਅਤੇ ਸੁੰਦਰੀ ਜੀ ਤੋਂ ਉਤਪੰਨ ਹੋਏ ਪਿਤਾ ਤੇ ਪਿਤਾਮਾ ਤੁੱਲ ਆਪ ਦੇ ਧਰਮਵੀਰ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਜੁਝਾਰ ਸਿੰਘ ਜੀ, ਜ਼ੋਰਾਵਰ ਸਿੰਘ ਜੀ ਅਤੇ ਫਤੇ ਸਿੰਘ ਜੀ ਨੇ ਭੀ ਆਪਣੇ ਲਹੂ ਨੂੰ ਜਲ ਦੀ ਥਾਂ ਸਿੰਜਕੇ ਆਪ ਦੇ ਲਾਏ ਹੋਏ ਬੂਟੇ ਨੂੰ ਮੁਰਝਾਉਂਦੀ ਦਸ਼ਾ ਤੋਂ ਪ੍ਰਫੁੱਲਿਤ ਕੀਤਾ.

ਕੱਤਕ ਸੁਦੀ ੫. (੮ ਕੱਤਕ) ਸੰਮਤ ੧੭੬੫ (੭ ਅਕਤੂਬਰ ਸਨ ੧੭੦੮) ਨੂੰ ਗੋਦਾਵਰੀ ਨਦੀ ਦੇ ਕਿਨਾਰੇ ਨਾਦੇੜ ਸ਼ਹਿਰ ਪਾਸ, ਗੁਰੂ ਗ੍ਰੰਥ ਅਤੇ ਪੰਥ ਨੂੰ ਗੁਰੁਤਾ ਦੇ ਕੇ ਅਦੁਤੀ ਪੇਸ਼ਵਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੋਤੀ ਜੋਤਿ ਸਮਾਏ.

ਆਪ ਨੇ ੩੨ ਵਰ੍ਹੇ ੧੦. ਮਹੀਨੇ ੨੬ ਦਿਨ ਗੁਰੁਤਾ ਕੀਤੀ ਅਤੇ ਸਾਰੀ ਅਵਸਥਾ ੪੧ ਵਰ੍ਹੇ ੯. ਮਹੀਨੇ ੧੫. ਦਿਨ ਭੋਗੀ.

ਕਲਗੀਧਰ ਬਾਬਤ ਸਾਧੂ ਗੋਬਿੰਦ ਸਿੰਘ ਜੀ "ਇਤਿਹਾਸ ਗੁਰਖ਼ਾਲਸਾ" ਵਿੱਚ ਲਿਖਦੇ ਹਨ-

"ਇਸ ਭਾਰਤਭੂਮਿ ਮੇਂ ਸਹਸ੍ਰੋਂ ਧਰਮਪ੍ਰਚਾਰਕ ਤਥਾ ਲਕ੍ਸ਼ੋਂ ਦੇਸ਼ ਸੰਰਕ੍ਸ਼ਕ ਰਾਜੇ ਮਹਾਰਾਜੇ ਹੂਏ ਹੈਂ, ਪਰੰਤੁ ਐਸਾ ਏਕ ਭੀ ਨਹੀਂ

ਹੂਆ ਕਿ ਜਿਸ ਨੇ ਧਰਮਰਕ੍ਸ਼ਾ ਕੇ ਨਿਮਿੱਤ ਅਪਨਾ ਸਰਵਸ੍ਵ ਹਵਨ ਕਰਕੇ ਸ਼ੇਸ਼ ਮੇਂ ਅਪਨੇ ਪ੍ਰਾਣ ਭੀ ਦਿਯੇ ਹੋਂ. x x x

"ਹਿੰਦੂਧਰਮ ਪਰ ਆਤੀ ਹੁਈ ਅਨੇਕ ਤਰਹ ਕੀ ਆਪੱਤਿਯੋਂ ਕੇ ਹਾਰਕ, ਯਾ ਮ੍ਰਿਤਪ੍ਰਾਯ ਆਰਯਸੰਤਾਨ ਕੇ ਪੁਨਹ ਪ੍ਰਾਣਸੰਚਾਰਕ, ਯਦਿ ਕੋਈ ਮਹਾਪੁਰੁਸ਼ ਹੈਂ, ਤੋ ਸਿੱਖਸਮਾਜ ਕੇ ਨਿਰਮਾਤਾ ਤਥਾ ਸ਼ਾਸਕ ਧਰਮਗੁਰੁ ਯੇਹੀ ਏਕ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਹੀ ਹੁਏ ਹੈਂ.

"ਆਪ ਹੀ ਕੇ ਸਦੁਪਦੇਸ਼ ਸੇ ਚਾਰੋਂ ਵਰਣ ਪਰਸਪਰ ਭ੍ਰਾਤ੍ਰਿਭਾਵ ਸੇ ਵ੍ਯਵਹਾਰ ਕਰਨੇ ਲਗੇ ਥੇ, ਆਪ ਹੀ ਕੀ ਸੰਪੂਰਤਿ ਮਹਾ ਸ਼ਕ੍ਤਿ ਸੇ ਵਰਤਮਾਨ ਸਿੱਖ ਸਮਾਜ ਕੀ ਯੁੱਧ ਕੇ ਵਿਸ਼ਯ ਮੇ ਸਰਵਤਃ ਅਗ੍ਰੇਸਰ ਗਣਨਾ ਹੈ, ਆਪ ਹੀ ਕੇ ਬਲਵੀਰਯ ਸਾਹਸ ਕੇ ਪ੍ਰਭਾਵ ਸੇ ਨਿਰਾਸ਼੍ਰਿਤ ਆਰਯਸੰਤਾਨ ਕਾ ਆਰਯਾਵਰਤ ਮੇਂ ਸ਼ੇਸ਼ਤ੍ਵ ਦੀਖਪੜਤਾ ਹੈ. xxx

"ਇਸ ਭਾਰਤਭੂਮਿ ਪਰ ਅਨੇਕੋਂ ਧਰਮਪ੍ਰਚਾਰਕ ਧਰਮਗੁਰੂ ਹੁਏ ਹੈਂ, ਤਥਾ ਆਗੇ ਭੀ ਹੋਂਗੇ, ਤਥਾਪਿ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਜੈਸੇ ਧਰਮਪ੍ਰਚਾਰਕ ਧਰਮਗੁਰੁ ਕਾ ਹੋਨਾ ਦੋਬਾਰਾ ਇਸ ਦੁਨਿਯਾ ਮੇਂ ਦੁਰਘਟ ਹੈ. xxx

"ਸ੍ਵਉਦਰਪੋਸ਼ੀ ਅਨੇਕ ਮਨੁਸ਼੍ਯ ਉਤਪੰਨ ਹੋ ਹੋ ਕਰ ਮਰਣਦਸ਼ਾ ਕੋ ਪਰਾਪਤ ਹੋਤੇ ਹੈਂ, ਤਥਾਪਿ ਅਪਨੇ ਨਿਰਮਲ ਯਸ਼ਃ ਕਾਯ ਸੇ ਕਲਪਾਵਧਿ ਜੀਨੇ ਵਾਲੇ ਯਹ ਏਕਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਹੀ ਹੈਂ. ਜਬ ਤਕ ਸੁਬੁੱਧ ਆਰਯਪ੍ਰਜਾ ਰਹੇਗੀ, ਤਬ ਤਕ ਇਨ ਕੇ ਅਵਰਣਨੀਯ ਉਪਕਾਰੋਂ ਕੋ ਸਨਮਾਨ ਪੂਰਵਕ ਚਿੰਤਨ ਕਿਯਾ ਕਰੇਗੀ.

"ਧਨ੍ਯ ਦੇਸ਼, ਧਨ੍ਯ ਕਾਲ, ਧਨ੍ਯ ਭੂਮਿ, ਧਨ੍ਯ ਨਗਰ, ਧਨ੍ਯ ਗ੍ਰਿਹ ਤਥਾ ਧਨ੍ਯ ਵਹ ਮਾਤਾ ਹੈ ਜਿਨ ਕੇ ਸਕਾਸ਼ ਸੇ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਜੈਸੇ ਮਹਾਪੁਰੁਸ਼ੋਂ ਕਾ ਪ੍ਰਾਦੁਰਭਾਵ ਹੋਤਾ ਹੈ."

(ਅਧ੍ਯਾਯ ੪੭)

ਗੋਬਿੰਦਗੜ੍ਹ: ਦੇਖੋ, ਕਮਲਾਹਗੜ੍ਹ। ੨. ਕਲਗੀਧਰ ਦੇ ਨਾਮ ਪੁਰ ਮਹਾਰਾਜਾ ਰਣਜੀਤ ਸਿੰਘ ਦਾ ਅਮ੍ਰਿਤਸਰ ਸ਼ਹਿਰ ਤੋਂ ਬਾਹਰ ਬਣਵਾਇਆ ਇੱਕ ਕਿਲਾ. ਇਹ ਸਨ ੧੮੦੫- ੯ ਵਿੱਚ ਤਿਆਰ ਹੋਇਆ ਹੈ. ਦੇਖੋ, ਅਮ੍ਰਿਤਸਰ। ੩. ਭਟਿੰਡੇ ਦਾ ਕਿਲਾ. ਮਹਾਰਾਜਾ ਕਰਮ ਸਿੰਘ ਪਟਿਆਲਾਪਤਿ ਨੇ ਦਸ਼ਮੇਸ਼ ਦੇ ਨਾਉਂ, ਪੁਰ ਇਸ ਕਿਲੇ ਦੀ ਇਹ ਸੰਗ੍ਯਾ ਥਾਪੀ। ੪. ਪਿੰਡ ਦੌਧਰ (ਜ਼ਿਲਾ ਫ਼ਿਰੋਜ਼ਪੁਰ ਤਸੀਲ ਥਾਣਾ ਮੋਗਾ) ਤੋਂ ਉੱਤਰ ਦਿਸ਼ਾ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇੱਕ ਗੁਰਦ੍ਵਾਰਾ ਹੈ. ਇੱਥੇ ੧. ਅਕਤੂਬਰ ਸਨ ੧੯੧੪ ਨੂੰ ਜ਼ਮੀਨ ਵਿੱਚੋਂ ਦੋ ਤਾਂਬੇ ਦੇ ਪਤ੍ਰ ਨਿਕਲੇ. ਪਹਿਲੇ ਪੁਰ ਇੱਕ ਪਾਸੇ ਗੁਰਮੁਖੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ "ਨਾਨਕ ਤਪਾ ਈਹਾਂ ਰਮੇ" ਦੂਜੇ ਪਾਸੇ "ਪਹਿਲੀ ਪਾਤਸ਼ਾਹੀ ਛੇਮੀ ਆਏ." ਦੂਜਾ ਮੁਹਰ ਦੀ ਸ਼ਕਲ ਹੈ, ਜਿਸ ਪੁਰ "ਨਾਨਕ" ਲਿਖਿਆ ਹੋਇਆ ਹੈ. ਸੰਗਤਿ ਨੇ ਪ੍ਰੇਮਭਾਵ ਨਾਲ ਗੁਰਦ੍ਵਾਰਾ ਪ੍ਰਸਿੱਧ ਕੀਤਾ. ਅਕਾਲੀ ਸਿੰਘ ਪਿੰਡ ਵਾਲੇ ਸੇਵਾ ਕਰਦੇ ਹਨ. ਗੁਰਦ੍ਵਾਰੇ ਨਾਲ ਪੰਜ ਕਨਾਲ ਜ਼ਮੀਨ ਹੈ. ਰੇਲਵੇ ਸਟੇਸ਼ਨ ਅਜਿੱਤਵਾਲ ਤੋਂ ਚਾਰ ਮੀਲ ਪੱਛਮ ਕੱਚਾ ਰਸਤਾ ਹੈ।

੫. ਰਿਆਸਤ ਨਾਭਾ, ਨਜਾਮਤ, ਤਸੀਲ ਅਤੇ ਥਾਣਾ ਅਮਲੋਹ ਦਾ ਇੱਕ ਪਿੰਡ, ਜਿਸ ਦੇ ਨਾਉਂ ਪੁਰ ਮੰਡੀ ਗੋਬਿੰਦਗੜ੍ਹ ਹੈ. ਇਸ ਥਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਰਣ ਪਾਏ ਹਨ. ਪਹਿਲੇ ਮੰਜੀ ਸਾਹਿਬ ਹੀ ਸੀ, ਪਰ ਸੰਮਤ ੧੯੭੯ ਤੋਂ ਪੱਕਾ ਗੁਰਦ੍ਵਾਰਾ ਬਣ ਰਿਹਾ ਹੈ. ਰੇਲਵੇ ਸਟੇਸ਼ਨ ਗੋਬਿੰਦਗੜ੍ਹ ਤੋਂ ਪੂਰਵ ਦਿਸ਼ਾ ਇੱਕ ਫਰਲਾਂਗ ਦੇ ਅੰਦਰ ਹੀ ਹੈ. ਹੋਲੇ ਨੂੰ ਮੇਲਾ ਹੁੰਦਾ ਹੈ। ੬. ਦੇਖੋ, ਰਾਣਵਾਂ।

ਗੋਬਿੰਦਗੀਤਾ: ਦੇਖੋ, ਕ੍ਰਿਸਨਲਾਲ.

ਗੋਬਿੰਦਘਾਟ: ਪੁਸ਼ਕਰ ਤੀਰਥ ਪੁਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦ੍ਵਾਰੇ ਪਾਸ ਇੱਕ ਘਾਟ, ਜਿੱਥੇ ਗੁਰੂ ਸਾਹਿਬ ਤੀਰਥ ਦੇ ਕਿਨਾਰੇ ਵਿਰਾਜੇ ਹਨ.

ਗੋਬਿੰਦਪੁਰਾ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ, ਥਾਣਾ ਬੋਹਾ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਉੱਤਰ ਦੇ ਪਾਸੇ ਵੱਸੋਂ ਦੇ ਨਾਲ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਨੌਵੇਂ

ਸਤਿਗੁਰੂ ਇੱਕ ਰਾਤ ਇਸ ਥਾਂ ਵਿਰਾਜੇ ਹਨ.

ਦਸਮ ਪਾਤਸ਼ਾਹ ਜੀ ਜਦੋਂ ਖੁਡਾਲ ਤੋਂ ਗੁਲਾਬ ਸਿੰਘ ਸੁਨਿਆਰੇ ਸਿੱਖ ਨੂੰ ਭੋਰੇ ਵਿੱਚੋਂ ਕੱਢਕੇ ਸਰਸੇ ਨੂੰ ਮੁੜੇ, ਤਾਂ ਇੱਥੇ ਚਰਣ ਪਾਏ.

ਦੋਵੇਂ ਸਤਿਗੁਰਾਂ ਦੇ ਮੰਜੀ ਸਾਹਿਬ ਜੁਦੇ ਜੁਦੇ ਬਣੇ ਹੋਏ ਹਨ. ਹੁਣ ਵਡਾ ਗੁਰਦ੍ਵਾਰਾ ਬਣਾਉਣ ਦੀ ਤਿਆਰੀ ਹੋ ਰਹੀ ਹੈ.

ਰੇਲਵੇ ਸਟੇਸ਼ਨ ਦਾਤੇਬਾਸ ਤੋਂ ਦੱਖਣ ਵੱਲ ਡੇਢ ਮੀਲ ਦੇ ਕਰੀਬ ਕੱਚਾ ਰਸਤਾ ਹੈ.

ਗੋਬਿੰਦਪੁਰੀ: ਸੰਗਯਾ- ਵੈਕੁੰਠ. "ਗੋਬਿੰਦਵਾਲ ਗੋਬਿੰਦਪੁਰੀ ਸਮ." (ਸਵੈਯੇ ਮਃ ੪. ਕੇ) ੨. ਸਤਿਸੰਗ.

ਗੋਬਿੰਦਲੋਕ: ਸੰਗਯਾ- ਸਾਧੁਜਨ. ਕਰਤਾਰ ਦੇ ਸੇਵਕ. "ਗੋਬਿੰਦਲੋਕ ਨਹੀ ਜਨਮਹਿ ਮਰਹਿ." (ਗਉ ਮਃ ੫)

ਗੋਬਿੰਦਵਾਲ: ਦੇਖੋ, ਗੋਇੰਦਵਾਲ ਅਤੇ ਗੋਬਿੰਦਪੁਰੀ.

ਗੋਬਿਦੁ: ਵਿ- ਗੋ- ਵਿਦੁ. ਇੰਦ੍ਰੀਆਂ ਦਾ ਗ੍ਯਾਤਾ. ਇੰਦ੍ਰੀਆਂ ਦਾ ਪ੍ਰੇਰਕ। ੨. ਵਿਸ਼੍ਵ ਦਾ ਗ੍ਯਾਤਾ। ੩. ਗੋ (ਅੰਤਹਕਰਣ) ਦਾ ਗ੍ਯਾਤਾ. ਅੰਤਰਯਾਮੀ. "ਗੋਬਿੰਦੁ ਗਾਵਹਿ ਸਹਜਿ ਸੁਭਾਏ." (ਮਾਝ ਅਃ ਮਃ ੩) ੪. ਗੋ (ਵੇਦ) ਵਿਦੁ (ਜਾਣਨ) ਵਾਲਾ. ਵੇਦਵੇੱਤਾ. ਦੇਖੋ, ਗਾਇ ੩.

ਗੋਬੰਸ: ਸੰਗਯਾ- ਗਊਆਂ ਦੀ ਕੁਲ. ਗੋਵੰਸ਼.

ਗੋਭ: ਸੰਗਯਾ- ਅੰਕੁਰ. ਗੋ (ਪ੍ਰਿਥਿਵੀ) ਨੂੰ ਭੇਦਨ ਕਰਕੇ ਜੋ ਨਿਕਲੇ. ਨਵੀਂ ਨਿਕਲੀ ਲਗਰ.

ਗੋਭੀ: ਸੰਗਯਾ- ਇੱਕ ਪ੍ਰਕਾਰ ਦੀ ਸਬਜ਼ੀ, ਜਿਸ ਦੀ ਤਰਕਾਰੀ ਬਣਦੀ ਹੈ. ਇਹ ਸਰਦੀ ਦੀ ਮੌਸਮ ਵਿਸ਼ੇਸ਼ ਹੁੰਦੀ ਹੈ. ਇਸ ਦੀਆਂ ਅਨੇਕ ਜਾਤੀਆਂ (ਗੱਠ ਗੋਭੀ, ਫੁੱਲ ਗੋਭੀ, ਬੰਦ ਗੋਭੀ ਆਦਿ) ਹਨ। ੨. ਦੇਖੋ, ਗੋਭ. "ਜਿਮ ਗੋਭੀ ਤੂਰਨ ਹੈ ਉਤਪਤ." (ਗੁਪ੍ਰਸੂ)

ਗੋਮ: ਸੰਖੇਪ ਹੈ ਗੋਮੁਖ ਅਤੇ ਗੋਮੁਦ੍ਰੀ ਦਾ. "ਧਰਾ ਗੋਮ ਗੱਜੇ." (ਚੰਡੀ ੨)

ਗੋਮਤੀ: ਇੱਕ ਨਦੀ, ਜੋ ਯੂ. ਪੀ. ਵਿੱਚ ਪੀਲੀਭੀਤ ਜਿਲੇ ਵਿੱਚੋਂ ਸ਼ਾਹਜਹਾਨਪੁਰ ਦੀ ਝੀਲ ਤੋਂ ਨਿਕਲਕੇ ਖੇੜੀ, ਲਖਨਊ, ਜੌਨਪੁਰ ਆਦਿਕ ਵਿੱਚ ੫੦੦ ਮੀਲ ਵਹਿੰਦੀ ਹੋਈ ਸੈਦਪੁਰ ਦੇ ਮਕ਼ਾਮ ਜ਼ਿਲਾ ਗਾਜ਼ੀਪੁਰ ਵਿੱਚ) ਗੰਗਾ ਨਾਲ ਮਿਲ ਜਾਂਦੀ ਹੈ. ਇਸ ਦਾ ਦੂਜਾ ਨਾਉਂ ਵਾਸ਼ਿਸ਼੍ਠੀ ਭੀ ਹੈ. ਇਸ ਨਾਉਂ, ਦੀਆਂ ਹੋਰ ਭੀ ਕਈ ਨਦੀਆਂ ਹਨ.[468] "ਹਜ ਹਮਾਰੀ ਗੋਮਤੀ ਤੀਰ." (ਆਸਾ ਕਬੀਰ) "ਗੋਮਤੀ ਸਹਸ ਗਊ ਦਾਨ ਕੀਜੈ." (ਰਾਮ ਨਾਮਦੇਵ) ੨. ਗੋਮੰਤ ਪਰਬਤ ਤੇ ਨਿਵਾਸ ਕਰਨ ਵਾਲੀ ਇੱਕ ਦੇਵੀ.

ਗੋਮਯ: ਸੰ. ਸੰਗਯਾ- ਗੋਹਾ. ਗੋਬਰ.

ਗੋਮਾਇ: ਗਿੱਦੜ. ਦੇਖੋ, ਗੋਮਾਯੁ.

ਗੋਮਾਂਸ: ਸੰਗਯਾ- ਗਊ ਦਾ ਮਾਂਸ. ਦੇਖੋ, ਗੋਘਨ। ੨. ਹਠਯੋਗ ਪ੍ਰਦੀਪਿਕਾ ਵਿੱਚ ਲਿਖਿਆ ਹੈ ਕਿ ਗੋ ਨਾਮ ਜੀਭ ਦਾ ਹੈ, ਉਸ ਨੂੰ ਖਾਸ ਅਭ੍ਯਾਸ ਨਾਲ ਮੋੜਕੇ ਤਾਲੂਏ ਨਾਲ ਲਗਾਕੇ ਕੰਠ ਦਾ ਛਿਦ੍ਰ (ਸੁਰਾਖ਼) ਬੰਦ ਕਰਨਾ ਗੋਮਾਂਸ ਹੈ.

ਗੋਮਾਯ, ਗੋਮਾਯੁ: ਸੰ. ਮੰਦ ਗੋ (ਬਾਣੀ) ਬੋਲਣ ਵਾਲਾ ਗਿੱਦੜ। ੨. ਦਸਮਗ੍ਰੰਥ ਵਿੱਚ ਗੋਮੁਦ੍ਰੀ ਦੀ ਥਾਂ ਭੀ ਗੋਮਾਯ ਸ਼ਬਦ ਆਇਆ ਹੈ. ਦਖੋ, ਗੋਮੁਦ੍ਰੀ.

ਗੋਮੁਖ: ਸੰ. ਸੰਗਯਾ- ਰਣਸ਼੍ਰਿੰਗ. ਰਣਸਿੰਘਾ. "मृदङ्गा झर्झरा भेर्य्यः पणवाण्क गोमुखाः" (ਮਹਾਭਾਰਤ, ਦ੍ਰੋਣ ਪਰਵ, ਅਃ

[468] ਇੱਕ ਦ੍ਵਾਰਾਵਤੀ ਪਾਸ ਹੈ.

੮੨) ੨. ਇੱਕ ਸੰਖ, ਜਿਸ ਦਾ ਮੁਖ ਗਊ ਜੇਹਾ ਹੁੰਦਾ ਹੈ। ੩. ਵਿ- ਮਨ ਦਾ ਖੋਟਾ, ਮੂੰਹ ਦਾ ਮਿੱਠਾ (ਜਾਂ ਚੁਪ ਕੀਤਾ) ਆਦਮੀ.

ਗੋਮੁਖੀ: ਸੰਗ੍ਯਾ- ਗਾਂ ਦੇ ਮੁਖ ਵਰਗੀ ਇੱਕ ਕੰਦਰਾ, ਜਿਸ ਵਿੱਚੋਂ ਗੰਗੋੱਤਰੀ ਗੰਗਾ ਨਿਕਲਦੀ ਹੈ। ੨. ਇੱਕ ਪ੍ਰਕਾਰ ਦੀ ਥੈਲੀ, ਜਿਸ ਦਾ ਆਕਾਰ ਗਊ ਮੁਖ ਜੇਹਾ ਹੁੰਦਾ ਹੈ. ਇਸ ਵਿੱਚ ਹੱਥ ਪਾਕੇ ਮਾਲਾ ਫੇਰਨੀ ਹਿੰਦੂ ਪੁੰਨਕਰਮ ਸਮਝਦੇ ਹਨ. ੩. ਦਖੋ, ਗੋਮੁਖ ੨.

ਗੋਮੁਦ੍ਰੀ: ਸੰ. ਸੰਗ੍ਯਾ- ਇੱਕ ਪ੍ਰਕਾਰ ਦੀ ਡੱਫ.

ਗੋਮੂਤ੍ਰਾਕਾਰ: ਸੰਗ੍ਯਾ- ਜਿਵੇਂ ਚਲਦੇ ਹੋਏ ਬੈਲ ਦਾ ਮੂਤ੍ਰ ਸਰਪ ਦੀ ਗਤਿ ਦਾ ਪ੍ਰਿਥਿਵੀ ਪੁਰ ਦੇਖੀਦਾ ਹੈ, ਉਸ ਤੁੱਲ. "ਪੁਨ ਗੋਮੂਤ੍ਰਾਕਾਰ ਫਿਰੰਤੇ." (ਗੁਪ੍ਰਸੂ) ੨. ਇੱਕ ਗਣਿਤ.

ਗੋਮੇਦ, ਗੋਮੇਦਕ: ਸੰ. ਸੰਗ੍ਯਾ- ਇੱਕ ਮਣਿ, ਜਿਸ ਦੀ ਗਿਣਤੀ ਨੌ ਰਤਨਾਂ ਵਿੱਚ ਹੈ. ਗੰਗੋਲ। ੨. ਇੱਕ ਦ੍ਵੀਪ (ਜਜ਼ੀਰਹ).

ਗੋਮੇਧ: ਸੰਗ੍ਯਾ- ਗਊ ਦੀ. ਕੁਰਬਾਨੀ ਦਾ ਜੱਗ (ਯੱਗ੍ਯ), ਜਿਸ ਦਾ ਦੂਜਾ ਨਾਉਂ 'ਗੋਸਵ' ਹੈ. ਕਾਤ੍ਯਾਯਨ ਸ਼੍ਰੌਤ ਸੂਤ੍ਰ ਵਿੱਚ ਜਿਸ ਦਾ ਦੂਜਾ ਨਾਉਂ 'ਗੋਸਵ' ਹੈ. ਕਾਤ੍ਯਾਯਨ ਸ਼੍ਰੌਤ ਸੂਤ੍ਰ ਵਿੱਚ ਇਸ ਜੱਗ ਦਾ ਵਿਧਾਨ ਹੈ. ਕਾਤ੍ਯਾਯਨ ਸ਼੍ਰੌਤ ਸੂਤ੍ਰ ਵਿੱਚ ਇਸ ਜੱਗ ਦਾ ਵਿਧਾਨ ਹੈ. ਬਹੁਤ ਸਿਮ੍ਰਿਤੀਕਾਰਾਂ ਨੇ ਕਲਿਯੁਗ ਵਿੱਚ ਇਸ ਯਗ੍ਯ ਦਾ ਨਿਸ਼ੇਧ ਲਿਖਿਆ ਹੈ. ਦੇਖੋ, ਗਵਾਲੰਭ.

ਗੋਮੈ: ਸੰਗ੍ਯਾ- ਗੋਮਯ. ਗੋਬਰ. "ਗੋਮੈ ਸੇ ਲੇਪਨ ਛਿਤਿ ਕਰਕੈ." (ਨਾਪ੍ਰ)

ਗੋਮ੍ਰਿਗ: ਸੰਗ੍ਯਾ- ਗਵਯ. ਰੋਝ. ਨੀਲਗਾਇ.

ਗੋਯਗ੍ਯ: ਸੰਗ੍ਯਾ- ਗੋਮੇਧ. ਯਜੁਰਵੇਦ ਵਿੱਚ ਇਸ ਦੀ ਵਿਧਿ ਵਿਸਤਾਰ ਨਾਲ ਲਿਖੀ ਹੈ. ਦੇਖੋ, ਗਵਾਲੰਭ ਅਤੇ ਗੋਮੇਧ.

ਗੋਯਮ: ਗੋਮੁਖ ਦੀ ਥਾਂ ਦਸਮਗ੍ਰੰਥ ਵਿੱਚ ਇਹ ਸ਼ਬਦ ਆਇਆ ਹੈ. "ਸੰਖ ਗੋਯਮ ਗੱਜੀਅੰ." (ਚੰਡੀ ੨) ੨. ਗ੍ਯਾਨੀ ਗੋਯਮ ਦਾ ਅਰਥ ਰਣਸਿੰਘਾਂ ਕਰਦੇ ਹਨ। ੩. ਫ਼ਾ. گویم ਮੈ ਕਹਿੰਦਾ ਹਾਂ.

ਗੋਯਾ: ਫ਼ਾ. گویا ਵਿ- ਕਥਨ ਕਰਤਾ। ੨. ਕ੍ਰਿ. ਵਿ- ਮਾਨੋ. ਜਾਣੀਓਂ. ਜਨੁ। ੩. ਸੰਗ੍ਯਾ- ਭਾਈ ਨੰਦ ਲਾਲ ਜੀ ਦੀ ਚਾਪ (ਤਖ਼ੱਲੁਸ). "ਹਰਫ਼ੇ ਗ਼ੈਰ ਅਜ਼ ਹਕ਼ ਨ ਯਾਇਦ ਹੇਚਗਾਹ, ਬਰ ਲਬੇ ਗੋਯਾ." (ਦੀਵਾਨ ਗੋਯਾ)

ਗੋਰ: ਫ਼ਾ. گور ਸੰਗ੍ਯਾ- ਜੰਗਲ। ੨. ਕ਼ਬਰ. "ਜਾਕਾ ਬਾਸਾ ਗੋਰ ਮਹਿ." (ਸ. ਕਬੀਰ) ੩. ਅ਼. غور ਗ਼ੋਰ. ਗ਼ਜ਼ਨੀ ਅਤੇ ਹਰਾਤ ਦੇ ਵਿਚਕਾਰਲਾ ਦੇਸ਼. ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਉਂ ਘੋਰ ਹੈ. "ਗੋਰ ਗਰਦੇਜੀ ਗੁਨ ਗਾਵੈਂ." (ਅਕਾਲ) ੪. ਇਸ ਦੇਸ਼ ਦਾ ਇੱਕ ਪ੍ਰਧਾਨ ਨਗਰ, ਜੋ ਹਰਾਤ ਤੋਂ ੧੨੦ ਮੀਲ ਪੂਰਵ ਦੱਖਣ ਹੈ. ਦੇਖੋ, ਗੋਰੀ। ੫. ਜੱਟਾਂ ਦਾ ਇੱਕ ਗੋਤ, ਜੋ ਮੁਲਤਾਨ ਦੇ ਜਿਲੇ ਬਹੁਤ ਹੈ.

ਗੋਰਸ: ਸੰਗ੍ਯਾ- ਗਊ ਦਾ ਰਸ, ਦੁੱਧ ਅਤੇ ਮੱਖਣ। ੨. ਗੋ (ਇੰਦ੍ਰੀਆਂ) ਦਾ ਰਸ. ਭੋਗ ਦਾ ਆਨੰਦ.

ਗੋਰਸਤਾਨ: ਸੰਗ੍ਯਾ- ਕ਼ਬਰਿਸਤਾਨ.

ਗੋਰਖ, ਗੋਰਖੁ: ਸੰਗ੍ਯਾ- ਗੋ (ਪ੍ਰਿਥਿਵੀ) ਦਾ ਰਕ੍ਸ਼ਕ, ਕਰਤਾਰ. "ਗੋਰਖ ਸੋ ਜਿਨਿ ਗੋਇ ਉਠਾਲੀ." (ਰਾਮ ਮਃ ੨) ੨. ਗੋ (ਇੰਦ੍ਰੀਆਂ) ਦਾ ਰਕ੍ਸ਼ਕ, ਆਤਮਾ. "ਊਪਰਿ ਗਗਨੁ ਗਗਨ ਪਰਿ ਗੋਰਖੁ, ਤਾਕਾ ਅਗਮੁ ਗੁਰੂ ਪੁਨਿ ਵਾਸੀ." (ਮਾਰੂ ਮਃ ੧) ਸ਼ਰੀਰ ਉੱਪਰ ਦਸ਼ਮਦ੍ਵਾਰ, ਉਸ ਪੁਰ ਵਸਣ ਵਾਲਾ ਆਤਮਾ, ਫਿਰ ਉਸ ਦਾ ਗੁਰੂ ਜੋ ਅਗਮਰੂਪ ਹੈ (ਪਾਰਬ੍ਰਹਮ) ਉਸ ਵਿੱਚ ਨਿਵਾਸ ਕਰਤਾ (ਸਤਿਗੁਰੂ). ੩. ਪ੍ਰਿਥਿਵੀ ਪਾਲਕ ਵਿਸ਼ਨੁ. "ਗੁਰੁ ਈਸਰੁ ਗੁਰੁ ਗੋਰਖੁ ਬਰਮਾ." (ਜਪੁ) ਗੁਰੂ ਹੀ ਸ਼ਿਵ ਵਿਸ਼ਨੁ ਅਤੇ ਬ੍ਰਹਮਾ ਹੈ। ੪. ਜੋਗੀਆਂ ਦਾ ਆਚਾਰਯ ਗੋਰਖਨਾਥ, ਜਿਸ ਦਾ ਜਨਮ ਗੋਰਖਪੁਰ ਨਗਰ ਵਿੱਚ ਹੋਇਆ. ਬਹੁਤਿਆਂ ਨੇ ਗੋਰਖ ਨੂੰ ਮਛੇਂਦ੍ਰ (ਮਤਸ੍ਯੇਂਦ੍ਰ) ਨਾਥ ਦਾ ਚੇਲਾ ਅਤੇ ਪੁਤ੍ਰ ਲਿਖਿਆ ਹੈ. ਗੋਰਖਨਾਥ ਦੀ ਨੌ ਨਾਥਾਂ ਵਿੱਚ

ਗਿਣਤੀ ਹੈ. ਜੋਗੀਆਂ ਦਾ ਕਨਪਟਾ ਪੰਥ ਇਸੇ ਮਹਾਤਮਾ ਤੋਂ ਚੱਲਿਆ ਹੈ. "ਜੋਗੀ ਗੋਰਖ ਗੋਰਖ ਕਰਿਆ." (ਗਉ ਮਃ ੪) "ਪੁਨ ਹਰਿ ਗੋਰਖ ਕੋ ਉਪਰਾਜਾ." (ਵਿਚਿਤ੍ਰ) ੫. ਗਾਈਆਂ ਦਾ ਰੱਖਣ ਵਾਲਾ. ਗੋਪਾਲ. ਗਵਾਲਾ.

ਗੋਰਖਪੁਰ: ਯੂ. ਪੀ. ਵਿੱਚ ਇਕ ਸ਼ਹਿਰ, ਜੋ ਗੋਰਖਪੁਰ ਜ਼ਿਲੇ ਦਾ ਪ੍ਰਧਾਨ ਅਸਥਾਨ ਹੈ। ੨. ਇਸ ਨਾਮ ਦੇ ਹੋਰ ਕਈ ਸ਼ਹਿਰ ਅਤੇ ਪਿੰਡ.

ਗੋਰਖਪੂਤ: ਸੰਗਯਾ- ਗੋਰਖਨਾਥ ਦਾ ਚੇਲਾ. ਗੋਰਖ ਦਾ ਨਾਦੀ ਪੁਤ੍ਰ. "ਗੋਰਖਪੂਤ ਲੁਹਾਰੀਪਾ ਬੋਲੈ." (ਸਿਧਗੋਸਟਿ)

ਗੋਰਖਪੰਥੀ: ਜੋਗੀ. ਗੋਰਖ ਦੇ ਦੱਸੇ ਰਾਹ ਤੇ ਚਲਣ ਵਾਲਾ. ਗੋਰਖ ਦਾ ਮਤ ਧਾਰਨ ਵਾਲਾ.

ਗੋਰਖਮਤਾ: ਦੇਖੋ, ਨਾਨਕਮਤਾ.

ਗੋਰਖ਼ਰ: ਫ਼ਾ. گورخر ਸੰਗਯਾ- ਪੱਛਮੀ ਭਾਰਤ ਅਤੇ ਮੱਧ ਏਸ਼ੀਆ ਵਿੱਚ ਹੋਣ ਵਾਲਾ ਇੱਕ ਗਧੇ ਦੀ ਕ਼ਿਸਮ ਦਾ ਪਸ਼ੂ, ਜੋ ਕੱਦ ਵਿੱਚ ਘੋੜੇ ਤੋਂ ਛੋਟਾ ਹੁੰਦਾ ਹੈ. Zebra.

ਗੋਰਖਾ: ਸੰਗਯਾ- ਨੈਪਾਲ ਰਾਜ ਦਾ ਇੱਕ ਪਰਗਨਾ। ੨. ਗੋਰਖਾ ਦੇਸ਼ ਦਾ ਨਿਵਾਸੀ.

ਗੋਰਖੁ: ਦੇਖੋ, ਗੋਰਖ.

ਗੋਰਲ: ਦੇਖੋ, ਗੁਰਲ.

ਗੋਰਾ: ਵਿ- ਗੌਰ. ਗੋਰੇ ਰੰਗ ਵਾਲਾ। ੨. ਸੰਗਯਾ- ਗੋਲਾ. "ਗੋਰੇ ਗੋਰੀ ਬਰਖਾ ਬਰਖਹਿਂ." (ਗੁਪ੍ਰਸੂ) "ਕਿ ਛੁੱਟੇਤ ਗੋਰੰ। ਕਿ ਬੁੱਠੇਤ ਓਰੰ." (ਕਲਕੀ) ਗੋਲੇ ਛੁੱਟੇ, ਮਾਨੋ ਓਲੇ (ਗੜੇ) ਵਰਸ ਗਏ। ੩. ਭੂਗੋਲ. ਗੋਲਾਕਾਰ ਪ੍ਰਿਥਿਵੀ. "ਗੋਰਾ ਆਦਿ ਉਚਾਰਨ ਕੀਜੈ." (ਸਨਾਮਾ)

ਗੋਰੀ: ਸੰਗਯਾ- ਗੋਲੀ. ਗੋਲਿਕਾ. "ਛੁਟੈ ਬਾਣ ਗੋਰੀ." (ਵਿਚਿਤ੍ਰ) ੨. ਗੌਰੀ. ਦੁਰਗਾ. ਪਾਰਵਤੀ। ੩. ਵਿ- ਗੋਰੇ ਰੰਗ ਵਾਲੀ. ਭਾਵ- ਸੁੰਦਰ ਇਸਤ੍ਰੀ. ਭਾਰਯਾ. ਵਹੁਟੀ. "ਗੋਰੀ ਸੇਤੀ ਤੁਟੈ ਭਤਾਰ." (ਵਾਰ ਮਾਝ ਮਃ ੧) "ਛੈਲ ਲਘੰਦੇ ਪਾਰਿ ਗੋਰੀ ਮਨੁ ਧੀਰਿਆ." (ਆਸਾ ਫਰੀਦ) ਇਸ ਥਾਂ ਛੈਲ ਬ੍ਰਹਮਵੇੱਤਾ ਅਤੇ ਗੋਰੀ ਜਿਗਯਾਸੂ ਹੈ। ੪. ਚਿੱਟੀ. "ਪਾਨੀ ਮੈਲਾ ਮਾਟੀ ਗੋਰੀ। ਇਸ ਮਾਟੀ ਕੀ ਪੁਤਰੀ ਜੋਰੀ." (ਗਉ ਕਬੀਰ) ਮਾ ਦੀ ਰਕਤ ਮੈਲੀ, ਪਿਤਾ ਦੀ ਵੀਰਯ ਚਿੱਟਾ। ੫. ਗ਼ੋਰ ਦਾ ਵਸਨੀਕ. ਦੇਖੋ, ਸ਼ਹਾਬੁੱਦੀਨ ਗ਼ੋਰੀ ਅਤੇ ਗੋਰ ੪। ੬. ਬਾਦਾਮੀ ਰੰਗ ਵਾਲੀ ਗਾਂ.

ਗੋਰੂ: ਸੰਗਯਾ- ਗਾਈਆਂ ਦਾ ਵੱਗ. ਚੌਣਾ. "ਹਮ ਗੋਰੂ ਤੁਮ ਗੁਆਰ ਗੁਸਾਈ." (ਆਸਾ ਕਬੀਰ) ੨. ਡਿੰਗ. ਦੋ ਕੋਹ ਦਾ ਮਾਨ (ਮਾਪ). ਅੱਧਾ ਯੋਜਨ.

ਗੋਰੋਚਨ: ਸੰ. ਸੰਗਯਾ- ਗਾਂ ਅਥਵਾ ਬੈਲ ਦੇ ਪਿੱਤੇ ਵਿੱਚੋਂ ਨਿਕਲਿਆ ਇੱਕ ਪਦਾਰਥ, ਜੋ ਪੀਲੇ ਰੰਗ ਦਾ ਸੁਗੰਧ ਵਾਲਾ ਹੁੰਦਾ ਹੈ. ਹਿੰਦੂਮਤ ਵਿੱਚ ਇਹ ਬਹੁਤ ਪਵਿਤ੍ਰ ਮੰਨਿਆ ਹੈ ਅਤੇ ਇਸ ਦਾ ਤਿਲਕ ਕੀਤਾ ਜਾਂਦਾ ਹੈ. ਗੋਰੋਚਨ ਦੀ ਅਸ਼੍ਟਗੰਧ ਵਿੱਚ ਗਿਣਤੀ ਹੈ. ਇਹ ਅਨੇਕ ਦਵਾਈਆਂ ਵਿੱਚ ਭੀ ਵਰਤੀਦਾ ਹੈ. L. Bezoar. ਕੀਮੀਆਂ ਨਾਲ ਏਹ ਬਣਾਉਟੀ ਭੀ ਬਣਾਇਆ ਜਾਂਦਾ ਹੈ.

ਗੋਰੰਗ: ਖ਼ੁਰਾਸਾਨ ਦਾ ਇੱਕ ਨਗਰ.

ਗੋਰੰਡ: ਭਵਿਸ਼ਯਤ ਪੁਰਾਣ ਵਿੱਚ ਗੁਰੰਡ, ਗੋਰਿੰਡ ਅਤੇ ਗੋਰੰਡ ਇੱਕ ਜਾਤਿ ਦੇ ਨਾਉਂ ਆਏ ਹਨ, ਜੋ ਕਲਿਜੁਗ ਵਿੱਚ ਰਾਜ ਕਰੇਗੀ. ਕਰਨਲ ਟਾਡ ਇਸ ਦਾ ਅਰਥ ਗੋਰਨਿਵਾਸੀ ਗੋਰੀ ਖ਼ਾਨਦਾਨ ਸਮਝਦਾ ਹੈ, ਜਿਸ ਵਿੱਚ ਸ਼ਹਾਬੁੱਦੀਨ ਮੁਹੰਮਦ ਗੋਰੀ ਮੁੱਖ ਹੋਇਆ ਹੈ. ਕਈ ਸਿੱਖ ਇਸ ਦਾ ਅਰਥ ਗੁਰੂ ਨਾਨਕ ਦੇਵ ਦੀ ਗੱਦੀ ਪੁਰ ਇਸਥਿਤ ਹੋਣ ਵਾਲੇ ਗੁਰੁਸੰਪ੍ਰਦਾਈ ਖ਼ਿਆਲ ਕਰਦੇ ਹਨ. ਕਿਤਨਿਆਂ ਨੇ ਯੂਰਪ ਨਿਵਾਸੀਆਂ ਨੂੰ ਗੁਰੰਡ ਕਲਪਿਆ ਹੈ.

ਗੋਲ: ਸੰ. ਵਿ- ਗੋਲਾਕਾਰ. ਚਕ੍ਰ ਦੇ ਆਕਾਰ ਦਾ. ਗੇਂਦ ਦੇ ਆਕਾਰ ਦਾ। ੨. ਸੰਗਯਾ- ਗੋਲਾਕਾਰ ਫ਼ੌਜ ਦਾ ਟੋਲਾ. "ਗੋਲ ਚਮੂ ਕੋ ਸੰਗ ਲੈ." (ਗੁਪ੍ਰਸੂ) ਫ਼ਾ. غول ਗ਼ੋਲ। ੩. ਗੋੱਲਾ ਦਾ ਸੰਖੇਪ. ਗ਼ੁਲਾਮ. ਮੁੱਲ ਖ਼ਰੀਦਿਆ ਦਾਸ. "ਕਰ ਦੀਨੋ ਜਗਤੁ ਸਭੁ ਗੋਲ ਅਮੋਲੀ." (ਗਉ ਮਃ ੪) ਬਿਨਾ ਮੁੱਲ ਗੋੱਲਾ ਕਰ ਦਿੱਤਾ. "ਸਤਗੁਰ ਕੇ ਗੋਲ ਗੋਲੇ." (ਵਾਰ ਸੋਰ ਮਃ ੪) ਗੋਲਿਆਂ ਦੇ ਗੋਲੇ. ਦਾਸਾਨੁਦਾਸ। ੪. ਡਿੰਗ. ਗੁਸਲ. ਇਸਨਾਨ.

ਗੋਲਕ: ਸੰ. ਸੰਗਯਾ- ਗੋਲਾਕਾਰ ਵਸਤੁ. ਗੋਲ ਪਿੰਡ। ੨. ਮਿੱਟੀ ਦਾ ਕੂੰਡਾ। ੩. ਵਿਧਵਾ ਦੇ ਉਦਰ ਤੋਂ ਜਾਰ ਦਾ ਪੁਤ੍ਰ. ਦੇਖੋ, ਪਾਰਾਸ਼ਰ ਸਿਮ੍ਰਿਤਿ ਅਃ ੪, ਸ਼. ੨੩। ੪. ਨੇਤ੍ਰ ਕੰਨ ਆਦਕਿ ਇੰਦ੍ਰੀਆਂ ਦੇ ਛਿਦ੍ਰ, ਜਿਨ੍ਹਾਂ ਵਿੱਚ ਇੰਦ੍ਰਿਯ ਨਿਵਾਸ ਕਰਦੇ ਹਨ। ੫. ਫ਼ਾ. گولک ਅਥਵਾ غولک ਨਕ਼ਦੀ ਰੱਖਣ ਦਾ ਪਾਤ੍ਰ. "ਗੁਰੂ ਕਾ ਸਿੱਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ." (ਰਹਿਤ ਭਾਈ ਦਯਾ ਸਿੰਘ) "ਗੋਲਕ ਰਾਖੇ ਨਾਹਿ ਜੋ ਛਲ ਕਾ ਕਰੈ ਵਪਾਰ." (ਤਨਾਮਾ)

ਗੋਲਕ ਰੱਖਣਾ: ਕ੍ਰਿ- ਕਰਤਾਰ ਅਤੇ ਗੁਰੂ ਵਾਸਤੇ ਇੱਕ ਬਰਤਨ ਵਿੱਚ ਦਸਵੰਧ ਆਦਿ ਦਾ ਧਨ ਜਮਾ ਕਰਨਾ. ਦੇਖੋ, ਗੋਲਕ ੫.

ਗੋਲਕੁੰਡਾ, ਗੋਲਕੰਡਾ: ਸੰ. ਕਾਲਕੁੰਡਾ. ਹੈਦਰਾਬਾਦ ਦੱਖਣ ਤੋਂ ਪੰਜ ਮੀਲ ਪੱਛਮ ਇੱਕ ਪੁਰਾਣਾ ਕਿਲਾ ਅਤੇ ਨਗਰ, ਜੋ ਸਰਵਦਰਸ਼ਨ ਸਾਰਸੰਗ੍ਰਹ ਆਦਿਕ ਗ੍ਰੰਥਾਂ ਦੇ ਕਰਤਾ ਮਾਧਵਾਚਾਰਯ ਦਾ ਜਨਮ ਅਸਥਾਨ ਹੈ. ਇਸ ਦਾ ਨਾਉਂ ਮੁਸਲਮਾਨਾਂ ਨੇ ਮੁਹੰਮਦਨਗਰ ਰੱਖ ਦਿੱਤਾ ਸੀ. ਇਹ ਸਨ ੧੫੧੮ ਤੋਂ ਸਨ ੧੬੮੭ ਤਕ ਕੁਤਬਸ਼ਾਹੀ ਖ਼ਾਨਦਾਨ ਦੀ ਰਾਜਧਾਨੀ ਰਿਹਾ ਹੈ.[469] ਸਨ ੧੬੮੭ ਵਿੱਚ ਔਰੰਗਜੇਬ ਨੇ ਇਸ ਨੂੰ ਫਤੇ ਕਰਕੇ ਮੁਗਲਰਾਜ ਨਾਲ ਮਿਲਾਇਆ. ਹੁਣ ਇਹ ਨਜਾਮ ਹੈਦਰਾਬਾਦ ਦੱਖਣ ਦਾ ਇੱਕ ਪ੍ਰਧਾਨ ਨਗਰ ਹੈ. "ਹਨੇ ਬੀਰ ਬੀਜਾਪੁਰੀ ਗੋਲਕੰਡੀ." (ਕਲਕੀ)

ਗੋਲਪੁਰਾ: ਜ਼ਿਲਾ ਅੰਬਾਲਾ, ਤਸੀਲ ਥਾਣਾ ਜਗਾਧਰੀ ਵਿੱਚ ਇੱਕ ਮਸ਼ਹੂਰ ਪਿੰਡ ਬਲਾਸਪੁਰ ਹੈ. ਇਸ ਪਿੰਡ ਤੋਂ ਵਾਯਵੀ ਕੋਣ ਡੇਢ ਮੀਲ ਦੇ ਕ਼ਰੀਬ ਗੋਲਪੁਰਾ ਬਾਗ਼ ਪਾਸ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਰਾਜਣ ਦਾ ਅਸਥਾਨ ਹੈ. ਗੁਰੂ ਜੀ ਕਪਾਲਮੋਚਨ ਤੋਂ ਇੱਥੇ ਸੈਰ ਕਰਨ ਆਏ ਠਹਿਰੇ ਹਨ. ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ. ਕੋਈ ਸੇਵਾਦਾਰ ਨਹੀਂ. ਰੇਲਵੇ ਸਟੇਸ਼ਨ ਜਗਾਧਰੀ ਤੋਂ ਈਸ਼ਾਨ ਕੋਣ ਨੌ ਮੀਲ ਦੇ ਕਰੀਬ ਕੱਚਾ ਰਸਤਾ ਹੈ.

ਗੋਲ ਬੀਆਬਾਨੀ: ਉਹ ਰੇਗਿਸਤਾਨ ਜਿਸ ਦੇ ਚਾਰੇ ਪਾਸੇ ਕਿਤੇ ਜਲ ਅਤੇ ਸਬਜ਼ੀ ਨਾ ਹੋਵੇ। ੨. ਸਾਯਬੇਰੀਆ ਦਾ ਸੁੰਨਦੇਸ਼। ੩. ਗ਼ੂਲੇ ਬੀਆਬਾਨ. ਮ੍ਰਿਗ ਤ੍ਰਿਸਨਾ ਦਾ ਪਾਣੀ. ਉਹ ਛਲਾਵਾ (mirage) ਜੋ ਰੇਗਿਸਤਾਨ ਵਿੱਚ ਦਿਸਦਾ ਹੈ ਤੇ ਭਜਾ ਭਜਾਕੇ ਮੁਸਾਫਰਾਂ ਨੂੰ ਮਾਰ ਦਿੰਦਾ ਹੈ. "ਗੋਲ ਬੀਆਬਾਨੀ ਮੇ ਸਭ ਹੀ ਕੋ ਮਾਰ ਹੈਂ." (ਚਰਿਤ੍ਰ ੨੧੭)

ਗੋਲਾ: ਸੰਗਯਾ- ਗੋਲਾਕਾਰ ਪਿੰਡ। ੨. ਤੋਪ ਦਾ ਗੋਲਾ. "ਗੋਲਾ ਗਿਆਨ ਚਲਾਇਆ." (ਭੈਰ ਕਬੀਰ) ੩. ਗੋੱਲਾ. ਗ਼ੁਲਾਮ. "ਤੂੰ ਸਾਚਾ ਸਾਹਿਬ ਦਾਸ ਤੇਰਾ ਗੋਲਾ." (ਮਾਝ ਅਃ ਮਃ ੫) ਦੇਖੋ, ਗੁਲਾਮ। ੪. ਪੇਸ਼ਾਵਰ ਦੇ ਜੁਲਾਹਿਆਂ ਦੀ ਗੋਲਾ ਸੰਗਯਾ ਹੈ। ੫. ਰਾਜਿਆਂ ਦੀਆਂ ਦਾਸੀਆਂ ਦੇ ਪੁਤ੍ਰ ਭੀ ਗੋਲੇ ਕਹੇ ਜਾਂਦੇ ਹਨ.

ਗੋਲਾਆਲਯ, ਗੋਲਾਕੇਤਨਿ, ਗੋਲਾਧਰਣੀ, ਗੋਲਾਲਯ, ਗੋਲਾਲਿਆਲੀ: ਗੋਲੇ ਗੋਲੀ ਦਾ ਘਰ. ਜਿਸ ਵਿੱਚ ਗੋਲਾ ਕੱਸਿਆ ਜਾਵੇ. ਗੋਲੇ ਨੂੰ ਆਪਣੇ ਵਿੱਚ ਲੈਣ ਵਾਲੀ. ਤੋਪ. ਬੰਦੂਕ (ਸਨਾਮਾ) ਦੇਖੋ, ਕੇਤਨਿ.

ਗੋਲੀ: ਸੰਗਯਾ- ਛੋਟਾ ਗੋਲਾ. ਗੁਲਿਕਾ। ੨. ਦਵਾਈ ਦੀ ਵੱਟੀ। ੩. ਦਾਸੀ. ਮੁੱਲ ਲਈ ਟਹਿਲਣ. ਗੋੱਲੀ.

ਗੋਲੀ ਦੀ ਮਾਰ: Musket shot. ਜਦ ਮੂੰਹ ਤੋਂ ਭਰਨ ਵਾਲੀ ਬੰਦੂਕ ਪਹਿਲਾਂ ਤਿਆਰ ਹੋਈ, ਤਦ ਉਸ ਦੀ ਮਾਰ ਦੋ ਸੌ ਗਜ਼ ਤੀਕ ਸੀ, ਇਸ ਲਈ ਦੋ ਸੌ ਗਜ਼ ਦੀ ਦੂਰੀ ਦਾ ਨਾਉਂ ਗੋਲੀ ਦੀ ਮਾਰ ਠਹਿਰਿਆ. ਫੇਰ ਜਯੋਂ ਜਯੋਂ ਬੰਦੂਕ ਦੀ ਮਾਰ ਵਧਦੀ ਗਈ ਤਯੋਂ ਤਯੋਂ ਇਸ ਦੀ ਵਿੱਥ ਦੀ ਦੂਰੀ ਭੀ ਵਧਦੀ ਗਈ.

ਗੋਲੇਰ: ਦੇਖੋ, ਗੁਲੇਰ ਅਤੇ ਗੁਲੇਰੀਆ.

---

[469] ਬਾਹਮਨੀ ਸਲਤਨਤ ਦੇ ਟੁੱਟਣ ਉੱਤੇ ਤਿੰਨ ਰਾਜ ਕਾਇਮ ਹੋਏ ਸਨ-ਅਹਿਮਦਨਗਰ, ਬੀਜਾਪੁਰ ਅਤੇ ਗੋਲਕੰਡਾ.

ਗੋਲੋਕ: ਸੰਗਯਾ- ਬ੍ਰਹਮਵੈਵਰਤ ਪੁਰਾਣ ਦੇ ਮਤ ਅਨੁਸਾਰ ਇੱਕ ਵਡੇ ਗੋ (ਪ੍ਰਕਾਸ਼) ਵਾਲਾ ਲੋਕ, ਜੋ ਵੈਕੁੰਠ ਤੋਂ ਉੱਪਰ ਹੈ. ਇਸ ਦਾ ਵਿਸਤਾਰ ਪਚਾਸ ਕ੍ਰੋੜ ਯੋਜਨ ਹੈ. ਗੋਲੋਕ ਵਿੱਚ ਕ੍ਰਿਸ਼ਨ ਜੀ, ਰਾਧਾ ਅਤੇ ਗੋਪੀਆਂ ਨਿਵਾਸ ਕਰਦੀਆਂ ਹਨ. ਵਿਰਜਾ ਨਦੀ ਦੇ ਕਿਨਾਰੇ ਸੋਨੇ ਦੇ ਰਤਨਾਂਜੜੇ ਮਹਿਲ ਹਨ. ਜੋ ਰਾਧਾ ਕ੍ਰਿਸ਼ਨ ਦੀ ਭਗਤੀ ਕਰਦੇ ਹਨ, ਉਹੀ ਇਸ ਲੋਕ ਦੇ ਅਧਿਕਾਰੀ ਹਨ.

ਗੋਲੰਦਾਜ਼: ਫ਼ਾ. گولہانداز ਸੰਗਯਾ- ਤੋਪਚੀ. ਤੋਪ ਦੇ ਗੋਲੇ ਨੂੰ ਫੈਂਕਣ (ਵਰਸਾਉਣ) ਵਾਲਾ. ਗੋਲਮਦਾਜ.

ਗੋੱਲਾ: ਦੇਖੋ, ਗੁਲਾਮ.

ਗੋਵਨ: ਕ੍ਰਿ- ਕਥਨ. ਗੋ (ਬਾਣੀ) ਦਾ ਉੱਚਾਰਣ. "ਮੁਖ ਗੋਵਹਿ ਗਿਆਨ." (ਆਸਾ ਮਃ ੫)

ਗੋਵਰਧਨ: ਸੰ. गोवर्द्धन ਸੰਗਯਾ- ਗਊਆਂ ਦੇ ਵਧਾਉਣ ਵਾਲਾ ਇੱਕ ਪਹਾੜ, ਜੋ ਵ੍ਰਿੰਦਾਵਨ ਤੋਂ ੧੮. ਮੀਲ ਤੇ (ਯੂ. ਪੀ. ਦੇ ਇਲਾਕੇ ਮਥੁਰਾ ਜਿਲੇ) ਵਿੱਚ ਹੈ. ਸ਼੍ਰੀ ਕ੍ਰਿਸ਼ਨ ਜੀ ਇਸ ਉੱਪਰ ਗਊਆਂ ਚਰਾਇਆ ਕਰਦੇ ਸਨ. ਜਦ ਇੰਦ੍ਰ ਨੇ ਗੋਪਾਂ ਵੱਲੋਂ ਆਪਣੀ ਪੂਜਾ ਹਟੀ ਦੇਖੀ, ਤਦ ਉਸ ਨੇ ਕ੍ਰੋਧ ਨਾਲ ਮੂਸਲਧਾਰ ਵਰਖਾ ਕਰਕੇ ਵ੍ਰਿਜ ਨੂੰ ਡੋਬਣਾ ਚਾਹਿਆ. ਕ੍ਰਿਸ਼ਨ ਜੀ ਨੇ ਗੋਵਰਧਨ ਛਤਰੀ ਦੀ ਤਰਾਂ ਉਠਾਕੇ ਗੋਪ ਅਤੇ ਗਊਆਂ ਦੀ ਰਖਯਾ ਕੀਤੀ. "ਗੁਰਮਤਿ ਕ੍ਰਿਸਨ ਗੋਵਰਧਨ ਧਾਰੇ." (ਮਾਰੂ ਸੋਲਹੇ ਮਃ ੧) ਗੋਵਰਧਨ ਉੱਤੇ "ਹਰਿਦੇਵ" ਨਾਮਕ ਕ੍ਰਿਸ਼ਨ ਜੀ ਦਾ ਪ੍ਰਸਿੱਧ ਮੰਦਿਰ ਹੈ। ੨. ਬੰਬਈ ਹਾਤੇ ਵਿੱਚ ਜ਼ਿਲੇ ਨਾਸਿਕ ਦਾ ਇੱਕ ਪਹਾੜ.

ਗੋਵਰਧਨਧਾਰੀ: ਵਿ- ਗੋਵਰਧਨ ਪਹਾੜ ਦੇ ਉਠਾਉਣ ਵਾਲਾ। ੨. ਸੰਗਯਾ- ਕ੍ਰਿਸ਼ਨਦੇਵ. ਦੇਖੋ, ਗੋਵਰਧਨ.

ਗੋਵਲੀਆ: ਗੋਪਾਲਕ. ਦੇਖੋ, ਗੋਪਾਲ. "ਬਾਪ ਗੋਵਲੀਆ ਬਲਿ ਜਾਸਉ." (ਬੰਨੋ)

ਗੋਵਿਦ: ਦੇਖੋ, ਗੋਬਿੰਦ. "ਗੋਵਿਦ ਨਾਮ ਮਜੀਠਾ." (ਸੂਹੀ ਛੰਤ ਮਃ ੫)

ਗੋਵਿੰਦ: ਦੇਖੋ, ਗੋਬਿੰਦ. "ਗੋਵਿੰਦ ਗੋਵਿੰਦ ਬਖਾਨੀਐ." (ਆਸਾ ਮਃ ੫) ੨. ਕ੍ਰਿਸ਼ਨ. "ਆਖਹਿ ਗੋਪੀ ਤੈ ਗੋਵਿੰਦ." (ਜਪੁ) ੩. ਘੇਈ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਸੀ.

ਗੋਵਿੰਦ ਸਿੰਘ ਸਤਿਗੁਰੂ: ਦੇਖੋ, ਗੋਬਿੰਦ ਸਿੰਘ ਸਤਿਗੁਰੂ.

ਗੋਵਿੰਦਾ: ਸੰਬੋਧਨ. ਹੇ ਗੋਵਿੰਦ ! ੨. ਗੁਰੂ ਅਮਰਦਾਸ ਸਾਹਿਬ ਦਾ ਇੱਕ ਸੇਵਕ.

ਗੋਵਿਦੁ, ਗੋਵਿੰਦੁ: ਦੇਖੋ, ਗੋਬਿੰਦ. "ਗੋਵਿਦੁ ਗੁਣੀਨਿਧਾਨ ਹੈ." (ਸ੍ਰੀ ਮਃ ੩) "ਗੁਰੁ ਗੋਵਿੰਦੁ, ਗੋਵਿੰਦੁ ਗੁਰੂ ਹੈ." (ਆਸਾ ਛੰਤ ਮਃ ੪)

ਗੋੜ੍ਹਾ: ਸੰਗਯਾ- ਪਿੰਜੀ ਹੋਈ ਰੂਈ ਦਾ ਗੋਲ ਪਿੰਡ, ਜਿਸ ਤੋਂ ਪੂਣੀਆਂ ਬਣਾਈਆਂ ਜਾਂਦੀਆਂ ਹਨ.

ਗੌ: ਸੰ. ਸੰਗਯਾ- ਗਊ. ਗਾਂ। ੨. ਗਮਨ ਕਰਨਵਾਲੀ (ਚਲਨੇਵਾਲੀ) ਵਸਤੁ.

ਗੌਂ: ਦੇਖੋ, ਗਉਂ.

ਗੌਸ: ਅ਼. غوث ਗ਼ੌਸ। ਸੰਗਯਾ- ਫ਼ਰਿਆਦ ਸੁਣਨ ਵਾਲਾ। ੨. ਮੁਸਲਮਾਨ ਫ਼ਕੀਰਾਂ ਦਾ ਇੱਕ ਖਾਸ ਦਰਜਾ. "ਬਿਰਾਜੈਂ ਕਟੇ ਅੰਗ ਬਸਤ੍ਰੋਂ ਲਪੇਟੇ। ਜੁਮੇ ਕੇ ਮਨੋ ਰੋਜ ਮੇ ਗੌਸ ਲੇਟੇ." (ਚਰਿਤ੍ਰ ੪੦੫) ਕਿਤਨੇ ਮੁਸਲਮਾਨਾਂ ਦਾ ਨਿਸ਼ਚਾ ਹੈ ਕਿ ਗੌਸ ਫ਼ਕੀਰ ਧਯਾਨ- ਪਰਾਇਣ ਹੋਏ ਆਪਣੇ ਅੰਗ ਵਿਖੇਰ ਦਿੰਦੇ ਹਨ.

ਗੌਸੀਆ: ਵਿ- ਗੌਸ ਨਾਲ ਸੰਬੰਧਤ ਰੱਖਣ ਵਾਲਾ। ੨. ਗੌਸ ਦਾ ਚੇਲਾ. ਦੇਖੋ, ਗੌਸ.

ਗੌਹ: ਦੇਖੋ, ਗਹੁ.

ਗੌਹਰ: ਦੇਖੋ, ਗਉਹਰ. ੨. ਸੰ. ਗਾਈਆਂ ਲੈ ਜਾਣ ਵਾਲਾ। ੩. ਗਾਈਆਂ ਚੁਰਾਉਣ ਵਾਲਾ.

ਗੌਹਾਟੀ: ਦੇਖੋ, ਗਉਹਾਟੀ.

ਗੌਗਾ: ਅ਼. غوغا ਗ਼ੌਗ਼ਾ. ਸੰਗ੍ਯਾ- ਜਨਸਮੁਦਾਯ. ਆਦਮੀਆਂ ਦੀ ਭੀੜ। ੨. ਫ਼ਾ. ਸ਼ੋਰ. ਡੰਡ ਰੌਲਾ। ੩. ਅਫ਼ਵਾਹ. ਜਨਸ਼੍ਰੁਤਿ.

ਗੌਛਾ: ਦੇਖੋ, ਅੰਗੋਛਾ.

ਗੌਡ: ਸੰਗ੍ਯਾ- ਇੱਕ ਰਾਗ, ਜੋ ਸੰਪੂਰਣਜਾਤਿ ਦਾ ਹੈ. ਇਸ ਵਿੱਚ ਸ਼ੜਜ ਰਿਸ਼ਭ ਮੱਧਮ ਪੰਚਮ ਨਿਸ਼ਾਦ ਸ਼ੁੱਧ, ਗਾਂਧਾਰ ਅਤੇ ਧੈਵਤ ਕੋਮਲ ਹਨ. ਗ੍ਰਹਸੁਰ ਗਾਂਧਾਰ, ਵਾਦੀ ਪੰਚਮ ਅਤੇ ਸੰਵਾਦੀ ਮੱਧਮ ਹੈ. ਗਾਉਣ ਦਾ ਵੇਲਾ ਦੋਪਹਿਰ (ਮਧ੍ਯਾਨ) ਹੈ.

ਸਰਗਮ- ਸ਼ ਰ ਮ ਮ ਪ ਧਾ ਸ਼ ਧਾ ਨ ਪ ਮ ਗਾ ਮ ਰ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੌਡ ਦਾ ਸਤਾਰਵਾਂ ਨੰਬਰ ਹੈ। ੨. ਮਧ੍ਯ ਭਾਰਤ (ਸੀ. ਪੀ. ) ਵਿੱਚ ਇੱਕ ਜਾਤਿ। ੩. ਦੇਖੋ, ਗੌੜ। ੪. ਗੁੜ ਦਾ ਬਣਿਆ ਕੋਈ ਪਦਾਰਥ.

ਗੌਂਡ: ਦੇਖੋ, ਗੌਡ ੧.

ਗੌਣ: ਦੇਖੋ, ਗਉਣ। ੨. ਸੰ. ਵਿ- ਸਾਮਾਨ੍ਯ. ਸਾਧਾਰਣ. ਜੋ ਮੁੱਖ ਨਾ ਹੋਵੇ। ੩. ਸਹਾਇਕ। ੪. ਗੌਣੀ ਲੱਛਣਾਂ ਕਰਕੇ ਜਿਸ ਅਰਥ ਦਾ ਗ੍ਯਾਨ ਹੋਵੇ.

ਗੌਣੀ: ਸ਼ੰਗ੍ਯਾ- ਲਕ੍ਸ਼ਣਾ (ਲੱਛਣਾਂ) ਦਾ ਇਕ ਭੇਦ. ਕਿਸੇ ਵਸ੍ਤੁ ਦਾ ਗੁਣ ਦੂਸਰੇ ਥਾਂ ਆਰੋਪਣਾ ਜੈਸੇ- "ਸਤਿਗੁਰ ਬਾਵਨ ਚੰਦਨੋ ਵਾਸ ਸੁਵਾਸ ਕਰੈ ਲਾਖੀਣਾ." (ਭਾਗੁ)

ਗੌਤਮ: ਗੋਤਮ ਵੰਸ਼ ਵਿੱਚ ਹੋਣ ਵਾਲਾ. ਗੋਤਮ ਨਾਲ ਹੈ ਜਿਸ ਦਾ ਸੰਬੰਧ. ਦੇਖੋ ਗੌਤਮ। ੨. ਮਹਾਤਮਾ ਬੁੱਧ, ਜਿਸ ਦੀ ਮਾਤਾ ਮਾਯਾਦੇਵੀ ਪੁਤ੍ਰ ਜਣਨ ਤੋਂ ਸੱਤਵੇਂ ਦਿਨ ਮਰ ਗਈ ਸੀ, ਇਸ ਲਈ ਬੁੱਧ ਨੂੰ ਮਤੇਈ ਗੋਤਮੀ ਨੇ ਪਾਲਿਆ, ਜਿਸ ਕਾਰਣ ਨਾਮ ਗੌਤਮ ਹੋਇਆ. ਦੇਖੋ, ਬੁਧ। ੩. ਦੇਖੋ, ਗੋਤਮ ੪.

ਗੌਤਮੀ: ਸੰ. ਵਿ- ਗੋਤਮ ਗੋਤ੍ਰ ਦੀ ਇਸਤ੍ਰੀ. ਗੋਤਮ ਦੀ ਕੁਲ ਵਿੱਚ ਹੋਣਵਾਲੀ। ੨. ਸੰਗ੍ਯਾ- ਗੌਤਮ ਰਿਖੀ ਦੀ ਇਸਤ੍ਰੀ, ਅਹਲ੍ਯਾ। ੩. ਕ੍ਰਿਪਾਚਾਰਯ ਦੀ ਵਹੁਟੀ। ੪. ਗੋਦਾਵਰੀ ਨਦੀ, ਜੋ ਗੋਤਮ ਪਹਾੜ ਤੋਂ ਨਿਕਲਦੀ ਹੈ, ਅਥਵਾ ਗੋਤਮ ਕਰਕੇ ਲਿਆਂਦੀ ਹੋਈ. ਦੇਖੋ, ਗੋਦਾਵਰੀ.

ਗੌਨ: ਦੇਖੋ, ਗਾਉਣ ਅਤੇ ਗੋਣ। ੨. ਅੰ. Gown. ਲੰਮਾ ਚੋਲਾ.

ਗੌਨਾ: ਸੰਗ੍ਯਾ- ਦ੍ਵਿਰਾਗਮਨ. ਦੁਲਹਨ (ਲਾੜੀ) ਦਾ ਸਹੁਰੇ ਘਰ ਦੂਜੀਵਾਰ ਆਉਣਾ. ਮੁਕਲਾਵਾ.

ਗੌਰ: ਸੰ. ਵਿ- ਗੋਰਾ. ਚਿੱਟਾ। ੨. ਪੀਲੇ ਰੰਗਾ। ੩. ਲਾਲ ਰੰਗਾ। ੪. ਸੰਗ੍ਯਾ- ਸੁਵਰਣ. ਸੋਨਾ। ੫. ਕੇਸਰ। ੬. ਚੰਦ੍ਰਮਾ। ੭. ਹੜਤਾਲ। ੮. ਅ਼. غور ਗ਼ੌਰ. ਸੋਚ. ਵਿਚਾਰ। ੯. ਖ਼ਿਆਲ. ਧ੍ਯਾਨ.

ਗੌਰਤਾ: ਸੰਗ੍ਯਾ- ਗੁਰੁਤ੍ਵ. ਭਾਰੀਪਨ। ੨. ਗੋਰਾਪਨ.

ਗੌਰਵ: ਸੰ. ਸੰਗ੍ਯਾ- ਭਾਰੀਪਨ। ੨. ਵਡਾਈ. ਮਹਤ੍ਵ। ੩. ਸਨਮਾਨ. ਇੱਜ਼ਤ। ੪. ਵਿ- ਗੁਰੂ ਦਾ.

ਗੌਰਵਤਾ, ਗੌਰਵਤਾਈ: ਸੰ. ਸੰਗ੍ਯਾ- ਵਡਿਆਈ. ਬਜ਼ੁਰਗੀ। ੨. ਭਾਰੀਪਨ. ਗੁਰੁਤ੍ਵ. "ਵਿਸਮਿਤ ਪਿਖ ਗੁਰ ਗੌਰਵਤਾਈ." (ਗੁਪ੍ਰਸੂ)

ਗੌਰਾ: ਵਿ- ਗੁਰੁਤਾ ਵਾਲਾ. ਭਾਰੀ. ਦੇਖੋ, ਗਉਰਾ। ੨. ਸੰ. ਸੰਗ੍ਯਾ- ਗੋਰੀ ਇਸਤ੍ਰੀ। ੩. ਪਾਰਵਤੀ। ੪. ਹਲਦੀ। ੫. ਭਾਈ ਭਗਤੂਵੰਸ਼ੀ ਭਾਈ ਗੌਰਾ, ਜੋ ਗੁਰੂ ਹਰਿਰਾਇ ਸਾਹਿਬ ਦਾ ਪ੍ਰਸਿੱਧ ਸਿੱਖ ਹੋਇਆ ਹੈ. ਇਸ ਨੇ ਸਤਿਗੁਰੂ ਦੇ ਚੌਰਬਰਦਾਰ ਜੱਸੇ

ਨੂੰ, ਠੱਠਾ ਕਰਨ ਪੁਰ ਰੰਜ ਹੋਕੇ ਮਾਰ ਦਿੱਤਾ ਸੀ, ਜਿਸ ਪੁਰ ਗੁਰੂ ਸਾਹਿਬ ਨੇ ਇਸ ਨੂੰ ਪੰਗਤ ਵਿੱਚੋਂ ਕੱਢ ਦਿੱਤਾ, ਪਰ ਇਸ ਨੇ ਸੇਵਾ ਕਰਕੇ ਸਤਿਗੁਰਾਂ ਤੋਂ ਅਪਰਾਧ ਬਖਸ਼ਾਲਿਆ। ੬. ਗੋਰੋਚਨਾ. "ਮ੍ਰਿਗਮਦ ਗੌਰਾ ਚੋਆ ਚੰਦਨ." (ਭਾਗੁ ਕ) ਦੇਖੋ, ਗੋਰੋਚਨ.

ਗੌਰਾਂਗ: ਗੋਰੇ ਹਨ ਅੰਗ ਜਿਸ ਦੇ ਸ਼ਿਵ, ਮਹਾਦੇਵ। ੨. ਦੇਖੋ, ਚੈਤਨਯ.

ਗੌਰਾਬਾਦਲ: ਚਤੌੜ ਦੇ ਰਾਜਾ ਦਾ ਇੱਕ ਲੁਹਾਰ. ਦੇਖੋ, ਚਰਿਤ੍ਰ ੨੯੯.

ਗੌਰਿ: ਦੇਖੋ, ਗੌਰੀ.

ਗੌਰਿਸੌ: ਸੰਗਯਾ- ਗੌਰੀ (ਪਾਰਵਤੀ) ਦਾ ਸ਼ਹੁ (ਪਤਿ) ਸ਼ਿਵ. ਗਿਰਿਜਾਪਤਿ. "ਐਸ ਗੌਰੀਸੌ ਗਾਹ ਗਗਨ ਸਰ ਲਾਯਕੈ." (ਚਰਿਤ੍ਰ ੧੪੨)

ਗੌਰੀ: ਸੰ. ਸੰਗਯਾ- ਪਾਰਵਤੀ. ਗਿਰਿਜਾ। ੨. ਪ੍ਰਿਥਿਵੀ। ੩. ਹਲਦੀ। ੪. ਵਰੁਣ ਦੀ ਇਸਤ੍ਰੀ। ੫. ਤੁਲਸੀ। ੬. ਅੱਠ ਵਰ੍ਹੇ ਦੀ ਕੰਨਯਾ। ੭. ਗਉੜੀ ਰਾਗਿਨੀ। ੮. ਵਿ- ਗੋਰੇ ਰੰਗ ਵਾਲੀ.

ਗੌਰੀਸ: ਦੇਖੋ, ਗੌਰੀਨਾਥ.

ਗੌਰੀਸੁਤ: ਦੇਖੋ, ਗਉਰੀਸੁਤ.

ਗੌਰੀਤ੍ਰਿਤੀਯਾ: ਦੇਖੋ, ਤੀਜਾਂ.

ਗੌਰੀਨਾਥ, ਗੌਰੀਪਤਿ: ਗੌਰੀ (ਪਾਰਵਤੀ) ਦਾ ਪਤਿ ਸ਼ਿਵ। ੨. ਵਰੁਣ ਦੇਵਤਾ, ਜਿਸ ਦੀ ਇਸਤ੍ਰੀ ਦਾ ਨਾਉਂ ਗੌਰੀ ਹੈ। ੩. ਰਾਜਾ, ਜੋ ਗੌਰੀ (ਪ੍ਰਿਥਿਵੀ) ਦਾ ਪਤਿ ਹੈ.

ਗੌਰੀਪੁਤ੍ਰ: ਸੰਗਯਾ- ਪਾਰਵਤੀ ਦਾ ਪੁਤ੍ਰ ਗਣੇਸ਼। ੨. ਸ੍ਵਾਮਿਕਾਰਤਿਕੇਯ। ੩. ਦੇਖੋ, ਗਉਰੀਸੁਤ.

ਗੌਰੰਗ: ਦੇਖੋ, ਚੈਤਨਯ.

ਗ਼ੌਲ: ਦੇਖੋ, ਗੂਲ ੫.

ਗੌੜ: ਸੰ. ਗੌਡ. ਸੰਗਯਾ- ਪੂਰਵ ਬੰਗਾਲ ਅਤੇ ਉੜੀਸੇ ਦੇ ਵਿਚਕਾਰਲਾ ਦੇਸ਼। ੨. ਗੌੜ ਦੇਸ਼ ਦਾ ਵਸਨੀਕ। ੩. ਬ੍ਰਾਹਮਣਾਂ ਦੀ ਇੱਕ ਪ੍ਰਸਿੱਧ ਜਾਤਿ। ੪. ਰਾਜਪੂਤਾਂ ਦੀ ਇੱਕ ਜਾਤਿ। ੫. ਵਿ- ਗੁੜ ਦਾ ਬਣਿਆ ਹੋਇਆ ਪਦਾਰਥ.

ਗੌੜੀ: ਦੇਖੋ, ਗਉੜੀ। ੨. ਸੰ. गौडी ਸੰਗਯਾ- ਗੁੜ ਦੀ ਸ਼ਰਾਬ। ੩. ਕਾਵ੍ਯ ਅਨੁਸਾਰ ਰਚਨਾ ਦਾ ਇੱਕ ਪ੍ਰਕਾਰ, ਜਿਸ ਵਿੱਚ ਓਜ ਗੁਣ ਹੁੰਦਾ ਹੈ ਅਰ ਟਵਰਗ ਦਾ ਪ੍ਰਯੋਗ ਕਰੀਦਾ ਹੈ.[470] ਗੌੜ ਦੇਸ਼ ਦੇ ਕਵਿ ਇਸ ਨਾਉਂ ਦਾ ਕਾਰਣ ਹਨ.

ਗੰਉ: ਸੰਗਯਾ- ਗਮਨ. ਗਤਿ. "ਵਹਿਣ ਤਿਦਾਊ ਗੰਉ ਕਰੇ." (ਸ. ਫਰੀਦ) ੨. ਦੇਖੋ, ਗਉਂ.

ਗੰਗ: ਸੰ. ਗੰਗਾ. ਸੰਗਯਾ- ਗੰਗਾ ਨਦੀ. "ਗੰਗ ਬਨਾਰਸਿ ਸਿਫਤਿ ਤੁਮਾਰੀ." (ਆਸਾ ਮਃ ੧) ਦੇਖੋ, ਗੰਗਾ। ੨. ਨਦੀ, ਜੋ ਸਦਾ ਗਮਨ ਕਰਦੀ ਹੈ. "ਗੰਗ ਤਰੰਗ ਅੰਤ ਕੋ ਪਾਵੈ." (ਸਵੈਯੇ ਮਃ ੩. ਕੇ) ੩. ਇੱਕ ਕਵਿ, ਜੋ ਯੂ. ਪੀ. ਦੇ ਇਕਨੌਰ (ਜ਼ਿਲੇ ਇਟਾਵੇ) ਦਾ ਵਸਨੀਕ ਸੀ. ਇਸਦਾ ਜਨਮ ਸਨ ੧੫੩੮ ਵਿੱਚ ਹੋਇਆ. ਇਹ ਹਿੰਦੀ ਭਾਸ਼ਾ ਦਾ ਉੱਤਮ ਕਵੀ ਸੀ ਅਰ ਵੀਰਬਲ, ਖ਼ਾਨਖ਼ਾਨਾ ਆਦਿਕਾਂ ਨਾਲ ਮਿਤ੍ਰਤਾ ਰਖਦਾ ਸੀ. ਬਾਦਸ਼ਾਹ ਅਕਬਰ ਭੀ ਇਸ ਦਾ ਸਨਮਾਨ ਕਰਦਾ ਸੀ. ਇਸ ਦਾ ਪੂਰਾ ਨਾਉਂ ਗੰਗਾਪ੍ਰਸਾਦ ਹੈ, ਪਰ ਇਹ ਕਵਿਤਾ ਵਿੱਚ ਕੇਵਲ ਗੰਗ ਲਿਖਦਾ ਸੀ। ੪. ਗੁਰਯਸ਼ ਕਰਤਾ ਇੱਕ ਭੱਟ.

---

[470] "ਵਿਕਟ ਭਟ ਕਟਕ ਰਿਪੁ ਠਟਕ ਤਨ ਤਜਤ ਜਬ ਗਜਤ ਗੁਰੁਸਿੰਘ ਭਲ ਬਜਤ ਡੰਕਾ." (ਸਿੱਖੀਪ੍ਰਭਾਕਰ)

**ਗੰਗਈ:** ਗੰਗੂਸ਼ਾਹੀ. ਦੇਖੋ, ਗੰਗੂਸਾਹ.

**ਗੰਗਸਰ:** ਕਰਤਾਰਪੁਰ ਵਿੱਚ, ਗੁਰੂ ਅਰਜਨ ਦੇਵ ਦਾ ਸੰਮਤ ੧੬੫੬ ਵਿੱਚ ਲਗਵਾਇਆ ਵਡਾ ਚੌੜਾ ਖੂਹ। ੨. ਜੈਤੋ (ਰਾਜ ਨਾਭਾ) ਦੇ ਗੁਰਦ੍ਵਾਰੇ ਪਾਸ ਦਾ ਤਾਲ. ਦੇਖੋ, ਜੈਤੋ.

**ਗੰਗਸਿੰਧ:** ਭਾਈ ਸੁੱਖਾ ਸਿੰਘ ਨੇ ਗੰਗਾਸਾਗਰ (ਟੂਟੀਦਾਰ ਗੜਵੇ) ਨੂੰ ਗੰਗਸਿੰਧ ਪਹੇਲੀ ਦੇ ਢੰਗ ਲਿਖਿਆ ਹੈ. "ਗੰਗਸਿੰਧ ਅਪਨੇ ਕਰ ਧਾਰਤ." (ਗੁਵਿ ੧੦)

**ਗੰਗਕਤ:** ਦੇਖੋ, ਸਿੰਧ.

**ਗੰਗ ਜਮਨ:** ਗੰਗਾ ਅਤੇ ਯਮੁਨਾ. "ਗੰਗ ਜਮਨ ਜਉ ਉਲਟੀ ਬਹੈ." (ਭੈਰ ਨਾਮਦੇਵ)੨ ਦੇਖੋ, ਗੰਗਾ ਜਮੁਨਾ.

**ਗੰਗਧਰ:** ਸ਼ਿਵ, ਜੋ ਸਿਰ ਪੁਰ ਗੰਗਾ ਧਾਰਨ ਕਰਦਾ ਹੈ. ਗੰਗਾਧਰ। ੨. ਸਮੁੰਦਰ, ਜਿਸ ਵਿੱਚ ਗੰਗਾ ਸਮਾਉਂਦੀ ਹੈ.

**ਗੰਗਧਾਨ:** ਸੰਗਯਾ- ਗੰਗਾ ਦਾ ਧਾਰਣ. "ਮਹੇਸ ਗੰਗਧਾਨ ਕੋ." (ਅਕਾਲ)

**ਗੰਗਧਾਰ:** ਸੰਗਯਾ- ਗੰਗਾ ਦੀ ਧਾਰਾ। ੨. ਗੰਗਾ ਧਾਰਨ ਵਾਲਾ ਸ਼ਿਵ। ੩. ਹਿਮਾਲਯ। ੪. ਰਾਜਪੂਤਾਨੇ ਵਿੱਚ ਰਿਆਸਤ ਝਾਲਾਵਾਰ ਦਾ ਇੱਕ ਨਗਰ. "ਗੰਗਾ ਕੈਸੀ ਗੰਗਧਾਰ." (ਅਕਾਲ) ੫. ਦੇਖੋ, ਗੰਗਾਧਰ ੩.

**ਗੰਗਨਿ, ਗੰਗਨੀ:** ਸੰਗਯਾ- ਪ੍ਰਿਥਿਵੀ, ਜੋ ਗੰਗਾ ਨੂੰ ਧਾਰਨ ਕਰਦੀ ਹੈ. (ਸਨਾਮਾ)

**ਗੰਗਭੇਟਨੀ:** ਸੰਗਯਾ- ਗੰਗਾ ਨਾਲ ਸੰਗਮ ਕਰਨ ਵਾਲੀ ਸਰਸ੍ਵਤੀ ਨਦੀ. (ਸਨਾਮਾ)

**ਗੰਗਾ:** ਸੰ. ਗਙ੍ਗ ਸੰਗਯਾ- ਭਾਰਤ ਦੀ ਪ੍ਰਸਿੱਧ ਨਦੀ, ਜੋ ਹਿੰਦੂਮਤ ਵਿੱਚ ਅਤਿਪਵਿਤ੍ਰ ਮੰਨੀ ਗਈ ਹੈ. ਇਹ ਗੋਮੁਖ ਚਸ਼ਮੇ ਤੋਂ (ਜੋ ਹਰਿਦ੍ਵਾਰ ਤੋਂ ੧੮੦ ਮੀਲ ਉੱਪਰ ਹੈ ਅਤੇ ਜਿਸ ਦੀ ਬਲੰਦੀ ੧੩੮੦੦ ਫੁਟ ਹੈ) ਨਿਕਲਦੀ ਹੈ. ਰਸਤੇ ਵਿੱਚ ਅਨੇਕ ਜਲਧਾਰਾਂ ਨੂੰ ਆਪਣੇ ਨਾਲ ਮਿਲਾਉਂਦੀ ਹੋਈ ਹਰਿਦ੍ਵਾਰ ਦੇ ਮਕਾਮ ਭਾਰੀ ਨਦੀ ਬਣ ਜਾਂਦੀ ਹੈ. ਅਨੇਕ ਅਸਥਾਨਾਂ ਵਿੱਚਦੀਂ ੧੫੫੦ ਮੀਲ ਵਹਿੰਦੀ ਹੋਈ ਗੰਗਾਸਾਗਰ ਦੇ ਸੰਗਮ ਪੁਰ ਸਮੁੰਦਰ ਨਾਲ ਜਾ ਮਿਲਦੀ ਹੈ. "ਜਨ ਕੇ ਚਰਨ ਤੀਰਥ ਕੋਟਿ ਗੰਗਾ." (ਬਿਲਾ ਮਃ ੫)

ਗੰਗਾ ਦੇ ਵਿਸ਼ੇ ਪੁਰਾਣਾਂ ਵਿੱਚ ਅਨੇਕ ਪ੍ਰਸੰਗ ਹਨ. ਇੱਕ ਥਾਂ ਇਸ ਨੂੰ ਵਾਮਨ ਭਗਵਾਨ ਦੇ ਪੈਰਾਂ ਦਾ ਜਲ ਲਿਖਿਆ ਹੈ ਕਿ ਜਦ ਵਾਮਨ ਦਾ ਪੈਰ ਬ੍ਰਹਮਲੋਕ ਤਕ ਪਹੁਚਿਆ, ਤਦ ਬ੍ਰਹਮਾ ਨੇ ਧੋਕੇ ਜਲ ਕਮੰਡਲੁ ਵਿੱਚ ਪਾ ਲਿਆ ਅਤੇ ਭਗੀਰਥ ਦੀ ਪ੍ਰਾਰਥਨਾ ਪੁਰ ਬ੍ਰਹਮਲੋਕ ਤੋਂ ਛੱਡਿਆ, ਜੋ ਸ਼ਿਵ ਦੀ ਜਟਾਂ ਵਿੱਚ ਡਿਗਕੇ ਫੇਰ ਪ੍ਰਿਥਿਵੀ ਉੱਤੇ ਵਹਿਆ.

ਵਾਲਮੀਕੀਯ ਰਾਮਾਇਣ ਵਿੱਚ ਲੇਖ ਹੈ ਕਿ ਹਿਮਾਲਯ ਪਰਬਤ ਦੇ ਘਰ, ਸੁਮੇਰੁ ਦੀ ਕੰਨਯਾ ਮੇਨਕਾ ਦੇ ਉਦਰ ਤੋਂ ਗੰਗਾ ਅਤੇ ਉਮਾ ਦੋ ਭੈਣਾਂ ਪੈਦਾ ਹੋਈਆਂ. ਇੱਕ ਵਾਰ ਸ਼ਿਵ ਨੇ ਆਪਣਾ ਵੀਰਯ ਗੰਗਾ ਵਿੱਚ ਪਾਇਆ, ਪਰ ਗੰਗਾ ਉਸ ਨੂੰ ਧਾਰਣ ਨਾ ਕਰ ਸਕੀ ਅਤੇ ਗਰਭ ਨੂੰ ਸਿੱਟਕੇ ਬ੍ਰਹਮਾ ਦੇ ਕਮੰਡਲੁ ਵਿੱਚ ਜਾ ਰਹੀ. ਫੇਰ ਭਗੀਰਥ ਦੀ ਪ੍ਰਾਰਥਨਾ ਪੁਰ ਕਮੰਡਲੁ ਤੋਂ ਪ੍ਰਿਥਿਵੀ ਪੁਰ ਆਈ. ਗੰਗਾ ਨੂੰ ਰਾਜਾ ਸ਼ਾਂਤਨੁ ਦੀ ਇਸਤ੍ਰੀ ਭੀ ਲਿਖਿਆ ਹੈ. ਇਸੇ ਦੇ ਉਦਰ ਤੋਂ ਭੀਸ਼ਮ (ਪਿਤਾਮਹ) ਪੈਦਾ ਹੋਇਆ ਸੀ, ਜਿਸ ਕਾਰਣ ਉਸ ਦਾ ਨਾਉਂ ਗਾਂਗੇਯ ਪਿਆ. ਦੇਖੋ, ਜਨੁਹੁਸੁਤਾ.

ਸ਼੍ਰੀ ਗੁਰੂ ਨਾਨਕ ਦੇਵ ਜਗਤ ਦਾ ਉੱਧਾਰ ਕਰਦੇ ਹੋਏ ਗੰਗਾ (ਹਰਿਦ੍ਵਾਰ) ਪੁਰ ਪਹੁਚੇ ਸਨ. ਇੱਥੇ ਸੂਰਜ ਅਤੇ ਪਿਤਰਾਂ ਨੂੰ ਜਲ ਪੁਚਾਣ ਦਾ ਮਿਥ੍ਯਾ ਖਿਆਲ ਖੰਡਨ ਕਰਕੇ ਸਤਯ ਦਾ ਨਿਸ਼ਚਾ ਕਰਾਇਆ.

ਸ਼੍ਰੀ ਗੁਰੂ ਅਮਰਦੇਵ ਦਾ ਭੀ ਅਸਥਾਨ ਸਤੀਘਾਟ ਪੁਰ ਵਿਦ੍ਯਮਾਨ। ੨. ਦੇਖੋ, ਗੰਗਾ ਮਾਤਾ।

੩. ਸਹਿਗਲ ਗੋਤ੍ਰ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਇਹ ਦਿੱਲੀ ਦੇ ਬਾਦਸ਼ਾਹ ਦੀ ਫ਼ੌਜ ਵਿੱਚ ਨੌਕਰ ਸੀ. ਫੇਰ ਗੁਰੂ ਹਰਿਗੋਬਿੰਦ ਸਾਹਿਬ ਦੀ ਫੌਜ ਵਿੱਚ ਰਹਿਕੇ ਦੇਸ਼ ਸੇਵਾ ਕਰਦਾ ਰਿਹਾ। ੪. ਯੋਗਮਤ ਅਨੁਸਾਰ ਖੱਬਾ ਸੁਰ

(ਇੜਾ). "ਉਲਟੀ ਗੰਗਾ ਜਮੁਨ ਮਿਲਾਵਉ." (ਗਉ ਕਬੀਰ) ਜਮੁਨਾ ਪਿੰਗਲਾ (ਸੱਜਾ ਸੁਰ) ਹੈ.[471]

ਗੰਗਾਏਸ: ਗੰਗਾ ਦਾ ਪਤਿ ਰਾਜਾ ਸ਼ਾਂਤਨੁ। ੨. ਗੰਗਾ ਦਾ ਸ੍ਵਾਮੀ ਸਮੁੰਦਰ. (ਸਨਾਮਾ)

ਗੰਗਾਏਸ ਈਸ ਸਸਤ੍ਰ: ਗੰਗਾ ਦਾ ਸ੍ਵਾਮੀ ਸਮੁੰਦਰ, ਉਸ ਦਾ ਸ੍ਵਾਮੀ ਵਰੁਣ, ਉਸ ਦਾ ਸ਼ਸਤ੍ਰ ਫਾਸੀ (ਪਾਸ਼). ਸਨਾਮਾ)

ਗੰਗਾਸਤ: ਗੰਗਾ (ਪ੍ਰਵਾਹ) ਸ਼ਤ (ਸੌ) ਸ਼ਤਦ੍ਰਵ. ਸਤਲੁਜ. "ਤਰੇ ਨਦੀ ਗੰਗਾਸਤ ਰਾਜੈ." (ਗੁਵਿ ੧੦)

ਗੰਗਾਸਾਗਰ: ਉਹ ਥਾਂ, ਜਿੱਥੇ ਕਪਿਲ ਰਿਖੀ ਨੇ ਸਗਰ ਦੇ ਪੁਤ੍ਰਾਂ ਨੂੰ ਭਸਮ ਕੀਤਾ ਸੀ ਅਤੇ ਗੰਗਾ ਸਮੁੰਦਰ ਨਾਲ ਮਿਲਦੀ ਹੈ. "ਗੰਗਾਸਾਗਰ ਬੇਣੀ ਸੰਗਮੁ." (ਮਾਰੂ ਸੋਲਹੇ ਮਃ ੧) ੨. ਟੂਟੀ ਵਾਲਾ ਲੋਟਾ.

ਗੰਗਾਸੁਤ: ਭੀਸ਼ਮਪਿਤਾਮਾ. ਦੇਖੋ, ਗੰਗਾ.

ਗੰਗਾਜਮਨੀ: ਵਿ- ਗੰਗਾ ਅਤੇ ਜਮੁਨਾ ਦੇ ਰੰਗ ਦੀ ਵਸਤੁ। ੨. ਸੁਵਰਣ ਅਤੇ ਚਾਂਦੀ ਦਾ ਮਿਲਵਾਂ ਕੰਮ। ੩. ਮਾਂਹ ਅਤੇ ਛੋਲਿਆਂ ਦੀ ਮਿਲਵੀਂ ਦਾਲ.

ਗੰਗਾਜਮੁਨਾ: ਯੋਗਮਤ ਅਨੁਸਾਰ ਇੜਾ ਅਤੇ ਪਿੰਗਲਾ. ਦੇਖੋ, ਗੰਗਾ ੪.

ਗੰਗਾਜਲ: ਸੰਗਜਾ- ਗੰਗਾ ਦਾ ਪਾਣੀ. "ਗੰਗਾਜਲ ਗੁਰੁ ਗੋਬਿੰਦ ਨਾਮ." (ਭੈਰ ਮਃ ੫) ੨. ਵਿ- ਨਿਰਮਲ. ਸ਼ੁੱਧ. "ਸੋ ਗਿਰਹੀ ਗੰਗਾ ਕਾ ਨੀਰ." (ਵਾਰ ਰਾਮ ੧. ਮਃ ੧) ਗੰਗਾ ਦਾ ਜਲ ਜੋ ਹਿਮਾਲਯ ਤੋਂ ਝਰਦਾ ਹੈ ਉਹ ਅਤਿ ਨਿਰਮਲ ਹੈ, ਇਸੇ ਲਈ ਇਹ ਦੇਰ ਤੀਕ ਬਿਨਾ ਸੜੇ ਰਹਿ ਸਕਦਾ ਹੈ. ਪਵਿਤ੍ਰ ਵਸਤੁ ਨੂੰ ਗੰਗਾਜਲ ਦਾ ਦ੍ਰਿਸ਼੍ਟਾਂਤ ਦਿੱਤਾ ਜਾਂਦਾ ਹੈ. Bernier ਲਿਖਦਾ ਹੈ ਕਿ ਗੰਗਾਜਲ ਨੂੰ ਨਿਰਮਲ ਜਾਣਕੇ ਮੁਗ਼ਲ ਬਾਦਸ਼ਾਹ ਆਪਣੇ ਪੀਣ ਲਈ ਵਰਤਦੇ ਸਨ, ਜਿਸ ਲਈ ਉੱਠਾਂ ਦੀ ਡਾਕ ਮੁਕ਼ੱਰਰ ਸੀ. ਸ਼ਰਾ ਵਿੱਚ ਪੱਕਾ ਔਰੰਗਜ਼ੇਬ ਭੀ ਗੰਗਾਜਲ ਵਰਤਦਾ ਸੀ.

ਗੰਗਾਜਲੀ: ਸੰਗਜਾ- ਉਹ ਪਾਤ੍ਰ, ਜਿਸ ਵਿੱਚ ਗੰਗਾਜਲ ਰੱਖਿਆ ਜਾਵੇ। ੨. ਲਹਿਰੀਏਦਾਰ ਬੁਣਤ ਦਾ ਵਸਤ੍ਰ.

ਗੰਗਾਤਾ: ਗੰਗਾ- ਯਾਤ੍ਰਾ। ੨. ਗੰਗਾ ਦੇ ਯਾਤ੍ਰੀਆਂ ਦੀ ਟੋਲੀ. "ਮੂੰਡਿ ਮੁਡਾਇਐ ਜੇ ਗੁਰੁ ਪਾਈਐ, ਹਮ ਗੁਰੁ ਕੀਨੀ ਗੰਗਾਤਾ." (ਗਉ ਮਃ ੧) ਹਿੰਦੂ ਤੀਰਥਯਾਤ੍ਰੀ ਭੱਦਣ ਕਰਾਉਂਦੇ ਹਨ.

ਗੰਗਾਦ੍ਰੀ: ਸੰਗਜਾ- ਗੰਗਾ ਨਿਕਲੀ ਹੈ ਜਿਸ ਅਦ੍ਰਿ (ਪਹਾੜ) ਵਿੱਚੋਂ. ਹਿਮਾਲਯ। ੨. ਹਿਮਾਲਯ ਦੇ ਵਸਨੀਕ. "ਗੰਗਾਦ੍ਰੀ ਜਮੁਨਾਦ੍ਰੀ ਹਠੇ." (ਚਰਿਤ੍ਰ ੫੨)

ਗੰਗਾਧਰ: ਦੇਖੋ, ਗੰਗਧਰ। ੨. ਦੇਖੋ, ਸਵੈਯੇ ਦਾ ਰੂਪ ੨੨। ੩. ਪੂਰਵੀ ਬੰਗਾਲ ਦੇ ਗੋਪਾਲਪਾਰਾ ਜ਼ਿਲੇ ਵਿੱਚ ਵਹਿਣ ਵਾਲਾ ਇੱਕ ਦਰਿਆ.

ਗੰਗਾਨੀਰ: ਦੇਖੋ, ਗੰਗਾਜਲ.

ਗੰਗਾਪੁਤ੍ਰ: ਦੇਖੋ, ਗੰਗਾਸੁਤ। ੨. ਹਰਿਦ੍ਵਾਰ ਕਨਖ਼ਲ ਦੇ ਪੰਡੇ ਆਪਣੇ ਤਾਈਂ ਗੰਗਾਪੁਤ੍ਰ ਕਹਾਉਂਦੇ ਹਨ.

ਗੰਗਾ ਪੁਤ੍ਰ ਅਰਿ ਸੂਤਰਿ: ਗੰਗਾ ਦਾ ਪੁਤ੍ਰ ਭੀਸ਼ਮ, ਉਸ ਦਾ ਵੈਰੀ ਅਰਜੁਨ, ਉਸ ਦਾ ਸੂਤ (ਰਥਵਾਹੀ) ਕ੍ਰਿਸ਼ਨ, ਉਸ ਦਾ ਵੈਰੀ ਤੀਰ. (ਸਨਾਮਾ)

ਗੰਗਾਮਾਤਾ: ਮਉ (ਅਥਵਾ ਮੌ) ਨਿਵਾਸੀ ਕ੍ਰਿਸ਼ਨ (ਕਿਸਨ) ਚੰਦ ਖਤ੍ਰੀ ਦੀ, ਧਨਵੰਤੀ ਦੇ ਉਦਰ ਤੋਂ ਉਤਪੰਨ ਹੋਈ ਸੁਪੁਤ੍ਰੀ, ਜਿਸ ਦਾ ਵਿਆਹ ੨੩ ਹਾੜ ਸੰਮਤ ੧੬੩੬ ਨੂੰ ਗੁਰੂ ਅਰਜਨਦੇਵ ਜੀ ਨਾਲ ਹੋਇਆ. ਇਸ ਦੇ ਉਦਰ ਤੋਂ ਮਹਾਵੀਰ ਗੁਰੂ ਹਰਿਗੋਬਿੰਦ ਜੀ ਪ੍ਰਗਟੇ. ੧੫. ਹਾੜ ਸੰਮਤ ੧੬੮੫ ਨੂੰ ਮਾਤਾ ਜੀ ਨੇ ਬਕਾਲੇ ਵਿੱਚ ਦੇਹ ਤਜਾਗੀ, ਜਿੱਥੇ ਦੇਹਰਾ ਵਿਦਯਮਾਨ

---

[471] इड़ा भगवती गङ्गा पिङ्गला यमुना नदी (ਹਠਯੋਗ ਪ੍ਰਦੀਪਿਕਾ)

ਹੈ. ਦੇਖੋ, ਮੌਉ.

ਗੰਗਾਰਾਮ: ਭਟਿੰਡੇ ਦਾ ਵਸਨੀਕ ਇੱਕ ਬ੍ਰਾਹਮਣ, ਜੋ ਪੰਜਵੇਂ ਸਤਿਗੁਰੂ ਦਾ ਸਿੱਖ ਹੋਇਆ. ਇਸ ਨੇ ਹਰਿਮੰਦਿਰ ਬਣਨ ਸਮੇਂ ਬਹੁਤ ਅੰਨ ਲੰਗਰ ਲਈ ਅਰਪਿਆ ਸੀ. ਭਾਈ ਮੂਲਚੰਦ (ਸਿਧੀਚੰਦ ਖਤ੍ਰੀ ਦਾ ਪੁਤ੍ਰ) ਜਿਸ ਦੇ ਪ੍ਰਸਿੱਧ ਅਸਥਾਨ ਸੁਨਾਮ ਅਤੇ ਸੰਗਰੂਰ ਹਨ, ਇਸੇ ਮਹਾਤਮਾ ਦਾ ਚੇਲਾ ਸੀ। ੨. ਬੀਬੀ ਵੀਰੋ ਦਾ ਸੁਪੁਤ੍ਰ, ਜਿਸ ਨੇ ਭੰਗਾਣੀ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ ਹੈ. "ਹਠਯੋ ਮਾਹਰੀ ਚੰਦਯੰ ਗੰਗਰਾਮੰ." (ਵਿਚਿਤ੍ਰ) ੩. ਤੋਤੇ ਨੂੰ ਭੀ ਲੋਕ ਗੰਗਾਰਾਮ ਆਖਦੇ ਹਨ. ਗੰਗਾ- ਰਾਮ ਆਦਿ ਨਾਉਂ ਬੋਲਣ ਤੋਂ ਇਹ ਸੰਗਯਾ ਹੋਈ ਹੈ.

ਗੰਗਾਲਹਿਰੀ: ਦੇਖੋ, ਪਦਮਾਕਰ ੨.

ਗੰਗਿਆਰ: ਗੰਗੂਸ਼ਾਹ ਨੂੰ ਮੰਨਣ ਵਾਲਾ. ਦੇਖੋ, ਗੰਗੂਸ਼ਾਹੀ "ਰਸਤੇ ਮੇ ਮਿਲਯੋ ਖੜਕ ਸਿੰਘ ਗੰਗਿਆਰ." (ਪ੍ਰਾਪੰਪ੍ਰ)

ਗੰਗੂ: ਸ਼੍ਰੀ ਗੁਰੂ ਅੰਗਦ ਦੇਵ ਦਾ ਇੱਕ ਆਤਮਗਯਾਨੀ ਸਿੱਖ। ੨. ਇੱਕ ਪ੍ਰੇਮੀ ਨਾਈ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਰਾਤ ਦਿਨ ਸੇਵਾ ਕਰਨ ਵਿੱਚ ਵਿਤਾਇਆ ਕਰਦਾ ਸੀ.

੩. ਖੇੜੀ ਪਿੰਡ ਦਾ ਵਸਨੀਕ ਇੱਕ ਬ੍ਰਾਹਮਣ ਗੁਰੂ ਗੋਬਿੰਦ ਸਿੰਘ ਜੀ ਦਾ ਕਪਟੀ ਨੌਕਰ ਸੀ. ਸੰਮਤ ੧੭੬੧ ਵਿੱਚ ਜਦ ਗੁਰੂ ਸਾਹਿਬ ਨੇ ਆਨੰਦਪੁਰ ਤਯਾਗਿਆ, ਉਸ ਵੇਲੇ ਇਹ ਮਾਤਾ ਗੁਜਰੀ ਅਰ ਛੋਟੇ ਸਾਹਿਬਜ਼ਾਦਿਆਂ ਨੂੰ ਲੈ ਕੇ ਆਪਣੇ ਪਿੰਡ ਪਹੁਚਿਆ, ਮਾਤਾ ਜੀ ਦਾ ਸਾਰਾ ਧਨ ਰਾਤ ਨੂੰ ਚੁਰਾਕੇ ਸਵੇਰੇ ਥਾਣੇਦਾਰ ਨੂੰ ਆਪਣੇ ਪ੍ਰਤਿਪਾਲਕਾਂ ਦੇ ਫੜਾਉਣ ਲਈ ਚੜ੍ਹਾ ਲੈ ਆਇਆ ਅਤੇ ਤੇਹਾਂ ਨੂੰ ਕੈਦ ਕਰਵਾਕੇ ਸਰਹਿੰਦ ਭਿਜਵਾਇਆ, ਜਿੱਥੇ ਉਨ੍ਹਾਂ ਨੇ ਸ਼ਹੀਦੀ ਪਾਈ. ਬੰਦਾ ਬਹਾਦੁਰ ਨੇ ਸੰਮਤ ੧੭੬੭ ਵਿੱਚ ਗੰਗੂ ਨੂੰ ਪਰਿਵਾਰ ਸਮੇਤ ਕਤਲ ਕਰਕੇ ਖੇੜੀ ਦਾ ਥੇਹ ਕੀਤਾ. ਹੁਣ ਨਵੀਂ ਬਸਤੀ ਦਾ ਨਾਉਂ ਸਹੇੜੀ ਹੈ. ਦੇਖੋ, ਸਹੇੜੀ ਅਤੇ ਖੇੜੀ। ੪. ਦੇਖੋ, ਗੰਗੂਸ਼ਾਹ.

ਗੰਗੂਸ਼ਾਹ, ਗੰਗੂਸ਼ਾਹੀ: ਗੜ੍ਹਸ਼ੰਕਰ ਦਾ ਵਸਨੀਕ ਗੰਗੂਦਾਸ ਬਸੀ ਖਤ੍ਰੀ ਗੁਰੂ ਅਮਰਦੇਵ ਦਾ ਸਿੱਖ ਹੋਇਆ. ਗੁਰੂ ਸਾਹਿਬ ਨੇ ਇਸ ਨੂੰ ਧਰਮਪ੍ਰਚਾਰ ਲਈ ਸਰਮੌਰ ਦੇ ਇਲਾਕੇ ਭੇਜਿਆ ਅਤੇ ਮੰਜੀ ਬਖ਼ਸ਼ੀ. ਇਸ ਦਾ ਪ੍ਰਸਿੱਧ ਅਸਥਾਨ "ਦਾਉਂ" (ਜ਼ਿਲਾ ਅੰਬਾਲਾ) ਵਿੱਚ ਹੈ. ਗੰਗੂਸ਼ਾਹ ਦਾ ਪੜੋਤਾ ਜਵਾਹਰ ਸਿੰਘ ਵਡਾ ਕਰਨੀ ਵਾਲਾ ਹੋਇਆ ਹੈ. ਪਹਾੜੀ ਦੇਸ਼ ਵਿੱਚ ਜਵਾਹਰ ਸਿੰਘ ਦਾ ਝੰਡਾ ਅਨੇਕ ਥਾਂ ਝੂਲਦਾ ਹੈ. ਜਵਾਹਰ ਸਿੰਘ ਦਾ ਦੇਹਰਾ ਖਟਕੜ ਕਲਾਂ (ਜ਼ਿਲਾ ਜਲੰਧਰ) ਵਿੱਚ ਹੈ. ਇਸ ਦੀ ਸੰਪ੍ਰਦਾਯ ਦੇ ਲੋਕ ਆਪਣੇ ਤਾਈਂ ਗੰਗੂਸ਼ਾਹੀ ਸਦਾਉਂਦੇ ਹਨ.

ਗੰਗੇਰੀ: ਸੰ. ਜਲਅਲਿ. ਸੰਗਯਾ- ਜਲਜੁਲਾਹਾ. ਮਕੜੀ ਜੇਹਾ ਜੀਵ, ਜੋ ਜਲ ਪੁਰ ਵਡੀ ਤੇਜ਼ੀ ਨਾਲ ਫਿਰਦਾ ਹੈ ਅਤੇ ਪਾਣੀ ਉਸ ਨੂੰ ਸਪਰਸ਼ ਨਹੀਂ ਕਰਦਾ. "ਜਲੰ ਜਯੋਂ ਗੰਗੇਰੀ." (ਵਿਚਿਤ੍ਰ)

ਗੰਗੇਵ, ਗੰਗੇਵਪਿਤਾਮਹ: ਸੰ. गाङ्गेय ਗਾਂਗੇਯ. ਗੰਗਾ ਦਾ ਪੁਤ੍ਰ ਭੀਸ਼ਮ, ਜੋ ਕੌਰਵ ਪਾਂਡਵਾਂ ਦਾ ਪਿਤਾਮਹ (ਦਾਦਾ) ਸੀ. ਦੇਖੋ, ਗੰਗਾ. "ਸੋਈ ਨਾਮ ਸਿਮਰਿ ਗੰਗੇਵਪਿਤਾਮਹ." (ਸਵੈਯੇ ਮਃ ੩. ਕੇ)

ਗੰਗੋਤਰੀ, ਗੰਗੋਤ੍ਰੀ: ਸੰ. गङ्गवतार ਗੰਗਾਵਤਾਰ. ਗੜ੍ਹਵਾਲ ਦੇ ਇਲਾਕੇ ਇੱਕ ਅਸਥਾਨ, ਜਿੱਥੇ ਗੰਗਾ ਉੱਪਰੋਂ ਉਤਰੀ ਹੈ. ਇਸ ਥਾਂ ਦਾ ਜਲ ਲੋਕ ਬੋਤਲਾਂ ਵਿੱਚ ਪਾਕੇ ਦੂਰ ਦੂਰ ਤੀਕ ਵੇਚਦੇ ਹਨ. ਇਸ ਜਗਾ ਦੀ ਬਲੰਦੀ ੧੦੩੧੯ ਫੁਟ ਹੈ ਅਤੇ ਗੋਮੁਖ ਤੋਂ ਅੱਠ ਮੀਲ ਦੇ ਫਾਸਲੇ ਪੁਰ ਹਿਠਾਹਾਂ ਨੂੰ ਹੈ.

ਗੰਗੋਦਕ: ਸੰਗਯਾ- ਗੰਗਾ ਦਾ ਉਦਕ (ਜਲ). ੨. ਦੇਖੋ, ਸਵੈਯੇ ਦਾ ਭੇਦ ੨੨.

ਗੰਗੋਵੈ: ਗੰਗ- ਹੋਵੈ. ਗੰਗਾ ਹੁੰਦਾ ਹੈ. "ਮਿਲਿ ਗੰਗ ਗੰਗੋਵੈ." (ਭਾਗੁ)

ਗੰਜ: ਸੰਗਯਾ- ਸਿਰ ਦੇ ਕੇਸ਼ਾਂ ਦਾ ਅਭਾਵ. ਟੋਟਣ ਪੁਰ ਬਾਲਾਂ ਦਾ ਨਾ ਹੋਣਾ. ਖਲ੍ਵਾਟ। ੨. ਸੰ. गञ्ज ਅਵਗਯਾ. ਅਨਾਦਰ। ੩. ਖਾਨਿ. ਕਾਨ। ੪. ਪਾਤ੍ਰ ਰੱਖਣ ਦਾ ਘਰ। ੫. ਦੁਕਾਨ. ਹੱਟ। ੬. ਬਜਾਰ ਦਾ ਹਿੱਸਾ. ਕਟੜਾ। ੭. ਸ਼ਰਾਬਖ਼ਾਨਾ। ੮.

ਗਾਈਆਂ ਬੰਨ੍ਹਣ ਦਾ ਘਰ। ੯. ਫ਼ਾ. گنج ਢੇਰ. ਅੰਬਾਰ। ੧੦. ਖ਼ਜ਼ਾਨਾ। ੧੧. ਚੰਗੇ ਪੁਰਖਾਂ ਦੀ ਯਾਦਗਾਰ ਦਾ ਮੰਦਿਰ. ਜਿਵੇਂ- ਸ਼ਹੀਦਗੰਜ.

**ਗੰਜਕ, ਗੰਜਖ:** ਵਿ- ਗੰਜ (ਅਨਾਦਰ) ਕਰਨ ਵਾਲਾ. "ਗੋਲ ਗੰਜਖ ਬਖਾਨੀਐ." (ਗਜਾਨ) ਵੈਰੀਆਂ ਦੇ ਗਰੋਹ ਦਾ ਤ੍ਰਿਸਕਾਰ ਕਰਨ ਵਾਲਾ ਹੈ.

**ਗੰਜਣਾ, ਗੰਜਨ, ਗੰਜਨਾ:** ਕ੍ਰਿ- ਅਨਾਦਰ ਕਰਨਾ. ਤ੍ਰਿਸਕਾਰ ਕਰਨਾ. ਅਪਮਾਨ ਕਰਨਾ. "ਗਰਬਗੰਜਨ ਸਰਬ ਭੰਜਨ." (ਜਾਪੁ)

**ਗੰਜਫਾ:** ਫ਼ਾ. گنجیفه ਅਥਵਾ گنجفه ਸੰਗਯਾ- ਤਾਸ਼ ਦੀ ਤਰਾਂ ਦਾ ਇੱਕ ੯੬ ਗੋਲ ਪੱਤਿਆਂ ਦਾ ਖੇਲ. ਗੰਜਫ਼ੇ ਦੇ ਅੱਠ ਰੰਗ ਹੁੰਦੇ ਹਨ, ਅਰਥਾਤ- ਤਾਜ, ਸਫ਼ੇਦ, ਸ਼ਮਸ਼ੇਰ, ਗੁਲਾਮ, ਸੁਰਖ, ਬਰਾਤ, ਕਮਾਚ ਅਤੇ ਚੰਦ. ਹਰੇਕ ਰੰਗ ਦੇ ਬਾਰਾਂ ਬਾਰਾਂ ਪੱਤੇ ਹੋਇਆ ਕਰਦੇ ਹਨ. ਇਸ ਦੇ ਖਿਲਾਰੀਆਂ ਨੇ ਇੱਕ ਚੌਪਾਈ ਘੜ ਰੱਖੀ ਹੈ ਕਿ-

"ਤਾਜ ਸਫ਼ੇਦ ਸ਼ਮਸ਼ੇਰ ਗੁਲਾਮ,

ਜਜੋਂ ਬਹੁਤੇ ਤਜੋਂ ਆਂਵੈਂ ਕਾਮ.

ਸੁਰਖ ਬਰਾਤ ਕਮਾਚੇ ਚੰਦ,

ਜਜੋਂ ਥੋੜੇ ਤਜੋਂ ਮਾਚੇ ਜੰਗ."

**ਗੰਜਬਖ਼ਸ਼, ਗੰਜਬਖ਼ਸ਼ੀਏ:** ਗੁਰਦਾਸਪੁਰ ਦਾ ਨਿਵਾਸੀ ਇੱਕ ਫ਼ਕ਼ੀਰ, ਜੋ ਗੁਰੂ ਅਮਰਦਾਸ ਸਾਹਿਬ ਦਾ ਸਿੱਖ ਹੋ ਕੇ ਧਰਮਪ੍ਰਚਾਰ ਕਰਦਾ ਰਿਹਾ. ਇਸ ਦੀ ਸੰਪ੍ਰਦਾਯ ਦੇ ਗੰਜਬਖ਼ਸ਼ੀਏ ਸਦਾਉਂਦੇ ਹਨ.

**ਗੰਜਾ:** ਵਿ- ਜਿਸ ਦੇ ਸਿਰ ਗੰਜ ਹੈ. ਦੇਖੋ, ਗੰਜ। ੨. ਸੰ. ਸੰਗਯਾ- ਸ਼ਰਾਬ ਦੀ ਦੁਕਾਨ.

**ਗੰਠ:** ਸੰ. ਗ੍ਰੰਥਿ. ਸੰਗਯਾ- ਗੱਠ. ਗਿਰਹ। ੨. ਜੋੜ.

**ਗੰਠਕਤਰਾ:** ਦੇਖੋ, ਗਠਕਤਰਾ.

**ਗੰਠਨ:** ਕ੍ਰਿ- ਗੰਢਣਾ. ਗੱਠਣਾ. ਗ੍ਰਥਨ.

**ਗੰਠੜੀ:** ਸੰਗਯਾ- ਗਠੜੀ. ਗ੍ਰੰਥਿ. "ਕਿਸੁ ਪਹਿ ਖੋਲਉ ਗੰਠੜੀ?" (ਸੂਹੀ ਛੰਤ ਮਃ ੧) "ਜੇ ਗੁਣ ਹੋਵਹਿ ਗੰਠੜੀਐ." (ਸੂਹੀ ਮਃ ੧)

**ਗੰਠਿ, ਗੰਠੀ:** ਸੰਗਯਾ- ਗੱਠ. ਜੋੜ. "ਟੂਟੇ ਗੰਠਿ ਪੜੈ ਵੀਚਾਰੁ." (ਓਅੰਕਾਰ) ੨. ਕ੍ਰਿ. ਵਿ- ਗੰਢਕੇ. ਗੱਠਕੇ. "ਲੋਕ ਗੰਠਿ ਗੰਠਿ ਖਰਾ ਬਿਗੂਚਾ." (ਸੋਰ ਰਵਿਦਾਸ) ੩. ਸੰਗਯਾ- ਗਠੜੀ. ਪੋਟ। ੪. ਗ੍ਰੰਥਿ. ਗਾਂਠ. "ਨਾਨਕ ਸਹਸੈ ਗੰਠਿ." (ਵਾਰ ਗਉ ੨. ਮਃ ੫) ਤੂੰ ਗੰਠੀ ਮੇਰੁ ਸਿਰਿ ਤੂੰ ਹੈ." (ਮਾਝ ਮਃ ੫)

**ਗੰਡ:** ਸੰ. गण्ड ਸੰਗਯਾ- ਕਪੋਲ. ਗਲ੍ਹ। ੨. ਕਨਪਟੀ. ਗਲ੍ਹ ਅਤੇ ਕੰਨ ਦੇ ਵਿਚਕਾਰਲਾ ਥਾਂ. "ਦਾਨ ਗਜਗੰਡ ਮਹਿ ਸੋਭਤ ਅਪਾਰ ਹੈ." (ਨਾਪ੍ਰ) ੩. ਗੋਲ ਘੇਰਾ। ੪. ਚੱਕੀ ਦਾ ਉਹ ਗੋਲ ਘੇਰਾ, ਜਿਸ ਵਿੱਚ ਆਟਾ ਅਟਕਿਆ ਰਹਿੰਦਾ ਹੈ। ੫. ਗੈਂਡਾ। ੬. ਫੋੜਾ। ੭. ਗੱਠ. ਗਾਂਠ। ੮. ਖੂਹ ਦਾ ਚੱਕ। ੯. ਮਿੱਟੀ, ਚੂਨੇ ਜਾਂ ਕਾਠ ਦਾ ਵਡਾ ਗੋਲ ਭਾਂਡਾ, ਜੋ ਥਾਲ ਦੀ ਸ਼ਕਲ ਦਾ ਹੁੰਦਾ ਹੈ, ਇਸ ਵਿੱਚ ਪੱਕੀ ਹੋਈ ਇੱਖ ਦੇ ਰਸ ਦੀ ਚਾਸਣੀ ਪਾਕੇ ਗੁੜ ਅਤੇ ਸ਼ੱਕਰ ਬਣਾਉਂਦੇ ਹਨ. ਚੱਕ.

**ਗੰਡਕ:** ਸੰ. ਸੰਗਯਾ- ਖੜਗ. ਤਲਵਾਰ। ੨. ਦੇਖੋ, ਗੰਡਾ। ੩. ਗੈਂਡਾ। ੪. ਵਿ- ਮੂਰਖ.

**ਗੰਡਕਾ:** ਸੰ. गण्डिका ਅਥਵਾ गण्डकी ਗੰਡਕੀ. ਇੱਕ ਨਦੀ, ਜੋ ਨੈਪਾਲ ਦੇ ਇਲਾਕੇ ਵਿੱਚੋਂ, ਸਪਤਗੰਡਕੀ ਪਹਾੜ ਤੋਂ

ਨਿਕਲਦੀ ਹੈ ਅਤੇ ਪਟਨੇ ਪਾਸ ਗੰਗਾ ਵਿੱਚ ਮਿਲ ਜਾਂਦੀ ਹੈ. ਇਸ ਵਿੱਚੋਂ ਕਾਲੇ ਰੰਗ ਦੇ ਗੋਲ ਪੱਥਰ ਨਿਕਲਦੇ ਹਨ, ਜੋ ਸ਼ਾਲਿਗ੍ਰਾਮ ਕਹੇ ਜਾਂਦੇ ਹਨ. ਇਨ੍ਹਾਂ ਨੂੰ ਵਿਸ਼ਨੁਰੂਪ ਜਾਣਕੇ ਵੈਸ਼ਨਵ ਪੂਜਦੇ ਹਨ. "ਪੂਜੈਂ ਹਮ ਤੁਮੈ, ਨਹਿਂ ਪੂਜੈਂ ਸੁਤਗੰਡਕਾ." (ਕ੍ਰਿਸਨਾਵ)

ਵਰਾਹਪੁਰਾਣ ਵਿੱਚ ਕਥਾ ਹੈ ਕਿ ਗੰਡਕੀ ਨੇ ਦਸ ਹਜ਼ਾਰ ਵਰ੍ਹਾ ਘੋਰ ਤਪ ਕਰਕੇ ਵਿਸ਼ਨੁ ਨੂੰ ਪ੍ਰਸੰਨ ਕੀਤਾ ਅਤੇ ਵਰ ਮੰਗਿਆ ਕਿ ਤੂੰ ਮੇਰੇ ਗਰਭ ਤੋਂ ਪੁਤ੍ਰਰੂਪ ਹੋ ਕੇ ਜਨਮ ਲੈ. ਵਿਸ਼ਨੁ ਨੇ ਆਖਿਆ ਕਿ ਮੈਂ ਸ਼ਾਲਿਗ੍ਰਾਮਰੂਪ ਹੋ ਕੇ ਤੇਰੇ ਵਿੱਚੋਂ ਪੈਦਾ ਹੋਵਾਂਗਾ.

ਇਹ ਭੀ ਕਥਾ ਹੈ ਕਿ ਵਿਸ਼ਨੁ ਦੇ ਦੋ ਗੰਡਾਂ (ਕਨਪਟੀਆਂ) ਤੋਂ ਪਸੀਨਾ ਨਿਕਲਿਆ ਇੱਕ ਚਿੱਟਾ ਦੂਜਾ ਕਾਲਾ. ਕਾਲੇ ਤੋਂ ਕ੍ਰਿਸ਼ਨਾ ਨਦੀ ਅਤੇ ਚਿੱਟੇ ਤੋਂ ਗੰਡਕੀ ਹੋਈ। ੨. ਗੈਂਡੇ ਦੀ ਮਦੀਨ. ਗੈਂਡੀ.

ਗੰਡਕਾਸੁਤ: ਸ਼ਾਲਿਗ੍ਰਾਮ. ਦੇਖੋ, ਸੁਤਗੰਡਕਾ ਅਤੇ ਗੰਡਕਾ.

ਗੰਡ ਕਾ ਥੇਹ: ਮਾਲਵੇ ਵਿੱਚ ਭਗਤੇ ਪਿੰਡ ਕੋਲ ਇੱਕ ਪੁਰਾਣਾ ਥੇਹ, ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇੱਕ ਤਿੱਤਰ ਨੂੰ ਮੁਕਤ ਕੀਤਾ. "ਥੇਹ ਗੰਡ ਕੋ ਨਾਮ ਕਹਾਵੈ." (ਗੁਪ੍ਰਸੂ)

ਗੰਡਕੀ: ਦੇਖੋ, ਗੰਡਕਾ.

ਗੰਡਕੀਸਿਲਾ: ਗੰਡਕੀ ਨਦੀ ਵਿੱਚੋਂ ਨਿਕਲੀ ਕਾਲੀ ਸ਼ਿਲਾ, ਸ਼ਾਲਿਗ੍ਰਾਮ. "ਲਲਿਤ ਵਿਲੋਚਨ ਦਲ ਉਤਪਲ ਸੇ। ਤਾਰੇ ਸ਼ਜਾਮ ਗੰਡਕੀਸਿਲ ਸੇ." (ਨਾਪ੍ਰ) ਅੱਖਾਂ ਦੀਆਂ ਕਾਲੀ ਧੀਰੀਆਂ ਸ਼ਾਲਿਗ੍ਰਾਮ ਜੇਹੀਆਂ. ਦੇਖੋ, ਗੰਡਕਾ.

ਗੰਡਮਾਲਾ: ਦੇਖੋ, ਹੰਜੀਰਾਂ.

ਗੰਡਾ: ਸੰ. गण्डक ਗੰਡਕ. ਸੰਗਜਾ- ਚਾਰ ਕੌਡੀਆਂ ਦਾ ਸਮੂਹ। ੨. ਨਿਸ਼ਾਨ. ਚਿੰਨ੍ਹ। ੩. ਵਿਘਨ. ਰੁਕਾਵਟ.

ਗੰਡਾਸਾ: ਸੰਗਜਾ- ਗੰਡਕ (ਤਲਵਾਰ) ਜੈਸਾ. ਗੰਡਕ ਸਾ. ਛਵੀ ਦੀ ਕ਼ਿਸਮ ਦਾ ਇੱਕ ਸੰਦ, ਜਿਸ ਨਾਲ ਚਾਰਾ ਕੁਤਰੀਦਾ ਹੈ.

ਗੰਡੂਆਂ: ਰਿਆਸਤ ਪਟਿਆਲਾ, ਨਜਾਮਤ ਤਸੀਲ ਥਾਣਾ ਸੁਨਾਮ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਈਸ਼ਾਨ ਕੋਣ ਦੋ ਫਰਲਾਂਗ ਦੇ ਕ਼ਰੀਬ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਕੇਵਲ ਮੰਜੀ ਸਾਹਿਬ ਬਨਿਆ ਹੋਇਆ ਹੈ. ਗੁਰਦ੍ਵਾਰੇ ਨਾਲ ੧੫੦ ਵਿੱਘੇ ਜ਼ਮੀਨ ਪਟਿਆਲੇ ਵੱਲੋਂ ਹੈ. ਰੇਲਵੇ ਸਟੇਸ਼ਨ ਛਾਜਲੀ ਤੋਂ ਪੱਛਮ ਵੱਲ ਚਾਰ ਮੀਲ ਦੇ ਕ਼ਰੀਬ ਕੱਚਾ ਰਸਤਾ ਹੈ.

ਗੰਡੇਰੀ: ਸੰਗਜਾ- ਗੰਨੇ (ਪੋਨੇ) ਦੀ ਕੱਟੀ ਅਤੇ ਛਿੱਲੀ ਹੋਈ ਗੰਡ (ਗੱਠ).

ਗੰਢ: ਸੰਗਜਾ- ਜੋੜ. ਮੇਲ. ਸੰਬੰਧ। ੨. ਗੱਠ. ਗ੍ਰੰਥਿ। ੩. ਮਿਤ੍ਰਤਾ. "ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ." (ਸੁਖਮਨੀ) ਦੇਖੋ, ਗੰਢੁ.

ਗੰਢਣਾ, ਗੰਢਣੁ, ਗੰਢਨਾ: ਕ੍ਰਿ- ਜੋੜਨਾ. ਗ੍ਰੰਥਿ ਦੇਣੀ. ਗ੍ਰਥਨ. ਗ੍ਰੰਥਨ. "ਗੰਢੇਦਿਆ ਛਿਆ ਮਾਹ ਤੁੜੇਦਿਆ ਹਿਕੁ ਖਿਨੋ." (ਆਸਾ ਫਰੀਦ) "ਸੁਣਿ ਸੁਣਿ ਗੰਢਣੁ ਗੰਢੀਐ." (ਸ੍ਰੀ ਮਃ ੧)

ਗੰਢਾ: ਸੰਗਜਾ- ਗਠਾ. ਪਿਆਜ. ਜ਼ਮੀਨ ਵਿੱਚੋਂ ਉਪਜਿਆ ਗੱਠ ਦੇ ਆਕਾਰ ਦਾ ਇੱਕ ਕੰਦ. ਦੇਖੋ, ਗਠਾ.

ਗੰਢਿ: ਸੰਗਜਾ- ਗ੍ਰੰਥਿ. ਗੱਠ. "ਛੀਜੈ ਦੇਹ ਖੁਲੈ ਇੱਕ ਗੰਢਿ." (ਓਅੰਕਾਰ) ਪ੍ਰਾਣਾਂ ਦੀ ਗੱਠ ਖਲ੍ਹਣ ਤੋਂ। ੨. ਕ੍ਰਿ. ਵਿ- ਗੰਢਕੇ. ਗੱਠਕੇ.

ਗੰਢੀ: ਗ੍ਰੰਥੀ. ਗੱਠ. ਗਿਰਹ.

ਗੰਢੀਛੋਰਾ: ਸੰਗਜਾ- ਠਗ, ਜੋ ਗੱਠ ਵਿੱਚੋਂ ਧਨ ਛੁਡਾ ਲੈਂਦਾ (ਖੋਲ੍ਹ ਲੈਂਦਾ) ਹੈ.

ਗੰਢੁ: ਦੇਖੋ, ਗੰਢ। ੨. ਸੰਬੰਧ. ਜੋੜ. "ਪੁਤੀ ਗੰਢੁ ਪਵੈ ਸੰਸਾਰਿ." (ਵਾਰ ਮਾਝ ਮਃ ੧) "ਸਾਚੈ ਨਾਲਿ ਤੇਰਾ ਗੰਢੁ ਲਾਗੈ." (ਆਸਾ

ਛੰਤ ਮਃ ੩) ੨. ਮਿਤ੍ਰਤਾ. ਦੋਸਤੀ. "ਜਿਚਰੁ ਪੈਨਨਿ ਖਾਵਦੇ ਤਿਚਰੁ ਰਖਨਿ ਗੰਢੁ." (ਵਾਰ ਰਾਮ ੨. ਮਃ ੫)

ਗੰਢੂਆਂ: ਦੇਖੋ, ਗੰਡੂਆਂ.

ਗੰਤਾ: ਸੰ. गन्त्र ਗੰਤ੍ਰਿ. ਵਿ- ਜਾਣਵਾਲਾ. "ਸਰਬੰਗੰਤਾ." (ਜਾਪੁ) ਸਭ ਅਸਥਾਨਾਂ ਵਿੱਚ ਪਹੁਚਣ ਵਾਲਾ। ੨. ਗ੍ਯਾਤਾ. ਜਾਣਨ ਵਾਲਾ. "ਸਰੰਸਾਸਤ੍ਰ ਗੰਤਾ." (ਰਾਮਾਵ) ਸ਼ਰਸ਼ਾਸਤ੍ਰ (ਧਨੁਰਵੇਦ) ਦਾ ਗ੍ਯਾਤਾ. ਸ਼ਸਤ੍ਰਵਿਦ੍ਯਾ ਵਿੱਚ ਨਿਪੁਣ.

ਗੰਤ੍ਰੀ: ਸੰ. गन्त्री ਜਿਸ ਦ੍ਵਾਰਾ ਜਾਈਏ. ਗੱਡੀ ਆਦਿਕ ਸਵਾਰੀ। ੨. ਵਿ- ਜਾਣ ਵਾਲੀ.

ਗੰਦ: ਸੰਗ੍ਯਾ- ਮੈਲ. ਮਲੀਨਤਾ। ੨. ਗੰਦਗੀ. ਗੂੰਹ.

ਗੰਦਗੀ: ਫ਼ਾ. گندگی ਸੰਗ੍ਯਾ- ਵਿਸ਼੍ਟਾ। ੨. ਮੈਲ. ਮਲਿਨਤਾ.

ਗੰਦਮ: ਕਣਕ. ਦੇਖੋ, ਗੋਧੂਮ.

ਗੰਦਲ: ਸੰਗ੍ਯਾ- ਗੋਭ. ਲਗਰ. "ਫਰੀਦਾ ਏ ਵਿਸੁਗੰਦਲਾਂ ਧਰੀਆਂ ਖੰਡੁ ਲਿਵਾੜਿ." (ਸ. ਫਰੀਦ)

ਗੰਦਲਾ: ਵਿ- ਮੈਲ ਨਾਲ ਮਿਲਿਆ ਹੋਇਆ. ਗੰਧਲਾ.

ਗੰਦਾ: ਫ਼ਾ. گندہ ਵਿ- ਮੈਲਾ. ਮਲੀਨ. "ਗੰਦੇ ਭੁਮਿ ਪਈਆਸੁ." (ਵਾਰ ਸ੍ਰੀ ਮਃ ੫)

ਗੰਦਾਧੂਆਂ, ਗੰਦਾਧੂਮ: ਸੰਗ੍ਯਾ- ਮੈਲਾ (ਅਪਵਿਤ੍ਰ) ਧੂਆਂ. ਤਮਾਖੂ ਦਾ ਧੂੰਆਂ. "ਗੰਦਾਧੂਮ ਵੰਸ ਤੇ ਤ੍ਯਾਗਹੁ." (ਗੁਪ੍ਰਸੂ)

ਗੰਦੌਰਾ, ਗੰਦੌੜਾ: ਸੰਗ੍ਯਾ- ਖੰਡ (ਕ਼ੰਦ) ਰੋਟਿਕਾ. ਇਸ ਰੋਟੀ ਦਾ ਪੁਰਾਣੇ ਜ਼ਮਾਨੇ ਵਿਆਹ ਅਤੇ ਬਜ਼ੁਰਗ ਦੀ ਮ੍ਰਿਤਕਕ੍ਰਿਯਾ ਦੀ ਸਮਾਪਤੀ ਪੁਰ ਦੱਖਣਾ ਸਮੇਤ ਵੰਡਣ ਦਾ ਬਹੁਤ ਰਿਵਾਜ ਸੀ. ਇਸ ਨੂੰ "ਗੰਦੌੜਾ ਫੇਰਨਾ" ਆਖਦੇ ਹਨ.

ਗੰਧ: ਸੰ. गन्ध ਧਾ- ਦੁੱਖ ਦੇਣਾ- ਮਾਰਨਾ- ਜਾਣਾ- ਮੰਗਣਾ- ਸ਼ੋਭਾ ਸਹਿਤ ਕਰਨਾ। ੨. ਸੰਗ੍ਯਾ- ਨੱਕ (ਨਾਸਿਕਾ) ਕਰਕੇ ਗ੍ਰਹਣ ਕਰਣ ਯੋਗ੍ਯ ਗੁਣ. ਬੂ. ਬਾਸ. ਮਹਕ. "ਸਹਸ ਤਵ ਗੰਧ ਇਵ ਚਲਤ ਮੋਹੀ." (ਸੋਹਿਲਾ) ੩. ਗੰਧਰਕ। ੪. ਅਹੰਕਾਰ। ੫. ਦੇਖੋ, ਗੰਧੁ।

ਗੰਧਈਆ: ਵਿ- ਸੁਗੰਧਿਤ. ਖ਼ੁਸ਼ਬੂਦਾਰ. "ਚੰਦਨ ਵਾਸ ਸੁਗੰਧ ਗੰਧਈਆ." (ਬਿਲਾ ਅਃ ਮਃ ੪) ੨. ਸੰਗ੍ਯਾ- ਗਾਂਧੀ. ਗ੍ਰਧ ਬਣਾਉਣ ਵਾਲਾ.

ਗੰਧਸਾਰ: ਸੰਗ੍ਯਾ- ਇਤਰ। ੨. ਡਿੰਗ. ਚੰਦਨ.

ਗੰਧਹਸ੍ਤੀ: ਸੰਗ੍ਯਾ- ਉਹ ਹਾਥੀ ਜਿਸ ਦੇ ਗੰਡਾਂ ਤੋਂ ਮਦ ਟਪਕਦਾ ਹੈ.

ਗੰਧਕ: ਸੰ. गन्धक ਸੰਗ੍ਯਾ- ਗੰਧਰਕ. ਗੋਗਿਰਦ. Sulphur ਇਹ ਖਾਨਿ ਵਿੱਚੋਂ ਨਿਕਲਦੀ ਹੈ. ਰੰਗ ਪੀਲਾ ਅਤੇ ਲਾਲ ਹੁੰਦਾ ਹੈ. ਇਹ ਖਲੜੀ (ਤੁਚਾ) ਦੇ ਰੋਗਾਂ ਵਿੱਚ ਬਹੁਤ ਵਰਤੀ ਜਾਂਦੀ ਹੈ. ਹੋਰ ਅਨੇਕ ਬੀਮਾਰੀਆਂ ਵਿੱਚ ਵੈਦ ਇਸ ਨੂੰ ਦਿੰਦੇ ਹਨ। ੨. ਵਿ- ਸੂਚਕ. ਜਤਲਾਉਣ ਵਾਲਾ। ੩. ਗੰਧ (ਬੂ) ਕਰਨ ਵਾਲਾ.

ਗੰਧਣ: ਸੰ. गन्धन ਸੰਗ੍ਯਾ- ਦਿਲੇਰੀ। ੨. ਹਿੰਸਾ। ੩. ਚੁਗ਼ਲੀ. ਚੁਗ਼ਲਖ਼ੋਰੀ.

ਗੰਧਣਵੈਣ: ਸੰਗ੍ਯਾ- ਦਿਲੇਰੀ ਦੇ ਵਚਨ। ੨. ਚੁਗਲੀ ਅਤੇ ਨਿੰਦਾ ਦੇ ਵਾਕ. ਦੇਖੋ, ਗੰਧਣ. "ਗੰਧਣਵੈਣ ਸੁਣਹਿ ਉਰਝਾਵਹਿ." (ਆਸਾ ਮਃ ੫)

ਗੰਧਣਵੈਣਿ: ਚੁਗਲੀ ਅਤੇ ਨਿੰਦਾ ਦੇ ਵਾਕਾਂ ਵਿੱਚ. ਦੇਖੋ, ਗੰਧਣ. "ਗੰਧਣਵੈਣਿ ਰਤਾ ਹਿਤਕਾਰੀ, ਸਬਦੈ ਸੁਰਤਿ ਨ ਆਈ." (ਸੋਰ ਮਃ ੧)

ਗੰਧਬਿਲਾਈ, ਗੰਧਬਿਲਾਵ: ਸੰ. गन्धविलाव ਸੰਗਯਾ- ਮੁਸ਼ਕ- ਬਿਲਾਈ. ਮੁਸ਼ਕਬਿਲਾਈ ਦੇ ਚਿੱਤੜ ਪਾਸ ਇੱਕ ਗਿਲਟੀ ਹੁੰਦੀ ਹੈ, ਜਿਸ ਵਿੱਚੋਂ ਲੇਸਦਾਰ ਪੀਲਾ ਪਦਾਰਥ ਸੁਗੰਧਿ ਵਾਲਾ ਨਿਕਲਦਾ ਹੈ. ਵੈਦ ਇਸ ਨੂੰ ਅਨੇਕ ਦਵਾਈਆਂ ਵਿੱਚ ਵਰਤਦੇ ਹਨ.

ਗੰਧਮਾਦਨ: ਇੱਕ ਪਹਾੜ, ਜੋ ਪੁਰਾਣਾਂ ਅਨੁਸਾਰ ਸੁਮੇਰੁ ਦੇ ਦੱਖਣ ਵੱਲ ਹੈ. ਇਸ ਦੇ ਪਾਸ ਦਾ ਜੰਗਲ ਭੀ ਗੰਧਮਾਦਨ ਕਿਹਾ ਜਾਂਦਾ ਹੈ. ਰਾਮਾਇਣ ਅਨੁਸਾਰ ਇਹ ਪਹਾੜ ਕੈਲਾਸ਼ ਪਾਸ ਹੈ. ਜੁਗਰਾਫੀਏ ਦੀ ਡਿਕਸ਼ਨਰੀ (Geographical Dictionary) ਅਨੁਸਾਰ ਇਹ ਰੁਦ੍ਰਹਿਮਾਲਯ ਦਾ ਇੱਕ ਹਿੱਸਾ ਹੈ. ਇਹ ਬਦਰਿਕਾਸ਼੍ਰਮ ਤੋਂ ਥੋੜੀ ਦੂਰ ਉੱਤਰ ਪੂਰਬ ਤੋਂ ਅਰੰਭ ਹੁੰਦਾ ਹੈ। ੨. ਦੇਖੋ, ਹੇਮਕੁੰਟ। ੩. ਭ੍ਰਮਰ (ਭੌਰਾ), ਜੋ ਖੁਸ਼ਬੂ ਪੁਰ ਮਸਤ ਹੈ.

ਗੰਧਮ੍ਰਿਗ: ਸੰ. ਸੰਗਯਾ- ਕਸੂਤਰਾ. ਉਹ ਮ੍ਰਿਗ, ਜਿਸ ਦੀ ਨਾਭੀ ਤੋਂ ਕਸਤੂਰੀ ਨਿਕਲਦੀ ਹੈ. ਦੇਖੋ, ਕਸਤੂਰੀ.

ਗੰਧਰਬ: ਸੰ. ਗੰਧਵੰ. ਵਿ- ਜੋ ਸੁਗੰਧ ਨੂੰ ਅੰਗੀਕਾਰ ਕਰੇ. ਖ਼ੁਸਬੂ ਦਾ ਪਿਆਰਾ, ਅਥਵਾ ਜੋ ਗਾਇਨ ਵਿਦਯਾ ਧਾਰਣ ਕਰੇ। ੨. ਸੰਗਯਾ- ਦੇਵਲੋਕ ਦਾ ਗਵੈਯਾ. ਅਥਰਵਵੇਦ ਵਿੱਚ ਗੰਧਰਵਾਂ ਦੀ ਗਿਣਤੀ ੬੩੩੩ ਹੈ. ਸਾਰੇ ਗੰਧਰਵਾਂ ਵਿੱਚੋਂ ਅੱਠ ਪ੍ਰਧਾਨ ਹਨ-

ਹਾਹਾ, ਹੂਹੂ, ਚਿਤ੍ਰਰਥ, ਹੰਸ, ਵਿਸ਼੍ਵਾਵਸੁ, ਗੋਮਾਯੁ, ਤੁੰਬਰੁ ਅਤੇ ਨੰਦਿ. ਪੁਰਾਣਕਲਪਨਾ ਹੈ ਕਿ ਦਕ੍ਸ਼ ਦੀ ਦੋ ਪੁਤ੍ਰੀਆਂ "ਮੁਨਿ" ਅਤੇ "ਪ੍ਰਧਾ" ਕਨ੍ਵ (कण्व) ਰਿਖੀ ਨੇ ਵਿਆਹੀਆਂ, ਜਿਨ੍ਹਾਂ ਦੀ ਉਲਾਦ ਗੰਧਰਵ ਹਨ. ਵਿਸ਼ਨੁਪੁਰਾਣ ਦਾ ਲੇਖ ਹੈ ਕਿ ਗੰਧਰਵਾਂ ਦੀ ਉਤਪੱਤੀ ਬ੍ਰਹਮਾ ਤੋਂ ਹੈ. ਹਰਿਵੰਸ਼ ਵਿੱਚ ਲਿਖਿਆ ਹੈ ਕਿ "ਅਰਿਸ਼੍ਟਾ" ਦੇ ਗਰਭ ਤੋਂ ਗੰਧਰਵ ਪੈਦਾ ਹੋਏ। ੩. ਕਸਤੂਰੀ ਵਾਲਾ ਮ੍ਰਿਗ। ੪. ਕੋਕਿਲਾ. ਕੋਇਲ। ੫. ਸੰਗੀਤ ਅਨੁਸਾਰ ਤਾਲ ਦਾ ਇੱਕ ਭੇਦ। ੬. ਸੰਗੀਤ ਅਨੁਸਾਰ ਤਾਲ ਦਾ ਇੱਕ ਭੇਦ। ੬. ਵਿਧਵਾ ਇਸਤ੍ਰੀ ਦਾ ਦੂਜਾ ਪਤਿ। ੭. ਘੋੜਾ। ੮. ਪ੍ਰਾਣ। ੯. ਦਿਨ.

ਗੰਧਰਬਨਗਰ, ਗੰਧਰਬਪੁਰ: ਦੇਖੋ, ਹਰਿਸ਼੍ਚੰਦ੍ਰ। ੨. ਮਹਾਭਾਰਤ ਅਨੁਸਾਰ ਮਾਨਸਰੋਵਰ ਪਾਸ ਇੱਕ ਨਗਰ, ਜਿਸ ਦੀ ਰਖ੍ਯਾ ਗੰਧਰਵ ਕਰਦੇ ਹਨ.

ਗੰਧਰਬਵੇਦ: ਸੰ. गान्धर्ववेद् ਗਾਂਧਵੰਵੇਦ. ਇੱਕ ਉਪਵੇਦ,[472] ਜਿਸ ਵਿੱਚ ਰਾਗਵਿਦ੍ਯਾ ਦਾ ਜਿਕਰ ਹੈ. ਸੰਗੀਤਸ਼ਾਸਤ੍ਰ. ਇਸ ਉਪਵੇਦ ਦਾ ਕਰਤਾ ਭਰਤ ਮੁਨਿ ਹੈ ਅਤੇ ਇਸ ਦਾ ਸਾਮਵੇਦ ਨਾਲ ਖਾਸ ਸੰਬੰਧ ਹੈ.

ਗੰਧਰਬੀ: ਸੰਗਯਾ- ਗੰਧਵੰੀ. ਗੰਧਰਵ ਦੀ ਇਸਤ੍ਰੀ. "ਪੂਰਬ ਜਨਮ ਮਮ ਹੈ ਗੰਧਰਬੀ." (ਗੁਪ੍ਰਸੂ)

ਗੰਧਰਾਜ: ਸੰ. ਸੰਗਯਾ- ਚੰਦਨ। ੨. ਗੁੱਗਲ.

ਗੰਧਲਾ: ਵਿ- ਦੇਖੋ, ਗੰਦਲਾ.

ਗੰਧਵਤੀ: ਸੰ. ਸੰਗਯਾ- ਪ੍ਰਿਥਿਵੀ, ਜੋ ਗੰਧ ਗੁਣ ਧਾਰਨ ਕਰਦੀ ਹੈ। ੨. ਮਹਾਭਾਰਤ ਅਨੁਸਾਰ ਵ੍ਯਾਸ ਦੀ ਮਾਤਾ ਸਤ੍ਯਵਤੀ, ਜਿਸ ਦਾ ਨਾਉਂ ਮਤਸ੍ਯਗੰਧਾ ਭੀ ਹੈ. ਇਹ ਜਾਲਿਕ ਮਲਾਹ ਦੀ ਪੁਤ੍ਰੀ ਸੀ ਅਤੇ ਪਿਤਾ ਦੀ ਆਗ੍ਯਾ ਨਾਲ ਮੁਸਾਫਰਾਂ ਨੂੰ ਨਦੀ ਪਾਰ ਕੀਤਾ ਕਰਦੀ ਸੀ. ਇੱਕ ਦਿਨ ਪਰਾਸ਼ਰ ਰਿਖੀ ਉਸ ਨੂੰ ਦੇਖਕੇ ਮੋਹਿਤ ਹੋ ਗਏ ਅਰ ਉਸ ਦੇ ਸ਼ਰੀਰ ਵਿੱਚੋਂ ਮੱਛੀ ਦੀ ਬਦਬੂ ਦੂਰ ਕਰਕੇ ਸੁਗੰਧ ਵਸਾਈ ਅਤੇ ਭੋਗ ਕਰਕੇ ਵ੍ਯਾਸਰਿਖੀ ਪੈਦਾ ਕੀਤਾ. ਉਸ ਦਿਨ ਤੋਂ ਮਤਸ੍ਯਗੰਧਾ ਦਾ ਨਾਉਂ ਗੰਧਵਤੀ ਹੋਇਆ। ੩. ਸ਼ਰਾਬ। ੪. ਚਮੇਲੀ.

ਗੰਧਾ: ਸੰਗਯਾ- ਚਮੇਲੀ ਦੀ ਕਲੀ.

ਗੰਧਾਗਿਰਿ: ਗੰਧਮਾਦਨ ਪਹਾੜ. ਦੇਖੋ, ਗੰਧਮਾਦਨ.

---

[472] ਜਿਵੇਂ ਰਿਗਵੇਦਾਦਿਕ ਚਾਰ ਪੁਸਤਕਾਂ ਹਨ, ਉਸ ਤਰਾਂ ਕਿਸੇ ਇੱਕ ਪੋਥੀ ਦਾ ਨਾਉਂ 'ਗਾਂਧਰਵਵੇਦ' ਨਹੀਂ, ਕਿੰਤੂ ਰਾਗ ਵਿਦ੍ਯਾ ਸੰਬੰਧੀ ਸਾਰੇ ਗ੍ਰੰਥ ਇਸ ਸ਼ਬਦ ਵਿੱਚ ਆ ਜਾਂਦੇ ਹਨ.

ਗੰਧਾਰ: ਸੰ. ਸੰਗਯਾ- ਸਿੰਧੁ ਨਦ ਦੇ ਕਿਨਾਰੇ ਦਾ ਦੇਸ਼, ਜਿਸ ਵਿੱਚ ਪੇਸ਼ਾਵਰ, ਕੋਹਾਟ, ਬੁਨੇਰ ਆਦਿ ਇਲਾਕਾ ਹੈ. ਇਹ ਪੂਰਵ ਪੱਛਮ ਵੱਲ ੧੭੦ ਮੀਲ ਲੰਮਾ ਅਤੇ ਉੱਤਰ ਦੱਖਣ ਵੱਲ ੧੦੦ ਮੀਲ ਚੌੜਾ ਹੈ. ਇਸ ਦਾ ਜਿਕਰ ਅਥਰਵਵੇਦ ਵਿੱਚ ਆਇਆ ਹੈ। ੨. ਦੇਖੋ, ਕੰਧਾਰ। ੩. ਦੇਖੋ, ਗਾਂਧਾਰ.

ਗੰਧਾਰਾ: ਵਿ- ਸੁਗੰਧ ਵਾਲਾ.

ਗੰਧਾਰੀ: ਦੇਖੋ, ਗਾਂਧਾਰੀ.

ਗੰਧਿ: ਸੰਗਯਾ- ਸੁਗੰਧ। ੨. ਦੇਖੋ, ਗੰਧ। ੩. ਸੰ. ਰੋਹਿਤ (ਤ੍ਰਿਣਕੁੰਕੁਮ) ਘਾਹ.

ਗੰਧੀ: ਸੰ. गान्धिक ਗਾਂਧਿਕ. ਸੰਗਯਾ- ਅੱਤਾਰ. ਗਾਂਧੀ। ੨. ਸੰ. गन्धी ਕਸਤੂਰੀਮ੍ਰਿਗ। ੩. ਦੇਖੋ, ਗੰਦਗੀ. "ਚਿੰਜੁ ਭਰੀ ਗੰਧੀ ਆਇ." (ਸਵਾ ਮਃ ੧)

ਗੰਧੀਲਾ: ਵਿ- ਗੰਧਲਾ. ਮੈਲਾ। ੨. ਸੰਗਯਾ- ਗਧੇ ਰੱਖਣ ਵਾਲਾ ਪੁਰਖ। ੩. ਬਾਉਰੀਆਂ ਜੇਹੀ ਇੱਕ ਜਾਤੀ. ਇਸ ਜਾਤੀ ਦੇ ਲੋਕ ਪੈਰ ਜੁੱਤੀ ਨਹੀਂ ਪਾਉਂਦੇ, ਕਹਿੰਦੇ ਹਨ ਕਿ ਇੱਕ ਵਾਰ ਸਾਡਾ ਵਡੇਰਾ ਰਾਜਾ ਸੀ, ਜਦ ਤੀਕ ਮੁੜ ਰਾਜ ਪ੍ਰਾਪਤ ਨਾ ਹੋਵੇ ਅਸੀਂ ਜੁੱਤੀ ਨਹੀਂ ਪਹਿਰਾਂਗੇ ਅਤੇ ਸਿਰ ਤੇ ਪੱਗ ਨਹੀਂ ਬੰਨ੍ਹਾਂਗੇ. ਗੰਧੀਲੇ ਗਧੇ ਰਖਦੇ ਅਤੇ ਸਿਰਕੀਆਂ ਵਿੱਚ ਰਹਿੰਦੇ ਹਨ.

ਗੰਧੁ: ਦੇਖੋ, ਗੰਧ। ੨. ਗੰਦ. ਬਦਬੂ. "ਬਿਣੁ ਨਾਵੈ ਮੁਹਿ ਗੰਧੁ." (ਵਾਰ ਮਲਾ ਮਃ ੧)੩ ਦੁਖਦਾਈ ਵਾਕ. ਨਿੰਦਾ. ਦੇਖੋ, ਗੰਧ ਧਾ. "ਤਿਤੁ ਦਿਨਿ ਬੋਲਨਿ ਗੰਧੁ." (ਰਾਮ ਵਾਰ ੨. ਮਃ ੫)

ਗੰਧ੍ਰਬਿ: ਗੰਧਰਬ. "ਗੰਧ੍ਰਬ ਕੋਟਿ ਕਰਹਿ ਜੈਕਾਰ." (ਭੈਰ ਅਃ ਕਬੀਰ)

ਗੰਧ੍ਰਬਾਨਗਰੀ: ਦੇਖੋ, ਹਰਿਸਚੰਦ੍ਰ. "ਜਾਣ ਗੰਧ੍ਰਬਾਨਗਰੀ." (ਵਾਰ ਮਾਰੂ ੨. ਮਃ ੫)

ਗੰਧ੍ਰਬਿਸ: ਗੰਧਰਵ- ਈਸ਼. ਗੰਧਰਵਰਾਜ. ਦੇਖੋ, ਗੰਧਰਬ.

ਗੰਨ, ਗੰਨਲਾ: ਬਿਰਛ ਦਾ ਪੋਰਾ. ਗੇਲੀ. "ਵੱਢੇ ਗੰਨ ਤਖਾਣੀ." (ਚੰਡੀ ੩) ੨. ਖੰਡ. ਟੁਕੜਾ. "ਸਿਰ ਧੜ ਬਾਹਾਂ ਗੰਨਲੇ." (ਚੰਡੀ ੩)

ਗੰਨਾ: ਸੰਗਯਾ- ਗੰਡ (ਗੱਠ) ਧਾਰਨ ਵਾਲਾ ਇੱਖ ਅਥਵਾ ਪੋਂਡੇ ਦਾ ਕਾਂਡ। ੨. ਗਣਨਾ. ਸੁਮਾਰ. "ਤੋਇਅਹੁ ਤ੍ਰਿਭਵਣ ਗੰਨਾ." (ਵਾਰ ਮਲਾ ਮਃ ੧)

ਗੰਨੀ: ਸੰਗਯਾ- ਇੱਖ ਦੀ ਇੱਕ ਕਿਸਮ, ਜਿਸ ਦਾ ਪਤਲਾ ਅਤੇ ਲੰਮੀ ਪੋਰੀ ਦਾ ਨਰਮ ਗੰਨਾ ਹੁੰਦਾ ਹੈ। ੨. ਇੱਕ ਪ੍ਰਕਾਰ ਦੀ ਪੰਨ੍ਹੀ, ਜਿਸਦੀ ਜੜ ਗੰਨੇ ਦੀ ਸ਼ਕਲ ਜੇਹੀ ਹੁੰਦੀ ਹੈ। ੩. ਅੱਖ ਦੀ ਕੋਰ. ਪਲਕਾਂ ਦਾ ਮੂਲ। ੪. ਗੱਡੀ ਦੇ ਪਹੀਏ ਦੀ ਪੁੱਠੀ. ਦੇਖੋ, ਗੰਡ.

ਗੰਭਨ: ਸੰ. गम्भन ਸੰਗਯਾ- ਥੱਲਾ. ਥਾਹ.

ਗੰਭਰੀ: ਵਿ- ਗੰਭੀਰਤਾ ਵਾਲੀ।

ਗੰਭੀਰ: ਸੰ. ਵਿ- ਗਹਰਾ. ਡੂੰਘਾ. ਅਥਾਹ. "ਗੰਭੀਰ ਧੀਰ ਨਾਮ ਹੀਰ." (ਰਾਮ ਪੜਤਾਲ ਮਃ ੫) ੩. ਜਿਸ ਦਾ ਭਾਵ ਜਾਣਨਾ ਔਖਾ ਹੋਵੇ।੩ ਭਾਰੀ. ਵੱਡਾ. ਜੈਸੇ ਗੰਭੀਰਨਾਦ, ਗੰਭੀਰ ਸ੍ਵਰ। ੪. ਸੰਗਯਾ- ਕਮਲ। ੫. ਇੱਕ ਰੋਗ. ਦੇਖੋ, ਗੰਭੀਰ ੨.

ਗੰਭੀਰੀ: ਵਿ- ਗੰਭੀਰਤਾ ਵਾਲੀ। ੨. ਸੰਗਯਾ- ਗੰਭੀਰਤਾ. ਨੰਮ੍ਰਤਾ. ਦੇਖੋ, ਪੈਓਹਰੀ.

ਗੰਮ: ਦੇਖੋ, ਗੰਮਿ ਅਤੇ ਗੰਮਜ.

ਗੰਮਤ: ਦੇਖੋ, ਗੰਮਿਤ ਅਤੇ ਗੰਮਯਤਾ। ੨. ਮਰਾ. ਸੰਗਯਾ- ਮੌਜ. ਬਹਾਰ। ੩. ਆਨੰਦ ਵਿਨੋਦ। ਗਮਨ ਦੀ ਕ੍ਰਿਯਾ. ਸਫਰ. "ਗੰਮਤ ਕਰਤੇ ਸਹਿਜਸੁਭਾਏ। ਲਵਪੁਰ ਮਾਹੀਂ ਚਲਕਰ ਆਏ." (ਨਾਪ੍ਰ)

ਗੰਮਤਾ: ਦੇਖੋ, ਗੰਮਯਤਾ.

ਗੰਮਿ: ਸੰ. ਗਮਯ. ਵਿ- ਗਮਨਯੋਗਯ. ਜਾਣ ਲਾਇਕ. "ਸਾਧੂ ਕੈ ਸੰਗਿ ਸਰਬ ਥਾਨ ਗੰਮਿ." (ਸੁਖਮਨੀ) ੨. ਪ੍ਰਾਪਤ ਹੋਣ ਯੋਗਯ. ਲਭਯ। ੩. ਸਿੱਧ ਹੋਣ ਲਾਇਕ.

ਗੰਮਿਆ: ਵਿ- ਪਹੁੰਚਿਆ. ਦੇਖੋ, ਗਮ ਧਾ। ੨. ਗਾਵਿਆ. ਗਾਇਨ ਕੀਤਾ। ੩. ਦੇਖੋ, ਗੰਮਯਾ.

ਗੰਮਿਤ: ਸੰ. ਗਮਿਤ. ਵਿ- ਜਾਣਿਆ ਹੋਇਆ. ਦੇਖੋ, ਗਮ ਧਾ. "ਗਿਆਨ ਗੁਰੁ ਗੰਮਿਤ." (ਗਉ ਕਬੀਰ)

ਗੰਮਯ: ਦੇਖੋ, ਗੰਮਿ. "ਤ੍ਰੈ ਲੋਕ ਗੰਮਯੰ." (ਸਹਸ ਮਃ ੫)

ਗੰਮਯਤਾ: ਸੰਗਯਾ- ਪਹੁੰਚ. ਦਖ਼ਲ.

ਗੰਮਯਾ: ਸੰ. ਗਮਯਾ. ਵਿਆਹੀ ਹੋਈ ਇਸਤ੍ਰੀ (ਧਰਮਪਤ੍ਨੀ), ਜੋ ਗਮਨ (ਭੋਗਣ) ਯੋਗਯ ਹੈ। ੨. ਕਿਤਨਿਆਂ ਨੇ ਵੇਸ਼੍ਯਾ ਨੂੰ ਗਮਯਾ ਲਿਖਿਆ ਹੈ.

ਗਯ: ਸੰ. ज्ञ (ਗ੍ਯ). ਸੰਗਯਾ- ਗਯਾਨ. ਸਮਝ। ੨. ਪੰਡਿਤ। ੩. ਵਿ- ਗਯਾਤਾ. ਜਾਣਨਵਾਲਾ. ਇਸ ਦਾ ਪ੍ਰਯੋਗ ਸ਼ਬਦ ਦੇ ਅੰਤ ਹੁੰਦਾ ਹੈ, ਜੈਸੇ- ਗੁਣਗਯ, ਰਸਗਯ.

ਗਯਪ: ਸੰ. ज्ञप् ਧਾ- ਜਾਣਨਾ. ਸਮਝਣਾ. ਸਿਖਾਉਣਾ. ਸਮਝਾਉਣਾ. ਪ੍ਰਸੰਨ ਕਰਨਾ. ਦੇਖਣਾ. ਤਾੜਨਾ। ੨. ਦੇਖੋ, ਜਪਿਆਂ.

ਗਯਾ: ਸੰ. ज्ञा. ਸੰਗਯਾ- ਜਾਣਨਾ.

ਗਯਾਤ: ਸੰ. ज्ञात ਵਿ- ਜਾਣਿਆ ਹੋਇਆ. ਮਾਲੂਮ.

ਗਯਾਤਯੌਵਨਾ: ਕਾਵ੍ਯ ਅਨੁਸਾਰ ਉਹ ਨਾਇਕਾ, ਜਿਸ ਨੂੰ ਆਪਣੇ ਯੌਵਨ ਆਏ ਦਾ ਗਯਾਨ ਹੋਵੇ.

ਗਯਾਤਵ੍ਯ: ਵਿ- ਜਾਣਨ ਯੋਗਯ.

ਗਯਾਤਾ: ਸੰ. ज्ञातृ ਗ੍ਯਾਤ੍ਰਿ. ਵਿ- ਜਾਣਨ ਵਾਲਾ.

ਗਯਾਤਿ, ਗਯਾਤੀ: ਸੰ. जाति् ਸੰਗਯਾ- ਬਾਪ ਦਾਦੇ ਦੀ ਕੁਲ ਵਿੱਚ ਹੋਣ ਵਾਲਾ. ਬਿਰਾਦਰੀ ਦਾ ਪੁਰਖ. "ਪਿਤਾ ਪਿਤਾਨੁਜ ਔਰ ਜਿ ਗਯਾਤੀ." (ਨਾਪ੍ਰ) "ਏਕ ਗਯਾਤਿ ਕੋ ਰਹਾ ਨ ਕੋਈ." (ਕਲਕੀ) ੨. ज्ञातृ ਗ੍ਯਾਤ੍ਰਿ. ਵਿ- ਜਾਣਨ ਵਾਲਾ. ਗਯਾਤਾ.

ਗਯਾਨ: ਦੇਖੋ, ਗਿਆਨ.

ਗਯਾਨਇੰਦ੍ਰੀ: ਦੇਖੋ, ਗਿਆਨਇੰਦ੍ਰੀ ਅਤੇ ਇੰਦ੍ਰਿਯ.

ਗਯਾਨਕੂਪ: ਦੇਖੋ, ਗਯਾਨਵਾਪੀ.

ਗਯਾਨਗਮਯ: ਗਯਾਨ ਕਰਕੇ ਪ੍ਰਾਪਤ ਹੋਣ ਯੋਗਯ, ਪਾਰਬ੍ਰਹਮ.

ਗਯਾਨਚਕ੍ਸ਼ੁ: ਸੰ. ज्ञानचक्षस् ਵਿ- ਗਯਾਨਰੂਪ ਨੇਤ੍ਰਾਂ ਵਾਲਾ. ਵਿਦ੍ਵਾਨ. ਆਤਮਗਯਾਨੀ। ੨. ਅੰਨ੍ਹੇ (ਅੰਧ) ਨੂੰ ਭੀ ਗਯਾਨਚਕ੍ਸ਼ੁ ਆਖਦੇ ਹਨ.

ਗਯਾਨਦੇਵ: ਵਿੱਠਲਪੰਥ ਨਾਮਕ ਬ੍ਰਾਹਮਣ, ਜੋ ਆਲੰਦੀ ਗ੍ਰਾਮ (ਦੱਖਣ) ਦਾ ਨਿਵਾਸੀ ਸੀ. ਉਸ ਦੇ ਘਰ ਸਨ ੧੨੭੫ ਵਿੱਚ

ਗਜਾਨਦੇਵ ਦਾ ਜਨਮ ਹੋਇਆ. ਇਹ ਵਿਦ੍ਵਾਨ ਕਵਿ ਅਤੇ ਆਤਮਗਜਾਨੀ ਪੁਰਖ ਸੀ. ਦੇਖੋ, ਨਾਮਦੇਵ.

ਗਜਾਨਬੱਧ: ਵਿ- ਗਜਾਨ ਦੇ ਅਭਿਮਾਨ ਵਿੱਚ ਬੰਨ੍ਹਿਆ ਹੋਇਆ, ਅਤੇ ਵਾਸਤਵ ਗਜਾਨ ਤੋਂ ਰਹਿਤ. "ਇਕ ਨਰ ਗਜਾਨਬੱਧ ਜੇ ਹੋਇ। ਤਿਨ ਕੀ ਸ਼੍ਰੇਯ ਕਰੇ ਨਹਿ ਕੋਇ." (ਗੁਪ੍ਰਸੂ)

ਗਜਾਨਮਯ: ਵਿ- ਗਜਾਨ ਦੀ ਹੈ ਪ੍ਰਧਾਨਤਾ ਜਿਸ ਵਿੱਚ. ਵਡੇ ਗਜਾਨ ਵਾਲਾ। ੨. ਪਾਰਬ੍ਰਹਮ. ਕਰਤਾਰ.

ਗਜਾਨਰਤਨਾਵਲੀ: ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾਰੂਪ ਗੁਰੂ ਨਾਨਕ ਦੇਵ ਦੀ ਜਨਮਸਾਖੀ, ਜੋ ਭਾਈ ਮਨੀ ਸਿੰਘ ਜੀ ਨੇ ਲਿਖੀ ਹੈ.

ਗਜਾਨਵਾਨ: ਵਿ- ਗਜਾਨ ਵਾਲਾ. ਗਜਾਨੀ.

ਗਜਾਨਵਾਪੀ: ਕਾਸ਼ੀ ਵਿੱਚ ਇੱਕ ਖੂਹ, ਜੋ ਸਕੰਦ ਪੁਰਾਣ ਅਨੁਸਾਰ ਸ਼ਿਵ ਨੇ ਆਪਣੇ ਤ੍ਰਿਸ਼ੂਲ ਨਾਲ ਖੋਦਿਆ ਹੈ ਅਤੇ ਜਿਸ ਵਿੱਚੋਂ ਗਜਾਨ ਹੀ ਜਲਰੂਪ ਹੋਕੇ ਵਹਿਆ ਹੈ. ਕਾਸ਼ੀ ਵਿੱਚ ਇਹ ਕਥਾ ਪ੍ਰਚਲਿਤ ਹੈ ਕਿ ਜਦ ਔਰੰਗਜ਼ੇਬ ਬਨਾਰਸ ਪਹੁਚਿਆ, ਤਦ 'ਵਿਸ਼੍ਵਨਾਥ ਸ਼ਿਵਲਿੰਗ' ਕੁੱਦਕੇ ਗਜਾਨਕੂਪ ਵਿੱਚ ਡਿਗ ਪਿਆ.[473] ਔਰੰਗਜ਼ੇਬ ਨੇ ਵਿਸ਼੍ਵਨਾਥ ਦਾ ਮੰਦਿਰ ਤੋੜਕੇ ਉਸ ਥਾਂ ਮਸਜਿਦ ਬਣਵਾਈ, ਜੋ ਹੁਣ ਵਿਦਯ ਮਾਨ ਹੈ.

ਗਜਾਨਵੰਤ: ਵਿ- ਗਜਾਨਵਾਨ. ਗਜਾਨੀ.

ਗਜਾਨੀ: ਦੇਖੋ, ਗਿਆਨੀ। ੨. ਪੰਜਾਬੀ ਦਾ ਉੱਚ ਦਰਜੇ ਦਾ ਇਮਤਿਹਾਨ। ੩. ਉਹ ਪੁਰਖ ਜਿਸ ਨੇ ਗਿਆਨੀ ਦੀ ਪਰੀਖਯਾ ਪਾਸ ਕੀਤੀ ਹੈ। ੪. ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਅਰਥਾਂ ਦਾ ਗਜਾਤਾ, ਸਿੱਖ ਪੰਡਿਤ.[474]

ਗਜਾਨੇਂਦ੍ਰਿਯ: ਦੇਖੋ, ਇੰਦ੍ਰਿਯ.

ਗਜਾਪਕ: ਸੰ. ज्ञापक ਵਿ- ਜਤਲਾਨੇ ਵਾਲਾ. ਸਮਝਾਉਣ ਵਾਲਾ. ਦੇਖੋ, ਗਜਪ ਧਾ.

ਗਜਾਪਨ: ਸੰ. ज्ञापन ਸੰਗਜਾ- ਜਤਲਾਨਾ. ਸਮਝਾਉਣਾ। ੨. ਪ੍ਰਗਟ ਕਰਨਾ.

ਗਜਾਰਸ: ਸੰਗਜਾ- ਗਜਾਰ੍ਹਵੀਂ ਤਿਥਿ, ਏਕਾਦਸ਼ੀ. ਗਜਾਰਹ. ਦੇਖੋ, ਗਿਆਰਹ.

ਗਜਾਰਵ: ਵਿ- ਗਜਾਰਵਾਂ. ਏਕਾਦਸ਼. "ਗਜਾਰਵ ਬਰਖ ਵਿਤੀਤ ਭਜੋ." (ਪਾਰਸਾਵ)

ਗਜਾੜਕੀ: ਦੇਖੋ, ਗਿਆੜਕੀ.

ਗਜੇਯ: ਦੇਖੋ, ਗੇਯ ੨.

ਗ੍ਰਸ: ਸੰ. ग्रस् ਧਾ- ਖਾਣਾ. ਨਿਗਲਣਾ. ਘੇਰਨਾ। ੨. ਦੇਖੋ, ਕਾਲਗ੍ਰਸ. "ਪਰੇ ਕਾਲਗ੍ਰਸ ਕੂਆ." (ਸੋਰ ਕਬੀਰ)

ਗ੍ਰਸਟ: ਦੇਖੋ, ਗਰਿਸ੍ਟ. "ਹੇ ਪਪੀਲਕਾ ਗ੍ਰਸਟੇ!" (ਸਹਸ ਮਃ ੫)

ਗ੍ਰਸਤ: ਸੰ. ग्रसित- ग्रस्त ਵਿ- ਗ੍ਰਸਿਆ ਹੋਇਆ. ਘੇਰਿਆ ਹੋਇਆ. ਫੜਿਆ ਹੋਇਆ. "ਜਿਉ ਗ੍ਰਸਤ ਬਿਖਈ ਧੰਧ."

---

[473] ਮਲੂਮ ਹੁੰਦਾ ਹੈ ਕਿ ਔਰੰਗਜ਼ੇਬ ਨੇ ਸ਼ਿਵਲਿੰਗ ਪੁੱਟਕੇ ਖੂਹ ਵਿੱਚ ਸੁੱਟ ਦਿੱਤਾ.

[474] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਕਰਨ ਵਾਲੇ ਗਜਾਨੀ ਆਪਣੀ ਸੰਪ੍ਰਦਾ (ਸੰਪ੍ਰਦਾਯ) ਇਉਂ ਦਸਦੇ ਹਨ- ਕਲਗੀਧਰ ਤੋਂ ਭਾਈ ਮਨੀ ਸਿੰਘ ਜੀ ਅਤੇ ਕਰਮ ਸਿੰਘ ਜੀ ਨੇ ਅਰਥ ਪੜ੍ਹੇ, ਉਨ੍ਹਾਂ ਤੋਂ ਦੀਵਾਨ ਸਿੰਘ ਜੀ ਨੇ, ਉਨ੍ਹਾਂ ਤੋਂ ਖਜਾਨ ਸਿੰਘ ਨੇ, ਉਸ ਤੋਂ ਗੁਰੁਦਿਆਲ ਸਿੰਘ ਨੇ, ਉਸ ਤੋਂ ਗੁਰੁਬਖਸ਼ ਸਿੰਘ ਨੇ, ਉਸ ਤੋਂ ਅਮਰ ਸਿੰਘ, ਕੌਰ ਸਿੰਘ ਅਤੇ ਸੂਰਤ ਸਿੰਘ ਨੇ ਪੜ੍ਹੇ. ਅਮਰ ਸਿੰਘ ਤੋਂ ਰਾਮ ਸਿੰਘ ਨੇ, ਉਸ ਤੋਂ ਬਿਅੰਤ ਸਿੰਘ ਨੇ, ਉਸ ਤੋਂ ਚੰਦਾ ਸਿੰਘ ਨੇ ਸੰਥਾ ਲਈ. ਉੱਪਰ ਲਿਖੇ ਸੂਰਤ ਸਿੰਘ ਜੀ ਤੋਂ ਉਨ੍ਹਾਂ ਦੇ ਸੁਪੁਤ੍ਰ ਭਾਈ ਸੰਤ ਸਿੰਘ ਹਰਿਮੰਦਿਰ ਨੇ ਗਜਾਨੀ ਨੇ ਅਰਥ ਪੜ੍ਹੇ, ਭਾਈ ਸੰਤ ਸਿੰਘ ਜੀ ਦਾ ਪ੍ਰਸਿੱਧ ਚਾਟੜਾ ਕਵਿਰਾਜ ਸੰਤੋਖ ਸਿੰਘ ਹੋਇਆ. ਭਾਈ ਚੰਦਾ ਸਿੰਘ ਆਦਿਕ ਗਜਾਨੀਆਂ ਦੀ ਸੰਪ੍ਰਦਾ ਇਸ ਵੇਲੇ ਬਰਾਬਰ ਜਾਰੀ ਹੈ.

(ਬਿਲਾ ਅ: ਮ: ੫) ੨. ਗृहस्थ ਗ੍ਰਿਹਸ੍ਥ. ਸੰਗਜ੍ਾ- ਘਰਬਾਰੀ. ਗ੍ਰਿਹ (ਘਰ) ਵਿੱਚ ਇਸਥਿਤ ਹੋਣ ਵਾਲਾ. "ਗ੍ਰਸਤਨ ਮਹਿ ਤੂ ਬਡੋ ਗ੍ਰਿਹਸਤੀ." (ਗੂਜ ਅ: ਮ: ੫)

ਗ੍ਰਸਤਤਿ: ਸੰਗਜ੍ਾ- ਗ੍ਰਸਣ ਵਾਲੀ ਫਾਂਸੀ (ਪਾਸ਼). (ਸਨਾਮਾ)

ਗ੍ਰਸਤਿ: ਗ੍ਰਿਹਸ੍ਥ ਮੇਂ. ਦੇਖੋ, ਗ੍ਰਸਤ ੨. "ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ." (ਭੈਰ ਮ: ੫)

ਗ੍ਰਸਤੀ: ਦੇਖੋ, ਗ੍ਰਿਹਸਥੀ.

ਗ੍ਰਸਨ, ਗ੍ਰਸਨਾ: ਸੰ. ग्रसन ਸੰਗਜ੍ਾ- ਖਾਣਾ. ਨਿਗਲਣਾ. "ਕਾਇਆ ਕਾਕ ਗ੍ਰਸਨਾ." (ਬਿਲਾ ਛੰਤ ਮ: ੫) ੨. ਪਕੜਨਾ. ਫਸਾਉਂਣਾ. ਗ੍ਰਹਣ. "ਪ੍ਰਭੁ ਸੇਤੀ ਰੰਗਰਾਤਿਆ ਤਾਤੇ ਗਰਭਿ ਨ ਗ੍ਰਸਨਾ." (ਬਿਲਾ ਮ: ੫) ਗਰਭ ਵਿੱਚ ਨਹੀਂ ਫਸਣਾ.

ਗ੍ਰਸਿਤ: ਦੇਖੋ, ਗ੍ਰਸਤ.

ਗ੍ਰਹ: ਸੰ. ग्रह् ਧਾ- ਅੰਗੀਕਾਰ ਕਰਨਾ, ਲੈਣਾ, ਪਕੜਨਾ (ਫੜਨਾ), ਅਟਕਾਉਣਾ, ਏਕਤ੍ਰ ਕਰਨਾ। ੨. ਸੰਗਜ੍ਾ- ਗ੍ਰਹਣ (ਗਰਿਫਤ) ਸ਼ਕਤਿ ਰੱਖਣ ਵਾਲੇ ਸੂਰਜ ਆਦਿਕ ਪਿੰਡ. ਅਰਥਵਿਚਾਰ ਨਾਲ ਚਾਹੋ ਬੇਅੰਤ ਗ੍ਰਹ ਹਨ, ਪਰ ਹਿੰਦੂਮਤ ਦੇ ਜਜ੍ੋਤਿਸ਼ੀਆਂ ਨੇ ਨੌ ਗ੍ਰਹ ਮੰਨੇ ਹਨ, ਜਿਨ੍ਹਾਂ ਦੀ ਪੂਜਾ ਵਿਆਹ ਯਗਜ ਆਦਿਕ ਕਰਮਾਂ ਦੇ ਆਰੰਭ ਵਿੱਚ ਕਰਦੇ ਹਨ. ਦੇਖੋ, ਨਵਗ੍ਰਹ। ੩. ਹਠ. ਜਿਦ। ੪. ਉੱਦਮ। ੫. ਗਜ੍ਾਨ। ੬. ਨੌ ਸੰਖਜ੍ਾ ਬੋਧਕ, ਕਜ੍ੋਂਕਿ ਗ੍ਰਹ ਨੌ ਮੰਨੇ ਹਨ. "ਸੂਨ ਸੂਨ ਗ੍ਰਹ ਆਤਮਾ ਸੰਮਤ ਆਦਿ ਪਛਾਨ." (ਗੁਪ੍ਰਸੂ) ਅਰਥਾਤ ਸੰਮਤ ੧੯੦੦। ੭. ਕ੍ਰਿਪਾ। ੮. ਦੇਖੋ, ਗ੍ਰਿਹ.

ਗ੍ਰਹਣ: ਸੰ. ग्रहण ਸੰਗਜ੍ਾ- ਅੰਗੀਕਾਰ ਕਰਨਾ। ੨. ਪਕੜਨਾ। ੩. ਅਰਥ ਦਾ ਸਮਝਣਾ। ੪. ਸੂਰਜ, ਚੰਦ੍ਰਮਾ ਦਾ ਆਵਰਣ (ਪੜਦੇ) ਵਿੱਚ ਆ ਜਾਣਾ, ਜਿਸ ਤੋਂ ਅਸੀਂ ਉਨ੍ਹਾਂ ਦਾ ਸਾਰਾ ਅਥਵਾ ਕੁਝ ਹਿੱਸਾ ਨਾ ਦੇਖ ਸਕੀਏ. ਪੁਰਾਣਾਂ ਵਿੱਚ ਗ੍ਰਹਣ ਦਾ ਕਾਰਣ ਰਾਹੁ ਅਤੇ ਕੇਤੁ ਕਰਕੇ ਸੂਰਜ ਅਤੇ ਚੰਦ੍ਰਮਾ ਦਾ ਗ੍ਰਸੇ ਜਾਣਾ ਮੰਨਿਆ ਹੈ, ਪਰ ਵਾਸਤਵ ਵਿੱਚ ਸੂਰਜ ਅਤੇ ਚੰਦ੍ਰਮਾ ਦੇ ਮੱਧ ਪ੍ਰਿਥਿਵੀ ਦੇ ਆਉਣ ਕਰਕੇ ਚੰਦ੍ਰਗ੍ਰਹਣ ਅਤੇ ਸੂਰਜ ਅਰ ਪ੍ਰਿਥਿਵੀ ਦੇ ਮੱਧ ਚੰਦਰਮਾ ਆਉਣ ਤੋਂ ਸੂਰਜਗ੍ਰਹਣ ਹੁੰਦਾ ਹੈ. ਸੂਰਜਗ੍ਰਹਣ ਕੇਵਲ ਅਮਾਵਸਜ੍ਾ ਨੂੰ ਅਤੇ ਚੰਦ੍ਰਗ੍ਰਹਣ ਕੇਵਲ ਪੂਰਨਿਮਾ (ਪੂਰਨਮਾਸੀ) ਦੀ ਰਾਤ ਨੂੰ ਹੋਇਆ ਕਰਦਾ ਹੈ. ਗ੍ਰਹਣ ਸਮੇਂ ਸੂਰਜ ਅਤੇ ਚੰਦ੍ਰਮਾ ਨੂੰ ਵਿਪਦਾ ਤੋਂ ਛੁਡਾਉਣ ਲਈ ਹਿੰਦੂ ਦਾਨ ਜਪ ਭੀ ਕਰਦੇ ਹਨ ਅਤੇ ਖਾਣ ਪੀਣ ਤੋਂ ਅਸ਼ੁੱਧਿ ਦੇ ਕਾਰਣ ਪਰਹੇਜ਼ ਕਰਦੇ ਹਨ, ਪਰ ਗੁਰੁਮਤ ਵਿੱਚ ਇਨ੍ਹਾਂ ਭਰਮਾਂ ਦਾ ਨਿਸ਼ੇਧ ਹੈ.

"ਹਰਿ ਹਰਿ ਨਾਮ ਮਜਨ ਕਰਿ ਸੂਚੇ,

ਕੋਟਿ ਗ੍ਰਹਣ ਪੁੰਨ ਫਲ ਮੂਚੇ."

(ਗਉ ਮ: ੫)

ਗ੍ਰਹਣੀ: ਦੇਖੋ, ਸੰਗ੍ਰਹਣੀ.

ਗ੍ਰਹਨ: ਦੇਖੋ, ਗ੍ਰਹਣ.

ਗ੍ਰਹਾਂ ਦੇ ਵਾਹਨ: ਦੇਖੋ, ਵਾਹਨ.

ਗ੍ਰਹਿ: ਦੇਖੋ, ਗ੍ਰਹ ਅਤੇ ਗ੍ਰਿਹ.

ਗ੍ਰਹਿਓ: ਗ੍ਰਸਿਆ। ੨. ਗ੍ਰਿਹ (ਘਰ) ਦਾ. "ਗ੍ਰਹਿਓ ਸੇਵਕ." (ਬਿਹਾ ਛੰਤ ਮ: ੫)

ਗ੍ਰਹਿਤ: ਵਿ- ਗ੍ਰਿਹੀਤ. ਫੜਿਆ ਹੋਇਆ. "ਸਤਜ ਰਹਿਤ ਪਾਪ ਗ੍ਰਹਿਤ." (ਕਲਕੀ)

ਗ੍ਰਹਿਤਾ: ਵਿ- ਗ੍ਰਹਣ ਕਰਨ ਵਾਲੀ. ਦੇਖੋ, ਕੰਠਗ੍ਰਹਿਤਾ.

ਗ੍ਰਿਹਿਮੇਧੀ: ਸੰ. गृहमेधिन ਗ੍ਰਿਹਸਥੀ, ਜੋ ਬਲਿਦਾਨ (. ਕੁਰਬਾਨੀ) ਕਰਨ ਵਾਲਾ ਹੈ. ਯੱਗ ਆਦਿਕ ਕਰਮ ਕਰਨ ਵਾਲਾ ਘਰਬਾਰੀ. "ਇਹ ਆਸ੍ਰਮ ਕਿਸੇ ਗ੍ਰਿਹਿਮੇਧੀ ਕਾ ਹੋਵੈਗਾ." (ਜਸਭਾਮ)

ਗ੍ਰਿਹੇਸੁਰ, ਗ੍ਰਿਹੇਸੁਰੀ: ਗ੍ਰਿਹੇਸ਼੍ਵਰ- ਗ੍ਰਿਹੇਸ਼੍ਵਰੀ. ਘਰ ਦਾ ਮਾਲਿਕ. ਘਰ ਦੀ ਮਾਲਿਕਾ. ਗ੍ਰਿਹ- ਈਸ਼੍ਵਰ- ਗ੍ਰਿਹ- ਈਸ਼੍ਵਰੀ.

ਗ੍ਰਜਸਤਾਨ: ਗਰਦੇਜ਼ਸਤਾਂ. ਦੇਖੋ, ਗਰਦੇਜ. "ਗ੍ਰਜਸਤਾਨ ਗਾਜੀ." (ਕਲਕੀ)

ਗ੍ਰਥਨ: ਸੰ. ਸੰਗਯਾ- ਗੁੰਦਣਾ। ੨. ਇੱਕਠਾ ਕਰਨਾ। ੩. ਗੁੰਨ੍ਹਣਾ.

ਗ੍ਰਦੇਜੀ: ਦੇਖੋ, ਗਰਦੇਜ ਅਤੇ ਗਰਦੇਜੀ.

ਗ੍ਰਭ: ਦੇਖੋ, ਗਰਭ. "ਤੇ ਦੂਜੈ ਭਾਇ ਪਵਹਿ ਗ੍ਰਭਜੋਨੀ." (ਜੈਤ ਮਃ ੪) ੨. ਸੰ. गृभ् ਧਾ- ਪਕੜਨਾ, ਜਮਾ ਕਰਨਾ, ਲੈਣਾ। ੩. ਸੰਗਯਾ- ਪਕੜ. ਗਰਿਫ਼ਤ.

ਗ੍ਰਭਿ: ਗਰਭ ਮੇਂ. "ਜੀਉ ਬਹੁਤ ਗ੍ਰਭਿ ਵਾਸੇ." (ਬਾਵਨ)

ਗ੍ਰਾ: ਵਿ- ਗ੍ਰਹਣ ਕਰਤਾ. ਗ੍ਰਾਹਕ ਦਾ ਸੰਖੇਪ. "ਸਰਗ੍ਰਾ ਬੀਰਹਾ." (ਸਨਾਮਾ) ਸਰ (ਤੀਰ) ਨੂੰ ਫੜਨ ਵਾਲਾ ਧਨੁਖ ਦਾ ਚਿੱਲਾ.

ਗ੍ਰਾਸ: ਸੰ. ਸੰਗਯਾ- ਬੁਰਕੀ. ਲੁਕਮਾ। ੨. ਭਾਵ- ਅਹਾਰ. "ਗ੍ਰਾਸ ਦੇਹੁ ਪਰ ਬਾਸ ਨ ਦੇਉ." (ਗੁਪ੍ਰਸੂ) "ਸਾਸ ਗ੍ਰਾਸ ਕੋ ਦਾਤੋ ਠਾਕੁਰ." (ਗਉ ਕਬੀਰ)

ਗ੍ਰਾਸਨਾ: ਦੇਖੋ, ਗ੍ਰਸਨਾ. "ਜਮਹਿ ਗ੍ਰਾਸੇ ਝੋਟ." (ਸਾਰ ਮਃ ੫)

ਗ੍ਰਾਸਿ: ਗ੍ਰਾਸ ਕਰਦੇ. ਭਾਵ- ਰੋਟੀ ਖਾਣ ਵਿੱਚ. ਦੇਖੋ, ਗ੍ਰਾਸ. "ਸਾਸਿ ਗ੍ਰਾਸਿ ਹਰਿਨਾਮੁ ਸਮਾਲਿ." (ਸੁਖਮਨੀ) ਸ੍ਵਾਸ ਲੈਂਦੇ ਅਤੇ ਅਹਾਰ ਕਰਦੇ ਹਨ। ੨. ਗ੍ਰਸਕੇ. ਗ੍ਰਸਨ ਕਰਕੇ. "ਹਉਮੈ ਗ੍ਰਾਸਿ ਇਕਤੁ ਥਾਇ ਕੀਏ." (ਆਸਾ ਅਃ ਮਃ ੧)

ਗ੍ਰਾਹ: ਦੇਖੋ, ਗਰਾਹ ੨.

ਗ੍ਰਾਹਕ: ਸੰ. ਵਿ- ਲੈਣ ਵਾਲਾ. ਗ੍ਰਹਣ ਕਰਤਾ। ੨. ਸੰਗਯਾ- ਖ਼ਰੀਦਦਾਰ. ਮੁੱਲ ਲੈਣ ਵਾਲਾ. ਗਾਹਕ। ੩. ਫੰਧਕ। ੪. ਬਾਜ਼, ਜੋ ਤਿੱਤਰ ਆਦਿ ਜੀਵਾਂ ਨੂੰ ਫੜ ਲੈਂਦਾ ਹੈ.

ਗ੍ਰਾਹਜ, ਗ੍ਰਾਹਜਿ, ਗ੍ਰਾਹਜੁ: ਸੰ. ਗ੍ਰਾਹਯ. ਵਿ- ਲੈਣ ਯੋਗਯ. ਗ੍ਰਹਣ ਕਰਨ ਲਾਇਕ. "ਏਕ ਮਹਲਿ ਤੂੰ ਸਭ ਕਿਛੁ ਗ੍ਰਾਹਜ." (ਗਉ ਮਃ ੫) "ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ." (ਬਿਲਾ ਮਃ ੫) "ਸਤਿ ਸੰਤੋਖੁ ਗ੍ਰਾਹਜਿ ਲਯੌ." (ਸਵੈਯੇ ਮਃ ੨. ਕੇ) ੨. ਅੰਗੀਕਾਰ ਕਰਨ ਯੋਗਯ। ੩. ਜਾਣਨ ਲਾਇਕ.

ਗ੍ਰਾਹੀ: ਸੰਗਯਾ- ਬੁਰਕੀ. ਗ੍ਰਾਸ। ੨. ਸੰ. ग्राहिन् ਵਿ- ਗ੍ਰਹਣ ਕਰਤਾ. ਫੜਨ ਵਾਲਾ. ਲੈਣ ਵਾਲਾ.

ਗ੍ਰਾਹਜ: ਦੇਖੋ, ਗ੍ਰਾਹਜ.

ਗ੍ਰਾਮ: ਸੰ. ਸੰਗਯਾ- ਗਾਂਵ. ਪਿੰਡ. "ਗ੍ਰਾਮ ਗ੍ਰਾਮ ਨਗਰ ਸਭ ਫਿਰਿਆ." (ਨਟ ਅਃ ਮਃ ੪) ੨. ਸਮੂਹ. ਸਮੁਦਾਯ। ੩. ਰਾਗ ਦੀ ਸ਼ਰਗਮ ਦੀ ਇਸਥਿਤੀ ਦਾ ਮੂਲਰੂਪ ਸ੍ਵਰ (ਸੁਰ). ਸੰਗੀਤਸ਼ਾਸਤ੍ਰ ਵਿੱਚ ਸ਼ੜਜ, ਮਧਜਮ ਅਤੇ ਗਾਂਧਾਰ ਤਿੰਨ ਗ੍ਰਾਮ ਲਿਖੇ ਹਨ, ਜਿਨ੍ਹਾਂ ਦੇ ਦੂਜੇ ਨਾਉ, 'ਨੰਦਯਾਵਰਤ' 'ਸੁਭਦ੍ਰ' ਅਤੇ 'ਜੀਮੂਤ' ਹਨ. ਸ਼ੜਜ ਨੂੰ ਮੁੱਖ ਰੱਖਕੇ ਜੇ ਬਾਕੀ ਸੁਰਾਂ ਦਾ ਫੈਲਾਉ ਕਰੀਏ ਤਦ ਸ਼ੜਜ ਗ੍ਰਾਮ ਹੈ, ਐਸੇ ਹੀ ਮੱਧ ਅਤੇ ਗਾਂਧਾਰ ਨੂੰ ਜਾਣੋ. ਕਈਆਂ ਦੇ ਮਤ ਵਿੱਚ ਗਾਂਧਾਰ ਦੀ ਥਾਂ ਪੰਚਮ ਤੀਸਰਾ ਗ੍ਰਾਮ ਹੈ.

ਕਈ ਸੰਗੀਤਗ੍ਰੰਥਾਂ ਵਿੱਚ 'ਮੰਦ੍ਰ' ਗ੍ਰਾਮ ਸ਼ੜਜ ਹੈ, ਮਧਜਮ 'ਮਧਯ' ਗ੍ਰਾਮ ਹੈ, ਨਿਸ਼ਾਦ 'ਤਾਰ' ਗ੍ਰਾਮ ਹੈ.

ਗ੍ਰਾਮਪਾਲ, ਗ੍ਰਾਮਾਧੀਸ਼: ਸੰਗਯਾ- ਪਿੰਡ ਦਾ ਸ੍ਵਾਮੀ. ਵਿਸਵੇਦਾਰ। ੨. ਨੰਬਰਦਾਰ.

ਗ੍ਰਾਮੀਣ, ਗ੍ਰਾਮੀਨ: ਵਿ- ਦੇਹਾਤੀ. ਪੇਂਡੂ। ੨. ਸੰਗਯਾ- ਪਿੰਡ ਦੇ ਵਸਨੀਕ ਲੋਕ. "ਕਹੈਂ ਸੁ ਮਾਨੈ ਨਹਿ ਗ੍ਰਾਮੀਨ." (ਗੁਪ੍ਰਸੂ)

ਗ੍ਰਾਮਯ: ਸੰ. ਵਿ- ਪਿੰਡ ਦਾ. ਪੇਂਡੂ। ੨. ਗੰਵਾਰ. ਮੂਰਖ। ੩. ਸੰਗਯਾ- ਉਹ ਕਾਵ੍ਯ, ਜਿਸ ਵਿੱਚ ਗੰਵਾਰੂ ਸ਼ਬਦ ਵਰਤੇ ਜਾਣ। ੪. ਪਿੰਡ ਦੇ ਆਸਰੇ ਪਰਵਰਿਸ਼ ਪਾਉਣ ਵਾਲੇ ਗਧੇ ਸੂਰ ਆਦਿਕ ਪਸ਼ੂ.

ਗ੍ਰਿਸਟ: ਬਹੁਤ ਭਾਰਾ, ਭਾਰੀ. ਦੇਖੋ, ਗਰਿਸ਼੍ਠ. "ਗਦਾ ਗ੍ਰਿਸਟ ਪਾਣੰ." (ਵਿਚਿਤ੍ਰ) ੨. ਗਿੱਠ. ਦੇਖੋ, ਗਿਸਟ. "ਮੁਸਟਿ ਅੰਗੁਸਟ ਗ੍ਰਿਸਟੰ ਪ੍ਰਮਾਣੰ." (ਜਨਮੇਜਯ)

ਗ੍ਰਿਸਤ: ਸੰ. ਗ੍ਰਿਹਸ੍ਥ. ਸੰਗਯਾ- ਘਰ ਵਿੱਚ ਰਹਿਣ ਵਾਲਾ ਪੁਰੁਸ਼. ਭਾਰਯਾ (ਜੋਰੂ) ਸਾਥ ਸੰਬੰਧ ਜੋੜਕੇ ਘਰ ਵਿੱਚ ਰਹਿਣ ਵਾਲਾ ਆਦਮੀ। ੨. ਗ੍ਰਿਹਸਥ ਆਸ਼੍ਰਮ. "ਵਿਚੇ ਗ੍ਰਿਸਤ ਉਦਾਸ ਰਹਾਈ." (ਗੂਜ ਮਃ ੪) ੩. ਸ਼ਸਤ੍ਰਨਾਮਮਾਲਾ ਵਿੱਚ ਲਿਖਾਰੀਆਂ ਨੇ ਗ੍ਰਸਿਤ ਦੀ ਥਾਂ ਗ੍ਰਿਸਤ ਸ਼ਬਦ ਅਨੇਕ ਥਾਂ ਲਿਖਿਆ ਹੈ.

ਗ੍ਰਿਹ: ਸੰ. गृह ਸੰਗਯਾ- ਘਰ. "ਗ੍ਰਿਹ ਬਨ ਸਮਸਰ." (ਆਸਾ ਮਃ ੧) ੨. ਕੁਟੰਬ. ਕੁੰਬਾ. ਪਰਿਵਾਰ. "ਵਿਚੇ ਗ੍ਰਿਹ ਗੁਰਬਚਨਿ ਉਦਾਸੀ." (ਵਾਰ ਗੂਜ ੧. ਮਃ ੩) ਦੇਖੋ, ਨਵਗ੍ਰਹ.

ਗ੍ਰਿਹਸਤ, ਗ੍ਰਿਹਸਤੀ, ਗ੍ਰਿਹਸਥ, ਗ੍ਰਿਹਸਥੀ, ਗ੍ਰਿਹਸ੍ਥ: ਦੇਖੋ, ਗ੍ਰਿਸਤ. ਗ੍ਰਿਹਸਥਆਸ਼੍ਰਮ ਅਤੇ ਗ੍ਰਿਹਸਥਾਸ਼ਰਮ ਧਾਰਨ ਵਾਲਾ ਪੁਰਖ. "ਗ੍ਰਸਤਨ ਮੇ ਤੂੰ ਬਡੋ ਗ੍ਰਿਹਸਤੀ." (ਗੂਜ ਅਃ ਮਃ ੫)

ਗ੍ਰਿਹਣੀ: ਸੰ. गृहिणी ਗ੍ਰਿਹਿਣੀ. ਸੰਗਯਾ- ਘਰ ਵਾਲੀ. ਭਾਰਯਾ. ਜੋਰੂ.

ਗ੍ਰਿਹਧਰਮ: ਸੰਗਯਾ- ਗ੍ਰਿਹਸਥੀ ਦਾ ਧਰਮ. ਗ੍ਰਿਹਸਥਾਸ਼੍ਰਮ ਦਾ ਧਰਮ. "ਗ੍ਰਿਹਧਰਮ ਗਵਾਏ ਸਤਿਗੁਰੁ ਨ ਭੇਟੈ." (ਮਾਰੂ ਅਃ ਮਃ ੧)

ਗ੍ਰਿਹਬਸਤ੍ਰ: ਤੰਬੂ. ਦੇਖੋ, ਬਸਤ੍ਰਗ੍ਰਿਹ। ੨. ਘਰ ਵਿੱਚ ਕੱਤਿਆ ਅਤੇ ਬੁਣਾਇਆ ਵਸਤ੍ਰ.

ਗ੍ਰਿਹਭਉਣ: ਸੰਗਯਾ- ਗ੍ਰਹਚਕ੍ਰ. ਸੂਰਜਾਦਿ ਗ੍ਰਹਾਂ ਦਾ ਭ੍ਰਮਣ। ੨. ਜੋਤਿਸ਼ ਅਨੁਸਾਰ ਗ੍ਰਹਾਂ ਦੀ ਦਸ਼ਾ ਦਾ ਗੇੜਾ. "ਪ੍ਰਭੂ ਹਮਾਰੈ ਸਾਸਤ੍ਰ ਸਉਣੁ। ਸੂਖ ਸਹਜ ਆਨੰਦ ਗ੍ਰਿਹਭਉਣ." (ਭੈਰ ਮਃ ੫)

ਗ੍ਰਿਹਮੇਧੀ: ਦੇਖੋ, ਗ੍ਰਹਿਮੇਧੀ.

ਗ੍ਰਿਹਾਰਥ: ਸੰ. गृहार्थ ਸੰਗਯਾ- ਗ੍ਰਿਹ (ਘਰ) ਦੇ ਅਥੰ (ਪਦਾਰਥ). ਗ੍ਰਿਹਾਥੰ। ੨. ਘਰ ਦਾ ਕੰਮ ਕਾਜ. "ਧ੍ਰਿਗ ਸਨੇਹੰ ਗ੍ਰਿਹਾਰਥਕਹ." (ਸਹਸ ਮਃ ੫)

ਗ੍ਰਿਹਿ: ਸੰ. गृहि ਸੰਗਯਾ- ਘਰ ਦਾ ਮਾਲਿਕ. ਘਰ ਵਾਲਾ ਪੁਰਖ.

ਗ੍ਰਿਹਿਣੀ: ਘਰਵਾਲੀ. ਦੇਖੋ, ਗ੍ਰਿਹਣੀ.

ਗ੍ਰਿਹੀ: ਸੰ. गृहिन ਗ੍ਰਿਹਸਥੀ. ਘਰਬਾਰੀ. "ਜੋਗੀ ਗ੍ਰਿਹੀ ਪੰਡਿਤ ਭੇਖਧਾਰੀ." (ਭੈਰ ਮਃ ੩) ੨. ਗ੍ਰਿਹਹੀ. ਘਰ ਹੀ. "ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ." (ਗਉ ਅਃ ਮਃ ੩)

ਗ੍ਰਿਹੀਤ: ਸੰ. गृहीत. ਵਿ- ਪਕੜਿਆ (ਫੜਿਆ) ਹੋਇਆ। ੨. ਅੰਗੀਕਾਰ ਕੀਤਾ. ਮਨਜ਼ੂਰ ਕੀਤਾ। ੩. ਹਾਸਿਲ (ਪ੍ਰਾਪਤ) ਕੀਤਾ.

ਗ੍ਰਿਹੀਤ੍ਵਾ: ਸੰ. गृहीत्वा ਗ੍ਰਹਣ ਕਰਕੇ. ਫੜਕੇ. "ਗ੍ਰਿਹੀਤ੍ਵਾ ਜਬੈ ਸਸਤ੍ਰ ਅਸਤ੍ਰੰ ਅਪਾਰੰ (ਪਾਰਸਾਵ)

ਗ੍ਰਿਹੁ: ਘਰ. ਦੇਖੋ, ਗ੍ਰਿਹ. "ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ." (ਆਸਾ ਮਃ ੫) ੨. ਗ੍ਰਿਹਸਥ. "ਜਉ ਗ੍ਰਿਹੁ ਕਰਹਿ ਤ ਧਰਮੁ ਕਰੁ." (ਸ. ਕਬੀਰ) ੩. ਘਰ ਵਾਲਾ. ਪਤਿ. "ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ." (ਸੂਹੀ ਮਃ ੫) ੪. ਸੰ. गृहु ਮੰਗਤਾ. ਭਿਖਾਰੀ. ਘਰ ਮੰਗਕੇ ਗੁਜ਼ਾਰਾ ਕਰਨ ਵਾਲਾ.

ਗ੍ਰਿੰਜਨ: ਸੰ. गृञ्जन ਸੰਗਯਾ- ਗਾਜਰ। ੨. ਸ਼ਲ਼ਗਮ ੩. ਲਸਨ.

ਗ੍ਰਿਧ: ਸੰ. गृध्. ਧਾ- ਚਾਹਣਾ, ਇੱਛਾ ਕਰਨਾ, ਲਲਚਾਉਣਾ.

ਗ੍ਰਿਧ੍ਰ: ਸੰ. ਸੰਗਯਾ- ਗਿਰਝ. ਗੀਧ. ਗਿੱਧ. ਮਾਸ ਨੂੰ ਦੇਖਕੇ ਲਲਚਾਉਣ ਵਾਲਾ. ਦੇਖੋ, ਗ੍ਰਿਧ.

ਗ੍ਰੀਖਮ: ਸੰ. ਗ੍ਰੀਸ਼ਮ. ਸੰਗਯਾ- ਸ਼ਾਂਤਿਸੁਖ ਨੂੰ ਗ੍ਰਸ ਲੈਣ ਵਾਲੀ ਰੁੱਤ. ਨਿਦਾਘ. ਗਰਮੀ ਦੀ ਰੁੱਤ. ਜੇਠ ਹਾੜ ਦੀ ਰੁੱਤ. "ਗ੍ਰੀਖਮ ਰੁਤਿ ਅਤਿ ਗਾਖੜੀ ਜੇਠਿ ਅਖਾੜੈ ਘਾਮ ਜੀਉ." (ਰਾਮ ਰੁਤੀ ਮਃ ੫) ਦੇਖੋ, ਖਟਰਿਤੁ.

ਗ੍ਰੀਵ: ਗਰਦਨ. ਦੇਖੋ, ਗ੍ਰੀਵਾ. ਸਮਾਸ ਹੋਣ ਪੁਰ ਸ਼ਬਦ ਦੇ ਅੰਤ ਗ੍ਰੀਵਾ ਦੀ ਥਾਂ ਗ੍ਰੀਵ ਹੋ ਜਾਂਦਾ ਹੈ, ਜੈਸੇ- ਸੁਗ੍ਰੀਵ. ਸੁੰਦਰ ਗ੍ਰੀਵਾ (ਗਰਦਨ) ਵਾਲਾ.

ਗ੍ਰੀਵਹਾ: ਸੰਗਯਾ- ਗਰਦਨ ਵਿੱਚ ਪੈ ਕੇ ਜਾਨ ਲੈਣ ਵਾਲੀ ਫਾਂਸੀ. ਪਾਸ਼. (ਸਨਾਮਾ) ੨. ਵਿ- ਗਲ ਵੱਢਣ ਵਾਲਾ.

ਗ੍ਰੀਵਾ: ਸੰ. ਸੰਗਯਾ- ਗਰਦਨ. ਗਲ। ੨. ਸੰਘੀ. ਘੰਡੀ.

ਗ੍ਰੀਵਾਅਰਿ: ਖੜਗ. (ਸਨਾਮਾ) ਖੜਗ ਨਾਲ ਗਰਦਨ ਕੱਟੀ ਜਾਂਦੀ ਹੈ। ੨. ਫਾਹੀ. ਪਾਸ਼. (ਸਨਾਮਾ)

ਗ੍ਰੇਹ: ਦੇਖੋ, ਗ੍ਰਿਹ. ਗੇਹ. "ਧਨ ਦਾਰਾ ਸੰਪਤਿ ਗ੍ਰੇਹ." (ਬਸੰ ਮਃ ੯) "ਬਨਿਤਾ ਸੁਤ ਦੇਹ ਗ੍ਰੇਹ." (ਧਨਾ ਕਬੀਰ)

ਗ੍ਰੇਹਣ, ਗ੍ਰੇਹਣਿ: ਘਰ ਵਾਲੀ ਵਹੁਟੀ. ਦੇਖੋ, ਗ੍ਰਿਹਿਣਿ. ਗੇਹਣਿ. "ਸੁਨਤ ਸੋਕ ਕੀਨਸ ਯੁਤ ਗ੍ਰੇਹਣ." (ਗੁਪ੍ਰਸੂ)

ਗ੍ਰੰਥ: ਸੰ. ग्रन्थ ਸੰਗਯਾ- ਗੁੰਫਨ. ਗੁੰਦਣਾ। ੨. ਪੁਸ੍ਤਕ (ਕਿਤਾਬ), ਜਿਸ ਵਿੱਚ ਮਜਮੂੰਨ ਗੁੰਦੇ ਗਏ ਹਨ.

ਗ੍ਰੰਥਸਾਹਿਬ ਸ਼੍ਰੀ ਗੁਰੂ: ਸਾਰੇ ਧਰਮਗ੍ਰੰਥਾਂ ਦਾ ਸ੍ਵਾਮੀ. ਸਿੱਖਧਰਮ ਦਾ ਮਹਾਮਾਨਯ ਪੁਸ੍ਤਕ. ਸ਼੍ਰੀ ਗੁਰੂ ਅਰਜਨ ਦੇਵ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਏਕਤ੍ਰ ਕਰਕੇ ਸੰਮਤ ੧੬੬੦ ਵਿੱਚ, ਇਹ ਰਾਮਸਰ ਦੇ ਕਿਨਾਰੇ (ਅਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਵਾਉਣਾ ਆਰੰਭਿਆ. ਆਪਣੀ ਰਚਨਾ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਿਲ ਕਰਕੇ ਸੰਮਤ ੧੬੬੧ ਵਿੱਚ ਸਮਾਪ੍ਤ ਕੀਤਾ. ਇਸੇ ਸਾਲ ਭਾਦੋਂ ਸੁਦੀ ੧. ਨੂੰ ਹਰਿਮੰਦਿਰ ਵਿੱਚ ਗੁਰਮਤ ਦੇ ਪ੍ਰਚਾਰ ਲਈ ਅਸਥਾਪਨ ਕਰਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ.

ਸ਼੍ਰੀ ਗੁਰੂ ਗ੍ਰੰਥਸਾਹਿਬ ਦੀਆਂ ਤਿੰਨ ਬੀੜਾਂ (ਜਿਲਦਾਂ) ਦੇਖੀਆਂ ਜਾਂਦੀਆਂ ਹਨ- ਭਾਈ ਗੁਰਦਾਸ ਜੀ ਦੀ. (੨) ਭਾਈ ਬੰਨੋ ਦੀ. (੩) ਦਮਦਮੇ ਵਾਲੀ. ਇਨ੍ਹਾਂ ਤੇਹਾਂ ਬੀੜਾਂ ਦਾ ਵੇਰਵਾ ਇਉਂ ਹੈ-

(੧) ਸ਼੍ਰੀ ਗੁਰੂ ਅਰਜਨ ਸਾਹਿਬ ਨੇ ਜੋ ਜਿਲਦ ਭਾਈ ਗੁਰਦਾਸ ਜੀ ਦੀ ਕ਼ਲਮ ਤੋਂ ਲਿਖਵਾਈ, ਉਸ ਦਾ ਪ੍ਰਸਿੱਧ ਨਾਉਂ ਭਾਈ ਗੁਰਦਾਸ ਵਾਲੀ ਹੋ ਗਿਆ. ਇਸ ਵਿੱਚ ਸ਼੍ਰੀ ਰਾਗ ਤੋਂ ਲੈ ਕੇ ਪ੍ਰਭਾਤੀ ਤੀਕ ੩੦ ਰਾਗ ਹਨ ਅਤੇ ਕੁੱਲ ਬਾਣੀ ਸ਼ਬਦ ਸਲੋਕ ਪੌੜੀ ਆਦਿ ਦੀ ਗਿਣਤੀ ਮੁੰਦਾਵਨੀ ਤੀਕ ੫੭੫੧ ਹੈ. ਇਹ ਬੀੜ ਹੁਣ ਕਰਤਾਰਪੁਰ ਹੈ, ਜਿਸ ਦੀ ਜਿਲਦ ਕਿਤਾਬੀ ਅਰ ਸਾਰੇ ਪਤ੍ਰੇ ੯੭੫ ਹਨ,[475] ਹਾਸ਼ੀਆ ਹਰੇਕ ਪਤ੍ਰੇ ਦਾ ਨਵਾਂ ਚੜ੍ਹਿਆ ਹੋਇਆ ਹੈ. ਸ਼੍ਰੀ ਗੁਰੂ ਅਰਜਨ ਸਾਹਿਬ ਦੀ ਕਲਮ ਤੋਂ ਜਪੁ ਦੇ ਆਦਿ ਦਾ ਮੂਲਮੰਤ੍ਰ ਹੈ ਅਤੇ ਪੰਨੇ ੫੪੧ ਪੁਰ ਗੁਰੂ ਹਰਿਗੋਬਿੰਦ ਸਾਹਿਬ ਦੇ ਦਸ੍ਤਖ਼ਤ ਹਨ.

ਆਸਾ ਰਾਗ ਵਿੱਚ ਕਬੀਰ ਜੀ ਦੇ ਸ਼ਬਦ- "ਰਹੁ ਰਹੁਰੀ ਬਹੁਰੀਆ"- ਅਤੇ- "ਕਰਵਤੁ ਭਲਾ ਨ ਕਰਵਟ ਤੇਰੀ"- ਦੇ ਮੱਧ-

---

[475] ਪੰਨਿਆਂ ਦਾ ਅੰਗ ਤਤਕਰੇ ਤੋਂ ਸ਼ੁਰੂ ਹੁੰਦਾ ਹੈ, ਅਰ ਸੰਸਕ੍ਰਿਤ ਗ੍ਰੰਥਾਂ ਨਿਯਮ ਅਨੁਸਾਰ ਦੂਜੇ ਸਫੇ ਤੇ ਲਾਇਆ ਗਿਆ ਹੈ.

"ਦੇਖਹੁ ਲੋਗਾ"- ਨੰਬਰ ੩੫ ਦਾ ਸ਼ਬਦ ਲਿਖਕੇ ਹਰਤਾਲ ਨਾਲ ਕਟ ਦਿੱਤਾ ਗਿਆ ਹੈ, ਪਰ ਉਸ ਦੇ ਅੱਖਰ ਪੜ੍ਹੇ ਜਾਂਦੇ ਹਨ ਅਰ ਅੰਗਾਂ ਦਾ ਸਿਲਸਿਲਾ ਜਿਉਂ ਦਾ ਤਿਉਂ ਹੈ. ਮਾਰੂ ਰਾਗ ਵਿੱਚ ਮੀਰਾਂਬਾਈ ਦਾ ਸ਼ਬਦ ਲਿਖਕੇ ਫੇਰ ਉੱਪਰ ਕਲਮ ਫੇਰੀ ਹੋਈ ਹੈ.

ਬਹੁਤ ਸਿੱਖ ਆਖਿਆ ਕਰਦੇ ਹਨ ਕਿ ਗੁਰੂ ਅਰਜਨ ਦੇਵ ਨੇ ਨੌਵੇਂ ਸਤਿਗੁਰੂ ਦੀ ਬਾਣੀ ਲਈ ਖਾਲੀ ਪਤ੍ਰੇ ਛੱਡ ਦਿੱਤੇ ਸਨ, ਪਰ ਇਹ ਖਿਆਲ ਗਲਤ ਹੈ, ਕਿਉਂਕਿ ਪਤ੍ਰੇ ਅਜੇਹੀ ਥਾਂ ਖਾਲੀ ਹਨ ਜਿਸ ਥਾਂ ਗੁਰੂ ਤੇਗਬਹਾਦੁਰ ਸਾਹਬ ਦੀ ਬਾਣੀ ਦਰਜ ਨਹੀਂ ਹੋ ਸਕਦੀ, ਜੈਸੇ ਪੰਨਾ ੬੦ ਦਾ ਇੱਕ ਪਾਸਾ ਖਾਲੀ ਅਤੇ ਸ੍ਰੀਰਾਗ ਵਿੱਚ ਪੰਜਵੇਂ ਸਤਿਗੁਰੂ ਦੀ ਬਾਣੀ ਵਿੱਚ ਤਿੰਨ ਪਤ੍ਰੇ ਖਾਲੀ ਪਏ ਹਨ, ਆਸਾ ਦੀ ਵਾਰ ਦੇ ਅੰਤ ਵਿੱਚ ੭. ਪਤ੍ਰੇ ਖਾਲੀ ਹਨ, ਆਦਿ. ਅਰ ਨੌਵੇਂ ਮਹਲ ਦੇ ਸਲੋਕਾਂ ਲਈ ਕੋਈ ਪਤ੍ਰਾ ਖਾਲੀ ਨਹੀਂ.

(੨) ਮਾਂਗਟ ਨਿਵਾਸੀ ਭਾਈ ਬੰਨੋ ਨੇ ਸ਼੍ਰੀ ਗੁਰੂ ਅਰਜਨ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਮੰਗਕੇ ਅਥਵਾ ਲਹੌਰ ਜਿਲਦ ਬੰਧਵਾਉਣ ਸਮੇਂ ਜੋ ਨਕਲ ਕੀਤੀ, ਅਤੇ ਆਪਣੀ ਇੱਛਾ ਅਨੁਸਾਰ ਕੁਝ ਵਾਧੂ ਬਾਣੀ ਦਰਜ ਕੀਤੀ, ਉਸ ਦਾ ਨਾਉਂ ਭਾਈ ਬੰਨੋਂ ਦੀ ਬੀੜ ਹੋ ਗਿਆ. ਇਸ ਵਿੱਚ ਭੀ ਤੀਸ ਹੀ ਰਾਗ ਹਨ ਅਰ ਸ਼ਬਦ ਸਲੋਕ ਆਦਿ ਦੀ ਗਿਣਤੀ ੫੭੫੭ ਹੈ. ਇਹ ਬੀੜ ਹੁਣ ਮਾਂਗਟ (ਜਿਲਾ ਗੁਜਰਾਤ) ਵਿੱਚ ਭਾਈ ਬੰਨੋ ਦੀ ਔਲਾਦ ਪਾਸ ਹੈ. ਜਿਲਦ ਕਿਤਾਬੀ ਸ਼ਕਲ ਦੀ ਹੈ. ਪਤ੍ਰੇ ੪੬੭ ਹਨ. ਦੇਖੋ, ਮਾਂਗਟ.

ਭਾਈ ਬੰਨੋ ਦੀ ਬੀੜ ਵਿੱਚ ਵਾਧੂ ਬਾਣੀ ਦਾ ਵੇਰਵਾ ਇਹ ਹੈ-

(ੳ) ਰਾਗ ਸੋਰਠਿ ਵਿੱਚ- "ਅਉਧੂ ਸੋ ਜੋਗੀ ਗੁਰੁ ਮੇਰਾ। ਇਸ ਪਦ ਕਾ ਜੋ ਕਰੈ ਨਿਬੇਰਾ." ਸ਼ਬਦ ਹੈ.[476]

(ਅ) ਰਾਮਕਲੀ ਵਿੱਚ ਮਃ ੫- "ਰੁਣਝੁੰਝਨੜਾ"- ਸ਼ਬਦ ਦੀਆਂ ਦੋ ਤੁਕਾਂ ਦੇ ਥਾਂ, ਪੂਰੇ ਚਾਰ ਪਦ ਹਨ.

(ੲ) ਮਾਰੂ ਰਾਗ ਵਿੱਚ ਮੀਰਾਂਬਾਈ ਦਾ ਸ਼ਬਦ ਹੈ.

(ਸ) ਸਾਰੰਗ ਵਿੱਚ- "ਛਾਡਿ ਮਨ, ਹਰਿਬਿਮੁਖਨ ਕੋ ਸੰਗ"- ਸਾਰਾ ਸ਼ਬਦ ਹੈ.

(ਹ) ਅੰਤ ਵਿੱਚ- "ਜਿਤੁ ਦਰਿ ਲਖ ਮਹੰਮਦਾ"- "ਏਸੁ ਕਲੀਓਂ ਪੰਜ ਭੀਤੀਓਂ"- ਅਤੇ- "ਦਿਸਟਿ ਨ ਰਹੀਆ ਨਾਨਕਾ"- ਸਲੋਕ ਮਃ ੧. ਸਿਰਲੇਖ ਹੇਠ ਤਿੰਨ ਸਲੋਕ ਹਨ.

(ਕ) "ਬਾਇ ਆਤਸ ਆਬ"- ਮਹਲਾ ੧. ਦਾ ਸੋਲਾਂ ਪਦਾਂ ਦਾ ਸ਼ਬਦ ਹੈ.

(ਖ) "ਆਸਨ ਸਾਧ ਨਿਰਾਲਮ ਰਹੈ"- ਤੋਂ ਆਰੰਭ ਹੋਕੇ- "ਨਾਨਕ ਕਹੈ ਬੈਰਾਗੀ ਸੋਈ"- ੨੫ ਪਦਾਂ ਦੀ ਰਤਨਮਾਲਾ ਨਾਮਕ ਬਾਣੀ ਹੈ.

(ਗ) ਹਕੀਕਤ ਰਾਹ ਮੁਕਾਮ ਸ਼ਿਵਨਾਭਿ ਰਾਜੇ ਕੀ ਵਾਰਤਿਕ ਪਾਠ ਹੈ. ਅੰਤ ਵਿੱਚ ਸਿਆਹੀ ਦੀ ਬਿਧਿ- ਲਿਖੀ ਹੈ. ਜੇ ਰਾਮਕਲੀ ਅਤੇ ਸਾਰੰਗ ਦਾ ਨੰਬਰ ਛੱਡ ਦੇਈਏ, ਤਦ ਕੇਵਲ ਸੱਤ ਨੰਬਰ ਦਾ ਵਾਧਾ ਹੈ.

ਬਾਬਾ ਅਜਾਪਾਲ ਸਿੰਘ ਜੀ ਗੁਰਦ੍ਵਾਰੇ ਨਾਭੇ ਇੱਕ ਪੁਰਾਣੀ ਲਿਖਤ ਦਾ ਅਸਵਾਰਾ ਹੈ, ਜਿਸ ਦੇ ਪੱਤਰੇ ੭੪੧ ਹਨ. ਉਸ ਵਿੱਚ ਮਹਲਾ ਦੀ ਥਾਂ ਪਾਤਸਾਹੀ ਸ਼ਬਦ ਹਰ ਥਾਂ ਲਿਖਿਆ ਹੈ ਅਤੇ ਗੂਜਰੀ ਵਿੱਚ ਤ੍ਰਿਲੋਚਨ ਦਾ ਇਹ ਸ਼ਬਦ ਹੈ, ਜੋ ਭਾਈ ਬੰਨੋ ਦੀ ਹੋਰ ਬੀੜਾਂ ਵਿੱਚ ਨਹੀਂ ਹੈ-

ਨਵ ਨਿਧਿ ਪਰਸੀ ਕਾਇ ਰੇ

ਚਿੰਤਾ ਅਚਿੰਤ ਕਲਪਤਰੋ।।

---

[476] ਇਹ ਸ਼ਬਦ ਭਾਈ ਬੰਨੋ ਦੀ ਹੋਰ ਕਾਪੀਆਂ ਵਿੱਚ ਨਹੀਂ ਹੈ.

ਕੇਣ ਪਾਸਿ ਹਉ ਮਾਗਤ ਆਛਉ

ਮੇਰਾ ਪ੍ਰਭੁ ਲਾਜੈ ਲਾਛ ਬਰੋ।।੧।।

ਗੋਬਿੰਦ ਗੋਬਿੰਦ ਗੋਬਿੰਦੇ।।

ਗਬਿੰਦ ਬਿਨੁ ਮੈ ਅਵਰੁ ਨ ਜਾਚਉ

ਨਾਮ ਵਖਾਣਉ ਗੋਬਿੰਦ ਕਾ।।ਰਹਾਉ।।

ਗੋਬਿੰਦ ਕੇਰੀ ਮੁਕਤੀ ਦਾਸੀ

ਸਨਿਆਸੀ ਸਿਵ ਰਾਚੀਲੇ।।

ਤਾਚੀ ਦਾਸੀ ਮਹਾ ਅਸਟ ਸਿਧਿ

ਨਾਹੀ ਕਾਜੁ ਹਮਾ ਤਿਸੁ ਸੇਤੀ।।੨।।

ਧਾਤੁਰਬਾਜੀ ਰਸਾ ਉਪਜੀਲੇ

ਤਜਿਲੇ ਏਹ ਕੁਬੁਧੀ।।

ਮਨਿ ਭੀਤਰਿ ਬੀਚਾਰਿ ਨ ਦੇਖਹਿ

ਗੋਬਿੰਦਭਗਤਿ ਭਲੀ ਰਸੁ ਸੁਧੀ।੩।।

ਗੋਬਿੰਦ ਕੇਰੀ ਬਾਤ ਸੁਣੀਜੈ

ਕਹੁ ਕਿਨਿ ਦੇਖਿਆ ਨੈਣੀ।

ਗੋਬਿੰਦਨਾਮ ਚਰਿਤ ਸਦਾ ਹਰਿ

ਗੋਬਿੰਦੁ ਸਦਾ ਸੰਤ ਕੀ ਬੈਣੀ।।੪।।

ਗੋਬਿੰਦ ਕੇਰੀ ਭਾਉ ਭਾਗਵਤੁ

ਮਾਨ ਮਛਰ ਮਦ ਰਹਤਾ।।

ਬਦਤ ਤ੍ਰਿਲੋਚਨ ਸੁਨਿ ਰੇ ਪ੍ਰਾਨੀ

ਮਾਗਉ ਜੋ ਸੰਸਾਰਿ ਬਿਰਕਤਾ।।੫।।

ਐਸੇ ਹੀ ਰਾਵਲਪਿੰਡੀ ਵਿੱਚ ਨਿਰੰਕਾਰੀਆਂ ਦੇ ਗੁਰਦ੍ਵਾਰੇ ਸੰਮਤ ੧੯੪੨ ਦੀ ਲਿਖੀ ਹੋਈ ਇੱਕ ਜਿਲਦ ਹੈ, ਉਸ ਵਿੱਚ ਨਾਮਦੇਵ ਜੀ ਦਾ ਛੀ ਨੰਬਰ ਦਾ ਇੱਕ ਵਾਧੂ ਸ਼ਬਦ ਹੈ, ਜਿਸਦੀ ਪਹਿਲੀ ਤੁਕ ਹੈ- "ਸਾਤ ਸਮੁੰਦ ਜਾਂਕੀ ਹੈ ਕਿਰਣੀ ਧਰਤੀ ਜਾਕਾ ਬੇਟੋ."

(੩) ਸ਼੍ਰੀ ਗੁਰੂ ਗੋਬਿੰਦ ਸਿੰਘ ਸ੍ਵਾਮੀ ਨੇ ਦਮਦਮੇ ਦੇ ਮਕ਼ਾਮ ਸੰਮਤ ੧੭੬੨- ੬੩ ਵਿੱਚ ਜੋ ਆਤਮਿਕ ਸ਼ਕਤਿ ਨਾਲ ਕੰਠ ਤੋਂ ਬਾਣੀ ਉੱਚਾਰਣ ਕਰਕੇ ਗੁਰੂ ਗ੍ਰੰਥ ਸਾਹਿਬ ਲਿਖਵਾਇਆ, ਉਸ ਦਾ ਨਾਉਂ ਦਸਵੇਂ ਪਾਤਸ਼ਾਹ ਦਾ ਗ੍ਰੰਥ ਸਾਹਿਬ ਹੋਇਆ, ਪਰ ਪ੍ਰਸਿੱਧ ਨਾਉਂ ਦਮਦਮੇ ਵਾਲੀ ਬੀੜ ਹੈ. ਇਸ ਵਿੱਚ ਜੈਜਾਵੰਤੀ ਸਮੇਤ ੩੧ ਰਾਗ ਹਨ, ਅਰ ਸ਼ਬਦ ਸਲੋਕ ਪੌੜੀ ਆਦਿ ਦੀ ਜਪੁ ਤੋਂ ਲੈ ਕੇ ਮੁੰਦਾਵਣੀ ਤੀਕ ਗਿਣੀ ੫੯੬੭ ਹੈ.

ਇਸ ਵਿੱਚ- "ਸੋਪੁਰਖੁ"- ਸਿਰਲੇਖ ਹੇਠ ਚਾਰ ਸ਼ਬਦ ਹਨ ਅਰ ੧੧੫ ਸ਼ਬਦ ਸਲੋਕ ਗੁਰੂ ਤੇਗਬਹਾਦੁਰ ਸਾਹਿਬ ਦੇ, ਅਤੇ ਇੱਕ ਸਲੋਕ "ਬਲ ਹੋਆ ਬੰਧਨ ਛੁਟੇ"- ਦਸ਼ਮੇਸ਼ ਦਾ ਹੈ. ਕਈ ਆਖਦੇ ਹਨ ਕਿ ਸੋਰਠਿ ਵਿੱਚ ਕਬੀਰ ਜੀ ਦੇ ਸ਼ਬਦ ਦੀ ਤੁਕ

ਪਹਿਲਾਂ "ਖਲਾਸੇ" ਪਾਠ ਵਾਲੀ ਸੀ, ਕਲਗੀਧਰ ਨੇ "ਖਾਲਸੇ" ਸ਼ਬਦ ਬਦਲਿਆ ਹੈ, ਪਰ ਇਹ ਭੁੱਲ ਹੈ. ਕਬੀਰ ਜੀ ਦਾ ਪਹਿਲਾਂ ਹੀ ਪਾਠ "ਖਾਲਸੇ" ਹੈ. ਇਹ ਦਮਦਮੇ ਵਾਲੀ ਜਿਲਦ ਸੰਮਤ ੧੮੧੮ ਵਿੱਚ ਕੁੱਪਰਹੀੜੇ ਦੇ ਜੰਗ "ਵਡੇ ਘੱਲੂਘਾਰੇ" ਵਿੱਚ ਖਾਲਸਾ ਦਲ ਦੇ ਹੱਥੋਂ ਜਾਂਦੀ ਰਹੀ, ਪਰ ਇਸ ਤੋਂ ਪਹਿਲਾਂ ਇਸ ਦੀਆਂ ਬਹੁਤ ਕਾਪੀਆਂ ਹੋ ਚੁੱਕੀਆਂ ਸਨ.[477]

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਦ, ਸ਼ਬਦ, ਸਲੋਕ, ਛੰਤ, ਪੌੜੀ ਆਦਿ ਦੀ ਗਿਣਤੀ ਇਉਂ ਹੈ:-

| | |
|---|---|
| ਅਮਰਦਾਸ ਸਤਿਗੁਰੂ | ੮੬੯ |
| ਅਰਜਨ ਸਤਿਗੁਰੂ | ੨੩੧੨ |
| ਅੰਗਦ ਸਤਿਗੁਰੂ (ਕੇਵਲ ਸਲੋਕ) | ੬੩ |
| ਸੱਤਾ ਬਲਵੰਡ, ਵਾਰ ਰਾਮਕਲੀ ੩ | ਪਦ ੮ |
| ਸਧਨਾ | ੧ |
| ਸੁੰਦਰ, ਰਾਮਕਲੀ ਸਦੁ, | ਪਦ ੬ |
| ਸੂਰਦਾਸ[478] | ੨ |
| ਸੈਣ | ੧ |
| ਕਬੀਰ ਜੀ | ੫੩੪ |
| ਗੋਬਿੰਦ ਸਿੰਘ ਸਤਿਗੁਰੂ | ਸਲੋਕ ੧ |
| ਜੈਦੇਵ | ੨ |
| ਤੇਗਬਹਾਦੁਰ ਸਤਿਗੁਰੂ | ੧੧੫ |
| ਤ੍ਰਿਲੋਚਨ | ੫ |
| ਧੰਨਾ | ੪ |
| ਨਾਨਕਦੇਵ ਸਤਿਗੁਰੂ | ੯੪੭ |
| ਨਾਮਦੇਵ | ੬੨ |
| ਪਰਮਾਨੰਦ | ੧ |
| ਪੀਪਾ | ੧ |
| ਫਰੀਦ ਜੀ | ੧੨੩ |
| ਬੇਣੀ | ੩ |
| ਭੱਟਾਂ ਦੇ ਸਵੈਯੇ.[479] | ੧੨੩ |

---

[477] ਕਈ ਲੇਖਕਾਂ ਨੇ ਲਿਖਿਆ ਹੈ ਕਿ ਅਸਲ ਕਾਪੀ ਕਾਬੁਲ ਹੈ, ਪਰ ਅਸੀਂ ਗਵਰਨਮੇਂਟ ਦੀ ਮਾਰਫਤ ਪਰਾ ਨਿਰਣਾ ਕਰ ਲੀਤਾ ਹੈ ਕਿ ਕਾਬੁਲ ਇਹ ਜਿਲਦ ਨਹੀਂ ਹੈ.

[478] ਸਾਰੰਗ ਵਿੱਚ ਸੂਰਦਾਸ ਜੀ ਦੇ ਇੱਕ ਸ਼ਬਦ ਦੀ ਕੇਵਲ ਇੱਕ ਤੁਕ ਹੈ-"ਛਾਡਿ ਮਨ, ਹਰਿਬਿਮੁਖਨ ਕੋ ਸੰਗ."

[479] ਦੇਖੋ, ਭੱਟ ਨੰਃ ੩.

ਭੀਖਨ ੨

ਮਰਦਾਨਾ, ਵਾਰ ਬਿਹਾਗੜਾ ਵਿੱਚ ਸਲੋਕ ੩

ਰਵਿਦਾਸ ੪੦

ਰਾਮਦਾਸ ਸਤਿਗੁਰੂ ੬੩੮

ਰਾਮਾਨੰਦ ੧

ਕਈ ਇਤਿਹਾਸ ਲੇਖਕ ਅਤੇ ਸਾਂਪ੍ਰਦਾਈ ਗ੍ਯਾਨੀ ਦੱਸਦੇ ਹਨ ਕਿ ਵਾਰਾਂ ਪੁਰ ਨੌ ਧੁਨੀਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਚੜ੍ਹਾਈਆਂ ਹਨ, ਪਰੰਤੂ ਇਹ ਭਾਰੀ ਭੁੱਲ ਹੈ. ਧੁਨੀਆਂ ਸ਼੍ਰੀ ਗੁਰੂ ਅਰਜਨ ਦੇਵ ਨੇ ਹੀ ਰਾਗੀਆਂ ਨੂੰ ਗਾਉਣ ਦੀ ਧਾਰਣਾ ਦੱਸਣ ਲਈ ਲਿਖੀਆਂ ਹਨ.

ਗ੍ਰੰਥ ਸਾਹਿਬ ਨਾਲ "ਗੁਰੂ" ਸ਼ਬਦ ਸੰਮਤ ੧੭੬੫ ਤੋਂ ਲਾਉਣਾ ਆਰੰਭ ਹੋਇਆ, ਜਿਸ ਵੇਲੇ ਅਬਿਚਲਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੁਤਾ ਸਿੱਖਧਰਮ ਦੇ ਆਧਾਰਰੂਪ ਗ੍ਰੰਥ ਨੂੰ ਦਿੱਤੀ.

ਬਹੁਤ ਸਿੱਖ, ਦਸਮਗ੍ਰੰਥ ਨਾਲ ਭੀ "ਗੁਰੂ" ਸ਼ਬਦ ਦਾ ਪ੍ਰਯੋਗ ਕਰਦੇ ਹਨ, ਜੋ ਗੁਰਮਤ ਵਿਰੁੱਧ ਹੈ. ਦੇਖੋ, ਦਸਮਗ੍ਰੰਥ ਸ਼ਬਦ.

ਕਵਿਕੁਲ ਦੇ ਰਤਨ ਸੰਤ ਨਿਹਾਲ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਇਸ ਪ੍ਰਕਾਰ ਲਿਖਦੇ ਹਨ-

(ੳ) ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ ਕਿ

ਦੇਵਨ ਕੋ ਤਰ[480] ਹੈ ਕਿ ਗ੍ਯਾਨ ਕੋ ਸਮਾਜ ਹੈ,

ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ ਕਿ

ਭਾਰਤੀ ਕੋ ਮਾਲ ਹੈ ਕਿ ਭਵ ਕੋ ਜਹਾਜ ਹੈ,

ਵੇਦ ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਂਤਿ ਹੈ ਕਿ

ਮੋਖ ਹੂੰ ਕੋ ਕਾਂਤਿ ਹੈ ਕਿ ਬ੍ਰਹ੍ਮ ਹੀ ਵਿਰਾਜ ਹੈ,

ਰਾਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ ਕਿ

ਧਰਾ ਕੋ ਸੁਹਾਗ ਹੈ ਕਿ ਗ੍ਰੰਥਮਹਾਰਾਜ ਹੈ.

(ਅ) ਏਕ ਹੀ ਚਢਾਏ ਫਲ ਚਾਰੋਂ ਫਲ ਦੇਤ ਜੋਈ

ਯਾਮੈ ਕੋਟਿ ਜੀਵਨ ਕੇ ਚੀਤਿ ਆਛੇ ਧਸਗੇ,

ਪਾਤਕੀ ਮਲੀਨ ਅਕੁਲੀਨ ਛੀਨ ਦੀਨਨ ਕੇ

ਜਾਂਕੇ ਨੈਕ ਦੇਖਤੇ ਕਰੋਰੋਂ ਪਾਪ ਨਸਗੇ,

ਆਲਸੀ ਅਭਾਗੀ ਭੀਰੁ ਭੋਗਨ ਕੇ ਰਾਗੀ ਮੂਢ

ਬਾਨੀ ਕੇ ਪ੍ਰਤਾਪ ਸੇ ਸੁ ਪ੍ਰੇਮਸੁਧਾ ਰਸਗੇ,

ਫਸਗੇ ਫਬੀਲੇ ਰੰਗ ਰੂਪ ਜੌ ਨਿਹਾਰੇ ਨੈਨ

[480] ਤਰੁ. ਕਲਪਵ੍ਰਿਕ੍ਸ਼

ਗ੍ਰੰਥਮਹਾਰਾਜ ਜੂ ਹਮਾਰੇ ਮਨ ਬਸਗੇ.

(ੲ) ਤੌਲੌ ਹੀਯੇ ਧੀਰਜ ਪ੍ਰਮਾਨ ਕੇ ਬਸੇਰੋ ਕੀਨ
ਜੌਲੌ ਮ੍ਰਿਗਨੈਨੀ ਨ ਕਟਾਛਬਾਨ ਮਾਰਯੋ ਹੈ,
ਤੌਲੌ ਤਮ ਤੋਮ ਹੈ ਜਹਾਨ ਮੈ ਘਨੇਰੋ ਨੀਚ
ਜੌਲੌ ਮਾਰਤੰਡ ਨ ਪ੍ਰਤਾਪ ਕੋ ਬਿਥਾਰਯੋ ਹੈ,
ਤੌਲੌ ਦੂਖ ਦਾਰਦ ਸੋਂ ਦੀਨਤਾ ਦਿਖਾਈ ਦੇਤ
ਜੌਲੌ ਦੇਵਤਰੁ ਕੇ ਸਮੀਪ ਨ ਪਧਾਰਯੋ ਹੈ,
ਤੌਲੌ ਪੀਨ ਪਾਪਨ ਕੇ ਝੁੰਡਨ ਕੇ ਝੁੰਡ ਗਾਜੈਂ
ਜੌਲੌ ਮਹਾਰਾਜ ਗੁਰੁਗ੍ਰੰਥ ਨ ਨਿਹਾਰਯੋ ਹੈ.

(ਸ) ਧੰਨਜ ਕੁਲ ਗੋਤ੍ਰ ਤਾਂਕੋ ਜਨਨੀ ਜਨਕ ਧੰਨਜ
ਪੂਜਨੀਯ ਸੋਈ ਚੰਦ੍ਰ ਸੂਰਜ ਵਰਨ ਕੋ,
ਕੇਸਰੀਨਿਹਾਲ ਸੋ ਨਿਹਾਲ ਹੈ ਪ੍ਰਨਾਮ ਤਾਂਕੋ
ਹੋਤਭਾ ਪ੍ਰਮੋਦ ਵਾਂਕੋ ਲਾਖੋਂ ਹੀ ਵਰਨ ਕੋ,
ਨੈਕ ਜੋ ਨਿਹਾਰੈ ਕੋਟਿ ਪਾਤਕ ਪਲੈਹੈਂ ਬੇਗ
ਚਾਰੋਂ ਫਲ ਦੇਤ ਚੋਖੇ ਚਾਰੋਂ ਹੀ ਵਰਨ ਕੋ,
ਪ੍ਰੀਤਿ ਸੋਂ ਪ੍ਰਤੀਤਿ ਸੋਂ ਅਭੀਤਹ੍ਵੈ ਉਚਾਰਯੋ ਜਾਸ
ਗ੍ਰੰਥ ਮਹਾਰਾਜ ਜੂ ਕੇ ਏਕ ਹੀ ਵਰਨ ਕੋ.

(ਹ) ਸ਼੍ਰੌਨ ਕੰਠ ਕੀਏ ਖੁਸ਼ੀ ਮੌਜ ਬੇਸ਼ੁਮਾਰ ਬੇਸ਼
ਗੰਠ ਜੋ ਅਨਾਦਿ ਕੀ ਝਟਾਕ ਹੀਏ ਖੋਲਹੈ,
ਕੇਸਰੀਨਿਹਾਲ ਭਾਗ ਭਾਲ ਕੇ ਭਲਾਈ ਭੂਰਿ
ਧੂੰਸਕੈ ਅਘੋਘ ਭਾਰੀ ਮੋਦ ਮੈ ਝਕੋਲਹੈ,
ਭੂਲਤੋ ਪ੍ਰਪੰਚ ਭੂਪ ਭੀਤਿ ਕੋ ਜੁ ਭੌਨ ਭੀਮ
ਪ੍ਰੇਮਸੁਧਾ ਸਿੰਧੁ ਮੈ ਧਕੇਲ ਜੀਵ ਘੋਲਹੈ,
ਹ੍ਵੈਰਹਯੋ ਅਲੋਲ ਚੀਤ ਛੋਰਕੈ ਕਲੋਲ ਝੋਲ
ਏਕ ਏਕ ਬੋਲ ਗ੍ਰੰਥਨਾਥ ਕੋ ਅਮੋਲਹੈ.

(ਕ) ਕਾਹੂੰ ਕੋ ਭਰੋਸੋ ਹੈ ਜਮੀਨ ਕੋ ਜਮਾਨੇ ਬੀਚ
ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ ਪੈ,
ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ

ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈਂ ਕਾਜ ਪੈ.
ਕਾਹੂੰ ਕੋ ਭਰੋਸੋ ਦੇਵਵਾਨੀ ਅਰੁ ਪਾਰਸੀ ਕੋ
ਕਾਹੂੰ ਕੋ ਭਰੋਸੋ ਸੰਤਗੀਰੀ ਕੀ ਮਿਜਾਜ ਪੈ,
ਕਾਹੂੰ ਕੋ ਭਰੋਸੋ ਚਾਰੁ ਚਾਤੁਰੀ ਚਲਾਕੀ ਚੋਖ
ਮੋਕੋ ਤੋ ਭਰੋਸੋ ਏਕ ਗ੍ਰੰਥਮਹਾਰਾਜ ਪੈ.
(ਖ) ਦਰਸ ਪਰਸ ਕੀਨੇ ਗ੍ਰੰਥਮਹਾਰਾਜ ਜੂ ਕੇ
ਪਾਪ ਜਨਮਾਂਤਰ ਕੇ ਪੁੰਨਰੂਪ ਧਾਰਤੇ,
ਦਾਰਦ ਘਨੇਰੇ ਸੇ ਅਨੇਕਧਾ ਵਿਭੂਤਿ ਹੋਤ
ਹੋਤ ਹੈ ਪ੍ਰਕਾਸ ਆਛੋ ਭਾਰੀ ਅੰਧਕਾਰ ਤੇ,
ਮੰਦਧੀ ਸੁਬੁੱਧ ਹ੍ਵੈ ਛਨੇਕ ਮੈ ਅਨੇਕ ਭਾਂਤਿ
ਰੋਗ ਤੇ ਪ੍ਰਮੋਦ ਭਲੀ ਰੀਤਿ ਦੁਰਾਚਾਰ ਤੇ,
ਜੇਤੇ ਰਿਪੁ ਝੁੰਡਨ ਕੇ ਝੁੰਡ ਅਪਕਾਰੀ ਨੀਚ
ਤੇਤੇ ਮੀਤ ਹ੍ਵੈਕੈ ਨੀਤ ਕਾਜ ਕੋ ਸਵਾਰਤੇ.
(ਗ) ਹੋਤੋ ਜਬੈ ਭੋਰ ਤਬੈ ਹੋਤ ਹੈ ਘਨੇਰੋ ਦੂਖ
ਚੋਰਨ ਕੇ ਝੁੰਡ ਕੋ ਚਕੋਰਨ ਕੀ ਪਾਲ ਕੋ,
ਹੋਤੋ ਜਬੈ ਚੰਦ੍ਰਮਾ ਅਕਾਸ ਮੈ ਪ੍ਰਕਾਸ ਤਬੈ
ਹੋਤ ਹੈ ਸੰਕੋਚ ਕੰਜ ਪੰਥ ਸਜਾਮਾਬਾਲ ਕੋ,
ਹੋਤ ਹੈ ਚਢਾਈ ਜਬੈ ਸੂਰਬੀਰ ਸਿੰਘਨ ਕੀ
ਤਬੈ ਭੂਮੀ ਹੀਯੋ ਹਾਲੈ ਦੁੱਜਨ ਕਰਾਲ ਕੋ,
ਹੋਤ ਹੈ ਸੁ ਪਾਠ ਜਬੈ ਗ੍ਰੰਥਮਹਾਰਾਜ ਜੂ ਕੋ
ਤਬੈ ਕਾਲੋ ਹੋਤੋ ਮੁਖ ਕਾਲ ਕਲਿਕਾਲ ਕੋ.
(ਘ) ਜੇਤੇ ਦੇਵ ਰਾਛਸ ਅਧੀਨ ਹ੍ਵੈਂ ਅਧੇਨ ਹੂੰ ਤੇ
ਜਾਂਹਿ ਕੀ ਤ੍ਰਿਲੋਕੀ ਬੀਚ ਜਾਗਤੀ ਸੁ ਜੋਤ ਹੈ,
ਕੇਸਰੀ ਨਿਹਾਲ ਜਾਂਕੇ ਨੈਸਕ ਹੂੰ ਧਜਾਨ ਧਾਰੇ
ਪਾਪ ਜੋ ਬਿਦਾਰੇਜਾਤ ਪੁੰਨ ਤੋ ਉਦੋਤ ਹੈ,
ਭਾਨੁ ਸੋ ਪਧਾਰੇ ਜਹਾਂ ਟਾਰੇ ਅੰਧਕਾਰ ਕਲੂ
ਭੂਲੇ ਹੂੰ ਨਿਹਾਰੇ ਤੇ ਕ੍ਰਿਤਾਂਤ ਦੁਖੀ ਰੋਤ ਹੈ,
ਝਾਕੀ ਗੁਰੁਗ੍ਰੰਥ ਮਹਾਰਾਜ ਕੀ ਬਿਲੋਕੀ ਜਬੈ

ਬਾਕੀ ਈਸ ਦੂਸਰੇ ਕੀ ਲਾਲਸਾ ਨ ਹੋਤ ਹੈ.

ਸ੍ਰੀਗੁਰੂ ਗ੍ਰੰਥਸਾਹਿਬ ਜੀ ਦੇ ਪਾਠ ਕਰਨ ਦੀ ਰੀਤਿ-

(ੜ) ਅੰਨ ਕੋ ਬੰਧੇਜ ਬਾਂਧ ਆਸਨ ਕੋ ਸਾਧ ਬੇਸ਼

ਗਾਤ ਕੋ ਅਲੋਲ[481] ਸੂਧਿ ਏਕ ਚਾਲ ਲੀਜਿਯੇ,

ਚੀਤ ਕੋ ਨਿਰੋਧਕੈ ਪ੍ਰਬੋਧਕੈ ਪ੍ਰਕਾਸ਼ ਪ੍ਰੇਮ

ਗਾਦੀ ਨ ਵਿਛਾਯ ਨ ਪ੍ਰਯੰਕ ਹਾਥ ਦੀਜਿਯੇ,[482]

ਖਾਂਸੀ ਕ੍ਰੋਧ ਵਾਰਤਾ ਜੰਭਾਈ ਔ ਡਕਾਰ ਛੀਂਕ

ਹਾਸੀ ਸੀਂਢ ਮੰਦਪੌਨ[483] ਥੂਕ ਨਾ ਕਰੀਜਿਯੇ,

ਸਾਤ੍ਵਕੀ ਸੁਭਾਇ ਸੋਂ ਅਕਾਲ ਸੋਂ ਲਗਾਇ ਧਯਾਨ

ਗ੍ਰੰਥਜੂ ਕੋ ਪਾਠ ਪਜਾਰੇ, ਐਸੀ ਭਾਂਤ ਕੀਜਿਯੇ.

(ਸੰਤ ਨਿਹਾਲ ਸਿੰਘ)

ਗ੍ਰੰਥ ਸਾਹਿਬ ਜੀ ਦੀ ਜਿਲਦਾਂ (ਬੀੜਾਂ) ਦੇ ਭੇਦ: ਦੇਖੋ, ਗ੍ਰੰਥ ਸਾਹਿਬ.

ਗ੍ਰੰਥਕਰਤਾ, ਗੰਥਕਾਰ: ਵਿ- ਗ੍ਰੰਥਰਚਨਾ ਕਰਨ ਵਾਲਾ. ਗ੍ਰੰਥ ਬਣਾਉਣ ਵਾਲਾ.

ਗ੍ਰੰਥਚੁੰਬਕ: ਸੰਗਜਾ- ਪੋਥੀ ਚੁੰਮਣ ਵਾਲਾ ਪੁਰਖ. ਜੋ ਗ੍ਰੰਥ ਦਾ ਵਿਚਾਰ ਕੀਤੇ ਬਿਨਾ ਕੇਵਲ ਪਾਠ ਕਰਦਾ ਹੈ. ਸਿੱਧਾਂਤ ਜਾਣੇ ਬਿਨਾ ਬਹੁਤ ਪੋਥੀਆਂ ਪੜ੍ਹਨ ਵਾਲਾ। ੨. ਪੂਰਣ ਵਿਦਜਾ ਤੋਂ ਖਾਲੀ ਅਨੇਕ ਪੋਥੀਆਂ ਫਰੋਲਣ ਵਾਲਾ.

ਗ੍ਰੰਥਿ: ਸੰ. ग्रन्थि ਸੰਗਜਾ- ਗੱਠ. ਗਾਂਠ। ੨. ਗਠੜੀ। ੩. ਸ਼ਰੀਰ ਦੇ ਜੋੜਾਂ ਦੀ ਗਿਲਟੀ। ੪. ਇੱਕ ਰੋਗ, ਜਿਸ ਨਾਲ ਜੋੜਾਂ ਵਿੱਚ ਦਰਦ ਅਤੇ ਸੋਜ ਹੁੰਦੀ ਹੈ. ਦੇਖੋ, ਗਠੀਆ। ੫. ਕੁਟਿਲਤਾ। ੬. ਮਾਯਾ- ਜਾਲ.

ਗ੍ਰੰਥਿਛੇਦਕ: ਸੰਗਜਾ- ਠਗ. ਗਠਕਤਰਾ। ੨. ਆਤਮ ਗਜਾਨ, ਜਿਸ ਤੋਂ ਅਵਿਦਜਾ ਦੀ ਗੱਠ ਦੂਰ ਹੋ ਜਾਂਦੀ ਹੈ.

ਗ੍ਰੰਥੀ: ਸੰ. ग्रन्थिन् ਵਿ- ਗ੍ਰੰਥ ਵਾਲਾ. ਜਿਸ ਪਾਸ ਗ੍ਰੰਥ ਹੈ। ੨. ਗ੍ਰੰਥ ਦੇ ਪੜ੍ਹਨਵਾਲਾ। ੩. ਗੱਠਦਾਰ. ਗੰਢੀਲਾ। ੪. ਸੰਗਜਾ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਵਾਲਾ ਅਤੇ ਸੇਵਾਦਾਰ ਸਿੱਖ।

ਗ੍ਲਾਨਿ: ਦੇਖੋ, ਗਲਾਨਿ.

ਗ੍ਵਾਰ, ਗ੍ਵਾਰਨਿ, ਗ੍ਵਾਰਨੀ: ਸੰਗਜਾ- ਗੋਪਾਲ. ਗੋਪਾਲਿਕਾ. ਗੋਪ. ਗੋਪੀ. ਗਵਾਲਾ. ਗਵਾਲੀ.

ਗ੍ਵਾਰੀਏਰ: ਦੇਖੋ, ਗਵਾਲੀਅਰ.

ਗ੍ਵਾਲ: ਸੰਗਜਾ- ਗੋਪਾਲ. ਗਵਾਲਾ. ਅਹੀਰ। ੨. ਮਥੁਰਾ ਨਿਵਾਸੀ ਭੱਟਵੰਸ਼ ਦਾ ਰਤਨ ਇੱਕ ਕਵੀ, ਜੋ ਕੁਝ ਕਾਲ ਲਹੌਰਪਤਿ ਮਹਾਰਾਜਾ ਸ਼ੇਰ ਸਿੰਘ ਪਾਸ ਰਿਹਾ ਅਤੇ ਵ੍ਰਿੱਧ ਅਵਸਥਾ ਨਾਭਾਪਤਿ ਮਹਾਰਾਜਾ ਭਰਪੂਰ ਸਿੰਘ ਜੀ ਪਾਸ ਵਿਤਾਈ. ਗ੍ਵਾਲ ਦੀ ਕਵਿਤਾ ਮਨੋਹਰ ਹੈ. ਇਸ ਨੇ ਸੰਮਤ ੧੯੧੭ ਵਿੱਚ ਗੁਰੁਪਚਾਸਾ (ਪੰਚਾਸ਼ਿਕਾ) ਲਿਖਿਆ ਹੈ, ਜਿਸ ਵਿੱਚੋਂ ਇਹ ਕਬਿੱਤ

---

[481] ਚੰਚਲਤਾ ਬਿਨਾ. ਅਚਲ.

[482] ਮੰਜੀ ਸਾਹਿਬ ਪੁਰ ਕੂਹਣੀ ਅਤੇ ਹੱਥ ਨਹੀਂ ਰੱਖਣਾ ਚਾਹੀਏ.

[483] ਅਪਾਨਵਾਯੁ. ਗੌਸ਼.

ਹਨ-

ਪਢਕੈ ਤਿਹਾਰੀ ਬਾਨੀ ਸ਼੍ਰੀਮਾਨ ਗੋਬਿੰਦ ਸਿੰਘ!

ਜੀਵਨਮੁਕਤ ਜਨ ਹੋਯਰਹੈਂ ਅਗ ਮੇ,

ਸਾਧੁ ਮੇ ਨ ਸ਼ੇਰਪਨ ਸ਼ੇਰ ਮੇ ਨ ਸਾਧੁਪਨ,

ਦੋਊਪਨ ਦੇਖਿਯਤ ਆਪ ਹੀ ਕੇ ਮਗ ਮੇ,

ਗ੍ਵਾਲ ਕਵਿ ਅਦਭੁਤ ਬਾਤੇਂ ਕਹੋਂ ਕੌਨ ਕੌਨ,

ਭੌਨ ਭੌਨ ਜਾਹਰ ਜਹੂਰ ਪਗ ਪਗ ਮੇ,

ਸਿੱਖ ਜੇ ਤਿਹਾਰੇ ਸਭ ਸੰਗਜਾ ਮਾਹਿ ਸਿੰਘ ਭਏ,

ਸਮਰ ਮੇ ਸਿੰਘ ਭਏ ਸਿੰਘ ਭਏ ਜਗ ਮੇ.

ਦਸ਼ਮੇਸ਼ ਦੀ ਕ੍ਰਿਪਾਣ-

ਪਾਨ ਸੁ ਭਰੀ ਹੈ ਖਰਸਾਨ ਪੈ ਧਰੀ ਹੈ ਖਰੀ,

ਸ਼ਾਨ ਸੋ ਬਰੀ ਹੈ ਮਾਨਬਰੀ ਚਕ੍ਰ ਆਨ ਹੈ,

ਭਾਨੁ ਕੇ ਸਮਾਨ ਤੇਜ ਬੈਰਿਨ ਕੋ ਭਾਨ ਜਗ,

ਭਾਨ ਭਾਨ ਡਾਰੇ ਰਹੀ ਤਿਨ ਮੁਖ ਭਾਨ ਹੈ,

ਗ੍ਵਾਲ ਕਵਿ ਰਣ ਵਿਵਧਾਨ ਨ ਰਹਿਨਦੇਤ,

ਬੰਕਤਾ ਵਿਧਾਨ ਭਰੀ ਅੰਤਰ ਕ੍ਰਿਸਾਨ ਹੈ,

ਚਕ੍ਰਪਾਨਿ ਪਾਨ ਪੈ ਤਿਹਾਰੇ ਸ਼੍ਰੀ ਗੋਬਿੰਦ ਸਿੰਘ,

ਤੇਰੀ ਜੋ ਕ੍ਰਿਪਾਨ ਪਰੈ ਜਾਂ ਪਰ ਕ੍ਰਿਪਾ ਨ ਹੈ.

ਗ੍ਵਾਲਨਿ, ਗ੍ਵਾਲਨੀ, ਗ੍ਵਾਲਾ: ਦੇਖੋ, ਗ੍ਵਾਰ- ਗ੍ਵਾਰਨੀ.

ਗ੍ਵਾਲਿਯਰ: ਦੇਖੋ, ਗਵਾਲੀਅਰ.

ਘ: ਪੰਜਾਬੀ ਵਰਣਮਾਲਾ ਦਾ ਨੌਵਾਂ ਅੱਖਰ. ਇਸ ਦਾ ਉੱਚਾਰਣ ਕੰਠ ਤੋਂ ਹੁੰਦਾ ਹੈ। ੨. ਸੰ. ਸੰਗਜਾ- ਘੰਟਾ। ੩. ਘਰ ਘਰ ਸ਼ਬਦ। ੪. ਘਾਮ. ਧੁੱਪ। ੫. ਮੇਘ. ਬੱਦਲ। ੬. ਮਾਰਨਾ. ਤਾੜਨਾ। ੭. ਵਰ੍ਹਾ. ਸਾਲ.

ਘਈ: ਘਾਇਲ ਕੀਤੀ. ਘਾਈ. "ਦ੍ਰਿਗ ਸਾਇਕ ਕੇ ਜਨੁ ਘਾਇ ਘਈ ਹੌਂ." (ਚਰਿਤ੍ਰ ੧੧੧) ੨. ਵ੍ਰਿਜ. ਵਿ- ਗੰਭੀਰ. ਅਥਾਹ। ੩. ਸੰਗਜਾ- ਜਲ ਦੀ ਭੌਰੀ. ਜਲਚਕ੍ਰ। ੪. ਥੂਨੀ. ਥੰਭੀ. ਥੰਮ੍ਹੀ.

ਘਸ: ਸੰ. घष् ਧਾ- ਘਸਾਉਂਣਾ. ਰਗੜਨਾ। ੨. ਸੰ. घस् ਧਾ- ਖਾਣਾ (ਭਕ੍ਸ਼ਣ ਕਰਨਾ).

ਘਸਣਾ, ਘਸਨ: ਸੰ. धर्षशा ਘਸ਼ੰਣ. ਕ੍ਰਿ- ਰਗੜਨਾ। ੨. ਘਿਸਨਾ। ੨. ਡਿੰਗ. ਖਾਣਾ (ਭੋਜਨ ਕਰਨਾ). ਦੇਖੋ, ਘਸ੍ ਧਾ.

ਘਸਮਰ: ਸੰ. ਘਸ੍ਮਰ. ਵਿ- ਖਾਊ. ਭਕ੍ਸ਼ਣ ਕਰਨ ਵਾਲਾ. ਖਾਦੜ.

ਘਸਰ: ਸੰਗਜਾ- ਰਗੜ। ੨. ਘਸਣ ਤੋਂ ਹੋਇਆ ਚਿੰਨ੍ਹ. ਦੇਖੋ, ਘਸ ਧਾ.

ਘਸਾਉਣਾ: ਦੇਖੋ, ਘਸਣਾ.

ਘਸਿ: ਕ੍ਰਿ. ਵਿ- ਘਸਾਕੇ. ਘਰ੍ਸ਼ਣ ਕਰਕੇ. ਰਗੜਕੇ. "ਘਸਿ ਚੰਦਨ ਚੋਆ ਬਹੁ ਸੁਗੰਧ." (ਬਸੰ ਰਾਮਾਨੰਦ) "ਤਿਸ ਘਸਿ ਘਸਿ ਨਾਕ ਵਢਾਇਆ." (ਰਾਮ ਮਃ ੪)

ਘਸਿਆਰਾ, ਘਸਿਹਾਰਾ: ਵਿ- ਘਾਸ ਹਰਣ ਵਾਲਾ. ਘਾਹ ਖੋਤਕੇ ਲਿਆਉਣ ਵਾਲਾ. ਘਾਸਹਾਰਕ.

ਘਸਿਚੰਦਨੁ: ਚੰਦਨ ਘਸਾਇਆ ਜਾਵੇ ਜਿਸ ਉੱਤੇ, ਉਰਸਾ. "ਘਸਿਚੰਦਨੁ ਜਸੁ ਘਸਿਆ." (ਕਲਿ ਮਃ ੪)

ਘਸੀਐ: ਘਰ੍ਸ਼ਣ ਕਰੀਐ. ਘਸਾਈਐ। ੨. ਭਾਵ- ਅਭ੍ਯਾਸ ਕਰੀਏ.

ਘਸੀਟਣਾ, ਘਸੀਟਨਾ: ਕ੍ਰਿ- ਇਸ ਤਰਾਂ ਖਿੱਚਣਾ ਕਿ ਕੋਈ ਵਸਤੁ ਜ਼ਮੀਨ ਨਾਲ ਰਗੜ (ਘਰ੍ਸ਼ਣ) ਹੁੰਦੀ ਜਾਵੇ.

ਘਹਰਨ, ਘਹਰਨਾ: ਕ੍ਰਿ- ਗੰਭੀਰ ਧੁਨਿ ਨਾਲ ਗਰਜਣਾ. "ਜਬ ਹੀ ਸੰਖਸਬਦ ਘਹਰਾਏ." (ਪਾਰਸਾਵ) ੨. ਬਦਲ ਦਾ ਗਰਜਣਾ.

ਘਹਿਣਾ: ਕ੍ਰਿ- ਘਰ ਰਹਿਣਾ. ਨਿਵਾਸ ਕਰਨਾ. "ਸਹਜ ਘਰ ਘਹਿਣਾ." (ਭਾਗੁ) ੨. ਦੇਖੋ, ਘੈਣਾ.

ਘਹਿਰਣਾ, ਘਹਿਰਨ: ਦੇਖੋ, ਘਹਰਨਾ.

ਘੱਕਾਕੋਟਲੀ: ਦੇਖੋ, ਟਾਲ੍ਹੀਸਾਹਿਬ ੩.

ਘਗਰਾ: ਦੇਖੋ, ਘਘਰਾ.

ਘਘਰ: ਦੇਖੋ, ਘੱਘਰ.

ਘਘਰਾ: ਸੰਗਜਾ- ਘੇਰਦਾਰ ਵਸਤ੍ਰ, ਜੋ ਇਸਤ੍ਰੀਆਂ ਤੇੜ ਪਹਿਰਦੀਆਂ ਹਨ. ਘਾਘਰਾ. ਲਹਿੰਗਾ.

ਘਘਾ: ਪੰਜਾਬੀ ਘ ਅੱਖਰ ਦਾ ਉੱਚਾਰਣ।

੨. ਘ ਅੱਖਰ. "ਘਘਾ ਘਾਲਹੁ ਮਨਹਿ ਏਹ ਬਿਨ ਹਰਿ ਦੂਸਰ ਨਾਹਿ." (ਬਾਵਨ) "ਘਘੈ ਘਾਲ ਸੇਵਕੁ ਜੇ ਘਾਲੈ." (ਆਸਾ ਪਟੀ ਮਃ ੧)

ਘਘਿਆਉਣਾ: ਦੇਖੋ, ਘਿਘਿਆਉਣਾ.

ਘਘੂਟਾ: ਸੰਗਜਾ- ਘੁੱਘੂ (ਉੱਲੂ) ਦਾ ਬੱਚਾ। ੨. ਘੋਗਾ.

ਘੱਘਰ: ਸੰ. दृषद्वती ਦ੍ਰਿਸ਼ਦ੍ਵਤੀ. ਸੰਗਜਾ- ਘਰ ਘਰ ਸ਼ਬਦ ਸਹਿਤ ਜਿਸ ਦਾ ਵੇਗ ਨਾਲ ਜਲ ਚਲਦਾ ਹੈ. ਇੱਕ ਪੰਜਾਬ ਦੀ ਨਦੀ, ਜੋ ਸਰਮੌਰ (ਨਾਹਨ) ਦੇ ਇਲਾਕੇ ਤੋਂ ਨਿਕਲਕੇ ਅੰਬਾਲੇ ਅਤੇ ਪਟਿਆਲੇ ਦੇ ਇਲਾਕੇ ਵਹਿੰਦੀ ਹੋਈ ਬੀਕਾਨੇਰ ਦੇ ਰਾਜੇ ਵਿੱਚ ਹਨੂਮਾਨਗੜ੍ਹ ਪਾਸ ਰੇਤੇ ਵਿੱਚ ਲੀਨ ਹੋ ਜਾਂਦੀ ਹੈ. ਇਸ ਨਦੀ ਦਾ ਜਿਕਰ ਰਿਗਵੇਦ ਵਿੱਚ ਆਇਆ ਹੈ। ੨. ਦੇਖੋ, ਘਰਘਰਾ.

ਘੱਘਰੀਸਾਸਤ੍ਰ: ਘੱਘਰ- ਈਸ਼- ਅਸਤ੍ਰ. ਘੱਘਰ ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਫਾਂਸੀ. (ਸਨਾਮਾ)

ਘਚੋਲਣਾ: ਕ੍ਰਿ- ਘਚ ਘਚ ਸ਼ਬਦ ਕਰਨਾ. ਜਲ ਨੂੰ ਰਿੜਕਕੇ ਉਸ ਤੋਂ ਘਚ ਘਚ ਸ਼ਬਦ ਉਤਪੰਨ ਕਰਨਾ। ੨. ਜਲ ਵਿੱਚ ਕਿਸੇ ਵਸਤੁ ਨੂੰ ਰਿੜਕਕੇ ਮਿਲਾਉਣਾ.

ਘਚੋਲਾ: ਸੰਗਜਾ- ਸ਼ੋਰ. ਗ਼ੁਲ. ਡੰਡ ਰੌਲਾ. ਗੜਬੜ. "ਸਬਦ ਨ ਸੁਣਈ ਬਹੁ ਰੋਲ ਘਚੋਲਾ." (ਗਉ ਵਾਰ ੧. ਮਃ ੪)

ਘਟ: ਸੰ. ਘਟ੍ ਧਾ- ਹੋਣਾ, ਕਰਨਾ, ਘੋਟਣਾ, ਇੱਕਠਾ ਕਰਨਾ, ਚਮਕਣਾ, ਦੁੱਖ ਦੇਣਾ, ਸ਼ਬਦ ਕਰਨਾ। ੨. ਸੰਗ੍ਯਾ- ਘੜਾ. ਕਲਸਾ. "ਭਭਕੰਤ ਘਟੰ ਅਤਿ ਨਾਦ ਹੁਯੰ." (ਰਾਮਾਵ) ੩. ਦੇਹ. ਸ਼ਰੀਰ. "ਘਟ ਫੂਟੇ ਕੋਊ ਬਾਤ ਨ ਪੂਛੈ." (ਆਸਾ ਕਬੀਰ) ੪. ਦਿਲ. ਮਨ. ਅੰਤਹਕਰਣ. "ਘਟ ਦਾਮਨਿ ਚਮਕਿ ਡਰਾਇਓ." (ਸੋਰ ਮਃ ੫) "ਘਟ ਘਟ ਵਾਸੀ ਸਰਬ ਨਿਵਾਸੀ." (ਸੂਹੀ ਛੰਤ ਮਃ ੫) ੫. ਘਾਟੀ. ਦਰਾ। ੬. ਹਾਥੀ ਦੇ ਕੰਨਾਂ ਉੱਪਰ ਉਭਰਿਆ ਹੋਇਆ ਸਿਰ ਦਾ ਹਿੱਸਾ, ਕੁੰਭ। ੭. ਬੱਤੀ ਸੇਰ ਤੋਲ। ੮. ਘਟਿਕਾ. ਘੜੀ. "ਅਉਘਟ ਦੀ ਘਟ ਲਾਗੀ ਆਇ." (ਭੈਰ ਨਾਮਦੇਵ) ਵਿਪਦਾ ਦੀ ਘੜੀ ਆਲੱਗੀ। ੯. ਬੱਦਲਾਂ ਦੀ ਘਟਾ। ੧੦. ਵਿ- ਘੱਟ. ਕਮ. "ਘਟਿ ਫੂਟੇ ਘਟਿ ਕਬਹਿ ਨ ਹੋਈ." (ਗਉ ਕਬੀਰ ਬਾਵਨ) ਦੇਹ ਨਾਸ਼ ਹੋਣ ਤੋਂ ਆਤਮਾ ਘੱਟ ਨਹੀਂ ਹੁੰਦਾ। ੧੧. ਜਨਮਸਾਖੀ ਵਿੱਚ ਪੇਟ (ਉਦਰ) ਵਾਸਤੇ ਭੀ ਘਟ ਸ਼ਬਦ ਆਇਆ ਹੈ, ਯਥਾ- "ਭੁੱਖ ਦੇ ਮਾਰੇ ਮੇਰਾ ਘਟ ਮਿਲਗਇਆ ਹੈ, ਮੈਂ ਰਬਾਬ ਕਿਸ ਤਰਾਂ ਬਜਾਵਾਂ?" ਪੇਟ ਸੁਕੜਕੇ ਪਿੱਠ ਨਾਲ ਜਾ ਲੱਗਾ ਹੈ.

ਘਟਸੁਤ: ਸੰਗ੍ਯਾ- ਘੜੇ ਦਾ ਪੁਤ੍ਰ ਅਗਸਤ ਮੁਨਿ. ਦੇਖੋ, ਅਗਸ੍ਤ.

ਘਟਕਾਨ: ਸੰਗ੍ਯਾ- ਘਟ (ਕੁੰਭ) ਕਾਨ. ਰਾਵਣ ਦਾ ਭਾਈ ਕੁੰਭਕਰਣ. "ਘਟਕਾਨਹੁ ਸੇ ਪਲ ਬੀਚ ਪਛਾਰੇ." (ਵਿਚਿਤ੍ਰ)

ਘਟਕਾਰ: ਸੰਗ੍ਯਾ- ਘਟ (ਘੜਾ) ਬਣਾਉਣ ਵਾਲਾ. ਕੁੰਭਕਾਰ. ਕੁਮ੍ਹਾਰ.

ਘਟਜ: ਘੜੇ ਤੋਂ ਪੈਦਾ ਹੋਣ ਵਾਲਾ ਅਗਸਤ ਮੁਨਿ. ਦੇਖੋ, ਅਗਸ੍ਤ.

ਘਟਣਾ: ਕ੍ਰਿ- ਕਮ ਹੋਣਾ. ਨਜੂਨ ਹੋਣਾ. "ਘਟੰਤ ਲਲਨਾ ਸੁਤ ਭ੍ਰਾਤ ਹੀਤੰ." (ਸਹਸ ਮਃ ੫) ੨. ਦੇਖੋ, ਘਟਨਾ.

ਘਟਤਨਯ: ਦੇਖੋ, ਘਟਸੁਤ.

ਘਟਤੀ: ਸੰਗ੍ਯਾ- ਕਮੀ. ਨਜੂਨਤਾ. ਘਾਟਾ.

ਘਟਦੀਪਕ, ਘਟਦੀਪਕੁ: ਸੰਗ੍ਯਾ- ਸਰੀਰ ਦਾ ਦੀਵਾ. ਦਿਲ ਦਾ ਦੀਵਾ. ਜੀਵਾਤਮਾ। ੨. ਆਤਮ- ਗ੍ਯਾਨ. ਤਤ੍ਵਬੋਧਰੂਪ ਦੀਪਕ. "ਘਟਦੀਪਕੁ ਗੁਰਮੁਖਿ ਜਾਤਾ ਹੇ." (ਮਾਰੂ ਸੋਲਹੇ ਮਃ ੧)

ਘਟਨ: ਸੰ. ਸੰਗ੍ਯਾ- ਹੋਣਾ. ਹੋਂਦ ਦਾ ਭਾਵ। ੨. ਘੜਿਆ ਜਾਣਾ.

ਘਟਨਾ: ਦੇਖੋ, ਘਟਣਾ. "ਨਹ ਬਢਨ ਘਟਨ ਤਿਲੁਸਾਰ." (ਬਾਵਨ) ੨. ਸੰ. ਕ੍ਰਿ- ਇੱਕਠਾ ਕਰਨਾ. ਜੋੜਨਾ। ੩. ਬਣਾਉਣਾ. ਰਚਣਾ। ੪. ਸੰਗ੍ਯਾ- ਹਾਦਸਾ. ਵਾਰਦਾਤ. ਜਿਵੇਂ- ਇਹ ਘਟਨਾ ਸੰਮਤ ੧੯੦੦ ਵਿੱਚ ਹੋਈ, ਆਦਿ.

ਘਟਪੁਤ੍ਰ, ਘਟਪੂਤ: ਦੇਖੋ, ਘਟਸੁਤ.

ਘਟਭਵ, ਘਟਯੋਨਿ: ਘੜੇ ਤੋਂ ਉਪਜਣ ਵਾਲਾ ਅਗਸਤ ਮੁਨਿ. ਦੇਖੋ, ਅਗਸ੍ਤ.

ਘਟਾ: ਸੰ. ਸੰਗ੍ਯਾ- ਮੇਘਾਂ ਦਾ ਸਮੁਦਾਯ. ਮੇਘਮਾਲਾ. "ਦਹ ਦਿਸ ਛਤ੍ਰ ਮੇਘਘਟਾ." (ਸੋਰ ਮਃ ੫) ੨. ਦੇਖੋ, ਘਟਣਾ। ੩. ਦੇਖੋ, ਘੱਟਾ.

ਘਟਾਉਣਾ: ਕ੍ਰਿ- ਕਮ ਕਰਨਾ. ਘੱਟ ਕਰਨਾ। ੨. ਨਿਰਾਦਰ ਕਰਨਾ. ਮਨ ਡੇਗਣਾ। ੩. ਗਣਿਤ- ਵਿਦ੍ਯਾ ਅਨੁਸਾਰ ਕਿਸੇ ਗਿਣਤੀ ਵਿੱਚੋਂ ਅੰਗਾਂ ਦਾ ਘੱਟ ਕਰਨਾ. ਮੁਨਫ਼ੀ (minus) ਕਰਨ ਦੀ ਕ੍ਰਿਯਾ.

ਘਟਾਊ: ਵਿ- ਘੜੇ ਦਾ. ਘੜੇ ਨਾਲ ਸੰਬੰਧਿਤ. "ਜਿਉ ਜਲ ਘਟਾਊ ਚੰਦ੍ਰਮਾ." (ਵਾਰ ਮਾਰੂ ੨. ਮਃ ੫) ਘੜੇ ਦੇ ਜਲ ਵਿੱਚ ਜੈਸੇ ਚੰਦ੍ਰਮਾ ਦਾ ਪ੍ਰਤਿਬਿੰਬ। ੨. ਘਟਾਉਣ ਵਾਲਾ। ੩. ਘੜੀ ਦਾ ਪ੍ਰਮਾਣ. "ਸੁਖ ਘਟਾਊ ਡੂਇ." (ਵਾਰ ਮਾਰੂ ੨. ਮਃ ੫) ਸੁਖ ਦੋ ਘੜੀਮਾਤ੍ਰ ਹੈ.

ਘਟਾਕਬਾਨ: ਘਟਾ- ਕਮਾਨ. ਸੰਗ੍ਯਾ- ਇੰਦ੍ਰਧਨੁਸ਼. "ਘਟਾਕਬਾਨ ਉੱਭੀਯੰ." (ਗ੍ਯਾਨ) ਇੰਦ੍ਰਧਨੁਖ ਜੇਹੀ ਉੱਚੀ ਕਲਗੀ ਹੈ.

**ਘਟਾਕਾਸ਼:** ਸੰਗਯਾ- ਘੜੇ ਦੇ ਅੰਦਰ ਆਇਆ ਆਕਾਸ਼. ਘੜੇ ਅੰਦਰ ਦੀ ਪੁਲਾੜ। ੨. ਭਾਵ- ਜੀਵਾਤਮਾ.

**ਘਟਾਘਟ:** ਘਟ ਘਟ ਮੇਂ. ਹਰੇਕ ਸ਼ਰੀਰ ਵਿੱਚ। ੨. ਦੇਹਵਾਨ ਅਤੇ ਦੇਹ ਰਹਿਤ ਪਦਾਰਥਾਂ ਵਿੱਚ. "ਬਸੈ ਘਟਾਘਟ ਲੀਪ ਨ ਛੀਪੈ." (ਕਾਨ ਨਾਮਦੇਵ)

**ਘਟਾਟੋਪ:** ਸੰਗਯਾ- ਬੱਦਲਾਂ ਦਾ ਚਾਰੇ ਪਾਸਿਓਂ ਉਮਡਕੇ ਟੋਪ ਤੁੱਲ ਆਕਾਰ। ੨. ਮੇਘਾਡੰਬਰ.

**ਘਟਾਣਾ:** ਵਿ- ਘਟਿਆ ਹੋਇਆ। ੨. ਘਟ (ਮਨ) ਦਾ ਚਿੱਤ ਸੰਬੰਧੀ. "ਹਭ ਰਸ ਮਾਣੇ ਭੋਗ ਘਟਾਣੇ." (ਸਾਰ ਛੰਤ ਮਃ ੫)

**ਘਟਿ:** ਦਿਲ ਵਿੱਚ. ਮਨ ਅੰਦਰ. "ਤਿਤੁ ਘਟਿ ਦੀਵਾ ਨਿਹਚਲੁ ਹੋਇ." (ਰਾਮ ਮਃ ੧) "ਘਟਿ ਬ੍ਰਹਮੁ ਨ ਚੀਨਾ." (ਗੂਜ ਤ੍ਰਿਲੋਚਨ) ੨. ਘੜੇ ਅੰਦਰ. "ਘਟਿ ਮਹਿ ਸਿੰਧੁ ਕੀਓ ਪਰਗਾਸ." (ਰਾਮ ਮਃ ੫) ਤੁੱਛ ਜੀਵ ਵਿੱਚ ਸਮੁੰਦਰ (ਆਤਮਾ) ਦਾ ਪ੍ਰਕਾਸ਼ ਹੋਇਆ ਹੈ। ੩. ਸ਼ਰੀਰ ਵਿੱਚ. "ਜਿਚਰੁ ਘਟਿ ਅੰਤਰਿ ਹੈ ਸਾਸਾ." (ਸੋਰ ਮਃ ੩)

**ਘਟਿ ਅਵਘਟਿ:** ਕ੍ਰਿ. ਵਿ- ਅੰਦਰ ਬਾਹਰ. "ਘਟਿ ਅਵਘਟਿ ਰਵਿਆ ਸਭ ਠਾਈ, ਹਰਿ ਪੂਰਨ ਬ੍ਰਹਮੁ ਦਿਖਾਈਐ." (ਦੇਵ ਮਃ ੫) ੨. ਮਨ ਤਨ ਮੇਂ.

**ਘਟਿਕਾ:** ਸੰ. ਸੰਗਯਾ- ਘੜੀ. ੨੪ ਮਿਨਟ ਪ੍ਰਮਾਣ ਸਮਾਂ. ਦੇਖੋ, ਕਾਲਪ੍ਰਮਾਣ ਘੜੀ ਅਤੇ ਚਉਸਠ ਘੜੀ। ੨. ਮਿੱਟੀ ਦੀ ਮੱਘੀ. ਛੋਟਾ ਘੜਾ.

**ਘਟਿ ਘਟਿ:** ਹਰੇਕ ਦਿਲ ਅਤੇ ਸ਼ਰੀਰ ਵਿੱਚ. "ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ." (ਮਾਰੂ ਸੋਲਹੇ ਮਃ ੧)

**ਘਟੀ:** ਘੜੀ. ਦੇਖੋ, ਘਟਿਕਾ ਅਤੇ ਘੜੀ। ੨. ਵਿ- ਕਮ ਹੋਈ। ੩. ਸੰਗਯਾ- ਰਚਨਾ. "ਰਿਖਿ ਪੂਜਿ ਘਟੀ ਸਭ ਪਾਪਘਟੀ." (ਦੱਤਾਵ)

**ਘਟੀਆ:** ਵਿ- ਘੱਟ ਮੁੱਲ ਦਾ। ੨. ਕਮੀਨਾ. ਅਦਨਾ.

**ਘਟੀਯੰਤ੍ਰ:** ਸੰਗਯਾ- ਹਰਟ. ਅਰਘੱਟ. ਪਾਣੀ ਕੱਢਣ ਦੀ ਕਲ, ਜਿਸ ਨੂੰ ਘੜੀਆਂ (ਟਿੰਡਾਂ) ਬੰਨ੍ਹੀਆਂ ਹੁੰਦੀਆਂ ਹਨ। ੨. ਪਾਣੀ ਦੀ ਘੜੀ। ੩. ਘਟਿਕਾ ਯੰਤ੍ਰ. ਧਾਤੁ ਰੇਤੇ ਆਦਿਕ ਦਾ ਉਹ ਯੰਤ੍ਰ, ਜੋ ਵੇਲੇ ਦਾ ਪ੍ਰਮਾਨ ਦੱਸੇ. ਦੇਖੋ, ਘੜੀ ੩.

**ਘਟੁ:** ਦੇਖੋ ਘਟ. "ਘਟੁ ਬਿਨਸੈ ਦੁਖ ਅਗਲੋ." (ਸ੍ਰੀ ਅਃ ਮਃ ੧) ਦੇਹ ਬਿਨਸੈ.

**ਘਟੋਤਕਚ:** ਸੰ. ਘਟੋਤ੍ਕਚ ਸੰਗਯਾ- ਹਿੜਿੰਬਾ (ਹਿਡਿਮ੍ਬੀ) ਦੇ ਉਦਰ ਤੋਂ ਅਰਜੁਨ ਦਾ ਪੁਤ੍ਰ. ਇਸ ਨੂੰ ਮਹਾਭਾਰਤ ਦੇ ਜੰਗ ਵਿੱਚ ਕਰਣ ਨੇ ਬਰਛੀ ਨਾਲ ਮਾਰਿਆ ਸੀ। ੨. ਦੇਖੋ, ਗੁਪਤ ੪.

**ਘਟੋਤਕਚਅਰਿ:** ਸੰਗਯਾ- ਕਰਣ। ੨. ਬਰਛੀ."ਲਛਮਨ ਔਰ ਘਟੋਤਕਚ ਏ ਪਦ ਪ੍ਰਿਥਮ ਉਚਾਰ। ਪੁਨ ਅਰਿ ਭਾਖੋ ਸ਼ਕਤਿ ਕੇ ਨਿਕਸੈਂ ਨਾਮ ਅਪਾਰ." (ਸਨਾਮਾ) ਲਛਮਣ ਬਰਛੀ ਨਾਲ ਮੂਰਛਿਤ ਹੋਇਆ ਅਤੇ ਘਟੋਤਕਚ ਮੋਇਆ ਸੀ.

**ਘਟੋਦਭਵ:** ਸੰਗਯਾ- ਘੜੇ ਤੋਂ ਉਦਭਵ (ਪੈਦਾ) ਹੋਇਆ ਅਗਸਤ ਮੁਨਿ. ਦੇਖੋ, ਅਗਸ੍ਤ.

**ਘੱਟ:** ਵਿ- ਕਮ. ਨਜੂਨ। ੨. ਸੰ. ਘਟ੍ਟ੍ ਧਾ- ਜਾਣਾ, ਫੈਲਾਉਣਾ, ਮਾਂਜਣਾ, ਵਿਗਾੜਨਾ। ੩. ਸੰਗਯਾ- ਘਾਟ. ਪਾਣੀ ਭਰਨ ਅਤੇ ਇਸਨਾਨ ਦਾ ਅਸਥਾਨ.

**ਘੱਟਾ:** ਸੰਗਯਾ- ਗਰਦ. ਧੂੜਿ.

**ਘਠਾ:** ਸਿੰਧੀ. ਵਿ- ਘਸਿਆ. "ਖਾਦਿਆ ਖਾਦਿਆ ਮੁਹ ਘਠਾ." (ਵਾਰ ਗੂਜ ੨. ਮਃ ੫)

**ਘਣ:** ਸੰ. ਘਣ੍ ਧਾ. ਚਮਕਣਾ, ਪ੍ਰਕਾਸ਼ਿਤ ਹੋਣਾ। ੨. ਡਿੰਗ ਮੇਘ. ਬੱਦਲ. ਦੇਖੋ, ਘਨ. "ਘਣ ਵਰਸਹਿ ਰੁਤਿ ਆਏ." (ਤੁਖਾ

ਬਾਰਹਮਾਹਾ) "ਘਣ ਉਨਵਿ ਵੁਠੇ." (ਰਾਮ ਰੁਤੀ ਮਃ ੫) ੩. ਵਿ- ਬਹੁਤ. ਅਧਿਕ. "ਮੈ ਜੇਹੀ ਘਣ ਚੇਰੀ." (ਸੂਹੀ ਛੰਤ ਮਃ ੫) ੪. ਲੁਹਾਰ ਦਾ ਹਥੌੜਾ। ੫. ਅਹਰਣ.

ਘਣਹਣ: ਸੰਗਜਾ- ਘਣਹਰ. ਮੇਘ. "ਘਣਹਣਘੋਰੰ। ਜਨੁ ਬਣ ਮੋਰੰ." (ਸੂਰਜਾਵ) ੨. ਘਨਕਾਰ. ਘਨਘੋਰ.

ਘਣਾ: ਸਿੰਧੀ. ਵਿ- ਬਹੁਤਾ. ਅਧਿਕ. "ਰਹਸੁ ਉਪਜੈ ਮਨਿ ਘਣਾ." (ਸੂਹੀ ਛੰਤ ਮਃ ੫) "ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ." (ਮਾਝ ਬਾਰਹਮਾਹਾ) ੨. ਸੰਘਣਾ. ਗਾੜ੍ਹਾ.

ਘਣੀ: ਸਿੰਧੀ. ਵਿ- ਬਹੁਤੀ। ੨. ਸੰਘਣੀ. ਗਾੜ੍ਹੀ.

ਘਣੀਅਰ: ਸੰਗਜਾ- ਘਨ. ਹਥੌੜਾ. "ਘਣੀਅਰ ਮਾਰੇ ਤਿਤ ਤਾਲ ਜਿਉ." (ਮਃ ੧. ਬੰਨੋ) ੨. ਮੇਘ. ਬੱਦਲ. ਦੇਖੋ, ਘਨਹਰ.

ਘਣੇਰਾ, ਘਣੇਰੀ: ਵਿ- ਬਹੁਤਾ. ਬਹੁਤੀ. ਦੇਖੋ, ਘਣਾ ਅਤੇ ਘਣੀ. "ਮਿਤ੍ਰ ਘਣੇਰੇ ਕਰਿਥਕੀ." (ਸ੍ਰੀ ਮਃ ੩) "ਕਿਸੈ ਥੋੜੀ ਕਿਸੇ ਹੈ ਘਣੇਰੀ." (ਮਾਝ ਮਃ ੩)

ਘਣੋ: ਸਿੰਧੀ ਅਤੇ ਡਿੰਗ. ਵਿ- ਬਹੁਤਾ. ਅਧਿਕ. "ਘਣੋ ਘਣੋ ਘਣੋ ਸਦ ਲੋੜੈ." (ਟੋਡੀ ਮਃ ੫)

ਘਣੰਕ: ਸੰਗਜਾ- ਘਮਕ. ਝਣਕਾਰ ਘੰਟਾ. ਘੁੰਘਰੂ ਆਦਿਕ ਦੀ ਧੁਨਿ. "ਘਣੰਕ ਘੁੰਘਰੂ ਸੁਰੰ." (ਰਾਮਾਵ) ੨. ਬੱਦਲ ਦੀ ਘਨਘੋਰ.

ਘਤਣਾ, ਘਤਣੁ: ਕ੍ਰਿ- ਪਾਉਂਣਾ. ਡਾਲਨਾ। ੨. ਫੈਂਕਣਾ. ਸੁੱਟਣਾ. "ਤਿਨਿ ਜਨਿ ਸਭਿ ਡਰ ਸੁਟਿਘਤੇ." (ਬਿਹਾ ਛੰਤ ਮਃ ੪) ੩. ਭੇਜਣਾ.

ਘਤਿ: ਕ੍ਰਿ. ਵਿ- ਸੁੱਟਕੇ. "ਕਿਥੈ ਵੰਞਾ ਘਤਿ." (ਸ. ਫਰੀਦ) ੨. ਡਾਲਕੇ. ਪਾਕੇ. ਗਲਾਵਾ ਚਾਲਿਆ." (ਵਾਰ ਗਉ ਮਃ ੪) ੩. ਭੇਜਕੇ.

ਘੱਤਾ: ਪਿੰਗਲਗ੍ਰੰਥਾਂ ਵਿੱਚ ਘੱਤਾ ਦੋ ਚਰਣ ਦਾ ਛੰਦ ਹੈ. ਲੱਛਣ- ਪ੍ਰਤਿ ਚਰਣ ੩੨ ਮਾਤ੍ਰਾ. ਅੱਠ ਅੱਠ ਮਾਤ੍ਰਾ ਪੁਰ ਚਾਰ ਵਿਸ਼੍ਰਾਮ, ਅੰਤ ਗੁਰੁ ਲਘੁ ਦਾ ਨਿਯਮ ਨਹੀਂ.

ਉਦਾਹਰਣ-

ਉੱਤਮ ਕਰਣੀ, ਨਿਤਪ੍ਰਤਿ ਕਰਣੀ,

ਹੈ ਯਹਿ ਵਰਣੀ, ਸਿੱਖਨ ਰੀਤੀ. x x x

(੨) ਕੇਸ਼ਵਦਾਸ ਨੇ ਘੱਤਾ ਦਾ ਰੂਪ ਦਿੱਤਾ ਹੈ- ਦੋ ਚਰਣ, ਪ੍ਰਤਿ ਚਰਣ ੩੦ ਮਾਤ੍ਰਾ, ਪਹਿਲਾ ਵਿਸ਼੍ਰਾਮ ਦਸ ਪੁਰ, ਦੂਜਾ ਅੱਠ ਪੁਰ, ਤੀਜਾ ੧੨. ਪੁਰ, ਅੰਤ ਤਿੰਨ ਲਘੁ, ਅਰਥਾਤ ਨਗਣ।।।.

ਉਦਾਹਰਣ-

ਨਿੰਦਾ ਕੇ ਤਜਾਗੀ, ਗੁਰੁਅਨੁਰਾਗੀ, ਗੁਰੁਸਿਖ ਧਾਰੀ ਸਦਗੁਨ. x x x

੩. ਦਸਮਗ੍ਰੰਥ ਵਿੱਚ ਘੱਤਾ ਤਿੰਨ ਚਰਣ ਦਾ ਛੰਦ ਹੈ. ਪਹਿਲੇ ਚਰਣ ਵਿੱਚ ੨੪ ਮਾਤ੍ਰਾ, ੧੧- ੧੩ ਪੁਰ ਵਿਸ਼੍ਰਾਮ, ਦੂਜੇ ਚਰਣ ਦੀਆਂ ੧੬. ਮਾਤ੍ਰਾ, ੮- ੮ ਪੁਰ ਵਿਸ਼੍ਰਾਮ. ਅੰਤ ਦੋ ਲਘੁ. ਇਹ ਭੇਦ ਵਿਖਮਤਰ ਛੰਦ ਹੈ.

ਉਦਾਹਰਣ-

ਧਰਮ ਨ ਕਰਹੀਂ ਏਕ, ਅਨੇਕ ਪਾਪ ਕੈਹੈਂ ਸਭ।

ਲਾਜ ਬੇਚ ਤੰਹਿ, ਫਿਰੈ ਸਗਲ ਜਗ।

ਪਾਪ ਕਮੈਹੈਂ, ਦੁਰਗਤਿ ਪੈਹੈਂ,

ਪਾਪਸਮੁੰਦ ਜੈਹੈਂ ਨਹੀਂ ਤਰ." (ਕਲਕੀ)

ਘਨ: (ਸੰ. ਹਨ੍- ਅਪ) ਸੰਗਯਾ- ਬੱਦਲ. ਮੇਘ. "ਜੋਰ ਘਟਾ ਘਨ ਆਏ ਸਖੀ." (ਕ੍ਰਿਸਨਾਵ) ੨. ਕਾਂਸੀ ਆਦਿਕ ਧਾਤੁ ਦਾ ਵਾਜਾ. "ਗੀਤ ਰਾਗ ਘਨ ਤਾਲ ਸਿ ਕੂਰੇ." (ਬਿਲਾ ਅਃ ਮਃ ੧) ੩. ਮੁਦਗਰ. ਲੋਹੇ ਦਾ ਮੂਸਲ. "ਜਹਿ ਆਵਟੇ ਬਹੁਤ ਘਨ ਸਾਥ." (ਆਸਾ ਮਃ ੫) ੪. ਪ੍ਰਵਾਹ. ਹੜ੍ਹ। ੫. ਅਹਰਣ. ਲੋਹੇ ਦਾ ਪਿੰਡ, ਜਿਸ ਉੱਪਰ ਲੁਹਾਰ ਘੜਦਾ ਹੈ। ੬. ਮੋਥਾ। ੭. ਦੇਹ. ਸ਼ਰੀਰ। ੮. ਲੋਹਾ। ੯. ਕਪੂਰ। ੧੦. ਅਭਰਕ। ੧੧. ਵਿ- ਸੰਘਣਾ. "ਆਸ ਪਾਸ ਘਨ ਤੁਰਸੀ ਕਾ ਬਿਰਵਾ." (ਗਉ ਕਬੀਰ) "ਏਕੁ ਬਗੀਚਾ ਪੇਡੁ ਘਨ ਕਰਿਆ." (ਆਸਾ ਮਃ ੫) ੧੨. ਸਮੂਹ. ਤਮਾਮ. ਸਭ. "ਡੂਬੇ ਨਾਮ ਬਿਨੁ ਘਨ ਸਾਥ." (ਮਾਰੂ ਮਃ ੫) ੧੩. ਕਠੋਰ. ਸਖ਼ਤ. ਕਰੜਾ। ੧੪. ਠੋਸ. ਨਿੱਗਰ। ੧੫. ਬਹੁਤ. ਅਨੇਕ. "ਬਿਕਾਰ ਘਨ." (ਫੁਨਹੇ ਮਃ ੫)

ਘਨਸਾਰ: ਸੰ. ਸੰਗਯਾ- ਜਲ। ੨. ਕਪੂਰ. "ਚੰਦਨ ਸੌਂ ਘਨਸਾਰ ਮਿਲੇ." (ਹਨੂ) ੩. ਚੰਦਨ.

ਘਨਸਿੰਘ: ਫਾਜਿਲਕਾ ਪਿੰਡ (ਜਿਲਾ ਫ਼ਿਰੋਜ਼ਪੁਰ) ਦਾ ਵਸਨੀਕ ਇੱਕ ਪਰੇਮੀ. ਇਸ ਨੇ ਕਲਗੀਧਰ ਤੋਂ ਅਮ੍ਰਿਤ ਛਕਿਆ ਅਤੇ ਆਨੰਦਪੁਰ ਦੇ ਜੰਗਾਂ ਵਿੱਚ ਵਡੀ ਵੀਰਤਾ ਵਿਖਾਈ.

ਘਨਸੁਤ: ਸੰਗਯਾ- ਜਲ, ਜੋ ਮੇਘ ਦਾ ਪੁਤ੍ਰ ਹੈ. (ਸਨਾਮਾ)

ਘਨਸੁਤ ਧਰ: ਸੰਗਯਾ- ਜਲਧਰ, ਮੇਘ. (ਸਨਾਮਾ)

ਘਨਸੁਤ ਧਰ ਧੁਨਿ ਤਾਤ ਅਰਿ: ਸੰਗਯਾ- ਘਨ- ਸੁਤਧਰ (ਮੇਘ) ਧੁਨਿ (ਨਾਦ), ਤਾਤ (ਪਿਤਾ) ਉਸ ਦਾ ਵੈਰੀ, ਤੀਰ. ਮੇਘਨਾਦ ਦਾ ਪਿਤਾ ਰਾਵਣ, ਉਸਦਾ ਵੈਰੀ ਤੀਰ. (ਸਨਾਮਾ)

ਘਨੱਸੁਰ: ਸੰਗਯਾ- ਬੱਦਲ ਜੇਹੀ ਗੰਭੀਰ ਆਵਾਜ਼ ਘਨਸ੍ਵਰ. "ਬਹੁਰੋ ਘਨਸਜਾਮ ਘਨੱਸੁਰ ਕੈ." (ਕ੍ਰਿਸਨਾਵ)

ਘਨਸ਼ਜਾਮ: ਸੰਗਯਾ- ਸ਼੍ਰੀ ਕ੍ਰਿਸ਼ਨ, ਜੋ ਬੱਦਲ ਜੇਹਾ ਸ਼ਜਾਮਰੰਗਾ ਹੈ। ੨. ਕਾਲਾ ਬੱਦਲ। ੩. ਦੇਖੋ, ਬਵੰਜਾ ਕਵਿ.

ਘਨਹਰ, ਘਨਹਾਰ: ਸੰਗਯਾ- ਜਲਧਰ. ਬੱਦਲ. "ਘਨਹਰ ਘੋਰ ਦਸੋ ਦਿਸਿ ਬਰਸੈ." (ਮਲਾ ਅਃ ਮਃ ੧) "ਜਬ ਉਨਵੈ ਘਨ ਘਨਹਾਰੇ." (ਨਟ ਅਃ ਮਃ ੪) ਜਦ ਘਨ (ਗਾੜ੍ਹਾ) ਘਨਹਾਰ (ਬੱਦਲ) ਉਮਡਦਾ ਹੈ.

ਘਨਕਲਾ: ਇਸ ਛੰਦ ਦਾ ਨਾਉਂ. "ਚਿਤ੍ਰਕਲਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੬੩ ਮਾਤ੍ਰਾ. ਤਿੰਨ ਵਿਸ਼੍ਰਾਮ ਸੋਲਾਂ ਸੋਲਾਂ ਮਾਤ੍ਰਾ ਪੁਰ, ਚੌਥਾ ਪੰਦ੍ਰਾਂ ਪੁਰ, ਅੰਤ ਗੁਰੁ ਲਘੁ. ਪਹਿਲੇ ਅਤੇ ਦੂਜੇ ਵਿਸ਼੍ਰਾਮ ਦਾ ਅਨੁਪ੍ਰਾਸ ਮਿਲਵਾਂ.

ਉਦਾਹਰਣ-

ਹਰਿ ਹਰਿ ਸਿਮਰਹੁ ਅਗਮ ਅਪਾਰਾ,

ਜਿਸੁ ਸਿਮਰਤੁ ਦੁਖ ਮਿਟੈ ਹਮਾਰਾ,

ਹਰਿ ਹਰਿ ਸਤਿਗੁਰੁਪੁਰਖੁ ਮਿਲਾਵਹੁ,

ਗੁਰਿ ਮਿਲਿਐ ਸੁਖੁ ਹੋਈ ਰਾਮ. x x x

(ਜੈਤ ਮਃ ੪)

ਸੁਣਿ ਸੁਣਿ ਜੀਵਾ ਸੋਇ ਤੁਮਾਰੀ,

ਤੂੰ ਪ੍ਰੀਤਮ ਠਾਕੁਰ ਅਤਿ ਭਾਰੀ,

ਤੁਮਰੇ ਕਰਤਬ ਤੁਮਹੀ ਜਾਣਹੁ,

ਤੁਮਰੀ ਓਟ ਗੁਪਾਲਾ ਜੀਉ. x x x

(ਮਾਝ ਮਃ ੫)

੨. ਦੂਜਾ ਰੂਪ- ਚੌਥੀ ਯਤਿ ੧੪. ਮਾਤ੍ਰਾ ਪੁਰ, ਅੰਤ ਦੋ ਗੁਰੁ. ਕੁੱਲ ੬੨ ਮਾਤ੍ਰਾ.

ਉਦਾਹਰਣ-

ਵੇਕੀ ਵੇਕੀ ਜੰਤ ਉਪਾਏ,

ਦੁਇ ਪੰਦੀ ਦੁਇ ਰਾਹ ਚਲਾਏ,

ਗੁਰ ਪੂਰੇ ਵਿਣੁ ਮੁਕਤਿ ਨ ਹੋਈ,

ਸੱਚਨਾਮ ਜਪਿ ਲਾਹਾ ਹੇ. x x x

(ਮਾਰੂ ਸੋਲਹੇ ਮਃ ੧)

ਗੁਰਬਾਣੀ ਰਿਦ ਮਾਹਿ ਬਸਾਓ,

ਧਰਮਕਿਰਤ ਕਰਿ ਛਕੋ ਛਕਾਓ,

ਦੇਸ਼ ਕੌਮ ਪੈ ਤਨੁ ਧਨੁ ਵਾਰੋ,

ਇਹ ਗੁਰਸਿੱਖੀ ਰੀਤੀ ਹੈ. xxx

੩. ਤੀਜਾ ਰੂਪ- ਚੌਥਾ ਵਿਸ਼੍ਰਾਮ ੧੩. ਮਾਤ੍ਰਾ ਪੁਰ ਅੰਤ ਲਘੁ ਗੁਰੁ. ਕੁੱਲ ੬੧ ਮਾਤ੍ਰਾ.

ਉਦਾਹਰਣ-

ਜੋ ਦੀਸੈ ਸੋ ਏਕੋ ਤੂ ਹੈ,

ਬਾਣੀ ਤੇਰੀ ਸ੍ਰਵਣਿ ਸੁਣੀਐ,

ਦੂਜੀ ਅਵਰੁ ਨ ਜਾਪਸਿ ਕਾਈ,

ਸਗਲ ਤੁਮਾਰੀ ਧਾਰਣਾ. xxx

(ਮਾਰੂ ਸੋਲਹੇ ਮਃ ੫)

ਪੜ੍ਹਦਾ ਸਾਂ ਮੈ ਪਾਪਾਂ ਪੱਟੀ,

ਬਹਿੰਦਾ ਕੂੜ ਕਪਟ ਦੀ ਹੱਟੀ,

ਸਤਿਗੁਰੁ ਮੇਰੀ ਦੁਵਿਧਾ ਕੱਟੀ,

ਨਰਕਹੁੰ ਪਕੜ ਨਿਕਾਲਿਆ.

ਕੋਠੀ ਅੰਧੀ ਸੁਝੈ ਨਾਹੀ,

ਗੋਤੇ ਖਾਂਦਾ ਮਾਯਾ ਮਾਹੀਂ,

ਸਤਿਗੁਰੁ ਸੱਚੇ ਨੋ ਸਾਲਾਹੀ,

ਚਾਨਣ ਕਰਿ ਵੇਖਾਲਿਆ.

ਦਾੜ੍ਹੀ ਤੇਰੀ ਨੂਰ ਝਮੱਕੈ,

ਮੱਥਾ ਕੌਲਾਂ ਵਾਂਗ ਟਹੱਕੈ,

ਸ਼ਰਨ ਤੇਰਿ ਜਮ ਜੋਹ ਨ ਸਾਕੈ,

ਸੇਵਕ ਕੇ ਰਖਵਾਲਿਆ.

ਸਾਧੂਜਨ ਗੁਰਦਰਸਨ ਕੀਤਾ,

ਧੋ ਚਰਨਾਮ੍ਰਿਤ ਗੁਰੁ ਦਾ ਪੀਤਾ,

ਨਾਮਦਾਨ ਗੁਰੁ ਪੂਰੇ ਦੀਤਾ,

ਅੰਮ੍ਰਿਤ ਨਾਮ ਪਿਆਲਿਆ.

(ਗੁਵਿ ੬)

ਘਨ ਕੋਦੰਡ: ਸੰਗਯਾ- ਇੰਦ੍ਰਚਾਪ. ਦੇਖੋ, ਇੰਦ੍ਰਧਨੁਖ.

ਘਨਘੋਖ, ਘਨਘੋਰ: ਸੰਗਯਾ- ਬੱਦਲ ਦੀ ਘੋਸ਼ (ਧੁਨਿ). ਮੇਘ ਦੀ ਗਰਜ. "ਘਨਘੋਰ ਪ੍ਰੀਤਿ ਮੋਰ." (ਮਲਾ ਮਃ ੫)

ਘਨਜ: ਸੰਗਯਾ- ਘਨ (ਬੱਦਲ) ਤੋਂ ਉਪਜਿਆ ਜਲ.

ਘਨਜਜ: ਸੰਗਯਾ- ਘਨਜ (ਜਲ), ਉਸ ਤੋਂ ਪੈਦਾ ਹੋਇਆ ਬਿਰਛ. (ਸਨਾਮਾ) ੨. ਕਮਲ.

ਘਨਜਧਰਨ: ਸੰਗਯਾ- ਘਨਜ (ਜਲ), ਉਸ ਦੇ ਧਾਰਨਵਾਲਾ ਮੇਘ. ਜਲਧਰ. (ਸਨਾਮਾ)

ਘਨਤਾਤ: ਸੰਗਯਾ- ਮੇਘ ਦਾ ਪੁਤ੍ਰ ਜਲ. "ਜਜੋਂ ਸਵਾਰੀ ਘਨਤਾਤ ਬਿਨਾ." (ਗੁਵਿ ੬)

ਘਨਤਾਲ: ਸੰ. ਸੰਗਯਾ- ਚਾਤਕ. ਪਪੀਹਾ। ੨. ਕਰਤਾਲ. ਖੜਤਾਲ। ੩. ਦੇਖੋ, ਘਨ.

ਘਨਨਾਦ: ਸੰਗਯਾ- ਮੇਘ ਦੀ ਧੁਨਿ। ੨. ਮੇਘ ਜੇਹੀ ਗੰਭੀਰ ਆਵਾਜ਼। ੩. ਰਾਵਣ ਦਾ ਪੁਤ੍ਰ ਮੇਘਨਾਦ.

ਘਨਨਾਦਨਿ: ਸੰਗਯਾ- ਬੱਦਲ ਵਾਂਙ ਕੜਕਣ ਵਾਲੀ ਬੰਦੂਕ. (ਸਨਾਮਾ)

ਘਨ ਨਿਸੁਨ: ਸੰਗਯਾ- ਘਨ (ਬੱਦਲ) ਜੇਹਾ ਹੈ ਜਿਸ ਦਾ ਨਿਃ ਸ੍ਵਨ (ਸ੍ਵਰ) ਮੇਘਨਾਦ. (ਸਨਾਮਾ)

ਘਨਪਾਲ: ਵਰਣਿਕਛੰਦ "ਰੂਪਘਨਾਛਰੀ," ਗਣਛੰਦ ਹੋਕੇ "ਘਨਪਾਲ" ਸੰਗਯਾ ਧਾਰਦਾ ਹੈ. ਇਸ ਦੇ ਪ੍ਰਤਿ ਚਰਣ ੩੨ ਅੱਖਰ ਇਸ ਹਿਸਾਬ ਨਾਲ ਹੋਇਆ ਕਰਦੇ ਹਨ- ਰ, ਤ, ਨ, ਨ, ਰ, ਜ, ਰ, ਨ, ਭ, ਨ, ਗ, ਲ. SIS, SSI, III, III, SIS, ISI, SIS, III, SII, III, S, I. ਅੱਠ ਅੱਠ ਅੱਖਰਾਂ ਪੁਰ ਚਾਰ ਵਿਸ਼੍ਰਾਮ.

ਉਦਾਹਰਣ-

ਜਾਨਤੋ ਨਾ ਅੰਤ ਜਿੰਹ, ਨਿਗਮ ਪੁਰਾਣ ਵੇਦ,

ਹਾਰ ਹਾਰ ਸ਼ੇਸ਼ਮਤਿ, ਪਾਯ ਨ ਸਕਤ ਜਾਂਹਿ।

ਕਾਲ ਹੂੰ ਕੋ ਕਾਲ ਅਜ, ਅਮਰ ਦਯਾਲੁ ਦੇਵ,

ਪੂਜਤੋ ਵ੍ਰਿਜੇਸ਼ਹਰਿ, ਲਾਯ ਚਿਤ ਹਿਤ ਤਾਂਹਿ. x x x

ਘਨਪ੍ਰਿਯ: ਸੰਗਯਾ- ਮੋਰ। ੨. ਚਾਤਕ. ਪਪੀਹਾ.

ਘਨਬੂੰਦ: ਸੰਗਯਾ- ਸ੍ਵਾਤਿਬੂੰਦ. "ਆਸ ਘਨਬੂੰਦ ਪ੍ਰਿਯਾ ਪ੍ਰਿਯ ਗੁਨਗਾਨ ਹੈ." (ਭਾਗੁ ਕ)

ਘਨਰਸ: ਸੰਗਯਾ- ਜਲ। ੨. ਕਪੂਰ। ੩. ਗਾੜ੍ਹਾ ਰਸ.

ਘਨਵਾਹ: ਸੰਗਯਾ- ਪਵਨ. ਵਾਯੁ. ਹਵਾ, ਜੋ ਬੱਦਲ ਨੂੰ ਉਡਾ ਲੈ ਜਾਂਦੀ ਹੈ.

ਘਨਾ: ਦੇਖੋ, ਘਣਾ.

ਘਨਾਕ੍ਸ਼ਰੀ, ਘਨਾਛਰੀ: ਇਹ ਛੰਦ, 'ਕਬਿੱਤ' ਦਾ ਹੀ ਇੱਕ ਰੂਪ ਹੈ. ਲੱਛਣ- ਪ੍ਰਤਿ ਚਰਣ ੩੨ ਅੱਖਰ, ਅੱਠ- ਅੱਠ ਅੱਖਰਾਂ ਪੁਰ ਚਾਰ ਵਿਸ਼੍ਰਾਮ, ਅੰਤ ਦੋ ਲਘੁ.

ਉਦਾਹਰਣ-

(ੳ) ਨਿਕਸਤ ਮਯਾਨ ਤੇ ਹੀ, ਛਟਾ ਘਨ ਮਯਾਨ ਤੇ ਹੀ,

ਕਾਲਜੀਹ ਲਹ ਲਹ, ਹੋਯਰਹੀ ਹਲ ਹਲ।

ਲਾਗੈ ਅਰਿ ਗਰ ਗੇਰੈ, ਧਰ ਪਰ ਧਰ ਸਿਰ,

ਧਰਤ ਨ ਧੀਰ ਚਾਰੋਂ, ਚੱਕ ਪਰੈਂ ਚਲ ਚਲ. x x

(ਗੁਪ੍ਰਸੂ)

ਚਾਰ ਵਿਸ਼੍ਰਾਮਾਂ ਦੀ ਥਾਂ ਸੋਲਾਂ ਸੋਲਾਂ ਪੁਰ ਦੋ ਵਿਸ਼੍ਰਾਮਾਂ ਦਾ ਭੀ ਘਨਾਛਰੀ ਹੋਇਆ ਕਰਦਾ ਹੈ, ਯਥਾ:-

ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ,

ਬਾਸੁਰ ਰਯਨਿ ਬਾਸੁ ਜਾਕੋ ਹਿਤੁ ਨਾਮ ਸਿਉ।

ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗਯੋ,

ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ. xx

(ਸਵੈਯੇ ਮਃ ੫. ਕੇ)

(ਅ) ਘਨਾਛਰੀ ਦਾ ਦੂਜਾ ਰੂਪ ਹੈ "ਰੂਪ- ਘਨਾਕ੍ਸ਼ਰੀ." ਪ੍ਰਤਿ ਚਰਣ ੩੨ ਅੱਖਰ, ਇਕਤੀਹਵਾਂ ਦੀਰਘ, ਅਤੇ ਬਤੀਹਵਾਂ ਲਘੁ. ਸੋਲਾਂ ਸੋਲਾਂ ਪੁਰ ਦੋ ਵਿਸ਼੍ਰਾਮ.

ਉਦਾਹਰਣ-

ਅਬਿਚਲ ਨਗਰ ਉਜਾਗਰ ਸਗਲ ਜਗ,

ਜਾਹਰ ਜਹੂਰ ਜਹਾਂ ਜੋਤਿ ਹੈ ਜਬਰ ਜਾਂਨ।

ਖੰਡੇ ਹੈਂ ਪ੍ਰਚੰਡ ਖਰ ਖੜਗ ਕੁਵੰਡ ਧਰੇ,

ਖੰਜਰ ਤੁਫੰਗ ਪੁੰਜ ਕਰਦ ਕ੍ਰਿਪਾਨ ਬਾਂਨ।

ਸਕਤੀ ਸਰੋਹੀ ਸੈਫ ਸਾਂਗ ਜਮਦਾੜ੍ਹ ਚਕ੍ਰ,

ਢਾਲੇ ਗਨ ਭਾਲੇ ਰਿਪੁ ਘਾਲੇ ਛਿਪ੍ਰ ਜੰਗ ਠਾਂਨ।

ਚਮਕਤ ਚਾਰੋਂ ਓਰ ਘੋਰ ਰੂਪ ਕਾਲਿਕਾ ਕੋ,

ਬੰਦਨਾ ਕਰਤ ਕਵਿ ਜੋਰ ਪਾਨਿ ਤਾਂਹਿ ਥਾਨ।

(ਗੁਪ੍ਰਸੂ)

ਸੰਪਤਿ ਅਤੋਟ ਜਾਂਕੋ ਕੰਚਨ ਰਚਿਤ ਕੋਟ,

ਸੁੰਦਰ ਸਰੂਪ ਕਾਮ ਕਾਮਿਨੀ ਕਰਤ ਰਾਗ।

ਪਾਕ ਕਰੇ ਪਾਵਕ ਪਿਲਾਇ ਪਾਨੀ ਪਾਨੀਪਤਿ,

ਸੇਜਾ ਰਚੇ ਸੁਰਪਤਿ ਪਵਨ ਬੁਹਾਰੇ ਬਾਗ।

ਜੀਵਨ ਮ੍ਰਿਗੇਂਦ੍ਰ ਇੱਕ ਕਰਤਾਰ ਸੇਵ ਬਿਨ,

ਈਸ ਨ ਬਚਾਇ ਸਕੇ ਕਾਮ ਕੀ ਜਰਤ ਆਗ।

ਕਾਲ ਤੇ ਨ ਡਰੇ ਲਰ ਮਰੇ ਤਾਂਕੇ ਸੀਸ ਬੈਠ,

ਮੂਛਨ ਪੈ ਪੂਛ ਫੇਰ ਚੁੰਚ ਨ ਸਵਾਰੇਂ ਕਾਗ।

(ਸਿਕ੍ਸ਼ਾ ਸੁਧਾਸਰ)

ਦੇਖਕੈ ਪ੍ਰਤਾਪ ਤਾਪ ਤਪਨ ਕੋ ਮੰਦ ਹੋਤ,

ਤਰੁਨ ਹਰਨ ਤੇਜ ਕਾਲ ਕੀਨ ਛੀਨ ਛੀਨ।

ਸਸਿਮੁਖੀ ਪਿਕਬੈਨੀ ਸੁੰਦਰੀ ਕੁਰੰਗਨੈਨੀ,

ਸੁਰੀ ਨਰੀ ਕਿੰਨਰੀ ਪ੍ਰਬੀਨ ਲੀਨ ਬੀਨ ਬੀਨ।

ਜੀਵਨ ਮ੍ਰਿਗੇਂਦ੍ਰ ਜਾਂਕੋ ਕੰਚਨ ਰਚਿਤ ਗੜ੍ਹ,

ਯੁਵਾ ਜੋਰ ਰਾਮ ਬੈਰ ਰਾਵਨ ਸੇ ਪੀਨ ਪੀਨ।

ਸ਼ਿਵ ਸੇ ਸਹਾਈ ਭਾਈ ਜਾਂਕੇ ਕੁੰਭਕਾਨਨ ਸੇ,

ਇੰਦ੍ਰਜੀਤ ਸੇ ਸੁਪੂਤ ਬਿਕੇ ਕੌਡੀ ਤੀਨ ਤੀਨ.

(ਸਿਕ੍ਸ਼ਾ ਸੁਧਾਸਰ)

(ੲ) ਘਨਾਛਰੀ ਦਾ ਤੀਜਾ ਰੂਪ ਹੈ "ਜਲਹਰਣ." ਲੱਛਣ- ਪ੍ਰਤਿ ਚਰਣ ੩੨ ਅੱਖਰ. ਸੋਲਾਂ ਸੋਲਾਂ ਪੁਰ ਦੋ ਵਿਸ਼੍ਰਾਮ. ਇਕਤੀਹਵਾਂ ਅੱਖਰ ਲਘੁ ਅਤੇ ਬਤੀਹਵਾਂ ਦੀਰਘ.

ਉਦਾਹਰਣ-

ਦੇਵਨ ਕੇ ਧਾਮ ਧੂਲਿ ਧ੍ਵੰਸਨ ਕੈ ਧੇਨੁਨ ਕੋ,

ਧਰਾਧਰ ਦ੍ਰੋਹ ਧੂਮ ਧਾਮ ਕਲੂ ਧਾਂਕ ਪਰਾ।

ਸਾਹਿਬ ਸੁਜਾਨ ਫਤੇ ਸਿੰਘ ਦੇਗ ਤੇਗ ਧਨੀ,

ਦੇਤ ਜੌ ਨ ਭ੍ਰਾਤਨ ਸੋਂ ਸੀਸ ਕਰ ਪੁੰਨ ਹਰਾ।

ਚਾਰੋਂ ਦਿਸਾ ਸਿੰਧੁ ਲੌ ਅਭਾਵ ਕੈ ਮ੍ਰਯਾਦ ਬ੍ਰਿੰਦ,

ਹਿੰਦੁ ਊਚ ਨੀਚਨ ਮੇਂ ਹੋਤੀ ਇਸਲਾਮੀਸ਼ਰਾ।

ਲੋਪ ਹੋਤੀ ਸ਼ਰਮ ਔ ਮਰਮ ਨ ਪਾਤੇ ਧੀਰ,

ਕਰਮ ਪਲਾਤੋ ਵਜੋਮ ਧਰਮ ਧਸਾਤੋ ਧਰਾ

(ਸਿੱਖੀ ਪ੍ਰਭਾਕਰ)

(ਸ) ਘਨਾਛਰੀ ਦਾ ਚੌਥਾ ਰੂਪ ਹੈ "ਦੇਵਘਨਾਕ੍ਸ਼ਰੀ." ਲੱਛਣ- ਪ੍ਰਤਿ ਚਰਣ ੩੩ ਅੱਖਰ, ਤਿੰਨ ਵਿਸ਼੍ਰਾਮ ਅੱਠ ਅੱਠ ਪੁਰ, ਚੌਥਾ ਨੌ ਪੁਰ, ਅੰਤ ਨਗਣ।।।.

ਉਦਾਹਰਣ-

ਸਿੰਘ ਜਿਮ ਗਾਜੈਂ ਸਿੰਘ, ਸੇਨਾ ਸਿੰਘ ਘਟਾ ਅਰੁ, ਬੀਜਰੀ ਜਯੋਂ ਖੱਗ ਉਠੈਂ, ਤੀਖਨ ਚਮਕ ਚਮਕ. x x

ਘਨਾਂਤਕਰ: ਸੰਗਜਾ- ਘਨ- ਅੰਤਕਰ. ਪਵਨ, ਜੋ ਮੇਘ ਨੂੰ ਉਡਾ ਦਿੰਦੀ ਹੈ. (ਸਨਾਮਾ)

ਘਨਾਨੰਦ: ਸੰਗਜਾ- ਸੰਘਣਾ ਆਨੰਦ. ਜਿਸ ਆਨੰਦ ਵਿੱਚ ਵਿੱਥ ਨਹੀਂ. ਆਤਮਆਨੰਦ। ੨. ਪਾਰਬ੍ਰਹਮ. ਵਾਹਿਗੁਰੂ. "ਘਨਾਨੰਦ ਕੇ ਬੀਚ ਸਮਾਵੈ." (ਨਾਪ੍ਰ) "ਘਨਾਨੰਦ ਪੂਰਨ ਇਕਸਾਰ." (ਨਾਪ੍ਰ)

ਘਨਿ: ਘਨ (ਮੇਘ) ਨੇ. ਬੱਦਲ ਨੇ. "ਘਨਿ ਹਰਿ ਬਰਸਿ ਸਗਲ ਜਗੁ ਛਾਇਆ." (ਮਲਾ ਮਃ ੫) ਹਰਿ (ਜਲ) ਵਰਸਕੇ.

ਘਨਿਸ਼੍ਰ, ਘਨਿਸ਼੍ਰ: ਸੰ. ਧਨਿ਷ਠ ਵਿ- ਗਾੜ੍ਹਾ. ਸੰਘਣਾ। ੨. ਪਾਸ ਦਾ. ਨਜ਼ਦੀਕੀ.

ਘਨੀ: ਦੇਖੋ, ਘਣੀ. "ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ." (ਸ. ਕਬੀਰ) ਸਾਡਾ ਕੰਮ ਤਾਂ ਸਾਢੇ ਤਿੰਨ ਹੱਥ ਵਿੱਚ ਹੀ ਸਰ ਸਕਦਾ ਹੈ, ਵੱਧ ਤੋਂ ਵੱਧ ਪੌਣੇ ਚਾਰ ਹੱਥ ਜ਼ਮੀਨ ਕ਼ਬਰ ਲਈ ਬਹੁਤ ਹੈ.

ਘਨੀਅਰ: ਦੇਖੋ, ਘਨਹਰ.

ਘਨੇਰਾ, ਘਨੇਰੀ: ਬਹੁਤਾ. ਬਹੁਤੀ. "ਬਿਨਸਹਿ ਪਾਪ ਘਨੇਰੇ." (ਬਿਲਾ ਮਃ ੫) "ਕਰਸਹ ਅਉਧ ਘਨੇਰੀ." (ਭੈਰ ਨਾਮਦੇਵ) ਇਸ ਥਾਂ ਵਜੰਦ ਹੈ ਕਿ ਪ੍ਰਹਲਾਦ ਦੀ. ਉਮਰ ਦਾ ਖ਼ਾਤਮਾ ਕਰਾਂਗੇ.

ਘਨੈ: ਦੇਖੋ, ਬਨੈ.

ਘਨੈਯਾ: ਦੇਖੋ, ਘਨ੍ਹੈਯਾ। ੨. ਖੁੱਲਰ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਰਾਮਦਾਸ ਜੀ ਦਾ ਸਿੱਖ ਸੀ। ੩. ਦੇਖੋ, ਕਨ੍ਹੈਯਾ.

ਘਨੋ: ਦੇਖੋ, ਘਣੋ.

ਘਨੋਪਲ: ਸੰ. ਸੰਗਜਾ- ਘਨ (ਬੱਦਲ) ਦਾ ਉਪਲ (ਪੱਥਰ). ਓਲਾ. ਗੜਾ.

ਘਨੌਲਾ: ਕੀਰਤਪੁਰ ਤੋਂ ਨੌ ਕੋਹ ਪੂਰਵ ਇੱਕ ਪਿੰਡ, ਜਿੱਥੇ ਕਲਗੀਧਰ ਨਾਹਣ ਨੂੰ ਜਾਂਦੇ ਹੋਏ ਵਿਰਾਜੇ ਹਨ. ਇਹ ਜਿਲਾ ਅੰਬਾਲਾ, ਤਸੀਲ ਰੋਪੜ ਵਿੱਚ ਹੈ ਅਰ ਰੋਪੜ ਤੋਂ ਛੀ ਮੀਲ ਪੂਰਬ ਹੈ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ.

ਘਨੌੜ ਜੱਟਾਂ: ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਭਵਾਨੀਗੜ੍ਹ, ਥਾਣਾ ਦਿੜ੍ਹਵਾ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਵਾਯਵੀ ਕੋਣ ਪਾਸ ਹੀ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਦਰਬਾਰ ਬਣਿਆ ਹੋਇਆ ਹੈ. ਪੁਜਾਰੀ ਸਿੰਘ ਹੈ. ਜਗੀਰ ਜ਼ਮੀਨ ਨਾਲ ਕੁਝ ਨਹੀਂ.

ਰੇਲਵੇ ਸਟੇਸ਼ਨ ਨਾਭੇ ਤੋਂ ਈਸ਼ਾਨ ਕੋਣ ਬਾਈ ਮੀਲ ਦੇ ਕਰੀਬ ਪੱਕੀ ਸੜਕ ਅਤੇ ਕੁਝ ਕੱਚਾ ਰਸਤਾ ਹੈ.

ਘਨੈਯਾ: ਘਨ ਜੇਹਾ ਸ਼ਜਾਮ ਰੂਪ, ਕ੍ਰਿਸ਼ਨਦੇਵ। ੨. ਦੇਖੋ, ਕਨ੍ਹੈਯਾ.

ਘਨ੍ਹੈਯਾਂ ਦੀ ਮਿਸਲ: ਦੇਖੋ, ਕਨ੍ਹੈਯਾਂ ਦੀ ਮਿਸਲ.

ਘਬ: ਦੇਖੋ, ਘਬੁ.

ਘਬਰਾਉਣਾ: ਕ੍ਰਿ- ਧੀਰਯ ਤਜਾਗਣਾ. ਵਜਾਕੁਲ ਹੋਣਾ.

ਘਬਰਾਹਟ: ਸੰਗਜਾ- ਵਜਾਕੁਲਤਾ. ਅਸ਼ਾਂਤਿ.

ਘਬਾਕ, ਘਬਾਕਾ: ਸੰਗਜਾ- ਅਨੁ. ਘਬ ਸ਼ਬਦ ਦਾ ਹੋਣਾ. ਜਲ ਵਿੱਚ ਲਾਠੀ ਆਦਿ ਫੇਰਨ ਤੋਂ ਅਥਵਾ ਪੇਟ ਜੇਹੇ ਨਰਮ ਥਾਂ ਸ਼ਸਤ੍ਰ ਦੇ ਪ੍ਰਵੇਸ਼ ਤੋਂ ਹੋਈ ਧੁਨਿ. "ਘਾਗੜਦੀ ਘਬਾਕ." (ਚੰਡੀ ੨)

ਘਬੁ: ਸੰਗਜਾ- ਘਰਦ੍ਰਵਜ. ਗ੍ਰਿਹਦ੍ਰਵਜ. ਘਰ ਦਾ ਮਾਲ. "ਦਿਹੁ ਦੀਵੀ ਅੰਧਘੋਰ ਘਬੁ ਮੁਹਾਈਐ." (ਸੂਹੀ ਅਃ ਮਃ ੧)

ਘਬੁਦਬੁ: ਗ੍ਰਿਹਦ੍ਰਵਜ. ਦੇਖੋ, ਦਬੁ.

ਘਮ: ਦੇਖੋ, ਘਰਮ.

ਘਮਸਾਣ, ਘਮਸਾਨ: ਸੰਗਜਾ- ਜੰਗ. ਯੁੱਧ। ੨. ਭਯਾਨਕ. ਲੜਾਈ। ੩. ਫਿਸਾਦ. ਉਪਦ੍ਰਵ.

ਘਮਕ, ਘਮਕਾਰ: ਸੰਗਜਾ- ਘਮ ਘਮ ਧੁਨਿ. ਘਮਾਕਾ.

ਘਮਰੌਦਾ: ਰਾਜਪੂਤਾਨੇ ਵਿੱਚ ਇੱਕ ਪਿੰਡ, ਜਿੱਥੇ ਕਲਗੀਧਰ ਦੱਖਣ ਨੂੰ ਜਾਂਦੇ ਲਾਲੀ ਤੋਂ ਚੱਲਕੇ ਵਿਰਾਜੇ ਹਨ. "ਪੁਰ ਘਮਰੌਦਾ ਸੁਨਿਯਤ ਜਹਾਂ." (ਗੁਪ੍ਰਸੂ)

ਘਮਾਕਾ, ਘਮੰਕ, ਘਮੰਕਾ: ਸੰਗਯਾ- ਅਨੁ. ਧਮਾਕਾ। ੨. ਛਣਕਾਰ. "ਘੁੰਘਰੂ ਘਮੰਕਤ ਸਜਾਏ ਬੀਚ ਗਰ ਕੇ." (ਗੁਪ੍ਰਸੂ) ੩. ਦੇਖੋ, ਘਮਕਾਰ.

ਘਮੰਚਕ੍ਰ: ਸੰ. धर्मचक्र ਘਮੰਚਕ੍ਰ. ਸੰਗਜਾ- ਸੂਰਜ. ਮਾਰਤੰਡ. "ਘਮੰਚਕ੍ਰ ਚਕ੍ਰੰ ਫਿਰੀ ਰਾਮ ਦੋਹੀ." (ਰਾਮਾਵ) ਜਿੱਥੋਂ ਤੀਕ ਸੂਰਜ ਦਾ ਰਥ ਫਿਰਦਾ ਹੈ ਓਥੋਂ ਤੀਕ ਰਾਮ ਦੀ ਆਗਜਾ ਚੱਲੀ.

ਘਮੰਡ: ਸੰਗਜਾ- ਅਭਿਮਾਨ. ਅਹੰਕਾਰ.

ਘਮੰਡਚੰਦ: ਕਾਂਗੜੇ ਦਾ ਕਟੋਚ ਰਾਜਾ, ਜਿਸ ਦਾ ਜਿਕਰ ਆਨੰਦਪੁਰ ਦੇ ਜੰਗ ਵਿੱਚ ਕਈ ਵਾਰ ਆਇਆ ਹੈ.

ਘਮੰਡਿਤ, ਘਮੰਡੀ: ਵਿ- ਅਭਿਮਾਨੀ. ਅਹੰਕਾਰੀ. "ਰਣ ਮੰਡ ਉਦੰਡ ਘਮੰਡਿਤ ਚੰਡ." (ਨਾਪ੍ਰ)

ਘਰ, ਘਰੁ: ਸੰਗਜਾ- ਗ੍ਰਿਹ. ਨਿਵਾਸ ਦਾ ਥਾਂ. "ਘਰ ਮਹਿ ਸੂਖ ਬਾਹਰਿ ਫੁਨਿ ਸੂਖਾ." (ਆਸਾ ਮਃ ੫) ੨. ਦੇਹ. ਸ਼ਰੀਰ. "ਘਰ ਮਹਿ ਪੰਚ ਵਰਤਦੇ." (ਆਸਾ ਅਃ ਮਃ ੩) ਸ਼ਰੀਰ ਵਿੱਚ ਪੰਜ ਕਾਮ ਆਦਿ ਵਿਕਾਰ ਵਰਤ ਰਹੇ ਹਨ। ੩. ਸ਼ਾਸਤ੍ਰ. ਉਹ ਸ਼ਾਸਤ੍ਰ, ਜਿਸ ਵਿੱਚ ਕਿਸੇ ਮਤ ਦੇ ਨਿਯਮ ਹਨ, ਦਸ਼ੰਨ. "ਛਿਅ ਘਰ ਛਿਅ ਗੁਰ ਛਿਅ ਉਪਦੇਸ." (ਸੋਹਿਲਾ) ਦੇਖੋ, ਖਟਸ਼ਾਸਤ੍ਰ ਅਤੇ ਛਿਅ ਉਪਦੇਸ। ੪. ਰੁਤਬਾ. ਪਦਵੀ. "ਸੋ ਘਰੁ ਗੁਰਿ ਨਾਨਕ ਕਉ ਦੀਆ." (ਗਉ ਮਃ ੫) ਉਹ ਰੁਤਬਾ ਗੁਰੂ (ਕਰਤਾਰ) ਨੇ ਗੁਰੂ ਨਾਨਕ ਨੂੰ ਦਿੱਤਾ ਹੈ। ੫. ਗੁਰਮਤ ਸੰਗੀਤ ਅਨੁਸਾਰ ਘਰ ਦੇ ਦੋ ਅਰਥ ਹਨ ਇੱਕ ਤਾਲ, ਦੂਜਾ ਸ੍ਵਰ ਹੈ ਅਤੇ ਮੂਰਛਨਾ ਦੇ ਭੇਦ ਕਰਕੇ ਇੱਕ ਹੀ ਰਾਗ ਦੇ ਸ਼ਰਗਮਪ੍ਰਸ੍ਤਾਰ ਅਨੁਸਾਰ ਗਾਉਣ ਦੇ ਪ੍ਰਕਾਰ. ਸ੍ਰੀ ਗੁਰੂ ਗ੍ਰੰਥਸਾਹਿਬ ਵਿੱਚ ੧. ਤੋਂ ੧੭. ਤੀਕ ਘਰ ਲਿਖੇ ਹਨ. ਇਸ ਤੋਂ ਗਵੈਯੇ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ

ਸੂਰਪ੍ਰਸ੍ਤਾਰ ਅਨੁਸਾਰ ਗਾਓ।[1] ੬. ਮਨ. ਦਿਲ. ਅੰਤਹਕਰਣ. "ਘਰ ਭੀਤਰਿ ਘਰੁ ਗੁਰੂ ਦਿਖਾਇਆ." (ਸੋਰ ਅਃ ਮਃ ੧) ੭. ਘਰ ਵਾਲੀ. ਵਹੁਟੀ. ਜੋਰੂ. "ਘਰ ਕਾ ਮਾਸੁ ਚੰਗੇਰਾ." (ਮਃ ੧. ਵਾਰ ਮਲਾਰ) ੮. ਸ਼ਰੀਰ ਦੇ ਪ੍ਰਧਾਨ ਅੰਗ ਅਤੇ ਨਾੜਾਂ. "ਬਹਤਰਿ ਘਰ ਇਕੁ ਪੁਰਖੁ ਸਮਾਇਆ." (ਸੂਹੀ ਕਬੀਰ) ੯. ਛੰਦ ਦਾ ਚਰਣ. ਤੁਕ. "ਦਸ ਦੁਇ ਲਘੁ ਵਸ ਘਰ ਘਰ." (ਰੂਪਦੀਪ) "ਬਾਰਾਂ ਲਘੁ ਪ੍ਰਤਿਚਰਣ ਹੋਣ। ੧੦. ਕੁਲ. ਵੰਸ਼. ਖ਼ਾਨਦਾਨ. "ਉਹ ਆਦਮੀ ਵਡੇ ਘਰ ਦਾ ਹੈ." (ਲੋਕੋ) ੧੧. ਜਨਮਕੁੰਡਲੀ ਦਾ ਖ਼ਾਨਾ. "ਉਸ ਦੇ ਤੀਜੇ ਘਰ ਬਹੁਤ ਚੰਗੇ ਗ੍ਰਹ ਪਏ ਹਨ." (ਲੋਕੋ) ੧੨. ਦੇਖੋ, ਘੜਨਾ. "ਕੇਤਕ ਆਨਹਿ ਤਾਲ ਨਜੀਕੇ." ਕੋ ਘਰ ਘਰ ਲਾਵਤ ਹੈਂ ਨੀਕੇ." (ਗੁਪ੍ਰਸੂ) ਘੜ ਘੜਕੇ ਲਾਂਉਂਦੇ ਹਨ.

ਘਰਉਚਾ: ਸੰਗਜਾ- ਉੱਚ ਅਸਥਾਨ (ਆਕਾਸ਼) ਵਿੱਚ ਹੈ ਨਿਵਾਸ ਜਿਸ ਦਾ, ਮੇਘ. ਬੱਦਲ. ਦੇਖੋ, ਉੱਚਾ ਘਰ ਅਤੇ ਨਿਰਣਉ.

ਘਰਅਰਿ: ਸੰਗਜਾ- ਘੋੜਾ ਅਰਿ. ਘੋੜੇ ਦਾ ਵੈਰੀ ਸ਼ੇਰ. "ਘਰਅਰਿ ਨਾਦਨਿ ਆਦਿ ਕਹਿ." (ਸਨਾਮਾ) ਸਿੰਘਨਾਦਿਨੀ ਬੰਦੂਕ.

ਘਰਸਨ: ਸੰ. ਘਸ਼ੰਣ. ਸੰਗਜਾ- ਘਿਸਨਾ. ਘਸਾਉਂਣਾ. ਰਗੜਨਾ। ੨. ਘਸੀਟਣਾ.

ਘਰਹਾਈ: ਵਿ- ਘਰਬਿਗਾੜੂ. ਘਰਪੱਟੂ. ਘਰ ਬਰਬਾਦ ਕਰਨ ਵਾਲਾ. "ਝਗਰੁ ਕਰੈ ਘਰਹਾਈ." (ਗਉ ਕਬੀਰ) ਦੇਖੋ, ਗਜਨਵ)

ਘਰਹਿ: ਘਰ ਵਿੱਚ ਹੀ. ਗ੍ਰਿਹ ਮੇਂ ਹੀ. "ਅਭੈ ਨਿਰੰਜਨੁ ਘਰਹਿ ਲਹਾ." (ਸਵੈਯੇ ਮਃ ੪. ਕੇ)

ਘਰ ਕਾ ਕਾਜ, ਘਰ ਕਾ ਕੰਮ: ਸੰਗਜਾ- ਖਾਸ ਆਪਣਾ ਕੰਮ. ਨਿਜ ਦਾ ਕੰਮ. ਭਾਵ- ਪਰਮਾਰਥ ਦਾ ਕਾਰਜ. ਆਪਣੇ ਜਨਮ ਸੁਧਾਰਣ ਦਾ ਕੰਮ. "ਘਰ ਕਾ ਕਾਜੁ ਨ ਜਾਣੀ ਰੂੜਾ." (ਸੂਹੀ ਮਃ ੫) ਦੇਖੋ, ਘਰ ਕੈ ਕੰਮਿ.

ਘਰ ਕਾ ਮਾਸ: ਸੰਗਜਾ- ਧਰਮਪਤ੍ਨੀ. ਭਾਰਯਾ. ਜੋਰੂ. "ਘਰ ਕਾ ਮਾਸ ਚੰਗੇਰਾ." (ਵਾਰ ਮਲਾ ਮਃ ੧)

ਘਰ ਕੀ ਗੀਹਨਿ, ਘਰ ਕੀ ਨਾਰਿ: ਧਰਮਪਤ੍ਨੀ. ਵਿਵਾਹਿਤਾਇਸਤ੍ਰੀ. "ਘਰ ਕੀ ਗੀਹਨਿ ਚੰਗੀ." (ਧਨਾ ਧੰਨਾ) "ਘਰ ਕੀ ਨਾਰਿ ਬਹੁਤ ਹਿਤ ਜਾ ਸਿਉ." (ਸੋਰ ਮਃ ੯)

ਘਰ ਕੀ ਬਿਲਾਈ: ਦੇਖੋ, ਅਧਮ ਚੰਡਾਲੀ ਅਤੇ ਮੂਸਾ.

ਘਰ ਕੇ ਜਠੇਰੇ ਕੀ ਚੂਕੀ ਕਾਣਿ: (ਆਸਾ ਮਃ ੫) ਭਾਵ- ਧਰਮਰਾਜ ਦੀ ਕਾਣ ਚੁੱਕੀ.

ਘਰ ਕੇ ਦੇਵ: ਸੰਗਜਾ- ਕੁਲਦੇਵਤਾ. "ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ." (ਬਿਲਾ ਕਬੀਰ) ੨. ਮਾਤਾ ਪਿਤਾ ਆਦਿ ਬਜ਼ੁਰਗ.

ਘਰ ਕੈ ਕੰਮਿ: ਘਰ ਦੇ ਕੰਮ ਵਿੱਚ. ਦੇਖੋ, ਘਰ ਕਾ ਕੰਮ. "ਮੇਰੇ ਰਾਮ! ਤੋੜਿ ਬੰਧਨ ਮਾਇਆ, ਘਰ ਕੈ ਕੰਮਿ ਹਮ ਲਾਇ." (ਗਉ ਮਃ ੪) "ਸੋ ਘਰ ਕੈ ਕੰਮਿ ਹਰਿ ਲਇਆ." (ਗਉ ਮਃ ੪)

ਘਰਖਨ: ਦੇਖੋ, ਘਰਸਨ. "ਦੁਖ ਥੇ ਜੁ ਜਿਤੇ ਸਭ ਹੀ ਘਰਖੇ." (ਕ੍ਰਿਸਨਾਵ) ਸਾਰੇ ਦੁੱਖ ਮਿਟ ਗਏ.

ਘਰਖੋਊ: ਵਿ- ਘਰ ਦਾ ਮਾਲ ਧਨ ਖੋਦੇਣ ਵਾਲਾ. ਘਰਪੱਟੂ.

ਘਰਗੇਹਣਿ: ਸੰਗਜਾ- ਵਿਵਾਹਿਤਾ ਇਸਤ੍ਰੀ. "ਪੂਰਬਲੋ ਕ੍ਰਿਤ ਕਰਮ ਨ ਮਿਟੈ ਰੀ ਘਰਗੇਹਣਿ!" (ਧਨਾ ਤ੍ਰਿਲੋਚਨ)

ਘਰਗੋਲਾ: ਸੰਗਜਾ- ਖ਼ਾਨਹਜ਼ਾਦ ਗ਼ੁਲਾਮ. ਘਰ ਦੇ ਗੁਲਾਮ ਦੀ ਔਲਾਦ. "ਕਰਿ ਕਿਰਪਾ ਕੀਨੇ ਘਰਗੋਲੇ." (ਮਾਰੂ ਸੋਲਹੇ ਮਃ ੧)

ਘਰਘਰਾ: ਯੂ. ਪੀ. ਦੀ ਇੱਕ ਨਦੀ, ਜੋ ਕੁਮਾਊਂ ਤੋਂ ਨਿਕਲਕੇ ਸਰਜੂ ਵਿੱਚ ਮਿਲਦੀ ਹੈ. ਗੋਗਰਾ.

ਘਰਘਾਲਕ: ਵਿ- ਘਰਉਜਾੜੂ. ਘਰ ਬਰਬਾਦ ਕਰਨ ਵਾਲਾ.

ਘਰ ਘਾਲਨਾ: ਕ੍ਰਿ- ਘਰ ਬਰਬਾਦ ਕਰਨਾ. ਦੇਖੋ, ਬੂਡੀ.

ਘਰਣਿ, ਘਰਣੀ: ਸੰ. गृहिणी ਗ੍ਰਿਹਿਣੀ. ਸੰਗਯਾ- ਇਸਤ੍ਰੀ. ਭਾਰਯਾ. ਜੋਰੂ. ਘਰਵਾਲੀ. ਵਹੁਟੀ.

ਘਰਦਰ, ਘਰਦ੍ਵਾਰ: ਸੰਗਯਾ- ਘਰ ਅਤੇ ਡਿਹੁਡੀ. ਭਾਵ ਸਾਧਾਰਣ ਲੋਕਾਂ ਦੇ ਘਰ ਅਤੇ ਰਾਜਦ੍ਵਾਰ. "ਘਰਦਰ ਫਿਰਿਥਾਕੀ ਬਹੁਤੇਰੇ." (ਓਅੰਕਾਰ) ਤਾਤਪਰਯ ਨੀਚ ਉੱਚ ਯੋਨੀਆਂ ਤੋਂ ਹੈ.

ਘਰਦੀਬਾਣੁ: ਸੰਗਯਾ- ਦੀਵਾਨਖ਼ਾਨਹ। ੨. ਨ੍ਯਾਯਸ਼ਾਲਾ. ਅਦਾਲਤ ਦਾ ਘਰ. "ਸਤਿਗੁਰੁ ਮੇਰਾ ਘਰ ਦੀਬਾਣੁ." (ਭੈਰ ਮਃ ੫)

ਘਰਨਾ: ਕ੍ਰਿ- ਘੜਨਾ. ਗਠਨ. "ਇਸੁ ਪਾਨੀ ਤੇ ਜਿਨ ਤੂ ਘਰਿਆ." (ਰਾਮ ਅਃ ਮਃ ੩)

ਘਰਨੀ: ਦੇਖੋ, ਗੁਰੁਘਰਨੀ ਅਤੇ ਘਰਣੀ.

ਘਰਨੀਸ, ਘਰਨੇਸ: ਸੰਗਯਾ- ਘਰਨੀ ਦਾ ਈਸ਼. ਗ੍ਰਿਹਿਣੀ ਦਾ ਸ੍ਵਾਮੀ. ਘਰ ਦਾ ਮਾਲਿਕ. "ਸੋਭਾ ਸਭ ਭਾਈ ਮਨ ਮੱਧ ਘਰਨੀਸ ਕੋ." (ਕ੍ਰਿਸਨਾਵ) ੨. ਈਸ਼ (ਰਾਜਾ) ਦੀ ਰਾਣੀ.

ਘਰਬਾਰ: ਸੰਗਯਾ- ਘਰ ਅਤੇ ਉਸ ਦੀ ਸਾਮਗ੍ਰੀ. ਧਨਧਾਮ. ਘਰ ਦੀ ਸਭ ਸੰਪੱਤਿ. "ਗਿਰਹੀ ਜੋਗੀ ਤਜਿਗਏ ਘਰਬਾਰ." (ਬਿਲਾ ਮਃ ੫)

ਘਰਬਾਰੀ: ਵਿ- ਗ੍ਰਿਹਸਥੀ. "ਇਕਿ ਉਦਾਸੀ ਇਕਿ ਘਰਬਾਰੀ." (ਮਾਰੂ ਸੋਲਹੇ ਮਃ ੫) "ਘਰਬਾਰੀ ਗੁਰਸਿੱਖ ਹੁਇ." (ਭਾਗੁ)

ਘਰਬਾਰੁ: ਦੇਖੋ, ਘਰਬਾਰ.

ਘਰ ਬਾਲੂ ਕਾ: ਸੰਗਯਾ- ਰੇਤੇ ਦਾ ਘਰ. ਭਾਵ ਬਿਨਸਨਹਾਰ ਦੇਹ ਅਤੇ ਮਾਇਕ ਪਦਾਰਥ.

ਘਰ ਭੀਤਰਿ ਘਰੁ: ਘਰ (ਦੇਹ) ਵਿੱਚ ਨਿਵਾਸ ਦਾ ਅਸਥਾਨ। ੨. ਮਨ ਅੰਦਰ ਆਤਮਾ ਦਾ ਨਿਵਾਸ. "ਘਰ ਭੀਤਰਿ ਘਰੁ ਗੁਰੂ ਦਿਖਾਇਆ." (ਸੋਰ ਅਃ ਮਃ ੧)

ਘਰਮ: ਸੰ. ਘਮੰ. ਸੰਗਯਾ- ਧੁੱਪ. ਘਾਮ। ੨. ਪਸੀਨਾ. ਮੁੜ੍ਹਕਾ। ੩. ਗਰਮੀ ਦਾ ਮੌਸਮ। ੪. ਨਿਰੁਕ੍ਤ ਅਨੁਸਾਰ ਘੀ, ਦੁੱਧ ਆਦਿ ਉਹ ਪਦਾਰਥ, ਜੋ ਯੱਗ ਸਮੇਂ ਪੀਣ ਲਈ ਗਰਮ ਕੀਤੇ ਜਾਵਨ.

ਘਰਮਹਲ: ਸੰਗਯਾ- ਨਿਵਾਸ ਦਾ ਮੌਕਾ. ਇਸਥਿਤੀ ਦਾ ਸਮਾਂ। ੨. ਰਹਿਣ ਦੀ ਥਾਂ.

ਘਰ ਮੰਦਰ: ਗ੍ਰਿਹ ਅਤੇ ਮੰਦਿਰ. ਸਾਧਾਰਣ ਘਰ ਅਤੇ ਰਾਜਮੰਦਿਰ। ੨. ਘਰ ਅਤੇ ਨਗਰ. "ਘਰ ਮੰਦਰ ਖੁਸੀਆਂ ਤਹੀ." (ਵਾਰ ਗਉ ੨. ਮਃ ੫) ਦੇਖੋ, ਮੰਦਰ ਅਤੇ ਮੰਦਿਰ.

ਘਰਰ: ਦੇਖੋ ਘਰੜ ਅਤੇ ਘਰੜਨਾ.

ਘਰਰਿ: ਕ੍ਰਿ. ਵਿ- ਘਰੜਕੇ. ਰਗੜਕੇ. ਘਸਾਕੇ. "ਭਾਵੈ ਲਾਂਬੇ ਕੇਸ ਕਰਿ ਭਾਵੈ ਘਰਰਿ ਮੁਡਾਇ." (ਸ. ਕਬੀਰ) ਖ਼੍ਵਾਹ ਜਟਾਧਾਰੀ ਹੋਜਾ, ਭਾਵੇਂ ਚੋਟੀ ਰਹਿਤ ਸੰਨ੍ਯਾਸੀ.

ਘਰਵਾਸੁ: ਸੰਗਯਾ- ਅੰਤਹਕਰਣ ਦੀ ਇਸਥਿਤੀ. ਮਨ ਦਾ ਦੇਹ ਵਿੱਚ ਅਚਲ ਹੋਣਾ. "ਬਿਨੁ ਹਰਿ ਕਿਉ ਘਰਵਾਸੁ?" (ਸ੍ਰੀ ਮਃ ੧) ੨. ਇਸ੍ਤ੍ਰੀ ਨਾਲ ਸਹਵਾਸ. ਇਸਤ੍ਰੀਸੰਗਮ. "ਖੁਸਰੇ ਕਿਆ ਘਰਵਾਸੀ?" (ਵਾਰ ਮਾਝ ਮਃ ੧) ੩. ਗ੍ਰਿਹ ਵਿੱਚ ਨਿਵਾਸ. ਘਰ ਦੀ ਰਿਹਾਇਸ਼.

ਘਰਵਾਲ: ਰਾਜਪੂਤਾਂ ਦੀ ਇੱਕ ਜਾਤੀ.

ਘਰਵਾਲਾ, ਘਰਵਾਲੀ: ਸੰਗਯਾ- ਘਰ ਦਾ ਮਾਲਿਕ. ਪਤੀ. ਸ੍ਵਾਮੀ. ਗ੍ਰਿਹਿਣੀ. ਭਾਰਯਾ. ਜੋਰੂ.

ਘਰੜ: ਅਧਰਿੜਕ. ਮਠਾ। ੨. ਦੇਖੋ, ਘਰੜਨਾ.

ਘਰੜਨਾ: ਕ੍ਰਿ- ਘਸ਼ੰਣ. ਘਸਾਉਣਾ. ਰਗੜਨਾ. ਖੁਰਚਣਾ.

ਘਰੜਿ: ਕ੍ਰਿ. ਵਿ- ਘਰੜਕੇ. ਘਸਾਕੇ. ਦੇਖੋ, ਘਰਰਿ.

ਘਰਾਉ: ਵਿ- ਘਰ ਦਾ. ਘਰੋਗੂ। ੨. ਦੇਖੋ, ਘ੍ਰਾਉ। ੩. ਦੇਖੋ, ਘਰਾਹੁ.

ਘਰਾਹੁ: ਘਰੋਂ. ਘਰ ਸੇ. "ਹਉਮੈ ਮੁਈ ਘਰਾਹੁ." (ਸ੍ਰੀ ਮਃ ੧) ਭਾਵ- ਦਿਲੋਂ.

ਘਰਾਟ: ਸੰ. घरह ਘਰੱਟ. ਸੰਗਯਾ- ਚੱਕੀ. ਦਾਣਾ ਪੀਹਣ ਦਾ ਯੰਤ੍ਰ. ਖਾਸ ਕਰਕੇ ਪਨਚੱਕੀ ਦੀ ਘਰਾਟ ਸੰਗਯਾ ਹੈ.

ਘਰਾਣਾ, ਘਰਾਨਾ: ਸੰਗਯਾ- ਖ਼ਾਨਦਾਨ. ਕੁਲ. ਵੰਸ਼। ੨. ਵਿ- ਘਰ ਦਾ. ਘਰ ਨਾਲ ਸੰਬੰਧਿਤ.

ਘਰਾਵਲ: ਸੰਗਯਾ- ਘੜਿਆਲ. ਤਵੇ ਦੇ ਆਕਾਰ ਦਾ ਕਾਂਸੀ ਆਦਿ ਧਾਤੁ ਦਾ ਵਾਜਾ. "ਬਹੁ ਬਜਹਿ ਘਰਾਵਲ ਨਾਦੰ." (ਗੁਪ੍ਰਸੂ)

ਘਰਿ: ਘਰ ਵਿੱਚ. ਗ੍ਰਿਹ ਮੇ. "ਘਰਿ ਬਾਹਰਿ ਤੇਰਾ ਭਰਵਾਸਾ." (ਧਨਾ ਮਃ ੫) "ਪਿਰ ਘਰਿ ਸੋਹੈ ਨਾਰਿ." (ਧਨਾ ਛੰਤ ਮਃ ੧) ੨. ਦੇਹ (ਸ਼ਰੀਰ) ਵਿੱਚ. "ਪਿੰਡਿ ਮੂਐ ਜੀਉ ਕਿਹ ਘਰਿ ਜਾਤਾ?" (ਗਉ ਕਬੀਰ)

ਘਰਿਆਰ: ਦੇਖੋ, ਘੜਿਆਲ.

ਘਰਿਆਰੀ: ਸੰਗਯਾ- ਘੜਿਆਲ ਬਜਾਉਣ ਵਾਲਾ ਪਹਿਰੂ. ਘੜਿਆਲੀਆ.

ਘਰਿਆਵਲ, ਘਰਿਯਾਰ: ਦੇਖੋ, ਘਰਾਵਲ. "ਘਰਿਆਵਲ ਬਾਜਤ ਠਨਕਾਰਾ." (ਗੁਪ੍ਰਸੂ)

ਘਰਿਯਾਰੀ: ਦੇਖੋ, ਘਰਿਆਰੀ. "ਜਬ ਘਰਿਯਾਰੀ ਘਰੀ ਬਜਾਵੈ." (ਚਰਿਤ੍ਰ ੨੪੬)

ਘਰਿਵਾਸੁ: ਘਰਿ ਵਿੱਚ ਨਿਵਾਸ. "ਸਾਸੁ ਬੁਰੀ ਘਰਿਵਾਸੁ ਨ ਦੇਵੈ." (ਆਸਾ ਮਃ ੧) ਅਵਿਦ੍ਯਾ, ਆਤਮਪਦ ਵਿੱਚ ਨਿਵਾਸ ਨਹੀਂ ਹੋਣ ਦਿੰਦੀ। ੨. ਦੇਖੋ, ਘਰਵਾਸੁ.

ਘਰੀ: ਸੰਗਯਾ- ਘੜੀ. ਘਟਿਕਾ. "ਆਧੀ ਘਰੀ ਆਧੀਹੂ ਤੇ ਆਧ." (ਸ. ਕਬੀਰ) ੨. ਮਿੱਟੀ ਦੀ ਮੱਘੀ। ੩. ਘਰ ਮੇਂ. "ਏਤੇ ਜੀਅ ਜਾਚੈ ਹਹਿ ਘਰੀ." (ਮਲਾ ਨਾਮਦੇਵ)

ਘਰੀਅ: ਘੜੀਭਰ. ਘਟਿਕਾਮਾਤ੍ਰ. "ਰਾਮਨਾਮ ਬਿਨੁ ਘਰੀਅ ਨ ਜੀਵਉ." (ਆਸਾ ਨਾਮਦੇਵ) ਅ ਪ੍ਰਤ੍ਯਯ ਹੈ, ਜਿਸ ਦਾ ਅਰਥ ਭਰ (ਮਾਤ੍ਰ) ਹੈ.

ਘਰੀਆ: ਸੰਗਯਾ- ਸੁਨਿਆਰ ਦੀ ਕੁਠਾਲੀ। ੨. ਵਿ- ਘੜਨ ਵਾਲਾ.

ਘਰੀਆਲ: ਦੇਖੋ, ਘੜਿਆਲ.

ਘਰੀਮੀਕ: ਇੱਕ ਘੜੀ. ਦੇਖੋ, ਮੀਕ.

ਘਰੁ: ਦੇਖੋ, ਘਰ. "ਘਰੁ ਲਸਕਰੁ ਸਭੁ ਤੇਰਾ." (ਸੋਰ ਮਃ ੫)

ਘਰੁ ਮਹਲੁ: ਦੇਖੋ, ਘਰਮਹਲ. "ਘਰੁ ਮਹਲੁ ਨ ਕਬਹੂ ਪਾਇਦਾ." (ਮਾਰੂ ਸੋਲਹੇ ਮਃ ੩)

ਘਰੂਆ: ਸੰਗਯਾ- ਗ੍ਰਿਹ. ਘਰ. "ਬਲੂਆ ਕੇ ਘਰੂਆ ਮਹਿ ਬਸਤੇ." (ਕੇਦਾ ਕਬੀਰ) ਰੇਤੇ ਦਾ ਘਰ ਸ਼ਰੀਰ ਹੈ.

ਘਰੇਲੂ: ਵਿ- ਘਰ ਦਾ. ਘਰੋਗੂ। ੨. ਘਰਪਾਲਤੂ.

ਘਰੈ: ਘਰ ਦੇ. "ਘਰੈ ਅੰਦਰਿ ਸਭੁ ਵਥੁ ਹੈ." (ਆਸਾ ਮਃ ੩) ੨. ਘਰ ਦੇ ਹੀ. ਘਰ ਵਿੱਚ ਹੀ. "ਘਰੈ ਅੰਦਰਿ ਕੋ ਘਰੁ ਪਾਏ." (ਮਾਰੂ ਸੋਲਹੇ ਮਃ ੩) ੩. ਘੜਦਾ ਹੈ. "ਘਰੈ ਈਟਿਕਾ ਪ੍ਰੇਮ ਸਮੇਤ." (ਗੁਪ੍ਰਸੂ)

ਘਲਣਾ: ਕ੍ਰਿ- ਭੇਜਣਾ. "ਆਪਿ ਹਰਿ ਘਲੈ." (ਵਾਰ ਮਾਰੂ ੧. ਮਃ ੩) ੨. ਦੇਖੋ, ਘਾਲਣਾ.

ਘੱਲ ਕਲਾਂ: ਇਹ ਪਿੰਡ ਜਿਲਾ ਫ਼ਿਰੋਜ਼ਪੁਰ, ਤਸੀਲ ਥਾਣਾ ਮੋਗਾ ਵਿੱਚ ਹੈ, ਜੋ ਰੇਲਵੇ ਸਟੇਸ਼ਨ "ਘੱਲ ਕਲਾਂ" ਤੋਂ ਪੱਛਮ ਅੱਧ ਮੀਲ ਹੈ. ਇਸ ਪਿੰਡ ਤੋਂ ਵਾਯਵੀ ਕੋਣ ਪਾਸ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਨੇ ਡਰੌਲੀ ਜਾਂਦੇ ਇੱਥੇ ਚਰਣ ਪਾਏ ਹਨ. ਦਰਬਾਰ ਬਣਿਆ ਹੋਇਆ ਹੈ. ਗੁਰਦ੍ਵਾਰੇ ਨਾਲ ੧੦. ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ.

ਘੱਲਾਂ: ਇੱਕ ਪਿੰਡ, ਜੋ ਜਿਲਾ ਲਦਿਆਨਾ, ਤਸੀਲ ਸਮਰਾਲਾ ਵਿੱਚ ਹੈ. ਇੱਥੇ ਦਸ਼ਮੇਸ਼ ਜੀ ਦਾ ਗੁਰਦ੍ਵਾਰਾ ਹੈ.

ਘੱਲੂਘਾਰਾ: ਤਬਾਹੀ. ਗ਼ਾਰਤੀ. ਸਰਵਨਾਸ਼। ੨. ਜੇਠ ਸੰਮਤ ੧੮੦੩ ਵਿੱਚ ਦੀਵਾਨ ਲਖਪਤਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਨੂਵਾਣ ਦੇ ਛੰਭ ਪਾਸ ਹੋਈ ਹੈ, ਓਹ ਛੋਟਾ ਘੱਲੂਘਾਰਾ, ਅਤੇ ੨੮ ਮਾਘ ਸੰਮਤ ੧੮੧੮ (੫ ਫਰਵਰੀ ਸਨ ੧੭੬੨) ਨੂੰ ਜੋ ਅਹਮਦਸ਼ਾਹ ਦੁੱਰਾਨੀ ਨਾਲ ਰਾਇਪੁਰ ਗੁੱਜਰਵਾਲ ਪਾਸ ਕੁੱਪਰਹੀੜੇ ਦੇ ਮਕਾਮ ਹੋਈ, ਓਹ ਵਡਾ ਘੱਲੂਘਾਰਾ ਸਿੱਖ ਇਤਿਹਾਸ ਵਿੱਚ ਪ੍ਰਸਿੱਧ ਹੈ, ਇਸ ਘੱਲੂਘਾਰੇ ਵਿੱਚ ਪੰਦ੍ਰਾਂ ਵੀਹ ਹਜ਼ਾਰ ਸਿੰਘ, ਅਤੇ ਇਤਨੀ ਹੀ ਦੁੱਰਾਨੀ ਫ਼ੌਜ ਖੇਤ ਰਹੀ ਹੈ.

ਘਵਿੰਡੀ: ਜ਼ਿਲਾ ਲਹੌਰ ਥਾਣਾ ਬਰਕੀ ਵਿੱਚ ਜਿਮੀਦਾਰ ਸਿੰਘਾਂ ਦਾ ਇੱਕ ਪਿੰਡ ਹੈ. ਇਸ ਤੋਂ ਨੈਰਤ ਕੋਣ ਅੱਧ ਮੀਲ ਦੇ ਕਰੀਬ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ "ਜਾਹਮਣ" ਤੋਂ ਚੱਲਕੇ ਇੱਥੇ ਆਏ ਹਨ. ਇਸੇ ਨੂੰ "ਲਹੂੜਾ ਸਾਹਿਬ" ਕਈਆਂ ਨੇ ਲਿਖਿਆ ਹੈ, ਕਿਉਂਕਿ ਉਸ ਵੇਲੇ ਲਹੂੜੇ ਦਾ ਦਰਖ਼ਤ ਇੱਥੇ ਸੀ, ਜਿਸ ਹੇਠ ਗੁਰੂ ਸਾਹਿਬ ਵਿਰਾਜੇ ਸਨ. ਉਸ ਵੇਲੇ ਇੱਥੇ ਵਣਜਾਰਿਆਂ ਦੀ ਬਸਤੀ ਸੀ. ਪਿੰਡ ਦੇ ਇੱਕ ਵਣਜਾਰੇ ਦੇ ਘਰ ਲੜਕਾ ਪੈਦਾ ਹੋਇਆ, ਜਿਸ ਪੁਰ ਸਭ ਖ਼ੁਸ਼ੀਆਂ ਕਰ ਰਹੇ ਸਨ. ਭਾਈ ਮਰਦਾਨੇ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ! ਮੈਂ ਦੋ ਦਿਨਾਂ ਤੋਂ ਭੁੱਖਾ ਹਾਂ ਜੇ ਹੁਕਮ ਦੇਓ ਤਾਂ ਪਿੰਡ ਵਿੱਚੋਂ ਰੋਟੀ ਖਾ ਆਵਾਂ. ਗੁਰੂ ਸਾਹਿਬ ਨੇ ਫਰਮਾਇਆ ਕਿ ਮਰਦਾਨਿਆਂ ਚਲਾ ਤਾਂ ਭਾਵੇਂ ਜਾਹ, ਪਰ ਮੂੰਹ ਤੋਂ ਮੰਗਕੇ ਰੋਟੀ ਨਾ ਖਾਵੀਂ. ਮਰਦਾਨਾ ਚਿਰ ਤੀਕ ਵਣਜਾਰਿਆਂ ਦੇ ਦਰ ਬੈਠਾ, ਪਰ ਉਹ ਇਤਨੀ ਖ਼ੁਸ਼ੀ ਵਿੱਚ ਸਨ ਕਿ ਭਾਈ ਮਰਦਾਨੇ ਵੱਲ ਨਿਗਾਹ ਨਾ ਕੀਤੀ.

ਕਰਤਾਰ ਦਾ ਭਾਣਾ ਐਸਾ ਹੋਇਆ ਕਿ ਉਹ ਲੜਕਾ ਚਲਾਣਾ ਕਰ ਗਿਆ ਅਤੇ ਸਭ ਰੋਣ ਪਿੱਟਣ ਲੱਗ ਪਏ. ਸਤਿਗੁਰੂ ਨੇ ਉਨ੍ਹਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ ਅਤੇ ਸ਼੍ਰੀ ਰਾਗ ਵਿੱਚ ਸ਼ਬਦ ਉੱਚਾਰਣ ਕੀਤੇ, ਜਿਨ੍ਹਾਂ ਦਾ ਸਿਰਲੇਖ 'ਪਹਰੇ' ਹੈ.

ਗੁਰਦ੍ਵਾਰਾ ਛੋਟਾ ਜਿਹਾ ਬਣਿਆ ਹੋਇਆ ਹੈ, ਅੰਦਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ੨੦. ਵਿੱਘੇ ਜ਼ਮੀਨ ਦਰਬਾਰ ਨਾਲ ਹੈ. ਸ਼੍ਰਾਧਾਂ ਦੀ ਦਸਮੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ "ਜੱਲੋ" ਤੋਂ ਨੈਰਤ ਕੋਣ ਗਿਆਰਾਂ ਮੀਲ ਦੇ ਕਰੀਬ ਹੈ.

ਘਵੇਰੀ: ਸੰਗ੍ਯਾ- ਘੁਮੇਰ. ਗਿਰਦਣੀ. ਚੱਕਰ। ੨. ਸਿਰ ਦੀ ਘੇਰ. ਸਿਰ ਘੁੰਮਣ ਦੀ ਕ੍ਰਿਯਾ। ੩. ਸੁਗੰਧ ਦੀ ਮਹਿਕਾਰ. "ਫੁਲੇਲ ਘਵੇਰੀ." (ਭਾਗੁ)

ਘੜ: ਸੰਗ੍ਯਾ- ਕੇਲੇ ਦੀ ਫਲੀ। ੨. ਦੇਖੋ, ਘੜਨਾ। ੩. ਘਟ. ਘੜਾ.

ਘੜਤ: ਸੰਗ੍ਯਾ- ਗਢਤ. ਘਾੜਤ. ਬਨਾਉਟ. ਰਚਨਾ.

ਘੜਥਲੀ: ਸੰਗ੍ਯਾ- ਘਟਸਥਲੀ. ਘੜੌਂਜੀ। ੨. ਪਿਆਉ. ਪੌ. ਪ੍ਰਪਾ. ਛਬੀਲ. "ਸਪਤ ਸਮੁੰਦਰ ਜਾਚੈ ਘੜਥਲੀ." (ਮਲਾ ਨਾਮਦੇਵ)

ਘੜਨਾ: ਕ੍ਰਿ- ਰਚਣਾ. ਬਣਾਉਣਾ. ਗਢਨ. "ਘੜੀਐ ਸਬਦੁ ਸਚੀ ਟਕਸਾਲ." (ਜਪੁ). ੨. ਤਰਾਸ਼ਣਾ ਛਿੱਲਣਾ.

ਘੜਾ: ਸੰਗਯਾ- ਘਟ. ਕੁੰਭ. ਕਲਸ਼. "ਕੰਧਿ ਕੁਹਾੜਾ ਸਿਰਿ ਘੜਾ." (ਸ. ਫਰੀਦ)

ਘੜਿ: ਕ੍ਰਿ. ਵਿ- ਘੜਕੇ. "ਘੜਿ ਭਾਂਡੇ ਜਿਨਿ ਆਵੀ ਸਾਜੀ." (ਆਸਾ ਪਟੀ ਮਃ ੧)

ਘੜਿਆਲ: ਸੰਗਯਾ- ਘੰਟਾ- ਕਾਲ. ਵੇਲਾ ਦੱਸਣ ਦਾ ਘੰਟਾ। ੨. ਕਾਂਸੀ ਆਦਿ ਧਾਤੁ ਦੀ ਤਵੇ ਦੇ ਆਕਾਰ ਦੀ ਇੱਕ ਵਸਤੁ, ਜਿਸ ਨੂੰ ਦੇਵ ਮੰਦਿਰਾਂ ਵਿੱਚ ਵਜਾਈਦਾ ਹੈ। ੩. ਸੰ. ਘਣ੍ਟਿਕ- ਘੰਟਿਕ. ਮਗਰਮੱਛ. ਨਾਕੂ. ਨਿਹੰਗ. Alligator.

ਘੜਿਆਲ ਬੁੰਗਾ: ਅਮ੍ਰਿਤਸਰ ਹਰਿਮੰਦਿਰ ਦੀ ਦਰਸ਼ਨੀ ਡਿਹੁਡੀ ਅੱਗੇ ਉਹ ਬੁੰਗਾ, ਜਿੱਥੇ ਸਮੇਂ ਦੇ ਗਯਾਨ ਲਈ ਘੜਿਆਲ ਵਜਦਾ ਹੈ.

ਘੜਿਆਲੀ, ਘੜਿਆਲੀਆ: ਘੜਿਆਲ ਵਜਾਉਣ ਵਾਲਾ.

ਘੜਿਆਲੁ: ਦੇਖੋ, ਘੜਿਆਲ। ੨. ਦੇਖੋ, ਘੜਿਆਲ ੩.

ਘੜੀ੨: ਸੰਗਯਾ- ਘਟਿਕਾ. ਘਟੀ. ੨੪ ਮਿਨਟਾਂ ਦਾ ਸਮਾਂ. ਦੇਖੋ, ਕਾਲਪ੍ਰਮਾਣ. "ਏਕ ਘੜੀ ਆਧੀ ਘਰੀ." (ਸ. ਕਬੀਰ) ਦੇਖੋ, ਚਉਸਠ ਘੜੀ। ੨. ਮੱਘੀ. ਕਲਸ਼ੀ. "ਲਾਜੁ ਘੜੀ ਸਿਉ ਤੂਟਿਪੜੀ." (ਗਉ ਕਬੀਰ) ਦੇਹ ਘੜੀ, ਰੱਸੀ ਉਮਰ। ੩. ਘੜੀ ਘੰਟਾ ਆਦਿਕ ਸਮਾਂ (ਵੇਲਾ) ਮਾਪਣ ਦਾ ਯੰਤ੍ਰ. ਭਾਰਤ ਵਿੱਚ ਸਭ ਤੋਂ ਪਹਿਲਾਂ ਧੁਪਘੜੀ (Sundial) ਅਤੇ ਜਲਘੜੀ (Clepsydra) ਪੁਰਾਣੇ ਵਿਦ੍ਵਾਨਾਂ ਨੇ ਬਣਾਈ, ਜਿਨ੍ਹਾਂ ਦਾ ਜਿਕਰ 'ਗੋਲਾਧਯਾਯ' ਆਦਿ ਜੋਤਿਸ਼ ਦੇ ਪ੍ਰਾਚੀਨ ਸੰਸਕ੍ਰਿਤਗ੍ਰੰਥਾਂ ਵਿੱਚ ਪਾਇਆ ਜਾਂਦਾ ਹੈ. ਬਾਲੂਘੜੀ (Sandglass) ਅਤੇ ਪਿੱਤਲ ਲੋਹੇ ਆਦਿਕ ਧਾਤਾਂ ਦੇ ਚਕ੍ਰਾਂ ਤੇ ਕਮਾਣੀਆਂ ਵਾਲੀ ਕਲਦਾਰ ਘੜੀ (Clock, Timepiece, Pocket watch) ਵਿਦੇਸ਼ੀਆਂ ਦੀ ਕਾਢ ਹੈ. ਇਤਿਹਾਸ ਤੋਂ ਜਾਣਿਆ ਜਾਂਦਾ ਹੈ ਕਿ ਘਟਿਕਾਯੰਤ੍ਰ ਪਹਿਲਾਂ ਹੈਨਰੀ ਡਿ ਵਿਕ (Henry de Wyck) ਨਾਮੇ ਜਰਮਨ ਨੇ ਸਨ ੧੩੧੯ ਵਿੱਚ ਈਜਾਦ ਕਰਕੇ ਪੈਰਿਸ ਵਿੱਚ, ਫਰਾਂਸ ਦੇ ਬਾਦਸ਼ਾਹ ਚਾਰਲਸ ਪੰਜਵੇਂ ਦੀ ਭੇਟਾ ਕੀਤਾ, ਇਸ ਆਦਿ ਘੜੀ ਦੀਆਂ ਸੁਧਾਰਪੂਰਿਤ ਤਬਦੀਲੀਆਂ ਤਦ ਤੋਂ ਹੁਣ ਤੱਕ ਲਗਾਤਾਰ ਹੁੰਦੀਆਂ ਆਈਆਂ ਹਨ, ਪਰ ਸ਼ਲਾਘਾ ਯੋਗ ਵਿਸ਼ੇਸ਼ ਤਬਦੀਲੀਆਂ ਸਨ ੧੬੫੭ ਵਿੱਚ ਹਿਯੁਜਨਜ਼ (Huygens) ਨੇ, ੧੬੬੬ ਵਿੱਚ ਹੁਕ (Hooke) ਨੇ, ੧੭੧੫ ਵਿੱਚ ਗ੍ਰੈਹਮ (Graham) ਨੇ, ਅਰ ੧੭੨੬ ਵਿੱਚ ਹੈਰੀਸਨ (Harrison) ਨੇ ਕੀਤੀਆਂ. ਹੁਣ ਆਮ ਤੌਰ ਪੁਰ ਤਿੰਨ ਪ੍ਰਕਾਰ ਦੀਆਂ ਘੜੀਆਂ ਹੁੰਦੀਆਂ ਹਨ, ਅਰਥਾਤ ਜੇਬ- ਘੜੀਆਂ, [3] ਕੰਧ ਘੜੀਆਂ, ਅਰ ਮੁਨਾਰ ਘੜੀਆਂ. ਸਭ ਪ੍ਰਕਾਰ ਦੀਆਂ ਘੜੀਆਂ ਨੂੰ ਰੋਜ਼ਾਨਾ ਯਾ ਕੁਝ ੨. ਦਿਨਾਂ ਮਗਰੋਂ ਇੱਕ ਕਲਾ ਦ੍ਵਾਰਾ ਕੋਕਣਾ ਪੈਂਦਾ ਹੈ, ਜਿਸ ਨੂੰ ਕੁੰਜੀ ਯਾ ਚਾਬੀ ਦੇਣਾ ਆਖਦੇ ਹਨ. ਐਸਾ ਕਰਨ ਨਾਲ ਵਲ੍ਹੇਟੀ ਹੋਈ ਕਮਾਣੀ, ਜੋ ਚਕ੍ਰਾਂ ਨੂੰ ਹਰਕਤ ਦੇਂਦੀ ਰਹੀ ਹੈ ਅਰ ਹੌਲੀ ਹੌਲੀ ਢਿੱਲੀ ਹੋ ਕੇ ਬਿਲਕੁਲ ਖੁਲ੍ਹ ਚੁਕੀ ਅਰ ਸੱਤਾਹੀਨ ਹੋ ਗਈ ਸੀ, ਮੁੜਕੇ ਵਲ੍ਹੇਟੀ ਜਾਂਦੀ ਹੈ. ਹੁਣ ਅਨੇਕ ਘੜੀਆਂ ਬਿਜਲੀ ਦੀ ਤਾਕਤ ਨਾਲ ਭੀ ਚਲਦੀਆਂ ਹਨ.

ਸਭ ਤੋਂ ਵਡੀਆਂ ਘੜੀਆਂ ਲੰਡਨ ਦੇ ਪਾਰਲੀਮੈਂਟ ਘਰ ਦੇ ਮੁਨਾਰੇ ਪੁਰ, ਅਤੇ ਲੰਡਨ ਦੇ ਬਿਲੌਰ ਮਹਲ (Crystal Palace) ਦੀ ਕੰਧ ਪੁਰ ਹਨ. ਕਈ ਕਾਲਗੇਟ ਫੈਕਟਰੀ, ਨਯੂਯਾਰਕ (ਅਮ੍ਰੀਕਾ) ਦੀ ਘੜੀ ਨੂੰ ਸੰਸਾਰ ਦੀ ਸਭ ਤੋਂ ਵੱਡੀ ਘੜੀ ਆਖਦੇ ਹਨ.

ਪਾਰਲੀਮੈਂਟ ਘਰ (ਲੰਡਨ) ਦੇ ਮੁਨਾਰੇ ਦੀਆਂ ੩੬੦ ਪੌੜੀਆਂ ਹਨ, ਜਿਨ੍ਹਾਂ ਦੀ ਸ਼ਿਖਰ ਪੁਰ "ਬਿਗਬੈਨ" ਨਾਮੇ ਘੜੀ ਲੱਗੀ ਹੋਈ ਹੈ, ਇਸ ਨੂੰ ਲੱਗੇ ਕਰੀਬਨ ੫੫ ਸਾਲ ਹੋ ਚੱਲੇ ਹਨ. ਇਸ ਦੀ ਅਦਭੁਤ ਵਿਸ਼ਾਲਤਾ ਦਾ ਅੰਦਾਜ਼ਾ ਵੇਖਣ ਤੋਂ ਹੀ ਚੰਗੀ ਤਰ੍ਹਾਂ ਮਲੂਮ ਹੋ ਸਕਦਾ ਹੈ. ਇਸ ਘੜੀ ਦੇ ਚਾਰ ਮੁਖ (Dial) ਹਨ. ਪ੍ਰਤ੍ਯੇਕ ਦਾ ਕੁਤਰ ੨੩ ਫੁਟ ਹੈ. ਮਿੰਟਾਂ ਦੀਆਂ ਸੂਈਆਂ ਚੌਦਾਂ ਚੌਦਾਂ ਫੁਟ ਲੰਮੀਆਂ ਹਨ. ਇਸ ਦੇ ਲੰਗਰ (Pendulum) ਦਾ ਵਜ਼ਨ ਪੰਜ ਮਣ ਪੱਚੀ ਸੇਰ (੪੫੦ ਪੌਂਡ) ਹੈ ਹਰ ਇੱਕ ਹਿੰਦਸਾ (ਅੰਗ) ਦੋ ਫੁਟ ਲੰਮਾ ਹੈ. ਮਿੰਟਾਂ ਦੀਆਂ ਵਿੱਥਾਂ ਇੱਕ ਇੱਕ ਫੁਟ ਮੁਰੱਬਾ ਹਨ. ਇਸ ਦੇ ਘੜਿਆਲ ਦਾ ਵਜ਼ਨ ੩੨੮ ਮਣ ਪੱਕੇ (ਸਾਢੇ ੨੩ ਟਨ) ਹੈ, ਅਰ ਜਿਸ ਹਥੌੜੇ ਨਾਲ ਇਹ ਖੜਕਦੀ ਹੈ ਉਸ ਦਾ ਵਜ਼ਨ ਭੀ ਦੋ ਮਣ ਪੱਕੇ ਹੈ. ਇਸ ਨੂੰ ਹਫ਼ਤੇ ਵਿੱਚ ਤਿੰਨ ਵੇਰ ਚਾਬੀ ਲਗਾਈ ਜਾਂਦੀ ਹੈ, ਅਰ ਚਾਬੀ ਲਾਉਣ ਲਈ ਦੋ ਆਦਮੀਆਂ ਨੂੰ ਪੰਜ ਘੰਟੇ ਲਗਦੇ ਹਨ.

ਪਿਛਲੇ ਸਾਲ (੧੯੨੭ ਵਿੱਚ) ਇੱਕ ਅਤਜੰਤ ਅਦਭੁਤ ਘੜੀ, ਜਿਸ ਨੂੰ ਸੰਸਾਰ ਦਾ ਅੱਠਵਾਂ ਅਜੂਬਾ ਕਿਹਾ ਗਿਆ ਹੈ, ਆਸਟ੍ਰੀਆ ਦੀ ਰਾਜਧਾਨੀ, ਵੀਐਨਾ ਵਿਚ ਤਿਆਰ ਹੋਈ ਹੈ. ਇਹ ਸੰਗੀਤ ਘੜੀ ਹੈ, ਅਰ ਸੋਲਾਂ ਵਰ੍ਹਿਆਂ ਵਿੱਚ ਬਣੀ ਹੈ. ਇਸ ਦਾ ਹਰ ਇੱਕ ਹਿੰਦਸਾ ੬. ਫੁਟ ਉੱਚਾ ਹੈ. ਯੂਰਪ ਦੇ ਇਤਿਹਾਸ ਵਿੱਚੋਂ ਬਾਰਾਂ ਪ੍ਰਸਿੱਧ ਬਾਦਸ਼ਾਹਾਂ ਦੇ ਬੁਤ, ਇਸ ਵਿੱਚ ਅਜੇਹੇ ਢੰਗ ਨਾਲ ਗੁਪਤ ਰੱਖੇ ਹਨ ਕਿ ਜਦ ਘੰਟਾ ਪੂਰਾ ਹੁੰਦਾ ਹੈ, ਤਾਂ ਝਟ ਇੱਕ ਵਿਸ਼ੇਸ਼ ਬੁਤ ਸਨਮੁਖ ਆ ਜਾਂਦਾ, ਅਰ ਠੀਕ ਘੰਟਾ ਭਰ ਦ੍ਰਿਸ਼੍ਟਿਗੋਚਰ ਰਹਿੰਦਾ ਹੈ. ਪ੍ਰਤਜੇਕ ਬੁਤ ਦੀ ਮੌਜੂਦਗੀ ਵਿੱਚ ਲਗਾਤਾਰ ਇੱਕ ਵਿਸ਼ੇਸ਼ ਸੰਗੀਤ ਭੀ ਵਜਦਾ ਰਹਿੰਦਾ ਹੈ.

ਚਤੁਰ ਕਾਰੀਗਰਾਂ ਨੇ ਘਟਿਕਾਯੰਤ੍ਰ (ਘੜੀਆਂ) ਵਿੱਚ ਨਵੀਂ ਤੋਂ ਨਵੀਂ ਕਾਢਾਂ ਕੱਢਕੇ ਜੋ ਸਮੇਂ ਸਮੇਂ ਸਿਰ ਇਸ ਦੀ ਕਾਇਆਂ ਪਲਟੀ ਹੈ ਉਹ ਅਨੇਕ ਰੂਪਾਂ ਵਿੱਚ ਹੁਣ ਵੇਖੀ ਜਾਂਦੀ ਹੈ.

ਘੜੀਅਲ: ਇੱਕ ਪਟੂਆ (ਰੇਸ਼ਮ ਦਾ ਕੰਮ ਕਰਨ ਵਾਲਾ) ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਅਨੰਨਸਿੱਖ ਸੀ। ੨. ਵਿ- ਘੜਨਵਾਲਾ.

ਘੜੀਆਲ, ਘੜੀਆਲੁ: ਦੇਖੋ, ਘੜਿਆਲ. "ਘੜੀਆਲ ਜਿਉ ਡੁਖੀ ਰੈਣਿ ਵਿਹਾਇ." (ਸ. ਫਰੀਦ) "ਦਰਵਾਜੈ ਜਾਇਕੈ ਕਿਉ ਡਿਠੋ ਘੜੀਆਲੁ." (ਸ. ਫਰੀਦ)

ਘੜੂਅਲੋ: ਡਿੰਗ- ਸੰਗਜਾ- ਕਲਸ਼. ਘੜਾ. ਘਟ. ਕੁੰਭ. "ਜਿਉ ਆਕਾਸੈ ਘੜੂਅਲੋ ਮ੍ਰਿਗਤ੍ਰਿਸਨਾ ਭਰਿਆ." (ਗੂਜ ਨਾਮਦੇਵ) ਮ੍ਰਿਗਤ੍ਰਿਸਨਾ ਦੇ ਜਲ ਨਾਲ ਭਰਿਆ ਆਕਾਸ ਵਿੱਚ ਘੜਾ. ਦੇਖੋ ਨੈਜਰਿਆ.

ਘੜੂਕਾ: ਇਹ ਘਟੋਤਕਚ ਦਾ ਹੀ ਨਾਉਂ ਹੈ. ਦੇਖੋ, ਘਟੋਤਕਚ. "ਮਚਯੋ ਯੁੱਧ ਜਜੋਂ ਕਰਨ ਸੰਗੰ ਘੜੂਕੇ." (ਨਰਸਿੰਘਾਵ)

ਘੜੋਟਾ, ਘੜੋਲਾ: ਸੰਗਜਾ- ਘਟ. ਘੜਾ. ਮੱਘਾ. ਮਟਕਾ। ੨. ਛੋਟਾ ਘੜਾ.

ਘੜੌਂਚੀ, ਘੜੌਂਜੀ: ਘਟ (ਘੜਾ) ਉੱਚ ਰੱਖਣ ਦੀ ਟਿਕਟਿਕੀ. ਘੜਵੰਜੀ.

ਘਾ: ਘਾਤਕ ਦਾ ਸੰਖੇਪ। ੨. ਘਾਹ (ਘਾਸ) ਦਾ ਸੰਖੇਪ। ੩. ਓਰ. ਦਿਸ਼ਾ. ਤਰਫ. "ਹੱਉ ਇਤ ਘੂਮਤ ਪ੍ਰੇਮ ਛਕੀ, ਅਤਿ ਘੋਰਤ ਹੈ ਉਹ ਘਾ ਘਨ ਕਾਰੋ." (ਅਸਫੋ) ੪. ਘਾਵ (ਜ਼ਖ਼ਮ) ਦਾ ਸੰਖੇਪ.

ਘਾਂ: ਸੰਗਜਾ- ਦਿਸ਼ਾ. ਓਰ. ਤਰਫ. "ਰਾਹ ਲਾਗ ਦੁਹੁ ਘਾਂ ਤੇ ਹੋਯੋ." (ਨਾਪ੍ਰ) ਲਾਗੀਆਂ ਨੂੰ ਲਾਗ ਦੇਣ ਦੀ ਰਸਮ ਦੋਹਾਂ ਪਾਸਿਆਂ ਤੋਂ ਹੋਈ. "ਗਏ ਉਹ ਘਾਂ ਨਿਕਰ." (ਰੁਦ੍ਰਾਵ) ਤੀਰ ਦੂਸਰੇ ਪਾਸੇ ਨਿਕਲ ਗਏ. "ਫੇਰਤ ਹੈਂ. ਗੁਰ ਕੇ ਚਹੁੰ ਘਾਂਈ." (ਗੁਵਿ ੧੦)

ਘਾਉ: ਸੰਗਜਾ- ਘਾਤ. ਜ਼ਖ਼ਮ. ਫੱਟ. "ਨਹਿ ਘਾਉ ਕਟਾਰਾ ਕਰਿ ਸਕੈ." (ਸ੍ਰੀ ਮਃ ੧) ੨. ਪ੍ਰਹਾਰ. ਆਘਾਤ. ਚੋਟ. "ਪਰਿਓ ਨੀਸਾਨੈ ਘਾਉ." (ਮਾਰੂ ਕਬੀਰ) ਨਸ਼ਾਨੇ ਉੱਪਰ ਸ਼ਸਤ੍ਰ ਦਾ ਵਾਰ ਪਿਆ.

ਘਾਇ: ਦੇਖੋ, ਘਾਉ। ੨. ਕ੍ਰਿ. ਵਿ- ਘਾਤ ਕਰਕੇ. ਵਧ ਕਰਕੇ. ਮਾਰਕੇ. "ਬ੍ਰਾਹਮਣੁ ਨਾਵੈ ਜੀਆ ਘਾਇ." (ਧਨਾ ਮਃ ੧)

ਘਾਇਕ: ਵਿ- ਘਾਤਕ. ਮਾਰਨ ਵਾਲਾ.

ਘਾਇਲ: ਵਿ- ਜਿਸ ਦੇ ਘਾਤ ਲੱਗਿਆ ਹੈ, ਜ਼ਖ਼ਮੀ. ਫੱਟੜ.

ਘਾਈ: ਦੇਖੋ, ਘਾਹੀ। ੨. ਘਾਇਲ ਕੀਤੀ. ਦੇਖੋ, ਘਾਉ.

ਘਾਂਈ: ਦੇਖੋ, ਘਾਂ.

ਘਾਸ: ਸੰ. ਸੰਗਜਾ- ਤ੍ਰਿਣ. ਘਾਹ. ਕੱਖ. ਦੇਖੋ, ਅੰ grass । ੨. ਰਗੜ. ਘਸਣ (ਘਸ਼ੰਣ) ਤੋਂ ਹੋਇਆ ਚਿੰਨ੍ਹ. ਅੱਟਣ.

"ਧਨੁਖਘਾਸ ਇਨ ਸਭਹਿਨ ਹਾਥ." (ਗੁਪ੍ਰਸੂ)

ਘਾਸ ਮੂੰਹ ਲੈਣਾ: ਦੇਖੋ, ਘਾਹ ਮੂੰਹ ਵਿੱਚ ਲੈਣਾ.

ਘਾਸੀ: ਸੰਗਯਾ- ਘਰ੍ਸ਼ਣ (ਘਸਣ) ਤੋਂ ਹੋਈ ਰੇਖਾ. ਘਸੀਟ. ਰਗੜ। ੨. ਭਾਵ- ਪਰੰਪਰਾ ਦੀ ਰੀਤਿ। ੩. ਘਾਸ ਖੋਦਣਵਾਲਾ. ਘਸਿਆਰਾ. ਘਾਹੀ. "ਜੇ ਰਾਜ ਬਹਾਲੇ ਤਾਂ ਹਰਿਗੁਲਾਮ, ਘਾਸੀ ਕਉ ਹਰਿਨਾਮ ਕਢਾਈ." (ਗਉ ਮਃ ੪) ਸੰ. ਅਗਨਿ ਦੇਵਤਾ.

ਘਾਸੀਦਾਸ: ਦੇਖੋ, ਸਤਨਾਮੀ.

ਘਾਹ: ਦੇਖੋ, ਘਾਸ ੧. "ਸੀਹਾ ਬਾਜਾ ਚੁਰਗਾ ਕੁਹੀਆ ਏਨਾ ਖਵਾਲੇ ਘਾਹ." (ਵਾਰ ਮਾਝ ਮਃ ੧)

ਘਾਹ ਮੂੰਹ ਵਿੱਚ ਲੈਣਾ: ਕ੍ਰਿ- ਦੀਨਤਾ ਪ੍ਰਗਟ ਕਰਨੀ. ਕਿ ਜਾਹਿਰ ਕਰਨਾ ਕਿ ਮੈਂ ਆਪ ਦੀ ਗਊ ਹਾਂ. ਪਸ਼ੂ ਦੀ ਤਰਾਂ ਆਪ ਦੀ ਤਾਬੇਦਾਰੀ ਕਰਾਂਗਾ.

ਘਾਹੀ: ਦੇਖੋ, ਘਾਸੀ ੩.

ਘਾਹੁ: ਦੇਖੋ, ਘਾਸ ਅਤੇ ਘਾਹ। ੨. ਭਾਵ- ਅਦਨਾ. ਤੁੱਛ. ਕਮੀਨਾ. ਕੱਖ ਜੇਹਾ. "ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ." (ਵਾਰ ਆਸਾ)

ਘਾਕੀ: ਵਿ- ਘਾਤਿਕਾ. ਘਾਤ ਕਰਨਵਾਲੀ. "ਸੈਨਾ ਅਰਿ ਘਾਕੀ." (ਕਵਿ ੫੨)

ਘਾਗਰਾ: ਦੇਖੋ, ਘਘਰਾ.

ਘਾਗਾ: ਸੰਗਯਾ- ਘੇਰਾ. ਗੋਲਾਕਾਰ ਚਕ੍ਰ. ਮੰਡਲ.

ਘਾਘ: ਕੱਨੌਜ ਦਾ ਵਸਨੀਕ ਇੱਕ ਵਡਾ ਚਤੁਰ ਪੰਡਿਤ, ਜਿਸ ਦੇ ਜ੍ਯੋਤਿਸ਼ਫਲ ਦੱਸਣ ਵਾਲੇ ਵਾਕ ਜਗਤ ਵਿੱਚ ਪ੍ਰਸਿੱਧ ਹਨ. ਇਹ ਸਨ ੧੬੯੬ ਵਿੱਚ ਪੈਦਾ ਹੋਇਆ ਸੀ। ੨. ਭਾਵ- ਚਤੁਰ. ਦਾਨਾ। ੩. ਚਾਲਾਕ. ਹੋਸ਼ਿਆਰ.

ਘਾਘਰਾ, ਘਾਘਿਰੋ: ਦੇਖੋ, ਘਘਰਾ. "ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ." (ਸ. ਕਬੀਰ) ਇਸ ਥਾਂ ਘਾਘਰਾ ਦੇਹ ਹੈ. ਜੀਵਾਤਮਾ ਦੇ ਚੋਲੇ ਨੂੰ ਚਾਰੇ ਪਾਸਿਓਂ ਅੱਗ ਲੱਗੀ ਹੈ.

ਘਾਟ, ਘਾਟੁ: ਸੰਗਯਾ- ਘਾੜਤ. "ਘਾਟ ਘੜਤ ਭਜੋ ਸ੍ਵਰਨ ਕੋ." (ਚਰਿਤ੍ਰ ੭੦) ੨. ਸੰ. ਘੱਟ. ਜਲਮਾਰਗ. ਪਾਣੀ ਭਰਨ ਦਾ ਰਸਤਾ. "ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ." (ਸ. ਕਬੀਰ) ਗੰਗਾ ਜਮੁਨਾ ਤੋਂ ਭਾਵ ਇੜਾ ਪਿੰਗਲਾ ਹੈ।

੩. ਰਸਤਾ. ਮਾਰਗ. "ਆਪੇ ਗੁਰੁ, ਚੇਲਾ ਹੈ ਆਪੇ, ਆਪੇ ਦਸੇ ਘਾਟੁ." (ਵਾਰ ਗੂਜ ੧. ਮਃ ੩)

੪. ਮਨ ਦੀ ਘਾੜਤ. ਸੰਕਲਪ. ਖ਼ਯਾਲ. "ਤਾਲ ਮਦੀ ਰੇ ਘਟ ਕੇ ਘਾਟ." (ਆਸਾ ਮਃ ੧) ੫. ਅਸਥਾਨ. ਜਗਹਿ. "ਨਾਨਕ ਕੇ ਪ੍ਰਭੁ ਘਟਿ ਘਟੇ ਘਟਿ ਹਰਿ ਘਾਟ." (ਕਾਨ ਮਃ ੪. ਪੜਤਾਲ)

੬. ਵਿ- ਘੱਟ. ਕਮ. ਨਜੂਨ. "ਘਾਟ ਨ ਕਿਨ ਹੀ ਕਹਾਇਆ." (ਸ੍ਰੀ ਅਃ ਮਃ ੫) ੭. ਦੇਖੋ, ਘਾਠ.

ਘਾਟਾ: ਸੰਗਯਾ- ਕਮੀ. ਤੋਟਾ। ੨. ਪਹਾੜੀ ਰਸਤਾ. ਘੱਟ. "ਘਾਟਾ ਰੋਕਲੇਹੁ ਦਿਨ ਠਾਢੇ." (ਗੁਪ੍ਰਸੂ) ੩. ਦੇਖੋ, ਘਾਠਾ.

ਘਾਟਿ: ਘਾਟ (ਰਾਹ) ਵਿੱਚ. ਮਾਰਗ ਮੇ. "ਜਾਉ ਨ ਜਮ ਕੈ ਘਾਟਿ." (ਮਲਾ ਮਃ ੫) ੨. ਸੰਗਯਾ- ਨਜੂਨਤਾ. ਕਮੀ. ਦੇਖੋ, ਵਾਧਿ.

ਘਾਟੀ: ਸੰਗਯਾ- ਪਤਲਾ ਖੱਦਰ। ੨. ਪਹਾੜੀ ਰਾਹ ਪਰਬਤ ਦਾ ਦਰਾ. "ਘਾਟੀ ਚੜਤ ਬੈਲ ਇਕੁ ਥਾਕਾ." (ਗਉ ਕਬੀਰ)

ਪਾਪਰੂਪੀ ਬੈਲ ਨਾਮ ਦਾ ਅਭ੍ਯਾਸਰੂਪ ਘਾਟੀ ਚੜ੍ਹਦਾ ਹੁਣ ਸਫਰ ਕਰਨੋਂ ਠਹਿਰ ਗਿਆ ਹੈ.

ਘਾਟੀਂ: ਘਾਟੀਆਂ ਵਿੱਚ. ਦੇਖੋ, ਚੰਚਲਚੀਤ.

ਘਾਟੁ: ਦੇਖੋ, ਘਾਟ.

ਘਾਟੇ ਘਾਟ: ਕ੍ਰਿ. ਵਿ- ਰਸਤੇ ਰਸਤੇ. ਰਾਹੇ ਰਾਹ। ੨. ਹਰੇਕ ਰਸਤੇ ਵਿੱਚ। ੩. ਤੋਟਾ ਹੀ ਤੋਟਾ. ਘਾਟਾ ਹੀ ਘਾਟਾ. "ਬਿਨੁ ਗੁਰੁ ਘਾਟੇ ਘਾਟ." (ਸਿਧਗੋਸਟਿ)

ਘਾਟੈ: ਘਟਦਾ ਹੈ. ਕਮ ਹੁੰਦਾ ਹੈ. "ਮਾਨੁ ਮਹਤੁ ਜਸੁ ਘਾਟੈ." (ਗੂਜ ਮਃ ੫)

ਘਾਟੋ: ਦੇਖੋ, ਘਾਟਾ.

ਘਾਠ: ਸੰ. ਵਾਟ੍ਯ. ਸੰਗ੍ਯਾ- ਛਿਲਕਾ ਉਤਾਰਕੇ ਭੁੰਨੇ ਹੋਏ ਜੌਂ.

ਘਾਠਾ: ਸੰਗ੍ਯਾ- ਭੁੰਨੇ ਹੋਏ ਜੌਂ (ਘਾਠ) ਉਬਾਲਕੇ ਉਨ੍ਹਾਂ ਦਾ ਕੱਢਿਆ ਹੋਇਆ ਗਾੜ੍ਹਾ ਜਲ. ਆਸ਼ੇ ਜੌ.

ਘਾਠੋ: ਸੰਗ੍ਯਾ- ਘਾਟਾ। ੨. ਵਿੱਪਤਿ. ਮੁਸੀਬਤ. "ਤਾਤ ਭਯੋ ਜਬ ਘਾਠੋ." (ਕ੍ਰਿਸਨਾਵ) ਜਦ ਬ੍ਰਹਮਾ ਨੂੰ ਮੁਸੀਬਤ ਪਈ.

ਘਾਣ: ਸੰਗ੍ਯਾ- ਘਨ. ਗਾੜ੍ਹਾ ਚਿੱਕੜ, ਜੋ ਲਿਪਾਈ ਲਈ ਬਣਾਇਆ ਜਾਂਦਾ ਹੈ। ੨. ਕੋਲ੍ਹੂ ਆਦਿਕ ਵਿੱਚ ਜੋ ਇੱਕ ਵਾਰ ਪੀੜਨ ਲਈਂ ਵਸਤੁ ਸਮਾ ਸਕੇ, ਉਤਨਾ ਪ੍ਰਮਾਣ। ੩. ਯੁੱਧ. ਜੰਗ. "ਇਸ ਕਾ ਬਾਪ ਮੁਯੋ ਵਿੱਚ ਘਾਣ." (ਪ੍ਰਾਪੰਪ੍ਰ) ੪. ਵਿ- ਸਭ. ਤਮਾਮ ਕੁੱਲ.

ਘਾਣਿ, ਘਾਣੀ: ਸੰਗ੍ਯਾ- ਦੇਖੋ, ਘਾਣ ੪. "ਸਭਿ ਰੋਗ ਗਵਾਏ ਦੁਖਾ ਘਾਣਿ." (ਵਾਰ ਸੋਰ ਮਃ ੪) ੨. ਘਾਣ ਦਾ ਇਸਤ੍ਰੀ ਲਿੰਗ ਦੇਖੋ, ਘਾਣ ੨. "ਲੇਖਾ ਧਰਮ ਭਇਆ ਤਿਲੁ ਪੀੜੇ ਘਾਣੀ." (ਬਿਹਾ ਛੰਤ ਮਃ ੫) ੨. ਦੇਖੋ, ਘਾਣ ੧. "ਰਣ ਵਿਚ ਘੱਤੀ ਘਾਣੀ ਲੋਹੂ ਮਿੰਜ ਦੀ." (ਚੰਡੀ ੩) ੪. ਸਿੰਧੀ. ਘਾਣੀ. ਵਿਪਦਾ. ਮੁਸੀਬਤ.

ਘਾਣੀ ਪੀੜਨਾ: ਕ੍ਰਿ- ਅਤਜੰਤ ਦੁੱਖ ਦੇਣਾ. ਘਾਣੀ ਵਾਂਙ ਪੀੜਨ ਕਰਨਾ. ਸਰਵਨਾਸ਼ ਕਰਨਾ।

੨. ਸਾਰ ਤਜਾਗਕੇ ਅਸਾਰ ਗ੍ਰਹਿਣ ਕਰਨਾ. "ਘਾਣੀ ਪੀੜਤੇ ਸਤਿਗੁਰ ਲੀਏ ਛਡਾਇ." (ਸ. ਕਬੀਰ) ਤੇਲੀ ਘਾਣੀ ਪੀੜਕੇ ਤੇਲ ਮਾਲਿਕ ਨੂੰ ਦਿੰਦੇ ਅਤੇ ਮਜ਼ਦੂਰੀ ਵਿੱਚ ਖਲ ਲੈਂਦੇ ਹਨ.

ਘਾਤ: ਸੰ. ਸੰਗ੍ਯਾ- ਪ੍ਰਹਾਰ. ਚੋਟ। ੨. ਤੀਰ. ਬਾਣ। ੩. ਮਾਰਨਾ. ਹਤ੍ਯਾ. "ਕਰੈ ਸੁ ਘਾਤ ਘਾਤ ਕੋ ਪਾਇ." (ਗੁਪ੍ਰਸੂ) ੪. ਦਾਉ. ਪੇਂਚ. "ਐਸ ਘਾਤ ਫਿਰ ਹਾਥ ਨ ਐਹੈ." (ਵਿਚਿਤ੍ਰ)

ਘਾਤਕ, ਘਾਤਕੀ, ਘਾਤਿਕ, ਘਾਤੀ: ਵਿ- ਘਾਤ ਕਰਨ ਵਾਲਾ. ਹਤ੍ਯਾਰਾ.

ਘਾਤੀਆ, ਘਾਤੁਕ: ਵਿ- ਮਾਰਨ ਵਾਲਾ. ਹਤ੍ਯਾਰਾ। ੨. ਦਾਉ ਲਾਉਣ ਵਾਲਾ. ਘਾਤ ਦੇਖਣ ਵਾਲਾ.

ਘਾਮ, ਘਾਂਮ, ਘਾਮਾ, ਘਾਮੁ: ਸੰ. ਧਰ੍ਮ ਘਰ੍ਮ. ਸੰਗ੍ਯਾ- ਤਪਤ. ਤਾਪ. "ਚੰਦਨ ਚੰਦ ਨ ਸਰਦ ਰੁਤਿ ਮੂਲ ਨ ਮਿਟਈ ਘਾਮ." (ਵਾਰ ਜੈਤ) ੨. ਧੁੱਪ. ਆਤਪ. "ਜੈਸੇ ਤਾਪਤੇ ਨਿਰਮਲ ਘਾਮਾ। ਤੈਸੇ ਰਾਮ- ਨਾਮ ਬਿਨੁ ਬਾਪੁਰੋ ਨਾਮਾ." (ਗੌਂਡ) ਜੈਸੇ ਨਿਰਮਲ ਘਾਮਾ (ਧੁੱਪ) ਤੋਂ ਤਾਪ ਹੁੰਦਾ ਹੈ, ਜੈਸੇ ਨਾਮ ਬਿਨ ਨਾਮਾ ਸੰਤਪਤ ਹੁੰਦਾ ਹੈ। ੩. ਮੁੜ੍ਹਕਾ. ਪਸੀਨਾ.

ਘਾਯ: ਦੇਖੋ, ਘਾਇ। ੨. ਘਾਉ. ਫੱਟ.

ਘਾਯਲ: ਦੇਖੋ, ਘਾਇਲ.

ਘਾਰ: ਸੰਗ੍ਯਾ- ਪਾਣੀ ਦੇ ਬਹਾਉ ਨਾਲ ਮਿੱਟੀ ਕਟਕੇ ਬਣਿਆ ਹੋਇਆ ਚਿੰਨ. ਘਾਰਾ। ੨. ਘਰ ਦੀ ਥਾਂ ਭੀ ਘਾਰ ਸ਼ਬਦ

ਆਇਆ ਹੈ। "ਤਿਤੇ ਘਾਰ ਘਾਲੇ." (ਚੰਡੀ ੨) ਉਤਨੇ ਹੀ ਘਰ ਗਾਲੇ। ੩. ਇੱਕ ਰੋਗ. صدر ਸਦਰ. Giddiness. ਘਾਰ ਨਾਲ ਸਿਰ ਨੂੰ ਘੁਮੇਰੀ ਆਉਂਦੀ ਹੈ, ਅੱਖਾਂ ਅੱਗੇ ਅੰਧੇਰਾ ਛਾ ਜਾਂਦਾ ਹੈ ਇਸ ਦੇ ਕਾਰਣ ਹਨ- ਲਹੂ ਦੀ ਖਰਾਬੀ, ਮੇਦੇ ਦੀ ਕਮਜ਼ੋਰੀ, ਕਬਜ਼, ਬਹੁਤ ਮੈਥੁਨ, ਨਸ਼ਿਆਂ ਦਾ ਜਾਦਾ ਵਰਤਣਾ, ਦਿਲ ਅਤੇ ਗੁਰਦੇ ਦੀਆਂ ਬੀਮਾਰੀਆਂ ਦਾ ਹੋਣਾ, ਬਹੁਤ ਰੋਣਾ, ਰਿਤੁ ਬਹੁਤ ਆਉਣੀ, ਬੱਚੇ ਨੂੰ ਚਿਰ ਤੀਕ ਦੁੱਧ ਚੁੰਘਾਉਂਦੇ ਰਹਿਣਾ ਆਦਿਕ.

ਇਸ ਦਾ ਉੱਤਮ ਇਲਾਜ ਹੈ ਕਿ ਅੰਤੜੀ ਸਾਫ ਰੱਖੀ ਜਾਵੇ, ਮਲ ਜਮਾ ਨਾ ਹੋਵੇ, ਮੇਦਾ ਗੰਦਾ ਹੋਣਾ ਨਾ ਪਾਵੇ, ਹਲਕੀ ਗਿਜਾ ਅਤੇ ਉੱਤਮ ਫਲ ਖਾਧੇ ਜਾਣ.

ਚਿੱਟਾ ਚੰਨਣ ਨੌ ਮਾਸ਼ੇ ਗੁਲਾਬ ਵਿੱਚ ਘਸਾਕੇ ਪੀਣਾ, ਧਨੀਆ ਗੁਲਾਬ ਵਿੱਚ ਰਗੜਕੇ ਸ਼ਹਿਦ ਮਿਲਾਕੇ ਚੱਟਣਾ, ਆਉਲੇ ਦਾ ਮੁਰੱਬਾ ਚਾਂਦੀ ਦਾ ਵਰਕ ਲਾਕੇ ਖਾਣਾ ਅਤੇ ਕੱਦੂ ਦੇ ਬੀਜਾਂ ਦਾ ਸ਼ਰਬਤ ਪੀਣਾ, ਗੁਣਕਾਰੀ ਹਨ.

ਘਾਰੀ: ਸੰਗਯਾ- ਖੂਹ ਦੀ ਮਣ ਵਿੱਚ ਹੋਇਆ ਸੁਰਾਖ਼. ਆਸ ਪਾਸ ਦਾ ਜਲ ਜਦ ਜ਼ੋਰ ਕਰਦਾ ਹੈ ਤਦ ਕਮਜ਼ੋਰ ਚਿਣਾਈ ਨੂੰ ਘਾਰਕੇ ਰਸਤਾ ਕਰ ਲੈਂਦਾ ਹੈ। ੨. ਪਸ਼ੂ ਬਨ੍ਹਣ ਲਈ ਬਣਾਇਆ ਛੱਪਰ। ੩. ਦੇਖੋ, ਕੂਲਘਾਰੀ। ੪. ਵਿ- ਘਾਤ ਕਰਨ ਵਾਲੀ. ਹਤਯਾਰੀ. "ਮੇਦ ਏਸਣੀ ਆਦਿ ਉਚਰੀਐ। ਘਾਰੀ ਅੰਤ ਸਬਦ ਕਹੁ ਧਰੀਐ." (ਸਨਾਮਾ) ਮੇਦਾ (ਮੇਦਿਨੀ) ਈਸ਼ (ਰਾਜਾ), ਉਸ ਦੀ ਸੈਨਾ, ਉਸ ਦੇ ਨਾਸ਼ ਕਰਨ ਵਾਲੀ (ਘਾਰੀ) ਬੰਦੂਕ਼.

ਘਾਲ: ਸੰਗਯਾ- ਦੇਖੋ, ਘਾਲਣਾ. ੨. ਸੇਵਾ. ਟਹਿਲ. "ਘਾਲਿ ਸਿਆਣਪ ਉਕਤਿ ਨ ਮੇਰੀ." (ਰਾਮ ਅ: ਮ: ੫) ੩. ਮਿਹਨਤ. ਮੁਸ਼ੱਕਤ. "ਸਾਧ ਕੈ ਸੰਗਿ ਨਹੀ ਕਛੁ ਘਾਲ." (ਸੁਖਮਨੀ) ੪. ਕਰਣੀ. ਕਮਾਈ. "ਪਹੁਚਿ ਨ ਸਾਕਉ ਤੁਮਰੀ ਘਾਲ." (ਬਿਲਾ ਮ: ੫) ੫. ਵਿਨਾਸ਼. ਵਧ। ੬. ਦੁੱਧ ਨੂੰ ਉਬਾਲਣ ਸਮੇਂ ਵਿੱਚ ਮਿਲਾਇਆ ਪਾਣੀ. ਹੰਘਾਲ. ਆਵਟਣੁ.

ਘਾਲਕ: ਵਿ- ਵਿਨਾਸ਼ਕ। ੨. ਪ੍ਰੇਰਕ. ਚਲਾਉਣ ਵਾਲਾ. "ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨ ਕਾਲ." (ਜਾਪੁ) ੩. ਡਾਲਨੇਵਾਲਾ. ਪਾਉਣਵਾਲਾ। ੪. ਭੇਜਣ ਵਾਲਾ.

ਘਾਲਣਾ: ਕ੍ਰਿ- ਭੇਜਣਾ. ਘੱਲਣਾ. "ਮਤ ਘਾਲਹੁ ਜਮ ਕੀ ਖਬਰੀ." (ਬਿਲਾ ਕਬੀਰ) ੨. ਤਬਾਹ ਕਰਨਾ. ਬਰਬਾਦ ਕਰਨਾ. "ਆਪਿ ਗਏ ਅਉਰਨ ਹੂੰ ਘਾਲਹਿ." (ਗਉ ਕਬੀਰ) ੩. ਮਿਹਨਤ ਕਰਨਾ. "ਕਈ ਕੋਟਿ ਘਾਲਹਿ ਥਕਿਪਾਹਿ." (ਸੁਖਮਨੀ) ੪. ਪ੍ਰਹਾਰ ਕਰਨਾ. ਵਾਰ ਕਰਨਾ. "ਇਸੈ ਤੁਰਾਵਹੁ ਘਾਲਹੁ ਸਾਟਿ." (ਗੌਂਡ ਕਬੀਰ) ੫. ਡਾਲਨਾ. ਪਾਉਣਾ. ਮਿਲਾਉਣਾ. "ਜਿਸ ਕਾ ਸਾ ਤਿਸੁ ਘਾਲਣਾ" (ਮਾਰੂ ਸੋਲਹੇ ਮ: ੫) ੬. ਸੰਗਯਾ- ਕਮਾਈ. "ਇਹੁ ਭਗਤਾ ਕੀ ਘਾਲਣਾ." (ਮਾਰੂ ਸੋਲਹੇ ਮ: ੫)

ਘਾਲਤ: ਮਿਹਨਤ ਕਰਦਾ ਹੈ. "ਆਨ ਜੰਜਾਰ ਬ੍ਰਿਥਾ ਸ੍ਰਮ ਘਾਲਤ." (ਸਾਰ ਮ: ੫) ੨. ਭੇਜਦਾ ਹੈ। ੩. ਨਾਸ਼ ਕਰਦਾ ਹੈ। ੪. ਪਾਉਂਦਾ ਹੈ. ਡਾਲਤਾ ਹੈ.

ਘਾਲਨਾ: ਦੇਖੋ, ਘਾਲਣਾ.

ਘਾਲਿ: ਘਾਲ (ਮਿਹਨਤ) ਕਰਕੇ. "ਘਾਲਿ ਖਾਇ ਕਿਛੁਹ ਹਥਹੁ ਦੇਇ." (ਵਾਰ ਸਾਰ ਮ: ੧) ੨. ਡਾਲਕਰ. ਪਾਕੇ.

ਘਾਲਿਓ: ਤਬਾਹ ਕੀਤਾ. ਬਰਬਾਦ ਕੀਤਾ. "ਬੂਡੀ! ਘਰ ਘਾਲਿਓ।" (ਧਨਾ ਛੰਤ ਮ: ੧) ੨. ਘੱਲਿਆ. ਭੇਜਿਆ। ੩. ਡਾਲਿਆ. ਪਾਇਆ.

ਘਾਲਿਓਨੁ: ਉਸ ਨੇ ਲੈ ਕੀਤਾ ਹੈ. ਸਮੇਟਿਆ ਹੈ. "ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ." (ਵਾਰ ਸੋਰ ਮ: ੪) ੨. ਪਾਇਆ ਹੈ। ੩. ਉਸ ਨੇ ਕਮਾਇਆ ਹੈ.

ਘਾਲਿਆ: ਸੇਵਿਆ. ਕਮਾਇਆ. "ਤੇਰਾ ਘਾਲਿਆ ਸਭ ਥਾਇਪਾਈ." (ਗੌਂਡ ਮ: ੪) ੨. ਦੇਖੋ, ਘਾਲਿਓ.

ਘਾਲਿਕ: ਦੇਖੋ, ਘਾਲਕ.

ਘਾਲੀ: ਘਾਲ (ਸੇਵਾ) ਲਈ. "ਸੋ ਕੰਮ ਸੁਹੇਲਾ ਜੋ ਤੇਰੀ ਘਾਲੀ." (ਮਾਝ ਮਃ ੫) ੨. ਦੇਖੋ, ਘਾਲਣਾ। ੩. ਡਾਲੀ ਪਾਈ। ੪. ਘੱਲੀ. ਭੇਜੀ। ੫. ਘਾਲ (ਸੇਵਾ) ਕਰਨ ਵਾਲਾ.

ਘਾਲੀਅਨੁ: ਪਾਈਦੇ ਹਨ। ੨. ਘਾਲਣਾ ਕੀਤੀ. "ਆਪੇ ਸੇਵ ਘਾਲੀਅਨੁ." (ਵਾਰ ਸ੍ਰੀ ਮਃ ੪)

ਘਾਲੈ: ਘਾਲਨਾ ਕਰਦਾ ਹੈ। ੨. ਪਾਉਂਦਾ ਹੈ. ਡਾਲਤਾ ਹੈ. "ਹਮਰੀ ਭੂਮਿ ਕਉਣੁ ਘਾਲੈ ਪੈਰ?" (ਗਉ ਮਃ ੫) ੩. ਕਮਾਵੇ. ਘਾਲਨਾ ਕਰੇ. "ਘਾਲ ਸੇਵਕ ਜੇ ਘਾਲੈ." (ਆਸਾ ਪਟੀ ਮਃ ੧) ੪. ਮਿਲਾਉਂਦਾ ਹੈ. ਜੋੜਦਾ ਹੈ. "ਪਰ ਨਾਰੀ ਸਿਉ ਘਾਲੈ ਧੰਧਾ." (ਭੈਰ ਨਾਮਦੇਵ)

ਘਾਵ: ਦੇਖੋ, ਘਾਉ.

ਘਾਵਰਿਯਾ, ਘਾਵਰੀਆ: ਘਾਵ (ਜ਼ਖ਼ਮ) ਦੀ ਦਵਾਈ ਕਰਨ ਵਾਲਾ. ਜੱਰਾਹ਼. "ਪਹੁਚਜੋ ਘਾਵਰਿਯਾ ਕੇ ਘਰ ਮੇ." (ਵਿਚਾਰਸਾਗਰ)

ਘਾੜਤ, ਘਾੜਤਿ: ਦੇਖੋ, ਘੜਤ. "ਘਾੜਤ ਤਿਸ ਕੀ ਅਪਰ ਅਪਾਰ." (ਵਾਰ ਰਾਮ ੧. ਮਃ ੧)

ਘਾੜੂ: ਵਿ- ਘੜਨ ਵਾਲਾ.

ਘਿਉ, ਘਿਅ: ਸੰ. घृत ਘ੍ਰਿਤ. ਸੰਗਯਾ- ਘੀ. "ਘਿਉ ਮੈਦਾ ਖਾਣ." (ਵਾਰ ਰਾਮ ੩) "ਘਿਅ ਪਟ ਭਾਂਡਾ ਕਹੈ ਨ ਕੋਇ." (ਤਿਲੰ ਮਃ ੧) ਘੀ ਅਤੇ ਰੇਸ਼ਮ ਨੂੰ ਕੋਈ ਭਿੱਟੜ ਨਹੀਂ ਕਹਿੰਦਾ.

ਘਿਆਂਡਾ: ਸੰਗਯਾ- ਘ੍ਰਿਤਭਾਂਡ. ਘੀ ਰੱਖਣ ਦਾ ਪਾਤ੍ਰ.

ਘਿਆਲੀ: ਵਿ- ਘ੍ਰਿਤ ਵਾਲੀ. ਘੀ ਨਾਲ ਮਿਲੀ ਹੋਈ. "ਰਸ ਅੰਮ੍ਰਿਤ ਖੀਰ ਘਿਆਲੀ." (ਵਾਰ ਰਾਮ ੩)

ਘਿਇ: ਸੰਗਯਾ- ਘ੍ਰਿਤ. ਘੀ। ੨. ਕ੍ਰਿ. ਵਿ- ਘ੍ਰਿਤ ਸੇ. ਘੀ ਨਾਲ. "ਤਿਤੁ ਘਿਇ ਹੋਮ ਜਗ ਸਦ ਪੂਜਾ." (ਵਾਰ ਮਾਝ ਮਃ ੧)

ਘਿਸਰਨਾ: ਕ੍ਰਿ- ਜ਼ਮੀਨ ਨਾਲ ਘਸ਼ੰਣ ਕਰਕੇ (ਘਸਕੇ) ਚਲਣਾ. "ਬੈਠਜੋ ਘਿਸਰ ਘਿਸਰ ਕਰ ਚਾਲਹਿ." (ਗੁਪ੍ਰਸੂ)

ਘਿਸੂਆ: ਸੰਗਯਾ- ਅਲਾਤ. ਮੁਰਿਆੜ. ਚੁਆਤੀ. "ਘਿਸੂਆ ਜਨੁ ਫੇਰਤ ਹੈਂ ਲਰਕਾ." (ਕ੍ਰਿਸਨਾਵ)

ਘਿਘ: ਸੰਗਯਾ- ਦੀਨਤਾ. ਆਜਿਜ਼ੀ। ੨. ਘਬਰਾਹਟ. ਵਯਾਕੁਲਤਾ. "ਘਿਘਕੈ ਸ੍ਰੀ ਗੁਰੁ ਨਾਮ ਉਚਾਰਾ." (ਨਾਪ੍ਰ)

ਘਿਘਿਆਉਣਾ, ਘਿਘਿਆਨਾ: ਕ੍ਰਿ- ਦੀਨਤਾ ਸਹਿਤ ਬੋਲਣਾ. ਲੇਲ੍ਹੜੀਆਂ ਕੱਢਣੀਆਂ. ਕੰਠ ਦੇ ਬੈਠਵੇਂ ਸੁਰ ਨਾਲ ਹੇਠਲਾ ਬੁਲ੍ਹ ਨੀਵਾਂ ਕਰਕੇ ਦੀਨਤਾ ਭਰੀ ਬੇਨਤੀ ਕਰਨਾ. "ਵਿਨਯ ਕਰੈ ਘਿਘਿਆਇਕੈ." (ਗੁਰੁਸੋਭਾ)

ਘਿਣ, ਘਿਣਾ: ਸੰ. घृणा ਸੰਗਯਾ- ਨਿੰਦਾ. ਹਜਵ। ੨. ਕ੍ਰਿਪਾ. ਦਯਾ। ੩. ਗਲਾਨੀ. ਘਿਨ.

ਘਿਣਾਵਣਾ: ਵਿ- ਘ੍ਰਿਣਾ ਯੋਗਯ. ਗਲਾਨੀ ਲਾਇਕ। ੨. ਨਿੰਦਾ ਯੋਗਯ.

ਘਿਣਾਵਣੇ: ਘ੍ਰਿਣਾ (ਗਲਾਨੀ) ਕਰਨ ਤੋਂ. "ਨਾ ਤੂੰ ਆਵਹਿ ਵਸਿ ਬਹੁਤ ਘਿਣਾਵਣੇ." (ਵਾਰ ਰਾਮ ੨. ਮਃ ੫) ੨. ਘਿਣਾਵਣਾ ਦਾ ਬਹੁਵਚਨ.

ਘਿਤਾ: ਸੰ. ग्रहीत ਗ੍ਰਿਹੀਤ. ਵਿ- ਗ੍ਰਹਣ ਕੀਤਾ। ੨. ਹਾਸਿਲ ਕੀਤਾ. ਪਾਇਆ. ਲੀਤਾ. "ਕਿਉ ਵੰਞੈ ਘਿਤਾ?" (ਵਾਰ ਰਾਮ ੨. ਮਃ ੫) ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾਵੇ?

ਘਿਧਾ, ਘਿਧੀ: ਗ੍ਰਿਹੀਤ. ਦੇਖੋ, ਘਿਤਾ। ੨. ਸਿੰਧੀ. ਗਿਧਾ. ਖ਼ਰੀਦਿਆ. ਮੁੱਲ ਲੀਤਾ. ਸੰ ਕ੍ਰੀਤ. "ਮੁਲਿ ਨ ਘਿਧਾ, ਮੈਕੂ ਸਤਿਗੁਰ ਦਿਤਾ." (ਵਾਰ ਰਾਮ ੨. ਮਃ ੫) ੩. ਅੰਗੀਕਾਰ ਕੀਤਾ. ਸ੍ਵੀਕਾਰ ਕੀਤੀ। ਗ੍ਰਿਹੀਤਾ. "ਬਾਹ ਪਕੜਿ ਠਾਕੁਰ ਹਉ

ਘਿਧੀ." (ਜੈਤ ਛੰਤ ਮਃ ੫)

ਘਿਨ: ਦੇਖੋ, ਘਿਣ। ੨. ਦੇਖੋ, ਘਿੱਨ.

ਘਿਨਣਾ, ਘਿਨਣੁ: ਸਿੰਧੀ. ਕ੍ਰਿ- ਲੈਣਾ. "ਕਿਆ ਕਿਆ ਘਿੰਨਾ ਤੇਰਾ ਨਾਉ ਜੀ." (ਸੂਹੀ ਮਃ ੧. ਕੁਚਜੀ) ੨. ਖ਼ਰੀਦਣਾ. ਮੁੱਲ ਲੈਣਾ. "ਸਸਤ ਵਖਰੁ ਤੂੰ ਘਿੰਨਹਿ ਨਾਹੀ." (ਆਸਾ ਮਃ ੫) "ਖੰਭ ਵਿਕਾਂਦੜੇ ਜੇ ਲਹਾ ਘਿੰਨਾ ਸਾਵੀ ਤੋਲਿ." (ਸਵਾ ਮਃ ੫) ਦੇਖੋ, ਘਿੱਨ ਧਾ.

ਘਿਨਾਰ: ਇਹ ਗਿਰਿਨਾਰ ਸ਼ਬਦ ਦਾ ਹੀ ਰੂਪ ਹੈ. ਦੇਖੋ, ਗਿਰਿਨਾਰ। ੨. ਵਿ- ਘ੍ਰਿਣਾ (ਗਲਾਨਿਨ) ਕਰਨ ਵਾਲਾ.

ਘਿੱਨ: ਸਂ. ਘ੍ਰਿਣ੍ ਧਾ- ਲੈਣਾ, ਪਕੜਨਾ (ਗ੍ਰਹਣ).

ਘਿਰ: ਸੰਗਯਾ- ਘੇਰਾ. ਚੱਕਰ. ਗੇੜਾ। ੨. ਗ੍ਰਿਹ. ਘਰ.

ਘਿਰਣਾ: ਕ੍ਰਿ- ਘੇਰੇ ਵਿੱਚ ਆਉਣਾ। ੨. ਸਿਰ ਦਾ ਘੁੰਮਣਾ. ਸਿਰ ਫਿਰਣਾ. ਸਂ ਘੂਰ੍ਣਨ.

ਘਿਰਣੀ: ਸੰਗਯਾ- ਚਰਖ਼ੀ। ੨. ਸੂਤ ਕੱਤਣ ਦਾ ਲਾਟੂ। ੩. ਘੁਮੇਰੀ. ਸਿਰ ਦਾ ਚੱਕਰ.

ਘਿਰਤ, ਘਿਰਤੁ: ਸਂ. ਘ੍ਰਿਤ ਘ੍ਰਿਤ. ਸੰਗਯਾ- ਘੀ. "ਪੰਜਵਾਂ ਪਇਆ ਘਿਰਤੁ." (ਵਾਰ ਆਸਾ)

ਘਿਰੀਆ: ਵਿ- ਘਿਰਿਆ ਹੋਇਆ (ਹੋਈ). "ਬਿਖਨਾ ਘਿਰੀਆ." (ਸੂਹੀ ਮਃ ੫. ਪੜਤਾਲ) ਵਿਸ਼ਿਆਂ ਕਰਕੇ ਪਰਿਵਾਰਿਤ.

ਘੀ, ਘੀਉ, ਘੀਅ: ਸੰਗਯਾ- ਘ੍ਰਿਤ. "ਦਾਲ ਸੀਧਾ ਮਾਗਉ ਘੀਉ." (ਧਨਾ ਧੰਨਾ)

ਘੀਆ: ਘ੍ਰਿਤ. ਘੀ. "ਸਗਲ ਦੂਧ ਮਹਿ ਘੀਆ." (ਸੋਰ ਮਃ ੫) ੨. ਘੀ ਜੇਹੀ ਗੁੱਦ ਵਾਲਾ ਕੱਦੂ.

ਘੀਸ: ਸੰਗਯਾ- ਘਸ਼ੰਣ ਤੋਂ ਹੋਈ ਲੀਕ. ਰਗੜ. ਘਸੀਟ. "ਗਹਿ ਗੋਡਨ ਤੇ ਤਬ ਘੀਸ ਦਯੋ." (ਕ੍ਰਿਸਨਾਵ) "ਘੀਸਤ ਘੀਸਤ ਊਖਲਹਿ ਕਾਨ੍ਹ ਉਧਾਰਤ ਸਾਧੁ." (ਕ੍ਰਿਸਨਾਵ) ੨. ਚੂਹੇ ਦੀ ਇੱਕ ਜਾਤਿ. ਘੀਸ ਚੂਹੇ ਨਾਲੋਂ ਬਹੁਤ ਵੱਡੀ ਹੁੰਦੀ ਹੈ. "ਘੀਸ ਗਲਉਰੇ ਲਿਆਵੈ." (ਆਸਾ ਕਬੀਰ) ਦੇਖੋ, ਫੀਲੁ.

ਘੀਸਨਾ: ਦੇਖੋ, ਘਸੀਟਣਾ.

ਘੀਜ: ਸਂ. ਗ੍ਰਹ੍ਯ ਗ੍ਰਾਹਜ. ਵਿ- ਗ੍ਰਹਣ ਕਰਨ ਯੋਗਜ. ਧਾਰਣ ਲਾਇਕ਼. "ਹਰਿ ਭਗਤੀ ਅਸਨੇਹੁ ਗੁਰਮੁਖਿ ਘੀਜਈ." (ਵਾਰ ਮਲਾ ਮਃ ੧)

ਘੁ: ਸਂ. ਧਾ- ਸ਼ਬਦ ਕਰਨਾ (ਆਵਾਜ਼ ਕਰਨਾ).

ਘੁਸ: ਸੰਗਯਾ- ਪ੍ਰਵੇਸ਼. ਦਖ਼ਲ। ੨. ਸਂ. ਘੁਸ਼੍ ਧਾ- ਸ਼ਬਦ ਕਰਨਾ, ਉਸਤਤਿ ਕਰਨਾ, ਢੰਢੋਰਾ ਦੇਣਾ, ਵਧ (ਕ਼ਤਲ) ਕਰਨਾ.

ਘੁਸਣਾ: ਕ੍ਰਿ- ਧਸਣਾ. ਪ੍ਰਵੇਸ਼ ਕਰਨਾ. ਦਾਖ਼ਿਲ ਹੋਣਾ। ੨. ਭੁੱਲਣਾ. ਚੂਕਨਾ. "ਸਤਿਗੁਰ ਕੀ ਗਣਤੈ ਘੁਸੀਐ, ਦੁਖੇਦੁਖਿ ਵਿਹਾਇ." (ਵਾਰ ਗਉ ੧. ਮਃ ੩)

ਘੁਸਰ: ਸੰਗਯਾ- ਉਹ ਸ਼ਬਦ, ਜੋ ਸਪਸ਼੍ਟ ਨਾ ਹੋਵੇ। ੨. ਦੇਖੋ, ਘੁਸਰਨਾ.

ਘੁਸਰਨਾ, ਘੁਸੜਨਾ: ਕ੍ਰਿ- ਧਸਣਾ. ਪ੍ਰਵੇਸ਼ ਕਰਨਾ. ਪੈਠਨਾ. "ਬਹਿਜਾਇ ਘੁਸਰਿ ਬਗੁਲਾਰੇ." (ਵਾਰ ਗਉ ੧. ਮਃ ੪) ਬਗੁਲੇ ਜੇਹੇ ਪਾਖੰਡੀ ਪਰਮਹੰਸਾਂ ਦੀ ਸਭਾ ਵਿੱਚ ਘੁਸੜਕੇ ਬੈਠ ਜਾਂਦੇ ਹਨ.

ਘੁਸਾਉਣਾ: ਕ੍ਰਿ- ਧਸਾਉਣਾ. ਗੱਡਣਾ। ੨. ਭੁਲਾਉਣਾ। ੩. ਟਾਲਣਾ. ਖੁੰਝਾਉਣਾ. "ਆਵਤ ਵਖਤ ਘੁਸਾਵਤ ਨਾਹੀ." (ਨਾਪ੍ਰ)

**ਘੁਸਿ:** ਘੁਸਕੇ. ਧਸਕੇ. ਦੇਖੋ, ਘੁਸਰਨਾ.

**ਘੁਸੇੜਨਾ:** ਕ੍ਰਿ- ਧਸਾਉਣਾ. ਪ੍ਰਵੇਸ਼ ਕਰਨਾ.

**ਘੁੱਕੇਵਾਲੀ:** ਜਿਲਾ ਅਮ੍ਰਿਤਸਰ, ਤਸੀਲ ਥਾਣਾ ਅਜਨਾਲਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅਮ੍ਰਿਤਸਰ ਤੋਂ ੧੫. ਮੀਲ ਉੱਤਰ ਹੈ. ਰਾਜਾਸਾਂਸੀ ਤੀਕ ਪੱਕੀ ਸੜਕ ਹੈ, ਅੱਗੇ ਚਾਰ ਮੀਲ ਕੱਚਾ ਰਸਤਾ ਹੈ. ਇੱਥੇ ਦੋ ਗੁਰਦ੍ਵਾਰੇ ਹਨ, ਜੋ ਪਹਿਲਾਂ ਪਿੰਡ 'ਸਹਿੰਸਰੇ' ਵਿੱਚ ਸਨ.

(੧) ਗੁਰੂ ਕਾ ਬਾਗ, ਸ਼੍ਰੀ ਗੁਰੂ ਅਰਜਨ ਦੇਵ ਨੂੰ ਸਹਿੰਸਰੇ ਦੀ ਸੰਗਤਿ ਪ੍ਰੇਮਭਾਵ ਨਾਲ ਇੱਥੇ ਲੈ ਆਈ ਸੀ. ਗੁਰੂ ਸਾਹਿਬ ਕਈ ਦਿਨ ਰਹੇ. ਦਰਬਾਰ ਬਹੁਤ ਸੁੰਦਰ ਬਣਿਆ ਹੋਇਆ ਹੈ, ਜਿਸ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ. ਗੁਰਦ੍ਵਾਰੇ ਨਾਲ ਸੌ ਘੁਮਾਉਂ ਜ਼ਮੀਨ ਹੈ, ਜਿਸ ਵਿੱਚ ਇੱਕ ਬਾਗ ਹੈ. ਇਹ ਬਾਗ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੇ ਲਗਵਾਇਆ ਸੀ. ਪਹਿਲਾਂ ਇਸ ਗੁਰਅਸਥਾਨ ਦਾ ਨਾਉਂ 'ਗੁਰੂ ਕੀ ਰੌੜ' ਸੀ. ਹਰ ਪੂਰਨਮਾਸ਼ੀ ਅਤੇ ਅਮਾਵਸ ਨੂੰ ਮੇਲਾ ਹੁੰਦਾ ਹੈ. ਇਸੇ ਥਾਂ ਲੰਗਰ ਲਈ ਲੱਕੜਾਂ ਕੱਟਣ ਪੁਰ ਝਗੜਾ ਹੋਕੇ ਇਤਨੀ ਤਵਾਲਤ ਹੋਈ ਕਿ ਸ਼ਿਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਨੂੰ ੧੨. ਅਗਸਤ ਸਨ ੧੯੨੨ ਨੂੰ ਭਾਰੀ ਮੋਰਚਾ ਲਾਉਣਾ ਪਿਆ, ਜੋ ੧੭. ਨਵੰਬਰ ਸਨ ੧੯੨੨ ਨੂੰ ਸਮਾਪਤ ਹੋਇਆ[੪]

(੨) ਪਿੰਡ ਤੋਂ ਦੱਖਣ ਦੋ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਵੱਲੇ ਤੋਂ ਆਕੇ ਇੱਥੇ ਕੁਝ ਕਾਲ ਰਹੇ. ਉਸੇ ਵੇਲੇ ਗੁਰੂ ਕੀ ਰੌੜ ਵਿੱਚ ਬਾਗ਼ ਲਾਉਣ ਦੀ ਸੰਗਤਿ ਨੂੰ ਆਗਯਾ ਦਿੱਤੀ.

**ਘੁਗ:** ਦੇਖੋ, ਘੁਘ.

**ਘੁੰਗਚੀ:** ਸੰਗਯਾ- ਗੁੰਜਾ. ਰੱਤਕ. ਲਾਲੜੀ.

**ਘੁੰਗਟ:** ਸੰ. ਅਵਗੁੰਠਨ. ਮੁਖ ਢਕਣ ਦੀ ਕ੍ਰਿਯਾ. ਘੁੰਡ ਕੱਢਣਾ। ੨. ਮੂੰਹ ਢਕਣ ਦਾ ਵਸਤ੍ਰ. ਨਕ਼ਾਬ.

**ਘੁੰਗਣੀ:** ਦੇਖੋ, ਘੁੰਘਣੀ.

**ਘੁੰਗਰਾਰ:** ਦੇਖੋ, ਘੁੰਘਰਾਲ.

**ਘੁੰਗਰਾਰਾ:** ਵਿ- ਖ਼ਮਦਾਰ. ਪੇਚਦਾਰ. "ਕਚ ਘੁੰਗਰਾਰੰ." (ਰਾਮਾਵ) ੨. ਘੁੰਘਰੂਆਂ ਵਾਲਾ.

**ਘੁੰਘਰਾਲ:** ਦੇਖੋ, ਘੁੰਘਰਾਲ.

**ਘੁੰਗਰੂ:** ਦੇਖੋ, ਘੁੰਗਰੂ.

**ਘੁੱਗ:** ਦੇਖੋ, ਘੁਘ.

**ਘੁੱਗੀ:** ਸੰਗਯਾ- ਫ਼ਾਖ਼ਤਾ (dove).

**ਘੁਘ:** ਵਿ- ਸੰਘਣਾ. ਸਘਨ. "ਵੁਠਾ ਘੁਘ ਗਿਰਾਉ ਜੀਉ." (ਸ੍ਰੀ ਮਃ ੫. ਪੈਪਾਇ) ਪਿੰਡ ਸੰਘਣਾ ਵਸਿਆ ਹੈ. ਭਾਵ ਸ਼ੁਭ ਗੁਣਾਂ ਦੀ ਆਬਾਦੀ ਹੋਈ ਹੈ। ੨. ਸੰਗਯਾ- ਕੰਠ ਦਾ ਸੁਰ. ਗਲ ਦੀ ਆਵਾਜ਼.

**ਘੁੰਘਚੀ:** ਦੇਖੋ, ਘੁੰਗਚੀ.

**ਘੁੰਘਟ:** ਦੇਖੋ, ਘੁੰਗਟ.

**ਘੁੰਘਟ ਖੋਲ੍ਹਣਾ, ਘੁੰਘਟ ਲਾਹੁਣਾ:** ਕ੍ਰਿ- ਲੋਕਲਾਜ ਤਜਾਗਣੀ। ੨. ਨਿਰਲੱਜ ਹੋਣਾ. ਦੇਖੋ, ਘੂਘਟੁ.

ਘੁੰਘਣੀ: ਸੰਗਯਾ- ਬੱਕੁਲੀ. ਜਲ ਵਿੱਚ ਉਬਾਲਿਆ ਹੋਇਆ ਅੰਨ.

ਘੁੰਘਣੀਆਸਿੰਘ: ਜਦ ਦਸ਼ਮੇਸ਼ ਭਗਤੇ ਪਿੰਡ (ਰਾਜ ਫਰੀਦਕੋਟ) ਉਤਰੇ ਹੋਏ ਸਨ, ਤਦ ਇੱਕ ਪ੍ਰੇਮੀ ਸਿੱਖ ਆਪਣੇ ਲੜਕੇ ਦੇ ਸਿਰ ਘੁੰਘਣੀਆਂ ਚੁਕਵਾਕੇ ਲਿਆਇਆ. ਕਲਗੀਧਰ ਨੇ ਪੁੱਛਿਆ ਕਿ ਲੜਕੇ ਦਾ ਨਾਉਂ ਕੀ ਹੈ. ਸਿੱਖ ਨੇ ਬੇਨਤੀ ਕੀਤੀ ਕਿ ਮਹਾਰਾਜ, ਅਜੇ ਨਾਉਂ ਕੁਝ ਨਹੀਂ ਰੱਖਿਆ. ਗੁਰੂ ਸਾਹਿਬ ਨੇ ਅਮ੍ਰਿਤ ਛਕਾਕੇ ਘੁੰਘਣੀਆਸਿੰਘ ਨਾਉਂ ਥਾਪਿਆ.

ਘੁਘਨਾ: ਵਿ- ਸਘਨ. ਸ਼ੰਘਣਾ। ੨. ਘੂਕ (ਉੱਲੂ) ਸਮਾਨ. ਘੁਘੂ ਦੀ ਤਰਾਂ. "ਮਾਇਆ ਮਗਨ ਭ੍ਰਮਤ ਘੁਘਨਾ." (ਸਵੈਯੇ ਸ੍ਰੀ ਮੁੱਖਵਾਕ ਮਃ ੫)

ਘੁੰਘਰ: ਸੰਗਯਾ- ਪੇਂਚ. ਵਲ. ਖ਼ਮ। ੨. ਘੁੰਘਰੂ. ਛੁਦ੍ਰਘੰਟਾ. "ਧੁਨੰ ਘੁੰਘਰਾਣੰ." (ਵਿਚਿਤ੍ਰ)

ਘੁੰਘਰਾਰ: ਦੇਖੋ, ਘੁੰਘਰਾਲ। ੨. ਵਿ- ਪੇਚਦਾਰ. ਖ਼ਮਦਾਰ. ਮਰੋੜੀਦਾਰ.

ਘੁੰਘਰਾਰਾ: ਵਿ- ਪੇਚਦਾਰ. ਮਰੋੜੀਦਾਰ. ਵਲਦਾਰ.

ਘੁੰਘਰਾਲ: ਸੰਗਯਾ- ਘੁੰਘਰੂਆਵਲਿ. ਘੁੰਘਰੂ (ਛੋਟੇ ਘੰਟੇ) ਹਨ ਜਿਸ ਵਿੱਚ ਬਹੁਤੇ, ਅਜਿਹਾ ਭੂਸ਼ਣ.

ਘੁੰਘਰਾਲਾ: ਸੰਗਯਾ- ਘੁੰਘਰਾਲ ਵਾਲਾ। ੨. ਦੇਖੋ, ਘੁੰਘਰਾਰਾ.

ਘੁੰਘਰੂ: ਸੰਗਯਾ- ਛੋਟਾ ਘੰਟਾ. ਮੰਜੀਰ. "ਘੁੰਘਰੂ ਵਾਜੈ ਜੇ ਮਨੁ ਲਾਗੈ." (ਆਸਾ ਮਃ ੧) ਜੈਸੇ ਲੈ ਤਾਰ ਨਾਲ ਨ੍ਰਿੱਤ ਸਮੇਂ ਘੁੰਘਰੂ ਵਜਦਾ ਹੈ, ਜੇ ਇਸੇ ਤਰਾਂ ਮਨ ਭੀ ਲਗ ਜਾਵੇ.

ਘੁਘਿ, ਘੁਘੁ: ਦੇਖੋ, ਘੁਘ.

ਘੁਘੂ: ਸੰ. ਘੂਕ. ਸੰਗਯਾ- ਉੱਲੂ. "ਘੁਘੂ ਸੁਝ ਨ ਸੁਝਈ." (ਭਾਗੁ) ਘੁਘੂ (ਉੱਲੂ) ਨੂੰ ਸੁਝ (ਸੂਰਯ) ਨਹੀਂ ਸੁਝਦਾ (ਦਿਖਾਈ ਦਿੰਦਾ).

ਘੁੰਘ੍ਰ: ਦੇਖੋ, ਘੁੰਘਰ.

ਘੁਟ: ਸੰ. ਘੁਟ੍. ਧਾ- ਲੌਟਣਾ (ਪਰਤਣਾ), ਬਦਲਣਾ, ਮਾਰਨਾ (ਵਧ ਕਰਨਾ), ਰੋਕਣਾ, ਰਖਯਾ ਕਰਨਾ। ੨. ਸੰਗਯਾ- ਜਲ ਦੁੱਧ ਆਦਿ ਪਦਾਰਥ ਦਾ ਉਤਨਾ ਪ੍ਰਮਾਣ ਜੋ ਇੱਕ ਵਾਰ ਮੂੰਹ ਵਿੱਚ ਆ ਸਕੇ. ਘੂਟ। ੩. ਦੇਖੋ, ਘੁੱਟਣਾ. "ਤੇ ਸਾਕਤ ਨਰ ਜਮਿ ਘੁਟੀਐ." (ਗਉ ਮਃ ੪)

ਘੁਟਣਾ, ਘੁਟਨਾ: ਕ੍ਰਿ- ਨਿਪੀਡਨ. ਦਬਾਉਣਾ। ੨. ਸੰਗਯਾ- ਜ਼ਾਨੂ. ਗੋਡਾ.

ਘੁਟਾਈ: ਸੰਗਯਾ- ਘੋਟਣ ਦੀ ਕ੍ਰਿਯਾ। ੨. ਘੋਟਣ ਦੀ ਮਜ਼ਦੂਰੀ.

ਘੁਟਿ: ਘੁੱਟ (ਨਿਪੀੜ) ਕੇ. "ਘੁਟਿ ਘੁਟਿ ਜੀਆ ਖਾਵਣੇ." (ਸੂਹੀ ਮਃ ੧)

ਘੁਟੁੰਨਾ: ਸੰਗਯਾ- ਘੁਟਨਿਆਂ (ਗੋਡਿਆਂ) ਦੇ ਢੱਕਣ ਦਾ ਵਸਤ੍ਰ. ਪਜਾਮਾ.

ਘੁਟੂਆ: ਕ੍ਰਿ. ਵਿ- ਘੁਟਨੇ ਬਲ. ਗੋਡਣੀਏਂ. "ਕਾਨ੍ਹ ਚਲੇ ਘੁਟੂਆ ਘਰ ਭੀਤਰ." (ਕ੍ਰਿਸਨਾਵ)

ਘੁੱਟਣਾ: ਨਿਪੀੜਨ. ਦੇਖੋ, ਘੁਟਣਾ ੧.

ਘੁੱਟੀ: ਸੰਗਯਾ- ਜਨਮ ਸਮੇਂ ਬਾਲਕ ਨੂੰ ਜਿਸ ਔਖਧ ਦੀ ਘੁੱਟ ਦਿੱਤੀ ਜਾਂਦੀ ਹੈ. ਜੰਮਣਘੁੱਟੀ. ਗੁੜ੍ਹਤੀ. "ਘੁੱਟੀ ਵੱਟੀ ਦੇਇ ਨਿਹਾਰੇ." (ਭਾਗੁ) ਘੁੱਟੀ ਵਿੱਚ ਇਨ੍ਹਾਂ ਵਸਤੂਆਂ ਦਾ ਮੇਲ ਹੁੰਦਾ ਹੈ- ਵਡੀ ਹਰੜ, ਸਨਾ, ਇੰਦ੍ਰਜੌਂ, ਅੰਮਲਤਾਸ ਦੀ ਗੁੱਦ, ਜਵਾਇਣ, ਸੌਂਫ ਅਤੇ ਮੁਨੱਕਾ ਦਾਖ.

ਘੁੰਡ: ਦੇਖੋ, ਘੁੰਗਟ.

ਘੁੰਡੀ: ਸੰਗਯਾ- ਮਰੋੜੀ. ਵੱਟ. "ਘੁੰਡੀ ਬਿਨ ਕਿਆ ਗੰਠਿ ਚੜਾਈਐ?" (ਗੌਂਡ ਕਬੀਰ) ੨. ਬਟਨ ਅਥਵਾ ਡੋਡੀ ਫਸਾਉਣ ਦੀ ਮਰੋੜੀ. ਜੈਸੇ ਕੁੜਤੇ ਆਦਿ ਦੀ ਘੁੰਡੀ। ੩. ਗੁਲਝਣ. ਮੁਸ਼ਕਲ ਨਾਲ ਹੱਲ ਹੋਣ ਵਾਲੀ ਗੱਲ। ੪. ਦਿਲ ਵਿੱਚ ਪਈ ਗੱਠ.

ਘੁਣ, ਘੁਣਾ: ਸੰ. ਘੁਣ੍ ਧਾ- ਘੁੰਮਣਾ, ਫਿਰਨਾ ਲੋਟਣਾ। ੨. ਸੰਗਯਾ- ਵਜ੍ਰਕੀਟ. ਲਕੜੀ ਦਾ ਕੀੜਾ. "ਜਿਉ ਘੁਣ ਖਾਧੀ ਲੱਕੜੀ." (ਭਾਗੁ)

ਘਣਾਙਰ ਨਜਾਯ: ਦੇਖੋ, ਨਜਾਯ.

ਘੁਥਣਾ, ਘੁਥਨਾ: ਕ੍ਰਿ- ਚੂਕਨਾ. ਖ਼ਤਾ ਖਾਣੀ. ਘੁੱਸਣਾ. "ਖਸਮਹੁ ਘੁਥੀਆ ਫਿਰਹਿ ਨਿਮਾਣੀਆਂ." (ਸ੍ਰੀ ਮਃ ੧. ਜੋਗੀ ਅੰਦਰ)

ਘੁਥਾ: ਵਿ- ਘੁੱਸਿਆ ਹੋਇਆ. ਭੁੱਲਿਆ ਹੋਇਆ. "ਮੁੰਢਹੁ ਘੁਥਾ ਜਾਇ." (ਵਾਰ ਆਸਾ ਮਃ ੨)

ਘੁੱਦਾ: ਜਦ ਦਸ਼ਮੇਸ਼ ਮਾਲਵੇ ਵਿੱਚ ਕੋਠੇ ਅਤੇ ਮਲੂਕੇ ਪਿੰਡ ਦੇ ਵਿਚਕਾਰ ਵਿਰਾਜੇ ਹੋਏ ਸਨ, ਤਦ ਇੱਕ ਦਿਵਾਨਾ ਸਾਧ ਪਹਿਰੇਬਰਦਾਰ ਦੇ ਵਰਜਣ ਤੇ ਭੀ ਗੁਰੂਸਾਹਿਬ ਦੇ ਤੰਬੂ ਵਿੱਚ ਦਾਖਿਲ ਹੋਣ ਲੱਗਾ, ਜਿਸ ਕਰਕੇ ਸਿਪਾਹੀ ਨੇ ਉਸ ਨੂੰ ਅਜੇਹਾ ਮਾਰਿਆ ਕਿ ਉਹ ਮਰ ਗਿਆ. ਉਸ ਦਾ ਬਦਲਾ ਲੈਣ ਲਈ ਦਿਵਾਨਿਆਂ ਦਾ ਮਹੰਤ ਘੁੱਦਾ ਬਾਜਕ ਦੇ ਮੁਕਾਮ ਗੁਰੂ ਸਾਹਿਬ ਪਾਸ ਪੁੱਜਾ, ਪਰ ਦਰਸ਼ਨ ਕਰਕੇ ਸ਼ਾਂਤ ਹੋ ਗਿਆ. ਇਸ ਦੇ ਸਾਥੀ ਸੁੱਖੂ ਅਤੇ ਬੁੱਧੂ ਦਿਵਾਨਿਆਂ ਨੇ ਪ੍ਰੇਮਭਾਵ ਨਾਲ ਸਤਿਗੁਰੂ ਦੀ ਸੇਵਾ ਕੀਤੀ ਅਤੇ ਪੇਂਡੂ ਧਾਰਣਾ ਦੇ ਗੀਤ ਗਾਕੇ ਸੁਣਾਏ. ਦੇਖੋ, ਬਾਜਕ.

ਘੁਨ: ਦੇਖੋ, ਘੁਣ.

ਘੁੱਨਾ: ਵਿ- ਮਨ ਦੇ ਭਾਵ ਨੂੰ ਗੁਪਤ ਰੱਖਣ ਵਾਲਾ। ੨. ਲਾਲਚੀ. ਸੰ. ਘ੍ਰਣਣ ਧਾਤੁ ਤੋਂ ਇਹ ਸ਼ਬਦ ਹੈ, ਜਿਸ ਦਾ ਅਰਥ ਹੈ ਲੈਣਾ.

ਘੁਪ: ਵਿ- ਗਾੜ੍ਹਾ. ਸੰਘਣਾ.

ਘੁਮਘਾ: ਕੁਰਬਾਨ ਹੁੰਦਾ ਹਾਂ. "ਹਮ ਨਾਮ ਵਿਟਹੁ ਸਦ ਘੁਮਘਾ." (ਸੂਹੀ ਮਃ ੪)

ਘੁਮਜਾਣਾ: ਕ੍ਰਿ- ਚੁਫੇਰੇ ਫਿਰ ਜਾਣਾ. ਪਰਿਕ੍ਰਮਾ ਕਰਨੀ. ਆਪਣੇ ਤਾਈਂ ਵਾਰ ਦੇਣਾ. "ਜਿਨਿ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿਜਾਇਆ." (ਤਿਲੰ ਮਃ ੪) "ਹਉ ਵਾਰੀ ਘੁਮਾਜਾਂਵਦਾ." (ਸ੍ਰੀ ਮਃ ੫. ਪੈਪਾਇ)

ਘੁਮਡਣਾ, ਘੁਮਡਨਾ: ਕ੍ਰਿ- ਘਟਾ ਦਾ ਉਮਡਣਾ. ਘਨ ਦਾ ਉਮਡ ਕੇ ਆਉਣਾ.

ਘੁੰਮਣ: ਦੇਖੋ, ਘੂਮਨ.

ਘੁੰਮਣਘੇਰ: ਸੰਗਯਾ- ਸਿਰ (ਦਿਮਾਗ) ਦਾ ਚੱਕਰ. ਘੁਮੇਰੀ. ਘੇਰੀ। ੨. ਜਲਚਕ੍ਰਿਕਾ. ਪਾਣੀ ਦੀ ਭੌਰੀ. ਗਿਰਦਾਬ. ਭੰਵਰ. Whirlpool । ੩. ਸਮੁੰਦਰੀ ਵਾਵਰੋਲੇ ਦੇ ਕਾਰਣ ਪਾਣੀ ਵਿੱਚ ਪਿਆ ਪ੍ਰਬਲ ਘੁਮਾਉ. ਘੁੰਮਣਵਾਣੀ, ਜਿਸ ਵਿੱਚ ਪੈ ਕੇ ਜਹਾਜਾਂ ਨੂੰ ਭੀ ਨਿਕਲਨਾ ਔਖਾ ਹੁੰਦਾ ਹੈ. ਸਰ ਨੇਪੀਅਰ ਸ਼ਾ (Sir Napier Shaw) ਨੇ ਘੁੰਮਣਘੇਰ ਦਾ ਕਾਰਣ ਲਿਖਿਆ ਹੈ ਕਿ ਸਮੁੰਦਰ ਦੇ ਤੱਤੇ ਖੰਡਾਂ ਵਿੱਚੋਂ ਕਿਸੇ ਉੱਪਰ, ਬਹੁਤ ਸਾਰੀ ਗਰਮ ਹਵਾ ਜੋ ਡਾਢੀ ਨਮਦਾਰ ਹੁੰਦੀ ਹੈ, ਅਟਕ ਜਾਂਦੀ ਹੈ, ਜਿਸ ਕਰਕੇ ਉਹ ਹੋਰ ਬੀ ਨਮਦਾਰ ਅਤੇ ਤੱਤੀ ਹੋ ਜਾਂਦੀ ਹੈ. ਗਰਮੀ ਇਕੱਠੀ ਹੋ ਕੇ ਵਿਚਕਾਰ ਅਟਕੀ ਹੋਈ ਵਾਉ ਨੂੰ ਫੈਲਾ ਦੇਂਦੀ ਹੈ, ਅਤੇ ਐਉਂ ਉਹ ਹਵਾ ਘੱਟ ਸੰਘਣੀ ਹੋ ਕੇ ਉਤਾਂਹ ਨੂੰ ਉਠਦੀ ਹੈ. ਉੱਠਣ ਨਾਲ ਉਹ ਕੁਝ ਕੁਝ ਠੰਢੀ ਹੋ ਜਾਂਦੀ ਹੈ ਅਤੇ ਬਹੁਤ ਸਾਰੀ ਨਮੀ ਜੰਮਕੇ ਬੱਦਲ ਬਣ ਜਾਂਦੀ ਹੈ, ਅਜੇਹਾ ਹੋਣ ਤੋਂ ਬਹੁਤ ਸਾਰੀ ਗੁੱਝੀ ਗਰਮੀ ਨਿਕਲ ਜਾਂਦੀ ਅਤੇ ਹਵਾ ਦੀ ਸੰਘਣਾਈ ਘਟ ਜਾਂਦੀ ਹੈ ਅਤੇ ਥੱਲੇ ਦੀ ਥਾਂ ਕੁਝ ਖਾਲੀ ਜੇਹੀ ਹੋ ਜਾਂਦੀ ਹੈ. ਉਸ ਖਾਲੀ ਥਾਂ ਨੂੰ ਭਰਨ ਵਾਸਤੇ ਚੁਫੇਰੇ ਦੀ ਹਵਾ ਪ੍ਰਬਲ ਵੇਗ ਨਾਲ ਆਉਂਦੀ ਹੈ, ਜਿਸ ਦੀ ਚਾਲ ਪ੍ਰਤਿ ਘੰਟਾ ੧੦੦ ਤੋਂ ੩੦੦ ਮੀਲ ਤਕ ਹੁੰਦੀ ਹੈ. ਇਹੀ

ਚੱਕਰਦਾਰ ਹਵਾ (Cyclone) ਘੁੰਮਣਘੇਰ ਪੈਦਾ ਕਰਦੀ ਹੈ.

ਘੁੰਮਣਘੇਰਿ: ਘੁੰਮਣਘੇਰੀ ਵਿੱਚ। ੨. ਘੁੰਮਣਘੇਰ ਨਾਲ. ਦੇਖੋ, ਘੁੰਮਣਘੇਰ.

ਘੁੰਮਣਘੇਰੀ: ਦੇਖੋ, ਘੁੰਮਣਘੇਰ.

ਘੁੰਮਣਵਾਣੀ: ਸੰਗਯਾ- ਪਾਣੀ ਦੀ ਘੁਮੇਰੀ, ਭ੍ਰਮਰੀ. ਜਲਚਕ੍ਰਿਕਾ. "ਘਰ ਘੁੰਮਣਵਾਣੀ ਭਾਈ." (ਮਾਰੂ ਮਃ ੧) ਦੇਖੋ, ਘੁੰਮਣਘੇਰ ੨. ਅਤੇ ੩.

ਘੁੰਮਣਾ, ਘੁਮਨ: ਦੇਖੋ, ਘੂਮਨ.

ਘੁਮਨਘੇਰ: ਦੇਖੋ, ਘੁੰਮਣਘੇਰ ਅਤੇ ਘੂਮਨਘੇਰ.

ਘੁਮਰ, ਘੁੰਮਰ: ਦੇਖੋ, ਘੂਮਰ.

ਘੁੰਮਰਆਰਿ: ਦੇਖੋ, ਘੁਮਰਿਆਰਿ.

ਘੁਮਰਿ: ਦੇਖੋ, ਘੂਮਰ.

ਘੁਮਰਿਆਰਿ, ਘੁੰਮਰਿਆਰਿ: ਵਿ- ਘੁਮੇਰੀ ਪਾਉਣ ਵਾਲੀ. ਚੱਕਰ ਲਾਉਣ ਵਾਲੀ. ਗੇੜੇ ਦੇਣ ਵਾਲੀ। ੨. ਘਮੰਵਾਰਿ. ਸੰਗਯਾ- ਜ਼ਮੀਨ ਦੀ ਗਰਮੀ ਤੋਂ ਭਾਪ ਰੂਪ ਹੋਇਆ ਜਲ, ਜੋ ਹਵਾ ਵਿੱਚ ਸਰਦੀ ਦੇ ਕਾਰਣ ਗਾੜ੍ਹਾ ਹੋ ਗਿਆ ਹੈ. ਧੁੰਦ. ਨੀਹਾਰ. "ਘੁੰਮਰਿਆਰਿ ਸਿਆਲੀ ਬਣੀਆਂ ਕੇਜਮਾਂ." (ਚੰਡੀ ਵਾਰ) ਮਾਨੋ ਆਕਾਸ਼ ਵਿੱਚ ਸਿਆਲ ਦੀ ਧੁੰਦ ਛਾਈ ਹੈ, ਅਜੇਹੀਆਂ ਤਲਵਾਰਾਂ ਯੋਧਿਆਂ ਦੀਆਂ ਯੁੱਧਭੂਮਿ ਨੂੰ ਢਕ ਰਹੀਆਂ ਹਨ, ਦੇਖੋ, ਕੇਜਮ.

ਘੁਮਰੀ: ਸੰਗਯਾ- ਜਲਚਕ੍ਰਿਕਾ. ਭੌਰੀ। ੨. ਘੁਮਡੀ. ਉਮਡੀ. "ਸਯਾਮ ਘਟਾ ਘੁਮਰੀ ਘਨਘੋਰਕੈ." (ਚੰਡੀ ੨)

ਘੁਮਰੇਰੀ: ਸੰਗਯਾ- ਘੁਮਿਆਰ (ਕੁੰਭਕਾਰ) ਦੀ ਇਸਤ੍ਰੀ. "ਧੋਬਨ ਘੁਮਰੇਰੀ ਚਮਰੇਰੀ." (ਗੁਪ੍ਰਸੂ)

ਘੁਮਵਾਰਨਾ: ਕ੍ਰਿ- ਸਿਰ ਉੱਪਰ ਘੁਮਾਕੇ ਕੁਰਬਾਨੀ ਕਰਨਾ. ਸਿਰਵਾਰਨਾ ਕਰਨਾ.

ਘੁਮਾਂ: ਦੇਖੋ, ਘੁਮਾਂਉਂ.

ਘੁਮਾਉ: ਦੇਖੋ, ਘੁਮਾਂਉਂ। ੨. ਚੱਕਰ. ਫੇਰਾ. ਗੇੜਾ. ਦੇਖੋ, ਘੁਮ। ੩. ਵਿੰਗ. ਟੇਢ.

ਘੁਮਾਂਉਂ: ਸੰਗਯਾ- ਜ਼ਮੀਨ ਦਾ ਇੱਕ ਮਾਪ, ਜੋ ਅੱਠ ਕਨਾਲ ਦਾ ਹੁੰਦਾ ਹੈ. ਦੇਖੋ, ਮਿਣਤੀ.

ਘੁਮਾਉਣਾ: ਕ੍ਰਿ- ਫੇਰਨਾ. ਗੇੜਾ ਦੇਣਾ। ੨. ਕੁਰਬਾਨੀ ਲਈ ਕੋਈ ਪਦਾਰਥ ਸਿਰ ਅਥਵਾ ਸਰੀਰ ਦੇ ਚਾਰੇ ਪਾਸੇ ਫੇਰਨਾ. "ਹਉ ਸਤਿਗੁਰੁ ਵਿਟਹੁ ਘੁਮਾਇਆ." (ਸ੍ਰੀ ਮਃ ੧. ਜੋਗੀ ਅੰਦਰ) "ਸਤਿਗੁਰ ਵਿਟਹੁ ਘੁਮਾਈਆ ਜੀਉ." (ਮਾਝ ਮਃ ੪)

ਘੁਮਾਲ: ਸੰਗਯਾ- ਜੁਲਾਹੇ ਦੀ ਉਹ ਲੱਕੜ, ਜਿਸ ਵਿੱਚ ਤੰਤੂਆਂ (ਤਾਗਿਆਂ) ਦੇ ਸਿਰੇ ਫਸਾਕੇ ਉਹ ਤਾਣੀ ਤਿਆਰ ਕਰਦਾ ਹੈ.

ਘੁਮਿ: ਕ੍ਰਿ. ਵਿ- ਘੂਮਕੇ. ਲੌਟਕੇ. ਪਰਤਕੇ. "ਜੇ ਜਾਣਾ ਮਰਿਜਾਈਐ ਘੁਮਿ ਨ ਆਈਐ." (ਆਸਾ ਫਰੀਦ) "ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁਮਿ." (ਸਃ ਫਰੀਦ)

ਘੁਮਿਆਰ: ਦੇਖੋ, ਕੁੰਭਕਾਰ ਅਤੇ ਕੁਮਿਆਰ.

ਘੁੰਮੀਸਿੰਘ: ਪਿੰਡ ਕੋਟਭਾਈ (ਜ਼ਿਲਾ ਫਿਰੋਜ਼ਪੁਰ) ਵਿੱਚ ਜਦ ਦਸ਼ਮੇਸ਼ ਜੀ ਪਧਾਰੇ, ਤਦ ਰੰਗੀ ਅਤੇ ਘੁੰਮੀ ਬਾਣੀਏ ਹਾਜ਼ਿਰ ਹੋਏ. ਦਸ਼ਮੇਸ਼ ਜੀ ਨੇ ਅਮ੍ਰਿਤ ਛਕਾਕੇ ਸਿੰਘ ਸਜਾਏ.

ਘੁਮੇਰ, ਘੁਮੇਰੀ: ਸੰਗਯਾ- ਸਿਰ ਨੂੰ ਆਇਆ ਚੱਕਰ. ਗਿਰਦਣੀ.

ਘੁਮੇਰੂ: ਵਿ- ਘੁਮਾਉਣ ਵਾਲਾ। ੨. ਸੰਗਯਾ- ਉਹ ਲਾਟੂ ਜਿਸ ਨੂੰ ਘੁਮਾਕੇ ਸੂਤ ਕੱਤਿਆ ਜਾਵੇ.

ਘੁਮੰਡਚੰਦ: ਦੇਖੋ, ਘਮੰਡਚੰਦ.

ਘੁਰ: ਸੰਗਯਾ- ਗਰਜ. ਧੁਨਿ। ੨. ਘੋੜਾ. ਦੇਖੋ, ਘੁਰਸਾਰ। ੩. ਸੰ ਘੁਰ੍ ਧਾ- ਡਰਕੇ ਚਿੱਲਾਉਣਾ.

ਘੁਰਸਾਰ: ਸੰਗਯਾ- ਘੁੜ (ਘੋਟਕ) ਸ਼ਾਲਾ. ਅਸਤ੍ਬਲ. ਤਬੇਲਾ. "ਘੁਰਸਾਰਹਿਂ ਘੋਰ ਬੰਧਾਇਹੋਂ." (ਚਰਿਤ੍ਰ ੧੪੫)

ਘੁਰਕਣਾ, ਘੁਰਕਨਾ: ਕ੍ਰਿ- ਘੁਰ ਘੁਰ ਸ਼ਬਦ ਕਰਨਾ। ੨. ਘੂਰਨਾ. ਝਿੜਕਣਾ. "ਕੋਪ ਸਮੇ ਨਿਜ ਨਾਹ ਕੋ ਘੁਰਕਤ ਆਠੋ ਜਾਮ." (ਚਰਿਤ੍ਰ ੪)

ਘੁਰਕੀ: ਸੰਗਯਾ- ਝਿੜਕੀ. ਧਮਕੀ.

ਘੁਰਣਾ, ਘੁਰਨਾ: ਕ੍ਰਿ- ਗਰਜਣਾ. "ਘੁਰਨ ਘਟਾ ਅਤਿ ਕਾਲੀਆ." (ਵਾਰ ਮਾਰੂ ੨. ਮਃ ੫) "ਘੁਰੇ ਨਗਾਰੇ." (ਚੰਡੀ ੩) ੨. ਸੰਗਯਾ- ਜੰਗਲੀ ਪਸ਼ੂਆਂ ਦਾ ਘੁਰਾ. ਗ੍ਰਿਹਵਨ. ਵਨਗ੍ਰਿਹ.

ਘੁਰਰਾਟਾ, ਘੁਰੜਾਟਾ: ਸੰਗਯਾ- ਘੁਰ ਘੁਰ ਦੀ ਆਹਟ. ਘੋਰ- ਨਿਦ੍ਰਾ ਵਿੱਚ ਸੁੱਤ ਆਦਮੀ ਦੇ ਕੰਠ ਤੋਂ ਉਪਜੀ ਘਰ ਘਰ ਧੁਨੀ.

ਘੁਰਾ: ਸੰਗਯਾ- ਜੰਗਲੀ ਪਸ਼ੂਆਂ ਦਾ ਘਰ. "ਹੋਇ ਸਤਾਣਾ ਘੁਰੈ ਨ ਮਾਵੈ." (ਵਾਰ ਮਲਾ ਮਃ ੧)

ਘੁਰਾੜਾ: ਦੇਖੋ, ਘੁਰਰਾਟਾ.

ਘੁਲਣਾ, ਘੁਲਨਾ: ਕ੍ਰਿ- ਕੁਸ਼ਤੀ ਕਰਨੀ. ਮੱਲਯੁੱਧ ਕਰਨਾ। ੨. ਮਿਲਣਾ. ਰਲਣਾ. "ਜੇ ਕੀਚਨਿ ਲਖ ਉਪਾਵ ਤਾ ਕਹੀ ਨ ਘੁਲੀਐ." (ਵਾਰ ਰਾਮ ੨. ਮਃ ੫) ੩. ਹੱਲ ਹੋਣਾ। ੪. ਢਲਣਾ.

ਘੁਲਾਵੈਗੋ: ਦੇਖੋ, ਘੂਮਨਿਘੇਰਿ.

ਘੁੜ: ਸੰਗਯਾ- ਘੋਟਕ. ਘੋੜਾ. ਅਸ਼੍ਵ.

ਘੁੜਸਾਲ: ਸੰਗਯਾ- ਘੋਟਕਸ਼ਾਲਾ. ਘੋੜਿਆਂ ਦੇ ਰਹਿਣ ਦਾ ਮਕਾਨ. ਅਸਤਬਲ.

ਘੁੜਚੜ੍ਹਾ: ਸੰਗਯਾ- ਘੋੜੇ ਦਾ ਸਵਾਰ. ਘੋੜੇ ਪੁਰ ਸਵਾਰ ਹੋਇਆ ਪੁਰਖ.

ਘੁੜਦੌੜ: ਸੰਗਯਾ- ਘੋੜਿਆਂ ਦੀ ਭਾਜ। ੨. ਘੋੜਿਆਂ ਦੀ ਭਾਜ ਪਰਖਣ ਦੀ ਖੇਡ.

ਘੁੜਨਾਲ: ਸੰਗਯਾ- ਘੋੜੇ ਦੇ ਪੈਰ ਲੱਗਿਆ ਲੋਹੇ ਦਾ ਤਨਾਲ। ੨. ਦੇਖੋ, ਘੁੜਨਾਲਿਕਾ.

ਘੁੜਨਾਲਿਕਾ: ਸੰਗਯਾ- ਉਹ ਤੋਪ, ਜੋ ਘੋੜਿਆਂ ਨਾਲ ਖਿੱਚੀ ਜਾਵੇ. ਜਿਸ ਦੇ ਲੈ ਜਾਣ ਲਈ ਘੋੜੇ ਜੋਤੇ ਜਾਣ.

ਘੁੜਬਹਿਲ: ਸੰਗਯਾ- ਉਹ ਬਹਿਲੀ, ਜਿਸ ਨੂੰ ਘੋੜੇ ਜੋਤੇ ਜਾਵਨ. ਘੋੜਿਆਂ ਦਾ ਰਥ.

ਘੁੜਵਾਲ: ਸੰ. ਘੋਟਕ ਪਾਲ. ਘੋੜੇ ਦੀ ਸੇਵਾ ਕਰਨ ਵਾਲਾ ਸਾਈਸ.

ਘੁੜਾਣੀ: ਇਲਾਕਾ ਪਟਿਆਲਾ, ਨਜਾਮਤ ਸੁਨਾਮ ਵਿੱਚ ਇੱਕ ਪਿੰਡ ਹੈ. ਇੱਥੇ ਰਾਮਰਾਈਏ ਗੁਰਨਿੰਦਕ ਮਸੰਦ ਰਹਿੰਦੇ ਸਨ, ਜਿਨ੍ਹਾਂ ਨੇ ਬੁਲਾਕੀ ਸਿੰਘ ਰਾਗੀ ਦਾ ਨਿਰਾਦਰ ਕਰਕੇ ਦੁਤਾਰਾ ਭੰਨ ਦਿੱਤਾ ਸੀ. ਇਸ ਲਈ ਬੰਦਾ ਬਹਾਦੁਰ ਨੇ ਸੰਮਤ ੧੭੬੭ ਵਿੱਚ ਇਸ ਪਿੰਡ ਨੂੰ ਫ਼ਤੇ ਕੀਤਾ ਅਤੇ ਮਸੰਦਾਂ ਨੂੰ ਦੰਡ ਦਿੱਤਾ. ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਨੇ ਸੂਰਤੀਏ ਮਸੰਦ ਨੂੰ ਇਕ ਚੋਲਾ ਬਖ਼ਸ਼ਿਆ, ਜੋ ਉਸ ਦੀ ਔਲਾਦ ਪਾਸ ਹੈ. ਗੁਰਦ੍ਵਾਰੇ ਨਾਲ ੧੦. ਵਿੱਘੇ

ਜ਼ਮੀਨ ਹੈ. ਹੋਲੇ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਦੋਰਾਹੇ ਤੋਂ ਸੱਤ ਮੀਲ ਪੱਛਮ ਹੈ.

ਘੁੜਾਮ: ਪਟਿਆਲੇ ਤੋਂ ੧੨. ਕੋਹ ਅਗਨਿ ਕੋਣ ਇੱਕ ਪਿੰਡ, ਇਸ ਥਾਂ ਵਡੇ ਅਹੰਕਾਰੀ ਪਠਾਣ ਵਸਦੇ ਸਨ. ਬੰਦਾ ਬਹਾਦੁਰ ਨੇ ਖਾਲਸਾਦਲ ਨਾਲ ਇਸ ਨਗਰ ਨੂੰ ਸੰਮਤ ੧੭੬੬ ਵਿੱਚ ਫਤੇ ਕੀਤਾ.

ਘੂਸ, ਘੂੰਸ: ਸੰਗਯਾ- ਰਿਸ਼ਵਤ. ਵੱਢੀ.

ਘੂਕ: ਸੰਗਯਾ- ਗਾੜ੍ਹੀ ਨੀਂਦ (ਸੁਖੁਪਤੀ) ਦੀ ਹਾਲਤ. "ਸੁੱਤਾ ਘੂਕ." (ਪ੍ਰਾਪੰਪ੍ਰ) ੨. ਸੰ. ਉੱਲੂ. ਉਲੂਕ.

ਘੂਕਾਰਿ: ਘੂਕ (ਉੱਲੂ) ਦਾ ਵੈਰੀ ਕਾਉਂ. ਕਾਕ.

ਘੂੰਗਰ: ਦੇਖੋ, ਘੂੰਘਰ.

ਘੂਘਟ, ਘੂੰਘਟੁ: ਅਵਗੁੰਠਨ. ਘੁੰਡ. ਨਕ਼ਾਬ. ਦੇਖੋ, ਘੁੰਗਟ. "ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨ ਕਾਢੈ." (ਆਸਾ ਕਬੀਰ) "ਜਬ ਨਾਚੀ ਤਬ ਘੂਘਟੁ ਕੈਸਾ?" (ਤੁਖਾ ਮਃ ੧) "ਘੂਘਟੁ ਖੋਲਿ ਚਲੀ." (ਓਅੰਕਾਰ)

ਘੂਘਰ, ਘੂੰਘਰ: ਸੰਗਯਾ- ਘੁੰਘਰੂ. ਛੋਟਾ ਘੰਟਾ. "ਘੂਘਰ ਬਾਂਧਿ ਬਜਾਵਹਿ ਤਾਲ." (ਪ੍ਰਭਾ ਅਃ ਮਃ ੫)

"ਘੂੰਘਰ ਬਾਂਧਿ ਭਏ ਰਾਮਦਾਸਾ." (ਮਾਰੂ ਮਃ ੫)

ਘੂਟ, ਘੂੰਟ: ਦੇਖੋ, ਘੁਟ.

ਘੂਟਲਾ: ਘੁੱਟ ਲੈਂਦਾ. ਘੁੱਟ ਭਰਦਾ. "ਥਨ ਚੋਖਤਾ ਮਾਖਨ ਘੂਟਲਾ." (ਗੋਂਡ ਨਾਮਦੇਵ) ਦੇਖੋ, ਮਾਖਨ.

ਘੂਟਾ: ਘੁੱਟ ਭਰਿਆ. ਪੀਤਾ."ਹਰਿਰਸ ਘੂਟਾ." (ਸਾਰ ਮਃ ੫)

ਘੂਟੀਐ: ਘੁੱਟ ਭਰੀਏ. ਭਾਵ- ਪਾਨ ਕਰੀਏ. "ਹਰਿਰਸ ਘੂਟੀਐ." (ਬਿਲਾ ਮਃ ੫. ਪੜਤਾਲ)

ਘੂਪ: ਦੇਖੋ, ਘੁਪ। ੨. ਸਘਨ ਅੰਧਕਾਰ. ਗਾੜ੍ਹਾ ਹਨ੍ਹੇਰਾ. "ਤਮ ਅਗਿਆਨ ਮੋਹਤ ਘੂਪ." (ਬਿਲਾ ਅਃ ਮਃ ੫) ੩. ਉਲੂਕ. ਘੂਕ. ਉੱਲੂ.

ਘੂਮਣ: ਸੰ. ਘੁਮਰ੍‍ਣ੍ ਧਾ- ਚਕ੍ਰਾਕਾਰ ਘੂਮਨਾ, ਘੁਮੇਰੀ ਲੈਣੀ.

ਘੂਮਣਘੇਰੀ: ਦੇਖੋ, ਘੂਮਨਘੇਰੀ.

ਘੂਮਣਾ, ਘੂਮਨ: ਸੰ. ਘੂਣੰਨ. ਸੰਗਯਾ- ਏਧਰ ਓਧਰ ਫਿਰਨਾ. ਚੱਕਰ ਲਾਉਂਣਾ.

ਘੂਮਨਘਿਰੀਆ, ਘੂਮਨਘੇਰ, ਘੂਮਨਘੇਰਿ, ਘੂੰਮਨਘੇਰੀ, ਘੂਮਨਿਘੇਰਿ: ਸੰਗਯਾ- ਘੁੰਮਣਵਾਣੀ. ਦੇਖੋ, ਘੁੰਮਣਘੇਰ. "ਘੂਮਨਘੇਰ ਅਗਾਹ ਗਾਖਰੀ ਗੁਰਸਬਦੀ ਪਾਰ ਉਤਰੀਐ." (ਆਸਾ ਮਃ ੫) "ਘੂਮਨਘੇਰਿ ਮਹਾ ਅਤਿ ਬਿਖੜੀ." (ਰਾਮ ਅਃ ਮਃ ੫) "ਘਰੁ ਘੂਮਨਿਘੇਰਿ ਘੁਲਾਵੈਗੋ." (ਕਾਨ ਅਃ ਮਃ ੪) ੨. ਸਿਰ ਦਾ ਚੱਕਰ. ਘੁਮੇਰੀ. ਗਿਰਦਣੀ। ੩. ਭਾਵ- ਅਵਿਦਯਾ ਦਾ ਭੁਲੇਖਾ। ੪. ਚੌਰਾਸੀ ਦਾ ਗੇੜਾ.

ਘੂਮਰ, ਘੂਮਰਿ: ਸੰਗਯਾ- ਘੁਮੇਰੀ. ਚਕ੍ਰਾਕਾਰ ਫਿਰਨਾ। ੨. ਇੱਕ ਪ੍ਰਕਾਰ ਦਾ ਨਾਚ (ਨਿਤ੍ਰਯ), ਜੋ ਚਕ੍ਰਾਕਾਰ ਫਿਰਕੇ (ਘੁਮੇਰੀ ਪਾਕੇ) ਕੀਤਾ ਜਾਂਦਾ ਹੈ. "ਹਰਿਜਸੁ ਘੂਮਰਿ ਪਾਵਹੁ." (ਜੈਤ ਮਃ ੪)

ਘੂਰ: ਸੰ. ਘੂਰ੍ ਧਾ- ਹਿੰਸਾ ਕਰਨਾ, ਦੁੱਖ ਦੇਣਾ, ਪੁਰਾਣਾ ਹੋਣਾ। ੨. ਸੰਗਯਾ- ਕ੍ਰੋਧਦ੍ਰਿਸ਼੍ਟੀ ਨਾਲ ਤੱਕਣ ਦੀ ਕ੍ਰਿਯਾ.

ਘੂਰਣ: ਸੰ. ਘੂਰ੍ਣ੍ ਧਾ- ਚਕ੍ਰਾਕਾਰ ਫਿਰਨਾ, ਘੁੰਮਣਾ। ੨. ਕ੍ਰੋਧਦ੍ਰਿਸ਼੍ਟੀ ਨਾਲ ਤਾੜਨਾ.

**ਘੂਰਣਾ:** ਸੰਗਯਾ- ਕ੍ਰੋਧ ਦੀ ਨਜਰ ਨਾਲ ਤਾੜਨਾ. ਦੇਖੋ, ਘੂਰਣ ਧਾ.

**ਘੂਰਮ:** ਦੇਖੋ, ਘੂਰਣ ਧਾ। ੨. ਘੁਮੇਰ. ਸਿਰ ਦਾ ਚੱਕਰ। ੩. ਨਸ਼ੇ ਆਦਿ ਕਰਕੇ ਚਕਰਾਇਆ ਸਿਰ.

**ਘੂਰਾ:** ਸੰਗਯਾ- ਕੂੜਾ. ਸੰਬਰਣ। ੨. ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਪ੍ਰੇਮੀ ਸਿੱਖ. "ਘੂਰਾ ਲਟਕਣ ਜਾਣੀਐ." (ਭਾਗੁ) ੩. ਖਤ੍ਰੀਆਂ ਦਾ ਇੱਕ ਗੋਤ.

**ਘੂਲਨ:** ਕ੍ਰਿ- ਘੁਲਣਾ. ਹੱਲ ਹੋਣਾ. ਮਿਲਣਾ. ਅਭੇਦ ਹੋਣਾ. "ਘੂਲਹਿ ਤਉ ਮਨ ਜਉ ਆਵਹਿ ਸਰਨਾ." (ਬਾਵਨ) "ਤਉ ਪ੍ਰਸਾਦੀ ਘੁਲੀਐ." (ਜੈਤ ਛੰਤ ਮਃ ੫) "ਜਿਸੁ ਕ੍ਰਿਪਾਲੁ ਤਿਸੁ ਸਾਧ ਸੰਗਿ ਘੂਲੈ." (ਆਸਾ ਮਃ ੫)

**ਘੇਉ:** ਸੰਗਯਾ- ਘ੍ਰਿਤ. ਘੀ. "ਦਹੀ ਵਿਲੋਈ ਘੇਉ ਕਢਾਇਆ." (ਭਾਗੁ)

**ਘੇਉਰ:** ਦੇਖੋ, ਘੇਵਰ.

**ਘੇਇਯਾ:** ਦੇਖੋ, ਘੇਈਆ.

**ਘੇਈ:** ਖਤ੍ਰੀਆਂ ਦਾ ਇੱਕ ਗੋਤ੍ਰ, ਜੋ ਘੀ ਦਾ ਵਪਾਰ ਕਰਨ ਤੋਂ ਹੋਇਆ ਹੈ। ੨. ਘੀ ਦਾ ਵਪਾਰੀ। ੨. ਘੀ ਨਾਲ ਮਿਲਿਆ ਹੋਇਆ.

**ਘੇਈਆ:** ਸੰਗਯਾ- ਮੱਖਣ ਆਂਡਾ ਆਦਿਕ ਪਦਾਰਥ ਫੇਂਟਕੇ ਘੀ ਦਾ ਸ਼ਕਲ ਕੀਤਾ ਹੋਇਆ। ੨. ਰਿੜਕਣ ਸਮੇਂ ਨਰਮ ਮੱਖਣ ਨੂੰ ਲੱਸੀ ਉੱਪਰੋਂ ਇਕੱਠਾ ਕਰਕੇ ਬਣਾਇਆ ਹੋਇਆ ਪਿੰਨਾ. ਘੈਯਾ. "ਮਖਨੀ ਲੈ ਘੇਈਆ ਤਿਹ ਕਰਜੋ." (ਚਰਿਤ੍ਰ ੧੩੨)

**ਘੇਸ:** ਸੰਗਯਾ- ਮਚਲਾਪਨ। ੨. ਖਿਝ। ੩. ਕਚੀਚੀ.

**ਘੇਸਲਾ:** ਸੰਗਯਾ- ਮੋਟਾ ਡੰਡਾ. ਕੁਤਕਾ। ੨. ਉਹ ਸੋਟਾ, ਜਿਸ ਨਾਲ ਘਸ਼ੰਣ ਕਰੀਏ. ਘੋਟਣਾ.

**ਘੇਪ, ਘੇਬ:** ਫਤਹਜੰਗ ਅਤੇ ਪਿੰਡੀਘੇਬ ਦਾ ਇ਼ਲਾਕ਼ਾ, ਜੋ ਜਿਲਾ ਕੈਂਬਲਪੁਰ ਵਿੱਚ ਹੈ. [੫]

"ਧੰਨੀ ਘੇਬ ਕਿ ਪੋਠੋਹਾਰ." (ਗੁਪ੍ਰਸੂ)

**ਘੇਰ:** ਸੰਗਯਾ- ਘੁਮੇਰੀ. "ਤੀਨ ਆਵਰਤ ਕੀ ਚੂਕੀ ਘੇਰ." (ਰਾਮ ਮਃ ੫) ਤਿੰਨ ਗੁਣਾਂ ਦੀ ਘੁਮਣਵਾਣੀ ਤੋਂ ਹੋਈ ਸਿਰ (ਆਤਮਾ) ਨੂੰ ਘੁਮੇਰੀ ਮਿਟ ਗਈ. ਅਰਥਾਤ ਤ੍ਰਿਗੁਣਾਤਮਕ ਪ੍ਰਕ੍ਰਿਤੀ ਆਪਣਾ ਫਰਜ਼ ਪੂਰਾ ਕਰਕੇ ਮੁਕ੍ਤਾਤਮਾ ਤੋਂ ਉਪਰਾਮ ਹੋ ਗਈ। ੨. ਵਲਗਣ। ੩. ਚੌਫੇਰਾ. ਚੌਗਿਰਦਾ.

**ਘੇਰਣਾ:** ਕ੍ਰਿ- ਚਾਰੇ ਪਾਸਿਓਂ ਰੋਕਣਾ. ਵਲਨਾ.

**ਘੇਰਣੀ:** ਸੰਗਯਾ- ਘੁਮੇਰੀ. ਸਿਰ ਦਾ ਚੱਕਰ। ੨. ਇੱਕ ਗੋਲਾਕਾਰ ਯੰਤ੍ਰ, ਜਿਸ ਨੂੰ ਫੇਰਕੇ ਸੂਤ ਵੱਟੀਦਾ ਹੈ। ੩. ਚਰਖ਼ੀ, ਜਿਸ ਪੁਰ ਮੁਜਰਮਾਂ ਨੂੰ ਚੜ੍ਹਾਕੇ ਪੁਰਾਣੇ ਜ਼ਮਾਨੇ ਸਜ਼ਾ ਦਿੱਤੀ ਜਾਂਦੀ ਸੀ. ਦੇਖੋ, ਚਰਖੀ.

**ਘੇਰੜ:** ਇੱਕ ਖੱਤ੍ਰੀ ਗੋਤ੍ਰ. ਭਗਵਾਨਦਾਸ, ਜਿਸ ਨੇ ਸ਼੍ਰੀ ਗੋਬਿੰਦਪੁਰ (ਹਰਿਗੋਬਿੰਦਪੁਰ) ਵਿੱਚ ਛੀਵੇਂ ਸਤਿਗੁਰੂ ਦੀ ਬੇਅਦਬੀ ਕੀਤੀ ਸੀ, ਇਸੇ ਗੋਤ੍ਰ ਦਾ ਸੀ. ਦੇਖੋ, ਸ਼੍ਰੀਗੋਬਿੰਦਪੁਰ.

**ਘੇਰਾ:** ਸੰਗਯਾ- ਚਾਰੇ ਪਾਸੇ ਦੀ ਸੀਮਾ (ਹੱਦ). ੨. ਦਾਇਰਾ. ਚੱਕਰ. ਮੰਡਲ (Circumference). ੩. ਚੁਫੇਰਿਓਂ ਰੋਕਣ ਦੀ ਕ੍ਰਿਯਾ। ੪. ਕ਼ਬਜਾ. "ਮੂਆ ਕਰਤ ਜਗ ਘੇਰਾ." (ਵਿਚਿਤ੍ਰ) ਧਨ ਅਤੇ ਪ੍ਰਿਥਿਵੀ ਪੁਰ ਕ਼ਬਜ਼ਾ ਕਰਦਾ.

**ਘੇਵਰ:** ਸੰ. ਘ੍ਰਿਤਭਰ, ਘ੍ਰਿਤਪੂਰ. ਇੱਕ ਪ੍ਰਕਾਰ ਦੀ ਮਿਠਾਈ, ਜੋ ਬਹੁਤ ਘੀ ਲਗਕੇ ਬਣਦੀ ਹੈ. ਇਸਦੀ ਸ਼ਕਲ ਸ਼ਹਿਦ ਦੇ ਛੱਤੇ ਜੇਹੀ ਹੁੰਦੀ ਹੈ. "ਘੇਵਰ ਸੇਤ ਸਿਤਾ ਬਹੁ ਪਾਏ." (ਨਾਪ੍ਰ)

ਘੈਕੈ: ਕ੍ਰਿ. ਵਿ- ਘਾਇਲ (ਜ਼ਖ਼ਮੀ) ਕਰਕੇ. "ਘਾਇਨ ਕੇ ਸੰਗ ਘੈਕੈ." (ਕ੍ਰਿਸਨਾਵ) ੨. ਮਾਰਕੇ. ਘਾਤ ਕਰਕੇ.

ਘੈਣਾ: ਕ੍ਰਿ- ਘੱਲਣਾ. ਭੇਜਣਾ। ੨. ਘਾਇਲ ਕਰਨਾ.

ਘੈਰ: ਸੰਗਯਾ- ਆਕਾਸ਼ ਵਿੱਚ ਛਾਈ ਹੋਈ ਗਹਿਰ। ੨. ਨਿੰਦਾ ਦੀ ਚਰਚਾ. ਬਦਨਾਮੀ.

ਘੋਸ: ਦੇਖੋ, ਘੁਸ ਧਾ ਅਤੇ ਘੋਖ ਸ਼ਬਦ.

ਘੋਸਲਾ, ਘੋਂਸਲਾ: ਸੰਗਯਾ- ਘਾਸ- ਆਲਯ. ਘਾਸ ਦਾ ਬਣਾਇਆ ਘਰ, ਜਿਸ ਵਿੱਚ ਪੰਛੀ ਆਂਡੇ ਦਿੰਦਾ ਹੈ. ਆਹਲਣਾ. "ਘੋਸਲਾ ਮੇ ਅੰਡਾ ਤਜ ਉਡਤ ਅਕਾਸਚਾਰੀ." (ਭਾਗੁ ਕ)

ਘੋਖ: ਸੰ. ਘੋਸ਼. ਸੰਗਯਾ- ਗਰਜਨ ਦਾ ਸ਼ਬਦ. ਉੱਚੀ ਧੁਨਿ. "ਹੋਤ ਘੋਖ ਜਿੰਹ ਗਰਜ ਸੁਹਾਵਤ." (ਨਾਪ੍ਰ) ੨. ਅਹੀਰਾਂ ਦੀ ਬਸਤੀ, ਜਿੱਥੇ ਗਾਈਆਂ ਘੋਸ਼ ਕਰਦੀਆਂ (ਰੰਭਦੀਆਂ) ਹਨ। ੩. ਬੰਗਾਲੀ ਕਾਯਸ੍ਥਾਂ ਦੀ ਇੱਕ ਜਾਤਿ.

ਘੋਖਣਾ, ਘੋਖਨ, ਘੋਖਨਾ: ਸੰ. ਘੋਸ਼ਣਾ. ਸੰਗਯਾ- ਉੱਚੇ ਸੁਰ ਨਾਲ ਸੂਚਨਾ ਕਰਨੀ. ਮੁਨਾਦੀ. "ਸਿਖਾਂ ਪੁਤ੍ਰਾਂ ਘੋਖਿਕੈ." (ਵਾਰ ਰਾਮ ੩) ਦੇਖੋ, ਨੰਃ ੪. ਦਾ ਅਰਥ। ੨. ਗਰਜਨ. ਉੱਚੀ ਧੁਨਿ. "ਘਨ ਘੋਖਨ ਜਜੋਂ ਘਹਿਰਾਵਹਿਂਗੇ." (ਕਲਕੀ) ੩. ਉੱਚੀ ਆਵਾਜ਼ ਨਾਲ ਪੜ੍ਹ. "ਘੋਖੇ ਸਾਸਤ੍ਰ ਬੇਦ ਸਭ." (ਬਾਵਨ) "ਘੋਖੇ ਮੁਨਿਜਨ ਸਿਮ੍ਰਿਤਿ ਪੁਰਾਨਾ." (ਧਨਾ ਮਃ ੫) "ਚਾਰੇ ਕੁੰਡਾਂ ਘੋਖਾ." (ਧਨਾ ਮਃ ੫) ੪. ਪੋਠੋਹਾਰ ਵਿੱਚ ਘੋਖਣਾ ਦਾ ਅਰਥ ਡੂੰਘੀ ਵਿਚਾਰ ਕਰਨੀ ਹੈ.

ਘੋਖਾ: ਦੇਖੋ, ਘੋਖਣਾ.

ਘੋਖਿ: ਘੋਸ਼ਣ ਕਰਕੇ. ਪੁਕਾਰਕੇ. "ਬੇਦ ਪੁਕਾਰਹਿ ਘੋਖਿ." (ਧਨਾ ਮਃ ੫) ਦੇਖੋ, ਘੋਖਣਾ.

ਘੋਖੇ: ਦੇਖੋ, ਘੋਖਣਾ.

ਘੋਗੜ: ਸੰਗਯਾ- ਇੱਕ ਮੈਲਖਾਣਾ ਪੰਛੀ, ਜੋ ਗਿਰਝ ਦੀ ਸ਼ਕਲ ਦਾ ਹੁੰਦਾ ਹੈ. ਦੇਖੋ, ਕਲਮੁਰਗ। ੨. ਭਾਵ- ਅਭੱਖ ਖਾਣ ਵਾਲਾ। ੩. ਬੇਅਕਲ.

ਘੋਗਾ: ਇੱਕ ਜਲਜੀਵ, ਜਿਸ ਦੀ ਹੱਡੀ ਛੋਟੇ ਸੰਖ ਜੇਹੀ ਹੁੰਦੀ ਹੈ. ਸੰ. ਕੰਬੁਕ। ੨. ਨਨਹੇੜੀ ਪਿੰਡ (ਰਾਜ ਪਟਿਆਲਾ) ਦਾ ਵਸਨੀਕ ਇੱਕ ਮਸੰਦ, ਜੋ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਤੋਂ ਵੇਮੁਖ ਹੋ ਗਿਆ ਸੀ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪਟਨੇ ਤੋਂ ਆਨੰਦਪੁਰ ਨੂੰ ਆ ਰਹੇ ਸਨ, ਤਦ ਇਸ ਨੇ ਅਪਰਾਧ ਬਖਸ਼ਾਇਆ, ਅਤੇ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ. ਦੇਖੋ, ਨਨਹੇੜੀ.

ਘੋਘਰਾ: ਸੰਗਯਾ- ਜਲ ਪੁਰ ਤਰਨ ਲਈ ਹਵਾ ਨਾਲ ਭਰਿਆ ਚੰਮ ਦਾ ਥੈਲਾ. ਇਹ ਥੈਲਾ ਉੱਚੇ ਥਾਂ ਤੋਂ ਡਿਗਣ ਵੇਲੇ ਭੀ ਲੋਕ ਸ਼ਰੀਰ ਨਾਲ ਬੰਨ੍ਹ ਲੈਂਦੇ ਹਨ, ਜਿਸ ਤੋਂ ਸੱਟ ਨਹੀਂ ਵਜਦੀ. "ਬਾਂਧ ਘੋਘਰੇ ਪਵਨ ਲਖ ਕੂਦਤ ਭਯੋ ਬਨਾਯ." (ਚਰਿਤ੍ਰ ੭੨)

ਘੋਘੜ: ਦੇਖੋ, ਘੋਗੜ.

ਘੋਘਾ: ਦੇਖੋ, ਘੋਗਾ.

ਘੋਟ: ਸੰਗਯਾ- ਖਿੱਚ। ੨. ਦਬਾਉ. ਦਾਬਾ।੩ ਦੇਖੋ, ਘੋਟਣਾ। ੪. ਸੰ. ਘੋੜਾ. ਅਸ਼੍ਵ.

ਘੋਟਕ: ਵਿ- ਘੋਟਣ ਵਾਲਾ। ੨. ਸੰ. ਸੰਗਯਾ- ਘੋੜਾ.

ਘੋਟਣਾ, ਘੋਟਣੁ: ਕ੍ਰਿ- ਰਗੜਨਾ. ਪੀਸਣਾ. ਦੇਖੋ, ਘੁਟ ਧਾ। ੨. ਦੇਖੋ, ਘੇਸਲਾ ੨. ਅਤੇ ਘੋਟਨਾ ੨.

ਘੋਟਨਾ: ਦੇਖੋ, ਘੋਟਣਾ ਅਤੇ ਘੁਟ ਧਾ। ੨. ਸੰਗਯਾ- ਸੋਟਾ, ਜਿਸ ਨਾਲ ਘੋਟੀਏ. "ਭਾਂਗਘੋਟਨਾ ਹਾਥ ਸੰਭਾਰਾ." (ਚਰਿਤ੍ਰ

੩੮੦)

ਘੋਟਾ: ਸੰਗਜਾ- ਘੋਟਣ ਦਾ ਸੰਦ। ੨. ਘੋਟਣ ਦੀ ਕ੍ਰਿਯਾ.

ਘੋਟਿਮ: ਘੋਟਨੇ ਸੇ. ਘਸਾਉਣ ਤੋਂ. "ਘੋਟਿਮ ਕਾਲੜੀ ਮਸੁ." (ਸੂਹੀ ਮਃ ੧)

ਘੋਪ: ਸੰਗਜਾ- ਸਿੱਧੀ ਤਲਵਾਰ, ਜੋ ਸੋਟੀ ਵਿੱਚ ਗੋਪ ਰੱਖੀ ਜਾਂਦੀ ਹੈ. ਗੁਪਤੀ। ੨. ਵਿਨਾਸ਼. ਵਧ. "ਜਿਨੇ ਸਤ੍ਰ ਘੋਪੰ." (ਵਿਚਿਤ੍ਰ)

ਘੋਪਾ: ਸੰਗਜਾ- ਬੇਚੋਬਾ ਤੰਬੂ. ਉਹ ਤੰਬੂ ਜਿਸ ਦੇ ਵਿਚਕਾਰ ਚੋਬ ਨਹੀਂ ਹੁੰਦੀ। ੨. ਉਹ ਥਾਂ ਜਿਸ ਵਿੱਚ ਦਮ ਰੁਕੇ. ਸਾਹ ਹੁੱਟ ਹੋਵੇ.

ਘੋਰ: ਸੰਗਜਾ- ਘੋਟ. ਘੋੜਾ. "ਮ੍ਰਿਗ ਪਕਰੇ ਬਿਨ ਘੋਰ ਹਥੀਆਰ." (ਭੈਰ ਮਃ ੫) "ਘੋਰ ਬਿਨਾ ਕੈਸੇ ਅਸਵਾਰ?" (ਗੌਂਡ ਕਬੀਰ) ੨. ਸੰ. ਵਿ- ਗਾੜ੍ਹਾ. ਸੰਘਣਾ। ੩. ਭਯੰਕਰ. ਡਰਾਉਣਾ. "ਗੁਰ ਬਿਨੁ ਘੋਰ ਅੰਧਾਰ." (ਵਾਰ ਆਸਾ ਮਃ ੨) ੪. ਦਯਾਹੀਨ. ਕ੍ਰਿਪਾ ਰਹਿਤ. ਬੇਰਹਮ। ੫. ਸੰਗਜਾ- ਗਰਜਨ. ਗੱਜਣ ਦੀ ਕ੍ਰਿਯਾ. "ਚਾਤ੍ਰਿਕ ਮੋਰ ਬੋਲਤ ਦਿਨ ਰਾਤੀ ਸੁਨਿ ਘਨਹਰ ਕੀ ਘੋਰ." (ਮਲਾ ਮਃ ੪. ਪੜਤਾਲ) ੬. ਧ੍ਵਨਿ. ਗੂੰਜ. "ਤਾਰ ਘੋਰ ਬਾਜਿੰਤ੍ਰ ਤਹਿ." (ਵਾਰ ਮਲਾ ਮਃ ੧) ੭. ਦੇਖੋ, ਘੋਲਨਾ. "ਮ੍ਰਿਗਮਦ ਗੁਲਾਬ ਕਰਪੂਰ ਘੋਰ." (ਕਲਕੀ) "ਹਲਾਹਲ ਘੋਰਤ ਹੈਂ." (ਰਾਮਾਵ)

ਘੋਰਨੀ: ਸੰਗਜਾ- ਘੋੜਿਆਂ ਵਾਲੀ ਸੈਨਾ. ਹਯਸੇਨਾ. ਰਸਾਲਾ. (ਸਨਾਮਾ)

ਘੋਰਾ: ਦੇਖੋ, ਘੋਰ ੧. "ਚਾਰੋਂਈ ਘੋਰਨ ਘਾਯਲਕੈ." (ਕ੍ਰਿਸਨਾਵ) "ਘੋਰੈ ਚਰਿ ਭੈਸ ਚਰਾਵਨ ਜਾਈ." (ਆਸਾ ਕਬੀਰ) ਦੇਖੋ, ਪਹਿਲਾ ਪੂਤ। ੨. ਦੇਖੋ, ਘੋਰ ੫. "ਧੁਨਿ ਵਾਜੇ ਅਨਹਦ ਘੋਰਾ." (ਰਾਮ ਮਃ ੧) ੩. ਸੰ. ਅੰਧੇਰੀ ਰਾਤ.

ਘੋਰਾਂਤਕ ਧੁਨਿਨੀ: ਘੋੜੇ ਦਾ ਅੰਤ (ਨਾਸ਼) ਕਰਨ ਵਾਲਾ ਸ਼ੇਰ, ਉਸ ਜੇਹੀ ਆਵਾਜ਼ ਵਾਲੀ ਬੰਦੂਕ਼. (ਸਨਾਮਾ)

ਘੋਰੀ: ਸੰਗਜਾ- ਘੋੜੀ. ਘੋਟਿਕਾ। ੨. ਦੇਖੋ, ਅਘੋਰੀ.

ਘੋਰੰਧਾਰ: ਘੋਰ- ਅੰਧਕਾਰ. ਭਜਾਨਕ ਅੰਧੇਰਾ. "ਗੁਰੁ ਬਿਨੁ ਘੋਰੰਧਾਰ." (ਪ੍ਰਭਾ ਅਃ ਮਃ ੩) ੨. ਗਾੜ੍ਹਾ ਹਨੇ੍ਰਾ. ਭਾਵ- ਅਗਜਾਨ.

ਘੋਲ: ਦੇਖੋ, ਘੋਲਣਾ। ੨. ਸੰ. ਸੰਗਜਾ- ਅਧਰਿੜਕ. ਮਠਾ। ੩. ਖੱਟੀ ਲੱਸੀ. ਤਕ੍ਰ.

ਘੋਲਘੱਤਣਾ, ਘੋਲਘੁਮਾਉਣਾ: ਕ੍ਰਿ- ਵਾਰਨੇ ਹੋਣਾ. ਬਲਿਹਾਰ ਹੋਣਾ. ਪੁਰਾਣੀ ਰੀਤਿ ਹੈ ਕਿ ਪਰਮ ਸਨੇਹੀ ਦੇ ਸਿਰ ਉੱਪਰੋਂ ਪਾਣੀ ਵਾਰਕੇ ਪੀਤਾ ਜਾਂਦਾ ਹੈ. ਭਾਵ ਇਹ ਹੁੰਦਾ ਹੈ ਕਿ ਸਨੇਹੀ ਦੇ ਸਾਰੇ ਦੁੱਖ ਆਫ਼ਤਾਂ ਸ਼ੁਭਚਿੰਤਨ ਦੇ ਕਾਰਣ ਪਾਣੀ ਵਿੱਚ ਹੱਲ ਹੋ ਜਾਂਦੇ ਹਨ, ਅਰ ਪੀਣਵਾਲਾ ਉਨ੍ਹਾਂ ਨੂੰ ਆਪ ਅੰਗੀਕਾਰ ਕਰਦਾ ਹੋਇਆ ਸਨੇਹੀ ਦਾ ਸੁਖ ਚਾਹੁੰਦਾ ਹੈ. "ਹਉ ਘੋਲੀ ਜੀਉ ਘੋਲਿਘੁਮਾਈ ਤਿਸੁ ਸਚੇ ਗੁਰਦਰਬਾਰੇ ਜੀਉ." (ਮਾਝ ਮਃ ੫) "ਹਉ ਤਿਸੁ ਘੋਲ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ." (ਭਾਗੁ)

ਘੋਲਣਾ, ਘੋਲਨਾ: ਕ੍ਰਿ- ਪਾਣੀ ਅਥਵਾ ਕਿਸੇ ਦ੍ਰਵ ਪਦਾਰਥ ਵਿੱਚ ਕਿਸੇ ਵਸਤੂ ਨੂੰ ਮਿਲਾਉਣਾ. ਹੱਲ ਕਰਨਾ। "ਘੋਲੀ ਗੇਰੂ ਰੰਗੁ ਚੜਾਇਆ." (ਮਾਰੂ ਅਃ ਮਃ ੧)

ਘੋਲਿ: ਕ੍ਰਿ. ਵਿ- ਘੋਲਕੇ. ਮਿਲਾਕੇ. ਹੱਲ ਕਰਕੇ. "ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ." (ਬਾਵਨ)

ਘੋਲੀਆ: ਵਾਰਨੇ ਹੋਇਆ. "ਤਿਨ ਵਿਟਹੁ ਸਦੁ ਘੁਮਿ ਘੋਲੀਆ." (ਵਾਰ ਗਊ ੧. ਮਃ ੪) ਦੇਖੋ, ਘੋਲਘੱਤਣਾ.

ਘੋੜੜਾ: ਸੰਗਜਾ- ਘੋਟਕ. ਘੋੜਾ. "ਚੜਕੈ ਘੋੜੜੈ ਕੁੰਦੇ ਪਕੜਹਿ." (ਗਉ ਵਾਰ ੨. ਮਃ ੫) ਦੇਖੋ, ਕੁੰਦਾ.

ਘੋੜਾ: ਸੰ. ਘੋਟ. ਘੋਟਕ. ਅਸ਼੍ਵ. ਤੁਰਗ. "ਘੋੜਾ ਕੀਤੋ ਸਹਜ ਦਾ." (ਵਾਰ ਰਾਮ ੩)

ਰਾਜਪੂਤਾਨੇ ਵਿੱਚ ਰੰਗਾਂ ਅਨੁਸਾਰ ਘੋੜਿਆਂ ਦੇ ਇਹ ਨਾਉਂ ਹਨ-

ਚਿੱਟਾ- ਕਰਕ.

ਚਿੱਟਾ ਪੀਲਾ- ਖੋਂਗਾ.

ਪੀਲਾ- ਹਰਿਯ.

ਦੂਧੀਆ- ਸੇਰਾਹ.

ਕਾਲਾ- ਖ਼ੁੰਗਾਹ.

ਲਾਲ- ਕਿਯਾਹ.

ਕਾਲੀ ਪਿੰਜਣੀਆਂ ਵਾਲਾ ਚਿੱਟਾ- ਉਗਾਹ.

ਕਬਰਾ- ਹਲਾਹ.

ਪਿਲੱਤਣ ਨਾਲ ਕਾਲਾ- ਤ੍ਰਿਯੂਹ.

ਕਾਲੇ ਗੋਡਿਆਂ ਵਾਲਾ ਪੀਲਾ- ਕੁਲਾਹ.

ਲਾਲੀ ਦੀ ਝਲਕ ਨਾਲ ਪੀਲਾ- ਉਕਨਾਹ.

ਨੀਲਾ- ਨੀਲਕ.

ਗੁਲਾਬੀ- ਰੇਵੰਤ.

ਹਰੀ ਝਲਕ ਨਾਲ ਪੀਲਾ- ਹਾਲਕ.

ਛਾਤੀ ਖੁਰ ਮੁਖ ਅਯਾਲ ਪੂਛ ਜਿਸ ਦੇ ਚਿੱਟੇ ਹੋਣ- ਅਸ਼੍ਟਮੰਗਲ.

ਪੂਛ ਛਾਤੀ ਸਿਰ ਦੋਵੇਂ ਪਸਵਾੜੇ ਜਿਸ ਦੇ ਚਿੱਟੇ ਹੋਣ- ਪੰਚਭਦ੍ਰ.

(ਡਿੰਗਲਕੋਸ਼)

ਘੋੜੀ: ਸੰਗਯਾ- ਘੋਟਿਕਾ. ਘੋੜੇ ਦੀ ਮਦੀਨ।

੨. ਕਾਠ ਦੀ ਟਿਕਟਿਕੀ, ਜਿਸ ਤੇ ਵਸਤ੍ਰ ਸੁਕਾਈਦੇ ਹਨ। ੩. ਕਾਠੀ ਆਦਿਕ ਰੱਖਣ ਦੀ ਤਿਪਾਈ।

੪. ਸ਼ਾਦੀ ਸਮੇਂ ਦੀ ਇੱਕ ਰਸਮ. ਦੇਖੋ, ਘੋੜੀਆਂ। ੫. ਘੋੜੀ ਦੀ ਰਸਮ ਸਮੇਂ ਦਾ ਗੀਤ। ੬. ਸਿਰੰਦਾ ਸਿਤਾਰ ਆਦਿ ਸਾਜਾਂ ਦੀ ਉਹ ਟਿਕਟਿਕੀ, ਜਿਸ ਉੱਪਰ ਤਾਰਾਂ ਰੱਖੀਦੀਆਂ ਹਨ. ਸੁਰਧਰੀ। ੭. ਸੇਮੀਆਂ ਵੱਟਣ ਦੀ ਮਸ਼ੀਨ.

ਘੋੜੀਆਂ: ਸ਼ਾਦੀ ਦੇ ਮੌਕੇ ਬਰਾਤ ਨੂੰ ਡੇਰਾ ਦੇਣ ਪਿੱਛੋਂ, ਵਿਆਹ ਸੰਸਕਾਰ ਤੋਂ ਪਹਿਲਾਂ, ਦੁਲਹਾ (ਲਾੜੇ) ਨੂੰ ਘੋੜੀ ਪੁਰ ਸਵਾਰ ਕਰਾਕੇ ਦੁਲਹਨਿ (ਲਾੜੀ) ਦੇ ਘਰ ਲੈ ਜਾਂਦੇ ਹਨ. ਇਸ ਦਾ ਨਾਉਂ ਘੋੜੀ ਦੀ ਰਸਮ ਹੈ. [੬] ਉਸ ਵੇਲੇ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਦੀ ਸੰਗਯਾ- "ਘੋੜੀਆਂ" ਹੈ. ਸ਼੍ਰੀ ਗੁਰੂ ਰਾਮਦਾਸ ਜੀ ਨੇ ਗੰਦੇ ਗੀਤਾਂ ਦੀ ਕੁਰੀਤੀ ਨੂੰ ਦੂਰ ਕਰਨ ਲਈ "ਘੋੜੀਆਂ" ਸਿਰਲੇਖ ਹੇਠ ਵਡਹੰਸ ਰਾਗ ਵਿੱਚ ਬਾਣੀ ਰਚੀ ਹੈ, ਜਿਸ ਵਿੱਚ ਲੋਕ ਪਰਲੋਕ ਵਿੱਚ ਸੁਖ ਪ੍ਰਾਪਤੀ ਦਾ ਉਪਦੇਸ਼ ਹੈ. "ਦੇਹ ਤੇਜਣਿ ਜੀ ਰਾਮ ਉਪਾਈਆ." ਆਦਿ.

ਘੋੜੇਵਾਹਾ: ਇੱਕ ਪਿੰਡ, ਜੋ ਜਿਲਾ ਤਸੀਲ ਗੁਰਦਾਸ ਪੁਰ ਵਿੱਚ ਹੈ. ਇੱਥੇ ਛੀਵੇਂ ਸਤਿਗੁਰੂ ਜੀ ਦਾ ਗੁਰਦ੍ਵਾਰਾ ਹੈ.

ਘੰਘੋਰਨਾ, ਘੰਘੋਲਨਾ: ਕ੍ਰਿ- ਜਲ ਨੂੰ ਹਿਲਾਕੇ ਕਿਸੇ ਵਸਤੁ ਨੂੰ ਉਸ ਵਿੱਚ ਮਿਲਾਉਣਾ। ੨. ਜਲ ਹਿਲਾਕੇ ਮੈਲਾ ਕਰਨਾ। ੩. ਕਿਸੇ ਵਸਤੂ ਨੂੰ ਮੈਲ ਕੱਢਣ ਲਈ ਜਲ ਵਿੱਚ ਝਕਝੋਲਣਾ.

ਘੰਟ: ਸੰ. घण्ट् ਧਾ- ਬੋਲਣਾ, ਚਮਕਣਾ। ੨. ਦੇਖੋ, ਘੰਟਕ.

ਘੰਟਕ: ਘੰਟਾ. ਟੱਲੀ. ਦੇਖੋ, ਘੰਟਿਕਾ. "ਘੰਟਕ ਜਯੋਂ ਸੁਨਕੈ ਬਰ ਬਾਨੀ। ਰਹੈ ਠਾਢ ਢਿਗ ਮ੍ਰਿਗਹਿ ਸਮਾਨੀ." (ਨਾਪ੍ਰ) ਦੇਖੋ, ਘੰਟਕਹੇਰਿ.

ਘੰਟਕਹੇਰਿ: ਸੰਗਯਾ- ਅਹੇਰੀ (ਸ਼ਿਕਾਰੀ) ਦੀ ਘੰਟੀ. ਘੰਟਾਹੇੜਾ. ਮ੍ਰਿਗ ਫੜਨ ਵਾਲੇ ਦਾ ਘੰਟਾ. "ਛਲਬੇ ਕਹੁ ਘੰਟਕਹੇਰਿ ਬਜਾਯੇ." (ਕ੍ਰਿਸਨਾਵ) ਜੰਗਲ ਵਿੱਚ ਲੁਕਕੇ ਸ਼ਿਕਾਰੀ ਘੰਟਾ ਬਜਾਉਂਦਾ ਹੈ, ਜਿਸ ਨੂੰ ਸੁਣਨ ਲਈ ਮ੍ਰਿਗ ਉਸ ਵੱਲ ਚਲਾ ਆਉਂਦਾ ਹੈ, ਕਿਉਂਕਿ ਉਹ ਮਲੂਮ ਕਰਨਾ ਚਾਹੁੰਦਾ ਹੈ ਕਿ ਇਹ ਧੁਨੀ ਕਿੱਥੋਂ ਆ ਰਹੀ ਹੈ.

ਘੰਟਕਾ: ਦੇਖੋ, ਘੰਟਿਕਾ.

ਘੰਟਾ: ਸੰ. ਸੰਗਯਾ- ਟੱਲ. ਕਾਂਸੀ ਆਦਿ ਧਾਤੁ ਦਾ ਮੂਧੇ ਭਭਕੇ (ਗਲਾਸ) ਦੇ ਆਕਾਰ ਦਾ ਭਾਂਡਾ, ਜਿਸ ਦੇ ਕਿਨਾਰੇ ਬਾਹਰ ਵੱਲ ਉਭਰੇ ਹੋਏ ਹੁੰਦੇ ਹਨ. ਇਹ ਢਾਲਕੇ ਤਿਆਰ ਕੀਤਾ ਜਾਂਦਾ ਹੈ, ਅਰ ਅੰਦਰੋਂ ਇੱਕ ਲਟਕਦੀ ਹੋਈ ਹਥੌੜੀ ਦ੍ਵਾਰਾ ਵਜਦਾ ਹੈ, ਜਾਂ ਬਾਹਰੋਂ ਹਥੌੜੀ ਨਾਲ ਵਜਾਇਆ ਜਾਂਦਾ ਹੈ. ਨਿੱਕੇ ਘੰਟੇ ਬਹੁਤ ਪੁਰਾਣੇ ਸਮੇਂ ਤੋਂ ਚਲੇ ਆਉਂਦੇ ਹਨ, ਕਿਉਂਕਿ ਇਹ ਮਿਸਰ ਦੀਆਂ ਪੁਰਾਣੀਆਂ ਕਬਰਾਂ ਵਿੱਚੋਂ, ਅਰ ਨਿਨੀਵੇ (Nineveh) ਦੇ ਖੰਡਰਾਂ ਵਿੱਚੋਂ ਲੱਭੇ ਹਨ. ਰੋਮ ਵਿੱਚ ਸ਼ਾਹੀ ਸਨਾਨ ਦਾ ਸਮਾਂ ਘੰਟੇ ਦ੍ਵਾਰਾ ਦੱਸਿਆ ਜਾਂਦਾ ਸੀ. ਭਾਰਤ ਵਿੱਚ ਘੰਟੇ ਬਹੁਤ ਪੁਰਾਣੇ ਸਮੇਂ ਤੋਂ ਦੇਵਾਲਿਆਂ ਵਿੱਚ ਵਜਦੇ ਆਏ ਹਨ. ਹਿੰਦੁਸਤਾਨ ਵਿੱਚ ਸਭ ਤੋਂ ਵਡਾ ਘੰਟਾ ਸੋਮਨਾਥ ਦੇ ਮੰਦਿਰ ਵਿੱਚ ਸੀ, ਜਿਸ ਨੂੰ ਮਹਮੂਦ ਗਜਨਵੀ ਨੇ ਚੂਰ ਚੂਰ ਕੀਤਾ ਅਤੇ ਸੋਨੇ ਦਾ ਜੰਜੀਰ ਲੁੱਟਿਆ.

ਇਸ ਵੇਲੇ ਸਭ ਤੋਂ ਵੱਡਾ ਘੰਟਾ ਮਾਸਕੋ (ਰੂਸ) ਵਿੱਚ ਹੈ। ਇਸ ਦਾ ਵਜ਼ਨ ਪੰਜ ਹਜ਼ਾਰ ਪੰਜ ਸੌ ਚੁਤਾਲੀ ਮਣ ਪੱਕੇ (੧੯੮ ਟਨ) ਹੈ ਇਹ ਸਨ ੧੭੩੩ ਵਿੱਚ ਢਾਲਿਆ ਗਿਆ ਸੀ. ਇਸੇ ਸ਼ਹਰ ਵਿੱਚ ਇਕ ਹੋਰ ਘੰਟਾ ਹੈ, ਜਿਸ ਦਾ ਵਜ਼ਨ ਤਿੰਨ ਹਜ਼ਾਰ ਪੰਜ ਸੌ ਚੁਰਾਸੀ ਮਣ ਪੱਕੇ (੧੨੮ ਟਨ) ਹੈ. ਬਰਮਾ, ਪੈਕਿੰਗ (ਚੀਨ), ਕੋਲਾਨ (ਜਰਮਨੀ), ਵੀਐਨਾ ਅਤੇ ਪੈਰਿਸ ਵਿੱਚ ਭੀ ਵਜਨਦਾਰ ਤੇ ਕੱਦਾਵਰ ਘੰਟੇ ਹਨ. ਇੰਗਲਿਸਤਾਨ ਵਿੱਚ ਸਭ ਤੋਂ ਵੱਡਾ ਘੰਟਾ ਕੁੱਲ ਚਾਰ ਸੌ ਅਠਤਾਲੀ ਮਣ ਪੱਕੇ (੧੬ ਟਨ) ਦਾ ਹੈ, ਜੋ "ਸੇਂਟ ਪਾਲ" ਨਾਮੇਂ ਮਹਾਨ ਗਿਰਜੇ ਵਿੱਚ ਮੌਜੂਦ ਹੈ. "ਘੰਟਾ ਜਾਕਾ ਸੁਨੀਐ ਚਹੁ ਕੁੰਟ." (ਆਸਾ ਮਃ ੫) ਭਾਵ- ਅਨਹਤਨਾਦ। ੨. ਢਾਈ ਘੜੀ ਦਾ ਸਮਾ. ੬੦ ਮਿਨਟ ਪ੍ਰਮਾਣ ਸਮਾਂ. Hour. ਦੇਖੋ, ਕਾਲਪ੍ਰਮਾਣ। ੩. ਘੰਟੇ ਦਾ ਪ੍ਰਮਾਣ ਦੱਸਣ ਵਾਲਾ ਯੰਤ੍ਰ. Clock. ਦੇਖੋ, ਘੜੀ ਨੰਃ ੩.

ਘੰਟਾਹੇੜਾ: ਦੇਖੋ, ਘੰਟਕਹੇਰਿ.

ਘੰਟਾਕਰਣ: ਸੰਗਯਾ- ਮੰਗਲ ਦਾ ਪੁਤ੍ਰ, ਜੋ ਮੇਧਾ ਦੇ ਉਦਰ ਤੋਂ ਪੈਦਾ ਹੋਇਆ. ਇਹ ਸ਼ਿਵ ਦਾ ਗਣ ਸੀ. ਇਹ ਸ੍ਰਾਪ ਦੇ ਕਾਰਣ ਮਨੁੱਖ ਜੋਨਿ ਵਿੱਚ ਆਇਆ ਅਤੇ ਉਜੈਨੀ ਨਗਰੀ ਵਿੱਚ ਭਾਰੀ ਪੰਡਿਤ ਹੋਇਆ। ੨. ਹਰਿਵੰਸ਼ ਅਨੁਸਾਰ ਇੱਕ ਪਿਸ਼ਾਚ, ਜੋ ਸ਼ਿਵ ਦਾ ਭਗਤ ਸੀ. ਵਿਸ਼ਨੁ ਦਾ ਨਾਉਂ ਕਿਤੇ ਕੰਨ ਵਿੱਚ ਨਾ ਪੈ ਜਾਵੇ, ਇਸ ਲਈ ਦੋਹਾਂ ਕੰਨਾ ਨਾਲ ਘੰਟੇ ਲਟਕਾਕੇ ਰਖਦਾ ਸੀ। ੩. ਸਰਵਲੋਹ ਅਨੁਸਾਰ ਬ੍ਰਿਜਨਾਦ (ਵੀਰਯਨਾਦ) ਦਾਨਵ ਦਾ ਸੈਨਾਨੀ. "ਘੰਟਾ ਕਰਣ ਭਟ." (ਸਲੋਹ)

ਘੰਟਿਕ: ਦੇਖੋ, ਘੜਿਆਲ.

ਘੰਟਿਕਾ: ਸੰ. घण्टिका ਸੰਗਯਾ- ਘੰਟੀ. ਟੱਲੀ. ੨. ਕੰਠ ਦੀ ਹੱਡੀ. ਘੰਡੀ. ਸੰਘੀ.

ਘੰਟੀ: ਦੇਖੋ. ਘੰਟਿਕਾ ੧.

ਘੰਡ: ਸੰਗਯਾ- ਘੰਟਾ. ਟੱਲ। ੨. ਕੰਠ ਦੀ ਨਲਕੀ. ਘੰਡੀ. ਦੇਖੋ, ਘੰਟਿਕਾ ੨.। ੩. ਸੰ. घण्ड ਭੌਰਾ. ਭ੍ਰਮਰ। ੪. ਵਿਸ਼ਈ.

ਪਾਂਮਰ. "ਝਖ ਮਾਰਨਿ ਨਿੰਦਕ ਘੰਡਾ ਰਾਮ." (ਬਿਹਾ ਛੰਤ ਮਃ ੪) ੫. ਸ਼ਰਾਰਤੀ। ੬. ਬਹੁਜਾਈ ਖਤ੍ਰੀਆਂ ਦਾ ਇੱਕ ਗੋਤ੍ਰ.

ਘੰਡ ਵੱਜਣਾ: ਕੰਠ ਦੀ ਨਾਲੀ (ਘੰਟਿਕਾ) ਵਿੱਚ ਬਲਗਮ ਫਸਕੇ ਸਾਹ ਨਾਲ ਘਰ ਘਰ ਸ਼ਬਦ ਹੋਣਾ.

ਘੰਡਾ: ਦੇਖੋ, ਘੰਡ ੪। ੨. ਘੰਟਾ. "ਖੰਡਾਹੇੜਾ ਮਿਰਗ ਜਿਉ." (ਭਾਗੁ) ਜਿਵੇਂ ਅਹੇੜੀ (ਸ਼ਿਕਾਰੀ) ਦਾ ਘੰਟਾ ਮ੍ਰਿਗ ਦੀ ਚਾਲ ਰੋਕ ਦਿੰਦਾ ਹੈ.

ਘੰਡਾਹੇੜਾਂ: ਦੇਖੋ, ਘੰਟਕਹੇਰਿ ਅਤੇ ਘੰਡਾ ੨.

ਘੰਡੀ: ਦੇਖੋ, ਘੰਟਿਕਾ ੨.

ਘ੍ਨ: ਸੰ. ਵਿ- ਇਹ ਸ਼ਬਦ ਦੇ ਅੰਤ ਆਕੇ ਮਿਟਾਉਣ ਵਾਲਾ, ਨਾਸ਼ ਕਰਨ ਵਾਲਾ ਆਦਿ ਅਰਥ ਦਿੰਦਾ ਹੈ, ਜੈਸੇ- ਕ੍ਰਿਤਘ੍ਨ- ਕਰੀਖੋ. ਗੋਘ੍ਨ- ਗਾਂ ਮਾਰਨ ਵਾਲਾ.

ਘ੍ਰਾ: ਸੰ. ਧਾ- ਸੁੰਘਣਾ, ਚੁੰਮਣਾ.

ਘ੍ਰਾਉ: ਸੰਗਜਾ- ਗੰਧ. ਬੂ. ਸੰ. ਘ੍ਰੇਯ. ਦੇਖੋ, ਘ੍ਰਾ ਧਾ. "ਜਿਉ ਉਦਿਆਨ ਕੁਸਮ ਪਰਫੁਲਿਤ ਕਿਨੈ ਨ ਘ੍ਰਾਉ ਲਇਓ." (ਗਉ ਕਬੀਰ)

ਘ੍ਰਾਣ: ਸੰ. ਸੰਗਜਾ- ਘ੍ਰਾ (ਗੰਧ) ਲੈਣ ਦਾ ਇੰਦ੍ਰਿਯ. ਨਾਸਿਕਾ. ਨੱਕ. "ਘ੍ਰਾਣ ਵਿਲੋਚਨ ਪੌਂਛੈਂ ਚੀਰ." (ਗੁਪ੍ਰਸੂ) ੨. ਵਿ- ਸੁੰਘਿਆ ਹੋਇਆ. ਘ੍ਰਾਤ.

ਘ੍ਰਾਤ: ਸੰ. ਵਿ- ਸੁੰਘਿਆ ਹੋਇਆ.

ਘ੍ਰਾਮ: ਸੰ. ਘਰ੍ਮ ਘਮੰ. ਸੰਗਜਾ- ਗਰਮੀ। ੨. ਧੁੱਪ। ੩. ਗਰਮੀ ਦੀ ਰੁੱਤ। ੪. ਪਸੀਨਾ. ਮੁੜ੍ਹਕਾ."ਨ ਘ੍ਰਾਮ ਹੈ ਨ ਘਾਮ ਹੈ." (ਅਕਾਲ)

ਘ੍ਰਿ: ਸੰ. ਘ੍ਰ ਧਾ- ਗਿੱਲਾ ਕਰਨਾ, ਚਮਕਣਾ, ਟਪਕਣਾ (ਚੁਇਣਾ).

ਘ੍ਰਿਸ: ਸੰ. ਘ੍ਰਸ਼੍ ਧਾ- ਪੀਸਣਾ, ਕੁੱਟਣਾ, ਘਸਾਉਣਾ.

ਘ੍ਰਿਣ: ਸੰ. ਘ੍ਰਣ੍ ਧਾ- ਚਮਕਣਾ (ਪ੍ਰਕਾਸ਼ਿਤ ਹੋਣਾ), ਗਲਾਨੀ ਕਰਨਾ.

ਘ੍ਰਿਣਾ: ਸੰ. ਸੰਗਜਾ- ਗਲਾਨੀ. ਨਫ਼ਰਤ। ੨. ਨਿੰਦਾ। ੩. ਦਜਾ. ਕ੍ਰਿਪਾ. "ਤਜਿ ਤਾਤ ਘ੍ਰਿਣਾ ਬਨ ਬੀਚ ਨਿਕਾਰੇ." (ਰਾਮਾਵ)

ਘ੍ਰਿਤ: ਸੰ. ਸੰਗਜਾ- ਘੀ. ਘਿਉ. "ਕਾਗਦੁ ਲੂਣੁ ਰਹੈ ਘ੍ਰਿਤ ਸੰਗੇ." (ਰਾਮ ਮਃ ੧) ੨. ਨਿਰੁਕ੍ਤ ਵਿੱਚ ਜਲ ਦਾ ਨਾਉਂ ਭੀ ਘ੍ਰਿਤ ਹੈ। ੩. ਵਿ- ਛਿੜਕਿਆ ਹੋਇਆ। ੪. ਚੋਪੜਿਆ ਹੋਇਆ। ੫. ਚਮਕੀਲਾ.

ਘ੍ਰਿਤਚੀ, ਘ੍ਰਿਤਾਚੀ: ਸੰ. ਘ੍ਰਤਾਚੀ ਮਹਾਭਾਰਤ ਆਦਿ ਗ੍ਰੰਥਾਂ ਅਨੁਸਾਰ ਇੱਕ ਅਪਸਰਾ, ਜੋ ਬਹੁਤ ਸੁੰਦਰ ਲਿਖੀ ਹੈ. ਇਸ ਨੂੰ ਦੇਖਕੇ ਵਜਾਸ ਜੀ ਦਾ ਵੀਰਯ ਪਾਤ ਹੋਇਆ ਸੀ, ਜਿਸ ਤੋਂ ਸ਼ੁਕਦੇਵ ਜਨਮਿਆ. ਚਜਵਨ ਰਿਖੀ ਦੇ ਪੁਤ੍ਰ ਪ੍ਰਮਿਤਿ ਨੇ ਇਸ ਦੇ ਗਰਭ ਤੋਂ ਰੁਰੁ ਨਾਮਾ ਪੁਤ੍ਰ ਪੈਦਾ ਕੀਤਾ ਸੀ. ਕਨੌਜ ਦੇ ਰਾਜਾ ਕੁਸ਼ਨਾਭ ਨੇ ਘ੍ਰਿਤਾਚੀ ਦੇ ਉਦਰ ਤੋਂ ਸੌ ਕੰਨਜਾ ਉਤਪੰਨ ਕੀਤੀਆਂ ਸਨ. ਦੇਖੋ, ਕਨੌਜ. ਭਰਦ੍ਵਾਜ ਜੀ ਭੀ ਇਸ ਅਪਸਰਾ ਪੁਰ ਮੋਹਿਤ ਹੋ ਗਏ ਸਨ, ਜਿਸ ਤੋਂ ਉਨ੍ਹਾਂ ਦਾ ਵੀਰਯ ਡਿਗ ਪਿਆ ਅਤੇ ਉਹ ਵੀਰਯ ਦ੍ਰੋਣਿ (ਡੋਨੀ) ਵਿੱਚ ਰੱਖਣ ਤੋਂ ਦ੍ਰੋਣਾਚਾਰਯ ਜਨਮਿਆ. "ਬ੍ਰਿਖਭਾਨੁਸੁਤਾ ਕੀ ਬਰਾਬਰ ਮੂਰਤਿ ਸ਼ਜਾਮ ਕਹੈ ਸੁ ਨਹੀ ਘ੍ਰਿਤਚੀ ਹੈ." (ਕ੍ਰਿਸਨਾਵ) "ਸਿੰਧੁਸੁਤਾ ਰੁ ਘ੍ਰਿਤਾਚੀ ਤ੍ਰਿਯਾ." (ਕ੍ਰਿਸਨਾਵ) ਸਮੁੰਦਰ ਦੀ ਬੇਟੀ ਲੱਛਮੀ ਅਤੇ ਘ੍ਰਿਤਾਚੀ। ੨. ਹਵਨ ਵਿੱਚ ਘੀ ਟਪਕਾਉਣ ਦੀ ਕੜਛੀ। ੩. ਨਿਘੰਟ ਵਿੱਚ ਰਾਤ (ਰਾਤ੍ਰੀ) ਦਾ ਨਾਉਂ ਘ੍ਰਿਤਾਚੀ ਹੈ। ੪. ਉਹ ਰਾਤ ਜਿਸ ਵਿੱਚ ਤ੍ਰੇਲ ਪਵੇ. ਭਿੰਨੀ ਰੈਣਿ.

ਙ: ਪੰਜਾਬੀ ਵਰਣਮਾਲਾ ਦਾ ਦਸਵਾਂ ਅੱਖਰ. ਇਸ ਦਾ ਉੱਚਾਰਣ ਕੰਠ ਅਤੇ ਨਾਸਿਕਾ (ਨੱਕ) ਤੋਂ ਹੁੰਦਾ ਹੈ। ੨. ਸੰ. ਸੰਗਯਾ- ਭੋਗ ਦੀ ਚਾਹ. ਭੋਗ ਇੱਛਾ। ੩. ਸ਼ਬਦ ਸਪਰਸ਼ ਆਦਿ ਵਿਸ਼ੇ। ੪. ਭੈਰਵ ਦੇਵਤਾ.

ਙਙਾ: ਸੰਗਯਾ- ਙ ਅੱਖਰ। ੨. ਙ ਅੱਖਰ ਦਾ ਉੱਚਾਰਣ. ਦੇਖੋ, ਙੰਙਾ.

ਙਣ: ਦੇਖੋ, ਙਣਨਾ.

ਙਣਤੀ, ਙਣਨਾ: ਸੰਗਯਾ- ਗਣਨਾ. ਗਣਿਤ. ਹਿਸਾਬ. ਸ਼ੁਮਾਰ. "ਙਣਤੀ ਙਣੀ ਨਹੀ ਕੋਊ ਛੂਟੈ." (ਬਾਵਨ)

ਙਣਿ: ਗਿਣਕੇ. ਗਣਨਾ ਕਰਕੇ. "ਙਣਿ ਘਾਲੇ ਸਭ ਦਿਵਸ ਸਾਸ." (ਬਾਵਨ)

ਙਣੀ: ਗਣਨਾ ਕੀਤੀ. ਗਿਣੀ। ੨. ਗਿਣਤੀ ਕਰਨ ਤੋਂ. ਗਣਨ ਦ੍ਵਾਰਾ. ਦੇਖੋ, ਙਣਤੀ.

ਙਰਾਸ: ਦੇਖੋ, ਙ੍ਰਾਸ.

ਙਿਆਤਾ: ਵਿ- ਗ੍ਯਾਤਾ. ਜਾਣਨ ਵਾਲਾ. "ਙਙਾ ਖਟਸਾਸਤ੍ਰ ਹੋਇ ਙਿਆਤਾ." (ਬਾਵਨ)

ਙਿਆਨ: ਸੰਗਯਾ- ਗ੍ਯਾਨ. ਬੋਧ. ਇਲਮ. "ਅਨਿਕ ਭੇਖ ਅਰੁ ਙਿਆਨ ਧਿਆਨ." (ਬਾਵਨ)

ਙਿਆਨੀ: ਵਿ- ਗ੍ਯਾਨੀ. ਗ੍ਯਾਨਵਾਨ. "ਭਗਤ ਙਿਆਨੀ ਸੋਇ." (ਬਾਵਨ)

ਙਿਆਨੁ: ਦੇਖੋ, ਙਿਆਨ.

ਙੁ: ਸੰ. ਧਾ- ਸ਼ਬਦ ਕਰਨਾ.

ਙੰਙਾ: ਙ ਅੱਖਰ. ਦੇਖੋ, ਙਙਾ. "ਙਙਾ ਙਿਆਨੁ ਨਹੀ ਮੁਖਬਾਤਉ." (ਬਾਵਨ)

ਙ੍ਰਾਸ: ਸੰਗਯਾ- ਗ੍ਰਾਸ. ਬੁਰਕੀ। ੨. ਨਿਗਲਣਾ. ਗ੍ਰਸ ਲੈਣਾ. "ਙੰਙਾ ਙ੍ਰਾਸੈ ਕਾਲ ਤਿਹ." (ਬਾਵਨ)

ਙਿਹਾਲ: ਵਿ- ਭੋਕ੍ਤਾ. ਭੋਗਣਵਾਲਾ. ਦੇਖੋ, ਙ ੨. "ਙ੍ਰਿਆਸਤ੍ਵਾ ਙ੍ਰਿਹਾਲੰ." (ਗ੍ਯਾਨ) ਙ ਅੱਖਰ ਦ੍ਵਾਰਾ ਤੂੰ ਭੋਕ੍ਤਾ (ਭੋਗਣਵਾਲਾ) ਹੈਂ। ੨. ਗ੍ਯਾਨੀ ਙ੍ਰਿਹਾਲ ਦਾ ਅਰਥ ਗ੍ਰਿਹਸਥੀ ਕਰਦੇ ਹਨ.

ਚ: ਪੰਜਾਬੀ ਵਰਣਮਾਲਾ ਦਾ ਗ੍ਯਾਰਵਾਂ (ਯਾਰ੍ਹਵਾਂ) ਅੱਖਰ. ਇਸ ਦਾ ਉੱਚਾਰਣ ਤਾਲੂਏ ਤੋਂ ਹੁੰਦਾ ਹੈ। ੨. ਪ੍ਰਤ੍ਯ- ਕਾ. ਦਾ. "ਸਿੰਘਚ ਭੋਜਨ ਜੋ ਨਰ ਜਾਨੈ." (ਆਸਾ ਨਾਮਦੇਵ) ੩. ਸੰ. ਵ੍ਯ- ਪੁਨਹ. ਔਰ. ਫਿਰ। ੪. ਨਿਸ਼ਚਾ. ਯਕ਼ੀਨ। ੫. ਤੁੱਲ. ਮਾਨਿੰਦ। ੬. ਸੰਗਯਾ- ਸੂਰਜ। ੭. ਚੰਦ੍ਰਮਾ। ੮. ਕੱਛੂ। ੯. ਚੋਰ। ੧੦. ਦੁਰਜਨ. ਖੋਟਾ ਆਦਮੀ। ੧੧. ਸ਼ਿਵ। ੧੨. ਪੰਜਾਬੀ ਵਿੱਚ, "ਵਿੱਚ" ਦਾ ਸੰਖੇਪ, ਜਿਵੇਂ- ਥੋੜੇ ਦਿਨਾਂਚ ਇਹ ਕੰਮ ਹੋ ਜਾਊਗਾ. (ਲੋਕੋ)

ਚਉ: ਚਵਣੁ ਦਾ ਅਮਰ. ਆਖ. ਕਥਨਕਰ. ਕਹੁ. ਦੇਖੋ, ਚਵਣੁ. "ਤੂੰ ਚਉ ਸਜਣ ਮੈਡਿਆ." (ਵਾਰ ਮਾਰੂ ੨. ਮਃ ੫) ੨. ਦੇਖੋ, ਚਊ। ੩. ਚਤੁਰ. ਚਾਰ. "ਸੇਖਾ, ਚਉ ਚਕਿਆ ਚਉ ਵਾਇਆ." (ਵਾਰ ਸੋਰ ਮਃ ੩) ਦੇਖੋ, ਚਉਚਕਿਆ ਅਤੇ ਚਉਵਾਇਆ। ੪. ਚਾਉ. ਉਮੰਗ. ਉਤਸਾਹ. "ਲਖ੍ਯੋ ਆਜ ਕਸ ਹੈ ਚਉ ਬਾਢਯੋ." (ਨਾਪ੍ਰ)

ਚਉਸਠ: ਦੇਖੋ, ਚਉਸਠਿ.

ਚਉਸਠ ਕਲਾ: ਦੇਖੋ, ਕਲਾ.

ਚਉਸਠ ਚਾਰ: ਅਠਾਸਠ. "ਭਰੇ ਜੋਗਣੀ ਪਤ੍ਰ ਚਉਸੱਠ ਚਾਰੰ." (ਚੰਡੀ ੨) ਦੇਖੋ, ਯੋਗਿਨੀ.

ਚਉਸਠਿ: ਸੰ. चतु:षष्टि ਚਤੁਃਸ਼ਸ਼੍ਟਿ. ਚਾਰ ਅਤੇ ਸੱਠ- ੬੪.

**ਚਉਸਠਿ ਘਰੀ, ਚਉਸਠਿ ਘੜੀ:** ਦਿਨ ਰਾਤ. ਅੱਠ ਪਹਿਰਾਂ ਦਾ ਸਮਾਂ. ਅੱਜਕਲ੍ਹ ਦੇ ਹਿਸਾਬ ਦਿਨ ਰਾਤ ਦੀਆਂ ੬੦ ਘੜੀਆਂ ਹੁੰਦੀਆਂ ਹਨ, ਕਿਉਂਕਿ ੨੪ ਮਿਨਟ ਦੀ ਘੜੀ ਹੈ, ਪਰ ਪੁਰਾਣੇ ਸਮੇਂ ੨੨।। ਮਿਨਟ ਦੀ ਘੜੀ ਮੰਨੀ ਜਾਂਦੀ ਸੀ, ਜਿਸ ਤੋਂ ੬੪ ਘੜੀਆਂ ਹੁੰਦੀਆਂ ਸਨ. "ਆਠ ਜਾਮਿ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ." (ਸ. ਕਬੀਰ)

**ਚਉਸਰ, ਚਉਸਾਰ:** ਸੰ. चतुस्सारि ਚਤੁੱਸਾਰਿ. ਸੰਗਯਾ- ਚਾਰ ਪੱਲਿਆਂ ਵਾਲਾ ਖੇਲ। ੨. ਚਾਰ ਨਰਦਾਂ ਦੀ ਬਾਜ਼ੀ. ਚੌਪੜ. ਦੇਖੋ, ਚਉਪੜ ਅਤੇ ਪੱਕੀ ਸਾਰੀ.

**ਚਉਸੀ:** ਸੰਗਯਾ- ਇੱਕ ਪ੍ਰਕਾਰ ਦਾ ਦੇਸੀ ਵਸਤ੍ਰ, ਜਿਸ ਦਾ ਚਾਰ ਸੌ ਤੰਤੁ (ਤੰਦ) ਤਾਣੀ ਵਿੱਚ ਹੁੰਦਾ ਹੈ.

**ਚਉਹਟਾ:** ਸੰਗਯਾ- ਉਹ ਬਾਜ਼ਾਰ ਜੋ ਚਾਰੇ ਪਾਸੇ ਹੱਟਾਂ ਰੱਖਦਾ ਹੈ. ਚੌਕ। ੨. ਚੌਪੜ ਦੀ ਸ਼ਕਲ ਦਾ ਬਾਜ਼ਾਰ.

**ਚਉਹਠ:** ਦੇਖੋ, ਚਉਸਠ.

**ਚਉਹਾਣ, ਚਉਹਾਨ:** ਦੇਖੋ, ਚੌਹਾਨ.

**ਚਉਕ:** ਦੇਖੋ, ਚੌਕ। ੨. ਇਸਤ੍ਰੀਆਂ ਦਾ ਇੱਕ ਗਹਿਣਾ, ਜੋ ਸਿਰ ਪੁਰ ਪਹਿਰੀਦਾ ਹੈ.

**ਚਉਕਸ:** ਦੇਖੋ, ਚੌਕਸ.

**ਚਉਕਸਾਈ, ਚਉਕਸੀ:** ਦੇਖੋ, ਚੌਕਸਾਈ ਅਤੇ ਚੌਕਸੀ.

**ਚਉਕਰੀ:** ਸੰਗਯਾ- ਚੌਕੜੀ. ਚਾਰ ਦਾ ਸਮੁਦਾਯ. ਚਾਰ ਦਾ ਇਕੱਠ. "ਜੁਗਨ ਕੀ ਚਉਕਰੀ ਫਿਰਾਏਈ ਫਿਰਤ ਹੈ." (ਅਕਾਲ) ੨. ਦੇਖੋ, ਚਉਕੜੀ.

**ਚਉਕੜ:** ਸੰਗਯਾ- ਚਾਰ ਕੌਡੀਆਂ (ਕੌਡਾਂ) ਦਾ ਸਮੁਦਾਯ. ਗੰਡਾ। ੨. ਦੇਖੋ, ਚਉਕੜ ਖਰਚਣਾ। ੩. ਚਾਰ ਤਾਰ (ਤੰਦਾਂ) ਦਾ ਬਣਿਆ ਹੋਇਆ ਡੋਰਾ.

**ਚਉਕੜ ਖਰਚਣਾ:** ਕ੍ਰਿ- ਚਾਰ ਕੌਡੀਆਂ ਖਰਚਣੀਆਂ. ਸ਼ਾਦੀ ਸਮੇਂ ਦੀ ਇੱਕ ਰਸਮ, ਜੋ ਪੁਤ੍ਰ ਵਾਲਿਆਂ ਵੱਲੋਂ, ਲਾੜੀ ਦੇ ਘਰ ਜਾਕੇ ਲਾਗੀਆਂ ਨੂੰ ਇਨਾਮ ਆਦਿ ਦੇਣ ਦੀ ਹੈ, ਇਸ ਵਾਕ ਦਾ ਨੰਮ੍ਰਤਾ ਪ੍ਰਗਟ ਕਰਨ ਵਾਲਾ ਭਾਵ ਇਹ ਹੈ ਕਿ ਅਸੀਂ ਤੁੱਛ ਧਨ ਖ਼ਰਚ ਕਰਦੇ ਹਾਂ. "ਚਲ ਕਰ ਚਉਕੜ ਖਰਚਨ ਕਰੀਐ." (ਨਾਪ੍ਰ)

**ਚਉਕੜਿ:** ਚਾਰ ਕੌਡੀਆਂ ਤੋਂ. "ਚਉਕੜਿ ਮੁਲਿ ਅਣਾਇਆ." (ਵਾਰ ਆਸਾ) ਜਨੇਊ ਚਾਰ ਕੌਡਾਂ ਤੋਂ ਮੁੱਲ ਮੰਗਵਾਇਆ. ਦੇਖੋ, ਚਉਕੜ.

**ਚਉਕੜੀ:** ਸੰਗਯਾ- ਚੁਕੋਣੀ ਥੜੀ। ੨. ਚਾਰ ਦਾ ਸਮੁਦਾਯ (ਇਕੱਠ). ੩. ਚਾਰ ਆਦਮੀਆਂ ਦੀ ਟੋਲੀ. ਭਾਵ- ਮੰਡਲੀ. "ਦੁਸਟਚਉਕੜੀ ਸਦਾ ਕੂੜ ਕਮਾਵਹਿ." (ਸੋਰ ਮਃ ੩) ੪. ਬੱਘੀ ਦੇ ਚਾਰ ਘੋੜਿਆਂ ਦੀ ਮੰਡਲੀ। ੫. ਚਾਰੇ ਯੁਗਾਂ ਦਾ ਸਮੁਦਾਯ. ਦੇਖੋ, ਯੁਗ। ੬. ਚਾਰੇ ਪੈਰ ਚੁੱਕਕੇ ਮਾਰੀ ਹੋਈ ਛਾਲ. ਮ੍ਰਿਗ ਦੀ ਚਉਕੜੀ ਬਹੁਤ ਪ੍ਰਸਿੱਧ ਹੈ। ੭. ਚਪਲੀ. ਪਥਲੀ. ਚਉਕੜੀ ਮਾਰਕੇ ਬੈਠਣ ਦਾ ਭਾਵ.

**ਚਉਕਾ:** ਸੰਗਯਾ- ਚਾਰਕੋਣਾ (ਚੌਗੁੱਠਾ) ਵੇਹੜਾ ਅਥਵਾ ਪੱਥਰ ਆਦਿ ਦਾ ਟੁਕੜਾ। ੨. ਚਾਰ ਦਾ ਸਮੁਦਾਯ. ਚਾਰ ਦਾ ਟੋਲਾ। ੩. ਚਾਰ ਸੰਖ੍ਯਾ ਬੋਧਕ ਅੰਗ। ੪. ਰਸੋਈ ਦਾ ਚਾਰ ਕੋਣਾ ਮੰਡਲ (ਗੇਰਾ). "ਗੋਬਰੁ ਜੂਠਾ ਚਉਕਾ ਜੂਠਾ." (ਬਸੰ ਕਬੀਰ) ੫. ਰਸੋਈ ਦੇ ਥਾਂ ਪੁਰ ਕੀਤਾ ਲੇਪਨ. "ਦੇਕੈ ਚਉਕਾ ਕਢੀ ਕਾਰ." (ਵਾਰ ਆਸਾ) ੬. ਚਾਰ ਦੰਦਾਂ ਵਾਲਾ ਪਸ਼ੂ। ੭. ਦੋ ਉੱਪਰਲੇ ਅਤੇ ਦੋ ਹੇਠਲੇ ਦੰਦ. "ਚਿਬੁਕ ਚਾਰੁ ਵਿਸਤ੍ਰਿਤ ਕਛੁ ਚੌਕਾ ਚਮਕਾਵੈ." (ਗੁਪ੍ਰਸੂ).

**ਚਉਕੀ:** ਸੰਗਯਾ- ਚਾਰ ਪਾਵਿਆਂ ਵਾਲਾ ਆਸਨ। ੨. ਚਾਰ ਪਹਿਰੇਦਾਰਾਂ ਦੀ ਟੋਲੀ. "ਚਉਕੀ ਚਉਗਿਰਦ ਹਮਾਰੇ." (ਸੋਰ ਮਃ ੫) ੩. ਚਾਰ ਰਾਗੀਆਂ ਦੀ ਮੰਡਲੀ. "ਗਾਵਤ ਚਉਕੀ ਸਬਦ ਪ੍ਰਕਾਸ." (ਗੁਪ੍ਰਸੂ) ਦੇਖੋ, ਚਾਰ ਚੌਕੀਆਂ। ੪. ਭਜਨਮੰਡਲੀ,

ਜੋ ਪਰਿਕ੍ਰਮਾ ਕਰਦੀ ਹੋਈ ਸ਼ਬਦ ਗਾਵੇ.

ਚਉਕੈ: ਚੌਕੇ ਵਿੱਚ. "ਬਹਿ ਚਉਕੈ ਪਾਇਆ." (ਵਾਰ ਆਸਾ) ਜਨੇਉ ਚਉਕੇ ਵਿੱਚ ਬੈਠਕੇ ਪਹਿਰਿਆ.

ਚਉਖੰਨ: ਚਾਰ- ਖੰਡ. ਚਾਰ ਟੂਕ. "ਹਉ ਤਿਸੁ ਵਿਟਹੁ ਚਉਖੰਨੀਐ." (ਸ੍ਰੀ ਮਃ ੪) ਭਾਵ- ਮੈਂ. ਕੁਰਬਾਨ ਹੁੰਦਾ ਹਾਂ। ੨. ਚਾਰ ਦਿਸ਼ਾ. "ਕੋੜਮੜਾ ਚਉਖੰਨੀਐ ਕੋਇ ਨ ਬੇਲੀ." (ਭਾਗੁ) ਚਾਰੇ ਪਾਸੇ ਦੇ ਕੁਟੰਬੀ। ੩. ਤਲਵਾਰ ਦਾ ਇੱਕ ਹੱਥ. ਦੇਖੋ, ਚੌਰੰਗ ੩.

ਚਉਖੰਨੀਐ: ਦੇਖੋ, ਚਉਖੰਨ.

ਚਉਖੰਨੀਐ ਵੰਞਣਾ: ਕ੍ਰਿ- ਚਾਰ ਟੂਕ ਹੋਣਾ. ਭਾਵ-. ਕੁਰਬਾਨ ਹੋਣਾ। ੨. ਚਾਰ ਪਾਸੇ ਫਿਰਨਾ. ਭਾਵ- ਵਾਰਨੇ ਹੋਣਾ.

ਚਉਗਣ, ਚਉਗਨ: ਦੇਖੋ, ਚਉਗੁਣ.

ਚਉਗਾਨ: ਦੇਖੋ, ਚੌਗਾਨ.

ਚਉਗਿਰਦ: ਕ੍ਰਿ. ਵਿ- ਚਾਰੋਂ ਓਰ. ਚਾਰੇ ਪਾਸੇ. ਚੁਫੇਰੇ. "ਚਉਕੀ ਚਉਗਿਰਦ ਹਮਾਰੇ." (ਸੋਰ ਮਃ ੫) "ਚਉਗਿਰਦ ਹਮਾਰੈ ਰਾਮਕਾਰ." (ਬਿਲਾ ਮਃ ੫) ੨. ਸੰਗਯਾ- ਲੋਕਾਲੋਕ ਪਰਬਤ. ਦੇਖੋ, ਲੋਕਾਲੋਕ.

ਚਉਗਿਰਦੋਂ: ਚਾਰੇ ਪਾਸਿਓਂ. ਚੁਫੇਰਿਓਂ. "ਧਾਏ ਰਖਾਸ ਰੋਹਲੇ ਚਉਗਿਰਦੋਂ ਭਾਰੇ." (ਚੰਡੀ ੩)

ਚਉਗੁਣ, ਚਉਗੁਨ, ਚਉਘਰ, ਚਉਘੜ: ਸੰ. ਚਤੁਰ੍‍ਗੁਣ. ਵਿ- ਚਾਰ ਗੁਣਾਂ. ਚਹਾਰ ਚੰਦ. ਦੇਖੋ, ਚਉਝੜ. "ਚੂਹੜ ਚਉਘੜ ਲਖਨਊ." (ਭਾਗੁ)

ਚਉਚਕਿਆ: ਚਾਰ ਦਾ ਚੁੱਕਿਆ ਹੋਇਆ. ਚਾਰ ਆਦਮੀਆਂ ਦਾ ਉਕਾਸਿਆ. ਭਾਵ- ਦੁਸ਼੍ਰਮੰਡਲੀ ਕਰਕੇ ਭੜਕਾਇਆ ਹੋਇਆ. "ਸੇਖਾ ! ਚਉਚਕਿਆ." (ਵਾਰ ਸੋਰ ਮਃ ੩)

ਚਉਝੜ: ਬੁੰਜਾਹੀਆਂ ਵਿੱਚੋਂ ਇੱਕ ਖਤ੍ਰੀ ਜਾਤਿ ਕਈਆਂ ਨੇ ਇਸੇ ਨੂੰ ਚਉਘੜ ਲਿਖਿਆ ਹੈ. "ਚੰਦੂ ਚਉਝੜ ਸੇਵ ਕਮਾਈ." (ਭਾਗੁ) ਦੇਖੋ, ਚਉਘੜ.

ਚਉਣਾ: ਸੰਗਯਾ- ਚੌਪਾਏ ਪਸ਼ੂਆਂ ਦਾ ਟੋਲਾ. ਘਾਹ ਚਰ ਆਉਣ ਵਾਲਾ ਵੱਗ. "ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ." (ਵਾਰ ਮਾਝ ਮਃ ੧) ੨. ਵਿ- ਚਤੁਰ ਗੁਣ. ਚੌਗੁਣਾ. ਚਹਾਰ ਚੰਦ.

ਚਉਣੀ: ਚਾਰ ਗੁਣੀ. ਦੇਖੋ, ਚੌਣੀ.

ਚਉਤਰਾ, ਚਉਤਾ: ਫ਼ਾ. چوترہ ਸੰਗਯਾ- ਚੌਤਰਹ. ਚਬੂਤਰਾ. ਸੰ. ਚਤ੍ਵਰ. ਥੜਾ। ੨. ਕੋਤਵਾਲ ਦੀ ਕਚਹਿਰੀ. "ਸ਼ਾਹ ਚਉਤਰੇ ਜਾਇ ਜਤਾਈ." (ਚਰਿਤ੍ਰ ੬੧) "ਝਗੜਾ ਕਰਦੇ ਚਉਤੈ ਆਯਾ." (ਭਾਗੁ)

ਚਉਤਾਰ: ਦੇਖੋ, ਚਾਰ ਤਾਲ.

ਚਉਤਾਰਾ: ਸੰਗਯਾ- ਚਾਰ ਤਾਰ ਦਾ ਗੀਤ, ਅਥਵਾ ਮ੍ਰਿਦੰਗ ਦਾ ਬੋਲ। ੨. ਰਬਾਬ, ਜਿਸ ਦੇ ਚਾਰ ਤਾਰਾਂ ਹੁੰਦੀਆਂ ਹਨ. ਅਥਵਾ ਚਾਰ ਤਾਰਾਂ ਦਾ ਕੋਈ ਵਾਜਾ। ੩. ਇੱਕ ਪ੍ਰਕਾਰ ਦਾ ਵਸਤ੍ਰ, ਜਿਸ ਦੀ ਬੁਣਤੀ ਵਿੱਚ ਚਾਰ ਚਾਰ ਤੰਦਾਂ ਇਕੱਠੀਆਂ ਹੋਂਦੀਆਂ ਹਨ.

ਚਉਤੀ, ਚਉਤੀਸ: ਸੰ. ਚਤੁਸ੍ਤ੍ਰਿੰਸ਼ਤ੍. ਤੀਹ ਉੱਪਰ ਚਾਰ- ੩੪.

ਚਉਤੀਸ ਅਖਰ, ਚਉਤੀਸ ਅਛਰ: ਸੰਸਕ੍ਰਿਤ ਦੇ ਅਸਲ ਅੱਖਰ ੩੪

ਙ ਇ ਤ

ਕ ਖ ਗ ਘ ਙ

ਚ ਛ ਜ ਝ ਞ

ਟ ਠ ਡ ਢ ਣ

ਤ ਥ ਦ ਧ ਨ

ਪ ਫ ਬ ਭ ਮ

ਯ ਰ ਲ ਵ ਸ ਹ.

ਬਾਕੀ ਜੋ ਅੱਖਰ ਹਨ ਉਹ ਇਨ੍ਹਾਂ ਅੱਖਰਾਂ ਦੇ ਮੇਲ ਤੋਂ ਹਨ. ਜੈਸੇ- ਕ ਸ਼ ਤੋਂ क्ष, ਜ ਞ ਤੋਂ ज्ञ, ਤ ਰ ਤੋਂ त्र ਆਦਿਕ. ਅਤੇ ਇੱਕ ਹੀ ਸੱਸੇ ਦੇ ਤਿੰਨ ਰੂਪ ਹਨ. [1] "ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ (ਅਛਰ) ਮਾਹੀ." (ਸੋਰ ਅਤੇ ਮਾਰੂ ਰਵਿਦਾਸ)

ਚਉਤੀਹ: ਦੇਖੋ, ਚਉਤੀ.

ਚਉਤੁਕਾ: ਸੰਗਯਾ- ਚਾਰ ਤੁਕਾਂ ਦੇ ਪਦ ਵਾਲਾ ਸ਼ਬਦ. ਹਰੇਕ ਚਾਰ ਤੁਕਾਂ ਪਿੱਛੋਂ ਜਿਸ ਸ਼ਬਦ ਵਿੱਚ ਅੰਗ ਹੋਵੇ.

ਚਉਥ: ਸੰ. ਚਤੁਰ੍ਥੀ ਸੰਗਯਾ- ਚੰਦ੍ਰਮਾ ਦੇ ਚਾਨਣੇ ਅਤੇ ਅਨ੍ਹੇਰੇ ਪੱਖ ਦੀ ਚੌਥੀ ਤਿਥਿ. "ਚਉਥਹਿ ਚੰਚਲ ਮਨ ਕਉ ਗਹਹੁ." (ਗਉ ਥਿਤੀ ਕਬੀਰ)

ਚਉਥੜਾ, ਚਉਥੜੀ, ਚਉਥਾ: ਵਿ- ਚਤੁਰ੍ਥ. ਚੌਥਾ. ਚੌਥੀ. ਚਾਰਵਾਂ. "ਤ੍ਰੈਗੁਣ ਮਾਇਆਮੋਹੁ ਹੈ ਗੁਰਮੁਖਿ ਚਉਥਾਪਦ ਪਾਇ." (ਸ੍ਰੀ ਮਃ ੩) "ਹਰਿ ਚਉਥੜੀ ਲਾਵ ਮਨਿ ਸਹਜੁ ਭਇਆ." (ਸੂਹੀ ਛੰਤ ਮਃ ੪)

ਚਉਥਾਪਦ: ਸੰਗਯਾ- ਜਾਗ੍ਰਤ ਸ੍ਵਪਨ ਸੁਖੁਪਤਿ ਤੋਂ ਪਰੇ ਗ੍ਯਾਨਪਦ. ਤੁਰੀਯ (ਤੁਰੀਆ) ਅਵਸ੍ਥਾ. ਗ੍ਯਾਨ ਅਵਸ੍ਥਾ. "ਚਉਥੇ ਪਦ ਕਉ ਜੋ ਨਰੁ ਚੀਨੈ." (ਕੇਦਾ ਕਬੀਰ)

ਚਉਥਿ: ਚਤੁਰ੍ਥੀ. ਦੇਖੋ, ਚਉਥ. "ਚਉਥਿ ਉਪਾਏ ਚਾਰੇ ਬੇਦਾ." (ਬਿਲਾ ਥਿਤੀ ਮਃ ੧)

ਚਉਥੀ: ਚਉਥਾ ਦਾ ਇਸਤ੍ਰੀ ਲਿੰਗ. "ਚਉਥੀ ਨੀਅਤਿ ਰਾਸਿ ਕਰ." (ਵਾਰ ਮਾਝ ਮਃ ੧)

ਚਉਦਸ: ਸੰਗਯਾ- ਚਤੁਰ੍ਦਸ਼. ਚੌਦਾਂ. ਚਾਰ ਅਤੇ ਦਸ- ੧੪.

ਚਉਦਸਿ: ਸੰ. ਚਤੁਰ੍ਦਸ਼ੀ. ਸੰਗਯਾ- ਚੰਦ੍ਰਮਾਂ ਦੇ ਚਾਨਣੇ ਅਤੇ ਅਨ੍ਹੇਰੇ ਪੱਖਦੀ ਚੌਦਵੀਂ ਤਿਥਿ. ਚੌਦੇਂ. "ਚਉਦਸਿ ਚਉਦਹ ਲੋਕ ਮਝਾਰਿ." (ਗਉ ਥਿਤੀ ਕਬੀਰ)

ਚਉਦਹ: ਚਤੁਰ੍ਦਸ਼. ਚੌਦਾਂ. "ਚਉਦਹ ਭਵਨ ਤੇਰੇ ਹਟਨਾਲੇ." (ਮਾਰੂ ਸੋਲਹੇ ਮਃ ੩)

ਚਉਦਹ ਰਤਨ: ਪੁਰਾਣਾਂ ਅਨੁਸਾਰ ਕ੍ਸ਼ੀਰ (ਖੀਰ) ਸਮੁੰਦਰ ਨੂੰ ਰਿੜਕਕੇ ਕੱਢੇ ਚੌਦਾਂ ਉੱਤਮ ਪਦਾਰਥ. ਦੇਖੋ, ਰਤਨ. "ਚਉਦਹ ਰਤਨ ਨਿਕਾਲਿਅਨੁ." (ਵਾਰ ਰਾਮ ੩)

ਚਉਦਹ ਲੋਕ: ਦੇਖੋ, ਚੌਦਾਂ ਲੋਕ.

ਚਉਦਹ ਵਿਦ੍ਯਾ: ਚਾਰ ਵੇਦ, ਛੀ ਵੇਦਾਂਗ, ਨ੍ਯਾਯ, ਮੀਮਾਂਸਾ, ਪੁਰਾਣ ਅਤੇ ਧਰਮਸ਼ਾਸਤ੍ਰ, ਇਨ੍ਹਾਂ ਚੌਦਾਂ ਦਾ ਗ੍ਯਾਨ. ਦੇਖੋ, ਵਿਸ਼ਨੁ ਪੁਰਾਣ ਅੰਸ਼ ੩. ਅਃ ੬. ਭਾਈ ਮਨੀ ਸਿੰਘ ਜੀ ਨੇ ਚਉਦਾਂ ਵਿਦ੍ਯਾ ਇਹ ਲਿਖੀਆਂ ਹਨ-

"ਸ਼੍ਰੀ ਅੱਖਰ ਜਲਤਰਨ ਚਕਿਤਸਾ ਔਰ ਰਸਾਇਨ, ਜੋਤਕ ਜੋਤਿ ਪ੍ਰਬੀਨ ਰਾਗ ਖਟ ਰਾਗਨਿ ਗਾਇਨ, ਕੋਕਕਲਾ ਵਜਾਕਰਨ ਔਰ ਬਾਜੰਤ੍ਰ ਬਜਾਇਨ, ਤੁਰਹਿ ਤੋਰ ਨਟ ਨ੍ਰਿੱਤ ਔਰ ਸਰ ਧਨੁਖ ਚਲਾਇਨ, ਗਜ਼ਾਨ ਕਰਨ ਔ ਚਾਤੁਰੀ ਏਤ ਨਾਮ ਵਿਦਯਾ ਵਰੇ,

ਏਹ ਚਤੁਰਦਸ ਜਗਤ ਮੇ ਚਤੁਰ ਸਮਝ ਮਨ ਮੇ ਧਰੇ." (ਜਸਭਾਮ)

ਦੇਖੋ, ਅਠਾਰਹਿ ਵਿਦਯਾ ਅਤੇ ਵਿਦਯਾ ਸ਼ਬਦ.

ਚਉਦਹਿ: ਦੇਖੋ, ਚਉਦਹ। ੨. ਚਤੁਰਦੰਸ਼ੀ. ਚੌਦੇਂ ਤਿਥਿ. "ਚਉਦਹਿ ਚਾਰਿ ਕੁੰਟ ਪ੍ਰਭ ਆਪਿ." (ਗਉ ਥਿਤੀ ਮਃ ੫)

ਚਉਦਣੋਚਕ: ਚਤੁਦੰਸ਼ ਚਕ੍ਰ (ਮੰਡਲ). ਚੌਦਾਂ ਲੋਕ. "ਚੱਚਕ ਚਉਦਣੋਚਕੰ." (ਰਾਮਾਵ) ਚੌਦਾਂ ਲੋਕ ਚਕਿਤ (ਹੈਰਾਨ) ਹੋ ਗਏ। ੨. ਚੌਦਵਾਂ (ਚਤੁਦੰਸ਼ਮ) ਲੋਕ.

ਚਉਦਾ: ਕਥਨ ਕਰਦਾ. ਬੋਲਦਾ. ਦੇਖੋ, ਚਉ ਅਤੇ ਚਵਣੁ. "ਜੋ ਗੁਰਬਾਣੀ ਮੁਖਿ ਚਉਦਾ ਜੀਉ." (ਮਾਝ ਮਃ ੪) ੨. ਦੇਖੋ, ਚਉਦਹ.

ਚਉਦਾਂ: ਦੇਖੋ, ਚਉਦਹ.

ਚਉਦਿਆ: ਕ੍ਰਿ. ਵਿ- ਉੱਚਾਰਣ ਕਰਦਿਆਂ. "ਆਸ ਪੂਰੀ ਹਰਿ ਚਉਦਿਆ." (ਸੂਹੀ ਛੰਤ ਮਃ ੪) ਦੇਖੋ, ਚਵਣੁ.

ਚਉਦੋ: ਵਿ- ਚਵਣੁ (ਉੱਚਰਾਣ) ਯੋਗਯ. ਕਥਨੀਯ. "ਚਉਦੋ ਮੁਖਿ ਅਲਾਇ." (ਵਾਰ ਮਾਰੂ ੨. ਮਃ ੫) ੨. ਉੱਚਾਰਣ ਕਰਦਾ.

ਚਉਂਧ, ਚਉਂਧਨਾ: ਦੇਖੋ, ਚੌਂਧ ਅਤੇ ਚੌਂਧਨਾ.

ਚਉਧਰੀ: ਸੰਗਯਾ- ਚਉ ਧਾਰਣ ਵਾਲਾ. ਹਲਧਰ. ਕਾਸ਼ਤਕਾਰ। ੨. ਸੰ. चतुर्धुरीण ਚਤੁਧੁੰਰੀਣ. ਚਾਰ ਆਦਮੀਆਂ ਵਿੱਚ ਮੁਖੀਆ. "ਚਉਧਰੀ ਰਾਉ ਸਦਾਈਐ." (ਸ੍ਰੀ ਅਃ ਮਃ ੧)

ਚਉਂਧਿਤ: ਦੇਖੋ, ਚੌਂਧਿਤ.

ਚਉਪ: ਦੇਖੋ, ਚੌਪ.

ਚਉਪਈ: ਦੇਖੋ, ਚੌਪਈ.

ਚਉਪਦਾ: ਸੰਗਯਾ- ਚਤੁਸ਼੍ਪਦਾ. ਚਾਰ ਪਦਾਂ ਵਾਲਾ ਛੰਦ. ਉਹ ਸ਼ਬਦ ਜਿਸਦੇ ਚਾਰ ਪਦ ਹੋਣ. ਦੇਖੋ, ਰਾਗ ਗੂਜਰੀ ਵਿੱਚ- "ਕਿਰਿਆ ਚਾਰ ਕਰਹਿ ਖਟ ਕਰਮਾ"- ਗੁਰੂ ਅਰਜਨ ਦੇਵ ਦਾ ਸ਼ਬਦ। ੨. ਦੇਖੋ, ਚੌਪਦ ੨.

ਚਉਪਦਾ ਦੁਪਦਾ: ਦੋ ਦੋ ਤੁਕਾਂ ਤੇ ਅੰਗ ਵਾਲਾ ਉਹ ਸ਼ਬਦ, ਜਿਸ ਵਿੱਚ ਚਾਰ ਦੋ ਪਦੇ ਹੋਣ, ਅਰਥਾਤ ਦੋ ਦੋ ਤੁਕਾਂ ਦੇ ਚਾਰ ਪਦ.

ਚਉਪਰ, ਚਉਪੜ, ਚਉਪੜਿ: ਸੰ. चतुष्पट ਚਤੁਸ਼੍ਪਟ ਚਾਰ ਪਾਟ ਦਾ ਵਸਤ੍ਰ ਅਤੇ ਉਸ ਉੱਪਰ ਖੇਡਣ ਦਾ ਖੇਡ. "ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ." (ਆਸਾ ਅਃ ਮਃ ੧) "ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ." (ਬਸੰ ਮਃ ੫) ਦੇਖੋ, ਚਉਸਰ ਅਤੇ ਪੱਕੀ ਸਾਰੀ.

ਚਉਪਾਈ: ਦੇਖੋ, ਚੌਪਈ। ੨. ਚਾਰਪਾਈ. ਮੰਜੀ। ੩. ਵਿ- ਚਾਰ ਪੈਰਾਂ ਵਾਲੀ. "ਖਾਟ ਮਾਗਉ ਚਉਪਾਈ." (ਸੋਰ ਕਬੀਰ) ਪਾਵੇ ਬਿਨਾ ਤਖ਼ਤੇ ਦਾ ਨਾਮ ਭੀ ਖਾਟ ਹੈ.

ਚਉਬਾਰਾ: ਸੰਗਯਾ- ਚਾਰੇ ਪਾਸੇ ਬਾਰਾਂ ਵਾਲਾ ਉੱਪਰਲੀ ਮੰਜ਼ਿਲ ਦਾ ਘਰ. "ਚਾਰਿ ਕੁੰਟ ਚਉਬਾਰਾ." (ਸੋਰ ਮਃ ੧)

ਚਉਬਾਰੇ: ਚਉਬਾਰਾ ਦਾ ਬਹੁਵਚਨ. "ਸੇ ਅਸਥਲ ਸੋਇਨਚਉਬਾਰੇ." (ਮਾਝ ਮਃ ੫) ਸੋਨੇ ਦੇ ਚੌਬਾਰੇ। ੨. ਕ੍ਰਿ. ਵਿ- ਚੁਫੇਰੇ.

ਚਾਰੇ ਪਾਸੇ. "ਪਵਨ ਕੋਟਿ ਚਉਬਾਰੇ ਫਿਰਹਿ." (ਭੈਰ ਅ: ਕਬੀਰ) ੩. ਚਉਬਾਰੇ ਵਿੱਚ.

ਚਉਬੀਸ, ਚਉਬੀਹ: ਦੇਖੋ, ਚੌਬੀਸ.

ਚਉਬੋਲਾ: ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ੧੫. ਮਾਤ੍ਰਾ, ਅੰਤ ਲਘੁ ਗੁਰੁ. ਇਹ ਚੌਪਈ ਦਾ ਹੀ ਇੱਕ ਰੂਪ ਹੈ. ਦੇਖੋ, ਚੌਪਈ ਦਾ ਰੂਪ ੩। ੨. ਕਿਸੇ ਜਾਤਿ ਦਾ ਛੰਦ, ਜਿਸ ਦੇ ਤੁਕਾਂਤ ਭਿੰਨ ਭਿੰਨ ਹੋਣ. ਚਾਰ ਅਨੁਪ੍ਰਾਸ ਵੱਖਰੇ ਹੋਣ ਕਾਰਣ ਇਹ ਸੰਗ੍ਯਾ ਹੈ. ਦੇਖੋ, ਰਾਮਾਵਤਾਰ ਵਿੱਚ ਸਵੈਯੇ ਦੀ ਇਸੇ ਕਾਰਣ ਚਉਬੋਲਾ ਸੰਗ੍ਯਾ ਹੋ ਗਈ ਹੈ, ਯਥਾ-

ਸ੍ਰੀ ਰਘੁਰਾਜ ਸਰਾਸਨ ਲੈ

ਰਿਸ ਠਾਨ ਘਨੀ ਰਨ ਬਾਨ ਪ੍ਰਹਾਰੇ,

ਬੀਰਨ ਮਾਰ ਦੁਸਾਰ ਗਏ ਸਰ

ਅੰਬਰ ਤੇ ਬਰਸੇ ਜਨੁ ਓਰੇ,

ਬਾਜਿ ਗਜੀ ਰਥ ਸਾਜ ਗਿਰੇ ਧਰ

ਪੱਤਿ ਅਨੇਕ ਸੁ ਕੌਨ ਗਨਾਵੈ,

ਫਾਗੁਨ ਪੌਨ ਪ੍ਰਚੰਡ ਬਹੇ

ਬਨਪਤ੍ਰਿਨ ਕੇ ਮਨੁ ਪਤ੍ਰ ਉਡਾਨੇ.

੩. ਸੰਗੀਤ ਅਨੁਸਾਰ "ਚਤੁਰੰਗ" ਦਾ ਨਾਮ ਭੀ ਚਉਬੋਲਾ ਹੈ. ਜਿਸ ਪ੍ਰਬੰਧ ਵਿੱਚ ਸਾਧਾਰਣ ਗੀਤ, ਸ਼ਰਗਮ, ਤਰਾਨਾ ਅਤੇ ਮ੍ਰਿਦੰਗ ਦੇ ਬੋਲ ਹੋਣ, ਉਹ ਚਤੁਰੰਗ ਹੈ. ਦੇਖੋ, ਹੇਠ ਲਿਖਿਆ ਵ੍ਰਿੰਦਾਬਨੀ ਸਾਰੰਗ[੨] ਦਾ ਚਤੁਰੰਗ[੩]

"ਚਤੁਰੰਗ ਗੁਨੀਅਨ ਮਿਲਿ ਗਾਈਏ ਬਜਾਈਏ ਰਿਝਾਈਏ। ਗੁਨੀਅਨ ਕੇ ਆਗੇ ਲੈ ਕੋ ਸੰਪੂਰਨ ਕਰ ਦਿਖਾਈਏ.

ਨ ਸ਼ ਰ ਮ ਰ ਮ ਪ ਧ, ਪ ਮ ਰ ਮ ਰ ਸ਼ ਨ ਸ਼

ਦਿਰ ਦਿਰ ਤਾ ਨਾ ਨਾ ਦਿਰ ਤਾ ਨਾ, ਨਾ ਤਾ ਰੇ ਨਾ ਤੋਮ ਤਾਨਾ.

ਧਿਰ ਧਿਰ ਧੁਮ ਕਿਟ ਤਕ੍ਰਾਨ ਧਾ, ਤਕ੍ਰਾਨ ਧਾ ਧੁਮ ਕਿਟ ਤਕ੍ਰਾਨ ਧਾ ਧਾ."

੪. ਜਿਸ ਛੰਦ ਵਿੱਚ ਚਾਰ ਭਾਸ਼ਾ (ਬੋਲੀਆਂ) ਹੋਣ ਉਹ ਭੀ "ਚਉਬੋਲਾ" ਹੈ. ਹੇਠ ਲਿਖੇ ਉਦਾਹਰਣ ਵਿੱਚ ਵ੍ਰਿਜਭਾਸ਼ਾ, ਮੁਲਤਾਨੀ, ਡਿੰਗਲ ਅਤੇ ਹਿੰਦੀ ਪਾਈ ਜਾਂਦੀ ਹੈ-

ਗਾਜੇ ਮਹਾਂ ਸੂਰ ਘੁੰਮੀ ਰਣੰ ਹੂਰ

ਭ੍ਰਮੀ ਨਭੰ ਪੂਰ ਬੇਖੰ ਅਨੂਪੰ,

ਵਲੇ ਵਲੀ ਸਾਂਈਂ ਜੀਵੀਂ ਜੁਗਾਂ ਤਾਈਂ

ਤੈਂਡੇ ਘੋਲੀ ਜਾਈਂ ਅਲਾਵੀ ਤ ਐਸੇ,

ਲਗੋਂ ਲਾਰ ਥਾਨੇ ਬਰੋ ਰਾਜ ਮ੍ਹਾਨੇ

ਕਹੋਂ ਔਰ ਕਾਂਨੇ ਹਠੀ ਛਾਡ ਥੇਸੌ,

ਬਰੋ ਆਨ ਮੋਕੋ ਭਜੋਂ ਆਜ ਤੋਕੋ

ਚਲੋ ਦੇਵਲੋਕੋ ਤਜੋ ਬੇਗ ਲੰਕਾ.

(ਰਾਮਾਵ)

੫. ਉਹ ਛੰਦ ਭੀ ਚਉਬੋਲਾ ਹੈ ਜਿਸ ਦੇ ਚੌਥੇ ਪਦ ਦੇ ਆਦਿ ਸੰਬੋਧਕ ਪਦ ਹੋਵੇ, ਦੇਖੋ, ਅੜਿੱਲ ਦਾ ਭੇਦ ੫। ੬. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰੋਂ ਪ੍ਰੇਮੀਆਂ ਦੇ ਪਰ ਥਾਇ ਬੋਲ (ਵਚਨ) ਜਿਸ ਬਾਣੀ ਵਿੱਚ ਕਥਨ ਕੀਤੇ ਹਨ, ਉਸ ਦੀ "ਚਉਬੋਲਾ" ਸੰਗਜ਼ਾ ਹੈ, ਚਾਹੋ ਛੰਦ ਇਸ ਦਾ ਦੋਹਾ ਹੈ, ਯਥਾ:-

ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰਿ ਛਾਇ,

ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ.

(ਚਉਬੋਲੇ ਮਃ ੫)

੭. ਕਿਸੇ ਕਿਸੇ ਦੇ ਮਤ ਵਿੱਚ "ਤਾਟੰਕ" ਛੰਦ ਦਾ ਨਾਮ ਹੀ ਚਉਬੋਲਾ ਹੈ. ਦੇਖੋ, ਤਾਟੰਕ। ੮. ਅਨੇਕ ਕਵੀਆਂ ਨੇ ਦੋ ਚਰਣ ਦਾ ਚਉਬੋਲਾ ਛੰਦ ਮੰਨਿਆ ਹੈ. ਪ੍ਰਤਿ ਚਰਣ ੩੦ ਮਾਤ੍ਰਾ. ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੪. ਪੁਰ, ਅੰਤ ਲਘੁ ਗੁਰੁ.

ਉਦਾਹਰਣ-

ਸ਼ਸਤ੍ਰ ਸਜਾਇ ਧਜਾਯ ਜਗਦੀਸ਼੍ਵਰ,

ਸੂਰਵੀਰਤਾ ਚਿੱਤ ਧਰੋ,

ਆਲਸ ਕਾਇਰਤਾ ਕੰਜੂਸੀ,

ਕਦੀ ਨ ਇਨ ਕਾ ਸੰਗ ਕਰੋ.

ਚਉਮੁਖ: ਸੰਗਜਾ- ਚਤੁਮੁੱਖ. ਚਾਰ ਮੂਹਾਂ ਵਾਲਾ ਬ੍ਰਹਮਾ। ੨. ਵਿ- ਚਾਰਮੁਹਾਂ। "ਚਉਮੁਖ ਦੀਵਾ ਜੋਤਿ ਦੁਆਰ." (ਰਾਮ ਬੇਣੀ) ਭਾਵ ਚਾਰੇ ਪਾਸੇ ਪ੍ਰਕਾਸ਼ ਕਰਨ ਵਾਲਾ ਆਤਮਪ੍ਰਕਾਸ਼.

ਚਉਰ: ਦੇਖੋ, ਚਾਮਰ. ਦੇਖੋ, ਚਉਰਢੂਲ। ੨. ਦਿਸ਼ਾ. ਓਰ. ਤਰਫ਼. "ਸਭਨਾਂ ਚਉਰਾਂ ਵਿਖੇ ਆਸਣ ਥਾਪੇ." (ਮਗੋ)

ਚਉਰਢੂਲ: ਸੰਗਜਾ- ਚੌਰ (ਚਾਮਰ) ਦਾ ਢੋਰਨ (ਫਿਰਣਾ). ਚੌਰ ਫੇਰਣ ਦਾ ਭਾਵ. "ਚਉਰਢੂਲ ਜਾਂਚੈ ਹੈ ਪਵਣੁ." (ਮਲਾ ਨਾਮਦੇਵ)

ਚਉਰਾਸੀ, ਚਉਰਾਸੀਹ: ਸੰ. ਚਤੁਰਸ਼ੀਤਿ. ਸੰਗਜਾ- ਚੌਰਾਸੀ. ਚਾਰ ਅਤੇ ਅੱਸੀ ੮੪। ੨. ਭਾਵ ਆਵਾਗਮਨ. ਚੌਰਾਸੀ ਲੱਖ ਯੋਨਿ ਦਾ ਗੇੜਾ.

ਚਉਰਾਸੀਹ ਸਿਧ: ਦੇਖੋ, ਚੌਰਾਸੀ ਸਿੱਧ. "ਸਿਧ ਚਉਰਾਸੀਹ ਮਾਇਆ ਮਹਿ ਖੇਲਾ." (ਭੈਰ ਕਬੀਰ)

ਚਉਰਾਸੀਹ ਨਰਕ: ਚੌਰਾਸੀ ਲੱਖ ਯੋਨਿ, ਜੋ ਮਹਾਂ ਦੁਖਦਾਈ ਨਰਕ ਰੂਪ ਹੈ. "ਚਉਰਾਸੀਹ ਨਰਕ ਸਾਕਤ ਭੋਗਾਈਐ." (ਮਾਰੂ ਸੋਲਹੇ ਮਃ ੧) ਦੇਖੋ, ਨਰਕ.

ਚਉਰਾਸੀਹ ਲਖ ਜੋਨਿ: ਦੇਖੋ, ਚੌਰਾਸੀ ਲੱਖ ਯੋਨਿ.

ਚਉਰਾਹਾ: ਸੰਗਜਾ- ਉਹ ਅਸਥਾਨ, ਜਿੱਥੇ ਚਾਰ ਰਾਹ (ਰਸਤੇ) ਇਕੱਠੇ ਹੋਣ. ਚਤੁਸ਼੍ਪਥ.

ਚਉਰਾਨਵੇ: ਚਤੁਨੰਵਤਿ. ਨੱਵੇ ਉੱਪਰ ਚਾਰ- ੯੪.

ਚਉਵਾਇਆ: ਵਿ- ਚਾਰ ਦਾ ਬਜਾਇਆ. ਭਾਵ- ਆਪਣੀ ਅ਼ਕ਼ਲ ਤੋਂ ਖ਼ਾਰਿਜ ਅਤੇ ਚਾਰ ਲੋਕਾਂ ਦਾ ਵਾਜੇ ਵਾਂਙ ਬਜਾਉਣ ਤੋਂ ਬੋਲਣ ਵਾਲਾ. "ਸੇਖਾ! ਚਉਚਕਿਆ ਚਉਵਾਇਆ!" (ਵਾਰ ਸੋਰ ਮਃ ੩) ੨. ਕ੍ਰਿ. ਵਿ- ਚਾਰੇ ਪਾਸੇ. ਚੁਫੇਰੇ. "ਪਾਉਣ

ਫਿਰੈ ਚਉਵਾਇਆ." (ਭਾਗੁ)

**ਚਉਵੀਹ:** ਦੇਖੋ, ਚੌਬੀਸ.

**ਚਉੜ:** ਸੰਗਯਾ- ਲਾਡ। ੨. ਖੇਲ. ਕ੍ਰੀੜਾ. ਦੇਖੋ, ਚੁਡ ਧਾ। ੩. ਰੜਾ. ਰੌੜ। ੪. ਦੇਖੋ, ਚੌੜ ੨.। ੫. ਤਬਾਹੀ. ਬਰਬਾਦੀ. ਜਿਵੇਂ- ਉਸ ਨੇ ਚਉੜ ਕਰ ਦਿੱਤੀ. (ਲੋਕੋ)

**ਚਉੜਚਪੱਟ:** ਚਾਰੇ ਪਾਸੇ ਸਫਾਈ. ਭਾਵ- ਸਰਵਨਾਸ਼. ਪੂਰੀ ਤਬਾਹੀ.

**ਚਉੜਿ:** ਕ੍ਰਿ. ਵਿ- ਰੜੇ. ਮੈਦਾਨ ਵਿੱਚ. "ਰੇ ਨਰ, ਨਾਵ ਚਉੜਿ ਕਤ ਬੋੜੀ?" (ਗਉ ਕਬੀਰ)

**ਚਉੜੂ:** ਵਿ- ਰੜਾ ਕਰਨ ਵਾਲਾ. ਭਾਵ- ਸਰਸਬਜ਼ ਥਾਂ ਨੂੰ ਕੱਲਰ ਕਰਨ ਵਾਲਾ. ਤਬਾਹ ਕਰਤਾ। ੨. ਲਾਡਲਾ। ੩. ਇੱਲਤੀ.

**ਚਊ:** ਸੰਗਯਾ- ਹਲ ਦਾ ਉਹ ਭਾਗ, ਜਿਸ ਵਿੱਚ ਲੋਹੇ ਦਾ ਫਾਲਾ ਜੜਿਆ ਹੁੰਦਾ ਹੈ, ਜੋ ਜ਼ਮੀਨ ਨੂੰ ਪਾੜਦਾ ਹੈ.

**ਚਊਣ, ਚਊਣਾ, ਚਊਣੀ, ਚਊਨ, ਚਊਨਾ, ਚਊਨੀ:** ਵਿ- ਚਤੁਰ੍‍ਗੁਣ. ਚੌਗੁਣਾ. ਚਹਾਰਚੰਦ. ਚੋਗੁਨੀ. ਚਹਾਰ ਗੁਨੀ. "ਦੂਣ ਚਊਣੀ ਦੇ ਵਡਿਆਈ." (ਸੋਰ ਮਃ ੫) "ਦਿਨ ਪ੍ਰਤਿ ਦੂਨ ਚਊਨ ਵਿਸਾਲਾ." (ਨਾਪ੍ਰ).

**ਚਈਆ:** ਸੰਗਯਾ- ਚਾਉ. ਉਮੰਗ। ੨. ਚਾਹ. ਇੱਛਾ. ਰੁਚੀ. "ਪ੍ਰਭੁ ਦੇਖਨ ਕੋ ਬਹੁਤ ਮਨਿ ਚਈਆ" (ਬਿਲਾ ਅਃ ਮਃ ੪) ੩. ਦੇਖੋ, ਚੈਯਾ। ੪. ਵਿ- ਚਾਉਵਾਲਾ. ਉਤਸਾਹੀ.

**ਚਸ:** ਸੰ. ਚ਷੍. ਚਸ਼੍. ਧਾ- ਮਾਰ ਸੁੱਟਣਾ, ਦੁੱਖ ਦੇਣਾ, ਖਾਣਾ.

**ਚਸਕ:** ਸੰਗਯਾ- ਚੀਸ. ਕਰਕ. ਚੁਭਵੀਂ ਪੀੜ। ੨. ਸੰ. ਚਸ਼ਕ. ਸ਼ਰਾਬ ਪੀਣ ਦਾ ਪਾਤ੍ਰ। ੩. ਸ਼ਹਿਦ. ਮਧੁ.

**ਚਸਕਾ, ਚਸਕਾਰ:** ਸੰਗਯਾ- ਸ਼ਰਾਬ ਪੀਣ ਦੀ ਵਾਦੀ। ੨. ਰਸਨਾ ਦੇ ਸਵਾਦ ਦੀ ਪ੍ਰਬਲਤਾ। ਦੇਖੋ, ਚਸ ਧਾ ਅਤੇ ਚਸਕ ੨.

**ਚਸਪਾਂ:** ਫ਼ਾ. چسپاں ਵਿ- ਚਿਮੜਿਆ (ਚਿਪਕਿਆ) ਹੋਇਆ। ੨. ਤੁੱਲ. ਸਮਾਨ. ਢੁਕਵਾਂ.

**ਚਸਪੀਦਨ:** ਫ਼ਾ. چسپیدن ਕ੍ਰਿ- ਚਿਪਕਾਉਣਾ. ਚਮੋੜਨਾ.

**ਚਸ਼ਮ:** ਫ਼ਾ. چشم ਸੰਗਯਾ- ਚਕ੍ਸ਼ੁ. ਨੇਤ੍ਰ. ਅੱਖ। ੨. ਨਜ਼ਰ. ਨਿਗਾਹ. ਦ੍ਰਿਸ਼੍ਟਿ.

**ਚਸ਼ਮਦੀਦ:** ਫ਼ਾ. چشمدید ਵਿ- ਅੱਖੀਂ ਵੇਖਿਆ. "ਬੰਦੇ! ਚਸਮਦੀਦੰ ਫਨਾਇ." (ਤਿਲੰ ਮਃ ੫)

**ਚਸ਼ਮਨੁਮਾਈ:** ਫ਼ਾ. چشم نُمائی ਸੰਗਯਾ- ਅੱਖ ਦਿਖਾਉਣ ਦੀ ਕ੍ਰਿਯਾ. ਕੋਪਦ੍ਰਿਸ਼੍ਟਿ ਨਾਲ ਤੱਕਣਾ.

**ਚਸ਼ਮਪੋਸ਼ੀ:** ਫ਼ਾ. چشم پوشی ਸੰਗਯਾ- ਅਪਰਾਧ ਕ੍ਸ਼ਮਾ (ਖਿਮਾ) ਕਰਨ ਦੀ ਕ੍ਰਿਯਾ। ੨. ਦੇਖਕੇ ਅਣਡਿੱਠ ਕਰਨ ਦੀ ਕ੍ਰਿਯਾ.

**ਚਸ਼ਮਾ:** ਫ਼ਾ. چشمہ ਸੰਗਯਾ- ਸੂਰਜ। ੨. ਪਾਣੀ ਦਾ ਸੋਤ. ਉਮਾਹੂ ਪਾਣੀ ਦਾ ਚੋਹਾ। ੩. ਸੂਈ ਦਾ ਨੱਕਾ। ੪. ਐਨਕ. "ਲਾਇ ਚਸਮੇ ਜਹ ਤਹਾ ਮਊਜੂਦ." (ਤਿਲੰ ਕਬੀਰ) ਗ੍ਯਾਨ ਅਤੇ ਵਿਵੇਕਰੂਪ ਚਸ਼ਮਾ.

**ਚਸ਼ਮਾਏ ਕੌਸਰ:** ਫ਼ਾ. چشمۂ کَوثر ਚਸ਼ਮਾਏਕੌਸਰ. ਬਹਿਸ਼੍ਤ ਦੀ ਇੱਕ ਨਦੀ, ਜਿਸ ਦੇ ਪਾਣੀ ਦਾ ਰੰਗ ਦੁੱਧ ਤੋਂ ਚਿੱਟਾ ਅਤੇ ਸ਼ਹਿਦ ਤੋਂ ਮਿੱਠਾ ਹੈ.

**ਚਸ਼ਮਾਸਾਹਿਬ:** ਦੇਖੋ, ਚੌਹਾ ਸਾਹਿਬ ੨.

**ਚਸਾ:** ਦੇਖੋ, ਕਾਲਪ੍ਰਮਾਣ. "ਸੇਵ ਕਰੀ ਪਲ ਚਸਾ ਨ ਵਿਛੁੜਾ." (ਮਾਝ ਮਃ ੫)

**ਚਸਿਆ:** ਚਸਾ ਦਾ ਬਹੁਵਚਨ. "ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ." (ਸੋਹਿਲਾ) ੨. ਚਸਿਆਂ ਨਾਲ.

ਚਸ਼ੀਦਹ: ਫ਼ਾ. چشیدہ ਚੱਖਿਆ. ਖਾਧਾ.

ਚਸ਼ੀਦਨ: ਫ਼ਾ. چشیدن ਕ੍ਰਿ- ਚੱਖਣਾ. ਦੇਖੋ, ਚਸ ਧਾ.

ਚਸੂਆ: ਕ੍ਰਿ. ਵਿ- ਚਸਾਮਾਤ੍ਰ. ਚਸਾਭਰ. "ਉਸ ਤੇ ਘਟੈ ਨਹੀ ਰੁਚਿ ਚਸੂਆ." (ਗਉ ਮਃ ੫)

ਚਹ: ਸੰ. ਚਹ੍ ਧਾ- ਠਗਣਾ, ਹੰਕਾਰੀ ਹੋਣਾ, ਪੀਹਣਾ.

ਚਹਚਹਾ: ਵਿ- ਮਨਭਾਉਂਦਾ. ਪਸੰਦ। ੨. ਸ਼ੋਖ਼.

ਚਹਬੱਚਾ: ਫ਼ਾ. چہبچّہ ਸੰਗਯਾ- ਚਾਹਬੱਚਾ. ਹ਼ੌਜ. ਕੁੰਡ. "ਚਹਬੱਚਾ ਮੇ ਨ੍ਹਾਨ ਸਿਧਾਰੇ." (ਚਰਿਤ੍ਰ ੨੬੬)

ਚਹਮਚ: ਸੰਗਯਾ- ਪ੍ਰਸੰਨਤਾ. ਖ਼ੁਸ਼ੀ. "ਗੁਰਮੁਖ ਭਾਇ ਭਗਤਿ ਚਹਮੱਚੈ." (ਭਾਗੁ) ੨. ਭੀੜ ਭੜੱਕਾ.

ਚਹਲ: ਸੰਗਯਾ- ਉਤਸਵ. ਚਾਉ. ਆਨੰਦ। ੨. ਗਾਰਾ. ਚਿੱਕੜ.

ਚਹਲਕ਼ਦਮੀ, ਚਹਲਕ਼ਦਮੀ: ਦੇਖੋ, ਚਿਹਲਕ਼ਦਮੀ.

ਚਹਲਪਹਲ: ਸੰਗਯਾ- ਰੌਨਕ਼। ੨. ਧੂਮਧਾਮ.

ਚਹਲਾ: ਦੇਖੋ, ਚਲ੍ਹਾ.

ਚਹਾ: ਵਿ- ਚਾਹਿਆ ਹੋਇਆ। ੨. ਸੰਗਯਾ- ਜਲ ਦੇ ਕਿਨਾਰੇ ਰਹਿਣ ਵਾਲਾ ਇੱਕ ਪੰਛੀ. Snipe.

ਚਹਾਰ: ਫ਼ਾ. چہار ਸੰਗਯਾ- ਚਾਰ. ਸੰ. ਚਤ੍ਵਾਰ੍.

ਚਹਾਰਮ: ਫ਼ਾ. چہارم ਵਿ- ਚੌਥਾ.

ਚਹਾਰਮੀ: ਜ਼ਮੀਨ ਦੀ ਪੈਦਾਵਰ ਤੋਂ ਚੌਥਾ ਹ਼ਿੱਸਾ ਲੈਣ ਵਾਲਾ. ਚੌਥਦਾਰ. ਦੇਖੋ, ਚੌਥ ੩.

ਚਹਿ: ਸੰਗਯਾ- ਦਾਗ਼. ਧੱਬਾ. "ਤਨ ਕੋ ਚਹਿ ਨਹਿ ਲਾਗਨ ਪਰੇ." (ਗੁਪ੍ਰਸੂ) ੨. ਕ੍ਰਿ. ਵਿ- ਚਾਹਕੇ.

ਚਹਿਕਨਾ: ਦੇਖੋ, ਚੁਹਕਾਰ.

ਚਹੁ: ਦੇਖੋ, ਚਹਿ। ੨. ਚਹਾਰ. ਚਾਰ. "ਚਹੁ ਛਿਅ ਮਹਿ ਸੰਨਿਆਸੀ." (ਪ੍ਰਭਾ ਅਃ ਮਃ ੧) ਦਸ ਫ਼ਿਰਕ਼ਿਆਂ ਵਿੱਚ ਸੰਨਯਾਸੀ. ਦੇਖੋ, ਦਸ ਨਾਮ ਸੰਨਯਾਸੀ. "ਸੇਈ ਸੁਖੀਏ ਚਹੁਜਗੀ." (ਸ੍ਰੀ ਮਃ ੩) ੩. ਚਾਰ ਨੂੰ. ਚਾਰ ਨੇ. "ਅਸਟਦਸੀ ਚਹੁ ਭੇਦ ਨ ਪਾਇਆ." (ਆਸਾ ਮਃ ੧)

ਚਹੁੰ: ਕ੍ਰਿ. ਵਿ- ਚਾਰੋਂ. ਚਾਰੇ.

ਚਹੁ ਉਮਾਹਾ ਹੋਇ: (ਵਾਰ ਮਲਾ ਮਃ ੧) ਨਾਗਾਂ, ਮਿਰਗਾਂ, ਮੱਛੀਆਂ, ਰਸੀਆਂ.

ਚਹੁਕੁੰਡੀ: ਚਾਰੇ ਦਿਸ਼ਾ ਵਿੱਚ. ਚਤੁਰ ਕੂਟ ਮੇ. "ਜਿਨਿ ਜਨਿ ਗੁਰਮੁਖਿ ਬੁਝਿਆ ਸੁ ਚਹੁਕੁੰਡੀ ਜਾਪੈ." (ਵਾਰ ਮਾਰੂ ੨. ਮਃ ੫)

ਚਹੁਚਕ: ਸੰ. ਕ੍ਰਿ. ਵਿ- ਚਾਰੋਂ ਓਰ. ਚਾਰੇ ਪਾਸੇ. "ਚਹੁਚਕੀ ਕੀਅਨੁ ਲੋਆ." (ਵਾਰ ਰਾਮ ੩)

ਚਹੁਛਿਅ: ਦਸ. ਦੇਖੋ, ਚਹੁ ੨.

ਚਹੁਬਦਨ ਕੋ ਜਾਨ: ਚਾਰ ਵਦਨ (ਮੁਖ) ਵਾਲਾ ਬ੍ਰਹਮਾ, ਉਸ ਦਾ ਯਾਨ (ਸਵਾਰੀ) ਹੰਸ. "ਚਹੁਬਦਨ ਕੋ ਜਾਨ ਹੈ." (ਨਾਪ੍ਰ)

ਚਹੁ ਵੇਛੋੜਾ ਹੋਇ: (ਵਾਰ ਮਲਾ ਮਃ ੧) ਗਾਈ- ਪੁੱਤਾਂ, ਨਿਰਧਨਾ, ਪੰਥੀ, ਚਾਕਰ.

ਵਰਖਾ ਹੋਣ ਤੋਂ ਬੈਲ ਜੋਤੇ ਜਾਂਦੇ ਹਨ, ਇਸ ਲਈ ਵੱਗ ਤੋਂ ਵਿਛੁੜਦੇ ਹਨ. ਕੰਗਾਲ ਮਜ਼ਦੂਰੀ ਅਥਵਾ ਖੇਤੀ ਕਰਨ ਵਿਦੇਸ਼ ਨਿਕਲ ਜਾਂਦੇ ਹਨ. ਰਾਹੀ ਮਿਲਕੇ (ਸੜਕਾਂ ਨਾ ਹੋਣ ਕਾਰਣ) ਚਲ ਨਹੀਂ ਸਕਦੇ, ਆਪਣੇ ਆਪਣੇ ਠਿਕਾਣੇ ਬੈਠ ਜਾਂਦੇ ਹਨ. ਨੌਕਰਾਂ ਨੂੰ ਪੁਰਾਣੇ ਜ਼ਮਾਨੇ ਬਰਸਾਤ ਵਿੱਚ ਮੁਹਿੰਮ ਬੰਦ ਹੋਣ ਕਾਰਣ ਛੁੱਟੀ ਮਿਲ ਜਾਂਦੀ, ਇਸ ਲਈ ਛਾਵਨੀ ਵਿੱਚ ਇਕੱਠੇ ਨਹੀਂ ਰਹਿ ਸਕਦੇ ਸਨ.

ਚਹੁੰ: ਕ੍ਰਿ. ਵਿ- ਚਾਰੋਂ. ਚਾਰੇ.

ਚਹੂਘਾ: ਕ੍ਰਿ. ਵਿ- ਚਾਰੋਂ ਓਰ. ਚਾਰੇ ਪਾਸੇ.

ਚਹੂਚਕ, ਚਹੂੰਚਕ: ਦੇਖੋ, ਚਹੁਚਕ.

ਚਹੇੜੂ: ਦੇਖੋ, ਛਹੇੜੂ.

ਚਹੋਰਾ, ਚਹੋੜਾ: ਸੰਗਯਾ- ਇੱਕ ਪ੍ਰਕਾਰ ਦਾ ਧਾਨ, ਜਿਸ ਦਾ ਚਾਵਲ ਸੁਗੰਧ ਵਾਲਾ ਹੁੰਦਾ ਹੈ.

ਚਕ: ਸੰ. चक् ਧਾ- ਚਮਕਣਾ, ਹਟਾਉਣਾ (ਨਿਵਾਰਨ ਕਰਨਾ), ਤ੍ਰਿਪਤ ਹੋਣਾ। ੨. ਸੰ. ਚਕ੍ਰ. ਸੰਗਯਾ- ਦਿਸ਼ਾ. "ਚਕ੍ਰ ਬਕ੍ਰ ਫਿਰੈ ਚਤੁਰ ਚਕ." (ਜਾਪੁ) ੩. ਰਥ ਦਾ ਪਹੀਆ. "ਰਥ ਕੇ ਚਕ ਕਾਟਗਿਰਾਏ." (ਕ੍ਰਿਸਨਾਵ) ੪. ਕੁੰਭਕਾਰ (ਕੁੰਭਾਰ) ਦਾ ਚਕ੍ਰ. "ਕੋਲੂ ਚਰਖਾ ਚਕੀ ਚਕੁ." (ਵਾਰ ਆਸਾ) "ਚਕੁ ਕੁਮਿਆਰ ਭਵਾਇਆ." (ਆਸਾ ਛੰਤ ਮਃ ੪) ੫. ਖੂਹ ਦਾ ਚਕ੍ਰ, ਜਿਸ ਪੁਰ ਮਣ ਦੀ ਚਿਣਾਈ ਹੁੰਦੀ ਹੈ. "ਪੁਨ ਕਾਸਟ ਕੋ ਚਕ ਘਰਵਾਈ." (ਗੁਪ੍ਰਸੂ) ੬. ਵਿ- ਚਕਿਤ. ਹੈਰਾਨ. "ਲਗਯੋ ਭਾਲ ਮੇ ਰਹਯੋ ਚਕ." (ਰਾਮਾਵ) ੭. ਦੇਖੋ, ਚੱਕ.

ਚਕਈ: ਸੰਗਯਾ- ਛੋਟਾ ਚਕ੍ਰ. ਚਕਰੀ. "ਕਰਤੇ ਚਕਈ ਮਨੋ ਛੂਟਚਲੀ ਹੈ." (ਕ੍ਰਿਸਨਾਵ) ੨. ਦੇਖੋ, ਚਕਹੀ। ੩. ਸੰ. ਚਕ੍ਰਵਾਕੀ. ਚਕਵੀ. "ਚਕਈ ਜਉ ਨਿਸਿ ਬੀਛੁਰੈ." (ਸ. ਕਬੀਰ)

ਚਕਹੀ: ਸੰਗਯਾ- ਚਕ੍ਰਿਕਾ. ਲਾਟੂ ਦੀ ਤਰਾਂ ਦੀ ਇੱਕ ਚਕਰੀ, ਜਿਸ ਨੂੰ ਡੋਰਾ ਲਪੇਟਕੇ ਹੱਥ ਤੋਂ ਛੱਡੀਦਾ ਹੈ ਅਰ ਉਹ ਚਕ੍ਰ ਖਾਕੇ ਫੇਰ ਹੱਥ ਵਿੱਚ ਹੀ ਆ ਜਾਂਦੀ ਹੈ. "ਚਕਹੀ ਜਨੁ ਆਵਤ ਹੈ ਕਰ ਮੇ ਫਿਰ ਧਾਏ." (ਕ੍ਰਿਸਨਾਵ)

ਚਕਚਉਂਧ: ਦੇਖੋ, ਚਕਚੌਂਧ.

ਚਕਚੂੰਧਰ: ਦੇਖੋ, ਚਚੂੰਧਰ.

ਚਕਚੂਰ: ਸੰਗਯਾ- ਚਕ੍ਰ (ਚੱਕੀ) ਵਿੱਚ ਪੀਠਾ ਚੂਰਣ (ਆਟਾ) ੨. ਆਟੇ ਵਾਂਙ ਪੀਠੀ ਵਸਤੁ. "ਮਾਰ ਕੈ ਧੂਰ ਕਿਯੇ ਚਕਚੂਰ." (ਚੰਡੀ ੧)

ਚਕਚੌਂਧ: ਸੰਗਯਾ- ਅਜੇਹੀ ਚਮਕ, ਜਿਸ ਨਾਲ ਨੇਤ੍ਰ ਚੁੰਧਿਆ ਜਾਣ. ਦੇਖੋ, ਚਕ ਧਾ। ੨. ਵਿ- ਚਕਿਤਾਂਧ. ਹੈਰਾਨ. "ਚਕਚੌਂਧ ਰਹੇ ਜਨ ਦੇਖ ਸਭੈ." (ਨਰਸਿੰਘਾਵ)

ਚਕਚੌਂਧੀ: ਸੰਗਯਾ- ਨੇਤ੍ਰਾਂ ਨੂੰ ਚੁੰਧਿਆ ਦੇਣ ਵਾਲੀ ਚਮਕ. ਦੇਖੋ, ਚਕ ਧਾ। ੨. ਹੈਰਾਨੀ. ਚਿੱਤਭ੍ਰਮ.

ਚਕਟੀ: ਸੰ. ਚਕ੍ਰਾਟੀ. ਸੰਗਯਾ- ਵਿਸ਼ ਦੂਰ ਕਰਨ ਦੀ ਔਖਧ। ੨. ਤੀਵ੍ਰ ਇੱਛਾ. ਅਤਯੰਤ ਰੁਚਿ. "ਸਾਧੁ ਜਨਾ ਪਗ ਚਕਟੀ." (ਦੇਵ ਮਃ ੪)

ਚਕਣਾ: ਕ੍ਰਿ- ਉੱਚਾ ਕਰਨਾ. ਉਚਾਨਾ. ਉਠਾਉਣਾ. ਊਰਧ ਕਰਣ। ੨. ਉਭਾਰਨਾ. ਭੜਕਾਉਣਾ. ਦੇਖੋ, ਚਉਚਕਿਆ.

ਚਕਤ: ਦੇਖੋ, ਚਕਿਤ.

ਚਕਤੀ: ਪ੍ਰਾ. ਸੰਗਯਾ- ਟਾਕੀ. ਥਿਗਲੀ। ੨. ਅਰਧਚੰਦ੍ਰ ਆਕਾਰ ਦੀ ਛੁਰੀ. "ਚਕਤੀ ਚਪੜਾ ਅਸਿ ਧਾਰ ਸਿਪਰ." (ਸਲੋਹ)

ਚਕਫੇਰ: ਸੰਗਜਾ- ਚਕ੍ਰ ਦਾ ਗੇੜਾ. "ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ." (ਬਸੰ ਅਃ ਮਃ ੧) ਦੇਖੋ, ਮਾਤ੍ਰ.

ਚਕਮਕ: ਤੁ چقماق ਚਕ਼ਮਾਕ਼. ਸੰਗਜਾ- ਇੱਕ ਪ੍ਰਕਾਰ ਦਾ ਕਰੜਾ ਪੱਥਰ, ਜੋ ਲੋਹੇ ਆਦਿਕ ਨਾਲ ਘਸਕੇ ਅੱਗ ਦਿੰਦਾ ਹੈ. Flint. ਪਹਿਲਾਂ ਪਥਰੀਦਾਰ ਬੰਦੂਕਾਂ (ਪਥਰਕਲਾ) ਇਸੇ ਪੱਥਰ ਨਾਲ ਚਲਾਈਆਂ ਜਾਂਦੀਆਂ ਸਨ. ਬੰਦੂਕ ਦੇ ਹਥੌੜੇ ਦੇ ਮੂੰਹ ਅੱਗੇ ਚਕ਼ਮਾਕ਼ ਦਾ ਟੁਕੜਾ ਰਹਿੰਦਾ, ਜਦ ਕਲਾ ਦੱਬੀ ਜਾਂਦੀ ਤਦ ਪੱਥਰ ਲੋਹੇ ਨਾਲ ਟਕਰਾਕੇ ਅੱਗ ਦਿੰਦਾ, ਜਿਸ ਤੋਂ ਪਲੀਤੇ ਦੀ ਬਾਰੂਦ ਮੱਚ ਉਠਦੀ. "ਚਕਮਕ ਕੀ ਸੀ ਆਗ." (ਹਨੂ)

ਚਕਰ: ਜਿਲਾ ਲੁਦਿਆਨਾ, ਤਸੀਲ, ਥਾਣਾ ਜਗਰਾਉਂ ਦਾ ਇੱਕ ਪਿੰਡ, ਇਸ ਦੇ ਨਾਲ ਹੀ ਵਾਯਵੀਕੋਣ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕੋ ਗੁਰਦ੍ਵਾਰਾ ਹੈ. ਇਸ ਨੂੰ "ਗੁਰੂਸਰ" ਭੀ ਆਖਦੇ ਹਨ. ਛੀਵੇਂ ਸਤਿਗੁਰੂ ਲੋਪੋਕੇ ਤੋਂ ਅਤੇ ਦਸਮ ਗੁਰੂ ਜੀ ਲੰਮੇ ਤੋਂ ਏਥੇ ਪਧਾਰੇ ਹਨ. ਰੇਲਵੇ ਸਟੇਸ਼ਨ ਜਗਰਾਉਂ ਤੋਂ ਬਾਰਾਂ ਮੀਲ ਦੱਖਣ ਹੈ। ੨. ਦੇਖੋ, ਚਕ੍ਰ.

ਚਕਰਤਨ, ਚਕਰਦਨ: ਫ਼ਾ. چاک کردن ਚਾਕ ਕਰਦਨ. ਖੰਡਨ. ਚੀਰ ਦੇਣ ਦੀ ਕ੍ਰਿਯਾ. "ਸੁੰਭ ਚਕਰਤਨ." (ਅਕਾਲ) "ਧੂਮਰਾਛ ਚੰਡ ਮੁੰਡ ਚਕਰਦਨ." (ਨਾਪ੍ਰ)

ਚਕਰਾਉਣਾ, ਚਕਰਾਉਨਾ: ਕ੍ਰਿ- ਚਕਿਤ ਹੋਣਾ. ਹੈਰਾਨ ਹੋਣਾ। ੨. ਸਿਰ ਦਾ ਚਕ੍ਰ ਵਾਂਙ ਘੁੰਮਣਾ. ਚੱਕਰ ਖਾਣਾ.

ਚਕਰੀ: ਸੰਗਜਾ- ਚਕ੍ਰਿਕਾ. ਭੌਰੀ. ਜਲ ਦੀ ਘੁਮੇਰੀ. ਘੁੰਮਣਵਾਣੀ। ੨. ਛੋਟਾ ਚਕ੍ਰ। ੩. ਦੇਖੋ, ਚਕ੍ਰੀ.

ਚਕਰੈਲ: ਵਿ- ਚਾਕਰੀ ਕਰਨਵਾਲਾ. ਨੌਕਰੀਪੇਸ਼ਾ। ੨. ਚੱਕਰ ਲਾਉਣ ਵਾਲਾ. ਫਿਰਤੂ ਘਿਰਤੂ. "ਇਹ ਚਕਰੈਲ ਫਿਰਤ ਥੇ ਰਹੇ." (ਪੰਪ੍ਰ)

ਚਕਲਾ: ਸੰਗਜਾ- ਚਕ੍ਰ ਦੇ ਆਕਾਰ ਦਾ ਕਾਠ ਜਾਂ ਪੱਥਰ ਦਾ ਇੱਕ ਟਕੜਾ, ਜਿਸ ਉੱਪਰ ਰੋਟੀ ਬੇਲੀ ਜਾਂਦੀ ਹੈ। ੨. ਇ਼ਲਾਕ਼ਾ. ਜਿਲਾ. ਦੇਸ਼ਮੰਡਲ। ੩. ਵਿਭਚਾਰਿਣੀ ਇਸਤ੍ਰੀਆਂ ਦਾ ਅੱਡਾ.

ਚਕਵਾ, ਚਕਵੀ: ਸੰਗਜਾ- ਚਕ੍ਰਵਾਕ. ਚਕ੍ਰਵਾਕੀ. ਕੋਕ. ਸੁਰਖ਼ਾਬ. Ruddy goose ਅਥਵਾ Brahminy duck. ਇਨ੍ਹਾਂ ਦਾ ਸੂਰਜ ਨਾਲ ਪ੍ਰੇਮ ਹੈ. ਰਾਤ੍ਰਿ ਨੂੰ ਕਾਵ੍ਯਗ੍ਰੰਥਾਂ ਅਨੁਸਾਰ ਇਹ ਆਪੋਵਿੱਚੀ ਵਿਛੁੜ ਜਾਂਦੇ ਹਨ. "ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ." (ਸ੍ਰੀ ਅਃ ਮਃ ੧)

ਚਕਾਸ: ਸੰ. चकास् ਧਾ- ਚਮਕਣਾ (ਪ੍ਰਕਾਸ਼ਿਤ ਹੋਣਾ).

ਚਕਾਚਾਕ: ਫ਼ਾ. چکاچاک ਅਨੁ. ਤਲਵਾਰ ਆਦਿ ਸ਼ਸਤ੍ਰਾਂ ਦੇ ਪਰਸਪਰ ਭਿੜਨ ਤੋਂ ਹੋਇਆ ਸ਼ਬਦ.

ਚਕਾਬਯੂਹ: ਸੰ. ਚਕ੍ਰਵ੍ਯੂਹ. ਸੰਗਜਾ- ਚਕ੍ਰ ਦੇ ਆਕਾਰ ਦਾ ਫੌਜ ਦਾ ਤੁੰਮਲ. ਇਸ ਚਕ੍ਰ ਦੇ ਘੇਰੇ ਵਿੱਚ ਆਕੇ ਵੈਰੀ ਬਾਹਰ ਨਹੀਂ ਨਿਕਲ ਸਕਦਾ ਸੀ. Made. ਅਰਜੁਨ ਦਾ ਪੁਤ੍ਰ ਅਭਿਮਨ੍ਯੁ ਚਕ੍ਰਵ੍ਯੂਹ ਵਿੱਚ ਹੀ ਫਸਕੇ ਮੋਇਆ ਸੀ. ਇਸ ਦਾ ਨਕ਼ਸ਼ਾ ਇਹ ਹੈ::-

(fig.) ਨਕਸ਼ਾ

ਚਕਿ: ਚਕਿਤ ਦਾ ਸੰਖੇਪ. ਹੈਰਾਨ. "ਚਕਿ ਚਕਿ ਰਹੈਂ ਦੇਵ ਦਾਨਵ ਮੁਨਿ." (ਹਜਾਰੇ ੧੦) ੨. ਕ੍ਰਿ. ਵਿ- ਚੁੱਕਕੇ ਉਠਾਕੇ.

ਚਕਿਤ: ਸੰ. ਵਿ- ਡਰਿਆ ਹੋਇਆ। ੨. ਹੈਰਾਨ ਹੋਇਆ.

ਚਕਿਯਾ: ਪੂ. ਸੰਗਜਾ- ਚਕ੍ਰਿਕਾ. ਚੱਕੀ. ਆਟਾ ਪੀਹਣ ਦਾ ਯੰਤ੍ਰ. "ਚਕਿਯਾ ਕੇ ਸੇ ਪਟ ਬਨੇ ਗਗਨ ਭੂਮਿ ਪੁਨ ਦੋਇ." (ਚਰਿਤ੍ਰ ੮੧)

ਚਕੀ: ਸੰਗਜਾ- ਚਕ੍ਰਿਕਾ. ਚੱਕੀ. "ਕੋਲੂ ਚਰਖਾ ਚਕੀ ਚਕੁ." (ਵਾਰ ਆਸਾ) ੨. ਵਿ- ਚੱਕੀ. ਚੁੱਕੀ. ਉਠਾਈ। ੩. ਭੜਕਾਈ. ਉਭਾਰੀ. ਉਕਸਾਈ.

ਚਕੀਆ: ਪ੍ਰ. ਦੇਖੋ, ਚਕਿਯਾ.

ਚਕੀਝੋਣੀ: ਕ੍ਰਿ- ਚੱਕੀ ਚਲਾਉਣੀ. ਆਟਾ ਪੀਹਣ ਲਈ ਚੱਕੀ ਗੇੜਨੀ। ੨. ਝਗੜਾ ਛੇੜਨਾ. "ਪੂਤ ਕੁਪੂਤ ਚਕੀ ਉਠਿ ਝੋਈ." (ਭਾਗੁ)

ਚਕੀਦਨ: ਫ਼ਾ. چکیدن ਕ੍ਰਿ- ਟਪਕਣਾ. ਚੁਇਣਾ (ਚੋਣਾ).

ਚਕੀਰਾ, ਚਕੀਰਾਹਾ: ਸੰਗਜਾ- ਚੱਕੀਰਾਹਾ ਪੰਛੀ. ਚਿੜੀ- ਤ੍ਰਖਾਣ. ਇਸ ਦੀ ਚੁੰਜ ਚੱਕੀ ਰਾਹੁਣ ਵਾਲੇ ਸੰਦ ਜੇਹੀ ਤੋਂ ਇਹ ਸੰਗਜਾ ਹੋਈ ਹੈ. Lap wing. ਅ਼. ہُدہُد ਹੁਦਹੁਦ. ਦੇਖੋ, ਸੁਲੇਮਾਨ.

ਚਕੁ: ਦੇਖੋ, ਚਕ.

ਚਕੋਤਰਾ: ਸੰਗਜਾ- ਗੋਲ ਕੱਦੂ ਜੇਹਾ ਇੱਕ ਵਡੇ ਕ਼ੱਦ ਦਾ ਨਿੰਬੂ. ਜੰਬੀਰ. ਮਾਤੁਲੰਗ. Citrus Decumana.

ਚਕੋਤਰੀ: ਸੰਗਜਾ- ਛੋਟਾ ਚਗਤ (ਉੱਲੂ).

ਚਕੋਤਾ: ਸੰਗਜਾ- ਚਕ੍ਰ (ਖੇਤ) ਦੀ ਕੂਤ ਕਰਕੇ ਪੈਦਾਵਾਰ ਦੀ ਨਕ਼ਦੀ ਮੁਕ਼ੱਰਰ ਕਰਨ ਦੀ ਕ੍ਰਿਯਾ. ਫ਼ਸਲ ਦੀ ਵੰਡਾਈ ਦੀ ਥਾਂ ਨਕ਼ਦ ਲਗਾਨ.

ਚਕੋਰ: ਸੰ. ਸੰਗਜਾ- ਪਹਾੜੀ ਤਿੱਤਰ, ਜੋ ਲਾਲ ਟੰਗਾਂ ਵਾਲਾ ਹੁੰਦਾ ਹੈ. Greek partridge. ਇਸ ਦੀ ਕਵੀਆਂ ਨੇ ਚੰਦ੍ਰਮਾ ਨਾਲ ਪ੍ਰੀਤਿ ਦੱਸੀ ਹੈ. ਜਤੋਤਸ੍ਨਾਪ੍ਰਿਯ. "ਮਨ ਪ੍ਰੀਤਿ ਚੰਦ ਚਕੋਰ." (ਬਿਲਾ ਅਃ ਮਃ ੫) ਪੁਰਾਣੇ ਸਮੇਂ ਰਾਜੇ ਪ੍ਰੇਮ ਨਾਲ ਚਕੌਰ ਪਾਲਦੇ ਸਨ ਅਤੇ ਖਾਣ ਯੋਗਯ ਪਦਾਰਥ ਚਕੋਰ ਅੱਗੇ ਰਖਦੇ, ਜੇ ਚਕੋਰ ਤੇ ਉਨ੍ਹਾਂ ਨੂੰ ਵੇਖਕੇ, ਬੁਰਾ ਅਸਰ ਨਾ ਹੋਵੇ, ਤਦ ਖਾਂਦੇ ਸਨ. ਵਿਸ਼੍ਵਾਸ ਇਹ ਸੀ ਕਿ ਜੇ ਖਾਣੇ ਵਿੱਚ ਜ਼ਹਿਰ ਹੋਵੇ, ਤਦ ਚਕੋਰ ਦੇ ਦੇਖਣਸਾਰ ਨੇਤ੍ਰ ਲਾਲ ਹੋ ਜਾਂਦੇ ਹਨ ਅਰ ਤੁਰਤ ਮਰ ਜਾਂਦਾ ਹੈ, ਇਸੇ ਲਈ ਚਕੋਰ ਦਾ ਨਾਮ "ਵਿਸ਼ਦਸ਼ੰਨਮ੍ਰਿਤੁਕ" ਹੈ.

ਅਨੇਕ ਕਵੀਆਂ ਨੇ ਚਕੋਰ ਨੂੰ ਅੰਗਾਰ ਖਾਣ ਵਾਲਾ ਲਿਖਿਆ ਹੈ, ਜੇਹਾ ਕਿ- "ਚੁੰਚਨ ਚਾਪ ਚਹੂੰ ਦਿਸਿ ਡੋਲਤ ਚਾਰੁ ਚਕੋਰ ਅੰਗਾਰਨ ਭੋਰੈਂ." (ਕੇਸ਼ਵ) ਇਸ ਦਾ ਮੂਲ ਇਹ ਹੈ ਕਿ ਚਕੋਰ ਰਿੰਗਣਜੋਤਿ (Glow- worm) ਖਾਇਆ ਕਰਦਾ ਹੈ, ਉਸ ਦੇ ਭੁਲੇਵੇਂ ਅੰਗਾਰ ਨੂੰ ਚੁਗਣ ਲਗ ਜਾਂਦਾ ਹੈ। ੨. ਦੇਖੋ, ਚਿਤ੍ਰਪਦਾ ਅਤੇ ਸਵੈਯੇ ਦਾ ਰੂਪ ੧੧.। ੩. ਦੇਖੋ, ਚੁਕੋਰ

ਚਕੋਰੀ: ਚਕੋਰ ਦੀ ਮਦੀਨ.

ਚਕੰਤ: ਚਕਿਤ (ਹੈਰਾਨ) ਹੋਵੰਤ. "ਚਕੰਤ ਚਾਰੁ ਚੰਦ੍ਰਿਕਾ." (ਗਜਾਨ)

ਚੱਕ: ਸੰਗਜਾ- ਉਕਸਾਵਟ. ਭੜਕਾਉ। ੨. ਦੋ ਉਪਰਲੇ ਦੋ ਹੇਠਲੇ ਦੰਦਾਂ ਨਾਲ ਵੱਢੀ ਹੋਈ ਦੰਦੀ। ੩. ਪਿੰਡ. ਗਾਂਵ। ੪. ਚਕ੍ਰ ਦੇ ਆਕਾਰ ਦੀ ਵਸਤੁ, ਜੈਸੇ ਕੁੰਭਾਰ ਦਾ ਚੱਕ. ਖੂਹ ਦਾ ਚੱਕ. ਸ਼ੱਕਰ ਗੁੜ ਬਣਾਉਣ ਗੰਡ ਆਦਿ। ੫. ਇਸਤ੍ਰੀਆਂ ਦਾ ਸਿਰਭੂਸ਼ਣ, ਜੋ ਗੋਲਾਕਾਰ ਹੁੰਦਾ ਹੈ। ੬. ਦਿਸ਼ਾ. ਤਰਫ. "ਚਾਰ ਚੱਕ ਸਿੱਖੀ ਵਿਸਤਾਰੀ." (ਗੁਪ੍ਰਸੂ)

੭. ਦੇਖੋ, ਚਕ.

ਚੱਕ ਗੁਰੂ ਕਾ: ਦੇਖੋ, ਅਮ੍ਰਿਤਸਰ। ੨. ਦੇਖੋ, ਗੁਰਪਰਤਾਪ.

ਚੱਕਣਾ: ਦੇਖੋ, ਚਕਣਾ ਅਤੇ ਚੁੱਕਣਾ.

ਚੱਕਪ੍ਰੇਮਾ: ਦੇਖੋ, ਝੰਡਾਸਾਹਿਬ.

**ਚੱਕ ਫਤੇਸਿੰਘ, ਚੱਕਫਤੇਸਿੰਘਵਾਲਾ:** ਜਿਲਾ ਫਿਰੋਜਪੁਰ, ਥਾਣਾ ਨਥਾਣਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਭੁਸਮੰਡੀ ਦੇ ਨੇੜੇ ਹੈ. ਇਸ ਪਿੰਡ ਦੇ ਚੜ੍ਹਦੇ ਵੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ, ਜਿਸ ਨਾਲ ੪. ਘੁਮਾਉਂ ਦੇ ਕਰੀਬ ਜ਼ਮੀਨ ਹੈ, ਪੁਜਾਰੀ ਨਿਰਮਲਾ ਸਿੰਘ ਹੈ. ਦਸ਼ਮੇਸ਼ ਦੇ ਵਿਰਾਜਣ ਦੇ ਅਸਥਾਨ ਨੂੰ "ਬੁਰਜ ਸੰਗੂਸਿੰਘ ਵਾਲਾ" ਭੀ ਸੱਦਦੇ ਹਨ. ਭਾਈ ਭਗਤੂ ਦਾ ਪੋਤਾ ਰਾਮ ਸਿੰਘ, ਕਲਗੀਧਰ ਜੀ ਨੂੰ ਬੇਨਤੀ ਕਰਕੇ ਆਪਣੇ ਘਰ ਲੈ ਗਿਆ ਸੀ.

**ਚੱਕਭਾਈਕੇ:** ਚੱਕ ਫਤੇਸਿੰਘ ਨੂੰ ਹੀ ਕਈ ਚੱਕ ਭਾਈ ਕੇ ਆਖਦੇ ਹਨ। ੨. ਜਿਲਾ ਕਰਨਾਲ ਰੇਲਵੇ ਸਟੇਸ਼ਨ ਬੁਡਲਾਡੇ ਪਾਸ ਸੰਮਤ ੧੮੯੯ ਵਿੱਚ ਭਾਈ ਭਗਤੂਵੰਸ਼ੀ ਭਾਈ ਮਸੱਦਾ ਸਿੰਘ ਦਾ ਵਸਾਇਆ ਇੱਕ ਪਿੰਡ, ਜਿਸ ਵਿੱਚ ਭਾਈਕੇ ਮਾਲਿਕ ਹਨ.

**ਚੱਕਹ:** ਦੇਖੋ, ਚਕਰ। ੨. ਦੇਖੋ, ਚਕ੍ਰ.

**ਚੱਕ ਰਾਮਦਾਸ:** ਜਿਲਾ ਗੁੱਜਰਾਂਵਾਲਾ, ਥਾਣਾ ਮਾਂਡੇ ਵਿੱਚ ਇੱਕ ਪਿੰਡ, ਜਿਸ ਵਿੱਚ ਭਾਈ ਪਿਰਾਣੇ ਦੇ ਪ੍ਰੇਮ ਨਾਲ ਖਿੱਚੇ ਹੋਏ ਗੁਰੂ ਅਰਜਨ ਸਾਹਿਬ ਆਏ. ਸਤਿਗੁਰੂ ਦੇ ਨਿਵਾਸ ਦੇ ਥਾਂ ਗੁਰਦ੍ਵਾਰਾ ਬਣਿਆ ਹੋਇਆ ਹੈ, ਜਿਸ ਨਾਲ ਸਿੱਖਰਾਜ ਸਮੇਂ ਦੀ ਚਾਲੀ ਘੁਮਾਉਂ ਜ਼ਮੀਨ ਮੁਆਫ਼ ਹੈ. ਇਹ ਰੇਲਵੇ ਸਟੇਸ਼ਨ ਏਮਨਾਬਾਦ ਤੋਂ ਦਸ ਮੀਲ ਪੂਰਵ ਹੈ। ੨. ਗੁਰੂ ਕਾ ਚੱਕ, ਚੱਕ ਰਾਮਦਾਸ ਅਤੇ ਰਾਮਦਾਸਪੁਰ ਇਹ ਅਮ੍ਰਿਤਸਰ ਦੇ ਨਾਮ ਗੁਰੂ ਅਰਜਨ ਸਾਹਿਬ ਦੇ ਸਮੇ ਸੱਦੇ ਜਾਂਦੇ ਸਨ.

**ਚੱਕਵੈ:** ਦੇਖੋ, ਚਕ੍ਰਵਰਤੀ.

**ਚੱਕਾ:** ਸੰਗਯਾ- ਵਡੀ ਚੱਕੀ. ਪੱਥਰ ਦਾ ਵਡਾ ਚਕ੍ਰ.

**ਚੱਕੀ:** ਸੰਗਯਾ- ਦੇਖੋ, ਚਕੀ। ੨. ਚੰਬੇ ਦੇ ਇ਼ਲਾਕੇ ਦੀ ਇੱਕ ਪਹਾੜੀ ਨਦੀ, ਜੋ ਗੁਰਦਾਸਪੁਰ ਦੇ ਇ਼ਲਾਕ਼ੇ ਵਿਆਸਾ (ਵਿਪਾਸ਼) ਵਿੱਚ ਮਿਲਦੀ ਹੈ। ੩. ਦੁੰਬੇ ਦੀ ਚਰਬੀਲੀ ਚੱਕੀ.

**ਚੱਕੂ:** ਸੰਗਯਾ- ਚਾਕੂ. ਕ਼ਲਮਤਰਾਸ਼.

**ਚਕ੍ਰ:** ਸੰ. ਸੰਗਯਾ- ਚਕਵਾ. ਚਕ੍ਰਵਾਕ. ਸੁਰਖ਼ਾਬ। ੨. ਸਮੁਦਾਯ. ਗਰੋਹ। ੩. ਦੇਸ਼. ਮੰਡਲ. "ਚਕ੍ਰਪਤਿ ਆਗਯਾਵਰਤੀ." (ਸਲੋਹ) ੪. ਦਿਸ਼ਾ. ਤਰਫ. "ਚਤੁਰ ਚਕ੍ਰ ਵਰਤੀ." (ਜਾਪੁ) ੫. ਸੈਨਾ. ਫ਼ੌਜ. "ਭੇਦਕੈ ਅਰਿਚਕ੍ਰ." (ਸਲੋਹ) ੬. ਰਥ ਦਾ ਪਹੀਆ. "ਸਜੰਦਨ ਚਕ੍ਰ ਸਬਦ ਦਿਸਿ ਠੌਰ." (ਗੁਪ੍ਰਸੂ) ੭. ਦੰਦੇਦਾਰ ਗੋਲ ਸ਼ਸਤ੍ਰ, ਜੋ ਵੈਰੀ ਦਾ ਸਿਰ ਕੱਟਣ ਲਈ ਘੁਮਾਕੇ ਚਲਾਇਆ ਜਾਂਦਾ ਹੈ. [5] "ਚਕ੍ਰ ਚਲਾਇ ਗਿਰਾਇ ਦਯੋ ਅਰਿ." (ਚੰਡੀ ੧) ੮. ਘੁਮਿਆਰ (ਕੁੰਭਕਾਰ) ਦਾ ਚੱਕ। ੯. ਆਗਯਾ. ਹੁਕੂਮਤ. "ਚਤੁਰ ਦਿਸ ਚਕ੍ਰ ਫਿਰੰ." (ਅਕਾਲ) ੧੦. ਰਾਜਾ ਦੇ ਨਿਕਟਵਰਤੀਆਂ ਦੀ ਮੰਡਲੀ। ੧੧. ਦੇਹ ਦੇ ਛੀ ਚਕ੍ਰ. ਦੇਖੋ, ਖਟਚਕ੍ਰ। ੧੨. ਜਲ ਦੀ ਭੌਂਰੀ. ਘੁੰਮਣਵਾਣੀ. "ਸ਼੍ਰੋਣਤ ਨੀਰ ਮੇ ਚਕ੍ਰ ਜਸੋਂ ਚਕ੍ਰ ਫਿਰੈ ਗਰਤਾ." (ਚੰਡੀ ੧) ੧੩. ਸਾਮਦ੍ਰਿਕ ਅਨੁਸਾਰ ਅੰਗੂਠੇ ਅਤੇ ਅੰਗੁਲੀਆਂ ਤੇ ਚਕ੍ਰ ਦੇ ਆਕਾਰ ਦੀ ਰੇਖਾ. "ਚਕ੍ਰ ਚਿਹਨ ਅਰੁ ਬਰਣ ਜਾਤਿ." (ਜਾਪੁ) ੧੪. ਵਾਮਮਾਰਗੀਆਂ ਦਾ ਭੈਰਵਚਕ੍ਰ, ਕਾਲੀਚਕ੍ਰ ਆਦਿਕ ਪੂਜਨ ਸਮੇਂ ਬਣਾਇਆ ਹੋਇਆ ਮੰਡਲ (ਦਾਇਰਾ). "ਚਕ੍ਰ ਬਣਾਇ ਕਰੈ ਪਾਖੰਡ." (ਭੈਰ ਮਃ ੫) ੧੫. ਪਾਖੰਡ. ਦੰਭ। ੧੬. ਚੰਦਨ ਨਾਲ ਸ਼ਰੀਰ ਪੁਰ ਕੀਤਾ ਵਿਸ਼ਨੁ ਦੇ ਚਕ੍ਰ ਦਾ ਚਿੰਨ੍ਹ. "ਕਰਿ ਇਸਨਾਨ ਤਨਿ ਚਕ੍ਰ ਬਣਾਏ." (ਪ੍ਰਭਾ ਅਃ ਮਃ ੫) "ਦੇਹੀ ਧੋਵੈ ਚਕ੍ਰ ਬਣਾਏ." (ਵਾਰ ਰਾਮ ੨. ਮਃ ੫) ੧੭. ਗ੍ਰਹਾਂ ਦੀ ਗਤਿ (ਗਰਦਿਸ਼). ਗ੍ਰਹਚਕ੍ਰ. ੧੮. ਵਲਗਣ. ਘੇਰਾ. Circle.

**ਚਕ੍ਰਕ, ਚਕ੍ਰਕਾ:** ਦੇਖੋ, ਚਕ੍ਰਿਕਾ.

**ਚਕ੍ਰਖਟ:** ਦੇਖੋ, ਖਟਚਕ੍ਰ.

**ਚਕ੍ਰਗਣੇਸੰ:** ਦੇਖੋ, ਗਣੇਸਚਕ੍ਰ.

**ਚਕ੍ਰਚਿਹਨ:** ਦੇਖੋ, ਚਿੰਨ੍ਹਚਕ੍ਰ.

ਚਕ੍ਰਜੀਵਕ, ਚਕ੍ਰਜੀਵੀ: ਮਿੱਟੀ ਦੇ ਭਾਂਡੇ ਘੜਨ ਦਾ ਚੱਕ ਫੇਰਕੇ, ਗੁਜਾਰਾ ਕਰਨ ਵਾਲਾ ਕੁੰਭਕਾਰ (ਘੁਮਾਰ).

ਚਕ੍ਰਣੀ: ਚਕ੍ਰ ਸ਼ਸਤ੍ਰ ਧਾਰਨ ਵਾਲੀ ਸੈਨਾ. (ਸਨਾਮਾ)

ਚਕ੍ਰਤ: ਦੇਖੋ, ਚਕਿਤ.

ਚਕ੍ਰਤਨ: ਦੇਖੋ, ਚਕਰਦਨ.

ਚਕ੍ਰਤੀਰਥ: ਸੰ. चक्रतीर्थ. ਸੰਗਯਾ- ਰਿੱਖਮੂਕ (ਰਿਸ਼ਯਮੂਕ) ਪਰਬਤ ਪਾਸ ਤੁੰਗਭਦ੍ਰਾ ਨਦੀ ਦੇ ਕਿਨਾਰੇ ਇੱਕ ਤੀਰਥ.

੨. ਗੁਜਰਾਤ (ਦੱਖਣ) ਵਿੱਚ ਪ੍ਰਭਾਸ ਕ੍ਸ਼ੇਤ੍ਰ (ਛੇਤ੍ਰ) ਦਾ ਇੱਕ ਵੈਸ਼ਨਵ ਤੀਰਥ. "ਚਕ੍ਰਤੀਰਥ ਜਾਇ ਡੰਡਉਤ ਕੀਆ." (ਜਸਭਾਮ) ਇਸ ਨਾਮ ਦੇ ਹੋਰ ਭੀ ਅਨੇਕ ਤੀਰਥ ਹਨ. ਦੇਖੋ, ਸਕੰਦਪੁਰਾਣ, ਪ੍ਰਭਾਸਖੰਡ. ਜਿਸ ਥਾਂ ਵਿਸ਼ਨੁ ਅਥਵਾ ਕਿਸੇ ਦੇਵਤਾ ਨੇ ਵੈਰੀਆਂ ਨੂੰ ਮਾਰਕੇ ਲਹੂ ਨਾਲ ਲਿਬੜਿਆ ਚਕ੍ਰ ਧੋਤਾ ਹੈ, ਉੱਥੇ ਹੀ ਚਕ੍ਰਤੀਰਥ ਹੋ ਗਿਆ ਹੈ। ੩. ਸੱਖਰ ਪਾਸ ਸਾਧੁਬੇਲਾ ਗੁਰਅਸਥਾਨ ਭੀ ਚਕ੍ਰਤੀਰਥ ਹੈ। ੪. ਕੁਰੁਕ੍ਸ਼ੇਤ੍ਰ ਦਾ ਇੱਕ ਤੀਰਥ.

ਚਕ੍ਰਦਨ: ਦੇਖੋ, ਚਕਰਦਨ.

ਚਕ੍ਰਧਨ: ਵਿ- ਚਕ੍ਰ ਰੱਖਣ ਵਾਲਾ। ੨. ਸੰਗਯਾ- ਵਿਸ਼ਨੁ ਜੋ ਸੁਦਰਸ਼ਨ ਚਕ੍ਰ ਧਾਰਣ ਕਰਦਾ ਹੈ। ੩. ਨਿਹੰਗ ਸਿੰਘ। ੪. ਰਾਜਾ, ਜੋ ਚਕ੍ਰ (ਦੇਸ਼) ਦਾ ਪਤਿ ਹੈ। ੫. ਇ਼ਲਾਕ਼ੇ ਦਾ ਹ਼ਾਕਿਮ। ੬. ਕੁੰਭਕਾਰ. ਕੂਜ਼ੀਗਰ। ੭. ਕਰਤਾਰ, ਜੋ ਸੰਸਾਰਚਕ੍ਰ ਨੂੰ ਧਾਰਣ ਕਰ ਰਿਹਾ ਹੈ. "ਭਜ ਚਕ੍ਰਧਰ ਸਰਣੰ." (ਗੂਜ ਜੈਦੇਵ) ੮. ਸਰਪ, ਜੋ ਚਕ੍ਰ ਦੇ ਆਕਾਰ ਬੈਠਦਾ ਹੈ.

ਚਕ੍ਰਧਰਚਰਿਤ੍ਰ ਚਾਰੁ ਚੰਦ੍ਰਿਕਾ: ਕਵਿ ਵਰ ਪੰਡਿਤ ਨਿਹਾਲ ਸਿੰਘ ਜੀ ਦਾ ਰਚਿਆ ਹੋਇਆ ਜਾਪੁ ਸਾਹਿਬ ਦਾ ਟੀਕਾ. ਇਹ ਤਿਲਕ ਸੰਮਤ ੧੯੨੭ ਤੋਂ ਆਰੰਭ ਹੋਕੇ ੧੯੨੯ ਵਿੱਚ ਸਮਾਪਤ ਹੋਇਆ ਹੈ. ਦੇਖੋ, ਨਿਹਾਲ ਸਿੰਘ ਨੰਃ ੩.

ਚਕ੍ਰਧਾਰੀ: ਦੇਖੋ, ਚਕ੍ਰਧਰ.

ਚਕ੍ਰਪਾਣਿ: ਵਿ- ਚਕ੍ਰ ਹੈ ਜਿਸ ਦੇ ਹੱਥ ਵਿੱਚ। ੨. ਸੰਗਯਾ- ਵਿਸ਼ਨੁ। ੩. ਦੇਖੋ, ਚਕ੍ਰਧਰ.

ਚਕ੍ਰਵਰਤੀ: ਸੰ. चक्रवर्तिन ਸੰਗਯਾ- ਸਾਰੇ ਚਕ੍ਰ (ਦੇਸ਼ ਮੰਡਲ) ਵਿੱਚ ਜਿਸ ਦਾ. ਹੁਕਮ ਵਰਤੇ. ਮਹਾਰਾਜਾਧਿਰਾਜ. ਸ਼ਾਹਾਨਸ਼ਾਹ. ਸਾਰੀ ਪ੍ਰਿਥਿਵੀ ਤੇ ਸੈਨਾ ਦਾ ਚਕ੍ਰ ਫੇਰਨ ਵਾਲਾ. ਜਿਸ ਦੀ ਫ਼ੌਜ ਬਿਨਾ ਰੋਕ ਟੋਕ ਭੂਗੋਲ ਪੁਰ ਫਿਰੇ.

ਚਕ੍ਰਵਾਕ, ਚਕ੍ਰਵਾਕੀ: ਦੇਖੋ, ਚਕਵਾ- ਚਕਵੀ.

ਚਕ੍ਰਵੈ: ਦੇਖੋ, ਚਕ੍ਰਵਰਤੀ. "ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ." (ਸਵੈਯੇ ਮਃ ੧. ਕੇ)

ਚਕ੍ਰਵ੍ਯੂਹ: ਦੇਖੋ, ਚਕਾਬ੍ਯੂਹ.

ਚਕ੍ਰਾਂਕਿਤ: ਸੰ. चक्राङ्कित ਵਿ- ਵਿਸ਼ਨੁ ਦੇ ਸੰਖ ਚਕ੍ਰ ਆਦਿ ਚਿੰਨ੍ਹਾਂ ਨਾਲ ਅੰਕਿਤ (ਚਿੰਨ੍ਹ ਸਹਿਤ) ਹੈ ਜਿਸ ਦਾ ਦੇਹ. ਸੰਖ ਚਕ੍ਰ ਦੇ ਛਾਪੇ ਵਾਲਾ। ੨. ਸੰਗਯਾ- ਵੈਸ਼ਨਵਾਂ ਦਾ ਇੱਕ ਫ਼ਿਰਕ਼ਾ, ਜੋ ਦ੍ਵਾਰਿਕਾ ਅਥਵਾ ਆਪਣੇ ਗੁਰੁ ਦੇ ਆਸ਼੍ਰਮ ਵਿੱਚ ਧਾਤੁ ਦੀ ਮੁਹਰ ਤਪਾਕੇ ਆਪਣੇ ਸ਼ਰੀਰ ਪੁਰ ਵਿਸ਼ਨੁ ਦੇ ਸੰਖ ਚਕ੍ਰ ਦਾ ਨਿਸ਼ਾਨ ਕਰਦਾ ਹੈ. ਦੇਖੋ, ਇਸ ਵਿਸ਼ੇ ਪਦਮਪੁਰਾਣ ਅਃ ੨੫੧.

ਚਕ੍ਰਿਕਾ: ਸੰ. ਸੰਗਯਾ- ਚਕਰੀ. ਛੋਟਾ ਚਕ੍ਰ। ੨. ਚਕਰੀ ਦੇ ਆਕਾਰ ਦੀ ਗੋਡੇ ਦੀ ਹੱਡੀ, ਚੱਪਣੀ। ੩. ਚੱਕੀ. ਆਟਾ ਪੀਹਣ ਦਾ ਯੰਤ੍ਰ। ੪. ਭੌਰੀ. ਜਲ ਦੀ ਘੁਮੇਰੀ। ੫. ਚਰਚਾ ਦਾ ਇੱਕ ਦੋਸ਼, ਮੁੜਘਿੜ ਦਲੀਲ ਦਾ ਉਸੇ ਥਾਂ ਆ ਜਾਣਾ ਅਤੇ ਯੁਕਤੀ ਦਾ ਅੱਗੇ ਨਾ ਵਧਣਾ.

ਚਕ੍ਰਿਤ: ਦੇਖੋ, ਚਕਿਤ.

ਚਕ੍ਰੀ: ਸੰ. ਚਕ੍ਰਿਨ ਵਿ- ਚਕ੍ਰਵਾਲਾ। ੨. ਸੰਗਜਾ- ਵਿਸ਼ਨੁ। ੩. ਕਰਤਾਰ। ੪. ਚਕਵਾ। ੫. ਚਕ੍ਰਵਰਤੀ ਰਾਜਾ। ੬. ਘੁਮਿਆਰ। ੭. ਸਰਪ। ੮. ਜਾਸੂਸ. ਮੁਖ਼ਬਿਰ। ੯. ਤੇਲੀ। ੧੦. ਗਧਾ। ੧੧. ਕਾਂਉਂ। ੧੨. ਰਥ ਦਾ ਸਵਾਰ। ੧੩. ਨਿਹੰਗ ਸਿੰਘ.

ਚਕ੍ਸ਼: ਸੰ. ਚਕ੍ਸ਼੍ ਧਾ- ਸਾਫ ਬੋਲਣਾ, ਦੇਖਣਾ, ਚੂਸਣਾ.

ਚਕ੍ਸ਼ੁ: ਸੰ. ਨੇਤ੍ਰ. ਦੇਖੋ, ਚਖ। ੨. ਵਿਸ਼ਨੁਪੁਰਾਣ ਅਨੁਸਾਰ ਇੱਕ ਦਰਿਆ, ਜਿਸ ਦਾ ਹੁਣ ਨਾਉਂ 'ਆਮੂ' (Oxus) ਹੈ.

ਚਖ: ਸੰ. ਚਸ਼੍ ਚਸ਼੍. ਧਾ- ਖਾਣਾ (ਭੋਜਨ ਕਰਨਾ). "ਆਘਾਏ ਰਸ ਚਖਾ." (ਸਾਰ ਮਃ ੫) ੨. ਸੰ. ਚਕ੍ਸ਼੍ ਚਕ੍ਸ਼੍. ਧਾ- ਸਾਫ ਬੋਲਣਾ, ਦੇਖਣਾ, ਚੂਸਣਾ। ੩. ਸੰ. ਚਕ੍ਸ਼ੁ. ਸੰਗਜਾ- ਨੇਤ੍ਰ. ਅੱਖ। ੪. ਫ਼ਾ. چخ ਚਖ਼. ਜੰਗ. ਯੁੱਧ। ੫. ਸ਼ਤ੍ਰੁਤਾ. ਦੁਸ਼ਮਨੀ। ੬. ਯਤਨ. ਕੋਸ਼ਿਸ਼.

ਚਖਣਾ, ਚਖਨਾ: ਕ੍ਰਿ- ਸੁਆਦ (ਚਸ਼) ਲੈਣਾ. "ਚਖਿ ਅਨਦ ਪੂਰਨ ਸਾਦ." (ਬਿਲਾ ਅਃ ਮਃ ੫)

ਚਖਮਕ: ਦੇਖੋ, ਚਕਮਕ.

ਚਖਿ: ਕ੍ਰਿ. ਵਿ- ਚੱਖਕੇ. ਦੇਖੋ, ਚਖਣਾ.

ਚਖੀ: ਵਿ- ਉੱਤਮ ਚਕ੍ਸ਼ੁ (ਨੇਤ੍ਰਾਂ) ਵਾਲਾ, ਮ੍ਰਿਗ. (ਸਨਾਮਾ) ੨. ਦੇਖੋ, ਚੱਖੀ.

ਚਖ਼ੀਦਨ: ਫ਼ਾ. چخیدن ਲੜਨਾ. ਝਗੜਨਾ.

ਚਖੁ: ਚਕ੍ਸ਼ੁ. ਨੇਤ੍ਰ. ਅੱਖ.

ਚਖੰਗੀ: ਵਿ- ਚਕ੍ਸ਼- ਅੰਗੀ. "ਚੰਚਲਾ ਚਖੰਗੀ." (ਅਕਾਲ) ਬਿਜਲੀ ਜੇਹੇ ਨੇਤ੍ਰਅੰਗ ਵਾਲੀ. ਜਿਸ ਦੀ ਅੱਖਾਂ ਬਿਜਲੀ ਸਮਾਨ ਲਿਸਕਦੀਆਂ ਹਨ.

ਚੱਖੀ: ਦੇਖੋ, ਚਖ ਧਾ। ੨. ਸੰਗਜਾ- ਬਾਜ਼ ਆਦਿਕ ਸ਼ਿਕਾਰੀ ਜੀਵਾਂ ਨੂੰ ਸ਼ਿਕਾਰ ਦੀ ਚਾਟ ਲਈ ਸਵੇਰ ਵੇਲੇ ਮਾਸ ਚਖਾਉਣ ਦੀ ਕ੍ਰਿਯਾ. ਚੱਖੀ ਥੋੜੀ ਦਿੱਤੀ ਜਾਂਦੀ ਹੈ ਜਿਸਤੋਂ ਪੇਟ ਨਾ ਭਰੇ. "ਚੱਖੀ ਬਾਜ ਦੇਤ ਬਿਗਸਾਏ." (ਗੁਪ੍ਰਸੂ)

ਚਗਤਾ, ਚਗਤਾਈਖ਼ਾਂ, ਚਗੱਤਾ: ਚੰਗੇਜ਼ਖਾਂ ਤਾਤਾਰੀ ਮੁਗ਼ਲ ਦਾ ਬੇਟਾ ਚਗ਼ਤਾਈਖ਼ਾਂ, ਸਨ ੧੨੨੭ ਵਿੱਚ ਬਲਖ, ਬਦਖ਼ਸ਼ਾਂ ਆਦਿਕ ਦਾ ਰਾਜਾ ਸੀ. ਇਸ ਦਾ ਵੰਸ਼ ਵਿੱਚ ਹੋਣ ਵਾਲੇ ਮਹ਼ਮੂਦਖ਼ਾਂ ਮੁਗਲ ਦੀ ਭੈਣ ਬਾਬਰ ਦੀ ਮਾਂ ਸੀ. ਨਾਨਕੇ ਗੋਤ੍ਰ ਕਰਕੇ ਬਾਬਰਵੰਸ਼ੀ ਚਗਤਾਈ ਅਥਵਾ ਚਗੱਤਾ ਕਹੇ ਜਾਂਦੇ ਸਨ। ੨. ਦੇਖੋ, ਚੌਗੱਤਾ.

ਚਗਲ: ਸੰਗਜਾ- ਕਿਸੇ ਵਸਤੁ ਨੂੰ ਮੂੰਹ ਵਿੱਚ ਪਾਕੇ ਅੰਦਰ ਲੰਘਣ ਤੋਂ ਬਿਨਾ ਮੂੰਹ ਵਿੱਚ ਫੇਰਣ ਦਾ ਭਾਵ। ੨. ਭਾਵ- ਜੂਠੀ ਅਤੇ ਅਪਵਿਤ੍ਰ ਵਸਤੁ। ੩. ਫ਼ਾ. چغل ਚਗ਼ਲ. ਚਮੜੇ ਦੀ ਬੋਕੀ, ਜਿਸ ਨਾਲ ਇਸਨਾਨ ਸਮੇਂ ਸ਼ਰੀਰ ਉੱਪਰ ਜਲ ਪਾਈਦਾ ਹੈ. ਇਸ ਨੂੰ ਸਾਰੇ ਵਰਤ ਲੈਂਦੇ ਹਨ, ਇਸੇ ਕਾਰਣ ਪੰਜਾਬੀ ਵਿੱਚ ਜੂਠੀ ਵਸਤੁ ਅਤੇ ਕਮੀਨੇ ਆਦਮੀ ਨੂੰ ਚਗਲ ਆਖਦੇ ਹਨ.

ਚਗਾਰ: ਦੇਖੋ, ਚੁਗਾਰ.

ਚਗੁਨ: ਵਿ- ਚਾਰ ਗੁਣਾਂ. ਚੌਗੁਣਾ. "ਦਿਨਪ੍ਰਤੀ ਚਾਹ ਚਿਤ ਚਗੁਨ ਹੋਇ." (ਗੁਪ੍ਰਸੂ)

ਚਗੂੰਨ: ਦੇਖੋ, ਚਗੁਨ। ੨. ਫ਼ਾ. چگوُن ਕੈਫ਼ੀਯਤ. ਕੇਹਾ ਅਤੇ ਕਿਸ ਤਰਾਂ ਹੈ, ਇਹ ਪ੍ਰਸ਼ਨ. ਦੇਖੋ, ਬੇਚਗੂੰਨ.

ਚਚਹਜਾਰਾ: ਦੇਖੋ, ਛਛ ਹਜਾਰਾ.

ਚਚਕ: ਦੇਖੋ, ਚਉਦਣੋਚਕ। ੨. ਸ਼ਿਕਰੇ ਦੀ ਮਦੀਨ. ਇਸ ਨੂੰ ਚਿਪਕ ਭੀ ਆਖਦੇ ਹਨ. ਸ਼ਿਕਰੀ. ਦੇਖੋ, ਸ਼ਿਕਰਾ.

ਚਚਰ: ਸੰ. ਵਿ- ਚਲਾਇਮਾਨ. ਅਨਿਸ਼ਿਚਤ.

ਚਚਰਚਰੀ: ਸੰ. ਚਚੰਰੀਕ. ਸੰਗਯਾ- ਮਾਂਗ. ਕੇਸ਼ਾਂ ਦੇ ਸ਼ਿੰਗਾਰਣ ਦੀ ਰਚਨਾ. "ਚਚਰਚਰੀ ਕੰਕਨ ਮੁਦ੍ਰਿਕਾ ਮਹਿਦੀ ਬਨੀ." (ਭਾਗੁ ਕ)

ਚਚਰੀਆ: ਦਸਮਗ੍ਰੰਥ ਵਿੱਚ ਇਸ ਦਾ ਉਦਾਹਰਣ ਨਹੀਂ ਮਿਲਦਾ, ਪਰ ਸ਼ਸਤ੍ਰਨਾਮਮਾਲਾ ਵਿੱਚ ਹਵਾਲਾ ਹੈ, ਯਥਾ-

"ਹੋ, ਛੰਦ ਚਚਰੀਆ ਮਾਂਹਿ ਨਿਸ਼ੰਕ ਪ੍ਰਮਾਨਿਯੈ." (ਪਿੰਗਲਗ੍ਰੰਥਾਂ ਵਿੱਚ ਇਸ ਦੇ ਨਾਮ ਚਰਚਰੀ, ਚੰਚਰੀ, ਚੰਚਲੀ ਅਤੇ ਵਿਬੁਧਪ੍ਰਿਯਾ ਆਏ ਹਨ. ਲੱਛਣ- ਚਾਰ ਚਰਣ, ਪ੍ਰਤਿ ਚਰਣ ਰ, ਸ, ਜ, ਜ, ਭ, ਰ. SIS, IIS, ISI, ISI, SII, SIS.

ਉਦਾਹਰਣ-

ਆਇਓ ਤਿਂਹਕਾਲ ਬ੍ਰਾਹਮਣ ਯਗਜ ਕੋ ਬਲ ਦੇਖਕੈ,

ਤਾਹਿਂ ਪੂਛਤ ਬੋਲਕੈ ਰਿਖਿ ਭਾਂਤ ਭਾਂਤ ਵਿਸੇਖਕੈ,

ਸੰਗ ਸੁੰਦਰ ਰਾਮ ਲਕ੍ਸ਼੍ਮਣ ਦੇਖਿ ਦੇਖਿ ਸੁ ਹਖੰਈ,

ਬੈਠਕੈ ਸੁਇ ਰਾਜਮੰਡਲ ਵਣੰਈ ਸੁਖ ਵਖੰਈ.

(ਰਾਮਚੰਦ੍ਰਿਕਾ)

੨. ਮਾਤ੍ਰਿਕ ਚੰਚਰੀ ਦਾ ਸਰੂਪ ਹੈ- ਚਾਰ ਚਰਣ, ਪ੍ਰਤਿ ਚਰਣ ੪੬ ਮਾਤ੍ਰਾ, ਤਿੰਨ ਵਿਸ਼੍ਰਾਮ ੧੨- ੧੨ ਮਾਤ੍ਰਾ ਪੁਰ ਅਨੁਪ੍ਰਾਸ ਸਹਿਤ, ਚੌਥਾ ਵਿਸ਼੍ਰਾਮ ਦਸ ਮਾਤ੍ਰਾ, ਪੁਰ, ਅੰਤ ਗੁਰੁ. ਇਸ ਭੇਦ ਦਾ ਨਾਮ "ਹਰਿਪ੍ਰਿਯਾ" ਭੀ ਹੈ.

ਉਦਾਹਰਣ-

ਤਜਾਗਦੇਹੁ ਮਨੋ ਪਾਪ, ਕੀਜੈ ਸਭ ਸੇ ਮਿਲਾਪ,

ਜਾਪੋ ਕਰਤਾਰ ਜਾਪ, ਸਾਂਤਚਿਤ ਹੋਇਕੈ,

ਦੇਸ਼ ਸਾਥ ਪ੍ਰੇਮ ਧਾਰ, ਜਾਤੀਅਭਿਮਾਨ ਟਾਰ,

ਵਿਦਜਾ ਕਰਕੈ ਪ੍ਰਚਾਰ, ਅਭਿਮਾਨ ਖੋਇਕੈ. x x x

ਇਸ ਦਾ ਅਤੇ ਕਬਿੱਤ (ਮਨਹਰ) ਦਾ ਇਤਨਾ ਹੀ ਭੇਦ ਹੈ ਕਿ ਇਸ ਵਿੱਚ ਮਾਤ੍ਰਾ ਦਾ ਅਤੇ ਮਨਹਰ ਵਿੱਚ ਅੱਖਰਾਂ ਦਾ ਹ਼ਿਸਾਬ ਮੁੱਖ ਹੁੰਦਾ ਹੈ. ਜੇ ਇਸ ਦੀ ਤੁਕ ਇਉਂ ਪੜ੍ਹੀ ਜਾਵੇ- "ਤਜਾਗ ਦਿਓ ਮਨੋ ਪਾਪ, ਕੀਜੈ ਸਭੀ ਸੇ ਮਿਲਾਪ, ਜਪੋ ਕਰਤਾਰ ਜਾਪ, ਸਾਂਤਚਿੱਤ ਹੋਇਕੈ." ਤਦ ਮਨਹਰ ਤਾਂ ਰਹੇਗਾ, ਪਰ ਚੰਚਰੀ (ਹਰਿਪ੍ਰਿਯਾ) ਨਹੀਂ ਕਹਾਵੇਗਾ.

ਚਚਾ: ਸੰਗਯਾ- ਚਾਚਾ. ਪਿਤਾ ਦਾ ਛੋਟਾ ਭਾਈ। ੨. ਚੱਚਾ ਅੱਖਰ. "ਚਚਾ ਚਰਨਕਮਲ ਗੁਰ ਲਾਗਾ." (ਬਾਵਨ) ੩. ਚ ਅੱਖਰ ਦਾ ਉੱਚਾਰਣ। ੪. ਚਰਚਾ ਦਾ ਸੰਖੇਪ. "ਅਲੀ ਅਲਿ ਮੇਰ ਚਚਾ ਗੁਨ ਰੇ." (ਮਾਰੂ ਮਃ ੧) ਭੌਰਾ ਭੌਰੀ ਕਮਲ ਦੀ ਗੁਨਚਰਚਾ ਵਿੱਚ ਮਸਤ ਹਨ. ਦੇਖੋ, ਮੇਰ ੩.

ਚਚਾਫੱਗੋ: ਬਿਹਾਰ ਦੇ ਇ਼ਲਾਕ਼ੇ. ਜਿਲਾ ਸ਼ਾਹਬਾਦ ਦੀ ਤਸੀਲ ਸਸਰਾਮ ਦਾ ਵਸਨੀਕ ਇੱਕ ਸੇਠ, ਜੋ ਸਤਿਗੁਰੂ ਦਾ ਅਨੰਨ ਸਿੱਖ ਸੀ. ਇਸ ਨੇ ਨਵਾਂ ਘਰ ਬਣਾਕੇ ਪ੍ਰਤਿਗਜਾ ਕੀਤੀ ਸੀ ਕਿ ਜਦ ਤੀਕ ਗੁਰੂ ਸਾਹਿਬ ਇਸ ਵਿੱਚ ਨਿਵਾਸ ਨਾ ਕਰਨ, ਮੈਂ ਨਹੀਂ ਵਸਾਂਗਾ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਨੇ ਇਸ ਦੇ ਘਰ ਚਰਣ ਪਾ ਕੇ ਘਰ ਨੂੰ ਪਵਿਤ੍ਰ ਕੀਤਾ. ਹੁਣ ਇਸ ਥਾਂ ਗੁਰਦ੍ਵਾਰਾ ਹੈ.

"ਗਮਨੇ ਸਤਿਗੁਰ ਗਏ ਅਗਾਰੀ।

ਸਹਸਰਾਵ ਕੇ ਪਹੁਚ ਮਝਾਰੀ।

ਚਚਾਫੱਗੋ ਕੇ ਘਰ ਗਏ।

ਕਰੀ ਪ੍ਰਤਿਗਜਾ ਪੂਰਤ ਭਏ।।" (ਗੁਪ੍ਰਸੂ)

ਚਚੀਂਡਾ: ਸੰ. चचेण्डा ਇੱਕ ਬੇਲ ਅਤੇ ਉਸ ਦਾ ਕਕੜੀ ਦੀ ਕ਼ਿਸਮ ਦਾ ਲੰਮਾ ਫਲ ਜਿਸ ਦੇ ਉੱਪਰ ਚਿੱਟੇ ਦਾਗ਼ ਹੁੰਦੇ ਹਨ. ਇਹ ਗਰਮੀ ਅਤੇ ਵਰਖਾ ਦੀ ਰੁੱਤ ਵਿੱਚ ਹੋਇਆ ਕਰਦਾ ਹੈ. ਇਸ ਦੀ ਤਰਕਾਰੀ ਬਣਦੀ ਹੈ. Snake gourd.

ਚਚੁੰਧਰ, ਚਚੂੰਦਰ, ਚਚੂੰਧਰ: ਸੰ छच्छ्न्दरि ਛੱਛੂੰਦਰਿ. ਸੰਗਜਾ- ਚੂਹੇ ਦੀ ਇੱਕ ਜਾਤਿ, ਜਿਸ ਤੋਂ ਵੱਡੀ ਦੁਰਗੰਧ ਆਉਂਦੀ ਹੈ. ਇਹ ਪ੍ਰਸਿੱਧ ਹੈ ਕਿ ਜੇ ਸੱਪ ਚਕਚੂੰਦਰ ਨੂੰ ਫੜ ਲਵੇ, ਤਦ ਦੁਰਗੰਧ ਕਾਰਣ ਖਾ ਨਹੀਂ ਸਕਦਾ, ਅਤੇ ਖਾਣ ਤੋਂ ਕੋੜ੍ਹੀ ਹੋ ਜਾਂਦਾ ਹੈ. ਜੇ ਛੱਡ ਦੇਵੇ ਤਦ ਚਕਚੂੰਧਰ ਸੱਪ ਦੇ ਨੇਤ੍ਰ ਭੰਨ ਦਿੰਦੀ ਹੈ. "ਗਹੀ ਫਨੀ ਚਚੂੰਧਰੰ ਤਜੀ ਨ ਖਾਇ ਯੌਂ ਭਯੋ." (ਨਾਪ੍ਰ) ਦੇਖੋ, ਛਛੂੰਦਰ। ੨. ਇੱਕ ਪ੍ਰਕਾਰ ਦੀ ਆਤਿਸ਼ਬਾਜ਼ੀ ਜੋ ਚਚੂੰਧਰ ਵਾਂਙ ਨੱਠੀ ਫਿਰਦੀ ਹੈ.

ਚਚੇਰਾ: ਵਿ- ਚਾਚੇ ਦਾ. ਚਾਚੇ ਨਾਲ ਸੰਬੰਧਿਤ, ਜਿਵੇਂ- ਚਚੇਰਾ ਭਾਈ.

ਚਛ: ਨੇਤ੍ਰ. ਦੇਖੋ, ਚਖ੍ਹ, ਚਖ ਅਤੇ ਚੱਛੁ.

ਚਛਰਾਸੁਰ, ਚਛਰ: ਸੰ. चक्षुर्हिन् ਚਖ੍ਹਹੰਨ. ਇੱਕ ਦੈਤ ਜੋ ਦ੍ਰਿਸ਼੍ਟੀ ਨਾਲ ਹੀ ਵੈਰੀ ਨੂੰ ਨਾਸ਼ ਕਰ ਦਿੰਦਾ ਸੀ। ੨. ਸੰ. चिक्षुर ਚਿਖ੍ਹਰ ਇੱਕ ਦੈਤ ਜਿਸ ਦਾ ਯੁੱਧ ਦੁਰਗਾ ਨਾਲ ਹੋਇਆ. ਦੇਖੋ, ਦੇਵੀ ਭਾਗਵਤ, ਸਕੰਧ ੫, ਅਃ ੧੪. "ਚਛਰਾਸੁਰ ਮਾਰਣ." (ਅਕਾਲ) ਦੇਖੋ, ਚਿੱਛੁਰ.

ਚੱਛੁ: ਸੰ. ਚਖ੍ਹ. ਸੰਗਜਾ- ਨੇਤ੍ਰ. ਅੱਖ. ਚਸ਼ਮ.

ਚਜ: ਸੰਗਜਾ- ਚਨਾਬ (ਚੰਦ੍ਰਭਾਗਾ) ਅਤੇ ਜੇਹਲਮ (ਵਿਤਸ੍ਤਾ) ਦੇ ਮੱਧ ਦਾ ਦੋਆਬ। ੨. ਸੰ. चर्य्य ਚਰ੍ਯੰ. ਕਰਨ ਯੋਗਜ ਕਰਮ. ਆਚਾਰ. ਕੰਮ ਕਰਨ ਦਾ ਵੱਲ. "ਚਜ ਆਚਾਰ ਕਿਛੁ ਬਿਧਿ ਨਹੀਂ ਜਾਨੀ." (ਆਸਾ ਮਃ ੫) ਦੇਖੋ, ਚਜੁ.

ਚਜੁ: ਦੇਖੋ, ਚਜ ੨. ਅਤੇ ਬ੍ਰਹਮਚਜੁ. "ਗੁਰ ਮਿਲਿ ਚਜੁ ਅਚਾਰੁ ਸਿਖੁ." (ਸ੍ਰੀ ਮਃ ੫)

ਚਟ: ਸੰ. चट् ਧਾ- ਬਰਸਣਾ, ਲਪੇਟਣਾ, ਤੋੜਨਾ, ਉੱਚਾਟਨ ਕਰਨਾ, ਉਖੇੜਨਾ। ੨. ਸੰ. ਝਟਿਤਿ. ਕ੍ਰਿ. ਵਿ- ਛੇਤੀ. ਫ਼ੌਰਨ. "ਤ੍ਰਿਯ ਰੋਵਤ ਕੁਟਵਾਰ ਕੇ ਤਟ ਚਟ ਕੂਕੀ ਜਾਇ." (ਚਰਿਤ੍ਰ ੭੬) ੩. ਸੰਗਜਾ- ਚਟੁ. ਚੱਟਾ. ਚਾਟੜਾ. ਚੇਲਾ। ੪. ਵਿਦਜਾਰਥੀ.

ਚਟਸਾਰ, ਚਟਸਾਲ, ਚਟਸਾਲਾ: ਸੰ. ਚਟੁਸ਼ਾਲਾ. ਸੰਗਜਾ- ਚਟੁ (ਚੇਲਿਆਂ) ਦੇ ਪੜ੍ਹਨ ਦਾ ਘਰ. ਪਾਠਸ਼ਾਲਾ. ਮਦਰਸਾ। ੨. ਵਿਦਜਾਰਥੀਆਂ ਦੇ ਰਹਿਣ ਦਾ ਮਕਾਨ. Boarding house.

ਚਟਸਾਲਿ: ਪਾਠਸ਼ਾਲਾ ਵਿੱਚ. "ਚਟਸਾਲਿ ਬਾਲਕੁ ਪਾਇਆ." (ਰਾਮ ਮਃ ੫. ਬੰਨੋ)

ਚਟਕ: ਸੰਗਜਾ- ਪ੍ਰੇਮ. ਲਗਨ। ੨. ਚਮਕ. ਭੜਕ। ੩. ਚਪਲਤਾ. ਫੁਰਤੀ। ੪. ਚਟ ਚਟ ਧੁਨਿ. ਪਾਟਣ ਦੀ ਆਵਾਜ਼। ੫. ਸੰ. ਚਿੜਾ.

ਚਟਕਣਾ, ਚਟਕਨਾ: ਕ੍ਰਿ- ਪਾਟਣਾ. ਚਟਪਟ ਸ਼ਬਦ ਕਰਨਾ। ੨. ਪਟਕਣਾ. ਪਛਾੜਨਾ. "ਛਿਤਿ ਪੈ ਚਟਕੇ ਚਟਕੀਲੇ." (ਚਰਿਤ੍ਰ ੧)੩ ਉਤਰਨਾ.

ਚਟਕਾ: ਸੰਗਜਾ- ਸੁਆਦ. ਚਸਕਾ। ੨. ਚਟ ਚਟ ਸ਼ਬਦ. ਚਿਰੜਾਟ। ੩. ਸੰ. ਚਿੜੀ. ਚਟਕ ਦੀ ਮਦੀਨ.

ਚਟਕੀਲਾ: ਵਿ- ਚਮਕਦਾਰ। ੨. ਚਾਲਾਕ. ਦੇਖੋ, ਚਟਕਨਾ ੨। ੩. ਸ਼ੋਭਾ ਵਾਲਾ। ੪. ਖਿੜਿਆ ਹੋਇਆ. "ਉਪਬਨ ਮੇ ਗੁਲਾਬ ਚਟਕੀਲੇ." (ਗੁਪ੍ਰਸੂ)

**ਚਟਣਾ, ਚਟਨਾ:** ਕ੍ਰਿ- ਜੀਭ ਲਗਾਕੇ ਖਾਣਾ. ਚਾਟਨਾ. ਲੇਹਨ. "ਸਿਲ ਜੋਗ ਅਲੂਣੀ ਚਟੀਐ." (ਵਾਰ ਰਾਮ ੩) ਦੇਖੋ, ਸਿਲ.

**ਚਟਨੀ:** ਸੰਗਯਾ- ਚੱਟਣ ਯੋਗਯ ਪਦਾਰਥ. ਲੇਹਯ ਵਸਤੁ। ੨. ਪੋਦੀਨਾ, ਖਟਾਈ, ਨਮਕ, ਮਿਰਚ ਆਦਿਕ ਵਸਤੂਆਂ ਦਾ ਚਰਪਰਾ ਚੱਟਣ ਲਾਇਕ ਭੋਜਨ.

**ਚਟਪਟ:** ਕ੍ਰਿ. ਵਿ- ਤੁਰੰਤ. ਛੇਤੀ. ਫੌਰਨ. "ਚਟਪਟ ਭਾਜੇ." (ਰਾਮਾਵ)

**ਚਟਪਟਾਨਾ:** ਕ੍ਰਿ- ਵ੍ਯਾਕੁਲ ਹੋਣਾ. ਘਬਰਾਉਣਾ। ੨. ਛੇਤੀ ਕਰਨੀ. ਕਾਹਲੇ ਪੈਣਾ। ੩. ਤੜਫਣਾ। ੪. ਚਟ ਚਟ ਸ਼ਬਦ ਕਰਨਾ. "ਚਟਪਟਾਇ ਤ੍ਰਿਣ ਜਯੋਂ ਜਰਯੋ." (ਖਾਮ)

**ਚਟਪਟੀ:** ਸੰਗਯਾ- ਉਤਾਵਲੀ. ਸ਼ੀਘ੍ਰਤਾ। ੨. ਘਬਰਾਹਟ। ੩. ਕਰਾਰੀ ਅਤੇ ਸਵਾਦੀ ਚੀਜ਼.

**ਚਟਵਾਨਾ:** ਦੇਖੋ, ਚਟਾਉਣਾ।

**ਚਟਾ:** ਸੰਗਯਾ- ਚਾਟੜਾ. ਚੇਲਾ. ਚਟੁ। ੨. ਚਾਟਾ. ਮਟਕਾ। ੩. ਉੱਜਲ. (ਅੰਜਲਿ). ਬੁੱਕ. "ਸਤਿ ਚਟੇ ਸਿਰਿ ਛਾਈ." (ਵਾਰ ਮਾਝ ਮਃ ੧) ੪. ਦੇਖੋ, ਚੱਟਾ.

**ਚਟਾਉਣਾ:** ਕ੍ਰਿ- ਚੱਟਣ ਦੀ ਕ੍ਰਿਯਾ ਕਰਾਉਣਾ। ੨. ਰਿਸ਼ਵਤ ਖਵਾਉਣੀ. "ਕਾਹੂੰਕੋ ਮੁਹਰੈਂ. ਚਟਵਾਈ." (ਚਰਿਤ੍ਰ ੫੫)

**ਚਟਾਈ:** ਸੰਗਯਾ- ਚੱਟਣ ਦੀ ਕ੍ਰਿਯਾ। ੨. ਘਾਹ ਅਥਵਾ ਤੀਲੀਆਂ ਆਦਿਕ ਦਾ ਆਸਨ. ਸਫ.

**ਚਟਾਕ:** ਸੰਗਯਾ- ਦਾਗ਼. ਧੱਬਾ। ੨. ਚਟਾਕਾ. ਚਟ ਚਟ ਧੁਨਿ। ੩. ਕ੍ਰਿ. ਵਿ- ਤੁਰੰਤ. ਛੇਤੀ. "ਚਟਾਕ ਚੋਟੈਂ." (ਰਾਮਾਵ)

**ਚਟਾਨ:** ਸੰਗਯਾ- ਪਹਾੜੀ ਜ਼ਮੀਨ ਦਾ ਪੱਧਰ ਮੈਦਾਨ. ਚਿਟਾਨ. ਸੈਲ ਪੱਥਰ.

**ਚਟਾਨਾ:** ਦੇਖੋ, ਚਟਾਉਣਾ.

**ਚਟਾਰਾ:** ਸੰ. ਚਾਟਕੇਰ. ਸੰਗਯਾ- ਚਿੜੇ ਦਾ ਬੱਚਾ. "ਚਿਰਗਟ ਫਾਰਿ ਚਟਾਰਾ ਲੈਗਇਓ." (ਆਸਾ ਕਬੀਰ) ਚਟਾਰਾ ਸੂਖਮ (ਲਿੰਗ) ਸ਼ਰੀਰ ਹੈ. ਦੇਖੋ, ਚਿਰਗਟ.

**ਚਟੀ:** ਸੰਗਯਾ- ਚੱਟੀ. ਜੁਰਮਾਨਾ. "ਬਧਾ ਚਟੀ ਜੋ ਭਰੇ, ਨਾ ਗੁਣੁ ਨਾ ਉਪਕਾਰੁ." (ਵਾਰ ਸੂਹੀ ਮਃ ੨) ਹਾਕਮ ਦਾ ਬੱਧਾ ਜੋ ਚੱਟੀ ਭਰਦਾ ਹੈ ਉਹ ਗੁਣ ਅਤੇ ਉਪਕਾਰ ਵਿੱਚ ਸ਼ੁਮਾਰ ਨਹੀਂ.

**ਚਟੀਆ:** ਸੰਗਯਾ- ਚਾਟੀ. ਮੱਟੀ। ੨. ਚਟੁਗਣ ਚਾਟੜੇ. ਚੇਲੇ. ਦੇਖੋ, ਚਟੁ. "ਚਟੀਆ ਸਭੇ ਬਿਗਾਰੇ." (ਭੈਰ ਨਾਮਦੇਵ)

**ਚਟੁ:** ਸੰ. ਸੰਗਯਾ- ਪ੍ਯਾਰਾ ਵਾਕ੍ਯ। ੨. ਖ਼ੁਸ਼ਾਮਦ। ੩. ਵ੍ਰਤੀ ਪੁਰੁਸ਼ ਦਾ ਆਸਨ। ੪. ਉਦਰ- ਪੇਟ। ੫. ਚਾਟੜਾ. ਚੇਲਾ। ੬. ਵਿ- ਸੁੰਦਰ. ਮਨੋਹਰ.

**ਚਟੁਕਾਰ:** ਸੰ. ਖ਼ੁਸ਼ਾਮਦੀ.

**ਚੱਟਾ:** ਸੰਗਯਾ- ਚਾਟੜਾ. ਚੇਲਾ। ੨. ਇੱਟਾਂ ਦਾ ਚਿਣਕੇ ਲਾਇਆ ਢੇਰ। ੩. ਕ੍ਰਿ. ਵਿ- ਤੁਰੰਤ. ਫ਼ੌਰਨ "ਕਰ ਤਉ ਅਪਨੇ ਬਲ ਕੋ ਤਨਾ ਚੱਟਾ." (ਕ੍ਰਿਸਨਾਵ)

**ਚੱਟੀ:** ਦੇਖੋ, ਚਟੀ ੧.। ੨. ਲੇਹਨ ਕੀਤੀ. ਦੇਖੋ, ਚਟਣਾ। ੩. ਬਦਰੀਨਾਰਾਇਣ ਦੇ ਰਾਹ ਵਿੱਚ ਮੁਸਾਫਿਰਾਂ ਦੇ ਪੜਾਉ ਨੂੰ ਚੱਟੀ ਆਖਦੇ ਹਨ.

**ਚਠ, ਚੱਠ:** ਸੰ. ਚੈਤਯੇਸ਼੍ਟਿ. ਸੰਗਯਾ- ਚੈਤਯ (ਘਰ) ਦਾ ਇਸ਼੍ਟਿ (ਯਗ੍ਯ) ਜੱਠ. ਘਰ ਪ੍ਰਵੇਸ਼ ਕਰਨ ਵੇਲੇ ਜੋ ਯਗ੍ਯ ਕੀਤਾ ਜਾਵੇ. "ਚੱਠ ਅਰੰਭੀ ਗੁਰੁ ਕਰਤਾਰ." (ਗੁਪ੍ਰਸੂ)

ਚੱਠਾ: ਇੱਕ ਜੱਟ ਗੋਤ੍ਰ. ਚੱਠਿਆਂ ਦੀ ਲੜਾਈ ਮਹਾਰਾਜਾ ਰਣਜੀਤ ਸਿੰਘ ਨਾਲ ਹੋਈ ਸੀ, ਜਿਸ ਦਾ ਜਿਕਰ "ਚੱਠਿਆਂ ਦੀ ਵਾਰ" ਵਿੱਚ ਵੇਖੀਦਾ ਹੈ। ੨. ਇਸ ਗੋਤ੍ਰ ਦੇ ਜ਼ਿਮੀਦਾਰਾਂ ਦੇ ਵਸਾਏ ਕਈ ਪਿੰਡ, ਚੱਠਾ ਨਾਮ ਤੋਂ ਪ੍ਰਸਿੱਧ ਹਨ.

ਚਡਾ, ਚੱਡਾ: ਸੰਗਜਾ- ਚਾਟੁ. ਖ਼ੁਸ਼ਾਮਦ. "ਤਿਨ੍ਹਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ." (ਬਿਹਾ ਛੰਤ ਮਃ ੪) ੨. ਕਮਰ ਦੇ ਪਾਸ ਪੱਟਾਂ ਦੇ ਜੋੜ ਦਾ ਅਸਥਾਨ. ਕੁੱਲਾ। ੩. ਦੇਖੋ, ਚੱਢੇ.

ਚੱਡੇ ਗਾਟੇ ਕਰਨਾ: ਕ੍ਰਿ- ਲੱਤ ਦੇ ਜੋੜ ਵਿੱਚ ਹੱਥ ਪਾ ਕੇ ਗਰਦਨ ਭਾਰ ਸਿੱਟਣਾ. "ਕਹੈ ਮਰਦਾਨਾ ਯਾਂਕੋ ਮਾਰੋਂ ਚੱਡੇ ਗਾਟੇ ਕਰ." (ਨਾਪ੍ਰ)

ਚਢਤ: ਸੰਗਜਾ- ਚੜ੍ਹਤ. ਦੇਵਤੇ ਅਥਵਾ ਗੁਰੂ ਨੂੰ ਚੜ੍ਹਾਈ ਹੋਈ ਵਸਤੁ. ਭੇਟਾ. ਚੜ੍ਹਾਵਾ। ੨. ਧਾਵਾ. ਫ਼ੌਜਕਸ਼ੀ. ਚੜ੍ਹਾਈ.

ਚਢਨਾ: ਕ੍ਰਿ- ਚੜ੍ਹਨਾ. ਸਵਾਰ ਹੋਣਾ। ੨. ਆਰੋਹਣ ਕਰਨਾ. ਉੱਪਰ ਵੱਲ ਜਾਣਾ। ੩. ਦੁਸ਼ਮਨ ਪੁਰ ਚੜ੍ਹਾਈ ਕਰਨੀ.

ਚਢਾਉ: ਸੰਗਜਾ- ਚੜ੍ਹਾਉ. ਚੜ੍ਹਨ ਦਾ ਭਾਵ। ੨. ਵ੍ਰਿੱਧੀ. ਉੱਨਤੀ. ਤਰੱਕੀ.

ਚਢਾਉਨਾ: ਕ੍ਰਿ- ਚੜ੍ਹਾਉਣਾ. ਆਰੋਹਣ ਕਰਵਾਉਣਾ. ਉੱਪਰ ਵੱਲ ਲੈ ਜਾਣਾ. ਉੱਨਤ ਕਰਨਾ. "ਧਰਤੀ ਤੇ ਆਕਾਸਿ ਚਢਾਵੈ." (ਸਾਰ ਕਬੀਰ)

ਚਢਾਈ: ਸੰਗਜਾ- ਚੜ੍ਹਾਈ. ਚੜ੍ਹਨ ਦੀ ਕ੍ਰਿਯਾ। ੨. ਦੁਸ਼ਮਨ ਪੁਰ ਫੌਜਕਸ਼ੀ। ੩. ਕੂਚ. ਰਵਾਨਗੀ। ੪. ਖ਼ਾ. ਪਰਲੋਕ ਗਮਨ.

ਚਢਾਵਨਾ: ਕ੍ਰਿ- ਚੜ੍ਹਾਉਣਾ. ਆਰੋਹਣ ਕਰਾਉਣਾ. "ਬੂਡਿਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ?" (ਬਿਲਾ ਸਧਨਾ) ੨. ਦੇਖੋ, ਚੜ੍ਹਾਉਣਾ.

ਚਢਾਵਾ: ਸੰਗਜਾ- ਚੜ੍ਹਾਵਾ. ਦੇਵਤੇ ਨੂੰ ਅਰਪਿਆ ਹੋਇਆ ਪਦਾਰਥ. ਭੇਟਾ। ੨. ਲਾੜੇ ਵੱਲੋਂ ਲਾੜੀ ਨੂੰ ਸ਼ਾਦੀ ਸਮੇਂ ਪਹਿਰਣ (ਸ਼ਰੀਰ ਪੁਰ ਚੜ੍ਹਾਉਣ) ਲਈ ਭੇਜੇ ਵਸਤ੍ਰ ਅਤੇ ਭੂਖਣ. ਵਰੀ.

ਚੱਢਾ: ਦੇਖੋ, ਚੱਡਾ। ੨. ਦੇਖੋ, ਚੱਢੇ.

ਚੱਢੇ: ਜੱਟਾਂ ਦਾ ਇੱਕ ਗੋਤ੍ਰ। ੨. ਖੁਖਰਾਣ ਖਤ੍ਰੀਆਂ ਵਿੱਚੋਂ ਇੱਕ ਉੱਚੀ ਜਾਤਿ. "ਜੱਟੂ ਭਾਨੂ ਤੀਰਥਾ ਚਾਇਚਈਲੇ ਚੱਢੇ ਚਾਰੇ." (ਭਾਗੁ)

ਚਣ: ਸੰਗਜਾ- ਇੱਖ ਦੀ ਇੱਕ ਕ੍ਰਿਸਮ. ਚਣ ਕਮਾਦ ਦਾ ਮਿੱਠਾ ਬਹੁਤ ਉੱਤਮ ਹੁੰਦਾ ਹੈ। ੨. ਸੰ ਪ੍ਰਤਯ- ਪ੍ਰਸਿੱਧ। ੩. ਨਿਪੁਣ. ਇਹ ਅੰਤ ਵਿੱਚ ਲਗਾਇਆ ਜਾਂਦਾ ਹੈ, ਜਿਵੇਂ- ਵਿਦਯਾਚਣ.

ਚਣਕ, ਚਣਾ: ਸੰ. चणक ਸੰਗਜਾ- ਛੋਲਾ. ਨੁਖ਼ੁਦ. ਚਨਾ. ਦੇਖੋ, ਛੋਲਾ

ਚਣਾਕਾ: ਦੇਖੋ, ਚਾਣਕਯ.

ਚਤਰ: ਦੇਖੋ, ਚਤੁਰ.

ਚਤੁ, ਚਤੁਆਰ: ਸੰ. ਚਤੁਰ੍- ਚਤ੍ਵਾਰ੍. ਚਾਰ. ਚਹਾਰ. "ਪਲਕੇ ਕਰੇ ਚਤੁ ਭਾਇ." (ਗ੍ਯਾਨ) ਮਾਸ ਦੇ ਚਾਰ ਹਿੱਸੇ ਕੀਤੇ. "ਵਰਤਹਿ ਜੁਗ ਚਤੁਆਰੇ." (ਮਾਰੂ ਸੋਲਹੇ ਮਃ ੧)

ਚਤੁਸਟਯ, ਚਤੁਸਟੈ: ਦੇਖੋ, ਚਤੁਸ਼੍ਟਯ.

ਚਤੁਸਪਦੀ: ਸੰ. चतुष्पदी ਸਾਮਾਨਯ ਕਰਕੇ ਚਾਰ ਪਦਾਂ ਵਾਲੇ ਛੰਦ ਦੀ ਇਹ ਸੰਗਜਾ ਹੈ. ਵਿਸ਼ੇਸ਼ ਕਰਕੇ ਇੱਕ ਛੰਦ ਦਾ ਰੂਪ ਹੈ- ਚਾਰ ਚਰਣ, ਪ੍ਰਤਿ ਚਰਣ ੩੦ ਮਾਤ੍ਰਾ, ਪਹਿਲਾ ਵਿਸ਼੍ਰਾਮ ੧੦. ਪੁਰ, ਦੂਜਾ ੮. ਪੁਰ, ਤੀਜਾ ੧੨. ਪੁਰ, ਅੰਤ ਇੱਕ

ਸਗਣ ਇੱਕ ਗੁਰੁ. ਇਸ ਦਾ ਨਾਮ "ਚਵਪੈਯਾ" ਅਥਵਾ "ਚੌਪੈਯਾ" ਭੀ ਹੈ.

ਉਦਾਹਰਣ-

ਜਪਹੈਂ ਨ ਭਵਾਨੀ, ਅਕਥ ਕਹਾਨੀ,

ਪਾਪਕਰਮ ਰਤਿ ਐਸੇ,

ਮਾਨਹੈਂ ਨ ਦੇਵੰ, ਅਲਖ ਅਭੇਵੰ,

ਦੁਰਕ੍ਰਿਤ ਮੁਨਿਵਰ ਜੈਸੇ,

ਚੀਨਹੈਂ ਨ ਬਾਤੰ, ਪਰਤ੍ਰਿਯ ਰਾਤੰ,

ਧਰਮ ਨ ਕਰਮ ਉਦਾਸੀ,

ਜਾਨਹੈਂ ਨ ਬਾਤੰ, ਅਧਿਕ ਅਗਜਾਤੰ,

ਅੰਤ ਨਰਕ ਕਰ ਬਾਸੀ. (ਕਲਕੀ)

ਚਤੁਸ਼੍ਰਯ, ਚਤੁਸ੍ਰੈ: ਸੰ. चतुष्टय ਸੰਗਯਾ- ਚਾਰ ਵਸ੍ਤੂਆਂ ਦਾ ਸਮੁਦਾਯ (ਇਕੱਠ). ਜਿਵੇਂ- ਚਤੁਸ਼੍ਰਯ ਸਾਧਨ, ਅਰਥਾਤ- ਵੈਰਾਗਯ, ਵਿਵੇਕ, ਖਟਸੰਪੱਤਿ ਅਤੇ ਮੁਮੁਕ੍ਸ਼ਤਾ.

ਚਤੁਸ੍ਰੈਸਾਧਨ: ਦੇਖੋ, ਚਤੁਸ਼੍ਰਯ.

ਚਤੁਰ: ਸੰ. ਵਿ- ਚਾਲਾਕ। ੨. ਸਾਵਧਾਨ ਆਲਸ. ਰਹਿਤ. "ਜਾਨਹੁ ਚਤੁਰ ਸੁਜਾਨ." (ਸ. ਮਃ ੯) ੩. ਨਿਪੁਣ. ਦਾਨਾ. ਸਿਆਣਾ. ਕਿਸੇ ਗੁਣ ਵਿੱਚ ਤਾਕ। ੪. ਸੰ. ਚਤੁਰ੍. ਚਾਰ. "ਚਤੁਰ ਦਿਸਾ ਕੀਨੋ ਬਲ ਅਪਨਾ." (ਧਨਾ ਮਃ ੫)

ਚਤੁਰ ਅਵਸਥਾ ਅਰਿ: ਚੌਥੀ ਉਮਰ ਬੁਢਾਪਾ, ਉਸ ਦਾ ਵੈਰੀ ਅਮ੍ਰਿਤ. (ਸਨਾਮਾ) ਦੇਖੋ, ਚਤੁਰਥ ਅਵਸਥਾ ੨.

ਚਤੁਰਗੁਣ: ਦੇਖੋ, ਚਉਗੁਣ.

ਚਤੁਰਚਾਤੁਰ: ਵਿ- ਚਾਤੁਰਯੰ ਵਿੱਚ ਚਤੁਰ. ਪ੍ਰਬੀਨਤਾ ਵਿੱਚ ਹੋਸ਼ਿਆਰ.

ਚਤੁਰਥ: ਵਿ- ਚਤੁਥੰ. ਚੌਥਾ.

ਚਤੁਰਥ ਅਵਸਥਾ: ਸੰਗਯਾ- ਗਯਾਨ ਅਵਸ੍ਥਾ, ਜੋ ਜਾਗ੍ਰਤ, ਸ੍ਵਪਨ, ਸੁਖੁਪਤਿ ਤੋਂ ਪਰੇ ਹੈ। ੨. ਵ੍ਰਿੱਧ ਅਵਸ੍ਥਾ, ਜੋ ਚੌਥੀ ਹੈ- ਵਾਲਯ, ਕੁਮਾਰ, ਯੁਵਾ ਅਤੇ ਜਰਾ.

ਚਤੁਰਥ ਅਵਸਥਾ ਅਰਿ: ਚੌਥੀ ਅਵਸ੍ਥਾ ਜਰਾ, ਉਸ ਦਾ ਵੈਰੀ ਅਮ੍ਰਿਤ. (ਸਨਾਮਾ) ੨. ਵੈਦਯਕ ਅਨੁਸਾਰ ਮਕਰਧ੍ਵਜ ਆਦਿ ਰਸ, ਜੋ ਬੁਢਾਪੇ ਦਾ ਨਾਸ਼ ਕਰਦੇ ਹਨ.

ਚਤੁਰਥਪਦ: ਸੰਗਯਾ- ਤੁਰੀਯ (ਤੁਰੀਆ) ਪਦ. ਗਯਾਨ- ਅਵਸਥਾ। ੨. ਛੰਦ ਦਾ ਚੌਥਾ ਚਰਣ.

ਚਤੁਰਥਿ, ਚਤੁਰਥੀ: ਸੰ. चतुर्थी ਸੰਗਯਾ- ਚੰਦ੍ਰਮਾ ਦੇ ਚਾਨਣੇ ਅਤੇ ਹਨ੍ਹੇਰੇ ਪੱਖ ਦੀ ਚੌਥੀ ਤਿਥਿ. ਚੌਥ. "ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁਬੀਚਾਰੁ." (ਗਉ ਥਿਤੀ ਮਃ ੫)

ਚਤੁਰਦਸ: ਸੰ. ਚਤੁਰ੍ਦੰਸ਼. ਸੰਗਯਾ- ਚੌਦਾਂ. ਦਸ਼ ਅਤੇ ਚਾਰ ੧੪. "ਚਤੁਰਦਸ ਹਾਟ ਦੀਵੇ ਦੁਇ ਸਾਖੀ." (ਮਾਰੂ ਸੋਲਹੇ ਮਃ ੧) ਚੌਦਾਂ ਲੋਕ, ਚੰਦ੍ਰਮਾ ਅਤੇ ਸੂਰਜ.

ਚਤੁਰਦਸ ਹਾਟ: ਚੌਦਾਂ ਲੋਕ. ਦੇਖੋ, ਚਤੁਰਦਸ.

ਚਤੁਰਦਸ ਵਿਦਯਾ: ਦੇਖੋ, ਚਉਦਹ ਵਿਦਯਾ.

ਚਤੁਰਦਸੀ: ਸੰ. ਚਤੁਰ੍‍ਦਸ਼ੀ. ਸੰਗ੍ਯਾ- ਚੰਦ੍ਰਮਾ ਦੇ ਹਨ੍ਹੇਰੇ ਅਤੇ ਚਾਨਣੇ ਪੱਖ ਦੀ ਚੌਦਵੀਂ ਤਿਥਿ. ਚੌਦੇਂ.

ਚਤੁਰਦਾਸ: ਕਾਸ਼ੀ ਨਿਵਾਸੀ ਇੱਕ ਪੰਡਿਤ, ਜੋ ਗੁਰੂ ਨਾਨਕ ਦੇਵ ਦਾ ਸਿੱਖ ਹੋਇਆ। ੨. ਕਸ਼ਮੀਰ ਨਿਵਾਸੀ ਇੱਕ ਵਿਦ੍ਯਾਅਭਿਮਾਨੀ ਪੰਡਿਤ, ਜੋ ਗੁਰੂ ਨਾਨਕ ਦੇਵ ਦਾ ਉਪਦੇਸ਼ ਸੁਣਕੇ ਗੁਰਸਿੱਖ ਹੋਇਆ। ੩. ਕਪੂਰ ਜਾਤਿ ਦਾ ਇੱਕ ਖਤ੍ਰੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਬਣਕੇ ਆਤਮਗ੍ਯਾਨੀ ਹੋਇਆ.

ਚਤੁਰਧਾ: ਸੰ. ਚਤੁਰ੍‍ਧਾ. ਵਿ- ਚਾਰ ਹਿੱਸਿਆਂ ਵਿੱਚ ਵੰਡਿਆ ਹੋਇਆ। ੨. ਚਾਰ ਪ੍ਰਕਾਰ ਦਾ.

ਚਤੁਰਪਦੀ: ਦੇਖੋ, ਚਤੁਸਪਦੀ.

ਚਤੁਰਬਕਤ੍ਰ: ਸੰ. ਚਤੁਰ੍‍ਵਕ੍ਤ੍ਰ. ਸੰਗ੍ਯਾ- ਚਾਰ ਮੁਖ ਵਾਲਾ ਬ੍ਰਹਮਾ. ਚਤੁਰਾਨਨ "ਸੁ ਕੋਟਿ ਚਤੁਰਬਕਤ੍ਰਣੰ." (ਗ੍ਯਾਨ)

ਚਤੁਰਬਕੀਤਾ: ਦੇਖੋ, ਬਕੀਤਾ.

ਚਤੁਰਬਾਹੀ: ਸੰ. चतुर्बाह्वी ਚਤੁਰ੍‍ਬਾਹ੍ਵੀ. ਵਿ- ਚਾਰ ਬਾਹੁ (ਭੁਜਾ) ਵਾਲੀ। ੨. ਸੰਗ੍ਯਾ- ਚਾਰ ਬਾਹੁ (ਭੁਜਾ) ਰੱਖਣ ਵਾਲੀ ਦੁਰਗਾ।[੬] ੩. ਸੰ. चतुर्बाही ਚਾਰ ਘੋੜੇ ਦੀ ਗੱਡੀ, ਜਿਸ ਨੂੰ ਚਾਰ ਮਿਲਕੇ ਖਿੱਚਦੇ ਹਨ.

ਚਤੁਰਭੁਜ: ਸੰ. चतुर्भुज ਵਿ- ਚਾਰ ਬਾਹਾਂ ਵਾਲਾ। ੨. ਸੰਗ੍ਯਾ- ਵਿਸ਼ਨੁ, ਜਿਸ ਦੀਆਂ ਚਾਰ ਬਾਹਾਂ ਹਨ। ੩. ਕਰਤਾਰ, ਜੋ ਚਾਰ ਦਿਸ਼ਾ ਨੂੰ ਭੁਜ (ਪਾਲਨ) ਕਰਦਾ ਹੈ. "ਚਤੁਰਾਈ ਨ ਚਤੁਰਭੁਜ ਪਾਈਐ." (ਗਉ ਕਬੀਰ)

ਚਤੁਰਮਾਸ: ਦੇਖੋ, ਚਾਤੁਰਮਾਸ.

ਚਤੁਰਮੁਖ: ਚਾਰ ਮੂਹਾਂ ਵਾਲਾ ਬ੍ਰਹਮਾ.

ਚਤੁਰਵਕ੍ਤ੍ਰ: ਦੇਖੋ, ਚਤੁਬਕਤ੍ਰ.

ਚਤੁਰਵਰਗ: ਸੰ. चतुर्वर्ग ਸੰਗ੍ਯਾ- ਚਾਰ ਦਾ ਸਮੁਦਾਯ (ਇਕੱਠ)- ਅਰਥ, ਧਰਮ, ਕਾਮ ਅਤੇ ਮੋਖ। ੨. ਗ੍ਯਾਨਪ੍ਰਬੋਧ ਅਨੁਸਾਰ- "ਇਕ ਰਾਜ ਧਰਮ ਇਕ ਦਾਨ ਧਰਮ। ਇਕ ਭੋਗਧਰਮ ਇਕ ਮੋਛਕਰਮ। ਇਹ ਚਤੁਰਵਰਗ ਸਭ ਜਗ ਭਮੰਤ." ਦਾਨਧਰਮ। ਇਕ ਭੋਗਧਰਮ ਇੱਕ ਮੋਛਕਰਮ। ਇਹ ਚਤੁਰਵਰਗ ਸਭ ਜਗ ਭਣੰਤ."

ਚਤੁਰਵੇਦ: ਚਾਰ ਵੇਦ. ਦੇਖੋ, ਵੇਦ.

ਚਤੁਰਵੇਦੀ: ਸੰ. चतुर्वैदिन् ਚਾਰ ਵੇਦਾਂ ਦਾ ਗ੍ਯਾਤਾ। ੨. ਬ੍ਰਾਹਮਣਾਂ ਦੀ ਇੱਕ ਜਾਤਿ. ਇਸ ਦਾ ਮੂਲ ਚਾਰ ਵੇਦਾਂ ਦਾ ਗ੍ਯਾਨ ਹੈ.

ਚਤੁਰਵ੍ਯੂਹ: ਸੰ. चतुर्व्यूह ਸੰਗ੍ਯਾ- ਚਾਰ ਵਸਤੂਆਂ ਦਾ ਸਮੁਦਾਯ ਚਾਰ ਇੱਕਠ. "ਗੁਰੂ ਨਾਨਕ ਜੀ ਕੋ ਵਾਹਗੁਰੂ ਚਤੁਰਵ੍ਯੂਹ ਅਵਤਾਰ ਮਿਲਿਆ ਹੈ." (ਜਸਭਾਮ) ਚਾਰ ਅੱਖਰਾਂ ਦਾ ਸਮੁਦਾਯ ਵਾਹਗੁਰੂ ਮੰਤ੍ਰ। ੨. ਵੈਸ਼ਨਵਮਤ ਅਨੁਸਾਰ ਕ੍ਰਿਸ਼ਨ, ਬਲਰਾਮ, ਪ੍ਰਦ੍ਯੁਮਨ ਅਤੇ ਅਨਿਰੁੱਧ.

ਚਤੁਰਾਈ: ਸੰਗ੍ਯਾ- ਚਤੁਰਤਾ. ਚਾਤੁਰ੍‍ਯ. "ਚਤੁਰਾਈ ਨ ਪਾਇਆ ਕਿਨੈ ਤੂ." (ਅਨੰਦੁ)

ਚਤੁਰਾਂਗ, ਚਤੁਰਾਂਗਾ: ਸੰ. चतुरङ्ग ਚਤੁਰੰਗ. ਸੰਗ੍ਯਾ- ਫ਼ੌਜ ਦੇ ਚਾਰ ਅੰਗ- ਹਾਥੀ, ਰਥ, ਘੋੜੇ, ਪੈਦਲ. "ਹਸਤਿ ਰਥ ਅਸ੍ਵ ਪਵਨਤੇਜ ਧਣੀ ਭੂਮਨ ਚਤੁਰਾਂਗਾ." (ਜੈਤ ਮਃ ੫) ੨. ਵਿ- ਚਤੁਰੰਗਿਨੀ ਫ਼ੌਜ ਵਾਲਾ.

ਚਤੁਰਾਨਨ: ਚਾਰ ਹਨ ਆਨਨ (ਮੁਖ) ਜਿਸ ਦੇ, ਬ੍ਰਹਮਾ.

ਚਤੁਰਿਯਾ: ਵਿ- ਚਾਤੁਰ੍ਯ ਵਾਲੀ ਇਸਤ੍ਰੀ. ਚਤੁਰਾ.

ਚਤੁਰੰਗ: ਸੰ. ਸੰਗ੍ਯਾ- ਚੌਪੜ। ੨. ਦੇਖੋ, ਚਤੁਰਾਂਗ। ੩. ਰਾਜਾ, ਜੋ ਚਤੁਰੰਗਿਨੀ ਸੈਨਾ ਰਖਦਾ ਹੈ। ੪. ਸ਼ਤ਼ਰੰਜ, ਜਿਸ ਦੇ ਘੋੜਾ, ਫ਼ੀਲ, ਸ਼ੁਤਰ ਅਤੇ ਪਿਆਦਾ ਚਾਰ ਅੰਗ ਹਨ। ੫. ਦੇਖੋ, ਚਉਬੋਲੇ ਦਾ ਭੇਦ ੩.

ਚਤੁਰੰਗਿਣੀ, ਚਤੁਰੰਗਿਨੀ: ਵਿ- ਚਾਰ ਅੰਗਾਂ ਵਾਲੀ। ੨. ਸੰਗ੍ਯਾ- ਉਹ ਸੈਨਾ, ਜਿਸ ਦੇ ਚਾਰ ਅੰਗ ਹੋਣ. ਦੇਖੋ, ਚਤੁਰਾਂਗ.

ਚਤੌਨ: ਦੇਖੋ, ਚਿਤੌਨ.

ਚਤੌਰ, ਚਤੌੜ, ਚਤੌੜਗੜ੍ਹ: चतुष्कोट ਚਤੁਸ਼੍ਕੋਟ. ਰਾਜਪੂਤਾਨੇ ਵਿੱਚ ਇੱਕ ਪ੍ਰਸਿੱਧ ਕ਼ਿਲਾ, ਜੋ ਪੁਰਾਣੇ ਸਮੇਂ ਮੇਵਾਰ ਦੀ ਰਾਜਧਾਨੀ ਸੀ. ਇਸ ਦੀ ਲੰਬਾਈ ਸਵਾ ਤਿੰਨ ਮੀਲ ਅਤੇ ਚੌੜਾਈ ਬਾਰਾਂ ਸੌ ਗਜ਼ ਹੈ. ਸਾਰੀ ਜ਼ਮੀਨ ੬੯੦ ਏਕੜ ਹੈ. ੫੦੦ ਫੁਟ ਦੀ ਉੱਚੀ ਪਹਾੜੀ ਪੁਰ ਇਹ ਇ਼ਮਾਰਤ ਬਣਾਈ ਗਈ ਹੈ. ਇਹ ਕ਼ਿਲਾ ਮੋਰੀ ਰਾਜਪੂਤ ਚਿਤ੍ਰਾਂਗ ਨੇ ਈ਼ਸਵੀ ਸੱਤਵੀਂ ਸਦੀ ਵਿੱਚ ਬਣਾਇਆ ਹੈ. [੭] ਇਸ ਪੁਰ ਬੱਪਾਰਾਵ ਨੇ ਸਨ ੭੩੪ ਵਿੱਚ ਕਬਜ਼ਾ ਕੀਤਾ. ਇਸ ਪਿੱਛੋਂ ਇਹ ਮੇਵਾਰ ਦੀ ਰਾਜਧਾਨੀ ਸਨ ੧੫੬੭ ਤੀਕ ਰਿਹਾ.

ਇਸ ਕ਼ਿਲੇ ਤੇ ਸਭ ਤੋਂ ਪਹਿਲਾ ਹ਼ਮਲਾ ਮੇਵਾਰਪਤਿ ਰਾਜਾ ਲਕ੍ਸ਼ਮਣ ਸਿੰਘ ਦੇ ਚਾਚਾ ਭੀਮ ਸਿੰਘ ਦੀ ਮਨੋਹਰ ਪਦਮਿਨੀ ਇਸਤ੍ਰੀ ਪਦਮਾਵਤੀ[੮] ਦੇ ਲੈਣ ਲਈ ਅਲਾਉੱਦੀਨ ਖ਼ਿਲਜੀ ਦਾ ਸੰਮਤ ੧੩੬੧ ਵਿੱਚ ਹੋਇਆ. ਕਿਲਾ ਫਤੇ ਕਰਕੇ ਜਦ ਅ਼ਲਾਉੱਦੀਨ ਅੰਦਰ ਗਿਆ, ਤਦ ਪਦਮਾਵਤੀ ਦੀ ਚਿਤਾ ਦੀ ਭਸਮ ਤੋਂ ਬਿਨਾ ਉਸ ਨੂੰ ਕੁਝ ਪ੍ਰਾਪਤ ਨਹੀਂ ਹੋਇਆ. ਅ਼ਲਾਉੱਦੀਨ ਨੇ ਇਹ ਕ਼ਿਲਾ ਆਪਣੇ ਬੇਟੇ ਖ਼ਿਜਰ ਖ਼ਾਂ ਦੇ ਸਪੁਰਦ ਕੀਤਾ ਅਤੇ ਨਾਮ ਖ਼ਿਜਰਾਬਾਦ ਰੱਖਿਆ.

ਦੂਜਾ ਧਾਵਾ ਇਸ ਪੁਰ ਰਾਣਾ ਉਦਯ ਸਿੰਘ ਦੇ ਸਮੇਂ ਬਾਦਸ਼ਾਹ ਅਕਬਰ ਦਾ ਸੰਮਤ ੧੬੨੪ ਵਿੱਚ ਹੋਇਆ. ਰਾਣਾ ਜ਼ਖ਼ਮੀ ਹੋ ਕੇ ਭੱਜ ਗਿਆ ਅਤੇ ਜੈਮਲ ਤਥਾ ਪੱਤੋ (ਫੱਤਾ) ਬੜੀ ਬਹਾਦੁਰੀ ਨਾਲ ਸ਼ਹੀਦ ਹੋਏ. ਇਸ ਪਿੱਛੋਂ ਮੇਵਾਰ ਦੀ ਰਾਜਧਾਨੀ ਉਦਯਪੁਰ ਹੋ ਗਿਆ.

ਚਤੌੜ ਵਿੱਚ ਕਈ ਮੰਦਿਰ ਅਤੇ ਸਮਾਰਕ ਚਿੰਨ੍ਹ ਪੁਰਾਣਾ ਇਤਿਹਾਸ ਸਮਰਣ ਕਰਾਉਂਦੇ ਹਨ, ਪਰ ਸਭ ਤੋਂ ਮੁੱਖ ਦੋ ਹਨ-

੧. ਰਾਨਾ ਕੁੰਭ, ਜਿਸ ਨੇ ਸਨ ੧੪੩੩ ਤੋਂ ੧੪੬੮ ਤੀਕ ਮੇਵਾਰ ਦਾ ਪੈਂਤੀ ਵਰ੍ਹੇ ਰਾਜ ਕੀਤਾ, ਉਸ ਦਾ ਕੀਰਤੀਸਤੰਭ, ਜੋ ਨੌ ਮੰਜ਼ਿਲਾ ੧੨੦ ਫੁਟ ਉੱਚਾ ਹੈ.

੨. ਦੂਜਾ ਜੈਮਲ ਅਤੇ ਪੱਤੋ ਬਹਾਦੁਰ ਰਾਜਪੂਤਾਂ ਦਾ ਹੈ. [੯] ਇਸ ਕ਼ਿਲੇ ਵਿੱਚ ਜੈਨ ਤੀਰਥੰਕਰ "ਆਦਿਨਾਥ" ਦਾ ਭੀ ਇਕ ਕੀਰਤੀਸਤੰਭ ਹੈ, ਜੋ ੮੦ ਫੁਟ ਹੈ. ਚਤੌੜ ਨੂੰ ਚਿਤੋੜ ਭੀ ਆਖਦੇ ਹਨ. [੧੦]

ਚਤੌੜ ਗੜ੍ਹ ਤੋੜਨਾ: ਕ੍ਰਿ. ਖ਼ਾ. ਪੇਸ਼ਾਬ ਕਰਨਾ. ਭਾਵ ਇਹ ਹੈ ਕਿ ਜਿਸ ਕੰਮ ਨੂੰ ਲੋਕ ਬਹੁਤ ਹੀ ਔਖਾ ਸਮਝਦੇ ਹਨ, ਉਸਨੂੰ ਖ਼ਾਲਸਾ ਵੱਡੀ ਆਸਾਨੀ ਨਾਲ ਕਰ ਸਕਦਾ ਹੈ.

ਚਤੌੜ ਮਾਰੇਰਾ ਪਾਪ: ਦੇਖੋ, ਅਕਬਰ.

ਚਤ੍ਰ: ਦੇਖੋ, ਚਤੁਰ. "ਚਤ੍ਰ ਚਕ੍ਰ ਕਰਤਾ." (ਜਾਪੁ) ਚਤੁਰ ਚਕ੍ਰ ਕਰਤਾ.

ਚਤ੍ਰਆਨ: ਬ੍ਰਹਮਾ. ਦੇਖੋ, ਚਤੁਰਾਨਨ. "ਬਿਸੇਖ ਚਤ੍ਰਆਨ ਕੋ." (ਬ੍ਰਹਮਾਵ)

ਚਤ੍ਵਰ: ਸੰ. ਸੰਗ੍ਯਾ- ਚੌਂਤਰਾ. ਥੜਾ। ੨. ਚੌਰਾਹਾ. ਚੁਰਸਤਾ। ੩. ਹੋਮ ਵਾਸਤੇ ਸਾਫ਼ ਕੀਤਾ ਹੋਇਆ ਥਾਂ। ੪. ਚਤ੍ਵਾਰ. ਚਾਰ. ਚਹਾਰ.

ਚਤ੍ਵਾਸ, ਚਤ੍ਵਾਰ: ਸੰ. चतसृ- चात्वार ਚਤਸ੍ਰਿ- ਚਤ੍ਵਾਰ. ਚਾਰ. ਚਹਾਰ.

ਚਤ੍ਵਾਰਿੰਸ਼: ਸੰ. ਵਿ- ਚਾਲੀਸਵਾਂ.

ਚਤ੍ਵਾਰਿੰਸ਼ਤ: ਸੰ. ਸੰਗਯਾ- ਚਾਲੀਸ. ੪੦.

ਚਨਕ: ਦੇਖੋ, ਚਣਕ.

ਚਨਣਾਠੀ: ਚੰਦਨ- ਕਾਠੀ. ਸੰਗ੍ਯਾ- ਚੰਨਣ ਦੀ ਲੱਕੜ ਦਾ ਟੁਕੜਾ. ਚਰਨਾਠੀ. "ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ." (ਗੂਜ ਮਃ ੧)

ਚਨਾ: ਦੇਖੋ, ਚਣਾ ਅਤੇ ਛੋਲਾ. "ਜਿਉ ਕਪਿ ਕੇ ਕਰ ਮੁਸਟਿ ਚਨਨ ਕੀ." (ਗਉ ਕਬੀਰ) "ਕਬਹੂ ਕੂਰਨੁ ਚਨੇ ਬਿਨਾਵੈ." (ਭੈਰ ਨਾਮਦੇਵ)

ਚਨਾਇਣ: ਸੰਗ੍ਯਾ- ਚੰਦ੍ਰਿਕਾ. ਚਾਂਦਨੀ। ੨. ਪ੍ਰਕਾਸ਼. ਰੌਸ਼ਨੀ.

ਚਨਾਬ: ਦੇਖੋ, ਚੰਦ੍ਰਭਾਗਾ, .

ਚਨਾਰ: ਫ਼ਾ چنار ਸੰਗ੍ਯਾ- ਇੱਕ ਬਿਰਛ ਜੋ ਉੱਤਰੀ ਭਾਰਤ ਵਿੱਚ (ਖ਼ਾਸ ਕਰਕੇ ਕਸ਼ਮੀਰ) ਵਿੱਚ ਬਹੁਤ ਹੁੰਦਾ ਹੈ. L. Platanum Orientalis (Poplar) ਇਸ ਦੀ ਛਾਉਂ ਬਹੁਤ ਸੰਘਣੀ ਹੁੰਦੀ ਹੈ ਅਤੇ ਕ੍ਰੱਦ ਵਿੱਚ ਬਹੁਤਾ ਵੱਡਾ ਹੁੰਦਾ ਹੈ. ਪੱਤੇ ਆਦਮੀ ਦੇ ਪੰਜੇ ਦੇ ਆਕਾਰ ਦੇ ਹੁੰਦੇ ਹਨ. ਇਸ ਦੀ ਲੱਕੜ ਇ਼ਮਾਰਤ ਅਤੇ ਮੇਜ਼ ਕੁਰਸੀ ਲਈ ਵਰਤੀ ਜਾਂਦੀ ਹੈ. ਫ਼ਾਰਸੀ ਦੇ ਕਵੀ ਲਿਖਦੇ ਹਨ ਕਿ ਚਨਾਰ ਆਪਣੇ ਵਿੱਚੋਂ ਨਿਕਲੀ ਅੱਗ ਨਾਲ ਜਲ ਜਾਂਦਾ ਹੈ. "ਆਂ ਚੁਨਾ ਸੋਖ਼ਤੇਮ ਜ਼ਾਂ ਆਤਿਸ਼। ਹਰ ਇੱਕ ਬਸ਼ੁਨੀਦ ਚੂੰ ਚਨਾਰ ਬਸੋਖ਼ਤ (ਦੀਗੋ)" ੨. ਦੇਖੋ, ਚੁਨਾਰ.

ਚਪ: ਸੰ. ਚਪ੍ ਧਾ- ਸ਼ਾਂਤ ਕਰਨਾ, ਸਮਝਾਉਣਾ, ਪੀਸਣਾ, ਕੁੱਟਣਾ, ਠਗਣਾ। ੨. ਸੰਗ੍ਯਾ- ਹਠ. ਜਿਦ। ੩. ਫ਼ਾ. چپ ਕਪਟ. ਫਰੇਬ। ੪. ਵਿ- ਖੱਬਾ. ਬਾਯਾਂ। ੫. ਵਿਰੋਧੀ। ੬. ਛਪ ਦੀ ਥਾਂ ਭੀ ਚਪ ਸ਼ਬਦ ਆਇਆ ਹੈ- "ਸਾਧੁ ਸਮੂਹ ਪ੍ਰਸੰਨ ਫਿਰੈਂ ਜਗ, ਸਤ੍ਰੁ ਸਭੈ ਅਵਿਲੋਕ ਚਪੈਂਗੇ." (ਅਕਾਲ) ੭. ਦੇਖੋ, ਭਾਨੁਸੁਅੰ.

ਚਪਕ: ਡਿੰਗ. ਸੰਗ੍ਯਾ- ਫ਼ੌਜ ਦਾ ਖੱਬਾ ਭਾਗ.

ਚਪਟਾ: ਦੇਖੋ, ਚਿਪਟਾ.

ਚਪਟੀ: ਦੇਖੋ, ਚਿਪਟੀ। ੨. ਸੰਗ੍ਯਾ- ਬਣਾਉਟੀ ਜਨਨੇਂਦ੍ਰਿਯ (ਲਿੰਗ). ਦੇਖੋ, ਚਰਿਤ੍ਰ ੧੦੯, ਛੰਦ ੫੨.

ਚਪਣਾ, ਚਪਨਾ: ਕ੍ਰਿ- ਅੜਨਾ. ਮੁਕ਼ਾਬਲਾ ਕਰਨਾ। ੨. ਜਮਜਾਣਾ। ੩. ਘਿਰਣਾ। ੪. ਖਿਝਣਾ. ਇਨ੍ਹਾਂ ਸਾਰੇ ਸ਼ਬਦਾਂ ਦਾ ਮੂਲ ਫ਼ਾਰਸੀ "ਚਪ" ਹੈ.

ਚਪਰਾਸ: ਸੰਗ੍ਯਾ- ਪੇਟੀ ਅਥਵਾ ਪਰਤਲੇ ਤੇ ਲਾਈ ਹੋਈ ਧਾਤੁ ਦੀ ਤਖ਼ਤੀ, ਜਿਸ ਪੁਰ ਮਹ਼ਿਕਮੇ ਅਥਵਾ ਅ਼ਹੁਦੇ ਦਾ ਨਾਮ ਲਿਖਿਆ ਹੁੰਦਾ ਹੈ ਅਰ ਜਿਸ ਨੂੰ ਚਪਰਾਸੀ ਪਹਿਰਦਾ ਹੈ. ਚਪੜਾਸ. ਦੇਖ, ਚਪਰਾਸੀ.

ਚਪਰਾਸੀ: ਸੰਗ੍ਯਾ- ਅ਼ਹੁਦੇਦਾਰ ਦੇ ਚਪ (ਖੱਬੇ) ਰਾਸ੍ਤ (ਸੱਜੇ) ਰਹਿਣ ਵਾਲਾ ਅਰਦਲੀ. ਚਪੜਾਸੀ। ੨. ਰਸਤਾ ਸਾਫ ਕਰਨ ਲਈ ਲੋਕਾਂ ਨੂੰ ਖੱਬੇ ਸੱਜੇ ਕਰਨ ਵਾਲਾ ਸਿਪਾਹੀ। ੩. ਖੱਬੇ ਸੱਜੇ ਨਜ਼ਰ ਮਾਰਨ ਵਾਲਾ ਅੜਦਲੀਆ.

ਚਪਰਾਹੜਪੁਰ, ਚਪਰਾੜ: ਕਸ਼ਮੀਰ ਨੂੰ ਜਾਂਦੇ ਸ਼੍ਰੀ ਗੁਰੂ ਹਰਿ ਗੋਬਿੰਦ ਸਾਹਿਬ ਇਸ ਥਾਂ ਠਹਿਰੇ ਹਨ. ਇੱਥੇ ਬਰਛਾ ਮਾਰਕੇ ਗੁਰੂ ਸਾਹਿਬ ਨੇ ਸੈਨਾ ਅਤੇ ਸੰਗਤਿ ਦੇ ਵਰਤਣ ਲਈ ਜਲ ਕੱਢਿਆ. ਹੁਣ ਇਹ ਗੁਰਦ੍ਵਾਰਾ ਰਹਿਸਮਾ ਪਿੰਡ ਦੇ ਜ਼ਮੀਨ ਵਿੱਚ ਹੈ. ਦੇਖੋ, ਰਹਿਸਮਾ.

ਚਪਲ: ਸੰ. ਵਿ- ਚੰਚਲ. ਅਸ੍ਥਿਰ. "ਚਪਲਬੁਧਿ ਸਿਉ ਕਹਾ ਬਸਾਇ." (ਬਸੰ ਕਬੀਰ) ੨. ਸੰਗ੍ਯਾ- ਪਾਰਾ। ੩. ਮੱਛੀ.

ਚਪਲਤਾ, ਚਪਲਤਾਈ, ਚਪਲਤ੍ਵ: ਸੰਗ੍ਯਾ- ਚੰਚਲਤਾ. ਚਾਲਾਕੀ.

ਚਪਲਾ: ਸੰ. ਵਿ- ਚੰਚਲਾ. ਨਾ ਇਸਥਿਤ ਰਹਿਣ ਵਾਲੀ। ੨. ਸੰਗਯਾ- ਬਿਜਲੀ। ੩. ਲਕ੍ਸ਼ਮੀ. ਮਾਇਆ। ੪. ਵੇਸ਼੍ਯਾ ਕੰਚਨੀ। ੫. ਰਸਨਾ. ਜੀਭ.

ਚਪਲੀ: ਸੰਗਯਾ- ਚੌਕੜੀ. ਪਥਲੀ. ਪੱਟ ਅਤੇ ਗਿੱਟੇ ਜ਼ਮੀਨ ਨਾਲ ਲਾ ਕੇ ਬੈਠਣ ਦੀ ਮੁਦ੍ਰਾ। ੨. ਕਸ਼ਮੀਰੀ (ਅਥਵਾ ਪਹਾੜੀ) ਜੁੱਤੀ, ਜੋ ਘਾਸ ਅਤੇ ਚੰਮ ਦੀ, ਖੜਾਊਂ ਜੇਹੀ ਹੁੰਦੀ ਹੈ.

ਚਪਲੰਗ: ਵਿ- ਚਪਲਾਂਗ. ਚਪਲ (ਚੰਚਲ) ਹਨ ਜਿਸ ਦੇ ਅੰਗ. "ਤਾਹੀ ਸਮੇਂ ਚਪਲੰਗ ਤੁਰੰਗਨ." (ਕ੍ਰਿਸਨਾਵ)

ਚਪੜਾ: ਸੰਗਯਾ- ਸਾਫ ਕੀਤੀ ਹੋਈ ਲਾਖ ਦਾ ਚਪਟਾ ਟੁਕੜਾ। ੨. ਇੱਕ ਪ੍ਰਕਾਰ ਦੀ ਚਪਟੀ ਤਲਵਾਰ, ਜੋ ਲੰਮੀ ਥੋੜੀ ਅਤੇ ਚੌੜੀ ਜਾਦਾ ਹੁੰਦੀ ਹੈ. "ਚਪੜਾ ਅਸਿ ਸਾਰ ਸਿਪਰ." (ਸਲੋਹ)

ਚਪੜਾਸ, ਚਪੜਾਸੀ: ਦੇਖੋ, ਚਪਰਾਸ ਅਤੇ ਚਪਰਾਸੀ.

ਚਪਾਤੀ: ਫ਼ਾ. چپاتی ਸੰਗਯਾ- ਪਤਲੀ ਅਤੇ ਚੌੜੀ ਰੋਟੀ. ਮੰਡਾ.

ਚਪਿ: ਕ੍ਰਿ. ਵਿ- ਸ਼ਤ੍ਰੁਤਾ (ਵੈਰ) ਕਰਕੇ। ੨. ਖਿਝਕੇ। ੩. ਅੜਕੇ. ਦੇਖੋ, ਚੱਪਣਾ.

ਚਪੇਟ, ਚਪੇੜ: ਸੰ. चपेट ਸੰਗਯਾ- ਜੋ ਚਪ (ਸਮਝਾਉਣ) ਲਈ ਲਗਾਈ ਜਾਵੇ. ਧੱਫਾ. ਤ਼ਮਾਚਾ. ਥੱਪੜ

ਚਪੌਲ: ਫੁਰਤੀ ਦਾ ਹੱਲਾ. ਵੈਰੀ ਉੱਤੇ ਅਚਾਨਕ ਕੀਤੀ ਝਪਟ.

ਚੱਪਣੀ: ਘੜੇ ਹਾਂਡੀ ਆਦਿ ਦਾ ਮੂੰਹ ਢਕਣ ਦੀ ਠੂਠੀ। ੨. ਚੱਪਣ ਦੇ ਆਕਾਰ ਦੀ ਗੋਡੇ ਦੀ ਹੱਡੀ. Patella.

ਚੱਪਾ: ਸੰਗਯਾ- ਚੌਥਾ ਪਾਦ. ਚੌਥਾ ਹਿੱਸਾ। ੨. ਚਾਰ ਉਂਗਲ ਪ੍ਰਮਾਣ ਮਾਪ। ੩. ਨੌਕਾ ਚਲਾਉਣ ਦਾ ਡੰਡਾ। ੪. ਹੱਥ ਦਾ ਅਗਲਾ ਹਿੱਸਾ.

ਚਬੱਚਾ: ਫ਼ਾ. چبچّہ ਚਹਬੱਚਾ. ਸੰਗਯਾ- ਕੁੰਡ. ਹ਼ੌਜ। ੨. ਸਤਿਗੁਰਾਂ ਦੇ ਜਨਮਅਸਥਾਨ ਪੁਰ ਬਣਾਇਆ ਉਹ ਖ਼ਾਸ ਕੁੰਡ, ਜਿਸ ਥਾਂ ਜਨਮ ਸਮੇਂ ਇਸਨਾਨ ਹੋਇਆ ਹੈ. ਇਨ੍ਹਾਂ ਕੁੰਡਾਂ ਦੀ ਸੰਗਯਾ 'ਚਬੱਚਾਸਾਹਿਬ' ਹੈ। ੩. ਦੇਖੋ, ਚੁਬੱਚਾਸਾਹਿਬ.

ਚਬੱਚਾਸਾਹਿਬ: ਦੇਖੋ, ਚਬੱਚਾ ੨. ਅਤੇ ਚੁਬੱਚਾਸਾਹਿਬ.

ਚਬਣ, ਚਬਾਨਾ: ਸੰ. ਚਵੰਣ. ਸੰਗਯਾ- ਦੰਦ ਜਾੜ੍ਹਾਂ ਨਾਲ ਪੀਸਣਾ. ਦੰਦਾਂ ਨਾਲ ਛੋਟੇ ਛੋਟੇ ਟੁਕੜੇ ਕਰਨੇ. ਚਾਬਨਾ. "ਸਾਰੁ ਚਬਿ ਚਬਿ ਹਰਿਰਸ ਪੀਜੈ." (ਕਲਿ ਅਃ ਮਃ ੪) ੨. ਚੱਬਣ ਦਾ ਸਾਧਨ ਰੂਪ ਦੰਦ. "ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ." (ਸ. ਫਰੀਦ) ਦੰਦ, ਪੈਰ, ਅੱਖਾਂ ਅਤੇ ਕੰਨ ਬੁਢਾਪੇ ਵਿੱਚ ਹਾਰਕੇ ਬੈਠ ਗਏ.

ਚਬਿ: ਚਵੰਣ ਕਰਕੇ. ਚੱਬਕੇ. ਦੇਖੋ, ਚਬਣ ੧.

ਚਬੀਣਾ, ਚਬੀਨਾ: ਸੰਗਯਾ- ਚਵੰਣ ਯੋਗ੍ਯ ਵਸਤੁ. ਭੁੰਨੇ ਹੋਏ ਦਾਣੇ ਆਦਿ.

ਚਬੂਤਰਾ: ਸੰਗਯਾ- ਦੇਖੋ, ਚਉਤਰਾ.

ਚਬੋਲਨਾ: ਕ੍ਰਿ- ਬਿਨਾ ਦੰਦ ਦਾੜ੍ਹ ਲਾਏ ਜੀਭ ਅਤੇ ਮਸੂੜਿਆਂ ਦੀ ਸਹਾਇਤਾ ਨਾਲ ਕਿਸੇ ਵਸਤੁ ਨੂੰ ਮੂੰਹ ਵਿੱਚ ਲੈ ਕੇ ਰਸ ਚੂਸਣਾ. ਪਪੋਲਨਾ.

ਚਬੋਲਾ: ਦੇਖੋ, ਚਉਬੋਲਾ। ੨. ਵਿ- ਚਵੰਣ ਕੀਤਾ. ਚੱਬਿਆ। ੩. ਗਟਕਿਆ. ਪੀਤਾ. "ਪ੍ਰੇਮ ਪਿਆਲਾ ਚੁੱਪ ਚਬੋਲਾ." (ਭਾਗੁ)

ਚੱਬਾ: ਅਮ੍ਰਿਤਸਰ ਤੋਂ ਢਾਈ ਕੋਹ ਦੱਖਣ ਇੱਕ ਪਿੰਡ. ਇਸ ਥਾਂ ਛੀਵੇਂ ਸਤਿਗੁਰੂ ਦਾ ਅਸਥਾਨ "ਸੰਗਰਾਣਾ" ਨਾਮ ਦਾ ਪ੍ਰਸਿੱਧ ਹੈ. ਸੁਲੱਖਣੀ ਜੱਟੀ ਨੂੰ ਵਰ ਇਸੇ ਥਾਂ ਪ੍ਰਾਪਤ ਹੋਇਆ ਸੀ. ਦੇਖੋ, ਸੰਗਰਾਣਾਸਾਹਿਬ.

ਚਮ: ਸੰ. ਚਮ੍ ਧਾ- ਖਾਣਾ, ਪਤਲਾ ਪਦਾਰਥ ਮੂੰਹ ਵਿੱਚ ਲੈਣਾ, ਆਚਮਨ ਕਰਨਾ। ੨. ਸੰ. ਚਰਮ (ਚੰਮ) ਦਾ ਸੰਖੇਪ.

ਚਮਈਆ: ਵਿ- ਚੰਮ ਦਾ ਕੰਮ ਕਰੈਯਾ (ਕਰਨ ਵਾਲਾ). ਚੰਮ ਦੇ ਕੰਮ ਨਾਲ ਉਪਜੀਵਿਕਾ ਕਰਨ ਵਾਲਾ. "ਰਵਦਾਸ ਚਮਿਆਰ ਚਮਈਆ." (ਬਿਲਾ ਅਃ ਮਃ ੪)

ਚਮਸ, ਚਮਸਾ: ਸੰ. ਚਮਸ ਸੰਗਯਾ- ਚਮ (ਪੀਣ) ਦਾ ਪਾਤ੍ਰ. ਪਿਆਲਾ. ਵੈਦਿਕ ਯਗ੍ਯ ਦਾ ਇੱਕ ਪਾਤ੍ਰ। ੨. ਚਮਚਾ.

ਚਮਕ: ਸੰਗਯਾ- ਚਮਤਕਾਰ. ਪ੍ਰਕਾਸ਼. ਰੌਸ਼ਨੀ.

ਚਮਕਣਾ, ਚਮਕਨਾ: ਕ੍ਰਿ- ਲਸਕਣਾ (ਲਿਸ਼ਕਣਾ). ਪ੍ਰਕਾਸ਼ਨਾ। ੨. ਭੜਕਣਾ.

ਚਮਕਾ: ਵਿ- ਚੌਕੰਨਾ, ਹੋਸ਼ਿਆਰ. ਸਾਵਧਾਨ. "ਜੋ ਨ੍ਰਿਪ ਚਮਕਾ ਨਾ ਰਹੈ." (ਚਰਿਤ੍ਰ ੫੦)

ਚਮਕਾਰ, ਚਮਕਾਰੁ: ਸੰਗਯਾ- ਚਮਤਕਾਰ. ਪ੍ਰਭਾ "ਚਮਕਾਰ ਬੀਜੁਲ ਤਹੀ." (ਸੋਰ ਨਾਮਦੇਵ) ਭੜਕਾਉਣ (ਉਕਸਾਉਣ) ਦੀ ਕ੍ਰਿਯਾ. "ਹਸਤੀ ਦੀਨੋ ਚਮਕਾਰ." (ਭੈਰ ਨਾਮਦੇਵ)

ਚਮਕਿ: ਕ੍ਰਿ. ਵਿ- ਚਮਕਕੇ. "ਦਾਮਨਿ ਚਮਕਿ ਡਰਾਇਓ." (ਸੋਰ ਮਃ ੪)

ਚਮਕੀ: ਸੰਗਯਾ- ਚੰਮ ਦਾ ਕੋਰੜਾ. ਚੰਮ ਦੀ ਪਤਲੀ ਛਟੀ.

ਚਮਕੌਰ ਸਾਹਿਬ: ਜਿਲਾ ਅੰਬਾਲਾ, ਤਸੀਲ ਰੋਪੜ, ਥਾਣਾ ਮੋਰੰਡਾ ਵਿੱਚ ਇੱਕ ਪਿੰਡ ਹੈ, ਜਿੱਥੇ ਤਿੰਨ ਗੁਰਦ੍ਵਾਰੇ ਹਨ-

(੧) ਆਨੰਦਪੁਰ ਛੱਡਣ ਪਿੱਛੋਂ ੭. ਪੋਹ ਸੰਮਤ ੧੭੬੧ ਨੂੰ ਚਾਲੀ ਸਿੰਘ ਅਤੇ ਸ਼ਾਹਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਜੀ ਸਹਿਤ ਇਸ ਗੜ੍ਹੀ ਵਿੱਚ ਪ੍ਰਵੇਸ਼ ਕਰਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਦਸ਼ਾਹੀ ਸੈਨਾ ਦਾ ਟਾਕਰਾ ਕੀਤਾ, ਉਸ ਦਾ ਨਾਉਂ "ਗੜ੍ਹੀ ਸਾਹਿਬ" ਹੈ. ਇੱਥੇ ਛੋਟਾ ਜੇਹਾ ਦਰਬਾਰ ਬਣਿਆ ਹੋਇਆ ਹੈ. ਰਿਆਸਤ ਪਟਿਆਲੇ ਵੱਲੋਂ ੨੫ ਰੁਪਯੇ ਸਾਲਾਨਾ ਮਿਲਦੇ ਹਨ. ਖ਼ਾਲਸੇ ਨੂੰ ਗੁਰੁਤਾ ਦਸ਼ਮੇਸ਼ ਨੇ ਇਸੇ ਥਾਂ ਬਖ਼ਸ਼ੀ ਹੈ, ਇਸ ਕਾਰਣ ਤੋਂ, ਇਸ ਦਾ ਨਾਉਂ "ਤਿਲਕ ਅਸਥਾਨ" ਹੋ ਗਿਆ ਹੈ. ਰੇਲਵੇ ਸਟੇਸ਼ਨ ਦੋਰਾਹੇ ਤੋਂ ਇਹ ਗੁਰਦ੍ਵਾਰਾ ੨੫ ਮੀਲ ਪੂਰਵ ਹੈ।

(੨) ਕਤਲਗੜ੍ਹ. ਚਮਕੌਰ ਦੀ ਯੁੱਧਭੂਮਿ ਵਿੱਚ ਜਿਸ ਥਾਂ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬ ਜੁਝਾਰ ਸਿੰਘ ਜੀ ਅਲੌਕਿਕ ਵੀਰਤਾ ਦਿਖਾਉਂਦੇ ਹੋਏ ੮. ਪੋਹ ਸੰਮਤ ੧੭੬੧ ਨੂੰ ਸ਼ਹੀਦ ਹੋਏ ਅਤੇ ਜਿਸ ਥਾਂ ਸਾਹਿਬਜ਼ਾਦਿਆਂ ਅਰ ਸ਼ਹੀਦਾਂ ਦਾ ਸਸਕਾਰ ਹੋਇਆ. ਇੱਥੇ ਬਹੁਤ ਸੁੰਦਰ ਗੁਰਦ੍ਵਾਰਾ ਬਣਿਆ ਹੋਇਆ ਹੈ. ੮. ਪੋਹ ਨੂੰ ਭਾਰੀ ਮੇਲਾ ਹੁੰਦਾ ਹੈ. ਸੋ ਵਿੱਘੇ ਜ਼ਮੀਨ ਸਿੱਖਰਾਜ ਸਮੇਂ ਦੀ ਅਤੇ ਤਿੰਨ ਸੌ ਰੁਪਯਾ ਸਾਲਾਨਾ ਜਾਗੀਰ ਪਿੰਡ ਰਾਇਪੁਰ ਤੋਂ ਰਾਜਾ ਭੂਪ ਸਿੰਘ ਦੀ ਲਾਈ ਹੋਈ ਅਤੇ ਛੀ ਸੌ ਇਕਾਹਠ ਰੁਪਯੇ ਰਿਆਸਤ ਪਟਿਆਲੇ ਤੋਂ ਮਿਲਦੇ ਹਨ.

(੩) ਦਮਦਮਾ ਸਾਹਿਬ. ਦਸ਼ਮੇਸ਼ ਇੱਕ ਵਾਰ ਕੁਰੁਛੇਤ੍ਰ ਨੂੰ ਜਾਂਦੇ ਹੋਏ ਵਿਰਾਜੇ ਹਨ. ਦਰਬਾਰ ਨਾਲ ੧੭. ਘੁਮਾਉਂ ਜ਼ਮੀਨ ਹੈ.

ਚਮਕੌਰ ਸਾਹਿਬ ਵਿੱਚ ਧਰਮਵੀਰ ਜੀਵਨ ਸਿੰਘ ਜੀ ਦਾ ਸ਼ਹੀਦਬੁੰਗਾ ਭੀ ਪਵਿਤ੍ਰ ਅਸਥਾਨ ਹੈ.

ਚਮਕੰਨਿ: ਚਮਤਕਾਰ ਕਰਦੀਆਂ ਹਨ. "ਬਿਜੁਲੀਆ ਚਮਕੰਨਿ ਘੁਰਨਿ ਘਟਾ." (ਵਾਰ ਮਾਰੂ ੨. ਮਃ ੫)

ਚਮਗਾਦਰ, ਚਮਗਿੱਦੜ: ਸੰਗਯਾ- ਗਿੱਦੜ ਜੇਹੇ ਮੁਖ ਵਾਲਾ ਇੱਕ ਪੰਛੀ, ਜਿਸ ਦੇ ਪੰਖ (ਖੰਭ) ਚੰਮ ਦੇ ਹੁੰਦੇ ਹਨ. ਇਹ ਉਲਟਾ ਹੋ ਕੇ ਬਿਰਛ ਨਾਲ ਲਟਕਦਾ ਹੈ ਅਤੇ ਰਾਤ ਨੂੰ ਉਡਕੇ ਫਲ ਆਦਿਕ ਦਾ ਆਹਾਰ ਕਰਦਾ ਹੈ. Flying fox (Bat).

ਚਮਚ, ਚਮਚਾ: ਦੇਖੋ, ਚਮਸ. ਫ਼ਾ. چمچہ ਚਮਚਹ. ਛੋਟੀ ਕੜਛੀ.

ਚਮਚਿੱਚੜ: ਸੰਗਯਾ- ਚੰਮ (ਚਰਮ) ਨੂੰ ਚਿਮੜ (ਚੰਬੜ) ਜਾਣ ਵਾਲਾ ਇੱਕ ਜੀਵ. ਇਹ ਖਲੜੀ ਵਿੱਚ ਛੇਕ ਕਰਕੇ ਲਹੂ ਪੀਂਦਾ

ਹੈ. ਕਿਲਨੀ ਚਰਮਕ੍ਰਿਮਿ (Tick). ੨. ਚਿੱਚੜ ਵਾਂਙ ਚਿਮੜ ਜਾਣ ਵਾਲਾ ਆਦਮੀ, ਜੋ ਪਿੱਛਾ ਨਾ ਛੱਡੇ। ੩. ਗੁਣ ਤਯਾਗਕੇ ਔਗੁਣ ਗ੍ਰਹਣ ਕਰਨ ਵਾਲਾ ਪੁਰਖ.

ਚਮਜੂੰ: ਚਰਮਯੂਕਾ. ਚਮੜੀ ਨੂੰ ਚਿਮੜਨ ਵਾਲੀ ਇੱਕ ਪ੍ਰਕਾਰ ਦੀ ਜੂੰ. Tick louse.

ਚਮਤਕਾਰ: ਸੰ. चमत्कार ਸੰਗ੍ਯਾ- ਅਚਰਜ. ਅਚੰਭਾ। ੨. ਹੈਰਾਨ ਕਰਨ ਵਾਲਾ ਵਿਸ਼ਯ। ੩. ਕਰਾਮਾਤ. ਸਿੱਧੀ। ੪. ਪ੍ਰਕਾਸ਼. "ਦਾਮਿਨੀ ਚਮਤਕਾਰ ਤਿਉ ਵਰਤਾਰਾ ਜਗਖੇ." (ਗਉ ਵਾਰ ੨. ਮਃ ੫) ੫. ਕਾਵ੍ਯ ਦਾ ਉਹ ਗੁਣ, ਜੋ ਸ਼੍ਰੋਤਾ ਅਤੇ ਵਕਤਾ ਦੇ ਚਿੱਤ ਨੂੰ ਰੌਸ਼ਨ ਕਰਦਾ ਹੈ.

ਚਮਤਕਾਰੀ: ਵਿ- ਅਦਭੁਤ. ਅਨੂਠਾ। ੨. ਕਰਾਮਾਤੀ। ੩. ਪ੍ਰਕਾਸ਼ਣ ਵਾਲਾ. ਰੌਸ਼ਨ.

ਚਮਤਕ੍ਰਿਤਿ: ਸੰਗ੍ਯਾ- ਆਸ਼ਚਰਜ। ੨. ਅਨੂਠਾਪਨ। ੩. ਕਰਾਮਾਤ. ਸਿੱਧੀ.

ਚਮਨ: ਫ਼ਾ. چمن ਸੰਗ੍ਯਾ- ਹਰੀ ਕਿਆਰੀ। ੨. ਫੁਲਵਾੜੀ. ਪੁਸ਼ਪਵਾਟਿਕਾ। ੩. ਬਲੋਚਿਸਤਾਨ ਦੀ ਹੱਦ ਤੇ ਇੱਕ ਅਸਥਾਨ, ਜਿੱਥੇ ਰੇਲਵੇ ਸਟੇਸ਼ਨ ਹੈ. ਇਸ ਦੀ ਸਮੁੰਦਰ ਤੋਂ ਉਚਾਈ ੪੩੧੧ ਫੁਟ ਹੈ.

ਚਮਰ: ਸੰ. चमरी ਚਮਰੀ. ਸੰਗ੍ਯਾ- ਸੁਰਾ ਗਾਂ। ੨. ਸੁਰਾ ਗਊ (ਚਮਰੀ) ਦੀ ਪੂਛ ਦੇ ਅਗ੍ਰਭਾਗ ਦੇ ਰੋਮਾਂ ਦਾ ਗੁੱਛਾ, ਚਾਮਰ."ਤਾਂ ਪਰ ਹੋਤ ਚਮਰ ਛਬਿ ਭਾਗਾ." (ਨਾਪ੍ਰ) ੩. ਚਰਮ ਦਾ ਉਲਟ. "ਚਮਰਪੋਸ ਕਾ ਮੰਦਰ ਤੇਰਾ." (ਭੈਰ ਨਾਮਦੇਵ) ਚਰਮਪੋਸ਼ ਦਾ ਤੇਰਾ ਮੰਦਿਰ ਹੈ." ਭਾਵ ਚੰਮ ਨਾਲ ਢਕੀ ਹੈ ਦੇਹ ਜਿਨ੍ਹਾਂ ਦੀ, ਜੀਵ ਜੰਤੁ। ੪. ਚਿਮੜ (ਚਿਮਟ)ਦੀ ਥਾਂ ਭੀ ਇਹ ਸ਼ਬਦ ਆਉਂਦਾ ਹੈ. ਚੰਮੜ (ਚੰਬੜ). "ਜਾਹਿਂ ਚਮਰ ਤੂੰ ਮੁਖ ਤੇ ਕਹਿ ਹੈਂ." (ਚਰਿਤ੍ਰ ੬੮)

ਚਮਰਸ: ਸੰਗ੍ਯਾ- ਚਰਮ ਦੀ ਰਗੜ ਨਾਲ ਹੋਇਆ ਛਾਲਾ ਅਥਵਾ ਘਾਉ.

ਚਮਰਟਾ: ਸੰਗ੍ਯਾ- ਚਰਮਕਾਰ ਦਾ ਬੇਟਾ. ਚਮਿਆਰ ਦਾ ਪੁਤ੍ਰ. "ਚਮਰਟਾ ਗਾਂਠਿ ਨ ਜਨਈ." (ਸੋਰ ਰਵਿਦਾਸ) ਦੇਖੋ, ਚਮਰੇਟਾ.

ਚਮਰਨਾ: ਕ੍ਰਿ- ਚਿੰਮੜਨਾ. ਚਿਪਕਨਾ.

ਚਮਰਪੋਸ: ਦੇਖੋ, ਚਮਰ ੩.

ਚਮਰਵਾ: ਵਿ- ਚਮਾਰ ਦਾ. ਚਰਮਕਾਰ ਨਾਲ ਸੰਬੰਧਿਤ.

ਚਮਰਾ: ਸੰਗ੍ਯਾ- ਚਮੜਾ. ਚਮੰ. ਖੱਲ. ਤੁਚਾ।

੨. ਵਿ- ਚਮਿਆਰ ਦਾ. ਚਮਿਆਰਾ. "ਸਭਿ ਦੋਖ ਗਏ ਚਮਰੇ." (ਮਾਰੂ ਮਃ ੪) ਚਮਾਰ (ਰਵਿਦਾਸ) ਦੇ ਸਾਰੇ ਦੋਖ ਦੂਰ ਹੋ ਗਏ. "ਉਹ ਢੋਵੈ ਢੋਰ ਹਾਥਿ ਚਮੁ ਚਮਰੇ." (ਬਿਲਾ ਮਃ ੪) ਚਮਾਰ ਦੇ ਹੱਥ ਸਦਾ ਚੰਮ ਰਹਿੰਦਾ ਸੀ। ੩. ਚਿੰਮੜਿਆ. ਚਿਮਟਿਆ. ਚਿਪਕਿਆ.

ਚਮਰੇਟਾ: ਸੰਗ੍ਯਾ- ਚਮਾਰ ਦਾ ਬੇਟਾ. ਚਮਾਰਪੁਤ੍ਰ.

ਚਮਰੇਰੀ: ਸੰਗ੍ਯਾ- ਚਰਮਕਾਰੀ. ਚਮਿਆਰੀ. ਦੇਖੋ, ਘੁਮਰੇਰੀ.

ਚਮੜ, ਚਮੜਾ: ਸੰਗ੍ਯਾ- ਚਰਮ. ਚੰਮ. ਖੱਲ. "ਕਾਪੜੁ ਛੋਡੇ ਚਮੜ ਲੀਏ." (ਆਸਾ ਮਃ ੧) ਮ੍ਰਿਗਚਰਮ ਧਾਰਣ ਕੀਤੇ। ੨. ਦੇਖੋ, ਚਮਰਨਾ.

ਚਮੜੀ: ਦੇਖੋ, ਗਲਚਮੜੀ। ੨. ਸੰਗ੍ਯਾ- ਚਰਮ. ਖੱਲ. "ਖਪਰੀ ਲਕੜੀ ਚਮੜੀ." (ਆਸਾ ਮਃ ੧) ਕਾਪਾਲਿਕ. ਦੰਡੀ ਅਤੇ ਮ੍ਰਿਗਚਰਮ ਧਾਰੀ ਬ੍ਰਹਮਚਾਰੀ.

**ਚਮਾਰ, ਚਮਿਆਰ:** ਸੰ. ਚਮੰਕਾਰ. ਸੰਗਯਾ- ਚੰਮ ਦਾ ਕੰਮ ਕਰਨ ਵਾਲਾ. ਜੋ ਪਸ਼ੂਆਂ ਦਾ ਚੰਮ ਲਾਹੇ, ਰੰਗੇ ਅਤੇ ਚੰਮ ਦਾ ਸਾਮਾਨ ਬਣਾਵੇ. "ਮੁਕਤ ਭਇਓ ਚਮਿਆਰੋ." (ਗੂਜ ਮਃ ੫) ੨. ਹਿੰਦੂਮਤ ਦੇ ਧਰਮਸ਼ਾਸਤ੍ਰ ਅਨੁਸਾਰ ਖਤ੍ਰੀ ਦੀ ਕੰਨਯਾ ਤੋਂ ਸੂਤ ਦਾ ਪੁਤ੍ਰ ਚਮਿਆਰ ਹੈ. ਦੇਖੋ, ਔਸ਼ਨਸੀ ਸਿਮ੍ਰਿਤਿ ਸ਼ਃ ੪.

**ਚਮਿਆਲ:** ਦੇਖੋ, ਚੰਬਿਆਲ.

**ਚਮੁ:** ਚਮੰ. ਚੰਮ। ੨. ਦੇਖੋ, ਚੁਮ.

**ਚਮੁੱਟਾ:** ਵਿ- ਚਿੰਮੜਿਆ ਹੋਇਆ. ਚਿਮਟਿਆ. "ਜਣੁ ਡਾਲਿ ਚਮੁੱਟੇ ਆਵਲੇ." (ਚੰਡੀ ੩)

**ਚਮੁੰਡ, ਚਮੁੰਡਾ:** ਦੇਖੋ, ਚਾਮੁੰਡਾ.

**ਚਮੂ:** ਸੰ. ਸੰਗਯਾ- ਜੋ ਵੈਰੀ ਨੂੰ ਚਮ (ਖਾ) ਜਾਵੇ. ਸੈਨਾ ਫੌਜ. "ਭਜੀ ਚਮੂ ਸਭ ਦਾਨਵੀ." (ਚੰਡੀ ੧) ੨. ਖਾਸ ਗਿਣਤੀ ਦੀ ਫੌਜ- ੭੨੯ ਹਾਥੀ, ੭੨੯ ਰਥ, ੨੧੮੭ ਸਵਾਰ ਅਤੇ ੩੬੪੫ ਪਿਆਦੇ.

**ਚਮੂਚਾਲ:** ਸੰਗਯਾ- ਫੌਜ ਵਿੱਚ ਹਲਚਲ। ੨. ਫੌਜ ਦਾ ਕੂਚ.

**ਚਮੂਨਾ:** ਦੇਖੋ, ਲਾਲ.

**ਚਮੇਲੀ:** ਸੰ. ਚੰਦ੍ਰਵੱਲੀ. ਚੰਦ੍ਰਮਾਂ ਜੇਹੇ ਚਿੱਟੇ ਫੁੱਲਾਂ ਦੀ ਬੇਲ. L. Jasminum grandiflorum. ਚਮੇਲੀ ਦੇ ਫੁੱਲ ਵਡੀ ਸੁਗੰਧ ਵਾਲੇ ਹੁੰਦੇ ਹਨ ਅਤੇ ੧੨. ਮਹੀਨੇ ਖਿੜਦੇ ਹਨ. ਇਨ੍ਹਾਂ ਫੁੱਲਾਂ ਦਾ ਫੁਲੇਲ ਅਤੇ ਇਤ੍ਰ ਬਹੁਤ ਉੱਤਮ ਹੁੰਦਾ ਹੈ. ਬਸੰਤੀ ਚਮੇਲੀ ਦਾ ਨਾਮ "ਚੰਪਕਵੱਲੀ" ਹੈ. ਇਸ ਦੇ ਫੁੱਲਾਂ ਵਿੱਚ ਸੁਗੰਧ ਨਹੀਂ ਹੁੰਦੀ.

**ਚਮੋਟਾ:** ਸੰਗਯਾ- ਚੰਮ (ਚਮੰ) ਦਾ ਟੁਕੜਾ। ੨. ਵਿ- ਚੰਮ ਦਾ ਬਣਿਆ ਹੋਇਆ.

**ਚਮੋਰਨ, ਚਮੋੜਨਾ:** ਕ੍ਰਿ- ਚਿਪਕਾਉਣਾ. ਚਮੇੜਨਾ. ਸਾਥ ਲਾਉਣਾ. ਚਸਪਾਂ ਕਰਨਾ. ਜੋੜਨਾ. "ਦਸ ਨਾਰੀ ਅਉਧੂਤ ਦੇਨਿ ਚਮੋੜੀਐ." (ਵਾਰ ਗੂਜ ੨. ਮਃ ੫) ਦਸ ਇੰਦ੍ਰੀਆਂ ਅਵਧੂਤਾਂ ਨੂੰ ਭੀ ਵਿਸ਼ਿਆਂ ਵਿੱਚ ਜੋੜ ਦਿੰਦੀਆਂ ਹਨ.

**ਚਯ:** ਸੰ. ਸੰਗਯਾ- ਸਮੂਹ. ਢੇਰ। ੨. ਕੋਟ. ਫ਼ਸੀਲ. ੩. ਨਿਉਂ. ਨੀਂ. ਬੁਨਿਯਾਦ। ੪. ਚੌਤਰਾ. ਥੜਾ.

**ਚਯਨ:** ਸੰ. ਸੰਗਯਾ- ਜਮਾ ਕਰਨਾ. ਇੱਕਠਾ ਕਰਨਾ। ੨. ਚਿਣਨਾ. ਚਿਣਾਈ ਕਰਨੀ। ੩. ਚੁਗਣਾ. ਚੁਣਨਾ.

**ਚਰ:** ਸੰ. ਚਰ੍ ਧਾ- ਜਾਣਾ, ਵਿਚਰਨਾ, ਖਾਣਾ, ਭੱਛਣ ਕਰਨਾ, ਠਗਣਾ, ਟੂਣਾ ਕਰਨਾ, ਆਗਯਾ ਭੰਗ ਕਰਨਾ, ਸੇਵਾ ਕਰਨਾ, ਵਿਭਚਾਰ ਕਰਨਾ, ਉੱਤਮ ਆਚਰਣ ਕਰਨਾ, ਵਿਚਾਰ ਕਰਨਾ। ੨. ਸੰਗਯਾ- ਖ਼ਬਰ ਲੈਣ ਲਈ ਫਿਰਣ ਵਾਲਾ ਦੂਤ. ਜਾਸੂਸ। ੩. ਵਿ- ਵਿਚਰਣ ਵਾਲਾ। ੪. ਦੇਖੋ, ਚਰਜ। ੫. ਦੇਖੋ, ਚਰਨਾ.

**ਚਰ ਅਚਰ:** ਸੰਗਯਾ- ਚੇਤਨ ਅਤੇ ਜੜ੍ਹ। ੨. ਵਿਚਰਣ ਵਾਲਾ ਅਤੇ ਅਚਲ.

**ਚਰਸ, ਚਰਸਾ:** ਰਸ (ਜਲ) ਖਿੱਚਣ ਲਈ ਚਮੰ (ਚੰਮ). ਦੇਖੋ, ਚੜਸ ਅਤੇ ਚੜਸਾ.

**ਚਰਕ:** ਸੰ. ਸੰਗਯਾ- ਦੂਤ. ਜਾਸੂਸ। ੨. ਭਿਖਯਾ ਮੰਗਣਵਾਲਾ। ੩. ਰਾਹੀ. ਬਟੋਹੀ. ਪਥਿਕ। ੪. ਇੱਕ ਪ੍ਰਾਚੀਨ ਰਿਖੀ, ਜਿਸ ਨੇ "ਚਰਕਸੰਹਿਤਾ" ਵੈਦਯਵਿਦ੍ਯਾ ਦਾ ਗ੍ਰੰਥ ਲਿਖਿਆ ਹੈ. ਸੰਸਕ੍ਰਿਤ ਦੇ ਵਿਦ੍ਵਾਨ ਆਖਦੇ ਹਨ ਕਿ ਸ਼ੇਸ਼ਨਾਗ ਨੇ, ਪ੍ਰਿਥਿਵੀ ਤੇ ਚਰ (ਦੂਤ) ਰੂਪ ਹੋ ਕੇ, ਲੋਕਾਂ ਦੇ ਦੁੱਖਾਂ ਨੂੰ ਦੇਖਕੇ ਰਿਖੀਵੇਸ਼ ਧਾਰਕੇ, ਵੈਦਯਵਿਦ੍ਯਾ ਦਾ ਪ੍ਰਚਾਰ ਕੀਤਾ ਹੈ। ੫. ਚਰਕਸੰਹਿਤਾ ਦਾ ਸੰਖੇਪ ਨਾਮ। ੬. ਦੇਖੋ, ਚਰਗ ੨.

**ਚਰਕਟਾ:** ਸੰਗਯਾ- ਚਾਰਾ ਕੱਟਣ ਵਾਲਾ। ੨. ਖ਼ਾਸ ਕਰਕੇ ਹਾਥੀ ਦਾ ਚਾਰਾ ਵੱਢਕੇ ਲਿਆਉਣ ਅਤੇ ਖੁਆਉਣ ਵਾਲਾ। ੩. ਹੁਣ ਪੰਜਾਬੀ ਵਿੱਚ ਕਮੀਨੇ ਆਦਮੀ ਨੂੰ ਭੀ ਚਰਕਟਾ ਸਦਦੇ ਹਨ.

ਚਰਕਣਾ: ਕ੍ਰਿ- ਚਰ ਚਰ ਸ਼ਬਦ ਕਰਨਾ। ੨. ਅੰਤੜੀ ਵਿੱਚ ਅਣਪਚ ਅਤੇ ਬਾਈ ਦੇ ਵਿਕਾਰ ਕਰਕੇ ਚਰ ਚਰ ਸ਼ਬਦ ਨਾਲ ਮੈਲ ਦਾ ਡਿਗਣਾ। ੩. ਡਰ ਦੇ ਮਾਰੇ ਦਸਤ ਲਗਣੇ.

ਚਰਖ: ਫ਼ਾ. چرخ ਚਰਖ਼. ਸੰਗਜਾ- ਗੋਲਾਕਾਰ ਚਕ੍ਰ। ੨. ਖ਼ੁਰਾਦ। ੩. ਸਾਣ। ੪. ਖਗੋਲ. ਆਕਾਸ਼ਚਕ੍ਰ। ੫. ਗਜ਼ਨੀ ਪਾਸ ਇੱਕ ਪਿੰਡ। ੬. ਕਿਸੇ ਧਾਤੁ ਦਾ ਅੱਗ ਪੁਰ ਗਲਕੇ ਚਕ੍ਰ ਖਾਜਾਣਾ.

ਚਰਖਰ: ਸੰਗਜਾ- ਆਰਦਾਰ ਚਰਖ਼. ਚਕ੍ਰ. "ਚਰਖਰ ਸੰਗੰ." (ਰਾਮਾਵ)

ਚਰਖੜੀ: ਦੇਖੋ, ਚਰਖੀ.

ਚਰਖਾ: ਫ਼ਾ. چرخہ ਚਰਖ਼ਹ. ਸੰਗਜਾ- ਗੋਲਾਕਾਰ ਚਕ੍ਰ।੨ ਸੂਤ ਕੱਤਣ ਦਾ ਯੰਤ੍ਰ. "ਕੋਲੂ ਚਰਖਾ ਚਕੀ ਚਕੁ." (ਵਾਰ ਆਸਾ)

ਚਰਖਾ ਸਹੇੜਨਾ: ਕ੍ਰਿ- ਚਰਖਾ ਕੱਤਣ ਵਾਲੀ ਭਾਰਯਾ (ਜੋਰੂ) ਨੂੰ ਸਹੇੜਨਾ (ਸਾਥੀ ਬਣਾਉਣਾ) ਸ਼ਾਦੀ ਕਰਨੀ. "ਅਬ ਸਹੇਰਬੋ ਚਰਖਾ ਚਹੀਐ। ਜਿਸ ਨੇ ਬ੍ਰਿੱਧਪਨੋ ਨਿਰਬਹੀਐ." (ਗੁਪ੍ਰਸੂ)

ਚਰਖੀ: ਚਰਖੜੀ. ਚਰਖ਼ੇ ਦੇ ਆਕਾਰ ਦਾ ਇੱਕ ਗੋਲ ਯੰਤ੍ਰ, ਜਿਸ ਤੇ ਅਪਰਾਧੀ ਦਾ ਅੱਧਾ ਸ਼ਰੀਰ ਬੰਨ੍ਹਕੇ ਅੱਧਾ ਖੁਲ੍ਹਾ ਲਟਕਦਾ ਰਹਿਣ ਦਿੱਤਾ ਜਾਂਦਾ ਸੀ. ਜਿਸ ਵੇਲੇ ਚਰਖ਼ੀ ਜ਼ੋਰ ਨਾਲ ਘੁਮਾਈ ਜਾਂਦੀ, ਤਦ ਲਟਕਦੇ ਹੋਏ ਅੰਗ ਝਟਕੇ ਨਾਲ ਚੂਰ ਹੋ ਜਾਂਦੇ. ਮੁਸਲਮਾਨਾਂ ਦੇ ਰਾਜ ਵਿੱਚ ਬਹੁਤ ਆਦਮੀ ਚਰਖ਼ੀ ਚਾੜ੍ਹਕੇ ਮਾਰੇ ਜਾਂਦੇ ਸਨ. ਵਕੀਲ ਸਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਆਦਿਕ ਅਨੇਕ ਸਿੰਘ ਤੁਰਕਾਂ ਨੇ ਇਸੇ ਯੰਤ੍ਰ ਨਾਲ ਮਾਰੇ. "ਚਾੜ੍ਹ ਚਰਖੜੀ ਮਾਰੋਂ ਦੁਖ ਦੈ ਭਾਰੈ." ਅਤੇ "ਸਿੰਘ ਚਰਖੀ ਪਰ ਚੜ੍ਹਵਾਏ". (ਪੰਪ੍ਰ) ੨. ਘੋੜੇ ਦੀ ਚਕਰੀ. ਚਕ੍ਰ ਵਾਂਙ ਘੋੜੇ ਦੇ ਘੁੰਮਣ ਦੀ ਕ੍ਰਿਯਾ. "ਚਰਖੀ ਫਿਰ ਗੇਰਹਿ ਅਸਵਾਰ." (ਗੁਪ੍ਰਸੂ) ੩. ਛੋਟਾ ਚਰਖਾ.

ਚਰਖੀ ਚੜ੍ਹਾਉਣਾ: ਕ੍ਰਿ- ਚਰਖ਼ੀ ਉੱਪਰ ਚੜ੍ਹਾ ਦੇਣਾ. ਦੇਖੋ, ਚਰਖੀ ੧.

ਚਰਗ: ਸੰਗਜਾ- ਚਰ (ਵਿਚਰਣਾ) ਗ (ਆਕਾਸ਼). ਆਕਾਸ਼ ਵਿੱਚ ਵਿਚਰਣ ਵਾਲਾ ਇੱਕ ਪੰਛੀ, [੧੧] ਜਿਸ ਦਾ ਨਾਮ ਫ਼ਾ. چرغ ਚਰਗ਼ ਅਤੇ ਅ਼. صقر ਸਕ਼ਰ ਹੈ. ਇਹ ਸਜਾਹਚਸ਼ਮ ਸ਼ਿਕਾਰੀ ਪੰਛੀ ਹੈ. ਚਰਗ ਕੱਦ ਵਿੱਚ ਇੱਲ ਨਾਲੋਂ ਕੁਝ ਛੋਟਾ ਹੁੰਦਾ ਹੈ. ਇਸ ਦੇ ਪੰਜੇ ਭਾਰੀ ਅਤੇ ਬਹੁਤ ਫੁਰਤੀਲਾ ਹੁੰਦਾ ਹੈ. ਅੱਖ ਇੱਲ ਨਾਲੋਂ ਵੱਡੀ ਹੁੰਦੀ ਹੈ. ਇਹ ਪੰਜਾਬ ਦਾ ਵਸਨੀਕ ਨਹੀਂ, ਠੰਢੇ ਪਹਾੜਾਂ ਤੋਂ ਸਰਦੀ ਦੇ ਸ਼ੁਰੂ ਵਿੱਚ ਆਉਂਦਾ ਹੈ ਅਤੇ ਗਰਮੀਆਂ ਵਿੱਚ ਮੁੜ ਜਾਂਦਾ ਹੈ ਅਰ ਪਹਾੜ ਦੀਆਂ ਖੁੱਡਾਂ ਵਿੱਚ ਆਂਡੇ ਦਿੰਦਾ ਹੈ. ਚੂਹੇ ਕਿਰਲੇ ਖਾਕੇ ਗੁਜਾਰਾ ਕਰਦਾ ਹੈ, ਕਦੇ ਕਦੇ ਪੰਛੀਆਂ ਨੂੰ ਭੀ ਮਾਰ ਲੈਂਦਾ ਹੈ. ਪਾਲਿਆ ਹੋਇਆ ਚਰਗ ਸਹੇ ਦਾ ਚੰਗਾ ਸ਼ਿਕਾਰ ਕਰਦਾ ਹੈ ਅਤੇ ਕੂੰਜ ਨੂੰ ਭੀ ਫੜ ਲੈਂਦਾ ਹੈ. ਸ਼ਿਕਾਰੀ ਇਸ ਨੂੰ ਛੀ ਮਹੀਨੇ ਆਪਣੇ ਪਾਸ ਰੱਖਦੇ ਹਨ, ਵੱਧ ਤੋਂ ਵੱਧ ਇੱਕ ਵਰ੍ਹਾ, ਇਸ ਪਿੱਛੋਂ ਇਹ ਨਿਕੰਮਾ ਹੋ ਜਾਂਦਾ ਹੈ. ਮਾਸ ਖਾਣ ਵੇਲੇ ਇਹ ਬਹੁਤ ਸਿਰ ਹਿਲਾਇਆ ਕਰਦਾ ਹੈ. ਚਰਗ ਮਦੀਨ ਹੈ, ਇਸ ਦਾ ਨਰ ਚਰਗੇਲਾ ਕਹਾਉਂਦਾ ਹੈ, ਜੋ ਕੱਦ ਵਿੱਚ ਛੋਟਾ ਹੁੰਦਾ ਹੈ ਅਤੇ ਸ਼ਿਕਾਰ ਲਈ ਨਿਕੰਮਾ ਪੰਛੀ ਹੈ. ਦੇਖੋ, ਸ਼ਿਕਾਰੀ ਪੰਛੀਆਂ ਦਾ ਚਿਤ੍ਰ. "ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ." (ਵਾਰ ਮਾਝ ਮਃ ੧) ੨. ਤਰਕ (ਤਰਕ੍ਸ਼ hyena) ਨੂੰ ਭੀ ਲੋਕ ਚਰਕ ਅਤੇ ਚਰਗ ਆਖਦੇ ਹਨ.

ਚਰਗੇਲਾ: ਚਰਗ ਦਾ ਨਰ. ਦੇਖੋ, ਚਰਗ. ਚਰਗੇਲਾ ਸ਼ਿਕਾਰ ਲਈ ਨਹੀਂ ਪਾਲਿਆ ਜਾਂਦਾ.

ਚਰਚ: ਸੰ. चर्च् ਧਾ- ਬੋਲਣਾ, ਚਰਚਾ ਕਰਨਾ, ਨਿੰਦਾ ਕਰਨਾ, ਦੁੱਖ ਦੇਣਾ, ਵਿਚਾਰਨਾ, ਪੜ੍ਹਦਾ, ੨. ਦੇਖੋ, ਚਰਚਨ। ੩. ਦੇਖੋ, ਚਰਚਾ.

ਚਰਚਨ, ਚਰਚਨਾ: ਕ੍ਰਿ- ਲੇਪਨ. ਚੰਦਨ ਆਦਿ ਦਾ ਪੋਚਾ ਦੇਣਾ। ੨. ਦੇਵਤਾ ਗ੍ਰੰਥ ਆਦਿ ਨੂੰ ਚੰਦਨ ਦਾ ਤਿਲਕ ਕਰਨਾ.

ਚਰਚਰੀ: ਦੇਖੋ, ਚਚਰੀਆ। ੨. ਸੰ. ਚਚੰਰੀ. ਸੰਗਜਾ- ਫਾਗ ਦਾ ਗੀਤ. ਹੋਲੀ ਦਾ ਗਾਇਨ। ੩. ਡਫ। ੪. ਨ੍ਰਿਤਯ ਅਤੇ ਗਾਇਨ ਦੀ ਧੂੰਮ. "ਕਰਤ ਕਰਤ ਚਰਚ ਚਰਚ ਚਰਚਰੀ." (ਕਾਨ ਮਃ ੫) ਪੂਜਕ ਲੋਕ ਚਰਚਨ ਅਤੇ ਨ੍ਰਿਤਯ ਕਰਦੇ ਹਨ।

੫. ਗਿੱਧਾ। ੬. ਇੱਕ ਛੰਦ. ਦੇਖੋ, ਚਾਚਰੀ। ੭. ਯੋਗ ਦੀ ਇੱਕ ਮੁਦ੍ਰਾ.

**ਚਰਚਾ:** ਸੰ. ਚਰ੍‍ਚਾਂ. ਸੰਗਜਾ- ਵਰਣਨ. ਬਯਾਨ (ਬਿਨਾ). ਕਥਨ। ੨. ਪ੍ਰਸ਼ਨ ਉੱਤਰ. ਵਿਦ੍ਵਾਨਾਂ ਨੇ ਚਰਚਾ ਦੇ ਚਾਰ ਭੇਦ ਥਾਪੇ ਹਨ-

(ੳ) ਵਾਦ, ਪ੍ਰੇਮਭਾਵ ਨਾਲ ਪਰਸਪਰ ਪ੍ਰਸ਼ਨ ਉੱਤਰ ਕਰਕੇ ਤਸੱਲੀ ਕਰਨੀ.

(ਅ) ਹਿਤ, ਬਿਨਾ ਈਰਖਾ ਤੋਂ ਖੰਡਨ ਮੰਡਨ ਕਰਨਾ.

(ੲ) ਜਲਪ, ਆਪਣੇ ਮਤ ਦੀ ਪੁਸ਼੍ਟੀ ਲਈ ਦੂਜੇ ਦੀ ਦਲੀਲ ਨੂੰ ਰੱਦ ਕਰਨਾ.

(ਸ) ਵਿਤੰਡਾ, ਦੂਜੇ ਦਾ ਪੱਖ ਡੇਗਣ ਵਾਸਤੇ ਛਲ ਕਪਟ ਈਰਖਾ ਹਠ ਨਾਲ ਮਿਲੀ ਚਰਚਾ। ੩. ਪੂਜਾ. ਚੰਦਨ ਆਦਿਕ ਪਦਾਰਥਾਂ ਦਾ ਲੇਪਨ। ੪. ਸ਼ੁਹਰਤ. ਅਫ਼ਵਾਹ.

**ਚਰਚਾ ਚਰਚ:** ਸੰਗਜਾ- ਕਰਤਾਰ ਦੇ ਗੁਣਾਂ ਦੀ ਚਰ੍‍ਚਾਂ ਰੂਪ, ਚਰ੍‍ਚਾਂ (ਪੂਜਾ).

**ਚਰਚਾਰ:** ਸੰ. चर्चही ਚਰ੍‍ਚਾਂਹੰ. ਵਿ- ਪੂਜਨ ਯੋਗ੍ਯ। ੨. ਜਿਕਰ ਕਰਨੇ ਲਾਇਕ੍. "ਚਰਚਾਰ ਚਰਾਚਰਯੰ ਹੁਹਰੰ." (ਵਿਨਾ)

**ਚਰਚਿਤ:** ਸੰ. ਚਰ੍‍ਚਿੰਤ. ਵਿ- ਪੂਜਿਤ. ਚੰਦਨ ਆਦਿ ਦੇ ਲੇਪ ਸਹਿਤ.

**ਚਰਣ:** ਸੰ. ਧਾ- ਜਾਣਾ, ਫਿਰਨਾ, ਵਿਚਰਨਾ। ੨. ਸੰਗਜਾ- ਪੈਰ. ਪਾਦ. "ਚਰਣ ਠਾਕੁਰ ਕੇ ਰਿਦੈ ਸਮਾਣੇ." (ਮਾਝ ਮਃ ੫) ੩. ਛੰਦ ਦੀ ਤੁਕ. "ਤਿਥਿ ਹੋਇ ਕਲਾ ਪ੍ਰਥਮੇ ਚਰਣ." (ਰੂਪਦੀਪ) ੪. ਭੱਛਨ ਕਰਨਾ. ਖਾਣਾ। ੫. ਆਚਰਣ. ਸੁਭਾਵ. ਆਚਾਰ. "ਜਿਨ ਸਾਧੂ ਚਰਣ ਸਾਧਪਗ ਸੇਵੇ." (ਜੈਤ ਮਃ ੪)

**ਚਰਣਸਮੂਹ:** ਸੰ. चरण्यु समूह ਚਰਣ੍ਯੁ ਸਮੂਹ. ਸਾਰੇ ਅਸਥਾਨਾ ਵਿੱਚ ਵਿਚਰਣ ਵਾਲਾ. ਸਰਵਵ੍ਯਾਪੀ. "ਮਾਈ ਰੀ, ਮਾਤੀ ਚਰਣਸਮੂਹ." (ਸਾਰ ਮਃ ੫)

**ਚਰਣਕਮਲ, ਚਰਣਕਵਲ:** ਵਿ- ਕਮਲ ਜੇਹੇ ਚਰਣ. ਕਮਲਰੂਪ ਚਰਣ. "ਚਰਣਕਮਲ ਮਨ ਪ੍ਰਾਣ ਅਧਾਰੀ." (ਸੂਹੀ ਮਃ ੫) ੨. ਸੰਗਜਾ- ਦੇਖੋ, ਚਾਰ ਚੌਕੀਆ। ੩. ਦੇਖੋ, ਚਰਣਕੌਲ.

**ਚਰਣਕੌਲ:** ਦੇਖੋ, ਚਰਣਕਵਲ। ੨. ਜਿਲਾ ਜਲੰਧਰ, ਤਸੀਲ ਨਵਾਂਸ਼ਹਿਰ, ਥਾਣਾ ਬੰਗੇ ਵਿੱਚ ਜੀਂਦੋਵਾਲ ਪਿੰਡ ਹੈ. ਇਸ ਪਿੰਡ ਤੋਂ ਵਾਯਵੀ ਕੋਣ ਦੋ ਫਰਲਾਂਗ ਦੇ ਕ਼ਰੀਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਫਗਵਾੜੇ ਤੋਂ ਕੀਰਤਪੁਰ ਜਾਂਦੇ ਇੱਥੇ ਕਈ ਦਿਨ ਨਿਵਾਸ ਕੀਤਾ, ਕਿਉਂਕਿ ਗੁਰੂ ਸਾਹਿਬ ਦਾ ਸੁਹੇਲਾ ਘੋੜਾ ਇਸ ਥਾਂ ਬੀਮਾਰ ਹੋ ਗਿਆ ਸੀ.

ਗੁਰਦ੍ਵਾਰੇ ਨਾਲ ੩੫ ਘੁਮਾਉਂ ਜ਼ਮੀਨ ਪਿੰਡ ਤਾਹਰਪੁਰ ਅਤੇ ਬੰਗੇ ਵਿੱਚ ਹੈ. ਪੁਜਾਰੀ ਉਦਾਸੀ ਸਾਧੂ ਹੈ. ਰਹਾਇਸ਼ੀ ਮਕਾਨਾਂ ਅਤੇ ਦਰਬਾਰ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਕਰਾਈ ਹੈ. ਦਰਬਾਰ ਦੇ ਪਾਸ ਹੀ ਇੱਕ ਵੱਡਾ ਭਾਰੀ ਤਾਲਾਬ ਹੈ, ਜੋ ਸਰਦਾਰ ਧੰਨਾ ਸਿੰਘ ਦੀ ਲੜਕੀ ਨੇ ਬਣਵਾਇਆ ਸੀ. ਚੇਤਚੌਦਸ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਬੰਗੇ ਤੋਂ ਇੱਕ ਮੀਲ ਪੂਰਵ ਹੈ.

**ਚਰਣਦਾਸ:** ਰਿਆਸਤ ਅਲਵਰ ਦੇ ਪਿੰਡ "ਡੇਹਰਾ" ਵਿੱਚ ਮੁਰਲੀਧਰ ਢੂਸਰ ਦੇ ਘਰ ਸੰਮਤ ੧੭੬੦ ਵਿੱਚ ਰਣਜੀਤ ਪੈਦਾ ਹੋਇਆ, ਜੋ ਸੁਰਤ ਸੰਭਾਲਕੇ ਵੈਰਾਗਵਾਨ ਹੋ ਕੇ ਸਾਧੂ ਬਣ ਗਿਆ ਅਰ ਨਾਉਂ ਚਰਣਦਾਸ ਰਖਾਇਆ. ਇਸ ਨੇ ਰਾਧਾ ਅਤੇ ਕ੍ਰਿਸ਼ਨ ਦੀ ਉਪਾਸਨਾ ਦਾ ਉਪਦੇਸ਼ ਦਿੱਤਾ. ਚਰਣਦਾਸ ਦਾ ਦੇਹਾਂਤ ਸੰਮਤ ੧੮੩੯ ਨੂੰ ਦਿੱਲੀ ਹੋਇਆ. ਇਸ ਦੀ ਸਮਾਧ ਤੇ ਵਸੰਤਪੰਚਮੀ ਨੂੰ ਮੇਲਾ ਭਰਦਾ ਹੈ, ਅਤੇ ਇਸ ਦੇ ਚੇਲੇ ਚਰਣਦਾਸੀਏ ਸਦਾਉਂਦੇ ਹਨ ਅਤੇ ਆਪਣੇ ਗੁਰੂ ਚਰਣਦਾਸ ਨੂੰ ਸ਼ੁਕਦੇਵ ਦਾ ਅਵਤਾਰ ਮੰਨਦੇ ਹਨ. ਚਰਣਦਾਸੀਏ ਵਿਰਕਤ ਅਤੇ ਗ੍ਰਿਹਸਥੀ ਦੋਵੇਂ ਹੁੰਦੇ ਹਨ. ਇਹ ਭਗਵਤਗੀਤਾ ਅਤੇ ਚਰਣਦਾਸ ਕ੍ਰਿਤ "ਸ੍ਵਰੋਦਯ" ਨੂੰ ਬਹੁਤ ਪ੍ਰੇਮ ਅਤੇ ਸ਼੍ਰੱਧਾ ਨਾਲ ਪੜ੍ਹਦੇ ਹਨ. ਵਿਭਚਾਰ, ਨਿੰਦਾ, ਹਿੰਸਾ ਆਦਿ ਕੁਕਰਮਾਂ ਦੇ

(ਜਿਨ੍ਹਾਂ ਦੀ ਇਨ੍ਹਾਂ ਦੇ ਸੰਕੇਤ ਵਿੱਚ "ਨਾਰੂ" ਸੰਗਜਾ ਹੈ) ਤਿਆਗਣ ਦਾ ਉਪਦੇਸ਼ ਦਿੰਦੇ ਹਨ. ਦੇਖੋ, ਸੁਰੋਦਾ।

੨. ਮਾਤਾ ਸੁੰਦਰੀ ਜੀ ਦਾ ਇੱਕ ਪਾਲਿਤ ਲੜਕਾ, ਜੋ ਪੁਤ੍ਰੇਲੇ ਅਜੀਤ ਸਿੰਘ ਦੇ ਕਤਲ ਕੀਤੇ ਜਾਣ ਪਿੱਛੋਂ ਦਿੱਲੀ ਤੋਂ ਭੱਜ ਗਿਆ ਅਤੇ ਸਿੰਘ ਨਾਮ ਤਜਾਗਕੇ ਦਾਸ ਪਦਵੀ ਧਾਰਣ ਕੀਤੀ. ਇਸ ਨੇ ਆਪਣੀ ਬਾਕੀ ਜ਼ਿੰਦਗੀ ਭਦੌੜ (ਰਾਜ ਪਟਿਆਲਾ) ਵਿੱਚ ਰਹਿਕੇ ਵਿਤਾਈ.

ਚਰਣਦਾਸੀ: ਸੰਗਜਾ- ਚਰਨਾਂ ਦੀ ਸੇਵਾ ਕਰਨ ਵਾਲੀ ਗੋਲੀ. ਟਹਿਲਨ। ੨. ਸਾਧੂ ਜੁੱਤੀ ਨੂੰ ਭੀ ਚਰਣਦਾਸੀ ਆਖਦੇ ਹਨ। ੩. ਕਈ ਲੋਕ ਆਪਣੀ ਇਸਤ੍ਰੀ (ਭਾਰਯਾ) ਨੂੰ ਭੀ ਚਰਣਦਾਸੀ ਸਦਦੇ ਹਨ.

ਚਰਣਦਾਸੀਆ: ਦੇਖੋ, ਚਰਣਦਾਸ.

ਚਰਣਧੂੜਿ: ਚਰਣਧੂਲਿ. ਚਰਣਰਜ. "ਚਰਣਧੂੜਿ ਤੇਰੇ ਜਨ ਕੀ ਹੋਵਾ." (ਸੂਹੀ ਮਃ ੫)

ਚਰਣਪ: ਚਰਣ ਨਾਲ ਪੀਣ ਵਾਲਾ. ਪਾਦਪ. ਜੜ ਨਾਲ ਪਾਣੀ ਖਿੱਚਣ ਵਾਲਾ ਬਿਰਛ.

ਚਰਣਪਾਦੁਕਾ: ਸੰਗਜਾ- ਖੜਾਉਂ. ਪਊਆ। ੨. ਦੇਖੋ, ਚਰਨਪਾਦੁਕਾ.

ਚਰਣਬੰਦਨਾ: ਸੰਗਜਾ- ਪਾਦਪ੍ਰਣਾਮ. ਚਰਣਾਂ ਪੁਰ ਨਮਸਕਾਰ ਕਰਨ ਦੀ ਕ੍ਰਿਯਾ. "ਚਰਣਬੰਦਨਾ ਅਮੋਲ ਦਾਸਰੋ." (ਸਾਰ ਮਃ ੫)

ਚਰਣਰੇਣੁ: ਸੰਗਜਾ- ਚਰਣਰਜ. ਚਰਣਧੂੜਿ. "ਚਰਣਰੇਣੁ ਗੁਰ ਕੀ ਮੁਖਿ ਲਾਗੀ." (ਗਉ ਮਃ ੫)

ਚਰਣਾ: ਕ੍ਰਿ- ਫਿਰਣਾ. ਵਿਚਰਣਾ. "ਗਗਨੁ ਰਹਾਇਆ ਹੁਕਮੇ ਚਰਣਾ." (ਮਾਰੂ ਸੋਲਹੇ ਮਃ ੫) ਆਕਾਸ਼ ਦਾ ਫਿਰਣਾ (ਗਰਦਿਸ਼) ਹੁਕਮ ਵਿੱਚ ਰੱਖੀ ਹੋਈ ਹੈ। ੨. ਪਸ਼ੂਆਂ ਦੇ ਚਰਣ ਲਈ ਵਸਤ੍ਰ ਅਥਵਾ ਚਿਣਾਈ ਦਾ ਬਣਾਇਆ ਥਾਂ. ਖੁਰਲੀ। ੩. ਦੇਖੋ, ਚਰਣ. "ਬਲਿ ਬਲਿ ਜਾਈ ਸਤਿਗੁਰੂ ਚਰਣਾ." (ਭੈਰ ਮਃ ੫) ੪. ਖਾਣਾ. ਭਕ੍ਸ਼ਣ ਕਰਨਾ. ਦੇਖੋ, ਚਰ ਧਾ. ਦੇਖੋ, ਚਰੀਦਨ.

ਚਰਣਾਕਾ: ਦੇਖੋ, ਚਾਣਕਜ.

ਚਰਣਾਠੀ: ਦੇਖੋ, ਚਨਣਾਠੀ.

ਚਰਣਾਮਤ: ਦੇਖੋ, ਚਰਣਾਮ੍ਰਿਤ.

ਚਰਣਾਮਤਿ: ਚਰਣਾਂ ਵਿੱਚ ਪੂਜਜਮਤਿ. ਚਰਣਾਂ ਵਿੱਚ ਸ਼੍ਰੱਧਾ. "ਰਾਖ ਲੈ ਰਾਜ ਬਿਖੈ ਚਰਣਾਮਤਿ." (ਰਾਮਾਵ) ਹੇ ਰਾਮ! ਰਾਜ ਕਾਜ ਵਿੱਚ ਲੱਗੇ ਹੋਏ ਦੀ ਮੇਰੀ ਸ਼੍ਰੱਧਾ ਆਪਣੇ ਚਰਣਾਂ ਵਿੱਚ ਰੱਖ ਲੈ. [੧੨]

ਚਰਣਾਮ੍ਰਿਤ: ਸੰਗਜਾ- ਚਰਣਾਂ ਦਾ ਅਮ੍ਰਿਤ. ਚਰਣੋਦਕ. ਦੇਵਤਾ ਦੀ ਮੂਰਤੀ ਅਥਵਾ ਧਰਮਉਪਦੇਸ਼੍ਟਾ ਗੁਰੂ ਦੇ ਚਰਣਾਂ ਦਾ ਜਲ. ਉਹ ਜਲ, ਜਿਸ ਨਾਲ ਗੁਰੂ ਦੇ ਪੈਰ ਧੋਤੇ ਹਨ. ਨੌ ਸਤਿਗੁਰਾਂ ਵੇਲੇ ਸਿੱਖ ਧਰਮ ਵਿੱਚ ਲਿਆਉਣ ਲਈ ਚਰਣਾਮਿਤ੍ਰ ਪਿਆਇਆ ਜਾਂਦਾ ਸੀ. ਇਸ ਦਾ ਨਾਮ ਚਰਣਪਾਹੁਲ ਅਤੇ ਪਗਪਾਹੁਲ ਭੀ ਲਿਖਿਆ ਹੈ. ਦੇਖੋ, ਚਰਨਾਮ੍ਰਿਤ.

ਚਰਣਾਯੁਧ: ਸੰਗਜਾ- ਚਰਣ ਹੀ ਹਨ ਜਿਸ ਦੇ ਆਯੁਧ (ਸ਼ਸਤ੍ਰ) ਮੁਰਗਾ. ਕੁੱਕੜ.

ਚਰਣਾਰਬਿੰਦ, ਚਰਣਾਰਵਿੰਦ: ਵਿ- ਅਰਵਿੰਦ (ਕਮਲ) ਰੂਪ ਚਰਣ. ਚਰਣਕਮਲ. "ਚਰਣਾਰਬਿੰਦ ਮਨ ਬਿਧਜੰ." (ਗਾਥਾ)

ਚਰਣਿ: ਚਰਣਾਂ ਨਾਲ. ਪੈਰੋਂ ਸੇ। ੨. ਸੰ. ਸੰਗਜਾ- ਮਨੁੱਖ। ੩. ਵਿ- ਵਿਚਰਨ ਵਾਲਾ।

ਚਰਣੀ: ਦੂਜੀ ਵਿਭਕ੍ਤਿ. ਚਰਣਾਂ ਨੂੰ. "ਚਰਣੀ ਲਾਗੈ ਤ ਮਹਲੁ ਪਾਵੈ." (ਗਉ ਅਃ ਮਃ ੩)

੨. ਤ੍ਰਿਤੀਯਾ. ਚਰਣਾਂ ਦ੍ਵਾਰਾ. ਪੈਰਾਂ ਨਾਲ. "ਚਰਣੀ ਚਲਉ ਮਾਰਗਿ ਠਾਕੁਰ ਕੈ" (ਸਾਰ ਮਃ ੫) ੩. ਸਪ੍ਤਮੀਂ. ਚਰਣੋਂ ਮੇਂ. ਦੇਖੋ, ਚਰਨੀ.

ਚਰਣੀਠਾ: ਸੰ. ਇਸ਼੍ਟ ਚਰਣ. ਪਜਾਰੇ ਚਰਣ. "ਬਲਿ ਬਲਿ ਪ੍ਰਭੁ ਚਰਣੀਠਾ." (ਸਾਰ ਮਃ ੫)

ਚਰਣੋਦਕ: ਸੰ. ਸੰਗਯਾ- ਚਰਣਾਂ ਦਾ ਉਦਕ (ਜਲ), ਚਰਣਾਮ੍ਰਿਤ. "ਚਰਣੋਦਕ ਲੈ ਆਚਮਨ ਹਉਮੈ ਦੁਬਿਧਾ ਰੋਗ ਗਵਾਏ." (ਭਾਗੁ)

ਚਰਨ: ਦੇਖੋ, ਚਰਣ। ੨. ਚਰਣਾਂ. ਚੁਗਣਾ. "ਉਠਕੈ ਚਰਨ ਲਗੇ ਪੁਨ ਸਾਰੇ." (ਨਾਪ੍ਰ) ੩. ਆਚਰਣ. ਆਚਾਰ. "ਸੰਤ ਚਰਨ ਚਰਨ ਮਨ ਲਾਈਐ." (ਬਿਲਾ ਮਃ ੫) ਸਾਧੁ ਦੇ ਚਰਨ (ਪੈਰ) ਅਤੇ ਸਾਧੁ ਦੇ ਆਚਾਰ ਵਿੱਚ ਮਨ ਲਾਈਐ। ੪. ਚੜ੍ਹਨਾ. ਸਵਾਰ ਹੋਣਾ. "ਸ੍ਰੀ ਹਰਿਗੋਬਿੰਦ ਆਪ ਚਰਨ ਕੋ। ਰਖਵਾਯੋ ਕਰ ਸੁਸ਼੍ਟ ਵਰਨ ਕੋ." (ਗੁਪ੍ਰਸੂ) ਘੋੜਾ ਆਪਣੇ ਚੜ੍ਹਨ ਲਈ ਰਖਵਾਇਆ.

ਚਰਨਕਮਲ, ਚਰਨਕਵਲ: ਦੇਖੋ, ਚਰਣਕਮਲ. "ਚਰਨਕਮਲ ਅਸਥਿਤ ਰਿਦ ਅੰਤਰਿ." (ਸਾਰ ਮਃ ੫) "ਚਰਨਕਵਲ ਹਿਰਦੈ ਗਹਿ ਨਾਨਕ." (ਗਉ ਮਃ ੫) ੨. ਦੇਖੋ, ਚਾਰ ਚੌਕੀਆ.

ਚਰਨਦਾਸ: ਦੇਖੋ, ਚਰਣਦਾਸ। ੨. ਭਾਈ ਫੇਰੂ ਸੱਚੀ ਦਾੜ੍ਹੀ ਦਾ ਇੱਕ ਚੇਲਾ, ਜੋ ਵਡੀ ਕਰਨੀ ਵਾਲਾ ਸਾਧੂ ਹੋਇਆ ਹੈ.

ਚਰਨਪਾਹੁਲ: ਦੇਖੋ, ਚਰਣਾਮ੍ਰਿਤ, ਪਗਪਾਹੁਲ ਅਤੇ ਪਾਹੁਲ.

ਚਰਨਪਾਦੁਕਾ: ਦੇਖੋ, ਚਰਣਪਾਦੁਕਾ। ੨. ਸ਼੍ਰੀ ਗੁਰੂ ਨਾਨਕ ਦੇਵ ਦੇ ਕਈ ਗੁਰਦ੍ਵਾਰੇ ਇਸ ਨਾਮ ਦੇ ਪ੍ਰਸਿੱਧ ਹਨ. ਪ੍ਰਤੀਤ ਹੁੰਦਾ ਹੈ ਕਿ ਪ੍ਰੇਮੀ ਸਿੱਖਾਂ ਨੇ ਸਤਿਗੁਰਾਂ ਦੇ ਪਊਏ ਸਨਮਾਨ ਵਾਸਤੇ ਪਹਿਲੇ ਸਮੇਂ ਇਨ੍ਹਾਂ ਅਸਥਾਨਾਂ ਵਿੱਚ ਅਸਥਾਪਨ ਕੀਤੇ ਹਨ. ਦੇਖੋ, ਸ਼੍ਰੀ ਨਗਰ, ਕੋਟਦ੍ਵਾਰ, ਜੂਨਾਗੜ੍ਹ ਅਤੇ ਢਾਕਾ.

ਚਰਨਬਧਿਕ: ਵਿ- ਚਰਣਵੇਧਕ. ਪੈਰ ਵਿੰਨ੍ਹਣ ਵਾਲਾ. "ਚਰਨਬਧਿਕ ਜਨ ਤੇਊ ਮੁਕਤ ਭਏ." (ਗਉ ਨਾਮਦੇਵ) ਕ੍ਰਿਸ਼ਨ ਜੀ ਦੇ ਪੈਰ ਨੂੰ ਤੀਰ ਨਾਲ ਵਿੰਨ੍ਹਣ ਵਾਲਾ ਸ਼ਿਕਾਰੀ ਮੁਕਤ ਹੋਇਆ. ਦੇਖੋ, ਜਰ ੫.

ਚਰਨਰਵਾਰ, ਚਰਨਰਵਾਲ, ਚਰਨਰੇਣੁ, ਚਰਨਰੇਨ: ਸੰਗਯਾ- ਚਰਣਰਜ. ਚਰਣਧੂਲਿ (ਧੂੜ). "ਬਾਛੈ ਚਰਨਰਵਾਰੋ." (ਗੂਜ ਮਃ ੫) "ਚਰਨਰੇਨ ਬਾਂਛੈ ਨਿਤ ਨਾਨਕ." (ਧਨਾ ਮਃ ੫)

ਚਰਨਾ: ਦੇਖੋ, ਚਰਣਾ। ੨. ਚੜ੍ਹਨਾ. ਆਰੋਹਣ ਕਰਨਾ. "ਮੰਦਰਿ ਚਰਿਕੇ ਪੰਥੁ ਨਿਹਾਰਉ." (ਸੋਰ ਮਃ ੫) "ਚਰਿ ਸੰਤਨ ਨਾਵ ਤਰਾਇਓ." (ਗਉ ਅਃ ਮਃ ੫) ੩. ਲੱਭਣਾ. ਪ੍ਰਾਪਤ ਹੋਣਾ. "ਫਿਰਿ ਇਆ ਅਉਸਰੁ ਚਰੈ ਨ ਹਾਥਾ." (ਬਾਵਨ) ੪. ਉਦੇ ਹੋਣਾ. "ਆਸ ਚਕਵੀ ਦਿਨ ਚਰੈ" (ਬਿਲਾ ਛੰਤ ਮਃ ੫)

ਚਰਨਾਠੀ: ਦੇਖੋ, ਚਨਣਾਠੀ.

ਚਰਨਾਮਤ, ਚਰਨਾਮ੍ਰਿਤ: ਚਰਣਾਂ ਦਾ ਅਮ੍ਰਿਤ, ਦੇਖੋ, ਚਰਣਾਮ੍ਰਿਤ. "ਚਰਨਾਮ੍ਰਿਤ ਸਿੱਖਾਂ ਪੀਲਾਯਾ." (ਭਾਗੁ)

ਚਰਨਾਰਬਿੰਦ: ਚਰਣਕਮਲ. ਦੇਖੋ, ਚਰਣਾਰਵਿੰਦ. "ਚਰਨਾਰਬਿੰਦ ਬਸਾਇ ਹਿਰਦੈ." (ਸਾਰ ਮਃ ੫)

ਚਰਨਾਰੇ: ਦ੍ਵਿਤੀਯਾ. ਚਰਣਾਂ ਨੂੰ. ਚਰਣਾਂ ਪ੍ਰਤਿ ੨. ਚਰਣਰੇਣੁ ਦਾ ਸੰਖੇਪ.

ਚਰਨਾਵੈ: ਸੰ. चरणमेव ਚਰਣਮੇਵ. ਚਰਨ ਹੀ. ਕੇਵਲ ਚਰਨ. "ਮਨ ਅਵਰ ਨ ਭਾਵੈ ਚਰਨਾਵੈ ਚਰਨਾਵੈ." (ਬਿਲਾ ਮਃ ੫. ਪੜਤਾਲ)

ਚਰਨੀ: ਸਪ੍ਤਮੀ. ਚਰਨੋ ਮੇਂ. "ਗੁਰਚਰਨੀ ਮਨ ਲਾਗਾ." (ਸੋਰ ਮਃ ੧) ੨. ਦੇਖੋ, ਚਰਣੀ ੩. ਸੰਗਯਾ- ਚਰਨਪਾਹੁਲੀ ਸਿੱਖ.

ਦੇਖੋ, ਸਹਜੀ.

ਚਰਨੇਰੈ: ਤ੍ਰਿਤੀਯਾ. ਚਰਣਾ ਨੂੰ. "ਸੇਵਉ ਸਾਧ ਸੰਤ ਚਰਨੇਰੈ." (ਕਾਨ ਮਃ ੫)

ਚਰਨੋਦਕ: ਦੇਖੋ, ਚਰਣੋਦਕ.

ਚਰਨੌਲੀ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਨੂਰਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਨਵਾਂਸ਼ਹਿਰ ਤੋਂ ੨੮ ਮੀਲ ਅਗਨਿ ਕੋਣ ਹੈ ਅਤੇ ਕੀਰਤਪੁਰ ਤੋਂ ਦਰਿਆ ਦੇ ਪਾਰ ਦੋ ਮੀਲ ਤੋਂ ਭੀ ਘੱਟ ਹੈ. ਇਸ ਪਿੰਡ ਦੇ ਵਿੱਚ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਕੀਰਤਪੁਰ ਤੋਂ ਸਤਲੁਜ ਪਾਰ ਆਉਂਦੇ ਅਤੇ ਦੁਆਬੇ ਵੱਲੋਂ ਜਾਂਦੇ ਇੱਥੇ ਠਹਿਰਦੇ ਹੁੰਦੇ ਸਨ. ਮੰਜੀ ਸਾਹਿਬ ਬਣਿਆ ਹੋਇਆ ਹੈ. ਸਿੰਘ ਪੁਜਾਰੀ ਹੈ. ਗੁਰਦ੍ਵਾਰੇ ਨਾਲ ਜ਼ਮੀਨ ਜਾਗੀਰ ਕੁਝ ਨਹੀਂ.

ਚਰਪਟ: ਸੰ. ਚਪੰਟ. ਸੰਗਯਾ- ਚਪੇੜ. ਥੱਪੜ. ਧੱਫਾ। ੨. ਉਚੱਕਾ. ਕਿਸੇ ਦੀ ਵਸਤੂ ਨੂੰ ਉਠਾਕੇ ਚੰਪਤ ਹੋ ਜਾਣਾ (ਭੱਜ ਜਾਣ) ਵਾਲਾ। ੩. ਇੱਕ ਯੋਗੀ, ਜੋ ਮਛੇਂਦ੍ਰਨਾਥ ਦੀ ਦ੍ਰਿਸ਼੍ਟਿ ਤੋਂ ਪੈਦਾ ਹੋਇਆ ਲਿਖਿਆ ਹੈ. "ਚਕ੍ਰਿਤ ਚਿੱਤ ਚਟਪਟ ਹ੍ਵੈ ਦਿਖਸਾ। ਚਟਪਟ ਨਾਥ ਤਦਿਨ ਸੇ ਨਿਕਸਾ." (ਪਾਰਸਾਵ) ੪. ਇੱਕ ਗੋਰਖਪੰਥੀ ਯੋਗੀ, ਜਿਸ ਦੀ ਚਰਚਾ ਗੁਰੂ ਨਾਨਕ ਦੇਵ ਨਾਲ ਹਈ. "ਚਰਪਟੁ ਬੋਲੈ ਅਉਧੂ ਨਾਨਕ." (ਸਿਧਗੋਸਟਿ)[੧੩] ੫. ਇੱਕ ਛੰਦ. ਦਸਮਗ੍ਰੰਥ ਵਿੱਚ ਇਸ ਛੰਦ ਦੇ ਦੋ ਸਰੂਪ ਹਨ- ਇੱਕ ਭ, ਗ, ਗ, SII, S, S, . ਇਹ "ਉਛਾਲ" "ਹੰਸਕ" ਅਤੇ "ਪੰਕ੍ਤਿ" ਦਾ ਹੀ ਨਾਮਾਂਤਰ ਹੈ.

ਉਦਾਹਰਣ-

ਅੰਮ੍ਰਿਤ ਕਮੈਂ। ਅੰਮ੍ਰਿਤ ਧਮੈਂ।

ਅੱਖਲ ਜੋਗੇ। ਅੱਚਲ ਭੋਗੇ।। (ਜਾਪੁ)

(ਅ) ਦੂਜਾ ਰੂਪ. ਪ੍ਰਤਿ ਚਰਣ ਸ, ਗ, ਗ, IIS, S, S, ਯਥਾ-

ਸਰਬੰ ਦੇਵੰ। ਸਰਬੰ ਭੇਵੰ।

ਸਰਬੰ ਕਾਲੇ। ਸਰਬੰ ਪਾਲੇ।। (ਜਾਪੁ)

ਦੱਤਾਵਤਾਰ ਵਿੱਚ ਇਹੀ ਰੂਪ ਚਰਪਟ ਦਾ ਫੇਰ ਆਇਆ ਹੈ, ਯਥਾ-

ਗਲਿਤੰ ਜੋਗੰ। ਦਲਿਤੰ ਭੋਗੰ।

ਭਗਵੇ ਭੇਸੰ। ਸੁਫਲੇ ਦੇਸੰ।।

੬. ਵਿ- ਚੌੜਾ ਅਤੇ ਚਪੇਤਲਾ.

ਚਰਪਟ ਛੀਗਾ: ਇਹ ਚਰਪਟ ਛੰਦ ਦਾ ਹੀ ਇੱਕ ਭੇਦ ਹੈ. ਛੀ ਮਾਤ੍ਰਾ ਅਤੇ ਇੱਕ ਗੁਰੁ. ਅਰਥਾਤ ਕੁੱਲ ਅੱਠ ਮਾਤ੍ਰਾ.

ਉਦਾਹਰਣ-

ਚਿਤ੍ਰੰ ਬਰਮਾ। ਚਾਰੰ ਚਰਮਾ।

ਬੀਰੰ ਬਰਣੰ। ਭੀਰੰ ਭਰਣੰ। (ਰਾਮਾਵ)

੨. ਉੱਪਰਲਾ ਲੱਛਣ ਅਰਥਾਤ ਛੀ ਮਾਤ੍ਰਾ ਅਤੇ ਗੁਰੁ ਹੀ ਸਹੀ ਰੱਖਕੇ ਇਹ ਛੰਦ "ਅਕਵਾ", "ਅਜਬਾ" "ਕੰਨਜਾ" ਅਤੇ "ਤਿਲਕਾ" ਦਾ ਭੀ ਰੂਪ ਹੋ ਸਕਦਾ ਹੈ. ਯਥਾ-

ਖੱਗੰ ਖਜਾਤਾ। ਗਜਾਨੰ ਗਜਾਤਾ।

ਚਿਤ੍ਰੰ ਜੋਧੀ। ਜੁੱਧੰ ਕ੍ਰੋਧੀ।।

(ਰਾਮਾਵ)

ਚਰਪਟਨਾਥ: ਦੇਖੋ, ਚਰਪਟ ੩. ਅਤੇ ੪.

ਚਰਪਟੁ: ਦੇਖੋ, ਚਰਪਟ ੪.

ਚਰਪਰਾ: ਵਿ- ਤੀਕ੄ਣ. ਤਿੱਖਾ. ਮਿਰਚ ਆਦਿ ਦਾ ਸਵਾਦ ਜਿਸ ਰਸ ਵਿੱਚ ਮਿਲਿਆ ਹੈ. "ਮਧੁਰ ਸਲਵਣ ਤੁਰਸ਼ ਚਰਪਰੇ." (ਗੁਪ੍ਰਸੂ)

ਚਰਬ: ਸੰ. ਚਬੑੰ. ਧਾ- ਜਾਣਾ, ਗਮਨ ਕਰਨਾ, ਖਾਣਾ, ਚੱਬਣਾ। ੨. ਫ਼ਾ. چرب ਵਿ- ਤੇਜ਼. ਤਿੱਖਾ। ੩. ਸੰਘਣਾ. ਗਾੜ੍ਹਾ। ੪. ਪ੍ਰਬਲ। ੫. ਚਿਕਣਾ. ਸ੍ਨਿਗਧ। ੬. ਸੰਗਜਾ- ਫਤੇ. ਜਿੱਤ. "ਅਰਬ ਖਰਬੰ ਪੁਰੰ ਚਰਬ ਸਰਬੰ ਕਰੇ." (ਰਾਮਾਵ)

ਚਰਬਣ, ਚਰਬਨ: ਸੰ. ਚਬੑੰਣ. ਸੰਗਜਾ- ਚਬੀਣਾ. ਭੁੰਨਿਆ- ਹੋਇਆ ਅੰਨ। ੨. ਚੱਬਣ ਦੀ ਕ੍ਰਿਯਾ. ਚਬਾਨਾ. ਚਬਾਉਣਾ.

ਚਰਬਨੀ: ਵਿ- ਚੱਬ ਜਾਣ ਵਾਲੀ. ਚਬਾਨੇ ਵਾਲੀ.

ਚਰਬਾਕ, ਚਰਬਾਖ: ਵਿ- ਚਾਰੁ ਵਾਕ੍ਯ ਕਹਿਣ ਵਾਲਾ. ਖ਼ੁਸ਼ਗੋ. ਚਰਬ ਜ਼ਬਾਨ. "ਦੂਤ ਗੇ ਚਰਬਾਖ." (ਰਾਮਾਵ) ੨. ਫ਼ਾ. چاربانگ ਚਾਰਬਾਂਗ. ਚਾਲਾਕ। ੩. ਮੁਸਤਇ਼ਦ. ਕੰਮ ਵਿੱਚ ਚੌਕਸ.

ਚਰਬੀ: ਵਿ- ਚਰਬੀ ਵਾਲਾ. ਮੋਟਾ। ੨. ਚਰਬ (ਫਤੇ) ਪਾਉਣ ਵਾਲਾ. ਵਿਜਯੀ. ਦੇਖੋ, ਚਰਬ ੬. "ਸਰਬ ਚਰਬੀਅਨ ਚਰਬ." (ਚਰਿਤ੍ਰ ੨੧੭) ੩. ਫ਼ਾ. چربی ਸੰਗਜਾ- ਮਿੰਜ. ਵਸਾ. ਬਦਨ ਦੀ ਚਿਕਨਾਈ.

ਚਰਬੀਦਨ: ਫ਼ਾ. چربیدن ਕ੍ਰਿ- ਗ਼ਾਲਿਬ ਆਉਣਾ. ਫਤੇ ਪਾਉਣਾ। ੨. ਕਿਸੇ ਤੋਂ ਵਧਕੇ ਰਹਿਣਾ.

ਚਰਮ: ਸੰ. ਵਿ- ਅੰਤਿਮ. ਅਖ਼ੀਰੀ। ੨. ਸਭ ਤੋਂ ਵਧੀਆ। ੩. ਸੰਗਜਾ- ਪਸ਼ਚਿਮ ਦਿਸ਼ਾ। ੪. ਅੰਤ। ੫. ਸੰ. ਚਮੑੰ. ਚੰਮ. ਚਮੜਾ. ਤੁਚਾ. "ਲੇਪਨੰ ਰਕਤ ਚਰਮਣਹ." (ਸਹਸ ਮਃ ੫) ੬. ਢਾਲ, ਜੋ ਗੈਂਡੇ ਦੀ ਖੱਲ ਤੋਂ ਬਣਦੀ ਹੈ. "ਓਟ ਗੁਰਸਬਦ ਕਰ ਚਰਮਣਹੁ." (ਸਹਸ ਮਃ ੫) "ਛੁਟੀ ਹਾਥ ਚਰਮੰ." (ਵਿਚਿਤ੍ਰ) ਹੱਥੋਂ ਢਾਲ ਛੁੱਟ ਗਈ.

ਚਰਮਕਾਰ: ਦੇਖੋ, ਚਮਾਰ.

ਚਰਮਖ: ਸੰ. ਚਮੑੰ਄. ਸੰਗਜਾ- ਚਰਖੇ ਦੇ ਤੱਕੁਲੇ ਦੀ ਆਧਾਰਰੂਪ ਕੀਲੀ.

ਚਰਮਛੇਦਕ: ਸੰਗਜਾ- ਤੀਰ. ਢਾਲ ਵਿੱਚ ਛੇਕ ਕਰਨ ਵਾਲਾ. (ਸਨਾਮਾ) ੨. ਚਮਾਰ ਦਾ ਸੂਆ.

ਚਰਮਣ: ਸੰ. चर्मण्य ਚਮੑੰਣ੍ਯ. ਚੰਮ ਦਾ ਬਣਿਆ ਹੋਯਾ ਸਾਮਾਨ। ੨. ਦੇਖੋ, ਚਰਮ.

ਚਰਮਣੀ: ਢਾਲ ਹੈ ਜਿਸ ਪਾਸ, ਐਸੀ ਸੈਨਾ. (ਸਨਾਮਾ)

ਚਰਮਦ੍ਰਿਸ਼੍ਟਿ: ਸੰਗਜਾ- ਭੌਤਿਕ ਅੱਖਾਂ ਦੀ ਨਜਰ. ਮਾਸ ਚੰਮ ਦੀਆਂ ਅੱਖਾਂ ਦੀ ਦ੍ਰਿਸ਼੍ਟਿ. "ਚਰਮਦ੍ਰਿਸ੍ਟਿ ਮੂੰਦ, ਪੇਖੈ ਦਿੱਬਦ੍ਰਿਸ੍ਟਿ ਕੈ." (ਭਾਗੁ ਕ) ੨. ਅਖ਼ੀਰ ਨਤੀਜਾ ਸੋਚਣਵਾਲੀ ਨਜਰ. ਅੰਤਿਮਫਲ ਨੂੰ ਦੇਖਣਵਾਲੀ ਵਿਚਾਰਦ੍ਰਿਸ਼੍ਟਿ. ਦੇਖੋ, ਚਰਮ.

ਚਰਮਨਗ: ਚਰਮ (ਪੱਛਮ) ਦਾ ਨਗ (ਪਹਾੜ). ਅਸਤਾਚਲ.

ਚਰਮਨ੍ਵਤੀ: ਦੇਖੋ, ਚੰਬਲ.

ਚਰਮਪੋਸ: ਵਿ- ਚੰਮ ਪਹਿਰਨਵਾਲਾ। ੨. ਸੰਗਜਾ- ਚੰਮ ਦਾ ਉਹ ਥੈਲਾ, ਜਿਸ ਵਿੱਚ ਸਿਪਾਹੀ ਬਰੂਦ ਗੋਲੀ ਆਦਿ ਸਾਮਾਨ ਰੱਖਦਾ ਹੈ. "ਲੱਕ ਜਿਨਾਂ ਦੇ ਚਰਮਪੋਸ਼." (ਜੰਗਨਾਮਾ)

ਚਰਮਰਿ: ਚਰਮ (ਢਾਲ) ਦਾ ਅਰਿ (ਵੈਰੀ) ਖੜਗ. ੨. ਤੀਰ. ਵਾਣ. (ਸਨਾਮਾ)

ਚਰਯ: ਸੰ. चर्य्य ਵਿ- ਕਰਨ ਯੋਗਯ. ਕਰਤਵ੍ਯ. ਕਰਨ ਲਾਇਕ ਕਰਮ.

ਚਰਯਾ: ਸੰ. चर्य्या ਸੰਗ੍ਯਾ- ਆਚਰਣ. ਆਚਾਰ. ਚਾਲ. ਚਲਨ। ੨. ਕ੍ਰਿਯਾ. ਚੇਸ਼੍ਟਾ। ੩. ਉਪਜੀਵਿਕਾ. ਗੁਜ਼ਾਰਾ। ੪. ਖਾਣ ਦੀ ਕ੍ਰਿਯਾ। ੫. ਗਮਨ. ਜਾਣਾ.

ਚਰਰਜ: ਸੰਗ੍ਯਾ- ਚਰਣ- ਰਜ ਦਾ ਸੰਖੇਪ. ਚਰਨਾ ਦੀ ਧੂਲਿ (ਧੂੜ). "ਜਨ ਚਰਰਜ ਮੁਖਿ ਮਾਥੈ ਲਾਗੀ." (ਬਿਲਾ ਮਃ ੫)

ਚਰਵਾਹਾ, ਚਰਵਾਰਾ, ਚਰਵਾਰੋ: ਸੰਗ੍ਯਾ- ਚਾਰਨ ਲਈ ਪਸ਼ੂਆਂ ਨੂੰ ਲੈ ਜਾਣ ਵਾਲ. ਵੱਗ ਦਾ ਪਾਲੀ. ਗੋਪਾਲ। ੨. ਵਿ- ਚਾਰਨ ਵਾਲਾ. ਚੁਗਾਉਣ ਵਾਲਾ. "ਚਰਵਾਰੋ ਸ੍ਯਾਮ ਧੇਨੁ ਹੈ." (ਕ੍ਰਿਸਨਾਵ) ਦੇਖੋ, ਚਰਵੇਦਾਰ.

ਚਰਵੇਦਾਰ: ਫ਼ਾ. چاروادار ਚਾਰਵਾਦਾਰ. ਚੁਪਾਏ ਪਸ਼ੂਆਂ ਨੂੰ ਰੱਖਣਵਾਲਾ. ਪਾਲੀ. ਵੱਗ ਦਾ ਰਾਖਾ. "ਚਰਵੇਦਾਰ ਤਾਂਹਿ ਲੈਗਯੋ." (ਚਰਿਤ੍ਰ ੧੨੨)

ਚਰਾਉਣਾ: ਕ੍ਰਿ- ਚਾਰਨਾ. ਚੁਗਾਉਣਾ. "ਕਬਹੂੰ ਨ ਪਾਰ ਉਤਾਰਿ ਚਰਾਇਹੁ (ਆਸਾ ਕਬੀਰ) ੨. ਚੜ੍ਹਾਉਣਾ. "ਭਸਮ ਜਰਾਇ ਚਰਾਈ ਬਿਭੂਤਾ." (ਗਉ ਮਃ ੫)

ਚਰਾਇਤਾ: ਦੇਖੋ, ਚਿਰਾਯਤਾ.

ਚਰਾਈ: ਚਾਰਨ ਦੀ ਮਜ਼ਦੂਰੀ। ੨. ਚਾਰਨ ਦੀ ਕ੍ਰਿਯਾ। ੩. ਦੇਖੋ, ਚਰਾਉਣਾ ੨.

ਚਰਾਹਾ: ਦੇਖੋ, ਚਰਵਾਹਾ. "ਬਨਿ ਆਪੇ ਗਊਚਰਾਹਾ." (ਸੋਰ ਮਃ ੪)

ਚਰਾਕ, ਚਰਾਗ: ਫ਼ਾ. چراغ ਚਰਾਗ਼. ਸੰਗ੍ਯਾ- ਦੀਵਾ। ੨. ਭਾਵ- ਪ੍ਰਕਾਸ਼. "ਕੋਟਿ ਚੰਦ੍ਰਮੇ ਕਰਹਿ ਚਰਾਕ." (ਭੈਰ ਅਃ ਕਬੀਰ) "ਗੁਰੁ ਚਾਨਣ ਗਿਆਨਚਰਾਗ." (ਵਾਰ ਬਿਲਾ ਮਃ ੪)

ਚਰਾਗਚੀ: ਫ਼ਾ. ਤੁ. چراغچی ਵਿ- ਚਰਾਗ਼ (ਦੀਵਾ) ਮਚਾਉਣ ਵਾਲਾ। ੨. ਸੰਗ੍ਯਾ- ਮਸ਼ਅ਼ਲਚੀ.

ਚਰਾਗਾਹ: ਫ਼ਾ. چراگاہ ਸੰਗ੍ਯਾ- ਚਰਨ ਦੀ ਥਾਂ. ਪਸ਼ੂਆਂ ਦੇ ਚਰਨ ਦਾ ਅਸਥਾਨ.

ਚਰਾਗ਼ੇਜਹਾਂ, ਚਰਾਗ਼ੇ ਫ਼ਲਕ: ਫ਼ਾ. چراغ جہاں ਸੰਗ੍ਯਾ- ਜਹਾਨ ਅਥਵਾ ਫ਼ਲਕ (ਜਗਤ) ਦਾ ਦੀਵਾ ਸੂਰਜ.

ਚਰਾਚਰ: ਚਰ ਅਤੇ ਅਚਰ. ਜੰਗਮ ਅਤੇ ਸ੍ਥਾਵਰ. ਚੇਤਨ ਅਤੇ ਜੜ੍ਹ.

ਚਰਾਨ: ਚਰਨ ਦਾ ਬਹੁ ਵਚਨ. "ਸੇਵਾ ਗੁਰਚਰਾਨ ਹਾਂ." (ਆਸਾ ਮਃ ੫) "ਬਸਹਿ ਰਿਦੈ ਮੋਹਿ ਹਰਿ ਚਰਾਨੈ." (ਕਲਿ ਮਃ ੫)

ਚਰਾਵਨ: ਕ੍ਰਿ- ਚੁਗਾਉਣਾ. ਚਾਰਨਾ। ੨. ਚੜ੍ਹਾਉਣਾ. ਲਗਾਉਣਾ. "ਹਰਿ ਹਰਿ ਨਾਮੁ ਚਰਾਵਹੁ ਰੰਗਨਿ." (ਆਸਾ ਮਃ ੫) ੩. ਅਰਪਣ ਕਰਨਾ. ਭੇਟਾ ਚੜ੍ਹਾਉਣੀ. "ਗੋਬਿੰਦ ਪੂਜ ਕਹਾਂ ਲੈ ਚਰਾਵਉ?" (ਗੂਜ ਰਵਿਦਾਸ) ੪. ਉੱਪਰ ਰੱਖਣਾ. "ਬਾਸਨ ਮਾਂਜਿ ਚਰਾਵਹਿ ਊਪਰਿ." (ਆਸਾ ਕਬੀਰ) ੫. ਆਰੋਹਣ ਕਰਾਉਣਾ. ਕਿਸੇ ਸਵਾਰੀ ਤੇ ਚੜ੍ਹਾਉਣਾ.

ਚਰਾਵਾ: ਦੇਖ, ਚਰਵਾਹਾ। ੨. ਦੇਖੋ, ਚੜ੍ਹਾਵਾ.

ਚਰਿ: ਦੇਖੋ, ਚਰਨਾ। ੨. ਚੜ੍ਹਕੇ. "ਗਊ ਚਰਿ ਸਿੰਘ ਪਾਛੇ ਪਾਵੈ." (ਗਉ ਮਃ ੫) ਗਾਂ ਉੱਤੇ ਚੜ੍ਹਕੇ ਸ਼ੇਰ ਤੇ ਹੱਲਾ ਕਰਨ ਵਾਲਾ ਸਫਲਮਨੋਰਥ ਨਹੀਂ ਹੁੰਦਾ.

ਚਰਿਓ, ਚਰਿਆ: ਵਿ- ਚੁਗਿਆ. ਖਾਧਾ। ੨. ਲੱਭਿਆ. ਹ਼ਾਸਿਲ ਹੋਇਆ. "ਹਾਥ ਚਰਿਓ ਹਰਿ ਥੋਕਾ." (ਗੂਜ ਮਃ ੫) ੩. ਵਿਚਰਿਆ. ਫਿਰਿਆ. "ਖੋਜਤ ਚਰਿਓ ਦੇਖਉ ਪ੍ਰਿਅ ਜਾਈ." (ਸੂਹੀ ਮਃ ੫) ਦੇਖੋ, ਚਰ.

ਚਰਿਆਰ: ਵਿ- ਚਾਰ ਹੋਣ ਜਿਸ ਦੇ ਯਾਰ. "ਚਰਿਆਰ ਨਾਰਿ ਅਠਖੇਲੀ." (ਭਾਗੁ) ੨. ਵਿਚਰਨ ਵਾਲਾ। ੩. ਚਰਣ (ਖਾਣ) ਵਾਲਾ. ਦੇਖੋ, ਚਰ.

ਚਰਿਕੈ: ਚੜ੍ਹਕੇ. ਦੇਖੋ, ਚਰਨਾ ੨.

ਚਰਿਤ: ਸੰ. ਸੰਗਯਾ- ਆਚਰਣ. ਕਰਤੂਤ। ੨. ਕਰਮ. ਕ੍ਰਿਯਾ. "ਅਪਨੇ ਚਰਿਤ ਪ੍ਰਭਿ ਆਪਿ ਬਨਾਏ." (ਸੁਖਮਨੀ) ੩. ਰੀਤਿ. ਰਸਮ। ੪. ਵ੍ਰਿੱਤਾਂਤ. ਹਾਲ.

ਚਰਿਤਾਰਥ: ਸੰ. चरितार्थ ਵਿ- ਕ੍ਰਿਤ ਕ੍ਰਿਤਯ. ਕ੍ਰਿਤਾਰਥ। ੨. ਸਫਲ। ੩. ਜੋ ਬਾਤ ਠੀਕ ਘਟੇ (ਆ਼ਯਦ ਹੋਵੇ).

ਚਰਿਤ੍ਰ: ਸੰ. ਸੰਗਯਾ- ਪਿਆਦਾ. ਪੈਦਲ. ਪਦਾਤਿ। ੨. ਕਰਨੀ. ਕਰਤੂਤ. ਆਚਾਰ। ੩. ਵ੍ਰਿੱਤਾਂਤ. ਹਾਲ। ੪. ਦਸਮਗ੍ਰੰਥ ਵਿੱਚ ਇਸਤਰੀ ਪੁਰਖਾਂ ਦੇ ਛਲ ਕਪਟ ਭਰੇ ਪ੍ਰਸੰਗ ਜਿਸ ਭਾਗ ਵਿੱਚ ਹਨ, ਉਸ ਦੀ "ਚਰਿਤ੍ਰੋਪਾਖ੍ਯਾਨ." ਸੰਗਯਾ ਹੈ, ਪਰ ਪ੍ਰਸਿੱਧ ਨਾਮ "ਚਰਿਤ੍ਰ" ਹੀ ਹੈ.

ਚਰਿਤ੍ਰਾਂ ਦੀ ਗਿਣਤੀ ੪੦੪ ਹੈ, ਪਰ ਸਿਲਸਿਲੇ ਵਾਰ ਲਿਖਣ ਵਿੱਚ ੪੦੫ ਹੈ. ਤਿੰਨ ਸੌ ਪਚੀਹ (੩੨੫) ਵਾਂ ਚਰਿਤ੍ਰ ਲਿਖਿਆ ਨਹੀਂ ਗਿਆ, ਪਰ ਉਸ ਦੇ ਅੰਤ ਇਤਿ ਸ੍ਰੀ ਲਿਖਕੇ ੩੨੫ ਨੰਬਰ ਦਿੱਤਾ ਹੋਇਆ ਹੈ.

ਇਹ ਪੋਥੀ ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਰਾਜਾ ਚਿਤ੍ਰਸਿੰਘ[੧੪] ਦਾ ਸੁੰਦਰ ਰੂਪ ਵੇਖਕੇ ਇੱਕ ਅਪਸਰਾ ਮੋਹਿਤ ਹੋ ਗਈ[੧੫] ਅਰ ਉਸ ਨਾਲ ਸੰਬੰਧ ਜੋੜਕੇ ਹਨੁਵੰਤ ਸਿੰਘ ਮਨੋਹਰ ਪੁਤ੍ਰ ਪੈਦਾ ਕੀਤਾ[੧੬] ਚਿਤ੍ਰਸਿੰਘ ਦੀ ਨਵੀਂ ਵਿਆਹੀ ਰਾਣੀ ਚਿਤ੍ਰਮਤੀ, ਯੁਵਾ ਹਨੁਵੰਤ ਸਿੰਘ ਦਾ ਅਦਭੁਤ ਰੂਪ ਵੇਖਕੇ ਮੋਹਿਤ ਹੋ ਗਈ ਅਰ ਰਾਜਕੁਮਾਰ ਨੂੰ ਕੁਕਰਮ ਲਈ ਪ੍ਰੇਰਿਆ, ਪਰ ਧਰਮੀ ਹਨੁਵੰਤ ਸਿੰਘ ਨੇ ਆਪਣੀ ਮਤੇਈ ਨੂੰ ਰੁੱਖਾ ਜਵਾਬ ਦਿੱਤਾ, ਇਸ ਪੁਰ ਰਾਣੀ ਨੇ ਆਪਣੇ ਪਤੀ ਪਾਸ ਝੂਠੀਆਂ ਗੱਲਾਂ ਬਣਾਕੇ ਪੁਤ੍ਰ ਦੇ ਮਾਰੇ ਜਾਣ ਦਾ ਹੁਕਮ ਦਿਵਾ ਦਿੱਤਾ. [੧੭] ਰਾਜੇ ਦੇ ਸਿਆਣੇ ਮੰਤ੍ਰੀ ਨੇ ਆਪਣੇ ਸ੍ਵਾਮੀ ਨੂੰ ਚਾਲਾਕ ਇਸਤ੍ਰੀਆਂ ਦੇ ਕਪਟ ਭਰੇ ਅਨੇਕ ਚਰਿਤ੍ਰ ਸੁਣਾਕੇ ਰਾਜਕੁਮਾਰ ਵੱਲੋਂ ਸ਼ੱਕ ਦੂਰ ਕਰਨ ਦਾ ਯਤਨ ਕੀਤਾ. [੧੮]

ਇਨ੍ਹਾਂ ਚਰਿਤ੍ਰਾਂ ਵਿੱਚ ਪੁਰਾਤਨ ਹਿੰਦੂ ਪੁਸਤਕਾਂ ਤੋਂ, ਬਹਾਰਦਾਨਿਸ਼ ਕਿਤਾਬ ਤੋਂ, ਮੁਗ਼ਲਾਂ ਦੀ ਖ਼ਾਨਦਾਨੀ ਕਹਾਣੀਆਂ ਤੋਂ, ਰਾਜਪੂਤਾਨੇ ਦੇ ਕਥਾ ਪ੍ਰਸੰਗਾਂ ਤੋਂ, ਪੰਜਾਬ ਦੇ ਕਿੱਸੇ ਕਹਾਣੀਆਂ ਤੋ, ਕੁਝ ਆਪਣੇ ਤਜਰਬਿਆਂ ਤੋਂ ਚਰਿਤ੍ਰ ਲਿਖੇ ਗਏ ਹਨ, ਅਰ ਸਿੱਧਾਂਤ ਇਹ ਹੈ ਕਿ ਕਾਮ ਦੇ ਦਾਸ ਹੋ ਕੇ ਚਾਲਾਕ ਪਰਇਸਤ੍ਰੀਆਂ ਦੇ ਪੇਚਾਂ ਵਿੱਚ ਨਹੀਂ ਫਸਣਾ ਚਾਹੀਏ, ਅਰ ਉਨ੍ਹਾਂ ਤੇ ਇਤਬਾਰ ਕਰਕੇ ਆਪਣਾ ਸਰਵਨਾਸ਼ ਨਹੀਂ ਕਰ ਲੈਣਾ ਚਾਹੀਏ. [੧੯]

ਇਸ ਤੋਂ ਇਹ ਸਿੱਟਾ ਨਹੀਂ ਕੱਢਣਾ ਚਾਹੀਏ ਕਿ ਆਪਣੀ ਧਰਮਪਤਨੀ ਅਤੇ ਯੋਗਯ ਇਸਤ੍ਰੀਆਂ ਤੇ ਵਿਸ਼੍ਵਾਸ ਕਰਨਾ ਅਯੋਗ ਹੈ, ਭਾਵ ਇਹ ਹੈ ਕਿ ਕਾਮਾਤੁਰ ਹੋ ਕੇ ਪਰਇਸਤ੍ਰੀਆਂ ਦੇ ਪੇਚ ਵਿੱਚ ਫਸਕੇ ਲੋਕ ਪਰਲੋਕ ਖੋ ਲੈਣਾ ਕੁਕਰਮ ਹੈ.

ਚਰਿਤ੍ਰੋਪਖ੍ਯਾਨ, ਚਰਿਤ੍ਰੋਪਾਖ੍ਯਾਨ: ਦੇਖੋ, ਚਰਿਤ੍ਰ ੪.

ਚਰੀ: ਜਵਾਰ. ਜੁਆਰ. ਦੇਖੋ, ਜਵਾਰ। ੨. ਵਿ- ਖਾਧੀ ਹੋਈ. ਭਕ੍ਸ਼ਣ ਕੀਤੀ। ੩. ਚੜ੍ਹੀ. ਸਵਾਰ ਹੋਈ. "ਚੌਪ ਚਰੀ ਚਤੁਰੰਗ ਚਮੂ." (ਕਲਕੀ) ੪. ਲੱਭੀ. ਪ੍ਰਾਪਤ ਕੀਤੀ. ਹ਼ਾਸਿਲ ਕੀਤੀ. "ਅਚਿੰਤ ਚਰੀ ਹਥਿ ਹਰਿ ਹਰਿ ਟੇਕਾ." (ਭੈਰ ਅਃ ਮਃ ੫) ਅਚਿੰਤਯ ਦੀ ਟੇਕ ਪ੍ਰਾਪਤ ਹੋਈ ਹੈ.

ਚਰੀਆ: ਵਿ- ਚਾਰਣ ਵਾਲਾ. "ਚਰੀਆ ਜੋਊ ਬਾਛੇ." (ਕ੍ਰਿਸਨਾਵ) ਵੱਛੇ ਚਾਰਨ ਵਾਲਾ.

ਚਰੀਐ: ਭਕ੍ਸ਼ਣ ਕਰੀਐ. ਖਾਈਏ। ੨. ਚੜ੍ਹੀਐ. ਸਵਾਰ ਹੋਈਏ "ਬੋਹਿਥਿ ਚਰੀਐ." (ਮਾਰੂ ਸੋਲਹੇ ਮਃ ੧)

ਚਰੀਦਨ: ਫ਼ਾ. چریدن ਕ੍ਰਿ- ਚਰਨਾ. ਪਸ਼ੂਆਂ ਦੇ ਘਾਹ ਚਰਨ ਦੀ ਕ੍ਰਿਯਾ. ਦੇਖੋ, ਸੰ. ਚਰ ਧਾ.

ਚਰੁ: ਸੰ. ਸੰਗਯਾ- ਆਹੁਤਿ (ਅਹੂਤੀ) ਦੇਣ ਲਈ ਤਿਆਰ ਕੀਤਾ ਅੰਨ। ੨. ਉਹ ਭਾਂਡਾ, ਜਿਸ ਵਿੱਚ ਹਵਨ ਦਾ ਅੰਨ ਰੱਖਿਆ

ਜਾਵੇ। ੩. ਉਬਲੇ ਹੋਏ ਚਾਵਲ, ਜਿਨ੍ਹਾਂ ਦੀ ਪਿੱਛ ਨਹੀਂ ਕੱਢੀ ਗਈ। ੪. ਪਸ਼ੂਆਂ ਦੇ ਚਰਨ ਦੀ ਜ਼ਮੀਨ. ਚਰਾਗਾਹ। ੫. ਚਰਾਗਾਹ ਦਾ ਮਹਿਸੂਲ। ੬. ਯਗਯ (ਜੱਗ). ੭. ਬੱਦਲ. ਮੇਘ.

ਚਰੂ: ਦੇਖੋ, ਚਰੁ.

ਚਰੈ: ਚਰਦਾ ਹੈ. "ਕੂਦਿ ਕਦਿ ਚਰੈ ਰਸਾਤਲਿ ਪਾਇ." (ਗਉ ਕਬੀਰ) ੨. ਚੜ੍ਹੈ. ਮਿਲੈ. ਲੱਭੈ. "ਫਿਰਿ ਇਆ ਅਉਸੁਰ ਚਰੈ ਨ ਹਾਥਾ." (ਬਾਵਨ) ੩. ਉਦੈ ਹੋਵੈ. "ਸੂਰ ਚਰੈ ਪ੍ਰਿਉ ਦੇਖੈ ਨੈਨੀ." (ਮਲਾ ਮਃ ੫. ਪੜਤਾਲ) ੪. ਚੜ੍ਹਦਾ ਹੈ. "ਭਾਰ ਪਰਾਈ ਸਿਰਿ ਚਰੈ." (ਸ. ਕਬੀਰ)

ਚਰੈਯਾ: ਵਿ- ਚਾਰਨ ਵਾਲਾ. ਚਰਵਾਹਾ। ੨. ਵਿਚਰਨ ਵਾਲਾ. ਫਿਰਨ ਵਾਲਾ। ੩. ਚੜ੍ਹੈਯਾ. ਚੜ੍ਹਨ ਵਾਲਾ.

ਚਰੌਂਜੀ: ਦੇਖੋ, ਚਿਰੌਂਜੀ.

ਚਰੰਜੀਵੀ: ਦੇਖੋ, ਚਿਰਜੀਵੀ. "ਬਾਪੁ ਹਮਾਰਾ ਸਦ ਚਰੰਜੀਵੀ." (ਭੈਰ ਮਃ ੫)

ਚਰੰਤਤਾ: ਸੰਗਯਾ- ਚਰਤ੍ਵ. ਚੱਲਣ ਦਾ ਭਾਵ. ਹ਼ਰਕਤ. "ਸ੍ਥਾਵਰੋ ਸ੍ਥਿਰਤਤਾ, ਚਰੰ ਬਿਖੈ ਚਰੰਤਤਾ." (ਨਾਪ੍ਰ)

ਚਰੰਨ: ਚਰਨਾਂ ਨੂੰ. ਦੇਖੋ, ਚਰਣ. "ਦੇਖ ਚਰੰਨ ਅਘੰਨ ਹਰਜਉ." (ਸਵੈਯੇ ਮਃ ੪. ਕੇ)

ਚਰੰਨਿ: ਚਰਨੀਂ. ਪੈਰੀਂ. ਚਰਨੋਂ ਮੇਂ. "ਜੁ ਚਰੰਨਿ ਗੁਰੂ ਚਿਤ ਲਾਵਤ ਹੈਂ." (ਸਵੈਯੇ ਮਃ ੪. ਕੇ)

ਚਰ੍ਹਾਵਨ: ਕ੍ਰਿ- ਚੜ੍ਹਾਉਣਾ. ਅਰਪਣਾ. "ਮਨਹਿ ਚਰ੍ਹਾਵਉ ਧੂਪ." (ਜੈਤ ਮਃ ੪)

ਚਰ੍ਹਾਵਾ: ਸੰਗਯਾ- ਚੜ੍ਹਾਵਾ. ਭੇਟਾ. ਪੂਜਾ. "ਕੋਊ ਚਰ੍ਹਾਵਾ ਲੂਟਤਭਜੋ." (ਨਾਪ੍ਰ)

ਚਰ੍ਹੈ: ਚੜ੍ਹੈ. ਦੇਖੋ, ਚਰੈ.

ਚਲ: ਸੰ. ਚਲ੍ ਧਾ- ਹੱਲਣਾ, ਕੰਬਣਾ, ਠਿਕਾਣੇ ਤੋਂ ਟਲਣਾ, ਖੇਲਣਾ। ੨. ਵਿ- ਚੰਚਲ. ਨਾ ਠਹਿਰਨ ਵਾਲਾ. "ਚਲ ਚਿਤ ਬਿਤ ਅਨਿਤ ਪ੍ਰਿਅ ਬਿਨ." (ਬਿਹਾ ਛੰਤ ਮਃ ੫) ੩. ਸੰਗਯਾ- ਪਾਰਾ। ੪. ਮਨ. ਦਿਲ। ੫. ਦੋਹਰੇ ਦਾ ਇੱਕ ਭੇਦ. ਦੇਖੋ, ਦੋਹਰੇ ਦਾ ਰੂਪ ੮। ੬. ਛਲ. ਕਪਟ। ੭. ਦੋਸ਼. ਐ਼ਬ.

ਚਲਗ਼ੋਜ਼ਾ: ਦੇਖੋ, ਚਿਲਗੋਜਾ.

ਚਲਚਿਤ, ਚਲਚਿਤੁ: ਸੰ. ਚਲਚਿੱਤ. ਵਿ- ਚੰਚਲ ਹੈ ਜਿਸ ਦਾ ਚਿੱਤ. ਜਿਸ ਦਾ ਮਨ ਇਸਥਿਤ ਨਹੀਂ. "ਚਲਚਿਤ ਵਿਤ ਭ੍ਰਮਾ ਭ੍ਰਮੰ." (ਗੂਜ ਅਃ ਮਃ ੧) "ਮਤਿ ਭਵੀ ਫਿਰਹਿ ਚਲਚਿਤੁ." (ਸਵਾ ਮਃ ੩)

ਚਲਣ: ਸੰਗਯਾ- ਚਾਲ ਚਲਨ. ਕਰਤੂਤ. Character । ੨. ਗਮਨ. ਕੂਚ. ਭਾਵ- ਮਰਣ. "ਜਿਨੀ ਚਲਣ ਜਾਣਿਆ, ਸੇ ਕਿਉ ਕਰਹਿ ਵਿਥਾਰ?" (ਵਾਰ ਸੂਹੀ ਮਃ ੨) ੩. ਰੀਤਿ ਰਿਵਾਜ। ੪. ਗਤਿ. ਚਾਲ। ੫. ਡਿੰਗ. ਚਰਨ. ਪੈਰ. ਚੱਲਣ ਦਾ ਸਾਧਨਰੂਪ ਅੰਗ. "ਚਬਣ ਚਲਣ ਰਤੰਨ." (ਸ. ਫਰੀਦ) ਦੰਦ, ਪੈਰ ਅਤੇ ਨੇਤ੍ਰ.

ਚਲਣਹਾਰ, ਚਲਣਹਾਰਾ, ਚਲਣਹਾਰੁ: ਵਿ- ਚਲਾਇਮਾਨ। ੨. ਜਾਣ ਵਾਲਾ. ਨਾ ਠਹਿਰਨ ਵਾਲਾ. "ਚਲੇ ਚਲਣਹਾਰ." (ਆਸਾ ਫਰੀਦ) "ਸਭੁ ਜਗੁ ਚਲਣਹਾਰੁ." (ਵਾਰ ਆਸਾ)

ਚਲਣਵਾਰਾ: ਵਿ- ਦੇਖੋ, ਚਲਣਹਾਰਾ। ੨. ਸੰਗਯਾ- ਚੱਲਣ ਦਾ ਵੇਲਾ. "ਅੰਤ ਸਖਾਈ ਚਲਣਵਾਰਾ." (ਮਾਰੂ ਸੋਲਹੇ ਮਃ ੧)

ਚਲਣਾ: ਕ੍ਰਿ- ਗਮਨ. ਤੁਰਨਾ। ੨. ਠਿਕਾਣੇ ਤੋਂ ਟਲਣਾ. ਦੇਖੋ, ਚਲ.

ਚਲਣੁ: ਦੇਖੋ, ਚਲਣ ੨. "ਚਲਣੁ ਰਿਦੈ ਸਮਾਲਿ." (ਮਲਾ ਮਃ ੩) ੨. ਦੇਖੋ, ਚਲਣ ੩. "ਆਗੈ ਚਲਣੁ ਔਰ ਹੈ ਭਾਈ."

(ਮਾਲੀ ਮਃ ੫)

ਚਲਤ: ਸੰ. ਚਰਿਤ. ਸੰਗਯਾ- ਚਰਿਤ੍ਰ. "ਜਿਸ ਦੇ ਚਲਤ ਅਨੇਕ." (ਸ੍ਰੀ ਮਃ ੫) ੨. ਬਾਣੀਏ ਦਾ ਚਲਦਾ ਹਿਸਾਬ. ਬਨੀਏ ਦੀ ਉਧਾਰ ਦਿੱਤੀ ਹੋਈ ਰਕ਼ਮ ਅਥਵਾ ਵਸਤੁ। ੩. ਵਿ- ਚਲਾਇਮਾਨ. ਨਾ ਇਸਥਿਤ. "ਤਨ ਧਨ ਜੋਬਨ ਚਲਤ ਗਾਇਆ." (ਬਿਲਾ ਮਃ ੫) ੪. ਚਲਦਾ. ਗਮਨ ਕਰਦਾ.

ਚਲਤਉ: ਵਿ- ਚਲਦਾ ਹੋਇਆ. ਚੰਚਲ. "ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ." (ਆਸਾ ਮਃ ੧)

ਚਲਤਰੁ: ਦੇਖੋ, ਚਲਦਲ.

ਚਲਤੀਬਾਰ: ਸੰਗਯਾ- ਅੰਤ ਸਮਾਂ. ਦੁਨੀਆਂ ਤੋਂ ਕੂਚ ਕਰਨ ਦਾ ਵੇਲਾ। ੨. ਕ੍ਰਿ. ਵਿ- ਅੰਤ ਸਮੇਂ. ਮਰਨ ਵੇਲੇ. "ਚਲਤੀਬਾਰ ਤੇਰੋ ਕਛੁ ਨਾਹਿ." (ਬਸੰ ਅਃ ਮਃ ੧)

ਚਲਤੋ, ਚਲਤੌ: ਵਿ- ਚਲਾਇਮਾਨ. ਚੰਚਲ। ੨. ਸੰਗਯਾ- ਮਨ. "ਚਲਤੌ ਠਾਕਿ ਰਖਹੁ ਘਰਿ ਅਪਨੈ." (ਸੋਰ ਮਃ ੧)

ਚਲਦਲ: ਸੰ. ਸੰਗਯਾ- ਪਿੱਪਲ, ਜਿਸ ਦੇ ਦਲ (ਪੱਤੇ) ਸਦਾ ਚੰਚਲ ਰਹਿੰਦੇ ਹਨ. ਚਲਤਰੁ. L. Ficusreligiosa. "ਸੋ ਚਲਦਲ ਕੋ ਤਰੁ ਤਤਕਾਲਾ. ਹਰੋ ਹੋਤਭਾ ਪਤ੍ਰ ਬਿਸਾਲਾ." (ਨਾਪ੍ਰ)

ਚਲਨ: ਦੇਖੋ, ਚਲਣ। ੨. ਸੰਗਯਾ- ਗਮਨ. ਗਤਿ. "ਚਰਨ ਚਲਨ ਕਉ." (ਰਾਮ ਅਃ ਮਃ ੫)

ਚਲਨਹਾਰ, ਚਲਨਹਾਰਾ, ਚਲਨਹਾਰੁ: ਦੇਖੋ, ਚਲਣਹਾਰ.

ਚਲਨਾ: ਕ੍ਰਿ- ਗਮਨ ਕਰਨਾ. ਤੁਰਨਾ. "ਚਲਾਂ ਤ ਭਿਜੈ ਕੰਬਲੀ." (ਸ. ਫਰੀਦ) ੨. ਵਸ਼ ਚਲਣਾ. ਜ਼ੋਰ ਪੁੱਗਣਾ. "ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ?" (ਵਾਰ ਸ੍ਰੀ ਮਃ ੧) "ਜੀਵਜੰਤੁਨ ਕਾ ਚਲੀ? ਚਿਤ ਲੇਤ ਚੋਰ ਸੁ ਮੈਨ." (ਪਾਰਸਾਵ) ਪ੍ਰਾਣੀਆਂ ਦੀ ਕੀ ਸ਼ਕਤਿ ਹੈ? ਮੈਨ (ਕਾਮ) ਦਾ ਭੀ ਚਿੱਤ ਚੁਰਾ ਲੈਂਦੀ ਹੈ.

ਚਲਨੀ: ਚੱਲਦੇ. ਚਲਾਇਮਾਨ ਹੁੰਦੇ. ਟਲਦੇ. "ਸਾਹੇ ਲਿਖੇ ਨ ਚਲਨੀ." (ਸ. ਫਰੀਦ) ਭਾਵ- ਮੌਤ ਦਾ ਵੇਲਾ ਨਹੀਂ ਟਲਦਾ। ੨. ਸੰਗਯਾ- ਛਾਲਨੀ. ਚਾਲਨੀ. "ਚਲਨੀ ਮੇ ਜੈਸੇ ਦੇਖੀਅਤ ਹੈਂ ਅਨੇਕ ਛਿਦ੍ਰ." (ਭਾਗੁ ਕ)

ਚਲਵੈਯਾ: ਵਿ- ਚਲਾਉਣ ਵਾਲਾ. ਪ੍ਰੇਰਨ ਕਰਤਾ। ੨. ਚਾਲ ਵਾਲਾ. ਚਾਲਾਕ. ਜਿਵੇਂ- ਚਲਵੈਯਾ ਘੋੜਾ.

ਚਲਾ: ਦੇਖੋ, ਚਲ੍ਹਾ। ੨. ਸੰ. ਸੰਗਯਾ- ਬਿਜਲੀ। ੩. ਲਕ੍ਸ਼੍ਮੀ. ਮਾਇਆ.

ਚਲਾਉਣਾ: ਕ੍ਰਿ- ਤੋਰਨਾ. ਹੱਕਣਾ. ਪ੍ਰੇਰਨਾ. ਗਮਨ ਕਰਾਉਣਾ। ੨. ਮਿਟਾਉਣਾ. ਦੂਰ ਕਰਨਾ "ਨ ਚਲੈ ਚਲਾਇਆ." (ਵਾਰ ਮਾਝ ਮਃ ੧) ਕਰਮਫਲ ਕਿਸੇ ਦਾ ਚਲਾਇਆ ਟਲਦਾ ਨਹੀਂ.

ਚਲਾਊ: ਵਿ- ਚਲਾਇਮਾਨ. ਜੋ ਥਿਰ ਨਹੀ. "ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ." (ਵਾਰ ਮਾਰੂ ੨. ਮਃ ੫) ੨. ਚਲਾਉਣ ਵਾਲਾ.

ਚਲਾਇਹਿ: ਚਲਾਉਂਦਾ ਹੈ। ੨. ਪ੍ਰੇਰਨ ਕਰਦਾ ਹੈ. "ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ." (ਅਨੰਦੁ)

ਚਲਾਈ: ਸੰਗਯਾ- ਚਲਣ ਦੀ ਕ੍ਰਿਯਾ. ਚਲਣ ਦਾ ਭਾਵ। ੨. ਗਤਿ. ਚਾਲ। ੩. ਜਿਕਰ. ਪ੍ਰਸੰਗ. "ਮਾਨੁਖ ਕੀ ਕਹੁ ਕੇਤ ਚਲਾਈ?" (ਆਸਾ ਮਃ ੫) ਆਦਮੀ ਦੀ ਕੀ ਕਥਾ ਕਹਿਣੀ ਹੈ?

ਚਲਾਹਾ: ਵਿ- ਚਲਾਇਮਾਨ ਹੋਇਆ। ੨. ਮਿਟਾਇਆ. "ਕਿਰਤ ਨ ਚਲੈ ਚਲਾਹਾ ਹੇ." (ਮਾਰੂ ਸੋਲਹੇ ਮਃ ੩)

ਚਲਾਕ, ਚਲਾਕੀ: ਦੇਖੋ, ਚਾਲਾਕ- ਚਾਲਾਕੀ.

ਚਲਾਣਾ: ਪ੍ਰਸਥਾਨ. ਕੂਚ। ੨. ਖ਼ਾ. ਮਰਨਾ. ਦੇਹ ਤਿਆਗਕੇ ਪ੍ਰਾਣੀ ਦਾ ਪਰਲੋਕਗਮਨ.

ਚਲਾਵਾ: ਵਿ- ਚਲਾਉਣ ਵਾਲਾ। ੨. ਸੰਗਯਾ- ਗਤਿ. ਚਾਲ. ਤੋਰ.

ਚਲਿ: ਚਲਾਇਮਾਨ ਹੋ ਕੇ. ਚਪਲਤਾ ਸੇ. "ਮਨੁ ਦਹ ਦਿਸਿ ਚਲਿ ਚਲਿ ਭਰਮਿਆ." (ਸੂਹੀ ਛੰਤ ਮਃ ੪) ੨. ਚੱਲਕੇ. ਤੁਰਕੇ.

ਚਲਿਤ, ਚਲਿਤ੍ਰ: ਦੇਖੋ, ਚਰਿਤ ਅਤੇ ਚਰਤ੍ਰਿ. "ਚਲਿਤ ਤੁਮਾਰੇ ਪ੍ਰਗਟ ਪਿਆਰੇ." (ਮਾਝ ਮਃ ੫)

ਚਲਿੰਦਾ: ਵਿ- ਚਲਾਉਣ ਵਾਲਾ. "ਚਾਪ ਕੇ ਚਲਿੰਦਾ." (ਗਯਾਨ) ਧਨੁਖ ਦੇ ਚਲਾਉਣ ਵਾਲੇ। ੨. ਚਲਾਇਮਾਨ.

ਚਲੁੰਭ, ਚਲੁੰਭਾ: ਦੇਖੋ, ਚੁਲੰਭ.

ਚਲੂਲ, ਚਲੂਲਾ, ਚਲੂਲਿਆ, ਚਲੂਲੀ, ਚਲੂਲੁ, ਚਲੂਲੇ: ਚੂੰ- ਲੂਲੂ. ਮੋਤੀ ਤੁੱਲ. ਮੋਤੀ ਜੇਹੀ ਚਮਕ ਵਾਲਾ। ੨. ਚੂੰ- ਲਾਲਹ. ਗੁਲਦੁਪਹਿਰੀਏ (ਲਾਲਹ) ਜੇਹਾ ਗਾੜ੍ਹਾ ਸੁਰਖ਼. "ਸੂਕੇ ਕਾਸਟ ਹਰੇ ਚਲੂਲ." (ਰਾਮ ਮਃ ੫) ਸੁੱਕੇ ਬਿਰਛ ਹਰੇ ਪੱਤਿਆਂ ਵਾਲੇ ਅਤੇ ਲਾਲ ਫੁੱਲਾਂ ਵਾਲੇ ਹੋ ਗਏ. ਭਾਵ- ਵਡੇ ਦੀਨ ਦੁਖੀ ਆਨੰਦ ਨਾਲ ਪ੍ਰਫੁੱਲਿਤ ਹੋ ਗਏ. "ਰੰਗ ਚਲੂਲੈ ਨਾਇ." (ਸ੍ਰੀ ਮਃ ੪) "ਬਸਤ੍ਰ ਹਮਾਰੇ ਰੰਗ ਚਲੂਲ." (ਆਸਾ ਮਃ ੫) "ਰੂੜੌ ਲਾਲ ਚਲੂਲੁ." (ਸੋਰ ਅਃ ਮਃ ੧)

ਚਲੇਸਹਿ: चलिष्यति ਚਲੇਗਾ. ਜਾਵੇਗਾ.

ਚਲੰਤਾ: ਵਿ- ਅਸਿਥਰ. ਚਲਾਇਮਾਨ। ੨. ਕ੍ਰਿ. ਵਿ- ਚਲਦਾ. ਤੁਰਦਾ। ੩. ਜਾਰੀ.

ਚਲੰਤੀਖੇਲ: ਸੰਗਯਾ- ਹਥਫੇਰੀ. ਇੰਦ੍ਰਜਾਲ ਦੀ ਖੇਡ. "ਜੋਤਿਕ ਵੈਦ ਚਲੰਤੀਖੇਲੇ." (ਭਾਗੁ) ੨. ਚਰਿਤ੍ਰ ਖੇਡਣ ਦੀ ਕ੍ਰਿਯਾ.

ਚਲੰਥੋ, ਚਲੰਥੌ: ਵਿ- ਗਮਨਸ਼ੀਲ. ਜਾਣ ਵਾਲਾ. "ਕੀਰਤਿ ਸਾਥ ਚਲੰਥੋ." (ਗਾਥਾ)

ਚਲੰਭ: ਦੇਖੋ, ਚੁਲੰਭ.

ਚਲ੍ਹਾ: ਫ਼ਾ. چہلاب ਚਹਲਾਯ. ਸੰਗਯਾ- ਚਹ (ਚਾਹ- ਕੂਆ) ਲਾਯ (ਚਿੱਕੜ). ਖੂਹ ਪਾਸ ਦਾ ਚਿੱਕੜ। ੨. ਚਿੱਕੜ ਦਾ ਟੋਆ.

ਚਵ: ਸੰਗਯਾ- ਚਾਰ. ਚਹਾਰ. "ਚੜੀ ਚਵਗਣਿ ਵੰਨੀ." (ਵਾਰ ਵਡ ਮਃ ੪) ੨. ਦੇਖੋ, ਚਵਣੁ.

ਚਵਕਾ: ਦੇਖੋ, ਚਓਕਾ.

ਚਵਗਣ, ਚਵਗਣਿ, ਚਵਗੁਣ, ਚਵਗੁਨ: ਵਿ- ਚੌਗੁਣਾ. ਚਤੁਰ੍ਗੁੰਣ. ਦੇਖੋ, ਚਵ.

ਚਵਣੁ: ਸਿੰਧੀ. ਸੰਗਯਾ- ਕਥਨ. ਉੱਚਾਰਣ. "ਗੁਰਬਾਣੀ ਨਿਤ ਨਿਤ ਚਵਾ." (ਸੂਹੀ ਛੰਤ ਮਃ ੪) "ਨਾਨਕ ਧਰਮ ਐਸੇ ਚਵਹਿ." (ਸਵਾ ਮਃ ੫) "ਸਭਿ ਚਵਹੁ ਮੁਖਹੁ ਜਗੰਨਾਥ." (ਵਾਰ ਕਾਨ ਮਃ ੪) "ਸਚੁ ਚਵਾਈਐ." (ਵਾਰ ਮਾਝ ਮਃ ੧) "ਹਰਿ ਹਰਿ ਨਾਮ ਚਵਿਆ." (ਤੁਖਾ ਛੰਤ ਮਃ ੪) "ਝੂਠੇ ਬੈਣ ਚਵੇ ਕਾਮਿ ਨ ਆਵਏ ਜੀਉ." (ਧਨਾ ਛੰਤ ਮਃ ੧)

ਚਵਤਾਲ: ਦੇਖੋ, ਚਾਰ ਤਾਲ। ੨. ਵਿ- ਚੌਤਾਲੀਸਵਾਂ. "ਸਤ੍ਰਹਿ ਸੈ ਚਵਤਾਲ ਮੇ ਸਾਵਨ ਸੁਦਿ ਬੁਧਵਾਰ। ਨਗਰ ਪਾਂਵਟਾ ਮੇ ਤੁਮੋ ਰਚਿਓ ਗ੍ਰੰਥ ਸੁਧਾਰ." (ਕ੍ਰਿਸਨਾਵ)

ਚਵਦਾਹ: ਸੰਗਯਾ- ਚੌਦਾਂ, ਚਾਰ ਅਤੇ ਦਸ. ਚਤੁਰ੍ਦੰਸ਼- ੧੪.

ਚਵਧ: ਸੰਗਯਾ- ਚਮਕ। ੨. ਦਹਿਲ. ਧੜਕਾ. "ਧਯਾਨ ਤਜਪਰਤ ਚਵਧ ਮੁਨਿ." (ਰਾਮਾਵ)

ਚਵਨ: ਦੇਖੋ, ਚਵਣੁ। ੨. ਦੇਖੋ, ਚਯਵਨ.

ਚਵਪੈਯਾ: ਦੇਖੋ, ਚਤੁਸਪਦੀ ਅਤੇ ਪਦਮਾਵਤੀ ਦਾ ਰੂਪ ੨.

ਚਵਰ: ਸੰਗਯਾ- ਚਾਮਰ. ਚੌਰ. "ਪਵਨੁ ਚਵਰੋ ਕਰੈ." (ਸੋਹਿਲਾ)

ਚਵਰਾ: ਵਿ- ਚੌੜਾ. "ਮੁਖ ਚਵਰਾਯੋ." (ਕ੍ਰਿਸਨਾਵ) ੨. ਦੇਖੋ, ਚੌਰਾ.

ਚਵਰਾਸੀ, ਚਵਰਾਸੀਹ: ਸੰ. ਚਤੁਰਸ਼ੀਤਿ. ਚੌਰਾਸੀ. ਚਾਰ ਉੱਪਰ ਅੱਸੀ- ੮੪. "ਚਵਰਾਸੀਹ ਲੱਖ ਜੋਨਿ ਉਪਾਈ." (ਸਵੈਯੇ ਮਃ ੪. ਕੇ)

ਚਵਰਾਸੀਹ ਸਿੱਧ: ਦੇਖੋ, ਚੌਰਾਸੀ ਸਿੱਧ.

ਚਵਰਾਸੀਹ ਲਖ ਜੋਨਿ: ਦੇਖੋ, ਚੌਰਾਸੀ ਲੱਖ ਯੋਨਿ.

ਚਵਰਾਯੋ: ਚੌੜਾ ਕੀਤਾ. ਪਸਾਰਿਆ. ਦੇਖੋ, ਚਵਰਾ.

ਚਵਰੁ: ਚੌਰ. ਦੇਖੋ, ਚਵਰ. "ਕੇਸਾ ਕਾ ਕਰਿ ਚਵਰੁ ਢੁਲਾਵਾ." (ਸੂਹੀ ਮਃ ੫)

ਚਵਾਂ: ਬੋਲਾਂ. ਕਥਨ ਕਰਾਂ. ਦੇਖੋ, ਚਵਣੁ.

ਚਵਾਉ, ਚਵਾਇਆ, ਚਵਾਈ, ਚਵਾਈਐ: ਕਥਨ. ਕਹਿਣਾ. ਆਖਿਆ. ਆਖੀ. ਕਥਨ ਕਰੀਏ. ਆਖੀਏ. ਦੇਖੋ, ਚਵਣੁ.

ਚਵਾਣ: ਸੰਗਯਾ- ਚਵਣੁ (ਕਥਨ) ਦਾ ਅਸਥਾਨ. ਮੁਖ. "ਫੁੱਟੇ ਚਵਾਣ." (ਚੰਡੀ ੨) "ਕੋਪਰ ਚੂਰ ਚਵਾਣੀ." (ਚੰਡੀ ੩) ਖੋਪਰੀ ਅਤੇ ਮੁਖ ਨੂੰ ਚੂਰਨ ਕਰਕੇ.

ਚਵਾਵੈ, ਚਵਿਆ: ਦੇਖੋ, ਚਵਣੁ। ੨. ਚਬਾ ਜਾਵੈ. ਚਬੰਣ ਕਰੈ. "ਕੁਬੁਧਿ ਚਵਾਵੈ ਸੋ ਕਿਤੁ ਠਾਇ?" (ਸਿਧਗੋਸਟਿ)

ਚਵੀ: ਦੇਖੋ, ਚਵਣੁ. "ਚਵੀ ਚਾਵਡੀ." (ਵਿਚਿਤ੍ਰ) ਚਾਮੁੰਡਾ ਬੋਲੀ। ੨. ਦੇਖੋ, ਚਵ੍ਹੀ.

ਚਵੇ, ਚਵੈ, ਚਵੰਦਾ: ਕਹੇ. ਆਖੇ. ਕਹਿੰਦਾ ਹੈ. ਦੇਖੋ, ਚਵਣੁ.

ਚਵ੍ਹੀ: ਚੌਬੀਸ. ਚਤੁਰ੍‍ਵਿੰਸ਼ਤਿ- ੨੪.

ਚੜ: ਦੇਖੋ, ਚੜਨਾ.

ਚੜਸ: ਸੰਗਯਾ- ਚਰਸ. ਚਰਸਾ. ਚਰਮ ਦਾ ਥੈਲਾ, ਜਿਸ ਨਾਲ ਖੂਹ ਵਿੱਚੋਂ ਪਾਣੀ ਕੱਢੀਦਾ ਹੈ. ਦੇਖੋ, ਚੜਸਾ। ੨. ਚਰਸ. ਇੱਕ ਨਸ਼ੀਲਾ ਪਦਾਰਥ, ਜੋ ਮਦੀਨ ਭੰਗ (ਸਿੱਧਪਤ੍ਰੀ- Canabis sativa) ਦੇ ਕੋਮਲ ਪੱਤਿਆਂ ਦੇ ਚੀਕਣੇ ਲੇਸ ਤੋਂ ਬਣਦਾ ਹੈ, ਇਹ ਵੀ ਗਾਂਜੇ ਵਾਙ ਸਿੱਧਪਤ੍ਰੀ ਦਾ ਵਿਕਾਰ ਹੈ. ਇਸ ਨੂੰ ਚਿਲਮ ਵਿੱਚ ਰੱਖਕੇ ਧੂਆਂ ਪੀਤਾ (ਛਿੱਕਿਆ) ਜਾਂਦਾ ਹੈ. ਇਸ ਦੀ ਤਾਸੀਰ ਗਰਮ ਖੁਸ਼ਕ ਹੈ. ਦਿਮਾਗ ਅਤੇ ਪੱਠਿਆਂ ਤੇ ਇਸ ਦਾ ਬਹੁਤ ਬੁਰਾ ਅਸਰ ਹੁੰਦਾ ਹੈ. ਚੜਸ ਪੀਣ ਵਾਲੇ ਮਹਾ ਮਲੀਨ ਰਹਿੰਦੇ ਅਤੇ ਪੁਰਖਾਰਥਹੀਨ ਹੁੰਦੇ ਹਨ.

ਚੜਸਾ: ਦੇਖੋ, ਚੜਸ ੧.। ੨. ਦਸ ਏਕੜ ਜ਼ਮੀਨ ਦਾ ਪ੍ਰਮਾਣ. ਜਿਵੇਂ- ਜਿਤਨੀ ਜ਼ਮੀਨ ਨੂੰ ਹਲ ਵਾਰ ਬੀਜ ਸਕੇ, ਉਸ ਦੀ "ਹਲ" ਸੰਗਯਾ- ਹੈ, ਤਿਵੇਂ ਜਿਤਨੀ ਜ਼ਮੀਨ ਨੂੰ ਇੱਕ ਚੜਸਾ ਚੰਗੀ ਤਰਾਂ ਪਾਣੀ ਦੇ ਸਕੇ, ਉਤਨੀ ਦਾ ਨਾਮ 'ਚੜਸਾ' ਹੋ ਗਿਆ ਹੈ. ਪਾਣੀ ਦੀ ਗਹਿਰਾਈ ਦੇ ਭੇਦ ਕਰਕੇ ਚੜਸੇ ਦਾ ਪ੍ਰਮਾਣ ਵੱਧ ਘੱਟ ਭੀ ਹੈ. ਦੇਖੋ, ਗੋਚਰਮ.

ਚੜਸੀ: ਵਿ- ਚੜਸ ਪੀਣ ਵਾਲਾ। ੨. ਚੜਸੇ ਨਾਲ ਪਾਣੀ ਕੱਢਣ ਵਾਲਾ.

ਚੜਤ: ਸੰਗਯਾ- ਚੜ੍ਹਤ. ਭੇਟਾ. ਪੂਜਾ. ਦੇਵਤਾ ਨੂੰ ਅਰਪੀ ਹੋਈ ਵਸਤੁ। ੨. ਕੂਚ. ਚੜ੍ਹਾਈ. ਪ੍ਰਸਥਾਨ। ੩. ਫੌਜਕਸ਼ੀ. ਦੁਸ਼ਮਨ ਪੁਰ ਫੌਜ ਦਾ ਕੂਚ.

ਚੜਤ ਸਿੰਘ: ਦਸ਼ਮੇਸ਼ ਦਾ ਹਜੂਰੀ ਮਲਵਈ ਸਿੱਖ ਦਾਨ ਸਿੰਘ ਦਾ ਭਾਈ। ੨. ਸੁਕ੍ਰਚੱਕੀਆਂ ਦੀ ਮਿਸਲ ਦਾ ਮੋਢੀ, ਮਹਾਰਾਜਾ

ਰਣਜੀਤ ਸਿੰਘ ਦਾ ਦਾਦਾ, ਜੋ ਸੰਮਤ ੧੭੭੯ ਵਿੱਚ ਜਨਮਿਆ ਅਤੇ ਖਾਲਸਾਦਲ ਨਾਲ ਮਿਲਕੇ ਅਨੇਕ ਧਰਮਯੁੱਧ ਕਰਦਾ ਰਿਹਾ, ਇਸ ਨੇ ਆਪਣੇ ਬਲ ਨਾਲ ਗੁਜਰਾਂਵਾਲੇ ਦੀ ਵਡੀ ਰਿਆਸਤ ਬਣਾ ਲਈ ਸੀ. ਇਸ ਦਾ ਦੇਹਾਂਤ ਆਪਣੀ ਹੀ ਬੰਦੂਕ਼ ਪਾਟ ਜਾਣ ਤੋਂ ਸੰਮਤ ੧੮੩੨ ਵਿੱਚ ਹੋਇਆ. ਪ੍ਰਾਚੀਨ ਪੰਥਪ੍ਰਕਾਸ਼ ਵਿੱਚ ਇਸ ਦਾ ਨਾਮ ਚੜ੍ਹ ਸਿੰਘ ਲਿਖਿਆ ਹੈ.

ਚੜਨਾ: ਕ੍ਰਿ- ਸਵਾਰ ਹੋਣਾ. "ਚੜਿ ਦੇਹੜਿ ਘੋੜੀ." (ਵਡ ਘੋੜੀਆਂ) ੨. ਆਰੋਹਣ ਕਰਨਾ. "ਚੜਿ ਬੋਹਥੈ ਚਾਲਸਹਿ." (ਵਾਰ ਮਾਰੂ ੧. ਮਃ ੪) ੩. ਖਾ. ਪਰਲੋਕਗਮਨ ਕਰਨਾ। ੪. ਵੈਰੀ ਪੁਰ ਚੜ੍ਹਾਈ ਕਰਨੀ। ੫. ਉੱਪਰ ਵੱਲ ਜਾਣਾ.

ਚੜਾ: ਸੰਗਯਾ- ਚੀਲ੍ਹ. ਇਲ੍ਹ. ਚਾਵੰਡਾ. "ਤਜਿ ਮਾਸ ਚੜਾ ਉਡ ਆਪ ਚਲੀ." (ਦੱਤਾਵ)

ਚੜਾਉ: ਸੰਗਯਾ- ਚੜ੍ਹਨ ਦਾ ਭਾਵ। ੨. ਵ੍ਰਿੱਧੀ. ਉੱਨਤੀ. ਤਰੱਕੀ। ੩. ਸਮਰਪਨ. ਭੇਟਾ. "ਸੇਵਕ ਸੇਵਹਿਕਰਮਿ ਚੜਾਉ." (ਵਾਰ ਆਸਾ) ਭਗਤਜਨ ਸੇਵਾ ਕਰਦੇ ਹਨ ਕਰਮਫਲ ਅਰਪਨ ਕਰਕੇ. ਭਾਵ- ਕਰਮ ਦੇ ਫਲ ਦੀ ਇੱਛਾ ਨਹੀਂ ਰਖਦੇ.

ਚੜਾਉਣਾ: ਕ੍ਰਿ- ਆਰੋਹਣ ਕਰਾਉਣਾ। ੨. ਸਵਾਰ ਕਰਾਉਣਾ। ੩. ਅਰਪਣ ਕਰਨਾ। ੪. ਪਹਿਰਨਾ. "ਕਾਪੜ ਅੰਗਿ ਚੜਾਇਆ." (ਬਿਲਾ ਮਃ ੩)

ਚੜਾਊ: ਕ੍ਰਿ- ਚੜ੍ਹਾਉਣ ਵਾਲਾ. ਅਰਪਣ ਕਰਤਾ। ੨. ਚੜ੍ਹਨ ਵਾਲਾ. ਸਵਾਰ ਹੋਣ ਵਾਲਾ. "ਭਉ ਬੇੜਾ, ਜੀਅ ਚੜਾਊ." (ਮਾਰੂ ਮਃ ੧)

ਚੜਿ: ਕ੍ਰਿ. ਵਿ- ਚੜ੍ਹਕੇ. ਦੇਖੋ, ਚੜਨਾ.

ਚੜੀ: ਦੇਖੋ, ਚੜਨਾ। ੨. ਦੇਖੋ, ਚੜਾ। ੩. ਚਢਸੀ. ਚੜ੍ਹੇਗਾ. "ਸਤਿਗੁਰੁ ਅਪਨਾ ਮਨਾਇ ਲੈ ਤਾ ਰੂਪ ਚੜੀ." (ਵਾਰ ਸੂਹੀ ਮਃ ੩)

ਚੜੀਐ: ਵਿ- ਵਧੀਆ. ਸਭ ਤੋਂ ਚੜ੍ਹਦਾ. "ਸਭ ਦਾ ਖਸਮੁ ਹੈ ਸਭ ਦੂ ਤੂ ਚੜੀਐ." (ਵਾਰ ਗਉ ੧. ਮਃ ੪) ੨. ਦੇਖੋ, ਚੜਨਾ.

ਚੜੰਦਾ, ਚੜੰਦੀ: ਵਿ- ਵਧੀਆ. ਆਲਾ ਦਰਜੇ ਦਾ. ਮੁੰਤਖ਼ਿਬ. ਚੁਣਿਆ ਹੋਇਆ. "ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ?" (ਸੂਹੀ ਮਃ ੧. ਕੁਚਜੀ)

ਚੜ੍ਹ ਸਿੰਘ: ਦੇਖੋ, ਚੜਤ ਸਿੰਘ ੨.

ਚੜ੍ਹਤ: ਦੇਖੋ, ਚੜਤ.

ਚੜ੍ਹਨਾ: ਦੇਖੋ, ਚੜਨਾ.

ਚੜ੍ਹਾਉਣਾ: ਦੇਖੋ, ਚੜਾਉਣਾ.

ਚੜ੍ਹਾਵਾ: ਸੰਗਯਾ- ਭੇਟਾ. ਪੂਜਾ. ਦੇਵਤਾ ਨੂੰ ਅਰਪਿਆ ਪਦਾਰਥ। ੨. ਧਾਵਾ. ਕੂਚ। ੩. ਸ਼ਾਦੀ ਤੋਂ ਪਹਿਲਾਂ ਦੁਲਹਨਿ (ਲਾੜੀ) ਲਈ ਭੇਜੇ ਵਸਤ੍ਰ ਭੂਖਣ.

ਚਾ: ਸੰਗਯਾ- ਚਾਉ. ਉਮੰਗ। ੨. ਉਚਾਉਣ (ਉਠਾਉਣ) ਦੀ ਕ੍ਰਿਯਾ। ੩. ਦੇਖੋ, ਚਾਯ.

ਚਾਉ: ਸੰਗਯਾ- ਉਤਸ਼ਾਹ. ਉਮੰਗ. ਆਨੰਦ ਦੀ ਲਹਿਰ. "ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ." (ਅਨੰਦੁ)

ਚਾਉ ਚਾਈਲਾ: ਵਿ- ਆਨੰਦ ਨਾਲ ਉਮੰਗ ਸਹਿਤ. "ਮਿਲਿ ਚਾਉ ਚਾਈਲੇ ਪ੍ਰਾਨ." (ਆਸਾ ਛੰਤ ਮਃ ੫)

ਚਾਉਣਾ: ਕ੍ਰਿ- ਉਠਾਉਣਾ. ਉਚਾਉਣਾ. ਚੁੱਕਣਾ.

ਚਾਉਲ: ਸੰਗਯਾ- ਤੰਡੁਲ. ਚਾਵਲ. "ਚਾਉਲ ਪਸ਼ਮ ਦੇਸ਼ ਮਮ ਹੋਈ." (ਨਾਪ੍ਰ)

**ਚਾਉਲਾ:** ਦੇਖੋ, ਚਾਵਲਾ.

**ਚਾਉੜ:** ਸੰਗਯਾ- ਚਾਪਲਯ. ਚੰਚਲਪੁਣਾ। ੨. ਇੱਲਤ.

**ਚਾਊ:** ਵਿ- ਚਾਉ ਵਾਲਾ। ੨. ਸੰਗਯਾ- ਬੰਬੀ ਗੋਤ ਦਾ ਇੱਕ ਪ੍ਰੇਮੀ, ਜੋ ਸੁਲਤਾਨਪੁਰ ਦਾ ਵਸਨੀਕ ਸੀ. ਇਸ ਨੇ ਗੁਰੂ ਅਰਜਨ ਦੇਵ ਤੋਂ ਸਿੱਖੀ ਧਾਰਨ ਕਰਕੇ ਜਨਮ ਸਫਲ ਕੀਤਾ.

**ਚਾਓ:** ਦੇਖੋ, ਚਾਉ ਅਤੇ ਬਿਚਿਤ.

**ਚਾਇ:** ਦੇਖੋ, ਚਾਉ ਅਤੇ ਚਾਯ. "ਸਦਾ ਚਾਇ ਹਰਿ ਭਾਇ." (ਸਵੈਯੇ ਮਃ ੪. ਕੇ) "ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ." (ਸ੍ਰੀ ਅਃ ਮਃ ੫) ੨. ਕ੍ਰਿ. ਵਿ- ਉਠਾਕੇ. ਉਠਾਕਰ. ਚੁੱਕਕੇ. "ਹਾਥ ਚਾਇ ਦੀਜੈ." (ਚਰਿਤ੍ਰ ੧੦੯)

**ਚਾਇਆ:** ਚੁੱਕਿਆ. ਦੇਖੋ, ਚਾਉਣਾ। ੨. ਸੰਗਯਾ- ਚਾਉ. ਉਮੰਗ. "ਮਨਿ ਉਪਜਿਆ ਚਾਇਆ." (ਬਿਲਾ ਛੰਤ ਮਃ ੫)

**ਚਾਇਣੁ:** ਸਿੰਧੀ. ਕ੍ਰਿ- ਕਹਿਣਾ ਅਥਵਾ ਕਹਾਉਣਾ. ਦੇਖੋ, ਚਵਣੁ। ੨. ਉਠਾਉਣਾ. ਚੁੱਕਣਾ.

**ਚਾਈ:** ਉਠਾਈ. ਉਚਾਈ. ਚੁੱਕੀ। ੨. ਵਿ- ਚਾਉ ਵਾਲਾ. ਉਮੰਗੀ. ਉਤਸ਼ਾਹੀ.

**ਚਾਈਆ, ਚਾਈਲਾ:** ਵਿ- ਉਤਸ਼ਾਹੀ. ਆਨੰਦੀ. ਚਉਵਾਲਾ. "ਸਜਣੁ ਮੈਡਾ ਚਾਈਆ." (ਵਾਰ ਮਾਰੂ ੨. ਮਃ ੫)

**ਚਾਸ, ਚਾਸਨੀ:** ਡਿੰਗ. ਸੰਗਯਾ- ਪ੍ਰਿਥਿਵੀ. ਜ਼ਮੀਨ। ੨. ਫ਼ਾ. چاشنی ਚਾਸ਼ਨੀ. ਸੰਗਯਾ- ਚੱਖਣ ਦੀ ਵਸ੍ਤੁ। ੩. ਪਕਾਕੇ ਗਾੜ੍ਹਾ ਕੀਤਾ ਸ਼ਰਬਤ, ਜਿਸ ਵਿੱਚ ਡੋਬਕੇ ਜਲੇਬੀ ਆਦਿ ਮਿਠਾਈ ਬਣਾਈਦੀ ਹੈ. ਦੇਖੋ, ਸੰ ਚਸ ਧਾ। ੪. ਸੁਵਰਣ (ਸੋਨੇ) ਅਤੇ ਚਾਂਦੀ ਦੀ ਰੰਗਤ, ਜਿਸ ਤੋਂ ਧਾਤੁ ਦੀ ਨਿਰਮਲਤਾ ਜਾਣੀ ਜਾਵੇ.

**ਚਾਸਵਿਦਾਰ:** ਡਿੰਗ. ਸੰਗਯਾ- ਚਾਸ (ਜ਼ਮੀਨ) ਨੂੰ ਪਾੜਨ ਵਾਲਾ, ਹਲਵਾਹਕ. ਕਿਰਸਾਨ। ੨. ਲੋਹੇ ਦਾ ਫਾਲਾ, ਜੋ ਹਲ ਅੱਗੇ ਲੱਗਾ ਹੁੰਦਾ ਹੈ.

**ਚਾਹ:** ਸੰਗਯਾ- ਇੱਛਾ. ਅਭਿਲਾਖਾ. "ਚਾਹਹਿ ਤੁਝਹਿ ਦਇਆਰ!" (ਆਸਾ ਛੰਤ ਮਃ ੫) ੨. ਚਿਤਵਨ. ਦ੍ਰਿਸ਼੍ਟਿ. ਨਜਰ. "ਚਾਹ ਰਹੈ ਚਿੱਤ ਮੇ ਕ੍ਰਿਪਾ ਕੀ ਏਕ ਚਾਹ ਕੀ." (੫੨ ਕਵਿ) ੩. ਫ਼ਾ. چاہ ਖੂਹ. ਕੂਪ। ੪. ਦੇਖੋ, ਚਾਯ.

**ਚਾਹਕ, ਚਾਹਕੁ:** ਵਿ- ਚਾਹੁਣ ਵਾਲਾ. ਇੱਛਾਵਾਨ. "ਚਾਹਕ ਤਤ ਸਮਤ ਸਰੇ." (ਸਵੈਯੇ ਮਃ ੪. ਕੇ) ਤਤ੍ਵ ਦੇ ਚਾਹਕ ਅਤੇ ਸਮਤਾ ਦੇ ਸਰੋਵਰ। ੨. ਦੇਖਣਵਾਲਾ. ਦ੍ਰਸ਼੍ਟਾ.

**ਚਾਹਤ:** ਚਾਹੁੰਦਾ ਹੈ. ਇੱਛਾ ਕਰਦਾ ਹੈ। ੨. ਦੇਖਦਾ ਹੈ. ਤੱਕਦਾ ਹੈ।

**ਚਾਹਨ, ਚਾਹਨਾ:** ਕ੍ਰਿ- ਇੱਛਾ ਕਰਨਾ. ਲੋੜਨਾ। ੨. ਦੇਖਣਾ. ਦੇਖੋ, ਟੁਕ। ੩. ਸੰਗਯਾ- ਇੱਛਾ. ਅਭਿਲਾਖਾ. "ਮਨਹੁ ਪ੍ਰਤੀਖਤ ਪੁਰਵੀ ਚਾਹਨ." (ਗੁਪ੍ਰਸੂ)

**ਚਾਹਲ:** ਇੱਕ ਜੱਟ ਗੋਤ੍ਰ। ੨. ਜ਼ਿਲਾ ਤਸੀਲ ਲਹੌਰ, ਥਾਣਾ ਬਰਕੀ ਦਾ ਇੱਕ ਪਿੰਡ. ਇਸ ਪਿੰਡ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ. ਇੱਥੇ ਗੁਰੂ ਜੀ ਨੇ ਨਾਨਕੇ ਸਨ, ਇਸ ਲਈ ਸਤਿਗੁਰੂ ਕਈ ਵੇਰ ਆਏ. ਬੀਬੀ ਨਾਨਕੀ ਜੀ ਦਾ ਜਨਮ ਭੀ ਇੱਥੇ ਹੀ ਹੋਇਆ ਸੀ. ਸਾਧਾਰਣ ਜੇਹਾ ਗੁਰਦ੍ਵਾਰਾ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਸਿੰਘ ਪੁਜਾਰੀ ਹੈ. ੩੦ ਵਿੱਘੇ ਦੇ ਕ਼ਰੀਬ ਜ਼ਮੀਨ ਹੈ. ਰੇਲਵੇ ਸਟੇਸ਼ਨ "ਛਾਉਣੀ ਲਹੌਰ." ਤੋਂ ਅੱਠ ਮੀਲ ਅਗਨਿਕੋਣ ਹੈ.

**ਚਾਹਿ:** ਦੇਖੋ, ਚਾਹ। ੨. ਕ੍ਰਿ. ਵਿ- ਲੋੜਕੇ। ੩. ਵੇਖਕੇ. ਤੱਕਕੇ.

**ਚਾਹਿਏ, ਚਾਹਿਯੇ:** ਵਜ- ਚਾਹੀਏ. ਲੋੜੀਏ। ੨. ਉਚਿਤ (ਯੋਗ੍ਯ) ਹੈ.

ਚਾਹਿਲ: ਦੇਖੋ, ਚਾਹਲ.

ਚਾਹੀ: ਵਿ- ਚਾਹੁਣ ਵਾਲਾ. ਇੱਛਾਵਾਨ। ੨. ਫ਼ਾ. چاہی ਖੂਹ ਨਾਲ ਸੰਬੰਧਿਤ। ੩. ਸੰਗ੍ਯਾ- ਉਹ ਜ਼ਮੀਨ, ਜਿਸ ਨੂੰ ਚਾਹ (ਖੂਹ) ਤੋਂ ਪਾਣੀ ਦਿੱਤਾ ਜਾਂਦਾ ਹੈ.

ਚਾਹੀਏ, ਚਾਹੀਯੇ: ਦੇਖੋ, ਚਾਹਿਏ.

ਚਾਹੇ: ਵ੍ਯ- ਯਾ. ਅਥਵਾ. ਖ੍ਵਾਹ. ਭਾਵੇਂ। ੨. ਦੇਖੋ, ਚਾਹਨਾ.

ਚਾਕ: ਸੰਗ੍ਯਾ- ਚਕ੍ਰ. ਚੱਕ. "ਚਾਕ ਤੇ ਕੁੰਭ ਤੁਰੰਤ ਉਤਾਰਜੋ." (ਕ੍ਰਿਸਨਾਵ) ੨. ਪਹੀਆ। ੩. ਇੱਕ ਜੱਟ ਗੋਤ੍ਰ। ੪. ਫ਼ਾ. چاک ਦਰਾਰ. ਤੇੜਾ। ੫. ਤਲਵਾਰ ਆਦਿਕ ਸ਼ਸਤ੍ਰਾਂ ਦੇ ਪ੍ਰਹਾਰ ਦੀ ਧੁਨਿ। ੬. ਤੁ. چاق ਚਾਕ਼ ਵਿ- ਦ੍ਰਿੜ੍ਹ. ਮਜਬੂਤ। ੭. ਅਰੋਗ. ਤਨਦੁਰੁਸ੍ਤ. ਨਰੋਆ। ੮. ਸੰਗ੍ਯਾ- ਸਮਾ. ਵੇਲਾ। ੯. ਅੰ. Chalk ਖੜੀਆ ਮਿੱਟੀ.

ਚਾਕ ਚਕ੍ਯ: ਸੰ. ਸੰਗ੍ਯਾ- ਚਮਕ ਦਮਕ। ੨. ਉਜ੍ਵਲਤਾ। ੩. ਸ਼ੋਭਾ.

ਚਾਕਚੂੰਧਰ: ਦੇਖੋ, ਚਕਚੂੰਧਰ ਅਤੇ ਚਚੂੰਧਰ. "ਕਿਤੇ ਚਾਕਚੂੰਧਰਚ ਤ੍ਰੇਕਾਕਬਾਹੀ." (ਚਰਿਤ੍ਰ ੪੦੫)

ਚਾਕਰ: ਫ਼ਾ. چاکر ਸੰਗ੍ਯਾ- ਨੌਕਰ. ਸੇਵਕ.

ਚਾਕਰੀ: ਸੰਗ੍ਯਾ- ਚਾਕਰ ਦਾ ਕਰਮ. ਨੌਕਰੀ. ਸੇਵਕੀ. "ਜਿਨਿ ਗੁਰ ਕੀ ਕੀਤੀ ਚਾਕਰੀ ਤਿਨਿ ਸਦ ਬਲਿਹਾਰੀ." (ਤਿਲੰ ਮਃ ੪)

ਚਾਕਰੁ: ਦੇਖੋ, ਚਾਕਰ. "ਚਾਕਾਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ." (ਵਾਰ ਆਸਾ)

ਚਾਕਰੇਮ: ਫ਼ਾ. چاکریم ਚਾਕਰ ਹਸ੍ਤੇਮ ਦਾ ਸੰਖੇਪ. ਅਸੀਂ ਨੌਕਰ ਹਾਂ.

ਚਾਕੀ: ਸੰਗ੍ਯਾ- ਚਕ੍ਰਿਕਾ. ਚੱਕੀ. ਆਟਾ ਪੀਹਣ ਦਾ ਯੰਤ੍ਰ. "ਚਾਕੀ ਚਾਟਹਿ ਚੂਨ ਖਾਹਿ." (ਬਸੰ ਕਬੀਰ) ੨. ਬਰਫੀ ਦੀ ਸ਼ਕਲ ਦੀ ਜਮਾਈ ਹੋਈ ਵਸਤੁ। ੩. ਬੂਟੇ ਦਾ ਚਾਕੁਲ.

ਚਾਕੁ: ਦੇਖੋ, ਚਾਕ.

ਚਾਕੂ: ਫ਼ਾ. چاقو ਚਾਕ਼ੂ ਸੰਗ੍ਯਾ- ਕ਼ਲਮਤਰਾਸ਼. ਕਾਚੂ.

ਚਾਖ: ਦੇਖੋ. ਚਾਖਨਾ. ਸੰ. ਚਸ਼੍ ਖਾਣਾ ੨. ਦੇਖੋ, ਚਾਖੁ.

ਚਾਖਤ: ਚਖਦਾ ਹੋਇਆ. ਸਵਾਦ ਲੈਂਦਾ। ੨. ਚੱਖਣ ਸਾਰ. ਚਖਦੇਹੀ. "ਚਾਖਤ ਹੋਇ ਰਹਹਿ ਬਿਸਮਾਦੁ." (ਗਉ ਮਃ ੫) ੩. ਸੰ. ਚਕ੍ਸ਼ੁਸਾ. ਨੇਤ੍ਰ ਕਰਕੇ. ਅੱਖ ਨਾਲ. "ਪੇਖਤ ਚਾਖਤ ਕਹੀਐ ਅੰਧਾ." (ਸੂਹੀ ਮਃ ੫) ਅੱਖਾਂ ਨਾਲ ਵੇਖਦਾ ਭੀ ਅੰਨ੍ਹਾ ਕਹੀਦਾ ਹੈ.

ਚਾਖਨਾ: ਕ੍ਰਿ- ਚੱਖਣਾ. ਰਸਨਾ ਨਾਲ ਸੁਆਦ ਲੈਣਾ. ਦੇਖੋ, ਚਸ.

ਚਾਖਿ: ਚੱਖਕੇ. ਸੁਆਦ (ਜ਼ਾਯਕ਼ਾ) ਲੈ ਕੇ "ਚਾਖਿ ਗੂੰਗਾ ਮੁਸਕਾਵਤ." (ਸਾਰ ਮਃ ੫)

ਚਾਖਿਅੜਾ: ਸੁਆਦ ਲਿਆ. ਚੱਖਿਆ. ਚਸ਼ਣ ਕੀਤਾ. "ਚਾਖਿਅੜਾ ਮੈ ਹਰਿਰਸ ਮੀਠਾ." (ਆਸਾ ਛੰਤ ਮਃ ੪)

ਚਾਖਿਬਾ: ਰੱਖਿਆ. ਸੁਆਦ ਲਿਆ. "ਹਰਿਰਸੁ ਚਾਖਿਬਾ." (ਜੈਤ ਮਃ ੪)

ਚਾਖੀ: ਚਸ਼ਣ ਕੀਤੀ. ਚੱਖੀ. "ਮਹਾ ਬਿਖਿਆਮਦ ਚਾਖੀ." (ਸਾਰ ਮਃ ੪) ੨. ਸੰਗ੍ਯਾ- ਚੱਖੀ. ਬਾਜ਼ ਆਦਿ ਸ਼ਿਕਾਰੀ ਪੰਛੀਆਂ ਨੂੰ ਸ਼ਿਕਾਰ. ਲਾਉਣ ਲਈ ਮਾਸ ਦਾ ਚਸਕਾ ਦੇਣ ਦੀ ਬੋਟੀ. "ਬਾਜ ਹਨਐ ਗ੍ਵਾਰਨ ਕਾਨ੍ਹ ਦਈ ਜਬ ਚਾਖੀ." (ਕ੍ਰਿਸਨਾਵ)

ਚਾਖੁ: ਸੰ. ਚਾਕ੍ਸ਼ੁਸ਼ ਚਾਕ੍ਸ਼ੁਸ਼. ਵਿ- ਨੇਤ੍ਰ ਦਾ. ਨੇਤ੍ਰ ਨਾਲ ਸੰਬੰਧਿਤ। ੨. ਸੰਗਯਾ- ਬਦਨਜਰ. "ਹਰਿ ਸਿਮਰਤ ਕਛੁ ਚਾਖੁ ਨ ਜੋਹੈ." (ਭੈਰ ਮਃ ੫) "ਰਾਮ ਨਾਮ ਜੋ ਜਨ ਜਪੈ x x x ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ." (ਬਿਲਾ ਮਃ ੫)

ਚਾਖੈ: ਚਖਦਾ ਹੈ. ਚਸ਼ਣ ਕਰਦਾ ਹੈ. ਰਸਨਾ ਨਾਲ ਸੁਆਦ ਲੈਂਦਾ ਹੈ. ਦੇਖੋ, ਚਸ। ੨. ਚਕ੍ਸ਼ੁ (ਨੇਤ੍ਰ) ਦ੍ਵਾਰਾ ਅਨੁਭਵ ਕਰਦਾ ਹੈ. ਦੇਖਦਾ ਹੈ. "ਸਬਦੁ ਦੀਪਕੁ ਵਰਤੈ ਤਿਹੁ ਲੋਇ। ਜੋ ਚਾਖੈ ਸੋ ਨਿਰਮਲੁ ਹੋਇ." (ਧਨਾ ਮਃ ੩)

ਚਾਂਗ: ਸੰਗਯਾ- ਪੁਕਾਰ. ਗੁਹਾਰ. ਸੱਦ. "ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ." (ਸ. ਫਰੀਦ) ੨. ਸਿੰਧੀ. ਵਿ- ਬਹਾਦੁਰ। ੩. ਸੰ. ਚਾਙ੍ਗ ਸੰਗਯਾ- ਦੰਦਾਂ ਦੀ ਉੱਜਲਤਾ ਅਥਵਾ ਸੁੰਦਰਤਾ.

ਚਾਗਾ, ਚਾਂਗਾ: ਸੰ. ਚਙ੍ਗ ਚੰਗ. ਵਿ- ਸੁੰਦਰ. ਸ਼ੋਭਾ ਸਹਿਤ. "ਜਿਉ ਕੁਸਮ ਚਾਰਿ ਦਿਨ ਚਾਗਾ." (ਮਾਲੀ ਮਃ ੪)

ਚਾਂਗੇਦਿਆ: ਚਾਂਗਾਂ ਮਾਰਦਿਆਂ. ਦੇਖੋ ਚਾਂਗ.

ਚਾਚਰ, ਚਾਚਰੀ: ਦੇਖੋ, ਚਰਚਰੀ। ੨. ਇੱਕ ਛੰਦ. ਇਹ "ਸੁਧੀ" ਛੰਦ ਦਾ ਹੀ ਨਾਮਾਂਤਰ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਜ, ਗ, ।S।, S.

ਉਦਾਹਰਣ-

ਅਲੇਖ ਹੈ। ਅਭੇਖ ਹੈ।

ਅਨਾਮ ਹੈ। ਅਕਾਮ ਹੈ।।

(ਜਾਪੁ)

(ਅ) ਚਾਚਰੀ ਦਾ ਦੂਜਾ ਰੂਪ ਹੈ "ਸ਼ਸ਼ੀ" ਛੰਦ. ਅਰਥਾਤ- ਪ੍ਰਤਿ ਚਰਣ ਇੱਕ ਯਗਣ, ਯਥਾ-

ਗੁਬਿੰਦੇ। ਮੁਕੰਦੇ। ਉਦਾਰੇ. ਅਪਾਰੇ।। (ਜਾਪੁ)

ਕਲਕੀ ਅਵਤਾਰ ਵਿੱਚ ਭੀ ਇਹੀ ਰੂਪ ਦਿੱਤਾ ਹੈ, ਯਥਾ-

ਹਕਾਰੈਂ। ਪਚਾਰੈਂ। ਪ੍ਰਹਾਰੈਂ। ਕ੍ਰਵਾਰੈਂ।

ਗੁਰੁਪ੍ਰਤਾਪ ਸੂਰਯ ਵਿੱਚ ਭੀ ਇਹੀ ਰੂਪ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ, ਯਥਾ-

ਤੁਫੰਗੈਂ। ਨਿਸੰਗੈਂ। ਉਠਾਈ। ਚਲਾਈ।। ੩. ਸੰ. ਚਾਚਲਿ. ਵਿ- ਅਤਿ ਚੰਚਲ। ੪. ਟੇਢਾ ਜਾਣ ਵਾਲਾ। ੫. ਸੰਗਯਾ- ਤਲਵਾਰ. ਖੜਗ. ਜਿਸ ਦੀ ਚਾਲ ਤਿਰਛੀ ਹੈ. "ਚਾਚਰ ਚਮਕਾਰਨ." (ਅਕਾਲ)

ਚਾਚਰੋਚਰੰ: ਚਰਚਰੀ- ਉੱਚਰੰ. ਫਾਗ (ਹੋਲੀ) ਦਾ ਗੀਤ ਗਾਉਂਦੇ ਹਨ. ਚਰਚਰੀ ੨. "ਕਰੰਤ ਚਾਚਰੋਚਰੰ." (ਰਾਮਾਵ)

ਚਾਚੱਲ, ਚਾਂਚਲਯ: ਸੰ. ਚਾਞ੍ਚਲ੍ਯ ਸੰਗਯਾ- ਚੰਚਲਤਾ. ਚਪਲਤਾ. "ਅਚਾਚੱਲ ਅੰਗੰ." (ਦੱਤਾਵ) ਚੰਚਲਤਾ ਬਿਨਾ ਅੰਗ.

ਚਾਚਾਫੱਗੋ: ਦੇਖੋ, ਚਚਾਫੱਗੋ.

ਚਾਟ: ਸੰਗਯਾ- ਚੱਟਣ ਦੀ ਇੱਛਾ. ਸੁਆਦ ਦੀ ਅਭਿਲਾਖਾ. "ਚਾਟਉ ਪਗ, ਚਾਟ." (ਕਾਨ ਮਃ ੪. ਪੜਤਾਲ) ੨. ਚੱਟਣ ਯੋਗਯ ਲੇਹਯ ਪਦਾਰਥ। ੩. ਸੰ. ਵਿਸ਼੍ਵਾਸਘਾਤੀ। ੪. ਠਗ.

ਚਾਟਸਾਰ, ਚਾਟਸਾਲ, ਚਾਟਸਾਲਾ: ਚਟੁਸ਼ਾਲਾ. ਦੇਖੋ, ਚਟਸਾਲ. "ਆਪੇ ਚਾਟਸਾਲ ਆਪਿ ਹੈ ਪਾਧਾ". (ਵਾਰ ਬਿਹਾ ਮਃ ੪)

ਚਾਟਨਾ: ਕ੍ਰਿ- ਜੀਭ ਨਾਲ ਚਟ ਚਟ ਸ਼ਬਦ ਕਰਕੇ ਖਾਣਾ. ਚੱਟਣਾ. "ਜਨ ਨਾਨਕ ਪ੍ਰੀਤਿ ਸਾਧਪਗ ਚਾਟੇ." (ਗਉ ਮਃ ੪)

ਚਾਟੜਾ: ਸੰਗਯਾ- ਚਟੁ. ਚੇਟਕ. ਚੇਲਾ. ਸ਼ਾਗਿਰਦ. ਇਹ ਸ਼ਬਦ ਚਟ ਧਾਤੁ ਤੋਂ ਬਣਿਆ ਹੈ. ਜਿਸ ਦਾ ਮਨ ਹੋਰ ਵੱਲੋਂ ਉੱਚਾਟ ਹੋ ਕੇ ਗੁਰੂ ਦੀ ਸਿਖ੍ਯਾ ਵਿੱਚ ਲੱਗੇ, ਉਹ ਚਾਟੜਾ ਹੈ. "ਆਪਿ ਹੈ ਪਾਧਾ, ਆਪੇ ਚਾਟੜੇ ਪੜਣ ਕਉ ਆਣੇ." (ਵਾਰ ਬਿਹਾ ਮਃ ੪) "ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ." (ਓਅੰਕਾਰ)

ਚਾਟਾ, ਚਾਟੀ: ਸੰਗਯਾ- ਵਡਾ ਘੜਾ. ਤੌਲਾ. ਮੱਟੀ.

ਚਾਟੁ: ਸੰ. ਸੰਗਯਾ- ਮਿੱਠੀ ਗੱਲ। ੨. ਖ਼ੁਸ਼ਾਮਦ.

ਚਾਂਡਾਲ: ਦੇਖੋ, ਚੰਡਾਲ। ੨. ਵਿ- ਚੰਡਾਲ ਦਾ.

ਚਾਂਡੂਰ, ਚਾਂਡੂਰੁ: ਦੇਖੋ, ਚੰਡੂਰ. "ਕੰਸ ਕੇਸੁ ਚਾਂਡੂਰੁ ਨ ਕੋਈ." (ਗਉ ਅਃ ਮਃ ੧)

ਚਾਣਕ੍ਯ: ਸੰ. ਵਿ- ਚਣਿਆਂ (ਛੋਲਿਆਂ) ਦਾ ਬਣਿਆ ਹੋਇਆ ਪਦਾਰਥ. ਬੇਸਣੀ। ੨. ਸੰਗ੍ਯਾ- ਚਣਕ ਰਿਖੀ ਦੀ ਵੰਸ਼ ਵਿੱਚ ਹੋਣ ਵਾਲਾ ਇੱਕ ਨੀਤਿਵੇਤਾ ਪੰਡਿਤ, ਜਿਸ ਦੀ ਬਣਾਈ "ਚਾਣਕ੍ਯਨੀਤਿ" ਪ੍ਰਸਿੱਧ ਹੈ. ਇਹ ਪਟਨਾਪਤਿ ਰਾਜਾ ਚੰਦ੍ਰਗੁਪਤ ਮੌਰਯਵੰਸ਼ੀ ਦਾ ਮੰਤ੍ਰੀ ਸੀ. ਇਸ ਦਾ ਅਸਲ ਨਾਮ ਵਿਸ਼ਨੁਗੁਪਤ ਹੈ. ਚਾਣਕ੍ਯ ਨੇ ਆਪਣੀ ਚਤੁਰਾਈ ਦੇ ਬਲ, ਨੰਦਵੰਸ਼ ਦਾ ਨਾਸ਼ ਕਰਕੇ ਚੰਦ੍ਰਗੁਪਤ ਨੂੰ ਮਾਹਾਰਾਜਾਧਿਰਾਜ ਬਣਾਇਆ. ਰਾਵਲਪਿੰਡੀ ਦੇ ਜਿਲੇ ਤਕ੍ਸ਼ਿਲਾ ਨਗਰ ਚਾਣਕ੍ਯ ਦਾ ਜਨਮ ਅਸਥਾਨ ਹੈ. ਚਾਣਕ੍ਯ ਦਾ ਕੌਟਿਲ੍ਯ ਨਾਮ ਭੀ ਗ੍ਰੰਥਾਂ ਵਿੱਚ ਆਇਆ ਹੈ. ਇਸ ਦੇ ਲਿਖੇ ਸ਼ਾਸਤ੍ਰ ਦਾ ਨਾਉਂ ਅਰਥਾਸ਼ਾਸਤ੍ਰ ਅਤੇ ਕੌਟਿਲ੍ਯ ਸ਼ਾਸਤ੍ਰ ਹੈ. ਦੇਖੋ, ਸੈਨਾਪਤਿ ੨.

ਚਾਣਕ੍ਯਨੀਤਿ, ਚਾਣਾਕਾ: ਚਾਣਕ੍ਯਨੀਤਿਸ਼ਾਸਤ੍ਰ ਨੂੰ ਲੋਕ ਚਣਾਕਾ, ਚਰਣਾਕਾ, ਚਾਣਾਕਾ ਆਦਿ ਨਾਮਾ ਨਾਲ ਪੁਕਾਰਦੇ ਹਨ. ਦੇਖੋ, ਸੈਨਾਪਤਿ ੨.

ਚਾਣੂਰ: ਦੇਖੋ, ਚੰਡੂਰ। ੨. ਮਹਾਭਾਰਤ ਅਨੁਸਾਰ ਇੱਕ ਰਾਜਾ.

ਚਾਤਕ: ਸੰ. ਸੰਗਯਾ- ਮੇਘ ਤੋਂ ਚਤ (ਮੰਗਣ) ਵਾਲਾ ਪੰਛੀ. ਜੋ ਸਦਾ ਚਤ (ਯਾਚਨਾ) ਕਰਦਾ ਹੈ. ਚਾਤ੍ਰਿਕ. ਪਪੀਹਾ. ਬਬੀਹਾ. ਸਾਰੰਗ. ਤੋਕਕ. ਮੇਘਜੀਵਨ. L. Cucculus melanoleucus.

ਚਾਤਰ, ਚਾਤੁਰ: ਸੰ. ਚਾਤੁਰ ਵਿ- ਚਤੁਰ. ਹੋਸ਼ਿਆਰ। ੨. ਖ਼ੁਸ਼ਾਮਦੀ। ੩. ਸੰਗਯਾ- ਚੁਕੋਣੀ ਮਸਨਦ (ਗੱਦੀ). ੪. ਚਾਰ ਪਹੀਏ ਦੀ ਗੱਡੀ.

ਚਾਤੁਰਮਾਸ: ਸੰ. ਚਾਤੁਰ੍ਮਾਸ੍ਯ ਸੰਗਯਾ- ਚਾਰ ਮਹੀਨੇ ਵਿੱਚ ਹੋਣ ਵਾਲਾ ਕਰਮ। ੨. ਹਾੜ ਸੁਦੀ ੧੨. ਤੋਂ ਕੱਤਕ ਸੁਦੀ ੧੨. ਤੀਕ ਦਾ ਸਮਾ. ਪੁਰਾਣੇ ਜ਼ਮਾਨੇ ਸੜਕਾਂ ਅਤੇ ਠਹਿਰਨ ਦੇ ਥਾਂ ਨਾ ਹੋਣ ਕਰਕੇ ਧਨੀ ਲੋਕ ਸਾਧੂ ਵਿਦ੍ਵਾਨਾਂ ਨੂੰ ਆਪਣੇ ਆਪਣੇ ਨਗਰਾਂ ਵਿੱਚ ਠਹਿਰਾ ਲੈਂਦੇ ਸਨ, ਤਾਂਕਿ ਵਰਖਾ ਅਤੇ ਗਰਮੀ ਵਿੱਚ ਤਕਲੀਫ਼ ਨਾ ਹੋਵੇ. [੨੦]

ਚਾਤੁਰਾ: ਵਿ- ਚਤੁਰਾਈ ਵਾਸੀ. ਚਤੁਰ ਇਸਤ੍ਰੀ.

ਚਾਤੁਰੀ: ਸੰਗਯਾ- ਚਾਤੁਰਯ. ਹੋਸ਼ਿਯਾਰੀ। ੨. ਛਲ। ੩. ਵਿ- ਚਤੁਰਾਈ ਵਾਲਾ. ਚਾਲਾਕ. "ਕਾਮੀ ਕ੍ਰੋਧੀ ਚਾਤੁਰੀ." (ਮਾਰੂ ਕਬੀਰ)

ਚਾਤ੍ਰਕ, ਚਾਤ੍ਰਿਕ: ਸੰਗਯਾ- ਪਪੀਹਾ. ਦੇਖੋ, ਚਾਤਕ. "ਚਾਤ੍ਰਿਕ! ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ." (ਵਾਰ ਮਲਾ ਮਃ ੩) ੨. ਭਾਵ- ਜਿਗ੍ਯਾਸੂ, ਜੋ ਹਰਿਰਸ ਤੋਂ ਛੁੱਟ ਹੋਰ ਕਿਸੇ ਰਸ ਵੱਲ ਧ੍ਯਾਨ ਨਹੀਂ ਦਿੰਦਾ.

ਚਾਤ੍ਰਿਕਚਿਤ: ਵਿ- ਚਾਤਕ (ਪਪੀਹੇ) ਜੇਹਾ ਹੈ ਜਿਸ ਦਾ ਚਿੱਤ. ਸ੍ਵਾਤਿਬੂੰਦ ਬਿਨਾ ਹੋਰ ਨੂੰ ਨਾ ਚਾਹੁਣ ਵਾਲਾ. "ਚਾਤ੍ਰਿਕਚਿਤ ਸੁਚਿਤ ਸੁ ਸਾਜਨ ਚਾਹੀਐ." (ਫੁਨਹੇ ਮਃ ੫)

ਚਾਂਦ: ਸੰਗਯਾ- ਚੰਦ੍ਰ. ਚੰਦ੍ਰਮਾ। ੨. ਚੰਦ੍ਰਮਾ ਦੇ ਆਕਾਰ ਦੀ ਕੋਈ ਵਸਤੁ.

**ਚਾਂਦਨਾ:** ਸੰਗਜਾ- ਚੰਦ੍ਰਮਾ ਦਾ ਪ੍ਰਕਾਸ਼। ੨. ਉਜਾਲਾ. ਰੌਸ਼ਨੀ. "ਚਾਂਦਨਾ ਚਾਦਨੁ ਆਂਗਨਿ ਪ੍ਰਭਜੀਉ ਅੰਤਰਿ ਚਾਂਦਨਾ." (ਮਾਰੂ ਅਃ ਮਃ ੫)

**ਚਾਂਦਨੀ:** ਸੰਗਜਾ- ਚੰਦ੍ਰਿਕਾ ਚੰਦ੍ਰਮਾ ਦੀ ਰੌਸ਼ਨੀ। ੨. ਚਿੱਟੀ ਚਾਦਰੈ, ਜੋ ਫ਼ਰਸ਼ ਪੁਰ ਵਿਛਾਈ ਜਾਂਦੀ ਹੈ। ੩. ਇੱਕ ਫੁੱਲਦਾਰ ਬੂਟਾ, ਜੋ ਬਹੁਤ ਚਿੱਟੇ ਫੁੱਲਾਂ ਵਾਲਾ ਹੁੰਦਾ ਹੈ. ਗੁਲਚਾਂਦਨੀ. L. Tabernaemontana Coronaria. ਇਸ ਦੇ ਫੁੱਲਾਂ ਦਾ ਰਸ ਤੇਲ ਵਿੱਚ ਮਿਲਾਕੇ ਸ਼ਰੀਰ ਤੇ ਮਲਨ ਤੋਂ ਖਾਜ ਦੂਰ ਹੁੰਦੀ ਹੈ. ਚਾਂਦਨੀ ਦੇ ਪੱਤਿਆਂ ਦਾ ਦੁੱਧ ਜੇਹਾ ਰਸ ਅਤੇ ਜੜਾਂ, ਅਨੇਕ ਦਵਾਈਆਂ ਵਿੱਚ ਵਰਤੀਦੀਆਂ ਹਨ। ੪. ਸਾਯਵਾਨ (ਚੰਦੋਏ) ਨੂੰ ਭੀ ਚਾਂਦਨੀ ਆਖਦੇ ਹਨ.

**ਚਾਂਦਨੀਚੌਕ:** ਸੰਗਜਾ- ਸ਼ਹਿਰ ਦਾ ਪ੍ਰਧਾਨ ਚੌਕ, ਜਿਸ ਥਾਂ ਚਾਰ ਬਾਜ਼ਾਰ ਆਕੇ ਮਿਲਣ. ਸਾਰੇ ਸ਼ਹਿਰ ਦੀ ਰੌਨਕ਼ ਦਾ ਬਾਜ਼ਾਰ. "ਤਿਨ ਕੋ ਚੌਕਚਾਦਨੀ ਮਾਰਯੋ." (ਚਰਿਤ੍ਰ ੧੬੩) ੨. ਸ਼ਾਹਜਹਾਨਾਬਾਦ (ਦਿੱਲੀ) ਦਾ ਪ੍ਰਸਿੱਧ ਬਾਜ਼ਾਰ, ਜਿਸ ਵਿੱਚ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਸ਼ਹੀਦੀ ਅਸਥਾਨ "ਸੀਸਗੰਜ" ਗੁਰਦ੍ਵਾਰਾ ਹੈ. ਦੇਖੋ, ਦਿੱਲੀ.

**ਚਾਂਦਮਾਰੀ:** ਸੰਗਜਾ- ਬੰਦੂਕ ਚਲਾਉਣ ਦਾ ਅਭਜਾਸ ਕਰਨ ਲਈ ਚੰਦ੍ਰਮਾ ਦੇ ਆਕਾਰ ਵਾਲੀ ਗੁਲਜ਼ਰੀ (Bull's eye) ਵਿੱਚ ਨਿਸ਼ਾਨਾ ਲਾਉਣ ਦੀ ਕ੍ਰਿਯਾ.

**ਚਾਦਰ:** ਫ਼ਾ. چادر ਸੰਗਜਾ- ਚੱਦਰ. ਸ਼ਰੀਰ ਪੁਰ ਓਢਣ ਦਾ ਵਸਤ੍ਰ. ਸੰਵਜਾਨ। ੨. ਜਲਜੰਤ੍ਰ (ਫੁਹਾਰੇ) ਅੱਗੇ ਲਹਿਰੀਏਦਾਰ ਪੱਥਰ ਆਦਿ ਦਾ ਤਖ਼ਤਾ, ਜਿਸ ਉੱਪਰਦੀਂ ਪਾਣੀ ਡਿਗਦਾ ਸੁੰਦਰ ਪ੍ਰਤੀਤ ਹੁੰਦਾ ਹੈ. ਆਬਸ਼ਾਰ. "ਨੀਰ ਝਰੈ ਕਹੂੰ ਚਾਦਰ." (ਕ੍ਰਿਸਨਾਵ) ੩. ਇੱਕ ਪ੍ਰਕਾਰ ਦੀ ਆਤਿਸ਼ਬਾਜ਼ੀ, ਜਿਸ ਦੇ ਫੁੱਲ ਖਿੜਕੇ ਚਾਦਰ ਵਾਂਙ ਫੈਲ ਜਾਂਦੇ ਹਨ. "ਚਾਦਰ ਝਾਰ ਛੁਟਤ ਫੁਲਵਾਰੀ." (ਗੁਪ੍ਰਸੂ)

**ਚਾਦਰ ਦੀ ਲਾਜ:** ਸੰਗਜਾ- ਇਸਤ੍ਰੀ ਨੇ ਪਤਿ ਧਾਰਣ ਵੇਲੇ ਜੋ ਸ੍ਵਾਮੀ ਦੀ ਚਾਦਰ ਓਢੀ ਹੈ, ਉਸ ਨੂੰ ਧਰਮ ਨਾਲ ਨਿਬਾਹੁਣਾ. ਚਾਦਰ (ਆਚਰਣ)ਨੂੰ ਦਾਗ਼ ਨਾ ਲਗਣ ਦੇਣਾ। ੨. ਕਿਸੇ ਪਤਿਵ੍ਰਤਾ ਦੀ ਸਹਾਇਤਾ ਕਰਕੇ ਉਸ ਨੂੰ ਕਲੰਕ ਤੋਂ ਬਚਾ ਲੈਣਾ. "ਚਾਦਰ ਕੀ ਲੱਜਾ ਤੈਂ ਰਖੀ." (ਚਰਿਤ੍ਰ ੩੦੨)

**ਚਾਦਰ ਪਾਉਣੀ:** ਕ੍ਰਿ- ਕਿਸੇ ਵਿਧਵਾ ਇਸਤ੍ਰੀ ਪੁਰ ਆਪਣੀ ਚਾਦਰ ਪਾਕੇ ਭਾਰਯਾ (ਵਹੁਟੀ) ਬਣਾਉਣ ਦੀ ਕ੍ਰਿਯਾ.

**ਚਾਦਰ ਲਾਹੁਣੀ:** ਕ੍ਰਿ- ਪਤੀ ਦੀ ਉਹ. ਚਾਦਰ, ਜੋ ਵਿਆਹ ਸਮੇਂ ਓਢੀ ਹੈ, ਉਤਾਰ ਦੇਣੀ. ਭਾਵ- ਪਤੀ ਦਾ ਤਜਾਗ ਕਰਨਾ। ੨. ਨਿਰਲੱਜ ਹੋਣਾ.

**ਚਾਂਦਰਾਜਾ:** ਸੰਗਜਾ- ਚੰਦ੍ਰਵੰਸ਼ੀ ਰਾਜਾ। ੨. ਚੰਦ੍ਰਗਿਰਿ ਦਾ ਰਾਜਾ। ੩. ਚੰਦ੍ਰਨਗਰ ਦਾ ਰਾਜਾ.

**ਚਾਂਦਵਾਸੀ:** ਵਿ- ਚੰਦ੍ਰਨਗਰ ਦਾ ਨਿਵਾਸੀ। ੨. ਚਦ੍ਰਗਿਰਿ ਵਿੱਚ ਰਹਿਣ ਵਾਲਾ.

**ਚਾਂਦਾ, ਚਾਂਦਾਗੜ੍ਹ:** ਮੱਧ ਭਾਰਤ (ਸੀ. ਪੀ. ) ਵਿੱਚ ਇੱਕ ਪ੍ਰਸਿੱਧ ਨਗਰ, ਜਿਸ ਦਾ ਪੁਰਾਣਾ ਨਾਮ ਚੰਦ੍ਰਪੁਰ ਹੈ. "ਚਾਂਦਨੀ ਸੀ ਚਾਂਦਾਗੜ੍ਹ" (ਅਕਾਲ)

**ਚਾਂਦਾਗਿਰਿ:** ਦੇਖੋ, ਚੰਦ੍ਰਗਿਰਿ.

**ਚਾਂਦੀ:** ਸੰਗਜਾ- ਰਜਤ. ਰੂਪਾ. ਰੁੱਪਾ. ਇੱਕ ਚਿੱਟੀ ਧਾਤੁ, ਜਿਸ ਦੇ ਰੁਪਯੇ ਅਤੇ ਭੂਖਣ ਬਣਦੇ ਹਨ। ੨. ਸਿਰ ਦੀ ਟੱਟਰੀ. ਕੇਸ਼ਾਂ ਬਿਨਾ ਚਮਕਦੀ ਹੋਈ ਖੋਪਰੀ. "ਜਲ ਢੋਵਤ ਸਿਰ ਚਾਂਦੀ ਪਰੀ." (ਗੁਪ੍ਰਸੂ)

**ਚਾਂਦੀਕੋੜ੍ਹ:** ਫੁਲਬਹਿਰੀ. ਦੇਖੋ, ਸ੍ਵੇਤਕੁਸ਼੍ਟ.

**ਚਾਂਦ੍ਰ:** ਸੰ. ਵਿ- ਚੰਦ੍ਰਮਾ ਦਾ. ਚੰਦ੍ਰਮਾ ਨਾਲ ਸੰਬੰਧਿਤ। ੨. ਸੰਗਜਾ- ਚੰਦ੍ਰਮਾ ਦਾ ਲੋਕ. ਚੰਦ੍ਰਮੰਡਲ। ੩. ਤੀਹ ਤਿਥਾਂ ਦਾ ਮਹੀਨਾ। ੪. ਦੇਖੋ, ਪੁਨਹਾ ਅਤੇ ਅੜਿੱਲ ਦਾ ਰੂਪ ੪.। ੫. ਚੰਦ੍ਰਮੁਨਿ ਦਾ ਰਚਿਆ ਵਜਾਕਰਣ. ਦੇਖੋ, ਅਸਟ ਸਾਜ ਸਾਜਿ.

ਚਾਂਦ੍ਰਮਾਸ: ਦੇਖੋ, ਚੰਦ੍ਰਮਾਸ.

ਚਾਂਦ੍ਰਾਯਣ: ਸੰ. ਸੰਗ੍ਯਾ- ਚਾਂਦ੍ਰਃ ਅਯਜਤੇ ਅਨੇਨ. ਉਹ ਵ੍ਰਤ, ਜਿਸ ਤੋਂ ਚੰਦ੍ਰਲੋਕ ਦੀ ਪ੍ਰਾਪਤੀ ਹੋਵੇ. ਇੰਦੁਵ੍ਰਤ. ਇਸ ਵ੍ਰਤ ਦੀ ਵਿਧੀ "ਮਿਤਾਕ੍ਸ਼ਰਾ" ਅਨੁਸਾਰ ਇਉਂ ਹੈ- ਚਾਂਦਨੀ ਏਕਮ ਨੂੰ ਤਿੰਨ ਵੇਲੇ ਸਨਾਨ ਕਰਕੇ ਸੰਝ ਸਮੇਂ ਮੋਰ ਦੇ ਅੰਡੇ ਦੇ ਆਕਾਰ ਦਾ ਇੱਕ ਗ੍ਰਾਸ ਖਾਵੇ. ਦੂਜ ਨੂੰ ਦੋ ਗ੍ਰਾਸ. ਇਸ ਤਰਾਂ ਕ੍ਰਮ ਅਨੁਸਾਰ ਇੱਕ ਗ੍ਰਾਸ ਵਧਾਉਂਦਾ ਹੋਇਆ ਪੂਰਣਮਾਸ਼ੀ ਨੂੰ ਪੰਦ੍ਰਾਂ ਗ੍ਰਾਸ ਖਾਵੇ. ਫੇਰ ਅੰਧੇਰੇ ਪੱਖ ਦੀ ਏਕਮ ਨੂੰ ਚੌਦਾਂ, ਦੂਜ ਨੂੰ ਤੇਰਾਂ, ਐਸੇ ਹੀ ਯਥਾਕ੍ਰਮ ਘਟਾਉਂਦਾ ਹੋਇਆ ਅੰਧੇਰੀ ਚੌਦੇਂ ਨੂੰ ਇੱਕ ਗ੍ਰਾਸ ਖਾਵੇ ਅਤੇ ਅਮਾਵਸ ਦੇ ਦਿਨ ਕੁਝ ਨਾ ਖਾਵੇ. ਇਸ ਵ੍ਰਤ ਦੇ ਹੋਰ ਭੀ ਕਈ ਪ੍ਰਕਾਰ ਹਿੰਦੂਮਤ ਦੇ ਧਰਮਸ਼ਾਸਤਰਾਂ ਵਿੱਚ ਲਿਖੇ ਹਨ, ਪਰ ਸਭ ਦਾ ਮਤ ਇੱਕੋ ਹੈ ਕਿ ਚੰਦ੍ਰਮਾ ਦੇ ਵਧਣ ਘਟਣ ਨਾਲ ਗ੍ਰਾਸਾਂ ਦਾ ਵਧਾਉਣਾ ਘਟਾਉਣਾ. ਦੇਖੋ, ਚੰਦ੍ਰਾਇਣ। ੨. ਦੇਖੋ, ਪੁਨਹਾ ਅਤੇ ਅੜਿੱਲ ਦਾ ਰੂਪ ੪.

ਚਾਨਣ, ਚਾਨਣਾ: ਸੰਗ੍ਯਾ- ਚੰਦ੍ਰਮਾ ਦਾ ਪ੍ਰਕਾਸ਼. ਚੰਦ੍ਰਿਕਾ। ੨. ਉਜਾਲਾ. ਪ੍ਰਕਾਸ਼. "ਬਾਹਰਿ ਦਿਸੈ ਚਾਨਣਾ, ਦਿਲਿ ਅੰਧਿਆਰੀ ਰਾਤਿ." (ਸ. ਫਰੀਦ) ਭਾਵ- ਬਾਹਰੋਂ ਸ਼ੁੱਧ ਅਤੇ ਵਿਦ੍ਯਾ ਸਹਿਤ। ੩. ਦੇਖੋ, ਚਾਨਣੁ.

ਚਾਨਣਿ: ਪ੍ਰਕਾਸ਼ ਕਰਕੇ. ਰੌਸ਼ਨੀ ਨਾਲ "ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ." (ਸੋਹਿਲਾ)

ਚਾਨਣੁ, ਚਾਨਾਣੁ: ਚੰਦ੍ਰਮਾ ਦਾ ਪ੍ਰਕਾਸ਼. ਚੰਦ੍ਰਿਕਾ। ੨. ਰੌਸ਼ਨੀ. ਉਜਾਲਾ. "ਸਭ ਮਹਿ ਚਾਨਣੁ ਹੋਇ." (ਸੋਹਿਲਾ) "ਕਰਿ ਸੂਰਜੁ ਚੰਦੁ ਚਾਨਾਣੁ." (ਸੋਰ ਮਃ ੪) ੩. ਵਿਦ੍ਯਾ ਦਾ ਚਮਤਕਾਰ. ਦੇਖੋ, ਚਾਨਣ ੨। ੪. ਆਤਮਗ੍ਯਾਨ ਦਾ ਪ੍ਰਕਾਸ਼. "ਚਾਨਣੁ ਹੋਵੈ ਛੋਡੈ ਹਉਮੈ ਮੇਰਾ." (ਮਾਝ ਅਃ ਮਃ ੩)

ਚਾਪ: ਸੰਗ੍ਯਾ- ਬਾਂਸ ਦਾ ਧਨੁਖ. ਦੇਖੋ, ਚਪ ਧਾ। ੨. ਦਬਾਉ. ਦਾਬਾ. "ਕਾਲੁ ਨ ਚਾਪੈ ਦੁਖੁ ਨ ਸੰਤਾਪੈ." (ਮਾਝ ਅਃ ਮਃ ੩) "ਕਾਲੁ ਨ ਚਾਪੈ ਹਰਿਗੁਣ ਗਾਇ." (ਓਅੰਕਾਰ) "ਇਤ ਉਤ ਜਾਹਿ ਕਾਲ ਕੇ ਚਾਪੇ." (ਆਸਾ ਅਃ ਮਃ ੧)

ਚਾਪਗੁਣ: ਸੰਗ੍ਯਾ- ਧਨੁਖ ਦੀ ਰੱਸੀ. ਚਿੱਲਾ. ਜਿਹ.

ਚਾਪਣਾ: ਕ੍ਰਿ- ਦਬਾਉਣਾ. ਦੇਖੋ, ਚਾਪ। ੨. ਮੁੱਠੀ ਚਾਪੀ ਕਰਨਾ। ੩. ਪੈਂਡਾ ਕੱਟਣਾ. "ਬਾਟ ਚਾਪੇ ਜਾਤ ਹੈਂ." (ਰਾਮਾਵ)

ਚਾਪਣੀ: ਚਾਪ (ਧਨੁਖ) ਵਾਲੀ ਸੈਨਾ. (ਸਨਾਮਾ)

ਚਾਪਣੁ: ਸਿੰਧੀ. ਦੇਖੋ, ਚਾਪਣਾ.

ਚਾਪਨ, ਚਾਪਨਾ: ਦੇਖੋ, ਚਾਪਣਾ.

ਚਾਪੀ: ਸੰ. चापिन् ਵਿ- ਚਾਪ (ਧਨੁਖ) ਧਾਰਨ ਵਾਲਾ। ੨. ਸੰਗ੍ਯਾ- ਸ਼ਿਵ। ੩. ਚਾਬੀ. ਕੁੰਜੀ। ੪. ਮੁੱਠੀ ਚਾਪੀ. ਹੱਥ ਨਾਲ ਅੰਗਾਂ ਨੂੰ ਦਬਾਉਣ ਦੀ ਕ੍ਰਿਯਾ. "ਥਕਿਤ ਹੋਇ ਤਿਹ ਚਾਪੀ ਭਰੈਂ." (ਗੁਪ੍ਰਸੂ)

ਚਾਬ: ਸੰਗ੍ਯਾ- ਚਰਵਣ (चर्वण) ਯੋਗ੍ਯ ਪਦਾਰਥ. ਚਬੀਣਾ. ਦਾਣੇ ਆਦਿ ਅੰਨ.

ਚਾਬਕ, ਚਾਬਕੁ: ਫ਼ਾ. چابک ਚਾਬੁਕ. ਵਿ- ਚੁਸ੍ਤ. ਚਾਲਾਕ। ੨. ਸੰਗ੍ਯਾ- ਕੋਰੜਾ. ਕਸ਼ਾ. "ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ." (ਵਡ ਮਃ ੪. ਘੋੜੀਆ)

ਚਾਬਨ, ਚਾਬਨਾ: ਕ੍ਰਿ- ਚਰ੍ਵਣ. ਚੱਬਣਾ। ੨. ਦੇਖੋ, ਚਾਬਨੁ.

ਚਾਬਨੁ: ਸੰਗ੍ਯਾ- ਚਰ੍ਵਣ ਯੋਗ੍ਯ ਪਦਾਰਥ. ਚਬੀਣਾ. "ਹਮ ਕਉ ਚਾਬਨੁ ਉਨ ਕਉ ਰੋਟੀ." (ਗੌਂਡ ਕਬੀਰ) ੨. ਦੇਖੋ, ਚਾਬਨ.

ਚਾਬੀ: ਸੰਗ੍ਯਾ- ਕੁੰਜੀ. ਤਾਲੀ.

ਚਾਬੁਕ: ਦੇਖੋ, ਚਾਬਕ. "ਹਿਚਹਿ ਤ ਪ੍ਰੇਮ ਕੇ ਚਾਬੁਕ ਮਾਰਉ." (ਗਉ ਕਬੀਰ)

**ਚਾਬੁਕ ਰਕੇਬ:** ਫ਼ਾ. چابک رکیب ਵਿ- ਪੱਕਾ ਘੋੜਚੜ੍ਹਾ. ਸ਼ਹਸਵਾਰ.

**ਚਾਬੂ:** ਵਿ- ਚੱਬਣ ਵਾਲਾ। ੨. ਚੱਬਣ ਯੋਗਜ. ਚਬਾਨੇ ਲਾਇਕ. ਜਿਵੇਂ- ਮੱਕੀ ਚਾਬੂ ਹੋ ਗਈ ਹੈ.

**ਚਾਂਭਲਨਾ:** ਕ੍ਰਿ- ਮਸਤਣਾ. ਸਿਰ ਹੋਣਾ. ਬੇਅਦਬ ਹੋਣਾ. ਦੇਖੋ, ਚਾਮਲਨਾ.

**ਚਾਮ:** ਸੰਗਯਾ- ਚਰ੍ਮੰ. ਚੰਮ. ਤੁਚਾ। ੨. ਢਾਲ. ਸਿਪਰ. "ਚਾਮ ਕੀ ਓਟ ਨਿਵਾਰਜੋ." (ਕ੍ਰਿਸਨਾਵ)

**ਚਾਮਕਨ, ਚਾਮਕਨਿ:** ਚਮਕਦੇ ਹਨ. ਪ੍ਰਕਾਸ਼ਦੇ ਹਨ. "ਚਾਮਕਨਿ ਤਾਰੇ." (ਆਸਾ ਛੰਤ ਮਃ ੫)

**ਚਾਮ ਕੇ ਚਾਕਰ:** ਸੁੰਦਰ ਚੰਮ ਵੇਖਕੇ ਗੁਲਾਮ ਬਣ ਜਾਣ ਵਾਲੇ. ਭਾਵ- ਪਰਇਸਤ੍ਰੀਆਂ ਦੇ ਦਾਸ, ਕਾਮੀ.

ਲੋਭੀ ਲਵਾਰ ਗੰਵਾਰ ਮਹਾਂ ਸਠ

ਭੇਖ ਬਨਾਯ ਚਹੈਂ ਸੁਖ ਧਾਮ ਕੇ,

ਸੀਸ ਮੁੰਡਾਯ ਅਸੀ ਸਮ ਹੋਵਤ

ਬਾਵਾ ਕੇ ਬਾਵਾ ਗੁਲਾਮ ਹੈਂ ਗਾਮ ਕੇ,

ਨਾਹ ਕਬੈ ਤਿਨ ਕੋ ਸੁਖ "ਦਾਸ ਜੂ"

ਜੇ ਗੁਰੁਨਿੰਦਕ ਆਠਹੁੰ ਜਾਮ ਕੇ,

ਰਾਮ ਕੇ ਨਾਮ ਕੇ ਕਾਮ ਕੇ ਨਾਂਹਨ

ਕਾਮ ਕੇ ਕੂਕਰ ਚਾਕਰ ਚਾਮ ਕੇ.

**ਚਾਮ ਕੇ ਦਾਮ:** ਸੰਗਯਾ- ਚੰਮ ਦੇ ਸਿੱਕੇ. ਚਮੜੇ ਦੇ ਰੁਪਯੇ ਪੈਸੇ. ਇਹ ਪ੍ਰਸਿੱਧ ਹੈ ਕਿ ਨਿਜਾਮ ਭਿਸ਼ਤੀ ਨੇ ਹੁਮਾਯੂੰ ਬਾਦਸ਼ਾਹ ਨੂੰ ਡੁਬਦੇ ਬਚਾਇਆ ਸੀ, ਜਿਸ ਉਪਕਾਰ ਦੇ ਬਦਲੇ ਅੱਧੇ ਦਿਨ ਲਈ ਬਾਦਸ਼ਾਹਤ ਪਾਈ. ਇਤਨੇ ਸਮੇਂ ਵਿੱਚ ਹੀ ਉਸ ਨੇ ਧਾਤੁ ਦੇ ਸਿੱਕੇ ਦੀ ਥਾਂ ਚੰਮ ਦੇ ਸਿੱਕੇ ਦਾ ਪ੍ਰਚਾਰ ਕੀਤਾ। ੨. ਭਾਵ- ਮਨਮੰਨੀ ਗੱਲ ਦਾ ਪ੍ਰਚਾਰ. "ਚਾਮ ਕੇ ਦਾਮ ਚਲਾਇ ਲਏ ਤੁਮ." (ਕ੍ਰਿਸਨਾਵ)

ਸਾਹਿਬੀ ਪਾਇ ਅਜਾਨ ਕਹੂੰ ਤੁ

ਸੁਜਾਨਨ ਹੀ ਕੇ ਬੁਰੇ ਕਹੁੰ ਧਾਵੈ,

ਜੌ ਧਨ ਹਾਥ ਬੁਰੇ ਕੇ ਪਰੈ ਤੁ

ਭਲੇਨ ਹੂੰ ਕੇ ਕਛੁ ਕਾਮ ਨਾ ਆਵੈ,

ਜੋਗਿ ਬਢੈ ਤੁ ਬਨਾਯਕੈ ਖੱਪਰ

ਚੰਦਨ ਕਾਟ ਬਿਭੂਤ ਬਨਾਵੈ,

ਜੌ ਦਿਨ ਚਾਰ ਮਿਲੈ ਕਹੁੰ ਰਾਜ

ਚਮਾਰ ਤੁ ਚਾਮ ਕੇ ਦਾਮ ਚਲਾਵੈ.

**ਚਾਮਚੜਿੱਕ:** ਸੰ. ਚਰ੍ਮਚਟਕਾ. ਸੰਗਯਾ- ਚੰਮ ਦੇ ਖੰਭਾਂ ਵਾਲੀ ਚਿੜੀ. ਇਹ ਚਮਗਾਦਰ ਦੀ ਕ਼ਿਸਮ ਵਿੱਚੋਂ ਹੈ. ਇਹ ਦਿਨ ਨੂੰ ਅੰਧੇਰੇ ਅਸਥਾਨਾਂ ਵਿੱਚ ਲੁਕਕੇ ਰਹਿੰਦੀ ਅਤੇ ਰਾਤ ਨੂੰ ਉਡਕੇ ਮੱਛਰ ਆਦਿ ਜੀਵਾਂ ਦਾ ਆਹਾਰ ਕਰਦੀ ਹੈ.

ਚਾਮਰ: ਸੰਗਯਾ- 'ਚਮਰੀ' ਗਊ ਦੀ ਪੂਛ ਦੇ ਰੋਮਾਂ ਦਾ ਗੁੱਛਾ. ਚੌਰ। ੨. ਇੱਕ ਛੰਦ. ਇਸ ਦਾ ਨਾਮ "ਸੋਮਵੱਲਰੀ" ਅਤੇ "ਤੂਣ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਗੁਰੁ ਲਘੁ ਦੇ ਕ੍ਰਮ ਅਨੁਸਾਰ ੧੫. ਅੱਖਰ, ਅਥਵਾ ਪ੍ਰਤਿ ਚਰਣ- ਰ, ਜ, ਰ, ਜ, ਰ. SIS, ISI, SIS, ISI, SIS.

ਉਦਾਹਰਣ-

ਸਸਤ੍ਰ ਅਸਤ੍ਰ ਲੈ ਸਕੋਪ ਬੀਰ ਬੋਲਕੈ ਸਬੈ,

ਕੋਪ ਓਪ ਦੈ ਹਠੀ ਸੁ ਧਾਯਕੈ ਪਰੇ ਤਬੈ,

ਕਾਨ ਕੇ ਪ੍ਰਮਾਨ ਬਾਨ ਤਾਨ ਤਾਨ ਛੋਰਹੀਂ,

ਜੂਝ ਜੂਝਕੈ ਮਰੈਂ ਨ ਨੈਕ ਮੁੱਖ ਮੋਰਹੀਂ. (ਕਲਕੀ)

੩. ਇੱਕ ਦੈਤ, ਜਿਸ ਨੂੰ ਦੁਰਗਾ ਨੇ ਮਾਰਿਆ. "ਚਾਮਰ ਸੇ ਰਣ ਚਿੱਛੁਰ ਸੇ." (ਵਿਚਿਤ੍ਰ) ੪. ਦਸਮ ਪਾਤਸ਼ਾਹੀ ਦੇ ਗੁਰੁਵਿਲਾਸ ਵਿੱਚ ਭਾਈ ਸੁੱਖਾ ਸਿੰਘ ਨੇ ਚਰਮ ਦੀ ਥਾਂ ਚਾਮਰ ਸ਼ਬਦ ਵਰਤਿਆ ਹੈ. "ਲਯੋ ਤਬੈ ਚੁਕਾਇ ਨਾਥ ਤੌਨ ਜਾਨ ਚਾਮਰੰ." ਉਸ ਦਾ ਚਮੜਾ ਉਠਵਾਲਿਆ.

ਚਾਮਰੀ: ਸੰਗਯਾ- ਚਮਰੀ ਗਊ. ਸੁਰਾ ਗਾਇ. Yak. ਇਹ ਤਿੱਬਤ ਵਿੱਚ ਬਹੁਤ ਹੁੰਦੀ ਹੈ.

ਚਾਮਰੋ: ਸੰਗਯਾ- ਚਮੜਾ. ਚਰਮ. "ਪਵਨਿ ਅਫਾਰ ਤੋਰ ਚਾਮਰੋ." (ਸਾਰ ਮਃ ੫)੨ ਦੇਖੋ, ਚਾਮਰ.

ਚਾਮਰੰਗ: ਚਿਦ੍ਮ੍ਬਰੰ ਚਿਦੰਬਰੰ ਜੰ ਚਿੱਤੰਬਲੰ. ਮਦਰਾਸ ਦੇ ਇਲਾਕੇ ਮਦਰਾਸ ਤੋਂ ਡੇਢ ਸੌ ਮੀਲ ਦੱਖਣ ਇੱਕ ਪ੍ਰਸਿੱਧ ਨਗਰ, ਜਿੱਥੇ ਮਹਾਦੇਵ ਦਾ ਮਸ਼ਹੂਰ ਮੰਦਿਰ ਹੈ. ਇਸ ਦਾ ਜਿਕਰ ਦੇਵੀ ਭਾਗਵਤ ਦੇ ਛੇਵੇਂ ਸਕੰਧ ਦੇ ਅਠਤੀਹਵੇਂ ਅਧਯਾਯ ਵਿੱਚ ਆਇਆ ਹੈ. "ਚਾਮਰੰਗ ਕੇ ਦੇਸ ਮੇ." (ਚਰਿਤ੍ਰ ੯੬)

ਚਾਮਲਨਾ: ਦੇਖੋਂ, ਚਾਂਭਲਨਾ."ਭਾਮਿਨੀ ਜੇ ਕਾਮਰਤ ਚਾਮਲੀ ਅਪਾਰ ਹੀ." (ਨਾਪ੍ਰ)

ਚਾਮੀਕਰ: ਸੰ. ਸੰਗਯਾ- ਚਮੀਕਰ (ਕ੍ਰਿਤਸ੍ਵਰ) ਨਾਮਕ ਖਾਨਿ ਤੋਂ ਉਪਜਿਆ ਪਦਾਰਥ. ਸੁਵਰਣ. ਸੋਨਾ.

ਚਾਮੁੰਡਾ: ਸੰ. चामुण्डा ਸੰਗਯਾ- ਚੰਡ ਮੁੰਡ ਨੂੰ ਮਾਰਨ ਵਾਲੀ ਦੁਰਗਾ। ੨. ਚੰਡ ਅਤੇ ਮੁੰਡ ਦੋ ਰਾਖਸਾਂ ਨੂੰ ਮਾਰਨ ਲਈ ਦੁਰਗਾ ਦੇ ਮੱਥੇ ਵਿੱਚੋਂ ਉਤਪੰਨ ਹੋਈ ਇੱਕ ਦੇਵੀ. ਮਾਰਕੰਡੇਯ ਪੁਰਾਣ ਵਿੱਚ ਇਸ ਦੀ ਬਾਬਤ ਇਉਂ ਲਿਖਿਆ ਹੈ ਕਿ ਦੁਰਗਾ ਦੇ ਤਿਉੜੀ ਪਏ ਮੱਥੇ ਵਿੱਚੋਂ ਇੱਕ ਦੇਵੀ ਪ੍ਰਗਟ ਹੋਈ, ਜਿਸ ਦੀ ਸ਼ਕਲ ਕਾਲੀ ਅਤੇ ਡਰਾਉਣੀ ਸੀ, ਇਸ ਦੇ ਇੱਕ ਹੱਥ ਤਲਵਾਰ ਅਤੇ ਇੱਕ ਵਿੱਚ ਫਾਹੀ ਅਰ ਮੋਢੇ ਤੇ ਇੱਕ ਭਾਰੀ ਗਦਾ ਸੀ. ਗਲ ਵਿੱਚ ਮੁੰਡਾਂ ਦੀ ਮਾਲਾ, ਸ਼ਰੀਰ ਤੇ ਹਾਥੀ ਦੀ ਖੱਲ, ਮੂੰਹ ਭਯਾਨਕ ਅੱਡਿਆ ਹੋਇਆ, ਜ਼ੁਬਾਨ ਬਾਹਰ ਨਿਕਲੀ ਹੋਈ, ਅੱਖੀਆਂ ਲਾਲ ਅਤੇ ਕਿਲਕਾਰੇ ਮਾਰ ਰਹੀ ਸੀ. ਇਸ ਵੇਲੇ ਇਸ ਨੇ ਦੋਹਾਂ ਦੈਤਾਂ ਨੂੰ ਮਾਰ ਲਿਆ ਤਾਂ ਉਨ੍ਹਾਂ ਦੇ ਸਿਰ ਦੁਰਗਾ ਪਾਸ ਲੈ ਗਈ, ਜਿਸ ਤੋਂ ਦੁਰਗਾ ਨੇ ਪ੍ਰਸੰਨ ਹੋ ਕੇ ਇਸ ਦਾ ਨਾਮ "ਚਾਮੁੰਡਾ" ਰੱਖ ਦਿੱਤਾ.

ਚੰਬੇ ਦੇ ਰਾਜ ਵਿੱਚ ਸਿੰਧਾਲ ਗ੍ਰਾਮ ਪਾਸ ਚਾਮੁੰਡਾ ਦਾ ਵਡਾ ਪ੍ਰਸਿੱਧ ਮੰਦਿਰ ਹੈ, ਜਿਸ ਥਾਂ ਬਹੁਤ ਪਸ਼ੂ ਬਲੀ ਦਿੱਤੇ ਜਾਂਦੇ ਹਨ। ੩. ਯੋਗਿਨੀ। ੪. ਇਲ੍ਹ. ਚੀਲ੍ਹ। ੫. ਗਿਰਝ. ਗਿੱਧ.

ਚਾਮੁੰਡਾਨੰਦਨ: ਚਾਮੁੰਡਾ ਦਾ ਪੁਤ੍ਰ ਭੈਰਵ ਦੇਵਤਾ.

ਚਾਯ: ਸੰ. चाय् ਧਾ. ਜਾਣਨਾ, ਸਮਝਣਾ, ਪੂਜਾ ਕਰਨਾ, ਸਨਮਾਨ ਕਰਨਾ। ੨. ਸੰਗਯਾ- ਚਾਉ. ਉਮੰਗ. "ਸਦਾ ਚਾਯ ਮੁਖਿ ਮਿਸ੍ਰ ਬਾਣੀ." (ਸਵੈਯੇ ਮਃ ੩. ਕੇ) ੩. ਚੀਨੀ ਭਾਸ਼ਾ ਵਿੱਚ "ਚਾ" ਸੰਗਯਾ ਦਾ ਇੱਕ ਬੂਟਾ ਅਤੇ ਉਸ ਦੇ ਪੱਤੇ. ਚਾਯ ਦੇ ਪੱਤੇ ਉਬਾਲਕੇ ਪੀਣ ਦਾ ਪ੍ਰਚਾਰ ਹੁਣ ਸਾਰੀ ਦੁਨੀਆਂ ਵਿੱਚ ਹੋ ਗਿਆ ਹੈ. ਸਭ ਤੋਂ ਪਹਿਲਾਂ ਚਾਯ ਪੀਣ ਦੀ ਕਾਢ ਚੀਨੀਆਂ ਨੇ ਕੱਢੀ

ਹੈ. ਚੀਨੀ ਆਖਦੇ ਹਨ ਕਿ ਚਾਯ ਦੀ ਉਤਪੱਤੀ ਇੱਕ ਰਿਖੀ ਦੇ ਭੌਹਾਂ ਦੇ ਵਾਲਾਂ ਤੋਂ ਹੋਈ ਹੈ. ਫ਼ਾ. چاۓ ਚਾਯ. ਅੰ. Tea. L. Camellia Thea. ਚਾਯ ਦੀ ਤਾਸੀਰ ਗਰਮ ਖ਼ੁਸ਼ਕ ਹੈ. ਗਰਮ ਦੇਸ਼ਾਂ ਵਿੱਚ ਇਸ ਦੇ ਨਿੱਤਪੀਣ ਤੋਂ ਬਹੁਤ ਨੁਕਸਾਨ ਹੁੰਦੇ ਹਨ.

ਚਾਰ: ਸੰ. ਚਤੁਰ. ਸੰਗ੍ਯਾ- ਚਹਾਰ. ਚਤ੍ਵਰ- ੪. "ਚਾਰ ਪਦਾਰਥ ਜੇ ਕੋ ਮਾਂਗੈ." (ਸੁਖਮਨੀ) ੨. ਸੰ. ਚਾਰ. ਗੁਪਤਦੂਤ. ਗੁਪਤ ਰੀਤਿ ਨਾਲ ਵਿਚਰਨ ਵਾਲਾ. "ਲੇ ਕਰ ਚਾਰ ਚਲ੍ਯੋ ਤਤਕਾਲ." (ਗੁਪ੍ਰਸੂ) ੩. ਜੇਲ. ਕੈਦਖ਼ਾਨਾ। ੪. ਗਮਨ. ਜਾਣਾ। ੫. ਦਾਸ. ਸੇਵਕ। ੬. ਆਚਾਰ. ਰੀਤਿ. ਰਸਮ। ੭. ਪ੍ਰਚਾਰ. "ਚੇਤ ਨਾ ਕੋ ਚਾਰ ਕੀਓ." (ਅਕਾਲ) ੮. ਚਾਲ ਦੀ ਥਾਂ ਭੀ ਚਾਰ ਸ਼ਬਦ ਆਇਆ ਹੈ. "ਲਖੀ ਤਿਹ ਪਾਵਚਾਰ." (ਰਾਮਾਵ) ਪੈਰਚਾਲ। ੯. ਦੇਖੋ, ਚਾਰੁ। ੧੦. ਅਭਿਚਾਰ (ਮੰਤ੍ਰਪ੍ਰਯੋਗ) ਦੀ ਥਾਂ ਭੀ ਚਾਰ ਸ਼ਬਦ ਵਰਤਿਆ ਹੈ. "ਜਬ ਲਗ ਮੰਤ੍ਰਚਾਰ ਤੈਂ ਕਰਹੈਂ." (ਚਰਿਤ੍ਰ ੩੯੪)

ਚਾਰ ਉਪਦਿਸ਼ਾ: ਦੇਖੋ, ਉਪਦਿਸ਼ਾ.

ਚਾਰ ਅੱਖਾਂ ਹੋਣੀਆਂ, ਚਾਰ ਅੱਖਾਂ ਕਰਨੀਆਂ: ਕ੍ਰਿ- ਮਿਤ੍ਰ ਦੀ ਦੋ ਅੱਖਾਂ ਨਾਲ ਆਪਣੀਆਂ ਦੋ ਅੱਖਾਂ ਜੋੜਕੇ ਇੱਕ ਰੂਪ ਹੋਣਾ. ਪਰਸਪਰ ਪ੍ਰੇਮਭਰੀ ਨਜ਼ਰ ਦੇ ਮਿਲਾਪ ਨਾਲ ਮਨ ਦਾ ਮੇਲ ਕਰਨਾ. "ਤਾਂਹਿਂ ਤੇ ਰਾਧੇ ਕਹੋਂ ਤੁਮ ਸੋਂ, ਅਬ ਚਾਰ ਭਈ ਤੁ ਬਿਚਾਰ ਨ ਕੀਜੈ." ਅਤੇ "ਚਾਰ ਭਈ ਤੁ ਬਿਚਾਰ ਕਹਾਂ ਹੈ?" (ਕ੍ਰਿਸਨਾਵ)

ਚਾਰ ਅਗਨਿ, ਚਾਰ ਅਗਨੀਆਂ: ਦੇਖੋ, ਚਾਰ ਨਦੀਆਂ। ੨. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਅਗਨਿ ਦੇ ਚਾਰ ਭੇਦ ਮੰਨੇ ਹਨ-

ਦਾਵਾ ਅਗਨਿ (ਜਿਸ ਨਾਲ ਰੋਟੀ ਪਕਾਈਦੀ ਹੈ ਅਤੇ ਜੋ ਜੰਗਲਾਂ ਨੂੰ ਸਾੜਦੀ ਹੈ)

ਜਠਰਾਗਨਿ (ਮੇਦੇ ਦੀ ਗਰਮੀ, ਜਿਸ ਨਾਲ ਖਾਧਾ ਭੋਜਨ ਹਜ਼ਮ ਹੁੰਦਾ ਹੈ) ਦੇਖੋ, ਜਠਰਾਗਨਿ.

ਅਬਿੰਧਨਾਗਨਿ (ਜੋ ਜਲ ਨੂੰ ਭਸਮ ਕਰਦੀ ਹੈ, ਬਿਜਲੀ ਅਤੇ ਵੜਵਾ ਅਗਨਿ)

ਆਕਰਜਾਗਨਿ, ਅਰਥਾਤ ਖਾਨਿ ਦੀ ਅੱਗ, ਸੁਵਰਣ (ਸੋਨਾ). ੩. ਈਰਖਾ ਅਗਨਿ, ਹੌਮੈ ਅਗਨਿ, ਕ੍ਰੋਧ ਅਗਨਿ ਅਤੇ ਤ੍ਰਿਸ਼ਨਾ ਅਗਨਿ. "ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿਜਲੁ ਪਾਇ." (ਸ੍ਰੀ ਮਃ ੧) ਇਸੇ ਸ਼ਬਦ ਵਿੱਚ ਇਹ ਤੁਕ ਭੀ ਹੈ-

"ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ." ਇਸ ਤੋਂ ਕਈ ਵਿਦ੍ਵਾਨ ਖ਼ਿਆਲ ਕਰਦੇ ਹਨ ਕਿ ਹਿੰਸਾ, ਅਭਿਮਾਨ, ਸ਼ੱਕ ਅਤੇ ਸ਼ੋਕ ਇਹ ਚਾਰ ਅਗਨੀਆਂ ਹਨ.

ਚਾਰ ਅਚਾਰ: ਚਾਰ ਵਰਣ ਆਸ਼੍ਰਮਾਂ ਦੇ ਆਚਾਰ. "ਚਾਰ ਅਚਾਰ ਰਹੇ ਉਰਝਾਇ." (ਗਉ ਕਬੀਰ) ੨. ਸ਼ਾਸਤ੍ਰਾਂ ਅਨੁਸਾਰ ਸੁਭ ਅਸੁਭ (ਵਿਹਿਤ ਨਿਸ਼ਿੱਧ) ਕਰਮ.

ਚਾਰ ਆਸ਼੍ਰਮ: ਹਿੰਦੂਮਤ ਅਨੁਸਾਰ ਜੀਵਨ ਦੇ ਚਾਰ ਦਰਜੇ-

(ੳ) ਬ੍ਰਹਮਚਰਯ, ਅਰਥਾਤ ਜਨੇਊ ਧਾਰਕੇ ਵੇਦ ਪੜ੍ਹਨ ਵਾਸਤੇ ਗੁਰੂ ਦੇ ਪਾਸ ੨੫ ਵਰ੍ਹੇ ਦੀ. ਉਮਰ ਤੀਕ ਕਾਮਾਦਿ ਵਿਕਾਰ ਤ੍ਯਾਗਕੇ ਰਹਿਣਾ.

(ਅ) ਇਸ ਪਿੱਛੋਂ ਗੁਰੁਦਕ੍ਸ਼ਿਣਾ ਦੇ ਕੇ ਘਰ ਆਕੇ ਇਸਤ੍ਰੀ ਵਿਆਹਕੇ ਗ੍ਰਿਹਸ੍ਥਜੀਵਨ ੫੦ ਵਰ੍ਹੇ ਦੀ. ਉਮਰ ਤੀਕ ਗੁਜ਼ਾਰਨਾ.

(ੲ) ਇਸ ਪਿੱਛੋਂ ਇਸਤ੍ਰੀ ਸਮੇਤ ਅਥਵਾ ਇਕੱਲੇ ਹੀ ਵਾਨਪ੍ਰਸ੍ਥ ਕਰਨਾ, ਅਰਥਾਤ ਬਨ ਵਿੱਚ ਰਹਿਕੇ ਅਗਨਿਹੋਤ੍ਰ ਆਦਿਕ ਕਰਮ ਕਰਦੇ ਹੋਏ ਏਕਾਂਤ ਜੀਵਨ ਵਿਤਾਉਣਾ ਅਤੇ ਇਸ ਦਸ਼ਾ ਵਿੱਚ ੭੫ ਵਰ੍ਹੇ ਦੀ ਉਮਰ ਤੀਕ ਰਹਿਣਾ.

(ਸ) ਇਸ ਪਿੱਛੋਂ ਸੰਨ੍ਯਾਸ ਧਾਰਕੇ ਅਗਨਿਹੋਤ੍ਰ ਆਦਿ ਸਭ ਕਰਮਾਂ ਦਾ ਤ੍ਯਾਗ, ਅਰ ਭਿਖ੍ਯਾ ਨਾਲ ਸ਼ਰੀਰ ਦਾ ਨਿਰਵਾਹ ਕਰਨਾ "ਚਾਰ ਵਰਨ ਚਾਰ ਆਸ੍ਰਮ ਹਹਿ, ਜੋ ਹਰਿ ਧਿਆਵੈ ਸੋ ਪਰਧਾਨੁ." (ਗੌਂਡ ਮਃ ੪)

ਚਾਰ ਅੰਗ ਨੀਤਿ ਦੇ: ਦੇਖੋ, ਨੀਤਿ ਦੇ ਚਾਰ ਅੰਗ.

**ਚਾਰ ਸਾਧਨ:** ਮੁਕਤਿ ਦੇ ਚਾਰ ਉਪਾਉ- ਵਿਵੇਕ, ਵੈਰਾਗ੍ਯ, ਖਟਸੰਪੱਤਿ ਅਤੇ ਮੁਮੁਕ੍ਸ਼ਤਾ. ਦੇਖੋ, ਚਤੁਸ਼੍ਟਯ.

**ਚਾਰ ਸਿੱਧਿ:** ਦੇਖੋ, ਚਾਰ ਮੁਕਤਿ। ੨. ਧਰਮ, ਅਰਥ, ਕਾਮ, ਮੋਕ੍ਸ਼ ਦੀ ਸਿੱਧਿ.

**ਚਾਰਹ:** ਦੇਖੋ, ਚਾਰਾ.

**ਚਾਰਹਸਾਜ਼ੀ:** ਫ਼ਾ. چارہ سازی ਸੰਗ੍ਯਾ- ਹੀਲਾ (ਬਹਾਨਾ) ਕਰਨ ਦੀ ਕ੍ਰਿਯਾ। ੨. ਯਤਨ ਕਰਨਾ.

**ਚਾਰਕ:** ਵਿ- ਚਲਾਉਣ ਵਾਲਾ. ਪ੍ਰੇਰਕ। ੨. ਸੰਗ੍ਯਾ- ਚਰਵਾਹਾ। ੩. ਜਾਸੂਸ. ਦੂਤ.

**ਚਾਰ ਕਿਤਾਬਾਂ:** "ਵੇਖ ਤੌਰੇਤ ਅੰਜੀਲ ਨੂੰ ਜ਼ੰਬੂਰੇ ਫ਼ੁਰਕਾਨ." (ਮਗੋ) ਦੇਖੋ, ਕਤੇਬ.

**ਚਾਰ ਕਿਲਵਿਖ:** ਛਾਂਦੋਗ੍ਯ ਉਪਨਿਸ਼ਦ, ਮਨੂ ਅਤੇ ਲਿਖਿਤ ਸਿਮ੍ਰਿਤੀ ਵਿੱਚ ਦੱਸੇ ਚਾਰ ਪਾਪ- ਬ੍ਰਹਮਹਤ੍ਯਾ, ਸ਼ਰਾਬ ਦਾ ਪੀਣਾ, ਚੋਰੀ, ਗੁਰੁਇਸਤਰੀਗਮਨ।[21] ੨. ਬ੍ਰਹਮਵੇਤਾ ਦਾ ਮਾਰਨਾ ਗਊਵਧ, ਕੰਨ੍ਯਾਵਧ, ਭ੍ਰਸ਼੍ਟਾਚਾਰੀ ਦਾ ਅੰਨ ਖਾਣਾ. "ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ." (ਸਵਾ ਮਃ ੩) "ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰ." (ਸ੍ਰੀ ਅਃ ਮਃ ੫) ੩. ਖ਼ਾਲਸਾਮਤ ਅਨੁਸਾਰ- ਮੁੰਡਨ ਕਰਾਉਣਾ, ਪਰਇਸਤ੍ਰੀਗਮਨ, ਤਮਾਖੂ ਆਦਿ ਨਸ਼ਿਆਂ ਦਾ ਵਰਤਣਾ, ਕੁੱਠਾ ਖਾਣਾ, ਇਹ ਮਹਾਨ ਚਾਰ ਕਿਲਵਿਖ ਹਨ.

**ਚਾਰ ਕੁਰਹਿਤਾਂ:** ਦੇਖੋ, ਚਾਰ ਕਿਲਵਿਖ ੩.

**ਚਾਰਗਾਹ:** ਇੱਕ ਪ੍ਰਕਾਰ ਦੀ ਸਿਤਾਰ, ਜਿਸ ਦੇ ਚਾਰ ਤਾਰਾਂ ਹੁੰਦੀਆਂ ਹਨ. ਬਜਾਉਣ ਦਾ ਜੋੜਾ ਅਤੇ ਦੋ ਤਾਰਾਂ ਸੁਰ ਦੀ ਸਹਾਇਤਾ ਲਈ. ਧਾਤੁ ਦੀ ਸੁੰਦਰੀਆਂ ਦੇ ਥਾਂ, ਤੰਦ ਦੇ ਬੰਦ ਬੱਧੇ ਹੁੰਦੇ ਹਨ। ੨. ਦੇਖੋ, ਸਿਤਾਰ.

**ਚਾਰਚੱਛੁ:** ਵਿ- ਚਾਰੇ ਪਾਸੇ ਚਕ੍ਸ਼ੁ (ਨੇਤ੍ਰ) ਰੱਖਣ ਵਾਲਾ. ਸਾਵਧਾਨ. ਹੋਸ਼ਿਯਾਰ। ੨. ਸੰ. ਚਾਰਚਕ੍ਸ਼ੁਃ ਚਾਰ (ਦੂਤ) ਹਨ ਜਿਸ ਦੇ ਨੇਤ੍ਰ. ਗੁਪਤ ਦੂਤਾਂ ਨਾਲ ਪ੍ਰਜਾ ਦਾ ਹਾਲ ਵੇਖਣ ਵਾਲਾ ਰਾਜਾ.

**ਚਾਰਚਰਣ, ਚਾਰਚਰਨ:** ਸੰਗ੍ਯਾ- ਪਸ਼ੂ. ਚੁਪਾਇਆ. "ਚਾਰਚਰਨ ਕਹਹਿ ਬਹੁ ਆਗਰ." (ਗਉ ਕਬੀਰ) ੨. ਚਾਰ ਭਾਗ. ਚਾਰ ਹਿੱਸੇ। ੩. ਧਰਮ ਦੇ ਚਾਰ ਪਾਦ. ਦੇਖੋ, ਚਾਰ ਪਗ ਅਤੇ ਧਰਮ ਦੇ ਚਾਰ ਚਰਣ। ੪. ਛੰਦ ਦੀਆਂ ਚਾਰ ਤੁਕਾਂ.

**ਚਾਰ ਚੌਕੀਆਂ:** ਕੀਰਤਨ ਦੀਆਂ ਚਾਰ ਸਮੇਂ ਭਜਨ ਮੰਡਲੀਆਂ. ਗੁਰੂ ਅਰਜਨ ਦੇਵ ਜੀ ਦੀ ਥਾਪੀ ਹੋਈ ਚਾਰ ਸਮੇਂ ਕੀਰਤਨ ਦੀ ਰੀਤੀ-

੧. ਅਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਕੀ.

੨. ਸਵਾ ਪਹਿਰ ਦਿਨ ਚੜ੍ਹੇ ਚਰਨਕਵਲ ਦੀ ਚੌਕੀ. "ਚਰਨਕਵਲ ਪ੍ਰਭ ਕੇ ਨਿਤ ਧਿਆਏ"- ਸ਼ਬਦ ਗਾਏ ਜਾਣ ਤੋਂ ਇਹ ਸੰਗ੍ਯਾ ਹੈ.

੩. ਸੰਝ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਦੀ ਚੌਕੀ. "ਸੋਦਰ ਕੇਹਾ ਸੋ ਘਰ ਕੇਹਾ" ਸ਼ਬਦ ਕਰਕੇ ਇਹ ਸੰਗ੍ਯਾ ਹੈ.

੪. ਚਾਰ ਘੜੀ ਰਾਤ ਵੀਤਣ ਪੁਰ ਕੁਲ੍ਯਾਨ ਦੀ ਚੌਕੀ, ਜਿਸ ਵਿੱਚ ਕਲ੍ਯਾਨ ਰਾਗ ਦੇ ਸ਼ਬਦ ਗਾਏ ਜਾਂਦੇ ਹਨ.

**ਚਾਰਛਿਅ:** ਚਾਰ ਅਤੇ ਛੀ, ਦਸ. "ਇਹ ਬਿਖਿਆ ਦਿਨ ਚਾਰਛਿਅ." (ਬਾਵਨ) ਭਾਵ- ਚੰਦਰੋਜ਼ਾ। ੨. ਚੰਦ੍ਰਮਾ ਦੇ ਹਿਸਾਬ ਵਰ੍ਹੇ ਵਿੱਚ ਦਸ ਦਿਨਾਂ ਦਾ ਫਰਕ, ਜਿਸ ਤੋਂ ਤੀਜੇ ਵਰ੍ਹੇ ਲੌਂਦ ਦਾ ਮਹੀਨਾ ਬਣਦਾ ਹੈ, ਅਤੇ ਮੁਸਲਮਾਨਾਂ ਦੇ ਮਹੀਨੇ ਮੌਸਮਾਂ ਵਿੱਚ ਬਦਲਕੇ ਆਉਂਦੇ ਰਹਿੰਦੇ ਹਨ. ਭਾਵ- ਜੋ ਇੱਕਰਸ ਨਾ ਰਹੇ.

**ਚਾਰਜ:** ਦੇਖੋ, ਆਚਾਰਯ.

**ਚਾਰਜਸੁਕ੍ਰਾ:** ਸ਼ੁਕ੍ਰਾਚਾਰਯ ਦੇਖੋ, ਸੁਕ੍ਰ ੪.

ਚਾਰਜਾਮਾ: ਫ਼ਾ. چارجامہ ਸੰਗਯਾ- ਘੋੜੇ ਦਾ ਜ਼ੀਨ. ਨਮਦੇ ਨਾਲ ਭਰਿਆ ਘੋੜੇ ਦੀ ਪਿੱਠ ਪੁਰ ਰੱਖਿਆ ਕੋਮਲ ਆਸਨ.

ਚਾਰਣ: ਸੰ. ਸੰਗ੍ਯਾ- ਵੰਸ਼ ਦੀ ਕੀਰਤਿ ਗਾਉਣ ਵਾਲਾ ਭੱਟ. ਬੰਦੀਜਨ. "ਜਿਸ ਕੋ ਜਸ ਬੇਦ ਪਢੈਂ ਸਮ ਚਾਰਣ." (ਗੁਪ੍ਰਸੂ) ੨. ਰਾਜਪੂਤਾਂ ਦੀ ਇੱਕ ਜਾਤਿ। ੩. ਚਰਣ (ਵਿਚਰਣ) ਦਾ ਭਾਵ. "ਚੰਚਲ ਚਖ ਚਾਰਣ ਮੱਛ ਬਿਡਾਰਣ." (ਗ੍ਯਾਨ) ਚੰਚਲਤਾ ਨਾਲ ਨੇਤ੍ਰਾਂ ਦਾ ਫਿਰਣਾ, ਮੱਛੀ ਦੀ ਚਪਲਤਾ ਨੂੰ ਦੂਰ ਕਰਦਾ ਹੈ। ੪. ਸੰਗੀਤ ਅਨੁਸਾਰ ਨ੍ਰਿਤ੍ਯ ਵੇਲੇ ਘੁੰਘਰੂ ਵਜਾਉਣ ਵਾਲਾ ਅਤੇ ਹਾਸੀ ਦੇ ਵਚਨ ਕਹਿਣ ਵਾਲਾ 'ਚਾਰਣ' ਹੈ। ੫. ਵਿ- ਫਿਰਣ ਵਾਲਾ। ੬. ਦੇਖੋ, ਚਾਰਣੋ.

ਚਾਰਣੀ ਦੋਹਰਾ: ਦੇਖੋ, ਦੋਹਰੇ ਦਾ ਰੂਪ ੯.

ਚਾਰਣੋ: ਵਿ- ਚਰਣਾਂ ਦਾ. "ਨਾਨਕ ਬਿਰਹੀ ਚਾਰਣੋ." (ਵਾਰ ਰਾਮ ੨. ਮਃ ੫) ਚਰਣਾਂ ਦਾ ਪ੍ਰੇਮੀ। ੨. ਦੇਖੋ, ਚਾਰਣ.

ਚਾਰ ਤਖ਼ਤ: ਸਤਿਗੁਰਾਂ ਦੇ ਚਾਰ ਸਿੰਘਾਸਨ. ਅਮ੍ਰਿਤਸਰ ਵਿੱਚ ਅਕਾਲਬੁੰਗਾ, ਪਟਨੇ ਵਿੱਚ ਹਰਿਮੰਦਿਰ ਆਨੰਦਪੁਰ ਵਿੱਚ ਕੇਸ਼ਗੜ੍ਹ ਅਤੇ ਨੰਦੇੜ ਪਾਸ ਅਬਿਚਲਨਗਰ.

ਚਾਰ ਤਨਖਾਹਾਂ: ਧਰਮਦੰਡ ਯੋਗ੍ਯ ਚਾਰ ਪਾਪ. ਦੇਖੋ, ਚਾਰ ਕਿਲਵਿਖ ੩.

ਚਾਰ ਤਾਲ: ਸੰਗ੍ਯਾ- ਚੌਤਾਲ. ਸੰਗੀਤ ਅਨੁਸਾਰ ਤਾਲ ਦਾ ਇੱਕ ਭੇਦ. ਇਸ ਤਾਲ ਵਿੱਚ ਛੀ ਦੀਰਘ ਅਤੇ ਬਾਰਾਂ ਲਘੁ ਮਾਤ੍ਰਾ ਹੁੰਦੀਆਂ ਹਨ. ਚਾਰ ਆਘਾਤ ਅਤੇ ਦੋ ਖਾਲੀ.

ਇਸ ਦਾ ਬੋਲ-

ਧਾ ਧਾ ਧਿਨਤਾ ਕੱਤਾ ਗੇਦਿਨਤਾ ਤੇ ਟੇਕਤਾ ਗੇਦਿ ਧਿਨ.

ਹੋਰ-

ਧਿੰ ਧਿੰ ਧਾਗੇ ਤ੍ਰਿਕ, ਤਿੰ ਤਾ ਤਿੰ ਤਿੰ, ਧਾਗੇ ਤ੍ਰਿਕ, ਧਿੰ ਧਾ.

ਚਾਰਦਿਸ਼ਾ: ਪੂਰਵ (ਪੂਰਬ). ਮਸ਼ਰਿਕ਼ East. ਪਸ਼੍ਚਿਮ (ਪੱਛਮ) ਮਗ਼ਰਿਬ. West. ਉੱਤਰ. ਸ਼ੁਮਾਲ. North. ਦਕ੍ਸ਼ਿਣ (ਦੱਖਣ). ਜਨੂਬ. South.

ਚਾਰ ਦਿਨ, ਚਾਰ ਦਿਨ ਦਾ ਤਮਾਸ਼ਾ, ਚਾਰ ਦਿਨ ਦਾ ਪਰਾਹੁਣਾ, ਚਾਰ ਦਿਨ ਨੌਬਤ ਵਜਾਉਣੀ, ਚਾਰ ਦਿਵਸ: ਭਾਵ- ਚੰਦ ਰੋਜ਼. ਥੋੜੇ ਦਿਨਾ ਲਈ. ਥੋੜੇ ਦਿਨਾ ਦੀ ਖੇਡ. ਥੋੜੇ ਦਿਨ ਰਹਿਣ ਵਾਲਾ. ਚਾਰ ਦਿਨ ਹੁਕੂਮਤ ਦਾ ਵਾਜਾ ਵਜਾਉਣਾ. "ਚਾਰ ਦਿਵਸ ਕੇ ਪਾਹੁਨੇ." (ਸ. ਕਬੀਰ) "ਚਾਰ ਦਿਨ ਅਪਨੀ ਨਉਬਤਿ ਚਲੇ ਬਜਾਏ." (ਕੇਦਾ ਕਬੀਰ)

ਮਾਨਿਕ ਨਗੀਨੇ ਲਾਲ ਹੀਰਨ ਕੇ ਧੌਲਹਰ

ਦੇਵਨ ਕੇ ਕਾਰੀਗਰ ਆਨਕੈ ਸਜਾ ਗਏ,

ਪੇਖਤੇ ਪ੍ਰਚੰਡ ਨਵੌਂ ਖੰਡ ਮੈ ਅਡੰਬ ਓਜ

ਦੇਖਤੇ ਪ੍ਰਤਾਪੈਂ ਮਾਰਤੰਡ ਸੇ ਲਜਾ ਗਏ,

ਕੋਟਿ ਕੋਟਿ ਬੀਰ ਏਕੋ ਤੀਰ ਸੌਂ ਚਲਾਏ ਵ੍ਯੋਮ

ਚਾਪ ਕੇ ਚਢਾਏ ਝੁੰਡ ਬਾਹਨੀ ਭਜਾਗਏ,

"ਕੇਸ਼ਰੀਨਿਹਾਲ" ਕਹਾਂ ਝੂਲਤੇ ਨਿਸਾਨ ਵਾਂਕੇ?

ਚਾਰ ਦਯੋਸ ਆਪਨੀ ਸੁ ਨੌਬਤ ਬਜਾ ਗਏ.

ਪਾਇ ਪ੍ਰਭੁਤਾਈ ਕਛੁ ਕੀਜਿਯੇ ਭਲਾਈ, ਭਾਈ!

ਛੋਡਿ ਜਢਤਾਈ ਬੈਨ ਮਾਨਿਯੇ ਕਵਿਨ ਕੇ

ਜਸ ਅਪਜਸ ਰਹਿਜਾਤ ਪੁਹਮੀ ਕੇ ਬੀਚ

ਮੁਲਕ ਖਜਾਨਾ ਔਰ ਸਾਥ ਗਯੋ ਕਿਨ ਕੇ,

ਛੁਦ੍ਰ ਛਿਤਿਪਾਲਨ ਕੀ ਗਿਨਤੀ ਕਰਾਵੈ ਕੌਨ?

ਰਾਵਨ ਸੇ ਹ੍ਵੈਗਏ ਤ੍ਰਿਲੋਕਿ ਬਸਿ ਜਿਨ ਕੇ,

ਚੋਬਦਾਰ ਚਾਕਰ ਚਮੂਪਤਿ ਚਮਰ ਕਰੈਂ

ਮੰਦਿਰ ਮਤੰਗ ਯੇ ਤਮਾਸ਼ੇ ਚਾਰ ਦਿਨ ਕੇ.

ਚਾਰਦੀਵੇ: ਚਾਰ ਯੁਗਾਂ ਦੇ ਪ੍ਰਕਾਸ਼ਕ ਚਾਰ ਧਰਮ. ਦੇਖੋ, ਯੁਗਧਰਮ. "ਚਾਰੇ ਦੀਵੇ ਚਹੁ ਹਥਿ ਦੀਏ, ਏਕਾ ਏਕਾ ਵਾਰੀ." (ਬਸੰ. ਅਃ ਮਃ ੧) ੨. ਚਾਰ ਵਰਣ ਆਸ਼੍ਰਮਾਂ ਦੇ ਧਰਮ.

ਚਾਰਧੂੰਏ, ਚਾਰਧੂੰਣੇ, ਚਾਰਧੂਨੇ: ਦੇਖੋ, ਉਦਾਸੀ.

ਚਾਰਨ: ਦੇਖੋ, ਚਾਰਣ। ੨. ਅਹੇੜੀਆਂ ਦੀ ਇੱਕ ਜਾਤਿ.

ਚਾਰ ਨਦੀਆਂ: "ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ." (ਵਾਰ ਮਾਝ ਮਃ ੧)

ਹਿੰਸਾ- ਜੀਵਾਂ ਨੂੰ ਦੁਖ ਦੇਣਾ.

ਹਿਤ (ਮੋਹ)- ਅਗਜਾਨਵਸ਼ਿ ਹੋ ਕੇ ਪਦਾਰਥਾਂ ਦਾ ਸਨੇਹ.

ਲੋਭ- ਅਯੋਗ ਰੀਤਿ ਨਾਲ ਪਦਾਰਥਾਂ ਦੇ ਲੈਣ ਦੀ ਇੱਛਾ.

ਕ੍ਰੋਧ- ਅਕਾਰਣ ਗ਼ੁੱਸੇ ਵਿੱਚ ਸੜਨਾ ਅਤੇ ਹੋਰਨਾਂ ਨੂੰ ਹਾਨੀ ਪੁਚਾਉਣੀ.

ਚਾਰ ਪਗ: ਧਰਮ ਦੇ ਚਾਰ ਭਾਗ. ਚਾਰ ਅੰਗ- ਸੰਤੋਖ, ਜਤ, ਤਪ, ਨਾਮਕੀਰਤਨ. "ਪਗ ਚਾਰੇ ਧਰਮ ਧਿਆਨ ਜੀਉ." (ਆਸਾ ਛੰਤ ਮਃ ੪) ੨. ਕਿਤਨੇ ਗ੍ਰੰਥਾਂ ਵਿੱਚ- ਸਤਜ, ਤਪ, ਦਯਾ, ਦਾਨ- ਇਹ ਧਰਮ ਦੇ ਚਾਰ ਪੈਰ ਲਿਖੇ ਹਨ। ੩. ਦੇਖੋ, ਧਰਮ ਦੇ ਚਾਰ ਚਰਣ.

ਚਾਰ ਪਦਾਰਥ: ਅਰਥ, ਧਰਮ, ਕਾਮ, ਮੋਕ੍ਸ਼[22] "ਚਾਰ ਪਦਾਰਥ ਜੇ ਕੋ ਮਾਂਗੈ। ਸਾਧੁਜਨਾ ਕੀ ਸੇਵਾ ਲਾਗੈ." (ਸੁਖਮਨੀ) "ਅਰਥ ਧਰਮ ਕਾਮ ਮੋਖ ਕਾ ਦਾਤਾ." (ਬਿਲਾ ਮਃ ੪)

ਚਾਰ ਪਾਤਕ, ਚਾਰ ਪਾਪ: ਦੇਖੋ, ਚਾਰ ਕਿਲਵਿਖ.

ਚਾਰ ਪੁਰਖ: ਚਾਰ ਪ੍ਰਕਾਰ ਦਾ ਪੁਰੁਸ਼.

"ਨਰ ਏਕ ਅਕੀਨਹੀ ਪ੍ਰੀਤਿ ਕਰੇ

ਇਕ ਕੀਨ ਕਰੇ, ਇਕ ਕੀਨ ਜੁ ਜਾਨੇ,

ਏਕ ਨ ਪ੍ਰੀਤਿ ਕੇ ਭੇਦ ਜਨੈ

ਜੋਉ ਪ੍ਰੀਤਿ ਕਰੈ ਅਰਿਕੈ ਤਿਹ ਮਾਨੇ." (ਕ੍ਰਿਸਨਾਵ) ਇੱਕ ਆਦਮੀ ਬਿਨਾ ਪ੍ਰੀਤਿ ਕੀਤੇ ਹੀ, ਅਰਥਾਤ ਜੇ ਉਨ੍ਹਾਂ ਨਾਲ ਪ੍ਰੇਮ ਨਾ ਭੀ ਕਰੀਏ, ਤਦ ਭੀ ਦੂਜਿਆਂ ਨਾਲ ਪ੍ਰੇਮ ਕਰਦੇ ਹਨ, ਇਕ ਪ੍ਰੀਤਿ ਦੇ ਬਦਲੇ ਪ੍ਰੇਮ ਕਰਦੇ ਹਨ, ਇੱਕ ਕੀਤੇ ਉਪਕਾਰ ਨੂੰ

ਮੰਨਦੇ ਹਨ, ਇੱਕ ਪ੍ਰੀਤਿ ਕਰਨ ਵਾਲਿਆਂ ਨਾਲ ਪ੍ਰੇਮ ਦੀ ਥਾਂ ਵੈਰ ਕਰਦੇ ਹਨ। ੨. ਰਤਿਸ਼ਾਸਤ੍ਰ ਅਨੁਸਾਰ- ਸ਼ਸ਼ਕ, ਹਰਿਣ, ਵ੍ਰਿਸ਼ਭ ਅਤੇ ਤੁਰੰਗ. ਦੇਖੋ, ਪੁਰਖਜਾਤਿ.

ਚਾਰਪੈਰ: ਦੇਖੋ, ਚਾਰ ਚਰਣ। ੨. ਦ੍ਵੰਦਯੁੱਧ ਕਰਨ ਵਾਲੇ ਦੋ ਯੋਧਾ. ਜੰਗ ਵਿੱਚ ਜੁਟੇ ਹੋਏ ਦੋ ਸੂਰਮੇ, ਜਿਨ੍ਹਾਂ ਦੇ ਚਾਰ ਪੈਰ ਹੁੰਦੇ ਹਨ. "ਨ ਚਾਰ ਪੈਰ ਭਾਜਿਯੰ." (ਵਿਚਿਤ੍ਰ) ੩. ਚਾਰ ਕ਼ਦਮ. ਚਾਰ ਡਿੰਘ.

ਚਾਰ ਪ੍ਰਕਾਰ ਦੀ ਚਰਚਾ: ਦੇਖੋ, ਚਰਚਾ.

ਚਾਰ ਪ੍ਰਕਾਰ ਦੇ ਭਗਤ: ਦੇਖੋ, ਭਗਤ.

ਚਾਰ ਪ੍ਰਕਾਰ ਦੇ ਭੋਜਨ: ਦੇਖੋ, ਭੋਜਨ.

ਚਾਰ ਫਰਿਸ਼ਤੇ: ਦੇਖੋ, ਫਰਿਸ਼ਤਾ.

ਚਾਰਬਕਤ੍ਰ: ਸੰਗਯਾ- ਚਾਰ ਹਨ ਵਕਤ੍ਰ (ਮੁਖ) ਜਿਸ ਦੇ ਬ੍ਰਹ੍ਮਾ. ਚਤੁਰਾਨਨ. "ਡਰਯੋ ਚਾਰਬਕਤ੍ਰੰ." (ਚੰਡੀ ੨)

ਚਾਰ ਬਰਣ, ਚਾਰ ਬਰਨ: ਦੇਖੋ, ਚਾਰਿ ਵਰਣ. "ਚਾਰਿ ਬਰਨ ਚਾਰਿ ਆਸ੍ਰਮ ਹੈ." (ਕਾਨ ਪੜਤਾਲ ਮਃ ੪)

ਚਾਰਬਾਕ: ਵਿ- ਚੰਚਲ. ਚਾਲਾਕ। ੨. ਦੇਖੋ, ਚਾਰਵਾਕ.

ਚਾਰ ਬਾਣੀਆਂ: ਪਰਾ, ਪਸ਼ਯੰਤੀ, ਮਧ੍ਯਮਾ, ਵੈਖਰੀ. ਮੂਲਾਧਾਰਾ ਵਿੱਚ ਰਹਿਣ ਵਾਲਾ ਸ਼ਬਦ ਪਰਾ, ਮੂਲਾਧਾਰ ਤੋਂ ਉਠਕੇ ਹ੍ਰਿਦੇ ਵਿੱਚ ਆਇਆ ਸ਼ਬਦ ਪਸ਼ਯੰਤੀ. ਹ੍ਰਿਦੇ ਤੋਂ ਕੰਠ ਵਿੱਚ ਆਇਆ ਸ਼ਬਦ ਮਧ੍ਯਮਾ, ਮੁਖ ਤੋਂ ਉੱਚਾਰਣ ਹੋਇਆ ਸ਼ਬਦ ਵੈਖਰੀ ਬਾਣੀ ਹੈ. "ਖਾਣੀ ਚਾਰੇ ਬਾਣੀ ਭੇਦਾ." (ਬਿਲਾ ਮਃ ੧. ਥਿਤੀ) "ਬਾਬੇ ਕਹਿਆ ਚਾਰ ਬਾਣੀਆਂ ਹੈਨ- ਪਹਿਲੇ ਪਰਾ, ਦੂਜੀ ਪਸੰਤੀ (ਪਸ਼ਯੰਤੀ), ਤੀਜੀ ਮੱਧਮਾ (ਮਧ੍ਯਮਾ), ਚੌਥੀ ਬੈਖਰੀ (ਵੈਖਰੀ), ਪਰ ਸੋਈ ਬਾਣੀ ਵਿਸੇਖ ਹੈ ਜੋ ਯਕਦਿਲ ਹੋ ਕੇ ਕਰਤਾਰ ਨੂੰ ਯਾਦ ਕਰੀਏ." (ਜਸਭਾਮ)

ਚਾਰ ਬਾਰ ਨਾਇਕ ਪਦ, ਚਾਰ ਬਾਰ ਨ੍ਰਿਪ ਪਦ, ਚਾਰ ਬਾਰ ਪਤਿ ਪਦ: ਸ਼ਸਤ੍ਰਨਾਮਮਾਲਾ ਵਿੱਚ ਇਹ ਪਦ ਕਈ ਵਾਰ ਆਉਂਦੇ ਹਨ. ਯਥਾ- "ਆਦਿ ਸਬਦ ਮਾਤੰਗ ਭਣੀਜੈ। ਚਾਰ ਬਾਰ ਨ੍ਰਿਪ ਪਦ ਕੋ ਦੀਜੈ। ਅਰਿਣੀ ਤਾਂਕੇ ਅੰਤ ਬਖਾਨੋ। ਸਭ ਸ੍ਰੀ ਨਾਮ ਤੁਪਕ ਕੇ ਜਾਨੋ." (੧੨੫੦) ਮਾਤੰਗ ਨ੍ਰਿਪ ਨ੍ਰਿਪ ਨ੍ਰਿਪ ਨ੍ਰਿਪ ਅਰਿ. ਮਾਤੰਗ (ਹਾਥੀ) ਦਾ ਸ੍ਵਾਮੀ ਇੰਦ੍ਰ, ਉਸ ਦਾ ਸ੍ਵਾਮੀ ਕਸ਼ਯਪ, ਉਸ ਦੀ ਮਾਲਕੀਯਤ ਪ੍ਰਿਥਿਵੀ, ਪ੍ਰਿਥਿਵੀ ਦੇ ਲੋਕਾਂ ਦੀ ਰਖ੍ਯਾ ਕਰਨ ਵਾਲੀ ਰਾਜਾ ਦੀ ਸੈਨਾ, ਉਸ ਦੀ ਵੈਰਣ ਬੰਦੂਕ. ਇਵੇਂ ਹੀ ਨ੍ਰਿਪ ਦੀ ਥਾਂ ਕਿਤੇ ਨਾਇਕਪਦ ਅਤੇ ਕਿਤੇ ਪਤਿ ਸ਼ਬਦ ਆਉਂਦਾ ਹੈ. ਦੇਖੋ, ਅੰਕ ੧੨੮੪.

ਚਾਰ ਬਿਚਾਰ: ਆਚਾਰ ਅਤੇ ਵਿਚਾਰ. ਕ੍ਰਿਯਾ ਅਤੇ ਵਿਚਾਰਸ਼ਕਤਿ. "ਚਾਰ ਬਿਚਾਰ ਬਿਨਸਿਓ ਸਭ ਦੂਆ." (ਬਾਵਨ)

ਚਾਰ ਬਿਨਾਸੀ ਖਟਹਿ ਬਿਨਾਸੀ: (ਸਾਰ ਮਃ ੫) ਚਾਰ ਵਰਣ ਖਟ ਦਰਸ਼ਨ। ੨. ਚਾਰ ਵੇਦ ਖਟ ਸ਼ਾਸਤ੍ਰ.

ਚਾਰ ਬੀਰ: ਕਾਵ੍ਯ ਅਨੁਸਾਰ ਵੀਰ ਰਸ ਦੇ ਚਾਰ ਭੇਦ. ਦਾਨ ਵੀਰ, ਧਰਮ ਵੀਰ, ਦਯਾ ਵੀਰ, ਯੁੱਧ ਵੀਰ, ਦੇਖੋ, ਵੀਰ ੭.

ਚਾਰ ਬੇਦ: ਦੇਖੋ, ਵੇਦ.

ਚਾਰਭਈ: ਦੇਖੋ, ਚਾਰ ਅੱਖਾਂ ਹੋਣੀਆਂ.

ਚਾਰ ਭੂਖਣ: ਦੇਖੋ, ਭੂਖਣ.

ਚਾਰ ਭੂਖਣ ਵਿਦ੍ਯਾ ਦੇ: ਦੇਖੋ, ਵਿਦ੍ਯਾ ਦੇ ਚਾਰ ਭੂਖਣ.

ਚਾਰ ਮਗ਼ਜ਼: ਸੰਗ੍ਯਾ- ਚਹਾਰ ਮਗ਼ਜ਼. ਚਾਰ ਗਿਰੀਆਂ, ਜੋ ਸਰਦਾਈ ਅਤੇ ਅਨੇਕ ਦਵਾਈਆਂ ਵਿੱਚ ਵਰਤੀਦੀਆਂ ਹਨ-

ਖੱਖੜੀ, ਖ਼ਰਬੂਜ਼ਾ, ਕੱਦੂ ਅਤੇ ਤਰਬੂਜ਼ ਦੀ ਗਿਰੀ.

ਚਾਰ ਮਜਬ: ਦੇਖੋ, ਸੁੰਨੀ। ੨. ਦੇਖੋ, ਇਸਲਾਮ ਦੇ ਫਿਰਕੇ। ੩. ਨਿਰੰਕਾਰੀ, ਮੂਰਤੀਪੂਜਕ, ਮਾਯਾ (ਪ੍ਰਕ੍ਰਿਤਿ) ਉਪਾਸਕ, ਨਾਸ੍ਤਿਕ.

ਚਾਰ ਮਰੰਤਹ, ਚਾਰ ਮਰੰਤੇ: ਦੇਖੋ, ਏਕ ਮਰੰਤੇ.

ਚਾਰ ਮਾਲਾ: ਚਾਰ ਮਤਾਂ ਦੀ ਮਾਲਾ. ਵੈਸ਼ਨਵਾਂ ਦੀ ਮਾਲਾ ਤੁਲਸੀ, ਕਮਲਗੱਟਾ ਅਤੇ ਸਫ਼ੇਦ ਚੰਦਨ ਦੀ। ਸ਼ਾਕ੍ਤਿਕਾਂ ਦੀ ਮਾਲਾ ਲਾਲ ਚੰਦਨ ਦੀ। ਸ਼ੈਵਾਂ ਦੀ ਮਾਲਾ ਰੁਦ੍ਰਾਕ੍ਸ਼ ਦੀ।ਸੌਰ (ਸੂਰਯ ਉਪਾਸਕਾਂ ਦੀ ਮਾਲਾ) ਸੁਵਰਣ (ਸੋਨੇ) ਦੀ। "ਮਾਲਾ ਮੇਲੀ ਚਾਰ." (ਸ. ਕਬੀਰ) ੨. ਚਾਰ ਪ੍ਰਕਾਰ ਦੀ ਮਾਲਾ, ਜਿਸ ਵਿੱਚ ਸਭ ਮਤਾਂ ਦੀਆਂ ਜਪਨੀਆਂ ਆ ਜਾਂਦੀਆਂ ਹਨ- ਕਾਸ਼੍ਠਮਾਲਾ, ਫਲਮਾਲਾ, ਧਾਤੁਮਾਲਾ ਅਤੇ ਰਤਨਮਾਲਾ. ਦੇਖੋ, ਜਪਮਾਲਾ.

ਚਾਰਮੁਕਤਿ: ਚਾਰ ਪ੍ਰਕਾਰ ਦੀ ਮੁਕਤਿ.

(੧) ਸਾਲੋਕ੍ਯ. ਆਪਣੇ ਇਸ਼੍ਟ ਦੇ ਲੋਕ ਵਿੱਚ ਨਿਵਾਸ ਕਰਨਾ.

(੨) ਸਾਮੀਪ੍ਯ. ਇਸ਼੍ਟ ਦੇ ਨਿਕਟਵਰਤੀ ਹੋਣਾ.

(੩) ਸਾਰੂਪ੍ਯ. ਇਸ਼੍ਟ ਦੇ ਤਲ੍ਯ ਸ਼ਕਲ ਦਾ ਹੋਣਾ.

(੪) ਸਾਯੁਜ੍ਯ. ਉਪਾਸ੍ਯ ਨਾਲ ਉਪਾਸਕ ਦਾ ਜੁੜ ਜਾਣਾ. "ਚਾਰ ਮੁਕਤਿ ਚਾਰੈ ਸਿਧਿ ਮਿਲਿਕੈ ਦੂਲਹ ਪ੍ਰਭੁ ਕੀ ਸਰਨਿ ਪਰਿਓ." (ਮਾਰੂ ਨਾਮਦੇਵ) ਜਦ ਜੀਵ ਪ੍ਰਭੂ ਦੀ ਸ਼ਰਨ ਪਿਆ, ਤਦ ਉਸ ਨੂੰ ਮਿਲਕੇ ਚਾਰੇ ਮੁਕਤੀਆਂ ਸਿੱਧ ਹੋ ਗਈਆਂ. ਦੇਖੋ, ਮੁਕਤਿ.

ਚਾਰ ਮੰਗਨਾ: ਚਾਰੁ- ਅੰਗਨਾਂ ਦੀ ਥਾਂ ਇਹ ਪਾਠ ਲਿਖਿਆ ਗਿਆ ਹੈ. ਸੁੰਦਰ ਅੰਗਾਂ ਵਾਲੀ ਇਸਤ੍ਰੀ. "ਨਚਾਤ ਚਾਰ ਮੰਗਨਾ." (ਰਾਮਾਵ)

ਚਾਰ ਯਾਰ: ਮੁਹ਼ੰਮਦ ਸਾਹਿਬ ਦੇ ਚਾਰ ਮਿਤ੍ਰ, ਜੋ ਸਭ ਤੋਂ ਵਧਕੇ ਇਸਲਾਮ ਦੇ ਪ੍ਰਚਾਰਕ ਸਨ. ਜੋ ਪਹਿਲੇ ਚਾਰ ਖ਼ਲੀਫ਼ੇ ਹਨ ਓਹੀ ਚਾਰ ਯਾਰ ਸੱਦੀਦੇ ਹਨ. ਦੇਖੋ, ਖ਼ਲੀਫ਼ਾ.

ਚਾਰਯਾਰੀ: ਸੰਗ੍ਯਾ- ਚਾਰ ਮਿਤ੍ਰਾਂ ਦੀ ਮੰਡਲੀ ੨. ਹ਼ਜਰਤ ਮੁਹੰਮਦ ਦੇ ਚਾਰ ਯਾਰਾਂ ਦੀ ਟੋਲੀ। ੩. ਚਾਰ ਯਾਰਾਂ ਦੀ ਸੰਪ੍ਰਦਾਯ.

ਚਾਰ ਵਰਣ, ਚਾਰ ਵਰਨ: ਹਿੰਦੂਮਤ ਦੇ ਧਰਮਸ਼ਾਸਤ੍ਰਾਂ ਵਿੱਚ ਮੰਨੇ ਹੋਏ ਮਨੁੱਖਾਂ ਦੇ ਮੁੱਖ ਚਾਰ ਵਰ੍ਣ. ਚਾਰ ਜਾਤੀਆਂ. [੨੩] "ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ, ਚਾਰ ਆਸ੍ਰਮ ਹਹਿ, ਜੋ ਹਰਿ ਧਿਆਵੈ ਸੋ ਪਰਧਾਨੁ." (ਗੌਂਡ ਮਃ ੪) ਵਿਦ੍ਵਾਨਾਂ ਦਾ ਖ਼ਿਆਲ ਹੈ ਕਿ ਕਿਸੇ ਸਮੇਂ ਗੋਰਾ, ਕਾਲਾ ਆਦਿ ਵਰਣ (ਰੰਗ) ਹੀ ਲੋਕਾਂ ਦੀ ਜਾਤੀ ਦਾ ਕਾਰਣ ਸਨ, ਪਰੰਤੂ ਸਮੇਂ ਦੇ ਫੇਰ ਨਾਲ ਖ਼ਾਸ ਕੁਲ ਦਾ ਰੂਢੀ ਨਾਮ ਹੋ ਕੇ ਭਿੰਨ ਜਾਤੀ ਥਾਪੀ ਗਈ. ਦੇਖੋ, ਵਿਸ਼ਨੁਪੁਰਾਣ ਅੰਸ਼ ੨. ਅਃ ੪. ਸਿਮ੍ਰਿਤੀਆਂ ਅਨੁਸਾਰ ਚਾਰ ਵਰਣਾਂ ਦੇ ਕਰਮ ਇਉਂ ਹਨ-

(ੳ) ਬ੍ਰਾਹਮਣ ਦੇ ਛੀ ਕਰਮ ਹਨ- ਵੇਦ ਪੜ੍ਹਨਾ, ਪੜ੍ਹਾਉਣਾ, ਯਗ੍ਯ ਕਰਨਾ, ਕਰਾਉਣਾ, ਦਾਨ ਦੇਣਾ ਅਤੇ ਲੈਣਾ.

(ਅ) ਛਤ੍ਰੀ (ਕ੍ਸ਼ਤ੍ਰਿਯ) ਦੇ ਚਾਰ ਕਰਮ ਹਨ- ਵੇਦ ਪੜ੍ਹਨਾ, ਯਗ੍ਯ ਕਰਨਾ, ਦਾਨ ਦੇਣਾ ਅਤੇ ਪ੍ਰਜਾ ਦੀ ਰਖ੍ਯਾ ਕਰਨੀ.

(ੲ) ਵੈਸ਼੍ਯ ਦੇ ਤਿੰਨ ਕਰਮ ਹਨ- ਖੇਤੀ ਕਰਨੀ, ਵਣਿਜ ਕਰਨਾ ਅਤੇ ਪਸ਼ੂਆਂ ਦੀ ਪਾਲਨਾ ਕਰਨੀ.

(ਸ) ਸ਼ੂਦ੍ਰ ਦਾ ਇੱਕ ਕਰਮ ਹੈ ਕਿ ਤੇਹਾਂ ਵਰਣਾਂ ਦੀ ਸੇਵਾ ਕਰਨੀ. ਪਹਿਲੇ ਤਿੰਨ ਵਰਣ ਦ੍ਵਿਜ ਕਹੀਦੇ ਹਨ, ਕਯੋਂਕਿ ਉਨ੍ਹਾਂ ਦੇ ਦੋ ਜਨਮ ਹਨ, ਇੱਕ ਮਾਤਾ ਦੇ ਉਦਰ ਤੋਂ, ਦੂਜਾ ਧਰਮ ਦੇ ਸੰਸਕਾਰ ਤੋਂ. ਸੰਸਕਾਰ ਜਨਮ ਦਾ ਪਿਤਾ ਗੁਰੂ ਅਤੇ ਮਾਤਾ ਗਾਯਤ੍ਰੀ ਲਿਖੀ ਹੈ.

ਗਰਭਾਧਾਨ ਤੋਂ ਬ੍ਰਾਹਮਣ ਦਾ ਅੱਠਵੇਂ, ਕ੍ਸ਼ਤ੍ਰਿਯ ਦਾ ਗ੍ਯਾਰਵੇਂ, ਵੈਸ਼੍ਯ ਦਾ ਬਾਰ੍ਹਵੇਂ ਵਰ੍ਹੇ ਜਨੇਊ ਸੰਸਕਾਰ ਹੁੰਦਾ ਹੈ ਅਤੇ ਜਨੇਊ ਧਾਰਕੇ ਤਿੰਨੇ ਵਰਣ ਬ੍ਰਹਮਚਰਯ ਸਹਿਤ ਗੁਰੂ ਦੇ ਘਰਿ ਵਿੱਚ ਰਹਿਕੇ ਵੇਦ ਦਾ ਅਭ੍ਯਾਸ ਕਰਦੇ ਹਨ.

ਬ੍ਰਹਮਚਰਯ ਧਾਰਣ ਸਮੇਂ ਬ੍ਰਾਹਮਣ ਦਾ ਡੰਡਾ (ਦੰਡ) ਚੋਟੀ ਤੀਕ ਲੰਮਾ ਢੱਕ (ਪਲਾਸ਼) ਜਾਂ ਬਿੱਲ ਦਾ ਹੁੰਦਾ ਹੈ ਅਰ ਜਨੇਊ ਕਪਾਸ ਦਾ ਵਿਧਾਨ ਹੈ. ਕ੍ਸ਼ਤ੍ਰਿਯ ਦਾ ਡੰਡਾ ਬਰੋਟੇ ਦਾ ਮੱਥੇ ਤੀਕ ਲੰਮਾ ਅਤੇ ਜਨੇਊ ਅਲਸੀ ਦੀ ਸਣ ਦਾ ਹੁੰਦਾ ਹੈ. ਵੈਸ਼੍ਯ ਦਾ ਦੰਡ ਗੁੱਲਰ ਦਾ ਮੁੱਖ ਤੀਕ ਲੰਮਾ ਅਰ ਜਨੇਊ ਉੱਨ ਦਾ ਹੁੰਦਾ ਹੈ.

ਬ੍ਰਾਹਮਣ ਨੂੰ ਕਾਲੇ ਮ੍ਰਿਗ ਦਾ ਚਰਮ, ਕ੍ਸ਼ਤ੍ਰਿਯ ਨੂੰ ਲਾਲ ਮ੍ਰਿਗ ਦੀ ਖਲੜੀ, ਵੈਸ਼੍ਯ ਨੂੰ ਗਊ ਅਥਵਾ ਬਕਰੇ ਦਾ ਚਰਮ ਓਢਣਾ ਵਿਧਾਨ ਹੈ.

ਬ੍ਰਾਹਮਣ ਦੇ ਨਾਮ ਨਾਲ ਸ਼ਰਮਾਂ, ਛਤ੍ਰੀ ਦੇ ਵਰਮਾਂ, ਵੈਸ਼੍ਯ ਦੇ ਗੁਪ੍ਤ ਅਤੇ ਸ਼ੂਦ੍ਰ ਦੇ ਨਾਮ ਦੇ ਅੰਤ ਦਾਸ ਲਾਉਣਾ ਚਾਹੀਏ.

ਵ੍ਰਿੱਧ ਗੌਤਮਸੰਹਿਤਾ ਦੇ ਅੱਠਵੇਂ ਅਧ੍ਯਾਯ ਵਿੱਚ ਕ੍ਰਿਸ਼ਨ ਜੀ ਦਾ ਯੁਧਿਸ਼੍ਠਿਰ ਨੂੰ ਉਪਦੇਸ਼ ਹੈ ਕਿ- ਮਨ ਦੇ ਭਾਵ ਹੀ ਵਰਣ ਹਨ. ਜਿਸ ਸਮੇਂ ਜੋ ਭਾਵ ਪ੍ਰਬਲ ਹੁੰਦਾ ਹੈ ਉਸ ਵੇਲੇ ਪੁਰਖ ਨੂੰ ਉਸੇ ਵਰਣ ਦਾ ਸਮਝਣਾ ਚਾਹੀਏ. ਗਰਬ, ਵੈਰ, ਦੰਭ ਆਦਿ ਭਾਵ ਛਤ੍ਰੀ ਹਨ. ਛਲ, ਚੁਗਲੀ, ਝੂਠ ਆਦਿ ਭਾਵ ਵੈਸ਼੍ਯ ਹਨ. ਆਲਸ, ਝਗੜਾ, ਕਾਇਰਤਾ, ਡਰ, ਅਪਵਿਤ੍ਰਤਾ ਆਦਿ ਸ਼ੂਦ੍ਰ ਹਨ. ਜੇ ਵੇਦਪਾਠੀ ਬ੍ਰਾਹਮਣ ਦੇ ਮਨ ਵਿੱਚ ਕਾਇਰਤਾ, ਅਪਵਿਤ੍ਰਤਾ ਆਦਿ ਭਾਵ ਵਰਤ ਰਹੇ ਹਨ, ਤਦ ਉਸ ਸਮੇਂ ਉਸ ਨੂੰ ਸ਼ੂਦ੍ਰ ਮੰਨਣਾ ਚਾਹੀਏ. ਐਸੇ ਹੀ ਹੋਰਨਾਂ ਬਾਬਤ ਸਮਝੋ.

ਸਿੱਖ ਧਰਮ ਵਿੱਚ ਵਿਹਾਰ ਅਨੁਸਾਰ ਜਨਮ ਤੋਂ ਵਰਣ ਨਹੀਂ, ਕਿੰਤੂ ਕਰਮ ਅਨੁਸਾਰ ਹਨ ਅਤੇ ਧਰਮ ਅਨੁਸਾਰ- "ਚਾਰ ਵਰਣ ਇਕਵਰਣ ਕਰਾਇਆ." (ਭਾਗੁ) ਦੇਖੋ, ਜਾਤਿ.

ਚਾਰਵਾਕ: ਸੰ. ਚਾਰ੍ਵਾਕ. ਵ੍ਰਿਹਸਪਤਿ ਦਾ ਚੇਲਾ ਇੱਕ ਮੁਨਿ, ਜਿਸ ਨੇ ਨਾਸ੍ਤਿਕਮਤ ਦਾ ਪ੍ਰਚਾਰ ਕੀਤਾ ਅਰ "ਚਾਰਵਾਕ ਦਰਸ਼ਨ" ਰਚਿਆ. ਚਾਰਵਾਕ ਮਤ ਦਾ ਸਿੱਧਾਂਤ ਇਹ ਹੈ ਕਿ ਦੇਹ ਤੋਂ ਭਿੰਨ ਕੋਈ ਆਤਮਾ ਨਹੀਂ. ਸੰਸਾਰ ਵਿੱਚ ਸੁਖ ਭੋਗਣਾ ਹੀ ਮੁੱਖ ਪੁਰੁਸ਼ਾਰਥ ਹੈ. ਪ੍ਰਤ੍ਯਕ੍ਸ਼ ਤੋਂ ਭਿੰਨ ਕੋਈ ਪ੍ਰਮਾਣ ਨਹੀਂ. ਚਾਰ ਤੱਤਾਂ ਤੋਂ ਸਾਰੀ ਸ੍ਰਿਸ਼੍ਟਿ ਅਤੇ ਚੈਤਨ੍ਯ ਦੀ ਉਤਪੱਤੀ ਹੋਈ ਹੈ. ਪਰਲੋਕ ਅਤੇ ਪੁਨਰਜਨਮ ਨਹੀਂ ਹੈ. ਮਰ ਜਾਣਾ ਹੀ ਮੁਕਤਿ ਹੈ. ਇਸ ਮਤ ਦਾ ਨਾਉਂ ਲੋਕਾਯਤ ਭੀ ਹੈ। ੨. ਇੱਕ ਰਾਖਸ, ਜੋ ਦੁਰਯੋਧਨ ਦਾ ਮਿਤ੍ਰ ਸੀ. ਇਸ ਨੇ ਬ੍ਰਾਹਮਣ ਦਾ ਕਪਟਵੇਖ ਧਾਰਕੇ ਪਾਂਡਵਾਂ ਨੂੰ ਮਾਰਣ ਦਾ ਯਤਨ ਕੀਤਾ ਸੀ.

ਚਾਰ ਵਾਣੀਆਂ: ਦੇਖੋ, ਚਾਰ ਬਾਣੀਆਂ.

ਚਾਰਵੇਦ: ਹਿੰਦੂ ਧਰਮ ਦਾ ਆਧਾਰ ਅਤੇ ਸਭ ਤੋਂ ਪਹਿਲੇ ਚਾਰ ਪੁਸ੍ਤਕ. ਰਿਗ੍, ਸਾਮ, ਯਜੁਰ੍ ਅਤੇ ਅਥਰਵ. ਦੇਖੋ, ਵੇਦ.

ਚਾਰਾ: ਸੰਗ੍ਯਾ- ਚਰ੍ਯਾ. ਆਚਾਰ. "ਮਹਾ ਨਿਰਮਲ ਚਾਰਾ." (ਸੂਹੀ ਛੰਤ ਮਃ ੫) ੨. ਚਰਨ (ਖਾਣ) ਯੋਗ੍ਯ ਪਦਾਰਥ। ੩. ਖ਼ਾਸ ਕਰਕੇ ਪਸ਼ੂਆਂ ਦੇ ਚਰਨ ਦੀ ਵਸਤੁ। ੪. ਫ਼ਾ. چارہ ਚਾਰਹ. ਸਹਾਇਤਾ। ੫. ਉਪਾਉ. ਯਤਨ. "ਜਿਉ ਤੁਮ ਰਾਖਹੁ ਤਿਉ ਰਹਾ ਅਵਰ ਨਹੀ ਚਾਰਾ." (ਬਿਲਾ ਮਃ ੪) ੬. ਵਸ਼. ਜ਼ੋਰ. "ਜਿਸੁ ਠਾਕੁਰ ਸਿਉ ਨਾਹੀ ਚਾਰਾ." (ਸੁਖਮਨੀ)

ਚਾਰਾਣੀ: ਸੰਗ੍ਯਾ- ਚਾਰਣ ਦੀ ਇਸਤ੍ਰੀ। ੨. ਵਿ- ਵਿਚਰਨ ਵਾਲੀ.

ਚਾਰਿ: ਚਾਰੋਂ. ਚਾਰੇ. "ਜੇ ਵੇਦ ਪੜਹਿ ਜੁਗ ਚਾਰਿ." (ਵਾਰ ਸੋਰ ਮਃ ੩) ੨. ਚਹਾਰ. ਚਤ੍ਵਾਰ. "ਚਾਰਿ ਪੁਕਾਰਹਿ ਨਾ ਤੂ ਮਾਨਹਿ." (ਰਾਮ ਮਃ ੫)

ਚਾਰਿਓ, ਚਾਰਿਆ: ਚੜ੍ਹਾਇਆ. "ਹਰਿ ਚਾਰਿਓ ਰੰਗ." (ਮਾਲੀ ਮਃ ੪) ੨. ਚਰਾਇਆ. ਚੁਗਾਇਆ.

ਚਾਰੀ: ਸੰਗ੍ਯਾ- ਚੁਗਲੀ। ੨. ਚਰ੍ਯਾ. ਆਚਾਰ. ਕ੍ਰਿਯਾ. "ਵਡਾਈ ਚਾਰੀ." (ਭਾਗੁ) ੩. ਸੰ ਚਾਰਿਨ ਪਿਆਦਾ. ਪੈਦਲ ਸਿਪਾਹੀ। ੪. ਵਿ- ਵਿਚਰਨ ਵਾਲਾ. ਫਿਰਨ ਵਾਲਾ। ੫. ਦੱਲੀ (ਕੁੱਟਨੀ) ਵਾਸਤੇ ਭੀ ਚਾਰੀ ਸ਼ਬਦ ਆਇਆ ਹੈ. "ਸਤਰ ਛੋਡ ਆਈ ਕਸੋਂ ਚਾਰੀ?" (ਚਰਿਤ੍ਰ ੧੨੧) ੬. ਚਲਦਾ (ਚਲਤਾ) ਬੋਧਕ ਸ਼ਬਦ ਭੀ ਚਾਰੀ ਹੈ. "ਨਾ ਹਮਰੋ ਬਸ ਚਾਰੀ?" (ਸਾਰ ਮਃ ੫)

ਸਾਡਾ ਬਸ ਨਹੀਂ ਚਲਦਾ.

ਚਾਰੁ: ਦੇਖੋ, ਚਾਰ। ੨. ਸੰ. ਵਿ- ਸੁੰਦਰ. ਮਨੋਹਰ. "ਨਾਮ ਬਿਨਾ ਕੈਸੇ ਗੁਨ ਚਾਰੁ?" (ਬਸੰ ਅਃ ਮਃ ੧) "ਗੁਰਿ ਮੇਲੀ ਗੁਣ ਚਾਰੁ." (ਸ੍ਰੀ ਅਃ ਮਃ ੧) ੩. ਸੰਗਯਾ- ਵ੍ਰਿਹਸਪਤਿ। ੪. ਰੁਕਮਿਣੀ ਦੇ ਉਦਰ ਤੋਂ ਕ੍ਰਿਸ਼ਨ ਜੀ ਦਾ ਇੱਕ ਪੁਤ੍ਰ। ੫. ਕੇਸਰ. ਜ਼ਾਫ਼ਰਾਨ. ਕਸ਼ਮੀਰਜ.

ਚਾਰੁਚਕ੍ਸ਼ੁ, ਚਾਰੁਚੱਛੁ, ਚਾਰੁਨੇਤ੍ਰ: ਵਿ- ਸੁੰਦਰ ਹਨ ਜਿਸ ਦੇ ਚਕ੍ਸ਼ੁ (ਨੇਤ੍ਰ). ਮਨੋਹਰ ਅੱਖਾਂ ਵਾਲਾ। ੨. ਸੰਗਯਾ- ਮ੍ਰਿਗ. (ਸਨਾਮਾ)

ਚਾਰੁਮਤੀ: ਦੇਖੋ, ਅਸ਼ੋਕ ੬.

ਚਾਰੇ: ਚੜ੍ਹਾਵੇ. ਅਰਪੇ. ਅਰਚਨ ਕਰੇ. "ਘਸਿ ਜਪੇ ਨਾਮ ਲੈ ਤੁਝਹਿ ਕਉ ਚਾਰੇ." (ਧਨਾ ਰਵਿਦਾਸ ) ੨. ਕ੍ਰਿ. ਵਿ- ਚਾਰੋਂ ਹੀ. "ਚਾਰੇ ਬੇਦ ਮੁਖਾਗਰ ਪਾਠਿ." (ਬਸੰ ਮਃ ੧) ੩. ਚਰਾਵੇ. ਚੁਗਾਵੇ। ੪. ਸੰ. ਚਰੁ. ਸੰਗਯਾ- ਹਵਨ ਦੀ ਸਾਮਗ੍ਰੀ. "ਚਾਰਿ ਨਦੀਆ ਅਗਨੀ ਤਨਿ ਚਾਰੇ." (ਬਸੰ ਮਃ ੩) ਹਿੰਸਾ, ਮੋਹ, ਲੋਭ, ਕ੍ਰੋਧ ਚਾਰ ਅਗਨਿ ਨਦੀਆਂ ਤਨ (ਸ਼ਰੀਰ ) ਨੂੰ ਚਰੁ ਵਾਂਙ ਖਾ ਰਹੀਆਂ ਹਨ.

ਚਾਰੇ ਅਗਨਿ: ਦੇਖੋ, ਚਾਰ ਅਗਨਿ.

ਚਾਰੇ ਕਿਲਵਿਖ: ਦੇਖੋ, ਚਾਰ ਕਿਲਵਿਖ.

ਚਾਰੇ ਕੁੰਟਾਂ, ਚਾਰੇ ਕੁੰਡਾ: ਦੇਖੋ, ਚਾਰ ਦਿਸ਼ਾ.

ਚਾਰੇ ਜਾਗੇ ਚਹੁ ਜੁਗੀ: ਵਾ- ਚਾਰ ਸਤਿਗੁਰੁ- ਗੁਰੂ ਨਾਨਕ ਦੇਵ, ਗੁਰੂ ਅੰਗਦ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਸ੍ਵਾਮੀ ਗਯਾਨ ਸਹਿਤ ਪ੍ਰਕਾਸ਼ੇ ਚਾਰ ਯੁਗ (ਸਮਿਆਂ) ਵਿੱਚ, ਹੁਣ ਪੰਜਵਾਂ ਆਯਣ (ਸਰੂਪ) ਗੁਰੂ ਅਰਜਨ ਦੇਵ ਵਾਹਗੁਰੂ ਆਪ ਹੀ ਹੋਇਆ ਹੈ. (ਵਾਰ ਰਾਮ ੩)

ਚਾਰੇ ਦੀਵੇ: ਦੇਖੋ, ਚਾਰ ਦੀਵੇ.

ਚਾਰੇ ਪੈਰ ਧਰੰਮ ਦੇ: (ਭਾਗੁ) ਦੇਖੋ, ਚਾਰ ਪਗ ਅਤੇ ਧਰਮ ਦੇ ਚਾਰ ਚਰਣ.

ਚਾਰੋ: ਦੇਖੋ, ਚਾਰਾ.

ਚਾਲ: ਸੰਗਯਾ- ਗਤਿ. ਗਮਨ। ੨. ਆਚਰਣ. ਰੀਤਿ. ਮਰਯਾਦਾ. "ਭਗਤਾ ਕੀ ਚਾਲ ਸਚੀ ਅਤਿ ਨਿਰਮਲ." (ਸੂਹੀ ਛੰਤ ਮਃ ੩) "ਭਗਤਾ ਕੀ ਚਾਲ ਨਿਰਾਲੀ." (ਅਨੰਦੁ) ੩. ਦੇਖੋ, ਗਤਿ.

ਚਾਲਸਉ: ਚਲਸਾਂ. ਚੱਲਾਂਗਾ.

ਚਾਲਸਿ: ਚਲੇਗਾ. "ਸੰਗਿ ਨ ਚਾਲਸਿ ਤੇਰੇ ਧਨਾ." (ਸੁਖਮਨੀ)

ਚਾਲਕ: ਵਿ- ਚਲਾਉਣ ਵਾਲਾ. ਪ੍ਰੇਰਕ. ਹੱਕਣ ਵਾਲਾ.

ਚਾਲ ਚਲਨ: ਸੰਗਯਾ- ਆਚਾਰਵਿਹਾਰ. ਰੀਤਿ ਰਿਵਾਜ. ਚਰਿਤ੍ਰ. ਕਰਤੂਤ.

ਚਾਲਤ: ਚਲਦਾ. ਗਮਨ ਕਰਤਾ. "ਚਾਲਤ ਬੈਸਤ ਸੋਵਤ ਹਰਿਜਸ." (ਆਸਾ ਮਃ ੫) ੨. ਚਲਦੇ ਹੋਏ.

ਚਾਲਨ: ਸੰ. ਸੰਗਯਾ- ਚਲਾਉਣ ਦੀ ਕ੍ਰਿਯਾ। ੨. ਗਤਿ. ਗਮਨ. ਤੁਰਨਾ.

ਚਾਲਨਹਾਰ, ਚਾਲਨਹਾਰੁ: ਵਿ- ਚਲਣਵਾਲਾ. ਅਸਿਥਰ. ਬਿਨਸਨਹਾਰ.

ਚਾਲਾ: ਸੰਗਜ੍ਞਾ- ਪ੍ਰਸ੍ਥਾਨ. ਰਵਾਨਗੀ। ੨. ਰਿਵਾਜ. ਦਸਤੂਰ.

ਚਾਲਾਕ: ਫ਼ਾ. چالاک ਵਿ- ਚਤੁਰ. ਹੋਸ਼ਿਆਰ। ੨. ਚੰਚਲ. ਚਪਲ.

ਚਾਲਾਕਦਸ੍ਤ: ਫ਼ਾ. چالاِکدست ਵਿ- ਫੁਰਤੀਲੇ ਹੱਥ ਵਾਲਾ. ਜਿਸ ਦੇ ਹੱਥ ਕੰਮ ਵਿੱਚ ਛੇਤੀ ਚਲਦੇ ਹਨ.

ਚਾਲਾਕੀ: ਫ਼ਾ. چالاکی ਸੰਗਜ੍ਞਾ- ਚਤੁਰਾਈ। ੨. ਚਾਲਬਾਜ਼ੀ। ੩. ਫੁਰਤੀ.

ਚਾਲੀ: ਸੰਗਜ੍ਞਾ- ਚਾਲੀਸ. ਚਤ੍ਵਾਰਿੰਸ਼ਤ- ੪੦। ੨. ਡਾਟ ਲਾਉਣ ਦਾ ਢਾਂਚਾ। ੩. ਰੀਤੀ. ਚਾਲ. ਮਰਯਾਦਾ. "ਗੁਰਸਿਖ ਮੀਤ, ਚਲਹੁ ਗੁਰਚਾਲੀ." (ਧਨਾ ਮਃ ੪) ੪. ਚੱਲੀ. ਪ੍ਰਵਿਰਤ ਹੋਈ. "ਕਥਾ ਪੁਨੀਤ ਨ ਚਾਲੀ." (ਸਾਰ ਪਰਮਾਨੰਦ)

ਚਾਲੀਸ: ਚਤ੍ਵਾਰਰਿੰਸ਼ਤ- ੪੦.

ਚਾਲੀਸਾ: ਸੰਗਜ੍ਞਾ- ਚਾਲੀਸ ਵਸਤੂਆਂ ਦਾ ਇਕੱਠ। ੨. ਚਾਲੀ ਛੰਦਾਂ ਦਾ ਸਮੂਹ। ੩. ਚਾਲੀਸਵੇਂ ਦਿਨ ਕੀਤੀ ਹੋਈ ਕ੍ਰਿਯਾ. "ਇਤ ਗੰਗਾ ਨੇ ਕਰ ਚਾਲੀਸਾ." (ਗੁਪ੍ਰਸੂ) ੪. ਚਾਲੀਸ ਦਿਨ ਵਿੱਚ ਹੋਣ ਵਾਲਾ ਜਪਪ੍ਰਯੋਗ. "ਇਕ ਚਾਲੀਸਾ ਜੇ ਤੁਮ ਕਰੋ." (ਗੁਪ੍ਰਸੂ) ੫. ਵਿ- ਚਾਲੀਸਵਾਂ.

ਚਾਲੀਹ: ਦੇਖੋ, ਚਾਲੀਸ.

ਚਾਲੀਮੁਕਤੇ: ਦੇਖੋ, ਮੁਕਤੇ.

ਚਾਲੂ: ਵਿ- ਚਲਾਇਮਾਨ. ਅਸ੍ਥਿਰ. ਨਾਪਾਇਦਾਰ.

ਚਾਲੂਕਜ: ਦੇਖੋ, ਸੋਲੰਕੀ.

ਚਾਵ: ਸੰਗਜ੍ਞਾ- ਚਾਉ. ਉਮੰਗ. "ਚਾਵ ਮੰਗਲ ਰਸ ਭਰੇ." (ਆਸਾ ਛੰਤ ਮਃ ੫) ੨. ਪ੍ਰਬਲ ਇੱਛਾ.

ਚਾਵਡ, ਚਾਵਡਾ: ਦੇਖੋ, ਚਾਮੁੰਡਾ.

ਚਾਵਰ: ਸੰਗਜ੍ਞਾ- ਚਾਵਲ. ਤੰਡੁਲ. "ਚਾਵਰ ਡਾਰਤ ਰੀਝ ਨ ਜੈਹੈ." (ਚਰਿਤ੍ਰ ੨੬੬) ੨. ਚਾਵੜ. ਚੌੜ. ਚਪਲਤਾ. ਇੱਲਤ। ੩. ਚਾਮਰ. ਚੋਰ। ੪. ਸੰ. ਚਾਮਰਿਕ. ਚੌਰ ਕਰਨ ਵਾਲਾ. ਚੌਰਬਰਦਾਰ. "ਛਤ੍ਰ ਨ ਪਤ੍ਰ ਨ ਚਉਰ ਨ ਚਾਵਰ." (ਸਵੈਯੇ ਸ੍ਰੀ ਮੁਖਵਾਕ ਮਃ ੫)

ਚਾਵਲ: ਸੰਗਜ੍ਞਾ- ਧਾਨ ਦਾ ਬੀਜ. ਤੰਡੁਲ. ਚੌਲ. ਚਾਉਲ. "ਚਾਵਲ ਕਾਰਣੇ ਤੁਖ ਕਹੁ ਮੁਹਲੀ ਲਾਇ." (ਵਾਰ ਰਾਮ ੨. ਮਃ ੫) ਤੁਖ ਕਾਰਣੇ ਚਾਵਲ ਕੋ ਮੂਹਲੀ.

ਚਾਵਲਾ: ਵਿ- ਚਾਉਵਾਲਾ। ੨. ਉਮੰਗ ਵਧਾਉਣ ਵਾਲਾ. "ਰਣ ਘੁਰੇ ਨਗਾਰੇ ਚਾਵਲੇ." (ਚੰਡੀ ੩) ੩. ਸੰਗਜ੍ਞਾ- ਇੱਕ ਅੰਨ, ਜੋ ਮਾਸ਼ (ਮਾਹਾਂ) ਦੀ ਕ਼ਿਸਮ ਦਾ ਹੁੰਦਾ ਹੈ. ਇਸ ਦਾ ਫਲੀ ਬਹੁਤ ਲੰਮੀ ਹੁੰਦੀ ਹੈ. L. Dolichos Sinesis । ੪. ਅਰੋੜਿਆਂ ਦੀ ਇੱਕ ਜਾਤਿ. ਚਾਵਲਾਂ ਦਾ ਵਪਾਰ ਕਰਨ ਤੋਂ ਇਹ ਸੰਗਜ੍ਞਾ ਪਹਿਲੇ ਸਮੇਂ ਹੋਈ ਹੈ.

ਚਾਵਲੀ ਮਸ਼ਾਇਕ, ਚਾਵਲੀ ਮਸ਼ਾਯਖ: ਜਿਲਾ ਮੁਲਤਾਨ, ਤਸੀਲ ਮੈਲਸੀ, ਥਾਣਾ ਸਾਹੋਕੇ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ "ਚਿਸ਼ਤੀਆਂ" ਤੋਂ ਉੱਤਰ ਵੱਲ ੧੬. ਮੀਲ ਦੇ ਕ਼ਰੀਬ ਹੈ. ਦੂਜੇ ਰਸਤੇ "ਮੀਆਂ ਚੰਨੂ" ਸਟੇਸ਼ਨ ਤੋਂ ੨੫ ਮੀਲ ਦੇ ਕ਼ਰੀਬ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਪਧਾਰੇ ਹਨ. ਸਾਧਾਰਣ ਦਰਬਾਰ ਬਣਿਆ ਹੋਇਆ ਹੈ. ਅਕਾਲੀ ਸਿੰਘ ਸੇਵਾਦਾਰ ਹਨ.

ਚਾਵੜ: ਸੰਗਜ੍ਞਾ- ਚਪਲਤਾ. ਇੱਲਤ. ਚੌੜ.

**ਚਾਵੜਾ, ਚਾਵੰਡਾ:** ਦੇਖੋ, ਚਾਮੁੰਡਾ.

**ਚਾੜਨਾ:** ਕ੍ਰਿ- ਉੱਪਰ ਰੱਖਣਾ। ੨. ਉੱਪਰ ਵੱਲ ਧਕੇਲਣਾ। ੩. ਪਹਿਰਾਉਣਾ। ੪. ਚੁਲ੍ਹੇ ਉੱਪਰ ਪਕਾਉਣ ਲਈ ਕਿਸੇ ਵਸਤੂ ਦਾ ਰੱਖਣਾ। ੫. ਭੇਟਾ ਅਰਪਣ ਕਰਨਾ.

**ਚਾੜੀ:** ਸੰਗਯਾ- ਚਾਟ. ਰਿਸ਼ਵਤ. "ਲੋਕ ਮੁਹਾਵਹਿ ਚਾੜੀ ਖਾਇ." (ਵਾਰ ਰਾਮ ੧. ਮਃ ੧) ੨. ਸੰ. ਚਾਟੁਤਾ. ਖ਼ੁਸ਼ਾਮਦ. ਝੂਠੀ ਉਪਮਾਂ. "ਲਾੜੀ ਚਾੜੀ ਲਾਇਤਬਾਰੁ." (ਓਅੰਕਾਰ) ਦੇਖੋ, ਲਾੜੀ ਚਾੜੀ.

**ਚਾੜੇ, ਚਾੜੇਹ:** ਦੇਖੋ, ਚਾੜ੍ਹਨਾ। ੨. ਵਿ- ਚੜ੍ਹਕੇ. ਵਧੀਆ. "ਹਿਕ ਦੂ ਹਿਕਿ ਚਾੜੇ." (ਜੈਤ ਛੰਤ ਮਃ ੫) ਇੱਕ ਤੋਂ ਇੱਕ ਵਧਕੇ.

**ਚਿ:** ਸੰ. ਧਾ- ਢੂੰਢਣਾ, ਇਕੱਠਾ ਕਰਨਾ, ਪ੍ਰਾਪਤ ਕਰਨਾ, ਨਿਸ਼ਚਾ ਕਰਨਾ, ਗਿਲਾਨੀ ਕਰਨਾ, ਦੇਖਣਾ। ੨. ਫ਼ਾ. چہ ਕਯਾ. ਕੀ. ਕਿਸ. ਦੇਖੋ, ਚਿਕਾਰ.

**ਚਿਉੜਾ:** ਦੇਖੋ, ਚਿੜਵਾ.

**ਚਿਸ਼ਤ:** ਫ਼ਾ. چشت ਖ਼ੁਰਾਸਾਨ ਦਾ ਇੱਕ ਨਗਰ.

**ਚਿੰਸਤ:** ਚਿੰਘਾਰਦਾ. ਚਿੰਕਾਰ ਕਰਦਾ. "ਹਿੰਸਤ ਹੈ ਬਰ ਚਿੰਸਤ ਬਾਰਨ." (ਗੁਵਿ ੧੦) ਘੋੜੇ ਹਿਣਕਦੇ ਅਤੇ ਹਾਥੀ ਚਿੰਘਾਰਦੇ ਹਨ.

**ਚਿਸ਼ਤੀ:** ਵਿ- ਚਿਸ਼ਤ ਨਗਰ ਦਾ ਨਿਵਾਸੀ. ਦੇਖੋ, ਚਿਸ਼ਤ। ੨. ਸੰਗਯਾ- ਅਬੂ ਇਸ਼ਾਕ ਚਿਸ਼ਤਨਿਵਾਸੀ ਦੀ ਔਲਾਦ ਅਤੇ ਸੰਪ੍ਰਦਾਯ. ਇਹ ਸੂਫੀਆਂ ਦਾ ਭਾਰੀ ਜਮਾਤ ਹੈ.

**ਚਿੰਸਨ:** ਸੰਗਯਾ- ਹਾਥੀ ਦੀ ਚਿੰਘਾਰਨਾ. ਚੀਕਣਾ.

**ਚਿਹ:** ਸੰਗਯਾ- ਚਿਤਾ. ਚਿਖਾ. "ਸਤੀ ਪੁਕਾਰੈ ਚਿਹ ਚੜੀ." (ਸ. ਕਬੀਰ) ੨. ਜ਼ਿਦ. ਹਠ। ੩. ਫ਼ਾ. چہ ਕਯਾ- ਕੀ.

**ਚਿਹਕਾ:** ਦੇਖੋ, ਚੀਕਾ.

**ਚਿਹਨ, ਚਿਹਨੁ:** ਸੰ. ਚਿੰਨ੍ਹ. ਸੰਗਯਾ- ਝੰਡਾ. ਧੁਜਾ। ੨. ਦਾਗ਼. ਲਾਂਛਨ। ੩. ਲੱਛਣ. ਅਲਾਮਤ "ਸੋਹਾਗਣਿ ਕਾ ਕਿਆ ਚਿਹਨੁ ਹੈ?" (ਵਾਰ ਸੂਹੀ ਮਃ ੩) ੪. ਨਿਸ਼ਾਨ. ਚਿੰਨ੍ਹ "ਚਕ੍ਰ ਚਿਹਨ ਅਰੁ ਬਰਣ ਜਾਤਿ." (ਜਾਪੁ) "ਤੂੰ ਵਰਨਾ ਚਿਹਨਾ ਬਾਹਰਾ." (ਸ੍ਰੀ ਮਃ ੫. ਪੈਪਾਇ).

**ਚਿਹਰ:** ਮੁਖ. ਦੇਖੋ, ਚਿਹਰਾ. "ਵੋ ਗੁਲਚਿਹਰ ਕਹਾਂ ਹੈ?" (ਰਾਮਾਵ) ਗੁਲਾਬ ਦੇ ਫੁੱਲ ਜੇਹੇ ਮੁਖ ਵਾਲਾ ਕਿੱਥੇ ਹੈ?

**ਚਿਹਰਾ:** ਫ਼ਾ. چہرہ ਸੰਗਯਾ- ਮੁਖ (Face). ੨. ਛਬਿ ਸ਼ੋਭਾ। ੩. ਸ਼ਰੀਰ ਦੇ ਚਿੰਨ੍ਹ ਚਕ੍ਰ ਦਾ ਹੁਲੀਆ. ਦੇਖੋ, ਚਿਹਰਾ ਲਿਖਣਾ.

**ਚਿਹਰਾ ਲਿਖਣਾ:** ਕ੍ਰਿ- ਕਿਸੇ ਦੇ ਸ਼ਰੀਰ ਦੇ ਚਿੰਨ੍ਹ ਚਕ੍ਰ ਨੌਕਰ ਰੱਖਣ ਵੇਲੇ ਲਿਖਣੇ.

**ਚਿਹਰੇਸ਼ਾਹੀ:** ਦੇਖੋ, ਚੇਹਰੇਸ਼ਾਹੀ.

**ਚਿਹਲ:** ਫ਼ਾ. چہل ਸੰਗਯਾ- ਚਾਲੀ. ਚਤ੍ਵਾਰਿੰਸ਼ਤ- ੪੦.

**ਚਿਹਲਕਦਮੀ, ਚਿਹਲਕ਼ਦਮੀ:** ਫ਼ਾ. چہل قدمی ਸੰਗਯਾ- ਕ਼ਬਰ ਤੋਂ ਚਾਲੀ ਕ਼ਦਮ ਪਿੱਛੇ ਹਟਕੇ ਅਤੇ ਫੇਰ ਚਾਲੀ ਕ਼ਦਮ ਅੱਗੇ ਵਧਕੇ ਮੁਰਦੇ ਦੇ ਹ਼ੱਕ਼ ਵਿੱਚ ਦੁਆ ਮੰਗਣੀ. ਦੇਖੋ, ਮਿਸ਼ਕਾਤ। ੨. ਭਾਵ- ਟਹਿਲਣਾ.

ਚਿਹਲਤਨਾ: ਫ਼ਾ. چہل تنان ਉਹ ਚਾਲੀ ਆਦਮੀ ਜਿਨ੍ਹਾਂ ਦੀ ਗਿਣਤੀ ਅਬਦਾਲਾਂ ਵਿੱਚ ਹੈ. ਦੇਖੋ, ਅਬਦਾਲ.

ਚਿਹਲਨਰ: ਚਾਲੀ ਮਨੁੱਖ. ਚਾਲੀ ਯੋਧਾ। ੨. ਖ਼ਾਸ ਕਰਕੇ ਚਮਕੌਰ ਦੇ ਚਾਲੀ ਧਰਮਵੀਰ.

ਚਿਹਲਬਾਜੀ: ਚਾਲੀ ਦਿਨਾਂ ਦਾ ਖੇਡ। ੨. ਚੋਹਲਬਾਜੀ. ਦਿਲਲਗੀ. ਦੇਖੋ, ਚੋਹਲ. "ਖਲਕ ਚਿਹਲਬਾਜੀ ਨ ਕੀਨਾ ਸਨੇਹ." (ਗੁਪ੍ਰਸੂ)

ਚਿਹਲੀ: ਵਿ- ਚਾਲੀ ਦਿਨ ਦਾ ਵ੍ਰਤ ਕਰਨ ਵਾਲਾ. ਦੇਖੋ, ਸ਼ੇਖ਼ਚਿਹਲੀ.

ਚਿਹਾ: ਫ਼ਾ. چہا ਕੀ. ਕਜਾ.

ਚਿਕ: ਤੁ. چق ਚਿਕ੍. ਸੰਗਯਾ- ਬਾਂਸ ਦੀਆਂ ਪਤਲੀਆਂ ਛਟੀਆਂ ਦਾ ਝਰੋਖੇਦਾਰ ਪੜਦਾ, ਜੋ ਦਰਵਾਜ਼ੇ ਅੱਗੇ ਲਟਕਾਈਦਾ ਹੈ. "ਚਿਕਨ ਝਰੋਖੇ ਲਗੇ ਘਨੇਰੇ." (ਗੁਪ੍ਰਸੂ) ੨. ਅੰ. Cheque. ਹੁੰਡੀ. ਟੋਂਬੂ.

ਚਿਕਣ, ਚਿਕਣਾ: ਸੰ. ਚਿਕ੍ਕਣ. ਵਿ- ਚਿਕਨ. ਥੰਧਾ. ਕੋਮਲ. ਸ੍ਨਿਗਧ. ਸਾਫ਼.

ਚਿੰਕਣੀ: ਵਿ- ਚੀਕਣਵਾਲੀ. ਚਿੰਘਾਰਨਵਾਲੀ. ਚੀਤਕਾਰ ਕਰਨ ਵਾਲੀ.

ਚਿਕਦ: ਫ਼ਾ. چکد ਟਪਕਦਾ ਹੈ. ਚੁਇੰਦਾ ਹੈ. ਟਪਕੇਗਾ. ਟਪਕੇ. ਇਸ ਦਾ ਮੂਲ ਚਕੀਦਨ ਹੈ.

ਚਿਕਨ: ਦੇਖੋ, ਚਿਕਣ। ੨. ਫ਼ਾ. چکن ਕਸ਼ੀਦਾ। ੩. ਕਸ਼ੀਦੇ ਵਾਲਾ ਵਸਤ੍ਰ.

ਚਿਕਨਤਾ: ਸੰਗਯਾ- ਚਿਕ੍ਕਣਤਾ. ਚਿਕਨਾਪਨ.

ਚਿਕਨਾ: ਦੇਖੋ, ਚਿਕਣਾ.

ਚਿਕਨਿ, ਚਿਕਨਿਯਾ: ਵਿ- ਬਾਂਕਾ. ਸ਼ਰੀਰ ਨੂੰ ਸਾਫ ਅਤੇ ਚਿਕਨਾ ਰੱਖਣ ਵਾਲਾ. "ਯੌਂ ਛਲ ਛੈਲਿ ਚਿਕਨਿ ਸਨ ਗਈ." (ਚਰਿਤ੍ਰ ੩੪੫)

ਚਿਕਰ: ਦੇਖੋ, ਚਿਕੁਰ। ੨. ਦੇਖੋ, ਚਿੱਕੜ.

ਚਿਕੜ: ਸੰ. ਚਿਕਿਲ. ਸੰਗਯਾ- ਗਾਰਾ. ਕੀਚ. ਪੰਕ.

ਚਿਕੜਿ: ਚਿੱਕੜ (ਗਾਰੇ) ਨਾਲ. "ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰਬੰਧ." (ਵਾਰ ਮਲਾ ਮਃ ੧) ੨. ਚਿੱਕੜ (ਗਾਰੇ) ਵਿੱਚ.

ਚਿਕੜੀ: ਸੰਗਯਾ- ਉਹ ਗਾਰਾ ਜੋ ਬਹੁਤ ਗਹਿਰਾ ਨਹੀਂ। ੨. ਇੱਕ ਲੱਕੜ, ਜੋ ਪੀਲੇ ਰੰਗ ਦੀ ਬਹੁਤ ਚਿਕਨੀ ਹੁੰਦੀ ਹੈ. ਇਸ ਦੇ ਕੰਘੇ ਬਹੁਤ ਸੁੰਦਰ ਬਣਦੇ ਹਨ.

ਚਿਕਾਰ: ਫ਼ਾ. چکار ਕਜਾ ਕਾਰਜ. ਕਿਸ ਕੰਮ. "ਤਬ ਚਿਕਾਰੇ ਬਿਦਾਇ." (ਤਿਲੰ ਮਃ ੫)

ਚਿੰਕਾਰ: ਸੰ. चीत्कार ਚੀਤ੍ਕਾਰ. ਸੰਗਯਾ- ਚਿੱਲਾਨੇ (ਚੀਕਣ) ਦਾ ਸ਼ਬਦ. ਚਿੱਲਾਹਟ। ੨. ਹਾਥੀ ਆਦਿ ਜੀਵਾਂ ਦੀ ਚਿੰਘਾਰ.

ਚਿਕਾਰਾ, ਚਿੰਕਾਰਾ: ਸੰਗਯਾ- ਇੱਕ ਤਾਰਦਾਰ ਵਾਜਾ, ਜਿਸ ਦੇ ਚਾਰ ਜਾਂ ਪੰਜ ਤਾਰਾਂ ਹੁੰਦੀਆਂ ਹਨ ਅਤੇ ਗਜ ਨਾਲ ਵਜਾਈਦਾ ਹੈ। ੨. ਰੱਤਾ ਹਰਿਣ. ਲਾਲ ਮ੍ਰਿਗ. ਇਹ ਦੌੜਨ ਸਮੇਂ ਚੀਤਕਾਰ ਕਰਦਾ ਹੈ. ਇਹ ਰੇਤਲੀ ਜ਼ਮੀਨ ਵਿੱਚ ਬਹੁਤ ਹੁੰਦਾ ਹੈ. ਸੰ. धिक्कार ਛਿੱਕਾਰ.

ਚਿਕਿਤਸਕ: ਸੰ. चिकित्सक ਸੰਗਯਾ- ਚਿਕਿਤਸਾ (ਰੋਗ ਦੂਰਕਰਨ ਦਾ ਯਤਨ) ਕਰਨ ਵਾਲਾ ਵੈਦ੍ਯ.

ਚਿਕਿਤਸਾ: ਸੰ. ਚਿਕਿਤ੍ਸਾ ਸੰਗਯਾ- ਇਲਾਜ ਰੋਗ ਦੂਰ ਕਰਨ ਦੀ ਕ੍ਰਿਯਾ. ਵੈਦੰਗੀ. ਵੈਦਗੀ.

ਚਿਕੀਰਸਾ, ਚਿਕੀਰਖਾ: ਸੰ. ਚਿਕੀਰ੍ਸ਼ਾ. ਸੰਗਯਾ- ਕੰਮ ਕਰਨ ਦੀ ਇੱਛਾ. ਕਿਸੇ ਕੰਮ ਦੇ ਕਰਨ ਦੀ ਖ਼੍ਵਾਹਿਸ਼.

ਚਿਕੁਰ: ਸੰ. ਸੰਗਯਾ- ਕੇਸ਼. ਸਿਰ ਦੇ ਰੋਮ। ੨. ਪੇਟਬਲ ਚਲਣ ਵਾਲੇ ਜੀਵ। ੩. ਛਛੂੰਦਰ. ਚਚੂੰਧਰ। ੪. ਕਾਟੋ. ਗਿਲਹਰੀ. ਗਾਲ੍ਹੜ.

ਚਿਕ੍ਕਣ, ਚਿਕ੍ਕਨ: ਚਿਕਣਾ. ਥੰਧਾ. ਦੇਖੋ, ਚਿਕਣ. "ਚਿਕ੍ਕਨ ਬਾਸਨ ਬੂੰਦ ਜਿਮ ਛੁਈ ਨ ਮਨ ਕਛੁ ਲਜਾਇ." (ਗੁਪ੍ਰਸੂ)

ਚਿਖ, ਚਿਖਾ: ਸੰ. ਚਿਤਾ. ਸੰਗਯਾ- ਮੁਰਦਾ ਦਾਹ ਕਰਨ ਲਈ ਲੱਕੜਾਂ ਦਾ ਚਿਣਿਆ ਹੋਇਆ ਢੇਰ. ਹਿੰਦੂ ਧਰਮ ਦੇ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਜਿਨ੍ਹਾਂ ਬਿਰਛਾਂ ਵਿੱਚ ਦੁੱਧ ਹੈ ਉਨ੍ਹਾਂ ਦੀ ਲੱਕੜ ਚਿਤਾ ਲਈ ਉੱਤਮ ਹੈ, ਅਤੇ ਨਰ ਮੁਰਦੇ ਨੂੰ ਦੱਖਣ ਵੱਲ ਪੈਰ ਕਰਕੇ ਚਿਤਾ ਪੁਰ ਮੂਧਾ ਪਾਉਣਾ ਚਾਹੀਏ ਅਰ ਇਸਤ੍ਰੀ ਨੂੰ ਸਿੱਧੇ ਮੂੰਹ ਲੇਟਾਉਣਾ ਵਿਧਾਨ ਹੈ. ਸਿੱਖਮਤ ਵਿੱਚ ਚਿਤਾ ਸੰਬੰਧੀ ਕੋਈ ਖ਼ਾਸ ਲੱਕੜ ਜਾਂ ਦਿਸ਼ਾ ਦਾ ਨੇਮ ਨਹੀਂ ਹੈ.

ਚਿੰਗਾਰੀ, ਚਿੰਗਿਆੜੀ: ਦੇਖੋ, ਚਿਨਗਾਰੀ.

ਚਿੰਘਾਰ, ਚਿੰਗਿਆੜ: ਦੇਖੋ, ਚਿੰਕਾਰ. ਕੂਕ. ਪੁਕਾਰ. "ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨਿਆਤ ਹੈ." (ਅਕਾਲ)

ਚਿਚੜ, ਚਿਚੜੀ: ਸੰਗਯਾ- ਚਰਮਕ੍ਰਿਮਿ. ਲਹੂ ਪੀਣ ਵਾਲਾ ਇੱਕ ਜੀਵ, ਜੋ ਤੁਚਾ (ਖੱਲਾ) ਨਾਲ ਚਿਮਟਕੇ ਰਹਿੰਦਾ ਹੈ (tick). ੨. ਗੁਣ ਤਜਾਗਕੇ ਔਗੁਣ ਗ੍ਰਹਿਣ ਕਰਨ ਵਾਲਾ ਪੁਰਖ। ੩. ਚਚਿੰਕਾ. ਦੁਰਗਾ. ਦੇਵੀ. "ਚਿਚੜੀ ਚਾਵਡਾ" (ਪਾਰਸਾਵ)

ਚਿੰਚਾ: ਸੰ. ਚਿਞ੍ਚਾ ਸੰਗਯਾ- ਇਮਲੀ ਦਾ ਦਰਖ਼ਤ.

ਚਿੱਚੜ, ਚਿੱਚੜੀ: ਦੇਖੋ, ਚਿਚੜ- ਚਿਚੜੀ.

ਚਿੱਛਰ, ਚਿੱਛੁਰ: ਦੇਖੋ, ਚਛਰਾਸੁਰ. "ਬਲੀ ਚਾਮਰੇਵੰ। ਹਠੀ ਚਿੱਛੁਰੇਵੰ." (ਚੰਡੀ ੨)

ਚਿੰਜੁ, ਚਿੰਜੂ: ਸੰ. ਚਞ੍ਚੁ ਚੰਚੁ. ਸੰਗਯਾ- ਚੁੰਜ. "ਚੋਂਚ. ਚਿੰਜੁ ਭਰੀ ਗੰਧੀ ਆਇ." (ਸਵਾ ਮਃ ੧) "ਚਿੰਜੂ ਬੋੜਨਿ ਨ ਪੀਵਹਿ." ( ਸ. ਫਰੀਦ)

ਚਿਟ: ਸੰ. ਚਿਟ੍ ਧਾ- ਸੇਵਕ ਹੋਣਾ. ਦਾਸ਼ ਬਣਨਾ.

ਚਿਟਕਾਰ: ਸੰਗਯਾ- ਚਿਟ ਚਿਟ ਧੁਨੀ। ੨. ਕ੍ਰਿਸ਼ਨਾਵਤਾਰ ਵਿੱਚ ਲਿਖਾਰੀ ਨੇ ਛਿਟਕਾਰ ਦੀ ਥਾਂ ਚਿਟਕਾਰ ਸ਼ਬਦ ਲਿਖ ਦਿੱਤਾ ਹੈ. ਯਥਾ- "ਚਿਟਕਾਰਨ ਸੋਂ ਭਿਰਹੈਂ ਤਿਹ ਜਾ." (੫੦੨) ਪਾਣੀ ਦੇ ਛੱਟਿਆਂ ਨਾਲ ਭਿੜਦੇ ਹਨ.

ਚਿਟਵਾ, ਚਿਟਵੀ: ਵਿ- ਚਿੱਟਾ. ਚਿੱਟੀ. ਉੱਜਲ. "ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ." (ਵਾਰ ਸ੍ਰੀ ਮਃ ੧)

ਚਿਟਾ: ਵਿ- ਸਫ਼ੇਦ. ਨਿਰਮਲ. ਉੱਜਲ. "ਚਿਟੇ ਜਿਨ ਕੇ ਕਪੜੇ ਮੈਲੇ ਚਿਤੁ ਕਠੋਰ ਜੀਉ." (ਸੂਹੀ ਅਃ ਮਃ ੧)

ਚਿਟਾਨ: ਦੇਖੋ, ਚਟਾਨ.

ਚਿੱਟਾ: ਦੇਖੋ, ਚਿਟਾ.

ਚਿੱਟੇ ਬਾਜ਼ ਵਾਲਾ: ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਜੋ ਚਿੱਟਾ ਬਾਜ਼ ਹੱਥ ਤੇ ਰੱਖਦੇ ਹਨ. ਸ਼੍ਵੇਤ ਬਾਜ਼ ਵਾਲਾ. ਬੱਗੇ ਬਾਜ਼ ਵਾਲਾ.

ਨੀਚ ਨੀਚ ਆਖਕੇ ਅਛੂਤ ਦੁਰਕਾਰਿਆਂ

ਨੂੰ ਕੌਣ ਚੁੱਕ ਪੁੱਤਾਂ ਵਾਂਗ ਛਾਤੀ ਨਾਲ ਲਾਂਉਂਦਾ?

ਇੱਕ ਘਰ ਹੋਣ ਜਿੱਥੇ ਬਾਰਾਂ ਚੁਲ੍ਹੇ ਵੱਖ ਵੱਖ

ਕੋਣ ਉਨ੍ਹਾਂ ਇੱਕ ਭਾਂਡੇ ਅੰਮ੍ਰਿਤ ਪਿਆਉਂਦਾ?

ਬਿਨਾ ਘਰ ਧਰ ਜੇੜੇ ਫਿਰਨ ਵ੍ਰਿਜੇਸ਼ਹਰਿ

ਕੌਣ ਤਿਨ੍ਹਾਂ ਰਾਜ ਦੇ ਸਿੰਘਾਸਨ ਬਹਾਉਂਦਾ?

ਹੁੰਦੇ ਕਿਵੇਂ ਚਿੜੇ ਬਾਜ਼ ਗਿੱਦੜ ਬਬਰ ਸ਼ੇਰ

ਚਿੱਟੇ ਬਾਜ਼ਵਾਲਾ ਜੇ ਨਾ ਜਗ ਵਿੱਚ ਆਂਉਂਦਾ?

ਚਿੱਠਾ: ਸੰਗਯਾ- ਤਨਖ਼੍ਵਾਹ ਦਾ ਹਿਸਾਬ. ਬਰਾਵੁਰਦ। ੨. ਲੰਮੀ ਚਿੱਠੀ. "ਚਿੱਠਾ ਖੋਲ ਜਾਨ ਸਭ ਆਸਯ." (ਗੁਪ੍ਰਸੂ) ੩. ਹਿਸਾਬ ਦੇ ਵੇਰਵੇ ਦਾ ਕਾਗਜ.

ਚਿੱਠੀ: ਸੰਗਯਾ- ਪਤ੍ਰਿਕਾ. ਖ਼ਤ੍. ਨਾਮਹ.

ਚਿੰਡੋਲ: ਦੇਖੋ, ਚੰਡੋਲ.

ਚਿਣਗ: ਸੰਗਯਾ- ਚਿੰਗਾਰੀ. ਅਗਨੀ ਦਾ ਜ਼ match. ਸਫੁਲਿੰਗ. ਚਿਣਗ। ੨. ਇੱਕ ਮੂਤ੍ਰਰੋਗ. ਦੇਖੋ, ਚਿਨਗ ੨.

ਚਿਣਤੀ: ਸੰਗਯਾ- ਚਿਣਾਈ. ਉਸਾਰੀ. ਦੇਖੋ, ਚਿਣਨਾ.

ਚਿਣਨਾ: ਸੰ. ਚਯਨ. ਸੰਗਯਾ- ਉਸਾਰੀ ਕਰਨੀ. ਇੱਟ ਪੱਥਰ ਆਦਿਕ ਨੂੰ ਗਾਰੇ ਚੂੰਨੇ ਆਦਿ ਨਾਲ ਯਥਾਕ੍ਰਮ ਇ਼ਮਾਰਤ ਵਿੱਚ ਲਾਉਣਾ। ੨. ਚਿੰਣਕੇ ਡੇਰ ਲਾਉਂਣਾ.

ਚਿਤ: ਸੰ. ਚਿੱਤ. ਦੇਖੋ, ਅੰਤਹਕਰਣ. "ਰੇ ਚਿਤ, ਚੇਤਸਿ ਕੀ ਨ ਦਇਆਲ?" (ਆਸਾ ਧੰਨਾ) ੨. ਸੰ. ਚਿਤ੍ ਧਾ- ਵਿਚਾਰ ਕਰਨਾ, ਯਾਦ ਕਰਨਾ। ੩. ਸੰਗਯਾ- ਗ੍ਯਾਨ. ਚੇਤਨਾ। ੪. ਵਿ- ਚਿਣਿਆ ਹੋਇਆ। ੫. ਢਕਿਆ ਹੋਇਆ। ੬. ਚਿੰਤਨ ਦੀ ਥਾਂ ਭੀ ਚਿਤ ਸ਼ਬਦ ਆਇਆ ਹੈ. ਦੇਖੋ, ਮਨ ੧੧.। ੭. ਦੇਖੋ, ਚਿੱਤ ੨। ੮. ਚਿਤਵਤ ਦਾ ਸੰਖੇਪ. ਦੇਖਣ ਸਾਰ. "ਲੀਨੋ ਮਨ ਮੇਰੋ ਹਰ ਨੈਨਕੋਰ ਚਿਤਹੀ." (ਚੰਡੀ ੧) ਦੇਖਦੇ ਹੀ ਮਨ ਹਰਲੀਨੋ.

ਚਿੰਤ: ਸੰ. ਚਿਨ੍ਤ ਧਾ- ਵਿਚਾਰ ਕਰਨਾ, ਸਮਰਣ ਕਰਨਾ। ੨. ਸੰਗਯਾ- ਫ਼ਿਕਰ. ਚਿੰਤਾ. "ਚਿੰਤ ਗਈ ਲਗਿ ਸਤਿਗੁਰ ਪਾਏ." (ਭੈਰ ਮਃ ੫) ੩. ਈਰਖਾ. ਹਸਦ. "ਹਮ ਨਾਹੀ ਚਿੰਤ ਪਰਾਈ ਚੁਖਾ." (ਵਾਰ ਵਡ ਮਃ ੪)

ਚਿਤਉਰ: ਦੇਖੋ, ਚਤੌੜ.

ਚਿੰਤਕ: ਵਿ- ਚਿਤਵਨ ਵਾਲਾ. ਵਿਚਾਰਨ ਵਾਲਾ. ਸੋਚਣ ਵਾਲਾ.

ਚਿਤਕਬਰਾ: ਵਿ- ਚਿਤ੍ਰ ਕਬੁੰਰ. ਡੱਬ ਖੜੱਬਾ.

ਚਿਤਕਾਰ: ਦੇਖੋ, ਚਿਤ੍ਰਕਾਰ. "ਤਜਿ ਚਿਤ੍ਰੈ ਚੇਤਹੁ ਚਿਤਕਾਰੀ." (ਗਉ ਕਬੀਰ ਬਾਵਨ) ਚਿਤ੍ਰ ਜਗਤ, ਚਿਤ੍ਰਕਾਰ ਕਰਤਾਰ.

ਚਿਤਕਾਰੀ: ਸੰਗਯਾ- ਚਿਤ੍ਰਕਾਰੀ. ਮੁਸੱਵਰੀ। ੨. ਚਿਤ੍ਰਕਾਰ ਨੂੰ. ਦੇਖੋ, ਚਿਤਕਾਰ.

ਚਿਤਗੁਪਤ: ਦੇਖੋ, ਚਿਤ੍ਰਗੁਪਤ. "ਚਿਤਗੁਪਤ ਕਰਮਹਿ ਜਾਨ." (ਬਿਲਾ ਅਃ ਮਃ ੫) ਕਰਮ ਹੀ ਚਿਤ੍ਰਗੁਪਤ ਹਨ.

ਚਿਤਚਰਨ: ਵਿ- ਚਿੱਤ ਵਿੱਚ ਵਸਣ ਵਾਲਾ "ਚਿਤਚਰਨ ਨਾਮ." (ਜਾਪੁ)

ਚਿਤਚਾਰ: ਵਿ- ਚਿੱਤ ਵਿੱਚ ਵਿਚਰਨ ਵਾਲਾ. ਮਨਭਾਵਨ.

ਚਿਤਚੋਰ: ਵਿ- ਚਿੱਤ ਕਰਾਉਣ ਵਾਲਾ. ਮਨਹਰ.

ਚਿੰਤਤ: ਸੰ. ਚਿੰਤਿਤ. ਵਿ- ਚਿਤਵਿਆ. "ਮਨਚਿੰਤਤ ਸਗਲੇ ਫਲ ਪਾਏ." (ਆਸਾ ਮਃ ੫) ੨. ਚਿੰਤਾਤੁਰ. ਫ਼ਿਕਰਮੰਦ. "ਚਿੰਤਤ ਹੀ ਦੀਸੈ ਸਭੁਕੋਇ." (ਓਅੰਕਾਰ)

ਚਿਤਨ: ਦੇਖੋ, ਚਿੰਤਨ। ੨. ਸੰ. ਚੇਤਨ. "ਕਹਾਂ ਚਿਤਨ ਕੀ ਚੇਸਟਾ?" (ਅਕਾਲ)

ਚਿੰਤਨ: ਸੰ. ਸੰਗਯਾ- ਸਮਰਣ. ਵਿਚਾਰ. ਧ੍ਯਾਨ. "ਸੁਭਚਿੰਤਨ ਗੋਬਿੰਦਰਮਣ." (ਵਾਰ ਗੂਜ ੨. ਮਃ ੫)

ਚਿੰਤਪੂਰਣੀ, ਚਿੰਤਪੂਰਨੀ: ਚਿੰਤਾਪੂਰਣੀ. ਹਿੰਦੂਖ਼ਿਆਲ ਅਨੁਸਾਰ ਚਿੰਤਿਤ (ਚਿਤਵੇ) ਸੰਕਲਪਾਂ ਦੇ ਪੂਰਣ ਵਾਲੀ ਇੱਕ ਦੇਵੀ, ਜਿਸਦਾ ਮੰਦਿਰ ਹੁਸ਼ਿਆਰਪੁਰ ਦੇ ਜ਼ਿਲੇ ਹੈ. [२४] ਇਸ ਦੇਵੀ ਦੇ ਨਾਮ ਤੋਂ ਪਿੰਡ ਦਾ ਨਾਮ ਭੀ ਚਿੰਤਪੂਰਨੀ ਹੋ ਗਿਆ ਹੈ। ੨. ਹੁਸ਼ਿਆਰਪੁਰ ਦੇ ਜ਼ਿਲੇ ਇੱਕ ਪਹਾੜਧਾਰਾ ਜਿਸ ਨੂੰ ਸੋਲਾਸਿੰਘੀ (ਸੋਲਹ ਸ਼੍ਰਿੰਗੀ) ਭੀ ਆਖਦੇ ਹਨ. ਇਹ ਜਸਵਾਨ ਦੂਨ ਦੀ ਪੂਰਵੀ ਹੱਦ ਹੈ.

ਚਿਤਬਿਤ: ਦੇਖੋ, ਚਿਤ ਅਤੇ ਬਿਤ। ੨. ਚਿੱਤਵ੍ਰਿੱਤਿ ਮਨ ਦੀ ਬਿਰਤੀ.

ਚਿੰਤਭਵਨ: ਸੰਗਯਾ- ਸ਼ੋਕਾਗਾਰ. ਰਾਜਮਹਿਲ ਵਿੱਚ ਉਹ ਕਮਰਾ, ਜਿਸ ਵਿੱਚ ਸ਼ੋਕ ਸਮੇਂ ਬੈਠੀਦਾ ਹੈ.

ਚਿੰਤਭਵਨਿ: ਸ਼ੋਕਾਗਾਰ ਵਿੱਚ. ਦੇਖੋ, ਚਿੰਤਭਵਨ. "ਚਿੰਤਭਵਨਿ ਮਨ ਪਰਿਓ ਹਮਾਰਾ." (ਆਸਾ ਕਬੀਰ) ੨. ਚਿੰਤਾ ਦੀ ਭ੍ਰਮਰੀ (ਘੁੰਮਣਘੇਰੀ).

ਚਿਤਭ੍ਰਮ: ਸੰਗਯਾ- ਚਿੱਤਭ੍ਰਮ. ਦਿਲ ਦਾ ਵਹਿਮ. "ਹਰਿਚੰਦਉਰੀ ਚਿਤਭ੍ਰਮ ਸਖੀਏ." (ਬਿਲਾ ਮਃ ੫)

ਚਿਤਮਨ: ਦੇਖੋ, ਚਿਤਵਨ.

ਚਿਤਮਿਤਾਲਾ: ਵਿ- ਚਿਤ੍ਰ ਵਿਚਿਤ੍ਰ. ਰੰਗ ਬਰੰਗਾ. ਡੱਬਖੜੱਬਾ. ਦੇਖੋ, ਫੋਫਲਾ.

ਚਿਤਵਉ: ਚਿਤਵਨ ਕਰੋ. ਧ੍ਯਾਨ ਕਰੋ. "ਚਿਤਿ ਚਿਤਵਉ ਚਰਣਾਰਬਿੰਦ." (ਬਾਵਨ) ੨. ਚਿਤਵਉਂ. ਚਿੰਤਨ ਕਰਦਾ ਹਾਂ.

ਚਿਤਵਹਿ: ਚਿੰਤਨ ਕਰਦਾ ਹੈ. ਸੋਚਦਾ ਹੈ. ਖ਼ਿਆਲ ਕਰਦਾ ਹੈ. "ਜੋ ਜੋ ਚਿਤਵਹਿ ਸਾਧੁਜਨ ਸੋ ਲੇਤਾ ਮਾਨਿ." (ਬਿਲਾ ਮਃ ੫)

ਚਿਤਵਤ: ਚਿੰਤਨ ਕਰਦੇ ਹੋਏ. ਵਿਚਾਰਦੇ. ਸੋਚਦੇ ਹੋਏ. "ਚਿਤਵਤ ਪਾਪ ਨ ਆਲਕੁ ਆਵੈ." (ਭੈਰ ਮਃ ੫)

ਚਿਤਵਨ: ਸੰਗਯਾ- ਚਿੰਤਨ. ਵਿਚਾਰ. ਧ੍ਯਾਨ. "ਚਿਤਵਉ ਚਰਨਾਰਬਿੰਦ." (ਕਾਨ ਮਃ ੫) ੨. ਦੇਖਣਾ. ਤੱਕਣਾ. ਅਵਲੋਕਨ। ੩. ਨਿਗਾਹ. ਦ੍ਰਿਸ਼੍ਟਿ.

ਚਿਤਵਨਿ, ਚਿਤਵਨੀ: ਸੰਗਯਾ- ਵਿਚਾਰ. ਸੋਚ. "ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ." (ਕਲਿ ਮਃ ੪)

੨. ਦ੍ਰਿਸ਼੍ਟੀ. ਨਜਰ. ਨਿਗਾਹ। ੩ਕ੍ਰਿ. ਵਿ- ਚਿੰਤਨਸ਼ਕਤੀ (ਸੋਚ) ਦ੍ਵਾਰਾ. "ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ." (ਸਾਰ ਮਃ ੫)

ਚਿਤਵਾ: ਦੇਖੋ, ਚਿਤ੍ਰਕ. ਚਿੱਤਾ. "ਜਯੋਂ ਚਿਤਵਾ ਮ੍ਰਿਗ ਪੇਖਕੈ ਦੌਰਤ." (ਕ੍ਰਿਸਨਾਵ)

ਚਿਤਵੀ: ਚਿੰਤਨ ਕੀਤੀ. ਵਿਚਾਰੀ। ੨. ਚਿਤ੍ਰਿਤ. ਚਿੱਤੀ ਹੋਈ. "ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ." (ਸੂਹੀ ਮਃ ੧) ਜੋ ਚਾਰੇ ਪਾਸਿਓਂ ਚਿੱਤੀਆਂ ਹੋਈਆਂ।

ਚਿਤਵੈ: ਚਿੰਤਨ ਕਰਦਾ ਹੈ. ਚਿਤਵਦਾ ਹੈ. "ਅਨਦਿਨੁ ਚਿੰਤਾ ਚਿਤਵੈ." (ਸਵਾ ਮਃ ੪)

ਚਿਤਾ: ਦੇਖੋ, ਚਿਖਾ। ੨. ਦੇਖੋ, ਚਿੱਤਾ.

ਚਿੰਤਾ: ਸੰ. ਸੰਗਯਾ- ਫ਼ਿਕਰ. ਸੋਚ. "ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ." (ਵਾਰ ਰਾਮ ੧. ਮਃ ੨) ੨. ਧ੍ਯਾਨ. ਚਿੰਤਨ. "ਐਸੀ ਚਿੰਤਾ ਮਹਿ ਜੇ ਮਰੈ." (ਗੂਜ ਤ੍ਰਿਲੋਚਨ)

ਚਿਤਾਉਣਾ: ਕ੍ਰਿ- ਚੇਤੇ ਲਿਆਉਣਾ. ਚਿੰਤਨ ਕਰਾਉਣਾ। ੨. ਦੂਜੇ ਦਾ ਮਨ ਆਪਣੇ ਵੱਲ ਲਿਆਉਣਾ. ਚਿੱਤ ਖਿੱਚ ਲੈਣਾ. "ਸ਼ਹਿਰ ਚਿਤਾਇ ਲਿਆਉ." (ਜਸਭਾਮ) ੩. ਫ਼ਕੀਰਾਂ ਦੇ ਸੰਕੇਤ ਵਿੱਚ ਮੰਗਣਾ.

ਚਿਤਾਸਾ: ਸੰਗਯਾ- ਚਿੱਤ ਆਸ਼ਯ. ਹ੍ਰਿਦਯ ਸ੍ਥਲ. "ਜਿਨ ਹਰਿਪ੍ਰੀਤਿ ਚਿਤਾਸਾ." (ਗੌਡ ਮਃ ੪) ੨. ਚਿੱਤ- ਆਸ਼ਾ. ਮਨ ਦੀ ਇੱਛਾ. ਦਿਲੀ ਖ਼੍ਵਾਹਿਸ਼.

ਚਿੰਤਾਪੂਰਨੀ: ਦੇਖੋ, ਚਿੰਤਪੂਰਣੀ.

ਚਿੰਤਾਮਣਿ, ਚਿੰਤਾਮਨਿ: ਸੰਗਯਾ- ਪੁਰਾਣਾਂ ਅਨੁਸਾਰ ਇੱਕ ਮਣਿ (ਰਤਨ), ਜੋ ਮਨਚਿਤਵੇ ਪਦਾਰਥ ਦਿੰਦੀ ਹੈ। ੨. ਗੁਰਬਾਣੀ ਅਨੁਸਾਰ ਪਾਰਬ੍ਰਹ੍ਮ. ਕਰਤਾਰ. "ਚਿੰਤਾਮਣਿ ਕਰੁਣਾਮਏ." (ਗਉ ਮਃ ੫) "ਨਾਨਕ ਕਹਿਤ ਚੇਤ ਚਿੰਤਾਮਨਿ." (ਸੋਰ ਮਃ ੯)

ਚਿਤਾਰਣ, ਚਿਤਾਰਣਾ, ਚਿਤਾਰਨਾ: ਕ੍ਰਿ- ਚਿੱਤ ਧਾਰਣਾ. ਚਿੰਤਨ ਕਰਨਾ. "ਨਾਨਕ ਦਾਸ ਚਿਤਾਰਣਾ." (ਮਾਰੂ ਸੋਲਹੇ ਮਃ ੫)

ਚਿਤਾਰਾ: ਚਿੰਤਨ ਕੀਤਾ. "ਸਾਧੁਸੰਗਿ ਹਰਿ ਹਰਿ ਨਾਮੁ ਚਿਤਾਰਾ." (ਟੋਡੀ ਮਃ ੫)

ਚਿਤਾਰਿ: ਕ੍ਰਿ. ਵਿ- ਚਿੰਤਨ ਕਰੇ. "ਗੁਰਮੰਤ੍ਰੜਾ ਚਿਤਾਰਿ, ਨਾਨਕ ਦੁਖ ਨ ਥੀਵਈ." (ਵਾਰ ਗੂਜ ੨. ਮਃ ੫) ੨. ਸੰਗਯਾ- ਚਿੰਤਨ ਦੀ ਕ੍ਰਿਯਾ. ਧ੍ਯਾਨ। ੩. ਚਿੰਤਨਸ਼ਕਤਿ. "ਸਾਸਿ ਸਾਸਿ ਹਰਿ, ਦੇਹੁ ਚਿਤਾਰਿ." (ਭੈਰ ਮਃ ੫)

ਚਿਤਾਰੀ: ਚਿਤਾਰਕੇ. ਸਿਮਰਕੇ. "ਹਰਿਜਨੁ ਜੀਵੈ ਨਾਮੁ ਚਿਤਾਰੀ." (ਗਉ ਮਃ ੫)

ਚਿਤਾਵਨੀ: ਸੰਗਯਾ- ਚਿੰਤਨ ਕਰਾਉਣ ਦੀ ਕ੍ਰਿਯਾ. ਸੂਚਨਾ. ਚੇਤੇ ਕਰਾਉਣ ਦਾ ਭਾਵ.

ਚਿਤਿ: ਸੰਗਯਾ- ਚਿੱਤਣ (ਚਿਤ੍ਰ) ਦੀ ਕ੍ਰਿਯਾ. "ਦੁਯਾ ਕਾਗਲੁ ਚਿਤਿ ਨ ਜਾਣਦਾ." (ਸ੍ਰੀ ਮਃ ੫) ਕਰਤਾਰ ਦੀ ਮਹਿਮਾ ਤੋਂ ਛੁੱਟ ਦੂਜਾ ਕਾਗਜ਼ ਲਿਖਣਾ ਨਹੀਂ ਜਾਣਦਾ। ੨. ਚਿੱਤ ਵਿੱਚ, ਚਿੱਤ ਅੰਦਰ, "ਹਰਿਨਾਮੁ ਚਿਤਿ ਨ ਆਵਈ." (ਮਲਾ ਅਃ ਮਃ ੩) ੩. ਸੰ. ਚਿਤਾ. ਚਿਖਾ। ੪. ਸਮੂਹ. ਢੇਰ। ੫. ਚਿਣਾਈ. ਇੱਟ ਪੱਥਰ ਆਦਿ ਦੇ ਚਿਣਨ ਦੀ ਕ੍ਰਿਯਾ। ੬. ਚੈ- ਤਨ੍ਯਤਾ।੭ ਦੁਰਗਾ। ੮. ਦੇਖੋ, ਡਾਕੀ ੩.। ੯. ਨਿਰਵਿਕਲਪ ਗ੍ਯਾਨ.

ਚਿੰਤਿਤ: ਦੇਖੋ, ਚਿੰਤਤ.

ਚਿੰਤੀ: ਸੰਗਯਾ- ਚਿੰਤਾ. "ਚੂਕੈ ਮਨ ਕੀ ਚਿੰਤੀ." (ਸੋਰ ਮਃ ੫)

ਚਿਤੀਸ: ਸੰਗਯਾ- ਚਿਤੇਰਾ. ਚਿੱਤਣ ਵਾਲਾ. ਚਿਤ੍ਰਕਾਰ। ੨. ਕਾਠ ਪੱਥਰ ਆਦਿ ਉੱਤੇ ਟਕਾਈ ਦਾ ਕੰਮ ਕਰਨ ਵਾਲਾ. "ਦਿਪੈਂ ਚਾਰ ਪਾਏ। ਚਿਤੀਸੰ ਬਨਾਏ." (ਗੁਵਿ ੧੦) ੩. ਚਿੱਤ- ਈਸ਼. ਮਨ ਦਾ ਸ੍ਵਾਮੀ. ਅੰਤਹਕਰਣ ਦਾ ਪ੍ਰੇਰਕ ਆਤਮਾ.

ਚਿਤੁਗੁਪਤ, ਚਿਤ੍ਰਗੁਪਤ: ਦੇਖੋ, ਚਿਤ੍ਰਗੁਪਤ. "ਗਾਵਹਿ ਚਿਤੁ- ਗੁਪਤੁ ਲਿਖਿ ਜਾਣਹਿ." (ਜਪੁ)

ਚਿਤੇ: ਚਿਤ੍ਰਿਤ ਕੀਤੇ. ਰੰਗੇ ਹੋਏ. "ਚਿਤੇ ਦਿਸਹਿ ਧਉਲਹਰ." (ਸ੍ਰੀ ਅਃ ਮਃ ੧)

ਚਿਤੇਹੀਆ: ਚੇਤੇ ਹਾਂ. ਯਾਦ ਹਾਂ. ਚਿੱਤ ਵਿੱਚ ਆਈ ਹਾਂ. "ਹਉ ਕਿਸ ਚਿਤੇਹੀਆ?" (ਜੈਤ ਛੰਤ ਮਃ ੫)

ਚਿਤੇਨ: ਵਿ- ਜੜ੍ਹਤਾ ਰਹਿਤ. ਚੈਤਨ੍ਯ. ਸਾਵਧਾਨ. "ਗੁਰਿ ਕੀਏ ਸੁਚਿਤ ਚਿਤੇਨ." (ਕਾਨ ਮਃ ੪) ੨. ਚਿਤਵਨ ਮਾਤ੍ਰ ਤੋਂ. ਦੇਖਣਸਾਰ.

ਚਿਤੇਰਾ: ਸੰਗਯਾ- ਚਿਤ੍ਰਕਾਰ. ਮੁਸੱਵਰ. "ਤਜਿ ਚਿਤ੍ਰੈ ਚਿਤੁ ਰਾਖਿਚਿਤੇਰਾ." (ਗਉ ਕਬੀਰ ਬਾਵਨ) ਚਿਤ੍ਰ ਜਗਤ ਅਤੇ ਚਿਤ੍ਰਕਾਰ ਕਰਤਾਰ ਹੈ.

ਚਿਤੇਰੀ: ਚਿਤ੍ਰ ਲਿਖਣ ਵਾਲੀ। ੨. ਚਿੰਤਨ ਕੀਤੀ. ਵਿਚਾਰੀ.

ਚਿਤੇਰੇ: ਚਿਤੇਰਾ ਦਾ ਬਹੁਵਚਨ। ੨. ਚਿੰਤਨ ਕਰਕੇ. ਯਾਦ ਕਰਕੇ. "ਮਨੁ ਜੀਵੈ ਪ੍ਰਭਨਾਮੁ ਚਿਤੇਰੇ." (ਵਡ ਮਃ ੫)

ਚਿਤੈ: ਚਿਤਵਦਾ ਹੈ. ਚਿੰਤਨ ਕਰਦਾ ਹੈ. "ਚਿਤੈ ਬਿਕਾਰਾ." (ਮਾਰੂ ਸੋਲਹੇ ਮਃ ੩) ੨. ਚਿੱਤ ਦੇ. ਮਨ ਦੇ. "ਚਿਤੈ ਅੰਦਰਿ ਸਭਕੋ." (ਵਾਰ ਆਸਾ) ੩. ਚਿਤ੍ਰ ਦੇ. ਮੂਰਤੀ ਦੇ. "ਚਿਤੈ ਅੰਦਰ ਚੇਤ ਚਿਤੇਰੈ." (ਭਾਗੁ) ਚਿਤ੍ਰ ਦੇ ਵਿੱਚ ਚਿਤ੍ਰਕਾਰ ਨੂੰ ਧ੍ਯਾਨ ਕਰ.

ਚਿਤੈਨੀ: ਚਿਤਵੀ. ਖ਼ਿਆਲ ਕੀਤੀ. ਸੋਚੀ. "ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ." (ਬਿਲਾ ਮਃ ੪) ਉਹ ਕਰਦਾ ਹੈ ਜੋ ਮੇਰੇ ਦਿਲ ਨੇ ਕਦੇ ਚਿਤਵੀ ਨਹੀਂ। ੨. ਚੇਤਨਤਾ.

ਚਿਤੌਨ: ਸੰਗਯਾ- ਚਿਤਵਨ. ਦ੍ਰਿਸ਼੍ਟਿ. ਨਿਗਾਹ. "ਚਖਨ ਚਿਤੌਨ ਸੋ ਚੁਰਾਇ ਚਿਤ ਮੇਰੋ ਲਿਯੋ." (ਚਰਿਤ੍ਰ ੧੨)

ਚਿਤੌਰ, ਚਿਤੌੜ, ਚਿਤੌੜਗੜ੍ਹ: ਦੇਖੋ, ਚਤੌੜਗੜ੍ਹ.

ਚਿਤੰਨ: ਵਿ- ਚੈਤਨ੍ਯ. ਚੇਤਨਤਾ ਸਹਿਤ. "ਜੋਊ ਪਾਰਿਜਾਤ ਨ ਚਿੰਤਨ ਗਤਿਦਾਨ ਨਹੀਂ." (ਨਾਪ੍ਰ) ਪਾਰਿਜਾਤ ਬਿਰਛ ਚੇਤਨ ਨਹੀਂ ਅਤੇ ਮੁਕਤਿ ਦੇਣ ਵਾਲਾ ਨਹੀਂ. ਦੇਖੋ, ਸੁਰਤਰੁ.

ਚਿੱਤ: ਦੇਖੋ, ਚਿਤ। ੨. ਚੁਫਾਲ ਡਿਗਣ ਨੂੰ ਭੀ ਚਿੱਤ ਆਖੀਦਾ ਹੈ. ਜਿਵੇਂ- ਉਹ ਚਿੱਤ ਡਿੱਗਿਆ.

ਚਿੱਤਣਾ: ਕ੍ਰਿ- ਚਿਤ੍ਰਿਤ ਕਰਨਾ. ੨. ਕਾਠ ਆਦਿ ਪੁਰ ਖੋਦਕੇ ਚਿਤ੍ਰ ਬਣਾਉਣਾ.

ਚਿੱਤਭ੍ਰਮ: ਦੇਖੋ, ਭ੍ਰਮ.

ਚਿੱਤਾ: ਚੀਤਾ. ਦੇਖੋ, ਚਿਤ੍ਰਕ.

ਚਿੱਤਿ: ਸੰ. ਸੰਗਯਾ- ਪ੍ਰਸਿੱਧੀ. ਸ਼ੁਹਰਤ। ੨. ਬੁੱਧਿਵ੍ਰਿੱਤਿ। ੩. ਦਲੀਲ. ਯੁਕ੍ਤਿ। ੪. ਤਜਵੀਜ਼. ਬਜੋਂਤ। ੫. ਭਕ੍ਤਿ. ਸ਼੍ਰੱਧਾ.

ਚਿੱਤੌਰ: ਦੇਖੋ, ਚਤੌੜਗੜ੍ਹ.

ਚਿਤ੍ਰ: ਸੰ. चित्र् ਧਾ- ਤਸਵੀਰ ਖਿੱਚਣਾ, ਅਚਰਜ ਕਰਨਾ ਅਤੇ ਅਚਰਜ ਦੇਖਣਾ। ੨. ਸੰਗਯਾ- ਲਿਖੀ ਹੋਈ ਤਸਵੀਰ. "ਚਚਾ ਰਚਿਤ ਚਿਤ੍ਰ ਹੈ ਭਾਰੀ." (ਗਉ ਬਾਵਨ ਕਬੀਰ) ਇਸ ਥਾਂ ਜਗਤਰੂਪ ਮੂਰਤਿ ਹੈ। ੩. ਦੇਖੋ, ਚੰਚਲਾ। ੪. ਕਾਵ੍ਯ ਦਾ ਇੱਕ ਅਲੰਕਾਰ. ਰਚਨਾ ਵਰਣਨ ਕੀ ਜਹਾਂ ਕੀਜੈ ਅਧਿਕ ਵਿਚਿਤ੍ਰ, ਕਵਿਅਨ ਕੇ ਮਤ ਜਾਨਿਯੇ ਅਲੰਕਾਰ ਸੋ ਚਿਤ੍ਰ. ਇਹ ਸ਼ਬਦਾਲੰਕਾਰ ਹੈ. ਚਿਤ੍ਰਕਾਵ੍ਯ ਨੂੰ ਵਿਦ੍ਵਾਨਾਂ ਨੇ ਅਧਮ ਕਾਵ੍ਯ ਲਿਖਿਆ ਹੈ, ਕਿਉਂਕਿ ਇਸ ਵਿੱਚ ਕੋਈ ਚਮਤਕਾਰੀ ਕਵਿਤਾ ਨਹੀਂ ਹੋ ਸਕਦੀ, ਕੇਵਲ ਬਾਲ ਲੀਲ੍ਹਾ ਅਤੇ ਖੇਲਮਾਤ੍ਰ ਰਚਨਾ ਹੁੰਦੀ ਹੈ. ਭਾਵੇਂ ਅਨੇਕ ਕਵੀਆਂ ਨੇ ਇਸ ਅਲੰਕਾਰ ਦੇ ਬਹੁਤ ਭੇਦ ਥਾਪੇ ਹਨ, ਪਰ ਮੁੱਖ ਪੰਜ ਹਨ, ਜਿਨ੍ਹਾਂ ਦੇ ਅੰਦਰ ਸਾਰੇ ਹੀ ਭੇਦ ਆ ਜਾਂਦੇ ਹਨ-

ਵਰਣਚਿਤ੍ਰ, ਸ੍ਥਾਨਚਿਤ੍ਰ, ਆਕਰਚਿਤ੍ਰ, ਗਤਿਚਿਤ੍ਰ ਅਤੇ ਭਾਸ਼ਾਚਿਤ੍ਰ.

(ੳ) ਵਰਣਚਿਤ੍ਰ ਇੱਕ ਪ੍ਰਕਾਰ ਦਾ ਅਕ੍ਸ਼ਰਖੇਲ ਹੈ, ਅਰਥਾਤ ਇੱਕ ਅੱਖਰ ਵਿੱਚ ਹੀ ਛੰਦਰਚਨਾ ਕਰਨੀ, ਜਾਂ ਛੰਦ ਦੇ ਸਾਰੇ ਅੱਖਰ ਲਘੁ ਅਥਵਾ ਗੁਰੁ ਹੋਣ ਅਤੇ ਕਿਸੇ ਅੱਖਰ ਨੂੰ ਮਾਤ੍ਰਾ ਨਾ ਲਾਉਣੀ, [25] ਆਦਿ.

(ਅ) ਸ੍ਥਾਨਚਿਤ੍ਰ ਉਸ ਨੂੰ ਆਖਦੇ ਹਨ ਕਿ ਅੱਖਰਾਂ ਦੇ ਅਸਥਾਨ[26] ਵਿਚਾਰਕੇ. ਇੱਕ ਥਾਂ ਬੋਲਣ ਵਾਲੇ ਹੀ ਅੱਖਰ ਇੱਕ ਛੰਦ ਵਿੱਚ ਵਰਤਣੇ, ਦੂਜੇ ਥਾਂ ਦਾ ਅੱਖਰ ਨਾ ਵਰਤਣਾ. ਇਸੇ ਦੇ ਅੰਦਰ ਨਿਰੋਸ਼੍ਠ[27] ਭੀ ਆ ਜਾਂਦਾ ਹੈ.

(ੲ) ਆਕਾਰਚਿਤ੍ਰ ਉਹ ਹੈ ਕਿ ਕਮਲ, ਗਊ, ਚੌਰ ਆਦਿ ਦੀ ਮੂਰਤੀ ਲਿਖਕੇ ਉਸ ਵਿੱਚ ਛੰਦ ਲਿਖਣਾ, ਯਥਾ ਕਮਲਚਿਤ੍ਰ

(fig.)

ਜਿਨ ਦਾਨ ਦੀਨ, ਤਿਨ ਮਾਨ ਲੀਨ,

ਗੁਨ ਗਜਾਨ ਹੀਨ, ਜਨ ਜਾਨ ਖੀਨ.

(ਸ) ਗਤਿਚਿਤ੍ਰ ਉਸ ਦਾ ਨਾਮ ਹੈ ਕਿ ਸਿੱਧਾ ਪੜ੍ਹੀਏ ਤਦ ਹੋਰ ਪਾਠ, ਪੁੱਠਾ ਪੜ੍ਹੀਏ ਤਦ ਹੋਰ ਪਾਠ[੨੮] ਅਥਵਾ ਸਿੱਧਾ ਪੁੱਠਾ ਪੜ੍ਹਨ ਤੋਂ ਇੱਕੋ ਪਾਠ ਰਹੇ[੨੯] ਇਤ੍ਯਾਦਿ.

(ਹ) ਭਾਸ਼ਾਚਿਤ੍ਰ ਉਸ ਨੂੰ ਕਹੀਦਾ ਹੈ ਕਿ ਅਨੇਕ ਭਾਸ਼ਾ ਮਿਲਾਕੇ ਛੰਦਰਚਨਾ ਕੀਤੀ ਜਾਵੇ. ਇਸ ਦੀ ਸੰਗ੍ਯਾ "ਭਾਸ਼ਾਸਮਕ" ਭੀ ਹੈ.

ਉਦਾਹਰਣ-

ਮੀਰਾ ਦਾਨਾ ਦਿਲ ਸੋਚ,

ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀਮੋਚ.

ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ,

ਪਾਕ ਪਰਵਦਿਗਾਰ ਤੂ ਖੁਦਿ ਖਸਮੁ ਵਡਾ ਅਤੋਲੁ,

ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ,

ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ.

(ਤਿਲੰ ਮਃ ੧)

ਗਾਜੇ ਮਹਾਸੂਰ ਘੁੰਮੀ ਰਣੰ ਹੂਰ

ਭੂੰਮੀ ਨਭੰ ਪੂਰ ਬੇਖੰ ਅਨੂਪੰ,

ਵਲੇ ਵਲੀ ਸਾਂਈਂ ਜੀਵੀਂ ਜੁਗਾਂ ਤਾਈਂ

ਤੈਂਡੇ ਘੋਲੀ ਜਾਂਈ ਅਲਾਵੀ ਤ ਐਸੇ,

ਲਗੋ ਲਾਰ ਥਾਨੇ ਬਰੋ ਰਾਜ ਮ੍ਹਾਨੇ

ਕਹੋ ਔਰ ਕਾਨੇ ਹਠੀ ਛਾਡ ਥੇਸੌਂ,

ਬਰੋ ਆਨ ਮੋਕੋ ਭਜੋ ਆਜ ਤੋਕੋ

ਚਲੋ ਦੇਵਲੋਕੋ ਤਜੋ ਬੇਗ ਲੰਕਾ.

(ਰਾਮਾਵ)

ਆਫਤਾਬ ਸੇ ਰੌਸ਼ਨ ਹੋ ਤੁਮ ਹਿਮਕਰ ਸੇ ਅਤਿ ਸੀਤ,

ਧਰਤੀ ਵਾਂਙ ਖਿਮਾਂ ਨੂੰ ਧਰਦੇ ਰਹੋਂ ਸਦਾ ਨਿਰਭੀਤ. ੫. ਚਿਤ੍ਰ ਅਲੰਕਾਰ ਦਾ ਇੱਕ ਭੇਦ "ਅਰਥਚਿਤ੍ਰ" ਭੀ

ਕਵੀਆਂ ਨੇ ਮੰਨਿਆ ਹੈ, ਜੋ ਉਭਯਾਲੰਕਾਰ ਹੈ. ਇਸ

ਦਾ ਰੂਪ ਹੈ ਕਿ ਪ੍ਰਸ਼ਨ ਦਾ ਪਦ ਹੀ ਉੱਤਰ ਹੋਵੇ.

ਜਹਿਂ ਬੂਝਤ ਕਛੁ ਬਾਤ ਕੋ ਉੱਤਰ ਸੋਈ ਬਾਤ,

ਚਿਤ੍ਰ ਕਹਿਤ ਮਤਿਰਾਮ ਕਵਿ ਸਕਲ ਸੁ ਮਤਿ ਅਵਦਾਤ.

(ਲਲਿਤ ਲਲਾਮ)

ਉਦਾਹਰਣ-

ਕੋ ਕਹਿਯੇ ਜਲ ਤੇ ਸੁਖੀ, ਕਾ ਕਹਿਯੇ ਪਰ ਸ਼ਜਾਮ?

(ਚਿਤ੍ਰਚੰਦ੍ਰਿਕਾ)

ਕੋ ਕਹਿਯੇ ਜਲ ਤੇ ਸੁਖੀ?

ਇਸ ਦਾ ਉੱਤਰ- ਕੋਕ ਹਿਯੇ ਜਲ ਤੇ ਸੁਖੀ.

ਕਾ ਕਹਿਯੇ ਪਰ ਸ਼ਜਾਮ?

ਇਸ ਦਾ ਉੱਤਰ- ਕਾਕ ਹਿਯੇ ਪਰ ਸ਼ਜਾਮ.

(ਅ) ਅਨੇਕ ਪ੍ਰਸ਼ਨਾਂ ਦਾ ਇੱਕ ਪਦ ਨਾਲ ਹੀ ਉੱਤਰ ਦੇਣਾ, ਇਹ ਅਰਥਚਿਤ੍ਰ ਦਾ ਦੂਜਾ ਰੂਪ ਹੈ. ਇਸ ਦੀ ਸੰਗਜਾ ਸ਼ਾਸਨੋੱਤਰ ਹੈ.

ਪ੍ਰਸ਼੍ਨ ਅਨੇਕਨ ਕੋ ਇੱਕ ਉੱਤਰ।

ਭੇਦ ਚਿਤ੍ਰ ਜਾਨੋ ਸ਼ਾਸਨੋਤਰ.

ਉਦਾਹਰਣ-

ਕੋ ਸ਼ਤ੍ਰੂ ਰਤਿਨਾਥ ਕੋ? ਸ਼ਿਵਅਰਿ ਕੋ ਕਜਾ ਨਾਮ?

ਕਿਹ ਬਿਨ ਜੀਵਨ ਦੁਖੀ ਹੈ? ਉੱਤਰ ਦੀਨੋ 'ਕਾਮ'. ਤਿੰਨਾਂ ਪ੍ਰਸ਼ਨਾ ਉੱਤਰ "ਕਾਮ" ਪਦ ਨਾਲ ਦਿੱਤਾ. "ਕਾਮ" ਦਾ ਅਰਥ ਹੈ ਮਹਾਦੇਵ, ਅਨੰਗ ਅਤੇ ਕੰਮ. ਰਾਜਦ੍ਵਾਰ ਅਰੁ ਮਾਨਸਰ ਕਮਲ ਦੇਵਤਾਅੰਗ, ਕਿਸ ਸੇ ਸ਼ੋਭਨ ਹੋਤ ਹੈਂ? ਉੱਤਰ ਹੈ ਸਾਰੰਗ. "ਸਾਰੰਗ" ਸ਼ਬਦ ਨਾਲ ਚੌਹਾਂ ਪ੍ਰਸ਼ਨਾਂ ਦਾ ਉੱਤਰ ਦਿੱਤਾ, ਅਰਥਾਤ ਰਾਜਦ੍ਵਾਰ ਹਾਥੀ ਘੋੜੇ ਨਾਲ ਸੋਭਦਾ ਹੈ, ਮਾਨਸਰੋਵਰ ਰਾਜਹੰਸਾਂ ਸਾਥ, ਕਮਲ ਭੌਰਿਆਂ ਕਰਕੇ ਅਤੇ ਦੇਵਤਾ ਦੇ ਅੰਗ ਚੰਦਨ ਕਪੂਰ ਨਾਲ ਸ਼ੋਭਾ ਪਾਉਂਦੇ ਹਨ.

੬. ਅਰਥਪ੍ਰਹੇਲਿਕਾ ਅਰਥਾਲੰਕਾਰ ਚਿਤ੍ਰ ਦਾ ਤੀਜਾ ਰੂਪ ਹੈ. ਇਹ ਐਸੀ ਬੁਝਾਰਤ ਹੋਇਆ ਕਰਦੀ ਹੈ ਜਿਸ ਦੇ ਅਰਥਵਿਚਾਰ ਤੋਂ ਵਸਤੁ ਦਾ ਗਜਾਨ ਹੋਵੇ, ਪਰ ਬੁਝਾਰਤ ਵਿੱਚ ਸਪਸ਼੍ਟ ਨਾਮ ਨਾ ਦੱਸਿਆ ਜਾਵੇ.

ਉਦਾਹਰਣ-

ਪਉਣੈ ਪਾਣੀ ਅਗਨੀ ਕਾ ਮੇਲ,

ਚੰਚਲ ਚਪਲਬੁਧਿ ਕਾ ਖੇਲੁ,

ਨਉ ਦਰਵਾਜੇ ਦਸਵਾਂ ਦੁਆਰੁ,

ਬੁਝੁ ਰੇ ਗਿਆਨੀ ਏਹੁ ਬੀਚਾਰੁ." (ਗਉ ਮਃ ੧)

ਇਸ ਬੁਝਾਰਤ ਵਿੱਚ ਸ਼ਰੀਰ ਦਾ ਵਰਣਨ ਹੈ.

ਪੰਚ ਮਨਾਏ ਪੰਚ ਰੁਸਾਏ,

ਪੰਚ ਵਸਾਏ ਪੰਚ ਗਵਾਏ, ³⁰

ਇਨ ਬਿਧਿ ਨਗਰੁ ਵੁਠਾ ਮੇਰੇ ਭਾਈ.

(ਆਸਾ ਅਃ ਮਃ ੫)

ਸਾਰਾ ਪਉਣਾ ਦੂਜਾ ਗਉਣਾ,

ਨਰ ਨਾਰੀ ਥੇ ਦੋਨੋ ਭਉਣਾ,

ਕੁਛ ਖਾਧਾ ਕੁਛ ਲੈ ਕੇ ਸਉਣਾ,

ਉੱਤਰ ਦੇਹ ਗੁਰੂ ਜੀ ਕਉਣਾ?

ਇੱਕ ਰਾਜਕੁਮਾਰੀ ਨੇ ਦਸ਼ਮੇਸ਼ ਪਾਸ ਇਹ ਪ੍ਰਸ਼ਨ ਕੀਤੇ, ਜਿਨ੍ਹਾਂ ਦਾ ਉੱਤਰ ਭਾਈ ਸੰਤੋਖ ਸਿੰਘ ਜੀ ਦੇ ਲਿਖਣ ਅਨੁਸਾਰ ਇਹ ਹੈ-

ਜਾਣੋ ਸਾਰਾ ਦੇਵਤਨ ਪੌਣਾ ਮਾਣਸਦੇਹ,

ਦੁਵਿਧਾ ਦੂਜੀ ਕਰ ਗਮਨ ਨਰ ਨਾਰੀ ਹ੍ਵੈ ਖੇਹ,

ਉਭੈ ਲੋਕ ਭੌਦਾਂ ਫਿਰੈ ਖਾਧਾ ਖਰਚ ਜਮਾਲ,

ਪ੍ਰਲੈ ਭਈ ਸੌਣਾ ਹੁਆ ਉੱਤਰ ਤੁਮਰਾ ਬਾਲ.

(ਗੁਪ੍ਰਸੂ)

ਪਾਨੀ ਮੇ ਨਿਸ ਦਿਨ ਰਹੇ ਜਾਂਕੇ ਹਾਡ ਨ ਮਾਸ,

ਕਾਮ ਕਰੇ ਤਰਵਾਰ ਕੋ ਫਿਰ ਪਾਨੀ ਮੇ ਬਾਸ.

(ਚਿਤ੍ਰਚੰਦ੍ਰਿਕਾ)

ਇਹ ਕੁੰਭਕਾਰ (ਕੁਮ੍ਹਿਆਰ) ਦਾ ਡੋਰਾ ਹੈ। ੭. ਦੇਖੋ, ਚਿਤ੍ਰਕੂਸ਼੍ਰ। ੮. ਚਰਾਇਤਾ। ੯. ਵਿ- ਰੰਗਬਰੰਗਾ. ਡੱਬਖੜੱਬਾ.

ਚਿਤ੍ਰਸਾਲ, ਚਿਤ੍ਰਸਾਲਾ: ਸੰਗਯਾ- ਉਹ ਮਕਾਨ, ਜਿਸ ਵਿੱਚ ਸੁੰਦਰ ਤਸਵੀਰਾਂ ਲਿਖੀਆਂ ਹੋਣ। ੨. ਦੀਵਾਨਖ਼ਾਨਾ. ਮੂਰਤਿ ਆਦਿ ਨਾਲ ਸਜਿਆ ਹੋਇਆ ਮਕਾਨ. "ਚਿਤ੍ਰਸਾਲ ਸੁੰਦਰ ਬਾਗ ਮੰਦਰ." (ਗੂਜ ਮਃ ੫) "ਬੈਕੁੰਠਭਵਨ ਚਿਤ੍ਰਸਾਲਾ." (ਮਲਾ ਨਾਮਦੇਵ) ੩. ਉਹ ਘਰ ਜਿਸ ਵਿੱਚ ਤਸਵੀਰਾਂ ਬਣਾਈਆਂ ਜਾਣ. Studio.

ਚਿਤ੍ਰਕ: ਸੰ. ਸੰਗਯਾ- ਚੀਤਾ. ਚਿੱਤਾ. ਗੁਲਦਾਰ ਬਾਘ ਜੇਹਾ ਇੱਕ ਚੁਪਾਇਆ ਜੀਵ, ਜੋ ਮਾਸ ਆਹਾਰੀ ਹੈ. ਇਸ ਨੂੰ ਸਿਧਾਕੇ ਮ੍ਰਿਗ ਦਾ ਸ਼ਿਕਾਰ ਭੀ ਕਰੀਦਾ ਹੈ. Leopard. ਦੇਖੋ, ਸਾਰਦੂਲ ਅਤੇ ਸਿੰਘ ਸ਼ਬਦ। ੨. ਮੁਸੱਵਰ. ਤਸਵੀਰ ਲਿਖਣ ਵਾਲਾ। ੩. ਇੱਕ ਬੂਟੀ. ਚਿਤ੍ਰਾ. ਇਹ ਲਹੂ ਨੂੰ ਸਾਫ ਕਰਦੀ ਅਤੇ ਬਲਗਮ ਦੂਰ ਕਰਦੀ ਹੈ, ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. L. Plumbago Zeylanica । ੪. ਕੌਡਿਆਲਾ ਸੱਪ। ੫. ਏਰੰਡ।

ਚਿਤ੍ਰਕਲਾ: ਸੰਗਯਾ- ਤਸਵੀਰ ਲਿਖਣ ਦੀ ਵਿਦਯਾ. ਮੁਸੱਵਰੀ. ੨. ਦੇਖੋ, ਘਨਕਲਾ.

ਚਿਤ੍ਰਕਾਰ: ਸੰਗਯਾ- ਤਸਵੀਰ ਬਣਾਉਣ ਵਾਲਾ. ਮੁਸੱਵਰ।

ਚਿਤ੍ਰਕਾਰੀ: ਸੰਗਯਾ- ਤਸਵੀਰ ਲਿਖਣ ਦੀ ਕ੍ਰਿਯਾ. ਮੁਸੱਵਰੀ.

ਚਿਤ੍ਰਕੁਸ਼੍ਰ, ਚਿਤ੍ਰਕੁਸ਼੍ਠ: ਦੇਖੋ, ਸ੍ਵੇਤਕੁਸ਼੍ਠ.

ਚਿਤ੍ਰਕੂਟ: ਮੱਧਭਾਰਤ ਵਿੱਚ ਬੁੰਦੇਲਖੰਡ ਦੇ ਬਾਂਦਾ ਜ਼ਿਲੇ ਵਿੱਚ ਇੱਕ ਪਹਾੜ, ਜੋ ਪਯਸ੍ਵਿਨੀ (ਮੰਦਾਕਿਨੀ) ਨਦੀ ਦੇ ਪਾਸ ਹੈ. ਇਹ ਜੀ. ਆਈ. ਪੀ. ਰੇਲਵੇ ਦੇ ਚਿਤ੍ਰਕੂਟ ਸਟੇਸ਼ਨ ਤੋਂ ਕਰੀਬ ਚਾਰ ਮੀਲ ਹੈ. ਇਸ ਪਹਾੜ ਪੁਰ ਰਾਮ, ਸੀਤਾ, ਅਤੇ ਲਮਛਨ ਬਨਬਾਸ ਸਮੇਂ ਕੁਟੀ ਬਣਾਕੇ ਰਹੇ ਹਨ। ਵਾਲਮੀਕਿ ਰਿਖੀ ਦਾ ਆਸ਼੍ਰਮ ਭੀ ਇਸ ਪਹਾੜ ਪੁਰ ਹੈ.

ਚਿਤ੍ਰਕੰਠ: ਸੰਗਯਾ- ਰੰਗ ਬਰੰਗਾ ਹੈ ਜਿਸ ਦਾ ਗਲਾ, ਕਬੂਤਰ.

ਚਿਤ੍ਰਗੁਪਤ: ਸੰ. चित्रगुप्त ਗੁਰਮਤ ਅਨੁਸਾਰ ਸਾਕ੍ਸ਼ੀ ਆਤਮਾ. ਜ਼ਮੀਰ, ਜੋ ਗੁਪਤ ਰੀਤਿ ਨਾਲ ਸ਼ੁਭ ਅਸ਼ੁਭ ਕਰਮਾਂ ਨੂੰ ਚਿਤ੍ਰ ਕਰਦਾ ਹੈ. ਦੇਖੋ, ਕਾਇਥਚੇਤ੍ਰ। ੨. ਪੁਰਾਣਾਂ ਅਨੁਸਾਰ ਧਰਮਰਾਜ ਦਾ ਇੱਕ ਮੁਨਸ਼ੀ, ਜੋ ਸਾਰੇ ਜੀਵਾਂ ਦੇ ਕਰਮ ਗੁਪਤ ਰੀਤਿ ਨਾਲ ਲਿਖਦਾ ਹੈ. ਸਕੰਦਪੁਰਾਣ ਵਿੱਚ ਲੇਖ ਹੈ ਕਿ ਇੱਕ "ਚਿੱਤ੍ਰ" ਨਾਉਂ ਦਾ ਰਾਜਾ, ਹ਼ਿਸਾਬ ਵਿੱਚ ਵਡਾ ਨਿਪੁਣ ਸੀ. ਯਮਰਾਜ ਨੇ ਆਪਣੇ ਦਫ਼ਤਰ ਦਾ ਹ਼ਿਸਾਬ ਠੀਕ ਰੱਖਣ ਵਾਸਤੇ ਉਸ ਨੂੰ (ਜਦ ਕਿ ਉਹ ਨਦੀ ਵਿੱਚ ਨ੍ਹਾਉਣ ਵੜਿਆ) ਚੁੱਕ ਮੰਗਵਾਇਆ ਅਤੇ ਦਫ਼ਤਰ ਦਾ ਕੰਮ ਉਸ ਦੇ ਸਪੁਰਦ ਕੀਤਾ.

ਭਵਿਸ਼੍ਯਤ ਪੁਰਾਣ ਵਿੱਚ ਲਿਖਿਆ ਹੈ ਕਿ ਜਦ ਬ੍ਰਹਮਾ ਸ੍ਰਿਸ਼੍ਟਿ ਰਚਕੇ ਧ੍ਯਾਨਪਰਾਇਣ ਹੋਇਆ. ਤਦ ਉਸ ਦੇ ਸ਼ਰੀਰ ਵਿੱਚੋਂ ਇੱਕ ਚਿਤ੍ਰ (ਰੰਗ ਬਰੰਗਾ) ਪੁਰੁਸ਼ ਪ੍ਰਗਟ ਹੋਇਆ, ਜਿਸ ਦੇ ਹੱਥ ਕਲਮ ਦਵਾਤ ਸੀ. ਬ੍ਰਹਮਾ ਦੀ ਅੱਖ ਖੁੱਲਣ ਪੁਰ ਉਸ ਨੇ ਆਖਿਆ ਕਿ ਮੇਰਾ ਨਾਮ ਅਤੇ ਕੰਮ ਦੱਸੋ. ਬ੍ਰਹਮਾ ਨੇ ਕਿਹਾ ਕਿ ਤੂੰ ਮੇਰੇ ਕਾਯ (ਸ਼ਰੀਰ) ਤੋਂ ਪ੍ਰਗਟ ਹੋਇਆ ਹੈਂ, ਇਸ ਲਈ 'ਕਾਯਸ੍‍ਥ' ਸੰਗ੍ਯਾ ਹੋਈ, ਅਰ ਤੇਰਾ ਕੰਮ ਜੀਵਾਂ ਦੇ ਕਰਮ ਲਿਖਣ ਦਾ ਹੋਵੇਗਾ. ਕਾਯਸ੍‍ਥ ਲੋਕ ਆਖਦੇ ਹਨ ਕਿ ਸਾਡਾ ਵਡੇਰਾ ਇਹੀ ਹੈ.

ਗਰੁੜਪੁਰਾਣ ਅਨੁਸਾਰ ਚਿਤ੍ਰਗੁਪਤ ਦੀ ਪੁਰੀ ਜੁਦੀ ਹੈ, ਜੋ ਯਮਰਾਜ ਦੀ ਪੁਰੀ ਦੇ ਪਾਸ ਹੈ. ਚਿਤ੍ਰਗੁਪਤ ਦੀ ਪੂਜਾ ਕੱਤਕ ਸੁਦੀ ੨. (ਯਮਦ੍ਵਿਤੀਯਾ- ਭਾਈਦੂਜ) ਨੂੰ ਹੋਇਆ ਕਰਦੀ ਹੈ. "ਚਿਤ੍ਰਗੁਪਤ ਕਾ ਕਾਗਦ ਫਾਰਿਆ ਜਮਦੂਤਾਂ ਕਛੂ ਨ ਚਲੀ." (ਸ੍ਰੀ ਛੰਤ ਮਃ ੫)

ਇਸਲਾਮ ਮਤ ਵਿੱਚ ਭੀ ਚਿਤ੍ਰਗੁਪਤ ਦੇ ਮੁਕਾਬਲੇ ਫਰਿਸ਼ਤੇ ਹਨ. ਦੇਖੋ, ਫ਼ਰਿਸ਼ਤਾ.

ਚਿਤ੍ਰਜੋਧੀ: ਵਿ- ਵਿਚਿਤ੍ਰ ਯੁੱਧ ਕਰਨ ਵਾਲਾ. "ਬਡੋ ਚਿਤ੍ਰਜੋਧੀ ਕਰੋਧੀ ਕਰਾਲੰ." (ਪਾਰਸਾਵ)

ਚਿਤ੍ਰਦਰਸ਼ਨ: ਸੰਗ੍ਯਾ- ਕਾਵ੍ਯ ਅਨੁਸਾਰ ਪ੍ਰੀਤਮ ਦਾ ਚਿਤ੍ਰ ਦੇਖਕੇ ਮਨ ਵਿੱਚ ਮਿਤ੍ਰ ਦੀ ਮੂਰਤਿ ਦਾ ਧ੍ਯਾਨ ਆਉਣਾ. ਮੂਰਤਿ ਦੇਖਕੇ ਚਿਤ੍ਰ ਦਾ ਰੂਪ ਹੀ ਹੋ ਜਾਣਾ. ਦੇਖੋ, ਦਰਸ਼ਨ.

ਚਿਤ੍ਰਧਨੀ: ਸੰਗ੍ਯਾ- ਚਿਤ੍ਰਵਿਦ੍ਯਾ ਦਾ ਧਨੀ. ਉੱਤਮ ਚਿਤ੍ਰਕਾਰ (ਮੁਸੱਵਰ). "ਮਾਨੋ ਲਿਖੀ ਚਿਤ੍ਰਧਨੀ." (ਹਨੂ)

ਚਿਤ੍ਰਨਿ: ਦੇਖੋ, ਚਿਤ੍ਰਿਣੀ। ੨. ਦੇਖੋ, ਚਿਤ੍ਰਨਿਇਸ.

ਚਿਤ੍ਰਨਿਇਸ: ਚਿਤ੍ਰਾ ਨਕ੍ਸ਼ਤ੍ਰ ਦਾ ਈਸ਼ (ਸ੍ਵਾਮੀ) ਚੰਦ੍ਰਮਾ. "ਤਮਅੰਤਕ ਪਰਕਾਸ ਸਕਲ ਜਿਸ। ਦਿਜਵਰ ਪ੍ਰਜਾਨਾਥ ਚਿਤ੍ਰਨਿਇਸ." (ਸਲੋਹ)

ਚਿਤ੍ਰਨੀ: ਦੇਖੋ, ਚਿਤ੍ਰਿਨੀ.

ਚਿਤ੍ਰਪਦਾ: ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਦੋ ਭਗਣ, ਦੋ ਗੁਰੁ, SII, SII, S, S. ਇਸ ਭੇਦ ਦਾ ਨਾਮ ਵਿਚਿਤ੍ਰਪਦਾ ਭੀ ਹੈ.

ਉਦਾਹਰਣ-

ਪ੍ਰੇਮ ਕਰੈਂ ਗੁਰੁਬਾਨੀ। ਸੀਖ ਧਰੈਂ ਸੁਖਦਾਨੀ।

ਕੇਸ਼ ਕ੍ਰਿਪਾਨ ਧਰੰਤੇ। ਸਿੰਘ ਸਰੂਪ ਲਖੰਤੇ।।

(੨) ਚਿਤ੍ਰਪਦਾ ਦਾ ਦੂਜਾ ਰੂਪ- ਪ੍ਰਤਿ ਚਰਣ ਸੱਤ ਭਗਣ ਅੰਤ ਗੁਰੁ ਲਘੁ. SII, SII, SII, SII, SII, SII, SII, S, I. ਇਸ ਦੀ "ਚਕੋਰ" ਸੰਗ੍ਯਾ ਭੀ ਹੈ.

ਉਦਾਹਰਣ-

ਪਾਰ ਪਰੇ ਜਗਸਾਗਰ ਤੇ ਉਰ

ਤੇ ਪਰਦਾ ਭ੍ਰਮ ਕੋ ਸਭ ਪਾਰ,

ਪਾਰਦ ਕੇ ਸਮ ਜੋ ਮਨ ਚੰਚਲ

ਤਾ ਮਹਿਂ ਮੂਲ ਵਿਕਾਰ ਉਪਾਰ,

ਪਾਰਨ ਪ੍ਰੇਮ ਕਰੈਂ ਗੁਰੁ ਨਾਨਕ

ਜੋ ਸ਼ਰਣਾਗਤ ਕੇ ਪ੍ਰਤਿਪਾਰ,

ਪਾਰਸ ਜ੍ਯੋਂ ਛੁਇ ਜਾਤ ਜਿਨੈ

ਸਮ ਲੋਹ ਜੁ ਕੰਚਨ ਹੋਤ ਅਪਾਰ.

(ਗੁਪ੍ਰਸੂ)

ਚਿਤ੍ਰਪੁਤ੍ਰਿਕਾ: ਸੰਗ੍ਯਾ- ਚਿਤ੍ਰਪੁਤੱਲਿਕਾ. ਲਿਖੀ ਹੋਈ ਮੂਰਤਿ.

ਚਿਤ੍ਰਭਾਨੁ: ਸੰ. ਸੰਗ੍ਯਾ- ਅਗਨੀ. ਅੱਗ। ੨. ਸੂਰਜ। ੩. ਅਸ਼੍ਵਿਨੀ ਕੁਮਾਰ। ੪. ਅੱਕ। ੫. ਮਣਿਪੁਰ ਦਾ ਰਾਜਾ, ਜੋ ਚਿਤ੍ਰਾਂਗਦਾ ਦਾ ਪਿਤਾ ਅਤੇ ਅਰਜੁਨ ਦਾ ਸਹੁਰਾ ਸੀ.

ਚਿਤ੍ਰਰਥ: ਰੰਗ ਬਰੰਗੇ ਰਥਵਾਲਾ ਸੂਰਜ। ੨. ਦਕ੍ਸ਼ ਦੀ ਪੁਤ੍ਰੀ ਮੁਨਿ ਦੇ ਉਦਰ ਤੋਂ ਕਸ਼ੑਯਪ ਦਾ ਪੁਤ੍ਰ ਇੱਕ ਗੰਧਰਵ। ੩. ਕ੍ਰਿਸ਼ਨ ਜੀ ਦਾ ਇੱਕ ਪੋਤਾ, ਜੋ ਗਦ ਦਾ ਪੁਤ੍ਰ ਸੀ.

ਚਿਤ੍ਰਰਿਖਾ, ਚਿਤ੍ਰਰੇਖ, ਚਿਤ੍ਰਰੇਖਾ, ਚਿਤ੍ਰਲੇਖਾ: ਸੰ. चित्रलेखा ਵਾਣ (ਬਾਣਾਸੁਰ) ਦੇ ਮੰਤ੍ਰੀ ਕੁਸ਼੍ਮਾਂਡ ਦੀ ਪੁਤ੍ਰੀ, ਜੋ ਤਸਵੀਰ ਲਿਖਣ ਦੀ ਅਲੌਕਿਕ ਵਿਦ੍ਯਾ ਜਾਣਦੀ ਸੀ. ਇਹ ਬਾਣ ਦੀ ਪੁਤ੍ਰੀ ਊਸ਼ਾ ਦੀ ਪਿਆਰੀ ਸਹੇਲੀ ਸੀ. ਦੇਖੋ, ਊਖਾ. "ਤੌ ਲਗ ਚਿਤ੍ਰਰਿਖਾ ਜੁ ਹੁਤੀ ਸੁ ਸਖੀ ਇਹ ਕੀ ਇਹ ਕੇ ਢਿਗ ਆਈ." (ਕ੍ਰਿਸਨਾਵ) "ਚਿਤ੍ਰਰੇਖ ਤਬ ਸੋਚ ਜਨਾਈ." (ਕ੍ਰਿਸਨਾਵ)

ਚਿਤ੍ਰਵਿਦ੍ਯਾ: ਸੰਗ੍ਯਾ- ਤਸਵੀਰ ਲਿਖਣ ਦੀ ਵਿਦ੍ਯਾ. ਮੁਸੱਵਰੀ। ੨. ਅਲੌਕਿਕ ਵਿਦ੍ਯਾ.

ਚਿਤ੍ਰਵਿਲਾਸ: ਸ਼ੰਕਰਾਚਾਰਯ ਦਾ ਇੱਕ ਪ੍ਰਸਿੱਧ ਚੇਲਾ। ੨. ਲਹੌਰ ਨਿਵਾਸੀ ਅਮ੍ਰਿਤਰਾਯ ਕਵਿ ਦਾ ਰਚਿਆ ਇੱਕ ਕਾਵ੍ਯ ਦਾ ਗ੍ਰੰਥ. ਦੇਖੋ, ਅਮ੍ਰਿਤਰਾਯ.

ਚਿਤ੍ਰਾ: ਦੇਖੋ, ਚਿਤ੍ਰਕ। ੨. ਸੰ. ਸੰਗ੍ਯਾ- ਇੱਕ ਨਛਤ੍ਰ, ਜਿਸ ਦੀ 'ਤਾਰਾ' ਸੰਗ੍ਯਾ ਭੀ ਹੈ. ਪੁਰਾਣਾਂ ਵਿੱਚ ਚਿਤ੍ਰਾ ਨੂੰ ਚੰਦ੍ਰਮਾ ਦੀ ਇਸਤ੍ਰੀ ਲਿਖਿਆ ਹੈ. "ਚਿਤ੍ਰਾ ਕੇ ਸਮੇਤ ਚੰਦ ਆਨਦ ਬਲੰਦ ਕਰ." (ਗੁਪ੍ਰਸੂ) ੩. ਮਜੀਠ। ੪. ਜਵਾਯਨ। ੫. ਸ੍ਵਰਗ ਦੀ ਇੱਕ ਅਪਸਰਾ। ੬. ਡਬਖੜੱਬੀ (ਚਿਤਕਬਰੀ) ਗਊ। ੭. ਇੱਕ ਨਦੀ, ਜੋ ਕਿਸੇ ਸਮੇਂ ਫ਼ਿਰੋਜ਼ਪੁਰ ਦੇ ਇਲਾਕੇ ਵਹਿੰਦੀ ਸੀ. ਦੇਖੋ, ਭਟਲੀ। ੮. ਇੱਕ ਬੂਟੀ. ਦੇਖੋ, ਚਿਤ੍ਰਕ ੩.

ਚਿਤ੍ਰਾਂਗ: ਵਿ- ਡਬਖੜੱਬੇ ਅੰਗਾਂ ਵਾਲਾ. ਅਬਲਕ੍. ਚਿਤਕਬਰਾ। ੨. ਸੰਗ੍ਯਾ- ਚਿੱਤਲ. ਚਿਤ੍ਰਮ੍ਰਿਗ। ੩. ਕੌਡਿਆਲਾ ਸੱਪ.

ਚਿਤ੍ਰਾਂਗਦ: ਸਤ੍ਯਵਤੀ ਦੇ ਉਦਰ ਤੋਂ ਰਾਜਾ ਸ਼ਾਂਤਨੁ ਦਾ ਪੁਤ੍ਰ, ਜੋ ਭੀਸ਼ਮ ਦਾ ਮਤੇਰਾ ਭਾਈ ਸੀ.

ਚਿਤ੍ਰਿਣੀ: ਕਾਵ੍ਯ ਅਨੁਸਾਰ ਇਸਤ੍ਰੀ ਦੀ ਇੱਕ ਜਾਤਿ. "ਨ੍ਰਿਤ੍ਯ ਗੀਤ ਕਵਿਤਾ ਰੁਚੈ ਅਚਲਚਿੱਤ ਚਲਦ੍ਰਿਸ਼੍ਟਿ, ਬਿਹਰਤ ਰਤਿ ਅਤਿ ਸੁਰਤ ਜਲ ਮੁਖ ਸੁਗੰਧ ਕੀ ਸ੍ਰਿਸ਼੍ਟਿ, ਵਿਰਲ ਲੋਮ ਤਨੁ ਮਦਨਗ੍ਰਿਹ ਭਾਵਤ ਸਕਲ ਸੁਵਾਸ, ਮਿਤ੍ਰਚਿੱਤ ਪ੍ਰਿਯ ਚਿਤ੍ਰਿਣੀ ਜਾਨਹੁ ਕੇਸ਼ਵਦਾਸ. (ਰਸਿਕਪ੍ਰਿਯਾ)

ਚਿਤ੍ਰੋੱਤਰ: (ਚਿਤ੍ਰ- ਤਸਵੀਰ, ਉੱਤਰ- ਜਵਾਬ) ਇਹ ਸ਼ਬਦਾਲੰਕਾਰ ਹੈ, ਚਿਤ੍ਰੋੱਤਰ ਦਾ ਰੂਪ ਇਹ ਹੈ ਕਿ ਤਸਵੀਰ ਵਿੱਚ ਲਿਖੇ ਪ੍ਰਸ਼ਨਾਂ ਦਾ ਤਸਵੀਰ ਦ੍ਵਾਰਾ ਹੀ ਉੱਤਰ ਦੇਣਾ.

ਪ੍ਰਸ਼ਨ ਲਿਖੇ ਮੂਰਤਿ ਵਿਖੇ ਉੱਤਰ ਹ੍ਵੈ ਤਸਵੀਰ, ਚਿਤ੍ਰੋੱਤਰ ਤਾਂਕੋ ਕਹੈਂ ਕਵਿਜਨ ਮਤਿਗੰਭੀਰ.

ਉਦਾਹਰਣ-

ਸ੍ਰੀ ਅਰਜਨ ਲਾਹੌਰ ਤੇਂ ਚਾਤਕ ਕੀ ਤਸਵੀਰ,

ਪ੍ਰਗਟ ਕਰਨ ਅਪਨੀ ਦਸ਼ਾ ਭੇਜੀ ਸਤਿਗੁਰੁ ਤੀਰ.

ਰਾਮਦਾਸ ਸਤਿਗੁਰੁ ਨੇ ਮੇਘ ਭਾਨੁ ਲਿਖਦੀਨ,

ਸ਼੍ਰੀ ਅਰਜਨ ਆਨੰਦ ਭੇ ਵਾਂਛਿਤ ਉੱਤਰ ਚੀਨ.

ਗੁਰੁ ਅਰਜਨ ਦੇਵ ਨੇ ਦਰਸ਼ਨ ਲਈ ਵ੍ਯਾਕੁਲਤਾ ਪ੍ਰਗਟ ਕਰਨ ਹਿਤ ਚਾਤ੍ਰਕ ਦੀ ਮੂਰਤੀ ਲਿਖੀ "ਮੇਰਾ ਮਨੁ ਲੋਚੈ ਗੁਰਦਰਸਨ ਤਾਈ। ਬਿਲਪ ਕਰੇ ਚਾਤ੍ਰਿਕ ਕੀ ਨਿਆਈ." ਸਤਿਗੁਰੂ ਰਾਮਦਾਸ ਜੀ ਨੇ ਬੱਦਲ ਅਤੇ ਸੂਰਜ ਲਿਖਕੇ ਉੱਤਰ ਦਿੱਤਾ ਕਿ ਕੱਲ ਸੂਰਜ ਨਿਕਲਦੇ ਹੀ ਆਪ ਨੂੰ ਗੁਰੁਮੇਘ ਤੋਂ ਸ੍ਵਾਤਿਬੂੰਦ ਮਿਲੇਗੀ.

ਕਿਤਨੇ ਕਵੀਆਂ ਨੇ ਇਸ ਨੂੰ "ਚਿਤ੍ਰ" ਅਲੰਕਾਰ ਦੇ ਹੀ ਅੰਦਰ ਮੰਨਿਆ ਹੈ, ਅਤੇ ਬਹੁਤਿਆਂ ਨੇ ਇਸ ਨੂੰ "ਸੂਕ੍ਸ਼੍ਮ" ਅਲੰਕਾਰ ਦਾ ਭੇਦ ਕਲਪਿਆ ਹੈ.

ਚਿਥਣਾ: ਸੰ. ਚੀਣੰ. ਕ੍ਰਿ- ਚਬਾਉਣਾ. ਦਾੜ੍ਹਾਂ ਨਾਲ ਪੀਸਣਾ। ੨. ਮਸਲਣਾ. ਦਰੜਨਾ. "ਸਣੁ ਕੀਸਾਰਾਂ ਚਿਥਿਆ." (ਵਾਰ ਮਾਝ ਮਃ ੧)

ਚਿਦ: ਦੇਖੋ, ਚਿਤ.

ਚਿੰਦ: ਸੰਗ੍ਯਾ- ਚਿੰਤਾ. "ਭੈ ਬਿਨਸੇ ਉਤਰੀ ਸਭ ਚਿੰਦ." (ਪ੍ਰਭਾ ਮਃ ੫) ੨. ਫ਼ਿਕਰ. ਧ੍ਯਾਨ.

"ਜਿਸਹਿ ਹਮਾਰੀ ਚਿੰਦ." (ਵਾਰ ਸਾਰ ਮਃ ੪)

੩. ਚਿੰਤਨ. ਵਿਚਾਰ. "ਬਾਲਿ ਬਿਨੋਦ ਚਿੰਦ ਰਸ ਲਾਗਾ." (ਸ੍ਰੀ ਬੇਣੀ)

ਚਿਦਜੜ ਗ੍ਰੰਥਿ: ਸੰ. चिज्जड़ ग्रन्थि ਸੰਗ੍ਯਾ- ਚੇਤਨ ਅਤ ਜੜ੍ਹ ਦੀ ਗੱਠ. ਅਹੰਕਾਰ. ਅਭਿਮਾਨ. ਹੌਮੈ.

ਚਿੰਦਭਵਨ: ਦੇਖੋ, ਚਿੰਤਭਵਨ.

ਚਿੰਦੜੀ: ਸੰਗ੍ਯਾ- ਚਿੰਤਾ। ੨. ਚਿੰਤਨਸ਼ਕਤਿ.

ਚਿੰਦਾ: ਸੰਗ੍ਯਾ- ਚਿੰਤਾ. "ਮਨ ਵਿਆਪਿਆ ਚਿੰਦਾ (ਮਾਰੂ ਅਃ ਮਃ ੫) ੨. ਚਿੰਤਨ. "ਨਿੰਦਾ ਚਿੰਦਾ ਕਰਹਿ ਪਰਾਈ." (ਗਉ ਮਃ ੧) ਨਿੰਦਾ ਦਾ ਚਿੰਤਨ.

ਚਿਦਾਕਾਸ਼: ਸੰਗ੍ਯਾ- ਆਕਾਸ਼ ਵਤ ਪੂਰਣ ਬ੍ਰਹਮ. ਨਿਰਲੇਪ ਕਰਤਾਰ.

ਚਿਦਾਤਮਾ: ਸੰ. चिदात्मन ਚੇਤਨਸ੍ਵਰੂਪ ਪਾਰਬ੍ਰਹਮ.

ਚਿਦਨੰਦ: ਸੰਗਯਾ- ਚੇਤਨ ਅਤੇ ਆਨੰਦਰੂਪ ਬ੍ਰਹਮ

ਚਿਦਾਭਾਸ: ਸੰਗਯਾ- ਚੇਤਨ (ਬ੍ਰਹਮ) ਦਾ ਆਭਾਸ (ਪ੍ਰਤਿਬਿੰਬ) ਰੂਪ ਜੀਵਾਤਮਾ। ੨. ਮਹੱਤਤ੍ਵ ਅਥਵਾ ਅੰਤਹਕਰਣ ਵਿੱਚ ਪਰਮਾਤਮਾ ਦਾ ਪ੍ਰਤਿਬਿੰਬ.

ਚਿਦਾਰ, ਚਿਦਾਰਦ: ਫ਼ਾ. چدار ਚਿਦਾਰ. ਸੰਗਯਾ- ਘੋੜੇ ਦੇ ਰੇਸ਼ਮੀ ਰੱਸੇ, ਰੇਸ਼ਮੀ ਅਗਾੜੀ ਪਿਛਾੜੀ। ੨. ਫ਼ਾ. چدارد ਚਿਦਾਰਦ. ਕੀ ਰਖਦਾ ਹੈ? "ਨਾਮ ਚਿਦਾਰਾ?" (ਨਾਪ੍ਰ)

ਚਿੰਦਿਅੜਾ, ਚਿੰਦਿਆ: ਚਿੰਤਨ ਕੀਤਾ. ਚਿਤਵਿਆ? "ਮਨ ਚਿੰਦਿਅੜਾ ਫਲੁ ਪਾਇਆ." (ਬਿਹਾ ਛੰਤ ਮਃ ੪) "ਮਨ ਚਿੰਦਿਆ ਸਤਿਗੁਰੂ ਦਿਵਾਇਆ." (ਆਸਾ ਮਃ ੫)

ਚਿੰਦੀ: ਚਿੰਤਨ ਕੀਤੀ. ਚਿਤਵੀ। ੨. ਚਿੰਤਿਤ. ਚਿਤਵਿਆ. "ਮਨਚਿੰਦੀ ਸੋ ਫਲ ਪਾਇਦਾ." (ਸ੍ਰੀ ਮਃ ੫. ਪੈਪਾਇ)

ਚਿੰਦੇ: ਚਿੰਤਨ ਕੀਤੇ. ਚਿਤਵੇ.

ਚਿਦ੍ਰੂਪ: ਸੰ. ਸੰਗਯਾ- ਚੇਤਨਰੂਪ ਬ੍ਰਹਮ. ਗਯਾਨਸ੍ਵਰੂਪ.

ਚਿਨਗ: ਸੰਗਯਾ- ਚਿਨਗਾਰੀ. ਪ੍ਰਜ੍ਵਲਿਤ ਅਗਨੀ ਦਾ ਕਣ. ਸ੍ਫੁਲਿੰਗ। ੨. ਇੱਕ ਮੂਤ੍ਰਰੋਗ. "ਚਿਨਗ ਪ੍ਰਮੇਹ ਭਗਿੰਦ੍ਰ ਦਖੂਤ੍ਰਾ." (ਚਰਿਤ੍ਰ ੪੦੫)

ਇਹ ਦੁਖਮੂਤ੍ਰੇ ਦਾ ਹੀ ਭੇਦ ਹੈ. ਵੈਦਕ ਵਿੱਚ ਇਸ ਦਾ ਨਾਉਂ "ਮੂਤ੍ਰਾਘਾਤ" ਹੈ. عُسرالبول. ਉਸਰੁਲਬੋਲ. Dyasuria. ਇਹ ਰੋਗ ਗਰਮਖ਼ੁਸ਼ਕ ਅਤੇ ਮਿਰਚ ਆਦਿਕ ਤੇਜ ਚੀਜਾਂ ਖਾਣ, ਬਹੁਤ ਸ਼ਰਾਬ ਪੀਣ, ਪੇਸ਼ਾਬ ਦੀ ਹਾਜਤ ਰੋਕਣ, ਰਿਤੁ ਵਾਲੀ ਇਸਤ੍ਰੀ ਨਾਲ ਮੈਥੁਨ ਕਰਨ ਤੋਂ ਹੁੰਦਾ ਹੈ. ਪੇਸ਼ਾਬ ਦੀ ਨਾਲੀ ਵਿੱਚ ਸੋਜ ਹੋ ਕੇ ਮੂਤ੍ਰ ਆਉਣ ਵੇਲੇ ਚਿਨਗ ਲਗਦੀ ਹੈ, ਕਦੇ ਕਦੇ ਪੀਪ ਆਉਣ ਲਗ ਜਾਂਦੀ ਹੈ.

ਇਸ ਦਾ ਸਾਧਾਰਣ ਇਲਾਜ ਇਹ ਹੈ-

(੧) ਭੱਖੜਾ, ਖਰਬੂਜੇ ਦੇ ਬੀਜ, ਕਾਸਨੀ, ਚਿੱਟਾ ਜੀਰਾ, ਬਹੁਫਲੀ ਅਤੇ ਇਲਾਇਚੀਆਂ ਦੀ ਸਰਦਾਈ ਘੋਟਕੇ ਪੀਣੀ. ਜੇ ਸਰਦ ਰੁੱਤ ਹੋਵੇ ਤਾਂ ਇਨ੍ਹਾਂ ਔਖਦਾ ਦਾ ਕਾੜ੍ਹਾ ਦੇਣਾ.

(੨) ਵੰਸਲੋਚਨ, ਇਲਾਇਚੀਆਂ, ਸਰਦਚੀਨੀ, ਸਤਬਰੋਜਾ, ਕੱਥ, ਇਹ ਸਭ ਸਮ ਵਜਨ ਪੀਸਕੇ ਡੇਢ ਡੇਢ ਮਾਸ਼ੇ ਦੀਆਂ ਪੁੜੀਆਂ ਕਰਨੀਆਂ, ਦੋ ਜਾਂ ਤਿੰਨ ਪੁੜੀਆਂ ਬੱਕਰੀ ਦੇ ਦੁੱਧ ਜਾਂ ਕੱਚੀ ਲੱਸੀ ਨਾਲ ਦਿਨ ਵਿੱਚ ਦੇਣੀਆਂ.

(੩) ਸੰਦਲ ਜਾਂ ਬਰੋਜੇ ਦਾ ਤੇਲ ਮਿਸ਼ਰੀ ਦੇ ਸ਼ਰਬਤ ਜਾਂ ਦੁੱਧ ਉੱਪਰ ਪੰਜ ਪੰਜ ਬੂੰਦਾਂ ਪਾ ਕੇ ਦਿਨ ਵਿੱਚ ਤਿੰਨ ਵਾਰ ਪਿਆਉਂਣਾ.

(੪) ਕੁਸ਼ਤਾ ਸੰਗਯਹੂਦ (ਪੱਥਰਬੇਰ) ਇੱਕ ਇੱਕ ਮਾਸ਼ਾ ਦਿਨ ਵਿੱਚ ਦੋ ਵਾਰ ਦੁੱਧ ਨਾਲ ਦੇਣਾ.

(੫) ਖਾਣ ਲਈ ਚਾਉਲ ਦੁੱਧ ਮੂੰਗੀ ਪਾਲਕ ਖਿਚੜੀ ਕੱਦੂ ਆਦਿ ਦੇਣਾ.

(ਅ) ਖੱਟੇ ਚਰਪਰੇ ਪਦਾਰਥ ਬਹੁਤ ਖਾਣ ਤੋਂ ਪਿੱਤ ਵਿਕਾਰੀ ਹੋ ਜਾਂਦਾ ਹੈ ਅਤੇ ਸਰੀਰ ਵਿੱਚੋਂ ਚਿਣਗਾਂ ਫੁੱਟਣ ਲਗਦੀਆਂ ਹਨ. ਸਿਰ ਪਿੱਠ ਅਤੇ ਪਸਲੀਆਂ ਵਿੱਚ ਚਿਣਗਾਂ ਸੂਈ ਵਾਂਙ ਚੁਭਦੀਆਂ ਹਨ. ਇਸ ਰੋਗ ਦੇ ਦੂਰ ਕਰਨ ਦਾ ਉਪਾਉ ਹੈ ਕਿ ਸਰ੍ਹੋਂ ਦਾ ਤੇਲ ਸ਼ਰੀਰ ਤੇ ਮਲਣਾ. ਸਫੇਦ ਚੰਦਨ, ਕਚੂਰ, ਧਨੀਆਂ, ਗੁਲਖੈਰਾ, ਕਾਸਨੀ, ਇਹ ਸਭ ਸਮਾਨ ਲੈਕੇ ਪਾਣੀ ਵਿੱਚ ਪੀਸਕੇ ਵਟਣੇ ਦੀ ਤਰਾਂ ਸ਼ਰੀਰ ਤੇ ਮਾਲਿਸ਼ ਕਰਨੀ. ਲਹੂ ਸਾਫ ਕਰਨ ਵਾਲੀਆਂ ਕਬਜਕੁਸ਼ਾ ਦਵਾਈਆਂ ਵਰਤਣੀਆਂ, ਹਰੜ ਅਤੇ ਸ਼ਹਿਦ ਦਾ ਸੇਵਨ ਕਰਨਾ. ਦੁੱਧ ਚਾਉਲ ਖਿਚੜੀ ਆਦਿ ਨਰਮ ਗਿਜਾ ਖ਼ਾਣੀ.

ਚਿਨਗਾਰੀ: ਦੇਖੋ, ਚਿਨਗ.

ਚਿਨਤੀ: ਸੰਗਜਾ- ਚਿਣਾਈ. ਉਸਾਰੀ. "ਤਹਿਂ ਬਜਾਰ ਕੀ ਚਿਨਤੀ ਹੋਇ." (ਗੁਪ੍ਰਸੂ) ਦੇਖੋ, ਚਿਣਨਾ.

ਚਿਨਮਯ: ਸੰ. चिन्मय ਵਿ- ਚੈਤਨਯਸ੍ਵਰੂਪ. ਗ੍ਯਾਨਰੂਪ.

ਚਿਨਮਾਤ੍ਰ: ਸੰ. चिन्मात्र ਵਿ- ਕੇਵਲ ਚੈਤਨ੍ਯ.

ਚਿਨਵਤ ਪੇਰੇਤੁ: ਦੇਖੋ, ਸਿਰਾਤ.

ਚਿਨਾਰ: ਸੰਗਜਾ- ਪਹਿਚਾਨ. ਚਿੰਨ੍ਹ ਦਾ ਗ੍ਯਾਨ "ਇਕ ਬਿਨ ਦੂਸਰ ਸੋਂ ਨ ਚਿਨਾਰ." (ਹਜਾਰੇ ੧੦) ੨. ਚਨਾਰ ਬਿਰਛ. ਦੇਖੋ, ਚਨਾਰ. "ਬਡੇ ਚਿਨਾਰ ਤਰੇ ਸੋਵਤ ਭਈ." (ਚਰਿਤ੍ਰ ੨੨੨)

ਚਿਨਾਰੀ: ਸੰਗਜਾ- ਪਹਿਚਾਨ. ਚਿੰਨ੍ਹਪਰੀਕ੍ਸ਼ਾ. "ਬਿਨਾ ਚਿਨਾਰੀ ਮਿਲ ਹੈ ਜੈਸੇ." (ਨਾਪ੍ਰ)

ਚਿਨੀ: ਫ਼ਾ. چُنیں ਚੁਨੀ. ਕ੍ਰਿ. ਵਿ- ਐਸਾ. ਅਜੇਹਾ. "ਮਮ ਈ ਚਿਨੀ ਅਹਿਵਾਲ." (ਤਿਲੰ ਮਃ ੧)

ਚਿੰਨ੍ਹ: ਸੰ. चिन्ह् ਧਾ- ਨਿਸ਼ਾਨ ਕਰਨਾ।

੨. ਸੰਗਜਾ- ਨਿਸ਼ਾਨ। ੩. ਲਕ੍ਸ਼ਣ (ਲੱਛਣ).

ਚਿੰਨ੍ਹਚਕ੍ਰ: ਸ਼ਰੀਰ ਦੇ ਚਕ੍ਰ ਆਦਿ ਚਿੰਨ੍ਹ (ਨਿਸ਼ਾਨ). . ਹੁਲੀਆ. .

ਚਿਨ੍ਹਾਰ, ਚਿਨ੍ਹਾਰ: ਦੇਖੋ, ਚਿਨਾਰ. ਚਿਨਾਰੀ.

ਚਿਨ੍ਹਿਤ: ਵਿ- ਚਿੰਨ੍ਹ ਸਹਿਤ. ਨਿਸ਼ਾਨ ਵਾਲਾ.

ਚਿਪਕ: ਸੰਗਜਾ- ਚੇਪ. ਲੇਸ। ੨. ਇੱਕ ਸ਼ਿਕਾਰੀ ਪੰਛੀ, ਜੋ ਸ਼ਿਕਰੇ ਦਾ ਨਰ ਹੈ. ਇਸ ਦਾ ਕੱਦ ਸ਼ਿਕਰੇ ਤੋਂ ਛੋਟੇ ਹੁੰਦਾ ਹੈ. ਸ਼ਿਕਾਰੀ ਇਸ ਨੂੰ ਘੱਟ ਪਾਲਦੇ ਹਨ, ਕਿਉਂਕਿ ਇਹ ਸ਼ਿਕਾਰ ਚੰਗਾ ਨਹੀਂ ਕਰਦਾ. ਇਸ ਨੂੰ ਸ਼ਿਕਰੀਨ ਭੀ ਆਖਦੇ ਹਨ. "ਚਿਪਕ ਧੂਤੀਐਂ ਜਾਤ ਨ ਗਨੀ." (ਚਰਿਤ੍ਰ ੩੦੭) ਦੇਖੋ, ਸ਼ਿਕਰਾ ਅਤੇ ਸ਼ਿਕਾਰੀ ਪੰਛੀ.

ਚਿਪਕਣਾ, ਚਿਪਕਨਾ: ਕ੍ਰਿ- ਚਿਮਟਨਾ. ਚਿਪਜਾਣਾ. ਜੁੜਨਾ। ੨. ਫੁੱਲੀ ਹੋਈ ਵਸਤੁ ਦਾ ਦਬਕੇ ਪਤਲਾ ਹੋ ਜਾਣਾ.

ਚਿਪਟਾ, ਚਿਪਟੀ: ਸੰ. ਚਿਪਿਟ. ਵਿ- ਜੋ ਕਿਤੋਂ ਉਭਰਿਆ ਹੋਇਆ ਨਾ ਹੋਵੇ. ਬੈਠਵਾਂ. ਦਬੀ ਹੋਈ। ੨. ਪੱਧਰਾ. ਪੱਧਰੀ.

ਚਿਪੀਆ: ਸੰਗਜਾ- ਚਿੱਪੀ. ਦਰਿਆਈ ਨਲੇਰ ਦੇ ਛਿਲਕੇ ਦਾ ਪਾਤ੍ਰ, ਜੋ ਫ਼ਕੀਰ ਪਾਣੀ ਅਤੇ ਭਿਖ੍ਯਾ ਲਈ ਰਖਦੇ ਹਨ. "ਹਾਥਨ ਮੇ ਚਿਪਈ ਗਹਿਲੈ ਹੈਂ." (ਕ੍ਰਿਸਨਾਵ)

ਚਿੱਪਣਾ: ਕ੍ਰਿ- ਕੁੱਟਕੇ ਜਾਂ ਦੱਬਕੇ ਚਿਪਿਟ ਕਰਨਾ. ਚਪਟਾ ਬਣਾਉਣਾ.

ਚਿੱਪੀ: ਦੇਖੋ, ਚਿਪੀਆ.

ਚਿਬੁਕ: ਸੰ. ਸੰਗਜਾ- ਠੋਡੀ. "ਚਿਬੁਕ ਅਮੋਲ ਛਬਿ ਹੇਰੇ ਤੇ ਲੁਭਾਵਈ." (ਨਾਪ੍ਰ)

ਚਿਭੜ: ਸੰ. ਚਿਰਭੰਟ. ਸੰਗਜਾ- ਸਾਵਨੀ ਦੀ ਫ਼ਸਲ ਵਿੱਚ ਹੋਣ ਵਾਲਾ ਇੱਕ ਫਲ, ਜੋ ਬੇਲ ਨੂੰ ਲਗਦਾ ਅਤੇ ਖਟਮਿਠਾ ਹੁੰਦਾ ਹੈ. ਵਡੇ ਆਕਾਰ ਦਾ 'ਰਾਇ ਚਿੱਭੜ' ਕਹਾਉਂਦਾ ਹੈ. ਚਿਭੜ ਨੂੰ ਚੀਰਕੇ ਸੁਕਾ ਲੈਂਦੇ ਹਨ ਅਤੇ ਦਾਲ ਤਰਕਾਰੀ ਵਿੱਚ ਖਟਿਆਈ ਕਰਨ ਲਈ ਪਾਉਂਦੇ ਹਨ. ਇਸ ਦੀ ਤਾਸੀਰ ਗਰਮ ਤਰ ਹੈ. L. Cucumis utilissimus.

ਚਿਮਟਨਾ: ਕ੍ਰਿ- ਚਿਪਕਣਾ। ੨. ਲਿਪਟਣਾ.

ਚਿਮਟਾ: ਸੰਗਜਾ- ਵਸਤੁ ਨੂੰ ਚਿਮਟ ਜਾਣ ਵਾਲਾ ਇੱਕ ਸੰਦ, ਜੋ ਵਡੇ ਮੋਚਨੇ ਦੀ ਸ਼ਕਲ ਦਾ ਹੁੰਦਾ ਹੈ. ਦਸ੍ਤਪਨਾਹ. ਇਹ ਰਸੋਈ

ਕਰਨ ਵੇਲੇ ਬਹੁਤ ਵਰਤਿਆ ਜਾਂਦਾ ਹੈ. ਇਸ ਨੂੰ ਫਕੀਰ ਭੀ ਹਥ ਰਖਦੇ ਹਨ. ਅੱਜਕਲ੍ਹ ਚਿਮਟੇ ਨਾਲ ਕਈ ਰਾਗਵਿਰੋਧੀ ਭਜਨਮੰਡਲੀਆਂ ਕੀਰਤਨ ਕਰਨ ਵੇਲੇ ਤਾਲ ਪੂਰਦੀਆਂ ਹਨ.

ਚਿਰ: ਸੰ. ਵਿ- ਬਹੁਤ ਦਿਨ ਦਾ। ੨. ਕ੍ਰਿ. ਵਿ- ਬਹੁਤ ਸਮੇਂ ਤੀਕ। ੩. ਸੰਗ੍ਯਾ- ਦੇਰੀ. ਢਿੱਲ.

ਚਿਰਕਾ, ਚਿਰਕੀ: ਵਿ- ਦੇਰ ਦਾ. ਬਹੁਤ ਦਿਨਾ ਦਾ. ਬਹੁਤ ਸਮੇਂ ਦੀ.

ਚਿਰਗਟ: ਸੰ. ਚਟਕਗਢ. ਚਟਕਗ੍ਰਿਹ. ਸੰਗ੍ਯਾ- ਪਿੰਜਰਾ. ਚਿੜੇ ਦੇ ਰਹਿਣ ਦਾ ਘਰ. "ਚਿਰਗਟ ਫਾਰਿ ਚਟਾਰਾ ਲੈ ਗਇਓ." (ਆਸਾ ਕਬੀਰ) ਪਿੰਜਰਾ ਦੇਹ ਹੈ. ਦੇਖੋ, ਚਟਾਰਾ.

ਚਿਰਜੀਵਨ, ਚਿਰਜੀਵਨੁ: ਸੰਗ੍ਯਾ- ਚਿਰ ਚੀਕ ਜੀਵਨਦਸ਼ਾ ਵਿੱਚ ਰਹਿਣਾ। ੨. ਵਿ- ਚਿਰਜੀਵੀ. "ਚਿਰਜੀਵਨੁ ਉਪਜਿਆ ਸੰਜੋਗਿ." (ਆਸਾ ਮਃ ੫)

ਚਿਰਜੀਵੀ: ਸੰ. चिरजीविन् ਵਿ- ਚਿਰ ਤੀਕ ਜੀਉਣ ਵਾਲਾ. ਜੋ ਦੇਰ ਤਕ ਜ਼ਿੰਦਾ ਰਹਿੰਦਾ ਹੈ. "ਕਈ ਕੋਟਿ ਕੀਏ ਚਿਰਜੀਵੇ." (ਸੁਖਮਨੀ) ੨. ਸੰਗ੍ਯਾ- ਪੁਰਾਣਾਂ ਵਿੱਚ ਸੱਤ ਚਿਰਜੀਵੀ ਲਿਖੇ ਹਨ, ਜੋ ਪ੍ਰਲੈ ਤਕ ਨਹੀਂ ਮਰਦੇ. ਮਾਰਕੰਡੇਯ, ਅਸ਼੍ਵੱਥਾਮਾ, ਬਲਿ, ਹਨੂਮਾਨ, ਵਿਭੀਸ਼ਣ, ਕ੍ਰਿਪਾਚਾਰਯ, ਪਰਸ਼ੁਰਾਮ. ਕਈ ਗ੍ਰੰਥਾਂ ਵਿੱਚ ਵ੍ਯਾਸ ਨਾਲ ਮਿਲਾਕੇ ਅੱਠ ਚਿਰਜੀਵੀ ਮੰਨੇ ਹਨ। ੩. ਵਿਸ਼ਨੁ। ੪. ਕਾਉਂ। ੫. ਸਿੰਮਲ ਬਿਰਛ.

ਚਿਰਤ: ਚਿੜਤ. ਖਿਝਦਾ. "ਜਬ ਚਿੱਤ ਚਿਰਤ। ਉਠ ਸੈਣ ਘਿਰਤ." (ਕਲਕੀ)

ਚਿਰੱਯਾ: ਵਿ- ਚੀਰਨ ਵਾਲਾ। ੨. ਸੰਗ੍ਯਾ- ਚਿੜੀਆਂ. ਪੰਛੀ. "ਨਭ ਕੇ ਉਡੱਯਾ ਕੋ ਚਿਰੱਯਾ ਕੈ ਬਖਾਨੀਐ." (ਅਕਾਲ)

ਚਿਰਰਾਨਾ: ਕ੍ਰਿ- ਚਿਰੜਾਉਣਾ. ਚਿਰ ਚਿਰ ਸ਼ਬਦ ਕਰਨਾ। ੨. ਵਿ- ਚਿਰੜਾਇਆ.

ਚਿਰਵਾ: ਦੇਖੋ, ਚਿੜਵਾ. "ਸੇਵਕੀਆਂ ਚਿਰਵੇ ਲਡੂਆ." (ਕ੍ਰਿਸਨਾਵ)

ਚਿਰਾ: ਚਿੜਾ ਚਟਕ। ੨. ਫ਼ਾ. چرا ਕ੍ਯੋਂ. ਕਿਸ ਵੇਲੇ.

ਚਿਰਾਇ: ਚਿਰ ਚਿਰ ਸ਼ਬਦ ਕਰਦਾ ਹੈ. ਚਿੜ ਚਿੜ ਧੁਨੀ. "ਚਿਰਾਇ ਜਜੋਂ ਭਠੀ." (ਕਲਕੀ) ੨. ਚਿੜ (ਖਿਝ) ਕੇ.

ਚਿਰਾਇਤਾ: ਦੇਖੋ, ਚਿਰਾਯਤਾ.

ਚਿਰਾਈ: ਚੀਰਨ ਦੀ ਕ੍ਰਿਯਾ। ੨. ਚੀਰਨ ਦੀ ਮਜੂਰੀ.

ਚਿਰਾਗ: ਦੇਖੋ, ਚਰਾਗ.

ਚਿਰਾਣਾ, ਚਿਰਾਣੇ: ਵਿ- ਚਿਰਕਾਲ ਦਾ. ਦੇਰੀਨਾ. "ਮਿਟਹਿ ਕਮਾਣੇ ਪਾਪ ਚਿਰਾਣੇ." (ਧਨਾ ਮਃ ੫) ੨. ਭਾਵ- ਅਨਾਦਿ. "ਸਾਚਾ ਮਹਿਲ ਚਿਰਾਣਾ." (ਤੁਖਾ ਛੰਤ ਮਃ ੧) "ਪ੍ਰਭੁ ਪੁਰਖ ਚਿਰਾਣੇ." (ਬਿਹਾ ਛੰਤ ਮਃ ੫) ੩. ਚਿਰਪ੍ਰਾਣ. ਚਿਰਜੀਵੀ.

ਚਿਰਾਤ: ਚਿਰਕਾਲ ਤੋਂ। ੨. ਚਿੜਾਤ. ਖਿਝਦਾ ਹੈ. "ਚਿਰਾਤ ਬਸਾਤ ਕਛੂ ਨ." (ਰਾਮਾਵ)

ਚਿਰਾਨਾ, ਚਿਰਾਨੀ, ਚਿਰਾਨੋ: ਵਿ- ਚਿਰਕਾਲ ਦਾ। ੨. ਅਨਾਦਿ. "ਪੂਰਨ ਭਗਤ ਚਿਰਾਨੋ." (ਮਲਾ ਮਃ ੫) ੩. ਪ੍ਰਾਚੀਨ. "ਅਬ ਉਚਰੋਂ ਮੈ ਕਥਾ ਚਿਰਾਨੀ." (ਬ੍ਰਹਮਾਵ) ੪. ਦੇਖੋ, ਚਿਰਾਣਾ.

ਚਿਰਾਮੰ: ਕ੍ਰਿ. ਵਿ- ਚਿਰ ਪ੍ਰਯੰਤ. ਦੇਰ ਤੀਕ."ਕਲਿਭਗਵਤ ਬੰਦ ਚਿਰਾਮੰ." (ਪ੍ਰਭਾ ਬੇਣੀ) ਚਿਰ ਤੀਕ ਬੰਦਨਾ ਕਰਦਾ ਹੈ.

ਚਿਰਾਯਤਾ: ਸੰ. ਚਿਰਤਿਕ੍ਤ. ਵਿਸ਼ੇਸ਼ ਕਰਕੇ ਪਹਾੜਾਂ ਪੁਰ ਪੈਦਾ ਹੋਣ ਵਾਲਾ ਇੱਕ ਪੌਧਾ, ਜਿਸ ਦਾ ਇਸਤੇਮਾਲ ਅਨੇਕ ਰੋਗਾਂ ਦੇ ਦੂਰ ਕਰਨ ਲਈ ਹੁੰਦਾ ਹੈ. ਇਹ ਕੌੜਾ ਅਤੇ ਗਰਮ ਖ਼ੁਸ਼ਕ ਹੈ. ਬੁਖ਼ਾਰ ਦੂਰ ਕਰਨ ਲਈ ਉੱਤਮ ਦਵਾ ਹੈ. ਲਹੂ ਨੂੰ ਸਾਫ਼

ਕਰਦਾ ਹੈ, ਭੁੱਖ ਵਧਾਉਂਦਾ ਹੈ. ਸੰਸਕ੍ਰਿਤ ਵਿੱਚ ਇਸ ਦੇ ਨਾਮ- ਕਿਰਾਤ, ਭੁਨਿੰਬ, ਕਟੁ, ਰਾਮਸੇਨ ਆਦਿਕ ਅਨੇਕ ਹਨ. L. Agathotes Chirata.

ਚਿਰਾਯੁ, ਚਿਰਾਯੁਸ਼੍, ਚਿਰਾਯੁਖ: ਵਿ- ਚਿਰਜੀਵੀ. ਵਡੀ. ਉਮਰ ਵਾਲਾ। ੨. ਸੰਗਯਾ- ਦੇਵਤਾ.

ਚਿਰਿ: ਸੰ. ਧਾ- ਦੁੱਖ ਦੇਣਾ, ਪੀੜਾ ਕਰਨਾ। ੨. ਸੰਗਯਾ- ਤੋਤਾ. ਸ਼ੁਕ.

ਚਿਰੀ: ਕ੍ਰਿ. ਵਿ- ਚਿਰੀਂ. ਚਿਰਕਾਲ ਤੋਂ "ਚਿਰੀ ਵਿਛੁੰਨੇ ਮੇਲਿਅਨੁ." (ਸ੍ਰੀ ਮਃ ੩) ੨. ਸੰਗਯਾ- ਚਿੜੀ. ਚਟਕਾ.

ਚਿਰੀਂ: ਦੇਖੋ, ਚਿਰੀ ੧.

ਚਿਰੀਆ: ਸੰਗਯਾ- ਚੇਰੀ. ਦਾਸੀ. ਟਹਿਲਣ. "ਤੇਰੀ ਪ੍ਰਿਯ ਚਿਰੀਆ." (ਸਾਰ ਮਃ ੫) ੨. ਚਿੜੀਆ. ਚਿੜੀ. ਚਟਕਾ.

ਚਿਰੀਯਾ: ਦੇਖੋ, ਚਿਰੀਆ ੨. "ਚਿਰੀਯਾ ਬਨ ਮੇ ਚੁਹਕੈਂ ਤਬ ਲੌ." (ਕ੍ਰਿਸਨਾਵ)

ਚਿਰੁ: ਦੇਖੋ, ਚਿਰ. "ਚਿਰੁ ਹੋਆ ਦੇਖੇ ਸਾਰਿੰਗਪਾਨੀ." (ਮਾਝ ਮਃ ੫)

ਚਿਰੇ: ਚਿੜੇ. ਖਿਝੇ."ਚਿਰੇ ਚਾਰ ਢੁਕੇ." (ਵਿਚਿਤ੍ਰ) ਖਿਝਕੇ ਚਾਰੇ ਪਾਸਿਓਂ ਢੁੱਕੇ। ੨. ਚਿਰਾ (ਚਿੜਾ) ਦਾ ਬਹੁਵਚਨ.

ਚਿਰੋਕਣਾ: ਵਿ- ਚਿਰਕਾਲ ਦਾ. ਦੇਰੀਨਾ.

ਚਿਰੌਂਜੀ: ਸੰਗਯਾ- ਚਾਰ ਬੀਜਾਂ ਦਾ ਸਮੁਦਾਯ ਇੱਕ ਛਿਲਕੇ ਵਿੱਚ ਹੋਣ ਵਾਲਾ ਇੱਕ ਮੇਵਾ. ਪ੍ਰਿਯਾਲ ਬਿਰਛ ਦੇ ਬੀਜਾਂ ਦੀ ਗਿਰੀ, ਜਿਸਦਾ ਸੁਆਦ ਬਾਦਾਮ ਜੇਹਾ ਹੁੰਦਾ ਹੈ. ਇਸ ਦੀ ਤਾਸੀਰ ਗਰਮ ਤਰ ਹੈ. L. Chironjia aspida. "ਦਾਖ ਚਿਰੌਂਜੀ ਮਿਰਚਾਂ ਆਦਿ." (ਗੁਪ੍ਰਸੂ)

ਚਿਰੰਕਾਲ: ਸੰਗਯਾ- ਚਿਰਕਾਲ. ਬਹੁਤ ਸਮਾਂ। ੨. ਕ੍ਰਿ. ਵਿ- ਚਿਰ ਪਿੱਛੋਂ ਬਹੁਤ ਦੇਰ ਬਾਦ. "ਚਿਰੰਕਾਲ ਇਹੁ ਦੇਹ ਸੰਜਰੀਆ." (ਗਉ ਮਃ ੫)

ਚਿਰੰਜੀਵ, ਚਿਰੰਜੀਵੀ: ਦੇਖੋ, ਚਿਰਜੀਵੀ ਅਤੇ ਚਿਰਾਯੁ.

ਚਿਲ: ਸੰ. ਚਿਲ੍ ਧਾ- ਕਪੜੇ ਪਹਿਰਨਾ। ੨. ਦੇਖੋ, ਚਿੱਲ.

ਚਿਲਕ: ਸੰਗਯਾ- ਚਮਕ. ਪ੍ਰਕਾਸ਼. ਲਿਸ਼ਕ.

ਚਿਲਕਣਾ: ਕ੍ਰਿ- ਚਮਕਣਾ. ਝਲਕਣਾ. ਲਿਸ਼ਕਣਾ। ੨. ਵਿ- ਚਮਕਣ ਵਾਲਾ. ਚਮਕੀਲਾ. "ਉਜਲੁ ਕੈਹਾ ਚਿਲਕਣਾ." (ਸੂਹੀ ਮਃ ੧)

ਚਿਲਕਾ: ਸੰਗਯਾ- ਚੇਲਾ. ਸ਼ਿਸ਼੍ਯ. "ਚਿਲਕਾ ਹਨਐਹੈਂ ਅਧਿਕ ਸੁ ਔਰੈਂ." (ਗੁਵਿ ੧੦)

ਚਿਲਕਿਓਨੁ: ਉਸ ਨੇ ਰੌਸ਼ਨ ਕੀਤਾ. ਪ੍ਰਕਾਸ਼ਿਤ ਕੀਤਾ. "ਕਰਿ ਆਵਾਗੌਣ ਚਿਲਕਿਓਨੁ." (ਵਾਰ ਰਾਮ ੩)

ਚਿਲਗ਼ੋਜ਼ਾ: ਫ਼ਾ. چلغوزہ ਸੰਗਯਾ- ਚੀਲ (ਸਨੋਬਰ) ਦੇ ਫਲ ਵਿੱਚੋਂ ਪੈਦਾ ਹੋਇਆ ਇੱਕ ਮੇਵਾ. ਨਿਓਜ਼ਾ. ਦੇਖੋ, ਨੇਵਜਾ.

ਚਿਲਚਿਲਾਤ: ਵਿ- ਚਿਮਚਿਮਾਤ. ਮੱਧਮ ਪ੍ਰਕਾਸ਼ ਸਹਿਤ. "ਰਵਿ ਚਿਲਚਿਲਾਤ" (ਚਰਿਤ੍ਰ ੧੯੩) ੨. ਚਿੱਲਾਉਂਦਾ. ਪੁਕਾਰਦਾ. ਚੀਕਾਂ ਮਾਰਦਾ.

ਚਿਲਤਹ, ਚਿਲਤਾ: ਫ਼ਾ. چلتہ ਸੰਗਯਾ- ਕੁੜਤੇ ਦੀ ਸ਼ਕਲ ਦਾ ਕਵਚ. ਖ਼ਫ਼ਤਾਨ. "ਚਿਲਤਾ ਕਰਕੈ ਸਭ ਸਾਜ ਹੀ ਸੋਂ ਬਰਨੋ ਹਥਿਆਰ." (ਗੁਰੁ ਸੋਭਾ) "ਬਿਧਯੰ ਚਿਲਤਿਅੰ ਦ੍ਵਾਲ ਪਾਰੰ ਪਧਾਰੰ." (ਵਿਚਿਤ੍ਰ) ਖ਼ਫ਼ਤਾਨ ਵਿੰਨ੍ਹਕੇ ਪੇਟੀ ਦੇ ਤਸਮੇ ਤੋਂ ਤੀਰ ਪਾਰ ਹੋ ਗਿਆ. ਕਈ ਅਞਾਣ ਲਿਖਾਰੀਆਂ ਨੇ "ਚਿਲਕਤੰ" ਪਾਠ ਲਿਖ ਦਿੱਤਾ ਹੈ.

ਚਿਲਮ: ਫ਼ਾ. چلم ਪਿਆਲੇ ਦੀ ਸ਼ਕਲ ਦਾ ਇੱਕ ਮਿੱਟੀ ਦਾ ਪਾਤ੍ਰ, ਜਿਸ ਵਿੱਚ ਚਰਸ ਤਮਾਕੂ ਆਦਿ ਉੱਤੇ ਅੱਗ ਰੱਖਕੇ ਅਨੇਕ ਲੋਕ ਧੂੰਆਂ ਪੀਂਦੇ (ਖਿੱਚਦੇ) ਹਨ.

ਚਿਲਮਿਲਾ, ਚਿਲਿਮਿਲਿ: ਸੰ. ਚਿਲਮਿਲਕਾ. ਬਿਜਲੀ. ਵਿਦ੍ਯੁਤ. "ਚਿਲਿਮਿਲਿ ਬਿਸੀਆਰ ਦੁਨੀਆ ਫਾਨੀ." (ਵਾਰ ਮਲਾ ਮਃ ੧) ਬਿਜਲੀ ਵਾਂਙ ਚਲਾਇਮਾਨ ਪ੍ਰਕਾਸ਼ਵਾਲੀ ਦੁਨੀਆਂ ਬਿਨਸਨਹਾਰ ਹੈ। ੨. ਫ਼ਾ. چلملہ ਚਲਮਲਹ. ਬਿਨਾ ਸਬੂਤ.

ਚਿੱਲ: ਸੰ. ਚਿਲ੍ਲ੍ ਧਾ- ਖੋਲ੍ਹਣਾ, ਢਿੱਲਾ ਕਰਨਾ, ਮਨ ਦਾ ਭਾਵ ਪ੍ਰਗਟ ਕਰਨਾ. ਠਗਵਿਦ੍ਯਾ ਕਰਨਾ, ਛਲਣਾ। ੨. ਸੰਗ੍ਯਾ- ਇਲ੍ਹ. ਚੀਲ੍ਹ.

ਚਿੱਲਾ: ਸੰਗ੍ਯਾ- ਕਮਾਣ ਦਾ ਡੋਰਾ. ਗੁਣ. ਜ੍ਯਾ। ੨. ਪੱਗ ਦਾ ਜ਼ਰੀਦਾਰ ਪੱਲਾ। ੩. ਫ਼ਾ. چِلّہ ਚਿੱਲਹ. ਚਾਲੀ ਦਿਨ ਦਾ ਵ੍ਰਤ ਆਦਿ ਕਰਮ. ਚਾਲੀਸਾ.

ਚਿੱਲੀ: ਸੰਗ੍ਯਾ- ਛੱਟ. ਗੂੰਣ। ੨. ਸੰ. ਇੱਕ ਸ਼ਿਕਾਰੀ ਪੰਛੀ.

ਚਿੱਲੀਆਂਵਾਲਾ: ਜਿਲਾ ਗੁਜਰਾਤ ਦੀ ਫਾਲੀਆ ਤਸੀਲ ਵਿੱਚ ਇੱਕ ਪਿੰਡ. ਇੱਥੇ ੧੩. ਜਨਵਰੀ ਸਨ ੧੮੪੯ ਨੂੰ ਲਾਰਡ ਗਫ (Gough) ਦਾ ਸਰਦਾਰ ਚਤੁਰਸਿੰਘ ਅਤੇ ਉਸ ਦੇ ਪੁਤ੍ਰ ਰਾਜਾ ਸ਼ੇਰ ਸਿੰਘ ਅਟਾਰੀ ਵਾਲੇ ਦੀ ਸਿੱਖਸੈਨਾ ਨਾਲ ਅਕਾਰਣ ਜੰਗ ਹੋਇਆ.[31] ਇਸ ਲੜਾਈ ਵਿੱਚ ਅਠਾਈ ਅੰਗ੍ਰੇਜ਼ ਸਰਦਾਰ, ਦੋ ਸੌ ਛਿਆਸੀ ਗੋਰੇ ਛੋਟੇ ਅਹੁਦੇਦਾਰ ਅਤੇ ਸਿਪਾਹੀ. ਅਠਾਰਾਂ ਹਿੰਦੁਸਤਾਨੀ ਸਰਦਾਰ ਅਤੇ ੨੭੮ ਸਿਪਾਹੀ ਕੁੱਲ ੬੧੦ ਮੋਏ. ਅੰਗ੍ਰੇਜ਼ੀ ਸਰਕਾਰ ਨੇ ਇਸ ਜੰਗ ਦੀ ਯਾਦਗਾਰ ਬਣਾਈ ਹੋਈ ਹੈ.[੩੨] ਹੁਣ ਚਿੱਲੀਆਂਵਾਲਾ ਰੇਲਵੇ ਸਟੇਸ਼ਨ, ਲਾਲਾਮੂਸਾ ਅਤੇ ਮਲਕਵਾਲ ਲੈਨ (Line) ਪੁਰ ਹੈ.

ਚਿੜ: ਸੰਗ੍ਯਾ- ਹਠ. ਜਿਦ। ੨. ਖਿਝਣ ਦਾ ਭਾਵ. ਸੰ. ਚਡ੍ ਧਾ- ਕ੍ਰੋਧ ਕਰਨਾ.

ਚਿੜਨਾ: ਕ੍ਰਿ- ਖਿਝਣਾ. ਦੇਖੋ, ਚਿੜ.

ਚਿੜਵਾ: ਸੰ. ਚਿਪਿਟ. ਸੰਗ੍ਯਾ- ਭਿਉਂਕੇ ਜਾਂ ਥੋੜਾ ਉਬਾਲਕੇ ਭੱਠੀ ਵਿੱਚ ਭੁੰਨਕੇ ਚਪਟਾ ਕੀਤਾ ਹੋਇਆ ਚਾਵਲ. ਚਿਉੜਾ. ਇਹ ਪੂਰਬੀਏ ਲੋਕਾਂ ਦਾ ਪ੍ਯਾਰਾ ਭੋਜਨ ਹੈ.

ਚਿੜਾ: ਸੰਗ੍ਯਾ- ਚਟਕ. ਇੱਕ ਪ੍ਰਸਿੱਧ ਪੰਖੇਰੂ, ਜੋ ਬਹੁਤ ਕਰਕੇ ਘਰਾਂ ਵਿੱਚ ਰਹਿੰਦਾ ਹੈ.

ਚਿੜਾਉਣਾ: ਕ੍ਰਿ- ਖਿਝਾਉਣਾ. ਕ੍ਰੋਧੀ ਕਰਨਾ. (ਸੰ. ਚਡ੍ ਧਾ- ਕ੍ਰੋਧ ਕਰਨਾ). "ਦੁਸਟੁ ਦੈਤ ਚਿੜਾਇਆ." (ਭੈਰ ਮਃ ੩)

ਚਿੜਾਈ: ਸੰਗ੍ਯਾ- ਚਿੜਨ ਦਾ ਭਾਵ. ਖਿਝਾਵਟ। ੨. ਵਿ- ਚਿੜਨ (ਖਿਝਣ) ਦੀ ਹਾਲਤ ਵਿੱਚ ਲਿਆਂਦੀ. ਭਾਵ- ਤੁੰਦ ਕਰਕੇ ਪ੍ਰੇਰੀ. "ਓਨੀ ਤੁਪਕ ਤਾਣਿ ਚਲਾਈ, ਓਨ੍ਹੀ ਹਸਤਿ ਚਿੜਾਈ." (ਆਸਾ ਅਃ ਮਃ ੧) ਮੁਗ਼ਲਾਂ ਨੇ ਸ਼ਿਸਤ ਲੈ ਕੇ ਤੋਪਾਂ ਦੀ ਬਾੜ ਝਾੜੀ, ਪਠਾਣਾਂ ਨੇ ਹਸ੍ਤਿਸੈਨਾ (ਹਾਥੀਆਂ ਦੀ ਕਤਾਰ) ਅੰਕੁਸ਼ ਮਾਰਕੇ ਅੱਗੇ ਵਧਾਈ. ਪੁਰਾਣੇ ਜੰਗਾਂ ਵਿੱਚ ਹਿੰਦੁਸਤਾਨ ਦੇ ਅਮੀਰ, ਹਾਥੀਆਂ ਨੂੰ ਅੱਗੇ ਕਰਕੇ ਜੰਗ ਕੀਤਾ ਕਰਦੇ ਸਨ, ਪਰ ਹਾਥੀ ਕਦੇ ਬੰਦੂਕ ਅਤੇ ਤੋਪ ਅੱਗੇ ਠਹਿਰ ਨਹੀਂ ਸਕੇ.

ਚਿੜੀ: ਸੰਗ੍ਯਾ- ਚਟਕਾ. ਚਿੜੇ ਦੀ ਮਦੀਨ."ਚਿੜੀ ਚੁਹਕੀ ਪਹ ਫੁਟੀ." (ਵਾਰ ਗਉ ੨. ਮਃ ੫)

ਚੀ: ਕੀ. ਦੀ. "ਸੰਤਚੀ ਸੰਗਤਿ ਸੰਤਕਥਾ ਰਸ." (ਆਸਾ ਰਵਿਦਾਸ)

ਚੀਂ: ਸੰਗ੍ਯਾ- ਚੁਹਕ. ਚਿੜੀ ਆਦਿ ਦਾ ਸ਼ਬਦ। ੨. ਚੀਤਕਾਰ. ਚੀਕ. ਚੀਂ ਚੀਂ ਧੁਨਿ। ੩. ਫ਼ਾ. چیں ਸੰਗ੍ਯਾ- ਸ਼ਿਕਨ. ਬਲ. ਸਲਵਟ।੪ ਦੇਖੋ, ਚੀਨ। ੫. ਵਿ- ਚੁਗਣ ਵਾਲਾ. ਇਹ ਸ਼ਬਦ ਦੇ ਅੰਤ ਆਉਂਦਾ ਹੈ. ਜਿਵੇਂ- ਗੁਲਚੀਂ. ਫੁੱਲ ਚੁਗਣ ਵਾਲਾ.

ਚੀਸ: ਸੰਗ੍ਯਾ- ਚਸਕ. ਪੀੜ ਦੀ ਚੋਭ। ੨. ਚੀਕ. ਚੀਤਕਾਰ. ਚਿੰਘਾਰ. "ਹਸਤਿ ਭਾਗਕੈ ਚੀਸਾ ਮਾਰੈ." (ਗੋਂਡ ਕਬੀਰ)

---

[31] ਇਸ ਵਿਸ਼ੇ ਦੇਖੋ, "Annexation of the Punjab" by Major Evans Bell.

ਚੀਸਤਾਂ: ਫ਼ਾ. چیستاں ਸੰਗਜ੍ਯਾ- ਬੁਝਾਰਤ. ਪਹੇਲੀ। ੨. ਫ਼ਾ. چیست آں ਚੀਸ੍ਤ- ਆਂ. ਕੀ ਹੈ ਓ?

ਚੀਹਕਾ: ਦੇਖੋ, ਚਿਹਕਾ.

ਚੀਹਾਣ: ਸੰਗਜ੍ਯਾ- ਘੋੜੇ ਦੇ ਹਿਣਕਣ ਦੀ ਧੁਨਿ. ਹ੍ਰੇਸ਼ਾ. "ਚੰਚਲੀਏ ਤਾਜੀ ਚੀਹਾਣੰ." (ਰਾਮਾਵ)

ਚੀਕ: ਸੰ. ਚੀਕ੍ ਧਾ- ਸਹਾਰਨਾ, ਕਾਹਲੇ ਪੈਣਾ, ਉਤਾਵਲਾ ਹੋਣਾ, ਸਪਰਸ਼ ਕਰਨਾ, ਛੁਹਿਣਾ। ੨. ਸੰਗਜ੍ਯਾ- ਚੀਤਕਾਰ. ਚਿੰਘਾਰ.

ਚੀਕਣਾ: ਕ੍ਰਿ- ਚੀਤਕਾਰ ਕਰਨਾ. ਚਿੰਘਾਰਨਾ. ਦੁੱਖ ਨਾਲ ਉੱਚੀ ਸੁਰ ਨਾਲ ਪੁਕਾਰਨਾ. ਕ੍ਰੋਧ ਨਾਲ ਚੀਕਾਂ ਮਾਰਨੀਆਂ। ੨. ਦੇਖੋ, ਚਿਕਣਾ.

ਚੀਕਨਾ: ਦੇਖੋ, ਚੀਕਣਾ। ੨. ਵਿ- ਚਿਕਣਾ. ਮੁਲਾਇਮ. ਕੋਮਲ। ੩. ਥਿੰਧਾ. ਦੇਖੋ, ਚਿਕਣਾ.

ਚੀਕਰ, ਚੀਕੜ: ਸੰਗਜ੍ਯਾ- ਚਿੱਕੜ. ਕੀਚ. ਪੰਕ. ਦੇਖੋ, ਚਿਕੜ. "ਢਿਗ ਗ੍ਰਾਮ ਕੀ ਚੀਕਰ ਬਿਥਰਾਵਾ." (ਗੁਪ੍ਰਸੂ)

ਚੀਕੜਿ: ਚਿੱਕੜ ਵਿੱਚ. "ਮੋਹ ਚੀਕੜਿ ਫਾਥੇ." (ਆਸਾ ਛੰਤ ਮਃ ੪)

ਚੀਕੜੁ: ਦੇਖੋ, ਚੀਕੜ. "ਕਢਿ ਪਾਣੀ ਚੀਕੜੁ ਪਾਵੈਗੋ." (ਕਾਨ ਅਃ ਮਃ ੪)

ਚੀਕਾ: ਸੰਗਜ੍ਯਾ- ਦੁਤਾਰੇ ਦੀ ਸ਼ਕਲ ਦਾ ਇੱਕ ਸਾਜ਼, ਜੋ ਗਜ਼ ਨਾਲ ਵਜਾਈਦਾ ਹੈ। ੨. ਜਿਲਾ ਕਰਨਾਲ, ਤਸੀਲ ਕੈਥਲ ਥਾਣਾ ਗੂਲ੍ਹਾ ਦਾ ਇੱਕ ਪਿੰਡ, ਜਿਸ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਮੰਦਿਰ ਬਣਿਆ ਹੋਇਆ ਹੈ, ਪਰ ਕੋਈ ਸੇਵਾਦਾਰ ਨਹੀਂ ਹੈ. ਰੇਲਵੇ ਸਟੇਸ਼ਨ ਪਟਿਆਲੇ ਤੋਂ ੨੦. ਮੀਲ ਨੈਰਤਕੋਣ ਕੱਚਾ ਰਸਤਾ ਹੈ. ਦੇਖੋ, ਗਲੌਰਾ.

ਚੀਂਘਣ: ਡਿੰਗ. ਸੰਗਜ੍ਯਾ- ਮੁਰਦਾ ਜਲਾਉਣ ਲਈ ਸਹਾਇਤਾ ਦੇਣ ਵਾਲੀ ਲੰਮੀ ਲਾਠੀ. ਟੰਮਣ.

ਚੀਚਵਹੁਟੀ: ਸੰਗਜ੍ਯਾ- ਇੰਦ੍ਰਵਧੂ. ਬੀਰਵਹੁਟੀ. ਬਰਸਾਤ ਦੀ ਮੌਸਮ ਹੋਣ ਵਾਲਾ ਇੱਕ ਲਾਲ ਜੀਵ, ਜਿਸ ਉੱਪਰ ਲੂੰਆਂ ਮਖ਼ਮਲ ਜੇਹਾ ਹੁੰਦਾ ਹੈ. Mylabris Cichrrii. ਵੈਦ ਇਸ ਨੂੰ ਅਧਰੰਗ ਦੇ ਰੋਗ ਵਿੱਚ ਵਰਤਦੇ ਹਨ. ਮੋਮ ਨਾਲ ਮਿਲਾਕੇ ਚੀਚਵਹੁਟੀ ਦਾ ਚੂਰਨ ਸੁੱਜੇ ਹੋਏ ਅੰਗਾਂ ਤੇ ਮਲਣਾ ਗੁਣਕਾਰੀ ਹੈ.

ਚੀਚੀ: ਸੰਗਜ੍ਯਾ- ਸਭ ਤੋਂ ਛੋਟੀ ਉਂਗਲੀ. ਕਨਿਸ਼੍ਠਿਕਾ.

ਚੀਚੂੰਗਲੀ: ਚੀਚੀ- ਅੰਗੁਲਿ (ਉਂਗਲ). "ਜਿਉਂ ਲਹੁੜੀ ਚੀਚੂੰਗਲੀ ਪੈਧੀ ਛਾਪ ਮਿਲੀ ਵਡਿਆਈ." (ਭਾਗੁ)

ਚੀਜ, ਚੀਜੁ: ਫ਼ਾ. چیز ਸੰਗਜ੍ਯਾ- ਵਸਤੁ. ਪਦਾਰਥ. ਦ੍ਰਵ੍ਯ. "ਏਕੁ ਚੀਜੁ ਮੁਝੈ ਦੇਹਿ, ਅਵਰ ਜਹਰ- ਚੀਜ ਨ ਭਾਇਆ." (ਵਾਰ ਮਲਾ ਮਃ ੧) ੨. ਭੋਜਨ. ਅੰਨ. ਅਹਾਰ. "ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ." (ਵਾਰ ਮਾਝ ਮਃ ੨) ਇਹ ਇਸ਼ਾਰਾ ਹੈ ਉਸ ਰਸਮ ਵੱਲ, ਜੋ ਯਗ੍ਯ ਵਿੱਚ ਪ੍ਰਿਥਿਵੀ ਨੂੰ ਅੰਨ ਦੀ ਬਲਿ ਅਰਪੀ ਜਾਂਦੀ ਹੈ. ਭਾਵ ਇਹ ਹੈ ਕਿ ਜਿਵੇਂ ਸਮੁੰਦਰ ਨੂੰ ਜਲਦਾਨ ਹੈ, ਤਿਵੇਂ ਪ੍ਰਿਥਿਵੀ ਨੂੰ ਅੰਨਦਾਨ ਹੈ। ੩. ਚੋਜ (ਖੇਲ- ਕੌਤਕ) ਦੀ ਥਾਂ ਭੀ ਚੀਜ ਸ਼ਬਦ ਆਇਆ ਹੈ. "ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ." (ਵਾਰ ਆਸਾ)

ਚੀਜੀ: ਚੀਜਾਂ ਵਿੱਚ. ਵਸਤਾਂ ਅੰਦਰ. "ਹਰ ਚੀਜੀ ਜਿਨਿ ਰੰਗ ਕੀਆ." (ਆਸਾ ਪਟੀ ਮਃ ੧) ੨. ਫ਼ਾ. ਚੀਜ਼ੇ. ਕੋਈ ਵਸਤੁ। ੩. ਦੇਖੋ, ਚੀਜ ੨.

ਚੀਜੁ: ਦੇਖੋ, ਚੀਜ.

ਚੀਟਾ, ਚੀਟੀ: ਕੀਟ- ਕੀਟੀ. ਕੀੜਾ- ਕੀੜੀ ਚਜੂੰਟੀ. "ਚੀਟੀ ਚੀਟਾ ਬਿਲ ਸੇ ਨਿਕਸ." (ਭਾਗੁ ਕ) "ਚੀਟੀ ਹੋਇ ਚੁਨਿ

ਖਾਈ." (ਰਾਮ ਕਬੀਰ) ਇਸ ਥਾਂ ਭਾਵ ਨੰਮ੍ਰਤਾ ਤੋਂ ਹੈ. "ਚੀਟੀ ਤੇ ਕੁੰਚਰ ਅਸਥੂਲਾ." (ਚੌਪਈ).

ਚੀਣਾ: ਸੰ. ਚੀਨਕ. ਸੰਗਜਾ- ਇੱਕ ਅੰਨ, ਜੋ ਸਾਂਉਣੀ ਦੀ ਫ਼ਸਲ ਵਿੱਚ ਹੁੰਦਾ ਹੈ.

L. Panicum miliaceum. ਅੰ. Common millet).

ਚੀਤ, ਚੀਤੁ: ਸੰ. चित्त ਚਿੱਤ. ਅੰਤਹਕਰਣ "ਪ੍ਰਭੁ ਸਿਉ ਲਾਗਿਰਹਿਓ ਮੇਰਾ ਚੀਤੁ." (ਧਨਾ ਮਃ ੫) ੨. ਯਾਦ. ਸਮਰਣ. ਚਿੰਤਨ. "ਮਨੂਆ ਡੋਲੈ ਚੀਤ ਅਨੀਤਿ." (ਬਸੰ ਅਃ ਮਃ ੧) ਅਨੀਤਿ ਚਿੰਤਨ ਕਰਦਾ ਮਨੂਆ ਡੋਲੈ। ੩. ਚਿਤ੍ਰ ਦੀ ਥਾਂ ਭੀ ਚੀਤ ਸ਼ਬਦ ਆਇਆ ਹੈ. "ਅਨਿਕ ਗੁਪਤ ਪ੍ਰਗਟੇ ਤਹਿ ਚੀਤ." (ਸਾਰ ਅਃ ਮਃ ੫) ਚੀਤਗੁਪਤ. ਚਿਤ੍ਰਗੁਪਤ.

ਚੀਤਕਾਰ: ਸੰ. चीत्कार ਸੰਗਜਾ- ਚੀਕ. ਚਿੰਘਾਰ. "ਚਹੂੰ ਓਰ ਤੈਂ ਚਾਵਡੈਂ ਚੀਤਕਾਰੀ." (ਚਰਿਤ੍ਰ ੯੬)

ਚੀਤਗੁਪਤ: ਦੇਖੋ, ਚੀਤ ੩.

ਚੀਤਨਹਾਰ: ਵਿ- ਚਿਤ੍ਰ ਕਰਨ ਵਾਲਾ. ਚਿਤੇਰਾ। ੨. ਸੰਗਜਾ- ਮੁਸੱਵਰ. ਚਿਤ੍ਰਕਾਰ. "ਕਿਨ ਓਇ ਚੀਤੇ ਚੀਤਨਹਾਰੇ." (ਗਉ ਕਬੀਰ)

ਚੀਤਰ, ਚੀਤਲ: ਸੰਗਜਾ- ਚਿਤ੍ਰਮ੍ਰਿਗ. ਸ਼ਰੀਰ ਪੁਰ ਚਿੱਟੇ ਦਾਗਾਂ ਵਾਲਾ ਇੱਕ ਮ੍ਰਿਗ. "ਚੀਤਰ ਔਰ ਸਸੇ ਬਹੁ ਮਾਰੇ." (ਕ੍ਰਿਸਨਾਵ)

ਚੀਤਾ: ਦੇਖੋ, ਚਿਤ੍ਰਕ. "ਬੰਤਰ ਚੀਤੇ ਅਰੁ ਸਿੰਘਾਤਾ." (ਭੈਰ ਕਬੀਰ) ੨. ਖ਼ਾ. ਪੇਸ਼ਾਬ. ਮੂਤ੍ਰ। ੩. ਦੇਖੋ, ਚੀਤ ੧, "ਨਿਰਮਲ ਭਏ ਚੀਤਾ." (ਬਿਲਾ ਮਃ ੫) ੪. ਚੇਤਨ. "ਮਨ ਮਹਿ ਮਨੂਆ ਚਿਤ ਮਹਿ ਚੀਤਾ." (ਬਸੰ ਅਃ ਮਃ ੧) ਮਨ ਵਿੱਚ ਮਾਨਜ ਅਤੇ ਚਿੱਤ ਵਿੱਚ ਚੇਤਨ (ਕਰਤਾਰ). ੫. ਵਿ- ਚਿਤ੍ਰਿਤ. ਚਿੱਤਿਆ- ਹੋਇਆ.

ਚੀਤਾਕੁਦਾਉਣਾ, ਚੀਤਾਭਜਾਉਣਾ: ਖ਼ਾ. ਕ੍ਰਿ- ਪੇਸ਼ਾਬ ਕਰਨਾ. ਮੂਤ੍ਰ ਤਜਾਗ ਕਰਨਾ.

ਚੀਤਿ: ਚਿੱਤ ਵਿੱਚ. "ਚੀਤਿ ਚਿਤਵਉ ਮਿਟੁ ਅੰਧਾਰੇ." (ਬਿਲਾ ਛੰਤ ਮਃ ੫) ੨. ਚਿੱਤ ਕਰਕੇ. ਦਿਲੋਂ.

ਚੀਤੁ: ਦੇਖੋ, ਚੀਤ. ਚਿੱਤ. ਅੰਤਹਕਰਣ. "ਅਰਪਉ ਅਪਨੋ ਚੀਤਕੁ." (ਧਨਾ ਮਃ ੫)

ਚੀਤੇ: ਚਿੱਤੇ. ਚਿਤ੍ਰਿਤ ਕੀਤੇ. ਦੇਖੋ, ਚੀਤਨਹਾਰ। ੨. ਚਿਤ੍ਰਕ (ਚਿੱਤਾ) ਦਾ ਬਹੁਵਚਨ. ਦੇਖੋ, ਚੀਤਾ ੧.

ਚੀਥਨ, ਚੀਥਨਾ: ਦੇਖੋ, ਚਿਥਨਾ.

ਚੀਥਰਾ, ਚੀਥੜਾ: ਸੰਗਜਾ- ਪਾਟੇ ਅਤੇ ਪੁਰਾਣੇ ਵਸਤ੍ਰ ਦਾ ਟੁਕੜਾ. ਪਰੋਲਾ. "ਚਾਕੀ ਕਾ ਚੀਥਰਾ ਕਹਾ ਲੈਜਾਹਿ?" (ਬਸੰ ਕਬੀਰ)

ਚੀਦਨ: ਫ਼ਾ. چیدن ਚੁਗਣਾ. ਚੁਣਨਾ। ੨. ਇੰਤਖ਼ਾਬ ਕਰਨਾ. ਛਾਂਟਣਾ.

ਚੀਦਾ: ਫ਼ਾ. چیده ਚੀਦਹ. ਵਿ- ਚੁਣਿਆ ਹੋਇਆ. ਮੁੰਤਖ਼ਿਬ. ਚੋਣਵਾਂ.

ਚੀਨ: ਸੰਗਜਾ- ਚਿੰਨ੍ਹ. ਨਿਸ਼ਾਨ। ੨. ਸੰ. ਸੰਗਜ਼ਾ- ਪੂਰਵ ਏਸ਼ੀਆ ਦਾ ਪ੍ਰਸਿੱਧ ਦੇਸ਼, ਜੋ ਭਾਰਤ ਦੇ ਉੱਤਰ ਹਿਮਾਲੇ ਤੋਂ ਪਰੇ ਹੈ. ਇਹ ਬਹੁਤ ਪੁਰਾਣਾ ਨਾਉਂ ਸੰਸਕ੍ਰਿਤ ਦੇ ਗ੍ਰੰਥਾਂ ਵਿੱਚ ਦੇਖਿਆ ਜਾਂਦਾ ਹੈ. ਚੀਨਰਾਜ ਦਾ ਵਿਸ੍ਤਾਰ ੫੪੪੫੯੮੦ ਵਰਗ ਮੀਲ ਹੈ, ਅਤੇ ਜਨਸੰਖਜਾ- (ਆਬਾਦੀ) ੪੩੬੦੯੧੯੫੩ ਹੈ. ਚੀਨ ੧੮. ਵਡੇ ਇਲਾਕਿਆਂ ਵਿੱਚ ਵੰਡਿਆ ਹੋਇਆ ਹੈ. ਵਿਸ਼ੇਸ਼ ਕਰਕੇ ਚੀਨੀ ਲੋਕ ਬੁੱਧਮਤ ਦੇ ਹਨ. ਰਾਜਧਾਨੀ ਦਾ ਨਾਉਂ ਪੇਕਿਨ (Pekin) ਹੈ. "ਚੀਨ ਮਚੀਨ ਕੇ ਸੀਸ ਨਜਾਵੈਂ." (ਅਕਾਲ) ਦੇਖੋ, ਚੀਨੀ ਯਾਤ੍ਰੀ। ੩. ਚੀਣਾ ਅੰਨ। ੪. ਤਾਗਾ. ਸੂਤ। ੫. ਝੰਡੀ. ਧੁਜਾ। ੬. ਇੱਕ ਪ੍ਰਕਾਰ ਦਾ ਕਮਾਦ, ਜਿਸ ਦਾ ਚਣ ਨਾਉਂ ਪ੍ਰਸਿੱਧ ਹੈ। ੭. ਚੀਨ ਦੇਸ਼ ਦਾ ਨਿਵਾਸੀ। ੮. ਚੀਨ ਦੇਸ਼ ਦਾ ਵਸਤ੍ਰ। ੯. ਚੀਨਨਾ ਕ੍ਰਿਯਾ ਦਾ ਅਮਰ. ਦੇਖ!

ਪਛਾਣ!

ਚੀਨਨਾ: ਕ੍ਰਿ- ਚਿੰਨ੍ਹ ਦੇਖਕੇ ਪਹਿਚਾਣਨਾ। ੨. ਜਾਣਨਾ. ਸਮਝਣਾ. "ਜਬ ਨਹੀ ਚੀਨਸਿ ਆਤਮ ਰਾਮ." (ਗਉ ਕਬੀਰ) "ਜਿਨਿ ਆਤਮਤਤੁ ਨ ਚੀਨਿਆ." (ਪ੍ਰਭਾ ਬੇਣੀ) ੩. ਦੇਖਣਾ. ਵਿਚਾਰ ਦ੍ਰਿਸ਼੍ਟੀ ਨਾਲ ਵੇਖਣਾ.

ਚੀਨਾ: ਦੇਖੋ, ਚੀਨਨਾ। ੨. ਚੀਨ ਦੇਸ਼ ਦਾ ਵਸਨੀਕ. ਚੀਨੀ। ੩. ਲਾਲ ਅਤੇ ਚਿੱਟਾ. ਡਬਖੜੱਬਾ। ੪. ਦੇਖੋ, ਚੀਣਾ। ੫. ਚੀਨਨਾ ਦਾ ਭੂਤਕਾਲ. ਵੇਖਿਆ. ਪਛਾਣਿਆ.

ਚੀਨਾਂਸ਼ੁਕ: ਸੰ. ਸੰਗਯਾ- ਚੀਨ ਦਾ ਅੰਸ਼ੁਕ (ਵਸਤ੍ਰ). ਰੇਸ਼ਮੀ ਕਪੜਾ. ਪੁਰਾਣੇ ਜ਼ਮਾਨੇ ਤੋਂ ਚੀਨ ਦੇ ਰੇਸ਼ਮੀ ਵਸਤ੍ਰ ਬਹੁਤ ਪ੍ਰਸਿੱਧ ਹਨ। ੨. ਲਾਲ ਬਾਨਾਤ ਜੋ ਚੀਨ ਵਿੱਚ. ਉਮਦਾ ਬਣਦੀ ਸੀ.

ਚੀਨਿ: ਦੇਖਕੇ। ੨. ਜਾਣਕੇ. ਸਮਝਕੇ. "ਸਬਦ ਚੀਨਿ ਸੁਖ ਪਾਇਆ. (ਪ੍ਰਭਾ ਅਃ ਮਃ ੩) "ਆਤਮ ਚੀਨਿ ਭਏ ਨਿਰੰਕਾਰੀ." (ਆਸਾ ਅਃ ਮਃ ੧)

ਚੀਨੀ: ਵਿ- ਚੀਨ ਦੇਸ਼ ਨਾਲ ਸੰਬੰਧਿਤ. ਚੀਨ ਦਾ. ਚੀਨ ਦੀ ਵਸਤੁ। ੨. ਸੰਗਯਾ- ਦਾਣੇਦਾਰ ਸਾਫ਼ ਖੰਡ. ਮੈਲ ਬਿਨਾ ਉੱਤਮ ਖੰਡ। ੩. ਚੀਨ ਦੇਸ਼ ਦੀ ਸਫ਼ੇਦ ਮਿੱਟੀ, ਜੋ 'ਕਿੜਭਿਚੀਨ' ਪਹਾੜ ਤੋਂ ਨਿਕਲਦੀ ਹੈ ਅਤੇ ਜਿਸ ਦੇ ਬਰਤਨ ਸੁੰਦਰ ਬਣਦੇ ਹਨ. ਚੀਨਾ ਮੱਟੀ. ਚੀਨ ਦੇਸ਼ ਵਿੱਚ ਇਸ ਦਾ ਨਾਮ "ਕੇਓਲਿਨ" ਹੈ। ੪. ਚੀਨਾ ਦਾ ਇਸਤ੍ਰੀ ਲਿੰਗ। ੫. ਦੇਖੋ, ਚੀਨੀ ਵਾਲਾ.

ਚੀਨੀ ਯਾਤ੍ਰੀ: ਚੀਨ ਦੇਸ਼ ਦੇ ਬੌੱਧ ਯਾਤ੍ਰੀ, ਜੋ ਭਾਰਤ ਵਿੱਚ ਅਨੇਕ ਆਏ. ਇਨ੍ਹਾਂ ਵਿੱਚੋਂ ਪ੍ਰਸਿੱਧ ਦੋ ਹਨ. Fa- hien ਅਥਵਾ Fa- Hian. ਜੋ ਸਨ ੩੯੯ ਤੋਂ ਲੈ ਕੇ ਸਨ ੪੧੪ ਤਕ ਸਫਰ ਕਰਦਾ ਰਿਹਾ ਅਤੇ ਸਨ ੪੦੧ ਤੋਂ ੪੧੦ ਤਕ ਜਿਸ ਨੇ ਹਿੰਦ ਵਿੱਚ ਵਿਤਾਏ. ਇਹ ਚੰਦ੍ਰਗੁਪਤ ਦੂਜੇ ਦੇ ਅਹਿਦ ਵਿੱਚ ਇੱਥੇ ਆਇਆ ਸੀ. ਦੂਜਾ Hiuen- Tsang ਅਥਵਾ Hiwen Tsiang, ਜੋ ਸਨ ੬੨੯ ਵਿੱਚ ਦੇਸੋਂ ਤੁਰਿਆ ਅਰ ਸਨ ੬੩੦ ਵਿੱਚ ਗੰਧਾਰ ਦੇਸ਼ ਅੰਦਰ ਦਾਖਿਲ ਹੋਇਆ ਅਤੇ ਸਨ ੬੪੩ ਤਕ ਹਿੰਦੁਸਤਾਨ ਵਿੱਚ ਫਿਰਦਾ ਰਿਹਾ. ਇਹ ਸਨ ੬੦੦ ਵਿੱਚ ਪੈਦਾ ਹੋਇਆ ਅਤੇ ੬੬੪ ਵਿੱਚ ਮੋਇਆ. ਇਹ ਦੋਵੇਂ ਕਾਬੁਲ ਵਾਲੇ ਰਸਤੇ ਆਏ ਸਨ. ਇਨ੍ਹਾਂ ਦੇ ਲੇਖਾਂ ਤੋਂ ਇਤਿਹਾਸ ਲੇਖਕਾਂ ਨੇ ਬਹੁਤ ਗੱਲਾਂ ਲਈਆਂ ਹਨ.

ਚੀਨੀ ਵਾਲਾ: ਨਾਮਧਾਰੀਏ ਸਿੱਖਾਂ ਨੇ ਬਾਬਾ ਰਾਮ ਸਿੰਘ ਜੀ ਦਾ ਇਹ ਨਾਮ ਥਾਪਿਆ ਹੈ, ਕਿਉਂਕਿ ਉਹ ਚੀਨੀ ਘੋੜੀ ਤੇ ਸਵਾਰ ਹੋਇਆ ਕਰਦੇ ਸਨ.

ਚੀਨ੍ਹ: ਦੇਖੋ, ਚਿੰਨ੍ਹ। ੨. ਗਯਾਨ. ਅਨੁਭਵ. "ਰਾਮਰਸਾਇਣੁ ਰਸਨਾ ਚੀਨ੍ਹੇ." (ਭੈਰ ਮਃ ੫)

ਚੀਨ੍ਹੇ: ਦੇਖੋ, ਚੀਨ੍ਹ.

ਚੀਫ ਖਾਲਸਾ ਦੀਵਾਨ: ਦੇਖੋ, ਸਿੰਘਸਭਾ.

ਚੀਮਾ: ਇੱਕ ਜੱਟ ਜਾਤਿ, ਜਿਸ ਦਾ ਨਿਕਾਸ ਚੌਹਾਨ ਰਾਜਪੂਤਾਂ ਵਿੱਚੋਂ ਹੈ। ੨. ਚੀਮਾ ਗੋਤ ਦੇ ਜੱਟਾਂ ਦਾ ਵਸਾਇਆ ਪਿੰਡ. ਦੇਖੋ, ਅਤਰ ਸਿੰਘ ੨.

ਚੀਰ: ਸੰਗਯਾ- ਚੀਰਨ ਦਾ ਚਿੰਨ੍ਹ। ੨. ਸੰ. ਵਸਤ੍ਰ. "ਕਾਇਆ ਕਚੀ, ਕਚਾ ਚੀਰ ਹੰਢਾਏ." (ਮਾਝ ਅਃ ਮਃ ੩) ੩. ਬਿਰਛ ਦੀ ਛਿੱਲ। ੪. ਗਊ ਦਾ ਥਣ। ੫. ਫ਼ਾ. چیر ਵਿ- ਦਿਲੇਰ. ਦਿਲਾਵਰ। ੬. ਵਿਜਈ. ਜਿੱਤਣ ਵਾਲਾ। ੭. ਸੰਗਯਾ- ਜਿੱਤ. ਫ਼ਤਹ਼। ੮. ਬਜ਼ੁਰਗੀ. "ਜੈ ਚਿਦਰੂਪ ਚਿਰਜੀਵ ਸਦੈਵੀ ਚੀਰ ਨ ਜਾਨਤ ਕੋਇ ਤੁਮਾਰੀ." (ਸਲੋਹ)

ਚੀਰਹਦਸ੍ਤੀ: ਫ਼ਾ. چیرہ‌دستی ਸੰਗਯਾ- ਜ਼ਬਰਦਸ੍ਤੀ. ਧੱਕੇਬਾਜ਼ੀ। ੨. ਪ੍ਰਬਲਤਾ. ਗ਼ਲਬਾ.

ਚੀਰਹਰਣ: ਵਸਤ੍ਰਾਂ ਦੇ ਚੁਰਾਉਣ ਦੀ ਕ੍ਰਿਯਾ. ਵਸਤ੍ਰ ਲੈ ਜਾਣ ਦਾ ਭਾਵ. ਕ੍ਰਿਸਨਾਵਤਾਰ ਵਿੱਚ ਇਹ ਇੱਕ ਕਥਾ ਹੈ. ਕ੍ਰਿਸਨ ਜੀ ਜਮਨਾ ਵਿੱਚ ਇਸਨਾਨ ਕਰਦੀਆਂ ਗੋਪੀਆਂ ਦੇ ਵਸਤ੍ਰ ਚੁੱਕਕੇ ਬਿਰਛ ਤੇ ਚੜ੍ਹ ਗਏ ਸਨ.

ਚੀਰਣ: ਸं. ਚੀਣੰ. ਵਿ- ਕੱਟਿਆ ਹੋਇਆ. ਪਾੜਿਆ- ਹੋਇਆ। ੨. ਇਕੱਠਾ ਕੀਤਾ. ਚਿਣਿਆ ਹੋਇਆ.

ਚੀਰਣਾ, ਚੀਰਨਾ: ਕ੍ਰਿ- ਪਾੜਨਾ. ਦੋ ਖੰਡ ਕਰਨਾ. ਦੇਖੋ, ਚੀਰਣ.

ਚੀਰਾ: ਚੀਰਣ ਤੋਂ ਹੋਇਆ ਘਾਉ. ਫੱਟ।

੨. ਦੋ ਰਿਆਸਤਾਂ ਦੇ ਇਲਾਕੇ ਨੂੰ ਚੀਰਣ (ਅਲਗ)ਕਰਨ ਵਾਲੇ ਨਿਸ਼ਾਨ. ਸਰਹੱਦੀ ਚਿੰਨ੍ਹ. ਬਾਦਸ਼ਾਹਤ ਦੀ ਹੱਦਬੰਦੀ। ੩. ਫ਼ਾ. چیره ਦਿਲੇਰੀ. ਬਹਾਦੁਰੀ। ੪. ਵਿਜੈ. ਫ਼ਤੇ। ੫. ਸਰਬੰਦ।[484] ੬. ਬਲ. ਸ਼ਕ੍ਤਿ. "ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ." (ਸੋਦਰੁ) "ਸਭ ਜਗੁ ਤਿਸ ਕੈ ਵਸਿ ਹੈ ਸਭ ਤਿਸ ਕਾ ਚੀਰਾ." (ਵਾਰ ਗੂਜ ੧. ਮਃ ੩) "ਸਭ ਕੋ ਜਮ ਕੇ ਚੀਰੇ ਵਿਚਿ ਹੈ." (ਵਾਰ ਬਿਲਾ ਮਃ ੩) "ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ." (ਸ੍ਰੀ ਮਃ ੩) ੭. ਵਿ- ਦਿਲੇਰ. ਬਹਾਦੁਰ। ੮. ਉੱਚਾ. ਵੱਡਾ। ੯. ਦਾਨਾ। ੧੦. ਗੁਰੁਵਿਲਾਸ ਵਿੱਚ ਚਿਹਰੇ ਦੀ ਥਾਂ ਚੀਰਾ ਸ਼ਬਦ ਆਇਆ ਹੈ- "ਲਿਖੈਂ ਤਾਸ ਚੀਰਾ." ਦੇਖੋ, ਚਿਹਰਾ ਲਿਖਣਾ.

ਚੀਰੀ: ਖ਼ਤ਼. ਚਿੱਠੀ. "ਚੀਰੀ ਆਈ ਢਿਲ ਨ ਕਾਊ." (ਵਾਰ ਰਾਮ ੧. ਮਃ ੧) "ਜਿਨ ਕੀ ਚੀਰੀ ਦਰਗਹਿ ਪਾਟੀ." (ਆਸਾ ਅਃ ਮਃ ੧) ੨. ਆਗਜਾਪਤ੍ਰ. ਪਰਵਾਨਾ. "ਚੀਰੀ ਜਾਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ." (ਵਾਰ ਸਾਰ ਮਃ ੨) ੩. ਸं. ਝਿੱਲੀ. ਬਿੰਡਾ.

ਚੀਰੀ ਪਾਟਣੀ: ਅਵਸਥਾ ਦੀ ਸਮਾਪਤੀ ਹੋਣੀ. ਮ੍ਰਿਤ੍ਯੁ ਹੋਣੀ. ਭਾਰਤ ਵਿੱਚ ਰਿਵਾਜ ਹੈ, ਜਿਸ ਚਿੱਠੀ ਵਿੱਚ ਮਰਨ ਦੀ ਖ਼ਬਰ ਦਿੱਤੀ ਜਾਵੇ, ਉਸ ਦਾ ਸਿਰਾ ਪਾੜ ਦਿੱਤਾ ਜਾਂਦਾ ਹੈ। ੨. ਦੇਖੋ, ਚੀਰੀ। ੩. ਪਰਚਾ ਚਾਕ ਹੋਣਾ.

ਚੀਰੁ: ਦੇਖੋ, ਚੀਰ.

ਚੀਲ, ਚੀਲ੍ਹ: ਸੰਗਯਾ- ਇਲ੍ਹ. ਦੇਖੋ, ਚਿੱਲ। ੨. ਇੱਕ ਪਹਾੜੀ ਬਿਰਛ. ਚੀੜ੍ਹ. L. Pinus Longifolia. ਇਸ ਦੇ ਗੂੰਦ ਨੂੰ ਬਰੋਜਾ ਆਖਦੇ ਹਨ. ਦੇਖੋ, ਨੇਵਜਾ.

ਚੀਵ: ਸं. ਚੀਵ੍ ਧਾ- ਪਹਿਰਨਾ, ਪਕੜਨਾ, ਚਮਕਣਾ, ਬੋਲਣਾ.

ਚੀਵਰ: ਸੰਗਯਾ- ਕੁੰਭਕਾਰ (ਘੁਮਿਆਰ) ਦਾ ਡੋਰਾ, ਜਿਸ ਨਾਲ ਚੱਕ ਉੱਪਰੋਂ ਬਰਤਨ ਨੂੰ ਕੱਟਕੇ ਉਤਾਰਦਾ ਹੈ। ੨. ਸं. ਪਾਟਿਆ ਪੁਰਾਣਾ ਵਸਤ੍ਰ. ਚੀਥੜਾ.

ਚੀੜ੍ਹ: ਸੰਗਯਾ- ਲੇਸ. ਚੇਪ। ੨. ਇੱਕ ਪਹਾੜੀ ਬਿਰਛ ਚੀਲ੍ਹ, ਜਿਸ ਵਿੱਚੋਂ ਬਰੋਜ਼ਾ ਨਿਕਲਦਾ ਹੈ. "ਸਰਲੀ ਊਚੇ ਥਲ ਬਹੁ ਚੀੜ੍ਹ" (ਗੁਪ੍ਰਸੂ) ਦੇਖੋ, ਚੀਲ੍ਹ ੨.

ਚੀੜ੍ਹਾ: ਵਿ- ਲੇਸਦਾਰ. ਚੇਪ ਵਾਲਾ.

ਚੁ: ਦੇਖੋ, ਚੂ. "ਚੁ ਕਾਰਜ਼ ਹਮਹ ਹ਼ੀਲਤੇ[485] ਦਰਗੁਜਸ਼੍ਤ." (ਜਫਰ) ੨. ਪੰਜਾਬੀ ਵਿੱਚ ਇਹ ਚੌ (ਚਾਰ) ਦੀ ਥਾਂ ਭੀ ਆਇਆ ਕਰਦਾ ਹੈ. ਜਿਵੇਂ- ਚੁਹੱਤਰ, ਚੁਰਸਤਾ, ਚੁਰਾਸੀ ਆਦਿ ਵਿੱਚ.

ਚੁਆਉਣਾ: ਕ੍ਰਿ- ਟਪਕਣਾਉਣਾ, ਚਯੁਤ ਕਰਾਉਣਾ. ਦੇਖੋ, ਚਯੁ ਅਤੇ ਚਯੁਤ.

ਚੁਆਤਾ, ਚੁਆਤੀ: ਸੰਗਯਾ- ਮੁਆਤਾ. ਮੁਆਤੀ. ਮੁਰਿਆੜ. ਉਲਕਾ. ਚੁਮਾਤਾ.

ਚੁਇਣਾ: ਕ੍ਰਿ- ਟਪਕਣਾ. ਰਸਣਾ. ਚੋਣਾ. ਦੇਖੋ, ਚਯੁ.

---

[484] ਰਾਜਪੂਤਾਨੇ ਵੱਲ ਕਈ ਰੰਗੇ ਸਰਬੰਦ ਨੂੰ ਚੀਰਾ ਸਦਦੇ ਹਨ. ਪੰਜਾਬੀ ਵਿੱਚ ਵਸਤ੍ਰ, ਲੜ (ਦਾਮਨ) ਆਦਿ ਅਰਥ ਜੋ ਚੀਰਾ ਦਿੰਦਾ ਹੈ, ਉਸ ਦਾ ਮੂਲ ਭੀ ਇਹੀ ਫ਼ਾਰਸੀ ਸ਼ਬਦ ਹੈ.

[485] ਹ਼ੀਲਹ ਸੇ.

ਚੁਈਜੈ: ਟਪਕੀਜੈ. ਚੋਈਜੈ। ੨. ਟਪਕਦਾ (ਸ੍ਰਵਦਾ) ਹੈ. ਚੁਇੰਦਾ ਹੈ. "ਰਸੁਅੰਮ੍ਰਿਤੁ ਦਸਵੈ ਚੁਈਜੈ." (ਕਲਿ ਅਃ ਮਃ ੪) ਦੇਖੋ, ਚਜੁ.

ਚੁਸਕਣਾ: ਕ੍ਰਿ- ਧੀਮੀ ਆਵਾਜ਼ ਨਾਲ ਬੋਲਣਾ। ੨. ਸੁੜ੍ਹਕਣਾ.

ਚੁਸਕੀ: ਡਿੰਗ. ਸੰਗਯਾ- ਸ਼ਰਾਬ ਪੀਣ ਦੀ ਪਿਆਲੀ.

ਚੁਸਤ: ਫ਼ਾ. چُست ਚੁਸ੍ਤ. ਵਿ- ਕਸਿਆ ਹੋਇਆ। ੨. ਦ੍ਰਿੜ੍ਹ. ਪੱਕਾ। ੩. ਫੁਰਤੀਲਾ. ਆਲਸ ਰਹਿਤ.

ਚੁੰਸਨ: ਸੰ. ਚੋਸ਼ਣ. ਸੰਗਯਾ- ਚੂਸਣਾ. "ਸ੍ਰੋਣਤ ਚੁੰਸਨ." (ਅਕਾਲ)

ਚੁਹਕ, ਚੁਹਕਾਰ: ਸੰਗਯਾ- ਚਿੜੀ ਆਦਿ ਪੰਛੀਆਂ ਦਾ ਚੁਹ ਚੁਹ ਸ਼ਬਦ. "ਚਿੜੀ ਚੁਹਕੀ ਪਹੁ ਫੁਟੀ." (ਵਾਰ ਗਉ ੨. ਮਃ ੫)

ਚੁਹਚ: ਦੇਖੋ, ਚੁਹਕਾਰ। ੨. ਵਿ- ਟਪਕਦਾ ਹੋਇਆ. ਚੁਇੰਦਾ.

ਚੁਹਚੁਹਾ: ਵਿ- ਤਰ. ਗਹਿਰਾ. ਗੂੜ੍ਹਾ.

ਚੁਹਟੀ: ਸੰਗਯਾ- ਚੂੰਢੀ. ਹੱਥ ਦੇ ਅੰਗੂਠੇ ਅਤੇ ਤਰਜਨੀ ਉਂਗਲ ਨਾਲ ਸੁੰਨ੍ਹੀ ਵਾਂਙ ਮਾਸ ਨੂੰ ਨਿਪੀੜਨ ਦੀ ਕ੍ਰਿਯਾ. "ਚੋਰ ਚਾਹਿਯੇ ਚਢਾਯੋ ਸੂਰੀ, ਚੁਹਟੀ ਲਗਾਇ ਛਾਡੀਐ ਤੋ ਕਹਾਂ ਮਾਰ ਹੈ?" (ਭਾਗੁ ਕ)

ਚੁਹੱਤਰ: ਚਤੁਃ ਸਪ੍ਤਤਿ. ਸੱਤਰ ਪੁਰ ਚਾਰ- ੭੪.

ਚੁਹਲ: ਸੰਗਯਾ- ਚਿੜੀ ਆਦਿ ਪੰਛੀਆਂ ਦਾ ਚੁਹਕਾਰ. "ਪ੍ਰਾਤ ਭਯੋ ਚੁਹਲਾਤ ਚਿਰੀ." (ਕ੍ਰਿਸਨਾਵ) ੨. ਹਾਸੀ. ਮਖ਼ੌਲ। ੩. ਵਿਲਾਸ. ਦੇਖੋ, ਚੋਹਲ.

ਚੁਹਲਬਾਜ਼: ਵਿ- ਮਸਖ਼ਰਾ. ਮਖੌਲੀਆ। ੨. ਵਿਲਾਸੀ.

ਚੁਹਲਬਾਜ਼ੀ: ਸੰਗਯਾ- ਹਾਸੀ. ਠਠੋਲੀ. ਦਿਲਲਗੀ.

ਚੁਹਾਣ: ਦੇਖੋ, ਚੌਹਾਨ.

ਚੁਕ: ਸੰਗਯਾ- ਕਮਰ ਦੀ ਨਾੜੀ ਦਾ ਆਪਣੇ ਥਾਂ ਤੋਂ ਟਲਣਾ. ਨਾੜੀ ਦਾ ਠਿਕਾਣਿਓਂ ਖਿਸਕਣਾ. ਦੇਖੋ, ਚੁੱਕ ਧਾ। ੨. ਚੂਕ. ਭੂਲ. ਖ਼ਤ਼ਾ. "ਐਸ ਸਮੇ ਤੇ ਜੋ ਚੁਕਜਾਈ." (ਨਾਪ੍ਰ) ੩. ਸਮਾਪਤੀ. ਅੰਤ. "ਸਗਲ ਚੁਕੀ ਮੁਹਤਾਈਐ." (ਸਾਰ ਮਃ ੫) ੪. ਦੇਖੋ, ਚੁਕਣਾ.

ਚੁਕਈ: ਸਮਾਪਤ ਹੁੰਦਾ. ਮਿਟਦਾ. "ਆਵਣੁ ਜਾਣੁ ਨ ਚੁਕਈ." (ਸ੍ਰੀ ਮਃ ੧) "ਕੂਕ ਪੁਕਾਰ ਨ ਚੁਕਈ." (ਵਾਰ ਸੋਰ ਮਃ ੩)

ਚੁਕਸਾਈ: ਦੇਖੋ, ਚੌਕਸਾਈ. "ਸਤਿਗੁਰੂ ਕੇਵਟ ਮਿਲਹਿ ਜਿਆਈ। ਮਤਿ ਨੌਕਾ ਪਰ ਹ੍ਵੈ ਚੁਕਸਾਈ." (ਨਾਪ੍ਰ)

ਚੁਕਣਾ: ਕ੍ਰਿ- ਉਠਾਉਣਾ. ਉਚਾਨਾ। ੨. ਭੁੱਲਣਾ. ਚੂਕਨਾ। ੩. ਖ਼ਤਮ ਹੋਣਾ। ੪. ਮਿਟਣਾ.

ਚੁਕਾ: ਦੇਖੋ, ਚੁਕਣਾ ੪. "ਚੁਕਾ ਨਿਹੋਰਾ ਸਖੀ ਸਹੇਰੀ." (ਆਸਾ ਮਃ ੫)

ਚੁਕਾਉਣਾ: ਕ੍ਰਿ- ਭੁਲਾਉਣਾ।੨ ਉਠਵਾਉਣਾ. ਉਚਵਾਉਣਾ। ੩. ਮਿਟਾਉਣਾ. "ਮਾਇਆਮੋਹ ਚੁਕਾਇਦਾ" (ਮਾਰੂ ਸੋਲਹੇ ਮਃ ੩) "ਮਨ ਰੇ, ਦੂਜਾਭਾਉ ਚੁਕਾਇ." (ਸ੍ਰੀ ਮਃ ੩) ੪. ਮੁੱਲ ਤ਼ੈਯ ਕਰਨਾ. ਕੀਮਤ ਦਾ ਫ਼ੈਸਲਾ ਕਰਨਾ। ੫. ਹਿਸਾਬ ਮੁਕਾਉਣਾ.

ਚੁਕਾਠ: ਸੰਗਯਾ- ਚਾਰ ਕਾਸ਼੍ਠ, ਚਤੁਸ਼੍ਕਾਸ਼੍ਠ. ਦਰਵਾਜੇ ਵਿੱਚ ਲਗਾਇਆ ਚਾਰ ਕਾਠਾਂ ਦਾ ਢਾਂਚਾ. ਦੇਹਲੀ, ਸੇਰਵਾ ਅਤੇ ਦੋ ਬਾਜ਼ੂ. ਚੌਖਟ.

ਚੁਕੋਣਾ, ਚੁਕੋਰ: ਵਿ- ਚਾਰਕੋਣਾਂ. ਚੌਰਸ. "ਚਹੁ ਦਿਸ ਬਨੀ ਸੁਪਾਨ ਚੁਕੋਰ." (ਗੁਪ੍ਰਸੂ)

ਚੁਕੰਦਰ, ਚੁਕ਼ੰਦਰ: ਫ਼ਾ. چُقنّدر ਬਹੁਤ ਮਿਠਾਸ ਵਾਲਾ ਇੱਕ ਕ਼ੰਦ, ਜੋ ਵਿਸ਼ੇਸ਼ ਲਾਲ ਰੰਗ ਦਾ ਗਾਜਰ ਅਤੇ ਸ਼ਲਜਮ ਜੇਹਾ ਹੁੰਦਾ ਹੈ. ਇਸ ਵਿੱਚੋਂ ਖੰਡ ਭੀ ਕਢਦੇ ਹਨ. L. Beta Vulgaris ਅੰ. Beet.

ਚੁੱਕ: ਦੇਖੋ, ਚੁਕ। ੨. ਸੰ. ਚੁਕ੍ਕ੍. ਧਾ- ਦੁੱਖ ਦੇਣਾ, ਦੁੱਖ ਹੋਣਾ। ੩. ਸੰਗਯਾ- ਭੜਕਾਉ. ਉਕਸਾਵਟ.

ਚੁੱਕਣਾ: ਕ੍ਰਿ- ਉੱਚਕਰਣ. ਉਠਾਉਣ। ੨. ਉਭਾਰਨਾ. ਭੜਕਾਉਣਾ.

ਚੁੱਕਾ: ਚੁੱਕਣਾ ਦਾ ਭੂਤਕਾਲ. ਚੁੱਕਿਆ। ੨. ਸੰਗਯਾ- ਹੱਥ ਦੀਆਂ ਅਗਲੀਆਂ ਉਂਗਲਾਂ ਉੱਤੇ ਰੱਖਕੇ ਜਿੱਨੀ ਵਸਤੂ ਆਸਕੇ. ਇਹ ਚੁਟਕਾ ਦਾ ਹੀ ਰੂਪਾਂਤਰ ਹੈ.

ਚੁਖ: ਵਿ- ਤਨਿਕ. ਥੋੜਾ. ਅਲਪ. "ਜੇ ਗਲ ਕਪਹਿ ਚੁਖ." (ਸ. ਫਰੀਦ) ੨. ਜ਼ਰਾ ਜ਼ਰਾ. ਥੋੜਾ ਥੋੜਾ. "ਮ੍ਰਿਗ ਪਕਰੇ ਘਰਿ ਆਣੇ ਹਾਟਿ। ਚੁਖ ਚੁਖ ਲੇ ਗਏ ਬਾਂਢੇ ਬਾਟਿ." (ਭੈਰ ਮਃ ੫) ੩. ਸੰਗਯਾ- ਟੂਕ. ਖੰਡ. "ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖੁ ਚੁਖ ਹੋਇ." (ਧਨਾ ਮਃ ੧) ੪. ਚਸਾ ਦੀ ਤੀਹਵਾਂ ਹਿੱਸਾ ਸਮਾਂ.

ਚੁਖਕ, ਚੁਖਕੁ: ਤਨਿਕਮਾਤ੍ਰ. ਥੋੜਾਸਾ. "ਚੁਖਕੁ ਲੈ ਕੇ ਚੱਖਿਆ." (ਭਾਗੁ) ਕਣਕਾਮਾਤ੍ਰ ਲੈ ਕੇ ਚੱਖਿਆ.

ਚੁਖਚੁਖ: ਦੇਖੋ, ਚੁਖ ੩.

ਚੁਖਾ: ਤਨਿਕਮਾਤ੍ਰ. ਰੰਚਕਭਰ. "ਨਾਹੀ ਚਿੰਤ ਪਰਾਈ ਚੁਖਾ." (ਵਾਰ ਵਡ ਮਃ ੪)

ਚੁਖੰਡੀ: ਦੇਖੋ, ਸੁਲਤਾਨ.

ਚੁੰਗ: ਸੰਗਯਾ- ਗਰੋਹ. ਟੋਲਾ. "ਬਡੋ ਚੁੰਗ ਬਾਂਧੇ ਜਹਾਂ ਸਤ੍ਰ ਆਵੈਂ." (ਗੁਪ੍ਰਸੂ) ੨. ਦੇਖੋ, ਚੰਗੁਲ। ੩. ਦੇਖੋ, ਚੁੱਕਾ ੨. ਅਤੇ ਚੁੰਗੀ.

ਚੁਗਣਾ: ਕ੍ਰਿ- ਚੁਣਨਾ. ਬੀਨਣਾ. ਪੰਛੀਆਂ ਦਾ ਚੁੰਜ ਨਾਲ ਦਾਣੇ ਚੁਣਨਾ. ਪਸ਼ੂਆਂ ਦਾ ਘਾਹ ਆਦਿ ਮੂੰਹ ਨਾਲ ਚਰਨਾ। ੨. ਇੰਤਖ਼ਾਬ ਕਰਨਾ. ਚੁਣਨਾ.

ਚੁਗਦ: ਫ਼ਾ. چُغد ਚੁ਼ਗਦ. ਸੰਗਯਾ- ਉੱਲੂ. ਉਲੂਕ. ਘੂਕ. ਦੇਖੋ, ਚੁਗਲ। ੨. ਭਾਵ- ਮੂਰਖ.

ਚੁਗਨਿ: ਚੁਗਦੇ ਹਨ. "ਕਕਰੁ ਚੁਗਨਿ ਥਲਿ ਵਸਨਿ." (ਸ. ਫਰੀਦ)

ਚੁਗਲ: ਸੰਗਯਾ- ਉੱਲੂ. ਚਕੋਤਰੀ. ਦੇਖੋ, ਚੁਗਦ ੧. ਇਸ ਦਾ ਨਾਮ ਚੋਰਾਂ ਨੇ ਚੁਗਲ ਇਸ ਲਈ ਰੱਖਿਆ ਹੈ ਕਿ ਰਾਤ ਨੂੰ ਇਹ ਪ੍ਰਾਣੀਆਂ ਨੂੰ ਦੇਖਕੇ ਸ਼ੋਰ ਮਚਾ ਦਿੰਦਾ ਹੈ, ਜਿਸ ਤੋਂ ਲੋਕ ਸਾਵਧਾਨ ਹੋ ਜਾਂਦੇ ਹਨ। ੨. ਫ਼ਾ. چُغل ਚੁ਼ਗਲ. ਪਿੱਠ ਪਿੱਛੇ ਬੁਰਾਈ ਕਰਨ ਵਾਲਾ. "ਨ ਸੁਣਈ ਕਹਿਆ ਚੁਗਲ ਕਾ." (ਵਾਰ ਸ੍ਰੀ ਮਃ ੪)

ਜੈਸੇ ਬੇਸ਼ਕੀਮਤੀ ਕੋ ਮੂਸਾ ਥਾਨ ਕਾਟਜਾਤ

ਵਾਯਸ ਵਿਟਾਰਜਾਤ ਕਲਸ਼ ਕੇ ਨੀਰ ਕੋ,

ਸਾਂਪ ਡਸਜਾਤ ਵਿਖ ਰੋਮ ਰੋਮ ਫੈਲਜਾਤ

ਕੁੱਤਾ ਕਾਟਖਾਤ ਰਾਹਚਲਤ ਫਕੀਰ ਕੋ,

ਕਹੈ "ਹਰਿਕੇਸ਼" ਜੈਸੇ ਬਿੱਛੂ ਡੰਕ ਮਾਰਜਾਤ

ਕਛੂ ਨ ਬਸਾਤ ਭਯੇ ਵਜਾਕੁਲ ਸ਼ਰੀਰ ਕੋ,

ਤੈਸੇ ਹੀ ਚੁਗਲ ਹੱਕ ਨਾਹਕ ਬਿਰਾਨੋ ਕਾਮ

ਦੇਤ ਹੈ ਬਿਗਾਰ ਕੈ ਨ ਡਰ ਰਘੁਬੀਰ ਕੋ.

ਚੁੰਗਲ: ਸੰਗਯਾ- ਗਰੋਹ. ਟੋਲਾ. ਜਮਾਤ। ੨. ਬਾਜ਼ ਆਦਿ ਸ਼ਿਕਾਰੀ ਪੰਛੀਆਂ ਦੇ ਚਾਰ ਅੰਗੁਲਾਂ ਦੀ ਗਰਿਫ਼ਤ. ਦੇਖੋ, ਚੰਗੁਲ। ੩. ਪੰਜਾ.

ਚੁਗਲੀ: ਫ਼ਾ. چُغلی ਸੰਗਯਾ- ਪਿੱਠ ਪਿੱਛੇ ਕੀਤੀ ਬੁਰਾਈ. ਗ਼ੈਰਹ਼ਜਰੀ ਵਿੱਚ ਕੀਤੀ ਨਿੰਦਾ. "ਨਿਤ ਚੁਗਲੀ ਕਰੈ ਅਣਹੋਂਦੀ ਪਰਾਈ." (ਵਾਰ ਗਉ ੧. ਮਃ ੪)

ਚੁਗਾ: ਦੇਖੋ ਚੋਗਾ ੨.

ਚੁਗਾਠ: ਦੇਖੋ, ਚੁਕਾਠ ਅਤੇ ਚੌਕਾਠ.

ਚੁਗ਼ਾਰ: ਫ਼ਾ. چُغار ਚਗਾਰ. ਸੰਗਯਾ- ਨਿਰਲੱਜ ਇਸਤ੍ਰੀ.

ਚੁਗਾਰਾ: ਵਿ- ਵਿਭਚਾਰੀ. ਦੇਖੋ, ਚੁਗਾਰ. "ਚੋਰ ਚੁਗਾਰਾ." (ਭਾਗੁ)

ਚੁੰਗੀ: ਸੰਗਯਾ- ਚਾਰ ਅੰਗੁਲਾਂ ਵਿੱਚ ਜਿਤਨੀ ਵਸਤੁ ਆਸਕੇ, ਉਤਨਾ ਪ੍ਰਮਾਣ, ਮਹ਼ਿਸੂਲ ਲੈਣ ਵਾਸਤੇ ਕਿਸੇ ਵਸਤੁ ਵਿੱਚੋਂ ਇੱਕ ਲੱਪ ਭਰ ਲੈਣਾ। ੨. ਸ਼ਹਿਰ ਵਿੱਚ ਬਾਹਰੋਂ ਆਈ ਵਸਤੂ ਤੇ ਲਗਾਇਆ ਮਹ਼ਿਸੂਲ। ੩. ਵਿ- ਚੁੰਗ (ਟੋਲੀ) ਨਾਲ ਸੰਬੰਧ ਰੱਖਣ ਵਾਲਾ. ਚੁੰਗਦਾਰ. "ਬੰਧੇ ਚੁੰਗ ਚੁੰਗੀ ਚਲੇ ਖੇਤ ਆਏ." (ਚਰਿਤ੍ਰ ੩੨੦)

ਚੁੱਗਾ: ਸੰਗਯਾ- ਚਾਰ ਦੰਦਾਂ ਵਾਲਾ ਬੈਲ. ਚੌਗਾ। ੨. ਟੀਰਾ. ਭੈਂਗਾ. ਕੁਨੱਖਾ.

ਚੁੰਘਣਾ, ਚੁੰਘਨਾ: ਕ੍ਰਿ- ਚੋਸ਼ਣ ਕਰਨਾ. ਚੂਸਨਾ. ਥਣ (ਸ੍ਤਨ) ਵਿੱਚੋਂ ਦੁੱਧ ਚੂਸਣਾ.

ਚੁੰਘਾਵੀ: ਚੁੰਘਾਉਣ ਵਾਲੀ. ਦਾਈ. ਧਾਤ੍ਰੀ. ਦੇਖੋ, ਚੁੰਘਣਾ.

ਚੁੰਙਿਆ: ਚਯਨ (ਚੁਗਣ) ਵਾਲੀ. ਰਸ ਗ੍ਰਹਣ ਕਰਨ ਵਾਲੀ। ੨. ਭਾਵ ਪਿੰਗਲਾ ਨਾੜੀ. "ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ, ਕਨਕ ਕਲਸ ਇਕੁ ਪਾਇਆ." (ਸ੍ਰੀ ਕਬੀਰ) ਦਸ਼ਮਦ੍ਵਾਰ ਭੱਠੀ ਹੈ, ਇੜਾ ਪਿੰਗਲਾ ਨਾਲਾਂ ਹਨ, ਸ਼ੁੱਧ ਅੰਤਹਕਰਣ ਕਨਕਕਲਸ਼ ਹੈ, ਜਿਸ ਵਿੱਚ ਰਸ ਟਪਕਕੇ ਜਮਾ ਹੁੰਦਾ ਹੈ. ਦੇਖੋ, ਸਿੰਙਿਆ.

ਚੁੰਚ: ਸੰ. चञ्चु ਚੰਚੁ. ਸੰਗਯਾ- ਚੋਂਚ. ਚੁੰਜ. "ਸੋ ਸਿਰਿ ਚੁੰਚ ਸਵਾਰਹਿ ਕਾਗ." (ਗਉ ਕਬੀਰ)

ਚੁੰਚਗਿਆਨ: ਸੰਗਯਾ- ਕੇਵਲ ਕਹਿਣੀ ਦਾ ਗ੍ਯਾਨ. ਅ਼ਮਲ ਬਿਨਾ ਗ੍ਯਾਨਚਰਚਾ. "ਜਗ ਕਊਆ ਮੁਖਿ ਚੁੰਚਗਿਆਨ." (ਬਿਲਾ ਅਃ ਮਃ ੩)

ਚੁੰਚਗਿਆਨੀ: ਵਿ- ਕਹਿਣੀ ਦਾ ਗ੍ਯਾਨੀ. ਅ਼ਮਲ ਰਹਿਤ ਵਕਤਾ.

ਚੁਚਵਾਤ, ਚੁਚਾਤ: ਚੁਇੰਦਾ (ਚ੍ਯਵਨ ਹੁੰਦਾ) ਹੈ. ਟਪਕਦਾ ਹੈ। ੨. ਚੁਇੰਦਾ ਹੋਇਆ. ਟਪਕਦਾ. "ਸ੍ਰੌਨ ਸੋਂ ਏਕ ਫਿਰੈਂ ਚੁਚਵਾਤੇ." (ਕ੍ਰਿਸਨਾਵ)

ਚੁਚਾਨ: ਚੁਇਆ. ਟਪਕਿਆ. ਚ੍ਯਵਨ ਹੋਇਆ. "ਰਕਤ ਨੇਤ੍ਰ ਚੁਚਾਨ." (ਗ੍ਯਾਨ) ਅੱਖਾਂ ਤੋਂ ਲਹੂ ਟਪਕਿਆ.

ਚੁਚ੍ਯ: ਸੰ. चुच्य् ਧਾ- ਅ਼ਰਕ਼ ਕੱਢਣਾ, ਇਸਨਾਨ ਕਰਨਾ.

ਚੁੰਜ: ਚੁੰਚ.

ਚੁੰਜਵੀੜੀ: ਸੰਗਯਾ- ਚੰਚੁ (ਚੁੰਜ) ਦੇ ਪ੍ਰਵੇਸ਼ ਕਰਨ ਦੀ ਕ੍ਰਿਯਾ. ਚੁੰਚ ਦਾ ਡਾਲਨਾ. ਚੁੰਜ ਪਾਂਉਣੀ. "ਖੀਰ ਨੀਰ ਨਿਰਨਉ

ਚੁੰਜਵੀੜੀ." (ਭਾਗੁ)

ਚੁਟ: ਸੰ. ਚੁਟ੍ ਧਾ- ਛੋਟਾ ਹੋਣਾ, ਕਤਰਨਾ। ੨. ਦੇਖੋ, ਚੁੱਟ.

ਚੁਟਕਾ: ਚੁਟਕੀ ਦਾ ਪੁਲਿੰਗ. ਦੇਖੋ, ਚੁੱਕਾ ੨.

ਚੁਟਕਾਰੀ: ਸੰਗ੍ਯਾ- ਚੁਟਕੀ ਦੀ ਧੁਨੀ। ੨. ਚੁਟ ਚੁਟ ਧੁਨੀ.

ਚੁਟਕੀ: ਸੰਗ੍ਯਾ- ਅੰਗੂਠੇ ਅਤੇ ਮਧ੍ਯਮਾ ਅੰਗੁਲਿ ਦੇ ਮੇਲ ਤੋਂ ਕੀਤੀ ਹੋਈ ਧੁਨੀ. ਸੰ. ਛੋਟਿਕਾ। ੨. ਉਤਨੀ ਵਸਤੁ ਜੋ ਅੰਗੂਠੇ ਅਤੇ ਤਰਜਨੀ ਅੰਗੁਲਿ ਵਿੱਚ ਆ ਸਕੇ. ਜਿਵੇਂ- ਚੁਟਕੀਭਰ ਲੂਣ। ੩. ਚੂੰਢੀ.

ਚੁਟਾਏ: ਕੱਟੇ. ਕਤਰੇ. ਟੁੱਕੇ. ਦੇਖੋ, ਚੁਟ ਧਾ. "ਤ੍ਰਸਾਏ, ਚੁਟਾਏ." (ਰਾਮਾਵ)

ਚੁਟਾਲਾ: ਸੰਗ੍ਯਾ- ਚੁਟ ਚੁਟ ਧੁਨਿ। ੨. ਚਿੜੀ ਆਦਿ ਪੰਛੀਆਂ ਦਾ ਸ਼ੋਰ। ੩. ਚਾਰ ਟਾਹਣੀਆਂ ਵਾਲੀ ਇੱਕ ਟਾਲ੍ਹੀ (ਸ਼ੀਸ਼ਮ), ਜੋ ਗੁਰੂ ਹਰਗੋਬਿੰਦ ਸਾਹਿਬ ਦੇ ਸਸੁਰਾਰ ਮੰਡਿਆਲੀ ਵਿੱਚ ਹੈ. ਜਿਸ ਹੇਠ ਜਗਤਗੁਰੂ ਵਿਰਾਜਦੇ ਰਹੇ. "ਨਾਮ ਚੁਟਾਲਾ ਯਾਹਿ, ਜੋਉ ਦਰਸ ਇੱਛਾ ਕਰੈ." (ਗੁਵਿ ੬) ਦੇਖੋ, ਮੰਡਿਆਲੀ.

ਚੁਟੀਆ: ਸੰਗ੍ਯਾ- ਚੋਟੀ. ਬੋਦੀ. ਸ਼ਿਖਾ. "ਹੋਇ ਬਡੀ ਤੁਮਰੀ ਚੁਟੀਆ." (ਕ੍ਰਿਸਨਾਵ) ੨. ਦੇਖੋ, ਚੋਟੀ.

ਚੁਟੀਆਉਡੁ: ਸੰਗ੍ਯਾ- ਚੋਟੀ (ਬੋਦੀ) ਵਾਲਾ ਉਡੁ (ਤਾਰਾ). ਧੂਮਕੇਤੁ. "ਚੁਟੀਆਉਡੁ ਤੇਜ ਮਨੋ ਦਰਸਾਯੋ." (ਕ੍ਰਿਸਨਾਵ)

ਚੁੱਟ: ਸੰ. ਚੁਟ੍ਟ੍ ਧਾ- ਕਮ (ਅਲਪ) ਹੋਣਾ. ਥਾਹਹੋਣਾ. ਬਟੋਰਨਾ (ਇੱਕਠਾ ਕਰਨਾ).

ਚੁੱਟੈ: ਚੁਟਕੀ ਪ੍ਰਮਾਣ. ਚੁਟਕੀ ਮਾਤ੍ਰ। ੨. ਚੁਟਕੀ ਸੇ. ਚੁਟਕੀ ਨਾਲ. "ਦੇ ਚਾਵਲ ਚੁੱਟੈ." (ਭਾਗੁ) ਚੁਟਕੀ ਨਾਲ ਚਾਵਲਭਰ ਦਿੰਦੇ ਹਨ.

ਚੁਡ: ਸੰ. ਚੁਡ੍. ਧਾ- ਲਪੇਟਣਾ, ਘੇਰਨਾ, ਛਿਪਣਾ (ਲੁਕਣਾ).

ਚੁੱਡ: ਸੰ. ਚੁਡ੍ਡ੍. ਧਾ- ਵਰਤਣਾ, ਕਾਮਕ੍ਰੀੜਾ ਕਰਨਾ, ਇਸ਼ਾਰਾ ਕਰਨਾ। ੨. ਸੰਗ੍ਯਾ- ਭਗ. ਯੋਨਿ.

ਚੁੱਡੂ: ਵਿ- ਭਗਲੰਪਟ. ਕਾਮੀ. ਦੇਖੋ, ਚੁੱਡ.

ਚੁਣ: ਸੰ. ਚੁਣ੍ ਧਾ- ਕਤਰਨਾ. ਹਿੱਸਾ ਕਰਨਾ (ਵਿਭਾਗ ਕਰਨਾ).

ਚੁਣਨਾ: ਕ੍ਰਿ- ਚੁਗਣਾ। ੨. ਚਯਨ ਕਰਨਾ. ਚਿਣਨਾ। ੩. ਇੰਤਿਖ਼ਾਬ ਕਰਨਾ. ਚੋਣ ਕਰਨੀ.

ਚੁਣਿ: ਚੁਣਕੇ. ਛਾਂਟਕੇ."ਬਿਨੁ ਨਾਵੈ ਚੁਣਿ ਸੁਟੀਅਹਿ." (ਸ੍ਰੀ ਅਃ ਮਃ ੧)

ਚੁਤ: ਸੰ. ਚੁਤ੍ ਧਾ- ਗਿੱਲਾ ਹੋਣਾ, ਚੁਇਣਾ। ੨. ਸੰਗ੍ਯਾ- ਗੁਦਾ. ਮੂਲਦ੍ਵਾਰ. "ਸੋ ਚੁਤੀ ਸੋ ਵਾਤ ਮਿਲਾਵੈ." (ਭਾਗੁ) ਗੁਦਾ ਅਤੇ ਮੂੰਹ ਨੂੰ ਓਹੀ ਹੱਥ ਸਪਰਸ਼ ਕਰਦਾ ਹੈ। ੩. ਦੇਖੋ, ਚ੍ਯੁਤ.

ਚੁਤਲ, ਚੁਤੜ: ਸੰਗ੍ਯਾ- ਚੁਤ- ਤਲ. ਚੁਤ (ਗੁਦਾ) ਦੇ ਦੋਹਾਂ ਪਾਸਿਆਂ ਦੇ ਮਾਸਪਿੰਡ. ਨਿਤੰਬ. ਚਿੱਤੜ.

ਚੁਤਾਲੀ: ਦੇਖੋ, ਚੌਤਾਲੀ.

ਚੁਤੀ: ਦੇਖੋ, ਚੁਤ ੨.

ਚੁਦ: ਸੰ. ਚੁਦ੍ ਧਾ- ਪ੍ਰੇਰਣਾ, ਪ੍ਰਸ਼ਨ ਕਰਨਾ, ਪ੍ਰਵ੍ਰਿੱਤ ਕਰਨਾ, ਸ਼ੀਘ੍ਰਤਾ (ਕਾਹਲੀ) ਕਰਨੀ.

ਚੁੰਧ: ਸੰਗ੍ਯਾ- ਚਕ੍ਸ਼ੁ (ਨੇਤ੍ਰ) ਨੂੰ ਅੰਧ ਕਰਨ ਵਾਲੀ ਚਮਕ.

ਚੁੰਧਲਾਉਣਾ, ਚੁੰਧਿਆਉਣਾ: ਕ੍ਰਿ- ਪ੍ਰਕਾਸ਼ ਨਾਲ ਅੱਖੀਆਂ ਦੀ ਨਜਰ ਦਾ ਕਮਜ਼ੋਰ ਹੋਣਾ। ੨. ਤੇਜ਼ ਰੋਸ਼ਨੀ ਨਾ ਸਹਾਰਕੇ ਨੇਤ੍ਰਾਂ ਦਾ ਮਿਚਣਾ. ਦੇਖੋ, ਚੁੰਧ.

ਚੁਨਨਾ: ਇੰਤਿਖ਼ਾਬ ਕਰਨਾ. ਦੇਖੋ, ਚੁਣਨਾ."ਮੇਲਤ ਚੁਨਤ ਖਿਨੁ ਪਲ ਚਸਾ ਲਾਗੈ." (ਆਸਾ ਮਃ ੪) ਸਾਜਾਂ ਦਾ ਸੁਰ ਮੇਲਦੇ ਅਤੇ ਰਾਗ ਅਥਵਾ ਗੀਤ ਇੰਤਿਖ਼ਾਬ ਕਰਦੇ ਕੁਝ ਸਮਾਂ ਲਗਦਾ ਹੈ.

ਚੁਨਰੀ: ਸੰਗਯਾ- ਚੁੰਨੀ. ਓਢਨੀ.

ਚੁਨਾ: ਫ਼ਾ. چُنا ਵਿ- ਸਮਾਨ. ਸਦ੍ਰਿਸ਼. ਮਾਨਿੰਦ. ਜੇਹਾ.

ਚੁਨਾਚਿ: ਫ਼ਾ. چُناںچہ ਕ੍ਰਿ. ਵਿ- ਤਥਾਚ. ਉਸ ਅਨੁਸਾਰ. ਇਸ ਲਈ.

ਚੁਨਾਰ: ਸੰਮਿਲਿਤ ਪ੍ਰਾਂਤ (ਯੂ. ਪੀ) ਦੇ ਜਿਲੇ ਮਿਰਜ਼ਾਪੁਰ ਵਿੱਚ ਗੰਗਾ ਦੇ ਕਿਨਾਰੇ ਇੱਕ ਸ਼ਹਿਰ ਅਤੇ ਉਸ ਦਾ ਪੁਰਾਣਾ ਕਿਲਾ, ਜਿਸ ਦਾ ਨਾਮ ਕਿਸੇ ਸਮੇਂ 'ਚਰਣਾਦ੍ਰਿਗੜ੍ਹ'[486] ਸੀ. ਦੇਖੋ, ਜਿੰਦਕੌਰ.

ਇਸੇ ਕਿਲੇ ਵਿੱਚ ਭਰਤ੍ਰਿਹਰਿ (ਭਰਥਰੀ) ਦੇ ਰਹਿਣ ਦੇ ਮਕਾਨ, ਉਸ ਦੀ ਸਮਾਧਿ ਅਤੇ ਉਹ ਸ਼ਿਲਾ, ਜਿਸ ਪੁਰ ਬੈਠਕੇ ਉਹ ਯੋਗਾਭ੍ਯਾਸ ਕੀਤਾ ਕਰਦਾ ਸੀ, ਵਿਦ੍ਯਮਾਨ ਹਨ.

ਚੁਨਿ: ਚੁਣਕੇ. ਚਯਨ ਕਰਕੇ. ਚੁਗਕੇ. "ਕੰਦ ਮੂਲੁ ਚੁਨਿ ਖਾਇਆ." (ਸੋਰ ਕਬੀਰ) ਦੇਖੋ, ਗੁਣ ੨੦.

ਚੁਨੀ: ਦੇਖੋ, ਚਿਨੀ। ੨. ਦੇਖੋ, ਚੁਣਨਾ."ਹਾਥੀ ਚੁਨੀ ਨ ਜਾਇ." (ਸ. ਕਬੀਰ) ਹਾਥੀ (ਹੰਕਾਰੀ) ਤੋਂ ਚੁਗੀ ਨਹੀਂ ਜਾਂਦੀ.

ਚੁੰਨੀ: ਦੇਖੋ, ਚੁਨਰੀ। ੨. ਦੇਖੋ, ਚੁਨੀਆ.

ਚੁਨੀਆ: ਸੰਗਯਾ- ਚੁਨਰੀ. ਓਢਨੀ. ਚੁੰਨੀ. "ਓਢਕੈ ਲਾਲ ਚਲੀ ਚੁਨੀਆ ਹੈ." (ਕ੍ਰਿਸਨਾਵ) ੨. ਮਾਣਿਕ ਦੀ ਕਣੀ. ਚੂਨੀ. "ਕੰਚਨ ਮੇ ਚੁਨੀਆ ਚੁਨਿ ਖਾਚੀ." (ਕ੍ਰਿਸਨਾਵ) ੩. ਬੱਤਕ (ਮੁਰਗਾਬੀ) ਦੀ ਇੱਕ ਜਾਤੀ.

ਚੁਨੀਆਂਬੇਗਮ: ਫੀਮ ਖਾਣ ਵਾਲੇ, ਅਫੀਮ (ਅਫ਼ਯੂਨ) ਨੂੰ ਚੁਨੀਆਂਬੇਗਮ ਸਦਦੇ ਹਨ.

ਚੁਪ: ਸੰ. ਚੁਪ੍ ਧਾ- ਧੀਰੇ- ਧੀਰੇ ਚਲਨਾ। ੨. ਸੰਗਯਾ- ਖ਼ਾਮੋਸ਼ੀ. ਮੌਨ। ੩. ਵਿ- ਖ਼ਾਮੋਸ਼. ਅਬੋਲਾ. ਮੌਨੀ.

ਚੁਪਕਾ, ਚੁਪਕੀਤਾ: ਵਿ- ਮੌਨੀ. ਅਬੋਲਾ.

ਚੁਪੱਟ: ਸੰ. ਚਪੱਟ. ਵਿ- ਬਿਨਾ ਉਭਾਰ. ਉਚਾਈ ਨੀਚਾਈ ਬਿਨਾ. ਹਮਵਾਰ. ਪੱਧਰਾ। ੨. ਚਜੁਤਪਟ. ਬਿਨਾਪੜਦਾ. ਬੇਪੜਦ। ੩. ਕਿਵਾੜਾਂ ਬਿਨਾ ਦਰ.

ਚੁਪਰਾ: ਵਿ- ਚੋਪੜਿਆ ਹੋਇਆ. ਸਨੇਹ (ਤੇਲ) ਨਾਲ ਤਰ ਕੀਤਾ ਹੋਇਆ. "ਚੁਪਰੇ ਚਾਰੁ ਚਿਕਨੇ ਕੇਸ." (ਪਾਰਸਾਵ)

ਚੁਪਾਕ: ਸੰਗਯਾ- ਗੰਨੇ ਆਦਿ ਦਾ ਚੂਪਣ ਪਿੱਛੋਂ ਰਿਹਾ ਫੋਗ. "ਪਰੇ ਚੁਪਾਕ ਚੂਪ ਤਿੰਹ ਠਾਨੇ." (ਗੁਪ੍ਰਸੂ) ੨. ਵਿ- ਚੂਪਣ ਵਾਲਾ. ਚੋਸ਼ਣ ਕਰਤਾ.

ਚੁਪਾਤਾ: ਵਿ- ਚੁਪਕੀਤਾ. ਬਿਨਾ ਬੋਲਣ ਤੋਂ. "ਗੁਰੂ ਜੀ ਚੁਪਾਤੇ ਹੀ ਚਲਦੇ ਰਹੇ." (ਜਸਭਾਮ)

ਚੁਪੈ: ਚੁਪ (ਮੌਨ) ਤੋਂ. ਖ਼ਾਮੋਸ਼ੀ. ਸੇ. "ਚੁਪੈ ਚੁਪ ਨ ਹੋਵਈ." (ਜਪੁ) ਮੌਨ ਰਹਿਣ ਤੋਂ ਮਨ ਚੁੱਪ (ਸ਼ਾਂਤ) ਨਹੀਂ ਹੁੰਦਾ। ੨. ਚੁੱਪ ਹੀ. "ਚੁਪੈ ਚੰਗਾ ਨਾਨਕਾ." (ਵਾਰ ਮਲਾ ਮਃ ੧. ) ਚੁੱਪ ਹੀ ਭਲੀ ਹੈ.

ਚੁਫੇਰ: ਕ੍ਰਿ. ਵਿ- ਚਾਰੋਂ ਓਰ. ਚਾਰੇ ਪਾਸੇ.

---

[486] ਇਸ ਦਾ ਨਾਮ ਚੰਦੇਲਗੜ੍ਹ ਭੀ ਆਇਆ ਹੈ. ਬੰਗਾਲ ਦੇ ਪਾਲਵੰਸ਼ੀ ਰਾਜਿਆਂ ਨੇ ਇਹ ਕਿਲਾ ਬਣਵਾਇਆ ਸੀ.

ਚੁਫੇਰਗੜ੍ਹੀਆ: ਵਿ- ਚਾਰੇ ਪਾਸੇ ਗੱਠ (ਜੋੜ) ਰੱਖਣ ਵਾਲਾ. ਹਰਦੇਗੀ ਚਮਚਾ. ਖ਼ੁਸ਼ਾਮਦੀ. ਜੋ ਕਿਸੇ ਨਿਯਮ ਦਾ ਪਾਬੰਦ ਨਹੀਂ.

ਚੁੰਬ: ਸੰ. चुम्बृ ਧਾ- ਚੁੰਮਣਾ, ਚੂਮਨਾ, ਹਿੰਸਾ ਕਰਨਾ.

ਚੁੰਬਕ: ਵਿ- ਚੁੰਮਣ ਵਾਲਾ। ੨. ਸੰਗਯਾ- ਇੱਕ ਖ਼ਾਸ ਧਾਤੁ, ਜੋ ਲੋਹੇ ਨੂੰ ਆਪਣੀ ਵੱਲ ਖਿੱਚ ਲੈਂਦੀ ਹੈ. ਅਯਸਕਾਂਤ. ਇਹ ਖਾਨਿ (ਖਾਣ) ਤੋਂ ਭੀ ਨਿਕਲਦਾ ਹੈ ਅਤੇ ਰਸਾਇਨਵਿਦ੍ਯਾ ਨਾਲ ਭੀ ਬਣਾਇਆ ਜਾਂਦਾ ਹੈ. ਮਿਕਨਾਤ਼ੀਸ. Loadstone. (Magnet).

ਚੁਬੱਚਾ: ਦੇਖੋ, ਚਬੱਚਾ.

ਚੁਬੱਚਾ ਸਾਹਿਬ: ਦੇਖੋ, ਚੁਬੱਚਾ ੨। ੨. ਜਿਲਾ ਅੰਮ੍ਰਿਤਸਰ, ਤਸੀਲ ਤਰਨਤਾਰਨ ਦੇ ਸਰਹਾਲੀ ਪਿੰਡ ਪਾਸ ਪੂਰਵ ਵੱਲ ਗੁਰੂ ਅਰਜਨਸਾਹਿਬ ਦਾ ਗੁਰਦ੍ਵਾਰਾ, ਜਿਸ ਦਾ ਪ੍ਰਸਿੱਧ ਨਾਉਂ "ਚੁਬੱਚਾਸਾਹਿਬ" ਹੈ ਸਤਿਗੁਰੂ ਮਾਤਾ ਗੰਗਾ ਜੀ ਸਮੇਤ ਕੁਝ ਸਮਾਂ ਇੱਥੇ ਵਿਰਾਜੇ ਹਨ. ਇਸ ਥਾਂ ਤੋਂ ਚੋਲ੍ਹੇ ਸਾਹਿਬ ਚਰਨ ਪਾਏ. ਗੁਰਦ੍ਵਾਰੇ ਨਾਲ ੨੫ ਘੁਮਾਉਂ ਜ਼ਮੀਨ ਹੈ. ਪੁਜਾਰੀ ਉਦਾਸੀ ਸਾਧੂ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਪੱਟੀ ਤੋਂ ਪੂਰਵ ਵੱਲ ਕ਼ਰੀਬ ਚਾਰ ਮੀਲ ਹੈ। ੩. ਦੇਖੋ, ਥਾਂਦੇ.

ਚੁਬੱਚਾ ਰਾਮਰਾਇ: ਦੇਖੋ, ਮੁਗਲਪੁਰਾ.

ਚੁੰਬਨ: ਸੰ. चुम्बन ਸੰਗ੍ਯਾ- ਚੁੰਮਣਾ. ਚੁੰਮੀ ਲੈਣੀ. ਬੋਸਾ ਲੈਣਾ. ਪ੍ਰੇਮ ਨਾਲ ਹੋਠਾਂ ਦਾ ਸਪਰਸ਼ ਕਰਨਾ.

ਚੁਬਰਸੀ: ਸੰਗ੍ਯਾ- ਦੇਹਾਂਤ ਪਿੱਛੋਂ ਚੌਥੇ ਵਰ੍ਹੇ ਹੋਈ ਕ੍ਰਿਯਾ. ਮੋਏ ਪ੍ਰਾਣੀ ਦਾ ਚੌਥੇ ਵਰ੍ਹੇ ਕੀਤਾ ਸ਼੍ਰਾੱਧਕਰਮ.

ਚੁਬਾਰਾ: ਦੇਖੋ, ਚਉਬਾਰਾ.

ਚੁਬਾਰਾਸਾਹਿਬ: ਦੇਖੋ, ਗੋਇੰਦਵਾਲ ਨੰਃ ੪. ਅਤੇ ਛੀਟਾਂਵਾਲਾ.

ਚੁਬੰਦੀ: ਸੰਗ੍ਯਾ- ਚਾਰੇ ਪੈਰਾਂ ਦੇ ਬੰਨ੍ਹਣ ਦੀ ਕ੍ਰਿਯਾ। ੨. ਘੋੜੇ ਆਦਿ ਪਸ਼ੂਆਂ ਦੇ ਚਾਰੇ ਪੈਰਾਂ ਨੂੰ ਨਾਲ ਲਗਾਉਣ ਦਾ ਕਰਮ.

ਚੁਭਕੀ: ਸੰਗ੍ਯਾ- ਚੁੱਭੀ. ਗ਼ੋਤਾ. ਡੁੱਬੀ. ਦੇਖੋ, ਚੁਚਜ ਧਾ.

ਚੁਭਣਾ, ਚੁਭਨਾ: ਕ੍ਰਿ- ਗਡਣਾ. ਧਸਣਾ। ੨. ਖਟਕਣਾ. ਮਨ ਵਿੱਚ ਰੜਕਣਾ. "ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ." (ਸੋਹਿਲਾ)

ਚੁੱਭਾ: ਸੰਗ੍ਯਾ- ਗ਼ੋਤ਼ਾ. ਦੇਖੋ, ਚੁਭਕੀ.

ਚੁਭਾਉਣਾ: ਕ੍ਰਿ- ਧਸਾਉਣਾ. ਗਡਾਉਣਾ. ਚੋਭਣਾ.

ਚੁਭਾਲ: ਦੇਖੋ, ਝਬਾਲ.

ਚੁੱਭਾ, ਚੁੱਭੀ: ਸੰਗ੍ਯਾ- ਦੇਖੋ, ਚੁਭਕੀ.

ਚੁੰਮਕ: ਦੇਖੋ, ਚੁੰਬਕ. "ਚੁੰਮਕ ਡੋਲਤ ਬੀਚ ਮਨੋ ਜਲ ਲੋਹ ਕੀ ਸੂਈ." (ਕ੍ਰਿਸਨਾਵ)

ਚੁੰਮਣਾ: ਦੇਖੋ, ਚੁੰਬਨ.

ਚੁੰਮਾਂ: ਬਾਗੀ. ਬੋਸਾ। ੨. ਚੁੰਬਨ ਕਰਾਂ। ੩. ਚੁੰਬਨ ਕਰਦਾ ਹਾਂ. "ਚੁੰਮਾ ਪੈਰ ਮੂੰ." (ਆਸਾ ਫਰੀਦ)

ਚੁਮਾਸਾ: ਦੇਖੋ, ਚਾਤੁਰਮਾਸ.

ਚੁਮਾਤਾ: ਦੇਖੋ, ਚੁਆਤਾ. "ਜ੍ਵਲਿਤ ਹਾਥ ਮੇ ਗਹਯੋ ਚੁਮਾਤਾ." (ਗੁਪ੍ਰਸੂ)

ਚੁਮਿ: ਚੁੰਮਕੇ. ਚੁੰਬਨ ਕਰਕੇ. "ਆਪਨੜੈ ਘਰਿ ਜਾਈਐ ਪੈਰ ਤਿਨ੍ਹਾਂ ਦੇ ਚੁੰਮਿ." (ਸ. ਫਰੀਦ)

ਚੁਰ: ਸੰਗਯਾ- ਜ਼ਿਮੀਦੋਜ਼ ਚੁਲ੍ਹਾ। ੨. ਵਿ- ਪ੍ਰਚੁਰ (ਬਹੁਤ- ਅਧਿਕ) ਦਾ ਸੰਖੇਪ। ੩. ਸੰ ਚੁਰ੍ ਧਾ- ਚੁਰਾਉਣਾ, ਜਲਣਾ, ਮੱਚਣਾ.

ਚੁਰਸਤਾ: ਸੰ. ਚਤੁਸ਼੍ਪਥ. ਸੰਗਯਾ- ਉਹ ਥਾਂ, ਜਿੱਥੇ ਚਾਰ ਰਾਹ ਇਕੱਠੇ ਹੋਣ.

ਚੁਰਸਤੀਅਟਾਰੀ: ਅੰਮ੍ਰਿਤਸਰ ਦੇ ਪਾਸ ਇੱਕ ਥਾਂ, ਜਿੱਥੇ ਸ਼ਾਹੀਸੈਨਾ ਨਾਲ ਛੀਵੇਂ ਸਤਿਗੁਰੂ ਦਾ ਸੰਮਤ ੧੬੮੫ ਵਿੱਚ ਪਹਿਲਾ ਜੰਗ ਹੋਇਆ. ਇੱਥੇ ਚੌਰਾਹੇ ਤੇ ਇੱਕ ਅਟਾਰੀ ਬਣੀ ਹੋਈ ਸੀ, ਜਿਸ ਕਾਰਣ ਇਹ ਸੰਗਯਾ- ਪ੍ਰਸਿੱਧ ਹੋਈ.

ਚੁਰਟ: ਤੈਮਿਲ ਭਾਸ਼ਾ ਵਿੱਚ Shuruttu ਦਾ ਅਰਥ ਹੈ ਤਮਾਖੂ ਦਾ ਲਪੇਟਿਆ ਹੋਇਆ ਬੱਤੀ ਦੇ ਆਕਾਰ ਦਾ ਪੱਤਾ. ਇਸੇ ਦੇ ਅਨੇਕ ਰੂਪ ਅੰਗ੍ਰੇਜ਼ੀ ਲੇਖਕਾਂ ਨੇ ਬਣਾ ਲਏ, ਯਥਾ- Cheroot, Cherute, chiroot, Sharute, sharoot, Cheroot. ਚੁਰਟ ਦੀਆਂ ਅਨੇਕ ਸ਼ਕਲਾਂ ਬਦਲੀਆਂ ਹਨ. ਇਸ ਵੇਲੇ ਸੀਗਾਰ Cigar ਅਤੇ Cigarette ਭੀ ਇਸੇ ਦੇ ਹੀ ਰੂਪਾਂਤਰ ਹਨ. ਵਿਦ੍ਵਾਨ ਡਾਕਟਰਾਂ ਨੇ ਇਸ ਦੇ ਅਨੇਕ ਔਗੁਣ ਦੱਸੇ ਹਨ ਅਰ ਸਿੱਧ ਕੀਤਾ ਹੈ ਕਿ ਦਿਲ ਦਿਮਾਗ ਪੱਠੇ ਜਿਗਰ ਅਤੇ ਮੇਦੇ ਆਦਿਕ ਅੰਗਾਂ ਤੇ ਇਸ ਦਾ ਬਹੁਤ ਬੁਰਾ ਅਸਰ ਹੁੰਦਾ ਹੈ. ਪਰ ਇਸ ਦੇ ਵਰਤਣ ਦੀ ਭੈੜੀ ਵਾਦੀ ਘਟਣ ਦੀ ਥਾਂ ਨਿੱਤ ਵਧ ਰਹੀ ਹੈ,

ਜੇਹਾ ਕਿ Imperial Econimic Committee ਦੀ ਰਪੋਰਟ ਤੋਂ ਪ੍ਰਤੀਤ ਹੁੰਦਾ ਹੈ- The annual consumption of cigarettes in India is now about 6, 500, 000, 000 as compared with under 1, 000, 000, 000 before the war.

ਚੁਰਣ: ਸੰ. ਚੁਰਣ੍ ਧਾ- ਚੁਰਾਉਣਾ, ਮੁਸਨਾ, ਹਰਣ.

ਚੁਰਵਾ: ਪੂ. ਚੋਰ. ਚੁਰਾਉਣ ਵਾਲਾ.

ਚੁਰਾ: ਦੇਖੋ, ਚੁਲਾ. "ਚੁਰਾ ਕੀਨ ਮੁਖ ਹਾਥ ਪਖਾਰੇ." (ਗੁਪ੍ਰਸੂ)

ਚੁਰਾਉਣਾ: ਕ੍ਰਿ- ਕਿਸੇ ਵਸ੍ਤੁ ਨੂੰ ਮਾਲਿਕ ਦੇ ਗ੍ਯਾਨ ਬਿਨਾ ਆਪਣੇ ਵਰਤਣ ਲਈ ਲੈ ਜਾਣਾ. ਹਰਣ. ਦੇਖੋ, ਚੁਰ ੩.

ਚੁਰਾਸੀ: ਦੇਖੋ, ਚਉਰਾਸੀ.

ਚੁਰੀ: ਸੰਗਯਾ- ਚੁਲੀ. "ਪੁਨ ਜਲਪਾਨ ਚੁਰੀ ਕਰਲੇਹਿ." (ਗੁਪ੍ਰਸੂ) ੨. ਚੂੜੀ. ਬੰਗ.

ਚੁਰੂ: ਸੰਗਯਾ- ਚੁੱਲੂ. ਦੇਖੋ, ਚੁਲਕ.

ਚੁਰੂਭਰ: ਚੁਲੀਮਾਤ੍ਰ.

ਚੁਰੂ ਭਰਿ: ਚੁਲੀ ਭਰਕੇ. "ਆਪਿ ਨ ਦੇਹਿ ਚੁਰੂ ਭਰਿ ਪਾਨੀ." (ਗਉ ਕਬੀਰ)

ਚੁਰੈਯਾ: ਪੂ. ਵਿ- ਚੁਰਾਉਣ ਵਾਲਾ। ੨. ਸੰਗਯਾ- ਚੂੜੀ. ਬੰਗ.

ਚੁਰੈਲ: ਦੇਖੋ, ਚੁੜੈਲ.

ਚੁਰੰਜਾ: ਚਤੁਸ਼੍ਪੰਚਾਸ਼ਤ. ਪੰਜਾਹ ਉੱਪਰ ਚਾਰ- ੫੪.

ਚੁਲ: ਸੰ. ਚਲ੍ ਧਾ- ਉੱਚਾ ਕਰਨਾ, ਭਿਉਣਾ, ਡੋਬਣਾ.

ਚੁਲਾ: ਸੰਗਯਾ- ਚੁਲਕ. ਇੱਕ ਹੱਥ ਵਿੱਚ ਲਿਆ ਹੋਇਆ ਜਲ। ੨. ਕੁਰਲੀ. ਮੂੰਹ ਸਾਫ ਕਰਨ ਲਈ ਮੁਖ ਵਿੱਚ ਲੀਤਾ ਪਾਣੀ।

੩. ਕੁਰਲੀ ਕਰਕੇ ਵਾਹਗੁਰੂ ਅੱਗੇ ਸ਼ੁਕਰਗੁਜ਼ਾਰੀ ਦੀ ਪ੍ਰਾਰਥਨਾ. "ਤ੍ਰਿਪਤ ਹੋਇ ਮੁਖ ਹਾਥ ਪਖਾਰਹੁ। ਤਿਸ ਪਸਚਾਤੀ ਚੁਲਾ ਉਚਾਰਹੁ." (ਗੁਪ੍ਰਸੂ)ਚੁਲੇ ਦਾ ਪਾਠ ਇਹ ਹੈ-

"ਦੇਵਣਹਾਰੁ ਦਾਤਾਰੁ ਕਿਤੁ ਮੁਖਿ ਸਾਲਾਹੀਐ,

ਜਿਸੁ ਰਖੈ ਕਿਰਪਾ ਧਾਰਿ ਰਿਜਕੁ ਸਮਾਹੀਐ,

ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ,

ਪਾਲੇ ਬਾਲਕ ਵਾਗਿ ਦੇਕੈ ਆਪਿ ਕਰ,

ਕਰਦਾ ਅਨਦ ਬਿਨੋਦ ਕਿਛੂ ਨ ਜਾਣੀਐ,

ਸਰਬਧਾਰ ਸਮਰਥ ਹਉ ਤਿਸੁ ਕੁਰਬਾਣੀਐ,

ਗਾਈਐ ਰਾਤ ਦਿਨੰਤੁ ਗਾਵਣਜੋਗਿਆ,

ਜੋ ਗੁਰ ਕੀ ਪੈਰੀ ਪਾਹਿ ਤਿਨੀ ਹਰਿਰਸੁ ਭੋਗਿਆ."

(ਵਾਰ ਰਾਮ ੨. ਮਃ ੫)

"ਦਾਣਾ ਪਾਣੀ ਗੁਰੂ ਕਾ, ਟਹਿਲ ਭਾਵਨਾ ਸਿੱਖਾਂ ਦੀ, ਤੇਰੀ ਦੇਗੋਂ ਪ੍ਰਸਾਦ ਛਕਿਆ, ਦੇਗ ਸਵਾਈ ਤੇਗ ਫ਼ਤਹ, ਜੋ ਜੀਅ ਆਵੇ ਸੋ ਰਾਜੀ ਜਾਵੇ, ਤੇਰਾ ਨਾਮ ਚਿੱਤਿ ਆਵੇ." ਇਤਜਾਦਿ.

ਚੁਲਿਆਲਾ: ਇੱਕ ਛੰਦ, ਜਿਸ ਦਾ ਨਾਮ ਚੂਲਕਾ ਭੀ ਹੈ. ਲੱਛਣ- ਦੋ ਚਰਣ, ਪ੍ਰਤਿ ਚਰਣ ੨੯ ਮਾਤ੍ਰਾ. ੧੩- ੧੬ ਪੁਰ ਵਿਸ਼੍ਰਾਮ ਅੰਤ ਯਗਣ ।SS ਅਥਵਾ ਇਉਂ ਕਹੋ ਕਿ ਦੋਹਰੇ ਦੇ ਅੰਤ ਇੱਕ ਯਗਣ ਜੋੜਨ ਤੋਂ ਇਹ ਛੰਦ ਬਣ ਜਾਂਦਾ ਹੈ.

ਉਦਾਹਰਣ-

ਮਰਦਾਨਾ ਸੁਨਕਰ ਤਬੈ, ਪਦ ਪਰ ਧਾਰ ਲਿਲਾਰ ਅਲਾਵੈ। ਸਤਜ ਵਚਨ ਤੁਮ ਕਹਿਤ ਹੋ, ਜੇ ਭਵ ਕੇ ਦੁਖ ਦਾਰਿ ਮਿਟਾਵੈ. (ਨਾਪ੍ਰ)

ਚੁਲੀ: ਸੰਗਜਾ- ਕੁਰਲੀ. ਮੂੰਹ ਸਾਫ਼ ਕਰਨ ਲਈ ਵਰਤਿਆ ਜਲ। ੨. ਇੱਕ ਹੱਥ ਵਿੱਚ ਜਿਤਨਾ ਪ੍ਰਮਾਣ ਜਲ ਆ ਸਕੇ। ੩. ਕਿਸੇ ਸੰਕਲਪ ਨੂੰ ਪ੍ਰਤਿਗਜਾ ਦੀ ਸ਼ਕਲ ਵਿੱਚ ਪ੍ਰਗਟ ਕਰਨ ਲਈ ਹੱਥ ਵਿੱਚ ਜਲ ਦਾ ਲੈਣਾ ਅਤੇ ਤਜਾਗਣਾ. "ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ***ਰਾਜੇ ਚੁਲੀ ਨਿਆਵ ਕੀ." (ਵਾਰ ਸਾਰ ਮਃ ੧) ਦੇਖੋ, ਚੁਲੁਕ.

ਚੁਲੁਕ: ਸੰ. ਸੰਗਜਾ- ਗਾੜ੍ਹਾ ਚਿੱਕੜ। ੨. ਛੋਟੀ ਹਾਂਡੀ। ੩. ਚੁਲੀ. ਅੰਜੁਲਿ.

ਚੁਲੁੰਪ: ਸੰ. चुलुम्प ਧਾ- ਕਤਰਨਾ. ਨਸ਼੍ਟ ਹੋਣਾ, ਝੂਲਣਾ.

ਚੁਲੰਭ, ਚੁਲੰਭੁ: ਸੰ. चलम्ब ਚਲੰਭ. ਵਿ- ਚੰਦ੍ਰਮਾ ਸਮਾਨ ਸੀਤਲ. "ਮਨੁ ਤਨੁ ਹੋਇ ਚੁਲੰਭੁ." (ਸੂਹੀ ਅਃ ਮਃ ੧) ੨. ਤਰ. ਆਦ੍ਰ. ਦੇਖੋ, ਚੁਲ ਅਤੇ ਅੰਭ.

ਚੁਲ੍ਹ, ਚੁਲ੍ਹਾ: ਸੰ. चुल्लि ਚੁੱਲਿ. ਸੰਗਜਾ- ਅੱਗ ਰੱਖਣ ਦੀ ਥਾਂ. ਭੋਜਨ ਪਕਾਉਣ ਲਈ ਜਿੱਥੇ ਅੱਗ ਮਚਾਈ ਜਾਵੇ.

ਚੁੱਲ: ਸੰ. चुल्ल् ਧਾ- ਆਪਣਾ ਅਭਿਪ੍ਰਾਯ (ਮਨਸ਼ਾ) ਪ੍ਰਗਟ ਕਰਨਾ, ਵਿਲਾਸ ਕਰਨਾ.

ਚੁਵਨਾ: ਦੇਖੋ, ਚੁਇਣਾ.

ਚੁੜ: ਦੇਖੋ, ਚੁਡ.

ਚੁੜੱਤ: ਚੌੜਾਨ ਵੱਲ ਦਾ ਫੈਲਾਉ. Latitude.

ਚੁੜੇਲ, ਚੁੜੈਲ: ਸੰਗਯਾ- ਡਾਇਣ. ਭੂਤਨੀ. ਜੀਵਾਂ ਨੂੰ ਘੇਰ- ਲੈਣ ਵਾਲੀ. ਦੇਖੋ, ਚੁਡ। ਕਈਆਂ ਨੇ ਚੁੜੇਲ ਨੂੰ ਚੂੜਾ (ਜੂੜਾ) ਸ਼ਬਦ ਤੋਂ ਬਣਿਆ ਦੱਸਿਆ ਹੈ. ਜਿਸ ਦੇ ਸਿਰ ਪੁਰ ਉੱਚਾ ਜੂੜਾ ਹੋਵੇ. ਚੂੰਡੋ. ਡਾਇਣ ਦੇ ਸਿਰ ਉਲਝੇ ਕੇਸਾਂ ਦਾ ਜੂੜਾ ਦੱਸੀਦਾ ਹੈ। ਉਹ ਇਸਤ੍ਰੀ, ਜਿਸ ਦੀ ਇਲਾ (ਬਾਣੀ) ਚੰਡ (ਕੌੜੀ) ਹੈ. ਖੋਟੇ ਵਚਨ ਬੋਲਣ ਵਾਲੀ.

ਚੂ: ਫ਼ਾ. چو ਵਯ- ਜਬ. ਜਦ।੨ ਤਬ. ਤਦ। ੩. ਇਸ ਤਰਾਂ. ਇਵੇਂ। ੪. ਵਾਂਙ. ਵਾਕਰ.

ਚੂੰ: ਸੰਗਯਾ- ਚੁੰਕਾਰ. ਚੂੰ ਚੂੰ ਧੁਨਿ। ੨. ਫ਼ਾ. چوں ਵਿ- ਤੁੱਲ. ਮਾਨਿੰਦ. ਸਮਾਨ। ੩. ਵਯ- ਜਬ. ਜਦ. "ਚੂੰ ਸਵਦ ਤਕਬੀਰ." (ਤਿਲੰ ਮਃ ੧) ਦੇਖੋ, ਤਕਬੀਰ। ੪. ਕਿਸ ਤ਼ਰਹ਼. ਕੈਸੇ. ਕਿਵੇਂ.

ਚੂਸ: ਸੰ. ਚੁਸ਼੍ ਧਾ- ਚੂਸਣਾ, ਚੋਸ਼ਣ ਕਰਨਾ.

ਚੂਸਣਾ, ਚੂਸਨਾ: ਕ੍ਰਿ- ਚੋਸ਼ਣ ਕਰਨਾ. ਜੀਭ ਅਤੇ ਹੋਠਾਂ ਦੇ ਸੰਯੋਗ ਨਾਲ ਕਿਸੇ ਪਦਾਰਥ ਦਾ ਰਸ ਖਿੱਚਣਾ। ੨. ਕਿਸੇ ਵਸਤੁ ਦਾ ਸਾਰ ਖਿੱਚ ਲੈਣਾ।

ਚੂਹਣੀਆ: ਲਹੌਰ ਜਿਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਛਾਂਗਾਮਾਂਗਾ ਰੇਲਵੇ ਸਟੇਸ਼ਨ ਤੋਂ ੮. ਮੀਲ ਦੱਖਣ ਹੈ. ਇਸ ਥਾਂ ਦੇ ਰਹਿਣ ਵਾਲੇ ਸੇਠੀ ਜਾਤਿ ਦੇ ਉਗਵੰਦਾ (ਗੋਬਿੰਦਾ) ਅਤੇ ਸਭਾਗਾ ਸ੍ਰੀ ਗੁਰੂ ਅਰਜਨਦੇਵ ਜੀ ਦੇ ਅਨੰਨਸਿੱਖ ਹੋਏ ਹਨ. ਉਨ੍ਹਾਂ ਦੀ ਵੰਸ਼ ਵਿੱਚੋਂ ਹੁਣ ਬਸਾਖੀ ਤੇ ਸਲਾਮਤ ਦੁਕਾਨਦਾਰ ਹਨ.

ਚੂਹਮਾਰ: ਚੂਹੇ ਮਾਰ. ਦੇਖੋ, ਮੂਸ਼ਖ਼ੋਰ.

ਚੂਹਰਾ: ਸੰ. ਚਜੁਤਹਰਾ. ਸ਼ਰੀਰ ਤੋਂ ਡਿਗਿਆ ਮਲ ਮੂਤ੍ਰ ਲੈ ਜਾਣ ਵਾਲਾ. ਭੰਗੀ. ਚੂਹੜਾ. ਖ਼ਾਕਰੋਬ.

ਚੂਹੜ: ਦੇਖੋ, ਪੁਰੀਆ. ਪੁਰੀਏ ਦਾ ਭਾਈ ਇੱਕ ਨੰਬਰਦਾਰ, ਜਿਸ ਨੂੰ ਗੁਰੂ ਅਰਜਨਦੇਵ ਨੇ ਸਿੱਖ ਕੀਤਾ ਅਤੇ ਪ੍ਰਣ ਕਰਾਇਆ ਕਿ ਕਦੇ ਝੂਠ ਨਹੀਂ ਬੋਲਣਾ. ਇਸ ਨੇ ਸਤਜਵਕਤਾ ਅਤੇ ਸਦਾਚਾਰੀ ਹੋਕੇ ਸ੍ਰੀ ਅਮ੍ਰਿਤਸਰ ਜੀ ਦੀ ਵਡੀ ਸੇਵਾ ਕੀਤੀ। ੨. ਸੇਠੀ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਇਆ. ਇਹ ਕੀਰਤਨ ਕਰਨ ਵਿੱਚ ਵਡਾ ਨਿਪੁਣ ਸੀ। ੩. ਲਖਨਊ ਨਿਵਾਸੀ ਇੱਕ ਪ੍ਰੇਮੀ ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਇਆ. ਇਸ ਨੂੰ ਸਤਿਗੁਰੂ ਨੇ ਸਿੱਖੀ ਦੇ ਨਿਯਮ ਅਤੇ ਭੇਦ ਦੱਸਕੇ ਨਿਹਾਲ ਕੀਤਾ.

ਚੂਹੜਕਾਣਾ: ਜਿਲਾ, ਤਸੀਲ, ਥਾਣਾ ਸ਼ੇਖ਼ੂਪੁਰਾ ਦਾ ਇੱਕ ਪਿੰਡ, ਜਿਸ ਦੀਆਂ ਦੋ ਆਬਾਦੀਆਂ ਦੇ ਵਿਚਕਾਰ "ਖਰਾਸੌਦਾ" ਗੁਰੁਦ੍ਵਾਰਾ ਹੈ. ਇਸ ਜਗਾ ਗੁਰੂ ਨਾਨਕਦੇਵ ਜੀ ਨੇ ਪਿਤਾ ਦੀ ਆਗਯਾ ਅਨੁਸਾਰ- ਕਿ ਲਾਭ ਵਾਲਾ ਵਪਾਰ ਕਰਨਾ- ਭੁੱਖੇ ਵਿਦ੍ਵਾਨ ਸਾਧੂਆਂ ਨੂੰ ਪ੍ਰਸਾਦ ਛਕਾਣ ਲਈ ਪੂੰਜੀ ਖ਼ਰਚ ਕੀਤੀ ਸੀ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ, ਨਾਲ ੨੫੦ ਵਿੱਘੇ ਜ਼ਮੀਨ ਹੈ. ਵੈਸਾਖੀ, ਮਾਘ ਸੁਦੀ ੧. ਅਤੇ ਕੱਤਕਪੁਨਯਾ ਨੂੰ ਮੇਲਾ ਲਗਦਾ ਹੈ. ਰੇਲਵੇ ਸਟੇਸ਼ਨ ਚੂਹੜਕਾਣੇ ਤੋਂ ਕ਼ਰੀਬ ਦੋ ਮੀਲ ਉੱਤਰ ਹੈ.

ਚੂਹੜਵਾਲ: ਦੇਖੋ, ਝਾੜਸਾਹਿਬ.

ਚੂਹੜਾ, ਚੂਹੜੀ: ਚੰਡਾਲ- ਚੰਡਾਲੀ. ਭੰਗੀ. ਖ਼ਾਕਰੋਬ. ਦੇਖੋ, ਚੂਹਰਾ. "ਪਰਨਿੰਦਾ ਘਟਿ ਚੂਹੜੀ." (ਵਾਰ ਸ੍ਰੀ ਮਃ ੧)

ਚੂਹਾ, ਚੂਹੀ: ਸੰਗਯਾ- ਮੂਸਾ- ਮੂਸੀ. "ਜਮ ਚੂਹਾ ਕਿਰਸ ਨਿਤ ਕੁਰਕਦਾ." (ਵਾਰ ਗਉ ੧. ਮਃ ੪)

ਚੂਹੇਮਾਰ: ਦੇਖੋ, ਚੂਹਮਾਰ ਅਤੇ ਮੂਸ਼ਖ਼ੋਰ.

ਚੂਕ: ਸੰਗਯਾ- ਭੁੱਲ. ਖ਼ਤਾ. "ਸਤਿਗੁਰੂ ਕਿਆ ਕਰੈ ਜਉ ਸਿਖਾ ਮਹਿ ਚੂਕ." (ਸ. ਕਬੀਰ) ੨. ਇੱਕ ਪ੍ਰਕਾਰ ਦਾ ਪਾਲਕ, ਜਿਸ ਦਾ ਰਸਦਾਇਕ ਸਾਗ ਬਣਦਾ ਹੈ, ਇਹ ਥੋੜਾ ਖੱਟਾ ਹੁੰਦਾ ਹੈ. "ਸੋਆ ਚੂਕ ਪੁਕਾਰਤ ਭਈ." (ਦੱਤਾਵ) ਮਾਲਣ (ਮਾਲਿਨੀ) ਨੇ

ਹੋਕਾ ਦਿੱਤਾ ਕਿ ਸੋਆ ਚੁਕ (ਪਾਲਕ). ਦੱਤ (ਦੱਤਾਤ੍ਰੇਯ) ਨੇ ਇਸ ਤੋਂ ਸਿਖ੍ਯਾ ਲਈ ਕਿ ਜੋ ਸੋਇਆ (ਸੁੱਤਾ), ਉਹ ਚੁੱਕਿਆ। ੩. ਦੇਖੋ, ਚੂਕਣਾ.

ਚੂਕਈ: ਭੁਲਦਾ. ਖ਼ਤਾਖਾਂਦਾ। ੨. ਮਿਟਦਾ. ਸਮਾਪਤ ਹੁੰਦਾ. ਦੇਖੋ, ਚੁਕਈ.

ਚੂਕਣਾ, ਚੂਕਨਾ: ਕ੍ਰਿ- ਭੁੱਲਣਾ। ੨. ਸਮਾਪਤ ਹੋਣਾ. ਖ਼ਤਮ ਹੋਣਾ. "ਚੂਕਾ ਆਵਣੁ ਜਾਣੁ." (ਵਾਰ ਸੋਰ ਮਃ ੩) "ਜਬ ਚੂਕੈ ਪੰਚਧਾਤੁ ਕੀ ਰਚਨਾ." (ਮਾਰੂ ਕਬੀਰ) ੩. ਔਸਾਨ ਦਾ ਅਭਾਵ ਹੋਣਾ. "ਪਛੋਤਾਵਾ ਨ ਮਿਲੈ ਜਬ ਚੂਕੈਗੀ ਸਾਰੀ." (ਤਿਲੰ ਮਃ ੧) ੪. ਦੇਖੋ, ਚੂਲਾ ੨.

ਚੂੰਕਿ: ਫ਼ਾ. چونکہ ਕ੍ਰਿ. ਵਿ- ਕਿਉਂਕਿ. ਇਸ ਕਾਰਣ ਤੋਂ. ਇਸ ਹੇਤੁ.

ਚੂਖਾ: ਭਾਈ ਫੇਰੂ ਸੱਚੀਦਾੜ੍ਹੀ ਦਾ ਇੱਕ ਕਰਨੀ ਵਾਲਾ ਚੇਲਾ, ਜਿਸ ਨੇ ਸਿੱਖਧਰਮ ਦਾ ਉੱਤਮ ਪ੍ਰਚਾਰ ਕੀਤਾ.

ਚੂਗਹਿ: ਚੁਗਦਾ ਹੈ. "ਊਜਲ ਮੋਤੀ ਚੂਗਹਿ ਹੰਸ." (ਆਸਾ ਮਃ ੧) ਹੰਸ ਵਿਵੇਕੀ, ਅਤੇ ਮੋਤੀ ਸ਼ੁਭਗੁਣ.

ਚੂਘਨਾ, ਚੂੰਘਨਾ: ਦੇਖੋ, ਚੁੰਘਣਾ. "ਲੇਲੇ ਕਉ ਚੂਘੈ ਨਿਤ ਭੇਡ." (ਗਉ ਕਬੀਰ) ਲੇਲਾ ਜੀਵ ਅਤੇ ਭੇਡ ਮਾਇਆ.

ਚੂਚਕ: ਹੀਰ ਦਾ ਪਿਤਾ. "ਜੁਨ ਜਾਟ ਕੀ ਤਿਨ ਧਰੀ ਮ੍ਰਿਤਮੰਡਲ ਮੇ ਆਇ। ਚੂਚਕ ਕੇ ਉਪਜੀ ਭਵਨ ਹੀਰ ਨਾਮ ਧਰਵਾਇ." (ਚਰਿਤ੍ਰ ੯੮) ਦੇਖੋ, ਹੀਰ.

ਚੂਚਾ: ਕੁੱਕੜ ਦਾ ਬੱਚਾ. ਇਹ ਚੂਜ਼ਹ ਦਾ ਹੀ ਪੰਜਾਬੀ ਵਿੱਚ ਰੂਪਾਂਤਰ ਹੈ. ਦੇਖੋ, ਚੂਜ਼ਾ.

ਚੂਚੀ: ਸੰ. ਚੁਚੁਕ ਚੂਚੁਕ. ਸੰਗ੍ਯਾ- ਸ੍ਤਨ (ਮੰਮੇ) ਦੇ ਸਿਰ ਦੀ ਡੋਡੀ, ਜਿਸ ਨੂੰ ਬੱਚਾ ਮੂੰਹ ਵਿੱਚ ਲੈ ਕੇ ਦੁੱਧ ਚੁੰਘਦਾ ਹੈ. Nipple.

ਚੂਜ਼ਹ, ਚੂਜ਼ਾ: ਫ਼ਾ. چوزہ ਕੁੱਕੜ (ਮੁਰਗੇ) ਦਾ ਬੱਚਾ. Chicken.

ਚੂੰਡਨਾ: ਕ੍ਰਿ- ਦੰਦ ਅਥਵਾ ਚੁੰਜ ਨਾਲ ਨੋਚਣਾ.

ਚੂੰਡਾ: ਦੇਖੋ, ਚੂੜਾ.

ਚੂੰਡਾਬੰਡ, ਚੂੰਡਾਵੰਡ: ਸੰਗ੍ਯਾ- ਚੂੜਾਵਿਭਾਗ. ਪੁਰਾਣੇ ਰਿਵਾਜ ਅਨੁਸਾਰ ਇੱਕ ਪ੍ਰਕਾਰ ਦੀ ਵੰਡ. ਤਕ਼ਸੀਮ ਜਾਯਦਾਦ ਦਾ ਇੱਕ ਤ਼ਰੀਕ਼ਾ ਕਿ ਪ੍ਰਤਿ ਚੂੰਡਾ (ਭਾਵ ਹਰ ਇੱਕ ਵਹੁਟੀ ਪਿੱਛੇ) ਸਮਾਨ ਹਿੱਸਾ ਕਰਨਾ. ਸੰਤਾਨ ਦੇ ਲਿਹ਼ਾਜ ਨਾਲ ਨਹੀਂ, ਕਿੰਤੂ ਇਸਤ੍ਰੀਆਂ ਦੇ ਲਿਹਾਜ ਨਾਲ ਵੰਡ ਕਰਨੀ, ਜਿਵੇਂ ਇੱਕ ਆਦਮੀ ਦੇ ਦੋ ਵਹੁਟੀਆਂ ਹਨ ਪਹਿਲੀ ਦੇ ਦੋ ਪੁਤ੍ਰ ਅਤੇ ਪਿਛਲੀ ਦੇ ਇੱਕ ਹੈ ਅਰ ਜਾਗੀਰ ਅਥਵਾ ਜ਼ਮੀਨ ਆਦਿ ਕੋਈ ਵਸਤੁ ਦੋ ਹਜ਼ਾਰ ਸਾਲ ਦੀ ਆਮਦਨ ਦੀ ਹੈ, ਤਦ ਅੱਧੋ ਅੱਧ ਕਰਕੇ ਹਜ਼ਾਰ ਹਜ਼ਾਰ ਦੀ ਵੰਡ ਲੈਣੀ. ਦੇਖੋ, ਪੱਗਵੰਡ.

ਚੂੰਡਿ: ਚੂੰਡਕੇ. ਨੋਚਕੇ। ੨. ਚੂੰਡਣਾ ਕ੍ਰਿਯਾ ਦਾ ਅਮਰ. "ਕਾਗਾ ! ਚੂੰਡਿ ਨ ਪਿੰਜਰਾ." (ਸ. ਫਰੀਦ)

ਚੂੰਢੀ: ਹੱਥ ਦੇ ਅੰਗੂਠੇ ਅਤੇ ਤਰਜਨੀ ਉਂਗਲ ਨਾਲ ਸੰਨ੍ਹੀ ਵਾਂਙ ਨਿਪੀੜਨ (ਘੁੱਟਣ) ਦੀ ਕ੍ਰਿਯਾ, ਜਿਵੇਂ- ਚੂੰਢੀ ਵੱਢਣੀ.

ਚੂਣ: ਸੰ. ਚੁਣ੍ ਧਾ- ਖਿੱਚਣਾ, ਸੰਕੋਚ ਕਰਨਾ.

ਚੂਤ: ਸੰ. ਸੰਗ੍ਯਾ- ਅੰਬ ਦਾ ਬਿਰਛ ਅਤੇ ਫਲ। ੨. ਸੰ. ਚ੍ਯੁਤਿ. ਭਗ. ਯੋਨਿ.

ਚੂਤੜ: ਦੇਖੋ, ਚੁਤੜ.

ਚੂੰ ਤੁੰਦ ਅਜਦਹ: (ਰਾਮਾਵ) ਵਿਸ਼ਧਰ ਸੱਪ ਜੇਹੇ ਕ੍ਰੋਧੀ.

ਚੂਤੜ: ਦੇਖੋ, ਚੁਤੜ.

ਚੂਥੀ: ਸੰਗਯਾ- ਤਖ਼ਤੇ ਦੀ ਚੂਲ.

ਚੂਨ: ਸੰ. ਚੂਣੰ. ਸੰਗਯਾ- ਆਟਾ. ਪਿਸਾਨ. "ਚਾਕੀ ਚਾਟਹਿ ਚੂਨ ਖਾਹਿ." (ਬਸੰ ਕਬੀਰ) ੨. ਚੂਨਾ. ਪੱਥਰ ਦੀ ਖਿੱਲ. "ਚੂਨ ਚਿਹਨ ਨ ਰਹਾਇ." (ਸ. ਕਬੀਰ) ੩. ਦੇਖੋ, ਚੂੰ ੨.

ਚੂਨਰੀ: ਸੰਗਯਾ- ਚੁੰਨੀ. ਓਢਣੀ, "ਚੂਨਰੀ ਨਵੀਨ ਲਾਲ" (ਨਾਪ੍ਰ)

ਚੂਨੜੀ: ਦੇਖੋ, ਚੂਨਰੀ। ੨. ਵਿ- ਚੋਸ਼ਣ (ਚੂਸਣ) ਵਾਲੀ. "ਜੀਭ ਰਸਾਇਣਿ ਚੂਨੜੀ." (ਵਾਰ ਮਾਰੂ ੧. ਮਃ ੧) ੩. ਦੇਖੋ, ਚੂਨੀ.

ਚੂਨਾ: ਦੇਖੋ, ਚੂਨ. "ਦੁਇ ਸੇਰ ਮਾਗਉ ਚੂਨਾ." (ਸੋਰ ਕਬੀਰ) ੨. ਫੂਕੇ ਹੋਏ ਕੰਕਰ ਅਥਵਾ ਪੱਥਰ ਦਾ ਚੂਣੰ। ੩. ਕ੍ਰਿ- ਚਜਵਨ. ਚੁਇਣਾ. ਟਪਕਣਾ.

ਚੂਨੀ: ਸੰਗਯਾ- ਮਾਣਿਕ ਦੀ ਕਣੀ. ਲਾਲ ਰਤਨ ਦਾ ਛੋਟਾ ਟੁਕੜਾ। ੨. ਚੁੰਨੀ. ਚੁਨਰੀ.

ਚੂਨੀਆਂ: ਦੇਖੋ, ਚੂਹਣੀਆਂ। ੨. ਚੂਨੀ ਦਾ ਬਹੁਵਚਨ.

ਚੂਨੀਮੰਡੀ: ਲਹੌਰ ਦਾ ਇੱਕ ਬਾਜ਼ਾਰ, ਜਿਸ ਵਿੱਚ ਗੁਰੂ ਰਾਮਦਾਸ ਸਾਹਿਬ ਦਾ ਜਨਮ ਅਸਥਾਨ ਹੈ. ਦੇਖੋ, ਲਹੌਰ.

ਚੂਪ: ਦੇਖੋ, ਚੁਪ. "ਸਹਜੇ ਚੂਪ ਸਹਜੇ ਹੀ ਜਪਨਾ." (ਗਉ ਅਃ ਮਃ ੫) ੨. ਦੇਖੋ, ਚੂਪਨਾ.

ਚੂਪਣਾ, ਚੂਪਨਾ: ਕ੍ਰਿ- ਚੋਸ਼ਣ ਕਰਨਾ. ਚੂਸਣਾ.

ਚੂਪੀ: ਦੇਖੋ, ਚੂਪਣਾ। ੨. ਕ੍ਰਿ. ਵਿ- ਚੁਪਕੇ, ਬਿਨਾ ਸ਼ੋਰ ਤੋਂ. "ਚੂਪੀ ਨਿਰਣਉ ਪਾਇਆ." (ਆਸਾ ਮਃ ੧) ਦੇਖੋ, ਅਧਮ ਚੰਡਾਲੀ ਅਤੇ ਦਾਦੀ.

ਚੂਰ, ਚੂਰੁ: ਸੰ. चूर् ਧਾ- ਜਲਾਉਣਾ, ਭਸਮ ਕਰਨਾ। ੨. ਸੰਗਯਾ- ਚੂਰਣ ਦਾ ਸੰਖੇਪ. "ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ." (ਵਾਰ ਰਾਮ ੩) ਚੂਰਣ ਹੋ ਜਾਂਦਾ ਹੈ। ੩. ਦੇਖੋ, ਚੂੜ. "ਮੋਤੀਚੂਰ ਬਡ ਗਹਿਨ ਗਹਿਨਈਆ." (ਬਿਲਾ ਅਃ ਮਃ ੪)

ਚੂਰਣ: ਸੰ. चूर्ण् ਧਾ- ਖਿੱਚਣਾ, ਸੰਕੋਚ ਕਰਨਾ, ਪ੍ਰੇਰਨਾ, ਪੀਸਣਾ, ਦਬਾਉਣਾ। ੨. ਸੰਗਯਾ- ਆਟਾ. ਪਿਸਾਨ। ੩. ਪੀਸੀ ਹੋਈ ਦਵਾਈ. ਜੈਸੇ- ਹਾਜ਼ਮੇ ਦਾ ਚੂਰਣ ਆਦਿ। ੪. ਧੂਲਿ (ਧੂੜ). ਰਜ. "ਚੂਰਣ ਤਾਂ ਚਰਣਾ ਬਲਿਹਾਰੀ." (ਨਾਪ੍ਰ)

ਚੂਰਣਾ: ਕ੍ਰਿ- ਚੂਣੰ ਕਰਨਾ. ਪੀਸਣਾ. "ਕਹਤ ਕਬੀਰ ਪੰਚ ਜੋ ਚੂਰੇ." (ਆਸਾ)

ਚੂਰਣਿ: ਵੈਰੀ ਨੂੰ ਚੂਰਣ ਕਰਨ ਵਾਲੀ ਬੰਦੂਕ. (ਸਨਾਮਾ)

ਚੂਰਨ: ਦੇਖੋ, ਚੂਰਣ.

ਚੂਰਮਾ: ਸੰਗਯਾ- ਰੋਟੀ ਨੂੰ ਚੂਰਣ ਕਰਕੇ ਘੀ ਵਿੱਚ ਭੁੰਨਕੇ ਮਿੱਠੇ ਦੇ ਮੇਲ ਤੋਂ ਬਣਾਇਆ ਹੋਇਆ ਪੰਜੀਰੀ ਜੇਹਾ ਭੱਖ ਪਦਾਰਥ। ੨. ਘੀ ਵਿੱਚ ਮੋਣਦਾਰ ਮੈਦੇ ਦੀਆਂ ਟਿੱਕੀਆਂ ਭੁੰਨਕੇ ਅਤੇ ਉਨ੍ਹਾਂ ਨੂੰ ਚੂਰਣ ਕਰਕੇ ਖੰਡ ਮਿਲਾਉਣ ਤੋਂ ਭੀ ਚੂਰਮਾ ਬਣਦਾ ਹੈ. ਇਹ ਭੋਜਨ ਖ਼ਾਸ ਕਰਕੇ ਉਦਾਸੀਨ ਸਾਧੂ ਬਾਬਾ ਸ਼੍ਰੀਚੰਦ ਜੀ ਨਿਮਿੱਤ ਅਰਪਦੇ ਹਨ ਅਰ "ਰੋਟ ਪ੍ਰਸਾਦ" ਬੋਲਦੇ ਹਨ. ਹਿੰਦੂ ਹਨੂਮਾਨ ਅਤੇ ਭੈਰਵ ਨੂੰ ਚੂਰਮਾ ਅਰਪਦੇ ਹਨ.

ਚੂਰਾ: ਦੇਖੋ, ਚੂੜਾ. "ਸੰਖ ਮੋਤੀਚੂਰਾ." ਭਾਗੁ ਸਿੱਪ ਨੂੰ ਸ਼ਿਰੋਮਣਿ ਮੋਤੀ ਬਣਾ ਦਿੰਦਾ ਹੈ। ੨. ਚੂਰਮਾ. "ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ" (ਗਉ ਅਃ ਮਃ ੫) ੩. ਚੂਰਣ ਕਰੀ ਹੋਈ ਵਸਤੁ. ਚੂਰਣ। ੪. ਵਿ- ਚੂਰਣ ਕੀਤਾ. ਪੀਸਿਆ.

ਚੂਰੀ: ਸੰਗਯਾ- ਚੂਰਣ ਕੀਤੀ ਅਤੇ ਘੀ ਖੰਡ ਮਿਲਾਕੇ ਕੁੱਟੀ ਹੋਈ ਰੋਟੀ। ੨. ਚੂੜੀ. ਬੰਗ.

ਚੂਰੁ: ਦੇਖੋ, ਚੂਰ.

ਚੂਲ: ਸੰਗਯਾ- ਤਖ਼ਤੇ ਦਾ ਪਤਲਾ ਸਿਰਾ, ਜੋ ਸਰਦਲ ਦੇ ਛੇਕ ਵਿੱਚ ਧੁਰ ਦੀ ਤਰਾਂ ਫਸਿਆ ਰਹਿੰਦਾ ਹੈ. ਤਖ਼ਤੇ ਦਾ ਹੇਠਲਾ ਉਹ ਭਾਗ, ਜੋ ਟੇਟੂਏ ਪੁਰ ਟਿਕਦਾ ਹੈ. ਚੁਥੀ। ੨. ਦੇਖੋਂ, ਚੂਲ੍ਹ। ੩. ਸੰ. ਸ਼ਿਖਾ. ਚੋਟੀ. ਬੋਦੀ.

ਚੂਲਕਾ: ਦੇਖੋ, ਚੁਲਿਆਲਾ.

ਚੂਲਾ: ਦੇਖੋ, ਚੂਲ। ੨. ਪੱਟ ਅਤੇ ਉਦਰ ਦੀ ਸੰਧੀ. ਪੱਟ ਦਾ ਜੋੜ. ਚੂਕਣਾ। ੩. ਦੇਖੋ, ਚੂਲ੍ਹਾ.

ਚੂਲ੍ਹ, ਚੂਲ੍ਹਾ: ਸੰ. चूल्ह ਅਤੇ चूल्ही ਸੰਗਯਾ- ਰਸੋਈਘਰ ਵਿੱਚ ਅੱਗ ਮਚਾਉਣ ਦਾ ਅਸਥਾਨ. "ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ." (ਆਸਾ ਕਬੀਰ)

ਚੂਵਨ: ਸੰ. ਚਯਵਨ. ਚੁਇਣਾ. ਟਪਕਣਾ.

ਚੂੜ, ਚੂੜਕ: ਸੰਗਯਾ- ਚੋਟੀ. ਸ਼ਿਖਾ। ੨. ਕਲਗੀ। ੩. ਪਹਾੜ ਦੀ ਚੋਟੀ। ੪. ਕੰਕਨ. ਕੜਾ। ੫. ਹਾਥੀ ਦੇ ਦੰਦਾਂ ਪੁਰ ਚੜ੍ਹਾਇਆ ਹੋਇਆ ਕੜਾ. "ਚੂੜ ਚੜਾਇ ਹੈਂ ਦਾਂਤਨ ਦੋਊ." (ਗੁਪ੍ਰਸੂ)

ਚੂੜਾ: ਸੰ. ਸੰਗਯਾ- ਚੋਟੀ. ਬੋਦੀ। ੨. ਮੋਰ ਆਦਿਕ ਜੀਵਾਂ ਦੇ ਸਿਰ ਦੀ ਕਲਗੀ। ੩. ਖੂਹ (ਕੂਪ) ਦੀ ਮਣ. ਮੇਂਢ। ੪. ਮਸਤਕ. ਮੱਥਾ। ੫. ਮੁਕੁਟ. ਤਾਜ। ੬. ਕੜਾ. ਕੰਕਨ. ਬਲਯ. "ਚੂੜਾ ਭੰਨੁ ਪਲੰਘ ਸਿਉ ਮੁੰਧੇ!" (ਵਡ ਮਃ ੧)

ਚੂੜਾਮਣਿ: ਸੰ. ਸੰਗਯਾ- ਮੁਕੁਟ (ਤਾਜ) ਦੀ ਮਣਿ (ਰਤਨ). ੨. ਸਿਰ ਪੁਰ ਪਹਿਰਣ ਦਾ ਰਤਨ। ੩. ਭਾਵ- ਸਰਤਾਜ.

ਚੂੜਿਕਾ: ਵਿ- ਮੁਕਟ ਧਾਰਨ ਵਾਲੀ। ੨. ਸੰਗਯਾ- ਚੂੜੀ. ਬੰਗ.

ਚੂੜੀ: ਸੰਗਯਾ- ਛੋਟਾ ਚੂੜਾ. ਕੰਗਣੀ. ਬੰਗ. "ਨਾ ਮਨੀਆਰੁ ਨ ਚੂੜੀਆ." (ਵਡ ਮਃ ੧)

ਚੂੜੀਸਰੋਟ: ਦੇਖੋ, ਜਵਾਸਾ.

ਚੂੜੈਲ, ਚੂੜੈਲੀ: ਦੇਖੋ, ਚੁੜੇਲ। ੨. ਵਿ- ਚੂੜਾ ਪਹਿਰਨ ਵਾਲੀ. ਭੁਜਾ ਵਿੱਚ ਚੂੜਾ ਧਾਰਨ ਵਾਲੀ ਇਸਤੀ. "ਫਿਰ ਸੌਂਪੀ ਚੂੜੈਲੀਆਂ ਕੱਤਣ ਬਾਂਹ ਪਸਾਰ." (ਮਗੋ)

ਚੂੜ੍ਹਾ, ਚੂੜ੍ਹੀ: ਦੇਖੋ, ਚੂਹਰਾ, ਚੂਹੜਾ ਅਤੇ ਚੂਹੜੀ.

ਚੇ: ਪ੍ਰਤ੍ਯ. ਸੰਬੰਧ ਪ੍ਰਗਟ ਕਰਤਾ. ਦਾ. ਕਾ. "ਨਦੀ ਚੇ ਨਾਥੰ." (ਧਨਾ ਤ੍ਰਿਲੋਚਨ) "ਨਾਮੇ ਚੇ ਸੁਾਮੀ." (ਗੂਜਰੀ) ੨. ਵ੍ਯ- ਤੋਂ. ਤਾਂ. "ਤੁਮ ਚੇ ਪਾਰਸੁ ਹਮ ਚੇ ਲੋਹਾ." (ਪ੍ਰਭਾ ਨਾਮਦੇਵ) "ਤੁਮ ਚੇ ਧਨੀ ਧਨਾਢ ਲਖਮੀਬਰ ਮਾਚੇ ਚੇਰੋ ਅਨੁਚਰ ਕਿੰਕਰ." (ਸਲੋਹ) ੩. ਦੇਖੋ, ਚਿਹ ੩.

ਚੇਸਟਾ: ਦੇਖੋ ਚੇਸ਼੍ਟਾ "ਕਹੂੰ ਚੇਸਟਾ ਚਾਰੁ ਚਿਤ੍ਰੰ ਸਰੂਪੰ." (ਅਕਾਲ)

ਚੇਸ਼੍ਟ: ਸੰ. चेष्ट्. ਧਾ- ਚੇਸ਼੍ਟਾ (ਹ਼ਰਕਤ) ਕਰਨਾ, ਜਤਨ ਕਰਨਾ, ਝਗੜਾ ਕਰਨਾ, ਵਿਚਰਨਾ, ਫਿਰਨਾ.

ਚੇਸ਼੍ਟਾ[487]: ਸੰ. ਸੰਗਯਾ- ਯਤਨ. ਉੱਦਮ। ੨. ਕਰਮ. ਕੰਮ। ੩. ਹ਼ਰਕਤ। ੪. ਤਲਾਸ਼. ਢੂੰਡ.

---

[487] हिताऽहित प्राप्ति परिहारार्था क्रिया चेष्टा.

ਅਰਥਾਤ

ਹਿਤ ਦੀ ਪ੍ਰਾਪਤੀ ਅਤੇ ਅਹਿਤ ਦੇ ਦੂਰ ਕਰਨ ਲਈ ਜੋ ਸ਼ਰੀਰ ਦੀ ਹਰਕਤ ਹੈ, ਉਸ ਨੂੰ ਚੇਸ੍ਟਾ ਆਖਦੇ ਹਨ.

**ਚੇਹਰਾ:** ਦੇਖੋ, ਚਿਹਰਾ.

**ਚੇਹਰਾ ਲਿਖਾਉਣਾ:** ਕ੍ਰਿ- ਨੌਕਰ ਭਰਤੀ ਹੋਣਾ. ਨੌਕਰ ਰੱਖਣ ਵੇਲੇ ਚਿਹਰੇ ਦੇ ਚਿਨ੍ਹ ਚਕ੍ਰ ਲਿਖੇ ਜਾਂਦੇ ਹਨ, ਇਸ ਲਈ ਚੇਹਰਾ ਹੋਣਾ, ਚੇਹਰਾ ਲਿਖਣਾ ਅਤੇ ਚੇਹਰਾ ਲਿਖਾਉਣਾ ਆਦਿ ਪਦ ਵਰਤੇ ਜਾਂਦੇ ਹਨ. ਦੇਖੋ, ਚਿਹਰਾ.

**ਚੇਹਰੇਸ਼ਾਹੀ, ਚੇਹਰੇਸ਼ਾਹੀ ਰੁਪੱਯਾ:** ਉਹ ਰੁਪੱਯਾ, ਜਿਸ ਪੁਰ ਬਾਦਸ਼ਾਹ ਦਾ ਚਿਹਰਾ ਹੋਵੇ. ਭਾਰਤ ਵਿੱਚ ਅੰਗ੍ਰੇਜ਼ ਰਾਜ ਦੇ ਸਿੱਕੇ ਦੇ ਰੁਪਯੇ ਦਾ ਇਹ ਨਾਮ ਪ੍ਰਸਿੱਧ ਹੈ. ਇਸ ਨੂੰ ਟਕਸਾਲ ਦੀ ਮਸ਼ੀਨ (ਕਲ) ਵਿੱਚ ਬਣਨ ਕਰਕੇ ਕਲਦਾਰ ਰੁਪੱਯਾ ਭੀ ਆਖਦੇ ਹਨ.

**ਚੇਚਕ:** ਫ਼ਾ. چیچک ਸੰਗਯਾ- ਸ਼ੀਤਲਾ. ਮਾਤਾ ਰੋਗ. Small- pox. ਦੇਖੋ, ਸੀਤਲਾ.

**ਚੇਟ:** ਸੰ. ਸੰਗ੍ਯਾ- ਦਾਸ. ਸੇਵਕ। ੨. ਪਤਿ. ਭਰਤਾ। ੩. ਭੰਡ. ਮਸ਼ੌਲੀਆ। ੪. ਕਾਵ੍ਯ ਅਨੁਸਾਰ ਨਾਇਕ ਅਤੇ ਨਾਇਕਾ ਨੂੰ ਮਿਲਾਉਣ ਵਾਲਾ ਭੇਟੂ. ਭੜੂਆ.

**ਚੇਟਕ:** ਸੰਗ੍ਯਾ- ਭੰਡਾਂ ਦਾ ਤਮਾਸ਼ਾ. ਕੌਤੁਕ। ੨. ਇੰਦ੍ਰ- ਜਾਲ ਦਾ ਖੇਲ. "ਨਾਟਕ ਚੇਟਕ ਕਿਯੇ ਕੁਕਾਜਾ." (ਵਿਚਿਤ੍ਰ) "ਕਿਨਹੂ ਸਿਧਿ ਬਹੁ ਚੇਟਕ ਲਾਏ." (ਰਾਮ ਅਃ ਮਃ ੫) ੩. ਲਗਨ. ਕਿਸੇ ਗੱਲ ਦਾ ਸ਼ੌਕ.

**ਚੇਟਕਈਆ, ਚੇਟਕੀ:** ਵਿ- ਕੌਤੁਕ ਕਰਨ ਵਾਲਾ। ੨. ਇੰਦ੍ਰਜਾਲ ਦਾ ਤਮਾਸ਼ਾ ਕਰਨ ਵਾਲਾ. ਜਾਦੂਗਰ. "ਮਾਗਹਿ ਰਿਧਿ ਸਿਧਿ ਚੇਟਕ, ਚੇਟਕਈਆ." (ਬਿਲਾ ਅਃ ਮਃ ੪) ੩. ਸ਼ੌਕੀਨ.

**ਚੇਤ:** ਸੰ. ਚੇਤ੍ ਵ੍ਯ- ਯਦਿ ਅਗਰ. ਜੇ। ੨. ਸ਼ਾਯਦ। ੩. ਸੰ. ਚੇਤਸ੍ ਸੰਗ੍ਯਾ- ਚਿੱਤ. ਦਿਲ. "ਭੇਤ ਚੇਤ ਹਰਿ ਕਿਸੈ ਨ ਮਿਲਿਓ." (ਸ੍ਰੀ ਮਃ ੧. ਪਹਿਰੇ) ੪. ਆਤਮਾ। ੫. ਗ੍ਯਾਨ. ਬੋਧ। ੬. ਵਿ- ਚੇਤਨਤਾ ਸਹਿਤ. ਸਾਵਧਾਨ. "ਘਟਿ ਏਕ ਬਿਖੈ ਰਿਪੁ ਚੇਤ ਭਯੋ. " (ਰੁਦ੍ਰਾਵ) ੭. ਚੇਤ ਦਾ ਮਹੀਨਾ. ਦੇਖੋ, ਚੈਤ੍ਰ। ੮. ਦੇਖੋ, ਚੇਤਾਈ। ੯. ਚੇਤਣਾ ਕ੍ਰਿਯਾ ਦਾ ਅਮਰ. ਤੂੰ ਯਾਦ ਕਰ.

**ਚੇਤਉ, ਚੇਤਹੁ:** ਚਿੰਤਨ ਕਰੋ. ਯਾਦ ਕਰੋ. ਸਮਰਣ ਕਰੋ.

**ਚੇਤਕੀ:** ਵਿ- ਚੈਤ੍ਰ ਮਹੀਨੇ ਵਿੱਚ ਹੋਣ ਵਾਲਾ. ਚੇਤੀ। ੨. ਸੰਗ੍ਯਾ- ਹਰੜ. ਹਰੀਤਕੀ. ਕਿਤਨੇ ਵੈਦ੍ਯ ਉਸ ਹਰੜ ਨੂੰ ਚੇਤਕੀ ਆਖਦੇ ਹਨ, ਜਿਸ ਦੇ ਹੱਥ ਵਿੱਚ ਰੱਖਣ ਤੋਂ ਦਸਤ ਆ ਜਾਵੇ.

**ਚੇਤਣਾ:** ਕ੍ਰਿ- ਚਿੰਤਨ ਕਰਨਾ. ਯਾਦ ਕਰਨਾ. "ਅਗੋਦੇ ਜੇ ਚੇਤੀਐ ਤਾ ਕਾਇਤੁ ਮਿਲੈ ਸਜਾਇ." (ਆਸਾ ਅਃ ਮਃ ੧)

**ਚੇਤਨ:** ਸੰ. ਸੰਗ੍ਯਾ- ਚੈਤਨ੍ਯਰੂਪ ਆਤਮਾ. ਜੀਵਾਤਮਾ। ੨. ਪਾਰਬ੍ਰਹਮ. ਕਰਤਾਰ। ੩. ਪੁਸ਼ਕਰ ਤੀਰਥ ਦਾ ਇੱਕ ਪ੍ਰਸਿੱਧ ਪੰਡਾ, ਜੋ ਦਸ਼ਮੇਸ਼ ਦੀ ਸੇਵਾ ਵਿੱਚ ਪੁਸ਼ਕਰ ਤੇ ਹਾਜਿਰ ਹੋਇਆ ਅਤੇ ਖ਼ਾਲਸੇ ਬਾਬਤ ਪ੍ਰਸ਼ਨ ਕੀਤਾ. "ਵਿਪ੍ਰ ਵਿਣਿਕ ਤੈਂ ਆਦਿਕ ਜਾਲ। ਚਲਆਏ ਚੇਤਨ ਦਿਜ ਨਾਲ." (ਗੁਪ੍ਰਸੂ) ੪. ਵਿ- ਚੇਤਨਤਾ ਸਹਿਤ। ੫. ਹੋਸ਼ਿਯਾਰ. ਸਾਵਧਾਨ.

**ਚੇਤਨਤਾ:** ਸੰਗ੍ਯਾ- ਚੇਤਨ ਦਾ ਧਰਮ. ਚੈਤਨ੍ਯਤਾ.

**ਚੇਤਨ ਬਟ, ਚੇਤਨ ਮਠ, ਚੇਤਨ ਵਟ:** ਕਾਸ਼ੀ ਵਿੱਚ ਉਹ ਅਸਥਾਨ, ਜਿੱਥੇ ਕਲਗੀਧਾਰ ਦੇ ਭੇਜੇ ਸਿੰਘ, ਸੰਸਕ੍ਰਿਤ- ਵਿਦ੍ਯਾ- ਪੜ੍ਹਨ ਲਈ ਠਹਿਰੇ ਸਨ. ਇਹ ਥਾਂ ਨਿਰਮਲੇ ਸਿੰਘਾਂ ਦੇ ਕ਼ਬਜੇ ਵਿੱਚ ਹੈ. ਇਸ ਦਾ ਪੁਰਾਣਾ ਨਾਉਂ ਯਤਨਵਟੇਸ਼੍ਵਰ ਸ਼ਿਵਮੰਦਿਰ ਦੇ ਕਾਰਣ "ਯਤਨਵਟ" ਸੀ.

**ਚੇਤਨਾ:** ਸੰ. ਸੰਗ੍ਯਾ- ਬੁੱਧਿ. ਸਮਝ. "ਚੇਤਨਾ ਹੈ, ਤਉ ਚੇਤਲੈ." (ਤਿਲੰ ਮਃ ੯) ਜੇ ਸਮਝ ਹੈ, ਤਦ ਚੇਤਲੈ। ੨. ਚੇਤਨਤਾ. "ਕਤਹੂ ਸੁਚੇਤ ਹੈ ਕੈ ਚੇਤਨਾ ਕੋ ਚਾਰ ਕੀਓ." (ਅਕਾਲ)

**ਚੇਤਨੀ:** ਚਿੰਤਨ ਕਰਦੇ. "ਨਾਨਕ ਗੁਰੂ ਨ ਚੇਤਨੀ." (ਵਾਰ ਆਸਾ) ੨. ਚਿੰਤਨ ਕਰਨਗੇ. ਸੋਚਣਗੇ। ੩. ਦੇਖੋ, ਚੇਤਨੀਯ.

**ਚੇਤਨੀਯ:** ਸੰ. ਵਿ- ਜਾਣਨ ਯੋਗਯ। ੨. ਯਾਦ ਕਰਨ ਲਾਇਕ਼.

**ਚੇਤਰ:** ਦੇਖੋ, ਚੈਤ੍ਰ.

**ਚੇਤਵਿਆ:** ਵਿ- ਚਿਤਵਿਆ. ਚਿੰਤਨ ਕੀਤਾ. "ਮਰਣ ਭਇਆ ਤਬ ਚੇਤਵਿਆ." (ਆਸਾ ਪਟੀ ਮਃ ੧)

**ਚੇਤਾ:** ਸੰਗਯਾ- ਚਿੰਤਨ ਦਾ ਭਾਵ. "ਚੇਤਾ ਵਤ੍ਰ." (ਵਾਰ ਰਾਮ ੧. ਮਃ ੧. ) ਕਰਤਾਰ ਦਾ ਯਾਦ ਕਰਨਾ, ਜ਼ਮੀਨ ਦੀ ਵਤ੍ਰ ਹੈ. "ਗਗਨਮੰਡਲ ਮਹਿ ਰਾਖੈ ਚੇਤਾ." (ਰਤਨਮਾਲਾ ਬੰਨੋ) ਦਿਮਾਗ ਵਿੱਚ ਵਾਹਿਗੁਰੂ ਦਾ ਧਿਆਨ ਰਖਦਾ ਹੈ. "ਦਾਸ ਜਾਨ ਚਿਤ ਚੇਤੇ ਕਰੀਐ." (ਨਾਪ੍ਰ)

**ਚੇਤਾਇਆ:** ਯਾਦ ਕਰਾਇਆ. ਚਿੰਤਨ ਕਰਾਇਆ। ੨. ਚੇਤੇ ਆਇਆ. ਦਿਲ ਵਿੱਚ ਫੁਰਿਆ.

**ਚੇਤਾਈ:** ਸੰਗਯਾ- ਚੇਤਨਤਾ। ੨. ਦਾਨਾਈ. ਸਮਝ. "ਚੇਤਾਈ, ਤਾ ਚੇਤ." (ਗਉ ਵਾਰ ੨. ਮਃ ੫) ਜੇ ਅ਼ਕ਼ਲ ਹੈ, ਤਾਂ ਚੇਤ (ਚਿੰਤਨਕਰ).

**ਚੇਤਾਵਨੀ:** ਸੰਗਯਾ- ਚੇਤੇ ਕਰਾਉਣ ਦੀ ਕ੍ਰਿਯਾ। ੨. ਸਿਮ੍ਰਿਤੀ. ਯਾਦਦਾਸ਼੍ਤ। ੩. ਵਿਗ੍ਯਾਪਨ. ਨੋਟਿਸ. "ਇਹੁ ਚੇਤਾਵਨੀ, ਮਤ ਸਹਿਸਾ ਰਹਿਜਾਇ." (ਸ. ਕਬੀਰ)

**ਚੇਤਿ:** ਚਿੰਤਨ ਕਰਕੇ. ਸਮਰਣ ਕਰਕੇ. "ਹਰਿ ਚੇਤਿ ਖਾਹਿ ਤਿਨਾ ਸਫਲੁ ਹੈ." (ਵਾਰ ਸ੍ਰੀ ਮਃ ੪)

੨. ਚੈਤ੍ਰ ਮੇਂ. ਚੇਤ ਵਿੱਚ. "ਚੇਤਿ ਗੋਵਿੰਦੁ ਅਰਾਧੀਐ." (ਮਾਝ ਬਾਰਹਮਾਹਾ) ੩. ਚੇਤਣਾ ਕ੍ਰਿਯਾ ਦਾ ਅਮਰ. ਤੂੰ ਯਾਦ ਕਰ. "ਚੇਤਿ ਮਨਾ, ਪਾਰਬ੍ਰਹਮੁ." (ਗਉ ਮਃ ੫)

**ਚੇਤੀ:** ਵਿ- ਚੇਤ ਦੇ ਮਹੀਨੇ ਨਾਲ ਸੰਬੰਧ ਰੱਖਣ ਵਾਲਾ, ਜੈਸੇ- ਚੇਤੀ ਗੁਲਾਬ ਆਦਿ.

**ਚੇਤੁ:** ਦੇਖੋ, ਚੇਤ.

**ਚੇਤੂ, ਚੇਤੋ:** ਸੰਗਯਾ- ਚੈਤਨ੍ਯ ਆਤਮਾ. ਦੇਖੋ, ਕਾਇਥ ਚੇਤੂ। ੨. ਇੱਕ ਮਸੰਦ, ਜੋ ਆਨੰਦਪੁਰ ਕਲਗੀਧਰ ਦੇ ਹ਼ਜ਼ੂਰ ਰਹਿੰਦਾ ਸੀ. ਦਸ਼ਮੇਸ਼ ਨੇ ਇਸ ਨੂੰ ਕੁਕਰਮੀ ਜਾਣਕੇ ਦੰਡ ਦਿੱਤਾ. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਕਿਸੇ ਪ੍ਰੇਮੀ ਸਿੱਖ ਨੇ ਕੀਮਤੀ ਵਸਤ੍ਰ ਆਦਿ ਸਾਮਾਨ ਮਾਤਾ ਜੀ ਲਈ ਚੇਤੂ ਦੇ ਹਵਾਲੇ ਕੀਤਾ ਸੀ. ਇਸ ਨੇ ਇਹ ਸਭ ਸਾਮਾਨ ਆਪਣੀ ਇਸਤ੍ਰੀ ਨੂੰ ਦੇ ਦਿੱਤਾ. ਜਦ ਪ੍ਰੇਮੀ ਸਿੱਖ ਸਤਿਗੁਰੂ ਦੇ ਹ਼ਜ਼ੂਰ ਆਇਆ, ਤਦ ਚੇਤੂ ਦਾ ਪਾਜ ਖੁਲ ਗਿਆ.

**ਚੇਤੰਨ, ਚੇਤੰਨੁ:** ਦੇਖੋ, ਚੇਤਨ ਅਤੇ ਚੈਤਨ੍ਯ. "ਗਿਆਨੀ ਹੋਇ ਸੁ ਚੇਤੰਨੁ ਹੋਇ." (ਵਾਰ ਬਿਹਾ ਮਃ ੩)

**ਚੇਦਿ:** ਸੰ. ਸੰਗਯਾ- ਬੁੰਦੇਲਖੰਡ ਵਿੱਚ ਚੰਦੇਰੀ ਨਗਰ ਅਤੇ ਉਸ ਦੇ ਪਾਸ ਦਾ ਇ਼ਲਾਕ਼ਾ. ਮਹਾਭਾਰਤ ਵਿੱਚ ਇਸ ਦਾ ਨਾਮ ਚੈਦ੍ਯ ਅਤੇ ਤ੍ਰੈਪੁਰ ਭੀ ਹੈ. ਦੇਖੋ, ਚੰਦੇਰੀ. ਇਸ ਦਾ ਰਾਜਾ ਸ਼ਿਸ਼ੁਪਾਲ ਕ੍ਰਿਸ਼ਨ ਜੀ ਦਾ ਵਿਰੋਧੀ ਸੀ, ਜੋ ਖੋਟੇ ਬਚਨ ਬੋਲਣ ਕਾਰਣ ਕ੍ਰਿਸ਼ਨ ਜੀ ਨੇ ਕ਼ਤਲ ਕੀਤਾ। ੨. ਇੱਕ ਜਾਤਿ, ਜਿਸ ਦਾ ਜਿਕਰ ਰਿਗਵੇਦ ਵਿੱਚ ਹੈ.

**ਚੇਦਿਨਾਥ, ਚੇਦਿਪਤਿ, ਚੇਦਿਰਾਜ:** ਚੇਦਿ ਦਾ ਰਾਜਾ ਸ਼ਿਸ਼ੁਪਾਲ. ਦੇਖੋ, ਚੇਦਿ ਅਤੇ ਚੰਦੇਰੀ.

**ਚੇਨਾਬ:** ਦੇਖੋ, ਚੰਦ੍ਰਭਾਗਾ.

**ਚੇਪ:** ਸੰਗਯਾ- ਚਿਪਕਾਉ. ਲੇਸ. ਚੀੜ੍ਹ.

**ਚੇਰ:** ਸੰਗਯਾ- ਇੱਕ ਪੁਰਾਣਾ ਦੇਸ਼, ਜਿਸ ਦਾ ਨਾਮ ਕੇਰਲ ਭੀ ਹੈ. ਹੁਣ ਇਹ ਮਾਲਾਬਾਰ ਕੋਚਿਨ ਅਤੇ ਟ੍ਰਾਵਨਕੋਰ ਦਾ ਇ਼ਲਾਕ਼ਾ ਹੈ। ੨. ਦੇਖੋ, ਚੇਰਾ. "ਹੁਤੋ ਰਸੋਈ ਚੇਰ." (ਨਾਪਰ) ਰਸੋਈ ਕਰਨ ਵਾਲਾ ਸੇਵਕ ਸੀ.

ਚੇਰਾ: ਦਾਸ. ਸੇਵਕ। ੨. ਚੇਲਾ. ਚਾਟੜਾ.

ਚੇਰਿ, ਚੇਰਿਕਾ, ਚੇਰੀ, ਚੇਰੁਲੀ: ਸੰ. ਚੇਟੀ. ਚੇਟਿਕਾ. ਦਾਸੀ. ਟਹਿਲਣ. "ਸਰਬ ਜੋਤਿ ਨਾਮੈ ਕੀ ਚੇਰਿ." (ਬਸੰ ਅਃ ਮਃ ੧) "ਤਹਾਂ ਏਕ ਚੇਰਿਕਾ ਨਿਹਾਰੀ." (ਦੱਤਾਵ) "ਚੇਰੀ ਕੀ ਸੇਵਾ ਕਰੈ ਠਾਕੁਰ ਨਹੀ ਦੀਸੈ." (ਗਉ ਅਃ ਮਃ ੧) ਇੱਥੇ ਚੇਰੀ ਤੋਂ ਭਾਵ ਮਾਇਆ ਹੈ. "ਜਾ ਪ੍ਰਭੁ ਕੀ ਹਉ ਚੇਰੁਲੀ ਸੋ ਸਭ ਤੇ ਊਚਾ." (ਆਸਾ ਮਃ ੫)

ਚੇਲ: ਦੇਖੋ, ਚੇਲਾ। ੨. ਸੰ. ਚੇਲ੍ ਧਾ- ਹਿੱਲਣਾ, ਹ਼ਰਕਤ ਕਰਨਾ. "ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ." (ਆਸਾ ਮਃ ੪) ੩. ਸੰ. ਸੰਗਯਾ- ਵਸਤ੍ਰ. ਕਪੜਾ.

ਚੇਲਕ, ਚੇਲਕਾ, ਚੇਲਾ: ਚੇਟਕ. ਚਾਟੜਾ. ਸ਼ਿਸ਼੍ਯ. "ਸੁ ਸੋਭਿਤ ਚੇਲਕ ਸੰਗ ਨਰੰ." (ਦੱਤਾਵ) "ਜੋ ਗੁਰੁ ਗੋਪੇ ਆਪਣਾ ਕਿਉ ਸਿਝਹਿ ਚੇਲਾ?" (ਭਾਗੁ) ੨. ਕਿਸੇ ਦੇਵਤਾ ਦਾ ਉਹ ਭਗਤ, ਜੋ ਆਪਣੇ ਵਿੱਚ ਦੇਵਤਾ ਦਾ ਆਵੇਸ਼ ਪ੍ਰਗਟ ਕਰਦਾ ਹੈ ਅਰ ਪ੍ਰਸ਼ਨਾਂ ਦੇ ਉੱਤਰ ਦੇਵਤਾ ਵੱਲੋਂ ਦਿੰਦਾ ਹੈ, ਚੇਲਾ ਕਹਾਉਂਦਾ ਹੈ.

ਚੇਲਿਕਾ, ਚੇਲੀ: ਚੇਲਕ ਦਾ ਇਸਤ੍ਰੀ ਲਿੰਗ। ੨. ਉਹ ਇਸਤ੍ਰੀ, ਜੋ ਕਿਸੇ ਦੇਵਤਾ ਅਥਵਾ ਪੀਰ ਦੀ ਰੂਹ ਨੂੰ ਆਪਣੇ ਵਿੱਚ ਆਈ ਦੱਸਕੇ, ਖੇਡਦੀ ਅਤੇ ਪ੍ਰਸ਼ਨਾਂ ਦੇ ਉੱਤਰ ਦੇਵਤਾ ਵੱਲੋਂ ਦਿੰਦੀ ਹੈ। ੩. ਸ਼ਿਸ਼੍ਯਾ.

ਚੈ: ਦੇਖੋ, ਚਯ.

ਚੈਤ: ਦੇਖੋ, ਚੈਤ੍ਯ ਅਤੇ ਚੈਤ੍ਰ.

ਚੈਤਕੀ: ਸੰ. ਚੈਤ੍ਯ ਤਰੁ. ਸੰਗਯਾ- ਪਿੱਪਲ। ੨. ਦੇਖੋ, ਚੇਤਕੀ.

ਚੈਤਨ੍ਯ: ਸੰ. ਸੰਗਯਾ- ਚੇਤਨ ਆਤਮਾ। ੨. ਗ੍ਯਾਨ। ੩. ਪਾਰਬ੍ਰਹ੍ਮ. ਕਰਤਾਰ। ੪. ਬੰਗਾਲ ਨਿਵਾਸੀ ਇੱਕ ਮਹਾਤਮਾ ਸਾਧੂ, ਜੋ ਨਦੀਆ (ਨਵਦ੍ਵੀਪ) ਵਿੱਚ ਜਗੰਨਾਥ ਮਿਸ਼੍ਰ ਦੇ ਘਰ ਸ਼ਚੀਦੇਵੀ ਦੇ ਉਦਰ ਤੋਂ ਸਨ ੧੪੮੫ ਵਿੱਚ ਜਨਮਿਆ. ਇਹ ਵੈਸ਼ਨਵਮਤ ਦੀ ਇੱਕ ਸ਼ਾਖ ਦਾ ਆਚਾਰਯ ਮੰਨਿਆ ਜਾਂਦਾ ਹੈ. ਚੈਤਨ੍ਯ ਨੇ ਬਹੁਤ ਕੁਰੀਤੀਆਂ ਦੂਰ ਕੀਤੀਆਂ ਅਤੇ ਜਾਤਿ ਪਾਤਿ ਦੇ ਬੰਧਨਾਂ ਨੂੰ ਭੀ ਕੁਝ ਢਿੱਲਾ ਕੀਤਾ. ਧਰਮਪ੍ਰਚਾਰ ਕਰਦੇ ਹੋਏ ਚੈਤਨ੍ਯ ਦਾ ੪੮ ਵਰ੍ਹੇ ਦੀ ਉਮਰ ਵਿੱਚ ਦੇਹਾਂਤ ਹੋਇਆ. ਬੰਗਾਲ ਵਿੱਚ ਹੁਣ ਭੀ ਚੈਤਨ੍ਯ ਦੇ ਉਪਾਸਕ ਬਹੁਤ ਦੇਖੀਦੇ ਹਨ. ਇਸ ਮਹਾਤਮਾ ਦਾ ਪੂਰਾ ਨਾਮ ਸ਼੍ਰੀ ਕ੍ਰਿਸ਼ਨ ਚੈਤਨ੍ਯਦੇਵ ਹੈ ਅਤੇ ਗੋਰਾ ਰੰਗ ਹੋਣ ਕਰਕੇ ਗੌਰਾਂਗ ਭੀ ਸੱਦੀਦਾ ਹੈ। ੫. ਵਿ- ਸਚੇਤ. ਚੇਤਨਤਾ ਸਹਿਤ। ੬. ਹੋਸ਼ਿਆਰ. ਸਾਵਧਾਨ.

ਚੈਤ੍ਯ: ਸੰ. ਸੰਗਯਾ- ਮੰਦਿਰ. ਮਹਿਲ। ੨. ਦੇਵਾਲਯ. ਦੇਵਤਾ ਦਾ ਮੰਦਿਰ। ੩. ਯਗ੍ਯਸ਼ਾਲਾ। ੪. ਪਿੱਪਲ। ੫. ਨਗਰ ਦੀ ਹ਼ੱਦ ਪੁਰ ਲਾਇਆ ਹੋਇਆ ਬਿਰਛ। ੬. ਬੌਧ ਸਾਧੂਆਂ ਦੇ ਰਹਿਣ ਦਾ ਮਠ। ੭. ਵਿ- ਚਿਤਾ (ਚਿਖਾ) ਨਾਲ ਹੈ ਸੰਬੰਧ ਜਿਸ ਦਾ.

ਚੈਤ੍ਰ: ਸੰ. ਸੰਗਯਾ- ਚੇਤ ਦਾ ਮਹੀਨਾ. ਉਹ ਮਹੀਨਾ, ਜਿਸ ਦੀ ਪੂਰਣਮਾਸੀ ਨੂੰ ਚਿਤ੍ਰਾ ਨਛਤ੍ਰ (ਨ੎ਤ੍ਰ) ਹੋਵੇ. ਚਾਂਦ੍ਰ (ਚੰਦ ਦੇ ਸੰਵਤ (ਸੰਮਤ) ਦਾ ਪਹਿਲਾ ਮਹੀਨਾ.

ਚੈਤ੍ਰਰਥ: ਸੰਗਯਾ- ਚਿਤ੍ਰਰਥ ਨਾਮਕ ਗੰਧਰਵ ਦਾ ਲਾਇਆ ਹੋਇਆ ਬਾਗ, ਜੋ ਕੁਬੇਰ ਦੇ ਕ਼ਬਜੇ ਵਿੱਚ ਹੈ। ੨. ਚੰਦ੍ਰਵੰਸ਼ੀ ਰਾਜਾ ਕੁਰੁ ਦਾ ਇੱਕ ਪੁਤ੍ਰ.

ਚੈਨ: ਸੰਗਯਾ- ਸੁਖ. ਸ਼ਾਂਤਿ. "ਹਰਿ ਪਿਰ ਬਿਨੁ ਚੈਨ ਨ ਪਾਈਐ." (ਮਾਝ ਦਿਨ ਰੈਣ) ੨. ਦੇਖੋ, ਚਯਨ.

ਚੈਯਾ: ਸ਼੍ਰੀਗੁਰੂ ਤੇਗਬਹਾਦੁਰ ਸਾਹਿਬ ਦਾ ਥਾਪਿਆ ਹੋਇਆ ਬਿਹਾਰ ਦਾ ਇੱਕ ਮਸੰਦ. ਇਹ ਕੁਝ ਕਾਲ ਦਸ਼ਮੇਸ਼ ਦੇ ਸਮੇਂ ਭੀ ਆਪਣੇ ਅਧਿਕਾਰ ਪੁਰ ਰਿਹਾ ਹੈ। ੨. ਵਿ- ਚਾਉ (ਉਮੰਗ) ਵਾਲਾ। ੩. ਦੇਖੋ, ਚਈਆ.

ਚੈਲ: ਸੰ. ਸੰਗਯਾ- ਪੋਸ਼ਾਕ. ਪਹਿਰਣ ਯੋਗ੍ਯ ਬਣਿਆ- ਹੋਇਆ ਵਸਤ੍ਰ. "ਧੋਇ ਸੁਕਾਇ ਚੈਲ ਲੈ ਆਵਾ." (ਨਾਪ੍ਰ)

ਚੈਲਧਾਵ: ਚੈਲ (ਵਸਤ੍ਰ) ਧੋਣ ਵਾਲਾ. ਧੋਬੀ.

ਚੋ: ਸੰਬੰਧ ਜੋੜਨ ਵਾਲਾ ਪ੍ਰਤ੍ਯ. ਦਾ. ਕਾ. "ਸੰਤ ਚੋ ਮਾਰਗ." (ਆਸਾ ਰਵਿਦਾਸ) ੨. ਸੰਗ੍ਯਾ- ਮੁਆਤਾ. ਮੁਰਿਆੜ। ੩. ਦੇਖੋ, ਚੋਣਾ.

ਚੋਆ: ਸੰਗ੍ਯਾ- ਟਪਕਿਆ ਹੋਇਆ ਜਲ। ੨. ਜਲ ਦੇ ਟਪਕਣ ਦਾ ਭਾਵ। ੩. ਅਗਰ ਦੀ ਲੱਕੜ ਤੋਂ ਟਪਕਾਇਆ ਹੋਇਆ ਤੇਲ. ਅਗਰਸਾਰ। ੪. ਗੁਲਾਬ ਕੇਵੜੇ ਆਦਿ ਦਾ ਅ਼ਰਕ਼। ੫. ਬਰਸਾਤੀ ਨਾਲਾ, ਜੋ ਪਹਾੜ ਦੇ ਜਲ ਟਪਕਣ ਤੋਂ ਬਣਿਆ ਹੈ.

ਚੋਆ ਚੰਦਨ: ਅਗਰ ਦਾ ਤੇਲ ਅਤੇ ਚੰਦਨ। ੨. ਚੰਦਨ ਦਾ ਤੇਲ. ਇ਼ਤ਼੍ਰ. ਸੁਗੰਧਿਸਾਰ. "ਚੋਆ ਚੰਦਨੁ ਲਾਈਐ ਕਾਪੜੁ ਰੂਪ ਸੀਗਾਰ." (ਸ੍ਰੀ ਅ: ਮ: ੧)

ਚੋਇਆ: ਸੰ. ਚ੍ਯੋਤਿਤੰ. ਚੋਇਆ ਹੋਇਆ.

ਚੋਸ, ਚੋਸ੍ਯ: ਸੰ. ਚੋਸ਼੍ਯ. ਵਿ- ਚੂਸਨੇ ਯੋਗ੍ਯ. ਚੂਪਣ ਲਾਇਕ਼। ੨. ਸੰਗ੍ਯਾ- ਚੂਸਣ ਯੋਗ੍ਯ ਪਦਾਰਥ. ਜੈਸੇ- ਅੰਬ ਗੰਨਾ ਆਦਿ. ਦੇਖੋ, ਚੂਸ ਧਾ.

ਚੋਹਲ: ਹਾਸ੍ਯ ਵਿਲਾਸ. ਠੱਠਾ ਮਖ਼ੌਲ.

ਚੋਹਾਸਾਹਿਬ: ਦੇਖੋ, ਜਲਾਲਾਬਾਦ। ੨. ਜਿਲਾ ਜੇਹਲਮ, ਥਾਣਾ ਦੀਨਾ ਦਾ ਇੱਕ ਪਿੰਡ ਰੋਹਤਾਸ[488] ਹੈ, ਜੋ ਰੇਲਵੇ ਸਟੇਸ਼ਨ ਦੀਨਾ ਤੋਂ ਕ਼ਰੀਬ ਤਿੰਨ ਮੀਲ ਪੱਛਮ ਹੈ. ਰੋਹਤਾਸ ਤੋਂ ਉੱਤਰ, ਪਹਾੜੀ ਦੇ ਹੇਠ ਗੁਰੂ ਨਾਨਕਦੇਵ ਦਾ ਗੁਰੁਦ੍ਵਾਰਾ "ਚੋਹਾਸਾਹਿਬ" ਨਾਮ ਕਰਕੇ ਪ੍ਰਸਿੱਧ ਹੈ, ਕਿਉਂਕਿ ਗੁਰੂ ਸਾਹਿਬ ਨੇ ਭਗਤੂ ਸਿੱਖ ਦੀ ਪ੍ਰਾਰਥਨਾ ਪੁਰ ਇਸ ਥਾਂ ਪੱਥਰ ਚੁੱਕਕੇ ਜਲ ਦਾ ਪ੍ਰਵਾਹ ਜਾਰੀ ਕੀਤਾ ਸੀ. ਸਿ ਜਲ ਦੇ ਸੋਤ ਪਾਸ ਇਕ ਛੋਟਾ ਤਾਲ ਹੈ, ਹਰ ਵੇਲੇ ਨਿਰਮਲ ਜਲ ਵਹਿੰਦਾ ਹੈ. ਇਸ ਨੂੰ "ਚਸ਼ਮਾ ਸਾਹਿਬ" ਭੀ ਆਖਦੇ ਹਨ. ਚਸ਼ਮੇ ਤੋਂ ਪੂਰਵ ਵੱਲ ਦਰਬਾਰ ਬਣਿਆ ਹੋਇਆ ਹੈ. ੨੬੦ ਰੁਪਯੇ ਸਾਲਾਨਾ ਅਤੇ ੨੭ ਘੁਮਾਉਂ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਹੈ. ਕੱਤਕ ਸੁਦੀ ੧੫. ਨੂੰ ਮੇਲਾ ਹੁੰਦਾ ਹੈ.

ਚੋਕ: ਸੰਗ੍ਯਾ- ਚੋਭ. ਨੋਕੀਲੀ ਚੀਜ਼ ਦੇ ਚੁਭਣ ਦਾ ਭਾਵ.

ਚੋਕਰ: ਸੰਗ੍ਯਾ- ਅੰਨ ਦਾ ਸੂੜ੍ਹਾ. ਛਾਣਸ.

ਚੋਖ: ਸੰ. ਸੰਗ੍ਯਾ- ਚੋਸ਼. ਸੰਤਾਪ. ਜਲਨ. "ਕਰਕ ਸਬਦ ਅਸੰਤੋਖ ਚੋਖ ਸ੍ਰਮ ਹੈ." (ਭਾਗੁ ਕ)

ਚੋਖਣ: ਸੰ. ਚੋਸ਼ਣ. ਸੰਗ੍ਯਾ- ਚੂਸਣ ਦੀ ਕ੍ਰਿਯਾ. ਚੂਸਣਾ.

ਚੋਖਤ, ਚੋਖਤਾ: ਚੋਸ਼ਣ ਕਰਦਾ. ਚੁੰਘਦਾ. ਦੇਖੋ, ਚੋਖਣ. "ਥਨ ਚੋਖਤਾ ਮਾਖਨ ਘੂਟਲਾ." (ਗੌਂਡ ਨਾਮਦੇਵ)

ਚੋਖਾ: ਸੰ. ਚੋਕ੍ਸ਼. ਵਿ- ਸਾਫ. ਸੁਥਰਾ. ਨਿਰਮਲ। ੨. ਕਾਫ਼ੀ (ਬਹੁਤ) ਅਰਥ ਵਿੱਚ ਭੀ ਚੋਖਾ ਸ਼ਬਦ ਵਰਤੀਦਾ ਹੈ। ੩. ਸੰਗ੍ਯਾ- ਚਾਵਲ (ਚਾਉਲ).

ਚੋਖੀ: ਚੋਖਾ ਦਾ ਇਸਤ੍ਰੀ ਲਿੰਗ. "ਅਖਰ ਬਿਰਖ ਬਾਗ ਭੁਇ ਚੋਖੀ." (ਆਸਾ ਮ: ੧) ਅਕ੍ਸ਼ਰ (ਉੱਤਮ ਗ੍ਰੰਥ) ਬਿਰਛਾਂ ਦਾ ਬਾਗ, ਅਤੇ ਸ਼ੁੱਧ ਅੰਤਹਕਰਣ ਸੁਥਰੀ ਜ਼ਮੀਨ ਹੈ.

ਚੋਗ, ਚੋਗੜੀ: ਸੰਗ੍ਯਾ- ਪੰਛੀਆਂ ਦੇ ਚੁਗਣ ਯੋਗ੍ਯ ਵਸਤੁ. ਦਾਣੇ ਆਦਿ ਅੰਨ, ਜਿਸ ਨੂੰ ਪੰਛੀ ਚੁਗਣ. "ਜਾਲੁ ਪਸਾਰਿ ਚੋਗ ਬਿਸਥਾਰੀ." (ਬਿਲਾ ਮ: ੫) "ਫਾਥਾ ਚੁਗੈ ਨਿਤ ਚੋਗੜੀ." (ਮਾਰੂ ਅ: ਮ: ੧)

ਚੋਗਾ: ਦੇਖੋ, ਚੋਗ। ੨. ਤੁ. چوغا ਚੋਗ਼ਾ. ਇੱਕ ਪ੍ਰਕਾਰ ਦਾ ਲੰਮਾ ਦਰਬਾਰੀ ਵਸਤ੍ਰ. ਇਸ ਦਾ ਰੂਪਾਂਤਰ ਚੁਗ਼ਹ (ਚੁਗਾ) ਭੀ ਹੈ.

---

[488] ਇਹ ਨਗਰ ਮਾਤਾ ਸਾਹਿਬਕੌਰ ਜੀ ਦੇ ਜਨਮ ਦਾ ਅਸਥਾਨ ਹੈ. ਦੇਖੋ, ਰੋਹਤਾਸ.

ਲੈਟਿਨ ਵਿੱਚ ਸਰੀਰ ਨੂੰ ਲਪੇਟੀ ਚਾਦਰ (ਗਾਤੀ) ਦੀ Toga ਸੰਗਯਾ ਹੈ. ਪ੍ਰਤੀਤ ਹੁੰਦਾ ਹੈ ਕਿ ਇਸੇ ਮੂਲ ਤੋਂ ਚੋਗਾ ਬਣਿਆ ਹੈ.

ਚੋਚ: ਡਿੰਗ. ਸੰਗਯਾ- ਬਿਰਛ ਦੀ ਛਿੱਲ.

ਚੋਂਚ: ਦੇਖੋ, ਚੁੰਜ.

ਚੋਚਲਾ: ਸੰਗਯਾ- ਹਾਵ ਭਾਵ। ੨. ਨਖ਼ਰਾ. ਨਾਜ਼.

ਚੋਜ: ਸੰ. ਚੇਤੋਜ ਚੇਤੋਜ. ਸੰਗਯਾ- ਚਿੱਤ ਵਿੱਚ ਪੈਦਾ ਹੋਇਆ ਉਤਸਾਹ। ੨. ਤਮਾਸ਼ਾ. ਕੌਤਕ. "ਸਭ ਤੇਰੇ ਚੋਜ ਵਿਡਾਣਾ." (ਸੋਪੁਰਖੁ) "ਤਿਸ ਕਾ ਚੋਜ ਸਬਾਇਆ." (ਮਾਰੂ ਸੋਲਹੇ ਮः ੧) "ਕਰਿ ਵੇਖੈ ਆਪਿ ਚੋਜਾਹਾ." (ਸੋਰ ਮः ੪) ੩. ਚਰ੍ਯ੍ਯਾ ਚਯੑਾਂ. ਵਿਹਾਰ. ਕ੍ਰਿਯਾ.

ਚੋਜਵਿਡਾਣੀ: ਵਿ- ਵਿਡੰਬਨ ਕਰਨ ਵਾਲੇ ਕੌਤੁਕ ਕਰਨ ਵਾਲਾ. ਜਿਸ ਦੇ ਖੇਲ ਅ਼ਕ਼ਲ ਨੂੰ ਹੈਰਾਨ ਕਰਦੇ ਹਨ. "ਹਰਿ ਧਿਆਵਹੁ ਚੋਜਵਿਡਾਣੀ ਹੇ." (ਮਾਰੂ ਸੋਲਹੇ ਮः ੪)

ਚੋਜੀ: ਵਿ- ਵਿਲਾਸੀ. ਕੌਤੁਕੀ. "ਹਰਿ ਪ੍ਰਭੁ ਮੇਰਾ ਚੋਜੀ ਜੀਉ." (ਗਉ ਮः ੪) ਦੇਖੋ, ਚੋਜ.

ਚੋਜੁ: ਦੇਖੋ, ਚੋਜ.

ਚੋਟ: ਸੰਗਯਾ- ਸੱਟ. ਆਘਾਤ. ਪ੍ਰਹਾਰ. ਦੇਖੋ, ਚੁਟ ਧਾ. "ਚੋਟ ਸਹਾਰੈ ਸਬਦ ਕੀ." (ਸ. ਕਬੀਰ) ੨. ਨਗਾਰੇ ਪੁਰ ਚੋਬ ਦੀ ਸੱਟ. "ਰਣ ਚੋਟ ਪਰੀ ਪਗ ਦ੍ਵੈ ਨ ਟਲੇ ਹੈਂ." (ਵਿਚਿਤ੍ਰ)

ਚੋਟੀ: ਸੰਗਯਾ- ਸ਼ਿਖਾ. ਬੋਦੀ। ੨. ਕੇਸਾਂ ਦਾ ਜੂੜਾ। ੩. ਪਹਾੜ ਦਾ ਉੱਚਾ ਟਿੱਲਾ, ਮੰਦਿਰ ਬਿਰਛ ਮੁਨਾਰੇ ਆਦਿ ਦੀ ਟੀਸੀ.

ਚੋਣ: ਸੰਗਯਾ- ਚਯਨ. ਚੁਗਣਾ. ਇੰਤਿਖ਼ਾਬ.

ਚੋਣਾ: ਕ੍ਰਿ- ਚੋ ਲੈਣਾ. ਦੁਹਨ ਕਰਨਾ. ਚੁਆਉਣਾ ਟਪਕਾਉਣਾ. "ਅੰਮ੍ਰਿਤ ਹਰਿ ਮੁਖਿ ਚੋਇ ਜੀਉ." (ਆਸਾ ਛੰਤ ਮः ੪) ਚੁਇਣਾ ਕ੍ਰਿਯਾ ਦਾ ਰੂਪਾਂਤਰ ਭੀ ਚੋਣਾ ਹੈ. ਟਪਕਣਾ। ੨. ਵਿ- ਚੁਗਣ ਵਾਲਾ. ਚੁਣਨ ਵਾਲਾ। ੩. ਸੰਗਯਾ- ਇੱਕ ਖਤ੍ਰੀ ਗੋਤ੍ਰ. ਸ਼੍ਰੀ ਗੁਰੂ ਨਾਨਕ ਦੇਵ ਦਾ ਸਹੁਰਾ ਬਾਬਾ ਮੂਲਚੰਦ ਇਸੇ ਜਾਤਿ ਦਾ ਸੀ.

"ਭਾਖਤ ਜੈਰਾਮ ਚੋਣਾ ਗੋਤ ਮੂਲਾ ਨਾਮ ਤਿੰਹ

ਤਨੁਜਾ ਹੈ ਧਾਮ ਸੋ ਰੰਧਾਵੇ ਪਟਵਾਰੀਆ."

(ਨਾਪ੍ਰ)

ਚੋਣੀ: ਵਿ- ਚੁਣਨ ਵਾਲੀ। ੨. ਚੋਣਾ ਗੋਤ੍ਰ ਦੀ. ਮਾਤਾ ਸੁਲਖਨੀ ਜੀ ਨੂੰ ਚੋਣਾ ਗੋਤ੍ਰ ਦੀ ਹੋਣ ਤੋਂ ਸਾਖੀਆਂ ਵਿੱਚ ਮਾਤਾ ਚੋਣੀ ਕਰਕੇ ਲਿਖਿਆ ਹੈ. "ਚੋਣੀ ਬਚਨ ਰੁਚਿਰ ਤਵ ਕਹੇ." (ਨਾਪ੍ਰ)

ਚੋਣੀ ਮਾਤਾ: ਦੇਖੋ, ਚੋਣੀ ੨.

ਚੋਦ: ਸੰ. ਸੰਗਯਾ- ਪਰਾਣੀ. ਉਹ ਸੋਟੀ ਜਿਸ ਦੇ ਸਿਰੇ ਪੁਰ ਨੋਕਦਾਰ ਸੂਈ (ਆਰ) ਲੱਗੀ ਹੋਵੇ. ਇਹ ਮੱਠੇ ਪਸ਼ੂ ਨੂੰ ਹੱਕਣ ਦੇ ਕੰਮ ਆਉਂਦੀ ਹੈ। ੨. ਚਾਬੁਕ. ਕੋਰੜਾ.

ਚੋਦਨਾ[489]: ਸੰ. ਸੰਗਯਾ- ਪ੍ਰੇਰਨਾ। ੨. ਵਿਧਿ ਵਾਕ੍ਯ. ਉਹ ਵਾਕ, ਜਿਸ ਵਿੱਚ ਕਿਸੇ ਕਰਮ ਦੇ ਕਰਨ ਲਈ ਪ੍ਰੇਰਿਆ ਜਾਵੇ.

---

[489] ਸੰਸਕ੍ਰਿਤ ਸ਼ਬਦ ਚੋਦ ਅਤੇ ਚੋਦਨਾ ਤੋਂ ਪੰਜਾਬੀ ਵਿੱਚ ਇੱਕ ਗੰਦੇ ਅਰਥ ਰੱਖਣ ਵਾਲੇ ਸ਼ਬਦ ਭੀ ਬਣ ਗਏ ਹਨ.

ਚੋਂਦਾ: ਟਪਕਦਾ. ਦੇਖੋ, ਚੋਣਾ.

ਚੋਪ: ਸੰਗਯਾ- ਇਸਤ੍ਰੀਆਂ ਦੇ ਪਹਿਰਣ ਦਾ ਇੱਕ ਖ਼ਾਸ ਵਸਤ੍ਰ, ਜਿਸ ਪੁਰ ਕਸ਼ੀਦੇ ਦਾ ਕੰਮ ਹੁੰਦਾ ਹੈ। ੨. ਦੇਖੋ, ਚੌਪ। ੩. ਦੇਖੋ, ਚੋਬ.

ਚੋਪਡ: ਸੰ. ਮਲਾਈ. ਦੁੱਧ ਦੀ ਬਾਲਾਈ.

ਚੋਪਦਾਰ: ਦੇਖੋ, ਚੋਬਦਾਰ.

ਚੋਪਰਾ, ਚੋਪੜਾ: ਸੰਗਯਾ- ਇੱਕ ਖਤ੍ਰੀ ਗੋਤ੍ਰ। ੨. ਵਿ- ਚੋਪੜਿਆ ਹੋਇਆ. ਚਿਕਨਾਈ ਨਾਲ ਪੋਚਿਆ.

ਚੋਪੜੀ: ਵਿ- ਘੀ ਆਦਿ ਨਾਲ ਪੋਚੀ ਹੋਈ. ਚੁਪੜੀ. "ਦੇਖਿ ਪਰਾਈ ਚੋਪੜੀ." (ਸ. ਫਰੀਦ)

ਚੋਪੜੀਪਰੀਤਿ: ਸੰਗਯਾ- ਦਿਖਾਵੇ ਦੀ ਪ੍ਰੀਤਿ. ਜਾਹਰਾ ਪੋਚੇ ਦੀ ਪ੍ਰੀਤਿ. "ਦਰ ਦਰਵੇਸੀ ਗਾਖੜੀ ਚੋਪੜੀ ਪਰੀਤਿ." (ਸ. ਫਰੀਦ)

ਚੋਬ: ਫ਼ਾ. چوب ਸੰਗਯਾ- ਲੱਕੜ। ੨. ਸੋਟੀ. ਲਾਠੀ. ਆਸਾ। ੩. ਖ਼ੇਮੇ (ਤੰਬੂ) ਦਾ ਥੰਭਾ। ੪. ਨਗਾਰਾ ਬਜਾਉਣ ਦਾ ਡੰਡਾ. "ਦੁਹਰੀ ਚੋਬ ਨਗਾਰੇ ਪਰੀ." (ਗੁਪ੍ਰਸੂ)

ਚੋਬਚੀਨੀ: ਫ਼ਾ. چوب چینی ਇੱਕ ਦਵਾਈ, ਜੋ ਬੇਲ ਦੀ ਜੜ ਹੈ. ਚੀਨ ਦੇਸ਼ ਦੀ ਚੋਬ (ਲੱਕੜ) ਹੋਣ ਤੋਂ ਇਹ ਸੰਗਯਾ ਹੈ. ਇਸ ਦੀ ਤਾਸੀਰ ਗਰਮ ਤਰ ਹੈ. ਲਹੂ ਸਾਫ ਕਰਨ ਲਈ ਅਤੇ ਜੋੜਾਂ ਦੇ ਦਰਦ ਦੂਰ ਕਰਨ ਲਈ ਇਸ ਦਾ ਵਿਸ਼ੇਸ਼ ਇਸਤਾਮਾਲ ਹੁੰਦਾ ਹੈ. L. Smilax China.

ਚੋਬਦਾਰ: ਸੰਗਯਾ- ਚੋਬ (ਆਸਾ) ਰੱਖਣ ਵਾਲਾ ਨੌਕਰ. ਦੰਡਧਰ. ਵੇਤ੍ਰਪਾਣਿ. ਚੋਬਦਾਰ ਮਹਾਰਾਜਿਆਂ ਦੇ ਦਰਬਾਰ ਤੇ ਹਾਜਿਰ ਰਹਿੰਦੇ ਅਤੇ ਅੱਗੇ ਅੱਗੇ ਚਲਦੇ ਹਨ.

ਚੋਬਾ: ਵਿ- ਚੋਬ ਵਾਲਾ. ਜੈਸੇ- ਦੋ ਚੋਬਾ ਖ਼ੇਮਾ ਅਰ ਬੇਚੋਬਾ ਤੰਬੂ। ੨. ਦੇਖੋ, ਚੌਬਾ.

ਚੋਬੀ: ਵਿ- ਚੋਬ ਰੱਖਣ ਵਾਲਾ। ੨. ਸੰਗਯਾ- ਨਗਾਰਚੀ. ਨੱਕ਼ਾਰਹ ਬਜਾਉਣ ਵਾਲਾ. "ਚੋਬੀ ਧਉਸ ਬਜਾਈ." (ਚੰਡੀ ੩)

ਚੋਬੀਂ: ਚੋਬਾਂ ਨਾਲ.

ਚੋਭ: ਸੰਗਯਾ- ਚੁਭਣ ਦਾ ਭਾਵ. ਨੋਕੀਲੀ ਚੀਜ਼ ਦੇ ਚੁਭਣ ਦੀ ਕ੍ਰਿਯਾ। ੨. ਰੜਕ. ਕਰਕ. ਚੁਭਵੀਂ ਪੀੜ. "ਅਜੈ ਸੁ ਚੋਭ ਕਉ ਬਿਲਲ ਬਿਲਲਾਤੇ." (ਰਾਮ ਕਬੀਰ) ੩. ਈਰਖਾ. ਡਾਹ. ਸਾੜਾ. "ਨ ਲੋਭੰ ਨ ਚੋਭੰ." (ਅਕਾਲ)

ਚੋਭਕ: ਵਿ- ਚੁਭਾਉਣ (ਚੋਭਣ) ਵਾਲਾ।

ਚੋਭਣਾ: ਕ੍ਰਿ- ਚੁਭਾਉਣਾ. ਨੋਕਦਾਰ ਚੀਜ਼ ਨੂੰ ਧਸਾਉਂਣਾ.

ਚੋਰ: ਸੰ. ਸੰਗਯਾ- ਚੁਰਾਉਣ ਵਾਲਾ ਆਦਮੀ. ਤਸਕਰ. ਦੁਜ਼ਦ. ਦੇਖੋ, ਚੁਰ ਧਾ "ਅਸੰਖ ਚੋਰ ਹਰਾਮਖੋਰ." (ਜਪੁ) ਦੇਖੋ, ਚੌਰ। ੨. ਸੰ. ਚੌਯੰ. ਚੋਰੀ. ਦੁਜ਼ਦੀ. ਚੋਰ ਕਾ ਕਰਮ. "ਕਰਿ ਦੁਸਟੀ ਚੋਰ ਚੁਰਾਇਆ." (ਗਉ ਮਃ ੪) ੩. ਦਸਮਗ੍ਰੰਥ ਦੇ ੧੨. ਚਰਿਤ੍ਰ ਵਿੱਚ ਲਿਖਾਰੀ ਨੇ ਚੌਰ ਦੀ ਥਾਂ ਚੋਰ ਸ਼ਬਦ ਲਿਖ ਦਿੱਤਾ ਹੈ.

ਚੋਰਈ: ਸੰਗਯਾ- ਛੁਪਾਉ. ਦੁਰਾਉ. ਲੁਕਾਉ. ਚੋਰੀ. "ਤਿਸੁ ਪਾਸਹੁ ਮਨ ਕਿਆ ਚੋਰਈ ਹੈ." (ਗੌਂਡ ਮਃ ੪) ੨. ਚੁਰਾਉਂਦਾ.

ਚੋਰਘੋੜੀਆ: ਸੰਗਯਾ- ਘੋੜੇ ਪੁਰ ਚੜ੍ਹਿਆ ਜਾਸੂਸ, ਜੋ ਵੇਸ਼ (ਭੇਖ) ਬਦਲਕੇ ਰਾਤ ਨੂੰ ਦੁਸ਼ਮਨ ਦੀ ਖ਼ਬਰ ਲਿਆਵੇ. "ਚੋਰਘੋੜੀਆਂ ਮੁਹਿਰੇ ਤੋਰਜੋ." (ਪ੍ਰਾਪੰਪ੍ਰ)

**ਚੋਰਚਕਾਰ:** ਦੇਖੋ, ਚੋਰ ਅਤੇ ਉਚੱਕਾ.

**ਚੋਰਟਾ, ਚੋਰਟੀ:** ਵਿ- ਚੋਰੀ ਲਈ ਅਟਨ (ਫਿਰਨ) ਵਾਲਾ- ਵਾਲੀ. ਚੁਰਾਉਣ ਵਾਲਾ (ਵਾਲੀ). "ਕਬੀਰ ਮਾਇਆ ਚੋਰਟੀ." (ਸਃ)

**ਚੋਰਤਾਪ:** ਰਾਤ ਨੂੰ ਹੋਣ ਵਾਲਾ ਤਾਪ, ਜੋ ਦਿਨ ਵਿੱਚ ਉਤਰ ਜਾਵੇ.

**ਚੋਰਪਹਿਰਾ:** ਚੋਰਾਂ ਤੋਂ ਰਖਯਾ ਲਈ ਰਾਤ ਨੂੰ ਕਾਇਮ ਕੀਤਾ ਪਹਿਰਾ. ਰਾਤ ਦੀ ਚੌਕੀਦਾਰੀ.

**ਚੋਰਾਇ:** ਕ੍ਰਿ. ਵਿ- ਚੁਰਾਕੇ. ਚੋਰੀ ਕਰਕੇ. "ਧਨੁ ਚੋਰਾਇ ਆਣਿ ਮੁਹਿ ਪਾਇਆ." (ਵਾਰ ਸਾਰ ਮਃ ੪)

**ਚੋਰੀ:** ਸੰਗਯਾ- ਚੋਰ ਦਾ ਕਰਮ. ਚੌਰ੍ਯ. "ਕਰਿ ਚੋਰੀ ਮੈ ਜਾਂ ਕਿਛੁ ਲੀਆ." (ਗਉ ਮਃ ੧)

**ਚੋਲ:** ਸੰ. ਸੰਗਯਾ- ਚੋਲਾ. ਪੈਰਾਹਨ। ੨. ਭਾਵ- ਦੇਹ. ਸ਼ਰੀਰ. "ਇਹੀ ਅੰਤ ਕੋ ਚੋਲ." (ਗੁਪ੍ਰਸੂ) ੩. ਕਵਚ. ਬਕਤਰ। ੪. ਕਾਰੋਮੰਡਲ ਸਾਹਿਲ ਦੇ ਕਿਨਾਰੇ ਕ੍ਰਿਸ਼ਨਾ ਨਦੀ ਅਤੇ ਕਾਵੇਰੀ ਨਦੀ ਦੇ ਵਿਚਕਾਰ ਦਾ ਦੇਸ਼, ਜਿਸ ਦੀ ਰਾਜਧਾਨੀ ਕਾਂਚੀ ਸੀ।[490] ੫. ਚੋਲ ਦੇਸ਼ ਦਾ ਵਸਨੀਕ.

**ਚੋਲਣਾ, ਚੋਲਨਾ:** ਦੇਖੋ, ਚੋਲ ੧. ਅਤੇ ੨. "ਗੁਣਨਿਧਾਨੁ ਪ੍ਰਗਟਿਓ ਇਹ ਚੋਲੈ." (ਕਾਨ ਮਃ ੫)

**ਚੋਲੜਾ, ਚੋਲਾ:** "ਲਾਲ ਚੋਲਨਾ ਤੈ ਤਨਿ ਸੋਹਿਆ." (ਆਸਾ ਮਃ ੫) "ਭਇਆ ਪੁਰਾਣਾ ਚੋਲਾ." (ਸ੍ਰੀ ਮਃ ੧) "ਮੇਰੈ ਕੰਤੁ ਨ ਭਾਵੈ ਚੋਲੜਾ." (ਤਿਲੰ ਮਃ ੧) ਪਾਖੰਡ ਦਾ ਲਿਬਾਸ ਨਹੀਂ ਭਾਉਂਦਾ.

**ਚੋਲਾਸਾਹਿਬ:** ਸਾਹਿਬ (ਸ੍ਵਾਮੀ ਸਤਿਗੁਰੁ) ਦਾ ਪਹਿਰਿਆ ਹੋਇਆ ਚੋਲਾ. ਉਹ ਜਾਮਾ, ਜਿਸ ਨੂੰ ਗੁਰੂ ਸਾਹਿਬ ਦੇ ਸ਼ਰੀਰ ਸਪਰਸ਼ ਕਰਨ ਦਾ ਮਾਨ ਪ੍ਰਾਪਤ ਹੋਇਆ ਹੈ.

ਪ੍ਰਸਿੱਧ ਚੋਲੇ ਇਹ ਹਨ-

(ੳ) ਸ਼੍ਰੀ ਗੁਰੂ ਨਾਨਕਦੇਵ ਦਾ ਡੇਰਾ (ਦੇਹਰਾ) ਬਾਬਾ ਨਾਨਕ ਵਿੱਚ ਬੇਦੀ ਕਾਬੁਲੀਮੱਲ ਜੀ ਦੇ ਘਰ ਚੋਲਾ, ਜਿਸ ਪੁਰ. ਕੁਰਾਨ ਦੀਆਂ ਆਯਤਾਂ ਅਤੇ ਖ਼ੁਦਾ ਦੀ ਮਹਿਮਾ ਕਸ਼ੀਦੇ ਨਾਲ ਕੱਢੀ ਹੋਈ ਹੈ. ਸਿੱਖ ਇਤਿਹਾਸ ਵਿੱਚ ਇਸ ਚੋਲੇ ਦਾ ਬਗਦਾਦ ਦੇ ਹ਼ਾਕਿਮ[491] ਵੱਲੋਂ ਅਰਪੇਜਾਣਾ ਲਿਖਿਆ ਹੈ. ਮਹੰਤ ਭਗਵਾਨ ਸਿੰਘ ਜੋ ਚੋਲੇਸਾਹਿਬ ਦਾ ਪੁਜਾਰੀ ਹੈ ਬਿਆਨ ਕਰਦਾ ਹੈ ਕਿ ਚੋਲਾ ਅ਼ਰਬ ਵਿੱਚ ਗੁਰੂ ਨਾਨਕਦੇਵ ਨੂੰ ਪ੍ਰਾਪਤ ਹੋਇਆ ਅਤੇ ਗੁਰੂ ਸਾਹਿਬ ਨੇ ਉਸ ਥਾਂ ਇੱਕ ਪ੍ਰੇਮੀ ਨੂੰ ਦਿੱਤਾ. ਸੁਪਨੇ ਵਿੱਚ ਇਸ਼ਾਰਾ ਹੋਣ ਤੋਂ ਬੇਦੀ ਕਾਬੁਲੀਮੱਲ ਜੀ ਖ਼ੁਦ ਅ਼ਰਬ ਜਾ ਕੇ ਚੋਲਾ ਲਿਆਏ.

ਵਾਸਤਵ ਵਿੱਚ ਅ਼ਰਬ, ਫ਼ਾਰਸ ਅਥਵਾ ਮਿਸਰ ਦੇ ਕਿਸੇ ਪ੍ਰੇਮੀ ਨੇ ਇਹ ਚੋਲਾ ਸਤਿਗੁਰੂ ਦੀ ਭੇਟਾ ਕੀਤਾ ਹੈ ਅਤੇ ਸੰਸਕ੍ਰਿਤ, ਅਰਬੀ ਆਦਿ ਸਾਰੀ ਬੋਲੀਆਂ ਨੂੰ ਸਮਾਨ ਜਾਣਨ ਵਾਲੇ ਸਾਰਗ੍ਰਾਹੀ ਜਗਤਗੁਰੂ ਨੇ ਸਾਦਿਕ ਦੀ ਭਾਵਨਾ ਅਨੁਸਾਰ ਚੋਲਾ ਅੰਗੀਕਾਰ ਕੀਤਾ ਹੈ. ਇਸ ਚੋਲੇ ਦਾ ਦਰਸ਼ਨ ੨੧- ੨੨- ੨੩ ਫੱਗੁਣ ਆ਼ਮ ਸੰਗਤਿ ਨੂੰ ਕਰਾਇਆ ਜਾਂਦਾ ਹੈ.

(ਅ) ਅਮ੍ਰਿਤਸਰ ਜੀ ਵਿੱਚ ਠਾਕੁਰਦ੍ਵਾਰੇ ਦੀ ਗਲੀ ਅੰਦਰ ਬ੍ਰਾਹਮਣਾਂ ਦੇ ਘਰ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਚੋਲਾ. ਦੇਖੋ, ਅਮ੍ਰਿਤਸਰ ਅੰਗ ੧੯.

(ੲ) ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਚੋਲਾ, ਜੋ ਰਿਆਸਤ ਨਾਭੇ ਦੇ ਰਾਜਭਵਨ ਦੇ ਗੁਰਦ੍ਵਾਰੇ 'ਸਿਰੇਪਾਉ ਸਾਹਿਬ' ਵਿੱਚ ਹੈ. ਇਹ ਕਲਗੀਧਰ ਨੇ ਬਾਬਾ ਤਿਲੋਕ ਸਿੰਘ ਅਤੇ ਰਾਮ ਸਿੰਘ ਜੀ ਨੂੰ ਹੁਕਮਨਾਮੇ ਦੇ ਨਾਲ ਬਖ਼ਸ਼ਿਆ ਹੈ. ਦੇਖੋ, ਨਾਭਾ ਅਤੇ ਤਿਲੋਕ ਸਿੰਘ.

---

[490] ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਉਂ ਦ੍ਰਵਿੜ ਭੀ ਆਇਆ ਹੈ. ਦੇਖੋ, ਪਦਮਪੁਰਾਣ, ਆਦਿ ਖੰਡ, ਅਃ ੬.

[491] ਜਿਸ ਵੇਲੇ ਗੁਰੂ ਨਾਨਕਦੇਵ ਬਗਦਾਦ ਪਧਾਰੇ ਹਨ, ਤਦ ਉੱਥੋਂ ਦਾ ਹਾਕਿਮ "ਇਸਮਾਈਲ ਸਫਵੀ" ਸੀ. ਦੇਖੋ, ਬਗਦਾਦ.

**ਚੋਲੀ:** ਛੋਟਾ ਚੋਲਾ. ਦੇਖੋ, ਚੋਲ। ੨. ਭਾਵ- ਦੇਹ ਅਤੇ ਬੁੱਧਿ. "ਕਾਮ ਕ੍ਰੋਧ ਕੀ ਕਚੀ ਚੋਲੀ." (ਮਾਰੂ ਸੋਲਹੇ ਮः ੧) "ਹਰਿਪ੍ਰੇਮ ਭਿੰਨੀ ਚੋਲੀਐ." (ਦੇਵ ਮः ੪)

**ਚੋਲੀਪੰਥ, ਚੋਲੀਮਾਰਗ:** ਵਾਮਮਾਰਗ ਦਾ ਇੱਕ ਫ਼ਿਰਕਾ, ਜੋ ਪੂਜਨਚਕ੍ਰ ਵਿੱਚ ਬੈਠਕੇ ਸ਼ਰਾਬ, ਮਾਸ ਆਦਿ ਵਰਤਦਾ ਹੈ. ਪੂਜਨ ਸਮੇਂ ਏਕਤ੍ਰ ਹੋਈਆਂ ਇਸਤ੍ਰੀਆਂ ਦੀਆਂ ਚੋਲੀਆਂ ਉਤਾਰਕੇ ਇੱਕ ਮੱਟੀ ਵਿੱਚ ਪਾਈਆਂ ਜਾਂਦੀਆਂ ਹਨ. ਮਹੰਤ ਦੀ ਆਗਯਾ ਨਾਲ ਮੁਖੀ ਚੇਲਾ ਮੱਟੀ ਵਿੱਚ ਹੱਥ ਪਾ ਕੇ ਪਹਿਲੇ ਚੋਲੀ ਕੱਢਦਾ ਹੈ, ਇਸੇ ਤਰਾਂ ਹੋਰ ਲੋਕ. ਜਿਸ ਇਸਤ੍ਰੀ ਦੀ ਚੋਲੀ ਜਿਸ ਮਰਦ ਦੇ ਹੱਥ ਆਉਂਦੀ ਹੈ, ਉਹ ਉਸ ਸਮੇਂ ਲਈ ਉਸ ਦੀ ਔਰਤ ਮੰਨੀ ਜਾਂਦੀ ਹੈ.

**ਚੋਲੈ:** ਚੋਲੇ ਮੇਂ. ਚੋਲੇ ਵਿੱਚ। ੨. ਝੋਲੀ ਵਿੱਚ. "ਸਾਧਨ ਸਭ ਰਸ ਚੋਲੈ." (ਤੁਖਾ ਬਾਰਹਮਾਹਾ)

**ਚੋਲ੍ਹਾ:** ਅਮ੍ਰਿਤਸਰ ਦੇ ਜਿਲੇ, ਥਾਣਾ ਸਰਹਾਲੀ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਪੱਟੀ ਤੋਂ ੯. ਮੀਲ ਅਗਨਿਕੋਣ ਹੈ. ਇਸ ਦਾ ਪਹਿਲਾ ਨਾਮ ਭੈਣੀ ਸੀ. ਪੰਜਵੇਂ ਸਤਿਗੁਰੂ ਦਾ ਇੱਥੇ ਗੁਰਦ੍ਵਾਰਾ ਹੈ. ਰਸਦਾਇਕ ਭੋਜਨ (ਚੋਲ੍ਹਾ) ਬਣਾਕੇ ਇੱਕ ਮਾਈ ਇੱਥੇ ਲਿਆਈ ਜਿਸ ਪਰਥਾਇ ਗੁਰੂ ਸਾਹਿਬ ਨੇ "ਹਰਿ ਨਾਮ ਭੋਜਨ ਇਹੁ ਨਾਨਕ ਕੀਨੋ ਚੋਲ੍ਹਾ." (ਧਨਾ ਮः ੫) ਸ਼ਬਦ ਉਚਾਰਿਆ, ਜਿਸ ਤੋਂ ਪਿੰਡ ਦਾ ਨਾਮ ਚੋਲ੍ਹਾ ਪ੍ਰਸਿੱਧ ਹੋਇਆ. ਇਹ ਗ੍ਰਾਮ ਮੁਗਲਰਾਜ ਸਮੇਂ ਦਾ ਗੁਰਦ੍ਵਾਰੇ ਨੂੰ ਜਾਗੀਰ ਹੈ. ਦਰਬਾਰ ਸੁੰਦਰ ਬਣਿਆ ਹੋਇਆ ਹੈ. ਇਸ ਪਿੰਡ ਅੰਦਰ ਮਾਤਾ ਗੰਗਾ ਜੀ ਦਾ ਭੀ ਅਸਥਾਨ ਹੈ. ਜਦ ਗੁਰੂ ਸਾਹਿਬ ਚੋਲ੍ਹੇ ਗ੍ਰਾਮ ਬਹੁਤ ਚਿਰ ਰਹੇ, ਤਦ ਮਾਤਾ ਜੀ ਭੀ ਇਸ ਥਾਂ ਆਕੇ ਠਹਿਰੇ ਸਨ। ੨. ਰਸਦਾਇਕ ਭੋਜਨ. ਉੱਤਮਗਿਜਾ.

**ਚੋਵਤ:** ਚੋਂਦਾ ਹੈ। ੨. ਟਪਕਦਾ ਹੈ. ਦੇਖੋ, ਚੋਵਨ.

**ਚੋਵਨ:** ਕ੍ਰਿ. - ਚ੍ਯਵਨ. ਚੁਇਣਾ. ਟਪਕਣਾ. "ਚੋਵਤ ਜਾਤ ਜਵਨ ਤੇ ਵਾਰਾ." (ਚਰਿਤ੍ਰ ੩੯੪)

**ਚੋਵਨਾ:** ਦੇਖੋ, ਚੋਣਾ ਅਤੇ ਚੋਵਨ.

**ਚੌ:** ਦੇਖੋ, ਚਉ.

**ਚੌਸਠ:** ਦੇਖੋ, ਚਉਸਠ.

**ਚੌਸਠ ਕਲਾ:** ਦੇਖੋ, ਕਲਾ। ੨. ਸ਼ੁਕ੍ਰਨੀਤਿ ਵਿੱਚ ਚੌਸਠ ਕਲਾ (चतुः षष्टि कला) ਇਹ ਲਿਖੀਆਂ ਹਨ- ਹਾਵਭਾਵ ਸਹਿਤ ਨਾਚ, ਵਾਜਿਆਂ ਦਾ ਵਜਾਉਣਾ, ਵਸਤ੍ਰ ਗਹਿਣੇ ਸਜਾਉਣ ਦਾ ਢੰਗ, ਅਨੇਕ ਰੂਪ ਬਣਾਉਣ ਦੀ ਵਿਦ੍ਯਾ, ਫੁੱਲਾਂ ਦਾ ਗੁੰਦਣਾ, ਜੂਆ ਆਦਿ ਖੇਲ, ਕਾਮ ਦੇ ਆਸਣਾਂ ਦਾ ਗ੍ਯਾਨ, ਮਦਿਰਾ ਆਦਿ ਰਸਾਂ ਦਾ ਬਣਾਉਣਾ, ਨਾੜੀਆਂ ਦੇ ਘਾਵ ਮਿਟਾਉਣ ਦੀ ਵਿਦ੍ਯਾ, ਅੰਨ ਦੇ ਅਨੇਕ ਰਸਾਂ ਦਾ ਬਣਾਉਣਾ, ਵ੍ਰਿਕ੍ਸ਼ ਲਾਉਣ ਪਾਲਣ ਦਾ ਇ਼ਲਮ, ਧਾਤੂਆਂ ਦਾ ਪਿਘਾਰਨਾ ਅਤੇ ਕਠੋਰ ਕਰਨਾ, ਗੁੜ ਆਦਿ ਰਸ ਪਕਾਉਣੇ, ਧਾਤੁ ਦੀ ਦਵਾ ਬਣਾਉਣੀ, ਮਿਲੀ ਧਾਤਾਂ ਨੂੰ ਅਲਗ ਕਰਨਾ, ਧਾਤਾਂ ਨੂੰ ਮਿਲਾਉਣਾ, ਇ਼ਮਾਰਤ ਰਚਣਾ, ਸ਼ਸਤ੍ਰਾਂ ਦਾ ਚਲਾਉਣਾ, ਮੱਲਯੁੱਧ, ਯੰਤ੍ਰ ਨਾਲ ਅਸਤ੍ਰਾਂ ਦਾ ਫੈਂਕਣਾ, ਫੌਜ ਦਾ ਕਿਲਾ ਰਚਣਾ, ਹਾਥੀ ਘੋੜੇ ਆਦਿ ਦਾ ਜੰਗ ਵਿੱਚ ਪ੍ਰਯੋਗ ਕਰਨ ਦਾ ਪ੍ਰਕਾਰ, ਦੇਵਤਾ ਦਾ ਆਰਾਧਨ, ਘੋੜੇ ਹਾਥੀ ਨੂੰ ਚਾਲ ਸਿਖਾਉਣਾ, ਮਿੱਟੀ ਦੀਆਂ ਵਸਤੂਆਂ ਰਚਣੀਆਂ, ਕਾਠ ਦੇ ਪਦਾਰਥ ਬਣਾਉਣੇ, ਪੱਥਰ ਦਾ ਸਾਮਾਨ ਰਚਣਾ, ਧਾਤੁ ਦੀ ਵਸਤੁ ਬਣਾਉਣੀ, ਖਾਨਿ (ਆਕਰ) ਦਾ ਗ੍ਯਾਨ, ਤਾਲ ਬਾਵਲੀ ਕੂਪ ਆਦਿ ਦੀ ਰਚਨਾ, ਘਟੀਯੰਤ੍ਰ ਦੀ ਰਚਨਾ, ਰੰਗਾਂ ਦੇ ਮੇਲ ਨਾਲ ਅਨੇਕ ਰੰਗ ਰਚਣੇ, ਜਲ ਪਵਨ ਅਗਨਿ ਦੇ ਸੰਯੋਗ ਨਾਲ ਰੋਗਾਦਿ ਰੋਕਣ ਦੀ ਕ੍ਰਿਯਾ, ਕਿਸ਼ਤੀ ਦੀ ਰਚਨਾ, ਰੱਸੀ ਵੱਟਣੀ, ਕਪੜਾ ਬੁਣਨਾ, ਰਤਨਾਂ ਦੀ ਪਰਖ, ਅਸਲ ਅਤੇ ਬਨਾਵਟੀ ਧਾਤੁ ਦਾ ਗ੍ਯਾਨ, ਗਹਿਣੇ ਘੜਨੇ, ਲੇਪ ਬਣਾਉਣ ਦੇ ਪ੍ਰਕਾਰ, ਪਸ਼ੂ ਪਾਲਨ, ਦੁੱਧ ਚੋਣਾ, ਕਪੜਾ ਸਿਉਣਾ, ਪਾਣੀ ਪੁਰ ਤਰਨਾ, ਬਰਤਨ ਸਾਫ ਕਰਨ ਦਾ ਗ੍ਯਾਨ, ਕੱਪੜੇ ਧੋਣ ਦਾ ਇ਼ਲਮ, ਕੇਸਾਂ ਦੇ ਸਿੰਗਾਰਣ ਦਾ ਵੱਲ ਮਾਲਿਸ਼ ਦੇ ਢੰਗ, ਤੇਲ ਕੱਢਣ ਦਾ ਗ੍ਯਾਨ, ਮੁਰੱਬੇ ਆਦਿ ਬਣਾਉਣੇ, ਦਰਖ਼ਤ ਪੁਰ ਚੜ੍ਹਨਾ, ਬਲ ਕਾਰਕ ਪਦਾਰਥਾਂ ਦੇ ਸੇਵਨ ਦੀ ਸਮਝ, ਬਾਂਸ ਤੂਤ ਆਦਿ ਤੋਂ ਪਾਤ੍ਰ ਰਚਣੇ, ਕੱਚ ਦੇ ਭਾਂਡੇ ਬਣਾਉਣੇ, ਜਲ ਸਿੰਜਣਾ, ਜਲ ਸਾਫ ਕਰਨਾ, ਹਥਿਆਰ ਘੜਨੇ, ਪਸ਼ੂਚਿੰਨ੍ਹਾਂ ਤੋਂ ਭਲਾ ਬੁਰਾ ਫਲ ਸਮਝਣ ਦੀ ਸਮਝ, ਬੱਚੇ ਪਾਲਣਾ, ਬੱਚਿਆਂ ਦੀ ਸਿਖ੍ਯਾ,

ਬੱਚਿਆਂ ਨਾਲ ਖੇਡਣਾ, ਅਨੇਕ ਅੱਖਰਾਂ ਦਾ ਸੁੰਦਰ ਲਿਖਣਾ, ਅਪਰਾਧੀ ਨੂੰ ਦੰਡ ਦੇਣ ਦਾ ਗਜਾਨ, ਪਾਨਾਂ ਦਾ ਰਖਣ ਅਤੇ ਬੀੜੀ ਆਦਿ ਦੀ ਰਚਨਾ ਦਾ ਗਜਾਨ. ਦੇਖੋ, ਵਿਦਜਾ ਸ਼ਬਦ.

ਚੌਸਠਘੜੀ: ਦੇਖੋ, ਚਉਸਠ ਘੜੀ.

ਚੌਸਠ ਜੋਗਣੀ: ਦੇਖੋ, ਯੋਗਿਨੀ.

ਚੌਸਠ ਵਿਦਜਾ: ਦੇਖੋ, ਕਲਾ, ਚੌਸਠ ਕਲਾ ਅਤੇ ਵਿਦਜਾ ਸ਼ਬਦ.

ਚੌਸਰ, ਚੌਸਾਰ: ਸੰਗਜਾ- ਚਾਰ ਲੜੀਆਂ ਦਾ ਹਾਰ। ੨. ਚਾਰ ਸਾਰੀਆਂ ਵਾਲਾ ਖੇਲ, ਚੌਪੜ। ੩. ਵਿ- ਚਾਰ ਲੜੀਆਂ ਦਾ. ਚੌਲੜਾ. "ਚਮਕਤ ਚੌਸਰ ਹਾਰ ਉਦਾਰੂ." (ਗੁਪ੍ਰਸੂ)

ਚੌਸੀ: ਦੇਖੋ, ਚਉਸੀ.

ਚੌਹਟ: ਦੇਖੋ, ਚਉਸਠ ਅਤੇ ਚਉਹਟਾ.

ਚੌਹਟਾ: ਦੇਖੋ, ਚਉਹਟਾ.

ਚੌਹੱਤਰ: ਦੇਖੋ, ਚੁਹੱਤਰ.

ਚੌਹਾਣ, ਚੌਹਾਨ: ਰਾਜਪੂਤਾਂ ਦੀ ਇੱਕ ਜਾਤਿ, ਜੋ ਅਗਨਿਕੁਲ ਮੰਨੀ ਜਾਂਦੀ ਹੈ. ਕਥਾ ਇਉਂ ਪ੍ਰਚਲਿਤ ਹੈ ਕਿ ਰਾਖਸਾਂ ਦਾ ਨਾਸ਼ ਕਰਨ ਲਈ ਅਰਬੁਦ (ਆਬੂ) ਪਹਾੜ ਪੁਰ ਰਿਖੀਆਂ ਨੇ ਜੱਗ ਕੀਤਾ. ਜੱਗ ਦੇ ਕੁੰਡ ਤੋਂ ਚਾਰ ਪ੍ਰਤਾਪੀ ਪੁਰਖ ਪ੍ਰਗਟ ਹੋਏ, ਜਿਨ੍ਹਾਂ ਦੇ ਨਾਮ ਹਨ- ਪ੍ਰਮਾਰ, ਚੌਹਾਨ, ਸੋਲੰਕੀ ਅਤੇ ਪਰਿਹਾਰ. ਇਨ੍ਹਾਂ ਚਾਰ ਰਾਜਪੂਤਾਂ ਤੋਂ ਚਾਰ ਵੰਸ਼ ਚੱਲੇ, ਜੋ ਹੁਣ ਰਾਜਪੂਤਾਨੇ ਵਿੱਚ ਮੁਖੀ ਹਨ. ਇਹ ਕਹਾਵਤ ਭੀ ਹੈ ਕਿ ਚੌਹਾਨ ਦੇ ਚਾਰ ਭੁਜਾ ਸਨ. ਮਹਾ ਪ੍ਰਤਾਪੀ ਪ੍ਰਿਥੀਰਾਜ ਇਸੇ ਵੰਸ਼ ਦਾ ਭੂਸ਼ਣ ਸੀ. ਦੇਖੋ, ਰਾਜਪੂਤ. "ਮੱਲਣ ਹਾਸ ਚੌਹਾਣ ਚਿਤਾਰੀ." (ਭਾਗੁ)

ਚੌਕ: ਸੰਗਜਾ- ਚਤੁ: ਕੋਣ (ਚੁਕੋਣਾ) ਸਹ਼ਨ. ਵੇਹੜਾ। ੨. ਬਾਜ਼ਾਰ ਦਾ ਉਹ ਥਾਂ, ਜਿੱਥੇ ਚਾਰ ਕੂਚੇ ਆਕੇ ਮਿਲਣ। ੩. ਗ੍ਰਹ ਆਦਿ ਦੇਵਤਿਆਂ ਦੀ ਪੂਜਾ ਲਈ ਬਣਾਇਆ ਚੁਕੋਣਾ ਯੰਤ੍ਰ। ੪. ਚਮਕ. ਡਰ ਸਹਿਤ ਕੰਪ. "ਚੌਕ ਪਰੀ ਤਬ ਹੀ ਇਹ ਯੌਂ ਜਿਮ ਚੌਕ ਪਰੈ ਤਮ ਮੇ ਡਰ ਖ੍ਵਾਬੀ." (ਕ੍ਰਿਸਨਾਵ)

ਚੌਂਕ: ਦੇਖੋ, ਚੌਕ। ੨. ਦੇਖੋ, ਚੌਂਕਣਾ.

ਚੋਕਸ: ਵਿ- ਚਾਰੇ ਪਾਸਿਓਂ ਕਸਿਆ ਹੋਇਆ. ਸਾਵਧਾਨ. ਚੌਕੰਨਾ. ਹੋਸ਼ਿਯਾਰ। ੨. ਚਾਬੁਸ. ਨਜਰਬਾਜ਼.

ਚੌਕਸਾਈ, ਚੌਕਸੀ: ਸੰਗਜਾ- ਚੌਕਸਪਨ. ਸਾਵਧਾਨਤਾ. ਹੋਸ਼ਿਯਾਰੀ.

ਚੌਂਕਣਾ: ਚਮਕ ਪੈਣਾ. ਭੜਕਣਾ। ੨. ਅਚਾਨਕ ਜਗਾਣਾ.

ਚੌਕਰੀ: ਦੇਖੋ, ਚਉਕੜੀ. "ਜੁਗਨ ਦੀ ਚੌਕਰੀ ਫਿਰਾਏ ਈ ਫਿਰਤ ਹੈ." (ਅਕਾਲ)

ਚੌਕੜ, ਚੌਕੜ ਖਰਚਨਾ: ਦੇਖੋ, ਚਉਕੜ ਅਤੇ ਚਉਕੜ ਖਰਚਨਾ.

ਚੌਕੜੀ: ਦੇਖੋ, ਚਉਕੜੀ.

ਚੌਕਾ: ਦੇਖੋ, ਚਉਕਾ.

ਚੌਕਾਠ: ਦੇਖੋ, ਚੁਕਾਠ.

ਚੌਕੀ: ਦੇਖੋ, ਚਉਕੀ.

ਚੌਕੀਦਾਰ: ਸੰਗਜਾ- ਚਾਰੇ ਪਾਸੇ ਖ਼ਬਰ ਰੱਖਣ ਵਾਲਾ. ਪਹਿਰੂ.

ਚੌਕੀਦਾਰੀ: ਸੰਗਜਾ- ਰਖਵਾਲੀ. ਪਹਿਰੇ ਦਾ ਕਰਮ। ੨. ਚੌਕੀਦਾਰ ਦੀ ਤਨਖ਼੍ਵਾਹ ਅਥਵਾ ਮਜ਼ਦੂਰੀ.

ਚੌਕੀਭਰਣੀ: ਕ੍ਰਿ- ਕਿਸੇ ਦੇ ਦਰ ਤੇ ਪਹਿਰੂ ਵਾਂਙ ਹ਼ਾਜਿਰ ਰਹਿਣਾ। ੨. ਗੁਰੂ ਪੀਰ ਦੇ ਮੰਦਿਰ ਪੁਰ ਜਾ ਕੇ ਰਾਤ ਨੂੰ ਜ਼ਮੀਨ ਪੁਰ ਸੌਣਾ ਅਤੇ ਰਾਤ੍ਰਿਜਾਗਰਣ (ਰਾਤਜਾਗਾ) ਕਰਕੇ ਗੁਣ ਗਾਂਉਣੇ।

ਚੌਖੂੰਟਾ: ਚਤੁਸ਼ਕੋਣ. ਵਿ- ਚਾਰ ਕਿਨਾਰਿਆਂ ਤੋਂ ਇੱਕੋ ਜੇਹਾ। ੨. ਸੰਗਜਾ- ਚੁਕੋਣਾ ਵਸਤ੍ਰ ਆਦਿ ਪਦਾਰਥ.

ਚੌਖੰਨ, ਚੌਖੰਨੀਐ, ਚੌਖੰਨੀਐ ਵੰਞਣਾ: ਦੇਖੋ, ਚਉਖੰਨ ਅਤੇ ਚਉਖੰਨੀਐ ਵੰਞਣਾ.

ਚੌਗਣ: ਦੇਖੋ, ਚਉਗੁਣ.

ਚੌਗੱਤਾ: ਦੇਖੋ, ਚਗੱਤਾ। ੨. ਅਮ੍ਰਿਤਸਰ ਦੇ ਜਿਲੇ ਮੁਗ਼ਲਾਂ ਦਾ ਇੱਕ ਗੋਤ੍ਰ। ੩. ਮੁਲਤਾਨ ਵਿੱਚ ਇੱਕ ਜੱਟ ਗੋਤ੍ਰ.

ਚੌਗਾਨ: ਫ਼ਾ. چَوگان ਸੰਗਜਾ- ਖੁੱਦੋ ਖੂੰਡੀ ਦਾ ਖੇਲ। ੨. ਖੁੱਦੋ ਖੇਡਣ ਦੀ ਖੂੰਡੀ। ੩. ਖੁੱਦੋ ਖੂੰਡੀ ਖੇਡਣ ਦਾ ਸਾਫ਼ ਮੈਦਾਨ। ੪. ਨਗਾਰੇ ਦੀ ਚੋਬ.

ਚੌਗੁਣ: ਦੇਖੋ ਚਉਗੁਣ.

ਚੌਘਰ, ਚੌਘੜ: ਦੇਖੋ, ਚਉਝੜ.

ਚੌਚ: ਦੇਖੋ, ਚੁੰਚ। ੨. ਥੁਥਨੀ. ਬੂਥੀ. "ਕੂਕਰ ਜਯੋਂ ਚੌਚ ਕਾਢ ਚਾਕੀ ਚਾਟਬੇ ਕੋ ਜਾਇ." (ਭਾਗੁ ਕ)

ਚੌਚੋਬਾ: ਵਿ- ਚਾਰ ਚੋਬਾਂ ਵਾਲਾ. "ਚੌਚੋਬਾ ਗ੍ਰਿਹ ਵਸਤ੍ਰ ਬਨਾਯੋ." (ਚਰਿਤ੍ਰ ੭੪) ਚਾਰ ਚੋਬਾਂ ਦਾ ਗ੍ਰਿਹਵਸਤ੍ਰ (ਤੰਬੂ).

ਚੌਛੱਤਾ: ਵਿ- ਚਾਰ ਛੱਤਾਂ ਵਾਲਾ. ਚਾਰ ਮੰਜ਼ਿਲਾ ਮਕਾਨ.

ਚੌਝੜ: ਦੇਖੋ, ਚਉਝੜ.

ਚੌਣਾ: ਦੇਖੋ, ਚਉਗੁਣ ਅਤੇ ਚਉਣਾ.

ਚੌਣੀ: ਵਿ- ਚਤੁਰ ਗੁਣੀ. ਚੌਗੁਣੀ. "ਦੂਣੀ ਚੌਣੀ ਕਰਾਮਾਤ." (ਵਾਰ ਰਾਮ ੩)

ਚੌਤਰਾ: ਦੇਖੋ, ਚਉਤਰਾ.

ਚੌਤਰਾਸਾਹਿਬ: ਸੰਗਜਾ- ਸਾਹਿਬ (ਸਤਿਗੁਰੂ) ਦੇ ਵਿਰਾਜਣ ਦਾ ਚਬੂਤਰਾ। ੨. ਖਾਸ ਕਰਕੇ ਮਲ੍ਹਾ ਪਿੰਡ (ਰਿਆਸਤ ਪਟਿਆਲਾ ਤਸੀਲ ਭਟਿੰਡਾ) ਵਿੱਚ ਛੀਵੇਂ ਸਤਿਗੁਰੂ ਦਾ ਥੜਾ, ਜੋ ਜੈਤੋ ਰੇਲਵੇ ਸਟੇਸ਼ਨ ਤੋਂ ੭. ਮੀਲ ਪੂਰਵ ਹੈ. ਗੁਰੂ ਹਰਗੋਬਿੰਦ ਸਾਹਿਬ ਇਸ ਥਾਂ ਤਿੰਨ ਦਿਨ ਵਿਰਾਜੇ ਸਨ. ਇੱਥੇ ਇੱਕ ਸੱਪਣੀ ਦਾ ਉੱਧਾਰ ਕੀਤਾ. ਗੁਰਦ੍ਵਾਰੇ ਨਾਲ ੧੯੦ ਘੁਮਾਂਉ ਜਮੀਨ ਹੈ. ਮੇਲਾ ਵੈਸਾਖੀ ਨੂੰ ਹੁੰਦਾ ਹੈ.

ਚੌਤਰਾ ਜੀ: ਦੇਖੋ, ਚੌਂਤੇ ਜੀ.

ਚੌਤਾ: ਦੇਖੋ, ਚਉਤਾ.

ਚੌਤਾਲ: ਦੇਖੋ, ਚਾਰ ਤਾਲ.

ਚੌਤਾਲੀ, ਚੌਤਾਲੀਸ: ਚਤੁਸ਼੍ਚਤ੍ਵਾਰਿੰਸ਼ਤ. ਚਾਲੀ ਉੱਪਰ ਚਾਰ ੪੪.

ਚੌਤੀ: ਦੇਖੋ, ਚਉਤੀ.

ਚੌਤੀਅੱਖਰ, ਚੌਤੀਸਅੱਖਰ: ਦੇਖੋ, ਚਉਤੀਸ ਅੱਖਰ.

ਚੌਤੁਕਾ: ਦੇਖੋ, ਚਉਤੁਕਾ.

ਚੌਂਤੇ ਜੀ[492]: ਰਿਆਸਤ ਕਪੂਰਥਲਾ, ਥਾਣੇ ਫਗਵਾੜੇ ਦਾ ਪਿੰਡ ਬੰਬੇਲੀ ਹੈ, ਇਸ ਤੋਂ ਉੱਤਰ ਵੱਲ ਚਾਰ ਫਰਲਾਂਗ ਤੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ "ਚੌਂਤੇ ਜੀ" ਨਾਮ ਤੋਂ ਪ੍ਰਸਿੱਧ ਹੈ. ਇਸ ਨਾਲ ੧੦੦ ਘੁਮਾਂਉਂ ਦੇ ਕ਼ਰੀਬ ਜ਼ਮੀਨ ਹੈ. ਵੈਸਾਖੀ ਨੂੰ ਭਾਰੀ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਫਗਵਾੜੇ ਤੋਂ ੭. ਮੀਲ ਉੱਤਰ ਹੈ.

ਚੌਥ: ਦੇਖੋ, ਚਉਥ। ੨. ਚਿੱਥਣ ਦੀ ਕ੍ਰਿਯਾ. ਫੇਹਣਾ. "ਏਕਹਿ ਘਾਇ ਚੌਥ ਸਿਰ ਡਾਰੈ." (ਚਰਿਤ੍ਰ ੫੨) ੩. ਚਤੁਰਥਾਂਸ਼. ਚੋਥਾ ਭਾਗ. ਪੁਰਾਣੇ ਸਮੇਂ, ਮਾਲਗੁਜ਼ਾਰੀ ਦਾ ਚੌਥਾ ਹਿ਼ਸਾ ਪਰਗਨੇ ਦੇ ਸਰਦਾਰ ਨੂੰ ਬਾਦਸ਼ਾਹ ਵੱਲੋਂ ਇਸ ਵਾਸਤੇ ਮੁਆ਼ਫ਼ ਕੀਤਾ ਜਾਂਦਾ ਸੀ ਕਿ ਉਹ ਚੌਥ ਦੀ ਮੁਆ਼ਫ਼ੀ ਲੈ ਕੇ ਕੁਝ ਫੌਜ ਰੱਖਕੇ ਇ਼ਲਾਕ਼ੇ ਵਿੱਚ ਸ਼ਾਂਤਿ ਰੱਖੇ. ਇਸ ਮੁਆ਼ਫ਼ੀ ਦਾ ਨਾਮ "ਚੌਥ" ਅਤੇ ਮੁਆ਼ਫ਼ੀਦਾਰ ਨੂੰ "ਚੌਥਦਾਰ" ਆਖਦੇ ਸਨ.

ਚੌਥਦਾਰ: ਦੇਖੋ, ਚੌਥ ੩.

ਚੌਥਾ: ਦੇਖੋ, ਚਉਥਾ.

ਚੌਥਾਈਆ: ਦੇਖੋ, ਚੌਥਾਯਾ। ੨. ਚੌਥਾ ਹਿੱਸਾ ਲੈ ਕੇ ਖੇਤੀ ਵਪਾਰ ਆਦਿ ਵਿੱਚ ਸਾਂਝ ਕਰਨ ਵਾਲਾ.

ਚੌਥਾਪਦ: ਦੇਖੋ, ਚਉਥਾਪਦ.

ਚੌਥਾਯਾ, ਚੌਥੈਯਾ ਤਾਪ: ਚਤੁਰਥ (ਚੌਥੇ) ਦਿਨ ਆਉਣ ਵਾਲਾ ਤਾਪ. "ਸੂਖਾ ਜੂਰ ਤੇਈਆ ਚੌਥਾਯਾ." (ਚਰਿਤ੍ਰ ੪੦੫) ਦੇਖੋ, ਤਾਪ (ਹ)

ਚੌਦਸ, ਚੌਦਸਿ: ਦੇਖੋ, ਚਉਦਸ ਅਤੇ ਚਉਦਸਿ.

ਚੌਦਹ: ਦੇਖੋ, ਚਉਦਹ.

ਚੌਦਹ ਦਾ ਗ਼ਦਰ: ਸੰਮਤ ੧੯੧੪ (ਸਨ ੧੮੫੭)[493] ਦਾ ਰਾਜਰੌਲਾ. ਫੌਜ ਦੀ ਬਗਾਵਤ. Mutiny. ਕਈ ਰਾਜਨੀਤਿ ਅਤੇ ਮਜਹਬੀ ਮੁਆਮਲਿਆਂ ਤੋਂ ਪੈਦਾ ਹੋਈ ਲੋਕਾਂ ਦੀ ਨਾਰਾਜਗੀ ਤੋਂ ਇਹ ਝਗੜਾ ਛਿੜਿਆ. ਸਭ ਤੋਂ ਪਹਿਲਾਂ ਬੰਗਾਲ ਅਤੇ ਬੰਬਈ ਦੀਆਂ ਫੌਜਾਂ ਵਿੱਚ ਕੁੱਝ ਗੜਬੜੀ ਹੋਈ. ੧੦. ਮਈ ਨੂੰ ਮੇਰਟ ਰਸਾਲਾ ਬਿਗੜ ਬੈਠਾ ਅਤੇ ੩੪ ਨੰਬਰ ਦੇ ਸਿਪਾਹੀਆਂ ਨੇ ਗੋਰੇ ਅਫਸਰ ਨੂੰ ਵੱਢ ਦਿੱਤਾ. ਫੂਸ ਦੀ ਅੱਗ ਵਾਂਙ ਸਾਰੇ ਹਿੰਦੁਸਤਾਨ ਵਿੱਚ ਇਹ ਬਗਾਵਤ ਫੈਲ ਗਈ. ਬਹੁਤ ਅੰਗਰੇਜ, ਬੱਚੇ ਅਤੇ ਇਸਤ੍ਰੀਆਂ ਸਮੇਤ ਮਾਰੇ ਗਏ. ਦਿੱਲੀ ਦੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਬਿਗੜੀ ਹੋਈ ਫੌਜ ਅਤੇ ਬਹੁਤ ਮੁਲਕੀ ਲੋਕਾਂ ਨੇ ਆਪਣਾ ਮਾਲਿਕ ਮੰਨਕੇ ਦਿੱਲੀ ਨੂੰ ਜੰਗ ਦਾ ਅੱਡਾ ਬਣਾਇਆ. ਬਾਦਸ਼ਾਹ ਕੈਦ ਕੀਤਾ ਗਿਆ ਅਤੇ ਉਸ ਦੇ ਪੁਤ੍ਰ ਮਾਰੇ ਗਏ.

ਇਸ ਗਦਰ ਵਿੱਚ ਫੂਲਕੀਆਂ ਸਿੱਖ ਰਿਆਸਤਾਂ ਅਤੇ ਪੰਜਾਬ ਦੇ ਤਮਾਮ ਰਾਜੇ, ਸਰਦਾਰ ਅਤੇ ਪੇਂਡੂ ਸਿੱਖਾਂ ਨੇ ਗਵਰਨਮੇਂਟ ਬਰਤਾਨੀਆ ਦੀ ਵਡੀ ਸਹਾਇਤਾ ਕੀਤੀ. ਦਿੱਲੀ ਦੀ ਫਤੇ ਵਿੱਚ ਭਾਰੀ ਹਿੱਸਾ ਸਿੱਖ ਮਹਾਰਾਜੇ ਅਤੇ ਸਿੱਖਾਂ ਦਾ ਸੀ. ੧੦ ਨਵੰਬਰ ਸਨ ੧੮੫੮ ਨੂੰ ਇਹ ਗਦਰ ਸਮਾਪਤ ਹੋਇਆ. ਇਹ ਘਟਨਾ ਲਾਰਡ ਕੈਨਿੰਗ Lord Canning ਗਵਰਨਰ ਜਨਰਲ ਵੇਲੇ ਹੋਈ ਹੈ.

ਚੌਦਹ ਭਵਨ: ਚਤੁਰਦਸ਼ ਭੁਵਨ. ਦੇਖੋ, ਸਾਤਆਕਾਸ ਅਤੇ ਸਾਤ ਪਤਾਲ, ਤਥਾ ਚੌਦਾਂ ਲੋਕ.

---

[492] ਇਸ ਦਾ ਮੂਲ ਚੌਂਤਰਾ (ਚਬੂਤਰਾ) ਸ਼ਬਦ ਹੈ, ਜੀ ਸਨਮਾਨ ਬੋਧਕ ਹੈ.

[493] ਈਸਵੀ ਸਨ ਦੇ ਹਿਸਾਬ ਇਸ ਨੂੰ ਸਤਵੰਜਾ (ਸਤਾਵਨ) ਦਾ ਗਦਰ ਆਖਦੇ ਹਨ.

ਚੌਦਹ ਰਤਨ: ਦੇਖੋ, ਰਤਨ.

ਚੌਦਹ ਲੋਕ: ਦੇਖੋ, ਚੌਦਾਂ ਲੋਕ.

ਚੌਦਹ ਵਿਦ੍ਯਾ: ਦੇਖੋ, ਚਉਦਹ ਵਿਦ੍ਯਾ.

ਚੌਦਹਿ: ਦੇਖੋ, ਚਉਦਹ.

ਚੌਦਾ: ਦਖੋ, ਚਉਦਾ.

ਚੌਦਾਂ: ਦੇਖੋ, ਚਉਦਹ.

ਚੌਦਾਂ ਗੁਣ ਸ਼੍ਰੋਤਾ ਅਤੇ ਵਕਤਾ ਦੇ: ਦੇਖੋ, ਸ਼੍ਰੋਤਾ ਦੇ ਗੁਣ ਅਤੇ ਵਕਤਾ ਦੇ ਗੁਣ.

ਚੌਦਾਂ ਰਤਨ: ਦੇਖੋ, ਰਤਨ.

ਚੌਦਾਂ ਲੋਕ: ਸੱਤ ਆਕਾਸ ਅਤੇ ਸੱਤ ਪਾਤਾਲ, ਅਰਥਾਤ-

ਭੂਃ, ਭੁਵਃ, ਸ੍ਵਃ, ਮਹਃ, ਜਨਃ, ਤਪਃ ਅਤੇ ਸਤ੍ਯ. ਅਤਲ, ਸੁਤਲ, ਵਿਤਲ, ਗਭਸ੍ਤਿਮਤ (ਤਲਾਤਲ), ਮਹਾਤਲ, ਰਸਾਤਲ ਅਤੇ ਪਾਤਾਲ. ਜ੍ਯੋਤਿਸ਼ਗ੍ਰੰਥ ਸਿੱਧਾਂਤਸਿਰੋਮਣਿ ਵਿੱਚ ਜਮੀਨ ਉੱਤੇ ਹੀ ਚੌਦਾਂ ਲੋਕ ਹੋਣੇ ਮੰਨੇ ਹਨ.

ਚੌਦਾਂ ਵਿਦ੍ਯਾ: ਦੇਖੋ, ਚਉਦਹ ਵਿਦ੍ਯਾ.

ਚੌਂਧ: ਸੰਗ੍ਯਾ- ਚਮਕ. ਪ੍ਰਕਾਸ਼। ੨. ਚੁਭਵੀਂ ਰੌਸ਼ਨੀ, ਜਿਸ ਨੂੰ ਅੱਖਾਂ ਨਾ ਸਹਾਰ ਸਕਣ.

ਚੌਂਧਨਾ: ਕ੍ਰਿ- ਪ੍ਰਕਾਸ਼ਣਾ. ਚਮਕਣਾ. "ਚੌਂਧਿਤ ਚਾਰ ਦਿਸ਼ਾ ਭਈ." (ਪਾਰਸਾਵ) ਚਾਰੋਂ ਦਿਸ਼ਾ ਪ੍ਰਕਾਸ਼ਿਤ (ਰੌਸ਼ਨ) ਹੋ ਗਈਆਂ.

ਚੌਧਰ: ਸੰਗ੍ਯਾ- ਚੌਧਰੀ ਦਾ ਕਰਮ. ਨੰਬਰਦਾਰੀ. "ਚੌਧਰ ਕਰਹਿ ਬਨਾਇ." (ਚਰਿਤ੍ਰ ੪੦)

ਚੌਧਰਾਨੀ: ਚੌਧਰੀ ਦੀ ਇਸਤ੍ਰੀ.

ਚੌਧਰੀ: ਦੇਖੋ, ਚਉਧਰੀ। ੨. ਸੂਰੀ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਆਤਮ- ਗ੍ਯਾਨੀ ਅਤੇ ਪ੍ਰਸਿੱਧ ਉਪਕਾਰੀ ਹੋਇਆ.

ਚੌਂਧੀ: ਸੰਗ੍ਯਾ- ਚਮਕ। ੨. ਤੇਜ਼ ਰੌਸ਼ਨੀ ਦੇ ਕਾਰਣ ਅੱਖਾਂ ਦੇ ਮਿਚ ਜਾਣ ਦੀ ਕ੍ਰਿਯਾ। ੩. ਦਿਸ਼ਾਭ੍ਰਮ। ੪. ਭ੍ਰਮਦ੍ਰਿਸ਼੍ਟੀ. ਦ੍ਰਿਸ਼੍ਟਿਭ੍ਰਮ.

ਚੌਧੇ ਦਾ ਗਦਰ: ਦੇਖੋ, ਚੌਦਹ ਦਾ ਗ਼ਦਰ.

ਚੌਪ, ਚੌਂਪ: ਸੰਗ੍ਯਾ- ਚਾਉ ਦੀ ਉਮੰਗ ਹੁਲਾਸ. ਉੱਲਾਸ। ੨. ਸ਼ੌਕ.

ਚੌਪਈ: ਚਤੁਸ਼੍ਪਦੀ. ਚੌਪਾਈ. ਇੱਕ ਮਾਤ੍ਰਿਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ੧੫. ਮਾਤ੍ਰਾ, ਪਹਿਲਾ ਵਿਸ਼੍ਰਾਮ ਅੱਠ ਪੁਰ, ਦੂਜਾ ਸੱਤ ਪੁਰ, ਅੰਤ ਗੁਰੁ ਲਘੁ. ਇਸ ਦਾ ਨਾਮ "ਜਯਕਰੀ" ਭੀ ਹੈ.

ਉਦਾਹਰਣ-

ਸੁਣਿਐ ਈਸਰੁ ਬਰਮਾ ਇੰਦੁ,

ਸੁਣਿਐ ਮੁਖਿ ਸਾਲਾਹਣ ਮੰਦੁ,

ਸੁਣਿਐ ਜੋਗ ਜੁਗਤਿ ਤਨ ਭੇਦ,

ਸੁਣਿਐ ਸਾਸਤ ਸਿੰਮ੍ਰਿਤਿ ਵੇਦ.

(ਜਪੁ)

(ਅ) ਜੇ ਪੰਦ੍ਰਾਂ ਮਾਤ੍ਰਾ ਦੀ ਚੌਪਈ ਦੇ ਅੰਤ ਜਗਣ ਹੋਵੇ, ਤਦ "ਗੁਪਾਲ" ਅਤੇ "ਭੁਜੰਗਿਨੀ" ਸੰਗ੍ਯਾ ਹੈ.

ਉਦਾਹਰਣ-

ਸੁਣਿਐ ਸਤੁ ਸੰਤੋਖੁ ਗਿਆਨੁ,

ਸੁਣਿਐ ਅਠਸਠਿ ਕਾ ਇਸਨਾਨੁ,

ਸੁਣਿਐ ਪੜਿ ਪੜਿ ਪਾਵਹਿ ਮਾਨੁ,

ਸੁਣਿਐ ਲਾਗੈ ਸਹਜਿ ਧਿਆਨੁ. (ਜਪੁ)

(ੲ) ਪ੍ਰਤਿ ਚਰਣ ੧੬. ਮਾਤ੍ਰਾ, ਅੰਤ ਗੁਰੁ, ਇਸ ਚੌਪਈ ਦਾ ਨਾਮ "ਰੂਪਚੌਪਈ" ਭੀ ਹੈ. ਇਸ ਦੇ ਅੰਤ ਜਗਣ ਅਤੇ ਤਗਣ ਦਾ ਨਿਸ਼ੇਧ ਹੈ.

ਉਦਾਹਰਣ-

ਜਾਤਿ ਪਾਤਿ ਜਿਹ ਚਿਹਨ ਨ ਬਰਨਾ,

ਅਬਿਗਤ ਦੇਵ ਅਛੈ ਅਨਭਰਮਾ,

ਸਬ ਕੋ ਕਾਲ ਸਭਿਨ ਕੋ ਕਰਤਾ,

ਰੋਗ ਸੋਗ ਦੋਖਨ ਕੋ ਹਰਤਾ.

(ਅਕਾਲ)

(ਸ) ਜੇ ੧੬. ਮਾਤ੍ਰਾ ਦੀ ਚੌਪਈ ਦੇ ਅੰਤ ਦੋ ਗੁਰੁ ਹੋਣ, ਤਦ "ਸ਼ੰਖਿਨੀ" ਸੰਗ੍ਯਾ ਹੈ. ਕਿਤਨਿਆਂ ਦੇ ਮਤ ਵਿੱਚ ਸ਼ੰਖਿਨੀ ਚੌਪਈ ਦੇ ਅੰਤ ਯਗਣ ਹੋਣਾ ਜਰੂਰੀ ਹੈ. ਇਹ ਦੋਵੇਂ ਲੱਛਣ ਅੱਗੇ ਲਿਖੇ ਉਦਾਹਰਣਾਂ ਵਿੱਚ ਘਟਦੇ ਹਨ, ਯਥਾ-

ਨੈਨਹੁ ਦੇਖੁ ਸਾਧਦਰਸੇਰੈ,

ਸੋ ਪਾਵੈ ਜਿਸੁ ਲਿਖਤੁ ਲਿਲੇਰੈ,

ਸੇਵਉ ਸਾਧਸੰਤ ਚਰਨੇਰੈ,

ਬਾਛਉ ਧੂਰਿ ਪਵਿਤ੍ਰ ਕਰੇਰੈ.

(ਕਾਨ ਮਃ ੫)

ਤਾਤ ਮਾਤ ਜਿਹ ਜਾਤ ਨ ਪਾਤਾ,

ਏਕ ਰੰਗ ਕਾਹੂ ਨਹਿ ਰਾਤਾ,

ਸਰਬ ਜੋਤਿ ਕੇ ਬੀਚ ਸਮਾਨਾ,

ਸਬ ਹੂੰ ਸਰਬਠੌਰ ਪਹਿਚਾਨਾ.

(ਅਕਾਲ)

੨. ਇੱਕ ਖ਼ਾਸ ਬਾਣੀ, ਜਿਸ ਦੀ ਰਚਨਾ ਚੌਪਈ ਛੰਦ ਵਿੱਚ ਹੋਣ ਤੋਂ ਇਹ ਸੰਗਯਾ ਹੈ. ਦਸਮਗ੍ਰੰਥ ਦੇ ੪੦੫ ਵੇਂ ਚਰਿਤ੍ਰ ਵਿੱਚ ਇਹ ਕਥਾ ਹੈ ਕਿ ਸਤਯੁਗ ਵਿੱਚ ਰਾਜਾ ਸਤਜਸੰਧ ਅਤੇ ਦੀਰਘਦਾੜ੍ਹ ਦਾਨਵ ਦਾ ਯੁੱਧ ਹੋਇਆ. ਦੋਹਾਂ ਦੇ ਘੋਰ ਸ਼ਸਤ੍ਰਪ੍ਰਹਾਰ ਤੋਂ ਜੋ ਅਗਨਿ ਦੀ ਲਾਟ ਨਿਕਲੀ, ਉਸ ਵਿੱਚੋਂ "ਦੂਲਹਦੇਈ" ਨਾਮ ਦੀ ਇਸਤ੍ਰੀ ਉਪਜੀ. ਦੂਲਹਦੇਈ ਨੂੰ ਮਨਭਾਉਂਦਾ ਪਤੀ ਕੋਈ ਨਾ ਮਿਲੇ. ਇਸ ਪੁਰ ਉਸੇ ਨੇ ਵਡਾ ਕਠਿਨ ਤਪ ਕਰਕੇ ਦੁਰਗਾ (ਦੇਵੀ) ਨੂੰ ਪ੍ਰਸੰਨ ਕੀਤਾ. ਦੇਵੀ ਨੇ ਰੀਝਕੇ ਵਰ ਦਿੱਤਾ ਕਿ ਤੈਨੂੰ ਅਕਾਲ ਵਰੇਗਾ. ਰਾਤ ਨੂੰ ਸੁਪਨੇ ਵਿੱਚ ਅਕਾਲ ਨੇ ਦੂਲਹਦੇਈ ਨੂੰ ਆਖਿਆ ਕਿ ਜੇ ਤੂੰ ਸ੍ਵਾਸਵੀਰਯ ਦਾਨਵ ਨੂੰ ਜੰਗ ਵਿੱਚ ਮਾਰੇਂਗੀ, ਤਦ ਮੇਰੀ ਅਰਧਾਂਗਿਨੀ ਹੋ ਸਕੇਂਗੀ. ਇਸ ਪੁਰ ਦੂਲਹਦੇਈ ਨੇ ਸ੍ਵਾਸਵੀਰਯ ਨਾਲ ਘੋਰ ਜੰਗ ਕੀਤਾ. ਜਦ ਚਿਰ ਤੀਕ ਲੜਦੀ ਬਹੁਤ ਥਕ ਗਈ, ਤਦ ਸਹਾਇਤਾ ਲਈ ਮਹਾਕਾਲ ਦਾ ਧ੍ਯਾਨ ਕੀਤਾ. ਦੂਲਹਦੇਈ ਦੀ ਸਹਾਇਤਾ ਕਰਨ ਲਈ ਮਹਾਕਾਲ ਨੇ ਮੈਦਾਨਜੰਗ ਵਿੱਚ ਆਕੇ ਭਯੰਕਰ ਯੁੱਧ ਕੀਤਾ. ਦੂਲਹਦੇਈ ਅਤੇ ਅਕਾਲ ਨੇ ਸ੍ਵਾਸਵੀਰਯ ਦੀ ਸੈਨਾ ਦਾ ਨਾਸ਼ ਕਰਕੇ- "ਪੁਨ ਰਾਛਸ[494] ਕਾ ਕਾਟਾ ਸੀਸਾ."

ਇਸ ਅਲੰਕਾਰਪੂਰਿਤ ਕਥਾ ਦੇ ਅੰਤ- "ਕਵਿ ਉਵਾਚ ਬੇਨਤੀ ਚੌਪਈ"- ਸਿਰਲੇਖ ਹੇਠ ਇੱਕ ਵਿਨਯ (ਬੇਨਤੀ) ਹੈ, ਜਿਸਦਾ ਆਰੰਭ "ਹਮਰੀ ਕਰੋ ਹਾਥ ਦੈ ਰੱਛਾ." ਤੋਂ ਹੁੰਦਾ ਹੈ.

ਇਸ ਚੌਪਈ ਦਾ ਪਾਠ ਰਹਿਰਾਸ ਵਿੱਚ ਗੁਰਸਿੱਖ ਨਿੱਤ ਕਰਦੇ ਹਨ. ਇਸ ਬਾਣੀ ਦੇ ਅੰਤ ਮਹਾਤਮਰੂਪ ਵਾਕ ਲਿਖਿਆ ਹੈ ਕਿ-

"ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ,

ਹੋ ! ਜੋ ਯਾਂਕੀ ਇਕਬਾਰ ਚੌਪਈ ਕੋ ਕਹੈ."

ਚੌਪਸਰ: ਸੰਗਯਾ- ਚੰਪਾਕਲੀ. ਇਸਤ੍ਰੀਆਂ ਦਾ ਇੱਕ ਖ਼ਾਸ ਭੂਖਣ.

ਚੌਪਖਾ: ਵਿ- ਚਾਰ ਕੋਣਾ. ਚਾਰ ਪਹਿਲੂ ਵਾਲਾ। ੨. ਸੰਗਯਾ- ਚਾਰ ਲੜੀ ਦਾ ਹਾਰ। ੩. ਚੁਕੋਣਾ ਮਕਾਨ। ੪. ਚਾਰ ਖਣ ਦਾ ਮਕਾਨ.

ਚੌਪਟ: ਦੇਖੋ, ਚਉਪੜ.

ਚੌਪਦ: ਦੇਖੋ, ਚਉਪਦਾ। ੨. ਇੱਕ ਖ਼ਾਸ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ. ੧੧- ੧੩ ਪੁਰ ਵਿਸ਼੍ਰਾਮ, ਅੰਤ ਦੋ ਗੁਰੁ. ਦੇਖੋ, ਰਸਾਵਲ ਦਾ ਰੂਪ ੪.

ਚੌਪਦਾ: ਦੇਖੋ, ਚਉਪਦਾ.

ਚੌਪਰ: ਦੇਖੋ, ਚਉਪੜ। ੨. ਮੱਥਾ. ਭਾਲ. ਪੇਸ਼ਾਨੀ. "ਚਾਰੁ ਚਿਕੁਰ ਚੌਪਰ ਚਮਕਾਯੋ." (ਗੁਪ੍ਰਸੂ)

ਚੌਪਰਬਾਜ: ਸੰਗਯਾ- ਚੋਪੜ ਦਾ ਖਿਡਾਰੀ. "ਚੌਪਰਬਾਜ ਤੋਹਿ ਤਬ ਜਾਨੋ." (ਚਰਿਤ੍ਰ ੯੭)

ਚੌਪੜ: ਦੇਖੋ, ਚਉਪੜ.

ਚੌਪਾਈ: ਦੇਖੋ, ਚਉਪਾਈ ਅਤੇ ਚੌਪਈ.

ਚੌਪਾ ਸਿੰਘ: ਇਹ ਸੱਜਨ ਦਸ਼ਮੇਸ਼ ਦਾ ਖਿਡਾਵਾ ਅਤੇ ਸਤਿਗੁਰੂ ਦਾ ਅਨੰਨ ਸਿੱਖ ਸੀ. ਇਸ ਦਾ ਬਣਾਇਆ ਇੱਕ ਰਹਿਤਨਾਮਾ ਭੀ ਹੈ, ਜੋ ਅਗਯਾਨੀ ਸਿੱਖਾਂ ਨੇ ਬਹੁਤ ਅਸ਼ੁੱਧ ਕਰ ਦਿੱਤਾ ਹੈ. ਦੇਖੋ, ਗੁਰੁਮਤਸੁਧਾਕਰ ਦੀ ਕਲਾ ੧੦.

ਚੌਪਾਯਾ: ਸੰ. ਚਤੁਸ਼੍ਪਦ. ਸੰਗਯਾ- ਚਾਰ ਪੈਰਾਂ ਵਾਲਾ ਪਸ਼ੂ. ਗਾਂ, ਮਹਿਂ (ਮੱਝ) ਆਦਿਕ ਮ੍ਰਿਗ.

ਚੌਪਾੜ: ਉਹ ਮਕਾਨ, ਜਿਸ ਦੇ ਚਾਰ ਪਾਟ (ਤਖ਼ਤੇ) ਹੋਣ. ਚੌਂਦਰੀ। ੨. ਪਿੰਡ ਦੀ ਅਥਾਈ. ਸੱਥ.

---

[494] ਸ੍ਵਾਸਵੀਰਯ ਦਾਨਵ.

ਚੌਪੈਯਾ: ਦੇਖੋ, ਚਤੁਸਪਦੀ. ੨. ਦੇਖੋ, ਚੌਪਾਯਾ.

ਚੌਫੇਰ: ਕ੍ਰਿ. ਵਿ- ਚਾਰੋਂ ਓਰ. ਚਾਰੇ ਪਾਸੇ. ਚੁਫੇਰੇ.

ਚੌਬਟਾ: ਸੰਗਜਾ- ਉਹ ਥਾਂ, ਜਿੱਥੇ ਚਾਰ ਬਾਟ (ਮਾਰਗ) ਇਕੱਠੇ ਹੋਣ. ਚੁਰਸਤਾ. "ਚੋਰ ਚਾਹੀਐ ਚੜਾਯੋ ਸੂਰੀ ਚੌਬਟਾ ਮੇ." (ਭਾਗੁ ਕ)

ਚੌਬਰਸੀ: ਸੰਗਜਾ- ਚੌਥੇ ਬਰਸ ਕੀਤਾ ਹੋਇਆ ਸ਼੍ਰਾੱਧ ਕਰਮ. ਪ੍ਰਾਣੀ ਦੇ ਮਰਨ ਤੋਂ ਚੌਥੇ ਵਰ੍ਹੇ ਦੀ ਸ਼ਾੱਧ ਆਦਿ ਕ੍ਰਿਯਾ.

ਚੌਬਾ: ਸੰ. ਚਤੁਰ੍ਵੇਦੀ ਵਿ- ਚਾਰ ਵੇਦ ਦਾ ਗਜਾਤਾ। ੨. ਸੰਗਜਾ- ਬ੍ਰਾਹਮਣਾਂ ਦੀ ਇੱਕ ਜਾਤਿ। ੩. ਮਥੁਰਾ ਆਦਿ ਤੀਰਥਾਂ ਦਾ ਪੰਡਾ.[495]

ਚੌਬਾਰਾ: ਦੇਖੋ, ਚਉਬਾਰਾ.

ਚੌਬਾਰਾਸਾਹਿਬ: ਦੇਖੋ, ਮਨਸੂਰਪੁਰ। ੨. ਦੇਖੋ, ਗੋਇੰਦਵਾਲ ਅੰਕ ੪.

ਚੌਬਾਰੇ ਚੜ੍ਹਿਆ: ਖ਼ਾ. ਸੰਗਜਾ- ਬੋਲਾ. ਬਹਿਰਾ.

ਚੌਬਿਸ, ਚੌਬੀਸ: ਚਤੁਰਿੰਸ਼ਤਿ. ਚਾਰ ਅਤੇ ਵੀਹ- ੨੪.

ਚੌਬੀਸ ਅਵਤਾਰ: ਪੁਰਾਣਾਂ ਵਿੱਚ ਲਿਖੇ ਚੌਵੀਹ (ਚਤੁਰਿੰਸ਼ਤਿ) ਅਵਤਾਰ-

ਮੱਛ, ਕੱਛਪ, ਵਰਾਹ, ਮੋਹਿਨੀ, ਨ੍ਰਿਸਿੰਹ, ਪਰਸ਼ੁਰਾਮ, ਰਾਮਚੰਦ੍ਰ, ਕ੍ਰਿਸ਼ਨ, ਬਲਰਾਮ, ਵਾਮਨ, ਬੁੱਧ, ਨਾਰਦ, ਰਿਸ਼ਭਦੇਵ, ਕਪਿਲ, ਵਜਾਸ, ਹੰਸ, ਪ੍ਰਿਥੁ, ਦੱਤਾਤ੍ਰੇਯ, ਨਰ, ਨਾਰਾਯਣ, ਹਯਗ੍ਰੀਵ, ਵੈਵਸ੍ਵਤਮਨੁ, ਧਨ੍ਵੰਤਰਿ ਅਤੇ ਕਲਕੀ.

ਦਸਮਗ੍ਰੰਥ ਵਿੱਚ ੨੪ ਅਵਤਾਰਾਂ ਦੀ ਕਥਾ ਲਿਖੀ ਗਈ ਹੈ, ਜਿਸ ਦੇ ਮੁੱਢ ਇੱਕ ਮੁਖਬੰਧ ਹੈ, ਉਸ ਤੋਂ ਕਰਤਾ ਦਾ ਭਾਵ ਪ੍ਰਗਟ ਹੁੰਦਾ ਹੈ, ਯਥਾ-

"ਅਬ ਚੌਬਿਸ ਉਚਰੋਂ ਅਵਤਾਰਾ,

ਜਿਹਿਂ ਬਿਧਿ ਤਿਨ ਕਾ ਲਖਾ ਅਖਾਰਾ. xx

ਜਬ ਜਬ ਹੋਤ ਅਰਿਸ੍ਟਿ ਅਪਾਰਾ.

ਤਬ ਤਬ ਦੇਹ ਧਰਤ ਅਵਤਾਰਾ.

ਕਾਲ ਸਭਿਨ ਕਾ ਪੇਖ ਤਮਾਸ਼ਾ,

ਅੰਤਹਿ ਕਾਲ ਕਰਤ ਹੈ ਨਾਸ਼ਾ. xx

ਜੋ ਚੌਬਿਸ ਅਵਤਾਰ ਕਹਾਏ,

ਤਿਨ ਭੀ ਤੁਮ ਪ੍ਰਭੁ! ਤਨਿਕ ਨ ਪਾਏ. xx

ਬ੍ਰਹਮਾਦਿਕ ਸਭ ਹੀ ਪਚਹਾਰੇ,

ਬਿਸਨੁ ਮਹੇਸੁਰ ਕਵਨ ਬਿਚਾਰੇ?

ਚੰਦ ਸੂਰ ਜਿਨ ਕਰੇ ਬਿਚਾਰਾ,

---

[495] ਨੰ: ੨. ਅਤੇ ੩. ਦਾ ਮੂਲ ਭੀ ਚਤੁਰਵੇਦੀ ਹੈ. ਪੁਰਾਣੇ ਸਮੇਂ ਤੀਰਥਾਂ ਦੇ ਪੁਜਾਰੀ ਬ੍ਰਾਹਮਣ, ਚਾਰਵੇਦਾਂ ਦੇ ਪੰਡਿਤ ਹੋਇਆ ਕਰਦੇ ਸਨ.

ਤਾਂਤੇ ਜਨਿਯਤ ਹੈ ਕਰਤਾਰਾ.

ਏਕਪੁਰਖ ਜਿਨ ਨੈਕ ਪਛਾਨਾ,

ਤਿਨ ਹੀ ਪਰਮਤਤ੍ਵ ਕਹਿਂ ਜਾਨਾ." xxx

ਚੌਬੀਹ: ਦੇਖੋ, ਚੌਬੀਸ.

ਚੌਬੋਲਾ: ਦੇਖੋ, ਚਉਬੋਲਾ.

ਚੌਮਾਸਾ: ਦੇਖੋ, ਚਤੁਰਮਾਸ.

ਚੌਮੁਖ, ਚੌਮੁਖਾ: ਦੇਖੋ, ਚਉਮੁਖ. "ਬਾਰ ਚੌਮੁਖੇ ਤਾਂ ਮਹਿਂ ਦੀਪਾ." (ਨਾਪ੍ਰ)

ਚੌਰ: ਸੰਗ੍ਯਾ- ਚੋਰ. ਦੂਸਰੇ ਦੀ ਵਸਤੁ ਚੁਰਾਉਣ ਵਾਲਾ। ੨. ਦੇਖੋ, ਚਾਮਰ। ੩. ਸੰ. ਚੌਲ. ਚੂੜਾ. ਮੁਕੁਟ. ਤਾਜ. "ਗਿਰੈਂ ਚੌਰ ਚਾਰੰ." (ਰਾਮਾਵ) ੪. ਨਾਹਨਰਾਜ ਵਿੱਚ ਇੱਕ ਪਹਾੜ ਦਾ ਟਿੱਲਾ "ਚੌਰ" ਨਾਮ ਤੋਂ ਪ੍ਰਸਿੱਧ ਹੈ, ਜਿਸ ਦੀ ਬਲੰਦੀ ੧੧੯੨੨ ਫੁਟ ਹੈ.

ਚੌਰਸ: ਸੰ. ਚਤੁਰਸ਼੍ਰ.[496] ਵਿ- ਚਾਰੇ ਪਾਸਿਓਂ ਇੱਕੋ ਜੇਹਾ. ਚੁਕੋਣਾ.

ਚੌਰਾ: ਵਿ- ਚੌਰ ਜੇਹੀ ਦਾੜ੍ਹੀ ਵਾਲਾ। ੨. ਚੌੜਾ ਦੀ ਥਾਂ ਭੀ ਚੌਰਾ ਪਦ ਕਵੀ ਲਿਖਦੇ ਹਨ। ੩. ਪਿੰਡ ਦੀ ਸੱਥ। ੪. ਦੇਵਤਾ ਦਾ ਅਸਥਾਨ. ਦੇਵਮੰਦਿਰ। ੫. ਚਿੱਟੀ ਪੂਛ ਵਾਲਾ ਬੈਲ. ਇਸੇ ਤੋਂ ਚਿਟਦਾੜ੍ਹੀਏ ਲਈ ਨਫਰਤ ਬੋਧਕ ਚੌਰਾ ਸ਼ਬਦ ਵਰਤਦੇ ਹਨ.

ਚੌਰਾਸੀ: ਦੇਖੋ, ਚਉਰਾਸੀ.

ਚੌਰਾਸੀ ਆਸਨ: ਯੋਗੀਆਂ ਨੇ ਪਸ਼ੂ ਪੰਖੀਆਂ ਦੀ ਬੈਠਕ ਤੋਂ ਚੁਰਾਸੀ ਆਸਨ ਚੁਣੇ ਹਨ, ਜਿਨ੍ਹਾਂ ਦਾ ਅਭ੍ਯਾਸ ਅਸ਼੍ਟਾਂਗਯੋਗ ਦੇ ਸਾਧਕ ਨੂੰ ਕਰਨਾ ਪੈਂਦਾ ਹੈ. ਆਸਨਾਂ ਦੇ ਨਾਮ ਤੋਂ ਹੀ ਪਾਠਕ ਉਨ੍ਹਾਂ ਦੇ ਸਰੂਪ ਨੂੰ ਸਮਝ ਸਕਦੇ ਹਨ, ਯਥਾ- ਸਿੰਹਾਸਨ, ਹੰਸਾਸਨ, ਕੂਰਮਾਸਨ, ਮਾਂਡੂਕਾਸਨ ਆਦਿ. ਦੇਖੋ, ਆਸਣ। ੨. ਰਤਿਸ਼ਾਸਤ੍ਰ (ਕੋਕ) ਵਿੱਚ ਭੀ ਯੋਗੀਆਂ ਵਾਂਙ ਮੈਥੁਨ ਦੇ ਚੌਰਾਸੀ ਆਸਨ ਕਲਪੇ ਹਨ.

ਚੌਰਾਸੀ ਸਿੱਧ: ਯੋਗੀਆਂ (ਗੋਰਖਪੰਥੀਆਂ) ਦੇ ਮੰਨੇ ਹੋਏ ਸ਼ਿਰੋਮਣੀ ਯੋਗੀ, ਜਿਨ੍ਹਾਂ ਦੀ ਗਿਣਤੀ ਚੌਰਾਸੀ ਹੈ.[497]

ਊਰਮਿ, ਅਸੁਨਾਥ, ਅਸੁਰਵਿਨਾਸੀ, ਅਨਹਦਸ਼ਬਦੀ, ਅਬਿਨਾਸੀ, ਅਮਰਨਿਧਿ, ਅਮ੍ਰਿਤਭੋਗੀ, ਆਨੰਦਰੂਪੀ, ਆਪਸ੍ਵਰੂਪੀ, ਔਘੜ, ਈਸ਼੍ਵਰ, ਏਕਰੰਗੀ, ਏਕਾਂਗੀ, ਏਕਾਂਤਵਾਸੀ, ਸਮਾਰਤ, ਸਰਸ੍ਵਤੀ, ਸਾਗਰ, ਸਿੱਧਸੇਨ, ਸ਼ੀਤਲ, ਸੁਰਤਿਸਿੱਧ, ਸ਼ੰਕਰ, ਸੰਭਾਲਕਾ, ਸ਼ੰਭੁ, ਸੂਰਸਿੱਧ, ਹਨੀਫਾ, ਹਰਸ਼ਨਿਧਿ, ਕਨਕ, ਕਨੀਫਾ, ਕਮਲਸੈਨ, ਕਰਮਨਾਸੀ, ਕਲਾਵਿਲਾਸੀ, ਕਲੇਸ਼ਨਾਸੀ, ਕਾਲੇਂਦ੍ਰ, ਕੇਲਿਕਰਨ, ਕੇਵਲਕਰਮੀ, ਕ੍ਰਿਸ਼ਨਕੁਮਾਰ, ਖਲਕਨਿਧਿ, ਖਿੰਥੜ, ਗਗਨਵਾਸੀ, ਗਿਰਿਧਰ, ਗਿਰਿਬੋਧ, ਗੁਫਾਬਾਸੀ, ਗੋਪਾਲ, ਗੋਵਰਧਨ, ਘਨਾਨੰਦੀ, ਚਤੁਰਬੈਨ, ਚਲਨਿਧਿ, ਜਾਲਕ, ਜੋਗਅਨੂਪੀ, ਜੋਤਿਮਗਨ, ਜੋਤਿਲਗਨ, ਝੰਗਰ, ਤਪਨ, ਤਰੰਗੀ, ਦਰਸ਼ਨਜੋਤਿ, ਦੁੱਖਨਾਸੀ, ਧੁਰਮ, ਨਿਤ੍ਯਸਿੱਧ, ਨਿਰਤ, ਪਰਵਤ, ਪਲਕਨਿਧਿ, ਪਲਾਸਭੋਗੀ, ਪੂਰਨ, ਪ੍ਰਾਣਨਾਥ, ਬਿਹੰਗਮਜੋਗੀ, ਬਿੰਬਸਾਰ, ਬਿਮਲਜੋਤਿ, ਬ੍ਰਹਮ, ਬ੍ਰਹਮਭੋਗੀ, ਬ੍ਰਹਮਯੋਗੀ, ਭਰਥਰਿ, ਭੂਤਨਾਥ, ਭੰਗਰ, ਮਹਾਯੋਗੀ, ਮਗਨਧਾਰ, ਮੁਕਤੇਸ਼੍ਵਰ, ਮੂਲਮੰਤ੍ਰੀ, ਯੋਗਨਿਧਿ, ਰਾਮਸਿੱਧ, ਰੰਗਨਾਥ, ਲੋਹਾਰੀਪਾ, ਲੰਗਰ, ਵਿਸ਼ਨੁਪਤਿ ਅਤੇ ਵਿਚਿਤ੍ਰਕਰਮੀ.

---

[496] ਇਹ 'ਚਤੁਰਸ੍ਰ' ਭੀ ਸੰਸਕ੍ਰਿਤ ਸ਼ਬਦ ਸਹੀ ਹੈ.

[497] ਬਹੁਤ ਗ੍ਰੰਥਾਂ ਵਿੱਚ ਅਨੇਕ ਨਾਮਭੇਦ ਹਨ. ਵਾਸਤਵ ਵਿੱਚ ਸਾਰੇ ਨਾਮ ਸਹੀ ਨਹੀਂ. ਜੇ ਸਿੱਧਾਂ ਦੇ ਨਾਮ ਕਲਪਿਤ ਨਾ ਹੁੰਦੇ, ਤਦ ਪਰਸਪਰ ਵਿਰੋਧ ਨਾ ਹੁੰਦਾ.

ਚੌਰਾਸੀ ਲੱਖ ਜੀਵ, ਚੌਰਾਸੀ ਲੱਖ ਯੋਨਿ: ਹਿੰਦੂਮਤ ਦੇ ਪ੍ਰਾਚੀਨ ਵਿਦ੍ਵਾਨਾਂ ਨੇ ਜੀਵਾਂ ਦੀਆਂ ਜਾਤੀਆਂ ਚੌਰਾਸੀ ਲੱਖ ਮੰਨੀਆਂ ਹਨ, ਅਰਥਾਤ ਚੌਰਾਸੀ ਲੱਖ ਪ੍ਰਕਾਰ ਦੇ ਸ੍ਥਾਵਰ ਜੰਗਮ ਜੀਵ ਹਨ. ਇਨ੍ਹਾਂ ਵਿੱਚੋਂ ਨੌ ਲੱਖ ਜਲਵਾਸੀ, ਦਸ ਲੱਖ ਪੌਣ ਵਿੱਚ ਉਡਣ ਵਾਲੇ ਪੰਛੀ, ਬੀਸ ਲੱਖ ਇਸਥਿਤ ਰਹਿਣ ਵਾਲੇ ਬਿਰਛ ਆਦਿ, ਗਿਆਰਾਂ ਲੱਖ ਪੇਟਬਲ ਚਲਣ ਵਾਲੇ ਸਰਪ ਕ੍ਰਿਮਿ ਆਦਿ, ਤੀਸ ਲੱਖ ਚੌਪਾਏ ਅਤੇ ਚਾਰ ਲੱਖ ਮਨੁੱਖ ਜਾਤਿ ਦੇ ਜੀਵ ਹਨ, ਜਿਨ੍ਹਾਂ ਵਿੱਚ ਬਾਂਦਰ, ਬਨਮਾਨੁਖ ਆਦਿ ਸਭ ਸ਼ਾਮਿਲ ਹਨ.[498]

ਜੈਨੀਆਂ ਨੇ ਚੌਰਾਸੀ ਲੱਖ ਜੀਵਾਂ ਦੀ ਵੰਡ ਇਉਂ ਮੰਨੀ ਹੈ-

੭. ਲੱਖ ਪ੍ਰਿਥਿਵੀ ਵਿੱਚ, ੭. ਲੱਖ ਜਲ ਵਿੱਚ, ੭. ਲੱਖ ਪੌਣ ਵਿੱਚ, ੭. ਲੱਖ ਅਗਨਿ ਵਿੱਚ, ੧੦. ਲੱਖ ਕੰਦ (ਗਾਜਰ ਮੂਲੀ ਆਦਿ) ਵਿੱਚ, ੧੪. ਲੱਖ ਝਾੜੀ ਬਿਰਛ ਆਦਿ ਵਿੱਚ, ੨. ਲੱਖ ਦੋ ਇੰਦ੍ਰੀਆਂ ਵਾਲੇ ਅਰਥਾਤ ਜੋ ਤੁਚਾ ਅਤੇ ਮੂੰਹ ਰੱਖਦੇ ਹਨ, ੨. ਲੱਖ ਤਿੰਨ ਇੰਦ੍ਰੀਆਂ ਵਾਲੇ, ਅਰਥਾਤ ਜੋ ਤੁਚਾ, ਮਖ ਅਤੇ ਨੇਤ੍ਰ ਰਖਦੇ ਹਨ, ੨. ਲੱਖ ਚਾਰ ਇੰਦ੍ਰੀਆਂ ਵਾਲੇ, ਅਰਥਾਤ ਜੋ ਤੁਚਾ, ਮੁਖ, ਨੱਕ ਅਤੇ ਨੇਤ੍ਰ ਰਖਦੇ ਹਨ, ੪. ਲੱਖ ਦੇਵਤਾ, ਜੋ ਸੁਰਗ ਵਿੱਚ ਰਹਿੰਦੇ ਹਨ, ੪. ਲੱਖ ਨਰਕ ਦੇ ਜੀਵ, ੧੪. ਲੱਖ ਮਨੁੱਖਜਾਤਿ, ਜੋ ਇੱਕ ਟੰਗੀਏ ਅਤੇ ਦੁਟੰਗੇ ਹਨ, ੪. ਲੱਖ ਚੌਪਾਏ ਪਸ਼ੂ.

ਚੌਰੰਗ: ਵਿ- ਚਾਰ ਰੰਗ ਵਾਲਾ. ਚੌਰੰਗਾ। ੨. ਚਾਰ ਖੰਡ (ਟੁਕੜੇ) ਕੀਤਾ। ੩. ਸੰਗਜਾ- ਤਲਵਾਰ ਦਾ ਇੱਕ ਹੱਥ, ਅਰਥਾਤ ਵਾਰ ਕਰਨ ਦਾ ਢੰਗ, ਦਾਨਾ ਚੁਗਦੇ ਬਕਰੇ ਦੀ ਗਰਦਨ ਪੁਰ, ਵੀਰਾਸਨ ਬੈਠਕੇ ਤਲਵਾਰ ਦਾ ਅਜਿਹਾ ਵਾਰ ਕਰਨਾ, ਜਿਸ ਤੋਂ ਗਰਦਨ, ਦੋਵੇਂ ਮੁਹਰਲੀਆਂ ਅਤੇ ਪਿਛਲੀ ਸੱਜੀ ਲੱਤ ਕਟ ਜਾਵੇ। ੪. ਦੇਖੋ, ਚਉਬੋਲਾ ਦਾ ਨੰਃ ੩.

ਚੌੜ: ਦੇਖੋ, ਚਉੜ। ੨. ਸੰ. ਚੌਡ. ਉਭਰੀ ਹੋਈ ਥਾਂ. ਉੱਚੀ ਥਾਂ.

ਚੌੜਾ, ਚੌੜੀ: ਵਿ- ਲੰਬਾਈ ਰੁਖ਼ ਦੇ ਦੋਹਾਂ ਪਾਸਿਆਂ ਤੋਂ ਭਿੰਨ- ਦਿਸ਼ਾ (ਅ਼ਰਜ) ਵਿੱਚ ਫੈਲਿਆ ਹੋਇਆ, (ਹੋਈ).

ਚੌੜੋਤਰੀ: ਖਤ੍ਰੀਆਂ ਦੀ ਇੱਕ ਜਾਤਿ. "ਕੇਤੜਿਆ ਚੋੜੋਤਰੀ." (ਭਾਗੁ)

ਚੰਉਰ: ਚੌਰ. ਦੇਖੋ, ਚਾਮਰ. "ਸੰਤ ਚੰਉਰ ਢੁਲਵਾਉ." (ਸੂਹੀ ਮਃ ੫)

ਚੰਗ: ਸੰਗਜਾ- ਵਡਾ ਪਤੰਗ. ਤੁੱਕਲ. "ਮੈ ਨਹਿ ਤਾਂਹਿ ਚਢਾਇਵ ਚੰਗ." (ਗੁਪ੍ਰਸੂ) ੨. ਵਿ- ਚੰਗਾ. ਦੇਖੋ, ਚੰਗ ਚੰਗਨਾ। ੩. ਸੰ. ਚਙ੍ਗ ਗਜਾਤਾ. ਜਾਣਨ ਵਾਲਾ। ੪. ਸੰਗੀਤ ਅਨੁਸਾਰ ਧਾਤੂ ਦਾ ਤ੍ਰਿਸੂਲ ਆਕਾਰ ਵਾਜਾ, ਜੋ ਲੋਹੇ ਦੇ ਕੀਲ ਨਾਲ ਵਜਾਈਦਾ ਹੈ। ੫. ਫ਼ਾ. چنگ ਸਾਰੰਗੀ। ੬. ਪੰਜਾ. ਆਦਮੀ ਅਥਵਾ ਸ਼ੇਰ ਆਦਿ ਦੇ ਪੰਜ ਉਂਗਲਾਂ ਦੀ ਪਕੜ.

ਚੰਗ ਚੰਗਨਾ: ਵਿ- ਚੰਗੇ ਤੋਂ ਚੰਗਾ. ਅਤਿ ਉੱਤਮ. "ਗੁਰਮਤੀ ਹਰਿ ਚੰਗ ਚੰਗਨਾ." (ਵਾਰ ਕਾਨ ਮਃ ੪) ੨. ਮਹਾਗਜਾਨੀ. ਦੇਖੋ, ਚੰਗ ੩.

ਚੰਗੜਾ, ਚੰਗੜੀ, ਚੰਗੜੀਆ: ਵਿ- ਚੰਗਾ. ਚੰਗੀ. ਹੱਛਾ. ਹੱਛੀ. ਉੱਤਮ. "ਦੇਹ ਸੁ ਕੰਚਨ ਚੰਗੜੀਆ." (ਵਡ ਮਃ ੪. ਘੋੜੀਆ)

ਚੰਗਾ: ਵਿ- ਉੱਤਮ. ਸ਼੍ਰੇਸ਼੍ਠ. ਸਿੰਧੀ. ਦਙੋ. "ਸੋ ਮੁਕਤ ਨਾਨਕ ਜਿਸੁ ਸਤਿਗੁਰੁ ਚੰਗਾ." (ਕਾਨ ਮਃ ੫) ੨. ਅਰੋਗ. ਨਰੋਆ। ੩. ਸੰਗਜਾ- ਬਹਿਲ ਗੋਤ ਦਾ ਇੱਕ ਪ੍ਰੇਮੀ, ਜੋ ਸ੍ਰੀ ਗੁਰੂ ਅਰਜਨਦੇਵ ਦਾ ਸਿੱਖ ਹੋ ਕੇ ਆਤਮਗਜਾਨੀ ਹੋਇਆ.

ਚੰਗਾ ਭਾਟੜਾ: ਲੰਕਾ (Ceylon) ਨਿਵਾਸੀ ਮਾਧਵ ਭਾਟੜੇ ਦੀ ਵੰਸ਼ ਵਿੱਚ ਹੋਣ ਵਾਲਾ ਚੰਗਾ ਨਾਮਕ ਪ੍ਰੇਮੀ, ਜੋ ਗੁਰੂ ਨਾਨਕਦੇਵ ਦਾ ਸਿੱਖ ਹੋਇਆ. ਇਸ ਨੇ ਮਾਧਵ ਦੇ ਰਹਾਇਸ਼ੀ ਮਕਾਨ ਤੇ ਗੁਰਦ੍ਵਾਰਾ ਬਣਾਕੇ ਧਰਮਪ੍ਰਚਾਰ ਦਾ ਕੰਮ ਆਰੰਭਿਆ. ਭਾਈ ਬੰਨੋ ਦੀ ਬੀੜ ਵਿੱਚ "ਹਕੀਕਤ ਰਾਹ ਮੁਕਾਮ ਸ਼ਿਵਨਾਭਿ ਰਾਜੇ ਕੀ" ਵਿੱਚ ਇਸੇ ਪ੍ਰੇਮੀ ਦਾ ਜਿਕਰ ਹੈ.

---

[498] ਕਈ ਗ੍ਰੰਥਾਂ ਵਿੱਚ ੪੨ ਲੱਖ ਜਲ ਦੇ ਅਤੇ ੪੨ ਲੱਖ ਖ਼ੁਸ਼ਕੀ ਦੇ ਜੀਵ ਮੰਨੇ ਗਏ ਹਨ.

ਚੰਗਿਆਈ: ਸੰਗਯਾ- ਚੰਗਾਪਨ. ਭਲਿਆਈ. ਨੇਕੀ. "ਚੰਗਿਆਈ ਆਲਕੁ ਕਰੇ ਬੁਰਿਆਈ ਹੁਇ ਸੇਰੁ." (ਵਾਰ ਗੂਜ ੨. ਮਃ ੫)

ਚੰਗਿਆੜਾ: ਸੰਗਯਾ- ਚੂਣੰ ਅੰਗਾਰ. ਮਚਦੇ ਹੋਏ ਅੰਗਾਰ ਦੀ ਚਿਣਗ.

ਚੰਗੁਲ: ਫ਼ਾ. چنگل ਪੰਜਾ। ੨. ਚਾਰ- ਅੰਗੁਲ.

ਚੰਗੇਜ਼: ਤੁ. چنگیز ਵਿ- ਬਹੁਤ ਵਡਾ.

ਚੰਗੇਜ਼ਖ਼ਾਂ: ਤੁ. چنگیز خان ਮੁਗ਼ਲਵੰਸ਼ੀ ਯੇਸੂਕੀ ਖ਼ਾਨ ਦਾ ਪੁਤ੍ਰ, ਜੋ ਤਾਤਾਰ ਦਾ ਬਾਦਸ਼ਾਹ ਸੀ. ਇਸ ਦਾ ਜਨਮ ਸਨ ੧੧੫੪ ਵਿੱਚ ਅਤੇ ਦੇਹਾਂਤ ਸਨ ੧੨੨੭ ਵਿੱਚ ਹੋਇਆ. ਇਸ ਦੀ ਰਾਜਧਾਨੀ. ਕੁਰਾ. ਕੁਰਮ ਸੀ. ਦੇਖੋ, ਚਗਤਾਈਖ਼ਾਂ.

ਚੰਗੇਰ: ਸੰ. चङ्गेरिक ਚੰਗੇਰਿਕ. ਸੰਗਯਾ- ਵਡਾ ਅਤੇ ਚੌੜਾ ਟੋਕਰਾ."ਅਸਨ ਚੰਗੇਰ ਸੀਸ ਪਰ ਧਰਕੈ." (ਨਾਪ੍ਰ)

ਚੰਗੇਰਾ: ਵਿ- ਚੰਗਾ. ਉੱਤਮ. "ਹਰਿ ਵਿਸਰਿਆ ਪੁਰਖ ਚੰਗੇਰਾ." (ਟੋਡੀ ਮਃ ੪) ਦੇਖੋ, ਚੰਗ ੩.

ਚੰਚ: ਸੰ. चञ्च् ਧਾ- ਜਾਣਾ, ਕੁੱਦਣਾ, ਹਿੱਲਣਾ.

ਚੰਚਰੀ: ਸੰਗਯਾ- ਸੁਰਹ ਗਊ (ਚਮਰੀ), ਜਿਸ ਦੀ ਪੂਛ ਦਾ ਚੌਰ ਬਣਦਾ ਹੈ। ੨. ਸੰ. चञ्चरी ਭ੍ਰਮਰੀ. ਭੌਰੀ। ੩. ਇੱਕ ਛੰਦ. ਦੇਖੋ, ਚਚਰੀਆ.

ਚੰਚਰੀਆ: ਦੇਖੋ, ਚਚਰੀਆ.

ਚੰਚਰੀਕ, ਚੰਚਰੀਟ: ਸੰ. चञ्चरीक ਸੰਗਯਾ- ਭ੍ਰਮਰ. ਭੌਰਾ. "ਸੇਵੇ ਹਿਤ ਲਾਈ ਚੰਚਰੀਕ ਜਯੋਂ ਲੁਭਾਈ ਉਰ ਜਾਨੈ ਗਤਿਦਾਈ ਏ ਚਰਨ ਜਲਜਾਤ ਹੈਂ." (ਨਾਪ੍ਰ) "ਚੰਚਰੀਟ ਛਬਿ ਹੇਰ ਭਏ ਅਬ ਲਗੈਂ ਦਿਵਾਨੇ." (ਚਰਿਤ੍ਰ ੧੪੨)

ਚੰਚਲ: ਵਿ- ਚਲਾਇਮਾਨ. ਜੋ ਸ੍ਥਿਰ ਨਹੀਂ. ਦੇਖੋ, ਚੰਚ ਧਾ. "ਚੰਚਲ ਸੁਪਨੈ ਹੀ ਉਰਝਾਇਓ." (ਦੇਵ ਮਃ ੫) ੨. ਕ੍ਰਮਾਤੁਰ. "ਚੰਚਲ ਚੀਤ ਨ ਰਹਿਈ ਠਾਇ." (ਓਅੰਕਾਰ) ੩. ਸੰਗਯਾ- ਪਵਨ. ਹਵਾ. ਕਵੀਆਂ ਨੇ ਇਹ ਪਦਾਰਥ ਚੰਚਲ ਲਿਖੇ ਹਨ-

ਹਾਥੀ ਦੇ ਕੰਨ, ਘੋੜਾ, ਪੌਣ, ਬਾਂਦਰ, ਬਾਲਕ, ਬਿਜਲੀ, ਭੌਰਾ, ਮਨ, ਮਮੋਲਾ, ਵੇਸ਼ਯਾ ਦੇ ਨੇਤ੍ਰ.

ਚੰਚਲਚੀਤ: ਵਿ- ਚਲਚਿੱਤ. ਚਪਲ ਹੈ ਮਨ ਜਿਸ ਦਾ ੨. ਸੰਗਯਾ- ਚੰਚਰੀਕ. ਭ੍ਰਮਰ. ਭੌਰਾ. "ਲਖ ਘਾਟੀ ਊਚੌ ਘਨੋ ਚੰਚਲਚੀਤ ਬਿਹਾਲ। ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ." (ਚਉਬੋਲੇ ਮਃ ੫) ਲੱਖਾਂ ਉੱਚੀਆਂ ਘਾਟੀਆਂ ਵਿੱਚ ਭ੍ਰਮਣ ਕਰਦਾ ਹੋਇਆ ਭ੍ਰਮਰ, ਨੀਚ ਕੀਚ ਵਿੱਚ ਨਿਵਾਸ ਕਰਦੇ ਹੋਏ ਕਮਲ ਦੀ ਨੰਮ੍ਰਤਾ ਅਤੇ ਖ਼ੂਬੀ ਪੁਰ ਬਿਹਾਲ ਹੋ ਜਾਂਦਾ ਹੈ.

ਚੰਚਲਚੋਰ: ਸੰਗਯਾ- ਕਾਮ. ਅਨੰਗ. "ਹਰਿਹਾਂ, ਚੰਚਲਚੋਰਹਿ ਮਾਰ." (ਫੁਨਹੇ ਮਃ ੫) ੨. ਮਨ. ਅੰਤਹਕਰਣ.

ਚੰਚਲਤਾ: ਸੰਗਯਾ- ਚਪਲਤਾ. ਅਸ੍ਥਿਰਤਾ.

ਚੰਚਲਾ: ਚੰਚਲ ਨੂੰ ਸੰਬੋਧਨ. ਹੇ ਚਪਲ! "ਏ ਮਨ! ਚੰਚਲਾ!" (ਅਨੰਦੁ) ੨. ਸੰ. ਸੰਗਯਾ- ਲਕ੍ਸ਼ਮੀ. ਮਾਇਆ। ੩. ਬਿਜਲੀ. ਤੜਿਤ। ੪. ਚੰਚਲ- ਇਸਤ੍ਰੀ। ੫. ਇੱਕ ਛੰਦ. ਇਸ ਦਾ ਨਾਮ "ਚਿਤ੍ਰ" "ਬਿਰਾਜ" ਅਤੇ "ਬ੍ਰਹਮਰੂਪਕ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਗੁਰੁ ਲਘੁ ਕ੍ਰਮ ਨਾਲ ੧੬. ਅੱਖਰ ਅਥਵਾ- ਰ, ਜ, ਰ, ਜ, ਰ, ਲ. SIS, ISI, SIS, ISI, SIS, I.

ਉਦਾਹਰਣ-

ਮਾਰਬੇ ਕੁ ਤਾਂਹਿ ਤਾਕ ਧਾਂਇ ਬੀਰ ਸਾਵਧਾਨ,

ਹੋਨਲਾਗ ਯੁੱਧ ਕੇ ਜਹਾਂ ਤਹਾਂ ਸਭੈ ਬਿਧਾਨ,

ਭੀਮ ਭਾਂਤ ਧਾਇਕੈ ਨਿਸ਼ੰਕ ਘਾਇ ਕਤੰ ਆਇ,

ਜੂਝ ਜੂਝਕੈ ਪਰੈਂ ਸੁ ਦੇਵਲੋਕ ਬਸ੍ਯ ਜਾਇ.

(ਕਲਕੀ)

ਦੇਖੋ, ਬਿਰਾਜ ਦਾ ਦੂਜਾ ਰੂਪ.

ਚੰਚਲਿ: ਚੰਚਲਤਾਵਾਲੀ. ਚੰਚਲਾ. "ਚੰਚਲਿ ਅਨਿਕ ਭਾਵ ਦਿਖਾਵਏ." (ਬਿਲਾ ਛੰਤ ਮਃ ੫)

ਚੰਚਲੀ: ਦੇਖੋ, ਚੰਚਲਿ। ੨. ਸੰਗਜਾ- ਦੇਖੋ, ਚਚਰੀਆ.

ਚੰਚਾਲਿਕਾ, ਚੰਚਾਲੀ: ਬਿਜਲੀ. ਦੇਖੋ, ਚੰਚਲਾ ੩. "ਕਿ ਚੰਚਾਲਿਕਾ ਛੈ." (ਦੱਤਾਵ) "ਘਣ ਮੰਝੇ ਜੈਸੇ ਚੰਚਾਲੀ." (ਦੱਤਾਵ)

ਚੰਚੁ: ਸੰ. ਚਞ੍ਚੁ ਸੰਗਜਾ- ਚੁੰਜ. ਚੋਂਚ। ੨. ਏਰੰਡ। ੩. ਵਿ- ਪ੍ਰਸਿੱਧ. ਮਸ਼ਹੂਰ.

ਚੰਡ: ਸੰ. ਚਣ੍ਡ ਧਾ- ਗੁੱਸਾ ਕਰਨਾ। ੨. ਸੰਗਜਾ- ਇਮਲੀ ਦਾ ਬਿਰਛ। ੩. ਤਾਪ. ਗਰਮੀ। ੪. ਇੱਕ ਯਮਗਣ। ੫. ਵਿਸ਼ਨੁ ਦਾ ਇੱਕ ਪਾਸ਼ੰਦ। ੬. ਰਾਮਚੰਦ੍ਰ ਜੀ ਦੀ ਸੈਨਾ ਦਾ ਇੱਕ ਬਾਂਦਰ। ੭. ਸ਼ੁੰਭ ਅਸੁਰ ਦੇ ਸੈਨਾਪਤਿ ਮੁੰਡ ਦਾ ਛੋਟਾ ਭਾਈ, ਜਿਸ ਦੇ ਮਾਰਨ ਤੋਂ ਦੁਰਗਾ ਦਾ ਨਾਮ ਚੰਡਿਕਾ ਅਤੇ ਚੰਡੀ ਹੋਇਆ. "ਮੁੰਡ ਕੋ ਮੁੰਡ ਉਤਾਰਦਯੋ ਅਬ ਚੰਡ ਕੋ ਹਾਥਲਗਾਵਤ ਚੰਡੀ." (ਚੰਡੀ ੧) ੮. ਯੋਗਨਿਦ੍ਰਾ. "ਛੁਟੀ ਚੰਡ ਜਾਗੇ ਬ੍ਰਹਮ." (ਚੰਡੀ ੧) ੯. ਚੰਡਿਕਾ ਦਾ ਸੰਖੇਪ. "ਨਿਰਖ ਰੂਪ ਬਰ ਚੰਡ ਕੋ ਗਿਰਯੋ ਮੂਰਛਾ ਖਾਇ." (ਚੰਡੀ ੧) ੧੦. ਵਿ- ਤਿੱਖਾ. ਤੇਜ਼। ੧੧. ਗਰਮ. "ਅਬ ਸੂਰਜ ਕੀ ਚੰਡ ਕਿਰਨ ਭੀ." (ਗੁਪ੍ਰਸੂ) ੧੨. ਕ੍ਰੋਧ ਸਹਿਤ. ਗੁਸੈਲਾ। ੧੩. ਘੋਰ. ਭਯਾਨਕ. ਡਰਾਵਣਾ. "ਚੰਡ ਕੋਪ ਕੈ ਚੰਡਿਕਾ ਏ ਆਯੁਧ ਕਰਲੀਨ." (ਚੰਡੀ ੧) ੧੪. ਸਿੰਧੀ. ਸੰਗਜਾ- ਚੰਦ. ਚੰਦ੍ਰਮਾ.

ਚੰਡਈਆ: ਵਿ- ਚੰਡ (ਘੋਰ) ਵ੍ਰਿੱਤੀ ਵਾਲਾ. ਤਾਮਸੀ. "ਚੰਡਾਲ ਚੰਡਈਆ." (ਬਿਲਾ ਅਃ ਮਃ ੪)

ਚੰਡਕਰ: ਦੇਖੋ, ਚੰਡਾਂਸ਼ੁ.

ਚੰਡਣਾ: ਕ੍ਰਿ- ਚੰਡ (ਤਿੱਖਾ) ਕਰਨਾ। ੨. ਤਾੜਨਾ.

ਚੰਡਰਸਾ: ਦੇਖੋ, ਅਕਰਾ.

ਚੰਡਾਇਲਾ: ਇੱਕ ਰਾਜਪੂਤ ਜਾਤਿ. ਕਰਨਲ ਟਾਡ ਨੇ ਲਿਖਿਆ ਹੈ ਕਿ ਈਸਵੀ ਬਾਰਵੀਂ ਸਦੀ ਵਿੱਚ ਜਮੁਨਾ ਤੋਂ ਨਰਮਦਾ ਤੀਕ ਚੰਡਾਇਲ ਰਾਜ ਕਰਦੇ ਸਨ.

ਚੰਡਾਈ: ਸੰਗਜਾ- ਚੰਡ (ਤਿੱਖਾ) ਕਰਾਉਣ ਦੀ ਕ੍ਰਿਯਾ। ੨. ਚੰਡ ਕਰਵਾਈ ਦੀ ਮਜ਼ਦੂਰੀ। ੩. ਚੰਡਤਾ. ਕ੍ਰੂਰਤਾ. ਜੁਲਮ.

ਚੰਡਾਂਸ਼ੁ: ਸੰ. ਸੰਗਜਾ- ਚੰਡ (ਤਿੱਖੀਆਂ) ਅੰਸ਼ੁ (ਕਿਰਨਾਂ) ਵਾਲਾ, ਸੂਰਜ. ਚੰਡਕਰ.

ਚੰਡਾਰ, ਚੰਡਾਰਨੀ, ਚੰਡਾਰੀ: ਦੇਖੋ, ਚੰਡਾਲ ਅਤੇ ਚੰਡਾਲੀ. "ਕਾਮ ਕ੍ਰੋਧ ਚੰਡਾਰ." (ਮਲਾ ਮਃ ੧) "ਬਸਇ ਸਰੀਰ ਕਰੋਧ ਚੰਡਾਰਾ." (ਸੂਹੀ ਮਃ ੫)

ਚੰਡਾਲ: ਸੰ. ਚਾਣ੍ਡਾਲ ਚਾਂਡਾਲ. ਸੰਗਜਾ- ਤਾਮਸੀ ਸੁਭਾਉ ਵਾਲਾ. ਤਾਮਸੀ ਉਪਜੀਵਿਕਾ ਵਾਲਾ ਆਦਮੀ। ੨. ਚੂੜ੍ਹਾ ਆਦਿ ਨੀਚ ਜਾਤਿ ਦਾ। ੩. ਹਿੰਦੂਸ਼ਾਸਤ੍ਰਾਂ ਅਨੁਸਾਰ ਬ੍ਰਾਹਮਣੀ ਦੇ ਉਦਰ ਤੋਂ ਸ਼ੂਦ੍ਰ ਦੀ ਔਲਾਦ. ਦੇਖੋ, ਔਸ਼ਨਸੀ ਸਿਮ੍ਰਿਤਿ ਸ਼ਃ ੮.

ਚੰਡਾਲਨੀ, ਚੰਡਾਲਿ, ਚੰਡਾਲੀ: ਚੰਡਾਲ ਦੀ ਇਸਤ੍ਰੀ.

ਚੰਡਾਲੀਆ: ਦੇਖੋ, ਚੰਡਾਇਲਾ। ੨. ਇੱਕ ਖਤ੍ਰੀ ਗੋਤ੍ਰ. "ਪੈੜਾ ਜਾਤਿ ਚੰਡਾਲੀਆ." (ਭਾਗੁ)

ਚੰਡਿਕਾ, ਚੰਡੀ: ਵਿ- ਕ੍ਰੋਧ ਵਾਲੀ ਇਸਤ੍ਰੀ. ਲੜਾਕੀ। ੨. ਸੰਗਜਾ- ਦੁਰਗਾ. ਚੰਡ ਦੈਤ ਦੇ ਮਾਰਨ ਵਾਲੀ. "ਕੜਕ ਉਠੀ ਰਣ ਚੰਡੀ ਫੌਜਾਂ ਦੇਖਕੈ." (ਚੰਡੀ ੩) ੩. ਕਾਲੀ ਦੇਵੀ। ੪. ਖ਼ਾ. ਅਗਨਿ. ਅੱਗ। ੫. ਚੰਡੀ ਨਾਮ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਸਾਹਿਬ ਦਾ ਅਨੰਨ ਸਿੱਖ ਸੀ. ਇਸ ਨੇ ਸ਼੍ਰੀ ਅਮ੍ਰਿਤਸਰ ਬਣਨ ਸਮੇਂ ਵਡੀ ਸੇਵਾ ਕੀਤੀ.

ਚੰਡੀਆ: ਧੀਰ ਗੋਤ ਦਾ ਇੱਕ ਪ੍ਰੇਮੀ, ਜੋ ਗੁਰੁ ਅਰਜਨ ਦੇਵ ਦਾ ਸਿੱਖ ਸੀ। ੨. ਜੱਟ ਅਤੇ ਬਲੋਚਾਂ ਦਾ ਇੱਕ ਗੋਤ੍ਰ.

ਚੰਡੀ ਦੀ ਵਾਰ: ਦਸਮਗ੍ਰੰਥ ਵਿੱਚ ਦੋ ਚੰਡੀਰਿਤ੍ਰਾਂ ਪਿੱਛੇ ਪੌੜੀਛੰਦ ਵਿੱਚ ਲਿਖੀ ਪੰਜਾਬੀ ਕਵਿਤਾ, ਜਿਸ ਵਿੱਚ ਦੁਰਗਾ ਦੀ ਯੁੱਧਕਥਾ ਹੈ. ਇਸ ਦਾ ਨਾਮ "ਭਗੌਤੀ ਕੀ ਵਾਰ" ਭੀ ਹੈ.

ਚੰਡੀਪਾਠ: ਮਾਰਕੰਡੇਯ ਪੁਰਾਣ ਵਿੱਚੋਂ ਦੇਵੀ ਦੀ ਕਥਾ ਅਤੇ ਮਹਾਤਮ ਦਾ ਸੱਤ ਸੌ ਸ਼ਲੋਕ, ਜਿਸ ਦਾ ਨਾਮ 'ਦੁਰਗਾਪਾਠ' ਅਤੇ 'ਦੁਰਗਾਸਪਤਸ਼ਤੀ' ਹੈ. ਦੇਖੋ, ਸਤਸਈ.

ਚੰਡੀਵਾਹਨ: ਚੰਡੀ (ਦੁਰਗਾ) ਦਾ ਵਾਹਨ, ਸ਼ੇਰ. ਸਿੰਹ. ਸਿੰਘ.

ਚੰਡੂ: ਅਫੀਮ ਤੋਂ ਬਣਿਆ ਹੋਇਆ ਇੱਕ ਨਸ਼ਾ, ਜਿਸ ਦਾ ਧੂਆਂ ਤਮਾਖੂ ਦੀ ਤਰਾਂ ਪੀਤਾ ਜਾਂਦਾ ਹੈ. ਇਸ ਨੂੰ ਮਦਕ ਭੀ ਆਖਦੇ ਹਨ. ਇਹ ਦਿਲ ਦਿਮਾਗ ਅਤੇ ਪੱਠਿਆਂ ਨੂੰ ਨਿਕੰਮਾ ਕਰ ਦਿੰਦਾ ਹੈ.

ਚੰਡੂਰ: ਸੰ. ਚਾਣੂਰ. ਕੰਸ ਦਾ ਪ੍ਰਸਿੱਧ ਪਹਿਲਵਾਨ, ਜਿਸ ਨੂੰ ਕ੍ਰਿਸ਼ਨ ਜੀ ਨੇ ਅਖਾੜੇ ਵਿੱਚ ਮਾਰਿਆ. "ਚੰਡੂਰ ਕੰਸ ਕੇਸੁ ਮਰਾਹਾ." (ਸੋਰ ਮਃ ੪) ਦੇਖੋ, ਮੁਸਟ.

ਚੰਡੋਲ: ਸੰਗਜਾ- ਖਾਕੀ ਰੰਗ ਦਾ ਇੱਕ ਛੋਟਾ ਪੰਛੀ, ਜੋ ਜਮੀਨ ਤੇ ਬੈਠਕੇ ਅਮ੍ਰਿਤ ਵੇਲੇ ਬਹੁਤ ਮਿੱਠੀ ਅਤੇ ਕਈ ਪੰਛੀਆਂ ਦੀ ਬੋਲੀ ਬੋਲਦਾ ਹੈ. ਇਹ ਅਗਨ ਤੋਂ ਜੁਦਾ ਹੈ. ਇਸ ਦੇ ਸਿਰ ਤੇ ਕਲਗੀ ਜੇਹੀ ਵਾਲਾਂ ਦੀ ਟੋਪੀ ਹੁੰਦੀ ਹੈ. ਇਹ ਪੰਜਾਬ ਦਾ ਵਸਨੀਕ ਪੰਛੀ ਹੈ. ਆਲਣਾ ਘਾਹ ਵਿੱਚ ਜਮੀਨ ਉੱਤੇ ਬਣਾਉਂਦਾ ਹੈ. ਇਸ ਦੀ ਖੁਰਾਕ ਅੰਨ ਅਤੇ ਟਿੱਡੀ ਕੀੜੇ ਹਨ. Lark. ਕਈ ਇਸ ਨੂੰ 'ਹਜਾਰਦਾਸਤਾਂ' ਭੀ ਆਖ ਦਿੰਦੇ ਹਨ. ਦੇਖੋ, ਹਜਾਰਦਾਸਤਾਂ। ੨. ਸੰ. हिन्दोल ਹਿੰਦੋਲ. ਝੂਲਾ. ਝੂਟਣ ਦਾ ਮੰਚ (ਪੰਘੂੜਾ). ੩. ਝੰਪਾਨ. "ਐਯਹੁ ਆਪ ਚੰਡੋਲ ਚੜ੍ਹੈਕੈ." (ਚਰਿਤ੍ਰ ੧੧੨) ੪. ਚਤੁਰ ਹਿੰਦੋਲ. ਚਾਰ ਝੂਲਿਆਂ ਦਾ ਇੱਕ ਯੰਤ੍ਰ, ਜਿਸ ਪੁਰ ਬੈਠਕੇ ਲੋਕ ਝੂਟੇ (ਹੂਟੇ) ਲੈਂਦੇ ਹਨ.

ਚੰਦ: ਸੰ. चन्द ਧਾ- ਚਮਕਣਾ, ਖ਼ੁਸ਼ ਹੋਣਾ। ੨. ਸੰ. ਚੰਦ੍ਰ. ਸੰਗਜਾ- ਚੰਦ੍ਰਮਾ. ਚਾਂਦ. "ਚੰਦ ਦੇਖਿ ਬਿਗਸਹਿ ਕਉਲਾਰ." (ਬਸੰ ਮਃ ੫) ੩. ਇੱਕ ਸੰਖਜਾ ਬੋਧਕ, ਕਿਉਂਕਿ ਚੰਦ੍ਰਮਾ ਇੱਕ ਮੰਨਿਆ ਹੈ. "ਚੰਦ ਅਗਨਿ ਰਸ ਮਹੀ ਗਿਨ ਭਾਦੋਂ ਪੂਰਨਮਾਸ."[499] (ਗੁਪ੍ਰਸੂ) ਅਰਥਾਤ ੧੬੩੧। ੪. ਚੰਦ੍ਰਸੂਰ. ਇੜਾ ਨਾੜੀ. "ਚੰਦ ਸਤ ਭੇਦਿਆ." (ਮਾਰੂ ਜੈਦੇਵ) ਦੇਖੋ, ਚੰਦਸਤ ੨.। ੫. ਭਾਵ- ਆਤਮਾ. "ਚੰਦੁ ਗੁਪਤੁ ਗੈਣਾਰਿ." (ਬਿਲਾ ਥਿਤੀ ਮਃ ੧) ਆਤਮਾ ਗੁਪਤ ਹੈ ਦਸਮਦ੍ਵਾਰ ਵਿੱਚ। ੬. ਚੌਹਾਨਵੰਸ਼ੀ ਪ੍ਰਿਥੀਰਾਜ ਦਿੱਲੀਪਤਿ ਦੇ ਦਰਬਾਰ ਦਾ ਭੂਸ਼ਣ ਚੰਦਕਵਿ, ਜਿਸ ਨੇ ੬੯ ਅਧਜਾਵਾਂ ਦਾ ਪ੍ਰਿਥੀਰਾਜਰਾਯਸੋ" ਨਾਮਕ ਗ੍ਰੰਥ ਰਾਜਪੂਤਵੰਸ਼ ਦਾ ਇਤਿਹਾਸਰੂਪ ਲਿਖਿਆ ਹੈ। ੭. ਮਹਾਭਾਰਤ ਦੇ ਉਦਯੋਗ ਪਰਵ ਦਾ ਉਲਥਾਕਾਰ ਇੱਕ ਸੁਨਿਆਰਾ ਕਵਿ। ੮. ਫ਼ਾ. چند ਵਿ- ਕੁਛ. ਤਨਿਕ. ਥੋੜਾ. "ਚੰਦ ਰੋਜ ਚਲਨਾ ਕਿਛੁ ਪਕੜੋ ਕਰਾਰ." (ਨਸੀਹਤ) ੯. ਕਿਤਨਾ. ਕਿਸਕ਼ਦਰ.

ਚੰਦਸਤ: ਦੇਖੋ, ਚੰਦ ੪. ਅਤੇ ਸਤ। ੨. ਮਾਰੂ ਰਾਗ ਵਿੱਚ ਜੈਦੇਵ ਜੀ ਦਾ ਸ਼ਬਦ ਹੈ-

੧. ਚੰਦਸਤ ਭੇਦਿਆ ਨਾਦਸਤ ਪੂਰਿਆ ਸੂਰਸਤ ਖੋੜਸਾ ਦਤੁ ਕੀਆ।

੨. ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ।

---

[499] ਚੰਦ (੧), ਅਗਨਿ (੩), ਰਸ (੬), ਮਹੀ (੧).

੩. ਮਨਆਦਿ ਗੁਣਆਦਿ ਵਖਾਣਿਆ।

੪. ਤੇਰੀ ਦੁਬਿਧਾਦ੍ਰਿਸਟਿ ਸੰਮਾਨਿਆ।

੫. ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ।

੬. ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵਲੀਣੁ ਪਾਇਆ.

ਇਸ ਦਾ ਭਾਵ ਹੈ-

੧. ਚੰਦ੍ਰਸ੍ਵਰ ਨਾਲ ਪ੍ਰਾਣਾਂ ਨੂੰ ਓਅੰ ਮੰਤ੍ਰ ਦੇ ਸ਼ਬਦ ਨਾਲ ਭੇਦਿਆ (ਪੂਰਕ ਕੀਤਾ), ਫੇਰ ਪੂਰਿਆ (ਕੁੰਭਕ ਕੀਤਾ), ਸੂਰਯਸ੍ਵਰ ਨਾਲ ਸੋਲਾਂ ਵਾਰ ਓਅੰ ਮੰਤ੍ਰ ਜਪਕੇ ਸ੍ਵਾਸ ਨੂੰ ਦਾਨ ਕੀਤਾ (ਰੇਚਕ ਕੀਤਾ).

੨. ਸ਼ਰੀਰ ਦਾ ਬਲ ਤੋੜਕੇ ਨਿਰਬਲ ਕੀਤਾ, ਚੰਚਲ ਮਨ ਨੂੰ ਅਚਲ ਕਰਕੇ ਥਾਪਿਆ, ਜੋ ਸੁਧਾਰਿਆ ਨਹੀਂ ਜਾਂਦਾ ਸੀ ਚਿੱਤ, ਉਸ ਨੂੰ ਸਵਾਰਕੇ ਅਮ੍ਰਿਤ ਪੀਤਾ.

੩. ਅੰਤਹਕਰਣ ਦੀ ਆਦਿ ਅਤੇ ਗੁਣਾਂ ਦਾ ਮੂਲ ਜੋ ਕਰਤਾਰ ਹੈ, ਉਸ ਦਾ ਗੁਣ ਗਾਇਆ.

੪. ਇਸ ਤੋਂ ਤੇਰੀ ਦੁਬਿਧਾਦ੍ਰਿਸ਼੍ਰਿ ਲੀਨ ਹੋ ਗਈ.

੫. ਆਰਾਧਨ ਯੋਗ੍ਯ ਨੂੰ ਅਰਾਧਿਆ, ਸ਼੍ਰੱਧਾ ਕਰਨ ਯੋਗ੍ਯ ਤੇ ਸ਼੍ਰੱਧਾ ਕੀਤੀ, ਜਲ ਨਾਲ ਜਲ ਦੀ ਸਮਾਨਤਾ ਹੋ ਗਈ.

੬. ਜੈਦੇਵ ਆਖਦਾ ਹੈ ਜਦ ਸਭ ਨੂੰ ਜੈ ਕਰਨ ਵਾਲੇ ਦੇਵ ਦਾ ਨਾਮ ਜਪਿਆ, ਤਦ ਨਿਰਵਾਣ ਬ੍ਰਹਮ ਵਿੱਚ ਲੀਨਤਾ ਹੋਈ.

ਚੰਦ ਸੂਰਜ: ਇੜਾ ਅਤੇ ਪਿੰਗਲਾ. "ਚੰਦ ਸੂਰਜ ਕੀ ਪਾਏ ਗੰਢਿ." (ਵਾਰ ਰਾਮ ੧. ਮਃ ੧)

ਚੰਦਕਲਾ: ਦੇਖੋ, ਚੰਦ੍ਰਕਲਾ.

ਚੰਦਕੌਰ: ਫਤੇਗੜ੍ਹ (ਜਿਲਾ ਗੁਰਦਾਸਪੁਰ) ਦੇ ਰਈਸ ਸਰਦਾਰ ਜੈਮਲ ਸਿੰਘ ਕਨ੍ਹੈਯੇ ਦੀ ਸੁਪੁਤ੍ਰੀ, ਜੋ ਸਨ ੧੮੧੨ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਵਡੇ ਪੁਤ੍ਰ (ਵਲੀਅਹਿਦ) ਖੜਕ ਸਿੰਘ ਨੂੰ ਵਿਆਹੀ ਗਈ. ਇਸ ਦੀ ਕੁੱਖ ਤੋਂ ਸਨ ੧੮੨੧ (ਸੰਮਤ ੧੮੭੮) ਵਿੱਚ ਕੌਰ ਨੌਨਿਹਾਲ ਸਿੰਘ ਜਨਮਿਆ. ਇਹ ਆਪਣੇ ਪਤੀ ਅਤੇ ਪੁਤ੍ਰ ਦੇ ਮਰਣ ਪੁਰ ਕੁਝ ਸਮੇਂ ਲਈ ਲਹੌਰ ਦੇ ਰਾਜ ਦਾ ਪ੍ਰਬੰਧ ਕਰਦੀ ਰਹੀ.

ਰਾਜਾ ਧ੍ਯਾਨ ਸਿੰਘ ਡੋਗਰੇ ਅਤੇ ਮਹਾਰਾਜਾ ਸ਼ੇਰ ਸਿੰਘ ਦੀ ਸਾਜ਼ਿਸ਼ ਨਾਲ ਸਨ ੧੮੪੨ ਵਿੱਚ ਮਹਾਰਾਨੀ ਚੰਦਕੌਰ ਕਤਲ ਕੀਤੀ ਗਈ।

੨. ਸਰਦਾਰ ਰਾਮ ਸਿੰਘ ਢਿੱਲੋਂ ਦੀ ਸੁਪੁਤ੍ਰੀ ਅਤੇ ਨਾਭਾਪਤਿ ਰਾਜਾ ਜਸਵੰਤ ਸਿੰਘ ਜੀ ਦੀ ਰਾਣੀ, ਜੋ ਵਡੀ ਧਰਮਾਤਮਾ, ਦਿਲੇਰ, ਰਾਜਕਾਜ ਵਿੱਚ ਨਿਪੁਣ ਅਤੇ ਕੁਲ ਪਾਲਣ ਵਾਲੀ ਸੀ. ਫੂਲ ਕੀ ਰਿਆਸਤਾਂ ਵਿੱਚ ਇਹ ਬਹੁਤ ਹੀ ਸਨਮਾਨ ਨਾਲ ਵੇਖੀ ਜਾਂਦੀ ਸੀ. ਇਸ ਨੇ ਰਾਜਾ ਭਰਪੂਰ ਸਿੰਘ ਦੀ ਨਾਬਾਲਗੀ ਵੇਲੇ ਬਹੁਤ ਉੱਤਮ ਰਾਜ ਪ੍ਰਬੰਧ ਕੀਤਾ। ੩. ਕੌਰ ਹਿੰਮਤ ਸਿੰਘ ਦੀ ਸੁਪੁਤ੍ਰੀ ਅਤੇ ਰਾਜਾ ਅਮਰ ਸਿੰਘ ਪਟਿਆਲਾਪਤਿ ਦੀ ਭਤੀਜੀ, ਜਿਸ ਦੀ ਸ਼ਾਦੀ ਸਰਦਾਰ ਤਾਰਾ ਸਿੰਘ ਰਈਸ ਰਾਹੋਂ ਦੇ ਸੁਪੁਤ੍ਰ ਸਰਦਾਰ ਦਸੌਂਧਾ ਸਿੰਘ ਨਾਲ ਸੰਮਤ ੧੮੩੪ ਵਿੱਚ ਹੋਈ। ੪. ਹਰੀ ਸਿੰਘ ਦੀ ਸੁਪੁਤ੍ਰੀ ਅਤੇ ਰਾਜਾ ਗਜਪਤਿ ਸਿੰਘ ਜੀਂਦਪਤਿ ਦੀ ਪੜੋਤੀ, ਜਿਸ ਦੀ ਸ਼ਾਦੀ ਥਨੇਸਰ ਦੇ ਰਈਸ ਸਰਦਾਰ ਫਤੇ ਸਿੰਘ ਨਾਲ ਹੋਈ। ੫. ਦੇਖੋ, ਖੁਦਾ ਸਿੰਘ.

ਚੰਦ ਚੜ੍ਹਨਾ: ਕ੍ਰਿ- ਸਤੋਗੁਣ ਦਾ ਪ੍ਰਕਾਸ਼ ਹੋਣਾ। ੨. ਆਤਮਿਕ ਪ੍ਰਕਾਸ਼ ਦਾ ਉਦੈ ਹੋਣਾ. "ਮਿਟਿਆ ਅੰਧੇਰਾ ਚੰਦ ਚੜਿਆ." (ਆਸਾ ਮਃ ੫) ੩. ਕਿਸੇ ਐਸੇ ਕਰਮ ਦਾ ਹੋਣਾ, ਜਿਸ ਵੱਲ ਸਭ ਦੀਆਂ ਅੱਖਾਂ ਲਗ ਜਾਣ. ਜਿਵੇਂ ਦੂਜ ਦੇ ਚੰਦ ਨੂੰ ਲੋਕ ਵੇਖਦੇ ਹਨ ਤਿਵੇਂ ਕਿਸੇ ਕਰਮ ਵੱਲ ਸਭ ਦੀ ਨਜਰ ਖਿੱਚੀ ਜਾਣੀ। ੪. ਕਿਸੇ ਅਜੇਹੇ ਸਾਕੇ ਦਾ ਹੋਣਾ, ਜਿਸ ਦੀ ਉਮੈਦ ਨਾ ਹੋਵੇ.

ਚੰਦ ਚੰਦਾਕੀ: ਦੇਖੋ, ਚੰਦ ਅਤੇ ਚੰਦਾਕੀ.

ਚੰਦਨ: ਸੰ. चन्दन ਸੰਗਯਾ- ਇੱਕ ਸੁਗੰਧ ਵਾਲਾ ਬਿਰਛ ਅਤੇ ਉਸ ਦਾ ਕਾਠ, ਜੋ ਸਭ ਦੇ ਚਿੱਤ ਨੂੰ ਚਦਿ (ਪ੍ਰਸੰਨ) ਕਰਦਾ ਹੈ. ਸ਼੍ਰੀਗੰਧ. ਸੰਦਲ. L. Santalum album. ਇਹ ਮੈਸੋਰ ਦੇ ਇਲਾਕੇ ਅਤੇ ਮਦਰਾਸ ਦੇ ਦੱਖਣੀ ਭਾਗ ਵਿੱਚ ਬਹੁਤ ਹੁੰਦਾ ਹੈ. ਇਸ ਦੀ ਤਾਸੀਰ ਸਰਦ ਤਰ ਹੈ. ਚੰਦਨ ਦੇ ਕਾਠ ਤੋਂ ਕੱਢਿਆ ਤੇਲ ਬਹੁਤ ਸੁਗੰਧ ਵਾਲਾ ਹੁੰਦਾ ਹੈ. ਇਸੇ ਤੋਂ ਸਾਰੇ ਇਤਰ ਬਣਾਏ ਜਾਂਦੇ ਹਨ ਅਤੇ ਅਨੇਕ ਰੋਗਾਂ ਲਈ ਵਰਤੀਦਾ ਹੈ. ਚੰਦਨ ਘਸਾਕੇ ਦੇਵਤਾ ਨੂੰ ਚੜ੍ਹਾਇਆ ਜਾਂਦਾ ਹੈ. ਮੱਥੇ ਤੇ ਟਿੱਕਾ ਅਨੇਕ ਹਿੰਦੂ ਲਾਉਂਦੇ ਹਨ. ਗਰਮੀ ਤੋਂ ਹੋਈ ਸਿਰ ਪੀੜ ਨੂੰ ਇਸ ਦਾ ਮੱਥੇ ਤੇ ਕੀਤਾ ਲੇਪ ਬਹੁਤ ਗੁਣਕਾਰੀ ਹੈ. ਚੰਦਨ ਦਾ ਸ਼ਰਬਤ ਪਿੱਤ ਤੋਂ ਹੋਏ ਤਾਪ ਨੂੰ ਦੂਰ ਕਰਦਾ ਹੈ. ਚੰਦਨ ਦੇ ਕਾਠ ਤੇ ਚਿਤਾਈ ਦਾ ਕੰਮ ਬਹੁਤ ਸੁੰਦਰ ਹੁੰਦਾ ਹੈ. ਇਸ ਤੋਂ ਬਣੇ ਕਲਮਦਾਨ ਡੱਬੇ ਆਦਿਕ ਦੂਰ ਦੂਰ ਜਾਂਦੇ ਅਤੇ ਬਹੁਤ ਮੁੱਲ ਪਾਉਂਦੇ ਹਨ. "ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ." (ਵਾਰ ਜੈਤ) ੨. ਇੱਕ ਕਵਿ, ਜੋ ਗੂਢ ਅਰਥ ਵਾਲਾ ਸਵੈਯਾ ਬਣਾਕੇ ਦਸ਼ਮੇਸ਼ ਦੇ ਦਰਬਾਰ ਹਾਜਿਰ ਹੋਇਆ ਸੀ ਅਤੇ ਖ਼ਿਆਲ ਕਰਦਾ ਸੀ ਕਿ ਕੋਈ ਇਸ ਦਾ ਅਰਥ ਨਹੀਂ ਕਰ ਸਕੇਗਾ, ਪਰ ਕਵਿ ਧੰਨਾ ਸਿੰਘ ਨੇ ਇਸ ਦਾ ਹੰਕਾਰ ਦੂਰ ਕਰ ਦਿੱਤਾ. ਦੇਖੋ, ਧੰਨਾ ਸਿੰਘ.

ਚੰਦਨਗਿਰਿ: ਉਹ ਪਹਾੜ, ਜਿਸ ਪੁਰ ਵਿਸ਼ੇਸ਼ ਚੰਦਨ ਦੇ ਬਿਰਛ ਹੁੰਦੇ ਹਨ. ਮਲਯ ਗਿਰਿ. ਦੇਖੋ, ਮਲਯ.

ਚੰਦਨਰਾਇ, ਚੰਦਨਰਾਯ: ਇੱਕ ਚੰਦੇਲਾ ਰਾਜਪੂਤ ਸਰਦਾਰ. ਦੇਖੋ, ਵਿਚਿਤ੍ਰਨਾਟਕ ਅਃ ੧੨.। ੨. ਕਵਿ ਚੰਦਨ ਦਾ ਭੀ ਇਹ ਨਾਮ ਹੈ. ਦੇਖੋ, ਧੰਨਾ ਸਿੰਘ.

ਚੰਦਨਾਚਲ, ਚੰਦਨਾਦ੍ਰਿ: ਚੰਦਨ ਵਾਲਾ ਅਚਲ ਅਥਵਾ ਅਦ੍ਰਿ (ਪਹਾੜ). ਦੇਖੋ, ਚੰਦਨਗਿਰਿ ਅਤੇ ਮਲਯ.

ਚੰਦਨਿ: ਚੰਦਨ (ਚੰਨਣ) ਨਾਲ. ਦੇਖੋ, ਖਉਲਣਾ.

ਚੰਦ ਨੂੰ ਤਿਨਕਾ ਪਰਵਾਨ: ਕੌਸ਼ੀਤਕੀ ਉਪਨਿਸ਼ਦ ਵਿੱਚ ਲਿਖਿਆ ਹੈ ਕਿ ਹਰੇਕ ਚਾਂਦਨੀ ਦੂਜ ਨੂੰ ਚੰਦ੍ਰਮਾ ਨੂੰ ਘਾਹ ਦੇ ਦੋ ਪੱਤੇ ਅਰਪਣ ਕਰਕੇ ਪ੍ਰਾਰਥਨਾ ਕਰੇ, ਅਜਿਹਾ ਕਰਨ ਤੋਂ ਸੰਤਾਨ ਨਹੀਂ ਮਰਦੀ।[500] ੨. ਹੁਣ ਇਹ ਕਹਾਵਤ ਹੋ ਗਈ ਹੈ, ਜਿਸ ਦਾ ਭਾਵ ਇਹ ਹੈ ਕਿ ਵੱਡੇ ਆਦਮੀ ਤੁੱਛ ਭੇਟਾ ਅੰਗੀਕਾਰ ਕਰਕੇ ਪ੍ਰਸੰਨ ਹੋ ਜਾਂਦੇ ਹਨ। ੩. ਇਸ ਕਹਾਵਤ ਦਾ ਭਾਵ ਇਹ ਭੀ ਵਰਤੀਦਾ ਹੈ ਕਿ ਜਿਵੇਂ ਦੂਜ ਵਾਲੇ ਦਿਨ ਚੰਦ ਨੂੰ ਇੱਕ ਤੰਦ ਦਿੱਤੀ ਹੀ ਪਰਵਾਨ ਹੁੰਦੀ ਹੈ ਪਰ ਇਸ ਪਿੱਛੋਂ ਕੀਮਤੀ ਵਸਤ੍ਰ ਭੀ ਅਰਪੀਏ ਤਾਂ ਕਿਸੇ ਅਰਥ ਨਹੀਂ, ਇਵੇਂ ਹੀ ਮੌਕੇ ਸਿਰ ਥੋੜੀ ਭੇਟਾ ਅਤੇ ਸਹਾਇਤਾ ਕੰਮ ਸਵਾਰ ਦਿੰਦੀ ਹੈ. ਸਮਾਂ ਲੰਘ ਜਾਣ ਪਿੱਛੋਂ ਵਡੀ ਪੂਜਾਭੇਟਾ ਭੀ ਕਿਸੇ ਕੰਮ ਦੀ ਨਹੀਂ.

ਚੰਦਪੁਰ: ਜਿਲਾ ਹੁਸ਼ਿਆਰਪੁਰ ਦੀ ਤਸੀਲ ਊਂਨਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਨਵਾਂਸ਼ਹਿਰ ਅਤੇ ਗੜ੍ਹਸ਼ੰਕਰ ਤੋਂ ੨੦. ਮੀਲ ਹੈ. ਇਸ ਥਾਂ ਸ਼੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰਦ੍ਵਾਰਾ ਹੈ.

ਚੰਦਮੱਲ: ਸਾਵਨਮੱਲ ਦਾ ਪੁਤ੍ਰ, ਸ੍ਰੀ ਗੁਰੂ ਅਮਰਦੇਵ ਦਾ ਭਤੀਜਾ.

ਚੰਦਮੁਖੀ: ਵਿ- ਚੰਦਰਮਾ ਜੇਹੇ ਮੁਖ ਵਾਲੀ. ਚੰਦ੍ਰਮੁਖੀ। ੨. ਸੰਗਯਾ- ਨੀਲੋਫ਼ਰ. ਕੁਮੁਦਿਨੀ. ਭਮੂਲ.

ਚੰਦਰਾ: ਸੰ. चन्द्रारि ਚੰਦ੍ਰਾਰਿ. ਸੰਗਯਾ- ਰਾਹੂ. ਚੰਦ੍ਰਮਾ ਦਾ ਵੈਰੀ। ੨. ਵਿ- ਰਾਹੂ ਜੇਹਾ ਦੁਖਦਾਈ. ਗ੍ਰਸਣ ਵਾਲਾ। ੩. ਸੰਗਯਾ- ਅੰਗੁਲੀਪਾਕਾ. ਬੁਰਨਾਮਾ.

ਚੰਦਰਾਤ: ਸੰਗਯਾ- ਚੰਦ੍ਰਮਾ ਦੇ ਮਹੀਨੇ ਦੀ ਪਹਿਲੀ ਉਹ ਰਾਤ, ਜਿਸ ਵਿੱਚ ਚੰਦ੍ਰਮਾ ਦਿਖਾਈ ਦੇਵੇ। ੨. ਚਾਂਦਨੀ ਦੂਜ.

ਚੰਦਾ: ਸੰਗਯਾ- ਚੰਦ੍ਰ (ਚੰਦ੍ਰਮਾ) ਦਾ ਬਹੁਵਚਨ. "ਜੇ ਸਉ ਚੰਦਾ ਉਗਵਹਿ." (ਵਾਰ ਆਸਾ) ੨. ਰਜਾਈ ਦੇ ਉੱਪਰਲਾ ਵਸਤ੍ਰ,

[500] ਦੂਜ ਦੇ ਚੰਦ ਨੂੰ ਹਿੰਦੂ ਕੱਪੜੇ ਦਾ ਤੰਦ ਅਰਪਦੇ ਹਨ, ਉਸਦਾ ਮੂਲ ਇਹੀ ਲੇਖ ਹੈ.

ਜਿਸ ਪੁਰ ਚੰਦ੍ਰਮਾ ਦੇ ਆਕਾਰ ਦੀ ਛਪਾਈ ਹੋਵੇ। ੩. ਫ਼ਾ. چنّدہ ਉਗਰਾਹੀ। ੪. ਕਿਸੇ ਸਭਾ ਅਥਵਾ ਗ੍ਰੰਥ ਅਖ਼ਬਾਰ ਆਦਿ ਦਾ ਮਾਹਵਾਰੀ ਚੰਦਾ। ੫. ਚੰਦ੍ਰ ਦੇ ਆਕਾਰ ਦਾ ਧਾਤੁ ਅਥਵਾ ਕਾਗ਼ਜ ਆਦਿ ਦਾ ਟੁਕੜਾ. "ਚੰਦਾ ਤੌਰ ਮੇ ਪਾਵਕੀ ਹੈ, ਤਾਂ ਗੁੱਡੀ ਨੂੰ ਜਾਇ ਪਹੁਚਤਾ ਹੈ." (ਜਸਭਾਮ)

ਚੰਦਾਂ: ਫ਼ਾ. چنّداں ਕੁਝ ਜ਼ਜਾਦਹ. ਕੁਝ ਅਜਿਹਾ.

ਚੰਦਾਇਣੁ: ਸੰਗਜ੍ਯਾ- ਚੰਦ੍ਰਮਾ ਦਾ ਪ੍ਰਕਾਸ਼. ਚੰਦ੍ਰਿਕਾ। ੨. ਚਾਂਦਨਾ. ਰੌਸ਼ਨੀ. ਚਮਕ। ੩. ਆਕਾਸ਼. ਚੰਦ੍ਰਮਾ ਦਾ ਅਯਨ (ਘਰ). "ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ." (ਮਾਰੂ ਸੋਲਹੇ ਮਃ ੧)

ਚੰਦਾਕੀ: ਸੰ. चन्द्रिका ਚੰਦ੍ਰਿਕਾ. ਸੰਗਜ੍ਯਾ- ਚਾਂਦਨੀ. ਚੰਦ੍ਰਮਾ ਦੀ ਰੌਸ਼ਨੀ. "ਤ੍ਰਿਸਨਾਅਗਨਿ ਬੁਝਾਨੀ, ਸਿਵ ਚਰਿਓ ਚੰਦ ਚੰਦਾਕੀ." (ਧਨਾ ਮਃ ੪) ਸ਼ਿਵ (ਕਲਜਾਣ ਰੂਪ) ਚੜ੍ਹਿਓ, ਜੋ ਚੰਦ੍ਰਮਾ ਨੂੰ ਚੰਦ੍ਰਿਕਾ ਦੇਣ ਵਾਲਾ ਹੈ.

ਚੰਦਾਯਣ, ਚੰਦਾਯਨ: ਦੇਖੋ, ਚੰਦਾਇਣੁ। ੨. ਬਧਕ (ਫੰਧਕ) ਦਾ ਕੀਤਾ ਹੋਇਆ ਪ੍ਰਕਾਸ਼, ਜਿਸ ਨੂੰ ਦੇਖਕੇ ਰਾਤ ਵੇਲੇ ਮ੍ਰਿਗ ਪਾਸ ਆ ਜਾਂਦੇ ਹਨ.

ਚੰਦਿਰ: ਸੰ. चन्दिर ਸੰਗਜ੍ਯਾ- ਚੰਦ੍ਰਮਾ। ੨. ਹਾਥੀ.

ਚੰਦੀ, ਚੰਦੀਂ: ਫ਼ਾ. چنّدیں ਚੰਦ- ਈਂ. ਕਿਤਨੇ ਹੀ. ਕਿਤਨੇ. "ਚੰਦੀ ਹਜਾਰ ਆਲਮ ਏਕਲ ਖਾਨਾ." (ਤਿਲੰ ਨਾਮਦੇਵ)

ਚੰਦੁ: ਦੇਖੋ, ਚੰਦ.

ਚੰਦੂ: ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਪ੍ਰੇਮੀ ਸਿੱਖ। ੨. ਲਹੌਰ ਨਿਵਾਸੀ ਇੱਕ ਖਤ੍ਰੀ, ਜੋ ਬਾਦਸ਼ਾਹ ਜਹਾਂਗੀਰ ਵੇਲੇ ਮਾਲੀ ਅ਼ਹੁਦੇਦਾਰ ਸੀ. ਇਹ ਆਪਣੀ ਪੁਤ੍ਰੀ ਦਾ ਨਾਤਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਰਨਾ ਚਾਹੁੰਦਾ ਸੀ. ਪਰ ਦਿੱਲੀ ਦੀ ਸੰਗਤਿ ਨੇ ਇਸ ਦੇ ਅਹੰਕਾਰ ਭਰੇ ਬਚਨ ਸੁਣਕੇ ਪੰਜਵੇਂ ਸਤਿਗੁਰੂ ਦੀ ਸੇਵਾ ਵਿੱਚ ਅਰਦਾਸ ਲਿਖੀ ਕਿ ਇਸ ਮਨਮੁਖ ਦਾ ਨਾਤਾ ਨਹੀਂ ਲੈਣਾ. ਗੁਰੂ ਸਾਹਿਬ ਨੇ ਸਿੱਖਾਂ ਦੀ ਇੱਛਾ ਅਨੁਸਾਰ ਸਾਕ ਲੈਣੋ ਇਨਕਾਰ ਕੀਤਾ, ਇਸ ਪੁਰ ਇਹ ਗੁਰੂ ਅਰਜਨ ਦੇਵ ਦਾ ਵੈਰੀ ਬਣ ਗਿਆ.

ਚੰਦੂ ਨੇ ਬਹੁਤ ਜਾਲ ਰਚਕੇ ਪੰਜਵੇਂ ਸਤਿਗੁਰੂ ਜੀ ਨੂੰ ਲਹੌਰ ਬੁਲਾਇਆ ਅਤੇ ਝੂਠੀ ਉਜਾਂ ਲਾ ਕੇ ਬਾਦਸ਼ਾਹ ਤੋਂ ਜੁਰਮਾਨਾ ਕਰਵਾਇਆ ਅਰ ਅਨੇਕ ਅਸਹਿ ਕਸ਼੍ਟ ਦਿਵਾਏ, ਜਿਨ੍ਹਾਂ ਦੇ ਕਾਰਣ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ਸਮਾਏ.[501]

ਸੰਮਤ ੧੬੭੦ ਵਿੱਚ ਚੰਦੂ ਸਿੱਖਾਂ ਦੇ ਹੱਥੋਂ ਵਡੀ ਦੁਰਗਤਿ ਨਾਲ ਲਹੌਰ ਮੋਇਆ.

ਚੰਦੂਸ਼ਾਹੁ, ਚੰਦੂਸ੍ਵਾਹ: ਚੰਦੂ ੨. ਦਾ ਸਨਮਾਨ ਬੋਧਕ ਸ਼ਬਦ. ਸਿੱਖਾਂ ਵਿੱਚ ਇਸੇ ਦਾ ਨਾਉਂ ਅਪਮਾਨ ਬੋਧਕ ਸ਼ਾਹੁ ਦੀ ਥਾਂ ਸ੍ਵਾਹ ਹੈ.

ਚੰਦੇਰੀ: ਮੱਧਭਾਰਤ (ਸੀ. ਪੀ. ) ਦੇ ਲਲਿਤਪੁਰ ਜਿਲੇ ਦੀ ਪੁਰਾਣੀ ਨਗਰੀ, ਜਿਸ ਦਾ ਨਾਮ ਚੰਦ੍ਰਵਤੀ ਭੀ ਲਿਖਿਆ ਹੈ. ਇਹ ਲਲਿਤਪੁਰ ਤੋਂ ੧੮. ਮੀਲ ਪੱਛਮ ਹੈ.[502] ਇਹ ਚੇਦਿ ਇਲਾਕੇ ਦੀ ਪ੍ਰਧਾਨ ਨਗਰੀ ਅਤੇ ਸ਼ਿਸ਼ੁਪਾਲ ਦੀ ਰਾਜਧਾਨੀ ਸੀ. ਦੇਖੋ, ਚੇਦਿ. ਚੰਦੇਰੀ ਵਿੱਚ ਚੰਦੇਲਾ ਰਾਜਪੂਤ ਯਸ਼ੋਵਰਮਾ ਨੇ ਸਨ ੯੮੨ ਤੋਂ ੧੦੧੨ ਤੀਕ ਰਾਜ ਕੀਤਾ. ਇਸੇ ਕਾਰਣ ਚੇਦਿ ਤੋਂ ਚੰਦੇਰੀ ਨਾਮ ਪ੍ਰਸਿੱਧ ਹੋਇਆ. ਬਾਬਰ ਨੇ ਇਸ ਪੁਰ ੨੦. ਜੂਨ ਸਨ ੧੫੨੬ ਨੂੰ ਕਬਜਾ ਕੀਤਾ ਸੀ.

ਚੰਦੇਰੀਨਾਥ, ਚੰਦੇਰੀਪਤਿ: ਸ਼ਿਸ਼ੁਪਾਲ. ਦੇਖੋ, ਚੇਦਿਪਤਿ.

ਚੰਦੇਲ, ਚੰਦੇਲਾ: ਛਤ੍ਰੀਆਂ ਦੀ ਇੱਕ ਜਾਤਿ, ਜਿਸ ਦੀ ਉਤਪੱਤੀ ਇਉਂ ਦੱਸੀ ਜਾਂਦੀ ਹੈ ਕਿ- ਕਾਸ਼ੀ ਦੇ ਰਾਜਾ ਇੰਦ੍ਰਜਿਤ ਦਾ

---

[501] ਦੇਖੋ, ਜਹਾਂਗੀਰ ਸ਼ਬਦ ਫੁਟਨੋਟ ਸਮੇਤ.

[502] ਪੁਰਾਣੀ ਚੰਦੇਰੀ ਦੇ ਖੰਡਹਰ ਨਵੀਂ ਆਬਾਦੀ ਤੋਂ ਅੱਠ ਮੀਲ ਉੱਤਰ ਪੱਛਮ ਹਨ

ਪੁਰੋਹਿਤ ਹੇਮਰਾਜ ਸੀ. ਉਸ ਦੀ ਪੁਤ੍ਰੀ ਹੇਮਵਤੀ ਜੋ ਵਡੀ ਸੁੰਦਰੀ ਸੀ, ਇੱਕ ਦਿਨ ਗੰਗਾ ਇਸਨਾਨ ਕਰਨ ਗਈ, ਉਸ ਨੂੰ ਦੇਖਕੇ ਚੰਦ੍ਰਮਾ ਮੋਹਿਤ ਹੋ ਗਿਆ ਅਤੇ ਹੇਮਵਤੀ ਨੂੰ ਗਰਭ ਸਹਿਤ ਕੀਤਾ. ਹੇਮਵਤੀ ਦੀ ਸੰਤਾਨ ਚੰਦੇਲ ਛਤ੍ਰੀ ਹਨ.

ਦੂਜੀ ਕਲਪਣਾ ਇਹ ਹੈ ਕਿ ਮਰੀਚੀ ਦੇ ਪੁਤ੍ਰ ਚੰਦ੍ਰਾਤ੍ਰੇਯ ਤੋਂ ਚੰਦੇਲਵੰਸ਼ ਚੱਲਿਆ ਹੈ। ੨. ਇੱਕ ਰਾਜਪੂਤ ਜਾਤਿ. "ਚੰਦੇਲ ਚੌਪਿਯੰ ਤਬੈ ਰਿਸਾਤ ਧਾਤ ਭੇ ਸਬੈ." (ਵਿਚਿਤ੍ਰ) ਬਿਲਾਸਪੁਰ ਦੇ ਰਾਜੇ ਇਸੇ ਗੋਤਰ ਦੇ ਹਨ.

ਚੰਦੋ: ਦੇਖੋ, ਚੰਦੋ ਮਾਤਾ.

ਚੰਦੋਆ: ਸੰਗਯਾ- ਅਜਿਹਾ ਸਾਇਵਾਨ, ਜਿਸ ਦੇ ਵਿਚਕਾਰ ਚੰਦ੍ਰਮਾ ਦੀ ਮੂਰਤਿ ਬਣੀ ਹੋਵੇ. "ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ." (ਵਾਰ ਰਾਮ ੩) ਦੇਖੋ, ਚੰਦ੍ਰਾ ੪.

ਚੰਦੋ ਦੀਪਾਇਆ: ਵਿ- ਚੰਦ੍ਰਮਾ ਪ੍ਰਕਾਸ਼ਿਤ ਹੋਇਆ. ਭਾਵ- ਆਤਮਿਕ ਪ੍ਰਕਾਸ਼ ਉਦੈ ਹੋਇਆ. "ਚੰਦੋ ਦੀਪਾਇਆ ਦਾਨਿ ਹਰਿ ਕੈ." (ਸੂਹੀ ਛੰਤ ਮਃ ੧)

ਚੰਦੋ ਮਾਤਾ: ਸ਼੍ਰੀ ਗੁਰੂ ਨਾਨਕਦੇਵ ਜੀ ਦੀ ਸੱਸ. ਬਾਬਾ ਮੂਲਚੰਦ ਚੋਣੇ ਦੀ ਧਰਮਪਤ੍ਰੀ ਅਤੇ ਸ਼੍ਰੀਮਤੀ ਮਾਤਾ ਸੁਲਖਣੀ ਜੀ ਦੀ ਮਾਤਾ.

ਚੰਦੋਵ, ਚੰਦੋਵਾ: ਦੇਖੋ, ਚੰਦੋਆ. "ਕਿੱਤਿ ਚੰਦੋਵ ਦਸੋਂ ਦਿਸਿ ਤਾਨਜੋ." (ਪਾਰਸਾਵ) ਕੀਰਤੀ ਦਾ ਚੰਦੋਆ.

ਚੰਦੌਲ: ਡਿੰਗ. ਸੰਗਯਾ- ਫੌਜ ਦਾ ਪਿਛਲਾ ਭਾਗ.

ਚੰਦ੍ਰ: ਸੰ. ਸੰਗਯਾ- ਚੰਦ੍ਰਮਾ. ਚਾਂਦ। ੨. ਮੋਰ ਦੇ ਪੰਖ (ਖੰਭ) ਪੁਰ ਚੰਦ੍ਰ ਜੇਹਾ ਚਿੰਨ੍ਹ। ੩. ਜਲ। ੪. ਸੁਵਰਣ. ਸੋਨਾ। ੫. ਨੈਪਾਲ ਦੇ ਰਾਜ ਦਾ ਇੱਕ ਪਰਬਤ. ਦੇਖੋ, ਚੰਦ੍ਰਗਿਰਿ। ੬. ਕਪੂਰ। ੭. ਮੋਤੀ, ਜੋ ਗੁਲਾਬੀ ਝਲਕ ਵਾਲਾ ਹੋਵੇ। ੮. ਯੋਗਮਤ ਅਨੁਸਾਰ ਇੜਾ ਸ੍ਵਰ। ੯. ਇੱਕ ਗਿਣਤੀ ਬੋਧਕ, ਕਿਉਂਕਿ ਚੰਦ੍ਰਮਾ ਇੱਕ ਮੰਨਿਆ ਹੈ। ੧੦. ਅਰਧਚੰਦ੍ਰ ਬਾਣ. "ਕਿਤੇ ਚੰਦ੍ਰ ਤ੍ਰਿਸੂਲ ਸੈਥੀ ਸੰਭਾਰੈਂ." (ਚਰਿਤ੍ਰ ੯੬) ੧੧. ਵਿ- ਸੁੰਦਰ. ਮਨੋਹਰ.

ਚੰਦ੍ਰਸੇਖਰ: ਸੰ. चन्द्रशेखर. ਸੰਗਯਾ- ਚੰਦ੍ਰਮਾ ਨੂੰ ਸਿਰ ਪੁਰ ਧਾਰਨ ਵਾਲਾ ਸ਼ਿਵ. ਮਹਾਦੇਵ। ੨. ਦੇਖੋ, ਸੇਖਰ ੩.

ਚੰਦ੍ਰਸੇਖਰੀ: ਸੰਗਯਾ- ਦੁਰਗਾ. ਦੇਵੀ, ਜੋ ਸ਼ੇਖਰ (ਸਿਰ ਦਾ ਭੂਸ਼ਣ) ਚੰਦ੍ਰਮਾ ਰਖਦੀ ਹੈ.

ਚੰਦ੍ਰਸੇਨੀ ਹਾਰ: ਸੰਗਯਾ- ਚੰਦ੍ਰਹਾਰ. ਨੌਲੱਖਾ ਹਾਰ. ਸੁਵਰਣ ਦਾ ਜੜਾਊ ਹਾਰ, ਜਿਸ ਵਿੱਚ ਅੱਧੇ ਚੰਦ੍ਰਮਾ ਦੇ ਆਕਾਰ ਦੇ ਛੋਟੇ ਵਡੇ ਮਣਕੇ ਹੁੰਦੇ ਹਨ ਅਤੇ ਵਿਚਕਾਰ ਪੂਰੇ ਚੰਦ ਦੇ ਆਕਾਰ ਦਾ ਚੌਕ ਹੁੰਦਾ ਹੈ. ਇਹ ਇਸਤ੍ਰੀਆਂ ਦਾ ਪਜਾਰਾ ਭੂਖਣ ਹੈ. "ਚੰਦ੍ਰਸੇਨਿਨ ਮਨਿਨ ਹੀਰਨ." (ਸਲੋਹੇ)

ਚੰਦ੍ਰਹੜਾ: ਦੇਖੋ, ਧੁਨੀ (ੳ)

ਚੰਦ੍ਰਹਾਸ, ਚੰਦ੍ਰਹਾਸੁ: ਸੰ. चन्द्रहास ਸੰਗਯਾ- ਚੰਦ੍ਰਮਾ ਜੇਹਾ ਹੈ ਹਾਸ (ਪ੍ਰਕਾਸ਼) ਜਿਸ ਦਾ, ਤਲਵਾਰ ਖੜਗ, ਇਹ ਸਕੇਲੇ ਦਾ ਹੁੰਦਾ ਹੈ. ਫੌਲਾਦ ਤੋਂ ਚੰਦ੍ਰਹਾਸ ਨਹੀਂ ਬਣਾਈਦਾ। ੨. ਰਾਵਣ ਦੀ ਖ਼ਾਸ ਤਲਵਾਰ, ਜੋ ਸ਼ਿਵ ਤੋਂ ਉਸ ਨੂੰ ਪ੍ਰਾਪਤ ਹੋਈ ਸੀ. "ਚੰਦ੍ਰਹਾਸ ਏਕੈਂ ਕਰ ਧਾਰੀ." (ਰਾਮਾਵ) ੩. ਚਾਂਦੀ. ਰਜਤ। ੪. ਇੱਕ ਦੱਖਣ ਦਾ ਰਾਜਾ, ਜਿਸ ਦੀ ਕਥਾ ਮਹਾਭਾਰਤ ਵਿੱਚ ਇਉਂ ਲਿਖੀ ਹੈ ਕਿ- ਚੰਦ੍ਰਹਾਸ ਦੇ ਮਾਤਾ ਪਿਤਾ ਛੋਟੀ. ਉਮਰ ਵਿੱਚ ਮਰ ਗਏ ਅਤੇ ਰਾਜ ਦੇ ਮੰਤ੍ਰੀ ਧ੍ਰਿਸ਼੍ਟਬੁੱਧ ਨੇ ਸਾਰੀ ਰਿਆਸਤ ਸਾਂਭ ਲਈ. ਇੱਕ ਦਿਨ ਕਿਸੇ ਜਯੋਤਿਸ਼ੀ ਨੇ ਬਾਲਕ ਚੰਦ੍ਰਹਾਸ ਨੂੰ ਦੇਖਕੇ ਆਖਿਆ ਕਿ ਇਹ ਚਕ੍ਰਵਰਤੀ ਰਾਜਾ ਹੋਵੇਗਾ. ਇਹ ਸੁਣਕੇ ਧ੍ਰਿਸ਼੍ਟਬੁੱਧਿ ਉਹ ਚਿੱਠੀ ਲੈ ਕੇ ਗਿਆ ਅਤੇ ਥਕੇਵਾਂ ਦੂਰ ਕਰਨ ਨੂੰ ਬਾਲਕ ਮਾਰਣ ਲਈ ਅਨੇਕ ਯਤਨ ਕਰਨੇ ਪਏ, ਪਰ ਕਰਤਾਰ ਨੇ ਉਸ ਦੀ ਰਖ੍ਯਾ ਕੀਤੀ. ਅੰਤ ਨੂੰ ਮੰਤ੍ਰੀ ਨੇ ਚੰਦ੍ਰਹਾਸ ਹੱਥ ਆਪਣੇ ਪੁਤ੍ਰ ਮਦਨ ਦੇ ਨਾਮ ਚਿੱਠੀ ਦਿੱਤੀ ਕਿ ਇਸ ਨੂੰ ਵਿਸ਼ ਦੇਦਿਓ. ਚੰਦ੍ਰਹਾਸ ਲਈ ਮਦਨ ਦੇ ਬਾਗ਼ ਵਿੱਚ ਸੌਂ ਗਿਆ. ਮਦਨ ਦੀ ਭੈਣ ਵਿਸ਼ਯਾ ਬਾਗ ਵਿੱਚ ਆਈ ਉਸ ਨੇ ਸੁੱਤੇਪਏ ਚੰਦ੍ਰਹਾਸ ਦੀ ਸ਼ਕਲ ਦੇਖਕੇ ਪਤਿ ਧਾਰਣ ਦਾ ਪੱਕਾ ਸੰਕਲਪ ਕਰ ਲਿਆ. ਚੰਜਦ੍ਰਹਾਸ ਦੇ ਪੱਲੇ ਤੋਂ

ਚਿੱਠੀ ਖੋਲ੍ਹਕੇ ਦੇਖੀ ਤਾਂ ਵਿਸ਼ਯਾ ਵਡੀ ਦੁਖੀ ਹੋਈ ਅਤੇ ਨੇਤ੍ਰ ਦੇ ਕੱਜਲ ਨਾਲ ਵਿਸ਼ ਦੀ ਥਾਂ ਵਿਸ਼ਯਾ ਸ਼ਬਦ ਬਣਾਕੇ ਚਲੀ ਗਈ. ਚੰਦ੍ਰਹਾਸ ਜਾਗਕੇ ਮਦਨ ਪਾਸ ਪੁੱਜਾ ਅਤੇ ਚਿੱਠੀ ਦਿੱਤੀ. ਮਦਨ ਨੇ ਤੁਰਤ ਹੀ ਆਪਣੀ ਭੈਣ ਦੀ ਸ਼ਾਦੀ ਚੰਦ੍ਰਹਾਸ ਨਾਲ ਕਰ ਦਿੱਤੀ. ਇਹ ਸਭ ਮਾਲੂਮ ਕਰਕੇ ਧ੍ਰਿਸ਼੍ਟਬੁੱਧਿ ਨੂੰ ਅੱਗ ਲੱਗ ਗਈ. ਉਸ ਨੇ ਚੰਡਾਲਾਂ ਨੂੰ ਧਨ ਦੇ ਕੇ ਇਹ ਬਜ਼ੋਂਤ ਕੀਤੀ ਕਿ ਦੇਵਮੰਦਿਰ ਪੂਜਨ ਗਏ ਚੰਦ੍ਰਹਾਸ ਦਾ ਸਿਰ ਕੱਟ ਦਿੱਤਾ ਜਾਵੇ. ਦੈਵਯੋਗ ਨਾਲ ਮਦਨ, ਮੰਦਿਰ ਵਿੱਚ ਚੰਦ੍ਰਹਾਸ ਤੋਂ ਪਹਿਲਾਂ ਪੁੱਜਾ ਅਤੇ ਚੰਡਾਲਾਂ ਤੋਂ ਕ਼ਤਲ ਕੀਤਾ ਗਿਆ. "ਜਿਉ ਜਨ ਚੰਦ੍ਰਹਾਸੁ ਦੁਖਿਆ ਧ੍ਰਿਸਟਬੁਧੀ, ਅਪਨਾ ਘਰੁ ਲੂਕੀ ਜਾਰੇ." (ਨਟ ਅ: ਮ: ੪)

ਚੰਦ੍ਰਹਾਰ: ਦੇਖੋ, ਚੰਦ੍ਰਸੇਨੀ ਹਾਰ.

ਚੰਦ੍ਰਕ: ਸੰ. ਸੰਗਯਾ- ਚੰਦ੍ਰਮਾ. ਚਾਂਦ। ੨. ਚੰਦ੍ਰਮਾ ਦੇ ਆਕਾਰ ਦਾ ਇਸਤ੍ਰੀਆਂ ਦਾ ਮਸਤਕਭੂਸ਼ਣ। ੩. ਇੱਕ ਰਿਖੀ. ਦੇਖੋ, ਜਰਾਸੰਧ. "ਚੰਦ੍ਰਕ ਨਾਮ ਰਿਖੀਸੁਰ ਏਕ." (ਗੁਪ੍ਰਸੂ) ੪. ਕਪੂਰ.

ਚੰਦ੍ਰਕ ਬਾਣ: ਦੇਖੋ, ਅਰਧਚੰਦ੍ਰ ਬਾਣ ਅਤੇ ਚੰਦ੍ਰ ੧੦.

ਚੰਦ੍ਰਕਲਾ: ਸੰ. ਸੰਗਯਾ- ਚੰਦ੍ਰਮਾ ਦਾ ਸੋਲਵਾਂ ਭਾਗ. ਚੰਦ੍ਰਮਾ ਦੀਆਂ ਸੋਲਾਂ ਕਲਾ ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਇਹ ਲਿਖੀਆਂ ਹਨ- ਅਮ੍ਰਿਤਾ, ਮਾਨਦਾ, ਪੂਸ਼ਾ, ਪੁਸ਼੍ਟਿ, ਤੁਸ਼੍ਟਿ, ਰਤਿ, ਧ੍ਰਿਤਿ, ਸ਼ਸ਼ਿਨੀ, ਚੰਦ੍ਰਿਕਾ, ਕਾਂਤਿ, ਜ੍ਯੋਤਸ੍ਨਾ, ਸ਼੍ਰੀ, ਪ੍ਰੀਤਿ, ਅੰਗਦਾ, ਪੂਸ਼ਣਾ ਅਤੇ ਪੂਰਣਾ.

ਕਾਮਸ਼ਾਸਤ੍ਰ ਅਨੁਸਾਰ ਸੋਲਾਂ ਕਲਾ ਇਹ ਹਨ- ਪੂਸ਼ਾ, ਯਸ਼ਾ, ਸੁਮਨਸਾ, ਰਤਿ, ਪ੍ਰਾਪ੍ਤਿ, ਧ੍ਰਿਤਿ, ਰਿੱਧਿ, ਸੋਮ੍ਯਾ, ਮਰੀਚਿ, ਅੰਸ਼ੁਮਾਲਿਨੀ, ਅੰਗਿਰਾ, ਸ਼ਸ਼ਿਨੀ, ਛਾਯਾ, ਸੰਪੂਰਣਮੰਡਲਾ, ਤੁਸ਼੍ਟਿ ਅਤੇ ਅਮ੍ਰਿਤਾ। ੨. ਨਾਨਕ ਪ੍ਰਕਾਸ਼ ਅਨੁਸਾਰ ਲੰਕਾਪਤਿ ਸ਼ਿਵਨਾਭ ਦੀ ਪਟਰਾਨੀ, ਜਿਸ ਨੇ ਜਗਤਗੁਰੂ ਦੀ ਸਿੱਖੀ ਧਾਰਨ ਕੀਤੀ. "ਚੰਦ੍ਰਕਲਾ ਲੇ ਰਾਨੀ ਸੰਗਾ। ਆਵਾ ਭੂਪਤਿ ਹ੍ਰਿਧੈ ਉਮੰਗਾ." (ਨਾਪ੍ਰ) ੩. ਦੇਖੋ, ਸਵੈਯੇ ਦਾ ਰੂਪ ੧੫.

ਚੰਦ੍ਰਕਾ: ਦੇਖੋ, ਚੰਦ੍ਰਿਕਾ.

ਚੰਦ੍ਰਕਾਂਤ, ਚੰਦ੍ਰਕਾਂਤਾ: ਸੰ. चन्द्रकान्त ਸੰਗਯਾ- ਸੰਸਕ੍ਰਿਤ ਦੇ ਕਵੀਆਂ ਦੇ ਖ਼ਿਆਲ ਅਨੁਸਾਰ ਇੱਕ ਮਣਿ, ਜੋ ਚੰਦ੍ਰਮਾ ਦੇ ਪ੍ਰਕਾਸ਼ ਵਿੱਚ ਅਮ੍ਰਿਤ ਸ੍ਰਵਦੀ ਹੈ। ੨. ਚੰਦਨ। ੩. ਕੁਮੁਦ. ਨੀਲੋਫ਼ਰ.

ਚੰਦ੍ਰਕੁਮਾਰ: ਸੰਗਯਾ- ਚੰਦ੍ਰਮਾ ਦਾ ਪੁਤ੍ਰ ਬੁਧ. "ਜਿਹ ਸਮ ਇੰਦ੍ਰ ਨ ਚੰਦ੍ਰਕੁਮਾਰਾ." (ਚਰਿਤ੍ਰ ੨੭੩) ਬੁਧ ਬਹੁਤ ਸੁੰਦਰ ਲਿਖਿਆ ਹੈ.

ਚੰਦ੍ਰਗਿਰਿ: ਨੈਪਾਲ ਰਾਜ ਵਿੱਚ ਇੱਕ ਪਹਾੜ, ਜਿਸ ਦੀ ਉਚਾਈ ੮੫੦੦ ਫੁਟ ਹੈ। ੨. ਸ਼੍ਰੀਰੰਗ ਪੱਤਨ (Seringapatam) ਪਾਸ ਇੱਕ ਪਹਾੜੀ, ਜਿੱਥੇ ਜੈਨੀਆਂ ਦਾ ਪਵਿਤ੍ਰ ਤੀਰਥ ਹੈ.

ਚੰਦ੍ਰਗੁਪਤ: ਸੰ. चन्द्रगुप्त ਮਗਧ ਦੇਸ਼ ਦਾ ਮੌਰਯ[503] ਵੰਸ਼ ਦਾ ਮੁਖੀਆ ਰਾਜਾ, ਜਿਸ ਨੇ ਚਾਣਿਕ੍ਯ (ਵਿਸ਼ਨੁਗੁਪਤ) ਮੰਤ੍ਰੀ ਦੀ ਸਹਾਇਤਾ ਨਾਲ ਰਾਜਾ ਮਾਹਨੰਦ ਅਤੇ ਨੰਦਵੰਸ਼ ਦਾ ਨਾਸ਼ ਕਰਕੇ ਪਾਟਲੀਪੁਤ੍ਰ (ਪਟਨੇ) ਵਿੱਚ ਰਾਜਧਾਨੀ ਕਾਇਮ ਕੀਤੀ ਅਤੇ ਸਾਰੇ ਭਾਰਤ ਨੂੰ ਅਧੀਨ ਕੀਤਾ ਸੀ. ਇਸ ਦੇ ਰਾਜ ਵਿੱਚ ਅਫਗਾਨਿਸਤਾਨ, ਬਿਹਾਰ, ਕਾਠੀਆਵਾੜ ਅਤੇ ਪੰਜਾਬ ਆਦਿ ਦੇਸ਼ ਸ਼ਾਮਿਲ. ਚੰਦ੍ਰਗੁਪਤ ਨੇ ਯੂਨਾਨੀ ਰਾਜਾ (Seleukos) ਦੀ ਪੁਤ੍ਰੀ ਨਾਲ ਵਿਆਹ ਕੀਤਾ। ਮੁਦ੍ਰਾਰਾਕ੍ਸ਼ਸ ਨਾਟਕ ਵਿੱਚ ਚੰਦ੍ਰਗੁਪਤ ਦੀ ਸੁੰਦਰ ਕਥਾ ਮਿਲਦੀ ਹੈ. ਇਹ B. C. ੩੨੨ ਵਿੱਚ ਰਾਜਸਿੰਘਾਸਨ ਤੇ ਬੈਠਾ ਅਤੇ B. C. ੨੯੮ ਵਿੱਚ ਰਾਜਸਿੰਘਾਸਨ ਛੱਡਕੇ ਬਨਬਾਸੀ ਹੋ ਗਿਆ. ਚੰਦ੍ਰਗੁਪਤ ਦੀ ਚਤੁਰੰਗਿਨੀ ਫ਼ੌਜ ੬੯੦੦੦੦ ਸੀ.[504] ਇਸ ਦਾ ਪੁਤ੍ਰ ਬਿੰਦੁਸਾਰ ਭੀ, ਜਿਸਦਾ ਨਾਮ ਅਮ੍ਰਿਤਘਾਤ ਹੈ, ਪ੍ਰਤਾਪੀ ਮਹਾਰਾਜਾ ਹੋਇਆ ਹੈ। ੨. ਦੇਖੋ, ਗੁਪਤ ੪। ੩. ਚਿਤ੍ਰਗੁਪਤ ਦਾ

[503] ਚੰਦ੍ਰਗੁਪਤ ਦੀ ਮਾਤਾ ਦਾ ਨਾਮ "ਮੁਰਾ" ਸੀ, ਜਿਸ ਤੋਂ ਪੁਤ੍ਰ ਅਤੇ ਕੁਲ ਦੀ ਸੰਗਯਾ ਮੌਰਯ ਹੋਈ.

[504] ਇਸ ਵਿਚੋਂ ਪੈਦਲ ੬੦੦੦੦੦, ਹਾਥੀ ੯੦੦੦, ਘੋੜਚੜ੍ਹੇ ੩੦੦੦੦ ਸਨ, ਬਾਕੀ ਰਥ ਸਮਝਣੇ ਚਾਹੀਏ.

ਨਾਮ ਭੀ ਚੰਦ੍ਰਗੁਪਤ ਸੰਸਕ੍ਰਿਤ ਗ੍ਰੰਥਾਂ ਵਿੱਚ ਆਇਆ ਹੈ. ਦੇਖੋ, ਚਿਤ੍ਰਗੁਪਤ.

ਚੰਦ੍ਰਚੂੜ: ਸੰ. चन्द्रचूड संगਜਾ- ਚੰਦ੍ਰਮਾ ਨੂੰ ਚੂੜ (ਮੁਕੁਟ) ਵਿੱਚ ਧਾਰਨ ਵਾਲਾ. ਜਿਸ ਦੇ ਜੂੜੇ ਪੁਰ ਚੰਦ੍ਰਮਾ ਹੈ. ਸ਼ਿਵ ਚੰਦ੍ਰਮੌਲਿ.

ਚੰਦ੍ਰਚੰਦ੍ਰ: ਚੰਦ੍ਰਮਾ ਦਾ ਪ੍ਰਕਾਸ਼. ਦੇਖੋ, ਚੰਦ੍ਰ. "ਨਮੋ ਚੰਦ੍ਰਚੰਦ੍ਰੇ." (ਜਾਪੁ)

ਚੰਦ੍ਰਜੋਨਿ, ਚੰਦ੍ਰਜੌਨਿ: ਸੰਗਜਾ- ਚੰਦ੍ਰ ਪਹਾੜ ਤੋਂ ਪੈਦਾ ਹੋਈ, ਚੰਦ੍ਰਭਾਗਾ ਨਦੀ. (ਸਨਾਮਾ) ਚੰਦ੍ਰ ਪਹਾੜ ਹੈ ਜਿਸ ਦੀ ਯੋਨਿ (ਉਤਪੱਤੀ ਦਾ ਅਸਥਾਨ).

ਚੰਦ੍ਰਣੀ: ਸੰਗਜਾ- ਚੰਦ੍ਰਮਾ ਦੀ ਸ਼ਕਤਿ। ੨. ਚੰਦ੍ਰਿਕਾ. ਚਾਂਦਨੀ.

ਚੰਦ੍ਰਧਰ: ਸੰਗਜਾ- ਸ਼ਿਵ, ਜੋ ਸਿਰ ਪੁਰ ਚੰਦ੍ਰਮਾ ਰਖਦਾ ਹੈ। ੨. ਚੰਦ੍ਰਮਾ ਨੂੰ ਧਾਰਨ ਵਾਲਾ, ਆਕਾਸ਼ (ਸਨਾਮਾ)

ਚੰਦ੍ਰਧਰਚਰ: ਸੰਗਜਾ- ਚੰਦ੍ਰਧਰ (ਆਕਾਸ਼) ਵਿੱਚ ਵਿਚਰਨ ਵਾਲਾ ਤੀਰ. (ਸਨਾਮਾ) ੨. ਪੰਛੀ.

ਚੰਦ੍ਰਬਾਣ: ਦੇਖੋ, ਅਰਧਚੰਦ੍ਰ ਅਤੇ ਚੰਦ੍ਰ ੧੦.

ਚੰਦ੍ਰਬਿੰਬ: ਚੰਦ੍ਰਮਾ ਦਾ ਅ਼ਕਸ.

ਚੰਦ੍ਰਬ੍ਰਤ: ਦੇਖੋ, ਚਾਂਦ੍ਰਾਯਣ, ਚੰਦ੍ਰਾਇਣ ਅਤੇ ਰੋਜ.

ਚੰਦ੍ਰਭਗਾ: ਰਾਧਾ ਦੀ ਇੱਕ ਪਜਾਰੀ ਸਹੇਲੀ. "ਚੰਦ੍ਰਭਗਾ ਜਿਹ ਨਾਮ ਸਖੀ ਕੋ ਹੈ." (ਕ੍ਰਿਸਨਾਵ) ੨. ਝਨਾਂ. ਦੇਖੋ, ਚੰਦ੍ਰਭਾਗਾ. "ਐਰਾਵਤੀ ਏਕ ਦਿਸਿ ਵਾਰੀ।xx ਚੰਦ੍ਰਭਗਾ ਦਿਸਿ ਦੁਤਿਯ ਸੁਹਾਈ." (ਨਾਪ੍ਰ)

ਚੰਦ੍ਰਭਾਗਨਨਿ: ਚੰਦ੍ਰਭਾਗਾ (ਝਨਾਂ) ਨਦੀ ਦੇ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਚੰਦ੍ਰਭਾਗਾ: ਸੰ. ਹਿਮਾਲਯ ਦੇ ਚੰਦ੍ਰਭਾਗ ਨਾਮਕ ਅਸਥਾਨ ਤੋਂ ਨਿਕਲੀ ਹੋਈ ਇੱਕ ਨਦੀ. ਚਨਾਬ. ਝਨਾਂ. ਰਿਗਵੇਦ ਵਿੱਚ ਇਸ ਦਾ ਨਾਮ ਅਸਿਕ੍ਨੀ[505] ਹੈ. ਲਾਹੁਲ ਪਾਸੋਂ ਚਨਾਬ ਦੇ ਦੋ ਪ੍ਰਵਾਹ ਨਿਕਲਦੇ ਹਨ. ਮੁੱਢ ਦੇ ਸੋਮੇ ਤੋਂ ੧੧੫ ਮੀਲ ਪੁਰ ਤੰਦੀ ਪਾਸ ਦੋਵੇਂ ਇਕੱਠੇ ਹੋ ਜਾਂਦੇ ਹਨ. ਇਹ ਨਦੀ ਕਸ਼ਮੀਰ ਦੇ ਇ਼ਲਾਕੇ ਅਖਨੂਰ ਕਿਸ਼੍ਵਾਰ ਅਤੇ ਚੰਬਾ ਰਾਜ ਵਿੱਚ ਵਹਿੰਦੀ ਹੋਈ ਅਰ ਸਿਆਲਕੋਟ ਵਜ਼ੀਰਾਬਾਦ ਦੀ ਜ਼ਮੀਨ ਨੂੰ ਸੈਰਾਬ ਕਰਦੀ ਝੰਗ ਦੇ ਜਿਲੇ ਜੇਹਲਮ ਨਾਲ ਮਿਲਕੇ, ਅਰ ਸਿੰਧੁ ਪਾਸ ਰਾਵੀ ਨਾਲ ਇਕੱਠੀ ਹੋਕੇ ਮਿੱਠਨਕੋਟ ਦੇ ਮਕ਼ਾਮ ਸਿੰਧੁਨਦ ਵਿੱਚ ਜਾ ਮਿਲਦੀ ਹੈ.

ਚੰਦ੍ਰਭਾਗਾ ਏਸਾਯੁਧ: ਚੰਦ੍ਰਭਾਗਾ ਨਦੀ ਦਾ ਈਸ਼ (ਸ੍ਵਾਮੀ) ਵਰੁਣ, ਉਸ ਦਾ ਆਯੁਧ (ਸ਼ਸਤ੍ਰ) ਫਾਸੀ (ਪਾਸ਼). (ਸਨਾਮਾ)

ਚੰਦ੍ਰਭਾਨ, ਚੰਦ੍ਰਭਾਨੁ: ਤਲਵੰਡੀ ਨਿਵਾਸੀ ਸੰਧੂ ਜੱਟ, ਜੋ ਭਾਈ ਬਾਲੇ ਦਾ ਪਿਤਾ ਸੀ। ੨. ਜੋਤਿਸ਼ ਅਨੁਸਾਰ ਚੰਦ੍ਰਮਾ ਅਤੇ ਸੂਰਜ ਅਮਾਵਸ ਨੂੰ ਇੱਕਠੇ ਹੁੰਦੇ ਹਨ. ਅਮਾਵਸ ਦਾ ਜੰਮਿਆ ਆਦਮੀ ਸੁਸਤ ਅਤੇ ਦਰਿਦ੍ਰੀ ਹੁੰਦਾ ਹੈ, ਇਸ ਕਾਰਣ ਆਲਸੀ ਆਦਮੀ ਨੂੰ ਲੋਕ ਚੰਦ੍ਰਭਾਨ ਆਖਦੇ ਹਨ। ੩. ਕ੍ਰਿਸ਼ਨ ਜੀ ਦੀ ਪਜਾਰੀ ਗੋਪੀ ਚੰਦ੍ਰਾਵਲੀ ਦਾ ਪਿਤਾ, ਜੋ ਮਹੀਭਾਨੁ ਦਾ ਪੁਤ੍ਰ ਸੀ.

ਚੰਦ੍ਰਭਾਲਾ: ਚੰਦ੍ਰਮਾ ਨੂੰ ਭਾਲ (ਮੱਥੇ) ਉੱਪਰ ਧਾਰਨ ਵਾਲੀ ਸ਼ਿਵਾ. ਦੁਰਗਾ. ਦੇਖੋ, ਸਸਿਸੇਖਰੀ.

ਚੰਦ੍ਰਮਣੀ: ਦੇਖੋ, ਚੰਦ੍ਰਕਾਂਤ। ੨. ਦੇਖੋ, ਉੱਲਾਲਾ.

ਚੰਦ੍ਰਮਾ: ਸੰਗਜਾ- ਚੰਦ. ਚਾਂਦ। ੨. ਇੱਕ ਗਿਣਤੀ ਦਾ ਬੋਧਕ.

ਚੰਦ੍ਰਮਾਸ: ਸੰਗਜਾ- ਚਾਂਦ੍ਰਮਾਸ. ਚੰਦ ਦੇ ਹ਼ਿਸਾਬ ਤਿਥਾਂ ਦਾ ਮਹੀਨਾ. ਸੁਦੀ ੧. ਤੋਂ ਅਮਾਵਸਜਾ ਤੀਕ ਤੀਸ ਤਿਥਿ ਦਾ ਸਮਾਂ.

---

[505] ਇਸੇ ਨਾਮ ਨੂੰ ਵਿਗਾੜਕੇ ਯੂਨਾਨੀਆਂ ਨੇ Acesines ਲਿਖਿਆ ਹੈ.

ਚੰਦ੍ਰਮੁਖੀ: ਦੇਖੋ, ਚੰਦਮੁਖੀ.

ਚੰਦ੍ਰਮੌਲਿ: ਦੇਖੋ, ਚੰਦ੍ਰਚੂੜ.

ਚੰਦ੍ਰਮੰਡਲ: ਸੰ. ਸੰਗਯਾ- ਚੰਦ੍ਰਮਾ ਦਾ ਘੇਰਾ. ਚੰਦ੍ਰਮਾ ਦੀ ਟਿੱਕੀ। ੨. ਚੰਦ੍ਰਲੋਕ.

ਚੰਦ੍ਰਵਤੀ: ਇਹ ਚੇਦਿ ਅਥਵਾ ਚੰਦੇਰੀ ਦਾ ਹੀ ਨਾਮ ਹੈ. ਦੇਖੋ, ਚੰਦੇਰੀ.

ਚੰਦ੍ਰਵਰਮਾ: ਦੇਖੋ, ਵਿਸ਼ਨੁਪਦ ੨.

ਚੰਦ੍ਰਵੰਸ਼: ਚੰਦ੍ਰਮਾ ਦੀ ਔਲਾਦ. ਚੰਦ੍ਰਮਾ ਤੋਂ ਚਲੀ ਹੋਈ ਕ੍ਸ਼ਤ੍ਰੀ ਕੁਲ, ਜਿਸ ਵਿੱਚ ਯਾਦਵ, ਕੌਰਵ, ਪਾਂਡਵ ਪਰਮ ਪ੍ਰਤਾਪੀ ਹੋਏ ਹਨ. ਦੇਖੋ, ਕੁਰੁਵੰਸ਼.

ਚੰਦ੍ਰਵੰਸ਼ੀ: ਵਿ- ਚੰਦ੍ਰਮਾ ਦੀ ਕੁਲ ਵਿੱਚ ਹੋਣਵਾਲਾ.

ਚੰਦ੍ਰਾ: ਦੇਖੋ, ਚੰਦਰਾ। ੨. ਸੰ. चन्द्रा ਸੰਗਯਾ- ਛੋਟੀ ਇਲਾਇਚੀ। ੩. ਗਿਲੋ. ਗੁੜੂਚੀ। ੪. ਚੰਦੋਆ. ਵਿਤਾਨ। ੫. ਅੰਗੁਲੀਪਾਕਾ. ਬੁਰਨਾਮਾ.

ਚੰਦ੍ਰਾਇਣ: ਦੇਖੋ, ਚਾਂਦ੍ਰਾਯਣ. "ਵਰਤ ਕਰਹਿ ਚੰਦ੍ਰਾਇਣਾ ਸੇ ਕਿਤੇ ਨ ਲੇਖੰ." (ਵਾਰ ਮਾਰੂ ੨. ਮਃ ੫) ੨. ਦੇਖੋ, ਚੰਦ੍ਰਾਇਣੁ.

ਚੰਦ੍ਰਾਇਣੁ: ਵਿ- ਚਦ੍ਰਿਕਾ (ਚਾਂਦਨੀ) ਸਹਿਤ। ੨. ਚੰਦ੍ਰਮਾ ਨਾਲ ਸੰਬੰਧਿਤ। ੩. ਸੰਗਯਾ- ਪ੍ਰਕਾਸ਼. ਚਮਤਕਾਰ. "ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ." (ਆਸਾ ਛੰਤ ਮਃ ੫) ਇਸ ਥਾਂ ਸ਼ਿਕਾਰੀ ਦੇ ਕੀਤੇ ਪ੍ਰਕਾਸ਼ ਦਾ ਜ਼ਿਕਰ ਹੈ, ਜਿਸ ਨੂੰ ਵੇਖਕੇ ਮ੍ਰਿਗ ਹੈਰਾਨ ਹੋਇਆ ਨੇੜੇ ਆ ਜਾਂਦਾ ਹੈ. ਸੰਸਾਰ ਦੇ ਮਾਇਕ ਚਮਤਕਾਰੇ ਚੰਦ੍ਰਾਇਣੁ ਹੈ.

ਚੰਦ੍ਰਾਇਨ: ਦੇਖੋ, ਚਾਂਦ੍ਰਾਯਣ.

ਚੰਦ੍ਰਾਗਿਰਿ: ਦੇਖੋ, ਚੰਦ੍ਰਗਿਰਿ. "ਚੰਦ੍ਰਮਾ ਸੀ ਚੰਦ੍ਰਾਗਿਰਿ." (ਅਕਾਲ)

ਚੰਦ੍ਰਾਨਨ: ਵਿ- ਚੰਦ੍ਰਮਾ ਜੇਹਾ ਹੈ ਜਿਸ ਦਾ ਆਨਨ (ਮੁਖ).

ਚੰਦ੍ਰਾਨਨੀ: ਵਿ- ਚੰਦ੍ਰਮਾ ਜੇਹੇ ਮੁਖਵਾਲੀ.

ਚੰਦ੍ਰਾਯਣ: ਦੇਖੋ, ਚਾਂਦ੍ਰਾਯਣ ਅਤੇ ਚੰਦ੍ਰਾਇਣੁ.

ਚੰਦ੍ਰਾਵਲਿ, ਚੰਦ੍ਰਾਵਲੀ: ਵਿੰਦੁਮਤੀ ਦੇ ਉਦਰ ਤੋਂ ਚੰਦ੍ਰਭਾਨੁ ਦੀ ਕੰਨਯਾ (ਇੱਕ ਗੋਪੀ), ਜਿਸ ਤੇ ਕ੍ਰਿਸ਼ਨ ਜੀ ਮੋਹਿਤ ਹੋ ਗਏ ਸਨ ਅਤੇ ਅਨੇਕ ਉਪਾਵਾਂ ਨਾਲ ਕਾਬੂ ਕੀਤੀ ਸੀ. ਇਹ ਗੋਵਰਧਨਮੱਲ ਦੀ ਇਸਤ੍ਰੀ ਸੀ, ਅਤੇ ਕਰੇਲਾ ਪਿੰਡ ਵਿੱਚ ਰਹਿੰਦੀ ਸੀ. "ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨ ਜਾਦਮੁ ਭਇਆ." (ਵਾਰਾ ਆਸਾ) ੨. ਚੰਦ੍ਰਵੰਸ਼ ਦੀ ਲੜੀ. ਚੰਦ੍ਰਕੁਲ ਦੀ ਪੀੜ੍ਹੀ.

ਚੰਦ੍ਰਿਕਾ: ਸੰ. ਸੰਗਯਾ- ਚੰਦ ਦੀ ਚਾਂਦਨੀ. "ਸ਼੍ਰੀ ਗੁਰੁ ਪਗਨਖ ਕਾਂਤਿ ਜੋ ਰੁਚਿਰ ਚੰਦ੍ਰਿਕਾ ਮਾਨ." (ਨਾਪ੍ਰ) ੨. ਮੋਰ ਦੀ ਪੂਛ ਦੇ ਖੰਭਾਂ ਪੁਰ ਚੰਦ ਦੇ ਆਕਾਰ ਦੀ ਟਿੱਕੀ। ੩. ਵਡੀ ਇਲਾਇਚੀ। ੪. ਚੰਦ੍ਰਭਾਗਾ ਨਦੀ. ਚਨਾਬ। ੫. ਚਮੇਲੀ। ੬. ਚੰਦ ਜੇਹੇ ਆਕਾਰ ਦਾ ਇੱਕ ਇਸਤ੍ਰੀਆਂ ਦਾ ਗਹਿਣਾ, ਜੋ ਸਿਰ ਪੁਰ ਪਹਿਰੀਦਾ ਹੈ। ੭. ਵ੍ਯਾਕਰਣ ਦਾ ਇੱਕ ਗ੍ਰੰਥ, ਜੋ ਰਾਮਾਸ਼੍ਰਮਾਚਾਰਯ ਨੇ ਰਚਿਆ ਹੈ.

ਚੰਦ੍ਰੀ: ਸੰਗਯਾ- ਚੰਦ੍ਰਮਾ ਦੀ ਸ਼ਕਤਿ. "ਸਾਵਿਤ੍ਰੀ ਚੰਦ੍ਰੀ ਇੰਦ੍ਰਾਣੀ." (ਦੱਤਾਵ)

ਚੰਦ੍ਰੋਤੁਜਿਯਾਰੋ: ਵਾ- ਚੰਦ੍ਰ- ਵਤ- ਉਜਿਯਾਰੋ. ਚੰਦ੍ਰਮਾ ਜੇਹਾ ਪ੍ਰਕਾਸ਼. (ਚਰਿਤ੍ਰ ੧੩੧)

ਚੰਦ੍ਰੋਦਯ: ਸੰ. ਸੰਗਯਾ- ਚੰਦ੍ਰ- ਉਦਯ. ਚੰਦ੍ਰਮਾ ਦਾ ਚੜ੍ਹਨਾ। ੨. ਵੈਦਕ ਅਨੁਸਾਰ ਇੱਕ ਰਸ, ਜੋ ਗੰਧਕ, ਪਾਰੇ ਅਤੇ ਸੁਇਨੇ ਦੇ ਮੇਲ ਤੋਂ ਬਣਦਾ ਹੈ. ਇਹ ਬਹੁਤ ਪੁਸ਼੍ਟਿਕਾਰਕ ਲਿਖਿਆ ਹੈ। ੩. ਚੰਦੋਆ. ਸਾਯਵਾਨ। ੪. ਦੇਖੋ, ਗੁਰੁਨਾਨਕ ਚੰਦ੍ਰੋਦਯ.

ਚੰਨ: ਸੰਗਯਾ- ਚੰਦ੍ਰ. ਚੰਦ੍ਰਮਾ. ਚਾਂਦ.

ਚੰਨਣ: ਦੇਖੋ, ਚੰਦਨ.

ਚੰਪ: ਸੰ. चम्प् ਧਾ- ਜਾਣਾ. ਇਸੇ ਤੋਂ ਚੰਪਤ ਸ਼ਬਦ ਬਣਿਆ ਹੈ.

ਚੰਪਕ: ਸੰ. ਸੰਗਯਾ- ਚੰਪਾ. ਚੰਬੇ ਦਾ ਬਿਰਛ ਅਤੇ ਫੁੱਲ. ਇਸ ਦੇ ਫੁੱਲਾਂ ਵਿੱਚ ਬਹੁਤ ਸੁਗੰਧ ਹੁੰਦੀ ਹੈ. ਭੌਰੇ ਮਸਤ ਹੋ ਕੇ ਇਨ੍ਹਾਂ ਤੇ ਘੁਮੇਰੀਆਂ ਪਾਉਂਦੇ ਹਨ. ਰੰਗ ਹਲਕਾ ਪੀਲਾ ਹੁੰਦਾ ਹੈ. ਹਿੰਦੂ ਗ੍ਰੰਥਾਂ ਵਿੱਚ ਇਹ ਦੇਵਤਿਆਂ ਤੇ ਚੜ੍ਹਾਉਣੇ ਪੁੰਨਕਰਮ ਹੈ. ਚੰਪੇ ਦਾ ਛਿੱਲ ਪੱਤੇ ਫੁੱਲ ਅਤੇ ਜੜ ਅਨੇਕ ਦਵਾਈਆਂ ਵਿੱਚ ਵੈਦ ਵਰਤਦੇ ਹਨ. L. Michelia Champaca । ੨. ਕੇਲੇ ਦੀ ਇੱਕ ਖਾਸ ਜਾਤਿ. ਚੰਪਾਕੇਲਾ.

ਚੰਪਕਮਾਲਾ: ਸੰਗਯਾ- ਚੰਬੇ ਦੇ ਫੁੱਲਾਂ ਦੀ ਮਾਲਾ। ੨. ਇੱਕ ਛੰਦ. ਇਸ ਦਾ ਨਾਮ "ਰੁਕਮਵਤੀ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਭ, ਮ, ਸ, ਗ, SII, SSS, IIS, S.

ਉਦਾਹਰਣ-

ਦੀਰਘ ਰੌਰਾ ਦ੍ਵੈ ਦਿਸਿ ਹੋਵਾ,

ਚਾਹਤ ਹਾਥੀ ਕੋ ਤਬ ਢੋਵਾ,

ਸਿੰਘ ਭਏ ਘੋਰੇ ਅਸਵਾਰਾ,

ਲੋਹਗੜ੍ਹੀ ਕੋ ਦ੍ਵਾਰ ਨਿਹਾਰਾ. (ਗੁਪ੍ਰਸੂ)

ਚੰਪਤ: ਚਾਪਨ ਕਰਤ. ਦਬਾਉਂਦਾ. ਦਬਾਉਂਦੇ ਹਨ. "ਕਾਮੁਰ ਕ੍ਰੋਧ ਸੁ ਦਾਰਿਦ ਚੰਪਤ." (ਗੁਵਿ ੧੦) ੨. ਵਿ- ਭੱਜਿਆ. ਨੱਠਾ. ਦੂਰ ਹੋਇਆ. ਦੇਖੋ, ਚੰਪ ਧਾ.

ਚੰਪਾ: ਦੇਖੋ, ਚੰਪਕ। ੨. ਹਰਿਤ ਦੇ ਪੁਤ੍ਰ ਚੰਪ ਦੀ ਵਸਾਈ ਹੋਈ ਨਗਰੀ, ਜੋ ਅੰਗ ਦੇਸ਼ ਦੀ ਰਾਜਧਾਨੀ ਰਹੀ ਹੈ. ਇਹ ਭਾਗਲਪੁਰ ਤੋਂ ਚਾਰ ਮੀਲ ਪੱਛਮ ਹੈ ਪੁਤ੍ਰੀ ਸ਼ਾਂਤਾ ਨੂੰ ਪਾਲਨ ਵਾਲਾ ਰਾਜਾ ਲੋਮਪਾਦ ਇੱਥੇ ਰਾਜ ਕਰਦਾ ਸੀ. ਇਸ ਥਾਂ ਸੂਰਜਪੁਤ੍ਰ ਕਰਣ ਭੀ ਰਾਜ ਕਰਦਾ ਰਿਹਾ ਹੈ.

ਚੰਪਾਸਿੰਘ: ਇਹ ਭਾਈ ਚੌਪਾਸਿੰਘ ਜੀ ਦਾ ਹੀ ਉਪ ਨਾਮ ਹੈ.

ਚੰਪਾਨੇਰ: ਬੰਬਈ ਦੇ ਇਲਾਕੇ ਜਿਲਾ ਪਾਂਚਮਹਲ ਵਿੱਚ ਇੱਕ ਪੁਰਾਣਾ ਨਗਰ, ਜੋ ਬੜੋਦੇ ਤੋਂ ੨੫ ਮੀਲ ਉੱਤਰ ਹੈ.

ਚੰਪਾਪੁਰੀ, ਚੰਪਾਵਤੀ: ਦੇਖੋ, ਚੰਪਾ ੨.। ੨. ਰਾਜਪੂਤਾਨੇ ਵਿੱਚ 'ਚਾਤਸੁਨਗਰ' ਦਾ ਪੁਰਾਣਾ ਨਾਮ, ਜੋ ਜੈਪੁਰ ਤੋਂ ੨੪ ਮੀਲ ਦੱਖਣ ਪੂਰਵ ਹੈ.

ਚੰਪਿਲਾ: ਦੇਖੋ, ਚਪਲਾ.

ਚੰਪੂ: ਸੰ. ਸੰਗਯਾ- ਉਹ ਕਾਵ੍ਯ, ਜੋ ਛੰਦ ਅਤੇ ਵਾਰਤਿਕ ਕਵਿਤਾ ਨਾਲ ਮਿਲਵਾਂ ਹੋਵੇ. ਗਦ੍ਯ ਅਤੇ ਪਦ੍ਯਮਯ ਕਾਵ੍ਯ. ਨਸ਼ਰ ਅਤੇ ਨਜਮ ਦੀ ਮਿਲਵੀਂ ਰਚਨਾ.

ਚੰਪੈ: ਚਾਪਨ ਕਰਦਾ. ਦਬਾਉਂਦਾ. "ਤਿਸੁ ਭੇਟੇ ਦਾਹਿਦ ਨ ਚੰਪੈ." (ਸਵੈਯੇ ਮਃ ੪. ਕੇ) ਦੇਖੋ, ਚਾਪ.

ਚੰਬ: ਸੰ. चम्ब् ਧਾ- ਜਾਣਾ.

ਚੰਬਲ: ਸੰ. ਚਮੰਕਸ਼੍ ਅਥਵਾ ਗਜਚਮੰ. صدفیہ ਸਦਫ਼ੀਯਹ. Psoriasis. ਇਹ ਰੋਗ ਤੁਚਾ (ਖਲੜੀ) ਦਾ ਹੈ. ਇਹ ਜਾਦਾ ਪੈਰ ਉੱਪਰ, ਦੋਹਾਂ ਗਿੱਟਿਆਂ ਦੇ ਵਿਚਕਾਰ ਹੁੰਦਾ ਹੈ. ਹੱਥਾਂ ਤੇ ਭੀ ਕਦੇ ਕਦੇ ਦੇਖੀਦਾ ਹੈ. ਰੋਗ ਦੀ ਛੂਤ ਨਾਲ ਹੋਰ ਅੰਗਾਂ ਤੇ ਭੀ ਹੋ ਜਾਂਦਾ ਹੈ. ਦੱਦ ਵਾਂਙ ਇਸ ਦੇ ਭੀ ਕੀੜੇ ਹੁੰਦੇ ਹਨ. ਖੁਰਕ ਬਹੁਤ ਹੁੰਦੀ ਹੈ, ਜਾਦਾ ਖੁਰਕਣ ਤੋਂ ਪੀਲਾ ਪਾਣੀ ਨਿਕਲਦਾ ਹੈ. ਇਸ ਥਾਂ ਚੰਬਲ ਹੋਵੇ ਉਤਨੇ ਅੰਗ ਨੂੰ ਮੁੜ੍ਹਕਾ ਨਹੀਂ ਆਉਂਦਾ.

ਚੰਬਲ ਦਾ ਸਾਧਾਰਣ ਇਲਾਜ ਹੈ ਕਿ ਚੰਗੇ ਸਬੁਣਾਂ ਨਾਲ ਸ਼ਰੀਰ ਸਾਫ ਕਰੋ. ਊਟ ਦੇ ਸੁੱਕੇ ਲੇਡੇ ਦਸ ਸੇਰ, ਹਾਰੇ ਦੀ ਸ਼ਕਲ ਦੇ ਲਿੱਪੇ ਪੋਚੇ ਟੋਏ ਵਿੱਚ ਵਰਕੇ ਅੱਗ ਲਾਦੇਓ, ਪਿੱਤਲ ਦੀ ਬਾਟੀ ਸਰ੍ਹੋਂ ਦੇ ਤੇਲ ਨਾਲ ਤਰ ਕਰਕੇ ਟੋਏ ਉੱਪਰ ਮੂਧੀ ਮਾਰਦੇਓ, ਥੋੜੀ ਕਿਨਾਰਿਆਂ ਤੇ ਵਿਰਲ ਰੱਖੋ, ਕਿ ਅੱਗ ਨਾ ਬੁਝ ਜਾਵੇ ਅਰ ਥੋੜਾ ਧੂੰਆਂ ਨਿਕਲਦਾ ਰਹੇ. ਜਦ ਲੇਡੇ ਭਸਮ ਹੋ ਜਾਣ ਅਤੇ ਧੂੰਆਂ ਬੰਦ ਹੋ ਚੁਕੇ, ਤਦ ਬਾਟੀ ਵਿੱਚ ਇੱਕ ਤੋਲਾ ਨੀਲਾ ਥੋਥਾ ਅਤੇ ਵੀਹ ਤੋਲੇ ਤਾਰੇਮੀਰੇ ਦਾ ਤੇਲ ਪਾ ਕੇ ਲੋਹੇ ਦੇ ਹਥੌੜੇ ਨਾਲ ਘਸਾਓ ਅਰ ਬਾਟੀ ਦੀ ਸਾਰੀ ਕਾਲਸ ਧੂੰਏ ਦੀ ਘਸਾਕੇ ਤੇਲ ਵਿੱਚ ਮਿਲਾਦੇਓ. ਇਸ ਤੇਲ ਨੂੰ ਸੀਸੀ ਵਿੱਚ ਪਾ ਰੱਖੋ. ਚੰਬਲ ਤੇ ਗਰਮ ਇੱਟ ਦਾ ਇੱਕ ਘੰਟਾ ਸੇਕ ਕਰਕੇ ਫੇਰ ਤੇਲ ਚੋਪੜਦੇਓ. ਇੱਕ ਦੋ ਸਾਤੇ ਇਹ ਲੇਪ ਕਰਨ ਤੋਂ ਚੰਬਲ ਰੋਗ ਹਟ ਜਾਂਦਾ ਹੈ.

ਚਰਾਇਤਾ ਅਤੇ ਪਿੱਤਪਾਪੜਾ ਪੀਣਾ ਗੁਣਕਾਰੀ ਹੈ. ਹਰੜ ਦਾ ਛਿੱਲ ਦਸ ਤੋਲੇ, ਬਹੇੜੇ ਦਾ ਛਿੱਲ ਪੰਜ ਤੋਲੇ, ਅਉਲੇ ਦਾ ਛਿਲਕਾ ਪੰਜ ਤੋਲੇ, ਪਿੱਤਪਾਪੜਾ ਪਚਾਸੀ ਤੋਲੇ, ਰਿਉਂਦ ਚੀਨੀ ਇੱਕ ਤੋਲਾ, ਸਾਰੇ ਕੁੱਟ ਛਾਣਕੇ ਬਦਾਮਰੋਗਨ ਨਾਲ ਝੱਸਕੇ ਦਾਖਾਂ ਵਿੱਚ ਕੁੱਟਕੇ ਗੋਲੀਆਂ ਬਣਾਓ. ਇੱਕ ਤੋਲਾ ਇਨ੍ਹਾਂ ਗੋਲੀਆਂ ਦਾ ਇੱਕ ਸਤਵਾਰਾ ਨਿੱਤ ਸੇਵਨ ਕਰਨਾ ਚੰਬਲ ਰੋਗ ਦੂਰ ਕਰਦਾ ਹੈ। ੨. ਇਕ ਨਦੀ (चर्मण्वती- ਚਰਮਨ੍ਵਤੀ) ਜੋ ਇੰਦੌਰ ਰਾਜ ਵਿੱਚੋਂ ਜਨਪਾਵ ਪਰਵਤ ਤੋਂ ਨਿਕਲਕੇ ੬੫੦ ਮੀਲ ਵਹਿੰਦੀ ਹੋਈ ਇਟਾਵੇ ਤੋਂ ੨੫ ਮੀਲ ਦੱਖਣ ਪੱਛਮ ਜਮਨਾ ਵਿੱਚ ਮਿਲਦੀ ਹੈ.[506]

ਚੰਬੜਨਾ: ਕ੍ਰਿ- ਚਿਮਟਨਾ. ਚਿਪਕਨਾ. ਲਿਪਟਨਾ.

ਚੰਬਾ: ਦੇਖੋ. ਚੰਪਾ। ੨. ਇੱਕ ਪਹਾੜੀ ਰਿਆਸਤ, ਜਿਸ ਦਾ ਪ੍ਰਧਾਨ ਨਗਰ ਚੰਬਾ ਹੈ. ਇਸ ਦੇ ਉੱਤਰ ਅਤੇ ਪੱਛਮ ਕਸ਼ਮੀਰ ਰਾਜ ਅਤੇ ਦੱਖਣ ਗੁਰਦਾਸਪੁਰ ਦਾ ਜਿਲਾ ਅਰ ਕਾਂਗੜਾ ਹੈ. ਚੰਬਾ ਨਗਰ ਰਾਵੀ ਨਦੀ ਦੇ ਸੱਜੇ ਕਿਨਾਰੇ ਸਨ ੯੨੦ ਵਿੱਚ ਸਾਹਿਲਵਰਮਾ ਨੇ ਵਸਾਇਆ ਹੈ. ਇਹ ਪਠਾਨਕੋਟ ਤੋਂ ਸੜਕ ਦੇ ਰਸਤੇ ੭੦ ਮੀਲ ਹੈ। ੩. ਵਿ- ਚਿਤ੍ਰ ਵਿਚਿਤ੍ਰ ਡੱਬ ਖੜੱਬਾ. "ਚੰਬੀ ਬੜਵਾ ਨਿਕਟ ਅਨਾਏ." (ਗੁਪ੍ਰਸੂ)

ਚੰਬਿਆਲ: ਇੱਕ ਰਾਜਪੂਤ ਜਾਤਿ. ਚੰਬੇ ਦੇ ਰਾਜੇ ਇਸੇ ਗੋਤ੍ਰ ਦੇ ਹਨ.

ਚੰਬਿਆਲੀ: ਸੰਗਯਾ- ਚੰਬੇ ਦੇ ਇ਼ਲਾਕੇ ਦੀ ਭਾਸ਼ਾ (ਬੋਲੀ). ੨. ਚੰਬਿਆਲ ਗੋਤ੍ਰ ਦੀ ਇਸਤ੍ਰੀ। ੩. ਵਿ- ਚੰਬੇ ਨਾਲ ਸੰਬੰਧਿਤ.

ਚੰਬੇਲੀ: ਦੇਖੋ, ਚਮੇਲੀ ਅਤੇ ਚੰਦ੍ਰਿਕਾ ੫.

ਚੰਮ: ਸੰਗ੍ਯਾ- ਚਮੰ. ਚਾਮ. ਤੁਚਾ. ਖੱਲ.

ਚੰਮਚੋਰ: ਪਰਇਸਤ੍ਰੀ ਚੁਰਾਉਣ ਵਾਲਾ। ੨. ਵਿਭਚਾਰੀ.

ਚੰਮੜਨਾ: ਕ੍ਰਿ- ਚਿਪਟਨਾ. ਚਿਪਕਨਾ. ਲਿਪਟਣਾ.

ਚੰਮਾਰ: ਦੇਖੋ, ਚਮਾਰ. "ਮੇਰੀ ਜਾਤਿ ਬਿਖਿਆਤ ਚੰਮਾਰੰ" (ਮਲਾ ਰਵਿਦਾਸ)

---

[506] ਮਹਾਂਭਾਰਤ ਦੇ ਦ੍ਰੋਣ ਪਰਵ ਦੇ ੬੭ਵੇਂ ਅ਼ ਵਿੱਚ ਲਿਖਿਆ ਹੈ ਕਿ ਇਹ ਨਦੀ ਰੰਤਿਦੇਵ ਦੇ ਯੱਗ ਵਿੱਚ ਕੁਰਬਾਨ ਕੀਤੀਆਂ ਗਾਂਈਆਂ ਦੇ ਚੰਮ ਵਿਚੋਂ ਵਗਦੇ ਲਹੂ ਤੋਂ ਬਣੀ ਹੈ.

ਚੰਮਿ: ਚਰ੍ਮ ਮੇਂ. ਚਮੜੇ ਵਿੱਚ. "ਪਸੂ ਮਾਣਸਿ ਚੰਮਿ ਪਲੇਟੇ." (ਵਾਰ ਮਲਾ ਮਃ ੧)

ਚੰਮੁ: ਸਿੰਧੀ. ਚਰ੍ਮ. ਚੰਮ. ਚਾਂਮ. ਤੁਚਾ. "ਜੀਉ ਪਿੰਡ ਚੰਮੁ ਤੇਰਾ ਹਡੇ." (ਵਾਰ ਗਉ ੧. ਮਃ ੪)

ਚੰਮੇਲੀ: ਦੇਖੋ, ਚਮੇਲੀਟ ਅਤੇ ਚੰਦ੍ਰਿਕਾ ੫.

ਚਜਵਨ: ਪੁਲੋਮਾ ਦੇ ਗਰਭ ਤੋਂ ਭ੍ਰਿਗੁ ਦਾ ਪੁਤ੍ਰ ਇੱਕ ਰਿਖੀ. ਮਹਾਭਾਰਤ ਵਿੱਚ ਲਿਖਿਆ ਹੈ ਕਿ ਜਦ ਇਹ ਗਰਭ ਵਿੱਚ ਸੀ, ਤਦ ਇਸ ਦੀ ਮਾਤਾ ਨੂੰ ਰਾਖਸ ਘਰੋਂ ਚੁੱਕ ਕੇ ਲੈ ਜਾਣਾ ਚਾਹੁੰਦਾ ਸੀ, ਇਸ ਪੁਰ ਗਰਭ ਵਿੱਚੋਂ ਨਿਕਲਕੇ ਬਾਲਕ ਨੇ ਰਾਖਸ ਦਾ ਆਪਣੇ ਤੇਜ ਨਾਲ ਨਾਸ਼ ਕੀਤਾ. ਗਰਭ ਤੋਂ ਚਜਵਨ (ਡਿਗਣ) ਦੇ ਕਾਰਣ ਨਾਮ ਚਜਵਨ ਹੋਇਆ. ਇਸ ਨੇ ਰਾਜਾ ਸ਼ਰਯਾਤਿ ਦੀ ਪੁਤ੍ਰੀ ਸੁਕੰਨਜਾ ਨਾਲ ਵਿਆਹ ਕੀਤਾ ਸੀ. ਚਜਵਨ ਦਾ ਪੁਤ੍ਰ ਔਰਵ ਐ ਪੋਤਾ ਰਿਚੀਕ ਸੀ. ਰਿਚੀਕ ਦਾ ਪੁਤ੍ਰ ਜਮਦਗਨਿ ਅਤੇ ਜਮਦਗਨਿ ਦਾ ਪਰਸ਼ੁਰਾਮ ਹੋਇਆ। ੨. ਚੁਇਣਾ. ਟਪਕਣਾ. ਝਰਨਾ.

ਚਜੁ: ਸੰ. ਧਾ- ਟਪਕਣਾ. ਚੁਇਣਾ, ਡਿਗਣਾ, ਪਤਨ ਹੋਣਾ.

ਚਜੁਤ: ਸੰ. च्युत्- ਸਿੰਜਣਾ, ਭਿਗੋਣਾ, ਗਿੱਲਾ ਕਰਨਾ, ਵਹਿਣਾ। ੨. ਵਿ- ਡਿਗਿਆ ਹੋਇਆ. ਪਤਿਤ। ੩. ਵਿਮੁਖ (ਬੇਮੁਖ). ੪. ਟਪਕਿਆ ਹੋਇਆ. ਚੁਇਆ.

ਚਜੁਤਿ: ਸੰ. ਸੰਗਜਾ- ਚੁਇਣ ਦਾ ਕ੍ਰਿਯਾ। ੨. ਗਿਰਾਉ. ਪਾਤ। ੩. ਭੁੱਲ. ਖ਼ਤ਼ਾ। ੪. ਗੁਦਾ। ੫. ਭਗ. ਯੋਨਿ.

ਚ੍ਵੈ: ਕ੍ਰਿ. ਵਿ- ਚੁਇੰਦਾ. ਟਪਕਦਾ. ਝਰਦਾ ਹੋਇਆ। ੨. ਚੁਇਕੇ. ਟਪਕਕੇ. "ਚ੍ਵੈ ਚਲੀ ਆਸਵ ਧਾਰ." (ਨ੍ਰਿਪਸ਼ੰਭੁ)

ਛ: ਪੰਜਾਬੀ ਵਰਣਮਾਲਾ ਦਾ ਬਾਰਵਾਂ ਅੱਖਰ. ਇਸ ਦਾ ਉਚਾਰਣ ਤਾਲੂਏ ਤੋਂ ਹੁੰਦਾ ਹੈ। ੨. ਸੰ. ਸੰਗਜਾ- ਛੇਦਨ. ਖੰਡਨ। ੩. ਢਕਣਾ. ਆਛਾਦਨ ਕਰਨਾ। ੪. ਘਰ. ਗ੍ਰਿਹ। ੫. ਟੁਕੜਾ. ਖੰਡ। ੬. ਵਿ- ਛੇਦਕ. ਕੱਟਣ ਵਾਲਾ। ੭. ਨਿਰਮਲ. ਸਾਫ। ੮. ਚੰਚਲ. ਚਪਲ। ੯. ਪੰਜਾਬੀ ਵਿੱਚ ਇਹ ਛੀ (ਸ਼ਟ) ਦਾ ਬੋਧਕ ਹੈ ਦੇਖੋ, ਛਤੀਹ। ੧੦. ਕ੍ਸ਼ ਦੀ ਥਾਂ ਭੀ ਇਹ ਛੀ ਇਹ ਵਰਤਿਆ ਜਾਂਦਾ ਹੈ, ਜਿਵੇਂ- ਛੋਭ, ਪ੍ਰਤੱਛ ਆਦਿ ਸ਼ਬਦਾਂ ਵਿੱਚ. [1]

ਛਉਹੀ: ਦੇਖੋ, ਛੌਹੀ.

ਛਉਨਾ: ਦੇਖੋ, ਛੌਨਾ.

ਛਉਨੀ: ਦੇਖੋ, ਛੋਣਿ ਅਤੇ ਛਾਵਨੀ.

ਛਉੜ: ਸੰਗਜਾ- ਛਾਦਕ (ਢਕਣਵਾਲਾ) ਪੜਦਾ. ਨੇਤ੍ਰ ਦੀ ਨਜਰ ਨੂੰ ਰੋਕਣ ਵਾਲਾ ਮੋਤੀਆਬਿੰਦੁ ਆਦਿਕ ਆਵਰਣ. "ਭਰਮੈ ਕੇ ਛਉੜ ਕਟਿਕੈ ਅੰਤਰਿ ਜੋਤਿ ਧਰੇਹੁ." (ਵਾਰ ਬਿਹਾ ਮਃ ੩)

ਛਉੜੀ: ਸੰਗਜਾ- ਸ਼ੋਭਨਾ (ਸ਼ੋਭਾਵਾਲੀ) ਇਸਤ੍ਰੀ. ਛਬਿ ਵਾਲੀ ਨਾਰੀ. "ਬੇਮੁਖ ਸੁਖ ਨ ਦੇਖਈ ਜਿਉਂ ਛੁੱਟੜ ਛਉੜੀ." (ਭਾਗੁ)

ਛਇ: ਸੰਗਜਾ- ਵਿਨਾਸ਼. ਨਾਸ਼। ੨. ਖਾਈ ਰੋਗ. ਦੇਖੋ, ਕ੍ਸ਼ਯ.

ਛਇਓ: ਕ੍ਸ਼ਯ (ਨਾਸ਼) ਹੋਇਆ। ਛਾਦਨ ਕੀਤਾ. ਢਕਿਆ.

ਛਈ: ਕ੍ਸ਼ਯ ਭਈ. ਨਾਸ਼ ਹੋਈ. "ਚਿਤਚਿੰਤਾ ਅਬ ਸਗਲੀ ਛਈ." (ਗੁਪ੍ਰਸੂ) ੨. ਸੰਗਜਾ- ਕ੍ਸ਼ਯ ਰੋਗ. ਖਈ ਰੋਗ. "ਛਈ ਰੋਗ ਅਰੁ ਸੰਨਿਪਾਤ ਗਨ." (ਚਰਿਤ੍ਰ ੪੦੫) ਦੇਖੋ, ਖਈ.

ਛਈਆ: ਵਿ- ਕ੍ਸ਼ਯ (ਛੈ) ਕਰਤਾ. ਵਿਨਾਸ਼ਕ। ੨. ਛਾਂਉਂ ਕਰਨ ਵਾਲਾ। ੩. ਢਕਣ ਵਾਲਾ. ਆਛਾਦਕ.

ਛਈਮਈ: ਵਿ- ਛਾਯਾਮਯ. ਛਾਇਆਰੂਪ. ਦੇਖੋ, ਛਾਈ ਮਾਈ.

**ਛਏ:** ਕ੍ਸ਼ਯ ਭਏ. ਨਾਸ਼ ਹੋਏ। ੨. ਛਾਏ. ਢਕੇ। ੩. ਸਜੇ. ਛਬਿ (ਸ਼ੋਭਾ) ਸਹਿਤ ਹੋਏ. "ਤਨ ਰੂਪ ਛਏ ਹੈਂ." (ਕ੍ਰਿਸਨਾਵ)

**ਛਹ:** ਸੰਗਯਾ- ਸ਼ਟ. ਛੀ. ਛੇ."ਚਾਰ ਮਰੰਤਹ ਛਹ ਮੁਏ." (ਸ. ਕਬੀਰ) ਦੇਖੋ, ਏਕ ਮਰੰਤੇ. "ਛਹੂੰ ਦਿਸ ਧਾਇ." (ਗਉ ਥਿਤੀ ਕਬੀਰ) ੨. ਛੇਦਨ. ਕੱਟਣਾ. "ਖੜਗੇਸ ਸੁ ਸੀਸ ਛਹੇ ਹੈਂ." (ਕ੍ਰਿਸਨਾਵ)

**ਛਹਬਰ:** ਛਾਇਆ ਹੋਇਆ ਅਭ੍ਰ. ਫੈਲਿਆ ਹੋਇਆ ਅਬਰ (ਬੱਦਲ). "ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ." (ਵਾਰ ਮਲਾ ਮਃ ੩) ਝੜੀ ਲਾ ਕੇ ਵਰਸਿਆ.

**ਛਹਮੂਏ:** ਦੇਖੋ, ਏਕ ਮਰੰਤੇ.

**ਛਹਵੀ:** ਦੇਖੋ, ਛੌਹੀ.

**ਛਹਿਣ:** ਸੰਗਯਾ- ਛੰਭ. ਝੀਲ. ਉਹ ਨਿਵਾਣ, ਜਿਸ ਥਾਂ ਬਰਖਾ ਦਾਜਲ ਬਹੁਤ ਜਮਾ ਹੁੰਦਾ ਅਤੇ ਚਿਰ ਤੀਕ ਠਹਿਰਦਾ ਹੈ। ੨. ਦੇਖੋ, ਛਹਿਣਾ.

**ਛਹਿਣਾ:** ਕ੍ਰਿ- ਕ੍ਸ਼ਯ ਹੋਣਾ. ਨਾਸ਼ ਹੋਣਾ। ੨. ਗੁਪਤ ਹੋਣਾ. ਲੁਕਣਾ "ਹੋਇ ਅਛਲ ਛਲ ਅੰਦਰ ਛਹਿਣਾ" (ਭਾਗੁ) ਨਿਸ਼ਕਪਟ ਹੋਕੇ ਛਲਰੂਪ ਪ੍ਰਪੰਚ ਵਿੱਚ ਆਪਣੀ ਪ੍ਰਸਿੱਧੀ ਨਾ ਚਾਹੁਣੀ.

**ਛਹੀਆ:** ਸੰਗਯਾ- ਛਾਇਆ. ਛਾਂਉਂ. ਸਾਯਾ. "ਧੂਪ ਨਹੀ ਛਹੀਆ." (ਗਉ ਕਬੀਰ)

**ਛਹੂੰਦਿਸ:** ਕ੍ਰਿ. ਵਿ- ਛੀ ਦਿਸ਼ਾ ਵੱਲ. ਪਾਤਾਲ, ਆਕਾਸ਼ ਅਤੇ ਚੌਹਾਂ ਦਿਸ਼ਾ ਵੱਲ. ਭਾਵ- ਸਰਵ ਓਰ. ਦੇਖੋ, ਛਹ.

**ਛਹੂੰਮੁਖ:** ਦੇਖੋ, ਖਟਮੁਖ ਅਤੇ ਖੜਾਨਨ.

**ਛਹੇ:** ਦੇਖੋ, ਛਹ ੨.

**ਛਹੇੜੂ:** ਛਾਹ (ਛਾਛ) ਦਾ ਮੱਖਣ ਵਿੱਚ ਰਿਹਾ ਕੁੱਝ ਹਿੱਸਾ, ਜੋ ਗਰਮ ਕਰਨ ਤੋਂ ਥੱਲੇ ਰਹਿ ਜਾਂਦਾ ਹੈ.

**ਛਕ:** ਸੰਗਯਾ- ਤ੍ਰਿਪਤਿ. ਦੇਖੋ, ਚਕ ਧਾ। ੨. ਸ਼ੋਭਾ. ਦੇਖੋ, ਛਕਣਾ। ੩. ਦੇਖੋ, ਛੱਕ.

**ਛਕਛਕਾ:** ਵਿ- ਛਕਾਛਕ. ਤ੍ਰਿਪਤ. ਸੰਤੁਸ਼੍ਟ "ਅੰਮ੍ਰਿਤ ਛਕਛਕੇ." (ਆਸਾ ਛੰਤ ਮਃ ੪)

**ਛਕਣਾ:** ਕ੍ਰਿ- ਖਾਣਾ. ਭੋਜਨ ਕਰਨਾ। ੨. ਤ੍ਰਿਪਤ ਹੋਣਾ. ਅਘਾਨਾ। ੩. ਸ਼ੋਭਾ ਸਹਿਤ ਹੋਣਾ. ਸਜਨਾ. "ਛਕਿ ਛਕਿ ਬਜੋਮ ਬਿਵਾਨੰ." (ਹਜਾਰੇ ੧੦) ਦੇਖੋ, ਚਕ ਧਾ.

**ਛਕਤ:** ਦੇਖੋ, ਕੁਲਕ ਦਾ ਰੂਪ ੨.

**ਛਕਨਾ:** ਦੇਖੋ, ਛਕਣਾ। ੨. ਹੈਰਾਨ ਹੋਣਾ. ਚਕਿਤ ਹੋਣਾ.

**ਛਕਵਾਰੀ:** ਵਿ- ਵਾਰਿ (ਜਲ) ਛਕਣ ਵਾਲਾ. ਜਲਾਹਾਰੀ. "ਕਹੂੰ ਛਾਲਾ ਧਰੇ ਛੈਲ ਭਾਰੀ, ਕਹੂੰ ਛਕਵਾਰੀ." (ਅਕਾਲ) ੨. ਛਕਣ ਵਾਲਾ. ਖਾਊ। ੩. ਸ਼ੋਭਾਵਾਨ। ੪. ਸ਼ਕੀਲ. ਸੋਹਣੀ ਸ਼ਕਲ ਵਾਲਾ.

**ਛਕੜਾ:** ਸੰਗਯਾ- ਸ਼ਕਟ. ਗੱਡਾ.

**ਛਕਾ:** ਦੇਖੋ, ਛਕਿਆ। ੨. ਦੇਖੋ, ਛੱਕਾ.

**ਛਕਾਉਣਾ:** ਕ੍ਰਿ- ਖਵਾਉਣਾ. ਪਿਆਉਣਾ। ੨. ਸਜਾਉਣਾ. ਸਿੰਗਾਰਨਾ। ੩. ਪ੍ਰਸੰਨ ਕਰਨਾ.

**ਛਕਿ:** ਛਕਿਤ ਦਾ ਸੰਖੇਪ। ੨. ਛਕਕੇ. ਦੇਖੋ, ਛਕਣਾ ੨. "ਛਕਿ ਕਿਨ ਰਹਹੁ ਛਾਡਿ ਕਿਨ ਆਸਾ?" (ਗਉ ਬਾਵਨ ਕਬੀਰ) ੩.

ਸਜਕੇ. ਸ਼ੋਭਾ ਸਹਿਤ ਹੋ ਕੇ. ਦੇਖੋ, ਛਕਣਾ ੩.

ਛਕਿਆ: ਭਛਣ ਕੀਤਾ. ਖਾਧਾ। ੨. ਤ੍ਰਿਪਤ ਹੋਇਆ। ੩. ਸਜਿਆ. ਭੂਸ਼ਿਤ ਹੋਇਆ.

ਛਕਿਤ: ਵਿ- ਭੂਸ਼ਿਤ. ਸ਼ੋਭਾ ਅਤੇ ਸ਼ਿੰਗਾਰ ਸਹਿਤ। ੨. ਤ੍ਰਿਪਤ. ਸੰਤੁਸ਼੍ਟ.

ਛਕੋਣ: ਛੀ ਕੋਣਾ. Hexagon. ਉਹ ਚੀਜ਼ ਜਿਸ ਦੇ ਛੇ ਕੋਣੇ ਹੋਣ.

ਛੱਕ: ਛਕ (ਸ਼ੋਭਾ) ਦਾ ਸਾਮਾਨ. ਨਾਨਕਿਆਂ ਵੱਲੋਂ ਦੋਹਤ੍ਰੀ ਨੂੰ ਵਿਆਹ ਸਮੇਂ ਦਿੱਤਾ ਵਸਤ੍ਰ ਭੂਖਣ ਆਦਿ ਸਾਮਾਨ. ਨਾਨਕਛੱਕ.

ਛੱਕਾ: ਸੰਗਯਾ- ਛੀ ਦਾ ਸਮੁਦਾਇ (ਇਕੱਠ). ੨. ਛੀ ਛੰਦਾਂ ਦਾ ਮਜਮੂਆ. ਦੇਖੋ, ਆਸਾ ਰਾਗ ਵਿੱਚ ਗੁਰੂ ਰਾਮਦਾਸ ਸਾਹਿਬ ਦੇ ਛੱਕੇ, ਜੋ ਆਸਾ ਦੀ ਵਾਰ ਨਾਲ ਮਿਲਾਕੇ ਗਾਈਦੇ ਹਨ। ੩. ਜੂਏ ਦਾ ਇੱਕ ਦਾਉ, ਜਿਸ ਵਿੱਚ ਕੌਡੀਆਂ ਸਿੱਟਣ ਤੋਂ ਛੀ ਕੌਡੀਆਂ ਚਿੱਤ ਪੈਂਦੀਆਂ ਹਨ। ੪. ਪੰਜ ਗ੍ਯਾਨਇੰਦ੍ਰੀਆਂ ਅਤੇ ਅੰਤਹਕਰਣ.

ਛੱਕਾ ਛੁੱਟਣਾ, ਛੱਕਾ ਛੂਟਨਾ: ਕ੍ਰਿ- ਪੰਜ ਗ੍ਯਾਨਇੰਦ੍ਰੀਆਂ ਅਤੇ ਮਨ ਦਾ ਕਰਮ ਛੁੱਟਣਾ. ਸੁਧ ਬੁਧਿ ਦਾ ਮਿਟਜਾਣਾ. ਹੋਸ਼ ਹਵਾਸ ਠਿਕਾਣੇ ਨਾ ਰਹਿਣੇ। ੨. ਜੂਏ ਵਿੱਚ ਹਾਰਨਾ. ਹਾਰ ਦੇ ਕਾਰਣ ਹੱਥੋਂ ਕੌਡੀਆਂ ਦਾ ਡਿਗ ਪੈਣਾ.

ਛੱਕੇ: ਛੱਕਾ ਦਾ ਬਹੁ ਵਚਨ। ੨. ਦਸ਼ਮੇਸ਼ ਦੇ ਨਾਮ ਤੋਂ ਕਿਸੇ ਦੁਰਗਾਭਗਤ ਦੀ ਰਚਨਾ ਦੇ ਛੀ ਛੰਦ, ਜਿਨ੍ਹਾਂ ਦੇ ਮੁੱਢ ਪਾਠ ਹੈ- "ਨਮੋ ਉਗ੍ਰਦੰਤੀ ਅਨੰਤੀ ਸਿਵੈਯਾ." xxx ਆਦਿ.

ਛਗਲ: ਸੰ. ਸੰਗਯਾ- ਬਕਰਾ. ਛਾਗ. ਛੇਲਾ। ੨. ਛਾਗ (ਬਕਰੇ) ਦੀ ਖੱਲ। ੩. ਬਕਰੇ ਦੀ ਖੱਲ ਦੀ ਥੈਲੀ, ਜਿਸ ਵਿੱਚ ਪਾਣੀ ਰੱਖੀਦਾ ਹੈ. ਕੁਨ੍ਹਾ. ਛਾਗਲ.

ਛਛ, ਛਛ ਹਜਾਰਾ: ਸੰਗਯਾ- ਜਿਲੇ ਅਟਕ ਦੀ ਅਟਕ ਤਸੀਲ ਵਿੱਚ ਸਿੰਧੁ ਦੇ ਕਿਨਾਰੇ ਦਾ ਇੱਕ ਇ਼ਲਾਕ਼ਾ, ਜੋ ੧੯. ਮੀਲ ਲੰਮਾ ਅਤੇ ੯. ਮੀਲ ਚੌੜਾ ਹੈ. ਇਸ ਨੂੰ ਚਚ ਹਜ਼ਾਰਾ ਭੀ ਆਖਦੇ ਹਨ. "ਤਖਤ ਹਜਾਰਾ ਛਛ ਹਜਾਰਾ." (ਗੁਪ੍ਰਸੂ)

ਛਛਰੌਲੀ: ਦੇਖੋ, ਕਲਸੀਆ.

ਛਛਾ: "ਛ" ਅੱਖਰ ਦਾ ਉੱਚਾਰਣ। ੨. ਛਛਾ ਅੱਖਰ. "ਛਛਾ ਛੋਹਰੇ ਦਾਸ ਤੁਮਾਰੇ." (ਬਾਵਨ)

ਛਛਾਹਾ: ਸੰਗਯਾ- ਚਹਚਹਾ. ਚਹਾ. ਇੱਕ ਜਲਜੀਵ. ਦੇਖੋ, ਚਹਾ. "ਝੀਗੇ ਚੁਣ ਚੁਣ ਖਾਇ ਛਛਾਹਾ." (ਭਾਗੁ)

ਛਛੂੰਦਰ: ਸੰ. छुच्छुन्दरि ਛੁੱਛੁੰਦਰਿ. ਗੰਧਮੂਸ਼ਿਕਾ. ਚਕਚੂੰਧਰ. ਚਚੂੰਧਰ. ਚੂਹੇ ਦੀ ਇੱਕ ਜਾਤਿ. ਇਸ ਦੇ ਸ਼ਰੀਰ ਵਿੱਚ ਅਜੇਹੀ ਦੁਰਗੰਧ ਹੁੰਦੀ ਹੈ ਕਿ ਜਿਸ ਵਸਤੁ ਨੂੰ ਛੂਹ ਜਾਵੇ, ਉਸ ਤੋਂ ਭੀ ਚਿਰ ਤੀਕ ਬਦਬੂ ਆਉਂਦੀ ਰਹਿੰਦੀ ਹੈ. ਅੰ. Mole. ਦੇਖੋ, ਚਚੂੰਧਰ.

ਛਜ: ਸੰਗਯਾ- ਛਾਜ. ਛੱਜ. ਸੂਰਪ (सूर्प ) ਅੰਨ ਵਿਚੋਂ ਕੂੜਾ ਮਿੱਟੀ ਅਲਗ ਕਰਨ ਦਾ ਸੰਦ. "ਚੂਹਾ ਖਡਿ ਨ ਮਾਵਈ ਤਿਕਲਿ ਬੰਨ੍ਹੈ ਛਜ." (ਵਾਰ ਮਲਾ ਮਃ ੧) ੨. ਦੇਖੋ, ਛਜਨਾ.

ਛਜਕਰਨ: ਦੇਖੋ, ਛੱਜਕਰਣ.

ਛਜਨਾ: ਕ੍ਰਿ- ਸਜਨਾ. ਛਬਿ (ਸ਼ੋਭਾ) ਸਹਿਤ ਹੋਣਾ.

ਛਜਲੀ: ਸੰਗਯਾ- ਛੋਟਾ ਛੱਜ. ਛਾਜਲੀ.

ਛਜਾ: ਦੇਖੋ, ਛੱਜਾ. "ਅੰਦਰਿ ਕੋਟ ਛਜੇ ਹਟਨਾਲੇ." (ਮਾਰੂ ਸੋਲਹੇ ਮਃ ੧)

ਛਜਿ: ਸਿੰਧੀ. ਛਛਿ. ਸੰਗਯਾ- ਪ੍ਰਵਾਹ. ਹੜ੍ਹ. "ਅਮਿਉ ਵੁਠਉ ਛਜਿ." (ਸਵੈਯੇ ਮਃ ੨. ਕੇ) ੨. ਕ੍ਰਿ. ਵਿ- ਸਜਕੇ. ਛਬਿ

ਸਹਿਤ ਹੋਕੇ.

ਛੱਜ: ਦੇਖੋ, ਛਜ.

ਛੱਜਕਰਣ: ਵਿ- ਛੱਜ ਜੇਹੇ ਹਨ ਜਿਸ ਦੇ ਕੰਨ. ਛੱਜ- ਕੰਨਾ। ੨. ਸੰਗਯਾ- ਛੱਜਕੰਨਾ ਮਨੁੱਖ ਅਥਵਾ ਦਾਨਵ. "ਛੱਜਾਦਿ ਕਰਣ ਏਕਾਦਿ ਪਾਵ." (ਕਲਕੀ) ੩. ਹਾਥੀ.

ਛੱਜਰ, ਛੱਜਲ, ਛੱਜੜ: ਇੱਕ ਜੱਟ ਗੋਤ. "ਪੈੜਾ ਸਿੱਖ ਛੱਜਲ ਤਿਸ ਜਾਤੀ." (ਗੁਪ੍ਰਸੂ) ੨. ਵਿ- ਛੱਜ ਬਣਾਉਣ ਵਾਲਾ। ੩. ਛੱਜ ਰੱਖਣ ਵਾਲਾ. ਜਿਸ ਦੇ ਹੱਥ ਛੱਜ ਹੈ.

ਛੱਜਾ: ਸੰਗਯਾ- ਘਰ ਦੀ ਛੱਤ ਦਾ ਉਹ ਭਾਗ, ਜੋ ਬਾਹਰ ਨੂੰ ਵਧਿਆ ਹੁੰਦਾ ਹੈ. ਦੀਵਾਰ ਦੀ ਸ਼ੋਭਾ ਨੂੰ ਵਧਾਉਣ ਵਾਲਾ ਗਰਦਨਾ। ੨. ਸੱਯਾ. ਸੇਜਾ. ਛੇਜ.

ਛੱਜਾਦਿ ਕਰਨ: ਛੱਜਕਰਣ ਆਦਿ. ਦੇਖੋ, ਛੱਜਕਰਣ.

ਛੱਜੂ: ਲਹੌਰ ਨਿਵਾਸੀ ਇੱਕ ਭਗਤ, ਜੋ ਭਾਟੀਆ ਜਾਤਿ ਦਾ ਸੀ ਅਰ ਸਰਾਫ਼ ਦੀ ਕਿਰਤ ਕਰਦਾ ਸੀ. ਇਹ ਜਹਾਂਗੀਰ ਅਤੇ ਸ਼ਾਹਜਹਾਂ ਦੇ ਸਮੇਂ ਹੋਇਆ ਹੈ. ਇਸ ਦੀ ਦੁਕਾਨ ਦੇ ਥਾਂ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਿਰ ਬਣਾ ਦਿੱਤਾ, ਜੋਹੁਣ ਮੇਯੋ ਹਾਸ ਪਿਟਲ (Mayo Hospital) ਪਾਸ ਰਤਨਾਚੰਦ ਦੀ ਸਰਾਂ ਦੇ ਦੱਖਣ ਹੈ. ਇਸੇ ਥਾਂ ਸੰਗਮਰਮਰ ਦੀ ਛੱਜੂ ਦੀ ਸਮਾਧਿ ਹੈ ਅਸਥਾਨ ਦੇ ਪੁਜਾਰੀ ਦਾਦੂਪੰਥੀ ਸਾਧੂ ਹਨ. ਛੱਜੂ ਭਗਤ ਦਾ ਦੇਹਾਂਤ ਸੰਮਤ ੧੬੯੬ ਵਿੱਚ ਹੋਇਆ ਹੈ. ਛੱਜੂ ਦੇ ਇਸ ਅਸਥਾਨ ਨੂੰ ਲੋਕ ਛੱਜੂ ਭਗਤ ਦਾ ਚੌਬਾਰਾ ਆਖਦੇ ਹਨ. ਇੱਕ ਇਸੇ ਭਗਤ ਦੇ ਭਜਨ ਕਰਣ ਦਾ ਥਾਂ ਢਾਲ ਮਹੱਲੇ ਵਿੱਚ ਭੀ ਛੱਜੂ ਭਗਤ ਦਾ ਚੌਬਾਰਾ ਨਾਮ ਤੋਂ ਪ੍ਰਸਿੱਧ ਹੈ. ਦੇਖੋ, ਕਾਨ੍ਹਾ ਅਤੇ ਛੱਜੂਪੰਥੀ। ੨. ਕੋਹਲੀ ਗੋਤ ਦਾ ਇੱਕ ਪ੍ਰੇਮੀ, ਜੋ ਸੁਲਤਾਨਪੁਰ ਦਾ ਨਿਵਾਸੀ ਸੀ. ਇਹ ਗੁਰੂ ਅਰਜਨਦੇਵ ਦਾ ਸਿੱਖ ਹੋ ਕੇ ਪ੍ਰਸਿੱਧ ਉਪਕਾਰੀ ਹੋਇਆ ਹੈ। ੩. ਗੁਰੂ ਹਰਿਗੋਬਿੰਦ ਸਾਹਿਬ ਦਾ ਸੈਨਾਨੀ, ਜਿਸ ਨੇ ਅਮ੍ਰਿਤਸਰ ਜੀ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ. "ਛੱਜੂ ਗੱਜੂ ਮੁਹਰੂ ਰੰਧਾਵਾ ਤੇ ਸੁਜਾਨਾ ਬੀਰ." (ਗੁਪ੍ਰਸੂ) ੪. ਪੰਜੋਖਰਾ (ਜਿਲਾ ਅੰਬਾਲਾ) ਨਿਵਾਸੀ ਇੱਕ ਮਹਾਂ ਮੂਰਖ ਝੀਵਰ, ਜਿਸ ਪੁਰ ਕ੍ਰਿਪਾਦ੍ਰਿਸ਼੍ਟਿ ਕਰਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਐਸਾ ਵਿਦਯਾਬਲ ਬਖ਼ਸ਼ਿਆ ਜਿਸ ਤੋਂ ਪੰਡਿਤ ਲਾਲਚੰਦ ਨੂੰ ਗੀਤਾ ਦੇ ਅਰਥ ਸੁਣਾਕੇ ਸ਼ਾਸ੍ਤ੍ਰਾਰਥ ਵਿੱਚ ਨਿਰੁੱਤਰ ਕੀਤਾ.

"ਗ੍ਰਾਮ ਹੋ ਪੰਜੋਖਰਾ ਦਿਲੀ ਕੋ ਜਾਤੇ ਮਗ ਮਾਹਿੰ

ਤਹਾਂ ਆਪ ਬੋਲੇ ਆਜ ਇਹਾਂ ਰਹਜੇ ਚਹਿਜੇ, x x

ਗ੍ਵਾਲ ਕਵਿ ਕਹੈ ਛੱਜੂ ਝੀਵਰ ਤਹਾਂ ਕੋ ਹੁਤੋ

ਵਾਂਕੋ ਛਰੀ ਛ੍ਵਾਇ ਕਹਿਵਾਯੋ ਅਥੰ ਸਹਿਯੇ." (ਗੁਰੁਪੰਚਾਸਾ)

ਛੱਜੂ ਦਾ ਚੌਬਾਰਾ: ਛੱਜੂ ਭਗਤ ਦੇ ਰਹਿਣ ਦਾ ਚੌਬਾਰਾ, ਜੋ ਲਹੌਰ ਵਿੱਚ ਹੈ. ਦੇਖੋ, ਛੱਜੂ ੧. ਪੰਜਾਬੀ ਵਿੱਚ ਅਖਾਣ ਹੈ ਕਿ- "ਜੋ ਸੁਖ ਛੱਜੂ ਦੇ ਚੌਬਾਰੇ, ਨਾ ਬਲਖ਼, ਨਾ ਬੁਖ਼ਾਰੇ." (ਲੋਕੋ) ਭਾਵ- ਆਪਣੇ ਘਰ ਜੇਹਾ ਸੁਖ ਨਹੀਂ.

ਛੱਜੂਪੰਥੀ: ਲਹੌਰ ਦੇ ਪ੍ਰਸਿੱਧ ਭਗਤ ਛੱਜੂ ਦਾ ਫ਼ਿਰਕ਼ਾ, ਜਿਸ ਦੇ ਨਿਯਮ ਹਿੰਦੂ ਅਤੇ ਮੁਸਲਮਾਨ ਧਰਮ ਦੇ ਮਿਲਵੇਂ ਹਨ. ਇਸ ਦਾ ਮੁੱਖ ਅਸਥਾਨ ਮਾਂਟਗੁਮਰੀ (Montgomery) ਦੇ ਜਿਲੇ ਪਾਕਪਟਨ ਤਸੀਲ ਵਿੱਚ ਮਲਕਹੰਸ ਹੈ. ਇਸ ਫ਼ਿਰਕ਼ੇ ਦੇ ਲੋਕ ਕੋਈ ਨਸ਼ਾ ਨਹੀ ਵਰਤਦੇ ਅਤੇ ਮਾਸ ਨਹੀਂ ਖਾਂਦੇ, ਦੇਖੋ, ਛੱਜੂ ੧.

ਛਟ: ਦੇਖੋ, ਛੱਟ ਅਤੇ ਛੱਟੀ.

ਛਟਕਨਾ: ਕ੍ਰਿ- ਛੁਟਣਾ. ਛੁਟਕਾਰਾ ਪਾਉਣਾ। ੨. ਪਛਾੜਨਾ. ਪਟਕਣਾ. "ਮੂੰਡ ਛਟਕਤ ਮਿਤ੍ਰ ਪੁਤ੍ਰ ਹੂੰ ਕੇ ਸੋਕ ਸੋਂ." (ਅਕਾਲ)

ਛਟਾ: ਸੰ. ਸੰਗਯਾ- ਚਮਕ. ਪ੍ਰਭਾ. "ਲਿਯੇ ਬਰਛੀ ਕਰ ਬਿੱਜੁਛਟਾ." (ਚੰਡੀ ੧) ੨. ਸ਼ੋਭਾ. ਛਬਿ। ੩. ਬਿਜਲੀ।

ਛਟਾਂਕ: ਸੰ. षट्टङ्क ਸ਼ਟੰਕ. ਸੰਗਯਾ- ਛੀ ਟੰਕ ਪ੍ਰਮਾਣ. ਸੇਰ ਦਾ ਸੋਲਵਾਂ ਹਿੱਸਾ. ਪੰਜ ਤੋਲਾਭਰ. [2]

ਛਟਾਛਟ: ਕ੍ਰਿ. ਵਿ- ਝਟਿਤਿ. ਟਪਟ. ਤੁਰੰਤ. ਫ਼ੌਰਨ.

ਛਟਿਕਾ, ਛਟੀ: ਸੰਗਯਾ- ਛੜੀ. ਸੋਟੀ. ਪਤਲੀ ਲਾਠੀ। ੨. ਦੇਖੋ, ਛੱਟੀ.

ਛਟੀਐ: ਛੱਟਾਂ (ਗੂਣਾਂ) ਦਾ. "ਬੰਨਿ ਭਾਰੁ ਉਚਾਇਨਿ ਛਟੀਐ." (ਵਾਰ ਰਾਮ ੩)

ਛੱਟ: ਗੂਣ. ਬੋਰੀ. ਦੇਖੋ, ਛੱਟੀ.

ਛੱਟਾ: ਸੰਗਯਾ- ਛਿੱਟਾ. ਛੀਂਟਾ. ਜਲ ਅਥਵਾ ਕਿਸੇ ਹੋਰ ਦ੍ਰਵ ਪਦਾਰਥ ਦਾ ਤੁਬਕਾ। ੨. ਜਲਬੂੰਦਾਂ ਦੀ ਤਰਾਂ ਖੇਤ ਵਿੱਚ ਬੀਜ ਦੇ ਬਰਖਾਉਣ ਦੀ ਕ੍ਰਿਯਾ. ਪੋਰ ਤੋਂ ਬਿਨਾ, ਹੱਥ ਨਾਲ ਬੀਜ ਦਾ ਵਿਖੇਰਨਾ। ੩. ਵਿ- ਮੁੰਚਿਤ. ਛੱਡਿਆ. "ਚਟਦੈ ਛੱਟਾ." (ਦੱਤਾਵ) ਝਟਿਤਿ (ਛੇਤੀ) ਛੱਡਿਆ.

ਛੱਟੀ: ਸੰਗਯਾ- ਗੂਣ. ਬੋਰੀ। ੨. ਖੱਚਰ ਗਧੇ ਆਦਿ ਪੁਰ ਲੱਦਣ ਦੀ ਉਹ ਥੈਲੀ, ਜਿਸ ਦਾ ਪਿੱਠ ਤੇ ਰਹਿਣ ਵਾਲਾ ਭਾਗ ਖਾਲੀ ਅਤੇ ਦੋਹਾਂ ਕਿਨਾਰਿਆਂ ਪੁਰ ਬੋਝ ਭਰਿਆ ਰਹਿੰਦਾ ਹੈ. ਦੇਖੋ, ਛਟੀਐ.

ਛਠ: ਸ਼ਟ. ਛੀ. "ਰਾਤ ਕਰੀ ਛਠ ਮਾਸਨ ਕੀ." (ਕ੍ਰਿਸਨਾਵ) ੨. ਦੇਖੋ, ਛਠਿ.

ਛਠਮ, ਛਠਾ: ਸੰ. ਸ਼ਸ਼੍ਠ. ਵਿ- ਛੀਵਾਂ.

ਛਠਿ, ਛਠੀ: ਸੰ. ਸ਼ਸ਼੍ਠੀ. ਸੰਗਯਾ- ਚੰਦ੍ਰਮਾ ਦੇ ਦੋਹਾਂ ਪੱਖਾਂ ਦੀ ਛੀਵੀਂ ਤਿਥਿ. ਛਠ. "ਛਠਿ ਖਟਚਕ੍ਰ ਛਹੂੰ ਦਿਸ ਧਾਇ." (ਗਉ ਥਿਤੀ ਕਬੀਰ) ਦੇਖੋ, ਖਟਚਕ੍ਰ। ੨. ਜਨਮ ਤੋਂ ਛੀਵੀਂ ਤਿਥਿ। ੩. ਬੱਚੇ ਦੇ ਜਨਮ ਤੋਂ ਛੀਵੇਂ ਦਿਨ ਕੁਲਰੀਤਿ ਅਨੁਸਾਰ ਕੀਤੀ ਰਸਮ.

ਛਠੇ ਕਰਮ: ਛੀ ਪ੍ਰਕਾਰ ਦੇ ਕਰਮ. ਦੇਖੋ, ਖਟਕਰਮ.

ਛਡਣਾ, ਛਡਨਾ: ਕ੍ਰਿ- ਤਜਾਗਣਾ. ਤਰਕ ਕਰਨਾ. "ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ." (ਮਾਝ ਬਾਰਹਮਾਹਾ) ੨. ਰਿਹਾ ਕਰਨਾ. ਬੰਧਨ ਰਹਿਤ ਕਰਨਾ। ੩. ਵਿ- ਤਜਾਗਣ ਯੋਗ੍ਯ "ਜੋ ਛਡਨਾ ਸੁ ਅਸਥਿਰੁ ਕਰਿ ਮਾਨੈ." (ਸੁਖਮਨੀ)

ਛਡਿ: ਛੱਡਕੇ. ਦੇਖੋ, ਛਡਣਾ.

ਛਣ: ਸੰ. ਕ੍ਸ਼ਣ. ਸੰਗਯਾ- ਖਿਨ. ਲਹਜਾ. ਲਮਹ਼ਾ। ੨. ਦੇਖੋ, ਛਣਨਾ.

ਛਣਦਾ: ਡਿੰਗ. ਸੰਗਯਾ- ਰਾਤ੍ਰਿ. ਰਾਤ.

ਛਣਨਾ: ਕ੍ਰਿ- ਸ੍ਰਵਣ. ਚੁਇਣਾ. ਟਪਕਣਾ. ਜੈਸੇ- ਗਰਭ ਛਣਨਾ। ੨. ਪੁਣੇ ਜਾਣ ਦੀ ਕ੍ਰਿਯਾ.

ਛਤ: ਦੇਖੋ, ਛਤ੍ਰ। ੨. ਛਾਤ. ਛੱਤ. ਸਕ਼ਫ਼. ਮਕਾਨ ਦਾ ਢਕਾਉ। ੩. ਕ੍ਸ਼ਤ. ਘਾਉ. ਜ਼ਖ਼ਮ. "ਆਯੁਧ ਕੋ ਛਤ ਲਾਗ ਨ ਕੋਊ." (ਨਾਪ੍ਰ)

ਛਤਜ: ਸੰਗਯਾ- ਕ੍ਸ਼ਤ (ਜ਼ਖ਼ਮ) ਤੋਂ ਪੈਦਾ ਹੋਇਆ ਲਹੂ. (ਸਨਾਮਾ) ੨. ਲਾਲ ਵਰਣ. ਲਹੂਰੰਗ ਦੀ ਵਸਤੁ. (ਸਨਾਮਾ)

ਛਤਧਰ: ਦੇਖੋ, ਛਤ੍ਰਧਰ। ੨. ਫੱਟੜ. ਦੇਖੋ, ਛਤ ੩.

ਛਤਨਾ: ਸੰਗਯਾ- ਘਰ ਦੇ ਅੱਗੇ ਦਾ ਵਰਾਂਡਾ. ਦਰਵਾਜ਼ੇ ਅੱਗੇ ਖੁਲ੍ਹੀ ਛੱਤ, ਜਿਸ ਨੂੰ ਕਿਵਾੜ ਨਾ ਹੋਣ. ਛਤੜਾ। ੨. ਛਤ੍ਰਕ. ਛਤ੍ਰ ਦੇ ਆਕਾਰ ਦੀ ਖੁੰਬ. ਪਦਬਹੇੜਾ. ਗੰਗਨਧੂਲ. "ਛਤ੍ਰ ਕੇ ਬਦਲੇ ਜੈਸੇ ਛਤਨਾ ਕੀ ਛਾਂਹ ਬੈਠੇ." (ਭਾਗੁ ਕ)

ਛਤਪ: ਡਿੰਗ. ਸੰਗਯਾ- ਛਤ੍ਰਪਤਿ ਰਾਜਾ.

ਛਤਪਤ੍ਰ: ਦੇਖੋ, ਸ਼ਤਪਤ੍ਰ.

ਛਤ ਬਨੂੜ: ਦੇਖੋ, ਛੱਤ ਬਨੂੜ.

ਛਤਰ: ਦੇਖੋ, ਛਤ੍ਰ.

ਛਤਰਧਾਰ: ਦੇਖੋ, ਛਤ੍ਰਧਾਰ.

ਛਤਰੀ: ਸੰਗਯਾ- ਛੋਟਾ ਛਤ੍ਰ. ਛਾਤਾ। ੨. ਰਥ ਅਥਵਾ ਅੰਬਾਰੀ ਦੀ ਛਤ੍ਰ ਦੇ ਆਕਾਰ ਦੀ ਛੱਤ। ੩. ਰਾਜਪੂਤਾਨੇ ਵਿੱਚ ਗੁੰਬਜ਼ਦਾਰ ਸਮਾਧ (ਮੜ੍ਹੀ) ਦੀ 'ਛਤਰੀ' ਸੰਗਯਾ ਹੈ। ੪. ਦੇਖੋ, ਛਤ੍ਰੀ.

ਛਤੜਾ: ਦੇਖੋ, ਛਤਨਾ। ੨. ਵਿ- ਛੱਤਿਆ ਹੋਇਆ. ਆਛਾਦਿਤ. "ਛਤੜੇ ਬਾਜਾਰ." (ਵਾਰ ਰਾਮ ੨. ਮਃ ੫) ਛੱਤਦਾਰ ਬਾਜ਼ਾਰ ਵਿੱਚ ਸਰਦੀ, ਗਰਮੀ, ਵਰਖਾ ਵਿੱਚ ਅਖੰਡ ਵਪਾਰ ਹੋ ਸਕਦਾ ਹੈ. ਇਸ ਥਾਂ ਛਤੜਾ ਬਾਜ਼ਾਰ ਸਾਧੁਸੰਗਤਿ ਹੈ.

ਛਤਾਬ, ਛਤਾਬੀ: ਫ਼ਾ. شتاب ਸ਼ਿਤਾਬ. ਕ੍ਰਿ. ਵਿ- ਫ਼ੌਰਨ. ਤੁਰੰਤ.

ਛਤਾਰਾ: ਵਿ- ਛਤ੍ਰੇ (ਮੀਢੇ) ਦਾ. "ਬਿਨ ਸਿਮਰਨ ਜੈਸੇ ਸੀਂਗ ਛਤਾਰਾ." (ਗਉ ਅਃ ਮਃ ੫) ੨. ਸੰਗਯਾ- ਛੀ ਤਾਰਾਂ ਦਾ ਵਾਜਾ। ੩. ਛੀ ਤੰਦਾਂ ਦਾ ਵੱਟਿਆ ਹੋਇਆ ਡੋਰਾ.

ਛਤਾਲ: ਸੰਗਯਾ- ਸੰਗੀਤ ਅਨੁਸਾਰ ਛੇ ਤਾਲ. ਦੇਖੋ, ਖਟਤਾਲ.

ਛਤਾਲਾ: ਵਿ- ਛੀ ਤਾਲ ਦਾ ਗਯਾਤਾ। ੨. ਭਾਵ- ਹੋਸ਼ਿਯਾਰ. ਚਾਲਾਕ। ੩. ਸੰਗਯਾ- ਛੀ ਤਾਲ ਦਾ ਗੀਤ। ੪. ਕ੍ਸ਼ਤ- ਆਲਯ. ਜ਼ਖ਼ਮਾਂ ਦਾ ਘਰ. ਰਣਭੂਮਿ. ਮੈਦਾਨੇਜੰਗ. "ਸੁਬਾਸੰ ਛਤਾਲੰ." (ਕਲਕੀ)

ਛਤਿਯਾ: ਸੰਗਯਾ- ਛਾਤੀ. ਸੀਨਾ। ੨. ਛਤਰੀ. ਛੋਟਾ ਛਤ੍ਰ.

ਛਤੀ: ਦੇਖੋ, ਛਤੀਸ। ੨. ਕ੍ਸ਼ਤਿ. ਹਾਨਿ. ਨੁਕ਼ਸਾਨ। ੩. ਵਿ- ਕ੍ਸ਼ਤ (ਘਾਉ) ਵਾਲਾ. ਜ਼ਖ਼ਮੀ. ਫੱਟੜ.

ਛਤੀਆ: ਸੰਗਯਾ- ਛਾਤੀ. ਸੀਨਹ। ੨. ਛਤਰੀ.

ਛਤੀਸ: ਸੰਗਯਾ- ਛੀ ਅਤੇ ਤੀਸ. ਸ਼ਟਤਿੰਸ਼ਤ੍- ੩੬.

ਛਤੀਸ ਪਖੰਡ: ਛਤੀਸ ਪ੍ਰਕਾਰ ਦੇ ਪਾਖੰਡ. ਭਾਵ ਅਨੇਕ ਤਰਾਂ ਦੇ ਦੰਭ. ਇਸ ਥਾਂ ਖ਼ਾਸ ਗਿਣਤੀ ਪਾਖੰਡਾਂ ਦੀ ਨਹੀਂ ਹੈ, ਭਾਵ ਅਨੰਤ ਪਾਖੰਡਾਂ ਤੋਂ ਹੈ. ਚੀਨੀ ਯਾਤ੍ਰੀ "ਫਾਹਿਯਾਨ" ਨੇ ਭਾਰਤ ਦੀ ਯਾਤ੍ਰਾ ਕਰਦੇ ਹੋਏ ਲਿਖਿਆ ਹੈ ਕਿ ਮਧਯ ਦੇਸ਼ ਵਿੱਚ ੯੬ ਪਾਖੰਡਾਂ ਦਾ ਪ੍ਰਚਾਰ ਹੈ. ਇਸ ਦਾ ਭਾਵ ਭੀ ਅਨੇਕ ਪਾਖੰਡਾਂ ਤੋਂ ਹੈ. "ਖਟਦਰਸਨ ਬਹੁ ਵੈਰ ਕਰ ਨਾਲ ਛਤੀਸ ਪਖੰਡ ਚਲਾਏ." (ਭਾਗੁ)

ਛਤੀਹ: ਦੇਖੋ ਛਤੀਸ.

ਛਤੀਹ ਅੰਮ੍ਰਿਤ: ਛਤੀਹ (੩੬) ਪ੍ਰਕਾਰ ਦੇ ਅਮ੍ਰਿਤ ਤੁੱਲ ਰਸਦਾਇਕ ਭੋਜਨ. ਕਈ ਵਿਦ੍ਵਾਨਾਂ ਨੇ ਖਾਣਯੋਗਯ ਪਦਾਰਥਾਂ ਦੀ ੩੬ ਗਿਣਤੀ ਕੀਤੀ ਹੈ, ਪਰ ਇਹ ਕੇਵਲ ਕਪੋਲਕਲਪਨਾ ਹੈ. ਭਾਈ ਗੁਰਦਾਸ ਜੀ ਨੇ ਛਤੀਹ ਭੋਜਨਾਂ ਦਾ ਸੁੰਦਰ ਨਿਰਣਾ ਕੀਤਾ ਹੈ- "ਖਟ ਰਸ ਮਿਠਰਸ ਮੇਲਕੈ ਛਤੀਹ ਭੋਜਨ ਹੋਨ ਰਸੋਈ." ਇੱਕ ਇੱਕ ਰਸ ਦੇ ਛੀ ਛੀ ਭੇਦ ਪਰਸਪਰ ਮੇਲ ਤੋਂ ਹੋ ਜਾਂਦੇ ਹਨ ਅਤੇ ਇਹ ਅਰਥ ਸਾਰੇ ਦੇਸਾਂ ਵਿੱਚ ਘਟ ਸਕਦਾ ਹੈ. "ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ." (ਸੁਖਮਨੀ) "ਛਤੀਹ ਅੰਮ੍ਰਿਤ ਭੋਜਨ ਖਾਣਾ." (ਮਾਝ ਮਃ ੫) ੨. ਭਾਵ- ਸਰਵ ਪ੍ਰਕਾਰ ਦੇ ਭੋਜਨ.

ਛਤੀਹ ਜੁਗ: ਛਤੀਸ (੩੬) ਯੁਗ ਦੇ ਕਾਲ ਦਾ ਪ੍ਰਮਾਣ. ਅਰਥਾਤ ਚਾਰ ਯੁਗਾਂ ਦੀਆਂ ਨੌ ਚੌਕੜੀਆਂ. ਪ੍ਰਾਚੀਨ ਵਿਦ੍ਵਾਨਾਂ ਦੀ ਇਹ ਕਲਪਨਾ ਹੈ ਕਿ ਪ੍ਰਲੈ ਹੋਣ ਪਿੱਛੋਂ ਛਤੀਹ ਯੁਗ ਦੇ ਸਮੇਂ ਤੀਕ ਸੁੰਨਦਸ਼ਾ ਰਹਿੰਦੀ ਹੈ. "ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ." (ਵਾਰ ਰਾਮ ੧. ਮਃ ੩) "ਜੁਗ ਛਤੀਹ ਗੁਬਾਰ ਕਰ." (ਭਾਗੁ)

ਛਤੀਹ ਭੋਜਨ: ਦੇਖੋ, ਛਤੀਹ ਅੰਮ੍ਰਿਤ.

ਛਤੁ: ਸੰ. ਛਤ੍ਰ. ਸੰਗਯਾ- ਛਾਤਾ. ਛਤਰੀ। ੨. ਰਾਜਿਆਂ ਦਾ ਰਾਜਚਿੰਨ੍ਹਰੂਪ ਛਤ੍ਰ (ਆਤਪਤ੍ਰ). "ਨਿਹਚਲੁ ਚਉਰ ਛਤੁ." (ਵਾਰ ਰਾਮ ੨. ਮਃ ੫) "ਇਕੁ ਸਾਹਿਬੁ ਸਿਰ ਛਤੁ." (ਆਸਾ ਮਃ ੫)

ਛੱਤ: ਸੰਗਯਾ- ਛਾਤ. ਛਾਯਾ. ਸਕ਼ਫ਼ ਇਸ ਦਾ ਮੂਲ ਛਾਦਿਤ ਹੈ। ੨. ਛਤ੍ਰ. ਆਤਪਤ੍ਰ। ੩. ਦੇਖੋ, ਛੱਤ ਬਨੂੜ.

ਛੱਤ ਬਨੂੜ: ਪਟਿਆਲਾਰਾਜ ਦੀ ਨਜਾਮਤ ਪਟਿਆਲਾ ਵਿੱਚ ਛੱਤ ਅਤੇ ਬਨੂੜ ਦੋ ਪਿੰਡ ਪਾਸ ਪਾਸ ਹਨ, ਜਿਨ੍ਹਾਂ ਦਾ ਇਹ ਮਿਲਵਾਂ ਨਾਉਂ ਬੋਲਿਆ ਜਾਂਦਾ ਹੈ. ਸਰਹਿੰਦ ਫਤੇ ਕਰਨ ਤੋਂ ਪਹਿਲਾਂ ਸੰਮਤ ੧੭੬੭ ਵਿੱਚ ਖਾਲਸਾ ਦਲ ਨੇ ਬੰਦਾਬਹਾਦੁਰ ਨਾਲ ਮਿਲਕੇ ਇਨ੍ਹਾਂ ਨੂੰ ਫਤੇ ਕੀਤਾ ਸੀ.

ਛੱਤਾ: ਸੰਗਯਾ- ਛਤ੍ਰ. ਛਾਤਾ. ਛਤਰੀ। ੨. ਛੱਤਿਆ ਹੋਇਆ ਬਾਜ਼ਾਰ, ਕੂਚਾ। ੩. ਸ਼ਹਿਦ ਦੀਆਂ ਮੱਖੀਆਂ ਅਥਵਾ ਭਰਿੰਡਾਂ ਦਾ ਘਰ. ਦੇਖੋ, ਛਤ੍ਰਕ ੪। ੪. ਸਿਰ ਦੇ ਉਲਝੇ ਹੋਏ ਕੇਸ। ੫. ਸ਼ਾਹਪੁਰ ਵੱਲ ਸਿਰ ਦੇ ਲਮਕਦੇ ਵਾਲਾਂ ਨੂੰ ਛੱਤੇ ਆਖਦੇ ਹਨ.

ਛੱਤੀਸ: ਛੀ ਅਤੇ ਤੀਸ. ਦੇਖੋ, ਛਤੀਸ.

ਛੱਤੀਸਵਾਨੰ: ਵਿ- ਛੱਤੀਸਵਾਂ "ਰਹਜੋ ਨਾਕ ਮੇ ਕੁਸ੍ਰ ਛੱਤੀਸਵਾਨੰ." (ਜਨਮੇਜਯ) ਕੁਸ਼੍ਰ ਦਾ ਛੱਤੀਸਵਾਂ ਭਾਗ ਬਾਕੀ ਰਹਿ ਗਿਆ.

ਛੱਤੇਆਣਾ: ਜਿਲਾ ਫਿਰੋਜ਼ਪੁਰ, ਥਾਣਾ ਕੋਟਭਾਈ ਦਾ ਇੱਕ ਪਿੰਡ, ਜੋ ਮੁਕਤਸਰ ਤੋਂ ਦਸ ਕੋਹ ਪੂਰਵ ਹੈ. ਇਸ ਥਾਂ ਗੁਰੂ ਗੋਬਿੰਦ ਸਿੰਘ ਜੀ ਦਾ 'ਗੁਪਤਸਰ' ਗੁਰਦ੍ਵਾਰਾ ਹੈ. ਦੇਖੋ, ਗੁਪਤਸਰ ਅਤੇ ਬਹਮੀਸ਼ਾਹ.

ਛਤਜੋ: ਕ੍ਸ਼ਤ (ਘਾਉ) ਸਹਿਤ ਕੀਤਾ. ਜ਼ਖ਼ਮੀ ਕੀਤਾ. ਘਾਇਲ ਕੀਤਾ. "ਸਹਸ੍ਰ ਸਾਯਕੰ ਛਤਜੋ." (ਪਾਰਸਾਵ) ਹਜਾਰ ਤੀਰਾਂ ਨਾਲ ਘਾਇਲ ਕੀਤਾ.

ਛਤ੍ਰ: ਸੰਗਯਾ- ਦੇਖੋ, ਛਤੁ. "ਛਤ੍ਰ ਨ ਪਤ੍ਰ ਨ ਚਉਰ ਨ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਸੰ. ਛਤ੍ਵਰ ਦਾ ਸੰਖੇਪ. ਘਰ. ਨਿਵਾਸ. "ਸੰਲਗਨ ਸਭ ਮੁਖ ਛਤ੍ਰ." (ਮਾਰੂ ਅਃ ਮਃ ੫) ਆਕਾਸ਼ ਸਭ ਨਾਲ ਸਮਾਨ ਲੱਗਾ ਹੋਇਆ ਅਤੇ ਸਭ ਲਈ ਸੁਖਦਾਈ ਨਿਵਾਸ ਦਾ ਅਸਥਾਨ ਹੈ। ੩. ਵਿ- ਛਤ੍ਰਾਕਾਰ. ਘਟਾਟੋਪ. "ਦਹ ਦਿਸ ਛਤ੍ਰ ਮੇਘ ਘਟਾ." (ਸੋਰ ਮਃ ੫) ੪. ਕ੍ਸ਼ਤ੍ਰਿਯ. ਛਤ੍ਰੀ. ਦੇਖੋ, ਛਿਤੰਕੀਸ.

ਛਤ੍ਰਸਾਲ: ਬੁੰਦੇਲਾਵੰਸ਼ੀ ਚੰਪਤਰਾਇ ਦਾ ਪੁਤ੍ਰ ਪੰਨੇ ਦਾ ਇੱਕ ਪ੍ਰਤਾਪੀ ਰਾਜਾ, ਜਿਸ ਦੇ ਦਰਬਾਰ ਦਾ ਭੂਸ਼ਣ ਲਾਲ ਕਵਿ ਸੀ. ਇਸ ਦਾ ਦੇਹਾਂਤ ਸਨ ੧੭੩੪ ਵਿੱਚ ਹੋਇਆ। ੨. ਗੋਪੀਨਾਥ ਦਾ ਪੁਤ੍ਰ ਚੌਹਾਨਵੰਸ਼ ਦਾ ਭੂਸ਼ਣ ਬੂੰਦੀ ਦਾ ਰਾਜਾ, ਜੋ ਦਾਰਾਸ਼ਿਕੋਹ ਦਾ ਸਹਾਇਕ ਸੀ. ਇਹ ਔਰੰਗਜੇਬ ਅਤੇ ਦਾਰਾ ਦੀ ਲੜਾਈ ਵਿੱਚ ਸਨ ੧੬੫੮ ਵਿੱਚ ਮੋਇਆ.

ਛਤ੍ਰਸਿਰ: ਵਿ- ਸਿਰ ਪੁਰ ਛਤ੍ਰ ਧਾਰਣ ਵਾਲਾ. "ਪਾਤਸਾਹੁ ਛਤ੍ਰਸਿਰ ਸੋਊ." (ਬਾਵਨ)

ਛਤ੍ਰਕ: ਸੰ. ਸੰਗਯਾ- ਭੂਫੋੜ. ਛਤ੍ਰ ਦੇ ਆਕਾਰ ਦੀ ਖੁੰਬ, ਜੋ ਵਰਖਾ ਰੁੱਤ ਵਿੱਚ ਪੈਦਾ ਹੁੰਦੀ ਹੈ। ੨. ਛਤਰੀਦਾਰ ਬਿਰਛ। ੩. ਛਤਰੀ. ਛਾਤਾ। ੪. ਸ਼ਹਿਦ ਦਾ ਛੱਤਾ.

ਛਤ੍ਰਢਾਲਾ: ਛਤ੍ਰ ਨੂੰ ਸਿਰ ਪੁਰ ਢੁਲਵਾਉਣ (ਫਿਰਾਉਣ) ਵਾਲਾ ਰਾਜਾ. ਬਾਦਸ਼ਾਹ. "ਛਤ੍ਰਢਾਲਾ ਚਾਲ ਭਏ ਜਤ੍ਰ ਕਤ੍ਰ ਜਾਤ ਹੈਂ." (ਭਾਗੁ ਕ) ਜਦ ਰਾਜਾ ਚਲਾਇਮਾਨ ਹੋ ਜਾਵੇ, ਤਦ ਉਸ ਦੇ ਅਧੀਨ ਲੋਕ ਹਨ, ਖਿੰਡ ਜਾਂਦੇ ਹਨ.

ਛਤ੍ਰਣੀ: ਛਤ੍ਰਧਾਰੀ ਰਾਜਾ ਦੀ ਅਨੀ (ਫ਼ੌਜ). ੨. ਛਤ੍ਰੀਆਂ ਦੀ ਜਮਾਤ. (ਸਨਾਮਾ)

ਛਤ੍ਰਧਰ: ਸੰਗਯਾ- ਛਤ੍ਰ ਦੇ ਧਾਰਨ ਵਾਲਾ ਬਾਦਸ਼ਾਹ. ਮਹਾਰਾਜਾ। ੨. ਛਤਰੀਬਰਦਾਰ. ਜੋ ਰਾਜੇ ਦਾ ਛਤ੍ਰ ਧਾਰਨ ਕਰਦਾ (ਹੱਥ ਰਖਦਾ) ਹੈ.

ਛਤ੍ਰਧਾਰ: ਦੇਖੋ, ਛਤ੍ਰਧਰ। ੨. ਖ਼ਾ. ਅਫ਼ੀਮ. ਪੋਸਤ ਦੇ ਡੋਡੇ ਪੁਰ ਛਤ੍ਰ ਦਾ ਚਿੰਨ੍ਹ ਹੁੰਦਾ ਹੈ, ਇਸ ਤੋਂ ਇਹ ਸੰਗਯਾ ਹੋਈ ਹੈ.

ਛਤ੍ਰਧਾਰ ਪਾਤਸਾਹੀ: ਚਕ੍ਰਵਰਤੀ ਰਾਜਜ. "ਛਤਧਾਰ ਪਾਤਸਾਹੀਆਂ." (ਸ੍ਰੀ ਮਃ ੫)

ਛਤ੍ਰਧਾਰੀ: ਦੇਖੋ, ਛਤ੍ਰਧਰ.

ਛਤ੍ਰਪਤਿ: ਸੰਗਯਾ- ਛਤ੍ਰ ਦਾ ਸ੍ਵਾਮੀ ਰਾਜਾ। ੨. ਵਿ- ਛਤ੍ਰ ਰੱਖਣ ਵਾਲਾ. ਛਤ੍ਰਧਾਰੀ. "ਪੰਡਿਤ, ਸੂਰ, ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰੁ ਨ ਕੋਇ." (ਬਿਲਾ ਰਵਿਦਾਸ)

ਛਤ੍ਰਪਾਣਿ: ਵਿ- ਛਤ੍ਰ ਹੈ ਜਿਸ ਦੇ ਹੱਥ ਵਿੱਚ। ੨. ਸ਼ਸਤ੍ਰਪਾਣਿ ਦੀ ਥਾਂ ਭੀ ਇਹ ਸ਼ਬਦ ਵਰਤਿਆ ਗਿਆ ਹੈ.

ਛਤ੍ਰਪਾਲ: ਸੰਗਯਾ- ਰਾਜਾ. ਬਾਦਸ਼ਾਹ.

ਛਤ੍ਰਭੰਗ: ਰਾਜੇ ਦਾ ਮਰਨਾ। ੨. ਰਾਜ ਦਾ ਵਿਗੜ ਜਾਣਾ। ੩. ਰੰਡੇਪਾ. ਵਿਧਵਾ ਹੋਣਾ.

ਛਤ੍ਰਾ: ਸੰਗਯਾ ਮੀਢਾ, ਸਿੰਗਾਂ ਵਾਲਾ ਮੀਢਾ। ੨. ਉਹ ਮੀਢਾ ਜਿਸ ਦੀ ਦੁਮ ਪੁਰ ਚਰਬੀ ਦੀ ਚੱਕੀ ਹੋਵੇ। ੩. ਸੰ. ਖੁੰਬ. ਛਤ੍ਰ ਦੇ ਆਕਾਰ ਦੀ ਖੁੰਬ। ੪. ਧਨੀਆਂ। ੫. ਮਜੀਠ.

ਛਤ੍ਰਾਣਵੀ: ਸੰਗਯਾ- ਕ੍ਸ਼ਤ੍ਰਿਯ ਜਾਤਿ ਦੀ ਇਸਤ੍ਰੀ. ਛਤ੍ਰਾਨੀ. ਕ੍ਸ਼ਤ੍ਰਿਯਾ (ਣੀ). "ਕਿ ਛਤ੍ਰਾਣਵੀ ਹੈ." (ਦੱਤਾਵ)

ਛਤ੍ਰਾਨੇਰ: ਬੁੰਦੇਲਖੰਡ ਵਿੱਚ ਪੰਨੇ ਦੇ ਪਾਸ ਇੱਕ ਨਗਰ, ਜਿਸ ਨੂੰ ਹੁਣ ਛਤ੍ਰਪੁਰ ਆਖਦੇ ਹਨ."ਛਾਛ ਕੈਸੀ ਛਤ੍ਰਾਨੇਰ." (ਅਕਾਲ)

ਛਤ੍ਰਾਪਨ: ਸੰਗਯਾ- ਕ੍ਸ਼ਤ੍ਰਿਯਤ੍ਵ. ਛਤ੍ਰੀਪੁਣਾ.

ਛਤ੍ਰਾਲਿਕਾ: ਵਿ- ਛਤ੍ਰ ਧਾਰਨ ਵਾਲੀ। ੨. ਸੰਗਯਾ- ਮਹਾਰਾਨੀ. "ਕਿ ਛਤ੍ਰਾਲਿਕਾ ਛੈ." (ਦੱਤਾਵ)

ਛਤ੍ਰਿ, ਛਤ੍ਰੀ: ਦੇਖੋ, ਕ੍ਸ਼ਤ੍ਰਿਯ. "ਕਿ ਛਤ੍ਰੰ ਛਤ੍ਰੀ ਹੈ." (ਜਾਪੁ) ਕ੍ਸ਼ਤ੍ਰੀਆਂ ਦਾ ਛਤ੍ਰ ਹੈ. ਮਹਾਨ ਛਤ੍ਰੀ ਹੈ.

ਛਤ੍ਰੀਆਣੀ: ਸੰ. ਸੰਗਯਾ- ਕ੍ਸ਼ਤ੍ਰਿਯ (ਛਤ੍ਰੀ) ਦੀ ਇਸਤ੍ਰੀ. ਕ੍ਸ਼ਤ੍ਰਿਯਾ (ਣੀ).

ਛਤ੍ਰੀਬ੍ਰਿੱਤਿ: ਸੰ. ਕ੍ਸ਼ਤ੍ਰਿਯਵ੍ਰਿੱਤਿ. ਸੰਗਯਾ- ਛਤ੍ਰੀਧਰਮ ਅਨੁਸਾਰ ਉਪਜੀਵਿਕਾ. "ਛਤ੍ਰੀਬ੍ਰਿੱਤਿ ਅਨਨਯੋਪਾਸਕ ਤਯਾਗੀ ਹਠੀ ਸੂਰ ਭੁਵਨੇਸ਼੍ਵਰ" (ਸਲੋਹ)

ਛਤ੍ਰ: ਦੇਖੋ, ਛਤ੍ਰ. "ਲਹਿਣੇ ਧਰਿਓਨੁ ਛਤ੍ਰ ਸਿਰਿ" (ਵਾਰ ਰਾਮ ੩) ਕ੍ਸ਼ਤ੍ਰਿਯਯੂਥ. ਸ਼ਸਤ੍ਰਧਾਰੀਆਂ ਦਾ ਟੋਲਾ. "ਬਾਰਹ ਜੋਜਨ ਛਤ੍ਰ ਚਲੈਥਾ." (ਧਨਾ ਨਾਮਦੇਵ)

ਛਦ: ਸੰ. ਛਦ੍ ਧਾ- ਢਕਣਾ, ਆਛਾਦਨ ਕਰਨਾ, ਲੁਕੋਣਾ। ੨. ਸੰਗਯਾ- ਆਵਰਣ. ਪੜਦਾ। ੩. ਮਿਆਨ. ਨਯਾਮ. ਛਦਨ। ੪. ਪੰਛੀਆਂ ਦਾ ਪੰਖ (ਖੰਭ). ੫. ਪੱਤਾ. ਪਤ੍ਰ.

ਛਦਮ: ਸੰ. ਛਦ੍ਮ ਸੰਗਯਾ- ਕਪਟ. ਛਲ। ੨. ਧੋਖਾ. "ਇਹਾਂ ਨ ਚਲੈ ਸਤ੍ਰ ਕੋ ਛਦਮ." (ਗੁਪ੍ਰਸੂ) ੩. ਲੁਕਾਉ. ਛਿਪਾਉ. "ਆਪਿ ਆਪੁ ਕੀਓ ਛਦਮ." (ਸਵੈਯੇ ਮਃ ੪. ਕੇ) ੪. ਬਹਾਨਾ. ਹ਼ੀਲਾ.

ਛਦਾਮ: ਸੰਗਯਾ- ਛੈਦਾਮ. ਪੈਸੇ ਦਾ ਚੌਥਾ ਭਾਗ. ਚੌਵੀਹ ਦਾਮਾਂ ਦਾ ਇੱਕ ਪੈਸਾ ਹੁੰਦਾ ਹੈ.

ਛਦੰਬ: ਛਦਪਤ੍ਰ. ਤੇਜਪੱਤਾ. ਦੇਖੋ, ਤੇਜਪਤ੍ਰ. "ਕੁਲਕ ਤਿਲਕ ਚਲਦਲ ਸੁ ਛਦੰਬ." (ਗੁਪ੍ਰਸੂ)

ਛਨ: ਦੇਖੋ, ਛਣ.

ਛਨਹਰੀ: ਵਿ- ਛੰਨ (ਗੁਪਤ) ਨੂੰ ਬਾਹਰ ਲਿਆਉਣ ਵਾਲੀ."ਪਗ ਨੇਵਰ ਛਨਕ ਛਨਹਰੀ." (ਗੌਂਡ ਕਬੀਰ) ਝਾਂਜਰ (ਨੂਪਰ) ਦੀ ਛਨਕ, ਕੁਟੀ ਵਿੱਚ ਲੁਕਕੇ ਬੈਠੇ ਯੋਗੀਆਂ ਨੂੰ ਬਾਹਰ ਲੈ ਆਉਂਦੀ ਹੈ। ੨. ਛਣਕਾਰ ਕਰਨ ਵਾਲੀ. ਛਣਕਣ ਵਾਲੀ। ਛਿਨਮਾਤ੍ਰ ਵਿੱਚ ਹਰਨੇ ਵਾਲੀ.

ਛਨਕ, ਛਨਕਾਰ: ਸੰਗਜਾ- ਛਨ ਛਨ ਸ਼ਬਦ. ਘੁੰਘਰੂ ਆਦਿ ਦਾ ਝਣਕਾਰ.

ਛਨਾਰ, ਛਨਾਲ: ਦੇਖੋ, ਛਿਨਾਲ.

ਛਨਿਕ: ਦੇਖੋ, ਕ੍ਸ਼ਣਿਕ.

ਛਨਿਛਰ: ਸੰ. ਸ਼ਨੈਸ਼੍ਚਰ. ਦੇਖੋ, ਸਨੀ. ਇੱਕ ਰਾਸ਼ੀ ਵਿੱਚ ਢਾਈ ਵਰ੍ਹੇ ਰਹਿਣ ਤੋਂ ਇਸ ਦੀ ਸ਼ਨੈਸ਼੍ਚਰ ਸੰਗਜਾ ਹੈ, ਅਰਥਾਤ- ਸ਼ਨੇ ਸ਼ਨੇ (ਹੌਲੀ ਹੌਲੀ) ਚਰ (ਚਲਨ) ਵਾਲਾ. Saturn । ੨. ਇਹ ਗ੍ਰਹ ਦੇ ਨਾਮ ਪੁਰ ਸਪਤਾਹ ਦਾ ਇੱਕ ਦਿਨ. Saturday.

ਛਨਿਛਰਵਾਰਿ: ਸ਼ਨੈਸ਼੍ਚਰ ਵਾਰ ਨੂੰ. "ਛਨਿਛਰ ਵਾਰਿ ਸਉਣ ਸਾਸਤ ਬੀਚਾਰੁ." (ਬਿਲਾ ਮਃ ੩. ਵਾਰ ੭)

ਛਪ: ਦੇਖੋ, ਛਪਨਾ ਅਤੇ ਛਪਾ.

ਛਪਸ: ਸੰਗਜਾ- ਛਪਾ (ਕ੍ਸ਼ਪਾ) ਈਸ਼. ਰਾਤ੍ਰਿ ਦਾ ਸ੍ਵਾਮੀ ਚੰਦ੍ਰਮਾ. ਰਜਨੀਪਤਿ. "ਰਵਸਤੁਯੰ। ਛਪਸਤੁਯੰ." (ਗਜਾਨ) ਤੂੰ ਸੂਰਜ ਹੈਂ, ਤੂੰ ਚੰਦ੍ਰਮਾ ਹੈਂ.

ਛਪਸਿ: ਛਿਪੇਗਾ. ਲੁਕੇਗਾ.

ਛਪਕੀ: ਸੰਗਜਾ- ਛਿਪਕਲੀ. ਕਿਰਲੀ. ਗ੍ਰਹਗੋਧਾ.

ਛਪਣਾ: ਕ੍ਰਿ- ਛਿਪਨਾ. ਗੁਪਤ ਹੋਣਾ. ਲੁਕਣਾ. "ਕਹੈ ਨਾਨਕ ਛਪੈ ਕਿਉ ਛਪਿਆ." (ਆਸਾ ਮਃ ੧) ੨. ਛਾਪੇ ਜਾਣਾ. ਚਿੰਨ੍ਹਿਤ ਹੋਣਾ.

ਛਪਨ: ਦੇਖੋ, ਛੱਪਨ. "ਛਪਨ ਕੋਟਿ ਜਾਕੈ ਪ੍ਰਤਿਹਾਰ." (ਭੈਰ ਅਃ ਕਬੀਰ) ਦੇਖੋ, ਪ੍ਰਤਿਹਾਰ। ੨. ਦੇਖੋ. ਛਪਣਾ.

ਛਪਨਾ: ਦੇਖੋ, ਛਪਣਾ.

ਛਪਯ: ਦੇਖੋ, ਛੱਪਯ.

ਛਪਰ, ਛਪਰਾ: ਸੰਗਜਾ- ਪਰਣਾਛਾਦਿਤ ਗ੍ਰਿਹ. ਫੂਸ ਦੀ ਛੱਤ ਵਾਲਾ ਘਰ. "ਬਾਝ ਥੂਨੀਆ ਛਪਰਾ ਥਾਮਿਆ." (ਆਸਾ ਮਃ ) ਦੇਖੋ, ਅਧਮ ਚੰਡਾਲੀ.

ਛਪਰਿ: ਛੱਪਰ (ਛੰਨ) ਵਿੱਚ. ਛਪਰ ਅੰਦਰ. "ਕਿਚਰੁ ਝਤਿ ਲੰਘਾਈਐ ਛਪਰਿ ਤੁਟੈ ਮੇਹੁ?" (ਸ. ਫਰੀਦ) ਭਾਵ- ਜਰਾ ਅਤੇ ਰੋਗਗ੍ਰਸਿਤ ਦੇਹ ਵਿੱਚ.

ਛਪਰੁ: ਦੇਖੋ, ਛਪਰ.

ਛਪੜ: ਸੰਗਜਾ- ਕ੍ਸ਼ਿਤਿਗਰ੍ਤ. ਟੋਭਾ. ਟੋਭੜੀ. ਕੱਚਾ ਤਾਲ. ਤਲਾਈ.

ਛਪੜਿ: ਛੱਪੜ (ਟੋਭੇ) ਵਿੱਚ. "ਛਪੜਿ ਨਾਤੈ ਸਗਵੀ ਮਲੁ ਲਾਏ." (ਵਾਰ ਮਾਝ ਮਃ ੪)

ਛਪੜੀ: ਛੋਟਾ ਛਪੜ. ਟੋਭੜੀ. "ਕਲਰ ਕੇਰੀ ਛਪੜੀ ਆਇ ਉਲਥੇ ਹੰਝ." (ਸ. ਫਰੀਦ) ਸੰਸਾਰ ਕੱਲਰ ਦੀ ਛੱਪੜੀ ਹੈ, ਸੰਤ ਹੰਸ ਹਨ.

ਛਪਾ: ਦੇਖੋ, ਛੱਪਯ। ੨. ਸੰ. ਕ੍ਸ਼ਪਾ. ਰਾਤ੍ਰਿ. ਰਾਤ."ਉਡੁਗਨ ਅੰਕ ਲੈ ਛਪਾ ਸੀ ਆਨਪਰੀ ਹੈ." (ਸ਼ੇਖਰ)

ਛਪਾਉ: ਸੰਗਯਾ- ਛਿਪਾਉ. ਦੁਰਾਉ. ਲੁਕਾਉ.

ਛਪਾਉਣਾ: ਕ੍ਰਿ- ਛਿਪਾਨਾ. ਦੁਰਾਉ ਕਰਨਾ। ੨. ਮੁਦ੍ਰਿਤ ਕਰਾਉਣਾ. ਛਾਪਾ ਲਵਾਉਣਾ. "ਦ੍ਵਾਰਿਕਾ ਛਪਾਏ ਕਹਾਂ? ਤਨ ਤਾਈਅਤ ਹੈ." (੫੨ ਕਵਿ)

ਛਪਾਕਰ: ਲੁਕੋਕੇ. ਛੁਪਾਕੇ। ੨. ਸੰ. ਕ੍ਸ਼ਪਾਕਰ. ਸੰਗਯਾ- ਕ੍ਸ਼ਪਾ (ਰਾਤ) ਵਿੱਚ ਕਰ (ਕਿਰਨਾਂ) ਨਾਲ ਪ੍ਰਕਾਸ਼ ਕਰਨ ਵਾਲਾ ਚੰਦ੍ਰਮਾ.

ਛਪਾਚਰ: ਸੰ. ਕ੍ਸ਼ਪਾਚਰ. ਕ੍ਸ਼ਪਾ (ਰਾਤ) ਵਿੱਚ ਫਿਰਨ ਵਾਲਾ. ਨਿਸ਼ਾਚਰ। ੨. ਚੋਰ। ੩. ਸੂਰ ਸੇਹ ਆਦਿਕ ਜੀਵ.

ਛਪਾਨਾ: ਦੇਖੋ, ਛਪਾਉਣਾ.

ਛਪਾਵ: ਦੇਖੋ, ਛਪਾਉ. "ਕਰਜੋ ਛਪਾਵ ਮਹਿਦ ਛਲ ਠਾਨਜੋ." (ਗੁਪ੍ਰਸੂ)

ਛਪਿ: ਕ੍ਰਿ. ਵਿ- ਲੁਕਕੇ. "ਬਲ ਬੰਚ ਚਪਿ ਕਰਤ ਉਪਾਵਾ." (ਸਵੈਯੇ ਸ੍ਰੀ ਮੁਖਵਾਕ ਮਃ ੫)

ਛਪੈ: ਦੇਖੋ, ਛੱਪਯ। ੨. ਦੇਖੋ, ਛਪਣਾ.

ਛਪੰਜਾ: ਸ਼ਟ੍ ਪੰਚਾਸ਼ਤ੍. ਪੰਜਾਹ ਉੱਪਰ ਛੀ- ੫੬.

ਛੱਪਨ: ਸੰਗਯਾ- ਛੈ ਅਤੇ ਪਚਾਸ. ਛਪੰਜਾ. ਸ਼ਟ੍ਪੰਚਾਸ਼ਤ- ੫੬.

ਛੱਪਯ: ਇੱਕ ਛੰਦ. ਛੀ ਚਰਣ ਹੋਣ ਕਰਕੇ ਇਸ ਦਾ ਨਾਮ "ਖਟਪਦ" ਅਤੇ "ਛੱਪਯ" ਹੈ. ਇਸ ਛੰਦ ਦੀਆਂ ਤਿੰਨ ਜਾਤੀਆਂ ਪ੍ਰਸਿੱਧ ਹਨ-

(੧) ਪਹਿਲੀਆਂ ਚਾਰ ਤੁਕਾਂ ਰੋਲਾ, ਅਰਥਾਤ ਪ੍ਰਤਿ ਚਰਣ ੨੪ ਮਾਤ੍ਰਾ, ੧੧- ੧੩ ਪੁਰ ਵਿਸ਼੍ਰਾਮ. ਅੰਤ ਦੀਆਂ ਦੋ ਤੁਕਾਂ ਉੱਲਾਲ ਛੰਦ, ਅਰਥਾਤ ਪ੍ਰਤਿ ਚਰਣ ੨੮ ਮਾਤ੍ਰਾ. ੧੫- ੧੩ ਪੁਰ ਵਿਸ਼੍ਰਾਮ. ਕੁੱਲ ੧੫੨ ਮਾਤ੍ਰਾ.

ਉਦਾਹਰਣ-

ਦ੍ਰਿਸਟਿ ਧਰਤ ਤਮਹਰਨ

ਦਹਨ ਅਘ ਪਾਪ ਪ੍ਰਨਾਸਨ,

ਸਬਦਸੂਰ ਬਲਵੰਤ ਕਾਮ

ਅਰੁ ਕ੍ਰੋਧ ਬਿਨਾਸਨ,

ਲੋਭ ਮੋਹ ਵਸਿਕਰਣ ਸਰਣ

ਜਾਚਿਕ ਪ੍ਰਤਿਪਾਲਣ,

ਆਤਮਰਤ ਸੰਗ੍ਰਹਣ ਕਹਣ

ਅੰਮ੍ਰਿਤ ਕਲ ਢਾਲਣ,

ਸਤਿਗੁਰੂ ਕਲਜ ਸਤਿਗੁਰ ਤਿਲਕੁ

ਸਤਿ ਲਾਗੈ ਸੋ ਪੈ ਤਰੈ

ਗੁਰੁਜਗਤ ਫਿਰਣ ਸੀ ਅੰਗਰਉ

ਰਾਜੁ ਜੋਗੁ ਲਹਣਾ ਕਰੈ.

(ਸਵੈਯੇ ਮਃ ੨. ਕੇ)

(੨) ਪਹਿਲਾਂ ਰੋਲਾ, ਅੰਤ ਦੋ ਚਰਣ ਦੋਹਾ. ਇਸ ਦੀ ਸੰਗਯਾ- "ਰੋਲਹੰਸਾ" ਹੈ. ਕੁੱਲ ਮਾਤ੍ਰਾ ੧੪੪ ਹੁੰਦੀਆਂ ਹਨ.

ਉਦਾਹਰਣ-

ਅਮਿਅਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ,

ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ,

ਸਦਾ ਸੁੱਖੁ ਮਨਿ ਵਸੈ ਦੁੱਖੁ ਸੰਸਾਰਹਿ ਖੋਵੈ,

ਗੁਰੁ ਨਵਨਿਧਿ ਦਰਿਆਉ ਜਨਮ ਹਮ ਕਾਲਖ ਧੋਵੈ,

ਸੁ ਕਹੁ ਟੱਲ ਗੁਰੁ ਸੇਵਿਐ ਅਹਿਨਿਸਿ ਸਹਿਜਿਸੁਭਾਇ,

ਦਰਸਨਿ ਪਰਸਯੈ ਗੁਰੂ ਕੈ ਜਨਮ ਮਰਣ ਦੁਖੁ ਜਾਇ.

(ਸਵੈਯੇ ਮਃ ੨. ਕੇ)

(੩) ਅੰਤ ਦਾ ਉੱਲਾਲ ਛੰਦ ੨੮ ਮਾਤ੍ਰਾ ਦੀ ਥਾਂ ੨੬ ਮਾਤ੍ਰਾ ਦਾ ਹੁੰਦਾ ਹੈ ਅਰ ਮਾਤ੍ਰਾ ਦੀ ਕੁੱਲ ਗਿਣਤੀ ੧੪੮ ਹੁੰਦੀ ਹੈ. ੨੬ ਮਾਤ੍ਰਾ ਦਾ ਉੱਲਾਲ, ਦੋਹੇ ਦੇ ਅੰਤ ਦੋ ਲਘੁ ਅਥਵਾ ਇੱਕ ਗੁਰੁ ਜੋੜਨ ਤੋਂ ਬਣ ਜਾਂਦਾ ਹੈ. ਤੇਰਾਂ ਤੇਰਾਂ ਮਾਤ੍ਰਾ ਪੁਰ ਦੋ ਵਿਸ਼੍ਰਾਮ, ਯਥਾ:-

ਮੰਦ ਕਰਮ ਨਹਿ ਕੀਨ ਜਿਨ,

ਨ੍ਰਿਭੈ ਰਹਿਤ ਸੰਸਾਰ ਨਿਤ.

ਅਥਵਾ-

ਨ੍ਰਿਭੈ ਰਹਿਤ ਸੰਸਾਰ ਸੋ.

ਲਘੁ ਗੁਰੁ ਦੀ ਗਿਣਤੀ ਕਰਕੇ ਛੱਪਯ ਦੇ ਕਵੀਆਂ ਨੇ ਅਨੇਕ ਭੇਦ ਥਾਪੇ ਹਨ. ਇਸ ਵਿਸ਼ਯ ਦੇਖੋ, 'ਗੁਰੁਛੰਦ ਦਿਵਾਕਰ' ਗ੍ਰੰਥ.

ਛੱਪੜ: ਦੇਖੋ, ਛਪੜ.

ਛਬ: ਸ਼ੋਭਾ. ਦੇਖੋ, ਛਬਿ। ੨. ਫ਼ਾ. شب ਸ਼ਬ. ਰਾਤ੍ਰਿ. ਰਾਤ. ਦੇਖੋ, ਛਬਿ ੫.

ਛਬਕੀ: ਸੰਗਯਾ- ਛਪਕੀ. ਛਿਪਕਲੀ. ਕਿਰਲੀ.

ਛਬਿ: ਸੰ. ਛਵਿ. ਸੰਗਯਾ- ਸ਼ੋਭਾ. ਸੁੰਦਰਤਾ। ੨. ਪ੍ਰਭਾ. ਚਮਕ। ੩. ਦੇਖੋ, ਮਧੁਭਾਰ। ੪. ਡਿੰਗ. ਤੁਚਾ. ਖਲੜੀ। ੫. ਕ੍ਰਿ. ਵਿ- ਸ਼ਬ (ਰਾਤ) ਨੂੰ. ਰਾਤ ਵੇਲੇ. "ਪਹਰੂਅਰਾ ਛਬਿ ਚੋਰੁ ਨ ਲਾਗੈ." (ਆਸਾ ਮਃ ੧) ਪਹਰਾ ਰੱਖਣ ਵਾਲੇ ਨੂੰ ਰਾਤੀਂ ਚੋਰੀ ਨਹੀਂ ਲਗਦਾ. [੩]

ਛਬੀਸ, ਛਬੀਹ: ਸੰਗਯਾ- ਛੀ ਅਤੇ ਬੀਸ. ਸ਼ਡ੍ਵਿੰਸ਼ਤਿ- ੨੬.

ਛਬੀਲ: ਅ. سبیل ਸਬੀਲ. ਸੰਗਯਾ- ਰਾਹ. ਤ਼ਰੀਕ਼ਾ. ਢੰਗ। ੨. ਮਰਾਗ. ਰਸਤਾ। ੩. ਜਰੂਰਤ। ੪. ਪਉ. ਜਲ ਪੀਣ ਦਾ ਅਸਥਾਨ। ੫. ਖ਼ਾਸ ਕਰਕੇ ਉਹ ਪਉ, ਜੋ ਮੁਹੱਰਮ ਦੇ ਪਹਿਲੇ ਦਸ ਦਿਨਾਂ ਵਿੱਚ ਪਿਆਸਿਆਂ ਲਈ ਲਾਇਆ ਜਾਵੇ। ੬. ਵੈਰੀ ਪੁਰ ਹੱਲਾ ਕਰਨ ਦਾ ਮੌਕਾ.

ਛਬੀਲਾ, ਛਬੀਲੀ: ਵਿ- ਛਵਿ ਵਾਲਾ (ਵਾਲੀ). ਸੁੰਦਰ- ਸੁੰਦਰੀ. "ਪਿਰੁ ਛੈਲ ਛਬੀਲਾ ਛਡਿ ਗਵਾਇਓ." (ਵਾਰ ਰਾਮ ੨. ਮਃ ੫) "ਸੁੰਦਰ ਬਚਨ ਤੁਮ ਸੁਣਹੁ ਛਬੀਲੀ!" (ਵਾਰ ਰਾਮ ੨. ਮਃ ੫)

ਛੱਬਾ: ਸੰਗਯਾ- ਛਬਿ (ਸੁੰਦਰਤਾ) ਦੇਣ ਵਾਲਾ ਰੇਸ਼ਮ ਅਥਵਾ ਜ਼ਰੀ ਆਦਿ ਦਾ ਗੁੰਫਾ। ੨. ਬਾਲਕਾਂ ਦੇ ਸਿਰ ਦਾ ਇੱਕ ਭੂਖਣ. ਲੂਲ੍ਹ। ੩. ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਚਾਨਣੀ ਦੇ ਵਿਚਕਾਰ ਲਾਇਆ ਹੋਇਆ ਰੇਸ਼ਮ ਸੋਨੇ ਚਾਂਦੀ ਆਦਿ ਦਾ ਭੂਖਣ.

ਛੱਬੀ, ਛੱਬੀਹ: ਦੇਖੋ, ਛਬੀਸ.

ਛਮ: ਸੰਗਯਾ- ਅਨੁ. ਛਮਕਾਰ. ਛਮ ਛਮ ਧੁਨਿ. ਪਾਣੀ ਅਥਵਾ ਘੁੰਘਰੂ ਆਦਿਕ ਦਾ ਸ਼ਬਦ। ੨. ਸੰ. ਕ੍ਸ਼ਮ. ਵਿ- ਛਿਮਾ ਵਾਲਾ. ਸਹਨਸ਼ੀਲ. ਦੇਖੋ, ਸਦਾਛਮ.

ਛਮਕਣਾ, ਛਮਕਨਾ: ਕ੍ਰਿ- ਘੀ ਤੇਲ ਆਦਿਕ ਵਿੱਚ ਤੜਕਾ ਲਾਉਣਾ. ਤਪੇ ਹੋਏ ਘੀ ਵਿੱਚ ਵਸਤੁ ਦੇ ਪਾਉਣ ਤੋਂ ਛਮ ਸ਼ਬਦ ਹੁੰਦਾ ਹੈ. ਦੇਖੋ, ਛਮਕਾ.

ਛਮਕਾ: ਸੰਗਯਾ- ਤੜਕਾ. ਘੀ ਆਦਿ ਵਿੱਚ ਭੁੰਨਣ ਦੀ ਕ੍ਰਿਯਾ. "ਦਾਲ ਉਰਦ ਕੀ ਛਮਕ ਬਨਾਈ." (ਗੁਪ੍ਰਸੂ)

ਛਮ ਛਮ, ਛਮ ਛਮਕਾਰ: ਸੰਗਯਾ- ਅਨੁ. ਛਣਕਾਰ. ਛਮ ਛਮ ਧੁਨਿ. "ਲੇਤ ਭਵਾਰੀ ਛਮ ਛਮਕਾਰੀ." (ਨਾਪ੍ਰ)

ਛਮਛਰ: ਸੰ. क्ष्माचर ਕ੍ਸ਼੍ਮਾਚਰ. ਸੰਗਯਾ- ਕ੍ਸ਼ਮਾ (ਪ੍ਰਿਥਵੀ) ਪੁਰ ਫਿਰਨ ਵਾਲਾ, ਮਰਤਜ. ਮਨੁੱਖ.

ਛਮਛਰੀ: ਵਿ- ਕ੍ਸ਼੍ਮਾਚਰ ਨਾਲ ਹੈ ਜਿਸ ਦਾ ਸੰਬੰਧ. ਮਨੁੱਖ ਦਾ. ਦੇਖੋ, ਛਮਾਚਰ ਅਤੇ ਛਮਿਛਰੀ.

ਛਮਾ: ਦੇਖੋ, ਕ੍ਸ਼ਮਾ ਅਤੇ ਖਿਮਾ। ੨. ਸੰ. क्ष्मा. ਕ੍ਸ਼੍ਮਾ. ਪ੍ਰਿਥਿਵੀ. ਜ਼ਮੀਨ.

ਛਮਾਸੀ: ਸੰਗਯਾ- ਛੀ ਮਾਸ਼ੇ ਸੁਵਰਣ ਦੀ ਮੁਹਰ. ਉਹ ਸੁਵਰਣਮੁਦ੍ਰਾ, ਜਿਸ ਦਾ ਤੋਲ ਛੀ ਮਾਸ਼ੇ ਹੋਵੇ। ੨. ਵਿ- ਛੀ ਮਹੀਨੇ ਨਾਲ ਹੈ ਜਿਸ ਦਾ ਸੰਬੰਧ. ਛੇਮਾਹਾ.

ਛਮਾਹੀ: ਸੰਗਯਾ- ਛੀ ਮਹੀਨੇ ਪਿੱਛੋਂ ਮਿਲਣ ਵਾਲੀ ਤਨਖ਼੍ਵਾਹ ਅਥਵਾ ਉਪਜੀਵਿਕਾ. ਦੇਖੋ, ਛਿਮਾਹੀ। ੨. ਵਿ- ਛੀ ਮਹੀਨੇ ਦਾ (ਦੀ).

ਛਮਾਚਰ: ਕ੍ਸ਼੍ਮਾਚਰ. ਪ੍ਰਿਥਿਵੀ ਤੇ ਫਿਰਨ ਵਾਲਾ। ੨. ਭਾਵ- ਮਨੁੱਖ. ਦੇਖੋ, ਛਮਿਛਰੀ.

ਛਮਾਧਰ: ਵਿ- ਕ੍ਸ਼ਮਾ ਰੱਖਣ ਵਾਲਾ. ਖਿਮਾਵਾਨ। ੨. ਸੰਗਯਾ- ਕ੍ਸ਼੍ਮਾ (ਪ੍ਰਿਥਿਵੀ) ਧਾਰਨ ਵਾਲਾ, ਸ਼ੇਸ਼ਨਾਗ। ੩. ਪ੍ਰਿਥਿਵੀਪਤਿ, ਰਾਜਾ. (ਸਨਾਮਾ) ੪. ਭੂਧਰ. ਪਹਾੜ.

ਛਮਾਧਰਿਸਣੀ: ਸੰਗਯਾ- ਪ੍ਰਿਥਿਵੀ ਦੇ ਧਾਰਨ ਵਾਲਾ ਰਾਜਾ, ਉਸ ਦੀ ਸੈਨਾ. (ਸਨਾਮਾ)

ਛਮਾਪਨ: ਸੰ. ਕ੍ਸ਼ਮਾਪਨ. ਸੰਗਯਾ- ਕ੍ਸ਼ਮਾ (ਖਿਮਾ) ਕਰਨ ਦਾ ਭਾਵ. ਮੁਆ਼ਫ਼ੀ। ੨. ਮੁਆ਼ਫ਼ ਕਰਾਉਣਾ.

ਛਮਿ: ਵਿ- ਕ੍ਸ਼ਮਾ (ਖਿਮਾ) ਰੱਖਣ ਵਾਲਾ। ੨. ਕ੍ਸ਼੍ਮਾ (ਪ੍ਰਿਥਿਵੀ) ਨਾਲ ਸੰਬੰਧ ਰੱਖਣ ਵਾਲਾ. (ਸਨਾਮਾ)

ਛਮਿਇਸਣੀ: ਸੰਗਯਾ- ਕ੍ਸ਼੍ਮਾ (ਪ੍ਰਿਥਿਵੀ) ਦਾ ਸ੍ਵਾਮੀ ਰਾਜਾ, ਉਸ ਦੀ ਸੈਨਾ. (ਸਨਾਮਾ)

ਛਮਿਛਰੀ: ਕ੍ਸ਼੍ਮਾ (ਪ੍ਰਿਥਿਵੀ) ਤੇ ਫਿਰਣ ਵਾਲਿਆਂ ਸੰਬੰਧੀ. ਭਾਵ- ਪਿਤਰਾਂ ਨਿਮਿੱਤ. "ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ." (ਆਸਾ ਮਃ ੧) ਇੱਕ ਪਿੰਡ ਲੋਕੀ (ਦੇਵਤਿਆਂ) ਨਿਮਿੱਤ ਅਤੇ ਦੂਜੇ ਕ੍ਸ਼ਮਾਚਰ (ਪਿੱਤਰਾਂ) ਲਈ. ਦੇਖੋ, ਲੋਕੀ। ੨. ਦੇਖੋ, ਜੈਨ.

ਛਮੀ: ਸੰ. ਕ੍ਸ਼ਮੀ. ਵਿ- ਕ੍ਸ਼ਮਾ (ਖਿਮਾ) ਵਾਨ. ਸਹਨਸ਼ੀਲ. "ਛਮੀ ਪੁਰਸ ਕੇ ਕਾਜ ਉਦਾਰਾ। ਨਸ੍ਰ ਹੋਤ ਜਿਮ ਅਗਨੀ ਪਾਰਾ."

(ਗੁਪ੍ਰਸੂ) ੨. ਕ੍ਸ਼ਮਾਪਨ ਕੀਤੀ। ਮੁਆਫ਼ ਕੀਤੀ. "ਨਹਿ ਜਾਤ ਛਮੀ." (ਕ੍ਰਿਸਨਾਵ)

ਛਮੀਆ: ਵਿ- ਕ੍ਸ਼ਮਾ (ਖਿਮਾ) ਕਰਨ ਵਾਲਾ.

ਛਮੁਖ: ਸੰਗਜਾ- ਛੀ ਮੂਹਾਂ ਵਾਲਾ ਕਾਰ੍ਤਿਕੇਯ. ਖੜਾਨਨ.

ਛਯ: ਸੰਗਜਾ- ਛੀ. ਸ਼ਟ. ਛੇ। ੨. ਨਾਸ਼. ਦੇਖੋ, ਕ੍ਸ਼ਯ ਅਤੇ ਖੈ.

ਛਯੋ: ਵਿ- ਛਇਆ. ਫੈਲਿਆ। ੨. ਕ੍ਸ਼ਯ (ਨਾਸ਼) ਕੀਤਾ. "ਸਾਧਨ ਰਾਖਕੈ ਸਤ੍ਰੁ ਛਯੋ." (ਕ੍ਰਿਸਨਾਵ)

ਛਰ: ਸੰਗਜਾ- ਛਲ. ਕਪਟ. "ਇਰਖਾ ਪਰੁਖਾ ਛਰ ਆਮਰਖਾ." (ਨਾਪ੍ਰ) ਈਰਖਾ, ਰੁੱਖਾਪਨ, ਛਲ ਅਤੇ ਕ੍ਰੋਧ। ੨. ਦੇਖੋ, ਛਰਨਾ.

ਛਰਹਰ: ਵਿ- ਕ੍ਸ਼ਰ ਕਰਤਾ. ਜ਼ਖ਼ਮੀ ਕਰਨ ਵਾਲਾ. ਘਾਇਕ. "ਛਰਹਰ ਅੰਗੰ." (ਰਾਮਾਵ) ੨. ਛੋਹਲਾ. ਚਾਲਾਕ. ਫੁਰਤੀਲਾ.

ਛਰਹਰਾ, ਛਰਹਰੋ: ਵਿ- ਚੰਚਲ. ਫੁਰਤੀਲਾ. "ਛੈਲ ਛਰਹਰੋ ਜ੍ਵਾਨ." (ਚਰਿਤ੍ਰ ੨੨੩) ੨. ਕ੍ਸ਼ੀਣਾਂਗ. ਪਤਲਾ. ਸੂਖਮ ਅੰਗਾਂ ਵਾਲਾ.

ਛਰਤਾ: ਸੰਗਜਾ- ਛਲ ਦਾ ਭਾਵ। ੨. ਵਿ- ਛਲਣ ਵਾਲਾ. "ਛਰਤਾ ਮਤਿ ਕੋ ਲਖ ਚਾਤੁਰਤਾ." (ਗੁਪ੍ਰਸੂ)

ਛਰਦ: ਸੰ. छर्द् ਧਾ- ਵਮਨ ਕਰਨਾ, ਕ਼ਯ (ਉਲਟੀ) ਕਰਨਾ। ੨. ਸੰਗਜਾ- ਵਮਨ. ਕ਼ਯ. ਦੇਖੋ, ਛਰਦਿ.

ਛਰਦਿ: ਸੰ. ਛਦਿੰ. ਵਮਨ ਰੋਗ. ਉਲਟੀ ਹੋਣ ਦੀ ਬੀਮਾਰੀ. ਕ਼ਯ (ਕ਼ੈ). Vomiting. ਵਾਤ ਪਿੱਤ ਕਫ ਦੇ ਕੋਪ ਤੋਂ, ਗੰਦੀ ਮੰਦੀ ਚੀਜਾਂ ਖਾਣ ਤੋਂ, ਅਣਪਚ ਤੋਂ, ਘ੍ਰਿਣਾਯੋਗਜ ਪਦਾਰਥ ਦੇ ਦੇਖਣ ਅਤੇ ਸੁੰਘਣ ਤੋਂ ਛਰਦਿ ਰੋਗ ਹੁੰਦਾ ਹੈ. ਇਸਤ੍ਰੀਆਂ ਨੂੰ ਗਰਭ ਠਹਿਰਣ ਪਿੱਛੋਂ ਭੀ ਛਰਦਿ ਹੋਇਆ ਕਰਦੀ ਹੈ.

ਛਰਦਿ ਦਾ ਉੱਤਮ ਇਲਾਜ ਹੈ ਕਿ-

(੧) ਨਿੰਮ ਦੀ ਗਿੱਲੀ ਛਿੱਲ ਛੀ ਮਾਸ਼ੇ, ਛੋਟੀਆਂ ਇਲਾਇਚੀਆਂ ਸੱਤ, ਲੌਂਗ ਇੱਕ, ਪੋਦੀਨਾ ਛੀ ਮਾਸ਼ੇ, ਸੌਂਫ ਛੀ ਮਾਸੇ, ਇਨ੍ਹਾਂ ਨੂੰ ਚੰਗੀ ਤਰਾਂ ਘੋਟਕੇ ਦੋ ਛਟਾਂਕ ਪਾਣੀ ਬਣਾਕੇ ਮਿਸ਼ਰੀ ਪਾ ਕੇ ਇੱਕ ਜਾਂ ਦੋ ਦੋ ਤੋਲੇ ਰੋਗੀ ਨੂੰ ਕਈ ਵੇਰ ਪਿਆਓ.

(੨) ਸੌਂਫ ਦੇ ਅਰਕ ਵਿੱਚ ਜਹਿਰਮੁਹਰਾ ਜਾਂ ਦਰਿਆਈ ਖੋਪਾ ਘਸਾਕੇ ਚਟਾਓ.

(੩) ਛੋਟੀਆਂ ਇਲਾਇਚੀਆਂ ਦੇ ਬੀਜ, ਗੁਲਖੈਰਾ, ਨਾਗਰਮੋਥਾ, ਬੇਰ ਦੀ ਗੁਠਲੀ ਦੀ ਗਿਰੀ, ਮਘਾਂ, ਚਿੱਟਾ ਚੰਦਨ, ਧਾਨਾਂ ਦੀਆਂ ਖਿੱਲਾਂ, ਲੌਂਗ, ਨਾਗਕੇਸਰ, ਇਨ੍ਹਾਂ ਨੌ ਸਮ ਵਜਨ ਦਵਾਈਆਂ ਦਾ ਚੂਰਣ ਸ਼ਹਿਦ ਅਤੇ ਮਿਸ਼ਰੀ ਮਿਲਾਕੇ ਖਵਾਓ.

(੪) ਕੋਰੀ ਠੂਠੀ ਅੱਗ ਵਿੱਚ ਲਾਲ ਕਰਕੇ ਪਾਣੀ ਵਿੱਚ ਪੰਜ ਛੀ ਵਾਰ ਬੁਝਾਓ, ਇਹ ਪਾਣੀ ਪੀਣ ਲਈ ਦੇਓ.

(੫) ਸੁਗੰਧ ਵਾਲੇ ਪਦਾਰਥ ਸੁੰਘਾਓ.

(੬) ਸ਼ਰੀਰ, ਘਰ, ਵਸਤ੍ਰ ਆਦਿ ਨਿਰਮਲ ਰੱਖੋ.

ਛਰਨ, ਛਰਨਾ: ਕ੍ਰਿ- ਛੜਨਾ. ਕੁਚਲਣਾ. ਦਰੜਨਾ. "ਤੁਹ ਮੂਸਲਹਿ ਛਰਾਇਆ." (ਟੋਡੀ ਮਃ ੫) "ਪੀਰ ਮੀਰ ਸਿਧ ਦਰਪ ਛਰਨ ਕੋ." (ਨਾਪ੍ਰ) "ਚਾਵਰ ਜਸੋਂ ਰਨ ਮਾਹਿਂ ਛਰੇ ਹੈਂ." (ਕ੍ਰਿਸਨਾਵ) ੨. ਛਲਨਾ. ਧੋਖਾ ਦੇਣਾ। ੩. ਛੱਡਣਾ. ਤਜਾਗਣਾ. "ਤਿਸੁ ਪਾਛੈ ਬਚਰੇ ਛਰਿਆ." (ਸੋਦਰੁ)

ਛਰਰਾ: ਸੰਗਜਾ- क्षरहरा ਕ੍ਸ਼ਰਹਰਾ. ਬੰਦੂਕ ਤੋਂ ਕ੍ਸ਼ਰ ਹੋਕੇ (ਨਿਕਲਕੇ) ਹਰਣ (ਮਾਰਨ) ਵਾਲਾ. ਸਿੱਕੇ ਦੀ ਬਾਰੀਕ ਗੋਲੀ, ਜੋ ਬੰਦੂਕ਼ ਵਿੱਚ ਚਲਾਈਦੀ ਹੈ. Shot.

**ਛਰਰਾ ਛੱਡਣਾ:** ਖ਼ਾ. ਪੇਸ਼ਾਬ ਕਰਨਾ.

**ਛਰਾਇਆ, ਛਰਿਆ:** ਦੇਖੋ, ਛਰਨਾ.

**ਛਰਿਯਾ:** ਦੇਖੋ, ਛਰੀਆ.

**ਛਰੀ:** ਸੰਗਯਾ- ਛਟੀ. ਪਤਲੀ ਸੋਟੀ. ਛੜੀ। ੨. ਛਲੀ ਦੀ ਥਾਂ ਭੀ ਛਰੀ ਸ਼ਬਦ ਆਇਆ ਹੈ. "ਪੁਰਹੂਤ ਸਭਾ ਦੁਤਿ ਲੀਨ ਛਰੀ." (ਨਾਪ੍ਰ)

**ਛਰੀਆ, ਛਰੀਦਾਰ, ਛਰੀਯਾ:** ਛੜੀ ਬਰਦਾਰ. ਚੋਬਦਾਰ. ਆਸਾ ਬਰਦਾਰ. "ਕਿਸੂ ਨ ਛਰੀਆ ਕੋਊ ਹਟਾਵੈ." (ਗੁਵਿ ੧੦) ੨. ਦੰਡਧਰ. ਕੋਤਵਾਲ. "ਸਿਵ ਸੋ ਛਰੀਆ ਫੁਨ ਰਾਖਤ ਕੋਈ." (ਕ੍ਰਿਸਨਾਵ) ੩. ਛਲੀਆ. ਕਪਟੀ.

**ਛਰਜੋ:** ਛਲਜੋ. "ਛਲ ਸੋਂ ਜੁ ਛਰਜੋ ਹੈ." (ਕ੍ਰਿਸਨਾਵ) ੨. ਦੇਖੋ, ਛਰਨਾ.

**ਛਲ:** ਸੰ. ਸੰਗਯਾ- ਅਸਲੀਅਤ ਨੂੰ ਲੁਕੋਕੇ ਕਪਟ ਨਾਲ ਹੋਰ ਬਾਤ ਅਥਵਾ ਵਸਤੁ ਨੂੰ ਪ੍ਰਗਟ ਕਰਨਾ। ੨. ਧੋਖਾ. ਫ਼ਰੇਬ। ੩. ਨਜਾਯਮਤ ਅਨੁਸਾਰ ਕਿਸੇ ਦੇ ਕਹੇ ਹੋਏ ਵਾਕ ਨੂੰ ਤਰਕ ਅਥਵਾ ਹਾਸੀ ਨਾਲ ਉਲਟੇ ਅਰਥ ਵਿੱਚ ਲਾਉਣਾ, ਜਿਵੇਂ ਕੋਈ ਕਹੇ ਕਿ- ਸਾਡੀ ਸਭਾ ਵਿੱਚ ਦੋ ਸ਼ਰੀਰ ਹੋਰ ਆਉਣ ਵਾਲੇ ਹਨ- ਇਸ ਦੇ ਉੱਤਰ ਵਿੱਚ ਕੋਈ ਆਖੇ ਕਿ ਸ਼ਰੀਰ ਤਾਂ ਇੱਕ ਹੀ ਆਫ਼ਤ ਲਿਆ ਦੇਵੇਗਾ, ਜੋ ਦੋ ਆ ਗਏ ਤਦ ਭਾਰੀ ਦੁਰਗਤਿ ਹੋਊ। ੪. ਪਲਮ. Gangrene. ਘਾਉ ਦਾ ਸੜਜਾਣਾ. "ਘਾਵ ਸੁਗਮ ਲਾਗੇ ਹੁਇ ਜੀਵਨ, ਛਲ ਤੇ ਬਚੈ ਨ ਪ੍ਰਾਨ ਨਸਾਇ." (ਗੁਪ੍ਰਸੂ) ੫. ਵਿ- ਛਲਵਾਨ. ਛਲੀ. "ਛਲ ਬਪੁਰੀ ਇਹ ਕਉਲਾ ਡਰਪੈ." (ਮਾਰੂ ਮਃ ੫)

**ਛਲਕ:** ਸੰਗਯਾ- ਪਾਣੀ ਆਦਿ ਦ੍ਰਵ ਪਦਾਰਥ ਦੀ ਛੱਲ। ੨. ਤਰੰਗ ਦੇ ਟਕਰਾਉਣ ਤੋਂ ਉਪਜੀ ਧੁਨਿ। ੩. ਸੰ. ਵਿ- ਛਲ ਕਰਨ ਵਾਲਾ। ੪. ਬੰਦੂਕਾਂ ਦੀ ਸ਼ਲਕ਼ ਲਈ ਭੀ ਪੰਜਾਬੀ ਵਿੱਚ ਛਲਕ ਸ਼ਬਦ ਵਰਤੀਦਾ ਹੈ. ਦੇਖੋ, ਸ਼ਲਕ਼.

**ਛਲਛਿਦ੍ਰ:** ਸੰ. ਸੰਗਯਾ- ਕਪਟ ਦਾ ਵਿਹਾਰ. ਧੋਖੇਬਾਜ਼ੀ. "ਤਬ ਛਲਛਿਦ੍ਰ ਲਗਤ ਕਹੁ ਕੀਸ?" (ਸੁਖਮਨੀ)

**ਛਲਛੰਦ:** ਸੰਗਯਾ- ਚਾਲਬਾਜ਼ੀ. ਕਪਟ ਦਾ ਜਾਲ.

**ਛਲਨ:** ਸੰ. ਸੰਗਯਾ- ਛਲ ਕਰਨ ਦੀ ਕ੍ਰਿਯਾ. ਧੋਖੇਬਾਜ਼ੀ.

**ਛਲਨਾ:** ਕ੍ਰਿ- ਧੋਖਾ ਦੇਣਾ. ਠਗਣਾ. "ਛਲਿਓ ਬਲਿ ਬਾਵਨ ਭਾਇਓ." (ਸਵੈਯੇ ਮਃ ੧. ਕੇ)

**ਛਲਨਾਗਨਿ:** ਸੰਗਯਾ- ਧੋਖਾ ਦੇਣ ਵਾਲੀ ਸਰਪਣੀ, ਮਾਇਆ. "ਛਲਨਾਗਨਿ ਸਿਉ ਮੇਰੀ ਟੂਟਨਿ ਹੋਈ." (ਪ੍ਰਭਾ ਅਃ ਮਃ ੫)

**ਛਲਨੀ:** ਵਿ- ਛਲਣ ਵਾਲੀ। ੨. ਦੇਖੋ, ਚਾਲਨੀ.

**ਛਲਾਂਗ:** ਸੰਗਯਾ- ਉਛਲ- ਅੰਗ. ਅੰਗਾਂ ਦਾ ਉਛਾਲਨਾ. ਛਾਲ. ਟਪੂਸੀ. ਫਲਾਂਗ.

**ਛਲਾਰ, ਛਲਿੰਦਾ:** ਵਿ- ਛਲਨ ਵਾਲਾ. ਛਲਕਾਰ. ਛਲ- ਕਰਿੰਦਾ.

**ਛਲੀ:** ਵਿ- ਛਲੀਆ. ਛਲ ਕਰਨ ਵਾਲਾ। ੨. ਸੰਗਯਾ- ਛਾਲਾ. ਤੁਚਾ. ਖਲੜੀ. "ਛਲੀ ਬਾਰਣੀਸੰ." (ਕਲਕੀ) ਗਜਰਾਜ ਦੀ ਖਲੜੀ। ੩. ਦੇਖੋ, ਛੱਲੀ.

**ਛਲੀਆ:** ਵਿ- ਛਲ ਕਰਨ ਵਾਲਾ. ਕਪਟੀ. ਧੋਖੇਬਾਜ਼.

**ਛਲੋਟੀ:** ਸੰਗਯਾ- ਚੈਲ- ਓਟੀ. ਛਾਇਲ. ਓਢਨੀ. ਇਸਤ੍ਰੀਆਂ ਦੀ ਚਾਦਰ.

**ਛਲੋਟੀ ਸਿੱਟਣੀ, ਛਲੋਟੀ ਲਾਹੁਣੀ:** ਕ੍ਰਿ- ਛਾਇਲ ਤਜਾਗਮੀ. ਭਾਵ- ਪਤੀ ਦੀ ਚਾਦਰ ਸਿਰੋਂ ਲਾਹੁਣੀ. ਦੇਖੋ, ਚਾਦਰ

ਲਾਹੁਣੀ। ੨. ਪਤੀ ਦੇ ਮਰਨ ਪਿੱਛੋਂ ਪਹੋਏ ਆਦਿਕ ਤੀਰਥਾਂ ਤੇ ਸਿਰ ਦੀ ਚਾਦਰ ਦਾਨ ਕਰਨੀ. ਹਿੰਦੂ ਵਿਧਵਾ ਇਸਤ੍ਰੀਆਂ ਅਜਿਹਾ ਕਰਦੀਆਂ ਹਨ.

ਛਲੰਗੀ: ਵਿ- ਅੰਗਾਂ ਦੇ ਉਛਾਲਣ ਵਾਲਾ. ਕੁੱਦਣ ਵਾਲਾ. "ਉਛਲੇ ਛਾਲ ਛਲੰਗੀ." (ਕਲਕੀ)

ਛੱਲ: ਸੰਗਯਾ- ਦੇਖੋ, ਛਲਕ ੧-੨। ੨. ਪਾਣੀ ਦੀ ਲਹਿਰ (ਮੌਜ), ਜੋ ਕੰਢਿਆਂ ਨਾਲ ਟਕਰਾਕੇ ਟੁੱਟ ਜਾਂਦੀ ਹੈ. Breaker.

ਛੱਲਾ: ਸੰਗਯਾ- ਥੇਵੇ ਬਿਨਾ ਮੁੰਦਰੀ. ਉਹ ਅੰਗੂਠੀ, ਜਿਸ ਦੇ ਥੇਵਾ ਨਹੀਂ.

ਛੱਲਿ: ਪ੍ਰਾ. ਛਿਲਕਾ.

ਛੱਲੀ: ਸੰਗਯਾ- ਮੱਕੀ ਦੀ ਕੁਕੜੀ, ਜਿਸ ਪੁਰ ਛੱਲਿ (ਛਿਲਕਾ) ਹੋਵੇ। ੨. ਕੇਵੜੇ (ਕੇਤਕੀ) ਦਾ ਫੁੱਲ। ੩. ਸੂਤ ਦਾ ਗਲੋਟਾ, ਜੋ ਮੱਕੀ ਦੀ ਛੱਲੀ ਦੇ ਆਕਾਰ ਦਾ ਹੁੰਦਾ ਹੈ.

ਛਵਾਉਣਾ: ਕ੍ਰਿ- ਛਾਇਆ ਕਰਵਾਉਣਾ. ਛਤਵਾਉਣਾ. "ਕਾਪਹਿ ਛਾਨਿ ਛਵਾਈ ਹੋ?" (ਸੋਰ ਨਾਮਦੇਵ)

ਛਵਿ: ਦੇਖੋ, ਛਬਿ.

ਛਵ੍ਹੀ: ਦੇਖੋ, ਛੌਹੀ.

ਛੜ: ਸੰਗਯਾ- ਧਾਤੁ ਅਥਵਾ ਕਾਠ ਦਾ ਪਤਲਾ ਅਤੇ ਲੰਮਾ ਡੰਡਾ। ੨. ਬਰਛੇ ਨਿਸ਼ਾਨ ਆਦਿ ਦਾ ਡੰਡਾ, ਜਿਸ ਦੇ ਸਿਰਿਆਂ ਪੁਰ ਲੋਹੇ ਦੇ ਫਲ ਹੋਣ। ੩. ਪਸ਼ੂ ਦਾ ਖੁਰ. ਸੁੰਮ. "ਧੂੜ ਉਤਾਹਾਂ ਘਾਲੀ ਛੜੀਂ ਤੁਰੰਗਮਾ." (ਚੰਡੀ ੩) ੪. ਪਸ਼ੂ ਦੀ ਲੱਤ। ੫. ਪਸ਼ੂ ਦੀ ਲੱਤ ਦਾ ਪ੍ਰਹਾਰ। ੬. ਦੇਖੋ, ਛੜਨਾ.

ਛੜਨਾ: ਕ੍ਰਿ- ਪਛਾੜਨਾ. ਕੁੱਟਣਾ। ੨. ਨਿਖੇਰਨਾ। ੩. ਛਿਲਕਾ ਲਾਹੁਣ ਲਈ ਧਾਨ ਜੌਂ ਆਦਿ ਨੂੰ ਉਖਲੀ ਵਿੱਚ ਮੂਹਲੇ ਨਾਲ ਕੁੱਟਣਾ.

ਛੜਾ: ਸੰ. छमण्ड ਵਿ- ਇਕੇਲਾ. ਸਾਥੀ ਬਿਨਾ। ੨. ਕੁਆਰਾ. ਜੋ ਵਿਆਹਿਆ ਹੋਇਆ ਨਹੀਂ.

ਛੜਿਆਲ: ਡਿੰਗ. ਸੰਗਯਾ ਛੜਵਾਲਾ ਨੇਜਾ. ਭਾਲਾ. ਦੇਖੋ, ਛੜ.

ਛੜੀ: ਛੜਾ ਦਾ ਇਸਤ੍ਰੀ ਲਿੰਗ। ੨. ਸੰਗਯਾ- ਛਟੀ. ਸੋਟੀ। ੩. ਗੁੱਗੇ ਪੀਰ ਦੀ ਧੁਜਾ (ਝੰਡਾ). ੪. ਕਸ਼ਮੀਰ ਵਿੱਚ ਅਮਰਨਾਥ ਅਤੇ ਕੁੱਲੂ ਵਿੱਚ ਸ਼੍ਰੀ ਮਨਮਹੇਸ਼ ਦੀ ਧੁਜਾ ਨੂੰ ਭੀ "ਛੜੀ" ਆਖਦੇ ਹਨ, ਜਿਸ ਪਿੱਛੇ ਯਾਤ੍ਰੀਲੋਕ ਚਲਦੇ ਹਨ.

ਛੜੀ ਅਸ਼ਵਾਰੀ: ਸੰਗਯਾ- ਸਾਦੀ ਅਸਵਾਰੀ. ਬਿਨਾ ਧੂਮ ਧਾਮ ਦੇ ਪ੍ਰਸਥਾਨ. "ਗਮਨੇ ਪ੍ਰਭੁ ਅਸਵਾਰੀ ਛੜੀ." (ਗੁਪ੍ਰਸੂ)

ਛੜੀਆ: ਵਿ- ਛੜਨ ਵਾਲਾ. ਦੇਖੋ, ਛੜਨਾ। ੨. ਸੰਗਯਾ- ਚੋਬਦਾਰ. ਆਸਾ ਬਰਦਾਰ.

ਛੜੀਦਾਰ, ਛੜੀਬਰਦਾਰ: ਸੰਗਯਾ- ਚੋਬਦਾਰ. ਆਸਾਬਰਦਾਰ. ਵੇਤ੍ਰਧਰ. "ਛੜੀਦਾਰ ਦਰਵਾਨ ਖਲੀਰਾਂ." (ਭਾਗੁ)

ਛਾ: ਸੰ. ਸੰਗਯਾ- ਸ਼ਾਵਕ. ਬੱਚਾ। ੨. ਪਾਰਾ। ੩. ਵਿ- ਛੇਦਨ ਕਰਤਾ. ਵਿੰਨ੍ਹਣ ਵਾਲਾ. ਕੱਟਣ ਵਾਲਾ.

ਛਾਂ, ਛਾਉ, ਛਾਂਉਂ: ਸੰਗਯਾ- ਛਾਇਆ. ਸਾਯਹ. "ਪਹਿਲੋਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਉ." (ਵਾਰ ਮਲਾ ਮਃ ੧) ੨. ਆਸਰਾ. ਰਕ੍ਸ਼ਾ. ਸਰਪਰਸ੍ਤੀ. "ਸਗਲਿਆ ਤੇਰੀ ਛਾਉ." (ਕੇਦਾ ਮਃ ੫) "ਸਭਨਾ ਜੀਆ ਇਕਾ ਛਾਉ." (ਵਾਰ ਸ੍ਰੀ ਮਃ ੧) ੩. ਪ੍ਰਤਿਬਿੰਬ. ਅ਼ਕਸ.

ਛਾਉਣਾ: ਕ੍ਰਿ- ਛੱਤਣਾ. ਛਾਇਆ ਕਰਨਾ। ੨. ਫੈਲਣਾ. ਵਿਸ੍ਤਾਰ ਸਹਿਤ ਹੋਣਾ. "ਖਿਨੁ ਪੂਰਬਿ ਖਿਨੁ ਪਛਮਿ ਛਾਏ." (ਆਸਾ ਛੰਤ ਮਃ ੪) ੩. ਢਕਣਾ. ਆਛਾਦਨ ਕਰਨਾ. "ਉਨਵਿ ਘਨ ਛਾਏ ਬਰਸੁ ਸੁਭਾਏ." (ਤੁਖਾ ਬਾਰਹਮਾਹਾ)

ਛਾਉਣੀ: ਦੇਖੋ, ਛਾਵਨੀ.

ਛਾਉੜ: ਦੇਖੋ, ਛਉੜ। ੨. ਛਾਂਉਂ. ਛਾਇਆ.

ਛਾਇ: ਦੇਖੋ, ਛਾਂਉਂ ਅਤੇ ਛਾਇਆ। ੨. ਕ੍ਰਿ. ਵਿ- ਛਾਕਰ. ਢਕਕੇ। ੩. ਫੈਲਕੇ.

ਛਾਇਆ: ਸੰ. ਛਾਯਾ. ਸੰਗਜਾ- ਸੂਰਜ ਦੇ ਪ੍ਰਕਾਸ਼ ਨੂੰ ਛਿੰਨ ਕਰਨ ਵਾਲੀ ਛਾਉਂ. ਸਾਯਹ. "ਤ੍ਰਿਣ ਕੀ ਅਗਨਿ ਮੇਘ ਕੀ ਛਾਇਆ." (ਟੋਡੀ ਮਃ ੫) ੨. ਰਖਜਾ (ਰਕ੍ਸ਼ਾ) "ਛਾਇਆ ਪ੍ਰਭਿ ਛਤ੍ਰਪਤਿ ਕੀਨੀ." (ਸੂਹੀ ਛੰਤ ਮਃ ੫) ੩. ਅਵਿਦਜਾ. "ਹਉ ਵਿਚਿ ਮਾਇਆ ਹਉ ਵਿੱਚ ਛਾਇਆ." (ਵਾਰ ਆਸਾ) "ਛਾਇਆ ਛੂਛੀ ਜਗਤ ਭੁਲਾਨਾ." (ਓਅੰਕਾਰ) ੪. ਪ੍ਰਤਿਬਿੰਬ. ਅ਼ਕਸ. ਭਾਵ- ਜੀਵਾਤਮਾ. "ਆਪੇ ਮਾਇਆ ਆਪੇ ਛਾਇਆ." (ਮਾਝ ਅਃ ਮਃ ੩) ੫. ਅਸਰ. ਤਾਸੀਰ. "ਜੋ ਪਢਕਰ ਉਪਦੇਸ ਬਤਾਵੈ। ਆਪ ਨਹੀਂ ਸੁਭ ਕਰਮ ਕਮਾਵੈ। ਤਿਸ ਕੀ ਛਾਯਾ ਪਰਹਿ ਨ ਕਿਸ ਪੈ." (ਗੁਪ੍ਰਸੂ) ੬. ਸੂਰਜ ਦੀ ਇਸਤ੍ਰੀ. ਮਹਾਭਾਰਤ ਵਿੱਚ ਕਥਾ ਹੈ ਕਿ ਵਿਸ਼੍ਵਕਰਮਾ ਦੀ ਪੁਤ੍ਰੀ ਸੰਗਜਾ (ਸੰਞਾ) ਸੂਰਜ ਨੂੰ ਵਿਆਹੀ ਗਈ. ਉਹ ਸੂਰਜ ਦਾ ਤੇਜ ਨਾ ਸਹਾਰਕੇ ਆਪਣੇ ਜੇਹੀ ਇੱਕ ਇਸਤ੍ਰੀ "ਛਾਯਾ" ਸੂਰਜ ਦੇ ਘਰ ਛੱਡਕੇ ਚਲੀ ਗਈ. ਛਾਯਾ ਦੇ ਉਦਰ ਤੋਂ ਸੂਰਜ ਦੇ ਪੁਤ੍ਰ ਸਾਵਰਣਿ ਅਤੇ ਸ਼ਨੈਸ਼੍ਚਰ ਹੋਏ.

ਦਿਨਪਤਿ ਜਬੈ ਤ੍ਰਾਸ ਉਪਜਾਯੋ,

ਛਾਯਾ ਸਾਚ ਵ੍ਰਿਤਾਂਤ ਬਤਾਯੋ,

ਤੁਮਦਾਰਾ ਗਮਨੀ ਪਿਤ ਓਰ,

ਮੁਝ ਕੋ ਗਈ ਰਾਖ ਇਸ ਠੌਰ. (ਗੁਪ੍ਰਸੂ)

ਦੇਖੋ, ਸੰਗਜਾ। ੭. ਭੂਤ ਪ੍ਰੇਤ ਦਾ ਆਵੇਸ਼. "ਭੇਵ ਲਖੋ ਕਿ ਪਰੀ ਤਿੰਹ ਛਾਯਾ." (ਨਾਪ੍ਰ) ੮. ਪ੍ਰਭਾ. ਦੀਪ੍ਤਿ. ਚਮਕ. ਕਾਂਤਿ. ਸ਼ੋਭਾ। ੯. ਸਮਾਨਤਾ. ਮਿਸਾਲ। ੧੦. ਕਿਸੇ ਗ੍ਰੰਥ ਅਥਵਾ ਕਾਵਜ ਦੇ ਭਾਵ ਦੀ ਝਲਕ। ੧੧. ਛਾਰ (ਸੁਆਹ) ਵਾਸਤੇ ਭੀ ਛਾਇਆ ਸ਼ਬਦ ਆਇਆ ਹੈ. "ਨਿੰਦਕ ਕੈ ਮੁਖਿ ਛਾਇਆ." (ਸੋਰ ਮਃ ੫) ੧੨. ਵਿ- ਆਛਾਦਿਤ. ਢਕਿਆ ਹੋਇਆ. "ਗਹਡੜੜਾ ਤ੍ਰਿਣਿ ਛਾਇਆ." (ਵਾਰ ਮਾਰੂ ੨. ਮਃ ੫. )੧੩ ਛੱਤਿਆ ਹੋਇਆ. "ਊਚੇ ਮੰਦਰ ਸੁੰਦਰ ਛਾਇਆ." (ਗਉ ਮਃ ੫) ੧੪. ਫੈਲਿਆ. ਵਿਸਤੀਰਣ. "ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ." (ਸੂਹੀ ਛੰਤ ਮਃ ੫)

ਛਾਇਆਕਰ: ਸੰਗਜਾ- ਛਾਯਾ (ਪ੍ਰਭਾ) ਕਰ. ਸੂਰਜ. ਦੇਖੋ, ਛਾਯਾਕਰ। ੨. ਛਪਾਕਰ. ਚੰਦ੍ਰਮਾ.

ਛਾਇਲ: ਸੰਗਜਾ- ਛਪਾਈ ਹੋਈ ਚਾਦਰ. "ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ?" (ਸ. ਕਬੀਰ)

ਛਾਈ: ਸੰਗਜਾ- ਛਾਇਆ. ਛਾਂਉ. "ਜਿਉ ਬਾਦਰ ਕੀ ਛਾਈ." (ਗਉ ਮਃ ੯) ੨. ਪ੍ਰਤਿਬਿੰਬ ਅ਼ਕਸ. "ਮੁਕਰ ਮਾਹਿ ਜੈਸੇ ਛਾਈ." (ਧਨਾ ਮਃ ੯) ੩. ਛਾਰ. ਸੁਆਹ. "ਸਿਰ ਛਾਈ ਪਾਈ." (ਵਾਰ ਆਸਾ) "ਮੁਖਿ ਨਿੰਦਕ ਕੈ ਛਾਈ." (ਸੋਰ ਮਃ ੫) ੪. ਖ਼ਾਕ. ਧੂਲ. "ਜਬ ਖਿੰਚੈ ਤਬ ਛਾਈ." (ਸਾਰ ਛੰਤ ਮਃ ੫) ੫. ਦਾਗ਼. ਮੈਲ. "ਲਥੀ ਸਭ ਛਾਈ." (ਵਾਰ ਬਸੰ) ੬. ਵਿ- ਫੈਲੀ. ਵਿਸਤੀਰਣ ਹੋਈ. "ਕੀਰਤਿ ਜਗ ਛਾਈ." (ਗੁਪ੍ਰਸੂ)

ਛਾਈਮਾਈ, ਛਾਂਈਮਾਂਈ: ਵਿ- ਛਾਯਾਮਯ. ਛਾਇਆਰੂਪ. ਭਾਵ- ਛਾਇਆ ਵਾਂਙ ਲੋਪ ਹੋਣ ਵਾਲਾ. "ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈਮਾਈ." (ਆਸਾ ਅਃ ਮਃ ੧) ੨. ਸੰ ਕ੍ਸ਼ਯਮਯੀ ਨਾਸ਼ਰੂਪ.

ਛਾਹ: ਸੰਗਜਾ- ਛਾਛ. ਤਕ੍ਰ. ਲੱਸੀ. "ਧਉਲੇ ਦਿੱਸਨਿ ਛਾਹ ਦੁੱਧ." (ਭਾਗੁ) ੨. ਛਾਇਆ. ਸਾਯਹ। ੩. ਪ੍ਰਤਿਬਿੰਬ. ਅਕਸ.

ਛਾਂਹ: ਸੰਗਜਾ- ਛਾਇਆ. "ਛ੍ਵੈ ਨ ਸਕੈ ਤਿਹ ਛਾਂਹ ਕੋ." (ਵਿਚਿਤ੍ਰ) ੨. ਪ੍ਰਤਿਬਿੰਬ. ਅਕ਼ਸ। ੩. ਰਕ੍ਸ਼ਾ. ਰਖਜਾ। ੪. ਪਨਾਹ. ਓਟ. "ਹੌਂ. ਜਿਂਹ ਬਸਤ ਬਾਂਹ ਕੀ ਛਾਂਹੀ." (ਚਰਿਤ੍ਰ ੭੮) ਬਾਹਾਂ ਦੀ ਓਟ ਵਿੱਚ.

ਛਾਹਿ: ਦੇਖੋ, ਛਾਹ.

ਛਾਹੀ: ਸੰਗਯਾ- ਛਾਇਆ. "ਜਿਉ ਬਾਦਰ ਕੀ ਛਾਹੀ." (ਸਾਰ ਮਃ ੯) ੨. ਪ੍ਰਤਿਬਿੰਬ. ਝਾਂਈ.

ਛਾਂਹੀ: ਦੇਖੋ, ਛਾਂਹ.

ਛਾਕ: ਸੰਗਯਾ- ਤ੍ਰਿਪਤਿ। ੨. ਮਦ. ਨਸ਼ਾ। ੩. ਸਿੰਧੀ. ਬਲ. ਤ਼ਾਕਤ਼.

ਛਾਕਿ: ਕ੍ਰਿ. ਵਿ- ਛਕਕੇ. "ਛਾਕਿ ਸੁਧਾ ਬਲਵਾਨ ਭਏ." (ਸਲੋਹ) ੨. ਸਜਕੇ.

ਛਾਗ: ਸੰ. ਸੰਗਯਾ- ਮੀਢਾ। ੨. ਬੱਕਰਾ. ਅਜ. ਦੇਖੋ, ਬਕਰਾ.

ਛਾਂਗ: ਸੰਗਯਾ- ਵਢਾਂਗ. ਕਿਸੇ ਬਿਰਛ ਆਦਿ ਦੇ ਛੇਦਨ ਕੀਤੇ ਅੰਗ.

ਛਾਂਗਣਾ, ਛਾਂਗਨਾ: ਕ੍ਰਿ- ਅੰਗਾਂ ਦਾ ਛੇਦਨ ਕਰਨਾ. ਕੱਟਣਾ. ਸ਼ਾਖ਼ਤਰਾਸ਼ੀ ਕਰਨੀ.

ਛਾਗਰ, ਛਾਗਲ: ਸੰਗਯਾ- ਛਾਗ (ਬਕਰੇ) ਦੀ ਖੱਲ। ੨. ਬਕਰੇ ਦੀ ਖੱਲ ਦੀ ਥੈਲੀ, ਜਿਸ ਵਿੱਚ ਪਾਣੀ ਰੱਖੀਦਾ ਹੈ. "ਛਾਗਲ ਹੁਤੀ ਸੁ ਖਾਨੇ ਤੀਰ." (ਗੁਪ੍ਰਸੂ)

ਛਾਗਵਾਹਨ: ਸੰ. ਸੰਗਯਾ- ਛਾਗ (ਬਕਰਾ) ਹੈ ਜਿਸ ਦਾ ਵਾਹਨ (ਸਵਾਰੀ) ਅਗਨਿ.

ਛਾਂਗਾ: ਵਿ- ਛੀ ਉਂਗਲਾਂ ਵਾਲਾ. ਜਿਸਦੇ ਪੰਜੇ ਵਿੱਚ ਛੇ ਉਂਗਲਾਂ ਹੋਣ.

ਛਾਗੀ: ਸੰ. ਬਕਰੀ. ਅਜਾ.

ਛਾਛ: ਸੰ. ਛੰਛਿਕਾ. ਸੰਗਯਾ- ਤਕ੍ਰ. ਖੱਟੀ ਲੱਸੀ. "ਛਾਛ ਕੈਸੀ ਛਤ੍ਰਾਨੇਰ." (ਅਕਾਲ)

ਛਾਛਕਾਮਨੀ: ਸੰਗਯਾ- ਤਕ੍ਰਪ੍ਰਿਯਾ. ਸ਼ੀਤਲਾ ਦੇਵੀ. "ਛਾਛਕਾਮਨੀ ਕੀ ਪੂਜਾ ਹਿਤ." (ਚਰਿਤ੍ਰ ੩੩੨)

ਛਾਛਿ: ਛਾਛ ਨੂੰ. ਦੇਖੋ, ਛਾਛ। ੨. ਭਾਵ- ਅਸਾਰ. "ਛਾਛਿ ਪੀਐ ਸੰਸਾਰੁ." (ਸ. ਕਬੀਰ) ੩. ਭਾਵ- ਸੰਸਾਰ ਦੇ ਭੋਗ. "ਕਿਉ ਮੇਟੈਗੋ ਛਾਛਿ ਤਿਹਾਰੀ?" (ਸੋਰ ਕਬੀਰ)

ਛਾਛੀ: ਕੋਹਲੀ ਖਤ੍ਰੀਆਂ ਵਿੱਚੋਂ ਇੱਕ ਪ੍ਰਸਿੱਧ ਖ਼ਾਨਦਾਨ, ਜੋ ਜਿਲਾ ਗੁਜਰਾਂਵਾਲੇ ਵਿੱਚ ਹੈ. ਛਛ ਇ਼ਲਾਕ਼ੇ ਵਿੱਚ ਪਹਿਲੇ ਵਸਣ ਤੋਂ ਇਹ ਸੰਗਯਾ ਹੋਈ ਹੈ. ਦੇਖੋ, ਛਛ.

ਸਰਦਾਰ ਟਹਿਲ ਸਿੰਘ ਅਤੇ ਉਸ ਦੇ ਪੁਤ੍ਰ ਜੱਸਾ ਸਿੰਘ, ਸ਼ੇਰ ਸਿੰਘ, ਫ਼ਤੇ ਸਿੰਘ ਆਦਿ ਇਸ ਵੰਸ਼ ਦੇ ਵਡੇ ਸ਼ੂਰਵੀਰ ਹੋਏ ਹਨ, ਜਿਨ੍ਹਾਂ ਨੇ ਸਿੰਘਸਾਹਿਬ ਰਣਜੀਤ ਸਿੰਘ ਦੇ ਪਿਤਾ ਅਤੇ ਮਹਾਰਾਜੇ ਨਾਲ ਮਿਲਕੇ ਅਨੇਕ ਇਲਾਕੇ ਫਤੇ ਕੀਤੇ.

ਛਾਜ: ਦੇਖੋ, ਛਜ। ੨. ਸਜਾਵਟ. ਸ਼੍ਰਿੰਗਾਰ. ਛਵਿ. "ਸਭ ਛਾਜ ਸੁ ਸਾਜ ਦੀਏ." (ਕ੍ਰਿਸਨਾਵ)

ਛਾਜਕਰਨ: ਦੇਖੋ, ਛੱਜਕਰਣ.

ਛਾਜਨਾ: ਕ੍ਰਿ- ਸਜਣਾ. ਛਵਿ (ਸ਼ੋਭਾ) ਸਹਿਤ ਹੋਣਾ.

ਛਾਜਾ: ਦੇਖੋ, ਛੱਜਾ। ੨. ਗਾਜਰ ਆਦਿ ਕੰਦ ਦਾ ਪੱਤਾ। ੩. ਛੱਪਰ. ਛੰਨ। ੪. ਵਿ- ਸਜਿਆ ਹੋਇਆ. ਛਬਿ (ਸ਼ੋਭਾ) ਸਹਿਤ. "ਤੀਨਿ ਭਵਨ ਪਰ ਛਾਜਾ." (ਬਿਲਾ ਕਬੀਰ)

ਛਾਂਟਨਾ: ਕ੍ਰਿ- ਨਿਖੇਰਨਾ. ਚੁਗਣਾ. "ਕਬਹੁ ਨ ਸਾਕੈ ਛਾਂਟਿ." (ਸਾਰ ਮਃ ੫) ੨. ਕੱਟਣਾ. ਤਰਾਸ਼ਣਾ.

ਛਾਂਟਾ: ਸੰਗਯਾ- ਚੰਮ ਦੀ ਬਾਰੀਕ ਬੱਧਰੀਆਂ ਦਾ ਚਾਬੁਕ.

ਛਾਂਟਿ: ਕ੍ਰਿ. ਵਿ- ਚੁਣਕੇ. ਛਾਂਟਕੇ. "ਕਿਲਬਿਖ ਕਾਢੇ ਹੈ ਛਾਂਟਿ." (ਮਲਾ ਮਃ ੫)

ਛਾਡਨਾ: ਕ੍ਰਿ- ਛੱਡਣਾ. ਤਰਕ ਕਰਨਾ. ਤਜਾਗਣਾ.

ਛਾਡਿ: ਛੱਡਕੇ. ਤਜਾਗਕੇ. "ਛਾਡਿ ਸਿਆਨਪ ਬਹੁ ਚਤੁਰਾਈ." (ਬਾਵਨ) ੨. ਛੱਡਣਾ ਕ੍ਰਿਯਾ ਦਾ ਅਮਰ. ਛੱਡ. ਤਜਾਗ. "ਛਾਡਿ ਮਨ ਹਰਿਬਿਮੁਖਨ ਕੋ ਸੰਗੁ." (ਸਾਰ ਮਃ ੫)

ਛਾਡੈ: ਛਡਦਾ. ਤਜਾਗਦਾ. ਛਡਦੇ. "ਤੈਸੇ ਸੰਤਜਨਾ ਰਾਮਨਾਮ ਨ ਛਾਡੈ." (ਬਸੰ ਨਾਮਦੇਵ)

ਛਾਂਡੈ: ਛੰਡਦਾ ਹੈ. ਦੇਖੋ, ਛੰਡਣਾ.

ਛਾਣਸ: ਸੰਗਜਾ- ਸੂੜ੍ਹਾ. ਚੋਕਰ. ਆਟਾ ਛਾਣਨ ਤੋਂ ਚਾਲਨੀ ਵਿੱਚ ਰਿਹਾ ਫੂਸ. ਅੰਨ ਦਾ ਛਿਲਕਾ.

ਛਾਣਨਾ: ਕ੍ਰਿ- ਛਿਦ੍ਰਾਂ ਵਿੱਚਦੀਂ. ਕੱਢਣਾ. ਚਾਲਨੀ (ਛਲਨੀ) ਅਥਵਾ ਵਸਤ੍ਰ ਵਿੱਚਦੀਂ ਕਿਸੇ ਵਸਤੁ ਨੂੰ ਕੱਢਣਾ, ਜਿਸ ਤੋਂ ਉਸ ਦਾ ਸੂਖਮ ਭਾਗ ਪਾਰ ਨਿਕਲ ਜਾਵੇ ਅਤੇ ਮੋਟਾ ਹਿੱਸਾ ਅੰਦਰ ਰਹਿ ਜਾਵੇ. "ਛਾਮੀ ਖਾਕੁ ਬਿਭੂਤ ਚੜਾਈ." (ਮਾਰੂ ਅਃ ਮਃ ੧) ੨. ਨਿਖੇਰਨਾ. ਅਲਗ ਕਰਨਾ। ੩. ਖੋਜ ਕਰਨਾ. ਅਸਲੀਅਤ ਜਾਣਨ ਦਾ ਯਤਨ ਕਰਨਾ।

ਛਾਣਨੀ: ਦੇਖੋ, ਚਾਲਨੀ.

ਛਾਣਿ: ਛਾਣਕੇ. ਚੁਣਕੇ. "ਦੁਸਟ ਦੂਤ ਹਰਿ ਕਾਢੇ ਛਾਣਿ." (ਬਿਲਾ ਮਃ ੫)

ਛਾਤ: ਸੰਗਜਾ- ਛੱਤ. "ਚਹੁੰ ਦਰ ਪਰ ਕਰ ਕਰ ਇਕ ਛਾਤ." (ਗੁਪ੍ਰਸੂ) ੨. ਸੰ. ਵਿ- ਦੁਬਲਾ. ਪਤਲਾ.

ਛਾਤਾ: ਸੰਗਜਾ- ਛਤ੍ਰ. ਛਤਰੀ.

ਛਾਤੀ: ਸੰਗਜਾ- ਸੀਨਾ. ਵਕ੍ਸ਼ਥਲ. Thorax. "ਛਾਤੀ ਸੀਤਲ ਮਨ ਸੁਖੀ." (ਬਾਵਨ)

ਛਾਤੀਬੋਝ: ਸੰਗਜਾ- ਅਜੀਰਣ. ਬਦਹਜਮੀ। ੨. ਬਲਗ਼ਮ ਨਾਲ ਫਿਫਰੇ ਦੇ ਛਿਦ੍ਰਾਂ ਦਾ ਰੁਕਣਾ. "ਛਾਤੀਬੋਝ ਹੋਤ ਦੁਖ ਭਾਰਾ." (ਨਾਪ੍ਰ) ਭਾਵ- ਹੌਮੈਰੂਪ ਛਾਤੀਬੋਝ.

ਛਾਤ੍ਰ: ਸੰ. ਸੰਗਜਾ- ਵਿਦਜਾਰਥੀ. ਤ਼ਾਲਿਬੇਇ਼ਲਮ।੨ ਸ਼ਹਿਦ, ਜੋ ਛਤ੍ਰ (ਛੱਤੇ) ਵਿਚੋਂ ਨਿਕਲਦਾ ਹੈ। ੩. ਵਿ- ਕ੍ਸ਼ਾਤ੍ਰ. ਛਤ੍ਰਿਯ (ਛਤ੍ਰੀ) ਦਾ. "ਜੁੱਧ ਕਰਜੋ ਕਰਕੈ ਧ੍ਰਮ ਛਾਤ੍ਰਾ." (ਕ੍ਰਿਸਨਾਵ) ਛਤ੍ਰੀਧਰਮ ਕਰਕੇ.

ਛਾਤ੍ਰਵ੍ਰਿੱਤਿ: ਸੰਗਜਾ- ਵਜੀਫ਼ਾ. ਛਾਤ੍ਰ (ਵਿਦਜਾਰਥੀ) ਦੇ ਵ੍ਰਿੱਤਿ (ਨਿਰਵਾਹ) ਲਈ ਮੁੱਕਰਰ ਕੀਤਾ ਧਨ. Scholarship

ਛਾਤ੍ਰਾਸ਼੍ਰਮ, ਛਾਤ੍ਰਾਲਯ: ਸੰਗਜਾ- ਛਾਤ੍ਰ (ਵਿਦਜਾਰਥੀਆਂ) ਦੇ ਰਹਿਣ ਦਾ ਮਕਾਨ. ਬੋਰਡਿੰਗ ਹਾਊਸ (Boarding house)

ਛਾਦਤ: ਵਿ- ਆਛਾਦਨ (ਢਕਣ) ਵਾਲਾ। ੨. ਛੱਪਰ ਪਾਉਣ ਵਾਲਾ. ਛੱਤ ਪਾਉਣ ਵਾਲਾ। ੩. ਕਿਸੇ ਅਞਾਣ ਲਿਖਾਰੀ ਨੇ ਸ਼ਸਤ੍ਰਨਾਮਮਾਲਾ ਵਿੱਚ ਛੇਦਕ ਦੀ ਥਾਂ ਛਾਦਕ ਲਿਖਿਆ ਹੈ. "ਨਾਮ ਚਰਮ ਕੇ ਪ੍ਰਿਥਮ ਕਹਿ ਛਾਦਕ ਬਹੁ ਬਖਾਨ." ਚਰਮ (ਢਾਲ) ਛੇਦਕ. ਤੀਰ.

ਛਾਦਨ: ਸੰ. ਸੰਗਜਾ- ਢਕਣਾ। ੨. ਪੜਦਾ। ੩. ਵਸਤ੍ਰ. "ਛਾਦਨ ਭੋਜਨ ਕੀ ਆਸਾ." (ਵਾਰ ਮਾਝ ਮਃ ੧) ੪. ਪੱਤਾ। ੫. ਪੰਖ (ਖੰਭ).

ਛਾਂਦਾ: ਸੰਗਜਾ- ਹਿੱਸਾ. ਭਾਗ. ਬਾਂਟਾ. ਵਰਤਾਰਾ.

ਛਾਂਦੋਗ, ਛਾਂਦੋਗਜ: ਸੰ. छान्दोग्य ਸਾਮਵੇਦ ਦੀ ਇੱਕ ਉਪਨਿਸ਼ਦ। ੨. ਸਾਮਵੇਦ ਦਾ ਇੱਕ ਬ੍ਰਾਹਮਣਭਾਗ, ਜਿਸ ਦੇ ਪਹਿਲੇ

ਦੋ ਭਾਗਾਂ ਵਿੱਚ ਵਿਆਹ ਆਦਿ ਸੰਸਕਾਰਾਂ ਦਾ ਵਰਣਨ ਹੈ ਅਤੇ ਅੱਠ ਭਾਗ (ਪ੍ਰਾਪਠਕਾਂ) ਵਿੱਚ ਉਪਨਿਸ਼ਦ੍ ਹੈ. ਇਸ ਪੁਰ ਸ਼ੰਕਰਾਚਾਰਯ ਦਾ ਉੱਤਮ ਭਾਸ਼੍ਯ ਹੈ. ਛਾਂਦੋਗਯ ਉਪਨਿਸ਼ਦ੍ ਵਿੱਚ ਓਅੰ (ਤੋਂ) ਦੀ ਵ੍ਯਾਖ੍ਯਾ, ਯੱਗਾਂ ਦੀ ਵਿਧੀ ਅਤੇ ਆਤਮਵਿਦ੍ਯਾ ਦਾ ਵਰਣਨ ਹੈ.

ਛਾਨ: ਦੇਖੋ, ਛਾਣਨਾ। ੨. ਦੇਖੋ, ਛਾਨਿ। ੩. ਸਿੰਧੀ. ਛਲ. ਠੱਗੀ.

ਛਾਨਣੀ: ਸੰਗ੍ਯਾ- ਛਾਨਣ ਦਾ ਯੰਤ੍ਰ. ਚਾਲਨੀ. ਛਲਨੀ.

ਛਾਨਨਾ: ਦੇਖੋ, ਛਾਣਨਾ.

ਛਾਨਬੀਨ: ਸੰਗ੍ਯਾ- ਖੋਜਪੜਤਾਲ. ਡੂੰਘਾ ਵਿਚਾਰ. ਸਤ੍ਯ ਅਸਤ੍ਯ ਦਾ ਨਿਰਣਾ.

ਛਾਨਾ: ਸੰ. ਛਂਨ੍ਹ ਛੰਨ. ਵਿ- ਲੁਕਿਆ. ਗੁਪਤ. ਪੋਸ਼ੀਦਾ. "ਸੋਈ ਅਜਾਣੁ ਕਹੈ ਮੈ ਜਾਨਾ, ਜਾਨਣਹਾਰੁ ਨ ਛਾਨਾ ਰੇ."[੪] (ਆਸਾ ਮ: ੫)

ਛਾਨਿ: ਸੰਗ੍ਯਾ- ਛੰਨ. ਫੂਸ ਦਾ ਛੱਪਰ. ਫੂਸ ਨਾਲ ਛੰਨ (ਢਕਿਆ) ਮਕਾਨ. "ਤ੍ਰਿਸਨਾ ਛਾਨਿ ਪਰੀ ਧਰ ਊਪਰਿ." (ਗਉ ਕਬੀਰ) "ਕਾਪਹਿ ਛਾਨਿ ਛਵਾਈ ਹੋ?" (ਸੋਰ ਨਾਮਦੇਵ) ੨. ਕ੍ਰਿ. ਵਿ- ਛਾਣਕੇ.

ਛਾਨੀ: ਵਿ- ਲੁਕੀਹੋਈ. ਗੁਪਤ. ਛੰਨ. "ਰਹੈ ਨ ਕਛੂਐ ਛਾਨੀ." (ਸੋਰ ਮ: ੫)

ਛਾਪ: ਸੰਗ੍ਯਾ- ਮੁਹਰ ਦਾ ਚਿੰਨ੍ਹ. ਮੁਦ੍ਰਾ. "ਸਤਿਗੁਰਿ ਕਰਿਦੀਨੀ ਧੁਰ ਕੀ ਛਾਪ." (ਆਸਾ ਅ: ਮ: ੫) ੨. ਉਹ ਅੰਗੂਠੀ, ਜਿਸ ਦੇ ਥੇਵੇ ਉੱਤੇ ਅੱਖਰ ਖੁਦੇ ਹੋਏ ਹੋਣ। ੩. ਚਿੰਨ੍ਹ. ਨਿਸ਼ਾਨ। ੪. ਕਵੀ ਦਾ ਸੰਕੇਤ ਕੀਤਾ। ਨਾਉਂ. Nome de plume. ਤਖ਼ੱਲੁਸ. ਜੈਸੇ ਭਾਈ ਨੰਦਲਾਲ ਜੀ ਦੀ ਛਾਪ "ਗੋਯਾ" ਹੈ। ੫. ਵਪਾਰੀ ਦਾ ਸੰਕੇਤ ਚਿੰਨ੍ਹ. Trade mark.

ਛਾਪਣ: ਦੇਖੋ, ਛਾਪਣਾ। ੨. ਛਿਪਣਾ. ਲੁਕਣਾ. ਅੰਤਰਧਾਨਹੋਣਾ। ੩. ਭਾਵ- ਮਰਨਾ. "ਬਾਹੁੜਿ ਜਨਮ ਨ ਛਾਪਣ." (ਧਨਾ ਮ: ੫)

ਛਾਪਣਾ, ਛਾਪਨਾ: ਕ੍ਰਿ- ਮੁਦ੍ਰਿਤ ਕਰਨਾ. ਉਭਰੇ ਅਥਵਾ ਖੁਦੇ ਹੋਏ ਅੱਖਰਾਂ ਦਾ ਚਿੰਨ੍ਹ ਕਿਸੇ ਵਸਤੁ ਪੁਰ ਲਾਉਣਾ। ੨. ਵਸਤ੍ਰ ਆਦਿਕ ਤੇ ਰੰਗਦਾਰ ਚਿਤ੍ਰਾਂ ਦਾ ਲਾਉਣਾ.

ਛਾਪਰ: ਦੇਖੋ, ਛੱਪਰ.

ਛਾਪਰੀ: ਸੰਗ੍ਯਾ- ਛਪਰੀ. ਫੂਸ ਦੀ ਕੁਟੀ. ਛੰਨ. "ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ." (ਸੂਹੀ ਮ: ੫) ੨. ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਸਰਹਾਲੀ ਦਾ ਇੱਕ ਪਿੰਡ, ਜਿੱਥੇ ਹੇਮੇ ਪ੍ਰੇਮੀ ਦੀ ਛਪਰੀ ਵਿੱਚ ਗੁਰੂ ਅਰਜਨਦੇਵ ਜੀ ਨੇ ਨਿਵਾਸ ਕੀਤਾ ਅਤੇ ਉੱਪਰ ਲਿਖਿਆ ਸ਼ਬਦ ਉਚਾਰਿਆ.

ਇਸ ਥਾਂ ਗੁਰੂ ਅੰਗਦਸਾਹਿਬ ਅਤੇ ਗੁਰੂ ਅਮਰਦਾਸ ਜੀ ਦੇ ਭੀ ਚਰਣ ਪਏ ਹਨ, ਅਰ ਗੁਰੂ ਹਰਿਗੋਬਿੰਦ ਸਾਹਿਬ ਭੀ ਪਧਾਰੇ ਹਨ. ੧੪. ਘੁਮਾਉਂ ਜ਼ਮੀਨ ਪਿੰਡ ਖਾਨਛਾਪਰੀ, ਖਾਨਰਜਾਦਾ ਅਤੇ ਚੱਕ ਮਹਿਰਾ ਵਿੱਚ ਹੈ. ਰੇਲਵੇ ਸਟੇਸ਼ਨ ਤਰਨਤਾਰਨ ਤੋਂ ਛਾਪਰੀ ੧੦. ਮੀਲ ਵਾਯਵੀ ਕੋਣ ਹੈ.

ਛਾਪਰੁ: ਦੇਖੋ, ਛੱਪਰ. "ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ." (ਸਾਰ ਮ: ੫)

ਛਾਪਾ: ਸੰਗ੍ਯਾ- ਕੰਡੇਦਾਰ ਮੋੜ੍ਹੀ। ੨. ਰਾਤ ਨੂੰ ਸੁੱਤੇ ਪਏ ਵੈਰੀ ਪੁਰ ਛਿਪਕੇ ਕੀਤਾ ਧਾਵਾ. ਸ਼ਬਖ਼ੂੰ. "ਮਾਰੈਂ ਛਾਪਾ ਰਾਤ ਕੋ ਜੰਗਲ ਮੇ ਸੇ ਆਇ." (ਪੰਪ੍ਰ) ੩. ਛਾਪਣ ਮੁਦ੍ਰਿਤ ਕਰਨ) ਦੀ ਕਲਾ. ਮੁਦ੍ਰਾਯੰਤ੍ਰ. Printing Press. ਸਭ ਤੋਂ ਪਹਿਲਾਂ ਛਾਪਣ ਦੀ ਵਿਦ੍ਯਾ ਚੀਨੀਆਂ ਨੇ ਕੱਢੀ, ਫੇਰ ਸਨ ੧੪੨੦ ਤੋਂ ੧੪੩੯ ਦੇ ਵਿਚਕਾਰ ਹੌਲੈਂਡ ਅਤੇ ਜਰਮਨੀ ਦੇ ਵਿਦ੍ਵਾਨਾਂ ਨੇ ਇਸ ਨੂੰ ਤਰੱਕ਼ੀ ਦਿੱਤੀ. ਇੰਗਲੈਂਡ ਵਿੱਚ ਇਸ ਦਾ ਪ੍ਰਚਾਰ ੧੪੭੪ ਵਿੱਚ ਹੋਇਆ. ਭਾਰਤ ਵਿੱਚ ਪੁਰਤਗਾਲੀਆਂ ਨੇ ਈਸਵੀ

ਸਤਾਰਵੀਂ ਸਦੀ ਵਿੱਚ ਗੋਆ ਨਗਰ ਵਿੱਚ ਛਾਪੇਖ਼ਾਨਾ ਖੋਲਿਆ. ਪੰਜਾਬ ਵਿੱਚ ਮੁਦ੍ਰਾਯੰਤ੍ਰ ਸਨ ੧੮੪੯ ਵਿੱਚ ਲਹੌਰ ਕ਼ਾਇਮ ਹੋਇਆ. ਸਮੇਂ ਦੇ ਫੇਰ ਨਾਲ ਛਾਪਾ ਭੀ ਆਪਣੀ ਸ਼ਕਲ ਬਦਲਦਾ ਆਇਆ ਹੈ. ਹੁਣ ਟਾਈਪ ਫ਼ੌਂਡਰੀ (Type Foundry) ਵਿੱਚ ਢਲੇ ਅਕ੍਷ਰ ਅਨੇਕ ਪ੍ਰਕਾਰ ਦੇ ਬਹੁਤ ਮਨੋਹਰ ਦੇਖੀਦੇ ਹਨ ਗੁਰਮੁਖੀ ਦਾ ਟਾਈਪ ਸਭ ਤੋਂ ਪਹਿਲਾਂ ਲੁਧਿਆਨੇ ਦੇ ਮਿਸ਼ਨਰੀਆਂ ਨੇ ਬਣਾਇਆ, ਫੇਰ ਲਹੌਰ ਨਿਵਾਸੀ ਭਾਈ ਹੀਰਾਨੰਦ ਮਰਵਾਹਾ ਖਤ੍ਰੀ ਨੇ ਸੁਡੌਲ ਅੱਖਰ ਸਨ ੧੮੮੭ ਵਿੱਚ ਢਲਵਾਏ. ਸ਼੍ਰੀ ਗੁਰੂ ਗ੍ਰੰਥ ਸਾਹਿਬ ਛੋਟੇ ਆਕਾਰ ਦਾ ਪੰਜ ਜਿਲਦਾਂ ਵਿੱਚ ਸਭ ਤੋਂ ਪਹਿਲਾਂ ਟਾਈਪ ਦੇ ਅੱਖਰਾਂ ਵਿੱਚ ਹੀਰਾਨੰਦ ਨੇ ਹੀ ਸੰਮਤ ਨਾਨਕਸ਼ਾਹੀ ੪੨੦ ਵਿੱਚ ਛਾਪਿਆ ਹੈ. [੫] ਹੁਣ ਗੁਰਮੁਖੀ ਦਾ ਟਾਈਪ ਕਈ ਤਰਾਂ ਦਾ ਮਨੋਹਰ ਬਣ ਗਿਆ ਹੈ ਅਤੇ ਇਸ ਦੀਆਂ ਕਈ ਫ਼ੌਂਡਰੀਆਂ ਪੰਜਾਬ ਵਿੱਚ ਦੇਖੀਦੀਆਂ ਹਨ। ੪. ਛਾਪਣ ਦਾ ਕਰਮ। ੫. ਉਥਾਰਾ. ਸੁੱਤੇ ਹੋਏ ਆਦਮੀ ਨੂੰ ਆਇਆ ਦਾਬਾ. "ਸਭੁ ਜਗ ਦਬਿਆ ਛਾਪੈ." (ਮਲਾ ਅਃ ਮਃ ੧) ਦੇਖੋ, ਉਥਾਰਾ। ੬. ਸੰਖ ਚਕ੍ਰ ਆਦਿਕ ਵਿਸ਼ਨੁ ਦੇ ਚਿੰਨ੍ਹ ਤਪਾਕੇ ਸ਼ਰੀਰ ਪੁਰ ਲਾਉਣ ਦੀ ਕ੍ਰਿਯਾ. "ਭਾਵੈ ਜਾਇ ਦ੍ਵਾਰਿਕਾ ਦਗਧ ਦੇਹ ਕਰੈ ਛਾਪਾ." (ਕਵਿ ੫੨)

ਛਾਬੜਾ, ਛਾਬਾ: ਸੰਗਯਾ- ਤੱਕੜੀ (ਤਰਾਜ਼ੂ) ਦਾ ਪਲੜਾ. "ਜਿਹਬਾ ਡੰਡੀ ਇਹ ਘਟੁ ਛਾਬਾ." (ਮਾਰੂ ਮਃ ੧) ੨. ਟੋਕਰੀ. ਛੋਟਾ ਟੋਕਰਾ, ਜੋ ਬਹੁਤ ਡੂੰਘਾ ਨਹੀਂ.

ਛਾਮ: ਸੰਗਯਾ- ਛਾਇਆ. ਛਾਉਂ. "ਹਰਿ ਕੇ ਨਾਮ ਕੀ ਤੁਮ ਊਪਰਿ ਛਾਮ." (ਸੁਖਮਨੀ) ੨. ਰਕ੍ਸ਼ਾ. ਸਰਪਰਸ੍ਤੀ. ਹਿਫ਼ਾਜਤ. "ਹਲਤਿ ਪਲਤਿ ਜਾਕੀ ਸਦ ਛਾਮ." (ਭੈਰ ਮਃ ੫)

ਛਾਮਨੀ: ਸੰਗਯਾ- ਛਾਇਆ. ਸਾਯਹ. "ਇਹ ਬਿਰਖ ਛਾਮਨੀ." (ਰਾਮ ਮਃ ੫. ਪੜਤਾਲ) ੨. ਦੇਖੋ, ਛਾਵਨੀ.

ਛਾਯਲ: ਦੇਖੋ, ਛਾਇਲ.

ਛਾਯਾ: ਦੇਖੋ, ਛਾਇਆ.

ਛਾਯਾਕਰ: ਸੰਗਯਾ- ਛਾਯਾ (ਪ੍ਰਭਾ) ਕਰ. ਸੂਰਜ. "ਲਖੇ ਛੈਲ ਛਾਯਾਕਰੇ ਤੇਜ ਲਾਜੰ." (ਵਿਚਿਤ੍ਰ) ੨. ਛਤ੍ਰ। ੩. ਬਿਰਛ.

ਛਾਯਾਗ੍ਰਹਿਣੀ: ਦੇਖੋ, ਸਿੰਹਿਕਾ.

ਛਾਯਾਦਾਨ, ਛਾਯਾਤ੍ਰ: ਹਿੰਦੂਮਤ ਅਨੁਸਾਰ ਇੱਕ ਪ੍ਰਕਾਰ ਦਾ ਦਾਨ, ਜਿਸਦੀ ਰੀਤਿ ਇਹ ਹੈ ਕਿ ਕਾਂਸੀ ਦੇ ਛੰਨੇ (ਕਟੋਰੇ) ਵਿੱਚ ਪਘਰਿਆ ਹੋਇਆ ਘੀ ਪਾ ਕੇ ਦਾਨ ਕਰਨ ਵਾਲਾ ਆਪਣੀ ਛਾਇਆ (ਪ੍ਰਤਿਬਿੰਬ) ਵੇਖਦਾ ਹੈ ਅਤੇ ਘੀ ਵਿੱਚ ਸੋਨਾ ਮੋਤੀ ਆਦਿ ਪਾਕੇ ਬ੍ਰਾਹਮਣ ਨੂੰ ਛਾਯਾਪਾਤ੍ਰ ਦਾਨ ਕਰਦਾ ਹੈ. ਇਸ ਦਾਨ ਤੋਂ ਗ੍ਰਹਾਂ ਦੀ ਖੋਟੀ ਦਸ਼ਾ ਦਾ ਦੂਰ ਹੋਣਾ ਮੰਨਿਆ ਗਿਆ ਹੈ. ਦੇਖੋ, ਛੰਨਾ.

ਛਾਯਾਪੁਰਖ, ਛਾਯਾਪੁਰੁਸ਼: ਯੋਗਪ੍ਰਦੀਪਿਕਾ ਵਿੱਚ ਲਿਖਿਆ ਹੈ ਕਿ ਸ਼ਿਵ ਨੇ ਪਾਰਵਤੀ ਨੂੰ ਆਖਿਆ ਕਿ ਜੋ ਨਿੱਤ ਆਪਣੀ ਛਾਉਂ ਨੂੰ ਏਕਾਗ੍ਰਮਨ ਅਤੇ ਇਕਟਕ ਹੋਕੇ ਪ੍ਰਿਥਿਵੀਪੁਰ ਦੇਖਦਾ ਹੈ, ਉਸ ਨੂੰ ਆਕਾਸ਼ ਵੱਲ ਤੱਕਣ ਤੋਂ ਆਪਣਾ ਸਰੂਪ ਨਜਰ ਆਉਂਦਾ ਹੈ. ਇਸੇ ਦਾ ਨਾਮ ਛਾਯਾਪੁਰੁਸ਼ ਹੈ. ਜੋ ਛਾਯਾਪੁਰੁਸ਼ ਦਾ ਸਿਰ ਨਜਰ ਨਾ ਆਵੇ, ਤਦ ਛੀ ਮਹੀਨੇ ਅੰਦਰ ਪ੍ਰਾਣੀ ਦੀ ਮੌਤ ਹੋ ਜਾਂਦੀ ਹੈ. ਜੇ ਪੈਰ ਨਾ ਦਿਖਾਈ ਦੇਣ ਤਦ ਇਸਤ੍ਰੀ, ਜੇ ਹੱਥ ਨਾ ਦਿੱਸਣ ਤਦ ਭਾਈ ਮਰਦਾ ਹੈ. ਛਾਯਾਪੁਰੁਸ਼ ਦੀ ਮੈਲੀ ਸ਼ਕਲ ਦਿੱਸਣ ਤੋਂ ਰੋਗ ਹੁੰਦਾ ਹੈ ਇਤਯਾਦਿ। ੨. ਜਾਸੂਸ. ਜੋ ਛਾਂਉਂ ਵਾਂਙ ਸਾਥ ਰਹੇ. Detective.

ਛਾਯਾਯੰਤ੍ਰ: ਸੰਗਯਾ- ਧੁਪਘੜੀ. ਉਹ ਯੰਤ੍ਰ, ਜਿਸ ਦੀ ਛਾਯਾ ਤੋਂ ਸਮੇਂ ਦਾ ਗਯਾਨ ਹੋਵੇ. Sun- dial. ਦੇਖੋ, ਘੜੀ.

ਛਾਰ, ਛਾਰੁ: ਸੰਗਯਾ- ਕ੍ਸ਼ਾਰ. ਖਾਰਾ ਪਦਾਰਥ। ੨. ਨਮਕ. ਲੂਣ। ੩. ਸੁਹਾਗਾ। ੪. ਸੱਜੀ। ੫. ਭਸਮ. ਸੁਆਹ. "ਸਿਰਿ ਭੀ ਫਿਰਿ ਪਾਵੈ ਛਾਰੁ." (ਵਾਰ ਕਾਨ ਮਃ ੪) ੬. ਰਜ. ਧੂਲਿ (ਧੂੜ). "ਛਛਾ! ਛਾਰੁ ਹੋਤ ਤੇਰੇ ਸੰਤਾ." (ਬਾਵਨ) ੭. ਛਾਲ. ਟਪੂਸੀ. "ਮਾਰ ਛਾਰ ਗਾ ਅਗਨਿ ਮਝਾਰਾ." (ਨਾਪ੍ਰ) ੮. ਛਾਇਆ. "ਉਲਟਤ ਜਾਤ ਬਿਰਖ ਕੀ ਛਾਰਹੁ." (ਸਵੈਯੇ ਸ੍ਰੀ ਮੁਖਵਾਕ ਮਃ ੫)

ਛਾਰਹੁ: ਛਾਯਾ ਸਮਾਨ. ਦੇਖੋ, ਛਾਰ ੮.

ਛਾਰਕ: ਵਿ- ਛਾਰ (ਸੁਆਹ) ਕਰਨ ਵਾਲਾ। ੨. ਸੰ. ਕ੍ਸ਼ਾਰਕ. ਸੰਗਯਾ- ਛੁਹਾਰਾ. ਖਜੂਰ ਦਾ ਫਲ.

ਛਾਰ ਕੀ ਪੁਤਰੀ, ਛਾਰ ਕੀ ਪੁਤਲੀ: ਖ਼ਾਕ ਦੀ ਪੁਤਲੀ. ਮਿੱਟੀ ਦੀ ਗੁੱਡੀ. ਭਾਵ- ਦੇਹ. "ਛਾਰ ਕੀ ਪੁਤਰੀ ਪਰਮਗਤਿ ਪਾਈ." (ਬਾਵਨ)

ਛਾਰਤਾ: ਸੰਗਯਾ- ਕ੍ਸ਼ਾਰਤਾ. ਖਾਰਾਪਨ. "ਲਵਨ ਛਾਰਤਾ ਸਾਗਰ ਮਾਹੀ." (ਸਲੋਹ)

ਛਾਰਾ: ਦੇਖੋ, ਛਾਰ ੬. "ਹਉ ਚਰਨਕਮਲ ਪਗ ਛਾਰਾ." (ਸੂਹੀ ਛੰਤ ਮਃ ੫) ੨. ਸੰ. ਸ਼ਾਰਾ. ਇੱਕ ਕਾਉਂ ਦੀ ਜਾਤਿ. "ਇੱਲ ਮਲਾਲੀ ਗਿੱਦੜ ਛਾਰਾ." (ਭਾਗੁ) ਚੀਲ੍ਹ, ਸ਼ਜਾਮਾ ਚਿੜੀ, ਗਿੱਦੜ ਅਤੇ ਕਾਉਂ. ਵਹਿਮੀ ਲੋਕ ਇਨ੍ਹਾਂ ਦੀ ਬੋਲੀ ਅਥਵਾ ਦਰਸ਼ਨ ਤੋਂ ਸ਼ੁਭ ਅਸ਼ੁਭ ਫਲ ਮੰਨਦੇ ਹਨ.

ਛਾਰੁ: ਦਖੋ, ਛਾਰ ੫- ੬.

ਛਾਲ: ਸੰ. ਛਿਲਕਾ. ਛਿੱਲ. ਬਲਕਲ। ੨. ਸੰ. त्फाल ਉਤ੍ਫਾਲ. ਸੰਗਯਾ- ਟਪੂਸੀ. ਕੁਦਾੜੀ. "ਸਭਨਾ ਛਾਲਾ ਮਾਰੀਆ." (ਵਾਰ ਆਸਾ)

ਛਾਲਨ: ਸੰ. ਕ੍ਸ਼ਾਲਨ. ਸੰਗਯਾ- ਧੋਣਾ। ੨. ਪਾਣੀ ਵਿੱਚ ਮੈਲੇ ਵਸਤ੍ਰ ਨੂੰ ਝਕਝੋਲਣਾ.

ਛਾਲਨੀ: ਦੇਖੋ, ਚਾਲਨੀ ਅਤੇ ਛਲਨੀ.

ਛਾਲਾ: ਸੰਗਯਾ- ਛਿਲਕਾ. ਬਲਕਲ. ਬਿਰਛ ਆਦਿ ਦੀ ਛਿੱਲ। ੨. ਫਫੋਲਾ. ਆਬਲਾ।੩ ਖੱਲ. ਤੁਚਾ. "ਮ੍ਰਿਗਛਾਲਾ ਪਰ ਬੈਠੇ ਕਬੀਰ." (ਭੈਰ ਕਬੀਰ)

ਛਾਲੀ: ਸੰਗਯਾ- ਕਤਰੀ ਹੋਈ ਸੁਪਾਰੀ. ਕੱਟਿਆ ਹੋਇਆ ਪੂੰਗੀਫਲ.

ਛਾਵ, ਛਾਂਵ: ਸੰਗਯਾ- ਛਾਇਆ. ਸਾਯਹ. ਛਾਂਉ. "ਧੂਪ ਛਾਵ ਦੇ ਸਮਕਰਿ ਸਹੈ." (ਵਾਰ ਰਾਮ ੧. ਮਃ ੧) ਦੇਖੋ ਧੂਪ ਛਾਵ.

ਛਾਵਨੀ: ਸੰਗਯਾ- ਛੱਪਰਾਂ ਦੀ ਕ਼ਤ਼ਾਰ. ਛੰਨਾਂ ਦੀ ਸ਼੍ਰੇਣੀ। ੨. ਫ਼ੌਜ ਦੇ ਰਹਿਣ ਦੀ ਥਾਂ. ਪੁਰਾਣੇ ਸਮੇਂ ਫ਼ੌਜ ਲਈ ਛੱਪਰ ਛਾਏ ਜਾਂਦੇ ਸਨ, ਇਸਕਾਰਣ ਇਹ ਸੰਗਯਾ ਹੋਈ। ੩. ਛਾਉਣ ਦਾ ਭਾਵ. ਵ੍ਯਾਪਕਤਾ. "ਘਟਿ ਘਟਿ ਲਾਲਨ ਛਾਵਨੀ ਨੀਕੀ." (ਮਲਾ ਮਃ ੫. ਪੜਤਾਲ)

ਛਾਵਰ: ਸੰਗਯਾ- ਨਿਛਾਵਰ. ਵਾਰਨਾ. ਸਿਰਕੁਰਬਾਨੀ. "ਕੀਨੇ ਹਜਾਰ ਛਾਵਰ." (ਰਾਮਾਵ)

ਛਾਵਾਣ: ਫ਼ਾ. سایوان ਸਾਯਵਾਨ. ਸੰਗਯਾ- ਚੰਦੋਆ. "ਸਹਜ ਛਾਵਾਣ." (ਸੈਵੇਯੇ ਮਃ ੪. ਕੇ) ਗ੍ਯਾਨ ਦਾ ਸਾਯਵਾਨ ਹੈ. "ਮਿਹਰ ਛਾਵਾਣਿਆ." (ਵਾਰ ਮਲਾ ਮਃ ੫) ੨. ਛਾਇਆ- ਵਣ. ਮਾਲ ਬਿਰਛ ਦੀ ਛਾਇਆ. "ਸਤਹੁ ਖੇਤ ਜਮਾਇਆ ਸਤਹੁ ਛਾਵਣ." (ਵਾਰ ਰਾਮ ੩) ਦੇਖੋ, ਕਿਆਰਾ ਸਾਹਿਬ ਅਤੇ ਮਾਲ ਸਾਹਿਬ.

ਛਾਵੋ: ਡਿੰਗ. ਸੰਗਯਾ- ਪੁਤ੍ਰ. ਬੇਟਾ. ਦੇਖੋ, ਸਾਵਕ.

ਛਿ, ਛਿਅ: ਛੇ. ਛੀ. ਸ਼ਟ੍. "ਛਿਅ ਦਰਸਨ ਕੀ ਸੋਝੀ- ਪਾਇ." (ਰਾਮ ਮਃ ੧)

ਛਿਅ ਉਪਦੇਸ, ਛਿਅ ਗੁਰ, ਛਿਅ ਘਰ: "ਛਿਅ ਘਰ ਛਿਅ ਗੁਰ ਛਿਅ ਉਪਦੇਸ." (ਸੋਹਿਲਾ) ਛੀ ਸ਼ਾਸਤ੍ਰ, ਉਨ੍ਹਾਂ ਦੇ ਆਚਾਰਯ ਛੀ ਰਿਖੀ, ਅਤੇ ਉਨ੍ਹਾਂ ਦੇ ਛੀ ਉਪਦੇਸ਼. ਦੇਖੋ, ਖਟਸ਼ਾਸਤ੍ਰ.

ਛਿਅਚਾਰ: ਛੀ ਅਤੇ ਚਾਰ ਦਸ਼. ਭਾਵ- ਦਸ ਸੰਗਯਾ ਸੰਨ੍ਯਾਸੀ. "ਸੰਨਿਆਸੀ ਛਿਅਚਾਰ." (ਸਿਧਗੋਸਟਿ) ਦੇਖੋ, ਦਸ ਨਾਮ.

**ਛਿਅ ਜਤੀ:** ਯਤ ਰੱਖਣ ਵਾਲੇ ਛੀ ਪ੍ਰਸਿੱਧ ਮਹਾਤਮਾ. ਹਨੂਮਾਨ, ਭੀਸ਼ਮਪਿਤਾਮਾ, ਲ੖ਮਣ (ਲਛਮਨ), ਭੈਰਵ, ਗੋਰਖ, ਦੱਤਾਤ੍ਰੇਯ, "ਛਿਅ ਜਤੀ ਮਾਇਆ ਕੇ ਬੰਦਾ." (ਭੈਰ ਕਬੀਰ) ਮੈਂ ਜਤੀ ਹਾਂ, ਇਸ ਅਭਿਮਾਨ ਨੇ ਜਤੀਆਂ ਨੂੰ ਭੀ ਦਾਸ ਬਣਾ ਲਿਆ. ਜਤੀ ਦੀ ਸਿਫ਼ਤ ਹੈ ਵਿਭਚਾਰ ਰਹਿਤ ਹੋਣਾ. ਇਸੇ ਕਾਰਣ ਵਹੁਟੀ ਪੁੱਤਾਂ ਵਾਲੇ ਲਛਮਣ ਦੀ ਜਤੀਆਂ ਵਿੱਚ ਗਿਣਤੀ ਹੈ.

**ਛਿਅ ਦਰਸਨ:** ਦੇਖੋ, ਖਟਸ਼ਾਸਤ੍ਰ ਅਤੇ ਖਟਦਰਸਨ.

**ਛਿਅ ਵਰਤਾਰੇ:** ਸਭ ਕਰਮਾਂ ਵਿੱਚ ਪ੍ਰਵਰਤਣ ਵਾਲੇ ਛੀ ਅੰਗ. ਪੰਜ ਗਜਾਨ ਇੰਦ੍ਰਿਯ (ਇੰਦ੍ਰੀਆਂ) ਅਤੇ ਅੰਤਹਕਰਣ. "ਛਿਅ ਵਰਤਾਰੇ ਵਰਤਹਿ ਪੂਤ." (ਵਾਰ ਰਾਮ ੧. ਮਃ ੧) ਸਾਧੁਜਨ ਛੀ ਅੰਗਾਂ ਨੂੰ ਪਵਿਤ੍ਰਤਾ ਵਿੱਚ ਵਰਤਾਉਂਦੇ ਹਨ। ੨. ਖਟਦਰਸ਼ਨ.

**ਛਿਆਸਠ:** ਸ਼ਟ੍ਸ਼੍ਰਿ. ਸੱਠ ਉੱਪਰ ਛੀ. ਛਿਆਹਟ- ੬੬.

**ਛਿਆਸੀ, ਛਿਆਸੀਹ:** ਸੰਗਜਾ- ਸ਼ਟ੍- ਅਸ਼ੀਤਿ. (ਸ਼ਡਸ਼ੀਤਿ). ਅੱਸੀ ਉੱਪਰ ਛੀ- ੮੬.

**ਛਿਆਸੀ ਜੂਨ:** ਇਸ ਦਾ ਮੂਲ ਹੈ ਛਿਆਸੀ ਹਜਾਰ ਯੋਜਨ. ਹਿੰਦੂਮਤ ਦੇ ਗ੍ਰੰਥਾਂ ਵਿੱਚ ਪ੍ਰਿਥਿਵੀ ਦਾ ਵਿਸ੍ਤਾਰ ਛਿਆਸੀ ਹਜਾਰ ਯੋਜਨ ਲਿਖਿਆ ਹੈ. ਦੇਖੋ, ਵ੍ਰਿਹਸਪਤਿ ਸੰਹਿਤਾ. ਸ਼. ੩੧ ਛਿਆਸੀ ਜੂਨ ਭਟਕਣ ਤੋਂ ਭਾਵ ਹੈ ਕਿ ਸਾਰੀ ਧਰਤੀ ਪੁਰ ਭਟਕਦੇ ਫਿਰਨਾ.

**ਛਿਆਹਟ:** ਦੇਖੋ, ਛਿਆਸਠ.

**ਛਿਆਨਵੇ:** ਸੰ. ਸ਼ੱਣਵਤਿ. ਛੀ ਅਤੇ ਨੱਵੇ- ੯੬.

**ਛਿਆਲੀ:** ਸ਼ਟ੍ ਚਤ੍ਵਾਰਿੰਸ਼ਤ. ਚਾਲੀ ਉੱਪਰ ਛੀ- ੪੬.

**ਛਿਹੱਤਰ:** ਸ਼ਟ੍ ਸਪ੍ਤਤਿ. ਸੱਤਰ ਅਤੇ ਛੀ- ੭੬.

**ਛਿਹਰਟਾ:** ਇੱਕ ਵਡਾ ਖੂਹ, ਜਿਸ ਉੱਤੇ ਛੀ ਹਰਟ (ਅਰਘੱਟ) ਚਲ ਸਕਦੇ ਹਨ. ਇਹ ਅਮ੍ਰਿਤਸਰ ਤੋਂ ਚਾਰ ਕੋਹ ਪੱਛਮ ਵੱਲ ਵਡਾਲੀ ਪਿੰਡ ਪਾਸ ਹੈ. ਇਹ ਸੰਮਤ ੧੬੫੪ ਵਿੱਚ ਸ਼੍ਰੀ ਗੁਰੂ ਅਰਜਨਦੇਵ ਜੀ ਨੇ ਬਣਵਾਇਆ ਸੀ. ਦੇਖੋ, ਵਡਾਲੀ ਗੁਰੂ ਕੀ.

**ਛਿਕ:** ਵਿ- ਪੱਕਾ. ਦ੍ਰਿੜ੍ਹ. ਮਜਬੂਤ। ੨. ਸੰਗਜਾ- ਖਿੱਚ. ਕਸ਼ਿਸ਼. ਕਸਣ ਦਾ ਭਾਵ. "ਪੰਜੇ ਦੂਤ ਕੀਤੇ ਵਸਿ ਛਿਕੇ." (ਵਾਰ ਗਉ ੧. ਮਃ ੪) ੩. ਦੇਖੋ, ਛਿੱਕ.

**ਛਿਕਨੀ:** ਸੰਗਜਾ- ਛਿੱਕ (ਨਿੱਛ) ਲਿਆਉਣ ਵਾਲੀ ਵਸਤੁ. ਨਸਵਾਰ। ੨. ਇੱਕ ਖ਼ਾਸ ਬੇਲ, ਜਿਸ ਦਾ ਰਸ ਵਿੱਚ ਲਾਉਣ ਤੋਂ ਛਿੱਕਾਂ (ਨਿੱਛਾਂ) ਆਉਂਦੀਆਂ ਹਨ.

**ਛਿਕਿ:** ਘੁੱਟਕੇ. ਕਸਕੇ. "ਮੈ ਪਲੈ ਬਧਾ ਛਿਕਿ ਜੀਉ." (ਸ੍ਰੀ ਮਃ ੫. ਪੈਪਾਇ)

**ਛਿਕੁਲੀ:** ਸੰਗਜਾ- ਛੇਕਦਾਰ ਗੁਥਲੀ, ਜੋ ਪਸ਼ੂ ਦੇ ਮੂੰਹ ਪੁਰ ਇਸ ਵਾਸਤੇ ਬੰਨ੍ਹੀ ਜਾਂਦੀ ਹੈ ਕਿ ਖੇਤੀ ਦਾਣਾ ਆਦਿ ਨਾ ਖਾ ਸਕੇ ਅਤੇ ਨਾ ਚੱਕ ਵੱਢ ਸਕੇ.

**ਛਿੱਕ:** ਸੰ. ਕ੍ਸ਼ਵਥੁ ਖ਼ਵਥੁ. عطس ਅ਼ਤ਼ਸ. Sneezing ਸਾਧਾਰਨ ਛਿੱਕਾਂ ਮਿਰਚ ਆਦਿਕ ਦੀ ਧਾਂਸ ਨੱਕ ਵਿੱਚ ਚੜ੍ਹਨ ਤੋਂ, ਸੂਰਜ ਵੱਲ ਤੱਕਣ ਤੋਂ, ਨੱਕ ਵਿੱਚ ਬੱਤੀ ਆਦਿਕ ਪਾਉਣ ਤੋਂ, ਨੱਕ ਦੀ ਕਿਨਟੀਆਂ ਵਿੱਚ ਖਾਜ ਹੋਣ ਤੋਂ ਆਇਆ ਕਰਦੀਆਂ ਹਨ, ਜੋ ਹਾਨੀਕਾਰਕ ਨਹੀ. ਜੋ ਛਿੱਕਾਂ ਦਿਮਾਗ ਦੀ ਕਮਜੋਰੀ, ਪੁਰਾਣੀ ਰੇਜ਼ਿਸ਼ (ਪੀਨਸ) ਅਤੇ ਵਾਤ ਕਫ ਦੇ ਵਿਗਾੜ ਤੋਂ ਹੁੰਦੀਆਂ ਹਨ, ਉਹ ਰੋਗਰੂਪ ਮਹਾ ਦੁਖਦਾਈ ਹਨ. ਜਿਸ ਤਰਾਂ ਫੇਫੜਿਆਂ ਵਾਸਤੇ ਖਾਂਸੀ ਦੁਖਦਾਈ ਹੈ ਇਸੇ ਤਰਾਂ ਦਿਮਾਗ ਨੂੰ ਛਿੱਕਾਂ ਨੁਕਸਾਨ ਦੇਣ ਵਾਲੀਆਂ ਹਨ, ਪਰ ਉਹ ਛਿੱਕਾਂ ਦਿਮਾਗ ਲਈ ਹਾਨੀਕਾਰਕ ਨਹੀਂ ਜੋ ਨਜਲੇ ਦੇ ਖਾਰਿਜ ਕਰਨ ਵਾਸਤੇ

ਦਵਾਈਆਂ ਨਾਲ ਦਿੱਤੀਆਂ ਜਾਂਦੀਆਂ ਹਨ.

ਛਿੱਕਾਂ ਦਾ ਸਾਧਾਰਨ ਇਲਾਜ ਇਹ ਹੈ ਕਿ- ਸਰ੍ਹੋਂ ਦੇ ਤੇਲ, ਬਦਾਮਰੌਗਨ, ਜੈਤੂਨ ਦੇ ਤੇਲ ਅਤੇ ਕੱਦੂ ਦੇ ਤੇਲ ਦੀ ਨਸਵਾਰ ਲੈਣੀ. ਮੱਥੇ ਨੂੰ ਕੋਸੇ ਪਾਣੀ ਦੇ ਛਿੱਟੇ ਮਾਰਨੇ ਅਤੇ ਸਿਰ ਤੇ ਕੱਦੂ ਦਾ ਤੇਲ ਮਲਣਾ. ਦਿਮਾਗ ਨੂੰ ਤਾਕਤ ਦੇਣ ਵਾਲੀ ਨਰਮ ਗਿਜਾ ਖਾਣੀ. ਸਿਰ ਮੱਥੇ ਨੂੰ ਠੰਢੀ ਹਵਾ ਤੋਂ ਬਚਾਉਣਾ. ਬੀਹਦਾਨਾ ਤਿੰਨ ਮਾਸ਼ੇ, ਉਨਾਬ ਪੰਜ ਦਾਣੇ, ਸਪਿਸਤਾਂ ਨੌ ਦਾਣੇ, ਪਾਣੀ ਵਿੱਚ ਉਬਾਲਕੇ ਛਾਣਕੇ ਦੋ ਤੋਲੇ ਸ਼ਰਬਤ ਬਨਫਸ਼ਾ ਅਤੇ ਇੱਕ ਤੋਲਾ ਕੱਦੂ ਦੇ ਬੀਜਾਂ ਦਾ ਸ਼ਰਬਤ ਮਿਲਾਕੇ ਪੀਣਾ.

ਹਿੰਦੂਮਤ ਦੇ ਗ੍ਰੰਥਾਂ ਵਿੱਚ ਛਿੱਕ ਦੇ ਸ਼ੁਭ ਅਸ਼ੁਭ ਅਨੇਕ ਫਲ ਲਿਖੇ ਹਨ, ਯਥਾ ਅਗਨਿ ਕੋਣ ਵਿੱਚ ਛਿੱਕ ਹੋਣ ਤੋਂ ਸ਼ੋਕ, ਦੱਖਣ ਵਿੱਚ ਨੁਕਸਾਨ, ਪੱਛਮ ਵੱਲ ਛਿੱਕ ਹੋਣ ਤੋਂ ਮਿੱਠੇ ਅੰਨ ਦਾ ਲਾਭ, ਵਾਯਵੀ ਕੋਣ ਵਿੱਚ ਅੰਨ ਦੀ ਪ੍ਰਾਪਤੀ, ਉੱਤਰ ਵਿੱਚ ਕਲਹ, ਈਸ਼ਾਨ ਕੋਣ ਵਿੱਚ ਛਿੱਕ ਹੋਣ ਤੋਂ ਮਰਨ ਹੁੰਦਾ ਹੈ, ਇਤਯਾਦਿ. ਦੇਖੋ, ਗਰੁੜ ਜ੍ਯੋਤਿਸ਼ਚਕ੍ਰ.

ਗੁਰਮਤ ਵਿੱਚ ਛਿੱਕ ਦਾ ਸ਼ੁਭ ਅਸ਼ੁਭ ਫਲ ਨਹੀਂ ਮੰਨਿਆ. "ਭਾਖ ਸੁਭਾਖ ਵਿਚਾਰ, ਨਾ ਛਿੱਕ ਮਨਾਇਆ." (ਭਾਗੁ) ਦੇਖੋ, ਅਵਾਸੀ.

ਛਿੱਕਾ: ਦੇਖੋ, ਸਿੱਕਾ। ੨. ਦੇਖੋ, ਛਿੱਕ। ੩. ਦੇਖੋ, ਛੀਕਾ.

ਛਿੱਕੁਲ: ਇੱਕ ਸਜਾਹਚਸ਼ਮ ਸ਼ਿਕਾਰੀ ਪੰਛੀ, ਜੋ ਸਰਦੀਆਂ ਵਿੱਚ ਪੰਜਾਬ ਆਉਂਦਾ ਹੈ ਗਰਮੀ ਪੇਸ਼ਾਵਰ ਵੱਲ ਸਰਹੱਦੀ ਪਹਾੜਾਂ ਵਿੱਚ ਕਟਦਾ ਹੈ. ਇਹ ਬਾਸ਼ੇ ਦੀ ਸੂਰਤ ਦਾ ਹੁੰਦਾ ਹੈ. ਰੰਗ ਖਾਕੀ ਅਤੇ ਸਿਰ ਚਿੱਟਾ ਹੁੰਦਾ ਹੈ. ਛਿੱਕੁਲ ਆਕਾਸ ਵਿੱਚ ਉਡਦਾ ਹੋਇਆ ਇੱਕੇ ਥਾਂ ਠਹਿਰਾਉਣ ਲੱਗ ਜਾਂਦਾ ਹੈ ਅਰ ਕਦੇ ਕਦੇ ਅਚਲ ਭਾਸਦਾ ਹੈ. ਜਦ ਕਿਰਲੀ ਆਦਿ ਜੀਵਾਂ ਨੂੰ ਦੇਖਦਾ ਹੈ ਤਾਂ ਵਡੀ ਤੇਜੀ ਨਾਲ ਉਨ੍ਹਾਂ ਤੇ ਡਿਗਦਾ ਹੈ. ਇਹ ਚੂਹਮਾਰ ਤੋਂ ਜੁਦਾ ਪੰਛੀ ਹੈ. ਕੋਈ ਸ਼ਿਕਾਰੀ ਛਿੱਕੁਲ ਨੂੰ ਸ਼ਿਕਾਰ ਲਈ ਨਹੀਂ ਪਾਲਦਾ.

ਛਿੰਗ, ਛਿੰਙ: ਸੰਗਯਾ- ਧਾਤੁ ਦੀ ਪਤਲੀ ਸੂਈ ਅਥਵਾ ਨੋਕਦਾਰ ਪਤਲਾ ਡੱਕਾ, ਜਿਸ ਨਾਲ ਦੰਦਾਂ ਵਿੱਚੋਂ ਫਸਿਆ ਅੰਨ ਆਦਿ ਕੱਢੀਦਾ ਹੈ. ਖ਼ਿਲਾਲ. Tooth- pick. "ਆਪੇ ਜਲ ਆਪੇ ਦੇ ਛਿੰਗਾ." (ਵਾਰ ਬਿਹਾ ਮਃ ੪)

ਛਿਛਰਾ: ਪਲਾਸ (ਢੱਕ) ਦਾ ਬੂਟਾ। ੨. ਪਲਾਸ ਦਾ ਪੱਤਾ.

ਛਿੰਛਲਾ: ਵਿ- ਛਿੱਟਿਆਂ ਨਾਲ ਲਿਬੜਿਆ। ੨. ਸੰਗਯਾ- ਦੁਰਗਾ, ਕਾਲੀ, ਜੋ ਲਹੂ ਦੇ ਛਿੱਟਿਆਂ ਨਾਲ ਲਿਬੜੀ ਹੋਈ ਹੈ.

ਛਿਛਲੀ: ਸੰਗਯਾ- ਪਤਲੀ ਠੀਕਰੀ, ਜਿਸ ਨੂੰ ਬਾਲਕ ਪਾਣੀ ਉੱਪਰ ਚਲਾਉਂਦੇ ਹਨ. ਕਾਤਰ. "ਚਲਾਵਤ ਹੈਂ ਛਿਛਲੀ ਲਰਕਾ." (ਚੰਡੀ ੧)

ਛਿੱਛ: ਸੰਗਯਾ- ਛਿੱਟਾ. ਛੀਂਟਾ. ਦੇਖੋ, ਇੱਛੰ. "ਅਤਿ ਉੱਛਲ ਛਿੱਛ ਤ੍ਰਿਕੂਟ ਛਯੋ." (ਰਾਮਚੰਦ੍ਰਿਕਾ)

ਛਿੱਛਰਾ: ਦੇਖ, ਛਿਛਰਾ.

ਛਿਜ: ਦੇਖੋ, ਛਿਜਨਾ.

ਛਿੰਜ: ਦੇਖੋ, ਛਿੰਝ.

ਛਿਜਣਾ, ਛਿਜਣੁ, ਛਿਜਨਾ: ਕ੍ਰਿ- ਸਿੰਧੀ ਵਿੱਚ ਛਿਜਣੁ ਦਾ ਅਰਥ ਹੈ ਟੁੱਟਣਾ. ਸੰਸਕ੍ਰਿਤ 'ਕ੍ਸ਼ਯਣ' ਨਾਸ਼ ਹੋਣਾ. "ਨਾਨਕ ਖੇਤੁ ਨ ਛਿਜਈ." (ਵਾਰ ਗੂਜ ੨. ਮਃ ੫) "ਇਕੁ ਛਿਜਹਿ ਬਿਆ ਲਤਾੜੀਅਹਿ." (ਸ. ਫਰੀਦ) "ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ." (ਸ੍ਰੀ ਮਃ ੫) "ਤਿਨ ਕਾ ਕੰਧੁ ਨ ਕਬਹੂ ਛਿਜੈ." (ਵਾਰ ਗਉ ੧. ਮਃ ੪) ੨. ਵਿ- ਛਿਜਣ ਵਾਲਾ. ਖੁਲ੍ਹਜਾਣ ਵਾਲਾ. "ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ." (ਸ. ਫਰੀਦ)

ਛਿਜੜਾ: ਵਿ- ਕ੍ਸ਼ਯ (ਨਾਸ਼) ਹੋਣ ਵਾਲਾ। ੨. ਖੁਲ੍ਹ- ਜਾਣ ਵਾਲਾ.

**ਛਿਜੰਤ, ਛਿਜੰਤਿ:** ਕ੍ਸ਼ਯੰਤੀ. ਕ੍ਸ਼ਯ ਹੋਵੰਤੀ. ਕ੍ਸ਼ੀਣ ਹੋਵੰਤ. "ਛਿਜੰਤ ਮਹਾਂ ਸੁੰਦਰੀ ਕਾਇਆ." (ਸਹਸ ਮਃ ੫) ੨. ਕ੍ਸ਼ਯੰ ਕੁਰਵੰਤਿ. ਕ੍ਸ਼ਯ ਕਰੰਤੀ. "ਨਹ ਛਿਜੰਤਿ ਤਰੰਗ ਤੋਯਣਹ." (ਸਹਸ ਮਃ ੫) ਸਮੁੰਦਰਜਲ ਦੇ ਤਰੰਗ ਸੰਸਾਰ ਨੂੰ ਨਾਸ਼ ਨਹੀਂ ਕਰਦੇ.

**ਛਿਜੰਦੜੀ, ਛਿਜੰਦਾ, ਛਿਜੰਦੀ:** ਵਿ- ਕ੍ਸ਼ਯ (ਨਾਸ਼) ਹੋਣ ਵਾਲੀ। ੨. ਘਟਣ ਵਾਲੀ. "ਦੇਹ ਛਿਜੰਦੜੀ ਊਣਮਝੂਣਾ, ਗੁਰੁ ਸਜਣ ਜੀਉ ਧਰਾਇਆ." (ਵਾਰ ਰਾਮ ੨. ਮਃ ੫) ੩. ਟੁੱਟਣ ਵਾਲਾ, ਵਾਲੀ.

**ਛਿੰਝ:** ਸੰਗਜ੍ਞਾ- ਮੱਲਅਖਾੜਾ. "ਹਉ ਬਾਹੁੜਿ ਛਿੰਝ ਨ ਨਚਉ." (ਸ੍ਰੀ ਮਃ ੫. ਪੈਪਾਇ) ੨. ਮੱਲਯੁੱਧ. ਘੋਲ. ਕੁਸ਼ਤੀ। ੩. ਮੱਲਯੁੱਧ ਵੇਖਣ ਲਈ ਜੁੜੇ ਹੋਏ ਲੋਕਾਂ ਦਾ ਸਮੁਦਾਯ. "ਸਭ ਹੋਈ ਛਿੰਝ ਇਕਠੀਆ." (ਸ੍ਰੀ ਮਃ ੫. ਪੈਪਾਇ)

**ਛਿਟ:** ਦੇਖੋ, ਛਿੱਟ.

**ਛਿਟਕਨ:** ਕ੍ਰਿ- ਛਿੜਕਣਾ. ਕੇਸਰ ਗੁਲਾਬ ਆਦਿ ਦੀ ਵਰਖਾ ਕਰਨੀ. ਤ੍ਰੌਂਕਣਾ. "ਵਸਤ੍ਰ ਮਨੋ ਛਿਟਕਾਇ ਜਨੇਤੀ ਸੇ ਚਢੇ." (ਸੂਰਜਾਵ) ੨. ਛੁਟਣਾ. ਨਿਰਬੰਧ ਹੋਣਾ.

**ਛਿਟਕਾਈ:** ਕ੍ਰਿ. ਵਿ- ਛੁਟਕਾਰਾ ਪਾਕੇ. "ਚਲਿਓ ਗੋਨਿ ਛਿਟਕਾਈ." (ਗਉ ਕਬੀਰ)

**ਛਿਟਕਾਏ:** ਕ੍ਰਿ. ਵਿ- ਖੋਲ੍ਹਕੇ. ਵਿਖੇਰਕੇ. "ਲਟ ਛਿਟਕਾਏ ਤਿਰੀਆ ਰੋਵੈ." (ਆਸਾ ਕਬੀਰ)

**ਛਿਟਕਾਰ:** ਸੰਗਜ੍ਞਾ- ਛਿੱਟਿਆਂ ਦੀ ਬੁਛਾੜ। ੨. ਛਿੜਕਾਉ. ਛਿੜਕਨ ਦੀ ਕ੍ਰਿਯਾ. "ਨਾਮ ਤੇਰਾ ਕੇਸਰੋ ਲੇ ਛਿਟਕਾਰੇ." (ਧਨਾ ਰਵਿਦਾਸ) ੩. ਛੁਟਕਾਰਾ. ਰਿਹਾਈ.

**ਛਿਟਕੀ:** ਛੁਟ ਗਈ. ਨਿਰਬੰਧ ਹੋਈ। ੨. ਛਿੜਕੀ. ਤ੍ਰੌਂਕੀ.

**ਛਿਟਰ, ਛਿਟੜ, ਛਿਟਿੜ:** ਛਿ- ਛਿੱਟਿਆਂ ਵਾਲਾ. ਜਿਸ ਦੇ ਛਿੱਟੇ ਲੱਗੇ ਹਨ. ਭਾਵ- "ਵੇਖੇ! ਛਿਟੜਿ ਥੀਵਦੋ." (ਵਾਰ ਮਾਰੂ ੨. ਮਃ ੫)

**ਛਿਟੀ:** ਸੰਗਜ੍ਞਾ- ਛਟੀ. ਸ਼ਾਖਾ. ਟਾਹਨੀ। ੨. ਹੱਡੀ. ਪਸਲੀ. "ਰਸਾਤਲ ਪਰਿਓ ਛਿਟੀ ਛਿਟੀ ਸਿਰਭਾਰੈ." (ਸਾਰ ਮਃ ੫) ੩. ਸੋਟੀ. ਛੜੀ.

**ਛਿੱਟ, ਛਿੱਟਾ:** ਸੰਗਜ੍ਞਾ- ਤੁਬਕਾ. ਬੂੰਦ. ਕ਼ਤ਼ਰਾ। ੨. ਚਿੱਕੜ ਦਾ ਕਣਕਾ। ੩. ਚਿੰਗਾਰੀ. ਚਿਨਗ. "ਲੋਹ ਕੀ ਛਿੱਟ ਛੁੱਟੇ." (ਰਾਮਾਵ) ੪. ਵਿ- ਦਾਗੀ ਕਰਨ ਵਾਲਾ. ਕਲੰਕਿਤ ਕਰ ਦੇਣ ਵਾਲਾ.

**ਛਿਣ:** ਦੇਖੋ, ਕ੍ਸ਼ਣ ਅਤੇ ਖਿਨ.

**ਛਿਣਭੰਗਰ:** ਦੇਖੋ, ਖਿਨਭੰਗੁਰ.

**ਛਿਤ:** ਦੇਖੋ, ਛਿਤਿ.

**ਛਿਤਪਤਾਢਿ, ਛਿਤਪਤਾਢਜ:** ਸੰਗਜ੍ਞਾ- ਕ੍ਸ਼ਿਤਿਪਤਿ (ਰਾਜੇ) ਸਹਿਤ ਸੈਨਾ. ਉਹ ਫੌਜ ਜਿਸ ਦਾ ਪ੍ਰੇਰਕ ਰਾਜਾ ਹੈ. (ਸਨਾਮਾ)

**ਛਿਤਪਤਿ:** ਦੇਖੋ, ਛਿਤਿਪਤਿ.

**ਛਿਤਰ:** ਦੇਖੋ, ਛਿੱਤਰ.

**ਛਿਤਰਾਉਣਾ:** ਕ੍ਰਿ- ਛਿੱਤਰਾਂ ਨਾਲ ਮਾਰਨਾ. ਜੁਤਿਆਉਂਣਾ.

**ਛਿਤਾਰ, ਛਿਤਾਲ:** ਸੰਗਜ੍ਞਾ- ਕ੍ਸ਼ਿਤਿਪਾਲ. ਪ੍ਰਿਥਿਵੀਪਾਲਕ ਰਾਜਾ। ੨. ਖਟਤਾਲ. ਛੀ ਤਾਲ.

ਛਿਤਾਲਾ: ਵਿ- ਛੀ ਤਾਲ ਦੇ ਜਾਣਨਵਾਲਾ। ੨. ਕ੍ਸ਼ਿਤਿ (ਪ੍ਰਿਥਿਵੀ) ਵਾਲਾ. ਜ਼ਮੀਂਦਾਰ। ੩. ਚਾਲਾਕ. ਹੋਸ਼ਿਯਾਰ. "ਤੇਜਵਾਨ ਬਲਵਾਨ ਛਿਤਾਲਾ." (ਚਰਿਤ੍ਰ ੩੦੨) ੪. ਸੰਗ੍ਯਾ- ਛੀ ਤਾਲ ਦਾ ਗੀਤ.

ਛਿਤਿ: ਸੰ. ਕ੍ਸ਼ਿਤਿ. ਸੰਗ੍ਯਾ- ਪ੍ਰਿਥਿਵੀ. ਭੂਮਿ। ੨. ਇੱਕ ਸੰਖ੍ਯਾ ਬੋਧਕ. ਇੱਕ ਦੀ ਗਿਣਤੀ.

ਛਿਤਿਨਾਥ, ਛਿਤਿਪਤਿ, ਛਿਤਿਪਾਲ, ਛਿਤੀਸ, ਛਿਤੇਸ: ਸੰਗ੍ਯਾ- ਕ੍ਸ਼ਿਤਿ (ਭੂਮਿ) ਪਾਲ. ਰਾਜਾ. ਪ੍ਰਿਥੀਪਾਲ. ਪ੍ਰਿਥਿਵੀ ਦਾ ਈਸ਼੍ਵਰ. "ਛੈਲਰੂਪ ਛਿਤਿਨਾਥ." (ਗ੍ਯਾਨ) "ਸੁਨ ਛਿਤੇਸ! ਕਸ ਚਿੰਤਾ ਠਾਨੀ." (ਨਾਪ੍ਰ) ੨. ਕ੍ਸ਼ਤ੍ਰਿਯ. "ਰਾਮ ਛਿਤਿਪਾਲ ਪਰ." (ਗੁਪ੍ਰਸੂ) ਪਰਸ਼ੁਰਾਮ ਛਤ੍ਰੀਆਂ ਤੇ ਪ੍ਰਬਲ.

ਛਿਤੰਕੀਸ: ਕ੍ਸ਼ਿਤਿ- ਇਕੀਸ. "ਕਰੀ ਛਤ੍ਰਹੀਣੰ ਛਿਤੰਕੀਸ ਬਾਰੰ." (ਪਾਰਸਾਵ) ਪਰਸ਼ੁਰਾਮ ਨੇ ਇੱਕੀ ਵਾਰ ਪ੍ਰਿਥਿਵੀ ਛਤ੍ਰੀਆਂ ਬਿਨਾ ਕੀਤੀ.

ਛਿੱਤਰ: ਸੰਗ੍ਯਾ- ਕ੍ਸ਼ਿਤਿ- ਤ੍ਰ. ਜ਼ਮੀਨ ਉੱਤੇ ਪਏ ਕੰਕਰ ਕੰਡੇ ਆਦਿ ਤੋਂ ਪੈਰਾਂ ਨੂੰ ਬਚਾਉਣ ਵਾਲਾ ਜੋੜਾ. ਜੁੱਤੀ। ੨. ਅੱਡੀ ਬਿਨਾ ਜੁੱਤਾ.

ਛਿਥਾ, ਛਿੱਥਾ: ਵਿ- ਲੱਜਿਤ. ਸ਼ਰਮਿੰਦਾ। ੨. ਪਤਿਤ. ਕ੍ਸ਼ੀਣ ਸਥਾਨ ਹੋਇਆ ਹੈ ਜਿਸ ਦਾ ਠਿਕਾਣੇ ਤੋਂ ਡਿਗਿਆ। ੩. ਸ਼ਰਮਿੰਦਗੀ ਨਾਲ ਗੁੱਸੇ ਹੋਇਆ.

ਛਿਦ: ਸੰ. छिद् ਧਾ- ਟੁਕੜੇ ਕਰਨਾ, ਖੰਡ ਖੰਡਕਰਨਾ, ਜ਼ੋਰ ਨਾਲ ਫੜਨਾ, ਹਿੰਸਾ ਕਰਨਾ.

ਛਿੰਦ ਭਿੰਦ: ਸੰ. छिन्धि भिन्धि ਕੱਟੋ ਵੱਢੋ. "ਛਿੰਦ ਭਿੰਦ ਬਹੁ ਘਾਤ ਪ੍ਰਹਾਰਹਿ." (ਨਾਪ੍ਰ) ਛਿੰਧਿ ਭਿੰਧਿ ਆਖਕੇ ਸ਼ਸਤ੍ਰਾਂ ਦੇ ਵਾਰ ਕਰਦੇ ਹਨ.

ਛਿਦਰ: ਦੇਖੋ, ਛਿਦ੍ਰ.

ਛਿਦਿਰ: ਸੰ. ਤਲਵਾਰ। ੨. ਕੁਹਾੜਾ। ੩. ਅਗਨਿ.

ਛਿਦੁਰ: ਸੰ. ਵਿ- ਛੇਦਨ ਕਰਤਾ. ਕੱਟਣ ਵਾਲਾ। ੨. ਸੰਗ੍ਯਾ- ਵੈਰੀ. ਦੁਸ਼ਮਨ.

ਛਿੱਦਾ: ਵਿ- ਛਿਦ੍ਰਾਂ ਵਾਲਾ. ਵਿਰਲਾ. ਜੋ ਸੰਘਣਾ ਨਹੀਂ.

ਛਿਦ੍ਰ: ਸੰ. छिद्र् ਧਾ- ਸੁਰਾਖ਼ (ਛੇਕ) ਕਰਨਾ, ਕੰਨਾਂ ਵਿੱਚ ਛੇਦ ਕਰਨਾ। ਸੰਗ੍ਯਾ- ਸੁਰਾਖ਼. ਛੇਦ। ੩. ਖੱਡ. ਬਿਲ। ੪. ਮੁਖ ਨਾਸਾ ਆਦਿ ਸ਼ਰੀਰ ਦੇ ਨੌ ਦ੍ਵਾਰ "ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ." (ਮਾਰੂ ਮਃ ੪) ੫. ਦੋਸ਼. ਐਬ. "ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ." (ਸੁਖਮਨੀ) "ਜਉ ਦੇਖੈ ਛਿਦ੍ਰ ਤਉ ਨਿੰਦਕ ਉਮਾਹੈ." (ਬਿਲਾ ਮ: ੫) "ਛਲੰ ਛਿਦ੍ਰੰ ਕੋਟਿ ਬਿਘਨੰ." (ਸਹਸ ਮਃ ੫) ੬. ਘਾਵ. ਜ਼ਖ਼ਮ. ਭਾਵ- ਨਾਸੂਰ ਆਦਿਕ. "ਕਾਇਆ ਰੋਗ ਨ ਛਿਦਰ ਕਿਛੁ." (ਸ੍ਰੀ ਅਃ ਮਃ ੫) ੭. ਸ਼ਰੀਰ ਦੇ ਲੋਮਕੂਪ. ਮਸਾਮ. Pore.

ਛਿਦ੍ਰਦਰਸੀ: ਸੰ छिद्रदर्शिन् ਵਿ- ਪਰਾਇਆ ਦੋਸ਼ ਦੇਖਣ ਵਾਲਾ. ਐਬਜੋ.

ਛਿੰਧਿਭਿੰਧਿ: ਦੇਖੋ, ਛਿੰਦ ਭਿੰਦ.

ਛਿਨ: ਸੰ. ਕ੍ਸ਼ਣ. ਸੰਗ੍ਯਾ- ਖਿਨ. ਥੋੜਾ ਸਮਾਂ. "ਛਿਨ ਮਹਿ ਰਾਉ ਰੰਕ ਕਉ ਕਰਈ." (ਬਿਹਾ ਮਃ ੯) ੨. ਦੇਖੋ, ਛਿਨੁ.

ਛਿੰਨ: ਸੰ. छिन्न ਵਿ- ਖੰਡਿਤ. ਕੱਟਿਆ ਹੋਇਆ. ਦੇਖੋ, ਛਿਨੁ.

ਛਿਨਕ: ਦੇਖੋ, ਛਿਨਿਕ.

ਛਿਨਣੁ: ਸਿੰਧੀ. ਕ੍ਰਿ- ਟੁੱਟਣਾ। ੨. ਘਟਣਾ। ੩. ਨਾਸ਼ ਹੋਣਾ.

ਛਿੰਨ ਭਿੰਨ: ਸੰ. ਛਿੲ ਭਿੲ ਵਿ- ਕੱਟਿਆ ਅਤੇ ਅਲਗ (ਵੱਖ) ਕੀਤਾ. ਵੱਢਕੇ ਜੁਦਾ ਕੀਤਾ। ੨. ਨਸ਼੍ਰ ਭ੍ਰਸ਼੍ਰ.

ਛਿਨਵੇ, ਛਿਨਵੈ: ਸ਼ਟ੍- ਨਵਤਿ. ਨੱਵੇ ਉੱਪਰ ਛੀ. ਛਿਆਨਵੇ- ੯੬. "ਛਿਨਵੈ ਕਰੋੜੀ ਮੇਘਮਾਲਾ." (ਮਲਾ ਨਾਮਦੇਵ)

ਛਿਨਾ: ਵਿ- ਕ੍ਸ਼ਣ (ਖਿਨ) ਮਾਤ੍ਰ। ੨. ਕ੍ਸ਼ੀਣ. ਕੰਗਾਲ. "ਸੋ ਪੂਰਕਰੰਮਾ ਨਾ ਛਿਨਾ." (ਮਾਰੂ ਸੋਲਹੇ ਮਃ ੫)

ਛਿੰਨਾ: ਸੰ. ਛਿੲਾ ਸੰਗਯਾ- ਵੇਸ਼ਯਾ. ਕੰਚਨੀ। ੨. ਵਿ- ਪਾਟਿਆ ਹੋਇਆ. ਫਟਿਆ. "ਚੀਰ ਸਭਿ ਛਿੰਨਾ." (ਵਾਰ ਜੈਤ) ੩. ਗਿਲੋ. ਗੜੂਚੀ.

ਛਿਨਾਰ, ਛਿਨਾਲ: ਸੰ. ਛਿੰਨਾ- ਨਾਰਿ. ਦੇਖੋ, ਛਿੰਨਾ. ਵਿਭਚਾਰ ਕਰਨਵਾਲੀ ਇਸਤ੍ਰੀ. "ਬਡੀ ਛਿਨਾਰ ਜਗਤ ਮੇ ਜਨਿਯਤ." (ਚਰਿਤ੍ਰ ੧੪)

ਛਿਨਿਕ: ਕ੍ਸ਼ਣ- ਇਕ.

ਛਿਨੁ: ਦੇਖੋ, ਖਿਨ, ਖਿੰਨ, ਛਿਨ ਅਤੇ ਛਿੰਨ. "ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ." (ਸੋਰ ਕਬੀਰ) "ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ?" (ਆਸਾ ਰਵਿਦਾਸ)

ਛਿੰਨੇ: ਛੀਨੇ. ਖੋਹੇ. ਕ੍ਸ਼ੀਣ ਕੀਤੇ. "ਦਿੰਨੇ ਨਿਕਾਰ ਛਿੰਨੇ ਸੁ ਦੀਪ." (ਬ੍ਰਹਮਾਵ)

ਛਿਨੇਕ: ਕ੍ਸ਼ਣ- ਏਕ.

ਛਿਪਕਲੀ, ਛਿਪਕੀ: ਸੰਗਯਾ- ਗ੍ਰਿਹਗੋਧਾ. ਛੱਤ ਨੂੰ ਚਿਪਕ ਜਾਣ ਵਾਲੀ ਕਿਰਲੀ.

ਛਿਪਣਾ, ਛਿਪਨਾ: ਕ੍ਰਿ- ਲੁਕਣਾ. ਅੰਤਰਧਾਨ ਹੋਣਾ. ਅੱਖਾਂ ਤੋਂ ਓਲ੍ਹੇ ਹੋਣਾ. ਅਸ੍ਤ ਹੋਣਾ.

ਛਿਪਾਉ, ਛਿਪਾਵ: ਸੰਗਯਾ- ਦੁਰਾਉ. ਲੁਕਾਉ.

ਛਿਪ੍ਰ: ਸੰ. ਕ੍ਸ਼ਿਪ੍ਰ. ਕ੍ਰਿ. ਵਿ- ਛੇਤੀ. ਤੁਰੰਤ. ਫ਼ੌਰਨ. ਅਤੇ ਖਿਮਾ.

ਛਿਮਨ: ਸੰਗਯਾ- ਕ੍ਸ਼ਮਾਪਨ. ਕ੍ਸ਼ਮਾ (ਖਿਮਾ) ਕਰਨ ਦਾ ਭਾਵ ਦਾ ਮੁਆਫ਼ ਕਰਨਾ.

ਛਿਮਾ: ਦੇਖੋ, ਕ੍ਸ਼ਮਾ ਅਤੇ ਖਿਮਾ.

ਛਿਮਾਹੀ: ਵਿ- ਛੀ ਮਹੀਨੇ ਵਿੱਚ ਹੋਣ ਵਾਲਾ। ੨. ਛੀ ਮਹੀਨੇ ਪਿੱਛੋਂ। ੩. ਸੰਗਯਾ- ਛੀ ਮਹੀਨੇ ਦਾ ਸਮਾਂ। ੪. ਛੀ ਮਹੀਨੇ ਦੀ ਤਨਖ਼੍ਵਾਹ ਅਥਵਾ ਕੋਈ ਬੰਧਾਨ. "ਦਈ ਛਿਮਾਹੀ ਬਾਂਧ." (ਚਰਿਤ੍ਰ ੨੩)

ਛਿਮੀ: ਸੰ. ਕ੍ਸ਼ਮਿਨ ਵਿ- ਕ੍ਸ਼ਿਮਾ ਵਾਲਾ. ਸ਼ਾਂਤਚਿੱਤ. "ਭਏ ਛਿਮੀ ਰਿਸ ਖੋਇ ਵਿਸੇਖੈ." (ਗੁਪ੍ਰਸੂ)

ਛਿਮਜੇ: ਕ੍ਸ਼ਮਾਪਨ ਕੀਤਾ. ਮੁਆਫ ਕੀਤਾ। ੨. ਸਹਾਰਿਆ. ਬਰਦਾਸ਼ਤ ਕੀਤਾ. "ਸੋਨ ਗਯੋ ਤਿਨ ਪਾਸ ਛਿਮਜੇ." (ਕ੍ਰਿਸਨਾਵ)

ਛਿਯ: ਦੇਖੋ, ਛਿਅ.

ਛਿਰਕਨਾ: ਦੇਖੋ, ਛਿੜਕਨਾ.

ਛਿਰਕਾ: ਦੇਖੋ, ਛਿੜਕਾ. "ਵਾਹਿਗੁਰੂ ਕਹਿ ਛਿਰਕਾ ਦੀਨੋ." (ਨਾਪ੍ਰ) ੨. ਦੇਖੋ, ਛਿਲਕਾ.

ਛਿਰਕਾਵ: ਦੇਖੋ, ਛਿੜਕਾਉ.

ਛਿਰਨਾ: ਦੇਖੋ, ਛਿੜਨਾ. "ਇਤਜਾਦਿਕ ਕਬਿ ਛਿਰੈ ਪ੍ਰਸੰਗ." (ਗੁਪ੍ਰਸੂ)

ਛਿਰਾਨੀ: ਛਿੜੀ. ਆਰੰਭ ਹੋਈ। ੨. ਚੱਲੀ. ਤੁਰੀ. "ਗਾਇ ਛਿਰਾਨੀ." (ਗੁਪ੍ਰਸੂ) ਗਾਈਆਂ ਚਰਨ ਲਈ ਘਰੋਂ ਛਿੜੀਆਂ.

ਛਿਲ, ਛਿਲਕ, ਛਿਲਕਾ: ਸੰਗਜਾ- ਛਾਲਾ. ਤੁਚਾ. ਬਲਕਲ. ਸੰ. ਛੱਲਿ.

ਛਿਲਨਾ: ਕ੍ਰਿ- ਛਿੱਲ ਉਤਾਰਨਾ. ਉਚੇੜਨਾ. ਉਧੇੜਨਾ. ਛੀਲਨਾ.

ਛਿੱਲ: ਦੇਖੋ, ਛਿਲ। ੨. ਸਾਂਡ (ਸਾਂਢ) ਬਕਰੇ ਨੂੰ ਭੀ ਛਿੱਲ ਆਖਦੇ ਹਨ. ਬੋਕ.

ਛਿੱਲੜ: ਦੇਖੋ, ਛਿਲਕਾ। ੨. ਖ਼ਾ. ਰੁਪਯਾ. ਰਜਤਪਣ.

ਛਿਵੈ: ਕ੍ਰਿ. ਵਿ- ਛੀਮੇ. ਛੀਵੀਂ ਅਵਸਥਾ ਵਿੱਚ."ਛਿਵੈ ਕਾਮੁ ਨ ਪੂਛੈ ਜਾਤਿ." (ਵਾਰ ਮਾਝ ਮਃ ੧)

ਛਿੜਕਣਾ, ਛਿੜਕਨਾ: ਕ੍ਰਿ- ਛੀਰ (ਜਲ) ਕਣ (ਤੁਬਕਾ) ਛੀਟ ਕਣ ਕੀਣੰ. ਜਲ ਦੇ ਛਿੱਟੇ ਡੇਗਣੇ. ਤ੍ਰੌਕਣਾ. ਪ੍ਰੋਛਣ.

ਛਿੜਕਾ: ਸੰਗਜਾ- ਛੱਟਾ. ਪਾਣੀ ਦੀ ਫੁਹਾਰ. ਬੁਛਾੜ.

ਛਿੜਕਾਉ: ਸੰਗਜਾ- ਪਾਣੀ ਦੇ ਛਿੜਕਣ ਦੀ ਕ੍ਰਿਯਾ.

ਛਿੜਨਾ: ਕ੍ਰਿ- ਆਰੰਭ ਹੋਣਾ। ੨. ਤੁਰਨਾ. ਰਵਾਨਾ ਹੋਣਾ। ੩. ਘੋੜੇ ਦਾ ਉਛਲਨਾ. ਘੋੜੇ ਦਾ ਕੁੱਦਣਾ। ੪. ਖਿਝਣਾ. ਚਿੜਨਾ.

ਛੀ: ਸੰਗਜਾ- ਛੇ. ਖਟ. ਸ਼ਟ੍.

ਛੀ ਸ਼ਾਸਤ੍ਰ: ਦੇਖੋ, ਖਟਸ਼ਾਸਤ੍ਰ.

ਛੀਕ, ਛੀਂਕ: ਦੇਖੋ, ਛਿਕ। ੨. ਦੇਖੋ, ਛਿੱਕ.

ਛੀ ਕਰਮ: ਦੇਖੋ, ਖਟਕਰਮ.

ਛੀਕਾ: ਸੰਗਜਾ- ਸੰ. ਸ਼ਿਕਜਾ- ਛੱਤ ਨਾਲ ਲਟਕਾਇਆ ਟੋਕਰਾ, ਜਿਸ ਵਿੱਚ ਖਾਣ ਦੇ ਪਦਾਰਥ ਰੱਖੀਦੇ ਹਨ. "ਛੀਕੇ ਪਰ ਤੇਰੀ ਬਹੁਤ ਡੀਠ." (ਬਸੰ ਕਬੀਰ) ਭਾਵ ਸ੍ਵਰਗ ਆਦਿ ਲੋਕ। ੨. ਪਸ਼ੂ ਦੇ ਮੁਖ ਪੁਰ ਬੰਨ੍ਹਣ ਦਾ ਛਿਦ੍ਰਦਾਰ ਟੋਪਾ. ਛਿਕੁਲੀ.

ਛੀਕਿ: ਕ੍ਰਿ. ਵਿ- ਘੁੱਟਕੇ. ਖਿੱਚਕੇ. "ਮੈ ਛੀਕਿ ਗਾਂਠਰੀ ਬਾਧਾ." (ਸਾਰ ਮਃ ੫)

ਛੀ ਜਤੀ: ਦੇਖੋ, ਛਿਅ ਜਤੀ ਅਤੇ ਜਤੀ.

ਛੀਜਨਾ: ਕ੍ਰਿ- ਛੀਣ ਹੋਣਾ. ਘਟਣਾ. "ਛੀਜੈ ਜੋਬਨੁ ਜਰੂਆ ਸਿਰਿ ਕਾਲ." (ਓਅੰਕਾਰ) ੨. ਛਯ ਹੋਣਾ. ਨਾਸ਼ ਹੋਣਾ.

ਛੀਂਟ: ਸੰਗਜਾ- ਛਿੱਟਾ. ਬੂੰਦ।੨ ਬੇਲਬੂਟੇ ਵਾਲਾ ਵਸਤ੍ਰ. Chintz.

ਛੀਟਾਂਵਾਲਾ: ਛੀਟਾਂ ਦਾ ਕੰਮ ਚੰਗਾ ਹੋਣ ਕਰਕੇ ਇਹ ਮਨਸੂਰਪੁਰ ਦਾ ਨਾਮ ਹੋ ਗਿਆ. ਦੇਖੋ, ਮਨਸੂਰਪੁਰ.

ਛੀਣ, ਛੀਨ: ਸੰ. ਛੀਣ. ਵਿ- ਕਮਜ਼ੋਰ। ੨. ਦੁਬਲਾ. ਪਤਲਾ। ੩. ਘਟਿਆ ਹੋਇਆ। ੪. ਮੋਇਆ। ੫. ਕੰਗਾਲ. ਨਿਰਧਨ। ੬. ਕ੍ਰਿ. ਵਿ- ਸ਼ਨੇ ਸ਼ਨੇ. ਮੰਦ ਮੰਦ. "ਬੀਨ ਬਜੰਤ ਛੀਨ." (ਰਾਮਾਵ), ਅਞਾਣ ਲਿਖਾਰੀ ਨੇ ੨੫੩ ਚਰਿਤ੍ਰ ਵਿੱਚ "ਪੀਨ" ਦੀ ਥਾਂ ਛੀਨ ਲਿਖ ਦਿੱਤਾ ਹੈ- "ਦੇਹ ਛੀਨ ਤੇ ਉਠ ਨ ਸਕਤ ਭਯੋ." ਚਾਹੀਏ "ਦੇਹ ਪੀਨ ਤੇ." ਮੋਟਾ ਜਿਸਮ ਹੋਣ ਕਰਕੇ.

ਛੀਤ ਸ੍ਵਾਮੀ: ਵੈਸ਼ਨਵ ਭਗਤ ਅਤੇ ਕਵਿ, ਜਿਸ ਦੀ ਅਸ਼੍ਟਛਾਪ ਵਿੱਚ ਗਿਣਤੀ ਹੈ. ਇਹ ਵੱਲਭਾਚਾਰਯ ਦਾ ਸਿੱਖ ਸੀ. ਇਸ ਦੇ ਰਚੇ ਮਨੋਹਰ ਪਦ ਹੁਣ ਭੀ ਗਾਏ ਜਾਂਦੇ ਹਨ. ਛੀਤ ਦਾ ਜਨਮ ਸਨ ੧੫੬੭ ਵਿੱਚ ਹੋਇਆ ਸੀ.

ਛੀ ਦੇਵਤਾ: ਦੇਖੋ, ਦੇਵ ਖਟਕ.

ਛੀਨ: ਦੇਖੋ, ਕ੍ਸ਼ੀਣ ਅਤੇ ਖੀਨ। ੨. ਦੇਖੋ, ਛੀਨਣਾ.

ਛੀਨਖਰੇ, ਛੀਨਖੜੇ: ਖੋਹਕੇ ਲੈ ਗਏ, ਖੋਹਲੀਤੇ.

ਛੀਨਣਾ: ਕ੍ਰਿ- ਖਸੋਟਣਾ. ਖੋਹਣਾ.

ਛੀਨਤਾ: ਸੰ. ਕ੍ਸ਼ੀਣਤਾ. ਸੰਗਯਾ- ਕਮੀ. ਘਾਟਾ। ੨. ਦਰਿਦ੍ਰਤਾ. ਨਿਰਧਨਤਾ. "ਦੀਨੋ ਜਿਨ ਦਾਨ ਪੁਨ ਛੀਨਤਾ ਉਦੋਤ ਹੈ." (ਗੁਪ੍ਰਸੂ) ੩. ਦੁਬਲਾਪਨ.

ਛੀਨਨਾ: ਦੇਖੋ, ਛੀਨਣਾ.

ਛੀਨਾ: ਛਿਨਭਰ. ਕ੍ਸ਼ਣਮਾਤ੍ਰ. "ਕਹੂੰ ਨ ਮਾਨਿਓ ਮਨ ਛੀਨਾ." (ਬਿਲਾ ਮਃ ੫) ੨. ਛਿੰਨ ਹੋਇਆ. ਕੱਟਿਆ. "ਬਜਰ ਕੁਠਾਰੁ ਮੋਹ ਹੈ ਛੀਨਾ." (ਧਨਾ ਨਾਮਦੇਵ) ੩. ਸੰਗਯਾ- ਇੱਕ ਜੱਟ ਗੋਤ. ਭਾਈ ਬਿਧੀਚੰਦ ਜੀ ਇਸੇ ਗੋਤ ਵਿੱਚੋਂ ਸਨ.

ਛੀਨਿ: ਕ੍ਰਿ. ਵਿ- ਛੀਨ (ਖਸੋਟ) ਕੇ. ਖੋਹਕੇ. "ਪਰਧਨ ਛੀਨਿ ਅਗਿਆਨ ਹਰਿਓ ਹੈ." (ਸਵੈਯੇ ਸ੍ਰੀ ਮੁਖਵਾਕ ਮਃ ੫)

ਛੀਪ: ਸੰਗਯਾ- ਛਿਪਾਉ. ਦੁਰਾਉ. "ਬਸੈ ਘਟਾਘਟ ਲੀਪ ਨ ਛੀਪੈ." (ਕਾਨ ਨਾਮਦੇਵ) ੨. ਛਾਪਾ. ਚਿੰਨ੍ਹ. ਮੁਦ੍ਰਾ. "ਕਾਹੇ ਛੀਪਹੁ ਛਾਇਲੈ?" (ਸ. ਕਬੀਰ) ੩. ਸੰ. शिल्प ਸ਼ਿਲਪ. ਦਸ੍ਤਕਾਰੀ. ਹੁਨਰ. ੪. ਸਿੰਗਾਰਣ ਅਤੇ ਰੰਗਣ ਦੀ ਕ੍ਰਿਯਾ.

ਛੀਪਹੁ: ਦੇਖੋ, ਛੀਪ ੨.

ਛੀਪਣਾ, ਛੀਪਨਾ: ਕ੍ਰਿ- ਛਾਪਣਾ. ਦੇਖੋ, ਛੀਪ ੩.

ਛੀਪਰੋ, ਛੀਪਾ, ਛੀਪੀ: ਸੰ. शिल्पिन ਸੰਗਯਾ- ਵਸਤ੍ਰ ਪੁਰ ਬੇਲ ਬੂਟੇ ਛਾਪਣ ਵਾਲਾ ਕਾਰੀਗਰ. ਛੀਂਬਾ. "ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ." (ਆਸਾ ਧੰਨਾ) "ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕ ਛੀਪਾ ਕਹੈ ਬੁਲਾਇ." (ਸੂਹੀ ਮਃ ੪)

ਛੀਪੈ: ਛਿਪਦਾ ਹੈ. ਦੇਖੋ, ਛੀਪ ੧

ਛੀ ਬਖ਼ਸ਼ਿਸ਼ਾਂ: ਦੇਖੋ, ਉਦਾਸੀ.

ਛੀਬਾ, ਛੀਂਬਾ: ਦੇਖੋ, ਛੀਪਾ. "ਨਾਮਾ ਛੀਬਾ ਕਬੀਰ ਜੋਲਾਹਾ ਪੂਰੇ ਗੁਰੁ ਤੇ ਗਤਿ ਪਾਈ." (ਸ੍ਰੀ ਅਃ ਮਃ ੩)

ਛੀਰ: ਸੰ. ਕ੍ਸ਼ੀਰ. ਸੰਗਯਾ- ਦੁੱਧ। ੨. ਜਲ.

ਛੀਰਸਮੁਦ੍ਰ, ਛੀਰਸਿੰਧੁ, ਛੀਰਨਿਧਿ, ਛੀਰਾਵਧਿ: ਸੰਗਯਾ- ਕ੍ਸ਼ੀਰ (ਦੁੱਧ) ਦਾ ਸਮੁੰਦਰ. ਕ੍ਸ਼ੀਰਾਬ੍ਧਿ. "ਛੀਰ ਕੈਸੀ ਛੀਰਾਵਧਿ." (ਅਕਾਲ)

ਛੀ ਰੁੱਤਾਂ: ਦੇਖੋ, ਖਟਰਿਤੁ ਅਤੇ ਰਿਤੁ.

ਛੀਰੋਧਜਾ: ਕ੍ਸ਼ੀਰੋਦ (ਦੁੱਧ ਦੇ ਸਮੁੰਦਰ) ਤੋਂ ਜਾ (ਪੈਦਾ ਹੋਈ) ਲੱਛਮੀ. ਕ੍ਸ਼ੀਰੋਦਜਾ.

ਛੀਲਕ: ਵਿ- ਛਿੱਲਣ ਵਾਲਾ। ੨. ਸੰਗਯਾ- ਛਿਲਕਾ. ਛਿੱਲ."ਗੋਲ ਸ ਛੀਲਕ ਜਨੁ ਜੁਗ ਕੇਲੇ." (ਗੁਪ੍ਰਸੂ)

ਛੀਲਨਾ: ਕ੍ਰਿ- ਛਿਲਕ ਉਤਾਰਨਾ. ਛਿੱਲਣਾ.

ਛੀਲਰ: ਸੰਗਯਾ- ਛਿੱਲੜ. ਛਿਲਕਾ. "ਛੀਲਰ ਖਾਨ ਬਿਖੈ ਹਿਤ ਧਾਰੀ." (ਨਾਪ੍ਰ) ੨. ਉਹ ਤਾਲ, ਜਿਸ ਦਾ ਪਾਣੀ ਬਹੁਤ ਗਹਿਰਾ ਨਹੀਂ ਅਤੇ ਛੇਤੀ ਖ਼ੁਸ਼ਕ ਹੋ ਜਾਂਦਾ ਹੈ। ੩. ਖੂਹ ਦੇ ਪਾਸ ਦਾ ਟੋਆ, ਜਿਸ ਵਿੱਚ ਮੈਲਾ ਪਾਣੀ ਜਮਾ ਰਹਿੰਦਾ ਹੈ.

ਛੀਵ: ਡਿੰਗ. ਮਤਵਾਲਾ. ਸੰ. ਕ੍ਸ਼ੀਵ. ਦੇਖੋ, ਖੀਵਾ.

ਛੀ ਵਾਜੇ: ਦੇਖੋ, ਵਾਜਾ.

ਛੁਹ: ਸੰਗਯਾ- ਸਪਰਸ਼. ਛੁਹਣ ਦਾ ਭਾਵ. ਖੀਵਾ.

ਛੀ ਵਾਜੇ: ਦੇਖੋ, ਵਾਜਾ.

ਛੁਹ: ਸੰਗਯਾ- ਸਪਰਸ਼. ਛੁਹਣ ਦਾ ਭਾਵ. ਹਿਸ.

ਛੁਹਣਾ, ਛੁਹਨਾ: ਕ੍ਰਿ- ਸਪਰਸ਼ ਕਰਨਾ. ਛੂਨਾ.

ਛੁਹਾਰਾ: ਸੰਗਯਾ- ਕ੍ਸ਼ਾਰਕ. ਸੁੱਕਾ ਹੋਇਆ ਅ਼ਰਬੀ ਖਜੂਰ ਦਾ ਫਲ. ਖ਼ੁਰਮਾ. "ਗਰੀ ਛੁਹਾਰੇ ਖਾਂਦੀਆ." (ਆਸਾ ਅਃ ਮਃ ੧) ਦੇਖੋ, ਖਾਰਕ.

ਛੁਕਟੀ: ਛੁੱਟੀ. ਨਿਰਬੰਧ ਹੋਈ. ਮੁਕਤ ਭਈ. "ਗੁਰੁ ਸਤਿਗੁਰੁ ਪਾਛੈ ਛੁਕਟੀ." (ਦੇਵ ਮਃ ੪)

ਛੁਕਰਾ: ਸੰਗਯਾ- ਛੋਕਰਾ. ਸ਼ਾਵਕ. ਬੱਚਾ. "ਛੀਟਨ ਤੇ ਛੁਕਰਾਨ ਲਰਾਵੈਂ." (ਗੁਪ੍ਰਸੂ)

ਛੁੰਗ: ਸੰਗਯਾ- ਚੁੰਗ. ਟੋਲਾ. ਗਰੋਹ। ੨. ਘੁੰਗਰੂਦਾਰ ਅੰਗੂਠੀ। ੩. ਦੇਖੋ, ਛੁੰਗਣਾ.

ਛੁੰਗਣਾ: ਕ੍ਰਿ- ਉੱਤੇ ਖਿਚਣਾ. ਜਿਵੇਂ- ਪਜਾਮਾ ਛੁੰਗਣਾ.

ਛੁਛੂੰਦਰੀ: ਦੇਖੋ, ਛਛੂੰਦਰ.

ਛੁੱਛ: ਵਿ- ਛੂਛਾ. ਖ਼ਾਲੀ. "ਛੁੱਛ ਕਿਕਾਣ." (ਚੰਡੀ ੨) ੨. ਸ੍ਵੱਛ. ਨਿਰਮਲ. ਸਾਫ਼। ੩. ਦੇਖੋ, ਛੂਛ ੩.

ਛੁਟ: ਸੰ. ਛੁਟ੍ ਧਾ- ਕਤਰਨਾ, ਤੋੜਨਾ, ਢਕਣਾ.

ਛੁਟਕਤ: ਛੂਟਤ. "ਛੁਟਕਤ ਬਜਰਕਪਾਟ." (ਗਉ ਰਵਿਦਾਸ) ੨. ਅਲਗ ਹੋ ਕੇ. ਤਜਾਗਕੇ. "ਛੁਟਕਤ ਹੋਇ ਰਵਾਰੈ." (ਸਾਰ ਮਃ ੫) ਹੇ ਕਰਤਾਰ! ਤੇਥੋਂ ਛੁੱਟਕੇ ਜੀਵ ਰਵਾਲ (ਧੂੜ) ਹੋ ਜਾਂਦਾ ਹੈ.

ਛੁਟਕਨ: ਸੰਗਯਾ- ਛੁੱਟਣਾ. ਰਿਹਾਈ. "ਅਸੁਰ ਜਤਨ ਛੁਟਕਨ ਕੋ ਕੀਨੋ." (ਸਲੋਹ)

ਛੁਟਕਾਕੀ: ਵਿ- ਛੂਟਨੇ ਕਾ ਆਕਾਂਕ੍ਸ਼ੀ. ਛੁਟਕਾਰਾ ਪਾਉਣ ਦੀ ਇੱਛਾ ਵਾਲਾ. "ਕਿਵ ਛੂਟਹਿ ਹਮ ਛੁਟਕਾਕੀ." (ਧਨਾ ਮਃ ੪)

ਛੁਟਕਾਰ, ਛੁਟਕਾਰਾ: ਸੰਗਯਾ- ਮੁਕਤਿ. ਰਿਹਾਈ. ਬੰਧਨ ਦਾ ਅਭਾਵ. "ਇਨ ਤੇ ਕਹਹੁ, ਕਵਨ ਛੁਟਕਾਰ." (ਸੁਖਮਨੀ) "ਬਿਨ ਹਰਿਭਜਨ ਨਹੀ ਛੁਟਕਾਰਾ." (ਬਾਵਨ)

ਛੁਟਕਾਵਨਿ: ਛੁਡਵਾਉਣ ਲਈ. ਬੰਧਨ ਦੂਰ ਕਰਾਉਣ ਵਾਸਤੇ. ਆਜ਼ਾਦੀ ਹਾਸਿਲ ਕਰਨ ਲਈ. "ਜਾ ਪਹਿ ਜਾਉ ਆਪ ਛੁਟਕਾਵਨਿ, ਤੇ ਬਾਧੇ ਬਹੁ ਫੰਧਾ." (ਗਉ ਕਬੀਰ)

ਛੁਟਕਿਓ: ਛੁਟਗਿਆ. ਮਿਟ ਗਿਆ. ਦੂਰਭਯਾ. "ਬਲ ਛੁਟਕਿਓ ਬੰਧਨ ਪਰੇ." (ਸਃ ਮਃ ੯)

ਛੁਟਕੀ: ਛੁੱਟੀ. ਅਲਗ ਹੋਈ. ਟੁੱਟੀ. "ਝੂਠੇ ਕੀ ਰੇ ਝੂਠ ਪਰੀਤਿ ਛੁਟਕੀ." (ਦੇਵ ਮਃ ੫) ੨. ਬੰਧਨ ਰਹਿਤ ਹੋਈ. "ਗੁਰ ਸਤਿਗੁਰ ਪਾਛੈ ਛੁਟਕੀ." (ਦੇਵ ਮਃ ੪) ੩. ਹੱਥੋਂ ਨਿਕਲੀ.

ਛੁਟਕੰਤ: ਬੰਧਨ ਰਹਿਤ ਹੋਵੰਤ. ਛੁਟਕਾਰਾ ਪਾਉਂਦਾ ਹੈ। ੨. ਫੁੱਟਕੇ ਵਹਿੰਦਾ ਹੈ. ਵਗਦਾ ਹੈ. "ਅਮ੍ਰਿਤ ਪ੍ਰਵਾਹ ਛੁਟਕੰਤ ਸਦ ਦ੍ਵਾਰ ਜਿਸ." (ਸਵੈਯੇ ਮਃ ੪. ਕੇ)

ਛੁਟਕਜਾ: ਛੁਟਗਿਆ. ਮਿਟਿਆ."ਭਰਮ ਸਭ ਛੁਟਕਜਾ." (ਸਵੈਯੇ ਮਃ ੪. ਕੇ)

ਛੁਟਣਾ, ਛੁਟਨਾ: ਕ੍ਰਿ- ਬੰਧਨਰਹਿਤ ਹੋਣਾ. ਆਜ਼ਾਦ ਹੋਣਾ. ਖਲਾਸ ਹੋਣਾ.

ਛੁਟਪਨ: ਕ੍ਰਿ- ਛੋਟਾਪਨ. ਛੁਟਿਆਈ. ਲਘੁਤਾ। ੨. ਓਛਾਪਨ. ਤੁੱਛਤਾ.

ਛੁਟੜ, ਛੁਟੜਿ: ਵਿ- ਤਜਾਗੀ ਹੋਈ. "ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ." (ਵਾਰ ਸੋਰ ਮਃ ੩)

ਛੁਟਾਨਾ: ਛੁਟਗਿਆ. ਬੰਧਨਰਹਿਤ ਹੋਇਆ। ੨. ਕ੍ਰਿ- ਛੁਡਾਉਣਾ. ਆਜਾਦ ਕਰਾਉਣਾ. "ਚਲੋ ਬੇਗ ਤਿਹ ਕਰਹਿ ਛੁਟਾਨਾ." (ਨਾਪ੍ਰ)

ਛੁਟਾਰ, ਛੁਟਾਰਾ: ਸੰਗਜਾ- ਛੁਟਕਾਰ. ਰਿਹਾਈ. ਖ਼ਲਾਸੀ. "ਅਹੰਬੁਧਿ ਬੰਧਨ ਪਰੇ ਨਾਨਕ ਨਾਮਿ ਛੁਟਾਰ." (ਬਾਵਨ) "ਅਨਿਕ ਜਤਨ ਨਹੀ ਹੋਤ ਛੁਟਾਰਾ." (ਗਉ ਮਃ ੫)

ਛੁਟੀਵੇ: ਛੁਟਕਾਰਾ ਪਾਉਂਦਾ ਹੈ. "ਤਿਨ ਪਿਛੈ ਸਭ ਜਗਤ ਛੁਟੀਵੇ." (ਵਾਰ ਸ੍ਰੀ ਮਃ ੪)

ਛੁਟੇਰਾ: ਤੁੱਛਤਰ. ਬਹੁਤ ਛੋਟਾ.

ਛੁੱਟੜ: ਦੇਖੋ, ਛੁਟੜਿ.

ਛੁੱਟੀ: ਸੰਗਜਾ- ਰੁਖ਼ਸਤ. ਵਿਦਾਇਗੀ। ੨. ਮੁਕਤਿ. ਰਿਹਾਈ.

ਛੁਡ: ਸੰ. ਛੁਡ੍ ਧਾ- ਕਢਣਾ, ਲੁਕੋਣਾ, ਆਛਾਦਨ ਕਰਨਾ.

ਛੁਡਾਉਣਾ: ਕ੍ਰਿ- ਬੰਧਨ ਦੂਰ ਕਰਾਉਣਾ. ਮੁਕਤ ਕਰਾਉਣਾ.

ਛੁਤ, ਛੁਥ: ਸੰਗਜਾ- ਛੂਤ. ਭਿੱਟ। ੨. ਛੋਹ. ਸਪਰਸ਼.

ਛੁੱਥਿਆਂ: ਛੂਹਣ ਤੋਂ. ਸਪਰਸ਼ ਸੇ. "ਹੱਥੀਂ ਕਾਲਖ ਛੁੱਥਿਆਂ ਅੰਦਰ ਕਾਲਖ ਲੋਭ ਲੁਭਾਏ." (ਭਾਗੁ)

ਛੁਦ: ਸੰ. ਕ੍ਸ਼ੁਦ੍ ਧਾ- ਪੀਸਣਾ, ਕੁਚਲਣਾ.

ਛੁਦ੍ਰ: ਸੰ. ਕ੍ਸ਼ੁਦ੍ਰ. ਵਿ- ਤੁੱਛ. ਅਦਨਾ. "ਕਈ ਰੁਦ੍ਰ ਛੁਦ੍ਰ ਸਰੂਪ." (ਅਕਾਲ) ੨. ਛੋਟਾ। ੩. ਨੀਚ. ਅਧਮ। ੪. ਨਿਰਧਨ. ਕੰਗਾਲ। ੫. ਕ੍ਰੂਰ. ਬੇਰਹਮ। ੬. ਸੰਗਜਾ- ਚਾਵਲ ਦੀ ਕਣੀ। ੭. ਧਤੂਰਾ। ੮. ਮੱਖੀ। ੯. ਮੱਛਰ.

ਛੁਦ੍ਰਘੰਟਾ, ਛੁਦ੍ਰਘੰਟਿਕਾ, ਛੁਦ੍ਰਪੀਠ: ਸੰਗਜਾ- ਕ੍ਸ਼ੁਦ੍ਰ (ਛੋਟੀ) ਘੰਟੀਆਂ (ਘੁੰਗਰੂਆਂ) ਵਾਲੀ ਤੜਾਗੀ. ਬਾਜਨੀ। ੨. ਘੁੰਘਰਾਲ. ਡੋਰੇ ਵਿੱਚ ਪਰੋਤੇ ਛੋਟੇ ਘੁੰਘਰੂ, ਜੋ ਨ੍ਰਿਤਜ (ਨਾਚ) ਸਮੇਂ ਪੈਰ ਆਦਿ ਅੰਗਾਂ ਪੁਰ ਬੱਧੇ ਜਾਣ.

ਛੁਦ੍ਰਾ: ਸੰ. ਕ੍ਸ਼ੁਦ੍ਰਾ. ਸੰਗਜਾ- ਸ਼ਹਿਦ ਦੀ ਛੋਟੀ ਮੱਖੀ।੨ ਨਟਣੀ। ੩. ਵੇਸ਼ਜਾ। ੪. ਛੋਟੀ ਦਾਖ.

ਛੁਧ: ਸੰ. ਕ੍ਸ਼ੁਧ੍ ਧਾ- ਭੁੱਖ ਲੱਗਣੀ, ਛੁਧਿਤ ਹੋਣਾ। ੨. ਦੇਖੋ, ਛੁਧਾ.

ਛੁਧਾ: ਸੰ. ਕ੍ਸ਼ੁਧਾ. ਸੰਗਜਾ- ਖਾਣ ਦੀ ਇੱਛਾ. ਭੁੱਖ.

ਛੁਧਾਤੁਰ: ਵਿ- ਕ੍ਸ਼ੁਧਾ ਨਾਲ ਦੁਖੀ, ਭੁੱਖ ਨਾਲ ਵਜਾਕੁਲ.

ਛੁਧੰ: ਦੇਖੋ, ਛੁਧਾ। ੨. ਅਞਾਣ ਲਿਖਾਰੀ ਨੇ ਛੁਦੰ ਦੀ ਥਾਂ ਗਜਾਨਪ੍ਰਬੋਧ ਵਿੱਚ ਛੁਧੰ ਪਾਠ ਲਿਖ ਦਿੱਤਾ ਹੈ. "ਛੁਧੰ ਸਸਤ੍ਰਧਾਰੰ." (ਗਜਾਨ) ਦੇਖੋ, ਛੁਦ.

ਛੁਪ: ਸੰ. ਛੁਪ੍ ਧਾ- ਛੁਹਣਾ, ਸਪਰਸ਼ ਕਰਨਾ. ਦੇਖੋ, ਆਛੋਪ। ੨. ਦੇਖੋ, ਕ੍ਸ਼ੁਪ. "ਹੋਤ ਭਯੋ ਛੁਪ ਭੂਪ ਮਹਾਨ." (ਗੁਪ੍ਰਸੂ)

ਛੁਭ: ਦੇਖੋ, ਕ੍ਸ਼ੋਭ ਅਤੇ ਛੋਭ.

ਛੁਭਿਤ: ਵਿ- ਕ੍ਸ਼ੁਭਿਤ. ਕ੍ਸ਼ੋਭ ਸਹਿਤ. ਘਬਰਾਇਆ ਹੋਇਆ.

ਛੁਰ: ਸੰ. छुर् ਧਾ- ਕਤਰਨਾ, ਕੱਟਣਾ, ਤੋੜਨਾ। ੨. ਦੇਖੋ, ਕ੍ਸ਼ੁਰ.

ਛੁਰਕਾਰੀ: ਸੰਗਯਾ- ਛੁਰੀ. ਦੇਖੋ, ਛੁਰਿਕਾ. "ਤ੍ਰਿਸੂਲ ਸੁਧਾਰੀ ਛੁਰਕਾਰੀ." (ਰਾਮਾਵ)

ਛੁਰਤ: ਛੁਟਤ. ਮਿਟਤ. "ਭਗਤਮਤਿ ਛੁਰਤ ਨਾਹੀ." (ਭਾਗੁ ਕ)

ਛੁਰਾ: ਸੰਗਯਾ- ਕ੍ਸ਼ੁਰ (ਕੱਟਣ) ਦਾ ਹਥਿਆਰ. ਵਡਾ ਪੇਸ਼ਕ਼ਬਜ. "ਕੂੜ ਛੁਰਾ ਮੁਠਾ ਮੁਰਦਾਰੁ." (ਸ੍ਰੀ ਮਃ ੧) ੨. ਕ੍ਸ਼ੁਰ. ਉਸਤਰਾ। ੩. ਖਤ੍ਰੀਆਂ ਦੀ ਇੱਕ ਜਾਤਿ. "ਭਗਤੂ ਛੁਰਾ ਵਖਾਣੀਐ." (ਭਾਗੁ)

ਛੁਰਾਨਾ, ਛੁਰਾਵਨ: ਕ੍ਰਿ- ਛੁਡਾਉਣਾ. "ਗੋਪ ਛੁਰਾਇਬੋ." (ਕ੍ਰਿਸ਼ਨਾਵ) "ਦੁਰਗ ਛੁਰਾਇ ਛਿਨਿਕ ਮੋ ਲਿਜਿਯੈ." (ਚਰਿਤ੍ਰ ੧੭੫)

ਛੁਰਿਕਾ, ਛੁਰੀ, ਛੁਰਧੁਕਾ: ਸੰ. छुरिका ਸੰਗਯਾ- ਛੁਰੀ. ਛੋਟਾ ਛੁਰਾ. "ਛੁਰਿਕਾ ਬਿਬੇਕ ਲੇ ਹਾਥ." (ਪਾਰਸਾਵ) "ਹਥਿ ਛੁਰੀ ਜਗਤਕਾਸਾਈ." (ਵਾਰ ਆਸਾ) "ਛੁਦ੍ਰ ਮੀਨ ਛੁਰਧੁਕਾ." (ਚੰਡੀ ੨) ਲਹੂ ਦੀ ਧਾਰਾ ਵਿੱਚ ਜੋ ਛੁਰੀਆਂ ਵਹਿੰਦੀਆਂ ਹਨ, ਮਾਨੋ ਛੋਟੀਆਂ ਮੱਛੀਆਂ ਹਨ.

ਛੁਲਕਣਾ, ਛੁਲਕਨਾ: ਕ੍ਰਿ- ਕਣ (ਅੰਨ) ਦਾ ਛਿਲਕਾ ਲਾਹੁਣਾ. ਉਖਲੀ ਵਿੱਚ ਅੰਨ ਪਾ ਕੇ ਮੂਸਲ ਨਾਲ ਛੜਨਾ.

ਛੁਲਛੁਲਾ: ਵਿ- ਓਛਾ. ਤੁੱਛ। ੨. ਹਲਕਾ. ਘਟੀਆ.

ਛੁੜਕਨਾ: ਕ੍ਰਿ- ਛੁੱਟਣਾ. ਡਿਗਣਾ. ਪਾਤ ਹੋਣਾ. "ਏਥਹੁ ਛੁੜਕਿਆ ਠਉਰ ਨ ਪਾਇ." (ਆਸਾ ਮਃ ੩)੨ ਟੁੱਟਣ. ਖੰਡਿਤ ਹੋਣਾ."ਲਿਵ ਛੁੜਕੀ ਲਗੀ ਤ੍ਰਿਸਨਾ." (ਅਨੰਦੁ) ੩. ਬੰਧਨ ਰਹਿਤ ਹੋਣਾ. ਖ਼ਲਾਸ ਹੋਣਾ। ੪. ਹੱਥੋਂ ਛੁੱਟਣਾ.

ਛੁੜਕੀ: ਦੇਖੋ, ਛੁੜਕਨਾ ੪. "ਪਉੜੀ ਛੁੜਕੀ ਫਿਰਿ ਹਾਥਿ ਨ ਆਵੈ." (ਬਿਲਾ ਮਃ ੩)

ਛੂ: ਸੰਗਯਾ- ਸਪਰਸ਼. ਛੁਹਣ ਦਾ ਭਾਵ. ਦੇਖੋ, ਅਛੂ.

ਛੂਹਨ: ਦੇਖੋ, ਛੁਹਣਾ। ੨. ਦੇਖੋ, ਖੂਹਣਿ ਅਤੇ ਛੂਹਨਿ.

ਛੂਹਨਿ: ਅਕ੍ਸ਼ੌਹਿਣੀ ਦੇਖੋ, ਖੂਹਣਿ. "ਤੇਈਸ ਛੂਹਨਿ ਲੈ ਦਲ ਸੰਗ." (ਕ੍ਰਿਸਨਾਵ)

ਛੂਚਕ: ਦੇਖੋ, ਛੂਛਕ.

ਛੂਛ: ਵਿ- ਛੂਛਾ. ਖ਼ਾਲੀ।੨ ਤੁੱਛ. ਹਲਕਾ। ੩. ਇੱਕ ਹਾਲੋਂ ਜੇਹੀ ਬੂਟੀ, ਜਿਸ ਦੀ ਭੁੱਜੀ ਵਾਤਨਾਸ਼ਕ ਹੈ.

ਛੂਛਕ: ਦੇਖੋ, ਸੂਤਕ। ੨. ਬਾਲਕ ਦੇ ਜੰਮਣ ਤੋਂ ਛੀਵੇਂ ਦਿਨ ਦੀ ਕ੍ਰਿਯਾ. ਛਠੀ. ਸ਼ਸ਼੍ਠੀ। ੩. ਪਤਲੀ ਛਟੀ. ਛਮਕੀ. "ਖੇਲਨ ਮੇ ਜੀਉ ਤੇਰੋ, ਖਾਇਂ ਛੂਛਕਾਨ ਕੋ." (ਨਾਪ੍ਰ)

ਛੂਛਾ: ਵਿ- ਸੱਖਣਾ. ਖ਼ਾਲੀ. "ਕਹੁ ਕਬੀਰ ਛੂਚਾ ਘਟ ਬੋਲੈ." (ਗੌਂਡ) ੨. ਤੁੱਛ. ਘਟੀਆ. "ਕਹਿ ਕਬੀਰ ਸਗਲੇ ਮਦ ਛੂਛੇ." (ਰਾਮ) ੩. ਨਿਰਧਨ. ਕੰਗਾਲ.

ਛੂਛੀ: ਵਿ- ਊਣੀ. ਖ਼ਾਲੀ. ਜੋ ਭਰਨ ਵਿੱਚ ਨਹੀਂ ਆਉਂਦੀ "ਛਾਇਆ ਛੂਛੀ ਜਗਤੁ ਭੁਲਾਨਾ." (ਓਅੰਕਾਰ) ੨. ਓਛੀ. ਤੁੱਛ। ੩ ਸੰਗਯਾ- ਛੋਟੀ ਕਟੋਰੀ, ਜਿਸ ਵਿੱਚ ਚੰਦਨ ਕੇਸਰ ਆਦਿ ਘਸੇ ਹੋਏ ਪਦਾਰਥ ਰੱਖੀਦੇ ਹਨ। ੪. ਠੂਠੀ.

ਛੂਟ: ਸੰਗਯਾ- ਛੁੱਟਣ ਦਾ ਭਾਵ. "ਪ੍ਰਾਨ ਜਾਹਿਗੇ ਛੂਟਿ." (ਸ. ਕਬੀਰ) ਪ੍ਰਾਣ ਛੂਟਿ ਜਾਹਿੰਗੇ। ੨. ਰਿਹਾਈ. ਛੁਟਕਾਰਾ। ੩.

ਹਮਲਾ. ਹੱਲਾ. ਧਾਵਾ. "ਪਯੋ ਪੰਥ ਕਰ ਛੂਟ." (ਪ੍ਰਾਪੰਪ੍ਰ)੪ ਤ੍ਰੁਟਿ. ਟੁੱਟਣ ਦਾ ਭਾਵ। ੪. ਲਿਖਣ ਵੇਲੇ ਭੁੱਲ ਦੇ ਕਾਰਣ ਕਿਸੇ ਪਾਠ ਦਾ ਲਿਖਾਰੀ ਤੋਂ ਛੁਟਜਾਣ ਦਾ ਭਾਵ.

ਛੂਟਸਿ: ਛੁਟੇਗਾ. ਛੁੱਟੇਂਗਾ. ਖ਼ਲਾਸ ਹੋਵੇਂਗਾ. "ਛੂਟਸਿ ਮੂੜੇ ! ਕਵਣ ਗੁਣੀ ?" (ਮਾਰੂ ਮਃ ੧)

ਛੂਟਤ: ਛੁਟਦਾ ਹੈ. ਬੰਧਨਰਹਿਤ ਹੁੰਦਾ ਹੈ.

ਛੂਟਨ, ਛੂਟਨਾ: ਕ੍ਰਿ- ਮੁਕਤ ਹੋਣਾ. ਰਿਹਾ ਹੋਣਾ. ਬੰਧਨ ਰਹਿਤ ਹੋਣਾ. "ਫਾਸਨ ਕੀ ਬਿਧਿ ਸਭੁਕੋਊ ਜਾਨੈ, ਛੂਟਨ ਕੀ ਇਕੁ ਕੋਈ." (ਗਉ ਕਬੀਰ)

ਛੂਟਰ, ਛੂਟਰਿ: ਵਿ- ਛੁੱਟੜ. ਤਯਾਗੀਹੋਈ. "ਛੂਟਰਿ ਤੇ ਗੁਰੁ ਕੀਈ ਸੁਹਾਗਨਿ." (ਸਾਰ ਮਃ ੫) "ਊਠਿ ਸਿਧਾਇਓ ਛੂਟਰਿ ਮਾਟੀ." (ਮਾਰੂ ਸੋਲਹੇ ਮਃ ੫) ਜਦ ਜੀਵ ਚਲਾ ਗਿਆ, ਮਿੱਟੀ (ਦੇਹ) ਛੁੱਟੜ ਹੋ ਗਈ.

ਛੂਟਲਾ: ਵਿ- ਛੁੱਟਿਆ ਹੋਇਆ. ਖੁਲ੍ਹਿਆ. "ਜੈਸੇ ਗਾਇ ਕਾ ਬਾਛਾ ਛੂਟਲਾ." (ਗੌਂਡ ਨਾਮਦੇਵ)

ਛੂਟੜ: ਦੇਖੋ, ਛੁਟੜ ਅਤੇ ਛੂਟਰ.

ਛੂਟਿ: ਛੁੱਟਕੇ.

ਛੂਤ: ਸੰਗਯਾ- ਛੂਹਣ ਦਾ ਭਾਵ. ਸਪਰਸ਼। ੨. ਭਿੱਟ. ਅਪਵਿਤ੍ਰ ਦੇ ਛੂਹਣ ਤੋਂ ਹੋਈ ਅਪਵਿਤ੍ਰਤਾ। ੩. ਸਪਰਸ਼ ਤੋਂ ਹੋਣ ਵਾਲੇ ਰੋਗ ਦੀ ਲਾਗ.

ਛੇ: ਦੇਖੋ, ਛੀ ਅਤੇ ਛੈ। ੨. ਸੰਬੰਧ ਬੋਧਕ ਪ੍ਰਤਯਯ. ਕਾ. ਕੇ. "ਪੂਰੇ ਮਾਨਸ ਤਿਨ ਛੇ." (ਬਸੰ ਮਃ ੪) ਉਨ੍ਹਾਂ ਦੇ ਮਨੋਰਥ ਪੂਰਣ ਹੋਏ। ੩. ਕ੍ਰਿ. ਵਿ- ਭੀਤਰ. ਅੰਦਰ. ਵਿੱਚ. "ਧਾਰਿਓ ਹਰਿ ਉਰਛੇ." (ਬਸੰ ਮਃ ੪)

ਛੇਆ: ਵਿ- ਕ੍ਸ਼ਯ ਹੋਣ ਵਾਲਾ. ਵਿਨਾਸ਼ੀ. "ਛੇਆ ਨਿਤ ਦੇਖਹੁ ਜਗਿ ਹੰਢਿ." (ਓਅੰਕਾਰ) ੨. ਸੰਗਯਾ- ਕ੍ਸ਼ੀਣਤਾ. ਘਾਟਾ. ਕਮੀ। ੩. ਵਿੱਥ. ਪਾੜਾ.

ਛੇਹ: ਸੰਗਯਾ- ਛੇਦਨ. ਖੰਡਨ. ਨਾਸ਼। ੨. ਛੇਕ. ਸੂਰਾਖ਼. ਛਿਦ੍ਰ.

ਛੇਕ: ਸੰਗਯਾ- ਛੇਦ. ਸੂਰਾਖ਼. ਰੰਧ੍ਰ. ਮੋਰੀ. "ਪਰਿਆ ਕਲੇਜੇ ਛੇਕੁ." (ਸ. ਕਬੀਰ) "ਬੇੜਾ ਜਰਜਰਾ ਫੂਟੇ ਛੇਕ ਹਜਾਰ." (ਸ. ਕਬੀਰ) ੨. ਖੰਡਨ. ਨਿਸ਼ੇਧ. "ਛੇਕ ਛਾਡੇ ਛਤ੍ਰੀ, ਕਰ ਕਾਹੂੰ ਅਤ੍ਰ ਨਾ ਧਰਯੋ." (ਕਵਿ ੫੨) ੩. ਸੰ. ਪਾਲਤੂ ਪੰਛੀ।੪ ਵਿ- ਚਤੁਰ.

ਛੇਕ ਅਨੁਪ੍ਰਾਸ: ਦੇਖੋ, ਛੇਕਾਨੁਪ੍ਰਾਸ.

ਛੇਕਣਾ, ਛੇਕਨਾ: ਕ੍ਰਿ- ਖੰਡਨ ਕਰਨਾ। ੨. ਨਿਸ਼ੇਧ ਕਰਨਾ। ੩. ਪੰਕਤੀ (ਪੰਗਤ) ਤੋਂ ਬਾਹਰ ਕੱਢਣਾ. ਜਾਤਿ ਤੋਂ ਬਾਹਰ ਕਰਨਾ। ੪. ਸੂਰਾਖ਼ (ਛਿਦ੍ਰ) ਕਰਨਾ.

ਛੇਕਾਨੁਪ੍ਰਾਸ: ਦੇਖੋ, ਅਨੁਪ੍ਰਾਸ (ੳ)

ਛੇਕਾਪਨ੍ਹੁਤਿ: ਦੇਖੋ, ਅਪਨ੍ਹੁਤਿ (ਕ)

ਛੇਕੁ: ਦੇਖੋ, ਛੇਕ.

ਛੇਕੋਕ੍ਤਿ: (ਛੇਕ- ਚਤੁਰ, ਉਕਤਿ- ਕਥਨ). ਜੇ ਲੋਕੋਕ੍ਤਿ ਨੂੰ ਗੂਢਭਾਵ ਲੈ ਕੇ ਚਤੁਰਾਈ ਨਾਲ ਵਰਣਨ ਕਰੀਏ, ਤਦ "ਛੇਕੋਕ੍ਤਿ" ਅਲੰਕਾਰ ਹੁੰਦਾ ਹੈ."ਛੇਕ ਉਕਤਿ ਲੋਕੋਕ੍ਤਿ ਕੋ ਸਾਭਿਪ੍ਰਾਯ ਬਖਾਨ." (ਕਾਵ੍ਯਪ੍ਰਭਾਕਰ)ਉਦਾਹਰਣ-

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ, ਸਸਿ ਨਿਵਾਇਐ ਕਿਆ ਥੀਐ

ਜਾ ਰਿਦੈ ਕਸੁਧੇ ਜਾਹਿ?

(ਵਾਰ ਆਸਾ)

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ.

(ਵਾਰ ਆਸਾ)

ਜਾਨ ਸੁਜਾਨ ਮੈ ਪ੍ਰੀਤਿ ਕਰੀ ਸਹਿਕੈ

ਜਗ ਕੀ ਬਹੁ ਭਾਂਤ ਹੱਸਾਈ,

ਤਜੋਂ "ਹਰਿਚੰਦ" ਜੁ ਜੋ ਜੋ ਕਹਜੋ

ਸੁ ਕਰਜੋ ਚੁਪ ਹ੍ਵੈਕਰ ਕੋਟਿ ਉਪਾਈ,

ਸੋਉ ਨਹੀਂ ਨਿਬਹੀ ਉਨ ਸੋਂ

ਅਰੁ ਤੋਰਤ ਬਾਰ ਕਛੂ ਨਹਿ ਲਾਈ,

ਸਾਚ ਭਈ ਕਹਨਾਵਤ ਯਾ ਅਰਿ!

ਊਚੀ ਦੁਕਾਨ ਕੀ ਫੀਕੀ ਮਿਠਾਈ.

ਛੇਜਾ: ਸੰਗਜਾ- ਗਾਜਰ ਆਦਿ ਕੰਦ ਦੇ ਪੱਤੇ। ੨. ਦੇਖੋ, ਸੇਜਾ। ੩. ਦੇਖੋ, ਛੱਜਾ.

ਛੇਤੀ: ਕ੍ਰਿ. ਵਿ- ਸਿਤਾਬ. ਸਦਯਂ. ਫੌਰਨ। ੨. ਸੰਗਜਾ- ਸੀਘ੍ਰਤਾ.

ਛੇਤ੍ਰ: ਦੇਖੋ, ਕ੍ਸ਼ੇਤ੍ਰ. "ਵਿਪ੍ਰ ਛੇਤ੍ਰ ਕੇ ਮਿਲ ਸਮੁਦਾਏ." (ਗੁਪ੍ਰਸੂ)

ਛੇਦ: ਸੰ. ਛਿਦ੍ ਧਾ- ਕਤਰਨਾ, ਟੁਕੜੇ ਕਰਨਾ। ੨. ਸੰਗਜਾ- ਖੰਡ. ਟੁਕੜਾ। ੩. ਛੇਦਨ ਦਾ ਭਾਵ. ਖੰਡਨ. "ਛੇਦ ਦਿਯੇ ਜਿਨ ਸਤ੍ਰੁ ਸਭੈ." (ਗੁਪ੍ਰਸੂ) ੪. ਨਾਸ਼। ੫. ਅਕਰਨ ਦਾ ਨਿਸ਼ਾਨ। ੬. ਛਿਦ੍ਰ. ਸੂਰਾਖ਼.

ਛੇਦਕ: ਵਿ- ਛੇਦਨ (ਕੱਟਣ) ਵਾਲਾ। ੨. ਅਲਗ (ਵੱਖ) ਕਰਨ ਵਾਲਾ.

ਛੇਦਨ: ਸੰ. ਸੰਗਜਾ- ਕੱਟਣ ਦੀ ਕ੍ਰਿਯਾ. ਚੀਰਣ ਦਾ ਭਾਵ. ਖੰਡਨ. "ਕਿਉ ਛੇਦੈ ਵੈਰਾਈਐ?" (ਸਿਧ ਗੋਸਟਿ)

ਛੇਦਨੀਯ: ਵਿ- ਛੇਦਣ (ਕੱਟਣ) ਲਾਇਕ਼.

ਛੇਦਿ: ਛੇਦਕੇ. ਕੱਟਕੇ. "ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ." (ਕਲਿ ਅ: ਮ: ੪)

ਛੇਦਯ: ਵਿ- ਛੇਦਨ ਯੋਗਯ. ਕੱਟਣ ਲਾਇਕ.

ਛੇਦਯਤੇ: ਛਿਦਯਤੇ. ਛੇਦਨ ਹੁੰਦਾ. "ਨਾਨਕ ਰੋਮ ਨ ਛੇਦਯਤੇ." (ਸਹਸ ਮ: ੫)

ਛੇਧ: ਦੇਖੋ, ਛੇਦ. "ਬਡੇ ਭੂਪਤਿ ਰਾਜੇ ਹੈਂ ਛੇਧੇ" (ਗੌਂਡ ਕਬੀਰ)

ਛੇਧੇ: ਛੇਦਨ ਕੀਤੇ. ਦੇਖੋ, ਛੇਧ.

ਛੇਨਾ: ਸੰ. ਸੰਗਜਾ- ਦੁੱਧ ਪਾੜਕੇ ਕੱਢਿਆ ਹੋਇਆ ਪਨੀਰ.

ਛੇਪ: ਸਂ. ਕ੍ਸ਼ੇਪ. ਸੰਗਯਾ- ਵਿਕ੍ਸ਼ੇਪ. ਕਲੇਸ਼। ੨. ਨਿੰਦਾ। ੩. ਅਹੰਕਾਰ. "ਨਾਨਕ ਲੇਪ ਛੇਪ ਨ ਲਿਪਜਤੇ." (ਸਹਸ ਮਃ ੫) ੪. ਭੇਜਣਾ। ੫. ਲੰਘਣਾ।। ੬. ਦੇਰੀ. ਚਿਰ.

ਛੇਪਕ, ਛੇਪਣ: ਦੇਖੋ, ਕ੍ਸ਼ੇਪਕ ਅਤੇ ਕ੍ਸ਼ੇਪਣ.

ਛੇਮ: ਦੇਖੋ, ਕ੍ਸ਼ੇਮ ਅਤੇ ਖੇਮ. "ਬੂਝਕੈ ਛੇਮ ਸਰੀਰ ਕੀ ਤਾ ਛਿਨ." (ਨਾਪ੍ਰ)

ਛੇਮੋਚਿਤ: ਕ੍ਸ਼ੇਮ (ਮੋਕ੍ਸ਼) ਦੇ ਉਚਿਤ (ਯੋਗਜ). ਮੁਕਤਿ ਲਾਇਕ਼. "ਛੇਮੋਚਿਤ ਕਰੇ ਕਿਤੇ." (ਨਾਪ੍ਰ)

ਛੇਰ: ਸੰਗਯਾ- ਰੰਧ੍ਰ. ਸ਼ੂਰਾਖ਼. ਛਿਦ੍ਰ। ੨. ਛੇੜਖਾਨੀ. ਚਿੜਾਉਣ ਦੀ ਕ੍ਰਿਯਾ. "ਨਰ ਹੇਰਕੈ ਕੋਈ ਨ ਛੇਰ ਕਰੈ." (ਗੁਪ੍ਰਸੂ) ੩. ਹੱਕਿਆ ਹੋਇਆ ਪਸ਼ੂਆਂ ਦਾ ਟੋਲਾ. ਛੇੜ। ੪. ਪਿੰਡਾਂ ਤੋਂ. ਹੁਕਮਨ ਮੰਗਵਾਇਆ ਆਦਮੀਆਂ ਦਾ ਗਰੋਹ. ਪੁਰਾਣੇ ਜ਼ਮਾਨੇ ਰਾਜੇ ਅਤੇ ਜਾਗੀਰਦਾਰ ਜੰਗ ਵਿੱਚ ਲੜਨ ਲਈ ਪਿੰਡਾਂ ਦੇ ਆਦਮੀ ਇਕੱਠੇ ਕਰ ਲੈਂਦੇ ਸਨ. "ਸਭੈ ਆਪਦੇਸੰ ਸੁ ਛੇਰੰ ਬੁਲਾਈ." (ਗੁਵਿ ੧੦)

ਛੇਰਾ: ਸੰਗਯਾ- ਛੇਲਾ. ਬਕਰਾ. ਛਾਗ. "ਛੇਰਾ ਸਕਰ ਕਚਾਰੁ ਲਜਾਏ." (ਚਰਿਤ੍ਰ ੨੪) ਬਕਰਾ, ਸ਼ੱਕਰ, ਕਚਾਲੂ ਲਿਆਏ.

ਛੇਰਿ, ਛੇਰੀ: ਸੰਗਯਾ- ਛੇਲੀ. ਬਕਰੀ. ਦੇਖੋ, ਛੇਲਿਕਾ। ੨. ਦੇਖੋ, ਛੇੜੀ.

ਛੇਰੀਂ: ਛੇਰ (ਛਿਦ੍ਰੋਂ) ਮੇਂ. ਸੂਰਾਖ਼ਾਂ ਵਿੱਚ. "ਛੇਰੀਂ ਭਮੈ ਮੁਕਤਿ ਨ ਹੋਇ." (ਬਿਲਾ ਮਃ ੧. ਥਿਤੀ) ਪਿੰਜਰੇ ਦੇ ਛਿਦ੍ਰਾਂ ਵਿੱਚ ਭ੍ਰਮਣ ਤੋਂ ਪੰਛੀ ਛੁਟਕਾਰਾ ਨਹੀਂ ਪਾਉਂਦਾ. ਭਾਵ- ਪਾਖੰਡਕਰਮਾਂ ਤੋਂ ਮੁਕਤਿ ਨਹੀਂ.

ਛੇਲ, ਛੇਲਕ, ਛੇਲਾ: ਸਂ. छेलक ਸੰਗਯਾ- ਲੇਲਾ. ਮੇਮਣਾ. "ਕੁਦਮ ਕਰੇ ਗਾਡਰ ਜਿਉ ਛੇਲ." (ਰਾਮ ਮਃ ੫) ੨. ਬਕਰਾ.

ਛੇਲਿਕਾ, ਛੇਲੀ: ਸਂ. छेलिका ਸੰਗਯਾ- ਬਕਰੀ. ਅਜਾ.

ਛੇਵ: ਸੰਗਯਾ- ਛੇਦ। ੨. ਆਘਾਤ. ਪ੍ਰਹਾਰ. ਚੋਟ. ਸੱਟ।੩ ਘਾਉ. ਜ਼ਖ਼ਮ. ਫੱਟ.

ਛੇਵਾ: ਸੰਗਯਾ- ਜੁਦਾ ਕਰਨ ਦਾ ਚਿੰਨ੍ਹ. ਉਹ ਨਿਸ਼ਾਨ, ਜੋ ਪਦਛੇਦ ਕਰਨ ਲਈ ਵਰਤੀਦਾ ਹੈ। ੨. ਵਿ- ਛੇਵਾਂ. ਸ਼ਸ਼੍ਠ. ਛਠਾ. "ਪੰਜ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ, ਕੋਈ ਛੇਵਾ ਕਰਿਉ ਜਿ ਕਿਛੁ ਕੀਤਾ ਹੋਵੈ." (ਸੂਹੀ ਮਃ ੪)

ਛੇੜ: ਦੇਖੋ, ਛੇਰ ੩। ੨. ਛੇੜਨ ਦਾ ਭਾਵ.

ਛੇੜਖਾਨੀ: ਛੇੜਨ ਦੀ ਕ੍ਰਿਯਾ. ਉਕਸਾਵਟ.

ਛੇੜਣੁ, ਛੇੜਨਾ: ਕ੍ਰਿ- ਛੁਹਣਾ. ਸਪਰਸ਼ ਕਰਨਾ। ੨. ਹੱਕਣਾ. ਪ੍ਰੇਰਣਾ। ੩. ਕਾਰਜ ਆਰੰਭ ਕਰਨਾ। ੪. ਉਕਸਾਉਣਾ. ਉਭਾਰਨਾ। ੫. ਖਿਝਾਉਣਾ.

ਛੇੜੀ, ਛੇੜੂ: ਵਿ- ਛੇੜਨ ਵਾਲਾ। ੨. ਸੰਗਯਾ- ਪਸ਼ੂਆਂ ਨੂੰ ਹੱਕਣ ਵਾਲਾ ਪਾਲੀ, ਜੋ ਚਰਾਉਣ ਲਈ ਬਾਹਰ ਛੇੜ (ਵੱਗ) ਨੂੰ ਜਾਂਦਾ ਹੈ.

ਛੈ: ਡਿੰਗ. ਸੰਗਯਾ- ਅਸ੍ਥਿ ਹੈ. "ਦੁਤਰ ਮਾਇਆ ਛੈ." (ਦੇਵ ਮਃ ੫) ੨. ਛੀ. ਖਟ. ਸ਼ਟ੍. ਦੇਖੋ, ਛੈਮੁਖ। ੩. ਕ੍ਸ਼ਯ. ਨਾਸ਼. "ਸਤ੍ਰੁ ਭਏ ਛੈ." (ਸਲੋਹ)

ਛੈਹਰਟਾ: ਦੇਖੋ, ਛਿਹਰਟਾ ਅਤੇ ਵਡਾਲੀ ਗੁਰੂ ਕੀ.

ਛੈਣ: ਵਿ- ਕ੍ਸ਼ਯ ਕਰਨ ਵਾਲਾ. ਵਿਨਾਸ਼ਕ. ਮਾਰਨ ਵਾਲਾ. ਅੰਤਕ. "ਕੁਲੱਛੈਣ ਕਰਮੰ." (ਗ੍ਯਾਨ) ਕੁਲਨਾਸ਼ਕ ਕਰਮ.

ਛੈਣਾ: ਸੰਗਯਾ- ਛਣਕਾਰ ਕਰਨ ਦਾ ਵਾਜਾ, ਕਾਂਸੀ ਦਾ ਤਾਲ, ਜੋ ਮੰਦਿਰਾਂ ਵਿੱਚ ਆਰਤੀ ਕੀਰਤਨ ਆਦਿ ਸਮੇਂ ਵਜਾਇਆ

ਜਾਂਦਾ ਹੈ। ੨. ਦੇਖੋ, ਛੈਨਾ.

ਛੈਣੀ: ਸੰਗਯਾ- ਛੇਦਨ ਕਰਨ ਵਾਲੀ. ਪੱਥਰ ਅਤੇ ਲੋਹਾ ਕੱਟਣ ਦੀ ਛੋਟੀ ਨਿਹਾਨੀ (ਟੰਕੀ).

ਛੈਨ: ਦੇਖੋ, ਛੈਣ। ੨. ਦੇਖੋ, ਛੈਣਾ. "ਕਹੂੰ ਛੈਨ ਤੂਰੈਂ ਨਗਾਰੇ ਮ੍ਰਿਦੰਗੈਂ." (ਚਰਿਤ੍ਰ ੪੦੫)

ਛੈਨਾ: ਦੇਖੋ, ਛੈਣਾ। ੨. ਕ੍ਰਿ- ਕ੍ਸ਼ੀਣ ਹੋਣਾ. ਛਿੱਜਣਾ। ੩. ਛਾ ਜਾਣਾ. ਫੈਲਣਾ.

ਛੈਨੀ: ਦੇਖੋ, ਛੈਣੀ. "ਕਟ ਓਠ ਦਏ ਜਿਮ ਲੋਹ ਕੋ ਛੈਨੀ." (ਚੰਡੀ ੧) ੨. ਵਿ- ਨਾਸ਼ ਕਰਨ ਵਾਲੀ. ਕ੍ਸ਼ਯ ਕਰਨ ਵਾਲੀ. "ਛੈਨੀ ਸਤ੍ਰੁਨ." (ਸਲੋਹ)

ਛੈਮੁਖ: ਸੰਗਯਾ- ਖੜਾਨਨ, ਛੀ ਮੂਹਾਂ ਵਾਲਾ ਸ਼ਿਵ ਦਾ ਪੁਤ੍ਰ. "ਕਤਿੰਕੇਯ. "ਛੈਮੁਖ ਦੇਵਨ ਕੋ ਸੇਨਾਨੀ." (ਸਲੋਹ)

ਛੈਯਾ: ਵਿ- ਕ੍ਸ਼ਯ (ਨਾਸ਼) ਕਰਤਾ। ੨. ਛਾਉਣ ਵਾਲਾ. ਫੈਲਣ ਵਾਲਾ। ੩. ਸੰਗਯਾ- ਬਾਲਕ. ਛੌਨਾ.

ਛੈਲ: ਵਿ- ਛਵਿ ਵਾਲਾ. ਸ਼ਕੀਲ. ਸ਼ੋਭਨ. ਸੁੰਦਰ. ਮਨੋਹਰ. ਖ਼ੂਬਸੂਰਤ. "ਆਏ ਬਨਕੈ ਛੈਲ ਬੁਲੰਦ." (ਗੁਪ੍ਰਸੂ) ੨. ਬਾਂਕਾ। ੩. ਸਜਿਆ ਹੋਇਆ. ਸ਼੍ਰਿੰਗਾਰ ਸਹਿਤ। ੪. ਸੰਗਯਾ- ਸੁੰਦਰ ਜੁਆਨ ਪੁਰਖ. "ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ." (ਆਸਾ ਫਰੀਦ) ਛੈਲ ਤੋਂ ਭਾਵ ਸ਼ੁਭ ਗੁਣਾਂ ਨਾਲ ਸ਼ੋਭਨ ਸਾਧੂ ਜਨ ਹੈ.

ਛੈਲ ਛਬੀਲਾ: ਵਿ- ਸ਼ਕੀਲ ਅਤੇ ਛਵਿ ਵਾਲਾ. ਸ਼੍ਰਿੰਗਾਰ ਸਹਿਤ ਅਤੇ ਸੁੰਦਰ. ਯੁਵਾ ਅਤੇ ਸ਼ੋਭਾ ਵਾਲਾ. "ਪਿਰੁ ਛੈਲ ਛਬੀਲਾ ਛਡਿ ਗਵਾਇਓ." (ਵਾਰ ਰਾਮ ੨. ਮਃ ੫)

ਛੈਲਨਿ, ਛੈਲੀ: ਵਿ- ਛੈਲ ਦਾ ਇਸਤ੍ਰੀ ਲਿੰਗ. ਸੁੰਦਰੀ. ਸ਼ਕੀਲਾ. "ਛਲਰੂਪੀ ਛੈਲੀ ਸਦਾ ਛਕੀ ਰਹਿਤ ਛਿਤਿ ਮਾਹਿ." (ਚਰਿਤ੍ਰ ੭੦)

ਛੈਲੁ: ਦੇਖੋ, ਛੈਲ.

ਛੋਹ: ਡਿੰਗ. ਸੰਗਯਾ- ਕ੍ਰੋਧ. ਗ਼ੁੱਸਾ. ਸੰ. ਕ੍ਸ਼ੋਭ. "ਸਚੁ ਕਹੈ ਤਾ ਛੋਹੋ ਆਵੈ." (ਵਾਰ ਰਾਮ ੨. ਮਃ ੫) ੨. ਦਯਾ. ਕ੍ਰਿਪਾ। ੩. ਮੋਹ. ਪਿਆਰ।੪ ਛੂਹਣ ਦਾ ਭਾਵ. ਛੂਤ. ਭਿੱਟ.

ਛੋਹਣ: ਸੰ. ਕ੍ਸ਼ੋਭਣ. ਕ੍ਸ਼ੋਭ ਸਹਿਤ ਹੋਣ ਦਾ ਭਾਵ। ੨. ਛੁਹਿਣਾ. ਸਪਰਸ਼ ਕਰਨਾ.

ਛੋਹਨਿ, ਛੋਹਨੀ: ਦੇਖੋ, ਖੂਹਣਿ. "ਛੋਹਨਿ ਭਈ ਅਸ਼੍ਟਦਸ ਅਨੀ." (ਗੁਪ੍ਰਸੂ) ਅਠਾਰਾਂ ਅਕ੍ਸ਼ੌਹਿਣੀ ਫ਼ੌਜ ਇਕੱਠੀ ਹੋ ਗਈ.

ਛੋਹਰ, ਛੋਹਰਾ, ਛੋਹਰਿ, ਛੋਹਰੀ: ਸੰਗਯਾ- ਸ਼ਾਵਕ. ਛੋਕਰਾ. ਲੜਕਾ. ਛੋਕਰੀ. ਬਾਲਕੀ. "ਸੰਤਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ." (ਬਿਲਾ ਮਃ ੫) "ਛਡਾ ਛੋਹਰੇ ਦਾਸ ਤੁਮਾਰੇ." (ਬਾਵਨ) "ਘਰ ਵਰੁ ਸਹਜ ਨ ਜਾਣੈ ਛੋਹਰਿ." (ਮਾਰੂ ਸੋਲਹੇ ਮਃ ੧) ਭਾਵ- ਅਗਯਾਨਦਸ਼ਾ ਵਾਲੀ.

ਛੋਹਾਇਆ: ਕ੍ਸ਼ੋਭ ਸਹਿਤ ਹੋਇਆ. ਕ੍ਰੋਧੀ ਹੋਇਆ. "ਸਤਿ ਸੁਨਤ ਛੋਹਾਇਆ." (ਆਸਾ ਮਃ ੫)

ਛੋਹਾਰਾ: ਦੇਖੋ, ਛੁਹਾਰਾ.

ਛੋਹਿਓ: ਕ੍ਸ਼ੋਭਿਤ ਹੋਇਆ. ਕ੍ਰੋਧ ਸਹਿਤ ਭਇਆ. "ਕਵਨ ਚਿਹਨ ਸੁਨਿ ਊਪਰਿ ਛੋਹਿਓ." (ਮਾਰੂ ਮਃ ੫)

ਛੋਹੀ: ਵਿ- ਕ੍ਸ਼ੋਭਵਾਨ. ਕ੍ਰੋਧੀ.

ਛੋਹੈ: ਛੂੰਹਦਾ (ਸਪਰਸ਼ ਕਰਦਾ) ਹੈ। ੨. ਕ੍ਸ਼ੋਭ ਸਹਿਤ ਹੁੰਦਾ ਹੈ. ਕ੍ਰੋਧ ਕਰਦਾ ਹੈ.

ਛੋਕ: ਦੇਖੋ, ਸ਼ੋਕ। ੨. ਵਿ- ਛੇਕਿਆ ਹੋਇਆ. ਜਾਤਿਚ੍ਯੁਤ. "ਬਿਦਰ ਸੀਸੁਤ ਛੋਕ ਛੋਹਰਾ ਕ੍ਰਿਸਨੁ ਅੰਕ ਗਲਿ ਲਾਵੈਗੋ."

(ਕਾਨ ਅਃ ਮਃ ੪)

ਛੋਕਰਾ, ਛੋਕਰੀ: ਸ਼ਾਵਕ. ਦੇਖੋ, ਛੋਹਰਾ- ਛੋਹਰੀ.

ਛੋਛਾ, ਛੋਛੀ: ਵਿ- ਥੋਥਾ. ਖ਼ਾਲੀ। ੨. ਤੁੱਛ. ਘਟੀਆ. "ਛੋਛਾ ਇਸ ਦਾ ਮੁਲੁ." (ਵਾਰ ਸ੍ਰੀ ਮਃ ੩) "ਛੋਛੀ ਨਲੀ ਤੰਤੁ ਨਹਿ ਨਿਕਸੈ." (ਗਉ ਕਬੀਰ) ਦੇਖੋ, ਗਜਨਵ.

ਛੋਟ: ਸੰਗਯਾ- ਛੁਟਕਾਰਾ. ਰਿਹਾਈ। ੨. ਕ਼ਰਜ ਵਿੱਚੋਂ ਕੁਝ ਰਕ਼ਮ ਦੀ ਮੁਆ਼ਫ਼ੀ। ੩. ਪੁਰਾਣੇ ਜ਼ਮਾਨੇ ਦੀ ਇੱਕ ਮੁਆ਼ਫ਼ੀ, ਜੋ ਜ਼ਮੀਨ ਦੇ ਮੁਆ਼ਮਲੇ ਵਿਚੋਂ ਕੀਤੀ ਜਾਂਦੀ ਸੀ ਅਤੇ ਉਸ ਛੋਟ ਦੇ ਬਦਲੇ ਰਿਆਸਤ ਦੀ ਸੇਵਾ ਕਰਾਈ ਜਾਂਦੀ ਸੀ. ਜਿਵੇਂ- ਕਿਸੇ ਇ਼ਲਾਕੇ ਦਾ ਇੱਕ ਲੱਖ ਰੁਪਯਾ ਮੁਆ਼ਮਲਾ ਹੈ, ਤਦ ਉਸਦੇ ਸਰਦਾਰ ਨੂੰ ਪੱਚੀ ਹਜ਼ਾਰ ਜਾਂ ਇਸ ਤੋਂ ਘੱਟ ਵੱਧ ਛੋਟ ਰਿਆਸਤ ਵੱਲੋਂ ਦਿੱਤੀ ਜਾਂਦੀ ਸੀ. ਛੋਟਦਾਰ ਦਾ ਫ਼ਰਜ ਸੀ ਕਿ ਉਹ ਸੈਨਾ ਰੱਖਕੇ ਸਲਤ਼ਨਤ ਦੀ ਯੋਗਯ ਸੇਵਾ ਕਰੇ ਅਤੇ ਇਲਾਕੇ ਵਿੱਚ ਅਮਨ ਰੱਖੇ।[੬] ੪. ਵਿ- ਛੋਟਾ. "ਛੋਟ ਭਤੀਜ ਲਖੇ ਕਰਕੈ." (ਕ੍ਰਿਸਨਾਵ)

ਛੋਟਦਾਰ: ਦੇਖੋ, ਛੋਟ ੩.

ਛੋਟਾ: ਵਿ-. ਉਮਰ ਅਥਵਾ ਕੱਦ ਵਿੱਚ ਘੱਟ। ੨. ਓਛਾ. ਤੁੱਛ। ੩. ਸੰ. ਸ਼ੌਟੀਰ੍‍ਯ ਸ਼ੌਟੀਰ੍ਯੰ. ਸੰਗਯਾ- ਬਲ. ਪਰਾਕ੍ਰਮ. "ਕੋਟ ਨ ਓਟ ਨ ਕੋਸ ਨ ਛੋਟਾ." (ਸਵੈਯੇ ਸ੍ਰੀ ਮੁਖਵਾਕ ਮਃ ੫)

ਛੋਟਾ ਅਖਾੜਾ: ਦੇਖੋ, ਅਖਾੜਾ.

ਛੋਟਾ ਨਾਨਕਿਆਨਾ: ਦੇਖੋ, ਮਾਂਗਾ। ੨. ਜਿਲਾ ਸਿਆਲਕੋਟ, ਤਸੀਲ ਬਾਣਾ ਡਸਕਾ ਦਾ ਪਿੰਡ ਸੀਓਕੇ ਹੈ. ਇਸ ਤੋਂ ਅੱਧ ਮੀਲ ਨੈਰਤ ਕੌਣ ਗੁਰੂ ਨਾਨਕ ਦੇਵ ਦਾ ਅਸਥਾਨ ਛੋਟਾ ਨਾਨਕਿਆਨਾ ਹੈ. ਗੁਰੂ ਸਾਹਿਬ ਰੂਪੇ ਨਾਮਕ ਸਿੱਖ ਦਾ ਪ੍ਰੇਮ ਦੇਖਕੇ ਕੁਝ ਕਾਲ ਇੱਥੇ ਠਹਿਰੇ ਹਨ. ਗੁਰਦ੍ਵਾਰੇ ਨਾਲ ਸੋਲਾਂ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ੨੫- ੨੬ ਹਾੜ ਨੂੰ ਮੇਲਾ ਲਗਦਾ ਹੈ. ਰੇਲਵੇ ਸਟੇਸ਼ਨ ਸਿਆਲਕੋਟ ਤੋਂ ੧੨. ਮੀਲ ਦੱਖਣ ਹੈ. ਜਿਸ ਵੇਲੇ ਗੁਰੂ ਨਾਨਕ ਦੇਵ ਇੱਥੇ ਆਏ ਹਨ, ਉਸ ਸਮੇਂ ਉਸ ਪਿੰਡ ਦਾ ਨਾਮ 'ਭਾਰੋਵਾਲ' ਸੀ.

ਛੋਟਾ ਮਿਰਜਾਪੁਰ: ਖਾਸ਼ੀ ਤੋਂ ਤਿੰਨ ਕੋਹ ਦੱਖਣ ਗੰਗਾ ਪਾਰ ਇੱਕ ਨਗਰ. ਧਸ਼ਮੇਸ਼ ਪਟਨੇ ਤੋਂ ਪੰਜਾਬ ਨੂੰ ਆਉਂਦੇ ਇੱਥੇ ਵਿਰਾਜੇ ਹਨ. ਗੁਰੁਦ੍ਵਾਰੇ ਦਾ ਨਾਉਂ ਗੁਰੂ ਕਾ ਬਾਗ ਹੈ. ਦੇਖੋ, ਕਾਸ਼ੀ.

ਛੋਟਾਮੀਰ: ਜਲੰਧਰ ਦੇ ਜ਼ਿਲੇ ਕਰਤਾਰਪੁਰ ਪਾਸ ਇੱਕ ਪਿੰਡ, ਜਿਸ ਵਿੱਚ ਪੈਂਦੇ ਖ਼ਾਂ ਦਾ ਘਰ ਸੀ. "ਸਦਨ ਮੀਰਛੋਟੇ ਬਨਵਾਏ."(ਗੁਪ੍ਰਸੂ)

ਛੋਟਾਮੇਲ: ਦੇਖੋ, ਪ੍ਰਿਥੀਚੰਦ.

ਛੋਟਿ: ਸੰਗਯਾ- ਛੁੱਟੀ, ਰਿਹਾਈ. ਮੁਕਤਿ. ਖ਼ਲਾਸੀ. "ਨਿਮਖ ਮਾਹਿ ਹੋਵੈ ਤੇਰੀ ਛੋਟਿ." (ਗੁਉ ਮਃ ੫) "ਭ੍ਰਮਤੇ ਪੁਕਾਰਹਿ, ਕਤਹਿ ਨਾਹਿ ਛੋਟਿ." (ਗੂਜ ਮਃ ੫)

ਛੋਟੀ: ਛੋਟਾ ਦਾ ਇਸਤ੍ਰੀ ਲਿੰਗ। ੨. ਸੰਗਯਾ- ਲਘੁਸ਼ੰਕਾ. ਮੂਤ੍ਰ ਦਾ ਤਯਾਗ. ਇਹ ਸ਼ਬਦ ਇਸਤ੍ਰੀਆਂ ਹੀ ਵਰਤਦੀਆਂ ਹਨ.

ਛੋਟੀ ਗੁਜਰਾਤ: ਗੁਜਰਾਤ (ਦੱਖਣ) ਦੀ ਬਣੀ ਹੋਈ ਸਕੇਲੇ ਦੀ ਤਲਵਾਰ, ਜਿਸ ਵਿੱਚ ਤਿੰਨ ਸੀਖਾਂ ਹੁੰਦੀਆਂ ਹਨ. ਜੋ ਦੋ ਸੀਖਾਂ ਹੋਣ, ਤਦ ਤਲਵਾਰ ਦੀ ਸੰਗਯਾ ਵਡੀ ਗੁਜਰਾਤ ਹੈ ਦੇਖੋ, ਸਸਤ੍ਰ.

ਛੋਡਣਾ, ਛੋਡਨਾ: ਸੰ. ਤ੍ਵੇਡਨ- ਛੇਡਨ. ਕ੍ਰਿ- ਤਯਾਗਣਾ. ਪਕੜ ਤੋਂ ਅਲਗ ਕਰਨਾ. ਤਰਕ ਕਰਨ. ਮੋਚਨ. "ਛੋਡਹੁ ਕਪਟੁ ਹੋਇ ਨਿਰਵੈਰਾ." (ਸਾਰ ਮਃ ੫)

ਛੋਡਾਇਸੀ: ਛੁਡਾਵੇਗਾ. ਬੰਧਨ ਰਹਿਤ ਕਰਾਵੇਗਾ. "ਹਰਿ ਹਲਤਿ ਪਲਤਿ ਛੋਡਾਇਸੀ." (ਵਾਰ ਗਉ ੧. ਮਃ ੪)

**ਛੋਡਿ:** ਕ੍ਰਿ. ਵਿ- ਛੱਡਕੇ. ਤਜਾਗਕੇ. "ਛੋਡਿ ਸਿਆਨਪ ਬਹੁ ਚਤੁਰਾਈ." (ਟੋਡੀ ਮਃ ੫) ੨. ਵਿ- ਆਛਾਦਿਤ. ਢਕਿਆ ਹੋਇਆ. ਗੁਪਤ. "ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ." (ਮਾਰੂ ਮਃ ੧) ਦੇਖੋ, ਛੂਡ ਧਾ। ੩. ਛੋਡਣਾ ਦਾ ਅਮਰ. ਛੱਡ. "ਛੋਡਿ ਆਨ ਬਿਉਹਾਰ." (ਗੂਜ ਮਃ ੫)

**ਛੋਡਿ ਛਡਾਨਾ:** ਛੱਡਕੇ ਚਲਾਜਾਣ ਵਾਲਾ. ਭਾਵ- ਜਗਤ ਦੇ ਪਦਾਰਥ. "ਉਰਝਿ ਪਰੇ ਜੋ ਛੋਡਿ ਛਡਾਨਾ." (ਬਾਵਨ)

**ਛੋਡੀਲੇ:** ਛੱਡਕੇ. ਤਜਾਗਕਰਕੇ. "ਛੋਡੀਲੇ ਪਾਖੰਡਾ." (ਵਾਰ ਆਸਾ)

**ਛੋਣਿ:** ਸੰ. ਕ੍ਸ਼ੋਣਿ. ਸੰਗਜਾ- ਪ੍ਰਿਥਿਵੀ. ਭੂਮਿ. "ਭੁਜਾ ਦੰਡਕੈ ਛੋਣਿ ਛਤ੍ਰੀ ਛਿਨਾਈ." (ਵਿਚਿਤ੍ਰ) ੨. ਇਸਤ੍ਰੀ. ਨਾਰੀ.

**ਛੋਣਿਧਾਰੀ:** ਸੰਗਜਾ- ਕ੍ਸ਼ੋਣਿ (ਪ੍ਰਿਥਿਵੀ) ਧਾਰਨ ਵਾਲਾ. ਭੂਪਤਿ. ਰਾਜਾ। ੨. ਜ਼ਿਮੀਂਦਾਰ.

**ਛੋਣੀ:** ਦੇਖੋ, ਛੋਣਿ.

**ਛੋਣੀਕਰ:** ਪ੍ਰਿਥਿਵੀ ਦੇ ਰਚਣ ਵਾਲਾ. "ਛੈਲਰੂਪ ਛਿਤਿਨਾਥ ਛੋਣੀਕਰ." (ਗਜਾਨ)

**ਛੋਤ:** ਦੇਖੋ, ਛੂਤ ਅਤੇ ਛੋਤਿ.

**ਛੋਤਅਛੋਤਾ:** ਵਿ- ਭਿੱਟੜਾਂ ਨੂੰ ਛੂਤਰਹਿਤ ਕਰਨ ਵਾਲਾ. ਅਸ਼ੁੱਧਾਂ ਨੂੰ ਪਵਿਤ੍ਰ ਕਰਤਾ. "ਨਾਉ ਨਰਾਇਣ ਛੋਤ ਅਛੋਤਾ." (ਭਾਗੁ)

**ਛੋਤਿ:** ਸੰਗਜਾ- ਛੂਤ. ਭਿੱਟ. ਅਪਵਿਤ੍ਰਤਾ. "ਬਿਨੁ ਨਾਵੈ ਸੂਤਕ ਜਗ ਛੋਤਿ." (ਆਸਾ ਅਃ ਮਃ ੧) "ਜਾਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਹੀ ਢਰੈ." (ਮਾਰੂ ਰਵਿਦਾਸ)

**ਛੋਦ:** ਸੰ. ਸੰਗਜਾ- ਚੂਪਾ. ਬੁਕਨੀ.

**ਛੋਨਿ, ਛੋਨੀ:** ਦੇਖੋ, ਛੋਣਿ.

**ਛੋਪ:** ਸੰਗਜਾ- ਇਸਤ੍ਰੀਆਂ ਦੇ ਓਢਣ ਦਾ ਵਸਤ੍ਰ, ਜੋ ਲਾਲ ਰੰਗ ਦਾ ਕਸ਼ੀਦੇਦਾਰ ਹੁੰਦਾ ਹੈ। ੨. ਛੁਪਾਉ. ਦੁਰਾਉ। ੩. ਸਪਰਸ਼. ਛੁਹਣਾ.

**ਛੋਭ:** ਦੇਖੋ, ਕ੍ਸ਼ੋਭ ਅਤੇ ਖੋਭ.

**ਛੋਭਿਤ:** ਵਿ- ਕ੍ਸ਼ੋਭਿਤ. ਕ੍ਸ਼ੋਭ ਸਹਿਤ. ਘਬਰਾਇਆ- ਹੋਇਆ. ਵਜਾਕੁਲ। ੨. ਕ੍ਰੋਧੀ.

**ਛੋਰ:** ਸੰਗਜਾ- ਕਿਨਾਰਾ. ਸਿਰਾ. "ਜਰੀ ਛੋਰ ਦਨਐ ਬਹੁਤ ਲਗਾਈ." (ਗੁਪ੍ਰਸੂ) ੨. ਮੁੱਢ. ਆਰੰਭ. "ਛੋਰਕਥਾ ਸਭ ਹੀ ਤਬ ਕਹਿਹੌਂ." (ਵਿਚਿਤ੍ਰ) ਆਦਿਕਾਲ ਦੀ ਕਥਾ. ਦੇਖੋ, ਛੋਰਿ। ੩. ਛੋਡ ਦਾ ਰੂਪਾਂਤਰ. ਛੱਡ.

**ਛੋਰਨ:** ਕ੍ਰਿ- ਛੋਡਨਾ. ਛੱਡਣਾ.

**ਛੋਰਾ:** ਦੇਖੋ, ਛੋਹਰਾ। ੨. ਛੱਡਿਆ. ਛੋੜਾ.

**ਛੋਰਿ:** ਕ੍ਰਿ. ਵਿ- ਛੱਡਕੇ. "ਪਾਂਚਚੌਤਰੇ ਛੋਰਿ ਚੌਧਰੀ ਆਇਯੋ." (ਚਰਿਤ੍ਰ ੧੫੬) ੨. ਖੋਲ੍ਹਕੇ. "ਪਤਿਯਾ ਤਿਨ ਛੋਰਿ ਬਚਾਈ." (ਚਰਿਤ੍ਰ ੧੩੫) ਚਿੱਠੀ ਖੋਲ੍ਹਕੇ ਪੜ੍ਹਵਾਈ। ੩. ਮੁੱਢ (ਸ਼ੁਰੂ) ਤੋਂ. "ਹਮਰੀ ਕਥਾ ਛੋਰਿ ਤੇ ਕਹਿਯਹੁ." (ਚਰਿਤ੍ਰ ੧੪੨) ੪. ਮੁਫ਼ੱਸਲ.

**ਛੋਰੀ:** ਦੇਖੋ, ਛੋਹਰੀ। ੨. ਛੋੜੀ. ਤਜਾਗੀ। ੩. ਖੋਲ੍ਹੀ. "ਤੋਰੀ ਨ ਤੂਟੈ ਛੋਰੀ ਨ ਛੂਟੇ." (ਬਿਲਾ ਮਃ ੫)

**ਛੋਰੂ:** ਦੇਖੋ, ਛੋਹਰਾ. ਬਾਲਕ. ਬੱਚਾ. "ਹਮ ਛੋਰੂ ਥਾਰੇ." (ਆਸਾ ਅਃ ਮਃ ੧) ੨. ਛੱਡਣ ਵਾਲਾ। ੩. ਵੱਗ ਦੇ ਰੱਸੇ ਖੋਲ੍ਹਕੇ ਚਾਰਣ ਲਈਲੈ ਜਾਣ ਵਾਲਾ.

ਛੋਲ: ਸੰਗਜਾ- ਝਰੀਟ. ਰਗੜ। ੨. ਛਿੱਲਣ ਦਾ ਭਾਵ. ਛਿਲਕਾ ਉਤਾਰਨਾ. "ਛੋਲ ਦੇਂਹੁ ਤੁਝ ਦੇਂਉ ਸਵਾਰੀ." (ਗੁਪ੍ਰਸੁ) ਤੈਨੂੰ ਛਿੱਲਕੇ ਸਵਾਰ ਦੇਵਾਂਗ.

ਛੋਲਦਾਰੀ: ਸੰਗਯਾ- ਸਿਪਾਹੀ (soldier) ਦਾ ਛੋਟਾ ਖ਼ੇਮਾ. ਪਾਲ. ਮਾਲਾਬਾਰ ਵਿੱਚ ਇਸ ਦਾ ਨਾਮ Choltry ਹੈ.

ਛੋਲਨਾ: ਕ੍ਰਿ- ਛਿੱਲਣਾ. ਛਿਲਕਾ ਉਤਾਰਨਾ.

ਛੋਲਾ: ਸੰਗਜਾ- ਚਣਕ. ਚਣਾ. ਨਖ਼ੁਦ. Cicer Arientum. ਇਹ ਵਡਾ ਲਾਭਦਾਇਕ ਅੰਨ ਹੈ. ਇਸ ਦੇ ਬੇਸਣ ਤੋਂ ਅਨੇਕ ਪ੍ਰਕਾਰ ਦੇ ਖਾਣ ਯੋਗ ਪਦਾਰਥ ਬਣਦੇ ਹਨ. ਘੋੜੇ ਅਤੇ ਲਵੇਰੇ ਪਸ਼ੂਆਂ ਨੂੰ ਚਾਰਿਆ ਜਾਂਦਾ ਹੈ. ਕਣਕ ਦੇ ਆਟੇ ਨਾਲ ਮਿਲਾਕੇ ਇਸ ਦੀ ਪਕਾਈ ਮਿੱਸੀ ਰੋਟੀ ਬਹੁਤ ਪੁਸ਼੍ਰਿਕਾਰਕ ਹੈ.

ਛੌਹਨੀ, ਛੌਹਿਨੀ: ਦੇਖੋ, ਖੂਹਣਿ.

ਛੌਹੀ: ਸੰਗਜਾ- ਛਵ੍ਹੀ. ਤੇਜ਼ ਅਤੇ ਲੰਮਾ ਗੰਡਾਸਾ. "ਸੈਥੀ ਸੜਾਕ, ਛੌਹੀ ਛੜਾਕ." (ਵਿਚਿਤ੍ਰ) ਦੇਖੋ, ਸਸਤ੍ਰ.

ਛੌਂਕਨਾ: ਕ੍ਰਿ- ਦਾਲ ਤਰਕਾਰੀ ਨੂੰ ਸੁਗੰਧ ਵਾਲੇ ਮਸਾਲੇ ਨਾਲ ਤੜਕਣਾ. ਦੇਖੋ, ਛਮਕਨਾ.

ਛੌਣੀ: ਦੇਖੋ, ਛੋਣਿ। ੨. ਦੇਖੋ, ਛਾਵਨੀ.

ਛੌਨਾ: ਸੰ. ਸੁਨੁ. ਸੰਗਜਾ- ਬੱਚਾ. ਬਾਲਕ "ਛਿਤਿ ਛੌਨਾ ਸਭੈ ਦੂਧਧਾਰੀ." (ਅਕਾਲ) ੨. ਸ਼ਿਵ ਦਾ ਇੱਕ ਗਣ.

ਛੌਨੀ: ਦੇਖੋ, ਛੋਣਿ.

ਛੌਰ: ਸੰਗਜਾ- ਚਰ੍ਹੀ, ਮੱਕੀ ਆਦਿਕ ਪੈਲੀ ਕੱਟਕੇ ਗੁਹਾਰੇ ਦੀ ਸ਼ਕਲ ਦਾ ਲਾਇਆ ਅੰਬਾਰ। ੨. ਦੇਖੋ, ਛੌਰ.

ਛੌਰੀ: ਸੰਗਜਾ- ਛੋਟਾ ਛੌਰ. ਦੇਖੋ, ਛੌਰ ੧.

ਛੌੜ: ਦੇਖੋ, ਛਉੜ.

ਛੰਗਾ: ਦੇਖੋ, ਛਾਂਗਾ.

ਛੰਛਾਰ, ਛੰਛਾਰਾ: ਵਿ- ਕ੍ਸ਼ਯ ਹੋ ਗਈ ਹੈ ਜਿਸ ਦੀ ਛਾਰ. ਧੂੰਏਂ ਅਤੇ ਧੁੰਧਲਾਪਨ ਤੋਂ ਰਹਿਤ. "ਤਹਿ ਦੀਪਕ ਜਲੈ ਛੰਛਾਰਾ." (ਸੋਰ ਨਾਮਦੇਵ) ਭਾਵ- ਆਤਮਾ ਦਾ ਯਥਾਰਥ ਗਜਾਨ। ੨. ਸੰਗਜਾ- ਚੰਚਲਾ. ਬਿਜਲੀ.

ਛੰਛਾਲ: ਸੰਗਜਾ- ਚੰਚਲਾ. ਬਿਜਲੀ। ੨. ਡਿੰਗ- ਹਾਥੀ. ਹਸ੍ਤੀ.

ਛੰਛਾਲੀ: ਸੰਗਜਾ- ਚੰਚਲਾ. ਬਿਜਲੀ. "ਘਨ ਵਿਚ ਜਜੋਂ ਛੰਛਾਲੀ ਤੇਗਾਂ ਹੱਸੀਆਂ." (ਚੰਡੀ ੩) ੨. ਛੰਛਾਲ (ਗਜ) ਸੈਨਾ ਹਾਥੀਆਂ ਦੀ ਫ਼ੌਜ. ਦੇਖੋ, ਛੰਛਾਲ ੨.

ਛੰਡਣਾ, ਛੰਡਨਾ: ਕ੍ਰਿ- ਛਾਂਟਨਾ. ਨਿਰਾਲਾ (ਵੱਖ) ਕਰਨਾ। ੨. ਛੱਡਣਾ. ਛੋਡਨਾ."ਸਰ ਛੰਡਹਿੰਗੇ." (ਕਲਕੀ) "ਸੈਥੀਨ ਕੇ ਵਾਰ ਛੰਡੇ." (ਚਰਿਤ੍ਰ ੧੨੩) "ਸਿਰ ਸੁੰਭ ਹੱਥ ਦੁ ਛੰਡੀਅੰ." (ਚੰਡੀ ੨) ਸ਼ੁੰਭ ਦੈਤ ਦਾ ਸਿਰ ਫੜਕੇ ਦੁਰਗਾ ਨੇ ਜੋਰ ਨਾਲ ਘੁਮਾਇਆ ਅਰ ਫੇਰ ਪਟਕਾਉਣ ਲਈ ਦੋਹਾਂ ਹੱਥਾਂ ਤੋਂ ਛੱਡ ਦਿੱਤਾ.

ਛੰਤ: ਸੰ. छन्द ਛੰਦ. ਪਦਕਾਵਜ ਦਾ ਨਾਮ "ਛੰਦ" ਹੈ. ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਗੁਰਬਾਣੀ ਵਿੱਚ ਪਾਏ ਜਾਂਦੇ ਹਨ, ਪਰ ਸਿਰਲੇਖ ਕੇਵਲ ਛੰਤ ਹੋਇਆ ਕਰਦਾ ਹੈ. ਪਾਠਕਾਂ ਦੇ ਗਜਾਨ ਵਾਸਤੇ ਕੁਝ ਉਦਾਹਰਣ ਦਿਖਾਉਂਦੇ ਹਾਂ.

(੧) ਹੁੱਲਾਸ ਦਾ ਭੇਦ ਰੂਪ ਛੰਤ (ਛੰਦ)-

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ,

ਚਾਖਿਅੜਾ ਚਾਖਿਅੜਾ ਮੈ ਹਰਿਰਸੁ ਮੀਠਾ ਰਾਮ-, ਹਰਿਰਸੁ ਮੀਠਾ ਮਨ ਮਹਿ ਵੂਠਾ

ਸਤਿਗੁਰੁ ਤੂਠਾ ਸਹਜੁ ਭਇਆ।੭

ਗ੍ਰਿਹੁ ਵਸਿ ਆਇਆ ਮੰਗਲੁ ਗਾਇਆ।

ਪੰਚ ਦੁਸ੍ਰ ਓਇ ਭਾਗਿ ਗਇਆ।

ਸੀਤਲ ਆਘਾਣੇ ਅੰਮ੍ਰਿਤਬਾਣੇ

ਸਾਜਨ ਸੰਤ ਬਸੀਠਾ,

ਕਹੁ ਨਾਨਕ ਹਰਿ ਸਿਉ ਮਨੁ

ਮਾਨਿਆ ਸੋ ਪ੍ਰਭੁ ਨੈਣੀ ਡੀਠਾ.

(ਆਸਾ ਛੰਤ ਮਃ ੫)

(੨) ਗੁਰੁਪ੍ਰਤਾਪ ਸੂਰਯ ਵਿੱਚ ਕੇਵਲ "ਛੰਦ" ਪਦ ਲਿਖਕੇ "ਹੰਸਗਤਿ" ਛੰਦ ਦਾ ਰੂਪਾਂਤਰ ਦਿੱਤਾ ਹੈ, ਯਥਾ-

ਗੁਰੁ ਤੇ ਵਿਛੜਾ ਸਿੱਖ, ਲੋਭੀ ਨਾਮ ਕਹੁ,

ਬਖ਼ਸ਼ੈ ਗੁਰੁ ਬਖਸ਼ੰਦ, ਮੇਲੈ ਛਾਡਰਹੁ,

ਔਗੁਨਹਾਰੇ ਨੀਤ, ਚਲੇ ਨ ਸਾਚਮਗ,

ਲੰਪਟਭਏ ਕੁਟੰਬ, ਨ ਮਿਥ੍ਯਾ ਲਖ੍ਯੋ ਜਗ.

(੩) ਸੁਗੀਤਿਕਾ ਦਾ ਇੱਕ ਭੇਦ ਆਸਾ ਰਾਗ ਦੇ ਛੰਤਾਂ ਵਿੱਚ ਦੇਖੀਦਾ ਹੈ. ਪ੍ਰਤਿ ਚਰਣ ੨੫ ਮਾਤ੍ਰਾ, ੧੫- ੧੦ ਪੁਰ ਵਿਸ਼੍ਰਾਮ, ਅੰਤ ਦੋ ਗੁਰੁ.

ਉਦਾਹਰਣ-

ਹਰਿ ਅੰਮ੍ਰਿਤ ਭਿੰਨੇ ਲੋਇਣਾ,

ਮਨੁ ਪ੍ਰੇਮ ਰਤੰਨਾ,

ਮਨੁ ਰਾਮਕਸਵਟੀ ਲਾਇਆ.

ਕੰਚਨੁ ਸੋਵਿੰਨਾ. xxx

(ਆਸਾ ਛੰਤ ਮਃ ੪)"ਕਹੁ ਨਾਨਕ ਛੰਤ ਗੋਬਿੰਦ ਹਰਿ ਕੇ."(ਆਸਾ ਛੰਤ ਮਃ ੫)

ਛੰਦ: ਸੰ. छन्द् ਧਾ- ਬਲਵਾਨ ਹੋਣਾ, ਢਕਣਾ, ਆਛਾਦਨ ਕਰਨਾ, ਲਪੇਟਣਾ। ੨. ਸੰਗ੍ਯਾ- ਉਹ ਕਾਵ੍ਯ, ਜਿਸ ਵਿੱਚ ਮਾਤ੍ਰਾ, ਅੱਖਰ, ਗਣ ਆਦਿ ਦੇ ਨਿਯਮਾਂ ਦੀ ਪਾਬੰਦੀ ਹੋਵੇ, ਪਦ੍ਯ, ਨਜ਼ਮ। ੩. ਵੇਦ। ੪. ਉਹ ਵਿਦ੍ਯਾ, ਜਿਸ ਤੋਂ ਛੰਦਾਂ ਦੇ ਨਿਯਮਾਂ ਦਾ ਗ੍ਯਾਨ ਹੋਵੇ, ਪਿੰਗਲ. ਇਹ ਸ਼ਾਸਤ੍ਰ, ਵੇਦਾਂ ਦੇ ਛੀ ਅੰਗਾਂ ਵਿੱਚੋਂ ਹੈ। ੫. ਅਭਿਲਾਖਾ. ਇੱਛਾ. "ਤਜੇ ਸਰਬ ਆਸਾ ਰਹੇ ਏਕ ਛੰਦੰ." (ਦੱਤਾਵ) ੬. ਬੰਧਨ. "ਸਭ ਚੂਕੇ ਜਮ ਕੇ ਛੰਦੇ." (ਬਿਲਾ ਮਃ ੪) ੭. ਢੱਕਣ. ਪੜਦਾ. ਨਿਰੁਕ੍ਤ ਵਿੱਚ ਲਿਖਿਆ ਹੈ ਕਿ ਦੇਵਤਿਆਂ ਨੇ ਮੌਤ ਅਰ ਦੁੱਖਾਂ ਤੋਂ ਡਰਕੇ ਜਿਨ੍ਹਾਂ ਮੰਤ੍ਰਾਂ ਨਾਲ ਆਪਣੇ ਤਾਈਂ ਢਕਿਆ, ਉਨ੍ਹਾਂ ਦੀ ਛੰਦ ਸੰਗ੍ਯਾ ਹੋ ਗਈ. ਇਸੇ ਕਰਕੇ ਵੇਦ ਦਾ ਨਾਉਂ "ਛੰਦ" ਪਿਆ.

ਛੰਦਸਾਸਤ੍ਰ: ਸੰ. छन्दः शास्त्र ਛੰਦਵਿਦ੍ਯਾ ਦਾ ਸ਼ਾਸ੍ਤ੍ਰ. ਪਿੰਗਲਸ਼ਾਸ੍ਤ੍ਰ. Prosozy. ਇ਼ਲਮੇ ਅ਼ਰੂਜ਼.

ਛੰਦਖੇਲ: ਸੰਗਜਾ- ਯਮਕ ਅਨੁਪ੍ਰਾਸ ਆਦਿ ਸ਼ਬਦਾਲੰਕਾਰ ਅਤੇ ਪਹੇਲੀ ਆਦਿ ਰਚਨਾ. "ਤੀਨਿ ਛੰਦੇ ਖੇਲੁ ਆਛੈ." (ਟੋਡੀ ਨਾਮਦੇਵ) ਇਸ ਸ਼ਬਦ ਵਿੱਚ ਤਿੰਨ ਤਿੰਨ ਅਨੁਪ੍ਰਾਸਾਂ ਦਾ ਮੇਲ ਹੈ, ਯਥਾ- ਕੇਲ ਬੇਲ ਤੇਲ ਆਦਿ.

ਛੰਦਬੰਦ: ਸੰਗਜਾ- ਛਲਰਚਨਾ. ਦਾਉ ਪੇਚ. "ਛੰਦ ਬੰਦ ਨਹਿ ਨੈਕ ਬਿਚਾਰਾ." (ਵਿਚਿਤ੍ਰ) ੨. ਨਜਮ. ਪਦਯ ਕਾਵ੍ਯ.

ਛੰਦਮੁਨੀਸੁਰ: ਸੰਗਜਾ- ਵੇਦਮੰਤ੍ਰਾਂ ਦੇ ਰਚਣ ਵਾਲੇ ਪ੍ਰਧਾਨ ਮੁਨਿ. ਵੈਦਿਕ. ਰਿਸ਼ੀ. "ਬ੍ਰਹਮਾਦਿਕ ਸਿਵ ਛੰਦਮੁਨੀਸੁਰ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਪਿੰਗਲਸ਼ਾਸਤ੍ਰ ਦੇ ਆਚਾਰਯ ਮੁਨੀ.

ਛੰਦਰੁਕਤਿ: ਵਾ- ਛੰਦ- ਅਰੁ- ਉਕਤਿ। ੨. ਛੰਦਨਿਰੁਕ੍ਤਿ.

ਛੰਦ ਵਡਾ: ਦਸਮਗ੍ਰੰਥ ਵਿੱਚ "ਹਰਿਗੀਤਿਕਾ" ਲਿਖਣ ਦੀ ਥਾਂ "ਛੰਦ ਵਡਾ" ਪਾਠ ਲਿਖਿਆ ਹੈ. ਇਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ੨੮ ਮਾਤ੍ਰਾ, ੧੬- ੧੨ ਪੁਰ ਵਿਸ਼੍ਰਾਮ, ਅੰਤ ਰਗਣ. SIS.

ਉਦਾਹਰਣ-

ਪਤਿ ਸ਼ਬਦ ਆਦਿ ਉਚਾਕੈਰ

ਮ੍ਰਿਗ ਸ਼ਬਦ ਬਹੁਰ ਬਖਾਨਿਯੈ,

ਅਰਿ ਸ਼ਬਦ ਬਹੁਰ ਉਚਾਰ ਤੁੱਪਕ

ਨਾਮ ਕੋ ਪਹਿਚਾਨਿਯੈ,

ਨਹਿ ਭੇਦ ਯਾ ਮਹਿ ਨੈਕ ਹੈ

ਸਭ ਸੁਕਵਿ ਮਾਨਹੁ ਚਿੱਤ ਮੇ,

ਜਹਿਂ ਜਾਨਿਯੇ ਤਹਿਂ ਦੀਜਿਯੇ

ਪਦ ਛੰਦ ਔਰ ਕਬਿੱਤ ਮੇ.

(ਸਨਾਮਾ)

੨. ਦੰਡਕ ਛੰਦ. ਦੇਖੋ, ਦੰਡਕ.

ਛੰਦਵਿਦ੍ਯਾ: ਜਿਸ ਵਿਦ੍ਯਾ ਤੋਂ ਛੰਦਰਚਨਾ ਦਾ ਗ੍ਯਾਨ ਹੋਵੇ. ਪਿੰਗਲਸ਼ਾਸਤ੍ਰ ਦਾ ਗ੍ਯਾਨ. ਦੇਖੋ, ਛੰਦਸਾਸਤ੍ਰ.

ਛੰਦਾ: ਅਭਿਲਾਖਾ. ਇੱਛਾ. ਦੇਖੋ, ਛੰਦ ੫. "ਪਿਰੁ ਅਪਣਾ ਭਾਣਾ ਕਿਛੁ ਨੀਸੀ ਛੰਦਾ." (ਜੈਤ ਛੰਤ ਮਃ ੫)

ਛੰਦਾਬੰਦਾ: ਦੇਖੋ, ਛੰਦਬੰਦ ੧. "ਸਤਿਗੁਰੁ ਬੇਪਰਵਾਹੁ ਸਿਰੰਦਾ। ਨਾ ਜਮਕਾਣਿ ਨ ਛੰਦਾਬੰਦਾ." (ਮਾਰੂ ਸੋਲਹੇ ਮਃ ੧) ੨. ਵੇਦਾਂ ਦਾ ਗ਼ੁਲਾਮ.

ਛੰਦੁ: ਦੇਖੋ, ਛੰਦ। ੨. ਸਂ. छन्दु ਵਿ- ਮਨਭਾਵਨ. ਮਨੋਹਰ.

ਛੰਦੇ: ਦੇਖੋ, ਛੰਦ ੬.

ਛੰਦੋਗ: ਦੇਖੋ, ਛਾਂਦੋਗ। ੨. ਸਂ. छान्दोग ਵਿ- ਛੰਦ (ਵੇਦ) ਗ (ਗਾਉਣ ਵਾਲਾ).

ਛੰਨ: ਅਮ੍ਰਿਤਸਰ ਅਤੇ ਮੁਲਤਾਨ ਦੇ ਇ਼ਲਾਕ਼ੇ ਇੱਕ ਜੱਟ ਗੋਤ੍ਰ। ੨. ਸਂ. छन्न ਵਿ- ਢਕਿਆ ਹੋਇਆ. ਗੁਪਤ। ੩. ਸੰਗਜਾ- ਛੱਪਰ. ਛਾਨ.

ਛੰਨਾ: ਸੰਗਜਾ- ਬਾਟੀ ਦੀ ਸ਼ਕਲ ਦਾ ਚਪੇਤਲਾ ਵਡਾ ਕਟੋਰਾ, ਜੋ ਵਿਸ਼ੇਸ਼ ਕਰਕੇ ਕਾਂਸੀ ਦਾ ਹੁੰਦਾ ਹੈ. ਇਹ ਦੁੱਧ ਲੱਸੀ ਪੀਣ ਅਤੇ ਖਿਚੜੀ ਆਦਿ ਅੰਨ ਖਾਣ ਲਈ ਵਰਤੀਦਾ ਹੈ. ਤੰਤ੍ਰਸ਼ਾਸਤ੍ਰ ਅਨੁਸਾਰ ਇਸ ਦਾ ਪ੍ਰਯੋਗ ਛਾਯਾਦਾਨ ਵਾਸਤੇ ਹੁੰਦਾ ਹੈ. ਇਸੇ ਲਈ ਛੰਨੇ ਦਾ ਨਾਮ ਛਾਯਾਪਾਤ੍ਰ ਹੋ ਗਿਆ ਹੈ. ਦੇਖੋ, ਛਾਯਾਦਾਨ.

"ਸਭ ਬਾਤ ਬਨਾਇ ਕਹੀ ਤੁਮਰੀ

ਤਬ ਭੂਪਤਿ ਕੋ ਹਠ ਭਾਰਾ ਰਹਾ, ਜਬ ਕੀਨ ਰਸਾਈ ਮੁਸਾਹਿਬ ਸੋਂ

ਤਬ ਤੋ ਤਨ ਨੈਕ ਇਸ਼ਾਰਾ ਰਹਾ,

ਕਵਿ ਦਾਸ ਖਿਸਾਰਾ ਕਢੋਂ ਸਗਰੋ

ਤਨ ਜੋ ਅਪਨਾ ਮਨ ਮਾਰਾ ਰਹਾ,

ਸਭ ਘੀ ਅਰੁ ਛੰਨਾ ਤੁਮਾਰਾ ਰਹਾ

ਪਰ ਬੀਚ ਕਾ ਮਾਲ ਹਮਾਰਾ ਰਹਾ."[੯]

(ਬਾਵਾ ਰਾਮਦਾਸ)

੨. ਛੰਨ (छन्न) ਢਕਿਆ ਹੋਇਆ. ਗੁਪਤ. ਪੋਸ਼ੀਦਾ.

ਛੰਨੀ: ਵਿ- ਛਾਨੀ. ਲੁਕੀ ਹੋਈ. "ਗੁਝੀ ਛੰਨੀ ਨਾਹੀ ਬਾਤ." (ਆਸਾ ਮਃ ੫) ਗੂਢ ਅਤੇ ਗੁਪਤ ਬਾਤ ਨਹੀਂ ਹੈ. ਦੇਖੋ, ਛੰਨ ੨.

ਛ੍ਵ: ਦੇਖੋ, ਛ੍ਵੈ.

ਛ੍ਵਾਹਾ: ਛੁਹਾਇਆ. ਸਪਰਸ਼ ਕੀਤਾ. "ਨਿਜ ਕਰ ਸੰਖ ਤਬੈ ਮੁਖ ਛ੍ਵਾਹਾ." (ਨਾਪ੍ਰ)

ਛ੍ਵੈ: ਕ੍ਰਿ. ਵਿ- ਛੁਹਕੇ. ਸਪਰਸ਼ ਕਰਕੇ। ੨. ਸੰਗਜਾ- ਸਪਰਸ਼. ਛੁਹਣਾ. "ਛ੍ਵੈ ਨ ਸਕੈ ਤਿਹ ਛਾਂਹ ਕੋ." (ਵਿਚਿਤ੍ਰ)

ਜ: ਪੰਜਾਬੀ ਵਰਣਮਾਲਾ ਦਾ ਤੇਰਵਾਂ ਅੱਖਰ, ਇਸ ਦਾ ਉੱਚਾਰਣ ਅਸਥਾਨ ਤਾਲੂਆ ਹੈ. ਸੰ. ਸੰਗਜਾ- ਜਨਮ। ੨. ਪਿਤਾ। ੩. ਵਿਸ਼. ਜ਼ਹਿਰ। ੪. ਮੁਕ੍ਤਿ. ਮੋਕ੍ਸ਼। ੫. ਤੇਜ। ੬. ਜਗਣ ਦਾ ਸੰਖੇਪ ਨਾਮ। ੭. ਵਿ- ਵੇਗਵਾਨ. ਤੇਜ ਚਾਲ ਵਾਲਾ। ੮. ਜਿੱਤਣ ਵਾਲਾ। ੯. ਪ੍ਰਤ੍ਯ- ਉਤਪੰਨ. ਪੈਦਾ ਹੋਇਆ. ਅਜਿਹੀ ਦਸ਼ਾ ਵਿੱਚ ਇਹ ਕਿਸੇ ਸ਼ਬਦ ਦੇ ਅੰਤ ਆਉਂਦਾ ਹੈ. ਜਿਵੇਂ ਜਲਜ, ਦੇਸ਼ਜ ਆਦਿ। ੧੦. ਜਉ (ਯਦਿ) ਦਾ ਸੰਖੇਪ. ਅਗਰ. ਜੇ. "ਜਪੀਐ ਨਾਮ ਜ ਪੀਐ ਅੰਨ." (ਗੌਂਡ ਕਬੀਰ) ਨਾਮ ਜਪਿਆ ਜਾਂਦਾ ਹੈ, ਜੇ (ਯਦਿ) ਪਾਨ ਕਰੀਏ ਅਤੇ ਖਾਈਏ। ੧੧. ਯਸ਼ ਅਥਵਾ ਜਿਸ ਦਾ ਸੰਖੇਪ. "ਨ ਦਨੋਤਿ ਜਸਮਰਣੇਨ ਜਨਮ ਜਰਾਧਿ." (ਗੂਜ ਜੈਦੇਵ) ੧੨. ਪੰਜਾਬੀ ਵਿੱਚ ਇਹ ਯ ਦੇ ਥਾਂ ਭੀ ਆ ਜਾਂਦਾ ਹੈ. ਜਿਵੇਂ ਜੁਮ ਜੁਗ ਜੋਗ ਆਦਿ ਸ਼ਬਦਾਂ ਵਿੱਚ ਹੈ। ੧੩. ਕਦੇ ੨. ਦੇ ਥਾਂ ਭੀ ਇਹ ਵਰਤੀਦਾ ਹੈ, ਜਿਵੇਂ- ਜਸਰਥ। ੧੪. ਫ਼ਾ. ز ਜ਼. ਇਹ ਸੰਖੇਪ ਹੈ ਅਜ਼ ਦਾ. ਸੇ. ਤੋਂ.

ਜਉ: ਸੰਗਜਾ- ਯਵ. ਜੌਂ. "ਜਉ ਕੀ ਭੂਸੀ ਖਾਉ." (ਸ. ਕਬੀਰ) ੨. ਵ੍ਯ- ਯਦਿ. ਅਗਰ. "ਜਉ ਤੁਮ ਗਿਰਿਵਰ ਤਉ ਹਮ ਮੋਰਾ." (ਸੋਰ ਰਵਿਦਾਸ) ਜੇ ਤੁਸੀਂ ਗਿਰਿਵਰ (ਵਾਰਿਗੀਰ- ਬੱਦਲ) ਹੋਂ, ਤਾਂ ਅਸੀਂ ਮੋਰ ਹਾਂ ਇੱਥੇ ਗਿਰਿਵਰ ਦਾ ਅਰਥ ਪਹਾੜ ਨਹੀਂ ਕਿਉਂਕਿ ਪਹਾੜ ਨਾਲ ਮੋਰ ਦੀ ਪ੍ਰੀਤਿ ਨਹੀਂ। ੩. ਕ੍ਰਿ. ਵਿ- ਜਬ. ਜਿਸ ਵੇਲੇ. "ਜਉ ਸੰਚੈ ਤਉ ਭਉ ਮਨ ਮਾਹੀ." (ਮਾਰੂ ਮਃ ੫. ਅੰਜੁਲੀ)

ਜਉਹਰੀ: ਦੇਖੋ, ਜੌਹਰੀ.

ਜਉਤ: ਵ੍ਯ- ਯਦਿ. ਅਗਰ. ਜੇਕਰ. "ਜਉਤ ਸਭ ਸੁਖ ਇਤ ਉਤ ਤੁਮ ਬੰਛਵਹੁ." (ਸਵੈਯੇ ਮਃ ੪. ਕੇ) ੨. ਯਦਿ- ਤੁਮ. ਜੇ ਤੁਸੀਂ.

ਜਉਨ: ਦੇਖੋ, ਜੌਨ.

ਜਉਪੈ: ਵਯ- ਅਗਰ. ਯਦਿ. "ਜਉਪੈ ਹਮ ਨ ਪਾਪ ਕਰੰਤਾ." (ਸ੍ਰੀ ਰਵਿਦਾਸ)

ਜਉਲਉ, ਜਉਲਗੁ: ਕ੍ਰਿ- ਵਿ- ਜਬ ਤਕ. ਜਦ ਤੋੜੀ. "ਜਉਲਉ ਭਾਉ ਅਭਾਉ ਇਹੁ ਮਾਨੈ, ਤਉ ਲਉ ਮਿਲਣ ਦੂਰਾਈ." (ਸੋਰ ਮਃ ੫) "ਜਉਲਗੁ ਜੀਉ ਪਰਾਣ, ਸਚੁ ਧਿਆਈਐ." (ਆਸਾ ਮਃ ੧)

ਜਉਲਾ: ਫ਼ਾ. جولاں ਜੌਲਾਨ. ਸੰਗ੍ਯਾ- ਬੰਧਨ. ਬੇੜੀ. "ਕਹੁ ਨਾਨਕ ਭ੍ਰਮ ਕਟੇ ਕਿਵਾੜਾ, ਬਹੁੜਿ ਨ ਹੋਈਐ ਜਉਲਾ ਜੀਉ." (ਮਾਝ ਮਃ ੫) "ਇਸੁ ਮਾਰੀ ਬਿਨੁ ਸਭੁਕਿਛੁ ਜਉਲਾ." (ਗਉ ਅਃ ਮਃ ੫) ਸਭ ਕੁਝ ਬੰਧਨਰੂਪ ਹੈ। ੨. ਅ. ਘੇਰਨਾ. ਵੇਸ਼੍ਟਨ ਕਰਨਾ. "ਹਰਿ ਵਸੈ ਨਿਕਟਿ, ਸਭ ਜਉਲਾ." (ਵਾਰ ਕਾਨ ਮਃ ੪) ੩. ਦੌੜਨਾ. ਨੱਠਣਾ. ਭਾਵ- ਕਿਨਾਰੇ ਹੋਣਾ. "ਜਬ ਇਸ ਤੇ ਇਹੁ ਹੋਇਓ ਜਉਲਾ." (ਗਉ ਅਃ ਮਃ ੫)

ਜਉ: ਵਯ- ਯਦਿ. ਜੇਕਰ.

ਜਉਧਿਸਟਰ: ਦੇਖੋ, ਯੁਧਿਸ਼੍ਠਿਰ। ੨. ਸੰ. ਯੌ- ਧਿਸ਼੍ਠਿਰ ਨਾਲ ਸੰਬੰਧਿਤ.

ਜਅੰਪ: ਜਪ. ਆਰਾਧਨ। ੨. ਸੰ. जल्पनम्- ਜਲਪਨ. ਕਥਨ. ਦੇਖੋ, ਜਇਅੰਪਹਿ.

ਜਇ: ਸੰ. ਜਯ. ਸੰਗ੍ਯਾ- ਜਿੱਤ. ਫਤੇ. ਜੈ। ੨. ਦੇਖੋ, ਜਈ ੪.

ਜਇਆ: ਸੰਗ੍ਯਾ- ਜੈਕਾਰ. "ਨਾਨਕ ਉਚਰੈ ਹਰਿ ਕੀ ਜਇਆ." (ਬਿਲਾ ਮਃ ੫) ਨਾਨਕ ਉਚਰੈ ਵਾਹਗੁਰੂ ਜੀ ਕੀ ਫ਼ਤ਼ਹ। ੨. ਵਿ- ਪੈਦਾ ਹੋਇਆ. ਜਨਮਿਆ ਜਾਤ. "ਸਾਧਸੰਗਤਿ ਬਿਨੁ ਬਾਦ ਜਇਆ." (ਰਾਮ ਅਃ ਮਃ ੧)

ਜਇਅੰਪਹਿ: ਜਲਪੈ. ਜਲਪਨ (ਉੱਚਾਰਣ) ਕਰਦਾ ਹੈ. "ਜੈ ਜੈ ਜਇਅੰਪਹਿ ਸਗਲ ਜਾਕਉ." (ਬਿਲਾ ਛੰਤ ਮਃ ੫) ਦੇਖੋ, ਜਲਪਨ। ੨. ਜਯ- ਆਲਾਪੈ. ਜੈ ਜੈਕਾਰ ਬੋਲਦਾ ਹੈ.

ਜਇਬੋ: ਕ੍ਰਿ- ਜਨਮ ਲੈਣਾ. ਪੈਦਾ ਹੋਣਾ. "ਮਰਿਜਇਬੇ ਕਉ ਕਿਆ ਕਰਹੁ ਅਭਾਗੇ?" (ਸੂਹੀ ਕਬੀਰ) ੨. ਜਾਣਾ. ਗਮਨ.

ਜਈ: ਸੰਗ੍ਯਾ- ਉਤਪੱਤੀ. "ਮਨ ਪ੍ਰੀਤਿ ਨਈ ਕੀ ਜਈ ਉਪਜਾਈ." (ਨਾਪ੍ਰ) ੨. ਵਿ- ਉਪਜੀ. ਪੈਦਾ ਹੋਈ। ੩. ਜਾਈ. ਜਾਂਦੀ. ਜਾਵੇ. ਮਿਟੇ. "ਜਾਂਤੇ ਹਉਮੈ ਜਈਹੈ." (ਗਉ ਕਬੀਰ) ੪. ਸੰ. ਜਯਿਨ੍. ਵਿਜਯੀ. ਜਿੱਤਣ ਵਾਲਾ. ਜਯੀ। ੫. ਦੇਖੋ, ਜਵੀ.

ਜਈਏ: ਜਾਈਏ. ਜਾਵੀਏ. "ਤਾਂਕੇ ਸਦ ਬਲਿਹਾਰੀ ਜਈਏ." (ਸਲੋਹ)

ਜਈਫ: ਅ਼. ضعیف ਜ਼ਈ਼ਫ਼. ਵਿ- ਜ਼ੁਅ਼ਫ਼ ਵਾਲਾ. ਬੁੱਢਾ. ਵ੍ਰਿੱਧ। ੨. ਕਮਜ਼ੋਰ. ਨਿਰਬਲ. ਦੇਖੋ, ਜ਼ੋਫ਼.

ਜਏ: ਪੈਦਾ ਹੋਏ. ਉਪਜੇ. "ਕਾਸ਼ੀ ਬੀਚ ਜਏ, ਤੇ ਕਮਾਂਊਂ ਜਾਇ ਮਰੇ ਹੈਂ" (ਚਰਿਤ੍ਰ ੨੬੬)

ਜਸ: ਵਿ- ਯਾਦ੍ਰਿਸ਼. ਜੈਸਾ. ਜੇਹਾ. "ਜਸ ਓਹੁ ਹੈ, ਤਸ ਲਖੈ ਨ ਕੋਈ." (ਗਉ ਕਬੀਰ) "ਜਸ ਦੇਖੀਐ ਤਰਵਰ ਕੀ ਛਾਇਆ." (ਗਉ ਕਬੀਰ) ੨. ਯਸਜ. ਛੀਵੀਂ ਵਿਭਕ੍ਤਿ. ਜਿਸ ਨੂੰ. ਜਿਸ ਕੋ। ੩. ਸੰ. यशस्, ਯਸ਼. ਸੰਗ੍ਯਾ- ਕੀਰਤਿ ਵਡਿਆਈ. ਗੁਣਾਨੁਵਾਦ. "ਜਿਹ ਪ੍ਰਾਨੀ ਹਰਿਜਸ ਕਹਿਓ." (ਸਃ ਮਃ ੯) ੪. ਸਨਮਾਨ. ਇ਼ੱਜ਼ਤ। ੫. ਸੰ. ਧਾ- ਛੱਡਣਾ, ਮੁਕਤ ਕਰਨਾ, ਤਾੜਨਾ, ਨਿਰਾਦਰ ਕਰਨਾ.

ਜਸਕੀਰਤਿ: ਸਨਮਾਨ (ਆਦਰ) ਅਤੇ ਤਾਰੀਫ. ਦੇਖੋ, ਜਸ ੪. ਮਾਨ ਅਤੇ ਵਡਿਆਈ.

ਜਸਤ: ਜਿਸਤ. ਜਸਦ. ਸਮ.

ਜਸਤਾਈ: ਸੰਗਜਾ- ਯਸ਼ ਦਾ ਭਾਵ. ਕੀਰਤਿ. "ਭਨੈ ਪ੍ਰਭੁ ਕੀ ਜਸਤਾਈ." (ਕ੍ਰਿਸਨਾਵ)

ਜਸਦ: ਵਿ- ਯਸ਼ ਦੇਣ ਵਾਲਾ। ੨. ਸੰ. ਸੰਗਜਾ- ਜਿਸ ਧਾਤੁ. ਦੇਖੋ, ਜਿਸਤ ੨। ੩. ਅ਼. جسد ਸ਼ਰੀਰ. ਬਦਨ. "ਚਢ੍ਯੋ ਬੀਰ ਰਸ ਜਸਦ ਅਪਾਰੇ." (ਪੰਪ੍ਰ)

ਜਸ਼ਨ: ਫ਼ਾ. جشن ਸੰਗਜਾ- ਉਤਸਵ. ਜਲਸਾ। ੨. ਖ਼ੁਸ਼ੀ. ਆਨੰਦ।੩ ਆਨੰਦ ਦਾ ਇਕੱਠ. ਉਤਸਵ ਦਾ ਸਮਾਗਮ.

ਜਸਪਤਿ ਦੀਵਾਨ: ਏਹ ਕਲਾਨੌਰ ਦਾ ਵਸਨੀਕ ਦੀਵਾ ਲਖਪਤਿਰਾਇ ਦਾ ਭਾਈ ਸੀ. ਜਸਪਤਿ ਪਹਿਲਾਂ ਜਲੰਧਰ ਦਾ ਹਾਕਮ ਸੀ. ਝਕਰੀਆਖ਼ਾਨ ਸੂਬਾ ਲਹੌਰ ਨੇ ਇਸ ਨੂੰ ਏਮਾਨਬਾਦ ਛੋਟੇ ਪਰਗਨੇ ਦਾ ਦੀਵਾਨ ਕਰ ਦਿੱਤਾ ਅਤੇ ਇਸ ਦੀ ਥਾਂ ਅਦੀਨਾਬੇਗ ਨੂੰ ਜਲੰਧਰ ਦਾ ਹਾਕਮ ਬਣਾ ਦਿੱਤਾ. ਇਸ ਗੱਲ ਤੋਂ ਜਸਪਤਿ ਅਤੇ ਅਦੀਨਾਬੇਗ ਦੀ ਖਟਪਟੀ ਹੋ ਗਈ, ਜਿਸ ਤੋਂ ਸਿੰਘਾਂ ਨੇ ਲਾਭ ਉਠਾਇਆ.

ਸੰਮਤ ੧੮੦੨ (ਸਨ ੧੭੪੪) ਵਿੱਚ ਇਸ ਦੀ ਸਿੰਘਾਂ ਦੇ ਇੱਕ ਜਥੇ ਨਾਲ ਮੁਠ ਭੇੜ ਹੋ ਗਈ. ਨਿਬਾਹੂ ਸਿੰਘ ਰੰਘਰੇਟੇ ਨੇ ਬੱਦੋ ਕੀ ਗੁਸਾਈਆਂ ਪਿੰਡ ਪਾਸ ਜਸਪਤਿ ਦੇ ਹਾਥੀ ਦੇ ਚੜ੍ਹਕੇ ਇਸ ਦਾ ਸਿਰ ਵੱਢ ਲਿਆ. ਬਾਵਾ ਕਿਰਪਾਰਾਮ ਗੁਸਾਂਈ ਨੇ, ਜੋ ਜਸਪਤਿ ਦਾ ਕੁਲਗੁਰੂ ਸੀ ਪੰਜ ਸੌ ਰੁਪਏ ਦੇ ਕੇ ਸਿੰਘਾਂ ਤੋਂ ਸਿਰ ਲੈ ਕੇ ਸਸਕਾਰ ਦਿੱਤਾ. ਜਸਪਤਿ ਦੀ ਸਮਾਧ ਬੱਦੋ ਕੀ ਗੁਸਾਈਆਂ ਕੋਲ (ਜਿਲੇ ਗੁਜਰਾਂਵਾਲੇ) ਵਿਦਜਮਾਨ ਹੈ. ਦੇਖੋ, ਲਖਪਤਿਰਾਇ.

ਜਸਪਦ: ਸੰ. ਸਪਦਿ. ਕ੍ਰਿ. ਵਿ- ਝਟ. ਫੌਰਨ. ਤੁਰੰਤ. "ਆਨਜੋ ਜਸਪਦ ਸਤਗੁਰੁ ਪਾਸ." (ਨਾਪ੍ਰ) ਭਾਈ ਸੰਤੋਖ ਸਿੰਘ ਨੇ ਅਨੇਕ ਥਾਂ ਸਪਦਿ ਦੀ ਥਾਂ, ਜਸਪਦ ਸ਼ਬਦ ਵਰਤਿਆ ਹੈ.

ਜਸਪਾਲ ਭਾਈਕੇ: ਜਿਲਾ, ਤਸੀਲ ਅਤੇ ਥਾਣਾ ਲੁਧਿਆਣਾ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ "ਢੁੰਡਾਰੀ ਕਲਾਂ" ਤੋਂ ਦੋ ਮੀਲ ਨੈਰਤ ਕੋਣ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਬਖ਼ਸ਼ਿਸ਼ ਇੱਕ ਜੋੜੀ ਤਖ਼ਤੇ ਅਤੇ ਇੱਕ ਲੋਹ (ਤਵੀ) ਹੈ, ਜੋ ਗੁਰੂ ਜੀ ਨੇ ਆਪਣੇ ਲਾਂਗਰੀ ਸਿੱਖ "ਸਾਗਰ ਮੱਲ" ਨੂੰ ਬਖ਼ਸ਼ੀ ਸੀ.

ਇੱਕ ਵੇਰ ਜਲੰਧਰ ਦਾ ਸੂਬਾ ਦੀਨਮੁਹੰਮਦ ਦੁਰਾਹੇ ਤੋਂ ਆਪਣੀ ਫ਼ੌਜ ਸਮੇਤ ਜਲੰਧਰ ਵੱਲ ਜਾ ਰਿਹਾ ਸੀ. ਉਸ ਦੇ ਨਾਲ ਦੀਵਾਨ ਹੁਕੂਮਤਰਾਇ ਸੀ. ਉਸ ਸਮੇਂ ਇਸ ਡੇਰੇ ਦੇ ਸੇਵਾਦਾਰਾਂ ਨੇ ਦੀਵਾਨ ਸਾਹਿਬ ਦੇ ਪ੍ਰੇਮ ਕਰਕੇ ਸਾਰੀ ਫ਼ੌਜ ਨੂੰ ਪ੍ਰਸਾਦ ਛਕਾਇਆ. ਦੀਵਾਨ ਹੁਕੂਮਤਰਾਇ ਨੇ ਦੋ ਹਜ਼ਾਰ ਵਿੱਘੇ ਜ਼ਮੀਨ ਇੱਥੇ, ਅਤੇ ਇੱਕ 'ਗ਼ਰੀਬਨਗਰੀ' ਪਿੰਡ ਇਸ ਗੁਰਦ੍ਵਾਰੇ ਨਾਲ ਲਗਵਾਇਆ.

ਜਸਮਤ: ਯਸ਼ੋਦਾ. ਨੰਦ ਗੋਪ ਦੀ ਇਸਤ੍ਰੀ, ਕ੍ਰਿਸ਼ਨ ਜੀ ਦੀ ਪਾਲਨ ਵਾਲੀ ਮਾਤਾ.

ਜਸਮਰਣੇਨ: ਯਸਜ- ਸ੍ਮਰਣੇਨ. ਜਿਸ ਦਾ ਸਿਮਰਣ ਕਰਨ ਤੋਂ ਜਿਸ ਦੇ ਆਰਾਧਨ ਸੇ. "ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ." (ਗੂਜ ਜੈਦੇਵ)

ਜਸਮਾਤ: ਯਸ਼ੋਦਾ. ਦੇਖੋ, ਜਸਮਤ. "ਜਸਮਾਤ ਪ੍ਰਸੰਨ ਭਈ ਮਨ ਮੇ." (ਕ੍ਰਿਸਨਾਵ) ੨. ਯਸ੍ਮਾਤ੍. ਪੰਚਮੀ ਵਿਭਕ੍ਤਿ. ਜਿਸ ਸੇ. ਜਿਸ ਤੋਂ.

ਜਸਰਥ: ਦਸ਼ਰਥ. ਅਯੋਧ੍ਯਾਪਤਿ ਸੂਰਯਵੰਸ਼ੀ ਰਾਜਾ, ਜੋ ਰਾਮਚੰਦ੍ਰ ਜੀ ਦਾ ਪਿਤਾ ਸੀ. ਦੇਖੋ, ਦਸ਼ਰਥ. "ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ." (ਰਾਮ ਨਾਮਦੇਵ) ਦਸ਼ਰਥ ਰਾਜਾ ਦੇ ਪੁਤ੍ਰ ਦਾ ਰਾਜਾ, ਮੇਰਾ ਰਾਮਚੰਦੁ ਹੈ. ਭਾਵ- ਰਾਮਚੰਦ੍ਰ ਜੀ ਦਾ ਭੀ ਉਪਾਸ੍ਯ ਦੇਵ.

ਜਸਰੋਟ: ਜਮਵਾਲ ਰਾਜਪੂਤਾਂ ਦੀ ਇੱਕ ਸ਼ਾਖ਼. ਇਸੇ ਗੋਤ ਦਾ ਵਸਾਇਆ ਜਸਰੋਟਾ ਨਗਰ ਜੰਮੂ ਰਾਜ ਵਿੱਚ ਹੈ. ਦੇਖੋ, ਬਾਈਧਾਰ.

ਜਸਰੋਟਾ: ਦੇਖੋ, ਜਸਰੋਟ.

ਜਸਰੋਟੀਆ: ਜਸਰੋਟ ਗੋਤ ਦਾ। ੨. ਜਸਰੋਟੇ ਦੇ ਰਹਿਣ ਵਾਲਾ. ਦੇਖੋ, ਜਸਰੋਟ.

ਜਸਵਾਲ: ਕਟੋਚ ਰਾਜਪੂਤਾਂ ਦੀ ਇੱਕ ਸ਼ਾਖ਼. ਇਸ ਦੀ ਰਾਜਧਾਨੀ "ਜਸਵਾਨ" ਸੀ. ਦੇਖੋ, ਬਾਈਧਾਰ.

ਜਸਵੰਤ: ਵਿ- ਯਸ਼ (ਕੀਰਤਿ) ਵਾਲਾ. ਯਸ਼ਸ੍ਵੀ.

ਜਸਵੰਤ ਸਿੰਘ: ਜੋਧਪੁਰ ਦਾ ਰਾਜਾ ਜੋ ਗਜਸਿੰਘ ਦਾ ਪੁਤ੍ਰ ਸੀ. ਇਹ ਸੰਮਤ ੧੬੯੪ (ਸਨ ੧੬੩੮) ਵਿੱਚ ਗੱਦੀ ਤੇ ਬੈਠਾ. ਇਹ ਪਹਿਲਾਂ ਸ਼ਾਹਜਹਾਂ ਦਾ ਫੌਜਦਾਰ ਸੀ ਫੇਰ ਔਰੰਗਜ਼ੇਬ ਦਾ ਸੱਤਹਜ਼ਾਰੀ ਮਨਸਬਦਾਰ ਹੋਇਆ. ਇਸ ਨੂੰ ਜਮਰੋਦ ਦਾ ਫੌਜਦਾਰ ਬਣਾਕੇ ਭੇਜਿਆ ਗਿਆ, ਜਿੱਥੇ ਸਨ ੧੬੭੮ ਵਿੱਚ ਮੋਇਆ.[507] ਇਸ ਦੇ ਮਰਣ ਪੁਰ ਆ਼ਲਮਗੀਰ ਨੇ ਇਸ ਦੀ ਸੰਤਾਨ ਨੂੰ ਮੁਸਲਮਾਨ ਕਰਨਾ ਚਾਹਿਆ, ਪਰ ਚਤੁਰ ਰਾਣੀ ਅਤੇ ਅਹਿਲਕਾਰਾਂ ਦੇ ਯਤਨ ਨਾਲ, ਇਸ ਦਾ ਕੁਟੰਬ ਦਿੱਲੀ ਤੋਂ ਭੱਜ ਆਇਆ. ਸ਼ਾਹੀ ਫ਼ੌਜ ਨੇ ਪਿੱਛਾ ਕੀਤਾ ਅਤੇ ਸਾਰੇ ਦਲ ਨੂੰ ਮਾਰ ਮੁਕਾਇਆ, ਕੇਵਲ ਟਿੱਕਾ ਅਜੀਤ ਸਿੰਘ ਅਤੇ ਉਸ ਦੀ ਮਾਂ ਲੁਕਕੇ ਬਚੇ. ਔਰੰਗਜ਼ੇਬ ਦੇ ਮਰਣ ਪੁਰ ਅਜੀਤਸਿੰਘ ਨੂੰ ਜੋਧਪੁਰ ਰਿਆਸਤ ਸਨ ੧੭੧੧ ਵਿੱਚ ਵਾਪਿਸ ਮਿਲੀ ਅਤੇ ਫ਼ਰਰੁਖ਼ ਸਿਯਰ ਬਾਦਸ਼ਾਹ ਨੇ ਉਸ ਦੀ ਬੇਟੀ ਨਾਲ ਸ਼ਾਦੀ ਕੀਤੀ. ਦੇਖੋ, ਫਰਰੁਖ ਸਿਯਰ।

੨. ਫੂਲਵੰਸ਼ੀ ਰਾਜਾ ਹਮੀਰਸਿੰਘ ਨਾਭਪਤਿ ਦਾ ਰਾਣੀ ਰਾਜਕੌਰ ਦੇ ਉਦਰ ਤੋਂ ਸੁਪੁਤ੍ਰ, ਜਿਸ ਦਾ ਜਨਮ ਸਨ ੧੭੭੫ ਵਿੱਚ ਬਡਬਰ ਪਿੰਡ ਹੋਇਆ. ਪਿਤਾ ਦੇ ਮਰਣ ਪਿੱਛੋਂ ਇਹ ਅੱਠ ਵਰ੍ਹੇ ਦੀ ਉਮਰ ਵਿੱਚ ਸਨ ੧੭੮੩ ਵਿੱਚ ਨਾਭੇ ਦੀ ਗੱਦੀ ਤੇ ਬੈਠਾ. ਇਸ ਦੀ ਨਾਬਾਲਗੀ ਦੇ ਸਮੇਂ ਉਸ ਦੀ ਮਤੇਈ ਮਾਈ ਦੇਸੋ, ਜੋ ਵਡੀ ਧਰਮਾਤਮਾ ਅਤੇ ਨੀਤਿਨਿਪੁਣ ਸੀ, ਰਾਜਪ੍ਰਬੰਧ ਕਰਦੀ ਰਹੀ. ਰਾਜਾ ਜਸਵੰਤ ਸਿੰਘ ਵਡਾ ਦੂਰੰਦੇਸ਼ ਅਤੇ ਚਤੁਰ ਰਾਜਾ ਸੀ. ਇਸ ਨੇ ਅੰਗ੍ਰੇਜ਼ੀ ਸਰਕਾਰ ਨੂੰ ਅਨੇਕ ਜੰਗਾਂ ਵਿੱਚ ਸਹਾਇਤਾ ਦਿੱਤੀ. ਪ੍ਰਜਾ ਦੀ ਪਾਲਨਾ ਅਤੇ ਵਿਦ੍ਵਾਨਾਂ ਨੂੰ ਸਨਮਾਨ ਨਾਲ ਆਪਣੇ ਪਾਸ ਰੱਖਣਾ ਇਸ ਦਾ ਮੁੱਖ ਕਰਮ ਸੀ. ਰਾਜਾ ਜਸਵੰਤ ਸਿੰਘ ਦਾ ਦੇਹਾਂਤ ੨੨ ਮਈ ਸਨ ੧੮੪੦ ਨੂੰ ਛਿਆਹਠ ਵਰ੍ਹੇ ਦੀ ਉਮਰ ਵਿਚ ਨਾਭੇ ਹੋਇਆ। ੩. ਦੇਖੋ, ਖੁਦਾ ਸਿੰਘ.

ਜਸਾਮਤ: ਅ਼. جسامت ਸੰਗਯਾ- ਜਿਸਮ (ਸ਼ਰੀਰ) ਦਾ ਭਰਵਾਂ ਡੀਲ ਅਤੇ ਡੌਲ.

ਜਸਾਰੋਟ: ਜਸਰੋਟੇ ਦਾ. "ਜਸਾਰੋਟ ਰਾਜੰ." (ਵਿਚਿਤ੍ਰ) ਜਸਰੋਟੀਆ ਸੁਖਦੇਵ ਰਾਜਾ. ਦੇਖੋ, ਜਸਰੋਟ.

ਜਸਿ: ਯਸ਼ (ਜਸ) ਤੋਂ. ਸੁਯਸ਼ ਸੇ. "ਸਭਿ ਕਿਲਬਿਖ ਹਰਿ ਜਸਿ ਜਾਲਾ." (ਮਾਲੀ ਮਃ ੪) ੨. ਯਸਜ. ਜਿਸ ਦਾ.

ਜਸੀ, ਜਸੀਆ: ਵਿ- ਯਸ਼ ਵਾਲਾ. ਯਸ਼ਸ੍ਵੀ. ਤਾਰੀਫ ਵਾਲਾ. ਨੇਕਨਾਮ.

ਜਸੁ: ਦੇਖੋ, ਜਸ ੩. "ਜਸੁ ਗਾਵਤ ਪਾਪ ਲਹਾਮ." (ਕਾਨ ਮਃ ੪) ਦੇਖੋ, ਜਸ ੪. "ਜਸੁ ਕੀਰਤਿ ਜਗ ਲੇਇ." (ਜਪੁ) ਮਾਨ ਅਤੇ ਵਡਿਆਈ.

ਜਸੁਦਾ, ਜਸੁਧਾ: ਸੰ. ਯਸ਼ੋਦਾ. ਵਿ- ਯਸ਼ ਦੇਣ ਵਾਲੀ। ੨. ਸੰਗਯਾ- ਨੰਦ ਗੋਪ ਦੀ ਇਸਤ੍ਰੀ. ਜਿਸ ਨੇ ਕ੍ਰਿਸ਼ਨ ਜੀ ਨੂੰ ਪਾਲਿਆ. "ਜਿਉ ਜਸੁਦਾ ਘਰਿ ਕਾਨੁ." (ਸ੍ਰੀ ਮਃ ੧. ਪਹਿਰੇ)

ਜਸੂਆ: ਸੰਗਯਾ- ਯਸ਼. ਕੀਰਤਿ. "ਦ੍ਰਿੜੀ ਨਾਨਕ ਦਾਸ ਭਗਤਿ ਹਰਿਜਸੂਆ." (ਗਉ ਮਃ ੫) ੨. ਵਿ- ਯਸ਼ ਕਰਨ ਵਾਲਾ. ਗੁਣਾਨੁਵਾਦ ਗਾਉਣਵਾਲਾ.

ਜਸੂਸ: ਦੇਖੋ, ਜਾਸੂਸ. "ਵਹ ਆਨ ਜਸੂਸ ਬਤਾਇ ਦਏ." (ਅਜੈਸਿੰਘ)

ਜਸੂਸੀ: ਦੇਖੋ, ਜਾਸੂਸੀ.

ਜਸੋ: ਦੇਖੋ, ਜਸ। ੨. ਜਸੋਧਾ (ਯਸ਼ੋਦਾ) ਦਾ ਸੰਖੇਪ। ੩. ਜਸਵਾਲੀਆ ਜਸਰੋਟੀਆ ਦਾ ਸੰਖੇਪ. "ਜਸੋ ਡੱਢਵਾਲੰ." (ਵਿਚਿਤ੍ਰ)

---

[507] ਕਰਨਲ ਟਾਡ ਰਾਜਸਥਾਨ ਵਿੱਚ ਲਿਖਦਾ ਹੈ ਕਿ ਔਰੰਗਜ਼ੇਬ ਨੇ ਇਸ ਨੂੰ ਜ਼ਹਿਰ ਦਿਵਾਕੇ ਮਾਰਿਆ.

ਜਸਰੋਟੀਆ ਅਤੇ ਡਫਵਾਲੀਆ.

ਜਸੋਦ, ਜਸੋਦਾ, ਜਸੋਧ, ਜਸੋਧਾ, ਜਸੋਮਤ: ਯਸ਼ੋਦਾ. ਦੇਖੋ, ਜਸੁਦਾ. "ਕहत ਮਾ ਜਸੋਦ ਜਿਸਹਿ ਦਹੀ ਭਾਤ ਖਾਹਿ ਜੀਉ." (ਸਵੈਯੇ ਮਃ ੪. ਕੇ) "ਜਬੈ ਜਸੋਧਾ ਸੁਇਗਈ ਮਾਯਾ ਕਿਯੋ ਪ੍ਰਕਾਸ." (ਕ੍ਰਿਸਨਾਵ) "ਨੰਦ ਜਸੋਮਤ ਮੋਹ ਬਢਾਇਕੈ." (ਕ੍ਰਿਸਨਾਵ)

ਜੱਸਾ: ਦੇਖੋ, ਗੌਰਾ.

ਜੱਸਾ ਸਿੰਘ: ਆਹਲੂਵਾਲ ਦਾ ਵਸਨੀਕ ਬਦਰ ਸਿੰਘ ਦਾ ਪੁਤ੍ਰ, ਜੋ ਸਨ ੧੭੧੮ ਵਿੱਚ ਪੈਦਾ ਹੋਇਆ. ਇਹ ਨਵਾਬ ਕਪੂਰ ਸਿੰਘ ਦੀ ਸੰਗਤਿ ਕਰਕੇ ਕਰਣੀ ਵਾਲਾ ਸਿੰਘ ਹੋਇਆ. ਆਹਲੂਵਾਲੀਆ ਮਿਸਲ ਦੀ ਇਸ ਨੂੰ ਜਾਨ ਕਹਿਣਾ ਚਾਹੀਏ. ਮਾਤਾ ਸੁੰਦਰੀ ਜੀ ਨੇ ਇਸ ਨੂੰ ਆਸ਼ੀਰਵਾਦ ਦੇ ਕੇ ਇੱਕ ਗੁਰਜ ਬਖ਼ਸ਼ੀ ਸੀ. ਪੰਥ ਵਿੱਚ ਇਸ ਦਾ ਭਾਰੀ ਮਾਨ ਸੀ. ਪਟਿਆਲਾਪਤਿ ਰਾਜਾ ਅਮਰ ਸਿੰਘ ਨੇ ਜੱਸਾ ਸਿੰਘ ਤੋਂ ਅਮ੍ਰਿਤ ਛਕਿਆ ਸੀ. ਇਸ ਯੋਧਾ ਨੇ ਸਨ ੧੭੪੮ ਵਿੱਚ ਅੰਮ੍ਰਿਤਸਰ ਦੇ ਹ਼ਾਕਮ ਸਲਾਬਤਖ਼ਾਂਨ ਨੂੰ ਕਤਲ ਕਰਕੇ ਬਹੁਤ ਇ਼ਲਾਕ਼ਾ ਆਪਣੇ ਕਬਜੇ ਕੀਤਾ ਅਰ ਸਨ ੧੭੪੯ ਵਿੱਚ ਸ਼ਾਹਨਵਾਜ਼ ਨੂੰ ਮੁਲਤਾਨੋਂ ਖ਼ਾਰਿਜ ਕਰਨ ਲਈ ਦੀਵਾਨ ਕੌੜਾਮੱਲ ਨੂੰ ਭਾਰੀ ਸਹਾਇਤਾ ਦਿੱਤੀ ਸੀ. ਸਨ ੧੭੫੩ ਵਿੱਚ ਜਲੰਧਰ ਦੇ ਹ਼ਾਕਿਮ ਅਦੀਨਾਬੇਗ ਨੂੰ ਜਿੱਤਕੇ ਫਤੇਹਬਾਦ ਪਰਗਨੇ ਪੁਰ ਕ਼ਬਜ਼ਾ ਕੀਤਾ. ਅਹ਼ਮਦਸ਼ਾਹ ਦੁੱਰਾਨੀ ਦੇ ਗ਼ੁਲਾਮ ਬਣਾਉਣ ਲਈ ਫੜੇ ਹੋਏ ਹਿੰਦੂ ਮਰਦ ਔਰਤਾਂ ਨੂੰ ਛੁਡਾਕੇ ਇਸ ਨੇ 'ਬੰਦੀਛੋੜ' ਪਦਵੀ ਪ੍ਰਾਪਤ ਕੀਤੀ. ਇਸ ਨੇ ਵਡੇ ਘੱਲੂਘਾਰੇ ਵਿੱਚ ਵਡੀ ਵੀਰਤਾ ਵਿਖਾਈ, ੨੨ ਜ਼ਖ਼ਮ ਖਾਕੇ ਭੀ ਹ਼ੌਸਲੇ ਨਾਲ ਲੜਦਾ ਰਿਹਾ. ਸਨ ੧੭੭੪ ਵਿੱਚ ਇਸ ਨੇ ਕਪੂਰਥਲਾ ਲੈ ਕੇ ਆਪਣੀ ਰਾਜਧਾਨੀ ਕਾਇਮ ਕੀਤੀ ਅਰ ਆਪਣਾ ਸਿੱਕਾ ਚਲਾਇਆ[508] ਧਰਮਵੀਰ ਜੱਸਾ ਸਿੰਘ ਨਿਰਮਾਨ, ਦਾਨੀ, ਦੇਸਹਿਤੈਸ਼ੀ ਅਤੇ ਵਡਾ ਸਦਾਚਾਰੀ ਸੀ. ਇਸ ਦਾ ਦੇਹਾਂਤ ਸੰਮਤ ੧੮੪੦ (ਸਨ ੧੭੮੩) ਵਿੱਚ ਅਮ੍ਰਿਤਸਰ ਹੋਇਆ. ਸਮਾਧਿ ਬਾਬਾ ਅਟਲ ਜੀ ਦੇ ਦੇਹਰੇ ਪਾਸ ਹੈ. ਦੇਖੋ, ਕਪੂਰਥਲਾ.

੨. ਰਾਮਗੜ੍ਹੀਆ ਜੱਸਾ ਸਿੰਘ, ਜੋ ਗਜਾਨੀ ਭਗਵਾਨ ਸਿੰਘ ਦਾ ਸੁਪੁਤ੍ਰ ਸੀ. ਇਹ ਸ਼ਸਤ੍ਰਵਿਦਜਾ ਦਾ ਧਨੀ ਅਤੇ ਵਡਾ ਹਿੰਮਤੀ ਸੀ. ਖਾਲਸਾ ਪੰਥ ਨੇ ਇਸ ਨੂੰ ਕੁੜੀ ਮਾਰਨ ਦਾ ਕਲੰਕ ਲਾਕੇ ਪੰਗਤ ਵਿੱਚੋਂ ਛੇਕ ਦਿੱਤਾ, ਇਹ ਆਪਣੇ ਚਾਰ ਭਾਈਆਂ ਸਮੇਤ ਜਲੰਧਰ ਦੇ ਹਾਕਮ ਅਦੀਨਾਬੇਗ ਪਾਸ ਨੌਕਰ ਜਾ ਹੋਇਆ, ਅਤੇ ਸਿੱਖਾਂ ਦੀ ਟੋੱਲੀ ਦਾ ਅਫਸਰ ਬਣਿਆ. ਜਦ ਸ਼ਾਹਜ਼ਾਦਾ ਤੈਮੂਰ ਪੰਜਾਬ ਆਇਆ ਅਤੇ ਅਦੀਨਾਬੇਗ ਪਹਾੜ ਵੱਲ ਨੱਠ ਗਿਆ, ਤਾਂ ਜੱਸਾ ਸਿੰਘ ਨੇ ਅਮ੍ਰਿਤਸਰ ਜਾ ਕੇ ਪੰਥ ਤੋਂ ਮੁਆਫੀ ਮੰਗ ਲਈ ਅਤੇ ਨੰਦ ਸਿੰਘ ਸੰਘਾਣੀ ਨਾਲ ਮਿਲਕੇ ਰਹਿਣ ਲੱਗਾ. ਇਨ੍ਹਾਂ ਦੋਹਾਂ ਨੇ ਰਾਮਰੌਣੀ ਨੂੰ ਨਵੇਂ ਸਿਰਿਓਂ ਬਣਾਇਆ. ਅਦੀਨਾਬੇਗ ਦੇ ਜਰਨੈਲ ਨੇ ਇਸ ਗੜ੍ਹੀ ਨੂੰ ਢਹਾ ਦਿੱਤਾ, ਪਰ ਜੱਸਾ ਸਿੰਘ ਨੇ ਰਾਮਰੌਣੀ ਨੂੰ ਮੁੜ ਉਸਾਰਿਆ ਅਤੇ ਨਾਮ "ਰਾਮਗੜ੍ਹ" ਰੱਖਿਆ.

ਜੱਸਾ ਸਿੰਘ ਨੇ ਕਨ੍ਹੈਯਾ ਮਿਸਲ ਨਾਲ ਮਿਲਕੇ ਦੀਨਾਨਗਰ, ਬਟਾਲਾ, ਕਲਾਨੌਰ, ਸ੍ਰੀ ਗੋਬਿੰਦਪੁਰ, ਕਾਦੀਆਂ, ਘੁਮਾਣ ਆਦਿ ਨਗਰ ਅਤੇ ਕੁਝ ਦੁਆਬੇ ਦਾ ਇਲਾਕਾ ਫਤੇ ਕਰਕੇ ਆਪਣੀ ਹੁਕੂਮਤ ਬੈਠਾਈ, ਪਰ ਆਹਲੂਵਾਲੀਏ ਜੱਸਾ ਸਿੰਘ ਨਾਲ ਟਾਕਰਾ ਹੋਣ ਤੋਂ ਇਸਨੂੰ ਇੱਕ ਵਾਰ ਸਤਲੁਜੋਂ ਪਾਰ ਹੋ ਕੇ ਸਰਸੇ ਦਿਨ ਵਿਤਾਉਣੇ ਪਏ. ਸਨ ੧੭੮੩ ਤਕ ਇਹ ਸਰਸੇ ਵੱਲ ਰਹਿਕੇ ਦਿੱਲੀ ਮੇਰਟ ਤਕ ਮਾਰਾਂ ਮਾਰਦਾ ਰਿਹਾ. ਹਿਸਾਰ ਦੇ ਹਾਕਮ ਪਾਸੋਂ ਬ੍ਰਾਹਮਣ ਲੜਕੀਆਂ ਨੂੰ ਜੰਗ ਕਰਕੇ ਛੁਡਾਉਣ ਤੋਂ ਇਸ ਦੀ ਉਸ ਦੇਸ਼ ਵਿੱਚ ਵਡੀ ਮਹਿਮਾ ਫੈਲੀ. ਇਹ ਗੁਰਬਾਣੀ ਦਾ ਪ੍ਰੇਮੀ ਵਰਤਾਕੇ ਛਕਣ ਵਾਲਾ ਅਤੇ ਨਿਡਰ ਯੋਧਾ ਸੀ. ਅਹ਼ਮਦਸ਼ਾਹ ਦੁੱਰਾਨੀ ਨਾਲ ਜੋ ਖਾਲਸੇ ਦੇ ਜੰਗ ਹੋਏ ਉਨ੍ਹਾਂ ਵਿੱਚ ਇਹ ਸ਼ਾਮਿਲ ਰਿਹਾ ਹੈ.

ਜੱਸਾ ਸਿੰਘ ਦਾ ਦੇਹਾਂਤ ਸਨ ੧੮੦੨ (ਸੰਮਤ ੧੮੬੦) ਵਿੱਚ ਹੋਇਆ. ਇਸ ਦੇ ਪੁਤ੍ਰ ਜੋਧਸਿੰਘ ਨੇ ਸਨ ੧੮੦੮ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਰਣ ਅੰਗੀਕਾਰ ਕੀਤੀ.

---

[508] ਜਿਸ ਪੁਰ ਇਹ ਇ਼ਬਾਰਤ ਸੀ–
ਸਿੱਕਹ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ,
ਮੁਲਕ ਅਹ਼ਮਦ ਗਰਿਫ਼ਤ ਜੱਸਾ ਕਲਾਲ.

ਜੱਸੀ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਦਾ ਇੱਕ ਪਿੰਡ, ਜਿੱਥੇ ਦਸ਼ਮੇਸ਼ ਪਧਾਰੇ ਹਨ. ਗੁਰਦ੍ਵਾਰੇ ਪਾਸ ਜੋ ਤਾਲ ਹੈ ਉਸ ਵਿੱਚਦੀਂ ਗੁਰੂ ਸਾਹਿਬ ਨੀਲੇ ਵਸਤ੍ਰਾਂ ਸਹਿਤ ਘੋੜੇ ਪੁਰ ਚੜ੍ਹੇ ਹੋਏ ਲੰਘੇ ਅਰ ਸਾਰਾ ਲਿਬਾਸ ਬੱਗਾ ਹੋ ਗਿਆ, ਜਿਸ ਤੋਂ ਤਾਲ ਦਾ ਨਾਮ "ਬੱਗਸਰ" ਹੋਇਆ. ਇੱਥੋਂ ਦੇ ਵਸਨੀਕ ਸਿੱਖਾਂ ਨੇ ਸਤਿਗੁਰੂ ਦੀ ਭੇਟਾ ਗੁੜ ਕੀਤਾ. "ਜੱਸੀ ਆਇ ਚਲੇ ਗੁੜ ਖਾਇ." (ਗੁਪ੍ਰਸੂ)

ਗੁਰਦ੍ਵਾਰੇ ਨਾਲ ੬੦ ਵਿੱਘੇ ਜ਼ਮੀਨ ਪਿੰਡ ਪਥਰਾਲੇ ਵਿੱਚ, ਬੀਸ ਵਿੱਘੇ ਜੱਸੀ ਵਿੱਚ ਅਤੇ ਸਾਢੇ ਚਾਰ ਸੌ ਵਿੱਘੇ ਝਿੜੀ ਹੈ. ੧੬੦) ਰੁਪਯੇ ਪਟਿਆਲੇ ਵੱਲੋਂ ਸਾਲਾਨਾ ਹਨ. ਰੇਲਵੇ ਸਟੇਸ਼ਨ ਸੰਗਤ (ਬੀ. ਬੀ. ਸੀ. ਆਈ. ਰੇਲਵੇ) ਤੋਂ ਤਿੰਨ ਮੀਲ ਦੱਖਣ ਹੈ.

ਜਸਜ: ਜਿਸ ਨੂੰ. ਦੇਖੋ, ਜਸ ੨. "ਜਸਜ ਰਖੇਣ ਗੋਪਾਲਹ." (ਸਹਸ ਮਃ ੫)

ਜਸ੍ਵਾਰ: ਦੇਖੋ, ਜਸਵਾਲ. "ਉਤੈ ਬੀਰ ਧਾਏ ਸੁ ਬੀਰੰ ਜਸ੍ਵਾਰੰ." (ਵਿਚਿਤ੍ਰ)

ਜਹ, ਜਹਂ: ਕ੍ਰਿ. ਵਿ- ਜਹਾਂ. ਜਿੱਥੇ. ਜਿਸ ਥਾਂ. "ਜਹ ਸਾਧੂ ਗੋਬਿਦਭਜਨੁ." (ਬਾਵਨ) "ਜਹਁ ਤਹਁ ਭਈ ਧਰਮਗਤਿ ਲੋਪੰ." (ਕਲਕੀ) ੨. ਸੰ. जह. ਸੰਗਜਾ- ਤਯਾਗ. ਤਰਕ.

ਜਹਤ ਲਛਣਾ: ਸੰ. जहल्लक्षणा. ਦੇਖੋ, ਜਹਤਿ.

ਜਹਤਾਜਹਤਿ: ਸੰ. जहद्जहल्लक्षणा. ਸੰਗਜਾ- ਲਛਣਾ ਦਾ ਇੱਕ ਭੇਦ, ਜਿਸ ਵਿੱਚ ਵਾਚਯ ਅਰਥ ਦਾ ਕੁਝ ਭਾਗ ਛੱਡਕੇ ਕੁਝ ਗ੍ਰਹਿਣ ਕਰੀਏ. ਜੈਸੇ ਛਾਂਦੋਗ ਉਪਨਿਸ਼ਦ ਵਿੱਚ ਉਪਦੇਸ਼ ਹੈ- "ਤਤ੍ਵਮਸਿ ਸ਼੍ਵੇਤਕੇਤੋ." ਹੇ ਸ਼੍ਵੇਤਕੇਤੁ! ਉਹ ਤੂੰ ਹੀ ਹੈਂ. ਇਸ ਥਾਂ ਬ੍ਰਹਮ ਦੀ ਸਰਵਗਜਤਾ ਅਰ ਸ਼੍ਵੇਤਕੇਤੁ ਦੀ ਅਲਪਗਜਤਾ, ਬ੍ਰਹਮ ਦੀ ਸਰਵਵਯਾਪਿਤਾ ਅਰ ਸ਼੍ਵੇਤਕੇਤੁ ਦੀ ਏਕਦੇਸ਼ਿਤਾ ਦੀ ਏਕਤਾ ਦਾ ਗ੍ਰਹਿਣ ਹੈ. ਇਸ ਲਛਣਾ ਦਾ ਨਾਮ "ਭਾਗ ਤਯਾਗ" ਭੀ ਹੈ.

ਜਹਤਿ: ਸੰ. जहत्स्वार्था- ਜਹਤਸ੍ਵਾਥੰ. ਸੰਗਜਾ- ਲਛਣਾ ਦਾ ਇੱਕ ਭੇਦ, ਜਿਸ ਵਿੱਚ ਪਦ ਆਪਣੇ ਵਾਚਯ ਅਰਥ ਨੂੰ ਛੱਡਕੇ ਭਾਵ ਅਰਥ ਬੋਧਨ ਕਰਦਾ ਹੈ. ਜੈਸੇ- "ਮੇਰਾ ਘਰ ਗੰਗਾ ਵਿੱਚ ਹੈ- ਮੈਂ ਹਰ ਵੇਲੇ ਗੰਗਾ ਵਿੱਚ ਰਹਿੰਦਾ ਹਾਂ." ਇਸ ਥਾਂ ਗੰਗਾ ਦਾ ਪ੍ਰਵਾਹ ਤਯਾਗਕੇ ਕਿਨਾਰੇ ਦਾ ਗ੍ਰਹਣ ਹੈ.

ਜਹਨ: ਸੰ. ਸੰਗਜਾ- ਤਯਾਗ. ਛੱਡਣਾ. ਤਰਕ ਕਰਨਾ.

ਜ਼ਹਮਤ, ਜ਼ਹ਼ਮਤ: ਅ਼. زحمت ਸੰਗਜਾ- ਰੋਗ। ੨. ਦੁੱਖ. ਕਸ਼੍ਟ.

ਜ਼ਹਮਤੀ, ਜ਼ਹ਼ਮਤੀ: ਵਿ- ਰੋਗੀ. "ਭਏ ਜਹਮਤੀ ਨੈਨ." (ਚਰਿਤ੍ਰ ੨੬੪)

ਜਹਰ: ਦੇਖੋ, ਜਹਿਰ.

ਜਹਲ: ਅ਼. جہل ਸੰਗਜਾ- ਅਵਿਦਯਾ. ਨਾਦਾਨੀ. ਬੇਸਮਝੀ. "ਮਾਈ ਬਾਪ ਪਰੇ ਹੈਂ ਜਹਲ ਮੇ." (ਹਨੂ)

ਜਹਾ, ਜਹਾਂ: ਕ੍ਰਿ. ਵਿ- ਜਿੱਥੇ. ਜਿਸ ਅਸਥਾਨ ਮੇਂ. "ਜਹਾ ਸ੍ਰਵਨਿ ਹਰਿਕਥਾ ਨ ਸੁਨੀਐ." (ਸਾਰ ਮਃ ੫) "ਜਹਾਂ ਸਬਦੁ ਵਸੈ ਤਹਾਂ ਦੁਖ ਜਾਏ." (ਆਸਾ ਮਃ ੩) ੨. ਫ਼ਾ. جہاں ਸੰਗਜਾ- ਜਹਾਨ. ਸੰਸਾਰ। ੩. ਸੰਸਾਰ ਦੇ ਪਦਾਰਥ.

ਜਹਾਕ: ਦੇਖੋ, ਜੁਹਾਕ.

ਜਹਾ ਕਹਾ: ਕ੍ਰਿ. ਥਾਂ. ਸਭ ਅਸਥਾਨਾਂ ਵਿੱਚ. "ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ." (ਭੈਰ ਮਃ ੫)

ਜਹਾਂਗੀਰ: ਫ਼ਾ. جہانگیر ਵਿ- ਜਹਾਨ ਨੂੰ ਫ਼ਤੇ ਕਰਨ ਵਾਲਾ. ਸੰਸਾਰ ਨੂੰ ਕ਼ਬਜੇ ਵਿੱਚ ਲੈਣ ਵਾਲਾ।੨. ਸੰਗਜਾ- ਅਕਬਰ ਦਾ ਪੁਤ੍ਰ ਸਲੀਮ, ਜੋ ਬਿਹਾਰੀਮੱਲ ਕਛਵਾਹੇ ਦੀ ਕੰਨਯਾ ਮਰੀਅਮ ਜ਼ਮਾਨੀ ਦੇ ਉਦਰ ਤੋਂ ਸਿਕਰੀ ਦੇ ਮਕਾਮ ੩੧ ਅਗਸ੍ਤ ਸਨ ੧੫੬੯ (ਸੰਮਤ ੧੬੨੭) ਨੂੰ ਪੈਦਾ ਹੋਇਆ. ਇਹ ੨੪ ਅਕਤੂਬਰ ਸਨ ੧੬੦੫ ਨੂੰ ਦਿੱਲੀ ਦੇ ਤਖ਼ਤ ਪੁਰ ਬੈਠਾ, ਅਰ ਆਪਣਾ ਨਾਮ

ਜਹਾਂਗੀਰ ਰੱਖਿਆ.[509] ਇਸਦੇ ਜ਼ਮਾਨੇ ਇੰਗਲੈਂਡ ਦੇ ਬਾਦਸ਼ਾਹ ਜੇਮਸ ੧. (James I) ਵੱਲੋਂ ਪਤ੍ਰ ਲੈ ਕੇ ਕਪਤਾਨ ਹਾਕਿਨਸ (Hawkinns) ਅਰ ਸਰ ਟਾਮਸ ਰੋ (Sir Thomas Roe) ਵਪਾਰ ਦੀ ਵ੍ਰਿੱਧੀ ਲਈ ਆਏ ਸਨ, ਜਿਸ ਦਾ ਫਲ ਸੂਰਤ ਪਾਸ ਅੰਗ੍ਰੇਜ਼ੀ ਕੋਠੀਆਂ ਅਤੇ ਕਾਰਖ਼ਾਨੇ ਕ਼ਾਇਮ ਹੋਏ।

ਇਸਦਾ ਬੇਟਾ ਖ਼ੁਸਰੋ ਤਖ਼ਤ ਦੀ ਇੱਛਾ ਕਰਕੇ ਵਿਰੋਧੀ ਹੋ ਗਿਆ ਸੀ, ਜਿਸ ਪੁਰ ਉਸ ਨੂੰ ਕੈਦ ਕੀਤਾ ਗਿਆ ਅਰ ਉਸ ਦੇ ਸੰਗੀ ਕਤਲ ਕੀਤੇ ਗਏ. ਸ਼੍ਰੀ ਗੁਰੂ ਅਰਜਨਦੇਵ ਦੇ ਵਿਰੁੱਧ ਚੰਦੂ ਆਦਿਕਾਂ ਨੂੰ ਸ਼ਕਾਇਤ ਕਰਨ ਦਾ ਇਹ ਮੌਕਾ ਮਿਲਿਆ ਕਿ ਗੁਰੂ ਸਾਹਿਬ ਨੇ ਖ਼ੁਸਰੋ ਦੇ ਹੱਕ ਦੁਆ ਮੰਗੀ ਅਤੇ ਉਸ ਨੂੰ ਰੁਪਯੇ ਦੀ ਸਹਾਇਤਾ ਦਿੱਤੀ.[510]

ਤਖ਼ਤ ਬੈਠਣ ਤੋਂ ਛੀ ਵਰ੍ਹੇ ਪਿੱਛੋਂ, ਇਸ ਨੇ ਨੂਰਜਹਾਂ ਨਾਲ ਸ਼ਾਦੀ ਕੀਤੀ. ਨੂਰਜਹਾਂ ਇੱਕ ਈਰਾਨ ਦੇ ਵਪਾਰੀ ਮਿਰਜ਼ਾ ਗ਼ਯਾਸ ਦੀ ਬੇਟੀ ਸੀ. ਗ਼ਯਾਸ ਅਕਬਰ ਦੇ ਜ਼ਮਾਨੇ ਸ਼ਾਹੀ ਮੁਲਾਜ਼ਮ ਹੋਇਆ ਅਰ ਆਪਣੀ ਲਯਾਕਤ ਨਾਲ ਅਹੁਦੇਦਾਰ ਬਣਿਆ. ਛੋਟੀ ਉਮਰ ਵਿੱਚ ਨੂਰਜਹਾਂ ਜਦ ਸ਼ਾਹੀ ਮਹਿਲਾਂ ਵਿੱਚ ਜਾਇਆ ਕਰਦੀ, ਤਦ ਇਸ ਦਾ ਸੁੰਦਰ ਰੂਪ ਵੇਖਕੇ ਜਹਾਂਗੀਰ ਉਸ ਉਤੇ ਮੋਹਿਤ ਹੋ ਗਿਆ ਸੀ, ਇਸ ਪੁਰ ਅਕਬਰ ਦੀ ਆਗਯਾ ਅਨੁਸਾਰ ਨੂਰਜਹਾਂ ਦਾ ਨਿਕਾਹ ਇੱਕ ਈਰਾਨੀ ਸਰਦਾਰ ਅਲੀਕੁਲੀ ਖ਼ਾਂ (ਸ਼ੇਰਅਫ਼ਗਨਖ਼ਾਂ) ਨਾਲ ਕੀਤਾ ਗਿਆ, ਜਿਸ ਨੂੰ ਅਕਬਰ ਨੇ ਬੰਗਾਲ ਵਿੱਚ ਜਾਗੀਰ ਬਖ਼ਸ਼ੀ. ਜਦ ਜਹਾਂਗੀਰ ਤਖ਼ਤ ਪੁਰ ਬੈਠਾ, ਤਦ ਸ਼ੇਰਅਫ਼ਗਨਖ਼ਾਂ ਨੂੰ ਕ਼ਤਲ ਕਰਵਾਕੇ ਨੂਰਜਹਾਂ ਨਾਲ ਵਿਆਹ ਕੀਤਾ, ਅਰ ਉਸ ਦੇ ਭਾਈ ਨੂੰ ਆਸਫ਼ਖ਼ਾਂ ਦਾ ਖਿਤਾਬ ਦੇ ਕੇ ਵਡਾ ਮੁਸ਼ੀਰ ਬਣਾਇਆ.

ਨੂਰਜਹਾਂ ਦੇ ਵਸ਼ ਵਿੱਚ ਜਹਾਂਗੀਰ ਕਠਪੁਤਲੀ ਦੀ ਤਰਾਂ ਨਾਚ ਕਰਦਾ ਸੀ, ਯਥਾ- "ਜਹਾਂਗੀਰ ਪਤਸ਼ਾਹ ਕੇ ਬੇਗਮ ਨੂਰਜਹਾਂ। ਵਸ਼ਿ ਕੀਨਾ ਪਤਿ ਆਪਨੋ ਇਹ ਰਸ ਜਹਾਂ ਤਹਾਂ." (ਚਰਿਤ੍ਰ ੪੮)

ਜਹਾਂਗੀਰ ਸ਼ਰਾਬ ਅਤੇ ਸ਼ਿਕਾਰ ਦਾ ਬਹੁਤ ਪ੍ਰੇਮੀ ਸੀ. ਸੰਮਤ ੧੬੮੪ ਵਿੱਚ ਕਸ਼ਮੀਰ ਤੋਂ ਮੁੜਦਾ ਹੋਇਆ ਦਮੇ ਰੋਗ ਦੀ ਪ੍ਰਬਲਤਾ ਕਾਰਣ (੨੮ ਅਕਤੂਬਰ ਸਨ ੧੬੨੭ ਨੂੰ) ਰਸਤੇ ਵਿੱਚ ਮਰ ਗਿਆ. ਲਹੌਰ ਪਾਸ ਸ਼ਾਹਦਰੇ ਉਸ ਦਾ ਸੁੰਦਰ ਮਕਬਰਾ ਬਣਿਆ ਹੋਇਆ ਹੈ. ਦੇਖੋ, ਨੂਰਜਹਾਂ.

---

[509] ਇਸ ਦਾ ਪੂਰਾ ਨਾਮ ਹੈ-"ਨੂਰੁੱਦੀਨ ਮੁਹ਼ੰਮਦ ਜਹਾਂਗੀਰ ਪਾਤਸ਼ਾਹ ਗ਼ਾਜ਼ੀ."

[510] ਭਾਵੇਂ ਜਾਹਿਰਾ ਗੁਰੂ ਅਰਜਨ ਦੇਵ ਜੀ ਨਾਲ ਨਾਰਾਜ਼ਗੀ ਦਾ ਕਾਰਣ ਜਹਾਂਗੀਰ ਨੇ ਖ਼ੁਦ ਅਤੇ ਲੋਕਾਂ ਨੇ ਇਹ ਲਿਖਿਆ ਹੈ, ਪਰ ਇਤਿਹਾਸ ਦੇ ਡੂੰਘੇ ਖੋਜ ਤੋਂ ਪਤਾ ਲਗਦਾ ਹੈ ਕਿ ਜਹਾਂਗੀਰ ਦਾ ਵਿਰੋਧ ਕੇਵਲ ਮਜਹਬੀ ਤਅੱਸੁਬ ਸੀ.

ਜਹਾਂਗੀਰ ਨੇ ਤਖਤ ਬੈਠਣ ਲੱਗਿਆਂ ਪ੍ਰਣ ਕੀਤਾ ਸੀ ਕਿ ਮੈਂ ਮਜਹਬ ਇਸਲਾਮ ਦੀ ਹਮਾਯਤ ਅਤੇ ਰਖ਼ਯਾ ਕਰਾਂਗਾ, ਇਸ ਦਾ ਭਾਵ ਇਹ ਸੀ ਕਿ ਅਕਬਰ ਦੇ ਵੇਲੇ ਜੋ ਸ਼ਰਾਵਿਰੁੱਧ ਖੁਲ੍ਹ ਅਤੇ ਰਵਾਦਾਰੀ ਵਰਤੀ ਗਈ ਸੀ, ਉਸ ਦੀ ਥਾਂ ਇਸਲਾਮ ਨੂੰ ਪੱਕੀ ਤਰ੍ਹਾਂ ਚਲਾਣ ਦਾ ਯਤਨ ਕਰਾਂਗਾ, ਸੋ ਜਹਾਂਗੀਰ ਨੇ ਕੱਟਰ ਮੁਲਾਣੇ ਪਾਸ ਰੱਖਕੇ ਇਸ ਵਿੱਚ ਸਫਲਤਾ ਪ੍ਰਾਪਤ ਕੀਤੀ ਅਤੇ 'ਗ਼ਾਜ਼ੀ' ਕਹਾਇਆ.

ਗੁਰੂ ਅਰਜਨ ਦੇਵ ਦਾ ਪ੍ਰਭਾਵ ਅਤੇ ਸਿੱਖਧਰਮ ਦਾ ਮੁਸਲਮਾਨਾਂ ਤੇ ਭੀ ਅਸਰ ਵੇਖਕੇ ਜਹਾਂਗੀਰ ਤੋਂ ਜਰਿਆ ਨਾ ਗਿਆ. ਇਹ ਗੱਲ ਉਸ ਨੇ ਆਪਣੇ ਸਨ ਜਲੂਸੀ ੧. ਦੇ ਹਾਲ ਦਿੰਦਿਆਂ ਖੁਸਰੋ ਦੇ ਜਿਕਰ ਵਿੱਚ ਸਾਫ ਲਿਖ ਦਿੱਤੀ ਹੈ, ਯਥਾ:-

``So many of the simple-minded Hindus, nay, many, foolish Muslims, too, had been fascinated by his ways and teachings. He was noised about as a great religious and worldly leader. They called him Guru, and from all directions crowds of people would come to him and express great devotion to him. This busy traffic had been carried on for three or four generations. For many years the thought had been presenting itself to my mind either I should put an end to this false traffic, or that he should be brought within the fold of Islam.'' (ਤੁਜ਼ਕ ਜਹਾਂਗੀਰੀ)

ਇਸਦਾ ਅਨੁਵਾਦ ਹੈ ਕਿ-"ਬਹੁਤ ਸਾਰੇ ਭੋਲੇ ਭਾਲੇ ਹਿੰਦੂ, ਬਲਕਿ ਕਈ ਬੇਸਮਝ ਮੁਸਲਮਾਨ ਉਸ ਦੀ ਰਹਿਣੀ ਬਹਿਣੀ ਤੇ ਸਿਖ੍ਯਾ ਉੱਤੇ ਮੋਹਿਤ ਹੋਏ ਸਨ. ਧਾਰਮਿਕ ਅਤੇ ਦੁਨਿਆਵੀ ਆਗੂ ਦੇ ਤੌਰ ਪੁਰ ਉਸ ਦੀ ਬੜੀ ਮਸ਼ਹੂਰੀ ਫੈਲੀ ਹੋਈ ਸੀ. ਉਸ ਨੂੰ ਗੁਰੂ ਕਰਕੇ ਪੁਕਾਰਦੇ ਸਨ ਅਤੇ ਹਰ ਪਾਸਿਓਂ ਲੋਕਾਂ ਦੇ ਗਰੋਹ ਉਸ ਦੇ ਪਾਸ ਆਉਂਦੇ ਅਤੇ ਬਹੁਤ ਨਿਸ਼ਚਾ ਜਾਹਿਰ ਕਰਦੇ ਸਨ. ਇਹ ਗਰਮਬਾਜ਼ਾਰੀ ਤਿੰਨ ਚਾਰ ਪੁਸ਼ਤਾਂ ਤੋਂ ਜਾਰੀ ਸੀ. ਨੁੱਦਤਾਂ ਤੋਂ ਇਹ ਖਿਆਲ ਮੇਰੇ ਦਿਲ ਵਿੱਚ ਆਉਂਦਾ ਰਿਹਾ ਸੀ ਕਿ ਜਾਂ ਤਾਂ ਇਸ ਝੂਠੀ ਦੁਕਾਨ ਨੂੰ ਬੰਦ ਕਰ ਦੇਵਾਂ, ਜਾਂ ਉਸ ਨੂੰ ਇਸਲਾਮ ਧਰਮ ਦੇ ਸਮਾਜ ਵਿੱਚ ਲੈ ਆਵਾਂ.

ਜਹਾਜ਼: ਅ਼. جہاز ਸੰਗਜਾ- ਤਿਆਰੀ। ੨. ਉੱਠ ਦਾ ਪਲਾਣ। ੩. ਪੋਤ. ਜਲਯਾਨ. ਬੋਹਿਥ. ਬੇੜਾ. "ਗੁਰੂ ਬਾਦਬਾਨਾਂ ਵਾਲੇ ਜਹਾਜ਼ ਹਵਾ ਦੇ ਜ਼ੋਰ ਚਲਦੇ ਸਨ, ਫੇਰ ਵਿਦ੍ਵਾਨਾਂ ਦੇ ਭਾਪ ਦੇ ਬਲ ਚਲਾਉਣੇ ਆਰੰਭੇ. ਸਭ ਤੋਂ ਪਹਿਲਾਂ ਭਾਰਤ ਵਿੱਚ ਹਵਾ ਦੇ ਬਲ ਨਾਲ ਚੱਲਣ ਵਾਲਾ ਪੁਰਤਗਾਲੀਆਂ (Portugese) ਦਾ ਜਹਾਜ ਸਨ ੧੪੯੮ ਵਿਚ ਗੋਆ ਦੇ ਬੰਦਰ ਆ ਕੇ ਲੱਗਾ, ਅਤੇ ਭਾਪ (ਵਾਸ੍ਪ) ਨਾਲ ਚਲਣ ਵਾਲਾ ਜਹਾਜ਼ "Enterprize" ਸਨ ੧੮੮੫ ਵਿੱਚ ਕਲਕੱਤੇ ਪਹੁਚਿਆ। ੪. ਦੇਖੋ, ਜਹੇਜ। ੫. ਭਾਵ- ਸਿੱਖਧਰਮ।

ਜਹਾਜ ਚੜ੍ਹਨਾ: ਖ਼ਾ. ਸੰਸਾਰਸਾਗਰ ਤਰਣ ਲਈ ਗੁਰੂ ਨਾਨਕਦੇਵ ਦਾ ਧਰਮ ਧਾਰਨਾ. ਅਮ੍ਰਿਤ ਛਕਣਾ.

ਜਹਾਜੀ: ਵਿ- ਜਹਾਜ ਨਾਲ ਹੈ ਜਿਸ ਦਾ ਸੰਬੰਧ.

ਜਹਾਦ: ਅ਼. جہاد ਜਿਹਾਦ. ਸੰਗਜਾ- ਯਤਨ ਕੋਸ਼ਿਸ਼। ੨. ਵਿਧਰਮੀਆਂ ਨਾਲ ਜੰਗ. ਕਾਫ਼ਰਾਂ ਨਾਲ ਧਰਮਯੁੱਧ. . ਕੁਰਾਨ ਵਿੱਚ ਜਹਾਦ ਦੀ ਆਗਜਾ ਹੈ. ਦੇਖੋ, ਸੂਰਤ ੯, ਆਯਤ ੫- ੬- ੨੯.

ਜਹਾਂਦਾਰਸ਼ਾਹ: ਨਿਜਾਮਬਾਈ ਦੇ ਉਦਰ ਤੋਂ ਬਹਾਦੁਰਸ਼ਾਹ ਦਾ ਵਡਾ ਬੇਟਾ, ਜੋ ੮. ਏਪ੍ਰਿਲ ਸਨ ੧੬੬੩ ਨੂੰ ਜੰਮਿਆ ਅਤੇ ਬਾਪ ਦੇ ਮਰਣ ਪੁਰ ਭਾਈਆਂ ਨਾਲ ਜੰਗ ਕਰਨ ਪਿੱਛੋਂ ੧੦. ਏਪ੍ਰਿਲ ੧੭੧੨ ਨੂੰ ਲਹੌਰ ਦੇ ਮਕ਼ਾਮ ਤਖ਼ਤ ਪੁਰ ਬੈਠਾ. ਇਹ ਬਹੁਤ ਪਾਮਰ ਅਤੇ ਜਾਲਿਮ ਸੀ. ਸਨ ੧੭੧੩ (ਸੰਮਤ ੧੭੭੧) ਵਿੱਚ ਫ਼ਰਰੁਖ਼ ਸਿਯਰ ਨੇ ਇਸ ਨੂੰ ਮਾਰਕੇ ਬਾਦਸ਼ਾਹਤ ਸਾਂਭੀ.[511]

ਜਹਾਂਦੀਦਾ: ਫ਼ਾ. جہاندیدہ ਵਿ- ਜਿਸ ਨੇ ਦੁਨੀਆਂ ਨੂੰ ਚੰਗੀ ਤਰਾਂ ਵੇਖਿਆ ਹੈ. ਤਜਰਬੇਕਾਰ. ਅਨੁਭਵੀ.

ਜਹਾਨ, ਜਹਾਨੁ: ਫ਼ਾ. جہان ਸੰਗਜਾ- ਜਗਤ. ਸੰਸਾਰ. "ਤਾਰਿਆ ਜਹਾਨੁ ਲਾਹਿਆ ਅਭਿਮਾਨੁ." (ਗਉ ਛੰਤ ਮਃ ੫)

ਜਹਾਨਖ਼ਾਨ: ਅਹ਼ਮਦਸ਼ਾਹ ਅਬਦਾਲੀ ਦੇ ਬੇਟੇ ਤੈਮੂਰ ਦਾ ਫ਼ੌਜਦਾਰ ਅਤੇ ਮੰਤ੍ਰੀ, ਜੋ ਸਿੱਖਾਂ ਦਾ ਸਰਵਨਾਸ਼ ਕਰਨ ਲਈ ਮਾਝੇ ਵਿੱਚ ਮੁਕ਼ੱਰਰ ਕੀਤਾ ਗਿਆ ਸੀ. ਇਹ ਸਨ ੧੭੫੬ ਤੋਂ ੧੭੫੮ ਤਕ ਲਹੌਰ ਦਾ ਸੂਬਾ ਰਿਹਾ ਹੈ. ਅਮ੍ਰਿਤਸਰ ਦੇ ਪਾਸ ਪਿੰਡ ਗੋਲੇਰਵਾਲ ਦੇ ਮੈਦਾਨ ਵਿੱਚ ਇਹ ਸ਼ਹੀਦ ਦੀਪ ਸਿੰਘ ਜੀ ਦੇ ਸਾਥੀ ਧਰਮਵੀਰ ਦਯਾਲ ਸਿੰਘ ਦੇ ਹੱਥੋਂ ਮਾਰਿਆ ਗਿਆ.

ਜਹਾਨਤਾਬ, ਜਹਾਨਤਾਬਾਂ: ਫ਼ਾ. جہانتاب ਵਿ- ਜਹਾਨ ਨੂੰ ਰੌਸ਼ਨ ਕਰਨ ਵਾਲਾ. "ਰੁਖਸਰ ਜਹਾਨਤਾਬਾਂ." (ਰਾਮਾਵ) ਰੁਖ਼ਸਾਰ (ਕਪੋਲ) ਜਹਾਨ ਨੂੰ ਪ੍ਰਕਾਸ਼ਣ ਵਾਲੇ ਹਨ। ੨. ਸੰਗਜਾ- ਸੂਰਜ.

ਜਹਾਨਾਬਾਦ: ਪੀਲੀਭੀਤ ਦੇ ਜਿਲੇ ਇੱਕ ਕ਼ਸਬਾ। ੨. ਸ਼ਾਹਜਹਾਨਾਬਾਦ (ਦਿੱਲੀ) ਦਾ ਸੰਖੇਪ. "ਸਹਰ ਜਹਾਨਾਬਾਦ ਬਸਤ ਜਹਿਂ ਸ਼ਾਹਜਹਾਂ ਜੁ ਰਾਜ ਕਰਤ ਤਹਿਂ." (ਚਰਿਤ੍ਰ ੨੭੮) ੩. ਗਯਾ ਦੇ ਜਿਲੇ ਇੱਕ ਨਗਰ, ਜੋ ਕਿਸੇ ਸਮੇਂ ਵਪਾਰ ਦਾ ਕੇਂਦ੍ਰ ਸੀ.

ਜਹਾਨੁ: ਦੇਖੋ, ਜਹਾਨ.

ਜਹਾਨੈ: ਜਹਾਨ ਨੂੰ. ਸੰਸਾਰ ਪ੍ਰਤਿ. "ਸਾਂਝੀ ਸਗਲ ਜਹਾਨੈ." (ਵਾਰ ਸੋਰ ਮਃ ੩)

ਜਹਾਂਪਨਾਹ: ਫ਼ਾ. جہانپناہ ਵਿ- ਜਗਤ ਦਾ ਸਹਾਰਾ। ੨. ਸੰਗਜਾ- ਵਾਹਗੁਰੂ। ੩. ਬਾਦਸ਼ਾਹ.

ਜਹਾਲਤ: ਅ਼. جہالت ਸੰਗਜਾ- ਜਹਲ (ਨਾਦਾਨੀ) ਦਾ ਭਾਵ. ਬੇਸਮਝੀ. ਅਵਿਦਜਾ.

ਜਹਿ, ਜਹਿਂ: ਦੇਖੋ, ਜਹँ

ਜਹਿਤ: ਸੰ. ਵਿ- ਤਜਾਗਿਆ ਹੋਇਆ. ਛੱਡਿਆ ਹੋਇਆ.

---

[511] ਜਹਾਂਦਾਰ ਦੀ ਮੌਤ ਮੁਹ਼ੱਰਮ ੧੭, ਸਨ ਹਿਜਰੀ ੧੧੨੫ ਨੂੰ ਹੋਈ.

ਜਹਿਮਤ, ਜਹਿਮਤੀ: ਦੇਖੋ, ਜਹਮਤ ਅਤੇ ਜਹਮਤੀ.

ਜਹਿਰ: ਫ਼ਾ. زہر ਜ਼ਹਿਰ. ਸੰਗਜਾ- ਕ੍ਰੋਧ। ੨. ਵਿਸ਼. ਵਿਖ. ਮਹੁਰਾ. "ਆਨ ਜਹਿਰ ਚੀਜ ਨ ਭਾਇਆ." (ਵਾਰ ਮਲਾ ਮਃ ੧)

ਜ਼ਹਿਰੀ: ਵਿ- ਜ਼ਹਿਰ ਰੱਖਣ ਵਾਲਾ। ੨. ਗੁੱਸੇ ਵਾਲਾ. ਕ੍ਰੋਧੀ.

ਜ਼ਹਿਰੀਲਾ: ਫ਼ਾ. زہریلا ਵਿ- ਵਿਸ਼ੈਲਾ. ਜ਼ਹਿਰ ਦੇ ਅਸਰ ਵਾਲਾ। ੨. ਸੰਗਜਾ- ਜ਼ਹਿਰ ਦੇ ਅਸਰ ਵਾਲਾ ਪਦਾਰਥ.

ਜਹਿੰਵਾ: ਕ੍ਰਿ. ਵਿ- ਜਿੱਥੇ. ਜਿਸ ਅਸਥਾਨ ਮੇਂ. "ਸ਼੍ਰੀ ਨਾਨਕ ਕੀ ਇੱਛਾ ਜਹਿੰਵਾ। ਵਿਚਰਹਿਂ ਬਾਲਕ ਮੇ ਮਿਲ ਤਹਿੰਵਾ." (ਨਾਪ੍ਰ)

ਜਹੀਂ: ਕ੍ਰਿ. ਵਿ- ਜਹਾਂ. ਜਿਸ ਥਾਂ। ੨ਜਹਾਂ ਹੀ. ਜਿੱਥੇ ਹੀ.

ਜਹੀਨ: ਅ. ذہین ਜਹੀਨ. ਵਿ- ਜਹਨ (ਬੁੱਧਿ) ਵਾਲਾ. ਚੰਗੇ ਚੇਤੇ ਵਾਲਾ. ਤਿੱਖੀ ਸਮਝ ਵਾਲਾ.

ਜਹੀਰ: ਅ਼. زحیر ਜ਼ਹ਼ੀਰ. ਵਿ- ਸ਼ੋਕਾਤੁਰ. ਗ਼ਮਗੀਨ. ਖ਼੍ਵਾਰ. 'ਹੱਕ ਬਿਗਾਨਾ ਜੋ ਰਖਨ ਸੋ ਹੋਸਨ ਬਹੁਤ ਜਹੀਰ. ' (ਜਸਾ) "ਇਕਨਾ ਵਡੀ ਆਰਜਾ, ਇਕਿ ਮਰਿ ਹੋਹਿ ਜਹੀਰ." (ਵਾਰ ਮਲਾ ਮਃ ੧) ੨. ਰੋਗ ਨਾਲ ਕਮਜ਼ੋਰ। ੩. ਅ਼. جہیر ਜਹੀਰ. ਉਹ ਵਕਤਾ, ਜਿਸ ਦਾ ਸੁਰ ਉੱਚਾ ਅਤੇ ਸਪਸ਼੍ਟ ਹੋਵੇ. "ਦਿਸਨ ਬਡੇ ਜਹੀਰ." (ਮਗੋ)

ਜਹੀਰੀ: ਸੰਗਜਾ- ਵਜਾਖਜਾਨ ਸ਼ਕਤਿ. ਵਕਤ੍ਰਿਤਾ. ਦੇਖੋ, ਜਹੀਰ ੩. "ਤਦਬੀਰੀ ਜਹੀਰੀ ਅਕਲਗੀਰੀ." (ਗੁਪ੍ਰਸੂ)

ਜਹੁਰੀ: ਦੇਖੋ, ਜੌਹਰੀ। ੨. ਅਫ਼ੀਮ ਦੀ ਟਪਕਾਈ ਹੋਈ ਰੈਣੀ, ਜੋ ਕੁਸੁੰਭੇ ਦੇ ਰੰਗ ਜੇਹੀ ਹੁੰਦੀ ਅਤੇ ਰਾਜਪੂਤਾਨੇ ਵਿੱਚ ਬਹੁਤ ਪੀਤੀ ਜਾਂਦੀ ਹੈ.

ਜਹੂਦ, ਜਹੂਦੀ: ਦੇਖੋ, ਯਹੂਦੀ.

ਜਹੂਰ: ਅ਼. ظہُور ਜਹੂਰ. ਸੰਗਜਾ- ਪ੍ਰਕਾਸ਼. ਚਮਤਕਾਰ. "ਕਿ ਜਾਹਰ ਜਹੂਰ ਹੈ." (ਜਾਪੁ) ੨. ਵਿ- ਪ੍ਰਗਟ. ਜ਼ਾਹਿਰ.

ਜਹੂਰਾ: ਠਾਟ. ਦਿਖਾਵਾ। ੨. ਪ੍ਰਕਾਸ਼. ਦੇਖੋ, ਜਹੂਰ.

ਜ਼ਹੇ: ਫ਼ਾ. زہے ਵਜ- ਵਾਹ ! ਖ਼ੂਬ ! ਧਨਜ ! "ਜ਼ਹੇ ਪਿਚਕਾਰੀਯੇ ਕਿ ਪੁਰ ਜ਼ਾਅ਼ਫ਼ਰਾਨੀ." (ਦੀਗੋ)

ਜਹੇਜ਼: ਅ਼. جہیز ਸੰਗਜਾ- ਦਹੇਜ਼, ਦਾਜ. ਕੰਨਜਾਂ ਦੇ ਵਿਆਹ ਸਮੇਂ ਦਿੱਤਾ ਧਨ ਪਦਾਰਥ. ਇਹ ਜਹਾਜ਼ ਸ਼ਬਦ ਦਾ ਹੀ ਰੂਪਾਂਤਰ ਹੈ, ਅਲਫ਼ ਯੇ ਨਾਲ ਬਦਲ ਗਿਆ ਹੈ.

ਜਹੰਨਮ: ਅ਼. جہنّم ਸੰਗਜਾ- ਨਰਕ. ਦੋਜ਼ਖ਼। ੨. ਦੁਖਦਾਇਕ ਥਾਂ.[512]

ਜਹ੍ਨੂ: ਦੇਖੋ, ਜਨ੍ਹੁ.

ਜਕ: ਸੰਗਜਾ- ਸ਼ੱਕ. ਸੰਸਾ। ੨. ਰੁਕਾਵਟ. ਝਿਜਕ। ੩. ਫ਼ਾ. زک ਜ਼ਕ. ਹਾਰ. ਪਰਾਜਯ। ੪. ਨਿਰਾਦਰ। ੫. ਡਰ। ੬. ਅ਼. ذکا ਜਕਾ. ਪ੍ਰਜ੍ਵਲਿਤ ਅਗਨੀ. "ਜਕ ਜਾਰੇਈ ਮਰਤ ਹੈਂ." (ਅਕਾਲ) ੭. ਤੀਖਣ ਬੁੱਧਿ.

ਜਕਣਾ, ਜਕਨਾ: ਕ੍ਰਿ- ਝਿਜਕਣਾ. ਰੁਕਣਾ। ੨. ਸੰਗਣਾ. ਦੇਖੋ, ਜਕ ੩.

ਜ਼ਕਰੀਆਖ਼ਾਨ: زکریاخاں ਦੇਖੋ, ਅਬਦੁਲਸਮਦਖ਼ਾਨ ਅਤੇ ਖ਼ਾਨਬਹਾਦੁਰ.

---

512 ਇਵਰਾਨੀ Gehenna ਸ਼ਬਦ ਤੋਂ ਹੀ ਇਹ ਬਣਿਆ ਹੈ. Ge-Hinnom ਦੀ ਵਾਦੀ ਵਿੱਚ ਇਕ ਥਾਂ ਤੇ ਛੋਟੇ ਬੱਚਿਆਂ ਨੂੰ ਦੇਵਤਾ ਨਿਮਿੱਤ ਹੋਮ ਕਰਦੇ ਸਨ. ਬੱਚਿਆਂ ਦੀ ਚੀਕਾਂ ਦੀ ਆਵਾਜ਼ ਨੂੰ ਦਬਾਉਣ ਲਈ ਢੋਲ ਛੈਣੇ ਬਜਾਉਂਦੇ ਸਨ. ਇਸ ਅਸਥਾਨ ਦਾ ਨਾਉਂ Gehenna ਸੀ.

ਜਕੜਨਾ: ਕ੍ਰਿ- ਖਿੱਚਕੇ ਬੰਨ੍ਹਣਾ. ਮੁਸ਼ਕਾਂ ਕਸਣੀਆਂ.

ਜਕੜਬੰਦ: ਸੰਗਯਾ- ਰੱਸਾ। ੨. ਜ਼ੰਜੀਰ। ੩. ਯਤੀ (ਜਤੀ) ਦਾ ਲਿੰਗੋਟ.

ਜਕਾ: ਦੇਖੋ, ਜਕ ੬. ਅਤੇ ੭.

ਜਕਾਖੇਲ: ਸੰਗਯਾ- ਪਠਾਣਾਂ ਦੀ ਇੱਕ ਜਾਤੀ, ਜੋ ਖ਼ੈਬਰ ਵਿੱਚ ਪਾਈ ਜਾਂਦੀ ਹੈ.

ਜਕਾਤ: ਦੇਖੋ, ਜਗਾਤ.

ਜਕੀ, ਜਕੀਆ: ਵਿ- ਸ਼ੱਕੀ. ਭਰਮੀ। ੨. ਹਠੀਆ. ਅੜੀਅਲ। ੩. ਅ਼. ذکی ਜਕੀ. ਸੂਖਮ ਬੁੱਧਿ ਵਾਲਾ. ਦਾਨਾ.

ਜਕੀੜਾ: ਸੰਗਯਾ- ਜਕੜਨ ਦਾ ਭਾਵ. ਖਿੱਚ. ਕਸ਼ਿਸ਼। ੨. ਮਨ ਦੀ ਲਗਨ. "ਬਿਖ ਸੰਚਹਿ ਲਾਇ ਜਕੀੜਾ." (ਜੈਤ ਮਃ ੪) ੩. ਜਕੜਨ ਦਾ ਸੰਦ ਸ਼ਿਕੰਜਾ.

ਜੱਕ: ਸੰਗਯਾ- ਜਮਾਉ. ਕਿਸੇ ਵਸਤੁ ਦਾ ਜਮਕੇ ਠੋਸ ਹੋਣਾ. ਇਸ ਦਾ ਮੂਲ ਫਾਰਸੀ ਯਖ਼ ਹੈ।੨ ਦੇਖੋ, ਜਕ.

ਜੱਕ ਤੱਕ: ਸੰਗਯਾ- ਸੰਸੇ ਨਾਲ ਵੇਖਣ ਦੀ ਕ੍ਰਿਯਾ.

ਜਕ੍ਸ਼: ਸੰ. ਧਾ- ਹੱਸਣਾ। ੨. ਖਾਣਾ। ੩. ਦੇਖੋ, ਯਕ੍ਸ਼.

ਜਖ: ਦੇਖੋ, ਜੱਖ, ਜਖਜ, ਜੱਛ ਅਤੇ ਯਕ੍ਸ਼. "ਜਖ ਕਿੰਨਰ ਗੁਣ ਭਨੀ." (ਆਸਾ ਛੰਤ ਮਃ ੫) ੨. ਦੇਖੋ, ਯਖ.

ਜਖਣ: ਸੰਗਯਾ- ਖਾਨਪਾਨ. ਦੇਖੋ, ਜਕ੍ਸ਼ ਧਾ. "ਉਤਮ ਭਲੇ ਜਿਨਾ ਕੇ ਜਖਣ." (ਰਤਨਮਾਲਾ) ਜਿਨ੍ਹਾਂ ਦੇ ਖਾਨਪਾਨ ਦੇ ਭਲੇ ਸੰਜਮ ਹਨ. ਭਾਵ- ਜਿਨ੍ਹਾਂ ਨੇ ਰਸਨਾ ਕਾਬੂ ਕੀਤੀ ਅਤੇ ਧਰਮ ਦੀ ਕਮਾਈ ਕਰਕੇ ਖਾਂਦੇ ਹਨ.

ਜ਼ਖ਼ਮ: ਫ਼ਾ. زخم ਸੰਗਯਾ- ਘਾਉ. ਘਾਵ. ਕ੍ਸ਼ਤ. ਫੱਟ.

ਜ਼ਖ਼ਮੀ: ਫ਼ਾ. زخمی ਵਿ- ਘਾਇਲ. ਫੱਟੜ.

ਜਖ਼ਾਮਤ: ਅ਼. ضخامت ਜ਼ਖ਼ਾਮਤ. ਸੰਗਯਾ- ਮੋਟਾਈ.

ਜਖੀਰਾ: ਅ਼. ذخیرہ ਜ਼ਖ਼ੀਰਾ. ਸੰਗਯਾ- ਵਸ੍ਤੂਆਂ ਦਾ ਸਮੁਦਾਇ। ੨. ਖ਼ਜ਼ਾਨਾ। ੩. ਢੇਰ. ਅੰਬਾਰ। ੪. ਛੋਟੇ ਬਟਿਆਂ ਦੇ ਖੇਤ, ਜਿਸ ਵਿੱਚ ਪਨੀਰੀ ਬੀਜੀ ਜਾਂਦੀ ਹੈ.

ਜੱਖ, ਜਖਜ: ਦੇਖੋ, ਯਕ੍ਸ਼. "ਆਵਤ ਥੋ ਇਕ ਜੱਖ ਬਡੋ." (ਕ੍ਰਿਸਨਾਵ) "ਕਈ ਕੋਟ ਜਖਜ ਕਿੰਨਰ ਪਿਸਾਚ." (ਸੁਖਮਨੀ)

ਜਗ: ਸੰ. ਜਗਤ ਸੰਗਯਾ- ਸੰਸਾਰ. ਦੁਨੀਆ. "ਜਗ ਸਿਉ ਝੂਠ ਪ੍ਰੀਤਿ ਮਨ ਬੇਧਿਆ." (ਸੋਰ ਮਃ ੧) ੨. ਜਨਸਮੁਦਾਯ. ਲੋਕ। ੩. ਯਗਜ ਯਜ਼ ਯਾਗ. "ਜਗ ਇਸਨਾਨ ਤਾਪ ਥਾਨ ਖੰਡੇ." (ਧਨਾ ਮਃ ੫) "ਗੈਡਾ ਮਾਰਿ ਹੋਮ ਜਗ ਕੀਏ." (ਵਾਰ ਮਲਾ ਮਃ ੧) ੪. ਯਕ੍ਸ਼. "ਕੋਟਿ ਜਗ ਜਾਕੈ ਦਰਬਾਰ." (ਭੈਰ ਅਃ ਕਬੀਰ)

ਜਗ ਅਉਰੁਨ: ਜਗਤ (ਸੰਸਾਰ) ਵਿੱਚ ਹੋਰ ਨਹੀਂ. "ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ." (ਸਵੈਯੇ ਮਃ ੫. ਕੇ) ਜਿਸ ਨੇ ਮਹਾ ਤਮ (ਘੋਰ ਕਲਿਕਾਲ) ਵਿੱਚ.

ਜਗਈ: ਜਾਗਦਾ ਹੈ. ਸਾਵਧਾਨ ਹੁੰਦਾ ਹੈ.

ਜਗਹ, ਜਗਹਿ: ਫ਼ਾ. جگہ ਸੰਗਯਾ- جاگہ ਜਾਯ- ਗਾਹ ਦਾ ਸੰਖੇਪ. ਸਥਾਨ. ਥਾਂ. ਠਿਕਾਣਾ.

ਜਗਜੀਵਣ, ਜਗਜੀਵਨ: ਸੰਗਯਾ- ਕਰਤਾਰ, ਜੋ ਜਗਤ ਦਾ ਜੀਵਨਰੂਪ ਹੈ. ਸੰਸਾਰ ਨੂੰ ਚੇਤਨਸੱਤਾ ਦੇਣ ਵਾਲਾ ਵਾਹਗੁਰੂ.

"ਜਗਜੀਵਣ ਸਿਉ ਆਪਿ ਚਿਤੁ ਲਾਇ." (ਬਸੰ ਮਃ ੩) ੨. ਦੁਨੀਆਂ ਵਿੱਚ ਜਿਉਣਾ। ੩. ਦੇਖੋ, ਸਤਨਾਮੀ.

ਜਗਜੀਵਨਦਾਸ: ਦੇਖੋ, ਸਤਨਾਮੀ.

ਜਗਜੀਵਨੁ: ਦੇਖੋ, ਜਗਜੀਵਨ.

ਜਗਜੋਨੀ: ਸੰ. जगद्योनि ਸੰਗ੍ਯਾ- ਪ੍ਰਿਥਿਵੀ। ੨. ਬ੍ਰਹਮਾ। ੩. ਵਿਸ਼ਨੁ। ੪. ਜਗਤ ਨੂੰ ਰਚਣ ਵਾਲਾ ਕਰਤਾਰ. "ਯੌਂ ਵਿਚਾਰ ਬੋਲੇ ਜਗਜੋਨੀ." (ਨਾਪ੍ਰ)

ਜਗਣ: ਸੰਗ੍ਯਾ- ਵਰਣਿਕ ਗਣ, ਜਿਸ ਦਾ ਸਰੂਪ ਹੈ ਮਧ੍ਯ ਗੁਰu. ।S।

ਜਗਤ: ਸੰ. जगत् ਸੰਗ੍ਯਾ- ਪਵਨ. ਵਾਯੁ. ਹਵਾ। ੨. ਮੁਲਕ. ਦੇਸ਼. "ਸਤਯੁਗ ਕਾ ਅਨੁਜਾਯ ਸੁਣ, ਇਕ ਫੇੜੇ ਸਭ ਜਗਤ ਮਰਾਵੈ." (ਭਾਗੁ) ੩. ਜੰਗਮ. ਫਿਰਨ ਤੁਰਨ ਵਾਲੇ ਜੀਵ। ੪. ਸੰਸਾਰ. ਵਿਸ਼੍ਵ. ਦੁਨੀਆਂ."ਇਹ ਜਗਤ ਮੈ ਕਿਨਿ ਜਪਿਓ ਗੁਰਮੰਤੁ." (ਸਃ ਮਃ ੯) ੫. ਨਿਘੰਟੁ ਵਿੱਚ ਜਗਤ ਦਾ ਅਰਥ ਮਨੁੱਖ (ਆਦਮੀ) ਹੈ। ੬. ਕ੍ਰਿ. ਵਿ- ਜਾਗਦੇ. ਜਾਗਦੇ ਹੋਏ. "ਮਹਾਰੁਦ੍ਰ ਕੇ ਭਵਨ ਜਗਤ ਰਜਨੀ ਗਈ." (ਚਰਿਤ੍ਰ ੧੪੬) ੭. ਦੇਖੋ, ਜਗਤਸੇਠ.

ਜਗਤਉਧਾਰਣੁ, ਜਗਤਉਧਾਰਨ: ਵਿ- ਜਗਤ ਉੱਧਾਰ ਕਰਨ ਵਾਲਾ. ਸੰਸਾਰ ਨੂੰ ਮੁਕਤਿ ਦੇਣ ਵਾਲਾ. "ਜਗਤਉਧਾਰਨ ਨਾਮ ਪ੍ਰਿਅ." (ਕਾਨ ਮਃ ੫) ੨. ਸੰਗ੍ਯਾ- ਗੁਰੂ ਨਾਨਕਦੇਵ. "ਤੈ ਜਗਤਉਧਾਰਣੁ ਪਾਇਅਉ." (ਸਵੈਯੇ ਮਃ ੪. ਕੇ)

ਜਗਤਸੇਠ: ਇਹ ਪਹਿਲਾਂ ਪਟਨੇ ਵਿੱਚ ਹਲਵਾਈ ਦੀ ਦੁਕਾਨ ਕਰਦਾ ਸੀ, ਫੇਰ ਵਡਾ ਧਨੀ ਹੋਕੇ ਸੇਠ (ਸ਼ਾਹੂਕਾਰ ਹੋਇਆ. ਇਸ ਨੇ ਨੌਵੇਂ ਸਤਿਗੁਰੂ ਦੀ ਅਤੇ ਦਸ਼ਮੇਸ਼ ਦੀ ਪਟਨੇ ਵਿੱਚ ਬਹੁਤ ਸੇਵਾ ਕੀਤੀ. ਦੇਖੋ, ਜੀਵਨਸਿੰਘ ਦਾ ਫੁਟਨੋਟ.

ਜਗਤਸੇਤੁ: ਸੰਗ੍ਯਾ- ਸੰਸਾਰਸਾਗਰ ਤੋਂ ਪਾਰ ਹੋਣ ਲਈ ਪੁਲਰੂਪ ਗੁਰੂ ਗ੍ਰੰਥਸਾਹਿਬ। ੨. ਕਰਤਾਰ ਦਾ ਨਾਮ। ੩. ਸਤਿਗੁਰੂ। ੪. ਸਤਿਸੰਗ। ੪. ਵਾਹਗੁਰੂ.

ਜਗਤ ਸੰਸਾਰ: ਵਿ- ਜਗਤ (ਚਲਾਇਮਾਨ) ਸੰਸਾਰ (ਦੁਨੀਆਂ). ਅਨਿਤ੍ਯ ਸੰਸਾਰ। ੨. ਸੰਸਾਰ ਦੇ ਲੋਕ. "ਸਤਿਗੁਰ ਨੋ ਸਭਕੋ ਵੇਖਦਾ ਜੇਤਾ ਜਗਤੁ ਸੰਸਾਰੁ." (ਵਾਰ ਵਡ ਮਃ ੩) ਦੇਖੋ, ਜਗਤ.

ਜਗਤਕਸਾਈ: ਵਿ- ਦੇਸ਼ਘਾਤਕ। ੨. ਸੰਸਾਰ ਦਾ ਬੁਰਾ ਕਰਨ ਵਾਲਾ, ਦੇਖੋ, ਜਗਤਕਾਸਾਈ.

ਜਗਤਕਰਤਾ: ਵਿ- ਸੰਸਾਰ ਰਚਣ ਵਾਲਾ। ੨. ਸੰਗ੍ਯਾ- ਪਾਰਬ੍ਰਹਮ. ਵਾਹਗੁਰੂ.

ਜਗਤਕਾਸਾਈ: ਦੇਖੋ, ਜਗਤਕਸਾਈ. "ਹਥਿ ਛੁਰੀ ਜਗਤਕਾਸਾਈ." (ਵਾਰ ਆਸਾ)

ਜਗਤਗੁਰੁ, ਜਗਤਗੁਰੂ: ਸੰ. जगद्गुरू ਸੰਗ੍ਯਾ- ਕਰਤਾਰ. "ਤੁਮ ਕਹੀਅਤ ਹੌ ਜਗਤਗੁਰੁ ਸੁਆਮੀ." (ਜੈਤ ਰਵਿਦਾਸ) ੨. ਵਿ- ਸੰਸਾਰ ਨੂੰ ਹਿਤ ਦਾ ਉਪਦੇਸ਼ ਕਰਨ ਵਾਲਾ. "ਮਿਲੁ ਨਾਨਕ ਦੇਵ ਜਗਤਗੁਰੁ ਕੇਰੈ." (ਕਾਨ ਮਃ ੫) "ਜਗਤਗੁਰੂ ਨਾਨਕ ਦੇਉ." (ਭਾਗੁ) ੩. ਸੰਗ੍ਯਾ- ਗੁਰੂ ਨਾਨਕਦੇਵ। ੪. ਸ਼ੰਕਰਾਚਾਰਯ ਦੀ ਗੱਦੀ ਦਾ ਮਹੰਤ ਭੀ ਜਗਤਗੁਰੂ ਅਖਾਂਵਦਾ ਹੈ।

ਜਗਤਜੀਤ ਸਿੰਘ ਮਹਾਰਾਜਾ: ਦੇਖੋ, ਕਪੂਰਥਲਾ.

ਜਗਤਜੀਵਨ: ਦੇਖੋ, ਜਗਜੀਵਨ.

ਜਗਤਧਾਤਾ: ਸੰ. जगद्धातृ ਸੰਗ੍ਯਾ- ਜਗਤ ਦਾ ਰਖ੍ਯਕ ਵਾਹਗੁਰੂ। ੨. ਗੁਰੂ ਨਾਨਕਦੇਵ। ੩. ਪੁਰਾਣਾਂ ਅਨੁਸਾਰ ਬ੍ਰਹਮਾ। ੪. ਵਿਸ਼ਨੁ.

ਜਗਤਪਤਿ: ਸੰਗ੍ਯਾ- ਜਗਤ ਦਾ ਸ੍ਵਾਮੀ ਕਰਤਾਰ.

**ਜਗਤਪਿਤਾ:** ਸੰਗਯਾ- ਸੰਸਾਰ ਉਤਪੰਨ ਕਰਤਾ ਵਾਹਗੁਰੂ. "ਜਗਤਪਿਤਾ ਹੈ ਸਰਬ ਪ੍ਰਾਨ ਕੋ ਅਧਾਰ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਬ੍ਰਹਮਾ. "ਜਗਤਪਿਤਾ ਪਦ ਪ੍ਰਿਥਮ ਕਹਿ ਸੁਤ ਪਦ ਅੰਤ ਬਖਾਨ." (ਸਨਾਮਾ) ਜਗਤਪਿਤਾ (ਬ੍ਰਹਮਾ) ਸੁਤ (ਪੁਤ੍ਰ) ਬ੍ਰਹਮਪੁਤ੍ਰ ਦਰਿਆ.

**ਜਗਤਪਿਤਾਸੁਤ:** ਦੇਖੋ, ਜਗਤਪਿਤਾ ੨। ੨. ਨਾਰਦਮੁਨਿ। ੩. ਸਨਕਾਦਿ ਰਿਖੀ.

**ਜਗਤਪ੍ਰਾਣ:** ਸੰਗਯਾ- ਸੰਸਾਰ ਦੇ ਪ੍ਰਾਣਰੂਪ ਕਰਤਾਰ। ੨. ਪਵਨ. ਪੌਣ.

**ਜਗਤਾ:** ਬੁਰਾਹਨਪੁਰ ਨਿਵਾਸੀ ਛੀਵੇਂ ਸਤਿਗੁਰੂ ਦਾ ਸਿੱਖ, ਜੋ ਮਹਾਨ ਯੋਧਾ ਅਤੇ ਆਤਮਗਯਾਨੀ ਸੀ। ੨. ਬ੍ਰਹਮਣ ਜਾਤਿ ਤੋਂ ਸਿੱਖ ਬਣਿਆ ਹੋਇਆ ਇੱਕ ਮਸੰਦ, ਜੋ ਲਹੌਰ ਰਹਿੰਦਾ ਸੀ. ਮਸੰਦਾਂ ਨੂੰ ਦੰਡ ਦੇਣ ਸਮੇਂ ਦਸ਼ਮੇਸ਼ ਨੇ ਇਸ ਨੂੰ ਬਖ਼ਸ਼ ਦਿੱਤਾ ਸੀ। ੩. ਭਾਈ ਫੇਰੂ ਸੱਚੀਦਾੜ੍ਹੀ ਦਾ ਪੋਤਾਚੇਲਾ ਸੰਤ, ਜੋ ਵਡੀ ਕਰਣੀ ਵਾਲਾ ਹੋਇਆ ਹੈ.

**ਜਗਤਾਗਰ:** ਸੰਗਯਾ- ਜਗਤ- ਅਗ੍ਰ. ਜਗਤ ਤੋਂ ਪਹਿਲਾਂ ਹੋਣ ਵਾਲਾ. ਜਗਤ ਦਾ ਮੂਲ ਕਾਰਣ. "ਗਹੋ ਸਰਣ ਜਗਤਾਗਰ." (ਹਜਾਰੇ ੧੦)

**ਜਗਤਾਵਲਿ:** ਸੰਗਯਾ- ਜਗਤਸ਼੍ਰੇਣਿ. ਜਗਤ ਦੀ ਰਚਨਾ ਦਾ ਸਿਲਸਿਲਾ. "ਜਗਤਾਵਲਿ ਕਰਤਾ." (ਗ੍ਯਾਨ)

**ਜਗਤੀ:** ਸੰ. ਸੰਗਯਾ- ਪ੍ਰਿਥਿਵੀ। ੨. ਸੰਸਾਰ. ਜਗਤ। ੩. ਇੱਕ ਵੈਦਿਕ ਛੰਦ, ਜਿਸ ਦੇ ਹਰੇਕ ਚਰਣ ਵਿੱਚ ਬਾਰਾਂ ਅੱਖਰ ਹੁੰਦੇ ਹਨ. ਚਾਰ ਚਰਣਾਂ ਦੇ ੪੮ ਅੱਖਰ. ਕਾਮਿਨੀ ਮੋਹਨਾ, ਤੋਟਕ ਅਤੇ ਭੁਜੰਗਪ੍ਰਯਾਤ ਆਦਿ ਛੰਦ ਸਭ "ਜਗਤੀ" ਜਾਤਿ ਦੇ ਹਨ.

**ਜਗਤੀਸ:** ਜਗਤ- ਈਸ਼. ਦੇਖੋ, ਜਗਦੀਸ਼.

**ਜਗਤੁ:** ਦੇਖੋ, ਜਗਤ. "ਨਿਜਕਰਿ ਦੇਖਿਓ ਜਗਤੁ ਮੈ, ਕੋ ਕਾਹੂ ਕੋ ਨਾਹਿ." (ਸਃ ਮਃ ੯) ੨. ਲੋਕ. "ਜਗਤੁ ਭਿਖਾਰੀ ਫਿਰਤ ਹੈ." (ਸਃ ਮਃ ੯)

**ਜਗਤੁ ਸੰਸਾਰ:** ਦੇਖੋ, ਜਗਤ ਸੰਸਾਰ.

**ਜਗਤੁੱਲਾ:** ਭਾਊ ਗੋਤ ਦਾ ਗੁੱਜਰ ਸਰਦਾਰ, ਜੋ ਪਹਾੜੀ ਰਾਜਿਆਂ ਨਾਲ ਮਿਲਕੇ ਦਸ਼ਮੇਸ਼ ਨਾਲ ਆਨੰਦਪੁਰ ਲੜਨ ਆਇਆ, ਅਤੇ ਪਜਾਰੇ ਸਾਹਿਬ ਸਿੰਘ ਦੀ ਗੋਲੀ ਨਾਲ ਮੋਇਆ.

**ਜਗਤ੍ਰ:** ਜਗਤ ਮਾਤ੍ਰ ਦਾ ਸੰਖੇਪ. "ਜੈ ਜੈਕਾਰ ਜਗਤ੍ਰ ਮਹਿ." (ਬਿਲਾ ਮਃ ੫) ੨. ਜਗਤ੍ਤ੍ਰਯ. ਤਿੰਨ ਲੋਕ.

**ਜਗਤ੍ਰਗੁਰੁ:** ਜਗਤ ਮਾਤ੍ਰ ਅਥਵਾ ਤਿੰਨ ਲੋਕ ਦਾ ਗੁਰੂ. "ਭਨਦਾਸ ਸੁ ਆਸ ਜਗਤ੍ਰਗੁਰੂ ਕੀ." (ਸਵੈਯੇ ਮਃ ੪. ਕੇ)

**ਜਗਦ:** ਸੰ. ਵਿ- ਰਖ੍ਯਕ. ਪਾਲਕ.

**ਜਗਦਗੁਰੁ:** ਦੇਖੋ, ਜਗਤਗੁਰੁ ਅਤੇ ਜਗਦ੍ਗੁਰੁ.

**ਜਗਦਾਧਾਰ:** ਸੰਗਯਾ- ਜਗਤ ਦਾ ਆਸਰਾਰੂਪ ਕਰ ਤਾਰ। ੨. ਪਵਨ. ਪੌਣ.

**ਜਗਦੀਸ:** ਸੰਗਯਾ- ਜਗਤ ਦਾ ਈਸ਼ (ਮਾਲਿਕ) ਕਰਤਾਰ. "ਸਦਾ ਭਜਹੁ ਜਗਦੀਸ." (ਗੂਜ ਮਃ ੫)

**ਜਗਦੀਸ ਈਸ:** ਵਿ- ਜਗਤ ਦੇ ਈਸ਼ ਰਾਜੇ ਆਦਿ, ਉਨ੍ਹਾਂ ਦਾ ਸ੍ਵਾਮੀ ਕਰਤਾਰ। ੨. ਜਗਤ ਦੇ ਪੂਜਯ ਬ੍ਰਹਮਾ, ਵਿਸ਼ਨੁ ਆਦਿ ਦੇਵਤੇ, ਉਨ੍ਹਾਂ ਦਾ ਪੂਜਯ ਵਾਹਗੁਰੂ. "ਜਗਦੀਸ ਈਸ ਗੋਪਾਲ ਮਾਧੋ." (ਰਾਮ ਛੰਤ ਮਃ ੫)

**ਜਗਦੀਸਰ, ਜਗਦੀਸੁਰ, ਜਗਦੀਸ੍ਰੋਰਾ, ਜਗਦੀਸ੍ਵਰ:** ਸੰ. ਜਗਦੀਸ਼ਵਰ- ਸੰਗਯਾ- ਜਗਤ ਦਾ ਸ੍ਵਾਮੀ ਕਰਤਾਰ. ਜਗਤਨਾਥ ਵਾਹਗੁਰੂ. "ਸਰਬਗੁਣ ਜਗਦੀਸਰੈ." (ਰਾਮ ਛੰਤ ਮਃ ੫) "ਜਗਦੀਸੁਰ ਚਰਨਸਰਨ ਜੋ ਆਏ." (ਕਲਿ ਮਃ ੪) "ਸਦਾ

ਆਨੰਦੁ ਜਪਿ ਜਗਦੀਸੁੋਰਾ." (ਸਾਰ ਮਃ ੪. ਪੜਤਾਲ) "ਧਨ ਚਰਣ ਰਖ੍ਯਾ ਜਗਦੀਸੁਰਹ." (ਸਹਸ ਮਃ ੫)

ਜਗਦੀਪ: ਸੰ. जगद्दीप. ਸੰਗ੍ਯਾ- ਜਗਤ ਦਾ ਪ੍ਰਕਾਸ਼ਕ ਕਰਤਾਰ। ੨. ਸੂਰਜ.

ਜਗਦੰਬਾ: ਸੰ. जगदम्बा. ਸੰਗ੍ਯਾ- ਜਗਤ ਦੀ ਅੰਬਾ (ਮਾਤਾ) ਮਾਇਆ। ੨. ਦੁਰਗਾ. ਦੇਵੀ। ੩. ਮਾਤਾ ਸੁਲਖਨੀ। ੪. ਮਾਤਾ ਸਾਹਿਬਕੌਰ.

ਜਗਦ੍ਗੁਰੁ: ਸੰਗ੍ਯਾ- ਜਗਤ ਦਾ ਉਪਦੇਸ਼ਕ. ਜਗਤਪੂਜ੍ਯ ਵਾਹਗੁਰੂ. "ਹੇ ਪ੍ਰਾਣਨਾਥ ਗੋਬਿੰਦਹ ਕ੍ਰਿਪਾਨਿਧਾਨ ਜਗਦ੍ਗੁਰੋ." (ਸਹਸ ਮਃ ੫) ੨. ਗੁਰੂ ਨਾਨਕਦੇਵ.

ਜਗਧ: ਸੰ. जग्ध ਵਿ- ਖਾਧਾ ਹੋਇਆ. ਛਕਿਆ। ੨. ਸੰਗ੍ਯਾ- ਭੋਜਨ.

ਜਗਧਾਤਾ: ਦੇਖੋ, ਜਗਤਧਾਤਾ.

ਜਗਧਿ: ਸੰ. जग्धि ਸੰਗ੍ਯਾ- ਭੋਜਨ. ਗਿਜ਼ਾ. ਅਹਾਰ.

ਜਗਨ: ਸੰ. ਯਜਨ. ਸੰਗ੍ਯਾ- ਪੂਜਨ। ੨. ਹਵਨ। ੩. ਯਗ੍ਯ. ਦੇਖੋ, ਯਜ ਧਾ. "ਜਗਨ ਕਰੈ ਬਹੁ ਭਾਰ ਅਫਾਰੀ." (ਗਉ ਅਃ ਮਃ ੧) "ਅਸੁਮੇਧ ਜਗਨੇ." (ਗੌਂਡ ਨਾਮਦੇਵ) ੪. ਸੰ. जगन्नु ਜਗੰਨੁ. ਅਗਨਿ। ੫. ਜੰਤੁ. ਜੀਵ. "ਝੜੰਤ ਅਗਨੰ, ਜਲੰਤ, ਜਗਨੰ." (ਰਾਮਾਵ) ੬. ਦੇਖੋ, ਜਾਗਨਾ। ੭. ਦੇਖੋ, ਜਗਣ.

ਜਗਨਾ: ਦੇਖੋ, ਜਾਗਨਾ। ੨. ਸ਼੍ਰੀ ਗੁਰੂ ਅਰਜਨਦੇਵ ਦਾ ਪਰੋਪਕਾਰੀ ਬ੍ਰਹਮਗ੍ਯਾਨੀ ਸਿੱਖ, ਜਿਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਆਗ੍ਯਾ ਨਾਲ ਅਮ੍ਰਿਤਸਰ ਦੇ ਜੰਗ ਵਿੱਚ ਭਾਰੀ ਵੀਰਤਾ ਦਿਖਾਈ.

ਜਗਨਾਥ: ਦੇਖੋ, ਜਗੰਨਾਥ। ੨. ਖੜਗ. ਸ਼੍ਰੀ ਸਾਹਿਬ. "ਸਭੈ ਨਾਮ ਜਗਨਾਥ ਕੇ ਸਦਾ ਰਿਦੇ ਮੋ ਰਾਖ." (ਸਨਾਮਾ)

ਜਗਨਿਵਾਸ: ਸੰ. जगन्निवास. ਸੰਗ੍ਯਾ- ਵਾਹਗੁਰੂ (ਕਰਤਾਰ), ਜੋ ਸੰਸਾਰ ਨੂੰ ਆਪਣੇ ਵਿੱਚ ਨਿਵਾਸ ਦਿੰਦਾ ਹੈ.

ਜਗਨੈਣ: ਜਗਤ ਦੇ ਨੇਤ੍ਰਰੂਪ ਸੂਰਜ.

ਜਗਬਕਤ੍ਰ: ਯੁਗ- ਵਕਤ੍ਰ. ਯੁਗ (ਚਾਰ) ਹਨ ਵਕਤ੍ਰ (ਮੁਖ) ਜਿਸ ਦੇ, ਬ੍ਰਹਮਾ. ਅਞਾਣ ਲਿਖਾਰੀ ਨੇ ਜੁਗ ਬਕਤ੍ਰ ਦੀ ਥਾਂ ਜਗਬਕਤ੍ਰ ਲਿੱਖ ਦਿੱਤਾ ਹੈ. "ਜਗਬਕਤ੍ਰ ਹੁਇ ਕਰੇ ਬੇਦ ਬਖ੍ਯਾਨ." (ਸਨਾਮਾ)

ਜਗਬੰਦਨ: ਸੰਗ੍ਯਾ- ਜਗਤ ਕਰਕੇ ਨਮਸਕਾਰ ਕਰਨ ਯੋਗ੍ਯ ਕਰਤਾਰ. "ਨਾਨਕ ਸਰਨਿ ਪਰਿਓ ਜਗਬੰਦਨ." (ਜੈਤ ਮਃ ੯) ੨. ਗੁਰੂ ਨਾਨਕ ਦੇਵ.

ਜਗਮਗ, ਜਗਮਗਤ: ਵਿ- ਰੌਸ਼ਨ. ਪ੍ਰਕਾਸ਼ਿਤ. "ਜਗਮਗ ਜੋਤਿ ਵਿਰਾਜਈ ਅਬਿਚਲ ਨਗਰ ਅਪਾਰ."[513] "ਜਗਮਗਤ ਤੇਜ ਪੂਰਨ ਪ੍ਰਤਾਪ." (ਅਕਾਲ)

ਜਗਮਗਿਤ, ਜਗਮਾਤ, ਜਮਾਤਾ: ਸੰਗ੍ਯਾ- ਜਗਤ ਦੀ ਮਾਂ ਮਾਇਆ। ੨. ਸੰਸਾਰ ਰਚਣ ਵਾਲੀ ਅਕਾਲ ਦੀ ਸ਼ਕਤਿ. "ਜਗਮਾਤ ਕੋ ਧ੍ਯਾਨ ਧਰਜੋ ਜਿਯ ਮੇ." (ਚੰਡੀ ੧) ੩. ਦੁਰਗਾ। ੪. ਜਗਤ ਦਾ ਜਨਮਦਾਤਾ, ਕਰਤਾਰ. "ਕ੍ਰਿਪਾ ਕਰੀ ਹਮ ਪਰ ਜਗਮਾਤਾ." (ਚੌਪਈ) "ਤੂੰ ਮੇਰਾ ਪਿਤਾ ਹੈ ਮੇਰਾ ਮਾਤਾ." (ਭੈਰ ਮਃ ੫) ੫. ਤਲਵਾਰ. ਕ੍ਰਿਪਾਣ. "ਸਭੈ ਨਾਮ ਜਗਮਾਤ ਕੇ ਲੀਜਹੁ ਸੁ ਕਵਿ ਵਿਚਾਰ." (ਸਨਾਮਾ) ੬. ਮਾਤਾ ਸੁਲਖਨੀ। ੭. ਮਾਤਾ ਸਾਹਿਬਕੌਰ.

ਜਗਮੋਹਨੀ: ਸੰਗ੍ਯਾ- ਜਗਤ ਨੂੰ ਮੋਹਣ ਵਾਲੀ ਮਾਇਆ "ਜਗਮੋਹਨੀ ਹਮ ਤਿਆਗਿ ਗਵਾਈ." (ਆਸਾ ਮਃ ੫)

---

[513] ਇਹ ਪਾਠ ਗੁਰਦੁਆਰੇ ਅਬਿਚਲਨਗਰ (ਹਜ਼ੂਰ ਸਾਹਿਬ) ਦੀ ਮੁਹਰ (ਮੁਦ੍ਰਾ) ਦਾ ਹੈ.

ਜਗਰ: ਸੰਗਯਾ- ਪ੍ਰਕਾਸ਼. ਚਮਤਕਾਰ। ੨. ਸੰ. ਕਵਚ. ਬਕਤਰ. ਸੰਜੋਆ.

ਜਗਰ ਮਗਰ: ਸੰਗਯਾ- ਜਗਮਗਾਹਟ. ਚਮਕ ਦਮਕ. "ਤੇਰੋ ਜਸ ਜਗਰ ਮਗਰ ਭਏ, ਸ਼ੋਭਾ ਗਈ ਮੇਰੁ ਕੀ." (ਹੰਸਰਾਮ)

ਜਗਰਾਉਂ, ਜਗਰਾਵਾਂ: ਜਿਲੇ ਲੁਦਿਆਨੇ ਦੀ ਇਕ ਤਸੀਲ ਦਾ ਪ੍ਰਧਾਨ ਨਗਰ, ਜੋ ਲੁਦਿਆਨੇ ਤੋਂ ੨੬ ਮੀਲ ਹੈ. ਦੇਖੋ, ਕਲ੍ਹਾਰਾਯ ਅਤੇ ਰਾਯਕੋਟ.

ਜਗਾ: ਸੰਗਯਾ- ਜਾਗਰਣ. ਜਗਾਣਾ. ਦੇਖੋ, ਰਾਤਜਾਗਾ। ੨. ਜਗਹ. ਜਾਯਗਾਹ. ਥਾਂ. ਸ੍ਥਾਨ। ੩. ਸੰਗੀਤ ਅਨੁਸਾਰ ਤਾਲ ਦੀ ਸਮਾਪਤੀ ਦਾ ਅਸਥਾਨ. ਸਮ.

ਜਗਾਉਣਾ: ਕ੍ਰਿ- ਜਾਗ੍ਰਤ ਅਵਸਥਾ ਵਿੱਚ ਲਿਆਉਣਾ। ੨. ਉੱਚੇ ਸੁਰ ਨਾਲ ਪੁਕਾਰਨਾ, ਜਿਸ ਤੋਂ ਲੋਕ ਜਾਗ ਉਠਣ। ੩. ਅਲੱਖ ਆਦਿ ਸ਼ਬਦਾਂ ਦਾ ਉੱਚੀ ਪੁਕਾਰਨਾ. "ਗੋਰਖਨਾਥ ਜਗੈਹੈਂ." (ਕ੍ਰਿਸਨਾਵ) ੪. ਦੇਖੋ, ਜਗਾਵਨ.

ਜਗਾਤ, ਜਗਾਤਿ: ਅ਼. زکات ਅਥਵਾ زکوٰۃ ਜ਼ਕਾਤ. ਸੰਗਯਾ- ਸ਼ੁੱਧੀ. ਪਵਿਤ੍ਰਤਾ। ੨. ਆਪਣੇ ਮਾਲ ਵਿੱਚੋਂ ਧਰਮਅਰਥ ਜੋ ਹਿੱਸਾ ਕੱਢਿਆ ਜਾਂਦਾ ਹੈ ਉਸ ਦਾ ਨਾਮ "ਜ਼ਕਾਤ" ਇਸ ਲਈ ਹੋ ਗਿਆ ਹੈ ਕਿ ਉਸ ਭਾਗ ਦੇ ਦੇਣ ਨਾਲ ਧਨ ਮਾਲ ਪਵਿਤ੍ਰ ਹੋ ਜਾਂਦਾ ਹੈ. ਕੁਰਾਨ ਵਿੱਚ ਜ਼ਕਾਤ ਦੇਣਾ ਧਾਰਮਿਕ ਨਿਯਮ ਹੈ. ਦੇਖੋ, ਸੂਰਤ ਬਕਰ, ਆਯਤ ੪੩. ਜੋ ਮਾਲ ਇੱਕ ਵਰ੍ਹਾ ਕ਼ਬਜੇ ਵਿੱਚ ਰਹੇ ਉਸ ਦੀ ਜ਼ਕਾਤ ਦੇਣੀ ਜ਼ਰੂਰੀ ਹੈ, ਇਸ ਤੋਂ ਘੱਟ ਸਮੇਂ ਪੁਰ ਨਹੀਂ. ਹਦੀਸਾਂ ਦੇਖਣ ਤੋਂ ਪਤਾ ਲਗਦਾ ਹੈ ਕਿ ਹਰੇਕ ਮਾਲ ਉੱਪਰ ਜੁਦੀ ਜੁਦੀ ਜ਼ਕਾਤ ਹੈ, ਜੈਸੇ- ਚਾਰ ਉੱਠ ਜਿਸ ਪਾਸ ਹੋਣ ਉਸ ਉੱਪਰ ਜ਼ਕਾਤ ਨਹੀਂ, ਪਰ ਪੰਜ ਉੱਠ ਦੇ ਮਾਲਿਕ ਨੂੰ ਇੱਕ ਭੇਡ ਜਾਂ ਬਕਰਾ ਹਰ ਸਾਲ ਜ਼ਕਾਤ ਦੇਣਾ ਚਾਹੀਏ, ਦਸ ਉੱਠ ਵਾਲੇ ਨੂੰ ਦੋ, ਅਤੇ ਚਾਲੀ ਵਾਲੇ ਨੂੰ ਚਾਰ ਬਕਰੇ ਦੇਣੇ ਚਾਹੀਏ. ਤੀਹਾਂ ਤੋਂ ਘੱਟ ਗਊ ਭੈਸਾਂ ਉੱਤੇ ਜ਼ਕਾਤ ਨਹੀਂ. ਤੀਹਾਂ ਦੇ ਮਾਲਿਕ ਨੂੰ ਹਰ ਸਾਲ ਇੱਕ ਵਰ੍ਹੇ ਦੀ ਉਮਰ ਦਾ ਵੱਛਾ ਜ਼ਕਾਤ ਵਿੱਚ ਦੇਣਾ ਚਾਹੀਏ. ਚਾਲੀ ਪਸ਼ੂਆਂ ਪਰ ਦੋ ਵਰ੍ਹੇ ਦੀ ਉਮਰ ਦਾ ਵੱਛਾ ਦੇਣਾ ਚਾਹੀਏ. ਘੋੜਿਆਂ ਦੀ ਕੀਮਤ ਲਾਕੇ ਪੰਜ ਫ਼ੀ ਸਦੀ ਜ਼ਕਾਤ ਹੈ, ਪਰ ਜੋ ਘੋੜੇ ਜੰਗ ਦੇ ਕੰਮ ਆਉਣ ਜਾਂ ਗੱਡੀਆਂ ਵਿੱਚ ਜੋਤੇ ਜਾਣ, ਉਨ੍ਹਾਂ ਉੱਤੇ ਜ਼ਕਾਤ ਨਹੀਂ. ਦੋ ਸੌ ਦਿਰਹਮ[514] درہم ਤੋਂ ਘੱਟ ਚਾਂਦੀ ਉੱਪਰ ਜ਼ਕਾਤ ਨਹੀਂ, ਇਸ ਤੋਂ ਵੱਧ ਹੋਵੇ ਤਦ ਪੰਜ ਫ਼ੀ ਸਦੀ ਜ਼ਕਾਤ ਹੈ. ਬੀਸ ਮਿਸਕ਼ਾਲ[515] (مشقال) ਤੋਂ ਘੱਟ ਸੁਇਨੇ ਤੇ ਜ਼ਕਾਤ ਨਹੀਂ. ਇਸ ਤੋਂ ਵੱਧ ਹੋਵੇ ਤਾਂ ਫ਼ੀ ਮਿਸਕਾਲ ਦੋ ਕ਼ੀਰਾਤ਼.[516] (قیراط) ਜ਼ਕਾਤ ਹੈ. ਘਰ ਦੇ ਮਾਲ ਅਸਬਾਬ ਉੱਤੇ ਜੋ ਵਰਤੋਂ ਵਿੱਚ ਨਹੀਂ ਆਉਂਦਾ ਅਰ ਦੋ ਸੌ ਦਿਰਹਮ ਤੋਂ ਵਧੀਕ ਮੁੱਲ ਦਾ ਹੋਵੇ ਤਾਂ ਢਾਈ ਫ਼ੀ ਸਦੀ ਜ਼ਕਾਤ ਹੈ, ਇਤਯਾਦਿ.

ਜ਼ਕਾਤ ਦਾ ਮਾਲ ਸੱਤ ਥਾਂਈਂ ਖਰਚਣਾ ਲਿਖਿਆ ਹੈ:-

(ੳ) ਫ਼ਕ਼ੀਰਾਂ ਨੂੰ. (ਅ) ਅਨਾਥਾਂ ਨੂੰ. (ੲ) ਜ਼ਕਾਤ ਕੱਠਾ ਕਰਨ ਵਾਲਿਆਂ ਨੂੰ. (ਸ) ਗ਼ੁਲਾਮਾਂ ਦੇ ਆਜ਼ਾਦ ਕਰਾਉਣ ਵਿੱਚ. (ਹ) ਮਕ਼ਰੂਜ਼ਾਂ (ਕ਼ਰਜ਼ਦਾਰਾਂ) ਨੂੰ. (ਕ) ਖ਼ੁਦਾ ਦੇ ਨਾਮ ਅਥਵਾ ਧਰਮ ਦੇ ਜੰਗ ਲਈ. (ਖ) ਮੁਸਾਫ਼ਿਰਾਂ ਨੂੰ। ੩. ਰਾਜ ਅਥਵਾ ਨਗਰ ਅੰਦਰ ਆਉਣ ਵਾਲੀਆਂ ਚੀਜਾਂ ਤੇ ਲਾਇਆ ਮਸੂਲ. Octroi. "ਜੇਜੀਆ ਡੰਨੁ ਕੋ ਲਏ ਨ ਜਗਾਤਿ." (ਆਸਾ ਅਃ ਮਃ ੫)

ਜਗਾਤੀ, ਜਗਾਤੀਆ: ਸੰਗਯਾ- ਜ਼ਕਾਤ ਲੈਣ ਵਾਲਾ. ਮਹ਼ਿਸੂਲੀਆ. "ਕਾਮ ਕ੍ਰੋਧ ਦੁਇ ਭਏ ਜਗਾਤੀ." (ਗਉ ਕਬੀਰ) "ਜਗਾਤੀਆ ਮੋਹਣ ਮੁੰਦਣਿ ਪਈ." (ਤੁਖਾ ਛੰਤ ਮਃ ੪)

ਜਗਾਦਿ: ਜਗਤ ਦੇ ਆਦਿਕਾਲ ਵਿੱਚ. "ਜਗਾਦਿ ਤੁਹੀ ਪ੍ਰਭੁ ਫੈਲਰਹਯੋ." (ਸਵੈਯੇ ੩੩) ੨. ਜਗਤ ਦੀ ਆਦਿ. ਜਗਤ ਦਾ ਮੁੱਢ। ੩. ਯਗਯ- ਆਦਿ. ਯਗਯਾਦਿ ਕਰਮ. "ਜਗਾਦਿ ਆਦਿ ਧਰਮਣੰ." (ਗਯਾਨ)

---

514 ਚੌਬੀਹ ਰੱਤੀ ਦਾ ਇੱਕ ਚਾਂਦੀ ਦਾ ਸਿੱਕਾ.

515 ਸਾਢੇ ਚਾਰ ਮਾਸ਼ੇ ਚਾਂਦੀ ਦਾ ਸਿੱਕਾ, ਅਥਵਾ ਸਾਢੇ ਚਾਰ ਮਾਸ਼ਾ ਭਰ ਤੋਲ.

516 ਦੋ ਰੱਤੀ ਭਰ.

ਜਗਾਧਰੀ: ਜਿਲੇ ਅੰਬਾਲੇ ਵਿੱਚ ਪੁਰਾਣਾ ਅਤੇ ਮਸ਼ਹੂਰ ਸ਼ਹਿਰ ਹੈ. ਇਸ ਸ਼ਹਿਰ ਦੇ ਹਨੂੰਮਾਨ ਦਰਵਾਜ਼ੇ ਦੇ ਅੰਦਰਵਾਰ ਸ਼੍ਰੀ ਗੁਰੂਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਕਪਾਲਮੋਚਨ ਨਿਵਾਸ ਕਰਦੇ ਹੋਏ ਇੱਥੇ ਚਰਣ ਪਾਏ ਹਨ. ਗੁਰਦ੍ਵਾਰਾ ਛੋਟਾ ਜਿਹਾ ਬਣਿਆ ਹੋਇਆ ਹੈ. ਅਕਾਲੀ ਸਿੰਘ ਪੁਜਾਰੀ ਹੈ. ਰੇਲਵੇ ਸਟੇਸ਼ਨ ਜਗਾਧਰੀ ਤੋਂ ੩. ਮੀਲ ਈਸ਼ਾਨ ਕੋਣ ਹੈ.

ਜਗਾਨਾ, ਜਗਾਵਨ: ਕ੍ਰਿ- ਜਾਗ੍ਰਤ ਅਵਸਥਾ ਵਿੱਚ ਲਿਆਉਣਾ। ੨. ਸਾਵਧਾਨ ਕਰਨਾ। ੩. ਤੰਤ੍ਰਸ਼ਾਸਤ੍ਰ ਅਨੁਸਾਰ ਮੁਰਦੇ ਦੀ ਰੂਹ ਨੂੰ ਮੰਤ੍ਰਸ਼ਕਤਿ ਨਾਲ ਸ਼ਮਸ਼ਾਨ ਵਿੱਚੋਂ ਉਠਾਉਣਾ. "ਹਰਿ ਕਾ ਸਿਮਰਨੁ ਛਾਡਿਕੈ ਰਾਤਿ ਜਗਾਵਨ ਜਾਇ." (ਸ. ਕਬੀਰ)

ਜਗਿ: ਜਗਤ ਮੇਂ. ਸੰਸਾਰ ਵਿੱਚ. "ਜਗਿ ਸੁਕ੍ਰਿਤ ਕੀਰਤਿ ਨਾਮ ਹੈ." (ਬਿਲਾ ਛੰਤ ਮਃ ੪) ੨. ਯੱਗਾਂ ਕਰਕੇ. ਯਗ੍ਯ ਦ੍ਵਾਰਾ। ੩. ਜਗਤ ਦੇ "ਲਥਿਅੜੇ ਜਗਿ ਤਾਪਾ ਰਾਮ." (ਵਡ ਛੰਤ ਮਃ ੪) ੪. ਸੰ. ਜਜ੍ਞਿ ਜਗਿਜ. ਗ੍ਯਾਤਾ. ਪੰਡਿਤ. "ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ." (ਵਾਰ ਸੋਰ ਮਃ ੩)

ਜਗਿਸ੍ਰੀ: ਜੋਗੀਸ਼੍ਵਰ ਯੋਗਿਰਾਜ. "ਮਸਤਕਰਨ ਇਕ ਨ੍ਰਿਪਤਿ ਜਗਿਸ੍ਰੀ. ਤੇਜਵਾਨ ਬਲਵਾਨ ਤਪਸ੍ਰੀ." (ਚਰਿਤ੍ਰ ੨੯੦)

ਜਗਿਜੀਵਨੁ: ਜਗਤ ਵਿੱਚ ਜਿਉਣਾ. ਦੁਨੀਆਂ ਅੰਦਰ ਜਿੰਦਗੀ ਵਿਤਾਉਣੀ. "ਜਗਿਜੀਵਨੁ ਐਸਾ ਸੁਪਨੇ ਜੈਸਾ." (ਆਸਾ ਕਬੀਰ) ੨. ਦੇਖੋ, ਜਗਜੀਵਨ.

ਜਗਿੰਦਾ: ਵਿ- ਜਗਾਉਣ ਵਾਲਾ। ੨. ਪ੍ਰਜ੍ਵਲਿਤ ਕਰਨ ਵਾਲਾ. ਮਚਾਉਣ ਵਾਲਾ। ੩. ਪ੍ਰਕਾਸ਼ਣ ਵਾਲਾ. "ਜੋਤ ਕੋ ਜਗਿੰਦਾ." (ਗ੍ਯਾਨ)

ਜਗੀ: ਜਾਗੀ. ਸਾਵਧਾਨ ਹੋਈ। ੨. ਜੱਗ (ਯਗ੍ਯ) ਕਰਨ ਵਾਲਾ। ੩. ਜੱਗੀਂ. ਜੱਗਾਂ ਕਰਕੇ. "ਸਤਜੁਗਿ ਸਤੁ, ਤੇਤਾ ਜਗੀ." (ਗਉ ਰਵਿਦਾਸ)

ਜਗੀਸ: ਜਗਦੀਸ਼ ਦਾ ਸੰਖੇਪ.

ਜਗੀਰ: ਦੇਖੋ, ਜਾਗੀਰ.

ਜਗੀਰਦਾਰ: ਜਾਗੀਰ ਰੱਖਣ ਵਾਲਾ. ਜਿਸ ਪਾਸ ਜਾਗੀਰ ਹੈ.

ਜਗੁ: ਦੇਖੋ, ਜਗ ਅਤੇ ਜਗਤ. "ਜਗੁ ਉਪਜੈ ਬਿਨਸੈ." (ਆਸਾ ਛੰਤ ਮਃ ੪) ੨. ਜਨਸਮੁਦਾਯ. ਲੋਕ."ਜਗੁ ਰੋਗੀ ਭੋਗੀ." (ਆਸਾ ਮਃ ੧)

ਜਗੇਨ: ਤ੍ਰਿਤੀਯਾ. ਯਗ੍ਯੇਨ. ਯਗ੍ਯ ਕਰਕੇ. "ਜੋਗੇਨ ਕਿੰ, ਜਗੇਨ ਕਿੰ?" (ਗੂਜ ਜੈਦੇਵ)

ਜਗੇੜਾ: ਇਹ ਪਿੰਡ ਜਿਲਾ ਤਸੀਲ ਲੁਦਿਆਨਾ, ਥਾਣਾ ਡੇਹਲੋਂ ਵਿੱਚ ਹੈ, ਜੋ ਰੇਲਵੇ ਸਟੇਸ਼ਨ ਅਹ਼ਮਦਗੜ੍ਹ ਤੋਂ ਡੇਢ ਮੀਲ ਈਸ਼ਾਨ ਕੋਣ ਹੈ. ਇਸ ਪਿੰਡ ਤੋਂ ਵਾਯਵੀ ਕੋਣ ਪਾਸ ਹੀ ਸ਼੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦ੍ਵਾਰਾ ਹੈ, ਜੋ ਛੋਟਾ ਜਿਹਾ ਬਣਿਆ ਹੋਇਆ ਹੈ. ਪੁਜਾਰੀ ਉਦਾਸੀ ਸਾਧੂ ਹੈ. ਗੁਰਦ੍ਵਾਰੇ ਨਾਲ ੮. ਵਿੱਘੇ ਦੇ ਕ਼ਰੀਬ ਜ਼ਮੀਨ ਪਿੰਡ ਵੱਲੋਂ ਹੈ.

ਜਗੋਟਾ: ਸੰਗ੍ਯਾ- ਉੱਨ ਦੀਆਂ ਰੱਸੀਆਂ ਦਾ ਗੁੰਦਕੇ ਬਣਾਇਆ ਹੋਇਆ ਰੱਸਾ, ਜੋ ਫ਼ਕ਼ੀਰ ਕਮਰ ਨੂੰ ਲਪੇਟਦੇ ਹਨ. "ਸਹਜ ਜਗੋਟਾ ਬੰਧਨ ਤੇ ਛੂਟਾ." (ਰਾਮ ਮਃ ੧) ੨. ਜੰਘਓਟਾ. ਜਾਂਘੀਆ. ਦੇਖੋ, ਜਾਗੋਟੀ। ੩. ਜਗਾਉਣ ਲਈ ਦਿੱਤਾ ਹੋਕਾ.

ਜਗੋਲ, ਜਗੋਲਾ: ਫ਼ਾ. ژنگول ਜ਼ੰਗੋਲਾ. ਸੰਗ੍ਯਾ- ਘੁੰਘਰੂ ਦਾ ਦਾਣਾ. ਘੁੰਗਰੂ. "ਉਕਾਬ ਬਸੀਨਨ ਕੋ ਸਜ, ਕੰਠ ਜਗੋਲਨ ਦ੍ਵਾਲ ਨਵੀਨੇ." (ਕ੍ਰਿਸਨਾਵ) ਸ਼ਿਕਾਰੀ ਪੰਛੀ ਦੇ ਗਲ ਅਥਵਾ ਪੈਰ ਘੁੰਘਰੂ ਇਸ ਲਈ ਪਹਿਰਾਈਦਾ ਹੈ ਕਿ ਉਸ ਦੀ ਆਵਾਜ਼ ਸੁਣਕੇ ਜਾਨਵਰ ਦਹਿਲ ਜਾਂਦੇ ਹਨ, ਜਿਸ ਤੋਂ ਉਨ੍ਹਾਂ ਦੀ ਚਾਲ ਅਤੇ ਉਡਾਰੀ ਵਿੱਚ ਕਮੀ ਹੋ ਜਾਂਦੀ ਹੈ, ਅਤੇ ਸੰਘਣੇ ਜੰਗਲ ਵਿੱਚ ਘੁੰਘਰੂ ਦੇ ਖੜਕੇ ਨਾਲ ਬਾਜ਼ ਆਦਿਕ ਆਸਾਨੀ ਨਾਲ ਲੱਭੇ ਜਾਂਦੇ ਹਨ.

ਜਗੰਨਥਈ, ਜਗੰਨਾਥ, ਜਗੰਨਾਥੁ: ਸੰ. जगन्नाथ ਸੰਗ੍ਯਾ- ਜਗਤ ਦਾ ਸ੍ਵਾਮੀ ਕਰਤਾਰ. ਜਗਤਪਤਿ ਵਾਹਗੁਰੂ. "ਹਰਿ

ਜਪਿਓ ਜਗੰਨਥਈ." (ਕਲਿ ਮਃ ੪) "ਜਗੰਨਾਥ ਸਭ ਜੰਤ੍ਰ ਉਪਾਏ." (ਨਟ ਅਃ ਮਃ ੪) "ਜਗੰਨਾਥੁ ਜਗਦੀਸੁ ਜਪਾਇਆ." (ਵਾਰ ਵਡ ਮਃ ੩) ੨. ਵਿਸ਼ਨੁ ਅਥਵਾ ਕ੍ਰਿਸ਼ਨ ਜੀ ਦੀ ਇੱਕ ਖ਼ਾਸ ਮੂਰਤਿ ਦਾ ਨਾਮ ਜਗੰਨਾਥ ਹੈ, ਜੋ ਬੰਗਾਲ ਅਤੇ ਹਿੰਦੁਸਤਾਨ ਦੇ ਕਈ ਹੋਰ ਦੇਸ਼ਾਂ ਵਿੱਚ ਪੂਜੀ ਜਾਂਦੀ ਹੈ, ਪਰ ਉੜੀਸੇ ਵਿੱਚ ਕਟਕ ਦੇ ਜਿਲੇ ਸਮੁੰਦਰ ਦੇ ਕਿਨਾਰੇ "ਪੁਰੀ" ਵਿੱਚ ਇਸ ਦੀ ਬਹੁਤ ਹੀ ਮਾਨਤਾ ਹੈ. ਕਈ ਯਾਤ੍ਰੀ ਬਾਹਰਲੇ ਦੇਸ਼ਾਂ ਤੋਂ ਓਥੇ ਜਾਂਦੇ ਹਨ. ਵਿਸ਼ੇਸ਼ਕਰਕੇ ਇਹ ਲੋਕ ਰਥਯਾਤ੍ਰਾ ਦੇ ਦਿਨਾਂ ਵਿੱਚ ਬਹੁਤ ਜਮਾ ਹੁੰਦੇ ਹਨ, ਜੋ ਹਾੜ ਸੁਦੀ ੨. ਨੂੰ ਮਨਾਈ ਜਾਂਦੀ ਹੈ. ਇਸ ਸਮੇਂ ਜਗੰਨਾਥ (ਕ੍ਰਿਸ਼ਨ ਜੀ) ਦੀ ਮੂਰਤਿ ਨੂੰ ਰਥ ਵਿੱਚ ਬੈਠਾਉਂਦੇ ਹਨ, ਜੋ ੧੬. ਪਹੀਏ ਦਾ ੪੯ ਫੁਟ ਉੱਚਾ ਹੈ. ਭਗਤ ਲੋਕ ਏਸ ਰਥ ਨੂੰ ਖਿੱਚਦੇ ਹਨ. ਜਗੰਨਾਥ ਦੇ ਰਥਨਾਲ ਦੋ ਰਥ ਹੋਰ ਹੁੰਦੇ ਹਨ. ਬਲਰਾਮ ਦਾ ਚੌਦਾਂ ਪਹੀਏ ਦਾ ੪੪ ਫੁਟ ਉੱਚਾ, ਭਦ੍ਰਾ ਦਾ ੧੨. ਪਹੀਏ ਦਾ ੪੩ ਫੁਟ ਉੱਚਾ. ਇਨ੍ਹਾਂ ਵਿੱਚ ਦੋਹਾਂ ਦੀਆਂ ਮੂਰਤੀਆਂ ਰੱਖੀਆਂ ਜਾਂਦੀਆਂ ਹਨ. ਪੁਰਾਣੇ ਸਮੇਂ ਬਹੁਤ ਲੋਕ ਰਥ ਦੇ ਪਹੀਏ ਹੇਠ ਆਕੇ ਮਰਣ ਤੋਂ ਮੁਕਤਿ ਹੋਣੀ ਮੰਨਕੇ ਪ੍ਰਾਣ ਤਜਾਗਦੇ ਸਨ.

ਸਕੰਦਪੁਰਾਣ ਵਿੱਚ ਜਗੰਨਾਥ ਦੀ ਬਾਬਤ ਇੱਕ ਅਣੋਖੀ ਕਥਾ ਹੈ ਕਿ ਜਦ ਕ੍ਰਿਸ਼ਨ ਜੀ ਨੂੰ ਸ਼ਿਕਾਰੀ "ਜਰ" ਨੇ ਮਾਰ ਦਿੱਤਾ, ਤਾਂ ਉਨ੍ਹਾਂ ਦਾ ਸ਼ਰੀਰ ਇੱਕ ਬਿਰਛ ਦੇ ਥੱਲੇ ਹੀ ਪਿਆ ਪਿਆ ਸੜਗਿਆ, ਪਰ ਕੁਝ ਕਾਲ ਪਿੱਛੋਂ ਕਿਸੇ ਪ੍ਰੇਮੀ ਨੇ ਅਸਥੀਆਂ ਨੂੰ ਇੱਕ ਸੰਦੂਕ ਵਿੱਚ ਪਾ ਕੇ ਰੱਖ ਦਿੱਤਾ. ਉੜੀਸੇ ਦੇ ਰਾਜੇ ਇੰਦ੍ਰਦੁਜ਼ਮਨ ਨੂੰ ਵਿਸ਼ਨੁ ਵੱਲੋਂ ਹੁਕਮ ਹੋਇਆ ਕਿ ਜਗੰਨਾਥ ਦਾ ਇੱਕ ਬੁਤ ਬਣਾਕੇ ਉਹ ਅਸਥੀਆਂ ਉਸ ਵਿੱਚ ਸਥਾਪਨ ਕਰੇ. ਇੰਦ੍ਰਦੁਜ਼ਮਨ ਦੀ ਪ੍ਰਾਰਥਨਾ ਮੰਨਕੇ, ਵਿਸ਼੍ਵਕਰਮਾ ਦੇਵਤਿਆਂ ਦਾ ਮਿਸਤਰੀ, ਬੁਤ ਬਣਾਉਣ ਲਗ ਪਿਆ, ਪਰ ਰਾਜੇ ਨਾਲ ਇਹ ਸ਼ਰਤ ਕਰ ਲਈ ਕਿ ਜੇ ਕੋਈ ਬਣਦੀ ਹੋਈ ਮੂਰਤਿ ਨੂੰ ਮੁਕੰਮਲ (ਪੂਰਣ) ਹੋਈ ਬਿਨਾ ਪਹਿਲਾਂ ਹੀ ਦੇਖ ਲਵੇਗਾ, ਤਦ ਮੈਂ ਕੰਮ ਓਥੇ ਦਾ ਓਥੇ ਹੀ ਛੱਡ ਦੇਵਾਂਗਾ. ਪੰਦਰਾਂ ਦਿਨਾਂ ਮਗਰੋਂ ਰਾਜਾ ਬੇਸਬਰਾ ਹੋ ਗਿਆ ਅਤੇ ਵਿਸ਼੍ਵਕਰਮਾ ਪਾਸ ਜਾ ਪੁੱਜਾ. ਵਿਸ਼੍ਵਕਰਮਾ ਨੇ ਗੁੱਸੇ ਵਿੱਚ ਆ ਕੇ ਕੰਮ ਛੱਡ ਦਿੱਤਾ ਅਤੇ ਜਗੰਨਾਥ ਦਾ ਬੁਤ ਬਿਨਾ ਹੱਥਾਂ ਅਤੇ ਪੈਰਾਂ ਦੇ ਹੀ ਰਹਿ ਗਿਆ. ਰਾਜਾ ਇੰਦ੍ਰਦੁਜਮਨ ਨੇ ਬ੍ਰਹਮਾ ਅੱਗੇ ਪ੍ਰਾਰਥਨਾ ਕੀਤੀ, ਜਿਸ ਨੇ ਕਿ ਉਸ ਬੁੱਤ ਨੂੰ ਅੱਖਾਂ ਅਤੇ ਆਤਮਾ ਬਖ਼ਸ਼ਕੇ ਆਪਣੇ ਹੱਥੀਂ ਪ੍ਰਤਿਸ਼੍ਠਾ ਕਰਕੇ ਜਗਤਮਾਨਜ ਥਾਪਿਆ.

ਇਤਿਹਾਸ ਤੋਂ ਸਿੱਧ ਹੈ ਕਿ ਜਗੰਨਾਥ ਦਾ ਮੰਦਿਰ ਰਾਜਾ ਅਨੰਤਵਰਮਾ ਨੇ ਬਣਵਾਇਆ ਹੈ, ਜੋ ਸਨ ੧੦੭੬ ਤੋਂ ਸਨ ੧੧੪੭ ਤੀਕ ਗੰਗਾ ਅਤੇ ਗੋਦਾਵਰੀ ਦੇ ਮੱਧ ਰਾਜ ਕਰਦਾ ਸੀ.

ਇਸ ਮੰਦਿਰ ਦਾ ਬਾਹਰ ਦਾ ਹਾਤਾ ੬੬੫ ਫੁਟ ਲੰਮਾ ੬੪੪ ਫੁਟ ਚੌੜਾ ਹੈ. ਚਾਰਦੀਵਾਰੀ ੨੪ ਫੁਟ ਦੀ ਉੱਚੀ ਹੈ ਅਤੇ ਮੰਦਿਰ ਦੀ ਉਚਾਈ ਕਲਸ ਤੀਕ ੧੯੨ ਫੁਟ ਹੈ. ਸਿਰ ਪੁਰ ਵਿਸ਼ਨੁ ਦਾ ਚਿੰਨ੍ਹ ਚਕ੍ਰ ਵਿਰਾਜਦਾ ਹੈ. ਇਸ ਮੰਦਿਰ ਤੇ ਬਹੁਤ ਮੂਰਤੀਆਂ ਨਿਰਲੱਜਤਾ ਦਾ ਨਮੂਨਾ ਹਨ, ਇਸ ਲਈ ਵਿਦ੍ਵਾਨ ਖ਼ਿਆਲ ਕਰਦੇ ਹਨ ਕਿ ਇਹ ਅਸਥਾਨ ਵਾਮਮਾਰਗੀਆਂ ਦਾ ਸੀ, ਜਿਸ ਨੂੰ ਵੈਸ਼ਨਵਾਂ ਨੇ ਆਪਣੇ ਕ਼ਬਜ਼ੇ ਕਰ ਲਿਆ ਹੈ.[517]

ਜਗੰਨਾਥ ਦੇ ਭੰਡਾਰੇ ਦਾ "ਮਹਾਪ੍ਰਸਾਦ" ਯਾਤ੍ਰੀ ਲੋਕ ਬਿਨਾ ਚਾਰ ਵਰਣ ਦਾ ਵਿਚਾਰ ਕੀਤੇ ਛੂਤ ਛਾਤ ਤਜਾਗਕੇ ਲੈਂਦੇ ਹਨ.

ਇਸ ਥਾਂ ਸ਼੍ਰੀ ਗੁਰੂ ਨਾਨਕਦੇਵ ਸੰਮਤ ੧੫੬੬ ਵਿੱਚ ਸ਼ੁਭ ਉਪਦੇਸ਼ ਦੇਣ ਲਈ ਗਏ ਸਨ. "ਗਗਨਮੈ ਥਾਲ" ਧਨਾਸਰੀ ਦਾ ਸ਼ਬਦ ਇਸੇ ਥਾਂ ਉਚਰਿਆ ਹੈ. ਸਤਿਗੁਰੂ ਕੀ ਕ੍ਰਿਪਾ ਨਾਲ ਕਲਿਯੁਗ ਪੰਡਾ ਆਦਿ ਅਨੇਕ ਪਾਖੰਡੀ ਅਤੇ ਕੁਕਰਮੀ ਗੁਰਮੁਖ ਪਦਵੀ ਨੂੰ ਪ੍ਰਾਪਤ ਹੋਏ. ਗੁਰੂ ਸਾਹਿਬ ਜਿੱਥੇ ਟਿਕੇ ਸਨ ਉਸ ਜਗਾ ਦਾ ਨਾਮ "ਮੰਗੁਮਟ" ਹੈ, ਅਤੇ ਇੱਕ ਬਾਵਲੀ ਗੁਰੂ ਸਾਹਿਬ ਦੇ ਨਾਮ ਦੀ ਹੈ, ਜਿਸ ਦਾ ਜਲ ਮਿੱਠਾ ਹੈ, ਇਸ ਗੁਰਦੁਆਰੇ ਦੀ ਸੇਵਾ ਉਦਾਸੀ ਸਾਧੂ ਕਰਦੇ ਹਨ.

ਜੱਗ: ਸੰ. ਯਜ਼੍ਞ ਯਗਜ. ਸੰਗਜਾ- ਪੂਜਨ। ੨. ਪ੍ਰਾਰਥਨਾ. ਅਰਦਾਸ। ੩. ਕੁਰਬਾਨੀ. ਬਲਿਦਾਨ. "ਕੀਜੀਐ ਅਬ ਜੱਗ ਕੋ ਆਰੰਭ." (ਗਜਾਨ)

ਜੱਗਖੰਭ, ਜੱਗਥੰਭ: ਸੰਗਜਾ- ਯਗਜ- ਸ੍ਤੰਭ. ਯਗਜ ਦੇ ਥਾਂ ਕੀਤਾ ਉੱਚਾ ਸਤੂਨ. ਦੇਖੋ, ਯੂਪ. "ਪਗ ਪਗ ਜੱਗਖੰਭ ਕਹੁ ਗਾਡਾ." (ਰਘੁਰਾਜ)

---

[517] ਇਸ ਸੰਬੰਧ ਵਿਚ ਵੇਖੋ, "ਵੱਲਭ ਛਲ ਕਪਟ ਦਰਪਣ" ਗ੍ਰੰਥ.

ਜੱਗਪੁਰਖ: ਸੰ. यज्ञपुरुष ਸੰਗਯਾ- ਵਿਸ਼ਨੁ। ੨. ਅਗਨਿ. ਅੱਗ। ੩. ਯਗ੍ਯ ਦੀ ਬਲੀ ਲੈਣ ਵਾਲਾ ਪ੍ਰਧਾਨ ਦੇਵਤਾ. "ਜੱਗ ਕੁੰਡਹੁ ਤੇ ਉਠੇ ਤਬ ਜੱਗਪੁਰਖ ਕੁਲਾਇ." (ਰਾਮਾਵ) ਅਕੁਲਾਇਕੇ ਪ੍ਰਗਟ ਹੋਏ.

ਜੱਗਾ: ਸ੍ਰੀ ਗੁਰੂ ਅਮਰਦੇਵ ਦਾ ਇੱਕ ਪ੍ਰੇਮੀ ਸਿੱਖ. ਇਹ ਗ੍ਰਿਹਸਥ ਦਾ ਤ੍ਯਾਗ ਕਰਨਾ ਚਾਹੁੰਦਾ ਸੀ, ਸਤਿਗੁਰੂ ਨੇ ਗ੍ਰਿਹਸਥ ਵਿੱਚ ਰਹਿਕੇ ਭਗਤਿ ਕਰਨ ਦਾ ਉਪਦੇਸ਼ ਦਿੱਤਾ.

ਜੱਗਾਸਿੰਘ: ਦਸ਼ਮੇਸ ਦਾ ਇੱਕ ਪ੍ਰੇਮੀ ਨਫ਼ਰ.

ਜੱਗੁਪਵੀਤ: ਜਨੇਊ. ਦੇਖੋ, ਯਗ੍ਯੋਪਵੀਤ "ਜੱਗੁਪਵੀਤ ਗਰੇ ਜਿਮ ਪਾਵਨ." (ਗੁਪ੍ਰਸੂ)

ਜਗ੍ਯਾਸਾ: ਦੇਖੋ, ਜਿਗ੍ਯਾਸਾ.

ਜਗ੍ਯੁਪਵੀਤ: ਜਨੇਊ. ਦੇਖੋ, ਯਗ੍ਯੋਪਵੀਤ. "ਜਗ੍ਯੁਪਵੀਤ ਦੇਨ ਹਿਤ ਧਾਰਾ." (ਨਾਪ੍ਰ)

ਜਗ੍ਯੇਸ਼੍ਵਰ: ਸੰ. यज्ञेश्वर ਸੰਗ੍ਯਾ- ਯਗ੍ਯ ਦਾ ਸ੍ਵਾਮੀ ਵਿਸ਼ਨੁ। ੨. ਅਗਨਿ। ੩. ਦੇਖੋ, ਜੱਗਪੁਰਖ.

ਜਗ੍ਯੋਪਵੀਤ: ਦੇਖੋ, ਯਗ੍ਯਪਵੀਤ.

ਜਘਨ: ਸੰ. ਸੰਗ੍ਯਾ- ਫ਼ੌਜ ਦਾ ਪਿਛਲਾ ਭਾਗ। ੨. ਚਿੱਤੜ. ਨਿਤੰਬ। ੩. ਪੇਡੂ.

ਜਘਨਾ, ਜਘਨੀ: ਦੇਖੋ, ਜਘਨ੍ਯ.

ਜਘਨ੍ਯ: ਸੰ. ਸੰਗ੍ਯਾ- ਸ਼ੂਦ੍ਰ। ੩. ਮੁੱਲ ਲਿਆ ਹੋਇਆ ਦਾਸ. ਗ਼ੁਲਾਮ। ੩. ਵਿ- ਨੀਚ। ੪. ਕਮੀਨਾ। ੫. ਅੰਤਿਮ. ਪਿਛਲਾ.

ਜਚਨਾ: ਕ੍ਰਿ- ਜਾਂਚਨਾ. ਅੰਦਾਜ਼ਾ ਕਰਨਾ. ਅਨੁਮਾਨ ਕਰਨਾ। ੨. ਫਬਨਾ. "ਜਾ ਉਹੁ ਨਿਰਮਲੁ, ਤਾ ਹਮ ਜਚਨਾ." (ਆਸਾ ਮਃ ੫) ਤਾਂ ਅਸੀਂ ਭੀ ਨਿਰਮਲ ਫਬਦੇ ਹਾਂ। ੩. ਨਿਸ਼ਚੇ ਕਰਨਾ. "ਕਾਲ ਕਾ ਕਾਲ ਨਿਰੰਜਨ ਜਚਨਾ." (ਸਵੈਯੇ ਮਃ ੪. ਕੇ) ੪. ਸੰਗ੍ਯਾ- ਖ਼ਿਆਲ. ਸੰਕਲਪ. "ਕਰਿ ਕਰਿ ਵੇਖੈ ਅਪਣੇ ਜਚਨਾ." (ਮਾਰੂ ਅਃ ਮਃ ੫) ੫. ਵਿ- ਯਾਚਕ. ਜਾਚਨਾ ਕਰਨ ਵਾਲਾ. ਭਿਖਾਰੀ. "ਕਹੁ ਨਾਨਕ ਪ੍ਰਭੁ ਕੇ ਸਭਿ ਜਚਨਾ." (ਬਿਲਾ ਮਃ ੫)

ਜਚਨੀ: ਸੰ. ਯਾਚਨੀਯ. ਵਿ- ਮੰਗਣ ਯੋਗ੍ਯ। ੨. ਉਹ ਵਸਤੁ ਲਈ ਯਾਚਨਾ ਕੀਤੀ ਜਾਵੇ। "ਜੋ ਇਛੈ ਸੋ ਫਲੁ ਪਾਇਸੀ, ਸਭ ਘਰੈ ਵਿਚ ਜਚਨੀ." (ਵਾਰ ਸੂਹੀ ਮਃ ੩) ੩. ਦੇਖੋ, ਜਚਨਾ।

ਜਚਾ: ਵਿ- ਯਾਚਕ. ਭਿਖਾਰੀ. "ਸਦਾ ਸਲਾਹੀਐ ਸਭ ਤਿਸ ਕੇ ਜਚਾ." (ਵਾਰ ਮਾਰੂ ੧. ਮਃ ੩) ੨. ਜਾਂਚਿਆ. ਅੰਦਾਜ਼ਾ ਕੀਤਾ. ਦੇਖੋ, ਜਚਨਾ। ੩. ਫ਼ਾ. زچّہ ਜ਼ੱਚਾ. ਸੰਗ੍ਯਾ- ਪ੍ਰਸੂਤਾ ਇਸਤ੍ਰੀ. ਜਿਸ ਨੇ ਸੰਤਾਨ ਜਣੀ ਹੈ.

ਜੱਚਾ: ਦੇਖੋ, ਜਚਾ ੩.

ਜਛ, ਜੱਛ: ਦੇਖੋ, ਯਕ੍ਸ਼.

ਜੱਛਹਰਿ: ਸਿੰਘ. ਸ਼ੇਰ. ਦੇਖੋ, ਹਰਜੱਛ. "ਧਰਮ ਜੱਛਹਰਿ ਇੱਕ ਸੰਭਾਰ." (ਗੁਵਿ ੧੦) ਧਰਮ ਸਿੰਘ. ਭਾਈ ਸੁੱਖਾ ਸਿੰਘ ਨੇ ਸਿੰਘ ਸ਼ਬਦ ਦੀ ਥਾਂ ਜੱਛਹਰਿ ਸ਼ਬਦ ਵਰਤਿਆ ਹੈ.

ਜੱਛਣੀ: ਯਕ੍ਸ਼ ਦੀ ਇਸਤ੍ਰੀ. ਯਕ੍ਸ਼ਿਣੀ.

ਜੱਛਪ, ਜੱਛਰਾਜ: ਯਕ੍ਸ਼ਪਤਿ. ਯਕ੍ਸ਼ਾਂ ਦਾ ਰਾਜਾ ਕੁਬੇਰ.

ਜਜ: ਦੇਖੋ, ਯਜ ਧਾ. "ਜਜਿ ਕਾਜਿ ਪਰਥਾਇ ਸੁਹਾਈ." (ਆਸਾ ਮਃ ੫) ਯਜਨ (ਦੇਵਪੂਜਨ) ਅਤੇ ਵਿਵਾਹ ਆਦਿ ਪਰਥਾਇ (ਪ੍ਰਥਾ) ਵਿੱਚ ਸੁਹਾਈ। ੨. ਸੰ. ਜਜ. ਯੋਧਾ. ਜੰਗ ਕਰਨ ਵਾਲਾ ਬਹਾਦੁਰ। ੩. ਸਿੰਧੀ. ਸ਼ਾਦੀ ਸਮੇਂ ਕੀਤੀ ਜ਼ਯਾਫ਼ਤ। ੪.

ਬਰਾਤ. ਜਨੇਤ.

ਜਜਨ: ਦੇਖੋ, ਯਜਨ.

ਜਜਬ: ਅ਼. جذب ਜਜਬ. ਸੰਗਯਾ- ਆਪਣੀ ਵੱਲ ਖਿੱਚਣ ਦੀ ਕ੍ਰਿਯਾ। ੨. ਸੋਖਣਾ। ੩. ਮਿਲ ਜਾਣਾ.

ਜਜਬਾ: ਅ਼. جذبہ ਜਜਬਾ. ਸੰਗਯਾ- ਦਿਲ ਦੀ ਖਿੱਚ। ੨. ਸੰਕਲਪ। ੩. ਕ੍ਰੋਧ। ੪. ਇੱਛਾ. ਵਾਸਨਾ.

ਜਜਮ: ਦੇਖੋ, ਜਾਜਮ। ੨. ਦੇਖੋ, ਜਜਮਾਲਿਆ। ੩. ਅ਼. جزم ਜਜ਼ਮ. ਵਿ- ਦ੍ਰਿੜ੍ਹ (ਪੱਕਾ) ਸੰਕਲਪ.

ਜਜਮਾਨ, ਜਜਮਾਨੁ: ਦੇਖੋ, ਯਜਮਾਨ. ਯਗ੍ਯ ਕਰਨ ਵਾਲਾ. ਜੋ ਪੁਰੋਹਿਤ ਤੋਂ ਯਗ੍ਯ ਕਰਾਉਂਦਾ ਹੈ. "ਕਰਤਾ, ਤੂ ਮੇਰਾ ਜਜਮਾਨ." (ਪ੍ਰਭਾ ਮਃ ੧) "ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ." (ਆਸਾ ਪਟੀ ਮਃ ੩)

ਜਜਮਾਲਾ, ਜਜਮਾਲਿਆ, ਜਜਮਾਲੇ: جذاموالا ਵਿ- ਜੁਜਾਮਵਾਲਾ. ਕੁਸ਼੍ਠ ਰੋਗ ਵਾਲਾ. ਕੋੜ੍ਹੀ। ੨. ਭਾਵ- ਵਿਸ਼ਈ ਪਾਂਮਰ, ਜਿਸ ਦੇ ਸੰਗ ਤੋਂ ਰੋਗ ਹੋਣ ਦਾ ਡਰ ਹੈ. "ਚੁਣਿ ਵਖਿ ਕਢੇ ਜਜਮਾਲਿਆ." (ਵਾਰ ਆਸਾ) "ਸਚੈ ਵਖਿ ਕਢੇ ਜਜਮਾਲੇ." (ਵਾਰ ਗਉ ੧. ਮਃ ੪) ੩. ਪੱਕੇ ਇਰਾਦੇ ਵਾਲਾ. ਦੇਖੋ, ਜਜਮ ੩. "ਨਿਤ ਮਾਇਆ ਨੋ ਫਿਰੈ ਜਜਮਾਲਿਆ." (ਵਾਰ ਗਉ ੧. ਮਃ ੪)

ਜਜਰ, ਜਜਰਾ, ਜਜਰੀ: ਸੰ. ਜਜੰਰ. ਵਿ- ਜੀਰਣ. ਪੁਰਾਣਾ. "ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ." (ਵਡ ਮਃ ੩. ਅਲਾਹਣੀ) ੨. ਬੁੱਢਾ। ੩. ਟੁੱਟਿਆ ਫੁੱਟਿਆ.

ਜਜਾ: ਜੱਜੇ ਦਾ ਉੱਚਾਰਣ ਜਕਾਰ। ੨. ਗੁਰਮੁਖੀ ਦਾ ਤੇਰ੍ਹਵਾਂ ਅੱਖਰ. "ਜਜਾ ਜਾਨੈ ਹਉ ਕਛੁ ਹੂਆ." (ਬਾਵਨ) ੩. ਦੇਖੋ, ਜੱਜਾ। ੪. ਅ਼. جزا ਜਜ਼ਾ. ਪ੍ਰਤਿਬਦਲਾ। ੫. ਕਰਮ ਦਾ ਫਲ.

ਜਜਾਤਿ, ਜਜਾਤੀ: ਦੇਖੋ, ਯਜਾਤਿ.

ਜਜਿ: ਦੇਖੋ, ਜਗਿ ਅਤੇ ਜਜ.

ਜਜੀਆ: ਦੇਖੋ, ਜੇਜੂਆ.

ਜਜੀਰਾ: ਅ਼. جزیرہ ਜਜ਼ੀਰਹ. ਸੰਗਯਾ- ਟਾਪੂ. ਦ੍ਵੀਪ. ਜ਼ਮੀਨ ਦਾ ਉਹ ਭਾਗ, ਜਿਸ ਦੇ ਚੁਫੇਰੇ ਪਾਣੀ ਹੋਵੇ.

ਜੱਜਾ: ਦੇਖੋ, ਜਜਾ। ੨. ਅਮ੍ਰਿਤਸਰ ਦੇ ਜਿਲੇ ਇੱਕ ਕਾਸ਼ਤਕਾਰ ਜਾਤੀ। ੩. ਸਿਆਲਕੋਟ ਵੱਲ ਦੇ ਸਰੂਜਵੰਸ਼ੀ ਰਾਜਪੂਤਾਂ ਵਿੱਚੋਂ ਜਥੋਲ ਜਾਤੀ ਦੇ ਲੋਕਾਂ ਦਾ ਗੋਤ੍ਰ. "ਹਮਜਾ ਜੱਜਾ ਜਾਣੀਐ, ਬਾਲਾ ਮਰਵਾਹਾ ਵਿਗਸੰਦਾ." (ਭਾਗੁ)

ਜਜੂ, ਜਜੂਟ: ਡਿੰਗ. ਸੰਗਯਾ- ਧਰਮਰਾਜ.

ਜਟ: ਦੇਖੋ, ਜਟਾ. "ਤਟ ਨ ਖਟ ਨ ਜਟ ਨ ਹੋਮ ਨ." (ਕਾਨ ਮਃ ੫) ਨਾ ਤੀਰਥਾਂ ਦੇ ਕਿਨਾਰੇ ਨਿਵਾਸ, ਨਾ ਖਟਕਰਮ, ਨਾ ਜਟਾ ਧਾਰਣ, ਨਾ ਹੋਮਕਰਨ। ੨. ਦੇਖੋ, ਜਟੁ ਅਤੇ ਜੱਟ.

ਜਟਕਾ: ਵਿ- ਜੱਟ ਦਾ.

ਜਟਕੇ ਸੰਦ: ਉਹ ਸੰਦ (ਔਜ਼ਾਰ) ਜੋ ਜੱਟ ਦੇ ਵਰਤਣ ਵਿੱਚ ਆਉਂਦੇ ਹਨ, ਹਲ, ਸੁਹਾਗਾ, ਸਲੰਘ, ਤੰਗੁਲੀ, ਪੋਰ, ਪੰਜਾਲੀ, ਗੱਡਾ, ਕਹੀ, ਖੁਰਪਾ (ਰੰਬਾ) ਦਾਤ੍ਰੀ, ਛੱਜ, ਕਰਾਹ, ਕੁਹਾੜੀ, ਗੰਡਾਸਾ ਆਦਿ.

ਜਟਜ, ਜਟਜਾ: ਸੰਗਯਾ- ਗੰਗਾ, ਜੋ ਸ਼ਿਵ ਦੀ ਜਟਾ ਤੋਂ ਉਪਜੀ ਹੈ. (ਸਨਾਮਾ)

ਜਟਜਾਸੁਤ: ਗੰਗਾ ਦਾ ਪੁਤ੍ਰ ਭੀਸ਼ਮ. (ਸਨਾਮਾ)

ਜਟਜਾਟ: ਜਟਾਜੂਟ. ਜਟਾ ਦਾ ਜੂੜਾ. "ਕਰਿ ਜਟ ਜਟਾ ਜਟਜਾਟ." (ਕਾਨ ਮਃ ੪. ਪੜਤਾਲ)

ਜਟਧਾਰ: ਵਿ- ਜਟਾ ਦੇ ਧਾਰਨ ਵਾਲਾ। ੨. ਸੰਗਯਾ- ਵੈਰਾਗੀ ਸਾਧੂ. "ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ." (ਭੈਰ ਮਃ ੫) ੩. ਸ਼ਿਵ. ਦੇਖੋ, ਜਟਾਧਰ। ੪. ਵਟ (ਬੋਹੜ).

ਜਟਧਾਰੀ: ਦੇਖੋ, ਜਟਾਧਰ। ੨. ਜਟਾ ਵਿੱਚੋਂ ਨਿਕਲੀ ਹੋਈ ਧਾਰਾ. ਗੰਗਾ. "ਜਾਪੇ ਚੱਲੇ ਰੱਤ ਦੇ ਸਲਲੇ ਜਟਧਾਰੀ." (ਚੰਡੀ ੩)

ਜਟਨਿ: ਸ਼ਿਵ ਦੀ ਜਟਾ ਵਿੱਚ ਨਿਵਾਸ ਕਰਨ ਵਾਲੀ, ਗੰਗਾ. (ਸਨਾਮਾ)

ਜਟਨਿਨ: ਜਟਨਿ (ਗੰਗਾ) ਵਾਲੀ. ਗੰਗਾ ਨੂੰ ਧਾਰਨ ਵਾਲੀ, ਪ੍ਰਿਥਿਵੀ. (ਸਨਾਮਾ)

ਜਟਪੁਰਾ: ਦੇਖੋ, ਲੰਮੇ ੩. ਅਤੇ ਲੰਮੇਜਟਪੁਰੇ.

ਜਟਭੁਕ: ਸੰ. ਜਟਾ ਧਾਰਨ ਵਾਲਾ ਵਟ (ਬਰੋਟਾ). "ਜਿਮਿ ਬਟਬੀਜ ਵਿਖੈ ਜਟਭੁਕ ਦਲ ਸਾਖਾ ਕਾਂਡ ਸਹਿਤ ਫਲ ਆਹਿ." (ਗੁਪ੍ਰਸੂ) ਜਿਵੇਂ ਬੋਹੜ ਦੇ ਬੀਜ ਵਿੱਚ ਪੱਤੇ ਟਾਹਣੀਆਂ ਡਾਹਣੇ ਅਤੇ ਫਲ ਸਮੇਤ ਜਟਭੁਕ (ਵਟ) ਹੈ.

ਜਟੱਲ: ਸੰਗਯਾ- ਜਟਕੀ ਗੱਲ. ਗੁੱਵਾਰੂ ਬਾਤ। ੨. ਭਾਵ ਗੱਪ. ਝੂਠੀ ਕਹਾਣੀ. ਮਨਕਲਪਿਤ ਬਾਤ.

ਜਟਾ: ਸੰ. ਸੰਗਯਾ- ਸਿਰ ਦੇ ਉਲਝੇ ਅਤੇ ਰੱਸੀ ਦੀ ਸ਼ਕਲ ਦੇ ਕੇਸ਼. "ਜਟਾਮੁਕਟੁ ਤਨਿ ਭਸਮ ਲਗਾਈ." (ਭੈਰ ਮਃ ੧) ੨. ਬਿਰਛ ਦਾ ਬਾਰੀਕ ਤਣਾ। ੩. ਟਾਹਣੀ. ਸ਼ਾਖਾ। ੪. ਵੇਦਪਾਠ ਦੀ ਇੱਕ ਰੀਤਿ, ਜਿਸ ਵਿੱਚ ਪਹਿਲੇ ਪੜ੍ਹੇ ਪਦ ਨੂੰ ਦੁਬਾਰਾ ਅਗਲੇ ਪਦ ਨਾਲ ਮਿਲਾਕੇ ਪੜ੍ਹਿਆ ਜਾਂਦਾ ਹੈ.

ਜਟਾਉ: ਸੰਗਯਾ- ਜਟਾ ਦਾ ਸਮੁਦਾਯ. ਜਟਾ ਦਾ ਜੂੜਾ। ੨. ਦੇਖੋ, ਜਟਾਯੁ.

ਜਟਾਜੂਟ: ਸੰਗਯਾ- ਜਟਾ ਦਾ ਜੂੜਾ. "ਜਟਾਜੂਟ ਭੇਖ ਕੀਏ ਫਿਰਤ ਉਦਾਸ ਕਉ." (ਸਵੈਯੇ ਮਃ ੪. ਕੇ) ੨. ਖ਼ਾ. ਵਿ- ਜੋਸਿਰ ਤੋਂ ਲੈ ਕੇ ਪੈਰਾਂ ਤੀਕ ਦੇ ਰੋਮ ਨਹੀ ਕਟਦਾ. "ਜਟਾਜੂਟ ਰਹਿਬੋ ਅਨੁਰਾਗਹੁ." (ਗੁਵਿ ੧੦)

ਜਟਾਣੀ: ਸੰਗਯਾ- ਜਟਾਧਰ (ਸ਼ਿਵ) ਦੀ ਰਾਣੀ ਦੁਰਗਾ. "ਮਾਰੇ ਵੀਰ ਜਟਾਣੀ." (ਚੰਡੀ ੩) ੩. ਜੱਟ ਦੀ ਇਸਤ੍ਰੀ। ੩. ਵਿ- ਜੱਟ ਦੀ. ਜੱਟ ਨਾਲ ਸੰਬੰਧਿਤ.

ਜਟਾਧਰ, ਜਟਾਧਾਰ, ਜਟਾਧਾਰੀ: ਵਿ- ਜਟਾ ਦੇ ਧਾਰਨ ਵਾਲਾ। ੨. ਸੰਗਯਾ- ਸ਼ਿਵ। ੩. ਵੈਰਾਗੀ ਸਾਧੂ। ੪. ਹੁਣ ਉਦਾਸੀ ਸੰਨਯਾਸੀ ਆਦਿ ਮਤ ਦੇ ਬਹੁਤ ਸਾਧੂ ਜਟਾ ਰਖਦੇ ਹਨ। ੫. ਵਟ (ਬੋਹੜ- ਬਰੋਟਾ) ਦਰਖ਼ਤ.

ਜਟਾਮੁਕਟ, ਜਟਾਮੁਕਟੁ: ਜਟਾ ਦਾ ਮੁਕੁਟ. ਜਟਾ ਦਾ ਜੂੜਾ. ਦੇਖੋ, ਜਟਾ ੧.

ਜਟਾਯੁ: ਪੁਰਾਣਾਂ ਅਨੁਸਾਰ ਸ਼ਯੇਨੀ ਦੇ ਉਦਰ ਤੋਂ ਸੂਰਜ ਦੇ ਰਥਵਾਹੀ ਅਰੁਣ ਦਾ ਪੁਤ੍ਰ, ਜੋ ਸੰਪਾਤੀ ਦਾ ਭਾਈ ਅਤੇ ਗਿਰਝਾਂ ਦਾ ਰਾਜਾ ਸੀ. ਇਹ ਰਾਜਾ ਦਸ਼ਰਥ ਦਾ ਮਿਤ੍ਰ ਸੀ. ਇਸ ਨੇ ਸੀਤਾਹਰਣ ਸਮੇਂ ਰਾਵਣ ਨਾਲ ਘੋਰ ਯੁੱਧ ਕੀਤਾ ਸੀ. "ਉਤ ਰਾਵਣ ਆਨ ਜਟਾਯੁ ਘਿਰੇ." (ਰਾਮਾਵ)ਰਾਵਣ ਦੇ ਖੜਗ ਨਾਲ ਜਟਾਯੁ ਜ਼ਖ਼ਮੀ ਹੋ ਕੇ ਜ਼ਮੀਨ ਪੁਰ ਡਿੱਗਾ, ਜਦ ਰਾਮਚੰਦ੍ਰ ਜੀ ਸੀਤਾ ਦੀ ਭਾਲ ਵਿੱਚ ਫਿਰ ਰਹੇ ਸਨ, ਤਦ ਇਸ ਨੇ ਸੀਤਾਹਰਣ ਦਾ ਪ੍ਰਸੰਗ ਸੁਣਾਕੇ ਪ੍ਰਾਣ ਤਯਾਗੇ। ੨. ਵਾਯੁਪੁਰਾਣ ਅਨੁਸਾਰ ਇੱਕ ਪਹਾੜ.

ਜਟਾਯੁਅਰਿ, ਜਟਾਯੁਰਿਪੁ: ਜਟਾਯੁ ਦਾ ਵੈਰੀ ਰਾਵਣ. (ਸਨਾਮਾ)

ਜਟਾਲ, ਜਟਾਲਾ: ਵਿ- ਜਟਾਵਾਲਾ। ੨. ਸੰਗਯਾ- ਸ਼ਿਵ. "ਉਘੇ ਜਣੁ ਨੇਜੈ ਜਟਾਲੇ." (ਰਾਮਾਵ) ਨੇਜੇ ਮਾਨੋ ਸ਼ਿਵ ਦਾ ਤ੍ਰਿਸੂਲ ਹਨ.

**ਜਟਾਵਲ, ਜਟਾਵਲਾ:** ਵਿ- ਜਟਾ ਵਾਲਾ। ੨. ਸੰਗਯਾ- ਸ਼ਿਵ। ੩. ਸ਼ਿਵ ਦਾ ਨਾਦੀਆ. ਉਹ ਬੈਲ, ਜਿਸ ਪੁਰ ਸ਼ਿਵ ਸਵਾਰੀ ਕਰਦਾ ਹੈ. "ਢੋਲ ਨਗਾਰੇ ਪੌਣ ਦੇ ਊਂਘਨ ਜਾਨੁ ਜਟਾਵਲੇ." (ਚੰਡੀ ੩) ਜਿਵੇਂ ਨਾਦੀਆ ਬੜ੍ਹਕਦਾ ਹੈ ਤਿਵੇਂ ਨਗਾਰੇ ਆਦਿ ਦੀ ਗਰਜ ਹੋ ਰਹੀ ਹੈ. ਦੇਖੋ, ਊਂਘਨ। ੪. ਵੈਰੀਗ ਸਾਧੁ। ੫. ਵਟ (ਬੋਹੜ- ਬਰੋਟਾ).

**ਜਟਿਤ:** ਸੰ. ਵਿ- ਜੜਿਆ ਹੋਇਆ. ਜੜਾਊ.

**ਜਟਿਧੁਰ:** ਦੇਖੋ, ਧੂਰਜਟੀ.

**ਜਟਿਯਾ:** ਵਿ- ਜਟਾਧਾਰੀ। ੨. ਸੰਗਯਾ- ਜੱਟੀ. ਜੱਟ ਦੀ ਇਸਤ੍ਰੀ.

**ਜਟਿਯਾਰਾ:** ਵਿ- ਜਟਾ ਵਾਲਾ. "ਨਿੰਬੂ ਕਦਮ ਸੁ ਵਟ ਜਟਿਯਾਰੇ." (ਚਰਿਤ੍ਰ ੨੫੬) ਜਟਾਵਾਲੇ ਬੋਹੜ.

**ਜਟਿਲ:** ਸੰ. ਵਿ- ਜਟਾਵਾਲਾ। ੨. ਔਖਾ ਮਜਮੂਨ, ਜਿਸ ਦਾ ਜਰਾ ਦੀ ਤਰਾਂ ਸੁਲਝਣਾ ਔਖਾ ਹੋਵੇ. ਕਠਿਨ। ੩. ਸੰਗਯਾ- ਬ੍ਰਹਮਚਾਰੀ। ੪. ਬਬਰ ਸ਼ੇਰ। ੫. ਸ਼ਿਵ.

**ਜਟੀ:** ਵਿ- ਜਟਾ ਵਾਲਾ। ੨. ਸੰਗਯਾ- ਵਟ. ਬੋਹੜ। ੩. ਪਿਲਖਨ। ੪. ਸ਼ਿਵ। ੫. ਦੇਖੋ, ਜੱਟੀ.

**ਜਟੀਸ:** ਸੰਗਯਾ- ਜਟਾਧਾਰੀਆਂ ਦਾ ਈਸ਼ ਸ਼ਿਵ. "ਵਰੁਣ ਵਿਰੰਚਿ ਜਟੀਸ ਸੁਰ." (ਗੁਵਿ ੧੦)

**ਜਟੀਲਾ:** ਦੇਖੋ, ਜਟਿਲ.

**ਜਟੁ:** ਦੇਖੋ, ਜੱਟ. "ਧੰਨਾ ਜਟੁ ਬਾਲਮੀਕੁ ਬਟਵਾਰਾ, ਗੁਰਮੁਖਿ ਪਾਰਿਪਇਆ." (ਮਾਰੂ ਮਃ ੪)

**ਜਟੂਆ:** ਵਿ- ਜਟਾ ਵਾਲਾ। ੨. ਸੰਗਯਾ- ਜਟਾਜੂਟ. ਜਟਾ ਦਾ ਜੂੜਾ. "ਬੰਧਹਿ ਬਹੁ ਜਟੂਆ." (ਸਵੈਯੇ ਸ੍ਰੀ ਮੁਖਵਾਕ ਮਃ ੫)

**ਜਟੇਟਾ:** ਜੱਟ ਦਾ ਬੇਟਾ. ਜੱਟਪੁਤ੍ਰ.

**ਜੱਟ:** ਇੱਕ ਜਾਤਿ, ਜੋ ਰਾਜਪੂਤਾਂ ਦੀ ਸ਼ਾਖ਼ ਹੈ. ਜੱਟ, ਹਿੰਦ ਵਿੱਚ ਮੱਧ ਏਸ਼ੀਆ ਤੋਂ ਆਕੇ ਪੱਛਮੀ ਹਿੰਦੁਸਤਾਨ ਵਿੱਚ ਆਬਾਦ ਹੋਏ ਸਨ. ਕਰਨਲ ਟਾਡ ਨੇ ਜੱਟਾਂ ਨੂੰ ਯਦੁਵੰਸ਼ੀ ਦੱਸਿਆ ਹੈ. ਇਤਿਹਾਸਕਾਰਾਂ ਨੇ ਇਸੇ ਜਾਤਿ ਦੇ ਨਾਮ Jit- Jute- Getae ਆਦਿ ਲਿਖੇ ਹਨ. ਇਸ ਜਾਤਿ ਦੇ ਬਹੁਤ ਲੋਕ ਖੇਤੀ ਦਾ ਕੰਮ ਕਰਦੇ ਹਨ. ਫ਼ੌਜੀ ਕੰਮ ਲਈ ਭੀ ਇਹ ਬਹੁਤ ਪ੍ਰਸਿੱਧ ਹਨ. ਜੱਟ ਕੱਦਾਵਰ, ਬਲਵਾਨ, ਨਿਸ਼ਕਪਟ, ਸ੍ਵਾਮੀ ਦੇ ਭਗਤ ਅਤੇ ਉਦਾਰ ਹੁੰਦੇ ਹਨ.

**ਜੱਟਾ:** ਵਿ- ਜਟਾਧਾਰੀ. "ਭ੍ਰਮਤੇ ਜੱਟਾ." (ਦੱਤਾਵ) ੨. ਸੰਬੋਧਨ. ਐ ਜੱਟ!

**ਜੱਟੂ:** ਤਿਵਾੜੀ ਬ੍ਰਾਹਮਣ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਇਆ। ੨. ਚੱਢਾ ਗੋਤ ਦਾ ਇੱਕ ਪ੍ਰੇਮੀ, ਜੋ ਪੰਜਵੇਂ ਸਤਿਗੁਰੂ ਦਾ ਸਿੱਖ ਹੋਇਆ। ੩. ਭੀਵਾ ਗੋਤ ਦਾ ਗੁਰੂ ਅਰਜਨਦੇਵ ਸ੍ਵਾਮੀ ਦਾ ਸਿੱਖ। ੪. ਭੰਡਾਰੀ ਗੋਤ ਦਾ ਸ਼ਾਹਦਰਾ ਨਿਵਾਸੀ ਪੰਜਵੇਂ ਸਤਿਗੁਰੂ ਦਾ ਸਿੱਖ। ੫. ਜੌਨਪੁਰ ਨਿਵਾਸੀ ਇੱਕ ਤਪਾ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸੇਵਕ ਹੋਇਆ। ੬. ਛੀਵੇਂ ਸਤਿਗੁਰੂ ਦਾ ਇੱਕ ਯੋਧਾ ਸਿੱਖ।

**ਜਠਰ:** ਸੰ. ਸੰਗਯਾ- ਪੇਟ. ਢਿੱਡ. "ਕਰਿ ਦੋਖ ਜਠਰ ਕਉ ਭਰਤੇ." (ਮਲਾ ਮਃ ੫) ੨. ਮੇਦਾ. ਪਕ੍ਵਾਸ਼ਯ। ੩. ਬੱਚੇਦਾਨ. ਗਰਭਾਸ਼ਯ. ਰਿਹ਼ਮ. "ਕਿਮ ਦੇਵਕਿ ਕੇ ਜਠਰੰਤਰਿ ਆਯੋ." (ਸਵੈਯੇ ੩੩) ੪. ਵਿ- ਬੁੱਢਾ.

**ਜਠਰ ਰੋਗ:** ਸੰ. ਜਾਠਰ ਰੋਗ ਸੰਗਯਾ- ਮੇਦੇ ਢਿੱਡ ਆਦਿ ਵਿੱਚ ਹੋਣ ਵਾਲਾ ਰੋਗ. ਦੇਖੋ, ਉਦਰਰੋਗ.

**ਜਠਰਾਗਨਿ, ਜਠਰਾਨਲ:** ਸੰਗਯਾ- ਪੇਟ ਦਾ ਅਗ੍ਨਿ. ਮੇਦੇ (ਭਾਵ- ਸ਼ਰੀਰ) ਦੀ ਉਹ ਗਰਮੀ (blood heat), ਜਿਸ ਨਾਲ ਭੋਜਨ ਪਚਦਾ ਅਤੇ ਦੇਹਰੂਪ ਕਲ ਚਲਦੀ ਹੈ. ਇਹ ਲਹੂ ਦੀ ਹਰਕਤ ਤੋਂ ਪੈਦਾ ਹੋਈ ਹਰਾਰਤ ਹੈ, ਜੋ ੯੮- ੪ ਦਰਜੇ

ਫਾਰਨਹਾਈਟ (Fahrn heit)[518] ਥਰਮਾਮੀਟਰ (Thermometer) ਦੀ ਹੈ.[519]

ਜਠੇਰਾ: ਸੰ. ਜਜੇਸ਼੍ਠ. ਵਿ- ਜੇਠਾ. ਵਡਾ. ਦੇਖੋ, ਜਿਠੇਰਾ.

ਜੱਠ: ਦੇਖੋ, ਚੱਠ.

ਜਡ: ਸੰ. ਜਡ੍ ਧਾ- ਰਮਜਾਣਾ, ਇਕੱਠਾ ਹੋਣਾ। ੨. ਗਡਣਾ. ਦੇਖੋ, ਜੜਨਾ. "ਜਿਹੈ ਕੇ ਮਨ ਮੈ ਜਰਰਾਕੁ ਜਡੈ." (ਕ੍ਰਿਸਨਾਵ) ੩. ਸੰ. ਜਡ ਵਿ- ਅਚੇਤਨ. ਜੜ੍ਹ। ੪. ਮੰਦਬੁੱਧਿ. ਮੂਰਖ। ੫. ਸੰਗਯਾ- ਜਲ.

ਜਢ: ਦੇਖੋ, ਜਡ ੩. ਅਤੇ ੪. .

ਜਣ: ਦੇਖੋ, ਜਨ. "ਜਣ ਜਣ ਸਿਉ ਛਾਡੁ ਧੋਹ." (ਸਵੈਯੇ ਮਃ ੪. ਕੇ) ੨. ਦੇਖੋ, ਜਣਨਾ। ੩. ਦੇਖੋ, ਜਣੁ.

ਜਣਨ: ਸੰ. ਜਨਨ. ਸੰਗਯਾ- ਉਤਪੱਤੀ. ਪੈਦਾਇਸ਼। ੨. ਪੈਦਾ ਕਰਨ ਦੀ ਕ੍ਰਿਯਾ.

ਜਣਨਾ: ਕ੍ਰਿ- ਉਤਪੰਨ ਕਰਨਾ. ਪੈਦਾ ਕਰਨਾ. ਜਮਾਉਣਾ. ਦੇਖੋ, ਜਣਨ. "ਅਉਤ ਜਣੇਦਾ ਜਾਇ." (ਵਾਰ ਰਾਮ ੧. ਮਃ ੧) "ਧੰਨ ਜਣੇਦੀ ਮਾਇ." (ਸ੍ਰੀ ਮਃ ੩) "ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ." (ਸਾਰ ਮਃ ੪)

ਜਣਾ: ਜਨਾਂ ਦਾ। ੨. ਜਾਣਾਂ. ਗਿਣਾਂ. "ਬਿਰਥ ਜਨਮੁ ਜਣਾ." (ਮਾਝ ਬਾਰਹਮਾਹਾ) ੩. ਆਦਮੀ.

ਜਣਾਉਣਾ: ਕ੍ਰਿ- ਗਜਾਨ ਕਰਾਉਣਾ. ਸਮਝਾਉਣਾ। ੨. ਜਨਨ ਕਰਾਉਣਾ. ਜਮਾਉਣਾ.

ਜਣਾਕਣਾ, ਜਣਾਖਣਾ: ਹਰਯਕ (ਹਰੇਕ). ਪ੍ਰਤਜੇਕ. ਦੇਖੋ, ਜਨਾਕਨਾ। ੨. ਆਮ ਆਦਮੀ.

ਜਣਾਵਣਾ: ਦੇਖੋ, ਜਣਾਉਣਾ.

ਜਣਿ: ਕ੍ਰਿ. ਵਿ- ਜਣਕੇ. ਪੈਦਾ ਕਰਕੇ. "ਜਿਉ ਜਨਨੀ ਸੁਤ ਜਣਿ ਪਾਲਤੀ." (ਗਉ ਮਃ ੪)

ਜਣੀ: ਦੇਖੋ, ਜਨੀ। ੨. ਵਜ- ਨਾ. ਜਿਨ. ਮਤ. "ਜਣੀ ਲਖਾਵਹੁ ਅਸੰਤ ਪਾਪੀ ਸਣਿ." (ਆਸਾ ਰਵਿਦਾਸ) ਅਸੰਤ ਪਾਪੀ ਨਾਲ ਸਾਡੀ ਜ਼ਿੰਦਗੀ ਨਾ ਗੁਜ਼ਾਰੋ। ੩. ਜਨਨ (ਪੈਦਾ) ਕੀਤੀ। ੪. ਸਿੰਧੀ. ਮਰਨੇ ਦਾ ਭੋਜਨ ਵੰਡਣ ਦੀ ਕ੍ਰਿਯਾ, ਜਿਵੇਂ- ਗੰਦੌੜਾ ਲੱਡੂ ਆਦਿ ਵੰਡੇ ਜਾਂਦੇ ਹਨ। ੫. ਡਿੰਗ. ਮਾਤਾ. ਜਨਨੀ.

ਜਣੁ: ਸਿੰਧੀ. ਕ੍ਰਿ. ਵਿ- ਮਾਨੋ. ਗੋਯਾ. ਜਾਣੀਓਂ. "ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ, ਤਿਸੁ ਲਾਖ ਬੇਦਨ ਜਣੁ ਆਈ." (ਸੋਰ ਮਃ ੫)

ਜਣੇ: ਦੇਖੋ, ਜਣਨਾ। ੨. ਜਣ (ਜਨ) ਦਾ ਬਹੁਵਚਨ. ਜਿਵੇਂ- "ਦੋ ਜਣੇ ਆਏ."

ਜਣੇਦਾ, ਜਣੇਦੀ: ਜਨਨ ਕਰੇਂਦਾ, ਕਰੇਂਦੀ. ਦੇਖੋ, ਜਣਨਾ. "ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ." (ਆਸਾ ਫਰੀਦ)

ਜਣੋ: ਡਿੰਗ. ਸੰਗਯਾ- ਪਿਤਾ. ਜਨਕ। ੨. ਦੇਖੋ, ਜਣਾ.

ਜਣੰਤ: ਜਨਨ ਕਰੰਤ. ਪੈਦਾ ਕਰਦਾ ਹੈ। ੨. ਜਾਣੰਤ. ਜਾਣਦਾ ਹੈ. "ਜਣੰਤ ਚਾਰ ਚਕ੍ਰਣੰ." (ਗਜਾਨ) ਚਾਰੋਂ ਚੱਕ ਜਾਣੰਤ.

ਜਤ: ਸੰ. ਯਤ੍ਰ. ਕ੍ਰਿ. ਵਿ- ਜਿੱਥੇ. ਜਹਾਂ. "ਜਤ ਜਤ ਜਾਈਐ ਤਤ ਤਤ ਦ੍ਰਿਸਟਾਏ." (ਬਿਲਾ ਮਃ ੫) ੨. ਦੇਖੋ, ਜਤੁ ਅਤੇ ਯਤ।

---

[518] ਇਹ French scale of measuring temperature ਹੈ. ਬਰਫ ਜੰਮਣ ਦੀ ਹਰਾਰਤ ਨੂੰ ੩੨ ਨੰਬਰ ਦੀ ਮੰਨਕੇ ਪਾਣੀ ਉਬਲਣ ਦੀ ਗਰਮੀ ੨੧੨ ਦਰਜੇ ਮੰਨੀ ਹੈ. ਇਸ ਦੇ ਵਿਚਕਾਰਲੇ ਦਰਜੇ ਗਰਮੀ ਦੇ ਵੰਡ ਦਿੱਤੇ ਗਏ ਹਨ. ਇਸ ਦੇ ਮੁਕਾਬਲੇ ਅੰਗ੍ਰੇਜੀ Centigrade ਜ਼ੀਰੋ (ਸਿਫ਼ਰ) ਤੋਂ ੧੦੦ (O-100) ਹੈ, ਅਤੇ ਰੂਸੀ Reaumer ਜ਼ੀਰੋ ਤੋਂ ੮੦ (O-80) ਹੈ.

[519] ਦੇਖੋ, ਥਰਮਾਮੀਟਰ.

੩. ਦੇਖੋ, ਜੱਤ.

ਜਤਕਤ, ਜਤਕਤਹ, ਜਤਕਤਾ: ਸੰ. ਯਤ੍ਰ ਕੁਤ੍ਰ. ਕ੍ਰਿ. ਵਿ- ਜਿੱਥੇ ਕਿੱਥੇ. ਝਹਾਂ ਕਹਾਂ. "ਜਤਕਤ ਤੁਮ ਭਰਪੂਰ ਹਹੁ." (ਬਿਲਾ ਮਃ ੫) "ਜਤਕਤਹ ਤਤਹ ਦ੍ਰਿਸਟੇ." (ਸਹਸ ਮਃ ੫) "ਜਤਕਤਾ ਤਤ ਪੇਖੀਐ." (ਕਲਿ ਮਃ ੫)

ਜਤਨ: ਸੰ. ਯਤ੍ਨ. ਸੰਗਜਾ- ਉਪਾਯ. "ਜਤਨ ਬਹੁਤ ਸੁਖ ਕੇ ਕੀਏ." (ਸ. ਮਃ ੯) ੨. ਯਤ ਧਾਰਣ. ਇੰਦ੍ਰਿਯਨਿਗ੍ਰਹਿ. "ਜਤਨ ਤਪਨ ਭ੍ਰਮਨ." (ਕਾਨ ਮਃ ੫)

ਜਤਬ੍ਰਤ: ਸੰਗਜਾ- ਯਤਵ੍ਰਤ. ਇੰਦ੍ਰੀਆਂ ਦੇ ਸੰਯਮ ਦਾ ਨਿਯਮ. "ਦਾਨ ਦਯਾ ਦਮ ਸੰਜਮ ਨੇਮ ਜਤਬ੍ਰਤ." (ਸਵੈਯੇ ੩੩)

ਜਤਲਾਉਣਾ, ਜਤਲਾਨਾ, ਜਤਾਉਣਾ, ਜਤਾਨਾ: ਕ੍ਰਿ- ਦਯੋਤਨ ਕਰਨਾ. ਗਜਾਤ ਕਰਾਉਣਾ. ਮਾਲੂਮ ਕਰਾਉਣਾ. ਇਲਮ ਵਿੱਚ ਲਿਆਉਣਾ. ਆਗਾਹ ਕਰਨਾ। ੨. ਪਤਾ ਦੇਣਾ.

ਜਤਿ: ਦੇਖੋ, ਯਤਿ। ੨. ਜਾਤਿ. "ਜਤਿ ਮੇਰੀ ਪਤਿ ਮੇਰੀ ਧਨ ਹਰਿ ਨਾਮ." (ਸੂਹੀ ਮਃ ੫) ੩. ਸੰਗੀਤ ਅਨੁਸਾਰ ਗਾਯਨ ਦੀ ਧਾਰਣਾ ਦਾ ਨਾਉਂ ਜਤਿ (ਯਤਿ) ਹੈ. ਅਤੇ ਮ੍ਰਿਦੰਗ ਦੇ ਬੋਲ ਦਾ ਜਿੱਥੇ ਵਿਸ਼੍ਰਾਮ ਹੋਵੇ ਉਸ ਦੀ ਭੀ ਜਤਿ ਸੰਗਜਾ ਹੈ. ਡਾਕਟਰ ਚਰਨ ਸਿੰਘ ਜੀ ਨੇ "ਸ੍ਰੀ ਗੁਰੂ ਗ੍ਰੰਥਬਾਣੀ ਬੇਉਰੇ" ਵਿੱਚ ਲਿਖਿਆ ਹੈ ਕਿ- ਜਤਿ, ਗਤਿ, ਸਾਥ, ਇਹ ਤਿੰਨੇ ਜੋੜੀ ਦੇ ਕਰਤਬ ਹਨ. ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ, ਅਰਥਾਤ ਗਤਿ ਵਾਕਰ ਉਂਗਲੀਆਂ ਵਿੱਚੋਂ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ, ਅਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਵਜਾਏ, ਤਾਂ ਉਸ ਨੂੰ ਜਤਿ ਕਹਿੰਦੇ ਹਨ. ਅਤੇ ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਜੋ ਪਾਟਾਛਰ ਕਹੀਦੇ ਹਨ ਅਤੇ ਆਵਾਜ ਵੀ ਨਰਮ ਨਰਮ ਨਿਕਲੇ, ਉਸ ਨੂੰ ਗਤਿ ਕਹਿੰਦੇ ਹਨ. ਜਦ ਦੋਵੇਂ ਹੱਥ ਖੁਲ੍ਹੇ ਕੰਮ ਕਰਨ ਅਤੇ ਆਵਾਜ ਵੀ ਖੁਲ੍ਹੀ ਨਿਕਲੇ (ਜਿਸ ਨੂੰ ਕਢ ਆਖਦੇਹਨ) ਤਾਂ ਉਸ ਦੀ ਸੰਗਜਾ ਸਾਥ ਹੁੰਦੀ ਹੈ. ਦੇਖੋ, ਬਿਲਾਵਲ ਮਃ ੧. ਥਿਤੀ, ਘਰੁ ੧੦. ਜਤਿ।

੪. ਕ੍ਰਿ. ਵਿ- ਯਤ੍ਰ. ਜਿੱਥੇ. ਜਹਾਂ. "ਜਤਿ ਜਾਤ ਸਦਾ ਕਾਲ ਹਈ." (ਕਾਨ ਮਃ ੫)

ਜਤਿ ਪਤਿ: ਜਾਤਿ ਅਤੇ ਪੰਕ੍ਤਿ. ਜਾਤਿ ਗੋਤ੍ਰ. ਜਿਵੇਂ ਜਾਤਿ ਖਤ੍ਰੀ ਅਤੇ ਗੋਤ੍ਰ ਸੂਰੀ ਕਪੂਰ ਆਦਿ ਹਨ. "ਭਗਤਿ ਰਤੇ ਸੇ ਊਤਮਾ, ਜਤਿ ਪਤਿ ਸਬਦੇ ਹੋਇ." (ਆਸਾ ਅਃ ਮਃ ੩) ੨. ਜਾਤਿ ਅਤੇ ਪ੍ਰਤਿਸ਼੍ਠਾ.

ਜਤੀ: ਸੰ. यतिन् ਵਿ- ਯਤ ਰੱਖਣ ਵਾਲਾ. ਇੰਦ੍ਰੀਆਂ ਨੂੰ ਕ਼ਾਬੂ ਕਰਨ ਵਾਲਾ. "ਜਤੀ ਸਤੀ ਕੇਤੇ ਬਨਬਾਸੀ." (ਮਾਰੂ ਸੋਲਹੇ ਮਃ ੧) ੨. ਸੰਗਜਾ- ਮੁਨਿ. ਗੁਰਮੁਖ। ੩. ਕਈ ਲੇਖਕਾਂ ਨੇ ਛੀ ਜਤੀ ਗਿਣੇ ਹਨ- "ਅਬ ਜੇ ਜਤੀ ਸੁਨਹੁ ਦੇ ਕਾਨਾ। ਲਛਮਨ ਗੋਰਖ ਅਰੁ ਹਨੁਮਾਨਾ। ਭੀਸ਼ਮ ਭੈਰਵ ਦੱਤ ਪਛਾਨੋ." (ਨਾਪ੍ਰ) ਦੇਖੋ, ਛਿਅ ਜਤੀ। ੪. ਬ੍ਰਹਮਚਾਰੀ. "ਨਾ ਇਹੁ ਜਤੀ ਕਹਾਵੈ ਸੇਉ." (ਗੌਂਡ ਕਬੀਰ)ਨਾ ਬ੍ਰਹਮਚਾਰੀ ਨਾ ਸੰਨਯਾਸੀ। ੫. ਜੈਨਮਤ ਦਾ ਸਾਧੂ.

ਜਤੀਲੀ: ਵਿ- ਜੱਤ (ਝੰਡ) ਵਾਲੀ. ਜਿਵੇਂ- ਜਤੀਲੀ ਭੇਡ। ੨. ਸੰ. ਜਯਿਤ੍ਰੀ. ਜਿੱਤਣ ਵਾਲੀ. "ਜਤੀਲੀ ਤੁੰਦਮਤੇ." (ਅਕਾਲ)

ਜਤੁ: ਸੰ. ਯਤ. ਸੰਗਜਾ- ਇੰਦ੍ਰੀਆਂ ਨੂੰ ਕਾਬੂ ਕ਼ਰਨਾ. "ਜਤੁ ਪਹਾਰਾ ਧੀਰਜੁ ਸੁਨਿਆਰੁ." (ਜਪੁ) ੨. ਸੰ. ਜਤੁ. ਗੂੰਦ। ੩. ਲਾਖ (ਲਾਕ੍ਸ਼ਾ)

ਜਤੈ ਕਾ: ਯਤ ਦਾ. "ਤ੍ਰੇਤੈ ਰਥੁ ਜਤੈ ਕਾ." (ਵਾਰ ਆਸਾ)

ਜਤੌਲੀ: ਇੱਕ ਪਿੰਡ, ਜੋ ਜਿਲਾ ਹੁਸ਼ਿਆਰਪੁਰ, ਤਸੀਲ ਊਨਾ ਵਿੱਚ ਹੈ. ਇੱਥੇ ਦਮਦਮਾ ਸਾਹਿਬ ਦਸਵੀਂ ਪਾਤਸ਼ਾਹੀ ਦਾ ਗੁਰਦ੍ਵਾਰਾ ਹੈ.

ਜਤੰਨ, ਜਤੰਨੁ: ਦੇਖੋ, ਜਤਨ. "ਸੋਈ ਜਤੰਨੁ ਬਤਾਇ." (ਫੁਨਹੇ ਮਃ ੫)

ਜੱਤ: ਬਕਰੀ ਭੇਡ ਆਦਿ ਪਸ਼ੂਆਂ ਦੀ ਲੰਮੀ ਉੱਨ. ਝੰਡ.

**ਜਤ੍ਰ:** ਸੰ. ਯਤ੍ਰ. ਕ੍ਰਿ. ਵਿ- ਜਹਾਂ. ਜਿੱਥੇ. "ਜਤ੍ਰ ਜਾਉ ਤਤ ਬੀਠਲੁ ਭੈਲਾ." (ਆਸਾ ਨਾਮਦੇਵ)

**ਜਤ੍ਰਕਤਾ, ਜਤ੍ਰਕਤ੍ਰ, ਜਤ੍ਰਤਤ੍ਰ, ਜਥਕਥ:** ਸੰ. ਯਤ੍ਰਕੁਤ੍ਰ. ਯਤ੍ਰਤਤ੍ਰ. ਕ੍ਰਿ. ਵਿ- ਜਿੱਥੇ ਕਿੱਥੇ, ਜਹਾਂ ਕਹਾਂ. ਜਹਾਂ ਤਹਾਂ. ਭਾਵ- ਹਰਥਾਂ. "ਪੇਖਿਓ ਜਤ੍ਰਕਤਾ." (ਗੂਜ ਮਃ ੫) "ਜਤ੍ਰਕਤ੍ਰ ਤੂ ਸਰਬ ਜੀਆ." (ਭੈਰ ਮਃ ੧) "ਜਤ੍ਰਤਤ੍ਰ ਬਿਰਾਜਹੀ." (ਜਾਪੁ) "ਜਥਕਥ ਰਮਣੰ ਸਰਣੰ ਸਰਬਤ੍ਰ ਜੀਅਣਹ." (ਗਾਥਾ)

**ਜਥਾ:** ਦੇਖੋ, ਯਥਾ। ੨. ਸੰਗਯਾ- ਯੂਥ. ਗਰੋਹ. ਟੋਲਾ. ਦੇਖੋ, ਯੂਥ.

**ਜਥਾਜੋਗ:** ਦੇਖੋ, ਯਥਾਯੋਗਯ

**ਜਥਾਤਥ:** ਦੇਖੋ, ਯਥਾਤਥ.

**ਜਥਾਮਤਿ:** ਦਖੋ, ਯਥਾਮਤਿ.

**ਜਥਾਰਥ:** ਦੇਖੋ, ਯਥਾਰਥ.

**ਜਥਾਵਤ:** ਦੇਖੋ, ਯਥਾਵਤ.

**ਜਥੇਦਾਰ:** ਸੰਗਯਾ- ਜਥਾ (ਯੂਥ) ਰੱਖਣ ਵਾਲਾ ਮੁਖੀਆ. ਮੰਡਲੀ ਦਾ ਸਰਦਾਰ. ਯੂਥਪ. ਇਹ ਪਦ ਖ਼ਾਸ ਕਰਕੇ ਖ਼ਾਲਸੇ ਵਿੱਚ ਪ੍ਰਚਲਿਤ ਹੈ. "ਜਥੇਦਾਰ ਜੋਕਛੁ ਕਹਿਦੇਤਾ। ਸੋਈ ਪੰਥ ਮਾਨ ਸਭ ਲੇਤਾ." (ਪੰਪ੍ਰ)

**ਜਥੇਬੰਦੀ:** ਸੰਗਯਾ- ਜਥੇ (ਯੂਥ) ਨੂੰ ਇੱਕ ਨਿਯਮ ਵਿੱਚ ਬੰਨ੍ਹਣ ਦੀ ਕ੍ਰਿਯਾ। ੨. ਜਥੇ ਦਾ ਮੇਲ. ਜਥੇ ਦਾ ਏਕਾ.

**ਜਥੋਚਿਤ:** ਜੈਸੇ ਮੁਨਾਸਿਬ. ਦੇਖੋ, ਯਥੋਚਿਤ. "ਦਿਯ ਸਿਰਪਾਉ ਜਥੋਚਿਤ ਜਾਨੇ." (ਗੁਪ੍ਰਸੂ)

**ਜਦ:** ਸੰ. ਯਦਾ. ਕ੍ਰਿ. ਵਿ- ਜਬ. ਜਿਸ ਵੇਲੇ. ਜਦੋਂ। ੨. ਫ਼ਾ. زد ਜ਼ਦ. ਸੰਗਯਾ- ਚੋਟ. ਸੱਟ। ੩. ਨਿਸ਼ਾਨਾ। ੪. ਦੇਖੋ, ਜੱਦ.

**ਜਦਹੁ:** ਦੇਖੋ. ਜਦ ੧. "ਜਦਹੁ ਆਪੇ ਥਾਟੁ ਕੀਆ ਬਹਿ ਕਰਤੈ." (ਵਾਰ ਬਿਹਾ ਮਃ ੪)

**ਜਦਕਦ:** ਸੰ. ਯਦਾਕਦਾ. ਕ੍ਰਿ. ਵਿ- ਜਦਕਦੀ. ਜਬਕਭੀ.

**ਜ਼ਦਨ:** ਫ਼ਾ. زدن ਕ੍ਰਿ- ਚੋਟ ਮਾਰਨਾ. ਪ੍ਰਹਾਰ ਕਰਨਾ। ੨. ਨਿਸ਼ਾਨਾ ਲਾਉਣਾ.

**ਜਦਪਿ:** ਵਯ- ਚਾਹੋ. ਭਾਵੇਂ. ਅਗਰਚੇ. ਦੇਖੋ, ਯਦਯਪਿ.

**ਜਦਰ, ਜਦਲ:** ਅ਼. جدل ਸੰਗਯਾ- ਜੰਗ. ਯੁੱਧ. ਲੜਾਈ.

**ਜਦਾ:** ਦੇਖੋ, ਜਦ ਅਤੇ ਯਦਾ। ੨. ਫ਼ਾ. ਜ਼ਦਹ. ਮਾਰਿਆ ਹੋਇਆ. ਦੇਖੋ, ਜ਼ਦਨ.

**ਜਦਾਪਿ:** ਸੰ. ਯਦਾਪਿ. ਦੇਖੋ, ਜਦਪਿ ਅਤੇ ਯਦਯਪਿ.

**ਜਦਿ:** ਸੰ. ਯਦਿ. ਵਯ- ਜੇ. ਅਗਰ। ੨. ਜਿਸ ਵੇਲੇ. ਜਦੋਂ. "ਦੂਖ ਤਦੇ ਜਦਿ ਵੀਸਰੈ." (ਬਿਲਾ ਮਃ ੫)

**ਜਦਿ ਚਿੰਤ:** ਸੰ. यतश्चिलत्तय "ਜਦਿ ਚਿੰਤ ਸਰਬਗਤੰ." (ਗੂਜ ਜੈਦੇਵ) ਜੋ ਚਿੰਤਨ ਰਹਿਤ ਹੈ.

**ਜਦਿਨ:** ਜਿਸ ਦਿਨ. ਜਿਸ ਰੋਜ਼. "ਜਦਿਨ ਰੋਸ ਵਹ ਆਇ ਹੈ." (ਪਾਰਸਾਵ)

**ਜਦੀ:** ਦੇਖੋ, ਜੁਦਿ। ੨. ਯਦੁਵੰਸ਼ੀ. ਯਾਦਵ. "ਭਗਵਾਨ ਜਦੀ." (ਕ੍ਰਿਸਨਾਵ) ੩. ਦੇਖੋ, ਜੱਦੀ.

**ਜਦੀਦ:** ਅ਼. جدید ਵਿ- ਨਵਾਂ. ਤਾਜ਼ਾ। ੨. ਵਰਤਾਨ ਸਮੇਂ ਦਾ.

**ਜਦੁ:** ਸੰ. ਯਦੁ. ਯਾਦਵਾਂ ਦਾ ਮੁਖੀਆ ਇੱਕ ਰਾਜਾ, ਜਿਸ ਤੋਂ ਕੁਲ ਦਾ ਨਾਮ ਯਾਦਵ ਹੋਇਆ. ਦੇਖੋ, ਕੁਰੁਵੰਸ਼ ਅਤੇ ਯਦੁ.

**ਜਦੁਨਾਇਕ:** ਯਦੁਵੰਸ਼ੀਆਂ ਦਾ ਸ੍ਵਾਮੀ ਕ੍ਰਿਸ਼ਨਦੇਵ.

**ਜਦੁਨਾਇਕ ਨਾਇਕਾ:** ਯਦੁਨਾਯਕ (ਕ੍ਰਿਸ਼ਨ) ਦੀ ਨਾਯਿਕਾ ਯਮੁਨਾ. (ਸਨਾਮਾ)

**ਜਦੁਨਾਥ:** ਯਾਦਵਨਾਥ ਕ੍ਰਿਸ਼ਨ ਜੀ.

**ਜਦੁਨਾਥ ਕੀ ਦਾਰਾ:** ਯਾਦਵਪਤਿ ਕ੍ਰਿਸ਼ਨ ਜੀ ਦੀ ਵਹੁਟੀ ਯਮੁਨਾ. (ਸਨਾਮਾ)

**ਜਦੁਪਤਾਰਿ:** ਯਾਦਵਪਤਿ (ਕ੍ਰਿਸ਼ਨ ਜੀ) ਦਾ ਵੈਰੀ, ਤੀਰ. (ਸਨਾਮਾ) ਤੀਰ ਨਾਲ ਕ੍ਰਿਸ਼ਨ ਜੀ ਦਾ ਦੇਹਾਂਤ ਹੋਇਆ ਸੀ। ੨. ਜਰ ਨਾਮ ਦਾ ਸ਼ਿਕਾਰੀ, ਜਿਸ ਨੇ ਕ੍ਰਿਸ਼ਨ ਜੀ ਨੂੰ ਤੀਰ ਨਾਲ ਮਾਰਿਆ ਸੀ.

**ਜਦੁਪਤਿ, ਜਦੁਰਾ, ਜਦੁਰਾਇ:** ਯਾਦਵਪਤਿ ਅਤੇ ਯਾਦਵਾਂ ਦਾ ਰਾਜਾ ਕ੍ਰਿਸ਼ਨਦੇਵ. "ਜਦੁਪਤਿ ਮੋਹਿ ਸਨਾਥ ਕੀਓ." (ਕ੍ਰਿਸਨਾਵ)

**ਜਦੁਰਾਗ੍ਰਜ:** ਯਦੁਰਾਜ- ਅਗ੍ਰਜ. ਯਦੁਰਾਜ (ਕ੍ਰਿਸ਼ਨ ਜੀ) ਤੋਂ ਪਹਿਲਾਂ ਜੰਮਣ ਵਾਲਾ ਬਲਭਦ੍ਰ. ਕ੍ਰਿਸ਼ਨ ਜੀ ਦਾ ਵਡਾ ਭਾਈ ਬਲਰਾਮ. "ਹੇ ਜਦੁਰਾਗ੍ਰਜ ! ਹੇ ਜਸੁਧਾਸੁਤ !" (ਕ੍ਰਿਸਨਾਵ)

**ਜਦੁਵੀ:** ਵਿ- ਯਾਦਵਾਂ ਦੀ. ਯਾਦਵੀ. "ਦੌਰ ਪਰਯੋ ਜਦੁਵੀ ਪ੍ਰਤਨਾ ਪਰ." (ਕ੍ਰਿਸਨਾਵ)

**ਜਦੁਵੀ ਪ੍ਰਤਨਾ:** ਯਾਦਵਾਂ ਦੀ ਪ੍ਰਤਨਾ (ਫੌਜ). ਦੇਖੋ, ਜਦੁਵੀ.

**ਜ਼ਦੂਦਨ:** ਫ਼ਾ. زدوُدن ਕ੍ਰਿ- ਸਾਫ਼ ਕਰਨਾ. ਮੈਲ ਦੂਰ ਕਰਨੀ.

**ਜਦੇਸ:** ਯਾਦਵੇਸ਼. ਯਾਦਵਾਂ ਦਾ ਈਸ਼ ਸ਼੍ਰੀ ਕ੍ਰਿਸ਼ਨ. (ਸਨਾਮਾ)

**ਜਦੇਸਨਿ:** ਯਾਦਵੇਸ਼ (ਸ਼੍ਰੀ ਕ੍ਰਿਸ਼੍ਨ) ਦੀ ਰਾਣੀ ਯਮੁਨਾ. (ਸਨਾਮਾ)

**ਜਦੇਸਰਿ:** ਯਾਦਵ- ਈਸ਼- ਅਰਿ. (ਸਨਾਮਾ) ਦੇਖੋ, ਜਦੁਪਤਾਰਿ.

**ਜਦੋਂ:** ਦੇਖੋ, ਜਦ ਅਤੇ ਜਦਹੁ.

**ਜੱਦ:** ਅ਼. جد ਨਾਨਾ। ੨. ਦਾਦਾ. ਪਿਤਾਮਹ। ੩. ਕੁਲ. ਵੰਸ਼। ੪. ਭਾਗ. ਨਸੀਬ। ੫. ਬਜ਼ੁਰਗੀ.

**ਜੱਦੀ:** ਅ਼. جدّی ਵਿ- ਕੁਲ ਨਾਲ ਹੈ ਜਿਸ ਦਾ ਸੰਬੰਧ. ਦਾਦੇਲਾਹੀ.

**ਜਦ੍ਵੇਸ:** ਯਾਦਵ ਈਸ਼. ਯਾਦਵੰਸ਼ ਕ੍ਰਿਸ਼ਨ ਜੀ. "ਹੈ ਨ ਰਘ੍ਵੇਸ ਜਦ੍ਵੇਸ ਰਮਾਪਤਿ, ਤੈਂ ਜਿਨ ਕੋ ਵਿਸੁਨਾਥ ਪਛਾਨਯੋ." (ਸਵੈਯੇ ੩੩)

**ਜਨ, ਜਨੁ:** ਸੰ. ਜਨ ਧਾ ਉਤਪੰਨ ਕਰਨਾ, ਜਣਨਾ, ਪੈਦਾ ਕਰਨਾ। ੨. ਵਿ- ਉਤਪੰਨ. ਪੈਦਾ ਹੋਇਆ। ੩. ਸੰਗ੍ਯਾ- ਲੋਕ. "ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ." (ਵਾਰ ਗਉ ੧. ਮਃ ੪) ੪. ਸਮੂਹ. ਸਮੁਦਾਯ. "ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ." (ਅਨੰਦੁ) ੫. ਭਗਤ. ਸਾਧੁ. "ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ." (ਵਾਰ ਬਿਲਾ ਮਃ ੩) ੬. ਦਾਸ. ਸੇਵਕ."ਪ੍ਰਭੁ ਤੇ ਜਨੁ ਜਾਨੀਜੈ ਜਨ ਤੇ ਸੁਆਮੀ." (ਸ੍ਰੀ ਰਵਿਦਾਸ) ੭. ਪੁਰਖ. ਪ੍ਰਾਣੀ. "ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ." (ਸੁਖਮਨੀ) ੮. ਪੁਰਾਣਾਂ ਅਨੁਸਾਰ ਉੱਪਰਲੇ ਸੱਤ ਲੋਕਾਂ ਵਿੱਚੋਂ ਪੰਜਵਾਂ ਲੋਕ, ਜਿਸ ਵਿੱਚ ਬ੍ਰਹਮਾ ਦੇ ਪੁਤ੍ਰ ਸਨਕਾਦਿ ਅਤੇ ਮਹਾਨ ਯੋਗੀ ਰਹਿੰਦੇ ਹਨ। ੯. ਫ਼ਾ. زن ਜ਼ਨ. ਭਾਰਯਾ. ਜੋਰੂ. ਵਹੁਟੀ. "ਜਨ ਪਿਸਰ ਪਦਰ ਬਿਰਾਦਰਾ." (ਤਿਲੰ ਮਃ ੧) ੧੦. ਇਸਤ੍ਰੀ. ਨਾਰੀ. "ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ." (ਵਾਰ ਰਾਮ ੩) ੧੧. ਮਾਰ.

ਪ੍ਰਹਾਰ. ਇਹ ਅਮਰ ਹੈ ਜ਼ਦਨ ਦਾ. "ਮਜ਼ਨ ਤੇਗ਼ ਬਰ ਖ਼ੂਨ ਕਸ ਬੇਦਰੇਗ਼." (ਜਫਰ) ੧੨. ਪ੍ਰਤ੍ਯ- ਮਾਰਣ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਤੇਗ਼ਜ਼ਨ। ੧੩. ਜੌਨ (ਚਾਂਦਨੀ ਦੇ ਅਰਥ ਵਿੱਚ ਭੀ ਜਨ ਸ਼ਬਦ ਆਇਆ ਹੈ. ) "ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ." (ਸਵੈਯੇ ਮਃ ੪. ਕੇ) ਪਹਿਲੇ ਗੁਰੂ ਨਾਨਕ ਚੰਦ੍ਰਮਾਰੂਪ ਹੋਏ, ਤਾਰਾਰੂਪ ਮਨੁੱਖਾਂ ਵਿੱਚ ਆਪਣੀ ਜਨ (ਜੌਨ) ਦਾ ਪ੍ਰਕਾਸ਼ ਕੀਤਾ. ਇਸ ਥਾਂ ਤਾਰਨ ਸ਼ਬਦ ਸ਼ਲੇਸ਼ ਹੈ. ਤਾਰਾਗਣ (ਨਕ੍ਸ਼ਤ੍ਰ) ਅਤੇ ਤਾਰਣ (ਉੱਧਾਰਣ). ੧੪. ਜਾਣਨ ਲਈ ਭੀ ਜਨ ਸ਼ਬਦ ਆਇਆ ਹੈ, ਯਥਾ- "ਆਦਿ ਅੰਤ ਜਿਨ ਜਨਲਯੋ." (ਗੁਰੁਸੋਭਾ) ਜਿਸ ਨੇ ਜਾਣ ਲੀਤਾ। ੧੫. ਦੇਖੋ, ਜੱਨ.

ਜਨਈ: ਜਾਣਈ. ਜਾਣਦਾ ਹੈ. "ਚਮਰਟਾ ਗਾਂਠਿ ਨ ਜਨਈ." (ਸੋਰ ਰਵਿਦਾਸ) ੨. ਜਣਦਾ ਹੈ. ਜਨਨ ਕਰਦਾ ਹੈ.

ਜਨਸੰਖ੍ਯਾ: ਦੇਖੋ, ਮਰਦੁਮਸ਼ੁਮਾਰੀ.

ਜਨਸ੍‍ਥਾਨ: ਗੋਦਾਵਰੀ ਅਤੇ ਕ੍ਰਿਸ਼ਨਾ ਨਦੀ ਦੇ ਵਿਚਕਾਰ ਦਾ ਦੇਸ਼.

ਜਨਹੋ: ਜਾਣੋ. ਸਮਝੋ. "ਝੂਠ ਨਹੀ ਸਤਿਕੈ ਜਨਹੋ." (ਕ੍ਰਿਸਨਾਵ)

ਜਨਕ, ਜਨਕੁ: ਕ੍ਰਿ. ਵਿ- ਜਨੁ. ਜਾਣੀਓ. ਮਾਨੋ. ਗੋਯਾ. "ਤਾਰਿਕਾ ਮੰਡਲ ਜਨਕ ਮੋਤੀ." (ਸੋਹਿਲਾ) ੨. ਵਿ- ਜਾਣਨ ਵਾਲਾ. ਗ੍ਯਾਤਾ. ਗਿਆਨੀ. "ਜਨਕੁ ਸੋਇ ਜਿਨ੍ਹਿ ਜਾਣਿਆ." (ਸਵੈਯੇ ਮਃ ੪. ਕੇ) "ਹਰਿ ਕਾ ਨਾਮ ਜਨਕ ਉਧਾਰੈ." (ਗਉ ਮਃ ੫) "ਜਨਕ ਜਨਕ ਬੈਠੇ ਸਿੰਘਾਸਨਿ." (ਕਾਨ ਅਃ ਮਃ ੪) ਗਿਆਨੀ ਜਨਕ ਸਿੰਘਾਸਨ ਤੇ ਬੈਠੇ। ੩. ਸੰ. ਜਨਕ ਵਿ- ਜਨਮਦਾਤਾ. ਜਣਨ ਵਾਲਾ. ਉਤਪੰਨ ਕਰਤਾ। ੪. ਸੰਗ੍ਯਾ- ਪਿਤਾ. ਬਾਪ. ਲੈਕਰ ਦੁਤਾਰਾ ਗਾਵੈ ਸੰਗਤਿ ਮੇਂ ਵਾਰ ਆਸਾ.

ਪਕੜ ਦੁਧਾਰਾ ਵਾਹੈ ਸਤ੍ਰੁ ਸਿਰ ਆਰਾ ਹੈ,

ਕੜਛਾ ਲੈ ਹਾਥ ਬਰਤਾਵਤ ਅਤੁੱਟ ਦੇਗ

ਕਠਿਨ ਕੋਦੰਡ ਵਾਣ ਵੇਧ ਕਰੈ ਪਾਰਾ ਹੈ,

ਭਕ੍ਤਿ ਗ੍ਯਾਨ ਪ੍ਰੇਮ ਔ ਵੈਰਾਗ ਕੀ ਸੁਨਾਵੈ ਕਥਾ

ਚੜ੍ਹਕੈ ਤੁਰੰਗ ਜੰਗ ਦੇਵੈ ਲਲਕਾਰਾ ਹੈ,

ਤਤ੍ਵਗ੍ਯਾਨੀ ਦਾਨੀ ਯੋਧਾ ਗ੍ਰਿਹੀ ਤ੍ਯਾਗੀ ਗੁਰੂਚੇਲਾ

ਵਾਹ ਵਾਹ! ਧਨ੍ਯ ਧਨ੍ਯ! "ਜਨਕ" ਹਮਾਰਾ ਹੈ. ੫. ਰਾਮਚੰਦ੍ਰ ਜੀ ਦਾ ਸਹੁਰਾ, ਸੀਤਾ ਦਾ ਪਿਤਾ ਸੀਰਧ੍ਵਜ, ਜੋ ਆਤਮਤਤ੍ਵ ਦਾ ਵੇੱਤਾ ਅਤੇ ਨੀਤਿ ਦਾ ਪੁੰਜ ਸੀ. ਇਹ ਰਾਜ ਕਰਦਾ ਹੋਇਆ ਭੀ ਸੰਨ੍ਯਾਸੀ ਸੀ. ਜਨਕ ਦੀ ਸ਼ਭਾ ਵਿਦ੍ਵਾਨਾਂ ਅਤੇ ਰਿਖੀਆਂ ਨਾਲ ਭਰਪੂਰ ਰਹਿੰਦੀ ਸੀ. "ਜਪਿਓ ਨਾਮੁ ਸੁਕ ਜਨਕ ਗੁਰਬਚਨੀ." (ਮਾਰੂ ਮਃ ੪)

ਮਿਥਿਲਾ ਦੇ ਪਤੀ ਰਾਜਿਆਂ ਦਾ "ਜਨਕ" ਖ਼ਿਤਾਬ ਹੋ ਗਿਆ ਸੀ, ਕਿਉਂਕਿ ਇਸ ਵੰਸ਼ ਵਿੱਚ ਇੱਕ ਪ੍ਰਤਾਪੀ ਜਨਕ ਨਾਉਂ ਦਾ ਰਾਜਾ ਹੋਇਆ ਸੀ. ਵਾਲਮੀਕ ਕਾਂਡ ੧, ਅਃ ੭੧ ਵਿੱਚ ਜਨਕਵੰਸ਼ ਇਉਂ ਲਿਖਿਆ ਹੈ:-

ਪਹਿਲਾ ਮਿਥਿਲਾ ਦਾ ਰਾਜਾ ਨਿਮਿ ਹੋਇਆ, ਉਸ ਦਾ ਪੁਤ੍ਰ ਮਿਥਿ, ਉਸ ਦਾ ਜਨਕ, (ਇਸੇ ਜਨਕ ਤੋਂ ਵੰਸ਼ ਦਾ ਨਾਮ "ਜਨਕ" ਪਿਆ), ਜਨਕ ਦਾ ਪੁਤ੍ਰ ਉਦਾਵਸੁ, ਉਸ ਦਾ ਨੰਦਿਵਰਧਨ, ਉਸ ਦਾ ਸੁਕੇਤੁ, ਉਸ ਦਾ ਦੇਵਰਾਤ ਹੋਇਆ (ਇਸ ਪਾਸ ਸ਼ਿਵ ਨੇ ਧਨੁਖ ਇਮਾਨਤ ਰੱਖਿਆ, ਜੋ ਸੀਤਾ ਦੇ ਸ੍ਵਯੰਬਰ ਵੇਲੇ ਰਾਮਚੰਦ੍ਰ ਜੀ ਨੇ ਤੋੜਿਆ), ਦੇਵਰਾਤ ਦਾ ਪੁਤ੍ਰ ਬ੍ਰਿਹਦ੍ਰਥ, ਉਸ ਦਾ ਮਹਾਂਵੀਰ, ਉਸ ਦਾ ਸੁਧ੍ਰਿਤਿਮਾਨ, ਉਸ ਦਾ ਧ੍ਰਿਸ਼੍ਟਕੇਤੁ, ਉਸ ਦਾ ਹਰਿਯਸ਼੍ਵ, ਉਸ ਦਾ ਮਰੁ, ਉਸ ਦਾ ਪ੍ਰਤੀਂਧਕ, ਉਸ ਦਾ ਕੀਰਤਿਰਥ, ਉਸ ਦਾ ਦੇਵਮੀਢ, ਉਸ ਦਾ ਵਿਬੁਧ, ਉਸ ਦਾ ਮਹੀਧ੍ਰਕ, ਉਸ ਦਾ ਕੀਰਤਿਰਾਤ, ਉਸ ਦਾ ਮਹਾਰੋਮਾ, ਉਸ ਦਾ ਸ੍ਵਰਣਰੋਮਾ, ਉਸ ਦਾ ਹ੍ਰਸ੍ਵਰੋਮਾ ਹੋਇਆ. ਹ੍ਰਸ੍ਵਰੋਮਾ ਦੇ ਦੋ ਪੁਤ੍ਰ ਹੋਏ, ਇੱਕ ਸੀਰਧ੍ਵਜ, ਜੋ ਰਾਮ ਅਤੇ ਲਛਮਣ ਦਾ ਸਹੁਰਾ ਸੀ, ਦੂਜਾ ਕੁਸ਼ਧ੍ਵਜ, ਜੋ ਭਰਤ ਅਤੇ ਸ਼ਤ੍ਰੂਘਨ ਦਾ ਸਹੁਰਾ ਸੀ.

ਜਨਕ ਜਨਾਕ: ਵਿ- ਜਨਕ (ਪਿਤਾ ਕਰਤਾਰ) ਦੇ ਜਨਾਉਣ (ਗਯਾਨ ਕਰਾਉਣ) ਵਾਲਾ. ਬ੍ਰਹਮਗਯਾਨ ਦਾਤਾ. "ਤੇ ਜਨ ਊਤਮ ਜਨਕ ਜਨਾਕ." (ਕਾਨ ਮਃ ੪)

ਜਨਕਜਾ, ਜਨਕਤਨਯਾ, ਜਨਕਤਨੀਆ, ਜਨਕਦੁਹਿਤਾ, ਜਨਕਪੁਤ੍ਰੀ: ਸੀਤਾ. ਦੇਖੋ, ਜਨਕਸੁਤਾ

ਜਨਕਪੁਰ: ਰਾਜਾ ਜਨਕ ਦਾ ਨਗਰ ਮਿਥਿਲਾ.

ਜਨਕ ਰਾਜ: ਸੰਗਯਾ- ਬ੍ਰਹਮਗਯਾਨੀ ਜਨਕ ਜੇਹਾ ਰਾਜ. ਭੋਗ ਵਿੱਚ ਯੋਗ. "ਇਹੁ ਜਨਕਰਾਜ ਗੁਰ ਰਾਮਦਾਸ ਤੁਝ ਹੀ ਬਣਿਆਵੈ." (ਸਵੈਯੇ ਮਃ ੪. ਕੇ)

ਜਨਕਰਾਜਾ: ਦੇਖੋ, ਜਨਕ ੫। ੨. ਜਨਕ (ਵਿਦੇਹ) ਜੇਹਾ ਗ੍ਰਿਹਸਥ ਵਿੱਚ ਅਸੰਗ. "ਤੂਤਾ ਜਨਕਰਾਜਾ ਅਉਤਾਰ." (ਸਵੈਯੇ ਮਃ ੨. ਕੇ) ੩. ਜਨਕ (ਪੈਦਾ ਕਰਨ ਵਾਲਾ) ਰਾਜਾ (ਪ੍ਰਕਾਸ਼ਕ). ਜੋਤਿਰੂਪ ਕਰਤਾਰ.

ਜਨਕਾਦਿ, ਜਨਕਾਦਿਕ: ਜਨਕ- ਆਦਿ. ਗਿਣਨ ਸਮੇਂ ਜਨਕ ਹੈ ਜਿਨ੍ਹਾਂ ਦੇ ਪਹਿਲੇ, ਅਤੇ ਹੋਰ ਅਜਿਹੇ ਹੀ ਉੱਤਮ ਪੁਰੁਸ਼.

ਜਨਕੁ: ਦੇਖੋ, ਜਨਕ.

ਜਨਕੈ: ਜਾਣਕੇ. ਮਾਲੂਮ ਕਰਕੇ. " ਜੋ ਲਰਕਾ ਜਨਕੈ ਖਿਝ ਹੈ." (ਕ੍ਰਿਸਨਾਵ) "ਬੋਲੇ ਦਯਾਲੁ ਬਿਰਦ ਨਿਜ ਜਨਕੈ." (ਨਾਪ੍ਰ) ੨. ਜਨਨ ਕਰਕੇ. ਉਤਪੰਨ ਕਰਕੇ.

ਜ਼ਨਖ਼, ਜ਼ਨਖ਼ਦਾਂ: ਫ਼ਾ. زنخدان ਸੰਗਯਾ- ਠੋਡੀ. ਚਿਬੁਕ.

ਜਨਖੇ: ਦੇਖੋ, ਖੇ। ੨. ਜਨਾਕ੍ਸ਼ਿ ਸੇ. ਭਗਤਜਨਾਂ ਦੀ ਕ੍ਰਿਪਾਦ੍ਰਿਸ਼੍ਟਿ ਦ੍ਵਾਰਾ. ਕ੍ਰਿਪਾਕਟਾਕ੍ਸ਼ ਸੇ. "ਹਰਿ ਤਾਰੇ ਸੰਗਿ ਜਨਖੇ." (ਨਟ ਮਃ ੪)

ਜਨਗੇ: ਜਨਾਂ ਦੀ. ਭਗਤਜਨਾਂ ਦੀ. "ਪ੍ਰਭਿ ਰਾਖੀ ਪੈਜ ਜਨਗੇ." (ਨਟ ਮਃ ੪) ੨. ਜਨ- ਗੇਯ. ਗਾਉਣ ਯੋਗਯ ਜਨ. ਕੀਰਤਨ ਕਰਨ ਯੋਗਯ ਸਾਧੁਜਨ.

ਜਨਤਾ: ਸੰ. ਸੰਗਯਾ- ਜਨ ਸਮੂਹ. ਲੋਕ। ੨. ਸੰ. ਜਨਿਤ੍ਰਿ. ਜਣਨ ਵਾਲਾ ਪਿਤਾ ( जनितृ ) ੩. ਜਨਿਤ੍ਰੀ. ਮਾਤਾ. (जनित्री).

ਜ਼ਨਦ: ਫ਼ਾ. زند ਮਾਰਦਾ ਹੈ. ਦੇਖੋ, ਜ਼ਦਨ.

ਜਨਨ: ਦੇਖੋ, ਜਣਨ.

ਜਨਨਿ, ਜਨਨੀ: ਵਿ- ਜਣਨ ਵਾਲੀ. ਪੈਦਾ ਕਰਨਵਾਲੀ "ਨਾਨਕ ਜਨਨੀ ਧੰਨੀ ਮਾਇ." (ਮਲਾ ਮਃ ੧) ੨. ਸੰਗਯਾ- ਮਾਤਾ. ਮਾਂ. "ਜਨਨਿ ਪਿਤਾ ਲੋਕ ਸੁਤ ਬਨਿਤਾ." (ਸੋਦਰੁ) "ਜਿਉ ਜਨਨੀ ਸੁਤ ਜਣਿ ਪਾਲਤੀ." (ਗਉ ਮਃ ੪)

ਜਨਨੇਂਦ੍ਰਿਯ: ਸੰਗਯਾ- ਉਤਪੰਨ ਕਰਨ ਵਾਲਾ ਇੰਦ੍ਰਿਯ ਲਿੰਗ.

ਜਨਪਤਿ: ਪ੍ਰਜਾਪਤਿ ਰਾਜਾ। ੨. ਭਗਤਾਂ ਦਾ ਸ੍ਵਾਮੀ ਕਰਤਾਰ.

ਜਨਪਦ: ਭਗਤਜਨਾਂ ਦੇ ਚਰਣ। ੨. ਸੰ. ਸੰਗਯਾ- ਦੇਸ਼. ਲੋਕ. ਮਲਕ। ੩. ਪ੍ਰਜਾ.

ਜਨਪਦੇਸ: ਜਨਪਦ (ਦੇਸ਼ ਅਥਵਾ ਪ੍ਰਜਾ), ਉਸ ਦਾ ਈਸ਼ ਰਾਜਾ. (ਸਨਾਮਾ)

ਜਨਪੰਚ: ਦੇਖੋ, ਪੰਚਜਨ। ੨. ਦੇਖੋ, ਪੰਚਜਨਯ.

ਜਨਪ੍ਰਿਯ: ਵਿ- ਲੋਕਾਂ ਦਾ ਪਿਆਰਾ. ਸਭ ਨਾਲ ਪਿਆਰ ਰੱਖਣ ਵਾਲਾ। ੨. ਸੰਗਯਾ- ਧਣੀਆਂ। ੩. ਸੁਹਾਂਜਨੇ ਦਾ ਬਿਰਛ। ੪. ਗੁਰੂ ਨਾਨਕਦੇਵ.

ਜਨਬ: ਫ਼ਾ. جنب ਇੱਕ ਨਗਰ, ਜਿੱਥੇ ਪੁਰਾਣੇ ਸਮੇਂ ਬਹੁਤ ਉਮਦਾ ਤਲਵਾਰਾਂ ਬਣਦੀਆਂ ਸਨ. ਹੁਣ ਇਹ ਆਰਮੇਨੀਆ ਵਿੱਚ ਹੈ ਦੇਖੋ, ਜਨਬੀ.

ਜਨਬੀ, ਜਨੱਬੀ: جنبی ਜਨਬ ਦਾ ਵਸਨੀਕ। ੨. ਜਨਬ ਦੀ ਬਣੀ ਹੋਈ ਤਲਵਾਰ. ਦੇਖੋ, ਜਨਬ. "ਸੈਫ ਸਰਰੋਹੀ ਜਾਤਿ ਜਨੱਬੀ." (ਗੁਪ੍ਰਸੂ)

ਜਨਮ: ਸੰ. जन्म ਸੰਗਯਾ- ਉਤਪੱਤਿ. ਪੈਦਾਇਸ਼. "ਜਨਮ ਸਫਲੁ ਹਰਿਚਰਣੀ ਲਾਗੇ." (ਮਾਰੂ ਸੋਲਹੇ ਮਃ ੩) ੨. ਜੀਵਨ. ਜ਼ਿੰਦਗੀ.

ਜਨਮਅਸਟਮੀ: ਦੇਖੋ, ਜਨਮਾਸ਼੍ਟਮੀ. "ਜਨਮਅਸਟਮੀ ਕੋ ਦਿਨ ਆਵਾ." (ਗੁਪ੍ਰਸੂ)

ਜਨਮਸਾਖੀ: ਸੰਗਯਾ- ਜੀਵਨਵ੍ਰਿੱਤਾਂਤ. ਸਵਾਨਿਹ਼. ਉਮਰੀ. Biography । ੨. ਸ਼੍ਰੀ ਗੁਰੂ ਨਾਨਕ ਦੇਵ ਦੇ ਜੀਵਨ ਦੀ ਕਥਾ. ਗੁਰੂ ਨਾਨਕਸਾਹਿਬ ਦੀਆਂ ਅਨੇਕ ਜਨਮਸਾਖੀਆਂ ਵੇਖੀਆਂ ਜਾਂਦੀਆਂ ਹਨ, ਪਰ ਪ੍ਰਸਿੱਧ ਦੋ ਹਨ. ਇੱਕ ਭਾਈ ਬਾਲੇ ਵਾਲੀ, ਦੂਜੀ ਭਾਈ ਮਨੀ ਸਿੰਘ ਜੀ ਦੀ. ਸ੍ਵਾਰਥੀ ਲੋਕਾਂ ਨੇ ਇਨ੍ਹਾਂ ਦੇ ਅਸਲ ਰੂਪ ਨਹੀਂ ਰਹਿਣ ਦਿੱਤੇ. ਬਹੁਤ ਪ੍ਰਸੰਗ ਘਟਾ ਵਧਾ ਕੇ ਗ੍ਰੰਥ ਵਿਗਾੜ ਛੱਡੇ ਹਨ. ਦੇਖੋ, ਮਕਾਲਿਫ਼ Macauliffe ਸਾਹਿਬ ਦੀ ਸਨ ੧੯੮੫ ਵਿੱਚ ਗੁਲਸ਼ਨ ਪੰਜਾਬ ਪ੍ਰੈਸ ਰਾਵਲਪਿੰਡੀ ਵਿੱਚ ਛਪਵਾਈ ਜਨਮਸਾਖੀ ਦੀ ਭੂਮਿਕਾ.

ਜਨਮਸਿ, ਜਨਮਸੀ: ਜਨਮੇਗਾ.

ਜਨਮਸਜ: ਦੇਖੋ, ਤਸਜ.

ਜਨਮਕੁੰਡਲੀ: ਦੇਖੋ, ਜਨਮਪਤੀ.

ਜਨਮਤ: ਕ੍ਰਿ. ਵਿ- ਜਨਮਦੇ ਹੀ. ਜਨਮ ਲੈਂਦੇ ਹੀ. "ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ." (ਸਵੈਯੇ ਮਃ ੫. ਕੇ) ੨. ਕ੍ਰਿ- ਜਨਮਦਾ ਹੈ। ੩. ਸੰਗਯਾ- ਜਨ- ਮਤ. ਲੋਕਾਂ ਦਾ ਮਤ। ੪. ਭਗਤਜਨਾਂ ਦਾ ਮਤ.

ਜਨਮਦ: ਸੰ. जन्मद ਸੰਗਯਾ- ਜਨਮ ਦੇਣ ਵਾਲਾ ਪਿਤਾ। ੨. ਅਗਯਾਨ, ਜਿਸ ਤੋਂ ਆਵਾਗੌਣ ਹੁੰਦਾ ਹੈ.

ਜਨਮਦਿਨ: ਸੰਗਯਾ- ਜੰਮਣ ਦਾ ਦਿਨ. ਉਹ ਦਿਨ ਜਿਸ ਵਿੱਚ ਜਨਮ ਲਿਆ ਹੈ. ਰੋਜ਼ੇ ਪੈਦਾਯਸ਼.

ਜਨਮਪਤ੍ਰ, ਜਨਮਪਤ੍ਰਿਕਾ, ਜਨਮਪਤ੍ਰੀ: ਸੰਗਯਾ- ਉਹ ਪਤ੍ਰ, ਜਿਸ ਉੱਪਰ ਕਿਸੇ ਦੇ ਜਨਮ ਸਮੇਂ ਦੇ ਦਿਨ ਤਿਥਿ ਸਾਲ ਯੋਗ ਕਰਣ ਨਛਤ੍ਰ ਰਾਸ਼ਿ ਅਤੇ ਗ੍ਰਹਾਂ ਦੀ ਸ਼ੁਭ ਅਸ਼ੁਭ ਦਸ਼ਾ ਦਾ ਨਿਰਣਾ ਲਿਖਿਆ ਹੋਵੇ. ਜਨਮਕੁੰਡਲੀ ਦੇ ਨਿਰਣੇ ਦਾ ਚਿੱਠਾ.

ਜਨਮਪਦਾਰਥ: ਸੰਗਯਾ- ਪਦਾਰਥਰੂਪ ਜਨਮ. ਮਨੁੱਖ ਜਨਮ. "ਜਨਮਪਦਾਰਥ ਸਫਲੁ ਹੈ." (ਸ੍ਰੀ ਮਃ ੫)

ਜਨਮਭੂਮਿ: ਸੰਗਯਾ- ਉਹ ਸਥਾਨ ਅਤੇ ਦੇਸ਼, ਜਿਸ ਵਿੱਚ ਜਨਮ ਲਿਆ ਹੈ. ਸ੍ਵਦੇਸ਼.

ਜਨਮਵਿਯੋਗ: ਜਨਮ ਜਨਮਾਂਤਰਾਂ ਦਾ ਵਿਛੋੜਾ। ੨. ਜਨਮ ਅਤੇ ਦੇਹ ਨਾਲੋਂ ਜੀਵ ਦੀ ਜੁਦਾਈ (ਮਰਣ). ੩. ਉਮਰ ਦਾ ਵਿਛੋੜਾ. ਜੀਵਨਭਰ ਦਾ ਵਿਯੋਗ. "ਲਗਨਿ ਜਨਮਵਿਜੋਗ." (ਮਾਝ ਬਾਰਹਮਾਹਾ)

ਜਨਮੜਾ: ਸੰਗਯਾ- ਜਨਮ. ਉਤਪੱਤਿ. "ਬਹੁੜਿ ਨ ਹੋਵੀ ਜਨਮੜਾ." (ਵਾਰ ਮਾਰੂ ੨. ਮਃ ੫)

ਜਨਮੜੀਆਹ: ਜਨਮਦੀਆਂ. ਪੈਦਾ ਹੁੰਦੀਆਂ. "ਬਹੁੜਿ ਨ ਜਨਮੜੀਆਹ." (ਮਾਝ ਬਾਰਹਮਾਹਾ)

ਜਨਮਾਸ਼੍ਟਮੀ: ਸੰ. जन्माष्टमी ਕ੍ਰਿਸ਼ਨ ਜੀ ਦੇ ਜਨਮ ਦੀ ਅੱਠੋਂ. ਭਾਦੋਂ ਬਦੀ ੮. "ਜਨਮਾਸ੍ਟਮੀ ਰਾਮਨੌਮੀ." (ਭਾਗੁ ਕ)

ਜਨਮਾਂਤ, ਜਨਮਾਂਤੁ: ਜਨਮ ਅਤੇ ਅੰਤ (ਮਰਣ). ੨. ਜਨਮਾਂਤਰ. ਹੋਰ ਜਨਮ. "ਮੇਟਿਆ ਜਨਮਾਂਤੁ." (ਸਵੈਯੇ ਮਃ ੪. ਕੇ)

ਜਨਮਾਧੇ: ਜਨਮ ਧਾਰਦੇ. "ਬਹੁਰਿ ਬਹੁਰਿ ਜਨਮਾਧੇ." (ਆਸਾ ਮਃ ੫)

ਜਨਮਿ: ਕ੍ਰਿ. ਵਿ- ਜਨਮਕੇ. ਜੰਮਕੇ. "ਜਨਮਿ ਮਰਹਿ ਜੂਐ ਬਾਜੀ ਹਾਰੀ." (ਆਸਾ ਮਃ ੪) ੨. ਜਨਮ ਮੇਂ. "ਪੂਰਬ ਜਨਮਿ ਭਗਤਿ ਕਰਿ ਆਏ." (ਬਿਲਾ ਅਃ ਮਃ ੪)

ਜਨਮਿਮੂਏ: ਜਨਮੇ ਅਤੇ ਮਰੇ। ੨. ਜਨਮਦੇ ਹੀ ਮੋਏ। ੩. ਜਨਮ ਤੋਂ ਲੈ ਕੇ ਸਾਰੀ. ਉਮਰ ਜਿਨ੍ਹਾਂ ਨੇ ਪੁਰੁਸ਼ਾਰਥਹੀਨ ਵਿਤਾਈ ਹੈ. ਜਨਮਦੇ ਹੀ ਮੁਰਦਾ. "ਜਨਮਿਮੂਏ ਨਹਿ ਜੀਵਣ ਆਸਾ." (ਓਅੰਕਾਰ)

ਜਨਮੇਜ, ਜਨਮੇਜਯ, ਜਨਮੇਜਾ: ਅਰਜੁਨ ਦਾ ਪੜੋਤਾ, ਅਭਿਮਨੁ ਦਾ ਪੋਤਾ, ਪਰੀਕ੍ਸ਼ਿਤ ਦਾ ਪੁਤ੍ਰ, ਕੁਰੁਵੰਸ਼ੀ ਰਾਜਾ ਜਨਮੇਜਯ, ਜੋ ਸਰਪਾਂ ਦਾ ਵੈਰੀ ਸੀ.[520] ਜਨਮੇਜਯ ਦੇ ਪਿਤਾ ਪਰੀਕ੍ਸ਼ਿਤ ਨੂੰ ਤਕ੍ਸ਼ਕ ਨੇ ਕੱਟ (ਡਸ) ਲਿਆ ਸੀ, ਜਿਸ ਤੋਂ ਉਸ ਦੀ ਮੌਤ ਹੋਈ. ਜਨਮੇਜਯ ਨੇ ਬਾਪ ਦਾ ਬਦਲਾ ਲੈਣ ਲਈ ਸਰਪਮੇਧ ਯਗਯ ਰਚਿਆ, ਜਿਸ ਵਿੱਚ ਅਨੰਤ ਸਰਪ ਭਸਮ ਹੋਏ, ਅੰਤ ਨੂੰ ਆਸ੍ਤੀਕ ਰਿਖੀ ਦੀ ਗੱਲ ਮੰਨਕੇ ਜਨਮੇਜਯ ਨੇ ਸਰਪਯਗਯ ਬੰਦ ਕੀਤਾ ਅਤੇ ਤਕ੍ਸ਼ਕ ਦੀ ਜਾਨ ਬਖਸ਼ੀ. "ਜਨਮੇਜ ਰਾਜ ਮਹਾਨ." (ਗ੍ਯਾਨ) "ਰੋਵਹਿ ਜਨਮੇਜਾ ਖੁਇਗਇਆ." (ਵਾਰ ਰਾਮ ੧. ਮਃ ੧)

ਜਨਮੇਜੈ: ਜਨਮੇਜਯ ਨੇ. "ਜਨਮੇਜੈ ਗੁਰਸਬਦ ਨ ਜਾਨਿਆ." (ਗਉ ਅਃ ਮਃ ੧) ਵ੍ਯਾਸ ਦਾ ਵਾਕ ਨਾ ਮੰਨਣ ਪੁਰ ਜਨਮੇਜਯ ਨੂੰ ਰੋਗ ਨੇ ਗ੍ਰਸਿਆ। ੨. ਦੇਖੋ, ਜਨਮੇਜਯ.

ਜਨਮੋਤਸਵ: ਜਨਮ- ਉਤਸਵ. ਜਨਮਦਿਨ ਦਾ ਉਤਸਾਹ. ਸਾਲਗਿਰਹ ਦਾ ਤ੍ਯੋਹਾਰ.

ਜਨਵਾਸਾ: ਜਨਯ (ਜਨੇਤ) ਦੇ ਵਾਸ ਦਾ ਸਥਾਨ. ਉਹ ਥਾਂ, ਜਿੱਥੇ ਬਰਾਤ ਠਹਿਰਾਈ ਜਾਵੇ.

ਜਨਵਾਡਾ, ਜਨਵਾਰਾ, ਜਨਵਾੜਾ: ਹ਼ੈਦਰਾਬਾਦ ਦੱਖਣ ਦੇ ਰਾਜ ਵਿੱਚ ਬਿਦਰ ਦੇ ਪਾਸ ਇੱਕ ਨਗਰ, ਜਿਸ ਦੇ ਰਈਸ ਰੁਸਤਮਰਾਇ ਅਤੇ ਬਾਲਾਰਾਇ ਨੂੰ ਦਸ਼ਮੇਸ਼ ਨੇ ਕ਼ੈਦ ਤੋਂ ਛੁਡਾਇਆ ਸੀ.

ਜਨਵੇਸੁਰ: ਜਨਵਾੜੇ ਦਾ ਈਸ਼੍ਵਰ. ਜਨਵਾਰੇ ਦਾ ਰਈਸ. ਦੇਖੋ, ਜਨਵਾੜਾ.

ਜਨਾ: ਪੁਰੁਸ਼. ਸ਼ਖ਼ਸ. "ਅਵਰਿ ਪੰਚ ਹਮ ਏਕ ਜਨਾ." (ਗਉ ਮਃ ੧) ਅਪਰ (ਵੈਰੀ) ਪੰਜ ਅਤੇ ਮੈਂ ਇੱਕ ਜਣਾ (ਇਕੱਲਾ). ੨. ਸੰ. ਉਤਪੱਤਿ. ਪੈਦਾਇਸ਼। ੩. ਵਿ- ਜਣਿਆ ਹੋਇਆ. ਉਤਪੰਨ ਕੀਤਾ। ੪. ਜਨ ਦਾ ਬਹੁਵਚਨ. "ਸੰਤਜਨਾ ਸੁਨਹਿ ਸੁਭਬਚਨ." (ਸੁਖਮਨੀ) ੫. ਦੇਖੋ, ਜਿਨਾ ੫.

ਜਨਾਉਣਾ: ਦੇਖੋ, ਜਣਾਉਣਾ.

ਜਨਾਉਰ: ਦੇਖੋ, ਜਾਨਵਰ.

ਜਨਾਇਆ: ਗ੍ਯਾਤ ਕਰਾਇਆ. ਗ੍ਯਾਨ ਵਿੱਚ ਲਿਆਂਦਾ. "ਪ੍ਰਭੁ ਜਨਾਇਆ ਤਬ ਹੀ ਜਾਤਾ." (ਪ੍ਰਭਾ ਅਃ ਮਃ ੫) ੨. ਪੈਦਾ ਕਰਾਇਆ.

ਜਨਾਇਤ: ਦੇਖੋ, ਜਨਾਤ.

ਜਨਾਈ: ਸਮਝਾਈ. ਗ੍ਯਾਤ ਕਰਾਈ. "ਜੇਤੀ ਪ੍ਰਭੁ ਜਨਾਈ ਰਸਨਾ ਤੇਤ ਭਨੀ." (ਆਸਾ ਛੰਤ ਮਃ ੫) ੨. ਪੈਦਾ ਕਰਾਈ। ੩. ਜਣਾਉਣ ਦੀ ਮਜ਼ਦੂਰੀ ਬੱਚਾ ਪੈਦਾ ਕਰਾਉਣ ਦਾ ਹ਼ੱਕ਼.

ਜਨਾਹ: ਦੇਖੋ, ਜਿਨਾ ੫.

ਜਨਾਕ: ਵਿ- ਜਾਣਨਾ ਕਰਾਉਣਾ ਵਾਲਾ. ਗ੍ਯਾਨਦਾਤਾ. ਦੇਖੋ, ਜਨਕ ਜਨਾਕ.

---

[520] ਇਸ ਤੋਂ ਪਹਿਲਾਂ ਦੋ ਜਨਮੇਜਯ ਹੋਰ ਹੋ ਚੁਕੇ ਹਨ, ਇਸ ਲਈ ਇਸ ਨੂੰ ਜਨਮੇਜਯ ੩. ਕਹਿਣਾ ਚਾਹੀਏ.

ਜਨਾ ਕਨਾ: ਵਿ- ਹਰ ਏਕ. ਪ੍ਰਤਜੇਕ. "ਸੁਨ ਰੀਝਤ ਹੈ ਸੁ ਜਨੋਰੁ ਕਨੋ." (ਕ੍ਰਿਸਨਾਵ) ਦੇਖੋ, ਜਣਾਖਣਾ.

ਜਨਾਜਾ: ਅ਼. جنازہ ਜਨਾਜ਼ਾ. ਸੰਗਯਾ- ਲੋਥ. ਮੁਰਦਾ ਸ਼ਰੀਰ। ੨. ਮੁਰਦਾ ਸ਼ਰੀਰ ਨੂੰ ਫੂਕਣ ਦੱਬਣ ਆਦਿ ਦੀ ਥਾਂ ਲੈ ਜਾਣ ਦੀ ਕ੍ਰਿਯਾ। ੩. ਮੁਰਦੇ ਦਾ ਵਿਮਾਨ.

ਜਨਾਤ: ਅ਼. جنّات ਜੱਨਾਤ. ਸੰਗਯਾ- ਜੰਨਤ ਦਾ ਬਹੁਵਚਨ. ਬਗ਼ੀਚੇ. ਬਾਗ਼। ੨. ਦੇਖੋ, ਜਿੱਨਾਤ। ੩. ਹਿੰ. ਗਯਾਨ ਕਰਾਤ. ਜਣਾਉਂਦਾ ਹੈ. ਦੇਖੋ, ਜਾਨਾਤ.

ਜਨਾਨਾ: ਹਿੰ. ਕ੍ਰਿ- ਜਤਾਨਾ. ਮਾਲੂਮ ਕਰਾਉਣਾ। ੨. ਉਤਪੰਨ ਕਰਾਉਣਾ. ਜਮਾਉਣਾ। ੩. ਫ਼ਾ. زنانہ ਵਿ- ਇਸਤ੍ਰੀ ਨਾਲ ਸੰਬੰਧਿਤ. ਇਸਤ੍ਰੀਆਂ ਦਾ.

ਜਨਾਬ: ਅ਼. جناب ਸੰਗਯਾ- ਆਦਰ ਬੋਧਕ ਸ਼ਬਦ. ਮਹਾਸ਼ਯ. ਸ਼੍ਰੀ ਮਾਨ. ਮਹੋਦਯ.

ਜਨਾਰਦਨ: ਸੰ. ਜਨਾਦੰਨ. ਵਿ- ਜਨਮ ਨਾਸ਼ ਕਰਤਾ. ਜਨਮ ਦੇ ਮਿਟਾਉਣ ਵਾਲਾ. ਜਿਸ ਦੀ ਕ੍ਰਿਪਾ ਨਾਲ ਪੁਨਰਜਨਮ ਨਾ ਹੋਵੇ। ੨. ਲੋਕਾਂ ਨੂੰ ਦੁਖ ਦੇਣ ਵਾਲਾ. ਲੋਕਵਿਨਾਸ਼ਕ। ੩. ਸੰਗਯਾ- ਵਿਸ਼ਨੁ.

ਜਨਾਵਰ: ਦੇਖੋ, ਜਾਨਵਰ। ੨. ਪੰਛੀ. "ਗਯਾਨ ਜਨਾਵਰ ਕੀ ਲਈ ਬਾਜ ਹ੍ਵੈ ਚਾਖੀ." (ਕ੍ਰਿਸਨਾਵ)

ਜਨਿ: ਸੰ. ਸੰਗਯਾ- ਉਤਪੱਤਿ. ਜਨਮ। ੨. ਮਾਤਾ. ਮਾਂ। ੩. ਜਨਮਭੂਮਿ.

ਜਨਿਅਤ: ਜਾਨੀਅਤ. ਜਾਣੀਦਾ. "ਜਾਕੋ ਰੂਪ ਰੰਗ ਨਹਿ ਜਨਿਅਤ." ( ਹਜਾਰੇ ੧੦)

ਜਨਿਤ: ਸੰ. ਵਿ- ਪੈਦਾ ਹੋਇਆ. "ਮੋਹ ਜਨਿਤ ਸੰਸੈ ਸਭ ਹਰਹੀਂ." (ਨਾਪ੍ਰ) ੨. ਉਤਪੰਨ ਕੀਤਾ ਹੋਇਆ.

ਜਨਿੰਦਾ: ਵਿ- ਜਾਣਨ ਵਾਲਾ. ਗਯਾਤਾ।੨ ਜਨਨ ਕਰਿੰਦਾ. ਉਤਪੰਨ ਕਰਤਾ.

ਜਨਿੰਦ੍ਰ: ਜਨ- ਇੰਦ੍ਰ. ਜਨੇਂਦ੍ਰ. ਜਨਾ ਦਾ ਸ੍ਵਾਮੀ. ਨਰਪਤਿ. ਰਾਜਾ। ੨. ਭਗਤਾਂ ਦਾ ਸ੍ਵਾਮੀ ਕਰਤਾਰ. "ਸ੍ਰੀ ਜਨਿੰਦ੍ਰ ਕੋ ਚੋਜ ਬਿਸਾਲਾ." (ਸਲੋਹ)

ਜਨਿਯਤ: ਜਾਣੀਦਾ. ਦੇਖੋ, ਜਨਿਅਤ. "ਅਧਿਕ ਰੂਪ ਜਨਿਯਤ ਤਾਂਕੋ ਜਗ." (ਚਰਿਤ੍ਰ ੨੫੧) "ਜਗਤ ਭਯੋ ਤਾਂਤੇ ਸਭ ਜਨਿਯਤ." (ਚੌਬੀਸਾਵ)

ਜਨੀ: ਜਨੀਂ. ਜਨਾਂ ਨੇ. ਸੇਵਕਾਂ ਨੇ. "ਇਹ ਬੀਚਾਰੀ ਹਰਿਜਨੀ." (ਬਸੰ ਮਃ ੫) ੨. ਜਾਣੀ. ਸਮਝੀ. "ਮੂਰਖ ਬਾਤ ਜਨੀ ਨ ਕਛੂ." (ਕ੍ਰਿਸਨਾਵ) ੩. ਸੰ. ਦਾਸੀ। ੪. ਭਾਰਯਾ. ਜੋਰੂ। ੫. ਇਸਤ੍ਰੀ. ਨਾਰੀ.

ਜਨੀਂ: ਜਨਾਂ ਨੇ. ਦੇਖੋ, ਜਨੀ ੧.

ਜਨੀਆ: ਦੇਖੋ, ਜਨੀ ੩. ਅਤੇ ਰਾਮਜਨੀਆ.

ਜਨੀਯਤ: ਦੇਖੋ, ਜਨਿਅਤ, ਜਨਿਯਤ ਅਤੇ ਜਾਨੀਯਤ.

ਜਨੁ: ਸੇਵਕ ਦਾਸ. ਦੇਖੋ, ਜਨ ੬. "ਜਨੁ ਨਾਨਕ ਮੰਗੈ ਦਾਨੁ." (ਵਾਰ ਰਾਮ ੨. ਮਃ ੫) ੨. ਪੁਰਖ. ਮਨੁੱਖ. ਦੇਖੋ, ਜਨ ੭. "ਸੰਤ ਸਰਨਿ ਜੋ ਜਨੁ ਪਰੈ." (ਸੁਖਮਨੀ) ੩. ਕ੍ਰਿ. ਵਿ- ਮਾਨੋ. ਜਾਣੀਓਂ. ਗੋਯਾ. "ਸ੍ਰੋਣਤ ਧਾਰ ਚਲੀ ਨਭ ਕੋ ਜਨੁ ਸੂਰ ਕੋ ਰਾਮ ਜਲਾਂਜੁਲਿ ਦੀਨੋ." (ਚੰਡੀ ੧) "ਨਾਮ ਸੁਨਤ ਜਨੁ ਬਿਛੂਅ ਡਸਾਨਾ." (ਰਾਮ ਮਃ ੫) ੪. ਸੰ. ਜਨਮ. ਉਤਪੱਤਿ.

ਜਨੁਕ, ਜਨੁਕਰ: ਕ੍ਰਿ. ਵਿ- ਜਾਣੀਓਂ. ਮਾਨੋ. ਗੋਯਾ. "ਜਨੁਕਰ ਜਏ ਨ ਕਾਂਖ ਤੇ." (ਚਰਿਤ੍ਰ ੧੨੫) ਜਾਣੀਓ ਮਾਂ ਦੀ ਕੁੱਖ ਤੋਂ ਪੈਦਾ ਨਹੀਂ ਹੋਏ.

**ਜਨੁਕੀਸ਼:** ਜਨੁਕ- ਈਸ਼. ਮਾਨੋ ਬ੍ਰਹਮਾ ਨੇ. "ਆਪ ਹਾਥ ਜਨੁਕੀਸ ਸਵਾਰੀ." (ਚਰਿਤ੍ਰ ੨੨੦) ਮਾਨੋ ਬ੍ਰਹਮਾ ਨੇ ਆਪਣੇ ਹੱਥੀਂ ਰਚੀ ਹੈ.

**ਜਨੁਵਨਿ:** ਯੌ. ਜਾਨ੍ਹਵੀ (ਗੰਗਾ) ਧਾਰਨ ਵਾਲੀ ਪ੍ਰਿਥਿਵੀ. "ਜਨੁਵਨਿ ਪਦ ਕੋ ਆਦਿ ਉਚਾਰੋ। ਜਾਚਰ ਕਹਿ ਨਾਯਕ ਪਦ ਡਾਰੋ। ਸਤ੍ਰੁ ਸਬਦ ਕੋ ਬਹੁਰ ਭਣਿੱਜੈ। ਨਾਮ ਤੁਫੰਗ ਚੀਨ ਚਿਤ ਲਿੱਜੈ." (ਸਨਾਮਾ) ਜਾਨ੍ਹਵੀ ਧਾਰਣ ਵਾਲੀ ਪ੍ਰਿਥਿਵੀ, ਉਸ ਤੋਂ ਜਾ (ਪੈਦਾ ਹੋਇਆ) ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਨਾਯਕ ਸ਼ੇਰ, ਉਸ ਦੀ ਵੈਰਣ ਬੰਦੂਕ਼.

**ਜਨੂਆ:** ਜਨਾਂ ਦੀ. ਭਗਤਾਂ ਦੀ. "ਧੂਰਿ ਪੁਨੀਤ ਤੇਰੇ ਜਨੂਆ." (ਬਾਵਨ) ੨. ਜਨ (ਸੇਵਕ) ਨਾਲ ਹੈ ਜਿਸ ਦਾ ਸੰਬੰਧ.

**ਜਨੂਨ:** ਅ਼. جنُوں ਸੰਗਯਾ- ਦੀਵਾਨਗੀ. ਪਾਗਲਪਨ. ਦੇਖੋ, ਸਿਰੜ.

**ਜਨੂਬ:** ਅ਼. جنُوب ਸੰਗਯਾ- ਦੱਖਣ ਦਿਸ਼ਾ. ਦੇਖੋ, ਦਿਸ਼ਾ.

**ਜਨੂਬੀ:** ਵਿ- ਜਨੂਬ (ਦੱਖਣ) ਨਾਲ ਹੈ ਜਿਸ ਦਾ ਸੰਬੰਧ. ਦੱਖਣੀ.

**ਜਨੇਊ:** ਸੰਗਯਾ- ਯਗ੍ਯੋਪਵੀਤ. ਜੰਞੂ. ਬ੍ਰਹ੍ਮਸੂਤ੍ਰ. "ਸਤ ਵਿਣ ਸੰਜਮ, ਜਤ ਵਿਣ ਕਾਹੇ ਜਨੇਊ?" (ਰਾਮ ਅਃ ਮਃ ੧) ਹਿੰਦੂਮਤ ਦੇ ਸ਼ਾਸਤ੍ਰਾਂ ਵਿੱਚ ਜਨੇਊ ਬਣਾਉਣ ਦੀ ਵਿਧਿ ਇਉਂ ਹੈ:-

ਵੇਦਮੰਤ੍ਰ ਪੜ੍ਹਕੇ ਖੇਤ ਵਿੱਚੋਂ ਕਪਾਹ ਲੈਣੀ, ਉਸ ਦੀ ਰੂੰ ਹੱਥਾਂ ਨਾਲ ਕੱਢਕੇ ਖੂਹ ਦੀ ਮਣ ਉੱਤੇ ਬੈਠਕੇ ਲਾਟੂ ਫੇਰਕੇ ਸੂਤ ਕੱਤਣਾ, ਖੂਹ ਵਿੱਚ ਲਟਕਾਇਆ ਹੋਇਆ ਲਾਟੂ ਆਪਣੇ ਚਕ੍ਰ ਨਾਲ ਤਾਗੇ ਨੂੰ ਵੱਟ ਦਿੰਦਾ ਹੋਇਆ ਜਦ ਇਤਨਾ ਲੰਮਾ ਸੂਤ ਬਣਾ ਦੇਵੇ ਕਿ ਜਿਸ ਨਾਲ ਜਨੇਊ ਦਾ ਪ੍ਰਮਾਣ ਪੂਰਾ ਹੋ ਜਾਵੇ, ਤਦ ਉਸ ਤਾਗੇ ਨੂੰ ਤਿਹਰਾ ਕਰਕੇ ਇੱਕ ਡੋਰ ਵੱਟਣੀ. ਇਨ੍ਹਾਂ ਤਿਹਰੀ ਤਿੰਨ ਡੋਰਾਂ ਦਾ ਇੱਕ ਅਗ੍ਰ ਹੁੰਦਾ ਹੈ. ਦੋ ਅਗ੍ਰਾਂ ਦਾ ਇਕ ਜਨੇਊ ਬਣਦਾ ਹੈ, ਜੋ ਦ੍ਵਿਜਾਂ ਦੇ ਪਹਿਰਣ ਯੋਗ੍ਯ ਹੁੰਦਾ ਹੈ. ਇਹ ਖੱਬੇ ਮੋਢੇ ਤੇ ਪਹਿਨਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਹੈ. ਪਿਤ੍ਰਿਕਰਮ ਕਰਨ ਵੇਲੇ ਸੱਜੇ ਮੋਢੇ ਤੇ ਪਹਿਰੀਦਾ ਹੈ.

ਮਨੁ ਦੇ ਮਤ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਸ ਦਾ, ਕ੍ਸ਼ਤ੍ਰੀ ਦਾ ਸਣ ਦਾ ਅਤੇ ਵੈਸ਼੍ਯ ਦਾ ਮੀਢੇ ਦੀ ਉੱਨ ਦਾ ਹੋਣਾ ਚਾਹੀਏ. ਜਨੇਊਸੰਸਕਾਰ ਸਮੇਂ ਬ੍ਰਾਹਮਣ ਨੂੰ ਕਾਲੇ ਹਰਿਣ ਦੀ, ਕ੍ਸ਼ਤ੍ਰੀ ਨੂੰ ਲਾਲ ਮ੍ਰਿਗ ਦੀ ਅਤੇ ਵੈਸ਼੍ਯ ਨੂੰ ਬੱਕਰੇ ਦੀ ਖੱਲ ਪਹਿਰਨੀ ਚਾਹੀਏ, ਅਰ ਬ੍ਰਾਹਮਣ ਨੂੰ ਬਿੱਲ ਜਾਂ ਪਲਾਹ ਦਾ, ਕ੍ਸ਼ਤ੍ਰੀ ਨੂੰ ਵਟ (ਬੋਹੜ) ਦਾ ਅਤੇ ਵੈਸ਼੍ਯ ਨੂੰ ਪੀਲੂ ਵ੍ਰਿਕ੍ਸ਼ (ਮਾਲ) ਦਾ ਡੰਡਾ ਧਾਰਨ ਕਰਨਾ ਚਾਹੀਏ.

ਗਰਭ ਤੋਂ ਲੈ ਕੇ ਬ੍ਰਾਹਮਣ ਦਾ ਅੱਠਵੇਂ, ਕ੍ਸ਼ਤ੍ਰੀ ਦਾ ਗ੍ਯਾਰਵੇਂ ਅਤੇ ਵੈਸ਼੍ਯ ਦਾ ਬਾਰ੍ਹਵੇਂ ਵਰ੍ਹੇ ਜਨੇਊਸੰਸਕਾਰ ਹੋਣਾ ਚਾਹੀਏ.

ਨਾਰਦ ਦੇ ਮਤ ਅਨੁਸਾਰ ਬ੍ਰਾਹਮਣ ਦਾ ਬਸੰਤ ਰੁੱਤ ਵਿੱਚ, ਕ੍ਸ਼ਤ੍ਰੀ ਦਾ ਗ੍ਰੀਖਮ ਵਿੱਚ ਅਤੇ ਵੈਸ਼੍ਯ ਦਾ ਸ਼ਰਦ ਰੁੱਤ ਵਿੱਚ ਜਨੇਊਸੰਸਕਾਰ ਹੋਣਾ ਯੋਗ੍ਯ ਹੈ.

**ਜਨੇਊ ਦਾ ਹੱਥ, ਜਨੇਊ ਦਾ ਵਾਰ:** ਤਲਵਾਰ ਦਾ ਇੱਕ ਵਾਰ, ਜੋ ਜਨੇਊ ਵਾਂਙ ਜ਼ਖ਼ਮ ਦਾ ਨਿਸ਼ਾਨ ਕਰੇ. ਅਰਥਾਤ- ਖੱਬੇ ਮੋਢੇ ਤੋਂ ਸੱਜੀ ਵੱਖੀ ਤੀਕ ਸ਼ਰੀਰ ਚੀਰਕੇ ਦੋ ਟੁੱਕ ਕਰ ਦੇਵੇ.

**ਜਨੇਸ਼:** ਸੰਗਯਾ- ਜਨ- ਈਸ਼. ਪ੍ਰਜਾ ਦਾ ਸ੍ਵਾਮੀ ਰਾਜਾ। ੨. ਕਰਤਾਰ.

**ਜਨੇਤ:** ਸੰਗਯਾ- ਬਰਾਤ. ਜੰਞ. ਦੇਖੋ, ਜਨਯ ੪. ਅਤੇ ੧੧.

**ਜਨੇਤਾ:** ਡਿੰਗ. ਸੰਗਯਾ- ਪਿਤਾ. ਸੰ. ਜਨਿਤ੍ਰਿ (जनितृ).

**ਜਨੇਤੀ:** ਬਰਾਤੀ. ਜਾਂਞੀ। ੨. ਡਿੰਗ. ਮਾਤਾ. ਸੰ. ਜਨਿਤ੍ਰੀ (जनित्री).

**ਜਨੇਂਦ੍ਰ:** ਜਨ- ਇੰਦ੍ਰ. ਰਾਜਾ. ਨ੍ਰਿਪਤਿ। ੨. ਕਰਤਾਰ.

ਜਨੇਵਨ: ਜਨੇਊਅਨ. ਜਨੇਊਆਂ ਨੂੰ. "ਤੁਮ ਤੋਰ ਜਨੇਵਨ ਦੇਹੁ ਅਬੈ." (ਗਜਾਨ)

ਜਨੈਕੈ: ਜਣਾਕੇ. ਮਾਲੂਮ ਕਰਾਕੇ. "ਅਤਿ ਓਜ ਅਖੰਡ ਜਨੈਕੈ." (ਕ੍ਰਿਸਨਾਵ) ੨. ਪੈਦਾ ਕਰਵਾਕੇ.

ਜਨੰਮ: ਦੇਖੋ, ਜਨਮ. "ਕੋਟਿ ਜਨੰਮ ਕਹਾ ਦੁਖ ਭਉ." (ਸਵੈਯੇ ਸ੍ਰੀ ਮੁਖਵਾਕ ਮਃ ੫)

ਜਨ੍ਹ: ਸੰ. ਜਨ੍ਹੁ ਇੱਕ ਚੰਦ੍ਰਵੰਸ਼ੀ ਰਾਜਾ, ਜੋ ਪੁਰੂਰਵਾ ਦੀ ਕੁਲ ਵਿੱਚ ਹੋਇਆ ਹੈ. ਇਸ ਦੇ ਪਿਤਾ ਦਾ ਨਾਮ ਸੁਹੋਤ੍ਰ ਅਤੇ ਮਾਤਾ ਦਾ ਨਾਮ ਕੇਸ਼ਿਨੀ ਸੀ. ਇਸ ਦੀ ਇਸਤ੍ਰੀ ਕਾਬੇਰੀ ਸੀ. ਦੇਖੋ, ਜਨ੍ਹੁਸੁਤਾ.

ਜਨ੍ਹੁਸੁਤਾ, ਜਨ੍ਹੁਕਨਜਾ, ਜਨ੍ਹੁਜਾ, ਜਨ੍ਹੁਤਨਿਯਾ, ਜਨ੍ਹੁਪੁਤ੍ਰੀ: ਜਨ੍ਹ ਦੀ ਪੁਤ੍ਰੀ ਗੰਗਾ. ਦੇਖੋ, ਜਨ੍ਹ. ਹਰਿਵੰਸ਼ ਵਿੱਚ ਕਥਾ ਹੈ ਕਿ ਇੱਕ ਵਾਰ ਗੰਗਾ ਜਨ੍ਹੁ ਨੂੰ ਪਤੀ ਬਣਾਉਣ ਲਈ ਗਈ, ਪਰ ਜਨ੍ਹ ਨੇ ਉਸ ਦੀ ਇੱਛਾ ਪੂਰੀ ਨਾ ਕੀਤੀ, ਇਸ ਪੁਰ ਕ੍ਰੋਧ ਵਿੱਚ ਆਕੇ ਗੰਗਾ ਨੇ ਜਦ ਜਨ੍ਹ ਦਾ ਆਸ਼੍ਰਮ ਡੁਬੋਣਾ ਚਾਹਿਆ ਤਾਂ ਜਨ੍ਹ ਨੇ ਗੰਗਾ ਪੀ ਲਈ. ਫੇਰ ਰਿਖੀਆਂ ਕਹਿਣ ਪੁਰ ਸ਼ਰੀਰ ਵਿੱਚੋਂ ਕੱਢੀ, ਇਸ ਲਈ ਗੰਗਾ ਦਾ ਨਾਮ ਜਨ੍ਹੁਸੁਤਾ ਅਤੇ ਜਾਨ੍ਹਵੀ ਹੋਇਆ.

ਰਾਮਾਇਣ ਅਤੇ ਵਿਸ਼ਨੁਪੁਰਾਣ ਵਿੱਚ ਕਥਾ ਹੈ ਕਿ ਜਦ ਰਾਜਾ ਭਗੀਰਥ ਆਪਣੇ ਪਿਤਰਾਂ ਦੇ ਉੱਧਾਰ ਵਾਸਤੇ ਗੰਗਾ ਲੈ ਜਾ ਰਿਹਾ ਸੀ, ਤਦ ਜਨ੍ਹੁ ਯਗਜ ਕਰ ਰਿਹਾ ਸੀ. ਜਦ ਗੰਗਾ ਨੇ ਯਗਜਸ਼ਾਲਾ ਡੁਬੋ ਦਿੱਤੀ, ਤਦ ਗੁੱਸੇ ਵਿੱਚ ਆਕੇ ਜਨ੍ਹ ਨੇ ਗੰਗਾ ਪੀਲਈ. ਭਗੀਰਥ ਦੀ ਪ੍ਰਾਰਥਨਾ ਪੁਰ ਜਨ੍ਹੁ ਨੇ ਗੰਗਾ ਨੂੰ ਕੰਨ ਦੇ ਰਸਤੇ ਸ਼ਰੀਰ ਤੋਂ ਬਾਹਰ ਕੱਢਿਆ, ਤਦ ਜਨ੍ਹੁਸੁਤਾ ਨਾਮ ਹੋਇਆ.

ਭਾਗਲਪੁਰ ਦੇ ਪੱਛਮ, ਸੁਲਤਾਨਗੰਜ (E. I. Ry.) ਪਾਸ ਜਨ੍ਹੁ ਦਾ ਆਸ਼੍ਰਮ ਵੇਖਿਆ ਜਾਂਦਾ ਹੈ.

ਜੱਨ: ਅ਼. ظن ਜਨ. ਭਰਮ. ਸ਼ੱਕ. ਸੰਦੇਹ. ਬਦਗੁਮਾਨੀ.

ਜੱਨਤ: ਅ਼. جنّت ਸੰਗਯਾ- ਸਬਜ਼ ਟਾਹਣੀਆਂ ਨਾਲ ਜਿਸ ਦੀ ਜ਼ਮੀਨ ਢਕੀ ਹੋਵੇ, ਉਹ ਬਾਗ਼। ੨. ਸੁਰਗ ਦਾ ਬਾਗ਼। ੩. ਸ੍ਵਰਗ. ਬਹਿਸ਼ਤ.

ਜਨਯ: ਸੰ. ਸੰਗਯਾ- ਯੁੱਧ. ਜੰਗ। ੨. ਬਾਜ਼ਾਰ। ੩. ਨਿੰਦਾ। ੪. ਜਨੇਤੀ. ਬਰਾਤੀ। ੫. ਜਾਮਾਤਾ. ਦਾਮਾਦ। ੬. ਬੇਟਾ। ੭. ਸ਼ਰੀਰ. ਦੇਹ। ੮. ਸ਼ਿਵ। ੯. ਜਨਮ। ੧੦. ਜਾਤਿ। ੧੧. ਜਨ (ਲੋਕਾਂ) ਦਾ ਸਮੁਦਾਯ। ੧੨. ਵਿ- ਪੈਦਾ ਹੋਇਆ. ਉਪਜਿਆ। ੧੩. ਕਿਸੇ ਦੇਸ਼ ਅਥਵਾ ਜਾਤਿ ਨਾਲ ਸੰਬੰਧ ਰੱਖਣ ਵਾਲਾ.

ਜਪ: ਸੰ. ਜਪ੍ ਧਾ- ਜਪਨਾ, ਮਨ ਵਿੱਚ ਕਹਿਣਾ। ੨. ਸੰਗਯਾ- ਮੰਤ੍ਰਪਾਠ. "ਜਪਹੀਨ ਤਪਹੀਨ ਕੁਲਹੀਨ ਕਰਮਹੀਨ." (ਗਉ ਨਾਮਦੇਵ) ਸੰਸਕ੍ਰਿਤ ਗ੍ਰੰਥਾਂ ਵਿੱਚ ਜਪ ਤਿੰਨ ਪ੍ਰਕਾਰ ਦਾ ਹੈ-

(ੳ) ਵਾਚਿਕ, ਜੋ ਸਪਸ਼੍ਟ ਅੱਖਰਾਂ ਵਿੱਚ ਕੀਤਾ ਜਾਵੇ, ਜਿਸ ਨੂੰ ਸੁਣਕੇ ਸ਼੍ਰੋਤਾ ਅਰਥ ਸਮਝ ਸਕੇ. (ਅ) ਉਪਾਂਸ਼ੁ, ਜੋ ਹੋਠਾਂ ਅੰਦਰ ਬਹੁਤ ਧੀਮੀ ਆਵਾਜ਼ ਨਾਲ ਕੀਤਾ ਜਾਵੇ, ਜਿਸ ਨੂੰ ਬਹੁਤ ਪਾਸ ਬੈਠਣ ਵਾਲਾ ਭੀ ਨਾ ਸਮਝ ਸਕੇ.

(ੲ) ਮਾਨਸ, ਜੋ ਮਨ ਦੇ ਚਿੰਤਨ ਤੋਂ ਕੀਤਾ ਜਾਵੇ.[521]

ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰਾਂ ਦੇ ਜਪ ਦੀ ਗਿਣਤੀ, ਭਿੰਨ ਭਿੰਨ ਸਾਮਗ੍ਰੀ ਅਤੇ ਜੁਦੇ ਜੁਦੇ ਫਲ ਅਨੇਕ ਜਾਪਕਾਂ ਨੇ ਲਿਖੇ ਹਨ, ਜਿਸ ਦੀ ਨਕਲ ਕਿਸੇ ਸਿੱਖ ਨੇ ਗੁਰੂ ਸਾਹਿਬ ਦਾ ਨਾਮ ਲੈਕੇ "ਸਰਧਾਪੂਰਕ" ਪੁਸ੍ਤਕ ਵਿੱਚ ਭੀ ਕੀਤੀ ਹੈ। ੩. ਉਹ ਮੰਤ੍ਰ ਅਥਵਾ ਵਾਕ, ਜਿਸ ਦਾ ਜਪ ਕੀਤਾ ਜਾਵੇ। ੪. ਦੇਖੋ, ਜਪੁ ਅਤੇ ਜਪੁਜੀ.

ਜਪਈ: ਜਪਦਾ. "ਨਾਮੁ ਨ ਜਪਈ ਕਿਉ ਸੁਖ ਪਾਵੈ?" (ਮਾਰੂ ਅਃ ਮਃ ੧)

ਜਪਸਿ: ਜਪਦਾ. "ਹਰਿ ਕਾ ਨਾਮ ਨ ਜਪਸਿ ਗਵਾਰਾ." (ਸੋਰ ਕਬੀਰ) ੨. ਜਪੇਗਾ.

---

[521] ਦੇਖੋ, ਹਾਰੀਤ ਸਿਮ੍ਰਿਤਿ ਅਃ ੪, ਸ਼ ੪੦ ਤੋਂ ੪੪.

ਜਪਹ, ਜਪਹਿ, ਜਪਹਿਂ: ਜਪਦਾ ਹੈ. ਜਪਦੇ ਹਨ.

ਜਪਹੁ: ਜਪੋ. ਜਪ ਕਰੋ. "ਹਰਿ ਹਰਿ ਨਾਮ ਜਪਹੁ ਜਪੁ ਰਸਨਾ." (ਸੁਖਮਨੀ) ੨. ਜਾਣੋ. ਸਮਝੋ. ਦੇਖੋ, ਗਜਪ (ज्ञप्) ਧਾ. "ਐਸਾ ਗਿਆਨ ਜਪਹੁ ਮਨ ਮੇਰੇ." (ਸੂਹੀ ਮਃ ੧)

ਜਪਜੀ: ਦੇਖੋ, ਜਪੁ ਅਤੇ ਜਪੁਜੀ.

ਜਪਣਾ: ਦੇਖੋ, ਜਪਨ.

ਜਪਤ: ਜਾਪ ਕਰਤ. "ਜਪਤ ਜਪਤ ਭਏ ਦੀਨ ਦਇਆਲਾ." (ਆਸਾ ਮਃ ੫) ੨. ਦੇਖੋ, ਜਬਤ. "ਸੋ ਸਭ ਜਪਤ ਕਰੋਂ ਘਰ ਬਾਰਾ." (ਗੁਪ੍ਰਸੂ)

ਜਪਨ, ਜਪਨਾ: ਸੰ. ਸੰਗਯਾ- ਜਪਣ ਦਾ ਕੰਮ. ਜਪ. "ਮਨ ਹਰਿ ਹਰਿ ਜਪਨ ਕਰੇ." (ਸ੍ਰੀ ਮਃ ੪. ਵਣਜਾਰਾ) ੨. ਕ੍ਰਿ- ਜਾਪ ਕਰਨਾ। ੩. ਵਿ- ਜਪਨੀਯ. ਜਪ ਕਰਨ ਯੋਗਯ. "ਨਾਨਕ ਜਾਪ ਜਪੈ ਹਰਿ ਜਪਨਾ." (ਗਉ ਮਃ ੫)

ਜਪਨੀ: ਸੰਗਯਾ- ਜਪਮਾਲਾ, ਜਿਸ ਨਾਲ ਜਪ ਕੀਤਾ ਜਾਵੇ. ਦੇਖੋ, ਜਪਮਾਲਾ. "ਮੋਕਉ ਦੇਹੁ ਹਰੇ ਹਰਿ ਜਪਨੀ." (ਆਸਾ ਮਃ ੫) "ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ?" (ਸ. ਕਬੀਰ) ੨. ਗੋਮੁਖੀ. ਉਹ ਥੈਲੀ ਜਿਸ ਵਿੱਚ ਮਾਲਾ ਫੇਰੀ ਜਾਂਦੀ ਹੈ.

ਜਪਨੀਯ: ਸੰ. ਵਿ- ਜਪਨ ਯੋਗਯ. ਜੋ ਜਪ ਕਰਨ ਲਾਇਕ ਹੋਵੇ.

ਜਪਨੁ: ਦੇਖੋ, ਜਪਨ. "ਹਰਿ ਹਰਿ ਜਪਨੁ ਜਪਉ ਦਿਨ ਰਾਤੀ." (ਧਨਾ ਮਃ ੪)

ਜਪਨੇ: ਦੇਖੋ, ਜਪਨੀਯ. "ਹਰਿ ਕਾ ਜਾਪੁ ਜਪਹੁ ਜਪੁ ਜਪਨੇ." (ਮਾਰੂ ਸੋਲਹੇ ਮਃ ੫) ਹਰਿਨਾਮ ਦਾ ਜਾਪ ਜਪੋ, ਜੋ ਜਪਨੀਯ ਜਪ ਹੈ.

ਜਪ ਭਾ: ਸੰਗਯਾ- ਜਪ ਦਾ ਚਮਤਕਾਰ. ਨਾਮ ਦਾ ਪ੍ਰਕਾਸ਼. ਦੇਖੋ, ਭਾ. "ਮੁਏ ਜੀਵੇ ਹਰਿਜਪ ਭਾ." (ਪ੍ਰਭਾ ਮਃ ੪)

ਜਮਪਾਲ, ਜਪਮਾਲਾ: ਜਪ ਕਰਨ ਦੀ ਮਾਲਾ. ਜਪਨੀ. ਸਿਮਰਨੀ. ਹਿੰਦੂਮਤ ਦੇ ਗ੍ਰੰਥਾਂ ਵਿੱਚ ਮਾਲਾ ਤਿੰਨ ਪ੍ਰਕਾਰ ਦੀ ਲਿਖੀ ਹੈ-

(ੳ) ਕਰਮਾਲਾ (ਅੰਗੁਲੀਆਂ ਉੱਪਰ ਗਿਣਤੀ ਕਰਨੀ)(ਅ) ਵਰਣਮਾਲਾ ( ਅ ਤੋਂ ਕ੍ਸ਼ ਤੀਕ ਅੱਖਰਾਂ ਨੂੰ ਮਾਲਾ ਕਲਪਨਾ, ਜਿਵੇਂ- ੳ ਤੋਂ ੜ ਤੀਕ ਗਿਣਤੀ ਲਈ ਅੱਖਰ ਥਾਪੀਏ).

(ੲ) ਅਕ੍ਸ਼ਮਾਲਾ (ਮਣਕਿਆਂ ਦੀ ਮਾਲਾ), ਜੋ ਰੁਦ੍ਰਾਕ੍ਸ਼, ਕਮਲ ਦੇ ਬੀਜ, ਹਾਥੀਦੰਦ, ਸ਼ੰਖ ਦੇ ਟੁਕੜੇ, ਚੰਦਨ, ਤੁਲਸੀ, ਮੋਤੀ, ਬਿਲੌਰ, ਮੂੰਗਾ, ਸੁਵਰਣ (ਸੋਨੇ) ਆਦਿ ਦੇ ਮਣਕਿਆਂ ਤੋਂ ਬਣਾਈ ਜਾਂਦੀ ਹੈ.

ਯੋਗਿਨੀਤੰਤ੍ਰ ਵਿੱਚ ਮਹਾਦੇਵ ਦਾ ਵਚਨ ਹੈ ਕਿ ਪੱਚੀ ਮਣਕਿਆਂ ਦੀ ਮਾਲਾ ਮੁਕਤਿਦਾਇਕ, ਸਤਾਈ ਦੀ ਪੁਸ਼੍ਿਕਾਰਕ, ਤੀਸ ਦੀ ਧਨਦਾਇਕ, ਪਚਾਸ ਦੀ ਮੰਤ੍ਰਸਿੱਧੀ ਕਰਨ ਵਾਲੀ ਅਤੇ ਇੱਕ ਸੌ ਅੱਠ ਮਣਕੇ ਦੀ ਸਰਵਸਿੱਧੀ ਦੇਣ ਵਾਲੀ ਹੈ.

ਤੰਤ੍ਰਸ਼ਾਸਤ੍ਰ ਵਿੱਚ ਲਿਖਿਆ ਹੈ ਕਿ-

अ आ इ ई उ ऊ ऋ ॠ लृ ॠ ए ऐ ओ औ अं अः

क ख ग घ ङ। च छ ज झ ञ। ट ठ ड ढ ण।

त थ द ध न। प फ ब भ। य र ल व श ष स ह क्ष.

ਇਨ੍ਹਾਂ ਪੰਜਾਹ ਅੱਖਰਾਂ ਦਾ ਅਨੁਲੋਮ, ਪ੍ਰਤਿਲੋਮ (ਸਿੱਧਾ ਪੁਠਾ) ਪਾਠ ਕਰਨ ਤੋਂ ਸੌ ਗਿਣਤੀ ਹੁੰਦੀ ਹੈ. ਫੇਰ ਇਨ੍ਹਾਂ ਹੀ ਅੱਖਰਾਂ

ਵਿੱਚੋਂ ਵਰਗਾਂ ਦੇ ਮੁੱਢ ਦਾ ਇੱਕ ਇੱਕ ਅੱਖਰ (अ क च ट त प य श) ਲੈਣ ਤੋਂ ਅੱਠ ਦੀ ਗਿਣਤੀ ਹੁੰਦੀ ਹੈ. ਇਸ ਹਿਸਾਬ ਸਰਵਮੰਤ੍ਰਮਈ ੧੦੮ ਮਣਕੇ ਦੀ ਮਾਲਾ ਹੈ.

ਇਹ ਭੀ ਲਿਖਿਆ ਹੈ ਕਿ ਇੱਕ ਇੱਕ ਰਾਸ਼ਿ ਦੇ ਨੌ ਨੌ ਅੱਖਰ ਹਨ, ਬਾਰਾਂ ਨਾਏਂ ੧੦੮ ਗਿਣਤੀ ਹੁੰਦੀ ਹੈ. ਹੋਰ ਪ੍ਰਕਾਰ ਦੱਸਿਆ ਹੈ ਕਿ ਇੱਕ ਇੱਕ ਨਛਤ੍ਰ (ਨਕ੍ਸ਼ਤ੍ਰ) ਦੇ ਚਾਰ ਚਾਰ ਅੱਖਰ ਹਨ, ਸਤਾਈ ਚੌਕੇ ੧੦੮ ਬਣਦੇ ਹਨ. ਮੁਸਲਮਾਨਾਂ ਦੀ ਮਾਲਾ (ਤਸਬੀ) ਖ਼ੁਦਾ ਦੇ ੯੯ ਗੁਣਵਾਚਕ ਅਤੇ ਇੱਕ ਖਾਸ ਨਾਉਂ ਅੱਲਾ ਜਪਣ ਲਈ ੧੦੦ ਮਣਕੇ ਦੀ ਹੋਇਆ ਕਰਦੀ ਹੈ. "ਮਾਲਾ ਤਸਬੀ ਤੋੜਕੈ ਜਿਉਂ ਸਉ ਤਿਵੈ ਅਠੋਤਰ ਲਾਇਆ." (ਭਾਗੁ) ਕਈ ਮੁਸਲਮਾਨ ਮੇਰੁ ਸਮੇਤ ੧੦੧ ਮਣਕੇ ਭੀ ਤਸਬੀ ਦੇ ਰਖਦੇ ਹਨ. ਦੇਖੋ, ਤਸਬੀ.

ਈਸਾਈਆਂ ਦੇ ਮਾਲਾ "ਰੋਜ਼ਰੀ" (Rosary) ਡੇਢ ਸੌ ਕਾਠ ਦੇ ਮਣਕਿਆਂ ਦੀ ਹੁੰਦੀ ਹੈ. ਹਰੇਕ ਦਸ ਛੋਟੇ ਮਣਕਿਆਂ ਪਿੱਛੋਂ ਇੱਕ ਵਡਾ ਮਣਕਾ ਹੁੰਦਾ ਹੈ. ਇਸ ਤਰਾਂ ੧੩੫ ਛੋਟੇ ਅਤੇ ੧੫. ਵਡੇ ਮਣਕੇ ਹੁੰਦੇ ਹਨ. ਛੋਟੇ ਮਣਕਿਆਂ ਤੇ Ave Maria (ਧਨ੍ਯ ਮੇਰੀ) ਅਤੇ ਵਡੇ ਮਣਕਿਆਂ ਉਤੇ Pater Noster (ਸਾਡਾ ਪਿਤਾ) ਜਾਪ ਹੁੰਦਾ ਹੈ.

ਪਚਵੰਜਾ ਮਣਕੇ ਦੀ ਮਾਲਾ ਭੀ ਈਸਾਈ ਰਖਦੇ ਹਨ, ਜਿਸ ਦਾ ਨਾਮ ਚੈਪਲੇਟ (Chaplet) ਹੈ. ਇਸ ਵਿੱਚ ਪੰਜਾਹ ਛੋਟੇ ਅਤੇ ਪੰਜ ਵਡੇ ਮਣਕੇ ਹੁੰਦੇ ਹਨ, ਅਰ ਉਨ੍ਹਾਂ ਅਤੇ ਨਾਮਸਿਮਰਣ ਦੀ ਉਹੀ ਰੀਤਿ ਹੈ, ਜੋ ਡੇਢ ਸੌ ਮਣਕੇ ਦੀ ਮਾਲਾ ਪੁਰ ਹੈ. ਰੋਮਨ ਕੈਥੋਲਿਕ (Roman Catholic) ਮਤ ਦੇ ਈਸਾਈਆਂ ਵਿੱਚ ਜਪਮਾਲਾ ਦਾ ਵਿਸ਼ੇਸ਼ ਪ੍ਰਚਾਰ ਹੈ.

ਜੈਨੀਆਂ ਦੀ ਮਾਲਾ ੧੧੧ ਮਣਕੇ ਦੀ ਹੋਇਆ ਕਰਦੀ ਹੈ.

ਸਿੱਖਧਰਮ ਵਿੱਚ ਗਿਣਤੀ ਨਾਲ ਨਾਮਜਪ ਵਿਧਾਨ ਨਹੀਂ. "ਹਰਿਮਾਲਾ ਉਰ ਅੰਤਰਿ ਧਾਰੈ। ਜਨਮ ਮਰਣ ਕਾ ਦੂਖ ਨਿਵਾਰੈ." (ਆਸਾ ਮਃ ੫) "ਹਿਰਦੈ ਜਪਨੀ ਜਪਉ ਗੁਣਤਾਸਾ." (ਬਿਲਾ ਮਃ ੩. ਵਾਰ ੭) "ਮਨਿ ਜਪੀਐ ਹਰਿ ਜਪਮਾਲਾ." (ਮਾਲੀ ਮਃ ੪) ਦੇਖੋ, ਚਾਰ ਮਾਲਾ.

ਜਪਮਾਲੀ: ਸੰਗਯਾ- ਜਪ ਕਰਨ ਦੀ ਮਾਲਾ. ਦੇਖੋ, ਜਪਮਾਲਾ. "ਧੋਤੀ ਟਿਕਾ ਤੈ ਜਪਮਾਲੀ." (ਵਾਰ ਆਸਾ) ੨. ਵਿ- ਜਪਮਾਲਾ ਰੱਖਣ ਵਾਲਾ.

ਜਪਲਾ: ਜਪਲੀਆ. ਜਪਦਾ. "ਹਰਿ ਹਰਿ ਜਾਪ ਜਪਲਾ." (ਰਾਮ ਮਃ ੫)

ਜਪਾ: ਮੰਤ੍ਰਜਪ ਨਾਲ. ਜਪਦ੍ਵਾਰਾ. "ਹੋਮ ਜਪਾ ਨਹੀ ਜਾਣਿਆ." (ਮਾਰੂ ਮਃ ੧) ੨. ਸੰ. ਸੰਗਯਾ- ਗੁਲਦੁਪਹਿਰੀਆ। ੩. ਚੀਨੀ ਗੁਲਾਬ.

ਜਪਾਹਾ: ਜਪਨ ਯੋਗ੍ਯ. ਜਪ ਕਰਨੇ ਲਾਇਕ. "ਹਰਿ ਹਰਿ ਨਾਮੁ ਜਪਾਹਾ." (ਜੈਤ ਮਃ ੪) ੨. ਜਪਿਆ ਹੈ.

ਜਪਾਤ, ਜਪਾਤਿ: ਜਪਦਾ ਹੈ. ਜਪਦੇ ਹਨ. "ਹਰਿ ਹਰਿ ਸੇਈ ਜਪਾਤ." (ਵਾਰ ਗੂਜ ੨. ਮਃ ੫) ੨. ਜਪਾਉਂਦਾ ਹੈ.

ਜਪਾਨੀ: ਜਪਨੀਯ. ਜਪਣ ਯੋਗ੍ਯ. "ਤਿਨਿ ਹਰਿ ਜਪਿਓ ਜਪਾਨੀ." (ਧਨਾ ਮਃ ੪) ੨. ਦੇਖੋ, ਜਾਪਾਨੀ.

ਜਪਾਵਣ, ਜਪਾਵਣਾ: ਕ੍ਰਿ- ਜਪ ਕਰਾਉਣਾ. ਨਾਮ ਜਪਾਉਣਾ. "ਆਪਿ ਜਪੈ ਅਵਰਹਿ ਨਾਮ ਜਪਾਵੈ." (ਵਾਰ ਗਉ ੧. ਮਃ ੪)

ਜਪਾਵਣਿਆ: ਜਾਪ ਕਰਾਉਣ ਵਾਲਾ. "ਤੂੰ ਆਪੇ ਨਾਉ ਜਪਾਵਣਿਆ." (ਮਾਝ ਅਃ ਮਃ ੩)

ਜਪਿ: ਜਪਕੇ. ਜਪ ਕਰਕੇ. "ਜਪਿ ਪੂਰਨ ਹੋਏ ਕਾਮਾ." (ਸੋਰ ਮਃ ੫) ੨. ਜਪਨ ਕਰ. ਜਾਪ ਕਰ. "ਜਪਿ ਜਨ, ਸਦਾ ਸਦਾ ਦਿਨ ਰੈਣੀ." (ਸੁਖਮਨੀ) ੩. ਸੰ. ਜਪ੍ਯ. ਵਿ- ਜਪਨੇ ਯੋਗ੍ਯ. "ਜਪਿ ਜਗਦੀਸੁ ਜਪਉ ਮਨ ਮਾਹਾ." (ਜੈਤ ਮਃ ੪)

ਜਪਿਆਂ: ਜਪ ਕਰਦਿਆਂ। ੨. ਜਪ ਕਰਨ ਤੋਂ। ੩. ਗ੍ਯਜਪਿਆਂ. ਪ੍ਰਸੰਨ ਕਰਣ ਤੋਂ. ਦੇਖੋ, ਗ੍ਯਜਪ ਧਾ. "ਤੇ ਸਾਧੂ ਹਰਿ ਮੇਲਹੁ ਸੁਆਮੀ! ਜਿਨ ਜਪਿਆ ਗਤਿ ਹੋਇ ਹਮਾਰੀ." (ਭੈਰ ਮਃ ੪)

ਜਪਿੰਦਾ: ਜਪਕੁਨਿੰਦਾ. ਜਾਪਕ. "ਜਾਪ ਕੇ ਜਪਿੰਦਾ." (ਗ੍ਯਾਨ)

ਜਪੀ: ਜਪੀਂ. ਜਪਾਂ. ਜਪ ਕਰਾਂ. "ਅਹਿਨਿਸਿ ਜਪੀ ਸਦਾ ਸਾਲਾਹੀ." (ਸੂਹੀ ਛੰਤ ਮਃ ੪) ੨. ਸੰ. ਜਪਿ ਨ੍ ਵਿ- ਜਪ ਕਰਨ ਵਾਲਾ. ਜਾਪਕ. "ਜਪੀ ਤਪੀ ਸਭ ਚਰਨੀ ਲਾਏ." (ਗੁਪ੍ਰਸੂ)

ਜਪੀਐ: ਜਪ ਕਰੀਐ. "ਪ੍ਰੀਤਿ ਸਹਿਤ ਜਪੀਐ ਗੁਰਮੰਤ੍ਰ." (ਗੁਪ੍ਰਸੂ) ੨. ਜ- ਪੀਐ. ਜੇ ਪਾਨ ਕਰੀਏ. "ਜਪੀਐ ਨਾਮ ਜ ਪੀਐ ਅੰਨੁ." (ਗੌਂਡ ਕਬੀਰ) ਨਾਮ ਤਦ ਜਪੀਐ ਜੇ ਪਾਨ ਕਰੀਏ ਅਤੇ ਖਾਈਏ. ਖਾਨ ਪਾਨ ਬਿਨਾ ਨਾਮ ਜਪਣ ਲਈ ਦੇਹ ਸਮਰਥ ਨਹੀਂ. ਦੇਖੋ, ਅੰਨ.

ਜਪੀਸ: ਜਪ- ਈਸ਼. ਸਾਰੇ ਜਪਾਂ ਦਾ ਸ੍ਵਾਮੀ. "ਹਰਿ ਹਰਿ ਸ਼ਬਦ ਜਪੀਸ." (ਕਾਨ ਮਃ ੪. ਪੜਤਾਲ)

ਜਪੀਜੈ: ਜਪ ਕਰੀਜੈ. "ਜਿਨਿ ਧਾਰੇ ਬ੍ਰਹਮੰਡ ਖੰਡ ਹਰਿ, ਤਾਕੋ ਨਾਮੁ ਜਪੀਜੈ ਰੇ." (ਗਉ ਮਃ ੫)

ਜਪੁ: ਜਪੁ ਨਾਮਕ ਗੁਰਬਾਣੀ, ਜੋ ਸਿੱਖਾਂ ਦੇ ਨਿੱਤਨੇਮ ਦਾ ਮੂਲ ਹੈ. ਇਹ ਸ੍ਰੀ ਗੁਰੂ ਗ੍ਰੰਥਸਾਹਿਬ ਦੇ ਆਰੰਭ ਵਿੱਚ ਹੈ. ਇਸ ਦੇ ਸਲੋਕ ਸਮੇਤ ੩੯ ਪਦ ਹਨ. "ਜਪੁਜੀ ਕੰਠ ਨਿਤਾਪ੍ਰਤਿ ਰਟੈ। ਜਨਮ ਜਨਮ ਕੇ ਕਲਮਲ ਕਟੈ." (ਨਾਪ੍ਰ)[522] ੨. ਮੰਤ੍ਰਪਾਠ. "ਜਪੁ ਤਪੁ ਸੰਜਮੁ ਧਰਮੁ ਨ ਕਮਾਇਆ." (ਸੋਪੁਰਖੁ) ੩. ਜਪ੍ਯ. ਵਿ- ਜਪਣ ਯੋਗ੍ਯ.

ਜਪੁਜੀ: ਜਪੁ ਨਾਮਕ ਗੁਰਬਾਣੀ ਨਾਲ ਜੀ ਸ਼ਬਦ ਸਨਮਾਨ ਬੋਧਕ ਲਾਇਆ ਜਾਂਦਾ ਹੈ. ਦੇਖੋ, ਜਪੁ ੧.

ਜਪੁ ਨੀਸਾਣੁ: ਸ੍ਰੀ ਗੁਰੁ ਗ੍ਰੰਥਸਾਹਿਬ ਜੀ ਦੇ ਤਤਕਰੇ ਵਿੱਚ ਇਹ ਜਪੁ ਬਾਣੀ ਦਾ ਵਿਸ਼ੇਸ਼ਣ ਹੈ. ਨਿਸ਼ਾਨਰੂਪ ਜਪੁ.

ਜਪੇਉ: ਵਿ- ਜਪਨੀਯ. ਜਪ ਕਰਨ ਯੋਗ੍ਯ. "ਗੁਰ ਨਾਮ ਦ੍ਰਿੜਾਇਆ ਜਪੁ ਜਪੇਉ." (ਬਸੰ ਮਃ ੧)

ਜਪੇਨ: ਜਪਦੇ ਹਨ। ੨. ਤ੍ਰਿਤੀਯਾ ਵਿਭਕਤਿ. ਜਪ ਕਰਕੇ. ਜਪ ਸੇ.

ਜਪੇਨਿ: ਜਪਦੇ ਹਨ. "ਮਨਿ ਹਰਿ ਹਰਿ ਨਾਮ ਜਪੇਨਿ." (ਕਾਨ ਮਃ ੪)

ਜਪੇਰੈ: ਜਪਦਾ ਹੈ. ਜਪ- ਈਰ. ਜਪ ਉੱਚਾਰਣ ਕਰਦਾ ਹੈ. "ਸਾਧੂ ਸੰਗਿ ਹਰਿ ਹਰਿ ਨਾਮੁ ਜਪੇਰੈ." (ਦੇਵ ਮਃ ੫)

ਜਪੈਨੀ: ਜਪ ਕਰਤਾ. ਜਾਪਕ। ੨. ਜਪਦੇ ਹਨ। ੩. ਜਪਨੀਯ. ਜਪ ਕਰਨ ਯੋਗ੍ਯ. "ਕੋ ਜਾਪੈ ਹਰਿਮੰਤ੍ਰੁ ਜਪੈਨੀ." (ਬਿਲਾ ਮਃ ੪)

ਜਪੰਥ, ਜਪੰਥਾ, ਜਪੰਥਿ: ਜਧਨ੍ਸਨ ਜਪੰਦਾ. ਜਪ ਕਰਦਾ. "ਦਿਨੁ ਰੈਨਿ ਜਪੰਥਾ." (ਵਾਰ ਮਾਰੂ ੨. ਮਃ ੫) ੨. ਜਪੰਤਿ. ਜਪਦੇ ਹਨ."ਜੈ ਜੈਕਾਰ ਜਪੰਥਿ ਨਰਾ." (ਸਵੈਯੇ ਮਃ ੩. ਕੇ)

ਜਪੰਦੜਾ, ਜਪੰਦੜੀ: ਜਪ ਕਰਦਾ. ਜਪ ਕਰਦੀ. "ਨਾਮ- ਜਪੰਦੜੀ ਲਾਲੀ." (ਵਾਰ ਰਾਮ ੨. ਮਃ ੫)

ਜਪੰਨ: ਜਪਦੇ ਹਨ.

ਜਪੰਨਾ: ਦੇਖੋ, ਜਪਨ. "ਕਾਹੇ ਕਉ ਕੀਜੈ ਧਿਆਨੁ ਜਪੰਨਾ?" (ਆਸਾ ਨਾਮਦੇਵ) ੨. ਦੇਖੋ, ਜਪਨਾ.

ਜਪੰਨਿ: ਦੇਖੋ, ਜਪੰਨ.

ਜਪ੍ਯਉ, ਜਪ੍ਯਉ: ਜਪਿਆ. "ਜਪ੍ਯਉ ਜਿਨ੍ਹ ਅਰਜੁਨਦੇਵ ਗੁਰੂ." (ਸਵੈਯੇ ਮਃ ੫. ਕੇ) ੨. ਜਾਣਿਆ। ੩. ਪ੍ਰਸੰਨ ਕੀਤਾ. ਦੇਖੋ,

[522] ਕਈ ਆਖਦੇ ਹਨ ਕਿ ਜਪੁ ਦੇ ਪਦ ੪੦ ਹਨ. ਉਹ ਸੂਹੀ ਦੀ ਵਾਰ ਦਾ ਸਲੋਕ ਮਃ ੧. "ਦੁਇ ਦੀਵੇ ਚਉਦਹ ਹਟ ਨਾਲੇ" ਜਪੁ ਦਾ ਪਾਠ ਗਿਣਦੇ ਹਨ. ਬਾਬਾ ਸਾਹਿਬ ਸਿੰਘ ਜੀ ਵੇਦੀ ਦੇ ਸੇਵਕ-"ਇਹੁ ਜਪੁ ਕਰਤੇ ਪੁਰਖ ਕਾ ਸਚੁ ਨਾਨਕ ਕੀਆ ਬਖਾਨ." ਇਹ ਪਦ ਨਾਲ ਜੋੜਦੇ ਹਨ, ਪਰ ਇਹ ਸਾਰੀਆਂ ਮਨਕਲਪਿਤ ਗੱਲਾਂ ਹਨ. ਜਿਤਨਾ ਪਾਠ ਜਪੁ ਦਾ ਸ੍ਰੀ ਗੁਰੂ ਗ੍ਰੰਥਸਾਹਿਬ ਦੇ ਮੁੱਢ ਵੇਖੀਦਾ ਹੈ, ਇਹ ਮੁਕੰਮਲ ਬਾਣੀ ਹੈ.

ਗਜਪ ਧਾ.

**ਜਪਜੇਸ਼੍ਵਰ:** ਦੇਖੋ, ਜਾਲਪੇਸ਼੍ਵਰ.

**ਜਫਰ:** ਅ਼. ظفر ਜ਼ਫ਼ਰ. ਸੰਗਜ੍ਞਾ- ਫ਼ਤੇ. ਜਿੱਤ. ਵਿਜਯ। ੨. ਕਾਰਜ ਦੀ ਸਫਲਤਾ. ਕਾਮਯਾਬੀ। ੩. ਦਿੱਲੀ ਦੇ ਅੰਤਿਮ ਮੁਗਲ ਬਾਦਸ਼ਾਹ (ਬਹਾਦੁਰਸ਼ਾਹ ਰੰਗੀਲੇ) ਦਾ ਤਖ਼ੱਲੁਸ (ਛਾਪ) ਜ਼ਫ਼ਰ ਸੀ. ਦੇਖੋ, ਬਹਾਦੁਰਸ਼ਾਹ ੨.

**ਜਫਰਨਾਮਾ:** ਫ਼ਾ. ظفر نامہ ਜ਼ਫ਼ਰਨਾਮਹ. ਵਿਜਯਪਤ੍ਰ. ਫ਼ਤੇ ਦਾ ਖ਼ਤ। ੨. ਤੈਮੂਰ ਦੀ ਤਵਾਰੀਖ਼, ਜੋ ਸ਼ਰਫ਼ੁੱਦੀਨ ਨੇ ਸਨ ੧੪੨੫ (ਸੰਮਤ ੧੪੮੨) ਵਿੱਚ ਲਿਖੀ ਹੈ।

੩. ਸੰਮਤ ੧੭੬੩ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਾਂਗੜ ਗ੍ਰਾਮ ਤੋਂ ਫ਼ਾਰਸੀ ਅਬਯਾਤ (ਬੈਤਾਂ) ਦੀ ਚਿੱਠੀ, ਜੋ ਔਰੰਗਜ਼ੇਬ ਨੂੰ ਭਾਈ ਦਯਾ ਸਿੰਘ ਧਰਮ ਸਿੰਘ ਹੱਥ ਦੱਖਣ ਭੇਜੀ ਹੈ, ਉਸ ਦਾ ਨਾਮ ਜ਼ਫ਼ਰਨਾਮਾ (ਵਿਜਯਪਤ੍ਰ) ਹੈ. ਇਸ ਵਿੱਚ ਬਾਦਸ਼ਾਹ ਦੇ ਅਨਜਾਯ ਅਤੇ ਅਯੋਗ ਕਰਮਾਂ ਦਾ ਵਰਣਨ ਤਥਾ ਹਿਤਭਰੀ ਸਿਖ੍ਯਾ ਹੈ.

ਜ਼ਫ਼ਰਨਾਮਹ ਦਾ ਪਾਠ ਅਣਜਾਣ ਲਿਖਾਰੀਆਂ ਨੇ ਬਹੁਤ ਅਸ਼ੁੱਧ ਕਰ ਦਿੱਤਾ ਹੈ, ਪਰ ਅਸੀਂ ਵਡੇ ਯਤਨ ਨਾਲ ਅਨੇਕ ਨੁਸਖੇ ਏਕਤ੍ਰ ਕਰਕੇ ਜੋ ਪਾਠ ਸੋਧਿਆ ਹੈ, ਉਹ ਫ਼ਾਰਸੀ ਅਤੇ ਗੁਰਮੁਖ਼ੀ ਅੱਖਰਾਂ ਵਿੱਚ ਅਰਥਾਂ ਸਮੇਤ ਛਪਵਾਕੇ ਪਾਠਕਾਂ ਦੀ ਭੇਟਾ ਕੀਤਾ ਜਾਵੇਗਾ.

**ਜਫਰਨਾਮਾ ਸਾਹਿਬ:** ਰਾਜ ਨਾਭੇ ਦੀ ਨਜਾਮਤ ਫੂਲ ਵਿੱਚ ਪਿੰਡ ਦਿਆਲਪੁਰੇ ਦੀ ਕਾਂਗੜ ਪੱਤੀ ਵਿੱਚ ਇੱਕ ਗੁਰਦੁਆਰਾ, ਜਿਸ ਦੀ ਆਲੀਸ਼ਾਨ ਇਮਾਰਤ ਭਾਈ ਮਨੀ ਸਿੰਘ ਜੀ ਨੇ ਗੁਰਸਿੱਖਾਂ ਨੂੰ ਪ੍ਰੇਰਕੇ ਬਣਵਾਈ ਹੈ. ਇੱਥੇ ਵਿਰਾਜਕੇ ਕਲਗੀਧਰ ਨੇ ਜਫਰਨਾਮਾ ਲਿਖਿਆ ਹੈ. ਗੁਰਦੁਆਰੇ ਨੂੰ ਰਿਆਸਤ ਵੱਲੋਂ ਦੋ ਹਲ ਦੀ ਜਮੀਨ ਮੁਆਫ਼ ਹੈ.

ਜਦੋਂ ਕਲਗੀਧਰ ਇੱਥੇ ਵਿਰਾਜੇ ਹਨ, ਉਸ ਵੇਲੇ ਦਿਆਲਪੁਰਾ ਆਬਾਦ ਨਹੀਂ ਸੀ, ਇਹ ਜਮੀਨ ਕਾਂਗੜ ਪਿੰਡ ਦੀ ਸੀ. ਦੇਖੋ, ਜਫਰਨਾਮਾ ੩.

**ਜਫ਼ਾ:** ਅ਼. جفا ਜੁਲਮ। ੨. ਦੁੱਖ. ਕਸ਼੍ਟ. "ਕਰ ਕੌਤਕ ਪੈ ਰਿਪੁ ਟਾਰ ਦਯੋ ਬਿਨ ਹੀ ਧਰਏ ਸਰ ਸਜਾਮ ਜਫਾ." (ਕ੍ਰਿਸਨਾਵ) ੩. ਦੇਖੋ, ਜੱਫਾ.

**ਜਫ਼ਾਕਸ਼:** ਫ਼ਾ. جفاکش ਵਿ- ਜੁਲਮ ਉਠਾਉਣ ਵਾਲਾ. ਕਸ਼੍ਟ ਸਹਾਰਨ ਵਾਲਾ। ੨. ਭਾਵ- ਮਿਹ਼ਨਤੀ.

**ਜੱਫਾ, ਜੱਫੀ:** ਸੰਗਜ੍ਞਾ- ਦੋਹਾਂ ਬਾਹਾਂ ਵਿੱਚ ਲੈ ਕੇ ਘੁੱਟਣ ਦੀ ਕ੍ਰਿਯਾ. ਘੁੱਟਕੇ ਛਾਤੀ ਨਾਲ ਲਾਉਣ ਦੀ ਕ੍ਰਿਯਾ. ਇਸ ਦਾ ਮੂਲ ਭੀ ਫ਼ਾਰਸੀ ਸ਼ਬਦ "ਜਫ਼ਾ" ਹੈ.

**ਜਬ:** ਕ੍ਰਿ. ਵਿ- ਜਿਸ ਸਮੇਂ. ਜਿਸ ਵੇਲੇ. "ਜਬ ਹਮ ਸਰਣਿ ਪ੍ਰਭੂ ਕੀ ਆਈ." (ਦੇਵ ਮਃ ੪)

**ਜਬਹ:** ਦੇਖੋ, ਜਬ ਅਤੇ ਜਬ ਹੀ। ੨. ਦੇਖੋ, ਜਿਬਹ.

**ਜਬਹੀ:** ਦੇਖੋ, ਜਬ. "ਜਬਹੀ ਨਿਰਧਨ ਦੇਖਿਓ ਨਰ ਕਉ, ਸੰਗ ਛਾਡਿ ਸਭ ਭਾਗੇ." (ਸੋਰ ਮਃ ੯)

**ਜਬ ਕਬ:** ਕ੍ਰਿ. ਵਿ- ਜਦ ਕਦ. ਜਿਸ ਕਿਸ ਵੇਲੇ. "ਜਬ ਕਬ ਤੁਹੀ ਤੁਹੀ." (ਰਾਮ ਕਬੀਰ)

**ਜਬਤ:** ਅ਼. ضبط ਜ਼ਬਤ਼. ਸੰਗਜ੍ਞਾ- ਅਧਿਕਾਰ ਵਿੱਚ ਲੈਣਾ. ਕਿਸੇ ਦੀ ਵਸਤੁ ਨੂੰ ਆਪਣੇ ਕ਼ਬਜੇ ਕਰਨਾ। ੨. ਨਿਗ੍ਰਹ. ਰੋਕਣ ਦਾ ਭਾਵ। ੩. ਰੋਬਦਾਬ। ੪. ਪ੍ਰਬੰਧ.

**ਜਬ ਤਕ:** ਕ੍ਰਿ. ਵਿ- ਜਦ ਤੋੜੀ. ਜਦ ਤੀਕ. ਜਦੋਂ ਤਾਈਂ. ਦੇਖੋ, ਜਾਵਤ ੨.

**ਜਬਤੀ:** ਫ਼ਾ. ضبطی ਜ਼ਬਤ਼ੀ. ਜ਼ਬਤ਼ ਕਰਨ ਦੀ ਕ੍ਰਿਯਾ. ਦੇਖੋ, ਜਬਤ.

ਜਬਰ: ਅ. زبر ਜ਼ਬਰ. ਸੰਗ੍ਯਾ- ਲਿਖਣਾ। ੨. ਸਮਝਣਾ। ੩. ਧੀਰਯ। ੪. ਚਰਚਾ। ੫. ਫ਼ਾ. ਕ੍ਰਿ. ਵਿ- ਉੱਪਰ. ਉੱਤੇ। ੬. ਵਿ- ਪ੍ਰਬਲ. ਜ਼ੋਰਾਵਰ। ੭. ਸੰਗ੍ਯਾ- ਵ੍ਯਾਕਰਣ ਦਾ ਇੱਕ ਚਿੰਨ੍ਹ, ਜੋ ਸ੍ਵਰ ਨੂੰ ਹ੍ਰਸ੍ਵ ਬਣਾ ਦਿੰਦਾ ਹੈ. "ਜੇਰ ਤੇ ਜਬਰ ਔਰ ਮਾਯਨੇ ਕਿਤਾਬਨ ਕੇ." (ਨਾਪ੍ਰ) ੮. ਅ. جبر ਧੱਕੇਬਾਜ਼ੀ। ੯. ਜਵਾਨ. ਯੁਵਨ੍। ੧੦. ਯੋਧਾ. ਬਹਾਦੁਰ। ੧੧. ਵਿ- ਅਤਿ. ਬਹੁਤ. "ਜੇਵਰ ਜਬਰ ਜਵਾਹਰ ਜਰੇ." (ਗੁਪ੍ਰਸੂ) ੧੨. ਬੀਜਗਣਿਤ. ਅਲਜਬਰਾ.

ਜਬਰਜੰਗ: ਵਿ- ਯੋਧਾ. ਜੰਗ ਕਰਨ ਵਿੱਚ ਪ੍ਰਬਲ. ਵਰਿਆਮ। ੨. ਸੰਗ੍ਯਾ- ਕੁਦਾਲ. ਬਸੋਲਾ। ੩. ਜੰਬੂਰਾ. ਤੋਪ. ਗੁਬਾਰਾ. ਲੰਮੀ ਬੰਦੂਕ. ਜੰਜੈਲ. "ਅਸਟ ਧਾਤੁ ਦਾ ਜਬਰਜੰਗ." (ਭਾਗੁ) "ਜਬਰਜੰਗ ਹਮ ਕਈ ਚਲਾਈ." (ਗੁਵਿ ੧੦) "ਤੁਪਕ ਭਨ ਜਬਰ ਜੰਗ ਹਥਨਾਲ." (ਸਨਾਮਾ)

ਜ਼ਬਰਦਸ੍ਤ: ਫ਼ਾ. زبردست ਵਿ- ਪ੍ਰਬਲ ਹੈ ਹੱਥ ਜਿਸ ਦਾ. ਕਰੜਾ ਹੱਥ ਪਾਉਣ ਵਾਲਾ. ਜ਼ੋਰਾਵਰ. ਬਲੀ.

ਜ਼ਬਰਦਸ੍ਤਖ਼ਾਂ: زبردست خاں ਲਹੌਰ ਦਾ ਫੌਜਦਾਰ, ਜੋ ਵਜ਼ੀਰਖ਼ਾਂ ਸਰਹਿੰਦੀ ਨਾਲ ਮਿਲਕੇ ਦਸ਼ਮੇਸ਼ ਨੂੰ ਆਨੰਦਪੁਰ ਸੰਮਤ ੧੭੬੧ ਵਿੱਚ ਫੜਨ ਆਇਆ ਸੀ. ਇਹ ਬਾਦਸ਼ਾਹ ਜਹਾਂਦਾਰਸ਼ਾਹ ਦੇ ਵੇਲੇ ਲਹੌਰ ਦਾ ਸੂਬਾ ਥਾਪਿਆ ਗਿਆ ਸੀ.

ਜਬਰਨ: ਅ. جبرن ਕ੍ਰਿ. ਵਿ- ਬਲਪੂਰਵਕ. ਮੱਲੋਂਜੋਰੀ. ਧੱਕੇਬਾਜ਼ੀ ਨਾਲ.

ਜਬਰਾਈਲ: ਦੇਖੋ, ਤ੍ਰਿਕੁਟੀ ੪. ਅਤੇ ਫ਼ਰਿਸ਼ਤਾ.

ਜਬਲਉ, ਜਬਲਗੁ: ਕ੍ਰਿ- ਵਿ- ਜਦ ਤੋੜੀ. ਜਦ ਤੀਕ. "ਜਬ ਲਉ ਨਹੀ ਭਾਗ ਲਿਲਾਰ ਉਦੈ." (ਸਵੈਯੇ ਮਃ ੫. ਕੇ) "ਜਬਲਗੁ ਸਾਸ ਹੋਇ ਮਨ ਅੰਤਰਿ." (ਕਲਿ ਅਃ ਮਃ ੪) ਜਦ ਤੀਕ ਮਨੁੱਖ ਵਿੱਚ ਪ੍ਰਾਣ ਹੋਣ.

ਜ਼ਬਾਂ, ਜ਼ਬਾਨ: ਫ਼ਾ. زباں ਸੰਗ੍ਯਾ- ਰਸਨਾ. ਜੀਭ। ੨. ਭਾਸ਼ਾ. ਬੋਲੀ.

ਜਬਾਬ, ਜਬਾਬੁ: ਅ. جواب ਜਵਾਬ. ਸੰਗ੍ਯਾ- ਉੱਤਰ. "ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ." (ਵਾਰ ਆਸਾ ਮਃ ੨) ੨. ਦ੍ਰਿਸ਼੍ਟਾਂਤ. ਮਿਸਾਲ.

ਜਬਾਬਦਿਹੀ: ਫ਼ਾ. جوابدہی ਜਵਾਬਦਿਹੀ. ਸੰਗ੍ਯਾ- ਜਵਾਬ ਦੇਣ ਦੀ ਕ੍ਰਿਯਾ. ਪ੍ਰਤ੍ਯੁੱਤਰ ਦੇਣਾ. "ਕਰੋ ਜਬਾਬਦਿਹੀ ਇਨ ਸੰਗ." (ਗੁਪ੍ਰਸੂ)

ਜਬਾਬੁ: ਦੇਖੋ, ਜਬਾਬ.

ਜੱਬਾਰ: ਅ. جبّار ਸੰਗ੍ਯਾ-. ਕ਼ੁਰਾਨ ਅਨੁਸਾਰ ਕਰਤਾਰ ਦਾ ਇੱਕ ਨਾਮ। ੨. ਵਿ- ਪ੍ਰਬਲ. ਜ਼ਬਰਦਸ੍ਤ.

ਜ਼ੱਬੂਰ: ਅ. زبُور ਵਿ- ਲਿਖਿਆ ਹੋਇਆ. ਲਿਖਿਤ। ੨. ਸੰਗ੍ਯਾ- ਤਹ਼ਰੀਰ. ਨਵਿਸ਼ਤ। ੩. ਹਜਰਤ ਦਾਊਦ ਦ੍ਵਾਰਾ ਪ੍ਰਾਪਤ ਹੋਇਆ ਧਰਮਪੁਸ੍ਤਕ, ਜਿਸ ਦੀ ਆਸਮਾਨੀ ਕਿਤਾਬਾਂ ਵਿੱਚ ਗਿਣਤੀ ਹੈ. Psalms of David. ਦੇਖੋ, ਕਤੇਬ ਅਤੇ ਚਾਰ ਕਿਤਾਬਾਂ.

ਜਮ: ਜਨਮ ਦਾ ਸੰਖੇਪ. "ਜਮ ਕਾਲ ਸਿਰੋ ਨ ਉਤਰੈ." (ਵਾਰ ਮਾਝ ਮਃ ੧) ਜਨਮ ਅਤੇ ਮਰਣ ਸਿਰੋਂ ਨਾ ਉਤਰੈ। ੨. ਸੰ. ਯਮ. ਸ਼ਨੈਸ਼੍ਚਰ. ਛਨਿੱਛਰ।੩ ਨਿਤ੍ਯਕਰਮ। ੪. ਯੋਗ ਦਾ ਪਹਿਲਾ ਅੰਗ, ਜਿਸ ਦੇ ਦਸ ਅੰਗ ਇਹ ਹਨ- ਅਹਿੰਸਾ, ਸਤ੍ਯ, ਚੋਰੀ ਦਾ ਤ੍ਯਾਗ, ਬ੍ਰਹਮਚਰਯ, ਦਯਾ, ਸਿੱਧਾਪਨ (ਕਪਟ ਦਾ ਅਭਾਵ), ਛਿਮਾ, ਧੀਰਯ, ਖਾਨਪਾਨ ਦਾ ਸੰਯਮ ਅਤੇ ਪਵਿਤ੍ਰਤਾ। ੫. ਧਰਮਰਾਜ. "ਜਮ ਦਰਿ ਬਧਾ ਚੋਟਾ ਖਾਏ." (ਮਾਝ ਅਃ ਮਃ ੧) ੬. ਕਾਲ. ਪ੍ਰਾਣ ਕੱਢਣ ਵਾਲਾ ਦੇਵਤਾ. "ਜਮ ਕੀ ਕਟੀਐ ਤੇਰੀ ਫਾਸ." (ਰਾਮ ਮਃ ੫) ੭. ਫ਼ਾ. جم ਵਡਾ ਪਾਤਸ਼ਾਹ. ਸ਼ਹਨਸ਼ਾਹ। ੮. ਭਾਵ- ਸੁਲੇਮਾਨ ਅਤੇ ਜਮਸ਼ੈਦ.

ਜਮਈਆ: ਜਮਾ (ਗਡਾ) ਲਈਆ. ਦ੍ਰਿੜ੍ਹ ਵਸਾਈ ਹੈ. "ਹਰਿ ਹਰਿ ਭਗਤਿ ਜਮਈਆ." (ਬਿਲਾ ਅਃ ਮਃ ੪) ੨. ਜਮਾਉਣ ਵਾਲਾ। ੩. ਜਵਾਈ. ਜਾਮਾਤਾ.

ਜਮਹ, ਜਮਹਿ: ਯਮ ਦਾ. ਕਾਲ ਦਾ. "ਹਰਿ ਹਰਿ ਕਰਤ ਨਹੀ ਦੁਖ ਜਮਹ." (ਗੌਂਡ ਨਾਮਦੇਵ) "ਦੂੜਾ ਆਇਓ ਜਮਹਿ ਤਣਾ." (ਸ੍ਰੀ ਤ੍ਰਿਲੋਚਨ) ੨. ਯਮ ਨੂੰ. ਕਾਲ ਪ੍ਰਤਿ। ੩. ਜਨਮਦੇ ਹਨ. ਜਨਮਹਿਂ. "ਪ੍ਰਭੁ ਬਿਸਰਤ ਮਰਿ ਜਮਹਿ ਅਭਾਗੇ." (ਗਉ ਥਿਤੀ ਮਃ ੫) ੪. ਦੇਖੋ, ਜਮਾ। ੫. ਦੇਖੋ, ਜਮੈ.

ਜਮਹੂਰ: ਅ਼. جمہور ਸਭ. ਤਮਾਮ. ਆ਼ਮ. ਸਾਮਾਨਜ. Republic.

ਜਮਹੂਰੀ: ਅ਼. جمہوری ਸਭ ਦੀ. ਆ਼ਮ ਲੋਕਾਂ ਦੀ, ਜਿਵੇਂ- ਜਮਹੂਰੀ ਸਲਤ਼ਨਤ. Republican (Democracy).

ਜਮਕ: ਦੇਖੋ, ਯਮਕ.

ਜਮਕਾਗਰ: ਯਮ ਦਾ ਕਾਗ਼ਜ. ਧਰਮਰਾਜ ਦਾ ਦਫ਼ਤਰ, ਜਿਸ ਵਿੱਚ ਜੀਵਾਂ ਦੇ ਕਰਮ ਦਰਜ ਹਨ. "ਫਾਰੇ ਜਮਕਾਗਰ." (ਗਉ ਮਃ ੫)

ਜਮ ਕਾ ਘਾਟ: ਯਮ ਮਾਰਗ. "ਜਾਉ ਨ ਜਮ ਕੈ ਘਾਟ." (ਮਲਾ ਮਃ ੫)

ਜਮਕਾਲ, ਜਮਕਾਲੁ: ਸੰ. ਯਮਕਾਲ. ਦੋ ਕਾਲ. ਦੋ ਵੇਲੇ. ਜਨਮ ਅਤੇ ਮਰਣ ਦਾ ਸਮਾਂ. "ਜਮਕਾਲ ਤੇ ਭਏ ਨਿਕਾਣੇ." (ਧਨਾ ਮਃ ੫) "ਜਮਕਾਲ ਤਿਸੁ ਨੇੜਿ ਨ ਆਵੈ." (ਮਾਝ ਅਃ ਮਃ ੫) ੨ਵਿ- ਮਾਰਕ ਯਮ. ਕਾਲ ਕਰਤਾ ਯਮ.

ਜਮਕਿੰਕਰ, ਜਮਕੰਕਰ, ਜਮਕੰਕਰੁ: ਸੰ ਯਮਕਿङ्कर ਸੰਗਜਾ- ਯਮ ਦਾ ਦਾਸ਼. ਯਮਗਣ. ਯਮਦੂਤ."ਜਮਕੰਕਰ ਮਾਰਿ ਬਿਦਾਰਿਅਨੁ." (ਸਵਾ ਮਃ ੪) "ਜਮਕੰਕਰੁ ਨੇੜਿ ਨ ਆਇਆ." (ਸੋਰ ਮਃ ੫)

ਜਮਘਟ: ਸੰਗਜਾ- ਸੰਘੱਟ. ਭੀੜ। ੨. ਯਮ ਘੱਟ. ਯਮਮਾਰਗ.

ਜਮਘਾਟ: ਦੇਖੋ, ਜਮ ਕਾ ਘਾਟ.

ਜ਼ਮਜ਼ਮ: ਅ਼. زمزم ਮੱਕੇ ਨਗਰ ਕਾਬੇ ਦੇ ਪਾਸ ਇੱਕ ਖੂਹ, ਜੋ ਪਵਿਤ੍ਰ ਮੰਨਿਆ ਗਿਆ ਹੈ. ਇਸ ਦੇ ਨਾਮ ਦਾ ਕਾਰਣ ਲਿਖਿਆ ਹੈ ਕਿ ਜਦ ਇਬਰਾਹੀਮ ਦੀ ਵਹੁਟੀ ਹਾਜਰਹ (ہاجرہ) ਆਪਣੇ ਪੁਤ੍ਰ ਇਸਮਾਈ਼ਲ ਸਮੇਤ ਪਿਆਸੀ ਇਸ ਖੂਹ ਪਾਸ ਆਈ, ਤਦ ਉਸ ਨੇ ਪਾਣੀ ਦੇਖਕੇ ਪੁਤ੍ਰ ਨੂੰ ਪੁਕਾਰਿਆ- "ਠਹਿਰ ਠਹਿਰ!" ਮਿਸਰ ਦੀ ਬੋਲੀ ਵਿੱਚ ਜ਼ਮ ਦਾ ਅਰਥ ਠਹਿਰਨਾ ਹੈ. ਕਈ ਕਹਿੰਦੇ ਹਨ ਕਿ "ਜ਼ਮ" ਦਾ ਅਰਥ ਭਰਣਾ ਹੈ. ਇਸ ਖੂਹ ਦੇ ਥਾਂ ਪਹਿਲਾਂ ਆਤਿਸ਼ਪਰਸ੍ਤਾਂ ਦਾ ਕੁੰਡ ਸੀ, ਪਰ ਹਾਜਰਹ ਅਤੇ ਇਸਮਾਈ਼ਲ ਤ੍ਰਿਖਾਤੁਰ ਹੋਕੇ ਜਦ ਇਸ ਟੋਏ ਪਾਸ ਆਏ ਅਤੇ ਪਾਣੀ ਨਾ ਦੇਖਕੇ ਨਿਰਾਸ ਹੋਏ, ਤਦ ਖ਼ੁਦਾ ਅੱਗੇ ਪ੍ਰਾਰਥਨਾ ਕੀਤੀ ਕਿ ਕ੍ਰਿਪਾ ਕਰਕੇ ਇਸ ਨੂੰ ਜਲ ਨਾਲ ਭਰ ਦੇ, ਇਸ ਪੁਰ ਪ੍ਰਗਟ ਹੋਇਆ, ਜਿਸ ਨੂੰ ਪੀਕੇ ਮਾਂ ਪੁੱਤ ਨੇ ਪਿਆਸ ਬੁਝਾਈ.

ਹਾਜੀ ਲੋਕ ਜ਼ਮਜ਼ਮ ਦਾ ਪਾਣੀ ਪੀਣਾ ਪਵਿਤ੍ਰ ਕਰਮ ਜਾਣਦੇ ਹਨ, ਅਤੇ ਕਈ ਇਸ ਖੂਹ ਦੇ ਪਾਣੀ ਨਾਲ ਰੋਜ਼ਾ ਖੋਲ੍ਹਦੇ ਹਨ. ਹਰਿਦ੍ਵਾਰ ਤੋਂ ਜਿੱਕੁਰ ਗੰਗਾਜਲ ਲੋਕ ਲਿਆਉਂਦੇ ਹਨ, ਤਿਵੇਂ ਜ਼ਮਜ਼ਮ ਦਾ ਪਾਣੀ ਸ਼ੀਸ਼ੀਆਂ ਵਿੱਚ ਦੇਸ਼ ਦੇਸ਼ਾਂਤਰ ਜਾਂਦਾ ਹੈ. ਇਹ ਪਾਣੀ ਖਾਰਾ ਅਤੇ ਬਹੁਤ ਭਾਰੀ ਹੈ. ਮਰਣ ਸਮੇਂ ਪ੍ਰਾਣੀ ਦੇ ਮੂੰਹ ਵਿੱਚ ਜ਼ਮਜ਼ਨ ਦਾ ਪਾਣੀ ਪਾਉਣਾ ਭੀ ਮੁਸਲਮਾਨਾਂ ਵਿੱਚ ਪਵਿਤ੍ਰ ਕਰਮ ਹੈ.

ਜ਼ਮਜ਼ਮਾ: ਅ਼. زمزمہ ਸੰਗਜਾ- ਪਾਰਸੀ ਲੋਕਾਂ ਦੀ ਉਹ ਪ੍ਰਾਰਥਨਾ, ਜੋ ਉਹ ਅਗਨੀ ਦੀ ਪੂਜਾ ਅਤੇ ਖਾਣ ਪੀਣ ਵੇਲੇ ਹੌਲੀ ਹੌਲੀ ਪੜ੍ਹਦੇ ਹਨ। ੨. ਰਾਗਵਿਦਜਾ ਅਨੁਸਾਰ ਸ੍ਵਰ ਦਾ ਕੰਪ. ਕੰਠ ਤੋਂ ਅਥਵਾ ਤਾਰ ਤੋਂ ਕੰਬਦਾ ਹੋਇਆ ਸੁਰ ਕੱਢਣਾ.

ਜਮਜਾਲ: ਸੰਗਜਾ- ਯਮ ਦੀ ਫਾਹੀ। "ਨਿਤ ਜੋਹੇ ਜਮਜਾਲੇ." (ਸ੍ਰੀ ਮਃ ੩) ੨. ਫੰਧਕ ਦਾ ਜਾਲ.

ਜਮਜਾਲਿ: ਯਮ ਅਥਵਾ ਫੰਧਕ. ਦੇ ਜਾਲ ਵਿੱਚ. "ਜਿਉ ਮਛੁਲੀ ਫਾਥੀ ਜਮਜਾਲਿ." (ਓਅੰਕਾਰ)

ਜਮਜੇਵਰਾ, ਜਮਜੇਵਰੀ, ਜਮਜੇਵੜਾ: ਯਮ ਦੀ ਫਾਹੀ. ਯਮਫੰਦਾ. "ਚਹੁਦਿਸ ਪਸਰਿਓ ਹੈ ਜਮਜੇਵਰਾ." (ਸੋਰ ਕਬੀਰ)

ਜਮਜੰਦਾਰੁ: ਜੱਲਾਦ ਯਮ. ਦੇਖੋ, ਜਿੰਦਾਰ ਅਤੇ ਜੰਦਾਰ. "ਜਮਜੰਦਾਰੁ ਨ ਆਵੈ ਨੇੜੇ." (ਧਨਾ ਮਃ ੫)

ਜਮਡੱਢ: ਸੰਗਯਾ- ਕਟਾਰ. ਦੇਖੋ, ਜਮਦਾੜ੍ਹ. "ਜਮਡੱਢ ਕ੍ਰਿਪਾਣ ਨਿਕਾਰਹਿੰਗੇ." (ਕਲਕੀ)

ਜਮਡਾਂਡ, ਜਮਡਾਂਡਾ: ਯਮਦੰਡ. "ਮਿਲੈ ਜਮਡਾਂਡਾ." (ਸੂਹੀ ਮਃ ੫)

ਜਮਡਾਢ: ਦੇਖੋ, ਜਮਦਾੜ੍ਹ.

ਜਮਡੰਡਾ, ਜਮਡੰਡੁ: ਯਮਦੰਡ. ਯਮ ਦਾ ਸੋਟਾ। ੨. ਯਮ ਵੱਲੋਂ ਮਿਲੀ ਸਜ਼ਾ. "ਜਮਡੰਡੁ ਸਹਹਿ ਸਦਾ ਦੁਖ ਪਾਏ." (ਗਉ ਅਃ ਮਃ ੩)

ਜਮਣ: ਦੇਖੋ, ਜਨਮਨ ਅਤੇ ਜੰਮਣਾ.

ਜਮਤ: ਜੰਮਦਾ. ਜਨਮ ਲੈਂਦਾ। ੨. ਸੰ. ਜਾਮਿਤ੍ਰ. ਸੰਗਯਾ- ਅਪਣਾਇਤ. ਯਗਾਨਗਤ. "ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ." (ਸਵੈਯੇ ਮਃ ੪. ਕੇ) ਪੰਚ ਭੂਤ ਅਪਣਾਕੇ ਕਾਬੂ ਕੀਤੇ ਹਨ, ਭੈ ਵਿਖਾਕੇ ਨਹੀਂ.

ਜਮਤੁ: ਜਨਮਤ. ਜਨਮ ਲੈਂਦਾ ਹੈ. "ਬੇਸੁਆ ਕੇ ਘਰਿ ਪੂਤ ਜਮਤੁ ਹੈ." (ਦੇਵ ਮਃ ੪)

ਜਮਦਗਨ, ਜਮਦਗਨਿ: ਸੰ जमदग्नि ਭ੍ਰਿਗੁਵੰਸ਼ ਵਿੱਚੋਂ ਇੱਕ ਬ੍ਰਾਹਮਣ, ਜੋ ਰਿਚੀਕ ਅਤੇ ਸਤਜਵਤੀ ਦਾ ਪੁਤ੍ਰ ਸੀ. ਜਮਦਗਨਿ ਦੀ ਮਾਤਾ ਸਤਜਵਤੀ ਛਤ੍ਰੀ ਵੰਸ਼ ਦੇ ਗਾਧਿ ਨਾਮੇਂ ਰਾਜੇ ਦੀ ਪੁਤ੍ਰੀ ਸੀ. ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਇੱਕ ਸਮੇਂ ਰਿਚੀਕ ਰਿਖੀ ਨੇ ਆਪਣੇ ਤਪ ਦੇ ਪ੍ਰਭਾਵ ਨਾਲ ਇੱਕ ਦਿਵਯ ਭੋਜਨ ਤਿਆਰ ਕੀਤਾ, ਜਿਸ ਦੇ ਖਾਣ ਤੋਂ ਬ੍ਰਾਹਮਣ ਦੀਆਂ ਸਿਫਤਾਂ ਵਾਲਾ ਪੁਤ੍ਰ ਹੋਵੇ. ਉਸ ਨੇ ਉਸੇ ਵੇਲੇ ਇੱਕ ਹੋਰ ਆਹਾਰ ਤਿਆਰ ਕਰਕੇ ਸਤਜਵਤੀ ਦੀ ਮਾਤਾ ਨੂੰ ਭੀ ਦਿੱਤਾ, ਜਿਸ ਦੇ ਅਸਰ ਨਾਲ ਯੋੱਧਾ ਪੁਤ੍ਰ ਜਨਮੇ. ਇਨ੍ਹਾਂ ਮਾਵਾਂ ਧੀਆਂ ਨੇ ਉਹ ਆਹਾਰ ਆਪਸ ਵਿੱਚ ਬਦਲ ਲਏ, ਇਸ ਲਈ ਰਿਚੀਕ ਦਾ ਪੁਤ੍ਰ ਜਮਦਗਨਿ ਤਾਂ ਯੋੱਧਾ ਹੋਇਆ,[523] ਤੇ ਗਾਧਿ ਛਤ੍ਰੀ ਦਾ ਪੁਤ੍ਰ ਵਿਸ਼੍ਵਾਮਿਤ੍ਰ ਬ੍ਰਾਹਮਣ ਹੋਇਆ.

ਮਹਾਭਾਰਤ ਵਿੱਚ ਲਿਖਿਆ ਹੈ ਕਿ ਜਮਦਗਨਿ ਨੇ ਜਦ ਸਾਰੇ ਵੇਦਾਂ ਦਾ ਅਭਜਾਸ ਕਰ ਲਿਆ, ਤਾਂ ਸੂਰਜਵੰਸ਼ੀ "ਰੇਣੁ" ਅਥਵਾ "ਪ੍ਰਸੇਨਜਿਤ" ਰਾਜੇ ਪਾਸ ਗਿਆ ਅਤੇ ਉਸ ਦੀ ਕੰਨਜਾ ਰੇਣੁਕਾ ਮੰਗੀ. ਰਾਜੇ ਨੇ ਉਸ ਨੂੰ ਕੰਨਜਾ ਦੇ ਦਿੱਤੀ, ਜਿਸ ਦੇ ਉਦਰ ਤੋਂ ਜਮਦਗਨਿ ਦੇ ਪੰਜ ਪੁਤ੍ਰ ਹੋਏ- ਰੁਮਨ੍ਵਾਨ, ਸੁਸ਼ੇਣ, ਵੇਹੁ, ਵਿਸ਼੍ਵਾਵਹੁ ਅਤੇ ਪਰਸ਼ੁਰਾਮ.

ਜਮਦਗਨਿ ਦੇ ਰਹਿਣ ਦਾ ਥਾਂ ਗ਼ਾਜ਼ੀਪੁਰ ਜਿਲੇ ਵਿੱਚ "ਜ਼ਮਾਨੀਆ" ਨਾਮ ਤੋਂ ਪ੍ਰਸਿੱਧ ਹੈ, ਜੋ ਜਮਦਗਨੀਯ ਤੋਂ ਵਿਗੜਕੇ ਬਣਿਆ ਹੈ. "ਗਾਵੈ ਜਮਦਗਨਿ ਪਰਸ ਰਾਮੇਸੁਰ." (ਸਵੈਯੇ ਮਃ ੧. ਕੇ) ਦੇਖੋ, ਸਹਸ੍ਰਬਾਹੁ, ਚਜਵਨ, ਪਰਸਰਾਮ ਅਤੇ ਰੇਣੁਕਾ.

ਜਮਦੱਢ, ਜਮਦਾਰ੍ਹ, ਜਮਦਾੜ੍ਹ: ਸੰ. ਯਮਦੰਸ਼੍ਟ੍ਰਾ. ਸੰਗਯਾ- ਕਟਾਰ, ਜੋ ਯਮ ਦੀ ਦਾੜ੍ਹ ਜੇਹਾ ਹੈ। ੨. ਬਿਛੂਆ. ਖ਼ਮਦਾਰ ਨੋਕ ਵਾਲਾ ਪੇਸ਼ਕਬਜ। ੩. ਦੋ ਮੂੰਹਾਂ ਵਾਲਾ ਕਟਾਰ. ਦੇਖੋ, ਸ਼ਸਤ੍ਰ.

ਜਮਦੀਪਕ: ਸੰਗਯਾ- ਯਮਦੀਪਕ. ਯਮ ਨਿਮਿੱਤ ਕੱਤਕ ਬਦੀ ੩. ਨੂੰ ਘਰ ਦੇ ਵਹੀਣ ਵਿੱਚ ਮਚਾਇਆ ਹੋਇਆ ਦੀਵਾ.

ਜਮਦੂਤ: ਸੰਗਯਾ- ਯਮਦੂਤ. ਯਮ ਦੀ ਸਿਪਾਹੀ. ਯਮਗਣ. "ਜਮਦੂਤ ਨ ਆਵੈ ਨੇਰੈ." (ਸੋਰ ਮਃ ੫)

ਜਮਧਰ, ਜਮਧੜ: ਦੇਖੋ, ਜਮਦਾੜ੍ਹ.

ਜਮਧਾਣ: ਯਮ- ਧਾਨ. ਨਗਾਰਾ. ਧੌਂਸਾ. ਇਸ ਨਾਮ ਦਾ ਕਾਰਣ ਇਹ ਹੈ ਕਿ ਜੰਗ ਸਮੇਂ ਯਮ (ਦੋ) ਨਗਾਰੇ ਘੋੜੇ ਆਦਿ ਪੁਰ ਧਾਰਣ ਕੀਤੇ (ਰੱਖੇ) ਜਾਂਦੇ ਹਨ. "ਸੱਟ ਪਈ ਜਮਧਾਣ ਕਉ." (ਚੰਡੀ ੩) ੨. चर्मपिधान ਚਰਮਪਿਧਾਨ. ਚੰਮ ਨਾਲ ਮੜ੍ਹਿਆ ਹੋਇਆ ਵਾਜਾ.

---

[523] ਪੁਰਾਣਕਥਾ ਹੈ ਕਿ ਜਮਦਗਨਿ ਦੇ ਪਿਤਾ ਦੇ ਵਰਦਾਨ ਕਰਕੇ ਯੋੱਧਾ ਦੇ ਗੁਣ ਪੁਤ੍ਰ ਦੀ ਥਾਂ ਪੋਤੇ ਪਰਸ਼ੁਰਾਮ ਵਿੱਚ ਬਦਲ ਗਏ.

**ਜਮਧਾਣੀ:** ਸੰਗਯਾ- ਯਮਧਾਨੀ. ਯਮ ਦੀ ਰਾਜਧਾਨੀ। ੨. ਜਮਧਾਣਾਂ (ਧੌਂਸਿਆਂ) ਉੱਪਰ. ਜਮਧਾਨੋਂ ਪਰ. "ਸੱਟ ਪਈ ਜਮਧਾਣੀ." (ਚੰਡੀ ੩) ਦੇਖੋ, ਜਮਧਾਣ.

**ਜਮਧਾਰ:** ਦੇਖੋ, ਜਮਦਾੜ੍ਹ.

**ਜਮਧਾਰਾ:** ਦੇਖੋ, ਜਮਦਾੜ੍ਹ। ੨. ਯਮ ਦੇ ਕ਼ਾਨੂਨ ਦੀ ਧਾਰਾ (ਦਫ਼ਹ). "ਆਵਣੁ ਜਾਣੁ ਨਹੀ ਜਮਧਾਰਾ." (ਮਾਰੂ ਸੋਲਹੇ ਮਃ ੧)

**ਜਮਨ:** ਦੇਖੋ, ਜਨਮਨ ਅਤੇ ਜੰਮਣ। ੨. ਦੇਖੋ, ਜਮੁਨ। ੩. ਦੇਖੋ, ਯਮਨ। ੪. ਦੇਖੋ, ਯਵਨ. "ਆਏ ਅਹੰਮੇਵ ਯੁਤ ਜਮਨ." (ਗੁਪ੍ਰਸੂ) ਤੁਰਕ ਲੋਕ ਹੰਕਾਰ ਸਹਿਤ ਆਏ.

**ਜਮਨਪਿਤਾ:** ਯਮੁਨਾ ਦਾ ਪਿਤਾ ਸੂਰਜ."ਜਮਨਪਿਤਾ ਚੜ੍ਹ ਗਗਨ ਮਝਾਰਾ." (ਗੁਵਿ ੧੦)

**ਜਮਨਾ:** ਸੰ. ਯਮੁਨਾ. ਭਾਰਤ ਦੀ ਇੱਕ ਪ੍ਰਸਿੱਧ ਨਦੀ, ਜਿਸ ਦੀ ਗਿਣਤੀ ਤ੍ਰਿਵੇਣੀ ਵਿੱਚ ਹੈ. ਪੁਰਾਣਾਂ ਨੇ ਇਸ ਨੂੰ ਸੂਰਜ ਦੀ ਪੁਤ੍ਰੀ ਦੱਸਿਆ ਹੈ. ਇਹ ਟੇਹਰੀ ਦੇ ਇ਼ਲਾਕੇ ਹਿਮਾਲਯ ਤੋਂ ੧੦੮੫੦ ਫੁਟ ਦੀ ਬਲੰਦੀ ਤੋਂ ਨਿਕਲਕੇ ੮੬੦ ਮੀਲ ਵਹਿੰਦੀ ਹੋਈ ਪ੍ਰਯਾਗ ਪਾਸ ਗੰਗਾ ਵਿੱਚ ਮਿਲਦੀ ਹੈ. ਹਿੰਦੂਆਂ ਦਾ ਵਿਸ਼੍ਵਾਸ ਹੈ ਕਿ ਯਮੁਨਾ ਵਿੱਚ ਇਸ਼ਨਾਨ ਕਰਨ ਤੋਂ ਯਮ ਦੰਡ ਨਹੀਂ ਦਿੰਦਾ. "ਰਸਨਾ ਰਾਮ ਨਾਮ ਹਿਤ ਜਾਕੈ, ਕਹਾ ਕਰੈ ਜਮਨਾ?" (ਆਸਾ ਕਬੀਰ)

**ਜਮਨਾਪਤਿ:** ਯਮੁਨਾ ਦਾ ਭਰਤਾ ਕ੍ਰਿਸ਼ਨਦੇਵ। ੨. ਯਮੁਨਾ ਨਦੀ ਦਾ ਸ੍ਵਾਮੀ ਵਰੁਣ ਦੇਵਤਾ. (ਸਨਾਮਾ)

**ਜਮਨਾਪਤਿ ਆਯੁਧ:** ਯਮੁਨਾ ਦਾ ਸ੍ਵਾਮੀ ਵਰੁਣ, ਉਸ ਦਾ ਸ਼ਸਤ੍ਰ ਫਾਹੀ. (ਸਨਾਮਾ) ੨. ਯਮਨਾ ਦਾ ਸ੍ਵਾਮੀ ਕ੍ਰਿਸ਼ਨਦੇਵ, ਉਸ ਦਾ ਸ਼ਸਤ੍ਰ ਸੁਦਰਸ਼ਨ ਚਕ੍ਰ (ਸਨਾਮਾ)

**ਜਮਨਾਪਿਤ:** ਯਮੁਨਾ ਦਾ ਪਿਤਾ ਸੂਰਜ.

**ਜਮਨੋਤਰੀ:** ਯਮੁਨੋਤ੍ਰੀ. ਹਿਮਾਲਯ ਵਿੱਚ ਬਾਂਦਰਪੁੱਛ ਪਹਾੜ,[524] ਜਿਸ ਨੂੰ ਕਲਿੰਦਗਿਰਿ ਭੀ ਆਖਦੇ ਹਨ, ਜਮਨਾ ਦਾ ਜਨਮਅਸਥਾਨ ਹੈ, ਇੱਥੋਂ ਜਮਨਾ ਨਦੀ ਉਤਰੀ ਹੈ। ੨. ਪ੍ਰਯਾਗ ਵਿੱਚ ਉਹ ਥਾਂ ਜਿੱਥੇ ਗੰਗਾ ਜਮਨਾ ਨਾਲ ਮਿਲੀ ਹੈ.

**ਜਮਪਾਸ:** ਯਮਪਾਸ਼. ਯਮ ਦੀ ਫਾਹੀ.

**ਜਮਪਾਸਿ:** ਯਮਪਾਸ਼ ਮੇਂ. ਜਮ ਦੀ ਫਾਹੀ ਵਿੱਚ. "ਨਾਮੁ ਨ ਪਾਇਆ, ਤੇ ਭਾਗਹੀਣ ਜਮਪਾਸਿ." (ਸੋਦਰੁ)

**ਜਮਪੰਥ, ਜਮਪੰਥੁ:** ਯਮਮਾਰਗ. "ਜਮਪੰਥ ਬਿਖੜਾ." (ਗਉ ਛੰਤ ਮਃ ੫)

**ਜਮਬਾਹਣ, ਜਮਬਾਹਨ:** ਯਮ ਦਾ ਵਾਹਨ ਝੋਟਾ. "ਜਮਬਾਹਣ ਜਿਉ ਅਰੜਾਏ." (ਚੰਡੀ ੩)

**ਜਮਮਗਿ:** ਯਮਮਾਰ੍‍ਗ ਮੇਂ. "ਜਮਮਗਿ ਨ ਜਾਵਹੁ." (ਤੁਖਾ ਛੰਤ ਮਃ ੧)

**ਜਗਮਗੁ, ਜਮਮਾਰਗ:** ਯਮਮਾਰਗ. ਯਮਪੁਰੀ ਦਾ ਰਸਤਾ. "ਜਮਮਾਰਗ ਕੈ ਸੰਗੀ ਪਾਥ." (ਭੈਰ ਮਃ ੫)

**ਜਮਰਾ, ਜਮਰਾਇ, ਜਮਰਾਜ:** ਯਮਰਾਜ. ਧਰਮਰਾਜ. "ਕਹਾਂ ਕਰੈ ਜਮਰਾ?" (ਆਸਾ ਕਬੀਰ)

**ਜਮਲ:** ਦੇਖੋ, ਯਮਲ.

**ਜਮਲਾਰਜਨ:** ਸੰ. ਯਮਲਾਰ੍‍ਜੁਨ. ਯਮਲ (ਜੋੜਾ) ਅਰਜੁਨ (ਕਉ) ਬਿਰਛ ਦਾ. ਭਾਗਵਤ ਵਿੱਚ ਕਥਾ ਹੈ ਕਿ ਕੁਬੇਰ ਦਾ ਪੁਤ੍ਰ ਨਲਕੂਵਰ ਅਤੇ ਉਸ ਦਾ ਭਾਈ ਮਣਿਗ੍ਰੀਵ ਕੈਲਾਸ ਪਾਸ ਗੰਗਾ ਦੇ ਕਿਨਾਰੇ ਨਿਰਲੱਜ ਹੋਏ ਇਸਤ੍ਰੀਆਂ ਦੇ ਨਾਲ ਕ੍ਰੀੜਾ ਕਰਦੇ

---

[524] ਜਮਨਾ ਦੇ ਮੂਲਰੂਪ ਚਸ਼ਮੇਂ ਦਾ ਪਾਣੀ ਬਹੁਤ ਗਰਮ ਹੈ. ਆਖਦੇ ਹਨ ਕਿ ਹਨੂਮਾਨ ਨੇ ਲੰਕਾ ਫੂਕਕੇ ਆਪਣੀ ਪੂਛ ਇੱਥੇ ਆਕੇ ਬੁਝਾਈ ਸੀ, ਜਿਸ ਤੋਂ ਪਾਣੀ ਗਰਮ ਹੈ ਅਤੇ ਪਹਾੜ ਦਾ ਨਾਮ ਬਾਂਦਰਪੁੱਛ ਹੈ. ਦੇਖੋ, Geographical Dictionary by Nundo Lal Dey.

ਸਨ, ਇਸ ਪੁਰ ਨਾਰਦ ਨੇ ਸ੍ਰਾਪ ਦਿੱਤਾ ਕਿ ਤੁਸੀਂ ਬਿਰਛ ਹੋਕੇ ਮਾਤ (ਮਰਤਯ) ਲੋਕ ਵਿੱਚ ਰਹੋ. ਇਸ ਲਈ ਇਹ ਦੋਵੇਂ ਅਜੁੰਨ (ਕਉ) ਬਿਰਛ ਬਣਕੇ ਵ੍ਰਜਭੂਮਿ ਵਿੱਚ ਪੈਦਾ ਹੋਏ. ਕ੍ਰਿਸ਼ਨ ਜੀ ਨੇ ਬਾਲ ਅਵਸਥਾ ਵਿੱਚ ਇਨ੍ਹਾਂ ਬਿਰਛਾਂ ਦੇ ਜੋੜੇ ਨੂੰ ਉੱਖਲੀ ਫਸਾਕੇ ਤੋੜਿਆ ਅਤੇ ਦੋਵੇਂ ਭਾਈ ਸ੍ਰਾਪ ਤੋਂ ਛੁਟਕਾਰਾ ਪਾਕੇ ਦੇਵਲੋਕ ਨੂੰ ਗਏ।

੨. ਨਲਕੂਵਰ ਅਤੇ ਮਣਿਗ੍ਰੀਵ ਦਾ ਨਾਮ ਭੀ ਜਮਲਾਜੁੰਨ ਹੋ ਗਿਆ, ਕਿਉਂਕਿ ਉਹ ਅਰਜੁਨ ਬਿਰਛ ਦਾ ਜੋੜਾ ਬਣੇ ਸਨ. "ਊਖਲ ਕਾਨ੍ਹ ਅਰਾਇ ਕਿਧੌਂ ਬਲਕੈ ਤਨ ਕੋ ਤਰੁ ਤੋਰਦਏ ਹੈਂ। ਤੌ ਨਿਕਸੇ ਤਿਨਤੇ ਜਮਲਾਜੁੰਨ ਕੈ ਬਿਨਤੀ ਸੁਰਲੋਕ ਗਏ ਹੈਂ।" (ਕ੍ਰਿਸਨਾਵ)

ਜਮਵਾਹਨ: ਯਮਵਾਹਨ. ਯਮ ਦੀ ਸਵਾਰੀ ਝੋਟਾ. ਦੇਖੋ, ਜਮਬਾਹਣ.

ਜਮਵਾਰ: ਜਨਮਨਵਾਰ. ਜੰਮਣ ਦਾ ਸਮਾ। ੨. . ਉਮਰ. ਅਵਸ੍ਥਾ. "ਤਿੰਨ ਵੇਸ ਜਮਵਾਰ ਵਿੱਚ." (ਭਾਗੁ) ਬਚਪਨ, ਜੁਆਨੀ, ਬੁਢਾਪਾ ਤਿੰਨ ਵੇਸ.

ਜਮਵਾਲ: ਰਾਜਪੂਤਾਂ ਦਾ ਗੋਤ੍ਰ. ਜੰਮੂ ਦਾ ਰਾਜ ਜਮਵਾਲਾਂ ਦਾ ਥਾਪਿਆ ਹੋਇਆ ਹੈ.

ਜਮਾ: ਅ਼. جمع ਜਮਅ਼. ਸੰਗਯਾ- ਜੋੜ. ਮੀਜ਼ਾਨ। ੨. ਸੰਗ੍ਰਹਿ। ੩. ਜਮਾ ਸ਼ਬਦ ਖ਼ਾਤਿਰਜਮਾ (ਤਸੱਲੀ) ਲਈ ਭੀ ਵਰਤਿਆ ਹੈ. "ਇਸ ਬਿਧਿ ਤਾਂਕੀ ਜਮਾ ਕਰਾਈ." (ਗੁਵਿ ੧੦)

ਜਮਾਂ: ਦੇਖੋ, ਜਮਾ। ੨. ਦੇਖੋ, ਜਮਾਨ ੪. "ਜਮੀਨੁਲ ਜਮਾਂ ਹੈ." (ਜਾਪੁ)

ਜਮਾਉਣਾ: ਕ੍ਰਿ- ਜਨਮ ਕਰਾਉਣਾ. ਪੈਦਾ ਕਰਾਉਣਾ। ੨. ਗਾੜ੍ਹਾ ਕਰਨਾ, ਜੈਸੇ- ਦੁੱਧ ਜਮਾਉਣਾ। ੩. ਮਨ ਵਿੱਚ ਦ੍ਰਿੜ੍ਹ ਵਸਾਉਣਾ। ੪. ਉਤਪੰਨ ਕਰਨਾ. ਉਗਾਉਣਾ.

ਜਮਾਇਣ: ਦੇਖੋ, ਜਵਾਯਨ.

ਜਮਾਇਣੁ: ਸਿੰਧੀ. ਦੁੱਧ ਦੀ ਲਾਗ, ਜਿਸ ਨਾਲ ਦੁੱਧ ਜਮਕੇ ਦਹੀਂ ਦੀ ਸ਼ਕਲ ਧਾਰਦਾ ਹੈ। ੨. ਕ੍ਰਿ- ਜਮਾਉਣਾ.

ਜਮਾਇਤ: ਦੇਖੋ, ਜਮਾਤ.

ਜਮਾਈ: ਉਗਾਈ ਪੈਦਾ ਕੀਤੀ। ੨. ਦ੍ਰਿੜ੍ਹ ਗਡਾਈ. "ਹਿਰਦੈ ਰਾਮ ਨਾਮ ਲੇਹੁ ਜਮਾਈ." (ਭੈਰ ਮਃ ੩) ਨਾਮ ਨੂੰ ਮਨ ਵਿੱਚ ਜਮਾ (ਦ੍ਰਿੜ੍ਹ ਵਸਾ) ਲਓ। ੩. ਸੰ. जामात्रि ਜਾਮਾਤ੍ਰਿ. ਜਵਾਈ. ਦਾਮਾਦ.

ਜਮਾਣਾ, ਜਮਾਣੀ: ਵਿ- ਯਮ ਦਾ. ਯਮ ਦੀ. "ਚੂਕੀ ਕਾਣ ਜਮਾਣੀ." (ਵਡ ਛੰਤ ਮਃ ੫) "ਦੁਖ ਸਹੈ ਜਮਾਣੈ." (ਭਾਗੁ)

ਜਮਾਤ: ਅ਼. جماعت ਜਮਾਅ਼ਤ. ਸੰਗਯਾ- ਜਥਾ. ਮੰਡਲੀ. ਟੋਲਾ। ੨. ਨਮਾਜ਼ੀਆਂ ਦੀ ਪੰਕ੍ਤਿ (ਕਤਾਰ).

ਜਮਾਤਾ: ਦੇਖੋ, ਜਮਾਈ ੩.

ਜਮਾਤੀ: ਵਿ- ਜਮਾਅ਼ਤ ਨਾਲ ਸੰਬੰਧ ਰੱਖਣ ਵਾਲਾ. ਭਾਵ- ਹਮਜਮਾਤੀ. ਬਰਾਬਰ ਦਾ. "ਆਈਪੰਥੀ ਸਗਲ ਜਮਾਤੀ." (ਜਪੁ) ਸਭ ਨੂੰ ਆਪਣੇ ਬਰਾਬਰ ਦਾ ਸਮਝਣਾ, ਭਾਵ ਕਿਸੇ ਨੂੰ ਨੀਚ ਨਾ ਜਾਨਣਾ, ਆਈਪੰਥ ਦਾ ਸਾਂਪ੍ਰਦਾਈ ਹੋਣਾ ਹੈ.

ਜਮਾਦਾਰ: ਵਿ- ਸਿਪਾਹੀ ਮਜਦੂਰ ਆਦਿਕਾਂ ਨੂੰ ਜਮਾ ਰੱਖਣ ਵਾਲਾ। ੨. ਜਮੀਅਤ ਦਾ ਸਰਦਾਰ। ੩. ਸੰਗਯਾ- ਫੌਜ ਦਾ ਇੱਕ ਅਹੁਦੇਦਾਰ.

ਜਮਾਦਿ: ਯਮ- ਆਦਿ. ਜਮ ਆਦਿਕ. "ਇਛਸਿ ਜਮਾਦਿ ਪਰਾਭਯੰ." (ਗੂਜ ਜੈਦੇਵ) ਦੇਖੋ, ਪਰਾਭਯੰ.

ਜਮਾਨ: ਜਯਮਾਨ. ਜਯਵਾਨ. "ਸੰਤ ਜਮਾਨੇ ਆਦਿ ਅੰਤੇ." (ਅਕਾਲ) ੨. ਜ਼ਾਮਿਨ. ਜ਼ਿੰਮੇਵਾਰ. "ਨਹਿ ਉਗੈ ਖੇਤ ਹਮ ਹੈਂ ਜਮਾਨ." (ਨਾਪ੍ਰ) ੩. ਅ਼. زمان ਸੰਗਯਾ- ਵੇਲਾ. ਸਮਾਂ. ਕਾਲ। ੪. ਆਸਮਾਨ. "ਜਮੀਨ ਜਮਾਨ ਸਬਾਨ ਕੋ ਪੇਖੈ."

(ਅਕਾਲ) "ਜਮੀਨ ਕੋ ਦੇਤ ਜਮਾਨ ਕੋ ਦੈਹੈ." (ਅਕਾਲ)

ਜ਼ਮਾਨਸ਼ਾਹ: زمان شاہ ਗ਼ਜ਼ਨੀ ਅਤੇ ਕਾਬੁਲ ਦਾ ਬਾਦਸ਼ਾਹ, ਜੋ ਤੈਮੂਰਸ਼ਾਹ ਦਾ ਬੇਟਾ ਅਤੇ ਅਹ਼ਮਦਸ਼ਾਹ ਅਬਦਾਲੀ ਦਾ ਪੋਤਾ ਸੀ. ਇਹ ਸਨ ੧੭੯੩ ਵਿੱਚ ਤਖ਼ਤ ਤੇ ਬੈਠਾ. ਇਸ ਨੇ ਸਨ ੧੭੯੭ ਵਿੱਚ ਪੰਜਾਬ ਪੁਰ ਚੜ੍ਹਾਈ ਕਰਕੇ ਸਿੱਖ ਅਤੇ ਹਿੰਦੂਆਂ ਨੂੰ ਅਨੇਕ ਕਸ਼੍ਟ ਦਿੱਤੇ. ਜਦ ਇਸ ਨੇ ਸੁਣਿਆ ਕਿ ਇਸ ਦੀ ਰਿਆਸਤ ਵਿੱਚ ਅਸ਼ਾਂਤੀ ਫੈਲ ਗਈ ਹੈ, ਤਦ ਆਪਣੇ ਬੇਟੇ ਕਿਰਾਨਸ਼ਾਹ ਨੂੰ ਪੰਜਾਬ ਵਿੱਚ ਛੱਡਕੇ ਗ਼ਜ਼ਨੀ ਨੂੰ ਵਾਪਿਸ ਚਲਾ ਗਿਆ. ਸਨ ੧੮੦੦ ਵਿੱਚ ਇਸ ਦੇ ਛੋਟੇ ਭਾਈ ਮਹ਼ਮੂਦਸ਼ਾਹ ਨੇ ਇਸ ਦੀਆਂ ਅੱਖਾਂ ਕਢਵਾਕੇ ਇਸ ਨੂੰ ਬਹੁਤ ਦੁਖੀ ਕੀਤਾ.

ਜਮਾਨਤ: ਅ਼. ضمانت ਜ਼ਮਾਨਤ. ਸੰਗਯਾ- ਜ਼ਿੰਮੇਵਾਰੀ.

ਜਮਾਨਾ: ਵਿ- ਯਮ ਦਾ. ਯਮ ਸੰਬੰਧੀ. "ਤਿਸ ਨਾਰੀ ਕੋ ਦੁਖ ਨ ਜਮਾਨੈ." (ਗਉ ਮਃ ੫) ੨. ਅ਼. زمانہ ਜ਼ਮਾਨਹ. ਸੰਗਯਾ- ਸਮਾਂ. ਵੇਲਾ. "ਅਹੈ ਵਧ ਘਾਟੇ ਕੋ ਸੋਊ ਜਮਾਨਾ." (ਨਾਪ੍ਰ) ੩. ਸੰਸਾਰ. ਜਗਤ.

ਜਮਾਨੈ: ਦੇਖੋ, ਜਮਾਨਾ। ੨. ਜ਼ਮਾਨੇ ਵਿੱਚ.

ਜਮਾਰ: ਦੇਖੋ, ਜੂਾਰ.

ਜਮਾਲ: ਅ਼. جمال ਸੰਗਯਾ- ਸੁੰਦਰਤਾ. "ਕਿ ਹੁਸਨੁਲਜਮਾਲ ਹੈਂ." (ਜਾਪੁ) ੨. ਖ਼ੂਬੀ. ਗੁਣ. "ਕਰਨੀ ਕਮਲ ਜਮਾਲ." (ਚਉਬੋਲੇ ਮਃ ੫) ਦੇਖੋ, ਚੰਚਲਚੀਤ। ੩. ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਅਨੰਨ ਸੇਵਕ। ੪. ਇੱਕ ਪ੍ਰੇਮੀ, ਜੋ ਇਸਲਾਮ ਤਯਾਗਕੇ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਬਣਿਆ, ਅਤੇ ਆਤਮਗ੍ਯਾਨ ਨੂੰ ਪ੍ਰਾਪਤ ਹੋਇਆ. "ਮੀਆਂ ਜਮਾਲ ਨਿਹਾਲ ਹੈ." (ਭਾਗੁ) ੫. ਲਹੌਰ ਨਿਵਾਸੀ ਇੱਕ ਫ਼ਕ਼ੀਰ, ਜੋ ਕਮਾਲ ਦਾ ਭਾਈ ਸੀ. ਇਸ ਦਾ ਦੇਹਾਂਤ ਸਨ ੧੬੫੦ ਵਿੱਚ ਹੋਇਆ ਹੈ.

ਜਮਾਲਖ਼ਾਂ: ਦੇਖੋ, ਰੂਪਕਲਾ.

ਜਮਾਲਗੋਟਾ: ਸੰ. ਜਯਪਾਲ. L. Croton liglium. ਇੱਕ ਬਿਰਛ, ਜਿਸ ਦੇ ਫਲਾਂ ਦੇ ਬੀਜਾਂ ਵਿੱਚੋਂ ਤੇਲ ਕੱਢੀਦਾ ਹੈ, ਜੋ ਜੁਲਾਬ ਲਈ ਵਰਤੀਦਾ ਹੈ. ਜਮਾਲਗੋਟਾ ਖ਼ੁਸ਼ਕ, ਬਹੁਤ ਗਰਮ ਤੇ ਤਿੱਖਾ (ਤੀਕ੍ਸ਼ਣ) ਹੁੰਦਾ ਹੈ. ਇਸ ਦਾ ਵਰਤਣਾ ਸਾਵਧਾਨੀ ਨਾਲ ਵੈਦ੍ਯ ਦੀ ਸਿਖ੍ਯਾ ਅਨੁਸਾਰ ਕਰਨਾ ਚਾਹੀਏ. ਇਹ ਸਰੀਰ ਦੀ ਰਤੂਬਤ ਖ਼ੁਸ਼ਕ ਕਰਦਾ, ਲਹੂ ਅਤੇ ਖਲੜੀ ਦੇ ਰੋਗ ਮਿਟਾਉਂਦਾ ਹੈ.

ਜਮਾਵਨ: ਦੇਖੋ, ਜਮਾਉਣਾ.

ਜਮਿ: ਯਮ ਨੇ. "ਜਮਿ ਪਕੜਿਆ ਤਬ ਹੀ ਪਛੁਤਾਨਾ." (ਗਉ ਅਃ ਮਃ ੩) ੨. ਜੰਮਕੇ. ਪੈਦਾ ਹੋਕੇ. "ਜਮਿ ਜਮਿ ਮਰੈ." (ਮਾਰੂ ਅੰਜੁਲੀ ਮਃ ੫)

ਜਮੀ: ਦੇਖੋ, ਜ਼ਮੀਨ। ੨. ਜਨਮੀ. ਉਪਜੀ। ੩. ਜਮਦੂਤਾਂ ਨੇ. ਯਮਾਂ ਨੇ। ੪. ਯਮੀ. ਯਮੁਨਾ ਨਦੀ। ੫. ਯਮ (ਸਾਧਨ) ਧਾਰਨ ਵਾਲਾ. ਯਮਿਨ੍.

ਜਮੀਅਤ, ਜਮੀਅ਼ਤ: ਅ਼. جمعیت ਆਦਮੀਆਂ ਦਾ ਇਕੱਠ। ੨. ਇਤ਼ਮੀਨਾਨ. ਤਸੱਲੀ.

ਜ਼ਮੀਂਦਾਰ: ਫ਼ਾ. زمیندار ਜ਼ਮੀਨ ਰੱਖਣ ਵਾਲਾ. ਪ੍ਰਿਥਿਵੀਪਤਿ। ੨. ਜੱਟ। ੩. ਬੰਗਾਲ ਵਿੱਚ ਉਹ ਲੋਕ ਜਿਮੀਂਦਾਰ ਕਹਾਉਂਦੇ ਹਨ, ਜੋ ਜਮੀਨਾਂ ਦੇ ਵਿੱਸਵੇਦਾਰ ਹਨ. ਉਹ ਸਰਕਾਰ ਨੂੰ ਮੁਆਮਲਾ ਦਿੰਦੇ ਹਨ ਅਤੇ ਆਪ ਕਾਸ਼ਤਕਾਰਾਂ ਤੋਂ ਉਗਰਾ ਹੁੰਦੇ ਹਨ.

ਜ਼ਮੀਂਦਾਰੀ: ਜ਼ਮੀਨ ਰੱਖਣ ਦਾ ਭਾਵ. ਜ਼ਮੀਨਪੁਰ ਹ਼ੱਕ਼ ਰੱਖਣ ਦੀ ਕ੍ਰਿਯਾ। ਜ਼ਮੀਂਦਾਰੀ ਦੀ ਕਿਰ.

ਜ਼ਮੀਨ: ਫ਼ਾ. زمین ਪ੍ਰਿਥਿਵੀ. ਭੂਮਿ. ਸੰ. ਜ੍ਮਾ. ਜਮਾ.

ਜਮੀਮਾ: ਅ਼. ضمیمہ ਜ਼ਮੀਮਾ. ਸੰਗਯਾ- ਵਾਧੂਪਤ੍ਰ. ਇੱਕ ਲਿਖਤ ਦੇ ਨਾਲ ਲਾਇਆ ਹੋਇਆ ਕ੍ਰੋੜਪਤ੍ਰ. Appendix.

ਜਮੀਰ: ਅ਼. ضمیر ਜ਼ਮੀਰ. ਸੰਗ੍ਯਾ- ਅੰਤਹਕਰਣ ਦੀ ਵਿਵੇਕਸ਼ਕਤਿ. Conscience । ੨. ਦਿਲ। ੩. ਦਿਲ ਦੀ ਬਾਤ.

ਜਮੁ: ਸੰ. ਯਮ. ਮੌਤ ਦਾ ਦੇਵਤਾ. ਧਰਮਰਾਜ."ਜਿਨਿ ਜਮੁ ਕੀਤਾ ਸੋ ਸੇਵੀਐ." (ਵਾਰ ਵਡ ਮਃ ੩)

ਜਮੁਨ: ਯਮੁਨਾ ਨਦੀ. ਦੇਖੋ, ਜਮਨਾ. "ਦੁਤੀਆ ਜਮੁਨ ਗਏ." (ਤੁਖਾ ਛੰਤ ਮਃ ੪) ਕੁਰੁਕ੍ਸ਼ੇਤ੍ਰ ਤੋਂ ਦੂਸਰੇ ਤੀਰਥ ਯਮੁਨਾ ਪੁਰ ਗਏ। ੨. ਯੋਗਮਤ ਅਨੁਸਾਰ ਪਿੰਗਲਾ ਨਾੜੀ ਵਿੱਚ ਚਲਦਾ ਸ੍ਵਰ. "ਉਲਟੀ ਗੰਗਾ ਜਮੁਨ ਮਿਲਾਵਉ." (ਗਉ ਕਬੀਰ)

ਜਮੁਨਨੀ: ਯਮੁਨਾ ਨਦੀ ਦੇ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਜਮੁਨਾ: ਦੇਖੋ, ਜਮਨਾ.

ਜਮੁਨਾਦ੍ਰੀ: ਯਮੁਨਾ ਜਿਸ ਅਦ੍ਰਿ (ਪਹਾੜ) ਤੋਂ ਨਿਕਲਦੀ ਹੈ, ਉਹ "ਕਲਿੰਦ" ਪਰਬਤ. ਦੇਖੋ, ਜਮਨੋਤਰੀ। ੨. ਕਲਿੰਦ ਪਹਾੜ ਦਾ ਵਸਨੀਕ. ਦੇਖੋ, ਗੰਗਾਦ੍ਰੀ.

ਜਮੁਨਾਪਤਿ, ਜਮੁਨਾਪਿਤ: ਕ੍ਰਿਸ਼ਨ ਜੀ ਅਤੇ ਵਰੁਣ. ਦੇਖੋ, ਜਮਨਾਪਤਿ ਅਤੇ ਜਮਨਾਪਿਤ.

ਜਮੁਨਾਭ੍ਰਾਤ: ਯਮੁਨਾ ਦਾ ਭਾਈ ਯਮ. ਪੁਰਾਣਕਥਾ ਹੈ ਕਿ ਸੂਰਜ ਦੇ ਜੌੜੇ ਸੰਤਾਨ, ਯਮ ਅਤੇ ਯਮੁਨਾ ਹੋਏ.

ਜਮੁਨਿਨੀ: ਪ੍ਰਿਥਿਵੀ. ਦੇਖੋ, ਜਮੁਨਨੀ.

ਜ਼ਮੁੱਰੁਦ: ਅ਼. زمرّد ਸੰਗ੍ਯਾ- ਸਬਜ਼ਾ ਰਤਨ. ਮਰਕਤ ਮਣਿ. Emeralz.

ਜਮੂਆ: ਯਮ। ੨. ਪ੍ਰਾਣ ਅੰਤ ਕਰਨ ਵਾਲਾ ਦੂਤ. "ਜਮੂਆ ਤਾਕੈ ਨਿਕਟਿ ਨ ਜਾਏ." (ਗੌਂਡ ਅਃ ਮਃ ੫)

ਜਮੂਰਾ: ਸੰਗ੍ਯਾ- ਨਟਵਟੁ. ਨਟ ਦੀ ਆਗ੍ਯਾ ਅਨੁਸਾਰ ਖੇਲ ਕਰਨ ਵਾਲਾ ਲੜਕਾ। ੨. ਦੇਖੋ, ਜੰਬੂਰਾ.

ਜਮੈ: ਜਨਮੈ. ਉਪਜੈ. ਉਗਦਾ ਹੈ. "ਗੁਰਮੁਖਿ ਬੀਜੈ ਸਚੁ ਜਮੈ." (ਆਸਾ ਅਃ ਮਃ ੩) ੨. ਜਮਾਅ਼ਤ. "ਜੋਗੀ ਦਿਗੰਬਰ ਜਮੈ ਸਣੁ ਜਾਸੀ." (ਵਾਰ ਮਾਰੂ ੨. ਮਃ ੫) ੩. جمیع ਜਮੀਅ਼ ਬਿਲਕੁਲ "ਜਮੈ ਕਾਲੈ ਤੇ ਛੂਟੈ." (ਭੈਰ ਮਃ ੩)

ਜਮੈਯਤ: ਦੇਖੋ, ਜਮੀਅ਼ਤ.

ਜਯ: ਸੰ. ਸੰਗ੍ਯਾ- ਜੀਤ. ਫ਼ਤਹਿ. "ਦੇਵ ਤੋਹਿ ਜਸ ਜਯ ਜਯ ਜੰਪਹਿ." (ਸਵੈਯੇ ਮਃ ੫. ਕੇ) ੨. ਵਿਸ਼ਨੁ ਦਾ ਇੱਕ ਪਾਰ੍ਸ਼ਦ (ਨਫ਼ਰ). ਦੇਖੋ, ਜਯ ਵਿਜਯ। ੩. ਇੰਦ੍ਰ. ਦੇਵਰਾਜ.

ਜਯਸਿੰਘ: ਕਛਵਾਹਾ ਵੰਸ਼ੀ ਅੰਬਰ ਦਾ ਰਾਜਾ, ਜੋ ਮਹਾ ਸਿੰਘ ਦਾ ਪੁਤ੍ਰ ਸੀ. ਇਹ ਬਾਦਸ਼ਾਹ ਸ਼ਾਹਜਹਾਂ ਦੀ ਸੇਵਾ ਵਿੱਚ ਹਾਜ਼ਿਰ ਰਿਹਾ ਅਰ "ਮਿਰਜ਼ਾ" ਖ਼ਿਤਾਬ ਪ੍ਰਾਪਤ ਕੀਤਾ. ਔਰੰਗਜ਼ੇਬ ਨੇ ਇਸ ਨੂੰ ਸਨ ੧੬੬੪ ਵਿੱਚ ਦੱਖਣ ਦਾ ਗਵਰਨਰ ਥਾਪਿਆ. ਇਸ ਦਾ ਦੇਹਾਂਤ ਸਨ ੧੬੬੬ ਵਿੱਚ ਹੋਇਆ. ਇਹ ਸੰਸਕ੍ਰਿਤ ਅ਼ਰਬੀ ਫ਼ਾਰਸੀ ਆਦਿ ਦਾ ਪੰਡਿਤ ਅਤੇ ਨੀਤਿਨਿਪੁਣ ਸੀ. ਗੁਰੂ ਹਰਿਕ੍ਰਿਸਨ ਸਾਹਿਬ ਦਾ ਇਹ ਪਰਮ ਭਗਤ ਸੀ. ਭਾਈ ਸੰਤੋਖ ਸਿੰਘ ਜੀ ਨੇ ਭੁੱਲਕੇ ਇਸ ਨੂੰ ਸਵਾਈ ਜਯਸਿੰਘ ਅਤੇ ਜਯਪੁਰਪਤਿ ਲਿਖਿਆ ਹੈ.[525]

੨. ਜਯਸਿੰਘ ਸਵਾਈ ਬਿਸਨਸਿੰਘ ਦਾ ਪੁਤ੍ਰ ਸੀ. ਇਸੇ ਨੇ ਜਯਪੁਰ ਸ਼ਹਿਰ ਵਸਾਕੇ ਅੰਬਰ ਤੋਂ ਰਾਜਧਾਨੀ ਬਦਲੀ. ਇਹ ਰਾਜਗੱਦੀ ਪੁਰ ਸਨ ੧੬੯੭ (ਸੰਮਤ ੧੭੫੫)[526] ਵਿੱਚ ਬੈਠਾ. ਔਰੰਗਜ਼ੇਬ ਦੇ ਮਰਣ ਪੁਰ ਜੋ ਸ਼ਾਹਜ਼ਾਦਿਆਂ ਦਾ ਆਪੋਵਿੱਚੀ ਰਾਜ ਲਈ ਝਗੜਾ ਹੋਇਆ, ਉਸ ਵਿੱਚ ਇਸ ਨੇ ਆਜ਼ਮਸ਼ਾਹ ਦਾ ਪੱਖ ਲੀਤਾ. ਬਹਾਦੁਰਸ਼ਾਹ ਨੇ ਜਯਸਿੰਘ ਦੀ ਰਿਆਸਤ

---

[525] ਤਿਸ ਛਿਨ ਨ੍ਰਿਪ ਜਯਸਿੰਘ ਸਵਾਈ। ਸੁਨ ਬ੍ਰਿਤਾਂਤ ਸਭ ਕਹਯੋ ਬੁਝਾਈ." (ਗੁਪ੍ਰਸੂ ਰਾਸਿ ੧੦. ਅਃ ੩੨)

[526] ਗੁਰੂ ਹਰਿਕ੍ਰਿਸ਼ਨ ਸਾਹਿਬ ਸੰਮਤ ੧੭੨੧ ਵਿੱਚ ਜੋਤੀਜੋਤਿ ਸਮਾਏ ਹਨ.

ਜ਼ਬਤ ਕਰਕੇ ਜਯਪੁਰ ਦਾ ਗਵਰਨਰ ਸੈੱਯਦ ਹੁਸੈਨਅ਼ਲੀ ਖ਼ਾਂਨ ਮੁਕ਼ੱਰਰ ਕੀਤਾ. ਜਦ ਬਹਾਦੁਰਸ਼ਾਹ ਦੱਖਣ ਵੱਲ ਆਪਣੇ ਭਾਈ ਕਾਮਬਖ਼ਸ਼ ਨੂੰ ਸਰ ਕਰਨ ਗਿਆ, ਤਦ ਜਯਸਿੰਘ ਨੇ ਅਜੀਤਸਿੰਘ ਰਾਠੌਰ ਦੀ ਸਹਾਇਤਾ ਨਾਲ ਸਨ ੧੭੦੮ ਵਿੱਚ ਜਯਪੁਰ ਉੱਪਰ ਫਿਰ ਕਬਜ਼ਾ ਕਰਲਿਆ.

ਫ਼ਰਰੁਖ਼ਸਿਯਰ ਦੇ ਜ਼ਮਾਨੇ ਜਯਸਿੰਘ ਨੂੰ ਰਾਜਾਧਿਰਾਜ ਪਦਵੀ ਮਿਲੀ ਅਰ ਮੁਹੰਮਦਸ਼ਾਹ ਨੇ ਸਿਵਾਈ ਖ਼ਿਤਾਬ ਦਿੱਤਾ ਅਤੇ ਮਾਲਵੇ ਦਾ ਗਵਰਨਰ ਥਾਪਿਆ. ਇਸ ਦਾ ਦੇਹਾਂਤ ਸਨ ੧੭੪੨ ਵਿੱਚ ਹੋਇਆ. ਇਸ ਦੇ ਮਰਣ ਪੁਰ ਇਸ ਦਾ ਪੁਤ੍ਰ ਈਸ਼੍ਵਰ ਸਿੰਘ ਰਾਜਗੱਦੀ ਤੇ ਬੈਠਾ. ਇਹ ਦੂਜਾ ਜਯਾ ਸਿੰਘ ਸਵਾਈ ਜੋਤਿਸ਼ਵਿਦਜਾ ਦਾ ਪੰਡਿਤ ਸੀ. ਇਸੇ ਦੇ ਬਣਾਏ ਗ੍ਰਹ ਰਾਸ਼ਿਚਕ੍ਰ (Observatory, ਜਿਨ੍ਹਾਂ ਨੂੰ ਲੋਕ ਜੰਤ੍ਰ ਮੰਤ੍ਰ ਆਖਦੇ ਹਨ) ਦਿੱਲੀ,[527] ਬਨਾਰਸ, ਮਥੁਰਾ, ਉੱਜੈਨ ਅਤੇ ਜਯਪੁਰ ਵਿੱਚ ਵਿਦਜਮਾਨ ਹਨ. ਵੰਸ਼ਾਵਲੀ ਇਉਂ ਹੈ::-

ਭਾਰਾਮੱਲ (ਉਪਨਾਮ ਬਿਹਾਰੀਮੱਲ)

|

ਭਗਵਾਨਦਾਸ

|

ਮਾਨ ਸਿੰਘ

|

ਭਾਉਸਿੰਘ

|

ਮਹਾਸਿੰਘ

|

ਜਯਸਿੰਘ ਮਿਰਜ਼ਾ

|

ਰਾਮਸਿੰਘ

|

ਬਿਸਨ ਸਿੰਘ

|

ਜਯਸਿੰਘ ਸਵਾਈ

|

ਈਸ਼੍ਵਰੀਸਿੰਘ

ਜਯਸਿੰਘਪੁਰਾ: ਦਿੱਲੀ ਪਾਸ ਮਿਰਜ਼ਾ ਜਯਸਿੰਘ ਦਾ ਜਿਸ ਥਾਂ ਕੈਂਪ ਰਿਹਾ ਕਰਦਾ ਸੀ, ਇਸ ਥਾਂ ਵਸਿਆ ਹੋਇਆ ਗ੍ਰਾਮ, ਜੋ

[527] ਇਹ Observatory ਸਨ ੧੭੧੦ ਵਿੱਚ ਜਯਸਿੰਘ ਸਫ਼ਾਈ ਨੇ ਬਣਵਾਈ ਹੈ.

ਜਯਸਿੰਘ ਦੇ ਲਸ਼ਕਰ ਦੀ ਜ਼ਰੂਰਤ ਪੂਰੀ ਕਰਦਾ ਸੀ. ਗੁਰੂ ਹਰਿਕ੍ਰਿਸਨ ਸਾਹਿਬ ਜਯਸਿੰਘ ਦਾ ਪ੍ਰੇਮ ਵੇਖਕੇ ਜਯਸਿੰਘਪੁਰੇ ਪਾਸ ਕੁਝ ਕਾਲ ਵਿਰਾਜੇ. ਗੁਰਦ੍ਵਾਰੇ ਦਾ ਨਾਮ "ਬੰਗਲਾ ਸਾਹਿਬ" ਹੈ, ਜੋ ਹੁਣ ਨਵੀਂ ਦਿੱਲੀ ਦੀ ਜਯਸਿੰਘ ਰੋਡ ਅਤੇ ਕੰਟੋਨਮੈਂਟ (Cantonement) ਰੋਡ ਦੇ ਮੱਧ ਹੈ ਅਤੇ ਪਿੱਠ ਅਸ਼ੋਕ ਰੋਡ ਵੱਲ ਹੈ. ਨਵੀਂ ਦਿੱਲੀ (New Delhi) ਵਸਾਉਣ ਸਮੇਂ ਜਯਸਿੰਘਪੁਰਾ ਉਜਾੜ ਦਿੱਤਾ ਗਿਆ ਹੈ. ਕੇਵਲ ਦੇਵਮੰਦਿਰ ਆਦਿਕ ਕੁਝ ਮਕਾਨ ਰਹਿ ਗਏ ਹਨ.

ਜਯਕਰੀ: ਦੇਖੋ, ਚੌਪਈ ਦਾ ਭੇਦ ੧.

ਜਯਕ੍ਰਿਸ਼੍ਨ: ਰੂਪਦੀਪ ਪਿੰਗਲ ਦਾ ਕਰਤਾ ਕਵਿ.

ਜਯਘੰਟਾ: ਥਾਲੀ ਦੀ ਸ਼ਕਲ ਦਾ ਵਾਜਾ, ਜੋ ਕਪੜੇ ਨਾਲ ਮੜ੍ਹੇ ਹੋਏ ਡੰਕੇ ਸਾਥ ਵਜਾਈਦਾ ਹੈ. ਝਾਲਰ. ਵਿਜਯਘੰਟਾ. ਹਿੰਦੂਮੰਦਿਰਾਂ ਵਿੱਚ ਆਰਤੀ ਵੇਲੇ ਇਸ ਨੂੰ ਵਿਸ਼ੇਸ਼ ਕਰਕੇ ਵਜਾਉਂਦੇ ਹਨ. ਪੁਰਾਣੇ ਸਮੇਂ ਇਹ ਜੰਗ ਵਿੱਚ ਵਜਾਇਆ ਜਾਂਦਾ ਸੀ.

ਜਯਚੰਦ: ਗਹਰਵਾਰ ਜਾਤਿ ਦਾ ਰਾਠੌਰ ਰਾਜਪੂਤ, ਕਨੌਜ ਦਾ ਅਖ਼ੀਰੀ ਰਾਜਾ ਜਯਚੰਦ੍ਰ. ਇਹ ਵਿਜਯਚੰਦ੍ਰ ਦਾ ਪੁਤ੍ਰ ਅਤੇ ਗੋਵਿੰਦਚੰਦ੍ਰ ਦਾ ਪੋਤਾ ਅਰ ਦਿੱਲੀ ਦੇ ਮਹਾਰਾਜਾ ਅਨੰਗਪਾਲ ਦਾ ਦੋਹਤਾ ਸੀ. ਇਸ ਨੇ ਪ੍ਰਿਥੀਰਾਜ ਦਾ ਨਾਸ਼ ਕਰਨ ਲਈ ਸ਼ਾਹਬੁੱਦੀਨ ਗ਼ੋਰੀ ਨੂੰ ਬਹੁਤ ਭੜਕਾਇਆ ਕਿਉਂਕਿ ਪ੍ਰਿਥੀਰਾਜ ਇਸ ਦੀ ਪੁਤ੍ਰੀ ਨੂੰ ਖੋਹਕੇ ਲੈ ਗਿਆ ਸੀ. ਪਾਨੀਪਤ ਦੀ ਲੜਾਈ ਵਿੱਚ ਪ੍ਰਿਥੀਰਾਜ ਮਾਰਿਆ ਗਿਆ ਅਤੇ ਹਿੰਦੂਰਾਜ ਦੀ ਸਮਾਪਤੀ ਹੋਈ. ਥੋੜੇ ਹੀ ਸਮੇਂ ਪਿੱਛੋਂ ਜਯਚੰਦ ਨੂੰ ਭੀ ਦੇਸ਼ਘਾਤ ਦਾ ਫਲ ਭੋਗਣਾ ਪਿਆ. ਇਹ ਮੁਸਲਮਾਨਾਂ ਤੋਂ ਹਾਰਕੇ ਭਜਦਾ ਹੋਇਆ ਇੱਕ ਨਦੀ ਵਿੱਚ ਡੁੱਬ ਮੋਇਆ. ਇਹ ਘਟਨਾ ਸੰਮਤ ੧੨੫੨ (ਸਨ ੧੧੯੪) ਦੀ ਹੈ। ੨. ਕਾਂਗੜੇ ਦਾ ਰਾਜਾ, ਜੋ ਬਾਦਸ਼ਾਹ ਅਕਬਰ ਵੇਲੇ ਰਾਜ ਕਰਦਾ ਸੀ.

ਜਯਜੀਵ: ਜਯਦਯਾ ਅਤੇ ਜਯਜੀਵ[528] ਪਦ ਪਹਾੜ ਵਿੱਚ ਰਾਮ ਰਾਮ, ਸਲਾਮ ਅਤੇ ਫ਼ਤੇ ਦੀ ਥਾਂ ਵਰਤੇ ਜਾਂਦੇ ਹਨ, ਇਨ੍ਹਾਂ ਦਾ ਅਰਥ ਹੈ- ਜਯ ਹੋਵੇ ਅਤੇ ਜੀਵਿਤ ਰਹੋ. ਦੇਵ ਦੀ ਕ੍ਰਿਪਾ ਨਾਲ ਆਪਦੀ ਜੈ ਹੋਵੇ. ਪਰੰਤੂ ਇਸ ਪਦ ਦੇ ਕਹਾਉਣ ਦਾ ਅਧਿਕਾਰ ਕੇਵਲ ਉੱਚਵੰਸ਼ ਦੇ ਰਾਜਪੂਤਾਂ ਨੂੰ ਹੈ. ਵਡੀ ਕੁਲ ਦਾ ਰਾਜਪੂਤ ਕਦੀ ਛੋਟੀ ਕੁਲ ਨੂੰ 'ਜਯਦਯਾ' ਨਹੀਂ ਆਖਦਾ. ਰਾਜਾ ਬੀਰ ਸਿੰਘ ਨੂਰਪੁਰੀਏ ਨੇ ਰਾਜ ਖੁਹਾਕੇ ਤੰਗੀ ਦੀ ਹਾਲਤ ਵਿੱਚ ਭੀ ਮਹਾਰਾਜਾ ਰਣਜੀਤ ਸਿੰਘ ਦੀ ਬਖ਼ਸ਼ੀ ਹੋਈ ਪੱਚੀ ਹਜ਼ਾਰ ਸਾਲਾਨਾ ਜਾਗੀਰ ਦੀ ਸਨਦ, ਰਾਜਾ ਧਯਾਨ ਸਿੰਘ ਡੋਗਰੇ ਤੋਂ ਨਹੀਂ ਲਈ ਸੀ, ਕਿਉਂਕਿ ਧਯਾਨ ਸਿੰਘ, ਬੀਰ ਸਿੰਘ ਤੋਂ ਜਯਦਯਾ ਅਖਾਉਣਾ ਚਾਹੁੰਦਾ ਸੀ, ਅਰ ਬੀਰ ਸਿੰਘ ਆਪ ਨੂੰ ਉੱਚਕੁਲ ਦਾ ਜਾਣਕੇ ਮੀਏਂ ਧਯਾਨ ਸਿੰਘ ਨੂੰ ਜਯਦਯਾ ਕਦੇ ਆਖਣਾ ਪਸੰਦ ਨਹੀਂ ਕਰਦਾ ਸੀ.

ਜਯਤਧੁਨਿ: ਜੈਕਾਰ ਧ੍ਵਨਿ. ਜਯਧ੍ਵਨਿ. "ਭੂਮਿ ਭੂਰਿ ਉਠੀ ਜਯਤਧੁਨਿ." (ਗ੍ਯਾਨ)

ਜਯਦਯਾ: ਦੇਖੋ, ਜਯਜੀਵ.

ਜਯਦੇਵ: ਦੇਖੋ, ਜੈਦੇਵ.

ਜਯਪਤਾਕਾ: ਸੰਗ੍ਯਾ- ਜੀਤ ਦਾ ਝੰਡਾ. ਫ਼ਤੇ ਦਾ ਨਿਸ਼ਾਨ.

ਜਯਪਤ੍ਰ: ਸੰਗ੍ਯਾ- ਜ਼ਫ਼ਰਨਾਮਹ. ਫ਼ਤੇ ਦਾ ਖ਼ਤ੍ਰ। ੨. ਉਹ ਲਿਖਿਤ, ਜੋ ਹਾਰਿਆ ਹੋਇਆ ਫ਼ਰੀਕ ਵਿਜਈ ਨੂੰ ਲਿਖਕੇ ਦਿੰਦਾ ਹੈ. "ਜਯੰਪਤ੍ਰ ਪਾਯੋ ਸੁਖੰ ਪਾਂਡਵੇਣੰ." (ਗ੍ਯਾਨ)

ਜਯਪਾਲ: ਹਿਤਪਾਲ ਦਾ ਪੁਤ੍ਰ ਪੰਜਾਬ ਦਾ ਬ੍ਰਾਹਮਣ ਰਾਜਾ, ਜਿਸ ਦੀ ਰਾਜਧਾਨੀ ਲਹੌਰ ਅਤੇ ਭਟਿੰਡਾ[529] ਸੀ. ਸੁਬਕਤਗੀਨ

---

[528] ਪੁਰਾਣੇ ਸੰਸਕ੍ਰਿਤ ਗ੍ਰੰਥਾਂ ਵਿੱਚ "ਜਯਜੀਵ" ਸ਼ਬਦ ਕਈ ਥਾਂ ਆਇਆ ਹੈ. ਸੁਮੰਤ ਮੰਤ੍ਰੀ ਨੇ ਰਾਜਾ ਦਸ਼ਰਥ ਪਾਸ ਜਾਕੇ ਇਹ ਉੱਚਾਰਣ ਕੀਤਾ ਸੀ ਦੇਖੋ, ਅਧ੍ਯਾਤਮ ਰਾਮਾਯਣ.

[529] ਮੁਸਲਮਾਨ ਲੇਖਕਾਂ ਨੇ ਭਟਿੰਡੇ ਨੂੰ "ਤਬਰਹਿੰਦ" ਲਿਖਿਆ ਹੈ. ਭਟਿੰਡੇ ਦਾ ਹੀ ਵਿਗੜਿਆ ਰੂਪ "ਬਠਿੰਡਾ" ਹੈ.

ਗ਼ਜ਼ਨੀ ਦੇ ਬਾਦਸ਼ਾਹ ਨੇ ਸਨ ੯੮੬ ਵਿੱਚ ਇਸ ਨੂੰ ਭਾਰੀ ਹਾਰ ਦਿੱਤੀ. ਫੇਰ ਸੁਬਕਤਗੀਨ ਦੇ ਪੁਤ੍ਰ ਸੁਲਤ਼ਾਨ ਮਹ਼ਮੂਦ ਨੇ ੨੭ ਨਵੰਬਰ ਸਨ ੧੦੦੧ ਨੂੰ ਜਯਪਾਲ ਨੂੰ ਜਿੱਤਕੇ ਸੰਬੰਧੀਆਂ ਸਮੇਤ ਕੈਦੀ ਕਰ ਲਿਆ. ਜਯਪਾਲ ਨੇ ਮਹ਼ਮੂਦ ਦੀ ਤਾਬੇਦਾਰੀ ਮੰਨਕੇ ਰਿਹਾਈ ਪਾਈ ਅਤੇ ਆਪਣੇ ਪੁਤ੍ਰ ਅਨੰਗਪਾਲ[530] ਨੂੰ ਰਾਜ ਦੇ ਕੇ ਚਿਤਾ (ਚਿਖਾ) ਵਿੱਚ ਪ੍ਰਵੇਸ਼ ਕਰਕੇ ਦੇਹ ਤਯਾਗ ਦਿੱਤੀ. ਕਈ ਇਤਿਹਾਸਕਾਰਾਂ ਨੇ ਜਯਪਾਲ ਨੂੰ ਰਾਜਪੂਤ ਅਤੇ ਜੱਟ ਭੀ ਲਿਖਿਆ ਹੈ, ਜਯਪਾਲ ਦੇ ਪ੍ਰਸਿੱਧ ਪੰਡਿਤ ਉਗ੍ਰਭੂਤੀ ਨੇ ਸੰਸਕ੍ਰਿਤ ਦਾ ਉੱਤਮ ਵ੍ਯਾਕਰਣ ਰਚਿਆ ਹੈ.

੨. ਅਨੰਗਪਾਲ ਦਾ ਪੁਤ੍ਰ ਜਯਪਾਲ ੨, ਜੋ ਸਨ ੧੦੧੩ ਵਿੱਚ ਲਹੌਰ ਦੇ ਰਾਜਸਿੰਘਾਸਨ ਤੇ ਬੈਠਾ. ਇਸ ਨੂੰ ਸੁਲਤ਼ਾਨ ਮਹ਼ਮੂਦ ਨੇ ਰਾਵੀ ਦੇ ਕਿਨਾਰੇ ਸਨ ੧੦੨੨ ਵਿੱਚ ਭਾਰੀ ਹਾਰ ਦਿੱਤੀ. ਜਯਪਾਲ ਅਜਮੇਰ ਵੱਲ ਭੱਜ ਗਿਆ ਅਰ ਪੰਜਾਬ ਵਿੱਚ ਮੁਸਲਮਾਨਾਂ ਦੀ ਬਾਦਸ਼ਾਹੀ ਪੱਕੀ ਜਮਗਈ.

ਜਯਮਾਲਾ: ਜਿੱਤ ਦਾ ਹਾਰ. ਫ਼ਤੇ ਪ੍ਰਾਪਤ ਹੋਣ ਪੁਰ ਜੋ ਮਾਲਾ ਵਿਜਈ ਦੇ ਗਲ ਪਹਿਰਾਈ ਜਾਏ। ੨. ਸ੍ਵਯੰਬਰ ਵਿੱਚ ਕਨ੍ਯਾ ਕਰਕੇ ਵਰ ਨੂੰ ਪਹਿਰਾਈ ਹੋਈ ਮਾਲਾ.

ਜਯ ਵਿਜਯ: ਵਿਸ਼ਨੁ ਦੇ ਸੇਵਕ ਅਤੇ ਦ੍ਵਾਰਪਾਲ. ਇੱਕਵਾਰ ਜਯ ਅਤੇ ਵਿਜਯ ਨੇ ਸਨਕਾਦਿ ਰਿਖੀਆਂ ਨੂੰ ਵਿਸ਼ਨੁ ਪਾਸ ਜਾਣ ਤੋਂ ਰੋਕ ਦਿੱਤਾ ਸੀ, ਇਸ ਪੁਰ ਸ੍ਰਾਪ ਮਿਲਿਆ ਕਿ ਤੁਸੀਂ ਦੋਵੇਂ ਪ੍ਰਿਥਿਵੀ ਪੁਰ ਜਾ ਕੇ ਰਾਖਸ ਬਣੋ. ਪੁਰਾਣਕਥਾ ਹੈ ਕਿ ਜਯ ਵਿਜਯ ਹਿਰਨ੍ਯਕਸ਼ਿਪੁ, ਰਾਵਣ ਅਤੇ ਕੰਸ ਆਦਿ ਹੋਏ.

ਜਯਾ: ਸੰ. ਜਯਰੂਪਾ ਦੁਰਗਾ। ੨. ਹਰੀ ਦੁੱਬ। ੩. ਹਰੜ। ੪. ਧੁਜਾ. ਪਤਾਕਾ। ੫. ਭੰਗ. ਵਿਜਯਾ. ਬਿਜੀਆ.

ਜ਼ਯਾਂ: ਦੇਖੋ, ਜ਼ਯਾਨ.

ਜ਼ਯਾਦਹ: ਅ਼. زیادہ ਵਿ- ਅਧਿਕ. ਵਿਸ਼ੇਸ਼. ਬਹੁਤ. ਵੱਧ.

ਜ਼ਯਾਨ: ਫ਼ਾ. زیاں ਸੰਗ੍ਯਾ- ਹਾਨਿ. ਨੁਕ਼ਸਾਨ. ਕ੍ਸ਼ਤਿ.

ਜਯਾਫਤ: ਅ਼. ضیافت ਜ਼ਯਾਫ਼ਤ. ਪਰਾਹੁਣੇ ਨੂੰ ਭੋਜਨ ਖਵਾਉਣ ਦਾ ਕਰਮ। ੨. ਪ੍ਰੀਤਿਭੋਜਨ.

ਜ਼ਯਾਰਤ: ਅ਼. زیارت ਸੰਗ੍ਯਾ- ਮੁਲਾਕ਼ਾਤ. ਭੇਟ. ਦਰਸ਼ਨ. "ਜਯਾਰਤ ਕਰਿ ਮੁਲਤਾਨ ਦੀ ਫਿਰ ਕਰਤਾਰਪੁਰੇ ਨੂੰ ਆਯਾ." (ਭਾਗੁ)

ਜਯੀ: ਦੇਖੋ, ਜਈ ੪.

ਜਯੋ: ਜਨਮਿਆ. ਪੈਦਾ ਹੋਇਆ। ੨. ਪੈਦਾ ਕੀਤਾ. ਜਨਿਆ. "ਪ੍ਰਿਥਮ ਜਯੋ ਤਿਨ ਰਾਮ ਕੁਮਾਰਾ." (ਵਿਚਿਤ੍ਰ) ੩. ਦੇਖੋ, ਜਯੋਜਯ.

ਜਯੋਜਯ: ਜੈ ਜੈ ਕਾਰ. "ਸ੍ਰੀ ਗੁਰੁ ਰਾਮਦਾਸ ਜਯੋਜਯ ਜਗ ਮਹਿ." (ਸਵੈਯੇ ਮਃ ੪. ਕੇ)

ਜਯੰਕਰ: ਜਯ ਕਰਨ ਵਾਲਾ. ਵਿਜਯੀ. "ਜਗਤ ਜਯੰਕਰ ਮਾਨੀਐ." (ਪਾਰਸਾਵ)

ਜਯੰਕਾਰ: ਦੇਖੋ, ਜੈਕਾਰ।੨ ਜੈ ਕਰਨ ਵਾਲਾ.

ਜਯੰਤ: ਸੰ. जयन्त ਵਿ- ਵਿਜਯੀ. ਜਿੱਤਣ ਵਾਲਾ। ੨. ਬਹੁਰੂਪੀਆ। ੩. ਸੰਗ੍ਯਾ- ਇੰਦ੍ਰ। ੪. ਇੰਦ੍ਰ ਦਾ ਪੁਤ੍ਰ। ੫. ਸ਼ਿਵ ਦਾ ਬੇਟਾ ਕਾਰਤਿਕੇਯ। ੬. ਅਕ੍ਰੂਰ ਯਾਦਵ ਦਾ ਪਿਤਾ। ੭. ਰਾਜਾ ਦਸ਼ਰਥ ਦਾ ਇੱਕ ਮੰਤ੍ਰੀ। ੮. ਭੀਮਸੇਨ ਦਾ ਉਪਨਾਮ, ਜਦ ਉਹ ਲੁਕਕੇ ਵਿਰਾਟ ਰਾਜਾ ਦੇ ਘਰ ਰਿਹਾ ਸੀ.

---

[530] ਕਈ ਲੇਖਕਾਂ ਨੇ ਇਸ ਨੂੰ ਆਨੰਦਪਾਲ ਲਿਖਿਆ ਹੈ.

ਜਯੰਤੀ: ਵਿ- ਜਯ ਕਰਨ ਵਾਲੀ। ੨. ਸੰਗਯਾ- ਧੁਜਾ. ਪਤਾਕਾ। ੩. ਹਲਦੀ। ੪. ਦੁਰਗਾ। ੫. ਸਾਲਗਿਰਹ ਦਾ ਉਤਸਵ। ੬. ਸ਼੍ਰੀ ਕ੍ਰਿਸ਼ਨ ਜੀ ਅਤੇ ਰਾਮਚੰਦ੍ਰ ਜੀ ਦੇ ਜਨਮ ਦੀ ਤਿਥਿ. ਭਾਦੋਂ ਬਦੀ ੮. ਅਤੇ ਚੇਤਸੁਦੀ ੯.

ਜਯੰਪਤ੍ਰ: ਦੇਖੋ, ਜਯਪਤ੍ਰ.

ਜਰ: ਜੜ. ਮੂਲ. "ਡਾਰੋਂ ਜਰ ਹੀ ਉਖਾਰਕੈ." (ਕ੍ਰਿਸਨਾਵ) ੨. ਜਲਨਾ. ਦਗਧ ਹੋਣਾ. "ਦੇਖਤ ਪ੍ਰਭੁਤਾ ਜਰ ਬਰ ਗਯੋ." (ਗੁਪ੍ਰਸੂ) ੩. ਦੇਖੋ, ਜਰਨਾ. "ਜਰ ਜਾਇ ਨਹੀਂ ਕਿਸਤੇ ਅਜਰੀ, ਅਸਪਾਇ ਗਏ ਸਗਰੀ ਉਰ ਮੇ ਜਰ." (ਗੁਪ੍ਰਸੂ) ੪. ਸੰ. ਜਰਾ. ਬੁਢਾਪਾ. ਵ੍ਰਿੱਧਾਵਸਥਾ. ਦੇਖੋ, ਜਰਵਾਣਾ ਅਤੇ ਜਰੁ। ੫. ਉਹ ਸ਼ਿਕਾਰੀ, ਜਿਸ ਨੇ ਕ੍ਰਿਸ਼ਨ ਜੀ ਦੇ ਪੈਰ ਤੀਰ ਮਾਰਕੇ ਦੇਹਾਂਤ ਕੀਤਾ ਸੀ। ੬. ਫ਼ਾ. زر ਜ਼ਰ ਸੋਨਾ. ਸੁਵਰਣ."ਮਾਤੇ ਮਤੰਗ ਜਰੇ ਜਰ ਸੰਗ." (ਅਕਾਲ) ੭. ਦੌਲਤ. "ਇਸੁ ਜਰ ਕਾਰਣਿ ਘਣੀ ਵਿਗੁਤੀ." (ਆਸਾ ਅਃ ਮਃ ੧) "ਪਰੰਦਏ ਨ ਗਿਰਾਹ ਜਰ." (ਵਾਰ ਮਾਝ ਮਃ ੧) ਪੰਛੀਆਂ ਦੀ ਗੱਠ ਵਿੱਚ ਧਨ ਨਹੀਂ। ੮. ਮੈਲ. ਜੰਗਾਲ. ਖ਼ਾਸ ਕਰਕੇ ਧਾਤੁ ਦੀ ਮੈਲ.

ਜਰਸ: ਅ਼. جرس ਸੰਗਯਾ- ਘੜਿਆਲ. ਘੰਟਾ. ਘੁੰਗੁਰ.

ਜਰਹ: ਅ਼. ذرہ ਜ਼ੱਰਹ. ਸੰਗਯਾ- ਕਣ. ਅਣੁ. ਬਹੁਤ ਛੋਟਾ ਰਜਕਣ. ਕਿਣਕਾ.

ਜਰਕ: ਸੰਗਯਾ- ਝਟਕਾ। ੨. ਲਕੜੀ ਆਦਿ ਦੇ ਟੁੱਟਣ ਦੀ ਧੁਨਿ। ੩. ਅ਼. زرق ਜ਼ਰਕ਼. ਝੂਠ. ਅਸਤਯ। ੪. ਕਪਟ। ੫. ਫ਼ਾ. زرک ਜ਼ਰਕ ਸੁਵਰਣ (ਸੋਨੇ) ਦਾ ਪਤ੍ਰਾ.

ਜ਼ਰਕਸ਼, ਜ਼ਰਕਸ਼ੀ: ਫ਼ਾ زرکش ਜ਼ਰੀਂਕਸ਼. ਜ਼ਰੀ ਨਾਲ ਕੱਢਿਆ ਹੋਇਆ. ਸਲਮੇ ਸਤਾਰੇ ਨਾਲ ਮੜ੍ਹਿਆ ਹੋਇਆ. "ਪਟੰਬਰ ਜਰਕਸੀ." (ਪਾਰਸਾਵ)

ਜਰਕਣਾ: ਕ੍ਰਿ- ਜ਼ੋਰ ਨਾਲ ਝਟਕਾ ਦੇਣ ਤੋਂ ਅਥਵਾ ਭਾਰੀ ਬੋਝ ਪੈਣ ਦੇ ਕਾਰਣ ਜਰ ਜਰ ਸ਼ਬਦ ਕਰਨਾ.

ਜਰਕ ਬਰਕ: ਅ਼. زرقورق ਜ਼ਰਕ਼ੋ ਬਰਕ਼. ਟੀਪਟਾਪ. ਬਾਹਰਲੀ ਚਮਕ ਦਮਕ. ਦੇਖੋ, ਜਰਕ ੫.

ਜ਼ਰਕੋਬ: ਫ਼ਾ. زرکوب ਸੰਗਯਾ- ਸੋਨੇ ਚਾਂਦੀ ਦੇ ਵਰਕ ਕੁੱਟਣ ਵਾਲਾ.

ਜਰਕੰਬਰ: ਸੰਗਯਾ- ਜ਼ਰਕ- ਅੰਬਰ. ਸੁਵਰਣ ਦੇ ਪਤ੍ਰਿਆਂ ਵਾਲੇ ਵਸਤ੍ਰ. ਸਲਮੇ ਸਤਾਰੇ ਨਾਲ ਮੜ੍ਹੇ ਕਪੜੇ. "ਆਦਿ ਗਏ ਜਰਕੰਬਰ ਸੇ ਅਜ, ਅੰਬਰ ਸੇ ਨ੍ਰਿਪ ਕੰਬਰ ਕੀਨੇ." (ਅਜਰਾਜ) ਜ਼ਰਕ ਅੰਬਰ ਜੇਹੇ ਰਾਜਾ ਅਜ ਜਦ ਆਏ, ਤਦ ਕਪਾਸ ਵਸਤ੍ਰ ਜੇਹੇ ਰਾਜਾ, ਕੰਬਲ ਕਰ ਦਿੱਤੇ. ਭਾਵ- ਸਜਾਹ ਹੋ ਗਏ.

ਜਰਖ: ਡਿੰਗ. ਸੰਗਯਾ- ਇੱਕ ਕਿਸਮ ਦਾ ਬਘਿਆੜ. ਸੰ. ਤਰਕ੍ਸ਼ੁ. ਦੇਖੋ, ਤਰਕ ੪.

ਜਰਖਬਾਹਣੀ: ਡਿੰਗ. ਸੰਗਯਾ- ਤਰਕ (ਤਰਕ੍ਸ਼ੁ) ਉੱਤੇ ਚੜ੍ਹਨ ਵਾਲੀ ਡਾਇਣ. ਦੇਖੋ, ਤਰਕ ੪.

ਜ਼ਰਖ਼ਰੀਦ: ਦੌਲਤ ਨਾਲ ਮੁੱਲ ਲੀਤਾ. "ਅਸੀਂ ਤਾਬਿਆ ਤੇਰੀ ਜਰਖਰੀਦ." (ਜੰਗਨਾਮਾ) ੨. ਮੁੱਲ ਲੀਤਾ ਗ਼ੁਲਾਮ.

ਜਰਖਲ: ਵਿ- ਜਰਜਰ. ਜਰ ਦਾ ਖਾਧਾ ਹੋਇਆ.

ਜ਼ਰਖ਼ੇਜ਼: ਫ਼ਾ. زرخیز ਵਿ- ਧਨ ਉਤਪੰਨ ਕਰਨ ਵਾਲੀ ਭੂਮਿ. ਉਪਜਾਊ ਜ਼ਮੀਨ.

ਜ਼ਰਗਰ: ਫ਼ਾ. زرگر ਜ਼ਰ (ਸੋਨੇ) ਦਾ ਕੰਮ ਕਰਨ ਵਾਲਾ. ਸੁਵਰਣਕਾਰ. ਸੁਨਿਆਰ.

ਜ਼ਰਗਰੀ: ਫ਼ਾ. زرگری ਸੁਵਰਣਕਾਰ ਦਾ ਕੰਮ. ਸੁਨਿਆਰਪੁਣਾ.

ਜਰਜਰ, ਜਰਜਰਾ, ਜਰਜਰੀ, ਜਰਜਰੀਕ: ਸੰ. जर्जर- जर्जरित- जर्जरीक. ਵਿ- ਜੀਰਣ. ਬਹੁਤ ਪੁਰਾਣਾ. ਬਹੁਤ ਬੁੱਢਾ.

ਟੁੱਟਿਆ ਫੁੱਟਿਆ. "ਬੇੜਾ ਜਰਜਰਾ. ਫੂਟੇ. ਛੇਕ ਹਜਾਰ." (ਸ. ਕਬੀਰ) ਇਸ ਥਾਂ ਬੇੜੇ ਤੋਂ ਭਾਵ ਸ਼ਰੀਰ ਹੈ.

ਜਰਠ: ਸੰ. ਵਿ- ਬੁੱਢਾ। ੨. ਪੁਰਾਣਾ। ੩. ਕਠੋਰ. ਕਰੜਾ। ੪. ਸੰਗਯਾ- ਬੁਢਾਪਾ.

ਜਰਠਾਇਆ, ਜਰਠਿਆ: ਬੁੱਢਾ ਹੋਇਆ. ਜਰਾਗ੍ਰਸਿਤ। ੨. ਬੋਦਾ ਹੋਇਆ. ਦੇਖੋ, ਜਰਠ.

ਜਰਣ, ਜਰਣਾ: ਕ੍ਰਿ- ਜਰਨਾ. ਸਹਾਰਨਾ. ਬਰਦਾਸ਼੍ਤ ਕਰਨਾ. ਦੇਖੋ, ਜਰਣੁ. "ਮੇਰੀ ਬਹੁਤ ਇਆਨਪ ਜਰਤ." (ਦੇਵ ਮਃ ੫) ੨. ਹਜਮ ਕਰਨਾ। ੩. ਜਲਨਾ. ਦਗਧ ਹੋਣਾ. "ਹਾਡ ਜਰੇ ਜਿਉ ਲਾਕਰੀ." (ਸ. ਕਬੀਰ) "ਇਹੁ ਜਗੁ ਜਰਤਾ ਦੇਖਿਕੈ." (ਸ. ਕਬੀਰ) ੪. ਸੰ. ਜਰਣ. ਸੰਗਯਾ- ਜੀਰਾ। ੫. ਬੁਢਾਪਾ. ਜਰਾ. "ਗ੍ਰਸਤ ਜਾਤ ਬਲ ਜਰਣੀ." (ਸਾਰ ਮਃ ੫) ੬. ਸੰ. ਜਣੰ. ਚੰਦ੍ਰਮਾ। ੭. ਵ੍ਰਿਕ੍ਸ਼. ਦਰਖ਼ਤ.

ਜਰਣੀ: ਦੇਖੋ, ਜਰਣ ੫.

ਜਰਣੁ: ਸਿੰਧੀ. ਕ੍ਰਿ- ਜਲਨਾ। ੨. ਸਹਾਰਨਾ. ਬਰਦਾਸ਼੍ਤ ਕਰਨਾ. ਝੱਲਣਾ.

ਜਰਤ: ਦੇਖੋ, ਜਰਣਾ ੧.। ੨. ੩. ਜਟਿਤ. ਜੜਾਊ. "ਪਨਹੀ ਗੁਰੁ ਕੀ ਜੋ ਜ਼ਰ ਦੇਖੋ, ਜਰਣ ੨.। ਜਰਤ." (ਗੁਵਿ ੧੦) ਸੋਨੇ ਨਾਲ ਜੜੀ ਹੋਈ। ੪. ਸੰ. ਜਰਤ੍. ਵਿ- ਬੁੱਢਾ। ੫. ਪੁਰਾਣਾ.

ਜਰਤਾ: ਜਲਤਾ. ਦੇਖੋ, ਜਰਣ ੩.। ੨. ਸਹਾਰਦਾ. ਦੇਖੋ, ਜਰਣੁ ੨.

ਜਰਤਾਰੀ: ਸੰਗਯਾ- ਜ਼ਰਬਾਫ਼ਤਾ ਓਢਨੀ. ਜ਼ਰੀ ਦੀਆਂ ਤਾਰਾਂ ਨਾਲ ਬੁਣੀ ਹੋਈ ਚਾਦਰ. "ਤੇੜ ਪਟੰਬਰ ਸਿਰ ਜਰਤਾਰੀ." (ਨਾਪ੍ਰ)

ਜ਼ਰਦ: ਫ਼ਾ. زرد ਵਿ- ਸੋਨੇ ਰੰਗਾ. ਪੀਲਾ. ਬਸੰਤੀ.

ਜ਼ਕਦਕ: ਫ਼ਾ. زردک ਗਾਜਰ.

ਜਰਦਗਵ: ਸੰ. ਜਰਦ੍ਗਵ ਸੰਗਯਾ- ਬੁੱਢਾ ਬੈਲ। ੨. ਵਿ- ਪੁਰਾਣਾ. ਪ੍ਰਾਚੀਨ.

ਜ਼ਰਦਰੂ: ਫ਼ਾ. زردرُو ਵਿ- ਪੀਲੇ ਮੂੰਹ ਵਾਲਾ. ਲੱਜਾ ਅਤੇ ਭੈ ਨਾਲ ਜਿਸ ਦਾ ਚੇਹਰਾ ਫਿੱਕਾ ਹੈ। ੨. ਸ਼ਰਮਿੰਦਾ.

ਜਰਦਰੂਈ: ਫ਼ਾ. زردرُوئی ਸੰਗਯਾ- ਸ਼ਰਮਿੰਦਗੀ. ਮੂੰਹ ਤੇ ਪੀਲੱਤਣ ਛਾਜਾਣ ਦਾ ਭਾਵ.

ਜ਼ਰਦ ਰੂਬਾਨੀ: ਮੁਖ ਦੀ ਜ਼ਰਦ ਵੰਨੀ. ਚੇਹਰੇ ਦਾ ਪੀਲਾ ਵਰਣ. "ਦਿਲ ਖਲਹਲੁ ਜਾਕੈ ਜਰਦ ਰੂਬਾਨੀ." (ਭੈਰ ਕਬੀਰ) ਜਾਂਕੇ ਦਿਲ ਖਲਹਲ, ਤਾਂਕੇ ਚੇਹਰੇ ਦੀ ਰੰਗਤ ਪੀਲੀ.

ਜ਼ਰਦਾ: ਫ਼ਾ. زردہ ਸੰਗਯਾ- ਬਸੰਤੀ ਰੰਗ ਦਾ ਪੁਲਾਉ.

ਜ਼ਰਦਾਲੂ: ਫ਼ਾ. زردآلُو ਸੰਗਯਾ- ਪੀਲੇ ਰੰਗ ਦਾ ਆਲੂ. ਕਾਠੀ ਖ਼ੁਰਮਾਨੀ. ਇਹ ਮੇਵਾ ਠੰਢੇ ਪਹਾੜਾਂ ਪੁਰ ਅਤੇ ਕਸ਼ਮੀਰ ਵਿਚ ਬਹੁਤ ਹੁੰਦਾ ਹੈ.

ਜ਼ਰਦੁਸ਼੍ਤ: ਫ਼ਾ. زردُشت ਪਾਰਸੀਆਂ ਦਾ ਧਰਮਗੁਰੂ, ਅਤੇ "ਜ਼ੰਦ" ਗ੍ਰੰਥ ਦਾ ਕਰਤਾ. ਦੇਖੋ, ਜੰਦ ੩. ਅਤੇ ਪਾਰਸੀ.

ਜਰਨ, ਜਰਨਾ: ਦੇਖੋ, ਜਰਣ. "ਜਰਹਿ ਨਹੀ ਉਰ ਜਰਹਿ ਕੁਚਾਰੇ." (ਗੁਪ੍ਰਸੂ) ਮਨ ਵਿੱਚ ਸਹਾਰਦੇ ਨਹੀਂ, ਕੁਚਾਲੀ ਸੜਦੇ ਹਨ. "ਆਪਨ ਬਿਭਉ ਆਪ ਹੀ ਜਰਨਾ." (ਬਿਲਾ ਮਃ ੫) ੨. ਸੜਨਾ. ਜਲਨਾ. "ਆਜ ਉਚਿਤ ਨਹੀਂ ਜਰਨ ਤਿਹਾਰੋ." (ਚਰਿਤ੍ਰ ੧੯੨) ੩. ਜੜਨਾ. "ਤਵਾ ਸੁ ਜਰਕੈ ਤਾਸ ਪੈ." (ਚਰਿਤ੍ਰ ੧੩੨)

ਜ਼ਰਨਿਗਾਰ: ਫ਼ਾ. زرنگار ਸੋਨੇ ਨਾਲ ਜੜਿਆ ਹੋਇਆ. ਕੁੰਦਨ ਕੀਤਾ। ੨. ਸੁਨਹਿਰੀ.

ਜਰਨੈਲ: ਅੰ. General. ਫ਼ੌਜ ਦਾ ਵਡਾ ਸਰਦਾਰ.

ਜ਼ਰਪੋਸ਼: ਫ਼ਾ. زرپوش ਸੋਨੇ ਦਾ ਮੁਲੰਮਾ. "ਗਹਿਣੇ ਜਿਉ ਜਰਪੋਸ ਦੇ." (ਭਾਗੁ)

ਜਰਫ: ਅ਼. ظرف ਜਰਫ਼. ਬਰਤਨ. ਪਾਤ੍ਰ। ੨. ਯੋਗਜਤਾ. ਲਾਯਕ਼ੀ. ਲਿਆਕਤ। ੩. ਹ਼ੌਸਲਾ. ਉਤਸਾਹ.

ਜਰਬ: ਸੰਗ੍ਯਾ- ਤੋਪ. "ਹਢਾਵੋ ਗਿਰਿ ਪਰ ਜਰਬ." (ਗੁਵਿ ੧੦) ੨. ਅ਼. ضرب ਜਰਬ. ਸੱਟ. ਚੋਟ. ਆਘਾਤ.

ਜ਼ਰਬਫ਼ਤ: ਫ਼ਾ. زربفت ਸੰਗ੍ਯਾ- ਜ਼ਰੀ ਦੀਆਂ ਤਾਰਾਂ ਨਾਲ ਮਿਲਾਕੇ ਬੁਨਿਆ ਹੋਇਆ ਵਸਤ੍ਰ.

ਜਰਬਰਿ: ਜਲਬਲਕੇ. ਸੜਮੱਚਕੇ.

ਜ਼ਰਬਾਫ਼: ਦੇਖੋ, ਜ਼ਰਬਫ਼ਤ. "ਜਰਬਾਫ ਦਿਵਾਵਤ ਹੈਂ ਦਿਜ ਜੋਰੋ." (ਕ੍ਰਿਸਨਾਵ) ਜ਼ਰਬਫ਼ਤ ਜੋੜੇ (ਪੁਸ਼ਾਕਾਂ) ੨. ਫ਼ਾ. زرباف ਗੋਟਾ ਬੁਣਨ ਵਾਲਾ। ੩. ਜ਼ਰੀ ਨਾਲ ਬੇਲਬੂਟੇ ਕੱਢਣ ਵਾਲਾ.

ਜਰਬੀਲਾ: ਵਿ- ਜਰਬ (ਸੱਟ) ਲਾਉਣ ਵਾਲਾ। ੨. ਭੜਕੀਲਾ ਅਤੇ ਸੁੰਦਰ. "ਜੋਬਨ ਜੋਤਿ ਜਗੇ ਜਰਬੀਲੇ." (ਚਰਿਤ੍ਰ ੧੧੧)

ਜਰਬੁਲਮਸਲ: ਅ਼. ضرب المثل ਜ਼ਰਬੁਲਮਸਲ. ਮਿਸਾਲ (ਦ੍ਰਿਸ਼੍ਟਾਂਤ) ਲਈ ਕਥੀ ਹੋਈ ਕਹਾਵਤ Proverb.

ਜਰਮ: ਜਨਮ. ਉਤਪੱਤਿ. "ਜਰਮ ਕਰਮ." (ਸਵੈਯੇ ਮਃ ੪. ਕੇ) ੨. ਅੰ. Germ. ਅੰਕੁਰ. ਬੀਜ। ੩. ਅਸਲ ਮੂਲ। ੪. ਅਣੁਕੀਟ, ਜੋ ਲਹੂ ਜਲ ਦੁੱਧ ਆਦਿ ਪਦਾਰਥਾਂ ਵਿੱਚ ਹੁੰਦੇ ਹਨ.

ਜਰਮੇਖ: ਦੇਖੋ, ਜੜਮੇਖ. "ਰਾਵਨ ਬਾਗ ਕੀ ਮੂਲਹੁ ਤੇ ਜਰਮੇਖ ਉਖਾਰੀ." (ਕ੍ਰਿਸਨਾਵ)

ਜਰਰ: ਅ਼. ضرر ਜ਼ਰਰ. ਸੰਗ੍ਯਾ- ਹਾਨੀ. ਨੁਕ਼ਸਾਨ। ੨. ਸੱਟ. ਚੋਟ.

ਜਰਰਾ: ਅ਼. ذرہ ਜੱਰਰਾ. ਸੰਗ੍ਯਾ- ਅਣੁ. ਕਣਕਾ। ਜੌਂ ਦਾ ਸੌਵਾਂ ਹਿੱਸਾ। ੨. ਜਵਾਰ, ਜੁਆਰ ਅਨਾਜ। ੩. ਵਿ- ਤਨਿਕ. ਥੋੜਾ. "ਜਿਨ ਕੇ ਮਨ ਮੇ ਜਰਾਰਾਕੁ ਜੜੈ." (ਕ੍ਰਿਸਨਾਵ) ਮਨ ਵਿੱਚ ਥੋੜਾ ਜੇਹਾ ਗਡੈ.

ਜਰਵਾਣਾ, ਜਰਵਾਨਾ: ਵਿ- ਜ਼ੋਰਾਵਰ. ਬਲਵਾਨ. "ਜਰੁ ਜਰਵਾਣਾ ਕੰਨਿ." (ਸ੍ਰੀ ਮਃ ੧. ਪਹਿਰੇ) "ਸਭਹਿ ਸੀਸ ਕਾਲ ਜਰਵਾਨਾ." (ਚਰਿਤ੍ਰ ੨੬੬) ੨. ਸੰ. ਜਰਾਵਾਹਨ. ਸੰਗ੍ਯਾ- ਬੁਢਾਪਾ ਹੈ ਜਿਸ ਦੀ ਸਵਾਰੀ, ਕਾਲ. ਮ੍ਰਿਤ੍ਯੁ। ੩. ਜਰਾਵਰਣ. ਬੁਢੇਪੇ ਦਾ ਰੰਗ. ਸਫ਼ੇਦ ਰੋਮ. "ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਇਐ." (ਵਾਰ ਆਸਾ) ਜੇ ਚਿੱਟੇ ਰੋਮ ਕੋਈ ਪੁੱਟ ਦੇਵੇ ਜਾਂ ਰੰਗ ਲਵੇ, ਤਦ ਜਰਾ ਆਪਣਾ ਰੰਗ ਸ਼ਰੀਰ ਪੁਰ ਬਰਾਬਰ ਕਰਦੀ ਆਉਂਦੀ ਹੈ।

੪. ਵੀਰਭਦ੍ਰ. ਸ਼ਿਵ ਦਾ ਪ੍ਰਧਾਨ ਅਤੇ ਮਹਾਵੀਰ ਗਣ, ਜੋ ਦਕ੍ਸ਼ ਦਾ ਯਗ੍ਯ ਨਾਸ਼ ਕਰਨ ਲਈ ਸ਼ਿਵ ਦੇ ਮੱਥੇ ਵਿੱਚੋਂ ਪ੍ਰਗਟ ਹੋਇਆ. "ਜਾਗ ਸੁ ਜੰਮੀ ਜੁੱਧ ਨੂੰ ਜਰਵਾਣਾ ਜਣੁ ਮਿਰੜਾਇਕੈ." (ਚੰਡੀ ੩) ਜਾਗ (ਅਗਨੀ) ਰੂਪ ਕਾਲੀ ਜੁੱਧ ਲਈ ਜਨਮੀ, ਮਾਨੋ ਮਿਰੜਾਇ (ਮ੍ਰਿੜ- ਸ਼ਿਵ) ਤੋਂ ਵੀਰਭਦ੍ਰ ਉਪਜਿਆ.

ਜਰਵੈਹੋਂ: ਜਲਵਾਊਂਗਾ. ਭਸਮ ਕਰਵੈਹੋਂ. "ਤਿੰਹ ਡੀਠਹਿ ਸੋਂ ਇਹ ਕੋ ਜਰਵੈਹੋਂ." (ਕ੍ਰਿਸਨਾਵ)

ਜਰਾ: ਸੰ. ਸੰਗ੍ਯਾ- ਬੁਢਾਪਾ. "ਜਰਾ ਕਾ ਭਉ ਨਾ ਹੋਵਈ, ਜੀਵਨੁਪਦਵੀ ਪਾਇ." (ਗੂਜ ਮਃ ੩)

ਬ੍ਰਹਮਵੈਵਰ੍ਤ ਪੁਰਾਣ ਵਿੱਚ ਲਿਖਿਆ ਹੈ ਕਿ ਜਰਾ ਕਾਲ ਦੀ ਪੁਤ੍ਰੀ ਹੈ, ਜੋ ਆਪਣੇ ਭਾਈ ਚੌਸਠ ਰੋਗਾਂ ਨੂੰ ਨਾਲ ਲੈ ਕੇ ਸੰਸਾਰ ਪੁਰ ਵਿਚਰਦੀ ਹੈ। ੨. ਦੇਖੋ, ਜਰਰਾ। ੩. ਦੇਖੋ, ਜਰਾਸੰਧ.

ਜਰਾਉ: ਦੇਖੋ, ਜੜਾਉ. "ਜਰਾਉ ਜਵਾਹਰ ਜਰੇ." (ਗੁਪ੍ਰਸੂ)

ਜਰਾਊ: ਦੇਖੋ, ਜੜਾਊ.

ਜਰਾਇ: ਦੇਖੋ, ਜੜਾਉ. "ਜਟਿਤ ਜੀਨ ਜਰਾਇ." (ਰਾਮਾਵ) ੨. ਜੜਵਾਕੇ. ਜਟਿਤ ਕਰਾਕੇ। ੩. ਜਲਾਕੇ. ਭਸਮ ਕਰਕੇ। ੪. ਜਲਾਵੇ. "ਕਬੀਰ ਐਸਾ ਕੋ ਨਹੀ ਮੰਦਰ ਦੇਇ ਜਰਾਇ." (ਸ਼)

ਜਰਾਇਤ: ਦੇਖੋ, ਜਰਾਤ.

ਜਰਾਏ: ਜਲਾਏ. ਦਗਧ ਕੀਤੇ। ੨. ਬਰਦਾਸ਼ਤ ਕਰਾਏ. ਸਹਨਸ਼ੀਲਤਾ ਦੇਵੇ. "ਜਿਸਹਿ ਜਰਾਏ ਆਪਿ, ਸੋਈ ਅਜਰੁ ਜਰੈ." (ਵਾਰ ਰਾਮ ੨. ਮਃ ੫)

ਜਰਾਸਿੰਧ, ਜਰਾਸੰਧ, ਜਰਾਸੰਧਿ: ਸੰ. जरासन्ध ਜਰਾ ਰਾਖਸੀ ਦ੍ਵਾਰਾ ਜੋੜਿਆ ਹੋਇਆ ਮਗਧ ਦਾ ਰਾਜਾ, ਜੋ ਕੰਸ ਦਾ ਸਹੁਰਾ ਅਤੇ ਕ੍ਰਿਸ਼ਨ ਜੀ ਦਾ ਵਡਾ ਵੈਰੀ ਸੀ. ਮਹਾਭਾਰਤ ਵਿੱਚ ਲੇਖ ਹੈ ਕਿ ਰਾਜਾ ਬ੍ਰਿਹਦਰਥ ਨੇ ਸੰਤਾਨ ਲਈ ਚੰਡਕੌਸ਼ਿਕ ਰਿਖੀ ਤੋਂ ਇੱਕ ਫਲ ਪ੍ਰਾਪਤ ਕੀਤਾ. ਬ੍ਰਿਹਦਰਥ ਨੇ ਇਹ ਫਲ ਦੋ ਟੁਕੜੇ ਕਰਕੇ ਆਪਣੀਆਂ ਦੋ ਰਾਣੀਆਂ ਨੂੰ ਦਿੱਤਾ, ਜਿਨ੍ਹਾਂ ਤੋਂ ਅੱਧਾ ਅੱਧਾ ਟੁਕੜਾ ਬਾਲਕ ਦਾ ਪੈਦਾ ਹੋਇਆ. ਰਾਜੇ ਨੇ ਇਹ ਦੋਵੇਂ ਟੁਕੜੇ ਸ਼ਮਸ਼ਾਨ ਵਿੱਚ ਸਿਟਵਾ ਦਿੱਤੇ. ਉਸ ਥਾਂ ਇੱਕ ਜਰਾ ਨਾਮ ਰਾਖਸੀ ਰਹਿੰਦੀ ਸੀ, ਉਸ ਨੇ ਦੋਵੇਂ ਖੰਡ ਜੋੜਕੇ ਬੱਚਾ ਜ਼ਿੰਦਾ ਕਰਲਿਆ ਅਤੇ ਬ੍ਰਿਹਦਰਥ ਨੂੰ ਬਾਲਕ ਦੇਕੇ ਆਖਿਆ ਕਿ ਇਹ ਮਹਾ ਪ੍ਰਤਾਪੀ ਹੋਵੇਗਾ ਅਰ ਜਦ ਤੀਕ ਇਸ ਦਾ ਜੋੜ ਨਾ ਖੁਲ੍ਹੇਗਾ, ਤਦ ਤੀਕ ਇਸ ਦੀ ਮੌਤ ਨਹੀਂ ਹੋਵੇਗੀ.

ਜਰਾਸੰਧ ਪ੍ਰਤਾਪੀ ਰਾਜਾ ਹੋਇਆ ਅਤੇ ਇਸ ਦੀਆਂ ਦੋ ਪੁਤ੍ਰੀਆਂ 'ਅਸ੍ਤਿ' ਅਤੇ 'ਪ੍ਰਾਪ੍ਤਿ' ਕੰਸ ਨੂੰ ਵਿਆਹੀਆਂ ਗਈਆਂ. ਜਰਾਸੰਧ ਦੀ ਸਹਾਇਤਾ ਨਾਲ ਕੰਸ ਨੇ ਆਪਣੇ ਪਿਤਾ ਉਗ੍ਰਸੇਨ ਨੂੰ ਗੱਦੀਓਂ ਲਾਹਕੇ ਆਪ ਰਾਜ ਸਾਂਭਿਆ. ਜਦ ਕ੍ਰਿਸ਼ਨ ਜੀ ਨੇ ਕੰਸ ਮਾਰਕੇ ਉਗ੍ਰਸੇਨ ਮਥੁਰਾ ਦਾ ਰਾਜਾ ਥਾਪਿਆ, ਤਦ ਜਰਾਸੰਧ ਨੂੰ ਵਡਾ ਕ੍ਰੋਧ ਆਇਆ ਅਰ ਆਪਣੇ ਸਹਾਈ ਕਾਲਯਵਨ (ਕਾਲਜਮਨ) ਨੂੰ ਲੈ ਕੇ ਮਥੁਰਾ ਪੁਰ ਚੜ੍ਹਾਈ ਕੀਤੀ, ਜਿਸ ਪੁਰ ਹਮੇਸ਼ਾ ਲਈ ਯਾਦਵਾਂ ਨੂੰ ਮਥੁਰਾ ਛੱਡਣੀ ਪਈ.

ਯੁਧਿਸ਼੍ਠਿਰ ਦੇ ਰਾਜਸੂਯ ਯਗ੍ਯ ਵੇਲੇ ਸ੍ਰੀ ਕ੍ਰਿਸ਼ਨ, ਅਰਜੁਨ ਅਤੇ ਭੀਮ ਜਰਾਸੰਧ ਦੇ ਘਰ ਬ੍ਰਹਮਚਾਰੀ ਬਣਕੇ ਗਏ, ਅਤੇ ਯੁੱਧ ਮੰਗਿਆ. ਜਰਾਸੰਧ ਭੀਮ ਨਾਲ ਦ੍ਵੰਦਯੁੱਧ ਕਰਨ ਲੱਗਾ. ਕ੍ਰਿਸ਼ਨ ਜੀ ਨੇ ਇੱਕ ਤਿਣਕਾ ਚੀਰਕੇ ਭੀਮ ਨੂੰ ਸਮਝਾਇਆ ਕਿ ਜਰਾਸੰਧ ਦੇ ਸ਼ਰੀਰ ਨੂੰ ਦੋ ਟੁਕੜੇ ਕਰ ਦੇ. ਭੀਮ ਨੇ ਜਰਾ ਰਾਖਸੀ ਦਾ ਲਾਇਆ ਜੋੜ ਖੋਲ੍ਹ ਦਿੱਤਾ ਅਤੇ ਜਰਾਸੰਧ ਦੀ ਸਮਾਪਤੀ ਹੋਈ. "ਜਰਾਸੰਧਿ ਕਾਲਜਮੁਨ ਸੰਘਾਰੇ." (ਗਉ ਅਃ ਮਃ ੧) "ਦੇਖ ਤਿਨੈ ਨ੍ਰਿਪ ਸਿੰਧਜਰਾ ਹਥਿਯਾਰ ਧਰੇ ਲਖ ਬੀਰੇ ਪਚਾਰੇ." (ਕ੍ਰਿਸਨਾਵ)

ਜਰਾਹ: ਅ਼. جرّاح ਜੱਰਾਹ. ਸੰਗਯਾ- ਚੀਰਨ ਵਾਲਾ. ਵੈਦ੍ਯ (Surgeon) "ਏਕ ਜਰਾਹ ਹੋਤ ਹੈਂ. ਸਜਾਨੇ." (ਨਾਪ੍ਰ)

ਜਰਾਹੀ: ਸੰਗਯਾ- ਜੱਰਾਹ਼ ਦਾ ਕਰਮ। ੨. ਜੱਰਾਹ ਦੀ ਵਿਦ੍ਯਾ.

ਜਰਾਤ: ਅ਼. زراعت ਜ਼ਰਾਅ਼ਤ. ਸੰਗਯਾ- ਖੇਤੀ. ਕ੍ਰਿਸ਼ਿ.

ਜਰਾਦੀ: ਦੇਖੋ, ਜੱਰਾਦ। ੨. ਦੇਖੋ, ਖਾਨਜਰਾਦੀ.

ਜਰਾਧਿ: ਜਰਾ ਆਦਿ ਆਧਿ (ਰੋਗ). "ਜਨਮ ਜਰਾਧਿ ਮਰਣ ਭਇਅੰ." (ਗੂਜ ਜੈਦੇਵ)

ਜਰਾਨਾ: ਜਲਾਨਾ. ਦਗਧ ਕਰਨਾ। ੨. ਦੇਖੋ, ਯਾਰਾਨਾ.

ਜਰਾਫਤ: ਅ਼. ظرافت ਜ਼ਰਾਫ਼ਤ. ਸੰਗਯਾ- ਬੁੱਧਿ. ਦਾਨਾਈ। ੨. ਹਾਸੀ. ਮਖ਼ੌਲ.। ੩. ਚਿੱਤ ਦੀ ਪ੍ਰਸੰਨਤਾ.

ਜਰਾਬ: ਦੇਖੋ, ਜੁੱਰਾਬ.

ਜਰਾਬਾ: ਦੇਖੋ, ਜਰਬ. "ਜਾਲਮ ਜੁਲਮ ਨ ਜੋਰ ਜਰਾਬਾ." (ਭਾਗੁ) ਜ਼ਾਲਿਮ, ਜ਼ੁਲਮ ਅਤੇ ਜ਼ੋਰ ਨਾਲ ਜ਼ਰਬ ਨਹੀਂ ਮਾਰ ਸਕਦਾ.

ਜਰਾਮ: ਜੈਰਾਮ ਦਾ ਸੰਖੇਪ. "ਧਾਮ ਜਰਾਮ ਨਾਨਕੀ ਦੋਊ" (ਨਾਪ੍ਰ) ਦੇਖੋ, ਜੈਰਾਮ.

ਜਰਾ ਮਰਾ: ਬੁਢਾਪਾ ਅਤੇ ਮੌਤ. "ਜਰਾ ਮਰਾ ਨਹ ਵਿਆਪਈ." (ਬਿਲਾ ਮਃ ੫)

ਜਰਾਯੁ: ਸੰ. ਸੰਗਯਾ- ਉਹ ਝਿੱਲੀ, ਜਿਸ ਵਿੱਚ ਬੱਚਾ ਰਿਹ਼ਮ ਅੰਦਰ ਲਿਪਟਿਆ ਰਹਿੰਦਾ ਹੈ. ਆਉਲ. ਜੇਰ। ੨. ਯੋਨਿ. ਭਗ। ੩. ਗਰਭ.

ਜਰਾਯੁਜ: ਸੰ. ਸੰਗਯਾ- ਉਹ ਪ੍ਰਾਣੀ, ਜੋ ਜੇਰ ਵਿੱਚ ਲਿਪਟਿਆ ਪੈਦਾ ਹੋਵੇ. ਜੇਰਜ.

ਜਰਾਰ: ਅ਼. جرّار ਜੱਰਾਰ. ਵਿ- ਖਿੱਚਣ ਵਾਲਾ। ੨. ਪ੍ਰਬਲ. ਜ਼ੋਰਾਵਰ। ੩. ਬਹਾਦੁਰ ਵੀਰ. "ਨਮਸਤੰ ਜਰਾਰੰ." (ਜਾਪੁ)

ਜਰਾਰਦਨ: ਵਿ- ਜਰਾ- ਅਦੰਨ. ਜਰਾ ਦਾ ਵਿਨਾਸ਼ਕ. "ਜਰਾਰਦਨ ਦੀਨਦਯਾਲੁ ਕ੍ਰਿਪਾਲੁ ਭਏ ਹੈਂ." (ਸਵੈਯੇ ੩੩) ੨. ਸੰਗਯਾ- ਅਮ੍ਰਿਤ. ਸੁਧਾ.

ਜਰਾਰਿ, ਜਰਾਰਿਪੁ: ਬੁਢਾਪੇ ਦਾ ਵੈਰੀ, ਅਮ੍ਰਿਤ. (ਸਨਾਮਾ) "ਆਨ ਜਰਾਰਿ ਦਯੋ ਹਮ ਕੋ ਫਲ." ( ਚਰਿਤ੍ਰ ੨੦੯) ਅਮ੍ਰਿਤਫਲ ਲਿਆਕੇ ਦਿੱਤਾ.

ਜਰਾਰਿਫਲ: ਅਮ੍ਰਿਤਫਲ. ਦੇਖੋ, ਜਰਾਰਿ.

ਜਰਾਵ: ਦੇਖੋ, ਜੜਾਉ.

ਜਰਾਵੈ: ਜਲਾਵੈ. "ਜਜਾ ਜਉ ਤਨ ਜੀਵਤ ਜਰਾਵੈ." (ਗਉ ਬਾਵਨ ਕਬੀਰ) ੨. ਜੜਾਵੈ.

ਜਰਿ: ਜਰਾ ਨੇ. "ਜਰਿ ਜੀਤਿਆ ਸਿਰ ਕਾਲੋ." (ਭੈਰ ਮਃ ੧) ੨. ਜਰਾ ਕਰਕੇ. ਬੁਢਾਪੇ ਨਾਲ। ੩. ਜਲਕੇ. ਦਗਧ ਹੋਕੇ। ੪. ਸੰਗਯਾ- ਜਲਨ. ਦਾਹ. ਸੰਤਾਪ.

ਜਰਿਓ: ਦੇਖੋ, ਜਰਣਾ। ੨. ਜਲਾਇਆ. ਦਗਧ ਕੀਤਾ. "ਪਾਵਕੁ ਜਰਿਓ ਨ ਜਾਤ." (ਸਵੈਯੇ ਮਃ ੫. ਕੇ) ਅਗਨਿ ਤੋਂ ਜਲਾਇਆ ਨਹੀਂ ਜਾਂਦਾ.

ਜਰਿਯਾ: ਸੰਗਯਾ- ਜੜੀ. ਬੂਟੀ। ੨. ਪਹਾੜ ਦੀ ਦੇਵੀ. ਡਾਕਿਨੀ.

ਜਰਿਯਾਖੇਲ: ਸੰਗਯਾ- ਭੂਤਨੀਆਂ ਦਾ ਖੇਡ. ਕਈ ਪਹਾੜੀ ਇਸਤ੍ਰੀਆਂ ਆਪਣੇ ਵਿੱਚ ਜਰਿਯਾ (ਦੇਵੀ) ਆਈ ਦੱਸਕੇ ਖੇਡਦੀਆਂ ਅਤੇ ਪੁੱਛ ਦਾ ਉੱਤਰ ਦਿੰਦੀਆਂ ਹਨ. "ਜਰਿਯਾਖੇਲ ਕੂਕ ਜਬ ਦੀਜੋ." (ਚਰਿਤ੍ਰ ੧੭੮)

ਜਰੀ: ਜਰਾ. (ਵ੍ਰਿੱਧ) ਅਵਸਥਾ. "ਆਵਤ ਨਿਕਟਿ ਬਿਖੰਮ ਜਰੀ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਮ੍ਰਿਤ੍ਯੁ. ਮੌਤ. "ਸੁਨ ਹੰਤ ਜਰੀ." (ਗੁਪ੍ਰਸੂ) ਗੁਰਕਥਾ ਸੁਣਕੇ ਕਾਲ ਦਾ ਭੈ ਨਾਸ਼ ਹੁੰਦਾ ਹੈ। ਜੜੀ. ਬੂਟੀ. "ਹਰਤਾ ਜੁਰ ਕੀ ਸੁਖਪੁੰਜ ਜਰੀ." (ਗੁਪ੍ਰਸੂ) "ਕਾਮ ਜਰੀ ਇਹ ਕੀਨ ਜਰੀ." (ਕ੍ਰਿਸਨਾਵ) ਕਾਮ ਨਾਲ ਜਲੀ ਦੀ ਇਹ ਦਵਾਈ ਕੀਤੀ। ੪. ਵਿ- ਜਲੀ ਹੋਈ. ਦਗਧ ਹੋਈ। ੫. ਸਹਾਰੀ. ਬਰਦਾਸ਼ਤ ਕੀਤੀ. "ਜਰੀ ਨ ਗੁਰਕੀਰਤਿ ਮਤਿ ਜਰੀ." (ਗੁਪ੍ਰਸੂ) ੬. ਜਟਿਤ. ਜੜੀ ਹੋਈ. ਜੜਾਊ. "ਚਾਰ ਜਰਾਉ ਜਰੀ." (ਗੁਪ੍ਰਸੂ) ੭. ਜ਼ਰ (ਸੁਵਰਣ) ਦੀ ਤਾਰ. ਜ਼ਰੀਂ. "ਜਰੀਦਾਰ ਅੰਬਰ ਪਟੰਬਰ ਸੁਹਾਇ ਬਡੋ." (ਗੁਪ੍ਰਸੂ)

ਜਰੀਆ: ਜੜੀ. ਬੂਟੀ। ੨. ਜਰਣ ਦੀ ਰੀਤਿ. ਬਰਦਾਸ਼੍ਤ ਕਰਨ ਦੀ ਆਦਤ."ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ." (ਆਸਾ ਛੰਤ ਮਃ ੪) ੩. ਜਲਿਆ. "ਕੋਪ ਜਰੀਆ." (ਕਾਨ ਮਃ ੫) ੪. ਜਰਾ. ਬੁਢਾਪਾ. "ਨਹ ਮਰੀਆ ਨਹ ਜਰੀਆ." (ਸੂਹੀ ਮਃ ੫. ਪੜਤਾਲ) ੫. ਜਾਲੀ. ਮੱਛੀ ਫਾਹੁਣ ਦਾ ਜਾਲ. "ਜਰੀਆ ਅੰਧ ਕੰਧ ਪਰ ਡਾਰੇ." (ਦੱਤਾਵ) ਦੇਖੋ, ਅੰਧ। ੬. ਅ਼. ذریعہ ਜਰੀਅ਼ਹ. ਵਸੀਲਾ. ਸੰਬੰਧ. ਦ੍ਵਾਰਾ.

ਜਰੀਐ: ਜਲੀਐ. "ਜਬ ਜਰੀਐ ਤਬ ਹੋਇ ਭਸਮ ਤਨ." (ਸੋਰ ਕਬੀਰ) ੨. ਸਹਾਰੀਐ. ਬਰਦਾਸ਼੍ਤ ਕਰੀਐ. "ਅੰਤਰ ਕੀ ਦੁਬਿਧਾ ਅੰਤਰਿ ਜਰੀਐ." (ਮਾਰੂ ਸੋਲਹੇ ਮਃ ੧)

ਜਰੀਦਾ: ਅ. جریدہ ਵਿ- ਇੱਕਲਾ। ੨. ਸੰਗਜਾ- ਦਫ਼ਤਰ। ੩. ਅਖ਼ਬਾਰ.

ਜਰੀਦੋਜ: ਫ਼ਾ. زردوز ਜ਼ਰਦੋਜ਼. ਵਿ- ਜ਼ਰੀ ਨਾਲ ਕੱਢਿਆ ਹੋਇਆ. ਜ਼ਰਬਾਫ਼ਤਹ. "ਜਰੀਦੋਜ ਫਿਰੈਂ ਬਿਜਨਾ ਸਭ ਪੈ." (ਨਾਪ੍ਰ)

ਜਰੀਨ: ਫ਼ਾ. زرّیں ਜ਼ੱਰੀਂ. ਵਿ- ਸੁਵਰਣ ਦਾ. ਸੁਨਹਿਰੀ। ੨. ਸੰਗਜਾ- ਸੋਨੇ ਦੀ ਤਾਰ ਆਦਿ.

ਜਰੀਨਾ: ਫ਼ਾ. زرّینہ ਜ਼ੱਰੀਨਹ. ਵਿ- ਸੋਨੇ ਦਾ। ੨. ਸ੍ਵਰਣਮੁਦ੍ਰਾ. ਅਸ਼ਰਫ਼ੀ ਆਦਿ. "ਤੁਮਹਿ ਖਜੀਨਾ ਤੁਮਹਿ ਜਰੀਨਾ." (ਸਾਰ ਮਃ ੫)

ਜਰੀਫ: ਅ. ظریف ਜਰੀਫ਼. ਵਿ- ਦਾਨਾ. ਬੁੱਧਿਮਾਨ। ੨. ਪ੍ਰਸੰਨਮਨ. ਖ਼ੁਸ਼ਦਿਲ।੩ ਮਖ਼ੌਲੀਆ. ਮਸਖ਼ਰਾ.

ਜਰੀਬ: ਅ. جریب ਸੰਗਜਾ- ਜ਼ਮੀਨ ਮਿਣਨ ਦੀ ਜੰਜੀਰੀ, ਜੋ ੪੫ ਫੁਟ ਅਥਵਾ ੧੫. ਗਜ ਦੀ ਹੁੰਦੀ ਹੈ. ਦੇਸ਼ਭੇਦ ਕਰਕੇ ਜਰੀਬ ਦਾ ਪ੍ਰਮਾਣ ਵੱਧ ਘੱਟ ਭੀ ਹੋਇਆ ਕਰਦਾ ਹੈ, ਜੈਸੇ- ਕੁੱਲੂ ਕਾਂਗੜੇ ਵਿੱਚ ੪੬ ਫੁਟ ੮. ਇੰਚ ਦੀ ਜਰੀਬ ਹੈ.

ਜਰੁ: ਦੇਖੋ, ਜਰ. "ਜਰੁ ਆਈ ਜੋਬਨਿ ਹਾਰਿਆ." (ਵਾਰ ਆਸਾ)

ਜਰੂਆ: ਜਰਾ. ਬੁਢਾਪਾ. "ਜੋਬਨ ਘਟੈ ਜਰੂਆ ਜਿਣੈ." (ਸ੍ਰੀ ਮਃ ੧. ਪਹਿਰੇ) "ਖਿਸੈ ਜੋਬਨੁ ਬਧੈ ਜਰੂਆ." (ਆਸਾ ਛੰਤ ਮਃ ੫)

ਜਰੂਸ਼ਲਮ: ਅ. جروُشلم ਯਰੂਸ਼ਲਮ. Jerusalem. ਇਸਰਾਈਲ ਵੰਸ਼ੀਆਂ ਦਾ ਪੁਰਾਣਾ ਪਵਿਤ੍ਰ ਸ਼ਹਿਰ, ਜੋ ਇਸ ਵੇਲੇ ਪੈਲਸਟਾਈਨ (Palestine) ਵਿੱਚ ਹੈ. ਇਸ ਥਾਂ ਸੁਲੇਮਾਨ ਦਾ ਪ੍ਰਸਿੱਧ ਮੰਦਿਰ ਹੈ, ਜਿਸ ਨੂੰ ਬੈਤੁਲਮੁਕ਼ੱਦਸ (ਪਵਿਤ੍ਰਘਰ) ਆਖਦੇ ਹਨ. ਖ਼ਲੀਫ਼ਾ ਉਮਰ ਨੇ ਇਸ ਨੂੰ ਸਨ ੬੩੭ ਵਿੱਚ ਜਿੱਤਕੇ ਇੱਕ ਮਸੀਤ ਬਣਵਾਈ, ਜੋ "ਮਸਜਿਦੁਲਅਕ਼ਸਾ" ਨਾਉਂ ਤੋਂ ਪ੍ਰਸਿੱਧ ਹੈ, ਹਜਰਤ ਈਸਾ ਦੀ ਕਬਰ ਇਸ ਥਾਂ ਈਸਾਈਆਂ ਦਾ ਪਵਿਤ੍ਰ ਧਾਮ ਹੈ. ਦੇਖੋ, ਦਾਊਦ ਅਤੇ ਸੁਲੇਮਾਨ.

ਜਰੂਰ: ਅ. ضروُر ਜਰੂਰ. ਕ੍ਰਿ. ਵਿ- ਅਵਸ਼੍ਯ. ਬਿਨਾ ਸੰਸੇ.

ਜਰੂਰਤ, ਜਰੂਰਤਿ: ਅ. ضروُرت ਜਰੂਰਤ. ਸੰਗਜਾ- ਆਵਸ਼੍ਯਕਤਾ. ਲੋੜ. ਹ਼ਾਜਤ. "ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ." (ਵਾਰ ਸਾਰ ਮਃ ੨)

ਜਰੇ: ਸਹਾਰੇ. ਬਰਦਾਸ਼੍ਤ ਕਰੇ. "ਜਰੇ ਨ ਗਏ ਸੁਨੇ ਗੁਨ ਗੁਰੁ ਕੇ." (ਗੁਪ੍ਰਸੂ) ੨. ਜਲੇ. ਮੱਚੇ. "ਚੰਦ ਸੂਰਜ ਦੁਇ ਜਰੇ ਚਰਾਗਾ." (ਰਾਮ ਮਃ ੫) ੩. ਜੜੇ. ਬੰਦ ਕੀਤੇ. ਭੇੜੇ. "ਜਰੇ ਕਿਵਾਰਾ." (ਸੂਹੀ ਅਃ ਮਃ ੫) ੪. ਜਟਿਤ. ਜੜਾਊ. "ਭੂਖਨ ਰਤਨ ਜਰੇ." (ਗੁਪ੍ਰਸੂ) ੫. ਸੜ ਜਾਵੇ. ਦਗਧ ਹੋਵੇ. "ਬਿਨੁ ਗੁਰਸਬਦੈ ਜਨਮੁ ਜਰੇ." (ਮਾਰੂ ਅਃ ਮਃ ੧)

ਜਰੰਗਾ: ਵਿ- ਜ੍ਵਲਿਤ- ਅੰਗਾ. ਜਲਦੇ ਅੰਗਾਂ ਵਾਲਾ. ਜਿਸ ਦਾ ਸ਼ਰੀਰ (ਅੰਗ) ਜਲ ਰਿਹਾ ਹੈ. "ਅਤਿ ਤ੍ਰਿਸਨ ਜਰੰਗਾ." (ਕਾਨ ਮਃ ੫)

ਜਰੰਗਾਰੀ: ਦੇਖੋ, ਜਰਗਰੀ.

ਜੱਰਾਦ: ਅ. جرّاد ਸੰਗਜਾ- ਤਾਂਬੇ ਦੇ ਬਰਤਨਾਂ ਨੂੰ ਸਿਕਲ ਕਰਨ ਵਾਲਾ। ੨. ਅ. زرّاد ਜ਼ੱਰਾਦ. ਸੰਜੋਆ (ਕਵਚ) ਬਣਾਉਣ ਵਾਲਾ.

ਜਰਾਰ: ਅ. جرّار ਵਿ- ਜ਼ੋਰਾਵਰ. ਬਲੀ. "ਧਾਏ ਜੱਰਾਰ ਵੀਰ." (ਸਲੋਹ) ੨. ਯੋਧਾ. ਵੀਰ.

ਜਲ: ਸੰ. जल् ਧਾ- ਤਿੱਖਾ ਕਰਨਾ, ਧਨਵਾਨ ਹੋਣਾ, ਢਕਣਾ (ਆਛਾਦਨ ਕਰਨਾ). ੨. ਸੰ. ਸੰਗਜਾ- ਪਾਣੀ, ਜੋ ਲੋਕਾਂ ਨੂੰ ਜਿਵਾਉਂਦਾ ਹੈ, ਅਥਵਾ ਪ੍ਰਿਥਿਵੀ ਨੂੰ ਢਕਦਾ ਹੈ. "ਜਲ ਬਿਹੂਨ ਮੀਨ ਕਤ ਜੀਵਨ?" (ਬਿਲਾ ਮਃ ੫) ੩. ਜ੍ਵਲ. ਲਾਟਾ. ਭਾਂਬੜ. "ਹਉਮੈ ਜਲ ਤੇ ਜਲਿ ਮੁਏ." (ਵਾਰ ਸੋਰ ਮਃ ੩) ਹੰਕਾਰ ਦੀ ਲਾਟ ਨਾਲ ਜਲਕੇ ਮੋਏ। ੪. ਫ਼ਾ. جل ਚੰਡੋਲ ਪੰਛੀ।

੫. ਸਮੁੰਦਰ ਦਾ ਮੱਧ ਭਾਗ. "ਜਲ ਤੇ ਥਲ ਕਰ." (ਸਾਰ ਕਬੀਰ) ਭਾਵ- ਡੂੰਘੇ ਸਮੁੰਦਰ ਤੋਂ ਖ਼ੁਸ਼ਕ ਥਾਂ ਕਰ ਦਿੰਦਾ ਹੈ। ੬. ਮੁੱਠਾ. ਕ਼ਬਜਾ। ੭. ਤਾਗਾ. ਡੋਰਾ.

ਜਲਅਸ਼੍ਵ: ਦਰਿਆਈ ਘੋੜਾ. ਦੇਖੋ, ਪਾਗਾ.

ਜਲਅੰਭ: ਸੰ. ਜਲम्भ ਜਲੰਭ. ਜਲ ਨਾਲ ਅੰਭ (ਭਰਿਆ ਹੋਇਆ) ਤਾਲ. ਜਲਪੂਰਤਿ ਤਲਾਉ. "ਜਿਉ ਜਲਅੰਭ ਊਪਰਿ ਕਲਮ ਕਿਨਾਰੇ." (ਆਸਾ ਮਃ ੧)

ਜਲਈ: ਜਲਦਾ ਹੈ. ਦਗਧ ਹੁੰਦਾ ਹੈ। ੨. ਦੇਖੋ, ਜਲੀਈਂ.

ਜਲਸਾ: ਅ਼. جلسہ ਸੰਗਯਾ- ਸਭਾ. ਦੀਵਾਨ। ੨. ਉਤਸਵ ਮਨਾਉਣ ਲਈ ਲੋਕਾਂ ਦਾ ਇਕੱਠ.

ਜਲਸਾਈ: ਸੰ. जलशायिन ਸੰਗਯਾ- ਵਿਸ਼ਨੁ, ਜੋ ਜਲ ਵਿੱਚ ਸੌਂਦਾ ਹੈ. ਨਾਰਾਯਣ.

ਜਲਸਾਂਈਂ: ਜਲਪਤਿ. ਵਰੁਣ.

ਜਲਸਿ: ਜਲੇਗਾ. ਦਗਧ ਹੋਊ। ੨. ਸ਼ਸਤ੍ਰਨਾਮਮਾਲਾ ਵਿੱਚ ਅਞਾਣ ਲਿਖਾਰੀ ਨੇ ਜਲੀਸ਼ (ਵਰੁਣ) ਦੀ ਥਾਂ ਜਲਸਿ ਸ਼ਬਦ ਲਿਖਿਆ ਹੈ. ਦੇਖੋ, ਅੰਗ ੯੬੨। ੩. ਦੇਖੋ, ਜਲਸੀ.

ਜਲਸੀ: ਜਲੇਗਾ. ਦਗਧ ਹੋਊ.

ਜਲਹਰ: ਸੰਗਯਾ- ਜਲਧਰ. ਮੇਘ. ਬੱਦਲ। ੨. ਜਲਹਾਰ. ਜਲ ਲੈ ਜਾਣ ਵਾਲਾ. ਦੇਖੋ, ਜਲਹਰੁ.

ਜਲਹਰਣ: ਦੇਖੋ, ਘਨਾਕ੍ਸ਼ਰੀ ਦਾ ਰੂਪ (ਸ) ੨. ਪਾਣੀ ਢੋਣ ਦੀ ਕ੍ਰਿਯਾ.

ਜਲਹਰਬਿੰਬ: ਸੰਗਯਾ- ਜਲਧਰ ਬਿੰਬ. ਇੰਦ੍ਰਧਨੁਖ. ਆਕਾਸ਼ ਵਿੱਚ ਫੈਲੇ ਹੋਏ ਜਲਕਣਕਿਆਂ ਵਿੱਚ ਸੂਰਜ ਦੀ ਕਿਰਣਾ ਨਾਲ ਹੋਈ ਅਨੇਕ ਰੰਗਾਂ ਦੀ ਝਲਕ. "ਜਲਹਰਬਿੰਬ ਜੁਗਤਿ ਜਗੁ ਰਚਾ." (ਸਵੈਯੇ ਮਃ ੪. ਕੇ) ਇੰਦ੍ਰਧਨੁਖ ਵਾਂਝ ਅਨੇਕ ਰੰਗਾਂ ਦੀ ਸੰਸਾਰ ਰਚਨਾ ਖਿਨ ਵਿੱਚ ਵਿਖਾਈ ਦਿੰਦੀ ਅਤੇ ਖਿਨ ਵਿੱਚ ਲੋਪ ਹੋਣ ਵਾਲੀ ਹੈ। ੨. ਜਲ ਵਿੱਚ ਹਰਿ (ਸੂਰਜ) ਦਾ ਬਿੰਬ (ਅ਼ਕਸ)

ਜਲਹਰੀ: ਸੰਗਯਾ- ਜਲਧਰੀ. ਅਰਘੇ ਦੇ ਆਕਾਰ ਦਾ ਇੱਕ ਪੱਥਰ, ਜਿਸ ਦੇ ਵਿਚਕਾਰ ਸ਼ਿਵਲਿੰਗ ਸਥਾਪਨ ਕੀਤਾ ਜਾਂਦਾ ਹੈ.

ਜਲਹਰੁ: ਜਲਧਰ. ਮੇਘ. ਦੇਖੋ, ਜਲਹਰ. "ਜਲਹਰੁ ਬਰਸਨਹਾਰੁ." (ਵਾਰ ਮਲਾ ਮਃ ੨)

ਜਲਹਾਰ: ਸੰਗਯਾ- ਕਹਾਰ. ਪਾਨੀਹਾਰ। ੨. ਮੇਘ. ਬੱਦਲ.

ਜਲਕੇਸ਼: ਸੰਗਯਾ- ਸਿਵਾਰ. ਪਾਨੀ ਦਾ ਜਾਲਾ.

ਜਲਕੰਟਕ: ਸ਼੍ਰਿੰਗਾਟਕ. ਸਿੰਘਾੜਾ (ਸੰਘਾੜਾ).

ਜਲਕ੍ਰੀੜਾ: ਸੰਗਯਾ- ਜਲਖੇਲ. ਜਲਵਿਹਾਰ। ੨. ਤਾਰੀ. ਜਲ ਪੁਰ ਤਰਨਾ.

ਜਲਖਗ: ਸੰਗਯਾ- ਪਾਣੀ ਦਾ ਪੰਛੀ. ਮੁਰਗ਼ਾਬੀ.

ਜਲਖੀਨਾ: ਵਿ- ਦਗਧ ਹੋਕੇ ਕ੍ਸ਼ੀਣ (ਨਾਸ਼) ਹੋਇਆ.

ਜਲਘਟਾਉ: ਘੜੇ ਦੇ ਜਲ ਵਿੱਚ. "ਹਭ ਸਮਾਣੀ ਜੋਤਿ ਜਿਉ ਜਲਘਟਾਊ ਚੰਦ੍ਰਮਾ." (ਵਾਰ ਮਾਰੂ ੨. ਮਃ ੫) ੨. ਸੰਗਯਾ- ਪਵਨ. ਪੌਣ, ਜੋ ਪਾਣੀ ਨੂੰ ਸੁਕਾਕੇ ਘਟਾ ਦਿੰਦੀ ਹੈ.

ਜਲਘੜੀ: ਸੰਗਯਾ- ਜਲਘਟਿਕਾ. ਪਾਣੀ ਦੀ ਘੜੀ. ਜਲ ਦ੍ਵਾਰਾ ਘੜੀ ਦਾ ਸਮਾ ਜਾਣਨ ਦਾ ਯੰਤ੍ਰ. Water. clock. ਦੇਖੋ, ਘੜੀ.

"ਭਾਰਤੀਯ ਨਾਟਜ ਸ਼ਾਸਤ੍ਰ" ਦੇ ਲੇਖ ਅਨੁਸਾਰ ਇਹ ਬਹੁਤ ਪੁਰਾਣੇ ਸਮੇਂ ਤੋਂ ਭਾਰਤ ਵਿੱਚ ਪ੍ਰਲਚਿਤ ਹੈ. ਉਸ ਵੇਲੇ ਇਸ ਦਾ ਨਾਉਂ "ਉਦਕ ਨਾਲਿਕਾ" ਸੀ. ਇਸ ਦੀ ਰਚਨਾ ਦੋ ਤਰ੍ਹਾਂ ਦੀ ਹੁੰਦੀ ਸੀ-

(ੳ) ਧਾਤੁ ਦੀ ਇੱਕ ਲੰਮੀ ਨਾਲੀ ਬਣਾਈ ਜਾਂਦੀ, ਜਿਸ ਦੇ ਅੰਦਰ ਅਤੇ ਬਾਹਰ ਘੜੀਆਂ ਦੇ ਅੰਗ ਲਾਏ ਜਾਂਦੇ ਅਤੇ ਥੱਲੇ ਠੀਕ ਅੰਦਾਜੇ ਦਾ ਛੇਕ ਹੁੰਦਾ, ਨਾਲੀ ਨੂੰ ਪਾਣੀ ਵਿੱਚ ਰੱਖਣ ਤੋਂ ਛੇਕ ਵਿਚਦੀਂ ਉਤਨਾ ਪਾਣੀ ਨਾਲੀ ਵਿੱਚ ਆ ਸਕਦਾ, ਜੋ ਇੱਕ ਘੜੀ ਅੰਦਰ ਇੱਕ ਅੰਗ ਤੀਕ ਪਹੁਚ ਸਕਦਾ.

(ਅ) ਧਾਤੁ ਦੀ ਇੱਕ ਹਲਕੀ ਕਟੋਰੀ ਬਣਾਈ ਜਾਂਦੀ, ਉਸ ਦੇ ਥੱਲੇ ਠੀਕ ਪ੍ਰਮਾਣ ਦਾ ਛੇਕ ਕੀਤਾ ਜਾਂਦਾ ਹੈ. ਇਸ ਕਟੋਰੀ ਨੂੰ ਜਲਭਰੇ ਭਾਂਡੇ ਵਿੱਚ ਪਾਣੀ ਤੇ ਰੱਖ ਦਿੱਤਾ ਜਾਂਦਾ ਹੈ. ਜਦ ਪਾਣੀ ਨਾਲ ਭਰਕੇ ਕਟੋਰੀ, ਡੁੱਬ ਜਾਂਦੀ, ਤਦ ਘੜੀ ਭਰ ਸਮਾ ਸਮਝਿਆ ਜਾਂਦਾ.

ਜਿਸ ਵੇਲੇ ਤੋਂ ਘੜੀ ਦੀ ਥਾਂ ਘੰਟੇ ਦਾ ਸਮਾ ਪ੍ਰਚਲਿਤ ਹੋਇਆ, ਤਦ ਤੋਂ ਇਸ ਕਟੋਰੀ ਅਤੇ ਛੇਕ ਦਾ ਆਕਾਰ ਅਜੇਹਾ ਬਣਾਇਆ ਗਿਆ ਜੋ ਢਾਈ ਘੜੀ ਅਥਵਾ ਸੱਠ ਮਿਨਟਾਂ ਵਿੱਚ ਭਰਕੇ ਡੁੱਬੇ.

ਇਸ ਸਮੇਂ ਭੀ ਬਹੁਤ ਫੌਜਾਂ ਅਤੇ ਕਾਰਖਾਨਿਆਂ ਵਿੱਚ ਜਲਘੜੀ ਦਾ ਵਰਤਾਉ ਹੈ.

ਜਲਚਰ: ਸੰਗਯਾ- ਪਾਣੀ ਵਿੱਚ ਰਹਿਣ ਵਾਲੇ ਜੀਵ. ਕੱਛੂ, ਮੱਛੀ, ਨਾਕੂ ਆਦਿ.

ਜਲਚਰਕੇਤੁ: ਸੰਗਯਾ- ਕਾਮਦੇਵ. ਜਲ ਵਿੱਚ ਰਹਿਣ ਵਾਲਾ ਮੱਛ ਅਥਵਾ ਮਕਰ, ਉਸ ਦਾ ਚਿੰਨ੍ਹ ਹੈ ਜਿਸ ਦੀ ਧੁਜਾ ਵਿੱਚ. ਮੱਛਕੇਤੁ. ਮਕਰਕੇਤੁ.

ਜਲਚਰੀ: ਸੰਗਯਾ- ਮੱਛੀ.

ਜਲਚਾਰੀ: ਜਲਚਾਰਿਨ੍. ਦੇਖੋ, ਜਲਚਰ.

ਜਲਜ: ਵਿ- ਜਲ ਤੋਂ ਪੈਦਾ ਹੋਇਆ। ੨. ਸੰਗਯਾ- ਕਮਲ। ੩. ਵ੍ਰਿਕ੍ਸ਼ (ਬਿਰਛ). ੪. ਘਾਹ। ੫. ਖੇਤੀ। ੬. ਮੋਤੀ. "ਜਲਜ ਅਬਿੱਧ ਸੁ ਤਾਹਿ ਅਹਾਰੰ." (ਗੁਵਿ ੧੦) ਅਣਬਿੱਧ ਮੋਤੀ ਹੰਸ ਦਾ ਅਹਾਰ ਹੈ। ੭. ਮੱਛ। ੮. ਸ਼ੰਖ। ੯. ਚੰਦ੍ਰਮਾ.

ਜਲਜ ਕੁੰਦਨੀ: ਸੰਗਯਾ- ਜਲਜ (ਬਿਰਛ) ਦੇ ਕੁੰਦੇ ਵਾਲੀ ਬੰਦੂਕ਼ (ਸਨਾਮਾ)

ਜਲਜਤ੍ਰਾਣ: ਸੰਗਯਾ- ਕਮਲਾਂ ਦੀ ਰਖ੍ਯਾ ਕਰਨ ਵਾਲਾ ਤਾਲ। ੨. ਜਲਜੰਤੂਆਂ ਨੂੰ ਪਨਾਹ ਦੇਣ ਵਾਲਾ ਤਾਲ. (ਸਨਾਮਾ)

ਜਲਜਪੀਠ, ਜਲਜਪ੍ਰਿਸਟਣੀ: ਸੰਗਯਾ- ਬੰਦੂਕ. ਜਲਜ (ਬਿਰਛ) ਦਾ ਹੈ ਕੁੰਦਾ ਜਿਸ ਦਾ. (ਸਨਾਮਾ) "ਖੜਗ ਕੰਠ, ਕਰ ਜਲਜਪੀਠ." ਅਤੇ "ਜਲਜ ਪ੍ਰਿਸਟਣੀ ਗਰਜ ਅਪਾਰ."

ਜ਼ਲਜ਼ਲਾ: ਅ਼. زلزلا ਅਥਵਾ زلزلہ ਸੰਗਯਾ- ਭੂਕੰਪ. ਦੇਖੋ, ਭੂਚਾਲ.

ਜਲਜਾਇ: ਦੇਖੋ, ਜਲਜਾਤ. "ਜਲਜਾਇ ਨੈਨ ਲਹਿ ਰੋਸ ਮਾਨ." (ਦੱਤਾਵ) ਨੇਤ੍ਰਾਂ ਨੂੰ ਦੇਖਕੇ ਕਮਲ ਰੋਸ ਮੰਨਦਾ ਹੈ। ੨. ਜਲਜਾਵੇ ! ਦਗਧ ਹੋਵੇ !

ਜਲਜੱਛ: ਸੰ. ਜਲਜਾਕ੍ਸ਼ ਜਲਜ (ਕਮਲ) ਜੇਹੀ ਹੈ ਅੱਖ ਜਿਸ ਦੀ. ਕਮਲਨੈਨ.

ਜਲਜਾਤ: ਵਿ- ਜੋ ਜਲ ਤੋਂ ਪੈਦਾ ਹੋਵੇ। ੨. ਸੰਗਯਾ- ਕਮਲ। ੩. ਦੇਖੋ, ਜਲਜ.

ਜਲਜਿਯ, ਜਲਜੀਵ: ਸੰਗਯਾ- ਜਲਜੰਤੁ. ਜਲਚਰ.

**ਜਲਜੀਵੀ:** ਸੰਗਯਾ- ਧੀਵਰ. ਮੱਛੀਆਂ ਫੜਨ ਵਾਲਾ. ਮਾਛੀ। ੨. ਮੱਲਾਹ.

**ਜਲਜੇਛਣ:** ਵਿ- ਜਲਜ- ਈਕ੍ਸ਼ਣ. ਕਮਲਨੇਤ੍ਰ. ਕਮਲ ਜੇਹੇ ਹਨ ਨੇਤ੍ਰ ਜਿਸ ਦੇ. "ਜਲਜੇਛਣ ਹੈਂ." (ਕਲਕੀ)

**ਜਲਜੋਗਨ:** ਸੰ. जलयोगिन ਜਲਜੀਵ. ਜਲਜੰਤੁ. ਤੰਦੂਆ. ਮਗਰਮੱਛ ਆਦਿ. "ਜਲਜੋਗਨ ਤੇ ਬਹੁ ਭਾਂਤ ਬਚਾਵੈ." (ਅਕਾਲ) ੨. ਜਲਜਾਗ੍ਰਿ. ਬਿਜਲੀ. ਤੜਿਤ.

**ਜਲਜੰਤੁ:** ਦੇਖੋ, ਜਲਜੀਵ.

**ਜਲਜੰਮ:** ਜਲ ਤੋਂ ਉਪਜਿਆ ਕਮਲ. ਦੇਖੋ, ਜਲਜ.

**ਜਲਣ, ਜਲਣਿ:** ਸੰਗਯਾ- ਜਲਨ. ਦਾਹ. ਜ੍ਵਲਨ. "ਜਲਣਿ ਬੁਝੀ ਸੀਤਲ ਭਏ." (ਰਾਮ ਮਃ ੫. ਰੁਤੀ)

**ਜਲਤ:** ਜਲਦਾ. ਸੜਦਾ ਹੋਇਆ. ਜਲਦਿਆਂ ਹੋਇਆ. ਜਲਦੇ ਹੋਏ. "ਅਬ ਮੋਹਿ ਜਲਤ ਰਾਮਜਲੁ ਪਾਇਆ." (ਗਉ ਕਬੀਰ) ੨. ਸੰਗਯਾ- ਜਲਨ. ਦਾਹ. "ਗਮਉਦਕਿ ਤਨੁ ਜਲਤ ਬੁਝਾਇਆ." (ਗਉ ਕਬੀਰ) ੩. ਵਿ- ਜ੍ਵਲਿਤ. "ਜਲਤ ਅਗਨਿ ਮਹਿ ਜਨ ਆਪਿ ਉਧਾਰੇ." (ਬਿਲਾ ਮਃ ੫) ਮਚਦੀ ਹੋਈ ਅੱਗ ਵਿੱਚੋਂ ਜਨ ਉੱਧਾਰੇ.

**ਜਲਤਰ:** ਦੇਖੋ, ਜਲਤਰੰਗ. "ਡਫ ਝਾਂਝ ਢੋਲ ਜਲਤਰ ਉਪੰਗ." (ਮਨੁਰਾਜ) ੨. ਜਲ ਉੱਪਰ ਤਰਨ ਵਾਲਾ ਕਾਠ. (ਸਨਾਮਾ).

**ਜਲਤਰ ਪ੍ਰਿਸਟਣਿ:** (ਸਨਾਮਾ) ਕਾਠ ਦੇ ਕੁੰਦੇ ਵਾਲੀ ਬੰਦੂਕ. ਦੇਖੋ, ਜਲਤਰ ੨.

**ਜਲਤਰੰਗ:** ਸੰਗਯਾ- ਜਲਵਾਦ੍ਯ. ਇੱਕ ਵਾਜਾ, ਜੋ ਧਾਤੁ ਅਥਵਾ ਚੀਨੀ ਦੀ ਛੋਟੀਆਂ ਵਡੀਆਂ ਬਾਈ (੨੨) ਕਟੋਰੀਆਂ ਵਿੱਚ ਜਲ ਪਾਕੇ ਬਣਾਇਆ ਜਾਂਦਾ ਹੈ. ਵਡੀ ਅਤੇ ਬਹੁਤੇ ਜਲ ਵਾਲੀ ਕਟੋਰੀ ਦਾ ਸੁਰ ਉਤਰਿਆ ਅਤੇ ਛੋਟੀ ਤਥਾ ਥੋੜੇ ਪਾਣੀ ਵਾਲੀ ਦਾ ਚੜ੍ਹਿਆ ਸੁਰ ਹੁੰਦਾ ਹੈ. ਪਾਣੀ ਵੱਧ ਘੱਟ ਕਰਨ ਤੋਂ ਸੁਰ ਠੀਕ ਕਰ ਲਈਦਾ ਹੈ. ਅਚਲ ਠਾਟ ਬਣਾਕੇ ਲਕੜੀ ਦੀ ਛੋਟੀ ਮੁੰਗਲੀ ਅਥਵਾ ਸੋਟੀ ਨਾਲ ਇਸ ਨੂੰ ਬਜਾਈਦਾ ਹੈ। ੨. ਜਲ ਦੀ ਲਹਿਰ. ਪਾਣੀ ਦੀ ਮੌਜ. "ਜਲਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ." (ਪ੍ਰਭਾ ਅਃ ਮਃ ੧) ਰਕਤ ਵੀਰਯ ਦਾ ਸੰਗਮ, ਉਸ਼ਨਤਾ ਅਤੇ ਪ੍ਰਾਣ, ਇਨ੍ਹਾਂ ਤੇਹਾਂ ਤੋਂ ਪ੍ਰਾਣੀਆਂ ਦੀ ਰਚਨਾ ਹੋਈ ਹੈ.

**ਜਲਤੀ:** ਮਚਤੀ ਹੋਈ. ਜ੍ਵਲਿਤ. "ਜਲਤੀ ਅਗਨਿ ਨਿਵਾਰੋ." (ਗਉ ਮਃ ੫) ੨. ਜਲਦੀ (ਸ਼ੀਘ੍ਰਤਾ) ਦੀ ਥਾਂ ਭੀ ਪੰਜਾਬੀ ਵਿੱਚ ਜਲਤੀ ਸ਼ਬਦ ਵਰਤਿਆ ਜਾਂਦਾ ਹੈ.

**ਜਲਤੁਰਾ, ਜਲਤੁਰੰ, ਜਲਤੁਰੰਗ:** ਸੰਗਯਾ- ਜਲਤੁਰਗ. ਦਰਿਆਈ ਘੋੜਾ.

**ਜਲਤੋਰੀ:** ਖ਼ਾ. ਮੱਛੀ.

**ਜਲਤੰਤੁ:** ਸੰਗਯਾ- ਗ੍ਰਾਹ. ਤੇਂਦੂਆ. ਦੇਖੋ, ਤੰਦੂਆ। ੨. ਮੱਛੀ ਫੜਨ ਦਾ ਜਾਲ. "ਜਿਉ ਜਲਤੰਤੁ ਪਸਾਰਿਓ ਬਧਕਿ." (ਕਾਨ ਮਃ ੪)

**ਜਲ ਥਲ:** ਜਲ ਅਤੇ ਸ੍ਥਲ. ਤਰੀ ਅਤੇ ਖ਼ੁਸ਼ਕੀ. "ਜਲ ਥਲ ਬਨ ਪਰਬਤ ਪਾਤਾਲ." (ਗਉ ਥਿਤੀ ਮਃ ੫) ੨. ਜਲ- ਸ੍ਥਲ. ਜਲ ਵਾਲਾ ਥਾਂ. ਨਦੀ, ਤਾਲ ਆਦਿ. "ਜਲਥਲ ਨੀਰਿ ਭਰੇ." (ਮਾਝ ਮਃ ੫)

**ਜਲਦ:** ਸੰ. ਵਿ- ਜਲ ਦੇਣ ਵਾਲਾ। ੨. ਸੰਗਯਾ- ਬੱਦਲ. ਮੇਘ। ੩. ਅ਼. جلد ਵਿ- ਚੁਸ੍ਤ- ਚਾਲਾਕ। ੪. ਫ਼ਾ. ਕ੍ਰਿ. ਵਿ- ਛੇਤੀ. ਤੁਰੰਤ. ਫ਼ੌਰਨ। ੫. ਤੇਜ਼ੀ ਸੇ. ਫੁਰਤੀ ਨਾਲ.

**ਜਲਦਾਨੀ:** ਵਿ- ਜਲ ਦੇਣ ਵਾਲਾ। ੨. ਸੰਗਯਾ- ਹਿੰਦੂਮਤ ਅਨੁਸਾਰ ਉਹ ਸੰਬੰਧੀ, ਜੋ ਪਿਤਰਾਂ ਨੂੰ ਜਲ ਦੇਣ ਦਾ ਅਧਿਕਾਰ ਰੱਖਦਾ ਹੈ। ੩. ਕਹਾਰ. ਭਿਸ਼ਤੀ. "ਜਲਦਾਨੀ ਤਿਹ ਪੀਛੇ ਹਾਂਕਤ." (ਗੁਪ੍ਰਸੂ)

ਜਲਦੀ: ਦਗਧ ਹੁੰਦੀ. ਸੜਦੀ ਹੋਈ. "ਜਲਦੀ ਕਰੇ ਪੁਕਾਰ." (ਵਾਰ ਆਸਾ) "ਅਨਦਿਨੁ ਸਦਾ ਜਲਦੀਆ ਫਿਰਹਿ." (ਆਸਾ ਅ: ਮ: ੩) ੨. ਫ਼ਾ. جلدی ਸੰਗਯਾ- ਸ਼ੀਘ੍ਰਤਾ. ਫੁਰਤੀ.

ਜਲ ਦੁੱਧ ਛਾਣਨਾ: ਕ੍ਰਿ. ਜਲ ਅਤੇ ਪਾਣੀ ਵੱਖ ਕਰਨਾ. ਭਾਵ- ਸਤਜ ਅਸਤਜ ਦਾ ਨਿਖੇੜਨਾ. ਇਨਸਾਫ਼ ਕਰਨਾ.

ਜਲਧ, ਜਲਧਰ: ਵਿ- ਜਲ ਧਾਰਨ ਵਾਲਾ। ੨. ਸੰਗਯਾ- ਮੇਘ. ਬੱਦਲ। ੩. ਸਮੁੰਦਰ। ੪. ਤਾਲ. ਝੀਲ.

ਜਲਧਰਾ: ਦੇਖੋ, ਜਲਧਰ। ੨. ਦੇਖੋ, ਜਲਧਾਰਾ. "ਚਾਤ੍ਰਿਕ ਮੁਖਿ ਜੈਸੇ ਜਲਧਰਾ." (ਧਨਾ ਨਾਮਦੇਵ) ਇਸ ਥਾਂ ਜਲਧਾਰਾ ਤੋਂ ਭਾਵ ਸ੍ਵਾਤਿਬੂੰਦ ਹੈ.

ਜਲਧਰਾਜ: ਸੰਗਯਾ- ਵਰੁਣ, ਜੋ ਸਮੁੰਦਰ (ਜਲਧਿ) ਦਾ ਰਾਜਾ ਹੈ. (ਸਨਾਮਾ)

ਜਲਧਰਾਜ ਸਸਤ੍ਰ, ਜਲਧਰਾਜ ਹਥਿਆਰ: ਸੰਗਯਾ- ਫਾਹੀ. ਪਾਸ਼, ਜੋ ਜਲਧਿਰਾਜ (ਵਰੁਣ) ਦਾ ਸ਼ਸਤ੍ਰ ਹੈ. (ਸਨਾਮਾ)

ਜਲਧਾਰਾ: ਸੰਗਯਾ- ਪਾਣੀ ਦੀ ਧਾਰਾ। ੨. ਹਿਮ ਰੁੱਤ ਵਿੱਚ ਘੜੇ ਵਿੱਚ ਛਿਦ੍ਰ ਕਰਕੇ ਤਪੀਏ ਸਾਧੂ ਦੇ ਸਿਰ ਪੁਰ ਟਪਕਾਈ ਹੋਈ ਪਾਣੀ ਦੀ ਧਾਰਾ। ੩. ਪਿਤਰਾਂ ਨਿਮਿੱਤ ਪਿੱਪਲ ਵਿੱਚ ਟਪਕਾਈ ਹੋਈ ਜਲ ਦੀ ਧਾਰਾ, ਜੋ ਹਿੰਦੂਮਤ ਅਨੁਸਾਰ ਪੁੰਨਕਰਮ ਹੈ. ਦੇਖੋ, ਧਾਰੜਾ.

ਜਲਧਿ: ਸੰ. ਸੰਗਯਾ- ਜਲਧਾਰਨ ਵਾਲਾ ਸਮੁੰਦਰ. "ਜਲਧਿ ਬਾਂਧਿ ਧ੍ਰੂ ਥਾਪਿਓ ਹੋ." (ਸੋਰ ਨਾਮਦੇਵ) ਸਮੁੰਦਰ ਨੂੰ ਸੀਮਾ ਵਿੱਚ ਬੰਨ੍ਹਿਆ ਅਤੇ ਧ੍ਰੁਵ ਨੂੰ ਤਾਰਿਆਂ ਦੇ ਮੱਧ ਲੱਠਰੂਪ ਸਥਾਪਨ ਕੀਤਾ ਹੈ. ਸਮੁੰਦਰ ਦਾ ਪੁਲ ਬੰਨ੍ਹਿਆ ਅਤੇ ਧ੍ਰੁਵ ਨੂੰ ਅਟਲ ਪਦਵੀ ਦਿੱਤੀ। ੨. ਦਸ ਸ਼ੰਖ ਦੀ ਗਿਣਤੀ. ਦੇਖੋ, ਸੰਖਯਾ.

ਜਲਧਿਸੁਤ, ਜਲਧਿਜ, ਜਲਧਿਨੰਦ: ਸੰਗਯਾ- ਸਮੁੰਦਰ ਦਾ ਬੇਟਾ ਅਮ੍ਰਿਤ। ੨. ਚੰਦ੍ਰਮਾ। ੩. ਐਰਾਵਤ ਹਾਥੀ। ੪. ਸੂਰਜ ਦਾ ਘੋੜਾ, ਧਨ੍ਵੰਤਰਿ ਆਦਿ, ਜੋ ਪੁਰਾਣਾਂ ਅਨੁਸਾਰ ਸਮੁੰਦਰ ਵਿੱਚੋਂ ਨਿਕਲੇ ਹਨ, ਸਾਰੇ ਜਲਧਿਸੁਤ ਕਹੇ ਜਾ ਸਕਦੇ ਹਨ.

ਜਲਨ: ਦੇਖੋ, ਜ੍ਵਲਨ. ਦਾਹ. ਤਪਤ। ੨. ਜਲਾਂ ਵਿੱਚ. ਜਲੋਂ ਮੇਂ. "ਜਲਨ ਥਲਨ ਬਸੁਧ ਗਗਨ." (ਰਾਮ ਮ: ੫. ਪੜਤਾਲ)

ਜਲਨਾ: ਕ੍ਰਿ- ਦਗਧ ਹੋਣਾ. ਸੜਨਾ. ਦੇਖੋ, ਜ੍ਵਲਨ.

ਜਲਨਿ: ਦੇਖੋ, ਜਲਨ ੧. "ਜਲਨਿ ਬੁਝੀ ਸੀਤਲ ਹੋਇ ਮਨੂਆ." (ਮਾਝ ਮ: ੫) ੨. ਜਲਦੇ ਹਨ.

ਜਲਨਿਧ, ਜਲਨਿਧਿ: ਸੰਗਯਾ- ਮੇਘ. ਬੱਦਲ. "ਬਾਬੀਹਾ ਪ੍ਰਿਉ ਪ੍ਰਿਉ ਕਰੈ ਜਲਨਿਧਿ ਪ੍ਰੇਮ ਪਿਆਰ." (ਸਵਾ ਮ: ੩) ੨. ਅਮ੍ਰਿਤ. "ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ, ਸੋ ਅੰਮ੍ਰਿਤੁ ਗੁਰ ਪਾਹੀ ਜੀਉ." (ਸੋਰ ਮ: ੧) ੩. ਸੰ. ਸਮੁੰਦਰ, ਜੋ ਸਾਰੇ ਜਲਾਂ ਨੂੰ ਧਾਰਨ ਕਰਦਾ ਹੈ.

ਜਲਨੀ: ਜਲ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਜਲਨੀਧ: ਦੇਖੋ, ਜਲਨਿਧਿ.

ਜਲਨੀਧੇ: ਜਲਨਿਧਿ ਵਿੱਚ. "ਹਰਿਅੰਮ੍ਰਿਤ ਹਰਿ ਜਲਨੀਧੇ. (ਬਸੰ ਮ: ੪)

ਜਲਪ: ਸੰ. जल्प् ਧਾ- ਬੋਲਣਾ, ਬਕਣਾ.

ਜਲਪਕ: ਸੰ. जल्पक ਵਿ- ਬਕਬਾਦੀ. ਬਾਤੂਨੀ। ੨. ਬੋਲਣ ਵਾਲਾ.

ਜਲਪਤਿ: ਸੰਗਯਾ- ਜਲਾਂ ਦਾ ਸ੍ਵਾਮੀ, ਵਰੁਣ। ੨. ਸਮੁੰਦਰ.

ਜਲਪਨ, ਜਲਪਨਾ: ਸੰ. जल्पन ਸੰਗਯਾ- ਬਕਬਾਦ। ੨. ਸ਼ੇਖ਼ੀ ਮਾਰਨੀ।੩ ਚਰਚਾ। ੪. ਕ੍ਰਿ- ਬਕਬਾਦ ਕਰਨਾ.

ਜਲਫਲ: ਸੰ. ਸੰਗਯਾ- ਸਿੰਘਾੜਾ. ਸੰਘਾੜਾ. ਸ਼੍ਰਿੰਗਾਟਕ.

ਜਲਬਲ: ਦੇਖੋ, ਜਲਿਬਲਿ.

ਜਲਬਿੰਬ: ਸੰਗਯਾ- ਬੁਲਬੁਲਾ. ਬੁਦਬੁਦਾ। ੨. ਜਲ ਵਿੱਚ ਸੂਰਜ ਆਦਿ ਦਾ ਪ੍ਰਤਿਬਿੰਬ.

ਜਲਬਿਲਾ: ਉਦਵਿੜਾਲ. ਜਲਮਾਜੰਰ. ਉਦਬਿਲਾਵ. ਪਾਣੀ ਦਾ ਬਿੱਲਾ. ਲੋਧ. ਵੇਦਾਂ ਵਿੱਚ ਇਸ ਦਾ ਨਾਮ ਉਦ੍ਰ ਆਇਆ ਹੈ. ਦੇਖੋ, ਅੰ. Otter.

ਜਲਬੰਧੁ: ਸੰਗਯਾ- ਮੱਛੀ. ਮੀਨ.

ਜਲਭਉਰਿ, ਜਲਭੌਰੀ: ਸੰਗਯਾ- ਜਲਭ੍ਰਮਰਿ. ਜਲਾਵਰ੍ਤ. ਪਾਣੀ ਦਾ ਚਕ੍ਰ (ਘੁਮੇਰੀ) Whirlpool.

ਜਲ ਮਹਿ ਉਪਜੈ: ਵਾ- "ਜਲ ਮਹਿ ਉਪਜੈ ਜਲ ਤੇ ਦੂਰਿ। ਜਲ ਮਹਿ ਜੋਤਿ ਰਹਿਆ ਭਰਪੂਰਿ." (ਆਸਾ ਅঃ ਮঃ ੧) ਜਲ ਵਿੱਚ ਸੂਰਜ ਦਾ ਪ੍ਰਤਿਬਿੰਬ ਉਪਜਦਾ ਹੈ, ਪਰ ਜਲ ਤੋਂ ਸੂਰਜ ਦੂਰ ਹੈ, ਕੇਵਲ ਉਸ ਦੀ ਜੋਤਿ ਜਲ ਵਿੱਚ ਵ੍ਯਾਪਦੀ ਹੈ. ਇਸੇ ਤਰਾਂ ਆਤਮਾ ਦਾ ਹਰ ਥਾਂ ਚਮਤਕਾਰ ਭਾਸਦਾ ਹੈ, ਪਰ ਆਤਮਾ ਨਿਰਲੇਪ ਹੈ.

ਜਲਮੁਘ: ਸੰਗਯਾ- ਜਲ ਮੋਚਨ (ਛੱਡਣ) ਵਾਲਾ ਮੇਘ. "ਭਏ ਸੇਤ ਜਲਮੁਘ ਜਲਹੀਨ." (ਨਾਪ੍ਰ)

ਜਲਯਾਨ: ਸੰਗਯਾ- ਜਲ ਦੀ ਸਵਾਰੀ, ਨੌਕਾ. ਬੇੜੀ। ੨. ਜਹਾਜ. ਦੇਖੋ, ਨੌਕਾ ਅਤੇ ਜਹਾਜ ਸ਼ਬਦ.

ਜਲਯੰਤ੍ਰ: ਸੰਗਯਾ- ਪਾਣੀ ਦੀ ਘੜੀ. ਦੇਖੋ, ਘੜੀ ਅਤੇ ਜਲਘੜੀ। ੨. ਪਾਣੀ ਨਾਲ ਚਲਣ ਵਾਲੀ ਕਲ। ੩. ਪਾਣੀ ਕੱਢਣ ਦੀ ਕਲ. ਹਰਟ ਪੰਪ ਆਦਿ। ੪. ਫੱਵਾਰਾ (ਫੁਹਾਰਾ). ੫. ਜਲਤਰੰਗ ਵਾਜਾ.

ਜਲ ਰਸ ਸਨਨੀ: ਸੰਗਯਾ- ਜਲ ਸਨਨੀ. ਰਸ ਸਨਨੀ. ਜਲ ਸਹਿਤਾ ਪ੍ਰਿਥਿਵੀ. ਰਸ (ਜਲ) ਨੂੰ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਜਲਰਾਸਿ: ਸੰਗਯਾ- ਸਮੁੰਦਰ.

ਜਲਰਾਜ: ਜਲਾਂ ਦਾ ਰਾਜਾ ਵਰੁਣ.

ਜਲਰੁਹ: ਸੰ. ਸੰਗਯਾ- ਜਲ ਤੋਂ ਪੈਦਾ ਹੋਣ ਵਾਲਾ ਕਮਲ. ਜਲਜ.

ਜਲਲਾਗ: ਦੇਖੋ, ਪਾਣੀਲਾਗ.

ਜਲਲੈ: ਸੰ. ਜਲ ਆਲਯ. ਸੰਗਯਾ- ਸਮੁੰਦਰ, ਜੋ ਜਲ ਦਾ ਆਲਯ (ਘਰ) ਹੈ. "ਜਲਪਤਿ ਜਲਲੈ ਨਦੀਪਤਿ." (ਸਨਾਮਾ)

ਜਲਵਹ, ਜਲਵਾ: ਅ਼. جلوہ ਸੰਗਯਾ- ਪ੍ਰਭਾ. ਚਮਕ. ਪ੍ਰਕਾਸ਼. "ਜਲਵਾ ਸਰਵ ਸਰੀਰਨ ਜੋਊ." (ਨਾਪ੍ਰ) ੨. ਸ਼ੋਭਾ. ਆਭਾ। ੩. ਪ੍ਰਗਟ ਹੋਣ ਦੀ ਕ੍ਰਿਯਾ। ੫. ਦਰਸ਼ਨ ਦੇਣਾ.

ਜਲਵਾਗਰ: ਫ਼ਾ. جلوہگر ਵਿ- ਦਰਸ਼ਨ ਦੇਣ ਵਾਲਾ। ੨. ਦੀਦਾਰੀ। ੩. ਸ਼ੋਭਾਵਾਲਾ। ੪. ਪ੍ਰਕਾਸ਼ਮਾਨ.

ਜਲਾ: ਜਲ ਦਾ ਬਹੁ ਵਚਨ. "ਆਨ ਜਲਾ ਸਿਉ ਕਾਜੁ ਨ ਕਛੂਐ." (ਕਲਿ ਅঃ ਮঃ ੫) ੨. ਦੇਖੋ, ਜਲਾਉਣਾ। ੩. ਜ੍ਵਾਲਾ. ਅਗਨਿ ਦੀ ਲਾਟ. "ਜੈਸੇ ਮੈਲ ਨ ਲਾਗੈ ਜਲਾ." (ਸੁਖਮਨੀ)

ਜਲਾਉਣਾ: ਕ੍ਰਿ- ਜ੍ਵਲਨ. ਮਚਾਉਣਾ. ਦਗਧ ਕਰਨਾ.

ਜਲਾਸਰਾ, ਜਲਾਸਰੇ: ਸੰ. ਜਲਾਸ਼੍ਰਯ. ਸੰਗਯਾ- ਸਮੁੰਦਰ. "ਨਮਸਤੰ ਜਲਾਸਰੇ." (ਜਾਪੁ) ਸਮੁਦ੍ਰਰੂਪ ਕਰਤਾਰ ਨੂੰ ਨਮਸਤੇ। ੨. ਵਿ- ਜਲ ਦਾ ਆਧਾਰ.

**ਜਲਾਸ੍ਰੀ:** ਵਿ- ਜਲ ਦੇ ਆਸ਼੍ਰਯ (ਆਧਾਰ) ਰਹਿਣ ਵਾਲਾ. ਕੇਵਲ ਪਾਣੀ ਪੀਕੇ ਗੁਜ਼ਾਰਾ ਕਰਨ ਵਾਲਾ. ਦੇਖੋ, ਜਵੀ ੨.

**ਜਲਾਜਲ:** ਸੰ. ਜਲਾਞ੍ਚਲ ਜਲਾਂਚਲ. ਸੰਗਯਾ- ਪਾਣੀ ਦਾ ਝਰਣਾ. ਚਸ਼ਮਾ। ੨. ਨਾਲਾ. ਵਾਹਾ। ੩. ਫ਼ਾ. جلاجل ਜਲਾਜਿਲ. ਘੋੜੇ ਦੀ ਗਰਦਨ ਨੂੰ ਬੰਨ੍ਹੀ ਹੋਈ ਘੁੰਗਰੂਆਂ ਦੀ ਮਾਲਾ। ੪. ਘੰਟੀਦਾਰ ਢੋਲ ਅਥਵਾ ਤੰਬੂਰ. "ਨੰਦੀ ਹਰ ਚੜ੍ਹੇ ਚਹੁਂ ਦਿਸ ਜਲਾਜਲ ਬਾਜਹੀਂ." (ਸਲੋਹ)

**ਜਲਾਂਜਲਿ:** ਸੰ. ਜਲਾਤ੍ਰਜਲਿ ਸੰਗਯਾ- ਪਾਣੀ ਦੀ ਭਰੀ ਹੋਈ ਅੰਜਲਿ. ਚੁਲੀ. ਬੁੱਕ। ੨. ਹਿੰਦੂਮਤ ਅਨੁਸਾਰ ਸੂਰਜ ਆਦਿ ਦੇਵਤਾ ਅਤੇ ਪਿਤਰਾਂ ਨੂੰ ਅਰਪਨ ਕੀਤੀ ਹੋਈ ਪਾਣੀ ਦੀ ਚੁਲੀ. ਹਾਰੀਤ ਰਿਖੀ ਲਿਖਦਾ ਹੈ ਕਿ "ਮੰਦੇਹ" ਨਾਮਕ ਰਾਖਸਾਂ ਦਾ ਟੋਲਾ, ਪ੍ਰਾਤਹਕਾਲ ਸੂਰਜ ਪੁਰ ਹ਼ਮਲ ਕਰਦਾ ਹੈ, ਜਦ ਬ੍ਰਾਹਮਣ ਜਲ ਦੀ ਚੁਲੀ ਮੰਤ੍ਰ ਪੜ੍ਹਕੇ ਸੂਰਜ ਵੱਲ ਸਿੱਟਦੇ ਹਨ, ਤਦ ਸਾਰੇ ਰਾਖਸ ਤਿਤਰ ਬਿਤਰ ਹੋ ਜਾਂਦੇ ਹਨ.

**ਜਲਾਦ:** ਦੇਖੋ, ਜੱਲਾਦ. "ਹੁਕਮ ਜਲਾਦਨ ਤਬੈ ਉਚਾਰਾ." (ਗੁਪ੍ਰਸੂ) ੨. ਸੰ. ਜਲਾਹਾਰੀ.

**ਜਲਾਧਿਪ, ਜਲਾਧਿਪਤਿ:** ਸੰਗਯਾ- ਜਲਾਂ ਦਾ ਅਧਿਪਤਿ (ਸ੍ਵਾਮੀ) ਵਰੁਣ.

**ਜਲਾਨਾ:** ਕ੍ਰਿ- ਜ੍ਵਾਲਨ. ਸਾੜਨਾ. ਦਗਧ ਕਰਨਾ. ਮਚਾਉਂਣਾ.

**ਜਲਾਬਿੰਬ:** ਜਲ ਦੇ ਤਰੰਗ. "ਜਲਾਬਿੰਬ ਅਸਰਾਲ." (ਵਾਰ ਮਲਾ ਮਃ ੧) ੨. ਦੇਖੋ, ਜਲਬਿੰਬ.

**ਜਲਾਲ:** ਅ਼. جلال ਸੰਗਯਾ- ਤੇਜ. ਪ੍ਰਕਾਸ਼। ੨. ਅ਼ਜਮਤ. ਬਜ਼ੁਰਗੀ। ੩. ਰਿਆਸਤ ਨਾਭਾ, ਨਜਾਮਤ ਫੂਲ ਦਾ ਇੱਕ ਪਿੰਡ, ਜੋ ਦਿਆਲਪੁਰੇ ਪਾਸ ਹੈ. ਇਸ ਥਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀਨੇ ਤੋਂ ਚੱਲਕੇ ਵਿਰਾਜੇ ਹਨ. ਰਿਆਸਤ ਵੱਲੋਂ ਗੁਰਦ੍ਵਾਰੇ ਦੀ ਸੇਵਾ ਲਈ ਜਮੀਨ ਲੱਗੀ ਹੋਈ ਹੈ. ਇੱਥੇ ਭਾਈ ਵੀਰ ਸਿੰਘ ਜੀ ਨਿਰਮਲੇ ਸੰਤ ਵਡੇ ਵਿਦ੍ਵਾਨ ਹੋਏ ਹਨ। ੪. ਉੱਚ ਨਿਵਾਸੀ ਇੱਕ ਫ਼ਕ਼ੀਰ, ਜਿਸ ਨੂੰ ਗੁਰੂ ਨਾਨਕ ਦੇਵ ਨੇ ਗੁਰਮੁਖ ਪਦਵੀ ਬਖ਼ਸ਼ੀ। ੫. ਦੇਖੋ, ਬੁੱਢਾ ਬਾਬਾ.

**ਜਲਾਲਖ਼ਾਨ:** ਬਾਦਸ਼ਾਹ ਔਰੰਗਜ਼ੇਬ ਦਾ ਸੈਨਾਪਤਿ, ਜੋ ਹੁਸੈਨੀ ਸਿਪਹਸਾਲਾਰ ਦੇ ਅਧੀਨ ਸੀ, ਅਤੇ ਪਹਾੜੀ ਰਾਜਿਆਂ ਤੋਂ ਰਾਜਕਰ ਵਸੂਲ ਕਰਨ ਲਈ ਲੜਿਆ. "ਲਏ ਗੁਰਜ ਚੱਲੰ ਸੁ ਜਲਾਲਖਾਨੰ." (ਵਿਚਿਤ੍ਰ ਅਃ ੧੧) ੨. ਦੇਖੋ, ਜਲਾਲਾਬਾਦ.

**ਜਲਾਲਤ:** ਅ਼. جلالت ਸੰਗਯਾ- ਬਜ਼ੁਰਗੀ। ੨. ਸ਼ੋਭਾ.

**ਜਲਾਲਯ:** ਸੰਗਯਾ- ਜਲ ਦਾ ਆਲਯ (ਘਰ) ਸਮੁੰਦਰ.

**ਜਲਾਲਾਬਾਦ:** ਅਫ਼ਗ਼ਾਨਿਸਤਾਨ ਵਿੱਚ ਕਾਬੁਲ ਦੀ ਸੜਕ ਪੁਰ ਇੱਕ ਨਗਰ, ਇਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਦਾ ਪਵਿਤ੍ਰ ਅਸਥਾਨ "ਚੋਹਾਸਾਹਿਬ" ਹੈ. ਦੇਖੋ, ਚੋਹਾ ਸਾਹਿਬ। ੨. ਸਹਾਰਨਪੁਰ ਤੋਂ ਵੀਹ ਕੋਹ ਦੇ ਕਰੀਬ ਦੱਖਣ, ਜਿਲਾ ਮੁਜੱਫਰਨਗਰ ਦਾ ਇੱਕ ਪਿੰਡ, ਜੋ ਹਸਾਰਖਾਨ ਦੇ ਪੁਤ੍ਰ ਜਲਾਲਖਾਨ ਪਠਾਣ ਨੇ ਰਾਜਪੂਤਾਂ ਦਾ ਨਗਰ 'ਖੜਾਮਨਿਹਾਰ' ਉਜਾੜਕੇ ਵਸਾਇਆ ਸੀ. ਇਸ ਨੂੰ ਸਰਹਿੰਦ ਮਾਰਨ ਪਿੱਛੋਂ ਖ਼ਾਲਸਾਦਲ ਨੇ ਫਤੇ ਕੀਤਾ.

**ਜਲਾਵਣੀ:** ਵਿ- ਜਲਾਵਨੇ ਯੋਗਯ. ਜਲ ਜਾਣ ਵਾਲੀ. "ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ." (ਸ੍ਰੀ ਅਃ ਮਃ ੧)

**ਜਲਾਵਤਨੀ, ਜਲਾਵਤ਼ਨੀ:** ਫ਼ਾ. جلاوطنی ਸੰਗਯਾ- ਦੇਸ਼ ਨਿਕਾਲਾ. ਵਤ਼ਨ ਤੋਂ ਬਾਹਰ ਕੱਢਣ ਦੀ ਕ੍ਰਿਯਾ. ਨਿਰਵਾਸਨ.

**ਜਲਾਵਨ:** ਕ੍ਰਿ- ਦੇਖੋ, ਜਲਾਉਂਣਾ.

**ਜਲਾਵਰਤ:** ਸੰ. ਜਲਾਵर्त्त ਸੰਗਯਾ- ਪਾਣੀ ਦੀ ਆਵਰ੍ਤ (ਭੌਰੀ). ਜਲਚਕ੍ਰ. ਦੇਖੋ, ਜਲਭੌਰੀ.

**ਜਲਿ:** ਸੰਗਯਾ- ਜ੍ਵਾਲਾ. ਅਗਨਿ. "ਅੰਤਰਿ ਲਾਗੀ ਜਲਿ ਬੁਝੀ." (ਸ੍ਰੀ ਮਃ ੧) "ਜਲਿ ਬੁਝੀ ਤੁਝਹਿ ਬੁਝਾਈ." (ਸੋਰ ਅਃ ਮਃ ੧) "ਬਲਦੀ ਜਲਿ ਨਿਵਰੈ ਕਿਰਪਾ ਤੇ." (ਮਾਰੂ ਸੋਲਹੇ ਮਃ ੧) ੨. ਕ੍ਰਿ. ਵਿ- ਜਲਦ. ਸ਼ੀਘ੍ਰ. "ਹਥੁ ਨ ਲਾਇ ਕਸੁੰਭੜੈ

ਜਲਿਜਾਸੀ ਢੋਲਾ." (ਸੂਹੀ ਫਰੀਦ) ਇਹ ਰੰਗ ਛੇਤੀ ਮਿਟ ਜਾਣ ਵਾਲਾ ਹੈ। ੩. ਜਲ ਕਰਕੇ. ਜਲ ਨਾਲ. "ਜਲਿ ਮਲਿ ਕਾਇਆ ਮਾਂਜੀਐ ਭਾਈ." (ਸੋਰ ਅਃ ਮਃ ੧) ੪. ਜਲ ਵਿੱਚ. "ਥੋਰੈ ਜਲਿ ਮਾਛੁਲੀ." (ਸ. ਕਬੀਰ) ੫. ਜਲ (ਦਗਧ ਹੋ) ਕੇ. ਦੇਖੋ, ਜਲ ੩. "ਜਲਿਮੁਏ." (ਵਾਰ ਸੋਰ ਮਃ ੩)

ਜਲਿਐ: ਜਲਨ ਤੋਂ. ਜਲਨੇ ਸੇ। ੨. ਜਲੇ ਹੋਏ ਨੇ. "ਜਿਨਿ ਜਲਿਐ ਨਾਮ ਵਿਸਾਰਿਆ." (ਵਾਰ ਸੂਹੀ ਮਃ ੧)

ਜਲਿਸ: ਦੇਖੋ, ਜਲੀਸ.

ਜਲਿਥਲਿ: ਜਲ ਸ੍ਥਲ ਮੇ. ਜਲ ਥਲ ਵਿੱਚ. "ਜਲਿ ਥਲਿ ਪੂਰਿ ਰਹਿਆ ਗੋਸਾਈ." (ਮਾਰੂ ਸੋਲਹੇ ਮਃ ੫)

ਜਲਿੰਦ, ਜਲਿੰਦ੍ਰ: ਸੰਗਯਾ- ਜਲ ਦਾ ਇੰਦ੍ਰ (ਸ੍ਵਾਮੀ) ਵਰੁਣ. ਜਲੇਂਦ੍ਰ. ਜਲੇਸ਼.

ਜਲਿ ਬਲਿ: ਜ੍ਵਾਲਾ ਦੀ ਬਲਿ. ਅਗਨਿ ਦੀ ਭੇਟਾ. "ਹਰਿ ਬਿਨੁ ਜੀਉ ਜਲਿ ਬਲਿ ਜਾਉ." (ਸ੍ਰੀ ਮਃ ੧) ੨. ਕ੍ਰਿ. ਵਿ- ਸੜ ਮੱਚਕੇ. "ਬਿਨੁ ਗੁਰਸਬਦੈ ਜਲਿ ਬਲਿ ਤਾਤਾ." (ਸਿਧਗੋਸਟਿ)

ਜਲਿਮਲਿ: ਜਲ ਨਾਲ ਮਰਦਨ ਕਰਕੇ. ਪਾਣੀ ਨਾਲ ਮਲਕੇ. ਦੇਖੋ, ਜਲਿ ਅਤੇ ਮਲਿ.

ਜਲੀਈਂ: ਜਲੀਆਂ ਹੋਈਆਂ ਨੇ, ਸੜੀਆਂ ਹੋਈਆਂ ਨੇ. "ਏਨੀ ਜਲੀਈਂ ਨਾਮੁ ਵਿਸਾਰਿਆ." (ਵਾਰ ਮਲਾ ਮਃ ੧)

ਜਲੀਸ: ਸੰਗਯਾ- ਜਲ- ਈਸ਼. ਜਲਾਂ ਦਾ ਸ੍ਵਾਮੀ ਵਰੁਣ. ਜਲੇਸ਼। ੨. ਜਲਪਤਿ, ਸਮੁੰਦਰ. "ਸੁਨ ਅਰਜ ਦਾਸ ਕਰੁਣਾਜਲੀਸ." (ਗੁਵਿ ੧੦) ਹੇ ਕਰੁਣਾਨਿਧਿ.

ਜਲੀਖਾਂ: ਦੇਖੋ, ਜੁਲੇਖਾਂ ਅਤੇ ਯੂਸਫ. "ਰੂਮ ਸ਼ਹਰ ਕੇ ਸ਼ਾਹ ਕੀ ਸੁਤਾ ਜਲੀਖਾਂ ਨਾਮ." (ਚਰਿਤ੍ਰ ੨੦੧)

ਜਲੀਲ: ਅ਼. ذلیل ਜਲੀਲ. ਵਿ- ਖ਼੍ਵਾਰ. ਬੇਇੱਜ਼ਤ. ਅਪਮਾਨਿਤ। ੨. ਅ਼. جلیل ਜਲੀਲ. ਜਲਾਲ ਵਾਲਾ. ਵਡਾ. ਬਜ਼ੁਰਗ. ਇ਼ੱਜ਼ਤ ਵਾਲਾ। ੩. ਪ੍ਰਕਾਸ਼ ਵਾਲਾ.

ਜਲੁ: ਦੇਖੋ, ਜਲ. "ਜਲੁ ਮਥੀਐ ਜਲੁ ਦੇਖੀਐ ਭਾਈ!" (ਸੋਰ ਅਃ ਮਃ ੧)

ਜਲੂਸ: ਅ਼. جلوُس ਜੁਲੂਸ. ਸੰਗਯਾ- ਬੈਠਣਾ। ੨. ਰਾਜਸਿੰਘਾਸਨ ਪੁਰ ਬੈਠਣਾ। ੩. ਕਚਹਿਰੀ ਕਰਨ ਬੈਠਣਾ। ੪. ਸਜ ਧਜ ਦੀ ਸਵਾਰੀ ਉੱਤੇ ਇਕੱਠ. "ਮਹਾ ਜਲੂਸ ਚਹੂੰ ਦਿਸ ਕਰੇ." (ਗੁਪ੍ਰਸੂ)

ਜਲੂਸੀ ਸਨ, ਜਲੂਸੀ ਸਾਲ: ਕਿਸੇ ਮਹਾਰਾਜੇ ਅਥਵਾ ਬਾਦਸ਼ਾਹ ਦੇ ਜਲੂਸ (ਗੱਦੀ ਤੇ ਬੈਠਣ) ਦਾ ਵਰ੍ਹਾ. ਮਸਨਦਨਸ਼ੀਨੀ ਦਾ ਸਨ. ਗੱਦੀ ਬੈਠਣ ਦੀ ਤਾਰੀਖ ਤੋਂ ਇਹ ਸਾਲ ਸ਼ੁਰੂ, ਅਤੇ ਮਸਨਦ ਨਸ਼ੀਨ ਦੇ ਦੇਹਾਂਤ ਹੋਣ ਤੋਂ ਸਮਾਪਤ ਹੁੰਦਾ ਹੈ, ਜੇ ਕੋਈ ਰਾਜਾ ਸੰਮਤ ੧੯੦੦ ਵਿੱਚ ਗੱਦੀ ਬੈਠਾ ਹੈ, ਤਦ ਸੰਮਤ ੧੯੦੫ ਵਿੱਚ ਜਲੂਸੀ ਸਨ ਪੰਜ ਸਮਝੋ. ਜਲੂਸੀ ਸਨ ਦਾ ਰਿਵਾਜ ਬਿਕ੍ਰਮੀ ਈਸਵੀ ਅਤੇ ਹਿਜਰੀ ਆਦਿਕ ਸਾਲਾਂ ਦੇ ਆਰੰਭ ਤੋਂ ਭੀ ਪਹਿਲਾਂ ਦਾ ਹੈ.

ਜਲੇਸ: ਸੰਗਯਾ- ਜਲ- ਈਸ਼. ਵਰੁਣ.

ਜਲੇਖਾਂ: ਦੇਖੋ, ਜੁਲੇਖਾਂ ਅਤੇ ਯੂਸਫ਼.

ਜਲੇਤਾ: ਸੰਗਯਾ- ਈਂਧਨ. ਅਗਨਿ ਜ੍ਵਲਨ ਕਰਨ ਦੀ ਸਾਮਗ੍ਰੀ. "ਕਾਮ ਕ੍ਰੋਧੁ ਦੁਇ ਕੀਏ ਜਲੇਤਾ." (ਰਾਮ ਕਬੀਰ)

ਜਲੇਬ: ਸੰਗਯਾ- ਵਡੀ ਜਲੇਬੀ। ੨. ਅ਼. جلیب ਵੇਚਣ ਲਈ ਲਿਆਂਦਾ ਗੁਲਾਮ.

ਜਲੇਬਦਾਰ: ਇਸ ਦਾ ਮੂਲ ਫ਼ਾ. جلیبدار ਜਿਲੌਦਾਰ ਹੈ. ਜਿਲੌ (ਘੋੜੇ ਦੀ ਬਾਗ) ਦਾਰ (ਫੜਨ ਵਾਲਾ). ਜੋ ਅਮੀਰ ਦੇ ਘੋੜੇ ਦੀ ਬਾਗ ਫੜਕੇ ਸਾਥ ਚਲੇ. ਜਿਲੌਬਰਦਾਰ. "ਕਿਤੜੇ ਲੱਖ ਜਲੇਬਦਾਰ ਗਾਡੀਵਾਨ ਚਲਾਇ ਗਡੀਰਾਂ." (ਭਾਗੁ)

ਜਲੇਬੀ: ਇਸ ਪ੍ਰਕਾਰ ਦੀ ਮਿਠਾਈ. ਕਰਣਸ਼ਸ਼੍ਕੁਲੀ.

ਜਲੈ: ਦੇਖੋ, ਜਲਨਾ. ਜਲਦਾ ਹੈ। ੨. ਜਲਨ ਤੋਂ. ਜਲਨੇ ਸੇ. "ਜਲੈ ਨ ਪਾਈਐ ਰਾਮ ਸਨੇਹੀ." (ਗਉ ਮਃ ੫) ੩. ਜਲਾਵੈ. ਦਗਧ ਕਰੈ. "ਹਰਿ ਸੰਗਿ ਰਾਤੇ ਭਾਹਿ ਨ ਜਲੈ." (ਗਉ ਮਃ ੫)

ਜਲੋਦਰ: ਸੰਗਜਾ- ਉਦਰ (ਪੇਟ) ਵਿੱਚ ਜਲ (ਪਾਣੀ) ਪੈ ਜਾਣਾ. ਜਲੰਧਰ ਰੋਗ. استسقا ਇਸਤਿਸਕ਼ਾ. Dropsy. ਇਹ ਰੋਗ ਜਿਗਰ ਗੁਰਦੇ ਤਿੱਲੀ ਆਦਿ ਦੇ ਰੋਗਾਂ ਦੇ ਵਿਗਾੜ ਦਾ ਸਿੱਟਾ ਹੈ. ਅੰਦਰ ਦੇ ਹਿੱਸਿਆਂ ਦੀਆਂ ਜਲ ਵਾਲੀਆਂ ਝਿੱਲੀਆਂ ਵਿੱਚ ਖੂਨ ਦਾ ਪਾਣੀ ਫਿੱਟਕੇ ਜਮਾ ਹੋ ਜਾਂਦਾ ਹੈ. ਇਸ ਦੇ ਕਾਰਣ ਵਿਦ੍ਵਾਨਾਂ ਨੇ ਇਹ ਮੰਨੇ ਹਨ-

ਦਿਲ ਸੰਬੰਧੀ ਨਾੜੀਆਂ ਵਿੱਚ ਸੁੱਦਾ ਰਹਿਣਾ, ਰਕਤ ਵਾਹੀ ਨਾੜੀਆਂ ਵਿੱਚ ਰੋਕ ਹੋਣੀ, ਕਮਜੋਰੀ ਦੇ ਕਾਰਣ ਲਹੂ ਦਾ ਪਤਲਾ ਪੈਕੇ ਫਟ ਜਾਣਾ, ਖੂਨ ਵਿੱਚੋਂ ਫੌਲਾਦੀ ਹਿੱਸਾ ਘਟ ਜਾਣਾ, ਮਲ ਮੂਤ੍ਰ ਦੇ ਤਿਆਗ ਪਿੱਛੋਂ ਬਹੁਤ ਪਾਣੀ ਪੀਣਾ, ਗਿੱਲੇ ਵਸਤ੍ਰ ਪਹਿਰਨੇ, ਪੇਸ਼ਾਬ ਦਾ ਜਹਿਰ ਅਤੇ ਪਸੀਨਾ ਰੁਕ ਜਾਣਾ, ਹਾਜਮੇ ਦਾ ਵਿਗਾੜ ਹੋਣਾ, ਪ੍ਰਸੂਤ ਸਮੇਂ ਜੱਚਾ ਦਾ ਬੇਤਹਾਸ਼ਾ ਜਲ ਪੀਣਾ, ਅਤੇ ਅੰਦਰ ਮਵਾਦ ਦਾ ਗਲ ਸੜ ਜਾਣਾ ਆਦਿ.

ਜਲੋਦਰ ਰੋਗ ਜੇ ਦਿਲ ਅਤੇ ਫੇਫੜਿਆਂ ਦੀ ਖਰਾਬੀ ਤੋਂ ਹੋਵੇ, ਤਾਂ ਪਹਿਲਾਂ ਸੋਜ ਪੈਰਾਂ ਤੇ ਫੇਰ ਪੇਟ ਤੇ ਉਪਰੰਤ ਸਾਰੇ ਸਰੀਰ ਤੇ ਹੁੰਦੀ ਹੈ. ਜੇ ਜਿਗਰ ਦੀ ਖਰਾਬੀ ਤੋਂ ਹੋਵੇ ਤਾਂ ਸੋਜ ਪਹਿਲਾਂ ਪੇਟ ਤੇ ਹੁੰਦੀ ਹੈ. ਜੇ ਗੁਰਦਿਆਂ ਦੀ ਖਰਾਬੀ ਤੋਂ ਹੋਵੇ ਤਾਂ ਪਹਿਲਾਂ ਸੋਜ ਅੱਖਾਂ ਤੇ ਚੇਹਰੇ ਉੱਪਰ ਹੋਕੇ ਵਿਗਾੜ ਹੁੰਦਾ ਹੈ. ਆਰਾਮ ਕਰਨ ਤੋਂ ਸੋਜਾਂ ਵਧ ਜਾਂਦੀਆਂ ਹਨ. ਫਿਰਨ ਤੁਰਨ ਤੋਂ ਘਟ ਜਾਂਦੀਆਂ ਹਨ. ਜੇ ਪਾਂਡੁ ਰੋਗ ਦੇ ਕਾਰਣ ਜਲੋਦਰ ਹੋਵੇ ਤਦ ਸੋਜ ਸਾਧਾਰਣ ਹੁੰਦੀ ਹੈ, ਆਰਾਮ ਕਰਨ ਤੋਂ ਸਵੇਰ ਵੇਲੇ ਆਪਣੇ ਆਪ ਹਟ ਜਾਂਦੀ ਹੈ ਅਰ ਤੁਰਣ ਫਿਰਣ ਤੋਂ ਵਧ ਜਾਂਦੀ ਹੈ. ਜੋ ਜਲੋਦਰ ਦਿਲ ਦੀ ਖਰਾਬੀ ਤੋਂ ਹੋਵੇ ਉਹ ਵਡਾ ਭਯੰਕਰ ਹੁੰਦਾ ਹੈ.

ਇਸ ਰੋਗ ਦੇ ਹੁੰਦੇ ਹੀ ਸਿਆਣੇ ਆਦਮੀ ਦਾ ਇਲਾਜ ਹੋਣਾ ਜਰੂਰੀ ਹੈ. ਜਲੋਦਰ ਦੇ ਸਾਧਾਰਣ ਉਪਾਉ ਇਹ ਹਨ-

(੧) ਪਾਣੀ ਪੀਣਾ ਬੰਦ ਕਰਕੇ ਗਊ ਦੀ ਲੱਸੀ, ਅਰਕ ਸੌਂਫ, ਅਰਕ ਮਕੋ, ਉਠਣੀ ਦਾ ਦੁੱਧ ਪੀਣਾ. (੨) ਕਬਜਕੁਸ਼ਾ ਅਤੇ ਪਸੀਨਾ (ਮੁੜ੍ਹਕਾ) ਲਿਆਉਣ ਵਾਲੀਆਂ ਚੀਜਾਂ ਦਾ ਸੇਵਨ ਕਰਨਾ.

(੩) ਛਿੱਲਹਰੜ ਇੱਕ ਮਾਸ਼ਾ, ਕੁਸ਼ਤਾ ਫੌਲਾਦ ਆਬੀ ਦੋ ਰੱਤੀ, ਗਊ ਦੀ ਲੱਸੀ ਨਾਲ ਦਿਨ ਵਿੱਚ ਦੋ ਵਾਰ ਵਰਤਣਾ.

(੪) ਫੌਲਾਦ, ਹਰੜ ਦੀ ਛਿੱਲ, ਰੇਂਵਦ ਖ਼ਤਾਈ, ਕੜੂ, ਨਸਾਦਰ, ਇਹ ਸਭ ਸਮਾਨ ਲੈ ਕੇ ਡੇਢ ਡੇਢ ਮਾਸ਼ੇ ਦੀਆਂ ਤਿੰਨ ਪੁੜੀਆਂ ਰੋਜ ਗਊ ਦੀ ਲੱਸੀ ਜਾਂ ਅਰਕਮਕੋ ਨਾਲ ਖਾਣੀਆਂ.

(੫) ਛੋਲਿਆਂ ਦੀਆਂ ਖਿੱਲਾਂ ੨੧. ਵਾਰ ਥੋਹਰ ਦੇ ਦੁੱਧ ਵਿੱਚ ਭਿਉਂਕੇ ਛਾਂਵੇਂ ਸੁਕਾਕੇ, ਇੱਕ ਤੋਂ ਪੰਜ ਤਕ, ਤਿੰਨ ਵਾਰ ਰੋਜ ਖਾਣੀਆਂ.

(੬) ਰਾਤ ਨੂੰ ਕੌੜੀ ਤੂੰਬੀ ਵਿੱਚ ਸੌਂਫ ਅਤੇ ਮਕੋ ਦਾ ਅਰਕ ਭਰ ਰੱਖਣਾ, ਸਵੇਰ ਵੇਲੇ ਇਸ ਨਾਲ ਨਕਛਿੱਕਣੀ ਬੂਟੀ ਦੀ ਜੜ ਦਾ ਇੱਕ ਮਾਸਾ ਚੂਰਣ ਖਾਣਾ.

(੭) ਕਰੇਲੇ ਦਾ ਰਸ ਦੋ ਤੋਲੇ ਰੋਜ ਪੀਣਾ.

(੮) ਮਕੋ ਦੀ ਭੁਰਜੀ ਖਾਣੀ.

(੯) ਇੰਦ੍ਰਜੌਂ ਚਾਰ ਤੋਲੇ, ਭੁੰਨੀ ਹੋਈ ਹਿੰਗ ਚਾਰ ਤੋਲੇ, ਸੰਖ ਦੀ ਭਸਮ ਚਾਰ ਤੋਲੇ, ਮਘਾਂ ਇੱਕ ਤੋਲਾ, ਇਨ੍ਹਾਂ ਦਾ ਚੂਰਣ ਗਊ ਦੀ ਲੱਸੀ ਨਾਲ ਉਮਰ ਅਤੇ ਬਲ ਅਨੁਸਾਰ ਖਾਣਾ.

(੧੦) ਪੁਠਕੰਡਾ ਘੋਟਕੇ ਪੇਟ ਤੇ ਲੇਪ ਕਰਨਾ.

(੧੧) ਜਮਾਲਗੋਟੇ ਦੇ ਤੇਲ (Croton Oil) ਦੀਆਂ ਦੋ ਦੋ ਬੂੰਦਾਂ ਦਿਨ ਵਿੱਚ ਤਿੰਨ ਵਾਰ ਖਾਣੀਆਂ.

(੧੨) ਸਿਆਣੇ ਡਾਕਟਰ ਤੋਂ ਪੇਟ ਦਾ ਪਾਣੀ ਨਿਕਲਵਾਉਣਾ.

ਜਲੌਕਾ: ਦੇਖੋ, ਜੋਕ.

ਜਲੰਜਲ: ਜਲਹੀ ਜਲ. ਕੇਵਲ ਜਲ. "ਜਿਉ ਜਲਮੀਨ ਜਲੰਜਲ ਪ੍ਰੀਤਿ ਹੈ." (ਕਲਿ ਅਃ ਮਃ ੪) ੨. ਦੇਖੋ, ਜਲਾਂਜਲਿ.

ਜਲੰਤ: ਜਲਤ ਹੈ. ਸੜਦਾ ਹੈ। ੨. ਦੇਖੋ, ਜ੍ਵਲੰਤ.

ਜਲੰਧਰ: ਇੱਕ ਦੈਤ. ਪਦਮਪੁਰਾਣ ਵਿੱਚ ਲਿਖਿਆ ਹੈ ਕਿ ਸ਼ਿਵ ਦੀ ਕ੍ਰੋਧਅਗਨਿ ਤੋਂ ਸਮੁੰਦਰ ਵਿੱਚੋਂ ਜਲੰਧਰ ਉਪਜਿਆ. ਇਹ ਇਤਨੇ ਸ਼ੋਰ ਨਾਲ ਰੋਣ ਲੱਗਾ ਕਿ ਤ੍ਰਿਲੋਕੀ ਵ੍ਯਾਕੁਲ ਹੋ ਗਈ. ਬ੍ਰਹਮਾ ਨੇ ਜਦ ਗੋਦੀ ਵਿੱਚ ਚੁੱਕਕੇ ਵਿਰਾਇਆ, ਤਦ ਉਸ ਦੀ ਦਾੜ੍ਹੀ ਇਤਨੇ ਜ਼ੋਰ ਨਾਲ ਖਿੱਚੀ ਕਿ ਬ੍ਰਹਮਾ ਦੀ ਅੱਖਾਂ ਤੋਂ ਜਲ ਵਗ ਪਿਆ, ਇਸ ਕਾਰਣ ਬ੍ਰਹਮਾ ਨੇ ਨਾਮ ਜਲੰਧਰ ਰੱਖਿਆ. ਵਡਾ ਹੋਣ ਪੁਰ ਜਲੰਧਰ ਨੇ ਇੰਦ੍ਰਲੋਕ ਜਿੱਤ ਲਿਆ ਅਤੇ ਦੇਵਤੇ ਦੁਖੀ ਕਰ ਦਿੱਤੇ. ਇੰਦ੍ਰ ਦੀ ਸਹਾਇਤਾ ਵਾਸਤੇ ਸ਼ਿਵ ਜਲੰਧਰ ਨਾਲ ਲੜਨ ਨੂੰ ਗਏ. ਜਲੰਧਰ ਦੀ ਇਸਤ੍ਰੀ ਵ੍ਰਿੰਦਾ (ਜੋ ਕਾਲਨੇਮਿ ਦੀ ਕਨ੍ਯਾ ਸੀ) ਪਤਿ ਦੀ ਜੀਤ ਲਈ ਬ੍ਰਹਮਾ ਦੀ ਪੂਜਾ ਕਰਨ ਬੈਠੀ. ਪਜਾ ਵਿੱਚ ਵਿਘਨ ਕਰਨ ਲਈ ਵਿਸ਼ਨੁ ਜਲੰਧਰ ਦਾ ਰੂਪ ਧਾਰਕੇ ਵ੍ਰਿੰਦਾ ਪਾਸ ਗਏ, ਪਤਿ ਨੂੰ ਦੇਖਕੇ ਵ੍ਰਿੰਦਾ ਪੂਜਾ ਛੱਡਕੇ ਉਠ ਖੜੀ ਹੋਈ ਅਰ ਜਲੰਧਰ ਉਸੇ ਸਮੇਂ ਮਾਰਿਆ ਗਿਆ. ਇਹ ਪ੍ਰਸੰਗ ਭੀ ਹੈ ਕਿ ਵਿਸ਼ਨੁ ਨੇ ਵ੍ਰਿੰਦਾ ਦਾ ਸਤ ਭੰਗ ਕੀਤਾ.

ਪਦਮਪੁਰਾਣ ਵਿੱਚ ਇਹ ਕਥਾ ਭੀ ਹੈ ਕਿ ਵ੍ਰਿੰਦਾ ਪਤਿ ਨਾਲ ਸਤੀ ਹੋਈ, ਅਤੇ ਵਿਸ਼ਨੁ ਦੇ ਵਰ ਨਾਲ ਵ੍ਰਿੰਦਾ ਦੀ ਭਸਮ ਤੋਂ ਤੁਲਸੀ, ਆਉਲਾ, ਪਲਾਸ਼ ਅਤੇ ਪਿੱਪਲ ਚਾਰ ਬਿਰਛ ਪੈਦਾ ਹੋਏ. ਦੇਖੋ, ਤੁਲਸੀ ਸ਼ਬਦ। ੨. ਇੱਕ ਪ੍ਰਾਚੀਨ ਰਿਖੀ। ੩. ਜਲੋਦਰ ਨੂੰ ਭੀ ਕਈ ਜਲੰਧਰ ਲਿਖਦੇ ਹਨ. ਦੇਖੋ, ਗੁਪ੍ਰਸੂ ਰਾਸਿ ੪, ਅਃ ੫੦. "ਰੋਗ ਜਲੰਧਰ ਉਦਰ ਵਿਸਾਲਾ। ਪੀੜਾ ਦੇਤ ਮਹਾ ਸਭ ਕਾਲਾ." ਦੇਖੋ, ਜਲੋਦਰ। ੪. ਦੁਆਬੇ ਵਿੱਚ ਇੱਕ ਸ਼ਹਿਰ, ਜੋ ਜਿਲੇ ਦਾ ਪ੍ਰਧਾਨ ਨਗਰ ਹੈ. ਪਦਮਪੁਰਾਣ ਵਿੱਚ ਕਥਾ ਹੈ ਕਿ ਜਲੰਧਰ ਨੂੰ ਸਮੁੰਦਰ ਨੇ ਆਪਣਾ ਪੁਤ੍ਰ ਜਾਣਕੇ ਰਹਿਣ ਲਈ ਇਹ ਦੇਸ਼ (ਤ੍ਰਿਗਰ੍ਤ) ਦਿੱਤਾ, ਜਿਸ ਤੋਂ ਜਲੰਧਰ ਸੰਗ੍ਯਾ ਹੋਈ ਪਹਿਲਾਂ ਇਹ ਸਮੁੰਦਰ ਦੇ ਜਲ ਨਾਲ ਢਕਿਆ ਹੋਇਆ ਸੀ.

ਜਲੰਧਰੀ: ਸੰਗ੍ਯਾ- ਜਲੰਧਰ ਦੀ ਇਸਤ੍ਰੀ ਵ੍ਰਿੰਦਾ। ੨. ਜਲੰਧਰ ਦੇ ਨਾਸ਼ ਲਈ ਸ਼ਿਵ ਨੂੰ ਸਹਾਇਤਾ ਦੇਣ ਵਾਲੀ ਦੁਰਗਾ "ਜਲੰਧਰੀ ਤਾ ਦਿਨ ਤੇ ਨਾਮਾ। ਜਪੋ ਚੰਡਿਕਾ ਕੋ ਸਭ ਜਾਮਾ." (ਰੁਦ੍ਰਾਵ)

ਜਲੰਬਲ: ਸੰ. ਸੰਗ੍ਯਾ- ਨਦੀ. ਦਰਿਆ.

ਜਲ੍ਯ: ਗੁਰੁਯਸ਼ ਕਰਤਾ ਇੱਕ ਭੱਟ. "ਸੁਮਤਿ ਜਲ੍ਯ ਜਾਣੀ ਜੁਗਤਿ." (ਸਵੈਯੇ ਮਃ ੩. ਕੇ)

ਜਲ੍ਯਣ, ਜਲ੍ਯਨ: ਗੁਰੁਯਸ਼ ਕਰਤਾ ਇੱਕ ਭੱਟ. "ਜਲ੍ਯਨ ਤੀਰ ਬਿਪਾਸ ਬਨਾਯਉ." (ਸਵੈਯੇ ਮਃ ੪. ਕੇ) ੨. ਭਡਾਣਾ ਪਿੰਡ (ਜਿਲਾ ਅੰਮ੍ਰਿਤਸਰ) ਦਾ ਵਸਨੀਕ ਸਿੱਧੂ ਜੱਟ, ਜੋ ਵਡਾ ਖੁਲਾਸਾ ਭਗਤ ਸੀ. ਇਸ ਦੀ ਇਸਤ੍ਰੀ ਦਾ ਨਾਮ ਰਾਮਕੀ ਸੀ. ਇਸ ਦੇ ਸਿੱਧੇ ਸਾਦੇ ਬਚਨ ਸਾਰ ਦੇ ਭਰੇ ਹੋਏ ਹਨ. ਇੱਕ ਵੇਰ ਗਠੇ ਲਾ ਰਹੇ ਜਲ੍ਯਣ ਨੂੰ ਕਿਸੇ ਨੇ ਪੁੱਛਿਆ, ਰੱਬ ਦੇ ਪਾਉਣ ਦਾ ਕੀ ਯਤਨ ਹੈ? ਅੱਗੋਂ ਜਵਾਬ ਦਿੱਤਾ- "ਰੱਬ ਦਾ ਕੀ ਪਾਉਣਾ, ਓਧਰੋਂ ਪੁੱਟਣਾ ਤੇ ਐਧਰ ਲਾਉਣਾ." ਭਾਵ- ਦੁਨੀਆਂ ਵੱਲੋਂ ਮਨ ਹਟਾਕੇ ਰੱਬ ਵੱਲ ਲਾਉਣਾ. ਇਹ ਮਹਾਤਮਾ ਛੀਵੇਂ ਸਤਿਗੁਰੂ ਜੀ ਦੇ ਸਮੇਂ ਹੋਇਆ ਹੈ. "ਜਲ੍ਯਨ ਸਾਧ ਹੁਤੋ ਜਿਸ ਥਾਨ। ਤਹਿਂ ਲਗ ਪਹੁਚੇ ਗੁਰੁ ਭਗਵਾਨ। ਨਾਮ ਰਾਮਕੀ ਤਿਸ ਕੀ ਦਾਰਾ। ਹਰਖਤ ਉਰ ਪਿਖ ਵਾਕ ਉਚਾਰਾ।।" (ਗੁਪ੍ਰਸੂ ਰਾਸਿ ੭. ਅਃ ੧੫)

ਜਲ੍ਯ, ਜਲ੍ਯਨ: ਗੁਰੁਯਸ਼ ਕਰਤਾ ਇੱਕ ਭੱਟ. ਦੇਖੋ, ਜਲ੍ਯ ਅਤੇ ਜਲ੍ਯਨ. "ਗੋਬਿੰਦ ਪੁਰੀ ਸਮ ਜਲ੍ਯਨ ਤੀਰ ਬਿਪਾਸ ਬਨਾਯਉ." (ਸਵੈਯੇ ਮਃ ੪. ਕੇ)

ਜੱਲਨ: ਦੇਖੋ, ਜਲ੍ਯਨ.

ਜੱਲਾਦ: ਅ਼. جلّاد ਸੰਗਯਾ- ਜਿਲਦ (ਖੱਲ) ਉਤਾਰਨ ਵਾਲਾ. ਕੋਰੜੇ ਮਾਰਨ ਵਾਲਾ। ੨. ਵਧ (ਕਤਲ) ਕਰਨ ਵਾਲਾ. ਪ੍ਰਾਣਦੰਡ ਦੇਣ ਵਾਲਾ.

ਜੱਲੋ: ਤੁਲਸਪੁਰ ਦਾ ਮਸੰਦ, ਜੋ ਸ਼੍ਰੀ ਗੁਰੂ ਅਰਜਨ ਦੇਵ ਦੀ ਸੇਵਾ ਕੀਤਾ ਕਰਦਾ ਸੀ.

ਜਵ: ਸੰ. ਸੰਗਯਾ- ਵੇਗ। ੨. ਚਾਲ. ਰਫ਼ਤਾਰ। ੩. ਦੇਖੋ, ਯਵ.

ਜਵਨ: ਸੰ. ਵਿ- ਵੇਗਵਾਨ. ਚਾਲਾਕ। ੨. ਸੰਗਯਾ- ਘੋੜਾ। ੩. ਸਰਵ- ਜੌਨ. ਜਿਸ ਨੇ. ਜੋ. "ਜਵਨ ਕਾਲ ਸਭ ਜਗਤ ਬਨਾਯੋ." (ਚੌਪਈ) ੪. ਦੇਖੋ, ਯਵਨ। ੫. ਦੇਖੋ, ਜੌਨ.

ਜਵਨਕਰਨ: ਸੰਗਯਾ- ਜੌਨ (ਚਾਂਦਨੀ) ਕਰਨ ਕਾਲਾ, ਚੰਦ੍ਰਮਾ. "ਜਵਨ ਕਰਨ ਕੀ ਭਗਨਿ ਬਖਾਨਹੁ। ਸੁਤ ਚਰ ਕਹਿ ਪੁਨ ਸਬਦ ਪ੍ਰਮਾਨਹੁ। ਤਾਂਕੇ ਅੰਤ ਸਤ੍ਰੁ ਪਦ ਦੀਜੈ। ਨਾਮ ਤੁਪਕ ਕੇ ਸਭ ਲਹਿ ਲੀਜੈ." (ਸਨਾਮਾ) ਚਾਂਦਨੀ ਕਰਨ ਵਾਲੇ (ਚੰਦ੍ਰਮਾ) ਦੀ ਭੈਣ ਚੰਦ੍ਰਭਾਗਾ ਨਦੀ, ਉਸ ਦਾ ਪੁਤ੍ਰ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦੀ ਵੈਰਣ ਬੰਦੂਕ਼.

ਜਵਨਿਕਾ: ਸੰ. ਸੰਗਯਾ- ਕਨਾਤ. ਪੜਦਾ.

ਜਵਾ: ਦੇਖੋ, ਜਿਹਵਾ ਅਤੇ ਜੁਬਾਂ। ੨. ਸੰ. ਸੰਗਯਾ- ਗੁਲਦੁਪਹਿਰੀਆ. ਚੀਨੀਗੁਲਾਬ। ੩. ਜਵਾਸਾ. ਜਵਾਹਾਂ. "ਜਵਾਹ ਜੇਮਿ ਜਾਰੇ." (ਵਿਚਿਤ੍ਰ) ੪. ਕੇਸਰ.

ਜਵਾਇਣ, ਜਵਾਇਨ: ਦੇਖੋ, ਜਵਾਯਨ.

ਜਵਾਈ: ਸੰ. जामातृ ਜਾਮਾਤ੍ਰਿ. ਦਾਮਾਦ. ਪੁਤ੍ਰੀ ਦਾ ਪਤਿ. "ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ." (ਆਸਾ ਮਃ ੪)

ਜਵਾਸ, ਜਵਾਸਾ: ਸੰ. ਯਵਾਸ, ਯਵਾਸਕ ਅਤੇ ਯਾਸਕ. L. Alhagi Maurorum. ਸੰਗਯਾ- ਜਵਾਹਾਂ. ਗਰਮੀ ਵਿੱਚ ਹੋਣ ਵਾਲਾ ਇੱਕ ਘਾਹ, ਜੋ ਵਰਖਾ ਪੈਣ ਤੋਂ ਸੜ ਜਾਂਦਾ ਹੈ. ਚੁੜੀਸਰੋਟ. ਖ਼ਸ ਦੀ ਟੱਟੀ ਵਾਂਙ ਇਸ ਦੀ ਟੱਟੀ ਬਹੁਤ ਉਮਦਾ ਬਣਦੀ ਹੈ. ਇਸ ਦੇ ਬੀਜ ਵਸਤਾਂ ਵਿੱਚ ਰੱਖੀਏ ਤਦ ਕੀੜਾ ਨਹੀਂ ਲਗਦਾ। ੨. ਸੰ. जवस् ਵੇਗ. "ਠਾਨ ਜੰਗ ਕੋ ਜਵਾਸ." (ਪੰਪ੍ਰ)

ਜਵਾਹਰ: ਅ਼. جواہر ਜੌਹਰ ਦਾ ਬਹੁ ਵਚਨ. ਰਤਨ.

ਜਵਾਹਰਸਿੰਘ: ਦੇਖੋ, ਗੰਗੂਸ਼ਾਹ। ੨. ਆਗਰਾ ਨਿਵਾਸੀ ਜੜੀਆ ਸਿੱਖ, ਜੋ ਦਸ਼ਮੇਸ਼ ਦੇ ਆਗਰੇ ਪਧਾਰਨ ਸਮੇਂ ਸਤਸੰਗ ਕਰਦਾ ਰਿਹਾ। ੩. ਮਹਾਰਾਜਾ ਦਲੀਪ ਸਿੰਘ ਦਾ ਮਾਮਾ ਅਤੇ ਵਜ਼ੀਰ, ਜਿਸ ਨੂੰ ੨੧. ਸਿਤੰਬਰ ਸਨ ੧੮੪੫ ਨੂੰ ਫ਼ੌਜ ਨੇ ਲਹੌਰ ਕ਼ਤਲ ਕੀਤਾ ਅਤੇ ਉਸ ਦੀ ਥਾਂ ਲਾਲ ਸਿੰਘ ਮੰਤ੍ਰੀ ਥਾਪਿਆ. ਜਵਾਹਰ ਸਿੰਘ ਦੀ ਸਮਾਧ ਮਸਤੀ ਦਰਵਾਜ਼ੇ ਹੈ। ੪. ਇੱਕ ਪੰਜਾਬੀ ਕਵਿ, ਜਿਸ ਨੇ ੧੦੨ ਪੌੜੀਆਂ ਦੀ "ਰਾਮਵਾਰ" ੧੩. ਮੱਘਰ ਸੰਮਤ ੧੮੫੪ ਨੂੰ ਲਿਖੀ ਹੈ. ਇਸ ਵਿੱਚ ਰਾਮਾਇਣ ਦੀ ਸੰਖੇਪ ਕਥਾ ਹੈ. ਦੇਖੋ, ਨਮੂਨੇ ਦੀ ਪੌੜੀ-

"ਸੂਪਨਖਾ ਅਪਛਰਾ ਬਨੀ ਕਰ ਕਾਰਨ ਚਾਲਾ,

ਆਖੇ ਰਾਜੇ ਰਾਮ ਨੂੰ ਸੁਨ ਰਾਉ ਛਤਾਲਾ,

ਮੈਨੂੰ ਤੂੰ ਕਰ ਇਸਤਰੀ ਤਕ ਜੋਬਨ ਬਾਲਾ,

ਤੈਨੂੰ ਹੋਰ ਕੀ ਲੋੜੀਏ ਜਿਸ ਰਾਵਣ ਸਾਲਾ.

ਰਘੁਪਤਿ ਕਹਿ ਸੁਨ ਸੂਪਨਖ, ਇਹ ਗੱਲ ਨ ਮੰਨਾ

ਸਹਸ ਕਸਾਲੇ ਮਾਨਸਾਂ ਜਿਨ੍ਹਾਂ ਦੋ ਰੰਨਾ,

ਰੂਪ ਵਟਾਇਆ ਰਾਖਸੀ ਬਨ ਆਈ ਬੰਨਾ,

ਪਲਕਾਂ ਉੱਤੋਂ ਜਾਨਕੀ ਮੁਹ ਕਰਦੀ ਵੰਨਾ,

ਲਛਮਨ ਨੱਕ ਉਤਾਰਿਆ ਨਾਲੇ ਦੋ ਕੰਨਾ. xxx

ਜਵਾਹਾਂ: ਦੇਖੋ, ਜਵਾਸਾ। ੨. ਪੋਠੋਹਾਰ ਵਿੱਚ ਤਾਰੇ ਮੀਰੇ ਨੂੰ ਭੀ ਜਵਾਹਾਂ ਆਖਦੇ ਹਨ.

ਜਵਾਨ: ਸੰ. ਯੁਵਨ੍. ਫ਼ਾ. جوان ਸੰਗਯਾ ਅਤੇ ਵਿ- ਯੁਵਾ ਅਵਸ੍ਥਾ ਵਾਲਾ.

ਜਵਾਨਾਂ: ਜਵਾਨ ਦਾ ਬਹੁਵਚਨ.

ਜਵਾਨੀ: ਫ਼ਾ. جوانی ਸੰਗਯਾ- ਯੌਵਨ. ਤਰੁਣਾਈ.

ਜਵਾਬ: ਦੇਖੋ, ਜਬਾਬ.

ਜਵਾਂਮਰਦ: ਫ਼ਾ. جوانمرد ਵਿ- ਬਹਾਦੁਰ ਆਦਮੀ. ਸ਼ੂਰਵੀਰ। ੨. ਜੁਆਨ ਆਦਮੀ.

ਜਵਾਂਮਰਦੀ: ਫ਼ਾ. جوانمردی ਸੰਗਯਾ- ਵੀਰਤਾ. ਬਹਾਦੁਰੀ.

ਜਵਾਯਨ: ਸੰ. यवानी ਯਵਾਨੀ. ਸੰਗਯਾ- ਅਜਵਾਯਨ. ਜਮਾਇਣ. Ptychotis ajowan. ਫ਼ਾ. ਨਾਨਖ਼੍ਵਾਹ. ਇੱਕ ਸੋਏ ਜੇਹੀ ਔਖਧ, ਜੋ ਢਿੱਡਪੀੜ ਅਫਾਰਾ ਅਤੇ ਅਜੀਰਣ (ਬਦਹਜ਼ਮੀ) ਦੂਰ ਕਰਨ ਲਈ ਵਰਤੀਦੀ ਹੈ. ਜਵਾਯਨ ਪੇਸ਼ਾਬ ਜਾਦਾ ਲਿਆਉਂਦੀ ਹੈ. ਮਸਾਨੇ ਅਤੇ ਜਿਗਰ ਦੇ ਰੋਗ ਦੂਰ ਕਰਦੀ ਹੈ.

ਇਹ ਮਾਘ ਮਹੀਨੇ ਬੀਜੀ ਅਤੇ ਹਾੜ ਵਿੱਚ ਕੱਟੀ ਜਾਂਦੀ ਹੈ. ਕੱਦ ਧਨੀਏ ਦੇ ਬੂਟੇ ਜਿੱਡਾ ਹੁੰਦਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. "ਮੇਲ ਜਵਾਯਨ ਖਾਇ ਸੁ ਬਦਨਾ." (ਨਾਪ੍ਰ) ਦੇਖੋ, ਅਠਪਹਿਰੀ.

ਜਵਾਰ: ਸੰਗਯਾ- ਸਾਉਣੀ ਦੀ ਫ਼ਸਲ ਦਾ ਇੱਕ ਅੰਨ. ਜੁਆਰ ਸੰ ਜੂਣੰਹੂਯ. L. Sorghum Vulgare. (ਅੰ. Great millet) ੨. ਅ਼. جوار ਪੜੋਸ। ੩. ਆਸ ਪਾਸ ਦਾ ਦੇਸ਼.

ਜਵਾਰਭਾਟਾ: ਦੇਖੋ, ਜ੍ਵਾਰਭਾਟਾ.

ਜਵਾਲ, ਜਵਾਲੁ: ਅ਼. زوال ਜ਼ਵਾਲ. ਸੰਗਯਾ- ਘਟਾਉ. ਅਵਨਤਿ. ਗਿਰਾਉ. "ਖਉਫੁ ਨ ਖਤਾ ਨ ਤਰਸੁ ਜਵਾਲੁ." (ਗਉ ਰਵਿਦਾਸ) ਉਸ ਥਾਂ ਡਰ ਨਹੀਂ, ਭੁੱਲ ਨਹੀਂ, ਨ ਗਿਰਾਉ ਦਾ ਤਰਸ (ਭੈ) ਹੈ। ੨. ਫ਼ਾ. جوال ਥੈਲਾ। ੩. ਛਲ. ਧੋਖਾ। ੪. ਵਿ- ਬਿਨਾ ਓਟ, ਪਰਦੇ ਬਿਨਾ. "ਜਵਾਲ ਦੁਹਾਂ ਨੈਣਾਂ ਨੂੰ ਨਚਾਵਣਾ." (ਚਰਿਤ੍ਰ ੨੨੮) ੫. ਅ਼. جبال ਜਬਾਲ. ਜਬਲ (ਪਹਾੜ) ਦਾ ਬਹੁਵਚਨ. "ਚੱਲੇ ਅਚਲ ਜਵਾਲ." (ਕਲਕੀ) ਪਹਾੜਾਂ ਜੇਹੇ ਅਚਲ ਯੋਧਾ ਹੱਲ ਗਏ। ੫. ਦੇਖੋ, ਜ੍ਵਾਲ.

ਜਵਿਤ੍ਰੀ: ਦੇਖੋ, ਜਾਵਿਤ੍ਰੀ.

ਜਵੀ: ਸੰ. जविन् ਵਿ- ਤੇਜ਼ ਚਾਲ ਵਾਲਾ. ਚਾਲਾਕ. "ਸੁਨਤ ਦੂਤ ਲੇ ਜਵੀ ਤੁਰੰਗ." (ਗੁਪ੍ਰਸੂ) ੨. ਜੌਂ (ਯਵ) ਖਾਣ ਵਾਲਾ. ਜੌਂ ਅਹਾਰੀ. "ਜਲਾਸ੍ਰੀ ਜਵੀ." (ਪਾਰਸਾਵ) ਜਲ ਦੇ ਆਧਾਰ ਰਹਿਣ ਵਾਲੇ ਅਤੇ ਜੌਂ ਖਾਣ ਵਾਲੇ। ੩. ਸੰਗਯਾ- ਜੌਂ ਦੀ ਕ਼ਿਸਮ ਦਾ ਇੱਕ ਅਨਾਜ. ਜਈ. ਇਸ ਦੀ ਖ਼ਵੀਦ ਪਸ਼ੂਆਂ ਨੂੰ ਬਹੁਤ ਚਾਰੀ ਜਾਂਦੀ ਹੈ. L. Avena Sativa.

ਜਵੇਹਣਾ: ਕ੍ਰਿ. ਵਿ- ਜੇਹਾ. ਜੈਸਾ. "ਪਬਾਂ ਜਵੇਹਣੇ." (ਚੰਡੀ ੩) ਪਹਾੜਾਂ ਵਰਗੇ.

ਜਵੇਹਰ: ਦੇਖੋ, ਜਵਾਹਰ. "ਲਾਲ ਜਵੇਹਰ ਮਾਣਕੀ ਗੁਰਭੰਡਾਰ ਸੋਇ." (ਸ੍ਰੀ ਅਃ ਮਃ ੧)

ਜਵੇਹਰੀ: ਦੇਖੋ, ਜਵੇਹਰ। ੨. ਸੰਗਯਾ- ਜੌਹਰੀ. ਰਤਨਾਂ ਦੀ ਪਰਖ ਕਰਨ ਵਾਲਾ। ੩. ਜਵੇਹਰੀਂ ਜਵਾਹਰਾਂ (ਰਤਨਾਂ) ਦਾ.

"ਹਰਿਧਨੁ ਰਤਨ ਜਵੇਹਰੀ ਸੋ ਗੁਰਿ ਹਰਿਧਨੁ ਹਰਿ ਪਾਸਹੁ ਦੇਵਾਇਆ." (ਵਾਰ ਬਿਲਾ ਮਃ ੪)

ਜਵੇਹਾ: ਕ੍ਰਿ. ਵਿ- ਜੇਹਾ. ਜੈਸਾ.

ਜਵੰਧਾ: ਇੱਕ ਜੱਟ ਗੋਤ੍ਰ। ੨. ਜਵੰਧੇ ਗੋਤ ਵਾਲਿਆਂ ਦਾ ਵਸਾਇਆ ਪਿੰਡ.

ਜੜ: ਸੰ. ਜੜ. ਵਿ- ਅਚੇਤਨ। ੨. ਮੂਰਖ. ਜੜ੍ਹ. "ਜੜ ਬਾਮਨ ਇਨ ਰਸਨ ਕੋ ਜਾਨੈ ਕਹਾਂ ਉਪਾਇ." (ਕ੍ਰਿਸਨਾਵ) ੩. ਜੜ. ਮੂਲ ੪. ਨਿਉਂ ਬੁਨਿਯਾਦ। ੫. ਦੇਖੋ, ਜੜਨਾ.

ਜੜ੍ਹਤ: ਵਿ- ਜਟਿਤ. ਜੜਿਆ ਹੋਇਆ। ੨. ਸੰਗਜਾ ਜੜਾਉ. ਜੜਨ ਦਾ ਭਾਵ.

ਜੜਤਾ: ਸੰਗਜਾ- ਜਾਡਜ. ਜੜ੍ਹਤਾ. ਮੂਰਖਤਾ। ੨. ਅਚੇਤਨਤਾ। ੩. ਵਿ- ਜੜਨ ਵਾਲਾ.

ਜੜਨਾ: ਕ੍ਰਿ- ਜਟਿਤ ਕਰਨਾ. ਜਟਨ. ਕਿਸੀ ਵਸਤੁ ਨੂੰ ਕਿਸੇ ਚੀਜ਼ ਵਿੱਚ ਠੋਕਕੇ ਬੈਠਾਉਣਾ.

ਜੜਭਰਤ: ਸੰ. ਜਡਭਰਤ ਭਾਗਵਤ ਵਿੱਚ ਕਥਾ ਹੈ ਕਿ ਰਾਜਾ ਭਰਤ ਨੇ ਇੱਕ ਮ੍ਰਿਗ ਪਾਲਿਆ, ਮਰਨ ਵੇਲੇ ਉਸ ਵਿੱਚ ਪ੍ਰੇਮ ਰਿਹਾ, ਇਸ ਕਾਰਣ ਮ੍ਰਿਗਯੋਨੀ ਪ੍ਰਾਪਤ ਹੋਈ. ਹਰਿਣ ਦਾ ਸਰੀਰ ਤਜਾਗਕੇ ਫੇਰ ਬ੍ਰਾਹਮਣ ਦੇ ਘਰ ਜਨਮਿਆ. ਪੂਰਵਜਨਮ ਦਾ ਗਜਾਨ ਹੋਣ ਕਰਕੇ ਉਸ ਨੇ ਸਭ ਨਾਲੋਂ ਮੋਹ ਤੋੜਕੇ ਜੜ੍ਹਵਤ ਜੀਵਨ ਵਿਤਾਇਆ, ਇਸ ਲਈ ਇਹ ਸੰਗਜਾ ਹੋਈ.

ਜੜਮੇਖ: ਸੰਗਜਾ- ਉਹ ਮੇਖ਼, ਜੋ ਕਿਸੇ ਮਕਾਨ, ਬਾਗ਼ ਆਦਿ ਦੇ ਰਚਨ ਵੇਲੇ ਵਿਧੀ ਨਾਲ ਗੱਡੀ ਜਾਂਦੀ ਹੈ. ਬੁਨਿਆਦੀ ਚਿੰਨ੍ਹ.

ਜੜਵਤ: ਵਿ- ਜਾਡਜਵੰਤ. ਪਾਲੇ ਦਾ ਜੜ੍ਹ ਕੀਤਾ ਹੋਇਆ. "ਆਈ ਮਸਟਿ ਜੜਵਤ ਕੀ ਨਿਆਈ." (ਸਾਰ ਮਃ ੫) ੨. ਜੜ੍ਹ ਦੀ ਤਰਾਂ. ਜਢ ਵਾਂਙ.

ਜੜਾ: ਵਿ- ਜੜ੍ਹਤਾ ਵਾਲਾ. ਮੂਰਖ. "ਕਵਨ ਸੁ ਸੁਰਤਾ ਕਵਨੁ ਜੜਾ?" (ਮਾਰੂ ਸੋਲਹੇ ਮਃ ੫) ੨. ਜੜਿਆ ਹੋਇਆ।

ਜੜਾਉ: ਸੰਗਜਾ- ਰਤਨ ਆਦਿ ਦੇ ਜੜਨ ਦੀ ਕ੍ਰਿਯਾ. "ਗੁਰ ਕਾ ਸਬਦ ਰਤੰਨੁ ਹੈ ਹੀਰੇ ਜਿਤੁ ਜੜਾਉ." (ਅਨੰਦੁ) ੨. ਜਟਾ ਦਾ ਜੂੜਾ.

ਜੜਾਊ: ਇਵ- ਜਟਿਤ. ਜੜਿਆ ਹੋਇਆ. ਜਿਸ ਵਿਚ ਰਤਨ ਜੜੇ ਹੋਣ.

ਜੜਾਵ: ਦੇਖੋ, ਜੜਾਉ ੧. "ਬਿਨ ਜੜੀਏ ਲੈ ਜੜਿਓ ਜਾੜਾਵਾ." (ਆਸਾ ਮਃ ੫) ਉਕ੍ਤਿ ਯੁਕ੍ਤਿ ਨਾਲ ਵਾਕਰਚਨਾ ਕਰਨ ਵਾਲੇ ਪੰਡਿਤ ਤੋਂ ਬਿਨਾ ਹੀ, ਆਮਿਲ ਲੋਕਾਂ ਨੇ ਸ਼ੁਭਗੁਣਾਂ ਨਾਲ ਅੰਤਹਕਰਣ ਭੂਸ਼ਿਤ ਕਰ ਲਿਆ ਹੈ.

ਜੜਾਵੀ: ਵਿ- ਜਟਿਤ. ਜੜਾਉ ਵਾਲੀ. "ਧਰਨਿ ਸੁਵੰਨੀ ਖੜ ਰਤਨ ਜੜਾਵੀ." (ਵਾਰ ਗਉ ੨. ਮਃ ੫) ਘਾਸਰੂਪ ਰਤਨ ਨਾਲ ਜੜੀ ਹੋਈ.

ਜੜਿਤ: ਵਿ- ਜਟਿਤ. ਜੜਿਆ ਹੋਇਆ. ਜੜਾਊ.

ਜੜੀ: ਸੰਗਜਾ- ਬੂਟੀ। ੨. ਦੇਖੋ, ਜੜਨਾ.

ਜੜੀਆ: ਸੰਗਜਾ- ਰਤਨ ਜੜਨ ਵਾਲਾ ਕਾਰੀਗਰ. ਦੇਖੋ, ਜੜਾਵ। ੨. ਜੀਂਦ ਦੇ ਜੱਟਾਂ ਦੀ ਇੱਕ ਜਾਤੀ, ਜੋ ਪੰਜ ਗੋਤਾਂ ਵਿੱਚ ਵੰਡੀ ਹੋਈ ਹੈ- ਰੰਗੀ, ਜੜੀਆ, ਬੇਰੀਆ, ਝਾੜੀ ਅਤੇ ਖਿਚਰ.

ਜੜ੍ਹ: ਦੇਖੋ, ਜਡ ਅਤੇ ਜੜ.

ਜਾ: ਸਰਵ- ਜਿਸ. "ਜਾ ਦਿਨਿ ਬਿਸਰੈ ਪ੍ਰਾਨ ਸੁਖੁਦਾਤਾ, ਸੋ ਦਿਨੁ ਜਾਤ ਅਜਾਏ." (ਗਉ ਮਃ ੫) ੨. ਵਜ- ਯਦਿ. ਜਾਂ. ਅਗਰ. ਜੇ. "ਜਾ ਪਤਿ ਲੇਖੈ ਨਾ ਪਵੈ ਤਾਂ ਸਭ ਨਿਰਾਫਲ ਕਾਮ." (ਆਸਾ ਮਃ ੧) ੩. ਕ੍ਰਿ. ਵਿ- ਜਬ. ਜਿਸ ਵੇਲੇ. "ਜਾ

ਆਪਿ ਕ੍ਰਿਪਾਲ ਹੋਵੈ ਹਰਿ ਸੁਆਮੀ." (ਵਾਰ ਬਿਹਾ ਮਃ ੪) ੪. ਸੰ. ਸੰਗ੍ਯਾ- ਮਾਤਾ. ਮਾਂ। ੫. ਦੇਵਰ ਦੀ ਇਸਤ੍ਰੀ. ਦੇਰਾਨੀ। ੬. ਵਿ- ਪੈਦਾ ਹੋਈ. ਉਤਪੰਨ. ਇਸ ਦਾ ਵਰਤਾਉ ਸ਼ਬਦ ਦੇ ਅੰਤ ਹੁੰਦਾ ਹੈ. ਜਿਵੇਂ- ਜਨਕਜਾ, ਗਿਰਿਜਾ ਆਦਿ। ੭. ਫ਼ਾ. جا ਥਾਂ. ਜਗਾ. "ਕਿ ਸਰਬਤ੍ਰ ਜਾ ਹੋ." (ਜਾਪੁ) ੮. ਬਜਾ (ਜਗਾਸਿਰ) ਦਾ ਸੰਖੇਪ। ੯. ਸਿੰਧੀ. ਦਾ. ਕਾ. ਦੇਖੋ, ਮਹਿੰਜਾ। ੧੦. ਜਾਣਾ ਕ੍ਰਿਯਾ ਦਾ ਅਮਰ. ਜਾਹ.

ਜਾਂ: ਦੇਖੋ, ਜਾ ੨. "ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ." (ਮਲਾ ਮਃ ੩) ੨. ਜਾਨ ਦਾ ਸੰਖੇਪ। ੩. ਅਜ਼- ਆਂ ਦਾ ਸੰਖੇਪ. ਉਸ ਤੋਂ.

ਜਾਉ: ਸੰਗ੍ਯਾ- ਉਤਪੱਤਿ. ਜਨਮ ੨. ਜਾਵੇ. ਦੂਰ ਹੋਵੇ. ਜਾਵੇਂ. "ਮੋਹਣੀਆਂ ਇਸਤਰੀਆਂ ਹੋਵਨਿ ਨਾਨਕ ਸਭੋ ਜਾਉ." (ਵਾਰ ਮਾਝ ਮਃ ੧) ੩. ਜਾਂਉਂ. ਜਾਵਾਂ. "ਜਾਉ ਨ ਜਮ ਕੈ ਘਾਟ." (ਮਲਾ ਮਃ ੫)

ਜਾਇ: ਕ੍ਰਿ. ਵਿ- ਜਾਕੇ. ਪਹੁਚਕੇ. "ਜਾਇ ਪੁਛਾ ਤਿਨ ਸਜਣਾ." (ਸ੍ਰੀ ਮਃ ੪) ੨. ਸੰਗ੍ਯਾ- ਉਤਪੱਤੀ. ਜਨਮ. "ਹੈ ਭੀ ਹੋਸੀ ਜਾਇ ਨ ਜਾਸੀ." (ਜਪੁ) ਹੈ, ਭਯਾ, ਹੋਸੀ, ਨਾ ਜਨਮੈ ਨ ਜਾਸੀ (ਮਰਸੀ). ੩. ਜਾਵੇ. ਮਿਟੇ. "ਜਿਤੁ ਭਉ ਖਸਮ ਨ ਜਾਇ." (ਵਾਰ ਆਸਾ) ੪. ਜਾਂਦਾ. ਜਾਤਾ. "ਵਡਾ ਨ ਹੋਵੈ ਘਾਟਿ ਨ ਜਾਇ." (ਸੋਦਰੁ) ੫. ਫ਼ਾ. جائے ਜਾਯ. ਸੰਗ੍ਯਾ- ਜਗਾ. ਥਾਂ. "ਦੂਜੀ ਨਾਹੀ ਜਾਇ." (ਵਾਰ ਆਸਾ) "ਦਰਗਹਿ ਮਿਲੈ ਤਿਸੈ ਹੀ ਜਾਇ." (ਧਨਾ ਮਃ ੫) ੬. ਦੇਖੋ, ਆਖੈ.

ਜਾਇਆ: ਪੈਦਾ ਕੀਤਾ. ਉਪਜਾਇਆ. "ਧਨੁ ਜਨਨੀ ਜਿਨਿ ਜਾਇਆ." (ਸ੍ਰੀ ਮਃ ੩) ੨. ਪੈਦਾ ਹੋਇਆ. ਉਪਜਿਆ. "ਨਾ ਓਹ ਮਰੈ ਨ ਜਾਇਆ." (ਭੈਰ ਮਃ ੩) ੩. ਸੰ. ਜਾਯਾ. ਮਾਤਾ. ਮਾਂ। ੪. ਜੋਰੂ. ਭਾਰਯਾ. ਵਹੁਟੀ. ਦੇਖੋ, ਜਾਯਾ ਨੰਃ ੧. "ਤਹ ਮਾਤ ਨ ਬੰਧੁ ਨ ਮੀਤ ਨ ਜਾਇਆ." (ਮਾਰੂ ਮਃ ੫) ੫. ਅ਼. ضائع ਜ਼ਾਇਅ਼. ਵਿ- ਵਜਰਥ. ਨਿਸ਼ਫਲ। ੬. ਖ਼ਰਾਬ. ਨਿਕੰਮਾ.

ਜਾਇਕੈ: ਜਨਮਕੇ. ਪੈਦਾ ਹੋਕੇ. "ਜੀਵਣੁ ਮਰਣਾ ਜਾਇਕੈ." (ਸ੍ਰੀ ਮਃ ੧) ੨. ਜਾਕੇ. ਪਹੁਚਕੇ. "ਜਾਇਕੈ ਬਾਤ ਬਖਾਨੀ." (ਗੁਪ੍ਰਸੂ)

ਜਾਇਥਾ: ਜਾਂਦਾ ਸੀ. ਜਾਤਾ ਥਾ. "ਹਜ ਕਾਬੈ ਹਉ ਜਾਇਥਾ." (ਸ. ਕਬੀਰ)

ਜਾਇਦਾਤ, ਜਾਇਦਾਦ: ਫ਼ਾ جائیداد ਮਾਲ. ਅਸਬਾਬ. ਧਨ ਸੰਪੱਤਿ.

ਜਾਇਫਰ, ਜਾਇਫਲ: ਦੇਖੋ, ਜਾਫਰ ੧.

ਜਾਇਬਾ, ਜਾਇਬੋ: ਕ੍ਰਿ- ਜਾਣਾ. ਗਮਨ. ਪ੍ਰਸ੍ਥਾਨ. "ਨਾ ਕਛੁ ਆਇਬੋ ਨਾ ਕਛੁ ਜਾਇਬੋ." (ਧਨਾ ਪੀਪਾ)

ਜਾਈ: ਜਾਂਦਾ. "ਇਹ ਬਿਧਿ ਮਿਲਣ ਨ ਜਾਈ." (ਸੋਰ ਅਃ ਮਃ ੫) ੨. ਜਾਯ (ਥਾਂ) ਦਾ ਬਹੁਵਚਨ. ਥਾਵਾਂ. "ਸਭ ਤਿਸੈ ਕੀਆ ਜਾਈ ਜੀਉ." (ਮਾਝ ਮਃ ੫) ੩. ਪੈਦਾ ਕੀਤੀ. ਜਣੀ। ੪. ਬੇਟੀ. ਪੁਤ੍ਰੀ। ੫. ਜ਼ਾਇਅ਼. ਵਜਰਥ.

ਜਾਏ: ਜਾਵੇ। ੨. ਜੰਮੇ. ਪੈਦਾ ਕਰੇ। ੩. ਬੱਚੇ. "ਜਾਏ ਅਪਨੇ ਖਾਇ." (ਸ. ਕਬੀਰ) ੪. ਜਾਯ. ਸ੍ਥਾਨ. "ਬਾਗ ਮਿਲਖ ਸਭ ਜਾਏ." (ਗਉ ਮਃ ੫) ੫. ਜ਼ਾਇਅ਼. ਵਜਰਥ.

ਜਾਸ: ਸੰਗ੍ਯਾ- ਯਸ਼. ਕੀਰਤਿ. "ਜਿਤੁ ਗ੍ਰਿਹਿ ਮੰਦਰਿ ਹਰਿ ਹੋਤ ਜਾਸ." (ਕਾਨ ਮਃ ੪. ਪੜਤਾਲ) "ਅਬਿਨਾਸੀ ਬਿਮਲ ਜਾਕੋ ਜਾਸ." (ਟੋਡੀ ਮਃ ੫) ੨. ਦੇਖੋ, ਜਾਸੁ।੩ ਜਾਵਸਿ ਦਾ ਸੰਖੇਪ. ਜਾਊਗਾ.

ਜਾ ਸਉ: ਜਿਸ ਸੇ. ਜਿਸ ਸਾਥ. "ਇਹੁ ਮਨ ਬਡਾ ਕਿ ਜਾ ਸਉ ਮਨ ਮਾਨਿਆ?" (ਗਉ ਕਬੀਰ)

ਜਾਸਨ: ਵਿ- ਯਸ਼ਸ੍ਵਿਨ੍. ਕੀਰਤਿਮਾਨ. "ਆਪਹਿ ਸੁਨਤ ਆਪ ਹੀ ਜਾਸਨ." (ਬਾਵਨ) ਆਪ ਹੀ ਯਸ਼ ਵਾਲਾ ਹੈ, ਆਪ ਹੀ ਆਪਣੇ ਯਸ਼ ਨੂੰ ਸੁਣਦਾ ਹੈ। ੨. ਦੇਖੋ, ਜਾਸਨਿ.

ਜਾਸਨਬਾਸਨ: ਵਿ- ਯਸ਼ਪਾਤ੍ਰ. "ਜਾਸਨਬਾਸਨ ਸਹਿਜਕੇਲ ਕਰੁਣਾਮੈ." (ਦੇਵ ਮਃ ੩)

ਜਾਸਨਿ: ਜਾਵੇਂਗੇ. ਝਾਣਗੇ. "ਜਾਸਨਿ ਜਨਮੁ ਸਭੁ ਹਾਰਿ." (ਵਾਰ ਰਾਮ ੧. ਮਃ ੩)

ਜਾਂ ਸਪੁਰਦ: ਫ਼ਾ. جاں سپُرد ਜਾਨ ਹਵਾਲੇ ਕੀਤੀ. ਭਾਵ- ਮਰਗਿਆ.

ਜਾਸਾ, ਜਾਸਾਂ: ਜਾਂਦਾ ਹਾਂ. "ਹਉ ਵਾਰਿ ਵਾਰਿ ਆਪਣੇ ਗੁਰੁ ਕਉ ਜਾਸਾ." (ਵਡ ਮਃ ੪) ੨. ਜਾਵਸਾਂ. ਜਾਵਾਂਗਾ.

ਜਾਸਿ, ਜਾਸੀ: ਜਾਵਸੀ. ਜਾਵੇਗਾ. "ਪੁਤੁ ਕਲਤੁ ਨ ਸਾਥਿ ਕੋਈ ਜਾਸਿ." (ਵਾਰ ਸੋਰ ਮਃ ੩) "ਜਾਇ ਨ ਜਾਸੀ ਰਚਨਾ ਜਿਨਿ ਰਚਾਈ." (ਜਪੁ)

ਜਾਸੁ: ਸੰਗਯਾ- ਯਸ਼. ਕੀਰਤਿ. "ਜਸਿ ਕਾ ਜਾਸੁ ਸੁਨਤ ਭਵ ਤਰੀਐ." (ਮਾਰੂ ਮਃ ੫) ੨. ਜਾਂਦਾ ਹਾਂ. "ਹਉ ਸਦ ਬਲਿਹਾਰੈ ਜਾਸੁ." (ਸ੍ਰੀ ਅਃ ਮਃ ੧) ੩. ਜਾਵਸਾਂ. ਜਾਵਾਂਗਾ। ੪. ਸਰਵ- ਯਸ੍ਯ. ਜਿਸ ਨੂੰ. "ਜਾਸੁ ਜਪਤ ਭਉ ਅਪਦਾ ਜਾਇ." (ਗਉ ਅਃ ਮਃ ੫)

ਜਾਸੂਸ: ਅ਼. جسُوس ਸੰਗਯਾ- ਜਸ (ਤਲਾਸ਼) ਕਰਨ ਵਾਲਾ. ਭੇਤ ਲੈਣ ਵਾਲਾ। ੨. ਮੁਖ਼ਬਰ. ਖ਼ਬਰ ਲੈਣ ਅਤੇ ਦੇਣ ਵਾਲਾ.

ਜਾਸੂਸੀ: ਫ਼ਾ. جسُوسی ਸੰਗਯਾ- ਭੇਤ ਲੈਣ ਦੀ ਕ੍ਰਿਯਾ। ੨. ਮੁਖ਼ਬਰੀ. ਖ਼ਬਰ ਦੇਣ ਦੀ ਕ੍ਰਿਯਾ.

ਜਾਹ: ਤ੍ਰਿਸਕਾਰ ਬੋਧਕ ਸ਼ਬਦ. ਦੂਰ ਹੋ! ਹਟ! ੨. ਦੇਖੋ, ਜਾ ੧੦.। ੩. ਫ਼ਾ. جاہ ਸੰਗਯਾ- ਪਦਵੀ. ਅਧਿਕਾਰ. ਰੁਤਬਾ.

ਜਾਹਜਾਂਦੀ: ਪਦਵੀ ਜਾਂਦੀ. ਦੇਖੋ, ਜਾਹ ੩. "ਪਛੋਤਾਣ ਕਰਨ ਜਾਹ ਜਾਂਦੀ." (ਭਾਗੁ) ਇਹ ਸ਼ਬਦ ਪੱਛਮੀ ਪੰਜਾਬ ਵਿੱਚ ਅਫਸੋਸ ਅਤੇ ਪਛਤਾਵੇ ਸਮੇਂ ਹੱਥ ਮਲਕੇ ਬੋਲਿਆ ਜਾਂਦਾ ਹੈ.

ਜਾਹਦ: ਅ਼. زاہد ਜ਼ਾਹਿਦ. ਸੰਗਯਾ- ਦੁਨੀਆਂ ਵੱਲੋਂ ਮੋੜਕੇ ਪਰਮੇਸ਼੍ਵਰ ਵੱਲ ਫਿਰਨ ਵਾਲਾ। ੨. ਅ਼. جاہد ਜਾਹਿਦ. ਕਾਫ਼ਰਾਂ ਨਾਲ ਧਰਮਯੁੱਧ ਕਰਨ ਵਾਲਾ. ਮੁਜਾਹਿਦ. ਜਹਾਦ ਕਰਨ ਵਾਲਾ। ੩. ਖੋਜ ਕਰਨ ਵਾਲਾ.

ਜਾਹਮਣ: ਜਿਲਾ, ਤਸੀਲ ਲਹੌਰ, ਥਾਣਾ ਬਰਕੀ ਵਿੱਚ ਇਹ ਵਡਾ ਪਿੰਡ ਹੈ. ਇਸ ਤੋਂ ਬਾਹਰਵਾਰ ਪੂਰਵ ਵੱਲ ਦੋ ਫਰਲਾਂਗ ਦੇ ਕ਼ਰੀਬ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ. ਇੱਥੇ ਸਤਿਗੁਰੂ ਨੇ ਤਿੰਨ ਵਾਰ ਚਰਣ ਪਾਏ, ਕਿਉਂਕਿ ਇਸ ਪਿੰਡ ਤੋਂ ਨੇੜੇ "ਚਾਹਲ" ਗ੍ਰਾਮ ਵਿੱਚ ਗੁਰੂ ਜੀ ਦੇ ਨਾਨਕੇ ਸਨ. ਜਿੱਥੇ ਗੁਰੂ ਸਾਹਿਬ ਵਿਰਾਜੇ ਹਨ ਉਸ ਦਾ ਨਾਮ "ਰੋੜੀ ਸਾਹਿਬ" ਹੈ, ਜੋ ਪਿੰਡ ਤੋਂ ਨੈਰਤ ਕੋਣ ਇੱਕ ਮੀਲ ਦੇ ਕ਼ਰੀਬ ਹੈ. ਇਸ ਪਾਸ ਇੱਕ ਛੱਪੜ ਸੀ, ਜੋ ਹੁਣ ਸੁੰਦਰ ਤਾਲਾਬ ਦੀ ਸ਼ਕਲ ਦਾ ਬਣਾਇਆ ਗਿਆ ਹੈ. ਗੁਰੂ ਨਾਨਕ ਦੇਵ ਦਾ ਪ੍ਰੇਮੀ ਸਿੱਖ ਨਰੀਆ ਇਸ ਗ੍ਰਾਮ ਵਿੱਚ ਰਹਿੰਦਾ ਸੀ, ਜਿਸ ਦੀ ਕ੍ਰਿਪਾ ਨਾਲ ਕਈ ਭਾਬੜੇ ਸੁਮਾਰਗ ਪਏ.

ਇਸ ਦਰਬਾਰ ਦੀ ਸੇਵਾ ਭਾਈ ਬਧਾਵਾ ਸਿੰਘ ਨੇ ਆਰੰਭੀ ਸੀ, ਜੋ ਹੁਣ ਬਹੁਤ ਸੁੰਦਰ ਬਣਾਇਆ ਗਿਆ ਹੈ. ਨਗਰਵਾਸੀ ਬਹੁਤ ਪ੍ਰੇਮੀ ਹਨ. ਵੈਸਾਖੀ ਅਤੇ ੨੦. ਜੇਠ ਨੂੰ ਮੇਲੇ ਹੁੰਦੇ ਹਨ. ਗੁਰਦ੍ਵਾਰੇ ਨਾਲ ੧੦੦ ਵਿੱਘੇ ਜ਼ਮੀਨ ਹੈ. ਰੇਲਵੇ ਸਟੇਸ਼ਨ ਅਟਾਰੀ, ਕਾਨਾ ਕਾਛਾ ਅਤੇ ਵਲਟੋਹਾ ਤੋਂ ੧੨- ੧੩ ਮੀਲ ਦੂਰ ਹੈ.

ਜਾਹਰ: ਅ਼. ظاہر ਜਾਹਿਰ. ਵਿ- ਪ੍ਰਗਟ. ਪ੍ਰਤੱਖ.

ਜਾਹਰਨਵੀ: ਸੰ. ਜਾਹ੍ਨਵੀ. ਗੰਗਾ. "ਜਾਹਰਨਵੀ ਤਪੇ ਭਗੀਰਥਿ ਆਣੀ." (ਮਲਾ ਮਃ ੪) ਦੇਖੋ, ਜਨ੍ਹੁਸੁਤਾ ਅਤੇ ਭਗੀਰਥ.

ਜਾਹਰਾ: ਅ਼. ظاہرا ਜਾਹਿਰਾ. ਕ੍ਰਿ. ਵਿ- ਪ੍ਰਗਟ ਰੂਪ ਕਰਕੇ. ਪ੍ਰਤ੍ਯਕ੍ਸ਼ ਮੇਂ. "ਨਾਨਕ ਕਾ ਪਾਤਿਸਾਹ ਦਿਸੈ ਜਾਹਰਾ." (ਆਸਾ ਮਃ ੫)

ਜਾਹਰਿ: ਦੇਖੋ, ਜਾਹਰ. "ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ." (ਵਾਰ ਬਿਹਾ ਮਃ ੪)

**ਜਾਹਲ:** ਅ਼. جاہل ਜਾਹਿਲ. ਵਿ- ਨਿਰ਼ਅਰ. ਅਨਪੜ੍ਹ। ੨. ਬੇਖ਼ਬਰ.

**ਜਾਹਾ:** ਜਾਵੇ. ਜਾਂਦਾ ਹੈ. "ਬਾਹਰਿ ਕਾਹੇ ਜਾਹਾ ਹੇ?" (ਮਾਰੂ ਸੋਲਹੇ ਮਃ ੩)

**ਜਾਹਾਨ:** ਦੇਖੋ, ਜਹਾਨ.

**ਜਾਹਿ:** ਜਾਂਹਿਂ. ਜਾਂਦੇ ਹਨ. "ਜਾਹਿ ਸਵਾਰੈ ਸਾਝ ਬਿਆਲ." (ਗਉ ਮਃ ੧) ੨. ਵਿ- ਜੈਸਾ. ਜੇਹਾ. "ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ." (ਵਿਚਿਤ੍ਰ) ਮੇਰੇ ਜੇਹੇ ਨੂੰ ਤ੍ਰਿਣ ਤੋਂ ਮੇਰੁ ਕਰੋਂ। ੩. ਸਰਵ- ਜਿਸ ਨੂੰ. ਜਿਸੇ. "ਬੇਦ ਸਕੈ ਨਹਿ ਜਾਹਿ ਬਤਾਈ." (ਕ੍ਰਿਸਨਾਵ) ੪. ਜਿਸ ਨੇ. "ਅਘਾਸੁਰ ਕੀ ਸਿਰੀ ਜਾਹਿ ਫਾਰੀ ਹੈ." (ਕ੍ਰਿਸਨਾਵ)

**ਜਾਂਹਿ:** ਦੇਖੋ, ਜਾਹਿ.

**ਜਾਹਿਗਾ:** ਜਾਵੇਗਾ. ਜਾਵੇਂਗਾ. ਜਾਹਿੰਗਾ. "ਜੀਅ ਰੇ ਜਾਹਿਗਾ ਮੈ ਜਾਨਾ." (ਗਉ ਕਬੀਰ)

**ਜਾਹਿਦ:** ਦੇਖੋ, ਜਾਹਦ.

**ਜਾਹਿਰ:** ਦੇਖੋ, ਜਾਹਰ.

**ਜਾਹਿਰਜਹੂਰ:** ਅ਼. ظہیر ظہوُر ਜਾਹਿਰ ਜਹੂਰ. "ਕਿ ਜਾਹਿਰ ਜਹੂਰ ਹੈ." (ਜਾਪੁ) ਉਸ ਦਾ ਜਹੂਰ (ਪ੍ਰਗਟ ਹੋਣਾ) ਜਾਹਿਰ (ਪ੍ਰਤੱਖ) ਹੈ. ਭਾਵ- ਬਿਨਾ ਸੰਸੇ ਹੈ.

**ਜਾਹਿਰਾਜਹੂਰ:** ਦੇਖੋ, ਜਾਹਿਰਜਹੂਰ। ੨. ਜਿਲਾ ਤਸੀਲ ਅਤੇ ਥਾਣਾ ਹੁਸ਼ਿਆਰਪੁਰ ਵਿੱਚ ਪਿੰਡ "ਪੁਰ ਹੀਰਾਂ" ਹੈ. ਇਸ ਪਿੰਡ ਤੋਂ ਵਾਯਵੀ ਕੋਣ ਅੱਧ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ "ਜਾਹਿਰਹੂਰ" ਹੈ. ਸਤਿਗੁਰੂ ਗਰਨੇਸਾਹਿਬ ਤੋਂ ਕੀਰਤਪੁਰ ਨੂੰ ਜਾਂਦੇ ਇੱਥੇ ਠਹਿਰੇ ਹਨ.

ਸਟੇਸ਼ਨ ਹੁਸ਼ਿਆਰਪੁਰ ਤੋਂ ਨੈਰਤ ਕੋਣ ਡੇਢ ਮੀਲ ਦੇ ਕ਼ਰੀਬ ਹੈ. ਬਸੰਤਪੰਚਮੀ ਨੂੰ ਮੇਲਾ ਹੁੰਦਾ ਹੈ. ਪਿੰਡ ਵਾਸੀਆਂ ਨੇ ਸਨ ੧੯੧੫ ਵਿੱਚ ਪੰਜ ਘੁਮਾਉਂ ਜ਼ਮੀਨ ਗੁਰਦ੍ਵਾਰੇ ਨਾਲ ਲਗਾਈ ਹੈ. ਇਸ ਗੁਰਦ੍ਵਾਰੇ ਦਾ ਪ੍ਰਬੰਧ ਇਸੇ ਪਿੰਡ ਦੀ ਇੱਕ ਕਮੇਟੀ ਕਰਦੀ ਹੈ.

**ਜਾਹਿਲ:** ਦੇਖੋ, ਜਾਹਲ.

**ਜਾਹੀ:** ਜਾਂਦਾ ਹੈ. ਗੁਜ਼ਰਦਾ ਹੈ. "ਜੋ ਦਿਨ ਆਵੈ ਸੋ ਦਿਨ ਜਾਹੀ." (ਸੂਹੀ ਰਵਿਦਾਸ) ੨. ਜਾਂਦਾ. ਜਾਂਦੇ. "ਚਲਤੁ ਨ ਜਾਹੀ ਲਖਣੇ." (ਸੂਹੀ ਛੰਤ ਮਃ ੫) ਜਾਣੇ ਨਹੀਂ ਜਾਂਦੇ। ੩. ਸਰਵ- ਜਿਸ. "ਜਾਹੀ ਕੇ ਨਾਮ ਪ੍ਰਤਾਪ ਹੂੰ ਤੇ." (ਕ੍ਰਿਸਨਾਵ) ੪. ਕ੍ਰਿ. ਵਿ- ਜਿੱਥੇ. ਜਹਾਂ. "ਜਾਹੀ ਓਰ ਜਾਊਂ ਅਤਿ ਆਦਰ ਤਹਾਂ ਹੀ ਪਾਊਂ." (ਕਵਿ ੫੨)

**ਜਾਹੂ:** ਜਾਉ. ਦੇਖੋ, ਜਾਣਾ. "ਮੋ ਕਉ ਛੋਡਿ ਨ ਆਊ ਜਾਹੂ ਰੇ." (ਗਉ ਕਬੀਰ) ੨. ਸਰਵ- ਜਿਸ. ਜਿਸ ਨੂੰ. ਦੇਖੋ, ਜਾਹੂ ਕਾਹੂ.

**ਜਾਹੂ ਕਾਹੂ:** ਸਰਵ- ਜਿਸ ਕਿਸ ਨੂੰ. "ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ." (ਸਾਰ ਮਃ ੫)

**ਜਾਹ੍ਨਵੀ:** ਦੇਖੋ, ਜਨ੍ਹੁਸੁਤਾ ਅਤੇ ਜਾਹਰਨਵੀ.

**ਜਾਕ:** ਦੇਖੋ, ਯਕ਼। ੨. ਜ਼ਕਾਖੇਲ ਦਾ ਸੰਖੇਪ. ਦੇਖੋ, ਜ਼ਕਾਖੇਲ. "ਗੁਰੀਖੇਲ ਮਹਮੰਦਲੇ ਜਾਕ ਧਾਏ." (ਚਰਿਤ੍ਰ ੯੬)

**ਜਾਕਉ, ਜਾਕਹੁ, ਜਾਕਾ, ਜਾਂਕਾ:** ਦੇਖੋ, ਜਾ ਅਤੇ ਕਉ. ਸ਼ਰਵ- ਜਿਸ ਨੂੰ, ਜਿਸ ਦਾ, ਜਿਸ ਦੀ, ਜਿਸ ਦੇ. ਜਾਕਉ ਅਪਨੀ ਕਰੈ ਬਖਸੀਸ." (ਸੁਖਮਨੀ) "ਜਾਕਾ ਕੀਆ ਸਭੁਕਿਛੁ ਹੋਇ." (ਭੈਰ ਮਃ ੫)

**ਜ਼ਾਂਕਿ:** ਫ਼ਾ. زانکہ ਅਜ਼- ਆਂ- ਕਿ ਦਾ ਸੰਖੇਪ. ਕਿਉਂਕਿ.

ਜਾਕਿਰ: ਅ਼. ذاکر ਜਾਕਿਰ. ਵਿ- ਜਿਕਰ ਕਰਨ ਵਾਲਾ। ੨. ਸਿਮਰਣ ਕਰਨ ਵਾਲਾ. ਨਾਮ ਜਪਣ ਵਾਲਾ.

ਜਾਕੀ, ਜਾਂਕੀ, ਜਾਂਕੇ, ਜਾਕੈ, ਜਾਂਕੈ: ਜਿਸ ਦੀ. ਜਿਸ ਦੇ. "ਜਾਕੀ ਪ੍ਰੀਤਿ ਸਦਾ ਸੁਖ ਹੋਇ." (ਗਉ ਮਃ ੫) "ਜਾਂਕੇ ਚਾਕਰ ਕਉ ਨਹੀ ਡਾਨ." (ਗਉ ਅਃ ਮਃ ੫) "ਜਾਕੈ ਅੰਤਰਿ ਬਸੈ ਪ੍ਰਭੁ ਆਪਿ" (ਸੁਖਮਨੀ)

ਜਾਕੈ ਬਸੀਸਿ: ਜਾਂਕੇ- ਅਬ- ਸੀਸ ਪੁਰ. "ਜਾਕੈ ਬਸੀਸਿ ਧਰਿਓ ਗੁਰਿ ਹਥੁ." (ਸਵੈਯੇ ਮਃ ੪. ਕੇ)

ਜਾਕੋ, ਜਾਂਕੋ: ਜਿਸ ਨੂੰ। ੨. ਜਿਸ ਦਾ. "ਜਾਕੋ ਮੰਤ੍ਰ ਉਤਾਰੈ ਸਹਸਾ." (ਸਾਰ ਮਃ ੫)

ਜਾਗ: ਸੰਗਯਾ- ਜਾਮਣ. ਦੁੱਧ ਜਮਾਉਣ ਦੀ ਲਾਗ। ੨. ਹਿੰ. ਅਗਨਿ. "ਜਾਗ ਜਰਾਵਤ ਨਗਰ ਕੋ." (ਵ੍ਰਿੰਦ) ੨. ਦੇਖੋ, ਯਾਗ। ੪. ਜਾਗਰਣ. ਜਾਗਣ ਦਾ ਭਾਵ। ੫. ਜਗਹ. ਸ੍ਥਾਨ। ੬. ਫ਼ਾ. زاغ ਜ਼ਾਗ਼. ਕਾਉਂ. ਕਾਗ.

ਜਾਗਸਿ: ਜਾਗੇਗਾ. "ਜਾਗਸਿ ਜੀਵਣ ਜਾਗਣਹਾਰਾ." (ਪ੍ਰਭਾ ਮਃ ੧)

ਜਾਗਸੇਨਿ: ਸੰ. याज्ञसेनी ਯਾਗਜਸੇਨੀ. ਯਗਜਸੇਨ (ਦ੍ਰੁਪਦ) ਦੀ ਪੁਤ੍ਰੀ, ਦ੍ਰੋਪਦੀ. ਦੇਖੋ, ਜਾਗਮੇਨਿ.

ਜਾਗਣਾ: ਕ੍ਰਿ- ਜਾਗਰਣ. ਨੀਂਦ ਤ੍ਯਾਗਣੀ। ੨. ਅਵਿਦ੍ਯਾਨੀਂਦ ਤ੍ਯਾਗਕੇ ਗ੍ਯਾਨ ਦਾ ਪ੍ਰਾਪਤ ਕਰਨਾ। ੩. ਵਿ- ਜਾਗਦਾ. ਜਾਗਣ ਵਾਲਾ. "ਹਉ ਸੁਤੀ ਪਿਰੁ ਜਾਗਣਾ." (ਸ੍ਰੀ ਅਃ ਮਃ ੧)

ਜਾਗਤ: ਜਾਗਦਾ. "ਜਾਗਤ ਸੂਤਾ ਭਰਮਿ ਵਿਗੂਤਾ." (ਮਾਰੂ ਮਃ ੫. ਅੰਜੁਲੀ)

ਜਾਗਤਜੋਤਿ: ਸੰਗ੍ਯਾ- ਚੇਤਨਪ੍ਰਕਾਸ਼, ਜੋ ਜੜ੍ਹਪ੍ਰਕਾਸ਼ ਤੋਂ ਭਿੰਨ ਹੈ। ੨. ਕਰਤਾਰ, ਜੋ ਚੇਤਨ ਪ੍ਰਕਾਸ਼ਰੂਪ ਹੈ. "ਜਾਗਤਜੋਤਿ ਜਪੈ ਨਿਸਿ ਬਾਸਰ." (੩੩ ਸਵੈਯੇ)

ਜਾਗਤੁ: ਸੰਗ੍ਯਾ- ਜਾਗਣ ਦੀ ਦਸ਼ਾ. ਜਾਗਣ ਦਾ ਭਾਵ। ੨. ਗ੍ਯਾਨ ਅਵਸ੍ਥਾ। ੩. ਵਿ- ਗ੍ਯਾਨਅਵਸ੍ਥਾ ਵਾਲਾ. "ਜਾਗਤੁ ਜਾਗਿਰਹੈ ਲਿਵ ਲਾਇ." (ਬਿਲਾ ਥਿਤੀ ਮਃ ੧)

ਜਾਗਨ, ਜਾਗਨਾ, ਜਾਗਨੁ: ਦੇਖੋ, ਜਾਗਣਾ. "ਜਾਗਨਾ ਜਾਗਨੁ ਨੀਕਾ ਹਰਿਕੀਰਤਨ ਮਹਿ ਜਾਗਨਾ." (ਮਾਰੂ ਅਃ ਮਃ ੫)

ਜਾਗਮੇਨਿ: ਦੇਖੋ, ਜਾਗਸੇਨਿ. ਅਞਾਣ ਲਿਖਾਰੀ ਨੇ ਜਾਗਸੇਨਿ ਦੀ ਥਾਂ ਅਸ਼ੁੱਧ ਸ਼ਬਦ ਲਿਖਿਆ ਹੈ- "ਜਾਗਮੇਨਿ ਕੋ ਪ੍ਰਿਥਮ ਕਹਿ ਪਤਿ ਪਦ ਬਹੁਰ ਉਚਾਰ। ਅਨੁਜ ਆਦਿ ਸੱਤਾਂਤ ਅਰਿ ਸਭ ਸਰ ਨਾਮ ਅਪਾਰ." (ਸਨਾਮਾ) ਸ਼ੁੱਧ ਪਾਠ ਇਉਂ ਹੈ- "ਯਾਗਜਸੇਨਿ ਕੋ ਪ੍ਰਿਥਮ ਕਹਿ ਪਤਿ ਪਦ ਬਹੁਰ ਉਚਾਰ। ਅਨੁਜ ਆਦਿ ਸੁਤਾਂਤ ਅਰਿ ਸਭ ਸਰ ਨਾਮ ਅਪਾਰ." ਯਾਗਜਸੇਨਿ (ਦ੍ਰੌਪਦੀ) ਦਾ ਪਤਿ ਯੁਧਿਸ਼੍ਠਿਰ, ਉਸ ਦਾ ਛੋਟਾ ਭਾਈ ਅਰਜੁਨ, ਉਸ ਦਾ ਸੂਤ (ਰਥਵਾਹੀ) ਸ਼੍ਰੀ ਕ੍ਰਿਸ਼ਨ, ਉਸ ਦਾ ਵੈਰੀ, ਤੀਰ.

ਜਾਗਰ, ਜਾਗਰਣ, ਜਾਗਰਣੁ: ਸੰ. ਸੰਗ੍ਯਾ- ਨੀਂਦ ਦਾ ਅਭਾਵ. ਜਾਗ। ੨. ਗ੍ਯਾਨਅਵਸ੍ਥਾ. "ਨਿਤ ਨਿਤ ਜਾਗਰਣੁ ਕਰਹੁ." (ਸਾਰ ਮਃ ੪. ਪੜਤਾਲ)

ਜਾਗਰਤ: ਸ਼ੰ. ਜਾਗਰਿਤ. ਸੰਗ੍ਯਾ- ਨੀਂਦ ਨਾ ਹੋਣ ਦਾ ਭਾਵ। ੨. ਗ੍ਯਾਨ ਦੀ ਹਾਲਤ.

ਜਾਂਗਲ: ਸੰ. ਵਿ- ਜੰਗਲੀ. ਜੰਗਲ ਨਾਲ ਹੈ ਜਿਸ ਦਾ ਸੰਬੰਧ। ੨. ਸੰਗ੍ਯਾ- ਉਹ ਦੇਸ਼, ਜਿੱਥੇ ਵਰਖਾ ਘੱਟ ਹੋਵੇ। ੩. ਤਿੱਤਰ, ਮ੍ਰਿਗ ਆਦਿ ਜੰਗਲੀ ਜੀਵ.

ਜਾਂਗਲਿਕ: ਸੰ. ਵਿ- ਜੰਗਲੀ। ੨. ਸੰਗ੍ਯਾ- ਜੰਗਲੀ ਜੀਵ. "ਜੰਗਲ ਕਰ ਜਾਂਗਲਿਕ ਵਿਸੇਸ." (ਗੁਪ੍ਰਸੂ) ੩. ਸਪੇਰਾ. ਸੱਪ ਫੜਨ ਵਾਲਾ.

ਜਾਗਾ: ਸੰਗ੍ਯਾ- ਜਗਹ. ਥਾਂ। ੨. ਜਾਗਰਣ. ਜਾਗਣ ਦਾ ਭਾਵ। ੩. ਵਿ- ਜਾਗਿਆ. "ਜਨਮ ਜਨਮ ਕਾ ਸੋਇਆ ਜਾਗਾ."

(ਭੈਰ ਮਃ ੫)

ਜਾਗਾਇ: ਕ੍ਰਿ. ਵਿ- ਜਗਾਕੇ। ੨. ਮਚਾਕੇ. ਪ੍ਰਜ੍ਵਲਿਤ ਕਰਕੇ. "ਪਰਮਜੋਤਿ ਜਾਗਾਇ." (ਸਵਾ ਮਃ ੧)

ਜਾਗਾਇਣੁ: ਸਿੰਧੀ. ਕ੍ਰਿ- ਜਾਗਰਣ ਕਰਾਉਣਾ. ਜਗਾਉਣਾ। ੨. ਮਚਾਉਣਾ. ਪ੍ਰਜ੍ਵਲਿਤ ਕਰਨਾ.

ਜਾਗਾਏ: ਜਗਾਵੇ. ਨੀਂਦ ਦੂਰ ਕਰਾਵੇ. "ਜਿਸੁ ਤੇ ਸੁਤਾ ਨਾਨਕਾ ਜਗਾਏ ਸੋਈ." (ਆਸਾ ਅਃ ਮਃ ੧)

ਜਾਗਾਤ: ਦੇਖੋ, ਜਗਾਤ.

ਜਾਗਾਤਿ, ਜਾਗਾਤੀ, ਜਾਗਾਤੀਆ: ਜ਼ਕਾਤ ਵਸੂਲ ਕਰਨ ਵਾਲਾ. ਟੈਕਸ ਲੈਣ ਵਾਲਾ. ਦੇਖੋ, ਜਗਾਤੀ. "ਜਮੁ ਜਾਗਾਤੀ ਨੇੜਿ ਨ ਆਇਆ." (ਤੁਖਾ ਛੰਤ ਮਃ ੪)

ਜਾਗਿ: ਜਾਗਕੇ. "ਜਾਗਤੁ ਜਾਗਿਰਹੈ ਗੁਰਸੇਵਾ." (ਮਲਾ ਅਃ ਮਃ ੧)

ਜਾਂਗੀ: ਡਿੰਗ. ਸੰਗਯਾ- ਜੰਗ ਵਿੱਚ ਵੱਜਣ ਵਾਲਾ ਨਗਾਰਾ.

ਜਾਗੀਰ: ਫ਼ਾ. جاگیر ਸੰਗਯਾ- ਰਾਜੇ ਵੱਲੋਂ ਦਿੱਤੀ ਜ਼ਮੀਨ ਦੇ ਲੈਣ ਦੀ ਕ੍ਰਿਯਾ। ੨. ਉਹ ਗਾਂਵ ਅਥਵਾ ਜ਼ਮੀਨ ਜੋ ਰਾਜੇ ਵੱਲੋਂ ਕਿਸੇ ਨੂੰ ਮੁਆ਼ਫ਼ ਹੋਵੇ.

ਜਾਗੀਰਦਾਰ: ਜਾਗੀਰ ਰੱਖਣ ਵਾਲਾ. ਮੁਆ਼ਫ਼ੀਦਾਰ.

ਜਾਗੁ: ਦੇਖੋ, ਜਾਗੁ. "ਜਾਗੁ ਰੇ ਮਨ, ਜਾਗਨਹਾਰੇ." (ਆਸਾ ਮਃ ੫) "ਜਾਗੁ ਸੋਇ ਸਿਮਰਨ ਰਸ ਭੋਗ." (ਰਾਮ ਕਬੀਰ) ੨. ਜਾਵੇਗਾ. "ਨਾ ਆਵੈ ਨਾ ਜਾਗੁ." (ਸ੍ਰੀ ਮਃ ੫)

ਜਾਗੂਤਾ: ਜਾਗਰਨ ਕਰਨ ਵਾਲਾ. ਨੀਂਦ ਦਾ ਤਜਾਗੀ. "ਕਾਪੜੀ ਕਉਤੇ ਜਾਗੂਤਾ." (ਸ੍ਰੀ ਅਃ ਮਃ ੫)

ਜਾਗੋਟੀ: ਸੰਗਯਾ- ਜੰਘ- ਓਟੀ. ਕੌਪੀਨ. "ਕਾਇਆ ਕੜਾਸਣੁ ਮਨੁ ਜਾਗੋਟੀ." (ਸਿਧਗੋਸਟਿ) ਦੇਖੋ, ਕੜਾਸਨ। ੨. ਸਿੰਧੀ. ਜਾਗੋਟੋ. ਜੋਗੀਆਂ ਦੇ ਸਿਰ ਬੱਧੀ ਰੱਸੀ.

ਜਾਗ੍ਰਣ: ਦੇਖੋ, ਜਾਗਰਣ. "ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ." (ਪ੍ਰਭਾ ਅਃ ਮਃ ੩)

ਜਾਗ੍ਰਤ: ਦੇਖੋ, ਜਾਗਰਤ। ੨. ਸੰ. ਵਿ- ਜਾਗਦਾ. ਜਾਗਿਆ ਹੋਇਆ.

ਜਾਗ੍ਰਿ: ਸੰ. ਜਾਗ੍ਰਿ ਧਾ. ਜਾਗਣਾ. ਨੀਂਦ ਨਾ ਲੈਣੀ.

ਜਾਂਘ: ਸੰ. ਜङ्घਾ ਜੰਘਾ. ਸੰਗਯਾ- ਰਾਨ. ਗੋਡੇ ਅਤੇ ਕਮਰ ਦੇ ਮੱਧ ਦਾ ਭਾਗ. ਉਰੁ. ਪੱਟ.

ਜਾਂਘੀਆ: ਸੰਗਯਾ- ਜੰਘਾਂ ਪੁਰ ਪਹਿਰਨ ਦਾ ਘੁੱਟਵਾਂ ਵਸਤ੍ਰ. ਨੰਗੇਜ ਢਕਣ ਦਾ ਕਪੜਾ, ਜੋ ਛੋਟੀ ਕੱਛ ਜੇਹਾ ਹੁੰਦਾ ਹੈ. ਇਸ ਨੂੰ ਪਹਿਲਵਾਨ ਅਤੇ ਕਸਰਤ ਕਰਨ ਵਾਲੇ ਲੋਕ ਪਹਿਰਦੇ ਹਨ.

ਜਾਚ: ਦੇਖੋ, ਜਾਚਨਾ। ੨. ਜਾਂਚ. ਸੰਗਯਾ- ਪਰਖ. ਇਮਤਿਹਾਨ। ੩. ਤਹ਼ਕ਼ੀਕ਼ਾਤ। ੪. ਵੱਲ. ਤਰਕੀਬ.

ਜਾਂਚ: ਦੇਖੋ, ਜਾਚ ੨. ਅਤੇ ੩.

ਜਾਚਕ: ਸੰ. ਯਾਚਕ. ਮੰਗਤਾ. ਸਵਾਲੀ. ਭਿਖਾਰੀ. "ਜਾਚਕ ਜਨ ਜਾਚੈ ਪ੍ਰਭੁ ਦਾਨ." (ਸੁਖਮਨੀ)

ਜਾਚਣੁ: ਸਿੰਧੀ. ਦੇਖੋ, ਜਾਚਨ.

ਜਾਚਨ, ਜਾਚਨਾ: ਸੰ. ਯਾਚਨ. ਮੰਗਣਾ. "ਜਾਚਉ ਸੰਤਰਾਵਲ." (ਬਿਲਾ ਅਃ ਮਃ ੫) ੨. ਮੰਗ. ਯਾਚਨਾ. "ਸਾਧ ਤੇਰੇ ਕੀ

ਜਾਚਨਾ ਵਿਸਰੁ ਨ ਸਾਸਿ ਗਿਰਾਸਿ." (ਆਸਾ ਅਃ ਮਃ ੫) ੩. ਜਾਂਚਨਾ. ਅਨੁਮਾਨ ਕਰਨਾ. ਅਟਕਲਨਾ। ੪. ਇਮਤਹ਼ਾਨ ਕਰਨਾ. ਪਰਖਣਾ.

ਜਾਚੜੀ: ਸੰਗਯਾ- ਯਾਚਨਾ. ਮੰਗ. "ਜਾਚੜੀ ਸਾ ਸਾਰੁ." (ਵਾਰ ਗਉ ੨. ਮਃ ੫)

ਜਾਚਿਕ: ਦੇਖੋ, ਜਾਚਕ. "ਜਾਚਿਕ ਮੰਗੈ ਨਿਤ ਨਾਮੁ." (ਵਾਰ ਗਉ ੨. ਮਃ ੫)

ਜਾਚੈ: ਯਾਚਨਾ ਕਰਦਾ ਹੈ. ਮੰਗਦਾ ਹੈ. "ਜਾਚਕ ਨਾਮੁ ਜਾਚੈ." (ਕਲਿ ਮਃ ੫) ੨. ਜਾਂਚਦਾ ਹੈ. ਦੇਖੋ, ਜਾਚਨਾ ੩. ਅਤੇ ੪.

ਜਾਂਚੈ: ਸਰਵ- ਜਿਸ ਦੇ. "ਜਾਂਚੈ ਘਰਿ ਕੁਲਾਲਾ ਬ੍ਰਹਮਾ." (ਮਲਾ ਨਾਮਦੇਵ) ੨. ਜਾਂਚ ਕਰਦਾ ਹੈ. ਦੇਖੋ, ਜਾਚਨਾ ੩. ਅਤੇ ੪.

ਜਾਚੋਵੈ: ਯਾਚਨਾ ਕਰਦਾ ਹੈ. ਮੰਗਦਾ ਹੈ. "ਜਾਚਕ ਸਦਾ ਜਾਚੋਵੈ." (ਵਾਰ ਰਾਮ ੨. ਮਃ ੫)

ਜਾਚੰਗਨਾ: ਸੰਗਯਾ- ਯਾਚਨਾ. ਭੀਖ. ਦਾਨ. "ਜਨੁ ਬਾਂਛੈ ਜਾਚੰਗਨਾ." (ਮਾਰੂ ਸੋਲਹੇ ਮਃ ੫) ੨. ਜਨ (ਪੁਰੁਸ਼) ਅਤੇ ਅੰਗਨਾ (ਤ੍ਰੀ) ਸਭ ਉਸ ਤੋਂ ਮੰਗਦੇ ਹਨ.

ਜਾਚੰਤਿ: ਯਾਚੰਤਿ. ਯਾਚਨਾ ਕਰਦੇ (ਮੰਗਦੇ) ਹਨ. ਯਾਚਨਾ ਕਰਦਾ ਹੈ. ਮੰਗਦਾ ਹੈ. "ਜਾਚੰਤਿ ਨਾਨਕ ਕ੍ਰਿਪਾ." (ਸਹਸ ਮਃ ੫)

ਜਾਜਕ: ਯਜਨ ਕਰਨ ਵਾਲਾ. ਦੇਖੋ, ਯਾਜਕ.

ਜਾਜਮ: ਫ਼ਾ. جاجم ਜਾਜਿਮ. ਸੰਗਯਾ- ਬੇਲਬੂਟੇਦਾਰ ਫ਼ਰਸ਼ ਦੀ ਚਾਦਰ. "ਜਾਜਮ ਅਰੁ ਸਤਰੰਜੀ ਸੰਗ." (ਗੁਪ੍ਰਸੂ)

ਜਾਜਰਾ: ਦੇਖੋ, ਜਰਜਰਾ.

ਜਾਜਰੂਰ: ਫ਼ਾ. جائےضرُور ਜਾਯਜ਼ਰੂਰ. ਸੰਗਯਾ- ਪਾਯਖ਼ਾਨਾ. ਟੱਟੀ.

ਜਾਜਰੋ: ਦੇਖੋ, ਜਰਜਰਾ.

ਜਾਜੁਲ, ਜਾਜੁੱਲ: ਸੰ. ਜਾਜ੍ਵਲ੍ਯ. ਵਿ- ਪ੍ਰਕਾਸ਼ ਸਹਿਤ. ਪ੍ਰਜ੍ਵਲਿਤ। ੨. ਡਿਗ. ਸੰਗਯਾ- ਕ੍ਰੋਧ. ਗੁੱਸਾ.

ਜਾਜੁੱਲਿਕਾ: ਸੰਗਯਾ- ਬਿਜਲੀ. ਛਟਾ. ਦੇਖੋ, ਜਾਜੁੱਲ. "ਕਿ ਜਾਜੁੱਲਿਕਾ ਛੈ." (ਦੱਤਾਵ)

ਜਾਞੀ: ਜੰਞ (ਜਨੇਤ) ਵਿੱਚ ਸ਼ਾਮਿਲ ਹੋਣ ਵਾਲਾ. ਜਨੇਤੀ. ਬਰਾਤੀ. ਸੰ. ਜਨ੍ਯ. "ਆਪੇ ਜਾਞੀ ਆਪੇ ਮਾਞੀ." (ਆਸਾ ਛੰਤ ਮਃ ੫)

ਜਾਟ: ਦੇਖੋ, ਜੱਟ। ੨. ਜੂਟ. ਜੂੜਾ. "ਕਰਿ ਜਟ ਜਟਾ ਜਟ ਜਾਟ." (ਕਾਨ ਮਃ ੪. ਪੜਤਾਲ) ੩. ਸਿੰਧੀ. ਤੀਰਥਯਾਤ੍ਰਾ ਕਰਨ ਵਾਲਿਆਂ ਦਾ ਟੋਲਾ। ੪. ਹਲ ਦਾ ਓਰਾ. ਸਿਆੜ.

ਜਾਟਰੋ, ਜਾਟੜਾ: ਦੇਖੋ, ਜੱਟ. ਜਟੜਾ. "ਇਹ ਬਿਧਿ ਸੁਨਿਕੈ ਜਾਟਰੋ ਉਠ ਭਗਤੀ ਲਾਗਾ." (ਆਸਾ ਧੰਨਾ)

ਜਾਟੁ: ਦੇਖੋ, ਜੱਟ ਅਤੇ ਜਾਟ.

ਜਾਠਰ: ਸੰ. ਵਿ- ਜਠਰ (ਉਦਰ) ਨਾਲ ਹੈ ਜਿਸਦਾ ਸੰਬੰਧ। ੨. ਸੰਗਯਾ- ਸੰਤਾਨ. ਔਲਾਦ। ੩. ਭੁੱਖ। ੪. ਜਠਾਰਗਨਿ.

ਜਾਠਰ ਰੋਗ: ਜਠਰ (ਪੇਟ) ਦੇ ਰੋਗ. ਦੇਖੋ, ਉਦਰ ਰੋਗ.

ਜਾਂਡ: ਦੇਖੋ, ਜੰਡ.

ਜਾਡਾ: ਜਾੜਾ. ਸ਼ੀਤ. ਦੇਖੋ, ਜਾਡਜ ੨. "ਆਗੈ ਘਾਮ ਪਿਛੈ ਰੁਤਿ ਜਾਡਾ." (ਤੁਖਾ ਬਾਰਹਮਾਹਾ)

**ਜਾਡਯ:** ਸੰ. ਸੰਗਯਾ- ਜੜ੍ਹਤਾ. ਚੇਤਨਤਾ ਦਾ ਅਭਾਵ। ੨. ਸ਼ੀਤ. ਠੰਢ. ਜਾੜਾ। ੩. ਸੁਸਤੀ.

**ਜਾਣ:** ਸੰਗਯਾ- ਗਯਾਨ. ਸਮਝ. ਬੋਧ. "ਪੂਰੇ ਗੁਰੁ ਤੇ ਜਾਣੈ ਜਾਣ." (ਬਸੰ ਅਃ ਮਃ ੧) ੨. ਜਾਣਾ. ਗਮਨ। ੩. ਜਾਣਨਾ ਕ੍ਰਿਯਾ ਦਾ ਅਮਰ. ਤੂੰ ਜਾਣ। ੪. ਦੇਖੋ, ਜਾਣੁ.

**ਜਾਣਨਾ:** ਕ੍ਰਿ- ਗਯਾਨ ਪ੍ਰਾਪਤ ਕਰਨਾ. ਸਮਝਣਾ. "ਜਾਣਿਆ ਅਨੰਦੁ ਸਦਾ ਗੁਰੁ ਤੇ." (ਅਨੰਦੁ) "ਜਾਣੋ ਪ੍ਰਭੁ ਜਾਣੋ ਸੁਆਮੀ." (ਰਾਮ ਛੰਤ ਮਃ ੫)

**ਜਾਣਨਿ, ਜਾਣਨੀ:** ਜਾਣਦੇ ਹਨ. "ਮੂਰਖ ਸਚੁ ਨ ਜਾਣਨੀ." (ਵਾਰ ਆਸਾ)

**ਜਾਣਲਾ:** ਵਿ- ਜਾਣਨ ਵਾਲਾ. ਗਯਾਤਾ. "ਸਭਕਿਛੁ ਜਾਣਲਾ." (ਵਾਰ ਰਾਮ ੨. ਮਃ ੫)

**ਜਾਣਾ:** ਵਿ- ਜਾਣਨ ਵਾਲਾ. ਗਯਾਨੀ. ਦਾਨਾ. "ਭਗਤ ਕੋਈ ਵਿਰਲਾ ਜਾਣਾ." (ਸ੍ਰੀ ਮਃ ੫) ੨. ਕ੍ਰਿ- ਗਮਨ ਕਰਨਾ। ੩. ਜਾਣਦਾ. "ਕਰਮ ਧਰਮ ਨਹੀ ਜਾਣਾ." (ਸੂਹੀ ਮਃ ੫)

**ਜਾਣਾਇਆ:** ਗਯਾਨ ਕਰਵਾਇਆ. ਸਮਝਾਇਆ. "ਗੁਰਿ ਪੂਰੈ ਜਾਣਾਇਆ." (ਸੋਰ ਮਃ ੫)

**ਜਾਣਾਇਹ:** ਗਯਾਨ ਕਰਵਾਉਂਦਾ ਹੈ। ੨. ਜਣਾਵੇਂ ਸਮਝਾਵੇਂ. "ਜਾ ਤੂ ਜਾਣਾਇਹ ਤਾ ਕੋਈ ਜਾਣੈ." (ਵਡ ਮਃ ੫)

**ਜਾਣਾਵੈ:** ਗਯਾਨ ਕਰਾਵੈ. "ਜਾਣੀਐ ਜੇ ਆਪਿ ਜਾਣਾਵੈ." (ਸੂਹੀ ਛੰਤ ਮਃ ੧)

**ਜਾਣਿ:** ਵਿ- ਵਿਦ੍ਵਾਨ. "ਗੁਰੁ ਕਉ ਜਾਣਿ ਨ ਜਾਣਈ, ਕਿਆ ਤਿਸੁ ਚਜੁ ਅਚਾਰੁ." (ਸ੍ਰੀ ਮਃ ੧) ੨. ਕ੍ਰਿ. ਵਿ- ਜਾਣਕੇ. ਸਮਝਕੇ.

**ਜਾਣੀ:** ਵਿ- ਗਯਾਨੀ. ਜਾਣਨ ਵਾਲਾ. "ਸਭ ਜੀਆ ਕਾ ਹੈ ਜਾਣੀ." (ਵਾਰ ਬਿਹਾ ਮਃ ੪) "ਬਿਨੁ ਗੁਰ ਪੂਰੇ ਕੋਇ ਨ ਜਾਣੀ." (ਆਸਾ ਅਃ ਮਃ ੩) ੨. ਜਾਣ ਵਾਲਾ (ਵਾਲੀ). ੩. ਸਮਝੀ. ਮਾਲੂਮ ਕੀਤੀ.

**ਜਾਣੀਅ:** ਜਾਣਨ ਵਾਲਾ. ਗਯਾਨੀ. ਗਯਾਤਾ. "ਜਾਣੀਅ ਅਕਲ ਗਤਿ." (ਸਵੈਯੇ ਮਃ ੨. ਕੇ) ਅ- ਕਲ (ਪਾਰਬ੍ਰਹਮ) ਦੀ ਗਤਿ ਦਾ ਗਯਾਤਾ.

**ਜਾਣੀਜਾਣੁ:** ਵਿ- ਗਯਾਨਗਯਾਤਾ. ਸਰਵਗਯ.

**ਜਾਣੀਯ:** ਦੇਖੋ, ਜਾਣੀਅ। ੨. ਜਾਣਨ ਯੋਗਯ.

**ਜਾਣੁ:** ਵਿ- ਗਯਾਤਾ. ਜਾਣਨ ਵਾਲਾ. "ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ." (ਸ੍ਰੀ ਮਃ ੫) "ਅੰਧੀ ਦੁਨੀਆ ਸਾਹਿਬ ਜਾਣੁ." (ਆਸਾ ਮਃ ੧) ੨. ਕ੍ਰਿ- ਜਾਣਨਾ. "ਆਪੇ ਆਖਣੁ ਆਪੇ ਜਾਣੁ." (ਵਾਰ ਰਾਮ ੧. ਮਃ ੧) ੩. ਵਯ- ਮਾਨੋ. ਗੋਯਾ. "ਜਾਣੁ ਨ ਜਾਏ ਮਾਈਆਂ ਜੂਝੇ ਸੂਰਮੇ." (ਚੰਡੀ ੩) ੪. ਜਾਣ (ਗਮਨ ਕਰਨ) ਵਾਲਾ. "ਕਹਾ ਤੇ ਆਇਆ ਕਹਾ ਇਹੁ ਜਾਣੁ." (ਵਾਰ ਮਲਾ ਮਃ ੧) ੫. ਫ਼ਾ. زیاں ਜ਼ਯਾਨ. ਸੰਗਯਾ- ਹਾਨੀ. ਨੁਕ਼ਸਾਨ."ਵਾਹੇਂਦੜ ਜਾਣੁ." (ਵਾਰ ਮਾਝ ਮਃ ੨) ਆਕਾਸ਼ ਨੂੰ ਤੀਰ ਵਾਹੁਣ ਵਾਲੇ ਦਾ ਹੀ ਨੁਕ਼ਸਾਨ ਹੈ, ਕਿਉਂਕਿ ਹਟਕੇ ਉਸੇ ਪੁਰ ਆਵੇਗਾ, ਆਕਾਸ਼ ਦਾ ਕੁਝ ਨਹੀਂ ਵਿਗੜੇਗਾ। ੬. ਅ਼. زیاں ਜਾਨ. ਦੋਸ਼. ਵਿਕਾਰ. ਐ਼ਬ। ੭. ਦੇਖੋ, ਜਾਣ ੩.

**ਜਾਣੂ:** ਵਿ- ਜਾਣਨ ਵਾਲਾ. ਗਯਾਤਾ.

**ਜਾਣੋ:** ਸਮਝੋ. ਮਾਲੂਮ ਕਰੋ। ੨. ਵਿ- ਜਾਣਨ ਵਾਲਾ. ਗਯਾਤਾ. "ਆਪੇ ਜਾਣੈ ਜਾਣੋ." (ਵਡ ਮਃ ੧. ਅਲਾਹਣੀ)

**ਜਾਣੋਈ:** ਵਿ- ਜਾਣਨ ਵਾਲਾ. " ਜੋ ਸਭਸੈ ਕਾ ਜਾਣੋਈ." (ਸੋਪੁਰਖੁ)

ਜਾਤ: ਸੰਗਯਾ- ਘੜੇ ਦੀ ਗਰਦਨ ਦੇ ਬਾਲ. ਅਯਾਲ. "ਮਸਤਕ ਕਰਨ ਜਾਤ ਦ੍ਰਿਗ ਗ੍ਰੀਵਾ." (ਗੁਪ੍ਰਸੂ) ੨. ਸੰ. ਸੰਗਯਾ- ਜਨਮ। ੩. ਪੁਤ੍ਰ। ੪. ਵਿ- ਜਨਮਿਆ ਹੋਇਆ. ਪੈਦਾ ਹੋਇਆ। ੫. ਕ੍ਰਿ. ਵਿ- ਜਾਂਦਾ. ਗੁਜ਼ਰਦਾ. "ਜਾਤ ਅਕਾਰਥ ਜਨਮ ਪਦਾਰਥ." (ਧਨਾ ਮਃ ੫) ੬. ਜਾਣ ਵੇਲੇ. "ਆਵਤ ਸੰਗ ਨ ਜਾਤ ਸੰਗਾਤੀ." (ਭੈਰ ਕਬੀਰ) ੭. ਸੰ. ਯਾਤ. ਵਿ- ਗੁਜ਼ਰਿਆ. ਮੋਇਆ. "ਜਾਤ ਜਾਇ ਦਿਜਬਾਲਕ ਦੈਹੋਂ" (ਕ੍ਰਿਸਨਾਵ) ਮੋਏ ਹੋਏ ਦਿਜਬਾਲਕ ਜਾਇਦੈਹੋਂ। ੮. ਸੰ. ਗਜਾਤ. ਜਾਨਿਆ ਹੋਇਆ। ੯. ਅ਼. ذات ਜਾਤ. ਕਿਸੇ ਵਸ੍ਤੁ ਦੀ ਅਸਲਿਯਤ (ਅਸਲੀਅਤ). ਹਕ਼ੀਕ਼ਤ। ੧੦. ਜਾਨ. ਰੂਹ਼। ੧੧. ਜਾਤਿ. ਕੁਲ ਗੋਤ੍ਰ ਆਦਿ ਭੇਦ। ੧੨. ਸ਼ਖ਼ਸੀਯਤ.

ਜਾਤਕ: ਸੰ. ਸੰਗਯਾ- ਬੱਚਾ। ੨. ਸੰਤਾਨ ਦੇ ਸ਼ੁਭ ਅਸ਼ੁਭ ਗ੍ਰਹਾਂ ਦਾ ਫਲ ਦੱਸਣ ਵਾਲਾ ਗ੍ਰੰਥ.

ਜਾਤਕਰਮ: ਸੰਗਯਾ- ਜਨਮ ਸਮੇਂ ਦਾ ਸੰਸਕਾਰ.

ਜਾਤਨ: ਸੰਗਯਾ- ਤਾੜਨਾ. ਸਜ਼ਾ. ਦੇਖੋ, ਯਾਤਨਾ. "ਜੇ ਜੇ ਜਿਯ ਜਾਤਨ ਤੇ ਡਰੇ." (ਵਿਚਿਤ੍ਰ) ੨. ਜਿਸ ਨਾਲ. ਜਿਸ ਸੇ. "ਜਾਤਨ ਮਧੁ ਕੈਟਭ ਕੋ ਖੰਡਯੋ." (ਪਾਰਸਾਵ)

ਜਾਤ ਨਜਾਤਿ: ਉੱਚ ਅਤੇ ਨੀਚ ਜਾਤਿ. "ਜਾਤ ਨਜਾਤਿ ਦੇਖਿਮਤ ਭਰਮਹੁ, ਸੁਕ ਜਨਕ ਪਗੀ ਲਗਿ ਧਿਆਵੈਗੋ." (ਕਾਨ ਅਃ ਮਃ ੪)

ਜਾਤਨਾ: ਦੰਡ. ਤਾੜਨਾ. ਦੇਖੋ, ਯਾਤਨਾ.

ਜਾਤਪਾਤ: ਵਿ- ਜੰਮਿਆ ਅਤੇ ਡਿਗਿਆ. ਜਨਮਿਆ ਅਤੇ ਮੋਇਆ। ੨. ਦੇਖੋ, ਜਾਤਿ ਪਾਤਿ.

ਜਾਤਰ: ਜਿਸ ਤੋਂ. ਜਿਸ ਸੇ. "ਜਾਤਰ ਜੱਛ ਕਿਨਰ ਅਸੁਰਨ ਕੀ ਸਭ ਕੀ ਕ੍ਰਿਯਾ ਹਿਰਾਨੀ." (ਪਾਰਸਾਵ)

ਜਾਤਰੂਪ: ਸੰ. ਸੰਗਯਾ- ਸ਼ਲਾਘਾ ਯੋਗਯ ਹੈ ਰੂਪ ਜਿਸ ਦਾ, ਸੁਵਰਣ. ਸੋਨਾ. "ਜਾਤਰੂਪ ਕੇ ਕਟਕ ਸੁਹਾਇ." (ਗੁਪ੍ਰਸੂ) ੨. ਚਾਂਦੀ। ੩. ਵਿ- ਸੋਨੇ ਜੇਹਾ ਹੈ ਸੁੰਦਰ ਰੂਪ ਜਿਸ ਦਾ.

ਜਾਤਲਜੰਬ, ਜਾਤਲਜੰਮ: ਅ਼. ذات الجنب ਜਾਤੁਲਜੰਬ. ਸੰ. पाशर्वशूल ਪਾਰਸ਼੍ਵਸ਼ੂਲ. ਪਸਲੀ ਦੀ ਪੀੜ. Pleurisy. ਇਸ ਰੋਗ ਦੇ ਕਾਰਣ ਹਨ- ਸਰਦੀ ਲੱਗਣੀ, ਮੀਂਹ ਵਿੱਚ ਭਿੱਜਣਾ, ਗਿੱਲੇ ਵਸਤ੍ਰ ਪਹਿਰਣੇ, ਛਾਤੀ ਦੇ ਸੱਟ ਲੱਗਣੀ, ਪਸਲੀ ਟੁੱਟ ਜਾਣੀ, ਨਜਲੇ ਦਾ ਵਿਗੜ ਜਾਣਾ, ਨਿਮੋਨੀਆ Pneumonia ਰੋਗ ਦਾ ਹੋਣਾ ਆਦਿ.

ਪਹਿਲਾਂ ਛਾਤੀ ਵਿੱਚ ਖਿੱਚ ਤੇ ਬੋਝ ਹੋ ਕੇ ਸਰਦੀ ਦਾ ਹਲਕਾ ਬੁਖ਼ਾਰ ਹੁੰਦਾ ਹੈ. ਫੇਫੜੇ ਦੇ ਗਿਲਾਫ ਵਿੱਚ ਸੋਜ ਹੋ ਜਾਂਦੀ ਹੈ. ਮੰਮੇ ਹੇਠ ਜਕੜਨ ਤੇ ਚੋਭ ਪ੍ਰਤੀਤ ਹੁੰਦੀ ਹੈ ਫੇਰ ਅਜੇਹਾ ਦਰਦ ਹੁੰਦਾ ਹੈ ਮਾਨੋ ਕੋਈ ਬਰਛੀ ਚੋਭਦਾ ਹੈ. ਸਾਹ ਖਿੱਚਕੇ ਆਉਂਦਾ ਹੈ. ਥੋੜੀ ਖੁਸ਼ਕ ਖਾਂਸੀ ਹੁੰਦੀ ਹੈ. ਪੇਸ਼ਾਬ ਥੋੜਾ ਅਤੇ ਲਾਲ ਰੰਗ ਦਾ ਆਉਂਦਾ ਹੈ. ਜ਼ੁਬਾਨ ਮੈਲੀ ਚੇਹਰਾ ਸੁਰਖ ਹੁੰਦਾ ਹੈ. ਇਹ ਰੋਗ ਅਕਸਰ ਇੱਕ ਪਾਸੇ ਹੀ ਹੁੰਦਾ ਹੈ, ਪਰ ਕਦੇ ਦੋਹੀਂ ਪਾਸੀਂ ਭੀ ਹੋ ਜਾਂਦਾ ਹੈ.

ਇਸ ਰੋਗ ਵਿੱਚ ਬਹੁਤ ਸਿਆਣੇ ਵੈਦ ਹਕੀਮ ਡਾਕਟਰ ਦਾ ਇਲਾਜ ਕਰਾਉਣਾ ਚਾਹੀਏ.

ਜਾਤਲਜੰਬ ਦਾ ਸਾਧਾਰਣ ਇਲਾਜ ਇਹ ਹੈ:-

(੧) ਰੋਗੀ ਨੂੰ ਗਰਮ ਬਿਸਤਰ ਤੇ ਆਰਾਮ ਨਾਲ ਲਿਟਾਈ ਰੱਖਣਾ, ਬਹੁਤ ਬੋਲਣ ਅਤੇ ਲੰਮਾ ਸਾਹ ਨਾ ਲੈਣ ਦੇਣਾ.

(੨) ਛਾਤੀ ਦੇ ਕੁਕੜੀ ਦੇ ਆਂਡੇ ਦਾ ਪੂੜਾ ਬੰਨ੍ਹਣਾ.

(੩) ਸੇਕ ਦੇਣਾ, ਤਾਰਪੀਨ ਦੇ ਤੇਲ ਦੀ ਮਾਲਿਸ਼ ਕਰਨੀ, ਪੋਸਤ ਦੀ ਟਕੋਰ ਕਰਨੀ, ਗਰਮ ਉੱਨੀ ਵਸਤ੍ਰ ਛਾਤੀ ਤੇ ਬੰਨ੍ਹਣਾ ਲਾਭਦਾਇਕ ਹੈ.

(੪) ਦਰਦ ਦੀ ਥਾਂ ਤੇ ਅਲਸੀ ਦੀ ਪੋਲਟਿਸ poultice ਬੰਨ੍ਹਣੀ.

(੫) ਗਰਮ ਸ਼ੋਰਵਾ ਪਿਆਉਣਾ.

(੬) ਕੁਸ਼ਤਾ ਬਾਰਾਂਸਿੰਗਾ ਦੋ ਦੋ ਰੱਤੀ ਦਿਨ ਵਿੱਚ ਦੋ ਤਿੰਨ ਵਾਰ ਸ਼ਹਿਦ ਵਿੱਚ ਮਿਲਾਕੇ ਚਟਾਉਣਾ.

(੭) ਇੱਕ ਤੋਲਾ ਮੁਨੱਕਾ, ਇੱਕ ਤੋਲਾ ਹਰੜ ਦੀ ਛਿੱਲ, ਪਾਣੀ ਵਿੱਚ ਕਾੜ੍ਹਕੇ ਸ਼ਹਿਦ ਮਿਲਾਕੇ ਪਿਆਉਣੇ.

(੮) ਚਿੱਟੀ ਫਟਕੜੀ ਦੀ ਖਿੱਲ ਇੱਕ ਮਾਸ਼ਾ, ਖੰਡ ਦੋ ਮਾਸ਼ੇ ਮਿਲਾਕੇ ਗਰਮ ਪਾਣੀ ਨਾਲ ਦੇਣੀ.

(੯) ਗੂੰਦ ਕਿੱਕਰ, ਮੇਥੀ ਦੇ ਬੀਜ, ਅਲਸੀ, ਧਨੀਆ, ਜੌਂ, ਸਭ ਸਮਾਨ ਲੈ ਕੇ ਕੂੰਡੇ ਵਿੱਚ ਪਾਣੀ ਪਾ ਕੇ ਅਜਿਹੇ ਘੋਟਣੇ ਕਿ ਲੇਸਦਾਰ ਹੋ ਜਾਣ, ਦਰਦ ਵਾਲੀ ਥਾਂ ਤੇ ਇਹ ਲੇਪ ਕਰਨਾ. (੧੦) ਫਸਦ ਖੋਲ੍ਹਣੀ, ਸਿੰਗੀ ਅਤੇ ਗਲਾਸ ਲਾਉਣੇ ਭੀ ਗੁਣਕਾਰੀ ਹਨ, ਪਰ ਇਹ ਸਭ ਸਿਆਣੇ ਡਾਕਟਰ ਦੀ ਹੱਥੀਂ ਹੋਣਾ ਚਾਹੀਏ. ਅਞਾਣ ਲੋਕ ਬੇਲੋੜਾ ਲਹੂ ਕੱਢਕੇ ਭਾਰੀ ਨੁਕਸਾਨ ਕਰਦੇ ਹਨ.

ਜਾਤਵਾ: ਵਿ- ਜਾਣਨ ਵਾਲਾ. ਗਜਾਤਾ. "ਸਭਸ ਦਾ ਜਾਤਵਾ ਹੈ." (ਜਸਭਾਮ) ੨. ਕ੍ਰਿ. ਵਿ- ਗਜਾਤ੍ਵਾ. ਜਾਣਕੇ.

ਜਾਤਵੇਦ: ਸੰ. जातवेदस् ਸੰਗਜਾ- ਅਗਨਿ। ੨. ਕਰਤਾਰ. ਪਾਰਬ੍ਰਹਮ. ਨਿਰੁਕ੍ਤ ਵਿੱਚ ਅਰਥ ਕੀਤਾ ਹੈ ਕਿ ਜਿਤਨੇ ਜ਼ਾਤ (ਜਨਮੇ) ਹਨ, ਸਭ ਨੂੰ ਜਾਣਦਾ ਹੈ, ਇਸ ਲਈ ਜਾਤਵੇਦ ਹੈ.

ਜਾਤਾ: ਵਿ- ਗਜਾਤਾ. ਜਾਣਨ ਵਾਲਾ. "ਜਨਮ ਜਾਤਾ ਗਜਾਨ ਗਜਾਤਾ." (ਅਕਾਲ) ੨. ਗਮਨ ਕਰਤਾ। ੩. ਜਾਣਿਆ. "ਜਿਨੀ ਘਰੁ ਜਾਤਾ ਆਪਣਾ." (ਆਸਾ ਅਃ ਮਃ ੩) "ਜਿਨਿ ਜਾਤਾ ਸੋ ਤਿਸ ਹੀ ਜੇਹਾ." (ਓਅੰਕਾਰ) ੪. ਸੰਗਜਾ- ਯਾਤ੍ਰਾ. "ਹਰਿ ਕੀਈ ਹਮਾਰੀ ਸਫਲ ਜਾਤਾ." (ਬਿਲਾ ਮਃ ੪. ਪੜਤਾਲ) ਮਨੁੱਖ ਜਨਮ ਦੀ ਯਾਤ੍ਰਾ। ੫. ਸੰ. ਕਨਜਾ. ਪੁਤ੍ਰੀ। ੬. ਉਤਪੱਤਿ. ਪੈਦਾਇਸ਼.

ਜਾਤਿ: ਸੰ. ਸੰਗਜਾ- ਜਨਮ. ਉਤਪੱਤਿ। ੨. ਸਮਾਜ ਵਿੱਚ ਇੱਕ ਤੋਂ ਦੂਜੇ ਨੂੰ ਵੱਖ ਕਰਨ ਵਾਲੀ ਵੰਡ. ਰੋਟੀ ਬੇਟੀ ਦੀ ਸਾਂਝ ਵਾਲੀ ਬਰਾਦਰੀਆਂ ਦੀ ਵੰਡ. ਇਸ ਦਾ ਮੂਲ ਨਸਲੀ ਭੇਦ, ਭੌਗੋਲਿਕ ਭੇਦ, ਇਤਿਹਾਸੀ ਵੈਰ, ਕਿਰਤ ਵਿਹਾਰ ਦੇ ਭੇਦ ਆਦਿ ਅਨੇਕ ਹਨ. ਜਾਤਿ ਦੀ ਵੰਡ ਕਿਸੇ ਨਾ ਕਿਸੇ ਸ਼ਕਲ ਵਿੱਚ ਸਾਰੇ ਦੇਸਾਂ ਅਤੇ ਧਰਮਾਂ ਵਿੱਚ ਵੇਖੀ ਜਾਂਦੀ ਹੈ, ਪਰ ਹਿੰਦੂਆਂ ਵਿੱਚ ਹੱਦੋਂ ਵਧਕੇ ਹੈ.

ਗੁਰੂ ਸਾਹਿਬਾਨ ਨੇ ਜਾਤਿ ਦੇ ਅਗਜਾਨ ਭਰੇ ਵਿਸ਼੍ਵਾਸਾਂ ਨੂੰ ਦੇਸ਼ ਲਈ ਹਾਨੀਕਾਰਕ ਜਾਣਕੇ ਇਸ ਦੇ ਵਿਰੁੱਧ ਆਵਾਜ਼ ਉਠਾਈ ਅਤੇ ਦੇਸ਼ ਦੇਸ਼ਾਂਤਰਾਂ ਵਿੱਚ ਵਿਚਰਕੇ ਆਪਣੀ ਪਵਿਤ੍ਰ ਬਾਣੀ ਦ੍ਵਾਰਾ ਨਿਸ਼ਚੇ ਕਰਾਇਆ ਕਿ ਸਾਰੀ ਮਨੁੱਖ ਜਾਤਿ ਉਸ ਇੱਕ ਪਿਤਾ ਦੀ ਸੰਤਾਨ ਹੈ. ਉੱਚ ਅਤੇ ਨੀਚ ਜਾਤਿ ਕੇਵਲ ਕਰਮਾਂ ਤੋਂ ਹੈ, ਯਥਾ- ਜਾਣਹੁ ਜੋਤਿ, ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ।

(ਆਸਾ ਮਃ ੧)

ਆਗੈ ਜਾਤਿ ਰੂਪੁ ਨ ਜਾਇ।ਤੇਹਾ ਹੋਵੈ ਜੇਹੇ ਕਰਮ ਕਮਾਇ.

(ਆਸਾ ਮਃ ੩)

ਭਗਤਿ ਰਤੇ ਸੇ ਊਤਮਾ, ਜਤਿ ਪਤਿ ਸਬਦੇ ਹੋਇ,

ਬਿਨੁ ਨਾਵੈ ਸਭ ਨੀਚ ਜਾਤਿ ਹੈ, ਬਿਸਟਾ ਕਾ ਕੀੜਾ ਹੋਇ.

(ਆਸਾ ਮਃ ੩)

ਜਾਤਿ ਕਾ ਗਰਬੁ ਨ ਕਰੀਅਹੁ ਕੋਈ,

ਬ੍ਰਹਮੁ ਬਿੰਦੇ ਸੋ ਬ੍ਰਹਮਣ ਹੋਈ.

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ,

ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ.

ਚਾਰੇ ਬਰਨ ਆਖੈ ਸਭੁਕੋਈ,

ਬ੍ਰਹਮੁਬਿੰਦੁ ਤੇ ਸਭ ਓਪਤਿ ਹੋਈ.

ਮਾਟੀ ਏਕ ਸਗਲ ਸੰਸਾਰਾ,

ਬਹੁ ਬਿਧਿ ਭਾਂਡੇ ਘੜੇ ਕੁਮ੍ਹਾਰਾ.

ਪੰਚ ਤਤੁ ਮਿਲਿ ਦੇਹੀ ਕਾ ਆਕਾਰਾ,

ਘਟਿ ਵਧਿ ਕੋ ਕਰੈ ਬੀਚਾਰਾ.

ਕਹਤੁ ਨਾਨਕ ਇਹ ਜੀਉ ਕਰਮਬੰਧੁ ਹੋਈ,

ਬਿਨ ਸਤਿਗੁਰ ਭੇਟੇ ਮੁਕਤਿ ਨ ਹੋਈ.

(ਭੈਰ ਮਃ ੩)

ਜਾਤਿ ਜਨਮੁ ਨਹ ਪੂਛੀਐ, ਸਚੁਘਰੁ ਲੇਹੁ ਬਤਾਇ,

ਸਾ ਜਾਤਿ, ਸਾ ਪਤਿ ਹੈ, ਜੇਹੇ ਕਰਮ ਕਮਾਇ. (ਪ੍ਰਭਾ ਮਃ ੧)

ਗਰਭਵਾਸ ਮਹਿ ਕੁਲੁ ਨਹੀ ਜਾਤੀ,

ਬ੍ਰਹਮਬਿੰਦੁ ਤੇ ਸਭ ਉਤਪਾਤੀ.

ਕਹੁਰੇ ਪੰਡਿਤ, ਬਾਮਨ ਕਬਕੇ ਹੋਏ,

ਬਾਮਨ ਕਹਿ ਕਹਿ ਜਨਮੁ ਮਤ ਖੋਏ.

ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ,

ਤਉ ਆਨ ਬਾਟ ਕਾਹੇ ਨਹੀ ਆਇਆ?

ਤੁਮ ਕਤ ਬ੍ਰਾਹਮਣ, ਹਮ ਕਤ ਸੂਦ?

ਹਮ ਕਤ ਲੋਹੂ ਤੁਮ ਕਤ ਦੂਧ?

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ,

ਸੋ ਬ੍ਰਹਮਣੁ ਕਹੀਅਤੁ ਹੈ ਹਮਾਰੈ. (ਗਉ ਕਬੀਰ)

ਕੋਊ ਭਯੋ ਮੁੰਡੀਆ ਸੰਨਯਾਸੀ ਕੋਊ ਯੋਗੀ ਭਯੋ,

ਭਯੋ ਬ੍ਰਹਮਚਾਰੀ ਕੋਊ ਯਤੀ ਅਨੁਮਾਨਬੋ,

ਹਿੰਦੂ ਔ ਤੁਰਕ ਕੋਊ ਰਾਫ਼ਜ਼ੀ ਇਮਾਮ ਸ਼ਾਫ਼ੀ,

ਮਾਨਸ ਕੀ ਜਾਤਿ ਸਭ ਏਕੈ ਪਹਿਚਾਨਬੋ.

ਦੇਹੁਰਾ ਮਸੀਤ ਸੋਈ, ਪੂਜਾ ਔ ਨਿਮਾਜ ਓਈ,

ਮਾਨਸ ਸਭੈ ਏਕ, ਪੈ ਅਨੇਕ ਕੋ ਪ੍ਰਭਾਵ ਹੈ.

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,

ਨਜਾਰੇ ਨਜਾਰੇ ਦੇਸਨ ਕੇ ਭੇਸ ਕੋ ਸੁਭਾਵ ਹੈ.

ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,

ਖ਼ਾਕ ਬਾਦ ਆਤਸ਼ ਔ ਆਬ ਕੋ ਰਲਾਵ ਹੈ.

ਅੱਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,

ਏਕਹੀ ਸਰੂਪ ਸਭੈ ਏਕ ਹੀ ਬਨਾਵ ਹੈ.

(ਅਕਾਲ)

ਸਾਧੁ ਕਰਮ ਜੋ ਪੁਰਖ ਕਮਾਵੈਂ,

ਨਾਮ ਦੇਵਤਾ ਜਗਤ ਕਹਾਵੈਂ.

ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ,

ਨਾਮ ਅਸੁਰ ਤਿਨ ਕੋ ਜਗ ਧਰਹੀਂ. (ਵਿਚਿਤ੍ਰ)

ਘਿਉ ਭਾਂਡਾ ਨ ਵਿਚਾਰੀਐ,

ਭਗਤਾਂ ਜਾਤਿ ਸਨਾਤਿ ਨ ਕਾਈ.

(ਭਾਗੁ, ਵਾਰ ੨੫)

ਪ੍ਰਿਥੀਮੱਲ ਅਰੁ ਤੁਲਸਾ ਦੋਇ,

ਹੁਤੇ ਜਾਤਿ ਕੇ ਭੱਲੇ ਸੋਇ,

ਸੁਨ ਦਰਸ਼ਨ ਕੋ ਤਬ ਚਲ ਆਏ,

ਨਮੋ ਕਰੀ ਬੈਠੇ ਢਿਗ ਥਾਏ.

ਉਰ ਹੰਕਾਰੀ ਗਿਰਾ ਉਚਾਰੀ:-

"ਏਕੋ ਜਾਤ ਹਮਾਰ ਤੁਮਾਰੀ."ਸ਼੍ਰੀਗੁਰੁ ਅਮਰ ਭਨਜੋ ਸੁਨ ਸੋਇ:-

"ਜਾਤਿ ਪਾਤਿ ਗੁਰੁ ਕੀ ਨਹਿਂ ਕੋਇ.

ਉਪਜਹਿਂ ਜੇ ਸ਼ਰੀਰ ਜਗ ਮਾਹੀਂ,

ਇਨ ਕੀ ਜਾਤਿ ਸਾਚ ਸੋ ਨਾਹੀਂ,

ਬਿਨਸਜਾਤ ਇਹ ਜਰਜਰਿ ਹੋਇ,

ਆਗੇ ਜਾਤਿ ਜਾਤ ਨਹਿ ਕੋਇ.

'ਆਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ,

ਜਿਨ ਕੀ ਲੇਖੈ ਪਤਿ ਪਵੈ, ਚੰਗੇ ਸੇਈ ਕੇਇ. '

ਇਮ ਸ਼੍ਰੀ ਨਾਨਕ ਬਾਕ ਉਚਾਰਾ,

ਆਗੇ ਜਾਤਿ ਨ ਜੋਰ ਸਿਧਾਰਾ,

ਉਪਜੈ ਤੁਨ ਇਤਹੀ ਬਿਨਸੰਤੇ,

ਆਗੇ ਸੰਗ ਨ ਕਿਸੇ ਚਲੰਤੇ.

ਸਿਮਰਯੋ ਜਿਨ ਸਤਿਨਾਮੁ ਸਦੀਵਾ,

ਸਿੱਖਨ ਸੇਵ ਕਰੀ ਮਨ ਨੀਵਾਂ,

ਤਿਨ ਕੀ ਪਤ ਲੇਖੇ ਪਰਜਾਇ,

ਜਾਤਿ ਕੁਜਾਤਿ ਨ ਪਰਖਹਿ ਕਾਇ." (ਗੁਪ੍ਰਸੂ)

੩. ਕੁਲ. ਵੰਸ਼. "ਫਾਂਧੀ ਲਗੀ ਜਾਤਿ ਫਹਾਇਨਿ." (ਵਾਰ ਮਲਾ ਮਃ ੧) ੪. ਗੋਤ੍ਰ. ਗੋਤ। ੫. ਚਮੇਲੀ। ੬. ਜਾਯਫਲ। ੭. ਸ੍ਰਿਸ਼੍ਟਿ. ਮਖ਼ਲੂਕ਼ਾਤ. "ਜੋਤਿ ਕੀ ਜਾਤਿ, ਜਾਤਿ ਕੀ ਜੋਤੀ." (ਗਉ ਕਬੀਰ) ਪ੍ਰਕਾਸ਼ਰੂਪ ਕਰਤਾਰ ਦੀ ਸ੍ਰਿਸ਼੍ਟਿ ਦੀ ਜੋ ਰੋਸ਼ਨ ਬੁੱਧਿ ਹੈ. "ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ." (ਵਾਰ ਆਸਾ) ਸ੍ਰਿਸ਼੍ਟਿ ਵਿੱਚ ਸ੍ਰਸ਼੍ਟਾ ਵਿੱਚ ਸ੍ਰਿਸ਼੍ਟੀ ਹੈ, ਸ੍ਰਿਸ੍ਰਿ। ੮. ਦੇਖੋ, ਸ੍ਵਭਾਵੋਕ੍ਤਿ.

ਜਾਤਿਅਹੁ: ਜਾਨੇ ਪੁਰ. ਜਾਣ ਤੋਂ। ੨. ਜਾਂਦੇ ਹੋਏ. "ਜਿਹ ਦਰ ਆਵਤ ਜਾਤਿਅਹੁ ਹਟਕੈ ਨਾਹੀ ਕੋਇ." (ਸ. ਕਬੀਰ)

ਜਾਤਿ ਅਜਾਤਿ: ਉੱਤਮ ਅਤੇ ਨੀਚ ਜਾਤਿ. "ਜਾਤਿ ਅਜਾਤਿ ਨਾਮੁ ਜਿਨਿ ਧਿਆਇਆ." (ਵਡ ਛੰਤ ਮਃ ੪) ੨. ਉਚ ਨੀਚ ਜਾਤਿ ਦੇ ਲੋਕ. "ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ." (ਸ੍ਰੀ ਮਃ ੧)

ਜਾਤਿ ਸਨਾਤਿ, ਜਾਤਿ ਸਨਾਤੀ: ਪ੍ਰਧਾਨ ਜਾਤਿ ਅਤੇ ਸੰਕੀਰਣ ਜਾਤਿ. ਮੁੱਖ ਜਾਤਿ ਅਤੇ ਦੋਗਲਾ ਜਾਤਿ। ੨. ਨੀਚ ਵਰਣ. "ਜਾਤਿ ਸਨਾਤੀ ਹੋਰਿ ਹਿੰਦਵਾਣੀਆ." (ਤਿਲੰ ਮਃ ੧)

ਜਾਤਿ ਪਤਿ, ਜਾਤਿ ਪਾਤਿ: ਜਾਤਿ ਅਤੇ ਗੋਤ੍ਰ. ਜਾਤਿ ਅਤੇ ਉਸ ਦੀ ਪੰਕ੍ਤਿ. ਵਰਣ ਅਤੇ ਗੋਤ੍ਰ. ਜਾਤਿ ਅਰ ਕੁਲ. ਜਿਵੇਂ- ਜਾਤਿ ਚਤ੍ਰੀ ਅਤੇ ਪਾਤਿ ਕਪੂਰ ਬੇਦੀ ਆਦਿਕ. "ਜਾਤਿ ਪਤਿ ਸਭਿ ਤੇਰੈ ਨਾਇ." (ਬਸੰ ਅਃ ਮਃ ੧) "ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ." (ਸੂਹੀ ਮਃ ੪)

ਜਾਤਿ ਵਰਣ, ਜਾਤਿ ਵਰਨ: ਕੁਲ ਅਤੇ ਵਰਣ. ਗੋਤ੍ਰ ਅਤੇ ਵਰਣ. ਜੈਸੇ ਵਰਣ ਬ੍ਰਾਹਮਣ, ਗੋੜ, ਸਾਰਸ੍ਵਤ ਆਦਿ ਜਾਤਿ. "ਜਾਤਿ ਵਰਨ ਤੇ ਭਏ ਅਤੀਤਾ." (ਪ੍ਰਭਾ ਅਃ ਮਃ ੧)

ਜਾਤੀ: ਦੇਖੋ, ਜਾਤਿ. "ਜਾਤੀ ਦੈ ਕਿਆ ਹਥ, ਸਚੁ ਪਰਖੀਐ." (ਵਾਰ ਮਾਝ ਮਃ ੧) ੨. ਯਾਤ੍ਰੀ. ਯਾਤ੍ਰਾ ਕਰਨ ਵਾਲਾ. "ਜਉ ਤੁਮ ਤੀਰਥ, ਤਉ ਹਮ ਜਾਤੀ." (ਸੋਰ ਰਵਿਦਾਸ) ੩. ਜਾਣੀ. ਸਮਝੀ. "ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ." (ਗਉ ਮਃ ੫) "ਗਤਿ ਨਾਨਕ ਵਿਰਲੀਂ ਜਾਤੀ. (ਮਾਝ ਮਃ ੫) ੪. ਸੰ. ਸੰਗਜਾ- ਚਮੇਲੀ। ੫. ਮਾਲਤੀ। ੬. ਡਿੰਗ. ਹਾਥੀ। ੭. ਸ੍ਰੀ ਗੁਰੂ ਅਰਜਨਦੇਵ ਦਾ ਇੱਕ ਪ੍ਰੇਮੀ ਸਿੱਖ। ੮. ਅ਼. ذاتی ਜਾਤੀ. ਵਿ- ਆਪਣਾ. ਨਿਜਕਾ.

ਜਾਤੀਆ: ਜਾਤੀਆਂ. ਜਾਣੀਆਂ. "ਸਭੇ ਗਲਾ ਜਾਤੀਆ." (ਗਉ ਮਃ ੫) ੨. ਸੰ. ਜਾਤੀਯ. ਵਿ- ਜਾਤਿ ਨਾਲ ਸੰਬੰਧ ਰੱਖਣ ਵਾਲਾ.

ਜਾਤੀ ਸੁੰਦਰ: ਵਿ- ਸ੍ਵਾਭਾਵਿਕ ਸੁੰਦਰ. ਅਸਲਿਓਂ ਚੰਗਾ। ੨. ਸੰਗਜਾ- ਘੋੜਾ.

ਜਾਤੀਮਲਿਕ: ਗੁਰੂ ਹਰਿਗੋਬਿੰਦ ਸਾਹਿਬ ਦਾ ਸੇਵਕ ਬ੍ਰਾਹਮਣ ਸਿੱਖ, ਜੋ ਸੋਢੀਆਂ ਦਾ ਪੁਰੋਹਿਤ ਸੀ. ਇਸ ਨੇ ਅਮ੍ਰਿਤਸਰ ਦੇ ਜੰਗ ਵਿੱਚ ਵਡੀ ਵੀਰਤਾ ਵਿਖਾਈ. ਇਸ ਦਾ ਪੁਤ੍ਰ ਦਯਾਰਾਮ ਭੀ ਮਹਾਨ ਯੋਧਾ ਹੋਇਆ. ਜਾਤੀ ਮਲਿਕ ਦਾ ਦੇਹਾਂਤ ਕੀਰਤਪੁਰ ਸੰਮਤ ੧੬੯੯ ਵਿੱਚ ਹੋਇਆ. ਦੇਖੋ, ਦਯਾਰਾਮ.

ਜਾਤੁ: ਸੰ. ਵ੍ਯ- ਕਦਾਚਿਤ. ਕਦੇ. ਜੇਕਦੀ। ੨. ਸ਼ਾਯਦ। ੩. ਸੰਗ੍ਯਾ- ਜਾਦੂ.

ਜਾਤੁਧਾਨ: ਸੰ. ਸੰਗ੍ਯਾ- ਜਾਤੁ (ਜਾਦੂ) ਧਾਨ (ਰੱਖਣ ਵਾਲਾ) ਜਾਦੂਗਰ। ੨. ਰਾਖਸ. ਸੰਸਕ੍ਰਿਤ ਗ੍ਰੰਥਾਂ ਵਿੱਚ ਰਾਖਸ਼ਾਂ ਨੂੰ ਵਡਾ ਜਾਦੂਗਰ ਸਮਝਿਆ ਗਿਆ ਹੈ.

ਜਾਤੁਲਜੰਬ: ਦੇਖੋ, ਜਾਤਲਜੰਬ.

ਜਾਤੇ: ਜਾਂਦੇ, ਗਮਨ ਕਰਦੇ। ੨. ਜਾਣੇ. ਸਮਝੇ. "ਗੁਰਪ੍ਰਸਾਦਿ ਕਾਹੂ ਜਾਤੇ." (ਦੇਵ ਮਃ ੫) ੩. ਜਬ ਸੇ. ਜਬ ਤੇ. "ਜਾਤੇ ਸਾਧੂਸਰਣਿ ਗਹੀ। ਸਾਂਤਿ ਸਹਜ ਮਨਿ ਭਇਓ ਪ੍ਰਗਾਸਾ." (ਸਾਰ ਮਃ ੫) ੪. ਜਾਂ ਤੇ. ਜਿਸ ਸੇ. ਜਿਸ ਤੋਂ "ਹੋਇ ਜਾ ਤੇ ਤੇਰੈ ਨਾਇ ਵਾਸਾ." (ਸੋਹਿਲਾ) ੫. ਦੇਖੋ, ਯਾਂਤੇ.

ਜਾਤੋ: ਗ੍ਯਾਤ ਕੀਤਾ. ਜਾਨਿਆ. "ਤੇਰਾ ਕੀਤਾ ਜਾਤੋ ਨਾਹੀ." (ਮੁੰਦਾਵਣੀ ਮਃ ੫) ੨. ਜਾਂਦਾ. "ਜਾਤੋ ਜਾਇ ਕਹਾਂ ਤੇ ਆਵੈ?" (ਗਉ ਮਃ ੧)

ਜਾਤ੍ਰ: ਜਾਤਿ. "ਬਾਸੈ ਦ੍ਰੁਮ ਜਾਤ੍ਰ ਕੈ." (ਭਾਗੁ ਕ) ਵ੍ਰਿਕ੍ਸ਼ਜਾਤਿ ਮਾਤ੍ਰ ਨੂੰ ਸੁਗੰਧਿਤ ਕਰਦਾ ਹੈ। ੨. ਯਾਤ੍ਰਾ. "ਗਵਨ ਭਵਨ ਜਾਤ੍ਰ ਕਰਨ." (ਭੈਰ ਮਃ ੫. ਪੜਤਾਲ)

ਜਾਤ੍ਰਾ: ਦੇਖੋ, ਯਾਤ੍ਰਾ. "ਭਈ ਸਫਲ ਜਾਤ੍ਰਾ." (ਧਨਾ ਅਃ ਮਃ ੫) ਇਸ ਥਾਂ ਜਾਤ੍ਰਾ ਤੋਂ ਭਾਵ ਮਨੁੱਖ ਦੇਹ ਵਿੱਚ ਜੀਉਣ ਵਿਤਾਉਣਾ ਹੈ.

ਜਾਤ੍ਰੀ: ਸੰ. यात्रिन् ਵਿ- ਯਾਤ੍ਰਾ ਕਰਨ ਵਾਲਾ। ੨. ਸੰਗ੍ਯਾ- ਮੁਸਾਫ਼ਿਰ। ੩. ਜਿਲਾ ਸ਼ੇਖ਼ੂਪੁਰਾ, ਥਾਣਾ ਮਾਂਗਟਵਾਲਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਛਾਂਗਾ ਮਾਂਗਾ ਤੋਂ ਬਾਰਾਂ ਮੀਲ ਉੱਤਰ ਹੈ. ਇਸ ਥਾਂ ਗੁਰੂ ਅਰਜਨ ਦੇਵ ਜੀ ਵਿਰਾਜੇ ਹਨ. ਦੇਖੋ, ਜੰਭਰ.

ਜਾਤ੍ਵਾ: ਦੇਖੋ, ਜਾਤਵਾ। ੨. ਸੰ. ਗ੍ਯਾਤ੍ਵਾ. ਜਾਣਕੇ.

ਜਾਦ: ਦੇਖੋ, ਯਾਦ। ੨. ਫ਼ਾ. زاد ਜ਼ਾਦ. ਸੰਗ੍ਯਾ- ਪੈਦਾਇਸ਼. ਉਤਪੱਤੀ। ੩. ਬੇਟਾ ਅਥਵਾ ਬੇਟੀ। ੪. ਵਿ- ਪੈਦਾ ਹੋਇਆ. ਐਸੀ ਦਸ਼ਾ ਵਿੱਚ ਇਹ ਕਿਸੇ ਸ਼ਬਦ ਦੇ ਪਿੱਛੇ ਆਉਂਦਾ ਹੈ, ਜੈਸੇ- ਖਾਨਹਜ਼ਾਦ। ੫. ਅ਼. ਸੰਗ੍ਯਾ- ਸਫ਼ਰਖ਼ਰਚ.

ਜਾਦਹ: ਅ਼. جادہ ਸੰਗ੍ਯਾ- ਰਸਤਾ. ਮਾਰਗ। ੨. ਵਿ- ਜਣਿਆ ਹੋਇਆ. ਦੇਖੋ, ਜਾਦਾ ੧.

ਜ਼ਾਦਨ: ਫ਼ਾ. زادن ਕ੍ਰਿ- ਜਣਨਾ. ਪੈਦਾ ਕਰਨਾ। ੨. ਪੈਦਾ ਹੋਣਾ.

ਜਾਦਮ: ਯਾਦਵ. ਯਦੁਵੰਸ਼ੀ. "ਕ੍ਰਿਸਨ ਜਾਦਮ ਭਇਆ." (ਵਾਰ ਆਸਾ)

ਜਾਦਮਰਾਇ: ਯਾਦਵਰਾਜ ਕ੍ਰਿਸ਼ਨਦੇਵ। ੨. ਪਾਰਬ੍ਰਹਮ. ਕਰਤਾਰ.[531] "ਹੀਨੜੀ ਜਾਤਿ ਮੇਰੀ, ਜਾਦਮਰਾਇਆ!" (ਭੈਰ ਨਾਮਦੇਵ)

ਜਾਦਵ: ਦੇਖੋ, ਯਾਦਵ.

ਜਾਦਵੀ: ਯਾਦਵਾਂ ਦੀ. "ਬਹੁਤ ਸੈਨ ਹਨ ਜਾਦਵੀ." (ਕ੍ਰਿਸਨਾਵ)

ਜਾਦਵੇਸ: ਯਾਦਵ- ਈਸ਼. ਯਾਦਵੇਸ਼ ਕ੍ਰਿਸ਼੍ਨ ਜੀ.

---

[531] ਕਾਮ ਦੇ ਦਬਾਉਣ ਵਾਲੇ ਸ਼ਿਵ ਦੇ ਮਨ ਵਿੱਚ ਜੋ ਪ੍ਰਕਾਸ਼ਦਾ ਹੈ.
इः=कामस्तस्य ग्रः=ग्रात्मा यः, तं यं = कामस्यात्मानं दुनोतिदवतिवा यदुः, यदुरेव
यादवः=शिवस्तस्मिन् यादवे राजते स्वयं प्रकाशकूटस्थरूपेणोति यादवराजः शुद्धं ब्रह्म।

ਜਾਦਾ: ਫ਼ਾ. زاده ਜ਼ਾਦਹ. ਵਿ- ਜਾਤ. ਜਣਿਆ- ਹੋਇਆ. ਜਿਵੇਂ- ਅਮੀਰਜ਼ਾਦਾ। ੨. ਅ਼. زیادہ ਜ਼ਯਾਦਹ. ਬਹੁਤ ਅਧਿਕ। ੩. ਦੇਖੋ, ਜਾਦਹ.

ਜਾਦੂ: ਫ਼ਾ. زادوُ ਸੰਗਯਾ- ਇੰਦ੍ਰਜਾਲ. ਇਤ਼ਲਸਮ। ੨. ਮੰਤ੍ਰਯੰਤ੍ਰ. ਟੂਣਾ.

ਜਾਦੂਗਰ: ਸੰਗਯਾ- ਇੰਦ੍ਰਜਾਲ ਕਰਨ ਵਾਲਾ। ੨. ਮੰਤ੍ਰ ਮੰਤ੍ਰ ਕਰਤਾ.

ਜਾਦੋ: ਦੇਖੋ, ਯਾਦਵ.

ਜਾਦੋਜਾਇ: ਵਿ- ਨਿਰੰਤਰ ਜਾਂਦਾ ਹੋਇਆ. ਲਗਾਤਾਰ ਗਮਨ ਕਰਤਾ. "ਹੁਕਮੈ ਜਾਦੋਜਾਇ." (ਸੋਰ ਅਃ ਮਃ ੧)

ਜਾਦੋਰਾਇ, ਜਾਦੋਰਾਯ: ਨਵਾਬ ਦੌਲਤਖ਼ਾਂ ਦਾ ਮੁਨਸ਼ੀ, ਜੋ ਗੁਰੂ ਨਾਨਕਦੇਵ ਨਾਲ ਮੋਦੀਖ਼ਾਨੇ ਦਾ ਹਿ਼ਸਾਬ ਕੀਤਾ ਕਰਦਾ ਸੀ। ੨. ਯਾਦਵਰਾਜ. ਕ੍ਰਿਸ਼ਨ ਜੀ। ੩. ਦੇਖੋ, ਜਾਦਮਰਾਇ.

ਜਾਨ: ਸੰਗਯਾ- ਜਨ. ਦਾਸ. "ਤਰੇ ਭਵਸਿੰਧੁ ਤੇ ਭਗਤ ਹਰਿਜਾਨ." (ਕਾਨ ਮਃ ੪. ਪੜਤਾਲ) ੨. ਸੰ. ਯਾਨ. ਸਵਾਰੀ। ੩. ਫ਼ਾ. زیاں ਜ਼ਯਾਨ. ਨੁਕ਼ਸਾਨ. ਹਾਨਿ। ੪. ਫ਼ਾ. جاں ਰੂਹ. ਜਿੰਦ। ੫. ਪ੍ਰਾਣ। ੬. ਸੰ. ਜ੍ਞਾਨ ਗ੍ਯਾਨ. "ਜਾਨ ਪ੍ਰਬੀਨ ਸੁਆਮੀ ਪ੍ਰਭੁ ਮੇਰੇ." (ਦੇਵ ਮਃ ੫) ੭. ਵਿ- ਜਾਨਕਾਰ. ਗ੍ਯਾਤਾ. "ਜਾਨ ਕੋ ਦੇਤ ਅਜਾਨ ਕੋ ਦੇਤ." (ਅਕਾਲ)

ਜਾਨਉ: ਜਾਣੋ. ਸਮਝੋ। ੨. ਜਾਨਉਂ. ਜਾਣਦਾ. "ਜਾਨਉ ਨਾਹੀ ਭਾਵੈ ਕਵਨ ਬਾਤਾ." (ਸ੍ਰੀ ਅਃ ਮਃ ੫)

ਜਾਨਸ਼ੀਨ: ਫ਼ਾ. جانشین ਸੰਗਯਾ- ਉੱਤਰਾਧਿਕਾਰੀ. ਕਿਸੇ ਦੀ ਥਾਂ ਬੈਠਣ ਵਾਲਾ. ਕ਼ਾਯਮ ਮਕ਼ਾਮ.

ਜਾਨਹਾਰ: ਵਿ- ਬਿਨਸਨਹਾਰ. ਜਾਣ ਵਾਲਾ.

ਜਾਨਹੁ: ਜਾਣੋ. ਸਮਝੋ। ੨. ਵ੍ਯ- ਮਾਨੋ. ਗੋਯਾ. ਜਾਣੀਓਂ.

ਜਾਨਕ: ਵਿ- ਜਾਣਨ ਵਾਲਾ. ਗ੍ਯਾਤਾ। ੨. ਵ੍ਯਮਾਨੋ. ਜਨੁ. ਗੋਯਾ.

ਜਾਨਕਾਰ: ਵਿ- ਜਾਣਨ ਵਾਲਾ. ਗ੍ਯਾਨੀ.

ਜਾਨਕੀ: ਜਨਕ ਦੀ ਪੁਤ੍ਰੀ ਸੀਤਾ.

ਜਾਨਕੀਨਾਥ, ਜਾਨਕੀਪਤਿ, ਜਾਨਕੀਵਰ: ਸੀਤਾਪਤਿ ਰਾਮਚੰਦ੍ਰ ਜੀ.

ਜਾਨਕੰਦਨੀ: ਫ਼ਾ. جان کندنی ਸੰਗਯਾ- ਜਾਨ ਟੁੱਟਣ ਦੀ ਹ਼ਾਲਤ.

ਜਾਨਣਹਾਰੁ: ਵਿ- ਜਾਣਨ ਵਾਲਾ. ਗ੍ਯਾਨੀ. "ਜਾਨਣਹਾਰੁ ਰਹਿਆ ਪ੍ਰਭੁ ਜਾਨਿ." (ਰਾਮ ਮਃ ੫)

ਜਾਨਥ, ਜਾਨਦ: ਜਾਨਤ. ਜਾਣਦਾ ਹੈ. "ਜੋ ਬਿਨਸਤ ਸੋ ਨਿਹਚਲ ਜਾਨਥ." (ਮਾਰੂ ਮਃ ੫) "ਸਗਲ ਗੁਣਾ ਬਿਧਿ ਜਾਨਦ." (ਸਾਰ ਮਃ ੫) ੨. ਗ੍ਯਾਨਦ. ਗ੍ਯਾਨ ਦੇਣ ਵਾਲਾ.

ਜਾਨਦਾਰ: ਫ਼ਾ. جاندار ਵਿ- ਪ੍ਰਾਣਧਾਰੀ. ਪ੍ਰਾਣੀ. ਜਾਨ ਰੱਖਣ ਵਾਲਾ.

ਜਾਨਨ: ਕ੍ਰਿ- ਜਾਣਨਾ. ਗ੍ਯਾਨ ਪ੍ਰਾਪਤ ਕਰਨਾ.

ਜਾਨਨਹਾਰ, ਜਾਨਨਹਾਰੁ: ਵਿ- ਜਾਣਨ ਵਾਲਾ. ਗ੍ਯਾਤਾ. "ਜਾਨਨ ਹਾਰ ਪ੍ਰਭੂ ਪਰਬੀਨ." (ਸੁਖਮਨੀ)

ਜਾਨਨਾ: ਦੇਖੋ, ਜਾਨਨ. "ਜਨ ਨਾਨਕ ਜਗੁ ਜਾਨਿਓ ਮਿਥਿਆ." (ਗਉ ਮਃ ੯)

ਜਾਨਨੀਯ: ਵਿ- ਜਾਣਨ ਯੋਗ੍ਯ. ਗ੍ਯਾਤਵ੍ਯ. "ਜਾਨਨੀਯ ਬੁਧਿ ਕਰਕੈ ਜੋਊ." (ਗੁਪ੍ਰਸੂ)

ਜਾਨਪੁਰਾ: ਭਾਈ ਸੰਤੋਖ ਸਿੰਘ ਜੀ ਨੇ ਗੁਰੁਪ੍ਰਤਾਪ ਸੂਰਯ ਦੀ ਬਾਰਵੀਂ ਰਾਸ਼ਿ ਦੇ ੩੫ ਵੇਂ ਅੰਸ਼ੁ ਵਿੱਚ ਲਿਖਿਆ ਹੈ ਕਿ ਗੁਰੂ ਤੇਗਬਹਾਦੁਰ ਸਾਹਿਬ ਜੀਂਦ ਤੋਂ ਚਲਕੇ ਜਾਨਪੁਰੇ ਵਿਰਾਜੇ ਹਨ. ਇਹ ਪਿੰਡ ਬਾਂਗਰ ਵਿੱਚ ਹੈ. ਅਰ ਇੱਥੋਂ ਆਗਰੇ ਨੂੰ ਗਏ ਹਨ.

"ਜਾਨਪੁਰੇ ਇੱਕ ਹੈ ਗੁਰੁਥਾਨਾ। ਤਹਾਂ ਕਰਨ ਡੇਰਾ ਹਮ ਜਾਨਾ। xxx

ਨਗਰ ਆਗਰੇ ਮਾਰਗ ਜੌਨ।

ਕਰਕੈ ਸੇਧ ਚਲੇ ਗੁਰੁ ਤੌਨ."

ਜਾਨਬ: ਦੇਖੋ, ਜਾਨਿਬ.

ਜਾਨਬਾਹ: ਵਿ- ਯਾਨ (ਸਵਾਰੀ) ਵਾਹੁਣ ਵਾਲਾ. ਰਥ, ਘੋੜੇ ਆਦਿ ਦੇ ਹੱਕਣ ਵਾਲਾ. "ਕੋਊ ਜਾਨਬਾਹੰ." (ਗ੍ਯਾਨ) ੨. ਆਜਾਨੁਬਾਹੁ ਦਾ ਸੰਖੇਪ. ਦੇਖੋ, ਆਜਾਨੁਬਾਹੁ.

ਜਾਨਭਾਈ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸਵਾਰੀ ਦਾ ਖ਼ਾਸ ਘੋੜਾ. ਦੇਖੋ, ਗੁਲਬਾਗ। ੨. ਖ਼ਾਲਸਾ, ਸਵਾਰੀ ਦੇ ਘੋੜੇ ਨੂੰ ਜਾਨਭਾਈ ਆਖਦਾ ਹੈ.

ਜਾਨ ਮਰਾਲਾ: ਦੇਖੋ, ਮਰਾਲਜਾਨ.

ਜਾ ਨਮਾਜ਼: ਫ਼ਾ. جانماز ਸੰਗ੍ਯਾ- ਮੁਸੱਲਾ. ਉਹ ਵਸਤ੍ਰ, ਜਿਸ ਨੂੰ ਵਿਛਾਕੇ ਨਮਾਜ਼ ਪੜ੍ਹੀਏ.

ਜਾਨ ਮ੍ਰਿਗ: ਦੇਖੋ, ਮ੍ਰਿਗਜਾਨ.

ਜਾਨਵਰ: ਫ਼ਾ. جانور ਸੰਗ੍ਯਾ- ਪ੍ਰਾਣਧਾਰੀ. ਪ੍ਰਾਣੀ. ਜੰਤੁ. ਜੀਵ.

ਜਾਨਵਿ, ਜਾਨਵੀ: ਦੇਖੋ, ਜਨ੍ਹੁਸੁਤਾ ਅਤੇ ਜਾਹਰਨਵੀ.

ਜਾਨਾ: ਕ੍ਰਿ- ਜਾਣਾ. ਗਮਨ ਕਰਨਾ। ੨. ਵਿ- ਜਾਣਿਆ. ਸਮਝਿਆ। ੩. ਫ਼ਾ. جاناں ਜਾਨਾਂ. ਮਾਸ਼ੂਕ. ਪਿਆਰਾ. ਪ੍ਰੇਮ ਦਾ ਪਾਤ੍ਰ.

ਜਾਨਾਤ: ਜਣਾਉਂਦਾ (ਲਖਾਉਂਦਾ) ਹੈ. "ਆਪਸ ਕਉ ਜਾਨਾਤ." (ਗੂਜ ਮਃ ੫)

ਜਾਨਾਨਹ: ਫ਼ਾ. جانانہ ਮਾਸ਼ੂਕ (ਪਿਆਰੇ) ਦਾ। ੨. ਪਿਆਰੇ ਵਾਂਙ.

ਜਾਨਿ: ਕ੍ਰਿ. ਵਿ- ਜਾਣਕੇ. "ਜਾਨਿ ਅਜਾਨ ਭਏ ਹਮ ਬਾਵਰ." (ਸੋਰ ਰਵਿਦਾਸ) ੨. ਜਨ (ਦਾਸ) ਨੂੰ. ਸੇਵਕ ਤਾਂਈਂ. "ਸਰਨਿ ਆਇਓ ਉਧਰੁ ਨਾਨਕ ਜਾਨਿ." (ਕਾਨ ਮਃ ੫) ੩. ਜੀਵਨ (ਜਿੰਦਗੀ) ਮੇਂ. ਜੀਵਨ ਭਰ. "ਸਗਲੀ ਜਾਨਿ ਕਰਹੁ ਮਉਦੀਫਾ." (ਮਾਰੂ ਸੋਲਹੇ ਮਃ ੫) ਦੇਖੋ, ਮਉਦੀਫਾ। ੪. ਸੰ. ਸੰਗ੍ਯਾ- ਭਾਰਯਾ. ਜੋਰੂ. ਵਹੁਟੀ। ੫. ਦੇਖੋ, ਜਾਨੀ.

ਜਾਨਿਬ: ਅ਼. جانِب ਤ਼ਰਫ਼ ਓਰ। ੨. ਕਿਨਾਰਾ.

ਜਾਨਿ ਬੂਝਿ: ਕ੍ਰਿ. ਵਿ- ਜਾਣਬੁੱਝਕੇ. ਸੋਚ ਸਮਝਕੇ. "ਜਾਨਿ ਬੂਝਿ ਅਪਨਾ ਕੀਓ ਨਾਨਕ." (ਧਨਾ ਮਃ ੫)

ਜਾਨਿਯ: ਵਿ- ਜਾਣਨ ਯੋਗ੍ਯ. ਗ੍ਯਾਤਵ੍ਯ। ੨. ਗ੍ਯਾਨੀ. ਜਾਨਕਾਰ.

ਜਾਨੀ: ਜਾਣੀ. ਸਮਝੀ. "ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ." (ਰਾਮ ਕਬੀਰ) ੨. ਸੰਗ੍ਯਾ- ਪ੍ਰਾਣੀ. ਜਾਨ ਵਾਲਾ. "ਸਦੜੇ ਆਏ ਤਿਨਾ ਜਾਨੀਆਂ." (ਵਡ ਮਃ ੧. ਅਲਾਹਣੀ) ੩. ਜਾਂਵੀ. ਬਰਾਤੀ. ਦੁਲਹਾ. ਲਾੜਾ. "ਜਲਿ ਮਲਿ ਜਾਨੀ ਨਾਵਾਲਿਆ." (ਵਡ ਮਃ ੧. ਅਲਾਹਣੀ) ੪. ਜਾਤੇ. ਜਾਂਦੇ. "ਕਹੇ ਨ ਜਾਨੀ ਅਉਗਣ ਮੇਰੇ." (ਗਉ ਮਃ ੧) ਆਖੇ ਨਹੀਂ

ਜਾਂਦੇ। ੫. ਫ਼ਾ. جانی ਪਿਆਰਾ. ਪ੍ਰਾਣਪ੍ਰਿਯ. "ਕਦ ਪਸੀ ਜਾਨੀ! ਤੋਹਿ." (ਵਾਰ ਮਾਰੂ ੨. ਮਃ ੫) ੬. ਭਾਵ ਜੀਵਾਤਮਾ. "ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ." (ਵਡ ਮਃ ੧. ਅਲਾਹਣੀ) ੭. ਅ਼. ਅਪ੍ਰਾਧੀ. ਮੁਜਰਮ। ੮. ਦਿਲੇਰ। ੯. ਇੱਕ ਪ੍ਰੇਮੀ ਮੁਸਲਮਾਨ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਕੇ ਆਤਮਗਜਾਨੀ ਹੋਇਆ. "ਜਾਨੀ ਕੋ ਇਕ ਜਾਨੀ ਬਿਨਾ। ਕਛੁ ਨ ਸੁਹਾਵੈ ਉਰ ਇਕ ਛਿਨਾ." (ਗੁਪ੍ਰਸੂ) ੧੦. ਅ਼. زانی ਜ਼ਾਨੀ. ਵਿ- ਵਿਭਚਾਰੀ. ਜ਼ਨਾਕਾਰ। ੧੧. ਸੰ. ज्ञानिन् ਗਜਾਨੀ.

ਜਾਨੀਅਤ: ਜਾਣੀਦਾ. ਮਾਲੂਮ ਕਰੀਦਾ.

ਜਾਨੀਅੜਾ: ਜਾਨਧਾਰੀ. ਪ੍ਰਾਣੀ. "ਜਾਨੀਅੜਾ ਘਤਿ ਚਲਾਇਆ." (ਵਡ ਮਃ ੧. ਅਲਾਹਣੀ) ੨. ਜਾਣਨ ਵਾਲਾ. ਗਜਾਨੀ। ੩. ਪ੍ਰਾਣਪ੍ਰਿਯ. ਜਾਨ ਜੇਹਾ ਪਿਆਰਾ. "ਜਾਨੀਅੜਾ ਹਰਿ ਜਾਨੀਅੜਾ." (ਰਾਮ ਛੰਤ ਮਃ ੫)

ਜਾਨੀਖਾਂ: ਦੇਖੋ, ਮੋਰੰਡਾ.

ਜਾਨੁ: ਸੰਗਜਾ- ਗਜਾਨ. "ਜਜੈ ਜਾਨੁ ਮੰਗਤਜਨ ਜਾਚੈ." (ਆਸਾ ਪਟੀ ਮਃ ੧) ੨. ਜਨ. ਦਾਸ. "ਸੋ ਸਚਾ ਹਰਿਜਾਨੁ." (ਵਾਰ ਬਿਹਾ ਮਃ ੪) ੩. ਵਿ- ਗਜਾਤਾ. ਜਾਣਨ ਵਾਲਾ. "ਆਪੇ ਸੁਰਤਾ ਆਪੇ ਜਾਨੁ." (ਬਿਲਾ ਮਃ ੧) ੪. ਵਜ- ਜਨੁ. ਮਾਨੋ. ਗੋਯਾ. "ਸੋ ਜਾਨੁ ਦੇਵ ਅੰਗਨਾ." (ਰਾਮਾਵ) ੫. ਜਾਨਣਾ (ਜਾਣਨਾ) ਕ੍ਰਿਯਾ ਦਾ ਅਮਰ. ਤੂੰ ਜਾਣ. "ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ." (ਰਾਮ ਮਃ ੫) ੬. ਸੰ. ज्ञानु ਸੰਗਜਾ- ਗੋਡਾ. ਘੁਟਨਾ. ਫ਼ਾ. زانو ਲੈਟਿਨ Genu, ਗ੍ਰੀਕ Gonu.

ਜਾਨੁਸੁਤਾ: ਦੇਖੋ, ਜਨੁਸੁਤਾ.

ਜਾਨੁਪਾਨ: ਕ੍ਰਿ. ਵਿ- ਗੋਡੇ ਪਰਣੇ. ਜਾਨੁ ਬਲ. "ਜਾਨੁਪਾਨ ਪਰੈਂ ਸਬੈ." (ਦੱਤਾਵ)

ਜਾਨੁਰੋਗ: ਗੋਡਿਆਂ ਦਾ ਦਰਦ. ਸੰ. क्रोष्टुक शीर्ष ਕ੍ਰੋਸ਼੍ਟੁਕ ਸ਼ੀਸ਼ੰ. ਬਾਦੀ ਜਾਂ ਲਹੂ ਦੇ ਵਿਗਾੜ ਕਰਕੇ ਗੋਡਿਆਂ ਵਿੱਚ ਕ੍ਰੋਸ਼੍ਟੁ (ਗਿੱਦੜ) ਦੇ ਸਿਰ ਦੇ ਆਕਾਰ ਦੀ ਸੋਜ ਹੋ ਜਾਂਦੀ ਹੈ, ਜਿਸ ਤੋਂ ਬਹੁਤ ਪੀੜ ਹੁੰਦੀ ਹੈ. ਚਲਣਾ ਫਿਰਨਾ ਔਖਾ ਹੋ ਜਾਂਦਾ ਹੈ. ਇਸ ਰੋਗ ਦੇ ਇਹ ਉਪਾਉ ਹਨ-

ਗਊ ਦੇ ਦੁੱਧ ਵਿੱਚ ਇਰੰਡੀ ਦਾ ਤੇਲ ਪਿਆਉਣਾ. ਯੋਗਰਾਜ ਗੁਗਲ ਖਵਾਉਂਣੀ.

ਹਰੜ ਬਹੇੜੇ ਆਉਲੇ ਦਾ ਕਾੜ੍ਹਾ ਗੁੱਗਲ ਪਾਕੇ ਪਿਆਉਂਣਾ.

ਤਿੱਤਰ ਦੀ ਤਰੀ ਨਾਲ ਗੁੱਗਲ ਖਵਾਉਂਣੀ.

ਗਿਲੋ, ਤ੍ਰਿਫਲਾ, ਦੋ ਦੋ ਤੋਲੇ ਕੁੱਟਕੇ ਕਾੜ੍ਹਾ ਬਣਾਕੇ ਛੀ ਮਾਸ਼ੇ ਗੁੱਗਲ ਨਾਲ ਪਿਆਉਂਣਾ.

ਸੁੰਢ, ਏਲੂਆ, ਗਊ ਦੇ ਮੂਤ੍ਰ ਜਾਂ ਸਿਰਕੇ ਵਿੱਚ ਘਸਾਕੇ ਗਰਮ ਲੇਪ ਕਰਨਾ.

ਨਾਰਾਯਣੀਤੇਲ ਦੀ ਮਾਲਿਸ਼ ਕਰਨੀ. ਉਂਨੀ ਵਸਤ੍ਰ ਅਥਵਾ ਲੋਗੜ ਗਰਮ ਕਰਕੇ ਬੰਨ੍ਹਣਾ. "ਫੀਲਪਾਵ ਪੁਨ ਜਾਨੂਰੋਗਾ." (ਚਰਿਤ੍ਰ ੪੦੫)

ਜਾਨੂ: ਦੇਖੋ, ਜਾਨੁ ੫। ੨. ਵਿ- ਜਾਣੂ. ਜਾਣਨ ਵਾਲਾ. ਪਹਿਚਾਨ ਵਾਲਾ.

ਜਾਨੂਰੋਗ: ਦੇਖੋ, ਜਾਨੁਰੋਗ.

ਜਾਨੇ: ਜਿਸ ਨੇ। ੨. ਜਾਣੇ. ਸਮਝੇ.

ਜਾਨੈ: ਜਾਣਦਾ ਹੈ. "ਕੋਇ ਨ ਜਾਨੈ ਤੁਮਰਾ ਅੰਤ." (ਸੁਖਮਨੀ) ੨. ਜਨ (ਦਾਸ) ਦੇ. "ਚਰਨੀ ਆਇਪਵੈ ਹਰਿਜਾਨੈ." (ਕਲਿ ਮਃ ੪)

ਜਾਨੋ: ਜਾਣੋ. ਸਮਝੋ। ੨. ਕ੍ਰਿ- ਜਾਣਾ. "ਜਹ ਜਾਨੋ ਸੋ ਚੀਤਿ ਨ ਆਵੈ." (ਆਸਾ ਮਃ ੫)

ਜਾਨ੍ਹਵੀ: ਦੇਖੋ, ਜਨ੍ਹੁਸੁਤਾ ਅਤੇ ਜਾਹਰਨਵੀ.

ਜਾਨਜਉ: ਜਾਣਿਆ. "ਨਾਨਕ ਨਾਮ ਨਿਰੰਜਨ ਜਾਨਜਉ." (ਸਵੈਯੇ ਮਃ ੪. ਕੇ)

ਜਾਪ: ਸੰ. ਸੰਗਯਾ- ਵਾਹਗੁਰੂ ਦੇ ਨਾਮ ਅਥਵਾ ਕਿਸੇ ਮੰਤ੍ਰ ਦਾ ਜਪਣਾ. ਜਪ। ੨. ਭਾਈ ਗੁਰਦਾਸ ਜੀ ਨੇ ਜਪੁਜੀ ਦੇ ਥਾਂ ਭੀ ਜਾਪ ਸ਼ਬਦ ਵਰਤਿਆ ਹੈ. "ਅੰਮ੍ਰਿਤ ਵੇਲੇ ਜਾਪ ਉਚਾਰਾ." (ਵਾਰ ੧) ੩. ਗ੍ਯਾਨ. ਦੇਖੋ, ਗ੍ਯਪ ਧਾ। ੪. ਦੇਖੋ, ਜਾਪਜੀ. "ਜਪ ਜਾਪ ਜਪੇ ਬਿਨਾ ਜੋ ਜੇਵੈ ਪਰਸਾਦ। ਸੋ ਵਿਸਟਾ ਕਾ ਕਿਰਮ ਹੁਇ." xxx (ਰਹਿਤ) ੫. ਦੇਖੋ, ਜਾਪਿ। ੬. ਦੇਖੋ, ਜਾਪਨ। ੭. ਦੇਖੋ, ਜਾਪੇ ੨.

ਜਾਪਈ: ਜਾਪਦਾ ਹੈ। ੨. ਜਾਣੀਦਾ ਹੈ. ਮਾਲੂਮ ਹੁੰਦਾ ਹੈ. "ਨਾਨਕ ਹੁਕਮ ਨ ਜਾਪਾਈ." (ਵਾਰ ਮਲਾ ਮਃ ੧) ੩. ਪ੍ਰਤੀਤ ਹੁੰਦਾ ਹੈ. ਭਾਨ ਹੁੰਦਾ ਹੈ. "ਏਵ ਭਿ ਆਖਿ ਨ ਜਾਪਈ." (ਵਾਰ ਆਸਾ ਮਃ ੨)

ਜਾਪਸਿ: ਪ੍ਰਤੀਤ ਦੇਵੇਗਾ. ਭਾਨ ਹੋਊ। ੨. ਜਾਣੇਗਾ। ੩. ਜਪੇਗਾ.

ਜਾਪਸੀ: ਜਪ ਕਰਨ ਵਾਲਾ. ਜਾਪਕ. "ਪ੍ਰਬੋਧ ਹਾਰੇ ਜਾਪਸੀ." (ਅਕਾਲ) ੨. ਦੇਖੋ, ਜਾਪਸਿ.

ਜਾਪਹ, ਜਾਪਹਿ: ਦੇਖੋ, ਗ੍ਯਪ ਧਾ. ਜਾਪਦਾ ਹੈ. ਪ੍ਰਤੀਤ ਹੁੰਦਾ ਹੈ। ੨. ਪ੍ਰਸਿੱਧ ਹੁੰਦਾ ਹੈ. "ਦਰਗਹਿ ਜਾਪਹਿ ਸੇਈ." (ਸੋਰ ਮਃ ੩) ੩. ਜਪਦਾ ਹੈ. ਜਾਪ ਕਰਦਾ ਹੈ। ੪. ਜਿਸ ਪਾਸੋਂ. ਜਿਸ ਤੋਂ. ਜਿਸ ਦੇ ਪਾਸ. "ਜਪਹਿ ਜਾਉ ਆਪੁ ਛੁਟਕਾਵਨਿ, ਤੇ ਬਾਧੇ ਬਹੁ ਫੰਧਾ." (ਕਉ ਕਬੀਰ) ੫. ਦੇਖੋ, ਜਾਪੈ.

ਜਾਪਹੁ: ਜਪੋ. ਜਾਪ ਕਰੋ. "ਮਨੁ, ਜਾਪਹੁ ਰਾਮ ਗੁਪਾਲ." (ਕਾਨ ਮਃ ੪. ਪੜਤਾਲ)

ਜਾਪਕ: ਵਿ- ਜਾਪ ਕਰਨ ਵਾਲਾ. ਜਪੀਆ.

ਜਾਪਜੀ, ਜਾਪੁਜੀ: ਜਾਪੁ. ਜਪੁਜੀ ਤੁਲ੍ਯ ਪਵਿਤ੍ਰ ਗੁਰਬਾਣੀ, ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ. ਇਹ ਨਿਤ੍ਯ ਗੁਰਸਿੱਖਾਂ ਕਰਕੇ ਪੜ੍ਹੀ ਜਾਂਦੀ ਹੈ. ਕਿਤਨੇ ਵਿਦ੍ਵਾਨ ਇਸ ਨੂੰ "ਅਕਾਲ ਸਹਸ੍ਰਨਾਮ." ਆਖਦੇ ਹਨ. ਜਾਪਜੀ ਬਾਣੀ ਦੇ ਛੰਦ ੧੯੯ ਹਨ, ਜੋ ਜਾਤਿਭੇਦ ਕਰਕੇ ੧੦. ਹਨ.[532]

ਜਾਪਣਾ: ਕ੍ਰਿ- ਭਾਸਣਾ. ਪ੍ਰਗਟ ਹੋਣਾ। ੨. ਮਾਲੂਮ ਹੋਣਾ. ਦੇਖੋ, ਗ੍ਯਾਪਨ.

ਜਾਪਣੀ: ਦੇਖੋ, ਜਾਪਨੀ.

ਜਾਪਤ: ਜਪਦਾ ਹੈ. "ਬਿਨ ਹਰਿ ਜਾਪਤ ਹੈ ਨਹੀ ਹੋਰ." (ਮਲਾ ਮਃ ੪. ਪੜਤਾਲ) ੨. ਪ੍ਰਤੀਤ ਹੁੰਦਾ. ਭਾਸਦਾ. "ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ." (ਬਾਵਨ)

ਜਾਪਦਾ: ਮਾਲੂਮ ਹੁੰਦਾ. ਜਾਣੀਦਾ. "ਹਰਿਜੀਉ ਸਬਦੇ ਜਾਪਦਾ." (ਸੋਰ ਅਃ ਮਃ ੩) ਦੇਖੋ, ਗ੍ਯਪ ਧਾ। ੨. ਜਪ ਕਰਦਾ।

ਜਾਪਨ: ਕ੍ਰਿ- ਜਪਣਾ. ਜਾਪ ਕਰਨਾ। ੨. ਦੇਖੋ, ਗ੍ਯਾਪਨ। ੩. ਸੰ. ਜਾਪਿਨ੍. ਜਪ ਕਰਤਾ. ਜਾਪਕ. "ਜਪ ਜਾਪਨ ਹੈ." (ਜਾਪੁ) ੪. ਵ੍ਯ- ਜਾਣੀਓਂ ਮਾਨੋ. "ਮਾਰੇ ਜਾਪਨ ਬਿਜੁਲੀ." (ਚੰਡੀ ੩)

ਜਾਪਨੀ: ਸੰਗਯਾ- ਜਪ ਕਰਨ ਦੀ ਮਾਲਾ। ੨. ਜਾਣੇ ਜਾਂਦੇ. ਮਲੂਮ ਹੁੰਦੇ. "ਬਿਨੁ ਗੁਰ ਗੁਣ ਨ ਜਾਪਨੀ." (ਸ੍ਰੀ ਅਃ ਮਃ ੩) ੩. ਜਪਦੇ ਹਨ। ੪. ਦੇਖੋ, ਜਾਪਨੀਯ.

---

[532] ਏਕਅਛਰੀ, ਹਰਿਬੋਲਮਨਾ, ਚਰਪਟ, ਚਾਚਰੀ, ਛਪੈ, ਭਗਵਤੀ, ਭੁਜੰਗਪ੍ਰਯਾਤ, ਮਧਭਾਰ, ਰਸਾਵਲ ਅਤੇ ਰੁਆਲ.

ਜਾਪਨੀਯ: ਵਿ- ਜਪਨੀਯ. ਜਪਣ ਯੋਗ੍ਯ.

ਜਾਪਯੈ: ਜਾਪ੍ਯ ਹੈ. ਜਪਣ ਯੋਗ੍ਯ ਹੈ. "ਕਿ ਸਰਬਤ੍ਰ ਜਾਪਯੈ." (ਜਾਪੁ) ੨. ज्ञाप्य (ਗ੍ਯਾਪ੍ਯ) ਹੈ. ਜਤਲਾਉਣ ਯੋਗ੍ਯ ਹੈ. ਸੂਚਨ ਕਰਨੇ ਲਾਇਕ ਹੈ.

ਜਾਪਾ: ਸ਼੍ਰੀ ਗੁਰੂ ਰਾਮਦਾਸ ਜੀ ਦਾ ਇੱਕ ਪ੍ਰੇਮੀ ਸਿੱਖ। ੨. ਭੰਡਾਰੀ ਗੋਤ ਦਾ ਸ਼੍ਰੀ ਗੁਰੂ ਅਰਜਨ ਦੇਵ ਦਾ ਸ਼ਾਹਦਰਾ ਨਿਵਾਸੀ ਇੱਕ ਸਿੱਖ.

ਜਾਪਾਨ: ਇੱਕ ਪ੍ਰਸਿੱਧ ਦੇਸ਼, ਜੋ ਸ਼ਾਂਤ ਮਹਾਸਾਗਰ (Pacific Ocean) ਵਿੱਚ ਟਾਪੂਆਂ ਦੀ ਲੜੀ ਪੁਰ ਆਬਾਦ ਹੈ. ਇਸ ਨੂੰ ਜਾਪਾਨੀ "ਨਿੱਪਾਨ" ਆਖਦੇ ਹਨ, ਜਿਸ ਦਾ ਅਰਥ ਪੂਰਬੀ ਧਰਤੀ ਹੈ. ਇਸ ਦੀ ਸਤਹ ਬਹੁਤ ਕਰਕੇ ਪਹਾੜੀ ਹੈ, ਇਸ ਵਿੱਚ ਅਨੇਕਾਂ ਜੁਆਲਾਮੁਖੀ ਪਰਬਤ, ਪ੍ਰਜ੍ਵਲਿਤ ਅਰ ਬੁਝੇ ਹੋਏ ਮੌਜੂਦ ਹਨ. ਉੱਤਰ ਨੂੰ ਛੱਡਕੇ ਹਰ ਪਾਸੇ ਅਕਸਰ ਭੂਚਾਲ ਆਉਂਦੇ ਹਨ. ਰੋਗ ਦੂਰ ਕਰਨ ਵਾਲੇ ਚਸ਼ਮੇ, ਜਿਨ੍ਹਾਂ ਦੇ ਜਲ ਗਰਮ ਅਤੇ ਗੰਧਕ ਆਦਿਕ ਔਖਧਾਂ ਨਾਲ ਮਿਲਿਆ ਹੋਇਆ ਹੈ ਅਣਗਿਣਤ ਹਨ. ਸਾਰੇ ਦੇਸ਼ ਦਾ ਰਕਬਾ ੨੬੦, ੭੩੮ ਵਰਗਮੀਲ ਅਤੇ ਆਬਾਦੀ ੭੭, ੦੦੫, ੫੦੦ ਹੈ.[533] ਦਰਿਆ ਲੰਬਾਈ ਵਿੱਚ ਘੱਟ ਹਨ, ਪਰ ਵੇਗ ਵਿੱਚ ਅਤਿ ਪ੍ਰਬਲ ਹਨ. ਹੁਨ੍ਹਾਲ ਵਿੱਚ ਬਹੁਤਾ ਮੀਂਹ ਅਤੇ ਬਰਫ਼ਾਂ ਦੇ ਪਿਘਲਣ ਦੇ ਕਾਰਣ ਇਨ੍ਹਾਂ ਵਿੱਚ ਹੜ੍ਹ ਆ ਜਾਂਦੇ ਹਨ. ਇਹ (ਦਰਿਆ) ਆਬਪਾਸ਼ੀ ਲਈ ਲਾਭਦਾਇਕ ਹਨ ਪਰ ਜਹਾਜਰਾਨੀ ਲਈ ਉੱਤਮ ਨਹੀਂ. ਆਬੋਹਵਾ ਅਨੇਕ ਪ੍ਰਕਾਰ ਦੀ ਹੈ. ਪ੍ਰਸਿੱਧ ਉੱਤਰੀ ਹਿੱਸਿਆਂ ਵਿੱਚ (ਸਿਆਲ ਵਿੱਚ) ਹਰਾਰਤ ਘੱਟ ਤੋਂ ਘੱਟ ਪੰਜ ਦਰਜੇ (ਫ਼ਾਰਿਨਹਾਈਟ)[534] ਤਕ ਹੇਠਾਂ ਆ ਜਾਂਦੀ ਹੈ, ਅਰ ਹੁਨ੍ਹਾਲ ਵਿੱਚ ਮਸਾਂ ੮੦ ਤਕ ਚੜ੍ਹਦੀ ਹੈ. ਦੱਖਣ ਵਿੱਚ ੪੨ ਤੋਂ ਹੇਠਾਂ, ਅਰ ੯੮ ਤੋਂ ਉੱਪਰ ਨਹੀਂ ਹੁੰਦੀ. ਬਰਖਾ ਉੱਤਰ ਵਿੱਚ ੪੦ ਇੰਚ ਅਰ ਦੱਖਣ ਵਿੱਚ ੮੦ ਇੰਚ ਤੱਕ ਹੁੰਦੀ ਹੈ, ਪਰ ਕਈ ਥਾਈਂ ੧੫੦ ਇੰਚ ਤੱਕ ਭੀ ਅੱਪੜ ਪੈਂਦੀ ਹੈ.

ਜਾਪਾਨ ਦੀ ਮੁੱਖ ਤਿਜਾਰਤ ਖੇਤੀ, ਰੇਸ਼ਮ, ਜੰਗਲ ਅਤੇ ਮੱਛੀ ਸੰਬੰਧੀ ਹੈ. ਮੁਲਕ ਦਾ ਬਹੁਤ ਹਿੱਸਾ ਐਸਾ ਹੈ ਜਿੱਥੇ ਜ਼ਰਾਇਤ ਨਹੀਂ ਹੁੰਦੀ, ਕਿਉਂਕਿ ਉਨ੍ਹੀਂ ਥਾਈਂ ਲੋੜਵੰਦਾ ਸਾਮਾਨ ਬਹੱਮ ਨਹੀਂ ਪਹੁਚ ਸਕਦਾ.

ਇਸ ਦੇਸ਼ ਵਿੱਚ ਅਨੇਕ ਪ੍ਰਕਾਰ ਦੀਆਂ ਬੇਅੰਤ ਖਾਣਾਂ ਹਨ, ਜਿਨ੍ਹਾਂ ਤੋਂ ਅਪਾਰ ਲਾਭ ਹੋ ਰਿਹਾ ਹੈ. ਜਾਪਾਨ ਵਿੱਚ ਮਜ਼ਦੂਰੀ ਬਹੁਤ ਸਸਤੀ ਹੈ, ਜਿਸ ਕਰਕੇ ਕਾਰਖ਼ਾਨੇ ਛੇਤੀ ਕਾਮਯਾਬ ਹੁੰਦੇ ਹਨ, ਊਂਨੀ, ਸੂਤੀ, ਅਤੇ ਰੇਸ਼ਮੀ ਬਜਾਜੀ, ਰੋਗਨੀ ਲੱਕੜ ਅਰ ਲੋਹੇ ਦਾ ਕੰਮ, ਸੀਤਲਪਾਟੀ ਦੀਆਂ ਚਿਕਾਂ, ਚਟਾਈਆਂ ਅਤੇ ਪਰਦੇ, ਦਰੀਆਂ, ਗਲੀਚੇ, ਚੀਨੀ ਭਾਂਡੇ, ਬਾਂਸ ਅਤੇ ਬੈਤ ਦੇ ਸਾਮਾਨ, ਦੀਵਾਸਲਾਈਆਂ, ਕੱਚ, ਛਤਰੀਆਂ, ਪੱਖੇ, ਲੋਹੇ ਅਤੇ ਫੁਲਾਦ ਦੀਆਂ ਚੀਜ਼ਾਂ, ਅਤੇ ਖਿਡਾਉਣੇ ਜਾਪਾਨੀ ਬਣਾਉਂਦੇ ਅਰ ਪਰਦੇਸਾਂ ਵਿੱਚ ਘੱਲਦੇ ਹਨ.

ਜਾਪਾਨੀ ਮੰਗੋਲ ਜਾਤਿ ਵਿੱਚੋਂ ਹਨ. ਇਹ ਵਡੇ ਪ੍ਰਸੰਨਚਿੱਤ ਅਤੇ ਵਿਚਾਰਸ਼ੀਲ ਹਨ. ਇਨ੍ਹਾਂ ਵਿੱਚ ਸਹਨਸ਼ਕਤਿ ਕਮਾਲ ਦੀ ਹੈ, ਅਰ ਫ਼ਜ਼ੂਲਖ਼ਰਚੀ ਘੱਟ ਹੈ. ਸਭ੍ਯਤਾ ਦੇ ਨਿਯਮ ਪਾਲਣ ਵਿੱਚ ਵਡੇ ਪੱਕੇ ਹਨ. ਟੱਬਰਾਂ ਵਿੱਚ ਪੰਜਾਂ (ਮਨੁਖਾਂ) ਦਾ ਹੋਣਾ ਸਾਧਾਰਣ ਤੋਂ ਵੱਧ ਸਮਝਿਆ ਜਾਂਦਾ ਹੈ. ਜਾਪਾਨੀਆਂ ਦਾ ਪੂਰਾ ਕੱਦ, ਆਰ੍ਯ ਜਾਤੀਆਂ ਦੇ ਲੋਕਾਂ ਤੋਂ ਵਰ੍ਹਿਆਂ ਵਿੱਚ ਪਹਿਲਾਂ ਹੁੰਦਾ ਹੈ. ਆਦਮੀਆਂ ਦੀ ਸਾਧਾਰਣ ਲੰਬਾਈ ਪੰਜ ਫੁਟ ਤੋਂ ਇੱਕ ਯਾ ਦੋ ਇੰਚ ਉੱਪਰ ਹੁੰਦੀ ਹੈ. ਤੀਵੀਂਆਂ ਅਕਸਰ ੪. ਫੁਟ ਅੱਠ ਇੰਚ ਲੰਮੀਆਂ ਹੁੰਦੀਆਂ ਹਨ. ਤੀਵੀਆਂ ਦੀ ਕਾਠੀ (ਸ਼ਾਰੀਰਿਕ ਰਚਨਾ) ਕਮਜ਼ੋਰ ਹੁੰਦੀ ਹੈ.

ਜਾਪਾਨ ਵਿੱਚ ਘਰ ਨੀਵੇਂ ਹੁੰਦੇ ਹਨ, ਦੋ ਮੰਜ਼ਿਲਾਂ ਤੋਂ ਜਾਦਾ ਨਹੀਂ. ਕੁਰਸੀਆਂ ਮੇਜ਼ ਆਦਿਕ ਘੱਟ ਵਰਤਦੇ ਹਨ. ਭੁੰਜੇ ਹੀ ਤਸ਼ਤਰੀਆਂ ਵਿੱਚ ਖਾਣਾ ਖਾਂਦੇ ਹਨ. ਬਹੁਤ ਕਰਕੇ ਚਾਉਲ ਖਾਂਦੇ ਅਰ ਚਾਹ ਪੀਂਦੇ ਹਨ. ਸ਼ਾਰੀਰਿਕ ਨਿਰਮਲਤਾ ਵਿੱਚ ਜਾਪਾਨੀ, ਪ੍ਰਾਚੀਨ ਮਿਸਰੀਆਂ ਵਾਂਙ ਅਤਿ ਨਿਯਮਨਿਸ਼੍ਠ ਹਨ. ਖੁਲ੍ਹੀ ਹਵਾ ਵਿੱਚ ਬਾਹਰ ਉਬਲਦੇ ਹੋਏ ਜਲ ਦੇ ਖੁਲ੍ਹੇ

---

[533] ਸਨ ੧੯੨੫ ਦੀ ਮਰਦੁਮਸ਼ੁਮਾਰੀ ਅਨੁਸਾਰ ਆਬਾਦੀ ੮੩, ੪੫੮, ੪੦੫ ਹੈ, ਇਸ ਤੋਂ ਛੁੱਟ ੬੨੫, ੪੩੦ ਜਾਪਾਨੀ ਵਿਦੇਸ਼ਾਂ ਵਿੱਚ ਆਬਾਦ ਹਨ.

[534] ਦੇਖੋ, ਜਨਰਾਗਨਿ ਸ਼ਬਦ ਨੋਟ ਸਮੇਤ ਅਤੇ ਥਰਮਾਮੀਟਰ.

ਗੁਸਲਖਾਨੇ ਹਨ, ਜਿੱਥੇ ਹਰ ਕੋਈ ਸਭ ਦੇ ਸਾਮ੍ਹਣੇ ਨ੍ਹਾਉਂਦਾ ਹੈ. ਇਹ ਵਿਸ਼ੇਸ਼ ਰਸਮ ਹੀ ਭਾਵੇਂ ਤੁਚਾ ਦੇ ਰੋਗਾਂ ਦਾ ਕਾਰਣ ਹੋਵੇ ਜੋ ਜਾਪਾਨ ਵਿੱਚ ਜਾਦਾ ਹਨ. ਹੋਰ ਰੋਗ ਦਿਲ ਦੀ ਬੀਮਾਰੀ, ਬਦਹਜ਼ਮੀ, ਕੋੜ੍ਹ ਅਤੇ ਫੀਲਪਾਦ ਹਨ. ਖੇਲਾਂ ਅਤੇ ਵਰਜ਼ਿਸ਼ ਲਈ ਕੁਸ਼ਤੀ, ਜਾਦੂਗਰੀ ਅਤੇ ਕੁੱਦ ਭੱਜ ਦਾ ਰਿਵਾਜ ਹੈ. ਪਰ ਸਭ ਤੋਂ ਵਿਲਕ੍ਸ਼ਣ 'ਜੂ ਜਿਟਸੂ' (ਇੱਕ ਪ੍ਰਕਾਰ ਦੀ ਐਸੀ ਦਾਉਪੇਚ ਵਾਲੀ ਕੁਸ਼ਤੀ, ਜਿਸ ਵਿੱਚ ਵਿਰੋਧੀ ਦਾ ਸਾਰਾ ਤ੍ਰਾਣ ਤੇ ਜੋਰ ਆਪਣੇ ਹੀ ਘਾਤ ਲਈ ਖਰਚ ਹੋਵੇ) ਹੈ, ਜੋ ਮਸੀਹ ਦੇ ਜਨਮ ਤੋਂ ਭੀ ੨੫ ਸਾਲ ਪਹਿਲਾਂ ਆਰੰਭ ਹੋਈ ਦਸਦੇ ਹਨ.

ਤਾਲੀਮ, ਛੇ ਤੋਂ ਚੌਦਾਂ ਬਰਸ ਦੇ ਦਰਮਿਆਂਨ ਬੱਚਿਆਂ ਲਈ, ਆਵਸ਼ਜਕ ਹੈ. ਮੁੱਢਲੇ ਮਦਰਸਿਆਂ ਦੀ ਸੰਖਯਾ ਕਰੀਬਨ ਛੱਬੀ ਹਜ਼ਾਰ ਹੈ. ਹੁਨਰੀ ਮਦਰਸੇ ਸੱਤ ਹਜ਼ਾਰ ਛੇ ਸੌ ਹਨ. ਕਿੰਡਰਗਾਰਟਨ[535] ਦੇ ਮਦਰਸੇ ਸੱਤ ਹਜ਼ਾਰ ਛੇ ਸੌ ਪੈਂਤੀ ਹਨ. ਮਿਡਲ ਸਕੂਲ ਤਿੰਨ ਸੋ ਵੀਹ ਹਨ. ਮੁੱਢਲੇ ਮਦਰਸਿਆਂ ਵਿੱਚ ਸਦਾਚਾਰ, ਜਾਪਾਨੀ ਭਾਸ਼ਾ, ਗਣਿਤ, ਭੂਗੋਲਵਿਦ੍ਯਾ, ਅਤੇ ਇਤਿਹਾਸ ਆਦਿਕ ਪੜ੍ਹਾਉਂਦੇ, ਅਰ ਵਰਜ਼ਸ਼ ਸਿਖਾਉਂਦੇ ਹਨ. ਉੱਚ ਮਦਰਸਿਆਂ ਦੀ ਪੜ੍ਹਾਈ ਵਿੱਚ ਉਪਰਲੇ ਮਜ਼ਮੂਨਾਂ ਤੋਂ ਛੁੱਟ, ਚੀਨੀ ਭਾਸ਼ਾ, ਅੰਗ੍ਰੇਜ਼ੀ, ਫਰਾਂਸੀਸੀ, ਜਰਮਨ, ਰੇਖਾਗਣਿਤ, ਪਦਾਰਥਵਿਦ੍ਯਾ, ਅਤੇ ਰਾਜਨੀਤੀ ਆਦਿਕ ਵਿਸ਼ੇ ਸ਼ਾਮਿਲ ਹਨ. ਕੁੜੀਆਂ ਲਈ ਸੌ ਤੋਂ ਉੱਪਰ ਉੱਚ (ਹਾਈ) ਸਕੂਲ ਹਨ. ਰਾਜਧਾਨੀ (ਟੋਕੀਓ) ਵਿੱਚ ਕੁੜੀਆਂ ਲਈ ਇੱਕ ਮਹਾਵਿਦ੍ਯਾਲਯ ਭੀ ਹੈ, ਜਿਸ ਵਿੱਚ ਉਸਤਾਨੀਆਂ ਤਿਆਰ ਹੁੰਦੀਆਂ ਹਨ. ਟੋਕੀਓ ਵਿੱਚ ਤੀਮੀਆਂ ਦਾ ਇੱਕ ਹੋਰ ਮਹਾਵਿਦ੍ਯਾਲਯ ਹੈ, ਜਿਸ ਨੂੰ "ਨਾਰੀ ਵਿਸ਼੍ਵਵਿਦ੍ਯਾਲਯ" ਆਖਦੇ ਹਨ. ਟੋਕੀਓ, ਕਿਓਟੋ, ਟੋਹੋਕੂ, ਹੱਕੇਡੋ, ਅਰ ਕਿਯੂਸ਼ੀਓ ਵਿੱਚ ਸਭ ਤੋਂ ਵਡੇ ਅਰ ਰਾਜਰਕ੍ਸ਼ਿਤ ਵਿਸ਼੍ਵਵਿਦ੍ਯਾਲਯ ਹਨ.

ਜਾਪਾਨ ਦਾ ਸਰਕਾਰੀ ਮਤ ਕੋਈ ਨਹੀਂ, ਸਭ ਧਰਮਾਂ ਨੂੰ ਸਮਦ੍ਰਿਸ਼੍ਟਿ ਨਾਲ ਵੇਖਿਆ ਜਾਂਦਾ ਹੈ. ਸ਼ਿੰਟੋ ਧਰਮ ਅਤੇ ਬੁੱਧਮਤ ਦੀ ਅਧਿਕਤਾ ਹੈ. ਇਨ੍ਹਾਂ ਦੋਹਾਂ ਦੀਆਂ ਬਾਰਾਂ ਬਾਰਾਂ ਸੰਪ੍ਰਦਾਵਾਂ ਹਨ. ਦੇਸ਼ ਦਾ ਪ੍ਰਾਚੀਨ ਮਤ ਸ਼ਿੰਟੋ ਹੈ, ਬੁੱਧਮਤ ਸਨ ੫੫੨ ਈਸਵੀ ਵਿੱਚ ਕੋਰੀਆ ਤੋਂ ਆਇਆ ਹੈ. ਧਾਰਮਿਕ ਉਤਸਵ ਮਨਾਉਣ ਵਿੱਚ ਜਾਪਾਨੀਆਂ ਦੀ ਪ੍ਰਸਿੱਧ ਵਿਸ਼ੇਸ਼ਤਾ ਹੈ.

ਸ਼ਿੰਟੋਮੰਦਿਰ ਗਿਣਤੀ ਵਿੱਚ ਕਾਫ਼ੀ ਹਨ, ਪਰ ਸੱਦਾ ਹਨ. ਬੌੱਧਮੰਦਿਰਾਂ ਦੀਆਂ ਇਮਾਰਤਾਂ ਅਤਿ ਸੁੰਦਰ ਤੇ ਵਿਸ਼ਾਲ ਹਨ. ਬੌੱਧ ਰੀਤੀਆਂ ਭੀ ਸ਼ਿੰਟੋਰੀਤੀਆਂ ਤੋਂ ਅਧਿਕ ਸ਼ੋਭਨੀਕ ਹਨ. ਵਡੇ ਲੋਕਾਂ ਵਿੱਚ ਅਨੇਕਾਂ ਹੀ ਕਨਫੂਸੀਮਤ (Confucianism) ਦੇ ਅਨੁਯਾਯੀ ਭੀ ਹਨ.

ਜਾਪਾਨੀ: ਜਾਪਾਨ ਦਾ ਵਸਨੀਕ। ੨. ਜਾਪਾਨ ਨਾਲ ਹੈ ਜਿਸ ਦਾ ਸੰਬੰਧ। ੩. ਜਾਪਾਨ ਦੀ ਬੋਲੀ.

ਜਾਪਿ: ਜਪਣ ਦਾ ਅਮਰ. ਜਪ. "ਮਨ ਮਾਹਿ ਜਾਪਿ ਭਗਵੰਤੁ." (ਰਾਮ ਮਃ ੫) "ਆਠ ਪਹਰ ਪ੍ਰਭ ਕਾ ਜਪੁ ਜਾਪਿ." (ਰਾਮ ਮਃ ੫) ੨. ਸੰ. ज्ञाप्ति ਗਜਪ੍ਤਿ. ਸੰਗਯਾ- ਜਾਨਕਾਰੀ. ਇ਼ਲਮ। ੩. ਬੁੱਧਿ। ੪. ਪ੍ਰਸੰਨਤਾ। ੫. ਸਤੁਤਿ. ਤਾਰੀਫ. "ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ." (ਸੁਖਮਨੀ) ੬. ਜਾਪ੍ਯ. ਜਪਣ ਯੋਗ੍ਯ.

ਜਾਪਿਐ: ਜਾਪ੍ਯ (ਜਪਣ ਯੋਗ੍ਯ) ਹੈ. "ਕਿ ਸਰਬਤ੍ਰ ਜਾਪਿਐ." (ਜਾਪੁ) ੨. ਦੇਖੋ, ਜਾਪਯੈ ੨.

ਜਾਪੀ: ਸੰ. जापिन. ਵਿ- ਜਪਕਰਤਾ. ਜਾਪਕ. "ਨਾਨਕ ਜਾਪੀ ਜਪੁ ਜਾਪੁ." (ਰਾਮ ਮਃ ੫) ਜਾਪ੍ਯ (ਜਪਣ ਯੋਗ੍ਯ) ਜਪ ਦਾ ਜਾਪਕ ਹੈ। ੨. ਪ੍ਰਤੀਤ ਹੁੰਦਾ. ਜਾਣਿਆ ਜਾਂਦਾ ਹੈ. "ਹੁਕਮੁ ਨ ਜਾਪੀ ਖਸਮ ਕਾ." (ਗਉ ਮਃ ੧)

ਜਾਪੀਐ: ਜਪੀਐ. "ਸਾਚਾ ਨਾਉ ਓਥੈ ਜਾਪੀਐ." (ਵਾਰ ਗੂਜ ੨. ਮਃ ੫) ੨. ਪ੍ਰਤੀਤ ਹੁੰਦਾ ਹੈ. ਭਾਸਦਾ ਹੈ। ੩. ਜਾਣੀਦਾ ਹੈ.

ਜਾਪੁ: ਦੇਖੋ, ਜਪ, ਜਪੁ ਅਤੇ ਜਾਪੁ. "ਜਾਪ ਤਾਪੁ ਗਿਆਨੁ ਸਭ ਧਿਆਨੁ." (ਸੁਖਮਨੀ) ੨. ਦਸ਼ਮੇਸ਼ ਦੀ ਬਾਣੀ, ਜੋ ਜਪੁ ਦੇ ਤੁੱਲ ਹੀ ਸਿੱਖਾਂ ਦਾ ਨਿੱਤ ਦਾ ਪਾਠ ਹੈ. ਦੇਖੋ, ਜਾਪਜੀ। ੩. ਜਾਪ੍ਯ. ਜਪਣ ਯੋਗ੍ਯ. "ਰਾਮਨਾਮ ਜਪ ਜਾਪੁ." (ਸ੍ਰੀ ਮਃ ੫)

---

[535] Kindergarten ਜਰਮਨ ਸ਼ਬਦ ਹੈ, ਜਿਸ ਦਾ ਅਰਥ ਹੈ ਬੱਚਿਆਂ ਦਾ ਬਾਗ਼. Kind (ਬੱਚਾ) Garten (ਬਾਗ). ਅਰਥਾਤ ਬੱਚਿਆਂ ਨੂੰ ਤਸਵੀਰਾਂ, ਫੁੱਲਾਂ ਆਦਿਕ ਖੇਡਣ ਦੀਆਂ ਚੀਜਾਂ ਨਾਲ ਅੱਖਰ ਸਿਖਾਉਣ ਅਤੇ ਵਿਦ੍ਯਾ ਦੇਣ ਦਾ ਪ੍ਰਕਾਰ, ਜਿਸ ਤੋਂ ਉਨ੍ਹਾਂ ਦਾ ਮਨ ਉੱਚਾਟ ਨਾ ਹੋਵੇ. ਇਹ Friendrich Frobel (1782-1852) ਦੀ ਕਾਢ ਹੈ.

ਜਾਪੂ: ਧੁੱਟਾ ਗੋਤ ਦਾ ਗੁਰੂ ਅਰਜਨ ਦੇਵ ਦਾ ਪ੍ਰੇਮੀ ਸਿੱਖ। ੨. ਬਸੀ (ਵਸੀ) ਗੋਤ ਦਾ ਖਤ੍ਰੀ, ਜੋ ਗੁਰੂ ਅਰਜਨਦੇਵ ਦਾ ਅਨੰਨ ਸਿੱਖ ਹੋਇਆ. "ਜਾਪੁ ਵੱਸੀ ਸੇਵ ਕਮਾਵੈ." (ਭਾਗੁ)

ਜਾਪੇ: ਜਪਦਾ ਹੈ. "ਆਠ ਪਹਿਰ ਤੁਧੁ ਜਾਪੇ ਪਵਨਾ." (ਮਾਝ ਮਃ ੫) ੨. ਸੰਗਜ੍ਯਾ- ਜਾਯ- ਆਪ. ਜਲਪ੍ਰਵਾਹ. ਨਾਲਾ. "ਜਾਪੇ ਚੱਲੇ ਰੱਤ ਦੇ." (ਚੰਡੀ ੩) ੩. ਵ੍ਯ- ਮਾਨੋ. ਜਾਣੀਓਂ. "ਜਾਪੇ ਦਿੱਤੀ ਸਾਈ ਮਾਰਨ ਸੁੰਭ ਦੀ." (ਚੰਡੀ ੩) ੪. ਦੇਖੋ, ਜਾਪੈ.

ਜਾਪੈ: ਜਪਦਾ ਹੈ. ਜਾਪ ਕਰਦਾ ਹੈ। ੨. ਪ੍ਰਤੀਤ ਹੁੰਦਾ ਹੈ. "ਜਾਪੈ ਆਪਿ ਪ੍ਰਭੂ ਤਿਹ ਲੋਇ." (ਓਅੰਕਾਰ) "ਨਾਨਕ ਗਇਆ ਜਾਪੈ ਜਾਇ." (ਜਪੁ) ੩. ਜਾਣੀਏ. "ਕਿ ਜਾਪੈ ਸਾਹੁ ਆਵੈ, ਕਿ ਨ ਆਵੈ !" (ਬਿਹਾ ਛੰਤ ਮਃ ੪)

ਜਾਪ੍ਯ: ਸੰ. ਵਿ- ਜਪਣ ਯੋਗ੍ਯ। ੨. ਸੰਗ੍ਯਾ- ਸਤੋਤ੍ਰ. ਪ੍ਰਾਰਥਨਾ। ੩. ज्ञाप्य ਗ੍ਯਾਪ੍ਯ. ਇਵ- ਜਤਲਾਉਣ- ਯੋਗ੍ਯ. ਸੂਚਨਾ ਦੇ ਲਾਇਕ.

ਜਾਫਤ: ਅ਼. ضیافت ਜ਼ਯਾਫ਼ਤ. ਸੰਗ੍ਯਾ- ਦਾਵਤ. ਪ੍ਰੀਤਿਭੋਜਨ। ੨. ਮਿਹਮਾਨੀ. ਆਤਿਥ੍ਯ. "ਜਾਫਤ ਕੇ ਹੇਤ ਧਨ ਦੀਨੋ ਹੇਤ ਕੀਨੋ ਬਹੁ." (ਗੁਪ੍ਰਸੂ)

ਜਾਫਰ: ਸੰ. ਜਾਤੀਫਲ. ਸੰਗ੍ਯਾ- ਜਾਯਫਲ. L. Myristica- moschata. "ਏਲਾ ਸੁ ਦਾਖ ਜਾਫਰ ਕਪੂਰ." (ਗੁਵਿ ੧੦) ਜਾਯਫਲ ਦੀ ਤਾਸੀਰ ਗਰਮ ਤਰ ਹੈ. ਇਸ ਦਾ ਤੇਲ ਜੋੜਾਂ ਦੀ ਪੀੜ, ਸੰਨਿਪਾਤ ਅਤੇ ਸੂਲ ਆਦਿ ਰੋਗ ਦੂਰ ਕਰਦਾ ਹੈ. ਦੇਖੋ, ਜਾਫਲ। ੨. ظافر ਜ਼ਾਫ਼ਿਰ. ਵਿ- ਫਤੇ ਕਰਨ ਵਾਲਾ. ਵਿਜਯੀ.

ਜਾਫਰਬੇਗ: ਜ਼ਾਫ਼ਿਰਬੇਗ. ਅਦੀਨਾਬੇਗ ਦਾ ਪੁਤ੍ਰ, ਜਿਸ ਨੇ ਬਟਾਲੇ ਪਾਸ ਸਿੱਖਾਂ ਨਾਲ ਜੰਗ ਕਰਕੇ ਹਾਰ ਖਾਧੀ ਸੀ.

ਜਾਫਰਬੇਗ: ਅ਼. ਜਾਫਿਰਬੇਗ. ਅਦੀਨਾਬੇਗ ਦਾ ਪੁਤ੍ਰ, ਜਿਸ ਨੇ ਬਟਾਲੇ ਪਾਸ ਸਿੱਖਾਂ ਨਾਲ ਜੰਗ ਕਰਕੇ ਹਾਰ ਖਾਧੀ ਸੀ.

ਜਾਫਰਾਨ: ਅ਼. زعفران ਜ਼ਅ਼ਫਰਾਨ. ਸੰਗ੍ਯਾ- ਕੇਸਰ. ਕਸ਼ਮੀਰਜ। ੨. ਇੱਕ ਤਾਤਾਰੀ ਜਾਤਿ.

ਜਾਫਰੀ: ਅ਼. ظافری ਜਾਫ਼ਰੀ. ਸੰਗ੍ਯਾ- ਫ਼ਤੇ. ਜਿੱਤ. "ਜੰਗ ਜਾਫਰੀ ਦਿਹੰਦਾ." (ਗ੍ਯਾਨ) ੨. ਅ਼. جعفری ਜਅ਼ਫ਼ਰੀ. ਗੇਂਦੇ ਦੀ ਕ਼ਿਸਮ ਦਾ ਇੱਕ ਫੁੱਲ, ਜੋ ਸੁਨਹਿਰੀ ਹੁੰਦਾ ਹੈ.

ਜਾਫਲ: ਦੇਖੋ, ਜਾਫਰ ੧. "ਜਾਫਲ ਸਤਗੁਰੁ ਸਬਦ ਕਰ, ਮੋਹ ਸੰਨਿ ਕਰ ਨਾਸ." (ਨਾਪ੍ਰ) ਜਾਤੀਫਲ ਸੰਨਿਪਾਤ ਰੋਗ ਦੂਰ ਕਰਨ ਲਈ ਗੁਣਕਾਰੀ ਹੈ.

ਜਾਂਫ਼ਿਜ਼ਾ: ਫ਼ਾ. جانفزا ਵਿ- ਜਾਨ ਵਧਾਉਣ ਵਾਲਾ. ਜਾਨ ਨੂੰ ਤਾਕਤ ਦੇਣ ਵਾਲਾ.

ਜਾਬਸਤਾਨ: ਫ਼ਾ. زابلستان ਜ਼ਾਬੁਲਸਤਾਨ. ਗ਼ਜ਼ਨੀ ਸੀਸਤਾਨ ਆਦਿ ਦਾ ਇ਼ਲਾਕ਼ਾ.

ਜਾਬਜਾ: ਫ਼ਾ. جابجا ਕ੍ਰਿ. ਵਿ- ਜਗਹ ਜਗਹ. ਹਰ ਥਾਂ. ਥਾਂਓਂ ਥਾਂਈਂ.

ਜਾਬਤਾ: ਦੇਖੋ, ਜਾਬਿਤਾ.

ਜਾਂਬਮਾਲੀ: ਸੰ. जम्बुमाली ਜੰਬੁਮਾਲੀ. ਪ੍ਰਹਸ੍ਤ ਰਾਖਸ ਦਾ ਬੇਟਾ, ਜੋ ਰਾਵਣ ਦਾ ਸੈਨਾਨੀ ਸੀ. ਹਨੂਮਾਨ ਦੇ ਅਸ਼ੋਕ ਬਾਗ ਪੁੱਟਣ ਸਮੇਂ ਇਹ ਗਧਿਆਂ ਦੇ ਰਥ ਪੁਰ ਚੜ੍ਹਕੇ ਜੰਗ ਕਰਨ ਗਿਆ ਸੀ. ਹਨੂਮਾਨ ਨੇ ਇਸ ਨੂੰ ਮਾਰਿਆ. "ਜਾਂਬਮਾਲੀ ਬਲੀ ਪ੍ਰਾਣਹੀਣੰ ਕਰਯੋ." (ਰਾਮਾਵ)

ਜਾਂਬਵਤੀ: ਸੰ. जाम्बवती ਜਾਂਬਵਾਨ ਦੀ ਕੰਨ੍ਯਾ, ਜਿਸ ਨਾਲ ਕ੍ਰਿਸ਼ਨ ਜੀ ਨੇ ਵਿਆਹ ਕੀਤਾ ਸੀ. ਇਸ ਤੋਂ ਸਾਂਬ, ਵਿਜਯ ਆਦਿ ਦਸ ਪੁਤ੍ਰ ਜਨਮੇ. ਦੇਖੋ, ਜਾਂਬਵੰਤ.

ਜਾਂਬਵਾਨ, ਜਾਂਬਵੰਤ: ਸੰ. जाम्बवान- जामम्बन्त् ਰਿੱਛਾਂ ਦਾ ਸਰਦਾਰ, ਜੋ ਰਾਮਚੰਦ੍ਰ ਜੀ ਦਾ ਲੰਕਾ ਦੇ ਯੁੱਧ ਵਿੱਚ ਭਾਰੀ

ਸਹਾਇਕ ਸੀ. ਭਾਗਵਤ ਅਨੁਸਾਰ ਇਸ ਦੀ ਪੁਤ੍ਰੀ ਜਾਂਬਵਤੀ ਨਾਲ ਕ੍ਰਿਸ਼ਨ ਜੀ ਨੇ ਸ਼ਾਦੀ ਕੀਤੀ ਸੀ. ਵਾਲਮੀਕ ਕਾਂਡ ੧. ਅਃ ੧੭. ਵਿੱਚ ਲੇਖ ਹੈ ਕਿ ਬ੍ਰਹਮਾ ਨੇ ਇੱਕ ਵਾਰ ਅਵਾਸੀ (ਜੰਭਾਈ) ਲਈ, ਤਦ ਮੂੰਹ ਵਿੱਚੋਂ ਜਾਂਬਾਵਾਨ ਪੈਦਾ ਹੋਇਆ.

ਜਾਬਾਲਿ: ਇੱਕ ਵੈਦਿਕ ਰਿਖੀ.

ਜਾਬਿਤਾ: ਅ਼. ضابطہ ਜ਼ਾਬਿਤ਼ਾ. ਸੰਗਯਾ- ਦਸਤੂਰ. ਤ਼ਰੀਕ਼ਾ. ਰਿਵਾਜ। ੨. ਕ਼ਾਨੂੰਨ.

ਜਾਬਿਰ: ਅ਼. جابر ਵਿ- ਟੁੱਟੇ ਨੂੰ ਜੋੜਨ ਵਾਲਾ। ੨. ਜਬਰ ਕਰਨ ਵਾਲਾ. ਧੱਕੇਬਾਜ਼.

ਜ਼ਾਬੁਲਸਤਾਨ: ਦੇਖੋ, ਜਾਬਸਤਾਨ.

ਜਾਂਬੂਨਦ: ਸੰ. जाम्बुनद ਸੰਗਯਾ- ਜੰਬੁਨਦ ਵਿੱਚੋਂ ਨਿਕਲਿਆ ਹੋਇਆ ਸੁਵਰਣ (ਸੋਨਾ). ਭਾਗਵਤ ਵਿੱਚ ਲਿਖਿਆ ਹੈ ਕਿ ਮੇਰੁਮੰਦਰ ਪਰਬਤ ਪੁਰ ਇੱਕ ਜਾਮਣ ਦਾ ਬਿਰਛ ਹੈ, ਜਿਸ ਦੇ ਫਲ ਹਾਥੀ ਜਿੱਡੇ ਲੱਗਦੇ ਹਨ, ਉਨ੍ਹਾਂ ਦੇ ਰਸ ਤੋਂ ਜੰਬੁਨਦ ਵਗਦਾ ਹੈ. ਇਹ ਦਰਿਆ ਇਲਾਵ੍ਰਿਤ ਵਰ੍ਸ਼ ਵਿੱਚ ਹੈ ਅਤੇ ਇਸ ਦੇ ਰਸ ਨਾਲ ਭਿੱਜੀ ਹੋਈ ਮਿੱਟੀ ਸੂਰਜ ਦੀ ਕਿਰਣਾਂ ਨਾਲ ਖ਼ੁਸ਼ਕ ਹੋਕੇ ਸੁਵਰਣ ਬਣ ਜਾਂਦੀ ਹੈ. ਇਸ ਸੋਨੇ ਦੇ ਗਹਿਣੇ ਦੇਵਤਿਆਂ ਦੀਆਂ ਇਸਤ੍ਰੀਆਂ ਪਹਿਰਦੀਆਂ ਹਨ। ੨. ਸੁਵਰਣ ਮਾਤ੍ਰ. ਸੋਨਾ. "ਜਾਂਬੂਨਦ ਕੇ ਫੂਲ ਲਗਾਏ." (ਗੁਪ੍ਰਸੂ).

ਜਾਮ: ਸੰਗਯਾ- ਯਮ. ਕਾਲ. "ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ." (ਬਾਵਨ) ੨. ਜਨਮ. ਉਤਪੱਤਿ. "ਅਨਿਕ ਜੋਨਿ ਜਨਮੈ ਮਰਿ ਜਾਮ." (ਸੁਖਮਨੀ) ੩. ਯਾਮ. ਯਮ ਦਾ. ਯਮ ਦਾ ਦੂਤ. ਯਮਗਣ. "ਮੀਤ ਸਜਣ ਸਭ ਜਾਮ." (ਬਾਰਹਮਾਹਾ ਮਾਝ) ਸਾਰੇ ਯਮਦੂਤਰੂਪ ਹਨ. "ਆਦਰ ਦੇਵਤ ਜਾਮ." (ਜੈਤ ਮਃ ੫) ਯਮਗਣ ਅਪਮਾਨ ਕਰਨ ਦੀ ਥਾਂ, ਆਦਰ ਦਿੰਦੇ ਹਨ। ੪. ਸਿੰਧੀ. ਸੰਗਯਾ- ਸਰਦਾਰ. ਸਰਕਰਦਾ। ੫. ਸੰ. याम ਸੰਗਯਾ- ਪਹਿਰ. ਤਿੰਨ ਘੰਟਾ ਪ੍ਰਮਾਣ ਕਾਲ।੬ ਅ਼. جام ਚਾਂਦੀ ਦਾ ਪਿਆਲਾ। ੭. ਸ਼ਰਾਬ ਪੀਣ ਦਾ ਪਾਤ੍ਰ। ੮. ਸ੍ਰੀ ਗੁਰੂ ਅਰਜਨ ਦੇਵ ਦਾ ਇੱਕ ਸਿਦਕੀ ਸਿੱਖ.

ਜਾਮਜਮ: ਦੇਖੋ, ਜ਼ਮਜ਼ਮ। ੨. ਫ਼ਾ. جامِ جم ਈਰਾਨ ਦੇ ਬਾਦਸ਼ਾਹ ਜਮਸ਼ੇਦ ਦਾ ਬਣਾਇਆ ਇੱਕ ਅਣੋਖਾ ਪਿਆਲਾ, ਜਿਸ ਵਿੱਚੋਂ ਭੂਗੋਲ ਅਤੇ ਖਗੋਲ ਦਾ ਸਾਰਾ ਹ਼ਾਲ ਮਾਲੂਮ ਹੁੰਦਾ ਸੀ.

ਜਾਮਣ, ਜਾਮਣੁ: ਸੰ. जम्बु ਜੰਬੁ. ਸੰਗਯਾ- ਜਾਮਣੂ. ਇੱਕ ਫਲ, ਜੋ ਵਰਖਾ ਰੁੱਤ ਵਿੱਚ ਪਕਦਾ ਹੈ ਅਤੇ ਖਟਮਿਠਾ ਸਜਾਹ ਰੰਗ ਦਾ ਹੁੰਦਾ ਹੈ. L. EugeniaJambolana. ਇਸ ਦੀ ਇੱਕ ਜਾਤਿ ਚਿੱਟੀ ਭੀ ਹੈ. ਜਾਮਣ ਦਾ ਸਿਰਕਾ ਬਹੁਤ ਉਮਦਾ ਬਣਦਾ ਹੈ। ੨. ਦੁੱਧ ਜਮਾਉਣ ਦੀ ਲਾਗ। ੩. ਕ੍ਰਿ- ਜਨਮਣਾ. ਜੰਮਣਾ. "ਜਾਮਣੁ ਮਰਣਾ ਦੀਸੈ ਸਿਰਿ ਊਭੌ." (ਮਲਾ ਅਃ ਮਃ ੧)

ਜਾਮਣੂ: ਦੇਖੋ, ਜਾਮਣ ੧। ੨. ਵਿ- ਜਨਮਕਾਲ ਦਾ. ਜਮਾਂਦਰੂ.

ਜਾਮਦਗਨਿ: ਸੰ. जामदग्नि ਜਮਦਗਨਿ ਦਾ ਪੁਤ੍ਰ ਪਰਸ਼ੁਰਾਮ. "ਭਯੋ ਜਾਮਦਗਨੰ ਦਿਜੰ ਆਵਤਾਰੰ." (ਪਰਸਰਾਮਾਵ) ਦੇਖੋ, ਜਮਦਗਨਿ.

ਜਾਮਨ: ਦੇਖੋ, ਜਾਮਣ। ੨. ਅ਼. ضامن ਜ਼ਾਮਿਨ. ਜਮਾ ਕਰਨ ਵਾਲਾ. ਜੋੜਨਵਾਲਾ। ੩. ਜ਼ਿੰਮੇਹਵਾਰ। ੪. ਸਹਾਇਕ.

ਜਾਮਨੀ: ਦੇਖੋ, ਜਮਾਨਤ। ੨. ਸੰ. ਯਾਮਿਨੀ. ਰਾਤ. ਰਾਤ੍ਰਿ। ੩. ਸੰ. ਯਾਵਨੀ. ਯਵਨ (ਯੂਨਾਨ)ਦੇਸ਼ ਦੀ. "ਕਹੂ ਜਾਮਨੀ ਤੋਰਕੀ ਬੀਰਵਿਦ੍ਯਾ." (ਅਜੈ ਸਿੰਘ)

ਜਾਮਨੀਭਾਖਾ: ਦੇਖੋ, ਯਾਵਨੀ ਭਾਸ਼ਾ.

ਜਾਮਨੂ: ਦੇਖੋ, ਜਾਮਣੂ.

ਜਾਮਵਾਨ, ਜਾਮਵੰਤ: ਦੇਖੋ, ਜਾਂਬਵਾਨ.

ਜਾਮਾ: ਸੰ. ਸੰਗਯਾ- ਪੁਤ੍ਰੀ. ਬੇਟੀ। ੨. ਫ਼ਾ. جامہ ਲਿਬਾਸ। ੩. ਵਸਤ੍ਰ. "ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ." (ਵਾਰ ਮਾਝ ਮਃ ੧) ੪. ਭਾਵ- ਦੇਹ. ਸ਼ਰੀਰ. "ਜਾਮਾ ਮੋਹਿ ਤੁਰਕ ਕੋ ਆਹੀ." (ਨਾਪ੍ਰ) "ਚਤੁਰਥ ਜਾਮਾ ਜਬ ਹਮ ਧਰਹੈਂ." (ਨਾਪ੍ਰ) ੫. ਅ਼. جامع ਜਾਮਅ਼. ਜਮਾ (ਏਕਤ੍ਰ) ਕਰਨ ਵਾਲਾ। ੬. ਮਸੀਤ ਆਦਿ ਉਹ ਅਸਥਾਨ ਜਿੱਥੇ ਬਹੁਤ ਜਮਾ ਹੋਣ.

ਜਾਮਾਤਾ: ਸੰ. जामातृ ਜਵਾਈ. ਪੁਤ੍ਰੀ ਦਾ ਪਤੀ. ਦਾਮਾਦ.

ਜਾਮਾਰਾਏ: ਦੇਖੋ, ਡੇਹਰਾਸਾਹਿਬ.

ਜਾਮਿ: ਕ੍ਰਿ. ਵਿ- ਜਬ. ਜਿਸ ਵੇਲੇ. "ਸੁਖ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ." (ਵਡ ਛੰਤ ਮਃ ੧) ੨. ਯਦਿ. ਅਗਰ. ਜੇ. "ਜਾਮਿ ਨ ਭੀਜੈ ਸਾਚਨਾਇ." (ਬਸੰ ਮਃ ੧) ੩. ਸੰ. ਜਾਮਿ. ਅਪਨੇ ਸੰਬੰਧ ਅਥਵਾ ਗੋਤ੍ਰ ਦੀ ਇਸਤ੍ਰੀ। ੪. ਭੈਣ.

ਜਾਮੀ: ਜੰਮੀ. ਜਨਮੀ। ੨. ਸੰਗਯਾ- ਯਮ ਦੀ. ਯਮ ਦਾ ਸ਼ਸਤ੍ਰ ਫਾਸੀ. "ਜਾ ਪਦ ਪ੍ਰਿਥਮ ਬਖਾਨਕੈ ਮੀ ਪਦ ਅੰਤ ਬਖਾਨ। ਜਾਮੀ ਪਦ ਇਹ ਹੋਤ ਹੈ ਨਾਮ ਪਾਸ ਕੋ ਜਾਨ." (ਸਨਾਮਾ) ੩. ਸਮਝ. ਗ੍ਯਾਨ. "ਇਹ ਕਾਰਨ ਕਯਾ ਉਚਰੋਂ ਸ੍ਵਾਮੀ। ਇਤ ਉਤ ਧਰਤ ਨ ਹਮ ਕਛੁ ਜਾਮੀ." (ਗੁਪ੍ਰਸੂ)

ਜਾਮੂਸ: ਅ਼. جاموُس ਸੰਗਯਾ- ਝੋਟਾ. ਭੈਂਸਾ। ੨. ਸਰਵਲੋਹ ਅਨੁਸਾਰ ਵੀਰਯਨਾਦ ਦਾਨਵ ਦਾ ਇੱਕ ਸੈਨਾਨੀ.

ਜਾਮੇਜਮ: ਦੇਖੋ, ਜਾਮਜਮ ੨.

ਜਾਮੈ: ਜੰਮਦਾ ਹੈ. ਉਗਦਾ ਹੈ. "ਊਪਰਿ ਜਾਮੈ ਘਾਸ." (ਸ. ਕਬੀਰ) "ਬਿਨ ਬੀਜੈ ਨਹੀ ਜਾਮੈ." (ਸਾਰ ਮਃ ੫) ੨. ਜਿਸ ਮੇਂ. ਜਿਸ ਵਿੱਚ. "ਜਾਮੈ ਭਜਨੁ ਰਾਮ ਕੋ ਨਾਹੀ." (ਬਿਲਾ ਮਃ ੯)

ਜਾਯ: ਥਾਂ. ਦੇਖੋ, ਜਾਇ.

ਜਾਯਕਹ, ਜਾਯਕਾ: ਅ਼. ذائقہ ਜਾਯਕ਼ਹ. ਸੰਗਯਾ- ਚੱਖਣ ਦੀ ਸ਼ਕ੍ਤਿ. ਰਸਨਾ ਵਿੱਚ ਰਸ ਗ੍ਰਹਿਣ ਕਰਨ ਦੀ ਸਾਮਰਥ੍ਯ। ੨. ਸੁਆਦ. ਰਸ.

ਜ਼ਾਯਚਹ: ਫ਼ਾ. زائچہ ਸੰਗਯਾ- ਜਨਮਕੁੰਡਲੀ. ਜਨਮਪਤ੍ਰ। ੨. ਰਮਲ ਦਾ ਪ੍ਰਸਤਾਰ.

ਜਾਯਜ਼: ਅ਼. جائز ਵਿ- ਦੁਰੁਸ੍ਤ. ਠੀਕ. ਯੋਗ੍ਯ. ਰਵਾ. ਉਚਿਤ.

ਜ਼ਾਯਦ: ਫ਼ਾ. زائد ਵਿ- ਅਧਿਕ. ਜਾਦਾ। ੨. ਵਾਧੂ.

ਜਾਯਦਾਦ: ਫ਼ਾ. جائیداد ਸੰਗਯਾ- ਸੰਪੱਤਿ. ਸੰਪਦਾ.

ਜਾਯਫਰ, ਜਾਯਫਲ: ਦੇਖੋ, ਜਾਫਰ ੧.

ਜ਼ਾਯਲ: ਅ਼. زائل ਸੰਗਯਾ- ਦੂਰ ਹੋਣਾ. ਮਿਟ ਜਾਣਾ। ੨. ਵਿ- ਵਿਨਸ਼੍ਟ. ਨਾਸ਼ ਹੋਇਆ. "ਜਖਮੀ ਜੰਗ ਭੂਮਿ ਭੇ ਜਾਯਲ." (ਸਲੋਹ)

ਜਾਯਾ: ਸੰ. ਸੰਗਯਾ- ਭਾਰਯਾ. ਜੋਰੂ. ਵਹੁਟੀ. ਹਿੰਦੂ ਧਰਮਗ੍ਰੰਥਾਂ ਅਨੁਸਾਰ ਉਹ ਇਸਤ੍ਰੀ ਜਾਯਾ ਕਹੀ ਜਾਂਦੀ ਹੈ, ਜਿਸ ਦੇ ਪੁਤ੍ਰ ਪੈਦਾ ਹੋਇਆ ਹੋਵੇ, ਮਨੁ ਲਿਖਦਾ ਹੈ ਕਿ ਪਤੀ ਹੀ ਪੁਤ੍ਰਰੂਪ ਹੋਕੇ ਜਨਮਦਾ ਹੈ, ਇਸ ਲਈ ਭਾਰਯਾ ਜਾਯਾ ਸਦਾਉਂਦੀ ਹੈ. ਦੇਖੋ, ਮਨੁ ਅਃ ੯. ਸਃ ੮। ੨. ਮਾਤਾ. ਮਾਂ। ੩. ਅ਼. ضائع ਜਾਇਅ਼. ਵਿ- ਗੁੰਮ ਖੋਇਆ ਹੋਇਆ.

ਜਾਯੁ: ਸੰ. ਵਿ- ਵਿਜਈ. ਫਤਹਮੰਦ। ੨. ਡਿੰਗ. ਸੰਗਯਾ- ਔਖਧ. ਦਵਾਈ.

ਜਾਰ: ਸੰਗਯਾ- ਜਾਲ. "ਬਿਥਰਜੋ ਅਦ੍ਰਿਸ੍ਰ ਜਿਹ ਕਰਮਜਾਰ." (ਅਕਾਲ) ੨. ਸੰ. ਪਰਿਇਸਤ੍ਰੀਗਾਮੀ. ਵਿਭਚਾਰੀ.[536] "ਚੋਰ ਜਾਰ ਜੁਆਰ ਪੀੜੇ ਘਾਣੀਐ." (ਵਾਰ ਮਲਾ ਮਃ ੧) ੩. ਬੁੱਢਾ. ਜਰਾਗ੍ਰਸਿਤ। ੪. ਜਾਰਨ (ਜਲਾਨਾ) ਦਾ ਅਮਰ. ਜਲਾ। ੫. ਅ. جار ਪੜੋਸੀ। ੬. ਫ਼ਾ. زار ਜ਼ਾਰ. ਰੁਦਨ. ਵਿਲਾਪ। ੭. ਇੱਛਾ। ੮. ਜਗਾ. ਸ੍ਥਾਨ. ਐਸੀ ਸੂਰਤ ਵਿੱਚ ਇਹ ਕਿਸੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ ਗੁਲਜ਼ਾਰ। ੯. ਸਿੰਧੀ. ਜਾਰ. ਜਲਨ. ਦਾਹ। ੧੦. ਚਿੰਤਾ। ੧੧. ਰੂਸ ਦੇ ਬਾਦਸ਼ਾਹਾਂ ਦਾ ਖ਼ਿਤਾਬ (Czar)[537] ਇਸ ਦਾ ਮੂਲ ਲੈਟਿਨ ਦਾ ਸ਼ਬਦ Caesar ਹੈ, ਰੂਸ ਵਿੱਚ ਸਭ ਤੋਂ ਪਹਿਲਾਂ ਇਹ ਖ਼ਿਤਾਬ ਡਯੂਕ ਈਵਾਨ (Grand Duke Ivan III 1462- 1505) ਨੇ ਧਾਰਨ ਕੀਤਾ, ਪਰ ਪੂਰੇ ਅਧਿਕਾਰ ਨਾਲ ਇਸ ਦੀ ਵਰਤੋਂ ਈਵਾਨ ਚੌਥੇ (Ivan IV) ਨੇ ਸਨ ੧੫੪੭ ਵਿੱਚ ਕੀਤੀ. ਜ਼ਾਰ ਦਾ ਅਰਥ ਸ਼ਹਨਸ਼ਾਹ ਹੈ. ਲੇਖਕਾਂ ਨੇ ਲਿਖਮ ਵਿੱਚ ਇਸ ਦੇ ਰੂਪ ਬਣਾ ਦਿੱਤੇ ਹਨ- Czar, Zarr, Czaar, Czarr, Tdar ਅਤੇ Tsar.

ਜਾਰਉ: ਜਲਾਓ. ਦਗਧ ਕਰੋ. "ਜਾਰਉ ਤਿਸੈ ਜੁ ਰਾਮ ਨ ਚੇਤੈ." (ਗੌਂਡ ਕਬੀਰ)

ਜਾਰਸਿ: ਜਲਾਉਂਦਾ ਹੈ. "ਤਿਸ ਸਿਉ ਜੀਅਰਾ ਜਾਰਸਿ ਰੇ." (ਮਾਰੂ ਮਃ ੫) ੨. ਜਲਾਵੇਗਾ.

ਜਾਰਕ: ਵਿ- ਜਲਾਉਣ ਵਾਲਾ. ਦਗਧ ਕਰਤਾ.

ਜਾਰਜ: ਸੰ. ਸੰਗਯਾ- ਜਾਰ ਤੋਂ ਉਪਜਿਆ ਪੁਤ੍ਰ, ਜੋ ਅਸਲ ਬਾਪ ਦਾ ਨਹੀਂ, ਕਿੰਤੂ ਜਾਰ ਦੇ ਵੀਰਯ ਤੋਂ ਹੈ. "ਸੁਤ ਪਿਤਮਾਰਕ ਜੋਗ ਲਖ ਭਯੋ ਹਿਯੇ ਮੇ ਸੋਗ। ਪੁਨ ਹੁਲਸਯੋ ਜਿਯ ਜੋਇਸੀ ਸਮਝੇ ਜਾਰਜ ਜੋਗ। (ਬਿਹਾਰੀ)

ਜਜੋਤਿਸ਼ੀ ਦੇ ਪੁਤ੍ਰ ਜਨਮਿਆ, ਜਿਸ ਦੇ ਪਿਤਮਾਰਕ ਯੋਗ ਸੀ, ਇਸ ਤੋਂ ਪਿਤਾ ਨੂੰ ਚਿੰਤਾ ਹੋਈ, ਪਰ ਜਦ ਜਾਰਜ ਯੋਗ ਦੇਖਿਆ ਤਾਂ ਆਨੰਦ ਹੋਇਆ.

ਜਾਰਜ ਟਾਮਸ: ਦੇਖੋ, ਟਾਮਸ.

ਜ਼ਾਰਜ਼ਾਰ: ਫ਼ਾ. زارزار ਅਤਯੰਤ ਵਿਰਲਾਪ. "ਰੋਵੈ ਜਾਰ ਜਾਰ ਧੁਨੇ ਸੀਸ ਛਾਤੀ." (ਸਲੋਹ)

ਜਾਰਠ: ਸੰਗਯਾ- ਜਰਠਤਾ. ਬੁਢਾਪਾ. ਜਰਾ ਦਾ ਭਾਵ.

ਜਾਰਣ: ਸੰ. ਸੰਗਯਾ- ਜਲਾਉਣ ਦੀ ਕ੍ਰਿਯਾ. ਭਸਮ ਕਰਨਾ। ੨. ਜੀਰਾ. ਜੀਰਕ.

ਜਾਰਤ: ਜਲਾਉਂਦਾ ਹੈ. ਫੂਕਦਾ ਹੈ. "ਕੋਸ ਕੋਸ ਲਗ ਚਹੁ ਦਿਸ ਜਾਰਤ." (ਗੁਪ੍ਰਸੂ) ੨. ਅ. زیارت ਜ਼ਯਾਰਤ. ਸੰਗਯਾ- ਮੁਲਾਕ਼ਾਤ. ਦਰਸ਼ਨ. ਦੇਖੋ, ਜ਼ਯਾਰਤ। ! ਗੁਰੂ ਪੀਰ ਅਥਵਾ ਪਵਿਤਰ ਅਸਥਾਨ ਦਾ ਦਰਸ਼ਨ.

ਜਾਰਨ: ਦੇਖੋ, ਜਾਰਣ.

ਜਾਰਨੀ: ਸੰ. ਜਾਰਿਣੀ. ਜਾਰ ਨਾਲ ਪ੍ਰੀਤਿ ਕਰਨ ਵਾਲੀ. ਵਿਭਚਾਰਿਨੀ. "ਜੇ ਮਾਂ ਹੋਵੈ ਜਾਰਨੀ." (ਭਾਗੁ)

ਜਾਰਬਾਰ: ਕ੍ਰਿ. ਵਿ- ਜ੍ਵਾਲਾ (ਅਗਨਿ) ਨਾਲ ਭਸਮ ਕਰਕੇ. ਫੂਕ ਸਾੜਕੇ. "ਜਾਰਬਾਰ ਕਰ ਨਾਥ." (ਚਰਿਤ੍ਰ ੨੩੩)

ਜਾਰਿ: ਕ੍ਰਿ. ਵਿ- ਜਲਾਕੇ. ਭਸਮ ਕਰਕੇ। ੨. ਸੰਗਯਾ- ਜਲਾਨੇ ਵਾਲੀ ਅਗਨਿ। ੩. ਜ੍ਵਾਲਾ ਮੇਂ. ਅਗਨਿ ਵਿੱਚ. "ਮੋਕਉ ਘਾਲਿ ਜਾਰਿ." (ਬਸੰਤ ਕਬੀਰ) ੪. ਸਿੰਧੀ. ਇਸਤ੍ਰੀ। ੫. ਜਰਣ (ਜਲਾਉਣ) ਦਾ ਅਮਰ. ਜਲਾ. ਦਗਧਕਰ. "ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰ ਲੈ ਜਾਰਿ." (ਵਾਰ ਸੂਹੀ ਮਃ ੨)

ਜਾਰੀ: ਜਲਾਈ. ਦਗਧ ਕੀਤੀ. "ਕਾਮ ਕ੍ਰੋਧ ਮਾਇਆ ਲੈ ਜਾਰੀ." (ਆਸਾ ਕਬੀਰ) ੨. ਸੰਗਯਾ- ਜਾਲੀ. ਫਾਹੀ. "ਖੈਂਚਤ ਦ੍ਵੈ

[536] ਕਈ ਅਞਾਣ ਪੰਜਾਬੀ ਲੇਖਕ, ਜਾਰ ਦੀ ਥਾਂ ਫ਼ਾਰਸੀ ਸ਼ਬਦ 'ਯਾਰ' ਵਰਤਦੇ ਹਨ, ਜੋ ਠੀਕ ਨਹੀਂ. ਇਸੇ ਤਰਾਂ ਯਾਰ ਦੀ ਥਾਂ 'ਜਾਰ' ਲਿਖਣਾ ਅਯੋਗ ਹੈ.

[537] ਇਸ ਵੇਲੇ ਰੂਸ ਦਾ ਕੋਈ ਬਾਦਸ਼ਾਹ ਨਹੀਂ, ਜਮਹੂਰੀ ਸਲਤਨਤ ਹੈ.

ਕਰ ਝੀਵਰ ਜਾਰੀ." (ਕ੍ਰਿਸਨਾਵ) ੩. ਜਾਰਕ੍ਰਿਯਾ. "ਕਾਨ ਕਹ੍ਯੋ ਹਮ ਖੇਲਹਿਂ ਜਾਰੀ." (ਕ੍ਰਿਸਨਾਵ) ਕਾਮਕ੍ਰੀੜਾ ਕਰੀਏ। ੪. ਦੇਖੋ, ਯਾਰੀ। ੫. ਅ਼. جاری ਵਿ- ਚਲਦਾ. ਪ੍ਰਚਲਿਤ. "ਭਯੋ ਖੁਨ ਜਾਰੀ." (ਸਲੋਹ)

ਜਾਲ: ਸੰ. ਸੰਗਯਾ- ਝਰੋਖਾ। ੨. ਜੀਵਾਂ ਨੂੰ ਫਸਾਉਣ ਲਈ ਤੰਤੂਆਂ (ਤੰਦਾਂ- ਤਾਗਿਆਂ) ਦੀ ਬਣਾਈ ਹੋਈ ਫਾਸੀ. "ਮਛੁਲੀ ਜਾਲ ਨ ਜਾਣਿਆ." (ਸ੍ਰੀ ਅਃ ਮਃ ੧) ੩. ਪੀਲੂ ਦਾ ਦਰਖ਼ਤ. ਮਾਲ. ਬਣ. "ਜਾਲ ਬਿਰਛ ਕੀ ਛਾਯਾ ਹੇਰੀ." (ਗੁਪ੍ਰਸੂਜ) ੪. ਸਮੁਦਾਯ ਗਰੋਹ. "ਨਾਸ ਭਏ ਅਘ ਜਾਲ." (ਗੁਪ੍ਰਸੂ) ੫. ਅਹੰਕਾਰ। ੬. ਅੱਖ ਦਾ ਜਾਲਾ. "ਧੁੰਧ ਜਾਲ ਪ੍ਰਵਾਲ ਖਾਂਸੀ." (ਸਲੋਹ) ਦੇਖੋ, ਪ੍ਰਵਾਲ। ੭. ਅ਼. جعل ਜਅ਼ਲ ਝੂਟੀ ਬਣਾਉਟ। ੮. ਫ਼ਰੇਬ. ਧੋਖਾ, "ਜਾਲ ਅਨੇਕ ਨਿਸਾਚਰ ਕਰੇ." (ਸਲੋਹ) ੯. ਸਿੰਧੀ. ਜ਼ਾਲ. ਇਸਤ੍ਰੀ.

ਜਾਲਉ: ਜਲਾਉ. "ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ." (ਵਾਰ ਵਡ ਮਃ ੧) ੨. ਜਾਲਉਂ. ਮੈ ਜਲਾਉਨਾ ਹਾਂ। ੩. ਮੈ ਜਲਾਵਾਂ.

ਜਾਲਸਾਜ: ਫ਼ਾ. جعلساز ਜਅ਼ਲਸਾਜ਼ ਵਿ- ਜਅ਼ਲ ਬਣਾਉਣ ਵਾਲਾ. ਛਲੀਆ. ਫ਼ਰੇਬੀ. ਧੋਖਾ ਦੇਣ ਵਾਲਾ.

ਜਾਲਹ: ਫ਼ਾ. ژالہ ਜਾਲਹ. ਸੰਗਯਾ- ਓਲਾ. ਗੜਾ. ਹਿਮੋਪਲ. ਕਰਕਾ.

ਜਾਲਹੁ: ਦੇਖੋ, ਜਾਲਉ। ੨. ਜਾਲੋ. ਤੁਸੀਂ ਜਲਾਓ.

ਜਾਲਕ: ਵਿ- ਜਲਾਉਣ ਵਾਲਾ. ਦਗਧ ਕਰਤਾ. "ਕਲਮਲ ਸਗਲੇ ਜਾਲਕਾ." (ਮਾਰੂ ਸੋਲਹੇ ਮਃ ੧) ੨. ਸੰ. ਸੰਗਯਾ- ਫੁੱਲ ਦੀ ਕਲੀ। ੩. ਸਮੂਹ. ਗਰੋਹ। ੪. ਕੇਲਾ। ੫. ਪੰਛੀਆਂ ਦਾ ਆਲਨਾ.

ਜਾਲਕਾ: ਹੇ ਜਾਲਨ ਵਾਲੇ! ਦੇਖੋ, ਜਾਲਕ ੧.। ਦੇਖੋ, ਜਾਲਿਕਾ.

ਜਾਲਗ: ਕ੍ਰਿ. ਵਿ- ਜਬ ਤਕ. ਜੌ ਲੌ. "ਜਾ ਲਗ ਚਿਤ ਨ ਆਵਈ." (ਵਾਰ ਸੂਹੀ ਮਃ ੨) ੨. ਜਿਸ ਵਾਸਤੇ. ਜਿਸ ਲਈ.

ਜਾਲਣ, ਜਾਲਣੁ: ਕ੍ਰਿ- ਜਲਾਉਣਾ। ੨. ਸੰਗਯਾ- ਈਂਧਨ। ੩. ਸਿੰਧੀ. ਸਹਾਰਣਾ। ੪. ਸਮਾਂ ਵਿਤਾਉਣਾ. ਵਕ਼ਤ ਗੁਜ਼ਾਰਨਾ. "ਜਾਲਣ ਗੋਰਾ ਨਾਲਿ ਉਲਾਮੇ ਜੀਅ ਸਹੇ." (ਆਸਾ ਫਰੀਦ)

ਜਾਲਨਾ: ਕ੍ਰਿ- ਜਲਾਉਣਾ. ਦਗਧ ਕਰਨਾ। ੨. ਔਖਾ ਸਮਾਂ ਲੰਘਾਉਣਾ (ਵਿਤਾਉਣਾ).

ਜਾਲਪ: ਗੁਰੁਯਸ਼ ਕਰਤਾ ਇੱਕ ਭੱਟ. "ਸਕਯਥ ਸੁ ਸਿਰ ਜਾਲਪ ਭਣੈ." (ਸਵੈਯੇ ਮਃ ੩. ਕੇ) "ਜਾਲਪਾ! ਪਦਾਰਥ ਇਤੜੇ." (ਸਵੈਯੇ ਮਃ ੩. ਕੇ)

ਜਾਲਪਾ: ਸੰਗਯਾ- ਬਾਣੀ ਦੀ ਦੇਵੀ. ਦੇਖੋ, ਜਲਪਨ. "ਜਾਲਪਾ ਜਯੰਤੀ." (ਅਕਾਲ) ੨. ਦੇਖੋ, ਜਾਲਪ। ੩. ਜਾਲਪਾਗਿਰਿ ਵਿੱਚ ਪੂਜਯ ਦੁਰਗਾ. ਜਾਲਪੇਸ਼੍ਵਰੀ. ਦੇਖੋ, ਜਾਲਪੀਸ਼.

ਜਾਲਪਾਦ: ਹੰਸ ਬੱਤਕ ਆਦਿ ਉਹ ਜੀਵ, ਜਿਨ੍ਹਾਂ ਦੇ ਪੈਰ ਝਿੱਲੀਦਾਰ ਹੋਣ. ਪੈਰ ਦੀਆਂ ਉਂਗਲਾਂ ਦੇ ਵਿਚਕਾਰ ਜਾਲ ਹੋਵੇ. Web- footed.

ਜਾਲਪੀਸ਼, ਜਾਲਪੇਸ਼੍ਵਰ: ਪੂਰਵੀ ਬੰਗਾਲ ਦੇ ਜਿਲੇ ਜਾਲਪਾਗਿਰਿ ਵਿੱਚ ਤਿਸਤਾ ਨਦੀ ਦੇ ਕਿਨਾਰੇ ਮਹਾਦੇਵ ਦਾ ਮੰਦਿਰ. ਇਸ ਦਾ ਨਾਮ ਜਪਜੇਸ਼੍ਵਰ ਭੀ ਹੈ. ਪੁਰਾਣਾਂ ਵਿੱਚ ਜਾਲਪੀਸ਼ ਦੀ ਬਹੁਤ ਮਹਿਮਾ ਵੇਖੀਦੀ ਹੈ. ਦੇਖੋ, ਕਾਲਿਕਾਪੁਰਾਣ ਅਃ ੭੭.

ਜਾਲਪ੍ਰਾਯਾ: ਸੰ. ਸੰਗਯਾ- ਕਵਚ (ਸੰਜੋਆ), ਜੋ ਲੋਹੇ ਦੀਆਂ ਕੜੀਆਂ ਦਾ ਬਣਿਆ ਹੋਇਆ ਹੋਵੇ, ਇਹ ਵਸਤ੍ਰ ਦੀ ਤਰਾਂ ਪਹਿਨੀਦਾ ਹੈ.

ਜਾਲਮ: ਅ਼. ظالم ਜ਼ਾਲਿਮ. ਵਿ- ਜੁਲਮ ਕਰਨ ਵਾਲਾ। ੨. ਸੰ. जाल्म ਗੰਵਾਰ. ਅਸਭ੍ਯ। ੩. ਨੀਚ. ਕਮੀਨਾ.

ਜਾਲਮਸਿੰਘ: ਦਸ਼ਮੇਸ਼ ਦਾ ਸੁਰਾਹੀਬਰਦਾਰ ਨਫਰ. ਦੇਖੋ, ਜਾਲਿਮ ੨.

ਜਾਲਾ: ਸੰਗਯਾ- ਜੰਗਾਲ. ਮੈਲ. "ਲਹੈ ਮਨ ਕੀ ਜਾਲਾ." (ਵਡ ਛੰਤ ਮਃ ੧) ੨. ਜਾਲ. ਬੰਧਨ. "ਅਮਰ ਅਜੋਨੀ ਜਾਤਿ ਨ ਜਾਲਾ." (ਬਿਲਾ ਮਃ ੧. ਥਿਤੀ) "ਫਾਥੀ ਮਛੁਲੀ ਕਾ ਜਾਲਾ ਤੂਟਾ." (ਰਾਮ ਮਃ ੫) ੩. ਅੱਖ ਦਾ ਆਵਰਣ. ਨਜਰ ਨੂੰ ਢਕ ਲੈਣ ਵਾਲੀ ਇੱਕ ਬਾਰੀਕ ਝਿੱਲੀ। ੪. ਮਕੜੀ ਆਦਿ ਜੀਵਾਂ ਦਾ ਜਾਲ। ੫. ਇੱਕ ਖਤ੍ਰੀ ਗੋਤ੍ਰ। ੬. ਪਾਣੀ ਵਿੱਚ ਪੈਦਾ ਹੋਈ ਕਾਈ। ੭. ਆਲਾ. ਤਾਕ। ੮. ਵਿ- ਜਲਾਇਆ.

ਜਾਲਿ: ਕ੍ਰਿ. ਵਿ- ਜਲਾਕੇ. ਦਗਧ ਕਰਕੇ. "ਜਾਲਿ ਮੋਹੁ ਘਸਿ ਮਸੁ ਕਰਿ." (ਸ੍ਰੀ ਮਃ ੧) ੨. ਸੰਗਯਾ- ਅਗਨਿ. "ਚਿੰਤਾ ਜਾਲਿ ਤਨੁ ਜਾਲਿਆ." (ਮਾਰੂ ਕਬੀਰ) ੩. ਜਾਲ ਵਿੱਚ. ਜਲਤੰਤੁ ਮੇਂ. "ਤੂੰ ਕੈਸੇ ਆੜਿ ਫਾਥੀ ਜਾਲਿ?" (ਮਲਾ ਅਃ ਮਃ ੧)

ਜਾਲਿਕ: ਸੰ. ਜਾਲ ਬਣਾਉਣ ਵਾਲਾ। ੨. ਮਦਾਰੀ. ਭਾਜ਼ੀਗਰ। ੩. ਮਕੜੀ.

ਜਾਲਿਕਾ: ਸੰ. ਫੰਦਾ ਫਾਹੀ। ੨. ਕਵਚ. ਸੰਜੋਆ। ੩. ਮਕੜੀ। ੪. ਲੋਹਾ। ੫. ਬਿਧਵਾ ਇਸਤ੍ਰੀ.

ਜਾਲਿਮ: ਦੇਖੋ, ਜਾਲਮ। ੨. ਡਿੰਗ. ਪ੍ਰਬਲ. ਜ਼ੋਰਾਵਰ. ਇਸੇ ਅਰਥ ਨੂੰ ਲੈਕੇ ਰਾਜਪੂਤਾਨੇ ਵਿੱਚ ਜਾਲਿਮਸਿੰਘ ਨਾਮ ਪ੍ਰਤਾਪੀ ਪੁਰੁਸ਼ਾਂ ਦੇ ਹਨ. ਦੇਖੋ, ਜਾਲਮਸਿੰਘ.

ਜਾਲੀ: ਛੋਟਾ ਜਾਲ. "ਜਾਲੀ ਰੈਨਿ ਜਾਲੁ ਦਿਨੁ ਹੂਆ." (ਮਾਰੂ ਮਃ ੧) ੨. ਜਲਾਈ. ਦਗਧ ਕੀਤੀ. "ਮੂਰਤੀ ਬਾਰ ਅਗਨਿ ਸੰਗਿ ਜਾਲੀ." (ਗਉ ਕਬੀਰ) ੩. ਸੂਤ, ਰੇਸ਼ਮ, ਧਾਤੁ, ਪੱਥਰ ਆਦਿ ਦੀ ਛਿਦ੍ਰਦਾਰ ਰਚਨਾ। ੪. ਅ਼. جعلی ਜਅ਼ਲੀ. ਵਿ- ਬਣਾਉਟੀ. ਨਕ਼ਲੀ. ਜੋ ਅਸਲ ਨਹੀਂ। ੫. ਫ਼ਰੇਬੀ. ਜਾਲ ਕਰਨ ਵਾਲਾ.

ਜਾਲੇਨਿ: ਜਲਾਉਂਦੇ ਹਨ. "ਤਨ ਏਵੈ ਜਾਲੇਨਿ." (ਸ. ਫਰੀਦ)

ਜਾਲੰਧਰ: ਵਿ- ਜਲੰਧਰ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਦੇਖੋ, ਜਲੰਧਰ। ੩. ਗੋਰਖਨਾਥ ਦਾ ਇੱਕ ਪ੍ਰਸਿੱਧ ਚੇਲਾ. ਜਾਲੰਧਰਨਾਥ.

ਜਾਲੰਧਰੀ: ਦੇਖੋ, ਜਲੰਧਰੀ.

ਜਾਵਸਿ: ਜਾਵੇਗਾ.

ਜਾਵਕ: ਸੰ. ਮਹਾਵਰ. ਅਲਕ੍ਤਕ. ਇਸ ਨਾਲ ਇਸਤ੍ਰੀਆਂ ਹੱਥ ਪੈਰ ਰੰਗਦੀਆਂ ਹਨ। ੨. ਕਈ ਕਵੀ ਮੇਂਹਦੀ ਨੂੰ ਜਾਵਕ ਆਖਦੇ ਹਨ, ਪਰ ਜਾਵਕ ਭਿੰਨ ਪਦਾਰਥ ਹੈ। ੩. ਦੇਖੋ, ਯਾਵਕ.

ਜਾਵਣਾ: ਕ੍ਰਿ- ਜਾਣਾ. ਗਮਨ ਕਰਨਾ.

ਜਾਵਤ: ਜਾਂਦਾ ਹੈ। ੨. ਸੰ. यावत् ਕ੍ਰਿ. ਵਿ- ਜਬ ਤਕ. ਜਦ ਤੋੜੀ."ਜਾਵਤ ਬ੍ਰਹਮ ਨ ਬਿੰਦ ਤੇ." (ਸਹਸ ਮਃ ੧)

ਜਾਵਦ: ਦੇਖੋ, ਜਾਵਤ ੨.

ਜਾਵਦੇਕ: ਸੰ. यावन्मात्र- एक- ਯਾਵਨਮਾਤ੍ਰ- ਏਕ. ਕ੍ਰਿ. ਵਿ- ਜਿਸ ਕ਼ਦਰ ਹਨ, ਸਭ ਇੱਕ. "ਪਰਤ੍ਰਿਅ ਦੀਰਘ ਸਮਾਨ ਲਘੁ ਜਾਵਦੇਕ, ਜਨਨਿ ਭਗਨਿ ਸੁਤਾ ਰੂਪਕੈ ਨਿਹਾਰੀਐ." (ਭਾਗੁ ਕ)

ਜਾਵਲ: ਪ੍ਰਾ. ਸੰਗਯਾ- ਜ਼ੰਗਾਰ. ਮੈਲ। ੨. ਸਿਵਾਲ.

ਜਾਵਲੀਪੁਰ: ਵਰਤਮਾਨ ਜੱਬਲਪੁਰ.

ਜਾਵਾ, ਜਾਂਵਾਂ: ਜਾਂਵਾਂ. ਜਾਉਂ. "ਹਉ ਦਾਧੀ ਕੈ ਦਰਿ ਜਾਵਾ?" (ਵਡ ਮਃ ੧)

ਜਾਵਾਈ: ਜਾਮਾਤ੍ਰਿ. ਦਾਮਾਦ. ਪੁਤ੍ਰੀ ਦਾ ਪਤਿ. "ਪੁਤੀ ਭਾਤੀਈ ਜਾਵਾਈ." (ਵਾਰ ਬਿਲਾ ਮਃ ੪)

ਜਾਵਾਲਿ: ਦੇਖੋ, ਜਾਵਾਲਿ.

ਜਾਵਿਤ੍ਰੀ: ਸੰ. ਜਾਤਿਪਤ੍ਰੀ. L. Myristica Fragrans. ਸੰਗ੍ਯਾ- ਜਾਯਫਲ ਦੇ ਉੱਪਰਲਾ ਛਿਲਕਾ, ਜੋ ਬਹੁਤ ਸੁਗੰਧ ਵਾਲਾ ਹੁੰਦਾ ਹੈ. ਇਹ ਪੁਲਾਉ ਆਦਿ ਭੋਜਨਾਂ ਅਤੇ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਇਸ ਦੀ ਤਾਸੀਰ ਗਰਮ ਤਰ[538] ਹੈ. ਜਾਵਿਤ੍ਰੀ ਕਫ, ਮੁਖ ਅਤੇ ਪੇਟ ਦੇ ਕੀੜੇ, ਖਾਂਸੀ, ਵਮਨ ਆਦਿਕ ਰੋਗ ਦੂਰ ਕਰਦੀ ਹੈ. ਦਿਲ ਦਿਮਾਗ ਨੂੰ ਤਾਕਤ ਦਿੰਦੀ ਹੈ. ਕਾਮ ਦੀ ਸ਼ਕਤਿ ਵਧਾਉਂਦੀ ਹੈ. ਪੱਠਿਆਂ ਵਿੱਚ ਫੁਰਤੀ ਲਿਆਉਂਦੀ ਹੈ. ਮਸਾਨੇ ਦੇ ਰੋਗ ਦੂਰ ਕਰਦੀ ਹੈ. ਇਸਤ੍ਰੀਆਂ ਦੇ ਰਿਹਮ ਦੇ ਰੋਗਾਂ ਲਈ ਖਾਸ ਕਰਕੇ ਗੁਣਕਾਰੀ ਹੈ.

ਜਾਵੀ: ਜਾਵੇਗੀ. ਦੂਰ ਹੋਊ. "ਤਿਨਾ ਭੁਖ ਸਭਿ ਜਾਵੀ." (ਤਿਲੰ ਮਃ ੪) ੨. ਜਾਣ ਵਾਲੀ.

ਜ਼ਾਵੀਯਹ: ਅ਼. زاویہ ਸੰਗ੍ਯਾ- ਕੂਣਾ. ਕੋਨ. ਗੋਸ਼ਾ. ਨੁੱਕਰ.

ਜਾਵੇਦ: ਫ਼ਾ. جاوید ਵਿ- ਦਾਯਮੀ. ਨਿਤ੍ਯ ਰਹਿਣ ਵਾਲਾ.

ਜਾੜ: ਸੰਗ੍ਯਾ- ਜੜਾਂ ਦਾ ਸਮੁਦਾਯ। ੨. ਜਟਾ ਦਾ ਸੰਘੱਟ। ੩. ਦੇਖੋ, ਜਾੜ੍ਹ

ਜਾੜਾ: ਦੇਖੋ, ਜਾਡਾ। ੨. ਦੇਖੋ, ਜਾੜ ੧.

ਜਾੜ੍ਹ: ਸੰਗ੍ਯਾ- ਦਾੜ੍ਹ. ਦੰਸ਼੍ਟ੍ਰੀ. ਪੀਹਣ ਵਾਲਾ ਦੰਦ.

ਜਿ: ਸਰਵ- ਜੋ. ਜੇਹੜਾ. "ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ." (ਸ੍ਰੀ ਮਃ ੩) "ਜਿ ਮਤਿ ਗਹੀ ਜੈਦੇਵ." (ਸਵੈਯੇ ਮਃ ੩. ਕੇ) ੨. ਜਿਸ. "ਜਿ ਦਿਹ ਨਾਲਾ ਕਪਿਆ." (ਸ. ਫਰੀਦ) ੩. ਸੰ. ਜਿ. ਧਾ- ਜਿੱਤਣਾ, ਸਭ ਤੋਂ ਵਧਕੇ ਰਹਿਣਾ.

ਜਿਉ: ਸੰਗ੍ਯਾ- ਜੀਵ। ੨. ਮਨ. "ਜਿਉ ਮੋਹਿਓ ਉਨੀ ਮੋਹਨੀ ਬਾਲਾ." (ਗਉ ਮਃ ੫) ੩. ਕ੍ਰਿ. ਵਿ- ਜੈਸੇ. ਜਿਵੇਂ. ਜਿਸ ਤਰਾਂ. "ਜਿਉ ਹੋਵੈ ਸਾਹਿਬ ਸਿਉ ਮੇਲੁ." (ਸੋਹਿਲਾ) "ਜਿਉ ਆਇਆ ਤਿਉ ਜਾਵਹਿ ਬਉਰੇ." (ਰਾਮ ਅਃ ਮਃ ੧)

ਜਿਉਨਾਰ: ਸੰ. ਜੇਮਨਾਰ੍ਹ ਜੇਮਨਾਹੰ. ਖਾਣ ਯੋਗ੍ਯ ਪਦਾਰਥ. "ਕਾਸ੍ਰਿਕਾ ਸਭ ਦੇਸ ਕੀ ਸਭ ਦੇਸ ਕੀ ਜਿਉਨਾਰ." (ਗ੍ਯਾਨ) ੨. ਭੋਜਨ। ੩. ਰਸੋਈ.

ਜਿਉਪ੍ਰਾਣੀ: ਜੀਵ (ਜਲ) ਪ੍ਰਾਣੀ (ਜੰਤੁ). ਜਲਜੰਤੁ. ਮੱਛ ਆਦਿ. "ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ." (ਸੂਹੀ ਅਃ ਮਃ ੪)

ਜਿਉਰ: ਦੇਖੋ, ਜੇਵਰ। ੨. ਦੇਖੋ, ਜਜੋਰ.

ਜਿਅ: ਸੰਗ੍ਯਾ- ਜੀਵ। ੨. ਮਨ. ਚਿੱਤ। ੩. ਪ੍ਰਾਣੀ। ੪. ਜੀਵਨ.

ਜਿਆਂ: ਫ਼ਾ. زیاں ਜ਼ਯਾਂ ਸੰਗ੍ਯਾ- ਨੁਕ਼ਸਾਨ. ਹਾਨਿ। ੨. ژیاں ਜਿਆਂ ਵਿ- ਕ੍ਰੋਧ ਦਾ ਭਰਿਆ. ਤੁੰਦਖ਼ੂ. ਗੁਸੈਲਾ.

ਜਿਆਹੀ: ਜਿਵਾਉਂਦਾ ਹੈ. ਜੀਵਨ ਦਿੰਦਾ ਹੈ। ੨. ਜੇਮਨ ਕਰਾਹੀ. ਖਵਾਉਂਦਾ ਹੈ. "ਨਿਤ ਆਦਰ ਕੈ ਸਭਿਨ ਜਿਆਹੀ." (ਗਵਿ ੧੦)

ਜਿਆਦਹ, ਜਿਆਦਾ: ਅ਼. زیادہ ਜ਼ਯਾਦਹ. ਵਿ- ਅਧਿਕ. ਵਿਸ਼ੇਸ਼. ਬਹੁਤਾ.

ਜਿਆਨ: ਦੇਖੋ, ਜਯਾਨ.

---

[538] ਯੂਨਾਨੀ ਗਰਮ ਖ਼ੁਸ਼ਕ ਆਖਦੇ ਹਨ.

ਜਿਆਫਤ: ਦੇਖੋ, ਜਯਾਫਤ.

ਜਿਆਰਤ: ਦੇਖੋ, ਜਯਾਰਤ ਅਤੇ ਜਾਰਤ ੨.

ਜਿਅੰ: ਦੇਖੋ, ਜੁਅੰ.

ਜਿਸ, ਜਿਸਹ, ਜਿਸਹਿ: ਸਰਵ- ਜਿਸਪ੍ਰਤਿ. ਜਿਸੇ. ਜਿਸ ਨੂੰ. "ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ." (ਸੁਖਮਨੀ) "ਜਿਸਹਿ ਜਗਾਇ ਪੀਆਵੈ ਇਹੁ ਰਸੁ." (ਸੋਹਿਲਾ)

ਜਿਸਤ: ਸੰਗਯਾ- ਸਮ. ਵਿਖਮ ਦੇ ਵਿਰੁੱਧ. ਜੋ ਟੌਂਕ ਨਹੀਂ. ਜੈਸੇ ਦੋ, ਚਾਰ, ਅੱਠ ਆਦਿ. ਜਸਤ। ੨. ਸੰ. ਜਸਦ. ਇੱਕ ਧਾਤੁ. ਜਸ੍ਤ. Zinc । ੩. ਦੇਖੋ, ਜ਼ਿਸ੍ਤ.

ਜਿਸਨ: ਸੰ. जिष्णु ਜਿਸ਼੍ਣੁ. ਸੰਗਯਾ- ਵਿਸ਼ਨੁ। ੨. ਇੰਦ੍ਰ. "ਕ੍ਰਿਸਨ ਭਗਤ ਕੋ ਮੇਘਦ ਜਿਸਨ." (ਗੁਪ੍ਰਸੂ) ੩. ਅਰਜੁਨ। ੪. ਸੂਰਜ। ੫. ਵਿ- ਜਿੱਤਣ ਵਾਲਾ. ਵਿਜਯੀ.

ਜਿਸਨਾ: ਦੇਖੋ, ਜਿਸਨ ੧. "ਹੈ ਪਤਿ ਜਿਸਨਾ ਰੂਪ ਸਹੀ." (ਨਾਪ੍ਰ) ਵਿਸ਼ਨੁਰੂਪ.

ਜਿਸਨਾਂਤਕ: ਜਿਸ਼੍ਣ (ਇੰਦ੍ਰ) ਦਾ ਨਾਸ਼ ਕਰਨ ਵਾਲੇ ਦੈਤ. (ਸਨਾਮਾ)

ਜਿਸਨੁ: ਦੇਖੋ, ਜਿਸਨ.

ਜਿਸਨੁ ਅਨੁਜ: ਜਿਸ਼੍ਣੁ (ਇੰਦ੍ਰ) ਦਾ ਅਨੁਜ (ਛੋਟਾ ਭਾਈ) ਵਾਮਨ. (ਸਨਾਮਾ)

ਜਿਸਨੁਈਸ, ਜਿਸਨੁਏਸ: ਜਿਸ਼੍ਣ (ਇੰਦ੍ਰ) ਦਾ ਸ੍ਵਾਮੀ ਕਸ਼ਜਪ. (ਸਨਾਮਾ)

ਜਿਸਮ: ਅ਼. جسم ਜਿਸਮ. ਸੰਗਯਾ- ਦੇਹ. ਸ਼ਰੀਰ.

ਜਿਸੁ: ਦੇਖੋ, ਜਿਸ. "ਜਿਸੁ ਸਿਮਰਤ ਦੁਖਡੇਰਾ ਢਹੈ." (ਗਉ ਮਃ ੫)

ਜਿਸੈ: ਸਰਵ- ਜਿਸ ਨੂੰ. ਜਿਸ ਦੇ. "ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ." (ਸ੍ਰੀ ਮਃ ੧)

ਜ਼ਿਸ੍ਤ: ਫ਼ਾ. زشت ਵਿ- ਬੁਰਾ. ਭੈੜਾ। ੨. ਭੱਦਾ. ਬਦਸ਼ਕਲ.

ਜਿਸ੍ਨ: ਦੇਖੋ, ਜਿਸਨ.

ਜਿਹ: ਸਰਵ- ਜਿਸ. ਜਿਸ ਦੇ. "ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ." (ਸੁਖਮਨੀ) "ਜਾਤਿ ਅਰੁ ਪਾਤਿ ਨਹਨ ਜਿਹ." (ਜਾਪੁ) ੨. ਜਿਸ ਸੇ. ਜਿਸ ਸਾਥ. "ਆਰ ਨਹੀ ਜਿਹ ਤੋਪਉ." (ਸੋਰ ਰਵਿਦਾਸ) ੩. ਕ੍ਰਿ. ਵਿ- ਜਿੱਥੇ. ਜਹਾਂ. "ਜਿਹ ਪਉੜ੍ਹੇ ਪ੍ਰਭੁ ਸ੍ਰੀ ਗੋਪਾਲ." (ਭੈਰ ਅਃ ਕਬੀਰ) ੪. ਸੰ. ਜਯਾ- ਧਨੁਖ ਦਾ ਚਿੱਲਾ.[539] ਫ਼ਾ. زه ਜ਼ਿਹ. "ਮ੍ਰਿਤਕ ਸਰਪ ਨਿਹਾਰਕੈ ਜਿਹ ਅਗ੍ਰ ਤਾਹਿ ਉਠਾਇ." (ਪਰੀਛਤਰਾਜ) ੫. ਵਜ- ਧਨਜ। ੬. ਸ਼ਾਬਾਸ਼। ੭. ਵਾਹ ਵਾਹ!

ਜਿਹਧਰ: ਸੰਗਯਾ- ਜਿਹ (ਚਿੱਲਾ) ਧਾਰਨ ਵਾਲਾ ਧਨੁਖ. (ਸਨਾਮਾ)

ਜਿਹਧਰਸੁਤ: ਸੰਗਯਾ- ਜਿਹਧਰ (ਧਨੁਖ) ਦਾ ਪੁਤ੍ਰ ਤੀਰ. "ਜਿਹਧਰ ਪ੍ਰਥਮ ਬਖਾਨ, ਤਿਹ ਸੁਤ ਬਹੁਰ ਬਖਾਨਿਯੇ। ਸਰ ਕੇ ਨਾਮ ਪ੍ਰਮਾਨ, ਚਤੁਰ ਚਿੱਤ ਮਹਿ ਜਾਨਿਅਹੁ." (ਸਨਾਮਾ) ਜਿਵੇਂ ਸ਼ਸਤ੍ਰਨਾਮਮਾਲਾ ਵਿੱਚ ਤੀਰ ਨੂੰ ਧਨੁਖ ਅਤੇ ਭੱਥੇ ਦਾ ਪੁਤ੍ਰ ਲਿਖਿਆ ਹੈ, ਤਿਵੇਂ ਹੀ ਨਿਰੁਕ੍ਤ ਦੇ ਦੈਵਤਕਾਂਡ ਵਿੱਚ ਭੀ ਹੈ.

---

[539] ਮੋਚੀ, ਜੁੱਤੀ ਦੀ ਨੋਕ ਨੂੰ, ਜਿਸ ਤੇ ਤਿੱਲਾ ਲਾਉਂਦੇ ਹਨ, "ਜਿਹ" ਆਖਦੇ ਹਨ.

ਜਿਹਧਿਰਿ: ਜਿਸ ਪਾਸੇ. ਜਿਧਰ.

ਜਿਹਨ: ਅ਼. ذہن ਜਿਹਨ. ਸੰਗਯਾ- ਬੁੱਧਿ. ਸਮਝ.

ਜਿਹਬਾ, ਜਿਹਵ, ਜਿਹਵਾ: ਸੰ. ਜਿਹ੍ਵਾ. ਸੰਗਯਾ- ਜੀਭ. "ਰੇ ਜਿਹਬਾ! ਕਰਉ ਸੁਤ ਖੰਡ." (ਭੈਰ ਨਾਮਦੇਵ) "ਚਾਰ ਬੇਦ ਜਿਹਵ ਭਨੇ." (ਸਾਰ ਮਃ ੫. ਪੜਤਾਲ) "ਜਿਹਵਾ ਏਕੁ ਕਵਨੁ ਗੁਨ ਕਹੀਐ?" (ਧਨਾ ਮਃ ੫)

ਜਿਹਵੇਕ: ਜਿਹਵਾ- ਏਕ. ਇੱਕ ਜੀਭ ਨਾਲ. "ਕਬ ਜਿਹਵੇਕ ਬਤੈਯੈ?" (ਪਾਰਸਾਵ)

ਜਿਹਾ: ਦੇਖੋ, ਜੇਹਾ.

ਜਿਹਾਸਾ: ਸੰ. ਸੰਗਯਾ- ਤ੍ਯਾਗ ਕਰਨ ਦੀ ਇੱਛਾ.

ਜਿਹਾਸੁ: ਸੰ. ਵਿ- ਤ੍ਯਾਗਣ ਦੀ ਇੱਛਾ ਵਾਲਾ.

ਜਿਹਾਦ: ਦੇਖੋ, ਜਹਾਦ.

ਜਿਹੀਖਾ: ਸੰ. ਜਿਹੀਸ਼ਾਂ. ਸੰਗਯਾ- ਤ੍ਯਾਗ ਦੀ ਇੱਛਾ. ਛੱਡਣ ਦੀ ਚਾਹ.

ਜਿਹੇ: ਦੇਖੋ, ਜੇਹੇ। ੨. ਦੇਖੋ, ਜ਼ਹੇ.

ਜਿਹ੍ਮ: ਸੰ. ਵਿ- ਟੇਢਾ। ੨. ਕੁਟਿਲ. ਕਪਟੀ। ੩. ਸੰਗਯਾ- ਅਧਰਮ। ੪. ਛਲ.

ਜਿਹ੍ਵ, ਜਿਹ੍ਵਾ: ਦੇਖੋ, ਜਿਹਵਾ.

ਜਿਕਰ: ਅ਼. ذکر ਜਿਕਰ. ਸੰਗਯਾ- ਪ੍ਰਸੰਗ। ੨. ਚਰਚਾ। ੩. ਯਾਦ ਕਰਨ ਦੀ ਕ੍ਰਿਯਾ. ਸਿਮਰਣ। ੪. ਦੇਖੋ, ਜਿੱਕੁਰ.

ਜਿਕਿਓਨੁ: ਵਾ- ਜੋ ਕੀਤੋਨ. ਕੀਤਾ ਹੈ. "ਸਭ ਉਮਤਿ ਵੇਖਹੁ ਜਿਕਿਓਨੁ." (ਵਾਰ ਰਾਮ ੩)

ਜਿਕੁੰ, ਜਿੱਕੁਰ: ਕ੍ਰਿ. ਵਿ- ਜਿਸ ਤਰਾਂ. ਜੈਸੇ. ਜਿਵੇਂ. ਜਿਉਂਕਰ.

ਜਿਗਰ: ਫ਼ਾ. جگر ਸੰ. यकृत ਯਕ੍ਰਿਤ. ਅੰ. Liver. ਸੰਗਯਾ- ਕਲੇਜਾ. ਇਸ ਦਾ ਰੰਗ ਸੁਰਖੀ ਮਿਲਿਆ ਭੂਰਾ ਹੁੰਦਾ ਹੈ. ਜਿਗਰ ਦਾ ਬਹੁਤ ਹਿੱਸਾ ਸੱਜੇ ਪਾਸੇ ਪਸਲੀਆਂ ਹੇਠਾਂ ਮੇਦੇ ਦੇ ਉੱਪਰ ਅਤੇ ਥੋੜਾ ਹਿੱਸਾ ਖੱਬੇ ਪਾਸੇ ਵੱਲ ਹੋਇਆ ਕਰਦਾ ਹੈ. ਇਸ ਦਾ ਤੋਲ ਸ਼ਰੀਰ ਦੇ ਸਾਰੇ ਬੋਝ ਦਾ ਚਾਲੀਸਵਾਂ ਹਿੱਸਾ ਹੁੰਦਾ ਹੈ. ਜਿਗਰ ਤੋਂ ਪਿੱਤ (ਸਫਰਾ) ਪੈਦਾ ਹੁੰਦਾ ਹੈ. ਜਦ ਇਹ ਆਪਣਾ ਕੰਮ ਛੱਡ ਦਿੰਦਾ ਹੈ, ਤਾਂ ਸ਼ਰੀਰ ਰੋਗੀ ਹੋ ਜਾਂਦਾ ਹੈ। ੨. ਭਾਵ- ਹੌਸਲਾ. ਦਿਲੇਰੀ.

ਜਿਗਰਾ: ਸੰਗਯਾ- ਹੌਸਲਾ. ਧੀਰਜ. ਸਾਹਸ. ਦੇਖੋ, ਜੇਰਾ.

ਜਿਗਰੀ: ਫ਼ਾ. جگری ਵਿ- ਅੰਤਰੀਵ. ਦਿਲੀ। ੨. ਜਿਗਰ ਨਾਲ ਹੈ ਜਿਸ ਦਾ ਸੰਬੰਧ। ੩. ਭਾਵ- ਪਿਆਰਾ. ਜਿਵੇਂ- ਓਹ ਜਿਗਰੀ ਸੰਬੰਧੀ ਹੈ.

ਜਿੰਗੜਾ: ਵਿ- ਜੰਗ ਕਰਨ ਵਾਲੀ. ਲੜਾਕੀ. "ਜਿੰਗੜਾ ਜਾਲਪਾ." (ਪਾਰਸਾਵ)

ਜਿਗਾ: ਤੁ. جیغہ ਜੀਗ਼ਹ. ਸੰਗਯਾ- ਮਹਾਰਾਜੇ ਅਤੇ ਪ੍ਰਤਾਪੀ ਪੁਰਖਾਂ ਦੇ ਸਿਰ ਦਾ ਭੂਖਣ ਜਿਗਾ ਅਤੇ ਕਲਗੀ ਰਾਜਚਿੰਨ੍ਹ ਹਨ.

"ਕੋਰਦਾਰ ਚਹੁੰ ਓਰਨ ਚੀਰੇ।

ਜਰੇ ਬਿਕੀਮਤ ਤਿਸ ਮਹਿ ਹੀਰੇ।

ਜਬਰ ਜੇਬ ਜੁਤ ਜਗਮਗਕਾਰੀ।

ਜਿਗਾ ਦਈ ਸਿਰ ਬੰਧ ਉਦਾਰੀ." (ਗੁਪ੍ਰਸੂ)

ਜਿਗੀਸਾ, ਜਿਗੀਖਾ: ਸੰ. ਜਿਗੀਸ਼. ਜਿਗੀਸ਼ਾ. ਸੰਗਯਾ- ਜੈ ਕਰਨ ਦੀ ਇੱਛਾ। ੨. ਉੱਦਮ. ਪੁਰਖਾਰਥ.

ਜਿਗ੍ਯਾਸਾ: ਸੰ. ਜਿਗ੍ਯਾਸਾ. ਸੰਗ੍ਯਾ- ਜਾਣਨ ਦੀ ਇੱਛਾ. ਸਮਝਣ ਦੀ ਚਾਹ.

ਜਿਗ੍ਯਾਸੁ: ਸੰ. ਜਿਗ੍ਯਾਸੁ ਵਿ- ਜਾਣਨ ਦੀ ਇੱਛਾ ਰੱਖਣ ਵਾਲਾ। ੨. ਸੰਗ੍ਯਾ- ਗ੍ਯਾਨ ਪ੍ਰਾਪਤਿ ਦੀ ਜਿਸ ਨੂੰ ਇੱਛਾ ਹੈ.

ਜਿਘਤ੍ਸੁ, ਜਿਘਾਂਸੁ: ਸੰ. ਵਿ- ਮਾਰਣ (ਵਧ ਕਰਨ) ਦੀ ਇੱਛਾ ਵਾਲਾ। ੨. ਖਾਣ ਦੀ ਇੱਛਾ ਵਾਲਾ.

ਜ਼ਿਚ: ਫ਼ਾ. ﺯﭺ ਸੰਗ੍ਯਾ- ਤੰਗ ਆਉਂਣਾ। ੨. ਥਕ- ਜਾਣਾ.

ਜਿਚਰ, ਜਿਚਰੁ, ਜਿਚਿਰ: ਕ੍ਰਿ- ਵਿ- ਯਾਵਤ- ਚਿਰ. ਜਬ ਤਕ. ਜਦ ਤੋੜੀ. "ਜਿਚਰ ਸਾਥੀ ਨਾਲਿ." (ਸ੍ਰੀ ਮਃ ੫) "ਜਿਚਰੁ ਘਟ ਅੰਤਰਿ ਹੈ ਸਾਸਾ." (ਸੋਰ ਮਃ ੩)

ਜਿਜਿਯਾ, ਜਿਜੀਆ: ਦੇਖੋ, ਜੇਜੀਆ.

ਜਿਠਾਈ: ਸੰ. ਸੰਗ੍ਯਾ- ਜ੍ਯੇਸ਼੍ਠਪਨ. ਜੇਠਾਪਨ. ਬਜ਼ੁਰਗੀ. "ਤਾਤ ਕੀ ਜਿਠਾਈ." (ਨਾਪ੍ਰ)

ਜਿਠਾਣੀ, ਜਿਠਾਣੀ: ਸੰਗ੍ਯਾ- ਜ੍ਯੇਸ਼੍ਠ ਦੀ ਰਾਣੀ. ਜੇਠ ਦੀ ਵਹੁਟੀ. "ਦੇਰ ਜਿਠਾਣੀ ਮੁਈ ਦੂਖਿ ਸੰਤਾਪ." (ਆਸਾ ਮਃ ੫) ਭਾਵ- ਆਸਾ ਤ੍ਰਿਸ਼ਨਾ.

ਜਿਠੇਰਾ: ਦੇਖੋ, ਜਠੇਰਾ. "ਘਰ ਕੇ ਜਿਠੇਰੇ ਕੀ ਚੂਕੀ ਕਾਣਿ. (ਆਸਾ ਮਃ ੫) ਭਾਵ- ਧਰਮਰਾਜ ਦੀ ਕਾਣ ਮਿਟ ਗਈ.

ਜਿਣ: ਦੇਖੋ, ਜਿਣਿ ਅਤੇ ਜਿਨ। ੨. ਜਿੱਤ. ਫ਼ਤੇ.

ਜਿਣਕਾ: ਵਿ- ਜਿੱਤਣ ਵਾਲਾ. ਵਿਜਯੀ. "ਜੋ ਗੁਰਮੁਖਿ ਹਰਿ ਜਪਿ ਜਿਣਕਾ." (ਵਾਰ ਸੋਰ ਮਃ ੪)

ਜਿਣਤਿਆ: ਜਿੱਤਦੇ ਹਨ. ਫ਼ਤੇ ਕਰਦੇ. "ਗੁਰਸਿਖ ਲੈ, ਮਨ ਜਿਣਤਿਆ." (ਵਾਰ ਸੋਰ ਮਃ ੪)

ਜਿਣਾਇਆ: ਜਿਣ (ਫ਼ਤੇ ਕਰਕੇ) ਆਇਆ। ੨. ਜਿਤਵਾਇਆ. ਫ਼ਤੇ ਕਰਵਾਇਆ.

ਜਿਣਿ: ਕ੍ਰਿ. ਵਿ- ਜਿੱਤਕੇ. "ਮਨੁ ਜਿਣਿ ਪਾਸਾ ਢਾਲਿਆ." (ਸ੍ਰੀ ਛੰਤ ਮਃ ੩)

ਜਿਣਿਜਾਇ: ਜਿੱਤ ਜਾਂਦਾ ਹੈ. ਫਤੇ ਪਾਉਂਦਾ ਹੈ. "ਮੰਨੇ ਨਾਉ ਸੋਈ ਜਿਣਿਜਾਇ." (ਵਾਰ ਰਾਮ ੧. ਮਃ ੧)

ਜਿਣੈ: ਜਿੱਤਦਾ ਹੈ. ਫਤੇ ਪਾਉਂਦਾ ਹੈ. "ਜੋਬਨੁ ਘਟੈ ਜਰੂਆ ਜਿਣੈ." (ਸ੍ਰੀ ਮਃ ੧. ਪਹਰੇ) ੨. ਸਰਵ- ਜਿਸ ਨੇ. "ਲਾਇ ਚਾਬੁਕ ਮਨੁ ਜਿਣੈ ਗੁਰਮੁਖਿ ਜੀਤਿਆ." (ਵਡ ਮਃ ੪. ਘੋੜੀਆਂ)

ਜਿਤ: ਸੰ. ਜਿਤ੍ ਵਿ- ਜਿੱਤਣ ਵਾਲਾ. ਇਹ ਸ਼ਬਦ ਸਮਾਸ ਦੇ ਅੰਤ ਹੁੰਦਾ ਹੈ- ਜਿਵੇਂ- ਇੰਦ੍ਰਜਿਤ, ਸ਼ਤ੍ਰੁਜਿਤ ਆਦਿ। ੨. ਸੰ. ਜਿਤ ਜਿੱਤਿਆ ਹੋਇਆ। ੩. ਸੰਗ੍ਯਾ- ਜੀਤ. ਜਿੱਤ. ਫ਼ਤੇ। ੪. ਕ੍ਰਿ. ਵਿ- ਯਤ੍ਰ. ਜਿਧਰ. ਜਿਸ ਪਾਸੇ। ੫. ਦੇਖੋ, ਜਿਤੁ.

ਜਿਤਉ: ਜਿੱਤਿਆ. ਫ਼ਤੇ ਕੀਤਾ। ੨. ਕ੍ਰਿ. ਵਿ- ਜਿਤਨਾ. ਜਿਸ ਕ਼ਦਰ. ਯਾਵਤ.

ਜਿਤਕ, ਜਿਤਕੁ: ਕ੍ਰਿ. ਵਿ- ਯਾਵਤ. ਜਿਤਨਾ. ਜਿਤਨਾ ਇਕ. ਜਿਸ ਕ਼ਦਰ.

ਜਿਤਤੇ: ਜੀਤਦੇ. ਵਿਜਯ ਕਰਦੇ. "ਜਿਤਤੇ ਬਿਸ੍ਵ ਸੰਸਾਰਹ." (ਸਹਸ ਮਃ ੫)

ਜਿਤਨਕੁ, ਜਿਤਨਾ, ਜਿਤਨੋ: ਕ੍ਰਿ. ਵਿ- ਯਾਵਤ. ਦੇਖੋ, ਜਿਤਕੁ.

**ਜਿਤਵਾਰ:** ਵਿ- ਜਿੱਤਣ ਵਾਲਾ. ਫ਼ਤੇ ਕਰਨ ਵਾਲਾ. "ਬਡੇ ਜਿਤਵਾਰ ਸੁਲੱਛਨ." (ਪਾਰਸਾਵ) ੨. ਜਿਸ ਦਿਨ। ੩. ਜਿਸ ਵੇਰ.

**ਜਿਤੜਾ, ਜਿਤੜੇ:** ਕ੍ਰਿ. ਵਿ- ਜਿਤਨਾ. ਜਿਤਨੇ. ਯਾਵਤ. ਜਿਸ ਕ਼ਦਰ. "ਜਿਤੜੇ ਫਲ ਮਨਿ ਬਾਂਛੀਅਹਿ, ਤਿਤੜੇ ਸਤਿਗੁਰ ਪਾਸਿ." (ਸ੍ਰੀ ਮਃ ੫)

**ਜਿਤਾ:** ਕ੍ਰਿ. ਵਿ- ਯਾਵਤ. ਜਿਸ ਕ਼ਦਰ. ਜਿਤਨਾ. ਜੇਤਾ। ੨. ਜਿੱਤਿਆ. ਫ਼ਤੇ ਕੀਤਾ. "ਜਿਤਾ ਜਨਮੁ ਅਪਾਰੁ." (ਵਾਰ ਗੂਜ ਮਃ ੨. ਮਃ ੫)

**ਜਿਤਾਤਮਾ:** ਸੰ. जितात्मन् ਵਿ- ਜਿਤੇਂਦ੍ਰਿਯ. ਜਿਸ ਨੇ ਆਪਣਾ ਆਪ ਜਿੱਤਿਆ ਹੈ.

**ਜਿਤਾਨਾ:** ਕ੍ਰਿ- ਜਿਤਾਉਣਾ. ਫਤੇ ਕਰਾਉਣਾ। ੨. ਦੇਖੋ, ਜਤਾਨਾ। ੩. ਜਿੱਤਿਆ. ਫ਼ਤੇ ਕੀਤਾ. "ਜਗੁ ਤਿਨਹਿ ਜਿਤਾਨਾ." (ਵਾਰ ਮਾਰੂ ੧. ਮਃ ੩)

**ਜਿਤਾਰੀ:** ਵਿ- ਜਿੱਤਣਵਾਲਾ। ੨. ਸੰਗ੍ਯਾ- ਜਿੱਤ. ਫ਼ਤੇ. "ਪੰਡੁਵਨ ਕੀ ਜਿਨ ਕਰੀ ਜਿਤਾਰੀ." (ਚਰਿਤ੍ਰ ੩੨੦)

**ਜਿਤਿ:** ਕ੍ਰਿ. ਵਿ- ਜਿਧਰ. ਜਿਸ ਪਾਸੇ। ੨. ਸੰ. ਸੰਗ੍ਯਾ- ਜੈ. ਜਿੱਤ। ੩. ਲਾਭ. ਨਫਾ.

**ਜਿਤੀ:** ਕ੍ਰਿ. ਵਿ- ਜੇਤੀ. ਜਿਤਨੀ. ਜਿਸ ਕ਼ਦਰ. "ਜਿਤੀ ਹੋਰੁ ਖਿਆਲੁ." (ਵਾਰ ਮਾਰੂ ੨. ਮਃ ੫) ੨. ਸੰ. जिति ਜਿਤਿ. ਸੰਗ੍ਯਾ- ਜਿੱਤ. ਫਤੇ। ੩. ਲਾਭ. "ਤਉ ਜਿਤੀ ਪਿੰਨਣੇ ਦਰਿ ਕਿਤੜੇ." (ਸਵਾ ਮਃ ੫) ਤੈਨੂੰ ਲਾਭ ਹੈ ਕਦੀ ਦਰ ਮੰਗਕੇ.

**ਜਿਤੀਆ:** ਜੀਤਲੀਆ. "ਤਬ ਜਾਣੈ ਜਗੁ ਜਿਤੀਆ." (ਤਿਲੰ ਮਃ ੪) ੨. ਵਿ- ਜੇਤਾ. ਵਿਜਯੀ. ਜਿੱਤਣ ਵਾਲਾ। ੩. ਕ੍ਰਿ. ਵਿ- ਜਿਤਨੀਆਂ. ਜਿਸ ਕ਼ਦਰ.

**ਜਿਤੁ:** ਦੇਖੋ, ਜਿਤ। ੨. ਕ੍ਰਿ. ਵਿ- ਜਬਕਿ. "ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ?" (ਵਾਰ ਆਸਾ) ੩. ਜਿਧਰ. ਜਿਸ ਪਾਸੇ. "ਜਿਤੁ ਕੋ ਲਾਇਆ ਤਿਤੁ ਹੀ ਲਾਗਾ." (ਆਸਾ ਕਬੀਰ) ੪. ਜਿੱਥੇ. ਜਹਾਂ. "ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ?" (ਸੂਹੀ ਮਃ ੫) ੫. ਜਿਸ ਤੋਂ. ਜਿਸ ਸੇ. "ਬਧਾ ਛੁਟਹਿ ਜਿਤੁ." (ਸ੍ਰੀ ਮਃ ੧. ਪਹਰੇ) ੬. ਸਰਵ- ਜਿਸ. "ਜਿਤੁ ਦਿਹਾੜੇ ਧਨ ਵਰੀ." (ਸ. ਫਰੀਦ) "ਜਿਤੁ ਸੇਵਿਐ ਸੁਖ ਹੋਇ ਘਨਾ." (ਬਿਲਾ ਮਃ ੫)

**ਜਿਤੇ:** ਕ੍ਰਿ. ਵਿ- ਜਿਤਨੇ. ਜੇਤੇ.

**ਜਿਤੇਂਦ੍ਰਿਯ, ਜਿਤੇਂਦ੍ਰੀ:** ਵਿ- ਜਿਸ ਨੇ ਆਪਣੇ ਇੰਦ੍ਰਿਯ ਕ਼ਾਬੂ ਕੀਤੇ ਹਨ. ਇੰਦ੍ਰੀਆਂ ਉੱਪਰ ਫ਼ਤੇ ਪਾਉਣ ਵਾਲਾ.

**ਜਿਤੈ:** ਕ੍ਰਿ. ਵਿ- ਜਿਧਰ. ਯਤ੍ਰ. ਜਿਸ ਪਾਸੇ.

**ਜਿਤੋ:** ਕ੍ਰਿ. ਵਿ- ਜਿਤਨਾ. ਯਾਵਤ.

**ਜਿਥੈ:** ਕ੍ਰਿ. ਵਿ- ਜਿੱਥੇ. ਜਿਸ ਸ੍ਥਾਨ ਮੇਂ. ਜਹਾਂ. "ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ." (ਆਸਾ ਛੰਤ ਮਃ ੪)

**ਜਿਥੈ ਕਿਥੈ:** ਕ੍ਰਿ. ਵਿ- ਯਤ੍ਰ ਕੁਤ੍ਰ. ਜਹਾਂ ਕਹਾਂ. "ਜਿਥੈ ਕਿਥੈ ਸਿਰਜਣਹਾਰੁ." (ਵਾਰ ਰਾਮ ੧. ਮਃ ੧)

**ਜਿਥੋਂ:** ਕ੍ਰਿ. ਵਿ- ਜਹਾਂ ਸੇ. ਜਿਸ ਸ੍ਥਾਨ ਤੋਂ.

**ਜਿਦ:** ਅ਼. ضِد ਜਿਦ. ਸੰਗ੍ਯਾ- ਮੁਖ਼ਾਲਫ਼ਤ. ਵਿਰੋਧ। ੨. ਹਠ. ਦੁਰਾਗ੍ਰਹ। ੩. ਵਿਰੁੱਧ ਵਸਤੁ ਅਥਵਾ ਬਾਤ. ਪਰਸਪਰ ਵਿਰੋਧੀ ਦੁੰਦ (ਦ੍ਵੰਦ੍ਵ) ਪਦਾਰਥ.

**ਜਿੰਦ:** ਫ਼ਾ. زِند ਜ਼ਿੰਦ. ਸੰਗ੍ਯਾ- ਪ੍ਰਾਣ। ੨. ਰੂਹ਼. ਜੀਵਨਸੱਤਾ. "ਜਿੰਦੁ ਵਹੁਟੀ ਮਰਣ ਵਰ." (ਸ. ਫਰੀਦ) ੩. ਮਨ. ਅੰਤਹਕਰਣ. "ਉਹ ਰਸੁ ਜਾਣੈ ਜਿੰਦੁ." (ਸ੍ਰੀ ਮਃ ੫) ੪. ਜੀਵਨ. ਜ਼ਿੰਦਗੀ. "ਕਰਿ ਕਿਰਪਾ ਰਾਖੀ ਜਿੰਦੁ." (ਸ੍ਰੀ ਮਃ ੫)

ਜਿੰਦਹ: ਦੇਖੋ, ਜਿੰਦਾ। ੨. ਫ਼ਾ. زنده ਜਿੰਦਹ. ਵਿ- ਖ਼ੌਫ਼ਨਾਕ. ਭਯਾਨਕ। ੩. ਸੰਗਯਾ- ਗੋਦੜੀ. ਕੰਥਾ.

ਜਿੰਦਹਪੀਰ: ਦੇਖੋ, ਜਿੰਦਪੀਰ.

ਜਿੰਦਹਪੀਲ: ਫ਼ਾ. زنده پیل ਜਿੰਦਹ ਪੀਲ. ਭਯਾਨਕ ਹਾਥੀ. ਖ਼ੂਨੀ ਹਾਥੀ.

ਜਿੰਦਕੌਰ: ਪਿੰਡ ਚਾੜ (ਜਿਲਾ ਸਿਆਲਕੋਟ, ਤਸੀਲ ਜਫਰਵਾਲ) ਨਿਵਾਸੀ ਸਰਦਾਰ ਮੰਨਾ ਸਿੰਘ ਅਉਲਖ ਜੱਟ ਦੀ ਪੁਤ੍ਰੀ, ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਨੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ. ਲਹੌਰ ਦਾ ਰਾਜਪ੍ਰਬੰਧ ਅੰਗ੍ਰੇਜ਼ੀ ਸਰਕਾਰ ਦੇ ਹੱਥ ਆਉਣ ਪੁਰ ਕੁਝ ਗਲਤਫ਼ਹਿਮੀ ਦੇ ਕਾਰਣ ਇਸ ਮਹਾਰਾਨੀ ਨੂੰ ਗਵਰਨਮੇਂਟ ਨੇ ਲਹੌਰੋਂ ਲੈ ਜਾਕੈ ਪਹਿਲਾਂ ਸ਼ੇਖ਼ੂਪੁਰੇ ਨਜਰਬੰਦ ਰੱਖਿਆ, ਫੇਰ ੧੯. ਅਗਸਤ ਸਨ ੧੮੪੯ ਨੂੰ ਚੁਨਾਰ (ਯੂ. ਪੀ. ਜਿਲਾ ਮਿਰਜਾਪੁਰ) ਦੇ ਕਿਲੇ ਕੈਦ ਕੀਤਾ. ਇੱਥੋਂ ਇਹ ਫਕੀਰੀ ਭੇਸ ਵਿੱਚ ਕੈਦੋਂ ਨਿਕਲਕੇ ਨੈਪਾਲ ਚਲੀ ਗਈ ਅਤੇ ਉੱਥੇ ਸਨਮਾਨ ਸਹਿਤ ਰਹੀ. ਸਨ ੧੮੬੧ ਵਿੱਚ ਮਹਾਰਾਨੀ ਜਿੰਦਕੌਰ ਆਪਣੇ ਬੇਟੇ ਦੇ ਦਰਸ਼ਨ ਲਈ ਇੰਗਲੈਂਡ ਪਹੁਚੀ. ਉੱਥੇ ੧. ਅਗਸਤ ਸਨ ੧੮੬੩ ਨੂੰ ਇਸ ਦਾ ਦੇਹਾਂਤ ੪੬ ਵਰ੍ਹੇ ਦੀ ਉਮਰ ਵਿੱਚ ਲੰਡਨ ਹੋਇਆ. ਲਾਸ਼ ਦਾ ਦਾਹ ਹਿੰਦੁਸਤਾਨ ਵਿੱਚ ਬੰਬਈ ਅਹਾਤੇ ਦੇ ਨਾਸਿਕ ਨਗਰ ਕੀਤਾ ਗਿਆ.

੨੭ ਮਾਰਚ ਸਨ ੧੯੨੪ ਨੂੰ ਮਹਾਰਾਜਾ ਦਲੀਪ ਸਿੰਘ ਦੀ ਸ਼ਾਹਜ਼ਾਦੀ Bamba Dalip Singh ਨੇ ਨਾਸਿਕ ਤੋਂ ਭਸਮ ਲਿਆਕੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧਿ ਪਾਸ, ਸਰਦਾਰ ਹਰਬੰਸ ਸਿੰਘ ਰਈਸ ਅਟਾਰੀ ਤੋਂ ਅਰਦਾਸ ਕਰਾਕੇ, ਲਹੌਰ ਅਸਥਾਪਨ ਕੀਤੀ. ਦੇਖੋ, ਦਲੀਪ ਸਿੰਘ.

ਜ਼ਿੰਦਗਾਨੀ, ਜ਼ਿੰਦਗੀ: ਫ਼ਾ. زندگانی ਅਤੇ زندگی ਸੰਗਯਾ- ਜੀਵਨ। ੨. . ਉਮਰ. ਅਵਸ੍ਥਾ.

ਜ਼ਿੰਦਗੀਨਾਮਾ: ਦੇਖੋ, ਨੰਦਲਾਲ ਭਾਈ.

ਜਿੰਦਪੀਰ: ਸੰਗਯਾ- ਜ਼ਿੰਦਹ ਪੀਰ. ਖ਼੍ਵਾਜਹਖ਼ਿਜਰ. ਵਰੁਣ ਦੇਵਤਾ. ਦੇਖੋ, ਦਰਯਾਪੰਥੀ. ਸਿੰਧ ਵਿੱਚ ਭੱਖਰ ਪਾਸ ਸਿੰਧੁਨਦ ਦੇ ਟਾਪੂ ਵਿੱਚ ਜਿੰਦਪੀਰ ਦਾ ਸੁੰਦਰ ਮੰਦਿਰ ਹੈ, ਜਿਸ ਦੇ ਪੂਜਣ ਲਈ ਹਿੰਦੂ ਅਤੇ ਮੁਸਲਮਾਨ ਬਹੁਤ ਜਾਂਦੇ ਹਨ. ਇਸ ਥਾਂ ਗੁਰੂ ਨਾਨਕ ਦੇਵ ਭੀ ਵਿਰਾਜੇ ਹਨ. ਛੋਟਾ ਜੇਹਾ ਅਸਥਾਨ ਬਣਿਆ ਹੋਇਆ ਹੈ। ੨. ਸਤਿਗੁਰੂ ਨਾਨਕ ਦੇਵ ਦਾ ਇੱਕ ਸਿੱਖ, ਜੋ ਇਸਲਾਮ ਤਜਾਗਕੇ ਸਿੱਖੀ ਦਾ ਪ੍ਰੇਮੀ ਹੋਇਆ. "ਹੋਆ ਜਿੰਦਪੀਰ ਅਬਿਨਾਸੀ." (ਭਾਗੁ)

ਜਿੰਦਵੜੀ: ਇਹ ਜੰਦਵੜੀ ਦਾ ਹੀ ਨਾਉਂ ਹੈ. ਦੇਖੋ, ਗੁਰੂਆਣਾ ਅਤੇ ਜੰਦਵੜੀ.

ਜਿੰਦੜੀ: ਦੇਖੋ, ਜਿੰਦੁੜੀ.

ਜਿੰਦਾ: ਸੰਗਯਾ- ਤਾਲਾ. . ਕੁਫ਼ਲ। ੨. ਫ਼ਾ. زنده ਜ਼ਿੰਦਹ. ਵਿ- ਜੀਉਂਦਾ. ਜੀਵਨ ਦਸ਼ਾ ਵਾਲਾ.

ਜਿੰਦਾ: ਦੇਖੋ, ਜਿੰਦਕੌਰ.

ਜ਼ਿੰਦਾਨ: ਫ਼ਾ. زندان ਸੰਗਯਾ- ਜੇਲ. ਕਾਰਾਗਾਰ. ਬੰਦੀਖ਼ਾਨਾ.

ਜਿੰਦਾਰ, ਜਿੰਦਾਰਿ: ਸੰਗਯਾ- ਜਿੰਦ ਦਾ ਵਾਰੀ. ਪ੍ਰਾਣਾਂਤਕ. ਯਮ। ੨. ਦੇਖੋ, ਜੰਦਾਰ.

ਜਿਦਿਹ: ਜਿਸ ਦਿਨ. ਜਿਸ ਰੋਜ਼. "ਜਿ ਦਿਹ ਨਾਲਾ ਕਪਿਆ." (ਸ. ਫਰੀਦ)

ਜਿੰਦੁ: ਦੇਖੋ, ਜਿੰਦ.

ਜਿੰਦੁੜੀ: ਸੰਗਯਾ- ਜਿੰਦ. ਜੀਵਨ। ੨. ਰੂਹ਼. ਚੇਤਨ- ਸੱਤਾ। ੩. ਅੰਤਹਕਰਣ. ਮਨ."ਹਰਿ ਹਰਿ ਨਾਮੁ ਧਿਆਈਐ, ਮੇਰੀ ਜਿੰਦੁੜੀਏ !" (ਬਿਹਾ ਛੰਤ ਮਃ ੪)

**ਜਿਦੂ:** ਜਿਸ ਤੋਂ. ਜਿਸ ਸੇ. "ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ." (ਸ੍ਰੀ ਮਃ ੩)

**ਜਿੰਦੂ:** ਸੰਗਯਾ- ਜਿੰਦ. ਰਹੂ. "ਜਿੰਦੂ ਕੂ ਸਮਝਾਇ." (ਸ. ਫਰੀਦ) ੨. ਜਾਨਧਾਰੀ. ਪ੍ਰਾਣੀ. "ਗੁਰਮੁਖਿ ਜਿੰਦੂ ਜਪਿ ਨਾਮੁ." (ਗਉ ਮਃ ੪) ਹੇ ਪ੍ਰਾਣੀ ! ਗੁਰੂ ਦ੍ਵਾਰਾ ਨਾਮ ਜਪ.

**ਜਿਧਰ, ਜਿਧਰਿ:** ਕ੍ਰਿ- ਵਿ- ਜਿਸ ਪਾਸੇ. ਜਿਸ ਓਰ. "ਜਿਧਰਿ ਰਬ ਰਜਾਇ." (ਸ. ਫਰੀਦ)

**ਜਿਨ:** ਸਰਵ- ਜਿਸ ਦਾ ਬਹੁ ਵਚਨ. ਜਿਨ੍ਹਾਂ ਨੇ. "ਜਿਨ ਜਾਨਿਆ ਸੇਈ ਤਰੇ." (ਰਾਮ ਰੁਤੀ ਮਃ ੫) ੨. ਵ੍ਯ- ਮਤ. ਨਾ. "ਗੁਰੁ ਸਨਮੁਖ ਜਿਨ ਮਿਥ੍ਯਾ ਭਾਖੋ." (ਗੁਪ੍ਰਸੂ) ਇਸ ਦਾ ਰੂਪ ਜਿਨਿ ਭੀ ਹੈ. ਦੇਖੋ, ਜਿਨਿ ੩। ੩. ਜਿਧਰ. ਜਿਸ ਤਰਫ. "ਡੋਰੀ ਪ੍ਰਭੁ ਪਕੜੀ ਜਿਨ ਖਿੰਚੈ ਤਿਨ ਜਾਈਐ." (ਓਅੰਕਾਰ) ਜਿਧਰ ਖਿੰਚੈ, ਤਿਧਰ ਜਾਈਐ। ੪. ਸੰ. ਵਿ- ਜਿੱਤਣ ਵਾਲਾ. ਵਿਜਯੀ. "ਅਬ ਮੋਤੇ ਏਈ ਜਿਨ ਜਾਈ." (ਪਾਰਸਾਵ) ੫. ਸੰਗਯਾ- ਵਿਸ਼ਨੁ। ੬. ਸੂਰਜ। ੭. ਬੁੱਧ ਭਗਵਾਨ। ੮. ਰਿਸ਼ਭਦੇਵ. ਵਿਕਾਰਾਂ ਨੂੰ ਜਿੱਤਣ ਵਾਲਾ ਹੋਣ ਕਰਕੇ ਰਿਸ਼ਭਦੇਵ ਦੀ ਇਹ ਸੰਗ੍ਯਾ ਹੋਈ. ਇਸ ਮਹਾਤਮਾ ਦਾ ਚਲਾਇਆ "ਜੈਨ" ਮਤ ਸੰਸਾਰ ਵਿੱਚ ਪ੍ਰਸਿੱਧ ਹੈ। ੯. ਜੈਨ ਮਤ ਦਾ ਤੀਰਥੰਕਰ. ਦੇਖੋ, ਤੀਰਥੰਕਰ, ਪਾਰਸਨਾਥ ਅਤੇ ਰਿਖਭਦੇਵ.

**ਜਿੰਨ:** ਅ਼. جِن ਸੰਗਯਾ- ਭੂਤ. ਪ੍ਰੇਤ. ਦੇਉ. "ਜੋਰੂ ਜਿੰਨਾ ਦਾ ਸਰਦਾਰ." (ਵਾਰ ਬਿਹਾ ਮਃ ੧) ਦੇਖੋ, ਸ੍ਰਿਸ੍ਟੀਰਚਨਾ.

**ਜਿਨਸ:** ਅ਼. جِنس ਸੰਗਯਾ- ਜਾਤੀ. ਕ਼ਿਸਮ. ਭਾਂਤਿ. "ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ." (ਸੋਦਰੁ) ੨. ਵਸ੍ਤੁ। ੩. ਸਾਮਗ੍ਰੀ। ੪. ਅਨਾਜ. ਗੱਲਾਂ. ਰਸਦ. "ਜਿਨਸ ਥਾਪਿ ਜੀਆ ਕਉ ਭੇਜੈ." (ਵਾਰ ਸਾਰ ਮਃ ੧)

**ਜਿਨਸੀ:** ਦੇਖੋ, ਜਿਨਸ। ੨. ਕਸ਼ਮੀਰ ਦੇ ਸਾਰਸ੍ਵਤ ਬ੍ਰਾਹਮਣ, ਜਿਨ੍ਹਾਂ ਨੇ ਸਿੱਖਧਰਮ ਧਾਰਨ ਕੀਤਾ, ਜਿਨਸੀ ਸਦਾਉਂਦੇ ਹਨ. ਇਸ ਨਾਮ ਦਾ ਕਾਰਣ ਇਹ ਹੈ ਕਿ ਸਿੱਖਧਰਮ ਸਮੇਂ ਇਨ੍ਹਾਂ ਨੇ ਨੌਕਰੀ ਵਿੱਚ ਨਕਦੀ ਦੇ ਥਾਂ ਜਿਨਸ ਲੈਣੀ ਅੰਗੀਕਾਰ ਕੀਤੀ.

**ਜਿਨਹ, ਜਿਨਹਿ, ਜਿਨਹੁ:** ਸਰਵ- ਜਿਸ ਨੇ. "ਜਿਨਹਿ ਨਿਵਾਜੇ ਤਿਨਹੀ ਸਾਜੇ." (ਰਾਮ ਮਃ ੫) ੨. ਜਿਨ੍ਹਾਂ ਨੇ. "ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ." (ਸਵੈਯੇ ਮਃ ੪. ਕੇ)

**ਜਿਨ ਕਿਨੈ:** ਸਰਵ- ਜਿਸ ਕਿਸੇ ਨੇ. "ਜਿਨ ਕਿਨੈ ਪਾਇਆ ਸਾਧੁਸੰਗਤੀ." (ਸ੍ਰੀ ਮਃ ੩)

**ਜਿਨਾ:** ਸਰਵ- ਜਿਨ੍ਹਾਂ ਨੂੰ. "ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ." (ਵਾਰ ਗਉ ੨. ਮਃ ੫) ੨. ਜਿਨ੍ਹਾਂ ਦੇ. "ਜਿਨਾ ਪਿਛੈ ਹਉ ਗਈ." (ਵਾਰ ਮਾਰੂ ੨. ਮਃ ੫) ੩. ਜਿਨ੍ਹਾਂ ਨੇ. "ਜਿਨਾ ਸਤਿਗੁਰ ਇਕਮਨਿ ਸੇਵਿਆ." (ਸਵਾ ਮਃ ੩) ੪. ਜਿੱਤਿਆ. "ਜਨਮਪਦਾਰਥ ਸੋ ਜਿਨਾ." (ਮਾਰੂ ਸੋਲਹੇ ਮਃ ੫) ੫. ਅ਼. زِنا ਜ਼ਿਨਾ. ਸੰਗਯਾ- ਵਿਭਚਾਰ. ਜਾਰੀ.

**ਜਿਨਾਹ:** ਸਰਵ- ਜਿਨ੍ਹਾਂ ਨੂੰ। ੨. ਦੇਖੋ, ਜਿਨਾ ੫.

**ਜ਼ਿਨਾਕਾਰੀ:** ਫ਼ਾ. زِناکاری ਸੰਗਯਾ- ਵਿਭਚਾਰ. ਪਰਇਸਤ੍ਰੀ ਗਮਨ ਅਤੇ ਪਟਪੁਰੁਸ਼ ਸੰਗ.

**ਜਿਨਿ:** ਸਰਵ- ਜਿਸ ਨੇ. "ਜਿਨਿ ਏਹੁ ਜਗਤੁ ਉਪਾਇਆ." (ਸ੍ਰੀ ਮਃ ੧) ੨. ਜਿਨ੍ਹਾਂ ਨੇ. "ਜਿਨਿ ਜਿਨਿ ਨਾਮੁ ਧਿਆਇਆ." (ਮਾਝ ਬਾਰਹਮਾਹਾ) ੩. ਵ੍ਯ- ਨਿਸ਼ੇਧ. ਮਤ. ਜਨਿ. ਜਿਨ. "ਉਨਕੀ ਗੈਲਿ ਤੋਹਿ ਜਿਨਿ ਲਾਗੈ." (ਆਸਾ ਕਬੀਰ) "ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ." (ਸਃ ਮਃ ੯)

**ਜਿਨਿੰਦ੍ਰ:** ਵਿ- ਜਿੰਨਾਂ ਦਾ ਸ੍ਵਾਮੀ. ਜਿੰਨ- ਇੰਦ੍ਰ. "ਜੁਟੇ ਜਿਨਿੰਦ੍ਰ ਈਸ." (ਸਲੋਹ) ਭੂਤਨਾਤ ਸ਼ਿਵ ਜੁੱਟੇ। ੨. ਜੈਨ ਮਤ ਦਾ ਤੀਰਥੰਕਰ. ਜਿਨੇਂਦ੍ਰ। ੩. ਰਿਸ਼ਭਦੇਵ

**ਜਿਨੀ:** ਸਰਵ- ਜਿਨ੍ਹਾਂ ਨੇ. "ਜਿਨੀ ਐਸਾ ਹਰਿਨਾਮੁ ਨ ਚੇਤਿਆ." (ਆਸਾ ਛੰਤ ਮਃ ੪)

**ਜਿਨੂਰਾ, ਜਿਨੂਰੀ:** ਵਿ- ਜਿੰਨ ਦੀ ਨੁਹਾਰ ਵਾਲਾ (ਵਾਲੀ). ਸ਼ੈਤ਼ਾਨ ਮੂਰਤਿ. ਜਿੰਨਰੂਹਾ. "ਪੁਤ ਜਿਨੂਰਾ ਧੀਅ ਜਿਨੂਰੀ." (ਵਾਰ ਬਿਹਾ ਮਃ ੧)

ਜਿਨੇਹਾ: ਵਿ- ਜੈਸਾ. ਯਾਦ੍ਰਿਸ਼. "ਕੋਰੜ ਮੋਠ ਜਿਨੇਹਾ." ਵਾਰ ਰਾਮ ੨. ਮਃ ੫)

ਜਿੱਨ: ਦੇਖੋ, ਜਿੰਨ.

ਜਿੱਨਾਤ: ਜਿੰਨ ਦਾ ਬਹੁਵਚਨ. ਦੇਖੋ, ਜਿੰਨ. "ਦੇਵ ਭੂਤ ਜਿੱਨਾਤ ਕਹਿਂ ਲੇਵਹਿ ਨਿਕਟ ਬੁਲਾਇ." (ਚਰਿਤ੍ਰ ੧੩੫)

ਜਿਪਈ: ਜੈ- ਪਾਈ. ਜੈ ਪ੍ਰਾਪਤੀ। ੨. ਜਿੱਤੀ ਜਾਂਦੀ. "ਮਨਹਠਿ ਤਰਫ ਨ ਜਿਪਈ." (ਵਾਰ ਸੂਹੀ ਮਃ ੨)

ਜਿਫ਼ੀ: ਅ਼. جِفی ਜਫ਼ੀ. ਸੰਗਯਾ- ਦੰਡਵਤ (ਡੰਡੇ ਵਾਂਙ ਸਿੱਧਾ) ਪ੍ਰਿਥਿਵੀ ਪੁਰ ਗਿਰਾਉਣਾ. "ਏਕ ਜਿਫੀ ਕਹਿ ਐਸੇ ਧਰਾ, ਇਕ ਕੂਕਤ ਹੈਂ." (ਕ੍ਰਿਸਨਾਵ)

ਜਿਬਹ, ਜਿਬਾਹ: ਅ਼. ذِبح ਜਿਬਹ਼. ਸੰਗਯਾ- ਗਲ ਵੱਢਕੇ ਪ੍ਰਾਣ ਲੈਣ ਦੀ ਕ੍ਰਿਯਾ. ਹਿੰਸਾ। ੨. ਉਹ ਜੀਵ, ਜਿਸ ਦਾ ਗਲ ਵੱਢਿਆ ਗਿਆ ਹੈ.

ਜਿਬਾਯਸ: ਦੇਖੋ, ਜੇਬਾਯਸ਼.

ਜਿਬੈ: ਦੇਖੋ, ਜਿਬਹ.

ਜਿਭ: ਦੇਖੋ, ਜੀਭ.

ਜਿਮ: ਦੇਖੋ, ਜੀਮਨਾ। ੨. ਦੇਖੋ, ਜਿਮਿ.

ਜਿਮਤਿ: ਜੋ- ਮਤਿ. ਜੈਸੀ ਬੁੱਧਿ. "ਜਿਮਤਿ ਗਹੀ ਜੈਦੇਵ." (ਸਵੈਯੇ ਮਃ ੩. ਕੇ)

ਜਿਮਨ: ਅ਼. ضِمن ਜ਼ਿਮਨ. ਕ੍ਰਿ. ਵਿ- ਦਰਮਯਾਨ. ਅੰਦਰ. ਵਿੱਚ.

ਜਿਮਾਵਨ: ਕ੍ਰਿ- ਜੇਮਨ ਕਰਾਉਣਾ. ਭੋਜਨ ਛਕਾਉਣਾ. ਦੇਖੋ, ਜੀਮਨਾ.

ਜਿਮਿ: ਕ੍ਰਿ. ਵਿ- ਜੈਸੇ. ਜਿਵੇਂ. ਜਿਸ ਤਰਾਂ. "ਜਿਮਿ ਅੰਧਕਾਰ ਸੂਰਯ ਹਰੈ." (ਸਲੋਹ)

ਜਿਮੀ, ਜਿਮੀਂ: ਸੰ. ਜਮਾ. ਦੇਖੋ, ਜਮੀਨ. "ਜਿਮੀ ਨਾਹੀ ਮੈ ਕਿਸੀ ਕੀ ਬੋਈ." (ਸੂਹੀ ਕਬੀਰ)

ਜਿਮੀਕੰਦ: ਸੰਗਯਾ- ਜ਼ਮੀਨ ਦਾ ਕੰਦ ਸੂਰਨ. ਸ਼ੂਰਣ. ਦੇਖੋ, ਸੂਰਣ.

ਜਿਮੀਦਾਰ, ਜਿਮੀਦਾਰੀ: ਦੇਖੋ, ਜਮੀਂਦਾਰ ਅਤੇ ਜਮੀਂਦਾਰੀ.

ਜਿਮੀਨ: ਦੇਖੋ, ਜਿਮਿ.

ਜਿਮੀਨਦਾਰ: ਦੇਖੋ, ਜਮੀਂਦਾਰ.

ਜਿਮੁ: ਦੇਖੋ, ਜਮੀਨ.

ਜਿਮੁਆਰ: ਸੰਗਯਾ- ਜੰਬੂਆ. ਜਾੜ੍ਹ (ਦਾੜ੍ਹ) ਦੀ ਸ਼ਕਲ ਦਾ ਪੇਸ਼ਕ਼ਬਜ.

ਜਿਮ੍ਹ: ਦੇਖੋ, ਜਿਹ੍ਮ.

ਜਿੱਮਹ: ਅ਼. ذِمّہ ਜਿੱਮਹ. ਸੰਗਯਾ- ਓਟਣ ਦਾ ਭਾਵ. ਆਪਣੇ ਉੱਪਰ ਲੈਣਾ.

ਜਿੱਮਹਵਾਰ, ਜਿੱਮੇਵਾਰ: ਫ਼ਾ. ذِمہدار ਜਿਮੱਹਵਾਰ. ਸੰਗਯਾ- ਓਟਣ ਵਾਲਾ. ਜਵਾਬਦਿਹ.

ਜਿਯ: ਸੰਗਯਾ- ਜੀਵ। ੨. ਮਨ. ਚਿੱਤ.

ਜਿਯਬ: ਸੰਗਜਾ- ਜੀਵਨ. "ਰਹਜੋ ਜਿਯਬ ਜਗ ਥੋਰਾ." (ਸਲੋਹ)

ਜਿਯਰਾ, ਜਿਯਰੋ: ਸੰਗਜਾ- ਜੀਵ। ੨. ਮਨ.

ਜਿਯਾਰੋ, ਜਿਯਾਰਜੋ: ਜਿਵਾਇਆ. ਜੀਵਨਦਸ਼ਾ ਵਿੱਚ ਲਿਆਂਦਾ. "ਸੁਨ ਰਾਨੀ ! ਤੈ ਮੋਹਿ ਜਿਯਾਰੋ." (ਚਰਿਤ੍ਰ ੧੨੮)

ਜਿਰਹ, ਜਿਰਹਿ: ਅ਼. جرح, ਜਰਹ਼. ਸੰਗਜਾ- ਕੋਟਿ. . ਹੁੱਜਤ. ਪੇਚਦਾਰ ਪ੍ਰਸ਼ਨ। ੨. ਫ਼ਾ. زره ਜ਼ਿਰਹ. ਕਵਚ. ਬਕਤਰ. ਸੰਜੋ.

ਜਿਰਗਾ: ਤੁ. جرگہ, ਸੰਗਜਾ- ਗਰੋਹ. ਝੁੰਡ. ਆਦਮੀਆਂ ਦਾ ਇਕੱਠ। ੨. ਪ੍ਰਜਾ ਦੇ ਚੁਣਵੇਂ ਲੋਕਾਂ ਦੀ ਜਮਾਤ, ਜੋ ਸਲਾਹ ਮਸ਼ਵਰੇ ਲਈ ਜਮਾ ਹੋਵੇ.

ਜਿਰਾ: ਦੇਖੋ, ਜਿਰਹ.

ਜਿਰੇ, ਜਿਰੈ: ਜਿਰਹ ਦਾ ਬਹੁ ਵਚਨ.

ਜਿਲਤ, ਜਿਲਦ: ਅ਼. جلد, ਸੰਗਜਾ- ਖੱਲ. ਤੁਚਾ। ੨. ਪੁਸ੍ਤਕ ਦੀ ਰਖ੍ਯਾ ਵਾਸਤੇ ਉੱਪਰ ਲਾਇਆ ਹੋਇਆ ਚਮੜਾ. "ਤਯਾਰ ਭਯੋ ਤਬ ਜਿਲਤ ਬੰਧਾਈ." (ਗੁਪ੍ਰਸੂ) ੩. ਪੁਸ੍ਤਕ ਦੀ ਪ੍ਰਤਿ. ਜਿਵੇਂ- ਇਹ ਗ੍ਰੰਥ ਪੰਚ ਜਿਲਦਾਂ ਵਿੱਚ ਹੈ.

ਜਿਲਦਗਰ: ਫ਼ਾ. جلدگر, ਸੰਗਜਾ- ਜਿਲਦ ਬੰਨ੍ਹਣ ਵਾਲਾ. ਜਿਲਦਬੰਦ. ਜਿਲਦਸਾਜ਼.

ਜਿਲਵਾ: ਦੇਖੋ, ਜਲਵਾ. "ਆਲਮ ਖੁਸ਼ਾਇ ਜਿਲਵਾ." (ਰਾਮਾਵ)

ਜਿਲਾ: ਅ਼. ضلع, ਜਿਲਅ਼. ਸੰਗਜਾ- ਪਰਗਨਾ. ਪ੍ਰਾਂਤ. "ਬਹੁਰੋ ਬਸ ਤੋਹਿ ਨ ਔਰ ਜਿਲੈ." (ਨਾਪ੍ਰ) ੨. ਅ਼. جلا ਦੂਰ ਕਰਨਾ. ਮਿਟਾਉਣਾ। ੩. ਮੈਲ ਉਤਾਰਕੇ ਸਾਫ਼ ਕਰਨਾ। ੪. ਦੇਸ਼ ਅਥਵਾ ਘਰ ਤੋਂ ਕੱਢਣਾ.

ਜਿਲਾਵਤਨੀ: ਦੇਖੋ, ਜਲਾਵਤਨੀ.

ਜਿਲੌ: ਫ਼ਾ. جلو, ਘੋੜੇ ਦੀ ਬਾਗ। ੨. ਅ਼. جلاع, ਜਿਲਾਅ. ਚਮਕ ਦਮਕ.

ਜਿਲ੍ਹਣ, ਜਿੱਲਣ: ਸੰਗਜਾ- ਦਲਦਲ. ਨਦੀ ਦੇ ਕਿਨਾਰੇ ਅਥਵਾ ਪਹਾੜ ਦੀ ਜੜਾਂ ਪਾਸ ਦੀ ਧਸਣ. ਗਡਣ. ਖੁਭਣ.

ਜਿੱਲਤ, ਜਿੱਲੀ: ਅ਼. ذلّت ਜਿੱਲਤ. ਸੰਗਜਾ- ਅਨਾਦਰ. ਅਪਮਾਨ. ਬੇਇੱਜ਼ਤੀ. ਖ਼੍ਵਾਰੀ.

ਜਿਵ: ਕ੍ਰਿ. ਵਿ- ਜੈਸੇ. ਜਿਸ ਪ੍ਰਕਾਰ. ਜਿਵੇਂ. "ਜਿਵ ਜਿਵ ਹੁਕਮੁ ਤਿਵੈ ਤਿਵ ਕਾਰ." (ਜਪੁ) "ਜਿਵ ਤੂ ਰਖਹਿ ਤਿਵ ਰਹਉ." (ਸਵੈਯੇ ਮਃ ੩. ਕੇ) ੨. ਜੀਵ. "ਜਪਤ ਜਿਵੈ." (ਅਕਾਲ) ੩. ਦੇਖੋ, ਜਿਹਵ.

ਜਿਵਹਰ: ਦੇਖੋ, ਜੌਹਰ। ੨. ਜੀਵ (ਪ੍ਰਾਣ) ਹਰਣ ਵਾਲਾ. ਜਾਨ ਲੈਣ ਵਾਲਾ.

ਜਿਵਹਾ: ਦੇਖੋ, ਜਵਾਸਾ. "ਲਾਦਿਓ ਕਾਲਰ ਬਿਰਖ ਜਿਵਹਾ." (ਸਾਰ ਮਃ ੫) ੨. ਦੇਖੋ, ਜਿਵੇਹਾ.

ਜਿਵਨਾਰ: ਰਸੋਈ. ਭੋਜਨ. ਦੇਖੋ, ਜਿਉਨਾਰ. "ਬਡ ਹੋਤਭਈ ਜਿਵਨਾਰਾ." (ਗੁਪ੍ਰਸੂ).

ਜਿਵਰ: ਦੇਖੋ, ਜੇਵਰ। ੨. ਦੇਖੋ, ਜੇਵਰਾ. "ਜਿਵਰਨ ਸੋ ਤਿਹ ਦ੍ਰਿੜ ਗਹਿਲਯੋ." (ਚਰਿਤ੍ਰ ੧੩੬) ਰੱਸਿਆਂ (ਜੇਵੜਿਆਂ) ਨਾਲ ਜਕੜ ਲਿਆ.

ਜਿਵਾਉਣਾ: ਕ੍ਰਿ- ਜਿੰਦ ਪਾਉਣੀ. ਜੀਵਨ ਸਹਿਤ ਕਰਨਾ। ੨. ਜੇਮਨ ਕਰਾਉਂਣਾ. ਖਵਾਉਂਣਾ.

ਜਿਵਾਇ: ਕ੍ਰਿ. ਵਿ- ਜ਼ਿੰਦਹ ਕਰਕੇ। ੨. ਜੇਮਨ ਕਰਾਕੇ. ਭੋਜਨ ਛਕਾਕੇ. "ਲੋਗ ਜਿਵਾਇ ਬਚਨ ਇਮ ਭਾਖਾ." (ਚਰਿਤ੍ਰ ੨੪੫)

**ਜਿਵਾਹਾ:** ਦੇਖੋ, ਜਵਾਸਾ. "ਕੋ ਸਾਲ ਜਿਵਾਹੇ ਸਾਲੀ?" (ਵਾਰ ਰਾਮ ੩) ੨. ਦੇਖੋ, ਜਿਵੇਹਾ.

**ਜਿਵਾਹੇ ਸਾਲੀ:** ਦੇਖੋ, ਸਾਲ.

**ਜਿਵਾਯੋ, ਜਿਵਾਰਜੋ:** ਜ਼ਿੰਦਹ ਕੀਤਾ. ਜੀਵਨ ਸਹਿਤ ਕੀਤਾ। ੨. ਜਨਮਾਇਆ. ਪੈਦਾ ਕੀਤਾ. "ਪੂਤ ਆਨ ਕੋ ਆਨ ਜਿਵਾਯੋ." (ਚਰਿਤ੍ਰ ੧੫੦) ੩. ਜੇਮਨ ਕਰਾਇਆ. ਖਵਾਇਆ. "ਭੋਜਨ ਧਾਮ ਲਿਜਾਯ ਜਿਵਾਰਜੋ." (ਕ੍ਰਿਸਨਾਵ)

**ਜਿਵਾਲਣਾ:** ਦੇਖੋ, ਜਿਵਾਉਣਾ.

**ਜਿਵਾਲੀਆ:** ਵਿ- ਜ਼ਿੰਦਹ ਕਰਨ ਵਾਲਾ. ਜੀਵਦਾਨ ਦੇਣ ਵਾਲਾ। ੨. ਜੇਮਨ ਕਰਾਉਣ ਵਾਲਾ. ਭੋਜਨ ਵਰਤਾਉਂਣ ਵਾਲਾ.

**ਜਿਵਾਲੇ:** ਜੀਵਨ ਦੇਵੇ। ੨. ਜੀਵਨ ਦਿੰਦਾ ਹੈ। ੩. ਜੇਮਨ ਕਰਾਵੇ. ਭੋਜਨ ਛਕਾਵੇ. "ਮੋ ਕਉ ਦੋਨਉ ਵਖਤ ਜਿਵਾਲੇ." (ਸੋਰ ਕੀਬਰ)

**ਜਿਵੇਹਾ:** ਕ੍ਰਿ. ਵਿ- ਜੇਹਾ. ਉਸ ਜੇਹਾ. ਤਤ੍ ਤੁਲਯ.

**ਜਿਵੈ:** ਕ੍ਰਿ. ਵਿ- ਜਿਸ ਪ੍ਰਕਾਰ. ਜਿਵੇਂ. "ਚਾਤ੍ਰਿਕ ਬੂੰਦ ਜਿਵੈ." (ਆਸਾ ਛੰਤ ਮਃ ੪)

**ਜਿਵ੍ਹਾ:** ਦੇਖੋ, ਜਿਹਵਾ.

**ਜੀ:** ਸੰਗਯਾ- ਜੀਵ. ਪ੍ਰਾਣੀ. "ਬਇਆਲੀਸ ਲਖ ਜੀ ਜਲ ਮਹਿ ਹੋਤੇ." (ਆਸਾ ਨਾਮਦੇਵ) ੨. ਮਨ. ਚਿੱਤ. "ਗੁਰਮਤੀ ਪਰਗਾਸੁ ਹੋਆ ਜੀ." (ਮਾਝ ਅਃ ਮਃ ੩) ੩. ਉਤਸਾਹ. ਹਿੰਮਤ। ੪. ਵਯ- ਸਨਮਾਨ ਬੋਧਕ ਸ਼ਬਦ. "ਮੈ ਜੀ ਨਾਮਾ ਹੋਂ. ਜੀ." (ਧਨਾ ਨਾਮਦੇਵ) ੫. ਹਾਂ. ਜੀ. ਇਹ ਸ਼ਬਦ ਕਿਸੇ ਦੇ ਕਥਨ ਦੇ ਉੱਤਰ ਵਿੱਚ ਬੋਲੀਦਾ ਹੈ। ੬. ਸੰਗਯਾ- ਜੀਵਨ ਦਾ ਸੰਖੇਪ. ਜਲ. "ਬਰਸੁ ਮੇਘ ਜੀ, ਤਿਲੁ ਬਿਲਮੁ ਨ ਲਾਉ." (ਮਲਾ ਮਃ ੫)

**ਜੀਂ:** زین ਜ਼ੀਨ (ਕਾਠੀ) ਦਾ ਸੰਖੇਪ। ੨. ਫ਼ਾ. ਅਜ਼- ਈਂ (ਇਸ ਤੋਂ) ਦਾ ਸੰਖੇਪ.

**ਜੀਉ:** ਵਯ- ਸਨਮਾਨ ਬੋਧਕ ਸ਼ਬਦ. "ਜਿਚਰੁ ਵਸਿਆ ਕੰਤੁ ਘਰਿ, ਜੀਉ ਜੀਉ ਸਭਿ ਕਹਾਤ." (ਸ੍ਰੀ ਮਃ ੫) ਇਸ ਥਾਂ ਘਰ ਦੇਹ, ਅਤੇ ਕੰਤ ਜੀਵਾਤਮਾ ਹੈ। ੨. ਸੰਗਯਾ- ਜੀਵਾਤਮਾ. "ਜੀਉ ਏਕੁ ਅਰਿ ਸਗਲ ਸਰੀਰਾ." (ਗਉ ਅਃ ਕਬੀਰ) ੩. ਜਾਨ. "ਜੀਉ ਪਿੰਡ ਸਭ ਤੇਰੀ ਰਾਸਿ." (ਸੁਖਮਨੀ) ੪. ਜੀਵਨ. ਜ਼ਿੰਦਗੀ."ਜੀਉ ਸਮਪਉ ਆਪਣਾ." (ਓਅੰਕਾਰ) "ਲੀਪਤ ਜੀਉ ਗਇਓ." (ਬਿਲਾ ਕਬੀਰ)

੫. ਮਨ. ਦਿਲ. "ਜੀਉ ਡਰਤ ਹੈ ਆਪਣਾ." (ਧਨਾ ਮਃ ੧) "ਹਮਰਾ ਖੁਸੀ ਕਰੈ ਨਿਤ ਜੀਉ." (ਧਨਾ ਧੰਨਾ) "ਜੂਠ ਲਹੈ ਜੀਉ ਮਾਂਜੀਐ." (ਗੂਜ ਮਃ ੧) ੬. ਪ੍ਰਾਣੀ. ਜਾਨਵਰ। ੭. ਜਨਮ. "ਕਰਮਹਿ ਕਿਨ ਜੀਉ ਦੀਨ ਰੇ?" (ਗੌਂਡ ਕਬੀਰ) ਕਰਮ ਕਿਸ ਨੇ ਪੈਦਾ ਕੀਤਾ ਹੈ? ੮. ਸ੍ਵਰ (ਸੁਰ). "ਜਸ ਜੰਤੀ ਮਹਿ ਜੀਉ ਸਮਾਨਾ." (ਗਉ ਕਬੀਰ) ੯. ਸ੍ਵਾਗਤ. ਖ਼ੁਸ਼ਆਮਦੇਦ. "ਜੇ ਕੋ ਜੀਉ ਕਹੈ ਓਨਾ ਕਉ, ਜਮ ਕੀ ਤਲਬ ਨ ਹੋਈ." (ਪ੍ਰਭਾ ਮਃ ੧)

**ਜੀਉਦਾਨ:** ਦੇਖੋ, ਜੀਆਦਾਨ.

**ਜੀਉ ਧਰਾਉਣਾ:** ਕ੍ਰਿ- ਧੀਰਯ ਦੇਣਾ. ਦਿਲ ਟਿਕਾਉਣਾ. ਹੌਸਲਾ ਦੇਣਾ. "ਗੁਰੁ ਸਜਣ ਜੀਉ ਧਰਾਇਆ." (ਵਾਰ ਰਾਮ ੨. ਮਃ ੫)

**ਜੀਉ ਪਿੰਡੁ:** ਜਾਨ ਅਤੇ ਦੇਹ. ਜ਼ਿੰਦਗੀ ਅਤੇ ਜਿਸਮ. "ਜੀਉ ਪਿੰਡੁ ਸਭੁ ਤਿਸ ਕਾ." (ਵਾਰ ਸ੍ਰੀ ਮਃ ੩)

**ਜੀਓਵਾਲਾ:** ਜਿਲਾ ਅੰਮ੍ਰਿਤਸਰ, ਤਸੀਲ ਥਾਣਾ ਤਰਨਤਾਰਨ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਜੰਡੋਕੀ ਤੋਂ ਛੀ ਮੀਲ ਪੱਛਮ ਹੈ. ਇਸ ਪਿੰਡ ਤੋਂ ਇੱਕ ਮੀਲ ਦੱਖਣ ਵੱਲ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਝਬਾਲ ਤੋਂ ਏਥੇ ਆਏ

ਹਨ. ਜਿਨ੍ਹਾਂ ਕਰੀਰਾਂ ਨਾਲ ਘੋੜਾ ਬੱਧਾ ਸੀ, ਉਹ ਹੁਣ ਮੌਜੂਦ ਹਨ ਅਤੇ ਸੰਗਯਾ- "ਅਗਾੜੀ ਪਿਛਾੜੀ ਸਾਹਿਬ" ਪੈ ਗਈ ਹੈ. ਗੁਰਦ੍ਵਾਰਾ ਅਤੇ ਰਹਿਣ ਦੇ ਮਕਾਨ ਬਣੇ ਹੋਏ ਹਨ. ਜਾਗੀਰ ਜ਼ਮੀਨ ਨਾਲ ਕੁਝ ਨਹੀਂ. ਛੀਵੇਂ ਸਤਿਗੁਰੂ ਦੇ ਜਨਮਦਿਨ ਤੇ ਮੇਲਾ ਲਗਦਾ ਹੈ.

ਜੀਅ: ਸੰਗਯਾ- ਪ੍ਰਾਣੀ ਜੀਵਨ. "ਮੈ ਤਉ ਮੋਲਿ ਮਹਗੀ ਲਈ ਜੀਅ ਸਟੈ." (ਧਨਾ ਰਵਿਦਾਸ) ੨. ਮਨ. ਚਿੱਤ. "ਜੀਅ ਸੰਗਿ ਪ੍ਰਭੁ ਅਪਨਾ ਧਰਤਾ." (ਆਸਾ ਮਃ ੫) ੩. ਜਲ. "ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅਦਾਨ." (ਵਾਰ ਮਲਾ ਮਃ ੩) ਇਸ ਥਾਂ "ਜੀਅ" ਦੋ ਅਰਥ ਰਖਦਾ ਹੈ, ਜਲ ਅਤੇ ਜੀਵਨ। ੪. ਜ਼ਿੰਦਗੀ। ੫. ਪ੍ਰਾਣੀ. ਜੀਵ. "ਜੇਤੇ ਜੀਅ ਜੀਵਹਿ ਲੈ ਸਾਹਾ." (ਵਾਰ ਮਾਝ ਮਃ ੧) ੬. ਜੀਵਾਤਮਾ। ੭. ਦੇਖੋ, ਜਿਅ.

ਜੀਅਉ: ਜੀਵੇ. ਚਿਰਜੀਵੀ ਹੋਵੇ. "ਜੀਅਹੁ ਹਮਾਰਾ ਜੀਉ ਦੇਨਹਾਰਾ." (ਆਸਾ ਮਃ ੫)

ਜੀਅਹੁ: ਦੇਖੋ, ਜੀਅਉ। ੨. ਜੀਅ (ਮਨ) ਤੋਂ. ਦਿਲ ਸੇ. "ਜੀਅਹੁ ਨਿਰਮਲ ਬਾਹਰਹੁ ਨਿਰਮਲ." (ਅਨੰਦੁ)

ਜੀਅਕਹ: ਸੰ. ਉਪਜੀਵਿਕਾ. ਰੋਜ਼ੀ. "ਉਚਰਣੰ ਸਰਬ ਜੀਅਕਹ." (ਸਹਸ ਮਃ ੫) ਸਭ ਕਥਨ ਉਪਜੀਵਿਕਾ ਵਾਸਤੇ ਹੈ। ੨. ਜੀਵ ਦਾ।੩ ਜੀਵ ਨੂੰ.

ਜੀਅ ਜੀਅਨ: ਜੀਵਾਂ ਦਾ ਜੀਵਨ ਕਰਤਾਰ। ੨. ਪਵਨ. ਹਵਾ.

ਜੀਅਜੰਤ, ਜੀਅਜੰਤੁ, ਜੀਅਜੰਤ੍ਰ: ਜੀਵਜੰਤੁ. ਵਡੇ ਛੋਟੇ ਜੀਵ. ਸਰਵ ਜੀਵ. "ਜੀਅਜੰਤ ਸਗਲੇ ਪ੍ਰਤਿਪਾਲ." (ਰਾਮ ਮਃ ੫) "ਜੀਅਜੰਤ੍ਰ ਕਰੇ ਪ੍ਰਤਿਪਾਲ." (ਮਾਲੀ ਮਃ ੫)

ਜੀਅਣ, ਜੀਅਣੁ: ਦੇਖੋ, ਜੀਵਨ। ੨. ਦੇਖੋ, ਜੀਅਨ.

ਜੀਅਦਾਨ: ਸੰਗਯਾ- ਜੀਵਨਦਾਨ. ਸੱਚੀ ਜ਼ਿੰਦਗੀ ਦੀ ਦਾਤ. "ਜੀਆ ਦਾਨ ਦੇ ਭਗਤੀ ਲਾਇਨ." (ਸੂਹੀ ਮਃ ੫) ੨. ਜਾਨਬਖਸ਼ੀ. ਜੀਵਦਾਨ। ੩. ਜਲਦਾਨ. ਦੇਖੋ, ਜੀਅ ੩.

ਜੀਅ ਪਿੰਡੁ: ਦੇਖੋ, ਜੀਉ ਪਿੰਡੁ. "ਜੀਅ ਪਿੰਡੁ ਕੇ ਪ੍ਰਾਨ ਅਧਾਰੇ." (ਆਸਾ ਮਃ ੫)

ਜੀਅਰਾ, ਜੀਅੜਾ: ਸੰਗਯਾ- ਜੀਵਾਤਮਾ। ੨. ਮਨ. ਚਿੱਤ. "ਹਰਿ ਬਿਨ ਜੀਅਰਾ ਰਹਿ ਨ ਸਕੈ." (ਗੂਜ ਮਃ ੪) "ਜੀਅੜਾ ਅਗਨਿ ਬਰਾਬਰਿ ਤਪੈ." (ਗਉ ਮਃ ੧) ੩. ਜੀਵ. ਪ੍ਰਾਣੀ. "ਪਾਪੀ ਜੀਅਰਾ ਲੋਭ ਕਰਤ ਹੈ." (ਮਾਰੂ ਕਬੀਰ)

ਜੀਆ: ਜੀਵਾਂ ਨੂੰ ਜੀਆਂ. "ਜੀਆ ਕੁਹਤ ਨ ਸੰਗੈ ਪ੍ਰਾਣੀ." (ਗਉ ਮਃ ੫) ਜੀਵਾਂ ਦੇ. "ਜੀਆ ਅੰਦਰਿ ਜੀਉ." (ਵਾਰ ਰਾਮ ੨. ਮਃ ੫)

ਜੀਆਇਹ: ਜੀਵਾਉਂਦਾ ਹੈ. ਜੀਵਨ ਪ੍ਰਦਾਨ ਕਰਦਾ ਹੈ। ੨. ਜੀਵਾਂ ਨੂੰ. ਪ੍ਰਾਣੀਆਂ ਨੂੰ. "ਕਾਹੂ ਬਿਹਾਵੈ ਜੀਆਇਹ ਹਿਰਤੇ." (ਰਾਮ ਅਃ ਮਃ ੫) ਲੋਕਾਂ ਦਾ ਮਾਲ ਚੁਰਾਉਂਦੇ ਗੁਜ਼ਰਦੀ ਹੈ.

ਜੀਆਵਨਹਾਰਾ: ਜ਼ਿੰਦਾ ਕਰਨ ਵਾਲਾ. ਜੀਵਨ ਦੇਣ ਵਾਲਾ. "ਅਬ ਮੋਹਿ ਮਿਲਿਓ ਹੈ ਜੀਆਵਨਹਾਰਾ." (ਗਉ ਕਬੀਰ)

ਜੀਐ: ਜੀਵੇ. ਜ਼ਿੰਦਾ ਰਹੇ। ੨. ਜੀਵੀਐ. ਦੇਖੋ, ਸਮੰਜੀਐ.

ਜੀਇ: ਦੇਖੋ, ਜੀਉ ਅਤੇ ਜੀਅ। ੨. ਮਨ (ਚਿੱਤ) ਵਿੱਚ. "ਹਮਰੇ ਜੀਇ ਹੋਰੁ ਮੁਖਿ ਹੋਰੁ ਹੋਤ ਹੈ." (ਦੇਵ ਮਃ ੪)

ਜੀਇਇਛਿਅੜਾ: ਵਿ- ਮਨਵਾਂਛਿਤ. ਮਨਲੋੜੀਂਦਾ."ਜੀਇਇਛਿਅੜਾ ਫਲੁ ਪਾਇਆ." (ਸ੍ਰੀ ਮਃ ੧. ਜੋਗੀ ਅੰਦਰਿ)

ਜੀਸ: ਦੇਖੋ, ਜਿਸ। ੨. ਜਾਸਾਂ. ਜਾਸਾਂ. "ਘੁਮਿ ਘੁਮਿ ਜੀਸ." (ਕਾਨ ਮਃ ੪. ਪੜਤਾਲ) ੩. ਜੀ ਸੇ. ਦਿਲੋਂ.

ਜ਼ੀਸ੍ਤ: ਫ਼ਾ. زیست ਸੰਗਯਾ- ਜ਼ਿੰਦਗਾਨੀ. ਜ਼ਿੰਦਗੀ.

ਜ਼ੀਸ੍ਤਨ: ਫ਼ਾ. زیستن ਕ੍ਰਿ- ਜਿਉਣਾ. . ਉਮਰ ਵਿਤਾਉਣੀ.

ਜੀਹ, ਜੀਹਾ: ਸੰਗ੍ਯਾ- ਜਿਹ੍ਵਾ. ਜੀਭ. ਰਸਨਾ. "ਏਕ ਜੀਹ ਗੁਣ ਕਵਨ ਬਖਾਨੈ." (ਮਾਰੂ ਸੋਲਹੇ ਮਃ ੫) "ਅਰੀ ਜੀਹ! ਪਗਿਯਾ ਕਹਿਤ, ਬੋਲ ਬੈਨ ਰਸਬੋਰ। ਤੋਰ ਕੁਰਖ਼ਤੀ ਤਨਿਕ ਤੈਂ ਹੋ ਕਮਬਖ਼ਤੀ ਮੋਰ." (ਬਸੰਤ ਸਤਸਈ)

ਜੀਹਾਂ: ਜਿਸ ਨੇ. ਦੇਖੋ, ਕੀਹਾਂ.

ਜੀਹਿ: ਦੇਖੋ, ਜੀਹ.

ਜੀਗਣਾ, ਜੀਂਗਨਾ: ਸੰ. ਜ੍ਰਿਙਣਾ ਜ੍ਰਿੰਗਣ. ਸੰਗ੍ਯਾ- ਜੁਗਨੂ. ਖਦਯੋਤ. ਪਟਬੀਜਨਾ. ਟਣਾਨਾ. "ਤਮ ਮੇ ਜਿਮ ਜੀਗਣ ਝਮਕੰਤੇ, ਧੁਖੈਂ. ਪਲੀਤੇ ਪੁੰਜ." (ਗੁਪ੍ਰਸੂ) ਦੇਖੋ, ਜੁਗਨੂ. "ਨਿਸ ਮੇ ਚਮਕ ਜੀਂਗਨਾ ਜੈਸੇ." (ਗੁਪ੍ਰਸੂ)

ਜੀਜਾ: ਸੰਗ੍ਯਾ- ਭੈਣ ਦਾ ਪਤਿ. ਬਹਿਨੋਈ. "ਸੁਨ ਜੀਜਾ, ਬਾਤ ਸੁਜਾਨੇ." (ਨਾਪ੍ਰ)

ਜੀਜੀਐ: ਜੀਵੀਏ. "ਹਰਿ ਕੰਤ ਬਿਨੁ ਕਿਉ ਜੀਜੀਐ?" (ਬਿਹਾ ਛੰਤ ਮਃ ੫)

ਜੀਜੈ: ਜਿਉਂਦਾ ਹੈ. "ਪੇਖਿ ਦਰਸਨੁ ਨਾਨਕ ਜੀਜੈ." (ਸੂਹੀ ਛੰਤ ਮਃ ੫) ੨. ਜੀਵੀਜੈ.

ਜੀਤ: ਸੰਗ੍ਯਾ- ਜਿੱਤ. ਫ਼ਤੇ. "ਜੀਤ ਹਾਰ ਕੀ ਸੋਝੀ ਕਰੀ." (ਗਉ ਅਃ ਮਃ ੫) ਦੇਖੋ, ਜੀਤਿ ੩.

ਜੀਤ ਸਿੰਘ: ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਨਾਮ ਸੈਨਾਪਤਿ ਕਵਿ ਨੇ "ਗੁਰੁਸ਼ੋਭਾ." ਗ੍ਰੰਥ ਵਿੱਚ ਲਿਖਿਆ ਹੈ. "ਜੀਤ ਸਿੰਘ ਰਣ ਮੇ ਮੰਡਯੋ ਹੋਤ ਪਤ੍ਰ ਭਰਪੂਰ." ਦੇਖੋ, ਅਜੀਤ ਸਿੰਘ.

ਜੀਤਣੁ, ਜੀਤਨ, ਜੀਤਨਾ: ਕ੍ਰਿ- ਜਿੱਤਣਾ. ਫ਼ਤੇ ਕਰਨਾ.

ਜੀਤਬ: ਕ੍ਰਿ- ਜਿੱਤਣਾ। ੨. ਜਿਉਣਾ. ਜ਼ਿੰਦਹ ਰਹਿਣਾ. "ਕਹਿਂ ਜੀਤਬ ਕਹਿਂ ਮਰਨ ਹੈ?" (ਅਕਾਲ) ਦੇਖੋ, ਏਕ ਸਮੇ ਸ੍ਰੀ ਆਤਮਾ.

ਜੀਤਮੱਲ: ਦੇਖੋ, ਬੀਰੋ ਬੀਬੀ.

ਜੀਤਾ: ਜਿਉਂਦਾ. ਜੀਵਿਤ। ੨. ਜਿੱਤਿਆ. "ਨਾਨਕ ਗਿਆਨੀ ਜਗ ਜੀਤਾ, ਜਗਜੀਤਾ ਸਭੁਕੋਇ." (ਵਾਰ ਬਿਹਾ ਮਃ ੩) ਗ੍ਯਾਨੀ ਨੇ ਜਗਤ ਜਿੱਤਿਆ ਹੈ, ਅਤੇ ਸਭ ਕਿਸੇ ਨੂੰ ਜਗਤ ਨੇ ਜਿੱਤਿਆ ਹੈ.

ਜੀਤਿ: ਕ੍ਰਿ. ਵਿ- ਜਿੱਤਕੇ. "ਜੀਤਿ ਆਵਹੁ ਵਸਹੁ ਘਰਿ ਅਪਨੇ." (ਮਾਰੂ ਸੋਲਹੇ ਮਃ ੫) ੨. ਜੀ ਤੋਂ. ਦਿਲੋਂ. "ਭ੍ਰਮਭੀਤਿ ਜੀਤਿ ਮਿਟਾਵਹੁ." (ਆਸਾ ਮਃ ੫. ਪੜਤਾਲ) ੩. ਸੰ. ਸੰਗ੍ਯਾ- ਜਿੱਤ. ਫ਼ਤਹ਼। ੪. ਹਾਨਿ. ਨੁਕ਼ਸਾਨ. ਕ੍ਸ਼ਤਿ.

ਜੀਤਿਆ: ਜਿੱਤਿਆ। ੨. ਜੀਤਿਆਂ. ਕ੍ਰਿ. ਵਿ- ਜਿਉਂਦਿਆਂ. ਜੀਵਤਿਆਂ। ੩. ਜਿੱਤਿਆਂ.

ਜੀਤਿਆਂ: ਜਿੱਤਣ ਤੋਂ. ਦੇਖੋ, ਜੀਤਿਆ ੨- ੩.

ਜੀਤੋ ਮਾਤਾ: ਲਾਹੌਰ ਨਿਵਾਸੀ ਹਰਿਜਸ ਸੁਭਿਖੀਏ ਖਤ੍ਰੀ ਦੀ ਸੁਪੁਤ੍ਰੀ, ਜਿਸ ਦਾ ਵਿਆਹ ੨੩ ਹਾੜ੍ਹ ਸੰਮਤ ੧੭੩੪ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਆਨੰਦਪੁਰ ਪਾਸ ਗੁਰੂ ਕੇ ਲਹੌਰ ਹੋਇਆ.

ਮਾਤਾ ਜੀ ਦੀ ਕੁੱਖ ਤੋਂ ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤੇਹ ਸਿੰਘ ਜੀ ਜਨਮੇ. ਮਾਤਾ ਜੀ ਦਾ ਪਰਲੋਕਗਮਨ ੧੩. ਅੱਸੂ, ਸੰਮਤ ੧੭੫੭ ਨੂੰ ਆਨੰਦਪੁਰ ਹੋਇਆ. ਆਪ ਦਾ ਦੇਹਰਾ ਅਗੰਮਪੁਰ ਵਿਦ੍ਯਮਾਨ ਹੈ. ਮਾਤਾ ਜੀ ਦਾ ਸ਼ੁੱਧ ਨਾਮ ਅਜੀਤੋ ਅਤੇ ਅਮ੍ਰਿਤਸੰਸਕਾਰ ਪਿੱਛੋਂ ਅਜੀਤ ਕੌਰਿ ਨਾਮ ਸੀ.

ਜੀਂਦ: ਰੋਹਤਕ ਤੋਂ ੨੫ ਮੀਲ ਉੱਤਰ ਪੱਛਮ ਇੱਕ ਨਗਰ, ਜਿਸ ਦਾ ਪੁਰਾਣਾ ਨਾਮ ਜਯੰਤਿ ਦੇਵੀ ਦੇ ਮੰਦਿਰ ਕਾਰਣ "ਜਯੰਤਿਪੁਰ" ਸੀ. ਫੂਲਵੰਸ਼ੀ ਪ੍ਰਤਾਪੀ ਰਾਜਾ ਗਜਪਤਿ ਸਿੰਘ ਬਹਾਦੁਰ ਨੇ ਸਤਾਰਾਂ ਵਰ੍ਹੇ ਦੀ ਉਮਰ ਵਿੱਚ ਦਿੱਲੀ ਦੀ ਸਲਤਨਤ ਦੇ ਪਰਗਨੇ ਜੀਂਦ ਅਤੇ ਸਫੀਦੋਂ, ਸਨ ੧੭੫੫ ਵਿੱਚ ਫਤੇ ਕੀਤੇ ਅਰ ਸਨ ੧੭੬੬ ਵਿੱਚ ਜੀਂਦ ਨੂੰ ਆਪਣੀ ਰਾਜਧਾਨੀ ਥਾਪਿਆ. ਸਨ ੧੭੭੫ ਵਿੱਚ ਇੱਥੇ "ਫਤੇਹਗੜ੍ਹ" ਨਾਉਂ ਦਾ ਸੁੰਦਰ ਕਿਲਾ ਰਚਿਆ.

ਭਾਵੇਂ ਸਨ ੧੯੨੭ ਵਿੱਚ ਰਾਜਾ ਸੰਗਤ ਸਿੰਘ ਨੇ ਸੰਗਰੂਰ ਨੂੰ ਰਾਜਧਾਨੀ ਬਣਾ ਲਿਆ, ਪਰ ਸਰਕਾਰੀ ਕਾਗਜਾਂ ਵਿੱਚ ਰਿਆਸਤ ਦਾ ਨਾਮ ਜੀਂਦ ਹੀ ਲਿਖਿਆ ਜਾਂਦਾ ਹੈ, ਅਰ ਮਸਨਦਨਸ਼ੀਨੀ ਦੀ ਰਸਮ ਭੀ ਜੀਂਦ ਵਿੱਚ ਹੁੰਦੀ ਹੈ.

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਂਦ ਨਗਰ ਨੂੰ ਚਰਣਾਂ ਨਾਲ ਪਵਿਤ੍ਰ ਕੀਤਾ ਹੈ ਅਤੇ ਕੁਝ ਸਮਾਂ ਗੁਰੂ ਤੇਗਬਹਾਦੁਰ ਸਾਹਿਬ ਭੀ ਵਿਰਾਜੇ ਹਨ. ਰਾਜਾ ਗਜਪਤਿ ਸਿੰਘ ਜੀ ਨੇ ਸੁੰਦਰ ਗੁਰਦ੍ਵਾਰਾ ਬਣਾਕੇ ਤੇਗਬਹਾਦੁਰਪੁਰ ਪਿੰਡ (ਪ੍ਰਸਿੱਧ ਛੰਨਾ) ਜਾਗੀਰ ਵਿੱਚ ਅਰਪਿਆ. ਗੁਰਦ੍ਵਾਰੇ ਦਾ ਪ੍ਰਬੰਧ ਰਿਆਸਤ ਦੀ ਕਮੇਟੀ ਦੇ ਹੱਥ ਹੈ. ਨਿੱਤ ਕੀਰਤਨ ਹੁੰਦਾ ਅਤੇ ਲੰਗਰ ਵਰਤਦਾ ਹੈ.

ਹੁਣ ਜੀਂਦ ਨਾਰਥ ਵੈਸਟਰਨ ਰੇਲਵੇ ਦਾ ਸਟੇਸ਼ਨ ਹੈ, ਜੋ ਭਟਿੰਡੇ ਤੋਂ ੧੦੫ ਅਤੇ ਦਿੱਲੀ ਤੋਂ ੭੯ ਮੀਲ ਹੈ. ਜੀਂਦ ਰਿਆਸਤ

ਜੀਂਦ ਰਿਆਸਤ ਫੂਲਕੀਆਂ ਰਿਆਸਤਾਂ ਵਿੱਚੋਂ ਸਿੱਖ ਰਿਆਸਤ ਹੈ, ਇਸ ਦਾ ਦਰਜਾ ਪੰਜਾਬ ਵਿੱਚ ਤੀਜਾ ਹੈ.[540] ਰਕਬਾ ੧੨੬੮ ਵਰਗ ਮੀਲ ਹੈ. ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਜਨਸੰਖ੍ਯਾ ੩੦੮, ੧੮੩ ਹੈ. ਆਮਦਨ ਸਤਾਈ ਲੱਖ ਰੁਪਯਾ ਸਾਲਾਨਾ ਹੈ.

ਜੀਂਦ ਰਾਜ ਵਿੱਚ ਚਾਰ ਨਗਰ (ਜੀਂਦ, ਸੰਗਰੂਰ, ਦਾਦਰੀ, ਸਫੀਦੋਂ) ਅਤੇ ੪੪੨ ਪਿੰਡ ਹਨ. ਆਬਪਾਸ਼ੀ ਪੱਛਮੀ ਜਮਨਾ ਕਨਾਲ ਅਤੇ ਸਰਹਿੰਦ ਕਨਾਲ ਤੋਂ ਹੁੰਦੀ ਹੈ, ਜਿਸ ਵਿੱਚ ਰਿਆਸਤ ਦਾ ਹਿੱਸਾ ਹੈ.[541]

ਰਿਆਸਤ ਦੀ ਫੌਜ ੭੦੦ ਸਿਪਾਹੀ ਇੰਪੀਰੀਅਲ ਸਰਵਿਸ ਪਲਟਨ ਦਾ, ੧੫੦ ਲੋਕਲ ਪਲਟਨ ਦਾ, ਮਹਾਰਾਜਾ ਦਾ ਬਾਡੀ ਗਾਰਡ ਰਸਾਲਾ ੧੧੨, ਖੱਚਰ ਬਾਟਰੀ Mule Battery ਦੇ ਸਿਪਾਹੀ ੨੭ ਹਨ. ਪੁਲਿਸ ਦੇ ਸਿਪਾਹੀ ੩੧੧ ਅਤੇ ਪਿੰਡਾਂ ਦੇ ਚੌਕੀਦਾਰ ੫੦੮ ਹਨ. ਰਿਆਸਤ ਵਿੱਚ ਇੱਕ ਹਾਈ ਸਕੂਲ, ੨੫ ਮਿਡਲ ਸਕੂਲ, ੩੯ ਪ੍ਰਾਇਮਰੀ ਸਕੂਲ ਬਾਲਕਾਂ ਲਈ, ਅਤੇ ੪. ਗਰਲ ਸਕੂਲ ਹਨ.

ਸੰਗਰੂਰ ਵਿੱਚ ਇੱਕ ਵਡਾ ਹਾਸਪਿਟਲ, ਜਿਸ ਵਿੱਚ ੩੦ ਬੀਮਾਰ ਰਹਿ ਸਕਦੇ ਹਨ, ਜੀਂਦ ਦਾ ਹਾਸਪਿਟਲ ਜਿਸ ਵਿੱਚ ੧੫. ਰੋਗੀ ਰਹਿ ਸਕਦੇ ਹਨ ਸੁੰਦਰ ਬਣੇ ਹੋਏ ਹਨ, ਅਤੇ ਇਲਾਕੇ ਵਿੱਚ ੧੦. ਡਿਸਪੈਨਸਰੀਆਂ (Dispensaries) ਹਨ.

ਬਾਬਾ ਫੂਲ ਦੇ ਵਡੇ ਸੁਪੁਤ੍ਰ ਚੌਧਰੀ ਤਿਲੋਕ ਸਿੰਘ ਦੇ ਛੋਟੇ ਪੁਤ੍ਰ ਸੁਖਚੈਨ ਸਿੰਘ ਤੋਂ ਜੀਂਦ ਦੀ ਸ਼ਾਖ ਚੱਲੀ ਹੈ. ਸੁਖਚੈਨ ਸਿੰਘ ਦੇ ਘਰ ਮਾਈ ਆਗਾਂ ਦੇ ਉਦਰ ਤੋਂ ਗਜਪਤਿ ਸਿੰਘ ਦਾ ਜਨਮ ਸਨ ੧੭੩੮ ਵਿੱਚ ਹੋਇਆ. ਸਨ ੧੭੫੧ ਵਿੱਚ ਪਿਤਾ ਸੁਖਚੈਨ ਸਿੰਘ ਦੇ ਦੇਹਾਂਤ ਪਿੱਛੋਂ ਗਜਪਤਿ ਸਿੰਘ ਨੇ ਛੋਟੀ ਉਮਰ ਵਿੱਚ ਹੀ ਘਰ ਦਾ ਕੰਮ ਸਾਂਭਿਆ ਅਰ ਜੁਆਨ ਹੋ ਕੇ ਆਪਣੇ ਉੱਦਮ ਨਾਲ ਤਲਵਾਰ ਦੇ ਬਲ ਕਈ ਇਲਾਕੇ ਮੱਲੇ. ਸਨ ੧੭੬੩ ਵਿੱਚ ਸਰਹਿੰਦ ਦੇ ਸੂਬੇ ਜੈਨਖ਼ਾਂ ਦੇ ਵਿਰੁੱਧ ਆਪਣੇ ਭਾਈਆਂ ਨਾਲ ਮਿਲਕੇ ਘੋਰ ਯੁੱਧ ਕੀਤਾ. ਇਸ ਫਤੇ ਵਿੱਚ ਬਹੁਤ ਮਾਲ ਅਤੇ ਕਈ ਪਿੰਡ ਗਜਪਤਿ ਸਿੰਘ ਦੇ ਹੱਥ ਆਏ.

ਸਨ ੧੭੭੨ ਵਿੱਚ ਕੁਲਦੀਪਕ ਗਜਪਤਿ ਸਿੰਘ ਨੇ ਰਾਜਾ ਪਦਵੀ ਪ੍ਰਾਪਤ ਕੀਤੀ ਅਤੇ ਰਾਜ ਕਾਜ ਦੇ ਉੱਤਮ ਨਿਯਮ ਥਾਪੇ. ਇਸ ਦੀ ਸੁਪੁਤ੍ਰੀ ਬੀਬੀ ਰਾਜਕੌਰ ਦਾ ਸਨ ੧੭੭੪ ਵਿੱਚ ਵੱਡੀ ਧੂਮ ਧਾਮ ਨਾਲ ਸਰਦਾਰ ਮਹਾਂਸਿੰਘ ਸੁਕ੍ਰਚੱਕੀਏ ਨਾਲ ਵਿਆਹ ਹੋਇਆ. ਮਹਾਰਾਜਾ ਰਣਜੀਤ ਸਿੰਘ ਪੰਜਾਬ ਕੇਸਰੀ ਦੀ ਮਾਤਾ ਹੋਣ ਕਰਕੇ ਬੀਬੀ ਰਾਜ ਕੌਰ ਦਾ ਨਾਮ ਵਡੇ ਸਨਮਾਨ ਨਾਲ ਦੇਸ਼ ਵਿੱਚ ਲਿਆ ਜਾਂਦਾ ਹੈ.

ਸਨ ੧੭੮੯ ਵਿੱਚ ਰਾਜਾ ਗਜਪਤਿ ਸਿੰਘ ੫੧ ਵਰ੍ਹੇ ਦੀ ਉਮਰ ਭੋਗਕੇ ਚਲਾਣਾ ਕਰ ਗਿਆ, ਅਰ ਉਸ ਦਾ ਪੁਤ੍ਰ ਰਾਜਾ ਭਾਗ

---

[540] ਦੇਖੋ, ਨਾਭਾ.

[541] 7.6% ਹੈ. ਦੇਖੋ, ਸਤਦ੍ਰਵ.

ਸਿੰਘ ੨੧ਵਰ੍ਹੇ ਦੀ ਉਮਰ ਵਿੱਚ ਗੱਦੀ ਤੇ ਬੈਠਾ. ਇਸ ਨੇ ਸਨ ੧੮੦੩ ਵਿੱਚ ਜਨਰਲ ਲੇਕ (General Lake) ਨਾਲ ਮਿਤ੍ਰਤਾ ਗੰਢੀ ਅਰ ਕਈ ਜੰਗਾਂ ਵਿੱਚ ਸਹਾਇਤਾ ਦਿੱਤੀ. ਸਨ ੧੮੦੫ ਵਿੱਚ ਆਪਣੇ ਭਾਣਜੇ ਮਹਾਰਾਜਾ ਰਣਜੀਤ ਸਿੰਘ ਪਾਸ ਰਾਜਾ ਭਾਗ ਸਿੰਘ ਅੰਗ੍ਰੇਜ਼ੀ ਸਰਕਾਰ ਦਾ ਵਕੀਲ ਬਣਕੇ ਗਿਆ ਕਿ ਜਸਵੰਤਰਾਉ ਹੁਲਕਰ ਨੂੰ ਪੰਜਾਬ ਗਵਰਨਮੇਂਟ ਤੋਂ ਕਿਸੇ ਤਰਾਂ ਦੀ ਸਹਾਇਤਾ ਨਾ ਮਿਲੇ. ਇਸ ਕਾਰਜ ਵਿੱਚ ਰਾਜੇ ਨੂੰ ਸਫਲਤਾ ਪ੍ਰਾਪਤ ਹੋਈ ਅਰ ਕੰਪਨੀ ਸਰਕਾਰ ਤੋਂ ਬਵਾਨਾ ਅਤੇ ਗੋਹਾਨਾ ਇਲਾਕਾ ਮਿਲਿਆ.

ਸਨ ੧੮੧੯ ਵਿੱਚ ਰਾਜਾ ਭਾਗ ਸਿੰਘ ਦਾ ਦੇਹਾਂਤ ਹੋਣ ਪੁਰ ਉਸ ਦਾ ਪੁਤ੍ਰ ਰਾਜਾ ਫਤੇਸਿੰਘ ਗੱਦੀ ਤੇ ਬੈਠਾ, ਪਰ ਇਹ ਚਿਰ ਤੀਕ ਰਾਜ ਨਹੀਂ ਕਰ ਸਕਿਆ ੩. ਫਰਵਰੀ ਸਨ ੧੮੨੨ ਨੂੰ ਇਸ ਦਾ ਦੇਹਾਂਤ ਹੋ ਗਿਆ.

੩੦ ਜੁਲਾਈ ਸਨ ੧੮੨੨ ਨੂੰ ੧੧. ਵਰ੍ਹੇ ਦੀ ਉਮਰ ਵਿੱਚ ਰਾਜਾ ਫਤੇਸਿੰਘ ਦਾ ਪੁਤ੍ਰ ਸੰਗਤ ਸਿੰਘ ਜੀਂਦ ਦੀ ਗੱਦੀ ਤੇ ਬੈਠਾ. ਇਸ ਦਾ ਮਹਾਰਾਜਾ ਰਣਜੀਤ ਸਿੰਘ ਨਾਲ ਬਹੁਤ ਪਿਆਰ ਸੀ. ਰਾਜਾ ਸੰਗਤ ਸਿੰਘ ਬਹੁਤ ਸੁੰਦਰ ਅਤੇ ਸ਼ਾਹਸਵਾਰ ਸੀ, ਪਰ ਰਾਜ ਕਾਜ ਵੱਲ ਘੱਟ ਧਿਆਨ ਦੇਂਦਾ ਸੀ. ਇਸ ਦਾ ਦੇਹਾਂਤ ਤੇਈ ਵਰ੍ਹੇ ਦੀ ਉਮਰ ਵਿੱਚ ੩. ਨਵੰਬਰ ਸਨ ੧੮੩੪ ਨੂੰ ਹੋਇਆ. ਰਾਜਾ ਸੰਗਤ ਸਿੰਘ ਦੇ ਪੁਤ੍ਰ ਨਾ ਹੋਣ ਕਰਕੇ ਬਜੀਦਪੁਰ ਦੇ ਸਰਦਾਰ ਸਰੂਪ ਸਿੰਘ ਨੂੰ, ਜੋ ਕਰੀਬੀ ਹੱਕਦਾਰ ਸੀ, ਸਨ ੧੮੩੭ ਵਿੱਚ ਜੀਂਦ ਦੀ ਗੱਦੀ ਪ੍ਰਾਪਤ ਹੋਈ.

ਰਾਜਾ ਸਰੂਪ ਸਿੰਘ ਨੇ ਉੱਤਮ ਰੀਤਿ ਨਾਲ ਰਾਜ ਦਾ ਪ੍ਰਬੰਧ ਕੀਤਾ. ਇਹ ਵਡਾ ਕੱਦਾਵਰ, ਸ਼ੂਰਵੀਰ, ਦੂਰੰਦੇਸ਼ ਅਤੇ ਨੀਤਿਨਿਪੁਣ ਰਾਜਾ ਸੀ.[542]

ਸਨ ੧੮੫੭ ਦੇ ਗਦਰ ਵੇਲੇ ਗਵਰਨਮੇਂਟ ਨੂੰ ਇਸ ਨੇ ਤਨ ਮਨ ਧਨ ਤੋਂ ਪੂਰੀ ਸਹਾਇਤਾ ਦਿੱਤੀ ਅਤੇ ਆਪਣੀ ਫੌਜ ਦਾ ਮੁਖੀਆ ਹੋਕੇ ਆਪ ਦਿੱਲੀ ਪੁੱਜਾ. ਰਾਜਾ ਸਰੂਪ ਸਿੰਘ ਨੂੰ ਸਰਕਾਰ ਵੱਲੋਂ ਦਾਦਰੀ ਦਾ ਪਰਗਨਾ ਅਤੇ ਸੰਗਰੂਰ ਪਾਸ ਤੇਰਾਂ ਪਿੰਡ ਪ੍ਰਾਪਤ ਹੋਏ ਅਰ ਸਨ ੧੮੬੩ ਵਿੱਚ ਜੀ. ਸੀ. ਐਸ. ਆਈ.[543] ਦਾ ਖ਼ਿਤਾਬ ਮਿਲਿਆ.

ਇਸ ਪ੍ਰਤਾਪੀ ਰਾਜੇ ਦਾ ਦੇਹਾਂਤ ੨੬ ਜਨਵਰੀ ਸਨ ੧੮੬੪ ਨੂੰ ਹੋਇਆ ਅਤੇ ਇਸ ਦਾ ਯੋਗ੍ਯ ਪੁਤ੍ਰ ਰਾਜਾ ਰਘੁਬੀਰ ਸਿੰਘ ਤੀਹ ਵਰ੍ਹੇ ਦੀ ਉਮਰ ਵਿੱਚ ੩੧ ਮਾਰਚ ਸਨ ੧੮੬੪ ਨੂੰ ਗੱਦੀ ਤੇ ਬੈਠਾ ਅਰ ਸ਼ਲਾਘਾ ਯੋਗ੍ਯ ਰਾਜ ਕੀਤਾ. ਇਸ ਦੇ ਅਹਿਦ ਵਿੱਚ ਸਰਹਿੰਦ ਕਨਾਲ ਜਾਰੀ ਹੋਈ ਅਤੇ ਪਿੰਡ ਸੰਗਰੂਰ ਉੱਤਮ ਸ਼ਹਿਰ ਬਣ ਗਿਆ. ਰਾਜਾ ਰਘੁਬੀਰ ਸਿੰਘ ਜੀ ਨੂੰ ਸਨ ੧੮੭੬ ਵਿੱਚ ਜੀ. ਸੀ. ਐਸ. ਆਈ. ਦਾ ਖ਼ਿਤਾਬ ਮਿਲਿਆ. ਇਸ ਚਤੁਰ ਰਾਜੇ ਨੇ ਦੂਜੇ ਅਫਗਾਨ ਜੰਗ (ਸਨ ੧੮੭੬) ਵਿੱਚ ਗਵਰਨਮੇਂਟ ਨੂੰ ਫੌਜ ਅਤੇ ਰੁਪਯੇ ਦੀ ਸਹਾਇਤਾ ਦਿੱਤੀ, ਅਤੇ "ਰਾਜਾਏ ਰਾਜਗਾਨ" ਆਦਿਕ ਖ਼ਿਤਾਬ ਪ੍ਰਾਪਤ ਕੀਤੇ. ਰਾਜਾ ਰਘੁਬੀਰ ਸਿੰਘ ਦੇ ਪੁਤ੍ਰ ਟਿੱਕਾ ਬਲਬੀਰ ਸਿੰਘ ਦਾ ਦੇਹਾਂਤ ਪਿਤਾ ਦੇ ਹੁੰਦੇ ਹੀ ਸਨ ੧੮੮੩ ਵਿੱਚ ਹੋ ਗਿਆ ਸੀ, ਇਸ ਲਈ ਸਨ ੧੮੮੭ ਵਿੱਚ ਰਾਜਾ ਰਘੁਬੀਰ ਸਿੰਘ ਜੀ ਦਾ ਦੇਹਾਂਤ ਹੋਣ ਪੁਰ ਉਸਦਾ ਪੋਤਾ ਰਾਜਕੁਮਾਰ ਰਨਬੀਰ ਸਿੰਘ ਅੱਠ ਵਰ੍ਹੇ ਦੀ ਉਮਰ ਵਿੱਚ ਰਾਜਸਿੰਘਾਸਨ ਤੇ ਵਿਰਾਜਿਆ.

ਵਰਤਮਾਨ ਮਹਾਰਾਜਾ ਰਨਬੀਰ ਸਿੰਘ ਜੀ ਦਾ ਜਨਮ ੧੧. ਅਕਤੂਬਰ ਸਨ ੧੮੭੯ ਨੂੰ ਹੋਇਆ ਹੈ. ਆਪ ਦਾਦਾ ਜੀ ਦੇ ਦੇਹਾਂਤ ਪਿੱਛੋਂ ਸਨ ੧੮੮੭ ਵਿੱਚ ਗੱਦੀ ਤੇ ਬੈਠੇ ਅਤੇ ਬਾਲਿਗ ਹੋ ਕੇ ਸਨ ੧੮੯੯ ਵਿੱਚ ਰਾਜਪ੍ਰਬੰਧ ਆਪਣੇ ਹੱਥ ਲਿਆ. ਇਨ੍ਹਾਂ ਨੂੰ

---

[542] ``In person and presence he was eminently princely, and the stalwart Sikh race could hardly show a taller or stronger man. Clad in armour as he loved to be, at the head of his troops, there was perhaps no other Prince in India who bore himself so gallantly and looked so true a soldier. In character he was honest and just, and though his pride and restlessness led him to quarrel with his neighbours, yet the British Government has never had an ally more true and loyal in heart than Sarup Singh, who served it from affection and not from fear.'' The Rajas of the Punjab by L.H. Griffin p 374.

[543] Knight Grand Commmander of the Star of India.

੧. ਜਨਵਰੀ ਸਨ ੧੯੦੯ ਨੂੰ ਕੇ. ਸੀ. ਐਸ. ਆਈ,[544] ਅਤੇ ੧. ਜਨਵਰੀ ਸਨ ੧੯੧੬ ਨੂੰ ਜੀ. ਸੀ. ਆਈ. ਈ.[545] ਖਿਤਾਬ ਮਿਲਿਆ. ਸਨ ੧੯੧੧ ਦਾ ਸ਼ਾਹੀ ਦਰਬਾਰ ਦਿੱਲੀ ਵਿੱਚ ਮੌਰੂਸੀ (hereditary) ਮਹਾਰਾਜਾ ਪਦਵੀ ਪ੍ਰਾਪਤ ਹੋਈ.

ਮਹਾਰਾਜਾ ਰਨਬੀਰ ਸਿੰਘ ਜੀ ਨੇ ਸਨ ੧੮੯੭- ੯੮ ਦੇ ਤੀਰਾ ਜੰਗ ਅਤੇ ਸਨ ੧੯੧੪ ਦੇ ਵਡੇ ਜੰਗ ਵਿੱਚ ਸਰਕਾਰ ਨੂੰ ਲੱਖਾਂ ਰੁਪਯਾਂ ਦੀ ਸਹਾਇਤਾ ਅਤੇ ਆਪਣੀ ਸਾਰੀ ਫੌਜ ਦੀ ਸੇਵਾ ਅਰਪਕੇ ਗਵਰਨਮੇਂਟ ਦੀ ਪ੍ਰਸੰਨਤਾ ਅਤੇ ਧੰਨਵਾਦ ਪ੍ਰਾਪਤ ਕੀਤਾ.

ਮਹਾਰਾਜਾ ਰਨਬੀਰ ਸਿੰਘ ਜੀ ਦੇ ਅਹਿਦ ਵਿੱਚ ਰਿਆਸਤ ਦੀ ਸ਼ਾਹੀ ਇਮਾਰਤਾਂ, ਪੁਸ੍ਤਕਾਲਯ, ਸਕੂਲ, ਹਾਸਪਿਟਲ ਆਦਿ ਬਹੁਤ ਸੁੰਦਰ ਬਣੇ ਹਨ ਅਤੇ ਸਨ ੧੯੦੧ ਵਿੱਚ ਲੁਦਿਆਨਾ ਧੂਰੀ ਜਾਖਲ ਰੇਲਵੇ ਬਣਾਈ ਗਈ ਹੈ, ਜਿਸ ਤੇ ਰਿਆਸਤ ਦਾ ਖਰਚ ੩੮, ੧੩, ੬੬੧ ਰੁਪਯੇ ਹੋਇਆ ਅਰ ਇਸ ਦੀ ਆਮਦਨ ਸਾਢੇ ਤਿੰਨ ਲੱਖ ਰੁਪਯਾ ਸਾਲਾਨਾ ਹੈ. ਇਸ ਤੋਂ ਛੁੱਟ ਜੀਂਦ ਪਾਨੀਪਤ ਰੇਲਵੇ ਤੇ ੧੭, ੦੦, ੦੦, ਖਰਚ ਕੀਤਾ ਗਿਆ ਹੈ, ਜਿਸ ਤੋਂ ਇੱਕ ਲੱਖ ਰੁਪਯਾ ਸਾਲਾਨਾ ਆਉਂਦਾ ਹੈ.

ਮਹਾਰਾਜਾ ਰਨਬੀਰ ਸਿੰਘ ਜੀ ਦਾ ਪੂਰਾ ਖ਼ਿਤਾਬ ਹੈ- ਕਰਨੈਲ ਹਿਜ਼ ਹਾਈਨੈਸ (Colonel His Highness) ਫ਼ਰਜ਼ੰਦੇ ਦਿਲਬੰਦ, ਰਸੂਖ਼ੁਲ ਇਤਕ਼ਾਦ, ਦਉਲਤੇ ਇੰਗਲਿਸ਼ੀਆ, ਰਾਜਾਏਰਾਜਗਾਨ, ਮਹਾਰਾਜਾ ਸਰ (Sir) ਰਨਬੀਰ ਸਿੰਘ, ਰਾਜੇਂਦ੍ਰ ਬਹਾਦੁਰ, ਜੀ. ਸੀ. ਆਈ. ਈ. , ਕੇ. ਸੀ. ਐਸ. ਆਈ. , ਵਾਲੀਏ ਜੀਂਦ.

ਰਿਆਸਤ ਜੀਂਦ ਦੀ ਸਲਾਮੀ ੧੩. ਤੋਪਾਂ ਦੀ ਹੈ, ਪਰ ਮਹਾਰਾਜਾ ਦੀ ਜ਼ਾਤੀ ਸਲਾਮੀ ੧੫. ਤੋਪਾਂ ਹਨ.

ਪਹਿਲਾਂ ਇਸ ਰਿਆਸਤ ਦਾ ਨੀਤਿਸੰਬੰਧ ਪੰਜਾਬ ਦੇ ਲਾਟਸਾਹਿਬ ਨਾਲ ਸੀ, ੧. ਨਵੰਬਰ ਸਨ ੧੯੨੧ ਤੋਂ ਗਵਰਨਮੈਂਟ ਇੰਡੀਆ ਨਾਲ ਏ. ਜੀ. ਸੀ. (Agent to the Governor General Panjab States) ਦ੍ਵਾਰਾ ਹੈ. ਦੇਖੋ, ਸੰਗਰੂਰ ਅਤੇ ਫੂਲਵੰਸ਼. ੨. ਖੂਹ ਦੀ ਗਾਰ ਨੂੰ ਭੀ ਪੰਜਾਬੀ ਵਿੱਚ ਜੀਂਦ ਆਖਦੇ ਹਨ.

ਜੀਂਦਣਾ: ਕ੍ਰਿ- ਖੂਹ ਦੀ ਗਾਰ ਕੱਢਣੀ.

ਜੀਂਦ ਰਿਆਸਤ: ਦੇਖੋ, ਜੀਂਦ.

ਜੀਂਦੋਵਾਲ: ਦੇਖੋ, ਚਰਣਕੌਲ.

ਜੀ ਧਰਾਉਣਾ: ਦੇਖੋ, ਜੀਉ ਧਰਾਉਣਾ.

ਜੀਨ, ਜੀਨੁ: ਫ਼ਾ. زین ਜ਼ੀਨ. ਸੰਗਜਾ- ਕਾਠੀ. "ਤਿਨ ਕੇ ਤੁਰੇ ਜੀਨ ਖੁਰਗੀਰ ਸਭ ਪਵਿਤ ਹਹਿ." (ਵਾਰ ਸੋਰ ਮਃ ੪) "ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ." (ਵਡ ਮਃ ੪. ਘੋੜੀਆਂ) ੨. ਸੰ. ਚੰਮ. ਦਾ ਥੈਲਾ.

ਜ਼ੀਨਤ: ਅ਼. زینت ਸੰਗਜਾ- ਸ਼ੋਭਾ. ਸੁੰਦਰਤਾ. ਸਜਾਵਟ.

ਜੀਨਾ: ਕ੍ਰਿ- ਜਿਉਣਾ. ਜ਼ਿੰਦਹ ਰਹਿਣਾ। ੨. ਫ਼ਾ. زینہ ਸੰਗਜਾ- ਪੌੜੀ. ਸੀਢੀ.

ਜੀਨੁ: ਦੇਖੋ, ਜੀਨ.

ਜੀਭ, ਜੀਭਾ: ਦੇਖੋ, ਜਿਹਵਾ ਅਤੇ ਜਿਹ੍ਵਾ. "ਜੀਭ ਰਸਾਇਣਿ ਸਾਚੈ ਰਾਤੀ." (ਮਾਰੂ ਸੋਲਹੇ ਮਃ ੧)

ਜੀਭ ਯੋਗ ਅਰੁ ਭੋਗ ਜੀਭ ਸਭ ਰੋਗ ਬਢਾਵੈ,

---

[544] Knight Commander of the Star of India.

[545] Knight Grand Commander of the Indian Empire.

ਜੀਭ ਕਰੈ ਉਦਯੋਗ ਜੀਭ ਲੈ ਕੈਦ ਕਰਾਵੈ,

ਜੀਭ ਸ੍ਵਰਗ ਲੈ ਜਾਇ ਜੀਭ ਸਭ ਨਰਕ ਦਿਖਾਵੈ,

ਜੀਭ ਮਿਲਾਵੈ ਰਾਮ ਜੀਭ ਸਭ ਦੇਹ ਧਰਾਵੈ,

ਜੀਭ ਓਂਠ ਏਕਤ੍ਰ ਕਰ ਬਾਟ ਸਿਹਾਰੇ ਤੋਲਿਯੇ,

"ਬੈਤਾਲ" ਕਹੈ ਵਿਕ੍ਰਮ ਸੁਨੋ! ਜੀਭ ਸੰਭਾਰ ਬੋਲਿਯੇ.

ਜੀਭੈ, ਜੀਭੌ: ਜੀਭ ਤੋਂ. "ਜੀਭੈ ਬਾਝਹੁ ਬੋਲਣਾ." (ਵਾਰ ਮਾਝ ਮਃ ੨) "ਇਕ ਦੂ ਜੀਭੌ ਲਖ ਹੋਹਿ." (ਜਪੁ)

ਜੀਮਗ: ਜੀ (ਪਾਣੀ) ਵਿੱਚ ਜਿਮ ਦਾ ਮਗ (ਰਸਤਾ) ਹੋਵੇ, ਸਰਪ ਸੱਪ, "ਤਬ ਜੀਮਗ ਪਾਤਾਲ ਸਿਧਾਯਾ." (ਨਾਪ੍ਰ)

ਜੀਮਣਾ, ਜੀਮਨਾ: ਸੰ. ਜਿਮ ਧਾ- ਖਾਣਾ, ਭੋਜਨ ਕਰਨਾ। ੨. ਸੰ. ਜੇਮਨ. ਸੰਗਯਾ- ਭੋਜਨ ਭਛਣ ਕਰਨਾ. ਪ੍ਰਸਾਦ ਛਕਣਾ.

ਜੀਮੂਤ: ਸੰ. ਸੰਗਯਾ- ਜੋ ਜੀ (ਪਾਣੀ) ਨੂੰ ਮੂਤ (ਬੰਨ੍ਹ) ਰੱਖੇ. ਬੱਦਲ. ਮੇਘ. "ਜੀਮੂਤ ਸਮੰ ਘਹਰਾਵਤ ਹੈ." (ਸਲੋਹ) ੨. ਪਰਬਤ। ੩. ਸੂਰਜ। ੪. ਇੰਦ੍ਰ। ੫. ਇੱਕ ਪਹਿਲਵਾਨ, ਜੋ ਭੀਮਸੈਨ ਨੇ ਰਾਜਾ ਵਿਰਾਟ ਦੇ ਅਖਾੜੇ ਵਿੱਚ ਪਛਾੜਿਆ ਸੀ.

ਜੀਮੂਤਵਾਹਨ: ਸੰ. ਸੰਗਯਾ- ਇੰਦ੍ਰ, ਜੋ ਮੇਘ ਨੂੰ ਚਲਾਉਂਦਾ ਹੈ. ਮੇਘ ਦੀ ਸਵਾਰੀ ਕਰਨ ਵਾਲਾ ਇੰਦ੍ਰ ਦੇਵਤਾ। ੨. ਸ਼ਾਲਿਵਾਹਨ ਰਾਜੇ ਦਾ ਇੱਕ ਪੁਤ੍ਰ.

ਜੀਮੂਤਵਾਹੀ: ਸੰ. ਸੰਗਯਾ- ਧੂੰਆਂ. जीमृतवाहिन.

ਜੀਯ: ਦੇਖੋ, ਜਿਯ ਅਤੇ ਜੀਅ.

ਜੀਰ: ਸੰ. ਵਿ- ਚਾਲਾਕ। ੨. ਸੰਗਯਾ- ਜੀਰਾ. ਜੀਰਕ। ੩. ਖੜਗ. ਸ਼੍ਰੀ ਸਾਹਿਬ। ੪. ਫ਼ਾ. زیر ਸਾਜ਼ ਦੀ ਛੋਟੀ ਤਾਰ, ਜਿਸ ਦਾ ਸੁਰ ਉੱਚਾ (ਤਿੱਖਾ) ਹੁੰਦਾ ਹੈ, ਜਿਸ ਨੂੰ ਪੰਜਾਬੀ ਵਿੱਚ ਜੀਲ ਆਖਦੇ ਹਨ.

ਜੀਰਕ: ਸੰ. ਸੰਗਯਾ- ਜੀਰਾ. ਫ਼ਾ. زیره ਜ਼ੀਰਹ. L. Cumminum Cyminum. ਸੌਂਫ ਤੋਂ ਛੋਟੇ ਬੀਜ ਅਤੇ ਸੁਗੰਧ ਵਾਲਾ ਇੱਕ ਪੌਧਾ, ਜੋ ਡੇਢ ਦੋ ਹੱਥ ਉੱਚਾ ਹੁੰਦਾ ਹੈ. ਇਸ ਦਾ ਬੀਜ ਮਸਾਲੇ ਅਤੇ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਇਹ ਸਫੇਦ ਅਤੇ ਕਾਲਾ ਦੋ ਪ੍ਰਕਾਰ ਦਾ ਹੁੰਦਾ ਹੈ. ਚਿੱਟਾ ਸਰਦ ਅਤੇ ਕਾਲਾ ਗਰਮ ਹੈ.[546] ਦੋਵੇਂ ਜੀਰੇ ਪੇਟ ਅਤੇ ਮੂੰਹ ਦੇ ਰੋਗਾਂ ਨੂੰ ਦੂਰ ਕਰਦੇ ਹਨ. ਆਂਤ ਦੀ ਮੈਲ ਵਿੱਚ ਪੈਦਾ ਹੋਏ ਕੀੜਿਆਂ ਨੂੰ ਮਾਰਦੇ ਹਨ. ਗੁਰਦਿਆਂ ਨੂੰ ਪੁਸ਼੍ਟ ਕਰਦੇ ਹਨ. ਬਲਗਮ ਹਟਾਉਂਦੇ ਅਤੇ ਰਤੂਬਤ ਖ਼ੁਸ਼ਕ ਕਰਦੇ ਹਨ. ਦੇਖੋ, ਜੀਰਾ.

ਜੀਰਣ: ਸੰ. ਜੀਣੰ. ਵਿ- ਪੁਰਾਣਾ। ੨. ਬਹੁਤ ਬੁੱਢਾ। ੩. ਪਚਿਆ ਹੋਇਆ. ਹਜਮ। ੪. ਸੰਗਯਾ- ਜ਼ੀਰਾ. ਜੀਰਕ। ੫. ਪੰਜਾਬੀ ਵਿੱਚ ਅਜੀਰਣ ਦੀ ਥਾਂ ਅਕਸਰ ਜੀਰਣ ਸ਼ਬਦ ਆਇਆ ਹੈ. ਦੇਖੋ, ਜੀਰਨ। ੬. ਡਿੰਗ. ਜੁਆਰ. ਜਵਾਰ ਨਾਮਕ ਅੰਨ.

ਜੀਰਣਾਂਬਰ: ਜੀਣੰ- ਅੰਬਰ. ਸੰਗਯਾ- ਪੁਰਾਣੇ ਵਸਤ੍ਰ। ੨. ਵਿ- ਪਾਟੇ ਹੋਏ ਵਸਤ੍ਰਾਂ ਵਾਲਾ.

ਜੀਰਨ: ਦੇਖੋ, ਜੀਰਣ। ੨. ਅਜੀਰਣ. ਅਨਪਚ. ਦੇਖੋ, ਜੀਰਣ ੫. "ਕਰਤ ਮਾਨ ਇਹ ਹੈ ਵਡ ਜੀਰਨ xxx ਰਿਦੈ ਗਰੀਬੀ ਚੂਰਨ ਖਾਈ." (ਨਾਪ੍ਰ)

ਜੀਰਾ: ਦੇਖੋ, ਜੀਰਕ.

"ਧਨਯ ਗੁਰੂ ਪੁਨ ਧਨਯ ਹੋ ਊਧਵ!

---

[546] ਯੂਨਾਨੀ ਦੋਹਾਂ ਜੀਰਿਆਂ ਨੂੰ ਗਰਮ ਖ਼ੁਸ਼ਕ ਮੰਨਦੇ ਹਨ.

ਕਯੋਂ ਨ ਹਰੋਂ ਸਭ ਕੀ ਸਭ ਪੀਰਾ?

ਜਾਨਤ ਧਾਤੁ ਬਨਾਇ ਸਭੈ ਰਸ

ਨਾਰ[547] ਬਿਚਾਰ ਜਿਤੀ ਤਦਬੀਰਾ, ਸਾਚ ਹੂੰ ਵੈਦ ਅਪੂਰਬ ਹੋਂ ਤੁਮ

"ਦਾਸ ਜੂ" ਫੋਰਤ ਕੰਠ ਮਤੀਰਾ, ਲੋਗਨ ਰੋਗ ਭਏ ਤਬ ਹੀ ਸੁਨ

ਜੋਗ ਦਯੋ ਜਬ ਊਂਟਨ ਜੀਰਾ.[548]

ਜੀਰਾਣ: ਗੁਜ. ਸੰਗਜਾ- ਮੁਰਦਿਆਂ ਦੇ ਦੱਬਣ ਦੀ ਥਾਂ. ਕ਼ਬਰਿਸਤਾਨ "ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ." (ਸ. ਫਰੀਦ) ੨. ਅ਼. جیران ਜੀਰਾਨ. ਜਾਰ (ਪੜੋਸੀ) ਦਾ ਬਹੁ ਵਚਨ. ਪੜੋਸੀਲੋਕ.

ਜੀਰਾਣਿ: ਕ਼ਬਿਰਸਤਾਨ ਵਿੱਚ. ਦੇਖੋ, ਜੀਰਾਣ ੧. "ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ." (ਸ੍ਰੀ ਮਃ ੧)

ਜੀਰਾਂਦਿ: ਸੰਗਜਾ- ਜੇਰਾ. ਜਰਣਾ. ਸਹਨਸ਼ੀਲਤਾ. "ਦਰਵੇਸਾ ਨੋ ਲੋੜੀਐ ਰੁਖਾਂ ਦੀ ਜੀਰਾਂਦਿ." (ਸ. ਫਰੀਦ)

ਜੀਰਾਂਨ: ਦੇਖੋ, ਜੀਰਾਣ ੨.

ਜੀਰੀ: ਸੰਗਜਾ- ਧਾਨਾਂ ਦੀ ਇੱਕ ਜਾਤਿ, ਇਸ ਦਾ ਚਾਵਲ ਚਿੱਟਾ ਹੁੰਦਾ ਹੈ ਅਤੇ ਚਿਰ ਤੀਕ ਰਹਿ ਸਕਦਾ ਹੈ. ਜੀਰੀ ਪੰਜਾਬ ਵਿੱਚ ਬਹੁਤ ਹੁੰਦੀ ਹੈ। ੨. ਕਲੌਂਜੀ (ਕਾਲੀ ਜੀਰੀ) ਨੂੰ ਭੀ ਪੋਠੋਹਾਰ ਵਿੱਚ ਜੀਰ੍ਹੀ ਆਖਦੇ ਹਨ.

ਜੀਲ: ਦੇਖੋ, ਜੀਰ ੪। ੨. ਤੰਦ ਦੀ ਤਾਰ. "ਜੀਲ ਬਿਨਾ ਕੈਸੇ ਬਜੈ ਰਬਾਬ?" (ਭੈਰ ਮਃ ੫)

ਜੀਵ: ਸੰ. ਸੰਗਜਾ- ਜੀਵਾਤਮਾ. "ਈਸੂਰ ਜੀਵ ਏਕ ਇਮ ਜਾਨਹੁ." (ਗੁਪ੍ਰਸੂ) ਦੇਖੋ, ਆਤਮਾ। ੨. ਪਾਣੀ. "ਜੀਵ ਜਿਤੇ ਜਲ ਮੈ ਥਲ ਮੈ." (ਅਕਾਲ) ੩. ਵ੍ਰਿਹਸਪਤਿ. ਦੇਵਗੁਰੁ। ੪. ਚੰਦ੍ਰਮਾ। ੫. ਵਿਸ਼ਨੁ। ੬. ਜਲ. "ਜੀਵ ਗਯੋ ਘਟ ਮੇਘਨ ਕੋ." (ਕ੍ਰਿਸਨਾਵ) ੭. ਜੀਵ੍ ਧਾ- ਜਿਉਣਾ, ਉਪਜੀਵਿਕਾ ਲਈ ਕਮਾਉਣਾ, ਸੁਖ ਨਾਲ ਰਹਿਣਾ.

ਜੀਵਉ: ਜੀਓ. ਜ਼ਿੰਦਹ ਰਹੋ। ੨. ਜੀਵਊਂ. ਜਿਉਂਦਾ ਹਾਂ. "ਜੀਵਉ ਨਾਮ ਸੁਨੀ." (ਬਿਲਾ ਮਃ ੫)

ਜੀਵਸਾਂ: ਜੀਵਾਂਗਾ.

ਜੀਵਹਤਯਾ, ਜੀਵਹਿੰਸਾ: ਸੰਗਜਾ- ਪ੍ਰਾਣਧਾਰੀ ਦਾ ਵਧ। ੨. ਸ਼ਰੀਰ ਨਾਲੋਂ ਪ੍ਰਾਣਾਂ ਦਾ ਵਿਯੋਗ ਕਰਨਾ। ੩. ਜੀਵ ਮਾਰਣ ਦਾ ਦੋਸ਼.

ਜੀਵਕ: ਸੰ. ਸੰਗਜਾ- ਪ੍ਰਾਣਧਾਰੀ। ੨. ਸੇਵਕ. ਨੌਕਰ। ੩. ਸਪੈਲਾ.

ਜੀਵਕਰਾ: ਜੀਵਨਕਲਾ. ਜੀਵਨਸ਼ਕਤਿ. "ਜਿੰਹ ਅਰਿ ਕਾਲਕ੍ਰਿਪਾਨ ਬਹੀ ਸਿਰ। ਤਿਨ ਕੇ ਰਹੀ ਨ ਜੀਵਕਰਾ ਫਿਰ." (ਚਰਿਤ੍ਰ ੪੦੫)

ਜੀਵਣ: ਸੰ. ਜੀਵਨ. ਸੰਗਜਾ- ਜਿਉਂਦੇ ਰਹਿਣ ਦੀ ਹਾਲਤ. ਜੀਵਨਦਸ਼ਾ. "ਜੀਵਣ ਸੰਗਮੁ ਤਿਸੁ ਧਣੀ." (ਵਾਰ ਜੈਤ) ੨. ਲਹੌਰ ਨਿਵਾਸੀ ਲੁਹਾਰ, ਜੋ ਸ਼੍ਰੀ ਗੁਰੂ ਅਰਜਨ ਦੇਵ ਦਾ ਅਨੰਨ ਸਿੱਖ ਸੀ. ਭਾਈ ਬਿਧੀ ਚੰਦ ਨੂੰ ਇਸੇ ਨੇ ਖੁਰਪਾ ਬਣਾਕੇ ਦਿੱਤਾ ਸੀ। ੩. ਦੇਖੋ, ਜੀਵਨ। ੪. ਸੰ. ਜृम्मण ਜ੍ਰਿੰਭਣ. ਦੁੱਲਤਾ. ਠੋਕਰ. ਝਟਕੇ ਨਾਲ ਕੀਤਾ ਪ੍ਰਹਾਰ. "ਜੀਵਣ ਮਾਰੀ ਲੱਤ ਦੀ." (ਭਾਗੁ) ਮੱਕੇ ਦੇ ਪੁਜਾਰੀ ਨੇ ਗੁਰੂ ਨਾਨਕ ਦੇ ਪੈਰ ਕਾਬੇ ਵੱਲ ਵੇਖਕੇ ਲੱਤ ਦੀ ਠੋਕਰ ਮਾਰੀ.

---

[547] ਨਾੜੀ. ਨਬਜ਼.

[548] "ਊਠਾਂ ਨੂੰ ਜੀਰਾ ਦੇਣਾ" ਇਹ ਵਾਕ ਇਵੇਂ ਹੀ ਬੋਲੀਦਾ ਹੈ, ਜਿਵੇਂ-ਬਾਂਦਰਾਂ ਨੂੰ ਬਨਾਤ ਦੀ ਟੋਪੀ ਅਤੇ ਭੇਡਾਂ ਨੂੰ ਬਨਫਸ਼ਾ ਦਾ ਸ਼ਰਬਤ, ਭਾਵ- ਅਨਅਧਿਕਾਰੀ ਨੂੰ ਵਸਤ ਦੇਣੀ. ਸਵੈਯੇ ਦੇ ਭਾਵ ਇਹ ਹੈ ਕਿ ਸ਼ੁਤਰ ਮਾਨਿੰਦ ਗੋਪੀਆਂ ਨੂੰ ਊਧੋ ਨੇ ਜੋਗ ਦਾ ਉਪਦੇਸ਼ ਜੀਰਾ ਦਿੱਤਾ.

ਜੀਵਣਪਦਵੀ: ਦੇਖੋ, ਜੀਵਨਪਦਵੀ. "ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣਪਦਵੀ ਪਾਹਿ." (ਵਾਰ ਗੂਜ ੧. ਮਃ ੩)

ਜੀਵਣੁ: ਦੇਖੋ, ਜੀਵਣ. "ਜੀਵਣੁ ਮਰਣਾ ਸਭ ਤੁਧੈ ਤਾਈ." (ਮਾਝ ਅਃ ਮਃ ੩)

ਜੀਵਤ: ਸੰ. ਜੀਵਿਤ. ਵਿ- ਜ਼ਿੰਦਹ. ਜਿਉਂਦਾ. "ਜੀਵਤ ਪਿਤਰ ਨ ਮਾਨੈ ਕੋਊ ਮੂਏ ਸਰਾਧ ਕਰਾਹੀ." (ਗਉ ਕਬੀਰ) "ਜੀਵਤ ਕਉ ਮੂਆ ਕਹੈ." (ਗਉ ਅਃ ਮਃ ੧) ੨. ਚੇਤਨ. "ਸੋ ਜੀਵਤ, ਜਿਹ ਜੀਵ ਜਪਿਆ." (ਬਾਵਨ) ਜਿਸ ਨੇ ਜੜ੍ਹ ਉਪਾਸਨਾ ਤਜਾਗਕੇ ਚੇਤਨ (ਕਰਤਾਰ) ਜਪਿਆ ਹੈ, ਉਹ ਜੀਵਿਤ ਹੈ। ੩. ਉਪਜੀਵਿਕਾ (ਰੋਜ਼ੀ) ਲਈ ਭੀ ਜੀਵਤ ਸ਼ਬਦ ਆਇਆ ਹੈ. "ਕਾਹੂ ਬਿਹਾਵੈ ਸੋਧਤ ਜੀਵਤ." (ਰਾਮ ਅਃ ਮਃ ੫)

ਜੀਵਤਮਰਣ, ਜੀਵਤਮਰਨਾ: ਜੀਵਿਤ ਮਰਣ. ਜੀਵਨਦਸ਼ਾ ਵਿੱਚ ਹੀ ਮਰਜਾਣਾ. ਇਸ ਤੋਂ ਭਾਵ ਹੈ- ਹੌਮੈ ਦਾ ਤਜਾਗ ਕਰਨਾ, ਆਪਣੇ ਤਾਈਂ ਨਾਚੀਜ਼ ਜਾਣਕੇ ਸਭ ਦੇ ਪੈਰਾਂ ਦੀ ਧੂੜਿ ਹੋਣਾ. "ਆਪੁ ਛੋਡਿ ਜੀਵਤਮਰੈ." (ਸ੍ਰੀ ਮਃ ੩) "ਸਤਿਗੁਰ ਭਾਇ ਚਲਹੁ, ਜੀਵਤਿਆ ਇਵ ਮਰੀਐ." (ਸੂਹੀ ਛੰਤ ਮਃ ੪) "ਆਪੁ ਤਿਆਗਿ ਹੋਈਐ ਸਭ ਰੇਣਾ, ਜੀਵਤਿਆ ਇਉ ਮਰੀਐ." (ਸੂਹੀ ਮਃ ੫) ੨. ਜੀਵਨਮੁਕ੍ਤਿ.

ਜੀਵਤ ਮਿਰਤਕ: ਸੰ. जीवन्मृत ਵਿ- ਜੀਵਨ ਦਸ਼ਾ ਵਿੱਚ ਹੀ ਮੁਰਦਾ, ਉੱਦਮ ਦਾ ਤਜਾਗੀ. ਆਲਸੀ। ੨. ਜਿਸ ਵਿੱਚ ਦੇਸ਼ ਅਤੇ ਕ਼ੌਮ ਦਾ ਪਿਆਰ ਨਹੀਂ। ੩. ਹੌਮੈ ਦਾ ਤਜਾਗੀ. ਖ਼ੁਦੀ ਤੋਂ ਬਿਨਾ, ਦੇਖੋ, ਜੀਵਤਮਰਨਾ.

ਜੀਵਤਮੁਕਤ: ਦੇਖੋ, ਜੀਵਨਮੁਕਤ. "ਜੀਵਤਮੁਕਤ ਗੁਰਮਤੀ ਲਾਗੇ." (ਮਲਾ ਮਃ ੩)

ਜੀਵਨਮ੍ਰਿਤਕ: ਦੇਖੋ, ਜੀਵਤਮਿਰਤਕ.

ਜੀਵਤੁ: ਦੇਖੋ, ਜੀਵਤ. "ਗੁਰ ਕੈ ਸਬਦਿ ਜੀਵਤੁ ਮਰੈ." (ਸ੍ਰੀ ਮਃ ੩) ੨. ਸੰਗਜ- ਜੀਵਤ੍ਵ. ਜੀਵਪਨ.

ਜੀਵਦ: ਸੰ. ਸੰਗਜਾ- ਜੀਵਨਦਾਤਾ, ਵੈਦਜ। ੨. ਵਾਹਗੁਰੂ। ੩. ਅਮ੍ਰਿਤ। ੪. ਪਵਨ. ਪੌਣ। ੫. ਅੰਨ.

ਜੀਵਦੱਤ: ਸੰਗਜਾ- ਅਮ੍ਰਿਤ. (ਸਨਾਮਾ)

ਜੀਵਦੜਾ, ਜੀਵਦੜੋ: ਵਿ- ਜੀਵਿਤ. ਜ਼ਿੰਦਹ. ਜਿਉਂਦਾ ਹੋਇਆ. "ਜੀਵਦੜੋ ਮੁਇਓਹਿ." (ਸ. ਫਰੀਦ)

ਜੀਵਦਾਨ: ਦੇਖੋ, ਜੀਅਦਾਨ.

ਜੀਵਦਾਪੁਰਖ: ਸੰਗਜਾ- ਜੀਵਿਤਪੁਰੁਸ਼. ਚੈਤਨਜ ਆਤਮਾ. ਪਾਰਬ੍ਰਹਮ. "ਨਾਨਕ ਜੀਵਦਾਪੁਰਖੁ ਧਿਆਇਆ ਅਮਰਾਪਦ ਹੋਈ." (ਵਾਰ ਸਾਰ ਮਃ ੪) ੩. ਉਹ ਆਦਮੀ, ਜਿਸ ਨੂੰ ਸ੍ਵ ਸਤਕਾਰ ਅਤੇ ਦੇਸ਼ ਤਥਾ ਕੌਮ ਦੇ ਅਧਿਕਾਰਾਂ ਦੀ ਰਾਖੀ ਦਾ ਧਜਾਨ ਹੈ.

ਜੀਵਨ: ਦੇਖੋ, ਜੀਵਣ। ੨. ਜ਼ਿੰਦਗੀ. "ਜੀਵਨਸੁਖੁ ਸਭੁ ਸਾਧ ਸੰਗਿ." (ਬਿਲਾ ਮਃ ੫) ੩. ਜਲ. "ਦੇ ਜੀਵਨ ਜੀਵਨ ਸੁਖਕਾਰੀ." (ਗੁਪ੍ਰਸੂ) ੪. ਉਪਜੀਵਿਕਾ. ਗੁਜ਼ਾਰਾ। ੫. ਪਵਨ। ੬. ਘੀ. ਘ੍ਰਿਤ। ੭. ਕਰਤਾਰ. ਵਾਹਗੁਰੂ। ੮. ਪੁਤ੍ਰ। ੯. ਦੇਖੋ, ਅਜੂਬਾ। ੧੦. ਭਾਈ ਭਗਤੂ ਦਾ ਛੋਟਾ ਪੁਤ੍ਰ, ਜੋ ਗੁਰੂ ਹਰਿਰਾਇ ਸਾਹਿਬ ਦੀ ਸੇਵਾ ਵਿੱਚ ਹ਼ਾਜਿਰ ਰਿਹਾ. ਇਸ ਦਾ ਦੇਹਾਂਤ ਕੀਰਤਪੁਰ ਹੋਇਆ. ਇਸ ਦਾ ਪੁਤ੍ਰ ਸੰਤਦਾਸ ਸੀ, ਜਿਸ ਦੀ ਔਲਾਦ ਹੁਣ ਭੁੱਚੋ, ਭਾਈ ਦੇ ਚੱਕ ਆਦਿ ਵਿੱਚ ਵਸਦੀ ਹੈ.

ਸੰਤਦਾਸ ਦੇ ਪੁਤ੍ਰ- ਰਾਮਸਿੰਘ, ਫਤੇਸਿੰਘ, ਬਖਤੂਸਿੰਘ, ਤਖਤੂਸਿੰਘ ਨੇ ਦਮਦਮੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ ਸੀ. ਦੇਖੋ, ਭਗਤੂ.

ਜੀਵਨਸਿੰਘ[549]: ਇਹ ਵਡਾ ਬਹਾਦੁਰ ਯੋਧਾ ਸੀ. ਜਦ ਆਨੰਦਪੁਰ ਛੱਡਕੇ ਦਸ਼ਮੇਸ਼ ਚਮਕੌਰ ਵੱਲ ਆਏ ਸਨ, ਤਦ ਇਹ ਰਸਤੇ ਵਿੱਚ ਬਾਬਾ ਅਜੀਤ ਸਿੰਘ ਜੀ ਨਾਲ ਮਿਲਕੇ, ਤੁਰਕਾਂ ਨਾਲ ਜੰਗ ਕਰਦਾ ਸ਼ਹੀਦ ਹੋਇਆ. ਇਸ ਦਾ ਸ਼ਹੀਦਗੰਜ ਚਮਕੌਰ ਹੈ.

ਜੀਵਨਗਤਿ: ਸੰਗਯਾ- ਜੀਵਨ ਦੀ ਯੁਕਤਿ. ਜਿਉਣ ਦਾ ਢੰਗ। ੨. ਜੀਵਾਂ ਦੀ ਦਸ਼ਾ। ੩. ਵਿ- ਜੀਵਾਂ ਦੀ ਗਤਿ ਕਰਨ ਵਾਲਾ. "ਜੀਵਨਗਤਿ ਸੁਆਮੀ ਅੰਤਰਜਾਮੀ." (ਆਸਾ ਛੰਤ ਮਃ ੫)

ਜੀਵਨਚਰਿਤ, ਜੀਵਨਚਰਿਤ੍ਰ: ਸੰਗਯਾ- ਜ਼ਿੰਦਗੀ ਦਾ ਹਾਲ. ਉਹ ਪੁਸ੍ਤਕ, ਜਿਸ ਵਿੱਚ ਕਿਸੇ ਦੇ ਜੀਵਨ ਦਾ ਹਾਲ (ਵ੍ਰਿੱਤਾਂਤ) ਹੋਵੇ. ਜਨਮਸਾਖੀ. ਸਵਾਨਿਹ਼. ਉਮਰੀ. Biography.

ਜੀਵਨਜੀਆ: ਵਿ- ਜੀਵਾਂ ਦਾ ਜੀਵਨ. ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ. "ਸੋ ਕਿਉ ਵਿਸਰੈ ਜਿ ਜੀਵਨ ਜੀਆ." (ਸੁਖਮਨੀ)

ਜੀਵਨਤਲਬ: ਸੰਗਯਾ- ਜੀਵਨ ਦੀ ਇੱਛਾ। ੨. ਜੀਵਾਂ ਦੀ ਖ਼੍ਵਾਹਿਸ਼. ਪ੍ਰਾਣੀਆਂ ਦੀ ਮੰਗ. "ਜੀਵਨ- ਤਲਬ ਨਿਵਾਰਿ, ਸੁਆਮੀ!" (ਰਾਮ ਮਃ ੧)

ਜੀਵਨਦੇਵਾ: ਵਿ- ਜੀਵਨ (ਜ਼ਿੰਦਗੀ) ਪ੍ਰਦਾਤਾ. "ਜੀਵਨ ਦੇਵਾ ਪਾਰਬ੍ਰਹਮ ਸੇਵਾ." (ਧਨਾ ਮਃ ੫) ੨. ਪਾਣੀ ਦੇਣ ਵਾਲਾ.

ਜੀਵਨਪਦ: ਸੰਗਯਾ- ਜੀਵਨ ਦਸ਼ਾ. ਜ਼ਿੰਦਗੀ. "ਲਾਲਚ ਕਰੈ ਜੀਵਨਪਦ ਕਾਰਨ, ਲੋਚਨ ਕਛੂ ਨਾ ਸੂਝੈ." (ਧਨਾ ਕਬੀਰ) ੨. ਵਿ- ਜੀਵਨਪ੍ਰਦ. ਜੀਵਣ ਦੇਣ ਵਾਲਾ. "ਜੀਵਨਪਦ ਨਾਨਕ ਪ੍ਰਭੁ ਮੇਰਾ." (ਮਾਰੂ ਮਃ ੫) ੩. ਦੇਖੋ, ਜੀਵਨਪਦਵੀ.

ਜੀਵਨਪਦਵੀ: ਓਹ ਪਦਵੀ, ਜਿਸ ਨੂੰ ਪ੍ਰਾਪਤ ਹੋਕੇ ਫੇਰ ਮਰਣ ਨਾ ਹੋਵੇ, ਨਿਰਵਾਣ ਪਦ. "ਅਬ ਮੋਹਿ ਜੀਵਨਪਦਵੀ ਪਾਈ." (ਮਾਰੂ ਮਃ ੫) ੨. ਸ੍ਵ ਸਤਕਾਰ ਨਾਲ ਸੰਸਾਰ ਵਿੱਚ ਜੀਵਨ ਦਾ ਅਧਿਕਾਰ.

ਜੀਵਨਪੁਰਖੁ: ਸੰਗਯਾ- ਜੀਵਨਰੂਪ ਕਰਤਾਰ. ਜੀਵਨ ਪ੍ਰਦਾਤਾ ਵ੍ਯਾਪਕ ਵਾਹਿਗੁਰੂ. "ਜੀਵਨਪੁਰਖੁ ਮਿਲਿਆ ਹਰਿ ਰਾਇਆ." (ਗਉ ਮਃ ੫)

ਜੀਵਨਮੁਕਤ: ਸੰ. जीवन्मुक्त ਵਿ- ਜੋ ਜੀਵਨ ਦਸ਼ਾ ਵਿੱਚ ਹੀ ਆਤਮਗ੍ਯਾਨ ਨੂੰ ਪ੍ਰਾਪਤ ਹੋਕੇ ਕਰਮਜਾਲ ਅਤੇ ਆਵਾਗਮਨ ਤੋਂ ਛੁਟਕਾਰਾ ਪਾਵੇ. "ਜੀਵਨ ਮੁਕਤ ਜਿਸ ਰਿਦੈ ਭਗਵੰਤ." (ਸੁਖਮਨੀ) "ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ। ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨਮੁਕਤ ਕਹਾਵੈ." (ਬਿਲਾ ਮਃ ੯) "ਜੀਵਨਮੁਕਤ ਸੁ ਆਖੀਐ ਜਿਸੁ ਵਿਚਹੁ ਹਉਮੈ ਜਾਇ." (ਮਾਰੂ ਅਃ ਮਃ ੧)

ਜੀਵਨਮੁਕਤਿ: ਸੰਗਯਾ- ਜੀਵਨ ਦਸ਼ਾ ਵਿੱਚ ਬੰਧਨ ਰਹਿਤ ਹੋਣ ਦਾ ਭਾਵ.

ਜੀਵਨਮੂਰਿ: ਸੰਗਯਾ- ਜੀਵਨ ਬੂਟੀ. ਜੀਵਦਾਨ ਦੇਣ ਵਾਲੀ ਬੂਟੀ। ੨. ਭਾਵ- ਆਤਮਵਿਦ੍ਯਾ.

ਜੀਵਨਰੂਪ: ਪ੍ਰਾਣਰੂਪ. "ਜੀਵਨ ਰੂਪ ਸਿਮਰਣੁ ਪ੍ਰਭੁ ਤੇਰਾ." (ਸੂਹੀ ਮਃ ੫)

ਜੀਵਨਾ: ਕ੍ਰਿ- ਜਿਉਣਾ. ਜ਼ਿੰਦਹ ਰਹਿਣਾ. "ਅੰਧੇ! ਜੀਵਨਾ ਵੀਚਾਰਿ ਦੇਖਿ ਕੇਤੇਕੇ ਦਿਨਾ." (ਧਨਾ ਮਃ ੧) "ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ." (ਮਾਰੂ ਅਃ ਮਃ ੫)

ਜੀਵਨਿ: ਸ਼ੰਗਯਾ- ਉਪਜੀਵਿਕਾ. ਰੋਜ਼ੀ. "ਹਰਿ ਹਰਿ ਸੰਤ ਜਨਾ ਕੀ ਜੀਵਨਿ." (ਸਾਰ ਮਃ ੫) ੨. ਜ਼ਿੰਦਗੀ. "ਮੈ ਗੁਨਬੰਧ ਸਗਲ ਕੀ ਜੀਵਨਿ, ਮੇਰੀ ਜੀਵਨਿ ਮੇਰੇ ਦਾਸ." (ਸਾਰ ਨਾਮਦੇਵ)

---

[549] ਸਿੱਖਧਰਮ ਵਿੱਚ ਆਉਣ ਤੋਂ ਪਹਿਲਾਂ ਇਹ ਚੂਹੜਾ ਜਾਤਿ ਦਾ ਸੀ. ਗਯਾਨੀ ਗਯਾਨ ਸਿੰਘ ਨੇ ਤਵਾਰੀਖ ਖਾਲਸਾ ਵਿੱਚ ਲਿਖਿਆ ਹੈ ਕਿ ਅਮ੍ਰਿਤ ਛਕਣ ਤੋਂ ਪਹਿਲਾਂ ਇਸ ਦਾ ਨਾਉਂ ਜੈਤਾ ਸੀ. ਅਤੇ ਦਿੱਲੀ ਤੋਂ ਗੁਰੂ ਤੇਗਬਹਾਦੁਰ ਸਾਹਿਬ ਦਾ ਸੀਸ ਇਹ ਕੀਰਤਪੁਰ ਲਿਆਇਆ ਸੀ.
ਭਾਈ ਹਰਸਾਸਿੰਘ ਧੂਪੀਆ ਅਮ੍ਰਿਤਸਰ ਨਿਵਾਸੀ ਨੇ ਲਿਖਿਆ ਹੈ ਕਿ ਜੈਤਾ (ਜਗਤ ਸੇਠ) ਪਟਨੇ ਦਾ ਹਲਵਾਈ ਅਮ੍ਰਿਤ ਛਕਕੇ ਜੀਵਨਸਿੰਘ ਹੋਇਆ ਅਤੇ ਇਹੀ ਦਿੱਲੀ ਤੋਂ ਗੁਰੂ ਸਾਹਿਬ ਦਾ ਸੀਸ ਲਿਆਇਆ ਸੀ, ਪਰ ਇਸ ਦੀ ਪੁਸ਼੍ਟੀ ਕਿਸੇ ਇਤਿਹਾਸ ਤੋਂ ਨਹੀਂ ਹੋਂਦੀ.

ਜੀਵਨੀ: ਸੰਗਯਾ- ਜੀਵਨਕਥਾ. ਜ਼ਿੰਦਗੀ ਦਾ ਹਾਲ. ਜਨਮਸਾਖੀ. ਦੇਖੋ, ਜੀਵਨਚਰਿਤ੍ਰ.

ਜੀਵਨੀਯ: ਸੰ. ਵਿ- ਜਿਉਣ ਯੋਗਯ। ੨. ਸੰਗਯਾ- ਪਾਣੀ। ੩. ਦੁੱਧ.

ਜੀਵੜ: ਇੱਕ ਖਤ੍ਰੀ ਗੋਤ੍ਰ। ੨. ਦੇਖੋ, ਮਾਣਕਚੰਦ ੨.

ਜੀਵੜਾ: ਵਿ- ਜੀਉਣ ਵਾਲਾ. ਜ਼ਿੰਦਹ। ੨. ਦੇਖੋ, ਮਾਣਕਚੰਦ। ੩. ਮਾਣਕਚੰਦ ਦੀ ਵੰਸ਼ ਦਾ.

ਜੀਵੜੇ: ਦੇਖੋ, ਮਾਣਕਚੰਦ ੨.

ਜੀਵਾ: ਸੰ. ਸੰਗਯਾ- ਜੀਵਿਕਾ. ਗੁਜ਼ਾਰਾ. "ਚਾਕਰ ਹਨਐ ਜੀਵਾ ਸੁ ਚਲਾਵੈ." (ਗੁਪ੍ਰਸੂ) ੨. ਧਨੁਖ ਦੀ ਰੱਸੀ. ਚਿੱਲਾ। ੩. ਪ੍ਰਿਥਿਵੀ। ੪. ਸ੍ਰੀ ਗੁਰੂ ਅੰਗਦ ਦੇਵ ਦਾ ਲਾਂਗਰੀ ਭਾਈ ਜੀਵਾ. "ਰਹੁ ਰਾਜੀ ਬਨ ਗੁਰਮੁਖ ਜੀਵਾ." (ਗੁਪ੍ਰਸੂ) ੫. ਜੀਵਾਂ. ਜਿਉਂਦਾ ਹਾਂ. "ਜੀਵਾ ਤੇਰੈ ਨਾਇ." (ਧਨਾ ਛੰਤ ਮਃ ੧)

ਜੀਵਾਇਆ: ਜ਼ਿੰਦਹ ਕੀਤਾ। ੨. ਪਾਲਿਆ. "ਦੁਖ ਸੁਖ ਕਰਿਕੈ ਕੁਟੰਬੁ ਜੀਵਾਇਆ." (ਸੂਹੀ ਕਬੀਰ)

ਜੀਵਾਈ: ਜ਼ਿੰਦਹ ਕੀਤੀ। ੨. ਜੀਵਾਈਂ. ਜਿਉਂਦਾ ਹਾਂ.

ਜੀਵਾਸਾ: ਸੰਗਯਾ- ਜੀਵਨਾਸ਼ਾ. ਇਜਉਣ ਦੀ ਆਸ.

ਜੀਵਾਸਿ: ਜੀਵੇਗਾ. "ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ." (ਸੋਦਰੁ) ਬੀਤੀ ਅਤੇ ਆਉਣ ਵਾਲੀ ਜ਼ਿੰਦਗੀ ਪੁਰ ਧਿਕ ਹੈ.

ਜੀਵਾਤਮਾ: ਸੰ. जीवात्मन्. ਸੰਗਯਾ- ਦੇਹ ਨੂੰ ਚੇਤਨਸੱਤਾ ਦੇਣ ਵਾਲਾ ਆਤਮਾ. ਰੂਹ. ਪ੍ਰਤਯਗਾਤਮਾ. ਦੇਖੋ, ਆਤਮਾ.

ਜੀਵਾਨਦ: ਜਿਉਂਦਾ ਹੈ. "ਉਹ ਸਦਾ ਸਦਾ ਜੀਵਾਨਦ." (ਸਾਰ ਮਃ ੫) ੨. ਜੀਵਨਾਨੰਦ. ਜ਼ਿੰਦਗੀ ਦਾ ਆਨੰਦ.

ਜੀਵਾਲਣਹਾਰਾ, ਜੀਵਾਲਨਹਾਰ, ਜੀਵਾਲਨਹਾਰੁ: ਵਿ- ਜੀਵਨਪ੍ਰਦਾਤਾ. ਜਿਵਾਉਣ ਵਾਲਾ. "ਮਿਰਤਕ ਕਉ ਜੀਵਾਲਨਹਾਰ." (ਸੁਖਮਨੀ) ੨. ਹੋਸ਼ ਵਿੱਚ ਲਿਆਉਣ ਵਾਲਾ. "ਗੁਰੁ ਅੰਕਸੁ ਮਾਰਿ ਜੀਵਾਲਣਹਾਰਾ." (ਗਉ ਮਃ ੩) ਮਦਮੱਤ ਹਾਥੀ ਨੂੰ ਅੰਕੁਸ਼ ਮਾਰਕੇ ਹੋਸ਼ ਵਿੱਚ ਲਿਆਉਣ ਵਾਲਾ.

ਜੀਵਾਲਿਅਨੁ: ਉਸ ਨੇ ਜਿਵਾਏ ਹਨ. ਜ਼ਿੰਦਾ ਕੀਤੇ ਹਨ. "ਰੋਗ ਮਿਟਾਇ ਜੀਵਾਲਿਅਨੁ." (ਬਿਲਾ ਮਃ ੫)

ਜੀਵਾਲੇ: ਜਿਵਾਉਂਦਾ ਹੈ. ਜੀਵਨ ਦਿੰਦਾ ਹੈ. "ਜੀਆਂ ਮਾਰਿ ਜੀਵਾਲੇ ਸੋਈ." (ਵਾਰ ਮਾਝ ਮਃ ੧)

ਜੀਵਾਵਉ: ਜੀਵਾਵਉਂ. ਜਿਉਂਦਾ ਹਾਂ. "ਦਰਸਨ ਪੇਖਿ ਜੀਵਾਵਉ." (ਬਿਲਾ ਮਃ ੫) ੨. ਜੀਵਾਂਉਂਦਾ ਹਾਂ.

ਜੀਵਿ: ਜੀਉਕੇ. ਜੀਵਨ ਦਸ਼ਾ ਵਿੱਚ ਹੋਕੇ. "ਜੀਵਿ ਜੀਵਿ ਮੁਏ." (ਵਾਰ ਸਾਰ ਮਃ ੧)

ਜੀਵਿਕਾ: ਸੰ. ਸੰਗਯਾ- ਜੀਵਨਵ੍ਰਿੱਤਿ. ਗੁਜ਼ਾਰਾ. ਰੋਜ਼ੀ.

ਜੀਵੀ: ਵਿ- ਜਿਉਣ ਵਾਲਾ। ੨. ਜੀਵਿਕਾ ਕਰਨ ਵਾਲਾ.

ਜੀਵੀਜੈ: ਜੀਵੀਏ. ਜੀਵੀਦਾ ਹੈ.

ਜੀਵੇਸ਼: ਜੀਵਾਂ ਦਾ ਈਸ਼ (ਸ੍ਵਾਮੀ) ਪਾਰਬ੍ਰਹਮ.

ਜੀਵੈ: ਜਿਉਂਦਾ ਹੈ। ੨. ਜੀਵੇ. ਜਿਉਂਦਾ ਰਹੇ. "ਜੀਵੈ ਦਾਤਾ ਦੇਵਣਹਾਰੁ." (ਗਉ ਮਃ ੩)

ਜੀਵੰਦਾ: ਜਿਉਂਦਾ. ਜ਼ਿੰਦਹ। ੨. ਸ਼੍ਰੀ ਗੁਰੂ ਅਮਰਦੇਵ ਦਾ ਇੱਕ ਪ੍ਰੇਮੀ ਸਿੱਖ.

ਜੀਵੰਦਿਆਂ: ਜਿਉਂਦਿਆਂ. ਜੀਵਨ ਹੁੰਦਿਆਂ. "ਜੀਵੰਦਿਆ ਹਰਿ ਚੇਤਿਆ, ਮਰੰਦਿਆ ਹਰਿਰੰਗਿ." (ਵਾਰ ਗੂਜ ੨. ਮਃ ੫)

ਜੀਵੰਧਾ: ਇੱਕ ਜੱਟ ਗੋਤ੍ਰ. ਦੇਖੋ, ਜਵੰਧਾ.

ਜੁ: ਵ੍ਯ- ਯਃ. ਜੋ. "ਤੁਮ ਜੁ ਕਹਤ ਹਉ ਨੰਦ ਕਉ ਨੰਦਨ." (ਗਉ ਕਬੀਰ) ੩. ਅਗਰ. ਯਦਿ. ਜੇ। ੩. ਸਰਵ- ਜੋ ਲੋਕ. "ਗੁਰੁ ਜੁ ਨ ਚੇਤਹਿ ਆਪਨੋ." (ਸ. ਕਬੀਰ)

ਜੁਆ: ਯੁਵਾ. ਜੁਆਨ. "ਬਾਲਿਕਾ ਬ੍ਰਿੱਧਣੀ ਅਉ ਜੁਆ ਹੈ." (ਕ੍ਰਿਸਨਾਵ) ੨. ਸੰ. ਜੁਹੂ. ਸੰਗ੍ਯਾ- ਹਵਨ ਕਰਨ ਦੀ ਕੜਛੀ. "ਜੁਆ ਜੱਗ ਧਾਰੀ." (ਦੱਤਾਵ)

ਜੁਆਇਆ: ਵਿ- ਯੁਕ੍ਤ ਹੋਇਆ. ਸੰਯੋਗੀ ਸੰਬੰਧਿਤ. "ਨਾਨਕ ਸਰਬ ਜੁਆਇਆ." (ਗੂਜ ਅਃ ਮਃ ੧)

ਜੁਆਣ: ਦੇਖੋ, ਜੁਆਨ.

ਜੁਆਣੀ: ਵਿ- ਯੁਵਾ ਅਵਸਥਾ ਵਾਲੀ. "ਤਰਲਾ ਜੁਆਣੀ ਆਪਿ ਭਾਣੀ." (ਵਡ ਛੰਤ ਮਃ ੧) ੨. ਯੁਵਨੋਂ (ਜਵਾਨੋਂ) ਨੇ.

ਜੁਆਨ: ਸੰ. ਯੁਵਨ੍ ਵਿ- ਯੁਵਾ ਅਵਸਥਾਵਾਨ. ਜਵਾਨ. ਤਰੁਣ.

ਜੁਆਨੀ: ਸੰਗ੍ਯਾ- ਯੁਵਾ ਅਵਸਥਾ. ਯੌਵਨ. ਤਰੁਣਾਈ. "ਬਾਲ ਜੁਆਨੀ ਅਰੁ ਬਿਰਧ ਫੁਨਿ ਤੀਨਿ ਅਵਸਥਾ." (ਸਃ ਮਃ ੯) ੨. ਦੇਖੋ, ਜੁਆਣੀ ੨.

ਜੁਆਂਮਰਦੀ: ਦੇਖੋ, ਜਵਾਂਮਰਦੀ.

ਜੁਆਰ: ਦੇਖੋ, ਜਵਾਰ। ੨. ਦੇਖੋ, ਜੂਆਰ.

ਜੁਆਰ ਭਾਟਾ: ਦੇਖੋ, ਜ੍ਵਾਰਭਾਟਾ.

ਜੁਆਰੀ: ਸੰਗ੍ਯਾ- ਛੋਟੀ ਜਵਾਰ. ਇਹ ਖ਼ਾਸ ਕਰਕੇ ਦੱਖਣ ਵਿੱਚ ਬਹੁਤ ਹੁੰਦੀ ਹੈ. ਇਸ ਦੀ ਰੋਟੀ ਮਿੱਠੀ ਅਤੇ ਲੇਸਦਾਰ ਹੁੰਦੀ ਹੈ। ੨. ਵਿ- ਦ੍ਯੂਤਕਾਰ. ਜੂਆ ਖੇਡਣ ਵਾਲਾ. ਜੂਆਰੀ.

ਜੁਆਲ, ਜੁਆਲਾ: ਦੇਖੋ, ਜ੍ਵਾਲ ਅਤੇ ਜ੍ਵਾਲਾ. "ਗਿਰਿ ਤਰੁ ਜਲ ਜੁਆਲਾ ਭੈ ਰਾਖਿਓ." (ਭੈਰ ਨਾਮਦੇਵ)

ਜੁਆਲਾਧਰਣੀ, ਜੁਆਲਾਬਮਣੀ: ਸੰਗ੍ਯਾ- ਬੰਦੂਕ਼, ਜੋ ਅੱਗ ਦੀ ਲਾਟਾ ਧਾਰਨ ਕਰਦੀ ਅਤੇ ਮੂੰਹੋਂ ਅੱਗ ਵਮਨ ਕਰਦੀ (ਉਗਲਦੀ) ਹੈ. (ਸਨਾਮਾ)

ਜੁਆਲਾਮੁਖੀ: ਦੇਖੋ, ਜ੍ਵਾਲਾਦੇਵੀ.

ਜੁਅੰ: ਸੰ. ਯੁਵਨ ਯੁਵਨ. ਵਿ- ਜਵਾਨ। ੨. ਸੰਗ੍ਯਾ- "ਯੁਵਨ" ਦੇਵਤਿਆਂ ਦੀ ਇੱਕ ਖ਼ਾਸ ਜਾਤਿ, ਜੋ ਯਕ੍ਸ਼ਾਂ ਜੇਹੀ ਹੈ. "ਜਿੰਹ ਜੰਪਹਿ ਕਿੰਨਰ ਜੱਛ ਜੁਅੰ. " (ਅਕਾਲ)

ਜੁਸਤਜੂ: ਫ਼ਾ. جستجو ਸੰਗ੍ਯਾ- ਖੋਜ ਭਾਲ. ਤਲਾਸ਼. ਦੇਖੋ, ਜੁਸਤਨ ਅਤੇ ਜੋਈਦਨ.

ਜੁਸਤਨ: ਫ਼ਾ. جستن ਕ੍ਰਿ- ਟੋਲਣਾ. ਤਲਾਸ਼ ਕਰਨਾ. ਢੂੰਢਣਾ.

ਜੁੱਸਾ: ਸੰਗ੍ਯਾ- ਜੋਸ਼। ੨. ਅ਼. جُثّہ ਜੁੱਸਹ. ਸ਼ਰੀਰ. ਬਦਨ.

ਜੁਸ੍ਟ: ਸੰ. ਜੁਸ਼੍ਟ ਵਿ- ਜੂਠਾ। ੨. ਸੇਵਿਤ. ਸੇਵਾ ਕੀਤਾ- ਹੋਇਆ। ੩. ਆਨੰਦਦਾਇਕ. "ਜੁਸ੍ਟ ਪੁਸ੍ਟ ਰਿਸ੍ਟ ਅਤਿ." (ਗੁਪ੍ਰਸੂ) ੪. ਘਿਰਿਆ ਹੋਇਆ. "ਭਟ ਜੁਸ੍ਟ." (ਸਲੋਹ)

ਜੁਹਦ, ਜੁਹਦੜੀ: ਅ਼. جُہد ਸੰਗਯਾ- ਤ਼ਾਕ਼ਤ। ੨. ਕੋਸ਼ਿਸ਼. ਯਤਨ. "ਜੁਹਦ ਕਰਤ ਖੋਜਤ ਸਭ ਥਾਂਈਂ." (ਗੁਪ੍ਰਸੂ) ੩. ਘਾਲਣਾ. ਮੁਸ਼ੱਕ਼ਤ। ੪. ਅ਼. زُہد ਜ਼ੁਹਦ. ਸੰਸਾਰ ਦੇ ਸੁਖ ਅਤੇ ਰਸਾਂ ਦਾ ਤਜਾਗ। ੫. ਭਗਤਿ.

ਜ਼ੁਹਦੀ: زُہدی ਵਿ- ਜ਼ੁਹਦ ਕਰਨ ਵਾਲਾ. ਸੰਸਾਰ ਦੇ ਸੁਖ ਅਤੇ ਰਸਾਂ ਦੀ ਤਜਾਗੀ। ੨. ਭਗਤ। ੩. ਜੁਹਦ (ਮੁਸ਼ੱਕਤ) ਕਰਨ ਵਾਲਾ.

ਜੁਹਰਾਇ: ਜੁਹਾਰ (ਨਮਸਕਾਰ) ਕਰਕੇ. "ਪਦ ਭੂਪ ਕੇ ਜੁਹਰਾਇ." (ਪਾਰਸਾਵ)

ਜੁਹਾਕ: ضُہاک ਜ਼ੁਹ਼ਾਕ.[550] ਅਥਵਾ ਅਜ਼ਦਹਾਕ ਇੱਕ ਵਡਾ ਜਾਲਿਮ ਬਾਦਸ਼ਾਹ, ਜੋ ਫ਼ਾਰਸ (ਪਰਸ਼ੀਆ) ਦੇ ਬਾਦਸ਼ਾਹ ਜਮਸ਼ੀਦ ਨੂੰ ਮਾਰਕੇ ਉਸ ਦੇ ਤਖ਼ਤ ਪੁਰ ਬੈਠਾ. "ਸੁਨ ਜੁਹਾਕ ਪਾਯੋ ਇਹ ਬਿਧਿ ਜਬ." (ਚਰਿਤ੍ਰ ੪੦੨)

ਜੁਹਾਰ, ਜੁਹਾਰੁ: ਸੰਗਯਾ- ਮਾਗਧੀ- ਜੁਹਾਰੁ. ਪ੍ਰਣਾਮ. ਨਮਸਕਾਰ। ੨. ਸਾਹਿਬ ਸਲਾਮ. ਆਪੋ ਵਿੱਚੀਂ ਸ਼ਿਸ਼੍ਟਾਚਾਰ. "ਸ੍ਵਰਗਸਿੰਘ ਸੁੰਦਰ ਭਏ ਤਾਂਕੀ ਰਹੈ ਜੁਹਾਰ." (ਚਰਿਤ੍ਰ ੧੮੧) ਸੁੰਦਰ ਸ੍ਵਰਗ ਸਿੰਘ ਨਾਲ ਉਸ ਦਾ ਮੇਲ ਮਿਲਾਪ ਸੀ. ਦੇਖੋ, ਜੋਹਾਰ.

ਜੁਹੀ: ਇੱਕ ਪ੍ਰਕਾਰ ਦੀ ਚਮੇਲੀ. ਸੰ. ਯੁਥੀ. L. Jasminum auriculatum । ੨. ਭਾਈ ਸੰਤੋਖ ਸਿੰਘ ਜੀ ਦੇ ਕਾਵ੍ਯ ਵਿੱਚ ਲਿਖਾਰੀ ਨੇ ਕੁਹੀ ਦੀ ਥਾਂ ਜੁਹੀ ਲਿਖ ਦਿੱਤਾ ਹੈ. "ਬਾਜ ਜੁਹੀ ਲੀਨ ਗਨ ਆਯੋ." (ਗੁਪ੍ਰਸੂ) ਦੇਖੋ, ਕੁਹੀ.

ਜੁਹੀਰ, ਜੁਹੀਰੀ: ਦੇਖੋ, ਜਹੀਰ ਅਤੇ ਜਹੀਰੀ.

ਜ਼ੁਕਾਮ: ਅ਼. زُکام ਸੰਗਯਾ- ਰੇਜ਼ਿਸ਼. ਦੇਖੋ, ਨਜ਼ਲਾ.

ਜੁਕਿਤੀ: ਸੰ. ਯੁਕ੍ਤਿ. ਸੰਗਯਾ- ਦਲੀਲ। ੨. ਉਪਾਉ. ਯਤਨ. ਤਦਬੀਰ.

ਜੁਕਿਤੀਐ: ਯੁਕ੍ਤਿ ਸੇ. ਤਦਬੀਰ ਨਾਲ. "ਤੂਟਸਿ ਮੋਹ ਜੁਕਿਤੀਐ." (ਆਸਾ ਛੰਤ ਮਃ ੫)

ਜੁਗ: ਸੰਗਯਾ- ਯੁਗ. ਜੋੜਾ. ਦੋ ਵਸਤੂਆਂ ਦਾ ਮੇਲ। ੨. ਜਗਤ. "ਜੁਗ ਮਹਿ ਰਾਮ ਨਾਮ ਨਿਸਤਾਰਾ." (ਸੂਹੀ ਛੰਤ ਮਃ ੩) "ਹਰਿ ਧਿਆਵਹਿ ਤੁਧੁ ਜੀ, ਸੇ ਜਨ ਜੁਗ ਮਹਿ ਸੁਖ ਵਾਸੀ." (ਸੋਪੁਰਖੁ)! ਸਤਯੁਗ ਆਦਿ ਯੁਗ. ਦੇਖੋ, ਯੁਗ। ੪. ਚਾਰ ਸੰਖ੍ਯਾ ਬੋਧਕ, ਕਿਉਂਕਿ ਯੁਗ ਚਾਰ ਮੰਨੇ ਹਨ। ੫. ਵਿ- ਯੁਕ੍ਤ. ਜੁੜਿਆ ਹੋਇਆ. "ਤੂ ਆਪੇ ਹੀ ਜੁਗ- ਜੋਗੀਆ." (ਵਾਰ ਕਾਨ ਮਃ ੪) ਯੁਕ੍ਤਯੋਗੀ. ਦੇਖੋ, ਯੁੰਜਾਨਯੋਗੀ.

ਜੁਗਹ ਜੁਗ: ਹਰੇਕ ਯੁਗ ਵਿੱਚ. ਸਦੈਵ. ਨਿਤ੍ਯ.

ਜੁਗਹ ਜੁਗੰਤਰਿ: ਯੁਗਯੁਗਾਂਤਰ ਮੇਂ, ਭਾਵ- ਸਰਵਕਾਲ ਮੇਂ, "ਜੁਗਹ ਜੁਗੰਤਰਿ ਭਗਤ ਤੁਮਾਰੇ." (ਵਡ ਛੰਤ ਮਃ ੧)

ਜੁਗਹ ਲਗ: ਯੁਗ ਪ੍ਰਯੰਤ. ਯੁਗ ਤੀਕ.

ਜੁਗਜੁਗ: ਦੇਖੋ, ਜੁਗਹ ਜੁਗ.

ਜੁਗਜੂਥ: ਜਗਤ ਦੇ ਲੋਕਾਂ ਦਾ ਸਮੁਦਾਯ. "ਸਤਿਗੁਰਿ ਖੇਮਾ ਤਾਣਿਆ ਜੁਗਜੂਥ ਸਮਾਣੇ" (ਸਵੈਯੇ ਮਃ ੪. ਕੇ) ਸਤਿਗੁਰੂ ਦੇ ਸਾਯਵਾਨ ਹੇਠ ਸਭ ਸਮਾ ਗਏ.

ਜੁਗਜੋਗੀ: ਦੇਖੋ, ਯੁੰਜਨਾਜੋਗੀ. "ਤੂ ਆਪੇ ਹੀ ਜੁਗਜੋਗੀਆ." (ਵਾਰ ਕਾਨ ਮਃ ੪)

ਜੁਗਣੇ: ਸੰਯੋਗ ਯੁਕ੍ਤ. "ਸਭ ਜਗ ਜੀਵਨ ਜੁਗਣੇ." (ਨਟ ਮਃ ੪)

---

[550] Issaac.

ਜੁਗਤ: ਸੰ. ਯੁਕ੍ਤ. ਵਿ- ਜੁੜਿਆ ਹੋਇਆ. ਸਾਥ. "ਸਰਬਦਾ ਸਰਬ ਜੁਗਤੇ." (ਜਾਪੁ) ੨. ਦੇਖੋ, ਜੁਗਤਿ.

ਜੁਗਤਸਿਵ: ਵਿ- ਸ਼ਿਵਯੁਕ੍ਤ. ਕਰਤਾਰ ਵਿੱਚ ਜੁੜਿਆ ਹੋਇਆ. ਦੇਖੋ, ਮੰਦਰਭਾਗ.

ਜੁਗਤਜੋਗੀ: ਦੇਖੋ, ਯੁਕ੍ਤ ੪.

ਜੁਗਤਾ: ਵਿ- ਯੁਕ੍ਤ. ਜੁੜਿਆ ਹੋਇਆ. "ਜੁਗਤਾ ਜੀਉ ਜੁਗਹਜੁਗ ਜੋਗੀ." (ਆਸਾ ਮਃ ੧) "ਭਗਉਤੀ ਰਹਿਤ ਜੁਗਤਾ" (ਸ੍ਰੀ ਅਃ ਮਃ ੫) ਭਗਤੀਆ ਭਗਤੀ ਵਿੱਚ ਜੁੜਿਆ ਰਹਿੰਦਾ ਹੈ। ੨. ਬੱਧ. ਬੰਨ੍ਹਿਆ ਹੋਇਆ. "ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ." (ਮਾਝ ਅਃ ਮਃ ੫) ੩. ਸੰਗਯਾ- ਰਹਿਤ. ਧਾਰਣਾ. ਯੁਕ੍ਤਿ. ਤਦਬੀਰ. "ਬ੍ਰਹਮਗਿਆਨੀ ਕੀ ਨਿਰਮਲ ਜੁਗਤਾ." (ਸੁਖਮਨੀ) ੪. ਯੁਕ੍ਤਿ ਕਰਕੇ. ਯੁਕ੍ਤਿ ਸੇ. "ਨਹ ਮਿਲੀਐ ਇਹ ਜੁਗਤਾ." (ਸੋਰ ਅਃ ਮਃ ੫)

ਜੁਗਤਾਜੁਗਤ: ਯੁਕ੍ਤਾਯੁਕ੍ਤ. ਯੋਗਯ ਅਤੇ ਅਯੋਗਯ ਉਚਿਤਾਨੁਚਿਤ. ਮੁਨਾਸਿਬ ਅਤੇ ਗ਼ੈਰ ਮੁਨਾਸਿਬ. "ਸਗਰੀ ਜੁਗਤਾਜੁਗਤ ਨਿਹਰਕੈ." (ਗੁਪ੍ਰਸੂ)

ਜੁਗਤਾਰਿ: ਵਿ- ਯੋਗ ਵਿੱਚ ਲਗੀ ਹੈ ਜਿਸ ਦੀ ਤਾਰ (ਲਿਵ). ਇੱਕ ਰਸ ਜੁੜਿਆ ਹੋਇਆ. "ਤੁਹੀ ਮੁਕੰਦ ਜੋਗਜੁਗਤਾਰਿ." (ਗੌਂਡ ਰਵਿਦਾਸ)

ਜੁਗਤਿ: ਸੰ. ਯੁਕ੍ਤਿ. ਸੰਗਯਾ- ਤਦਬੀਰ. "ਜੋਗੀ ਜੁਗਤਿ ਨ ਜਾਣੈ ਅੰਧ." (ਧਨਾ ਮਃ ੧) ੨. ਤਰਕ. ਦਲੀਲ. "ਜੁਗਤਿਸਿੱਧ ਇਹ ਬਾਤ." (ਸਲੋਹ) ੩. ਤ਼ਰੀਕ਼ਾ. ਢੰਗ. ਇਆਹੂ ਜੁਗਤਿ ਬਿਹਾਨੇ ਕਈ ਜਨਮ ਹੈ." (ਸੁਖਮਨੀ) ੪. ਪ੍ਰਬੰਧ. ਇੰਤਜਾਮ. "ਜੀਅ ਜੁਗਤਿ ਜਾਕੈ ਹੈ ਹਾਥਿ." (ਗਉ ਮਃ ੫) ੫. ਯੋਗਯਤਾ "ਜੋ ਵਰਤਾਏ ਸਾਈ ਜੁਗਤਿ." (ਸੁਖਮਨੀ)

ਜੁਗਤਿ ਉਕਤਿ: ਦੇਖੋ, ਯੁਕ੍ਤਿ ਉਕ੍ਤਿ.

ਜੁਗਤਿਜੋਗੇਸੁਰ: ਵਿ- ਯੋਗੀਆਂ ਦੇ ਈਸ਼੍ਵਰਾਂ ਵਿੱਚੋਂ ਯੋਗਯਤਾ ਰੱਖਣ ਵਾਲਾ. "ਗਾਵਹਿ ਜਨਕਾਦਿ ਜੁਗਤਿਜੋਗੇਸੁਰ." (ਸਵੈਯੇ ਮਃ ੧. ਕੇ) ੨. ਦੇਖੋ, ਯੁਕ੍ਤ ੪.

ਜੁਗਤੀ: ਦੇਖੋ, ਜੁਗਤਿ.

ਜੁਗਤੁ: ਦੇਖੋ, ਜੁਗਤ। ੨. ਯੋਗਯ. ਉਚਿਤ. "ਸੋਈ ਬ੍ਰਹਮਣੁ ਪੂਜਣ ਜੁਗਤੁ." (ਸਵਾ ਮਃ ੧)

ਜੁਗਤੇ: ਜੁੜੇ ਹੋਏ, ਯੁਕ੍ਤ. "ਸਦਾ ਅਲਿਪਤ ਜੋਗ ਅਰੁ ਜੁਗਤੇ." (ਗਉ ਮਃ ੫) ੨. ਯੁਕ੍ਤਿ ਨਾਲ. ਤਦਬੀਰ ਸੇ. "ਨਹਿ ਛੂਟੋਂ ਇਹ ਜੁਗਤੇ." (ਸਲੋਹ)

ਜੁਗਤੈ: ਯੁਗਪ੍ਰਯੰਤ. ਦੇਖੋ, ਤੈ।

ਜੁਗਨਿ: ਜੋਗਿਨ. ਯੋਗਿਨੀ. ਯੋਗ ਦੇ ਧਾਰਨ ਵਾਲੀ. "ਮਹਾਰੁਦ੍ਰ ਕੇ ਭਵਨ ਜੁਗਨਿ ਹਨਐ ਆਯਹੌਂ." (ਚਰਿਤ੍ਰ ੧੪੬)

ਜੁਗਨੀ: ਇੱਕ ਕੰਠਭੂਖਣ, ਜੋ ਰੇਸ਼ਮ ਦੀ ਡੋਰ ਨਾਲ ਬੱਧਾ ਛਾਤੀ ਪੁਰ ਲਟਕਦਾ ਰਹਿੰਦਾ ਹੈ.

ਜੁਗਨੂ: ਸੰ. ਜਙ੍ਗਣ ਜ੍ਰਿੰਗਣ. ਸੰਗਯਾ- ਪਟਬੀਜਨਾ. ਖਦਯੋਤ. ਜਯੋਤਿਰਿੰਗਣ. ਟਣਾਣਾ. L. Lampyris noctiluca. ਜੁਗਨੂੰ ਦੀ ਪੂਛ ਵਿੱਚ ਦੀਪਕਪਦਾਰਥ (phosphorus ) ਹੁੰਦਾ ਹੈ. ਨਰ ਜੁਗਨੂੰ ਹਵਾ ਵਿੱਚ ਉਡਦਾ ਹੈ ਅਤੇ ਮਦੀਨ ਪ੍ਰਿਥਿਵੀ ਤੇ ਰੀਂਗਦੀ ਹੈ. ਪ੍ਰਕਾਸ਼ ਮਦੀਨ ਦੇ ਭੀ ਹੋਇਆ ਕਰਦਾ ਹੈ. ਅਸਲ ਵਿੱਚ ਨਰ ਦਾ ਨਾਮ ਖਦਯੋਤ ਅਤੇ ਮਦੀਨ ਰਿੰਗਣਜੋਤਿ ਹੈ, ਪਰ ਕਵੀਆਂ ਨੇ ਇਹ ਦੋਵੇਂ ਨਾਮ ਇੱਕ ਹੀ ਸਮਝ ਰੱਖੇ ਹਨ.

ਜੁਗਮ: ਦੇਖੋ, ਯੁਗਮ.

ਜੁਗਰਾਜ: ਰਾਮੇਆਣੇ ਪਿੰਡ ਦਾ ਵਸਨੀਕ ਇੱਕ ਵਿਰਕ ਜੱਟ. ਜਦ ਮਾਝੇ ਦੇ ਸਿੱਖ ਮਹਾਂਸਿੰਘ ਭਾਗਕੌਰਿ ਆਦਿਕ ਦਸ਼ਮੇਸ਼ ਦੀ

ਭਾਲ ਵਿੱਚ ਮੁਆਫੀ ਮੰਗਣ ਲਈ ਫਿਰ ਰਹੇ ਸਨ, ਤਦ ਇਸ ਨੇ ਖਿਦਰਾਣਾ ਤਾਲ ਪੁਰ ਜਾਣ ਲਈ ਦੱਸ ਪਾਈ ਸੀ.

ਜੁਗਰਾਫੀਆ, ਜੁਗ਼ਰਾਫ਼ੀਯਹ: ਯੂ. جغرافیہ ਭੂਗੋਲਵਿਦਯਾ ਦਾ ਨਿਰਣਾ. ਭੂਗੋਲ ਸੰਬੰਧੀ ਗ੍ਰੰਥ. ਅੰ. Geography.

ਜੁਗਲ: ਦੇਖੋ, ਯੁਗਲ.

ਜੁਗਲ ਜਾਮਨੁ: ਯੁਗਲਜੰਬੁ. ਦੋ ਪ੍ਰਕਾਰ ਦੀ ਜਾਮਣ. ਗੁਲਾਬ ਜਾਮਣ ਅਤੇ ਜਮੋਆ। ੨. ਕਾਲੀ ਅਤੇ ਚਿੱਟੀ ਜਾਮਣ.

ਜੁਗਵਤ: ਯੋਗਯਤਾਵੰਤ. "ਤੈਸੇ ਗੁਰਸਿੱਖਨ ਕੋ ਜੁਗਵਤ ਜਤਨ ਕੈ." (ਭਾਗੁ ਕ) ੨. ਵਰਤਣ ਲਾਇਕ਼. ਇਸਤਾਮਾਲ ਕਰਨ ਯੋਗਯ. "ਜੈਸੇ ਟੂਟੇ ਨਾਗਬੇਲਿ ਸੇ ਵਿਦੇਸ ਚਲਜਾਤ, ਸਲਿਲ ਸੰਜੋਗ ਚਿਰੰਕਾਲ ਜੁਗਵਤ ਹੈ." (ਭਾਗੁ ਕ)

ਜੁਗਵੈ: ਯੋਗਯਤਾ ਸਹਿਤ. ਮੁਨਾਸਿਬ ਰੀਤਿ ਕਰਕੇ. "ਜਨਨਿ ਜਤਨ ਕਰ ਜੁਗਵੈ ਜਠਰ ਰਾਖੈ." (ਭਾਗੁ ਕ)

ਜੁਗਾਹਾ: ਯੁਗਹਾ. ਅਨੇਕ ਯੁਗ। ੨. ਯੁਗ ਪ੍ਰਯੰਤ (ਤੋੜੀ). ੩. ਜੁੜਿਆ ਹੋਇਆ। ੪. ਯੋਗ ਮੇਂ ਯੋਗ ਵਿੱਚ. "ਆਪੇ ਜੋਗੀ ਜੁਗਤ ਜੁਗਾਹਾ." (ਜੈਤ ਮਃ ੪)

ਜੁਗਾ ਜੁਗੰਤਰਿ: ਦੇਖੋ, ਜੁਗਹ ਜੁਗੰਤਰਿ. "ਜੁਗਾ ਜੁਗੰਤਰਿ ਖਾਹਿ ਪਇਆ." (ਆਸਾ ਪਟੀ ਮਃ ੩)

ਜੁਗਾਦਿ: ਯੁਗ ਦੇ ਆਦਿ. ਯੁਗ ਮਰਯਾਦਾ ਤੋਂ ਪਹਿਲਾਂ. "ਜੁਗਾਦਿ ਸਚੁ." (ਜਪੁ) ੨. ਯੁਗਮ. ਦੂਜਾ. "ਜੁਗਾਦਿ ਗੁਰਏ ਨਮਹ." (ਸੁਖਮਨੀ) ਗੁਰੂ ਅੰਗਦਦੇਵ ਨੂੰ ਨਮਸਕਾਰ ਹੈ.

ਜੁਗਾਵਈ: ਦੇਖੋ, ਜੁਗਾਵਨ.

ਜੁਗਾਵਨ: ਕ੍ਰਿ- ਜੁੜਨਾ. ਮਿਲਨਾ। ੨. ਯੋਗ੍ਯ ਹੋਣਾ. "ਜੋਗ ਨ ਜੁਗਾਵਈ." (ਭਾਗੁ ੨) ਯੋਗ੍ਯ ਮਲੂਮ ਨਹੀਂ ਹੁੰਦਾ.

ਜੁਗਾਵਲੀ: ਯੁਗਾਂ ਦੀ ਪੰਕਤਿ, ਜੁਗਾਂ ਦਾ ਸਿਲਸਿਲਾ। ੨. ਕਿਸੇ ਪ੍ਰੇਮੀ ਸਿੱਖ ਦੀ ਜਨਮਸਾਖੀ ਵਿੱਚ ਲਿਖੀ ਰਚਨਾ, ਜੋ ਗੁਰੂ ਨਾਨਕਦੇਵ ਵੱਲੋਂ ਦੱਸੀ ਗਈ ਹੈ. ਇਸ ਵਿੱਚ ਅਨੰਤ ਯੁਗਾਂ ਅੰਦਰ ਗੁਰੂ ਨਾਨਕਦੇਵ ਦਾ "ਵਾਹਗੁਰੂ" ਨਾਮਅਭ੍ਯਾਸ ਵਰਣਨ ਕੀਤਾ ਹੈ. ਇਹ ਜੁਗਾਵਲੀ ਰਾਵਲਪਿੰਡੀ ਭਾਈ ਬੂਟਾ ਸਿੰਘ ਹਕੀਮ ਦੀ ਧਰਮਸਾਲਾ ਵਿੱਚ ਪੁਰਾਣੀ ਲਿਖਤ ਦੇ ਗੁਰੂ ਗ੍ਰੰਥ ਸਾਹਿਬ ਵਿੱਚ ਭੀ ਦੇਖੀ ਜਾਂਦੀ ਹੈ, ਜੋ ਪੰਨੇ ੧੩੪੧ ਤੋਂ ਆਰੰਭ ਹੁੰਦੀ ਹੈ.

ਜੁਗਿ: ਯੁਗ ਵਿੱਚ "ਚਹੁ ਜੁਗਿ ਨਿਰਮਲੁ." (ਮਾਰੂ ਸੋਲਹੇ ਮਃ ੪) ੨. ਜੁਗਤ ਵਿੱਚ. ਦੇਖੋ, ਜੁਗ.

ਜੁਗਿਜੁਗਿ: ਯੁਗ ਯੁਗ ਮੇਂ. ਹਰੇਕ ਯੁਗ ਵਿੱਚ "ਜੁਗਿ ਜੁਗਿ ਸਾਚਾ ਏਕੋ ਦਾਤਾ." (ਮਾਰੂ ਸੋਲਹੇ ਮਃ ੩)

ਜੁਗੀਆ: ਯੋਗੀ। ੨. ਜੁੜਿਆ ਹੋਇਆ.

ਜੁਗੁ: ਦੇਖੋ, ਜੁਗ.

ਜੁਗੁ ਜੁਗੁ: ਅਨੇਕ ਯੁਗ। ੨. ਯੁਗਯੁਗ ਮੇਂ. ਹਰੇਕ ਯੁਗ ਵਿੱਚ. "ਹਰਿ ਜੁਗੁ ਜੁਗੁ ਭਗਤ ਉਪਾਇਆ." (ਆਸਾ ਛੰਤ ਮਃ ੪)

ਜੁਗੁਪਸਾ: ਸੰ. ਜੁਗੁਪ੍ਸਾ ਸੰਗ੍ਯਾ- ਨਿੰਦਾ. ਦੇਖੋ, ਗੁਪ ਧਾ। ੨. ਘ੍ਰਿਣਾ. ਗਲਾਨਿ.

ਜੁਗੁਪਸਿਤ: ਸੰ. ਜੁਗੁਪ੍ਸਿਤ. ਵਿ- ਨਿੰਦਿਤ। ੨. ਘ੍ਰਿਣਿਤ. ਗਲਾਨਿ ਕੀਤਾ ਹੋਇਆ.

ਜੁਗੇਸ, ਜੁਗੇਸੁਰ: ਯੋਗੇਸ਼੍ਵਰ. ਯੋਗੀਆਂ ਦਾ ਸ੍ਵਾਮੀ. ਯੋਗੀਸ਼੍ਵਰ। ੨. ਸ਼ਿਵ। ੩. ਗੋਰਖ। ੪. ਕਰਤਾਰ। ੫. ਬਾਬਾ ਸ਼੍ਰੀਚੰਦ ਜੀ.

ਜੁਗੰਤ: ਯੁਗਾਂਤ. ਯੁਗ ਦੇ ਅੰਤ। ੨. ਪ੍ਰਲਯ (ਪਰਲੋਂ).

ਜੁਗੰਤਰ: ਯੁਗ ਦੇ ਅੰਤਰ (ਵਿੱਚ). ੨. ਯੁਗਾਂਤਰ. ਦੂਜਾ ਜੁਗ. ਭਾਵ ਕਈ ਯੁਗ. "ਜੈਸੇ ਜਲ ਅੰਤਰ ਜੁਗੰਤਰ ਬਸੈ ਪਖਾਨ."

(ਭਾਗੁ ਕ)

**ਜੁੱਗਣ, ਜੁੱਗਣਿ:** ਯੋਗਿਨੀ. ਦੁਰਗਾ ਦੀ ਅੜਦਲ ਵਿੱਚ ਰਹਿਣ ਵਾਲੀ ਘੋਰ ਦੇਵੀ. "ਜਯ ਜੰਪਹੁ ਜੁੱਗਣ ਜੂਹ ਜੁਅੰ." (ਅਕਾਲ)

**ਜੁਛਾਂਦਾ:** ਦੇਖੋ, ਜੋਸ਼ਾਂਦਾ.

**ਜੁਜ:** ਸੰਗ੍ਯਾ- ਯਜੁਰ ਵੇਦ. ਭਾਵ- ਯਜੁਰ ਵੇਦ ਦੀ ਪ੍ਰਧਾਨਤਾ ਵਾਲਾ ਦ੍ਵਾਪਰ. "ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ." (ਵਾਰ ਆਸਾ) ੨. ਫ਼ਾ. جُز ਜੁਜ਼. ਵ੍ਯ- ਬਗ਼ੈਰ. ਸਿਵਾ। ੩. ਅ਼. جُزو ਜੁਜ਼ਵ ਦਾ ਸੰਖੇਪ. ਸੰਗ੍ਯਾ- ਹ਼ਿੱਸਾ. ਭਾਗ. ਟੁਕੜਾ। ੪. ਸੰਚੀ. ਨੱਥੀ। ੫. ਫ਼ਾ. جِز, ਜਿਜ਼. ਦੁੰਬੇ ਦੀ ਚੱਕੀ ਦੀ ਭੁੰਨੀ ਹੋਈ ਚਰਬੀ. "ਸਾਲਨ ਔ ਬਿਰੀਆਂ ਜੁਜ ਤਾਹਰੀ." (ਕ੍ਰਿਸਨਾਵ)

**ਜੁਜ਼ਦਾਨ:** ਫ਼ਾ. ਸੰਗ੍ਯਾ- ਸੰਚੀਆਂ ਰੱਖਣ ਦਾ ਥੈਲਾ. ਬਸਤਾ.

**ਜੁਜ਼ਬੰਦੀ:** ਫ਼ਾ. ਸੰਗ੍ਯਾ- ਨੱਥੀਆਂ (ਸੰਚੀਆਂ) ਨੂੰ ਇਕੱਠਿਆਂ ਕਰਕੇ ਬੰਨ੍ਹਣ ਦੀ ਕ੍ਰਿਯਾ. ਜਿਲਦਬੰਦੀ.

**ਜੁਜਰ, ਜੁਜਰੁ:** ਯਜੁਰਵੇਦ. "ਸਾਮ ਵੇਦੁ ਰਿਗੁ ਜੁਜਰੁ ਅਥਰਬਣੁ." (ਮਾਰੂ ਸੋਲਹੇ ਮਃ ੧) ਦੇਖੋ, ਵੇਦ.

**ਜੁਜਰੀ:** ਯੁਗਮ ਜੋਰੀ. ਦੋਵੇਂ ਹੱਥ ਜੋੜਕੇ. "ਬਹੁ ਬੈਨ ਬਿਨੈ ਭਨ ਹੈ ਜੁਜਰੀ." (ਨਾਪ੍ਰ) ੨. ਯਜੁਰਵੇਦ ਦਾ ਗ੍ਯਾਤਾ.

**ਜੁਜਰੁ:** ਦੇਖੋ, ਜੁਜਰ ਅਤੇ ਵੇਦ.

**ਜੁਜਾਤ, ਜੁਜਾਤਿ:** ਦੇਖੋ, ਯਯਾਤਿ. "ਪੁਨ ਭਯੋ ਜੁਜਾਤ." (ਜਜਾਤਿ)

**ਜੁਜਾਮ:** ਅ਼. جُزام ਜੁਜਾਮ. ਸੰਗ੍ਯਾ- ਕੁਸ਼੍ਠ. ਕੋੜ੍ਹ. ਦੇਖੋ, ਗਲਿਤਕੁਸ਼੍ਠ.

**ਜੁਝ:** ਸੰਗ੍ਯਾ- ਯੁੱਧ. ਜੰਗ.

**ਜੁਝਊਆ:** ਵਿ- ਲੜਾਕਾ. ਯੁੱਧ ਕਰਨ ਵਾਲਾ। ੨. ਸੰਗ੍ਯਾ- ਵੀਰ ਰਸ ਉਤਪੰਨ ਕਰਨ ਵਾਲਾ ਵਾਜਾ. "ਜੂਝੇ ਜੁਝਊਆ ਕੇ ਬਜੇ." (ਚਰਿਤ੍ਰ ੧੧੬)

**ਜੁਝਣਾ:** ਕ੍ਰਿ- ਯੁੱਧ ਕਰਨਾ। ੨. ਲੜਮਰਨਾ.

**ਜੁਝਾਊ:** ਦੇਖੋ, ਜੁਝਊਆ. "ਦੁਹ ਦਿਸਿ ਬਜੇ ਜੁਝਾਊ ਬਾਜੇ." (ਗੁਪ੍ਰਸੂ)

**ਜੁਝਾਊਰਾਗ:** ਸੰਧੂਰੀਆ ਅਤੇ ਮਾਰੂ ਰਾਗ. ਵੀਰ ਰਸ ਉਤਪੰਨ ਕਰਨ ਵਾਲਾ ਰਾਗ। ੨. ਯੋਧਿਆਂ ਦੇ ਹੌਸਲੇ ਵਧਾਉਣ ਵਾਲਾ ਗੀਤ.

**ਜੁਝਾਰ:** ਵਿ- ਯੁੱਧ ਕਰਨ ਵਾਲਾ. ਲੜਾਕਾ ਯੋਧਾ.

**ਜੁਝਾਰਸਿੰਘ:** ਇੱਕ ਪਹਾੜੀ ਰਾਜਪੂਤ, ਜਿਸ ਦਾ ਦਿਲਾਵਰਖ਼ਾਨ ਨਾਲ ਮੁਕ਼ਾਬਲਾ ਹੋਇਆ. ਦੇਖੋ, ਵਿਚਿਤ੍ਰਨਾਟਕ ਅਃ ੧੨.। ੨. ਦੇਖੋ, ਜੁਝਾਰ ਸਿੰਘ ਬਾਬਾ.

**ਜੁਝਾਰਸਿੰਘ ਬਾਬਾ:** ਮਾਤਾ ਜੀਤੋ ਜੀ ਦੇ ਉਦਰ ਤੋਂ ਸੰਮਤ ੧੭੪੭ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਧਰਮਵੀਰ ਸੁਪੁਤ੍ਰ ਦਾ ਜਨਮ ਹੋਇਆ. ਅਤੇ ੮. ਪੋਹ, ੧੭੬੧ ਨੂੰ ਚਮਕੌਰ ਦੇ ਮੈਦਾਨ ਵਿੱਚ ਬੜੀ ਵੀਰਤਾ ਨਾਲ ਸ਼ਹੀਦੀ ਪਾਈ. ਭਾਈ ਸੰਤੋਖ ਸਿੰਘ ਜੀ ਨੇ ਭੁੱਲਕੇ ਆਪ ਦਾ ਸ਼ਹੀਦ ਹੋਣਾ ਸਰਹਿੰਦ ਵਿੱਚ ਲਿਖਿਆ ਹੈ. ਦਸ਼ਮੇਸ਼ ਦੇ ਹ਼ਜੂਰੀ ਕਵਿ ਸੈਨਾਪਤਿ ਚਮਕੌਰ ਦੇ ਜੰਗ ਵਿੱਚ ਬਾਬਾ ਜੁਝਾਰ ਸਿੰਘ ਜੀ ਦੀ ਵੀਰਤਾ ਲਿਖਦੇ ਹਨ- "ਜਬ ਦੇਖਿਓ ਜੁਝਾਰ ਸਿੰਘ ਸਮਾ ਪਹੂਚਯੋ ਆਨ, ਦੌਰਯੋ ਦਲ ਮੇ ਪਾਇਕੈ ਕਰ ਮੇ ਗਹੀ ਕਮਾਨ."

**ਜੁੱਝ:** ਸੰਗ੍ਯਾ- ਯੁੱਧ. ਜੰਗ.

ਜੁੱਝਰ: ਵਿ- ਯੁੱਧ ਕਰਨ ਵਾਲਾ. ਜੁਝਾਰ.

ਜੁਟ: ਜੁੱਟ. ਜੋੜਾ. ਦੋ ਦਾ ਇਕੱਠ. ਯੁਕ੍ਤ। ੨. ਦੇਖੋ, ਜੁਟੁ ੨.

ਜੁਟਸੀ: ਜੁੜਸੀ. ਮਿਲਸੀ. "ਮੇਰਾ ਮੁਖ ਸਾਕਤ ਸੰਗਿ ਨ ਜੁਟਸੀ." (ਦੇਵ ਮਃ ੫)

ਜੁਟਕ: ਸੰ. ਸੰਗਯਾ- ਜਟਾ ਦਾ ਜੂੜਾ। ੨. ਗੁਲਦਸ੍ਤਾ.

ਜੁਟਣਾ, ਜੁਟਨਾ: ਕ੍ਰਿ- ਯੁਕ੍ਤ ਹੋਣਾ. ਜੁੜਨਾ। ੨. ਪਰਸਪਰ ਭਿੜਨਾ. ਮੁਕਾਬਲਾ ਕਰਨਾ.

ਜੁਟੁ: ਦੇਖੋ, ਜੁਟ। ੨. ਮੇਲ. ਸੰਬੰਧ. "ਨਾਮੈ ਸੰਗਿ ਜੁਟੁ." (ਗਉ ਵਾਰ ੧. ਮਃ ੫)

ਜੁਠ: ਸੰ. ਜੁਸ਼੍ਟ. ਵਿ- ਜੂਠਾ। ੨. ਦੇਖੋ, ਜੂਠ.

ਜੁਠਾਰਨਾ, ਜੁਠਾਲਣਾ, ਜੁਠਾਲਨਾ: ਕ੍ਰਿ- ਜੁਸ਼੍ਟ (ਜੂਠਾ) ਕਰਨਾ.

ਜੁਡਾਈ: ਸੰਗਯਾ- ਸ਼ੀਤਲਤਾ. ਠੰਢ। ੨. ਮਲੇਰੀਏ ਦੇ ਤਾਪ ਦੀ ਕੰਬਣੀ. ਸ਼ੀਤਜ੍ਵਰ ਦਾ ਕੰਪ.

ਜੁਡਾਨਾ: (ਸੰ. ਯੁਜੁਡ੍. ਧਾ- ਜੋੜਨਾ) ਵਿ- ਜੁੜਿਆ ਹੋਇਆ. ਯੁਕ੍ਤ ਹੋਇਆ। ੨. ਜਾਡੇ (ਪਾਲੇ) ਨਾਲ ਸੁੰਗੜਿਆ। ੩. ਸ਼ੀਤਲ ਹੋਇਆ. ਠੰਢਾ ਹੋਇਆ.

ਜੁਡਾਨੀ: ਜੁੜੀ. ਇਕੱਠੀ ਹੋਈ. "ਇਨ ਰੀਤਿ ਬਿਲੋਕ ਬਰਾਤ ਜੁਡਾਨੀ." (ਨਾਪ੍ਰ) ੨. ਸ਼ੀਤਲ ਹੋਈ. ਠੰਢੀ ਹੋਈ.

ਜੁੰਡੀ: ਸੰਗਯਾ- ਝੁੰਡ. ਟੋਲੀ. ਮੰਡਲੀ. ਦੇਖੋ, ਅੰ. Junto.

ਜੁਤ: ਵਿ- ਯੁਕ੍ਤ. ਮਿਲਿਆ ਹੋਇਆ। ੨. ਯੁਤ. ਸ਼ਾਮਿਲ. ਸਾਥ.

ਜੁਤਉ: ਜੁੜਿਆ ਹੋਇਆ. ਯੁਕ੍ਤ. ਦੇਖੋ, ਬਿੰਨ.

ਜੁਤਾ: ਯੁਕ੍ਤਹੋਇਆ. ਜੁੜਿਆ। ੨. ਦੇਖੋ, ਜੁੱਤਾ.

ਜੁਤੇ: ਯੁਕ੍ਤ ਹੋਏ. ਜੋੜੇ. ਜੋਤਲਏ. ਜੋਤੇ. "ਫੜਿ ਜੋਨੀ ਜੁਤੇ." (ਵਾਰ ਗੂਜ ੨. ਮਃ ੫)

ਜੁੱਤਾ: ਦੇਖੋ, ਜੁਤਾ। ੨. ਜੂਤਾ. ਜੋੜਾ. ਪਾਪੋਸ਼. "ਕਾਢ ਚਰਨ ਤੇ ਮਾਰਜੋ ਜੁੱਤਾ." (ਗੁਪ੍ਰਸੂ)

ਜੁਥ, ਜੁੱਥ: ਸੰ. ਯੂਥ. ਸੰਗਯਾ- ਗਰੋਹ. ਇਕੱਠ.

ਜੁਦਰੀਆ: ਸੰਗਯਾ- ਜੁਹਦ. ਘਾਲਣਾ. ਸੇਵਾ. ਮੁਸ਼ੱਕਤ. "ਪਾਇ ਲਗਉ ਨਿਤ ਕਰਉ ਜੁਦਰੀਆ." (ਮਾਲੀ ਮਃ ੪)

ਜੁਦਾ: ਫ਼ਾ. جُدا ਵਿ- ਅਲਗ. ਭਿੰਨ. ਵੱਖਰਾ.

ਜੁਦਾਈ: ਫ਼ਾ. جُدائی ਸੰਗਯਾ- ਵਿਯੋਗ. ਵਿਛੋੜਾ.

ਜੁਧ: ਦੇਖੋ, ਜੁੱਧ.

ਜੁਧਨਿ: ਯੁੱਧ ਕਰਨ ਵਾਲੀ ਅਨੀ (ਸੈਨਾ). ਫ਼ੌਜ. (ਸਨਾਮਾ)

ਜੁਧਾਂਬਰ: ਸੰਗਯਾ- ਯੁੱਧ- ਅੰਬਰ. ਨਿਸ਼ਾਨ. ਪਤਾਕਾ. ਨਿਸ਼ਾਨ ਦਾ ਫਰਹਰਾ. "ਦੇਸ ਬਿਦੇਸਨ ਜੀਤ ਜੁਧਾਂਬਰ." (ਪਾਰਸਾਵ) ਦੁਸ਼ਮਨਾਂ ਦੇ ਨਿਸ਼ਾਨ ਜਿੱਤਕੇ। ੨. ਬਕਤਰ. ਲੋਹੇ ਦੀ ਕੜੀਆਂ ਦਾ ਕੁੜਤਾ.

ਜੁਧਿਸਟਰ: ਦੇਖੋ, ਯੁਧਿਸ਼੍ਠਿਰ.

ਜੁਧਿਸਟਰਬੰਧੁਸੁਤਰਿ: ਯੌ. ਯੁਧਿਸ਼੍ਰਿਰ ਦਾ ਭਾਈ ਅਰਜੁਨ, ਉਸ ਦਾ ਸੂਤ (ਰਥਵਾਹੀ) ਸ਼੍ਰੀ ਕ੍ਰਿਸ਼ਨ, ਉਸ ਦਾ ਅਰਿ (ਵੈਰੀ) ਤੀਰ. (ਸਨਾਮਾ)

ਜੁਧੀ: ਵਿ- ਯੁੱਧ ਕਰਨ ਵਾਲਾ. ਯੋਧਾ.

ਜੁੱਧ: (ਸੰ. ਯੁਧ੍. ਧਾ- ਜੰਗ ਕਰਨਾ). ਸੰਗਯਾ- ਜੰਗ. ਯੁੱਧ.

ਜੁੱਧਸਾਲੀ: ਸੰ. युद्धशालिन्. ਵਿ- ਯੁੱਧਕਰਤਾ. ਮਹਾਨਯੋਧਾ.

ਜੁੱਧਮਾਲੀ: ਵਿ- ਯੁੱਧ ਦੀ ਮਾਲਾ ਪਹਿਰਨ ਵਾਲਾ. ਫ਼ਤੇ ਦਾ ਹਾਰ ਪਹਿਰਨ ਵਾਲਾ. "ਸਬੈ ਸਤ੍ਰੁ ਜੀਤੇ ਮਹਾਂ ਜੁੱਧਮਾਲੀ." (ਰਾਮਾਵ)

ਜੁਨੱਬੀ: ਦੇਖੋ, ਜਨੱਬੀ.

ਜੁਨੀ: ਸੰਗਯਾ- ਜੂਨੀ. ਯੋਨਿ. "ਬਹੁੜਿ ਨ ਪਾਈਐ ਜੁੋਨੀਐ."[551] (ਸੂਹੀ ਛੰਤ ਮਃ ੫)

ਜੁਨੀਐ: ਯੋਨਿ ਮੇਂ. ਦੇਖੋ, ਜੁਨੀ.

ਜੁਨੂਬੀ: ਦੇਖੋ, ਜਨੂਬੀ.

ਜ਼ੁੱਨਾਰ: ਫ਼ਾ. زُنّار ਜਨੇਊ. ਯਗ੍ਯੋਪਵੀਤ.

ਜ਼ੁੱਨਾਰਦਾਰ: ਫ਼ਾ. زُنّاردار ਜਨੇਊਧਾਰੀ. ਦ੍ਵਿਜ। ੨. ਪਾਰਸੀ, ਜੋ ਜ਼ੰਦ ਨੂੰ ਧ੍ਰਮਪੁਸ੍ਤਕ ਮੰਨਦਾ ਹੈ. ਪਾਰਸੀ ਲੋਕ ਦ੍ਵਿਜਾਂ ਦੀ ਤਰਾਂ ਤਾਗਾ ਪਹਿਨਦੇ ਹਨ, ਪਰ ਇਹ ਲੱਕ ਨਾਲ ਬੱਧਾ ਰਹਿੰਦਾ ਹੈ.

ਜੁਫ਼ਤ: ਫ਼ਾ. جُفت ਜੋੜਾ। ੨. ਜਿਸਤ (ਜਸਤ). even. ਦੋ, ਚਾਰ, ਅੱਠ ਆਦਿ। ੩. ਵਿਆਹੀ ਹੋਈ ਇਸਤ੍ਰੀ। ੪. ਵਿ- ਜੁੜਿਆ ਹੋਇਆ.

ਜੁੰਬਸ਼: ਫ਼ਾ. جُنبش ਜੁੰਬਿਸ਼. ਸੰਗਯਾ- ਕੰਪ. ਹ਼ਰਕਤ. ਕਾਂਬਾ.

ਜੁਬਣ: ਵਿ- ਯੁਵਨ. ਜੁਆਨ. ਤਰੁਣ। ੨. ਸੰਗਯਾ- ਯੌਵਨ. ਯੁਵਾ ਅਵਸ੍ਥਾ. "ਜੁਬਣ ਮਯ ਮੱਤੀ." (ਦੱਤਾਵ) ਜੋਬਨ ਦੇ ਨਸ਼ੇ ਵਿੱਚ ਮਸ੍ਤ.

ਜੁਬਣਹੀਣ, ਜੁਬਣਹੀਨ: ਵਿ- ਯੌਵਨਹੀਨ. ਜੋਬਨਰਹਿਤ. ਭਾਵ- ਬੁੱਢਾ. "ਜਿਮ ਜੁਬਣਹੀਣ ਲਪਟਾਇ ਨਾਰਿ." (ਰਾਮਾਵ)

ਜੁਬਨ: ਦੇਖੋ, ਜੁਬਣ.

ਜੁਬਾ: ਵਿ- ਯੁਵਾ. ਜਵਾਨ.

ਜੁਬਾਂ, ਜੁਬਾਨ: ਰਸਨਾ ਅਤੇ ਬੋਲੀ (ਭਾਸ਼ਾ). ਦੇਖੋ, ਜਬਾਂ ਅਤੇ ਜਬਾਨ. "ਸਮਸਤੁਲ ਜੁਬਾਂ ਹੈ." (ਜਾਪੁ)

ਜੁੰਬਿਸ਼: ਦੇਖੋ, ਜੁੰਬਸ਼.

ਜੁੱਬਣ: ਦੇਖੋ, ਜੁਬਣ ੨.

ਜੁੰਮਣ: ਕ੍ਰਿ- ਜਨਮਣਾ. ਜਨਮ ਲੈਣਾ। ੨. ਉਗਣਾ. ਪੈਦਾ ਹੋਣਾ। ੩. ਸਿੰਧੀ. ਜਾਣਾ. ਗਮਨ ਕਰਨਾ. "ਜੁੰਮੇ ਕਟਕ ਅਛੂਹਣੀ."

---

[551] ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਅਨੇਕ ਥਾਂ ਦੋ ਮਾਤ੍ਰਾ ਇੱਕ ਅੱਖਰ ਨੂੰ ਹੁੰਦੀਆਂ ਹਨ, ਇੱਕ ਮਾਤ੍ਰਾ ਅਰਥ ਬੋਧਕ ਹੁੰਦੀ ਹੈ, ਦੂਜੀ ਸੰਗੀਤ ਦੀ ਲੈ ਨੂੰ ਮੁੱਖ ਰੱਖਕੇ ਹੋਇਆ ਕਰਦੀ ਹੈ. ਇੱਥੇ ਪਾਠ ਜੋਨੀ ਹੈ, ਪਰ ਗਾਉਣ ਦੀ ਧਾਰਣਾ ਅਨੁਸਾਰ ਉੱਚਾਰਣ ਜੁਨੀ ਹੈ.

(ਚੰਡੀ ੩) ਕਈ ਅਛੋਹਿਣੀ ਦਲ ਚੱਲੇ.

ਜੁੰਮਣਹਾਰ: ਵਿ- ਜਾਵਣਹਾਰ. ਬਿਨਸਨਹਾਰ. ਦੇਖੋ, ਜੁੰਮਣ ੩. "ਢਲਿ ਢੁਲਿ ਜੁੰਮਣਹਾਰ." (ਸ੍ਰੀ ਮਃ ੧)

ਜੁਮਲ, ਜੁਮਲਹ, ਜੁਮਲਾ: ਅ਼. جُملہ ਸੰਗਯਾ- ਜੋੜ. ਮੀਜ਼ਾਨ. ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਕਈ ਥਾਂਈਂ ਸ਼ਬਦਾਂ ਦੀ ਗਿਣਤੀ ਕਰਕੇ ਜੋੜ ਦੇ ਅੰਗ ਦਿੱਤਾ ਹੈ, ਉਸ ਥਾਂ ਜੁਮਲਾ ਅਰ ਜੁਮਿਲਾ ਸ਼ਬਦ ਆਇਆ ਹੈ। ੨. ਕ੍ਰਿ. ਵਿ- ਤਮਾਮ. ਸਭ.

ਜੁਮਲਾਰਜੁਨ: ਸੰ. ਯਮਲ- ਅਰ੍ਜੁਨ. ਅਰਜੁਨ ਬਿਰਛਾਂ ਦਾ ਜੋੜਾ. ਦੇਖੋ, ਜਮਲਾਰਜਨ.

ਜੁਮਾ: ਅ਼. جُمعہ ਜੁਮਅ਼ਹ. ਏਕਤ੍ਰ ਹੋਣ ਦਾ ਦਿਨ. ਇਸਲਾਮ ਮਤ ਅਨੁਸਾਰ ਸ਼ੁਕ੍ਰਵਾਰ ਪਵਿਤ੍ਰ ਦਿਨ ਹੈ. ਇਹ ਉਹ ਦਿਨ ਹੈ, ਜਿਸ ਵਿੱਚ ਆਦਮ ਨੂੰ ਖ਼ੁਦਾ ਬਹਿਸ਼ਤ ਦੇ ਬਾਗ਼ ਵਿੱਚ ਲੈ ਗਿਆ ਸੀ. ਕ਼ਯਾਮਤ ਦੇ ਦਿਨ ਕ਼ਬਰਾਂ ਵਿੱਚੋਂ ਉਠਕੇ ਆਦਮੀ ਇਸੇ ਦਿਨ ਖ਼ੁਦਾ ਅੱਗੇ ਅਖ਼ੀਰੀ ਫੈਸਲੇ ਲਈ ਪੇਸ਼ ਹੋਣਗੇ.

ਮਿਸ਼ਕਾਤ ਵਿੱਚ ਲਿਖਿਆ ਹੈ ਕਿ ਜੋ ਜੁਮੇ ਦੇ ਦਿਨ ਦੁਪਹਿਰ ਦੀ ਨਮਾਜ਼ ਵੇਲੇ ਇੱਕਮਨ ਹੋਕੇ ਖ਼ੁਤ਼ਬਾ ਸੁਣਦਾ ਹੈ, ਉਸ ਦੇ ਹਫ਼ਤੇ ਦੇ ਪਾਪ ਦੂਰ ਹੋ ਜਾਂਦੇ ਹਨ.

"ਰੋਜ਼ੇ ਜੁਮਅ਼ਹ ਮੋਮਨਾਨੇ ਪਾਕਬਾਜ਼।

ਗਿਰਦ ਮੇ ਆਯੰਦ ਅਜ਼ ਬਹਿਰੇ ਨਮਾਜ਼." (ਜ਼ਿੰਦਗੀ)

ਜੁੰਮਾ: ਅ਼. ذِمّہ ਜ਼ਿੱਮਹ. ਓਟਨਾ। ੨. ਇੱਕ ਰਾਜਪੂਤ ਸਰਦਾਰ, ਜਿਸ ਦਾ ਜਿਕਰ ਹੁਸੈਨੀ ਦੇ ਯੁੱਧ ਵਿੱਚ ਹੈ. ਦੇਖੋ, ਵਿਚਿਤ੍ਰਨਾਟਕ ਅਃ ੧੧.

ਜੁਮਾ ਮਸਜਿਦ, ਜੁਮਾ ਮਸੀਤ: ਅ਼. جامع مسجد ਜਾਮਅ਼ ਮਸਜਿਦ. ਉਹ ਮਸੀਤ, ਜਿਸ ਵਿੱਚ ਮੁਸਲਮਾਨ ਪ੍ਰਾਰਥਨਾ ਲਈ ਜਮਾ ਹੋਣ. ਖ਼ਾਸ ਕਰਕੇ ਸ਼ੁਕ੍ਰਵਾਰ ਦੇ ਦਿਨ ਜਿਸ ਮਸਜਿਦ ਵਿੱਚ ਏਕਤ੍ਰਤਾ ਹੋਵੇ. ਇਸ ਨਾਉਂ ਦੀਆਂ ਮਸੀਤਾਂ ਬਹੁਤ ਸ਼ਹਿਰਾਂ ਵਿੱਚ ਦੇਖੀਆਂ ਜਾਂਦੀਆਂ ਹਨ, ਪਰ ਸ਼ਾਹਜਹਾਂ ਦੀ ਸਨ ੧੬੫੦ ਵਿੱਚ ਬਣਾਈ ਦਿੱਲੀ ਦੀ, ਅਤੇ ਔਰੰਗਜ਼ੇਬ ਦੀ ਸਨ ੧੬੭੩ ਵਿੱਚ ਤਿਆਰ ਕਰਵਾਈ ਕਿਲੇ ਪਾਸ ਲਹੌਰ ਦੀ, ਬਹੁਤ ਪ੍ਰਸਿੱਧ ਹਨ.

ਜੁੰਮਿਓ: ਦੇਖੋ, ਜੁੰਮਣ। ੨. ਦੇਖੋ. ਪਬਨਿ।

ਜੁਮਿਲਾ: ਦੇਖੋ, ਜੁਮਲਾ.

ਜੁੰਮੇ: ਦੇਖੋ, ਜੁੰਮਣ ੩.

ਜੁਮੇਰਾਤ: ਸੰਗਯਾ- ਵੀਰਵਾਰ. ਵ੍ਰਿਹਸਪਤਿ ਵਾਰ.

ਜੁੰਮੇਵਾਰੀ: ਫ਼ਾ. ذِمّہواری ਜ਼ਿੱਮਹਵਾਰੀ. ਸੰਗਯਾ- ਓਟਣ ਦੀ ਕ੍ਰਿਯਾ. ਆਪਣੇ ਉੱਪਰ ਕਿਸੇ ਗੱਲ ਦੇ ਓਟਲੈਣ ਦਾ ਭਾਵ.

ਜੁਰ: ਦੇਖੋ, ਜੁਰਨਾ। ੨. ਤਾਪ. ਦੇਖੋ, ਜ੍ਵਰ. "ਪਰਗੁਨ ਪਰਧਨ ਪਰਨ ਪ੍ਰਸੰਸਾ। ਜਰੈ ਨ ਇਹ ਜੁਰ ਲਖੋ ਨਿਸੰਸਾ." (ਨਾਪ੍ਰ)

ਜੁਰਅ, ਜੁਰਅ਼: ਅ਼. جرع ਸੰਗਯਾ- ਘੁੱਟ. ਘੁੰਟ.

ਜੁਰਅਹ, ਜੁਰਅ਼ਹ: ਅ਼. جُرع ਕੇਵਲ ਇੱਕ ਜੁਰਅ਼ (ਘੁੱਟ)

ਜੁਰਅਤ, ਜੁਰਤ: ਅ਼. جُرأت ਸੰਗਯਾ- ਹੌਂਸਲਾ. ਸਾਹਸ. ਦਿਲੇਰੀ. "ਜੁਰਅਤ ਜਮਾਲ ਹੈ." (ਜਾਪੁ) "ਮਮ ਜੁਰਤ ਨਾਹਿਨ ਏਤਨੀ." (ਸਲੋਹ)

ਜੁਰਨਾ: ਕ੍ਰਿ- ਜੁੜਨਾ. ਮਿਲਣਾ. ਏਕਤ੍ਰ ਹੋਣਾ. "ਧਿਆਇ ਨਿਤ ਕਰ ਜੁਰਨਾ." (ਗੌਂਡ ਮਃ ੪)

**ਜੁਰਮ:** ਅ਼. جُرم ਸੰਗਯਾ- ਅਪਰਾਧ. ਕ਼ੁਸੂਰ.

**ਜੁਰਮਾਨਾ:** ਫ਼ਾ. جُرمانہ ਸੰਗਯਾ- ਜੁਰਮ ਦੀ ਸਜ਼ਾ. ਚੱਟੀ. ਧਨਦੰਡ.

**ਜੁਰਰਾ:** ਫ਼ਾ. جُرّہ ਸੰਗਯਾ- ਇਹ ਬਾਜ਼ ਦਾ ਨਰ ਹੈ. ਇਸ ਦਾ ਕੱਦ ਬਾਜ਼ ਨਾਲੋਂ ਛੋਟਾ ਹੁੰਦਾ ਹੈ. ਇਸ ਨੂੰ ਭੀ ਬਾਜ਼ ਵਾਂਙ ਸ਼ਿਕਾਰ ਲਈ ਪਾਲਿਆ ਅਤੇ ਸਿਖਾਇਆ ਜਾਂਦਾ ਹੈ. Goshawk (male). ਦੇਖੋ, ਸ਼ਿਕਾਰੀ ਪੰਛੀ.

**ਜੁਰਰੋ:** ਦੇਖੋ, ਜੁਰਰਾ। ੨. ਡਿੰਗ. ਵੈਦ. ਜ੍ਵਰ- ਹਰੋ ਤੋਂ ਇਹ ਸ਼ਬਦ ਬਣਿਆ ਹੈ.

**ਜੁੱਰਾ:** ਦੇਖੋ, ਜੁਰਰਾ। ੨. ਡਿੰਗ. ਨੀਂਦ. ਨਿਦ੍ਰਾ.

**ਜੁਰਾਂਕੁਸ:** ਸੰ. ਜ੍ਵਰਾਂਕੁਸ਼. ਸੰਗਯਾ- ਤਾਪ ਨੂੰ ਦਬਾਉਣ ਵਾਲੀ ਦਵਾ. ਹਿੰਦੀਵੈਦ ਪਾਰਾ, ਗੰਧਕ ਆਦਿ ਪਦਾਰਥਾਂ ਤੋਂ ਇਹ ਔਸ਼ਧ ਬਣਾਉਂਦੇ ਹਨ. ਕੋਈ ਦਵਾਈ, ਜੋ ਤਾਪ ਨੂੰ ਦੂਰ ਕਰੇ, ਜੁਰਾਂਕੁਸ਼ ਕਹਾ ਸਕਦੀ ਹੈ.

**ਜੁਰਿ:** ਜੁੜਕੇ. ਮਿਲਕੇ. "ਸਗਲ ਬਿਧੀ ਜੁਰਿ ਆਹਰੁ ਕਰਿਆ." (ਮਲਾ ਮਃ ੫)

**ਜੁਰਿਆ, ਜੁਰੀਆ, ਜੁਰੇ, ਜੁਰੈ:** ਜੁੜਿਆ. ਜੁੜੇ. ਜੁੜਦਾ ਹੈ. ਲੜੇ. ਭਿੜੇ. "ਕਿਰਤਨ ਜੁਰੀਆ." (ਸੂਹੀ ਮਃ ੫. ਪੜਤਾਲ) ਕੰਮਾਂ ਵਿੱਚ ਜੁੜੀਆ. "ਸਾਧੂ ਸੰਗਿ ਮੁਖ ਜੁਰੇ" (ਸਾਰ ਮਃ ੫) "ਹਰਿ ਸਿਉ ਜੁਰੈ ਤ ਨਿਹਚਲੁ ਚੀਤੁ." (ਗਉ ਅਃ ਮਃ ੫. ) "ਕਾਲ ਸਿਉ ਜੁਰੈ." (ਭੈਰ ਕਬੀਰ)

**ਜੁੱਰਹ:** ਦੇਖੋ, ਜੁਰਰਾ.

**ਜੁੱਰਾਬ:** ਤੁ. جُرّاب ਸੰਗਯਾ- ਮੌਜ਼ਾ.

**ਜੁਲ:** ਦੇਖੋ, ਜੁਲਣੁ। ੨. ਅ਼. جُل ਸੰਗਯਾ- ਝੁੱਲ। ੩. ਦੇਖੋ, ਜ੍ਵਲ.

**ਜੁਲਈ:** ਚੱਲਈ. ਦੇਖੋ, ਜੁਲਣੁ. "ਸਾਥਿ ਨ ਜੁਲਈ ਮਾਇਆ." (ਵਾਰ ਜੈਤ)

**ਜੁਲਹਾ:** ਜੁਲਾਹਾ. ਕਪੜਾ ਬੁਣਨ ਵਾਲਾ. "ਤੂ ਬਾਮਨੁ ਮੈ ਕਾਸੀਕ ਜੁਲਹਾ." (ਆਸਾ ਕਬੀਰ) ਦੇਖੋ, ਕਾਸੀਕ.

**ਜੁਲਕਾ:** ਛੋਟੇ ਸਰੀਣਾਂ ਵਿੱਚੋਂ ਖਤ੍ਰੀ ਗੋਤ੍ਰ. "ਪਾਰੋ ਜੁਲਕਾ ਪਰਮਹੰਸ." (ਭਾਗੁ)

**ਜੁਲਣਾ, ਜੁਲਣੁ:** ਸਿੰਧੀ. ਕ੍ਰਿ- ਜਾਣਾ. ਤੁਰਨਾ. "ਪਾਵ ਸੁਹਾਵੇ ਜਾ ਤਉ ਧਿਰਿ ਜੁਲਦੇ." (ਵਾਰ ਰਾਮ ੨. ਮਃ ੫) "ਰਾਹ ਦਸਾਈ ਨਾ ਜੁਲਾਂ." (ਵਡ ਮਃ ੧) "ਮੂ ਜੁਲਾਉ ਤਥਿ." (ਵਾਰ ਮਾਰੂ ੨. ਮਃ ੫) "ਪਾਵ ਜੁਲਾਈ ਪੰਧ ਤਉ." (ਸੂਹੀ ਅਃ ਮਃ ੫) "ਕਮਾਣਾ ਸੰਗਿ ਜੁਲਿਆ." (ਆਸਾ ਛੰਤ ਮਃ ੫) "ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ." (ਵਾਰ ਰਾਮ ੨. ਮਃ ੫)

**ਜੁਲਨ:** ਦੇਖੋ, ਜੁਲਣੁ। ੨. ਦੇਖੋ, ਜ੍ਵਲਨ.

**ਜੁਲਫ:** ਫ਼ਾ زُلف ਜ਼ੁਲਫ਼. ਸੰਗਯਾ- ਅਲਕ. ਸਿਰ ਦੇ ਲੰਮੇ ਕੇਸਾਂ ਦੀ ਲਟ, ਜੋ ਗਲ੍ਹ ਉੱਪਰ ਅਥਵਾ ਪਿੱਛੇ ਲਟਕਦੀ ਹੋਵੇ. "ਜੁਲਫੇਂ ਅਨੂਪ ਜਾਂਕੀ." (ਰਾਮਾਵ)

**ਜੁਲਫਕਾਰ:** ਅ਼. ذوالفقار ਜ਼ੁਅਲਫ਼ਕ਼ਾਰ. ਸੰਗਯਾ- ਫ਼ਿਕ਼ਾਰ (ਕੰਗਰੋੜ) ਜ਼ੁਲ (ਵਾਲੀ). ਕੰਗਰੋੜ ਧਾਰਣ ਵਾਲੀ ਤਲਵਾਰ. ਇਸ ਜਾਤਿ ਦੀ ਤਲਵਾਰ ਦੀ ਪਿੱਠ ਮੋਟੀ ਅਤੇ ਕੰਗਰੋੜ ਦੀ ਸੰਗਲੀ ਦੇ ਆਕਾਰ ਦੀ ਹੁੰਦੀ ਹੈ. ਦੇਖੋ, ਸਸਤ੍ਰ. "ਜੁਲਫਕਾਰ ਔ ਮਿਸਰੀ." (ਸਲੋਹ) ੨. ਇਸ ਨਾਮ ਦੀ ਇੱਕ ਖ਼ਾਸ ਤਲਵਾਰ, ਜੋ ਹ਼ਜਰਤ ਮੁਹ਼ੰਮਦ ਨੇ ਕਾਫ਼ਿਰ ਗ਼ਾਸ ਨੂੰ ਬਦਰ ਦੇ ਜੰਗ ਵਿੱਚ ਫਤੇ ਕਰਕੇ ਲਈ ਅਤੇ ਆਪਣੇ ਜਵਾਈ ਅ਼ਲੀ ਨੂੰ ਬਖ਼ਸ਼ੀ ਸੀ.

**ਜੁਲਮ:** ਅ਼. ظُلم ਜ਼ੁਲਮ. ਸੰਗਯਾ- ਜ਼ੋਰ. ਧੱਕਾ. ਜ਼ਯਾਦਤੀ। ੨. ਬੇ ਇਨਸਾਫ਼ੀ. ਅਨਿਆਂ. "ਜੋਰ ਜੁਲਮ ਫੂਲਹਿ ਘਣੋ."

(ਬਾਵਨ)

ਜੁਲਾਂ, ਜੁਲਾਊ, ਜੁਲਾਈ: ਦੇਖੋ, ਜੁਲਣੁ.

ਜੁਲਾਹਾ, ਜੁਲਾਹੋ: ਫ਼ਾ. جولاہ ਜੁਲਾਹਾः ਸੰਗਜਾ- ਸੂਤ ਦਾ ਜੁਲਹ. (ਪਿੰਨਾ) ਬੁਣਨ ਵਾਲਾ. ਕਪੜਾ ਬੁਣਨ ਵਾਲਾ. "ਜਾਤਿ ਜੁਲਾਹਾ ਮਤਿ ਕਾ ਧੀਰ." (ਗੌਂਡ ਕਬੀਰ) "ਜਿਉ ਸਤਸੰਗਤਿ ਤਰਿਓ ਜੁਲਾਹੋ." (ਕਾਨ ਅः ਮः ੪) ਦੇਖੋ, ਜੋਲਾਹਾ। ੨. ਪਾਣੀ ਉੱਪਰ ਫਿਰਨ ਵਾਲਾ ਇੱਕ ਜਲਜੰਤੁ. ਗੰਗੇਰੀ। ੩. ਦੇਖੋ, ਗਜ ਨਵ.

ਜੁਲਾਬ: ਅ਼. جُلّاب ਜੁੱਲਾਬ. ਸੰਗਜਾ- ਇਸ ਦਾ ਮੂਲ ਗੁਲ- ਆਬ ਹੈ. ਗੁਲਾਬ ਦਾ ਅ਼ਰਕ਼. ਗੁਲਾਬ ਦਾ ਅ਼ਰਕ਼ ਦਸ੍ਤਾਵਰ ਹੈ, ਇਸ ਲਈ ਦ੍ਰਾਵਕ ਦਵਾਈਆਂ ਲਈ ਇਹ ਸ਼ਬਦ ਆਮ ਹੋ ਗਿਆ ਹੈ.

ਜੁਲਿਆ: ਦੇਖੋ, ਜੁਲਣੁ.

ਜੁਲੂਸ: ਦੇਖੋ, ਜਲੂਸ.

ਜ਼ੁਲੇਖ਼ਾ, ਜੁਲੈਖ਼ਾ: ਫ਼ਾ. زلیخا ਦੇਖੋ, ਯੂਸਫ.

ਜੁਲੰ: ਦੇਖੋ, ਜ੍ਵਲਨ.

ਜੁਲੰਦੜੀ: ਦੇਖੋ, ਜੁਲਣੁ.

ਜੁੱਲਾ: ਸੰਗਜਾ- ਰੂੰ ਭਰਿਆ ਮੋਟਾ ਅਤੇ ਭਾਰੀ ਵਸਤ੍ਰ. ਗੁੱਦੜ.

ਜੁੱਲਾਬ: ਦੇਖੋ, ਜੁਲਾਬ.

ਜੁੱਲੀ: ਸੰਗਜਾ- ਰੂੰ ਭਰੀ ਮੋਟੀ ਰਜਾਈ.

ਜੁਵਤੀ: ਇਸਤ੍ਰੀ. ਦੇਖੋ, ਯੁਵਤੀ.

ਜੁਵਰਾਜ: ਵਲੀਅਹਿਦ. ਦੇਖੋ, ਯੁਵਰਾਜ.

ਜੁਵਾ: ਦੇਖੋ, ਯੁਵਾ.

ਜੁਵਾਰ: ਦੇਖੋ, ਜਵਾਰ.

ਜੁਵਾਲ: ਦੇਖੋ, ਜਵਾਲ। ੨. ਦੇਖੋ, ਜ੍ਵਾਲ.

ਜੁੜਨਾ: ਕ੍ਰਿ- ਯੁਕ੍ਤ ਹੋਣਾ. ਦੋ ਵਸਤੂਆਂ ਦਾ ਆਪੋਵਿੱਚੀ ਮਿਲਣਾ। ੨. ਏਕਤ੍ਰ ਹੋਣਾ. ਜਮਾ ਹੋਣਾ। ੩. ਪ੍ਰਾਪਤ ਹੋਣਾ. ਮੁਯੱਸਰ ਹੋਣਾ.

ਜੁੜਿ: ਜੁੜਕੇ. "ਜੁੜਿ ਜੁੜਿ ਵਿਛੁੜੇ." (ਵਾਰ ਸਾਰ ਮः ੧)

ਜੁੜੰਦਾ: ਵਿ- ਮਿਲਦਾ। ੨. ਮੀਜ਼ਾਨ ਵਿੱਚ ਆਇਆ. "ਧੁਰਿ ਪਾਇਆ ਕਿਰਤੁ ਜੁੜੰਦਾ." (ਵਡ ਮः ੪. ਘੋੜੀਆਂ) ੩. ਜਾੜਾ ਦੇਣ ਵਾਲਾ. ਸ਼ੀਤਲ ਕਰੰਦਾ. "ਹਰਿ ਜੇਠਿ ਜੁੜੰਦਾ ਲੋੜੀਐ." (ਮਾਝ ਬਾਰਹਮਾਹਾ) ਜੇਠ ਵਿੱਚ ਠੰਢ ਪਾਉਣ ਵਾਲਾ ਹਰਿ ਲੋੜੀਐ। ੪. ਜੋੜੂ. ਜਮਾ ਕਰਨ ਵਾਲਾ.

ਜੂ: ਵਜ- ਆਦਰ. ਬੋਧਕ ਸ਼ਬਦ. ਜੀ. "ਹਰਿ ਜੂ! ਰਾਖਿਲੇਹੁ ਪਤਿ ਮੇਰੀ." (ਜੈਤ ਮः ੯) ੨. ਸੰਗਜਾ- ਜਨਮ. ਉਤਪੱਤਿ. "ਪ੍ਰਭੂ ਹੈ। ਅਜੂ ਹੈ." (ਜਾਪੁ) ੩. ਸੰ. ਵਾਯੁ. ਪਵਨ। ੪. ਸਰਸ੍ਵਤੀ। ੫. ਫ਼ਾ. جو ਅਥਵਾ جوئے ਜੂਇ. ਨਦੀ। ੬. ਨਹਿਰ। ੭. ਤੂੰ ਢੂੰਢ (ਤਲਾਸ਼ ਕਰ).

ਜੂੰ: ਸੰ. ਯੂਕਾ. ਸੰਗਜਾ- ਵਸਤ੍ਰ ਅਤੇ ਕੇਸ਼ਾਂ ਵਿੱਚ ਹੋਣ ਵਾਲਾ ਇੱਕ ਸ੍ਵੇਦਜ ਜੰਤੁ. louse. ਬਹੁਵਚਨ lice.

ਜੂਅ: ਦੇਖੋ, ਜੂੰ। ੨. ਦੇਖੋ, ਜੂਆ.

ਜੂਆ: ਸੰਗਜਾ- ਜੂਪ. ਸੰ. ਦ੍ਯੂਤ. ਸ਼ਰਤ਼ ਲਗਾਕੇ ਖੇਡਿਆ ਹੋਇਆ ਖੇਲ. ਧਨ ਪਦਾਰਥ ਦੇ ਹਾਰਣ ਅਥਵਾ ਜਿੱਤਣ ਦੀ ਬਾਜ਼ੀ. "ਹਾਰ ਜੂਆਰ ਜੂਆ ਬਿਧੇ." (ਗਉ ਮਃ ੫) ੨. ਗੱਡੇ ਰਥ ਆਦਿ ਦਾ ਜੂਲਾ, ਜਿਸ ਨਾਲ ਬੈਲ ਅਥਵਾ ਘੋੜੇ ਜੋਤੀਦੇ ਹਨ। ੩. ਵਿ- ਯੁਵਾ. ਜਵਾਨ. "ਲਰੇ ਬਾਲ ਔ ਬ੍ਰਿੱਧ ਜੂਆ ਰਿਸੈਰੁ." (ਚਰਿਤ੍ਰ ੧੨੦)

ਜੂਆਰ, ਜੂਆਰੀ: ਵਿ- ਜੂਆ ਖੇਡਣ ਵਾਲਾ. ਸੰ. ਦ੍ਯੂਤਕਾਰ. ਜੁਏਬਾਜ਼. "ਜੂਆਰ ਬਿਸਨੁ ਨ ਜਾਇ." (ਬਿਲਾ ਅਃ ਮਃ ੫) "ਜੂਆਰੀ ਜੂਏ ਮਾਹਿ ਚੀਤ." (ਬਸੰ ਮਃ ੫)

ਜੁਐ ਜਨਮਹਾਰਣਾ: ਕ੍ਰਿ- ਅਮੋਲਕ ਜਨਮ ਕੌਡੀਆਂ ਬਦਲੇ ਹਾਰਦੇਣਾ. ਨਿਕੰਮੇ ਲਾਭ ਨੁਕ਼ਸਾਨ ਵਿੱਚ ਅਵਸਥਾ ਖੋਣੀ. "ਜਪਿ ਜੁਐ ਜਨਮ ਨ ਹਾਰੀਐ." (ਸ੍ਰੀ ਛੰਤ ਮਃ ੫)

ਜੂਇ: ਦੇਖੋ, ਜੂ ੫.

ਜੂਈ: ਜੂੰਆਂ ਨਾਲ. ਯੂਕਾ ਸੇ. ਜੂੰਈਂ. "ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ." (ਵਾਰ ਗਉ ੧. ਮਃ ੪)

ਜੁਏਬਾਜ: ਦੇਖੋ, ਜੂਆਰ.

ਜੂਏਬਾਰ: ਫ਼ਾ. جوُئیبار ਸੰਗਜਾ- ਨਹਿਰ.

ਜੂਸ: ਸੰ. ਜੂਸ਼. ਸੰਗਜਾ- ਦਲ ਮਾਸ ਆਦਿ ਦਾ ਰਸਾ. ਸ਼ੋਰਵਾ. ਦੇਖੋ, ਅੰ. Juice.

ਜੂਹ: ਸੰਗਜਾ- ਹ਼ੱਦ. ਸੀਮਾ. "ਚੜ੍ਹ ਘੋੜੇ ਨਸ ਜਾਣਗੇ ਵਿਚ ਜੂਹ ਪਰਾਈਆਂ (ਜੰਗਨਾਮਾ) ੨. ਯੂਥ. ਸਮੁਦਾਯ। ੩. ਵਿ- ਸਭ. ਤਮਾਮ. "ਮਉਲਿਓ ਮਨ ਤਨ ਜੂਹ." (ਸਾਰ ਮਃ ੫) ੪. ਘਾਹ ਵਾਲੀ ਡੂੰਘੀ ਥਾਂ, ਜੋ ਪਸ਼ੂਆਂ ਦੀ ਚਰਾਂਦ ਲਈ ਰੱਖੀ ਜਾਵੇ.

ਜੂਹੀ: ਦੇਖੋ, ਜੁਹੀ.

ਜੂੰਕ, ਜੂੰਕਾ: ਸੰਗਜਾ- ਯੂਕਾ. ਜੂੰ. "ਜੂੰਕ ਪਰੀ ਬਹੁ ਬਾਰ ਬਧੇ ਸਿਰ." (ਗੁਪ੍ਰਸੂ)

ਜੂਝ: ਸੰਗਜਾ- ਯੁੱਧ. ਜੰਗ. "ਨਿਤ ਉਠਿ ਜੂਝ ਕਰੀਜੈ." (ਕਲਿ ਅਃ ਮਃ ੪)

ਜੂਝਣਾ, ਜੂਝਨਾ: ਕ੍ਰਿ- ਯੁੱਧ ਕਰਨਾ। ੨. ਲੜਮਰਨਾ.

ਜੂਝਿ: ਕ੍ਰਿ. ਵਿ- ਜੂਝਕੇ. ਲੜਕੇ. "ਮਨ ਸਿਉ ਜੂਝਿ ਮਰੈ ਪ੍ਰਭੁ ਪਾਏ." (ਆਸਾ ਮਃ ੧)

ਜੂਟ: ਸੰ. ਸੰਗਜਾ- ਜੂੜਾ. "ਸੀਸ ਜਟਾਨ ਕੇ ਜੂਟ ਸੁਹਾਏ." (ਵਿਚਿਤ੍ਰ)

ਜੂਟੀ: ਵਿ- ਜੁੜੀ ਹੋਈ। ੨. ਜ੍ਵਲਿਤ. ਰੌਸ਼ਨ. "ਏਕ ਤੇ ਏਕ ਜੂਟੀ." (ਰਾਮਾਵ) ਪਹਾੜ ਦੀ ਬੂਟੀ ਇੱਕ ਤੋਂ ਇੱਕ ਚਮਕਦੀ ਹੋਈ.

ਜੂਠ: ਸੰ. ਜੁਸ਼੍ਟ. ਸੰਗਜਾ- ਖਾਧੇ ਪਿੱਛੋਂ ਬਚਿਆ ਹੋਇਆ ਅੰਨ. ਉੱਛਿਸ਼੍ਟ। ੨. ਜੂਠੀ ਵਸਤੁ। ੩. ਅਪਵਿਤ੍ਰਤਾ। ੪. ਸਿੰਧੀ. ਜੂਠ. ਅਸਤ੍ਯ.

ਜੂਠਕੂਠ: ਸੰਗਜਾ- ਕੁਤਸਿਤ. ਜੂਠ. ਨਿੰਦਿਤ ਜੂਠ. ਵੇਸ਼ਯਾ ਆਦਿ ਦੀ ਜੂਠ. "ਚੁਨੈ ਜੂਠ ਕੂਠੰ ਸ੍ਰੁਤੰ ਛੋਰ ਧਰਮਾ." (ਕਲਕੀ)

ਜੂਠਨ: ਦੇਖੋ, ਮਹਿ ੪.। ੨. ਜੂਠਾ ਬਰਤਨ. ਜੂਠੀ ਪੱਤਲ. "ਜੂਠਨ ਜੂਠਿ ਪਈ ਸਿਰ ਊਪਰਿ." (ਕਾਨ ਅਃ ਮਃ ੪) ਪੱਤਲਾਂ ਦੀ ਜੂਠ ਸ਼ੁਕਦੇਵ ਦੇ ਸਿਰ ਪਈ। ੩. ਜੂਠ ਦਾ ਵਹੁ ਵਚਨ.

ਜੂਠ ਵਿੱਚ ਧਨ ਪਾਉਣਾ: ਕ੍ਰਿ- ਭੋਜਨ ਜੂਠੇ ਬਰਤਨਾਂ ਵਿੱਚ ਮੁਹਰ ਅਥਵਾ ਰੁਪਯਾ ਪਾਉਣਾ. ਜਿਸ ਦੇ ਲੈਣ ਦਾ ਹ਼ੱਕ਼ ਨਾਈ ਦਾ ਹੁੰਦਾ ਹੈ. ਇਹ ਰਸਮ ਅਕਸਰ ਵਿਆਹ ਸਮੇਂ ਹੋਇਆ ਕਰਦੀ ਹੈ. ਲਾੜੇ (ਦੂਲਹਾ) ਦੇ ਜੂਠੇ ਥਾਲ ਵਿੱਚ ਧਨ ਪਾਇਆ ਜਾਂਦਾ ਹੈ. "ਜੂਠੇ ਬਿਖੇ ਬਹੁ ਧਨ ਕੋ ਡਾਰੇ." (ਗੁਪ੍ਰਸੂ)

ਜੂਠਾ: ਸੰ. ਜੁਸ਼੍ਰ. ਵਿ- ਅਪਵਿਤ੍ਰ. ਖਾਧੇ ਪਿੱਛੋਂ ਬਚਿਆ ਹੋਇਆ.

ਜੂਠਾਨ: ਸੰਗਯਾ- ਜੂਠਾਪਨ. ਅਪਵਿਤ੍ਰਤਾ. "ਅੰਤਰਿ ਲੋਭ ਜੂਠਾਨ." (ਸਾਰ ਮਃ ੫)

ਜੂਠਾਨੈ: ਜੂਠਿਓਂ ਸੇ. ਜੂਠਿਆਂ (ਪਾਮਰਾਂ) ਨਾਲ. "ਖੋਟੇ ਠਵਰ ਨ ਪਾਇਨੀ, ਰਲੇ ਜੂਠਾਨੈ." (ਆਸਾ ਅਃ ਮਃ ੧)

ਜੂਠਾਨੰਦ: ਦੇਖੋ, ਸੁਚਾਨੰਦ.

ਜੂਠਾਰਾ, ਜੂਠਾਰੀ: ਵਿ- ਜੂਠ ਵਾਲਾ (ਵਾਲੀ). ਅਪਾਵਨ. "ਹਮ ਕਿਉਕਰਿ ਮਿਲਹਿ ਜੂਠਾਰੀ?" (ਦੇਵ ਮਃ ੪) "ਭਾਰ ਅਠਾਰਹਿ ਸਗਲ ਜੂਠਾਰੇ." (ਧਨਾ ਰਵਿਦਾਸ)

ਜੂਠਿ: ਸਿੰਧੀ. ਅਪਵਿਤ੍ਰਤਾ. ਅਸ਼ੁੱਧੀ. "ਜੂਠਿ ਲਹੈ ਜੀਉ ਮਾਂਜੀਐ." (ਗੂਜ ਮਃ ੧) "ਇੰਦੀ ਕੀ ਜੂਠਿ ਉਤਰਸਿ ਨਾਹੀ." (ਬਸੰ ਕਬੀਰ)

ਜੂਠੀ: ਜੂਠਾ ਦਾ ਇਸਤ੍ਰੀ ਲਿੰਗ.

ਜੂਡਨਾ: ਕ੍ਰਿ- ਸਾਡੇ (ਪਾਲੇ) ਨਾਲ ਜੁੜਨਾ.

ਜੂਡੀਏ: ਸਾਡੇ ਨਾਲ ਜੁੜੀਏ. ਠੰਢ ਮਰੀਏ.

ਜੂਤ, ਜੂਤਾ, ਜੂਤੀ: ਸੰਗਯਾ- ਜੋੜਾ. ਪਨਹੀ. ਪਾਪੋਸ਼. ਸਿੱਖਾਂ ਦੇ ਧਰਮਅਸਥਾਨਾਂ ਵਿੱਚ ਜੂਤਾ ਉਤਾਰਕੇ ਜਾਣ ਦੀ ਰੀਤਿ ਹੈ. ਪਵਿਤ੍ਰ ਅਸਥਾਨਾਂ ਵਿੱਚ ਜੋੜਾ ਉਤਾਰਕੇ ਜਾਣ ਦੀ ਆਗਯਾ ਬਾਈਬਲ ਵਿੱਚ ਭੀ ਦੇਖੀਦੀ ਹੈ. ਦੇਖੋ, EX. ਕਾਂਡ ੩, ਆਯਤ ੫, ਅਤੇ Joshua ਕਾਂਡ ੫, ਆਯਤ ੧੫.

ਜੂਥ: ਸੰਗਯਾ- ਯੂਥ. ਸਮੁਦਾਯ. ਗਰੋਹ. ਦੇਖੋ, ਯੂਥ. "ਸਤਿਗੁਰਿ ਖੇਮਾ ਤਾਣਿਆ ਜੁਗਜੂਥ ਸਮਾਣੇ." (ਸਵੈਯੇ ਮਃ ੪. ਕੇ) ਸਤਿਗੁਰੂ ਨੇ ਸਿੱਖਧਰਮਰੂਪ ਖੇਮਾ ਛਾਇਆ ਹੈ, ਜਿਸ ਵਿੱਚ ਜਗਤ ਦੇ ਟੋਲੇ ਸਮਾਏ, ਭਾਵ ਸਭ ਛਾਇਆ ਹੇਠ ਆ ਗਏ.

ਜੂਥਪ: ਯੂਥ (ਝੁੰਡ) ਦਾ ਪਤਿ. ਦੇਖੋ, ਯੂਥਪ.

ਜੂਦ: ਫ਼ਾ. زوٗد ਜ਼ੂਦ. ਕ੍ਰਿ. ਵਿ- ਛੇਤੀ. ਜਲਦ. "ਆਯੋ ਉੱਪਰ ਖਾਲਸੈ ਜੂਦ." (ਪ੍ਰਾਪੰਪ੍ਰ) ੨. ਅ਼. ਜੂਦ. ਵਿ- ਉਦਾਰ। ੩. ਸੰਗਯਾ- ਆਜ਼ਾਦੀ। ਭੁੱਖ. ਕ੍ਸ਼ੁਧਾ.

ਜ਼ੂਦੀ: ਫ਼ਾ. زوٗدی ਸੰਗਯਾ- ਸ਼ੀਘ੍ਰਤਾ. ਕਾਹਲੀ.

ਜੂਨ: ਸੰਗਯਾ- ਅੰਤੜੀ (ਆਂਦ) ਵਿੱਚ ਹੋਣ ਵਾਲਾ ਮੈਲ ਦਾ ਕੀੜਾ. ਮਲੱਪ ਇਹ ਗੰਡਗਡੋਏ ਦੀ ਕ਼ਿਸਮ ਦਾ ਮੇਦੇ ਦੀ ਅਪਵਿਤ੍ਰਤਾ ਕਾਰਣ ਅੰਤੜੀ ਵਿੱਚ ਪੈਦਾ ਹੋ ਜਾਂਦਾ ਹੈ. ਜਿਸ ਦੇ ਪੇਟ ਵਿੱਚ ਜੂਨ ਹੋਵੇ ਉਸ ਦੇ ਮੂੰਹ ਤੋਂ ਸੁੱਤੇ ਪਏ ਪਾਣੀ ਵਹਿੰਦਾ ਹੈ. ਦੇਖੋ, ਮਲੱਪ।੨ ਦੇਖੋ, ਜੂਨਿ.

ਜੂਨਾਗਢ, ਜੂਨਾਗੜ੍ਹ: ਕਾਠੀਆਵਾੜ ਵਿੱਚ ਇੱਕ ਰਿਆਸਤ ਅਤੇ ਉਸ ਦਾ ਪ੍ਰਧਾਨ ਨਗਰ ਜੋ ਗਿਰਿਨਾਰ ਪਰਬਤ ਪਾਸ ਹੈ. ਇਸ ਦਾ ਪਹਿਲਾ ਨਾਉਂ ਗਿਰਿਨਗਰ[552] ਸੀ. ਇਸ ਥਾਂ ਗੁਰੂ ਨਾਨਕਦੇਵ ਦਾ ਗੁਰਦ੍ਵਾਰਾ "ਚਰਨਪਾਦੁਕਾ" ਪਵਿਤ੍ਰ ਅਸਥਾਨ ਹੈ.

---

[552] ਜੁਗਰਾਫੀਏ ਦੀ ਡਿਕਸ਼ਨਰੀ ਵਿੱਚ ਇਸ ਦਾ ਪ੍ਰਾਚੀਨ ਨਾਮ "ਯਵਨਨਗਰ" ਲਿਖਿਆ ਹੈ.

ਜੂਨਿ, ਜੂਨੀ: ਦੇਖੋ, ਯੋਨਿ. ਜੀਵਾਂ ਦੀ ਉਤਪੱਤਿ ਦਾ ਸਥਾਨ. ਆਕਰ. ਜਨਮ. ਭਗ. ਦੇਖੋ, ਅਜੂਨੀ.

ਜੂਪ: ਸੰਗਯਾ- ਦ੍ਯੂਤ. ਜੂਆ। ਦੇਖੋ, ਯੂਪ.

ਜੂਪੀ: ਵਿ- ਜੂਪ (ਦ੍ਯੂਤ) ਖੇਡਣ ਵਾਲਾ. ਦ੍ਯੂਤਕਾਰ. ਜੂਆਰੀ. "ਬਡੇ ਜੂਪੀ ਬਡੇ ਜਬ ਹਾਰੇ." (ਚਰਿਤ੍ਰ ੩੩੭)

ਜੂਰੀ: ਦੇਖੋ, ਜੂੜੀ। ੨. ਅੰ. Jury. ਜੱਜ ਨਾਲ ਬੈਠਣ ਵਾਲੀ ਪੰਚਾਇਤ, ਜੋ ਧਰਮ ਨਿਆਂ ਕਰਨ ਦੀ ਪ੍ਰਤਿਗ੍ਯਾ ਕਰੇ. ਸਾਲਿਸਾਂ ਦੀ ਮੰਡਲੀ.

ਜੂਲਾ: ਸੰਗਯਾ- ਗੱਡੇ ਰਥ ਆਦਿ ਦਾ ਉਹ ਡੰਡਾ, ਜਿਸ ਨਾਲ ਬੈਲ ਘੋੜੇ ਆਦਿ ਜੋੜੀਦੇ ਹਨ. ਸੰ. ਯੋਕ੍ਤ੍ਰ. "ਜੂਲੇ ਸਾਥ ਜੋਰ ਕਰ ਹੇਰੇ ਕਛੁ ਤੋਰ ਕਰ." (ਗੁਪ੍ਰਸੂ)

ਜੂੜ: ਸੰਗਯਾ- ਉਹ ਰੱਸਾ ਜਿਸ ਨਾਲ ਜੂੜੀਏ. ਜਕੜਬੰਦ.

ਜੂੜਨਾ: ਕ੍ਰਿ- ਨਰੜਨਾ. ਕਸਕੇ ਬੰਨ੍ਹਣਾ. ਮੁਸ਼ਕਾਂ ਦੇਣੀਆਂ.

ਜੂੜਾ: ਸੰਗਯਾ- ਜੁਟ. ਕੇਸਾਂ ਦੀ ਗੱਠ.

ਜੂੜੀ: ਸੰਗਯਾ- ਘਾਸ ਰੋਮ ਆਦਿ ਦੀ ਕੂਚੀ, ਜਿਸ ਨਾਲ ਮਕਾਨ ਸਾਫ ਕਰੀਦਾ ਅਤੇ ਬਰਤਨ ਮਾਂਜੀਦੇ ਹਨ। ੨. ਟੋਲੀ. ਮੰਡਲੀ. "ਜੁੜ ਗੁਰਮੁਖ ਜੂੜੀ." (ਭਾਗੁ) ੩. ਛੋਟਾ ਜੂੜਾ। ੪. ਫਸਲ ਕਟਦੇ ਹੋਏ ਥੋੜੇ ਥੋੜੇ ਪੂਲਿਆਂ ਦਾ ਬੱਧਾ ਗੱਠਾ.

ਜੇ: ਸਰਵ- ਜੋ ਦਾ ਬਹੁਵਚਨ. "ਜੇ ਅਪਨੇ ਗੁਰ ਤੇ ਮੁਖ ਫਿਰਹੈਂ." (ਵਿਚਿਤ੍ਰ) ੨. ਵ੍ਯ- ਯਦਿ. ਅਗਰ. "ਜੇ ਜੁਗ ਚਾਰੇ ਆਰਜਾ." (ਜਪੁ) ੩. ਫ਼ਾਰਸੀ ਅੱਖਰ ਜੇ. ਇਸ ਦਾ ਅਰਥ ਸੇ- ਤੋਂ (ਅਜ਼) ਦੀ ਥਾਂ ਭੀ ਹੋਇਆ ਕਰਦਾ ਹੈ.

ਜੇਊ, ਜੇਇ: ਸਰਵ- ਜੋ. ਜੇਹੜਾ. ਜੇਹੜੇ.

ਜੇਈ: ਸਰਵ- ਜੋ. ਜੇਹੜੇ। ੨. ਵਿ- ਜੇਮਨ ਕੀਤੀ. ਛਕੀ. ਖਾਧੀ. "ਜਪਿ ਜੇਈ ਸ਼ਿਵ ਸੰਗ ਭਵਾਨੀ." (ਤੁਲਸੀ)

ਜੇਸਟ, ਜੇਸ਼੍ਠ: ਸੰ. ਜ੍ਯੇਸ਼੍ਠ. ਵਿ- ਵਡਾ. ਬਜ਼ੁਰਗ। ੨. ਕਰਤਾਰ. ਵਾਹਗੁਰੂ। ੩. ਪਤਿ ਦਾ ਵਡਾ ਭਾਈ. ਜੇਠ. "ਮਤੀ ਦੇਵੀ ਦੇਵਰ ਜੇਸਟ." (ਆਸਾ ਮਃ ੫) ੪. ਜ੍ਯੈਸ਼੍ਠ. ਜੇਸ਼੍ਠਾ ਨਛਤ੍ਰ ਵਾਲੀ ਪੂਰਨਮਾਸੀ ਦਾ ਮਹੀਨਾ ਜੇਠ.

ਜੇਸ਼੍ਠਾ: ਸੰ. ज्येष्ठा ਸੰਗਯਾ- ਕਾਵ੍ਯ ਅਨੁਸਾਰ ਉਹ ਨਾਇਕਾ, ਸੋ ਪਤੀ ਨੂੰ ਬਹੁਤ ਪਿਆਰੀ ਹੋਵੇ। ੨. ਵਿਚਕਾਰਲੀ ਉਂਗਲੀ। ੩. ਲਕ੍ਸ਼ਮੀ (ਲੱਛਮੀ). ੪. ਸਤਾਈ ਨਛਤ੍ਰਾਂ ਵਿੱਚੋਂ ਅਠਾਰਵਾਂ ਨਕ੍ਸ਼ਤ੍ਰ। ੫. ਵਿ- ਵਡੀ. ਜੇਠੀ। ੬. ਸੰਗਯਾ- ਕਿਰਲੀ. ਛਿਪਕਲੀ.

ਜੇਹ: ਸਰਵ- ਜਿਸ ਦੇ. "ਜੇਹ ਹੀਐ ਅਹੰ ਬੁਧਿ ਬਿਕਾਰਾ." (ਬਾਵਨ) ੨. ਜਿਸ ਨੇ. "ਜੇਹ ਰਸਨ ਚਾਖਿਓ." (ਸਵੈਯੇ ਸ੍ਰੀ ਮੁਖਵਾਕ ਮਃ ੫) ੩. ਸੰਗਯਾ- ਕਮਾਣ ਦਾ ਚਿੱਲਾ. ਦੇਖੋ, ਜਿਹ. "ਤੀਰ ਜੇਹ ਮਾਂਹਿ ਜੋਰ ਜੋਰ." (ਗੁਪ੍ਰਸੂ)

ਜੇਹਰ: ਹਿੰ. ਸੰਗਯਾ- ਪਾਜ਼ੇਬ. ਇਸਤ੍ਰੀਆਂ ਦੇ ਪੈਰ ਦਾ ਭੂਖਣ. "ਮੰਡਲ ਰਾਸ x x ਸਮ ਜੇਹਰ ਕੀ." (ਕ੍ਰਿਸਨਾਵ) ਰਾਸਮੰਡਲ ਪਾਜ਼ੇਬ ਜੇਹਾ (amphitheatre) ਰਚਿਆ.

ਜੇਹ ਲਗਿ: ਜਿਸ ਦੇ ਆਸ਼੍ਰਯ (ਆਸਰੇ) ਲਗਕੇ. "ਜੇਹ ਲਗਿ ਭਉਜਲੁ ਤਰਨਾ." (ਸਵੈਯੇ ਸ੍ਰੀ ਮੁਖ ਵਾਕ ਮਃ ੫)

ਜੇਹਲਮ: ਵਿਤਸ੍ਤਾ ਨਦੀ, ਜੋ ਕਸ਼ਮੀਰ ਵਿੱਚੋਂ ਵਾਰਿਨਾਗ ਆਦਿ ਚਸ਼ਮਿਆਂ ਤੋਂ ਉਪਜਕੇ ਬਾਰਾਂਮੂਲਾ, ਮੁੱਜਫਰਾਬਾਦ, ਕੋਹਾਲਾ, ਜੇਹਲਮ, ਗੁਜਰਾਤ, ਸ਼ਾਹਪੁਰ, ਝੰਗ ਆਦਿ ਇਲਾਕ਼ਿਆਂ ਵਿੱਚੋਂ ੪੫੦ ਮੀਲ ਵਹਿੰਦੀ ਹੋਈ ਮਘਿਆਣੇ ਪਾਸ ਚਨਾਬ (ਚੰਦ੍ਰਭਾਗਾ) ਵਿੱਚ ਜਾ ਮਿਲਦੀ ਹੈ. ਕਸ਼ਮੀਰ ਦੀ ਰਾਜਧਾਨੀ ਸ਼੍ਰੀਨਗਰ, ਇਸੇ ਦੇ ਕਿਨਾਰੇ ਆਬਾਦ ਹੈ। ੨. ਪੰਜਾਬ ਦੇ ਇ਼ਲਾਕੇ ਇੱਕ ਨਗਰ, ਜੋ ਜੇਹਲਮ ਦੇ ਕਿਨਾਰੇ ਆਬਾਦ ਅਤੇ ਜ਼ਿਲ੍ਹੇ ਦਾ ਪ੍ਰਧਾਨ ਅਸਥਾਨ ਹੈ. ਰੇਲ ਦੇ ਰਸਤੇ ਜੇਹਲਮ ਲਹੌਰ ਤੋਂ ੧੦੪ ਮੀਲ ਹੈ.

ਜੇਹੜਾ: ਸਰਵ- ਜੋ. ਜੌਣਸਾ। ੨. ਵਿ- ਜੇਹਾ. ਜੈਸਾ. "ਜੇਹੜਾ ਪੁਰਬ ਕਮਾਇਆ." (ਵਡ ਮਃ ੧. ਅਲਾਹਣੀ) "ਸਚੇ ਜੇਹੜਾ ਸੋਇ." (ਮਾਰੂ ਅਃ ਮਃ ੧) ਸੱਚੇ ਜੇਹਾ ਸੋਇ.

ਜੇਹਾ: ਵਿ- ਜੈਸਾ. ਯਾਦ੍ਰਿਸ਼. "ਜੇਹਾ ਆਇਆ ਤੇਹਾ ਜਾਸੀ." (ਮਾਝ ਅਃ ਮਃ ੩) ਸਿੰਧੀ. ਜੇਹੋ.

ਜੇਹਾ ਵੇਖਹਿ ਤੇਹਾ ਵੇਖੁ: (ਵਾਰ ਆਸਾ) ਜੇਹਾ ਆਪਣੇ ਤਾਂਈਂ ਤੂੰ ਦੇਖਦਾ ਹੈਂ, ਤੇਹਾ ਦੂਜੇ ਨੂੰ ਦੇਖ। ੨. ਜਿਸ ਦ੍ਰਿਸ਼੍ਟਿ ਨਾਲ ਤੂੰ ਵੇਖੇਂਗਾ, ਤੇਹੋ ਜਿਹਾ ਤੈਨੂੰ ਨਜ਼ਰ ਆਵੇਗਾ.

ਜੇਹਿ: ਜਿਸ ਨੂੰ. ਜਿਸੇ। ੨. ਦੇਖੋ, ਜਿਹ.

ਜੇਹੀ: ਵਿ- ਜੈਸੀ. "ਜੇਹੀ ਸੁਰਤਿ ਤੇਹਾ ਤਿਨ ਰਾਹੁ." (ਸ੍ਰੀ ਮਃ ੧) ੨. ਸੰਗਯਾ- ਜਿਹ (ਚਿੱਲਾ) ਰੱਖਣ ਵਾਲਾ ਧਨੁਖ. ਚਿੱਲੇਦਾਰ ਕਮਾਨ.

ਜੇਹੀ ਤੇਹੀ: ਵਿ- ਜੈਸੀ ਤੈਸੀ। ੨. ਸਰਵ- ਜਿਸ ਤਿਸ. ਜਣਾ ਖਣਾ. ਭਾਵ- ਹਰ ਯਕ. "ਜੇਹੀ ਤੇਹੀ ਪੈ ਘਿਘਾਤ ਹੈ." (ਚਰਿਤ੍ਰ ੨੬੬)

ਜੇਹੋ: ਦੇਖੋ, ਜੇਹਾ.

ਜੇਕਰ, ਜੇਕਰਿ: ਕ੍ਰਿ. ਵਿ- ਅਗਰ. ਯਦਿ. "ਜੇਕਰਿ ਸੂਤਕੁ ਮੰਨੀਐ." (ਵਾਰ ਆਸਾ)

ਜੇਕਾ: ਜੇ ਕੁਛ. ਦੇਖੋ, ਕਾ.

ਜੇਚੋੜ: ਮੱਕੇ ਮਦੀਨੇ ਦੀ ਗੋਸਟਿ ਵਿੱਚ ਧੋਬੀ (ਰਜਕ) ਦਾ ਇਹ ਨਾਉਂ ਆਇਆ ਹੈ, ਇਸ ਦੇ ਮੂਲ ਦਾ ਕੁਝ ਪਤਾ ਨਹੀਂ.

ਜੇਜਵਾ, ਜੇਜੀਆ, ਜੇਜੂਆ: ਅ਼. جزیہ ਜਿਜ਼ੀਯਹ. ਮੁਸਲਮਾਨੀ ਰਾਜ ਵਿੱਚ ਜੋ ਲੋਕ ਇਸਲਾਮ ਮਤ ਨਹੀਂ ਰਖਦੇ, ਉਨ੍ਹਾਂ ਉੱਪਰ ਜੋ ਟੈਕਸ ਲਗਾਇਆ ਜਾਵੇ ਉਸ ਦਾ ਨਾਮ "ਜਿਜ਼ੀਯਹ" ਹੈ.[553] ਹਰ ਇੱਕ ਬਾਲਿਗ਼ ਤੋਂ ਇੱਕ ਦੀਨਾਰ[554] ਪ੍ਰਤਿ ਸਾਲ ਲੈਣੀ ਵਿਧਾਨ ਹੈ, ਜੋ ਅਨਜਮਤੀਏ ਟੈਕਸ ਅਦਾ ਕਰਦੇ ਸਨ, ਉਹ "ਅਮਨ" ਅਰਥਾਤ ਰਾਜਯ ਵੱਲੋਂ ਰਖਯਾ ਦੀ ਜਿੱਮੇਵਾਰੀ ਦੇ ਅਧਿਕਾਰੀ ਹੁੰਦੇ. ਐਲਫਿਨਸ੍ਟਨ Elphinstone ਲਿਖਦਾ ਹੈ ਕਿ ਮੁਸਲਮਾਨਾਂ ਦੇ ਰਾਜ ਵਿੱਚ ਅਮੀਰ ਤੋਂ ੪੮ ਦਿਰਹਮ[555] ਸਾਲਾਨਾ, ਮਾਮੂਲੀ ਦਰਜੇ ਦੇ ਆਦਮੀ ਤੋਂ ੨੪ ਅਤੇ ਮਜ਼ਦੂਰੀ ਪੇਸ਼ਾ ਲੋਕਾਂ ਤੋਂ ੧੨. ਦਿਰਹਮ ਸਾਲਾਨਾ ਲਏ ਜਾਂਦੇ ਸਨ. ਇਸਤ੍ਰੀਆਂ ਅਤੇ ਬੱਚਿਆਂ ਪੁਰ ਇਹ ਟੈਕਸ ਨਹੀਂ ਲਾਇਆ ਜਾਂਦਾ ਸੀ.[556]

ਅ਼ਲਾਉੱਦੀਨ ਨੂੰ ਉਸ ਦੇ ਕ਼ਾਜੀ ਨੇ ਆਖਿਆ ਸੀ ਕਿ ਇਮਾਮ ਹ਼ਨੀਫ਼ਾ ਦੇ ਕਥਨ ਅਨੁਸਾਰ ਜਿਜ਼ੀਂਯਹ ਮੌਤ ਦੇ ਦੰਡ ਤੁੱਲ ਹੈ. ਜੋ ਇਸਲਾਮ ਕ਼ਬੂਲ ਨਹੀਂ ਕਰਦਾ ਉਹ ਕ਼ਤਲ ਕਰ ਦੇਣ ਦੇ ਲਾਇਕ਼ ਹੈ, ਪਰ ਇਹ ਕਾਫ਼ਿਰ ਪੁਰ ਦਯਾ ਹੈ ਕਿ ਮਾਰਣ ਦੀ ਥਾਂ ਉਸ ਪੁਰ ਜਿਜ਼ੀਯਹ ਲਗਾਇਆ ਜਾਵੇ. ਜਦ ਹਿੰਦੂ ਤੋਂ ਜਿਜ਼ੀਜਹ ਮੰਗਿਆ ਜਾਵੇ ਤਦ ਉਸ ਨੂੰ ਸ਼ੁਕਰਗੁਜ਼ਾਰੀ ਨਾਲ ਅਦਾ ਕਰਨਾ ਚਾਹੀਏ.

ਔਰੰਗਜ਼ੇਬ ਨੇ. ਹੁਕਮ ਦਿੱਤਾ ਸੀ ਕਿ ਹਰੇਕ ਕਾਫ਼ਿਰ ਅ਼ਦਾਲਤ ਵਿੱਚ ਹ਼ਾਜਿਰ ਹੋਕੇ ਆਪਣੇ ਹੱਥੀਂ ਜੇਜੀਆ ਅਦਾ ਕਰਿਆ ਕਰੇ.

ਜੇਜੀਆ ਭਰਣਵਾਲੇ ਲੋਕਾਂ ਲਈ ਹੁਕਮ ਸੀ ਕਿ ਓਹ ਮੋਮਿਨਾਂ ਜੇਹੀ ਪੋਸ਼ਾਕ ਨਾ ਪਹਿਰਨ. "ਜੇਜੀਆ ਡੰਨੁ ਕੋ ਲਏ ਨ ਜਗਾਤਿ." (ਆਸਾ ਅਃ ਮਃ ੫) "ਇਨੈ ਜੇਜਵਾ ਲਗੈ ਮਹਾਨ." (ਗੁਪ੍ਰਸੂ)

---

[553] ਖ਼ਾਫ਼ੀਖ਼ਾਂ ਲਿਖਦਾ ਹੈ ਕਿ ਜੋ ਫੌਜੀ ਸੇਵਾ ਸਲਤਨਤ ਨੂੰ ਨਹੀਂ ਦਿੰਦਾ ਸੀ, ਉਸ ਤੋਂ ਜੇਜੀਆ ਲਿਆ ਜਾਂਦਾ ਸੀ, ਪਰ ਮੁਗਲਰਾਜ ਵੇਲੇ ਹਿੰਦੂ ਰਾਜਪੂਤ ਫੌਜੀ ਸੇਵਾ ਦਿੰਦੇ ਸੇ ਅਰ ਜੇਜੀਏ ਤੋਂ ਉਨ੍ਹਾਂ ਨੂੰ ਮੁਆਫੀ ਨਹੀਂ ਸੀ.

[554] ੩੨ ਰੱਤੀ ਤੋਲ ਦਾ ਇੱਕ ਸੋਨੇ ਦਾ ਸਿੱਕਾ.

[555] ਇੱਕ ਪੁਰਾਣਾ ਚਾਂਦੀ ਦਾ ਸਿੱਕਾ, ਜੋ ਇਸ ਸਮੇਂ ਦਾ ਚੁਆਨੀ ਬਰਾਬਰ ਹੈ.

[556] ਕਈ ਇਤਿਹਾਸਕਾਰਾਂ ਨੇ ਜੇਜੀਏ ਦੀ ਸ਼ਰਹ ਵੱਧ ਘੱਟ ਭੀ ਲਿਖੀ ਹੈ.

ਜੇਠ: ਦੇਖੋ, ਜੇਸਟ। ੨. ਜਜੈਸ਼੍ਠ. ਜੇਠ ਦਾ ਮਹੀਨਾ. "ਹਰਿ ਜੇਠ ਜੁੜੰਦਾ ਲੋੜੀਅ ਲੋੜੀਐ." (ਬਾਰਹਮਾਹਾ ਮਾਝ) ਦੇਖੋ, ਜੁੜੰਦਾ। ੩. ਵਿ- ਜੇਠਾ. ਜਠੇਰਾ. "ਜੇਠ ਕੇ ਨਾਮਿ ਡਰਉ." (ਆਸਾ ਕਬੀਰ) ਇਸ ਥਾਂ ਭਾਵ ਯਮਰਾਜ ਤੋਂ ਹੈ. ਸਾਂਪ੍ਰਦਾਈ ਗਯਾਨੀ ਆਖਦੇ ਹਨ ਕਿ ਪਹਿਲਾਂ ਕਾਲ ਰਚਕੇ ਫੇਰ ਜਗਤ ਰਚਿਆ, ਇਸ ਲਈ ਇਹ ਜੇਠ ਹੈ.

ਜੇਠਾ: ਵਿ- ਜਜੇਸ਼੍ਠ. ਵਡਾ. ਬਜ਼ੁਰਗ. ਵ੍ਰਿੱਧ। ੨. ਸੰਗਯਾ- ਸ੍ਰੀ ਗੁਰੂ ਰਾਮਦਾਸ ਜੀ ਦਾ ਪਹਿਲਾ ਨਾਮ। ੩. ਗੁਰੂ ਰਾਮਦਾਸ ਸਾਹਿਬ ਦਾ ਇੱਕ ਪ੍ਰੇਮੀ ਸਿੱਖ। ੪. ਸੇਠੀ ਗੋਤ ਦਾ ਸ਼੍ਰੀ ਗੁਰੂ ਅਰਜਨਦੇਵ ਦਾ ਆਤਮਗਯਾਨੀ ਸਿੱਖ, ਜੋ ਲਹੌਰ ਗੁਰੂ ਸਾਹਿਬ ਨਾਲ ਕ਼ੈਦ ਰਿਹਾ. ਇਸ ਨੇ ਗਵਾਲੀਅਰ ਦੇ ਕ਼ਿਲੇ ਗੁਰੂ ਹਰਿਗੋਬਿੰਦ ਸਾਹਿਬ ਦੀ ਭੀ ਸੇਵਾ ਕੀਤੀ। ੫. ਬਹਿਲ ਗੋਤ ਦਾ ਇੱਕ ਪ੍ਰੇਮੀ ਜੋ ਗੁਰੂ ਅਰਜਨਦੇਵ ਦਾ ਸਿੱਖ ਸੀ। ੬. ਹੇਹਰ ਗੋਤ ਦਾ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜੋ ਮਹਾਨ ਯੋਧਾ ਸੀ. ਇਹ ਗੁਰੂਸਰ ਦੇ ਜੰਗ ਵਿੱਚ ਸ਼ਹੀਦ ਹੋਇਆ।

੭. ਜੌਨਪੁਰ ਨਿਵਾਸੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜਿਸ ਨੂੰ ਤਾਮਸੀ ਤਪ ਛੱਡਕੇ ਇੰਦ੍ਰੀਆਂ ਦਾ ਨਿਗ੍ਰਹਰੂਪ ਤਪ ਕਰਨਾ ਗੁਰੂ ਸਾਹਿਬ ਨੇ ਉਪਦੇਸ਼ ਕੀਤਾ। ੮. ਲਖਨੌਰ ਨਿਵਾਸੀ ਮਸੰਦ, ਜੋ ਗੁਰੂ ਤੇਗਬਹਾਦੁਰ ਸਾਹਿਬ ਦਾ ਸੇਵਕ ਸੀ. ਪਟਨੇ ਤੋਂ ਆਨੰਦਪੁਰ ਨੂੰ ਆਉਂਦੇ ਦਸ਼ਮੇਸ਼ ਇਸ ਦੇ ਘਰ ਵਿਰਾਜੇ ਸਨ.

ਜੇਠਾਸਿੰਘ: ਅਹ਼ਿਮਦਾਬਾਦ ਦਾ ਵਸਨੀਕ ਵਪਾਰੀ ਸਿੱਖ. ਭਾਈ ਦਯਾਸਿੰਘ ਜਫ਼ਰਨਾਮਾ ਲੈ ਕੇ ਜਦ ਔਰੰਗਜ਼ੇਬ ਪਾਸ ਦੱਖਣ ਗਏ ਹਨ, ਤਦ ਇਸ ਪਾਸ ਠਹਿਰੇ ਸਨ। ੨. ਭਾਈ ਦਯਾ ਸਿੰਘ, ਜੋ ਸਾਰੇ ਅਮ੍ਰਿਤਧਾਰੀ ਸਿੰਘਾਂ ਵਿੱਚੋਂ ਜੇਠਾ ਹੈ.

ਜੇਠਾਨੜੀ, ਜੇਠਾਨੀ: ਜੇਠ ਦੀ ਰਾਨੀ. ਜੇਠ ਦੀ ਵਹੁਟੀ. "ਦੇਰ ਜੇਠਾਨੜੀਆਹ." (ਮਾਰੂ ਅঃ ਮঃ ੧) "ਸਗਲ ਸੰਤੋਖੀ ਦੇਰ ਜੇਠਾਨੀ." (ਆਸਾ ਮঃ ੫) ੨. ਜਜੇਸ਼੍ਠਾ. ਵਡੀ.

ਜੇਠਿ: ਜੇਠ (ਜਜੈਸ਼੍ਠ) ਵਿੱਚ. "ਨਾਨਕ ਜੇਠਿ ਜਾਣੈ ਤਿਸੁ ਜੈਸੀ." (ਤੁਖਾ ਬਾਰਹਮਾਹਾ)

ਜੇਠੀ: ਜਜੇਸ਼੍ਠਾ. ਵਡੀ. "ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ." (ਆਸਾ ਕਬੀਰ) ਛੋਟੀ ਵਹੁਟੀ ਤੋਂ ਭਾਵ ਗੁਰਮਤਿ ਅਤੇ ਜੇਠੀ ਤੋਂ ਭਾਵ ਮਨਮਤਿ (ਦੁਰਮਤਿ) ਹੈ.

ਜੇਠੁ: ਦੇਖੋ, ਜੇਠ.

ਜੇਠੋਪਉ: ਦੇਖੋ, ਪਉ.

ਜੇਡ, ਜੇਡਾ, ਜੇਡੁ: ਕ੍ਰਿ. ਵਿ- ਜਿਤਨਾ ਵਡਾ. ਜੇਵਡ. ਸਿੰਧੀ- ਜੇਡੋ. "ਖਾਕੁ ਜੇਡੁ ਨ ਕੋਇ." (ਸ. ਫਰੀਦ)

ਜੇਡੋ: ਦੇਖੋ, ਜੇਡੁ.

ਜੇਣ: ਸੰ. येन ਸਰਵ- ਜਿਸ ਨੇ. "ਜੇਣ ਜੈਸੇ ਬਿਚਾਰੇ." (ਰਾਮਾਵ)

ਜੇਣ ਮਧਜ: ਸੰ. यन्मव्ये ਜਿਸ ਦੇ ਵਿੱਚ. "ਜੇਣ ਮਧਜ ਹਰਿਕੀਰਤਨਹ." (ਗਾਥਾ)

ਜੇਤ: ਕ੍ਰਿ. ਵਿ- ਜਿਤਨਾ. ਜਿਸ ਕ਼ਦਰ. "ਜੇਤ ਕੀਨ ਉਪਾਰਜਨਾ ਪ੍ਰਭੁ ਦਾਨ ਦੇਇ ਦਤਾਰ." (ਮਾਲੀ ਮঃ ੫) ੨. ਜਿਸ ਤੋਂ. ਜਿਸ ਸਾਥ. "ਰਚਨ ਭਏ ਸੰਤ ਬੋਹਿਥਾ ਤਰੇ ਸਾਗਰ ਜੇਤ." (ਬਿਲਾ ਮঃ ੫) ਦੇਖੋ, ਜੇਤੁ ੨.

ਜੇਤੜਾ, ਜੇਤੜੇ: ਕ੍ਰਿ. ਵਿ- ਜਿਤਨਾ. ਕਿਸ ਕ਼ਦਰ. ਜਿਤਨੇ. ਜੇਤੇ. "ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ." (ਸ੍ਰੀ ਮঃ ੧)

ਜੇਤਾ: ਕ੍ਰਿ. ਵਿ- ਯਾਵਤ੍. ਜਿਤਨਾ. ਜਿਸ ਪ੍ਰਮਾਣ ਦਾ. "ਜੇਤਾ ਦੇਹਿ ਤੇਤਾ ਹਉ ਖਾਉ." (ਸ੍ਰੀ ਮঃ ੧) ੨. ਸੰ. ਜੇਤ੍ਰਿ. ਜਿੱਤਣ ਵਾਲਾ. ਵਿਜਯੀ. "ਨਾਨਕ ਸਗਲ ਸ੍ਰਿਸਟਿ ਕਾ ਜੇਤਾ." (ਸੁਖਮਨੀ)

ਜੇਤੀ: ਕ੍ਰਿ. ਵਿ- ਜਿਤਨੀ. "ਜੇਤੀ ਸਿਰਠਿ ਉਪਾਈ ਵੇਖਾ." (ਜਪੁ) ੨. ਦੇਖੋ, ਜੇਤਾ ੨.

ਜੇਤੁ: ਕ੍ਰਿ. ਵਿ- ਜਿਤਨਾ। ੨. ਜਿਸ ਤੋਂ. ਜਿਸ ਨਾਲ. "ਤਨੁ ਕਰਿ ਤੁਲਹਾ ਲੰਘਹਿ ਜੇਤੁ." (ਰਾਮ ਮঃ ੧)

ਜੇਤੇ: ਜਿਤਨੇ. ਜਿਸ ਕ਼ਦਰ. "ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ." (ਵਾਰ ਆਸਾ)

ਜੇਤੈ: ਜਿੱਤ ਹੈ. ਜੀਤ ਹੈ."ਹਾਰ ਨਹੀ ਸਭ ਜੇਤੈ." (ਕਾਨ ਮঃ ੫)

ਜੇਤੋ: ਦੇਖੋ, ਜੇਤਾ ੧.

ਜੇਨ: ਸੰ. ਯੇਨ. ਤ੍ਰਿਤੀਯਾ. ਜਿਸ ਕਰਕੇ। ੨. ਜਿਸ ਨੇ. "ਜੇਨ ਕਲਾ ਧਾਰਿਓ ਆਕਾਸੰ." (ਸ. ਸਹਸ ਮঃ ੫) ਜਿਸ ਕਰਤਾਰ ਨੇ ਕਲਾ ਸਾਥ ਆਕਾਸ਼ ਨੂੰ ਧਾਰਣ ਕੀਤਾ ਹੈ. "ਜੇਨ ਸਰਬਸਿਧੀ." (ਸਵਯੇ ਮঃ ੩. ਕੇ) ਜਿਸ ਕਰਕੇ ਸਰਵਸਿੱਧੀ.

ਜੇਨਕੇਨ: ਯੇਨਕੇਨ. ਤ੍ਰਿਤੀਯਾ. ਜਿਸ ਕਿਸ ਕਰਕੇ. ਜਿਸ ਕਿਸ ਤਰਾਂ ਨਾਲ. "ਜੇਨ ਕੇਨ ਪਰਕਾਰੇ ਹਰਿਜਸੁ ਸੁਨਹੁ ਸ੍ਰਵਨ." (ਆਸਾ ਛੰਤ ਮঃ ੫) ਯੇਨ ਕੇਨ ਪ੍ਰਕਾਰੇਣ. ਜਿਸਕਿਸ ਪ੍ਰਕਾਰ (ਢੰਗ) ਨਾਲ.

ਜੇਨੰਕੇਨ: ਦੇਖੋ, ਜੇਨ ਕੇਨ। ੨. ਜਿਸ ਕਿਸੀ ਤੋਂ. ਹਰੇਕ ਤੋਂ. ਜਣੇ ਕਣੇ ਤੋਂ. "ਕਸ਼੍ਰਯੋਗ ਦੁਸ੍ਰੁਰ ਅਹੈ ਹੋਇ ਨ ਜੇਨੰਕੇਨ." (ਨਾਪ੍ਰ)

ਜੇਬ: ਫ਼ਾ. زیب ਜ਼ੇਬ. ਸੰਗਜ਼ਾ- ਸ਼ੋਭਾ। ੨. ਤੁ. جیب ਜੇਬ. ਖੀਸਾ. ਪਾਕਟ pocket । ੩. ਅ਼. ਪਹੁੰਚੇ ਦੀ ਰਖਜ਼ਾ ਲਈ ਪਹਿਰਿਆ ਹੋਇਆ. ਲੋਹੇ ਦਾ ਕਫ਼. "ਜੇਬੋ ਟਿਕੈ ਨ ਬਖਤਰ ਰਹਿ ਹੈ." (ਚਰਿਤ੍ਰ ੧੯੫)

ਜ਼ੇਬਦ: ਫ਼ਾ. زیبد ਸਜਦਾ ਹੈ ਸਜੇ. ਸਜੇਗਾ. ਇਸ ਦਾ ਮੂਲ ਜ਼ੇਬੀਦਨ ਹੈ.

ਜੇਬਨਸਾ, ਜੇਬਨਿਸਾ: ਦੇਖੋ, ਜ਼ੇਬੁੱਨਿਸਾ.

ਜ਼ੇਬਾਯਸ਼: ਫ਼ਾ. زیبایس ਸੰਗਜ਼ਾ- ਸ਼ੋਭਾ. ਸੁੰਦਰਤਾ। ੨. ਸ਼੍ਰਿੰਗਾਰ.

ਜ਼ੇਬੀਦਨ: ਫ਼ਾ. زیبیدن ਕ੍ਰਿ- ਸਜਣਾ. ਸ਼ੋਭਾ ਦੇਣਾ. ਸੁੰਦਰ ਲੱਗਣਾ.

ਜ਼ੇਬੁੱਨਿਸਾ: زیب النسا ਬਾਦਸ਼ਾਹ ਔਰੰਗਜ਼ੇਬ ਦੀ ਪੁਤ੍ਰੀ, ਜੋ ੫. ਫਰਵਰੀ ਸਨ ੧੬੩੯ ਨੂੰ ਜਨਮੀ. ਇਹ ਫ਼ਾਰਸੀ ਅਤੇ ਅ਼ਰਬੀ ਦੀ ਪੰਡਿਤਾ ਸੀ. ਸਾਰਾ. ਕੁਰਾਨ ਇਸ ਦੇ ਕੰਠਾਗ੍ਰ ਸੀ. ਜ਼ੇਬੁੱਨਿਸਾ ਉੱਤਮ ਕਵਿਤਾ ਰਚਦੀ ਸੀ ਅਤੇ ਛਾਪ (ਤਖ਼ੱਲੁਸ) 'ਮਖ਼ਫ਼ੀ' ਸੀ. ਇਸ ਨੇ ਸ਼ਾਦੀ ਨਹੀਂ ਕਰਵਾਈ. ਸਮੇਂ ਸਮੇਂ ਸਿਰ ਆਪਣੇ ਪਿਤਾ ਨੂੰ ਉੱਤਮ ਸਿਖਜ਼ਾ ਦਿਆ ਕਰਦੀ ਸੀ, ਜਿਸ ਦਾ ਜਿਕਰ ਇੱਕ ਪੰਜਾਬੀ ਕਵੀ ਨੇ ਵਾਰ ਵਿੱਚ ਕੀਤਾ ਹੈ-

ਜੇਬੁਨਿਸਾ ਫਿਰ ਆਖਦੀ, ਇਕ ਸੁਖ਼ਨ ਸੁਣਾਇਆ,

ਜਦ ਦਾ ਬੈਠਾ ਤਖ਼ਤ ਤੇ, ਕੀ ਅਦਲ ਕਮਾਇਆ?

ਸ਼ਾਹਜਹਾਂ ਨੂੰ ਕੈਦ ਕਰ, ਦਾਰਾ ਮਰਵਾਇਆ,

ਤੇਗ ਬਹਾਦਰ ਨਾਲ ਭੀ, ਤੈ ਧੋਹ ਕਮਾਇਆ,

ਬੀਜਜ਼ਾ ਬੀਉ ਜੁ ਜ਼ਹਿਰ ਦਾ, ਫਲ ਖਾਣਾ ਆਇਆ,

ਅੱਗੈ ਲੇਖਾ ਮੰਗੀਐ, ਭਰ ਲੈਗੁ ਸਵਾਇਆ,

ਸ਼ਾਹ ਅਦਾਲਤ ਨਾ ਕਰੇ, ਫਿਰ ਦੋਜ਼ਖ਼ ਪਾਇਆ,

ਉਮਰਖ਼ਿਤਾਬ ਅਦਾਲਤੀ, ਬੇਟਾ ਮਰਵਾਇਆ,

ਕੀਤਾ ਅਦਲ ਨੁਸ਼ੇਰਵਾਂ, ਜਸ ਜਗ ਵਿੱਚ ਛਾਇਆ.

ਜ਼ੇਬੁੱਨਿਸਾ ਦਾ ਦੇਹਾਂਤ ਦਿੱਲੀ ਸਨ ੧੭੦੩ ਵਿੱਚ ਹੋਇਆ. ਦੇਖੋ, ਸ਼ਾਲਾਮਾਰ

ਜੇਬੇ: ਜਿਬਹ਼ (ਕ਼ਤਲ) ਹੋਏ. "ਕਹੂੰ ਜ੍ਵਾਨ ਜੇਬੇ ਸੁਕਾਤੀ ਕਟਾਰੀ." (ਚਰਿਤ੍ਰ ੧੨੦) ੨. ਜ਼ੇਬਾਯਸ਼ (ਸ਼ੋਭਾ) ਵਾਲੇ.

ਜੇਮ: ਕ੍ਰਿ. ਵਿ- ਜੈਸੇ. ਜਿਮ ਵਾਂਙ. "ਘਣੰ ਜੇਮ ਗਾਜੇ." (ਚੰਡੀ ੨)

ਜੇਮਨ: (ਸੰ. ਜਿਮ੍ ਧਾ- ਖਾਣਾ, ਭੋਜਨ ਕਰਨਾ) ਸੰਗਯਾ- ਜੀਮਨਾ. ਪ੍ਰਸਾਦ ਛਕਣਾ। ੨. ਸੰ. ਜੇਮਨ੍ ਵਿ- ਸ਼ਿਰੋਮਣਿ.

ਜੇਮਿ: ਦੇਖੋ, ਜੇਮ.

ਜੇਮੀ: ਜੇਮਨ ਕੀਤੀ. ਛਕੀ. ਖਾਧੀ. ਦੇਖੋ, ਜੇਮਨ ੧.। ੨. ਜਯਮਯੀ. ਜੈ ਰੂਪਾ. "ਕਿਲੱਕਾਰ ਜੇਮੀ." (ਚੰਡੀ ੨)

ਜੇਰ: ਸੰ. ਜਰਾਯੁ. ਸੰਗਯਾ- ਉਹ ਝਿੱਲੀ, ਜਿਸ ਅੰਦਰ ਬੱਚਾ ਗਰਭ ਵਿੱਚ ਲਪੇਟਿਆ ਰਹਿੰਦਾ ਹੈ. ਆਉਲ। ੨. ਜੇਰਜ (ਜਰਾਯੁਜ) ਦਾ ਸੰਖੇਪ. "ਅੰਡ ਬਿਨਾਸੀ ਜੇਰ ਬਿਨਾਸੀ." (ਸਾਰ ਮਃ ੫) ੩. ਫ਼ਾ. زیر ਜ਼ੇਰ. ਵਿ- ਪਰਾਜਿਤ. ਅਧੀਨ. "ਸਭੈ ਜੇਰ ਕੀਨੇ ਬਲੀ ਕਾਲ ਹਾਥੰ." (ਵਿਚਿਤ੍ਰ) ੪. ਹੇਠ. ਨੀਚੇ. "ਹਮ ਜੇਰ ਜਿਮੀ." (ਵਾਰ ਮਾਝ ਮਃ ੧) ਹਮਹ (ਤਮਾਮ) ਜ਼ਮੀਨ ਦੇ ਨੀਚੇ। ੫. ਸੰਗਯਾ- ਅੱਖਰ ਦੇ ਹੇਠ ਲਾਯਾ ਚਿੰਨ੍ਹ, ਜੋ ਸਿਆਰੀ ਦੀ ਆਵਾਜ਼ ਦਿੰਦਾ ਹੈ. ਦੇਖੋ, ਜਬਰ ੭.

ਜੇਰ ਸਾਏ: ਦੇਖੋ, ਜ਼ੇਰ ਸਾਯਹ.

ਜ਼ੇਰ ਸਾਯਹ: ਛਾਉਂ ਹੇਠ। ੨. ਅਸਰ ਅੰਦਰ। ੩. ਸਰਪਰਸ੍ਤੀ ਵਿੱਚ। ੪. ਭਾਵ- ਕਿਸੇ ਵਡੇ ਆਦਮੀ ਦੇ ਅਧੀਨ ਜਾਂ ਪੜੋਸ ਵਿੱਚ, ਜਿਵੇਂ- ਮੈਂ ਆਪ ਦੇ ਜ਼ੇਰ ਸਾਏ ਵਸਦਾ ਹਾਂ.

ਜੇਰਜ: ਸੰ. ਜਰਾਯੁਜ. ਸੰਗਯਾ- ਝਿੱਲੀ (ਆਉਲ) ਵਿੱਚੋਂ ਪੈਦਾ ਹੋਣ ਵਾਲੇ ਜੀਵ.

ਜੇਰ ਜਬਰ: ਫ਼ਾ. زیروزبر ਜ਼ੇਰੋਜ਼ਬਰ. ਹੇਠ ਉੱਤੇ. ਉੱਚਾ ਨੀਵਾਂ। ੨. ਵ੍ਯਾਕਰਣ ਅਨੁਸਾਰ ਅੱਖਰਾਂ ਦੇ ਉੱਪਰ ਅਤੇ ਹੇਠ ਲਗਣ ਵਾਲੇ ਚਿੰਨ੍ਹ. ਦੇਖੋ, ਜਬਰ ੭.

ਜ਼ੇਰਦਸ੍ਤ: ਫ਼ਾ. زیردست ਮੁਗ਼ਲਪਤਿ ਔਰੰਗਜ਼ੇਬ ਦਾ ਸੈਨਾਨੀ, ਜੋ ਆਨੰਦਪੁਰ ਦੇ ਅਖ਼ੀਰੀ ਜੰਗ ਵਿੱਚ ਦਸ਼ਮੇਸ਼ ਨਾਲ ਲੜਿਆ। ੨. ਵਿ- ਅਧੀਨ. ਵਸ਼ਵਰਤੀ. ਮਾਤਹਿਤ.

ਜ਼ੇਰਬਾਰ: ਫ਼ਾ. زیربار ਵਿ- ਬੋਝ ਹੇਠ ਦਬਿਆ ਹੋਇਆ। ੨. ਮੁਸੀਬਤਜ਼ਦਾ. ਵਿਪਦਾ ਦਾ ਗ੍ਰਸਿਆ। ੩. ਕ਼ਰਜਾਈ.

ਜ਼ੇਰਬੰਦ: ਫ਼ਾ. زیربند ਸੰਗਯਾ- ਘੋੜੇ ਦੀ ਮੁਹਰੀ ਅਤੇ ਤੰਗ ਦੇ ਵਿਚਕਾਰ ਬੰਨ੍ਹਿਆ ਹੋਇਆ ਇੱਕ ਤਸਮਾ ਅਥਵਾ ਵਸਤ੍ਰ, ਜੋ ਘੋੜੇ ਦੇ ਮੂੰਹ ਨੂੰ ਬਹੁਤ ਉੱਚਾ ਨਹੀਂ ਹੋਣ ਦਿੰਦਾ. ਸੰ. ਤਲਿਕਾ.

ਜੇਰਰਜ: ਜਰਾਯੁਜ. ਦੇਖੋ, ਜੇਰਜ. "ਜਿਹ ਅੰਡਜ ਸੇਤਜ ਜੇਰਰਜੰ." (ਅਕਾਲ)

ਜੇਰਾ: ਫ਼ਾ. زیرہ ਜ਼ਹਰਾ. ਸੰਗਯਾ- ਦਿਲੇਰੀ. ਹੌਸਲਾ। ੨. ਜਿਗਰ ਤੋਂ ਜਿਗਰਾ (ਜੇਰਾ) ਦਾ ਭਾਵ ਸਮਾਈ, ਧੀਰਜ ਭੀ ਹੈ.

ਜੇਰੋ: ਸਿੰਧੀ. ਸੰਗਯਾ- ਅਗਨਿ. ਅੱਗ। ੨. ਦੇਖੋ, ਜੇਰਾ.

ਜੇਰੋਜਬਰ: ਦੇਖੋ, ਜੇਰਜਬਰ.

ਜੇਲ: ਅੰ. Jail. ਸੰਗਯਾ- ਬੰਦੀਖ਼ਾਨਾ. ਕਾਰਾਗਰ। ੨. ਅ਼. جاہل ਜਾਹਿਲ. ਮੂਰਖ. ਅਗ੍ਯਾਨੀ. "ਕੌਡੀ ਰੱਤਕ ਜੇਲ ਪਰੋਈ." (ਭਾਗੁ)

ਜੇਵ: ਕ੍ਰਿ. ਵਿ- ਜਿਮ. ਜੈਸੇ. ਵਾਂਙ. "ਓਹੁ ਜੇਵ ਸਾਇਰ ਦੇਇ ਲਹਰੀ." (ਆਸਾ ਛੰਤ ਮਃ ੧)

**ਜੇਵਹਿ:** ਜੇਮਨ ਕਰਾਵਹਿ. ਭੋਜਨ ਕਰਾਉਂਦਾ ਹੈ। ੨. ਜੇਮਨ ਕਰਦਾ ਅਥਵਾ ਕਰਦੇ ਹਨ. "ਸੁਰ ਤੇਤੀਸਉ ਜੇਵਹਿ ਪਾਕ." (ਭੈਰ ਅਃ ਕਬੀਰ) ਤੇਤੀਸ ਕੋਟਿ ਦੇਵਤਾ ਕਰਤਾਰ ਦੀ ਪਾਕਸ਼ਾਲਾ ਵਿੱਚ ਭੋਜਨ ਕਰਦੇ ਕਰਾਉਂਦੇ ਹਨ.

**ਜੇਵਡ:** ਕ੍ਰਿ. ਵਿ- ਜਿਤਨਾ ਵਡਾ. ਦੇਖੋ, ਜੇਵਡੁ.

**ਜੇਵਡਾ:** ਦੇਖੋ, ਜੇਵਡੁ। ੨. ਸੰਗਜਾ- ਜੇਵੜਾ. ਰੱਸਾ. ਬੰਧਨ. "ਤੇਰੇ ਮੁੰਧ ਕਟਾਰੇ ਜੇਵਡਾ." (ਵਡ ਮਃ ੧) ਹੇ ਮੁੰਧ (ਮੁਗਧੇ)! ਤੇਰੇ ਕਟਾਰੇ (ਕਟਾਕ੍ਸ਼) ਜੇਵੜਾ.

**ਜੇਵਡੁ:** ਕ੍ਰਿ. ਵਿ- ਜਿਤਨਾ ਵਡਾ. "ਜੇਵਡੁ ਭਾਵੈ ਤੇਵਡੁ ਹੋਇ." (ਜਪੁ) ਸਿੰਧੀ. ਜੇਡੋ.

**ਜੇਵਣ:** ਦੇਖੋ, ਜੇਮਨ.

**ਜੇਵਣਹਾਰ, ਜੇਵਣਵਾਰ:** ਵਿ- ਜੇਮਨਵਾਲਾ. ਖਾਣ ਵਾਲਾ. ਦੇਖੋ, ਜੇਮਨ.

**ਜੇਵਨਾਰ:** ਦੇਖੋ, ਜਿਉਨਾਰ.

**ਜੇਵਰ:** ਫ਼ਾ. زیور ਜ਼ੇਵਰ. ਸੰਗਜਾ- ਜ਼ੇਬ- ਵਰ. ਸ਼ੋਭਾ ਵਾਲਾ. ਭਾਵ- ਭੂਸ਼ਣ. ਗਹਿਣਾ. ਅਲੰਕਾਰ.

**ਜੇਵਰਾ, ਜੇਵਰੀ, ਜੇਵੜਾ, ਜੇਵੜੀ:** ਸੰਗਜਾ- ਜੇਉੜਾ. ਰੱਸਾ. ਬੰਧਨ. ਫਾਹੀ. ਜਜੋਰਾ. ਸੰ. ਜੀਵਾ. "ਚਹੁ ਦਿਸ ਪਸਰਿਓ ਹੈ ਜਮਜੇਵਰਾ." (ਸੋਰ ਕਬੀਰ) "ਪ੍ਰੇਮ ਕੀ ਜੇਵਰੀ ਬਾਂਧਿਓ ਤੇਰੋ ਜਨ." (ਆਸਾ ਰਵਿਦਾਸ) "ਜਮ ਕਾ ਰਾਲਿ ਜੇਵੜਾ ਨਿਤ ਕਾਲ ਸੰਤਾਵੈ." (ਗਉ ਅਃ ਮਃ ੩) "ਗੁਰਿ ਕਟੀ ਮਿਹਡੀ ਜੇਵੜੀ." (ਸ੍ਰੀ ਮਃ ੫. ਪੈਪਾਇ)

**ਜੇਵਿਆ:** ਜੇਮਨ ਕੀਤਾ. ਭੋਜਨ ਖਾਧਾ. ਦੇਖੋ, ਜੇਮਨ. "ਸੁਚਾ ਹੋਇਕੈ ਜੇਵਿਆ." (ਵਾਰ ਆਸਾ)

**ਜੇਵਿਹਾ, ਜੇਵੇਹਾ, ਜੇਵੇਹੇ:** ਕ੍ਰਿ. ਵਿ- ਜੈਸਾ. ਜਿਵੇਹਾ. ਜਿਸ ਪ੍ਰਕਾਰ ਦਾ. ਜੈਸੇ. ਜੇਹੇ. "ਜੇਵੇਹੇ ਕਰਮ ਕਮਾਵਦੇ ਤੇਵੇਹੇ ਫਲਤੇ." (ਵਾਰ ਗਉ ੧. ਮਃ ੪) "ਫਲ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ." (ਵਾਰ ਆਸਾ) ਦੇਖੋ, ਪਿਯੁ.

**ਜੇੜ੍ਹਾ:** ਦੇਖੋ, ਜੇਹੜਾ.

**ਜੈ:** ਸਰਵ- ਜਿਸ. "ਜੈ ਘਰਿ ਕੀਰਤਿ ਆਖੀਐ." (ਸੋਹਿਲਾ) "ਜੈ ਭਾਵੈ ਤੈ ਦੇਇ." (ਸ੍ਰੀ ਮਃ ੩) ਜਿਸ ਭਾਵੈ ਤਿਸ ਦੇਇ। ੨. ਵਿ- ਜਿਤਨੇ. ਯਾਵਤ। ੩. ਸੰ. ਜਯ. ਸੰਗਜਾ- ਜੀਤ. ਜਿੱਤ. ਫ਼ਤੇ. "ਜਾਕੇ ਭਗਤ ਕੋ ਸਦਾ ਜੈ." (ਬਸੰ ਮਃ ੫) ੪. ਵਜ- ਜਯ ਹੋ. ਆਸ਼ੀਰਵਾਦ. "ਜੈ ਜਗਦੀਸ ਤੇਰਾ ਜਸ ਜਾਚਉ." (ਬਸੰ ਅਃ ਮਃ ੧) ੫. ਸੰਗਜਾ- ਵਿਸ਼ਨੁ ਦਾ ਇੱਕ ਪਾਰਖਦ. ਜਯ. "ਜੈ ਅਰੁ ਵਿਜੈ ਨਾਮ ਜਿਨ ਜਾਨਾ." (ਨਾਪ੍ਰ) ੬. ਵਸੁਦੇਵ ਦਾ ਇੱਕ ਪੁਤ੍ਰ, ਜੋ ਕ੍ਰਿਸ਼ਨ ਜੀ ਤੋਂ ਪਹਿਲਾਂ ਜਨਮਿਆ ਸੀ ਅਤੇ ਜਿਸ ਨੂੰ ਕੰਸ ਨੇ ਮਰਵਾ ਦਿੱਤਾ ਸੀ. "ਔਰ ਭਯੋ ਸੁਤ ਜੋ ਉਨ ਕੇ ਗ੍ਰਿਹਿ ਨਾਮ ਧਰਯੋ ਤਿਹ ਕੋ ਤਿਨ ਹੂੰ ਜੈ." (ਕ੍ਰਿਸਨਾਵ) ੭. ਦੇਖੋ, ਜਯ.

**ਜੈਂ:** ਸਰਵ- ਜਿਨ੍ਹਾਂ ਨੂੰ. "ਸੋ ਸਾਈ ਜੈਂ ਵਿਸਰੈ." (ਵਾਰ ਜੈਤ)

**ਜੈਸਲ, ਜੈਸਲਮੇਰੁ:** ਯਦੁਵੰਸ਼ੀ ਭੱਟੀ ਰਾਜਪੂਤ ਦੁਸਾਜ ਦਾ ਪੁਤ੍ਰ ਰਾਵਲ ਜੈਸਲ (ਜਯਸ਼ਾਲ) ਪ੍ਰਤਾਪੀ ਰਾਜਾ, ਜਿਸ ਨੇ ਸਨ ੧੧੫੬ ਵਿੱਚ ਆਪਣੇ ਨਾਮ ਤੇ ਰਾਜਪੂਤਾਨੇ ਵਿੱਚ ਜੈਸਲਮੇਰੁ ਨਗਰ ਵਸਾਇਆ. ਫੂਲਵੰਸ਼ ਦਾ ਨਿਕਾਸ ਭੀ ਜੈਸਲ ਤੋਂ ਹੈ.

**ਜੈਸਾ:** ਸੰ. ਯਾਦ੍ਰਿਸ਼ ਕ੍ਰਿ. ਵਿ- ਜੇਹਾ. ਜਿਸ ਪ੍ਰਕਾਰ ਦਾ. "ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠੁ." (ਵਾਰ ਰਾਮ ੨. ਮਃ ੫)

**ਜੈਸਿੰਘ:** ਦੇਖੋ, ਜਯਸਿੰਘ.

**ਜੈਸਿੰਘਪੁਰਾ:** ਦੇਖੋ, ਜਯਸਿੰਘਪੁਰਾ.

ਜੈਸੀ: ਸੰ. ਯਾਦ੍ਰਿਸ਼ੀ. ਕ੍ਰਿ. ਵਿ- ਜੇਹੀ. ਜਿਸ ਪ੍ਰਕਾਰ ਦੀ. "ਜੈਸੀ ਮੈ ਆਵੈ ਖਸਮ ਕੀ ਬਾਣੀ." (ਤਿਲੰ ਮਃ ੧)

ਜੈਸੁਖ: ਦੇਖੋ, ਕੇਰਸਾਹਿਬ.

ਜੈਸੇ, ਜੈਸੋ: ਜਿਸ ਪ੍ਰਕਾਰ. ਜਿਸ ਤਰਾਂ। ੨. ਜੇਹਾ. ਜੈਸਾ. ਦੇਖੋ, ਜੈਸਾ. "ਜੈਸੇ ਜਲ ਮਹਿ ਕਮਲ ਨਿਰਾਲਮੁ." (ਸਿਧਗੋਸਟਿ) "ਜੈਸੋ ਗੁਰਿ ਉਪਦੇਸਿਆ." (ਗਉ ਮਃ ੫)

ਜੈਹਹਿ, ਜੈਹੈ: ਜਾਵੇਗਾ. "ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ." (ਸ. ਕਬੀਰ) "ਬੀਤ ਜੈਹੈ ਜਨਮੁ ਅਕਾਜ ਰੇ." (ਜੈਜਾ ਮਃ ੯)

ਜੈਕਾਰ, ਜੈਕਾਰਾ, ਜੈਕਾਰੁ, ਜੈਕਾਰੋ: ਸੰਗਯਾ- ਜਯਕਾਰ. ਜਯਧ੍ਵਨਿ. ਜੈ ਸ਼ਬਦ ਦਾ ਉੱਚੇ ਸੁਰ ਨਾਲ ਉੱਚਾਰਣ. ਵਹਿਗੁਰੂ ਜੀ ਕੀ ਫਤਹ ਅਤੇ ਸੱਤ ਸ੍ਰੀ ਅਕਾਲ ਦਾ ਨਅ਼ਰਹ. "ਸੰਤ ਸਭਾ ਕਉ ਸਦਾ ਜੈਕਾਰੁ." (ਗਉ ਮਃ ੫)

ਖਾਲਸੇ ਦਾ ਜੈਕਾਰਾ ਇਹ ਹੈ:-

ਸਭ ਧਰਤੀ ਹਲਚਲ ਭਈ ਛੋਡਜੋ ਘਰਬਾਰਾ,

ਸ਼ਾਹ ਪਾਤਸ਼ਾਹ ਅਮੀਰੜੇ ਖਪਿ ਹੋਏ ਛਾਰਾ,

ਸਤਿਗੁਰੁ ਬਾਝਹੁ ਕੋ ਨਹੀਂ ਭੈ ਕਾਟਨਹਾਰਾ,

ਚੜ੍ਹਿਆ ਗੁਰੁ ਗੋਬਿੰਦਸਿੰਘ ਲੈ ਧਰਮ ਨਗਾਰਾ.

ਭੇਖੀ ਭਰਮੀਆਂ ਦੀ ਸਭਾ ਉਠਾਇਕੈ, ਦਬਤੂ ਘੁਸਤੂ ਨੂੰ ਭਾਜੜਾਂ ਪਾਇਕੇ, ਖੋਟੇ ਖਚਰੇ ਦੀ ਸਫਾ ਸਮੇਟਕੇ ਗੁਰਸਿੰਘਾਂ ਰਚਿਆ ਜੈਕਾਰਾ, ਜੋ ਗੱਜਕੇ ਬੁਲਾਵੇ ਸੋ ਗੁਰੂ ਕਾ ਪਿਆਰਾ- ਸਤਿ ਸ੍ਰੀ ਅਕਾਲ, ਗੁਰਬਰ ਅਕਾਲ.

ਜੈਚੰਦ: ਦੇਖੋ, ਜਯਚੰਦ.

ਜੈਜਏ: ਸੰਗਯਾ- ਜੈਜੈਕਾਰ. ਜਯਕਾਰ. "ਬੋਲਿ ਸਾਧੂ ਹਰਿ ਜੈਜਏ." (ਆਸਾ ਛੰਤ ਮਃ ੫)

ਜੈ ਜਗਦੀਸ: ਵਿ- ਜਯਰੂਪ ਜਗਤਈਸ਼. ਵਿਜਯਰੂਪ ਵਾਹਗੁਰੂ. "ਜੈ ਜਗਦੀਸ ਕੀ ਗਤਿ ਨਹੀ ਜਾਨੀ." (ਸੂਹੀ ਮਃ ੫) ੨. ਵਾਹਗੁਰੂ ਜੀ ਕੀ ਫ਼ਤਹ਼.

ਜੈਜਾਵੰਤੀ: ਸੰਗਯਾ- ਜਯਜਯਵੰਤੀ ਅਥਵਾ ਜਯਜਯੰਤਿ. ਕਮਾਚ ਠਾਟ ਦੀ ਸੰਪੂਰਣ ਜਾਤਿ ਦੀ ਇੱਕ ਰਾਗਿਣੀ, ਜੋ ਧੂਲਸ਼੍ਰੀ ਬਿਲਾਵਲ ਅਤੇ ਸੋਰਠਿ ਦੇ ਮੇਲ ਤੋਂ ਬਣਦੀ ਹੈ. ਇਸ ਦੇ ਗਾਉਣ ਦਾ ਵੇਲਾ ਪ੍ਰਾਤਹਕਾਲ ਹੈ.[557] ਇਸ ਵਿੱਚ ਦੋਵੇਂ ਗਾਂਧਾਰ ਅਤੇ ਦੋਵੇਂ ਨਿਸ਼ਾਦ ਲਗਦੇ ਹਨ. ਆਰੋਹੀ ਵਿੱਚ ਸ਼ੁੱਧ ਨਿਸ਼ਾਦ ਅਤੇ ਸ਼ੁੱਧ ਗਾਂਧਾਰ ਹੈ. ਅਵਰੋਹੀ ਵਿੱਚ ਦੋਵੇਂ ਕੋਮਲ ਹਨ. ਪੰਚਮ ਅਤੇ ਰਿਸ਼ਭ ਦੀ ਇਸ ਵਿੱਚ ਸੰਗਤਿ ਹੈ. ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ.

ਆਰੋਹੀ- ਸ਼ ਰ ਗ ਮ ਪ ਧ ਨ ਸ਼.

ਅਵਰੋਹੀ- ਸ਼ ਨਾ ਧ ਪ ਮ ਗਾ ਰ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਵਿੱਚ ਜੈਜਾਵੰਤੀ ਦਾ ਨੰਬਰ ਇਕਤੀਹਵਾਂ ਹੈ. ਇਸ ਵਿੱਚ ਕੇਵਲ ਸ਼੍ਰੀਗੁਰੂ ਤੇਗਬਹਾਦੁਰ ਸਾਹਿਬ ਦੀ ਬਾਣੀ ਹੈ. ਇਹ ਰਾਗਿਣੀ ਨੌਵੇਂ ਸਤਿਗੁਰੂ ਦੀ ਹੋਰ ਬਾਣੀ ਸਮੇਤ ਦਸ਼ਮੇਸ਼ ਨੇ ਗੁਰੂ ਗ੍ਰੰਥਸਾਹਿਬ ਜੀ ਵਿੱਚ ਲਿਖਾਈ ਹੈ. ਦੇਖੋ, ਗ੍ਰੰਥਸਾਹਿਬ.

ਜੈਜੈਕਾਰ: ਦੇਖੋ, ਜੈਕਾਰ. "ਜੈਜੈਕਾਰ ਭਇਆ ਜਗ ਅੰਤਰਿ." (ਸੂਹੀ ਛੰਤ ਮਃ ੫)

---

[557] ਕਈਆਂ ਨੇ ਰਾਤ ਦਾ ਤੀਜਾ ਪਹਿਰ ਇਸ ਦੇ ਗਾਉਣ ਲਈ ਦੱਸਿਆ ਹੈ।

**ਜੈਂਡਾ:** ਸਰਵ- ਜਿਸ ਦਾ. ਜੈਂਦਾ। ੨. ਵਿ- ਜਡ. ਜੜ੍ਹ. ਮੂਰਖ. ਉਜੱਡ. "ਪੰਡਿਤ ਮੋਹਰਹੇ ਸੁਨਕੈ, ਅਰੁ ਮੋਹ ਗਏ ਸੁਨਕੈ ਜਨ ਜੈਂਡਾ." (ਕ੍ਰਿਸਨਾਵ)

**ਜੈਣ:** ਸਰਵ- ਜਿਨ੍ਹਾਂ ਦੇ. "ਜੈਣ ਕੁਲ ਛੈਣ ਧਰਮੰ." (ਗਜਾਨ) ੨. ਦੇਖੋ, ਜੈਨ.

**ਜੈਤ:** ਸੰ. ਜਯਤਿ. ਸੰਗਯਾ- ਵਿਜਯ. ਜੀਤ. ਫ਼ਤੇ। ੨. ਗੁਰੂ ਅਰਜਨ ਸਾਹਿਬ ਦਾ ਸਿੱਖ, ਜੋ ਸਿੰਗਾਰੂ ਦਾ ਭਾਈ ਸੀ. ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਵਿੱਚ ਭਰਤੀ ਹੋਕੇ ਵਡੀ ਵੀਰਤਾ ਦਿਖਾਈ। ੩. ਜੈਤ ਸੇਠ ਗੁਰੂ ਹਰਿਗੋਬਿੰਦ ਸਾਹਿਬ ਦਾ ਸੇਵਕ. ਜਗਤ ਸੇਠ ਇਸ ਤੋਂ ਭਿੰਨ ਹੈ। ੪. ਦੇਖੋ, ਨਾਰਾਯਣਾ। ੫. ਦੇਖੋ, ਪਟਨਾ.

**ਜੈਤਸਰੀ, ਜੈਤਸਿਰੀ, ਜੈਤਸ਼੍ਰੀ:** ਜਯਤਿਸ਼੍ਰੀ. ਇਹ ਪੂਰਬੀ ਠਾਟ ਦੀ ਔੜਵ ਸੰਪੂਰਣ ਰਾਗਿਣੀ ਹੈ. ਆਰੋਹੀ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ. ਅਵਰੋਹੀ ਵਿੱਚ ਸਾਰੇ ਸੁਰ ਹਨ. ਵਾਦੀ ਸੁਰ ਗਾਂਧਾਰ ਹੈ, ਮੱਧਮ ਤੀਵ੍ਰ ਹੈ, ਧੈਵਤ ਅਤੇ ਰਿਸ਼ਭ ਕੋਮਲ ਹਨ, ਬਾਕੀ ਸੁਰ ਸ਼ੁੱਧ ਲਗਦੇ ਹਨ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ.

ਆਰੋਹੀ- ਸ਼ ਘ ਮੀ ਪ ਨ ਸ਼.

ਅਵਰੋਹੀ- ਸ਼ ਨ ਧਾ ਪ ਮੀ ਘ ਰਾ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਜੈਤਸਿਰੀ ਦਾ ਗਿਆਰਵਾਂ ਨੰਬਰ ਹੈ.

**ਜੈਤਧੁਨਿ:** ਜਯਤਿ- ਧ੍ਵਨਿ. ਜੈਕਾਰ. ਜਯਜਯ ਧੁਨਿ.

**ਜੈਤਪਤ੍ਰ:** ਜਯਤਿ- ਪਤ੍ਰ. ਦੇਖੋ, ਜਯਪਤ੍ਰ. "ਸੁ ਜੈਤਪਤ੍ਰ ਪਾਇਯੰ." (ਚੰਡੀ ੨) ੨. ਜਾਯਿਤ੍ਰੀ ਪਤਾਕਾ. ਫ਼ਤੇ ਦਾ ਨਿਸ਼ਾਨ। ੩. ਜਯਿਤ੍ਰੀਪਤ੍ਰ. ਕਲਗੀ. "ਸਿਰੰ ਜੈਤਪਤ੍ਰੰ ਸਿਰੰ ਛਤ੍ਰ ਛਾਜੈ." (ਰਾਮਾਵ)

**ਜੈਤਰਾਮ:** ਦੇਖੋ, ਦਾਦੂ ਅਤੇ ਨਾਰਾਯਨਾ.

**ਜੈਤਵਾਰ:** ਜਯਤਿ- ਵਾਰ. ਵਿ- ਜਿੱਤਣਵਾਲਾ. "ਭਗਤਿ ਜੋਗ ਕਉ ਜੈਤਵਾਰ." (ਸਵੈਯੇ ਮਃ ੫. ਕੇ)

**ਜੈਤਾ:** ਸ਼੍ਰੀ ਗੁਰੂ ਅਰਜਨਦੇਵ ਦਾ ਪ੍ਰੇਮੀ ਸਿੱਖ। ੨. ਦੇਖੋ, ਜੀਵਨਸਿੰਘ ਦਾ ਫੁਟਨੋਟ.

**ਜੈਤਾ ਸੇਠ:** ਦੇਖੋ, ਜਗਤ ਸੇਠ.

**ਜੈਤਿ:** ਸੰਗਯਾ- ਜਯਤਿ. ਜਿੱਤ. ਫ਼ਤੇ.

**ਜੈਤੇਵਾਲ:** ਦੇਖੋ, ਬਾਣਗੜ੍ਹ.

**ਜੈਤੋ, ਜੈਤੋਂ:** ਰਾਜ ਨਾਭਾ ਦੀ ਨਜਾਮਤ ਫੂਲ ਦਾ ਇੱਕ ਪਿੰਡ, ਜੋ ਭਟਿੰਡਾ ਫ਼ਿਰੋਜ਼ਪੁਰ ਰੇਲਵੇ ਲੈਨ ਪੁਰ ਹੈ. ਇਸ ਥਾਂ ਕ਼ਿਲੇ ਦੇ ਪਾਸ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਮਹਾਰਾਜਾ ਹੀਰਾ ਸਿੰਘ ਸਾਹਿਬ ਨੇ ਇਸ ਦੀ ਸੁੰਦਰ ਇਮਾਰਤ ਬਣਵਾਈ ਹੈ. ਗੁਰਦ੍ਵਾਰੇ ਪਾਸ ਦੇ ਤਾਲ ਦਾ ਨਾਮ "ਗੰਗਸਰ" ਹੈ. ਇਸ ਗੁਰਅਸਥਾਨ ਨਾਲ ੭੦ ਘੁਮਾਉਂ ਜ਼ਮੀਨ ਅਤੇ ੪੩੨ ਰੁਪਯੇ ਸਾਲਾਨਾ ਜਾਗੀਰ ਰਿਆਸਤ ਨਾਭੇ ਵੱਲੋਂ ਹੈ. ੧੯. ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਪੋਹ ਸੁਦੀ ੭. ਅਤੇ ਕੱਤਕ ਪੂਰਨਮਾਸ਼ੀ ਨੂੰ ਮੇਲਾ ਹੁੰਦਾ ਹੈ.

ਇਸ ਗੁਰਦ੍ਵਾਰੇ ੧੪. ਸਿਤੰਬਰ ਸਨ ੧੯੨੩ ਨੂੰ ਅਖੰਡ ਪਾਠ ਬਾਬਤ ਅਕਾਲੀ ਦਲ ਅਤੇ ਰਿਆਸਤ ਦੇ ਕਰਮਚਾਰੀਆਂ ਦੀ ਗਲਤਫ਼ਹਿਮੀ ਤੋਂ ਮਾਮਲਾ ਇੰਨਾਂ ਵਧਿਆ ਕਿ ੨੧. ਫਰਵਰੀ ਸਨ ੧੯੨੪ ਨੂੰ ਕਈ ਜਾਨਾਂ ਦਾ ਨੁਕਸਾਨ ਹੋਇਆ. ਅੰਤ ਨੂੰ ੨੧. ਜੁਲਾਈ ਸਨ ੧੯੨੫ ਨੂੰ ੧੦੧ ਅਖੰਡ ਪਾਠ ਆਰੰਭੇ ਗਏ ਅਤੇ ੬. ਅਗਸਤ ਨੂੰ ਭੋਗ ਪੈ ਕੇ ਸ਼ਾਂਤਿ ਹੋਈ.

ਜੈਤੋ ਤੋਂ ਡੇਢ ਮੀਲ ਉੱਤਰ ਵੱਲ "ਟਿੱਬੀ ਸਾਹਿਬ" ਗੁਰਦ੍ਵਾਰਾ ਹੈ. ਇਸ ਥਾਂ ਕਲਗੀਧਰ ਸੰਝ ਸਮੇਂ ਰਹਿਰਾਸ ਦਾ ਦੀਵਾਨ

ਸਜਾਇਆ ਕਰਦੇ ਸਨ. ਇਸ ਗੁਰਦ੍ਵਾਰੇ ਨਾਲ ਅੱਠ ਘੁਮਾਉਂ ਜ਼ਮੀਨ ਰਿਆਸਤ ਵੱਲੋਂ ਹੈ.

ਜੈਤੋ ਦੀ ਮੰਡੀ ਬਹੁਤ ਪ੍ਰਸਿੱਧ ਹੈ, ਇਸ ਥਾਂ ਦੂਰ ਦੂਰ ਦੇ ਲੋਕ ਪਸ਼ੂ ਖ਼ਰੀਦਣ ਆਉਂਦੇ ਹਨ. ਜੈਤੋ ਬੀ. ਬੀ. ਅਤੇ ਸੀ. ਆਈ. ਰੇਲਵੇ ਦਾ ਭੀ ਸਟੇਸ਼ਨ ਹੈ. ਜੈਤੋ ਲਹੌਰੋਂ ੯੬ ਅਤੇ ਭਟਿੰਡੇ ਤੋਂ ੧੭. ਮੀਲ ਹੈ.

ਜੈਤ੍ਰ: ਸੰ. ਵਿ- ਜਿੱਤਣ ਵਾਲਾ। ੨. ਸੰਗਯਾ- ਪਾਰਾ.

ਜੈਤ੍ਰੀ: ਵਿ- ਜਯਿਤ੍ਰੀ. ਜਿੱਤਣ ਵਾਲਾ. "ਬਡ ਯੋਧਾ ਮਨ ਸਤ੍ਰੂ ਜੈਤ੍ਰੀ." (ਗੁਪ੍ਰਸੂ)

ਜੈਦ: ਇੱਕ ਜੱਟ ਗੋਤ੍ਰ। ੨. ਜੈਦ ਗੋਤ ਦੇ ਜੱਟਾਂ ਦਾ ਪਿੰਡ, ਜੋ ਰਿਆਸਤ ਨਾਭੇ ਵਿੱਚ ਹੈ.

ਜੈਦਪਰਾਣਾ: ਇਹ ਮਾਲਵੇ ਵਿੱਚ ਭੋਖੜੀ ਦਾ ਸਰਦਾਰ ਸੀ, ਜੋ ਲਾਲਾ ਭੁੱਲਰ ਨਾਲ ਮਿਲਕੇ ਫੂਲ ਦੇ ਵਡੇਰੇ ਮੋਹਨ ਕਾਲਾ ਆਦਿ ਨੂੰ ਦੁੱਖ ਦਿਆ ਕਰਦਾ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਕਹਿਣ ਪੁਰ ਭੀ ਵਸਣ ਲਈ ਜ਼ਮੀਨ ਨਹੀਂ ਦਿੱਤੀ ਸੀ. ਸਤਿਗੁਰੂ ਦੀ ਸਹਾਇਤਾ ਨਾਲ ਕਾਲੇ ਨੇ ਇਸ ਨੂੰ ਜੰਗ ਵਿੱਚ ਮਾਰਕੇ ਮੇਹਰਾਜ ਵਸਾਇਆ. ਦੇਖੋ, ਹਰਿਗੋਬਿੰਦ ਸਤਿਗੁਰੂ ਅਤੇ ਮੇਹਰਾਜ.

ਜੈਦਰਥ: ਸੰ. ਜਯਦ੍ਰਥ. ਵ੍ਰਿੱਧਕ੍ਸ਼ਤ੍ਰ ਦਾ ਪੁਤ੍ਰ ਸਰਾਸ਼੍ਟ੍ਰ (ਕਾਠੀਆਵਾੜ) ਦਾ ਰਾਜਾ, ਜੋ ਦੁਰਯੋਧਨ ਦੀ ਭੈਣ ਦੁਃ ਸ਼ਲਾ ਦਾ ਪਤਿ ਸੀ. ਇਹ ਮਹਾਭਾਰਤ ਦੇ ਜੰਗ ਵਿੱਚ ਅਰਜੁਨ ਦੇ ਹੱਥੋਂ ਮਾਰਿਆ ਗਿਆ. ਇਸ ਦੇ ਪੁਤ੍ਰ ਦਾ ਨਾਮ ਸੁਰਥ ਸੀ.

ਜੈਦਰਥਅਰਿ, ਜੈਦਰਥਾਰਿ: ਜਯਦ੍ਰਥ ਦਾ ਵੈਰੀ ਅਰਜੁਨ.

ਜੈਂਦਾ: ਜਿਸ ਦਾ. "ਜੈਂਦਾ ਜਸ ਦੇਸ ਦੇਸ ਸਭੇ ਲੋਕ ਗਾਂਵਦੇ." (ਮੰਗਲ ਕਵਿ)

ਜੈਦਿਆ: ਦੇਖੋ, ਜਯਦਯਾ.

ਜੈਂਦੇ: ਜਿਸ ਦੇ. "ਫਤੇ ਦੀ ਨਿਸ਼ਾਨੀ ਜੈਂਦੇ ਦ੍ਵਾਰ ਦਰਗਾਹ ਦੀ." (ਮੰਗਲ ਕਵਿ)

ਜੈਦੇਉ, ਜੈਦੇਵ: ਸੰ. ਜਯਦੇਵ. ਵਿਕ੍ਰਮਾਦਿਤ੍ਯ ਦੇ ਦਰਬਾਰ ਦਾ ਇੱਕ ਪੰਡਿਤ, ਜਿਸ ਦਾ ਪ੍ਰਸਿੱਧ ਨਾਮ "ਪਕ੍ਸ਼ਧਰਮਿਸ਼੍ਰ" ਹੈ। ੨. ਕਨੌਜ ਨਿਵਾਸੀ ਭੋਜਦੇਵ ਬ੍ਰਾਹਮਣ ਦਾ ਪੁਤ੍ਰ, ਜੋ ਰਮਾਦੇਵੀ ਦੇ ਉਦਰ ਤੋਂ ਕੇਂਦੂਲੀ (ਜਿਲਾ ਬੀਰਭੂਮਿ ਬੰਗਾਲ) ਵਿੱਚ ਪੈਦਾ ਹੋਇਆ. ਜਯਦੇਵ ਵੈਸ਼ਨਵ ਮਤਧਾਰੀ ਕ੍ਰਿਸ਼ਨਉਪਾਸਕ ਸੀ, ਪਰ ਤਤ੍ਵਵੇੱਤਾ ਸਾਧੂਆਂ ਦੀ ਸੰਗਤਿ ਕਰਕੇ ਕਰਤਾਰ ਦਾ ਅਨੰਨ ਸੇਵਕ ਹੋਇਆ. ਇਹ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦਾ ਪੂਰਣ ਪੰਡਿਤ ਸੀ. ਇਸ ਦਾ ਰਚਿਆ ਗੀਤਗੋਬਿੰਦ ਮਨੋਹਰ ਕਾਵ੍ਯ ਹੈ. ਜੈਦੇਵ ਰਾਗਵਿਦ੍ਯਾ ਦਾ ਪ੍ਰੇਮੀ ਸੀ ਅਤੇ ਆਪਣੀ ਇਸਤ੍ਰੀ ਪਦਮਾਵਤੀ ਨਾਲ ਮਿਲਕੇ ਮਨੋਹਰ ਸੁਰ ਨਾਲ ਆਪਣੇ ਰਚੇ ਪਦ ਗਾਇਆ ਕਰਦਾ ਸੀ. ਇਸ ਨੇ ਆਪਣੀ. ਉਮਰ ਦਾ ਬਹੁਤਾ ਹਿੱਸਾ ਬੰਗਾਲ ਦੇ ਰਾਜਾ ਬੱਲਾਲਸੇਨ ਦੇ ਪੁਤ੍ਰ ਰਾਜਾ ਲਕ੍ਸ਼ਮਣਸੇਨ ਦਾ ਪਾਸ ਰਹਿਕੇ ਵਿਤਾਇਆ.[558] ਇਸੇ ਦੇ ਦੋ ਸ਼ਬਦ ਗੁਰੂ ਗ੍ਰੰਥਸਾਹਿਬ ਵਿੱਚ ਹਿੰਦੀ ਅਤੇ ਪ੍ਰਾਕ੍ਰਿਤ ਭਾਸ਼ਾ ਦੇ ਪਾਏ ਜਾਂਦੇ ਹਨ. "ਜੈਦੇਵ ਤਿਆਗਿਓ ਅੰਹਮੇਵ." (ਬਸੰ ਅਃ ਮਃ ੫) ੩. ਵਿਜਯ ਰੂਪ ਪਰਮਾਤਮਾ ਸਭ ਨੂੰ ਜੈ ਕਰਨ ਵਾਲਾ, ਜੋ ਕਿਸੇ ਤੋਂ ਪਰਾਸ੍ਤ ਨਹੀਂ ਹੁੰਦਾ. "ਬਦਤ ਜੈਦੇਵ ਜੈਦੇਵ ਕਉ ਰੰਮਿਆ." (ਮਾਰੂ ਜੈਦੇਵ)

ਜੈਦ੍ਰਥ, ਜੈਦ੍ਰਥਰਿ: ਦੇਖੋ, ਜੈਦਰਥ ਅਤੇ ਜੈਦਰਥਅਰਿ. "ਬਿਜੈ ਕਪਿਧ੍ਵੁੱਜ ਜੈਦ੍ਰਥਰਿ ਸੂਰਜਜਾਰਿ ਪੁਨ ਭਾਖ." (ਸਨਾਮਾ) ਵਿਜਯ, ਕਪਿਸ੍ਵਜ ਜੈਦ੍ਰਥਅਰਿ, ਸੂਰਯਜ (ਕਰਣ), ਉਸ ਦਾ ਵੈਰੀ, ਇਹ ਅਰਜੁਨ ਦੇ ਨਾਮ ਹਨ.

ਜੈਨ: ਜਿਨ (ਰਿਸ਼ਭਦੇਵ) ਦੇ ਚਲਾਏ ਮਤ ਦਾ ਅਨੁਗਾਮੀ. ਜੈਨੀ. ਜੈਨ ਮਤ ਬੌਧ ਧਰਮ ਤੋਂ ਪਹਿਲਾ ਹੈ. ਇਸ ਦੇ ਪੰਜ ਮੁੱਖਵ੍ਰਤ ਹਨ- ਅਹਿੰਸਾ, ਸਤ੍ਯ, ਅਸ੍ਤੇਯ (ਚੋਰੀ ਦਾ ਤ੍ਯਾਗ), ਬ੍ਰਹਮਚਰ੍ਯ ਅਤੇ ਅਪਰਿਗ੍ਰਹ (ਮੋਹ ਦਾ ਤ੍ਯਾਗ).

---

[558] ਲਕ੍ਸ਼ਮਣਸੇਨ ਸਨ ੧੧੧੯ ਵਿੱਚ ਗੱਦੀ ਤੇ ਬੈਠਾ ਅਤੇ ਸਨ ੧੧੯੯ ਵਿੱਚ ਬਖ਼ਤਯਾਰ ਦੇ ਪੁਤ੍ਰ ਮੁਹੰਮਦ ਤੋਂ ਹਾਰ ਖਾਕੇ ਦੇਸ ਛੱਡ ਗਿਆ.ਲਕ੍ਸ਼ਮਣ ਸੇਨ ਦੀ ਰਾਜਧਾਨੀ ਨਦੀਆ (ਨਵਦ੍ਵੀਪ) ਸੀ.

ਜੈਨ ਮਤ ਦੇ ਦੋ ਫ਼ਿਰਕ਼ੇ ਮੁੱਖ ਹਨ- ਇੱਕ ਸ਼੍ਵੇਤਾਂਬਰ, ਦੂਜਾ ਦਿਗੰਬਰ. ਜੈਨੀ ਨੂੰ ਬੋਲਣ ਵੇਲੇ ਮੂੰਹ ਅੱਗੇ ਵਸਤ੍ਰ ਰੱਖਣਾ ਜ਼ਰੂਰੀ ਹੈ. ਅਤੇ ਰਜੋਹਰਾ (ਸੂਤ ਦਾ ਝਾੜੂ) ਹਰੇਕ ਪਾਸ ਹੋਣਾ ਚਾਹੀਏ, ਜਿਸ ਨਾਲ ਬੈਠਣ ਵੇਲੇ ਜ਼ਮੀਨ ਸਾਫ਼ ਕਰ ਲਵੇ, ਤਾਕਿ ਕੋਈ ਜੀਵ ਨਾ ਮਰੇ. ਜੈਨੀ ਸਾਧੁ ਨੂੰ ਠੰਢਾ ਭੋਜਨ ਅਤੇ ਉਬਲਿਆ ਹੋਇਆ ਪਾਣੀ ਪੀਣਾ ਚਾਹੀਏ. ਨਿਰਮਲ ਜਲ ਨਾਲ ਨ੍ਹਾਉਣਾ ਵਰਜਿਤ ਹੈ, ਕਿਉਂਕਿ ਅਜਿਹਾ ਕਰਨ ਤੋਂ ਜੀਵ ਮਰਦੇ ਹਨ. ਜੈਨੀ ਨੂੰ ਧਨ ਜਮਾਂ ਕਰਨ ਦਾ ਨਿਸ਼ੇਧ ਹੈ. ਹੋਰ ਵ੍ਰਤਾਂ ਤੋਂ ਛੁੱਟ ਅੱਠ ਵ੍ਰਤ ਸਿਰੋਮਣਿ ਹਨ, ਅਰਥਾਤ ਭਾਦੋਂ ਬਦੀ ੧੨. ਤੋਂ ਭਾਦੋਂ ਸੁਦੀ ੪. ਤੀਕ. ਅਖ਼ੀਰੀ ਦਿਨ ਦਾ ਨਾਮ "ਛਮਛਰੀ"[559] ਹੈ, ਜੋ ਸਭ ਤੋਂ ਪਵਿਤ੍ਰ ਹੈ.

ਜੈਨ ਮਤ ਵਿੱਚ ਜਗਤਕਰਤਾ ਪਾਰਬ੍ਰਹਮ ਨਹੀਂ ਮੰਨਿਆ. ਇਹ ਮੁਕ੍ਤਾਤਮਾ ਨੂੰ ਹੀ ਈਸ਼੍ਵਰ ਆਖਦੇ ਹਨ. "ਜੈਨ ਮਾਰਗ ਸੰਜਮ ਅਤਿ ਸਾਧਨ." (ਸੁਖਮਨੀ) ਦੇਖੋ, ਤੀਰਥੰਕਰ, ਮਾਯਮੋਹ ਅਤੇ ਰਿਖਭਦੇਵ। ੨. ਅ਼. زین ਜ਼ੈਨ. ਖ਼ੂਬੀ. ਗੁਣ। ੩. ਸਜਾਵਟ. ਸ਼੍ਰਿੰਗਾਰ। ੪. ਫ਼ਾ. ਵੈਰਾਗਵਾਨ. ਜਿਸ ਨੇ ਸੰਸਾਰ ਦੇ ਪਦਾਰਥਾਂ ਦਾ ਪ੍ਰੇਮ ਤ੍ਯਾਗ ਦਿੱਤਾ ਹੈ.

ਜ਼ੈਨਖ਼ਾਂ: زین خاں ਇਸ ਨੂੰ ਅਹ਼ਮਦਸ਼ਾਹ ਦੁੱਰਾਨੀ ਨੇ ਸੰਮਤ ੧੮੧੮ (ਸਨ ੧੭੬੧) ਵਿੱਚ ਸਰਹਿੰਦ ਦਾ ਹ਼ਾਕਮ ਥਾਪਿਆ. ਖਾਲਸੇ ਦੇ ਦਲ ਨਾਲ ਮਿਲਕੇ ਫੂਲਵੰਸ਼ੀ ਰਾਜਿਆਂ ਨੇ ਇਸ ਨੂੰ ਸਰਹਿੰਦ ਤੋਂ ਸੱਤ ਮੀਲ ਦੇ ਫ਼ਾਸਲੇ ਪੁਰ ਮਨਹੇੜੇ ਪਾਸ ਲੜਾਈ ਵਿੱਚ ੪. ਮਾਘ ਸੰਮਤ ੧੮੨੦ (ਸਨ ੧੭੬੩) ਨੂੰ ਪੀਰਜੈਨ ਦੇ ਮੁਕ਼ਾਮ ਕ਼ਤਲ ਕੀਤਾ. ਜ਼ੈਨਖ਼ਾਂ ਦਾ ਸਿਰ ਮਾੜੀ ਵਾਲੇ ਤਾਰਾਸਿੰਘ ਨੇ ਵੱਢਿਆ ਸੀ. ਇਸ ਫ਼ਤੇ ਪਿੱਛੋਂ ਸਰਹਿੰਦ ਅਤੇ ਉਸ ਦਾ ਬਹੁਤ ਇਲਾਕਾ ਪਟਿਆਲੇ ਦੇ ਰਾਜ ਨਾਲ ਮਿਲ ਗਿਆ ਅਤੇ ਨਾਭੇ ਅਰ ਜੀਂਦ ਦੇ ਹੱਥ ਭੀ ਕਈ ਪਿੰਡ ਆਏ.

ਜੈਨਲਾਵਦੀ: زین العابدین ਜ਼ੈਨਲਆ਼ਬਿਦੀਨ. ਇਮਾਮ ਹ਼ੁਸੈਨ ਦਾ ਪੁਤ੍ਰ, ਜਿਸ ਤੋਂ ਸੱਯਦਵੰਸ਼ ਚੱਲਿਆ ਹੈ. ਇਸ ਦਾ ਜਨਮ ਸਨ ੬੫੭ ਵਿੱਚ ਅਤੇ ਦੇਹਾਂਤ ਸਨ ੭੧੩ ਵਿੱਚ ਹੋਇਆ। ੨. ਸੁਲਤ਼ਾਨ ਸਿਕੰਦਰ ਦਾ ਪੁਤ੍ਰ ਅਤੇ ਹੈਦਰਸ਼ਾਹ ਦਾ ਪਿਤਾ, ਜੋ ਸਨ ੧੪੨੩ ਵਿੱਚ ਕਸ਼ਮੀਰ ਦੇ ਤਖ਼ਤ ਪੁਰ ਬੈਠਾ ਅਤੇ ਸਨ ੧੪੭੪ ਵਿੱਚ ਮਰਿਆ। ੩. ਅ਼ਲਾਉੱਦੀਨ ਖ਼ਿਲਜੀ ਦਾ ਭੀ ਇਹ ਨਾਮ ੧੯੯ਵੇਂ ਚਰਿਤ੍ਰ ਵਿੱਚ ਆਇਆ ਹੈ, ਯਥਾ- "ਜੈਨਲਾਵਦੀ ਸਾਹ ਕੋ ਤਬ ਹੀ ਦਯੋ ਭਜਾਇ। ਰਤਨਸੈਨ ਰਾਨਾ ਗਏ ਗੜਿ ਇਹ ਚਰਿਤ ਦਿਖਾਇ." ਦੇਖੋ, ਅਲਾਉੱਦੀਨ ਅਤੇ ਚਤੌੜ.

ਜੈਨੀ: ਦੇਖੋ, ਜੈਨ. "ਇਕ ਜੈਨੀ ਉਝੜਿ ਪਾਇ." (ਵਾਰ ਮਲਾ ਮਃ ੧)

ਜੈਪਤ੍ਰ: ਦੇਖੋ, ਜਯਪਤ੍ਰ.

ਜੈਪਾਲ: ਦੇਖੋ, ਜਯਪਾਲ.

ਜੈਪੁਰ: ਦੇਖੋ, ਜਯਸਿੰਘ.

ਜੈਮਲ: ਦੇਖੋ, ਅਕਬਰ ਅਤੇ ਚਤੌੜ। ੨. ਇੱਕ ਪਹਾੜੀ ਯੋਧਾ, ਜੋ ਭੰਗਾਣੀ ਦੇ ਜੰਗ ਵਿੱਚ ਦਸ਼ਮੇਸ਼ ਦੀ ਸੈਨਾ ਨਾਲ ਭਿੜਿਆ. "ਜੈਮਲ ਕੋਪ ਚਢ੍ਯੋ ਰਣ ਮੇ ਕਰ ਮੇ ਬਰਛੀ ਤਿਰਛੀ ਗਹਿ ਲੀਨੀ." (ਗੁਰੁਸੋਭਾ)

ਜੈਮਲਸਿੰਘ: ਇਹ ਕਨ੍ਹੈਯਾ ਸਰਦਾਰ, ਫਤੇਗੜ੍ਹ (ਜਿਲਾ ਗੁਰਦਾਸਪੁਰ) ਦਾ ਰਈਸ ਸੀ. ਇਸ ਦੀ ਸੁਪੁਤ੍ਰੀ ਚੰਦਕੌਰ ਦਾ ਵਿਆਹ ੬. ਫਰਵਰੀ ਸਨ ੧੮੧੨ ਨੂੰ ਵਡੀ ਧੂਮਧਾਮ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਰ ਸ਼ਾਹਜ਼ਾਦਾ ਖੜਗ ਸਿੰਘ ਨਾਲ ਹੋਇਆ. ਇਸ ਸ਼ਾਦੀ ਵਿੱਚ ਫੂਲਕਿਆਨ ਰਾਜੇ, ਭਾਈ ਸਾਹਿਬ ਕੈਥਲ ਅਤੇ ਗਵਰਨਰ ਜਨਰਲ ਦਾ ਏਜੈਂਟ ਸਰ ਡੇਵਿਡ ਆਕਟਰਲੋਨੀ ਸ਼ਾਮਿਲ ਸੀ. ਮਹਾਰਾਨੀ ਚੰਦਕੌਰ ਦੀ ਕੁੱਖ ਤੋਂ ਕੌਰ ਨੌਨਿਹਾਲ ਸਿੰਘ ਦਾ ਜਨਮ ਹੋਇਆ. ਦੇਖੋ, ਖੜਗ ਸਿੰਘ, ਚੰਦਕੌਰ ਅਤੇ ਨੌਨਿਹਾਲ ਸਿੰਘ.

ਜੈਮਾਲਾ: ਸੰਗ੍ਯਾ- ਜਯਮਾਲਾ. ਉਹ ਮਾਲਾ ਜੋ ਜੰਗ ਅਤੇ ਸ੍ਵਯੰਬਰ ਜਿੱਤਣ ਵਾਲੇ ਦੇ ਗਲ ਪਹਿਰਾਈ ਜਾਵੇ.

---

[559] ਇਸ ਦਾ ਮੂਲ ਸੰਸਕ੍ਰਿਤ ਸੰਵਤਸਰੀ (संवत्सरी ) ਹੈ.

**ਜੈਮਿਨਿ:** ਵ੍ਯਾਸ ਦੇ ਚੇਲਿਆਂ ਵਿੱਚੋਂ ਇੱਕ ਵਡਾ ਵਿਦ੍ਵਾਨ, ਜੋ ਪੂਰਵਮੀਮਾਂਸਾ ਸ਼ਾਸਤ੍ਰ ਦਾ ਆਚਾਰਯ ਹੈ. ਮਹਾਭਾਰਤ ਦੇ ਅਸ਼੍ਵਮੇਧ ਪਰਵ ਤੋਂ ਭਿੰਨ, ਜੈਮਿਨਿ ਕ੍ਰਿਤ ਅਸ਼੍ਵਮੇਧ ਦੇਖੀਦਾ ਹੈ, ਜਿਸ ਵਿੱਚ ਕਈ ਪ੍ਰਸੰਗ ਮਹਾਭਾਰਤ ਤੋਂ ਨਵੇਂ ਹਨ. ਜੈਮਿਨਿ ਦਾ ਪੁਤ੍ਰ ਸੁਮੰਤੁ ਭੀ ਵਡਾ ਵਿਦ੍ਵਾਨ ਹੋਇਆ ਹੈ.

**ਜੈਮਿਨਿਦਰ੍‍ਸ਼ਨ:** ਪੂਰਵਮੀਮਾਂਸਾ ਸ਼ਾਸਤ੍ਰ, ਜਿਸ ਦੇ ਬਾਰਾਂ ਅਧ੍ਯਾਯ ਹਨ. ਇਸ ਵਿੱਚ ਸ਼੍ਰੁਤਿ ਸਿਮ੍ਰਿਤਿ ਦੇ ਧਰਮ ਦਾ ਪ੍ਰਤਿਪਾਦਨ ਅਤੇ ਪਰਸਪਰ ਵਿਰੋਧ ਦਾ ਖੰਡਨ ਹੈ.

**ਜੈਯਦ:** ਅ਼. جیّد ਵਿ- ਖਰਾ. ਅੱਛਾ। ੨. ਮਜਬੂਤ਼. ਦ੍ਰਿੜ੍ਹ.

**ਜੈਯਾ:** ਪੈਦਾ ਹੋਇਆ. ਜਨਮਿਆਂ. "ਤੇਰਹ ਮਾਸ ਭਏ ਜੋਉ ਜੈਯਾ." (ਕ੍ਰਿਸਨਾਵ) ੨. ਜਨਮੈਯਾ. ਪੈਦਾ ਕਰੈਯਾ। ੩. ਜਿੱਤਣ ਵਾਲਾ.

**ਜੈਰਾਮ:** ਸੁਲਤਾਨਪੁਰ ਨਿਵਾਸੀ ਖਤ੍ਰੀ, ਜੋ ਸਤਿਗੁਰੂ ਨਾਨਕਦੇਵ ਦੀ ਭੈਣ ਬੀਬੀ ਨਾਨਕੀ ਜੀ ਦਾ ਪਤਿ, ਅਤੇ ਸੁਲਤਾਨਪੁਰ ਦੇ ਹਾਕਮ ਦੌਲਤਖ਼ਾਨ ਲੋਦੀ ਦਾ ਆਮਿਲ ਸੀ. ਇਸੇ ਦੀ ਪ੍ਰੇਰਣਾ ਨਾਲ ਗੁਰੂ ਸਾਹਿਬ ਨੇ ਦੌਲਤਖ਼ਾਂ ਦਾ ਮੋਦੀ ਹੋਣਾ ਅੰਗੀਕਾਰ ਕੀਤਾ ਸੀ. ਦੇਖੋ, ਨਾਨਕੀ ਬੀਬੀ.

**ਜੈਲ:** ਅ਼. ذیل ਜੈਲ. ਸੰਗ੍ਯਾ- ਪੱਲਾ. ਦਾਮਨ. ਲੜ। ੨. ਪੰਕਤਿ. ਕ਼ਤ਼ਾਰ. ਸ਼੍ਰੇਣੀ। ੩. ਇ਼ਲਾਕ਼ਾ. ਪਰਗਨਾ। ੪. ਕ੍ਰਿ. ਵਿ- ਨੀਚੇ. ਹੇਠ.

**ਜੈਲਦਾਰ:** ਫ਼ਾ. ذیلدار ਜੈਲਦਾਰ. ਸੰਗ੍ਯਾ- ਆਪਣੇ ਹੇਠ ਨੰਬਰਦਾਰ ਆਦਿਕਾਂ ਨੂੰ ਰੱਖਣ ਵਾਲਾ, ਇ਼ਲਾਕ਼ੇ ਦਾ ਪ੍ਰਬੰਧ ਕਰਤਾ ਅਹ਼ੁਦੇਦਾਰ, ਜੋ ਤਸੀਲਦਾਰ ਅਤੇ ਜਿਲੇ ਦੇ ਕਰਮਚਾਰੀਆਂ ਦੇ ਅਧੀਨ ਕੰਮ ਕਰਦਾ ਹੈ.

**ਜੈ ਵਿਜੈ:** ਦੇਖੋ, ਜਯ ਵਿਜਯ.

**ਜੋ, ਜੋਉ:** ਸਰਵ- ਯਃ ਜੇਹੜਾ. "ਜੋ ਆਇਆ ਸੋ ਸਭਕੋ ਜਾਸੀ." (ਗਉ ਛਤੰ ਮਃ ੩) ੨. ਜੋਇ ਅਤੇ ਜੋਰੂ ਦਾ ਸੰਖੇਪ. ਦੇਖੋ, ਜੋਜਿਤ। ੩. ਫ਼ਾ. ਜ਼ੋ. ਅਜ਼- ਓ ਦਾ ਸੰਖੇਪ. ਉਸ ਤੋਂ। ੪. ਸਿੰਧੀ. ਕਾ. ਦਾ. ਦੇਖੋ, ਮਹਿੰਜੋ.

**ਜੋਆਇਆ:** ਜੋਤਿਆ. ਜੋੜਿਆ. "ਮੈ ਸਤ ਕਾ ਹਲੁ ਜੋਆਇਆ." (ਸ੍ਰੀ ਮਃ ੫. ਪੈਪਾਇ)

**ਜੋਆਨੀ:** ਸੰਗ੍ਯਾ- ਜਵਾਨੀ ਯੁਵਾਵਸ੍ਥਾ. "ਰੂਪਵੰਤ ਜੋਆਨੀ." (ਆਸਾ ਮਃ ੫)

**ਜੋਇ:** ਸਰਵ- ਜੋ. ਜੇਹੜਾ. "ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਹੇ." (ਵਡ ਛੰਤ ਮਃ ੧) ੨. ਸੰਗ੍ਯਾ- ਸਿੰਧੀ. ਭਾਰਯਾ. ਜੋਰੂ. ਸੰ. ਜਾਯਾ. ਅ਼. زوجہ ਜ਼ੌਜਹ. "ਘਰ ਕੀ ਜੋਇ ਗਵਾਈ ਥੀ." (ਗੌਂਡ ਨਾਮਦੇਵ) ਦੇਖੋ, ਜੋਇ ਖਸਮੁ ੩. ਕ੍ਰਿ. ਵਿ- ਜੋਹਕੇ. ਪੜਤਾਲਕੇ. ਖੋਜਕੇ. "ਬੇਦ ਪੁਰਾਨ ਸਭ ਦੇਖੇ ਜੋਇ." (ਬਸੰ ਰਾਮਾਨੰਦ)

**ਜੋਇਓ, ਜੋਇਆ:** ਜੋਤਿਆ. ਜੋੜਿਆ. ਸੰ. ਯੋਕ੍ਤ੍ਰਿਤ. "ਹੈਵਰ ਬ੍ਰਿਖ ਜੋਇਓ." (ਗਉ ਮਃ ੫) "ਫਿਰਿ ਫਿਰਿ ਜੋਨੀ ਜੋਇਆ." (ਮਾਰੂ ਮਃ ੫) ੨. ਫ਼ਾ. جویا ਢੂੰਢਣ ਵਾਲਾ. ਖੋਜੀ. ਦੇਖੋ ਜੋਈਦਨ.

**ਜੋਇਆਂ:** ਫ਼ਾ. جویاں ਢੂੰਢਦਾ ਹੋਇਆ. ਖੋਜਦਾ ਹੋਇਆ.

**ਜੋਇਸੀ:** ਜ੍ਯੋਤਿਸ਼ੀ. "ਪੰਡਿਤ ਪਾਧੇ ਜੋਇਸੀ." (ਆਸਾ ਅਃ ਮਃ ੧) ੨. ਢੂੰਡੇਗਾ. ਭਾਲੇਗਾ। ੩. ਦੇਖੇਗਾ. ਦੇਖੋ, ਜੋਈਦਨ.

**ਜੋਇ ਖਸਮੁ:** ਕਬੀਰ ਜੀ ਦਾ ਬਸੰਤ ਰਾਗ ਵਿੱਚ ਸ਼ਬਦ ਹੈ-

੧. ਜੋਇ ਖਸਮੁ ਹੈ ਜਾਇਆ,

੨. ਪੂਤਿ ਬਾਪੁ ਖੇਲਾਇਆ,

੩. ਬਿਨੁ ਸੂਵਣਾ ਖੀਰ ਪਿਲਾਇਆ,

੪. ਸੁਤਿ ਮੁਕਲਾਈ ਅਪਨੀ ਮਾਉ,

੫. ਪਗਾ ਬਿਨੁ ਹੁਰੀਆ ਮਾਰਤਾ,

੬. ਬਦਨੈ ਬਿਨੁ ਖਿਰ ਖਿਰ ਹਾਸਤਾ,

੭. ਨਿੰਦ੍ਰਾ ਬਿਨੁ ਨਰੁ ਪੈ ਸੋਵੈ,

੮. ਬਿਨੁ ਬਾਸਨ ਖੀਰੁ ਬਿਲੋਵੈ,

੯. ਬਿਨੁ ਅਸਥਨ ਗਊ ਲਵੇਰੀ,

੧੦ ਪੈਡੇ ਬਿਨੁ ਬਾਟ ਘਨੇਰੀ. xxx

ਇਸ ਦਾ ਭਾਵ ਹੈ:-

ਜਿਵੇਂ ਇਸ ਪਦ ਵਿੱਚ ਲਿਖੀਆਂ ਗੱਲਾਂ ਅਸੰਭਵ ਹਨ, ਤਿਵੇਂ ਬਿਨਾ ਗੁਰੂ ਗ੍ਯਾਨਮਾਰਗ ਦੀ ਪ੍ਰਾਪਤੀ ਅਣਬਣ ਹੈ. ਸਾਂਪ੍ਰਦਾਈ ਗ੍ਯਾਨੀ ਇਸ ਦਾ ਹੇਠ ਲਿਖਿਆ ਅਰਥ ਭੀ ਕਰਦੇ ਹਨ:-

੧. ਔਰਤ (ਮਾਯਾ) ਨੇ ਖਸਮ (ਈਸ਼੍ਵਰ) ਨੂੰ ਪੈਦਾ ਕੀਤਾ. ਭਾਵ- ਜੀਵ ਈਸ਼੍ਵਰ ਭੇਦ ਮਾਇਆ ਕਰਕੇ ਹੋਏ.

੨. ਪੁੱਤ ਨੇ ਬਾਪ ਨੂੰ ਖੇਲਾਇਆ. ਭਾਵ- ਜੀਵ ਨੇ ਈਸ਼੍ਵਰ ਨੂੰ ਪਾਲਣ ਪੋਸ਼ਣ ਆਦਿ ਕ੍ਰੀੜਾ ਵਿੱਚ ਪ੍ਰਵਿਰਤ ਕਰਾਇਆ.

੩. ਬਿਨਾ ਥਣਾਂ ਤੋਂ ਦੁੱਧ ਪਿਆਇਆ. ਭਾਵ- ਮਾਇਆ ਨੇ ਜੀਵ ਨੂੰ ਵਿਸ਼ੇਭੋਗ ਦੇ ਰਸ ਵਿੱਚ ਲਾਇਆ.

੪. ਪੁੱਤ (ਜੀਵ) ਨੇ ਆਪਣੀ ਮਾਂ (ਮਾਯਾ) ਭੋਗ ਲਈ ਆਪਣੀ ਕਰ ਲਈ ਹੈ.

੫. ਮਨ ਪੈਰਾਂ ਬਿਨਾ ਹੈ, ਪਰ ਦੂਰ ਦੂਰ ਛਾਲਾਂ ਮਾਰਦਾ ਹੈ.

੬. ਮੁਖ ਬਿਨਾ ਹੈ, ਪਰ ਖਿੜ ਖਿੜ ਹਸਦਾ ਹੈ. ਭਾਵ- ਵਿਸ਼ਿਆਂ ਕਰਕੇ ਪ੍ਰਸੰਨ ਹੁੰਦਾ ਹੈ.

੭. ਜੀਵ ਵਾਸਤਵ ਵਿੱਚ ਬਿਨਾ ਨਿਦ੍ਰਾ (ਅਵਿਦ੍ਯਾ) ਦੇ ਹੈ, ਪਰ ਸੌਂ ਰਿਹਾ ਹੈ.

੮. ਬਰਤਨ ਸਰੀਰ ਤੋਂ ਬਿਨਾ (ਭਾਵ- ਅਸੰਗ) ਹੈ, ਪਰ ਸੁਖਾਂ ਲਈ ਜਤਨ ਵਿੱਚ ਲੱਗਾ ਹੈ.

੯. ਸ੍ਥਿਤਿਰੂਪ ਥਣਾਂ ਤੋਂ ਰਹਿਤ ਗਊ (ਮਾਯਾ) ਪਦਾਰਥਭੋਗ ਰੂਪ ਦੁੱਧ ਦੇ ਰਹੀ ਹੈ.

੧੦ ਜੀਵ ਆਵਾਗਮਨ ਰਹਿਤ ਹੈ, ਪਰ ਚੌਰਾਸੀ ਵਿੱਚ ਭ੍ਰਮਦਾ ਹੈ.

ਜੋਇੰਦਾ: ਫ਼ਾ. جوئندہ ਵਿ- ਟੋਲਣ ਵਾਲਾ. ਖੋਜੀ. "ਹਉ ਜੋਇੰਦਾ ਸੱਚ ਦਾ." (ਮਗੋ) ਦੇਖੋ, ਜੋਈਦਨ.

ਜੋਈ: ਸਰਵ- ਜੋ. ਯঃ ਜੇਹੜਾ. "ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ." (ਮਲਾ ਰਵਿਦਾਸ) ੨. ਸੰਗ੍ਯਾ- ਭਾਰਯਾ. ਜੋਰੂ. ਜਾਯਾ. ਜ਼ੌਜਹ. "ਕਵਨ ਪੁਰਖ ਕੀ ਜੋਈ." (ਆਸਾ ਕਬੀਰ) ੩. ਕ੍ਰਿ. ਵਿ- ਜੋਹਕੇ. ਖੋਜਕੇ. ਪੜਤਾਲ ਕਰਕੇ. "ਸਗਲੇ ਮੈ ਦੇਖੇ ਜੋਈ." (ਮਾਰੂ ਮਃ ੫) ਦੇਖੋ, ਜੋਈਦਨ। ੪. ਜੋੜੀ. ਜੋਤੀ। ੫. ਜੋਈਂ. ਦੇਖਾਂ. "ਜੋਈ ਸਾਂਈ ਮੁਹ ਖੜਾ." (ਵਾਰ ਮਾਰੂ ੨. ਮਃ ੫)

ਜੋਈਐ: ਦੇਖੀਐ. ਵੇਖੀਏ। ੨. ਭਾਲੀਏ. ਦੇਖੋ, ਜੋਈਦਨ. "ਗੁਰਸਬਦੀ ਦਰ ਜੋਈਐ." (ਮਾਰੂ ਅঃ ਮਃ ੧)

ਜੋਈਦਨ: ਫ਼ਾ. جوئیدن ਕ੍ਰਿ. ਢੂੰਢਣਾ. ਟੋਲਣਾ. ਭਾਲਣਾ.

**ਜੋਸ, ਜੋਸ਼:** ਅ਼. جوش ਸੰਗਜਾ- ਉਬਾਲ। ੨. ਕ੍ਰੋਧ. "ਉਠਜੋ ਕਟੋਚਨ ਜੋਸ." (ਵਿਚਿਤ੍ਰ) ੩. ਸੰ. ਜੋਸ਼. ਪ੍ਰੇਮ। ੪. ਸੁਖ.

**ਜੋਸਤਾ:** ਸੰ. ਯੋਸ਼ਿਤ. ਸੰਗਜਾ- ਯੁਸ਼ (ਸੇਵਾ) ਕਰਨ ਵਾਲੀ. ਇਸਤ੍ਰੀ. ਨਾਰੀ. "ਮਿਲੀ ਜੋਸਤਾ ਬਾਲਕ ਗੋਦ." (ਗੁਪ੍ਰਸੂ) ਦੇਖੋ, ਯੋਖਿਤਾ.

**ਜੋਸ਼ਾਂਦਾ:** ਫ਼ਾ. جوشاندہ ਜੋਸ਼ਾਂਦਹ. ਵਿ- ਉਬਾਲਿਆ- ਹੋਇਆ। ੨. ਸੰਗਜਾ- ਕਾੜ੍ਹਾ. ਕ੍ਵਾਥ.

**ਜੋਸਿ ਸੋਸਿ:** ਸੰ. यो ऽसि सोऽसि. ਯੋਸਿ ਸੋਸਿ. ਜੋ ਤੂੰ ਹੈਂ. ਸੋ ਤੂੰ ਹੈਂ. ਭਾਵ- ਆਪਣੇ ਆਪ ਨੂੰ ਤੂੰ ਹੀ ਜਾਣਦਾ ਹੈਂ. "ਸ਼੍ਰੀ ਨਾਨਕ ਜੋ ਹਮਰੇ ਸ੍ਵਾਮੀ। ਜੋਸਿ ਸੋਸਿ ਹੈਂ ਅੰਤਰਜਾਮੀ." (ਨਾਪ੍ਰ)

**ਜੋਸ਼ਿਤਾ:** ਦੇਖੋ, ਜੋਸਤਾ.

**ਜੋਸੀ:** ਜਯੋਤਿਸ਼ੀ। ੨. ਮਹਾਰਾਸ਼੍ਟ੍ਰ ਬ੍ਰਾਹਮਣਾਂ ਦੀ ਇੱਕ ਜਾਤਿ। ੩. ਪਹਾੜੀ ਬ੍ਰਾਹਮਣਾਂ ਦੀ ਇੱਕ ਜਾਤਿ. ਜੋਸ਼ੀ.

**ਜੋਸ਼ੀਦਨ:** ਫ਼ਾ. جوشیدن ਕ੍ਰਿ- ਜੋਸ਼ ਦੇਣਾ. ਉਬਾਲਣਾ। ੨. ਜੋਸ਼ ਵਿੱਚ ਆਉਣਾ। ੩. ਉਬਲਣਾ।

**ਜੋਹ:** ਸੰਗਜਾ- ਨਜਰਬਾਜੀ. "ਚੂਕੈ ਜਮ ਕੀ ਜੋਹ." (ਬਾਵਨ) ਦੇਖੋ, ਜੋਈਦਨ। ੨. ਖੋਜ. ਤਲਾਸ਼. "ਪਰਗ੍ਰਿਹ ਜੋਹ ਨ ਚੂਕੈ." (ਧਨਾ ਮਃ ੫) ੩. ਇੰਤਜਾਰ. ਉਡੀਕ.

**ਜੋਹਹਿ:** ਦੇਖਦਾ ਹੈ."ਤਰੁਣ ਤੇਜੁ ਪਰਤ੍ਰਿਅ ਮੁਖ ਜੋਹਹਿ." (ਸ੍ਰੀ ਬੇਣੀ)

**ਜੋਹਣੁ:** ਸਿੰਧੀ. ਕ੍ਰਿ- ਨੁਕ਼ਸਾਨ ਪਹੁਚਾਉਣਾ। ੨. ਮੁਕ਼ਾਬਲਾ ਕਰਨਾ। ੩. ਦਬਾਉਣਾ। ੪. ਦੇਖੋ, ਜੋਹਨ.

**ਜੋਹਤ:** ਦੇਖੋ, ਜੋਹਹਿ.

**ਜੋਹਤੀ:** ਦੇਖਦੀ ਹੈ. "ਮੁਖ ਕਉ ਜੋਹਤੀ." (ਫੁਨਹੇ ਮਃ ੫)

**ਜੋਹਦ:** ਦੇਖੋ, ਜੁਹਦ.

**ਜੋਹਨ, ਜੋਹਨਾ:** ਕ੍ਰਿ- ਦੇਖਣਾ. ਤੱਕਣਾ। ੨. ਖੋਜਣਾ. ਢੂੰਡਣਾ। ੩. ਉਡੀਕਣਾ. ਰਾਹਦੇਖਣਾ। ੪. ਅਸਰ ਕਰਨਾ. ਵਜਾਪਣਾ। ੫. ਦੇਖੋ, ਜੋਹਣੁ. "ਜੋਹਨ ਪਾਪ ਬਿਦਾਰਨ ਕਉ." (ਸਵੈਯੇ ਸ੍ਰੀ ਮਖਵਾਕ ਮਃ ੫)

**ਜੋਹਰ, ਜੋਹੜ:** ਸੰਗਜਾ- ਜੀਵ (ਜਲ) ਦੇ ਧਾਰਨ ਵਾਲਾ ਛੱਪੜ. ਕੱਚਾ. ਤਾਲ. ਟੋਭਾ.

**ਜੋਹੜ ਸਾਹਿਬ, ਜੋਹੜ ਜੀ:** ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ, ਜੋ ਰਿਆਸਤ ਪਟਿਆਲੇ ਦੀ ਤਸੀਲ ਕੰਡਾਘਾਟ, ਥਾਣਾ ਪਰਮਪੁਰ ਵਿੱਚ ਹੈ. ਰੇਲਵੇ ਸਟੇਸ਼ਨ ਧਰਮਪੁਰ ਅਤੇ ਕੁਮਾਰਹੱਟੀ ਤੋਂ ਅੱਠ ਨੌ ਮੀਲ ਹੈ. ਗੁਰੂ ਜੀ ਉਪਦੇਸ਼ ਕਰਦੇ ਇਸ ਥਾਂ ਵਿਰਾਜੇ ਹਨ. ਇੱਥੋਂ ਦੇ ਮਾਹੀਆ ਗੁੱਜਰ ਦੀ ਬੇਨਤੀ ਮੰਨਕੇ ਇੱਕ ਪੱਥਰ ਦੀ ਸਿਲਾ ਚੁੱਕਕੇ ਜਲ ਕੱਢਿਆ, ਜੋ ਹੁਣ ਨਿੱਕਾ ਜਿਹਾ ਪੱਕਾ ਤਾਲ ਹੈ. ਜਿਸਦਾ ਨਾਉਂ "ਮਾਹੀਆ ਜੋਹੜ" ਪ੍ਰਸਿੱਧ ਹੈ. ਪਾਸ ਗੁਰਦ੍ਵਾਰਾ ਬਣਿਆ ਹੋਇਆ ਹੈ. ਨਾਲ ਪਹਾੜੀ ਇਲਾਕੇ ਦੀ ਬਹੁਤ ਸਾਰੀ ਜ਼ਮੀਨ ਹੈ. ਪੁਜਾਰੀ ਹਰੀਪੁਰ ਦਾਉਂ ਵਾਲੇ ਰਾਮਰਈਏ ਹਨ. ਇਨ੍ਹਾਂ ਨੇ ਇਸ ਗੁਰਦ੍ਵਾਰੇ ਨੂੰ ਬਾਬਾ ਜਵਾਹਰ ਸਿੰਘ ਦਾ ਅਸਥਾਨ ਮਸ਼ਹੂਰ ਕੀਤਾ ਹੋਇਆ ਹੈ, ਜੋ ਭੁੱਲ ਹੈ. ਜੇਠ ਅਤੇ ਕੱਤਕ ਵਿੱਚ ਮੇਲਾ ਹੁੰਦਾ ਹੈ, ਲੰਗਰ ਚਲਦਾ ਹੈ.

**ਜੋਹਾ:** ਸੰਗਜਾ- ਤਲਾਸ਼. ਖੋਜ. ਦੇਖੋ, ਜੋਹ. "ਮਾਇਆ ਕੀ ਨਿਤ ਜੋਹਾ." (ਵਾਰ ਰਾਮ ੨. ਮਃ ੫)

**ਜੋਹਾਰ:** ਨਮਸਕਾਰ. ਦੇਖੋ, ਜੁਹਾਰ. "ਸਦਾ ਸਦਾ ਤਾਕਉ ਜੋਹਾਰ." (ਭੈਰ ਮਃ ੫) "ਤਿਸੁ ਜੋਹਾਰੀ ਸੁਅਸਤਿ ਤਿਸੁ." (ਵਾਰ ਆਸਾ)

ਜੋਹਿ: ਦੇਖੋ, ਜੋਹ। ੨. ਦੇਖਕੇ। ੩. ਖੋਜਕੇ.

ਜੋਹਿਓ: ਦੇਖੋ, ਜੋਹਨਾ। ੨. ਜਹਨ (ਦੂਰ) ਹੋਇਓ. ਮਿਟਿਆ. "ਕੰਤੁ ਮਿਲਿਓ ਮੇਰੋ ਸਭ ਦੁਖੁ ਜੋਹਿਓ." (ਆਸਾ ਮਃ ੫) ਦੇਖੋ, ਹਨ.

ਜੋਹਿਆ: ਦੇਖੋ, ਜੋਹਨਾ। ੨. ਦੂਰ ਹੋਇਆ. ਮਿਟਿਆ. "ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ." (ਸ੍ਰੀ ਛੰਤ ਮਃ ੫) ਦੇਖੋ, ਜਨਹ.

ਜੋਹੀ: ਦੇਖੋ, ਜੋਹਨਾ। ੨. ਵਿ- ਜੋਹਨ (ਦੇਖਣ) ਵਾਲਾ. ਤਾਕੂ. "ਪਰਘਰ ਜੋਹੀ ਨੀਚ ਸਨਾਤ." (ਸ੍ਰੀ ਮਃ ੧)

ਜੋਹੇ: ਦੇਖੇ. ਦੇਖੋ, ਜੋਹਨਾ. "ਨਿਤ ਜੋਹੇ ਜਮਜਾਲੇ." (ਸ੍ਰੀ ਮਃ ੩)

ਜੋਹੈ: ਦੇਖੋ, ਜੋਹਨਾ। ੨. ਪੋਹੈ. ਅਸਰ ਕਰੈ. "ਮਾਤਗਰਭ ਮਹਿ ਅਗਨਿ ਨ ਜੋਹੈ." (ਗੌਂਡ ਮਃ ੫)

ਜੋਹੰ: ਦੇਖੋ, ਜੋਹਨਾ। ੨. ਦੇਖੋ, ਜਹਨ. "ਜਿਸੁ ਸੁਣਿਐ ਮਨਿ ਹੋਇ ਰਹਸੁ ਅਤਿ ਰਿਦੈ ਮਾਨ ਦੁਖ ਜੋਹੰ." (ਸਾਰ ਮਃ ੫) ਦੁੱਖ ਮਿਟਦਾ ਹੈ। ੩. ਜੋ ਮੈ ਹਾਂ

ਜੋਕ: ਸੰ. ਜਲੌਕਾ (leech). ਸੰਗਯਾ- ਪਾਣੀ ਅਤੇ ਨਮੀ ਵਿੱਚ ਰਹਿਣ ਵਾਲਾ ਇੱਕ ਕੀੜਾ, ਜੋ ਥੈਲੀ ਦੀ ਸ਼ਕਲ ਦਾ ਹੁੰਦਾ ਹੈ. ਇਹ ਸ਼ਰੀਰ ਨਾਲ ਚਿਮਟਕੇ ਲਹੂ ਚੂਸ ਲੈਂਦਾ ਹੈ. ਬਹੁਤ ਲੋਕ ਯੋऽ ਹੰ. ਗੰਦਾ ਲਹੂ ਕੱਢਣ ਲਈ ਜੋਕਾਂ ਲਗਵਾਉਂਦੇ ਹਨ. ਇਸ ਦੇ ਨਾਮ ਰਕ੍ਤਪਾ, ਵਮਨੀ, ਵੇਧਿਨੀ ਆਦਿ ਭੀ ਹਨ. "ਜਿਉ ਕੁਸਟੀ ਤਨਿ ਜੋਕ." (ਸਾਰ ਸੂਰਦਾਸ) ਭਾਵ ਬਹੁਤ ਗੰਦਾ ਲਹੂ ਜੋਕ ਨੂੰ ਮਿਲਦਾ ਹੈ.

ਜੋਖ: (ਸੰ. ਜੁਸ਼੍. ਧਾ- ਵਿਚਾਰ ਕਰਨਾ, ਅੰਦਾਜ਼ਾ ਕਰਨਾ). ਸੰਗਯਾ- ਤੋਲ. ਵਜ਼ਨ.

ਜੋਖਣ, ਜੋਖਣਾ, ਜੋਖਣੁ: ਕ੍ਰਿ- ਤੋਲਣਾ. ਵਜ਼ਨ ਕਰਨਾ. ਦੇਖੋ, ਜੋਖ.

ਜੋਖਮ: ਦੇਖੋ, ਜੋਖੋਂ.

ਜੋਖਿਤ, ਜੋਖਿਤਾ: ਜੋਸ਼ਿਤਾ. ਨਾਰੀ. ਇਸਤ੍ਰੀ. ਦੇਖੋ, ਜੋਸਤਾ. "ਬਹੁ ਜੋਖਤਾ ਜੋਰ ਸੁ ਸੀਲ ਵਿਹੀਨਾ." (ਨਾਪ੍ਰ) "ਜੋਖਿਤ ਪੁਰਖਨ ਕੇ ਹੁਇ ਸਾਜਨ." (ਸਲੋਹ)

ਜੋਖਿਮ: ਦੇਖੋ, ਜੋਖੋਂ.

ਜੋਖੀਵਦੈ: ਜੋਖ (ਵਜ਼ਨ) ਵਿੱਚ ਆਂਵਦੇ. "ਕਿਉ ਬੋਲ ਹੋਵੈ ਜੋਖੀਵਦੈ?" (ਵਾਰ ਰਾਮ ੩) ਗੁਰਾਂ ਦੇ ਵਚਨ ਕਿਸ ਤਰਾਂ ਜੋਖੇ ਜਾ ਸਕਦੇ ਹਨ.

ਜੋਖੋਂ: ਸੰਗਯਾ- ਚਿੰਤਾ. ਸੋਚ। ੨. ਡਰ. ਭਯ (ਭੈ). ੩. ਵਿਪਦਾ ਦਾ ਡਰ। ੪. ਮਾਲ ਧਨ.

ਜੋਗ, ਜੋਗੁ: ਵਯ- ਨੂੰ. ਕੋ. ਪ੍ਰਤਿ. ਤਾਂਈਂ. ਜਿਵੇਂ- "ਲਿਖਤਮ ਉੱਤਮ ਸਿੰਘ, ਜੋਗ ਭਾਈ ਗੁਰੁਮੁਖ ਸਿੰਘ।" ੨. ਲਿਯੇ. ਵਾਸਤੇ. ਲਈ. "ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ." (ਸਵਾ ਮਃ ੧) ੩. ਸੰ. ਯੋਗਯ ਵਿ- ਉਚਿਤ. ਲਾਇਕ. "ਨਾਨਕ ਸਦਾ ਧਿਆਈਐ ਧਿਆਵਨ ਜੋਗੁ." (ਸੁਖਮਨੀ) ੪. ਸੰ. ਯੋਗ. ਸੰਗਯਾ- ਪਤੰਜਲਿ ਰਿਸ਼ਿ ਦਾ ਚਿੱਤ ਨੂੰ ਏਕਾਗ੍ਰ ਕਰਨ ਲਈ ਦੱਸਿਆ ਹੋਇਆ ਸਾਧਨ.[560] ਦੇਖੋ, ਯੋਗ. "ਜੋਗ ਧਿਆਨ ਗੁਰੁਗਿਆਨ." (ਸਵੈਯੇ ਮਃ ੧. ਕੇ) ੫. ਗ੍ਰਹਾਂ ਦਾ ਮੇਲ. ਯੋਗ. ਸੰਬੰਧ. "ਉੱਤਮ ਜੋਗ ਪਰਯੋ ਇਨ ਐਸੋ." (ਗੁਪ੍ਰਸੂ) ੬. ਜੋਗੀ (ਯੋਗੀ) ਲਈ ਭੀ ਜੋਗ ਸ਼ਬਦ ਆਇਆ ਹੈ- "ਸਤਿਗੁਰ ਜੋਗ ਕਾ ਤਹਾ (ਨਿਵਾਸਾ, ਜਹ ਅਵਿਗਤ ਨਾਥੁ ਅਗਮ ਧਨੀ." (ਰਾਮ ਮਃ ੫) ੭. ਗੁਰੁਮਤ ਵਿੱਚ ਨਾਮਅਭ੍ਯਾਸ ਕਰਕੇ ਕਰਤਾਰ

---

[560] योगश्चित्तवृत्ति निरोधः (ਯੋਗਦਸ਼ੰਨ)

ਵਿੱਚ ਲਿਵਲੀਨ ਹੋਣਾ ਜੋਗ ਹੈ. ਦੇਖੋ, ਅਸਟਾਂਗ, ਸਹਜਜੋਗ, ਹਠਯੋਗ ਅਤੇ ਖਟਕਰਮ.

ਜੋਗ ਸਜੋਗ: ਸੰਗਯਾ- ਯੋਗਯ ਸੰਯੋਗ. ਉਚਿਤ ਸੰਬੰਧ

ਜੋਗ ਸਜੋਗੀ: ਵਿ- ਯੋਗਯ ਸੰਯੋਗੀ. ਮੁਨਾਸਿਬ ਸੰਯੋਗ ਕਰਤਾ. "ਨਾਨਕ ਆਪੇ ਜੋਗ ਸਜੋਗੀ." (ਸੂਹੀ ਛੰਤ ਮਃ ੧) ੨. ਯੋਗ ਵਿੱਚ ਜੁੜਿਆ ਹੋਇਆ.

ਜੋਗਕਰੀ: ਵਿ- ਯੋਗ ਕਰਨ ਵਾਲਾ. ਯੋਗਾਭ੍ਯਾਸੀ. "ਮੁਨਿ ਇੰਦ੍ਰ ਮਹਾ ਸਿਵ ਜੋਗਕਰੀ." (ਸਵੈਯੇ ਮਃ ੫. ਕੇ)

ਜੋਗ ਖੇਮ, ਜੋਗ ਛੇਮ: ਸੰ. ਯੋਗ ਕ੍ਸ਼ੇਮ. ਸੰਗਯਾ- ਪਦਾਰਥਾਂ ਦੀ ਪ੍ਰਾਪਤੀ ਅਤੇ ਰਖ੍ਯਾ. ਜੋ ਵਸਤੁ ਨਹੀਂ ਮਿਲੀ ਉਸ ਦਾ ਯੋਗ, ਜੋ ਪ੍ਰਾਪਤ ਹੋ ਗਈ ਹੈ ਉਸ ਦੀ ਰਖ੍ਯਾ.

ਜੋਗਜੁਗਤ, ਜੋਗਜੁਗਤਾ, ਜੋਗਜੁਗਤਾਰਿ: ਵਿ- ਯੋਗ ਯੁਕ੍ਤ. ਯੋਗ ਵਿੱਚ ਜੁੜਿਆ ਹੋਇਆ. "ਜੋਗਜੁਗਤ ਨੀਸਾਨੀ." (ਗੂਜ ਮਃ ੫) "ਤੁਹੀ ਮੁਕੰਦ ਜੋਗਜੁਗਤਾਰਿ." ਗੌਂਡ ਰਵਿਦਾਸ)

ਜੋਗਜੁਗਤਿ: ਸੰਗਯਾ- ਯੋਗ ਦੀ ਯੁਕ੍ਤਿ. ਯੋਗ ਦਾ ਢੰਗ. ਯੋਗ ਦੀ ਤਦਬੀਰ. ਯੋਗਾਭ੍ਯਾਸ ਦਾ ਪ੍ਰਕਾਰ. "ਜੋਗਜੁਗਤਿ ਸੁਨਿ ਆਇਓ ਗੁਰੂ ਤੇ." (ਗਉ ਮਃ ੫) "ਅੰਜਨ ਮਾਹਿ ਨਿਰੰਜਨਿ ਰਹੀਐ ਜੋਗਜੁਗਤਿ ਤਉ ਪਾਈਐ." (ਸੂਹੀ ਮਃ ੧)

ਜੋਗਜੋਗੇਸੂਰ: ਸੰਗਯਾ- ਯੋਗਾਯੁਕ੍ਤ ਯੋਗੀਆਂ ਦਾ ਈਸ਼੍ਵਰ. ਸ਼ਿਵ ਆਦਿ ਯੋਗੀਰਾਜਾਂ ਦਾ ਸ੍ਵਾਮੀ ਕਰਤਾਰ. "ਨਮੋ ਜੋਗਜੋਗੇਸ੍ਵਰੰ." (ਜਾਪੁ)

ਜੋਗਣੀ: ਦੇਖੋ, ਯੋਗਿਨੀ.

ਜੋਗਤਣ: ਸੰਗਯਾ- ਯੋਗਤ. ਯੋਗਪਨ. "ਸਭ ਜੋਗਤਣ ਰਾਮਨਾਮੁ ਹੈ." (ਆਸਾ ਕਬੀਰ)

ਜੋਗਨਸ਼ਾਹ: ਦੇਖੋ, ਜੋਗਾਸਿੰਘ.

ਜੋਗਨਿ: ਸੰਗਯਾ- ਯੋਗਿਨੀ. ਯੋਗੀ ਦੀ ਇਸਤ੍ਰੀ। ੨. ਯੋਗਾਭ੍ਯਾਸ ਕਰਨ ਵਾਲੀ ਇਸਤ੍ਰੀ। ੩. ਦੁਰਗਾ ਦੀ ਅੜਦਲ ਵਿੱਚ ਰਹਿਣ ਵਾਲੀ ਘੋਰ ਦੇਵੀ, ਜੋ ਜੰਗ ਵਿੱਚ ਯੋਧਿਆਂ ਦਾ ਲਹੂ ਪੀਂਦੀ ਹੈ.

ਜੋਗਨਿੰਦ੍ਰਾ: ਸੰਗਯਾ- ਯੋਗਨਿਦ੍ਰਾ. ਕਰਤਾਰ ਦੀ ਉਹ ਅਵਸ੍ਥਾ, ਜਿਸ ਸਮੇਂ ਸਾਰੇ ਸੰਸਾਰ ਨੂੰ ਲੈ ਕਰਕੇ ਕੇਵਲ ਆਪ ਸੁੰਨ ਦਸ਼ਾ, ਵਿੱਚ ਰਹਿੰਦਾ ਹੈ। ੨. ਯੋਗਸਮਾਧਿ। ੩. ਜਾਗਣ ਅਤੇ ਸੌਣ ਦੇ ਮੱਧ ਦੀ ਦਸ਼ਾ. ਜਾਗੋਮੀਟੀ. ਤੰਦ੍ਰਾ। ੪. ਦੁਰਗਾ.

ਜੋਗਨਿਧਿ: ਜੋਗ ਦਾ ਖਜਾਨਾ। ੨. ਸਤਿਗੁਰੂ। ੩. ਕਰਤਾਰ. "ਸਹਜ ਜੋਗਨਿਧਿ ਪਾਵਉ." (ਆਸਾ ਮਃ ੧) ੪. ਰਾਵਲਪਿੰਡੀ ਭਾਈ ਬੂਟਾ ਸਿੰਘ ਹਕੀਮ ਦੀ ਧਰਮਸਾਲਾ ਇੱਕ ਪੁਰਾਣੀ ਲਿਖਤ ਦਾ ਗੁਰੂ ਗ੍ਰੰਥ ਸਾਹਿਬ ਹੈ, ਜਿਸ ਵਿੱਚ ਰੰਗਮਾਲਾ ਜੋਗਨਿਧਿ ਨਾਉਂ ਦੀ ਬਾਣੀ ੯੮ ਪਦਾਂ (ਪੌੜੀਆਂ) ਦੀ ਲਿਖੀ ਹੈ, ਜਿਸ ਦੇ ਮੁੱਢ ਅਤੇ ਅੰਤ ਦੇ ਇਹ ਪਦ ਹਨ-

ਆਗਾਸੀ ਗੁਰੁ ਭਰਿਆ ਨੀਰ,

ਤਾ ਮੇ ਕਮਲ ਬਹੁਤ ਬਿਸਥੀਰ,

ਭਉਰਾ ਲੁਬਧਾ ਤਾਕੀ ਗੰਧ, ਨਾਨਕ ਬੋਲੈ ਬਿਖਮੀ ਸੰਧ. (੧) xxx

ਸਬਦ ਗੁਰੂ ਕੈ ਬਿਨੁ ਕਛੁ ਨ ਸੁਝੈ,

ਸਬਦ ਗੁਰੂ ਕੈ ਬਿਨੁ ਬੋਲੈ ਬੂਝੈ,

ਸਬਦ ਗੁਰੂ ਕੈ ਜੇ ਮਨੁ ਲਾਵੈ,

ਨਾਨਕ ਸੋ ਨਰ ਪਰਮਗਤਿ ਪਾਵੈ. (੯੮)

ਜੋਗਨੀ: ਦੇਖੋ, ਜੋਗਨਿ ਅਤੇ ਯੋਗਿਨੀ। ੨. ਸੰ योगिन ਯੋਗੀ. ਯੋਗ ਵਿੱਚ ਜੁੜਿਆ ਹੋਇਆ. "ਇਹ ਬਿਧਿ ਹੈ ਮਨ ਜੋਗਨੀ." (ਰਾਮ ਮਃ ੫)

ਜੋਗਮਾਇਆ, ਜੋਗਮਾਯਾ: ਸੰਗਯਾ- ਯੋਗਮਾਯਾ. ਕਰਤਾਰ ਦੀ ਉਹ ਸ਼ਕਤਿ, ਜਿਸ ਦ੍ਵਾਰਾ ਜਗਤਰਚਨਾ ਹੁੰਦੀ ਹੈ। ੨. ਦੁਰਗਾ. ਦੇਵੀ। ੩. ਦਿੱਲੀ. ਕੁਤਬ ਮੀਨਾਰ ਪਾਸ ਇੱਕ ਖ਼ਾਸ ਦੇਵੀ, ਜਿਸ ਮੰਦਿਰ ਦਾ ਨਾਮ ਭੀ ਜੋਗਮਾਯਾ ਪ੍ਰਸਿੱਧ ਹੋਇਆ ਹੈ.

ਜੋਗਵੈ: ਯੋਗਾਭ੍ਯਾਸ ਕਰਦਾ ਹੈ. "ਜੋਗੀ ਹੋਵੈ ਜੋਗਵੈ, ਭੋਗੀ ਹੋਵੈ ਖਾਇ." (ਸੂਹੀ ਮਃ ੧)

ਜੋਗਾ: ਵਿ- ਯੋਗ੍ਯ. ਯੋਗ੍ਯਤਾ ਵਾਲਾ. ਲਾਇਕ਼. "ਪ੍ਰਭੁ ਸਭਨਾ ਗਲਾ ਜੋਗਾ ਜੀਉ." (ਮਾਝ ਮਃ ੫) ੨. ਸੰਗਯਾ- ਪਟਿਆਲੇ ਦੀ ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਤਪੇ ਤੋਂ ਨੌ ਮੀਲ ਨੈਰਤ ਕੋਣ ਹੈ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਮਾਲਵੇ ਨੂੰ ਕ੍ਰਿਤਾਰਥ ਕਰਦੇ ਹੋਏ ਇਸ ਥਾਂ ਵਿਰਾਜੇ ਹਨ. ਗੁਰਦ੍ਵਾਰੇ ਨਾਲ ੨੩ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ, ਪੁਜਾਰੀ ਸਿੰਘ ਹੈ.

ਜੋਗਾ ਸਿੰਘ: ਪੇਸ਼ਾਵਰ ਦੇ ਆਸੀਆ ਮਹੱਲੇ ਵਿੱਚ ਰਹਿਣ ਵਾਲੇ ਭਾਈ ਗੁਰਮੁਖ ਦਾ ਸੁਪੁਤ੍ਰ ਜੋਗਾ, ਜਿਸ ਨੇ ਕਲਗੀਧਰ ਤੋਂ ਅਮ੍ਰਿਤ ਛਕਕੇ ਸਿੰਘ ਪਦਵੀ ਧਾਰਨ ਕੀਤੀ.

ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਭਾਈ ਜੋਗਾਸਿੰਘ ਨੂੰ ਸੁਪਾਤ੍ਰ ਜਾਣਕੇ ਹਰ ਵੇਲੇ ਆਪਣੀ ਹਜੂਰੀ ਵਿੱਚ ਰਖਦੇ ਅਤੇ ਅਪਾਰ ਕ੍ਰਿਪਾ ਕਰਦੇ ਸਨ. ਇੱਕ ਵੇਰ ਭਾਈ ਗੁਰਮੁਖ ਨੇ ਅਰਦਾਸ ਕੀਤੀ ਕਿ ਜੋਗਾ ਸਿੰਘ ਦੀ ਸ਼ਾਦੀ ਹੋਣ ਵਾਲੀ ਹੈ, ਇਸ ਨੂੰ ਆਗਯਾ ਮਿਲੇ ਕਿ ਪੇਸ਼ਾਵਰ ਜਾਕੇ ਸ਼ਾਦੀ ਕਰਵਾ ਆਵੇ. ਦਸ਼ਮੇਸ਼ ਨੇ ਸ਼ਾਦੀ ਲਈ ਜੋਗਾਸਿੰਘ ਨੂੰ ਛੁੱਟੀ ਦਿੱਤੀ, ਪਰ ਉਸ ਦੀ ਪਰੀਖ੍ਯਾ ਲਈ ਇੱਕ ਸਿੱਖ ਨੂੰ ਹੁਕਮਨਾਮਾ ਦੇ ਕੇ ਘੱਲਿਆ ਕਿ ਜਦ ਜੋਗਾ ਸਿੰਘ ਇੱਕ ਲਾਂਵ (ਫੇਰਾ) ਲੈ ਚੁੱਕੇ, ਤਦ ਹੁਕਮਨਾਮਾ ਉਸਦੇ ਹੱਥ ਦੇਣਾ. ਸਿੱਖ ਨੇ ਅਜਿਹਾ ਹੀ ਕੀਤਾ. ਹੁਕਮਨਾਮੇ ਵਿੱਚ ਹੁਕਮ ਸੀ ਕਿ ਇਸ ਨੂੰ ਵੇਖਦੇ ਹੀ ਆਨੰਦਪੁਰ ਵੱਲ ਤੁਰ ਪਓ. ਸੋ ਜੋਗਾਸਿੰਘ ਤਿੰਨ ਲਾਂਵਾਂ ਵਿੱਚੇ ਛੱਡਕੇ ਘਰੋਂ ਤੁਰ ਪਿਆ, ਬਾਕੀ ਤਿੰਨ ਲਾਂਵਾਂ ਉਸ ਦੇ ਕਮਰਬੰਦ ਨਾਲ ਦੇਕੇ ਵਿਆਹ ਪੂਰਾ ਕੀਤਾ ਗਿਆ.

ਰਸਤੇ ਵਿੱਚ ਭਾਈ ਜੋਗਾਸਿੰਘ ਦੇ ਮਨ ਸੰਕਲਪ ਫੁਰਿਆ ਕਿ ਸਤਿਗੁਰੂ ਦੀ ਆਗਯਾ ਮੰਨਣ ਵਾਲਾ ਮੇਰੇ ਜੇਹਾ ਕੋਈ ਵਿਰਲਾ ਹੀ ਸਿੱਖ ਹੋਵੇਗਾ. ਜਦ ਭਾਈ ਜੋਗਾਸਿੰਘ ਹੁਸ਼ਿਆਰਪੁਰ ਪੁੱਜਾ, ਤਾਂ ਇੱਕ ਵੇਸ਼੍ਯਾ ਦਾ ਸੁੰਦਰ ਰੂਪ ਵੇਖਕੇ ਕਾਮ ਨਾਲ ਵ੍ਯਾਕੁਲ ਹੋਗਿਆ ਅਤੇ ਸਿੱਖਧਰਮ ਵਿਰੁੱਧ ਕੁਕਰਮ ਕਰਨ ਲਈ ਪੱਕਾ ਸੰਕਲਪ ਕਰਕੇ ਵੇਸ਼੍ਯਾ ਦੇ ਮਕਾਨ ਤੇ ਪੁੱਜਾ. ਕਲਗੀਧਰ ਨੇ ਆਪਣੇ ਅਨੰਨ ਸਿੱਖ ਨੂੰ ਨਰਕਕੁੰਡ ਤੋਂ ਬਚਾਉਣ ਲਈ ਚੋਬਦਾਰ ਦਾ ਰੂਪ ਧਾਰਕੇ ਸਾਰੀ ਰਾਤ ਵੇਸ਼੍ਯਾ ਦੇ ਮਕਾਨ ਤੇ ਪਹਿਰਾ ਦਿੱਤਾ. ਜਦ ਤਿੰਨ ਚਾਰ ਵਾਰ ਭਾਈ ਜੋਗਾਸਿੰਘ ਨੇ ਚੋਬਦਾਰ ਨੂੰ ਉੱਥੇ ਹੀ ਖੜਾ ਡਿੱਠਾ, ਤਾਂ ਮਨ ਨੂੰ ਧਿੱਕਾਰਦਾ ਹੋਇਆ ਆਨੰਦਪੁਰ ਦੇ ਰਾਹ ਪਿਆ ਅਤੇ ਸਤਿਗੁਰੂ ਦੇ ਦਰਬਾਰ ਵਿੱਚ ਪਹੁਚਕੇ ਅਪਰਾਧ ਬਖ਼ਸ਼ਵਾਇਆ.

ਭਾਈ ਜੋਗਾਸਿੰਘ ਦੀ ਧਰਮਸ਼ਾਲਾ ਪੇਸ਼ਾਵਰ ਵਿੱਚ ਬਹੁਤ ਮਸ਼ਹੂਰ ਥਾਂ ਹੈ. ਉਥੋਂ ਦੇ ਬਹੁਤ ਲੋਕ ਭਾਈ ਸਾਹਿਬ ਨੂੰ ਜੋਗਨਸ਼ਾਹ ਭੀ ਆਖਦੇ ਹਨ.

ਜੋਗਾਸਿੰਘ ਲਖੀ ਗਤਿ ਸੋਏ।

ਮਮਹਿਤ ਚੋਬਦਾਰ ਗੁਰੁ ਹੋਏ।

ਸਮਝ ਵਾਰਤਾ ਚਰਨੀ ਪਰਯੋ।

ਧੰਨ ਪ੍ਰਭੂ ਦੇ ਹਾਥ ਉਬਰਯੋ।

ਆਪ ਸਮਾਨ ਨ ਅਪਰ ਕ੍ਰਿਪਾਲਾ।

ਸਦਾ ਦਾਸ ਕੇ ਬਨ ਰਖਵਾਲਾ।

ਤਜਹੁੰ ਜਿਠਾਈ ਸਿਖ ਕੇ ਕਾਰਨ।

ਜਸੋਂ ਕਸੋਂ ਕਰਹੋਂ ਦਾਸ ਉਧਾਰਨ (ਗੁਪ੍ਰਸੂ)

ਜੋਗਾਧਾਰੀ: ਵਿ- ਯੋਗ ਧਾਰਨ ਵਾਲਾ. ਯੋਗਾਭ੍ਯਾਸੀ. "ਸੁੰਦਰ ਜੋਗਾਧਾਰੀ ਜੀਉ." (ਮਾਰੂ ਮਃ ੧)

ਜੋਗਿ: ਦੇਖੋ, ਜੋਗੀ। ੨. ਵਿ- ਯੋਗ੍ਯ. ਉਚਿਤ. ਲਾਇਕ਼. ਮੁਨਾਸਿਬ। ੩. ਯੋਗ ਦ੍ਵਾਰਾ. ਜੋਗ ਨਾਲ.

ਜੋਗਿਆ: ਯੋਗ੍ਯ ਨੂੰ. "ਗਾਈਐ ਰਾਤਿ ਦਿਨੰਤ ਗਾਵਣ ਜੋਗਿਆ." (ਵਾਰ ਰਾਮ ੨. ਮਃ ੫) ੨. ਸੰਬੋਧਨ. ਹੇ ਯੋਗ੍ਯ!

ਜੋਗਿੰਦ੍ਰ: ਯੋਗੀਆਂ ਦਾ ਇੰਦ੍ਰ, ਯੋਗੀਂਦ੍ਰ. ਯੋਗਿਰਾਜ। ੨. ਗੋਰਖਨਾਥ। ੩. ਸ਼ਿਵ। ੪. ਬਾਬਾ ਸ਼੍ਰੀਚੰਦ.

ਜੋਗਿੰਦ੍ਰਾ: ਵਿ- ਯੋਗੀਂਦ੍ਰ ਦਾ. ਗੋਰਖ ਦਾ. "ਦਰਸਨੁ ਭੇਖ ਕਰਹੁ ਜੋਗਿੰਦ੍ਰਾ." (ਸਿਧਗੋਸਟਿ)

ਜੋਗਿਨੀ: ਦੇਖੋ, ਯੋਗਿਨੀ.

ਜੋਗੀ: ਸੰ. ਯੋਗਿਨ੍. ਵਿ- ਯੋਗਾਭ੍ਯਾਸੀ। ੨. ਸੰਗ੍ਯਾ- ਆਤਮਾ ਵਿਚ ਜੁੜਿਆ ਹੋਇਆ ਪੁਰੁਸ਼.

"ਐਸਾ ਜੋਗੀ ਵਡ ਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ." (ਗਉ ਮਃ ੫) "ਪਰਨਿੰਦਾ ਉਸਤਤਿ ਨਹਿ ਜਾਂਕੈ ਕੰਚਨ ਲੋਹ ਸਮਾਨੋ। ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ." (ਧਨਾ ਮਃ ੯) ਦੇਖੋ, ਯੋਗੀ। ੩. ਗੋਰਖਨਾਥ ਦੇ ਮਤ ਅਨੁਸਾਰ ਯੋਗਭੇਸ ਧਾਰਨ ਵਾਲਾ, ਅਤੇ ਹਠਯੋਗ ਦਾ ਅਭ੍ਯਾਸੀ. "ਜੋਗੀ ਜੰਗਮ ਭਗਵੇ ਭੇਖ." (ਬਸੰ ਮਃ ੧) ੪. ਵਿਸ਼ਕੁੰਭ ਆਦਿ ੨੭ ਯੋਗਾਂ ਦੇ ਜਾਣਨ ਵਾਲਾ, ਜ੍ਯੋਤਿਸ਼ੀ. "ਥਿਤਿਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ." (ਜਪੁ) ੫. ਵਿ- ਯੋਗ੍ਯਤਾ ਵਾਲੀ. ਲਾਇਕ਼. "ਅਸਾਂ ਵੇਖੇਜੋਗੀ ਵਸਤੁ ਨ ਕਾਈ." (ਭਾਗੁ) ੬. ਜਿਤਨੀ. ਜਿੰਨੀ.

ਜੋਗੀਆ: ਵਿ- ਜੋਗ ਧਾਰਨ ਵਾਲਾ। ੨. ਯੋਗੀ ਨਾਲ ਸੰਬੰਧਿਤ. ਯੋਗੀ ਦਾ. ਜਿਵੇਂ- ਜੋਗੀਆ ਭੇਖ। ੩. ਯੋਗਾਭ੍ਯਾਸੀ. "ਜੋਗੀ ਅੰਦਰਿ ਜੋਗੀਆ." (ਸ੍ਰੀ ਮਃ ੧) ੪. ਸੰਗ੍ਯਾ- ਯੋਗੀ। ੫. ਭਗਵਾਂ ਰੰਗ.

ਜੋਗੀਆਂ ਦੇ ਬਾਰਾਂ ਪੰਥ: ਦੇਖੋ, ਬਾਰਹ ੨.

ਜੋਗੀਸਰ, ਜੋਗੀਸ੍ਵਰ: ਵਿ- ਯੋਗੀਸ਼੍ਵਰ. ਯੋਗੀਆਂ ਵਿੱਚ ਪ੍ਰਧਾਨ। ੨. ਸੰਗ੍ਯਾ- ਸ਼ਿਵ, ਜੋ ਸਾਰੇ ਜੋਗੀਆਂ ਦਾ ਸ੍ਵਾਮੀ ਹੈ. "ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨ ਅਪਾਰ." (ਗਉ ਰਵਿਦਾਸ) ੩. ਗੋਰਖਨਾਥ.

ਜੋਗੀਟਿੱਲਾ: ਜੇਹਲਮ ਦੇ ਜਿਲੇ ਇੱਕ ਪਹਾੜਧਾਰਾ, ਜਿਸ ਦੀ ਸਭ ਤੋਂ ਉੱਚੀ ਚੋਟੀ ੩੨੪੨ ਫੁਟ ਹੈ. ਇਸ ਪੁਰ ਬਾਲਗੁੰਦਾਈ ਆਦਿ ਯੋਗੀਆਂ ਦੇ ਪ੍ਰਸਿੱਧ ਅਸਥਾਨ ਹਨ. ਇੱਥੇ ਯੋਗੀਆਂ ਨੂੰ ਆਤਮਉਪਦੇਸ਼ ਦੇਣ ਲਈ ਗੁਰੂ ਨਾਨਕ ਦੇਵ ਪਧਾਰੇ ਹਨ. ਆਪ ਦਾ ਪਵਿਤ੍ਰ ਅਸਥਾਨ ਵਿਦ੍ਯਮਾਨ ਹੈ. ਦੇਖੋ, ਬਾਲਗੁੰਦਾਈ.

ਜੋਗੁ: ਦੇਖੋ, ਜੋਗ ੪. "ਜੋਗ ਨ ਭਗਵੀ ਕਪੜੀ, ਜੋਗੁ ਨ ਮੈਲੇ ਵੇਸਿ। ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ." (ਸਵਾ ਮਃ ੩) ੨. ਵਿ- ਯੋਗ੍ਯ. ਲਾਇਕ਼. "ਮੈਨੋ ਜੋਗੁ ਕੀਤੋਈ." (ਮੁੰਦਾਵਣੀ ਮਃ ੫) "ਆਪਹਿ ਕਰਨੈਜੋਗੁ." (ਬਾਵਨ)

ਜੋਗੇਸੁਰ: ਸੰਗ੍ਯਾ- ਯੋਗੇਸ਼੍ਵਰ. ਕ੍ਰਿਸ਼ਨ। ੨. ਸ਼ਿਵ। ੩. ਦੇਖੋ ਜੋਗਿੰਦ੍ਰ ਅਤੇ ਜੋਗੀਸ਼੍ਵਰ.

ਜੋਗੇਨ: ਤ੍ਰਿਤੀਯਾ. ਯੋਗੇਨ. ਯੋਗ ਕਰਕੇ. "ਜੋਗੇਨ ਕਿੰ, ਜੇਗਨ ਕਿੰ?" (ਗੂਜ ਜੈਦੇਵ)

ਜੋਗ੍ਯ: ਦੇਖੋ, ਯੋਗ੍ਯ.

ਜੋਜਨ: ਸੰਗਯਾ- ਚਾਰ ਕੋਹ ਪ੍ਰਮਾਣ. ਦੇਖੋ, ਯੋਜਨ ਸ਼ਬਦ ਵਿੱਚ ਇਸ ਦਾ ਪੂਰਾ ਨਿਰਣਾ. "ਬਾਰਹ ਜੋਜਨ ਛਤ੍ਰ ਚਲੈਥਾ." (ਧਨਾ ਨਾਮਦੇਵ) ਦੇਖੋ, ਛਤ੍ਰ.

ਜੋਜਾ: ਇੱਕ ਰਾਜਪੂਤ ਗੋਤ੍ਰ। ੨. ਦੇਖੋ, ਜੌਜਾ.

ਜੋਜਿਤ: ਵਿ- ਜੋ (ਇਸਤ੍ਰੀ) ਜਿਤ (ਜਿੱਤਿਆ ਹੋਇਆ). ਇਸਤ੍ਰੀ ਤੋਂ ਜੋ ਜਿੱਤਿਆ ਗਿਆ ਹੈ. "ਜੋਜਿਤ ਜਗ ਆਪਨ ਨ ਕਹੈਯੈ." (ਚਰਿਤ੍ਰ ੩੩) ੨. ਸੰ. ਯੋਜਿਤ. ਜੋੜਿਆ ਹੋਇਆ. ਜੋਤਿਆ ਹੋਇਆ. ਸੰਬੰਧਿਤ.

ਜੋਟ, ਜੋਟਾ, ਜੋਟੀ: ਸੰ. ਯੋਟਕ. ਸੰਗਯਾ- ਜੋੜਾ. ਜੋੜੀ। ੨. ਸਾਥੀ. ਸੰਗੀ.

ਜੋਟੀਆਂ ਦੇ ਸ਼ਬਦ: ਸੰਗਯਾ- ਉਹ ਸ਼ਬਦ, ਜੋ ਦੋ ਮੰਡਲੀਆਂ ਕਰਕੇ ਪੜ੍ਹੇ ਜਾਣ. ਜਿਸ ਤੁਕ ਨੂੰ ਇੱਕ ਮੰਡਲੀ ਗਾਵੇ, ਉਸੇ ਨੂੰ ਦੂਜੀ ਟੋਲੀ ਦੁਹਰਾਵੇ. ਇਸ ਧਾਰਣਾ ਅਤੇ ਰੀਤਿ ਦੇ ਆਰੰਭਕ ਬਾਬਾ ਬੁੱਢਾ ਜੀ ਹਨ.

ਜੋਤ: ਸੰ. ਜਯੋਤਿ. ਸੰਗਯਾ- ਪ੍ਰਕਾਸ਼. ਚਮਕ. ਤੇਜ। ੨. ਵਿ- ਯੋਕ੍ਤ੍ਰਿਤ. ਜੋਤਿਆ ਹੋਇਆ. "ਜੈਸੇ ਬਿਰਖ ਜੰਤੀ ਜੋਤ." (ਕੇਦਾ ਮਃ ੫) ਜੈਸੇ ਵ੍ਰਿਸ਼ (ਬੈਲ) ਯੰਤ੍ਰ ਵਿੱਚ ਜੋਤਿਆ ਹੋਇਆ। ੩. ਸੰਗਯਾ- ਜੋਤਣ ਦੀ ਰੱਸੀ. ਸੰ. ਯੋਤ੍ਰ.

ਜੋਤਸ, ਜੋਤਸੀ, ਜੋਤਕ, ਜੋਤਕੀ: ਸੰ. ਜਯੋਤਿਸ਼- ਜਯੋਤਿਸ਼ੀ. ज्योतिषिन् ਜਯੋਤਿਸ਼ਵਿਦਯਾ ਅਤੇ ਉਸ ਦੇ ਜਾਣਨ ਵਾਲਾ. Astrologer. ਦੇਖੋ, ਜੋਤਿਸ. "ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਵੀਚਾਰ." (ਸ੍ਰੀ ਮਃ ੩)

ਜੋਤਣਾ, ਜੋਤਨਾ: ਕ੍ਰਿ- ਯੋਕ੍ਤ੍ਰ (ਜੋਤ) ਲਾਉਣੀ. ਜੋੜਨਾ. "ਹਲ ਜੋਤੈ ਉਦਮੁ ਕਰੈ." (ਗਉ ਮਃ ੪)

ਜੋਤਵਿਕਾਸ: ਦੇਖੋ, ਨੰਦਲਾਲ ਭਾਈ। ੨. ਆਤਮਗਯਾਨ.

ਜੋਤਿ: ਸੰ. ਜਯੋਤਿ (ज्योतिस्) ਸੰਗਯਾ- ਚਮਕ. ਪ੍ਰਕਾਸ਼. ਰੌਸ਼ਨੀ. "ਨਾ ਸੂਰਜ ਚੰਦ ਨ ਜੋਤਿ ਅਪਾਰ." (ਗੂਜ ਅਃ ਮਃ ੧) ੨. ਚਮਤਕਾਰੀ ਬੁੱਧਿ. "ਜਾਣਹੁ ਜੋਤਿ, ਨ ਪੂਛਹੁ ਜਾਤੀ." (ਆਸਾ ਮਃ ੧) ੩. ਅਗਨਿ. "ਜੋਤਿ ਸ਼ਾਂਤ ਜਿਮਿ ਵਾਰਿ ਕਰ." (ਸਲੋਹ) ੪. ਸੂਰਜ, ਚੰਦ੍ਰਮਾ ਅਤੇ ਨਛਤ੍ਰ। ੫. ਪਰਮਾਤਮਾ. ਵਾਹਗੁਰੂ. "ਸਭ ਮਹਿ ਜੋਤਿ ਜੋਤਿ ਹੈ ਸੋਇ." (ਸੋਹਿਲਾ) ੬. ਆਤਮਿਕ ਰੌਸ਼ਨੀ. ਰੂਹਾਨੀ ਰੌਸ਼ਨੀ. (ਪ੍ਰਭਾ ਕਬੀਰ) "ਪੂਰਨ ਜੋਤਿ ਜਗੀ ਘਟ ਮੇ." (੩੩ ਸਵੈਯੇ) ੭. ਚਾਂਦਨੀ. ਚੰਦ੍ਰਿਕਾ। ੮. ਨੇਤ੍ਰਾਂ ਦੀ ਰੌਸ਼ਨੀ. "ਨੈਨਨ ਜੋਤਿ ਗਈ ਘਟਕੈ." (ਗੁਪ੍ਰਸੂ)

ਜੋਤਿਸ: ਸੰ. ਜਯੋਤਿਸ਼. ਸੰਗਯਾ- ਜਯੋਤਿਰੂਪ ਸੂਰਯ ਚੰਦ੍ਰਮਾ ਨਛਤ੍ਰ ਆਦਿ ਦੀ ਚਾਲ ਅਤੇ ਵਿੱਥ ਦਾ ਗਯਾਨ ਜਿਸ ਵਿਦਯਾ ਤੋਂ ਹੋਵੇ. Astronomy । ੨. ਇ਼ਲਮੇ ਨਜੂਮ. ਗ੍ਰਹਾਂ ਦੇ ਸ਼ੁਭ ਅਸ਼ੁਭ ਫਲ ਦੱਸਣ ਦੀ ਵਿਦਯਾ Astrology. ਜੋਤਿਸ, ਵੇਦ ਦੇ ਛੀ ਅੰਗਾਂ ਵਿੱਚ ਹੈ, ਇਸ ਤੋਂ ਯਗਯ ਆਦਿ ਕਰਮਾਂ ਦਾ ਸ਼ੁਭ ਅਸ਼ੁਭ ਵੇਲਾ ਵੇਖਿਆ ਜਾਂਦਾ ਹੈ.

ਜੋਤਿਸਰੂਪ, ਜੋਤਿਸਰੂਪੀ, ਜੋਤਿਸ੍ਵਰੂਪ, ਜੋਤਿਸ੍ਵਰੂਪੀ: ਸੰਗਯਾ- ਜਯੋਤਿਰੂਪ ਕਰਤਾਰ. ਪ੍ਰਕਾਸ਼ ਰੂਪ ਪਾਰਬ੍ਰਹਮ "ਜੋਤਿਸਰੂਪ ਸਦਾ ਸੁਖਦਾਤਾ." (ਮਾਰੂ ਸੋਲਹੇ ਮਃ ੧) "ਜੋਤਿਸਰੂਪੀ ਸਭ ਜਗ ਮਉਲੋ." (ਮਾਰੂ ਸੋਲਹੇ ਮਃ ੫) "ਨਵ ਖੰਡ ਮਹਿ ਜੋਤਿਸ੍ਵਰੂਪੀ ਰਹਿਓ ਭਰਿ." (ਸਵੈਯੇ ਮਃ ੫. ਕੇ)

ਜੋਤਿਕ: ਦੇਖੋ, ਜੋਤਿਸ. "ਜੋਤਿਕ ਜਾਨਹਿ, ਬਹੁ ਬਹੁ ਬਿਆਕਰਨਾ." (ਆਸਾ ਕਬੀਰ)

ਜੋਤਿਕੀ: ਦੇਖੋ, ਜੋਤਸੀ.

ਜੋਤਿਜੁਤ: ਵਿ- ਜਯੋਤਿ ਯੁਕ੍ਤ. ਪ੍ਰਕਾਸ਼ ਸਹਿਤ.

ਜੋਤਿਮੰਤ੍ਰਿ: ਜਯੋਤਿਰੂਪ ਵਾਹਗੁਰੂ ਦੇ ਮਹਾਮੰਤ੍ਰ ਵਿੱਚ. ਸਤਿਨਾਮ- ਵਾਹਗੁਰੂ ਵਿੱਚ. "ਜੋਤਿਮੰਤ੍ਰਿ ਮਨੁ ਅਸਥਿਰੁ ਕਰੈ." (ਭੈਰ ਅਃ ਕਬੀਰ)

ਜੋਤਿਰਲਿੰਗ: ਸੰ. ज्योतिलिङ्ग. ਸੰਗਯਾ- ਸ਼ਿਵਪੁਰਾਣ ਅਨੁਸਾਰ ਇੱਕ ਕਾਲਾਗਨਿ ਜੇਹਾ ਤੇਜਵਾਨ ਲਿੰਗ, ਜੋ ਬ੍ਰਹਮਾ ਵਿਸ਼ਨੁ ਦਾ ਅਭਿਮਾਨ ਦੂਰ ਕਰਨ ਲਈ ਪੈਦਾ ਹੋਇਆ ਅਤੇ ਜਿਸ ਦਾ ਅੰਤ ਦੋਵੇਂ ਨਾ ਲੈ ਸਕੇ। ੨. ਵੇਦਜਨਾਥਮਹਾਤਮ ਅਨੁਸਾਰ ਸ਼ਿਵ ਦੇ ਬਾਰਾਂ ਲਿੰਗਾਂ ਦੀ ਸੰਗਯਾ. ਦੇਖੋ, ਦੁਆਦਸ ਸਿਲਾ.

ਜੋਤਿਰੂਪ: ਦੇਖੋ, ਜੋਤੀਸਰੂਪ ੧. "ਜੋਤਿਰੂਪ ਹਰਿ ਆਪਿ." (ਸਵੈਯੇ ਮਃ ੫. ਕੇ)

ਜੋਤੀ: ਦੇਖੋ, ਜੋਤਿ। ੨. ਦੇਹ ਨੂੰ ਪ੍ਰਕਾਸ਼ ਦੇਣ ਵਾਲਾ, ਜੀਵਾਤਮਾ. "ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ." (ਵਾਰ ਕਾਨ ਮਃ ੪) ੩. ਪਾਰਬ੍ਰਹਮ. ਕਰਤਾਰ. "ਤਿਉ ਜੋਤੀ ਸੰਗਿ ਜੋਤਿ ਸਮਾਨਾ." (ਸੁਖਮਨੀ) ੪. ਆਤਮਵਿਦਯਾ. ਗ੍ਯਾਨਪ੍ਰਕਾਸ਼. "ਜੋਤੀ ਹੂ ਪ੍ਰਭੁ ਜਾਪਦਾ." (ਸ੍ਰੀ ਮਃ ੩) ੫. ਦੇਖੋ, ਜਾਤਿ.

ਜੋਤੀਸਰ: ਜਿਲਾ ਕਰਨਾਲ, ਥਨੇਸਰ ਤੋਂ ਤਿੰਨ ਕੋਹ ਪੱਛਮ ਇੱਕ ਤਾਲ, ਜਿੱਥੇ ਕੌਰਵ ਪਾਂਡਵਾਂ ਦੇ ਯੁੱਧ ਦੇ ਆਰੰਭ ਵਿੱਚ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਗੀਤਾ ਦਾ ਉਪਦੇਸ਼ ਕੀਤਾ. ਇਸ ਘਟਨਾ ਦੀ ਯਾਦਗਾਰ ਵਿੱਚ ਹੁਣ ਧਰਮਪ੍ਰੇਮੀਆਂ ਨੇ ਕੁਰੁਛੇਤ੍ਰ ਤਾਲ ਦੇ ਕਿਨਾਰੇ ਆਲੀਸ਼ਾਨ ਗੀਤਾਭਵਨ ਬਣਵਾਇਆ ਹੈ. ਇੱਥੇ ਸ੍ਰੀ ਗੁਰੂ ਅਮਰਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਭੀ ਪਧਾਰੇ ਹਨ. ਰੇਲਵੇ ਸਟੇਸ਼ਨ ਕੁਰੁਕ੍ਸ਼ੇਤ੍ਰ ਤੋਂ ਇਹ ਥਾਂ ਛੀ ਮੀਲ ਪੱਛਮ, ਪਹੋਏ ਵਾਲੀ ਸੜਕ ਦੇ ਕਿਨਾਰੇ ਹੈ.

ਜੋਤੀ ਸਰੂਪ: ਸੰਗਯਾ- ਜ੍ਯੋਤਿਃ ਸ੍ਵਰੂਪ. ਪ੍ਰਕਾਸ਼ਰੂਪ ਕਰਤਾਰ। ੨. ਸਰਹਿੰਦ ਵਿੱਚ ਇੱਕ ਗੁਰਦ੍ਵਾਰਾ, ਜਿੱਥੇ ਮਾਤਾ ਗੁਜਰੀ ਜੀ ਅਤੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਹੋਇਆ ਹੈ. ਦੇਖੋ, ਸਰਹਿੰਦ ਅਤੇ ਫਤੇਗੜ੍ਹ.

ਜੋਤੀਜੋਤਿ: ਸੰਗਯਾ- ਜ੍ਯੋਤਿ ਨੂੰ ਪ੍ਰਕਾਸ਼ ਦੇਣ ਵਾਲਾ ਕਰਤਾਰ. ਸੂਰਜ ਅਗਨਿ ਆਦਿ ਜੋ ਚਮਤਕਾਰੀ ਹਨ, ਉਨ੍ਹਾਂ ਨੂੰ ਰੌਸ਼ਨ ਕਰਨ ਵਾਲਾ ਪਾਰਬ੍ਰਹਮ. "ਜੋਤੀਜੋਤਿ ਮਿਲਿ, ਜੋਤਿ ਸਮਾਣੀ." (ਤੁਖਾ ਛੰਤ ਮਃ ੪) ੨. ਵਿ- ਪ੍ਰਕਾਸ਼ ਦਾ ਪ੍ਰਕਾਸ਼ਕ. "ਜੋਤੀਜੋਤਿ ਮਿਲੈ ਭਗਵਾਨ." (ਆਸਾ ਅਃ ਮਃ ੩)

ਜੋਤੀ ਜੋਤਿ ਸਮਾਉਣਾ: ਕ੍ਰਿ- ਜ੍ਯੋਤਿ (ਕਰਤਾਰ) ਵਿੱਚ ਜੋਤਿ ਦਾ ਸਮਾਉਣਾ. ਬ੍ਰਹਮ ਵਿੱਚ ਜੀਵਾਤਮਾ ਦਾ ਲੈ ਹੋਣਾ. "ਜੋਤੀਜੋਤਿ ਸਮਾਨੀ." (ਸੋਰ ਨਾਮਦੇਵ) ੨. ਦਸ ਗੁਰਾਂ ਦਾ ਦੇਹ ਤ੍ਯਾਗਕੇ ਆਪਣੇ ਮੂਲ ਕਰਤਾਰ ਵਿੱਚ ਲੀਨ ਹੋਣਾ. ਚੋਲਾ ਛੱਡਣਾ. ਦੇਹ ਤ੍ਯਾਗਣਾ.

ਜੋਤੰਮਾਲੀ: ਸੰਗਯਾ- ਅੰਸ਼ੁਮਾਲੀ. ਸੂਰਜ.

ਜੋਤਜੰ: ਸੰ. ज्योतिष्मन्त ਜ੍ਯੋਤਿਸ਼੍ਮੰਤ. ਵਿ- ਪ੍ਰਕਾਸ਼ਵਾਨ. ਰੌਸ਼ਨ. "ਜੇਨ ਕਲਾ ਸਸਿ ਸੂਰ ਨਖ੍ਯਤ੍ਰ ਜੋਤਜੰ." (ਸਹਸ ਮਃ ੫)

ਜੋਦਰੀ, ਜੋਦਰੀਆ, ਜੋਦੜੀ, ਜੋਦੜੀਆ: ਦੇਖੋ, ਜੁਹਦ. "ਮੋਹਨ, ਘਰਿ ਆਵਹੁ ਕਰਉ ਜੋਦਰੀਆ." (ਸਾਰ ਮਃ ੫) "ਗੁਰ ਆਗੈ ਕਰਿ ਜੋਦੜੀ." (ਗਉ ਅਃ ਮਃ ੪)

ਜੋਧ: ਸੰ. ਸੰਗਯਾ- ਯੋਧਾ. "ਕਵਨ ਜੋਧ ਜੋ ਕਾਲ ਸੰਘਾਰੈ." (ਸਿਧਗੋਸਟਿ) ੨. ਖਹਿਰੇ ਗੋਤ ਦਾ ਇੱਕ ਜੱਟ, ਜੋ ਗੁਰੂ ਨਾਨਕਦੇਵ ਦਾ ਪਰਮ ਭਗਤ ਸੀ। ੩. ਸ੍ਰੀ ਗੁਰੂ ਅਮਰਦੇਵ ਦਾ ਲਾਂਗਰੀ। ੪. ਇੱਕ ਬ੍ਰਾਹਮਣ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋ ਕੇ ਆਤਮਗ੍ਯਾਨ ਨੂੰ ਪ੍ਰਾਪਤ ਹੋਇਆ। ੫. ਦੇਖੋ, ਜੋਧਰਾਯ। ੬. ਦੇਖੋ, ਧੁਨੀ (ਕ) ੭. ਦਸ਼ਮੇਸ਼ ਦਾ ਸੇਵਕ ਇੱਕ ਮਸੰਦ, ਜੋ ਕੋਟਕਮਾਲ ਦਾ ਵਸਨੀਕ ਸੀ. ਮਸੰਦਾਂ ਨੂੰ ਦੰਡ ਦੇਣ ਸਮੇਂ ਸਤਿਗੁਰੂ ਨੇ ਇਸ ਨੂੰ ਮੁਆਫ਼ ਕੀਤਾ। ੮. ਰਾਜਪੂਤਾਂ ਦਾ ਇੱਕ ਗੋਤ੍ਰ। ੯. ਡਿੰਗ. ਪੁਤ੍ਰ. ਬੇਟਾ। ੧੦. ਲੁਦਿਆਨੇ ਤੋਂ ੧੧. ਕੋਹ ਪੁਰ ਇੱਕ ਪਿੰਡ, ਇਸ ਥਾਂ ਦਸ਼ਮੇਸ਼ ਆਲਮਗੀਰ ਪਿੰਡ ਤੋਂ ਚੱਲਕੇ ਕੁਝ ਸਮਾ ਵਿਰਾਜੇ ਹਨ. ਦੇਖੋ, ਆਲਮਗੀਰ ੩.

ਜੋਧਪੁਰ: ਰਾਜਪੂਤਾਨੇ ਵਿੱਚ ਇੱਕ ਰਿਆਸਤ, ਜਿਸ ਦਾ ਪ੍ਰਧਾਨ ਨਗਰ ਜੋਧ ਰਾਜਪੂਤ ਨੇ ਸੰਮਤ ੧੫੧੫ ਵਿੱਚ ਵਸਾਇਆ.

ਜੋਧਰਾਇ, ਜੋਧਰਾਯ, ਰਾਯਜੋਧ: ਧਾਲੀਵਾਲ ਗੋਤ ਦਾ ਪ੍ਰਤਾਪੀ ਮਹਰ ਮਿੱਠਾ ਮਹਾਨ ਯੋੱਧਾ ਸੀ. ਉਸ ਦੀ ਵੰਸ਼ ਦਾ ਭੂਸ਼ਣ ਕਾਂਗੜ ਅਤੇ ਦੀਨੇ ਦਾ ਸਰਦਾਰ ਜੋਧਰਾਯ ਹੋਇਆ. ਇਸ ਨੇ ਆਪਣੀ ਇਸਤ੍ਰੀ ਦੇ ਉਪਦੇਸ਼ ਤੋਂ (ਜੋ ਸਿੱਖਪੁਤ੍ਰੀ ਸੀ) ਸ੍ਰੀ ਗੁਰੂ

ਹਰਿਗੋਬਿੰਦ ਸਾਹਿਬ ਤੋਂ ਸਿੱਖੀ ਧਾਰਨ ਕੀਤੀ. ਇਸ ਪਾਸ ੫੦੦ ਸਵਾਰ ਹਰ ਵੇਲੇ ਮੁਸੱਲਾ ਰਹਿੰਦਾ ਸੀ. ਜੋਧਰਾਯ ਨੇ ਗੁਰੂਸਰ ਦੇ ਜੰਗ ਵਿੱਚ ਆਪਣੀ ਫੌਜ ਸਮੇਤ ਭਾਰੀ ਸਹਾਇਤਾ ਕੀਤੀ. ਇਸ ਦੇ ਪੋਤੇ ਸਮੀਰ ਅਤੇ ਲਖਮੀਰ (ਲਖਬੀਰ) ਨੇ ਸੰਮਤ ੧੭੬੨ ਵਿੱਚ ਕਲਗੀਧਰ ਨੂੰ ਆਪਣੇ ਪਿੰਡ ਵਡੇ ਪ੍ਰੇਮ ਨਾਲ ਚਿਰ ਤੀਕ ਠਹਿਰਾਇਆ. ਜਿਸ ਥਾਂ ਸਤਿਗੁਰੂ ਨੇ ਨਿਵਾਸ ਕੀਤਾ ਹੈ, ਉਸ ਗੁਰਦ੍ਵਾਰੇ ਦਾ ਨਾਮ "ਲੋਹਗੜ੍ਹ" ਹੈ. ਜੋਧਰਾਯ ਦੀ ਵੰਸ਼ਾਵਲੀ ਇਉਂ ਹੈ :-

ਮਿੱਠਾ ਮਹਰ[561]

।

ਚੈਨਬੇਗ

।

ਉਮਰਸ਼ਾਹ

।

ਜੋਧਰਾਯ

।

ਫੱਤਾ

।

| | | |
|---|---|---|
| ਸਮੀਰ | ਲਖਮੀਰ | ਤਖਤਮੱਲ. |

ਜੋਧਾ: ਸੰ. ਯੋਢ੍ਹਾ. ਯੋੱਧਾ. ਯੁੱਧ ਵਾਲਾ ਵੀਰ. ਸੂਰਮਾ। ੨. ਧੁੱਟਾ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਸੀ. ਇਸ ਨੇ ਅਮ੍ਰਿਤਸਰ ਬਣਨ ਸਮੇਂ ਵਡੀ ਸੇਵਾ ਕੀਤੀ। ੩. ਤੁਲਸਪੁਰ ਦਾ ਵਸਨੀਕ ਇੱਕ ਮਸੰਦ, ਜੋ ਗੁਰੂ ਅਰਜਨ ਦੇਵ ਦਾ ਸੇਵਕ ਸੀ.

ਜੋਧਾਂਤਕ: ਸੰਗ੍ਯਾ- ਯੋੱਧਾ ਦਾ ਅੰਤ ਕਰਨ ਵਾਲਾ ਖੜਗ ਅਤੇ ਤੀਰ. (ਸਨਾਮਾ)

ਜੋਧਾਬਾਈ: ਜੋਧਪੁਰ ਦੇ ਰਾਣਾ ਮਾਲਦੇਵ ਦੀ ਪੁਤ੍ਰੀ, ਜਿਸ ਦਾ ਵਿਆਹ ਅਕਬਰ ਬਾਦਸ਼ਾਹ ਨਾਲ ਸਨ ੧੫੬੯ ਵਿੱਚ ਹੋਇਆ। ੨. ਜੋਧਪੁਰਪਤਿ ਉਦਯ ਸਿੰਘ ਦੀ ਪੁਤ੍ਰੀ ਬਾਲਮਤੀ, ਜਿਸ ਨੂੰ ਅਨੇਕ ਲੇਖਕਾਂ ਨੇ ਜੋਧਾਬਾਈ ਲਿਖਿਆ ਹੈ. ਇਸ ਦੇ ਵਿਆਹ ਸਨ ੧੫੮੫ ਵਿੱਚ ਜਹਾਂਗੀਰ ਨਾਲ ਹੋਇਆ. ਇਸ ਦੇ ਗਰਭ ਤੋਂ ਸ਼ਾਹਜਹਾਂ ਜਨਮਿਆ ਸੀ.

ਜੋਧੀ: ਸੰ. योधिन ਵਿ- ਯੁੱਧ ਕਰਤਾ. ਲੜਾਕਾ.

ਜੋਧੈ ਵੀਰੈ ਪੂਰਬਾਣੀ ਕੀ ਧੁਨੀ: ਦੇਖੋ, ਧੁਨੀ (ਕ)

ਜੋਨ: ਦੇਖੋ, ਜੋਨਿ। ੨. ਦੇਖੋ, ਜੌਨ। ੩. ਜੋਨ੍ਹ. ਜੁਨ੍ਹਾਈ. ਜ੍ਯੋਤਸ੍ਨਾ. ਚਾਂਦਨੀ. ਚੰਦ੍ਰਿਕਾ।

ਜੋਨਿ: ਸੰ. ਯੋਨਿ. ਸੰਗ੍ਯਾ- ਜਨਮ. ਉਤਪੱਤਿ. "ਪਾਰਬ੍ਰਹਮ ਪਰਮੇਸੁਰ ਜੋਨਿ ਨ ਆਵਈ." (ਵਾਰ ਮਾਰੂ ੨. ਮਃ ੫) ੨. ਭਗ। ੩. ਗਰਭ. "ਜੋਨਿ ਛਾਡ ਜਉ ਜਗ ਮਹਿ ਆਇਆ." (ਗਉ ਕਬੀਰ) ੪. ਕਾਰਣ. ਸਬਬ। ੫. ਜੀਵਾਂ ਦੀ ਆਕਰ. ਜੀਵਾਂ ਦੀ ਖਾਨਿ.

ਜੋਨਿਸਿਲਾ: ਸੰ. ਯੋਨਿਸ਼ਿਲਾ. ਸੰਗ੍ਯਾ- ਕਾਮਾਖ੍ਯਾ. ਸਤੀ ਦੇਵੀ ਦਾ ਯੋਨਿਪੀਠ, ਜੋ ਆਸਾਮ ਦੇਸ਼ ਵਿੱਚ ਹੈ. "ਜਿਹ ਨਰ ਕੋ ਧਨਵਾਨ ਤਕਾਵੈਂ। ਜੋਨਿਸਿਲਾ ਮਹਿ ਤਾਂਹਿ ਫਸਾਵੈਂ." (ਚਰਿਤ੍ਰ ੨੬੬) ਯੋਨਿ ਦੇ ਆਕਾਰ ਦਾ ਇੱਕ ਛਿਦ੍ਰ ਹੈ, ਜਿਸ ਵਿੱਚਦੀਂ ਗੁਜ਼ਰਨ ਤੋਂ ਲੋਕ ਪੁਨਰਜਨਮ ਦਾ ਅਭਾਵ ਮੰਨਦੇ ਹਨ. ਮੰਦਿਰ ਦੇ ਪੁਜਾਰੀ ਪੰਡੇ ਕੋਈ ਅਜੇਹੀ ਜੁਗਤਿ ਕਰਦੇ ਹਨ ਕਿ ਜਿਸ

---

[561] ਇਸ ਦੀ ਪੁਤ੍ਰੀ ਅਕਬਰ ਨੇ ਵਿਆਹੀ ਅਤੇ ਮਹਰ ਦਾ ਖ਼ਿਤਾਬ ਦਿੱਤਾ ਅਰ ਕਾਂਗੜ ਪਰਗਨਾ ਜਾਗੀਰ ਵਿੱਚ ਬਖ਼ਸ਼ਿਆ.

ਨੂੰ ਚਾਹੁਣ ਉਸ ਨੂੰ ਸੂਰਾਖ ਵਿੱਚ ਫਸਾ ਦਿੰਦੇ ਹਨ, ਫੇਰ ਬਹੁਤ ਧਨ ਲੈਕੇ ਲੰਘਾਉਂਦੇ ਹਨ.

ਜੋਨੀ: ਦੇਖੋ, ਜੋਨਿ. "ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ." (ਭੈਰ ਮਃ ੫) ੨. ਕਾਰਣਰੂਪ. "ਜੋਨੀ ਅਕੁਲ ਨਿਰੰਜਨ ਗਾਇਆ." (ਮਾਰੂ ਸੋਲਹੇ ਮਃ ੧)

ਜੋਨੀਬਾਟ: ਸੰਗਯਾ- ਚੌਰਾਸੀ ਯੋਨਿ ਦਾ ਮਾਰਗ. ਚੌਰਾਸੀ ਦਾ ਗੇੜਾ. "ਬਹੁਰਿ ਨ ਆਵੈ ਜੋਨੀਬਾਟ." (ਭੈਰ ਕਬੀਰ)

ਜੋਨੀਮਾਟ: ਦੇਖੋ, ਮਾਟ.

ਜੋਫ: ਅ਼. ضُعف ਜ਼ੁਅ਼ਫ਼. ਸੰਗਯਾ- ਕਮਜ਼ੋਰੀ। ੨. ਸੁਸਤੀ। ੩. ਬੁਢਾਪਾ

ਜੋਬਨ: ਸੰ. ਯੌਵਨ. ਸੰਗਯਾ- ਯੁਵਾ ਅਵਸਥਾ. ਜਵਾਨੀ. "ਜੋਬਨ ਧਨ ਪ੍ਰਭੁਤਾ ਕੈ ਮਦ ਮੈ ਅਹਿ ਨਿਸਿ ਰਹੈ ਦਿਵਾਨਾ." (ਧਨਾ ਮਃ ੯)

ਜੋਬਨ ਬਹਿਕ੍ਰਮ: ਦੇਖੋ, ਬਹਿਕ੍ਰਮ.

ਜੋਬਨ ਬਾਲੜੀ: ਵਿ- ਯੁਵਾ ਅਵਸ੍ਥਾ ਵਾਲੀ. "ਮੁੰਧ ਜੋਬਨ ਬਾਲੜੀਏ." (ਆਸਾ ਛੰਤ ਮਃ ੧)

ਜੋਬਨਬਾਲਾ: ਵਿ- ਯੁਵਾ ਅਵਸ੍ਥਾ ਵਾਲਾ. "ਪਿਰੁ ਰਲੀਆਲਾ ਜੋਬਨਬਾਲਾ." (ਧਨਾ ਛੰਤ ਮਃ ੧)

ਜੋਬਨਵਾਰਿ: ਵਿ- ਯੁਵਾ ਅਵਸ੍ਥਾ ਵਾਲੀ.

ਜੋਬਨਵੰਤ: ਵਿ. ਯੌਵਨਵੰਤ. ਜਵਾਨੀ ਵਾਲਾ. "ਜੋਬਨਵੰਤ ਅਚਾਰ ਕੁਲੀਨਾ." (ਗਉ ਅਃ ਮਃ ੫)

ਜੋਬਨਾਂਤਅੰਤਕ: ਸੰਗਯਾ- ਯੌਵਨ ਦਾ ਅੰਤ ਕਰਨ ਵਾਲਾ ਬੁਢਾਪਾ, ਉਸ ਦਾ ਅੰਤ ਕਰਨ ਵਾਲਾ ਅਮ੍ਰਿਤ. (ਸਨਾਮਾ)

ਜੋਬਨਾਰਿ: ਵਿ- ਯੁਵਾ ਅਵਸ੍ਥਾ ਵਾਲੀ. "ਮਹਾਂਰੂਪਵੰਤੀ ਮਹਾ ਜੋਬਨਾਰੰ." (ਗ੍ਯਾਨ) ੨. ਸੰਗਯਾ- ਜਰਾ. ਬੁਢਾਪਾ, ਜੋ ਯੌਵਨ ਦਾ ਅਰਿ (ਵੈਰੀ) ਹੈ. (ਸਨਾਮਾ)

ਜੋਬਨਿ: ਸੰਗਯਾ- ਯੌਵਨ. ਯੁਵਾ ਅਵਸ੍ਥਾ. ਜਵਾਨੀ. "ਜਬ ਲਗੁ ਜੋਬਨਿ ਸਾਸੁ ਹੈ." (ਸ੍ਰੀ ਮਃ ੪. ਵਣਜਾਰਾ) ੨. ਕ੍ਰਿ. ਵਿ- ਯੌਵਨ ਕਰਕੇ. ਯੁਵਾ ਅਵਸ੍ਥਾ ਸੇ। ੩. ਜੁਆਨੀ ਦੇ. "ਜਰੁ ਆਈ ਜੋਬਨਿ ਹਾਰਿਆ." (ਵਾਰ ਆਸਾ)

ਜੋਬਨੁ: ਦੇਖੋ, ਜੋਬਨ. "ਜੋਬਨੁ ਘਟੈ ਜਰੂਆ ਜਿਣੈ." (ਸ੍ਰੀ ਮਃ ੧. ਪਹਰੇ)

ਜੋਮ: ਅ਼. زعم ਜ਼ੁਅ਼ਮ. ਸੰਗਯਾ- ਉਮੰਗ. ਉਤਸ਼ਾਹ। ੨. ਘਮੰਡ. ਅਹੰਕਾਰ। ੩. ਜੋਸ਼.

ਜੋਯ: ਦੇਖੋ, ਜੋਇੰ.

ਜੋਰ, ਜੋਰੁ: ਸੰਗਯਾ- ਜੋੜ. ਮਿਲਾਪ. "ਤੂਟਤ ਨਹੀ ਜੋਰ." (ਕਾਨ ਮਃ ੫) "ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ." (ਗਉ ਅਃ ਮਃ ੫) ੨. ਫ਼ਾ. زور ਜ਼ੋਰ. ਸੰਗਯਾ- ਬਲ. "ਜੋਰ ਜੁਲਮ ਫੂਲਹਿ ਘਣੋ." (ਬਾਵਨ) ੩. ਦੇਖੋ, ਜੋਰਿ.

ਜੋਰਨ, ਜੋਰਨਾ: ਕ੍ਰਿ- ਜੋੜਨਾ. ਜਮਾ ਕਰਨਾ. "ਧਨ ਜੋਰਨ ਕਉ ਧਾਇਆ." (ਸੋਰ ਮਃ ੯) ੨. ਮਿਲਾਉਣਾ. ਇਕੱਠਾ ਕਰਨਾ.

ਜੋਰਾ: ਸੰਗਯਾ- ਜੋੜਾ. ਦੋ ਪਦਾਰਥ। ੨. ਜੁਤਾ। ੩. ਪੋਸ਼ਾਕ. "ਜੋਰਾ ਏਕ ਬਨਾਵਤ ਭਏ." (ਚਰਿਤ੍ਰ ੧੨੨) ੪. ਜੋਰੂਆਂ ਦਾ. ਔਰਤਾਂ ਦਾ. "ਮਨਮੁਖਾਂ ਦੇ ਸਿਰਿ ਜੋਰਾ ਅਮਰ ਹੈ." (ਵਾਰ ਗਉ ੧. ਮਃ ੪)

ਜ਼ੋਰਾਵਰ: ਫ਼ਾ. زوراور ਵਿ- ਜ਼ੋਰ ਵਾਲਾ. ਬਲੀ. ਜ਼ੋਰ- ਆਵਰ.

ਜ਼ੋਰਾਵਰਸਿੰਘ ਬਾਬਾ: ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਪੁਤ੍ਰ, ਜੋ ਮੱਘਰ ਸੁਦੀ ੩. ਸੰਮਤ ੧੭੫੩ ਨੂੰ ਮਾਤਾ ਜੀਤੋ ਜੀ ਦੇ ਉਦਰ

ਤੋਂ ਆਨੰਦਪੁਰ ਜਨਮੇ ਅਤੇ ੧੩. ਪੋਹ ਸੰਮਤ ੧੭੬੧ ਨੂੰ ਸੂਬਾ ਵਜ਼ੀਰਖਾਂ ਦੇ. ਹੁਕਮ ਨਾਲ ਸਰਹਿੰਦ ਵਿੱਚ ਕ਼ਤਲ ਕੀਤੇ ਗਏ. ਕਈ ਲੇਖਕਾਂ ਨੇ ਕ਼ਿਲੇ ਦੀ ਦੀਵਾਰ ਵਿੱਚ ਚਿਣਾਏ ਜਾਣਾ ਲਿਖਿਆ ਹੈ.

ਸ਼ਹੀਦੀ ਅਸਥਾਨ ਦਾ ਨਾਮ ਫ਼ਤੇਗੜ੍ਹ ਅਤੇ ਸਸਕਾਰ ਦੀ ਥਾਂ ਜੋਤੀਸਰੂਪ ਕਰਕੇ ਪ੍ਰਸਿੱਧ ਹੈ.

ਜੋਰਿ: ਜੋੜੀ. ਜੋੜਾ. "ਪਾਈ ਜੋਰਿ ਬਾਤ ਇਕ ਕੀਨੀ." (ਆਸਾ ਕਬੀਰ) ਏਕਤਾ ਦੀ ਬਾਤ ਪਾਦੁਕਾ ਦੀ ਜੋੜੀ ਹੈ। ੨. ਕ੍ਰਿ. ਵਿ- ਜੋੜਕੇ. ਸੰਗ੍ਰਹਿ ਕਰਕੇ. "ਜੋਰਿ ਜੋਰਿ ਧਨ ਕੀਆ." (ਸੋਰ ਕਬੀਰ) ੩. ਮਿਲਾਕੇ. "ਗੁਰ ਕੀ ਸਰਣਿ ਰਹਉ ਕਰ ਜੋਰਿ." (ਗੌਂਡ ਮਃ ੫) ਹੱਥ ਜੋੜਕੇ। ੪. ਜ਼ੋਰ ਨਾਲ. ਬਲ ਸੇ. "ਜੋਰਿ ਛਲੀ ਚੰਦ੍ਰਵਾਲਿ." (ਵਾਰ ਆਸਾ)

ਜੋਰਿਓ, ਜੋਰਿਆ: ਜੋੜਿਆ. ਮਿਲਾਇਆ. ਗੰਢਿਆ. "ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ." (ਮਲਾ ਰਵਿਦਾਸ) ੨. ਜਮਾ ਕੀਤਾ.

ਜੋਰਿਐ: ਜੋੜਨ ਤੋਂ. ਮਿਲਾਨੇ ਸੇ. "ਸਾਕਤ ਸਿਉ ਮੁਖਿ ਜੋਰਿਐ." (ਬਿਲਾ ਮਃ ੫)

ਜੋਰੀ: ਦੇਖੋ, ਜੋੜੀ। ੨. ਸੰਢੀ. ਗੰਢੀ. "ਓਤਿ ਪੋਤਿ ਭਗਤਨ ਸੰਗਿ ਜੋਰੀ." (ਗਉ ਮਃ ੫) ੩. ਜਮਾ ਕੀਤੀ. "ਦੋਖ ਕਰਿ ਕਰਿ ਜੋਰੀ." (ਬਿਹਾ ਛੰਤ ਮਃ ੫) ਪਾਪ ਕਰਕੇ ਮਾਯਾ ਜੋੜੀ। ੪. ਸੰਗਯਾ- ਜ਼ਬਰਦਸ੍ਤੀ. "ਜੋਰੀ ਕੀਏ ਜੁਲਮ ਹੈ." (ਸ. ਕਬੀਰ) ੫. ਕ੍ਰਿ. ਵਿ- ਜਬਰਨ. "ਜੋਰੀ ਮੰਗੈ ਦਾਨ ਵੇ ਲਾਲੋ!" (ਤਿਲੰ ਮਃ ੧) ਦੁਲਹਾ ਬਾਬਰ, ਜਬਰਨ ਕਨਯਾਦਾਨ ਮੰਗਦਾ ਹੈ. ਇੱਥੇ ਵਿਆਹ ਦਾ ਰੂਪਕ ਦੱਸਿਆ ਹੈ.

ਜੋਰੁ: ਦੇਖੋ, ਜੋਰ. "ਤਿਸੁ ਹਥਿ ਜੋਰੁ ਕਰਿ ਵੇਖੈ ਸੋਇ." (ਜਪੁ) "ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ." (ਵਾਰ ਆਸਾ)

ਜੋਰੁ ਸਕਤਿ: ਬਲ ਅਤੇ ਪਰਾਕ੍ਰਮ. ਜ਼ੋਰ ਅਤੇ ਹਿੰਮਤ. "ਜੋਰੁ ਸਕਤਿ ਨਾਨਕ ਕਿਛੁ ਨਾਹੀ." (ਟੋਡੀ ਮਃ ੫)

ਜੋਰੂ: ਸੰਗਯਾ- ਜਾਯਾ. ਭਾਰਯਾ. ਪਤਨੀ. ਜ਼ੌਜਹ। ੨. ਨਾਰੀ. ਇਸਤ੍ਰੀ. "ਜਿਉ ਜੋਰੂ ਸਿਰਨਾਵਣੀ ਆਵੈ ਵਾਰੋਵਾਰਿ." (ਵਾਰ ਆਸਾ)

ਜੋਰੋ: ਦੇਖੋ, ਜੋੜਨਾ. "ਮੁਖ ਜੋਰੋ." (ਕਾਨ ਮਃ ੫) ਮੁਖ ਜੋੜੋ। ੨. ਦੇਖੋ, ਜੋਰੂ.

ਜੋਲ: ਦੇਖੋ, ਜੁਲ ਅਤੇ ਜੁਲਣੁ.

ਜੋਲਣੁ, ਜੋਲਨ: ਕ੍ਰਿ- ਜੁਲਣੁ. ਜਾਣਾ. ਤੁਰਣਾ. "ਜੋਲਿਕੈ, ਕੈ ਗਲਿ ਲਗੈ ਧਾਇ." (ਸ. ਫਰੀਦ) "ਜੋ ਗੁਰ ਦਸੇ ਬਾਟ ਮੁਰੀਦਾ ਜੋਲੀਐ." (ਆਸਾ ਸੇਖ ਫਰੀਦ)

ਜੋਲਾ, ਜੋਲਾਹਰਾ, ਜੋਲਾਹਾ: ਕਪੜਾ ਬੁਣਨ ਵਾਲਾ. ਤੰਤੁਵਾਯ. ਦੇਖੋ, ਜੁਲਾਹਾ. ਬ੍ਰਹਮਵੈਵਰਤ ਪੁਰਾਣ ਵਿੱਚ ਲਿਖਿਆ ਹੈ ਕਿ- ਮਲੇਛ ਪਿਤਾ ਤੋਂ ਕਪੜਾ ਬੁਣਨ ਵਾਲੇ ਦੀ ਕਨਯਾ ਦੇ ਗਰਭ ਵਿੱਚੋਂ "ਜੋਲਾ" ਜਾਤਿ ਪੈਦਾ ਹੋਈ ਹੈ. "ਨੀਚ ਕੁਲਾ ਜੋਲਾਹਰਾ." (ਆਸਾ ਧੰਨਾ) "ਨਾਮਾ ਛੀਬਾ ਕਬੀਰ ਜੋਲਾਹਾ." (ਸ੍ਰੀ ਅਃ ਮਃ ੩)

ਜੋਲਿਕੈ: ਤੁਰਕੇ. ਜਾਕੇ. ਦੇਖੋ, ਜੋਲਣੁ.

ਜੋਲੀਐ: ਚੱਲੀਐ. ਦੇਖੋ, ਜੋਲਣੁ.

ਜੋਵਣ: ਦੇਖੋ, ਜੋਵਣਾ.

ਜੋਵਣਹਾਰ: ਵਿ- ਦੇਖਣ ਵਾਲਾ। ੨. ਜੋਤਣ (ਜੋੜਨ) ਵਾਲਾ.

ਜੋਵਣਵਾਰੁ: ਸੰਗਯਾ- ਜੇਮਨ (ਭੋਜਨ ਕਰਨ) ਦਾ ਸੰਸਕਾਰ. ਅੰਨਪ੍ਰਾਸ਼ਨ ਸਸਕਾਰ. ਹਿੰਦੂਮਤ ਅਨੁਸਾਰ ਛੀਵੇਂ ਅਥਵਾ ਅੱਠਵੇਂ ਮਹੀਨੇ ਬਾਲਕ ਨੂੰ ਪਹਿਲੇ ਪਹਿਲ ਅੰਨ ਖਵਾਉਣ ਦਾ ਕਰਮ. "ਜੋਵਣਵਾਰੁ ਨਾਮਕਰਣ." (ਰਾਮ ਮਃ ੫. ਬੰਨੋ)

**ਜੋਵਣਾ:** ਕ੍ਰਿ- ਦੇਖਣਾ. ਤੱਕਣਾ. ਦੇਖੋ, ਜੋਈਦਨ। ੨. ਜੋਤਣਾ ਜੋੜਨਾ. "ਜੋਵਹਿ ਕੂਪ ਸਿੰਚਨ ਕਉ ਬਸੁਧਾ." (ਆਸਾ ਮਃ ੪) "ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ." (ਵਾਰ ਗੂਜ ੨. ਮਃ ੫)

**ਜੋਵਨ:** ਦੇਖੋ, ਜੋਬਨ। ੨. ਦੇਖੋ, ਜੋਵਣਾ.

**ਜੋੜ:** ਸੰਗਯਾ- ਅੰਗਾਂ (ਅੰਕਾਂ) ਦਾ ਯੋਗ. ਮੀਜ਼ਾਨ। ੨. ਗੱਠ. ਗੰਢ. ਟਾਂਕਾ। ੩. ਸ਼ਰੀਰ ਦੀ ਸੰਧਿ. ਗੋਡਾ, ਕੂਹਣੀ ਆਦਿ ਸਥਾਨ. Joints । ੪. ਤੁਲਨਾ. ਬਰਾਬਰੀ। ੫. ਦਾਉ. ਪੇਚ। ੬. ਦੇਖੋ, ਜੋੜਨਾ.

**ਜੋੜਤੋੜ:** ਸੰਗਯਾ- ਉਪਕ੍ਰਮ ਉਪਸੰਹਾਰ. ਉਤਪੱਤਿ ਅਤੇ ਵਿਨਾਸ਼. ਰਚਨਾ ਅਤੇ ਲੈ। ੨. ਮੰਡਨ ਅਤੇ ਖੰਡਨ। ੩. ਇੱਕ ਬੂਟੀ, ਜਿਸ ਵਿੱਚ ਪਾਰਾ ਮਰਦਾ ਹੈ.

**ਜੋੜਨਾ:** ਕ੍ਰਿ- ਮਿਲਾਉਣਾ। ੨. ਜਮਾ ਕਰਨਾ. ਇਕੱਠਾ ਕਰਨਾ। ੩. ਮੀਜ਼ਾਨ ਦੇਣੀ.

**ਜੋੜਮੇਲ:** ਸੰਗਯਾ- ਇਕੱਠ. ਮੇਲਾ। ੨. ਗੂੜ੍ਹੀ ਮਿਤ੍ਰਤਾ.

**ਜੋੜਮੇਲਨੀ:** ਸੰਗਯਾ- ਖ਼ਾ. ਸੂਈ. ਸੂਚੀ.

**ਜੋੜਾ:** ਸੰਗਯਾ- ਜੂਤਾ. ਜੁੱਤਾ। ੨. ਪੋਸ਼ਾਕ. ਦੋਸ਼ਾਲਾ. "ਸਚ ਭਜਨ ਜੋੜੇ." (ਗਉ ਵਾਰ ੨. ਮਃ ੫) ੩. ਦੋ ਪਦਾਰਥ। ੪. ਨਰ ਅਤੇ ਮਾਦਾ.

**ਜੋੜਿ:** ਜੋੜਕੇ. ਮੇਲਕੇ. "ਜੋੜਿ ਵਿਛੋੜੇ ਨਾਨਕ ਥਾਪਿ." (ਆਸਾ ਮਃ ੫)

**ਜੋੜੀ:** ਮਿਲਾਈ. ਗੱਠੀ. "ਜੋੜੀ ਜੁੜੇ ਨ ਤੋੜੀ ਤੂਟੈ." (ਗਉ ਕਬੀਰ) ੨. ਸੰਗਯਾ- ਮੇਲੀ. ਮਿਲਾਪੀ. "ਹਰਿਨਾਮੇ ਕੋ ਹੋਵਹੁ ਜੋੜੀ" (ਬਸੰ ਮਃ ੫) ੩. ਸਾਂਝੀਵਾਲ। ੪. ਬਰਾਬਰ ਦਾ. ਤੁਲਯਤਾ ਵਾਲਾ। ੫. ਦੋ (ਨਰ ਮਦੀਨ ਆਦਿ) ਦਾ ਯੁਗ। ੬. ਪਖਾਵਜ. ਧਾਮਾ ਅਤੇ ਤਬਲਾ।

**ਜੋੜੂ:** ਵਿ- ਜੋੜਨ ਵਾਲਾ। ੨. ਸੰਗਯਾ- ਕੰਜੂਸ. ਕ੍ਰਿਪਣ. ਜੋ ਖਰਚਦਾ ਕਦੇ ਨਹੀਂ, ਜੋੜਦਾ ਹੀ ਰਹਿੰਦਾ ਹੈ.

**ਜੌ:** ਵਯ- ਯਦਿ. ਅਗਰ. ਜੇ. ਜਉ. "ਜੌ ਰਾਜੁ ਦੇਹਿ ਤ ਕਵਨ ਬਡਾਈ." (ਗੂਜ ਨਾਮਦੇਵ) ੨. ਸੰਗਯਾ- ਯਵ. ਜੌਂ. ਫ਼ਾ. جو ਜਵ।੩ ਕ੍ਰਿ. ਵਿ- ਜਬ. ਜਿਸ ਵੇਲੇ.

**ਜੌਂ:** ਦੇਖੋ, ਜੌ ੨.

**ਜੌਉ:** ਦੇਖੋ, ਜਉ ਅਤੇ ਜੌ.

**ਜੌਹਰ:** ਸੰਗਯਾ- ਤਾਲ. ਟੋਭਾ. ਦੇਖੋ, ਜੋਹੜ। ੨. ਅ਼. جوٗہر ਮੋਤੀ. ਗੌਹਰ। ੩. ਕ਼ੀਮਤੀ ਪੱਥਰ. ਰਤਨ। ੪. ਵਸਤੁ ਦਾ ਮੂਲ ਕਾਰਣ, ਜੈਸੇ ਵਸਤ੍ਰ ਦਾ ਰੂੰ, ਤਲਵਾਰ ਦਾ ਲੋਹਾ ਆਦਿ। ੫. ਗੁਣ. ਖ਼ੂਬੀ। ੬. ਰਾਜਪੂਤਾਨੇ ਦੀ ਇੱਕ ਪੁਰਾਣੀ ਰਸਮ "ਜੀਵਹਰ", ਜਿਸ ਤੋਂ ਜੌਹਰ ਸ਼ਬਦ ਬਣਗਿਆ. ਵੈਰੀ ਦਾ ਭੈ ਕਰਕੇ ਪਤਿਵ੍ਰਤਾ ਇਸਤ੍ਰੀਆਂ ਸ਼ਸਤ੍ਰ ਅਥਵਾ ਅਗਨਿ ਨਾਲ ਜੋ ਪਰਿਵਾਰ ਦਾ ਨਾਸ਼ ਕਰਦੀਆਂ ਸਨ, ਇਸ ਦਾ ਨਾਮ ਜੌਹਰ ਹੈ, ਦੇਖੋ, ਅਕਬਰ। ੭. ਫ਼ੌਲਾਦ ਦਾ ਖ਼ਮੀਰ। ੮. ਆਂਚ ਨਾਲ ਉਡਾਈ ਦਵਾ ਦਾ ਸਾਰ.

**ਜੌਹਰੀ:** ਸੰਗਯਾ- ਜੌਹਰ (ਜਵਾਹਰ) ਰੱਖਣ ਵਾਲਾ. ਰਤਨਾਂ ਦਾ ਵਪਾਰੀ ਅਤੇ ਪਰੀਕ੍ਸ਼ਕ.

**ਜੌਕ:** ਤੁ. جوَق ਜੌਕ਼. ਸੰਗਯਾ- ਫ਼ੌਜ. ਸੈਨਾ। ੨. ਗਰੋਹ. ਟੋਲਾ. ਝੁੰਡ। ੩. ਅ਼. ذوَق ਜੌਕ਼. ਚੱਖਣਾ। ੪. ਖ਼ੁਸ਼ੀ. ਆਨੰਦ। ੫. ਆਤਮਆਨੰਦ ਦਾ ਅਨੁਭਵ. "ਲਖਜੋ ਆਪ ਨੇ ਅਪਨਆਪਾ ਸੁ ਜੌਕ." (ਗੁਪ੍ਰਸੂ)

**ਜੌਜ:** ਅ਼. زوَج ਜ਼ੌਜ. ਸੰਗਯਾ- ਪਤਿ. ਭਰਤਾ. ਖ਼ਾਵੰਦ.

ਜ਼ੌਜਹ, ਜ਼ੌਜਾ: ਅ਼. زوزہ ਸੰਗਯਾ- ਭਾਰਯਾ. ਪਤਨੀ. ਜੋਰੂ. ਵਹੁਟੀ.

ਜੌਨ: ਸਰਵ- ਜੋ। ੨. ਜਿਸ. "ਨਿੰਦ ਉਸਤਤਿ ਜੌਨ ਕੇ ਸਮ." (ਹਜਾਰੇ ੧੦) ੩. ਸੰਗਯਾ- ਦੇਖੋ, ਜਵਨ (ਯਵਨ). ੪. ਜੌਨ੍ਹ. ਜ੍ਯੋਤਸ੍ਨਾ. ਚਾਂਦਨੀ. ਚੰਦ੍ਰਿਕਾ. "ਤਹਾ ਚੰਦ੍ਰ ਕੀ ਨ ਜੌਨ ਹੈ." (ਰਾਮਾਵ) "ਬਰ ਕੀਰਤਿ ਜੋਨ." (ਨਾਪ੍ਰ)

ਜੌਨਪੁਰ: ਸੰ. ਜਮਦਗ੍ਨਿਪੁਰ. ਯੂ. ਪੀ. ਦੇ ਬਨਾਰਸ ਡਿਵੀਜ਼ਨ ਵਿੱਚ ਗੋਮਤੀ ਨਦੀ ਦੇ ਕਿਨਾਰੇ ਇੱਕ ਸ਼ਹਿਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਹੈ. ਨੌਵੇਂ ਸਤਿਗੁਰੂ ਇਸ ਥਾਂ ਵਿਰਾਜੇ ਹਨ. ਗੁਰਦ੍ਵਾਰੇ ਦਾ ਨਾਮ "ਸੰਗਤਿ ਮ੍ਰਿਦੰਗਵਾਲੀ" ਹੈ. ਗੁਰਬਖ਼ਸ਼ ਸਿੱਖ ਦੇ ਘਰ ਗੁਰੂ ਸਾਹਿਬ ਨੇ ਡੇਰਾ ਕੀਤਾ ਅਤੇ ਕੀਰਤਨ ਲਈ ਮ੍ਰਿਦੰਗ ਬਖਸ਼ੀ, ਜੋ ਹੁਣ ਉਸ ਥਾਂ ਸਨਮਾਨ ਨਾਲ ਰੱਖੀ ਹੋਈ ਹੈ. ਜੌਨਪੁਰ ਦਾ ਇਤਰ ਅਤੇ ਫੁਲੇਲ ਬਹੁਤ ਪ੍ਰਸਿੱਧ ਹਨ.

ਜੌਪੈ: ਵ੍ਯ- ਅਗਰ. ਯਦਿ. ਜੇ.

ਜੌਬ: ਜੌ- ਅਬ. ਜੇ ਹੁਣ.

ਜੋਬਨ: ਸੰਗਯਾ- ਯੌਵਨ. "ਜੌਬਨ ਬਹਿਕ੍ਰਮ ਕਨਿਕ ਕੁੰਡਲਹ." (ਸਹਸ ਮਃ ੫)

ਜੌਲਗ: ਕ੍ਰਿ. ਵਿ- ਜਬ ਤਕ. ਜਦ ਤੋੜੀ.

ਜੌਲਾ, ਜੌਲਾਨ: ਦੇਖੋ, ਜਉਲਾ.

ਜੌਲੌ: ਦੇਖੋ, ਜੌਲਗ.

ਜੌੜਾ: ਸੰਗਯਾ- ਯਮਜ. ਇੱਕ ਗਰਭ ਤੋਂ ਇੱਕ ਹੀ ਸਮੇਂ ਵਿੱਚ ਦੂਜੇ ਬੱਚੇ ਨਾਲ ਜਨਮਿਆ ਹੋਇਆ. Twin born.

ਜੰਗ: ਫ਼ਾ. زنگ ਜ਼ੰਗ. ਸੰਗਯਾ- ਮੈਲ. ਜ਼ੰਗਾਰ। ੨. ਘੰਟਾ. ਸੰਖ. "ਜੰਗ ਘੁੰਘਰੁ ਟੱਲਿਕਾ ਉਪਜੰਤ ਰਾਗ ਅਨੰਤ." (ਪਰੀਛਤਰਾਜ) ੩. ਟਾਪੂ ਜ਼ੰਗਬਾਰ (Zanzibar) ਜੋ ਅਫਰੀਕਾ ਦੇ ਪੂਰਵ ਹੈ. ਦੇਖੋ, ਜੰਗੀ ਅਤੇ ਰੂਮੀ ਜੰਗੀ। ੪. ਫ਼ਾ. جنگ ਜੰਗ. ਯੁੱਧ. ਲੜਾਈ.

ਜੰਗ ਆਜ਼ਮਾ: ਫ਼ਾ. جنگ آزما ਵਿ- ਜੰਗ ਅਜਮਾਉਣ ਵਾਲਾ. ਯੁੱਧ ਵਿਦ੍ਯਾ ਦਾ ਅਭ੍ਯਾਸੀ.

ਜੰਗ ਦਰਾਯਦ: ਦਸਮਗ੍ਰੰਥ ਦੇ ਕ੍ਰਿਸ਼ਨਾਵਤਾਰ ਵਿੱਚ ਕਾਲਯਵਨ ਦੇ ਜੰਗ ਦਾ ਵਰਣਨ ਇਸ ਸਵੈਯੇ ਵਿੱਚ ਹੈ:-

੧. ਜੰਗ ਦਰਾਯਦ ਕਾਲਜਮੰਨ,

ਬਗੋਯਦ ਕੀ ਮਨ ਫੌਜ ਕੋ ਸ਼ਾਹਮ,

੨. ਬਾ ਮਨ ਜੰਗ ਬੁਗੋ ਕੁਨ ਬਯਾ

ਹਰਗਿਜ਼ ਦਿਲ ਮੋ ਨ ਜਰਾ ਕੁਨ ਵਾਹਮ,

੩. ਰੋਜ਼ ਮਯਾਂ ਦੁਨੀਆਂ ਉਫਤਾਦਮ

ਸ਼ਾਬਸ਼ ਬੇਅ਼ਦਲੀ ਸ਼ਬਸ਼ਾਹਮ,

੪. ਕਾਨ ! ਗੁਰੇਜ਼ ਮਕੁਨ ਤੁ ਬਜਾਖ਼ੁਸ਼

ਮਾਤ ਕੁਨੇਮ ਜਿ ਜੰਗ ਗੁਆਹਮ.

ਅਰਥ:-

੧. ਜੰਗ ਵਿੱਚ ਕਾਲਯਮਨ ਆਇਆ,

ਬੋਲਿਆ ਕਿ ਮੈਂ ਫ਼ੌਜ ਦਾ ਸ੍ਵਾਮੀ ਹਾਂ,

੨. ਆਖਿਆ, ਬਯਾ (ਆ) ਬਾਮਨ ਜੰਗ ਕੁਨ (ਮੇਰੇ ਨਾਲ ਯੁੱਧ ਕਰ)

ਬਿਲਕੁਲ ਥੋੜਾ ਭੀ ਦਿਲ ਵਿੱਚ ਵਹਮ ਨਾ ਉਠਾ.

੩. ਮੈਂ ਦੁਨੀਆਂ ਵਿੱਚ ਦਿਨ (ਭਾਵ ਸੂਰਯ) ਉਫ਼ਤਾਦਮ (ਪ੍ਰਗਟ ਹੋਇਆ ਹਾਂ), ਮੈ ਧਨਜਤਾ ਯੋਗਜ ਅਤੇ ਬੇ- ਅਦਲ (ਬੇ ਮਿਸਲ) ਹਾਂ ਅਤੇ ਰਾਤ੍ਰੀ ਦਾ ਪਤੀ (ਚੰਦ੍ਰਮਾਂ) ਹਾਂ.

੪. ਐ ਕ੍ਰਿਸ਼ਨ! ਟਾਲਾ ਨਾ ਕਰ, ਖ਼ੁਸ਼ੀ ਨਾਲ ਆ, ਤਾਂਕਿ ਅਸੀਂ ਜੰਗ ਦੀ ਗੋਯ (ਗੇਂਦ, ਭਾਵ ਬਾਜ਼ੀ) ਜੋ ਆਹਮ ਹੈ, ਮਾਤ ਕਰੀਏ.

ਜੰਗਨਾਮਾ: ਜੁੱਧ ਦੀ ਕਥਾ ਦਾ ਗ੍ਰੰਥ। ੨. ਇਸ ਨਾਮ ਦੇ ਕਈ ਗ੍ਰੰਥ ਦੇਖੇ ਜਾਂਦੇ ਹਨ, ਜਿਨ੍ਹਾਂ ਵਿੱਚ ਲਹੌਰ ਦਰਬਾਰ ਦੀ ਫੌਜ ਦਾ ਅੰਗ੍ਰੇਜ਼ਾਂ ਨਾਲ ਜੰਗ ਕਰਨ ਦਾ ਪ੍ਰਸੰਗ ਹੈ[562]। ੩. ਬੱਤੀ ਪੌੜੀਆਂ ਦੀ ਇੱਕ ਰਚਨਾ ਕਿਸੇ ਪ੍ਰੇਮੀ ਦੀ ਲਿਖੀ ਹੋਈ ਪ੍ਰਸਿੱਧ ਵਾਰ ਹੈ, ਜਿਸ ਨੂੰ "ਵਾਰ ਗੁਰੂ ਗੋਬਿੰਦ ਸਿੰਘ ਜੀ" ਭੀ ਲਿਖਿਆ ਹੈ. ਇਸ ਵਿੱਚ ਬਾਦਸ਼ਾਹ ਔਰੰਗਜ਼ੇਬ ਦਾ ਸ਼ਾਹਜ਼ਾਦੀ ਜ਼ੇਬੁੱਨਿਸਾ ਨਾਲ ਪ੍ਰਸ਼ਨ ਉੱਤਰ ਅਤੇ ਭੰਗਾਣੀ ਦੇ ਜੰਗ ਦਾ ਵਰਣਨ ਹੈ.

ਜੰਗਮ: ਸੰ. जङ्गम. ਤੁਰਨ ਫਿਰਨ ਵਾਲਾ. ਗਮਨ ਕਰਤਾ. ਜੋ ਇੱਕ ਥਾਂ ਨਾ ਟਿਕੇ. "ਅਸਥਾਵਰ ਜੰਗਮ ਕੀਟ ਪਤੰਗਾ." (ਗਉ ਕਬੀਰ)

੨. ਸ਼ੈਵ ਮਤ ਦਾ ਇੱਕ ਫ਼ਿਰਕਾ, ਜੋ ਜੋਗੀਆਂ ਦੀ ਸ਼ਾਖ਼ ਹੈ. ਜੰਗਮ ਸਿਰ ਪੁਰ ਸਰਪ ਦੀ ਸ਼ਕਲ ਦੀ ਰੱਸੀ ਅਤੇ ਧਾਤੁ ਦਾ ਚੰਦ੍ਰਮਾ ਪਹਿਰਦੇ ਹਨ. ਕੰਨਾਂ ਵਿੱਚ ਮੁਦ੍ਰਾ ਦੀ ਥਾਂ ਪਿੱਤਲ ਦੇ ਫੁੱਲ ਮੋਰਪੰਖਾ ਨਾਲ ਸਜੇ ਹੋਏ ਧਾਰਨ ਕਰਦੇ ਹਨ. ਜੰਗਮ ਦੋ ਹਿੱਸਿਆਂ ਵਿੱਚ ਵੰਡੇ ਹੋਏ ਹਨ ਇੱਕ ਧਤਸ੍ਥਲ (ਵਿਰਕ੍ਤ) ਦੂਜੇ ਗੁਰੁਸ੍ਥਲ (ਗ੍ਰਿਹਸ੍ਥੀ). "ਜੰਗਮ ਜੋਧ ਜਤੀ ਸੰਨਿਆਸੀ." (ਮਾਰੂ ਮਃ ੧)

ਜੰਗ ਮੁਸਾਫਾ: ਮੁਸਾਫ (ਜੰਗ) ਦਾ ਜੰਗ (ਘੰਟਾ). "ਜੰਗ ਮੁਸਾਫਾ ਵੱਜਿਆ." (ਚੰਡੀ ੩) ਦੇਖੋ, ਜੰਗ ਅਤੇ ਮੁਸਾਫ.

ਜੰਗਲ, ਜੰਗਲੁ: ਫ਼ਾ. جنگل ਸੰਗਜਾ- ਰੋਹੀ. ਬਣ (ਵਨ). "ਜੰਗਲ ਜੰਗਲੁ ਕਿਆ ਭਵਹਿ?" (ਸ. ਫਰੀਦ)੨ ਸ. ਲਹੂ। ੩. ਮਾਸ। ੪. ਜਲ ਰਹਿਤ ਭੂਮਿ. ਮਾਰੂ। ੫. ਰੇਗਿਸਤਾਨ.

ਜੰਗਲ ਜਾਣਾ: ਕ੍ਰਿ- ਸ਼ੌਚ ਜਾਣਾ. ਸੁਚੇਤੇ ਫਿਰਨ ਜਾਣਾ. ਮਲਤਯਾਗ ਲਈ ਰੋਹੀ ਵਿੱਚ ਜਾਣਾ.

ਜੰਗਲਾ: ਵਿ- ਜੰਗਲ ਨਾਲ ਸੰਬੰਧ ਰੱਖਣ ਵਾਲਾ. ਬਨੈਲਾ. ਜੰਗਾਲੀ। ੨. ਪੁਰਤ- ਜੇਂਗਲਾ. ਬਾਰਾਮਦੇ (ਬਰਾਂਡੇ) ਅਥਵਾ ਦਰਵਾਜ਼ੇ ਪੁਰ ਲੱਗੀ ਹੋਈ ਸਰੀਏਦਾਰ ਖਿੜਕੀ ਅਤੇ ਕਿਨਾਰਾ.

ਜੰਗਲਿ: ਜੰਗਲ ਵਿੱਚ। ੨. ਦੇਖੋ, ਜੰਗਲੀ.

ਜੰਗਲੀ: ਵਿ- ਜੰਗਲ ਵਿੱਚ ਰਹਿਣ ਵਾਲਾ। ੨. ਅਸਭ੍ਯ. ਗੁੱਵਾਰ.

ਜੰਗਲੁ: ਦੇਖੋ, ਜੰਗਲ.

ਜੰਗੜਾ: ਸੰਗਜਾ- ਜ਼ਕਾਤਘਰ. ਮਹ਼ਿਸੂਲ ਦੀ ਚੌਕੀ। ੨. ਜ਼ਕਾਤੀਆ. ਜਗਾਤ ਉਗਰਾਹੁਣ ਵਾਲਾ। ੩. ਦੇਖੋ, ਯੰਗੜਾ.

ਜੰਗਾ: ਸੰਗਜਾ- ਜਾਗਰਣ. ਜਾਗਨਾ. "ਰਜਨਿ ਸਬਾਈ ਜੰਗਾ." (ਸਾਰ ਮਃ ੫) ੨. ਜੰਘਾ. ਲੱਤ. "ਸਹਸ੍ਰ ਸੀਸ ਤਵ ਧਰ ਤਨ

---

[562] ਸ਼ਾਹਮੁੰਹਮਦ ਅਤੇ ਭਾਈ ਸਾਹਿਬ ਸਿੰਘ ਨੇ ਲਿਖੇ ਜੰਗਨਾਮੇ ਬਹੁਤ ਪ੍ਰਸਿੱਧ ਹਨ.

ਜੰਗਾ." (ਵਿਸਨਾਵ)

ਜੰਗਾਰ: ਫ਼ਾ. جنگار ਵਿ- ਜੰਗਾਵਰ. ਯੋਧਾ। ੨. ਫ਼ਾ. زنگار ਜ਼ੰਗਾਰ. ਸੰਗਯਾ- ਜਰ. ਲੋਹੇ ਆਦਿ ਧਾਤੁ ਦੀ ਮੈਲ.

ਜੰਗਾਲ: ਦੇਖੋ, ਜੰਗਾਰ। ੨. ਸੰ. जङ्गाल ਸੰਗਯਾ- ਪੁਲ। ੩. ਪਾਣੀ ਰੋਕਣ ਦਾ ਬੰਨ੍ਹ.

ਜੰਗਾਲੀ: ਵਿ- ਜੰਗਾਰ ਲੱਗੀ ਵਸਤੁ। ੨. ਜੰਗਾਰ ਜੇਹੇ ਰੰਗ ਵਾਲਾ. ਦੇਖੋ, ਮਸਕਲ.

ਜੰਗੀ: ਫ਼ਾ. جنگی ਵਿ- ਜੰਗ ਨਾਲ ਸੰਬੰਧ ਰੱਖਣ ਵਾਲਾ. ਜੰਗ ਦਾ। ੨. ਫ਼ੌਜੀ। ੩. ਜ਼ੰਗੀ. ਜ਼ੰਗਵਾਰ ਦਾ ਵਸਨੀਕ. ਦੇਖੋ, ਜੰਗ ੩.

ਜੰਗੀਰਾਣਾ: ਇੱਕ ਪਿੰਡ, ਜੋ ਰਿਆਸਤ ਪਟਿਆਲਾ ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਵਿੱਚ ਹੈ. ਇੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਣ ਪਾਏ ਹਨ, ਪਰ ਆਸ ਪਾਸ ਦੇ ਸਿੱਖਾਂ ਦੀ ਅਨਗਹਿਲੀ ਕਰਕੇ ਗੁਰਦੁਆਰਾ ਨਹੀਂ ਬਣਿਆ. ਜੰਗੀਰਾਣੇ ਤੋਂ ਦੋ ਕੋਹ ਪੁਰ ਕੱਚਾ ਮੰਜੀ ਸਾਹਿਬ ਹੈ. ਉਸ ਦੇ ਪਾਸ ਹੀ ਸਿੱਧੂਆਂ ਦਾ ਤਿਲਕਰਾ ਨਾਮਕ ਟੋਭਾ ਹੈ, ਜਿੱਥੇ ਨੌਰਾਤਿਆਂ ਵਿੱਚ ਸਿੱਧੂ ਗੋਤ ਦੇ ਲੋਕ ਮਿੱਟੀ ਕੱਢਣ ਆਉਂਦੇ ਹਨ.

ਜੰਗੀਲਾ: ਵਿ- ਜੰਗਾਵਰ. ਯੋਧਾ. ਜੰਗੀ। ੨. ਜੰਗਾਰ ਵਾਲਾ। ੩. ਸੰਗਯਾ- ਜ਼ੰਗਾਰ. ਮੈਲ. ਜਰ. "ਉਤਰੈ ਮਨਹੁ ਜੰਗੀਲਾ." (ਗੂਜ ਮਃ ੫)

ਜੰਗੀਲਾਟ: ਹਿੰਦੁਸਤਾਨ ਦੀਆਂ ਫੌਜਾਂ ਦਾ ਵਡਾ ਅਫਸਰ. ਕਮਾਂਡਰਿਨਚੀਫ਼ (Commander- in- Chief)

ਜੰਘ: ਸੰ. जङ्घा ਜੰਘਾ. ਸੰਗਯਾ- ਗੋਡੇ ਤੋਂ ਹੇਠ ਅਤੇ ਗਿੱਟੇ ਤੋਂ ਉੱਪਰਲਾ ਭਾਗ. ਟੰਗ. ਲੱਤ. "ਇਨੀ ਨਿਕੀ ਜੰਘੀਐ ਥਲਿ ਡੂਗਰਿ ਭਵਿਓਮ." (ਸ. ਫਰੀਦ)

ਜੰਘਵਾ, ਜੰਘਾ: ਦੇਖੋ, ਜੰਘ। ੨. ਦੇਖੋ, ਪਰਤੀਰਨ.

ਜੰਘੀਐ: ਜੰਘਾਂ (ਲੱਤਾਂ) ਨਾਲ. ਦੇਖੋ, ਜੰਘ.

ਜੰਜ: ਦੇਖੋ, ਜੰਞ.

ਜੰਜਾਰ, ਜੰਜਾਰਾ, ਜੰਜਾਲ: ਸੰਗਯਾ- ਜਗਜਾਲ. ਸੰਸਾਰਬੰਧਨ. ਜ਼ੰਜੀਰ. ਉਲਝਾਉ. "ਕਰਮ ਕਰਤ ਜੀਅ ਕਉ ਜੰਜਾਰ." (ਆਸਾ ਮਃ ੫) "ਬਹੁਰਿ ਬਹੁਰਿ ਲਪਟਿਓ ਜੰਜਾਰਾ." (ਸੂਹੀ ਮਃ ੫) "ਉਰਝਿਓ ਆਨ ਜੰਜਾਰੀ." (ਸਾਰ ਮਃ ੫) "ਆਲ ਜਾਲ ਮਾਇਆ ਜੰਜਾਲ." (ਸੁਖਮਨੀ) ੨. ਜਨ ਜਾਲ. ਆਦਮੀਆਂ ਨੂੰ ਫਸਾਉਣ ਵਾਲਾ ਫੰਧਾ। ੩. ਜਨਾਂ ਦਾ ਰਚਿਆ ਹੋਇਆ ਜਾਲ. ਫਸਾਉਣ ਦੀ ਬਜੋਂਤ.

ਜੰਜਾਲ ਪਰਾਲਿ: ਸੰਗਯਾ- ਧਾਨਾਂ ਦੇ ਫੂਸ ਦਾ ਬੰਧਨ. ਪਰਾਲੀ ਦਾ ਬਣਿਆ ਹੋਇਆ ਜਾਲ. "ਸਾਕਤ ਜੰਜਾਲ ਪਰਾਲਿ ਪਇਆ." (ਰਾਮ ਅਃ ਮਃ ੧) ਭਾਵ- ਮਾਇਆ ਦੇ ਕੋਮਲ ਬੰਧਨ, ਜਿਨ੍ਹਾਂ ਵਿੱਚ ਕੇਵਲ ਆਪਣੀ ਕਮਜ਼ੋਰੀ ਨਾਲ ਜੀਵ ਫਸਦਾ ਹੈ.

ਜੰਜਾਲੀ: ਜੰਜਾਲਾਂ ਤੋਂ. ਜਗਜਾਲੋਂ ਸੇ. ਉਲਝੇਵਿਆਂ ਵਿੱਚ. "ਮਨੁ ਜੰਜਾਲੀ ਵੇੜਿਆ" (ਓਅੰਕਾਰ)

ਜ਼ੰਜੀਰ: ਫ਼ਾ. زنجیر ਸੰਗਯਾ- ਸੰਗਲ. ਲੋਹੇ ਆਦਿ ਧਾਤੁ ਦੀਆਂ ਕੜੀਆਂ ਦਾ ਰੱਸਾ. "ਜੰਜੀਰ ਬਾਧਿਕਰ ਖਰੇ ਕਬੀਰ." (ਭੈਰ ਕਬੀਰ) ੨. ਪਗਬੰਧਨ. ਬੇੜੀ.

ਜੰਜੀਰੀ: ਛੋਟਾ ਜ਼ੰਜੀਰ. ਦੇਖੋ, ਜ਼ੰਜੀਰ.

ਜੰਜੂਆ: ਇੱਕ ਰਾਜਪੂਤ ਗੋਤ੍ਰ.

**ਜੰਜੈਲ:** ਭਾਰੀ ਅਤੇ ਲੰਮੀ ਬੰਦੂਕ੍, ਜੋ ਪੁਰਾਣੇ ਸਮੇਂ ਦੂਰ ਮਾਰ ਕਰਨ ਲਈ ਵਰਤੀ ਜਾਂਦੀ ਸੀ. ਇਸ ਦੀ ਗੋਲੀ ਛੀ ਸੌ ਗਜ਼ ਤੀਕ ਮਾਰ ਸਕਰਦੀ ਸੀ. ਦੇਖੋ, ਸ਼ਸਤ੍ਰ.

**ਜੰਵ:** ਸੰ. ਜਨਯ. ਸੰਗ੍ਯਾ- ਜਨੇਤ. ਬਰਾਤ. ਦੇਖੋ, ਜੰਨ ੨. "ਹਰਿਜਨ ਮਿਲਿ ਜੰਞ ਸੁਹੰਦੀ." (ਸ੍ਰੀ ਛੰਤ ਮਃ ੪)

**ਜੰਞੂ:** ਸੰਗ੍ਯਾ- ਜਨੇਊ. ਜ਼ੁੰਨਾਰ. ਯਗ੍ਯੋਪਵੀਤ. "ਜਿਸ ਜੰਞ ਤੇ ਜਮ ਸਨਮਾਨੇ." (ਨਾਪ੍ਰ)

**ਜੰਡ:** ਸੰਗ੍ਯਾ- ਇੱਕ ਜੰਗਲੀ ਬਿਰਛ, ਜਿਸ ਦੀਆਂ ਫਲੀਆਂ ਦਾ ਅਚਾਰ ਪੈਂਦਾ ਹੈ, ਅਤੇ ਪੱਕੀਆਂ ਹੋਈਆਂ ਮਿੱਠੀਆਂ ਹੁੰਦੀਆਂ ਹਨ. ਮਾਲਵੇ ਵਿੱਚ ਇਸ ਦੀਆਂ ਕੱਚੀਆਂ ਫਲੀਆਂ ਦਾ ਰਾਇਤਾ ਪੇਚਿਸ਼ (ਮਰੋੜੇ) ਲਈ ਬਹੁਤ ਗੁਣਕਾਰੀ ਮੰਨਿਆ ਗਿਆ ਹੈ. ਸੰ. ਸ਼ਮੀ. L. Prosopis Spicigera.

**ਜੰਡਸਰ:** ਦੇਖੋ, ਦਮਦਮਾ.

**ਜੰਡਸਾਹਿਬ:** ਉਹ ਜੰਡ ਦਾ ਦਰਖ਼ਤ, ਜਿਸ ਹੇਠ ਦਸ ਸਤਿਗੁਰਾਂ ਵਿੱਚੋਂ ਕੋਈ ਵਿਰਾਜਿਆ ਹੈ. ਇਤਿਹਾਸ ਵਿੱਚ ਅਨੇਕ ਜੰਡ ਹਨ, ਜਿਨ੍ਹਾਂ ਵਿੱਚੋਂ ਕੁਝਕ ਇਹ ਹਨ:-

੧. ਰਾਜ ਨਾਭਾ, ਨਜਾਮਤ ਫੂਲ, ਪਿੰਡ ਗੁੰਮਟੀ ਤੋਂ ਵਾਯਵੀ ਕੋਣ ਦੋ ਮੀਲ ਤੇ ਉਹ ਜੰਡ, ਜਿਸ ਪੁਰ ਤੁਕਲਾਣੀ ਨਿਵਾਸੀ ਭਾਈ ਰੂਪੇ ਨੇ ਪਾਣੀ ਦਾ ਕੂਨ੍ਹਾ ਲਟਕਾਇਆ ਸੀ, ਅਤੇ ਪ੍ਰੇਮ ਦੀ ਖਿੱਚ ਨਾਲ ਦੁਪਹਿਰ ਵੇਲੇ ਡਰੋਲੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੱਦਕੇ ਜੰਡ ਹੇਠ ਬੈਠਾਕੇ ਠੰਢਾ ਜਲ ਛਕਾਇਆ ਸੀ. ਇਸ ਥਾਂ ਮਹਾਰਾਜਾ ਹੀਰਾ ਸਿੰਘ ਜੀ ਨੇ ਗੁਰਦ੍ਵਾਰਾ ਬਣਵਾਇਆ ਹੈ, ਸਤਵੰਜਾ ਘੁਮਾਉਂ ਜ਼ਮੀਨ ਰਿਆਸਤ ਵੱਲੋਂ ਮੁਆਫ਼ ਹੈ।

੨. ਜਿਲਾ ਅੰਬਾਲਾ, ਥਾਣਾ ਮੋਰੰਡਾ, ਚਮਕੌਰ ਤੋਂ ਤਿੰਨ ਕੋਹ ਵਾਯਵੀ ਕੋਣ ਇੱਕ ਜੰਡ, ਜਿਸ ਹੇਠ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਤੋਂ ਨਿਕਲਕੇ ਕੁਝ ਸਮਾਂ ਠਹਿਰੇ ਹਨ. ਸਾਧਾਰਣ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ੯੨੭ ਵਿੱਘੇ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਗੁਰਦ੍ਵਾਰੇ ਨਾਲ ਹੈ. ਇਸ ਪਾਸ ਵਸੇ ਪਿੰਡ ਦਾ ਨਾਮ ਭੀ ਜੰਡ ਸਾਹਿਬ ਹੋ ਗਿਆ ਹੈ. ਰੇਲਵੇ ਸਟੇਸ਼ਨ ਦੋਰਾਹੇ ਤੋਂ ਬਾਈ ਮੀਲ ਪੂਰਵ ਹੈ।

੩. ਜਿਲਾ ਹੁਸ਼ਿਆਰਪੁਰ, ਪਿੰਡ ਲਹਿਲੀ ਕਲਾਂ ਤੋਂ ਪੂਰਵ ਗੁਰੂ ਹਰਿਰਾਇ ਸਾਹਿਬ ਦਾ ਅਸਥਾਨ. ਇੱਥੇ ਇੱਕ ਜੰਡ ਨਾਲ ਘੋੜਾ ਬੱਧਾ ਹੈ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਇਸ ਨਾਲ ਕੇਵਲ ੨੭ ਕਨਾਲ ਜ਼ਮੀਨ ਹੈ. ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ਅੱਠ ਮੀਲ ਦੱਖਣ ਹੈ।

੪. ਜਿਲਾ ਫ਼ਿਰੋਜ਼ਪੁਰ, ਤਸੀਲ ਮੁਕਤਸਰ, ਥਾਣ ਕੋਟਭਾਈ, ਪਿੰਡ ਥੇਹੜੀ ਤੋਂ ਇੱਕ ਫਰਲਾਂਗ ਪੂਰਵ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਦਸ਼ਮੇਸ਼ ਨੇ ਜਿਨ੍ਹਾਂ ਜੰਡਾਂ ਨਾਲ ਸ਼ਸਤ੍ਰ ਵਸਤ੍ਰ ਝੁਲਾਏ ਹਨ ਉਹ ਤਿੰਨ ਮੌਜੂਦ ਹਨ. ਇਨ੍ਹਾਂ ਦੇ ਵਿਚਕਾਰ ਮੰਜੀਸਾਹਿਬ ਹੈ. ਪਾਸ ਸੁੰਦਰ ਗੁਰਦ੍ਵਾਰਾ ਹੈ. ਇਸ ਥਾਂ ਬਾਲਕਨਾਥ ਯੋਗੀ ਨੇ ਗੁਰੂ ਸਾਹਿਬ ਦਾ ਉਪਦੇਸ਼ ਲੈਕੇ ਮਨ ਸ਼ਾਂਤ ਕੀਤਾ. ਇਹ ਅਸਥਾਨ ਰੇਲਵੇ ਸਟੇਸ਼ਨ ਫਕਰਸਰ ਤੋਂ ਇੱਕ ਮੀਲ ਉੱਤਰ ਹੈ.

੫. ਰਿਆਸਤ ਫਰੀਦਕੋਟ ਪਿੰਡ ਦੇ ਹਰੀਵਾਲਾ ਕਲਾਂ ਤੋਂ ਇੱਕ ਮੀਲ ਦੱਖਣ ਗੁਰੂ ਗੋਬਿੰਦ ਸਿੰਘ ਸ੍ਵਾਮੀ ਦਾ ਗੁਰਦ੍ਵਾਰਾ ਹੈ. ਇੱਥੇ ਜੰਡ ਹੇਠ ਸਤਿਗੁਰੂ ਵਿਰਾਜੇ ਹਨ. ਗੁਰਦ੍ਵਾਰੇ ਨਾਲ ੨੫ ਘੁਮਾਉਂ ਜ਼ਮੀਨ ਗਹਿਣੇ (ਗਿਰੋ) ਲਈ ਹੋਈ ਹੈ. ਰੇਲਵੇ ਸਟੇਸ਼ਨ ਫਰੀਦਕੋਟ ਤੋਂ ਦਸ ਮੀਲ ਪੱਛਮ ਹੈ.

**ਜੰਡਾਲੀ:** ਰਿਆਸਤ ਪਟਿਆਲਾ, ਨਜਾਮਤ ਸੁਨਾਮ, ਥਾਣਾ ਪਾਇਲ ਵਿੱਚ ਇੱਕ ਪਿੰਡ. ਇੱਥੇ ਗੁਰੂ ਹਰਿਗੋਬਿੰਦ ਸਾਹਿਬ ਕੁਝ ਸਮਾਂ ਵਿਰਾਜੇ ਹਨ. ਗੁਰਦ੍ਵਾਰੇ ਨਾਲ ਪਿੰਡ ਵੱਲੋਂ ੨੫ ਵਿੱਘੇ ਜ਼ਮੀਨ ਹੈ. ਰੇਲਵੇ ਸਟੇਸ਼ਨ ਚਾਵਾ ਪਾਇਲ ਤੋਂ ਨੌਂ ਮੀਲ ਨੈਰਤ ਕੋਣ ਹੈ.

**ਜੰਡਿਆਣਾ, ਜੰਡਿਆਨਾ:** ਜੰਡਾਂ ਵਾਲਾ ਥਾਂ. ਜਿੱਥੇ ਜੰਡ ਦੇ ਦਰਖਤ ਹੋਣ। ੨. ਉਹ ਤਾਲ ਜਿਸ ਦੇ ਕਿਨਾਰੇ ਜੰਡ ਹੋਣ। ੩.

ਭਾਈ ਸੰਤੋਖ ਸਿੰਘ ਨੇ "ਜੰਡਸਰ" ਨੂੰ ਜੰਡਿਆਣਾ ਲਿਖਿਆ ਹੈ. ਦੇਖੋ, ਦਮਦਮਾ ੧. ਨੰঃ ੳ.

"ਸਾਯੰ ਸਮੇਂ ਜਾਇ ਜੰਡਿਆਨੇ।

ਬੈਠਹਿਂ ਸਭਿਨ ਹਕਾਰਨ ਠਾਨੇ।" (ਗੁਪ੍ਰਸੂ)

ਜੰਡਿਆਲਾ: ਅਮ੍ਰਿਤਸਰ ਦੇ ਜਿਲੇ ਵਿੱਚ ਅਮ੍ਰਿਤਸਰ ਜੀ ਤੋਂ ੧੧. ਮੀਲ ਪੂਰਵ ਇੱਕ ਪਿੰਡ. ਦੇਖੋ, ਹੰਦਾਲ ਅਤੇ ਨਿਰੰਜਨੀਏ.

ਜੰਡਿਆਲੀਏ: ਦੇਖੋ, ਨਿਰੰਜਨੀਏ.

ਜੰਡੀ: ਛੋਟਾ ਜੰਡ. ਸ਼ਮੀ. ਦੇਖੋ, ਜੰਡ.

ਜੰਤ: ਸੰ. जन्तु ਜੰਤੁ. ਸੰਗਯਾ- ਜਨਮ ਲੈਣ ਵਾਲਾ ਜੀਵ. ਪ੍ਰਾਣੀ. ਜਾਨਵਰ. "ਇਕਿ ਜੰਤ ਭਰਮਿ ਭੁਲੇ." (ਆਸਾ ਛੰਤ ਮঃ ੩) ੨. ਸੰ. यन्त्र ਯੰਤ੍ਰ. ਕਲ. "ਸੂਐ ਚਾੜਿ ਭਵਾਈਅਹਿ ਜੰਤ" (ਵਾਰ ਆਸਾ) ਥਾਲੀ ਆਦਿ ਯੰਤ੍ਰ ਸੂਏ ਸੋਟੀ ਆਦਿ ਪੁਰ ਘੁਮਾਏ ਜਾਂਦੇ ਹਨ। ੩. ਵਾਜਾ. "ਹਮ ਤੇਰੇ ਜੰਤ ਤੂ ਬਜਾਵਨਹਾਰਾ." (ਭੈਰ ਮঃ ੫)

ਜੰਤਨਾ: ਜੰਤੁਗਣ. ਸਭ ਜੀਵ. "ਜੰਤਨਾ ਕੇ ਹਾਥ ਕਹਾਂ ਕਰਤਾ ਅਕਾਲ ਏਕ." (ਸਲੋਹ) ੨. ਦੇਖੋ, ਯੰਤ੍ਰਣਾ.

ਜੰਤਭੇਖ: ਦੇਹਧਾਰੀ, ਜੰਤੁ. ਸਾਰੇ ਜੀਵ। ੨. ਭਿਕ੍ਸ਼ੁਕਜੰਤੁ. ਭਿਖਾਰੀ ਜੀਵ. "ਜੰਤ ਭੇਖ, ਤੂ ਸਫਲਿਓ ਦਾਤਾ." (ਸੂਹੀ ਛੰਤ ਮঃ ੧)

ਜੰਤਰ: ਦੇਖੋ, ਜੰਤ੍ਰ ਅਤੇ ਯੰਤ੍ਰ.

ਜੰਤਰੀ: ਦੇਖੋ, ਜੰਤ੍ਰੀ ਅਤੇ ਯੰਤ੍ਰੀ। ੨. ਸੰਗਯਾ- ਤਿਥਿਪਤ੍ਰ. ਪੰਚਾਂਗਪਤ੍ਰ. ਜਿਸ ਵਿੱਚ ਰਾਸ਼ਿ ਆਦਿ ਦੇ ਯੰਤ੍ਰ ਲਿਖੇ ਹੋਣ. Calendar.

ਜੰਤਰੀਆ: ਜੰਤੁ. ਜੀਵ. "ਹਮ ਕਿਆ ਬਪੁਰੇ ਜੰਤਰੀਆ." (ਸਾਰ ਮঃ ੫) ੨. ਦੇਖੋ, ਯੰਤ੍ਰੀ। ੩. ਜੰਤਰੀ (ਤਿਥਿਪਤ੍ਰ) ਰੱਖਣ ਵਾਲਾ ਜੋਤਿਸ਼ੀ.

ਜੰਤਾ: ਜੰਤੁ. ਜਾਨਵਰ "ਉਤਭੁਜ ਸੇਤਜ ਤੇਰੇ ਕੀਤੇ ਜੰਤਾ." (ਸੋਰ ਮঃ ੧) ੨. ਦੇਖੋ, ਯੰਤ੍ਰਿ। ੩. ਦੇਖੋ, ਜਨਤਾ.

ਜੰਤਾਰ: ਜੰਤੁ. ਪ੍ਰਾਣੀ। ੨. ਸੰ. यन्तार ਯੰਤਾਰ. ਯਾਚਨਾ. ਮੰਗਣ ਦੀ ਕ੍ਰਿਯਾ.

ਜੰਤੀ: ਜੰ. यनित्रन् ਯੰਤ੍ਰੀ ਵਿ- ਯੰਤ੍ਰ (ਕਲ) ਹੈ ਜਿਸ ਦੇ ਹੱਥ. ਮਸ਼ੀਨ ਚਲਾਉਣ ਵਾਲਾ। ੨. ਵਾਜਾ ਵਜਾਉਣ ਵਾਲਾ. "ਜਸ ਜੰਤੀ ਮਹਿ ਜੀਉ ਸਮਾਨਾ." (ਗਉ ਕਬੀਰ) ਜਿਵੇਂ ਵਾਜਾ ਵਜਾਉਣ ਵਾਲੇ ਵਿੱਚ ਸੁਰ ਸਮਾਇਆ ਹੈ, ਤਿਵੇਂ ਕਰਤਾਰ ਵਿੱਚ ਜੀਵ ਹੈ। ੨. ਯੰਤ੍ਰ ਮੇਂ. ਕਲ ਵਿੱਚ. "ਜੈਸੇ ਬਿਰਖ ਜੰਤੀ ਜੋਤ." (ਕੇਦਾ ਮঃ ੫) ਜੈਸੇ ਵ੍ਰਿਸ਼ (ਬੈਲ) ਕੋਲ੍ਹੂ ਨੂੰ ਜੋਤਿਆ ਹੋਇਆ। ੩. ਸੰਗਯਾ- ਤਾਰ ਖਿੱਚਣ ਦਾ ਵੱਡੇ ਛੋਟੇ ਛੇਕਾਂ ਵਾਲਾ ਜੰਤਾ.

ਜੰਤੁ: ਦੇਖੋ, ਜੰਤ। ੨. ਯੰਤ੍ਰ. ਕਲ. ਮਸ਼ੀਨ। ੩. ਵਾਜਾ. "ਜੰਤੀ ਕੈ ਵਸਿ ਜੰਤੁ." (ਵਾਰ ਸੋਰ ਮঃ ੪)

ਜੰਤੂਫਲ: ਸੰਗਯਾ- ਕ੍ਰਿਮਿਫਲ. ਦੇਖੋ, ਉਦੁੰਬਰ.

ਜੰਤੈਨੀ: ਸੰ. ਯੰਤ੍ਰਿਨ੍- ਯੰਤ੍ਰੀ. ਵਿ- ਕਲ ਚਲਾਉਣ ਵਾਲਾ। ੨. ਵਾਜਾ ਵਜਾਉਣਵਾਲਾ. "ਹਮ ਜੰਤੁ ਤੂੰ ਪੁਰਖੁ ਜੰਤੈਨੀ." (ਬਿਲਾ ਮঃ ੪)

ਜੰਤ੍ਰ: ਸੰਗਯਾ- ਜੰਤੁ. ਜਾਨਵਰ। ੨. ਸੰ. ਯੰਤ੍ਰ. ਕਲ. ਮਸ਼ੀਨ. ਭਾਵ- ਦੇਹ. "ਜੀਅ ਜੰਤ੍ਰ ਸਭਿ ਤੇਰੇ ਥਾਪੇ." (ਮਾਝ ਮঃ ੫) ਜੀਵਾਤਮਾ ਅਤੇ ਜਿਸਮ ਸਭ ਤੇਰੇ ਥਾਪੇ। ੩. ਵਾਜਾ। ੪. ਤੰਤ੍ਰਸ਼ਾਸਤ੍ਰ ਅਨੁਸਾਰ ਟੂਣਾ. ਦੇਖੋ, ਯੰਤ੍ਰ. "ਨ ਜੰਤ੍ਰ ਮੇ ਨ ਤੰਤ੍ਰ ਮੇ ਨ ਮੰਤ੍ਰ ਵਸਿ ਆਵਈ." (ਅਕਾਲ) ੫. ਸੰ. ਜਨਿਤ੍ਰ. ਜਨਮਸ੍ਥਾਨ. "ਜੰਤ੍ਰ ਹੂੰ ਨ ਜਾਤਿ ਜਾਂਕੀ." (ਅਕਾਲ)

ਜੰਤ੍ਰਿ: ਦੇਖੋ, ਜੰਤਰੀ। ੨. ਦੇਖੋ, ਜੰਤ੍ਰੀ। ੩. ਦੇਖੋ, ਜਨਿਤ੍ਰੀ.

ਜੰਤ੍ਰੀ: ਦੇਖੋ, ਜੰਤਰੀ ੨। ੨. ਦੇਖੋ, ਜੰਤੀ। ੩. ਯੰਤ੍ਰ (ਟੂਣਾ ਟਾਮਣ) ਜਾਣਨ ਅਤੇ ਕਰਨ ਵਾਲਾ.

ਜੰਦ: ਸੰਗਯਾ- ਗੱਡੇ ਰਥ ਆਦਿ ਦਾ ਵਾਂਗ। ੨. ਸੇਵੀਆਂ ਬਣਾਉਣ ਦਾ ਯੰਤ੍ਰ। ੩. ਫ਼ਾ. ژند ਜ਼ੰਦ. ਪਾਰਸੀਆਂ ਦਾ ਧਰਮਗ੍ਰੰਥ, ਜੋ ਈ਼ਸਵੀ ਸਨ ਆਰੰਭ ਤੋਂ ੬੦੦ ਵਰ੍ਹੇ ਪਹਿਲਾਂ ਬਣਿਆ ਹੈ. ਸਟੀਕ ਜ਼ੰਦ "ਜੰਦ ਅਵਸ੍ਤਾ" ਅਥਵਾ "ਜ਼ੰਦ ਉਸ੍ਤਾ" ਨਾਮ ਤੋਂ ਪ੍ਰਸਿੱਧ ਹੈ. ਦੇਖੋ, ਉਸਤਾ.

ਜੰਦਉਸ੍ਤਾ, ਜੰਦ ਅਵਸ੍ਤਾ, ਜੰਦ ਅਵਿਸ੍ਤਾ: ਦੇਖੋ, ਉਸਤਾ ਅਤੇ ਜੰਦ ੩.

ਜੰਦਰਾ: ਦੇਖੋ, ਜੰਦ੍ਰਾ.

ਜੰਦਵੜੀ: ਆਨੰਦਪੁਰ ਤੋਂ ਪੰਜ ਕੋਹ ਪੱਛਮ ਇੱਕ ਪਿੰਡ. ਦੇਖੋ, ਗੁਰੂਆਣਾ ਨੰਃ ੪.

ਜੰਦਾ: ਦੇਖੋ, ਜੰਦ੍ਰਾ.

ਜੰਦਾਰ, ਜੰਦਾਰਾ, ਜੰਦਾਰੁ, ਜੰਦਾਲ: ਫ਼ਾ. جنداں ਜੰਦਾਲ. ਵਿ- ਅਸਭ੍ਯ. ਗਵਾਰ। ੨. ਨਸ਼ੇ ਵਿੱਚ ਮਸ੍ਤ। ੩. ਅ਼. جلّاد ਜੱਲਾਦ. ਸੰਗਯਾ- ਜਿਲਦ (ਖੱਲ) ਉਤਾਰਨ ਵਾਲਾ. ਘਾਤਕ. ਪ੍ਰਾਣ ਲੈਣ ਵਾਲਾ. "ਪਰਿਆ ਵਸਿ ਜੰਦਾਰ." (ਸੀ. ਮਃ ੫) "ਜਮ ਜੰਦਾਰੁ ਨ ਲਗਈ." (ਸ੍ਰੀ ਮਃ ੧) "ਜੰਘ ਕਾਟਬੇ ਲਗੇ ਜੰਦਾਰ." (ਗੁਪ੍ਰਸੂ)

ਜੰਦ੍ਰਾ: ਸੰਗਯਾ- ਜਿੰਦਾ. ਤਾਲਾ. . ਕੁਫ਼ਲ. "ਜੰਦ੍ਰੇ ਵੱਜੇ ਤ੍ਰਿਹੁ ਜੁਗੀ." (ਭਾਗੁ) ਆਤਮਗ੍ਯਾਨ ਦੇ ਖ਼ਜ਼ਾਨੇ ਨੂੰ ਜਿੰਦੇ ਵੱਜ ਗਏ। ੨. ਖੇਤੀ ਦੀਆਂ ਵੱਟਾਂ ਕੱਢਣ ਦਾ ਇੱਕ ਯੰਤ੍ਰ, ਜੋ ਤ ਇਸ ਸ਼ਕਲ ਦਾ ਹੁੰਦਾ ਹੈ.

ਜੰਨ: ਸੰ. ਜਨ੍ਯ. ਸੰਗਯਾ- ਵਰ. ਦੁਲਹਾ. ਲਾੜਾ। ੨. ਦੁਲਹਾ ਦੇ ਸਾਥੀ ਲੋਕ. ਬਰਾਤ. ਜੰਞ। ੩. ਯੁੱਧ. ਜੰਗ। ੪. ਨਿੰਦਾ। ੫. ਅਫ਼ਵਾਹ. ਲੋਕਾਂ ਦੀ ਚਰਚਾ। ੬. ਪ੍ਰਜਾ। ੭. ਵਿ- ਪੈਦਾ ਹੋਇਆ. ਉਪਜਿਆ. "ਜਾਂਹਿ ਭਵ ਜੰਨ ਦੁੱਖ." (ਨਾਪ੍ਰ) ੮. ਕਿਸੇ ਜਾਤਿ ਅਥਵਾ ਦੇਸ਼ ਨਾਲ ਸੰਬੰਧ ਰੱਖਣ ਵਾਲਾ। ੯. ਦੇਖੋ, ਜਨ. "ਮੁਨਿ ਜੰਨ ਰੇ." (ਸਵੈਯੇ ਮਃ ੪. ਕੇ) ੧੦. ਅ਼. ظنّ ਜੱਨ. ਬਦਗੁਮਾਨੀ. ਸ਼ੱਕ.

ਜੰਨਾ: ਦੇਖੋ, ਜਨ. "ਨਾਚੰਤੀ ਗੋਪੀਜੰਨਾ." (ਧਨਾ ਨਾਮਦੇਵ)

ਜੰਨੀ: ਜਨਾਂ ਨੇ. ਦਾਸਾਂ ਨੇ. "ਵੀਚਾਰਿ ਡਿਠਾ ਹਰਿਜੰਨੀ." (ਵਾਰ ਵਡ ਮਃ ੪)

ਜੰਨੁਸੁਤਾ, ਜੰਨੁਕੰਨ੍ਯਾ, ਜੰਨੁਤਨਿਯਾ: ਦੇਖੋ, ਜਨ੍ਹੁਸੁਤਾ.

ਜੰਨੱਤ: ਦੇਖੋ, ਜੱਨਤ.

ਜੰਨ੍ਯ: ਦੇਖੋ, ਜਨ੍ਯ.

ਜੰਪ: ਡਿੰਗ. ਸੰਗਯਾ- ਕਥਨ. ਵਚਨ ਸੰ. ਜਲ੍ਪਨ ਦੇਖੋ, ਜਲਪ.

ਜੰਪਉ, ਜੰਪਹਿ, ਜੰਪਹੁ, ਜੰਪਤ, ਜੰਪਨ, ਜੰਪੈ: ਦੇਖੋ, ਜਲਪ ਅਤੇ ਜੰਪ. "ਜਸ ਜੰਪਉ ਲਹਿਣੇ ਰਸਨ." (ਸਵੈਯੇ ਮਃ ੨. ਕੇ) ਗੁਰੂ ਅੰਗਦ ਜੀ ਦਾ ਯਸ਼ ਉੱਚਾਰਣ ਕਰੋ. "ਤੋਹਿ ਜਸ ਜਯ ਜਯ ਜੰਪਹਿ." (ਸਵੈਯੇ ਮਃ ੫. ਕੇ) ਜਸ ਕਥਨ ਕਰਦੇ ਹਨ. "ਰਾਮ ਜੰਪਹੁ ਨਿਤ ਭਾਈ." (ਸਵੈਯੇ ਮਃ ੩. ਕੇ) ਰਾਮ ਨਿੱਤ ਜਪੋ. "ਜੰਪਤ ਸੇਸਫਨੰ." (ਕਲਕੀ) ਸ਼ੇਸ਼ਨਾਗ ਕਥਨ ਕਰਦਾ ਹੈ. "ਨਾਨਕ ਜੰਪੈ ਪਤਿਤਪਾਵਨ." (ਆਸਾ ਛੰਤ ੫) ਉੱਚਾਰਣ ਕਰਦਾ (ਜਪਦਾ) ਹੈ.

ਜੰਬਰ: ਦੇਖੋ, ਜੰਬੁਕ.

ਜੰਬਰ: ਸੰਗਯਾ- ਇੱਕ ਜੱਟ ਗੋਤ੍ਰ। ੨. ਜਿਲਾ ਲਹੌਰ, ਤਸੀਲ ਚੂਹਣੀਆਂ, ਥਾਣਾ ਛਾਂਗਾਮਾਂਗਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਛਾਂਗਾਮਾਂਗਾ ਤੋਂ ਪੰਜ ਮੀਲ ਹੈ. ਇੱਥੇ ਪੰਜਵੇਂ ਸਤਿਗੁਰੂ ਪ੍ਰੇਮੇ ਸਿੱਖ ਦਾ ਪ੍ਰੇਮ ਦੇਖਕੇ ਪਧਾਰੇ ਹਨ. ਇਸ ਥਾਂ ਦੋ ਥੰਭ ਹਨ, ਜਿਨ੍ਹਾਂ ਨੂੰ ਲੋਕ "ਦੂਖਨਿਵਾਰਨ" ਆਖਦੇ ਹਨ ਅਤੇ ਸਪਰਸ਼ ਤੋਂ ਰੋਗ ਦੂਰ ਹੋਣਾ ਮੰਨਦੇ ਹਨ.[563] ਗੁਰਦ੍ਵਾਰੇ ਨਾਲ ੧੯੫ ਘੁਮਾਉਂ ਜ਼ਮੀਨ ਹੈ. ਪੁਜਾਰੀ ਸਿੰਘ ਹੈ.

ਜੰਬਰੀ: ਵਿ- ਜੰਬਰ ਗੋਤ ਦਾ. "ਸਬੇਗ ਸਿੰਘ ਜੰਬਰੀ." (ਗੁਪ੍ਰਸੂ) ੨. ਜੰਬਰ ਪਿੰਡ ਦਾ। ੩. ਦੇਖੋ, ਜੰਭਰੀ.

ਜੰਬਾਲ: ਸੰ. जम्बाल ਸੰਗਯਾ- ਚਿੱਕੜ. ਗਾਰਾ। ੨. ਕੇਤਕੀ. ਕੇਵੜਾ.

ਜੰਬੁ: ਸੰ. जम्बु ਸੰਗਯਾ- ਜਾਮਣ ਜਾਮਣੂ.

ਜੰਬੁਕ, ਜੰਬੁਕੁ: ਸੰ. जम्बुक ਸੰਗਯਾ- ਕੇਵੜਾ. ਕੇਤਕੀ। ੨. ਗੁਲਾਬਜਾਮਣ। ੩. ਗਿੱਦੜ. ਸ਼੍ਰਿਗਾਲ. "ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ." (ਬਿਲਾ ਸਧਨਾ)

ਜੰਬੁਦੀਪ: ਸੰ. जम्बुद्वीप. ਭਾਗਵਤ ਅਨੁਸਾਰ ਪ੍ਰਿਥਿਵੀ ਦੇ ਸੱਤ ਦ੍ਵੀਪਾਂ ਵਿੱਚੋਂ ਇੱਕ ਦ੍ਵੀਪ, ਜੋ ਖਾਰੇ ਸਮੁੰਦਰ ਨਾਲ ਘਿਰਿਆ ਹੋਇਆ ਹੈ. ਇਸ ਨਾਮ ਦਾ ਕਾਰਣ ਇਹ ਦੱਸਿਆ ਹੈ ਕਿ ਇੱਕ ਬਹੁਤ ਵਡਾ ਜਾਮਣ (ਜੰਬੁ) ਬਿਰਛ ਇਸ ਵਿੱਚ ਹੈ, ਜਿਸ ਨੂੰ ਹਾਥੀ ਜਿੱਡੀ ਜਾਮਣ ਲੱਗਦੀ ਹੈ. ਜਦ ਜਾਮਣਾਂ ਪੱਕਕੇ ਡਿਗਦੀਆਂ ਹਨ, ਤਦ ਉਨ੍ਹਾਂ ਦੇ ਰਸ ਤੋਂ ਜੰਬੁ ਨਦ ਵਹਿੰਦਾ ਹੈ. ਇਸ ਨਦ ਵਿੱਚੋਂ ਨਿਕਲਣੇ ਕਾਰਣ ਸੁਇਨੇ ਦਾ ਨਾਮ ਜਾਂਬੁਨਦ ਹੈ.

ਜੰਬੁਦ੍ਵੀਪ ਦਾ ਵਿਸਤਾਰ ਇੱਕ ਲੱਖ ਯੋਜਨ ਹੈ. ਇਸ ਦੇ ਨੌ ਖੰਡ ਨੌ ਨੌ ਹਜ਼ਾਰ ਯੋਜਨ ਦੇ ਲਿਖੇ ਹਨ. ਇਨ੍ਹਾਂ ਖੰਡਾਂ ਦਾ ਨਾਮ ਵਰ੍ਸ਼ ਭੀ ਹੈ. ਨੌ ਖੰਡ ਇਹ ਹਨ- ਇਲਾਵ੍ਰਿਤ, ਰਮਜਕ, ਹਿਰਣਮਯ, ਕੁਰੁਵਰ੍ਸ਼, ਹਰਿਵਰ੍ਸ਼, ਕਿੰਪੁਰੁਸ਼, ਭਾਰਤ, ਭਦ੍ਰਾਸ਼੍ਵ ਅਤੇ ਕੇਤੁਮਾਲ.

ਵਿਦ੍ਵਾਨਾਂ ਦੀ ਕਲਪਨਾ ਅਨੁਸਾਰ ਏਸ਼ੀਯਾ (Asia) ਮਹਾਦ੍ਵੀਪ, ਜੰਬੁਦੀਪ ਹੈ.

ਜੰਬੁਦ੍ਵੀਪ: ਦੇਖੋ, ਜੰਬੁਦੀਪ.

ਜੰਬੂਰ: ਦੇਖੋ, ਜੰਬੂਰਕ.

ਜੰਬੂ: ਦੇਖੋ, ਜੰਬੁ ਅਤੇ ਜੰਮੂ.

ਜੰਬੂਆ: ਸੰਗਯਾ- ਇੱਕ ਪ੍ਰਕਾਰ ਦਾ ਪੇਸ਼ਕ਼ਬਜ. ਦੇਖੋ, ਜੰਬੂਆ ਅਰੁ ਬਾਨੰ ਸੁਕਸ ਕਮਾਨੰ." (ਰਾਮਾਵ)

ਜ਼ੰਬੂਰ: ਫ਼ਾ. زنبور ਸੰਗਯਾ- ਭਰਿੰਡ. ਡੇਮੂ. "ਵਿਛੋਹੇ ਜੰਬੂਰ." (ਵਾਰ ਗੂਜ ੨. ਮਃ ੫) ੨. ਸੰਨ੍ਹੀ. ਚਿਮਟੀ.

ਜ਼ੰਬੂਰਕ: ਫ਼ਾ. زنبورک ਸੰਗਯਾ- ਛੋਟੀ ਤੋਪ. ਉੱਠ ਪੁਰ ਲੱਦੀ ਜਾਣ ਵਾਲੀ ਤੋਪ. ਜੰਬੂਰਾ.

ਜੰਬੂਰਾ: ਦੇਖੋ, ਜ਼ੰਬੂਰਕ। ੨. ਨਟ ਦਾ ਬਾਲਕ. ਨਟਵਟੂ.

ਜੰਬੂਲ: ਸੰ. ਸੰਗਯਾ- ਜਾਮੁਨ ਦਾ ਬਿਰਛ. ਜਾਮਣੂ ਦਾ ਪੇਡ। ੨. ਕੇਵੜਾ. ਕੇਤਕੀ.

ਜੰਬੂਵਾ: ਦੇਖੋ, ਜੰਬੂਆ ਅਤੇ ਜੰਭੂਆ.

ਜੰਭ: ਸੰ. जम्भ ਸੰਗਯਾ- ਜਾੜ੍ਹ. ਦਾੜ੍ਹ। ੨. ਦਾੜ੍ਹ ਅਤੇ ਦੰਦਾਂ ਦੇ ਮੱਧ ਦਾ ਤਿੱਖਾ ਦੰਦ. ਸੂਆ। ੩. ਪ੍ਰਹਿਲਾਦ ਦਾ ਇੱਕ ਪੁਤ੍ਰ ੪. ਮਹਿਖਾਸੁਰ ਦਾ ਪਿਤਾ, ਜਿਸ ਨੂੰ ਇੰਦ੍ਰ ਨੇ ਮਾਰਿਆ. "ਇੰਦ੍ਰ ਜਿਮ ਜੰਭ ਪਰ." (ਭੂਸ਼ਣ) ੫. ਹਿਰਨਕਸ਼ਿਪੁ ਦੈਤ ਦਾ ਇੱਕ

---

[563] ਸੁਣਿਆ ਹੈ ਕਿ ਹੁਣ ਥੰਭ ਨਹੀਂ ਹਨ.

ਪੁਤ੍ਰ, ਜਿਸਨੂੰ ਦੁਰਗਾ ਨੇ ਮਾਰਿਆ. "ਨਮੋ ਅੰਬਿਕਾ ਜੰਭਹਾ ਜੋਤਿਰੂਪਾ." (ਚੰਡੀ ੨) ੬. ਰਾਮਾਵਤਾਰ ਅਨੁਸਾਰ ਇੱਕ ਦੈਤ, ਜਿਸ ਨੂੰ ਰਾਮਚੰਦ੍ਰ ਜੀ ਨੇ ਮਾਰਿਆ. "ਵਰਾਧ ਜੀਤਜੋ ਜਿਨੈ ਜੰਭ ਮਾਰਜੋ ਉਨੈ." (ਰਾਮਾਵ)

ਜੰਭਹਾ: ਜੰਭ ਦੈਤ ਦੇ ਮਾਰਨ ਵਾਲਾ, ਇੰਦ੍ਰ. ਦੇਖੋ, ਜੰਭ ੪.। ੨. ਦੁਰਗਾ. ਦੇਖੋ, ਜੰਭ ੫। ੩. ਰਾਮਚੰਦ੍ਰ ਜੀ. ਦੇਖੋ, ਜੰਭ ੬.

ਜੰਭਕਾ: ਦੇਖੋ, ਜੰਭਿਕਾ.

ਜੰਭਣ: ਸੰ. जम्भ् ਧਾ- ਅਵਾਸੀ ਲੈਣੀ). ਸੰ. जृम्भण ਸੰਗਯਾ- ਅਵਾਸੀ ਲੈਣ ਦੀ ਕ੍ਰਿਯਾ. "ਦੇਵਦੱਤ ਜੰਭਣੇ ਕੀ." (ਨਾਪ੍ਰ) ਦੇਵਦੱਤ ਨਾਮਕ ਪ੍ਰਾਣ ਅਵਾਸੀ ਲੈਣ ਲਈ। ੨. ਸੰ. ਜੰਭਨ. ਕੁਚਲਨਾ. ਨਾਸ਼ ਕਰਨਾ.

ਜੰਭਰ: ਜਿਲਾ ਲਹੌਰ, ਤਸੀਲ ਚੂਨੀਆਂ (ਚੂੰਣੀਆਂ) ਥਾਣਾ ਸਰਾਇਮੁਗ਼ਲ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਛਾਂਗਾਮਾਂਗਾ" ਤੋਂ ਪੰਜ ਮੀਲ ਉੱਤਰ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦ੍ਵਾਰਾ ਹੈ. ਜਾਤ੍ਰੀ ਅਤੇ ਜੰਭਰ ਦੋ ਭਾਈ ਸਨ ਅਰ ਦੋਵੇਂ ਹੀ ਸ਼੍ਰੀ ਗੁਰੂ ਜੀ ਦੇ ਪ੍ਰੇਮੀ ਸਨ. ਇਨ੍ਹਾਂ ਦਾ ਆਪਸ ਵਿੱਚ ਹੱਦ ਕ਼ਾਇਮ ਕਰਨ ਪਿੱਛੇ ਝਗੜਾ ਹੋ ਗਿਆ. ਜਾਤ੍ਰੀ ਦਾ ਧੜਾ ਕਮਜ਼ੋਰ ਸੀ. ਉਸ ਦੇ ਇੱਕ ਦੋ ਆਦਮੀ ਭੀ ਮਰ ਗਏ. ਦੋਹਾਂ ਧਿਰਾਂ ਨੇ ਗੁਰੂ ਜੀ ਪਾਸ ਜਾ ਕੇ ਬੇਨਤੀ ਕੀਤੀ ਕਿ ਸਾਡਾ ਫਿਸਾਦ ਮਿਟਾ ਦਿਓ. ਗੁਰੂ ਸਾਹਿਬ ਨੇ ਦੋਹਾਂ ਨੂੰ ਸਮਝਾਕੇ ਆਪਣੇ ਆਪਣੇ ਹੱਕ ਪੁਰ ਠਹਿਰਾਇਆ. ਇਨ੍ਹਾਂ ਦੋਹਾਂ ਭਾਈਆਂ ਨੇ ਆਪਣੇ ਆਪਣੇ ਨਾਮ ਦੇ ਜੰਭਰ ਅਤੇ ਜਾਤ੍ਰੀ ਪਿੰਡ ਵਸਾਏ.

ਗੁਰਦ੍ਵਾਰਾ ਚੰਗਾ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਨਾਲ ੫੦ ਵਿੱਘੇ ਜ਼ਮੀਨ ਹੈ. ਪਿੰਡ ਦੀ ਲੋਕਲ (ਸਥਾਨਿਕ) ਕਮੇਟੀ ਪ੍ਰਬੰਧ ਕਰਦੀ ਹੈ.

ਜੰਭਰੀ: ਜੰਭ- ਹਰੀ. ਜੰਭ ਦੈਤ ਨੂੰ ਮਾਰਨ ਵਾਲੀ, ਦੁਰਗਾ, ਦੇਖੋ, ਜੰਭ ੫.

ਜੰਭਾਈ: ਦੇਖੋ, ਜੰਭਣ। ੨. ਸੰਗਯਾ- ਅਵਾਸੀ. ਸੰ. जृम्भा ਜ੍ਰਿੰਭਾ. Yawn.

ਜੰਭਾਸੁਰ: ਜੰਭ- ਅਸੁਰ. ਜੰਭ ਦੈਤ. ਦੇਖੋ, ਜੰਭ.

ਜੰਭਿਕਾ: ਜ੍ਰਿੰਭਕਾ ਆਲਸ ਫੈਲਾਉਣ ਵਾਲੀ ਦੇਵੀ। ੨. ਦੇਖੋ, ਜੰਭ ੫. ਅਤੇ ਦੇਵੀ ਭਾਗਵਤੀ ਸਕੰਧ ੬. ਅਃ ੪.

ਜੰਭੂਆ: ਸੰਗਯਾ- ਜੰਭ (ਦਾੜ੍ਹ) ਦੀ ਸ਼ਕਲ ਦਾ ਇੱਕ ਪੇਸ਼ਕ਼ਬਜ਼. ਦੇਖੋ, ਜੰਭ ੨. ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਮ ਜ੍ਰਿੰਭਕ (जृम्भक) ਹੈ. ਦੇਖੋ, ਸ਼ਸਤ੍ਰ.

ਜੰਮ: ਸੰ. ਜਨਮ. "ਜਰਾ ਜੰਮਹਿ ਆਰੋਅਹ." (ਸਵੈਯੇ ਮਃ ੪. ਕੇ) ਆਪ ਜਰਾ (ਬੁਢਾਪਾ) ਅਤੇ ਜਨਮ ਪੁਰ ਸਵਾਰ ਹੋਂ. ਭਾਵ- ਖਟ ਉਰਮੀਆਂ ਦੇ ਵਸ਼ ਨਹੀਂ.

ਜੰਮਣ: ਕ੍ਰਿ- ਜਨਮਣਾ. ਪੈਦਾ ਹੋਣਾ. "ਜੰਮਿਆ ਪੂਤੁ ਭਗਤੁ ਗੋਬਿੰਦ ਕਾ." (ਆਸਾ ਮਃ ੫)

ਜੰਮਣਖੇੜਾ: ਗੁਰੁਪ੍ਰਤਾਪ ਸੂਰਯ ਅਨੁਸਾਰ ਗੁਰੂ ਗੋਬਿੰਦ ਸਿੰਘ ਸਾਹਿਬ ਆਨੰਦਪੁਰ ਤੋਂ ਸ਼ਿਕਾਰ ਖੇਡਣ ਆਏ ਇਸ ਪਿੰਡ ਪਧਾਰੇ ਹਨ. "ਜੰਮਣਖੇੜੇ ਕੇ ਢਿਗ ਗਏ। ਸਿਖ ਬਣਜਾਰੇ ਪਿਖ ਤਹਿਂ ਲਏ." (ਗੁਪ੍ਰਸੂ)

ਜੰਮਣਘੁੱਟੀ: ਦੇਖੋ, ਗੁੜਤੀ ਅਤੇ ਘੁੱਟੀ.

ਜੰਮਣ ਮਰਣ ਕਾ ਮੂਲ: ਸੰਗਯਾ- ਅਗਯਾਨ. "ਜੰਮਣ ਮਰਣ ਕਾ ਮੂਲ ਕਟੀਐ ਤਾ ਸੁਖ ਹੋਵੀ ਮਿਤੁ." (ਸਵਾ ਮਃ ੩)

ਜੰਮਾਉਣਾ: ਕ੍ਰਿ- ਜਨਮਾਉਣਾ. ਪੈਦਾ ਕਰਨਾ। ੨. ਉਗਾਉਣਾ. "ਹੋਇ ਕਿਰਸਾਣੁ ਈਮਾਨੁ ਜੰਮਾਇਲੈ." (ਸ੍ਰੀ ਮਃ ੧)

ਜੰਮੂ: ਦੇਖੋ ਜੰਬੁ। ੨. ਇੱਕ ਪਹਾੜੀ ਰਿਆਸਤ, ਜਿਸ ਵਿੱਚ ਕਸ਼ਮੀਰ ਭੀ ਸ਼ਾਮਿਲ ਹੈ. ਜੰਮੂਰਾਜ ਦਾ ਰਕਬਾ ੮੪, ੨੫੮ ਵਰਗਮੀਲ ਅਤੇ ਆਬਾਦੀ ੩, ੩੨੦, ੫੧੮ ਹੈ. ਆਮਦਨ ਦੋ ਕ੍ਰੋੜ ਸਤਾਈ ਲੱਖ ਰੁਪਯਾ ਹੈ. ਜੰਮੂ ਅਤੇ ਕਸ਼ਮੀਰ ਦਾ

ਵਰਤਮਾਨ ਮਹਾਰਾਜਾ ਸਰ ਹਰੀ ਸਿੰਘ ਹੈ, ਜੋ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸੇਵਕ ਰਾਜਾ ਗੁਲਾਬ ਸਿੰਘ ਡੋਗਰੇ ਦੀ ਵੰਸ਼ ਵਿੱਚੋਂ ਹੈ. ਦੇਖੋ ਗੁਲਾਬ ਸਿੰਘ ੫। ੩. ਜੰਮੂ ਰਾਜ ਦੀ ਰਾਜਧਾਨੀ, ਜੋ ਸਿਆਲਕੋਟੋਂ ੨੫ ਮੀਲ ਹੈ. ਗੁਰੁਨਾਨਕਪ੍ਰਕਾਸ਼ ਦੇ ਲੇਖ ਅਨੁਸਾਰ ਗੁਰੂ ਨਾਨਕਦੇਵ ਇਸ ਨਗਰ ਪਧਾਰੇ ਹਨ "ਤਤ ਛਿਨ ਜੰਮੂਪੁਰ ਮਹਿਂ ਆਏ." (ਉੱਤਰਾਰਧ, ਅਃ ੩)

ਜੰਮੈ: ਜਨਮੈ. "ਜੰਮੈ ਮਰੈ ਨ ਆਵੈ ਜਾਇ" (ਬਸੰ ਮਃ ੩)

ਜਜ: ਦੇਖੋ, ਜਯ। ੨. ਸੰ. ਵਿ- ਤਕਲੀਫ ਦੇਣ ਲਾਇਕ.

ਜਜਾ: ਸੰ. ਸੰਗਜਾ- ਚਿੱਲਾ. ਕਮਾਣ ਦੀ ਡੋਰੀ. ਦੇਖੋ, ਜਿਹ। ੨. ਪ੍ਰਿਥਿਵੀ। ੩. ਮਾਤਾ.

ਜ਼ਜਾਦਤੀ: ਫ਼ਾ. زیادتی ਸੰਗਜਾ- ਵਧੀਕੀ. ਅਧਿਕਤਾ.

ਜ਼ਜਾਦਾ: ਅ਼. زیادہ ਕ੍ਰਿ. ਵਿ- ਬਹੁਤ. ਅਧਿਕ.

ਜਜਾਨ: ਸੰ. ਸਖ਼ਤੀ. ਜ਼ੁਲਮ। ੨. ਫ਼ਾ. زیان ਜ਼ਜਾਨ. ਹਾਨੀ. ਨੁਕ਼ਸਾਨ.

ਜਜਾਫ਼ਤ: ਦੇਖੋ, ਜਜਾਫ਼ਤ.

ਜਜਾਮਿਤੀ: ਸੰ. ਸੰਗਜਾ- ਜਜ (ਪ੍ਰਿਥਿਵੀ) ਮਿਤਿ (ਮਿਣਤੀ). ਪ੍ਰਿਥਿਵੀ ਦੇ ਪਰਿਮਾਣ ਸੰਬੰਧੀ ਵਿਸ਼ਯ ਦੀ ਵਿਦਜਾ. Geometry.

ਜਜਾਰਤ: ਦੇਖੋ, ਜਯਾਰਤ.

ਜਜੁਤਿ: ਸੰ. ਸੰਗਜਾ- ਪ੍ਰਕਾਸ਼. ਜਜੋਤਿ.

ਜਜੇਸ਼੍ਰ, ਜਜੈਸ਼੍ਰ: ਦੇਖੋ, ਜੇਸਟ ਅਤੇ ਜੇਠ.

ਜਜੋਂ: ਕ੍ਰਿ. ਵਿ- ਜੈਸੇ. ਜਿਸ ਪ੍ਰਕਾਰ. ਜਿਵੇਂ.

ਜਜੋਤਸਨਾ: ਸੰ. ज्योत्स्ना ਸੰਗਜਾ- ਚਾਂਦਨੀ. ਚੰਦ੍ਰਿਕਾ। ੨. ਚਾਂਦਨੀ ਰਾਤ। ੩. ਪ੍ਰਭਾ. ਚਮਕ.

ਜਜੋਤਿ: ਦੇਖੋ, ਜੋਤਿ. "ਜਜੋਤਿ ਸੱਚਿਦਾ ਨੰਦ." (ਨਾਪ੍ਰ)

ਜਜੋਤਿਸ: ਦੇਖੋ, ਜੋਤਿਸ.

ਜਜੋਤਿਸਰ: ਦੇਖੋ, ਗੀਤਾ ੩. ਅਤੇ ਜੋਤੀਸਰ.

ਜਜੋਤਿਰਲਿੰਗ: ज्योतिर्लिङ्ग ਪ੍ਰਕਾਸ਼ ਰੂਪ ਹੈ ਲਿੰਗ ਜਿਸ ਦਾ, ਮਹਾਦੇਵ। ੨. ਚਮਤਕਾਰੀ ਲਿੰਗ. ਦੇਖੋ, ਜੋਤਿਰਲਿੰਗ ਅਤੇ ਦੁਆਦਸ ਸਿਲਾ.

ਜਜੋਰ: ਸੰਗਜਾ- ਜੇਵੜਾ. ਰੱਸਾ। ੨. ਜੇਹ. ਚਿੱਲਾ. "ਜਜੋਰ ਸੁ ਲੋਚਨ ਭੌਹਨ ਲੈ ਧਨੁ." (ਕ੍ਰਿਸਨਾਵ) ਸੁੰਦਰ ਨੇਤ੍ਰ ਚਿੱਲਾ, ਅਤੇ ਭੌਹਾਂ ਕਮਾਣ.

ਜਜੰਤ: ਦੇਖੋ, ਜਯੰਤ.

ਜ੍ਰਿੰਭਾ: ਅਵਾਸੀ. ਦੇਖੋ, ਜੰਭਾਈ.

ਜ੍ਵਰ: ਸੰ. ज्वर ਧਾ- ਬੁਖ਼ਾਰ ਹੋਣਾ, ਤਾਪ ਹੋਣਾ, ਤਪਣਾ। ੨. ਸੰਗਜਾ- ਬੁਖ਼ਾਰ. ਤਾਪ. ਦੇਖੋ, ਤਾਪ.

ਜ੍ਵਰਘ੍ਨ: ਸੰ. ਸੰਗਯਾ- ਚਰਾਇਤਾ, ਜੋ ਬੁਖ਼ਾਰ ਦੂਰ ਕਰਨ ਵਾਲਾ ਹੈ। ੨. ਮੀਚਕਾ. ਕਰੇਂਜੂਆ। ੩. ਜ੍ਵਰਾਂਕੁਸ਼। ੪. ਕੁਨੀਨ Quinine ਆਦਿ ਕੋਈ ਦਵਾਈ, ਜੋ ਤਾਪ ਦੂਰ ਕਰੇ। ੫. ਵਿ- ਤਾਪ ਮਿਟਾਉਣ ਵਾਲਾ.

ਜ੍ਵਰਾਂਕੁਸ਼: ਦੇਖੋ, ਜੁਰਾਂਕੁਸ.

ਜ੍ਵਲ: ਸੰ. ज्वल ਧਾ- ਪ੍ਰਕਾਸ਼ ਕਰਨਾ, ਜਲਨਾ, ਚਮਕਣਾ। ੨. ਸੰਗਯਾ- ਅਗਨਿ. ਅੱਗ। ੩. ਅੱਗ ਦੀ ਲਾਟ। ੪. ਚਮਕ. ਪ੍ਰਕਾਸ਼.

ਜ੍ਵਲਨ: ਸੰ. ਸੰਗਯਾ- ਮੱਚਣਾ. ਦਾਹ। ੨. ਅਗਨਿ। ੩. ਲਪਟ. ਲਾਟਾ ਜ੍ਵਾਲਾ.

ਜ੍ਵਲਿਤ, ਜ੍ਵਲੰਤ: ਸੰ. ਵਿ- ਜਲਿਆ ਹੋਇਆ. ਦਗਧ। ੨. ਚਮਕਦਾ ਹੋਇਆ. ਪ੍ਰਕਾਸ਼ਿਤ.

ਜ੍ਵਾਬ: ਦੇਖੋ, ਜਵਾਬ. "ਸਕੈ ਜ੍ਵਾਬ ਦੈ ਨਾ ਹਨੇ ਸੂਰ ਲੱਜੰ." (ਵਿਚਿਤ੍ਰ)

ਜ੍ਵਾਰ: ਦੇਖੋ, ਜਵਾਰ. "ਹੁਤੋ ਜ੍ਵਾਰ ਕੋ ਤਹਾਂ ਕਿਦਾਰ." (ਗੁਪ੍ਰਸੂ) ੨. ਸਮੁੰਦਰ ਦੀ ਲਹਿਰ ਦੀ ਉਮੰਗ (ਉਛਾਲਾ). ਦੇਖੋ, ਜ੍ਵਾਰਭਾਟਾ.

ਜ੍ਵਾਰਭਾਟਾ, ਜ੍ਵਾਰਭਾਠਾ: ਸੰਗਯਾ- ਅ਼ جزرومد ਜਜ਼ਰੋਮਦ. ਸਮੁੰਦਰ ਦੇ ਜਲ ਦਾ ਵਧਣਾ ਅਤੇ ਘਟਣਾ, ਜੋ ਸੂਰਜ, ਚੰਦ੍ਰਮਾ ਅਤੇ ਪ੍ਰਿਥਿਵੀ ਦੀ ਖਿੱਚ ਤੋਂ ਹੁੰਦਾ ਹੈ. Ebb and flow of the tide.

ਜ੍ਵਾਲ, ਜ੍ਵਾਲਾ: ਸੰ. ਸੰਗਯਾ- ਅਗਨਿ ਦੀ ਲਾਟਾ. ਲਪਟ। ੨. ਅਗਨਿ. ਆਤਿਸ਼.

ਜ੍ਵਾਲੱਛ: ਸੰਗਯਾ- ਜ੍ਵਾਲਾ- ਅਕ੍ਸ਼ਿ. ਅੱਗ ਜੇਹੀ ਅੱਖਾਂ ਵਾਲਾ ਇੱਕ ਦੈਤ। ੨. ਅੱਖ ਦੀ ਅਗਨਿ. ਅੱਖ ਵਿੱਚੋਂ ਨਿਕਲੀ ਹੋਈ ਲਾਟ. "ਤੁੰ ਧੂਮ੍ਰਾਛ ਜ੍ਵਾਲੱਛ ਕੀ ਸੋਂ ਜਰਾਯੋ." (ਚਰਿਤ੍ਰ ੧) ਤੈਂ ਧੂਮ੍ਰਨੈਨ ਨੂੰ ਅੱਖ ਦੀ ਕੋਪਦ੍ਰਿਸ਼੍ਟੀ ਨਾਲ ਭਸਮ ਕਰ ਦਿੱਤਾ.

ਜ੍ਵਾਲਾਦੇਵੀ: ਜਿਲੇ ਕਾਂਗੜੇ ਤੇ ਤਸੀਲ ਹਰੀਪੁਰ ਵਿੱਚ ਇੱਕ ਦੇਵੀ ਦਾ ਅਸਥਾਨ, ਜੋ ੨੨ ਮੀਲ ਕਾਂਗੜੇ ਤੋਂ ਦੱਖਣ, ਅਤੇ ਨਾਦੌਨ ਤੋਂ ੧੧. ਮੀਲ ਉੱਤਰ ਪੱਛਮ ਹੈ. ਇੱਥੇ ਪਹਾੜ ਵਿੱਚੋਂ ਗੈਸ ਨਿਕਲਦੀ ਹੈ ਅਤੇ ਅਗਨਿ ਦੇ ਸੰਯੋਗ ਤੋਂ ਜਲ ਉਠਦੀ ਹੈ. ਜ੍ਵਾਲਾ (ਲਾਟਾ) ਨਿਕਲਨੇ ਕਾਰਣ ਇਹ ਨਾਮ ਹੋਇਆ ਹੈ. ਤੰਤ੍ਰਚੂੜਾਮਣਿ ਦੇ ਲੇਖ ਅਨੁਸਾਰ ਇੱਥੇ ਸਤੀ ਦੇਵੀ ਦੀ ਜੀਭ ਡਿਗੀ ਸੀ. ਦੇਖੋ, ਸਤੀ ੮. ਅਤੇ ਪੀਠ ੪. ਇਸ ਦਾ ਨਾਮ ਜ੍ਵਾਲਾਮੁਖੀ ਭੀ ਹੈ. ਸ਼੍ਰੀ ਗੁਰੂ ਨਾਨਕਦੇਵ ਦੇਸ਼ ਨੂੰ ਸੁਮਤਿ ਦਿੰਦੇ ਹੋਏ ਇਸ ਥਾਂ ਪਧਾਰੇ ਹਨ. ਆਪ ਦੇ ਵਿਰਾਜਣ ਦੇ ਥਾਂ ਗੁਰਦ੍ਵਾਰਾ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਜ੍ਵਾਲਾਮੁਖੀ ਦਾ ਮੰਦਿਰ ੧੯੮੨ ਫੁਟ ਦੀ ਬਲੰਦੀ ਤੇ ਹੈ.

ਜ੍ਵਾਲਾਬਮਣੀ: ਦੇਖੋ, ਜ੍ਵਾਲਾਵਮਣੀ.

ਜ੍ਵਾਲਾਮੁਖ: ਅੱਗ ਨਿੱਕਲਨ ਦਾ ਦਹਾਨਾ. ਜ੍ਵਾਲਾਮੁਖੀ ਪਹਾੜ ਦਾ ਉਹ ਥਾਂ, ਜਿਸ ਵਿੱਚੋਂ ਅੱਗ ਨਿਕਲਦੀ ਹੈ. Crater.

ਜ੍ਵਾਲਾਮੁਖੀ: ਦੇਖੋ, ਜ੍ਵਾਲਾਦੇਵੀ। ੨. ਜ੍ਵਾਲਾਮੁਖੀ ਦੇਵੀ ਦੇ ਮੰਦਿਰ ਪਾਸ ਵਸਿਆ ਨਗਰ। ੩. ਉਹ ਪਹਾੜ, ਜਿਸ ਵਿੱਚ ਜ੍ਵਾਲਾਮੁਖੀ ਦਾ ਮੰਦਿਰ ਹੈ. ਇਸ ਦੀ ਚੋਟੀ ੩੨੯੪ ਫੁਟ ਹੈ। ੪. ਦੇਖੋ, ਜ੍ਵਾਲਾਮੁਖੀ ਪਰਬਤ.

ਜ੍ਵਾਲਾਮੁਖੀ ਪਰਬਤ: ਸੰਗਯਾ- ਉਹ ਪਹਾੜ, ਜਿਸ ਵਿੱਚੋਂ ਅੱਗ ਨਿਕਲੇ. Volcano. ਜਿਨ੍ਹਾਂ ਪਹਾੜਾਂ ਵਿੱਚੋਂ ਜਲਣਵਾਲੇ ਪਦਾਰਥ ਮੱਚ ਉਠਦੇ ਹਨ, ਅਤੇ ਤੱਤਾ ਪਾਣੀ, ਅੱਗ ਦੀ ਲਾਟਾਂ, ਪਘਰੇ ਹੋਏ ਪਦਾਰਥ, ਅਤੇ ਅਨੇਕ ਪ੍ਰਕਾਰ ਦੀਆਂ ਗੈਸਾਂ ਨਿਕਲਦੀਆਂ ਹਨ, ਉਹ ਸਭ ਜ੍ਵਾਲਾਮੁਖੀ ਪਰਬਤ ਕਹਾਉਂਦੇ ਹਨ. ਇਹ ਭੁਚਾਲ ਅਤੇ ਕਈ ਪ੍ਰਕਾਰ ਦੇ ਉਪਦ੍ਰਵ ਕਰਦੇ ਹਨ.

ਹਿੰਦੁਸਤਾਨ ਵਿੱਚ ਕਾਂਗੜੇ ਦਾ ਪਹਾੜ ਜਿਸ ਵਿੱਚ ਜ੍ਵਾਲਾਦੇਵੀ ਹੈ ਅਤੇ ਕਾਲੇ ਪਾਣੀ ਵਿੱਚ ਉਜੜੇ ਹੋਏ ਟਾਪੂ (Barran Island) ਦਾ ਇੱਕ ਪਹਾੜ ਜ੍ਵਾਲਾਮੁਖੀ ਕਹੇ ਜਾਂਦੇ ਹਨ. ਇਟਲੀ ਦੇ ਵੈਸੂਵੀਅਸ ਅਤੇ ਇਟਨਾ ਆਦਿ ਪਹਾੜ ਵਡੇ ਭਯੰਕਰ ਜ੍ਵਾਲਾਮੁਖੀ ਹਨ. ਜਾਪਾਨ, ਜਾਵਾ ਆਦਿ ਵਿੱਚ ਭੁਚਾਲਾਂ ਦੇ ਕਾਰਣ ਅਜੇਹੇ ਹੀ ਪਹਾੜ ਮੰਨੇ ਗਏ ਹਨ.

ਜ੍ਵਾਲਾਵਮਣੀ, ਜ੍ਵਾਲਾਵਮਨੀ: ਸੰਗਯਾ- ਜ੍ਵਾਲਾ (ਅੱਗ) ਵਮਨ (ਉਗਲਨ) ਵਾਲੀ, ਤੋਪ ਅਤੇ ਬੰਦੂਕ਼. (ਸਨਾਮਾ)

ਜ੍ਵਾਲੀ: ਸੰਗਯਾ- ਜ੍ਵਾਲਾ (ਲਾਟਾ) ਧਾਰਨ ਵਾਲੀ, ਬੰਦੂਕ਼. (ਸਨਾਮਾ) ਦੇਖੋ, ਜ੍ਵਾਲਾਵਮਣੀ। ੨. ਕਾਲੀ ਦੇਵੀ, ਜੋ ਮੁਖ ਤੋਂ ਅਗਨਿ ਉਗਲਦੀ ਹੈ. "ਨਾਚਤ ਸ਼ਿਵ ਜੀ ਹਸਤੀ ਜ੍ਵਾਲੀ." (ਕਲਕੀ) ੩. ਸੰ. ज्वालिन् ਅਗਨਿ. "ਦੁਹੂੰ ਓਰ ਚਾਲੀ। ਉਠੀ ਜਾਗ ਜ੍ਵਾਲੀ." (ਗੁਪ੍ਰਸੂ) ੪. ਸ਼ਿਵ, ਜੋ ਤੀਜੇ ਨੇਤ੍ਰ ਵਿੱਚ ਅੱਗ ਰਖਦਾ ਹੈ.

ਜ਼: ਸੰ. ज्ञ[564]

ਜ਼ਾਨ: ਦੇਖੋ, ਗਿਆਨ.

ਜ਼ਾਨੀ: ਦੇਖੋ, ਗਿਆਨੀ.

ਝ: ਪੰਜਾਬੀ ਵਰਣਮਾਲਾ ਦਾ ਚੌਦਵਾਂ ਅੱਖਰ. ਇਸ ਦਾ ਉੱਚਾਰਣ ਤਾਲੂ ਤੋਂ ਹੁੰਦਾ ਹੈ। ਸੰ. ਸੰਗਯਾ- ਝੱਖੜ. ਝਾਂ ਝਾਂ ਕਰਨ ਵਾਲੀ ਪੌਣ। ੨. ਵ੍ਰਿਹਸਪਤਿ. ਦੇਵਤਿਆਂ ਦਾ ਗੁਰੂ। ੩. ਗੁੰਜਾਰ. ਗੂੰਜ। ੪. ਪੰਜਾਬੀ ਵਿੱਚ ਇਹ ਸੰਸਕ੍ਰਿਤ ਦੇ ਦੁੱਤ ਹ- ਯ, ਧ- ਯ ਦੀ ਅਰ ਕ੍ਸ਼ ਦੀ, ਤਥਾ ਧ ਦੀ ਥਾਂ ਭੀ ਵਰਤਿਆ ਜਾਂਦਾ ਹੈ, ਜਿਵੇਂ- ਗੁਹਯ ਦੀ ਥਾਂ ਗੁਝਾ, ਮਧਯ ਦੀ ਥਾਂ ਮਝ, ਕ੍ਸ਼ੀਣ ਦੀ ਥਾਂ ਝੀਣ, ਬੱਧ ਦੀ ਥਾਂ ਬੱਝਾ, ਧੀਵਰ ਦੀ ਥਾਂ ਝੀਵਰ ਆਦਿ.

ਝਸਣਾ: ਕ੍ਰਿ- ਮਲਣਾ. ਮਸਲਣਾ. ਮਰਦਨ ਕਰਨਾ. ਸੰ. भष् ਧਾ- ਮਾਰਨਾ, ਦੁੱਖ ਦੇਣਾ.

ਝਹਰਾਨਾ, ਝਹਿਰਾਨਾ: ਕ੍ਰਿ- ਝਰ ਝਰ ਸ਼ਬਦ ਨਾਲ ਡਿਗਣਾ। ੨. ਫਟਕਾਰਨਾ. ਦੁੰਮ ਆਦਿ ਦਾ ਸਟਕਾਰਨਾ। ੩. ਫੈਲਾਉਣਾ. "ਤਬ ਹੀ ਕੰਧ ਕੇਸ ਝਹਿਰਾਵਾ." (ਨਾਪ੍ਰ)

ਝਹੀ: ਸੰਗਯਾ- ਕਚੀਚੀ. ਕ੍ਰੋਧ ਨਾਲ ਦੰਦ ਪੀਹਣ ਦੀ ਕ੍ਰਿਯਾ. "ਨਿਤ ਝਹੀਆ ਪਾਏ ਝਗੂ ਸੁਟੇ." (ਵਾਰ ਗਉ ੧. ਮਃ ੪)

ਝਕ: ਸੰਗਯਾ- ਸ਼ੰਕਾ. ਸ਼ੱਕ। ੨. ਝਿਝਕ. ਰੁਕਾਵਟ। ੩. ਡਰ. ਦੇਖੋ, ਨਿਝੱਕ.

ਝਕਝੋਰ: ਸੰਗਯਾ- ਝਕੋਲਾ. ਝਟਕਾ। ੨. ਰਿੜਕਣ ਦੀ ਕ੍ਰਿਯਾ। ੩. ਝੂਟਾ.

ਝਕਝੋਰਨਾ, ਝਕਝੋਲਨਾ: ਕ੍ਰਿ- ਜ਼ੋਰ ਨਾਲ ਝਟਕਣਾ। ੨. ਮਥਨ ਕਰਨਾ. ਰਿੜਕਣਾ। ੩. ਪਾਣੀ ਵਿੱਚ ਬਾਰ ਬਾਰ ਗ਼ੋਤ਼ਾ ਦੇਣਾ. ਦੇਖੋ, ਝਕੋਲਨਾ.

ਝਕਣਾ: ਕ੍ਰਿ- ਝਿਜਕਣਾ. ਰੁਕਣਾ। ੨. ਡਰਨਾ.

ਝਕਾਝਕ: ਵਿ- ਭੜਕਦਾਰ. ਚਮਕੀਲਾ.

ਝਕੋਰ: ਸਿੰਧੀ. ਮੂਸਲਧਾਰ (ਮੂਲ੍ਹੇਧਾਰ) ਵਰਖਾ.

ਝਕੋਰਨਾ, ਝਕੋਲਨਾ: ਦੇਖੋ, ਝਕਝੋਰਨਾ. "ਪਵਨ ਝਕੋਲਨਹਾਰ." (ਸ. ਕਬੀਰ) ਪਵਨ ਤੋਂ ਭਾਵ ਸ੍ਵਾਸ ਹੈ. "ਜਨੁ ਨਾਨਕੁ ਮੁਸਕਿ ਝਕੋਲਿਆ." (ਆਸਾ ਛੰਤ ਮਃ ੪)

ਝਖ: (ਸੰ. झष् ਧਾ- ਦੁੱਖ ਦੇਣਾ). ਸੰਗਯਾ- ਅਜੇਹਾ ਬਕਬਾਦ, ਜਿਸ ਤੋਂ ਲੋਕਾਂ ਨੂੰ ਦੁੱਖ ਪਹੁੰਚੇ. "ਝਖ ਮਾਰਉ ਸਾਕਤੁ ਵੇਚਾਰਾ." (ਬਿਲਾ ਮਃ ੫) ੨. ਸੰ. ਝਸ਼. ਮੱਛੀ। ੩. ਮਗਰਮੱਛ। ੪. ਤਾਪ. ਗਰਮੀ.

ਝਖਕੇਤੁ: ਸੰ. ਝਸ਼ਕੇਤੁ. ਸੰਗਯਾ- ਝਸ਼ਕੇਤਨ. ਮਗਰਮੱਛ ਦੇ ਚਿੰਨ੍ਹ ਦੀ ਧੁਜਾ ਵਾਲਾ, ਕਾਮਦੇਵ. ਝਖਧ੍ਵਜ. ਮਕਰਕੇਤੁ.

ਝਖਜ: ਸੰਗਯਾ- ਮੋਤੀ. ਝਸ਼ (ਸਿੱਪੀ) ਤੋਂ ਪੈਦਾ ਹੋਇਆ. ਮੋਤੀ ਵਾਲਾ ਸਿੱਪ ਭੀ ਮੱਛੀ ਦੀ ਜਾਤਿ ਵਿੱਚੋਂ ਹੈ.

---

[564] ज्ञ (ਜ਼) ਦੇ ਸਾਰੇ ਸ਼ਬਦ ਇਸ ਥਾਂ ਲਿਖਣੇ ਯੋਗ੍ਯ ਸਨ, ਪਰੰਤੂ ਪੁਰਾਣੀ ਰੀਤਿ ਅਨੁਸਾਰ ਅਸੀਂ ਗੱਗੇ (ਗ੍ਯ) ਵਿੱਚ ਹੀ ਲਿਖੇ ਹਨ.

ਝਖਣਾ: ਕ੍ਰਿ- ਦਿਲ ਦੁਖਾਉਣ ਲਈ ਬਕਬਾਦ ਕਰਨਾ. "ਨਾਨਕ ਬੋਲਣ ਝਖਣਾ." (ਵਾਰ ਮਾਝ ਮਃ ੧) ੨. ਭਟਕਣਾ.

ਝਖਣਾਝਾਖ: ਸੰਗਯਾ- ਵਿਤੰਡਾਵਾਦ. ਸਿਰਖਪਾਈ. "ਨਾਨਕ ਲੇਖੈ ਇਕੁ ਗਲੁ, ਹੋਰੁ ਹਉਮੈ ਝਖਣਾ ਝਾਖ." (ਵਾਰ ਆਸਾ)

ਝਖਣੁ: ਦੇਖੋ, ਝਖਣਾ. "ਬਹੁਤਾ ਬੋਲਣੁ ਝਖਣੁ ਹੋਇ." (ਧਨਾ ਮਃ ੧)

ਝਖਤ੍ਰਾਣ: ਸੰਗਯਾ- ਤਾਲ, ਜੋ ਝਸ਼ (ਮੱਛੀ) ਨੂੰ ਪਨਾਹ ਦਿੰਦਾ ਹੈ. (ਸਨਾਮਾ) ੨. ਸਮੁੰਦਰ.

ਝਖਧਰ: ਸੰਗਯਾ- ਮੱਛਾਂ ਦੇ ਧਾਰਨ ਵਾਲਾ ਸਮੁੰਦਰ. (ਸਨਾਮਾ)

ਝਖਧਰ ਸੁਤ ਧਰ ਧਰ: (ਸਨਾਮਾ) ਸੰਗਯਾ- ਝਖ (ਮੱਛ) ਦੇ ਧਾਰਨ ਵਾਲਾ (ਸਮੁੰਦਰ), ਉਸ ਦਾ ਸੁਤ (ਪੁਤ੍ਰ) (ਚੰਦ੍ਰਮਾ), ਉਸ ਦੇ ਧਾਰਨ ਵਾਲਾ ਆਕਾਸ਼, ਆਕਾਸ਼ ਵਿੱਚ ਵਿਚਰਣ ਵਾਲਾ ਤੀਰ. ਧਨੁਖ ਤੋਂ ਚਲਾਇਆ ਹੋਇਆ ਤੀਰ ਆਕਾਸ਼ ਵਿੱਚ ਉਡਦਾ ਹੈ.

ਝਖਧੁਜ, ਝਖਧ੍ਵਜ: ਦੇਖੋ, ਝਖਕੇਤੁ.

ਝਖਮਾਰਨ, ਝਖਮਾਰਨੀ: ਕ੍ਰਿ- ਬਕਬਾਦ ਕਰਨਾ. ਵ੍ਰਿਥਾ ਬਕਣਾ. ਕੁੱਤੇ ਦੀ ਤਰਾਂ ਭੌਂਕਣਾ. ਦੇਖੋ, ਝਖ. "ਝਖ ਮਾਰਉ ਸਗਲ ਸੰਸਾਰੁ." (ਗੌਂਡ ਮਃ ੫) "ਸਭ ਦੁਸਟ ਝਖਮਾਰਾ." (ਆਸਾ ਛੰਤ ਮਃ ੪) ੨. ਭਟਕਦੇ ਫਿਰਨਾ। ੩. ਝਸ਼ (ਮੱਛੀ) ਦਾ ਸ਼ਿਕਾਰ ਕਰਨਾ.

ਝਖਵਾਉ: ਸੰਗਯਾ- ਦੁਖਦਾਈ ਵਾਕ. ਬਕਬਾਦ. "ਕਜੋਂ ਝਖਵਾਉ ਕਰਤ? ਉਠਜਾਵਹੁ." (ਗੁਪ੍ਰਸੂ)

ਝਖੜ: ਦੇਖੋ, ਝਖੜ.

ਝਖੜ ਝਾਗੀ: ਦੇਖੋ, ਝਖੜੁ ਅਤੇ ਝਾਗੀ.

ਝਖੜਿ: ਝੱਖੜ (ਝੰਝਾਵਾਤ) ਨਾਲ. "ਝਖੜਿ ਵਾਉ ਨ ਡੋਲਈ." (ਵਾਰ ਰਾਮ ੩) ੨. ਝੱਖੜ ਵਿੱਚ.

ਝਖੜੁ: ਸੰਗਯਾ- ਝੰਝਾਵਾਤ. ਹਨੇਰੀ. ਅੰਨ੍ਹੀ. Hurricane. "ਝਖੜੁ ਝਾਗੀ ਮੀਹ ਵਰਸੈ." (ਸੂਹੀ ਅਃ ਮਃ ੪)

ਝਖਾਈ: ਸੰਗਯਾ- ਸਿਰਖਪਾਈ. ਮਗ਼ਜ਼ਖ਼ੋਰੀ.

ਝਖਿ: ਝਖਕੇ. ਦੇਖੋ, ਝਖ. "ਝਖਿ ਬੋਲਣੁ ਕਿਆ ਜਗ ਸਿਉ ਵਾਦੁ?" ( ਓਅੰਕਾਰ)

ਝਖੀਜ, ਝਖੀਤ੍ਰਾਣ: (ਸਨਾਮਾ) ਦੇਖੋ, ਝਖਜ ਅਤੇ ਝਖਤ੍ਰਾਣ.

ਝੱਖੜ: ਦੇਖੋ, ਝਖੜੁ.

ਝਗ: ਸੰਗਯਾ- ਫੇਨ. ਝਾਗ. ਝੱਗ.

ਝਗਰ: ਸੰਗਯਾ- ਝਗੜਾ. ਬਖੇੜਾ. ਮੁਕੱਦਮਾ. "ਸਤਿਗੁਰੁ ਝਗਰੁ ਨਿਬੇਰੈ." (ਗੂਜ ਮਃ ੧) ੨. ਸਜਾਹਚਸ਼ਮ ਇੱਕ ਸ਼ਿਕਾਰੀ ਪੰਛੀ, ਜੋ ਸਦਾ ਪੰਜਾਬ ਵਿੱਚ ਰਹਿੰਦਾ ਹੈ. ਇਹ ਕੱਦ ਵਿੱਚ ਚਰਗ ਤੋਂ ਛੋਟਾ ਹੁੰਦਾ ਹੈ ਅਤੇ ਲਗਰ (ਲਗੜ) ਦਾ ਨਰ ਹੈ. ਇਹ ਜੋੜਾ ਮਿਲਕੇ ਸਹੇ ਆਦਿ ਦਾ ਚੰਗਾ ਸ਼ਿਕਾਰ ਕਰਦਾ ਹੈ. Falco Jugger. ਦੇਖੋ, ਸ਼ਿਕਾਰੀ ਪੰਛੀ. "ਲਗਰ ਝਗਰ ਜੁਰਰਾ ਅਰੁ ਬਾਜਾ." (ਚਰਿਤ੍ਰ ੩੦੭) ਦੇਖੋ, ਲਗੜ.

ਝਗਰਨਾ: ਵਿ- ਮੁਕ਼ਦਮਾ ਕਰਨਾ। ੨. ਵਿਤੰਡਾਵਾਦ ਕਰਨਾ. ਦ੍ਵੇਸ਼ਭਾਵ ਨਾਲ. ਹੁੱਜਤਬਾਜ਼ੀ ਕਰਨੀ. "ਕਾਹੇ ਪੂਤ ਝਗਰਤ ਹਉ ਸੰਗਿ ਬਾਪ." (ਸਾਰ ਮਃ ੪)

ਝਗਰਾ: ਸੰਗਯਾ- ਝਗੜਾ. ਮੁਕ਼ਦਮਾ. "ਝਗਰਾ ਏਕੁ ਨਿਬੇਰਹੁ ਰਾਮ." (ਗਉ ਕਬੀਰ) ੨. ਵਿਤੰਡਾਵਾਦ. ਨਿਕੰਮੀ ਹੁੱਜਤਬਾਜ਼ੀ.

**ਝਗਰੁ:** ਦੇਖੋ, ਝਗਰ ੧. "ਝਗਰੁ ਚੁਕਾਇਆ." (ਆਸਾ ਮਃ ੫)

**ਝਗਲਾ, ਝਗਲੀ:** ਸੰਗਯਾ- ਛੋਟਾ ਝੱਗਾ. ਝੱਗੀ. ਬੱਚਿਆਂ ਦਾ ਕੁੜਤਾ ਕੁੜਤੀ. "ਝਗਲੀ ਝੀਨ ਨਵੀਨ." (ਨਾਪ੍ਰ)

**ਝਗੜ:** ਦੇਖੋ, ਝਗਰ ਅਤੇ ਲਗੜ.

**ਝਗੜਾ, ਝਗੜੁ:** ਦੇਖੋ, ਝਗਰਾ. "ਝਗੜਾ ਕਰਦਿਆ ਅਨਦਿਨੁ ਗੁਦਰੈ." (ਵਾਰ ਬਿਹਾ ਮਃ ੩) "ਝਗੜੁ ਚੁਕਾਵੈ ਹਰਿਗੁਣ ਗਾਵੈ." (ਪ੍ਰਭਾ ਅਃ ਮਃ ੧)

**ਝਗਾ:** ਸੰਗਯਾ- ਝੱਗਾ. ਜਾਮਾ. ਕੁੜਤਾ.

**ਝਗਾਰ:** ਮਰ. ਸੰਗਯਾ- ਬੱਦਲਵਾਈ. ਝੜ.

**ਝਗੀੜਾ:** ਸੰਗਯਾ- ਝਗੜਾ. ਫ਼ਿਸਾਦ. "ਕੀਨ ਸੁਰਾਸੁਰ ਬੀਚ ਝਗੀੜਾ." (ਕ੍ਰਿਸਨਾਵ)

**ਝਗੂ, ਝਗੂਰ:** ਸੰਗਯਾ- ਝੱਗ. ਫੇਨ. "ਨਿਤ ਝਹੀਆ ਪਾਏ ਝਗੂ ਸੁਟੇ." (ਵਾਰ ਗਉ ੧. ਮਃ ੪) "ਮੁਖ ਤੇ ਝਗੂਰ ਜਾਤ ਪੀਰੀ ਪਰਗਈ ਗਾਤ." (ਗੁਪ੍ਰਸੂ)

**ਝਗੋਲ, ਝਗੋੜ:** ਸਿੰਧੀ. ਝਗੋੜ. ਸੰਗਯਾ- ਵ੍ਯਾਕੁਲਤਾ. ਬੇਚੈਨੀ। ੨. ਦਸ੍ਤੰਦਾਜ਼ੀ. ਹੱਥੋਪਾਈ. "ਚੂਕਾ ਜਮ ਝਗੜ ਝਗੋਲ." (ਵਾਰ ਕਾਨ ਮਃ ੪)

**ਝਜਕਣਾ:** ਕ੍ਰਿ. ਸੰਕੋਚ ਕਰਨਾ. ਰੁਕਣਾ।੨ ਡਰਨਾ.

**ਝੱਜਰ:** ਰੋਹਤਕ ਜਿਲੇ ਦਾ ਇੱਕ ਨਗਰ, ਜਿੱਥੇ ਤਸੀਲ ਹੈ. ਇਸ ਦਾ ਉੱਚਾਰਣ ਝਜਰ ਭੀ ਹੈ. ਝੱਜਰ ਦਿੱਲੀ ਤੋਂ ੩੫ ਮੀਲ ਪੱਛਮ ਹੈ. ਇੱਥੇ ਮੁਸਲਮਾਨਾਂ ਦੀ, ਜੱਟਾਂ ਦੀ ਅਤੇ ਬੇਗਮ ਸਮਰੂ ਦੀ ਹੁਕੂਮਤ ਰਹੀ ਹੈ. ਸਨ ੧੮੦੩ ਵਿੱਚ ਝੱਜਰ ਅੰਗ੍ਰੇਜ਼ੀ ਸਰਕਾਰ ਵੱਲੋਂ ਨਵਾਬ ਨਿਜਾਬਤਖ਼ਾਨ ਨੂੰ ਦਿੱਤਾ ਗਿਆ. ਸਨ ੧੮੫੭ ਦੇ ਗਦਰ ਵਿੱਚ ਬਾਗੀਆਂ ਨੂੰ ਸਹਾਇਤਾ ਦੇਣ ਦੇ ਅਪਰਾਧ ਵਿੱਚ ਝੱਜਰ ਅਤੇ ਇਸ ਦਾ ਇਲਾਕਾ ਜ਼ਬਤ ਕੀਤਾ ਗਿਆ ਅਤੇ ਨਵਾਬ ਅਬਦੁਲਰਹਿਮਾਨ ਖ਼ਾਨ ਨੂੰ ਫਾਹੇ ਚਾੜ੍ਹਿਆ ਗਿਆ.

ਝੱਜਰ ਦੇ ਜਬਤ ਹੋਏ ਇਲਾਕੇ ਵਿੱਚੋਂ ਸਿੱਖ ਰਿਆਸਤਾਂ- ਪਟਿਆਲਾ, ਜੀਂਦ ਅਤੇ ਨਾਭੇ ਨੂੰ, ਨਾਰਨੌਲ, ਦਾਦਰੀ ਅਤੇ ਬਾਵਲ ਦਾ ਇਲਾਕਾ ਸਰਕਾਰ ਵੱਲੋਂ ਮਿਲਿਆ.

ਝੱਜਰ ਵਿੱਚ ਵਸਤ੍ਰ ਬਹੁਤ ਚੰਗੇ ਰੰਗੇ ਜਾਂਦੇ ਹਨ ਅਤੇ ਸੁਰਾਹੀਆਂ (ਝਾਰੀਆਂ) ਬਹੁਤ ਪਤਲੀਆਂ ਬਣਦੀਆਂ ਹਨ. ਕੋਈ ਅਚਰਜ ਨਹੀਂ ਕਿ ਝੱਜਰ ਵਿੱਚ ਉੱਤਮ ਸੁਰਾਹੀ ਬਣਨ ਤੋਂ ਹੀ ਸੁਰਾਹੀ ਦਾ ਨਾਮ "ਝੱਜਰ" ਹੋਗਿਆ ਹੋਵੇ। ੨. ਸੰ. ऄलिञ्ञ ਅਲਿੰਜਰ. ਪਾਣੀ ਦੀ ਝਾਰੀ. ਸੁਰਾਹੀ.

**ਝਜਕ:** ਸੰਗਯਾ- ਰੁਕਾਵਟ। ੨. ਡਰ. ਭੈ। ੩. ਆਸ਼ੰਕਾ. ਸੰਸਾ.

**ਝਝਕਣਾ, ਝਝਕਨਾ:** ਕ੍ਰਿ- ਭੈ ਅਤੇ ਸੰਕੋਚ ਨਾਲ ਰੁਕਣਾ. ਝਿਝਕਣਾ.

**ਝਝਕਿ:** ਕ੍ਰਿ. ਵਿ- ਝਿਜਕਕੇ. ਦੇਖੋ, ਝਝਕਨਾ. "ਰਹਿਓ ਝਝਕਿ ਨਾਹੀ ਪਰਵਾਨਾ." (ਬਾਵਨ ਕਬੀਰ)

**ਝਝਗ:** ਸੰਗਯਾ- ਝਿੜਕ. ਤਿਰਸਕਾਰ. "ਰਾਨੀ ਝਝਗ ਤਾਂਹਿ ਤ੍ਰਿਯ ਡਾਰੈ." (ਚਰਿਤ੍ਰ ੨੯੫)

**ਝਝਰ:** ਦੇਖੋ, ਝੱਜਰ। ੨. ਸੰ. ਝਰ੍ਜਰਿਤ. ਵਿ- ਮੁਰਝਾਇਆ ਹੋਇਆ. "ਤਨ ਝਝਰ ਹ੍ਵੈ ਰਣਭੂਮਿ ਪਰੇ." (ਚੰਡੀ ੨)

**ਝਝਾ:** ਪੰਜਾਬੀ ਵਰਣਮਾਲਾ ਦਾ ੧੪ਵਾਂ ਅੱਖਰ. "ਝਝਾ ਝੂਰਨ ਮਿਟੈ ਤੁਮਾਰੋ." (ਬਾਵਨ) ੨. ਝ ਅੱਖਰ ਦਾ ਉਚਾਰਣ. ਝਕਾਰ.

**ਝਟ:** ਸੰ. ਝਟਿਤਿ. ਕ੍ਰਿ. ਵਿ- ਤੁਰੰਤ. ਫ਼ੌਰਨ। ੨. ਸੰਗਯਾ- ਸਮਾ. ਵੇਲਾ. ਜਿਵੇਂ ਝਟਕੁ ਠਹਿਰ ਜਾ. ਇਸੇ ਦਾ ਰੂਪ ਝਤਿ ਹੈ।

੩. ਸੰ. ਝਟ੍. ਧਾ- ਫਸਣਾ, ਮਿਲਣਾ.

ਝਟਕਾ: ਸੰਗਯਾ- ਝੋਕਾ. ਧੱਕਾ. ਝੜਾਕਾ। ੨. ਸੱਤਿ ਸ੍ਰੀ ਅਕਾਲ ਕਹਿਕੇ ਸ਼ਸਤ੍ਰ ਦੇ ਇੱਕ ਵਾਰ ਨਾਲ ਜੀਵ ਦਾ ਸਿਰ ਵੱਢਣਾ।[565] ੩. ਝਟਕੇ ਹੋਏ ਜੀਵ ਦਾ ਮਾਸ.

ਝਟਕਾਉਣਾ: ਕ੍ਰਿ- ਤਲਵਾਰ ਦੇ ਇੱਕ ਝੋਕੇ ਨਾਲ ਜਾਨਵਰ ਦਾ ਸਿਰ ਵੱਢ ਸਿੱਟਣਾ. "ਆਨਹੁ ਛਾਗ ਇੱਕ ਝਟਕੈਂ ਨਿਜ ਪਾਨਾ." (ਗੁਪ੍ਰਸੂ) ੨. ਬੰਦੂਕ਼. ਆਦਿ ਸ਼ਸਤ੍ਰ ਨਾਲ ਜੀਵ ਨੂੰ ਇਸੇ ਤਰਾਂ ਮਾਰਨਾ ਕਿ ਉਹ ਤੁਰਤ ਮਰ ਜਾਵੇ.

ਝਟਪਟ: ਵਯ- ਤੁਰੰਤ ਹੀ. ਸ਼ੀਘ੍ਰ ਹੀ. ਝਟਿਤਿ.

ਝਟੱਲਾ: ਸੰਗਯਾ- ਸੰਘਣੀ ਟਾਹਣੀਆਂ ਦੀ ਛਤਰੀ ਵਾਲਾ ਬਿਰਛ। ੨. ਵਿ- ਉਲਝੇ ਹੋਏ ਝਾਟੇ ਵਾਲਾ. ਜਿਸ ਦੇ ਸਿਰ ਦੇ ਵਾਲ ਉਲਝੇ ਹੋਣ.

ਝਟਾਕ: ਕ੍ਰਿ. ਵਿ- ਤੁਰੰਤ. ਫ਼ੌਰਨ। ੨. ਸੰਗਯਾ- ਝੜਾਕੇ ਦਾ ਸ਼ਬਦ.

ਝਟਿਤਿ: ਦੇਖੋ, ਝਟ.

ਝਟੀਐ: ਝੜਦਾ ਹੈ. ਟਪਕਦਾ ਹੈ. ਦੇਖੋ, ਅਰਸ.

ਝਟੁੱਲਾ: ਦੇਖੋ, ਝਟੱਲਾ.

ਝੱਟਾ: ਮੀਰਾਸੀਆਂ (ਡੂੰਮਾਂ) ਦੀ ਇੱਕ ਜਾਤਿ. "ਪੂਰੋ ਝੱਟਾ ਪਾਰ ਉਤਾਰੀ." (ਭਾਗੁ)

ਝਣ, ਝਣਕ, ਝਣਕਾਰ, ਝਣਤਕਾਰ, ਝਣੰਤਕਾਰ: ਸੰ. झण ਅਤੇ झणत्कार ਸੰਗਯਾ- ਛਣਕਾਰ. ਝਨਕਾਰ. ਝਣਝਣ ਸ਼ਬਦ. ਘੁੰਘਰੂ ਆਦਿ ਦੀ ਧੁਨਿ. ਦੇਖੋ, ਝਨਤਕਾਰ.

ਝਤਿ, ਝਤੁ: ਸੰਗਯਾ- ਵਕ੍ਤ. ਵੇਲਾ. ਸਮਾ. "ਕਿਚਰੁ ਝਤਿ ਲੰਘਾਈਐ ਛਪਰਿ ਤੁਟੈ ਮੇਹੁ?" (ਸ. ਫਰੀਦ) "ਵਲ ਛਲ ਕਰਿ ਝਤਿ ਕਢਦੇ." (ਗਉ ਵਾਰ ੧. ਮਃ ੪)

ਝਥਾ: ਵਿ- ਲੱਜਿਤ. ਸ਼ਰਮਿੰਦਾ. "ਲਘੁ ਭ੍ਰਾਤ ਭਏ ਬਹੁ ਭਾਂਤ ਝਥੇ." (ਰਾਮਾਵ) ਰਾਮਚੰਦ੍ਰ ਜੀ, ਛੋਟੇ ਭਾਈ (ਲਛਮਣ) ਤੋਂ ਵਡੇ ਸ਼ਰਮਿੰਦੇ ਹੋਏ.

ਝਥੁ: ਦੇਖੋ, ਝਤੁ.

ਝਨਕ, ਝਨਕਾਰ, ਝਨਤਕਾਰ: ਦੇਖੋ, ਝਣਤਕਾਰ. "ਕਿੰਕਨੀ ਸ਼ਬਦ ਝਨਤਕਾਰ ਖੇਲੁ ਪਾਹਿ ਜੀਉ." (ਸਵੈਯੇ ਮਃ ੪. ਕੇ)

ਝਨਾ: ਦੇਖੋ, ਚਨਾਬ ਅਤੇ ਚੰਦ੍ਰਭਾਗਾ.

ਝਨੇਰ: ਇੱਕ ਪਿੰਡ ਜੋ ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ ਵਿੱਚ ਹੈ. ਇੱਥੇ ਸੱਤਵੇਂ ਪਾਤਸ਼ਾਹ ਦਾ ਗੁਰਦ੍ਵਾਰਾ ਹੈ.

ਝਪ: ਕ੍ਰਿ. ਵਿ- ਤੁਰੰਤ. ਛੇਤੀ. ਇਸੇ ਦਾ ਦੂਜਾ ਰੂਪ ਝਬ ਹੈ। ੨. ਵਿ- ਚੰਚਲ. "ਝਪ ਝੂਲਤ ਕਲਗੀ ਬਰ ਤੁੰਗਾ." (ਗੁਪ੍ਰਸੂ) ੩. ਟੇਢਾ. ਵਿੰਗਾ. "ਜੁਗ ਭੌਹਨ ਕੇ ਰੋਮ ਵਿਸਾਲਾ। ਭਏ ਸੁਪੇਦ ਝੁਕੇ ਝਪ ਜਾਲਾ." (ਗੁਪ੍ਰਸੂ)

ਝਪਕਣਾ: ਕ੍ਰਿ- ਅੱਖ ਦੀ ਪਲਕ ਮਿਲਾਉਣੀ. ਅੱਖ ਫਰਕਣਾ। ੨. ਝਪਟਣਾ. ਲਪਕਣਾ.

ਝਪਟ: ਸੰਗਯਾ- ਫੁਰਤੀ ਨਾਲ ਖੋਹਣ ਦੀ ਕ੍ਰਿਯਾ। ੨. ਵਡੀ ਤੇਜ਼ੀ ਨਾਲ ਲਪਕਣ ਦਾ ਭਾਵ। ੩. ਹ਼ਮਲਾ. ਧਾਵਾ.

---

[565] ਝਟਕਾ ਬੰਦੂਕ ਆਦਿ ਸ਼ਸਤ੍ਰਾਂ ਨਾਲ ਭੀ ਕੀਤਾ ਜਾਂਦਾ ਹੈ. "ਤੁਪਕ ਮਾਰ ਝਟਕਾ ਕਰਜੋ." (ਗੁਪ੍ਰਸੂ)

ਝਪਣਾ: ਕ੍ਰਿ- ਬੋਚ ਲੈਣਾ. ਜਿਵੇਂ ਗੇਂਦ ਝਪਣੀ.

ਝਪਾਨ: ਦੇਖੋ, ਝੰਪਾਨ.

ਝਪੀੜਨਾ: ਕ੍ਰਿ- ਜ਼ੋਰ ਨਾਲ ਨਿਪੀੜਨ. ਬਲ ਨਾਲ ਘੁੱਟਣਾ. "ਹਾਥ ਝਪੀੜੇ ਯੁਗਲ ਜਬ." (ਨਾਪ੍ਰ)

ਝਪੀੜਾ: ਸੰਗਯਾ- ਜੱਫੀ. ਘੁੱਟਕੇ ਅੰਗ ਨਾਲ ਲਾਉਣ ਦਾ ਭਾਵ. "ਹਰਿ ਮਿਲਿਓ ਲਾਇ ਝਪੀੜਾ." (ਜੈਤ ਮਃ ੪)

ਝਬ: ਕ੍ਰਿ. ਵਿ- ਝਟਿਤਿ. ਤੁਰੰਤ. ਛੇਤੀ. ਫ਼ੌਰਨ। ੨. ਸੰਗਯਾ- ਅੱਖ ਝਪਕਣ ਦਾ ਸਮਾ.

ਝਬਕਿ: ਵਯ- ਤੁਰੰਤ ਹੀ. "ਗੁਨ ਕੀ ਲਹਰਿ ਝਬਕਿ." (ਸ. ਕਬੀਰ) ਗੁਣਰੂਪ ਛੱਲ ਨਾਲ ਤੁਰੰਤ ਹੀ.

ਝਬਦੇ: ਕ੍ਰਿ. ਵਿ- ਝਬਿ. ਤੁਰੰਤ. ਛੇਤੀ. ਫ਼ੌਰਨ.

ਝਬਾਲ: ਜਿਲਾ ਅਮ੍ਰਿਤਸਰ, ਤਸੀਲ ਥਾਣਾ ਤਰਨਤਾਰਨ ਦਾ ਪਿੰਡ, ਜੋ ਰੇਲਵੇ ਸਟੇਸ਼ਨ ਤਰਨਤਾਰਨ ਤੋਂ ੭. ਮੀਲ ਵਾਯਵੀ ਕੋਣ ਹੈ. ਆਬਾਦੀ ਦੇ ਨਾਲ ਹੀ ਈਸ਼ਾਨ ਕੋਣ ਗੁਰਦ੍ਵਾਰਾ ਹੈ, ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਬੀਬੀ ਬੀਰੋ (ਵੀਰੋ) ਦਾ ਵਿਆਹ ੨੬ ਜੇਠ ਸੰਮਤ ੧੬੮੬ ਨੂੰ ਕੀਤਾ ਹੈ. ਗੁਰਦ੍ਵਾਰੇ ਦਾ ਨਾਮ "ਮਾਣਕ ਚੌਕ" ਹੈ. ਮੇਲਾ ੨੬ ਜੇਠ ਨੂੰ ਹਰ ਸਾਲ ਲਗਦਾ ਹੈ.[566] ਗੁਰਦ੍ਵਾਰੇ ਨੂੰ ੩੨ ਘੁਮਾਉਂ ਜ਼ਮੀਨ ਇਸੇ ਪਿੰਡ ਅਤੇ ਗਯਾਰਾਂ ਰੁਪਏ ਸਾਲਾਨਾ ਮੁਆ਼ਫ਼ੀ ਹੈ. ਸਿੰਘਾਂ ਦੀ ਸਥਾਨਿਕ ਕਮੇਟੀ ਦੇ ਹੱਥ ਪ੍ਰਬੰਧ ਹੈ. ਦੇਖੋ, ਬੀਰੋ ਬੀਬੀ.

ਝਬਿ: ਦੇਖੋ, ਝਬਦੇ.

ਝੱਬਾ: ਸੰਗਯਾ- ਜ਼ਰੀ ਰੇਸ਼ਮ ਦਾ ਗੁੱਫਾ. ਛੱਬਾ. ਗੁੱਛਾ.

ਝਭੀੜਨਾ: ਦੇਖੋ, ਝਪੀੜਨਾ.

ਝਮਕ: ਸੰਗਯਾ- ਚਮਕ. ਪ੍ਰਕਾਸ਼। ੨. ਦੇਖੋ, ਚਮਕਣਾ.

ਝਮਕਣਾ, ਝਮਕਨਾ: ਕ੍ਰਿ- ਚਮਕਣਾ. ਲਿਸ਼ਕਣਾ. "ਤੇਰੀ ਪੂੰਛਟ ਊਪਰਿ ਝਮਕ ਬਾਲ." (ਬਸੰ ਕਬੀਰ) ੨. ਅੱਖ ਦੀ ਪਲਕਾਂ ਮਿਲਾਉਣੀਆਂ. ਅੱਖ ਫਰਕਣੀ.

ਝਮਾਝਮ: ਚਮਕ ਦਮਕ। ੨. ਅਨੁ. ਛਮਾਛਮ.

ਝਮੇਲਾ: ਸੰਗਯਾ- ਝਗੜਾ. ਬਖੇੜਾ. ਟੰਟਾ। ੨. ਭੀੜ. ਲੋਕਾਂ ਦਾ ਝੁੰਡ। ੩. ਉਲਝਾਉ.

ਝਮੰਕਣ: ਦੇਖੋ, ਝਮਕਣਾ ੧. "ਸਸਤ੍ਰ ਝਮੰਕਣ." (ਅਕਾਲ)

ਝਰ: ਦੇਖੋ, ਝੜ। ੨. ਦੇਖੋ, ਝੜਨਾ। ੩. ਸੰ. ਪਾਣੀ ਦਾ ਝਰਨਾ.

ਝਰਹਰ: ਦੇਖੋ, ਝਲਹਰ.

ਝਲਝਰਾ: ਸੰ. ਝਰ੍ਝਰਿਤ. ਵਿ- ਮੁਰਝਾਇਆ ਹੋਇਆ. ਝੁਰੜੀਆਂ ਸਹਿਤ.

ਝਰਣਾ: ਸੰਗਯਾ- ਝਰੋਖਾ. ਹਵਾ ਅਤੇ ਰੌਸ਼ਨੀ ਲਈ ਮਕਾਨ ਵਿੱਚ ਰੱਖਿਆ ਛੋਟਾ ਛਿਦ੍ਰ। ੨. ਪਾਣੀ ਦਾ ਚਸ਼ਮਾ. ਸੰ. ਨਿਝੰਰ. "ਅਮਿਉ ਚਲਹਿ ਝਰਣੇ." (ਵਾਰ ਗਉ ੨. ਮਃ ੫) ੩. ਕ੍ਰਿ- ਟਪਕਣਾ. ਪਾਣੀ ਦਾ ਉੱਤੋਂ ਡਿੱਗਣਾ. Water fall. ੪. ਝੜਨਾ. ਡਿਗਣਾ. "ਝਰਹਿ ਕਸੰਮਲ ਪਾਪ ਤੇਰੇ ਮਨੂਆ." (ਬਾਵਨ) ੫. ਲੋਹੇ ਅਥਵਾ ਪਿੱਤਲ ਦਾ ਛਿਦ੍ਰਦਾਰ ਸੰਦ, ਜਿਸ

---

[566] ਇਹ ਮੇਲਾ ਸੰਮਤ ੧੯੯੧ ਤੋਂ ਜਾਰੀ ਹੋਇਆ ਹੈ.

ਨਾਲ ਤਪਦੇ ਘੀ ਜਾਂ ਤੇਲ ਵਿੱਚ ਪਕੌੜੀਆਂ ਤਲੀਦੀਆਂ ਹਨ। ੬. ਦਾਣੇ ਚੂਨਾ ਆਦਿ ਨਿਖੇਰਨ ਦਾ ਛਾਲਣਾ.

ਝਰਣੀ: ਛੋਟਾ ਝਰਣਾ. ਦੇਖੋ, ਝਰਣਾ ੫. ਅਤੇ ੬.

ਝਰਨਾ: ਦੇਖੋ, ਝਰਣਾ.

ਝਰਪ: ਸੰਗਯਾ- ਝੜਪ. ਝਪਟ। ੨. ਅਗਨਿ ਦੀ ਲਾਟ ਦਾ ਲਪੇਟ.

ਝਰਲਾਣੀ: ਸੰਗਯਾ- ਝਰਨਾਹਟ. ਥਰਥਰਾਟ. ਕੰਬਣੀ. "ਝਰਲਾਣੀ ਉੱਠੀ ਦੇਵਤਾਂ." (ਚੰਡੀ ੩)

ਝਰਾਕ, ਝਰਾਕਾ: ਸੰਗਯਾ- ਝਟਕਾ. ਝੜਾਕਾ। ੨. ਝਨਤਕਾਰ. ਸ਼ਸਤ੍ਰਾਂ ਦੇ ਖੜਕਣ ਦੀ ਧੁਨਿ. "ਝਰਾਕ ਝਾਰੈਂ." (ਗੁਪ੍ਰਸੂ)

ਝਰਿ: ਝੜਕੇ. "ਨਿੰਦਕ ਐਸੇ ਹੀ ਝਰਿ ਪਰੀਐ." (ਬਿਲਾ ਮਃ ੫) ੨. ਦੇਖੋ, ਝਰੀ.

ਝਰੀ: ਬੱਦਲਾਂ ਤੋਂ ਲਗਾਤਾਰ ਪਾਣੀ ਝਰਨ ਦਾ ਭਾਵ. ਦੇਖੋ, ਝੜੀ. "ਲਗੀ ਝਰੀ ਬਰਖਾ ਬਹੁ ਹੋਈ." (ਗੁਪ੍ਰਸੂ) ੨. ਸੰ. ਨਦੀ, ਜਿਸ ਵਿੱਚ ਚਸ਼ਮਿਆਂ ਤੋਂ ਝਰਕੇ ਪਾਣੀ ਆਉਂਦਾ ਹੈ.

ਝਰੀਟ: ਸੰਗਯਾ- ਕੰਡੇ ਆਦਿ ਦੀ ਰਗੜ ਨਾਲ ਖਲੜੀ ਪੁਰ ਹੋਈ ਲੀਕ. "ਜਿਨ ਕੋ ਲਗੀ ਝਰੀਟ ਵਿਸੇਖੀ." (ਨਾਪ੍ਰ)

ਝਰੋਕਾ, ਝਰੋਖਾ: ਸੰਗਯਾ- ਹਵਾ ਅਤੇ ਰੌਸ਼ਨੀ ਵਾਸਤੇ ਮਕਾਨ ਵਿੱਚ ਬਣਾਇਆ ਛੋਟਾ ਛਿਦ੍ਰ. ਸੰ. ਗਵਾਕ੍ਸ਼.

ਝਲ: ਡਿੰਗ. ਸੰਗਯਾ- ਲਾਟਾ. ਅਗਨਿ ਦੀ ਸ਼ਿਖਾ। ੨. ਲਿਸ਼ਕ. ਚਮਕ. ਰੌਸ਼ਨੀ. "ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ." (ਗਉੜੀ) ੩. ਸੰ. ਤਾਪ. ਦਾਹ। ੪. ਦੇਖੋ, ਝਲੁ.

ਝਲਹਲ: ਸੰਗਯਾ- ਚਮਕਦਮਕ. "ਝਲਹਲੰਤ ਤਰਵਾਰ." (ਰਾਮਾਵ)

ਝਲਕ: ਸੰਗਯਾ- ਚਮਕ. ਦੀਪ੍ਤਿ. ਪ੍ਰਭਾ.

ਝਲਕਣਾ, ਝਲਕਣੁ, ਝਲਕਨਾ: ਕ੍ਰਿ- ਚਮਕਣਾ. ਪ੍ਰਕਾਸ਼ਣਾ.

ਝਲਕਾ: ਸੰ. ਝੱਲਿਕਾ. ਸੰਗਯਾ- ਚਮਕ. ਪ੍ਰਕਾਸ਼. ਦੀਪ੍ਤਿ.

ਝਲਜੀਹਾ: ਡਿੰਗ. ਸੰਗਯਾ- ਝਲ (ਲਾਟਾ) ਹੈ ਜਿਸ ਦੀ ਜੀਭ, ਅੱਗ, ਅਗਨਿ.

ਝਲਣਾ, ਝਲਣੁ: ਕ੍ਰਿ- ਅੰਗੀਕਾਰ ਕਰਨਾ. "ਧਰਤਿ ਅਸਮਾਨੁ ਨ ਝਲਈ." (ਗਉ ਅਃ ਮਃ ੩) ੨. ਸਹਾਰਨਾ. ਬਰਦਾਸ਼ਤ ਕਰਨਾ. "ਸਾਮੁਹਿ ਸੇਲ ਸਮਰ ਮੋ ਝਲਹੈ." (ਵਿਚਿਤ੍ਰ) ੩. ਹਿਲਾਉਣਾ. ਕੰਬਾਉਣਾ. "ਲੇ ਪਖਾ ਪ੍ਰਿਅ ਝਲਉ ਪਾਏ." (ਆਸਾ ਮਃ ੫)

ਝਲਮਲ, ਝਲਮਾਲਾ: ਡਿੰਗ. ਸੰਗਯਾ- ਝਲ (ਲਾਟਾ) ਦੀ ਮਾਲਾ ਵਾਲੀ, ਅੱਗ। ੨. ਭਾਵ- ਚਮਕ ਦਮਕ. ਪ੍ਰਭਾ.

ਝਲਾ: ਸੰਗਯਾ- ਝੱਲਣ ਦਾ ਸਾਧਨ ਪੱਖਾ. "ਝਲੇ ਝਿਮਕਨਿ ਪਾਸਿ." (ਆਸਾ ਅਃ ਮਃ ੧) ੨. ਸੰ. ਕਿਰਣ। ੩. ਧੁੱਪ। ੪. ਦੇਖੋ, ਝੱਲਾ.

ਝਲਾਂਗ: ਸੰਗਯਾ- ਝਲਾਗ੍ਰ. ਦੇਖੋ, ਝਲਾ ੨. ਸੂਰਜ ਨਿਕਲਣ ਤੋਂ ਪਹਿਲਾ ਸਮਾਂ. ਦੇਖੋ, ਝਾਲਾਗੇ.

ਝਲਾਝਲ: ਸੰਗਯਾ- ਚਮਕ ਦਮਕ। ੨. ਵਿ- ਚਮਕੀਲਾ.

ਝਲਾਰ: ਸੰਗਯਾ- ਨਦੀ ਕਿਨਾਰੇ ਲਾਇਆ ਹੋਇਆ ਹਰਟ। ੨. ਕੂਲ੍ਹ. ਨਾਲਾ. ਜਲ ਦਾ ਪ੍ਰਵਾਹ। ੩. ਨਦੀ ਕਿਨਾਰੇ ਦੀ ਸੰਘਣੀ ਝਾੜੀ.

ਝਲੀ: ਸੰਗਯਾ- ਪਨਾਹ. ਓਟ. "ਸਾਧਸੰਗਤਿ ਕੈ ਝਲੀ ਰੇ." (ਆਸਾ ਮਃ ੫) ੨. ਦੇਖੋ, ਝੱਲੀ.

ਝਲੁ: ਸੰਗਯਾ- ਦੀਵਾਨਾਪਨ ਦੀ ਲਹਿਰ. ਪਾਗਲਪੁਣੇ ਦਾ ਤਰੰਗ. "ਤੂੰ ਭਉ ਕਰਿ ਝਲੁ ਗਵਾਇ." (ਵਾਰ ਬਿਹਾ ਮਃ ੩)

ਝਲੁੰਭਲੈ: ਅੰਭ (ਜਲ) ਦੀ ਲਹਿਰ ਵਿੱਚ ਗ਼ੋਤਾ ਮਾਰਕੇ. ਸਨਾਨ ਕਰਕੇ. ਦੇਖੋ, ਝਲ, ਝਾਲ ਅਤੇ ਝਾਲਿਝਲੁੰਭਲੈ.

ਝਲੂਠਨ: ਕ੍ਰਿ- ਝੁਲਸਣਾ. "ਅਗਨਿ ਝਲੂਠੇ ਕਾਇ." (ਮਗੋ)

ਝਲੰਕ, ਝਲੰਕਨਾ: ਦੇਖੋ, ਝਲਕ ਅਤੇ ਝਲਕਣਾ.

ਝੱਲ: ਸੰਗਯਾ- ਨਦੀ ਦੇ ਕਿਨਾਰੇ ਦਾ ਸੰਘਣਾ ਜੰਗਲ. "ਕਿਲਾ ਕੋਟ ਥਾ ਸਿੰਘਨ ਝੱਲ." (ਪੰਪ੍ਰ) ੨. ਸਿਰੜ ਪਾਗਲਪਨ। ੩. ਕ੍ਰੋਧ ਦੀ ਲਹਿਰ। ੪. ਪੱਖੇ ਦੀ ਹਵਾ ਦਾ ਝੋਕਾ। ੫. ਸੰ. ਭੰਡ. ਮਖ਼ੌਲੀਆ। ੬. ਅਗਨਿ ਦੀ ਲਪਟ.

ਝੱਲਰੀ: ਸੰ. ਦੇਖੋ, ਜਯਘੰਟਾ। ੨. ਧਾਤੁ ਦੀ ਚੰਮ ਨਾਲ ਮੜ੍ਹੀ ਖੰਜਰੀ। ੩. ਵਡੇ ਛੈਣੇ.

ਝੱਲਾ: ਸੰਗਯਾ- ਪੱਖਾ। ੨. ਸਿਰੜਾ. ਸੌਦਾਈ। ੩. ਫੇਟੇ ਰੋਗ ਦਾ ਗ੍ਰਸਿਆ ਹੋਇਆ, ਜਿਸ ਦਾ ਸ਼ਰੀਰ ਕੰਬਦਾ ਰਹਿੰਦਾ ਹੈ.

ਝੱਲੀ: ਵਿ- ਸਿਰੜੀ. ਦੀਵਾਨੀ। ੨. ਸੰਗਯਾ- ਲਹੌਰ ਤੋਂ ੧੧. ਕੋਹ ਚੜ੍ਹਦੇ ਵੱਲ ਇੱਕ ਪਿੰਡ. ਗੁਰੂ ਹਰਿਗੋਬਿੰਦ ਸਾਹਿਬ ਮਾਂਗਟ ਤੋਂ ਅਮ੍ਰਿਤਸਰ ਜੀ ਨੂੰ ਆਉਂਦੇ ਹੋਏ ਇਸ ਥਾਂ ਵਿਰਾਜੇ ਹਨ.

ਝਵਰਾਉਣਾ: ਕ੍ਰਿ- ਕੰਬਾਉਣਾ. ਹਿਲਾਉਣਾ। ੨. ਵਿਖੇਰਨਾ. ਫੈਲਾਉਣਾ. "ਰੋਮ ਸਕੰਧ ਕਠਿਨ ਝਵਰਾਏ." (ਨਾਪ੍ਰ)

ਝੜ: (ਸੰ. झट् ਧਾ- ਫਸਣਾ, ਜੁੜਨਾ) ਸੰਗਯਾ- ਆਕਾਸ਼ ਵਿੱਚ ਬੱਦਲਾਂ ਦਾ ਜੁੜਨਾ. "ਝੜ ਝਖੜ ਓਹਾੜ." (ਸਵਾ ਮਃ ੧) ੨. ਜਿੰਦੇ (. ਕੁਫ਼ਲ) ਦੀ ਕਮਾਣੀ। ੩. ਧਾਤੁ ਦੇ ਕੀਲ ਦਾ ਕੁੱਟਕੇ ਚੌੜਾ ਕੀਤਾ ਸਿਰਾ.

ਝੜਨਾ: ਕ੍ਰਿ- ਡਿਗਣਾ. ਪਤਨ. "ਝੜਿ ਝੜਿ ਪਵਦੇ ਕਚੇ ਬਿਰਹੀ." (ਸਵਾ ਮਃ ੫) "ਪਤ੍ਰ ਭੁਰਜੇਣ ਝੜੀਅੰ." (ਗਾਥਾ)

ਝੜਪ: ਸੰਗਯਾ- ਝਪਟ। ੨. ਮੁਠਭੇੜ। ੩. ਹੱਲਾ.

ਝੜਵਾਲ: ਸੰਗਯਾ- ਮੇਘ (ਬੱਦਲ), ਜਿਸ ਤੋਂ ਪਾਣੀ ਝੜਦਾ ਹੈ. "ਜਿਉ ਧੂਅਰ ਝੜਵਾਲ ਦੀ ਕਿਉ ਵਰਸੈ ਪਾਣੀ?" (ਭਾਗੁ) ਧੂੰਏਂ ਦੇ ਬੱਦਲ ਤੋਂ ਪਾਣੀ ਕਿਉਂ ਵਰਸੈ?

ਝੜਾਕ, ਝੜਾਕਾ: ਸੰਗਯਾ- ਝਟਕਾ। ੨. ਸ਼ਸਤ੍ਰਾਂ ਦੇ ਭਿੜਨ ਤੋਂ ਉਪਜੀ ਧੁਨਿ. "ਝੜਾਕ ਝਾਰੈਂ." (ਸਲੋਹ)

ਝੜਿ: ਝੜਕੇ. ਦੇਖੋ, ਝੜਨਾ.

ਝੜੀ: ਸੰਗਯਾ- ਬੱਦਲਾਂ ਦੀ ਘਟਾ ਦਾ ਅਖੰਡ ਪਾਣੀ ਝੜਨਾ. "ਬਰਸੈ ਲਾਇ ਝੜੀ." (ਵਾਰ ਮਲਾ ਮਃ ੩)

ਝੜੇ ਝੜਿ: ਝੜ ਝੜਕੇ. "ਪਤ ਝੜੇ ਝੜਿ ਪਾਹਿ." (ਸ. ਫਰੀਦ)

ਝੜੰਗ: ਸੰਗਯਾ- ਫੁਲਝੜੀ. ਅੰਗਾਰਾਂ ਦੇ ਝੜਨ ਦੀ ਕ੍ਰਿਯਾ. "ਬਾਹੈਂ ਨਿਸੰਗ, ਉੱਠੈ ਝੜੰਗ." (ਚੰਡੀ ੨)

ਝਾਉਲਾ: ਸੰਗਯਾ- ਝਾਂਈਂ (ਅ਼ਕਸ) ਦਾ ਓਲ੍ਹਾ. ਸਿੰਧੀ. ਝਾਂਵਿਰੋ. ਨਜਰ ਦਾ ਧੁੰਧਲਾਪਨ। ੨. ਧੁੰਧਲਾਰੂਪ, ਜੋ ਸਾਫ ਨਾ ਦਿਖਾਈ ਦੇਵੇ। ੩. ਵਿ- ਧੁੰਧਲੀ ਨਜਰ ਵਾਲਾ.

ਝਾਊ: ਸੰ. ਝਾਵੁਕ. ਸੰਗਯਾ- ਝਾੜ. ਬੂਝਾ.

ਝਾਂਈਂ: ਸੰਗਯਾ- ਪ੍ਰਤਿਬਿੰਬ. ਅ਼ਕਸ. "ਜੋਗੀ ਕੀ ਝਾਂਈਂ ਦਰਸਾਈ." (ਚਰਿਤ੍ਰ ੧੪੩)

ਝਾਈਂ ਮਾਂਈ: ਵਿ- ਛਾਯਾਮਯ. ਪ੍ਰਤਿਬਿੰਬਰੂਪ। ੨. ਪਲ ਵਿੱਚ ਲੋਪ ਹੋਣ ਵਾਲਾ. ਦੇਖੋ, ਛਾਈਂ ਮਾਈਂ.

ਝਾਂਸੀ: ਸੰਗਯਾ- ਭੁਲੇਖਾ. ਧੋਖਾ. ਛਲ। ੨. ਧੋਖੇ ਲਈ ਦਾਬਾ ਮਾਰਨਾ। ੩. ਯੂ. ਪੀ. ਵਿੱਚ ਇੱਕ ਨਗਰ, ਜਿਸ ਦਾ ਪੁਰਾਣਾ ਨਾਮ 'ਬਲਵੰਤਨਗਰ' ਹੈ. ਇਹ ਓਰਛਾ ਦੇ ਰਾਜਾ ਬੀਰਸਿੰਘ ਨੇ ੧੬੧੩ ਵਿੱਚ ਵਸਾਇਆ ਸੀ. ਝਾਂਸੀ ਕਲਕੱਤੇ ਤੋਂ ੧੯੯ ਅਤੇ ਮੁੰਬਈ ਤੋਂ ੭੦੨ ਮੀਲ ਹੈ. ਜੀ. ਆਈ. ਪੀ. ਰੇਲਵੇ ਦਾ ਭਾਰੀ ਸਟੇਸ਼ਨ ਹੈ. ਇਸ ਥਾਂ ਅੰਗ੍ਰੇਜ਼ੀ ਛਾਉਂਣੀ ਭੀ ਹੈ.

ਝਾਹਾ: ਸੰ. ਜਾਹਕ. ਸੰਗਯਾ- ਕੰਡੇਦਾਰ ਚੂਹਾ, ਜੋ ਝਾੜੀਆਂ ਵਿੱਚ ਰਹਿੰਦਾ ਹੈ. ਕੰਡੋਲਾ. ਅੰ. Hezgehog.

ਝਾਕ, ਝਾਕੁ: ਸੰਗਯਾ- ਦ੍ਰਿਸ਼੍ਟਿ. ਨਜਰ। ੨. ਦਖਣ (ਤੱਕਣ) ਦੀ ਕ੍ਰਿਯਾ. ਝਾਖ. "ਬਿੰਦਕ ਨਦਰਿ ਝਾਕੁ." (ਵਾਰ ਰਾਮ ੨. ਮਃ ੫) ੩. ਆਸ. ਪ੍ਰਾਪਤੀ ਦੀ ਉਮੇਦ. "ਤਿਨਾ ਝਾਕ ਨ ਹੋਰੁ." (ਸ. ਫਰੀਦ) ੪. ਝਿਜਕ. "ਦੂਜਾ ਭਾਉ ਗਇਓ ਸਭ ਝਾਕ." (ਕਾਨ ਮਃ ੪) ਇਸ ਦਾ ਮੂਲ ਸੰਸਕ੍ਰਿਤ ਜਹਨ ਹੈ ਅਰ ਉਸ ਤੋਂ ਬਣਿਆ ਜਹਾਕ ਹੈ, ਜਿਸ ਦੀ ਪੰਜਾਬੀ ਵਿੱਚ ਸ਼ਕਲ ਝਾਕ ਹੈ.

ਝਾਕਣਾ, ਝਾਕਨਾ: ਕ੍ਰਿ- ਤੱਕਣਾ. ਦੇਖਣਾ.

ਝਾਕਨਿ, ਝਾਕਨੀ: ਸੰਗਯਾ- ਗਿਰਝ. ਗਿੱਧ, ਜੋ ਦੂਰੋਂ ਮਾਸ ਨੂੰ ਦੇਖਦੀ ਹੈ. "ਭੂਤ ਸ੍ਰਿਗਾਲਨ ਕਾਕਨ ਝਾਕਨਿ ਡਾਕਨਿ ਸ੍ਰੋਂਨ ਅਘਾਇਕੈ ਪੀਨੋ." (ਕ੍ਰਿਸਨਾਵ)

ਝਾਕਵਾਲ: ਵਿ- ਝਾਕਣ ਵਾਲਾ. ਲੋਭੀ। ੨. ਮੰਗਤਾ, ਜੋ ਲੋਕਾਂ ਦੇ ਹੱਥਾਂ ਵੱਲ ਤੱਕਦਾ ਹੈ.

ਝਾਕਾ: ਸੰਗਯਾ- ਦੀਦਾਰ. ਦਰਸ਼ਨ। ੨. ਝੱਕ. ਝਿਝਕ.

ਝਾਕਿ: ਦੇਖਕੇ। ੨. ਝਿਜਕਕੇ.

ਝਾਕੁ: ਦੇਖੋ, ਝਾਕ.

ਝਾਖ: ਸੰਗਯਾ- ਬੁੜਬੁੜਾਟ। ੨. ਬਕਬਾਦ। ੩. ਦੇਖੋ, ਝਖ। ੪. ਝਾਕ ੨. ਅਤੇ ੩. ਦਾ ਰੂਪਾਂਤਰ.

ਝਾਂਖ: ਸੰਗਯਾ- ਨਰ ਚਿੱਤਲ ਮ੍ਰਿਗ। ੨. ਬਾਰਾਂਸਿੰਗਾ. ਝੰਖਾਰ.

ਝਾਖ ਝਖਾਉਣਾ: ਕ੍ਰਿ- ਬਕਬਾਦ ਕਰਨਾ ਜਾਂ ਕਰਾਉਣਾ. "ਥੋੜਾ ਬੋਲਣ ਬੋਲ, ਨ ਝਾਖ ਝਖਾਇਆ." (ਭਾਗੁ) ੨. ਸੁਪਨੇ ਵਿੱਚ ਬਰੜਾਉਣਾ. "ਤੀਜੈ ਝਾਖ ਝਖਾਇਆ, ਚਉਥੈ ਭੋਰੁ ਭਇਆ." (ਸ੍ਰੀ ਮਃ ੫)

ਝਾਂਖਰ: ਸੰਗਯਾ- ਬਾਰਾਂਸਿੰਗਾ. ਦੇਖੋ, ਝੰਖਾਰ.

ਝਾਖਿ: ਦੇਖੋ, ਝਾਖ। ੨. ਕ੍ਰਿ. ਵਿ- ਝਖਕੇ. ਬਕਬਾਦ ਕਰਕੇ.

ਝਾਗ: ਸੰਗਯਾ- ਝੱਗ. ਫੇਨ। ੨. ਜੇਰਾ. ਬਰਦਾਸ਼੍ਤ. ਸਹਾਰਨ ਦਾ ਭਾਵ. "ਝਾਗ ਸੈਹਥੀ ਬ੍ਰਣ ਕਰੈ." (ਚਰਿਤ੍ਰ ੯੧) "ਝਾਗ ਝਾਗ ਸੁਤੀਰ." (ਚੰਡੀ ੨) ੩. ਗਾਹੁਣਾ. ਅਵਗਾਹਨ. ਦੇਖੋ, ਝਾਗਿ। ੪. ਉਨੀਂਦਾਪਨ। ੫. ਝਖ. ਮੱਛੀ. ਦੇਖੋ, ਬਿਬਲੁ.

ਝਾਂਗ: ਸੰਗਯਾ- ਵਢਾਂਗ. ਝਾਂਗੇ ਹੋਏ ਬਿਰਛ ਦੀਆਂ ਟਾਹਣੀਆਂ. ਛਾਂਗ.

ਝਾਗਣੁ, ਝਾਗਨਾ: ਸਿੰਧੀ. ਕ੍ਰਿ- ਪਗਾਹਣ ਵਿਚਦੀਂ ਲੰਘਣਾ। ੨. ਲੰਮਾ ਸਫ਼ਰ ਕਰਨਾ. "ਦੇਸ ਦਿਸੰਤਰ ਮੈ ਸਗਲੇ ਝਾਗੇ." (ਸੂਹੀ ਮਃ ੫) ੩. ਦੁੱਖ ਸਹਾਰਨਾ। ੪. ਉਲੰਘਣਾ. "ਹਉਮੈ ਬਿਖ ਝਾਗੇ." (ਬਿਲਾ ਛੰਤ ਮਃ ੪)

ਝਾਗੜੂ: ਵਿ- ਝਗੜਾ ਕਰਨ ਵਾਲਾ.

ਝਾਗਿ: ਕ੍ਰਿ. ਵਿ- ਝੱਗ (ਕਾਈ) ਹਟਾਕੇ. "ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ." (ਗਉ ਕਬੀਰ) ੨. ਗਾਹਕੇ. ਫਿਰਕੇ. "ਪਰਦੇਸ ਝਾਗਿ ਸਉਦੇ ਕਉ ਆਇਆ." (ਆਸਾ ਮਃ ੫) ੩. ਦੇਖੋ, ਬਿਬਲੁ.

ਝਾਗੀ: ਸੰਗਜਾ- ਬਹੁਤ ਪ੍ਰਬਲ ਪੌਣ. ਨਿਹਾਇਤ ਤੇਜ਼ ਹਵਾ, ਜੋ ਦਰਖਤਾਂ ਨੂੰ ਝਾਂਗਸਿਟਦੀ ਹੈ. Cyclone. "ਝਖੜੁ ਝਾਗੀ ਮੀਹੁ ਵਰਸੈ." (ਸੂਹੀ ਅਃ ਮਃ ੪)

ਝਾਂਗੀ: ਸਿੰਧੀ. ਵਿ- ਝੰਗ (ਜੰਗਲ) ਵਿੱਚ ਰਹਿਣ ਵਾਲਾ. ਜੰਗਲੀ। ੨. ਬਿਰਛਾਂ ਨੂੰ ਝਾਂਗਣ (ਛਾਂਗਣ) ਵਾਲਾ.

ਝਾਂਜ: ਸੰਗਜਾ- ਵਡੇ ਛੈਣੇ. ਕਾਂਸੀ ਦੇ ਤਾਲ। ੨. ਝਾਂਜਰ (ਨੂਪੁਰ) ਦਾ ਸੰਖੇਪ.

ਝਾਝ: ਗੁਰੂ ਅਰਜਨ ਸਾਹਿਬ ਦਾ ਇੱਕ ਸਿੱਖ, ਜੋ ਕੀਰਤਨ ਕਰਨ ਵਿੱਚ ਨਿਪੁਣ ਸੀ.

ਝਾਂਝ: ਦੇਖੋ, ਝਾਂਜ। ੨. ਝਾਂਜਰ. ਨੂਪੁਰ. "ਝਾਂਝ ਉਤੰਗੀ ਪਗ ਧਾਰੰ." (ਰਾਮਾਵ)

ਝਾਂਝਰ: ਸੰਗਜਾ- ਝਨ ਝਨ ਸ਼ਬਦ ਕਰਨ ਵਾਲਾ ਇਸਤ੍ਰੀਆਂ ਦੇ ਪੈਰ ਦਾ ਗਹਿਣਾ. ਨੂਪੁਰ. ਪੈਂਜਨੀ.

ਝਾਂਝੂ: ਦੇਖੋ, ਜੰਜੂਆ.

ਝਾਂਟ: ਸੰਗਜਾ- ਝੂੰ. ਲਿੰਗ ਅਤੇ ਭਗ ਦੇ ਆਸ ਪਾਸ ਦੇ ਰੋਮ. "ਡਾਰਦਏ ਲਡੂਆ ਸਭ ਝਾਂਟਨ." (ਕ੍ਰਿਸਨਾਵ)

ਝਾਟਲਾ: ਵਿ- ਸੰਘਣੀਆਂ ਟਾਹਣੀਆਂ ਵਾਲਾ. ਛਤਰੀਦਾਰ. "ਉੱਚਾ ਸਿੰਮਲ ਝਾਟਲਾ." (ਭਾਗੁ)

ਝਾਟਾ: ਸੰਗਜਾ- ਸਿਰ ਦੇ ਉਲਝੇ ਹੋਏ ਕੇਸ। ੨. ਕੇਸਾਂ ਦਾ ਜੂੜਾ। ੩. ਚੂੰਡਾ। ੪. ਸਿਰ ਦੇ ਵਾਲ. "ਉਡਿ ਉਡਿ ਰਾਵਾ ਝਾਟੈ ਪਾਇ." (ਵਾਰ ਆਸਾ)

ਝਾਟੂਲਾ: ਦੇਖੋ, ਝਾਟਲਾ.

ਝਾਟੁਲੀ: ਸੰਗਜਾ- ਝਠੂਲੀ. ਝੁਠਾਉਣ ਦੀ ਕ੍ਰਿਯਾ. ਧੋਖੇਬਾਜ਼ੀ. "ਉਹੀ ਤੇ ਹਰਿਓ ਊਹਾ ਲੇ ਧਰਿਓ, ਜੈਸੇ ਬਾਸਾ ਮਾਸ ਦੇਤ ਝਾਟੁਲੀ." (ਸਾਰ ਮਃ ੫) ਜਿਸ ਗੁਥਲੀ ਵਿੱਚੋਂ ਸ਼ਿਕਾਰੀ ਨੇ ਮਾਸ ਕੱਢਿਆ, ਉੱਥੇ ਹੀ ਫੇਰ ਰੱਖ ਦਿੱਤਾ, ਬਾਜ਼ੇ ਨੂੰ ਸ਼ਿਕਾਰ ਦਾ ਲਾਲਚ ਵਧਾਉਣ ਲਈ ਕੇਵਲ ਝਠੂਲੀ ਦਿੱਤੀ. ਜੇ ਖਾਣ ਨੂੰ ਮਾਸ ਦਿੱਤਾ ਜਾਵੇ, ਤਦ ਰੱਜਕੇ ਬਾਸ਼ਾ ਕੰਮ ਨਹੀਂ ਦਿੰਦਾ.

ਝਾਤ: ਸੰਗਜਾ- ਦ੍ਰਿਸ਼੍ਟਿ. ਨਜ਼ਰ। ੨. ਝਾਕੀ.

ਝਾਤੀ: ਸੰਗਜਾ- ਦੀਦਾਰ. ਦਰਸ਼ਨ। ੨. ਤੱਕਣ (ਦੇਖਣ) ਦੀ ਕ੍ਰਿਯਾ.

ਝਾਪ, ਝਾਂਪ: ਸੰਗਜਾ- ਪੜਦਾ. ਢੱਕਣ। ੨. ਊਂਘ. ਨੀਂਦ। ੩. ਦੇਖੋ, ਝੰਪ.

ਝਾਂਬ: ਸੰਗਜਾ- ਝੰਬਣ ਦੀ ਸੋਟੀ. ਕਪਾਸ ਆਦਿਕ ਪਦਾਰਥ ਜਿਸ ਨਾਲ ਝੰਬਕੇ ਸਾਫ ਕੀਤੇ ਜਾਣ। ੨. ਝੰਬਣ ਦਾ ਭਾਵ.

ਝਾਂਬਾ: ਵਿ- ਝੰਬਣ ਵਾਲਾ. ਦੇਖੋ, ਝੰਬਾ। ੨. ਸੰਗਜਾ- ਝੰਬਣ ਦਾ ਸੰਦ.

ਝਾਮਾ: ਸੰ. ਝਾਮਕ. ਸੰਗਜਾ- ਖੰਘਰ। ੨. ਖੰਘਰ ਅਥਵਾ ਇੱਟ ਦਾ ਟੁਕੜਾ ਜਿਸ ਨਾਲ ਪੈਰ ਆਦਿਕ ਅੰਗਾਂ ਦੀ ਮੈਲ ਉਤਾਰੀਦੀ ਹੈ.

ਝਾਰ: ਸੰ. ਝਾਟ. ਸੰਗਜਾ- ਝਾੜ. "ਕਿਤਕ ਦੁਰੇ ਜਬ ਝਾਰ ਮਝਾਰੰ." (ਨਾਪ੍ਰ) ੨. ਦੇਖੋ, ਝਾੜਨਾ. "ਪਾਪਰਤ ਕਰਝਾਰ." (ਸਾਰ ਮਃ ੫) ਹੋਰ ਪਾਸਿਓਂ ਹੱਥ ਝਾੜਕੇ (ਹੱਥ ਧੋਕੇ) ਪਾਪ ਪਰਾਇਣ ਹੋਇਆ। ੩. ਫਾਨੂਸਾਂ ਦਾ ਪੁੰਜ. ਝਾੜ ਦੀ ਸ਼ਕਲ ਦੇ ਫਾਨੂਸ, ਜਿਨ੍ਹਾਂ ਵਿੱਚ ਮੋਮਬੱਤੀ ਆਦਿ ਮਚਾਉਂਦੇ ਹਨ. Chanzelier. "ਜਾਰਤ ਝਾਰਨ ਬ੍ਰਿੰਦ ਮਸਾਲ." (ਗੁਪ੍ਰਸੂ) ੪. ਝਾੜ ਦੀ ਸ਼ਕਲ ਦੀ ਆਤਿਸ਼ਬਾਜ਼ੀ। ੫. ਸ਼ਸਤ੍ਰਾਂ ਦੇ ਪ੍ਰਹਾਰ ਤੋਂ ਪੈਦਾ ਹੋਏ ਚਿੰਗਾੜੇ. "ਉਠੀ ਸਸਤ੍ਰ ਝਾਰੰ." (ਵਿਚਿਤ੍ਰ) ੬. ਸਮੁਦਾਯ. ਗਰੋਹ। ੭. ਦਸ੍ਤ. ਜੁਲਾਬ.

ਝਾਰਣ: ਦੇਖੋ, ਝਾਰਣਾ। ੨. ਦੇਖੋ, ਝਾੜਨ.

ਝਾਰਣਾ, ਝਾਰਨਾ: ਕ੍ਰਿ- ਝਾੜਨਾ. ਫਟਕਾਰਨਾ. ਗਰਦ ਕੱਢਣ ਲਈ ਵਸਤ੍ਰ ਆਦਿ ਨੂੰ ਪਛਾੜਨਾ। ੨. ਸੰਗਜਾ- ਮੋਟੀ ਚਾਲਨੀ (ਛਾਣਨੀ). ਵਡੇ ਸੁਰਾਖਾਂ (ਛੇਕਾਂ) ਵਾਲਾ ਛਾਲਨਾ.

ਝਾਰਿ: ਸੰਗਜਾ- ਕੰਡੇਦਾਰ ਝਾੜੀ. "ਕੇਲਾ ਪਾਕਾ ਝਾਰਿ." (ਰਾਮ ਕਬੀਰ) ਅਗਜਾਨੀਆਂ ਨੇ ਝਾੜੀ ਨੂੰ ਪੱਕਿਆ ਹੋਇਆ ਕੇਲਾ ਸਮਝ ਰੱਖਿਆ ਹੈ। ੨. ਕ੍ਰਿ. ਵਿ- ਝਾੜਕੇ "ਬਿਖ ਝਾਰਿ ਝਾਰਿ ਲਿਵ ਲਾਵੈਗੋ." (ਕਾਨ ਅਃ ਮਃ ੪)

ਝਾਰੀ: ਸੰਗਜਾ- ਝੱਜਰ. ਖਲਿੰਜਰ. ਸੁਰਾਹੀ। ੨. ਦੇਖੋ, ਝਾਰਿ ਅਤੇ ਝਾੜੀ। ੩. ਕ੍ਰਿ. ਵਿ- ਸਾਰੇ. ਸ਼ਭ. ਤਮਾਮ। ੪. ਦੇਖੋ, ਘਾਰੀ.

ਝਾਰੂ: ਦੇਖੋ, ਝਾੜੂ.

ਝਾਰੈ: ਝਾੜਦਾ ਹੈ. "ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ." (ਸਾਰ ਮਃ ੫)

ਝਾਲ: ਸੰਗਜਾ- ਪਾਣੀ ਦੀ ਡਿਗਦੀ ਹੋਈ ਧਾਰਾ. ਫ਼ਾਲ (fall) ੨. ਪਾਣੀ ਦੇ ਤਰੰਗ ਦਾ ਉਛਾਲ. ਝੱਲ. "ਜਿਸ ਸਮੁਦ੍ਰ ਕੀ ਝਾਲ ਤੇ ਰਹਿ ਰਤਨ ਸੁਖਾਲਾ." (ਗੁਪ੍ਰਸੂ) ੩. ਵਡਾ ਕਟੋਰਾ। ੪. ਵਡੇ ਛੈਣੇ. ਕਾਂਸੇ. "ਮ੍ਰਿਦੰਗ ਝਾਲ." (ਰਾਮਾਵ) ੫. ਡਿੰਗ. ਅੱਗ. ਸੰ. ਜ੍ਵਾਲ। ੬. ਅਗਨਿ ਦੀ ਲਾਟਾ. "ਉਠੀ ਝਾਲ ਅੱਗੰ." (ਵਿਚਿਤ੍ਰ) ੭. ਤੇਜ. ਪ੍ਰਕਾਸ਼.

ਝਾਲਰ: ਸੰਗਜਾ- ਰੇਸ਼ਮ ਜ਼ਰੀ ਮੋਤੀ ਆਦਿ ਦਾ ਲਟਕਦਾ ਹ਼ਾਸ਼ੀਆ। ੨. ਵਿਜਯ ਘੰਟਾ. ਦੇਖੋ, ਜਯ ਘੰਟਾ. "ਝਾਲਰ ਤਾਲ ਮ੍ਰਿਦੰਗ ਉਪੰਗ." (ਚੰਡੀ ੧)

ਝਾਲਰੀ: ਸੰ. ਸੰਗਜਾ- ਛੋਟੀ ਢੋਲਕ.

ਝਾਲਾ: ਸੰਗਜਾ- ਤੇਜ. ਪ੍ਰਕਾਸ਼. ਪ੍ਰਭਾ. "ਕੇਹੜਾ ਝਲੇ ਗੁਰੂ ਦੀ ਝਾਲਾ." (ਭਾਗੁ) ੨. ਧੁੱਪ. ਆਤਪ. "ਸੂਰਜੁ ਤਪੈ ਅਗਨਿ ਬਿਖ ਝਾਲਾ." (ਮਾਰੂ ਸੋਲਹੇ ਮਃ ੧) ੩. ਰਾਜਪੂਤਾਂ ਦੀ ਇੱਕ ਜਾਤਿ, ਜੋ ਗੁਜਰਾਤ ਅਤੇ ਮਾਰਵਾੜ ਵਿੱਚ ਪਾਈ ਜਾਂਦੀ ਹੈ. ਚੰਦ ਕਵੀ ਨੇ ਪ੍ਰਿਥੀਰਾਜਰਾਯਸੇ" ਵਿੱਚ ਇਸ ਦੀ ਬਹਾਦੁਰੀ ਦਾ ਜਿਕਰ ਕੀਤਾ ਹੈ.

ਝਾਲਾਗੇ, ਝਾਲਾਘੇ: ਕ੍ਰਿ ਵਿ- ਝਾਲਾ ਤੋਂ ਅਗ੍ਰ. ਰੌਸ਼ਨੀ ਤੋਂ ਪਹਿਲਾਂ. ਅਮ੍ਰਿਤਵੇਲੇ. "ਝਾਲਾਘੇ ਉਠਿ ਨਾਮੁ ਜਪਿ." (ਬਾਵਨ)

ਝਾਲਿ: ਝੱਲ (ਸਹਾਰ) ਕੇ। ੨. ਸੰਗਜਾ- ਭੋਰ. ਤੜਕਾ. ਪ੍ਰਭਾਤ.

ਝਾਲਿ ਝਲੁੰਭਲੈ: ਕ੍ਰਿ. ਵਿ- ਰੌਸ਼ਨੀ (ਪ੍ਰਕਾਸ਼) ਤੋਂ ਪਹਿਲਾਂ (ਭਾਵ ਅਮ੍ਰਿਤ ਵੇਲੇ) ਸਨਾਨ ਕਰਕੇ. ਪਹਿ ਫਟਣ ਤੋਂ ਪਹਿਲਾਂ ਨ੍ਹਾਕੇ. "ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ?" (ਸਵਾ ਮਃ ੩) ਦੇਖੋ, ਝਲੁੰਭਲੈ.

ਝਾਲੁ, ਝਾਲੂ: ਸਿੰਧੀ. ਸੰਗਜਾ- ਪ੍ਰਕਾਸ਼. ਚਮਕ। ੨. ਤੜਕਾ. ਭੋਰ. "ਸੁਤੀ ਸੁਤੀ ਝਾਲੁ ਥੀਆ." (ਸੂਹੀ ਮਃ ੧. ਕੁਚਜੀ) "ਊਠੀ ਝਾਲੂ ਕੰਤੜੇ." (ਵਾਰ ਮਾਰੂ ੨. ਮਃ ੫)

ਝਾਂਵਰਾ: ਦੇਖੋ, ਝਾਉਲਾ.

ਝਾਵਾਂ: ਦੇਖੋ, ਝਾਮਾ.

ਝਾੜ: ਸੰ. ਝਾਟ. ਸੰਗਜਾ- ਵਨ (ਬਣ). ਜੰਗਲ. "ਜਿਉ ਝਾੜ ਮਿਰਗ ਭਾਲੇ." (ਵਾਰ ਗਉ ੧. ਮਃ ੪) ੨. ਸੰਘਣਾ ਬੂਟਾ। ੩. ਕੰਡੇਦਾਰ ਬੂਝਾ। ੪. ਦਸ੍ਤ. ਜੁਲਾਬ। ੫. ਭੂਸੇ ਵਿੱਚੋਂ ਦਾਣਿਆਂ ਦੇ ਝੜਨ ਦਾ ਭਾਵ। ੬. ਬੂਟੇ ਦੀ ਸ਼ਕਲ ਦਾ ਫਾਨੂਸ ਅਥਵਾ ਦੀਵਿਆਂ ਦਾ ਪੁੰਜ. ਦੇਖੋ, ਝਾਰ ੩.। ੭. ਝਾੜ ਦੀ ਸ਼ਕਲ ਦੀ ਆਤਿਸ਼ਬਾਜ਼ੀ.

ਝਾੜਸਾਹਿਬ: ਉਹ ਝਾੜ (ਬੂਟਾ) ਜਿਸ ਹੇਠ ਦਸ ਗੁਰੂ ਸਾਹਿਬਾਂ ਵਿੱਚੋਂ ਕੋਈ ਵਿਰਾਜਿਆ ਹੈ. ਇਤਿਹਾਸ ਵਿੱਚ ਕਈ ਝਾੜਸਾਹਿਬ ਹਨ, ਜਿਨ੍ਹਾਂ ਵਿੱਚੋਂ ਕੁਝ ਇਹ ਹਨ- ੧ ਜਿਲਾ ਲੁਦਿਆਨਾ, ਤਸੀਲ ਸਮਰਾਲਾ, ਥਾਣਾ ਮਾਛੀਵਾੜੇ ਦਾ ਪਿੰਡ

ਚੂਹੜਵਾਲ ਹੈ. ਇਸ ਤੋਂ ਇੱਕ ਮੀਲ ਦੱਖਣ ਨਹਿਰ ਤੋਂ ਪਾਰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਜੰਡਸਾਹਿਬ ਤੋਂ ਮਾਛੀਵਾੜੇ ਨੂੰ ਜਾਂਦੇ ਸਤਿਗੁਰੂ ਵਿਰਾਜੇ ਹਨ. ਦਰਬਾਰ ਨਾਲ ੭੫ ਵਿੱਘੇ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤੋਂ ਹੈ. ਰੇਲਵੇ ਸਟੇਸ਼ਨ ਦੋਰਾਹੇ ਤੋਂ ਅਠਾਰਾਂ ਮੀਲ ਚੜ੍ਹਦੇ ਵੱਲ ਹੈ.

੨. ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ ਦੇ ਪਿੰਡ "ਵਾਂ" ਤੋਂ ਛਿਪਦੇ ਵੱਲ ਦੋ ਫਰਲਾਂਗ ਦੇ ਕ਼ਰੀਬ ਸਤਿਗੁਰੂ ਅਰਜਨ ਦੇਵ ਜੀ ਦਾ ਗੁਰਦ੍ਵਾਰਾ ਹੈ. ਜਦੋਂ ਗੁਰੂ ਜੀ ਇੱਥੇ ਆਏ ਤਦੋਂ ਸੰਘਣਾ ਜੰਗਲ ਸੀ, ਜਿਨ੍ਹਾਂ ਕਰੀਰਾਂ ਨਾਲ ਗੁਰੂ ਜੀ ਦਾ ਘੋੜਾ ਬੱਧਾ, ਉਹ ਮੌਜੂਦ ਹਨ. ਗੁਰਦ੍ਵਾਰਾ ਬਹੁਤ ਸੁੰਦਰ ਬਣਿਆ ਹੋਇਆ ਹੈ. ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਪੱਕੀ ਆਮਦਨ ਕੋਈ ਨਹੀਂ. ੭. ਹਾੜ੍ਹ ਨੂੰ ਮੇਲਾ ਜੁੜਦਾ ਹੈ. ਰੇਲਵੇ ਸਟੇਸ਼ਨ ਕੈਰੋਂ ਤੋਂ ੪. ਮੀਲ ਦੇ ਕ਼ਰੀਬ ਲਹਿੰਦੇ ਵੱਲ ਹੈ.

੩. ਪਿੰਡ ਗੱਜਲ, ਜਿਲਾ ਲਹੌਰ, ਤਸੀਲ ਕ਼ੁਸੂਰ, ਥਾਣਾ ਵਲਟੋਹਾ ਤੋਂ ਪੌਣ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ "ਮਨਿਹਾਲ" ਤੋਂ ਚੱਲਕੇ ਇੱਥੇ ਚਰਨ ਪਾਏ. ਦਰਬਾਰ ਛੋਟਾ ਜਿਹਾ ਪੱਕਾ ਬਣਿਆ ਹੋਇਆ ਹੈ. ਵੀਹ ਵਿੱਘੇ ਜ਼ਮੀਨ ਗੁਰਦ੍ਵਾਰੇ ਨਾਲ ਹੈ. ੨੭ ਵੈਸਾਖ ਨੂੰ ਮੇਲਾ ਲਗਦਾ ਹੈ. ਰੇਲਵੇ ਸਟੇਸ਼ਨ "ਰੱਤੋਕੇ ਗੁਰਦ੍ਵਾਰਾ." ਤੋਂ ਅਗਨਿ ਕੋਣ ੩. ਮੀਲ ਦੇ ਕ਼ਰੀਬ ਹੈ.

ਝਾੜਨ: ਸੰਗਯਾ- ਗਰਦ ਝਾੜਨ ਦਾ ਵਸਤ੍ਰ. Duster. 2. ਦੇਖੋ, ਝਾੜਨਾ.

ਝਾੜਨਾ: ਕ੍ਰਿ- ਨਿਰਾਦਰ ਕਰਨਾ. ਝਿੜਕਣਾ। ੨. ਗਿਰਦ ਨਿਕਾਲਣੀ. ਫਟਕਾਰਨਾ. ਪਛਾੜਨਾ। ੩. ਛਲ ਅਥਵਾ ਬਲ ਨਾਲ ਕਿਸੇ ਦਾ ਧਨ ਲੈਣਾ। ੪. ਤੰਤ੍ਰਸ਼ਾਸਤ੍ਰ ਅਨਸਾਰ ਮੰਤ੍ਰ ਨਾਲ ਕਿਸੇ ਦਾ ਰੋਗ ਆਦਿ ਉਤਾਰਨਾ (ਦੂਰ ਕਰਨਾ).

ਝਾੜ ਪਛੋੜ: ਸੰਗਯਾ- ਝਿੜਕਣ ਅਤੇ ਪਛਾੜਨ ਦੀ ਕ੍ਰਿਯਾ. ਨਿਰਾਦਰ ਅਤੇ ਮਾਰਕੁੱਟ.

ਝਾੜਾ: ਸੰਗਯਾ- ਝਗੜਾ. "ਤੁਮ ਸਿਉ ਨਾਹੀ ਕਿਛੁ ਝਾੜਾ." (ਮਾਰੂ ਸੋਲਹੇ ਮਃ ੫) ੨. ਤੰਤਸ਼ਾਸਤ੍ਰ ਅਨੁਸਾਰ ਰੋਗ ਅਤੇ ਦੁੱਖ ਝਾੜਨ ਦੀ ਇੱਕ ਕ੍ਰਿਯਾ. ਮੰਤ੍ਰਜਪ ਕਰਕੇ ਮੋਰਪੰਖ ਅਥਵਾ ਟਾਹਣੀ ਨਾਲ ਰੋਗ ਦੇ ਝਾੜਨ ਦਾ ਢਕਵੰਜ।. ੩ ਅੰਤੜੀ ਵਿੱਚੋਂ ਝੜਿਆ ਹੋਇਆ, ਵਿਸ਼੍ਟਾ. ਗੂੰਹ। ੪. ਕੂੜਾ.

ਝਾੜੀ: ਸੰ. ਝਟਿ. ਸੰਗਯਾ- ਛੋਟਾ ਝਾੜ. ਕੰਡੇਦਾਰ ਛੋਟਾ ਬੂਟਾ.

ਝਾੜੀਸਾਹਿਬ: ਪਿੰਡ 'ਤਰਗੇ' (ਜਿਲਾ ਲਹੌਰ, ਤਸੀਲ ਥਾਣਾ ਕ਼ੁਸੂਰ) ਤੋਂ ਪੱਛਮ ਦਿਸ਼ਾ ਪੌਣ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਅਮਰਦਾਸ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਕ਼ੁਸੂਰ ਨੂੰ ਜਾ ਰਹੇ ਸਨ, ਤਾਂ 'ਕਾਦੀਵਿੰਡ'[567] ਦੇ ਲੋਕਾਂ ਨੇ ਪ੍ਰੇਮ ਪ੍ਰਗਟ ਕੀਤਾ. ਬੇਨਤੀ ਮੰਨਕੇ ਗੁਰੂ ਜੀ ਇੱਥੇ ਠਹਿਰ ਗਏ. ਛੋਟਾ ਜਿਹਾ ਅਸਥਾਨ ਬਣਿਆ ਹੋਇਆ ਹੈ. ਪਾਸ ਹੀ ਉਹ ਬਿਰਛ ਮੌਜੂਦ ਹਨ, ਜਿਨ੍ਹਾਂ ਨਾਲ ਗੁਰੂ ਜੀ ਦੇ ਘੋੜੇ ਦੀ ਅਗਾੜੀ ਪਛਾੜੀ ਬੱਧੀ ਸੀ. ਕੋਲ ਇੱਕ ਪੱਕਾ ਦਾਲਾਨ ਹੈ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਗੁਰਦ੍ਵਾਰੇ ਨਾਲ ਢਾਈ ਘੁਮਾਉਂ ਜ਼ਮੀਨ ਭਾਈ ਸੁਲੱਖਣ ਸਿੰਘ ਜੀ. "ਕਾਦੀਪਿੰਡ" ਵਾਲੇ ਵੱਲੋਂ ਹੈ. ਢਾਈ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਮੇਲਾ ਵੈਸਾਖੀ ਨੂੰ ਲਗਦਾ ਹੈ. ਇਹ ਥਾਂ ਰੇਲਵੇ ਸਟੇਸ਼ਨ ਕ਼ੁਸੂਰ ਤੋਂ ਈਸ਼ਾਨ ਕੋਣ ਚਾਰ ਮੀਲ ਦੇ ਕ਼ਰੀਬ ਹੈ.

ਝਾੜੂ: ਵਿ- ਝਾੜਨ ਵਾਲਾ। ੨. ਧਨ ਖੋਹਣ ਵਾਲਾ। ੩. ਸੰਗਯਾ- ਮਕਾਨ ਝਾੜਨ ਦੀ ਕੂਚੀ. ਸੂਹਣੀ. ਬੁਹਾਰੀ.

ਝਾੜਯਉ: ਝਾੜਿਆ. "ਲੋਭ ਅਪਮਾਨ ਸਿਉ ਝਾੜਯਉ." (ਸਵੈਯੇ ਮਃ ੪. ਕੇ)

ਝਿਕ: ਸੰਗਯਾ- ਨਿਵਾਣ. ਨਸ਼ੇਬ। ੨. ਰੁਕਾਵਟ. ਝਿਝਕ.

ਝਿੰਕਾਰ: ਸੰਗਯਾ- ਝੀਂ ਝੀਂ ਸ਼ਬਦ. "ਝਿੱਲੀ ਝਿੰਕਾਰਤ." (ਪਾਰਸਾਵ) ਬਿੰਡੇ ਬੋਲਦੇ ਹਨ.

---

[567] ਇਸ ਪਿੰਡ ਦਾ ਹੁਣ ਥੇਹ ਦਿਖਾਈ ਦਿੰਦਾ ਹੈ.

**ਝਿੰਗ:** ਸੰਗਯਾ- ਕੰਡਿਆਂ ਵਾਲੀ ਮੋੜ੍ਹੀ. ਛਾਪਾ। ੨. ਮੱਲੋਂ ਮੱਲੀ ਚਿੰਮੜਨ ਵਾਲਾ ਆਦਮੀ। ੩. ਝੀਂਗੁਰ. ਬਿੰਡਾ. "ਝਿੰਗ ਕਰੈਂ ਝਰਨਾ ਉਰ ਮਾਂਝ." (ਚਰਿਤ੍ਰ ੨੫੭)

**ਝਿੰਗਣ, ਝਿੰਗਨ:** ਬ੍ਰਾਹਮਣਾਂ ਦੀ ਇੱਕ ਜਾਤਿ, ਬ੍ਰਾਹਮਣ ਗੋਤ੍ਰ ਜਿਸ ਨੂੰ ਝਿੰਗਰਣ ਭੀ ਲਿਖਿਆ ਹੈ. "ਝਿੰਗਣ ਹੁਤੇ ਸੁ ਜਾਤਿ ਕੇ ਬਾਲਾ ਕਿਸਨਾ ਨਾਮ। ਸੰਸਕਿਰਤ ਵਿਦਯਾ ਵਿਖੇ ਪੰਡਿਤ ਬਡ ਅਭਿਰਾਮ." (ਗੁਪ੍ਰਸੂ) ਦੇਖੋ, ਝਿੰਗਰਣ.

**ਝਿੰਗਰ:** ਬਹੁਜਾਈ ਖਤ੍ਰੀਆਂ ਦੀ ਇੱਕ ਜਾਤਿ.

**ਝਿੰਗਰਣ, ਝਿੰਗਰਨ:** ਬ੍ਰਾਹਮਣ ਜਾਤਿ. ਬ੍ਰਾਹਮਣਾਂ ਦਾ ਇੱਕ ਗੋਤ੍ਰ, . ਦੇਖੋ, ਝਿੰਗਣ. "ਬਾਲਾ ਕਿਸਨਾ ਝਿੰਗਰਣ ਪੰਡਿਤਰਾਇ ਸਭਾਸੀਗਾਰਾ." (ਭਾਗੁ)

**ਝਿੰਗੜ:** ਦੇਖੋ, ਝਿੰਗਣ। ੨. ਵਿ- ਝਿੰਗ ਵਾਂਙ ਚਿਮਟਣ ਵਾਲਾ.

**ਝਿੰਗੜਾ:** ਸੰਗਯਾ- ਸ਼ਤ੍ਰੂਆਂ ਨੂੰ ਕੰਟਕਰੂਪਾ, ਦੁਰਗਾ. "ਝਿੰਗੜਾ ਜਾਲਪਾ." (ਪਾਰਸਾਵ)

**ਝਿੰਗ੍ਰ:** ਦੇਖੋ, ਝੀਂਗੁਰ.

**ਝਿੰਙ:** ਦੇਖੋ, ਝਿੰਗ। ੨. ਵਿ- ਪਿਛਲੱਗੂ. ਚੰਗਾ ਖਾਣਾ ਅਤੇ ਧਨ ਦੇਖਕੇ ਕਿਸੇ ਨੂੰ ਚਿਮਟਣ ਵਾਲਾ. ਭੇਖੀ. "ਹੋਵਹਿ ਲਿੰਙ, ਝਿੰਙ ਨਹ ਹੋਵੈ." (ਵਾਰ ਸਾਰ ਮਃ ੨) ਸਾਧੁ ਦੇ ਲੱਛਣਾਂ ਵਾਲਾ ਹੋਵੇ, ਭੇਖੀ ਟੁਕਟੇਰ ਨਾ ਹੋਵੇ.

**ਝਿਜਕ, ਝਿਝਕ:** ਸੰਗਯਾ- ਰੁਕਾਵਟ। ੨. ਸ਼ੰਕਾ। ੩. ਡਰ.

**ਝਿਝਕਣਾ:** ਕ੍ਰਿ- ਰੁਕਣਾ. ਅਟਕਣਾ। ੨. ਸੰਕੋਚ ਕਰਨਾ। ੩. ਡਰਨਾ.

**ਝਿੰਝੀ:** ਸੰ. ਸੰਗਯਾ- ਬਿੰਡਾ. ਝੀਂਗੁਰ। ੨. ਦੇਖੋ, ਝੰਝੀ.

**ਝਿਝੀਆ:** ਦੇਖੋ, ਝੁਝੂਆ.

**ਝਿੰਝੋਟੀ:** ਸੰਗਯਾ- ਸੰਪੂਰਣ ਜਾਤਿ ਦੀ ਇੱਕ ਰਾਗਿਣੀ, ਜਿਸ ਨੂੰ ਸਾਰੇ ਸੁਰ ਸ਼ੁੱਧ ਲਗਦੇ ਹਨ. ਇਹ ਲੋਢੇ ਵੇਲੇ ਗਾਈ ਜਾਂਦੀ ਹੈ. ਖ਼ਾਸ ਕਰਕੇ ਪਹਾੜੀਏ ਲੋਕ ਇਸ ਨੂੰ ਵਡੇ ਪ੍ਰੇਮ ਨਾਲ ਗਾਉਂਦੇ ਹਨ. ਇਸ ਨੂੰ ਝੰਝੋਟੀ ਭੀ ਆਖਦੇ ਹਨ। ੨. ਇੱਕ ਖ਼ਾਸ ਧਾਰਨਾ ਦਾ ਪਹਾੜੀ ਗੀਤ.

**ਝਿਣਨ:** ਕ੍ਰਿ- ਪਛਾੜਨਾ. ਪਟਕਾਉਂਣਾ. "ਨੀਲ ਤਿਹ ਝਿਣਜੋ." (ਰਾਮਾਵ) ਯੋਧਾ ਨੀਲ ਨੇ ਉਸ ਨੂੰ ਪਛਾੜਿਆ। ੨. ਝਿੜਕਣਾ. ਝਾੜਨਾ.

**ਝਿਮ:** ਸੰਗਯਾ- ਪ੍ਰਕਾਸ਼. ਚਮਤਕਾਰ. "ਝਿਮੀ ਤੇਜ ਤੇਗੰ." (ਵਿਚਿਤ੍ਰ) ੨. ਬਿਜਲੀ ਦੀ ਚਮਕ। ੩. ਵਰਖਾ ਦੀ ਛਨਕਾਰ. ਬੂੰਦਾਂ ਦੀ ਧੁਨਿ. "ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ." (ਮਾਝ ਮਃ ੫)

**ਝਿਮਕਣਾ, ਝਿਮਕਨਾ:** ਕ੍ਰਿ- ਚਮਕਣਾ. ਝਲਕਣਾ. "ਝਲੇ ਝਿਮ- ਕਨਿ ਪਾਸਿ." (ਆਸਾ ਅਃ ਮਃ ੧) ਸ਼ੀਸ਼ਿਆਂ ਨਾਲ ਜੜਾਊ ਪੱਖੇ ਚਮਕਦੇ ਹਨ। ੨. ਪਲਕਾਂ ਦਾ ਮੇਲਣਾ. ਅੱਖ ਝਮਕਣਾ.

**ਝਿਮਝਿਮਾ:** ਵਿ- ਬਿਜਲੀ ਦੇ ਪ੍ਰਕਾਸ਼ ਸਹਿਤ. ਦੇਖੋ, ਝਿਮ. ਗਰਜਦਾ ਹੋਇਆ. ਗੜਕਦਾ ਹੋਇਆ. "ਸਾਵਣੁ ਆਇਆ ਝਿਮਝਿਮਾ." (ਵਾਰ ਸਾਰ ਮਃ ੪) ੨. ਬੂੰਦਾਂ ਦੀ ਛਨਕਾਰ ਵਾਲਾ.

**ਝਿਮਿ:** ਕ੍ਰਿ. ਵਿ- ਚਮਕਕੇ. ਬਿਜਲੀ ਦੇ ਲਸ਼ਕਰ ਨਾਲ। ੨. ਬੂੰਦਾਂ ਦੇ ਛਨਕਾਰ ਨਾਲ. "ਝਿਮਿ ਝਿਮਿ ਅੰਮ੍ਰਿਤੁ ਵਰਸਦਾ." (ਸ੍ਰੀ ਮਃ ੫. ਪੈਪਾਇ)

ਝਿਰਕਾਰ, ਝਿਰਕੀ: ਸੰਗਯਾ- ਝਿੜਕ. ਘੁਰਕੀ. ਧਮਕੀ. "ਸੁਤਹਿ ਪਜਾਰ ਝਿਰਕਾਰ ਦੇਤ." (ਭਾਗੁ ਕ)

ਝਿਰੜ: ਸੰਗਯਾ- ਝਰੀਟ. ਰਗੜ.

ਝਿਲਕ: ਦਖੋ, ਝਲਕ. ਚਮਕ.

ਝਿਲਕਾਵਹਿ: ਝਲਕਦਾ ਹੈ. ਚਮਕਦਾ ਹੈ। ੨. ਝਿਲਕਾਵਹਿਂ. ਚਿਮਕਹਿਂ "ਦੁਆਰ ਊਪਰਿ ਝਿਲਕਾਵਹਿ ਕਾਨ." (ਗੌਂਡ ਕਬੀਰ)

ਝਿਲਮਿਲ: ਚਮਕ ਦਮਕਕੇ. "ਝਿਲਿਮਿਲਿ ਝਿਲਕੈ ਚੰਦੁ ਨ ਤਾਰਾ." (ਮਾਰੂ ਸੋਲਹੇ ਮਃ ੧)

ਝਿਲਿਮਿਲਿਕਾਰੁ: ਸੰਗਯਾ- ਚਮਤਕਾਰ. ਪ੍ਰਕਾਸ਼। ੨. ਆਤਮਿਕ ਪ੍ਰਕਾਸ਼. ਰੂਹਾਨੀ ਰੌਸ਼ਨੀ. "ਜਹਿ ਝਿਲਿਮਿਲਿਕਾਰੁ ਦਿਸੰਤਾ." (ਸੋਰ ਨਾਮਦੇਵ)

ਝਿਲਮਿਲੀ: ਸੰਗਯਾ- ਤਿਰਛੀ ਫੱਟੀਆਂ ਦੀ ਖਿੜਕੀ, ਜਿਸ ਵਿਚਦੀਂ ਹਵਾ ਅਤੇ ਰੌਸ਼ਨੀ ਆਵੇ, ਪਰ ਨਜ਼ਰ ਨਾ ਪੈ ਸਕੇ.

ਝਿੱਲ: ਸੰਗਯਾ- ਝਾੜਬੇਰੀ। ੨. ਝਾੜੀ।੩ ਝਿੰਗ. ਛਾਪਾ.

ਝਿੱਲੀ: ਸੰ. ਸੰਗਯਾ- ਝੀਂਗੁਰ. ਬਿੰਡਾ। ੨. ਬਹੁਤ ਬਰੀਕ ਛਿਲਕਾ। ੩. ਇਸਤ੍ਰੀਆਂ ਦੀ ਤਿੱਲੇਦਾਰ ਰੇਸ਼ਮੀ ਓਢਨੀ (ਚਾਦਰ).

ਝਿੜਕ: ਸੰਗਯਾ- ਘੁਰਕੀ. ਤਿਰਸਕਾਰਭਰੀ ਧਮਕੀ. ਝਿੜਕੀ.

ਝਿੜਕਣਾ: ਕ੍ਰਿ- ਡਾਟਣਾ. ਘੁਰਕਣਾ. ਧਮਕਾਉਣਾ. "ਜੇ ਗੁਰੁ ਝਿੜਕੇ ਤ ਮੀਠਾ ਲਾਗੈ." (ਸੂਹੀ ਅਃ ਮਃ ੪)

ਝਿੜਕੀ: ਦੇਖੋ, ਝਿੜਕ.

ਝਿੜਾ: ਕੰਡੇਦਾਰ ਬਿਰਛਾਂ ਦਾ ਸੰਘੱਟ। ੨. ਝਾੜਬੇਰੀ ਅਥਵਾ ਹੀਂਸ ਦਾ ਬੂਝਾ.

ਝਿੜਾਸਾਹਿਬ: ਜ਼ਿਲ੍ਹਾ ਹੁਸ਼ਿਆਰਪੁਰ, ਤਸੀਲ ਊਂਨਾ ਦਾ ਇੱਕ ਪਿੰਡ, ਜੋ ਸ਼ਹਿਰ ਆਨੰਦਪੁਰ ਤੋਂ ਚਾਰ ਮੀਲ ਅਗਨਿ ਕੋਣ ਹੈ. ਇੱਥੇ ਇੱਕ ਸੰਘਣੇ ਬਿਰਛਾਂ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਕੀਰਤਪੁਰ ਨਿਵਾਸ ਕਰਦੇ ਹੋਏ ਇੱਥੇ ਸ਼ਿਕਾਰ ਲਈ ਆਇਆ ਕਰਦੇ ਸਨ. ਗੁਰੂ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਦੀ ਪ੍ਰੇਰਣਾ ਅਨੁਸਾਰ ਲੋਕਾਂ ਦੇ ਹਿੱਤ ਲਈ ਇੱਥੇ ਖੂਹ ਲਗਵਾਇਆ, ਜੋ ਹੁਣ ਮੌਜੂਦ ਹੈ. ਪਾਸ ਸੁੰਦਰ ਗੁਰਦ੍ਵਾਰਾ ਬਣਿਆ ਹੋਇਆ ਹੈ. ਪੰਜ ਸੌ ਘੁਮਾਉਂ ਦੇ ਕ਼ਰੀਬ ਜ਼ਮੀਨ ਰਾਜਾ ਤਾਰਾਚੰਦ ਹੰਡੂਰੀਏ ਵੱਲੋਂ ਇਸ ਅਸਥਾਨ ਨਾਲ ਜਾਗੀਰ ਹੈ. ਗੁਰਦ੍ਵਾਰੇ ਨਾਲ ਰਹਾਇਸ਼ੀ ਮਕਾਨ ਭੀ ਹੈ।

੨. ਰਿਆਸਤ ਪਟਿਆਲਾ, ਤਸੀਲ ਥਾਣਾ ਧੂਰੀ ਦੇ ਪਿੰਡ "ਕਾਂਝਲੇ" ਤੋਂ ਲਹਿੰਦੇ ਵੱਲ ਇੱਕ ਫਰਲਾਂਗ ਦੇ ਅੰਦਰ ਹੀ ਸ਼੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦ੍ਵਾਰਾ ਹੈ. ਸੰਤ ਅਤਰ ਸਿੰਘ ਜੀ ਦੇ ਚਾਟੜੇ ਮਹੰਤ ਬਿਸ਼ਨ ਸਿੰਘ ਜੀ ਦੇ ਉੱਦਮ ਨਾਲ ਸੁੰਦਰ ਅਸਥਾਨ ਬਣ ਗਿਆ ਹੈ. ਲੰਗਰ ਦਾ ਪ੍ਰਬੰਧ ਬਹੁਤ ਚੰਗਾ ਹੈ. ਇਸ ਗੁਰਦ੍ਵਾਰੇ ਨਾਲ ੨੦. ਵਿੱਘੇ ਜ਼ਮੀਨ ਪਿੰਡ ਵੱਲੋਂ ਅਤੇ ੭੦ ਵਿੱਘੇ ਜ਼ਮੀਨ ਮਾਈ ਬਿਸਨ ਕੌਰ ਵੱਲੋਂ ਹੈ.

ਰੇਲਵੇ ਸਟੇਸ਼ਨ ਸੰਗਰੂਰ ਤੋਂ ਨੈਤਰਕੋਣ ਸੱਤ ਮੀਲ ਦੇ ਕ਼ਰੀਬ ਹੈ ਅਤੇ ਸਟੇਸ਼ਨ 'ਅਲਾਲ' ਤੋਂ ਦੱਖਣ ਵੱਲ ਪੰਜ ਮੀਲ ਦੇ ਕ਼ਰੀਬ ਹੈ.

ਝਿੜੀ: ਸੰਗਯਾ- ਝਾੜੀਆਂ ਦਾ ਸਮੁਦਾਇ. ਛੋਟੇ ਝਾੜਾਂ ਦਾ ਬਣ.

ਝੀਕ: ਸੰਗਯਾ- ਚਾਘੀ. ਡੀਕ. ਸਾਹ ਲਏ ਬਿਨਾ ਪੀਣ ਦੀ ਕ੍ਰਿਯਾ. ਲਗਾਤਾਰ ਪੀਣ ਦਾ ਭਾਵ. "ਹਰਿ ਹਰਿ ਨਾਮ ਪੀਆ ਰਸ ਝੀਕ." (ਪ੍ਰਭਾ ਮਃ ੪) ੨. ਪਸ਼ਚਾਤਾਪ. ਝੁਰੇਵਾਂ.

ਝੀਕਣਾ, ਝੀਕਨਾ, ਝੀਖਨਾ: ਕ੍ਰਿ- ਝੁਰਨਾ. ਪਛਤਾਉਣਾ। ੨. ਵਿਰਲਾਪ ਕਰਨਾ। ੩. ਸ਼ੋਕਾਤੁਰ ਹੋਣਾ. "ਘਰ ਘਰ ਨੱਚੈ ਝੀਕਣ ਝੀਕੈ." (ਭਾਗੁ)

ਝੀਂਗਰ: ਦੇਖੋ, ਝੀਂਗੁਰ.

ਝੀਂਗਾ: ਸੰ. ਚਿੰਗਟ ਅਤੇ ਜਲਵ੍ਰਿਸ਼੍ਚਿਕ. ਸੰਗਯਾ- ਇੱਕ ਪ੍ਰਕਾਰ ਦੀ ਛੋਟੀ ਮੱਛੀ, ਜੋ ਕੇਕੜੇ ਦੀ ਜਾਤਿ ਹੈ. "ਝੀਂਗੇ ਚੁਣ ਚੁਣ ਖਾਇ ਚਚਾਹਾ." (ਭਾਗੁ) ੨. ਦੇਖੋ, ਝੀਂਗੁਰ.

ਝੀਂਗਾਰ: ਸੰਗਯਾ- ਝਨਤਕਾਰ. ਘੁੰਘਰੂ ਆਦਿ ਦਾ ਖੜਕਾਰ। ੨. ਬਿੰਡੇ ਦੀ ਧੁਨਿ। ੩. ਬੰਸਰੀ ਅਤੇ ਅਲਗ਼ੋਜ਼ੇ ਦੀ ਆਵਾਜ਼.

ਝੀਂਗੁਰ: ਸੰ. ਝਿਰੁਕਾ ਅਤੇ ਝਿੱਲੀ. ਸੰਗਯਾ- ਬਿੰਡਾ.

ਝੀਣ, ਝੀਣਾ, ਝੀਣੀ, ਝੀਨ, ਝੀਨਾ, ਝੀਨੀ: ਵਿ- ਕ੍ਸ਼ੀਣ. ਸੁਖਮ. ਪਤਲਾ. ਬਾਰੀਕ. "ਝਗੁਲੀ ਝੀਨੀ ਅਲਪ ਕਰਾਇ." (ਗੁਪ੍ਰਸੂ) ੨. ਧੀਮਾ. ਧੀਮੀ. "ਰੋਵਾ ਝੀਣੀ ਬਾਣਿ." (ਸ੍ਰੀ ਮਃ ੧) ੩. ਕਮ. ਘੱਟ. "ਜਿਸ ਤੇ ਤ੍ਰਿਪਤਿ ਹੋਤ ਹੈ ਝੀਣੀ." (ਗੁਪ੍ਰਸੂ)

ਝੀਮ: ਵਿ- ਘੂਰਮਿਤ. ਝੂਮਦਾ ਹੋਇਆ. "ਝੀਮ ਝਰੇ ਜਨੁ ਸੇਲ ਹਰੇ." (ਪਾਰਸਾਵ) ਨੇਤ੍ਰਾਂ ਦੇ ਘਾਇਲ ਕੀਤੇ ਝੂਮਕੇ ਝੜੇ (ਡਿਗੇ) ਮਾਨੋ ਸੇਲੇ ਦੇ ਮਾਰੇ ਹੋਏ ਹਨ.

ਝੀਲ: ਸੰਗਯਾ- ਬਹੁਤ ਵਿਸਤਾਰ ਵਾਲਾ ਜਲਸ੍ਥਾਨ, ਜੋ ਚਾਰੇ ਪਾਸਿਓਂ ਜ਼ਮੀਨ ਨਾਲ ਘਿਰਿਆ ਹੋਵੇ. Lake.

ਝੀਵਰ: ਸੰ. ਧੀਵਰ. ਸੰਗਯਾ- ਮੱਛੀਆਂ ਫਾਹੁਣ ਵਾਲਾ. ਮਛੂਆ। ੨. ਝਿਉਰ. ਕਹਾਰ.

ਝੀਵਰਹੇੜੀ: ਇੱਕ ਪਿੰਡ, ਜੋ ਜਿਲਾ ਕਰਨਾਲ, ਤਸੀਲ ਥਾਨੇਸਰ ਵਿੱਚ ਹੈ. ਇੱਥੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ.

ਝੀਵਰੁ: ਦੇਖੋ, ਝੀਵਰ. "ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ." (ਵਾਰ ਰਾਮ ੧. ਮਃ ੧)

ਝੀੜ: ਸੰਗਯਾ- ਝਗੜਾ. ਫ਼ਿਸਾਦ. ਦੇਖੋ, ਉਝੀੜ.

ਝੁਕਣਾ: ਕ੍ਰਿ- ਨੰਮ੍ਰ ਹੋਣਾ. ਨੀਵਾਂ ਹੋਣਾ.

ਝੁਕਾਉ: ਸੰਗਯਾ- ਝੁਕਣ ਦਾ ਭਾਵ.

ਝੁਕਾਉਣਾ, ਝੁਕਾਵਨਾ: ਕ੍ਰਿ- ਨੀਵਾਂ ਕਰਨਾ। ੨. ਪੈਰੀਂ ਲਾਉਣਾ.

ਝੁਕਿ: ਝੁਕਕੇ. ਨੀਵਾਂ ਹੋਕੇ.

ਝੁਖੀ: ਸੰਗਯਾ- ਝੋਰਾ. ਪਛਤਾਵਾ. "ਨਾ ਮਨ ਬੀਚ ਝੁਖੀ." (ਕ੍ਰਿਸਨਾਵ)

ਝੁਗੀ: ਸੰਗਯਾ- ਛੋਟਾ ਝੱਗਾ. ਝੱਗੀ। ੨. ਝੁੰਗੀ. ਝੋਂਪੜੀ. ਛੰਨ.

ਝੁੰਗੀ, ਝੁੰਗੀਆ: ਸੰਗਯਾ- ਝੋਂਪੜੀ. ਛੰਨ. "ਝੁੰਗੀ ਢਿਗ ਬੈਠੇ ਜਗਸਾਂਈ." (ਨਾਪ੍ਰ) "ਸੰਤਨ ਕੀ ਝੁੰਗੀਆ ਭਲੀ." (ਸ. ਕਬੀਰ)

ਝੁਝਰ: ਦੇਖੋ, ਝਰਝਰਾ.

ਝੁਝੂਆ: ਸੰਗਯਾ- ਝੂਲਣਾ. ਹਿੰਡੋਲਾ। ੨. ਛਿਦ੍ਰਾਂ ਵਾਲਾ ਮਿੱਟੀ ਦਾ ਬਰਤਨ, ਜਿਸ ਵਿੱਚ ਰੱਖੇ ਦੀਵੇ ਦਾ ਪ੍ਰਕਾਸ਼ ਝਰਕੇ ਬਾਹਰ ਆਵੇ। ੩. ਵਿ- ਯੁੱਧ ਕਰਨ ਵਾਲਾ. ਯੋੱਧਾ.

ਝੁੱਝ: ਸੰਗਯਾ- ਯੁੱਧ. ਜੁੱਝ. "ਝੁੱਝ ਭਟ ਗਿਰੈਂ." (ਰਾਮਾਵ)

ਝੁੱਟੀ: ਸੰਗਯਾ- ਫੁਰਤੀ ਦਾ ਧਾਵਾ। ੨. ਝਪਟ.

ਝੁਠਾਉਣਾ, ਝੁਠਾਨਾ: ਕ੍ਰਿ- ਝੂਠਾ ਠਹਿਰਾਉਣਾ. ਝੂਠਾ ਸਾਬਤ ਕਰਨਾ। ੨. ਝੂਠੀ ਬਾਤ ਕਹਿਕੇ ਬਹਿਕਾਉਣਾ. "ਸੁਕਦੇਵ

ਪਰਾਸਰ ਬਜਾਸ ਝੁਠਾਨਜੋ." (੨੩ ਸਵੈਯੇ) ਭਾਵ- ਅਯੋਨਿ ਨਿਰਕਾਰ ਪਾਰਬ੍ਰਹਮ ਨੂੰ ਦੇਹਧਾਰੀ ਵਰਨਣ ਕੀਤਾ। ੩. ਠਗੇਜਾਣਾ.

ਝੁੰਡ: ਸੰਗਜਾ- ਗਰੋਹ. ਟੋਲਾ। ੨. ਸੰਘਣਾ ਜੰਗਲ। ੩. ਘੁੰਡ (ਨਿਕ਼ਾਬ) ਨੂੰ ਭੀ ਝੁੰਡ ਆਖਦੇ ਹਨ. ਘੁੰਘਟ.

ਝੁੰਡੀ: ਸੰਗਜਾ- ਟੋਲੀ. ਮੰਡਲੀ. "ਝੁੰਡੀ ਪਾਇ ਬਹਹਿ ਨਿਤ ਮਰਣੇ." (ਵਾਰ ਮਾਝ ਮਃ ੧)

ਝੁਣਕਾਰੁ, ਝੁਨਕਾਰ, ਝੁਨੰਤਕਾਰ: ਦੇਖੋ, ਝਨਤਕਾਰ. "ਪੰਚ ਸਬਦ ਝੁਣਕਾਰੁ ਨਿਰਾਲਮੁ." (ਮਾਰੂ ਸੋਲੇਹ ਮਃ ੧) "ਅਨਹਦ ਝੁਣਕਾਰੇ." (ਸੂਹੀ ਛੰਤ ਮਃ ੫) "ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ." (ਸੁਖਮਨੀ) "ਨਉਪਰੀ ਝੁਨੰਤਕਾਰ." (ਸਾਰ ਮਃ ੫. ਪੜਤਾਲ) ਦੇਖੋ, ਨਉਪਰੀ.

ਝੁੰਪੜੀ: ਸੰਗਜਾ- ਝੋਂਪੜੀ. ਛਪਰੀ. ਕੁੱਲੀ. "ਬਸਤਾ ਤੂਟੀ ਝੁੰਪੜੀ." (ਵਾਰ ਜੈਤ)

ਝੁਬਕਾ, ਝੁਮਕਾ: ਸੰਗਜਾ- ਇਸਤ੍ਰੀਆਂ ਦੇ ਕੰਨ ਦਾ ਗਹਿਣਾ, ਜੋ ਫੁੱਲ ਦੀ ਸ਼ਕਲ ਦਾ ਹੁੰਦਾ ਹੈ। ੨. ਛੱਬਾ.

ਝੁਮਰ: ਦੇਖੋ, ਝੂਮਰ.

ਝੁਰਸਨਾ: ਦੇਖੋ, ਝੁਲਸਨਾ.

ਝੁਰਣਾ: ਕ੍ਰਿ- ਝੂਰਨਾ. ਪਛਤਾਉਣਾ। ੨. ਈਰਖਾ ਵਿੱਚ ਸੜਨਾ. ਦੇਖੋ, ਬਿਸੂਰਣ. "ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ." (ਭੈਰ ਮਃ ੫)

ਝੁਰਮਟ, ਝੁਰਮੁਟ: ਸੰਗਜਾ- ਸੰਘੱਟ. ਗਰੋਹ। ੨. ਬਿਰਛਾਂ ਦਾ ਅਜਿਹਾ ਸੰਘੱਟ, ਜਿਸ ਦੀਆਂ ਟਾਹਣੀਆਂ ਆਪੋਵਿੱਚੀਂ ਮਿਲਕੇ ਤੰਬੂ ਦੀ ਸ਼ਕਲ ਬਣ ਜਾਣ। ੩. ਝੁੰਬ. ਚਾਦਰ ਅਥਵਾ ਖੇਸ ਆਦਿਕ ਨਾਲ ਸਿਰ ਦਾ ਢਕਣਾ.

ਝੁਰਿ: ਕ੍ਰਿ. ਵਿ- ਝੁਰਕੇ. ਵਿਸੂਰਕੇ. "ਝੁਰਿ ਝੁਰਿ ਝਖਿ ਮਾਟੀ ਰਲਿਜਾਇ." (ਓਅੰਕਾਰ) ਦੇਖੋ, ਝੁਰਣਾ.

ਝੁਰੇਵਾਂ: ਸੰਗਜਾ- ਪਸ਼ਚਾਤਾਪ. ਝੂਰਣ ਦਾ ਭਾਵ. ਪਛਤਾਵਾ.

ਝੁਲ: ਅ਼. جُل ਜੁਲ. ਸੰਗਜਾ- ਪਸ਼ੂਆਂ ਪੁਰ ਪਾਉਣ ਦਾ ਮੋਟਾ ਵਸਤ੍ਰ. ਝੂਲ. ਝੁੱਲ.

ਝੁਲਸਣਾ: ਕ੍ਰਿ. ਲੂਹਣਾ. ਅੱਗ ਦੀ ਲਾਟਾ ਨਾਲ ਅਧਜਲਿਆ ਕਰਨਾ.

ਝੁਲਕਾ: ਸੰਗਜਾ- ਝੋਕਾ. ਭੱਠ ਵਿੱਚ ਪੱਤੇ ਬਾਲਣ ਆਦਿ ਦੇ ਝੋਕਣ ਦੀ ਕ੍ਰਿਯਾ.

ਝੁਲਣਾ: ਕ੍ਰਿ- ਝੂਲਨਾ. ਹਿਲੇਰੇ ਨਾਲ ਘੁੰਮਣਾ. "ਝੁਲੈ ਸੁਛਤੁ ਨਿਰੰਜਨੀ." (ਵਾਰ ਰਾਮ ੩) ਅਕਾਲੀ ਛਤ੍ਰ ਸਤਿਗੁਰੂ ਦੇ ਸਿਰ ਝੁਲਦਾ ਹੈ.

ਝੁਲਾਉਣਾ: ਕ੍ਰਿ- ਲਟਕਾਉਂਣਾ। ੨. ਹਿਲੋਰਾ ਦੇਣਾ. ਝੂਟਾ ਦੇਣਾ.

ਝੁਲਾਰ, ਝੁਲਾਰਾ: ਸੰਗਜਾ- ਝੂਟਾ. ਹਿਲੋਰਾ. ਹੂਟਾ। ੨. ਪੌਣ ਦਾ ਝੋਕਾ. ਝਕੋਰਾ. "ਵੰਞਨਿ ਪਵਨ ਝੁਲਾਰਿਆ." (ਵਡ ਛੰਤ ਮਃ ੫) "ਪਵਨ ਝੁਲਾਰੇ ਮਾਇਆ ਦੇਇ." (ਬਿਲਾ ਮਃ ੫) ੩. ਦੇਖੋ, ਝਲਾਰ.

ਝੁੱਲ: ਦੇਖੋ, ਝੁਲ.

ਝੂਕ: ਦੇਖੋ, ਝੁਕਣਾ.

ਝੂਝ: ਸੰਗਜਾ- ਯੁੱਧ. ਜੰਗ.

ਝੂਝਨਾ: ਕ੍ਰਿ- ਜੂਝਨਾ. ਯੁੱਧ ਕਰਨਾ। ੨. ਯੁੱਧ ਵਿੱਚ ਮਰਨਾ.

ਝੂਝਿ: ਯੁੱਧ ਕਰਕੇ। ੨. ਜੰਗ ਵਿੱਚ.

ਝੂਟਣਾ: ਕ੍ਰਿ- ਝੂਟਾ ਲੈਣਾ. ਪੀਂਘ ਅਥਵਾ ਹਿੰਡੋਲੇ ਵਿੱਚ ਬੈਠਕੇ ਅੱਗੇ ਪਿੱਛੇ ਹਿੱਲਣਾ.

ਝੂਟਾ: ਸੰਗਯਾ- ਹਿਲੋਰਾ. ਹੂਟਾ। ੨. ਨੀਂਦ ਨਾਲ ਸਿਰ ਦੇ ਹੇਠ ਉੱਤੇ ਹੋਣਾ। ੩. ਨਸ਼ੇ ਦਾ ਤਰੰਗ.

ਝੂਠ, ਝੂਠੁ: ਸੰਗਯਾ- ਅਸਤਯ. ਮਿਥ੍ਯਾ. ਕੂੜ. "ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ." (ਵਾਰ ਮਾਝ ਮਃ ੪) ਭਾਗਵਤ ਅਤੇ ਵਸ਼ਿਸ਼੍ਠਸੰਹਿਤਾ ਵਿੱਚ ਲਿਖਿਆ ਹੈ ਕਿ ਇਸਤ੍ਰੀਆਂ ਨਾਲ ਹਾਸੀ ਮਖ਼ੌਲ ਵਿੱਚ, ਵਿਆਹ ਸਮੇਂ, ਆਪਣੀ ਰੋਜ਼ੀ ਵਾਸਤੇ, ਜਾਨ ਜਾਣ ਦੇ ਡਰ ਤੋਂ, ਧਨ ਨਾਸ ਹੁੰਦਾ ਵੇਖਕੇ, ਗਊ ਬ੍ਰਾਹਮਣ ਦੇ ਹਿਤ ਲਈ, ਹਿੰਸਾ ਰੋਕਣ ਵਾਸਤੇ, ਝੂਠ ਬੋਲਣਾ ਪਾਪ ਨਹੀਂ.[568]

ਸਿੱਖਧਰਮ ਕਿਸੇ ਹਾਲਤ ਵਿੱਚ ਭੀ ਝੂਠ ਬੋਲਣ ਦੀ ਆਗਯਾ ਨਹੀਂ ਦਿੰਦਾ. "ਝੂਠੇ ਕਉ ਨਾਹੀ ਪਤਿ ਨਾਉ। ਕਬਹੁ ਨ ਸੂਚਾ ਕਾਲਾ ਕਾਉ." (ਬਿਲਾਥਿਤੀ ਮਃ ੧) "ਝੂਠੇ ਕੂੜ ਕਮਾਵਹਿ, ਦੁਰਮਤਿ ਦਰਗਹਿ ਹਾਰਾ ਹੇ." (ਮਾਰੂ ਸੋਲਹੇ ਮਃ ੧) "ਕੂੜ ਬੋਲਿ ਮੁਰਦਾਰ ਖਾਇ." (ਵਾਰ ਮਾਝ ਮਃ ੧) ੨. ਜੂਠ. ਅਪਵਿਤ੍ਰਤਾ. "ਮੁਖਿ ਝੂਠੈ ਝੂਠੁ ਬੋਲਣਾ, ਕਿਉਕਰਿ ਸੂਚਾ ਹੋਇ?" (ਸ੍ਰੀ ਮਃ ੧)

ਝੂਠਾ: ਵਿ- ਅਸਤ੍ਯਵਾਦੀ। ੨. ਨਾਸ਼ ਹੋਣ ਵਾਲਾ. ਬਿਨਸਨਹਾਰ. "ਸੋ ਝੂਠਾ ਜੋ ਝੂਠੈ ਲਾਗੈ ਝੂਠੇ ਕਰਮ ਕਮਾਈ." (ਗੂਜ ਮਃ ੩) ੩. ਜੂਠਾ. ਅਪਵਿਤ੍ਰ. "ਝੂਠੇ ਚਉਕੇ ਨਾਨਕਾ." (ਵਾਰ ਮਾਰੂ ੧. ਮਃ ੩)

ਝੂਠਿ: ਝੂਠ ਨਾਲ ਅਸਤ੍ਯ ਸੇ. "ਝੂਠਿ ਵਿਛੁੰਨੀ ਰੋਵੈ ਧਾਹੀ." (ਮਾਝ ਮਃ ੧)

ਝੂਠੀ: ਝੂਠਾ ਦਾ ਇਸਤ੍ਰੀ ਲਿੰਗ. "ਝੂਠੀ ਦੁਨੀਆਂ ਲਗਿ." (ਆਸਾ ਫਰੀਦ) ੨. ਝੂਠ ਧਾਰਨਵਾਲੀ. "ਝੂਠੀ ਝੂਠਿ ਲਗੀ." (ਗਉ ਮਃ ੩)

ਝੂਠੁ: ਦੇਖੋ, ਝੂਠ.

ਝੂਣਨਾ: ਸੰ. ਧੁਨਨ. ਕ੍ਰਿ- ਹਿਲਾਉਣਾ. ਹਲੂਣਨਾ. ਕੰਬਾਉਣਾ. "ਦੁਖੀਆ ਸਿਰ ਝੂਣੈ." (ਭਾਗੁ) "ਤਰੁ ਕਿੱਕਰ ਝੂਣਹਿ ਗਹਿ ਗਾਢੇ." (ਨਾਪ੍ਰ)

ਝੂਣਾ, ਝੂਣੀ: ਵਿ- ਕੰਪਾਯਮਾਨ. ਕੰਬਦਾ ਹੋਇਆ. "ਨਾਮ ਵਿਹੂਣੇ ਊਣੇ ਝੂਣੇ." (ਸੂਹੀ ਛੰਤ ਮਃ ੧) ੨. ਸ਼ੋਕਾਤੁਰ ਰੰਜ ਸਿਰ ਹਿਲਾਉਣ ਵਾਲਾ (ਵਾਲੀ). "ਊਣੀ ਨਾਹੀ ਝੂਣੀ ਨਾਹੀ." (ਵਾਰ ਰਾਮ ੨. ਮਃ ੫)

ਝੂਨਾ: ਦੇਖੋ, ਝੂਣਾ। ੨. ਦੇਖੋ, ਝੋਨਾ.

ਝੂਮਕ: ਸੰਗਯਾ- ਕਰਨਫੂਲ. ਝੁਮਕਾ। ੨. ਨ੍ਰਿਤ੍ਯ ਸਮੇਂ ਦੀ ਫੇਰੀ. ਘੁਮੇਰੀ। ੩. ਚੁੰਬਨ.

ਝੂਮਣਾ, ਝੂਮਨਾ: ਕ੍ਰਿ- ਨਸ਼ੇ ਦੀ ਮਸ੍ਤੀ ਵਿੱਚ ਝੂਲਣਾ। ੨. ਹਿਲੋਰੇ ਖਾਣਾ.

---

[568] स्त्रीषु नर्मविबाहेच वृत्त्यर्थेप्राणासङ्कटे।
गोब्राह्मणार्थेहिंसायां नाऽनृतंस्याजुगुप्सितम्।
(ਭਾਗਵਤ ਸਕੰਧ ੮, ਅਃ ੧੯, ਸ਼ਃ ੪੩)
उद्वाहकाले रतिसम्प्रयोगेप्राणात्यये सर्वधनापहारे।
विप्रस्यचार्थे ग्रनृतंवदेयुः पञ्चानृतान्याहुरपातकानि।
(ਵਸ਼ਿਸ਼ਠ ਸੰਹਿਤਾ, ਅਃ ੧੬)

ਝੂਮਰ, ਝੂਮਰਿ: ਸੰਗਜਾ- ਨ੍ਰਿਤਜ ਦੀ ਘੁਮੇਰੀ. ਚਕ੍ਰਾਕਾਰ ਨਾਚ। ੨. ਧਮਾਰ. ਹੋਲੀ ਵਿੱਚ ਇਸਤ੍ਰੀ ਪੁਰੁਸ਼ਾਂ ਦੀ ਮੰਡਲੀ ਦਾ ਗਾਉਣਾ, ਬਜਾਉਣਾ ਅਤੇ ਨੱਚਣਾ.

ਝੂਰਣਾ, ਝੂਰਨ, ਝੂਰਨਾ: ਸੰ. ਵਿਸੂਰਣ. ਸੰਗਜਾ- ਪਛਤਾਉਣਾ। ੨. ਈਰਖਾ ਵਿੱਚ ਸੜਨਾ. ਦੇਖੋ, ਝੁਰਣਾ. "ਝਝਾ ਝੂਰਨ ਮਿਟੈ ਤੁਮਾਰੋ." (ਬਾਵਨ) "ਪ੍ਰਭ ਕੇ ਸੇਵਕ ਦੂਖ ਨ ਝੂਰਨ." (ਆਸਾ ਮਃ ੫) "ਝੂਰਤ ਝੂਰਤ ਸਾਕਤ ਮੂਆ." (ਬਾਵਨ)

ਝੂਰਿ: ਝੂਰਕੇ. ਵਿਸੂਰਕੇ. "ਸੇ ਜਨ ਕਬਹੁ ਨ ਮਰਤੇ ਝੂਰਿ." (ਟੋਡੀ ਮਃ ੫)

ਝੂਲਿ: ਦੇਖੋ, ਝੁਲ.

ਝੂਲਣ: ਦੇਖੋ, ਝੂਲਨਾ। ੨. ਡਿੰਗ. ਸੰਗਜਾ- ਇਸਨਾਨ. ਮੱਜਨ.

ਝੂਲਨ ਸਿੰਘ: ਦੇਖੋ, ਝੂਲਨਾਸਿੰਘ.

ਝੂਲਨਾ: ਕ੍ਰਿ- ਪੀਂਘ ਹਿੰਡੋਲੇ ਆਦਿ ਵਿੱਚ ਝੂਟਾ ਲੈਣਾ। ੨. ਸੰਗਜਾ- ਝੂਲਾ. ਹਿੰਡੋਲਾ. ਪੀਂਘ। ੨. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਯਗਣ. ਇਹ "ਮਣਿਧਰ" ਸਵੈਯੇ ਦਾ ਰੂਪ ਹੈ. ISS, ISS, ISS, ISS, ISS, ISS, ISS, ISS.

ਉਦਾਹਰਣ-

ਸੁਨੇ ਕੂਕਕੇ ਕੋਕਿਲਾ ਕੋਪ ਕੀਨੋ

ਮੁਖੰ ਦੇਖਕੈ ਚੰਦ ਦਾਰੇਰ ਖਾਈ,

ਲਸੈਂ ਨੈਨ ਬਾਂਕੇ ਮਨੇ ਮੀਨ ਮੋਹੈਂ

ਲਖੈ ਜਾਤ ਕੇ ਸੂਰ ਕੀ ਜੋਤਿ ਛਾਈ. xxx

(ਰਾਮਾਵ)

(ਅ) ਝੂਲਨਾ ਦਾ ਦੂਜਾ ਰੂਪ. ਪ੍ਰਤਿ ਚਰਣ ਸੱਤ ਸਗਣ ਅਤੇ ਅੰਤ ਇੱਕ ਯਗਣ. IIS, IIS, IIS, IIS IIS, IIS, IIS, ISS.

ਉਦਾਹਰਣ

ਨਹਿ ਨਾਮ ਜਪਯੋ ਨਹਿ ਦਾਨ ਕਰਯੋ,

ਨਹਿ ਸਤ੍ਰੁਨ ਕੇ ਸਿਰ ਕਾਟ ਦੀਏ,

ਪਰ ਕੇ ਹਿਤ ਚਿੱਤ ਦ੍ਰਵਯੋ ਨ ਕਭੀ

ਹਿਤ ਕ੍ਹੌਮ ਵਸਯੋ ਨ ਕਦਾਪਿ ਹੀਏ. xxx

(ੲ) ਝੂਲਨੇ ਦਾ ਤੀਜਾ ਰੂਪ. ਪ੍ਰਤਿ ਚਰਣ ੩੭ ਮਾਤ੍ਰਾ. ਤਿੰਨ ਵਿਸ਼੍ਰਾਮ ਦਸ ਦਸ ਪੁਰ, ਚੌਥਾ ਸੱਤ ਮਾਤ੍ਰਾ ਪੁਰ, ਅੰਤ ਯਗਣ, ISS.

ਉਦਾਹਰਣ-

ਚੰਦ ਸਤ ਭੇਦਿਆ ਨਾਦ ਸਤ ਪੂਰਿਆ,

ਸੂਰ ਸਤ ਖੋੜਸਾ ਦੱਤ ਕੀਆ,

ਅਬਲ ਬਲ ਤੋੜਿਆ ਅਚਲ ਚਲ ਥੱਪਿਆ

ਅਘੜੁ ਘੜਿਆ ਤਹਾ ਅਪਿਉ ਪੀਆ. xxx

(ਮਾਰੂ ਜੈਦੇਵ)

ਕਰਤ ਚਿੰਕਾਰ ਗਨ, ਪ੍ਰੇਤ ਭੈਰੋਂ ਤਹਾਂ

ਭੇਰਿ ਭੁੰਕਾਰ ਘਨਗਰਜ ਧਾਯੋ,

ਪਰਤ ਝੜ ਲਾਯ ਨਭ ਛਾਯ ਧਾਰਾ

ਪ੍ਰਭ ਘਟਾ ਘਨ ਸ਼ਸਤ੍ਰ ਦਿਸ ਘੋਰ ਛਾਯੋ. xxx

(ਸਲੋਹ)

(ਸ) ਚੌਥਾ ਰੂਪ- ਅੰਤ ਯਗਣ ਦੀ ਥਾਂ ਕੇਵਲ ਦੋ ਗੁਰੁ, ਯਥਾ:-

ਹਲਤ ਸੁਖ ਪਲਤ ਸੁਪ, ਨਿੱਤ ਸੁਖ ਸਿਮਰਨੋ,

ਨਾਮ ਗੋਬਿੰਦ ਕਾ ਸਦਾ ਲੀਜੈ. xxx

(ਧਨਾ ਮਃ ੫)

(ਹ) ਪੰਜਵਾਂ ਰੂਪ- ਪ੍ਰਤਿ ਚਰਣ ੨੬ ਮਾਤ੍ਰਾ. ਸੱਤ ਸੱਤ ਪੁਰ ਤਿੰਨ ਵਿਸ਼੍ਰਾਮ, ਚੌਥਾ ਪੰਜ ਮਾਤ੍ਰਾ ਪੁਰ, ਅੰਤ ਗੁਰੁ ਲਘੁ.

ਗੁਰੁ ਕ੍ਰਿਪਾ ਨਿਧਿ, ਗੁਣ ਖਾਨਿ ਹੈ,

ਉਪਦੇਸ਼ ਤਿੰਹ, ਮਨ ਧਾਰ. xxx

ਝੂਲਨਾਸਿੰਘ: ਇਹ ਦੁਤਾਰਾ ਬਜਾਕੇ ਗਾਉਂਦਾ ਹੋਇਆ ਮਸ੍ਤੀ ਵਿੱਚ ਝੂਲਿਆ ਕਰਦਾ ਸੀ, ਜਿਸ ਕਾਰਣ ਝੂਲਨਾਸਿੰਘ ਨਾਮ ਪ੍ਰਸਿੱਧ ਹੋਇਆ। ਦਮਦਮੇ ਦੇ ਮਕ਼ਾਮ ਇੱਕ ਦਿਨ ਇਸ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਕੈਂਪ ਪਾਸ ਦੁਤਾਰਾ ਬਜਾਕੇ ਗੰਵਾਰੂ ਗੀਤ ਗਾਏ. ਅੰਤ ਨੂੰ ਇਹ ਸਮਝਕੇ ਕਿ ਮੇਰਾ ਗਾਉਣਾ ਬਜਾਉਣਾ ਸ਼ਾਇਦ ਮਾਤਾ ਜੀ ਨੇ ਸੁਣਿਆ ਹੋਊ, ਬਹੁਤ ਪਛਤਾਇਆ ਅਤੇ ਜੋਸ਼ ਵਿੱਚ ਆਕੇ ਇੰਦ੍ਰੀ ਕੱਟ ਦਿੱਤੀ ਅਰ ਸਾਰੀ ਅਵਸ੍ਥਾ ਮੌਨੀ ਰਹਿਕੇ ਵਿਤਾਈ. ਇਸੇ ਕਾਰਣ ਇਸ ਨੂੰ 'ਅਕੂਆ' ਭੀ ਆਖਦੇ ਹਨ.

ਝੂਲਨਿ: ਸੰਗਯਾ- ਪੀਂਘ. "ਪਾਰ ਕੀ ਝੂਲਨਿ ਏਕ ਸਵਾਰਕੈ." (ਚਰਿਤ੍ਰ ੨੩੪)

ਝੂਲਾ: ਸੰਗਯਾ- ਹਿੰਡੋਲਾ. ਚੰਡੋਲ। ਇੱਕ ਛੰਦ. ਦਸਮਗ੍ਰੰਥ ਵਿੱਚ "ਸੋਮਰਾਜੀ" ਅਥਵਾ "ਅਰਧ ਭੁਜੰਗ" ਦਾ ਨਾਮ "ਝੂਲਾ" ਆਇਆ ਹੈ.

ਲੱਛਣ- ਚਾਰ ਚਰਣ. ਪ੍ਰਤਿ ਚਰਣ ਦੋ ਯਗਣ, ISS, ISS.

ਉਦਾਹਰਣ-

ਇਤੈ ਰਾਮ ਰਾਜੰ। ਕਰੈਂ ਦੇਵ ਕਾਜੰ।

ਧਰੇ ਬਾਨ ਪਾਨੰ। ਭਰੇ ਬੀਰ ਮਾਨੰ। (ਰਾਮਾਵ)

ਝੂਲਾਵਨ: ਕ੍ਰਿ- ਝੁਲਾਉਣ ਦੀ ਕ੍ਰਿਯਾ. ਹਿਲੋਰਾ ਦੇਣਾ. ਝੁਟਾਉਣਾ. ਕੰਬਾਉਣਾ. ਹਿਲਾਉਣਾ. "ਤਿਸੁ ਗੁਰ ਕਉ ਝੂਲਾਵਉ ਪਾਖਾ." (ਗਉ ਅਃ ਮਃ ੫)

ਝੇਪ: ਸੰਗਯਾ- ਹਾਰ. ਸ਼ਿਕਸ੍ਤ। ੨. ਲੱਜਾ. ਸ਼ਰਮ.

ਝੇਰ: ਸੰਗਯਾ- ਗਰਤ. ਟੋਆ. ਖਾਤਾ। ੨. ਦੇਖੋ, ਝੇਰਾ.

**ਝੇਰਾ:** ਸੰਗਯਾ- ਝਗੜਾ. ਮੁਕ਼ਦਮਾ. "ਉਮਰਾਵਹੁ ਆਗੈ ਝੇਰਾ." (ਸੋਰ ਮਃ ੫) ੨. ਦੇਖੋ, ਝੇਰ। ੩. ਦੇਖੋ, ਨਾਨਕਝੇਰਾ.

**ਝੇਰਿ:** ਝੇਰੇ (ਟੋਏ) ਵਿੱਚ. "ਅੰਧਾ ਝਖਿ ਝਖਿ ਪਇਆ ਝੇਰਿ." (ਵਾਰ ਮਲਾ ਮਃ ੧)

**ਝੇਲਨ, ਝੇਲਨਾ:** ਕ੍ਰਿ- ਝੱਲਣਾ. ਬਰਦਾਸ਼੍ਤ ਕਰਨਾ. ਸਹਾਰਨਾ.

**ਝੇਲਾ:** ਸੰਗਯਾ- ਝਲਾ. ਤਾਪ. ਜਲਨ. "ਆਗੈ ਬਿਮਲ ਅਗਨਿ ਬਿਖ ਝੇਲਾ." (ਮਾਰੂ ਸੋਲਹੇ ਮਃ ੧) ਅੱਗੇ ਬਹੁਤ ਮੈਲੀ ਨਦੀ (ਵੈਤਰਣੀ) ਅਤੇ ਵਿਖਰੂਪ ਅੱਗ ਦਾ ਤਾਪ.

**ਝੇਲਿ:** ਝੱਲ (ਸਹਾਰ) ਕੇ. "ਹਥਿਆਰ ਝੇਲਿ." (ਸਲੋਹ)

**ਝੇੜ:** ਸੰਗਯਾ- ਝਗੜਾ. ਫ਼ਿਸਾਦ। ੨. ਛੇੜਖਾਨੀ.

**ਝੇੜ ਝਾੜ:** ਸੰਗਯਾ- ਛੇੜ ਛਾੜ. ਦੰਗਾ ਫ਼ਿਸਾਦ.

**ਝੇੜਾ, ਝੇੜੋ:** ਸੰਗਯਾ- ਮੁਕ਼ਦਮਾ. ਝਗੜਾ। ੨. ਫ਼ਿਸਾਦ. ਉਪਦ੍ਰਵ.

**ਝੋਸਾ, ਝੋਸੋ:** ਸੰਗਯਾ- ਝਟਕਾ. ਧੱਕਾ. "ਮਾਰਡਰੇਂ ਮਘਵਾ ਸੰਗ ਝੋਸੋ." (ਕ੍ਰਿਸਨਾਵ)

**ਝੋਕ:** ਸੰਗਯਾ- ਪੌਣ ਦਾ ਬੁੱਲਾ. ਹਵਾ ਦੀ ਲਹਿਰ। ੨. ਪੀਂਘ ਹਿੰਡੋਲੇ ਆਦਿ ਦਾ ਝੂਟਾ (ਹੂਟਾ) ੩. ਨਸ਼ੇ ਵਿੱਚ ਸਿਰ ਦਾ ਝੁਕਾਉ. ਟੂਲ. ਪੀਨਕ। ੪. ਆਨੰਦ ਦਾ ਹੁਲਾਰਾ ਖ਼ੁਸ਼ੀ ਦਾ ਝੂਟਾ. "ਅਨਦ ਸਹਜਧੁਨਿ ਝੋਕ." (ਸਾਰ ਸੂਰਦਾਸ) ੫. ਭੱਠੀ ਵਿੱਚ ਪਾਉਣ ਦਾ ਈਂਧਨ. ਪੱਤੇ ਫੂਸ ਆਦਿ ਜੋ ਭੱਠ ਵਿੱਚ ਝੋਕੇ ਜਾਣ। ੬. ਝੁਕਣ ਦਾ ਭਾਵ. ਝੁਕਾਉ। ੭. ਗੀਤ ਦਾ ਲੰਮਾ ਰਹਾਉ. ਟੇਕ. ਅਸਥਾਈ। ੮. ਕਲਗੀ, ਜੋ ਮਹਾਰਾਜਿਆਂ ਦੇ ਸਿਰ ਦਾ ਭੂਸ਼ਣ ਹੈ ਅਤੇ ਸਿਰ ਦੀ ਹਰਕਤ ਨਾਲ ਲਹਿਰਾਉਂਦੀ ਹੈ. "ਝੋਕ ਐਸੇ ਲਸੈ ਜੋਤਿ ਕੁੰਦਨ ਦਿਸੈ ਸੋਭ ਅਪਾਰ ਨਹਿ ਬਰਨਿ ਆਵੈ." (ਗੁਰੁਸੋਭਾ) ੯. ਦੇਖੋ, ਝੋਕਿ.

**ਝੋਕਣਾ, ਝੋਕਣੁ:** ਕ੍ਰਿ- ਭੱਠੀ ਵਿੱਚ ਫੂਸ ਪੱਤਾ ਆਦਿ ਧਕੇਲਣਾ। ੨. ਅੱਗੇ ਧੱਕਣਾ.

**ਝੋਕਾ:** ਸੰਗਯਾ- ਹੂਟਾ. ਝੂਟਾ. ਹਿਲੋਰਾ। ੨. ਹਵਾ ਦਾ ਬੁੱਲਾ। ਸੰਗਯਾ- ਹੂਟਾ. ਝੂਟਾ. ਹਿਲੋਰਾ। ੨. ਹਵਾ ਦਾ ਬੁੱਲਾ। ੩. ਭੱਠ ਵਿੱਚ ਈਂਧਨ ਝੋਕਣ ਵਾਲਾ.

**ਝੋਕਿ:** ਕ੍ਰਿ. ਵਿ- ਝੁਕਕੇ. ਨੀਵਾਂ ਹੋਕੇ. "ਚਾਰੇ ਕੁੰਡਾਂ ਝੋਕਿ ਵਰਸਦਾ." (ਸਵਾ ਮਃ ੩) ੨. ਭੱਠੀ ਵਿੱਚ ਫੂਸ ਪੱਤਾ ਧੱਕਕੇ.

**ਝੋਂਜਾ:** ਜੱਟਾਂ ਦਾ ਇੱਕ ਗੋਤ.

**ਝੋਟ, ਝੋਂਟ:** ਸੰਗਯਾ- ਚੋਟੀ. ਜੂੜਾ. ਬੋਦੀ. "ਜਾਂ ਜਮੁ ਆਇ ਝੋਟ ਪਕਰੈ." (ਆਸਾ ਕਬੀਰ) "ਲਰਹੋਂ ਕਾਲ ਝੋਟ ਧਰ ਮਾਰੋਂ" (ਸਲੋਹ)

**ਝੋਟਾ:** ਸੰਗਯਾ- ਭੈਂਸਾ. ਮਹਿਸ਼. ਮੈਹਾਂ

**ਝੋਣਾ:** ਕ੍ਰਿ- ਆਰੰਭਣਾ. ਸ਼ੁਰੂ ਕਰਨਾ। ੨. ਚਲਾਉਣਾ. ਫੇਰਨਾ. "ਪੁੱਤ ਕੁਪੁੱਤ ਚੱਕੀ ਉਠ ਝੋਈ." (ਭਾਗੁ) ਦੇਖੋ, ਚੱਕੀ ਝੋਣੀ। ੩. ਦੇਖੋ, ਝੋਨਾ.

**ਝੋਨਾ:** ਸੰਗਯਾ- ਚੀਣਾ. ਕੰਗੁਣੀ ਜੇਹਾ ਸਾਉਂਣੀ ਦਾ ਇੱਕ ਅੰਨ। ੨. ਧਾਨ Paddy । ੩. ਦੇਖੋ, ਝੋਣਾ.

**ਝੋਪਰੀ, ਝੋਪੜਾ, ਝੋਪੜੀ:** ਸੰਗਯਾ- ਘਾਸ ਫੂਸ ਦੀ ਕੁਟੀਆ. ਝੌਂਪੜੀ. ਛਪਰੀ. ਛੰਨ.

**ਝੋਰੜ, ਝੋਰੜੀ:** ਇੱਕ ਪਿੰਡ, ਜੋ ਜਿਲਾ ਹਿਸਾਰ, ਤਸੀਲ ਸਰਸਾ, ਥਾਣਾ ਰੋੜੀ ਵਿੱਚ, ਰੇਲਵੇ ਸਟੇਸ਼ਨ ਬੜਾ ਗੁੜਹ (Bara-Gudah) ਤੋਂ ਪੂਰਬ ਦੇ ਪਾਸੇ ਚਾਰ ਮੀਲ ਹੈ. ਇਸ ਪਿੰਡ ਸ਼੍ਰੀ ਦਸ਼ਮੇਸ਼ ਜੀ ਦੱਖਣ ਜਾਂਦੇ ਪਧਾਰੇ ਹਨ. ਜਿਸ ਜੰਡ ਬਿਰਛ

ਨਾਲ ਘੋੜਾ ਬੱਧਾ ਸੀ, ਉਹ ਮੌਜੂਦ ਹੈ. ਇੱਥੇ ਗੁਰਦ੍ਵਾਰਾ ਨਹੀਂ ਬਣਾਇਆ ਗਿਆ.

ਝੋਰਾ: ਸੰਗਜ੍ਞਾ- ਝੁਰੇਂਵਾਂ. ਪਛਤਾਵਾ.

ਝੋਰੀ: ਦੇਖੋ, ਝੋਲੀ. "ਜੁਗੀਆ ਅਘੋਰੀ ਮੁਹਿ ਝੋਰੀ ਮੇ ਧਰਤ ਹੈ." (ਹਨੂ)

ਝੋਲ: ਸੰਗਜ੍ਞਾ- ਕੇਸ਼ ਸਾਫ ਕਰਨ ਲਈ ਪਾਣੀ ਵਿੱਚ ਘੋਲਿਆ ਖਾਰ। ੨. ਗਿਲਟ. ਚਾਂਦੀ ਸੁਵਰਣ ਦਾ ਕਿਸੇ ਧਾਤੁ ਤੇ ਪੋਚਾ। ੩. ਹਿਲਾਉਣ ਦੀ ਕ੍ਰਿਯਾ. ਦਹੀਂ ਰਿੜਕਣ ਪਿੱਛੋਂ ਮੱਖਣ ਕੱਢਣ ਲਈ ਲੱਸੀ ਨੂੰ ਝਕੋਲਣ ਦੀ ਕ੍ਰਿਯਾ. "ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ." (ਨਟ ਅਃ ਮਃ ੪) ੪. ਨਿਵਾਰਣ (ਹਟਾਉਣ) ਦਾ ਭਾਵ. "ਜੈਸੇ ਤੋ ਸਰੋਵਰ ਸਿਵਾਲਕੈ ਅਛਾਦਯੋ ਜਲ, ਝੋਲ ਪੀਐ ਨਿਰਮਲ ਦੇਖਿਯੇ ਅਛੋਤ ਹੈ." (ਭਾਗੁ ਕ) ੫. ਬੁਛਾੜ. ਵਰਖਾ ਦਾ ਜ਼ੋਰ ਨਾਲ ਗਿਰਨਾ. "ਕਾਲਾਂ ਗੰਢੁ ਨਦੀਆਂ ਮੀਹ ਝੋਲ." (ਵਾਰ ਮਾਝ ਮਃ ੧) ੬. ਝੂਟਾ. ਹਿਲੋਰਾ. "ਮਾਇਆ ਤਾਸੁ ਨ ਝੋਲੈ ਦੇਵ." (ਬਿਲਾ ਕਬੀਰ) ੭. ਹਵਾ ਦਾ ਝੋਕਾ। ੮. ਪਸ਼ੁ ਪੰਛੀਆਂ ਦੇ ਇੱਕ ਵਾਰ ਦੇ ਜਣੇ ਹੋਏ ਬੱਚੇ। ੯. ਹਾਥੀ ਦਾ ਝੁੱਲ. ਝੂਲ. "ਟਿਰਤੰਤ ਟੀਕ ਝਿਰਤੰਤ ਝੋਲ." (ਕਲਕੀ) ਹਾਥੀਆਂ ਦੇ ਮੱਥੇ ਦੇ ਟਿੱਕੇ ਡਿਗਦੇ ਅਤੇ ਝੁੱਲ ਝਰੀਟੀਦੇ ਹਨ। ੧੦. ਖ਼ਮ. ਝੁਕਾਉ.

ਝੋਲ ਝੁਲਾਰ: ਦੇਖੋ, ਝੋਲ ਅਤੇ ਝੁਲਾਰ.

ਝੋਲਨਾ: ਸੰਗਜ੍ਞਾ- ਹਿੰਡੋਲਾ. ਝੂਲਾ। ੨. ਇੱਕ ਛੰਦ. ਦੇਖੋ, ਝੂਲਨੇ ਦਾ ਤੀਜਾ ਰੂਪ। ੩. ਚੌਥੇ ਸਤਿਗੁਰੂ ਦੀ ਮਹਿਮਾ ਵਿੱਚ ਭੱਟਾਂ ਨੇ ਵਿਖਮਪਦ "ਝੋਲਨਾ" ਰਚਿਆ ਹੈ, ਜਿਸ ਦੇ ਪੰਜ ਪਦਾਂ ਵਿੱਚ ੨੧, ੪੧, ੪੬, ੪੧ ਅਤੇ ੪੧ ਕ੍ਰਮ ਨਾਲ ਮਾਤ੍ਰਾ ਹਨ.[569]

ਉਦਾਹਰਣ-

ਗੁਰੂ ਗੁਰੁ ਗੁਰੂ ਗੁਰੁ ਗੁਰੂ ਪ੍ਰਾਨੀਅਹੁ,

ਸ਼ਬਦ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ,

ਰਸਨਿ ਅਹਿ ਨਿਸਿ ਰਸੈ, ਸੱਤਿਕਰਿ ਜਾਨੀਅਹੁ,

ਫੁਨਿ ਪ੍ਰੇਮਰੰਗ ਪਾਈਐ, ਗੁਰਮੁਖਹਿ ਧਿਆਈਐ,

ਅੰਨਮਾਰਗ ਤਜਹੁ, ਭਜਹੁ ਹਰਿ ਗ੍ਯਾਨੀਅਹੁ,

ਬਚਨਗੁਰ ਰਿਦ ਧਰਹੁ ਪੰਚ ਭੂ ਬਸਿ ਕਰਹੁ,

ਜਨਮੁ ਕੁਲ ਉੱਧਰਹੁ, ਦ੍ਵਾਰਹਰਿ ਮਾਨੀਅਹੁ,

ਜਉਤ ਸਭ ਸੁੱਖ ਇਤ ਉੱਤ ਤੁਮ ਬੰਛਵਹੁ,

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ.

(ਸਵੈਯੇ ਮਃ ੪. ਕੇ)

੪. ਕ੍ਰਿ- ਛਿੜਕਣਾ. ਤ੍ਰੌਂਕਣਾ। ੫. ਘੋਲਨਾ. ਹੱਲ ਕਰਨਾ.

ਝੋਲਾ: ਸੰਗਜ੍ਞਾ- ਹਵਾ ਦਾ ਝੋਕਾ. ਬੁੱਲਾ. "ਤੁਝੈ ਨ ਲਾਗੈ ਤਾਤਾ ਝੋਲਾ." (ਗਉ ਮਃ ੫) ੨. ਥੈਲਾ। ੩. ਪੱਠਿਆਂ ਦੀ ਇੱਕ ਬੀਮਾਰੀ, ਜਿਸ ਤੋਂ ਸ਼ਰੀਰ ਹਰ ਵੇਲੇ ਕੰਬਦਾ ਰਹਿੰਦਾ ਹੈ. ਫੇਟਾ. ਸੰ. ਕਲਾਯਖੰਜ. شل ਸ਼ਲ. Palsy. ਇਹ ਵਾਤਦੋਸ਼ ਤੋਂ ਪੱਠਿਆਂ ਦਾ ਰੋਗ ਹੈ. ਆਦਮੀ ਚਲਦਾ ਹੋਇਆ ਕੰਬਦਾ ਹੈ, ਪੈਰ ਠਿਕਾਣੇ ਤੇ ਨਹੀਂ ਟਿਕਦੇ, ਜੋੜ ਢਿੱਲੇ ਪੈ ਜਾਂਦੇ ਹਨ. ਇਸ ਦੇ ਕਾਰਣ ਹਨ- ਰੁੱਖਾ ਬਾਸੀ ਖਾਣਾ, ਬਹੁਤ ਸ਼ਰਾਬ ਪੀਣੀ, ਜਾਦਾ ਭੋਗ ਕਰਨਾ, ਬਹੁਤ ਜਗਾਣਾ, ਸ਼ਰੀਰ ਦੀ ਧਾਤੁ ਨਾਸ਼ ਹੋਣੀ, ਫਾਕੇ

---

[569] ਛੰਦ ਦੇ ਚਰਣ ਚਾਰ ਹੀ ਹਨ, ਪਹਿਲਾ ਚਰਣ ਗਾਉਣ ਦੀ ਟੇਕ ਹੈ.

ਕੱਟਣੇ, ਪੱਠਿਆਂ ਤੇ ਸੱਟ ਵੱਜਣੀ, ਬਹੁਤ ਅਸਵਾਰੀ ਕਰਨੀ ਆਦਿ.

ਇਸ ਦਾ ਸਾਧਾਰਣ ਇਲਾਜ ਹੈ- ਇਰੰਡ ਦੇ ਬੀਜਾਂ ਦੀ ਗਿਰੂ ਪੀਸਕੇ ਗਊ ਦੇ ਦੁੱਧ ਵਿੱਚ ਰਿੰਨ੍ਹਕੇ ਖਾਣੀ.

ਰਾਇਸਨ (ਝੰਜਣ) ਦੇ ਬੀਜ ਚਾਰ ਤੋਲੇ, ਗੁੱਗਲ ਪੰਜ ਤੋਲੇ ਘੀ ਵਿੱਚ ਕੁੱਟਕੇ ਮਾਸ਼ੇ ਮਾਸ਼ੇ ਦੀਆਂ ਗੋਲੀਆਂ ਬਣਾਕੇ ਇੱਕ ਜਾਂ ਦੋ ਗਊ ਦੇ ਗਰਮ ਦੁੱਧ ਨਾਲ ਖਾਣੀਆਂ. ਨਾਰਾਯਣੀ ਤੇਲ ਦੀ ਮਾਲਿਸ਼ ਕਰਨੀ। ੪. ਵਿ- ਛਿੜਕਿਆ. ਦੇਖੋ, ਝੋਲਨਾ ੪. "ਚਰਣ ਧੋਇ ਚਰਣੋਦਕ ਝੋਲਾ." (ਭਾਗੁ)

ਝੋਲਿ: ਕ੍ਰਿ. ਵਿ- ਰਿੜਕਕੇ. ਮਥਨ ਕਰਕੇ. "ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ." (ਗਉ ਮਃ ੫) ੨. ਹਟਾਕੇ. ਹਿਲਾਕੇ. ਦੇਖੋ, ਝੋਲ ੪.

ਝੋਲੀ: ਸੰ. ਝੌਲਿਕ. ਸੰਗ੍ਯਾ- ਛੋਟਾ ਝੋਲਾ. ਥੈਲੀ। ੨. ਫ਼ਕੀਰਾਂ ਦੀ ਭਿਖ੍ਯਾ ਮੰਗਣ ਦੀ ਗੁਥਲੀ. "ਮੁੰਦਾ ਸੰਤੋਖੁ ਸਰਮੁ ਪਤੁ ਝੋਲੀ." (ਜਪੁ) ੩. ਕੱਛ ਪਜਾਮੇ ਆਦਿ ਦਾ ਆਸਣ। ੪. ਪਹਿਰੇ ਹੋਏ ਵਸਤ੍ਰ ਦਾ ਪੇਟ ਅੱਗੇ ਦਾ ਲਟਕਦਾ ਭਾਗ.

ਝੋਲੀ ਪਾਉਣਾ, ਝੋਲੀ ਲੈਣਾ: ਕ੍ਰਿ- ਕਿਸੇ ਦੇ ਪਤ੍ਰ ਨੂੰ ਆਪਣੀ ਇਸਤ੍ਰੀ ਦੀ ਗੋਦੀ ਵਿੱਚ ਮੁਤਬੰਨਾ ਕਰਨ ਲਈ ਪਾਉਣਾ. ਪੁਤ੍ਰ ਗੋਦੀ ਲੈਣਾ.

ਝੋਲੈ: ਦੇਖੋ, ਝੋਲ ੬.

ਝੌਲਾ: ਦੇਖੋ, ਝਾਉਲਾ.

ਝੰਕਾਰ: ਦੇਖੋ, ਝਨਤਕਾਰ। ੨. ਦੇਖੋ, ਝੰਖਾਰ.

ਝੰਖ, ਝੰਖੁ: ਸੰਗ੍ਯਾ- ਬਕਬਾਦ. ਸਿਰਖਪਾਈ. "ਕਬੀਰ ਝੰਖੁ ਨ ਝੰਖੀਐ." (ਸਲੋਕ)

ਝੰਖਨਾ: ਕ੍ਰਿ- ਬਕਬਾਦ ਕਰਨਾ. ਸਿਰ ਖਪਾਉਣਾ. ਦੇਖੋ, ਝੰਖ। ੨. ਪਸ਼ਚਾਤਾਪ ਕਰਨਾ. ਪਛਤਾਉਂਣਾ। ੩. ਖਿਝਣਾ. ਕੁੜ੍ਹਨਾ। ੪. ਦੁਖੀ ਹੋਣਾ. "ਧਨ ਬਿਨ ਨਾਰਿ ਝੰਖਤ ਅਤਿ ਭਈ." (ਚਰਿਤ੍ਰ ੧੦੪)

ਝੰਖਾਰ: ਸੰਗ੍ਯਾ- ਬਾਰਾਂਸਿੰਗਾ. "ਨਿਕਸ੍ਯੋ ਤਹਾਂ ਏਕ ਝੰਖਾਰਾ। ਦ੍ਵਾਦਸ ਜਾਂਕੇ ਸੀਂਗ ਅਪਾਰਾ." (ਚਰਿਤ੍ਰ ੩੪੪)

ਝੰਖੁ: ਦੇਖੋ, ਝੰਖ.

ਝੰਗ: ਮੁਲਤਾਨ ਦੀ ਕਮਿਸ਼ਨਰੀ ਵਿੱਚ ਇੱਕ ਜਿਲਾ ਅਤੇ ਉਸ ਦਾ ਪ੍ਰਧਾਨ ਨਗਰ 'ਝੰਗ ਮਘਿਆਣਾ', ਜੋ N. W. Ry. ਦਾ ਸਟੇਸ਼ਨ ਹੈ. ਮਹਾਰਾਜਾ ਰਣਜੀਤ ਸਿੰਘ ਨੇ ਸਨ ੧੮੦੫ ਵਿੱਚ ਝੰਗ ਪੁਰ ਕ਼ਬਜ਼ਾ ਕੀਤਾ ਸੀ। ੨. ਸਿੰਧੀ. ਜੰਗਲ. ਵਨ (ਬਣ).

ਝੰਗੜ: ਖਤ੍ਰੀਆਂ ਦੀ ਇੱਕ ਜਾਤਿ. ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਨਾਨਾ ਰਾਮਾ ਇਸੇ ਗੋਤ ਦਾ ਸੀ.

ਝੰਜ: ਦੇਖੋ, ਝੰਝਾ.

ਝੰਝ: ਸੰਗ੍ਯਾ- ਝਾਂਝ. ਵਡੇ ਛੈਣੇ, ਕਾਂਸੇ. ਝਾਲਰ। ੨. ਇੱਕ ਖਤ੍ਰੀ ਗੋਤ. ਦੇਖੋ, ਝੰਝੂ.

ਝੰਝਟ: ਸੰਗ੍ਯਾ- ਝਮੇਲਾ. ਬਖੇੜਾ. ਫ਼ਿਸਾਦ। ੨. ਉਲਝਾਉ. ਗੁਲਝਣ.

ਝੰਝਰ: ਵਿ- ਜੁਰੜ੍ਹੀਆਂ ਵਾਲਾ. ਦੇਖੋ, ਝਰਝਰਾ. "ਦੁਰਬਲ ਤਨ ਝਰ ਝੰਝਰ ਹੋਵਾ." (ਗੁਪ੍ਰਸੂ)

ਝੰਝਾ: ਸੰ. ਝੱਖੜ। ੨. ਤੇਜ਼ ਪੌਣ ਦੀ ਝਾਂ ਝਾਂ ਧੁਨਿ.

ਝੰਝੀ, ਝੰਝੂ: ਖਤ੍ਰੀਆਂ ਦੀ ਇੱਕ ਜਾਤਿ. "ਰਾਮਾ ਝੰਝੀ ਆਖੀਐ." (ਭਾਗੁ)

ਝੰਝੋਟੀ: ਦੇਖੋ, ਝਿੰਝੋਟੀ.

ਝੰਝੋਰਨਾ: ਕ੍ਰਿ- ਝਕਝੋਲਣਾ. ਹਿਲਾਉਣਾ. ਮਥਨ। ੨. ਝਟਕੇ ਨਾਲ ਪਛਾੜਨਾ. "ਢਾਲ ਝੰਝੋਰਤ ਬਦਨ ਚਲਾਵਾ." (ਗੁਪ੍ਰਸੂ)

ਝੰਟਲਾ: ਸੰਗਯਾ- ਝੁੰਡ. ਟਾਹਣੀਆਂ ਦੀ ਛਤਰੀ. ਬਿਰਛ ਦੀ ਸ਼ਾਖਾ ਦਾ ਸੰਘੱਟ. "ਉੱਪਰ ਝੂਲੇ ਝੰਟਲਾ ਠੰਢੀ ਛਾਂਉਂ ਸੁਥਾਂਉ ਸੁਹਾਈ." (ਭਾਗੁ)

ਝੰਡ: ਸੰਗਯਾ- ਸਿਰ ਦੇ ਮੁੰਨੇ ਹੋਏ ਵਾਲ, ਜੋ ਤਿੰਨ ਚਾਰ ਉਂਗਲ ਲੰਮੇ ਹੋਣ। ੨. ਨਿਉਲਾ। ੩. ਕਰੀਰ ਦਾ ਬੂਟਾ.

ਝੰਡਣਾ: ਕ੍ਰਿ- ਸਿਰ ਮੁੰਡਣਾ. ਝੰਡ ਲਾਹੁਣੀ। ੨. ਭਾਵ- ਕਿਸੇ ਨੂੰ ਧੋਖੇ ਨਾਲ ਠਗਣਾ.

ਝੰਡਾ: ਸੰਗਯਾ- ਨਿਸ਼ਾਨ. ਧੁਜਾ। ੨. ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਥਾਣਾ ਬਢਾਲ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਸੁਚਾਨ ਤੋਂ ਸੱਤ ਮੀਲ ਈਸ਼ਾਨ ਕੋਣ ਅਤੇ ਝੋਰੜ ਤੋਂ ਛੀ ਕੋਹ ਦੱਖਣ ਹੈ. ਇਸ ਥਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਜਾਂਦੇ ਵਿਰਾਜੇ ਹਨ. ਪਿੰਡ ਦੇ ਲਹਿੰਦੇ ਵੱਲ ਗੁਰਦ੍ਵਾਰਾ ਹੈ. ਰਿਆਸਤ ਪਟਿਆਲੇ ਤੋਂ ੩੨੫ ਰੁਪਯੇ ਸਾਲਾਨਾ ਜਾਗੀਰ ਹੈ. ਪੁਜਾਰੀ ਉਦਾਸੀ ਸਾਧੁ ਹੈ। ੩. ਸ਼੍ਰੀ ਗੁਰੂ ਅਮਰਦਾਸ ਸਾਹਿਬ ਦਾ ਇੱਕ ਪ੍ਰੇਮੀ ਸਿੱਖ। ੪. ਸਿਆਣੇ ਪਿੰਡ (ਜਿਲਾ ਕਰਨਾਲ) ਦਾ ਵਸਨੀਕ ਇੱਕ ਤਖਾਣ, ਜੋ ਗੁਰੂ ਨਾਨਕ ਦੇਵ ਦਾ ਸਿੱਖ ਮਹਾ ਆਤਮਗਯਾਨੀ ਅਤੇ ਉਪਕਾਰੀ ਸੀ.[570] ਇਹ ਜਗਤਗੁਰੂ ਦੇ ਨਾਲ ਕੁਝ ਕਾਲ ਯਾਤ੍ਰਾ ਵਿੱਚ ਭੀ ਰਿਹਾ ਹੈ. ਇਸ ਦੀ ਔਲਾਦ ਨੇ ਸੰਮਤ ੧੭੫੯ ਵਿੱਚ ਕਲਗੀਧਰ ਤੋਂ ਅਮ੍ਰਿਤ ਛਕਿਆ. ਦਸ਼ਮੇਸ ਦਾ ਬਖ਼ਸ਼ਿਆ ਖੰਡਾ ਹੁਣ ਉਨ੍ਹਾਂ ਪਾਸ ਮੌਜੂਦ ਹੈ। ੫. ਦੇਖੋ, ਝੰਡਾ ਭਾਈ.

ਝੰਡਾਸਾਹਿਬ: ਗੁਰਦ੍ਵਾਰੇ ਦਾ ਨਿਸ਼ਾਨ. ਅਕਾਲੀਧੁਜਾ. ਸਤਿਗੁਰੂ ਦਾ ਨਿਸ਼ਾਨ. ਨਿਸ਼ਾਨ ਦਾ ਰਿਵਾਜ ਛੀਵੇਂ ਗੁਰੂ ਸਾਹਿਬ ਤੋਂ ਹੋਇਆ ਹੈ. ਪੰਜ ਸਤਿਗੁਰਾਂ ਵੇਲੇ ਝੰਡਾ ਸਾਹਿਬ ਨਹੀਂ ਹੁੰਦਾ ਸੀ। ੨. ਰਿਆਸਤ ਕਪੂਰਥਲਾ, ਥਾਣਾ ਫਗਵਾੜੇ ਦੇ ਪਿੰਡ "ਚੱਕਪ੍ਰੇਮਾ" ਤੋਂ ਪੱਛਮ ਦਿਸ਼ਾ ਇੱਕ ਫਰਲਾਂਗ ਦੇ ਕ਼ਰੀਬ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ "ਝੰਡਾਸਾਹਿਬ" ਹੈ. ਗੁਰੂ ਜੀ ਕਰਤਾਰਪੁਰੋਂ ਕੀਰਤਪੁਰ ਜਾਂਦੇ ਇੱਥੇ ਵਿਰਾਜੇ ਹਨ. ਪਿੱਪਲ ਦੇ ਬਿਰਛ ਪਾਸ ਇੱਕ ਖ਼ਸਤਾਹਾਲ ਥੜਾ ਹੈ. ਪੁਜਾਰੀ ਕੋਈ ਨਹੀਂ. ਇਹ ਰੇਲਵੇ ਸਟੇਸ਼ਨ ਫਗਵਾੜੇ ਤੋਂ ਈਸ਼ਾਨ ਕੋਣ ਚਾਰ ਮੀਲ ਦੇ ਕ਼ਰੀਬ ਹੈ.

ਝੰਡਾ ਸਿੰਘ: ਭੰਗੀ ਮਿਸਲ ਦਾ ਮੁਖੀਆ ਇੱਕ ਪ੍ਰਤਾਪੀ ਸਿੱਖ ਸਰਦਾਰ, ਜੋ ਹਰੀਸਿੰਘ ਦਾ ਪੁਤ੍ਰ ਸੀ. ਦੇਖੋ, ਭੰਗੀ.

ਝੰਡਾਬੁੰਗਾ: ਅਮ੍ਰਿਤਸਰ ਜੀ ਦੀ ਦਰਸ਼ਨੀ ਡਿਹੁਡੀ ਅੱਗੇ ਉਹ ਬੁੰਗਾ, ਜਿੱਥੇ ਦੋ ਉੱਚੇ ਸੁਨਹਿਰੀ ਨਿਸ਼ਾਨ ਖੜੇ ਹਨ. ਇੱਥੇ ਪਹਿਲਾਂ ਸਨ ੧੭੭੫ ਵਿੱਚ ਬ੍ਰਹਮਬੂਟੇ ਦੇ ਉਦਾਸੀ ਸੰਤਾਂ ਨੇ ਨਿਸ਼ਾਨ ਖੜਾ ਕੀਤਾ ਸੀ ਜੋ ਸਨ ੧੯੪੧ ਵਿੱਚ ਝੱਖੜ ਨਾਲ ਡਿਗ ਪਿਆ. ਇਹ ਝੰਡਾ ਸਰੋਵਰ ਵਿੱਚ ਪੁਲ ਦੇ ਨਾਲ ਰੱਖ ਦਿੱਤਾ ਗਿਆ. ਫੇਰ ਇੱਕ ਨਿਸ਼ਾਨ ਮਹਾਰਾਜਾ ਸ਼ੇਰ ਸਿੰਘ ਨੇ ਦੂਜਾ ਸਰਦਾਰ ਦੇਸਾ ਸਿੰਘ ਮਜੀਠੀਏ ਨੇ ਲਵਾਇਆ. ਦੋਵੇਂ ਝੰਡੇ ਵਿੱਚੋਂ ਲੋਹੇ ਦੇ ਉਪਰੋਂ ਤਾਂਬੇ ਦੇ ਸਨਹਿਰੀ ਪੱਤਰਿਆਂ ਨਾਲ ਮੜ੍ਹੇ ਹੋਏ ਹਨ.

ਇਹ ਬੁੰਗਾ ਨਵੇਂ ਸਿਰੇ ਕਾਰਸੇਵਾ ਦੇ ਵੇਲੇ ਸਨ ੧੯੨੩ ਵਿੱਚ ਬਣਾਇਆ ਗਿਆ ਹੈ.

ਝੰਡਾ ਭਾਈ: ਬਾਬਾ ਬੁੱਢਾ ਜੀ ਦਾ ਪੜੋਤਾ ਭਾਈ ਝੰਡਾ ਜੀ, ਜਿਸ ਦੀ ਬਾਬਤ "ਦਬਿਸਤਾਨੇ ਮਜਾਹਬ" ਦੇ ਕਰਤਾ ਨੇ ਲਿਖਿਆ ਹੈ ਕਿ ਗੁਰੂ ਦਾ. ਹੁਕਮ ਮੰਨਣ ਵਿੱਚ ਇਸ ਦੇ ਬਰਾਬਰ ਕੋਈ ਸਿੱਖ ਨਹੀਂ ਹੈ. ਇੱਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਸੈਰ ਕਰਦੇ ਹੋਏ ਸ੍ਵਭਾਵਿਕ ਭਾਈ ਝੰਡੇ ਨੂੰ ਆਖਿਆ ਕਿ ਇੱਥੇ ਠਹਿਰੋ, ਗੁਰੂ ਸਾਹਿਬ ਬਾਗ਼ ਦੇ ਦੂਜੇ ਰਾਹ ਮਹਿਲਾਂ ਨੂੰ ਚਲੇ ਗਏ. ਭਾਈ ਝੰਡਾ ਤਿੰਨ ਦਿਨ ਅਡੋਲ ਉੱਥੇ ਹੀ ਖੜਾ ਰਿਹਾ. ਪਤਾ ਲੱਗਣ ਤੋਂ ਗੁਰੂ ਸਾਹਿਬ ਨੇ ਉਸ ਥਾਂ ਤੋਂ ਬੁਲਾਇਆ। ੨. ਦੇਖੋ, ਬੁੱਢਾ ਬਾਬਾ.

---

[570] ਪੁਰਾਣੀ ਜਨਮਸਾਖੀ ਵਿੱਚ ਝੰਡੇ ਨੂੰ ਬੁਸ਼ਹਰ ਦਾ ਨਿਵਾਸੀ ਲਿਖਿਆ ਹੈ. ਕੋਈ ਅਚਰਜ ਨਹੀਂ ਕਿ ਇਹ ਬੁਸ਼ਹਿਰ ਤੋਂ ਫੇਰ ਸਿਆਣੇ ਆ ਵਸਿਆ ਹੋਵੇ.

ਝੰਡੇਆਣਾ: ਇਹ ਪਿੰਡ ਜ਼ਿਲਾ ਫ਼ਿਰੋਜ਼ਪੁਰ, ਤਸੀਲ ਥਾਣਾ ਮੋਗਾ ਵਿੱਚ ਹੈ. ਰੇਲਵੇ ਸਟੇਸ਼ਨ 'ਤਲਵੰਡੀ' ਤੋਂ ਦੋ ਮੀਲ ਦੇ ਕ਼ਰੀਬ ਪੱਛਮ ਹੈ. ਇਸ ਪਿੰਡ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ.

ਝੰਪ: ਸੰ. ਸੰਗਯਾ- ਕੁਦਾੜੀ. ਛਾਲ. ਉਛਲਣ ਦੀ ਕ੍ਰਿਯਾ.

ਝੰਪਾਨ: ਸੰ. ਸੰਗਯਾ- ਝੰਪ- ਯਾਨ. ਉਛਲਕੇ ਜਾਣ ਵਾਲੀ ਸਵਾਰੀ. ਇੱਕ ਪ੍ਰਕਾਰ ਦੀ ਪਾਲਕੀ, ਜੋ ਬਹੁਤ ਕਰਕੇ ਪਹਾੜ ਵਿੱਚ ਵਰਤੀ ਜਾਂਦੀ ਹੈ.

ਝੰਬਣਾ: ਕ੍ਰਿ- ਝਾੜਨਾ. ਫਟਕਾਰਨਾ. ਛਟੀ ਨਾਲ ਕਪਾਹ ਆਦਿ ਵਿੱਚੋਂ ਗਰਦ ਅਤੇ ਫੂਸ ਨਿਖੇਰਨਾ.

ਞ: ਪੰਜਾਬੀ ਵਰਣਮਾਲਾ ਦਾ ਪੰਦ੍ਰਵਾਂ ਅੱਖਰ. ਇਸ ਦੇ ਉੱਚਾਰਣ ਦਾ ਅਸਥਾਨ ਤਾਲੂ ਅਤੇ ਨਾਸਿਕਾ ਹੈ। ੨. ਸੰ. ਸੰਗਯਾ- ਬੈਲ। ੩. ਗਾਯਨ. ਗਾਉਣਾ। ੪. ਘੁਰ ਘੁਰ ਸ਼ਬਦ. ਘੁਰਘੁਰਾਹਟ। ੫. ਤਿਰਛੀ ਚਾਲ। ੬. ਦੈਤਾਂ ਦਾ ਗੁਰੂ ਸ਼ੁਕ੍ਰ.

ਞਉ: ਜਉ ਦਾ ਰੂਪਾਂਤਰ. ਦੇਖੋ, ਜਉ. ਜਬ. ਜੌ. ਜਦ.

ਞਕਾਰ, ਞਞਾ: ਦੇਖੋ, ਞੰਞਾ.

ਞਤਨ: ਸੰਗਯਾ- ਜਤਨ (ਯਤ੍ਨ). ਉਪਾਯ. "ਞਤਨ ਕਰਹੁ ਤੁਮ ਅਨਿਕ ਬਿਧਿ." (ਬਾਵਨ)

ਞਾਹੂ: ਸਰਵ- ਉਸ ਨੇ. ਜਿਸ ਨੇ. "ਞਾਹੂ ਕੀਓ ਸੰਜੋਗ." (ਬਾਵਨ) ੨. ਇਸ ਹੀ.

ਞਾਕੈ: ਸਰਵ- ਜਿਸ ਦੇ. ਜਾਂਕੈ. "ਞਾਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ." (ਬਾਵਨ)

ਞਾਣ: ਸੰਗਯਾ- ਗਯਾਨ (ज्ञान )

ਞਾਣਹੁ: ਜਾਣੋ. ਸਮਝੋ. "ਞੰਞਾ ਞਾਣਹੁ ਦ੍ਰਿੜ ਸਹੀ." (ਬਾਵਨ)

ਞਾਣਤ: ਜਾਣਤ. ਸਮਝਤ. "ਞਾਣਤ ਸੋਈ ਸੰਤ." (ਬਾਵਨ)

ਞਾਣੋ: ਜਾਣੋ. ਸਮਝੋ.

ਞਾਨ, ਞਿਆਨ: ਸੰਗਯਾ- ਗਯਾਨ (ज्ञान). "ਞਿਆਨੋ ਬੋਲੈ ਆਪੇ ਬੂਝੈ." (ਓਅੰਕਾਰ)

ਞਿਕ: ਇੱਕ. ਏਕ. "ਞਿਕਸਤੁਆ ਅਨੇਕੰ." (ਗਯਾਨ) ਤੂੰ ਇੱਕ ਹੈਂ ਅਤੇ ਅਨੇਕ ਹੈਂ.

ਞੋ: ਦੇਖੋ, ਜੋ "ਞੋ ਪੇਖਉ ਸੋ ਬਿਨਸਤਉ." (ਬਾਵਨ)

ਞੰਞਾ: ਞ ਅੱਖਰ. "ਞੰਞਾ ਞਾਣਹੁ ਦ੍ਰਿੜ ਸਹੀ." (ਬਾਵਨ) ੨. ਞ ਅੱਖਰ ਦਾ ਉੱਚਾਰਣ. ਞਕਾਰ.

ਟ: ਪੰਜਾਬੀ ਵਰਣਮਾਲਾ ਦਾ ਸੋਲਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਮੂਧੰਾ (ਮੂੰਹ ਦੀ ਛੱਤ) ਹੈ। ੨. ਸੰ. ਸੰਗਯਾ- ਧਨੁਖ ਦਾ ਟੰਕਾਰ। ੩. ਪੈਰ. ਪਾਦ। ੪. ਨਾਰਿਯਲ (ਨਰੇਲ) ਦਾ ਖੋਪਰ। ੫. ਵਾਮਨ. ਬਾਉਂਨਾ। ੬. ਸ਼ਿਵ। ੭. ਚੰਦ੍ਰਮਾ। ੮. ਬੁਢੇਪਾ. ਜਰਾ.

ਟਉਨਾ: ਸੰਗਯਾ- ਟੂਣਾ. ਜੰਤ੍ਰ. ਯੰਤ੍ਰ.

ਟਸਕ: ਸੰਗਯਾ- ਚੁਭਵੀਂ ਪੀੜ. ਚਸਕ. "ਟਸਕਯੋ ਨ ਹਿਯੋ ਕਸਕਯੋ ਨ ਕਸਾਈ." (ਕ੍ਰਿਸਨਾਵ) ੨. ਡਿੰਗ. ਅਹੰਕਾਰ. ਘਮੰਡ

ਟਸਰ: ਸੰਗਯਾ- ਮੋਟਾ ਰੇਸ਼ਮ। ੨. ਮੋਟੇ ਰੇਸ਼ਮ ਦਾ ਵਸਤ੍ਰ. ਬੰਗਾਲ ਦੇ ਜੰਗਲਾਂ ਵਿੱਚ ਟਸਰ ਦੇ ਕੀੜੇ ਰੇਸ਼ਮ ਦੇ ਕੀੜਿਆਂ ਵਾਂਙ ਪਾਲੇ ਜਾਂਦੇ ਹਨ, ਜਿਨ੍ਹਾਂ ਦੇ ਮੁਖ ਤੋਂ ਨਿਕਲਿਆ ਹੋਇਆ ਤੰਤੁ ਮੋਟਾ ਰੇਸ਼ਮ ਹੈ। ੩. ਰੂਸ ਦੇ ਬਾਦਸ਼ਾਹ ਦਾ ਲਕ਼ਬ. Tsar.

ਦੇਖੋ, ਜਾਰ ਨੰ: ੧੧.

ਟਹਕਣਾ, ਟਹਕਨਾ: ਕ੍ਰਿ- ਖਿੜਨਾ. ਪ੍ਰਫੁੱਲਿਤ ਹੋਣਾ. "ਧੰਨੁ ਅਨਾਦਿ ਭੂਖੇ ਕਵਲ ਟਹਕੇਵ." (ਗੌਂਡ ਕਬੀਰ) "ਸੀਚਯੋ ਜਲ ਕਿੰਹ ਆਨਕੈ ਇਹ ਬਿਧਿ ਟਹਕਾਯੋ." (ਗੁਪ੍ਰਸੂ)

ਟਹਣਾ, ਟਹਣੀ, ਟਹਨਾ, ਟਹਨੀ: ਸੰਗਯਾ- ਕਾਂਡ, ਟਾਂਸ. ਬਿਰਛ ਦੀ ਮੋਟੀ ਅਤੇ ਪਤਲੀ ਸ਼ਾਖਾ. ਟਾਹਣਾ. ਟਾਹਣੀ. "ਉਤਰਯੋ ਤਰੇ ਛੋਰਕਰ ਟਹਣੇ." (ਨਾਪ੍ਰ) "ਇਕ ਟਹਨੋ ਪ੍ਰਭੁ ਕੀ ਦਿਸਾ, ਇਕ ਸਿੱਧਨ ਦਿਸਿ ਆਹਿ." (ਨਾਪ੍ਰ)

ਟਹਲ: ਸੰਗਯਾ- ਸੇਵਾ. "ਟਹਲ ਕਰਉ ਤਉ ਏਕ ਕੀ." (ਬਾਵਨ)

ਟਹਲਨਾ: ਕ੍ਰਿ- ਹੌਲੀ ਹੌਲੀ ਚਲਣਾ. ਮੰਦਗਤਿ ਨਾਲ ਫਿਰਨਾ.

ਟਹਲਾਉਣਾ: ਦੇਖੋ, ਟਹਲਾਨਾ.

ਟਹਲਾਇਓ: ਦੇਖੋ, ਟਹਿਲਾਇਓ। ੨. ਦੇਖੋ, ਟਹਲਾਨਾ.

ਟਹਲਾਨਾ: ਹੌਲੀ ਹੌਲੀ ਫੇਰਨਾ. ਮੰਦਗਤਿ ਨਾਲ ਤੋਰਨਾ.

ਟਹਲਾਵਾ: ਕ੍ਰਿ. ਵਿ- ਟਹਲ (ਸੇਵਾ) ਕਰਕੇ. "ਹਸਤ ਪੁਨੀਤ ਟਹਲਾਵਾ." (ਸਾਰ ਮਃ ੫) ੨. ਵਿ- ਟਹ- ਲਾਂਉਣ ਵਾਲਾ. ਹੌਲੀ ਹੌਲੀ ਫੇਰਨ ਵਾਲਾ.

ਟਹਲੂਆ: ਸੰਗਯਾ- ਟਹਿਲ ਕਰਨ ਵਾਲਾ. ਖ਼ਿਦਮਤਗਾਰ. ਸੇਵਕ.

ਟਹਿਕਣਾ: ਦੇਖੋ, ਟਹਕਣਾ.

ਟਹਿਲ: ਦੇਖੋ, ਟਹਲ.

ਟਹਿਲਣਾ: ਦੇਖੋ, ਟਹਲਨਾ.

ਟਹਿਲਨ: ਟਹਲ (ਸੇਵਾ) ਕਰਨਵਾਲੀ. ਦਾਸੀ। ੨. ਦੇਖੋ, ਟਹਲਨਾ.

ਟਹਿਲਪੁਰਾ: ਰਿਆਸਤ ਪਟਿਆਲਾ, ਤਸੀਲ ਸਰਹਿੰਦ, ਥਾਣਾ ਮੂਲੇਪੁਰ ਦਾ ਇੱਕ ਪਿੰਡ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਵਿਰਾਜੇ ਹਨ. ਇਸ ਪਿੰਡ ਦੀ ਆਬਾਦੀ ਸੰਮਤ ੧੯੮੭ ਵਿੱਚ ਹੋਈ ਹੈ. ਗੁਰੂ ਸਾਹਿਬ ਜਦ ਇੱਥੇ ਆਏ ਹਨ ਤਦ ਗ੍ਰਾਮ ਨਹੀਂ ਸੀ. ਜਿਸ ਪਿੱਪਲ ਹੇਠ ਗੁਰੂ ਜੀ ਬੈਠੇ ਹਨ ਉਹ ਮੌਜੂਦ ਹੈ. ਰਿਆਸਤ ਪਟਿਆਲੇ ਨੇ ਗੁਰਦੁਆਰਾ ਬਣਵਾਇਆ ਹੈ ਅਤੇ ਚਾਲੀ ਰੁਪਯੇ ਸਾਲਾਨਾ ਮਿਲਦੇ ਹਨ. ਰੇਲਵੇ ਸਟੇਸ਼ਨ ਕੌਲੀ ਤੋਂ ਇਹ ਚਾਰ ਮੀਲ ਅਗਨਿ ਕੋਣ ਹੈ.

ਟਹਿਲਾ: ਸੰਗਯਾ- ਹਰੀਰਾ. ਕਣਕ ਅਤੇ ਕੱਦੂ ਆਦਿ ਦੇ ਬੀਜਾਂ ਦਾ ਦੁੱਧ ਕੱਢਕੇ ਦਵਾਈਆਂ ਦੇ ਮੇਲ ਤੋਂ ਬਣਾਇਆ ਅਮ੍ਰਿਤੀ ਜੇਹਾ ਪਤਲਾ ਭੋਜਨ, ਜੋ ਦਿਮਾਗ ਦੀ ਪੁਸ਼੍ਟੀ ਲਈ ਵਰਤੀਦਾ ਹੈ। ੨. ਕ਼ਾ- ਟਹਿਲ ਦਾ ਪੁਲਿੰਗ. ਸੇਵਾ.

ਟਹਿਲਾਇਓ: ਟਹਲ- ਲਾਇਓ. "ਸੰਤਨ ਟਹਿਲਾਇਓ." (ਗਉ ਮਃ ੫) ੨. ਦੇਖੋ, ਟਹਲਾਨਾ.

ਟਕ: ਸੰਗਯਾ- ਸੁਭਾਉ. ਖ਼ੋ. ਆ਼ਦਤ. "ਸੁਨ ਨ੍ਰਿਪ ਬਰ, ਇਕ ਟਕ ਮੁਹਿ ਪਰੀ." (ਚਰਿਤ੍ਰ ੩੩) ੨. ਸਿਥਰ- ਦ੍ਰਿਸ਼੍ਟਿ. ਗਡੀ ਹੋਈ ਨਜਰ. "ਧਰ ਧਰ ਇਕ ਟਕ ਦਰਸਤੇ ਚਹੁੰ ਦਿਸਿ ਬਡ ਭੀਰੰ." (ਗੁਪ੍ਰਸੂ) ੩. ਦੇਖੋ, ਟੱਕ। ੪. ਦੇਖੋ, ਟਕਾ.

ਟਕਸਾਲ: ਸੰ. टङ्कशाला ਟੰਕਕਸ਼ਾਲਾ. ਸੰਗਯਾ- ਟਕੇ ਬਣਾਉਣ ਦਾ ਘਰ. ਜਿੱਥੇ ਰੁਪਯਾ ਆਦਿ ਸਿੱਕੇ ਬਣਾਏ ਜਾਣ, ਉਹ ਮਕਾਨ. [1] Mint. "ਘੜੀਐ ਸਬਦੁ ਸਚੀ ਟਕਸਾਲ." (ਜਪੁ) ੨. ਭਾਵ- ਸਤਸੰਗ। ੩. ਉੱਤਮ ਸਿਖ੍ਯਾ ਦੇਣ ਵਾਲੀ ਪਾਠਸ਼ਾਲਾ.

ਟਕਸਾਲਿ: ਟਕਸਾਲ ਵਿੱਚ.

ਟਕਸਾਲੀ, ਟਕਸਾਲੀਆ: ਟਕਸਾਲ ਨਾਲ ਹੈ ਜਿਸ ਦਾ ਸੰਬੰਧ। ੨. ਉੱਤਮਅਸਥਾਨ ਰਹਿਕੇ ਜਿਸ ਨੇ ਵਿਦਯਾ ਅਤੇ ਰਹਿਣੀ ਸਿੱਖੀ ਹੈ.

ਟਕਟਕੀ: ਸੰਗਯਾ- ਸ੍ਥਿਰਦ੍ਰਿਸ਼੍ਟਿ.

ਟਕਟੈਂਸ: ਸੰਗਯਾ- ਬਕਬਾਦ. ਕੰਨਾਂ ਨੂੰ ਦੁਖਦਾਈ ਧੁਨਿ.

ਟਕਟੋਹਨਾ: ਕ੍ਰਿ- ਤ੍ਰੁਕ- ਤੋਲਨ. ਟਕਟੋਲਨਾ. ਹੱਥ ਨਾਲ ਛੁਹਿਕੇ ਪਤਾ ਲਗਾਉਣਾ, ਢੂੰਡਣਾ. ਟਟੋਲਣਾ.

ਟਕਟੋਲਨਾ: ਦੇਖੋ, ਟਕਟੋਹਨਾ. "ਕਾਗ ਸੁ ਚੋਂਚਨ ਸੋਂ ਟਕਟੋਲਤ." (ਕ੍ਰਿਸਨਾਵ)

ਟਕਰਾਉਣਾ: ਕ੍ਰਿ- ਕਿਸੇ ਵਸਤੁ ਨਾਲ ਭਿੜਨਾ. ਟੱਕਰ ਲਗਾਉਣਾ. ਪਰਸਪਰ ਦੋ ਵਸਤੂਆਂ ਦਾ ਠੋਕਰ ਖਾਣਾ.

ਟਕਵਾ: ਸੰਗਯਾ- ਟਕ. ਟਕਟਕੀ. ਲਗਤਾਰ ਟਿਕੀ ਹੋਈ ਨਜਰ. "ਆਂਖਨ ਸਾਥ ਲਗੈ ਟਕਵਾ." (ਕ੍ਰਿਸਨਾਵ) ੨. ਦੇਖੋ, ਟਾਕੂਆ.

ਟਕਾ: ਸੰਗਯਾ- ਸੰ. ਟੰਕਕ. ਚਾਂਦੀ ਦਾ ਇੱਕ ਪੁਰਾਣਾ ਸਿੱਕਾ. ਰੁਪਯਾ. "ਲਖ ਟਕਿਆਂ ਕੇ ਮੁੰਦੜੇ ਲਖ ਟਕਿਆਂ ਕੇ ਹਾਰ." (ਵਾਰ ਆਸਾ) "ਮਨ ਦਸ ਨਾਜੁ ਟਕਾ ਚਾਰ ਗਾਂਠੀ." (ਸਾਰ ਕਬੀਰ) ੨. ਪੈਸਾ. ੧੪੫ ਵੇਂ ਚਰਿਤ੍ਰ ਵਿੱਚ ਦਸ ਲਾਖ ਟਕਾ, ਪੰਜ ਹਜ਼ਾਰ ਅਸ਼ਰਫ਼ੀ ਦੇ ਬਰਾਬਰ ਲਿਖਿਆ ਹੈ। ੩. ਦੋ ਪੈਸੇ. ਅੱਧਾ ਆਨਾ। ੪. ਧਨ. ਦੌਲਤ.

ਕਰੈ ਕੁਲਾਹਲ ਟਕਾ, ਟਕਾ ਮਿਰਦੰਗ ਬਜਾਵੈ,

ਟਕਾ ਚਢੈ ਸੁਖਪਾਲ, ਟਕਾ ਸਿਰ ਛਤ੍ਰ ਧਰਾਵੈ,

ਟਕਾ ਮਾਇ ਅਰੁ ਬਾਪੁ, ਟਕਾ ਭੈਯਨ ਕੋ ਭੈਯਾ,

ਟਕਾ ਸਾਸੁ ਅਰ ਸਸੁਰ, ਟਕਾ ਸਿਰ ਲਾਡ ਲਡੈਯਾ,

ਏਕ ਟਕੇ ਬਿਨ ਟੁਕਟੁਕਾ ਹੋਤ ਰਹਿਤ ਹੈ ਰਾਤ ਦਿਨ,

"ਬੈਤਾਲ" ਕਹੈ ਬਿਕ੍ਰਮ ਸੁਨੋ

ਇਕ ਜੀਵਨ ਇਕ ਟਕੇ ਬਿਨ.

੫. ਸਵਾ ਸੇਰ ਦੇ ਬਰਾਬਰ ਇੱਕ ਤੋਲ, ਜੋ ਗੜ੍ਹਵਾਲ ਵਿੱਚ ਪ੍ਰਚਲਿਤ ਹੈ.

ਟਕਾਈ: ਸੰਗਯਾ- ਟੱਕਣ ਦੀ ਕ੍ਰਿਯਾ. ਨਿਹਾਨੀ ਨਾਲ ਲਕੜੀ ਤੇ ਚਿੱਤਣ ਦੀ ਕ੍ਰਿਯਾ। ੨. ਟਕਾਈ ਦੀ ਉਜਾਤ.

ਟਕੂਆ: ਵਿ- ਟੱਕਣ ਵਾਲਾ। ੨. ਸੰਗਯਾ- ਤਖਾਣ। ੩. ਟਾਕੂਆ. ਛੋਟਾ ਕੁਹਾੜਾ. ਸਫਾਜੰਗ.

ਟਕੋਰ: ਸੰਗਯਾ- ਹਲਕੀ ਸੱਟ. ਟੰਕੋਰ। ੨. ਨਗਾਰੇ ਪੁਰ ਚੋਬ ਦੀ ਸੱਟ। ੩. ਧਨੁਖ ਦਾ ਚਿੱਲਾ ਖਿੱਚਣ ਤੋਂ ਪੈਦਾ ਹੋਇਆ ਸ਼ਬਦ। ੪. ਸੋਜ ਜਾਂ ਪੀੜ ਦੀ ਥਾਂ ਤੇ ਗਰਮ ਰੇਤਾ ਇੱਟ ਜਲ ਆਦਿ ਦਾ ਸੇਕ.

ਟਕੋਰਾ: ਵਿ- ਟਕੋਰ ਕਰਨ ਵਾਲਾ। ੫. ਸੰਗਯਾ- ਤਖਾਣਾ ਸੰਦ, ਜਿਸ ਨਾਲ ਆਰੀ ਦੇ ਦੰਦੇ ਤਿੱਖੇ ਕਰੀਦੇ ਹਨ। ੩. ਚੱਕੀਰਾਹਾ ਪੰਛੀ। ੪. ਕਠਫੋੜਾ ਪੰਛੀ.

ਟੱਕ: ਸੰਗਯਾ- ਕੁਹਾੜੇ ਕਹੀ ਆਦਿ ਦੇ ਪ੍ਰਹਾਰ ਤੋਂ ਹੋਇਆ ਨਿਸ਼ਾਨ। ੨. ਸੰ. ਚਨਾਬ ਅਤੇ ਬਿਆਸ ਦੇ ਮੱਧ ਦਾ ਦੇਸ਼.

ਟੱਕਰ: ਸੰਗਯਾ- ਦੋ ਵਸਤੂਆਂ ਦੇ ਜ਼ੋਰ ਨਾਲ ਭਿੜਨ ਦਾ ਧੱਕਾ। ੨. ਮੀਢੇ (ਛੱਤਰੇ) ਝੋਟੇ ਆਦਿ ਦੇ ਸਿਰ ਦਾ ਧੱਕਾ.

ਟੱਕ ਲਾਉਣਾ: ਕ੍ਰਿ- ਕਿਸੇ ਮਕਾਨ ਅਥਵਾ ਗ੍ਰਾਮ ਵਸਾਉਣ ਲਈ ਆਪਣੇ ਇਸ਼੍ਟ ਦਾ ਆਰਾਧਨ ਕਰਕੇ ਕਹੀ ਨਾਲ ਪਹਿਲਾ ਟੱਕ ਲਗਾਉਣਾ. "ਟੱਕ ਲਗਾਵਨ ਆਯਸ ਦਏ." (ਗੁਪ੍ਰਸੂ)

ਟਗਣ: ਇੱਕ ਮਾਤ੍ਰਿਕ ਗਣ, ਜਿਸ ਦੀਆਂ ਛੀ ਮਾਤ੍ਰਾ ਹੁੰਦੀਆਂ ਹਨ. ਇਸ ਦੇ ਇਤਨੇ ਰੂਪ ਹਨ:-

SSS, IISS, ISIS, SIIS, IIIIS, ISSI, SISI, IIISI, SSII, IISII, ISIII, SIIII, IIIIII.

ਟਗਰੀ, ਟੰਗਰੀ: ਸੰਗਯਾ- ਟੰਗੜੀ. ਲੱਤ. "ਲੈ ਕਰਿ ਠੇਗਾ ਟਗਰੀ ਤੋਰੀ." (ਗੌਂਡ ਨਾਮਦੇਵ) ਦੇਖੋ, ਲੋਧਾ.

ਟਟਰ: ਮੁਲ. ਸੰਗਯਾ- ਕੜਾਹਾ। ੨. ਫੂਸ ਦਾ ਫਿੜਕਾ. ਫੂਸ ਦੀ ਕੰਧ। ੩. ਸਿਰ ਦੀ ਖੋਪਰੀ ਦਾ ਉੱਪਰਲਾ ਭਾਗ. ਟੋਟਣ। ੪. ਲੋਹੇ ਦਾ ਟੋਪ, ਜੋ ਸੰਜੋ ਨਾਲ ਪਹਿਰੀਦਾ ਹੈ. "ਕਟੇ ਟਟਰੰ." (ਕਲਕੀ)

ਟਟਰਿ: ਕੜਾਹੇ ਵਿੱਚ. ਦੇਖੋ, ਟਟਰ ੧. "ਰਸੁ ਕਸੁ ਟਟਰਿ ਪਾਈਐ." (ਵਾਰ ਮਾਝ ਮਃ ੧)

ਟਟਰੀ: ਸੰਗਯਾ- ਖੋਪਰੀ. ਸਿਰ ਦੀ ਖੋਪਰੀ ਦਾ ਉੱਪਰਲਾ ਭਾਗ। ੨. ਗੰਜ.

ਟਟਾ: ਟ ਅੱਖਰ. "ਟਟਾ ਬਿਕਟ ਘਾਟਿ ਘਟ ਮਾਹੀ." (ਗਉ ਬਾਵਨ ਕਬੀਰ) ੨. ਟ ਅੱਖਰ ਦਾ ਉੱਚਾਰਣ। ੩. ਫ਼ੋਤਾ. ਅੰਡਕੋਸ਼.

ਟਟਿਯਾ, ਟਟੀਆ: ਦੇਖੋ, ਟੱਟੀ.

ਟਟੀਹਰੀ: ਸੰ. ਟਿੱਟਿਭੀ. ਸੰਗਯਾ- ਪਾਣੀ ਦੇ ਕਿਨਾਰੇ ਰਹਿਣ ਵਾਲੀ ਇੱਕ ਛੋਟੀ ਚਿੜੀ, ਜਿਸ ਦੀਆਂ ਲੱਤਾਂ ਲੰਮੀਆਂ ਹੁੰਦੀਆਂ ਹਨ. ਲੋਕਾਂ ਦੀ ਅਖਾਉਤ ਹੈ ਕਿ ਟਟੀਹਰੀ ਰਾਤ ਨੂੰ ਲੱਤਾਂ ਆਕਾਸ਼ ਵੱਲ ਕਰਕੇ ਸੌਂਦੀ ਹੈ ਕਿ ਕਿਤੇ ਆਕਾਸ਼ਮੰਡਲ ਡਿਗ ਨਾ ਪਵੇ. ਇਹ ਦ੍ਰਿਸ਼੍ਟਾਂਤ ਉਸ ਆਦਮੀ ਲਈ ਵਰਤਿਆ ਜਾਂਦਾ ਹੈ, ਜੋ ਅਸਮਰਥ ਹੋਣ ਪੁਰ ਭੀ ਆਖੇ ਕਿ ਅਮੁਕਾ ਵਡਾ ਕੰਮ ਮੈਥੋਂ ਬਿਨਾ ਨਹੀਂ ਹੋ ਸਕਦਾ.

ਟਟਹਿਰੀ ਸ਼ੇਖ਼: ਜਨਮਸਾਖੀ ਵਿਚ ਪਾਨੀਪਤਨਿਵਾਸੀ ਸ਼ੇਖ਼ ਤ਼ਾਹਿਰ ਨੂੰ ਟਟੀਹਰੀ ਸ਼ੇਖ ਲਿਖਿਆ ਹੈ. ਦੇਖੋ, ਪਾਨੀਪਤ.

ਟਟੀਰੀ: ਦੇਖੋ, ਟਟੀਹਰੀ.

ਟਟੂਆ: ਸੰਗਯਾ- ਛੋਟਾ ਟੱਟੂ. ਟੈਰਾ.

ਟਟੋਰਨਾ, ਟਟੋਲਨਾ: ਕ੍ਰਿ- ਦੇਖੋ, ਟਕਟੋਹਨਾ.

ਟੱਟੀ: ਸੰਗਯਾ- ਖ਼ਸ ਬਾਂਸ ਅਥਵਾ ਸਰਕੁੜੇ ਆਦਿ ਦੀ ਕੰਧ, ਅਥਵਾ ਪੜਦਾ. ਟਟਿਯਾ। ੨. ਪਾਖ਼ਾਨੇ ਬੈਠਣ ਲਈ ਕੀਤੀ ਹੋਈ ਓਟ। ੩. ਮੁਹਾਵਰੇ ਵਿੱਚ ਪਾਖਾਨੇ (ਵਿਸ਼੍ਟਾ) ਨੂੰ ਭੀ ਟੱਟੀ ਆਖ ਦਿੰਦੇ ਹਨ.

ਟੱਟੂ: ਸੰਗਯਾ- ਛੋਟਾ ਘੋੜਾ. ਟੈਰਾ. ਟਟੂਆ.

ਟਣਾਣਾ, ਟਣਾਨਾ: ਸੰਗਯਾ- ਪਟਬੀਜਨਾ. ਖਦਯੋਤ. ਜੁਗਨੂ. "ਸੂਰਜ ਜੋਤਿ ਨ ਹੋਇ ਟਣਾਣੈ." (ਭਾਗੁ) ਦੇਖੋ, ਖਦਯੋਤ ਅਤੇ ਜੁਗਨੂ.

ਟਨ: ਅਨੁ. ਟਨ ਟਨ ਸ਼ਬਦ. ਘੰਟੇ ਆਦਿ ਦੀ ਧੁਨਿ। ੨. ਅੰ. Ton. ਅਠਾਈ ਮਣ ਪੱਕਾ ਤੋਲ.

ਟਨਾਣਾ: ਦੇਖੋ, ਟਣਾਣਾ, ਖਦਯੋਤ ਅਤੇ ਜੁਗਨੂ.

ਟਪਕਣਾ: ਕ੍ਰਿ- ਤੋਯਕਣ ਦਾ ਗਿਰਨਾ. ਚੁਇਣਾ. ਤ੍ਰੁਪਕਣਾ। ੨. ਫਲ ਦਾ ਸ਼ਾਖਾ ਤੋਂ ਪੱਕਕੇ ਡਿਗਣਾ.

ਟਪਣਾ: ਕ੍ਰਿ- ਟਪੂਸੀ ਮਾਰਨੀ. ਉਛਲਣਾ. ਕੁੱਦਣਾ. "ਨਚਿ ਨਚਿ ਟਪਹਿ ਬਹੁਤ ਦੁਖ ਪਾਵਹਿ." (ਗਉ ਮਃ ੩)

ਟਪਾਉਣਾ: ਕ੍ਰਿ- ਕੁਦਾਉਣਾ। ੨. ਲੰਘਾਉਂਣਾ. ਗੁਜ਼ਾਰਨਾ. ਵਿਤਾਉਂਣਾ.

ਟਪਿ: ਟੱਪਕੇ.

ਟੱਪਾ: ਸੰਗਯਾ- ਟਪੂਸੀ. ਛਾਲ। ੨. ਗੀਤ ਦੀ ਤੁਕ।੩ ਵਿੱਥ. ਅੰਤਰ.

ਟਬਰ: ਸੰਗਯਾ- ਕੁਟੰਬ. ਪਰਿਵਾਰ. ਟੱਬਰ. "ਟਬਰ ਰੋਵਨਿ ਧਾਹੀ." (ਵਾਰ ਮਾਝ ਮਃ ੧) ੨. ਡਿੰਗ. ਟਾਬਰ. ਬਾਲਕ. ਸੰਤਾਨ. ਔਲਾਦ.

ਟਮਕ: ਦੇਖੋ, ਟੰਮਕ। ੨. ਚਮਕ. ਮੱਧਮ ਪ੍ਰਕਾਸ਼. ਰੁਕ ਰੁਕਕੇ ਚਮਕ ਦਾ ਹੋਣਾ.

ਟਰ: ਸੰਗਯਾ- ਡੱਡੂ ਆਦਿ ਦੀ ਟੈਂ ਟੈਂ ਧੁਨਿ। ੨. ਕੰਨਾਂ ਨੂੰ ਨਾ ਭਾਉਣ ਵਾਲੀ ਧੁਨਿ. ਕਰਣਕਟੁ ਵਾਕ੍ਯ। ੩. ਦੇਖੋ, ਟਰਨਾ.

ਟਰਹੁ: ਹਟੋ. ਦੂਰ ਹੋਵੋ। ੨. ਟਾਰੋ. ਹਟਾਓ. ਦੂਰ ਕਰੋ. "ਦੁਬਿਧਾ ਦੂਰਿ ਟਰਹੁ." (ਬਿਲਾ ਮਃ ੫)

ਟਰਕਣਾ, ਟਰਕਨਾ: ਕ੍ਰਿ- ਜਗਾ ਤੋਂ ਖਿਸਕਣਾ. ਟਰਨਾ. ਗਿਰਨਾ. "ਗਏ ਠਿਕਾਨੇ ਟਰਕ." (ਗੁਪ੍ਰਸੂ) ੨. ਟਰ ਟਰ ਕਰਨਾ.

ਟਰਨਾ: ਕ੍ਰਿ- ਟਲਨਾ. ਹਟਣਾ. ਖਿਸਕਣਾ. "ਪ੍ਰਿਥਮੇ ਗਰਭਵਾਸ ਤੇ ਟਰਿਆ." (ਗਉ ਅਃ ਮਃ ੫)

ਟਰਿ: ਟਲਕੇ. ਹਟਕੇ। ੨. ਤੁਰਕੇ. ਵਧਕੇ. "ਆਗੇ ਟਰਿ ਤਾਂਕੋ ਤਿਨ ਲੀਨਾ." (ਚਰਿਤ੍ਰ ੨੧)

ਟਲ: ਸੰ. ਟਲ੍. ਧਾ- ਵ੍ਯਾਕੁਲ ਹੋਣਾ. ਘਬਰਾਉਣਾ. ਖੋਭ ਕਰਨਾ। ੨. ਦੇਖੋ, ਟਲਣਾ. ੩. ਗੁਰਯਸ਼ ਕਰਤਾ ਇੱਕ ਭੱਟ. "ਸੁਕਹੁ ਟਲ ਗੁਰੁ ਸੇਵੀਐ." (ਸਵੈਯੇ ਮਃ ੨. ਕੇ)

ਟਲਨਾ: ਕ੍ਰਿ- ਖਿਸਕਣਾ. ਸਰਕਣਾ। ੨. ਹਟਣਾ. "ਟਲਹਿ ਜਾਮ ਕੇ ਦੂਤ." (ਬਾਵਨ)

ਟਲਪਲੈ: ਟਲਪੈਂਦਾ ਹੈ. ਟਲਪੜਤਾ ਹੈ. ਟਲਜਾਂਦਾ ਹੈ. "ਇਸੁ ਲੋਭੀ ਕਾ ਜੀਉ ਟਲਪਲੈ." (ਸ੍ਰੀ ਮਃ ੧)

ਟਲਾਧਾ: ਵਿ- ਟਲਿਆ ਹੋਇਆ. ਵਰਜਿਆ. ਹਟਾਇਆ. "ਟਲੈ ਨ ਟਲਾਧਾ." (ਵਾਰ ਮਾਰੂ ੨. ਮਃ ੫)

ਟਲੁ: ਗੁਰਯਸ਼ ਕਰਤਾ ਇੱਕ ਭੱਟ. ਇਹ ਟਲ ੩. ਦਾ ਹੀ ਰੂਪਾਂਤਰ ਹੈ.

ਟੱਲ: ਸੰਗਯਾ- ਵਡਾ ਘੰਟਾ. ਦੇਖੋ, ਘੰਟਾ ਸ਼ਬਦ.

ਟੱਲਾ: ਸੰਗਯਾ- ਫਿੰਡ ਖੇਡਣ ਦਾ ਸੋਟਾ। ੨. ਫਿੰਡ ਨੂੰ ਲਾਈ ਬੱਲੇ ਦੀ ਠੋਕਰ। ੩. ਗੇਂਦ ਦੇ ਉਛਲਣ ਦਾ ਭਾਵ.

ਟੱਲਿਕਾ, ਟੱਲੀ: ਸੰਗਯਾ- ਛੋਟਾ ਘੰਟਾ. ਸੰ. ਘੰਟਾਲੀ.

ਟਾ: ਸੰ. ਸੰਗਯਾ- ਪ੍ਰਿਥਿਵੀ. ਜ਼ਮੀਨ.

ਟਾਉਠਾ: ਤਾਪਸ੍ਥਾਨ. ਤਾਪ ਥਾਂ. ਉਹ ਥਾਂ, ਜਿੱਥੇ ਹਵਾ ਤੋਂ ਓਟ ਹੋਵੇ ਅਤੇ ਸਿੱਧੀ ਧੁੱਪ ਲੱਗੇ।

ਟਾਂਸ: ਸੰਗਯਾ- ਕਾਂਡ. ਡਾਹਣਾ. "ਜਥਾ ਬਿਰਛ ਕੇ ਸਾਖਾ ਟਾਂਸ." (ਗੁਪ੍ਰਸੂ) ਦੇਖੋ, ਸਿਫਾ। ੨. ਚੀਸ. ਚਸਕ. ਚੁਭਵੀਂ ਪੀੜ.

ਟਾਹਣਾ, ਟਾਹਣੀ: ਦੇਖੋ, ਟਹਨਾ ਅਤੇ ਟਹਨੀ.

ਟਾਹਰ: ਸੰਗਯਾ- ਟੇਰ. ਪੁਕਾਰ. ਸੱਦ। ੨. ਸੁਲਤਾਨ ਪੀਰ ਦੇ ਪੁਜਾਰੀ (ਭਿਰਾਈ) ਦਾ ਰੋਟ ਆਦਿ ਭੇਟਾ ਪੁਰ ਉੱਚੀ ਸੁਰ ਨਾਲ ਪੜ੍ਹਿਆ ਦਰੂਦ। ੩. ਗੱਪ. ਹੰਕਾਰਭਰੀ ਠੀਸ.

ਟਾਹਲਾਸਾਹਿਬ: ਪਿੰਡ ਕੁੱਬ (ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ) ਤੋਂ ਉੱਤਰ ਦਿਸ਼ਾ ਅੱਧ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕੋ ਗੁਰਦ੍ਵਾਰਾ ਹੈ. ਨੌਵੇਂ ਗੁਰੂ ਜੀ 'ਤਲਵੰਡੀ ਸਾਬੋ' ਤੋਂ ਆਏ ਇੱਥੇ ਟਾਹਲੀ ਹੇਠ ਵਿਰਾਜੇ, ਜਿਸ ਤੋਂ ਟਾਹਲਾਸਾਹਿਬ ਮਸ਼ਹੂਰ ਹੋ ਗਿਆ, ਉਹ ਬਿਰਛ ਹੁਣ ਸੁੱਕ ਗਿਆ ਹੈ.

ਫੇਰ ਦਸਮ ਪਾਤਸ਼ਾਹ ਜੀ ਦਮਦਮੇ ਸਾਹਿਬ ਨਿਵਾਸ ਰਖਦੇ ਹੋਏ ਕਈ ਵਾਰੀਂ ਸੈਰ ਅਤੇ ਸ਼ਿਕਾਰ ਲਈ ਇੱਥੇ ਆਕੇ ਠਹਿਰੇ ਹਨ.

ਦਸਮਗੁਰੂ ਜੀ ਦਾ ਮੰਦਿਰ ਬਣਿਆ ਹੋਇਆ ਹੈ. ਨੌਮੇ ਗੁਰੂ ਜੀ ਦਾ ਭੀ ਮੰਜੀ ਸਾਹਿਬ ਇੱਕ ਕੋਠੜੀ ਅੰਦਰ ਹੈ. ਗੁਰਦ੍ਵਾਰੇ ਨਾਲ ੨੫੦ ਘੁਮਾਉਂ ਜ਼ਮੀਨ ਪਟਿਆਲੇ ਵੱਲੋਂ ਹੈ. ਰੇਲਵੇ ਸਟੇਸ਼ਨ ਮੌੜ ਤੋਂ ਦੱਖਣ ਵੱਲ ਡੇਢ ਮੀਲ ਹੈ.

ਟਾਹਲੀ: ਦੇਖੋ, ਟਾਲ੍ਹੀ.

ਟਾਹਲੀਆਣਾ: ਦੇਖੋ, ਟਾਲ੍ਹੀਆਣਾ.

ਟਾਹਲੀਸਾਹਿਬ: ਦੇਖੋ, ਟਾਲ੍ਹੀਸਾਹਿਬ.

ਟਾਕ: ਸੰਗਯਾ- ਰੁਕਾਵਟ. ਰੋਕ. ਪ੍ਰਤਿਬੰਧ.

ਟਾਂਕ: ਸੰਗਯਾ- ਧਨੁਖ ਦੀ ਸ਼ਕਤਿ ਪਰਖਣ ਦਾ ਇੱਕ ਤੋਲ. ਪੱਚੀ ਸੇਰ ਪ੍ਰਮਾਣ. ਪੱਚੀ ਸੇਰ ਬੋਝ ਚਿੱਲੇ ਵਿੱਚ ਲਟਕਾਂਉਣ ਤੋਂ ਜੇ ਧਨੁਖ ਪੂਰਾ ਖਿੱਚਿਆ ਜਾਵੇ, ਅਰਥਾਤ ਤੀਰ ਚਲਾਉਣ ਦੀ ਖਿਚਾਵਟ ਠੀਕ ਆ ਜਾਵੇ, ਤਦ ਸਮਝੋ ਕਿ ਕਮਾਣ ਇੱਕ ਟਾਂਕ ਦੀ ਹੈ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਧਨੁਖ ਨੌ ਟਾਂਕ ਦਾ ਸੀ, ਜਿਸ ਨੂੰ ਹੋਰ ਕੋਈ ਯੋਧਾ ਨਹੀਂ ਖਿੱਚ ਸਕਦਾ ਸੀ. "ਕਮਠੇ ਦੋਇ ਲਹੌਰ ਕੇ ਨੌਟਾਂਕੀ ਦੀਏ." (ਪੰਪ੍ਰ) ਦੇਖੋ, ਟੰਕ ੮। ੨. ਟੰਕ ਚਾਰਮਾਸ਼ਾ ਭਰ ਤੋਲ. "ਟਾਂਕ ਤੋਲ ਤਨ ਨਾ ਰਹਜੋ." (ਚਰਿਤ੍ਰ ੯੧) ੩. ਟਕਾ. "ਦਰਬ ਲੁਟਾਯੋ ਬਾਦ ਬਹੁ ਸੁਤ ਤਿਯ ਦਿਯੋ ਨ ਟਾਂਕ." (ਨਾਪ੍ਰ) ੪. ਸੰ. ਟਾਙ੍ਕ ਇੱਕ ਪ੍ਰਕਾਰ ਦੀ ਸ਼ਰਾਬ, ਜੋ ਪੁਰਾਣੇ ਸਮੇਂ ਜੱਗ ਆਦਿ ਧਾਰਮਿਕ ਰਸਮਾਂ ਵਿੱਚ ਪੀਤੀ ਜਾਂਦੀ ਸੀ। ੫. ਦੇਖੋ, ਟਾਂਕਨਾ। ੬. ਸਰਹੱਦੀ ਇਲਾਕੇ ਡੇਰਾ ਇਸਮਾਈਲਖ਼ਾਨ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ. ਇਹ ਚਿਰ ਤੀਕ "ਕਤੀਖ਼ੈਲ" ਪਠਾਣਾ ਦੀ ਰਾਜਧਾਨੀ ਰਿਹਾ. ਇਸ ਨੂੰ ਦਿਸੰਬਰ ਸਨ ੧੮੩੬ ਵਿੱਚ ਸ਼ਾਹਜ਼ਾਦਾ ਨੌਨਿਹਾਲਸਿੰਘ ਨੇ ਫਤੇ ਕਰਕੇ ਸਿੱਖ ਰਾਜ ਨਾਲ ਮਿਲਾਇਆ.

ਟਾਕਣੀ: ਵਿ- ਟਾਕਣ (ਵਰਜਨ) ਵਾਲੀ. ਵਿਘਨਾਂ ਨੂੰ ਰੋਕਣ ਵਾਲੀ, ਦੁਰਗਾ.

ਟਾਕਨਾ: ਕ੍ਰਿ- ਰੋਕਣਾ. ਵਰਜਣਾ.

ਟਾਂਕਨਾ: (ਸੰ. ਟङ्क् ਟੰਕ. ਧਾ- ਬੰਨ੍ਹਣਾ, ਜੋੜਨਾ). ਕ੍ਰਿ- ਟਾਂਕਾ (ਤੋਪਾ) ਲਾਉਣਾ. ਗੱਠਣਾ। ੨. ਜੋੜਨਾ। ੩. ਅਫ਼ੀਮੀਆਂ ਦੀ ਬੋਲੀ ਵਿੱਚ ਨਸ਼ੇ ਦੀ ਤੋੜ ਨੂੰ ਦੂਰ ਕਰਨਾ. ਅਮਲ ਦਾ ਸਿਲਸਿਲਾ ਨਾ ਟੁੱਟਣ ਦੇਣਾ. "ਮਿਲ ਟਾਂਕ ਅਫੀਮਨ ਭਾਂਗ ਚੜ੍ਹਾਇ." (ਕ੍ਰਿਸਨਾਵ) ਦੇਖੋ, ਟਾਂਕ ੪.

ਟਾਕਰਾ: ਸੰਗਯਾ- ਭੇੜ. ਟੱਕਰ ਲਾਉਣ ਦਾ ਭਾਵ। ੨. ਸਮਤਾ. ਮੁਕਾਬਲਾ. Comparison.

ਟਾਂਕਾ: ਸੰਗਯਾ- ਤੋਪਾ। ਜੋੜ. ਗੱਠ। ੩. ਧਾਤੂ ਦੇ ਜੋੜਨ ਦਾ ਮਸਾਲਾ.

ਟਾਕਿ: ਟੱਕਕੇ। ੨. ਵਰਜਕੇ. ਰੋਕਕੇ.

ਟਾਕਿਮ: ਮੈਂ ਰੋਕਾਂ. ਮੈ ਨਿਗ੍ਰਹ ਕਰਾਂ. "ਆਜੁ ਮਿਲਾਵਾ ਸੇਖ ਫਰੀਦ, ਟਾਕਿਮ ਕੂੰਜੜੀਆਂ." (ਆਸਾ) ਜੇ ਮੈ ਮਨ ਦੀਆਂ ਵਾਸਨਾ ਰੋਕ ਲਵਾਂ, ਅੱਜ ਹੀ ਕਰਤਾਰ ਨਾਲ ਮਿਲਾਪ ਹੈ. ਗਯਾਨੀ ਕੂੰਜੜੀ ਦਾ ਅਰਥ ਇੰਦ੍ਰੀਆਂ ਭੀ ਕਰਦੇ ਹਨ.

ਟਾਕੀ: ਸੰਗਯਾ- ਲੀਰ. ਵਸਤ੍ਰ ਦਾ ਟੁਕੜਾ। ੨. ਭੱਜੇ ਪਾਟੇ ਹੋਏ ਭਾਂਡੇ ਵਸਤ੍ਰ ਨੂੰ ਲਾਇਆ ਹੋਇਆ ਗੱਠ.

ਟਾਕੂਆ: ਸੰਗਯਾ- ਟਕੂਆ. ਛੋਟਾ ਕੁਹਾੜਾ. ਸਫਾਜੰਗ.

ਟਾਕੇ: ਟੁੱਕੇ. ਵੱਢੇ. "ਕਹੂੰ ਟੀਕ ਟਾਕੇ." (ਚਰਿਤ੍ਰ ੧੨੩) ਕਿਤੇ ਟਿੱਕੇ ਵੱਢਸੁੱਟੇ.

ਟਾਂਗ: ਦੇਖੋ, ਟੰਗ ਅਤੇ ਟੰਗਣਾ.

ਟਾਂਗ ਤਰੇ: ਦੇਖੋ, ਟੰਗ ਹੇਠਦੀਂ ਲੰਘਣਾ.

ਟਾਂਗੂ: ਸੰਗਯਾ- ਬਿਰਛ ਤੇ ਜਾਂ ਉੱਚੇ ਥਾਂ ਚੜ੍ਹਾਇਆ (ਟੰਗਿਆ) ਆਦਮੀ, ਜੋ ਦੂਰੋਂ ਆਉਂਦੇ ਦੁਸ਼ਮਨ ਨੂੰ ਦੇਖਕੇ ਖ਼ਬਰ ਦੇਵੇ.

ਟਾਟ: ਸੰਗਯਾ- ਸਣ ਦਾ ਕਪੜਾ। ੨. ਤੱਪੜ। ੩. ਛੋਲੇ ਦੀ ਫਲੀ। ੪. ਚੁੱਭਵੀਂ ਪੀੜ. ਖ਼ਾਸ ਕਰਕੇ ਕੰਨ ਵਿੱਚ ਹੋਈ ਚੀਸ. ਚਸਕ। ੫. ਕੁਲ. ਗੋਤ੍ਰ.

ਟਾਂਟ: ਸੰਗਯਾ- ਖੋਪਰੀ. ਕਪਾਲ. ਟੱਟਰ.

ਟਾਟ ਪ੍ਰਹਾਸਣ, ਟਾਟ ਪ੍ਰਹਾਸਨ: ਸੰ. अट्टप्रहासिन ਅੱਟਪ੍ਰਹਾਸੀ. ਵਿ- ਉੱਚੇ ਸੁਰ ਨਾਲ ਹੈ ਜਿਸ ਦਾ ਹੱਸਣਾ. "ਟਾਟ ਪ੍ਰਹਾਸਣ ਸ੍ਰਿਸਟਿ ਨਿਵਾਸਣ." (ਅਕਾਲ)

ਟਾਟੀ: ਦੇਖੋ, ਟੱਟੀ. "ਸਭੈ ਉਡਾਨੀ ਭ੍ਰਮ ਕੀ ਟਾਟੀ." (ਗਉ ਕਬੀਰ)

ਟਾਡ: Colonel James Tod. ਇਸ ਵਿਦ੍ਵਾਨ ਦਾ ਜਨਮ ਸਨ ੧੭੮੨ਵਿੱਚ ਹੋਇਆ. ਸਨ ੧੭੯੭ ਵਿੱਚ ਈਸ੍ਟ ਇੰਡੀਆ ਕੰਪਨੀ ਦਾ ਨੌਕਰ ਬਣਕੇ ਭਾਰਤ ਪਹੁਚਿਆ. ਅਨੇਕ ਅਹੁਦਿਆਂ ਤੇ ਰਹਿਕੇ ਅੰਤ ਨੂੰ ਰਾਜਪੂਤਾਨੇ ਵਿੱਚ ਗਵਰਨਰ ਜਨਰਲ ਦਾ ਪ੍ਰਤਿਨਿਧਿ (A. G. G. ) ਬਣਿਆ. ਟਾਡ ਸਾਹਿਬ ਨੇ ਰਾਜਪੂਤਾਨੇ ਦਾ ਉੱਤਮ ਇਤਿਹਾਸ "ਰਾਜਸ੍ਥਾਨ" ਸਨ ੧੮੨੯ ਵਿੱਚ ਪ੍ਰਕਾਸ਼ਿਤ ਕੀਤਾ. ਇਸ ਨੇ ਅੰਗ੍ਰੇਜ਼ੀ ਸਰਕਾਰ ਨਾਲ ਰਾਜਪੂਤਾਨੇ ਨੇ ਰਈਸਾਂ ਦਾ ਮਿਤ੍ਰਭਾਵ ਦ੍ਰਿੜ੍ਹ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ.

ਟਾਂਡ: ਸੰਗਯਾ- ਪਰਛੱਤੀ. ਆਲੇ ਅਥਵਾ ਕੰਧ ਵਿੱਚ ਲਾਈ ਹੋਈ ਤਖ਼ਤੀ, ਜਿਸ ਪੁਰ ਸਾਮਾਨ ਰੱਖੀਦਾ ਹੈ। ੨. ਸੌਦਾ. ਵਪਾਰ. ਦੇਖੋ, ਟਾਂਡਾ. "ਇਨ ਬਿਧਿ ਟਾਂਡ ਬਿਸਾਹਿਓ." (ਗਉ ਕਬੀਰ) ੩. ਭੁਜਬੰਦ. ਅੰਗਦ. "ਟਾਂਡ ਭੁਜਾਨ." (ਕ੍ਰਿਸਨਾਵ)

ਟਾਂਡਾ: ਡਿੰਗ. ਸੰਗਯਾ- ਅੰਨ ਆਦਿ ਵਪਾਰ ਦੀ ਸਾਮਗ੍ਰੀ ਨਾਲ ਲੱਦਿਆ ਹੋਇਆ ਬੈਲਾਂ ਦਾ ਝੁੰਡ. "ਮੇਰਾ ਟਾਂਡਾ ਲਾਦਿਆ ਜਾਇ ਰੇ." (ਗਉ ਰਵਿਦਾਸ) ੨. ਵਪਾਰੀਆਂ ਦੀ ਟੋਲੀ। ੩. ਵਣਜਾਰਿਆਂ ਦੀ ਆਬਾਦੀ। ੪. ਜਵਾਰ ਅਤੇ ਮੱਕੀ ਦਾ ਕਾਂਡ. ਕਾਨਾ। ੫. ਯੂ. ਪੀ. ਦੇ ਇਲਾਕੇ ਫੈਜਾਬਾਦ ਜਿਲੇ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਗੋਗਰਾ ਨਦੀ ਦੇ ਕਿਨਾਰੇ ਆਬਾਦ ਹੈ. ਕਿਸੇ ਸਮੇਂ ਇੱਥੇ ਢਾਕੇ ਜੇਹੀ ਸੁੰਦਰ ਮਲਮਲ ਬਣਦੀ ਸੀ. ਹੁਣ ਭੀ ਇੱਥੇ ਦੀਆਂ ਛੀਟਾਂ ਅਤੇ ਜਾਮਦਾਨੀਆਂ ਬਹੁਤ ਪ੍ਰਸਿੱਧ ਹਨ। ੬. ਦੇਖੋ, ਟਾਲ੍ਹੀਸਾਹਿਬ.

ਟਾਂਡਾਉਰਮੁਰ, ਟਾਂਡਾਉੜਮੁੜ: ਟਾਂਡਾ ਅਤੇ ਉੜਮੁੜ ਦੋ ਪਿੰਡਾਂ ਦਾ ਇੱਕ ਨਾਮ ਹੋ ਗਿਆ ਹੈ. ਇਹ ਗ੍ਰਾਮ ਜਿਲਾ ਹੁਸ਼ਿਆਰਪੁਰ ਦੀ ਦਸੂਹਾ ਤਸੀਲ ਵਿੱਚ ਇੱਕ ਦੂਜੇ ਤੋਂ ਇੱਕ ਮੀਲ ਦੀ ਵਿੱਥ ਪੁਰ ਹਨ. ਹੁਣ ਜਲੰਧਰ ਮੁਕੇਰੀਆਂ ਰੇਲਵੇ ਲੈਨ ਤੇ ਟਾਂਡਾ ਉਰਮੁਰ ਸਟੇਸ਼ਨ ਹੈ. ਇਸ ਥਾਂ ਸਖੀਸਰਵਰ (ਸੁਲਤਾਨ ਪੀਰ) ਦਾ ਪ੍ਰਸਿੱਧ ਅਸਥਾਨ ਹੈ, ਜਿਸ ਨੂੰ ਸੁਲਤਾਨੀਏ ਦੂਰੋਂ ਦੂਰੋਂ ਪੂਜਣ ਆਉਂਦੇ ਹਨ. ਦੇਖੋ, ਬਿਸੰਭਰਦਾਸ ੨.

ਟਾਂਡੋ: ਦੇਖੋ, ਟਾਂਡਾ.

ਟਾਣਾਣਾ, ਟਾਨਾਨਾ: ਦੇਖੋ, ਟਣਾਣਾ

ਟਾਪ: ਸੰਗਯਾ- ਘੋੜੇ ਦੇ ਸੁੰਮ ਦਾ ਹੇਠਲਾ ਭਾਗ। ੨. ਜ਼ਮੀਨ ਤੇ ਸੁੰਮ ਪੈਣ ਤੋਂ ਉਪਜੀ ਆਵਾਜ਼। ੩. ਚੌੜੀ ਅਤੇ ਪਤਲੀ ਰੋਟੀ.

ਟਾਪੂ: ਸੰਗਜਾ- ਚਾਰੇ ਪਾਸਿਓਂ ਪਾਣੀ ਨਾਲ ਘਿਰਿਆ- ਹੋਇਆ ਦੇਸ਼. ਦ੍ਵੀਪ. ਜਜ਼ੀਰਹ. Island.

ਟਾਪੈ: ਟਪਦਾ ਹੈ. "ਨਾਚੈ ਟਾਪੈ ਅਵਰੋ ਗਾਵੈ." (ਗੂਜ ਅਃ ਮਃ ੧)

ਟਾਬਰ: ਦੇਖੋ, ਟਬਰ.

ਟਾਮਸ: George Thomas. ਇਹ ਆਇਰਲੈਂਡ (Ireland) ਵਿੱਚ ਸਨ ੧੭੫੬ ਵਿੱਚ ਜੰਮਿਆ ਅਤੇ ਸਨ ੧੭੮੧ ਵਿੱਚ ਸਮੁੰਦਰੀ ਫੌਜ ਵਿੱਚ ਭਰਤੀ ਹੋਕੇ ਹਿੰਦੁਸਤਾਨ ਆਇਆ. ਫੇਰ ਸਮਰੂ ਬੇਗਮ ਦਾ (ਜੋ ਸਰਧਨੇ ਰਾਜ ਕਰਦੀ ਸੀ) ਸਨ ੧੭੮੬) ਵਿੱਚ ਨੌਕਰ ਹੋਇਆ. ਫੇਰ ਇਸ ਨੇ ਹਾਂਸੀ ਨੂੰ ਆਪਣੀ ਰਾਜਧਾਨੀ ਬਣਾਕੇ ਚੰਗੀ ਹੁਕੂਮਤ ਕੀਤੀ. ਸਹਾਰਨਪੁਰ ਪਾਸ ਇੱਕ ਵਾਰ ਸਨ ੧੭੯੫ ਵਿੱਚ ਇਸ ਦੀ ਸਿੱਖਾਂ ਨਾਲ ਲੜਾਈ ਹੋਈ. ਸਨ ੧੭੯੮ ਵਿੱਚ ਇਹ ਰਿਆਸਤ ਜੀਂਦ ਨਾਲ ਲੜਿਆ ਅਤੇ ਹਾਰ ਖਾਧੀ. ਅੰਤ ਨੂੰ ਜਨਰਲ ਪੇਰੋਂ (Perron) ਨੇ ਇਸ ਨੂੰ ਭਾਰੀ ਸ਼ਿਕਸ੍ਤ ਦਿੱਤੀ. ਕਲਕੱਤੇ ਨੂੰ ਜਾਂਦੇ ਇਸ ਦੀ ਮੌਤ ੨੨ ਅਗਸਤ ਸਨ ੧੮੦੨ ਨੂੰ ਬ੍ਰਹਮਪੁਰ ਹੋਈ.

ਟਾਮਨ: ਸੰਗਜਾ- ਤੰਤ੍ਰ. ਜਾਦੂ. "ਟਾਮਨ ਹੈ ਕੀਨੋ ਇਨ ਭਯੋ ਵਿਪਰੀਤ ਸੋਊ." (ਨਾਪ੍ਰ)

ਟਾਰ: ਦੇਖੋਂ, ਟਾਲ.

ਟਾਰਣ, ਟਾਰਨ, ਟਾਰਨਾ: ਕ੍ਰਿ- ਟਾਲਨਾ. ਦੂਰ ਕਰਨਾ. ਹਟਾਉਣਾ. ਵਰਜਣਾ. "ਟਾਰੀ ਨ ਟਰੈ ਆਵੈ ਨ ਜਾਇ. (ਭੈਰ ਕਬੀਰ) ੨. ਬਹਾਨਾ ਕਰਨਾ. "ਨਹੀ ਟਾਰ ਕੀਨਸ ਕਹੁ ਕੈਸੇ." (ਗੁਪ੍ਰਸੂ)

ਟਾਰਾ: ਸੰਗਜਾ- ਟਾਲਾ. ਟਲ ਜਾਣ ਦਾ ਭਾਵ. ਹਟਣ ਦੀ ਕ੍ਰਿਯਾ. "ਜੌ ਨਿਜ ਭਲਾ ਚਹੈਂ, ਕਰ ਟਾਰਾ." (ਗੁਪ੍ਰਸੂ) ੨. ਬਹਾਨਾ. ਹੀਲਾ.

ਟਾਰਿ: ਹਟਾਕੇ. ਵਰਜਕੇ.

ਟਾਰੀ: ਦੇਖੋ, ਟਾਰਨ.

ਟਾਲ: ਸੰਗਜਾ- ਵਸਤੂਆਂ ਦਾ ਢੇਰ. ਅੰਬਾਰ। ੨. ਟਾਲਦੇਣ ਦਾ ਭਾਵ. ਵੇਲਾ ਟਪਾਦੇਣ ਦੀ ਕ੍ਰਿਯਾ. "ਨਹਿ ਇਸ ਮੇ ਕਛੁ ਟਾਲ ਵਿਚਾਰੋ." (ਗੁਪ੍ਰਸੂ) ੩. ਟੱਲ. ਘੰਟਾ. "ਝਾਂਝਰੁ ਟਾਲ ਬਜੈ ਕਰਨਾਈ." (ਨਾਪ੍ਰ) ੪. ਸੰ. ਫਲ ਵਿਕਣ ਦੀ ਮੰਡੀ.

ਟਾਲਣਾ, ਟਾਲਨਾ: ਕ੍ਰਿ- ਥਾਂ ਤੋਂ ਖਿਸਕਾਉਂਣਾ. ੨. ਹਟਾਉਂਣਾ. ਵਰਜਣਾ। ੩. ਬਹਾਨਾ ਬਣਾਕੇ ਸਮਾਂ ਵਿਤਾਉਂਣਾ। ੪. ਜਾਨਵਰ ਨੂੰ ਧੋਖਾ ਦੇਕੇ ਹੋਰ ਪਾਸਿਓਂ ਰੋਕਕੇ ਸ਼ਿਕਾਰੀ ਵੱਲ ਲਿਆਉਂਣਾ.

ਟਾਲਾ: ਸੰਗਜਾ- ਟਲਣ (ਹਟਜਾਣ) ਦੀ ਕ੍ਰਿਯਾ. "ਜੇ ਸੁਨਕਰ ਜਾਵੈ ਕਰ ਟਾਲਾ." (ਗੁਪ੍ਰਸੂ) ੨. ਹ਼ੀਲਾ. ਬਹਾਨਾ। ੩. ਸ਼ਿਕਾਰੀ ਵੱਲ ਜਾਨਵਰ ਨੂੰ ਹੋਰ ਪਾਸਿਓਂ ਰੋਕਕੇ ਲਿਆਉਣ ਦੀ ਕ੍ਰਿਯਾ.

ਟਾਲਾਟੋਲਾ: ਸੰਗਜਾ- ਟਾਲਮਟੋਲ. ਹ਼ੀਲਾ ਬਹਾਨਾ. "ਟਾਲੈਟੋਲੈ ਦਿਨ ਗਇਆ." (ਸ. ਕਬੀਰ)

ਟਾਲਿ: ਟਾਲਕੇ. ਦੇਖੋ, ਟਾਲ ਅਤੇ ਟਾਲਣਾ.

ਟਾਲ੍ਹਾਸਾਹਿਬ: ਦੇਖੋ, ਟਾਹਲਾਸਾਹਿਬ.

ਟਾਲ੍ਹੀ: ਸੰਗਜਾ- ਸ਼ੀਸ਼ਮ. ਸ਼ਿੰਸ਼ਪਾ. ਇਸ ਬਿਰਛ ਦੀ ਲੱਕੜ ਬਹੁਤ ਮਜਬੂਤ਼ ਅਤੇ ਚਿਕਨੀ ਹੁੰਦੀ ਹੈ. ਇ਼ਮਾਰਤਾਂ ਵਿੱਚ ਵਰਤੀਦੀ ਹੈ ਅਤੇ ਕੁਰਸੀ ਮੇਜ ਆਦਿ ਉੱਤਮ ਸਾਮਾਨ ਬਣਦਾ ਹੈ. ਦੇਖੋ, ਸਿੰਸਪਾ.

ਟਾਲ੍ਹੀਆਣਾ: ਜ਼ਿਲ੍ਹਾ ਲੁਦਿਆਣਾ, ਤਸੀਲ ਜਗਰਾਉਂ ਵਿੱਚ ਰਾਇ ਕੋਟ ਤੋਂ ਇੱਕ ਮੀਲ ਵਾਯਵੀ ਕੋਣ ਇਹ ਅਸਥਾਨ ਹੈ. ਮਾਛੀਵਾੜੇ ਤੋਂ ਚੱਲਕੇ ਦਸ਼ਮੇਸ਼ ਜੀ ਇੱਕ ਛਪੜੀ ਤੇ ਠਹਿਰੇ ਟਾਲ੍ਹੀ ਹੇਠ ਵਿਰਾਜੇ. ਇਸੇ ਥਾਂ ਕਲ੍ਹਾਰਾਇ ਗੁਰੂ ਸਾਹਿਬ ਦੀ ਸੇਵਾ

ਵਿੱਚ ਹ਼ਾਜਿਰ ਹੋਇਆ ਅਰ ਨੂਰੇ ਮਾਹੀ ਨੂੰ ਸਰਹਿੰਦ ਭੇਜਕੇ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਮੰਗਵਾਈ. ਗੁਰਦ੍ਵਾਰਾ ਬਣਿਆ ਹੋਇਆ ਹੈ. ਦਸ ਵਿੱਘੇ ਜ਼ਮੀਨ ਖ਼ਰੀਦੀ ਹੋਈ ਸਾਥ ਹੈ. ਰੇਲਵੇ ਸਟੇਸ਼ਨ ਮੁੱਲਾਂਪੁਰ ਤੋਂ ੧੪. ਮੀਲ ਦੱਖਣ ਹੈ.

ਟਾਲ੍ਹੀਆਂ ਫੱਤੂ ਸੰਮੂਕੀ: ਫਿਰੋਜ਼ਪੁਰ ਦੇ ਜਿਲੇ ਮੁਕਤਸਰ ਤੋਂ ੧੫. ਕੋਹ ਵਾਯਵੀ ਕੋਣ ਇੱਕ ਪਿੰਡ, ਜੋ ਫੱਤੂ ਅਤੇ ਸੰਮੂ ਨਾਮਕ ਡੋਗਰਾਂ ਨੇ ਵਸਾਇਆ. ਇਨ੍ਹਾਂ ਦੋਹਾਂ ਭਾਈਆਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪ੍ਰੇਮਭਾਵ ਨਾਲ ਸੇਵਾ ਕੀਤੀ. ਵਿਦਾਇਗੀ ਵੇਲੇ ਲੁੰਗੀ ਅਤੇ ਖੇਸ ਅਰਪਿਆ. ਜਿੱਥੇ ਕਲਗੀਧਰ ਵਿਰਾਜੇ ਸਨ, ਹੁਣ ਉਹ ਥਾਂ ਸ਼ੇਰਗੜ੍ਹ ਵਿੱਚ ਹੈ. ਦੇਖੋ, ਸ਼ੇਰਗੜ੍ਹ.

ਟਾਲ੍ਹੀਸਾਹਿਬ: ਉਹ ਟਾਲ੍ਹੀ, ਜਿਸ ਹੇਠ ਦਸਾਂ ਸਤਿਗੁਰਾਂ ਵਿੱਚੋਂ ਕੋਈ ਵਿਰਾਜਿਆ ਹੈ ਅਥਵਾ ਸਤਿਗੁਰੂ ਦੇ ਇਤਿਹਾਸ ਨਾਲ ਜਿਸ ਦਾ ਸੰਬੰਧ ਹੈ. ਹੇਠ ਲਿਖੀਆਂ ਟਾਲ੍ਹੀਆਂ ਪ੍ਰਸਿੱਧ ਹਨ:-

੧. ਅਮ੍ਰਿਤਸਰ ਜੀ ਵਿੱਚ ਸੰਤੋਖਸਰ ਦੇ ਕਿਨਾਰੇ ਉਹ ਟਾਲ੍ਹੀ ਜਿਸ ਹੇਠ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਵਿਰਾਜਿਆ ਕਰਦੇ ਸਨ।

੨. ਡੇਰਾ ਬਾਬਾ ਨਾਨਕ ਤੋਂ ਸੱਤ ਕੋਹ ਉੱਤਰ ਪਿੰਡ ਪੱਖੋਕੇ ਤੋਂ ਪੱਛਮ, ਆਬਾਦੀ ਦੇ ਨਾਲ ਹੀ ਬਾਬਾ ਸ਼੍ਰੀਚੰਦ ਜੀ ਦੀ ਟਾਲ੍ਹੀ, ਜਿਸ ਹੇਠ ਬੈਠਕੇ ਧਜਾਨਪਰਾਇਣ ਹੋਇਆ ਕਰਦੇ ਸਨ ਅਤੇ ਇੱਥੇ ਇੱਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਭੀ ਬਾਬਾ ਜੀ ਦਾ ਦਰਸ਼ਨ ਕਰਨ ਗਏ ਕੁਝ ਕਾਲ ਵਿਰਾਜੇ ਹਨ. ਇਸ ਗੁਰਦ੍ਵਾਰੇ ਨਾਲ ੫੦ ਘੁਮਾਉਂ ਜ਼ਮੀਨ ਇੱਥੇ, ਅਤੇ ੩੦੦ ਵਿੱਘੇ ਬਾਰ ਵਿੱਚ ਹੈ ਅਰ ਤੇਰਾਂ ਸੌ ਰੁਪਏ ਸਾਲਾਨਾ ਜਾਗੀਰ ਹੈ. ਅੱਸੂ ਬਦੀ ੫. ਨੂੰ ਮੇਲਾ ਲਗਦਾ ਹੈ.

੩. ਜਿਲ੍ਹਾ ਗੁਰਦਾਸਪੁਰ, ਤਸੀਲ ਸ਼ਕਰਗੜ੍ਹ, ਥਾਣਾ ਸ਼ਾਹਗਰੀਬ ਵਿੱਚ ਇੱਕ ਪਿੰਡ ਘੱਕਾ ਕੋਟਲੀ ਹੈ, ਉਸ ਤੋਂ ਅਗਨਿ ਕੋਣ ਆਬਾਦੀ ਦੇ ਪਾਸ ਹੀ ਗੁਰੂ ਹਰਿਰਾਇ ਸਾਹਿਬ ਟਾਲ੍ਹੀ ਬਿਰਛ ਹੇਠ ਵਿਰਾਜੇ ਹਨ, ਜੋ ਹੁਣ ਸੁੱਕ ਗਿਆ ਹੈ, ਪਰ ਉਸ ਦੀ ਥਾਂ ਹੋਰ ਪੈਦਾ ਹੋਗਿਆ ਹੈ. ਇੱਥੇ ਗੁਰੂ ਸਾਹਿਬ ਨੇ ਮੂਲੇ ਨੂੰ ਖ਼ਰਗੋਸ਼ ਦੀ ਯੋਨਿ ਤੋਂ ਮੁਕ੍ਤ ਕੀਤਾ, ਜਿਸਦੀ ਸਮਾਧ ਪਿੰਡ ਕਲ੍ਹਾਬੂਹਾ ਦੇ ਪਾਸ ਸੜਕ ਦੇ ਕਿਨਾਰੇ ਹੈ. ਭਾਈ ਫਤੇਚੰਦ ਪ੍ਰੇਮੀ ਸਿੱਖ ਦੀ ਪ੍ਰੀਤਿ ਕਰਕੇ ਗੁਰੂ ਸਾਹਿਬ ਕੁਝ ਦਿਨ ਇਸ ਟਾਲ੍ਹੀ ਪਾਸ ਠਹਿਰੇ ਹਨ. ਇਸ ਗੁਰਦ੍ਵਾਰੇ ਨੂੰ ਪੰਜਾਹ ਵਿੱਘੇ ਜ਼ਮੀਨੇ, ਅਤੇ ਸੌ ਰੁਪਯਾ ਸਾਲਾਨਾ ਜਾਗੀਰ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਨਾਰੋਵਾਲ ਤੋਂ ਨੌ ਮੀਲ ਪੂਰਵ ਹੈ.

੪. ਜ਼ਿਲ੍ਹਾ ਜਲੰਧਰ, ਤਸੀਲ ਨਵਾਂਸ਼ਹਿਰ, ਥਾਣਾ ਰਾਹੋਂ ਦੇ ਪਿੰਡ ਦੌਲਤਪੁਰ ਤੋਂ ਵਾਯਵੀ ਕੋਣ ਆਬਾਦੀ ਦੇ ਨਾਲ ਹੀ ਬਾਬਾ ਸ਼੍ਰੀਚੰਦ ਜੀ ਦਾ ਅਸਥਾਨ ਹੈ. ਬਾਬਾ ਜੀ ਕੀਰਤਪੁਰ ਵੱਲ ਜਾਂਦੇ ਹੋਏ ਤਿੰਨ ਦਿਨ ਇੱਥੇ ਟਾਲ੍ਹੀ ਹੇਠ ਰਹੇ. ਇਸ ਨਾਲ ੧੭. ਘੁਮਾਉਂ ਦੇ ਕ਼ਰੀਬ ਜ਼ਮੀਨ ਹੈ. ੧. ਹਾੜ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਨਵਾਂਸ਼ਹਿਰ ਤੋਂ ੯. ਮੀਲ ਪੂਰਵ ਹੈ।

੫. ਜਿਲ੍ਹਾ ਹੁਸ਼ਿਆਰਪੁਰ, ਤਸੀਲ ਦੁਸੂਹਾ, ਥਾਣਾ ਟਾਂਡਾ ਦੇ ਪਿੰਡ 'ਮੂਣਕ' ਦੇ ਬਾਹਰਵਾਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਸ਼ਿਕਾਰ ਖੇਡਦੇ ਇੱਥੇ ਆਏ. ਟਾਲ੍ਹੀ ਦੇ ਨਾਲ ਗੁਰੂ ਜੀ ਦਾ ਘੋੜਾ ਬੱਧਾ ਸੀ. ਸਾਧਾਰਣ ਜਿਹਾ ਮੰਜੀਸਾਹਿਬ ਬਣਿਆ ਹੋਇਆ ਹੈ, ਸੇਵਾਦਾਰ ਕੋਈ ਨਹੀਂ ਹੈ. ਦੋ ਕਨਾਲ ਜ਼ਮੀਨ ਦਾ ਅਹ਼ਾਤ਼ਾ ਹੈ. ਹਾੜ ਵਦੀ ੧. ਨੂੰ ਮੇਲਾ ਹੁੰਦਾ ਹੈ. ਗੁਰਦ੍ਵਾਰੇ ਪਾਸ ਇੱਕ ਬਹੁਤ ਸੁੰਦਰ ਨਦੀ ਚਲ ਰਹੀ ਹੈ. ਰੇਲਵੇ ਸਟੇਸ਼ਨ ਟਾਂਡਾ ਤੋਂ ਉੱਤਰ ਦੋ ਮੀਲ ਦੇ ਕਰੀਬ ਹੈ।

੬. ਲਹੌਰ ਰੇਲਵੇ ਸਟੇਸ਼ਨ ਪਾਸ ਬਾਬਾ ਸ਼੍ਰੀਚੰਦ ਜੀ ਦੀ ਟਾਲ੍ਹੀ.

ਟਾਂਵਾਂ, ਟਾਂਵੀ: ਵਿ ਅਤੇ ਸਰਵ- ਕੋਈ. ਵਿਰਲਾ. ਵਿਰਲੀ. ਕੋਈ ਕੋਈ. "ਟਾਂਵੀਂ ਤੁਪ ਚਲੈ ਕਬ ਕਬੈ." (ਗੁਪ੍ਰਸੂ)

ਟਿਕ: ਸੰ. ਟਿਕ੍ ਧਾ- ਟਿਕਾਉਣਾ। ੨. ਸੰਗ੍ਯਾ- ਟੇਕ. ਆਧਾਰ. "ਟਿਕ ਏਕਸ ਕੀ." (ਪ੍ਰਭਾ ਅਃ ਮਃ ੧) ੩. ਸੋਟੀ. ਟੋਹਣੀ. ਲਾਠੀ. "ਅੰਧੁਲੇ ਕਉ ਟਿਕ." (ਧਨਾ ਮਃ ੫)

ਟਿਕਈ: ਟਿਕਦੀ. ਠਹਿਰਦੀ. "ਬਿਨੁ ਨਾਵੈ ਮਨੁ ਟੇਕੁ ਨ ਟਿਕਈ." (ਸਿਧਗੋਸਟਿ)

ਟਿਕਈਆ: ਵਿ- ਟਿਕਾਉਣ ਵਾਲਾ. ਠਹਿਰਾਉਣ ਵਾਲਾ। ੨. ਟਿਕਾਇਆ ਹੋਇਆ. "ਇਕ ਖਿਨੁ ਮਨੂਆ ਟਿਕੈ ਨ ਟਿਕਈਆ." (ਬਿਲਾ ਅਃ ਮਃ ੪)

ਟਿਕਟ: ਅੰ Ticket. ਰੇਲ, ਤਮਾਸ਼ਾਘਰ ਆਦਿ ਦੇ ਮਹ਼ਿਸੂਲ ਦੀ ਅਦਾਇਗੀ ਅਥਵਾ ਕਿਸੇ ਸਭਾ ਸਮਾਜ ਵਿੱਚ ਪ੍ਰਵੇਸ਼ ਹੋਣ ਦਾ ਪ੍ਰਮਾਣਪਤ੍ਰ। ੨. ਡਾਕ ਦਾ ਸਟੈਂਪ (stamp). ਸਨ ੧੯੬੨ ਵਿੱਚ Messrs Thos De La Rue & Co. ਨੇ ਸਰਕਾਰ ਤੋਂ ਠੇਕਾ ਲੈ ਕੇ ਹਿਦੁਸਤਾਨ ਲਈ Postage stamps ਬਣਾਉਣੇ ਸ਼ੁਰੂ ਕੀਤੇ. ਨਵੰਬਰ ੧੯੨੫ ਤੋਂ ਇਹ ਟਿਕਟ ਕਲਕੱਤੇ ਸਰਕਾਰੀ ਟਕਸਾਲ (Mint) ਵਿੱਚ ਬਣਨ ਲੱਗੇ ਹਨ.

ਟਿਕਟਿਕੀ: ਸੰਗਯਾ- ਤਿਪਾਈ। ੨. ਆਧਾਰੀ. ਬੈਰਾਗਨ। ੩. ਨਜਰ ਦੀ ਟਕ. ਅਚਲਦ੍ਰਿਸ਼੍ਟਿ. ਨੀਝ.

ਟਿਕ ਟਿਕੈ: ਟੇਕ (ਭਰੋਸਾ) ਟੇਕੇ (ਰੱਖੇ). ਐ਼ਤਬਾਰ ਕਰੇ. "ਕਿਸੁ ਊਪਰਿ ਓਹ ਟਿਕ ਟਿਕੈ?" (ਵਾਰ ਸਾਰ ਮਃ ੧)

ਟਿਕਣਾ, ਟਿਕਨਾ, ਟਿਕਨੁ: ਕ੍ਰਿ- ਠਹਿਰਨਾ. ਸ੍ਥਿਤ ਹੋਣਾ. ਵਸਣਾ. "ਜਿਸੁ ਹਿਰਦੈ ਹਰਿਗੁਣ ਟਿਕਹਿ." (ਤੁਖਾ ਛੰਤ ਮਃ ੪) "ਟਿਕਨੁ ਨ ਪਾਵੈ ਬਿਨੁ ਸਤਸੰਗਤਿ." (ਦੇਵ ਮਃ ੫)

ਟਿਕਰੀ, ਟਿਕੜੀ: ਸੰਗਯਾ- ਟਿੱਕੀ. ਰੋਟੀ. "ਤਿਮ ਸੰਗਤਿ ਮਹਿ ਟਿਕਰੀ ਤੇਰੀ." (ਗੁਪ੍ਰਸੂ) ੨. ਮੱਠੀ. ਘੀ ਵਿੱਚ ਤਲੀ ਹੋਈ ਟਿੱਕੀ, ਜਿਸ ਵਿੱਚ ਮੋਣ ਹੁੰਦਾ ਹੈ। ੩. ਦੇਖੋ, ਟਿੱਕਰੀ। ੪. ਦੇਖੋ, ਟੁਕੜੀ ੩.

ਟਿਕਾ: ਸੰਗਯਾ- ਟੀਕਾ. ਤਿਲਕ. "ਸਹਿ ਟਿਕਾ ਦਿਤੋਸੁ ਜੀਵਦੈ." (ਵਾਰ ਰਾਮ ੩) "ਤਿਨ ਮੁਖਿ ਟਿਕੇ ਨਿਕਲਹਿ." (ਸ੍ਰੀ ਮਃ ੧) ੨. ਦੇਖੋ, ਟਿੱਕਾ.

ਟਿਕਾਉ: ਸੰਗਯਾ- ਠਹਿਰਾਉ. ਸ੍ਥਿਤਿ. ਟਿਕਾਵ। ੨. ਸ਼ਾਂਤਿ.

ਟਿਕਾਉਣਾ: ਕ੍ਰਿ- ਠਹਿਰਾਉਂਣਾ। ੨. ਨਿਵਾਸ ਦੇਣਾ। ੩. ਸ਼ਾਂਤ ਕਰਨਾ.

ਟਿਕਾਈ: ਸੰਗਯਾ- ਇਸਥਿਤ. ਟਿਕਣ ਦਾ ਭਾਵ। ੨. ਕ੍ਰਿ. ਵਿ- ਟਿਕਦਾ. ਠਹਿਰਦਾ। ੩. ਠਹਿਰਾਈ. "ਸੰਤਨ ਕੀ ਮਨਿ ਟੇਕ ਟਿਕਾਈ." (ਬਾਵਨ) ੪. ਸੰਗਯਾ- ਟੇਕਨੀ. ਸੋਟੀ. "ਮੈ ਅੰਧੁਲੇ ਹਰਿਟੇਕ ਟਿਕਾਈ." (ਗਉ ਮਃ ੪)

ਟਿਕਾਣਾ, ਟਿਕਾਨਾ: ਸੰਗਯਾ- ਟਿਕਣ ਦਾ ਅਸਥਾਨ. ਠਿਕਾਣਾ। ੨. ਵਿ- ਠਹਿਰਿਆ. ਟਿਕਿਆ.

ਟਿਕਾਵ: ਦੇਖੋ, ਟਿਕਾਉ. ਠਹਿਰਾਉ.

ਟਿਕਾਵਸਿ: ਟਿਕਣਾ (ਰਹਿਣਾ) ਅਵਸ਼੍ਯ ਹੈ। ੨. ਟਿਕਦਾ. ਰਹਿੰਦਾ. "ਤਾਕੀ ਓਟ ਟਿਕਾਵਸਿ ਰੇ." (ਮਾਰੂ ਮਃ ੫) ੩. ਟਿਕੇਗਾ.

ਟਿਕਿਓਨੁ: ਤਿਲਕ ਦਿੱਤਾ. ਟਿੱਕਾ ਦਿੱਤਾ. ਗੱਦੀ ਬੈਠਾਇਆ. "ਜਾਂ ਸੁਧੋਸੁ ਤਾ ਲਹਿਣਾ ਟਿਕਿਓਨੁ." (ਵਾਰ ਰਾਮ ੩) ੨. ਉਸ ਨੇ ਟਿੱਕਿਆ.

ਟਿਕਿਆ: ਵਿ- ਠਹਿਰਿਆ. ਸ੍ਥਿਤ ਹੋਇਆ। ੨. ਟਿੱਕਿਆ. ਟਿੱਕੇ (ਤਿਲਕ) ਸਹਿਤ ਕੀਤਾ. "ਜਿ ਹੋਦੈ ਗੁਰੂ ਬਹਿ ਟਿਕਿਆ." (ਵਾਰ ਗਉ ੧. ਮਃ ੪)

ਟਿਕੈ: ਦੇਖੋ, ਟਿਕ ਟਿਕੈ.

ਟਿੱਕਰੀ: ਸੰਗਯਾ- ਟੁਕੜੀ. ਖੰਡ। ੨. ਕਪਾਲ ਦੀ ਹੱਡੀ. ਖੋਪਰੀ.

ਟਿੱਕਾ: ਸੰਗਯਾ- ਤਿਲਕ. ਟੀਕਾ। ੨. ਵਲੀਅ਼ਹਿਦ. ਯੁਵਰਾਜ. ਰਾਜਤਿਲਕ ਦਾ ਅਧਿਕਾਰੀ ਰਾਜਕੁਮਾਰ.

ਟਿੱਕੀ: ਸੰਗਜਾ- ਲਾਖ ਮੋਮ ਆਦਿ ਦੀ ਗੋਲ ਟਿਕੀਆ। ੨. ਮੋਟੀ ਅਤੇ ਛੋਟੀ ਰੋਟੀ.

ਟਿੱਕੇ ਦੀ ਵਾਰ: ਰਾਮਕਲੀ ਦੀ ਤੀਜੀਵਾਰ, ਜੋ ਬਲਵੰਡ ਅਤੇ ਸੱਤੇ ਰਬਾਬੀਆਂ ਦੀ ਰਚਨਾ ਹੈ. ਇਸ ਵਿੱਚ ਸਤਿਗੁਰਾਂ ਦੇ ਟਿੱਕੇਜਾਣ (ਤਿਲਕ ਪ੍ਰਾਪਤਿ) ਦਾ ਪ੍ਰਸੰਗ ਹੈ, ਇਸ ਲਈ ਗਜਾਨੀਆਂ ਕਰਕੇ ਇਸ ਦਾ ਇਹ ਨਾਉਂ ਹੋਗਿਆ ਹੈ. ਇਸ ਵਾਰ ਦੀਆਂ ਪੌੜੀਆਂ ੮. ਹਨ. [੨]

ਟਿੱਟਿਭ: ਸੰ. ਸੰਗਜਾ- ਟਟੀਹਰੀ ਦਾ ਨਰ. ਦੇਖੋ, ਟਟੀਹਰੀ। ੨. ਇੱਕ ਦੈਤ ਜੋ ਇੰਦ੍ਰ ਦਾ ਵੈਰੀ ਸੀ.

ਟਿੱਟਿਭ ਨਜਾਯ: ਦੇਖੋ, ਟਟੀਹਰੀ ਅਤੇ ਨਜਾਯ.

ਟਿਡ: ਦੇਖੋ, ਟਿੱਡ.

ਟਿੰਡ: ਸੰਗਜਾ- ਮਿੱਟੀ ਦਾ ਭਾਂਡਾ, ਜਿਸ ਦੀ ਗਡਵੇ ਜੇਹੀ ਸ਼ਕਲ ਹੁੰਦੀ ਹੈ. ਇਸ ਨੂੰ ਹਰਟ ਦੀ ਮਾਲ ਨਾਲ ਪਾਣੀ ਕੱਢਣ ਲਈ ਬੰਨ੍ਹਦੇ ਹਨ. "ਕਰ ਹਰਿ ਹਟਮਾਲ ਟਿੰਡ ਪਰੋਵਹੁ." (ਬਸੰ ਮਃ ੧)

ਟਿੰਡਸ: ਸੰ. ਟਿਣ੍ਡਿਸ਼ ਟਿੰਡਿਸ਼. ਸੰਗਜਾ- ਕੱਦੂ ਦੀ ਸ਼ਕਲ ਦੀ ਇੱਕ ਸਬਜ਼ੀ, ਜਿਸ ਦੀ ਤਰਕਾਰੀ ਬਣਦੀ ਹੈ. ਟਿੰਡੋ. ਟਿੰਡੀ.

ਟਿਡਾ, ਟਿਡੀ: ਸੰਗਜਾ- ਅੱਕ ਆਦਿ ਪੁਰ ਰਹਿਣ ਵਾਲਾ ਕੀੜਾ. ਘਰਾਂ ਵਿੱਚ ਰਹਿਣ ਵਾਲਾ ਇੱਕ ਛੋਟਾ ਟਿੱਡਾ। ੨. ਆਂਹਣ ਦਾ ਕੀੜਾ. ਸ਼ਲਭ.

ਟਿੰਡੀ, ਟਿੰਡੋ: ਦੇਖੋ, ਟਿੰਡਸ.

ਟਿੱਡ, ਟਿੱਡਿਕਾ: ਸੰਗਜਾ- ਆਂਹਣ. ਸ਼ਲਭ. "ਬਡੇ ਟਿੱਡਿਕਾ ਸੇ." (ਕਲਕੀ) ੨. ਦੇਖੋ, ਟਿਡਾ- ਟਿਡੀ.

ਟਿੱਡੀ: ਦੇਖੋ, ਟਿੱਡੀ ਅਤੇ ਟਿੱਡਿਕਾ.

ਟਿਣਾਣਾ, ਟਿਣਾਨਾ: ਦੇਖੋ, ਟਣਾਨਾ.

ਟਿੱਪਣੀ, ਟਿੱਪਨੀ: ਸੰ. ਟਿਪ੍ਪਨੀ ਸੰਗਜਾ- ਟੀਕਾ. ਵਜਾਖਯਾ. ਸ਼ਰਹ਼. ਗ੍ਰੰਥ ਦੇ ਹ਼ਾਸ਼ੀਏ ਤੇ ਲਿਖੀ ਸੰਖੇਪ ਕਰਕੇ ਟੀਕਾ। ੨. ਪੰਜਾਬੀ ਵਿੱਚ ਟਿੱਪੀ (ਬਿੰਦੀ) ਨੂੰ ਭੀ ਟਿੱਪਣੀ ਆਖਦੇ ਹਨ. ਦੇਖੋ, ਟਿੱਪੀ.

ਟਿੱਪੀ: ਸੰਗਜਾ- ਬਿੰਦੀ. ਅਨੁਸ੍ਵਾਰ. ਪੰਜਾਬੀ ਵਿੱਚ ਇਸ ਦੇ ਰੂਪ ਹਨ, ਕਈ ਲੇਖਕਾਂ ਨੇ ਇਨ੍ਹਾਂ ਦੇ ਉੱਚਾਰਣ ਵਿੱਚ ਭੇਦ ਮੰਨਿਆਂ ਹੈ, ਅਰ ਅਨੁਸ੍ਵਾਰ ਨੂੰ ਅਰਧਵਿੰਦੂੰ ਦੇ ਥਾਂ ਵਰਤਿਆ ਹੈ.

ਟਿਬਾ: ਸੰਗਜਾ- ਰੇਤੇ ਦਾ ਟਿੱਲਾ. "ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹ." (ਸ. ਫਰੀਦ) ੨. ਪਹਾੜ ਦੀ ਛੋਟੀ ਚੋਟੀ.

ਟਿਬਿਯਾ, ਟਿੱਬਾ: ਦੇਖੋ, ਟਿਬਾ.

ਟਿੱਬਾ ਅਬੋਹਰ: ਜਿਲਾ ਮਾਂਟਗੁਮਰੀ ਤਸੀਲ ਪਾਕਪਟਨ ਦਾ ਇੱਕ ਪਿੰਡ. ਇੱਥੇ "ਨਾਨਕਸਰ" ਨਾਮਕ ਆਦਿ ਸਤਿਗੁਰੂ ਜੀ ਦਾ ਗੁਰਦ੍ਵਾਰਾ ਹੈ.

ਟਿੱਬੀ: ਛੋਟਾ ਟਿੱਬਾ। ੨. ਦੇਖੋ, ਟਿੱਬੀਸਾਹਿਬ.

ਟਿੱਬੀਸਾਹਿਬ: ਉਹ ਟਿੱਬਾ ਅਥਵਾ ਟਿੱਬੀ, ਜਿਸ ਪੁਰ ਸਤਿਗੁਰੂ ਵਿਰਾਜੇ ਹਨ.

੧. ਮੁਕਤਸਰ ਪਾਸ ਇੱਕ ਟਿੱਬੀ, ਜਿਸ ਉੱਪਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ਼ਾਹੀਸੈਨਾ ਤੇ ਤੀਰ ਵਰਸਾਏ. ਹੁਣ ਮਾਘੀ ਦੇ ਮੇਲੇ ਪੁਰ ਮਹੱਲਾ ਇਸ ਥਾਂ ਪਹੁੰਚਦਾ ਹੈ.

੨. ਦੇਖੋ, ਜੈਤੋ।

੩. ਰਿਆਸਤ ਫਰੀਦਕੋਟ, ਤਸੀਲ ਥਾਣਾ ਕੋਟਕਪੂਰਾ ਵਿੱਚ ਬਹਿਬਲ ਪਿੰਡ ਤੋਂ ਪੌਣ ਮੀਲ ਇੱਕ ਟਿੱਬੀ, ਜਿਸ ਪੁਰ ਗੁਰੂ ਗੋਬਿੰਦ ਸਿੰਘ ਸ੍ਵਾਮੀ ਵਿਰਾਜੇ ਹਨ. ਗੁਰਦ੍ਵਾਰਾ ਬਣਿਆ ਹੋਇਆ ਹੈ. ਪੰਜ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ, ਅਤੇ ਤਿੰਨ ਘੁਮਾਉਂ ਮਹੰਤ ਉੱਤਮ ਸਿੰਘ ਨੇ ਆਪਣੀ ਕਮਾਈ ਤੋਂ ਖਰੀਦਕੇ ਗੁਰਦ੍ਵਾਰੇ ਦੇ ਨਾਮ ਲਗਾਈ ਹੈ. ਰੇਲਵੇ ਸਟੇਸ਼ਨ ਰੁਮਾਣਾ ਅਲਬੇਲ ਸਿੰਘ ਤੋਂ ਇਹ ਤਿੰਨ ਮੀਲ ਪੂਰਵ ਹੈ.

ਟਿਰਕਣਾ: ਕ੍ਰਿ- ਖਿਸਕਣਾ. ਥਾਂਉਂ ਤੋਂ ਟਲਣਾ। ੨. ਮੁਨਕਿਰ ਹੋਣਾ. ਬਚਨ ਕਹਿਕੇ ਮੁੱਕਰਨਾ। ੩. ਰੁੱਸਣਾ.

ਟਿਰੜ: ਅਨੁ. ਟੈਂ ਟੈਂ ਧੁਨਿ। ੨. ਸੰਗਯਾ- ਪਤਨ. ਗਿਰਾਉ. "ਟਿਰੜੰਤ ਟੀਕ." (ਕਲਕੀ) ਟਿੱਕੇ ਡਿਗਦੇ ਹਨ.

ਟਿੱਲਾ: ਸੰਗਯਾ- ਪਹਾੜ ਦੀ ਚੋਟੀ. ਸ਼ਿਖਰ। ੨. ਰੇਤ ਆਦਿ ਦਾ ਉੱਚਾ ਢੇਰ. ਅ਼. تل ਤੱਲ। ੩. ਕਿਸੇ ਸਾਧੂ ਦਾ ਉੱਚੀ ਥਾਂ ਦਾ ਆਸ਼੍ਰਮ.

ਟਿੱਲਾ ਬਾਲਗੁੰਦਾਈ: ਜਿਲਾ ਜੇਹਲਮ, ਥਾਣਾ ਦੀਨਾ ਵਿੱਚ ਬਾਲਗੁੰਦਾਈ ਸਾਧੂ ਦੇ ਰਹਿਣ ਦੀ ਪਹਾੜੀ ਚੋਟੀ. ਦੇਖੋ, ਬਾਲਗੁੰਦਾਈ.

ਟੀਸ: ਸੰਗਯਾ- ਚੁਭਵੀਂ ਪੀੜ. ਚੀਸ। ੨. ਚਿੜਾਉਣ ਦੀ ਕ੍ਰਿਯਾ. ਖਿਝਾਉਣ ਦਾ ਭਾਵ.

ਟੀਸੀ: ਸੰਗਯਾ- ਸ਼ਿਖਰ. ਚੋਟੀ.

ਟੀਕ: ਸੰਗਯਾ- ਧਾਰਾ. ਤਤੀਹਰੀ। ੨. ਟੀਕਾ ਤਿਲਕ."ਹਰਿ ਹਰਿ ਰਾਮ ਨਾਮ ਰਸ ਟੀਕ." (ਪ੍ਰਭਾ ਮਃ ੪) ਸਾਰੇ ਰਸਾਂ ਦਾ ਤਿਲਕ ਹੈ. "ਤਿਨਾ ਮਸਤਕਿ ਊਜਲ ਟੀਕ." (ਪ੍ਰਭਾ ਮਃ ੩) ੩. ਇਸਤ੍ਰੀਆਂ ਦਾ ਇੱਕ ਗਹਿਣਾ, ਜੋ ਮੱਥੇ ਪੁਰ ਪਹਿਰਿਆ ਜਾਂਦਾ ਹੈ। ੪. ਸੰ. ਟੀਕ੍. ਧਾ- ਬਿਆਨ ਕਰਨਾ, ਕੁੱਦਣਾ.

ਟੀਕਤ: ਕ੍ਰਿ. ਵਿ- ਟਿਕਦਾ. ਠਹਿਰਦਾ। ੨. ਦੇਖੋ, ਟੀਕਾ ੧.

ਟੀਕਾ: ਸੰਗਯਾ- ਇਸਤ੍ਰੀਆਂ ਦੇ ਮੱਥੇ ਦਾ ਗਹਿਣਾ. ਟੀਕਤ। ੨. ਤਿਲਕ. ਟਿੱਕਾ. "ਪੁਨ ਟੀਕਾ ਕੋ ਪੂਤ ਹਕਾਰਾ." (ਚਰਿਤ੍ਰ ੨੫੯) ਰਾਜਤਿਲਕ ਲਈ ਪੁਤ੍ਰ ਬੁਲਾਇਆ। ੩. ਯੁਵਰਾਜ. ਵਲੀਅ਼ਹਿਦ. ਰਾਜਤਿਲਕ ਦਾ ਅਧਿਕਾਰੀ। ੪. ਗ੍ਰੰਥ ਦੀ ਵ੍ਯਾਖ੍ਯਾ. ਸ਼ਰਹ਼. "ਮੁਖ ਤੇ ਪੜਤਾ ਟੀਕਾ ਸਹਿਤ." (ਰਾਮ ਮਃ ੫) ਦੇਖੋ, ਟੀਕ੍ ਧਾ। ੫. ਸਗਾਈ ਦੀ ਰਸਮ ਵੇਲੇ ਮੱਥੇ ਕੀਤਾ ਤਿਲਕ, ਅਤੇ ਉਸ ਸੰਬੰਧੀ ਰਸਮ. "ਜੋ ਰਾਵਰ ਕੋ ਨੰਦਨ ਨੀਕਾ। ਤਿਸ ਉਮੈਦ ਹੈ ਆਵਨ ਟੀਕਾ." (ਗੁਪ੍ਰਸੂ) ੬. ਵਿ- ਸ਼ਿਰੋਮਣਿ. ਮਖੀਆ. "ਸਰਨਪਾਲਨ ਟੀਕਾ." (ਗੂਜ ਅਃ ਮਃ ੫) ਸ਼ਰਣਾਗਤਾਂ ਦੀ ਪਾਲਨਾ ਕਰਨ ਵਾਲਿਆਂ ਵਿੱਚੋਂ ਮੁਖੀਆ। ੭. ਸ਼ੀਤਲਾ ਆਦਿ ਰੋਗਾਂ ਤੋਂ ਰਖ੍ਯਾ ਲਈ ਉਨ੍ਹਾਂ ਦੇ ਚੇਪ ਤੋਂ ਕੀਤਾ ਲੋਦਾ. Vaccination.

ਟੀਕਾਕਾਰ: ਕਿਸੇ ਗ੍ਰੰਥ ਦੀ ਵ੍ਯਾਖ੍ਯਾ ਲਿਖਣ ਵਾਲਾ. ਵ੍ਰਿੱਤਿਕਾਰ। ੨. ਲੋਦਾ ਕਰਨ ਵਾਲਾ. Vaccinator.

ਟੀਕਾਵੈ: ਟਿਕਦਾ ਹੈ. ਠਹਿਰਦਾ ਹੈ. "ਕੁੰਭ ਬਿਨਾ ਜਲ ਨ ਟੀਕਾਵੈ." (ਗੌਂਡ ਕਬੀਰ)

ਟੀਚਾ: ਸੰਗਯਾ- ਮੌਕਾ. ਵੇਲਾ। ੨. ਸੀਮਾ. ਹੱਦ। ੩. ਮੁੰਡਿਆਂ ਦੀ ਖੇਡ ਵਿੱਚ "ਟੀਚਾ" ਉਸ ਰੇਠੇ, ਕੌਲਡੋਡੇ, ਅਖਰੋਟ ਜਾਂ ਪੱਥਰ ਆਦਿਕ ਨੂੰ ਆਖਦੇ ਹਨ, ਜਿਸ ਨਾਲ ਨਿਸ਼ਾਨਾ ਫੁੰਡਿਆ ਜਾਂਦਾ ਹੈ.

ਟੀਟ: ਸੰ. ਤਿਕ੍ਤ. ਵਿ- ਤੀਤਾ. ਕੌੜਾ। ੨. ਸੰਗਯਾ- ਕਿਸੇ ਨੂੰ ਖਿਝਾਉਣ ਲਈ ਹੱਥ ਦਾ ਅੰਗੂਠਾ ਦਿਖਾਉਣ ਦੀ ਕ੍ਰਿਯਾ. ਟੀਸ ਕਰਨਾ। ੩. ਪੀਂਝੂ. ਕਰੀਰ ਦਾ ਪੱਕਿਆ ਹੋਇਆ ਡੇਲਾ। ੪. ਅੱਖ ਦਾ ਡੇਲਾ, ਜੋ ਉਭਰਕੇ ਬਾਹਰ ਨੂੰ ਹੋਗਿਆ ਹੋਵੇ, ਅਤੇ ਜਿਸ ਵਿੱਚੋਂ ਦੇਖਣ ਦੀ ਸ਼ਕਤਿ ਜਾਂਦੀ ਰਹੇ.

ਟੀਟਣਾ: ਸੰਗਯਾ- ਘੋੜੇ ਅਥਵਾ ਗਧੇ ਦਾ ਦੁਲੱਤਾ. ਪਿਛਲੀ ਲੱਤ ਦਾ ਪ੍ਰਹਾਰ.

ਟੀਡ: ਦੇਖੋ, ਟਿੱਡਾ। ੨. ਬਿੰਡਾ. ਝਿੱਲੀ. ਦੇਖੋ, ਟੀਡੁ.

ਟੀਂਡਾ: ਸੰਗਯਾ- ਕਪਾਹ ਦਾ ਫਲ. ਕਪਾਹ ਦੀ ਡੋਡੀ। ੨. ਟਿੰਡਸ. ਟਿੰਡੋ. ਦੇਖੋ, ਟਿੰਡਸ.

ਟੀਡੀ: ਦੇਖੋ, ਟਿਡ ਅਤੇ ਟਿਡੀ.

ਟੀਡੁ: ਬਿੰਡਾ. ਝਿੱਲੀ. ਝੀਂਗੁਰ. "ਟੀਡੁ ਲਵੈ ਮੰਝਿ ਬਾਰੇ." (ਤੁਕਾ ਬਾਰਹਮਾਹਾ) ਜੰਗਲ ਵਿੱਚ ਬਿੰਡੇ ਬੋਲਦੇ ਹਨ।

ਟੀਪ: ਸੰਗਯਾ- ਜਮਕੁੰਡਲੀ. ਜਨਮਪਤ੍ਰੀ। ੨. ਬਾਹਰਲੀ ਸ਼ੋਭਾ. ਦਿਖਾਵਾ. ਆਡੰਬਰ। ੩. ਇੱਟਾਂ ਦੇ ਜੋੜਾਂ ਵਿੱਚ ਦਿੱਤੀ ਚੂਨੇ ਕਲੀ ਆਦਿ ਮਸਾਲੇ ਦੀ ਬੱਤੀ। ੪. ਉੱਚਾ ਸੁਰ. ਉਚੀ ਤਾਨ। ੫. ਚੌੜੇ ਮੁਖ ਵਾਲੀ ਨਲਕੀ, ਜਿਸ ਨਾਲ ਬੋਤਲ ਆਦਿ ਭਾਂਡਿਆਂ ਵਿੱਚ ਅਰਕ ਤੇਲ ਆਦਿ ਪਾਈਦਾ ਹੈ. ਪ੍ਰਤੀਤ ਹੁੰਦਾ ਹੈ ਕਿ ਇਹ Pipe ਦਾ ਵਿਗੜਿਆ ਹੋਇਆ ਰੂਪ ਹੈ. ਫ੍ਰੈਂਚ ਵਿੱਚ ਇਸ ਦਾ ਉੱਚਾਰਣ "ਪੀਪ" ਹੈ.

ਟੀਪਟਾਪ: ਸੰਗਯਾ- ਸਜਧਜ. ਠਾਟਬਾਟ. ਦਿਖਾਵੇ ਦਾ ਸਾਮਾਨ. ਆਡੰਬਰ. "ਕਿਯੇ ਟੀਪ ਟਾਪੈਂ ਕਈ ਕੋਟਿ ਢੂਕੇ." (ਚਰਿਤ੍ਰ ੧੨੩)

ਟੀਪੂ ਸੁਲਤਾਨ: ਮੈਸੂਰ ਦੇ ਰਾਜਾ ਹ਼ੈਦਰਅ਼ਲੀ ਦਾ ਪੁਤ੍ਰ, ਜੋ ਸਨ ੧੭੪੯ ਵਿੱਚ ਜਨਮਿਆ. ਪਿਤਾ ਦੇ ਮਰਣ ਪੁਰ ਸਨ ੧੭੮੨ ਵਿੱਚ ਗੱਦੀ ਤੇ ਬੈਠਾ. ਇਸ ਦਾ ਕਈ ਵਾਰ ਅੰਗ੍ਰੇਜ਼ਾਂ ਨਾਲ ਜੰਗ ਹੋਇਆ, ਅੰਤ ਸਨ ੧੭੯੯ ਵਿੱਚ ਵਡੀ ਬਹਾਦੁਰੀ ਨਾਲ ਲੜਦਾ ਹੋਇਆ ਮੈਸੂਰ ਦੇ ਮਕ਼ਾਮ ਮੋਇਆ ਅਤੇ ਬਾਪ ਦੀ ਕ਼ਬਰ ਪਾਸ ਲਾਲਬਾਗ਼ ਵਿੱਚ ਦੱਬਿਆ ਗਿਆ.

ਟੀਪੂ ਦੀ ਔਲਾਦ ਦੇ ਲੋਕ ਹੁਣ ਕਲਕੱਤੇ ਟਾਲੀਗੰਜ ਵਿੱਚ ਰਹਿੰਦੇ ਹਨ. ਇਨ੍ਹਾਂ ਨੂੰ ਸਰਕਾਰ ਅੰਗ੍ਰੇਜ਼ੀ ਤੋਂ ਗੁਜ਼ਾਰਾ ਮਿਲਦਾ ਹੈ.

ਟੀਲਾ: ਦੇਖੋ, ਟਿੱਲਾ.

ਟੁਕ, ਟੁਕੁ: ਵਿ- ਅਲਪ. ਥੋੜਾ. ਜਰਾ. "ਅੰਜਨ ਦੇਇ ਸਭੈਕੋਈ, ਟੁਕੁ ਚਾਹਨ ਮਾਹਿ ਬਿਡਾਨੁ." (ਮਾਰੂ ਕਬੀਰ) ਕਟਾਕ੍ਸ਼ ਵਿੱਚ ਥੋੜੀ ਵਿਲਕ੍ਸ਼ਣਤਾ ਹੈ. ਭਾਵ- ਹਰੇਕ ਸੁਰਮੇਂ ਵਾਲੀ ਅੱਖ ਉਹ ਕਟਾਕ੍ਸ਼ ਪ੍ਰਗਟ ਨਹੀਂ ਕਰ ਸਕਦੀ। ੨. ਅੱਧਾ. ਅਰਧ. "ਟੁਕੁ ਦਮੁ ਕਰਾਰੀ ਜਉ ਕਰਉ." (ਤਿਲੰ ਕਬੀਰ) ਅੱਧਾ ਸ੍ਵਾਸ ਜੇ ਮਨ ਦੀ ਇਸਥਿਤੀ ਕਰੋ. ੩. ਕ੍ਰਿ. ਵਿ- ਥੋੜਾ- ਜੇਹਾ. ਜਰਾਸਾ। ੪. ਸੰਗਯਾ- ਰੋਟੀ ਦਾ ਟੁਕੜਾ. ਟੁੱਕਰ.

ਟੁਕਟੇਰ: ਟੁਕੜੇ ਲਈ ਟੇਰਨ (ਪੁਕਾਰਨ) ਵਾਲਾ. ਟੁੱਕਰ ਮੰਗਣ ਵਾਲਾ. ਟੁਕੜਗਦਾ.

ਟੁਕਰ: ਸੰਗਯਾ- ਟੁਕੜਾ. ਰੋਟੀ ਦਾ ਟੂਕ. ਟੁੱਕੜ.

ਟੁਕਰਗਦਾ, ਟੁਕਰਗਦਾਇ: ਟੁਕੜੇ ਮੰਗਣ ਵਾਲਾ. ਦੇਖੋ, ਟੁਕੜ ਗਦਾ. "ਟੁਕਰਗਦਾਇ ਪੇਖ ਮੁਹਿ ਜਰਯੋ." (ਗੁਪ੍ਰਸੂ)

ਟੁਕਰਾ: ਦੇਖੋ, ਟੁਕੜਾ.

ਟੁਕੜ: ਦੇਖੋ ਟੁਕਰ.

ਟੁਕੜਗਦਾ: ਟੁਕੜਾ ਮੰਗਣ ਵਾਲਾ. ਟੁਕਟੇਰ. ਭਿਖਮੰਗਾ. ਦੇਖੋ, ਗਦਾ ੨.

ਟੁਕੜਗਦਾਈ: ਟੁਕੜਾ ਮੰਗਣ ਦੀ ਵ੍ਰਿੱਤਿ। ੨. ਟੁਕੜਗਦਾ. ਟੁਕੜਾ ਮੰਗਣ ਵਾਲਾ.

ਟੁਕੜਾ: ਸੰਗਯਾ- ਖੰਡ. ਭਾਗ. ਹਿ਼ੱਸਾ। ੨. ਰੋਟੀ ਦਾ ਹਿੱਸਾ. ਟੁੱਕਰ। ੩. ਰੋਜ਼ੀ. ਉਪਜੀਵਿਕਾ.

ਟੁਕੜੀ: ਸੰਗਯਾ- ਛੋਟਾ ਟੁਕੜਾ। ੨. ਮੰਡਲੀ. ਟੋਲੀ। ੩. ਕੱਤਕ ਸੁਦੀ ੧੫. ਦਾ ਤ੍ਯੋਹਾਰ, ਜਿਸ ਦਿਨ ਕੱਤਕ ਸਨਾਨ ਦਾ ਵ੍ਰਤ ਸਮਾਪਤ ਕੀਤਾ ਜਾਂਦਾ ਹੈ ਇਸ ਨੂੰ ਟਿਕੜੀ ਦਾ ਮੇਲਾ ਭੀ ਆਖਦੇ ਹਨ। ੪. ਪੰਛੀਆਂ ਦੀ ਡਾਰ.

ਟੁਕੁ: ਦੇਖੋ, ਟੁਕ.

ਟੁੰਗਣਾ: ਦੇਖੋ, ਟੰਗਣਾ। ੨. ਕਿਸੇ ਵਸਤੂ ਵਿੱਚ ਕਿਸੇ ਚੀਜ ਨੂੰ ਅੜੁੰਗਦੇਣਾ. ਜਿਵੇਂ- ਪਗੜੀ ਦਾ ਪੇਚ ਟੁੰਗਣਾ.

ਟੁਚਾ: ਵਿ- ਤੁੱਛ. ਕਮੀਨਾ. ਘਟੀਆ.

ਟੁਟਣਾ, ਟੁਟਨਾ: (ਸੰ ਤ੍ਰੁਟ੍ ਤ੍ਰਟ੍. ਧਾ- ਕਤਰਨਾ, ਤੋੜਨਾ) ਕ੍ਰਿ- ਅਲਗ ਹੋਣਾ. ਟੁੱਟਣਾ.

ਟੁਟਪੂੰਜੀਆ: ਉਹ ਵਪਾਰੀ, ਜਿਸ ਪਾਸ ਪੂੰਜੀ ਦਾ ਘਾਟਾ (ਤ੍ਰੁਟਿ) ਹੈ. ਅਸਲ ਰਾਜ ਜਿਸ ਦੀ ਖੋਈ ਗਈ ਹੈ.

ਟੁਟੜੀ, ਟੁੱਟੀ: ਵਿ- ਟੁੱਟੀ ਹੋਈ. ਤ੍ਰੁਟਿਸਹਿਤ.

ਟੁੱਟੀ ਗੰਢਣੀ: ਕ੍ਰਿ- ਟੁੱਟੀ ਹੋਈ ਪ੍ਰੀਤਿ ਨੂੰ ਫੇਰ ਉਸੇ ਤਰ੍ਹਾਂ ਪੱਕਿਆਂ ਕਰਨਾ. ਬਿਗੜੀ ਹੋਈ ਸੁਧਾਰਨੀ. ਦੇਖੋ, ਮਹਾਂਸਿੰਘ.

ਟੁੰਡਾ: ਸੰ. रूण्ड ਰੁੰਡ. ਸੰਗਯਾ- ਸਿਰ ਬਿਨਾ ਧੜ। ੨. ਡਾਹਣੇ ਬਿਨਾ ਬਿਰਛ। ੩. ਵਿ- ਲੂਲਾ. ਲੁੰਜਾ. ਜਿਸ ਦਾ ਹੱਥ ਨਹੀਂ. "ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ?" (ਵਾਰ ਮਾਝ ਮਃ ੨) ੪. ਦੇਖੋ, ਟੁੰਡਾਲਾਟ.

ਟੁੰਡਾਲਾਟ, ਟੁੰਡੀਲਾਟ: ਸਰ ਹੈਨਰੀ ਹਾਰਡਿੰਗ (Sir Henry Harding) ਜੋ ਹਿੰਦੁਸਤਾਨ ਦਾ ਗਵਰਨਰ ਜਨਰਲ ੨੩ ਜੁਲਾਈ ੧੮੪੪ ਤੋਂ ਸਨ ੧੮੪੮ ਤਕ ਰਿਹਾ. ਲਾਰਡ ਹਾਰਡਿੰਗ ਨੇ ਲਿਗਨੀ (Ligny) ਦੇ ਮਕਾਮ ਨੈਪੋਲੀਅਨ ਬੋਨਾਪਾਰਟ ਦੇ ਵਿਰੁੱਧ ਜੰਗ ਕਰਦੇ ੧੬. ਜੂਨ ਸਨ ੧੮੧੫ ਨੂੰ ਆਪਣਾ ਖੱਬਾ ਹੱਥ ਖੋਇਆ ਸੀ, ਇਸ ਲਈ ਪੰਜਾਬੀ ਉਸ ਨੂੰ ਟੁੰਡਾਲਾਟ ਆਖਦੇ ਸਨ, ਯਥਾ-

"ਸੱਠਾਂ ਕੋਹਾਂ ਦਾ ਪੰਧ ਸੀ ਲੁੱਧੇਆਣਾ ਰਾਤੋ ਰਾਤ ਕੀਤੀ ਟੁੰਡੇ ਦੌੜ ਮੀਆਂ।

ਉਹ ਭੀ ਲੁੱਟਿਆ ਲਾਟ ਨੇ ਆਇ ਡੇਰਾ ਸਭੋ ਖੋਹਕੇ ਕੀਤੀਆਂ ਚੌੜ ਮੀਆਂ." (੮੫)(ਸ਼ਾਹ ਮੁਹੰਮਦ)[੩]

ਟੁੰਡੇ ਆਸ ਰਾਜੇ ਕੀ ਧੁਨੀ: ਦੇਖੋ, ਧੁਨੀ (ੲ)

ਟੁਬਕੀ: ਸੰਗਯਾ- ਗ਼ੋਤ਼ਾ. ਟੁੱਬੀ. "ਨਿਕਸੇ ਨ ਤਟੰ ਟੁਬਕੀ ਇਕ ਲੀਨੀ." (ਨਾਪ੍ਰ) ੨. ਇੱਕ ਪ੍ਰਕਾਰ ਦੀ ਛੋਟੀ ਮੁਰਗ਼ਾਬੀ, ਜੋ ਪਾਣੀ ਵਿੱਚ ਬਹੁਤ ਗ਼ੋਤ਼ੇ ਮਾਰਦੀ ਹੈ.

ਟੁੰਬਣਾ: ਕ੍ਰਿ. ਠੁਕਰਾਉਣਾ. ਠੋਕਰ ਮਾਰਨੀ। ੨. ਛੁਹਣਾ. ਸਪਰਸ਼ ਕਰਨਾ. "ਪੈਰੀ ਟੁੰਬ ਉਠਾਲਿਆ." (ਭਾਗੁ) "ਟੁੰਬ ਪਾਵ ਹਜਰਤਹਿ ਜਗਾਯੋ." (ਚਰਿਤ੍ਰ ੮੨)

ਟੁਬੀ, ਟੁਭੀ, ਟੁੱਭੀ: ਦੇਖੋ, ਟੁਬਕੀ,

ਟੁੰਮਣਾ: ਦੇਖੋ, ਟੁੰਬਣਾ। ੨. ਸਹਾਰਾ. ਠੁੰਮਣਾ.

ਟੁਰਣਾ, ਟੁਰਨਾ: ਕ੍ਰਿ- ਤ੍ਵਰਾ- ਗਮਨ, ਛੇਤੀ ਚਲਣਾ. ਤੁਰਨਾ। ੨. ਆਰੰਭ ਹੋਣਾ. ਜਾਰੀ ਹੋਣਾ.

ਟੁਲ: ਸੰਗਯਾ- ਟੋਲ. ਗਰੋਹ. ਝੁੰਡ। ੨. ਉਛਾਲ. ਭਰਕੇ ਉਛਲਣ ਦਾ ਭਾਵ. ਡੁਲ੍ਹਣਾ. ਦੇਖੋ, ਟੁਲਿਟੁਲਿ.

ਟੁਲਕਣਾ, ਟੁਲਨਾ: ਕ੍ਰਿ- ਗਿਰਨਾ. ਰੁੜ੍ਹਨ। ੨. ਉਛਲਣਾ। ੩. ਉਬਲਕੇ ਬਾਹਰ ਡਿਗਣਾ.

ਟੁਲਿਟੁਲਿ: ਉਛਲ ਉਛਲਕੇ. ਡੁਲ੍ਹ ਡੁਲ੍ਹਕੇ "ਹਰਿਰਸ ਟੁਲਿ ਟੁਲਿ ਪਉਦਾ ਜੀਉ." (ਮਾਝ ਮਃ ੪) ਦੇਖੋ, ਟੁਲ ੨.

ਟੁਲੇਰੈ: ਟੋਲ ਨੂੰ. ਸਮੁਦਾਯ ਨੂੰ. "ਬਰਨ ਨ ਸਾਕਉ ਏਕ ਟੁਲੇਰੈ." (ਕਾਨ ਮਃ ੫) ਕਰਤਾਰ ਦੀ ਰਚਨਾ ਦੇ ਇੱਕ ਟੋਲ ਨੂੰ ਭੀ ਮੈ ਵਰਣਨ ਨਹੀਂ ਕਰ ਸਕਦਾ. ਭਾਵ- ਸਾਰੇ ਵਿਸ਼੍ਵ ਦਾ ਵਰਣਨ ਤਾਂ ਕੀ ਹੋ ਸਕਣਾ ਹੈ, ਇੱਕ ਜਾਤਿ ਦੇ ਪਦਾਰਥ ਭੀ ਨਿਰਣੇ ਨਹੀਂ ਹੁੰਦੇ.

ਟੂਸਾ: ਸੰਗਯਾ- ਸ਼ਗੂਫਾ. ਕੂੰਮਲ। ੨. ਫੁੱਲ ਦੀ ਡੋਡੀ.

ਟੂਕ: ਸੰਗਯਾ- ਟੁਕੜਾ. ਖੰਡ। ੨. ਰੋਟੀ ਦਾ ਟੁਕੜਾ. ਟੁੱਕਰ। ੩. ਦੇਖੋ, ਅੰਙਟੂਕ। ੪. ਪੁਸ੍ਤਕ ਵਿੱਚ ਭੁੱਲਿਆ ਪਾਠ ਜੋ ਹਾਸ਼ੀਏ ਤੇ ਲਿਖਿਆ ਜਾਂਦਾ ਹੈ, ਉਸ ਨੂੰ ਬੋਧਨ ਕਰਨ ਵਾਲਾ ਚਿੰਨ੍ਹ.

ਟੂਕਰ, ਟੂਕਰਾ: ਦੇਖੋ, ਟੁਕੜਾ.

ਟੂਟਨਾ: ਦੇਖੋ, ਟੁਟਣਾ. "ਟੂਟਿ ਪਰੀਤਿ ਗਈ ਬੁਰਬੋਲਿ." (ਓਅੰਕਾਰ) "ਟੂਟੀ ਨਿੰਦਕ ਕੀ ਅਧਬੀਚ." (ਸਾਰ ਮਃ ੫) ੨. ਝਪਟਣਾ. ਹੱਲਾ ਕਰਨਾ.

ਟੂਟਨਿ: ਸੰਗਯਾ- ਅਣਬਣ. ਨਾਚਾਕੀ. "ਛਲਨਾਗਨਿ ਸਿਉ ਮੇਰੀ ਟੂਟਨਿ ਹੋਈ." (ਪ੍ਰਭਾ ਅਃ ਮਃ ੫) ਕਪਟਰੂਪ ਸਰਪਣੀ (ਮਾਇਆ) ਨਾਲ ਮੇਰੀ ਅਣਬਣ ਹੋ ਗਈ ਹੈ.

ਟੂਟਿ: ਦੇਖੋ, ਤ੍ਰੁਟਿ। ੨. ਟੁੱਟਕੇ.

ਟੂਟੀ: ਵਿ- ਟੁੱਟੀ ਹੋਈ. ਦੇਖੋ, ਤ੍ਰੁਟਿ. "ਟੂਟੀ ਗਾਂਢਨਹਾਰ ਗੋਪਾਲ." (ਸੁਖਮਨੀ) ੩. ਸੰਗਯਾ- ਗੰਗਾਸਾਗਰ ਦੀ ਨਲਕੀ. ਤੂਤਰੀ. ਸੰ. ਤ੍ਰੋਟੀ ੩. ਪਾਣੀ ਦੇ ਨਲਕੇ ਦਾ ਮੁਖ, ਜਿੱਥੋਂ ਧਾਰ ਪੈਂਦੀ ਹੈ.

ਟੂਠਾ: ਦੇਖੋ, ਤੁਠ ਅਤੇ ਤੁਠਾ.

ਟੂਣਾ, ਟੂਨਾ: ਸੰਗਯਾ- ਤੰਤ੍ਰ. ਜਾਦੂ. ਟਾਮਨ.

ਟੂੰਬਣਾ: ਦੇਖੋ, ਟੁੰਬਣਾ.

ਟੂਮ: ਸੰਗਯਾ- ਗਹਿਣਾ. ਭੂਸ਼ਣ। ੨. ਸੁੰਦਰ ਇਸਤ੍ਰੀ.

ਟੂਮਨਾ: ਦੇਖੋ, ਟੁੰਬਣਾ.

ਟੂਲ: ਸੰਗਯਾ- ਸੁਰਖ਼ ਰੰਗ ਦਾ ਇੱਕ ਵਸਤ੍ਰ. ਇਹ ਇਸਤ੍ਰੀਆਂ ਦੇ ਵਰਤਣ ਵਿੱਚ ਵਿਸ਼ੇਸ਼ ਆਉਂਦਾ ਹੈ। ੨. ਅਫੀਮੀਆਂ ਦੀ ਪੀਨਕ. ਨਸ਼ੇ ਵਿੱਚ ਸਿਰ ਦਾ ਝੁਕਾਉ.

ਟੇਸੂ: ਸੰਗਯਾ- ਕੇਸੂ. ਕਿੰਸ਼ੁਕ. ਪਲਾਸ ਦਾ ਫੁੱਲ। ੨. ਪਲਾਸ. ਢੱਕ.

ਟੇਹਲਪੁਰਾ: ਦੇਖੋ, ਟਹਿਲਪੁਰਾ.

ਟੇਕ: ਸੰਗਯਾ- ਆਸਰਾ. ਆਧਾਰ. "ਦੀਨ ਦੁਨੀਆ ਤੇਰੀ ਟੇਕ." (ਭੈਰ ਮਃ ੫) ੨. ਉਹ ਲਕੜੀ ਜੋ ਕਿਸੇ ਬੂਟੇ ਨੂੰ ਉਭਾਰਨ ਲਈ ਅਥਵਾ ਸਿੱਧਾ ਰੱਖਣ ਲਈ ਲਗਾਈ ਜਾਵੇ. "ਟੇਕ ਦੈ ਦੈ ਊਚੇ ਕਰੇ." (ਦੇਵੀਦਾਸ) ੩. ਸੋਟੀ. ਟੋਹਣੀ. "ਮੈ ਅੰਧੁਲੇ ਕੀ ਟੇਕ." (ਤਿਲੰ ਨਾਮਦੇਵ) ੪. ਮੂਲ. ਬੁਨਿਆਦ. "ਰੋਵਨਹਾਰੇ ਕੀ ਕਵਨ ਟੇਕ?" (ਰਾਮ ਮਃ ੫) ੫. ਰਹਾਉ. ਸ੍ਥਾਈ. ਗਾਉਣ ਵੇਲੇ ਜੋ ਤੁਕ ਹਟ ਹਟ ਅੰਤਰੇ ਪਿੱਛੋਂ ਆਵੇ। ੬. ਡਿੰਗ. ਹਠ. ਜਿਦ.

ਟੇਕਣਾ, ਟੇਕਨਾ: ਕ੍ਰਿ- ਧਰਨਾ. ਰੱਖਣਾ. ਜੈਸੇ- ਮੱਥਾ ਟੇਕਣਾ। ੨. ਆਧਾਰ ਦੇਣਾ. ਸਹਾਰਾ ਦੇਣਾ। ੩. ਨਿਸ਼ਚੇ ਕਰਨਾ. ਵਿਚਾਰ ਪਿੱਛੋਂ ਕਿਸੇ ਗੱਲ ਨੂੰ ਮਨ ਵਿਚ ਠੀਕ ਠਹਿਰਾਉਣਾ.

ਟੇਕਨੀ: ਸੰਗਯਾ- ਸੋਟੀ। ੨. ਥੰਮ੍ਹੀ.

ਟੇਕੁ: ਦੇਖੋ, ਟੇਕ.

ਟੇਟਾ: ਸੰਗਯਾ- ਝਗੜਾ. ਫਿਸਾਦ। ੨. ਵਿਰੋਧ। ੩. ਦਾਉ. ਪੇਚ.

ਟੇਟੂਆ: ਸੰਗਯਾ- ਤਖਤੇ ਦੀ ਚੂਲ ਦਾ ਆਧਾਰ. ਉਹ ਲੱਕੜ ਅਥਵਾ ਪੱਥਰ, ਜਿਸ ਉੱਪਰ ਤਖ਼ਤੇ ਦੀ ਚੂਲ ਰੱਖੀ ਜਾਵੇ.

ਟੇਟੇ ਚੜ੍ਹਨਾ: ਕ੍ਰਿ- ਕਿਸੇ ਦੇ ਪੇਚ ਵਿੱਚ ਫਸਣਾ. ਧੱਕੇ ਚੜ੍ਹਨਾ.

ਟੇਡੌ: ਵਿ- ਟੇਢਾ. ਵਿੰਗਾ। ੨. ਕੁਟਿਲਤਾ ਵਾਲਾ.

ਟੇਢ: ਸੰਗਯਾ- ਵਿੰਗ. ਟੇਢਾਪਨ. ਵਕ੍ਰਤਾ. "ਹਉ ਅਭਿਮਾਨ ਢੇਡਪਗਰੀ." (ਬਿਲਾ ਕਬੀਰ)

ਟੇਢਾ: ਵਿ- ਵਿੰਗਾ. ਵਕ੍ਰ। ੨. ਛਲ ਸਹਿਤ. ਕਪਟੀ. "ਚਲਤ ਕਤ ਟੇਢੇ ਟੇਢੇ?" (ਕੇਦਾ ਕਬੀਰ) "ਟੇਢੀ ਪਾਗ ਟੇਢੇ ਚਲੇ." (ਕੇਦਾ ਕਬੀਰ)

ਟੇਢੀ: ਟੇਢਾ ਦਾ ਇਸਤ੍ਰੀ ਲਿੰਗ.

ਟੇਢੌ: ਟੇਢਾ. ਵਿੰਗਾ. "ਐਡੌ ਟੇਢੌ ਜਾਤੁ." (ਸਾਰ ਕਬੀਰ)

ਟੇਰ: ਸੰਗਯਾ- ਪੁਕਾਰ. ਸੱਦ। ੨. ਉੱਚੇ ਸੁਰ ਵਿੱਚ ਲੰਮੀ ਹੇਕ ਨਾਲ ਲਾਈ ਹੋਈ ਤਾਨ.

ਟੇਰਨਾ: ਕ੍ਰਿ- ਉੱਚੇ ਸੁਰ ਨਾਲ ਪੁਕਾਰਨਾ. "ਚਾਤ੍ਰਕ ਜਲ ਬਿਨ ਟੇਰੇ." (ਬਿਹਾ ਛੰਤ ਮਃ ੪) ੨. ਸੱਦਣਾ. ਆਖਣਾ. "ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤ ਪੁਕਾਰ." (ਦੇਵ ਮਃ ੯) ੩. ਅਟੇਰਨਾ ਦੀ ਥਾਂ ਭੀ ਟੇਰਨਾ ਸ਼ਬਦ ਵਰਤੀਦਾ ਹੈ.

ਟੇਲਿਗ੍ਰਾਫ਼: ਅੰ. Telegraph. ਯੂ- ਟੇਲਿ (ਦੂਰ) ਗ੍ਰੈਫ਼ੋ (ਲਿਖਣਾ). ਦੂਰ ਬੈਠੇ ਜਿਸ ਨਾਲ ਲਿਖ ਸਕੀਏ ਐਸਾ ਯੰਤ੍ਰ.

ਟੇਲਿਫ਼ੋਨ: ਅੰ. Telephone. ਯੂ- ਟੇਲਿ (ਦੂਰ ) ਫ਼ੋਨੋ (ਆਵਾਜ਼). ਜਿਸ ਯੰਤ੍ਰ ਨਾਲ ਦੂਰੋਂ ਸੁਣੀਏ.

ਟੇਵ: ਸਿੰਧੀ. ਸੰਗਯਾ- ਆ਼ਦਤ. ਸ੍ਵਭਾਵ. ਬਾਣ. "ਟੇਵ ਏਹ ਪਰੀ." (ਕੇਦਾ ਮਃ ੫) ੨. ਚਾਟ. ਚਸਕਾ। ੩. ਚਿੰਨ੍ਹ. ਨਿਸ਼ਾਨ.

ਟੇਵਾ: ਸੰਗਯਾ- ਜਨਮਕੁੰਡਲੀ. ਟੀਪ। ੨. ਦੇਖੋ, ਟੇਵ.

ਟੈਂ: ਸੰਗਯਾ- ਐਂਠ. ਆਕੜ। ੨. ਕੰਨਾਂ ਨੂੰ ਚੁਭਣ ਵਾਲੀ ਆਵਾਜ਼.

ਟੈਕ੍ਸ: ਅੰ. Tax. ਸੰਗਯਾ- ਕਰ. ਮਹ਼ਿਸੂਲ. ਮੁਆ਼ਮਲਾ.

ਟੈਰ: ਟੈਰਾ ਦਾ ਇਸਤ੍ਰੀ ਲਿੰਗ. ਟਟੂਵਾਨੀ. ਦੇਖੋ, ਟੈਰਾ.

ਟੈਰਾ: ਸੰ. ਟਾਰ. ਸੰਗਯਾ- ਟੱਟੂ. ਛੋਟੇ ਕ਼ੱਦ ਦਾ ਘਟੀਆ ਘੋੜਾ.

ਟੋਆ: ਸੰਗਯਾ- ਖਾਤ. ਗਰਤ. ਗਢਾ.

ਟੋਹ: ਸੰਗਯਾ- ਖੋਜ. ਤਲਾਸ਼। ੨. ਖ਼ਬਰ. ਸੁਧ। ੩. ਸਪਰਸ਼. ਛੁਹਿਣ ਦਾ ਭਾਵ.

ਟੋਹਣਾ: ਕ੍ਰਿ- ਛੁਹਿਣਾ. ਸਪਰਸ਼ ਕਰਨਾ. ਟਟੋਲਣਾ। ੨. ਪ੍ਰਸੰਗ ਛੇੜਕੇ ਦਿਲ ਦੀ ਬਾਤ ਮਾਲੂਮ ਕਰਨਾ। ੩. ਸੰਗਯਾ- ਟੋਘਨਾ. ਗਢਾ.

ਟੋਹਣੀ: ਵਿ- ਟੋਹਣ ਵਾਲੀ. ਟਟੋਲਣਵਾਲੀ. "ਮੈ ਅੰਧੁਲੇ ਹਰਿ ਨਾਮ ਲਕੁਟੀ ਟੋਹਣੀ." (ਸੂਹੀ ਅਃ ਮਃ ੧) ੨. ਸੰਗਯਾ- ਸੋਟੀ. ਲਾਠੀ. "ਜਿਉ ਅੰਧੁਲੈ ਹਥਿ ਟੋਹਣੀ." (ਆਸਾ ਅਃ ਮਃ ੧)

ਟੋਹਨਾ: ਦੇਖੋ, ਟੋਹਣਾ.

ਟੋਹਨੀ: ਦੇਖੋ, ਟੋਹਣੀ. "ਪ੍ਰਿਅ ਕਾ ਨਾਮ ਮੈ ਅੰਧੁਲੇ ਟੋਹਨੀ." (ਬਿਲਾ ਛੰਤ ਮਃ ੫)

ਟੋਹੇ ਟਾਹੇ: ਦੇਖੋ, ਭਾਲੇ. ਵੇਖੇ ਢੂੰਡੇ. "ਟੋਹੇ ਟਾਹੇ ਬਹੁ ਭਵਨ." (ਬਾਵਨ)

ਟੋਕ: ਸੰਗਯਾ- ਰੁਕਾਵਟ. ਪ੍ਰਤਿਬੰਧ। ੨. ਵਿਘਨ.

ਟੋਕਣਾ, ਟੋਕਨਾ: ਕ੍ਰਿ- ਰੋਕਣਾ. ਅਟਕਾਉਂਣਾ। ੨. ਸੰਗਯਾ- ਕੁੰਡੇਦਾਰ ਵਡਾ ਬਰਤਨ, ਜਿਸ ਵਿੱਚ ਪਾਣੀ ਗਰਮ ਕਰੀਦਾ ਅਤੇ ਪੁਲਾਉ ਆਦਿ ਪਕਾਈਦਾ ਹੈ.

ਟੋਕਰਾ, ਟੋਕਰੀ: ਸੰਗਯਾ- ਤੂਤ ਦੀਆਂ ਛਟੀਆਂ ਅਥਵਾ ਬਾਂਸ ਆਦਿ ਦਾ ਬਣਿਆ ਬਰਤਨ, ਜਿਸ ਵਿੱਚ ਸਬਜ਼ੀ ਤਕਰਾਰੀ ਫਲ ਅਤੇ ਘਾਸ ਆਦਿ ਪਾਈਦਾ ਹੈ.

ਟੋਕਾ: ਸੰਗਯਾ- ਖੇਤੀ ਟੁੱਕਣ ਵਾਲਾ ਇੱਕ ਕੀੜਾ। ੨. ਟੁੱਕਣ (ਵੱਢਣ) ਦਾ ਇੱਕ ਸੰਦ, ਜੋ ਛੋਟੇ ਦਸਤੇ ਵਾਲਾ ਗੰਡਾਸਾ ਹੈ। ੩. ਟੁੱਕਿਆ ਹੋਇਆ ਚਾਰਾ. ਖ਼ਵੀਦ ਚਰ੍ਹੀ ਆਦਿ ਦਾ ਕੁਤਰਾ। ੪. ਕਠਫੋੜੇ ਪੰਛੀ ਨੂੰ ਭੀ ਟੋਕਾ ਆਖਦੇ ਹਨ। ੫. ਦੇਖੋ, ਟੋਕਾਸਾਹਿਬ.

ਟੋਕਾਸਾਹਿਬ: ਜਿਲਾ ਅੰਬਾਲਾ, ਤਸੀਲ ਥਾਣਾ ਨਾਰਾਇਨਗੜ੍ਹ ਦਾ ਇੱਕ ਟੋਟਾ ਪਿੰਡ ਹੈ. ਇਸ ਤੋਂ ਇੱਕ ਪੱਛਮ ਵੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਟੋਕਾਸਾਹਿਬ ਹੈ, ਜੋ ਇਲਾਕੇ ਨਾਹਣ ਅੰਦਰ ਹੈ. ਦਸ਼ਮੇਸ਼ ਇੱਥੇ ਭੰਗਾਣੀ ਦੇ ਜੰਗ ਪਿੱਛੋਂ ੧੨. ਦਿਨ ਵਿਰਾਜੇ ਹਨ. ਇਸ ਥਾਂ ਲਾਹੇ ਪਿੰਡ ਦੇ ਰੰਘੜਾਂ ਨੇ ਗੁਰੂ ਸਾਹਿਬ ਦੇ ਲਸ਼ਕਰ ਦੇ ਊਠ ਚੁਰਾ ਲਏ ਸਨ, ਜਿਸ ਪੁਰ ਉਨ੍ਹਾਂ ਨੂੰ ਯੋਗ ਦੰਡ ਦਿੱਤਾ ਗਿਆ, ਅਰ ਲਾਹੇ ਪਿੰਡ ਦਾ ਨਾਉਂ ਟੋਟਾ ਰੱਖਿਆ.

ਟੋਕਾਸਾਹਿਬ ਨਾਲ ੧੦੦ ਵਿੱਘੇ ਜ਼ਮੀਨ ਰਿਆਸਤ ਨਾਹੁਣ ਵੱਲੋਂ ਹੈ ਅਤੇ ਡੇਢ ਸੋ ਵਿੱਘੇ ਮੀਰਪੁਰ ਵਿੱਚ ਆਹਲੂਵਾਲੀਏ ਜਾਗੀਰਦਾਰਾਂ ਵੱਲੋਂ ਹੈ. ਰਿਆਸਤ ਪਟਿਆਲੇ ੯੫ ਰੁਪਯੇ ਸਾਲਾਨਾ ਮਿਲਦੇ ਹਨ. ਰੇਲਵੇ ਸਟੇਸ਼ਨ ਬਰਾੜੇ ਤੋਂ ਤੀਹ ਮੀਲ ਉੱਤਰ ਹੈ ਅਤੇ ਨਾਹਣ ਤੋਂ ੮. ਕੋਹ ਹੈ. ਪੁਜਾਰੀ ਅਕਾਲੀ ਸਿੰਘ ਹੈ. ਜੇਠ ਸੁਦੀ ੧੦. ਨੂੰ ਮੇਲਾ ਲਗਦਾ ਹੈ.

ਟੋਘਨਾ: ਸੰਗਯਾ- ਟੋਆ. ਛੱਪੜ. "ਇਹ ਟੋਘਨੈ ਨ ਛੂਟਸਹਿ ਫਿਰਿਕਰਿ ਸਮੁੰਦੁ ਸਮ੍ਹਾਲਿ." (ਸ. ਕਬੀਰ) ਤੂੰ ਇਨ੍ਹਾਂ ਛੱਪੜਾਂ (ਪਾਖੰਡਕਰਮਾਂ) ਵਿੱਚ ਜਾਲ ਤੋਂ ਛੁਟਕਾਰਾ ਨਹੀਂ ਪਾਵੇਂਗਾ. ਇਨ੍ਹਾਂ ਤੋਂ (ਮੂੰਹ ਮੋੜਕੇ) ਸਮੁੰਦਰ (ਕਰਤਾਰ) ਨੂੰ ਚੇਤੇ ਕਰ.

ਟੋਟ, ਟੋਟਾ: ਦੇਖੋ, ਤ੍ਰੁਟਿ। ੨. ਕਮੀ. ਘਾਟਾ। ੩. ਟੁਕੜਾ. ਖੰਡ. ਭਾਗ। ੪. ਫੀਮ ਆਦਿਕ ਨਸ਼ੇ ਦੀ ਤੋੜ. ਅਮਲ ਦਾ ਲਹਾਉ। ੫. ਦੇਖੋ, ਟੋਕਾਸਾਹਿਬ.

ਟੋਟੀ: ਦੇਖੋ, ਟੂਟੀ ੨.

ਟੋਡਰਮੱਲ: ਭਗਤੀਦਾਸ ਦਾ ਪੁਤ੍ਰ ਚੂਹਣੀਆਂ (ਜਿਲਾ ਲਹੌਰ) ਦਾ ਵਸਨੀਕ ਇੱਕ ਗ਼ਰੀਬ ਖਤ੍ਰੀ, ਜਿਸ ਦਾ ਜਨਮ ਸਨ ੧੫੨੩ ਵਿੱਚ ਹੋਇਆ. ਇਹ ਆਪਣੀ ਲਿਆਕ਼ਤ ਨਾਲ ਵਧਦਾ ਵਧਦਾ ਅਕਬਰ ਬਾਦਸ਼ਾਹ ਦਾ ਦੀਵਾਨ ਬਣ ਗਿਆਨ. ਇਸ ਦੇ ਬਣਾਏ ਹੋਏ ਮਾਲ ਦੇ ਨਿਯਮ ਅਕਬਰ ਨੂੰ ਬਹੁਤ ਪਸੰਦ ਆਏ। ਸਭ ਤੋਂ ਪਹਿਲਾਂ ਟੋਡਰਮੱਲ ਨੇ ਹੀ ਹਿੰਦੀ ਤੋਂ ਫ਼ਾਰਸੀ ਵਿੱਚ ਦਫ਼ਤਰ ਕੀਤਾ. ਟੋਡਰਮੱਲ ਬਹਾਦੁਰ ਜਰਨੈਲ ਭੀ ਸੀ. ਇਸ ਨੇ ਬੰਗਾਲ ਦੀ ਮੁਹਿੰਮ ਵਿੱਚ ਵਡੀ ਵੀਰਤਾ ਵਿਖਾਈ. ਅਕਬਰ ਦੇ ਸਨ ਜਲੂਸੀ ੩੪ ਵਿੱਚ ਲਹੌਰ ਦਾ ਹਾਕਿਮ ਬਣਿਆ. ਇਸ ਦਾ ਨਿਵਾਸ ਬਾਜ਼ਾਰ ਹਕੀਮਾਂ (ਦਰਵਾਜ਼ਾ ਭਾਟੀ) ਵਿੱਚ ਸੀ.

ਟੋਡਰਮੱਲ ਦੀ ਅਕਬਰ ਦੇ ਨੌ ਰਤਾਂ ਵਿੱਚ ਗਿਣਤੀ ਹੈ. ਕਈ ਲੇਖਕਾਂ ਨੇ ਇਸ ਨੂੰ ਕਾਮਸ੍ਥ (ਕਾਇਥ) ਅਤੇ ਬਾਣੀਆ ਭੀ ਲਿਖਿਆ ਹੈ. ਇਸ ਦਾ ਸਨ ੧੫੮੯ ਵਿੱਚ ਲਹੌਰ ਦੇਹਾਂਤ ਹੋਇਆ.

ਟੋਡਰਮੱਲ ਫਾਰਸੀ ਤੋਂ ਛੁੱਟ ਹਿੰਦੀ ਦਾ ਭੀ ਉੱਤਮ ਕਵੀ ਸੀ. ਦੇਖੋ, ਉਸ ਦੀ ਰਚਨਾ-

ਗੁਣ ਬਿਨ ਜਜੋਂ ਕਮਾਨ ਗੁਰੁ ਬਿਨ ਜੈਸੇ ਗਜਾਨ

ਮਾਨ ਬਿਨ ਦਾਨ ਜੈਸੇ ਜਲ ਬਿਨ ਸਰ ਹੈ,

ਕੰਠ ਬਿਨ ਗੀਤ ਜੈਸੇ ਹਿਤੁ ਬਿਨ ਪ੍ਰੀਤਿ ਜੈਸੇ

ਵੇਸ਼ਯਾ ਰਸਰੀਤਿ ਜੈਸੇ ਫਲ ਬਿਨ ਤਰ ਹੈ,

ਤਾਰ ਬਿਨ ਯੰਤ੍ਰ ਜੈਸੇ ਸਯਾਨੇ ਬਿਨ ਮੰਤ੍ਰ ਜੈਸੇ

ਪਤਿ ਬਿਨ ਨਾਰਿ ਜੈਸੇ ਪੁਤ੍ਰ ਬਿਨ ਘਰ ਹੈ,

"ਟੋਡਰ" ਸੁ ਕਵਿ ਤੈਸੇ ਮਨ ਮੇ ਵਿਚਾਰ ਦੇਖੋ

ਧਰਮ ਵਿਹੀਨ ਧਨ ਪਛੀ ਬਿਨ ਪਰ ਹੈ.

੨. ਸਰਹਿੰਦ ਦਾ ਵਸਨੀਕ ਇੱਕ ਸ਼ਾਹੂਕਾਰ, ਜਿਸ ਨੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਪਿੱਛੋਂ ਮਾਤਾ ਗੁਜਰੀ ਜੀ ਦੀ ਸੇਵਾ ਕੀਤੀ ਅਤੇ ਧੀਰਯ ਦਿੱਤਾ. ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਇਸ ਨੇ ਕੀਤਾ ਸੀ.

ਟੋਡਾ: ਸੰਗਯਾ- ਪਹਾੜ ਦਾ ਢਲਵਾਣ। ੨. ਮਕਾਨ ਦਾ ਛੱਜਾ। ੩. ਜਿਲਾ ਅੰਬਾਲਾ, ਤਸੀਲ ਨਾਰਾਇਨਗੜ੍ਹ ਥਾਣਾ ਰਾਣੀ ਕੇ ਰਾਇਪੁਰ ਦਾ ਇੱਕ ਪਿੰਡ, ਜੋ ਨਾਡਾ ਅਤੇ ਮਾਣਕਟਬਰਾ ਦੇ ਮੱਧ ਹੈ. ਇੱਥੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਆਨੰਦਪੁਰ ਨੂੰ ਜਾਂਦੇ ਵਿਰਾਜੇ ਹਨ, ਪਰ ਗੁਰਦ੍ਵਾਰਾ ਕਿਸੇ ਨੇ ਨਹੀਂ ਬਣਾਇਆ। ੪. ਮਹਿਤਾ ਗੋਤ ਦਾ ਗੁਰੂ ਅਰਜਨ ਸਾਹਿਬ ਦਾ ਸਿੱਖ, ਜਿਸ ਨੇ ਅਮ੍ਰਿਤਸਰ ਬਣਨ ਸਮੇਂ ਵਡੀ ਸੇਵਾ ਕੀਤੀ। ੫. ਊਠ ਦਾ ਬੱਚਾ. ਬੋਤਾ.

ਟੋਡੀ: ਇਹ ਟੋਡੀਠਾਟ ਦੀ ਸੰਪੂਰਣ ਰਾਗਿਣੀ ਹੈ. ਰਿਸ਼ਭ ਗਾਂਧਾਰ ਧੈਵਤ ਕੋਮਲ, ਮੱਧਮ ਤੀਵ੍ਰ ਅਤੇ ਬਾਕੀ ਸੁਰ ਸ਼ੁੱਧ ਹਨ. ਧੈਵਤ ਵਾਦੀ ਅਤੇ ਗਾਂਧਾਰ ਸੰਵਾਦੀ ਹੈ. ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ. ਆਰੋਹੀ- ਸ਼ ਰਾ ਗਾ ਮੀ ਪ ਧਾ ਨ ਸ਼.

ਅਵਰੋਹੀ- ਸ਼ ਨ ਧਾ ਪ ਮੀ ਗਾ ਰਾ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਟੋਡੀ ਦਾ ਨੰਬਰ ਬਾਰਵਾਂ ਹੈ.

ਟੋਨਾ: ਸੰਗਯਾ- ਤੰਤ੍ਰ. ਟੂਣਾ. ਜਾਦੂ. ਟਾਮਨ. "ਟੋਨਾ ਕਰ ਮੋਹੇ ਜਨੁ ਸੋਈ." (ਨਾਪ੍ਰ)

ਟਪ, ਟੋਪਾ: ਸੰਗਯਾ- ਕੁਲਾਹ. ਟੋਕਰੀ ਦੇ ਆਕਾਰ ਦਾ ਸਿਰ- ਤ੍ਰਾਣ ਵਸਤ੍ਰ. ਦੇਖੋ, ਪੰਚਭੂ। ੨. ਪਰਾਣੇ ਸਮੇਂ ਦਾ ਇੱਕ ਪੈਮਾਨਾ, ਜੋ ਤਿੰਨ ਅਥਵਾ ਦੋ ਸੇਰ ਦਾ ਹੋਇਆ ਕਰਦਾ ਸੀ। ੩. ਸੰ. ਟੋਪਰ. ਛੋਟਾ ਥੈਲਾ.

ਟੋਪੀ: ਸੰਗਯਾ- ਛੋਟਾ ਟੋਪ. ਕੁਲਾਹ। ੨. ਮਸਾਲੇਦਾਰ ਬੰਦੂਕ਼ ਦੀ ਟੋਪੀ, ਜਿਸ ਵਿੱਚ ਐਸਾ ਮਸਾਲਾ ਲੱਗਾ ਹੁੰਦਾ ਹੈ ਜੋ ਘੋੜਾ ਬਰਸਣ ਤੋਂ ਅੱਗ ਦੇ ਦਿੰਦਾ ਹੈ. Gun- cap.

ਟੋਂਬੂ: ਸੰਗਯਾ- ਪਰਚਾ. ਹੁੰਡੀ. ਟੋਮੂ.

ਟੋਭੜਾ, ਟੋਭੜੀ, ਟੋਭਾ: ਸੰਗਯਾ- ਤੋਯ (ਪਾਣੀ) ਦੀ ਹੈ ਆਭਾ (ਸ਼ੋਭਾ) ਜਿਸ ਵਿੱਚ, ਛੱਪੜ- ਛਪੜੀ. ਕੱਚਾ ਤਾਲ. ਤਲਾਈ. "ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ." (ਵਾਰ ਬਿਲਾ ਮਃ ੪) ੨. ਪਿਤਰਾਂ ਦੇ ਪੂਜਣ ਲਈ ਬਣਾਇਆ ਹੋਇਆ ਤਾਲ, ਜਿਸ ਵਿੱਚੋਂ ਹਰ ਵਰ੍ਹੇ ਖ਼ਾਸ ਦਿਨ ਹਿੰਦੂ ਪਰਿਵਾਰ ਦੇ ਲੋਕ ਮਿੱਟੀ ਕੱਢਦੇ ਹਨ. "ਜੋਧ ਜਠੇਰੇ ਮੰਨੀਅਨ ਸਤੀਆਂ ਸਉਤ ਟੋਭੜੀ ਟੋਏ." (ਭਾਗੁ) "ਮੜ੍ਹੀ ਟੋਭੜੀ ਮਠ ਅਰੁ ਗੋਰ। ਇਨਹੁ ਨ ਸੇਵਹੁ ਸਭ ਦਿਹੁ ਛੋਰ." (ਗੁਪ੍ਰਸੂ)

ਟੋਮੂ: ਦੇਖੋ, ਟੋਂਬੂ.

ਟੋਯਾ: ਦੇਖੋ, ਟੋਆ.

ਟੋਰ: ਸੰਗਯਾ- ਗਤਿ. ਚਾਲ. ਤੋਰ। ੨. ਢੂੰਡ. ਤਲਾਸ਼. ਟੋਲ। ੩. ਲੰਮਾ ਅਤੇ ਪਤਲਾ ਟਾਹਣਾ. ਬੱਲੀ। ੪. ਟੋਰਨਾ ਕ੍ਰਿਯਾ ਦਾ

ਅਮਰ. ਜਿਵੇਂ- ਗੱਡੀ ਟੋਰ.

ਟੋਰਨ, ਟੋਰਨਾ: ਕ੍ਰਿ- ਤੋਰਨਾ. ਚਲਾਉਣਾ। ੨. ਟੋਲਨਾ. ਭਾਲਣਾ. ਢੂੰਡਣਾ. "ਸੋ ਨਰ ਕਸੋਂ ਮਗ ਟੋਰਨ ਜਾਈ?" (ਨਾਪ੍ਰ)

ਟੋਰਾ: ਸੰਗ੍ਯਾ- ਚਾਲਾ. ਤੁਰਨ ਦਾ ਭਾਵ। ੨. ਵਿ- ਟੋਲਿਆ. ਭਾਲਿਆ. "ਗੁਰੁ ਰਸਨਾ ਕੀ ਲਾਇਕ ਟੋਰਾ." (ਗੁਪ੍ਰਸੂ)

ਟੋਰੈ: ਚਲਾਉਂਦਾ ਹੈ। ੨. ਟੋਲਦਾ ਹੈ. ਭਾਲਦਾ ਹੈ. "ਅਨਿਕ ਬਿਧੀ ਕਰਿ ਟੋਰੈ." (ਗਉ ਮਃ ੫)

ਟੋਲ: ਸੰਗ੍ਯਾ- ਢੂੰਡ. ਤਲਾਸ਼. ਖੋਜ. ਦੇਖੋ, ਟੋਲਣਾ। ੨. ਸਮੁਦਾਯ. ਝੁੰਡ. ਗਰੋਹ। ੩. ਸ਼ੋਭਾ ਦੇ ਸਾਮਾਨ. ਵਸਤ੍ਰ ਗਹਿਣੇ ਆਦਿ ਪਦਾਰਥ. "ਨਾਨਕ ਸਚੇ ਨਾਮ ਬਿਨੁ ਸਭੇ ਟੋਲ ਵਿਣਾਸੁ." (ਵਾਰ ਮਾਝ ਮਃ ੧)

ਟੋਲਣਾ, ਟੋਲਨਾ: ਕ੍ਰਿ- ਢੂੰਡਣਾ. ਖੋਜਣਾ. ਭਾਲਣਾ. "ਬਾਹਰ ਟੋਲੈ ਸੋ ਭਰਮ ਭੁਲਾਹੀ." (ਮਾਝ ਮਃ ੫)

ਟੋਲਾ, ਟੋਲਿ, ਟੋਲਿ: ਸੰਗ੍ਯਾ- ਮੰਡਲੀ. ਗਰੋਹ. ਜੁੰਡੀ. ਝੁੰਡ. ਸਮੁਦਾਯ। ੨. ਸ਼ੋਭਾ ਦੇ ਸਾਮਾਨ. ਦੇਖੋ, ਟੋਲ ੩. "ਹਉ ਏਨੀ ਟੋਲੀ ਭੁਲੀਅਸੁ." (ਸੂਹੀ ਮਃ ੧. ਕੁਚਜੀ) ੩. ਟੋਲ ਨੂੰ. "ਇਕਤੁ ਟੋਲਿ ਨ ਅੰਬੜਾ." (ਸੂਹੀ ਮਃ ੧. ਕੁਚਜੀ) ੪. ਦੇਖੋ, ਟੋਲਣਾ। ੫. ਟੋਲ (ਭਾਲ) ਕੇ. ਢੂੰਡਕੇ. "ਅਗਹੁ ਪਿਛਹੁ ਟੋਲਿ ਡਿਠਾ." (ਵਾਰ ਬਿਲਾ ਮਃ ੪)

ਟੋਲੁ: ਦੇਖੋ, ਟੋਲ.

ਟੋਵਾ: ਦੇਖੋ, ਟੋਆ.

ਟੋਵੈ: ਟੋਏ ਵਿੱਚ. "ਅੰਨ੍ਹੇ ਪਵਣਾ ਖਾਤੀ ਟੋਵੈ." (ਸਵਾ ਮਃ ੧)

ਟੋੜੀ: ਦੇਖੋ, ਟੋਡੀ.

ਟੌਂਕ: ਵਿ- ਵਿਖਮ. ਜੋ ਗਿਣਤੀ ਵਿੱਚ ਸਮਾਨ ਨਾ ਹੋਵੇ. ਤਾਕ. ਜੈਸੇ- ਇੱਕ ਤਿੰਨ ਪੰਜ ਆਦਿ.

ਟੌਨਾ: ਦੇਖੋ, ਟੂਣਾ ਅਤੇ ਟੋਨਾ.

ਟੌਰ, ਟੌਰਾ: ਸੰਗ੍ਯਾ- ਸ਼ੇਰ ਆਦਿ ਪਸ਼ੂਆਂ ਦੀ ਪੂਛ ਦੇ ਸਿਰੇ ਤੇ ਚੌਰ ਦੀ ਸ਼ਕਲ ਦਾ ਰੋਮਾਂ ਦਾ ਗੁੱਫਾ. "ਫੇਰਤ ਲਾਂਗੁਲ ਟੌਰ ਕਰਾਲਾ." (ਗੁਪ੍ਰਸੂ) ੨. ਚੌਰ ਦੀ ਸ਼ਕਲ ਦਾ ਸਰਬੰਦ ਦਾ ਲਟਕਦਾ ਹੋਇਆ ਲੜ ਅਥਵਾ ਸਿਰ ਤੇ ਕਲਗੀ ਦੀ ਸ਼ਕਲ ਦਾ ਸਾਫੇ ਦਾ ਉਭਰਿਆ ਹੋਇਆ ਸਿਰਾ। ੩. ਬੂਟੇ ਦੀ ਮੰਜਰੀ. ਸਿੱਟਾ. "ਇਸ ਕੋ ਟੌਰ ਉਚੇਰੇ ਨਿਕਸਜੋ." (ਗੁਪ੍ਰਸੂ)

ਟੰਕ: ਸੰ. ਟङ्क ਸੰਗ੍ਯਾ- ਚਾਰ ਮਾਸ਼ਾ ਭਰ ਤੋਲ।[੪] ੨. ਕੁਦਾਲ. ਜ਼ਮੀਨ ਖੋਦਣ ਦਾ ਸੰਦ। ੩. ਗੰਡਾਸਾ। ੪. ਕ੍ਰੋਧ। ੫. ਤਲਵਾਰ। ੬. ਟੰਗ. ਲੱਤ। ੭. ਹੰਕਾਰ। ੮. ਦੇਖੋ, ਟਾਂਕ ੧. "ਧਨੁਖ ਨਿਠੁਰ ਨੌ ਟੰਕ ਖਿਚੰਤੇ." (ਗੁਪ੍ਰਸੂ) ੯. ਦੇਖੋ, ਟੰਕ.

ਟੰਕਕ: टङ्कक. ਸੰਗ੍ਯਾ- ਟਕਾ। ੨. ਰੁਪਯਾ। ੩. ਅਸ਼ਰਫ਼ੀ. ਮੁਹਰ। ੪. ਰਾਜਮੁਦ੍ਰਾ. ਸਿੱਕਹ.

ਟੰਕਕਸ਼ਾਲਾ: ਦੇਖੋ, ਟਕਸਾਲ.

ਟੰਕਣ: ਸੰ. टङ्कन ਸੰਗ੍ਯਾ- ਸੁਹਾਗਾ. Borax. L. Sozii Biboras.

ਟੰਕਾ: ਦੇਖੋ, ਟਕਾ। ੨. ਦੇਖੋ, ਟਾਂਕਾ.

ਟੰਕਾਰ: ਸੰ. टङ्कार ਸੰਗ੍ਯਾ- ਕਮਾਣ ਖਿੱਚਣ ਸਮੇਂ ਹੋਈ ਧੁਨਿ. ਧਨੁਖ ਦਾ ਚਿਰੜਾਉਣਾ। ੨. ਟਨਕਾਰ. ਟਨ ਟਨ ਧੁਨਿ.

ਟੰਕੁ: ਸੰਗ੍ਯਾ- ਚਾਰ ਮਾਸ਼ੇ ਦਾ ਵੱਟਾ. ਦੇਖੋ, ਟੰਕ. "ਧਰਿ ਤਾਰਾਜੀ ਅੰਬਰ ਤੋਲੀ ਪਿਛੈ ਟੰਕੁ ਚੜਾਈ." (ਵਾਰ ਮਾਝ ਮਃ ੧) ਚਾਰ ਮਾਸ਼ੇ ਦੇ ਵੱਟੇ ਨਾਲ ਸਾਰਾ ਖਗੋਲ ਤੋਲ ਲਵਾਂ. "ਆਪੇ ਧਰਤੀ ਸਾਜੀਅਨੁ ਪਿਆਰੈ, ਪਿਛੈ ਟੰਕੁ ਚੜਾਇਆ." (ਸੋਰ ਮਃ ੪) ਧਰਤੀ ਜੇਹੀ ਵਡੀ ਚੀਜ ਨੂੰ ਟੰਕ ਨਾਲ ਤੋਲਣ ਤੋਂ ਭਾਵ ਹੈ ਕਿ ਰੱਬ ਦੇ ਤੋਲਾਂ ਨਾਲ ਇਹ ਬਹੁਤ ਛੋਟੀ ਅਤੇ ਤੁੱਛ ਹੈ। ੨.

ਤਕੜੀ ਤੋਲਣ ਸਮੇਂ ਦੋਹਾਂ ਪਲੜਿਆਂ ਦਾ ਸਮਾਨ ਵਜ਼ਨ ਕਰਨ ਲਈ ਹਲਕੇ ਪਾਸੇ ਪਾਇਆ ਬੋਝ. ਪਾਸੰਗ. ਪਾਸਕੂ.

ਟੰਕੋਰ: ਸੰਗਯਾ- ਦੇਖੋ, ਟੰਕਾਰ.

ਟੰਗ: ਸੰਗਯਾ- ਗਿੱਟੇ ਤੋਂ ਉੱਪਰ ਅਤੇ ਗੋਡੇ ਤੋਂ ਹੇਠਲਾ ਭਾਗ. ਲੱਤ. ਦੇਖੋ, ਟੰਕ ੬। ੨. ਸੰ. ਬੇਲਚਾ. ਇੱਕ ਪ੍ਰਕਾਰ ਦੀ ਕਹੀ। ੩. ਚੌੜੀ ਅਤੇ ਮਧਰੀ ਤਲਵਾਰ.

ਟੰਗ ਹੇਠਦੀਂ ਲੰਘਣਾ: ਕ੍ਰਿ- ਹਾਰ ਮੰਨਣੀ. ਅਧੀਨ ਹੋਣਾ.

ਟੰਗਣਾ: ਕ੍ਰਿ- ਉੱਪਰ ਲਟਕਾਉਣਾ. ਕਿਸੇ ਵਸਤੁ ਨੂੰ ਕਿੱਲੇ ਆਦਿ ਪੁਰ ਲਟਕਦੇ ਰੱਖਣਾ। ੨. ਸਰਬੰਦ ਨਾਲੇ ਆਦਿ ਦਾ ਸਿਰਾ ਖੋਂਸਨਾ (ਟੁੰਗਣਾ).

੩. ਸੰਗਯਾ- ਦੋਹੀਂ ਸਿਰੀਂ ਰੱਸੀ ਬੰਨ੍ਹਕੇ ਛੱਤ ਨਾਲ ਲਟਕਾਇਆ ਡੰਡਾ, ਜਿਸ ਪੁਰ ਵਸਤ੍ਰ ਟੰਗੇ ਜਾਣ। ੪. ਛਿੱਕਾ. ਰੱਸੀਆਂ ਨਾਲ ਲਟਕਾਈ ਟੋਕਰੀ, ਜਿਸ ਵਿੱਚ ਬਿੱਲੀ ਆਦਿਕ ਤੋਂ ਬਚਾਕੇ ਖਾਣ ਦੀਆਂ ਚੀਜਾਂ ਰੱਖੀਆਂ ਜਾਂਦੀਆਂ ਹਨ.

ਟੰਗਰੀ, ਟੰਗੜੀ: ਸੰਗਯਾ- ਲੱਤ. ਟੰਗ. ਦੇਖੋ, ਟੰਕ ੬।੨ ਦੇਖੋ, ਲੋਧਾ.

ਟੰਚ, ਟੰਚਿ, ਟੰਚੁ: ਸੰਗਯਾ- ਕ੍ਰਿਪਣਤਾ. ਕੰਜੂਸੀ। ੨. ਦੰਭ. ਪਾਖੰਡ। ੩. ਸੰਗਦਿਲੀ. ਚਿੱਤ ਦੀ ਕਠੋਰਤਾ. "ਟੰਚ ਕਰਹੁ ਕਿਆ ਪ੍ਰਾਣੀ?" (ਆਸਾ ਪਟੀ ਮਃ ੧)

ਟੰਟਾ: ਸੰਗਯਾ- ਬਖੇੜਾ. ਝਗੜਾ। ੨. ਪ੍ਰਪੰਚ. ਛਲ.

ਟੰਬਰ: ਸੰਗਯਾ- ਫ਼ੌਜੀ ਵਰਦੀ. ਸਿਪਾਹੀ ਦਾ ਲਿਬਾਸ. ਇਹ ਭਟਾਂਬਰ ਦਾ ਸੰਖੇਪ ਹੈ. "ਕੰਬਰ ਕੇ ਬਹੁ ਟੰਬਰ ਅੰਬਰ." (ਚਰਿਤ੍ਰ ੧੯੫)

ਟੰਮਕ: ਸੰਗਯਾ- ਛੋਟਾ ਨਗਾਰਾ, ਟਮ ਟਮ ਸ਼ਬਦ ਜਿਸ ਵਿੱਚੋਂ ਨਿਕਲਦਾ ਹੈ. "ਵਤਾ ਵਜਨਿ ਟੰਮਕ ਭੇਰੀਆਂ." (ਸ੍ਰੀ ਮਃ ੫. ਪੈਪਾਇ)

ਟ੍ਰੇਨ: ਅੰ. Train. ਸ਼੍ਰੇਣੀ. ਕ਼ਤ਼ਾਰ. ਪੰਕ੍ਤਿ। ੨. ਰੇਲਗੱਡੀਆਂ ਦੀ ਕ਼ਤ਼ਾਰ.

ਠ: ਪੰਜਾਬੀ ਵਰਣਮਾਲਾ ਦਾ ਸਤਾਰਵਾਂ ਅੱਖਰ. ਇਸ ਦਾ ਉੱਚਾਰਣ ਮੂਧਾਂ ਤੋਂ ਹੁੰਦਾ ਹੈ। ੨. ਸੰ. ਸੰਗਯਾ- ਉੱਚੀ ਧੁਨਿ। ੩. ਸ਼ਿਵ। ੪. ਚੰਦ੍ਰਮਾ ਦਾ ਮੰਡਲ। ੫. ਪੰਜਾਬੀ ਵਿੱਚ ਇਹ ਸ਼੍ਰ ਅਤੇ ਸ੍ਥ ਦੇ ਥਾਂ ਭੀ ਵਰਤੀਦਾ ਹੈ, ਜੈਸੇ- ਸ੍ਰਿਸ਼੍ਟਿ ਦੀ ਥਾਂ ਸਿਰਠਿ, ਮੁਸ਼੍ਟਿ ਦੇ ਥਾਂ ਮੁਠ, ਅਸ਼੍ਟ ਦੀ ਥਾਂ ਅਠ, ਸ੍ਥਾਨ ਦੀ ਥਾਂ ਠਾਂ, ਸ੍ਥਗ ਦੀ ਥਾਂ ਠਗ ਆਦਿ ਸ਼ਬਦਾਂ ਵਿੱਚ.

ਠਉਰ, ਠਉਲ, ਠਉੜ: ਸੰਗਯਾ- ਸ੍ਥਾਨ. ਠਹਿਰਨ ਦੀ ਜਗਾ. ਠਾਹਰ. "ਪਾਇਓ ਸੋਈ ਠਉਰ." (ਸ. ਕਬੀਰ) "ਜਾਂਇ ਕਿਧੋਂ ਇੱਕ ਠਉਲਨ ਕੋ." (ਕ੍ਰਿਸਨਾਵ)

ਠਇਓ: ਠਟਿਆ. ਬਣਿਆ. "ਚਹੁ ਦਿਸਿ ਠਾਟ ਠਇਓ. (ਗਉ ਕਬੀਰ)

ਠਈ: ਠਟੀ. ਰਚੀ. ਬਣਾਈ। ੨. ਠਹਿਰਾਈ. ਨਿਸ਼੍ਚਿਤ ਕੀਤੀ.

ਠਸਕ: ਸੰਗਯਾ- ਅਭਿਮਾਨ। ੨. ਨਖਰਾ.

ਠਸਕਾ: ਦੇਖੋ, ਠਸਕ। ੨. ਜਿਲਾ ਕਰਨਾਲ, ਤਸੀਲ ਥਨੇਸਰ ਦਾ ਇੱਕ ਪਿੰਡ, ਜੋ ਖਾਸ ਥਾਣਾ ਹੈ. ਦੇਖੋ, ਸ਼ਾਹਭੀਖ.

ਠਹਕ: ਸੰਗਯਾ- ਦੋ ਪਦਾਰਥਾਂ ਦੀ ਪਰਸਪਰ ਠੋਕਰ। ੨. ਪਰਸਪਰ ਵਿਰੋਧ.

ਠਹਕਣਾ, ਠਹਕਨਾ: ਕ੍ਰਿ- ਠੁਕਰਾਉਣਾ. ਦੋ ਵਸਤੂਆਂ ਦਾ ਆਪੋ- ਵਿੱਚੀ ਟਕਰਾਉਣਾ। ੨. ਭਿੜਨਾ. ਲੜਨਾ

ਠਹਕਿ: ਕ੍ਰਿ. ਵਿ- ਠਹਕਕੇ. ਟਕਰਾਕੇ. "ਠਹਕਿ ਠਹਕਿ ਮਾਇਆ ਸੰਗਿ ਮੂਏ." (ਬਾਵਨ)

ਠਹਰ: ਸੰਗਜਾ- ਅਸਥਾਨ. ਥਾਂ. ਜਗਾ। ੨. ਠਹਰਨ ਦਾ ਭਾਵ.

ਠਹਰਨਾ: ਕ੍ਰਿ- ਸ੍ਥਿਤ ਹੋਣਾ। ੨. ਰੁਕਣਾ। ੩. ਨਿਵਾਸ ਕਰਨਾ.

ਠਹਰਾਉਣਾ, ਠਹਰਾਨਾ: ਕ੍ਰਿ- ਸ੍ਥਿਤ ਕਰਨਾ. ਚੱਲਣ ਤੋਂ ਹਟਾਉਣਾ। ੨. ਨਿਸ਼ਚੇ ਕਰਨਾ. ਵਿਚਾਰ ਪਿੱਛੋਂ ਮਨ ਵਿੱਚ ਸਿੱਧਾਂਤ ਵਸਾਉਣਾ.

ਠਹਰਾਯਉ: ਨਿਸ਼ਚੇ ਕੀਤਾ. ਦੇਖੋ, ਠਹਰਾਉਣਾ ੨. "ਗੁਰੂ ਰਾਮਦਾਸ ਅਨਭਉ ਠਹਰਾਯਉ." (ਸਵੈਯੇ ਮਃ ੫. ਕੇ)

ਠਕਰਵਾਲ: ਇੱਕ ਪਿੰਡ, ਜੋ ਜਿਲਾ ਤਸੀਲ ਲੁਦਿਆਨਾ ਵਿੱਚ ਹੈ. ਇੱਥੇ "ਨਾਨਕਸਰ" ਨਾਮੇ ਪਹਿਲੇ ਗੁਰੂ ਜੀ ਦਾ ਗੁਰਦੁਆਰਾ ਹੈ.

ਠਕਰਾਇਤ, ਠਕਰਾਈ: ਦੇਖੋ, ਠਕੁਰਾਇਤ ਅਤੇ ਠਕੁਰਾਈ.

ਠਕੁਰ: ਸੰ. ਠਕ੍ਕੁਰ ਠੱਕੁਰ. ਦੇਵਤਾ. ਪੂਜਯਇਸ਼੍ਟਦੇਵਤਾ. "ਕਵਿ ਕਲਜ ਠਕੁਰ ਹਰਦਾਸਤਨੇ." (ਸਵੈਯੇ ਮਃ ੫. ਕੇ) ਹਰਿਦਾਸ ਦੇ ਤਨਯ (ਪੁਤ੍ਰ ਗੁਰੂ ਰਾਮਦਾਸ ਜੀ) ਕਵਿ ਕਲਜ ਦੇ ਪੂਜ੍ਯ ਇਸ਼੍ਟ। ੨. ਸ੍ਵਾਮੀ. ਰਾਜਾ। ੩. ਰਾਜਪੂਤਾਂ ਦੀ ਖ਼ਾਸ ਪਦਵੀ.

ਠਕੁਰਾਇਤ, ਠਕੁਰਾਈ: ਸੰਗਜਾ- ਪ੍ਰਭੁਤ੍ਵ. ਸ੍ਵਾਮੀਪਨ. ਸਰਦਾਰੀ. ਪ੍ਰਧਾਨਤਾ. "ਤੂੰ ਮੀਰਾਂ ਸਾਚੀ ਠਕੁਰਾਈ." (ਮਾਝ ਅਃ ਮਃ ੫) "ਠਾਕੁਰ ਮਹਿ ਠਕੁਰਾਈ ਤੇਰੀ" (ਗੂਜ ਅਃ ਮਃ ੫) ੨. ਠਾਕੁਰਾਂ (ਰਾਜਪੂਤਾਂ) ਦੀ ਜਮਾਤ.

ਠਕੁਰਾਣੀ: ਸੰਗਜਾ- ਠੱਕੁਰ ਦੀ ਰਾਣੀ. ਠਾਕੁਰ (ਰਾਜਪੂਤ) ਦੀ ਇਸਤ੍ਰੀ. "ਭਟਿਆਣੀ ਠਕੁਰਾਣੀ." (ਆਸਾ ਅਃ ਮਃ ੧) ੨. ਸ੍ਵਾਮੀ ਦੀ ਇਸਤ੍ਰੀ.

ਠਗ: ਸੰ. ਸ੍ਥਗ. ਸੰਗਜਾ- ਧੋਖੇ ਨਾਲ ਧਨ ਹਰਨ ਵਾਲਾ. ਵੰਚਕ. "ਠਗੈ ਸੇਤੀ ਠਗ ਰਲਿਆ." (ਵਾਰ ਰਾਮ ੨. ਮਃ ੫) ੨. ਭਾਵ- ਕਰਤਾਰ. ਮਾਇਆ ਦੀ ਸ਼ਕਤਿ ਨਾਲ ਜਗਤ ਨੂੰ ਠਗਣ ਵਾਲਾ. "ਹਰਿ ਠਗ ਜਗ ਕਉ ਠਗਉਰੀ ਲਾਈ." (ਗਉ ਕਬੀਰ)

ਠਗਉਰ: ਠਗ- ਔਰ. ਹੋਰਨਾਂ ਦੇ ਠਗਣ ਲਈ. "ਚਿਤਵਤ ਰਹਿਓ ਠਗਉਰ, ਨਾਨਕ ਫਾਸੀ ਗਲਿ ਪਰੀ." (ਸ. ਮਃ ੯) ਵਿਚਾਰਦਾ ਰਿਹਾ ਹੋਰਨਾਂ ਦੇ ਠਗਣ ਲਈ, ਪਰ ਫਾਂਸੀ ਆਪਣੇ ਹੀ ਗਲ ਪਈ। ੨. ਦੇਖੋ, ਠਗਮੌਰ.

ਠਗਉਰੀ, ਠਗਉਲੀ: ਸੰਗਜਾ- ਠਗਮੂਰੀ. ਠਗੂਬਟੀ. ਉਹ ਨਸ਼ੇ ਵਾਲੀ ਵਸਤੁ, ਜਿਸ ਨਾਲ ਬੇਹੋਸ਼ ਕਰਕੇ ਠਗ ਧਨ ਲੁਟਦਾ ਹੈ. "ਬਿਖੈ ਠਗਉਰੀ ਜਿਨਿ ਜਿਨਿ ਖਾਈ." (ਗਉ ਮਃ ੫) "ਜਿਨਿ ਠਗਉਲੀ ਪਾਈਆ." (ਅਨੰਦੁ) ੨. ਠਗਮੂਰੀ ਦੇ ਸਮਾਨ ਪ੍ਰੇਮ ਸ਼੍ਰੱਧਾ ਆਦਿ ਸ਼ੁਭਗੁਣਾਂ ਨਾਲ, ਆਪਣੇ ਪ੍ਰੀਤਮ ਦਾ ਮਨ ਚੁਰਾਉਣਾ ਰੂਪ ਸਾਧਨ ਭੀ ਠਗਉਰੀ ਵਰਣਨ ਕੀਤਾ ਹੈ. "ਮਾਨੁ ਤਿਆਗਿ ਕਰਿ ਭਗਤਿ ਠਗਉਰੀ." (ਗਉ ਛੰਤ ਮਃ ੫) "ਪ੍ਰੇਮ ਠਗਉਰੀ ਪਾਇ." (ਸ੍ਰੀ ਛੰਤ ਮਃ ੫)

ਠਗਆਯੁਧ: ਸੰਗਜਾ- ਠਗ ਦਾ ਆਯੁਧ (ਸ਼ਸਤ੍ਰ) ਫਾਂਸੀ. (ਸਨਾਮਾ)

ਠਗਹਾਰ: ਠਗਣ ਵਾਲਾ. ਠਗਣਹਾਰ. "ਸੂਨੇ ਨਗਰਿ ਪਰੇ ਠਗਹਾਰੇ." (ਗਉ ਮਃ ੫)ਭਾਵ- ਕਾਮਾਦਿ ਬਿਕਾਰ.

ਠਗਣ: ਇਕ ਮਾਤ੍ਰਿਕਗਣ, ਜੋ ਪੰਜ ਮਾਤ੍ਰਾ ਦਾ ਹੁੰਦਾ ਹੈ. ਠਗਣ ਦੇ ਇਹ ਸਰੂਪ ਹਨ:-

ISS, SIS, IIIS, SSI, IISI, ISII, SIII, IIIII.

੨. ਕ੍ਰਿ- ਠਗਣਾ. ਧੋਖੇ ਨਾਲ ਧਨ ਹਰਨਾ. "ਅਖੀ ਤ ਮੀਟਹਿ ਨਾਕੁ ਪਕੜਹਿ ਠਗਣ ਕਉ ਸੰਸਾਰੁ." (ਧਨਾ ਮਃ ੧)

ਠਗਣਹਾਰ: ਵਿ- ਠਗਣ ਵਾਲਾ। ੨. ਸੰਗਜਾ- ਠਗ। ੩. ਭਾਵ- ਆਤਮਗਜਾਨੀ. "ਠਗਣਹਾਰ ਅਣਠਗਦਾ ਠਾਗੈ." (ਰਾਮ ਮਃ ੫) ਜੋ ਜਗਤ ਅਥਵਾ ਵਿਕਾਰ ਕਿਸੇ ਦੇ ਪੇਚ ਵਿੱਚ ਨਹੀਂ ਆਉਂਦੇ ਸਨ, ਉਨ੍ਹਾਂ ਨੂੰ ਗਜਾਨੀ ਠਗਦਾ ਹੈ.

ਠਗਣਾ: ਦੇਖੋ, ਠਗਣ ੨.

ਠਗਣੀ: ਠੱਗੀ ਕਰਨ ਵਾਲੀ ਇਸਤ੍ਰੀ। ੨. ਮਾਇਆ.

ਠਗਦੇਉ, ਠਗਦੇਵ: ਸੰਗਯਾ- ਠਗਰਾਜ. ਮੁਖੀਆ ਠਗ. "ਐਸੇ ਹੀ ਠਗਦੇਉ ਬਖਾਨੈ." (ਆਸਾ ਨਾਮਦੇਵ)

ਠਗਨਾ: ਦੇਖ,ੋ ਠਗਣ ੨.

ਠਗਨੀਰ: ਸੰਗਯਾ- ਧੋਖਾ ਦੇਣ ਵਾਲਾ ਪਾਣੀ. ਮ੍ਰਿਗਤ੍ਰਿਸਨਾ ਦਾ ਜਲ. ਭਾਵ- ਮਾਯਿਕ ਭੋਗ. "ਠਠਾ, ਇਹੈ ਦੂਰਿ ਠਗਨੀਰਾ." (ਗਉ ਬਾਵਨ ਕਬੀਰ) ੨. ਧਤੂਰੇ ਆਦਿ ਨਾਲ ਮਿਲਿਆ ਠਗ ਦਾ ਸ਼ਰਬਤ.

ਠਗਬਾਜੀ, ਠਗਬਿਦ੍ਯਾ: ਸੰਗਯਾ- ਠਗਣ ਵਾਲੀ ਬਾਜ਼ੀ. ਠਗਣ (ਛਲਣ) ਦੀ ਵਿਦ੍ਯਾ. ਧੋਖਾ ਦੇਣ ਦਾ ਇ਼ਲਮ.

ਠਗਮੂਰੀ: ਠਗਬੂਟੀ. ਦੇਖੋ, ਠਗਊਰੀ. "ਭੂਲੋ ਰੇ, ਠਗਮੂਰੀ ਖਾਇ." (ਸਾਰ ਨਾਮਦੇਵ)

ਠਗਮੋਦਕ: ਜ਼ਹਿਰ ਮਿਲੇ ਲੱਡੂ, ਜਿਨ੍ਹਾਂ ਨੂੰ ਖਵਾਕੇ ਠਗ ਧਨ ਠਗਦਾ ਹੈ.

ਠਗਮੌਰ: ਵਿ- ਠਗਾਂ ਦਾ ਮੁਕੁਟ (ਮੌਲਿ). ਠਗਾਂ ਦਾ ਸਰਤਾਜ. ਠਗਰਾਜ.

ਠਗਵਾਰੀ: ਸੰਗਯਾ- ਠੱਗੀ. ਧੋਖੇਬਾਜ਼ੀ। ੨. ਠਗਮੰਡਲੀ. "ਇਹ ਠਗਵਾਰੀ ਬਹੁਤ ਘਰ ਗਾਲੇ." (ਪ੍ਰਭਾ ਅਃ ਮਃ ੫)

ਠਗਵਾਲਾ, ਠਗਵਾੜਾ: ਵਿ- ਠਗਣ ਵਾਲਾ. "ਹਉ ਠਗਵਾੜਾ ਠਗੀ ਦੇਸ." (ਸ੍ਰੀ ਮਃ ੧)

ਠਗਵਾੜੀ: ਦੇਖੋ, ਠਗਵਾਰੀ। ੨. ਠਗਵਾੜੀ. ਠਗਾਂ ਨੇ. ਠੱਗੀ ਕਰਨ ਵਾਲਿਆਂ ਨੇ. "ਠਗੀ ਠਗਵਾੜੀ." (ਮਾਰੂ ਸੋਲਹੇ ਮਃ ੧)

ਠਗਾਊ: ਵਿ- ਠਗਣ ਵਾਲਾ. ਧੋਖੇ ਨਾਲ ਹਰਨ ਵਾਲਾ."ਅਗਰਕ ਉਸ ਕੇ ਬਡੇ ਠਗਾਊ." (ਆਸਾ ਮਃ ੫) ੨. ਠਗਾਈ ਖਾਣ ਵਾਲਾ. ਠਗ ਦੇ ਪੇਚ ਵਿੱਚ ਫਸਣ ਵਾਲਾ.

ਠਗਾਈ: ਸੰਗਯਾ- ਠਗਪਣਾ. ਠਗਵਿਦ੍ਯਾ. "ਕਰਹਿ ਬੁਰਾਈ ਠਗਾਈ ਦਿਨ ਰੈਨ." (ਸਾਰ ਮਃ ੫) ੨. ਠਗ ਦੇ ਛਲ ਵਿੱਚ ਆਉਣ ਦੀ ਕ੍ਰਿਯਾ.

ਠਗਾਨਾ: ਠਗਲੀਤਾ. ਠਗਲੀਨਾ. "ਕਹੁ ਨਾਨਕ ਜਿਨ ਜਗਤ ਠਗਾਨਾ." (ਸਾਰ ਮਃ ੫) ੨. ਠਗਿਆ ਗਿਆ. ਧੋਖੇ ਵਿੱਚ ਆਇਆ.

ਠਗਿਆਈ: ਸੰਗਯਾ- ਠੱਗੀ. ਠਗਣ ਦੀ ਕ੍ਰਿਯਾ. "ਲੋਕ ਦੁਰਾਇ ਕਰਤ ਠਗਿਆਈ." (ਮਲਾ ਮਃ ੫)

ਠਗੀ: ਸੰਗਯਾ- ਠਗਪੁਣਾ. ਠਗ ਦਾ ਕੰਮ. "ਕੂੜ ਠਗੀ ਗੁਝੀ ਨਾ ਰਹੈ." (ਵਾਰ ਗਉ ੧. ਮਃ ੪)੨. ਠਗਦਾ ਹਾਂ. "ਹਉ ਠਗਵਾੜਾ ਠਗੀ ਦੇਸ." (ਸ੍ਰੀ ਮਃ ੧) ੩. ਠਗੀਂ. ਠਗਾਂ ਨੇ. "ਏਨੀ ਠਗੀ ਜਗੁ ਠਗਿਆ." (ਵਾਰ ਮਲਾ ਮਃ ੪) ੪. ਠਗ ਦਾ ਇਸ੍ਤ੍ਰੀ ਲਿੰਗ. ਠਗਣੀ. ਦੇਖੋ, ਭਿਲਵਾ.

ਠਗੁ: ਦੇਖੋ, ਠਗ.

ਠਗੌਰ: ਦੇਖੋ, ਠਗਉਰ.

ਠਗੌਰਿ, ਠਗੌਰੀ, ਠਗੌਲੀ: ਦੇਖੋ, ਠਗਉਰੀ. ਠਗਉਰ.

ਠਟ: ਸੰਗਯਾ- ਭੀੜ. ਜਨ ਸਮੁਦਾਯ। ੨. ਰਚਨਾ. ਠਾਟ. "ਸਭ ਹੀ ਠਟ ਬੱਧ ਕਸੇ." (ਕ੍ਰਿਸਨਾਵ) ੩. ਸੰਕਲਪ. ਖ਼ਿਆਲ.

ਠਟਕਣਾ: ਦੇਖੋ, ਠਠਕਨਾ.

ਠਟਣਾ, ਠਟਨਾ: ਕ੍ਰਿ- ਬਣਾਉਣਾ. ਰਚਣਾ. "ਜਗਦੀਸ ਬਿਚਾਰਕੈ ਜੁੱਧ ਠਟਾ." (ਚੰਡੀ ੧) ੨. ਸੰਕਲਪ ਕਰਨਾ. ਖ਼ਿਆਲ ਵਿੱਚ ਲਿਆਉਣਾ.

ਠਟਿ: ਠਟਕੇ. ਦ੍ਰਿੜ੍ਹ ਸੰਕਲਪ ਕਰਕੇ। ੨. ਬਣਾਕੇ. ਰਚਕੇ.

ਠੱਟਾ: ਕਰਾਚੀ ਦੇ ਜਿਲੇ ਸਿੰਧ ਵਿੱਚ ਇੱਕ ਨਗਰ। ੨. ਦੇਖੋ, ਬੀੜ ਬਾਬਾ ਬੁੱਢਾ ਜੀ ਦਾ। ੩. ਜਿਲਾ ਫ਼ਿਰੋਜ਼ਪੁਰ, ਤਸੀਲ ਥਾਣਾ ਜ਼ੀਰਾ ਦਾ ਇੱਕ ਪਿੰਡ, ਜੋ ਰਲਵੇ ਸਟੇਸ਼ਨ ਮੱਲਾਂਵਾਲੇ ਤੋਂ ਨੌ ਮੀਲ ਦੱਖਣ ਹੈ. ਇਸ ਪਿੰਡ ਤੋਂ ਇੱਕ ਮੀਲ ਦੱਖਣ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਦਰਬਾਰ ਨਾਲ ੩. ਘੁਮਾਉਂ ਜ਼ਮੀਨ ਹੈ. ਹਰ ਮਸਯਾ ਮੇਲਾ ਹੁੰਦਾ ਹੈ.

ਠਠ: ਦੇਖੋ, ਠਾਟ.

ਠਟਕਣਾ, ਠਠਕਨਾ: ਕ੍ਰਿ- ਰੁਕਣਾ. ਠਹਿਰਨਾ। ੨. ਝਿਜਕਣਾ.

ਠਠਾ: ਠ ਅੱਖਰ. "ਠਠਾ ਮਨੂਆ ਠਾਹਹਿ ਨਾਹੀ." (ਬਾਵਨ) ੨. ਠ ਦਾ ਉੱਚਾਰਣ. ਠਕਾਰ। ੩. ਠੱਠਾ. ਅੱਟਹਾਸ. ਹਾਸੀ. ਮਸ਼ੌਲ.

ਠਠਿਆਰ, ਠਠੇਰਾ: ਸੰ. ਠਨ ਠਨ ਸ਼ਬਦ ਕਰਕੇ ਭਾਂਡੇ ਘੜਨ ਵਾਲਾ. ਕੰਸੇਰਾ. ਕਾਂਸੀ ਪਿੱਤਲ ਦੇ ਬਰਤਨ ਬਣਾਉਣ ਵਾਲਾ ਕਾਰੀਗਰ.

ਠਠੈ: ਠ ਅੱਖਰ ਦ੍ਵਾਰਾ. "ਠਠੈ ਠਾਢਿ ਵਰਤੀ ਤਿਨ ਅੰਤਰਿ." (ਆਸਾ ਪਟੀ ਮਃ ੧) ੨. ਠੱਠੇ (ਮਖੌਲ) ਨਾਲ.

ਠਠੋਲ: ਠੱਠਾ (ਮਸ਼ੌਲ) ਕਰਨ ਵਾਲਾ.

ਠੱਠਾ: ਦੇਖੋ, ਠਠਾ ੩। ੨. ਦੇਖੋ, ਬੀੜ ਬਾਬਾ ਬੁੱਢਾ ਜੀ ਦਾ.

ਠੱਡਾ: ਸੰਗਯਾ- ਹੱਦ (ਸੀਮਾ) ਦਾ ਚਿੰਨ੍ਹ. ਤੋਖਾ.

ਠਣਕ, ਠਣਕਾਰ: ਸੰਗਯਾ- ਠਨ ਠਨ ਧੁਨਿ. ਖੜਕਾਰ. ਠਨਕਾਰ.

ਠਨਕ: ਸੰਗਯਾ- ਘੜਿਆਲ ਆਦਿ ਧਾਤੁ ਦੇ ਵਾਜੇ ਦੀ ਧੁਨਿ.

ਠਨਕਾ: ਸੰਗਯਾ- ਆਘਾਤ. ਪ੍ਰਹਾਰ. ਚੋਟ. ਸੱਟ. "ਕਹਾਂ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ." (ਸਾਰ ਕੀਬਰ)

ਠਨਕਾਰ: ਦੇਖੋ, ਠਣਕਾਰ.

ਠਨਗਨ: ਸੰਗਯਾ- ਠਨਠਨ ਸ਼ਬਦ ਜਿਸ ਵਿੱਚੋਂ ਉਪਜੇ, ਅਜੇਹਾ ਵਾਜਾ. ਘੰਟਾ. ਟੱਲ. "ਨਕਟੀ ਕੋ ਠਨਗਨ ਬਾਡਾਡੂੰ." (ਆਸਾ ਕਬੀਰ) ਦੇਖੋ, ਬਾਡਾਡੂੰ.

ਠਨਨਾ: ਕ੍ਰਿ- ਠਾਨਨਾ. ਕਾਰਜ ਕਰਨ ਦਾ ਸੰਕਲਪ ਪੱਕਾ ਕਰਨਾ। ੨. ਰਚਣਾ. ਬਣਾਉਂਣਾ.

ਠਨੀ: ਠਾਨੀ. ਰਚੀ. ਬਣਾਈ। ੨. ਮਨ ਵਿੱਚ ਠਹਿਰਾਈ. ਨਿਸ਼੍ਚਿਤ ਕੀਤੀ.

ਠਪਨਾ: ਕ੍ਰਿ- ਸ੍‍ਥਾਪਨ. ਥਾਪਨਾ। ੨. ਮਨ ਵਿੱਚ ਦ੍ਰਿੜ੍ਹ ਕਰਨਾ। ੩. ਬੰਦ ਕਰਨਾ। ੪. ਠੱਪਣਾ. ਛਾਪਣਾ. ਵਸਤ੍ਰ ਉੱਤੇ ਰੰਗ ਨਾਲ ਬੇਲ ਬੂਟੇ ਛਾਪਣਾ। ੫. ਧੋਏ ਹੋਏ ਵਸਤ੍ਰ ਨੂੰ ਮੂੰਗਲੀ ਨਾਲ ਤਹਿ ਕਰਨਾ.

ਠੱਪਾ: ਸੰਗਯਾ- ਛਾਪਣ ਦਾ ਸੰਦ. ਮੁਹਰ ਦੀ ਸ਼ਕਲ ਦਾ ਕਾਠ ਅਥਵਾ ਧਾਤੁ ਦਾ ਬਣਿਆ ਛਾਪਾ, ਜਿਸ ਪੁਰ ਅੱਖਰ ਅਥਵਾ ਬੇਲ ਬੂਟੇ ਆਦਿ ਉੱਕਰੇ ਹੁੰਦੇ ਹਨ. ਜਿਸ ਵੇਲੇ ਨਕਦ ਮੁਆਮਲੇ ਦੀ ਥਾਂ ਜਿਨਸ ਲਈ ਜਾਂਦੀ ਸੀ, ਤਦ ਵੰਡਾਈ ਕਰਾਣ ਵਾਲੇ ਦਾਰੋਗੇ ਦਾਨਿਆਂ ਦੇ ਢੇਰਾਂ ਤੇ ਗਿੱਲਾ ਰੇਤਾ ਰੱਖਕੇ ਠੱਪਾ ਲਾਇਆ ਕਰਦੇ ਸਨ, ਤਾਂਕਿ ਕਾਸ਼ਤਕਾਰ ਚੋਰੀ ਨਾ ਕਰ ਸਕੇ.

**ਠਮ:** ਦੇਖੋ, ਠਾਮ.

**ਠਰ:** ਦੇਖੋ, ਠਰਣਾ ਅਤੇ ਠਰੁ.

**ਠਰਹਰ:** ਵਿ- ਅਚਲ. ਦ੍ਰਿੜ੍ਹ. "ਠਰਹਰ ਪਾਯੰ." (ਰਾਮਾਵ) ੨. ਸੰਗਜਾ- ਸੀਤ ਤੋਂ ਹੋਇਆ ਕਾਂਬਾ.

**ਠਰਕ:** ਸੰਗਜਾ- ਵ੍ਯਸਨ. ਵਾਦੀ। ੨. ਸਿਰੜ. ਜਨੂਨ.

**ਠਰਣਾ, ਠਰਨਾ:** ਕ੍ਰਿ- ਠੰਢਾ ਹੋਣਾ. ਸੀਤਲ ਹੋਣਾ। ੨. ਸਰਦੀ ਨਾਲ ਆਕੜ ਜਾਣਾ.

**ਠਰਵਾ:** ਇੱਕ ਪਿੰਡ, ਜੋ ਜਿਲਾ ਤਸੀਲ ਅੰਬਾਲਾ ਵਿੱਚ ਹੈ. ਇੱਥੇ ਸ਼੍ਰੀ ਦਸ਼ਮੇਸ਼ ਜੀ ਦਾ ਗੁਰਦ੍ਵਾਰਾ ਹੈ.

**ਠਰਾ:** ਦੇਖੋ, ਦੋਜ.

**ਠਰੁ:** ਵਿ- ਸੀਤਲ. ਦੇਖੋ, ਠਰਣਾ. "ਹੋਈ ਸਿਸਟਿ ਠਰੁ." (ਵਾਰ ਸਾਰ ਮਃ ੫) "ਅਗਨਿ ਬੁਝੀ ਠਰੁ ਸੀਨਾ ਹੇ." (ਮਾਰੂ ਸੋਲਹੇ ਮਃ ੧)

**ਠਰੂਰ, ਠਰੂਰਾ, ਠਰੂਰੁ:** ਵਿ- ਠਰਿਆ ਹੋਇਆ. ਸੀਤਲ. "ਹਰਿ ਜਪਿ ਭਈ ਠਰੂਰੇ." (ਮਾਝ ਅਃ ਮਃ ੫) ੨. ਸੰਗਜਾ- ਹਿਮਾਲਯ. "ਜਿਤੁ ਸੁ ਹਾਥ ਨ ਲਭਈ ਤੂ ਓਹੁ ਠਰੂਰੁ." (ਵਾਰ ਰਾਮ ੩) ੩. ਸ਼ਾਂਤਮਨ. ਜਿਸ ਦਾ ਦਿਲ ਠੰਢਾ ਹੈ.

**ਠੱਲਣਾ:** ਕ੍ਰਿ- ਰੋਕਣਾ. ਠਹਿਰਾਉਣਾ। ੨. ਧਕੇਲਣਾ. ਠੇਲਣਾ.

**ਠਵਰ, ਠਵਰਿ, ਠਵਰੁ:** ਸੰਗਜਾ- ਸ੍ਥਾਨ. ਠੌਰ. ਠਹਿਰਨ ਦੀ ਜਗਾ. "ਖੋਟੇ ਠਵਰ ਨ ਪਾਇਨੀ." (ਆਸਾ ਅਃ ਮਃ ੧) ੨. ਸੰ. ਸ੍ਥਵਿਰ. ਵਿ- ਅਚਲ. ਸ੍ਥਿਰ. ਕਾਇਮ.

**ਠਾ, ਠਾਂ, ਠਾਉ:** ਸੰਗਜਾ- ਸ੍ਥਾਨ. ਜਗਹਿ. ਠਿਕਾਣਾ. ਦੇਖੋ, ਠਾਇ. "ਸੰਤ ਕੇ ਦੋਖੀ ਕਉ ਨਾਹੀ ਠਾਉ." (ਸੁਖਮਨੀ)

**ਠਾਓਠਾਇ:** ਕ੍ਰਿ. ਵਿ- ਜਗਹਿਬਜਗਹਿ. ਥਾਂਓਂਥਾਂਈਂ. ਹਰ ਜਗਹਿ.

**ਠਾਇ, ਠਾਂਇ, ਠਾਇਓ, ਠਾਇਆ:** ਸਿੰਧੀ. ਠਾਇ. ਸੰਗਜਾ- ਸ੍ਥਾਨ. ਜਗਾ. "ਸੋਹੰਦੜੋ ਸਭ ਠਾਇ." (ਸ੍ਰੀ ਛੰਤ ਮਃ ੫) "ਅਬਕ ਛੁਟਕੇ ਠਉਰ ਨ ਠਾਇਓ." (ਗਉ ਕਬੀਰ) ਸ੍ਥਿਤੀ ਦੀ ਥਾਂ ਨਹੀਂ.

**ਠਾਈ:** ਸ੍ਥਾਨੋ ਮੇਂ. ਥਾਵਾਂ ਵਿੱਚ. "ਰਵਿਆ ਸਭ ਠਾਈ." (ਦੇਵ ਮਃ ੫) ੨. ਠਹਿਰਨ ਦਾ ਅਸਥਾਨ.

**ਠਾਈਸ:** ਅਸ਼੍ਟਵਿੰਸ਼ਤਿ. ਅਠਾਈਸ. "ਠਾਈਸ ਦਯੋਸ ਲੌ ਸੇਵ ਕਰੀ." (ਕ੍ਰਿਸਨਾਵ)

**ਠਾਹ:** ਸੰਗਜਾ- ਸ੍ਥਾਨ. ਥਾਂ. ਜਗਾ. "ਲਾਗੋ ਅਨ ਠਾਹੀ." (ਸਾਰ ਮਃ ੫) ੨. ਢਾਹ. ਪਾਣੀ ਦੇ ਵੇਗ ਨਾਲ ਕਿਨਾਰੇ ਦੇ ਢਹਿਣ ਭਾਵ। ੩. ਗੋਲੀ ਗੋਲੇ ਆਦਿ ਦੇ ਸ਼ਬਦ ਦਾ ਅਨੁਕਰਣ। ੪. ਠਾਹਣਾ ਕ੍ਰਿਯਾ ਦਾ ਅਮਰ.

**ਠਾਹਣਾ, ਠਾਹਣੁ:** ਕ੍ਰਿ- ਢਾਹਣਾ. ਗਿਰਾਉਣਾ. "ਠਠਾ ਮਨੂਆ ਠਾਹਹਿ ਨਾਹੀ." (ਬਾਵਨ) "ਸਭਨਾ ਮਨ ਮਾਣਿਕ, ਠਾਹਣੁ ਮੂਲ ਮਚਾਂਗਵਾ." (ਸ. ਫਰੀਦ) ਸਭਨਾਂ ਦੇ ਮਨ ਰਤਨ ਹਨ, ਇਨ੍ਹਾਂ ਦਾ ਢਾਹੁਣਾ (ਤੋੜਨਾ) ਮੂਲੋਂ ਚੰਗਾ ਨਹੀਂ "ਕਹੀ ਨ ਠਾਹੇ ਚਿਤ." (ਵਾਰ ਮਾਰੂ ੨. ਮਃ ੫) ਕਿਸੇ ਦਾ ਮਨ ਨਹੀਂ ਢਾਹੁੰਦਾ.

**ਠਾਹਰ, ਠਾਹਰੁ:** ਸੰਗਜਾ- ਸ੍ਥਾਨ. ਠਹਿਰਣ ਦੀ ਜਗਾ. "ਅਵਰ ਨ ਸੂਝੈ ਦੂਜੀ ਠਾਹਰ." (ਟੋਡੀ ਮਃ ੫) ੨. ਦੇਖੋ, ਬਿਨ ਠਾਹਰ.

**ਠਾਹਰੈ:** ਠਹਰਦਾ ਹੈ. ਨਿਵਾਸ ਕਰਦਾ ਹੈ. "ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ." (ਗੌਂਡ ਕਬੀਰ) ਦੇਖੋ, ਬਲਹਰ.

**ਠਾਹਿ:** ਦੇਖੋ, ਠਾਹਣਾ. "ਹਿਆਉ ਨ ਕੈਹੀ ਠਾਹਿ." (ਸ. ਫਰੀਦ) ਕਿਸੇ ਦਾ ਹ੍ਰਿਦਯ (ਮਨ) ਨਾ ਢਾਹ। ੨. ਜਗਾ. ਸ੍ਥਾਨ। ੩.

ਕ੍ਰਿ. ਵਿ- ਢਾਹਕੇ.

ਠਾਕ: ਸੰਗਯਾ- ਰੁਕਾਵਟ. "ਮੰਨੈ ਮਾਰਗਿ ਠਾਕ ਨ ਪਾਇ." (ਜਪੁ)

ਠਾਕਹਾਰ: ਸੰਗਯਾ- ਰੁਕਾਵਟ. ਮਨਾਹੀ. "ਉਨ ਕਉ ਖਸਮ ਕੀਨੀ ਠਾਕਹਾਰੇ." (ਗੌਂਡ ਮਃ ੫) ੨. ਵਿ- ਰੋਕਣਵਾਲਾ.

ਠਾਕਣਾ, ਠਾਕਨਾ: ਕ੍ਰਿ- ਰੋਕਣਾ. ਵਰਜਨ. "ਠਾਕਹੁ ਮਨੂਆ ਰਾਖਹੁ ਠਾਇ." (ਓਅੰਕਾਰ) ੨. ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰ ਦੇ ਬਲ ਨਾਲ ਕਿਸੇ ਰੋਗ ਨੂੰ ਰੋਕਣਾ.

ਠਾਕਰ: ਦੇਖੋ, ਠਾਕੁਰ.

ਠਾਕਿ: ਸੰਗਯਾ- ਰੁਕਾਵਟ. ਦੇਖੋ, ਠਾਕ. "ਠਾਕਿ ਨ ਹੋਤੀ ਤਿਨਹੁ ਦਰ." (ਬਾਵਨ) ੨. ਕ੍ਰਿ. ਵਿ- ਰੋਕਕੇ. ਵਰਜਕੇ.

ਠਾਕਿਰਹਾਉਣਾ: ਕ੍ਰਿ- ਵਰਜ ਰੱਖਣਾ. "ਆਵਣੁ ਜਾਣਾ ਠਾਕਿਰਹਾਏ." (ਮਾਝ ਅਃ ਮਃ ੧)

ਠਾਕਿਰਹਾਈ: ਵਰਜਰੱਖੀ. "ਸੀਤਲਾ ਠਾਕਿਰਹਾਈ." (ਸੋਰ ਮਃ ੫)

ਠਾਕੀਆ: ਵਿ- ਰੋਕਣਵਾਲਾ। ੨. ਰੋਕਿਆ ਹੋਇਆ. "ਨਾ ਹਉ ਥਕਾ ਨ ਠਾਕੀਆ." (ਵਾਰ ਸਾਰ ਮਃ ੧)

ਠਾਕੁਰ: ਦੇਖੋ, ਠਕੁਰ. "ਠਾਕੁਰ ਸਰਬੇ ਸਮਾਣਾ." (ਸ੍ਰੀ ਮਃ ੫) ੨. ਹਿੰਦੀ ਦਾ ਇੱਕ ਪ੍ਰਸਿੱਧ ਕਵਿ, ਜਿਸ ਦਾ ਜਨਮ ਸਨ ੧੬੪੩ ਵਿੱਚ ਹੋਇਆ. ਦੇਖੋ, ਏਕਤਾ.

ਠਾਕੁਰਦ੍ਵਾਰਾ: ਸੰਗਯਾ- ਠੱਕੁਰ (ਦੇਵਤਾ) ਦਾ ਦਰਵਾਜ਼ਾ. ਦੇਵਮੰਦਿਰ। ੨. ਸ੍ਵਾਮੀ ਦਾ ਘਰ.

ਠਾਕੁਰਵਜੀਰਾ: ਸੰਗਯਾ- ਠਾਕੁਰ ਦਾ ਮੰਤ੍ਰੀ. ਸਤਿਗੁਰੂ. "ਸਰਣਿ ਪਇਓ ਠਾਕੁਰਵਜੀਰਾ." (ਗਉ ਮਃ ੫)

ਠਾਕੁਰੀ: ਸੰਗਯਾ- ਠਕੁਰਾਈ. ਸ੍ਵਾਮੀਪਨ। ੨. ਪ੍ਰਭੁਤਾ.

ਠਾਕੁਰੋ: ਦੇਖੋ, ਠੁਕਰ ਅਤੇ ਠਾਕੁਰ.

ਠਾਗਉਰੀ: ਦੇਖੋ, ਠਗਉਰੀ.

ਠਾਗੀ: ਠਗੀ. ਛਲਲਈ. "ਮਾਇਆ ਹਰਿਜਨ ਠਾਗੀ." (ਸਾਰ ਮਃ ੫)

ਠਾਗੈ: ਠਗਦਾ ਹੈ. ਦੇਖੋ, ਠਗਣਹਾਰ.

ਠਾਂਚਾ: ਸੰਗਯਾ- ਢਾਂਚਾ. ਸੰਚਾ। ੨. ਘੜਤ. ਬਣਾਉਟ.

ਠਾਟ: ਸੰਗਯਾ- ਰਚਨਾ. ਬਨਾਵਟ. "ਜਾਕੇ ਨਿਗਮ ਦੁਧ ਕੇ ਠਾਟਾ." (ਸੋਰ ਕਬੀਰ) ੨. ਸਾਮਾਨ. ਸਾਮਗ੍ਰੀ। ੩. ਸ੍ਵਰਾਂ ਦੀ ਇਸਥਿਤੀ. ਸੱਤ ਸੁਰਾਂ ਦਾ ਆਪਣੇ ਆਪਣੇ ਥਾਂ ਤੇ ਠਹਿਰਨ ਦਾ ਭਾਵ. ਸੰਗੀਤਗ੍ਰੰਥਾਂ ਵਿੱਚ ਇਸੇ ਦਾ ਨਾਉਂ 'ਮੂਰਛਨਾਂ' ਹੈ. ਤਿੰਨ ਸਪਤਕਾਂ ਹੋਣ ਕਰਕੇ ਇੱਕੀ ਮੂਰਛਨਾਂ ਹੋਇਆ ਕਰਦੀਆਂ ਹਨ. [1]

ਰਾਗਵਿਦਯਾ ਦੇ ਪੰਡਿਤਾਂ ਨੇ ਸਾਰੇ ਦਸ ਠਾਟ ਕਲਪੇ ਹਨ, ਜਿਨ੍ਹਾਂ ਵਿੱਚ ਸਾਰੇ ਰਾਗ ਗਾਏ ਅਤੇ ਵਜਾਏ ਜਾਂਦੇ ਹਨ. [2]

(ੳ) ਕਲਯਾਣ ਠਾਟ. ਇਸ ਵਿੱਚ ਮੱਧਮ ਤੋਂ ਬਿਨਾ ਸਾਰੇ ਸ਼ੁੱਧ ਸੁਰ ਹਨ, ਯਥਾ-

ਸ਼ ਰ ਗ ਮੀ ਪ ਧ ਨ.

(ਅ) ਬਿਲਾਵਲ ਠਾਟ. ਇਸ ਵਿੱਚ ਸਾਰੇ ਸ਼ੁੱਧ ਸੁਰ ਹਨ, ਯਥਾ-

ਸ਼ ਰ ਗ ਮ ਪ ਧ ਨ.

(ੲ) ਕਮਾਚ ਠਾਟ. ਇਸ ਵਿੱਚ ਛੀ ਸੁਰ ਸ਼ੁੱਧ, ਅਤੇ ਨਿਸ਼ਾਦ ਕੋਮਲ ਹੈ, ਯਥਾ-

ਸ਼ ਰ ਗ ਮ ਪ ਧ ਨਾ.

(ਸ) ਭੈਰਵ ਠਾਟ. ਇਸ ਵਿੱਚ ਪੰਜ ਸ਼ੁੱਧ ਸੁਰ ਅਤੇ ਰਿਸ਼ਭ ਧੈਵਤ ਕੋਮਲ ਹਨ, ਯਥਾ-

ਸ਼ ਰਾ ਗ ਮ ਪ ਧਾ ਨ.

(ਹ) ਭੈਰਵੀ ਠਾਟ. ਇਸ ਵਿੱਚ ਤਿੰਨ ਸ਼ੁੱਧ ਸੁਰ ਅਤੇ ਚਾਰ ਕੋਮਲ ਸੁਰ ਹਨ, ਯਥਾ-

ਸ਼ ਰਾ ਗਾ ਮ ਪ ਧਾ ਨਾ.

(ਕ) ਆਸਾਵਰੀ ਠਾਟ. ਇਸ ਵਿੱਚ ਚਾਰ ਸ਼ੁੱਧ ਸੁਰ ਅਤੇ ਤਿੰਨ ਕੋਮਲ ਹਨ, ਯਥਾ-

ਸ਼ ਰ ਗਾ ਮ ਪ ਧਾ ਨਾ.

(ਖ) ਟੋਡੀ ਠਾਟ. ਇਸ ਵਿੱਚ ਤਿੰਨ ਸ਼ੁੱਧ, ਤਿੰਨ ਕੋਮਲ ਅਤੇ ਇੱਕ ਤੀਵ੍ਰ ਸੁਰ ਹੈ, ਯਥਾ-

ਸ਼ ਰਾ ਗਾ ਮੀ ਪ ਧਾ ਨ.

(ਗ) ਪੂਰਬੀ ਠਾਟ. ਇਸ ਵਿੱਚ ਚਾਰ ਸ਼ੁੱਧ, ਦੋ ਕੋਮਲ, ਇੱਕ ਤੀਵ੍ਰ ਸੁਰ ਹੈ, ਯਥਾ-

ਸ਼ ਰਾ ਗ ਮੀ ਪ ਧਾ ਨ. (ਘ) ਮਾਰਵਾ[3] ਅਥਵਾ ਮਾਰੂ ਠਾਟ. ਇਸ ਵਿੱਚ ਪੰਜ ਸੁਰ ਸ਼ੁੱਧ, ਇੱਕ ਕੋਮਲ, ਇੱਕ ਤੀਵ੍ਰ ਹੈ, ਯਥਾ-

ਸ਼ ਰਾ ਗ ਮੀ ਪ ਧ ਨ. (ਙ) ਕਾਫੀ ਠਾਟ. ਇਸ ਵਿੱਚ ਪੰਜ ਸ਼ੁੱਧ ਅਤੇ ਦੋ ਕੋਮਲ ਸੁਰ ਹਨ, ਯਥਾ-

ਸ਼ ਰ ਗਾ ਮ ਪ ਧ ਨਾ

ਰਾਗ ਹੋਯਾ ਦੂਰ ਸੁਰ ਕਿਸੇ ਦਾ ਨਾ ਰਿਹਾ ਠੀਕ
ਤਾਲੋਂ ਸਭ ਘੁੱਥੇ ਭਾਰੀ ਰਾਮਰੌਲਾ ਪਾਯਾ ਹੈ,
ਗ੍ਰਾਮ ਗ੍ਰਾਮ ਵਿੱਚ ਨਾ ਮਿਲੰਦਾ ਇੱਕ ਦੂਜੇ ਸੰਗ
ਤਾਨ ਖੋਇ ਬੈਠੇ ਲਯਨਾਮ ਵਿਸਰਾਯਾ ਹੈ,
ਰੰਗਭੂਮਿ ਭਾਰਤ ਦੀ ਮੂਰਛਨਾ ਦਸ਼ਾ ਦੇਖ
ਕਰਤਾਰ ਬਾਬਾ ਗੁਰੁਨਾਨਕ ਪਠਾਯਾ ਹੈ,
ਅਬਲਾ ਲੁਕਾਈ ਤਾਂਈਂ ਮਰਦਾਨਾ ਸਾਜ ਸੰਗ
ਠਾਟ ਇੱਕ ਕਰਨ ਜਹਾਨ ਵਿੱਚ ਆਯਾ ਹੈ.

੪. ਸੂਰ ਮੇਲਨ. ਸੁਰਾਂ ਦਾ ਮਿਲਾਪ। ੫. ਸ਼ੋਭਾ। ੬. ਦ੍ਰਿੜ੍ਹ ਸੰਕਲਪ। ੭. ਆਡੰਬਰ. ਦਿਖਾਵਾ.

ਠਾਟਨਾ: ਕ੍ਰਿ- ਰਚਣਾ. ਬਣਾਉਣਾ. "ਜੈਸੇ ਕਸਟ ਠਗਨ ਕਹਿ ਠਾਟਤ." (ਪਾਰਸਾਵ)

ਠਾਠ: ਦੇਖੋ, ਠਾਟ.

ਠਾਠਾਬਾਗਾ: ਸੰਗਯਾ- ਲਿਬਾਸ ਦੀ ਸ਼ੋਭਾ. ਠਾਟਬਾਟ। ੨. ਭਾਵ- ਬਾਹਰਲੀ ਬਣਾਉਟ। ੩. ਬਾਹਰ ਦਾ ਮੇਲਜੋਲ. "ਲੋਗਨ ਸਿਉ ਮੇਰਾ ਠਾਠਾਬਾਗਾ." (ਆਸਾ ਮਃ ੫)

ਠਾਢ: ਵਿ- ਠਾਢਾ. ਖੜਾ. "ਠਾਢ ਭਯੋ ਮੈ ਜੋਰ ਕਰ." (ਵਿਚਿਤ੍ਰ)

ਠਾਂਢ: ਸੰਗਯਾ- ਠੰਢ. ਸੀਤਲਤਾ.

ਠਾਢਾ: ਵਿ- ਖੜਾ. ਖਲੋਤਾ. "ਠਾਢਾ ਬ੍ਰਹਮਾ ਨਿਗਮ ਬੀਚਾਰੈ." (ਪ੍ਰਭਾ ਕਬੀਰ) ੨. ਠੰਢਾ. ਸੀਤਲ. "ਕਲਿ ਤਾਤੀ ਠਾਢਾ ਹਰਿਨਾਉ." (ਸੁਖਮਨੀ)

ਠਾਂਢਾ: ਵਿ- ਠੰਢਾ. ਸੀਤਲ.

ਠਾਢਿ: ਸੰਗਯਾ- ਠੰਢ. ਸੀਤਲਤਾ. "ਤਪਤ ਮਾਹਿ ਠਾਢਿ ਵਰਤਾਈ." (ਸੁਖਮਨੀ) "ਠਠੈ ਠਾਢਿ ਵਰਤੀ ਤਿਨ ਅੰਤਰਿ." (ਆਸਾ ਪਟੀ ਮਃ ੧)

ਠਾਢੀਂ: ਵਿ- ਖਲੋਤੀ. ਖੜੀ। ੨. ਦੇਖੋ, ਠਾਂਢੀ.

ਠਾਂਢੀ: ਵਿ- ਠੰਢੀ. ਸੀਤਲ. "ਜਾਕਾ ਮਨ ਸੀਤਲ, ਓਹ ਜਾਣੈ ਸਗਲੀ ਠਾਂਢੀ." (ਸੋਰ ਮਃ ੫) "ਹਰਿ ਕੇ ਨਾਮ ਕੀ ਗਤਿ ਠਾਂਢੀ." (ਸਾਰ ਮਃ ੫)

ਠਾਢੇ: ਵਿ- ਖਲੋਤੇ. ਖੜੇ. "ਦਰਮਾਦੇ ਠਾਢੇ ਦਰਬਾਰਿ." (ਬਿਲਾ ਕਬੀਰ) ੨. ਠੰਢੇ. ਸੀਤਲ। ੩. ਸਿਥਤ. ਅਚਲ. "ਹਰਿ ਮੰਤ੍ਰ ਦੀਆਂ ਮਨ ਠਾਢੇ." (ਗਉ ਮਃ ੪)

ਠਾਢੋ: ਵਿ- ਖਲੋਤਾ. ਖੜਾ. "ਸਿਰ ਊਪਰਿ ਠਾਢੋ ਧਰਮਰਾਇ." (ਗਉ ਮਃ ੫)

ਠਾਂਢੋ: ਵਿ- ਠੰਢਾ. ਸੀਤਲ.

ਠਾਣ: ਸੰਗਯਾ- ਸਥਾਨ. ਥਾਂ "ਜਾਕੀ ਦ੍ਰਿਸਟਿ ਅਚਲਠਾਣ." (ਸਵੈਯੇ ਮਃ ੨. ਕੇ) ਅਚਲ ਅਸਥਾਨ. ਅਵਿਨਾਸ਼ੀ ਪਦ.

ਠਾਣਾ: ਸੰਗਯਾ- ਠਹਿਰਨ ਦਾ ਸਥਾਨ. ਠਿਕਾਣਾ. "ਨਿਹਚਲੁ ਤਿਨ ਕਾ ਠਾਣਾ." (ਮਾਰੂ ਮਃ ੫)

੨. ਪੋਲੀਸ (Police) ਦੀ ਚੌਕੀ ਦਾ ਅਸਥਾਨ. ਥਾਣਾ.

ਠਾਣੀ: ਠਾਨੀ. ਦੇਖੋ, ਠਾਨਨਾ। ਸਥਾਨੋਂ ਮੇਂ. ਥਾਵਾਂ ਵਿੱਚ. "ਤਕਹਿ ਨਾਰਿ ਪਰਾਈਆਂ ਲੁਕਿ ਅੰਦਿਰ ਠਾਣੀ." (ਵਾਰ ਗਉ ੧. ਮਃ ੪)

ਠਾਣੇਦਾਰ: ਸੰਗਯਾ- ਪੁਲਿਸ ਦੇ ਸਥਾਨ (ਥਾਨੇ) ਦਾ ਸਰਦਾਰ.

ਠਾਨਨਾ: ਕ੍ਰਿ- ਵਿਚਾਰ ਕਰਨ ਪਿੱਛੋਂ ਕਿਸੇ ਬਾਤ ਨੂੰ ਮਨ ਵਿੱਚ ਪੱਕਾ ਕਰਨਾ. ਦ੍ਰਿੜ੍ਹ ਸੰਕਲਪ ਧਾਰਨਾ। ੨. ਰਚਣਾ. ਬਣਾਉਂਣਾ.

ਠਾਨਾ: ਦੇਖੋ, ਠਾਣਾ। ੨. ਦੇਖੋ, ਠਾਨਨਾ.

ਠਾਨੀ: ਦਿਲ ਵਿੱਚ ਪੱਕ ਕੀਤੀ. ਦੇਖੋ, ਠਾਨਨਾ.

ਠਾਮ, ਠਾਯ: ਸੰਗਯਾ- ਸਥਾਨ. ਥਾਂ. ਜਗਾ. "ਨਮਸਤੰ ਅਠਾਮੇ." (ਜਾਪੁ) ਜਿਸ ਦਾ ਕੋਈ ਖ਼ਾਸ ਥਾਂ ਨਹੀਂ ਹੈ।

ਠਾਰ, ਠਾਰੁ: ਵਿ- ਠੰਢਾ. ਸੀਤਲ. "ਮਨੁ ਤਨੁ ਮੇਰਾ ਠਾਰ ਥੀਓ." (ਆਸਾ ਮਃ ੫) ੨. ਠਾਰਨ ਵਾਲਾ. "ਆਪੇ ਸੀਤਲੁ ਠਾਰੁ ਗੜਾ." (ਮਾਰੂ ਸੋਲਹੇ ਮਃ ੫) ਆਪੇ ਸੀਤਲ ਹੈ ਗੜੇ (ਓਲੇ) ਨੂੰ ਭੀ ਠਾਰ ਦੇਣ ਵਾਲਾ. ਭਾਵ- ਅਤਜੰਤ ਸੀਤਲ। ੩. ਸੰ. ਪਾਲਾ. ਖੋਹਰਾ. ਕੱਕਰ। ੪. ਠੰਢ. ਸੀਤਲਤਾ. ਜਿਵੇਂ- ਪਾਣੀ ਨੂੰ ਅੱਗ ਤੇ ਰੱਖਕੇ ਠਾਰ ਭੰਨ ਦਿਓ।

ਠਾਵ, ਠਾਂਵ: ਸੰਗਯਾ- ਸਥਾਨ. ਥਾਂਉਂ.

ਠਿਕਰੀ: ਦੇਖੋ, ਠੀਕਰੀ.

ਠਿਕਾਣਾ, ਠਿਕਾਨਾ: ਸੰਗਯਾ- ਠਹਿਰਨ ਦਾ ਸਥਾਨ. ਟਿਕਾਣਾ। ੨. ਘਰ. ਮਕਾਨ.

ਠਿੰਗਣਾ: ਵਿ- ਮਧਰਾ, ਛੋਟੇ ਕੱਦ ਦਾ. ਨਾਟਾ. ਠਿੰਗਨਾ.

ਠਿੰਗਲਾ: ਸੰਗਯਾ- ਠੇਂਗਾ. ਕੁਤਕਾ. ਮੂਸਲ. "ਜਪੈ ਹਿੰਗੁਲਾ ਠਿੰਗਲਾਪਾਨਿ ਦੇਵੀ." (ਪਾਰਸਾਵ) ੨. ਠੇਂਗਾ ਧਾਰਨ ਵਾਲੀ ਦੇਵੀ.

ਠਿੰਗਲਾਪਾਨਿ: ਵਿ- ਕੁਤਕਾ ਹੈ ਜਿਸ ਦੇ ਹੱਥ ਵਿੱਚ. "ਠਿੰਗਲਾਪਾਨਿ ਦੇਵੀ." (ਪਾਰਸਾਵ) ੨. ਭੈਰਵ.

ਠਿੰਗਲੀ: ਵਿ- ਠੇਂਗੇ ਵਾਲੀ. ਦੇਖੋ, ਠਿੰਗਲਾਪਾਨਿ.

ਠਿਠ: ਸੰਗਯਾ- ਨਿੰਦਾ. ਬਦਨਾਮੀ। ੨. ਲੱਜਾ. ਸ਼ਰਮ. ਦੇਖੋ, ਠਿੱਠ.

ਠਿਠਕਣਾ, ਠਿਠਕਨਾ: ਕ੍ਰਿ- ਰੁਕਣਾ. ਠਹਿਰਨਾ। ੨. ਝਿਜਕਣਾ.

ਠਿਠੁਕੀ: ਵਿ- ਨਿੰਦਿਤ. ਅਪਮਾਨਿਤ. "ਸੰਤ ਕੀ ਠਿਠੁਕੀ ਫਿਰੈ ਬਿਚਾਰੀ." (ਗੌਂਡ ਕਬੀਰ) ਦੇਖੋ, ਠਿਠ.

ਠਿੱਠ: ਵਿ- ਨਿੰਦਿੱਤ. ਬਦਨਾਮ। ੨. ਲੱਜਿਤ. ਸ਼ਰਮਿੰਦਾ. ਦੇਖੋ, ਠਿਠ.

ਠਿਣਕ: ਸੰਗਯਾ- ਅਸਥਾਪਨ ਕਰਨ ਦੀ ਕ੍ਰਿਯਾ. ਠਹਿਰਾਉਣ ਦਾ ਭਾਵ.

ਠਿਣਕਿਓਨ: ਅਸਥਾਪਨ ਕੀਤਾ. ਸ੍ਥਿਰ ਕੀਓਨੁ. ਠਹਿਰਾਇਆ। ੨. ਠਣਕਾਇਆ. ਠਕੋਰਕੇ ਵੇਖਿਆ. "ਜਿਨਿ ਐਵਡੁ ਪਿਡ ਠਿਣਕਿਓਨੁ." (ਵਾਰ ਰਾਮ ੩) ਜਿਸ ਨੇ ਇਤਨੀ ਵਡੀ ਹਸ੍ਤੀ, ਭਾਵ- ਗੁਰੂ ਅੰਗਦਦੇਵ ਨੂੰ ਪਰਖਿਆ. ਦੇਖੋ, ਪਿਡ.

ਠਿਮਿ ਠਿਮਿ: ਕ੍ਰਿ- ਵਿ- ਧੀਮੇਪਨ ਸੇ. ਠੁਮਕ ਠੁਮਕਕੇ. ਸੁਹਾਉਣੀ ਧੀਮੀ ਚਾਲ ਨਾਲ. "ਸਾਰੰਗ ਜਿਉ ਪਗ ਧਰੇ ਠਿਮਿ ਠਿਮਿ." (ਵਡ ਛੰਤ ਮਃ ੧) ਦੇਖੋ, ਠੁਮਕ.

ਠਿਲਨਾ: ਕ੍ਰਿ- ਧਕੇਲੇਜਾਣਾ। ੨. ਉਤਸ਼ਾਹ ਨਾਲ ਅੱਗੇ ਵੱਧਣਾ। ੩. ਵੇਗ ਨਾਲ ਪ੍ਰਵੇਸ਼ ਕਰਨਾ।

ਠੀਸ: ਸੰਗਯਾ- ਚਿੰਤਾ. ਧੜਕਾ. ਫ਼ਿਕਰ। ੨. ਸ਼ੇਖ਼ੀ. ਲਾਫ਼. "ਕੂੜੀ ਕੂੜੈ ਠੀਸ." (ਜਪੁ) ੩. ਚੋਟ. ਸੱਟ. ਸਦਮਾ.

ਠੀਸਮਾਰ: ਸ਼ੇਖੀ ਮਾਰਨ ਵਾਲਾ। ੨. ਚੁਭਵੀਂ ਗੱਲ ਆਖਣ ਵਾਲਾ.

ਠੀਹ: ਸੰਗਯਾ- ਅਸਥਾਨ. ਠਿਕਾਣਾ.

ਠੀਹਾ: ਸੰਗਯਾ- ਅੱਡਾ. ਠਹਿਰਨ ਦਾ ਸਥਾਨ। ੨. ਜ਼ਮੀਨ ਨੂੰ ਇਕਸਾਰ ਕਰਨ ਲਈ ਉਚਾਣ ਨਿਵਾਣ ਦਾ ਲਾਇਆ ਚਿੰਨ੍ਹ। ੩. ਸਰਹੱਦੀਚਿੰਨ੍ਹ. ਤੋਖਾ. ਠੱਡਾ। ੪. ਤਖਾਣਾਂ ਦਾ ਇੱਕ ਯੰਤ੍ਰ, ਜਿਸ ਵਿੱਚ ਲਕੜੀ ਫਸਾਕੇ ਆਰੇ ਨਾਲ ਚੀਰਦੇ ਹਨ.

ਠੀਕ: ਵਿ- ਸਹੀ. ਯਥਾਰਥ. ਦੁਰੁਸ੍ਤ। ੨. ਉਚਿਤ. ਯੋਗ੍ਯ. ਮਨਾਸਿਬ.

ਠੀਕਰ, ਠੀਕਰਾ: ਸੰਗਯਾ- ਮਿੱਟੀ ਦੇ ਬਰਤਨ ਦਾ ਫੁੱਟਿਆ ਹੋਇਆ ਟੁਕੜਾ. "ਜਾਂ ਭਜੈ ਤਾਂ ਠੀਕਰੁ ਹੋਵੈ." (ਵਾਰ ਮਾਝ ਮਃ ੧) ੨. ਫੁੱਟਿਆ ਹੋਇਆ ਬਰਤਨ। ੩. ਭਾਵ- ਬਿਨਸਨਹਾਰ ਦੇਹ. ਸ਼ਰੀਰ. "ਠੀਕਰ ਫੋਰ ਦਿਲੀਸ ਸਿਰ." (ਵਿਚਿਤ੍ਰ) ਔਰੰਗਜ਼ੇਬ ਦੇ ਸਿਰ ਦੇਹਰੂਪ ਮਟਕਾ ਭੰਨਕੇ.

ਠੀਕਰੀ: ਸੰਗਯਾ- ਮਿੱਟੀ ਦੇ ਬਰਤਨ ਦਾ ਭੱਜਾ ਹੋਇਆ ਟੁਕੜਾ। ੨. ਖ਼ਾ. ਰੁਪਯਾ ਦਮੜਾ.

ਠੀਕਰੁ: ਦੇਖੋ, ਠੀਕਰ.

ਠੀਗਾ, ਠੀਂਗਾ: ਸੰਗਯਾ- ਠੇਂਗਾ. ਸੋਟਾ. ਦੰਡ. ਮੂਸਲ. "ਕਾਲ ਕਾ ਠੀਗਾ ਕਿਉ ਜਲਾਈਅਲੇ?" (ਸਿਧਗੋਸਟਿ)

ਠੀਬਾ: ਵਿ- ਫਿੱਡਾ. ਫਿੱਡਿਆ ਹੋਇਆ. ਬੈਠਵਾਂ. "ਪੀਛੇ ਠੀਬਾ ਨੋਕ ਦਰਾਜ." (ਗੁਪ੍ਰਸੂ) ਜੁੱਤਾ ਅੱਡੀ ਵੱਲੋਂ ਫਿੱਡਾ ਅਤੇ ਨੋਕ

ਲੰਮੀ.

ਠੁਕਣਾ: ਕ੍ਰਿ. - ਠੋਕੇਜਾਣਾ. ਜਿਵੇਂ- ਦੋ ਚਪੇੜਾਂ ਠੁਕ ਗਈਆਂ। ੨. ਧਸਣਾ. ਗਡਣਾ.

ਠੁੱਕ: ਸੰਗਯਾ- ਭੀੜ. ਸੰਘੱਟ। ੨. ਸਮਾਜ. ਮਜਲਿਸ। ੩. ਪ੍ਰਤਿਸ਼੍ਠਾ. ਮਾਨ. ਵਡਿਆਈ। ੪. ਯੋਗਤਾ. ਜਿਵੇਂ- ਕੋਈ ਠੁੱਕ ਦੀ ਗੱਲ ਕਰੋ.

ਠੁੰਗ: ਸੰਗਯਾ- ਪੰਛੀ ਦੀ ਚੁੰਜ ਦਾ ਆਘਾਤ। ੨. ਚੁੰਜ. ਚੋਂਚ.

ਠੁੰਗਣਾ: ਕ੍ਰਿ- ਪੰਛੀ ਵਾਂਙ ਕਿਸੇ ਖਾਣ ਵਾਲੇ ਪਦਾਰਥ ਨੂੰ ਖਾਣਾ। ੨. ਚੁੰਜ ਦਾ ਪ੍ਰਹਾਰ ਕਰਨਾ।

ਠੁੱਡਾ: ਸੰਗਯਾ- ਪੈਰ ਦਾ ਅਗਲਾ ਭਾਗ। ੨. ਪੈਰ ਦੀ ਠੋਕਰ.

ਠੁਮਕ: ਸੰਗਯਾ- ਉਮੰਗ ਭਰੀ ਮੰਦਗਤਿ. ਧੀਮੀ ਚਾਲ ਜੋ ਮਨ ਦੀ ਪ੍ਰਸੰਨਤਾ ਸਹਿਤ ਹੋਵੇ।

ਠੁਮਰਾ: ਸੰਗਯਾ- ਪੱਥਰ ਦਾ ਮਣਕਾ. ਖ਼ਾਸ ਕਰਕੇ ਹਿੰਗਲਾਜ ਤੋਂ ਪ੍ਰਾਪਤ ਹੋਏ ਮਣਕੇ, ਜਿਨ੍ਹਾਂ ਨੂੰ ਹਿੰਦੂ ਗਲ ਪਹਿਰਦੇ ਹਨ.

ਠੁਮਰੀ: ਸੰਗਯਾ- ਦੋ ਬੋਲਾਂ ਦਾ ਗੀਤ.

ਠੁਮਣਾ: ਸ੍ਤੰਭਨ ਦਾ ਸਾਧਨ. ਕਿਸੇ ਭਾਂਡੇ ਆਦਿਕ ਨੂੰ ਹਿੱਲਣ ਜਾਂ ਰੁੜ੍ਹਨ ਤੋਂ ਰੋਕਣ ਲਈ ਦਿੱਤਾ ਸਹਾਰਾ.

ਠੁਸਣਾ: ਕ੍ਰਿ- ਦੱਬਕੇ ਭਰਨਾ। ੨. ਧਸਾਉਣਾ. ਖੁਭੋਣਾ.

ਠੂਹਾਂ: ਸੰਗਯਾ- ਬਿੱਛੂ. ਅਠੂਹਾਂ.

ਠੂੰਗਾ: ਸੰਗਯਾ- ਚੁੰਜ ਦਾ ਪ੍ਰਹਾਰ. ਚੁੰਜ ਮਾਰਨ ਦੀ ਕ੍ਰਿਯਾ। ੨. ਨੋਕਦਾਰ ਚੀਜ ਦੀ ਠੋਕਰ.

ਠੂਠ, ਠੂੰਠ: ਸੰਗਯਾ- ਵੱਢੇ ਹੋਏ ਬਿਰਛ ਦਾ ਮੁੱਚਰਾ। ੨. ਸ਼ਾਖਾ ਬਿਨਾ ਬਿਰਛ ਦਾ ਧੜ। ੩. ਅੰਗੂਠਾ (ਗੂਠਾ). ਜਿਵੇਂ- ਮੈਂ ਜਦ ਰੁਪਯਾ ਮੰਗਿਆ ਤਾਂ ਉਸ ਨੇ ਮੈਨੂੰ ਠੂਠ ਵਿਖਾਇਆ.

ਠੂਠਾ: ਸੰਗਯਾ- ਮਿੱਟੀ ਦਾ ਪਿਆਲਾ.

ਠੂਠਾ ਫੜਨਾ: ਕ੍ਰਿ. ਮੰਗਣ ਲਈ ਭਿੱਖਿਆ ਦਾ ਪਾਤ੍ਰ ਹੱਥ ਲੈਣਾ. ਣੰਗਣ ਦੀ ਵ੍ਰਿੱਤਿ ਧਾਰਨੀ.

ਠੂਠੀ: ਸੰਗਯਾ- ਮਿੱਟੀ ਦੀ ਛੋਟੀ ਪਿਆਲੀ। ੨. ਸ਼ਰਾਬ ਪੀਣ ਦੀ ਮਿੱਟੀ ਦੀ ਕਟੋਰੀ। ੩. ਠੂਠੀ ਦੇ ਆਕਾਰ ਦਾ ਇਸਤ੍ਰੀਆਂ ਦਾ ਗਹਿਣਾ, ਜੋ ਸਿਰ ਪਹਿਰੀਦਾ ਹੈ. ਉਭਰਵਾਂ ਅਤੇ ਡੂੰਘਾ ਚੱਕ.

ਠੂਠੀ ਮੂੰਹ ਲਗਣੀ: ਕ੍ਰਿ- ਸ਼ਰਾਬ ਪੀਣ ਦੀ ਵਾਦੀ ਪੈਣੀ.

ਠੇਹ: ਸੰਗਯਾ- ਸਥਾਨ. ਥਾਂ। ੨. ਠੋਕਰ. ਠੇਡਾ. "ਅੰਤਕਾਲਿ ਜਮੁ ਮਾਰੈ ਠੇਹ." (ਮਲਾ ਮਃ ੧) "ਜਮਕਾਲਿ ਠੇਹ ਮਾਰਹੁ." (ਮਾਰੂ ਮਃ ੪)

ਠੇਕਣਾ, ਠੇਕਨਾ: ਕ੍ਰਿ- ਛਾਪਣਾ. ਕਿਸੇ ਸੰਚੇ ਅਥਵਾ ਮੁਹਰ ਨਾਲ ਛਾਪਾ ਲਾਉਣਾ। ੨. ਟੇਕਣਾ. ਠਹਿਰਾਉਣਾ.

ਠੇਕਾ: ਸੰਗਯਾ- ਉਜਰਤ ਮੁਕ਼ੱਰਰ ਕਰਕੇ ਕਿਸੇ ਕੰਮ ਦੇ ਪੂਰਾ ਕਰਨ ਦਾ ਜਿੰਮਾ ਲੈਣਾ। ੨. ਇਜਾਰਾ। ੩. ਛਾਪਾ. ਠੇਕਣ ਦਾ ਸੰਦ। ੪. ਮ੍ਰਿਦੰਗ ਜੋੜੀ ਆਦਿ ਸਾਜ ਨਾਲ ਬਜਾਈ ਤਿੰਨ ਤਾਲ ਦੀ ਗਤਿ, ਜਿਸ ਦਾ ਬੋਲ ਇਹ ਹੈ-

ਧਾ ਦੀ ਗਾ ਧਾ, ਧਾ ਦੀ ਗ ਤਾ,

੧‖ ੧. ‖ ੧. ੧‖ ੧. ‖ ੧

ਤਾ ਤੰੀ ਗ ਧਾ, ਧਾ ਦੀ ਗ ਧਾ.

੧॥ ੧. ॥ ੧. ੧॥ ੧. ॥ ੧

ਠੇਗਾ, ਠੇਂਗਾ: ਸੰਗਯਾ- ਸੋਟਾ. ਦੰਡ. "ਲੈਕਰਿ ਠੇਗਾ ਟਗਰੀ ਤੋਰੀ." (ਗੌਂਡ ਨਾਮਦੇਵ) ਦੇਖੋ, ਲੋਧਾ.

"ਊਠਤ ਬੈਠਤ ਠੇਗਾ ਪਰਿਹੈ." (ਗੂਜ ਕਬੀਰ) "ਜਮ ਕਾ ਠੇਗਾ ਬੁਰਾ ਹੈ." (ਸ. ਕਬੀਰ) ੨. ਅੰਗੂਠਾ. ਠੋਸਾ.

ਠੇਠ: ਵਿ- ਨਿਰਾ. ਨਿਰੋਲਾ. ਖ਼ਾਲਿਸ। ੨. ਸ਼੍ਰੇਸ਼੍ਠ. ਉੱਤਮ.

ਠੇਡਾ: ਸੰਗਯਾ- ਠੁੱਡਾ. ਠੋਕਰ. ਪੈਰ ਦੀ ਠੋਕਰ। ੨. ਥਿੜਕਣ ਦੀ ਕ੍ਰਿਯਾ. ਪੈਰਾਂ ਦੇ ਨਾ ਜਮਣ ਦੀ ਹ਼ਾਲਤ. "ਠੇਡੇ ਖਾਵੈ ਖਾਲਸਾ." (ਗੁਪ੍ਰਸੂ)

ਠੇਲਨਾ: ਕ੍ਰਿ- ਧਕੇਲਣਾ. ਧੱਕੇ ਨਾਲ ਅੱਗੇ ਨੂੰ ਰੇਲਣਾ.

ਠੈਹ: ਸੰਗਯਾ- ਅਸਥਾਨ. ਥਾਂ. ਜਗਾ। ੨. ਕ੍ਰਿ. ਵਿ- ਠਿਕਾਣੇ ਸਿਰ. ਥਾਂ ਉੱਤੇ.

ਠੈਹਰ: ਦੇਖੋ, ਠਾਹਰ.

ਠੈਨ: ਸੰਗਯਾ- ਅਸਥਾਨ. "ਸੋ ਨਹੀ ਇਹ ਠੈਨ." (ਪਾਰਸਾਵ) ੨. ਦੇਖੋ, ਠਾਨਨਾ.

ਠੋਸ: ਵਿ- ਨਿੱਗਰ. ਜੋ ਵਿੱਚੋਂ ਥੋਥਾ (ਖਾਲੀ) ਨਹੀਂ। ੨. ਦ੍ਰਿੜ੍ਹ. ਮਜਬੂਤ। ੩. ਦੇਖੋ, ਠੋਸਣਾ.

ਠੋਸਣਾ: ਤੁੰਨਣਾ. ਦੱਬਕੇ ਭਰਨਾ. ਦੇਖੋ, ਠੂਸਣਾ.

ਠੋਸਾ: ਸੰਗਯਾ- ਅੰਗੂਠਾ। ੨. ਕਿਸੇ ਨੂੰ ਖਿਝਾਉਣ ਲਈ ਅੰਗੂਠਾ ਦਿਖਾਉਣ ਦੀ ਕ੍ਰਿਯਾ.

ਠੋਕ: ਸੰਗਯਾ- ਸੱਟ. ਚੋਟ। ੨. ਠੋਕਣਾ ਕ੍ਰਿਯਾ ਦਾ ਅਮਰ.

ਠੋਕਣਾ, ਠੋਕਨਾ: ਕ੍ਰਿ- ਮਾਰਨਾ. ਕੁੱਟਣਾ। ੨. ਧਸਾਉਣਾ. ਗੱਡਣਾ.

ਠੋਕ ਬਜਾਉਣਾ, ਠੋਕ ਬਜਾਕੇ ਦੇਖਣਾ: ਕ੍ਰਿ- ਪਰੀਖ੍ਯਾ ਕਰਕੇ ਦੇਖਣਾ. ਚੰਗੀ ਤਰ੍ਹਾਂ ਪਰਖਣਾ. ਜਿਵੇਂ- ਮਿੱਟੀ ਅਥਵਾ ਧਾਤੁ ਭਾਂਡੇ ਨੂੰ ਖਰੀਦਣ ਵੇਲੇ ਠੋਕਰ ਦੇਕੇ ਵਜਾਈਦਾ ਹੈ, ਅਤੇ ਉਸ ਦੇ ਸੁਰ ਤੋਂ ਪਰਖੀਦਾ ਹੈ ਕਿ ਇਹ ਸਾਬਤ ਹੈ ਜਾਂ ਫੁੱਟਿਆ ਹੋਇਆ, ਇਸੇ ਤਰਾਂ ਕਿਸੇ ਆਦਮੀ ਦੀ ਉਸ ਨਾਲ ਵਰਤੋਂ ਕਰਕੇ ਪਰੀਖ੍ਯਾ ਕਰਨੀ.

ਠੋਕਰ: ਸੰਗਯਾ- ਚੋਟ. ਸੱਟ. ਧੱਕਾ। ੨. ਜ਼ਮੀਨ ਦੀ ਸਤ੍ਹ਼ਾ ਤੋਂ ਉਭਰਿਆ ਹੋਇਆ ਕੰਕਰ, ਇੱਟ ਅਥਵਾ ਪੱਥਰ। ੩. ਤਲਵਾਰ ਦੇ ਮਿਆਨ (ਨਯਾਮ) ਦੇ ਸਿਰੇ ਤੇ ਧਾਤੁ ਦਾ ਸੰਮ.

ਠੋਕ ਵਜਾਉਣਾ: ਦੇਖੋ, ਠੋਕ ਬਜਾਉਣਾ ਅਤੇ ਠੋਕਿ.

ਠੋਕਾ: ਸੰਗਯਾ- ਤਖਾਣ. ਬਾਢੀ, ਜੋ ਮੰਜੇ ਆਦਿ ਠੋਕਦਾ ਹੈ। ੨. ਇੱਕ ਪੰਛੀ ਜੋ ਲੱਕੜ ਵਿੱਚ ਚੁੰਜ ਨਾਲ ਗਲੀ ਕਰ ਲੈਂਦਾ ਹੈ. ਕਾਠਫੋੜਾ. Wood- pecker.

ਠੋਕਿ: ਕ੍ਰਿ. ਵਿ- ਠੋਕਕੇ. ਠੋਕਰ ਲਗਾਕੇ. "ਸਭ ਦੇਖੀ ਠੋਕਿਬਜਾਇ." (ਸ. ਕਬੀਰ) "ਠੋਕਿਵਜਾਇ ਸਭ ਡਿਠੀਆ." (ਸ੍ਰੀ ਮਃ ੫. ਪੈਪਾਇ) ੨. ਦ੍ਰਿੜ੍ਹ ਕਰਕੇ. ਭਾਵ- ਪੱਕੇ ਨਿਸ਼ਚੇ ਨਾਲ. "ਕਾਹੂੰ ਲੈ ਠੋਕਿ ਬੰਧੇ ਉਰ ਠਾਕੁਰ." (੩੩ ਸਵੈਯੇ)

ਠੋਡੀ: ਸੰਗਯਾ- ਚਿਬੁਕ. ਮੁਖ ਦੇ ਹੇਠ ਦਾ ਗੋਲ ਭਾਗ (chin).

ਠੋਰਣਾ: ਕ੍ਰਿ- ਠੁਕਰਾਉਣਾ. ਠੋਕਰ ਮਾਰਨੀ.

ਠੌਰ, ਠੌੜ: ਸੰਗ੍ਯਾ- ਸ੍ਥਾਨ. ਠਹਿਰਨ ਦੀ ਜਗਾ. "ਸਭ ਠੌੜ ਨਿਰੰਤਰ ਨਿੱਤ ਨਯੰ." (ਵਿਚਿਤ੍ਰ)

ਠੰਢ: ਸੰਗ੍ਯਾ- ਸਰਦੀ. ਜਾਡਾ. ਸੀਤਲਤਾ.

ਠੰਢੜਾ, ਠੰਢਾ: ਵਿ- ਸੀਤਲ. ਸਰਦ। ੨. ਸ਼ਾਂਤ. ਕ੍ਰੋਧ ਰਹਿਤ। ੩. ਸੁਸਤ. ਆਲਸੀ। ੪. ਨਾਮਰਦ. ਮੈਥੁਨਸ਼ਕਤਿ ਰਹਿਤ.

ਠੰਢਾਈ: ਦੇਖੋ, ਠੰਢਿਆਈ। ੨. ਸ਼ੀਤਲਤਾ। ੩. ਦੇਖੋ, ਠੰਢਿਆਈ.

ਠੰਢਾ ਹੋਣਾ: ਕ੍ਰਿ- ਮਰਨਾ. ਲਹੂ ਦੀ ਗਰਮੀ ਦਾ ਅਭਾਵ ਹੋਣਾ। ੨. ਸ਼ਾਂਤ ਹੋਣਾ. ਕ੍ਰੋਧ ਦੂਰ ਕਰਨਾ। ੩. ਦੀਵੇ ਅਤੇ ਅਗਨਿ ਦਾ ਬੁਝਣਾ। ੪. ਨਾਮਰਦ ਹੋਣਾ, ਪੁਰੁਸ਼ਤ੍ਵ ਰਹਿਤ ਹੋਣਾ.

ਠੰਢਿਆਈ: ਸੰਗ੍ਯਾ- ਠੰਢ ਪਾਉਣ ਵਾਲੀ ਸਰਦਾਈ. ਬਾਦਾਮ, ਗੁਲਾਬ ਦੇ ਫੁੱਲ, ਕਕੜੀ ਦੇ ਬੀਜ ਆਦਿ ਘੋਟਕੇ ਮਿਸ਼ਰੀ ਦੇ ਜਲ ਨਾਲ ਮਿੱਠਾ ਕੀਤਾ ਸੀਤਲ ਪੀਣ ਯੋਗ੍ਯ ਪਦਾਰਥ ਗਰਮ ਦੇਸਾਂ ਵਿੱਚ ਗ੍ਰੀਖਮ ਰੁੱਤੇ ਇਸ ਨੂੰ ਪੀਂਦੇ ਹਨ.

ਠੰਢੀ: ਵਿ- ਠਰੀਹੋਈ. ਸੀਤਲ। ੨. ਸੰਗ੍ਯਾ- ਨਦੀ. "ਠੰਢੀ ਤਾਤੀ ਮਿਟੀ ਖਾਈ." (ਆਸਾ ਮਃ ੫) ਦੇਹ ਨੂੰ ਨਦੀ, ਅਗਨਿ ਅਤੇ ਮਿੱਟੀ ਖਾ ਲੈਂਦੀ ਹੈ। ੩. ਸੀਤਲਾ. ਚੇਚਕ. "ਅਬ ਜਾਨੋ ਇਹ ਬਾਲਕ ਠੰਢੀ ਖਾਇਯੋ." (ਗੁਵਿ ੬)

ਠੰਢੀ ਤਾਤੀ ਮਿਟੀ: ਨਦੀ (ਭਾਵ ਜਲ), ਅਗਨਿ ਅਤੇ ਮਿੱਟੀ. ਦੇਖੋ, ਠੰਢੀ ੨.

ਡ: ਪੰਜਾਬੀ ਵਰਣਮਾਲਾ ਦਾ ਅਠਾਰਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਮੂਧਾਂ (ਮੂੰਹ ਦੀ ਛੱਤ) ਹੈ। ੨. ਸੰ. ਸੰਗ੍ਯਾ- ਬੜਵਾ ਅਗਨਿ. ਸਮੁੰਦਰੀ ਅੱਗ। ੩. ਸ਼ਬਦ. ਧੁਨਿ। ੪. ਸ਼ਿਵ। ੫. ਡਰ। ੬. ਲਹਿੰਦੀ ਪੰਜਾਬੀ ਅਤੇ ਸਿੰਧੀ ਵਿੱਚ ਇਹ ਦ ਦੀ ਥਾਂ ਭੀ ਬੋਲਿਆ ਜਾਂਦਾ ਹੈ. ਜਿਵੇਂ- ਦਰ ਦੀ ਥਾਂ ਡਰ, ਦਾ ਦੀ ਥਾਂ ਡਾ, ਦੁੱਧ ਦੀ ਥਾਂ ਡੁਧੁ ਸ਼ਬਦਾਂ ਵਿੱਚ.

ਡਉ: ਸੰਗ੍ਯਾ- ਦਵ. ਜੰਗਲ ਦੀ ਅੱਗ. "ਆਗੈ ਦੇਖਉ ਡਉ ਜਲੈ." (ਸ੍ਰੀ ਮਃ ੫) ਦੇਖੋ, ਦਵ.

ਡਉਰੁ: ਦੇਖੋ, ਡੌਲ। ੨. ਸੰ. डम्बर ਡੰਬਰ. ਅਸਪਸ਼੍ਟ ਕਥਨ. ਉਹ ਵਾਕ, ਜਿਸ ਦੇ ਸ਼ਬਦ ਸਾਫ ਨਾ ਸਮਝੇ ਜਾਵਨ. ਦੇਖੋ, ਡਉਰੀ.

ਡਉਰੀ: ਬਕਬਾਦ ਕਰਨ ਵਾਲੀ. ਸਾਫ਼ ਨਾ ਬੋਲਣ ਵਾਲੀ. ਦੇਖੋ, ਡਉਰ ੨. "ਬਕੈ ਤ ਡਉਰੀ." (ਰਾਮਾਵ)

ਡਉਰ, ਡਉਰੂ: ਸੰ. ਡਮਰੁ. ਸੰਗ੍ਯਾ- ਇੱਕ ਵਾਜਾ ਜੋ ਇੱਕੋ ਹੱਥ ਨਾਲ ਵਜਾਈਦਾ ਹੈ. ਇਸ ਦਾ ਵਿਚਕਾਰਲਾ ਭਾਗ ਪਤਲਾ ਅਤੇ ਦੋਵੇਂ ਸਿਰੇ ਚੌੜੇ ਹੁੰਦੇ ਹਨ ਅਤੇ ਚੰਮ ਨਾਲ ਮੜ੍ਹੇ ਰਹਿੰਦੇ ਹਨ. ਮ੍ਰਿਦੰਗ ਦੀ ਤਰਾਂ ਰੱਸੀਆਂ ਨਾਲ ਕਸਿਆ ਜਾਂਦਾ ਹੈ. ਦੋ ਛੋਟੀਆਂ ਕੱਪੜੇ ਦੀਆਂ ਡੋਡੀਆਂ ਲੰਮੀ ਰੱਸੀ ਨਾਲ ਬੱਧੀਆਂ ਹੁੰਦੀਆਂ ਹਨ. ਜਦ ਹੱਥ ਨਾਲ ਡੌਰੂ ਹਿਲਾਈਦਾ ਹੈ, ਤਦ ਉਹ ਡੋਡੀਆਂ ਚੰਮ ਉੱਪਰ ਜਾਕੇ ਵਜਦੀਆਂ ਹਨ, ਜਿਸ ਤੋਂ ਡਮ ਡਮ ਸ਼ਬਦ ਹੁੰਦਾ ਹੈ. ਇਹ ਸ਼ਿਵ ਦਾ ਪਿਆਰਾ ਵਾਜਾ ਹੈ. "ਬਰਦ ਚਢੇ ਡਉਰੂ ਢਮਕਾਵੈ." (ਗੌਂਡ ਕਬੀਰ)

ਡਸਕਾ: ਸਿਆਲਕੋਟ ਦੇ ਜਿਲ ਇੱਕ ਨਗਰ, ਜਿੱਥੇ ਥਾਣਾ ਅਤੇ ਤਸੀਲ ਹੈ. ਕਈ ਲੇਖਕਾਂ ਨੇ ਇਸ ਨੂੰ ਠਸਕਾ ਸਮਝਕੇ ਭੁੱਲ ਕੀਤੀ ਹੈ. ਦੇਖੋ, ਸਾਹਭੀਖ.

ਡਸਣਾ, ਡਸਨ, ਡਸਨਾ: ਸੰ. ਦੰਸ਼ਨ. ਕ੍ਰਿ- ਡੰਗ ਮਾਰਨਾ. ਦੰਦ ਖੁਭੋਣਾ. ਸਰਪ ਆਦਿ ਜੀਵਾਂ ਕਰਕੇ ਡੰਗ ਦਾ ਲਗਣਾ. "ਨਾਮ ਸੁਨਤ ਜਨੁ ਬਿਛੂਅ ਡਸਾਨਾ." (ਰਾਮ ਮਃ ੫) ੨. ਦੁੱਖ ਦੇਣਾ. "ਨੀਤ ਡਸੈ ਪਟਵਾਰੀ." (ਸੂਹੀ ਕਬੀਰ) ਇਸ ਥਾਂ ਪਟਵਾਰੀ ਤੋਂ ਭਾਵ ਯਮ ਹੈ.

ਡਸਵਾਉਣਾ, ਡਸਾਉਣਾ: ਦੰਸ਼ਨ ਕਰਾਉਣਾ. ਡੰਗ ਲਵਾਉਣਾ। ੨. ਡਹਾਉਣਾ. ਵਿਛਵਾਉਣਾ. ਜੈਸੇ- ਮੰਜਾ ਡਸਾਉਣਾ। ੩. ਦੇਖੋ, ਦਸਾਉਣਾ.

ਡਸਾਨਾ: ਡਸਗਿਆ. ਦੇਖੋ, ਡਸਣਾ. "ਨਾਮ ਸੁਨਤ ਜਨੁ ਬਿਛੂਅ ਡਸਾਨਾ." (ਰਾਮ ਮਃ ੫)

ਡਹਕ: ਸੰਗਯਾ- ਲਾਲਚ। ੨. ਨਿਵਾਣ। ੩. ਛਲ। ੪. ਜਾਨਵਰਾਂ ਦੇ ਫਸਾਉਣ ਦਾ ਉਹ ਟੋਆ, ਜੋ ਉੱਪਰੋਂ ਘਾਹ ਨਾਲ ਢਕਿਆ ਹੋਵੇ। ੫. ਡਿੰਗ. ਨਗਾਰੇ ਦੀ ਧੁਨਿ। ੨. ਦੁਖਦੀ ਅੱਖਾਂ ਵਿਚੋਂ ਪਾਣੀ (ਅੰਝੂ) ਡਿਗਣ ਦਾ ਭਾਵ.

ਡਹਕਣਾ, ਡਹਕਣੁ, ਡਹਕਨਾ: ਕ੍ਰਿ- ਛਲ ਕਰਨਾ. ਧੋਖਾ ਦੇਣਾ। ੨. ਭਟਕਣਾ. "ਝੂਠਾ ਜਗੁ ਡਹਕੈ ਘਨਾ." (ਮਾਰੂ ਕਬੀਰ) ੩. ਲਾਲਚ ਵਿੱਚ ਫਸਣਾ। ੪. ਘੁੰਮਣਾ. ਫਿਰਨਾ. "ਰਨ ਡਾਕਨਿ ਡਹਕਤ ਫਿਰਤ." (ਚਰਿਤ੍ਰ ੧) ੫. ਸਿੰਧੀ. ਡਹਕਣੁ. ਕੰਬਣਾ. ਕੰਪਾਇਮਾਨ ਹੋਣਾ.

ਡਹਕਾਉਣਾ, ਡਹਕਾਨਾ, ਡਹਕਾਵਨ: ਕ੍ਰਿ- ਛਲ ਵਿੱਚ ਲਿਆਉਣਾ. ਧੋਖੇ ਵਿੱਚ ਫਸਾਉਣਾ। ੨. ਭਟਕਾਉਣਾ। ੩. ਲਾਲਚ ਵਿੱਚ ਫਸਾਉਣਾ. "ਜਗਤੁ ਡਹਕਾਇਆ ਕਹਣਾ ਕਛੂ ਨ ਜਾਇ." (ਗੂਜ ਮਃ ੩) "ਭਰਮਿ ਭਰਮਿ ਮਾਨੁਖ ਡਹਕਾਏ." (ਬਾਵਨ) ਕਤ ਕਉ ਡਹਕਾਵਉ ਲੋਗਾ". (ਮਾਰੂ ਮਃ ੫) "ਜਤਨ ਕਰੈ ਮਾਨੁਖ ਡਹਕਾਵੈ, ਓ ਅੰਤਰਜਾਮੀ ਜਾਨੈ." (ਧਨਾ ਮਃ ੫) "ਕਰਿ ਪਰਪੰਚ ਜਗਤ ਕਉ ਡਹਕੈ ਅਪਨੋ ਉਦਰ ਭਰੈ." (ਦੇਵ ਮਃ ੯)

ਡਹਕੂ ਬੇਰ: ਗਲਘੋਟੂ ਬੇਰ. ਬਾਹਰੋਂ ਸੁੰਦਰ ਅਤੇ ਸਵਾਦ ਤੋਂ ਖਾਲੀ, ਧੋਖਾ ਦੇਣ ਵਾਲਾ ਬੇਰ. "ਬਨੇ ਠਨੇ ਆਵਤ ਘਨੇ xxx ਡਹਕੂ ਬੇਰ ਸਮਾਨ." (ਚਰਿਤ੍ਰ ੨੧)

ਡਹੱਕ, ਡਹਡਹ: ਸੰਗਯਾ- ਡੌਰੂ ਦੀ ਧੁਨਿ. "ਡਹੱਕ ਡਾਮਰੰ ਸੁਰੰ." (ਕਲਕੀ) "ਡਹਡਹ ਡਾਮਰੁ." (ਚਰਿਤ੍ਰ ੧)

ਡਹਨ: ਦੇਖੋ, ਦਹਨ। ੨. ਦੇਖੋ, ਡਹਿਣਾ.

ਡਹਰ: ਸੰਗਯਾ- ਮਾਰਗ. ਰਸਤਾ। ੨. ਬੀੜ. ਜੰਗਲ। ੩. ਰੁਦ. ਤਾਲ। ੪. ਦਹਲ. ਧੜਕਾ. "ਰੰਕ ਹਨਐ ਬਿਭੀਖਨ ਸੋ ਡੋਲਤ ਡਹਰ ਮੇ." (ਹੰਸਰਾਮ) ੫. ਦੇਖੋ, ਦਹਰ.

ਡਹਰਨ: ਕ੍ਰਿ- ਵਿਚਰਨਾ. ਘੁੰਮਣਾ. ਟਹਲਣਾ. "ਡਹਰਤ ਕਠਿਨ ਮਸਾਨ." (ਪਾਰਸਾਵ)

ਡਹਾ: ਸੰਗਯਾ- ਦੰਡ. ਸੋਟਾ। ੨. ਹਰੀਚੁਗ ਪਸ਼ੂ ਦੇ ਗਲ ਬੰਨ੍ਹਕੇ ਦੋਹਾਂ ਲੱਤਾਂ ਦੇ ਵਿਚਕਾਰ ਲਟਕਾਇਆ ਡੰਡਾ, ਜਿਸ ਤੋਂ ਨੱਠ ਨ ਸਕੇ.

ਡਹਿਣਾ: ਕ੍ਰਿ- ਆਰੰਭ ਕਰਨਾ। ੨. ਅੱਗੇ ਵਧਣਾ। ੩. ਦਹਨ ਕਰਨਾ. ਫੂਕਣਾ। ੪. ਦੇਖੋ, ਦਹਿਨਾ। ੫. ਦੇਖੋ, ਡਾਹਣਾ.

ਡਹਿਰ: ਦੇਖੋ, ਡਹਰ.

ਡਹੀ: ਸੰਗਯਾ- ਗੱਡੇ ਦੀ ਥੰਮ੍ਹੀ, ਜੋ ਪੱਟੀ ਦੇ ਤਾਣਨ ਅਤੇ ਰੋਕਣ ਲਈ ਵਿੱਚ ਵਿੱਚ ਲਾਈ ਜਾਂਦੀ ਹੈ। ੨. ਮਿਲੀ. "ਆਨਦ ਕੇ ਮਧਿ ਬਾਤ ਡਹੀ ਹੈ." (ਕ੍ਰਿਸਨਾਵ) ੩. ਵਿਛੀ ਹੋਈ. ਜਿਵੇਂ- ਘਰ ਅੰਦਰ ਮੰਜੀ ਡਹੀ ਹੋਈ। ੪. ਲੱਗੀ. ਤਤਪਰ ਹੋਈ. ਜਿਵੇਂ- ਉਹ ਖਾਣ ਡਹੀ ਹੋਈ ਹੈ.

ਡਕਣਾ: ਕ੍ਰਿ- ਮੂੰਹ ਤੀਕ ਭਰਨਾ। ੨. ਅਘਾਣਾ. ਪੂਰਨ ਤ੍ਰਿਪਤ ਹੋਣਾ। ੩. ਰੋਕਣਾ. ਠਹਿਰਾਉਣਾ.

ਡਕਰਾ: ਸੰਗਯਾ- ਟੁਕੜਾ. ਖੰਡ. ਟੂਕ. "ਚੰਦ ਸੂਰਜ ਕੇ ਡਕਰੇ ਕਰੈ." (ਗੁਪ੍ਰਸੂ)

ਡਕਰਾਉਣਾ, ਡਕਰਾਨਾ: ਕ੍ਰਿ- ਬੈਲ ਮ੍ਰਿਗ ਆਦਿ ਦਾ ਬੋਲਣਾ. ਬੜ੍ਹਕਣਾ. ਗਰਜਣਾ। ੨. ਡਕਾਰ ਲੈਣਾ.

ਡਕਾਡਕ: ਵਿ- ਲਬਾਲਬ ਭਰਿਆ ਹੋਇਆ। ੨. ਪੂਰਨ ਤ੍ਰਿਪਤ. ਦੇਖੋ, ਡਾਕਿਨੀ.

ਡਕਾਰ: ਦੇਖੋ, ਉਦਗਾਰ। ੨. ਡੰਕਾਰ. ਡੰਕੇ ਦੀ ਧੁਨਿ. "ਡੌਰੂ ਡਕਾਰੰ." (ਵਿਚਿਤ੍ਰ) ੩. ਬਾਘ ਸੂਰ ਆਦਿ ਦੀ ਧੁਨਿ. "ਡਕਾਰਤ ਕੋਲ." (ਰਾਮਾਵ) ਦੇਖੋ, ਡਕਰਾਨਾ.

ਡਕੈ: ਡਕਰਾਉਂਦਾ ਹੈ. ਦੇਖੋ, ਡਕਰਾਨਾ ੧. "ਡਕੈ ਫੂਕੈ ਖੇਹ ਉਡਾਵੈ." (ਵਾਰ ਮਲਾ ਮਃ ੧) ਹਾਥੀ ਚਿੰਘਾਰਦਾ ਅਤੇ ਸੁੰਡ ਨਾਲ ਸ਼ਬਦ ਕਰਦਾ ਹੈ.

ਡਕੈਤ: ਸੰਗਯਾ- ਡਾਕੂ. ਲੁਟੇਰਾ.

ਡਕੈਤੀ: ਸੰਗਯਾ- ਡਾਕੂ ਦਾ ਕਰਮ. ਲੁੱਟਮਾਰ. ਜੋਰ ਨਾਲ ਧਨ ਮਾਲ ਖੋਹਣ ਦੀ ਕ੍ਰਿਯਾ.

ਡਕੌਤ, ਡਕੌਂਤ: ਸੰਗਯਾ- ਡਕਪੁਤ੍ਰ. ਡਕ ਬ੍ਰਾਹਮਣ ਦੀ ਗਵਾਲਨ ਦੇ ਉਦਰ ਤੋਂ ਸੰਤਾਨ. ਡਕੌਂਤ ਸ਼ਨੈਸ਼੍ਚਰ (ਛਨਿੱਛਰ) ਦਾ ਦਾਨ ਲੈਂਦੇ, ਸ਼ਗਨਾਂ (ਸ਼ਕੁਨਾ) ਦਾ ਵਿਚਾਰ ਕਰਦੇ ਅਤੇ ਰੇਖਾ ਦੇ ਫਲ ਦੱਸਦੇ ਹਨ. ਭੱਡਰੀ. ਡਗੋਤ੍ਰਾ.

ਡਕੌਂਤੀ: ਸੰਗਯਾ- ਡਕੌਂਤ ਦਾ ਕਰਮ. ਡਕੌਂਤ ਦਾ ਪੇਸ਼ਾ.

ਡੱਕਰਾ: ਦੇਖੋ, ਡਕਰਾ.

ਡੱਕਾ: ਸੰਗਯਾ- ਤਿਣਕਾ। ੨. ਰੁਕਾਵਟ. ਪ੍ਰਤਿਬੰਧ.

ਡਖਣਾ: ਸ਼੍ਰੀ ਗੁਰੂ ਨਾਨਕਦੇਵ ਦੀ ਜਨਮਭੂਮਿ ਤੋਂ ਦੱਖਣ ਵੱਲ ਦੀ ਭਾਸ਼ਾ, ਅਰਥਾਤ ਮੁਲਤਾਨ, ਸਾਹੀਵਾਲ ਦੇ ਇ਼ਲਾਕੇ ਦੀ ਬੋਲੀ ਵਿੱਚ ਜੋ ਰਚਨਾ ਹੈ ਉਹ 'ਡਖਣੇ' ਨਾਮ ਤੋਂ ਗੁਰਬਾਣੀ ਵਿੱਚ ਪ੍ਰਸਿੱਧ ਹੈ. ਇਸ ਵਿੱਚ 'ਦ' ਦੀ ਥਾਂ 'ਡ' ਵਰਤਿਆ ਹੈ,[1] ਯਥਾ:-

"ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ." xxx

"ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ." (ਵਾਰ ਮਾਰੂ ੨) xx ਆਦਿ.

ਡਖਣੇ: ਡਖਣਾ ਦਾ ਬਹੁ ਵਚਨ.

ਡਗ: ਸੰਗਯਾ- ਦ੍ਵਿ- ਪਗ. ਦੋ ਵਾਰ ਪੈਰ ਉਠਾਕੇ ਰੱਖਣ ਤੋਂ ਜਿਤਨੀ ਲੰਬਾਈ ਹੋਵੇ. ਡੇਢ ਗਜ਼ ਪ੍ਰਮਾਣ। ੨. ਚਾਲ ਵੇਲੇ ਪੈਰ ਦੇ ਉਠਾਕੇ ਰੱਖਣ ਦੀ ਕ੍ਰਿਯਾ. "ਡਗ ਭਈ ਵਾਮਨ ਕੀ ਸਾਵਨ ਕੀ ਰਤਿਯਾਂ" (ਸੇਨਾਪਤਿ) ੩. ਵਿ- ਭੱਦਾ. ਬਦਸ਼ਕਲ.

ਡਗਡੋਲ: ਸੰਗਯਾ- ਪੈਰ ਦੇ ਥਿੜਕਣ ਦੀ ਕ੍ਰਿਯਾ. ਥਿੜਕਵੀਂ ਚਾਲ.

ਡਗਣ: ਮਾਤ੍ਰਿਕ ਗਣ, ਜਿਸ ਦੀ ਮਾਤ੍ਰਾ ਚਾਰ ਹੁੰਦੀਆਂ ਹਨ. ਡਗਣ ਦੇ ਸਰੂਪ ਇਹ ਹਨ:-

SS, IIS, ISI, SII, IIII.

ਡਗਡਗ: ਸੰਗਯਾ- ਡਾਵਾਂਡੋਲ। ੨. ਕੰਪ. ਕਾਂਬਾ। ੩. ਮਾਰਗ ਵਿੱਚ ਡਗ ਰੱਖਣ ਦੀ ਕ੍ਰਿਯਾ. ਭਾਵ- ਏਧਰ ਓਧਰ ਨੱਠਣਾ. "ਡਗਮਗ ਛਾਡਿ, ਰੇ ਮਨ ਬਉਰਾ." (ਗਉ ਕਬੀਰ)

ਡਗਰ, ਡਗਰਾ: ਸੰਗਯਾ- ਡਗ ਧਰਨ ਦਾ ਅਸਥਾਨ. ਮਾਰਗ. ਰਾਸ੍ਤਾ. ਰਾਹ. "ਗੁਰਪ੍ਰਸਾਦਿ ਮੈ ਡਗਰੋ ਪਾਇਆ." (ਗੌਂਡ ਕਬੀਰ) ੨. ਉਪਾਉ ਦੱਸਣਾ. "ਸੁਤ ਅਭਿਲਾਖੀ ਮਗ ਕੋ ਡਗਰਾ." (ਗੁਪ੍ਰਸੂ)

ਡਗਰੀ: ਵਿ- ਰਾਹੀ. ਮੁਸਾਫ਼ਿਰ. ਡਗਰ (ਮਾਰਗ) ਚੱਲਣ ਵਾਲਾ। ੨. ਡਗਮਗੀ. ਉਖੜਵੀਂ. "ਡਗਰੀ ਚਾਲ ਨੇਤ੍ਰ ਫੁਨ ਅਧੁਲੇ." (ਭੈਰ ਮਃ ੧) "ਅੰਗਨ ਮੇ ਡਗਰੀ ਸੀ ਫਿਰੈ." (ਕ੍ਰਿਸਨਾਵ)

ਡਗਰੂ: ਜਿਲਾ ਫ਼ਿਰੋਜ਼ਪੁਰ, ਤਸੀਲ ਥਾਣਾ ਮੋਗਾ ਦਾ ਇੱਕ ਪਿੰਡ, ਇਸ ਤੋਂ ਇੱਕ ਮੀਲ ਪੱਛਮ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਡਰੋਲੀ ਦੇ ਗੁਰਅਸਥਾਨ ਬਣਾਉਣ ਲਈ ਇੱਥੇ ਆਏ ਅਤੇ ਇਸ ਜਗਾ ਤੋਂ ਹੀ ਇੱਟਾਂ ਚੂੰਨਾ ਆਦਿ ਸਾਮਾਨ 'ਡਰੋਲੀ' ਜਾਂਦਾ ਰਿਹਾ. ਜਿਸ ਵਣ ਦੇ ਬਿਰਛ ਤਲੇ ਸਤਿਗੁਰੂ ਬੈਠਕੇ ਦੀਵਾਨ ਲਗਾਂਦੇ ਹੁੰਦੇ ਸਨ, ਉਹ ਹੁਣ ਮੌਜੂਦ ਹੈ. ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ. ਉਦਾਸੀ ਸੰਤ ਪੁਜਾਰੀ ਹੈ. ਗੁਰਦ੍ਵਾਰੇ ਨਾਲ ਦੋ ਘੁਮਾਉਂ ਜ਼ਮੀਨ ਅੱਠ ਸੌ ਰੁਪਯੇ ਤੋਂ ਮੁੱਲ ਖ਼ਰੀਦੀ ਗਈ ਹੈ. ਇਸ ਗੁਰਦ੍ਵਾਰੇ ਨੂੰ 'ਤੰਬੂਸਾਹਿਬ' ਭੀ ਆਖਦੇ ਹਨ, ਕਿਉਂਕਿ ਸੱਤਵੇਂ ਗੁਰੂ ਸਾਹਿਬ ਨੇ ਇੱਥੇ

ਬਹੁਤ ਤੰਬੂ ਲਗਾਏ ਸਨ. ਇਹ ਰੇਲਵੇ ਸਟੇਸ਼ਨ ਡਗਰੂ ਤੋਂ ਦੋ ਮੀਲ ਪੱਛਮ ਵੱਲ ਹੈ.

ਡਗਰੋ: ਦੇਖੋ, ਡਗਰਾ.

ਡੱਗਾ: ਸੰਗਜਾ- ਨਗਾਰਾ ਬਜਾਉਣ ਦੀ ਡੰਡਾ. ਡੰਕਾ.

ਡੱਗੀ: ਸੰਗਜਾ- ਪਿੱਠ ਪਿੱਛੇ ਲਾਈ ਹੋਈ ਗਠੜੀ। ੨. ਛੋਟਾ ਤਾਲ.

ਡਟਣਾ, ਡਟਨਾ: ਕ੍ਰਿ- ਦ੍ਰਿਢ ਤਿਸ਼੍ਟਨ. ਜਮਕੇ ਖੜੇ ਹੋਣਾ. ਦ੍ਰਿੜ੍ਹਤਾ ਨਾਲ ਠਹਿਰਨਾ.

ਡੱਟਾ: ਸੰਗਜਾ- ਡਾਟ. ਗੱਟਾ. "ਖੋਜ ਕਹੈ ਨਹਿ ਮੁਖ ਵਿਚ ਡੱਟਾ." (ਗੁਪ੍ਰਸੂ)

ਡਡ: ਦੇਖੋ, ਡੱਡ.

ਡਡਵਾਲ: ਦੇਖੋ, ਡਢਵਾਲ.

ਡਡਾ: ਡ ਅੱਖਰ. "ਡਡਾ, ਡੇਰਾ ਇਹੁ ਨਹੀ." (ਬਾਵਨ) ੨. ਡ ਦਾ ਉੱਚਾਰਣ। ੩. ਛੋਲੇ ਦੀ ਟਾਟ (ਹਰੀਫਲੀ).

ਡਡੀਆ: ਸੰ. ਦ੍ਰਧਸ੍ ਦ੍ਰਧਸ. ਸੰਗਜਾ- ਪੋਸ਼ਾਕ. ਲਿਬਾਸ. ਸਾੜ੍ਹੀ ਆਦਿ ਵਸਤ੍ਰ. "ਕਹੁ ਡਡੀਆ ਬਾਧੈ ਧਨ ਖੜੀ ਪਾਹੂ ਘਰਿ ਆਏ ਮੁਕਲਾਊ ਆਏ." (ਗਉ ਕਬੀਰ) ਰੂਹ ਵਹੁਟੀ ਹੈ ਮੁਕਲਾਊ ਪਰਾਹੁਣੇ ਯਮਦਤ ਹਨ.

ਡਡੁਰੀ: ਵਿ- ਗੱਦਰੀ. ਅਧਪੱਕੀ. ਸਿੰਧੀ. ਡਡਰੁ. "ਹਰੀ ਨਹੀ ਨਹਿ ਡਡੁਰੀ ਬਢਣਹਾਰ." (ਸ੍ਰੀ ਮਃ ੫)

ਡੱਡ, ਡੱਡੂ: ਸੰ. ਦਦੁੰਰੀ ਦਦੁੰਰ. ਮੇਂਡਕੀ. ਮੇਂਡਕ.

ਡਢ: ਵਿ- ਦਗਧ. "ਕੋਪ ਕੀ ਆਗ ਮਹਾਂ ਬਢਕੈ ਡਢਕੈ." (ਕ੍ਰਿਸਨਾਵ) ੨. ਸੰਗਜਾ- ਦਾੜ੍ਹ. ਦੂੰਸ਼੍ਟ੍ਰਾ. "ਫਟੀ ਨੱਖ ਸਿੰਘੰ ਮੁਖੰ ਡੱਢ ਕੋਲੰ." (ਚੰਡੀ ੨) ਸ਼ੇਰ ਦੇ ਨੌਹਾਂ ਨਾਲ ਪ੍ਰਿਥਿਵੀ ਇਉਂ ਪਾਟ ਗਈ, ਜਿਵੇਂ- ਕੋਲ (ਸੂਰ) ਦੀ ਡੱਢ (ਹੁੱਡ) ਨਾਲ ਖੋਦੀ ਹੁੰਦੀ ਹੈ.

ਡਢਨਾ: ਕ੍ਰਿ- ਦਗਧ ਹੋਣਾ. ਜਲਣਾ.

ਡਢਵਾਰ, ਡਢਵਾਲ: ਰਾਜਪੂਤ ਜਾਤਿ. ਦਾਤਾਰਪੁਰ ਦੇ ਰਈਸ ਇਸੇ ਗੋਤ੍ਰ ਦੇ ਹਨ. ਹੁਸ਼ਿਆਰਪੁਰ ਦੇ ਜਿਲੇ ਡਢਵਾਲ ਬਹੁਤ ਪਾਈਦੇ ਹਨ. ਦੇਖੋ, ਬਾਈਧਾਰ.

ਡਢਾ: ਵਿ- ਦਗਧ ਹੋਇਆ. ਜਲਿਆ. ਦਾਧਾ। ੨. ਡਾਢਾ. ਬਲਵਾਨ. "ਡਢੇ ਡੱਢਵਾਰੰ." (ਵਿਚਿਤ੍ਰ) ਡਾਢੇ ਡਢਵਾਲੀਏ.

ਡਢਿਆਈ: ਸੰਗਜਾ- ਡਾਢਾਪਨ. ਜ਼ੋਰਾਵਰੀ। ੨. ਦ੍ਰਿੜ੍ਹਤਾ. ਧੀਰਯ. "ਬਾਹਰ ਸੇ ਡਢਿਆਈ ਕਰਕੈ ਕਹਿਆ." (ਜਸਭਾਮ)

ਡਢੇ: ਦਗਧ ਹੋਏ। ੨. ਡਾਢੇ. ਦੇਖੋ, ਡਢਾ ੨.

ਡਢਯੋ: ਦਗਧ ਹੋਇਆ. ਜਲਿਆ. "ਪਾਵਕ ਮੇ ਤਿਨ ਅੰਗ ਡਢਯੋ." (ਕ੍ਰਿਸਨਾਵ)

ਡਫ: ਫ਼ਾ. دف ਦਫ਼. ਸੰਗਜਾ- ਇੱਕ ਪਾਸਿਓਂ ਚੰਮ ਨਾਲ ਮੜ੍ਹਿਆ ਗੋਲ ਵਾਜਾ, ਜੋ ਡੱਗੇ ਨਾਲ ਵਜਾਈਦਾ ਹੈ. ਡਫੜਾ. ਡਫਲਾ.

ਡਫਾਲਚੀ, ਡਫਾਲੀ: ਡਫ ਬਜਾਉਣ ਵਾਲਾ. ਦਫ਼ਲਚੀ.

ਡਬ: ਸੰਗਜਾ- ਦਾਗ਼. ਧੱਬਾ। ੨. ਬੈਲਾ. ਖੀਸਾ.

ਡਬਰ, ਡਬਰਾ: ਸੰਗਜਾ- ਛੱਪੜ. ਟੋਭਾ.

ਡੱਬੀ: ਸੰਗਜਾ- ਡਿਬੀਯਾ. ਛੋਟਾ ਸੰਪੁਟ. ਅਫ਼ੀਮ ਆਦਿ ਦਾ ਪਾਤ੍ਰ.

ਡਮਕ: ਸੰਗਜਾ- ਡਮ ਡਮ ਧੁਨਿ.

ਡਮਰ: ਦੇਖੋ, ਡਉਰੂ ੨. ਡਿੰਗ. ਸੁਗੰਧ. ਖੁਸ਼ਬੂ.

ਡਮਰੁ, ਡਮਰੂ: ਦੇਖੋ, ਡਉਰੂ.

ਡਮੇਲੀ: ਦੇਖੋ, ਡੁਮੇਲੀ.

ਡਮੰਕ: ਦੇਖੋ, ਡਮਕ.

ਡਰ: ਸੰ. ਦਰ. ਸੰਗਜਾ- ਭੈ. ਖ਼ੌਫ਼. "ਡਰ ਚੂਕੇ ਬਿਨਸੇ ਅੰਧਿਆਰੇ." (ਮਾਰੂ ਸੋਲਹੇ ਮਃ ੫) ੨. ਦੇਖੋ, ਡਾਰਨਾ. "ਲਾਲ ਕਰੇ ਪਟ ਪੈ ਡਰ ਕੇਸਰ." (ਕ੍ਰਿਸਨਾਵ) ਕੇਸਰ ਡਾਲਕੇ. "ਕੋਊ ਡਰੈ ਹਰਿ ਕੇ ਮੁਖ ਗ੍ਰਾਸ." (ਕ੍ਰਿਸਨਾਵ) ਮੂੰਹ ਵਿਚ ਗ੍ਰਾਸ ਡਾਲਦਾ ਹੈ. "ਕੰਚਨ ਕੋਟ ਕੇ ਊਪਰ ਤੇ ਡਰ." (ਰਾਮਾਵ)

ਡਰਣ, ਡਰਣਾ: ਕ੍ਰਿ- ਭੈ ਕਰਨਾ. ਖ਼ੌਫ਼ ਖਾਣਾ. ਭਯਭੀਤ ਹੋਣਾ. ਦੇਖੋ, ਡਰ. "ਡਰਿ ਡਰਿ ਡਰਣਾ ਮਨ ਕਾ ਸੋਰੁ." (ਗਉ ਮਃ ੧) ੨. ਦੇਖੋ, ਡਰਨਾ.

ਡਰਨ, ਡਰਨਾ: ਕ੍ਰਿ- ਭੈ ਕਰਨਾ. ਖ਼ੌਫ਼ ਖਾਣਾ. "ਨਿਰਭਉ ਸੰਗਿ ਤੁਮਾਰੇ ਬਸਤੇ ਇਹੁ ਡਰਨ ਕਹਾਂ ਤੇ ਆਇਆ?" (ਗਉ ਮਃ ੫) ੨. ਸੰਗਜਾ- ਜਾਨਵਰਾਂ ਦੇ ਡਰਾਉਣ ਲਈ ਖੇਤ ਵਿੱਚ ਖੜਾ ਕੀਤਾ ਬਣਾਉਟੀ ਮਨੁੱਖ ਅਥਵਾ ਭਯੰਕਰ ਪਸ਼ੂ ਆਦਿ. "ਜਿਉ ਡਰਨਾ ਖੇਤ ਮਾਹਿ ਡਰਾਇਆ." (ਗਉ ਮਃ ੫)

ਡਰਪਨਾ: ਕ੍ਰਿ- ਡਰਨਾ. ਭਯਭੀਤ ਹੋਣਾ. ਡਰਪੈਣਾ "ਡਰਪਤ ਡਰਪਤ ਜਨਮ ਬਹੁਤ ਜਾਹੀ." (ਗਉ ਮਃ ੫) "ਡਰਪੈ ਧਰਤਿ ਅਕਾਸ ਨਖਤ੍ਰਾ." (ਮਾਰੂ ਮਃ ੫) "ਸਾਧੁਸੰਗਿ ਨਹਿ ਡਰਪੀਐ." (ਆਸਾ ਛੰਤ ਮਃ ੫)

ਡਰਪਾਨਾ: ਕ੍ਰਿ- ਡਰਾਉਣਾ. "ਸੋ ਡਰ ਕੇਹਾ ਜਿਤੁ ਡਰ ਡਰਪਾਇ." (ਗਉ ਮਃ ੧)

ਡਰਪੋਕ: ਵਿ- ਡਰਾਕੁਲ. ਡਰਨ ਵਾਲਾ. ਕਾਇਰ.

ਡਰ ਭਉ: ਖ਼ੌਫ਼ ਅਤੇ ਭਯ (ਸੰਕਟ). ਦੁੱਖ ਅਤੇ ਡਰ. ਦੇਖੋ, ਭਯ. "ਜਮ ਕਾ ਡਰ ਭਉ ਭਾਗੈ." (ਤੁਖਾ ਛੰਤ ਮਃ ੧)

ਡਰਾਂਉ: ਵਿ- ਡਰਾਵਨਾ. ਭਯੰਕਰ. "ਭਾਈ ਰੇ! ਭਵਜਲ ਬਿਖਮ ਡਰਾਂਉ." (ਸ੍ਰੀ ਅਃ ਮਃ ੧) ੨. ਡਰਦਾ ਹਾਂ।

ਡਰਾਉਣਾ: ਕ੍ਰਿ- ਡਰਾਨਾ. ਭਯ ਦੇਣਾ। ੨. ਵਿ- ਡਰਾਵਨਾ. ਭਯੰਕਰ.

ਡਰਾਇਆ: ਡਰ (ਭਯ) ਸਹਿਤ ਕੀਤਾ। ੨. ਡਗਵਨਾ. ਭੈਦਾਇਕ. ਦੇਖੋ, ਡਰਨਾ। ੩. ਡਲਵਾਇਆ।

ਡਰਾਕੁਲ: ਸੰ. ਦਰਾਕੁਲ. ਵਿ- ਦਰ (ਭਯ) ਨਾਲ ਵਜਾਕੁਲ. "ਧੀਰਜ ਛੋਰ ਡਰਾਕੁਲ ਬੋਲਤ." (ਗੁਪ੍ਰਸੂ)

ਡਰਾਬਾ: ਸੰਗਜਾ- ਧਮਕੀ. ਡਰਾਉਣ ਦੀ ਕ੍ਰਿਯਾ.

ਡਰਾਰਾ: ਵਿ- ਡਰਾਉਣ ਵਾਲਾ. ਭਯਾਨਕ. "ਬਹੁ ਡੀਲ ਡਰਾਰੇ." (ਕ੍ਰਿਸਨਾਵ)

ਡਰਿ: ਕ੍ਰਿ. ਵਿ- ਡਰ ਨਾਲ. ਖ਼ੌਫ਼ ਸੇ. "ਜਮ ਡਰਿ ਮਾਰੀਐ." (ਤੁਖਾ ਛੰਤ ਮਃ ੧) ੨. ਡਰਕੇ.

ਡਰੁ: ਦੇਖੋ, ਡਰ.

ਡਰੁ ਭ੍ਰਮਭਉ: ਭ੍ਰਮਭਵਦਰ. ਭ੍ਰਮ ਤੋਂ ਹੋਇਆ ਡਰ. "ਡਰੁ ਭ੍ਰਮ ਭਉ ਦੂਰਿ ਕਰਿ." (ਵਾਰ ਸ੍ਰੀ ਮਃ ੪)

ਡਰੂਆ: ਸੰਗਯਾ- ਡਰ. ਭਯ। ੨. ਵਿ- ਡਰਾਵਨਾ. ਭਯਾਨਕ. "ਜਾਕੈ ਸਿਮਰਣਿ ਜਮ ਨਹੀ ਡਰੂਆ." (ਗਉ ਮਃ ੫)

ਡਰੇ: ਡਾਰੇ. "ਤਿਨ ਕੇ ਫੋਰ ਮੂੰਡ ਕਲ ਡਰੇ." (ਚਰਿਤ੍ਰ ੪੦੫) ਉਨ੍ਹਾਂ ਦੇ ਸਿਰ ਕਾਲ ਨੇ ਭੰਨਸੁੱਟੇ.

ਡਰੈ: ਡਰਦਾ ਹੈ। ੨. ਦੇਖੋ, ਡਰ ੨.

ਡਰੋਲ: ਰਾਜਪੂਤ ਜਾਤਿ, ਜੋ ਕਹਲੂਰ ਦੇ ਮੀਆਂ ਕੇਲਾ ਤੋਂ ਚੱਲੀ ਹੈ.

ਡਰੋਲੀ, ਡਰੌਲੀ: ਫ਼ਿਰੋਜ਼ਪੁਰ ਦੇ ਜਿਲੇ, ਤਸੀਲ ਥਾਣਾ ਮੋਗਾ ਦਾ ਇੱਕ ਪਿੰਡ, ਜਿੱਥੇ ਮਾਈ ਰਾਮੋ ਦਾ ਪਤਿ ਭਾਈ ਸਾਂਈਦਾਸ ਗੁਰੂ ਹਰਿਗੋਬਿੰਦ ਸਾਹਿਬ ਦਾ ਸਾਢੂ ਰਹਿੰਦਾ ਸੀ. ਇਹ ਪਤਿ ਪਤਨੀ ਗੁਰੂ ਸਾਹਿਬ ਦੇ ਅਨੰਨ ਭਗਤ ਅਤੇ ਸੇਵਕ ਸਨ. ਇਨ੍ਹਾਂ ਦੇ ਪ੍ਰੇਮ ਵਸ਼ ਹੋ ਕੇ ਛੀਵੇਂ ਗੁਰੂ ਸਾਹਿਬ ਕਈ ਵਾਰ ਡਰੋਲੀ ਆਕੇ ਚਿਰਕਾਲ ਰਹਿੰਦੇ ਰਹੇ.

ਇਸੇ ਥਾਂ ਤੋਂ ਜਾ ਕੇ ਸਤਿਗੁਰੂ ਨੇ ਭਾਈ ਰੂਪਚੰਦ ਦਾ ਸੀਤਲ ਜਲ ਛਕਿਆ ਸੀ. ਬਾਬਾ ਗੁਰਦਿੱਤਾ ਜੀ ਦਾ ਜਨਮ ਇਸੇ ਪਿੰਡ ਹੋਇਆ ਹੈ. ਜਨਮਅਸਥਾਨ ਤੇ ਦਮਦਮਾ ਬਣਿਆ ਹੋਇਆ ਹੈ. ਇੱਥੇ ਨੰਦਚੰਦ ਵਾਲਾ ਗੁਰੂ ਗ੍ਰੰਥਸਾਹਿਬ ਹੈ, ਜੋ ਉਸ ਨੇ ਉਦਾਸੀ ਸਾਧਾਂ ਤੋਂ ਖੋਹ ਲਿਆ ਸੀ. ਦੇਖੋ, ਨੰਦਚੰਦ.

ਗੁਰੂ ਹਰਿਗੋਬਿੰਦ ਸਾਹਿਬ ਦਾ ਲਗਵਾਇਆ ਇੱਥੇ ਇੱਕ ਖੂਹ ਹੈ. ਮਾਤਾ ਦਮੋਦਰੀ ਜੀ ਦਾ ਇੱਥੇ ਹੀ ਦੇਹਾਂਤ ਹੋਇਆ ਸੀ. ਦੇਹਰਾ ਬਣਿਆ ਹੋਇਆ ਹੈ.

ਪਿੰਡ ਤੋਂ ਬਾਹਰ ਜਿਥੇ ਗੁਰੂਸਾਹਿਬ ਦੀਵਾਨ ਲਗਾਇਆ ਕਰਦੇ ਸਨ, ਉੱਥੇ ਸੁੰਦਰ ਦਰਬਾਰ ਹੈ. ਇਸ ਨੂੰ ੧੮੦ ਘੁਮਾਉਂ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਦੀ ਦਿੱਤੀ ਹੋਈ ਹੈ. ਇਕਵੰਜਾ ਰੁਪਯੇ ਰਿਆਸਤ ਨਾਭੇ ਤੋਂ ਮਿਲਦੇ ਹਨ. ਦੋ ਸੌ ਰੁਪਯੇ ਸਾਲਾਨਾ ਪਿੰਡ ਅੰਗੀਆਂ ਜਿਲਾ ਅੰਬਾਲਾ ਵਿੱਚੋਂ ਜਾਗੀਰ ਹੈ. ਵੈਸਾਖੀ ਅਤੇ ਮਾਘੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਡਗਰੂ ਤੋਂ ਡੇਢ ਮੀਲ ਦੱਖਣ ਪੱਛਮ ਹੈ.

ਡਲ: ਸੰਗਯਾ- ਡਲਾ. ਟੁਕੜਾ. ਖੰਡ।. ੨ ਝੀਲ. ਵਿਸ੍ਤਾਰ ਵਾਲਾ ਤਾਲ। ੩. ਚੌਪੜ ਦਾ ਡਾਲਨਾ. "ਡਲ ਡਾਲਹਿਂ ਨਰਦਨ ਕੋ ਚਰੈਂ." (ਗੁਪ੍ਰਸੂ) ਡਾਲਨਾ ਸਿੱਟਕੇ ਨਰਦਾਂ ਨੂੰ ਚਲਾਉਂਦੇ ਹਨ। ੪. ਦੇਖੋ, ਡੱਲ.

ਡਲਹੌਜ਼ੀ: James Andrew Broun Ramsay Dalhousie. ਇਸ ਦਾ ਜਨਮ ੨੨ ਏਪ੍ਰਿਲ ਸਨ ੧੮੧੨ ਨੂੰ ਹੋਇਆ. ਇਹ ਭਾਰਤ ਦਾ ਗਵਰਨਰ ਜਨਰਲ ੧੨. ਜਨਵਰੀ ਸਨ ੧੮੪੮ ਤੋਂ ੨੯ ਫਰਵਰੀ ਸਨ ੧੮੫੬ ਤੀਕ ਰਿਹਾ. ਇਸ ਨੇ ਲਹੌਰ ਦਾ ਸਿੱਖਰਾਜ ਛਿੰਨ ਭਿੰਨ ਕਰਕੇ, ਅਤੇ ਅਵਧ ਆਦਿ ਕਈ ਇਲਾਕੇ ਅੰਗ੍ਰੇਜ਼ੀ ਰਾਜ ਨਾਲ ਮਿਲਾਏ, ਜਿਸ ਤੋਂ ਇਸ ਨੂੰ ਮਾਰਕ੍ਵਿਸ Marquess ਪਦਵੀ ਅਤੇ ਪੰਜ ਹਜ਼ਾਰ ਪੌਂਡ ਸਾਲਾਨਾ ਪੈਨਸ਼ਨ ਮਿਲੀ. ਲਾਰਡ ਡਲਹੌਜ਼ੀ ਦਾ ਦੇਹਾਂਤ ੧੯. ਦਿਸੰਬਰ ੧੮੬੦ ਨੂੰ ਹੋਇਆ. ੨. ਗੁਰਦਾਸਪੁਰ ਦੇ ਜਿਲੇ ਰਾਵੀ ਦੇ ਉੱਤਰ ਇੱਕ ਪਹਾੜੀ ਆਬਾਦੀ, ਜੋ ਲਾਰਡ ਡਲਹੌਜ਼ੀ ਦੇ ਨਾਮ ਪੁਰ ਹੈ. ਇਸ ਥਾਂ ਸਨ ੧੮੫੩ ਵਿੱਚ ਸਰਕਾਰ ਅੰਗ੍ਰੇਜ਼ੀ ਨੇ ਰਿਆਸਤ ਚੰਬੇ ਤੋਂ ਪਹਾੜ ਖਰੀਦਕੇ ਗਰਮੀਆਂ ਦੇ ਰਹਿਣ ਦੀ ਥਾਂ ਬਣਾਈ ਹੈ. ਡਲਹੌਜ਼ੀ ਪਠਾਨਕੋਟ ਤੋਂ ੫੧ ਮੀਲ ਉੱਤਰ ਪੱਛਮ ਹੈ. ਗੁਰਦਾਸਪੁਰ ਤੋਂ ੭੪ ਮੀਲ ਹੈ. ਸਮੁੰਦਰ ਤੋਂ ਉਚਿਆਈ ੭੬੮੭ ਫੁਟ ਹੈ.

ਡਲਾ, ਡਲੀ: ਸੰਗਯਾ- ਟੁਕੜਾ. ਖੰਡ. ਢੇਲਾ. ਢੀਮ। ੨. ਮਾਸ ਦਾ ਟੁਕੜਾ. ਬੋਟੀ. ਦੇਖੋ, ਖਾਲਸੇ ਦੇ ਬੋੱਲੇ। ੩. ਸੰ. ਦਲਿ. ਮਿੱਟੀ ਦੀ ਡਲੀ. ਢੀਮ.

ਡਲ੍ਹਕਣਾ: ਇਕ੍ਰ. ਉਛਲਣਾ। ੧. ਟਪਕਣਾ. ਚੁਇਣਾ.

ਡਲ੍ਹਕਾ: ਉਛਲਕੇ ਡਿਗਿਆ ਹੋਇਆ ਤੁਬਕਾ। ੨. ਨੇਤ੍ਰ ਅਥਵਾ ਕ਼ਲਮ ਤੋਂ ਡਿਗਿਆ ਤੁਬਕਾ। ੩. ਅੱਖ ਦਾ ਇੱਕ ਰੋਗ, ਜਿਸ ਤੋਂ ਕੋਏ ਦੇ ਛੇਕ ਬੰਦ ਹੋਣ ਤੋਂ ਅੱਖ ਦਾ ਪਾਣੀ ਨੱਕ ਵਿੱਚ ਨਹੀਂ ਜਾਂਦਾ, ਅੰਝੂ ਦੀ ਸ਼ਕਲ ਵਿੱਚ ਵਹਿੰਦਾ ਰਹਿੰਦਾ ਹੈ.

ਡੱਲ: ਸੰਗਯਾ- ਬਾਟੀ ਦੇ ਆਕਾਰ ਦਾ ਪਾਤ੍ਰ, ਜਿਸ ਨਾਲ ਰੱਸੀਆਂ ਬੰਨ੍ਹਕੇ ਨੀਵੇਂ ਥਾਂ ਤੋਂ ਉੱਚੇ ਥਾਂ ਜਲ ਸਿੰਜੀਦਾ ਹੈ.

ਡੱਲਾ: ਰਿਆਸਤ ਕਪੂਰਥਲਾ, ਤਸੀਲ ਥਾਣਾ ਸੁਲਤਾਨਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਲੋਹੀਆਂ ਤੋਂ ਤਿੰਨ ਮੀਲ ਪੂਰਵ ਹੈ. ਭਾਈ ਲਾਲੋ, ਭਾਈ ਪਾਰੋ ਆਦਿਕ ਇਸ ਥਾਂ ਮਸ਼ਹੂਰ ਸਿੱਖ ਹੋਏ ਹਨ. ਭਾਈ ਗੁਰਦਾਸ ਜੀ ਲਿਖਦੇ ਹਨ- "ਡੱਲੇ ਵਾਲੀ ਸੰਗਤ ਭਾਰੀ." ਇਸੇ ਥਾਂ ਨਾਰਾਯਣਦਾਸ ਦੀ ਸੁਪੁਤ੍ਰੀ ਸ੍ਰੀ ਮਤੀ ਦਮੋਦਰੀ ਜੀ ਨਾਲ ੨੨ ਭਾਦੋਂ ਸੰਮਤ ੧੬੬੧ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਹੋਇਆ ਸੀ. ਵਿਆਹ ਦੇ ਥਾਂ ਦਮਦਮਾ ਬਣਿਆ ਹੋਇਆ ਹੈ, ਪਰ ਸੇਵਾਦਾਰ ਕੋਈ ਨਹੀਂ।

ਗੁਰੂ ਅਰਜਨ ਸਾਹਿਬ ਨੇ ਆਪਣੇ ਸੁਪੁਤ੍ਰ ਦੇ ਆਨੰਦ ਦੀ ਯਾਦਗਾਰ ਵਿੱਚ ਜੋ ਇੱਥੇ ਬਾਵਲੀ ਲਵਾਈ ਹੈ, ਉਹ ਪਿੰਡ ਤੋਂ ਚੜ੍ਹਦੇ ਵੱਲ ਪਾਸ ਹੀ ਹੈ. ਇਸ ਨਾਲ ੧੫. ਘੁਮਾਉਂ ਜ਼ਮੀਨ ਰਿਆਸਤ ਕਪੂਰਥਲੇ ਤੋਂ ਹੈ. ਡੱਲੇ ਵਿੱਚ ਭਾਈ ਲਾਲੋ ਜੀ ਦਾ ਅਸਥਾਨ ਭੀ ਪ੍ਰਸਿੱਧ ਹੈ, ਜਿਸ ਨਾਲ ੪੨ ਘੁਮਾਉਂ ਜ਼ਮੀਨ ਮੁਆਫ਼ ਹੈ।

੨. ਸਾਬੋ ਦੀ ਤਲਵੰਡੀ ਦਾ ਜੱਟ ਸਰਦਾਰ, ਜਿਸ ਨੇ ਸੰਮਤ ੧੭੬੨- ੬੩ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪ੍ਰੇਮ ਨਾਲ ਆਪਣੇ ਪਿੰਡ ਠਹਿਰਾਇਆ ਅਤੇ ਪੂਰੀ ਸੇਵਾ ਕੀਤੀ. ਜਿੱਥੇ ਦਸ਼ਮੇਸ਼ ਵਿਰਾਜੇ ਹਨ ਉਸ ਗੁਰਦ੍ਵਾਰੇ ਦਾ ਨਾਮ 'ਦਮਦਮਾ ਸਾਹਿਬ' ਹੈ.

ਡੱਲੇ ਨੂੰ ਸੰਬੋਧਨ ਕਰਕੇ ਕਲਗੀਧਰ ਨੇ ਮਾਲਵੇ ਨੂੰ ਵਰਦਾਨ ਦਿੱਤਾ ਸੀ ਕਿ ਇਸ ਭੂਮਿ ਵਿੱਚ ਨਹਿਰਾਂ ਚੱਲਣਗੀਆਂ, ਅੰਬ ਲੱਗਣਗੇ, ਕਣਕ ਪੈਦਾ ਹੋਵੇਗੀ ਆਦਿਕ. ਇਸ ਅਨੰਨ ਸੇਵਕ ਨੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ ਅਤੇ ਡੱਲਾ ਸਿੰਘ ਪ੍ਰਸਿੱਧ ਹੋਇਆ. ਦੇਖੋ, ਦਮਦਮਾ ਸਾਹਿਬ ਨੰਬਰ ੧.

ਡੱਲਾਸਿੰਘ: ਦੇਖੋ, ਡੱਲਾ ੨.

ਡੱਲੂ: ਛੁਰਾ ਗੋਤ ਦਾ ਬੁਰਹਾਨਪੁਰ ਨਿਵਾਸੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ.

ਡੱਲੇਵਾਲੀਆਂ ਦੀ ਮਿਸਲ: ਸਿੱਖਾਂ ਦੀਆਂ ੧੨. ਮਿਸਲਾਂ ਵਿੱਚੋਂ ਇੱਕ ਮਿਸਲ, ਜਿਸ ਦਾ ਮੁਖੀਆ ਸਰਦਾਰ ਗੁਲਾਬ ਸਿੰਘ ਖਤ੍ਰੀ ਡੱਲੇਵਾਲ ਪਿੰਡ (ਬਿਸਤ ਦੁਆਬੇ) ਦਾ ਵਸਨੀਕ ਸੀ. ਫੇਰ ਕੰਗ ਜੱਟ ਤਾਰਾ ਸਿੰਘ ਪ੍ਰਧਾਨ ਹੋਇਆ, ਜਿਸ ਨੇ ਬਹੁਤ ਇਲਾਕਾ ਮੱਲਿਆ. ਜਿਲਾ ਅੰਬਾਲਾ ਦੇ ਮੁਸਤ਼ਫ਼ਾਬਾਦ ਦੇ ਸਰਦਾਰ, ਜਿਲਾ ਕਰਨਾਲ ਦੇ ਬਡਥਲ ਦੇ ਸਰਦਾਰ ਅਤੇ ਜਿਲਾ ਜਲੰਧਰ ਦੇ ਕੰਗ ਦੇ ਰਈਸ, ਇਸੇ ਮਿਸਲ ਵਿਚੋਂ ਹਨ.

ਡਵ: ਸੰ. ਦਵ. ਸੰਗ੍ਯਾ- ਆਪਣੇ ਆਪ ਜੰਗਲ ਨੂੰ ਲੱਗੀ ਹੋਈ ਅੱਗ. ਦਾਵਾਗਨਿ.

ਡਵਰੂ: ਦੇਖੋ, ਡਉਰੂ.

ਡਵਿ: ਦਵ (ਦਾਵਾਗਨਿ) ਨਾਲ. ਦਾਵਾਗਨਿ ਦ੍ਵਾਰਾ. "ਜਿਉ ਡਵਿ ਦਧਾ ਕਾਨੁ." (ਸ੍ਰੀ ਅਃ ਮਃ ੧) ਜੰਗਲੀ ਅੱਗ ਦਾ ਝੁਲਸਿਆ ਕਾਨਾ.

ਡਵੰਕ: ਦੇਖੋ, ਡਮਕ ਅਤੇ ਡਮੰਕ. "ਡਾਵਰੂ ਡਵੰਕੈ." (ਅਕਾਲ)

ਡਾਉ: ਦੇਖੋ, ਦਾਉ.

ਡਾਉਲਾ: ਸੰਗ੍ਯਾ- ਨਿਆਰੀਆ. ਸੁਨਿਆਰ ਦੀ ਭੱਠੀ ਦੀ ਖ਼ਾਕ ਵਿੱਚੋਂ ਸੁਇਨਾ ਚਾਂਦੀ ਕੱਢਣ ਵਾਲਾ. ਦੇਖੋ, ਡਾਵਲਾ.

ਡਾਇਣ, ਡਾਇਨਿ: ਸੰ. ਡਾਕਿਨੀ. ਸੰਗ੍ਯਾ- ਚੁੜੇਲ. ਭੂਤਨੀ. ਪਿਸ਼ਾਚਿਨੀ. "ਨਾਰਾਇਣ ਦੰਤ ਭਾਨੇ ਡਾਇਣ." (ਗੌਂਡ ਮਃ ੫)

ਡਾਂਸ: ਸੰ. दंष्ट्रिन दंਸ਼ਟ੍ਰੀ. ਦਾੜ੍ਹਾਂ ਵਾਲਾ ਜੀਵ। ੨. ਡੰਗ ਮਾਰਨ ਵਾਲਾ ਜੀਵ ਸੱਪ ਆਦਿ। ੩. ਮੱਛਰ.

ਡਾਹ: ਸੰ. ਦਾਹ. ਸੰਗ੍ਯਾ- ਤਾਪ. ਦਾਝ. ਜਲਨ. ਸਾੜਾ.

ਡਾਹਣਾ, ਡਾਹਨਾ: ਕ੍ਰਿ- ਦਾਹਨਾ. ਸਾੜਨਾ। ੨. ਡਾਸਨਾ. ਬਿਛਾਉਣਾ. ਜੈਸੇ- ਮੰਜਾ ਡਾਹਣਾ। ੩. ਸੰਗ੍ਯਾ- ਕਾਂਡ. ਬਿਰਛ ਦੀ

ਮੋਟੀ ਸ਼ਾਖਾ. ਟਾਹਣਾ.

ਡਾਹਪਣ: ਸੰਗਯਾ- ਦਾਹਪਨ. ਜਲਨ। ੨. ਦਿਲ ਦਾ ਸਾੜਾ. ਈਰਖਾ.

ਡਾਹਪਣਿ: ਦਾਹਪਨ (ਸਾੜੇ) ਵਿੱਚ. "ਡਾਹਪਣਿ ਤਨਿ ਸੁਖ ਨਹੀ." (ਓਅੰਕਾਰ)

ਡਾਹਪਣੁ: ਦੇਖੋ, ਡਾਹਪਣ.

ਡਾਹੁਣਾ: ਦੇਖੋ, ਡਾਹਣਾ ੧. ਅਤੇ ੨.

ਡਾਕ: ਸੰਗਯਾ- ਵਮਨ. ਕ਼ਯ. ਛਰਦ. ਡਾਕੀ। ੨. ਸਵਾਰੀ ਅਥਵਾ ਆਦਮੀਆਂ ਦਾ ਪੜਾਉ ਪੜਾਉ ਅਜੇਹਾ ਪ੍ਰਬੰਧ, ਕਿ ਪਿੱਛੋਂ ਆਏ ਨੂੰ ਆਰਾਮ ਦੇ ਕੇ ਨਵੇਂ ਨੂੰ ਕਾਰਜ ਵਿੱਚ ਲਾਉਣਾ। ੩. ਚਿੱਠੀਆਂ ਦੇ ਪਹੁਚਾਉਣ ਦਾ ਇੰਤਜਾਮ. "ਬਹੁਰ ਡਾਕ ਮੇ ਸੁਧ ਤਤਕਾਲ." (ਗੁਪ੍ਰਸੂ) ੪. ਅੰ. Dock. ਸਮੁੰਦਰ ਦੇ ਕਿਨਾਰੇ ਜਹਾਜ ਲੱਗਣ ਦਾ ਥਾਂ, ਜਿੱਥੋਂ ਮੁਸਾਫ਼ਿਰ ਅਤੇ ਸਾਮਾਨ ਉਤਰਦਾ ਚੜ੍ਹਦਾ ਹੈ.

ਡਾਂਕ: ਸੰਗਯਾ- ਡੰਕ. ਦੰਸ਼. ਬਿੱਛੂ ਸਰਪ ਆਦਿ ਦੇ ਦੰਦ ਮਾਰਨ ਦਾ ਭਾਵ। ੨. ਚਾਂਦੀ ਆਦਿ ਚਮਕੀਲੀ ਧਾਤੁ ਦਾ ਟੁਕੜਾ, ਜੋ ਹੀਰੇ ਆਦਿ ਰਤਨਾਂ ਦੇ ਹੇਠ ਜੜੀਦਾ ਹੈ, ਇਸ ਤੋਂ ਰਤਨ ਦੀ ਚਮਕ ਬਹੁਤ ਹੋ ਜਾਂਦੀ ਹੈ.

ਡਾਕਟਰ: ਅੰ. Doctor. ਵਿਦ੍ਵਾਨ. ਪੰਡਿਤ। ੨. ਵੈਦ੍ਯ. ਤਬੀਬ.

ਡਾਕਣ ਬਾਹਣ: ਡਿੰਗ. ਸੰਗਯਾ- ਡਾਕਿਨੀ (ਡੈਣ) ਦੀ ਸਵਾਰੀ ਤਰਕ (ਤਰਖ੍ਸ਼) ਦੇਖੋ, ਤਰਕ ੪.

ਡਾਕਣਾ: ਕ੍ਰਿ- ਉਲਟੀ ਕਰਨੀ. ਵਮਨ ਕਰਨਾ.

ਡਾਕਣੀ: ਦੇਖੋ, ਡਾਕਿਨੀ.

ਡਾਕਰ: ਸੰਗਯਾ- ਉੱਤਮ ਜਾਤਿ ਦੀ ਉਪਜਾਊ ਜ਼ਮੀਨ, ਜੋ ਰੇਤੇ ਅਤੇ ਪੀਲਕ ਤੋਂ ਬਿਨਾ ਹੋਵੇ.

ਡਾਕਾ: ਸੰਗਯਾ- ਬਾਟਪਾਰੀ. ਧਨ ਖੋਹਣ ਲਈ ਕੀਤਾ ਹੱਲਾ. ਡਾਕੂਆਂ ਦਾ ਧਾਵਾ.

ਡਾਕਿ, ਡਾਕਿਨੀ: ਸੰ. ਡਾਕਿਨੀ. ਸੰਗਯਾ- ਚੁੜੇਲ. ਪਿਸ਼ਾਚੀ. ਡਾਇਣ. "ਡਾਕਿ ਅਚੈ ਕਹੂੰ ਸ੍ਰੋਣ ਡਕਾਡਕ." (ਚਰਿਤ੍ਰ ੪੦੫)

ਡਾਕੀ: ਸੰਗਯਾ- ਦੇਖੋ, ਹੈਜਾ ਅਤੇ ਛਰਦਿ। ੨. ਦੇਖੋ, ਡਾਕਿਨੀ. "ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨਕਮਲ ਸਰਨਾਇ." (ਆਸਾ ਮਃ ੫) ਡਾਕਿਨੀ ਦੀ ਚਿਤਵਨ (ਚਿਤਿ) ਨਹੀਂ ਲਗਦੀ. ਭਾਵ- ਭੂਤ ਪ੍ਰੇਤਾਦਿ ਤੱਕ ਨਹੀਂ ਸਕਦੇ। ੪. ਡਿੰਗ. ਵਿ- ਪ੍ਰਬਲ. ਪ੍ਰਚੰਡ.

ਡਾਕੂ: ਸੰਗਯਾ- ਲੁਟੇਰਾ. ਜ਼ਬਰਦਸ੍ਤੀ ਨਾਲ ਧਨ ਮਾਲ ਲੁੱਟਣ ਵਾਲਾ.

ਡਾਖੜਾ, ਡਾਖੜੋ: ਦੁੱਖਪ੍ਰਦ. ਵਿ- ਦੁਖਦਾਈ. ਦੁਖ ਦੇਣ ਵਾਲਾ. "ਆਵਣ ਵੰਞਣ ਡਾਖੜੋ." (ਸ੍ਰੀ ਅਃ ਮਃ ੧) ਆਉਣਾ ਜਾਣਾ (ਜਨਮ ਮਰਨ) ਦੁਖਦਾਈ ਹੈ.

ਡਾਂਗ: ਸੰਗਯਾ- ਲੰਮਾ ਸੋਟਾ. ਲੱਠ (bluzgeon).

ਡਾਂਗ ਡਗੂਸਾ: ਸੰਗਯਾ- ਦੰਡਯੁੱਧ. ਲਾਠੀ ਦੀ ਲੜਾਈ। ੨. ਕ੍ਰਿ. ਵਿ- ਡਾਂਗੋ ਡਾਂਗੀ. ਆਪੋ ਵਿੱਚੀ ਡਾਂਗਾਂ ਦਾ ਪ੍ਰਹਾਰ. "ਗੁਰੁ ਪੂਰੇ ਬਿਨ ਡਾਂਗ ਡਗੂਸੇ." (ਭਾਗੁ)

ਡਾਂਗਰ: ਦੇਖੋ, ਡੰਗਰ.

ਡਾਂਗੀ, ਡਾਂਗੀਆ: ਵਿ- ਡਾਂਗ ਰੱਖਣ ਵਾਲਾ. ਦੰਡਧਾਰੀ। ੨. ਸੰਗਯਾ- ਆਸਾ ਬਰਦਾਰ. ਚੋਬਦਾਰ. "ਪਾਪ ਪੁੰਨ ਜਾਚੈ

ਡਾਂਗੀਆ." (ਮਲਾ ਨਾਮਦੇਵ)

ਡਾਜੁ: ਦੇਖੋ, ਦਾਜੁ.

ਡਾਟ: ਸੰਗਯਾ- ਬੋਤਲ ਆਦਿ ਦਾ ਮੂੰਹ ਬੰਦ ਕਰਨ ਦਾ ਗੱਟਾ (Cork).[2] ੨. ਮਿਹ਼ਰਾਬ ਲਾਉਣ ਦਾ ਢਾਂਚਾ। ੩. ਮਿਹਰਾਬ। ੪. ਦੇਖੋ, ਡਾਟਣਾ.

ਡਾਂਟ: ਸੰਗਯਾ- ਧਮਕੀ. ਘੂਰ. ਝਿੜਕ. ਦਬਾਉ.

ਡਾਟਨਾ: ਕ੍ਰਿ- ਡਾਟ ਲਗਾਉਣਾ। ੨. ਬੰਦ ਕਰਨਾ। ੩. ਡਾਂਟਨਾ. ਤਾੜਨਾ. "ਬਿਨ ਡਾਟੇ ਇਹ ਸੀਖ ਨ ਲੇਹੀ." (ਨਾਪ੍ਰ)

ਡਾਂਡ, ਡਾਂਡਾ: ਸੰਗਯਾ- ਦੰਡ. ਸਜ਼ਾ. "ਜਮ ਕੇ ਦੁਖ ਡਾਂਡ." (ਬਿਲਾ ਮਃ ੫) "ਮਿਲੈ ਜਮਡਾਂਡ" (ਸੂਹੀ ਮਃ ੫) ੨. ਜੁਰਮਾਨਾ. ਚੱਟੀ.

ਡਾਡੀ, ਡਾਂਡੀ: ਸੰ. दण्डिन ਵਿ- ਦੰਡ ਰੱਖਣ ਵਾਲਾ। ੨. ਸੰਗਯਾ- ਯਮ। ੩. ਚੋਬਦਾਰ। ੪. ਗਜਾਂ ਨਾਲ ਜ਼ਮੀਨ ਮਿਣਨਵਾਲਾ ਕਰਮਚਾਰੀ. ਜਰੀਬਕਸ਼. "ਨਉ ਡਾਡੀ ਦਸ ਮੁੰਸਫ ਧਾਵਹਿ." (ਸੂਹੀ ਕਬੀਰ) ਨੌ ਗੋਲਕ ਜਰੀਬਕਸ਼ ਅਤੇ ਦਸ ਇੰਦ੍ਰਿਯ ਮੁਨਸਿਫ਼। ੫. ਇੱਕ ਕਿਸ਼ਤੀਨੁਮਾ ਸਵਾਰੀ, ਜਿਸ ਦੇ ਦੋਹੀਂ ਪਾਸੀਂ ਡੰਡੇ ਹੁੰਦੇ ਹਨ, ਜਿਨ੍ਹਾਂ ਨੂੰ ਮੋਢਿਆਂ ਤੇ ਰੱਖਕੇ ਕੁਲੀ ਚਲਦੇ ਹਨ. ਇਹ ਸਵਾਰੀ ਖਾਸ ਕਰਕੇ ਪਹਾੜਾਂ ਵਿੱਚ ਵਿਖੜੇ ਰਾਹੀਂ ਵਰਤੀ ਜਾਂਦੀ ਹੈ.

ਡਾਂਡੇ: ਵਿ- ਡੰਡੇਹੋਏ. ਦੰਡ ਨੂੰ ਪ੍ਰਾਪਤ "ਇਆ ਮਾਇਆ ਕੇ ਡਾਂਡੇ." (ਗਉ ਕਬੀਰ)

ਡਾਢ: ਸੰਗਯਾ- ਜਾੜ੍ਹ. ਦਾੜ੍ਹ. ਦੰਸ਼੍ਟ੍ਰਾ। ੨. ਦਾਹ. ਦਾਝ। ੩. ਡਾਢਾਪਨ. ਸਖ਼ਤੀ. ਜਿਵੇਂ- ਮੈਂ ਤੇਰੀ ਡਾਢ ਨਹੀਂ ਝਲ ਸਕਦਾ.

ਡਾਂਢ: ਸਿੰਧੀ. ਅਗਨਿ ਦੀ ਲਾਟਾ.

ਡਾਢਸ: ਸੰਗਯਾ- ਦ੍ਰਿਢਤਾ. ਧੀਰਯ. ਸਾਹਸ. "ਡਾਢਸ ਕੈ ਅਪਨੇ ਮਨ ਕੋ." (ਕ੍ਰਿਸਨਾਵ)

ਡਾਢਾ: ਵਿ- ਦ੍ਰਿਢਤਾ ਵਾਲਾ. ਜ਼ੋਰਾਵਰ. ਪ੍ਰਬਲ. ਸਿੰਧੀ. ਡਾਢੋ. "ਜਿਸ ਦਾ ਸਾਹਿਬ ਡਾਢਾ ਹੋਇ." (ਬਿਲਾ ਮਃ ੩. ਵਾਰ ੭) ੨. ਦਗਧ ਕੀਤਾ। ੩. ਸੰਗਯਾ- ਦਾਵਾ ਅਗਨਿ.

ਡਾਢਾਲ: ਡਿੰਗ. ਸੰਗਯਾ- ਦਾਢਾਂ (ਹੁੱਡਾਂ) ਵਾਲਾ ਸੂਰ.

ਡਾਢੀ: ਸੰਗਯਾ- ਦਾੜ੍ਹੀ. ਸ਼ਮਸ਼੍ਰੁ. ਰੀਸ਼. ਸੰ. ਦਾਢਿਕਾ। ੨. ਵਿ- ਦਾਧੀ. ਜਲੀ ਹੋਈ. "ਡਾਢੀ ਕੇ ਰਖੈਯਨ ਕੀ ਡਾਢੀਸੀ ਰਹਿਤ ਛਾਤੀ." (ਭੂਸ਼ਣ) ਦਾੜ੍ਹੀ ਰੱਖਣ ਵਾਲੇ ਮੁਸਲਮਾਨਾਂ ਦੀ ਸ਼ਿਵਾ ਜੀ ਤੋਂ ਛਾਤੀ ਸੜੀ ਜੇਹੀ ਰਹਿੰਦੀ ਹੈ। ੩. ਉੱਚਧੁਨਿ. ਬੁਲੰਦ ਆਵਾਜ਼. "ਬਾਣੀ ਕੋਈ ਡਾਢੀ ਜਪਦੇ ਹੈਨ ਕੋਈ ਹਉਲੀ ਜਪਦੇ ਹਨ." (ਭਗਤਾਵਲੀ) ੪. ਡਾਢਾ ਦਾ ਇਸਤ੍ਰੀਲਿੰਗ ਜਿਵੇਂ- ਮੈਨੂੰ ਡਾਢੀ ਸੱਟ ਵੱਜੀ ਹੈ.

ਡਾਢੀ ਹੂੰ ਡਾਢਾ: ਵਿ- ਬਲੀਆਂ ਤੋਂ ਬਲੀ. ਮਹਾਨ ਪ੍ਰਬਲ. "ਹਰਿ ਡਾਢੀ ਹੂੰ ਡਾਢਿਆ." (ਵਾਰ ਸ੍ਰੀ ਮਃ ੪)

ਡਾਣਾ: ਵਿ- ਅੱਡਿਆ ਹੋਇਆ. ਪਸਾਰਿਆ. "ਆਇ ਹੈ ਜਾਨ ਕਿਧੌਂ. ਮੁਹ ਡਾਣੇ." (ਕ੍ਰਿਸਨਾਵ)

ਡਾਨ: ਸੰ. ਦੰਡ. ਸੰਗਯਾ- ਸਜ਼ਾ. "ਜਾਂਕੇ ਚਾਕਰ ਕਉ ਨਾਹੀ ਡਾਨੁ." (ਗਉ ਮਃ ੫) ੨. ਮੁਆ਼ਮਲਾ. ਮਹਿ਼ਸੂਲ. ਰਾਜਕਰ. "ਆਨ ਕੋ ਮਾਨਕੈ ਡਾਨ ਕੋ ਦੇਵਤ." (ਗੁਪ੍ਰਸੂ)

ਡਾਨਉ: ਦੰਡ ਦਿਓ। ੨. ਡਾਨਉਂ. ਦੰਡ ਦਿੰਦਾ ਹਾਂ. "ਸੰਤਾ ਮਾਨਉ ਦੂਤਾ ਡਾਨਉ." (ਰਾਮ ਕਬੀਰ)

---

[2] ਇਹ ਕਾਰਕ ਓਕ (Cork-oak) ਦੇ ਹਲਕੇ ਛਿਲਕੇ ਤੋਂ ਬਣਾਇਆ ਜਾਂਦਾ ਹੈ. ਬਿਰਛ ਦੇ ਨਾਮ ਤੋਂ ਇਸ ਦੀ ਭੀ ਇਹ ਸੰਗਯਾ ਹੋ ਗਈ ਹੈ.

ਡਾਨੁ: ਦੇਖੋ, ਡਾਨ.

ਡਾਬਰ: ਦੇਖੋ, ਡਬਰਾ.

ਡਾਬੜ: ਦੇਖੋ, ਡਾਂਵੜ। ੨. ਦੇਖੋ, ਡਬਰਾ.

ਡਾਭ: ਸੰਗਯਾ- ਦੱਭ. ਪੰਨ੍ਹੀ। ੨. ਅੰਬ ਦੀ ਮੰਜਰੀ. ਅੰਬ ਦਾ ਸਿੱਟਾ.

ਡਾਮਰ: ਸੰ. ਸੰਗਯਾ- ਸ਼ਿਵ ਦਾ ਬਣਾਇਆ ਹੋਇਆ ਤੰਤ੍ਰਸ਼ਾਸ੍ਤ੍ਰ. ਇਨ੍ਹਾਂ ਦੀ ਗਿਣਤੀ ਵਾਰਾਹੀਤੰਤ੍ਰ ਵਿੱਚ ਪੰਜ ਹੈ- ਯੋਗਡਾਮਰ, ਸ਼ਿਵਡਾਮਰ, ਦੁਰਗਾ ਡਾਮਰ, ਸਾਰਸ੍ਵਤਡਾਮਰ ਅਤੇ ਬ੍ਰਹ੍ਮਡਾਮਰ। ੨. ਵਿ- ਅਦਭੁਤ. ਅਣੋਖਾ.

ਡਾਮਰੀ: ਵਿ- ਡਾਮਰ (ਤੰਤ੍ਰਸ਼ਾਸ੍ਤ੍ਰ) ਦੇ ਜਾਣਨ ਵਾਲਾ. ਤੰਤ੍ਰਮੰਤ੍ਰ ਦਾ ਗ੍ਯਾਤਾ। ੨. ਡਮਰੂ (ਡੌਰੂ) ਦੀ. "ਡਹੱਕ ਡਾਮਰੀ ਉਠੰ." (ਰਾਮਾਵ) ਡੌਰੂ ਦੀ ਡਹੱਕ (ਧੁਨਿ) ਉਠਦੀ ਹੈ.

ਡਾਮਰੁ, ਡਾਮਰੂ: ਦੇਖੋ, ਡਮਰੁ। ੨. ਡੌਰੂ ਦਾ ਸ਼ਬਦ. ਡੌਰੂ ਦੀ ਧੁਨਿ.

ਡਾਮਾਡੋਲ: ਦੇਖੋ, ਡਾਂਵਾਂਡੋਲ.

ਡਾਮਾਰ: ਡੌਰੂ. ਦੇਖੋ, ਡਮਰੁ. "ਕਿ ਡਾਮਾਰ ਬਾਜੈ." (ਦੱਤਾਵ)

ਡਾਰ: ਸੰਗਯਾ- ਡਾਲ. ਕਾਂਡ. ਟਾਹਣਾ. "ਤਰਵਰੁ ਏਕ ਅਨੰਤ ਡਾਰ ਸਾਖਾ." (ਰਾਮ ਕਬੀਰ) ਬ੍ਰਹ੍ਮ ਬਿਰਛ ਹੈ, ਸਾਰਾ ਵਿਸ਼੍ਵ ਡਾਹਣੇ ਅਤੇ ਸ਼ਾਖਾ। ੨. ਪੰਕ੍ਤਿ. ਸ਼੍ਰੇਣੀ. ਕਤਾਰ. ਜਿਵੇਂ- ਕਬੂਤਰਾਂ ਦੀ ਡਾਰ, ਮ੍ਰਿਗਾਂ ਦੀ ਡਾਰ ਆਦਿ। ੩. ਮੰਡਲੀ. ਟੋਲੀ. "ਬਿਨ ਡਰ ਬਿਣਠੀ ਡਾਰ." (ਓਅੰਕਾਰ) ਕਰਤਾਰ ਦੇ ਭੈ ਬਿਨਾ ਲੋਕਾਂ ਦੀ ਮੰਡਲੀ ਵਿਨਸ਼੍ਟ ਹੋਗਈ। ੪. ਦੇਖੋ, ਡਾਰਨ.

ਡਾਰਨ, ਡਾਰਨਾ: ਕ੍ਰਿ- ਡਾਲਨਾ. ਪਾਉਣਾ। ੨. ਸਿੱਟਣਾ. ਫੈਂਕਣਾ. ਤ੍ਯਾਗਣਾ. "ਮਨ ਤੇ ਕਬਹੁ ਨ ਡਾਰਉ." (ਦੇਵ ਮਃ ੫) "ਨਾਨਕ ਸਰਨਿ ਚਰਨਕਮਲਨ ਕੀ ਤੁਮ ਨ ਡਾਰਹੁ ਪ੍ਰਭੁ ਕਰਤੇ." (ਮਲਾ ਮਃ ੫) "ਕਲਮਲ ਡਾਰਨ ਮਨਹਿ ਸਧਾਰਨ." (ਦੇਵ ਮਃ ੫)

ਡਾਰਾ: ਸਿੱਟਿਆ. ਫੈਂਕਿਆ। ੨. ਸੰਗਯਾ- ਡਾਲਾ. ਕਾਂਡ. ਟਾਹਣਾ.

ਡਾਰਿ: ਡਾਲੀ (ਸ਼ਾਖਾ) ਨੂੰ. "ਬਨਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰਿ." (ਸ. ਕਬੀਰ) ੨. ਡਾਲ (ਸਿੱਟ) ਕੇ. ਫੈਂਕਕੇ. "ਮਟੁਕੀ ਡਾਰਿਧਰੀ." (ਬਿਲਾ ਛੰਤ ਮਃ ੧) ਭਾਵ- ਲੋਕਲਾਜ ਤ੍ਯਾਗ ਦਿੱਤੀ.

ਡਾਰੀ: ਸਿੱਟੀ. ਤ੍ਯਾਗੀ। ੨. ਸਿੱਟਕੇ. ਛੱਡਕੇ. ਤ੍ਯਾਗਕੇ. "ਮਾਇਆਮਗਨ ਚਲੇ ਸਭਿ ਡਾਰੀ." (ਸਵੈਯੇ ਸ੍ਰੀ ਮੁਖਵਾਕ ਮਃ ੫) ਮਾਯਾ ਦੇ ਪ੍ਰੇਮੀ ਮਾਯਾ ਨੂੰ ਇੱਥੇ ਹੀ ਸਿੱਟਕੇ ਚਲੇ। ੩. ਸੰਗਯਾ- ਡਾਲੀ. ਸ਼ਾਖਾ. ਟਾਹਣੀ. "ਬ੍ਰਹਮੁ ਪਾਤੀ ਬਿਸਨੁ ਡਾਰੀ." (ਆਸਾ ਕਬੀਰ)

ਡਾਲ: ਸੰਗਯਾ- ਹੈਜਾ। ਕ਼ਯ. ਵਮਨ। ੩. ਸੰ. ਟਾਹਣੀ. ਸ਼ਾਖਾ. ਕਾਂਡ. "ਪੇਡ ਮੁਢਾ ਹੂੰ ਕਟਿਆ ਤਿਸੁ ਡਾਲ ਸੁਕੰਦੇ." (ਵਾਰ ਗਉ ੧. ਮਃ ੪)

ਡਾਲਨਾ: ਕ੍ਰਿ- ਪਾਉਣਾ. ਦਾਖ਼ਲ ਕਰਨਾ। ੨. ਸਿੱਟਣਾ. ਫੈਂਕਣਾ। ੩. ਸੰਗਯਾ- ਚੌਪੜ ਦਾ ਪਾਸਾ। ੪. ਚੁਕੋਣਾ, ਛੈ ਕੋਣਾ ਅਥਵਾ ਅੱਠ ਕੋਣਾ ਲੱਕੜ ਜਾਂ ਧਾਤੁ ਦਾ ਟੁਕੜਾ, ਜਿਸ ਤੇ ਅੱਖਰ, ਅੰਗ ਜਾਂ ਸਿਫ਼ਰ ਲਿਖੇ ਹੋਏ ਹੁੰਦੇ ਹਨ. ਇਸ ਨੂੰ ਡਾਲਕੇ (ਸਿੱਟਕੇ) ਲੋਕ ਪ੍ਰਸ਼ਨ ਦਾ ਸ਼ੁਭ ਅਸ਼ੁਭ ਫਲ ਮਾਲੂਮ ਕਰੇ ਹਨ. ਦੇਖੋ, ਪਰੀਛਾ ੨.

ਡਾਲਾ: ਸੰਗਯਾ- ਕਾਂਡ. ਟਾਹਣਾ. ਦੇਖੋ, ਡਾਲ ੩. "ਡਾਲਾ ਸਿਉ ਪੇਡਾ ਗਟਕਾਵਹਿ." (ਆਸਾ ਕਬੀਰ) ੨. ਪਾਇਆ. ਘੱਤਿਆ. ਦੇਖੋ, ਡਾਲਨਾ.

ਡਾਲੀ: ਪਾਈ. ਘੱਤੀ. ਡਾਲਨਾ। ੨. ਸੰਗਯਾ- ਸ਼ਾਖ਼ਾ. ਟਾਹਣੀ. ਦੇਖੋ, ਡਾਲ ੩. "ਮਲਿ ਤਖਤ ਬੈਠਾ ਸੈ ਡਾਲੀ." (ਵਾਰ ਰਾਮ ੩) ਗੁਰੂ ਨਾਨਕ ਦਾ ਤਖਤ ਜਿਸ ਦੀਆਂ ਸੈਂਕੜੇ ਸ਼ਾਖਾਂ ਹਨ. ਮੱਲ ਬੈਠਾ. "ਡਾਲੀ ਲਾਗੇ ਤਿਨੀ ਜਨਮੁ ਗਵਾਇਆ." (ਮਾਰੂ ਸੋਲਹੇ ਮਃ ੩) ਕਰਤਾਰ ਮੂਲ, ਅਤੇ ਦੇਵੀ ਦੇਵਤਾ ਡਾਲੀਰੂਪ ਹਨ. ੩. ਫਲ ਫੁੱਲ ਆਦਿ ਨਾਲ ਸਜਾਈ ਹੋਈ ਟੋਕਰੀ, ਜੋ ਕਿਸੇ ਮਹਾਨਪੁਰੁਸ਼ ਅਥਵਾ ਮਿਤ੍ਰ ਨੂੰ ਅਰਪਨ ਕਰੀਦੀ ਹੈ. "ਮਾਲੀ ਰਚ ਡਾਲੀ ਕੋ ਲਜਾਏ." (ਗੁਪ੍ਰਸੂ)

ਡਾਵਰ: ਦੇਖੋ, ਡਵਰ। ੨. ਦੇਖੋ, ਡਾਵਰਾ.

ਡਾਵਰਾ, ਡਾਂਵਰਾ: ਸੰਗਯਾ- ਬੱਚਾ. ਲੜਕਾ. ਦੇਖੋ, ਡਾਵੜੋ। ੨. ਮਰਾ. ਖੱਬਚੂ. ਖੱਬੇ ਹੱਥ ਨੂੰ ਸੱਜੇ ਦੀ ਥਾਂ ਵਰਤਣ ਵਾਲਾ. ਸਿੰਧੀ. ਡਾਬਰੂ.

ਡਾਵਰੂ: ਦੇਖੋ, ਡਮਰੂ. ਡੌਰੂ.

ਡਾਵਲਾ: ਸੰਗਯਾ- ਡਾਉਲਾ. ਨਿਆਰੀਆ. ਦੇਖੋ, ਡਾਉਲਾ. "ਚੁਣ ਚੁਣ ਝਾੜਉਂ ਕੱਢੀਅਨ, ਰੇਤ ਵਿਚਹੁ ਸੁਇਨਾ ਡਾਵਲੇ." (ਚੰਡੀ ੩)

ਡਾਵੜਾ, ਡਾਂਵੜਾ, ਡਾਵੜੀ, ਡਾਵੜੋ: ਡਿੰਗ. ਸੰਗਯਾ- ਪੁਤ੍ਰ. ਬਾਲਕ. ਬਾਲਕੀ. "ਕੁਲਾਲੁ ਬ੍ਰਹਮਾ ਚਤੁਰਮੁਖ ਡਾਂਵੜਾ." (ਮਲਾ ਨਾਮਦੇਵ) ਬਾਲਕ ਚਤੁਰਮੁਖ ਬ੍ਰਹਮਾ ਭਾਂਡੇ ਘੜਨ ਵਾਲਾ.

ਡਾਵਾਂਡੋਲ: ਵਿ- ਧਾਵਨ ਅਤੇ ਦੌਲਨ ਵਾਲਾ. ਡਗਮਗਾਉਂਦਾ. ਚੰਚਲ. ਥਿੜਕਿਆ ਹੋਇਆ.

ਡਿਉਢ: ਦੇਖੋ, ਡਿਉਡਾ.

ਡਿਉਢਾ: ਵਿ- ਅੱਧੇ ਸਹਿਤ ਇੱਕ. ਇੱਕ ਪੂਰਾ ਅਤੇ ਦ੍ਵਿਤੀਯ ਅਰ੍ਧ. ਸਾਧੈਂਕ। ੨. ਸੰਗਯਾ- ਗਿਣਤੀ ਦਾ ਕੋਠਾ. ਜਿਸ ਵਿੱਚ ਡਿਉਢ ਦਾ ਹਿਸਾਬ ਹੈ। ੩. ਇੱਕ ਛੰਦ. ਇਸ ਦਾ ਨਾਮ "ਦੁਭੰਗੀ" ਅਤੇ "ਮਦਨਹਰ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੪੦ ਮਾਤ੍ਰਾ. ਪਹਿਲਾ ਵਿਸ਼੍ਰਾਮ ੧੦. ਪੁਰ, ਦੂਜਾ ੮. ਪੁਰ, ਤੀਜਾ ੧੪. ਪੁਰ, ਚੌਥਾ ੮. ਪੁਰ. ਤੀਜੇ ਅਤੇ ਚੌਥੇ ਪਦ ਦਾ ਅਨੁਪ੍ਰਾਸ ਮਿਲਵਾਂ. ਹਰੇਕ ਚਰਣ ਦੇ ਆਦਿ ਦੋ ਲਘੁ ਅੰਤ ਇੱਕ ਗੁਰੁ.

ਉਦਾਹਰਣ-

ਕਲਗੀਧਰ ਸ੍ਵਾਮੀ ਅੰਤਰਯਾਮੀ

ਜੌ ਸਿਰ ਪੈ ਨਿਜ ਹਾਥ ਧਰੈ, ਸਭ ਦੁੱਖ ਹਰੈ।

ਕਰ ਰੰਕਨ ਰਾਜਾ, ਦੇਇ ਸਮਾਜਾ,

ਸਜਾਲਨ ਕੋ ਸਮ ਸਿੰਘ ਕਰੈ, ਬਲ ਤੇਜ ਭਰੈ. xxx

(ਅ) ਦੂਜਾ- ਰੂਪ ਪ੍ਰੀਤ ਚਰਣ ੩੬ ਮਾਤ੍ਰਾ, ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੨. ਪੁਰ, ਤੀਜਾ ੮. ਪੁਰ. ਦੂਜੇ ਤੀਜੇ ਵਿਸ਼੍ਰਾਮ ਪੁਰ ਦੋ ਦੋ ਗੁਰ, ਅਤੇ ਅਨੁਪ੍ਰਾਸ ਦਾ ਮੇਲ. ਠਰੇਕ ਚਰਣ ਦੇ ਆਦਿ ਲਘੁ. ਉਦਾਹਰਣ.

ਫਰਉਪਕਾਰ ਰਾਤ ਦਿਨ ਕਰਦਾ, ਪਰੇ ਨ ਮਨ ਹੰਕਾਰਾ, ਗੁਰੁ ਦਾ ਪਜਾਰਾ।

ਭੁਜਬਲ ਸਾਥ ਕਮਾਵੇ ਰੋਜ਼ੀ, ਕਦੇ ਨ ਹੱਥ ਪਸਾਰਾ, ਬਿਨ ਕਰਤਾਰਾ। xx

(ੲ) ਡਿਉਢਾ ਦਾ ਤੀਜਾ ਰੂਪ "ਫਣੀਸ਼" ਛੰਦ ਹੈ. ਇਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੪੨ ਮਾਤ੍ਰਾ, ਪਹਿਲਾ ਵਿਸ਼੍ਰਾਮ ੧੦. ਪੁਰ, ਦੂਜਾ, ਤੀਜਾ, ਚੌਥਾ ਅਤੇ ਪੰਜਵਾਂ ਵਿਸ਼੍ਰਾਮ ਅੱਠ ਅੱਠ ਮਾਤ੍ਰਾ ਪੁਰ, ਅੰਤ ਦੋ ਗੁਰੁ. ਪਹਿਲੇ ਤਿੰਨ ਵਿਸ਼੍ਰਾਮਾਂ ਦਾ ਅਨੁਪ੍ਰਾਸ ਆਪੋਵਿੱਚੀ ਮਿਲਵਾਂ, ਚੌਥੇ ਅਰ ਪੰਜਵੇਂ ਵਿਸ਼੍ਰਾਮ ਦਾ ਅਨੁਪ੍ਰਾਸ ਪਰਸਪਰ ਮਿਲਵਾਂ.

ਉਦਾਹਰਣ-

ਜਿਨ ਮਨਮਤਿ ਤਜਾਗੀ, ਗੁਰੁਮਤਿ ਪਾਗੀ,

ਭੇ ਅਨੁਰਾਗੀ, ਸ਼੍ਰੀ ਗੁਰੁਬਾਨੀ, ਜੋ ਸੁਖਦਾਨੀ. xx

ਡਿਉਢੀ: ਵਿ- ਡੇਢ ਗੁਣੀ। ੨. ਸੰਗਜਾ- ਘਰ ਵਿੱਚ ਦਾਖ਼ਿਲ ਹੋਣ ਦਾ ਦਰਵਾਜ਼ਾ. ਡਜੋਢੀ। ੩. ਰਾਜਭਵਨ ਦਾ ਸਿੰਘਪੌਰ. ਦਰਸ਼ਨੀ ਦਰਵਾਜ਼ਾ.

ਡਿਉਢੀਵਾਲਾ: ਦੇਖੋ, ਡਜੋਢੀ ਵਾਲਾ.

ਡਿਸ: ਸੰ. ਦ੍ਰਸ਼ ਦ੍ਰਿਸ਼. ਨਜਰ. ਦ੍ਰਿਸ਼੍ਰਿ। ੨. ਨੇਤ੍ਰ. ਅੱਖ.

ਡਿਸਣੁ: ਸਿੰਧੀ. ਦਿਖਾਈ ਦੇਣਾ. ਨਜ਼ਰ ਆਉਣਾ. ਦਰਸ਼ਨ.

ਡਿਸੰਦਾ, ਡਿਸੰਦੋ: ਵਿ- ਡਿਸਦਾ. ਦ੍ਰਿਸ਼੍ਰਿ ਆਂਵਦਾ. ਨਜਰ ਪੈਂਦਾ. ਦੇਖੋ, ਡਿਸ. "ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾਪਿਰੀ." (ਵਾਰ ਮਾਰੂ ੨. ਮਃ ੫)

ਡਿਕਰ, ਡਿੰਕਾਰ: ਦੇਖੋ, ਡਕਾਰ. "ਫਿਰਤ ਕਹੂੰ ਰਨ ਡਿਕਰਤ ਡਾਕਨਿ." (ਚਰਿਤ੍ਰ ੪੦੫) "ਡਾਕਨੀ ਡਿੰਕਰੰ." (ਰਾਮਾਵ)

ਡਿਖ: ਦੇਖੋ, ਡਿਸ। ੨. ਦੇਖੋ, ਡਿੱਖ.

ਡਿਖਾ: ਦੇਖਾਂ. "ਮੂਦਸ ਡਿਖਾ ਪਿਰ ਕੇਹੀਆ." (ਜੈਤ ਛੰਤ ਮਃ ੫) ੨. ਦਿਖਾ. ਦਰਸ਼ਨ ਕਰਵਾ.

ਡਿਖਾਊ: ਦੇਖੋ, ਡੇਖਾਊ.

ਡਿਖੰਦੋ: ਸਿੰਧੀ. ਡਿਸੰਦੋ. ਦੇਖੰਦੋ. "ਪਿਰੀ ਡਿਖੰਦੋ ਤਾ ਜੀਵਸਾ." (ਵਾਰ ਮਾਰੂ ੨. ਮਃ ੫)

ਡਿੱਖ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮੌੜ ਤੋਂ ਸੱਤ ਮੀਲ ਈਸ਼ਾਨ ਕੋਣ ਹੈ. ਇਸ ਤੋਂ ਇੱਕ ਫਰਲਾਂਗ ਵਾਯਵੀ ਕੋਣ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਮਾਲਵੇ ਨੂੰ ਕ੍ਰਿਤਾਰਥ ਕਰਦੇ ਵਿਰਾਜੇ ਹਨ. ਮੰਜੀ ਸਾਹਿਬ ਦੇ ਪਾਸ ਇੱਕ ਪੱਕਾ ਮਕਾਨ ਹੈ. ਪੁਜਾਰੀ ਕੋਈ ਨਹੀਂ.

ਡਿਗ: ਦੇਖੋ, ਡਿਗਣਾ। ੨. ਸੰ. ਨ੍ਰਿਗ (नृग) ਭਾਗਵਤ ਅਨੁਸਾਰ ਇਕ੍ਸ਼੍ਵਾਕੁ ਵੰਸ਼ੀ ਇੱਕ ਪ੍ਰਤਾਪੀ ਰਾਜਾ, ਜਿਸ ਨੇ ਪਯੋਸ਼੍ਣੀ ਨਦੀ ਦੇ ਕਿਨਾਰੇ ਅਨੇਕ ਜੱਗ ਕੀਤੇ. ਇਸ ਦੀ ਦਾਨ ਕੀਤੀ ਗਊ ਇੱਕ ਵਾਰ ਮੁੜ ਇਸ ਦੇ ਵੱਗ ਵਿੱਚ ਆਗਈ ਅਤੇ ਉਹ ਦੁਬਾਰਾ ਦਾਨ ਕੀਤੀ ਗਈ. ਜਿਸ ਬ੍ਰਾਹਮਣ ਨੂੰ ਪਹਿਲੀ ਵਾਰ ਦਾਨ ਵਿੱਚ ਗਊ ਮਿਲੀ ਸੀ ਉਸ ਨੇ ਨ੍ਰਿਗ ਨੂੰ ਸ੍ਰਾਪ ਦਿੱਤਾ ਕਿ ਤੂੰ ਕਿਰਲਾ ਹੋਜਾ. ਇਸ ਕਿਰਲੇ ਦਾ ਕ੍ਰਿਸਨ ਜੀ ਨੇ ਉੱਧਾਰ ਕੀਤਾ. "ਏਕ ਭੂਪ ਛਤ੍ਰੀ ਡਿਗ ਨਾਮਾ." (ਕ੍ਰਿਸਨਾਵ) ਦੇਖੋ, ਨ੍ਰਿਗ.

ਡਿੰਗ: ਸੰਗਜਾ- ਵਿੰਗ. ਵਲ। ੨. ਦੇਖੋ, ਡਿੰਘ.

ਡਿਗਣਾ, ਡਿਗਨਾ: ਕ੍ਰਿ- ਗਿਰਨਾ. ਪਤਨ ਹੋਣਾ. "ਡਿਗੈ ਨ ਡੋਲੈ. ਕਤਹੂ ਧਾਵੈ." (ਰਾਮ ਮਃ ੫)

ਡਿਗਰੀ: ਅੰ. (degree) ਸੰਗਜਾ- ਪਦਵੀ. ਰੁਤਬਾ। ੨. ਦਰਜਾ। ੩. ਪਰੀਖ੍ਯਾ ਵਿੱਚ ਉੱਤੀਰਣ (ਪਾਸ) ਹੋਏ ਨੂੰ ਮਿਲੀ ਹੋਈ ਪਦਵੀ।

੪. Decree. ਅ਼ਦਾਲਤ ਦਾ ਉਹ ਫ਼ੈਸਲਾ ਜਿਸ ਦ੍ਵਾਰਾ ਇੱਕ ਫ਼ਰੀਕ਼ ਨੂੰ ਕੋਈ ਸ੍ਵਤ੍ਵ ਅਥਵਾ ਅਧਿਕਾਰ ਪ੍ਰਾਪਤ ਹੋਵੇ.

ਡਿੰਗਲ: ਸੰਗਜਾ- ਰਾਜਪੂਤਾਨੇ ਦੀ ਉਹ ਭਾਸ਼ਾ, ਜਿਸ ਵਿੱਚ ਭੱਟ ਚਾਰਣ ਆਦਿ ਕਵਿਤਾ ਲਿਖਦੇ ਹਨ. ਇਹ ਹੁਣ ਪ੍ਰਚਲਿਤ ਬੋਲੀ ਤੋਂ ਬਹੁਤ ਭਿੰਨ ਜਾਪਦੀ ਹੈ। ੨. ਵਿ- ਨੀਚ। ੩. ਨਿੰਦਿਤ.

ਡਿੰਗਾ: ਵਿ- ਵਿੰਗਾ. ਟੇਢਾ। ੨. ਸੰਗਯਾ- ਗੁਜਰਾਤ ਜਿਲੇ ਦੀ ਖਾਰੀਆ ਤਸੀਲ ਵਿੱਚ ਇੱਕ ਨਗਰ, ਜੋ ਹੁਣ ਲਾਲਾਮੂਸਾ-ਮਲਕਵਾਲ ਰੇਲਵੇ ਲੈਨ ਤੇ ਹੈ। ੩. ਦੇਖੋ, ਨਾਨਕਸਰ ੨.

ਡਿੰਘ: ਸੰਗਯਾ- ਦ੍ਵਿ- ਅੰਘ੍ਰਿ. ਦੋ ਪੈਰ. ਤੁਰਨ ਵੇਲੇ ਦੋ ਪੈਰ ਉਠਾਕੇ ਜਿਤਨੀ ਵਿੱਥ ਤੇ ਰੱਖੀਦੇ ਹਨ, ਉਤਨਾ ਪ੍ਰਮਾਣ. ਡੇਢ ਗਜ਼ ਦੀ ਲੰਬਾਈ. ਕਰਮ.

ਡਿਠ: ਸੰਗਯਾ- ਦ੍ਰਿਸ਼੍ਟਿ. ਨਜ਼ਰ. ਡੀਠ. ਦੀਠ.

ਡਿਠਮੁ: ਦੇਖਿਆ. ਅਵਿਲੋਕਨ ਕੀਤਾ.

ਡਿਠੜਾ: ਦੇਖਿਆ.

ਡਿਠੜਿਆਂ: ਦੇਖਣ ਤੋਂ. ਦੇਖਨੇ ਸੇ.

ਡਿਠੜੋ, ਡਿਠਾ, ਡਿਠੁ: ਦੇਖਿਆ. "ਡਿਠੜੋ ਹਭ ਨਾਇ." (ਵਾਰ ਗਉ ੨. ਮਃ ੫) "ਡਿਠਾ ਸਭੁ ਸੰਸਾਰੁ." (ਵਾਰ ਗਉ ੨. ਮਃ ੫) "ਜਗਤ ਜਲੰਦਾ ਡਿਠੁ ਮੈ." (ਵਾਰ ਸੋਰ ਮਃ ੩)

ਡਿਠੇ: ਦੇਖੇ. "ਡਿਠੇ ਸਭੇ ਥਾਵ." (ਫੁਨਹੇ ਮਃ ੫)

ਡਿਠੈ: ਦੇਖਣ ਤੋਂ. ਦੇਖਨੇ ਸੇ. "ਡਿਠੈ ਮੁਕਤਿ ਨ ਹੋਵਈ." (ਵਾਰ ਵਡ ਮਃ ੩)

ਡਿਠੋਮ: ਦੇਖਿਆ। ੨. ਮੈ ਅਵਿਲੋਕਨ ਕੀਤਾ.

ਡਿੰਡਿਮ: ਸੰ. डिण्डिम ਸੰਗਯਾ- ਡਿਮਡਿਮ ਸ਼ਬਦ ਕਰਨ ਵਾਲਾ ਵਾਜਾ. ਡੌਂਡੀ. ਡੁਗਡੁਗੀ.

ਡਿਨ: ਦੇਖੋ, ਦਿਨ। ੨. ਦੇਖੋ, ਦੇਣਾ. ਦਾਨ.

ਡਿਨਾ: ਦਿੱਤਾ. ਦਾਨ ਕੀਤਾ. "ਮਾਣਿਕੁ ਮੋਹਿ ਮਾਉ ਡਿਨਾ." (ਵਾਰ ਮਾਰੂ ੨. ਮਃ ੫)

ਡਿੰਬ: ਸੰ. डिम्ब ਸੰਗਯਾ- ਉਪਦ੍ਰਵ. ਫ਼ਿਸਾਦ। ੨. ਆਂਡਾ। ੩. ਫੇਫੜਾ। ੪. ਭੈ. ਡਰ.

ਡਿੱਬੀ: ਸੰਗਯਾ- ਚਿੱਪੀ. ਫ਼ਕ਼ੀਰਾਂ ਦਾ ਭਿਕ੍ਸ਼ਾਪਾਤ੍ਰ. ਖੱਪਰ। ੨. ਦੇਖੋ, ਡੱਬੀ.

ਡਿੰਭ: ਸੰ. दम्भ ਦੰਭ. ਸੰਗਯਾ- ਪਾਖੰਡ. "ਡਿੰਭ ਕਰੇ ਅਪਨੀ ਪਤ ਖ੍ਵੈਹੈ." (੩੩ ਸਵੈਯੇ) ੨. ਸੰ. डिम्भ ਵਿ- ਮੂਰਖ. ਅਗ੍ਯਾਨੀ। ੩. ਸੰਗਯਾ- ਬੱਚਾ. "ਕੁੰਭੀ ਡਿੰਭ ਸੁੰਡ ਭੁਜਦੰਡੇ." (ਗੁਪ੍ਰਸੂ) ਹਾਥੀ ਦੇ ਬੱਚੇ ਦੀ ਸੁੰਡ ਜੇਹੇ ਭੁਜਦੰਡ ਹਨ। ੪. ਆਂਡਾ.

ਡਿੰਭਜ: ਡਿੰਭ (ਆਂਡੇ) ਵਿੱਚੋਂ ਪੈਦਾ ਹੋਣ ਵਾਲਾ. ਅੰਡਜ. ਪੰਛੀ ਸਰਪ ਆਦਿ.

ਡਿੰਭੀ: ਵਿ- ਦੰਭੀ. ਪਾਖੰਡੀ.

ਡਿਮਡਿਮੀ: ਦੇਖੋ, ਡਿੰਡਿਮ.

ਡਿਲਾਰਾ: ਵਿ- ਡੀਲ ਵਾਲਾ ਕ਼ੱਦਾਵਰ. "ਭਟ ਛਾਜਤ ਹੈਂ ਅਤਿ ਡੀਲ ਡਿਲਾਰੇ." (ਕ੍ਰਿਸਨਾਵ)

ਡਿੱਲਾ: ਦੇਖੋ, ਸੁਪ੍ਰਿਯਾ.

ਡਿਵਢਾ: ਡਿਉਢਾ. ਡਜੋਢਾ. "ਡਿਵਢਾ ਚੁਨਤ ਭਈ ਤੁਪਖਾਨਾ." (ਚਰਿਤ੍ਰ ੩੩੨) ਡਜੋਢਾ. ਤੋਪਖਾਨਾ ਚੁਣਿਆ। ੨. ਦੇਖੋ, ਡਿਉਢਾ.

ਡਿਵਢਿ, ਡਿਵਢੀ: ਦੇਖੋ, ਡਿਉਢੀ.

ਡਿਵੈ: ਦਿੰਦਾ ਹੈ. ਦੇਵੈ. "ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ." (ਆਸਾ ਛੰਤ ਮਃ ੫)

ਡਿੜ: ਦੇਖੋ, ਦ੍ਰਿਢ. "ਡਿੜ ਜੀਵਧਾਰ." (ਗੁਰੁਸੋਭਾ) ਜੀ ਵਿੱਚ ਪੱਕ ਕਰਕੇ.

ਡੀ: ਦੀ ਦਾ ਰੂਪਾਂਤਰ। ੨. ਸੰ. ਧਾ- ਆਕਾਸ਼ ਵਿੱਚ ਉਡਣਾ.

ਡੀਅਰ, ਡੀਹਰ: ਵਿ- ਆਕਾਸ਼ ਵਿੱਚ ਉਡਣ ਵਾਲਾ. ਦੇਖੋ, ਡੀ। ੨. ਸੰਗਯਾ- ਗਿੱਧ. ਗਿਰਝ. "ਡੀਹਰ ਦਲ ਕਾਕ ਚੀਲ ਜੰਬੁਕ ਕਰਾਲ ਭੀਲ." (ਸਲੋਹ) ੩. ਡਾਕਿਨੀ. ਪਿਸ਼ਾਚੀ. ਪੁਰਾਣਾਂ ਵਿੱਚ ਡਾਕਿਨੀ ਨੂੰ ਆਕਾਸ਼ ਚਾਰਿਣੀ ਲਿਖਿਆ ਹੈ. "ਮਸਾਨ ਭੂਤ ਡੀਅਰ ਕੁਲ ਨਾਚੈਂ" (ਸਲੋਹ) "ਡੀਹਰ ਨਿਆਈ ਮੁਹਿ ਫਾਕਿਓ ਰੇ." (ਟੋਡੀ ਮਃ ੫) ਡਾਇਣ ਦੀ ਤਰਾਂ ਮੈਨੂੰ ਫੱਕ (ਹੜੱਪ) ਲਿਆ ਹੈ.

ਡੀਹ: ਫ਼ਾ. ਦੇਹ. ਸੰਗਯਾ- ਗ੍ਰਾਮ. ਪਿੰਡ। ੨. ਉਜੜੇ ਪਿੰਡ ਦੀ ਥੇਹੀ. "ਜੰਗਲ ਮੇ ਇਕ ਡੀਹ ਪੁਰਾਨੀ." (ਗੁਪ੍ਰਸੂ)

ਡੀਹਰ: ਦੇਖੋ, ਡੀਅਰ.

ਡੀਹੜਾ, ਡੀਹੁ: ਸਿੰਧੀ. ਡੀਹੁੰ. ਪ੍ਰਾ. ਦਿਅਹੋ. ਸੰ. ਦਿਵਸ. ਸੰਗਯਾ- ਦਿਨ. "ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ੍." (ਸ. ਫਰੀਦ)

ਡੀਕ: ਸੰਗਯਾ- ਤ੍ਰਿਪਤੀ। ੨. ਅੱਗ ਦੀ ਲਾਟ. "ਡੀਕ ਅਗਨਿ ਕੀ ਉਠੀ." (ਚਰਿਤ੍ਰ ੧੯੫) ੩. ਅੱਖ ਦਾ ਪੜਦਾ. ਮੋਤੀਆਬਿੰਦੁ। ੪. ਚਾਘੀ. ਇੱਕਰਸ ਪੀਣ ਦੀ ਕ੍ਰਿਯਾ.

ਡੀਗ: ਸੰਗਯਾ- ਡਿਗਣ ਦਾ ਭਾਵ. ਪਤਨ. ਗਿਰਾਉ. ਦੇਖੋ, ਡੀਗਿ। ੨. ਰਿਆਸਤ ਭਰਤਪੁਰ ਦਾ ਇੱਕ ਪੁਰਾਣਾ ਨਗਰ, ਜਿੱਥੇ ਸੁੰਦਰ ਤਾਲ ਅਤੇ ਸਾਵਨ ਭਾਦੋਂ ਨਾਮ ਦੇ ਮਕਾਨ, ਜਿਨ੍ਹਾਂ ਵਿੱਚ ਫੁਹਾਰੇ ਬਹੁਤ ਮਨੋਹਰ ਚਲਦੇ ਹਨ, ਅਤੇ ਪੁਰਾਣਾ ਕਿਲਾ ਹੈ. ਡੀਗ ਭਰਤਪੁਰ ਅਤੇ ਮਥੁਰਾ ਦੇ ਮੱਧ ਹੈ.

ਡੀਂਗ: ਸੰਗਯਾ- ਹੰਕਾਰ। ੨. ਸ਼ੇਖੀ. ਲਾਫ਼। ੩. ਵਿੰਗ. ਵਲ.

ਡੀਗਨ: ਸੰਗਯਾ- ਪਤਨ. ਗਿਰਾਉ. ਡਿਗਣ ਦਾ ਭਾਵ. "ਡੀਗਨ ਡੋਲਾ ਤਊ ਲਉ." (ਆਸਾ ਮਃ ੫)

ਡੀਗਨਡੋਲਾ: ਡਾਵਾਂ ਡੋਲ ਹੋਣ ਦੀ ਦਸ਼ਾ. ਦੇਖੋ, ਡੀਗਨ.

ਡੀਂਗਰ: ਵਿ- ਡੀਂਗ (ਲਾਫ਼) ਮਾਰਨਵਾਲਾ. ਸ਼ੇਖ਼ੀਖ਼ੋਰਾ.

ਡੀਗਿ: ਡਿਗਕੇ. ਗਿਰਾਉ ਵਿੱਚ ਆਕੇ. ਦੇਖੋ, ਡੀਗ. "ਰੇ ਮਨ ਡੀਗਿ ਨ ਡੋਲੀਐ." (ਸਵਾ ਮਃ ੧) "ਮਨੁ ਡੀਗਿ ਡੋਲਿ ਨ ਜਾਇ ਕਤਹੀ." (ਬਿਲਾ ਛੰਤ ਮਃ ੧)

ਡੀਂਘ: ਦੇਖੋ, ਡਿੰਘ.

ਡੀਠ: ਦੇਖੋ, ਡਿਠ। ੨. ਦੇਖਕੇ. "ਮੇਰਾ ਕਮਲੁ ਬਿਗਸੈ ਸੰਤ ਡੀਠ." (ਮਾਲੀ ਮਃ ੫)

ਡੀਠਾ: ਦੇਖੋ, ਡਿਠਾ. "ਕੇਵਡੁ ਵਡਾ ਡੀਠਾ ਹੋਏ." (ਸੋਦਰੁ)

ਡੀਠਿ: ਸੰਗਯਾ- ਦ੍ਰਿਸ਼੍ਟਿ. ਨਜ਼ਰ. "ਛੀਕੇ ਪਰ ਤੇਰੀ ਬਹੁਤੁ ਡੀਠਿ." (ਬਸੰ ਕਬੀਰ)

ਡੀਠਿਆ: ਦੇਖਿਆ। ੨. ਦ੍ਰਿਸ਼੍ਟਿ ਆਉਂਦਾ. "ਕਰ ਕੰਪਹਿ ਸਿਰੁ ਡੋਲ ਨੈਣਿ ਨ ਡੀਠਿਆ." (ਜੈਤ ਛੰਤ ਮਃ ੫)

ਡੀਠੀ: ਦੇਖੀ. "ਸਾਕਤ ਕੀ ਬਿਧਿ ਨੈਨਹੁ ਡੀਠੀ." (ਰਾਮ ਮਃ ੫)

ਡੀਠੁ: ਦੇਖੇ, ਡਿਠੁ. "ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠੁ." (ਵਾਰ ਰਾਮ ੨. ਮਃ ੫)

ਡੀਠੁਲਾ: ਦੇਖੇ, ਲਿਆ. ਦੇਖਿਆ. "ਵਿਰਲੇ ਕਾਹੂ ਡੀਠੁਲਾ." (ਧਨਾ ਨਾਮਦੇਵ)

ਡੀਠੇ: ਦੇਖੋ, ਡਿਠੇ. "ਕੋਟਿ ਫਲਾ ਦਰਸਨ ਗੁਰ ਡੀਠੇ." (ਟੋਡੀ ਮਃ ੫)

ਡੀਡ: ਸੰਗਯਾ- ਰੇਖਾ. ਲਕੀਰ.

ਡੀਢ: ਵਿ- ਦ੍ਰਿਢ. ਦ੍ਰਿੜ੍ਹ. ਮਜਬੂਤ.

ਡੀਨ: ਦੇਖੋ, ਡਿਨਾ। ੨. ਦੇਖੋ, ਦੀਨ। ੩. ਸੰ. ਸੰਗਯਾ- ਉਡਾਰੀ. ਪਰਵਾਜ਼.

ਡੀ ਬੋਈਂ: ਦੇਖੋ, ਢਬਾਈ.

ਡੀਮਡਾਮ: ਸੰਗਯਾ- ਆਡੰਬਰ. ਗਟਬਾਟ.

ਡੀਲ: ਸੰਗਯਾ- ਦੇਹ ਦਾ ਵਿਸ੍ਤਾਰ. ਕ਼ੱਦ। ੨. ਸ਼ਰੀਰ. ਜਿਸਮ.

ਡੀਲਾ: ਸੰਗਯਾ- ਇੱਕ ਘਾਸ, ਜੋ ਬਰਸਾਤ ਵਿੱਚ ਤਰ ਜ਼ਮੀਨ ਵਿੱਚ ਪੈਦਾ ਹੁੰਦਾ ਹੈ, ਖਾਸ ਕਰਕੇ ਇਹ ਧਾਨਾਂ ਦੇ ਖੇਤ ਵਿੱਚ ਬਹੁਤ ਉਪਜਦਾ ਹੈ.

ਡੀਲਾਰਾ: ਵਿ- ਡੀਲ ਵਾਲਾ. ਕ਼ੱਦਾਵਰ.

ਡੁਸਕਣਾ: ਕ੍ਰਿ- ਡੁਸ ਡੁਸ ਕਰਨਾ. ਹਿਚਕੀ ਲੈਕੇ ਰੋਣਾ.

ਡੁਸਕਾ: ਸੰਗਯਾ- ਰੋਣ ਦੀ ਹਿਚਕੀ। ੨. ਦੁੱਖਭਰਿਆ ਹਾਹੁਕਾ.

ਡੁਕਡੁਕੀ: ਸੰਗਯਾ- ਡੁਕਡੁਕ ਸ਼ਬਦ ਕਰਨ ਵਾਲੀ ਢੱਡ. ਡੁਗਡੁਗੀ. ਛੋਟਾ ਡੌਰੂ.

ਡੁਕਰਾ: ਦੇਖੋ, ਡੋਕਰਾ.

ਡੁੱਕਣਾ: ਕ੍ਰਿ- ਫੁੰਡਣਾ. ਨਿਸ਼ਾਨਾ ਮਾਰਨਾ.

ਡੱਕਾ: ਸੰਗਯਾ- ਮੁੱਕਾ. ਘਸੁੰਨ। ੨. ਦੇਖੋ, ਡੂਕਾ.

ਡੁਖ, ਡੁਖੜਾ: ਸੰਗਯਾ- ਦੁੱਖ. ਕਸ਼੍ਟ. ਸਿੰਧੀ. ਡੁਖੁ. "ਡੁਖੇ ਕੋੜਿ ਨ ਡੁਖ." (ਵਾਰ ਮਾਰੂ ੨. ਮਃ ੫) "ਹਭੇ ਡੁਖੜੇ ਉਲਾਹ." (ਵਾਰ ਜੈਤ)

ਡੁਖੀ: ਵਿ- ਦੁਖੀ. "ਡੁਖੀ ਰੈਣਿ ਵਿਹਾਇ." (ਸ. ਫਰੀਦ)

ਡੁਖੁ: ਦੇਖੋ, ਡੁਖ.

ਡੁਗਡੁਗੀ: ਦੇਖੋ, ਡੁਕਡੁਕੀ. ਦੇਖੋ, ਡਿੰਡਿਮ.

ਡੁੱਗਰ: ਦੇਖੋ, ਡੂਗਰ.

ਡੁੰਙਰ: ਦੇਖੋ, ਡੂਗਰ. "ਅਗੈ ਡੁੰਙਰ ਧੁੰਧਲੀ." (ਮਃ ੧. ਬੰਨੋ)

ਡੁਡਹੁ: ਸੰਗਯਾ- ਹਿਡਕੋਰਾ. ਰੋਣ ਦੀ ਹਿਚਕੀ. ਡੁਸਕਾ.

ਡੁਡਹੁਲਿੱਕਾ: ਵਿ- ਹਡਕੋਰੇ ਲੈਂਦਾ. ਹਿਚਕੀ ਨਾਲ ਰੋਂਦਾ ਹੋਇਆ. "ਡੁਡਹੁਲਿੱਕਾ ਮਾਂ ਪੂਛੈ." (ਭਾਗੁ) ਧ੍ਰੂਵ ਆਪਣੀ ਮਾਂ ਨੂੰ

ਹਡਕੋਰੇ ਲੈਂਦਾ ਪੁਛਦਾ ਹੈ.

ਡੁੱਡਾ: ਵਿ- ਲੰਙਾ. ਲੰਗ.

ਡੁੱਢੀ: ਜਿਲਾ ਕਰਨਾਲ, ਤਸੀਲ ਥਾਨੇਸਰ, ਥਾਣਾ ਲਾਡਵਾ ਵਿੱਚ ਇੱਕ ਪਿੰਡ ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦਰ ਜੀ ਦਾ ਗੁਰਦ੍ਵਾਰਾ ਹੈ. ਸੰਮਤ ੧੯੯੦ ਵਿੱਚ ਇਹ ਗੁਰਦ੍ਵਾਰਾ ਬਣਿਆ ਹੈ, ਜਿਸ ਦੀ ਸੇਵਾ ਪਿੰਡ ਵਾਲਿਆਂ ਨੇ ਵਡੇ ਪ੍ਰੇਮ ਨਾਲ ਕਰਾਈ ਹੈ. ਰੇਲਵੇ ਸਟੇਸ਼ਨ ਕੁਰੁਖੇਤ੍ਰ ਤੋਂ ੧੦. ਮੀਲ ਪੂਰਵ ਹੈ ਅਤੇ ਸਰਕਾਰੀ ਪੱਕੀ ਸੜਕ ਤੋਂ ਦੋ ਮੀਲ ਕਿਨਾਰੇ ਹੈ.

ਡੁਧੁ: ਸਿੰਧੀ. ਸੰਗਯਾ- ਦਹੀ. ਦੁਧਿ.

ਡੁਬਕੀ: ਸੰਗਯਾ. ਗੋਤਾ. ਪਾਣੀ ਵਿੱਚ ਡੁੱਬਣ ਦੀ ਕ੍ਰਿਯਾ. ਟੁੱਬੀ। ੨. ਇੱਕ ਛੋਟੇ ਕੱਦ ਦੀ ਮੁਰਗਾਬੀ, ਜੋ ਪਾਣੀ ਵਿੱਚ ਬਹੁਤ ਗ਼ੋਤੇ ਮਾਰਦੀ ਹੈ.

ਡੁਬਣਾ: ਕ੍ਰਿ- ਪਾਣੀ ਵਿੱਚ ਮਗਨ ਹੋਣਾ. ਡੂਬਨਾ। ੨. ਛਿਪਣਾ. ਅਸ੍ਤ ਹੋਣਾ। ੩. ਭਾਵ- ਬਰਬਾਦ ਹੋਣਾ। ੪. ਮਨ ਖਚਿਤ ਕਰਨਾ. ਲਿਵਲੀਨ ਹੋਣਾ.

ਡੁਬਣਿ: ਡੁੱਬਣ ਦਾ. "ਬੇੜੇ ਡੁਬਣਿ ਨਾਹਿ ਭਉ." (ਸਵਾ ਮਃ ੧)

ਡੁਬਦਾ: ਕ੍ਰਿ- ਵਿ- ਡੂਬਤਾ. ਡੁਬਦਾ ਹੋਇਆ. "ਡੁਬਦੇ ਪਾਥਰੁ ਮੇਲਿਲੈਹੁ." (ਮਾਰੂ ਸੋਲਹੇ ਮਃ ੩)

ਡੁਬਿ: ਡੁੱਬਕੇ. "ਡੁਬਿ ਮੁਏ ਬਗ ਬਪੁੜੇ." (ਵਾਰ ਵਡ ਮਃ ੩)

ਡੁਬਿਯਾ: ਸੰਗਯਾ- ਡੁਬਕੀ. ਟੁੱਬੀ. ਗ਼ੋਤਾ. "ਜਬ ਡੁਬਿਯਾ ਕਹਿਂ ਭੂਪਤਿ ਲੀਨਾ." (ਚਰਿਤ੍ਰ ੩੬੬)

ਡੁਬੰਦਾ, ਡੁਬੰਦੋ: ਕ੍ਰਿ. ਵਿ- ਡੁਬਦਾ ਹੋਇਆ। ੨. ਵਿ- ਡੁੱਬਣ ਵਾਲਾ. "ਜੋ ਡੁਬੰਦੋ ਆਪਿ, ਸੋ ਤਰਾਏ ਕਿਨ ਖੇ?" (ਵਾਰ ਮਾਰੂ ੨. ਮਃ ੫) ਆਪ ਡੁੱਬਣੇ ਵਾਲਾ ਕਿਸ ਨੂੰ ਤਾਰ ਸਕਦਾ ਹੈ?

ਡੁੱਬੀ: ਦੇਖੋ, ਡੁਬਿਯਾ.

ਡੁੰਭ, ਡੁੰਮ: ਸੰਗਯਾ- ਨਦੀ ਦਾ ਗਹਿਰਾ ਟੋਆ. ਨਦੀਕੁੰਡ। ੨. ਟੋਆ. ਗੜ੍ਹਾ.

ਡੁਮਣਾ, ਡੁੰਮਣਾ: ਵਿ- ਦੋਮਨਾ. ਦੁਚਿੱਤਾ. ਦੁਬਿਧਾ ਵਾਲੀ. ਦੁਚਿਤਾ ਸਹਿਤ. "ਹੰਸ ਚਲਸੀ ਡੁੰਮਣਾ." (ਸੂਹੀ ਫਰੀਦ) ਹੰਸ ਤੋਂ ਭਾਵ ਜੀਵਾਤਮਾ.

ਡੁਮਣੀ, ਡੁਮਣੋ: ਹੈ. "ਹੰਭੀ ਵੰਞਾ ਡੁਮਣੀ." (ਸ੍ਰੀ ਮਃ ੧)

ਡੁੰਮਿ: ਟੋਏ ਵਿੱਚ. "ਗੰਦੇ ਡੁੰਮਿ ਪਈਆਸੁ." (ਵਾਰ ਸ੍ਰੀ ਮਃ ੫)

ਡੁੰਮੁ: ਦੇਖੋ, ਡੁੰਮ.

ਡੁਮੇਟਾ: ਡੂਮ- ਬੇਟਾ. "ਇਕੁ ਡੁਮੇਟਾ ਨਾਲ ਹੈ." (ਜਸਾ)

ਡੁਮੇਲੀ: ਰਿਆਸਤ ਕਪੂਰਥਲਾ ਵਿੱਚ ਇੱਕ ਗ੍ਰਾਮ. ਦੇਖੋ, ਥੰਭਸਾਹਿਬ ੫.

ਡੁਰਾਉਣਾ, ਡੁਰਿਆਉਣਾ: ਕ੍ਰਿ- ਡੋਰ ਸਾਥ ਲਗਾਉਂਣਾ. ਦੇਖੋ, ਡੋਰਾਉਣਾ. "ਘੋਰੇ ਸੰਗ ਲੀਨ ਡੁਰਿਆਇ." (ਗੁਪ੍ਰਸੂ)

ਡੁਲਨਾ: ਦੇਖੋ, ਡੁਲ੍ਹਣਾ। ੨. ਦੇਖੋ, ਡੋਲਨਾ.

ਡੁਲ੍ਹਣਾ: ਕ੍ਰਿ- ਰੁੜ੍ਹਨਾ. ਵਹਿਣਾ। ੨. ਵਿਖਰਨਾ. ਖਿੰਡਣਾ.

ਡੁੱਲਤ: ਡੋਲਦਾ. ਦੇਖੋ, ਡੋਲਤ.

ਡੂ: ਵਿ- ਦ੍ਵਿ. ਦੋ। ੨. ਦੂ ਦਾ ਰੂਪਾਂਤਰ. ਦੇਖੋ, ਦੂ.

ਡੂੰ: ਵ੍ਯ- ਸੇ. ਤੋਂ। ੨. ਦੂੰ ਦਾ ਰੂਪਾਂਤਰ. ਦੇਖੋ, ਦੂੰ.

ਡੂਇ: ਵਿ- ਦ੍ਵਿ. ਦੋ. "ਸੁਖ ਘਟਾਉ ਡੂਇ." (ਵਾਰ ਮਾਰੂ ੨. ਮਃ ੫) ਦੋ ਘੜੀਆਂਮਾਤ੍ਰ ਸੁਖ ਹੈ.

ਡੂਕਾ: ਸੰਗਯਾ- ਤਰਜਨੀ ਅਤੇ ਮੱਧਮਾ ਅੰਗੁਲੀ ਦੇ ਵਿਚਕਾਰ ਅੰਗੂਠਾ ਕੱਢਕੇ ਵੱਟੀ ਹੋਈ ਮੁੱਕੀ. "ਲਾਤ ਮੁਸਟਿ ਡੂਕਨ ਪਰਹਰਹੀ." (ਸਲੋਹ)

ਡੂਗਰ, ਡੂੰਗਰ: ਡਿੰਗ. ਸੰਗਯਾ- ਪਹਾੜ. ਪਰਬਤ. ਸੰ. ਤੁਙ੍ਗਗਿਰਿ. ਤੁੰਗਗਿਰਿ. ਉੱਚਾ ਪਹਾੜ. "ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ." (ਰਾਮ ਅਃ ਮਃ ੧) ੨. ਸੰਗਯਾ- ਪਹਾੜ ਦੀ ਚੋਟੀ. ਪਹਾੜ ਦਾ ਟਿੱਲਾ.

ਡੂਗਰਦਾਸ: ਤਕਿਆਰ ਜਾਤਿ ਦਾ ਗੁਰੂ ਰਾਮਦਾਸ ਸਾਹਿਬ ਦਾ ਅਨੰਨ ਸਿੱਖ.

ਡੂਗਰਿ: ਪਹਾੜ ਦੇ ਟਿੱਲੇ ਤੇ. "ਡੂਗਰਿ ਵਾਸੁ ਤਿਖਾ ਘਣੀ." (ਓਅੰਕਾਰ) ਡੂਗਰ ਤੋਂ ਭਾਵ ਹੌਮੈ ਹੈ। ੨. ਪਹਾੜ ਵਿੱਚ.

ਡੂੰਗਰੁ: ਦੇਖੋ, ਡੂੰਗਰ. "ਡੂੰਗਰੁ ਦੇਖਿ ਡਰਵਣੋ." (ਸ੍ਰੀ ਅਃ ਮਃ ੧) ਭਾਵ ਪਰਲੋਕ ਤੋਂ ਹੈ.

ਡੂੰਘਾ: ਵਿ- ਗੰਭੀਰ. ਜਿਸ ਦਾ ਥੱਲਾ ਬਹੁਤ ਨੀਵਾਂ ਹੋਵੇ.

ਡੂਜਰੋ, ਡੂਜੜਾ, ਡੂਜੜੋ, ਡੂਜਾ, ਡੂਜੋ: ਵਿ- ਦੂਜਾ. ਦ੍ਵਿਤੀਯ. "ਕੋਇ ਨ ਦਿਸੈ ਡੂਜੜੋ." (ਸ੍ਰੀ ਛੰਤ ਮਃ ੫)

ਡੂਢ: ਦੇਖੋ, ਡਿਉਢਾ ਅਤੇ ਡੇਢ.

ਡੂਨਾ: ਦੇਖੋ, ਡੋਨਾ.

ਡੂਬਨਾ: ਕ੍ਰਿ- ਦੇਖੋ, ਡੁਬਣਾ. "ਡੂਬਤ ਪਾਹਨ, ਪ੍ਰਭੁ ਮੇਰੇ ਲੀਜੈ." (ਸੂਹੀ ਮਃ ੫)

ਡੂਬਿ: ਡੁੱਬਕੇ. "ਡੂਬਿ ਮੁਏ ਅਹੰਕਾਰੀ." (ਰਾਮ ਅਃ ਮਃ ੩)

ਡੂਮ, ਡੂੰਮ: ਸੰਸਕ੍ਰਿਤ ਵਿੱਚ ਡਮ, ਡੋਮ, ਅਤੇ ਡੋਂਬ ਇਹ ਤਿੰਨ ਸ਼ਬਦ ਸੰਕੀਰਣਜਾਤਿ ਦੀ ਇੱਕ ਨੀਚ ਜਾਤਿ ਲਈ ਆਏ ਹਨ. ਡੂੰਮ ਹਿੰਦੂ ਅਤੇ ਮੁਸਲਮਾਨ ਜਾਤਿ ਵਿੱਚ ਪਾਏ ਜਾਂਦੇ ਹਨ. ਸ਼੍ਰੀ ਗੁਰੂ ਨਾਨਕ ਦੇਵ ਦਾ ਅਨੰਨ ਸਿੱਖ ਭਾਈ ਮਰਦਾਨਾ ਇਸੇ ਜਾਤਿ ਵਿੱਚ ਪੈਦਾ ਹੋਇਆ ਸੀ. ਸੱਤਾ ਬਲਵੰਡ ਆਦਿ ਰਬਾਬੀ ਭੀ ਡੂੰਮ ਜਾਤਿ ਵਿੱਚੋਂ ਸਨ. ਦੇਖੋ, ਰਾਮਕਲੀ ਦੀ ਤੀਜੀ ਵਾਰ ਦਾ ਸਿਰਲੇਖ-

"ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ."

ਡੂਮਣਾ: ਦੇਖੋ, ਡੁੰਮਣਾ। ੨. ਸੰਗਯਾ- ਪਹਾੜੀ ਮਖਿਆਲ ਦੀ ਇੱਕ ਜਾਤਿ, ਜਿਸ ਦੀ ਮੱਖੀ ਵਡੀ ਅਤੇ ਕ੍ਰੋਧ ਨਾਲ ਪਿੱਛਾ ਕਰਨ ਵਾਲੀ ਹੁੰਦੀ ਹੈ.

ਡੂਮਿ: ਭੂਮ ਨੇ. ਡੂਮਾਂ ਨੇ. ਦੇਖੋ, ਡੂਮ.

ਡੇਉ: ਦੇਵਉ. ਦੇਓ. ਦੇਹ.

ਡੇਉਢਾ: ਦੇਖੋ, ਡਿਉਢਾ.

ਡੇਉਢੀ: ਦੇਖੋ, ਡਿਉਢੀ.

ਡੇਉ: ਦੇਊ. ਦਿੰਦਾ. ਦੇਵਾਂ. "ਆਨਨ ਡੇਉ ਚਿਤ." (ਵਾਰ ਜੈਤ)

ਡੇਈ: ਦੇਵਾਂ. "ਡੇਈ ਸਿਸੁ ਉਤਾਰਿ." (ਵਾਰ ਮਾਰੂ ੨. ਮਃ ੫) ਸਿਰ ਉਤਾਰਕੇ ਦੇਵਾਂ.

ਡੇਹ: ਸੰ. ਦ੍ਯੁ. ਦਿਵ. ਸੰਗਯਾ- ਦਿਨ. ਦੇਖੋ, ਅੰ. day. "ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹ." (ਵਾਰ ਸੋਰ ਮਃ ੩) ੨. ਦੇਖੋ, ਦੇਹ। ੩. ਹਿੰਦੀ ਫੌਜੀਆਂ ਵਿੱਚ the officer of the day ਲਈ "ਡੇਹਵਾਲਾ ਅਫਸਰ." ਸ਼ਬਦ ਪ੍ਰਚਲਿਤ ਹੋ ਗਿਆ ਹੈ.

ਡੇਹਮ੍ਰੂ: ਦੇਖੋ, ਖਖਰ ਅਤੇ ਡੇਮ੍ਰੂ.

ਡੇਹਰਾ: ਦੇਖੋ, ਦੇਹਰਾ.

ਡੇਹਰਾਸਾਹਿਬ: ਜਿਲਾ ਅੰਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਸਰਹਾਲੀ ਦੇ ਪਿੰਡ 'ਲੋਹਾਰ' ਦੇ ਰਕ਼ਬੇ ਵਿੱਚ ਉੱਤਰ ਵੱਲ, ਅਤੇ 'ਜਾਮਰਾਏ' ਤੋਂ ਡੇਢ ਮੀਲ ਦੇ ਕਰੀਬ ਪੱਛਮ, ਸਤਿਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ. ਪਹਿਲਾਂ ਇਸ ਪਿੰਡ ਦਾ ਨਾਉਂ 'ਪੱਠੇਵਿੰਡ' ਸੀ. ਬਾਬਾ ਕਾਲੂ ਜੀ ਸ਼੍ਰੀ ਗੁਰੂ ਜੀ ਦੇ ਪਿਤਾ ਇੱਥੋਂ ਦੇ ਹੀ ਵਸਨੀਕ ਸਨ. ਤਲਵੰਡੀ ਮੁਲਾਜਮਤ ਹੋਣ ਕਰਕੇ ਰਹਿੰਦੇ ਸਨ. ਇਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੇਵ ਦਾ ਪਵਿਤ੍ਰ ਅਸਥਾਨ ਪਹਿਲਾਂ ਬਣਵਾਇਆ. ਹੁਣ ਸੁੰਦਰ ਦਰਬਾਰ ਬਣ ਗਿਆ ਹੈ. ਇ਼ਲਾਕ਼ੇ ਦੇ ਸਿੰਘਾਂ ਨੇ ਇੱਕ ਕਮੇਟੀ ਗੁਰਦ੍ਵਾਰੇ ਦੇ ਪ੍ਰਬੰਧ ਲਈ ਬਣਾਈ ਹੋਈ ਹੈ, ਜਿਸ ਨੇ ਗੁਰਦ੍ਵਾਰੇ ਦੇ ਪ੍ਰਬੰਧ ਲਈ ਬਣਾਈ ਹੋਈ ਹੈ, ਜਿਸ ਨੇ ਗੁਰਦ੍ਵਾਰੇ ਦੀ ਚੰਗੀ ਸੇਵਾ ਕੀਤੀ ਹੈ. ਪਿੰਡ 'ਜਾਮਾਰਾਏ' ਦੇ ਸਰਦਾਰ ਭਾਨ ਸਿੰਘ ਨੇ ਸੰਗਤਾਂ ਪਾਸੋਂ ਪ੍ਰੇਰਣਾ ਕਰਕੇ ਸੇਵਾ ਕਰਾਈ ਹੈ, ਅਤੇ ਗੁਰਦ੍ਵਾਰੇ ਦੇ ਨਾਲ ਹੀ ਇੱਕ ਖਾਲਸਾ ਮਿਡਲ ਸਕੂਲ ਜਾਰੀ ਕੀਤਾ ਹੈ, ਜਿਸ ਦੀ ਪੱਕੀ ਇਮਾਰਤ ਬਣਾਈ ਗਈ ਹੈ. ਇਹ ਰੇਲਵੇ ਸਟੇਸ਼ਨ ਤਰਨਤਾਰਨ ਤੋਂ ੧੦. ਮੀਲ ਅਗਨਿ ਕੋਣ ਹੈ. ਮੇਲਾ ਚੇਤ, ਹਾੜ ਅਤੇ ਕੱਤਕ ਦੀ ਪੂਰਨਮਾਸੀ ਅਰ ਮਾਘੀ ਨੂੰ ਲਗਦਾ ਹੈ। ੨. ਦੇਖੋ, ਦੇਹਰਾਸਾਹਿਬ.

ਡੇਹਰਾ ਬਾਬਾ ਨਾਨਕ: ਦੇਖੋ, ਦੇਹਰਾ ਬਾਬਾ ਨਾਨਕ.

ਡੇਹਲਾ: ਦੇਖੋ, ਡੇਲਾ.

ਡੇਹਲੋਂ: ਇਹ ਇੱਕ ਨਗਰ ਜਿਲਾ ਤਸੀਲ ਲੁਦਿਆਨਾ ਵਿੱਚ ਹੈ, ਜੋ ਥਾਣਾ ਖਾਸ ਹੈ. ਰੇਲਵੇ ਸਟੇਸ਼ਨ 'ਕਿਲਾ ਰਾਇਪੁਰ' ਤੋਂ ਦੋ ਮੀਲ ਦੇ ਕਰੀਬ ਪੂਰਵ ਹੈ. ਇਸ ਨਗਰ ਤੋਂ ਉੱਤਰ ਦਿਸ਼ਾ ਸਮੀਪ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ 'ਜਗੇੜੇ' ਤੋਂ ਗੁੱਜਰਵਾਲ ਜਾਂਦੇ ਇੱਥੇ ਠਹਿਰੇ ਹਨ. ਕੇਵਲ ਦਮਦਮਾ ਸਾਹਿਬ ਬਣਿਆ ਹੋਇਆ ਹੈ.

ਡੇਹਿ: ਦੇਖੋ, ਡੇਹ ੧.। ੨. ਦਿੰਦਾ ਹੈ. "ਜਿਉ ਤਨ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ." (ਵਾਰ ਸੋਰ ਮਃ ੩)

ਡੇਹੀਆਂ: ਦਿੰਦੀ ਹਾਂ. "ਤਿਸੁ ਆਗੈ ਮਨੁ ਡੇਹੀਆਂ." (ਜੈਤ ਛੰਤ ਮਃ ੫)

ਡੇਕ: ਇੱਕ ਨਦੀ, ਜੋ ਜੰਮੂ ਅਤੇ ਸਿਆਲਕੋਟ ਦੀ ਹੱਦ ਦੇ ਪਹਾੜ ਦੀ ਢਲਵਾਣ ਤੋਂ ਨਿਕਲਕੇ ਜਿਲਾ ਗੁੱਜਰਾਂਵਾਲਾ, ਸ਼ੇਖੂਪੁਰਾ ਦੀ ਜ਼ਮੀਨ ਵਿਚਦੀਂ ਲੰਘਦੀ ਹੋਈ ਦਰਿਆ ਰਾਵੀ ਵਿੱਚ ਜਾ ਮਿਲਦੀ ਹੈ. ਬਰਸਾਤ ਦੀ ਰੁੱਤ ਵਿੱਚ ਇਹ ਕਈ ਕਈ ਦਿਨ ਚੜ੍ਹੀ ਰਹਿੰਦੀ ਹੈ। ੨. ਸੰ. ਦ੍ਰੇਕਾ. ਸੰਗਯਾ- ਧ੍ਰੇਕ. ਬਕਾਇਣ. ਨਿੰਮ ਜੇਹੇ ਪੱਤਿਆਂ ਵਾਲਾ ਇੱਕ ਛਾਇਆਦਾਰ ਬਿਰਛ. ਇਸ ਦੀ ਲੱਕੜ ਹਲਕੀ ਅਤੇ ਕਮਜ਼ੋਰ ਹੁੰਦੀ ਹੈ. ਸਿਤਾਰ ਆਦਿ ਵਾਜੇ ਇਸ ਤੋਂ ਚੰਗੇ ਬਣਦੇ ਹਨ. ਇਸ ਦੇ ਫਲ ਬਵਾਸੀਰ ਦੂਰ ਕਰਦੇ ਹਨ. L. Melia Sempervirens.

ਡੇਖਣ: ਕ੍ਰਿ- ਦੇਖਣਾ. "ਡੇਖਣ ਕੂ ਮੁਸਤਾਕੁ." (ਵਾਰ ਮਾਰੂ ੨. ਮਃ ੫)

ਡੇਖਣਹਾਰ: ਵਿ- ਦੇਖਣਵਾਲਾ. ਦ੍ਰਸ਼੍ਟਾ. "ਡੇਖੈ ਡੇਖਣਹਾਰ." (ਮਾਰੂ ਅਃ ਮਃ ੧)

ਡੇਖਾਊ: ਦੇਖਾਂ. ਦੇਖਦਾ ਹਾਂ. "ਮੁਖ ਡੇਖਾਊ ਪਲਕਛਡਿ." (ਵਾਰ ਜੈਤ) ੨. ਦੇਖਣਵਾਲਾ। ੩. ਦਿਖਾਵੇਮਾਤ੍ਰ.

ਡੇਖੁ: ਦੇਖ. ਤੱਕ. "ਬਿਆ ਨੇਹੁ ਕੂੜਾਵਾ ਡੇਖੁ." (ਵਾਰ ਮਾਰੂ ੨. ਮਃ ੫)

ਡੇਖੈ: ਦੇਖੈ. ਦੇਖਦਾ ਹੈ. ਦੇਖੋ, ਡੇਖਣਹਾਰ.

ਡੇਗਣਾ, ਡੇਗਨਾ: ਕ੍ਰਿ- ਗਿਰਾਉਣਾ. ਸਿੱਟਣਾ.

ਡੇਡਰੋ: ਡਿੰਗ. ਸੰਗਯਾ- ਡੱਡੂ. ਮੇਂਡਕ. ਸੰ. ਦਦੁੱਰ.

ਡੇਢ: ਵਿ- ਸੱਧੈਂਕ. ਅੱਧੇ ਸਾਥ ਇੱਕ. ਇੱਕ ਪੂਰਾ ਅਤੇ ਉਸ ਨਾਲ ਅੱਧਾ ਹੋਰ.

ਡੇਢਮਾਸੀਆ ਤਾਪ: ਦੇਖੋ, ਤਾਪ (ਕ)

ਡੇਮੂ: ਸੰਗਯਾ- ਵਿ- ਮੁਖ ਦੋ ਮੂੰਹ. ਨੂਖ ਅਤੇ ਪਿੱਠ ਦੇ ਕੰਡੇ ਨਾਲ ਵੱਢਣ ਵਾਲਾ ਜ਼ਹਿਰੀਲਾ ਜੀਵ। ੨. ਦੰਦਈਆ ੩. ਭਰਿੰਡ.

ਡੇਰ: ਦੇਖੋ, ਦੇਰ.

ਡੇਰਾ: ਸੰਗਯਾ- ਠਹਿਰਣ ਦਾ ਅਸਥਾਨ. "ਡਡਾ ਡੇਰਾ ਇਹੁ ਨਹੀ." (ਬਾਵਨ) ੨. ਤੰਬੂ. ਖ਼ੇਮਾ.

ਡੇਰਾ ਨਾਨਕ, ਡੇਰਾ ਬਾਬਾ ਨਾਨਕ: ਦੇਖੋ, ਦੇਹਰਾ ਬਾਬਾ ਨਾਨਕ.

ਡੇਰੀ: ਦੇਖੋ, ਦੇਰੀ। ੨. ਸੰਗਯਾ- ਡਿੰਡਿਮ. ਡੁਗਡੁਗੀ. "ਡਮੱਕ ਡਾਮਡੇਰੀ." (ਚੰਡੀ ੨) ੩. ਵਿ- ਟੇਢੀ. ਵਿੰਗੀ. "ਬੰਕੇ ਬਾਲ ਪਾਗ ਸਿਰਿ ਡੇਰੀ." (ਸੋਰ ਰਵਿਦਾਸ)

ਡੇਲਾ: ਸੰਗਯਾ- ਅੱਖ ਦੀ ਪੁਤਲੀ. ਨੇਤ੍ਰ ਦਾ ਅੰਡ। ੨. ਕਰੀਰ ਦਾ ਫਲ। ੩. ਚਿੱਟੇ ਫੁੱਲ ਦੇਣ ਵਾਲਾ ਚਮੇਲੀ ਦੀ ਕਿਸਮ ਦਾ ਇੱਕ ਬੂਟਾ. ਇਹ ਸਰਦੀ ਵਿੱਚ ਬਹੁਤ ਫੁੱਲਦਾ ਹੈ. ਇਸ ਨੂੰ ਬੇਲਾ ਭੀ ਆਖਦੇ ਹਨ. L. Jasminum Pubescens. ਸੰਸਕ੍ਰਿਤ ਵਿੱਚ ਇਸ ਦਾ ਨਾਉਂ ਕੁੰਦ ਹੈ.

ਡੇਲੀਆ: ਸੰਗਯਾ- ਇੱਕ ਫੁੱਲਦਾਰ ਬੂਟਾ, ਜੋ ਸਰਦ ਥਾਂ ਹੁੰਦਾ ਹੈ. ਇਸ ਦੇ ਕਈ ਰੰਗਦੇ ਗੇਂਦੇ ਜੇਹੇ ਸੁੰਦਰ ਫੁੱਲ ਹੁੰਦੇ ਹਨ. Dahlia. ਇਸ ਦੀ ਜੜ ਵਿੱਚ ਕਚਾਲੂ ਜੇਹੀਆਂ ਗੱਠੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਬੀਜਣ ਤੋਂ ਬੂਟੇ ਪੈਦਾ ਹੋ ਜਾਂਦੇ ਹਨ. ਫੁੱਲ ਵਿੱਚ ਭੀ ਗੇਂਦੇ ਵਾਂਙ ਬੀਜ ਹੁੰਦਾ ਹੈ. ਡੇਲੀਏ ਦੇ ਫੁੱਲ ਵਿੱਚ ਸੁਗੰਧ ਨਹੀਂ ਹੁੰਦੀ.

ਡੇਲ੍ਹੋਂ: ਦੇਖੋ, ਡੋਹਲੋਂ.

ਡੇਵਸਾਂ: ਕ੍ਰਿ- ਦੇਵਾਂਗਾ. "ਇਹੁ ਮਨੁ ਤੈਕੂੰ ਡੇਵਸਾਂ." (ਸੂਹੀ ਮਃ ੫. ਗੁਣਵੰਤੀ)

ਡੇਵਸੀ: ਦੇਵਸੀ. ਦੇਵੇਗਾ.

ਡੇਵਣੁ: ਕ੍ਰਿ- ਦੇਵਨ. ਦੇਣਾ. ਦਾਨ ਕਰਨਾ.

ਡੋ: ਵਿ- ਦੋ. ਦ੍ਵਿ.

ਡੋਈ: ਸੰਗਯਾ- ਦਵੱੀ. ਕੜਛੀ. ਕਾਠ ਦੀ ਕੜਛੀ. "ਪਰੀ ਤੀਰ ਡੋਈ." (ਗੁਪ੍ਰਸੂ) ੨. ਕਾਠ ਦੇ ਦਸ੍ਤੇ ਵਾਲੀ ਧਾਤੁ ਦੀ ਵਡੀ ਕੜਛੀ, ਜਿਸਨੂੰ ਹਲਵਾਈ ਵਰਤਦੇ ਹਨ.

ਡੋਸ, ਡੋਸੜਾ, ਡੋਸਾ: ਸੰ. ਦੋਸ਼. ਸੰਗਯਾ- ਅਵਗੁਣ. ਐਬ. "ਮੰਞੁ ਕੁਚਜੀ ਅੰਮਾਵਣਿ ਡੋਸੜੇ." (ਸੂਹੀ ਮਃ ੧. ਕੁਚਜੀ)

ਡੋਹ: ਸਿੰਧੀ. ਸੰਗਯਾ- ਦੋਸ਼. ਅਵਗੁਣ. ਨੁਕਸ.

ਡੋਹਰਾ: ਦੇਖੋ, ਦੋਹਰਾ। ੨. ਛੋਟੀ ਡੰਡੀ ਦਾ ਵਡਾ ਕੜਛਾ, ਜੋ ਪਲੀ ਦੀ ਸ਼ਕਲ ਦਾ ਹੁੰਦਾ ਹੈ। ੩. ਵਿ- ਦੋ ਤ਼ਰਫ਼ਾ. ਦੁਹਰਾ.

"ਸੰਘਰ ਡੋਹਰੇ." (ਚੰਡੀ ੩) ਦੋਹਾਂ ਪਾਸਿਆਂ ਦੇ ਜੰਗ.

ਡੋਹਾਗਣਿ, ਡੋਹਾਗਣੀ: ਵਿ- ਦੁਹਾਗਣੀ. ਸੰ. ਦੁਭੱਗਾ. ਬੁਰੇ ਭਾਗਾਂ ਵਾਲੀ. ਦੁਰਭਾਗਿਨੀ. "ਭਰਮਿ ਭੁਲੀ ਡੋਹਾਗਣੀ ਨਾ ਪਿਰੁ ਅੰਕਿ ਸਮਾਇ." (ਸ੍ਰੀ ਅਃ ਮਃ ੧)

ਡੋਹੀ: ਦੇਖੋ, ਦੋਹੀ.

ਡੋਕਰਾ, ਡੋਕਰੀ: ਡਿੰਗ. ਬੁੱਢਾ. ਬੁੱਢੀ. ਵ੍ਰਿੱਧ. ਵ੍ਰਿੱਧਾ.

ਡੋਕਰੋ: ਡਿੰਗ. ਪੁਤ੍ਰ. ਛੋਕਰਾ.

ਡੋਕਾ: ਸੰਗਯਾ- ਲੇਵੇ (ਊਧ) ਤੋਂ ਥਣਾਂ ਵਿੱਚ ਦੁੱਧ ਦੇ ਆਉਣ ਦਾ ਭਾਵ। ੨. ਪਸ਼ੂ ਦੇ ਗਰਭ ਧਾਰਣ ਦਾ ਸਮਾਂ. ਗਊ ਭੈਂਸ (ਮੱਝ) ਆਦਿ ਨੂੰ ਮੈਥੁਨ ਦੀ ਇੱਛਾ.

ਡੋਗਰ: ਇੱਕ ਜਾਤਿ, ਜੋ ਰਾਜਪੂਤਾਂ ਵਿੱਚੋਂ ਨਿਕਲੀ ਹੈ. ਅੱਜ ਕੱਲ ਡੋਗਰ ਬਹੁਤ ਕਰਕੇ ਮੁਸਲਮਾਨ ਹਨ ਅਤੇ ਬਹੁਤ ਗਾਈਆਂ ਮੱਝਾਂ ਰਖਦੇ ਹਨ. ਇਸੇ ਕਾਰਣ ਇਨ੍ਹਾਂ ਦੀਆਂ ਬਹੁਤੀਆਂ ਵਸਤੀਆਂ ਨਦੀਆਂ ਦੇ ਕਿਨਾਰੇ ਦੇਖੀਆਂ ਜਾਂਦੀਆਂ ਹਨ. ਫਿਰੋਜ਼ਪੁਰ ਦੇ ਜਿਲੇ ਸਤਲੁਜ ਦੇ ਕਿਨਾਰੇ ਡੋਗਰ ਬਹੁਤ ਵਸਦੇ ਹਨ. ਸਾਡੇ ਖਿਆਲ ਵਿੱਚ ਡੋਗਰ ਸ਼ਬਦ ਦਾ ਮੂਲ ਸੰਸਕ੍ਰਿਤ ਦ੍ਗਿਧ੍ਰ ਦੋਗਧ੍ਰਿ ਹੈ, ਜਿਸ ਦਾ ਅਰਥ ਹੈ ਦੁਹਨ (ਚੋਣ) ਵਾਲਾ.

ਡੋਂਗਰ: ਦੇਖੋ, ਡੂੰਗਰ.

ਡੋਗਰਾ: ਵਿ- ਡੂੰਗਰ (ਪਹਾੜ) ਵਿੱਚ ਰਹਿਣ ਵਾਲਾ. ਪਹਾੜੀ। ੨. ਸੰਗਯਾ- ਰਾਜਪੂਤਾਂ ਦੀ ਇੱਕ ਜਾਤਿ, ਜਿਸ ਵਿੱਚ ਜੰਮੂ ਦਾ ਰਾਜਵੰਸ਼ ਹੈ.

ਡੋਗਰੀ: ਡੋਗਰ ਦੀ ਇਸਤ੍ਰੀ। ੨. ਇੱਕ ਪਿੰਡ, ਜੋ ਜਿਲਾ ਤਸੀਲ ਲੁਦਿਆਨਾ ਵਿੱਚ ਹੈ. ਇੱਥੇ ਛੀਵੇਂ ਸਤਿਗੁਰੂ ਜੀ ਦਾ ਦਮਦਮਾ ਸਾਹਿਬ ਗੁਰਦ੍ਵਾਰਾ ਹੈ। ੩. ਡੋਗਰਿਆਂ ਦੀ ਬੋਲੀ.

ਡੋਂਗਾ: ਸੰਗਯਾ- ਛੋਟੀ ਨੌਕਾ. ਸ਼ਿਕਾਰਾ.

ਡੋਡ: ਸੰਗਯਾ- ਪਹਾੜੀ ਕਾਉਂ। ੨. ਮਾਲਵੇ ਵਿੱਚ ਇੱਕ ਪਿੰਡ, ਜੋ ਜਲਾਲ ਤੋਂ ਸੱਤ ਕੋਹ ਪੱਛਮ ਹੈ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਇੱਥੇ ਵਿਰਾਜੇ ਹਨ. ਹੁਣ ਗੁਰਦ੍ਵਾਰਾ ਲੰਭਵਾਲੀ ਦੀ ਜ਼ਮੀਨ ਵਿੱਚ ਹੈ. ਦੇਖੋ, ਲੰਭਵਾਲੀ.

ਡੋਡਾ: ਸੰਗਯਾ- ਪੋਸਤ ਦਾ ਫਲ। ੨. ਡੋਡੇ ਦੀ ਸ਼ਕਲ ਦੀ ਕੋਈ ਵਸਤੁ, ਜਿਵੇਂ- ਕੌਲਡੋਡਾ.

ਡੋਡੀ: ਸੰਗਯਾ- ਬਿਨਾ ਖਿੜੇ ਫੁੱਲ ਦੀ ਕਲੀ। ੨. ਡੋਡੀ ਦੀ ਸ਼ਕਲ ਦਾ ਬਟਨ.

ਡੋਡੋ: ਸੰਗਯਾ- ਗੁਟਾਰ.

ਡੋਢਾ: ਦੇਖੋ, ਡਿਉਢਾ. "ਡੋਢੇ ਗਣਨ ਸਵਾਇ." (ਨਾਪ੍ਰ) ਡਿਉਢੇ ਅਤੇ ਸਵਾਏ ਹ਼ਿਸਾਬ ਦੇ ਕੋਠੇ ਗਿਣਨੇ.

ਡੋਨਾ: ਸੰ. ਦ੍ਰੋਣ. ਸੰਗਯਾ- ਪੱਤਿਆਂ ਦਾ ਪਾਤ੍ਰ, ਜੋ ਕਟੋਰੇ ਦੀ ਸ਼ਕਲ ਦਾ ਹੁੰਦਾ ਹੈ. ਡੂਨਾ. ਦੋਨਾ.

ਡੋਬਣਾ, ਡੋਬਨਾ: ਕ੍ਰਿ- ਦ੍ਰਵ ਪਦਾਰਥ ਵਿੱਚ ਬੈਠਾਉਣਾ. ਡੁਬਾਣਾ. ਜਲ ਵਿੱਚ ਮਗਨ ਕਰਨਾ. ਗ਼ੋਤ਼ਾ ਦੇਣਾ. ਡੁਬਕੀ ਦੇਣੀ.

ਡੋਬਾ: ਸੰਗਯਾ- ਗੋਤਾ. ਡੁਬਕੀ. ਟੁੱਬੀ। ੨. ਗ਼ਸ਼. ਮੂਰਛਾ.

ਡੋਬਿ: ਡੋਬਕੇ.

ਡੋਬੇ: ਡੋਬ ਦਿੱਤੇ. "ਦੁਬਿਧਾ ਡੋਬੇ ਪੂਰੁ." (ਸ੍ਰੀ ਮਃ ੧)

ਡੋਮ: ਦੇਖੋ, ਡੂਮ. "ਡੋਮ ਚੰਡਾਰ ਮਲੇਛ ਮਨ ਸੋਇ." (ਬਿਲਾ ਰਵਿਦਾਸ)

ਡੋਰ: ਸੰਗਯਾ- ਤਾਗਾ. ਸੂਤ. ਡੋਰਾ. ਰੱਸੀ. "ਹਾਥਿ ਤ ਡੋਰ ਮੁਖਿ ਖਾਇਓ ਤੰਬੋਰ." (ਗਉ ਕਬੀਰ) ਹੱਥ ਵਿੱਚ ਪਤੰਗ, ਬਾਜ਼, ਘੋੜੇ ਆਦਿ ਦੀ ਡੋਰ ਹੈ, ਮੁਖ ਵਿੱਚ ਤਾਂਬੂਲ (ਪਾਨ) ਹੈ। ੨. ਸੰ. ਭੁਜਬੰਦ. "ਹਾਰ ਡੋਰ ਰਸ ਪਾਟ ਪਟੰਬਰ." (ਤੁਖਾ ਬਾਰਹਮਾਹਾ) ੩. ਭਾਵ- ਤਦਾਕਾਰ ਵ੍ਰਿੱਤਿ. "ਡੋਰ ਰਹੀ ਲਿਵ ਲਾਈ." (ਗਉ ਕਬੀਰ)

ਡੋਰਾ: ਦੇਖੋ, ਡੋਰ। ੨. ਦੇਖੋ, ਡੋਲਾ. "ਡਾਰ ਲਯੋ ਡੋਰਾ ਮਹਿ ਤਬੈ." (ਚਰਿਤ੍ਰ ੨੫੧) ੩. ਵਿ- ਬੋਲਾ. ਬਹਿਰਾ. "ਨਾਮ ਨ ਸੁਨਈ ਡੋਰਾ." (ਆਸਾ ਮਃ ੫)

ਡੋਰਾਉਣਾ: ਕ੍ਰਿ. ਡੋਰ ਨਾਲ ਲਾਉਣਾ. ਘੋੜੇ ਦੇ ਲਗਾਮ ਵਿੱਚ ਬਾਗਡੋਰ ਪਾਕੇ ਤੋਰਨਾ.

ਡੋਰਿ: ਦੇਖੋ, ਡੋਰੀ.

ਡੋਰਿਕਾ: ਸੰਗਯਾ- ਡੋਲੀ. ਪੜਦੇਦਾਰ ਇਸਤ੍ਰੀਆਂ ਦੀ ਸਵਾਰੀ. "ਗੜ੍ਹ ਕੇ ਲਹਿਤ ਡੋਰਿਕਾ ਧਰੀ." (ਚਰਿਤ੍ਰ ੧੯੯) ਕ਼ਿਲਾ ਦੇਖਦੇ ਹੀ ਡੋਲੀ ਰੱਖ ਦਿੱਤੀ। ੨. ਦੇਖੋ, ਡੋਰੀ.

ਡੋਰੀ: ਸੰਗਯਾ- ਰੱਸੀ. ਖ਼ਾਸ ਕਰਕੇ ਖੂਹ ਤੋਂ ਪਾਣੀ ਕੱਢਣ ਵਾਲੇ ਡੋਲ ਨੂੰ ਬੱਧੀ ਲੱਜ. ਸੰ. ਦ੍ਰੋਲਧ੍ਰਿ ਦੋਲਧ੍ਰੀ। ੨. ਡੋਲੀ. ਪੜਦੇਦਾਰ ਝੰਪਾਨ. "ਦੂਰ ਟਿਕਾਇ ਉਤਰਕਰ ਡੋਰੀ." (ਗੁਪ੍ਰਸੂ) ਜਰੀਬ. ਜ਼ਮੀਨ ਮਿਣਨ ਦੀ ਰੱਸੀ ਅਥਵਾ ਜ਼ੰਜੀਰ. "ਡੋਰੀ ਪੂਰੀ ਮਾਪਹਿ ਨਾਹੀ." (ਸੂਹੀ ਕਬੀਰ) ੪. ਇਸਤ੍ਰੀਆਂ ਦੇ ਕੇਸ਼ ਗੁੰਦਣ ਦੀ ਰੇਸ਼ਮੀ ਅਥਵਾ ਰੰਗੀਨ ਸੂਤ ਉਂਨ ਆਦਿ ਦੀ ਰੱਸੀ। ੫. ਲਗਨ. ਪ੍ਰੀਤਿ. ਪ੍ਰੇਮਬੰਧਨ. "ਚਰਨਕਮਲ ਸੰਗਿ ਲਾਗੀ ਡੋਰੀ." (ਨਟ ਮਃ ੫) "ਡੋਰੀ ਲਪਟਰਹੀ ਚਰਨਹ ਸੰਗਿ." (ਸਾਰ ਮਃ ੫) "ਸੁੰਨਮੰਡਲ ਮਹਿ ਡੋਰੀ ਧਰੈ." (ਰਤਨਮਾਲਾ ਬੰਨੋ) ੬. ਸ਼ੁਹਰਤ. ਪ੍ਰਸਿੱਧੀ. "ਜਗਤ ਵਿੱਚ ਡੋਰੀ ਉੱਭਰ ਗਈ ਜੋ ਨਾਨਕ ਜੀ ਵਡਾ ਭਗਤ ਪੈਦਾ ਹੋਇਆ ਹੈ." (ਜਸਾ) ੭. ਵਿ- ਬੋਲੀ. ਬਹਿਰੀ. ਜਿਸ ਨੂੰ ਸੁਣਾਈ ਨਹੀਂ ਦਿੰਦਾ। ੮. ਕਬੀਰਪੰਥੀ ਆਪਣੇ ਭੇਖ ਦੀ ਸ਼ਾਖਾ ਨੂੰ ਭੀ ਡੋਰੀ ਆਖਦੇ ਹਨ, ਅਤੇ ਕਬੀਰਪੰਥ ਨੂੰ ਸਾਢੇ ਬਾਰਾਂ ਡੋਰੀਆਂ ਵਿੱਚ ਵੰਡਿਆ ਹੋਇਆ ਮੰਨਦੇ ਹਨ.

ਡੋਰੀਆ: ਸੰਗਯਾ- ਇੱਕ ਬਾਰੀਕ ਵਸਤ੍ਰ, ਜਿਸ ਵਿੱਚ ਧਾਰੀਆਂ ਡੋਰਦਾਰ ਹੁੰਦੀਆਂ ਹਨ.

ਡੋਲ: ਸੰ. ਦੋਲ. ਸੰਗਯਾ- ਝੂਲਾ। ੨. ਰੱਸੀ (ਡੋਰੀ) ਨਾਲ ਝੂਲਣ ਵਾਲਾ ਇੱਕ ਪਾਤ੍ਰ, ਜਿਸ ਨਾਲ ਖੂਹ ਵਿਚੋਂ ਪਾਣੀ ਕੱਢੀਦਾ ਹੈ. "ਡੋਲੁ ਬਧਾ ਕਸਿ ਜੇਵਰੀ." (ਗਉ ਅਃ ਮਃ ੧) ਕਰਮ ਦੀ ਰੱਸੀ ਨਾਲ ਬੱਧਾ ਜੀਵ ਡੋਲ। ੩. ਬੇਰੀ ਦੀ ਇੱਕ ਜਾਤਿ, ਜਿਸ ਦੇ ਮੋਟੇ ਅਤੇ ਮਿੱਠੇ ਫਲ, ਧੜ ਮੋਟਾ ਅਤੇ ਕੱਦ ਉੱਚਾ ਹੁੰਦਾ ਹੈ. ਇਸ ਦੀ ਲੱਕੜ ਇਮਾਰਤਾਂ ਵਿੱਚ ਵਰਤੀ ਜਾਂਦੀ ਹੈ। ੪. ਝੋੱਲਾ. ਧੱਕਾ। ੫. ਡੋਲਣ ਕਰਕੇ ਜ਼ਖ਼ਮ ਵਿੱਚ ਹੋਈ ਸੋਜ.

ਡੋਲਣ, ਡੋਲਨ, ਡੋਲਨਾ: ਕ੍ਰਿ- ਸੰ. ਦੋਲਨ. ਲਟਕਣਾ. ਹਿੱਲਣ. ਝੁਲਣਾ. "ਮਾਇਆ ਡੋਲਨ ਲਾਗੀ." (ਗਉ ਕਬੀਰ) ਕਿੰਗੁਰੀ ਪੁਰ ਮੋਹਿਤ ਹੋਕੇ ਮਾਇਆ ਝੂਲਣ ਲੱਗੀ। ੨. ਮਨ ਦਾ ਇਸਥਿਤ ਨਾ ਰਹਿਣਾ. "ਡੋਲਨ ਤੇ ਰਾਖਹੁ ਪ੍ਰਭੂ." (ਬਾਵਨ) ੩. ਅਸ਼੍ਰੱਧਾ ਹੋਣੀ. "ਮਨ, ਡੀਗਿ ਨ ਡੋਲੀਐ." (ਸਵਾ ਮਃ ੧)

ਡੋਲਨੀ: ਸੰਗਯਾ- ਰਿੜਕਣ ਦੀ ਚਾਟੀ. ਉਹ ਮਟਕੀ ਜਿਸ ਵਿੱਚ ਦਹੀਂ ਪਾਕੇ ਰਿੜਕੀਦਾ ਹੈ. "ਮਾਇਆ ਡੋਲਨੀ ਪਵਨ ਝਕੋਲਨਹਾਰ." (ਸ. ਕਬੀਰ)

ਡੋਲਾ: ਸੰਗਯਾ- ਵਡੀ ਡੋਲੀ. ਇਸਤ੍ਰੀਆਂ ਦੀ ਸਵਾਰੀ ਦਾ ਪਰਦੇਦਾਰ ਝੰਪਾਨ. ਸੰ. ਦੋਲਾ. ਦੇਖੋ, ਡੋਲੀ। ੨. ਡੋਲੀ ਵਿੱਚ ਸਵਾਰ ਹੋਣ ਵਾਲੀ ਵਹੁਟੀ। ੩. ਡੋਲਣ ਦਾ ਭਾਵ. ਚੰਚਲਤਾ. "ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ." (ਆਸਾ ਮਃ ੫)

ਡੋਲਾ ਦੇਣਾ: ਕ੍ਰਿ- ਸਾਕ ਦੇਣਾ. ਕੰਨਯਾ ਦੇਣੀ.

ਡੋਲਿ: ਡੋਲਕੇ. ਭਟਕਕੇ. "ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ." (ਮਲਾ ਮਃ ੫)

ਡੋਲੀ: ਸੰ. ਡੱਲਕ. ਪਾਲਕੀ. ਪਰਦੇਦਾਰ ਝੰਪਾਨ। ੨. ਭਾਵ- ਇਸਤ੍ਰੀ। ੩. ਭਾਰਯਾ. ਵਹੁਟੀ.

ਡੋਲੁ: ਦੇਖੋ, ਡੋਲ.

ਡੋਲੇਤ: ਡੋਲਦਾ. "ਨਾਹੀ ਡੋਲੇਤ." (ਬਿਲਾ ਮਃ ੫)

ਡੋਲੈ: ਡੋਲਦਾ ਹੈ। ੨. ਡੁਲਾਵੈ. "ਡੋਲੈ ਵਾਉ ਨ ਵਡਾ ਹੋਇ." (ਰਾਮ ਮਃ ੧) ਇਸ ਦੀਵੇ ਨੂੰ ਹਵਾ ਡੋਲਾਉਂਦੀ ਨਹੀਂ ਅਤੇ ਬੁਝਦਾ ਨਹੀਂ.

ਡੌਂ: ਦੇਖੋ, ਡਉ.

ਡੌਂਡੀ: ਦੇਖੋ, ਡਿੰਡਿਮ.

ਡੌਰ: ਸੰਗਯਾ- ਡੌਲ. ਬੱਟ. "ਖੇਤ ਡੌਰ ਪਰ ਸਰਬ ਹਕਾਰੇ." (ਗੁਪ੍ਰਸੂ) ੨. ਢੰਗ। ੩. ਰੂਪ. ਆਕਾਰ.

ਡੌਰੂ: ਦੇਖੋ, ਡਉਰੂ ਅਤੇ ਡਮਰੁ.

ਡੌਲ: ਦੇਖੋ, ਡੌਰ.

ਡੌਲਨਾ: ਕ੍ਰਿ- ਘੜਨਾ. ਬਣਾਉਣਾ.

ਡੌਲਾ: ਸੰਗਯਾ- ਕੂਹਣੀ ਅਤੇ ਮੋਢੇ ਦੇ ਵਿਚਕਾਰਲਾ ਬਾਂਹ ਦਾ ਭਾਗ. ਭੁਜਦੰਡ.

ਡੰਸ: ਸੰ. ਦੰਸ਼. ਸੰਗਯਾ- ਡੰਗ. "ਨਰ ਨਿੰਦਕ ਡੰਸ ਲਗਾਇਆ." (ਰਾਮ ਮਃ ੪)

ਡੰਕ: ਸੰਗਯਾ- ਡੰਕਾ. ਚੋਬ. "ਬਾਜੀਗਰ ਡੰਕ ਬਜਾਈ." (ਸੋਰ ਕਬੀਰ) ੨. ਚਾਂਦੀ ਦਾ ਚਮਕੀਲਾ ਪਤਲਾ ਟੁਕੜਾ, ਜੋ ਰਤਨ ਦੀ ਆਬ ਵਧਾਉਣ ਲਈ ਹੇਠ ਜੜੀਦਾ ਹੈ। ੩. ਡੰਗ. ਦੰਸ਼.

ਡੰਕਤ: ਡੰਕਾਦਿੰਦਾ. ਚੋਬ ਦਾ ਪ੍ਰਹਾਰ ਕਰਦਾ. "ਢੋਲਨ ਬਜਾਇ ਡੰਕਤ ਦਮਾਮ." (ਗੁਪ੍ਰਸੂ) ਦਮਾਮੇ (ਨਗਾਰੇ) ਪੁਰ ਡੰਕੇ ਮਾਰਦੇ.

ਡੰਕਾ: ਸੰਗਯਾ- ਚੋਬ. ਨਗਾਰਾ ਬਜਾਉਣ ਦਾ ਡੰਡਾ। ੨. ਨਗਾਰਾ. ਢੋਲ. ਸੰ. ਢੱਕਾ.

ਡੰਕੇ: ਡੰਕਾ ਦਾ ਬਹੁਵਚਨ. ਦੇਖੋ, ਡੰਕਾ। ੨. ਡੱਕੇ (ਵਰਜੇ) ਹੋਏ. "ਮਿਟੈਂ ਨਾਹਿ ਡੰਕੇ." (ਰੁਦ੍ਰਾਵ)

ਡੰਗ: ਸੰਗਯਾ- ਦੰਸ਼. ਜ਼ਹਿਰੀਲੇ ਜੀਵਾਂ ਦਾ ਦੰਦ ਮਾਰਨ ਦਾ ਭਾਵ। ੨. ਡੇਮੂ ਬਿੱਛੂ ਮੱਛਰ ਆਦਿ ਜੀਵਾਂ ਦਾ ਤਿੱਖਾ ਕੰਡਾ, ਜਿਸ ਵਿੱਚ ਜ਼ਹਿਰ ਹੁੰਦੀ ਹੈ. ਨੇਸ਼. "ਮਛਰ ਡੰਗ ਸਾਇਰ ਭਰ ਸੁਭਰੁ." (ਤੁਖਾ ਬਾਰਹਮਾਹਾ) ੩. ਸਮਾਂ. ਵੇਲਾ। ੪. ਸਵੇਰ ਅਤੇ ਆਥਣ ਦਾ ਸਮਾਂ, ਜਿਵੇਂ- ਉਸ ਨੂੰ ਦੋ ਡੰਗ ਰੋਟੀ ਖਵਾਈ.

ਡੰਗਟਪਾਊ: ਵਿ- ਸਮਾਂ ਗੁਜ਼ਾਰਨ ਵਾਲਾ. ਵੇਲਾ ਟਪਾਊ.

ਡੰਗਣਾ: ਕ੍ਰਿ- ਦੰਸ਼ਨ. ਡੰਗ ਮਾਰਨਾ. ਦੇਖੋ, ਡੰਗ ੧. ਅਤੇ ੨.। ੨. ਸੂਏ ਨਾਲ ਮੋਟੀ ਸਿਲਾਈ ਕਰਨੀ. ਜਿਵੇਂ- ਬੋਰੀ ਡੰਗੀਦੀ ਹੈ.

ਡੰਗਰ: ਸੰਗਯਾ- ਪਸ਼ੂ. ਢੋਰ। ੨. ਸੰ. ਤੁਙ੍ਗਰ ਭੂਸਾ. ਭੋਹ। ੩. ਸੇਵਕ। ੪. ਵਿ- ਨੀਚ. ਕਮੀਨਾ.

ਡੰਗੋਰੀ: ਸੰਗਯਾ- ਡੰਗਰ ਹੱਕਣ ਦੀ ਲਾਠੀ। ੨. ਸੋਟੀ.

ਡੰਜੁ: ਸਿੰਧੀ. ਪੀੜਾ. ਦਰਦ।੨ ਸ਼ੋਕ. ਰੰਜ.

ਡੰਝ, ਡੰਝਾ, ਡੰਝੋ: ਸੰਗਯਾ- ਦਾਹ. ਦਾਝ. ਸਿੰਧੀ. ਡਝਣੁ ਅਤੇ ਡੰਝੋ. "ਪ੍ਰਭੁ ਮਿਲਿਆ ਤਾ ਚੂਕੀ ਡੰਝਾ." (ਆਸਾ ਮਃ ੫) "ਮਨ

ਥੀਆ ਠੰਢਾ ਚੂਕੀ ਡੰਝਾ." (ਵਡ ਛੰਤ ਮਃ ੫) ੨. ਦਰਦ. ਪੀੜ. "ਜਨਮ ਮਰਨ ਦੀ ਮਿਟਵੀ ਡੰਝਾ." (ਮਾਰੂ ਸੋਲਹੇ ਮਃ ੫) ੩. ਵਾਸਨਾ. ਇੱਛਾ. "ਅਤਿ ਤਿਸਨਾ ਉਡਣੈ ਕੀ ਡੰਝ." (ਮਲਾ ਮਃ ੧)

ਡੰਡ: ਸੰਗਜਾ- ਰੌਲਾ. ਸ਼ੋਰ."ਦੈਂਤੀ ਡੰਡ ਉਭਾਰੀ." (ਚੰਡੀ ੩) ੨. ਸੰ. दराड ਦੰਡ. ਦੰਡਾ ਡੰਡਾ. "ਦੰਡ ਕਮੰਡਲ ਸਿਖਾ ਸੂਤੁ." (ਭੈਰ ਮਃ ੧) ੩. ਸਜ਼ਾ. "ਜਮ ਦੇਤ ਡੰਡ." (ਬਸੰ ਅਃ ਮਃ ੫) ੪. ਭੁਜਦੰਡ ਦਾ ਸੰਖੇਪ. "ਡੰਡ ਦੁਕੂਲ ਭਏ ਤਿਹ ਕੇ." (ਕ੍ਰਿਸਨਾਵ) ਦੋਵੇਂ ਬਾਹਾਂ ਦੋਵੇਂ ਕਿਨਾਰੇ ਹੋ ਗਏ। ੫. ਬਾਹਾਂ ਦੀ ਇੱਕ ਪ੍ਰਕਾਰ ਦੀ ਕਸਰਤ, ਜੋ ਜ਼ਮੀਨ ਉੱਤੇ ਡੰਡੇ (ਦੰਡ) ਵਾਂਙ ਪੈ ਕੇ ਕੀਤੀ ਜਾਂਦੀ ਹੈ. ਡੰਡ ਪੇਲਣ ਦਾ ਅਭਜਾਸ. "ਦੋਨਹੁ ਕਾਲ ਡੰਡ ਕੋ ਪੇਲੇ." (ਗੁਪ੍ਰਸੂ)

ਡੰਡਉਤ, ਡੰਡਉਤ ਬੰਦਨਾ, ਡੰਡਉਤਿ: ਸੰ. दण्डवत ਦੰਡਵਤ. ਸੰਗਜਾ- ਡੰਡੇ ਵਾਂਙ ਸਿੱਧੇ ਪੈਣ ਦੀ ਕ੍ਰਿਯਾ. ਦੇਖੋ, ਅਸਟਾਂਗਪ੍ਰਣਾਮ. "ਕਰਿ ਡੰਡਉਤ ਪੁਨੁ ਵਡਾ ਹੇ." (ਸੋਹਿਲਾ) "ਡੰਡਉਤਿ ਬੰਧਨਾ ਅਨਿਕ ਬਾਰ." (ਬਾਵਨ)

ਡੰਡਕਾਰ: ਸੰ. दण्डकरण्य ਦੰਡਕਾਰਨਜ. ਸੰਗਜਾ- ਇੱਕ ਪੁਰਾਣਾ ਜੰਗਲ, ਜੋ ਵਿੰਧਜ ਤੋਂ ਲੈ ਕੇ ਗੋਦਾਵਰੀ ਨਦੀ ਦੇ ਕਿਨਾਰੇ ਤੀਕ ਫੈਲਿਆ ਹੋਇਆ ਸੀ. ਦੇਖੋ, ਦੰਡਕ ੨. "ਡੰਡਕਾਰ ਕੇ ਬੀਚ ਜਬੈ ਤ੍ਰਿਯ ਵੈ ਗਈ." (ਚਰਿਤ੍ਰ ੧੪੯)

ਡੰਡਧਰ, ਡੰਡਧਰਿ, ਡੰਡਧਾਰ, ਡੰਡਧਾਰੀ: ਵਿ- ਦੰਡਧਰ. ਦੰਡਧਾਰੀ. ਡੰਡਾ ਰੱਖਣ ਵਾਲਾ। ੨. ਸੰਗਜਾ- ਚੋਬਦਾਰ। ੩. ਰਾਜਾ। ੪. ਯਮ। ੫. ਘੁਮਿਆਰ. ਕੁੰਭਧਾਰ। ੬. ਬ੍ਰਹਮਚਾਰੀ। ੭. ਸੰਨਜਾਸੀ. "ਕਾਹੂ ਹੋ ਡੰਡਧਰਿ ਹੋ." (ਗਉ ਮਃ ੫)

ਡੰਡਲੀ: ਦੰਡ ਦਿੰਦਾ. ਕਲੇਸ਼ ਦਿੰਦਾ. "ਦੁਖ ਨ ਡੰਡਲੀ." (ਕਲਿ ਮਃ ੫)

ਡੰਡਵਤ: ਦੇਖੋ, ਡੰਡਉਤ.

ਡੰਡਾ: ਸੰਗਜਾ- ਦੰਡ. ਸੋਟਾ. "ਜਮ ਕਾਲੁ ਸਹਹਿ ਸਿਰਿ ਡੰਡਾ ਹੇ." (ਸੋਹਿਲਾ) ੨. ਸੰਨਜਾਸੀ ਦਾ ਦੰਡ. "ਡੰਡਾ ਮੁੰਦ੍ਰਾ ਖਿੰਥਾ ਆਧਾਰੀ." (ਬਿਲਾ ਕਬੀਰ)

ਡੰਡਾਲ: ਡਿੰਗ. ਸੰਗਜਾ- ਨਗਾਰਾ. ਧੌਂਸਾ. ਡੰਡੇ (ਚੋਬ) ਦਾ ਜਿਸ ਉੱਤੇ ਪ੍ਰਹਾਰ ਕੀਤਾ ਜਾਵੇ.

ਡੰਡੀ: ਸੰਗਜਾ- ਛੋਟਾ ਦੰਡ. ਸੋਟੀ। ੨. ਤਰਾਜ਼ੂ ਦੀ ਛਟੀ, ਜਿਸ ਨਾਲ ਦੋਵੇਂ ਪਲੜੇ ਬੱਧੇ ਰਹਿੰਦੇ ਹਨ. "ਜਿਹਬਾ ਡੰਡੀ ਇਹੁ ਘਟੁ ਛਾਬਾ." (ਮਾਰੂ ਮਃ ੧) ੩. ਦੰਡ ਜੇਹੀ ਸਿੱਧੀ ਪਗਡੰਡੀ। ੪. ਵੀਣਾ ਦਾ ਦੰਡ, ਜਿਸ ਦੇ ਦੋਹੀਂ ਪਾਸੀਂ ਤੂੰਬੇ ਜੜੇ ਹੁੰਦੇ ਹਨ ਅਤੇ ਸੁਰਾਂ ਦੇ ਬੰਦ ਹੋਇਆ ਕਰਦੇ ਹਨ. "ਭਉ ਭਾਉ ਦੁਇ ਪਤ ਲਾਇ ਜੋਗੀ, ਇਹੁ ਸਰੀਰ ਕਰਿ ਡੰਡੀ." (ਰਾਮ ਅਃ ਮਃ ੩) ਦੇਖੋ, ਪਤ। ੫. ਸੰ. दरिडन् ਵਿ- ਡੰਡਾ ਰੱਖਣ ਵਾਲਾ। ੬. ਸੰਗਜਾ- ਸੰਨਜਾਸੀ. "ਕਹੂੰ ਡੰਡੀ ਹ੍ਵੈ ਪਧਾਰੇ." (ਅਕਾਲ) ੭. ਦੇਖੋ, ਡਾਂਡੀ ੫.

ਡੰਡੀਆ: ਵਿ- ਦੰਡ ਰੱਖਣ ਵਾਲਾ। ੨. ਦੰਡ (ਸਜ਼ਾ) ਦੇਣ ਵਾਲਾ। ੩. ਸੰਗਜਾ- ਰਾਜਾ। ੪. ਯਮ.

ਡੰਡੌਤ: ਦੇਖੋ, ਡੰਡਉਤ.

ਡੰਨ, ਡੰਨੁ: ਸੰਗਜਾ- ਦੰਡ. ਸਜ਼ਾ। ੨. ਜੁਰਮਾਨਾ. ਚੱਟੀ। ੩. ਸਿੰਧੀ. ਮੁਆ਼ਮਲਾ. ਕਰ. ਮਹ਼ਿਸੂਲ.

ਡੰਫ, ਡੰਫੁ: ਸੰ. ਦੰਭ. ਸੰਗਜਾ- ਪਾਖੰਡ. "ਡੰਫੁ ਕਰਹੁ ਕਿਆ ਪ੍ਰਾਣੀ?" (ਆਸਾ ਪਟੀ ਮਃ ੧) "ਝੂਠਾ ਡੰਫੁ ਝੂਠੁ ਪਾਸਾਰੀ." (ਸੁਖਮਨੀ) ੨. ਯੂ. ਪੀ. ਵਿੱਚ ਡੌਰੂ ਦੀ ਕਿਸਮ ਦਾ ਇੱਕ ਵਾਜਾ. ਇਹ ਡਫ ਤੋਂ ਭਿੰਨ ਹੈ.

ਡੰਬ: ਸੰ. डम्ब् ਧਾ- ਛਲ ਕਰਨਾ, ਧੋਖਾ ਦੇਣਾ.

ਡੰਬਰ: ਆਡੰਬਰ ਦਾ ਸੰਖੇਪ। ੨. ਚੰਦੋਆ. ਸਾਇਬਾਨ। ੩. ਸੰ. ਧੁਨਿ. ਆਵਾਜ਼। ੪. ਸਮੁਦਾਯ. ਝੁੰਡ. ਇਕੱਠ.

ਡੰਭ: ਸੰਗਜਾ- ਦੰਭ. ਪਾਖੰਡ. ਸਿੰਧੀ. ਡੰਭੁ। ੨. ਦੇਖੋ, ਡੰਭਣਾ.

ਡੰਭਣਾ, ਡੰਮਣਾ: ਕ੍ਰਿ- ਦਾਗਣਾ. ਮਚਦੇ ਹੋਏ ਤੋੜੇ ਨੂੰ ਪਲੀਤੇ ਪੁਰ ਲਾਉਣਾ. "ਤਬ ਬਾਬਕ ਨੇ ਡੰਭ ਪਲੀਤਾ." (ਗੁਪ੍ਰਸੂ) "ਡੰਮ ਡੰਮ ਸਾਨੂ ਉਜਾੜੀ ਮੁੱਤਾ." (ਭਾਗੁ) ਸਾਨੂ ਨੂੰ ਦਾਗ ਦੇਕੇ ਜੰਗਲ ਵਿੱਚ ਛੱਡ ਦਿੱਤਾ.

ਡਜਾਛ: ਦ੍ਵਿ- ਅਕ੍ਸ਼ਿ. ਦੋਵੇਂ ਨੇਤ੍ਰ. "ਬਿਕਟ ਬਾਕ ਬਡ ਡਜਾਛ ਬਡੋ ਅਭਿਮਾਨ ਧਰੇ ਮਨ." (ਪਾਰਸਾਵ) ੨. ਡੀਲ ਹੈ ਜਿਸ ਦਾ ਅੱਛਾ, ਵਡੇ ਕੱਦ ਦਾ.

ਡਜੋਢਾ: ਦੇਖੋ, ਡਿਉਢਾ ਅਤੇ ਡੇਉਢਾ.

ਡਜੋਢੀ: ਦੇਖੋ, ਡਿਉਢੀ.

ਡਜੋਢੀਦਾਰ, ਡਜੋਢੀਵਾਨ, ਡਜੋਢੀਵਾਲਾ: ਸੰਗਜਾ- ਦ੍ਵਾਰਪਾਲ. ਦਰਵਾਨ। ੨. ਹਿੰਦੁਸਤਾਨੀ, (ਖਾਸ ਕਰਕੇ ਪੰਜਾਬੀ) ਰਿਆਸਤਾਂ ਵਿੱਚ ਇੱਕ ਅ਼ਹੁਦੇਦਾਰ, ਜੋ ਰਾਜਮੰਦਿਰ ਦੇ ਕਰਮਚਾਰੀਆਂ ਪੁਰ. ਹੁਕਮ ਰਖਦਾ ਹੈ ਅਤੇ ਜਿਸ ਦੀ ਆਗਜਾ ਬਿਨਾ ਰਾਜਭਵਨ ਦੀ ਡਿਹੁਡੀ ਵਿੱਚ ਕੋਈ ਦਾਖ਼ਿਲ ਨਹੀਂ ਹੋ ਸਕਦਾ. ਮਹਾਰਾਜਾ ਨਾਲ ਮੁਲਾਕ਼ਾਤ ਇਸੇ ਅਹਿਲਕਾਰ ਦੀ ਮਾਰਫਤ ਹੋਇਆ ਕਰਦੀ ਹੈ. Chamberliain.

ਡ੍ਰਾਮ: ਦੇਖੋ, ਦਰਾਮ.

ਢ: ਪੰਜਾਬੀ ਵਰਣਮਾਲਾ ਦਾ ਉੱਨੀਹਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਮੂਧੱਾਂ (ਮੂੰਹ ਦੀ ਛੱਤ) ਹੈ। ੨. ਸੰ. ਸੰਗਜਾ- ਢੋਲ। ੩. ਕੁੱਤਾ। ੪. ਸੱਪ।੫ ਧ੍ਵਨਿ. ਆਵਾਜ਼। ੬. ਵਿ- ਗੁਣਹੀਨ. ਨਿਰਗੁਣ.

ਢਊਆ: ਸੰਗਜਾ- ਤਾਂਬੇ ਦਾ ਇੱਕ ਪੁਰਾਣਾ ਸਿੱਕਾ, ਜੋ ਅੱਧੇ ਆਨੇ ਬਰੋਬਰ ਸੀ.

ਢਈਆ: ਸੰਗਜਾ- ਢਾਈ ਗੁਣਾਂ ਗਿਣਨ ਦਾ ਹਿ਼ਸਾਬ ਦਾ ਕੋਠਾ। ੨. ਢਾਈ ਵਰ੍ਹੇ ਇੱਕ ਰਾਸ਼ਿ ਦੇ ਸ਼ਨੈਸ਼ਚਰ (ਛਨਿੱਛਰ) ਗ੍ਰਹ ਦੇ ਰਹਿਣ ਦਾ ਸਮਾਂ। ੩. ਢਾਈ ਸੇਰ ਦਾ ਵੱਟਾ.

ਢਹ: ਸੰਗਜਾ- ਪਾਣੀ ਦੀ ਵਾਢ ਨਾਲ ਡਿਗਿਆ ਹੋਇਆ ਨਦੀ ਦਾ ਕਿਨਾਰਾ। ੨. ਪਾਣੀ ਦੀ ਵਾਢ. ਢਾਹ। ੩. ਪਤਨ. ਗਿਰਾਉ. ਡਿਗਣ ਦਾ ਭਾਵ.

ਢਹਗਿ: ਢਹੇਗੀ. ਗਿਰੇਗੀ. "ਕਾਚੀ ਢਹਿਗ ਦਿਵਾਲ." (ਬਸੰ ਮਃ ੧)

ਢਹਣਾ, ਢਹਨਾ: ਕ੍ਰਿ- ਗਿਰਨਾ. ਡਿਗਣਾ। ੨. ਵਿਨਸਨਾ. ਨਾਸ਼ ਹੋਣਾ। ੩. ਮੱਲਯੁੱਧ ਵਿੱਚ ਹਾਰਨਾ. ਚਿੱਤ ਡਿਗਣਾ। ੪. ਹੌਮੈ ਤਜਾਗਕੇ ਨੰਮ੍ਰ ਹੋਣਾ. ਦੇਖੋ, ਢਹਿਣਾ। ੫. ਸਖ਼ਤੀ ਤਜਾਗਕੇ ਨਰਮ ਹੋਣਾ. "ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ." (ਵਾਰ ਮਾਝ ਮਃ ੧)

ਢਹਾ: ਸੰਗਜਾ- ਨਦੀ ਦੀ ਵਾਢ ਤੋਂ ਬਣਿਆ ਉੱਚਾ ਕਿਨਾਰਾ. ਢਾਹਾ। ੨. ਆਸਰਾ. ਓਟ. "ਸੇ ਲੈਦੇ ਢਹਾ ਫਿਰਾਹੀ." (ਵਾਰ ਗਉ ੧. ਮਃ ੪) ੩. ਦਾਉ. ਪੇਚ. ਜਿਵੇਂ- ਉਹ ਜੁਆ ਤੇ ਸ਼ਰਾਬੀਆਂ ਦੇ ਢਹੇ ਚੜ੍ਹ ਗਿਆ.

ਢਹਿ: ਡਿਗਕੇ. ਢੈਕੇ। ੨. ਢਹਣਾ ਕ੍ਰਿਯਾ ਦਾ ਅਮਰ.

ਢਹਿਣਾ, ਢਹਿਨਾ: ਦੇਖੋ, ਢਹਣਾ. "ਸਤਿਗੁਰ ਅਗੈ ਢਹਿ ਪਉ." (ਵਾਰ ਸੋਰ ਮਃ ੩) "ਨਾਨਕ ਗਰੀਬ ਢਹਿ ਪਇਆ ਦੁਆਰੈ." (ਸੂਹੀ ਅਃ ਮਃ ੪)

ਢਹੇਚੜ੍ਹਨਾ: ਕ੍ਰਿ- ਕਿਸੇ ਦੇ ਦਾਉ ਵਿੱਚ ਫਸਣਾ. ਕਿਸੇ ਦੇ ਹੱਥ ਪੈਣਾ. ਦੇਖੋ, ਢਹਾ ੩.

ਢਹੈ: ਢਹਿੰਦਾ ਹੈ। ੨. ਨਰਮ ਹੁੰਦਾ ਹੈ. ਦੇਖੋ, ਢਹਣਾ.

ਢਕਣ: ਦੇਖੋ, ਢਕਣਾ ਅਤੇ ਢੱਕਣ.

ਢਕਣਾ, ਢਕਨਾ: ਕ੍ਰਿ- ਆਛਾਦਨ ਕਰਨਾ. ਸੰ ਪਿਧਾਨ. "ਢਕਣ ਕੂ ਪਤਿ ਮੇਰੀ." (ਵਾਰ ਗੂਜ ੨. ਮਃ ੫)

ਢਕਵੰਜ: ਸੰਗਯਾ- ਝੂਠਾ ਆਡੰਬਰ. ਪਾਖੰਡ. ਢੌਂਗ. ਧੋਖਾ ਦੇਣ ਦਾ ਢੰਗ.

ਢਕੋਸਲਾ: ਸੰਗਯਾ- ਧੋਖਾ ਦੇਣ ਦਾ ਮਸਲਾ. ਛਲਣ ਲਈ ਘੜਿਆ ਮਸਲਾ.

ਢਕੌਲੀ: ਇੱਕ ਪਿੰਡ, ਜੋ ਰਿਆਸਤ ਕਲਸੀਆ, ਤਸੀਲ ਥਾਣਾ ਡੇਰਾਬਸੀ ਵਿੱਚ ਰੇਲਵੇ ਸਟੇਸ਼ਨ ਘੱਗਰ ਤੋਂ ਦੋ ਮੀਲ ਹੈ. ਇਸ ਪਿੰਡ ਤੋਂ ਉੱਤਰ ਦੇ ਪਾਸੇ ਅੱਧ ਮੀਲ ਤੇ ਬਾਉਲੀਸਾਹਿਬ ਨਾਮੇ ਸ਼੍ਰੀ ਦਸ਼ਮੇਸ਼ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਪਾਉਂਟੇ ਤੋਂ ਆਨੰਦਪੁਰ ਜਾਂਦੇ ਚਰਨ ਪਾਏ ਅਰ ਬਰਛਾ ਮਾਰਕੇ ਜਲ ਕੱਢਿਆ, ਜਿੱਥੇ ਹੁਣ ਸੁੰਦਰ ਤਾਲਾਬ ਹੈ. ਪਾਸ ਗੁਰਦ੍ਵਾਰਾ ਬਣਿਆ ਹੋਇਆ ਹੈ, ਨਾਲ ੪੦ ਵਿੱਘੇ ਜ਼ਮੀਨ ਹੈ, ਪੁਜਾਰੀ ਅਕਾਲੀਸਿੰਘ ਹੈ.

ਢੱਕ: ਸੰਗਯਾ- ਪਲਾਸ਼. ਪਲਾਹ. ਦੇਖੋ, ਢਾਕ ਅਤੇ ਪਲਾਸ। ੨. ਕ਼ੈਦੀ. ਬੰਧੂਆ। ੩. ਓਲ੍ਹਾ. ਪੜਦਾ. "ਢਹੇ ਢਾਲ ਢੱਕੰ." (ਵਿਚਿਤ੍ਰ) ਢਾਲਾਂ ਦੇ ਓਲ੍ਹੇ ਮਿਟ ਗਏ.

ਢੱਕਣ, ਢੱਕਨ: ਭਾਂਡੇ ਦੇ ਮੂੰਹ ਨੂੰ ਕੱਜਣ (ਢਕਣ) ਵਾਲਾ ਸਿਰਪੋਸ਼ ਚੱਪਣ ਆਦਿ। ੨. ਸੰ. ਢਕ੍ਕਨ. ਦਰਵਾਜ਼ੇ ਬੰਦ ਕਰਨਾ. ਕਿਵਾੜ ਦੇਣਾ.

ਢੱਕਾ, ਢਕ੍ਾ: ਸੰ. ਢਕ੍ਕਾ. ਸੰਗਯਾ- ਵਡਾ ਨਗਾਰਾ. ਡੰਕਾ। ੨. ਡੌਰੂ.

ਢਗਣ: ਇੱਕ ਮਾਤ੍ਰਿਕ ਗਣ, ਜੋ ਤਿੰਨ ਮਾਤ੍ਰਾ ਦਾ ਹੁੰਦਾ ਹੈ. ਇਸ ਦੇ ਰੂਪ ਹਨ- ।S. S।. ।।।.

ਢੱਗਾ: ਸਿੰਧੀ. ਢੱਗੋ. ਸੰਗਯਾ- ਬੈਲ। ੨. ਪਸ਼ੂ.

ਢਟ: ਸੰਗਯਾ- ਬੈਲ ਦੇ ਮੋਢਿਆਂ ਉੱਪਰ ਉੱਭਰਵਾਂ ਮਾਂਸਪਿੰਡ. ਸ਼ੰ- ਕਕੁਦ੍.

ਢਟਾ: ਸੰਗਯਾ- ਕਕੁਦ੍ ਵਾਲਾ ਪਸ਼ੁ, ਨਰ ਬੈਲ. ਸਾਨ੍ਹ. ਸਾਂਡ.

ਢਟੋਨਾ: ਦੇਖੋ, ਢੋਟਾ. ਦੇਖੋ, ਬਾਲਿਢਟੋਨਾ.

ਢਠਾ: ਦੇਖੋ, ਢਟਾ। ੨. ਵਿ- ਢਹਿਆ ਹੋਇਆ.

ਢਠੀਆ, ਢਠੀਆਂ: ਢਹੀਆਂ ਹੋਈਆਂ. "ਢਠੀਆ ਕਮਿ ਨ ਆਵਨੀ." (ਸੂਹੀ ਮਃ ੧)

ਢਡ, ਢਦ: ਸੰਗਯਾ- ਢੱਕਾ. ਡੌਰੂ। ੨. ਡੌਰੂ ਦੀ ਸ਼ਕਲ ਦਾ ਇੱਕ ਵਾਜਾ, ਜਿਸ ਨੂੰ ਖੱਬੇ ਹੱਥ ਵਿੱਚ ਫੜਕੇ ਸੱਜੇ ਹਥ ਦੀ ਉਂਗਲਾਂ ਦੇ ਪ੍ਰਹਾਰ ਨਾਲ ਵਜਾਈਦਾ ਹੈ. ਇਸ ਦੇ ਵਜਾਉਣ ਵਾਲਿਆਂ ਦੀ ਢਾਡੀ (ਢਾਢੀ) ਸੰਗਯਾ ਹੋ ਗਈ ਹੈ.

ਢਢਾ: ਢ ਅੱਖਰ. "ਢਢਾ ਢੂੰਢਤ ਕਹ ਫਿਰਹੁ?" (ਬਾਵਨ) ੨. ਢ ਦਾ ਉੱਚਾਰਣ. ਢਕਾਰ.

ਢਢਾਰ: ਸੰਗਯਾ- ਢੱਡ ਬਜਾਉਣ ਵਾਲਾ ਢਾਡੀ। ੨. ਤੰਬੂਰ. ਢੋਲ. "ਢਮੱਕੇ ਢਢਾਰੰ." (ਚੰਡੀ ੨)

ਢਢੋਰਾ: ਦੇਖੋ, ਢਿੰਢੋਰਾ.

ਢਢੋਲਨਾ: ਕ੍ਰਿ- ਢੂੰਢਣਾ. ਖੋਜਣਾ.

ਢਢੋਲਿ: ਖੋਜਕੇ. ਛਾਨਬੀਨ ਕਰਕੇ. ਦੇਖੋ, ਢਢੋਲਨਾ. "ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢੰਢੋਲਿ." (ਸੁਖਮਨੀ)

ਢਪਣਾ, ਢਪਨਾ: ਕ੍ਰਿ- ਢਾਂਪਣਾ. ਢਕਣਾ. ਆਛਾਦਨ ਕਰਨਾ. ਸੰ. ਪਿਧਾਨ.

ਢਬ: ਦੇਖੋ, ਢਬੁ.

ਢਬਾਈ: ਸਰਦਾਰ ਰਤਨ ਸਿੰਘ ਨੇ ਪੰਥਪ੍ਰਕਾਸ਼ ਵਿੱਚ ਬਨੋਆ ਭੀ ਬੋਈਂ (Count Benoit de Boigne) ਨੂੰ ਇਹ ਨਾਮ ਦਿੱਤਾ ਹੈ. "ਹੁਤੋ ਢਬਾਈ ਫਰਾਸੀਸ ਫਿਰੰਗੀ." (ਪ੍ਰਾਪੰਪ੍ਰ)[1]

ਇਹ ਫਰਾਂਸ ਦੇ ਨਗਰ ਸ਼ਾਮਰੀ (Chambry) ਵਿੱਚ ਸਨ ੧੭੫੧ ਵਿਖੇ ਜਨਮਿਆ. ਯੂਰਪ ਵਿੱਚ ਕਈ ਥਾਂਈਂ ਥੋੜਾ ਥੋੜਾ ਚਿਰ ਨੌਕਰੀ ਕਰਕੇ ਸਨ ੧੭੭੭ ਵਿੱਚ ਹਿੰਦੁਸਤਾਨ ਪਹੁੰਚਿਆ, ਅਤੇ ਸਨ ੧੭੭੮ ਵਿੱਚ ਈਸਟ ਇੰਡੀਆ ਕੰਪਨੀ ਦਾ ਨੌਕਰ ਹੋਇਆ. ਇਸ ਪਿੱਛੋਂ ਮਾਧੋ ਜੀ ਸੇਂਧੀਆ ਦਾ ਸਨ ੧੭੮੫ ਵਿੱਚ ਫੌਜੀ ਅਹੁਦੇਦਾਰ ਬਣਿਆ ਅਰ ਸਨ ੧੭੮੭-੮੮ ਦੇ ਕਈ ਜੰਗਾਂ ਵਿੱਚ ਲੜਿਆ. ਅੰਤ ਨੂੰ ਮਰਹਟਿਆਂ ਨਾਲ ਇਸ ਦੀ ਅਣਬਣ ਹੋ ਗਈ. ਸਨ ੧੭੯੫ ਵਿੱਚ ਇਹ ਹਿੰਦੁਸਤਾਨ ਤੋਂ ਆਪਣੇ ਦੇਸ ਨੂੰ ਮੁੜ ਗਿਆ.

ਢਬੁ: ਸੰਗ- ਢੰਗ. ਪ੍ਰਕਾਰ. ਰੀਤਿ. ਤ਼ਰੀਕ਼ਾ. "ਨਾਹੀ ਸਤ ਕਾ ਢਬੁ." (ਧਨਾ ਮਃ ੧)

ਢਬੂਆ: ਮਾਰ. ਸੰਗਯਾ- ਪੈਸਾ। ੨. ਸਿੱਕਾ. ਰਾਜਮੁਦ੍ਰਾ. "ਉਘਰ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾਂ ਆਇਆ." (ਆਸਾ ਮਃ ੫)

ਢਮਕ: ਸੰਗਯਾ- ਨਗਾਰੇ ਡੌਰੂ ਆਦਿ ਦੀ ਧੁਨਿ. ਢਮਕਾਰ. ਢਮਾਕਾ.

ਢਮਕਾਵੈ: ਢਮਢਮ ਸ਼ਬਦ ਕਰਦਾ ਹੈ. ਡੌਰੂ ਵਜਾਉਂਦਾ ਹੈ. "ਬਰਦ ਚਢੇ ਡਉਰੂ ਢਮਕਾਵੈ." (ਗੌਂਡ ਨਾਮਦੇਵ)

ਢਮਾਕ, ਢਮਾਕਾ, ਢਮੰਕ: ਦੇਖੋ, ਢਮਕ.

ਢਰਕਣਾ, ਢਰਕਨਾ: ਕ੍ਰਿ- ਖਿਸਕਣਾ. ਗਿਰਨਾ. ਲੁੜਕਣਾ. ਢਲਕਣਾ। ੨. ਸਿਥਿਲ ਹੋਣਾ. ਸੁਸਤ ਹੋਣਾ. "ਚਰਨ ਰਹੇ ਕਰ ਢਰਕਿਪਰੇ ਹੈਂ." (ਆਸਾ ਕਬੀਰ)

ਢਰਨਾ: ਕ੍ਰਿ- ਢਲਨਾ. ਪਿਘਲਣਾ। ੨. ਪਸੀਜਣਾ. ਰੀਝਣਾ. "ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ." (ਮਾਰੂ ਰਵਿਦਾਸ ੩. ਲੁੜਕਣਾ. ਨਿਵਾਂਣ ਵੱਲ ਰੁੜ੍ਹਨਾ.

ਢਲਹਲ: ਸੰਗਯਾ- ਢਾਲਾਂ ਦੇ ਪਰਸਪਰ ਭਿੜਨ ਤੋਂ ਪੈਦਾ ਹੋਈ ਧੁਨਿ. "ਢਲਹਲ ਢਾਲੰ." (ਰਾਮਾਵ)

ਢਲਕ: ਸੰਗਯਾ- ਢਲਵਾਣ. ਨਸ਼ੇਬ। ੨. ਢਲਕਣਾ ਕ੍ਰਿਯਾ ਦਾ ਅਮਰ.

ਢਲਕਣਾ, ਢਲਕਨਾ: ਕ੍ਰਿ- ਰੁੜ੍ਹਾ। ੨. ਫਿਸਲਣਾ. ਤਿਲ੍ਹਕਣਾ। ੩. ਮੁਰਝਾਉਣਾ। ੪. ਆਪਣੀ ਥਾਂ ਤੋਂ ਖਿਸਕਣਾ.

ਢਲਨਾ: ਦੇਖੋ, ਢਰਨਾ। ੨. ਮੁਰਝਾਉਣਾ. ਖ਼ੁਸ਼ਕ ਹੋਣਾ. "ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰੁ." (ਸ੍ਰੀ ਮਃ ੧)

ਢਲਵਾਂ: ਵਿ- ਪਘਰੀਹੋਈ ਧਾਤੁ ਤੋਂ ਸੰਚੇ ਵਿੱਚ ਬਣਿਆ ਹੋਇਆ। ੨. ਝੁਕਵਾਂ.

ਢਲਵਾਣ, ਢਲਵਾਨ: ਸੰਗਯਾ- ਢਲਵਾਂ ਅਸਥਾਨ. ਨਿਵਾਣ. ਨਸ਼ੇਬ.

ਢਲਿ: ਢਲਕੇ. ਪਘਰਕੇ। ੨. ਥਾਂ ਤੋਂ ਹਟਕੇ.

ਢਲਿਢੁਲਿ: ਕ੍ਰਿ. ਵਿ- ਮੁਰਝਾ ਅਤੇ ਖ਼ੁਸ਼ਕ ਹੋਕੇ. ਦੇਖੋ, ਢਲਨਾ.

ਢਲੈਤ: ਸੰਗਯਾ- ਢਾਲ ਰੱਖਣ ਵਾਲਾ ਸਿਪਾਹੀ. "ਆਗੇ ਚਲਹਿਂ ਢਲੈਤ ਕੁਛ, ਗਹਿ ਖੜਗਰੁ ਢਾਲੇ." (ਗੁਪ੍ਰਸੂ)

ਢਾਊ: ਵਿ- ਢਾਹੁਣਵਾਲਾ. ੨. ਅਢਾਈ. ਦੋ ਸਾਬਤ ਅਤੇ ਇੱਕ ਅੱਧਾ.

ਢਾਈ: ਵਿ- ਸਾਧੰ ਦ੍ਵਯ. ਅਢਾਈ. ਅਧੰਦ੍ਵਯ. 2½.

ਢਾਈਆ: ਦੇਖੋ, ਢਈਆ.

ਢਾਈ ਘਰ: ਦੇਖੋ, ਖਤ੍ਰੀ.

ਢਾਈ ਫੱਟ ਲੜਾਈ ਦੇ: ਮਿਲਣ ਭਜਣ ਇਹ ਸਾਰੇ ਦੋਇ। ਲੜ ਮਰ ਮੁੱਕਣ ਅੱਧਾ ਸੋਇ." (ਪ੍ਰਾਪੰਪ੍ਰ)

ਢਾਸਣਾ, ਢਾਸਨਾ: ਢੂਹ- ਆਸਨ. ਢੋਹ- ਆਸਨ. ਸਹਾਰਾ. ਟੇਕ। ੨. ਤਕੀਆ.

ਢਾਹ: ਸੰਗਯਾ- ਨਦੀ ਦੇ ਵੇਗ ਨਾਲ ਪਿਆ ਹੋਇਆ ਖਾਰ। ੨. ਢਹਿਣ ਦਾ ਭਾਵ. ਗਿਰਾਉ। ੩. ਧਾਹ. "ਢਾਹਾਂ ਮਾਰਨ ਹੋਇ ਨਿਸੰਗੈ." (ਭਾਗੁ).

ਢਾਹਣੁ, ਢਾਹਨ, ਢਾਹਨਾ: ਕ੍ਰਿ- ਗਿਰਾਉਣਾ. ਧ੍ਵੰਸਨ. "ਢਾਹਨ ਲਾਗੈ ਧਰਮਰਾਇ." (ਬਾਵਨ) ੨. ਦੇਖੋ, ਢਾਹਿਆ.

ਢਾਹਾ: ਸੰਗਯਾ- ਪਾਣੀ ਦੇ ਖਾਰ ਤੋਂ ਬਣਿਆ ਹੋਇਆ ਨਦੀ ਦਾ ਉੱਚਾ ਕਿਨਾਰਾ. "ਜਿਉ ਦਰੀਆਵੈ ਢਾਹਾ." (ਸ. ਫਰੀਦ)

ਢਾਹਿ: ਢਾਹਕੇ. ਗਿਰਾਕਰ. ਡੇਗਕੇ. "ਢਾਹੇ ਢਾਹਿ ਉਸਾਰੇ ਆਪੇ." (ਵਡ ਮਃ ੧. ਅਲਾਹਣੀ)

ਢਾਹਿਆ: ਗਿਰਾਇਆ. ਦੇਖੋ, ਢਾਹਨਾ। ੨. ਘੜਿਆ. ਰਚਿਆ. "ਵਲੁ ਛਲੁ ਕਰਿਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ." (ਵਾਰ ਸ੍ਰੀ ਮਃ ੪).

ਢਾਹੁਣਾ: ਦੇਖੋ, ਢਾਹਨਾ.

ਢਾਕ: ਸੰਗਯਾ- ਢੱਕ. ਪਲਾਹ. "ਸੋ ਕੁਲ ਢਾਕ ਪਲਾਸ." (ਸ. ਕਬੀਰ) ਉਹ ਵੰਸ਼ ਢੱਕ ਦਾ ਪਲਾਸ (ਪੱਤਾ) ਹੈ। ੨. ਕਮਰ. ਕਟਿ. ਦੇਖੋ, ਢਾਕ ੨.। ਕੁੱਛੜ. ਗੋਦ। ੪. ਝਾੜੀ. ਬੂਝਾ। ੫. ਪਹਾੜ ਦੀ ਢਲਵਾਨ। ੬. ਦੇਖੋ, ਢਕਨਾ। ੭. ਐਬਟਾਬਾਦ ਦੇ ਜਿਲੇ ਪਹਾੜੀ ਲੋਕ ਸ਼ਿਸ਼ਿਰ ਰੁੱਤ (ਖ਼ਿਜ਼ਾਂ) ਨੂੰ ਢਾਕ ਆਖਦੇ ਹਨ.

ਢਾਕਨ: ਕ੍ਰਿ- ਢਕਣਾ. ਅਛਾਦਨ ਕਰਨਾ. ਪੜਦਾ ਪਾਉਣਾ. "ਢਾਕਨ ਕਉ ਇਕ ਹਰੇ." (ਟੋਡੀ ਮਃ ੫) ੨. ਸੰਗਯਾ- ਪੜਦਾ. "ਢਾਕਨ ਢਾਕਿ ਗੋਬਿੰਦ ਗੁਰ ਮੇਰੇ." (ਬਿਲਾ ਮਃ ੫)

ਢਾਕਨਹਾਰ: ਵਿ- ਢਕਣ ਵਾਲਾ. ਪੜਦਾ ਪਾਉਣ ਵਾਲਾ. "ਢਾਕਨਹਾਰੇ ਪ੍ਰਭੂ ਹਮਾਰੇ." (ਤੁਖਾ ਛੰਤ ਮਃ ੫)

ਢਾਕਪਲਾਸ: ਢੱਕ ਦਾ ਪਲਾਸ (ਪੱਤਾ). ਪਲਾਸ ਦਾ ਪਤ੍ਰ. ਦੇਖੋ, ਪਲਾਸ਼.

ਢਾਕਾ: ਬੰਗਾਲ ਵਿੱਚ ਇੱਕ ਪਰਗਨਾ ਅਤੇ ਬਹੁਤ ਪੁਰਾਣਾ ਸ਼ਹਿਰ, ਜੋ ਕਲਕੱਤੇ ਤੋਂ ੨੫੪ ਮੀਲ ਈਸ਼ਾਨ ਵੱਲ ਹੈ. ਇਹ ਬੁੱਢੀਗੰਗਾ ਦੇ ਕਿਨਾਰੇ ਆਬਾਦ ਹੈ. ਢਾਕੇ ਵਿੱਚ "ਢਾਕੇਸ਼੍ਵਰੀ" ਦੁਰਗਾ ਦਾ ਮੰਦਿਰ ਹੈ. ਪੁਰਾਣੇ ਜ਼ਮਾਨੇ ਢਾਕੇ ਦੀ ਮਲਮਲ ਅਤੇ ਹੋਰ ਕਈ ਬਾਰੀਕ ਵਸਤ੍ਰ ਭਾਰਤ ਵਿੱਚ ਬਹੁਤ ਪ੍ਰਸਿੱਧ ਸਨ. ਇੱਥੇ ਸੰਮਤ ੧੫੬੪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ੧੭੨੩ ਵਿੱਚ ਸ੍ਰੀ ਗੁਰੂ ਤੇਗਬਹਾਦੁਰ ਸਾਹਿਬ ਜੀ ਪਧਾਰੇ ਹਨ. ਆਪ ਦੇ ਪਵਿਤ੍ਰ ਗੁਰਦ੍ਵਾਰੇ ਸ਼ੋਭਾ ਦੇ ਰਹੇ ਹਨ. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਥਾਨ "ਚਰਨਪਾਦੁਕਾ" ਕਰਕੇ ਪ੍ਰਸਿੱਧ ਹੈ.

ਨੌਵੇਂ ਗੁਰੂ ਸਾਹਿਬ ਦੀ ਯਾਤ੍ਰਾ ਦੀ ਕਥਾ ਭਾਈ ਸੰਤੋਖ ਸਿੰਘ ਜੀ ਗੁਰੁਪ੍ਰਤਾਪ ਸੂਰਯ ਵਿੱਚ ਇਉਂ ਲਿਖਦੇ ਹਨ:-

ਇਮ ਕੇਤਕ ਦਿਨ ਮਹਿਂ ਗੋਸਾਈ।

ਢਾਕੇ ਪਹੁਚੇ ਦਲ ਸਮੁਦਾਈ।

ਢਾਕੇ ਨਗਰ ਮਝਾਰ ਮਸੰਦ।

ਬਸਹਿ ਬੁਲਾਕੀਦਾਸ ਬਿਲੰਦ।।

ਤਿਸ ਕੀ ਮਾਤ ਬ੍ਰਿਧਾ ਬਹੁ ਤਨ ਕੀ।

ਬਡੀ ਲਾਲਸਾ ਗੁਰੁਦਰਸਨ ਕੀ।

ਕਰੇ ਪ੍ਰੇਮ ਨਿਜ ਸਦਨ ਮਝਾਰਾ।

ਗੁਰੁ ਹਿਤ ਏਕ ਪ੍ਰਯੰਕ ਸੁਧਾਰਾ।

ਆਸਤਰਨ ਸੋਂ ਛਾਦਨ ਕਰਜੋ।

ਸੇਜਬੰਦ ਸੰਗ ਕਸ ਕਰ ਧਰਜੋ।।

ਤੂਲ ਸੁਧਾਰ ਆਪਨੇ ਹਾਥ।

ਪੁਨ ਕਾਤਜੋ ਸੂਖਮ ਹਿਤ ਸਾਥ।

ਪ੍ਰੇਮ ਧਾਰ ਸੋ ਬਸਤ੍ਰ ਬੁਨਾਵਾ।

ਗੁਰੁ ਹਿਤ ਪੋਸ਼ਸ਼ ਸਕਲ ਬਨਾਵਾ।।

ਆਰਬਲਾ ਮਮ ਭਈ ਬਿਤੀਤ।

ਨਿਤਪ੍ਰਤਿ ਵਧਹਿ ਗੁਰੁਪਗ ਪ੍ਰੀਤਿ।

ਲਖਕਰ ਗਮਨੇ ਅੰਤਰਜਾਮੀ।

ਲੀਨਸਿ ਤਿਸ ਘਰ ਕੋ ਮਗ ਸ੍ਵਾਮੀ।

ਜਾਇ ਠਾਢ ਹੋਏ ਤਿਸ ਪੌਰ।

ਸੁਧ ਭੇਜੀ ਅੰਤਰ ਜਿਸ ਠੌਰ।।

ਹਰਬਰਾਇ ਸੁਨ ਤੂਰਨ ਆਈ।

ਚਰਨਕਮਲ ਗਹਿਕਰ ਲਪਟਾਈ।

ਆਜ ਘਰੀ ਪਰ ਮੈ ਬਲਿਹਾਰੀ।

ਜਿਸ ਤੇ ਪੁਰਵੀ ਆਸ ਹਮਾਰੀ।।

ਜਿਸ ਪ੍ਰਯੰਕ ਪਰ ਆਨ ਬਿਠਾਏ।

ਹਰਖਤ ਚਾਰੁ ਬਸਤ੍ਰ ਨਿਕਸਾਏ।

ਅਪਨੇ ਕਰ ਤੇ ਕਰੇ ਬਨਾਵਨ।

ਪ੍ਰੇਮ ਸਹਿਤ ਸੋ ਕਿਯ ਪਹਿਰਾਵਨ।।

ਢਾਕਿ: ਢਕਕੇ। ੨. ਢਾਕ ਉੱਤੇ. ਕੁੱਛੜ ਤੇ.

ਢਾਕਿਲੀਆ: ਢਕਲੀਤਾ. "ਸਤਿਗੁਰਿ ਢਾਕਿਲੀਆ ਮੋਹਿ ਪਾਪੀ ਪੜਦਾ." (ਤੁਖਾ ਛੰਤ ਮਃ ੫)

ਢਾਕੁ: ਦੇਖੋ, ਢਾਕ.

ਢਾਕੈ: ਢਕਦਾ ਹੈ. "ਅਪਨੇ ਜਨ ਕਾ ਪਰਦਾ ਢਾਕੈ." (ਸੁਖਮਨੀ) ੨. ਢਾਕ (ਲੱਕ) ਤੇ. ਕਮਰ ਨਾਲ. " ਨ ਢਾਕੈ ਟੰਗੈ." (ਭਾਗੁ) ਲੱਕ ਨਾਲ ਨਹੀਂ ਬੰਨ੍ਹਦਾ. ਭਾਵ- ਅੰਗੀਕਾਰ ਨਹੀਂ ਕਰਦਾ. ਪੁਰਾਣੇ ਜ਼ਮਾਨੇ ਲੋਕ ਰੁਪਯਾ ਆਦਿ ਪਦਾਰਥ ਲੱਕ ਨਾਲ ਬੰਨ੍ਹਿਆ

ਕਰਦੇ ਸਨ. ੩. ਢਾਕ (ਕੁੱਛੜ) ਵਿੱਚ.

ਢਾਂਗਾ: ਸੰਗਯਾ- ਲੰਮਾਂ ਬਾਂਸ, ਜਿਸ ਦੇ ਸਿਰੇ ਪੁਰ ਲੋਹੇ ਦਾ ਅਰਧਚੰਦ੍ਰ ਦੇ ਆਕਾਰ ਦਾ ਦਾਤ ਹੋਵੇ. ਇਸ ਨਾਲ ਬਿਰਛਾਂ ਦੀਆਂ ਟਾਹਣੀਆਂ ਕੱਟ ਲਈਦੀਆਂ ਹਨ.

ਢਾਂਚਾ: ਸੰਗਯਾ- ਸੰਚਾ. ਕਲਬੂਤ (ਕਾਲਬੁਦ). ੨. ਠੱਟਰ. ਪਿੰਜਰ.

ਢਾਠਾ: ਢੱਠਾ. ਢਹਿਆ. "ਦੁਖ ਪਾਪ ਕਾ ਡੇਰਾ ਢਾਠਾ." (ਸੂਹੀ ਛੰਤ ਮਃ ੫) ੨. ਸੰਗਯਾ- ਦਾੜ੍ਹੀ ਬੰਨ੍ਹਣ ਦਾ ਰੁਮਾਲ.

ਢਾਠੀ: ਢਹੀ. ਗਿਰੀ. "ਢਾਠੀ ਭੀਤਿ ਭਰੰਮ ਕੀ." (ਆਸਾ ਛੰਤ ਮਃ ੫) ੨. ਸੰਗਯਾ- ਦਾੜ੍ਹੀ ਬੰਨ੍ਹਣ ਦੀ ਪੱਟੀ.

ਢਾਡ: ਦੇਖੋ, ਢਡ.

ਢਾਡਸ: ਸੰਗਯਾ- ਦ੍ਰਿੜ੍ਹਤਾ. ਧੀਰਯ. ਤਸੱਲੀ. "ਢਾਡਸ ਕੈ ਅਪਨੇ ਮਨਕੋ." (ਕ੍ਰਿਸਨਾਵ) ੨. ਸਿੰਧੀ. ਢਾਂਢਸੁ. ਆਡੰਬਰ. ਦਿਖਾਵਾ.

ਢਾਂਡਾ: ਦੇਖੋ, ਢਾਂਢੋ.

ਢਾਡੀ: ਸੰਗਯਾ- ਢੱਡ ਬਜਾਉਣ ਵਾਲਾ. ਦੇਖੋ, ਢਾਡਿਸੈਨ ਅਤੇ ਢਾਢੀ.

ਢਾਡਿਸੈਨ: ਦਸਮਗ੍ਰੰਥ ਦੇ ੪੦੫ ਵੇਂ ਚਰਿਤ੍ਰ ਵਿੱਚ ਲਿਖਿਆ ਹੈ ਕਿ ਜਦ ਸ੍ਵਾਸਵੀਰਯ ਦਾਨਵ ਨਾਲ ਮਹਾਕਾਲ ਦਾ ਯੁੱਧ ਹੋਇਆ, ਤਦ ਮਹਾਕਾਲ ਦੇ ਪਸੀਨੇ ਤੋਂ ਢਾਢੀਆਂ ਦਾ ਮੂਰਿਸ ਪੈਦਾ ਹੋਇਆ. "ਬਦਨ ਪ੍ਰਸੇਦ ਧਰਨਿ ਜੋ ਪਰਾ xxx ਢਾਢਿਸੈਨ ਢਾਢੀ ਬਪੁ ਲਯੋ। ਕਰਖਾਬਾਰ ਉਚਾਰਤ ਭਯੋ."

ਢਾਢੀ: ਸੰਗਯਾ- ਢੱਡ (ਢੱਢ) ਬਜਾਕੇ ਯੋਧਿਆਂ ਦੀਆਂ ਵਾਰਾਂ ਗਾਉਣ ਵਾਲਾ। ੨. ਭਾਵ- ਯਸ ਗਾਉਣ ਵਾਲਾ. "ਹਉ ਢਾਢੀ ਹਰਿ ਪ੍ਰਭੁ ਖਸਮ ਕਾ." (ਵਾਰ ਸ੍ਰੀ ਮਃ ੪)

ਢਾਂਢੋ: ਡਿੰਗ. ਸੰਗਯਾ- ਡੰਗਰ. ਪਸ਼ੂ.

ਢਾਣੀ: ਸੰਗਯਾ- ਮੰਡਲੀ. ਟੋਲੀ. ਜਮਾਤ.

ਢਾਪਣਾ, ਢਾਂਪਨਾ: ਕ੍ਰਿ- ਢਕਣਾ. ਆਛਾਦਨ ਕਰਨਾ. ਕੱਜਣਾ.

ਢਾਬ: ਸੰਗਯਾ- ਦੇਹ- ਆਬ. ਪਿੰਡ ਦਾ ਪਾਣੀ ਰੁੜ੍ਹਕੇ ਜਿਸ ਥਾਂ ਜਮਾ ਹੋਵੇ, ਅਜੇਹਾ ਟੋਭਾ. ਪਿੰਡ ਦੇ ਵਰਤਣ ਦਾ ਪਾਣੀ ਜਿਸ ਕੱਚੇ ਤਾਲ ਵਿੱਚ ਹੋਵੇ. ਡਾਬਰ.

ਢਾਬ ਮਤਾ: ਦੇਖੋ, ਦੋਦੇਵਾਲੀ ਢਾਬ.

ਢਾਰ: ਸਿੰਧੀ. ਸੰਗਯਾ- ਢੰਗ. ਰੀਤਿ. ਤ਼ਰੀਕ਼ਾ. "ਬਰਜਹਿ ਪਾਤਸ਼ਾਹ ਇਹ ਢਾਰ." (ਗੁਪ੍ਰਸੂ) "ਗੁਰੁ ਦੇਹਿਂ ਦਰਸ ਤਿਮ ਕਰਹੁ ਢਾਰ." (ਗੁਪ੍ਰਸੂ) ੨. ਪਨਾਹ. ਓਟ। ੩. ਢਾਲ. ਸਿਪਰ. "ਕਰਿ ਲੀਨੇ ਅਸਿ ਢਾਰ." (ਚੰਡੀ ੧) ੪. ਢਲਵਾਨ. ਨਸ਼ੇਬ। ੫. ਦੇਖੋ, ਢਾਰਨਾ.

ਢਾਰਸ: ਧੈਰ੍ਯ. ਧੀਰਜ.

ਢਾਰਨਾ: ਕ੍ਰਿ- ਹੇਠਾਂ ਨੂੰ ਡੇਗਣਾ. ਰੁੜ੍ਹਾਉਣਾ। ੨. ਧਾਤੁ ਆਦਿ ਪਦਾਰਥਾਂ ਨੂੰ ਪ੍ਰਚੰਡ ਅਗਨਿ ਦੇ ਤਾਉ ਨਾਲ ਪਿਘਾਰਨਾ। ੩. ਪਾਣੀ ਜੇਹੀ ਪਤਲੀ ਧਾਤੁ ਨੂੰ ਸੰਚੇ ਵਿੱਚ ਪਾਉਣਾ। ੪. ਸਿਰ ਉੱਤੋਂ ਵਾਰ ਸਿੱਟਣਾ. ਸਿਰ ਉੱਪਰਦੀਂ ਘੁਮਾਕੇ ਕਿਸੇ ਵਸਤੁ ਨੂੰ ਵਾਰਨਾ.

ਢਾਰਿ: ਢਾਲਕੇ. ਕੁਰਬਾਨ ਕਰਕੇ. ਦੇਖੋ, ਢਾਰਨਾ. "ਹਮ ਤਨ ਦੀਓ ਹੈ ਢਾਰਿ." (ਦੇਵ ਮਃ ੫)

ਢਾਲ: ਸੰਗਯਾ- ਰੀਤਿ. ਢੰਗ. ਮਰਯਾਦਾ. "ਅਹੰਬੁਧਿ ਕਉ ਬਿਨਸਨਾ ਇਹੁ ਧੁਰ ਕੀ ਢਾਲ." (ਬਿਲਾ ਮਃ ੫) ਹੌਮੈ ਵਾਲੇ ਦਾ ਨਾਸ਼ ਹੋਣਾ ਧੁਰ ਦੀ ਚਾਲ ਹੈ। ੨. ਢਲਣ (ਪਿਘਰਨ) ਦਾ ਭਾਵ। ੩. ਦੇਖੋ, ਢਾਰ। ੪. ਸੰ. ਢਾਲ. ਸਿਪਰ. ਚਰਮ. ਗੈਂਡੇ ਦੇ ਚਮੜੇ ਅਥਵਾ ਧਾਤੁ ਦਾ ਅਸਤ੍ਰ, ਜੋ ਤਲਵਾਰ ਤੀਰ ਆਦਿ ਦਾ ਵਾਰ ਰੋਕਣ ਲਈ ਹੁੰਦਾ ਹੈ। ੫. ਪਨਾਹ. ਓਟ. "ਦੋਊ ਢਾਲਚੀ ਢਾਲ ਹਿੰਦੂ ਹਿੰਦਾਨੰ." (ਗਜਾਨ) ੬. ਦੇਖੋ, ਢਾਲਿ.

ਢਾਲਚੀ: ਵਿ- ਢਾਲਧ੍ਰੀ (ਢਾਲਨ੍ਧ੍ਰ) ਢਾਲ ਰੱਖਣ ਵਾਲਾ. ਸਿਪਰ (ਚਰਮ) ਪਹਿਰਨ ਵਾਲਾ. ਦੇਖੋ, ਢਾਲ ੫.

ਢਾਲਣ: ਦੇਖੋ, ਢਾਲਨਾ। ੨. ਵਿ- ਤੁਲ੍ਯ. ਮਾਨਿੰਦ. "ਕਹਿਣ ਅੰਮ੍ਰਿਤ ਕਲ ਢਾਲਣ." (ਸਵੈਯੇ ਮਃ ੨. ਕੇ) ਦੇਖੋ, ਕਲ ੨.

ਢਾਲਣਾ, ਢਾਲਨਾ: ਕ੍ਰਿ- ਉੱਪਰੋਂ ਹੇਠਾਂ ਨੂੰ ਰੋੜ੍ਹਨਾ। ੨. ਪਘਰਾਉਣਾ. ਠੋਸ ਪਦਾਰਥ ਨੂੰ ਅਗਨਿ ਦੇ ਤਾਉ ਨਾਲ ਪਾਣੀ ਜੇਹਾ ਕਰਨਾ। ੩. ਪਘਰੀ ਹੋਈ ਧਾਤੁ ਨੂੰ ਸੰਚੇ ਵਿੱਚ ਪਾਉਣਾ। ੪. ਚੌਪੜ ਦਾ ਪਾਸਾ ਅਥਵਾ ਪਰੀਛੇ ਦਾ ਡਾਲਨਾ ਗਿਰਾਉਣਾ. ਦੇਖੋ, ਢਾਲਿ.

ਢਾਲਾ: ਸੰਗਯਾ- ਰਚਨਾ. ਬਨਾਵਟ. "ਕੰਚਨ ਕਾਇਆ ਸੁਇਨੇ ਕੀ ਢਾਲਾ." (ਵਡ ਛੰਤ ਮਃ ੧) ੨. ਖ਼ਾ. ਢਾਲ. ਸਿਪਰ. "ਸਤਗੁਰੁ ਢਾਲਾ ਤੁਰਤ ਸੰਭਾਰਾ." (ਗੁਪ੍ਰਸੂ)

ਢਾਲਿ, ਢਾਲੁ: ਸੰਗਯਾ- ਸੰਚੇ ਵਿੱਚ ਪਾਣੀ ਤੁਲ੍ਯ ਹੋਈ ਠੋਸ ਵਸਤੁ ਦੇ ਢਲਨ ਦਾ ਭਾਵ. "ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ." (ਜਪੁ) ੨. ਢਾਲਨ (ਰੋੜ੍ਹਨ) ਦਾ ਭਾਵ. "ਚੇਤਿ ਢਾਲਿ ਪਾਸਾ." (ਆਸਾ ਕਬੀਰ) ੩. ਕ੍ਰਿ. ਵਿ- ਢਾਲਿ. ਢਾਲਕੇ.

ਢਿਸਰਨ: ਕ੍ਰਿ- ਢਲਕਣਾ. ਉੱਪਰੋਂ ਹੇਠਾਂ ਨੂੰ ਖਿਸਕਣਾ। ੨. ਫਿਸਲਣਾ. ਰਪਟਣਾ। ੩. ਝੁਕਣਾ.

ਢਿਗ: ਸੰਗਯਾ- ਨਦੀ ਦੇ ਢਾਹੇ ਤੋਂ ਡਿਗਿਆ ਹੋਇਆ ਜ਼ਮੀਨ ਦਾ ਭਾਰੀ ਟੁਕੜਾ। ੨. ਖਾਨਿ (ਕਾਨ) ਦਾ ਕਿਨਾਰਾ, ਜੋ ਬਹੁਤ ਖੋਦਣ ਤੋਂ ਕਮਜ਼ੋਰ ਹੋਕੇ ਡਿਗਿਆ ਹੈ। ੩. ਕ੍ਰਿ. ਵਿ- ਪਾਸ. ਨਜ਼ਦੀਕ. ਕੋਲੇ. "ਭੈ ਕਰ ਢਿਗ ਨਹਿਂ ਆਵੈ." (ਗੁਪ੍ਰਸੂ)

ਢਿੰਗਰੀ: ਸੰਗਯਾ- ਕੰਡੇਦਾਰ ਛਾਪਾ. ਝਿੰਗ। ੨. ਦੇਖੋ, ਢੀਂਗੁਲੀ। ੩. ਪੰਜਾਬ ਦੇ ਪੱਛਮੀ ਭਾਗ ਵਿੱਚ ਹੋਣ ਵਾਲੀ ਇੱਕ ਖੁੰਬ, ਜਿਸ ਦੀ ਤਰਕਾਰੀ ਬਣਦੀ ਹੈ.

ਢਿੰਗਲੀ: ਦੇਖੋ, ਢੀਂਗੁਲੀ.

ਢਿਠਾਈ: ਸੰਗਯਾ- ਢੀਠਤਾ. ਗੁਸ੍ਤਾਖ਼ੀ. ਦੇਖੋ, ਢੀਠਤ੍ਵ.

ਢਿੰਡੋਰਾ: ਸੰਗਯਾ- ਡਿੰਡਿਮ (ਡੌਂਡੀ) ਬਜਾਕੇ ਈਰਿਤ (ਕਹਿਆ ਹੋਇਆ) ਵਾਕ. ਡੁਗਡੁਗੀ ਬਜਾਕੇ ਸੁਣਾਇਆ ਹੋਇਆ. . ਹੁਕਮ. ਮਨਾਦੀ.

ਢਿੱਡ: ਸੰਗਯਾ- ਪੇਟ. ਉਦਰ। ੨. ਗਰਭ. ਹਮਲ.

ਢਿੰਢੋਰਾ: ਦੇਖੋ, ਢਿੰਡੋਰਾ.

ਢਿਮਢਾਣੀ: ਸੰਗਯਾ- ਮੰਡਲੀ. ਟੋਲੀ। ੨. ਚਾਰਯਾਰੀ. "ਢਿਮਢਾਣੀ ਉਨ ਲਈ ਬਨਾਇ." (ਪ੍ਰਾਪੰਪ੍ਰ)

ਢਿਮਢਿਮੀ: ਸੰਗਯਾ- ਢਿਮ ਢਿਮ ਸ਼ਬਦ ਕਰਨ ਵਾਲੀ ਟੰਮਕ.

ਢਿਲ: ਸੰਗਯਾ- ਸੁਸ੍ਤੀ। ੨. ਬਿਲੰਬ. ਦੇਰੀ. "ਆਪੇ ਦੇਵੈ ਢਿਲ ਨ ਪਾਈ." (ਆਸਾ ਮਃ ੩)

ਢਿਲਵਾਂ: ਜਿਲਾ ਤਸੀਲ ਲਹੌਰ, ਥਾਣਾ ਬਰਕੀ ਵਿੱਚ ਇੱਕ ਛੋਟਾ ਜਿਹਾ ਪਿੰਡ ਹੈ. ਇਸ ਦੇ ਦੱਖਣ ਵੱਲ ਪਾਸ ਹੀ ਸ਼੍ਰੀ ਗੁਰੂ

ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਅਨੇਕ ਪਿੰਡਾਂ ਦਾ ਉੱਧਾਰ ਕਰਦੇ ਝੱਲੀਆਂ ਤੋਂ ਇੱਥੇ ਇੱਕ ਪਿੱਪਲ ਹੇਠ ਆ ਬੈਠੇ, ਜੋ ਹੁਣ ਸੁੱਕਾ ਹੋਇਆ ਮੌਜੂਦ ਹੈ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਅੱਠ ਘੁਮਾਉਂ ਜ਼ਮੀਨ ਇਸੇ ਪਿੰਡ ਗੁਰਦ੍ਵਾਰੇ ਦੇ ਨਾਉਂ ਹੈ. ਰੇਲਵੇ ਸਟੇਸ਼ਨ 'ਅਟਾਰੀ' ਤੋਂ ੮. ਮੀਲ ਦੱਖਣ ਪੱਛਮ ਹੈ.

੨. ਰਿਆਸਤ ਨਾਭਾ, ਨਜਾਮਤ ਫੂਲ, ਤਸੀਲ ਅਤੇ ਥਾਣਾ ਧਨੌਲਾ ਵਿੱਚ ਇੱਕ ਪਿੰਡ ਹੈ, ਜੋ ਨਾਭੇ ਅਤੇ ਪਟਿਆਲੇ ਦੋਹਾਂ ਰਿਆਸਤਾਂ ਦਾ ਸਾਂਝਾ ਹੈ. ਨਾਭਾਪੱਤੀ ਦੀ ਹੱਦ ਵਿੱਚ ਦੋ ਗੁਰਦ੍ਵਾਰੇ ਹਨ:-

(ੳ) ਪਿੰਡ ਤੋਂ ਅਗਨਿ ਕੋਣ ਇੱਕ ਮੀਲ ਦੇ ਕ਼ਰੀਬ, ਜਿੱਥੇ ਸ਼੍ਰੀ ਗੁਰੂ ਤੇਗਬਾਹਦੁਰ ਜੀ ਨੇ ਧੌਲੇ ਤੋਂ ਆਉਂਦੇ ਪੰਜ ਇਸਨਾਨਾ ਕਰਕੇ ਥੋੜਾ ਸਮਾਂ ਆਰਾਮ ਕੀਤਾ. ਇੱਥੇ ਕੇਵਲ ਮੰਜੀਸਾਹਿਬ ਬਣਿਆ ਹੋਇਆ ਹੈ ਸੇਵਾਦਾਰ ਕੋਈ ਨਹੀਂ, ਰਿਆਸਤ ਨਾਭੇ ਵੱਲੋਂ ੧੨) ਸਾਲਾਨਾ ਧੂਪਦੀਪ ਦੇ ਖ਼ਰਚ ਲਈ ਲੱਗੇ ਹੋਏ ਹਨ.

(ਅ) ਪਿੰਡ ਤੋਂ ਦੱਖਣ ਵੱਲ ਇੱਕ ਫਰਲਾਂਗ ਪੁਰ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ, ਜਿੱਥੇ ਗੁਰੂਸਾਹਿਬ ਨੇ ਕਈ ਦਿਨ ਨਿਵਾਸ ਕੀਤਾ. ਗੁਰਦ੍ਵਾਰਾ ਛੋਟਾ ਜਿਹਾ ਬਣਿਆ ਹੋਇਆ ਹੈ. ਪਾਸ ਮਕਾਨ ਭੀ ਹਨ. ੩੫ ਘੁਮਾਉਂ ਜ਼ਮੀਨ ਰਿਆਸਤ ਨਾਭੇ ਵੱਲੋਂ ੧੫. ਘੁਮਾਉਂ ਜ਼ਮੀਨ ਬਾਬਾ ਖ਼ੁਸ਼ਹ਼ਾਲ ਸਿੰਘ ਵੱਲੋਂ ਅਤੇ ੧੦. ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਰੇਲਵੇ ਸਟੇਸ਼ਨ 'ਤਪੇ' ਤੋਂ ਤਿੰਨ ਮੀਲ ਈਸਾਨ ਕੋਣ ਹੈ। ੩. ਦੇਖੋ, ਢਿਲਵਾਂ ਕਲਾਂ.

ਢਿਲਵਾਂ ਕਲਾਂ: ਇਹ ਪਿੰਡ ਰਿਆਸਤ ਫਰੀਦਕੋਟ, ਤਸੀਲ ਥਾਣਾ ਕੋਟਕਪੂਰਾ, ਰੇਲਵੇ ਸਟੇਸ਼ਨ ਕੋਟਕਪੂਰਾ ਤੋਂ ਦੋ ਮੀਲ ਅਗਨਿ ਕੋਣ ਹੈ. ਇਸ ਤੋਂ ਇੱਕ ਫਰਲਾਂਗ ਪੱਛਮ ਵੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇੱਥੇ ਕਲਗੀਧਰ ਸੋਢੀਸਾਹਿਬ ਕੌਲ ਜੀ ਦੇ ਘਰ ਵਿਰਾਜੇ ਹਨ. ਕੌਲ ਜੀ ਦੀ ਬੇਨਤੀ ਮੰਨਕੇ ਮਾਛੀਵਾੜੇ ਵਾਲਾ ਨੀਲਾ ਬਾਣਾਂ ਉਤਾਰਕੇ ਚਿੱਟੇ ਵਸਤ੍ਰ ਧਾਰਨ ਕੀਤੇ. ਗੁਰੂ ਸਾਹਿਬ ਨੇ ਨੀਲੀ ਚਾਦਰ ਅੱਗ ਵਿੱਚ ਸਾੜਨ ਸਮੇਂ ਬਚਨ ਕੀਤਾ-

"ਨੀਲ ਵਸਤ੍ਰ ਲੇ ਕਪਰੇ ਫਾਰੇ

ਤੁਰਕ ਪਠਾਣੀ ਅਮਲ ਗਇਆ."ਗੁਰੂ ਸਾਹਿਬ ਦਾ ਨੀਲਾ ਚੋਲਾ ਹੁਣ ਸੋਢੀ ਕੌਲ ਜੀ ਦੀ ਵੰਸ਼ ਦੇ ਸੋਢੀ ਮੱਲ ਸਿੰਘ ਪਾਸ ਹੈ. ਦਰਬਾਰ ਬਣਿਆ ਹੋਇਆ ਹੈ. ਇਸ ਨੂੰ 'ਗੁਰੂਸਰ' ਭੀ ਆਖਦੇ ਹਨ. ਵੈਸਾਖੀ ਨੂੰ ਮੇਲਾ ਹੁੰਦਾ ਹੈ.

ਢਿਲਾ: ਵਿ- ਢੀਲਾ. ਸ਼ਿਥਿਲ. "ਨਵੇ ਸੋਤ ਸਭ ਢਿਲਾ." (ਵਾਰ ਗਉ ੧. ਮਃ ੪) ਦੇਖੋ, ਢਿੱਲਾ.

ਢਿਲੋਂ: ਦੇਖੋ, ਢਿੱਲੋਂ.

ਢਿੱਲ: ਦੇਖੋ, ਢਿਲ ਅਤੇ ਢੀਲ.

ਢਿੱਲਵ, ਢਿੱਲਵਾਂ: ਦੇਖੋ, ਢਿਲਵ, ਢਿਲਵਾਂ ਅਤੇ ਢਿਲਵਾਂ ਕਲਾਂ.

ਢਿੱਲੜ, ਢਿੱਲਾ: ਵਿ- ਸੁਸਤ. ਆਲਸੀ। ੨. ਧਰਮ ਦੀ ਮਰਯਾਦਾ ਤੇ ਪੱਕਾ ਨਾ ਰਹਿਣ ਵਾਲਾ. ਸ਼ਰਾ ਦੀ ਪਾਬੰਦੀ ਨਾ ਰੱਖਣ ਵਾਲਾ.

ਢਿੱਲੀ: ਵਿ- ਢੀਲੀ. ਦੇਖੋ, ਢਿੱਲਾ। ੨. ਸੰਗਯਾ- ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਪ੍ਰੇਮੀ ਸਿੱਖ.

ਢਿੱਲੋਂ: ਇੱਕ ਜੱਟ ਜਾਤਿ. ਇਸ ਦਾ ਨਿਕਾਸ ਸਿਰੋਹਾ ਰਾਜਪੂਤਾਂ ਵਿੱਚੋਂ ਹੈ. ਕਈ ਲੇਖਕਾਂ ਨੇ ਇਨ੍ਹਾਂ ਨੂੰ ਸੂਰਯਵੰਸ਼ੀ ਰਾਜਪੂਤਾਂ ਵਿੱਚੋਂ ਲਿਖਿਆ ਹੈ. ਭੰਗੀ ਮਿਸਲ ਦਾ ਮੁਖੀਆ ਸਰਦਾਰ ਹਰੀ ਸਿੰਘ ਢਿੱਲੋਂ ਸੀ. ਇਸ ਜਾਤੀ ਦੇ ਅਨੇਕ ਪਿੰਡ ਢਿੱਲਵ ਅਥਵਾ ਢਿੱਲਵਾਂ ਨਾਮ ਦੇ ਪ੍ਰਸਿੱਧ ਹਨ. ਦੇਖੋ, ਲੰਗਾਹ.

ਢੀਹ: ਸੰਗਯਾ- ਉੱਚਾ ਟਿੱਲਾ। ੨. ਉੱਚਾ ਕਿਨਾਰਾ.

ਢੀਹਾ: ਸੰਗਜਾ- ਮੋਟਾ ਸੋਟਾ. ਕੁਤਕਾ। ੨. ਉੱਚਾ ਟਿੱਲਾ। ੩. ਢਾਹਾ.

ਢੀਂਗ: ਸੰਗਜਾ- ਢੀਂਗੁਲੀ ਦੇ ਹੇਠ ਬੰਨ੍ਹਿਆ ਵਜ਼ਨ, ਜੋ ਖੂਹ ਵਿੱਚੋਂ ਜਲ ਕੱਢਣ ਸਮੇਂ ਸਹਾਇਤਾ ਦਿੰਦਾ ਹੈ। ੨. ਸੰ. ਢੇਙ੍ਕ ਢੇਂਕ. ਲੰਮੀ ਟੰਗਾਂ ਅਤੇ ਲੰਮੀ ਚੁੰਜ ਵਾਲਾ ਇੱਕ ਪੰਛੀ, ਜੋ ਮਾਸਾਅਹਾਰੀ ਹੈ. ਲਮਢੀਂਗ Adjutant (L. Cicofnia argala). "ਚੋਂਚੈਂ ਬਡੀ ਭਾਂਤ ਜਿਨ ਢੀਂਗਾ." (ਚਰਿਤ੍ਰ ੪੦੫) ਲਮਢੀਂਗ ਖ਼ਾਸ ਕਰਕੇ ਸੱਪ ਦਾ ਸ਼ਿਕਾਰ ਕਰਦਾ ਹੈ, ਇਸ ਲਈ ਇਸ ਦਾ ਮਾਰਨਾ ਵਰਜਿਤ ਹੈ.

ਢੀਂਗਰ: ਸੰਗਜਾ- ਮੋੜ੍ਹਾ. ਕੰਡਿਆਂ ਵਾਲਾ ਛਾਪਾ। ੨. ਭਾਵ- ਕੰਡਿਆਂ ਵਾਂਙ ਚੰਬੜਨ ਵਾਲਾ ਆਦਮੀ.

ਢੀਂਗਲੀ, ਢੀਂਗੁਲੀ: ਸੰਗਜਾ- ਢਿਊਂਗਲੀ. ਢੇਂਕਲੀ. ਪਾਣੀ ਸਿੰਜਣ ਦਾ ਇੱਕ ਯੰਤ੍ਰ. ਦੋ ਖੜੀਆਂ ਲੱਕੜਾਂ ਵਿੱਚ ਇੱਕ ਆੜੀ ਲੱਕੜ ਦੇ ਆਧਾਰ ਲੰਮੀ ਬੱਲੀ, ਜਿਸ ਦੇ ਹੇਠਲੇ ਪਾਸੇ ਇੱਟ ਪੱਥਰ ਆਦਿ ਦਾ ਵਜ਼ਨ ਬੰਨ੍ਹੀਦਾ ਹੈ ਅਤੇ ਉੱਪਰਲੇ ਸਿਰੇ ਨਾਲ ਡੋਲ ਬੋਕਾ ਆਦਿ. ਰੱਸੀ ਨਾਲ ਉੱਪਰਲਾ ਸਿਰਾ ਝੁਕਾਕੇ ਪਾਣੀ ਨਾਲ ਬੋਕਾ ਭਰੀਦਾ ਹੈ ਅਤੇ ਹੇਠਲੇ ਪਾਸੇ ਬੰਨ੍ਹਿਆ ਬੋਝ ਆਪਣੇ ਆਪ ਹੀ ਜਦ ਹੇਠ ਨੂੰ ਜਾਂਦਾ ਹੈ ਤਦ ਪਾਣੀ ਭਰਿਆ ਪਾਤ੍ਰ ਬਾਹਰ ਆ ਜਾਂਦਾ ਹੈ. ਜਿੱਥੇ ਪਾਣੀ ਦੀ ਗਹਿਰਾਈ ਜਾਦਾ ਨਹੀਂ ਹੁੰਦੀ, ਉੱਥੇ ਢੀਂਗੁਲੀ ਨਾਲ ਪਾਣੀ ਸਿੰਜਕੇ ਖੇਤੀਵਾੜੀ ਕਰਦੇ ਹਨ. Shadoof.

ਢੀਟ: ਸੰਗਜਾ- ਰੇਖਾ. ਲਕੀਰ. ਦੇਖੋ, ਡੀਡ.

ਢੀਠ: ਸੰ. ਧ੍ਰਿਸ਼ਟ ਧ੍ਰਿਸ਼੍ਟ. ਵਿ- ਬੇਅਦਬ। ੨. ਨਿਡਰ. ਨਿਧੜਕ। ੩. ਨਿਰਲੱਜ. "ਪਾਵਉ ਦਾਨ ਢੀਠ ਹੋਇ ਮਾਂਗਉ." (ਸੂਹੀ ਮਃ ੫) ੪. ਇੱਕ ਥਾਂ ਧੀਰਯ ਲਈ ਢੀਠ ਸ਼ਬਦ ਆਇਆ ਹੈ:-

"ਤਾਂਕੋ ਢੀਠ ਬੰਧਾਯਕੈ." (ਚਰਿਤ੍ਰ ੬੨)

ਢੀਠਤੁ, ਢੀਠਤ੍ਵ: ਸੰ. ਧ੍ਰਿਸ਼ਟਤਾ ਧ੍ਰਿਸ਼੍ਟਤਾ. ਸੰਗਜਾ- ਢੀਠਪਨ. ਬੇਅਦਬੀ. ਢੀਠਾਈ। ੨. ਬੇਖ਼ੌਫ਼ੀ. ਨਿਡਰਤਾ. "ਢੀਠਤੁ ਆਪਨ ਚਿਤ ਮੇ ਗਹੀਅਹੁ." (ਚਰਿਤ੍ਰ ੬੨) ੩. ਨਿਰਲੱਜਤਾ. ਬੇਹ਼ਯਾਈ.

ਢੀਠਾ: ਸੰਗਜਾ- ਢੀਠਪਨ. ਢੀਠਤ੍ਵ. "ਬਿਨਸਿਓ ਢੀਠਾ ਅੰਮ੍ਰਿਤ ਵੂਠਾ." (ਧਨਾ ਮਃ ੫) "ਬਿਨਸਿਓ ਮਨ ਕਾ ਮੂਰਖੁ ਢੀਠਾ." (ਆਸਾ ਮਃ ੫) ਮਨ ਦਾ ਮੂਰਖਤ੍ਵ ਅਤੇ ਢੀਠਤ੍ਵ ਬਿਨਸਿਓ। ੨. ਵਿ- ਢੀਠ. ਢੀਠਤਾ ਵਾਲਾ. ਬੇਅਦਬ। ੩. ਨਿਰਲੱਜ.

ਢੀਠਾਈ: ਦੇਖੋ, ਢੀਠਤ੍ਵ. "ਇਹ ਹਉਮੈ ਕੀ ਢੀਠਾਈ." (ਮਲਾ ਮਃ ੫)

ਢੀਠੇ: ਵਿ- ਢੀਠਤਾ ਵਾਲੇ. ਦਖੋ, ਢੀਠ. "ਕਾਮ ਕ੍ਰੋਧ ਬਿਨਸੇ ਮਦ ਢੀਢੇ." (ਟੋਡੀ ਮਃ ੫)

ਢੀਡਾ, ਢੀਢਾ: ਸੰਗਜਾ- ਗੁਲੇਲਾ। ੨. ਗੋਲ ਪੱਥਰ। ੩. ਸਿੰਧੀ. ਢੀਢੁ. ਇੱਕ ਚਮਾਰ ਜਾਤੀ. ਭਾਵ- ਨੀਚ. "ਹਮ ਢੀਢੇ ਢੀਮ ਬਹੁਤ ਅਤਿ ਭਾਰੀ." (ਬਸੰ ਮਃ ੪)

ਢੀਮ: ਸੰਗਜਾ- ਮਿੱਟੀ ਦਾ ਡਲਾ. ਢੇਮ। ੨. ਭਾਵ ਜੜ੍ਹਮਤਿ.

ਢੀਲ: ਸੰਗਜਾ- ਸੁਸ੍ਤੀ। ੨. ਦੇਰੀ. ਚਿਰ. ਢਿੱਲ. "ਢੀਲ ਨ ਪਰੀ ਜਾ ਗੁਰੁ ਫੁਰਮਾਏ." (ਗਉ ਮਃ ੫)

ਢੀਲਾ: ਵਿ- ਸੁਸ੍ਤ. ਆਲਸੀ. "ਲਾਹੇ ਕਉ ਤੂੰ ਢੀਲਾ ਢੀਲਾ." (ਆਸਾ ਮਃ ੫) ੨. ਦੇਖੋ, ਢਿੱਲਾ ੨। ੩. ਦੇਖੋ, ਢੀਲਿਆ। ੪. ਸੰਗਜਾ- ਬਿਲੰਬ. ਦੇਰੀ. "ਇਕੁ ਨਿਮਖ ਨ ਕੀਜੈ ਢੀਲਾ." (ਗੂਜ ਮਃ ੫) ੫. ਸ਼ਾਹਪੁਰ ਦੇ ਜਿਲੇ ਇਕ ਕਾਸ਼ਤਕਾਰ ਜਾਤਿ.

ਢੀਲਿਆ: ਵਿ- ਆਜ਼ਾਦ. ਬੰਧਨ ਰਹਿਤ. "ਇਕਿ ਬਾਂਧੇ ਇਕਿ ਢੀਲਿਆ ਇਕਿ ਸੁਖੀਏ ਹਰਿਪ੍ਰੀਤਿ. (ਵਾਰ ਮਾਰੂ ੧. ਮਃ ੪)

ਢੁਕਣਾ, ਢੁਕਨਾ: ਸੰ. ਢੌਕ੍. ਧਾ- ਜਾਣਾ। ੨. ਕ੍ਰਿ- ਨੇੜੇ ਪਹੁਚਣਾ। ੩. ਜੰਞ ਦਾ ਲਾੜੀ ਦੇ ਪਿੰਡ ਅਤੇ ਘਰ ਤੇ ਸਜਧਜ ਨਾਲ ਅੱਪੜਨਾ.

ਢੁਕਾਉ: ਸੰਗਯਾ- ਢੁਕਣ ਦਾ ਭਾਵ। ੨. ਜਨੇਤੀਆਂ ਦਾ ਕੁੜਮਾਂ ਦੇ ਪਿੰਡ ਅਤੇ ਘਰ ਪਹੁਚਣ ਦਾ ਕਰਮ. "ਤਬ ਪਹੁਚੇ ਤਿਹ ਪੁਰ ਨਿਕਟ ਕਰਨੋ ਜਹਾਂ ਢੁਕਾਉ." (ਨਾਪ੍ਰ)

ਢੁੱਚਰ: ਸੰਗਯਾ-. ਹੁੱਜਤ. ਤਰਕ। ੨. ਰੁਕਾਵਟ. ਪ੍ਰਤਿਬੰਧ.

ਢੁੰਡਾ: ਸੰ. ਢुण्डा ਸੰਗਯਾ- ਪੁਰਾਣਕਥਾ ਅਨੁਸਾਰ ਹਿਰਨਜਕਸ਼ਿਪੁ ਦੀ ਭੈਣ, ਜਿਸ ਦਾ ਦੂਜਾ ਨਾਮ ਹੋਲਿਕਾ ਹੈ. ਇਸ ਨੂੰ ਸ਼ਿਵ ਦਾ ਵਰ ਸੀ ਕਿ ਉਹ ਕਦੇ ਅੱਗ ਵਿੱਚ ਨਹੀਂ ਸੜੇਗੀ. ਢੁੰਡਾ ਪ੍ਰਹਲਾਦ ਨੂੰ ਗੋਦੀ ਲੈ ਕੇ ਅੱਗ ਵਿੱਚ ਬੈਠ ਗਈ, ਪ੍ਰਹਲਾਦ ਕਰਤਾਰ ਦੀ ਕ੍ਰਿਪਾ ਨਾਲ ਬਚ ਗਿਆ ਅਤੇ ਢੁੰਡਾ ਸੁਆਹ ਦੀ ਢੇਰੀ ਹੋ ਗਈ. ਹਿੰਦੂ ਲੋਕ ਹੋਰੀ (ਹੋਲਿਕਾ) ਦੇ ਦਿਨਾਂ ਵਿੱਚ ਇਸੇ ਢੁੰਡਾ ਦੀ ਸੁਆਹ ਉਡਾਇਆ ਕਰਦੇ ਹਨ.

ਢੁੰਡਿ, ਢੁੰਡਿਰਾਜ: ਸੰ. ਸੰਗਯਾ- ਗਣੇਸ਼. ਗਜਾਨਨ. ਕਾਸ਼ੀਖੰਡ ਵਿੱਚ ਲਿਖਿਆ ਹੈ ਕਿ ਸਾਰੇ ਵਿਦਯਾ- ਤਤ੍ਵ ਗਣੇਸ਼ ਦੇ ਢੂੰਢੇ ਹੋਏ ਹਨ, ਇਸ ਲਈ ਇਹ ਨਾਮ ਹੈ.

ਢੁੰਢਾਰ: ਜੈਪੁਰ ਦੇ ਆਸ ਪਾਸ ਦਾ ਇਲਾਕਾ.

ਢੁੰਮਣਢਾਣਾ: ਟੋਲਾ ਝੁੰਡ ਗਰੋਹ, ਜਥਾ.

ਢੁਰਨਾ: ਕ੍ਰਿ- ਢਲਣਾ. ਟਪਕਣਾ. ਵਹਿਣਾ। ੨. ਘੁੰਮਣਾ. ਫਿਰਨਾ। ੩. ਰੁੜ੍ਹਨਾ. ਢਲਕਣਾ। ੪. ਰੀਝਣਾ. ਪਸੀਜਣਾ.

ਢੁਰਾਨਾ, ਢੁਰਾਵਨ: ਕ੍ਰਿ- ਹੇਠਾਂ ਨੂੰ ਵਹਾਉਣਾ। ੨. ਨਿਵਾਣ ਵੱਲ ਰੋੜ੍ਹਨਾ। ੩. ਹਿਲਾਉਣਾ. ਕੰਬਾਉਣਾ. "ਸੁਨ ਸੀਸ ਢੁਰਾਵਹਿ." (ਕ੍ਰਿਸਨਾਵ)

ਢੁਰਿ: ਢਲਕੇ. ਦ੍ਰਵ ਹੋਕੇ. "ਤਿਉ ਢੁਰਿ ਮਿਲਿਓ ਜੁਲਾਹੋ." (ਧਨਾ ਕਬੀਰ) ੨. ਰੁੜ੍ਹਕੇ। ੩. ਰੀਝਕੇ. ਪਸੀਜਕੇ. ਦੇਖੋ, ਢੁਰਨਾ.

ਢੁਲਕਣਾ: ਕ੍ਰਿ- ਹੇਠ ਵੱਲ ਖਿਸਕਣਾ. ਰੁੜ੍ਹਨਾ। ੨. ਹਿੱਲਣਾ. ਫਿਰਨਾ. ਕੰਬਣਾ. "ਢੁਲਕੈ ਚਵਰ." (ਰਾਮ ਬੇਣੀ)

ਢੁਲਨਾ: ਕ੍ਰਿ- ਲੁੜਕਣਾ. ਫਿਸਲਣਾ। ੨. ਏਧਰ- ਓਧਰ ਹਿੱਲਣਾ. ਲਹਰਾਉਣਾ. "ਚਵਰੁ ਸਿਰਿ ਢੁਲੈ." (ਸਵੈਯੇ ਮਃ ੫. ਕੇ) ੩. ਦ੍ਰਵਣਾ. ਪਿਘਲਣਾ। ੪. ਰੀਝਣਾ. ਪ੍ਰਸੰਨ ਹੋਣਾ.

ਢੁਲਾਉਣਾ, ਢੁਲਾਨਾ, ਢੁਲਾਵਨ: ਕ੍ਰਿ- ਹੇਠਾਂ ਨੂੰ ਰੋੜ੍ਹਾ। ੨. ਏਧਰ ਓਧਰ ਹਿਲਾਉਣਾ. ਲਹਰਾਉਣਾ। ੩. ਝੁਕਾਉਣਾ. "ਪਾਇਨ ਸੀਸ ਢੁਲਾਇਰਹੀ." (ਕ੍ਰਿਸਨਾਵ) ੪. ਢੋਣ ਦੀ ਕ੍ਰਿਯਾ ਕਰਾਉਣਾ. ਢੁਆਉਂਣਾ

ਢੁਲਿ: ਕ੍ਰਿ. ਵਿ- ਦ੍ਰਵਕੇ. ਢਲਕੇ. ਦ੍ਰਵੀਭੂਤ ਹੋਕੇ. "ਹਰਿ ਤੁਠੈ ਢੁਲਿ ਢੁਲਿ ਮਿਲੀਆ." (ਗਉ ਮਃ ੪) "ਓਹ ਸੁੰਦਰਿ ਹਰਿ ਢੁਲਿ ਮਿਲੀ." (ਦੇਵ ਮਃ ੪)

ਢੁਵੰਤਾ: ਕ੍ਰਿ. ਵਿ- ਢੋਵੰਤਾ. ਢੋਂਦਾ. "ਰਵਿਦਾਸ ਢੁਵੰਤਾ ਢੋਰ ਨੀਤ." (ਆਸਾ ਧੰਨਾ)

ਢੂਸਰ: ਬਾਣੀਆਂ ਦੀ ਇੱਕ ਜਾਤਿ. ਵੈਸ਼੍ਯ ਜਾਤਿ ਦਾ ਇੱਕ ਭੇਦ। ੨. ਕਈ ਢੂਸਰ ਆਪਣੇ ਤਾਈਂ ਬ੍ਰਾਹਮਣ ਜਾਤਿ ਵਿੱਚੋਂ ਮੰਨਦੇ ਹਨ.

ਢੂਹ: ਸੰਗਯਾ- ਆਧਾਰ. ਆਸਰਾ। ੨. ਪਿੱਠ. ਪ੍ਰਿਸ਼੍ਠ। ੩. ਦੇਖੋ, ਢੂਹੀ.

ਢੂਹਾ, ਢੂਹੀ: ਸੰਗਯਾ- ਪਿੱਠ. ਪ੍ਰਿਸ਼੍ਠ. ਪੀਠ। ੨. ਗੁਦਾ। ੩. ਚਿੱਤੜ. ਨਿਤੰਬ.

ਢੂਕਨਾ: ਦੇਖੋ, ਢੁਕਣਾ.

ਢੂੰਡ: ਦੇਖੋ, ਢੂੰਢ। ੨. ਡਿੰਗ. ਸੰਗਯਾ- ਪਹਾੜੀ ਟਿੱਲਾ। ੩. ਟਿੱਬੇ ਦੀ ਸ਼ਕਲ ਦੀ ਛੋਟੀ ਪਹਾੜੀ.

ਢੂੰਡਨਾ: ਦੇਖੋ, ਢੂੰਢਨਾ.

ਢੂੰਡੀਆ: ਵਿ- ਖੋਜੀ. ਮੁਤਲਾਸ਼ੀ. ਜਿਗਜਾਸੁ। ੨. ਸੰਗਜਾ- ਜੈਨ ਸਾਧੂ, ਜੋ ਮੂੰਹ ਤੇ ਪੱਟੀ ਬੰਨ੍ਹਕੇ ਰਖਦਾ ਹੈ. ਰਾਜਪੂਤਾਨੇ ਦੀ ਡਿੰਗਲਭਾਸ਼ਾ ਵਿੱਚ ਢੂੰਡ ਨਾਮ ਪਹਾੜੀ ਟਿੱਬੇ ਦਾ ਹੈ, ਉਸ ਪੁਰ ਜੈਨੀ ਸਾਧੂ ਨਗਰ ਤਜਾਗਕੇ ਨਿਵਾਸ ਕੀਤਾ ਕਰਦੇ ਸਨ, ਇਸ ਲਈ ਇਹ ਸੰਗਜਾ ਹੋ ਗਈ. ਇਹ ਜੈਨੀਆਂ ਦਾ "ਸ਼੍ਵੇਤਾਂਬਰ" ਫ਼ਿਰਕ਼ਾ ਹੈ. ਦੇਖੋ, ਜੈਨੀ.

ਢੂੰਢ: ਸੰ. ਫੁਾਫ੍ ਢੁੰਢ੍. ਧਾ- ਢੂੰਢਣਾ, ਖੋਜਣਾ। ੨. ਸੰਗਜਾ- ਭਾਲ. ਤਲਾਸ਼. "ਢੂੰਢ ਵੰਞਾਈ ਥੀਆ ਥਿਤਾ." (ਵਾਰ ਰਾਮ ੨. ਮਃ ੫) ਭਾਲ (ਤਲਾਸ਼) ਮਿਟ ਗਈ, ਮਨ ਇਸਥਿਤ ਹੋ ਗਿਆ.

ਢੂਢਣਾ, ਢੂੰਢਣੁ, ਢੂੰਢਨਾ: ਕ੍ਰਿ- ਟੋਲਣਾ. ਭਾਲਣਾ. ਖੋਜਣਾ. "ਢੂੰਢਨ ਇਆ ਮਨ ਮਾਹਿ." (ਬਾਵਨ) "ਅਬ ਢੂੰਢਨ ਕਤਹੁ ਨ ਜਾਈ." (ਸੋਰ ਮਃ ੫) "ਢੂਢੇਦੀਏ ਸੁਹਾਗ ਕੂ." (ਸ. ਫਰੀਦ)

ਢੂਢਾਈ: ਸੰਗਜਾ- ਢੂੰਢਣ ਦੀ ਕ੍ਰਿਯਾ. ਖੋਜ. ਭਾਲ. ਤਲਾਸ਼.

ਢੂਢਿਮੁ: ਦੇਖੋ, ਢੰਢੋਲਿਮੁ.

ਢੂੰਢੀਆ: ਦੇਖੋ, ਢੂੰਡੀਆ.

ਢੂਲ: ਸੰਗਜਾ- ਆਧਾਰ. ਆਸਰਾ। ੨. ਢੁਲਣ ਦਾ ਭਾਵ. ਝੂਲ. ਲਹਿਰਾਉ. "ਚਉਰਢੂਲ ਜਾਚੈ ਹੈ ਪਵਣੁ." (ਮਲਾ ਨਾਮਦੇਵ)

ਢੂਲਾ: ਸੰਗਜਾ- ਡਾਟ ਦਾ ਕਲਬੂਤ (ਕਾਲਬੁਦ). ਡਾਟ ਦਾ ਆਧਾਰ.

ਢੇਉ: ਸੰਗਜਾ- ਤਰੰਗ. ਲਹਿਰ। ੨. ਨਦੀ ਦਾ ਬਾਢ (ਚੜ੍ਹਾਉ). ੩. ਇੱਕ ਬਿਰਛ ਅਤੇ ਉਸ ਦਾ ਫਲ. ਇਹ ਗਾੜ੍ਹੀ ਛਾਂ ਵਾਲਾ ਸੁੰਦਰ ਦਰਖ਼ਤ ਹੈ. ਢੇਉ ਗਰਮ ਦੇਸਾਂ ਵਿੱਚ ਹੁੰਦਾ ਹੈ. ਇਸ ਦੇ ਫਲਾਂ ਦਾ ਅਚਾਰ ਪੈਂਦਾ ਹੈ. L. Artocarpus Integrifolia । ੪. ਉਹ ਲਾਟੂ ਜਿਸ ਨੂੰ ਘੁਮਾਕੇ ਉੱਨ ਆਦਿਕ ਦਾ ਡੋਰਾ ਵੱਟੀਦਾ ਹੈ। ੫. ਵਿ- ਬੇਸਮਝ.

ਢੇਸੀ: ਇੱਕ ਜੱਟ ਜਾਤਿ. ਅਮ੍ਰਿਤਸਰ ਦੇ ਜਿਲੇ ਢੇਸੀ ਵਿਸ਼ੇਸ਼ ਪਾਈਦੇ ਹਨ। ੨. ਇੱਕ ਬ੍ਰਾਹਮਣ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਪਰਮਪਦ ਨੂੰ ਪ੍ਰਾਪਤ ਹੋਇਆ.

ਢੇਂਕਲੀ: ਦੇਖੋ, ਢੀਂਗੁਲੀ.

ਢੇਡ: ਦੇਖੋ, ਢੇਢ.

ਢੇਡੀ: ਸਜਾਹਚਸ਼ਮ ਇੱਕ ਸ਼ਿਕਾਰੀ ਪੰਛੀ, ਜੋ ਬਹਰੀਬੱਚੇ ਤੋਂ ਕੱਦ ਵਿੱਚ ਜਰਾ ਛੋਟੀ ਹੁੰਦੀ ਹੈ. ਇਹ ਵਿਦੇਸੀ ਹੈ. ਸਰਦੀਆਂ ਵਿੱਚ ਪੰਜਾਬ ਆਉਂਦੀ ਹੈ. ਇਸ ਨੂੰ ਕੋਈ ਸ਼ਿਕਾਰ ਲਈ ਨਹੀਂ ਪਾਲਦਾ. ਇਸ ਦਾ ਗੁਜਾਰਾ ਸਾਨ੍ਹੇ, ਚਾਮਚੜਿੱਕਾਂ ਅਤੇ ਚੂਹੇ ਖਾਕੇ ਹੁੰਦਾ ਹੈ.

ਢੇਢ: ਸੰਗਜਾ- ਕਾਉਂ. ਕਾਗ।੨ ਚਮਾਰ. ਮੁਰਦੇ ਦਾ ਮਾਸ ਖਾਣ ਵਾਲਾ ਨੀਚ. "ਏ ਪੰਡੀਆ ਮੋ ਕਉ ਢੇਢ ਕਹਤ." (ਮਲਾ ਨਾਮਦੇਵ) ੩. ਵਿ- ਮੂਰਖ.

ਢੇਬੂਆ: ਦੇਖੋ, ਢਉਆ ਅਤੇ ਢਬੂਆ.

ਢੇਮ: ਦੇਖੋ, ਢੀਮ. "ਮਤ ਕੋਊ ਮਾਰੈ ਈਟ ਢੇਮ." (ਬਸੰ ਕਬੀਰ)

ਢੇਰ: ਸੰਗਜਾ- ਅੰਬਾਰ. ਗੰਜ। ੨. ਟਿੱਬਾ. ਟਿੱਲਾ. "ਖਾਲੀ ਰਹੇ ਢੇਰ ਜਿਉ ਪਾਨੀ." (ਗੁਵਿ ੧੦) ੩. ਵਿ- ਬਹੁਤ. ਅਧਿਕ.

ਢੇਰਨਾ: ਦੇਖੋ, ਢੇਰਾ ੧.

**ਢੇਰਾ:** ਸੰਗਜਾ- ਸੂਤ ਵੱਟਣ ਦਾ ਲਾਟੂ. ਢੇਰਨਾ। ੨. ਮੋਟੀ ਜੂੰ. ਵਡੀ ਯੂਕਾ.

**ਢੇਰੀ:** ਸੰਗਜਾ- ਛੋਟਾ ਢੇਰ. "ਅੰਬਾਰ. "ਦੂਜੇਭਾਵ ਕੀ ਮਾਰਿ ਵਿਡਾਰੀ ਢੇਰੀ." (ਵਾਰ ਬਿਹਾ ਮਃ ੪) ੨. ਵਿ- ਅਹੰਕਾਰੀ. "ਢੇਰੀ ਜਾਮੈ, ਜਮਿ ਮਰੈ." (ਬਾਵਨ)

**ਢੇਰੀ ਢਾਹੁਣੀ:** ਕ੍ਰਿ- ਮਨੋਰਾਜ ਦੀ ਰਚਨਾ ਮਿਟਾਉਣੀ. ਸੰਕਲਪ ਤਜਾਗਣਾ। ੨. ਹੌਸਲਾ ਹਾਰਨਾ। ੩. ਖ਼ੁਦੀ ਦਾ ਤਜਾਗ ਕਰਨਾ. "ਢੇਰੀ ਢਾਹਹੁ ਸਾਧ ਸੰਗਿ." (ਬਾਵਨ)

**ਢੇਲੜੀ:** ਡਿੰਗ. ਸੰਗਜਾ- ਪ੍ਰਿਥਿਵੀ. ਜ਼ਮੀਨ। ੨. ਰੋੜੀ. ਡਲੀ. ਦੇਖੋ. ਢੇਲਾ.

**ਢੇਲੜੀਪਤਿ:** ਡਿੰਗ. ਸੰਗਜਾ- ਰਾਜਾ. ਢੇਲੜੀ (ਪ੍ਰਿਥਿਵੀ) ਦਾ ਸ੍ਵਾਮੀ। ੨. ਜਿਮੀਂਦਾਰ.

**ਢੇਲਾ:** ਸੰਗਜਾ- ਡਲਾ. ਢੀਮ.

**ਢੇਲਾ ਕਰਨਾ:** ਕ੍ਰਿ- ਮੂਤ੍ਰ ਤਜਾਗਕੇ ਅੰਗ ਨਾਲ ਲਗੀ ਬੂੰਦਾਂ ਨੂੰ ਢੇਲੇ ਨਾਲ ਖ਼ੁਸ਼ਕ ਕਰਨਾ. ਇਹ ਕ੍ਰਿਯਾ ਮੁਸਲਮਾਨਾਂ ਵਿੱਚ ਪਾਈ ਜਾਂਦੀ ਹੈ. ਦੇਖੋ, ਇਸਤਿੰਜਾ.

**ਢੇਲਾਚੌਥਿ:** ਦੇਖੋ, ਪੱਥਰਚੌਥਿ.

**ਢੈਣਾ:** ਦੇਖੋ, ਢਹਣਾ.

**ਢੈਯਾ:** ਦੇਖੋ, ਢਈਆ.

**ਢੈਲਾ:** ਵਿ- ਢਿੱਲਾ. ਸੁਸਤ। ੨. ਮੁਰਝਾਇਆ ਹੋਇਆ। ੨. ਢਲਕਿਆ ਹੋਇਆ.

**ਢੋ:** ਆਸਰਾ. ਸਹਾਰਾ। ੨. ਢੋਣਾ ਕ੍ਰਿਯਾ ਦਾ ਅਮਰ. ਜਿਵੇਂ- ਬੂਹਾ ਢੋ ਦਿਓ, ਇੱਟਾਂ ਢੋ ਲਓ.

**ਢੋਅ:** ਸੰਗਜਾ- ਪਨਾਹ. "ਦਰਿ ਢੋਅ ਨ ਲਹਿਨੀ." (ਵਾਰ ਆਸਾ) ੨. ਰਸਾਈ. ਪਹੁਚ। ੩. ਧਾਵਾ. ਹ਼ਮਲਾ. "ਤਿਬੈ ਢੋਅ ਕੈ ਕੈ ਸੁ ਨੀਕੇ ਸਿਧਾਯੰ." (ਵਿਚਿਤ੍ਰ)

**ਢੋਆ:** (ਦੇਖੋ, ਢੌਕ. ਧਾ) ਸੰਗਜਾ- ਢੁਕਾਉ. ਬਰਾਤ ਦੇ ਢੁੱਕਣ ਦਾ ਭਾਵ. "ਮਿਲਿ ਇਕਤ੍ਰ ਹੋਏ ਸਹਜਿ ਢੋਏ." (ਬਿਲਾ ਛੰਤ ਮਃ ੫) ੨. ਮੁਲਾਕ਼ਾਤ. ਮਿਲਾਪ. "ਖਟੁ ਦਰਸਨ ਕਰਿ ਗਏ ਗੋਸਟਿ ਢੋਆ." (ਤੁਖਾ ਛੰਤ ਮਃ ੪) ੩. ਆਸਰਾ. ਆਧਾਰ. "ਸਚੇ ਦਾ ਸਚਾ ਢੋਆ." (ਸੋਰ ਮਃ ੫) ੪. ਧਾਵਾ. ਹੱਲਾ. "ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ." (ਵਾਰ ਬਸੰ) ੫. ਲਾੜੀ ਲਈ ਵਿਆਹ ਤੋਂ ਪਹਿਲਾਂ ਵਰ ਵੱਲੋਂ ਭੇਜਿਆ ਵਸਤ੍ਰ ਭੂਸ਼ਣ ਆਦਿ ਸਾਮਾਨ। ੬. ਪੇਸ਼ਕਸ਼. ਭੇਟਾ ਲਈ ਪੇਸ਼ ਕੀਤਾ ਸਾਮਾਨ.

**ਢੋਇ:** ਦੇਖੋ, ਢੋਅ। ੨. ਢੋਕਰ. ਢੋਕੇ.

**ਢੋਇਆ:** ਦੇਖੋ, ਢੋਣਾ.

**ਢੋਈ:** ਸੰਗਜਾ- ਓਟ. ਪਨਾਹ. "ਜਾਕਉ ਮੁਸਕਲ ਅਤਿ ਬਣੈ, ਢੋਈ ਕੋਇ ਨ ਦੇਇ." (ਸ੍ਰੀ ਅਃ ਮਃ ੫) ੨. ਦਾਖ਼ਲ. ਪ੍ਰਵੇਸ਼. "ਹਰਿਦਰਗਹ ਢੋਈ ਨਾ ਲਹਨਿ." (ਬਿਹਾ ਛੰਤ ਮਃ ੪) ੩. ਹੱਲਾ. ਧਾਵਾ. "ਕਰੋਂ ਕਜੋਂ ਨ ਢੋਈ?" (ਗੁਪ੍ਰਸੂ) ੪. ਦੇਖੋ, ਢੋਣਾ.

**ਢੋਹਣਾ:** ਦੇਖੋ, ਢੋਣਾ.

**ਢੋਕਾ:** ਸੰਗਜਾ- ਬਾਜ਼ ਦੀਆਂ ਅੱਖਾਂ ਪੁਰ ਦਿੱਤਾ ਚੰਮ ਦਾ ਟੋਪਾ. ਅੰਧੇਰੀ. "ਢੋਕੇ ਛੁਟੇ ਤੇ ਮਹਾਂ ਛੁਧਵਾਨ ਕਿਧੌਂ ਚਕਵਾ ਉਠ ਬਾਜਹਿਂ ਮਾਰਜੋ." (ਕ੍ਰਿਸਨਾਵ) ਦੇਖੋ, ਸ਼ਿਕਾਰੀ ਪੰਛੀ ਸ਼ਬਦ ਦੇ ਚਿਤ੍ਰਾਂ ਵਿੱਚ ਬਾਜ਼ (ਅ)

ਢੋਟਾ, ਢੋਟੀ: ਵ੍ਰਜ. ਸੰਗਜ੍ਞਾ- ਬਾਲਕ. ਲੜਕਾ. ਢਟੋਨਾ. ਲੜਕੀ.

ਢੋਣਾ, ਢੋਨਾ: (ਦੇਖੋ, ਢੌਕ ਧਾ). ਕ੍ਰਿ- ਭਾਰੀ ਵਸਤੁ ਨੂੰ ਇੱਕ ਥਾਂ ਤੋਂ ਦੂਜੇ ਥਾਂ ਸਿਰ ਪੁਰ ਚੁੱਕ ਕੇ ਜਾਂ ਲੱਦ ਕੇ ਲੈ ਜਾਣਾ. ਵਹਨ ਕਰਨਾ. ਲੈ ਜਾਣਾ। ੨. ਸਾਮ੍ਹਣੇ ਕਰਨਾ. ਪੇਸ਼ ਕਰਨਾ. "ਓਥੈ ਪਕੜਿ ਓਹ ਢੋਇਆ." (ਵਾਰ ਗਊ ੧. ਮਃ ੪) ੩. ਭੇੜਨਾ. ਬੰਦ ਕਰਨਾ. ਦੇਖੋ, ਢੋ ੨.

ਢੋਰ: ਸੰ. ਧੁਰਯੰ. ਸੰਗਜ੍ਞਾ- ਹਲ ਗੱਡੇ ਆਦਿ ਵਿੱਚ ਜੋਤਣ ਲਾਇਕ਼ ਪਸ਼ੂ. "ਅਨਿਕ ਰਸਾ ਖਾਏ ਜੈਸੇ ਢੋਰ." (ਗਉ ਮਃ ੫) ਦੇਖੋ, ਪਸੁਢੋਰ.

ਢੋਰਣਾ, ਢੋਰਨਾ: ਕ੍ਰਿ- ਢਲਕਾਉਂਣਾ. ਵਹਾਉਂਣਾ. ਟਪਕਾਉਂਣਾ. "ਦ੍ਰਿਗ ਢੋਰਤ ਹੇਰਤ ਨੰਦ ਦੁਖੀ." (ਗੁਪ੍ਰਸੂ) ੨. ਫੇਰਨਾ. ਲਹਰਾਉਂਣਾ. "ਚਮਰ ਸੀਸ ਪੈ ਢੋਰਤ." (ਗੁਪ੍ਰਸੂ)

ਢੋਰਾ: ਦੇਖੋ, ਢੋਰ। ੨. ਛੋਲਿਆਂ ਨੂੰ ਖਾਣ ਵਾਲਾ ਕੀੜਾ. ਕੋਠੇ ਵਿੱਚ ਰੱਖੇ ਛੋਲਿਆਂ ਨੂੰ ਇਹ ਕੀੜਾ ਖਾਕੇ ਬਹੁਤ ਨੁਕ਼ਸਾਨ ਕਰਦਾ ਹੈ. ਜੇ ਦਾਣਿਆਂ ਉੱਪਰ ਸੁਆਹ ਪਾਕੇ ਹਵਾ ਬੰਦ ਕਰ ਦਿੱਤੀ ਜਾਵੇ, ਤਦ ਇਹ ਮਰ ਜਾਂਦਾ ਹੈ.

ਢੋਲ: ਸੰ. ਸੰਗਜ੍ਞਾ- ਵਿੱਚੋਂ ਖੋਦੀ ਅਤੇ ਲੰਮੀ ਗੋਲ ਲਕੜੀ ਦੇ ਦੋਹੀਂ ਪਾਸੀਂ ਚਮੜਾ ਮੜ੍ਹਕੇ ਇਹ ਸਾਜ ਬਣਾਇਆ ਜਾਂਦਾ ਹੈ. ਇਸ ਮ੍ਰਿਦੰਗ ਜੇਹੇ ਬਾਜੇ ਨੂੰ ਖ਼ਮਦਾਰ ਲੱਕੜ ਦੇ ਡੱਗਿਆਂ ਨਾਲ ਗਲ ਵਿੱਚ ਲਟਕਾਕੇ ਵਜਾਉਂਦੇ ਹਨ. ਫ਼ਾ. دہل ਦੁਹਲ.

ਢੋਲਕ, ਢੋਲਕੀ: ਸੰਗਜ੍ਞਾ- ਛੋਟਾ ਢੋਲ (ਦੁਹਲ).

ਢੋਲਚੀ: ਸੰਗਜ੍ਞਾ- ਢੋਲ ਬਜਾਉਂਣ ਵਾਲਾ. ਦੁਹਲਚੀ.

ਢੋਲਨ, ਢੋਲਾ: ਵਿ- ਪਿਆਰਾ. "ਭਾਖੈਂ, ਢੋਲਨ ਕਹਾਂ ਰੇ?" (ਰਾਮਾਵ) "ਸਦਰੰਗ ਢੋਲਾ." (ਸੂਹੀ ਮਃ ੧) ੨. ਸੰਗਜ੍ਞਾ- ਪਤਿ. ਦੁਲਹਾ. ਲਾੜਾ.

ਢੋਲਾਰਨ, ਢੋਲਾਵਨ: ਦੇਖੋ, ਢੁਰਾਵਨ, ਢੁਲਾਵਨ ਅਤੇ ਢੋਰਨ. "ਨਾਮ ਤੇਰਾ ਤੁਹੀ ਚਵਰ ਢੋਲਾਰੇ." (ਧਨਾ ਰਵਿਦਾਸ) "ਦੇਉ ਸੂਹਨੀ ਸਾਧੁ ਕੈ ਬੀਜਨੁ ਢੋਲਾਵਉ." (ਬਿਲਾ ਮਃ ੫)

ਢੋਲਿ: ਢੋਲਾ (ਪਜਾਰੇ) ਨੇ. "ਦੁਰਮਤਿ ਪਰਹਰਿ ਛਾਡੀ ਢੋਲਿ." (ਓਅੰਕਾਰ) ਦੁਰਮਤਿ ਵਾਲੀ ਇਸਤ੍ਰੀ ਪਤਿ ਨੇ ਤਜਾਗ ਦਿੱਤੀ ਹੈ.

ਢੋਲੀ: ਢੋਲਚੀ. ਢੋਲ ਵਜਾਉਣ ਵਾਲਾ। ੨. ਢੋਲਾ ਦਾ ਇਸਤ੍ਰੀ ਲਿੰਗ.

ਢੋਲੀਐ: ਢੋਲਾ (ਪ੍ਰੀਤਮ) ਦੇ. ਪ੍ਰੀਤਮ ਲਈ. "ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ." (ਦੇਵ ਮਃ ੪) ਤਿਸੁ ਢੋਲਾ ਹਰਿ ਲਈ ਹਉ ਫਿਰਉ ਦਿਵਾਨੀ। ੨. ਫੇਰੀਏ. ਲਹਰਾਈਏ. ਜੈਸੇ- ਚਵਰ ਢੋਲੀਐ.

ਢੋਲੋ: ਡਿੰਗ. ਪਤਿ. ਸ੍ਵਾਮੀ.

ਢੋਵਣੁ, ਢੋਵਨ: ਦੇਖੋ, ਢੋਣਾ. "ਜਲ ਢੋਵਉ ਇਹ ਸੀਸ ਕਰਿ." (ਬਿਲਾ ਮਃ ੫) "ਉਹ ਢੋਵੈ ਢੋਰ." (ਬਿਲਾ ਮਃ ੪)

ਢੋਵੰਤਾ: ਕ੍ਰਿ. ਵਿ- ਢੋਂਦਾ.

ਢੌਕ: ਸੰ. ਢੌਕ੍. ਧਾ- ਚਲਾਉਣਾ, ਪ੍ਰੇਰਨਾ, ਪਹੁਚਣਾ, ਅਰਪਣਾ, ਨੇੜੇ ਲਿਆਉਣਾ.

ਢੌਚਾ, ਢੌਂਚਾ: ਸੰਗਜ੍ਞਾ- ਸਾਢੇ ਚਾਰ 4½ ਦਾ ਪਹਾੜਾ. ਦੇਖੋ, ਊਠਾ.

ਢੰਕਾ: ਦੇਖੋ, ਡੰਕਾ. "ਲਗੇ ਢੋਲ ਢੰਕੇ." (ਚੰਡੀ ੨) ੨. ਢੱਕਾ. ਢੋਲ. ਡੌਰੂ। ੨. ਢਮੰਕਾ. ਢਮਕਾਰ.

ਢੰਕਾਰ: ਸੰਗਯਾ- ਢਮਕਾਰ. ਢਮਢਮ ਧੁਨਿ. ਢੋਲ ਡੌਰੂ ਆਦਿ ਦਾ ਸ਼ਬਦ.

ਢੰਗ: ਸੰਗਯਾ- ਰੀਤਿ. ਤ੍ਰੀਕਾ। ੨. ਉਪਾਯ. ਯਤਨ। ੩. ਬਨਾਵਟ. ਰਚਨਾ। ੪. ਆਚਰਣ.

ਢੰਗੀ: ਵਿ- ਢੰਗ ਜਾਣਨ ਵਾਲਾ. ਦੇਖੋ, ਢੰਗ.

ਢੰਗੁ: ਦੇਖੋ, ਢੰਗ.

ਢੰਡ: ਇਹ ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਲਹੌਰੀਮਲ ਦਾ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਖਾਸੇ ਤੋਂ ਪੰਜ ਮੀਲ ਦੱਖਣ ਹੈ. ਇਸ ਪਿੰਡ ਤੋਂ ਪੱਛਮ ਵੱਲ ਸਮੀਪ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਪ੍ਰਚਾਰ ਲਈ ਇਸ ਇ਼ਲਾਕ਼ੇ ਆਏ ਹਨ. ਪਹਿਲਾਂ 'ਘਸੇਲ' ਪਿੰਡ ਠਹਿਰੇ, ਫਿਰ ਇੱਥੇ ਚਰਣ ਪਾਏ. ਗੁਰਦ੍ਵਾਰਾ ਸਾਧਾਰਣ ਜਿਹਾ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਹਨ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਦਸ ਰੁਪਯੇ ਸਾਲਾਨਾ ਇਸੀ ਪਿੰਡ ਵੱਲੋਂ ਜ਼ਮੀਨ ਦੇ ਮਿਲਦੇ ਹਨ ਅਤੇ ਸਾਢੇ ਪੰਜ ਕਨਾਲ ਜ਼ਮੀਨ ਸਰਦਾਰ ਵਰਿਆਮ ਸਿੰਘ ਰਸਾਲਦਾਰ ਨੇ ਗੁਰਦ੍ਵਾਰੇ ਦੇ ਨਾਮ ਲਗਾਈ ਹੈ. ਪਿੰਡ ਸਾਰਾ ਸਿੱਖਾਂ ਦਾ ਹੈ. ਗੁਰਦ੍ਵਾਰੇ ਪਾਸ ਹੀ ਇੱਕ ਛੱਪੜ ਹੈ. ਕਹਿੰਦੇ ਹਨ ਕਿ ਇੱਥੇ ਸਤਿਗੁਰਾਂ ਨੇ ਚਰਣ ਧੋਤੇ ਸਨ. ਨਗਰਵਾਸੀ ਹੁਣ ਇਸ ਛੱਪੜ ਨੂੰ ਪੱਕਾ ਕਰਨ ਦੇ ਯਤਨ ਵਿੱਚ ਹਨ. ਭਾਦੋਂ ਦੀ ਅਮਾਵਸ ਨੂੰ ਮੇਲਾ ਹੁੰਦਾ ਹੈ.

ਢੰਡੋਰਨ: ਕ੍ਰਿ- ਢਿੰਡੋਰਾ ਦੇਣਾ। ੨. ਦੇਖੋ, ਢੰਡੋਲਨ.

ਢੰਡੋਰਾ: ਦੇਖੋ, ਢਿੰਡੋਰਾ.

ਢੰਢੋਲਨ: ਕ੍ਰਿ- ਢੂੰਢਣਾ. ਖੋਜਣਾ। ੨. ਟਟੋਲਣਾ. ਟੋਹਕੇ ਮਾਲੂਮ ਕਰਨਾ. "ਪਕੜਿ ਢੰਢੋਲੇ ਬਾਂਹ." (ਵਾਰ ਮਲਾ ਮਃ ੧) ੩. ਨਿਰਣੇ ਕਰਨਾ. "ਢੰਢੋਲਤ ਢੂਢਤ ਹਉ ਫਿਰੀ." (ਓਅੰਕਾਰ) ੪. ਸਿੰਧੀ. ਧਾਂਧੋਲਣੁ. ਅੱਗੇ ਪਿੱਛੇ ਧੱਕਣਾ.

ਢੰਢੋਲਿਮੁ: ਕ੍ਰਿ- ਨਿਰਣੇ ਕਰਨਾ. ਤਹ਼ਕ਼ੀਕ਼ ਕਰਨਾ. "ਢੰਢੋਲਿਮੁ ਢੂੰਢਿਮੁ ਡਿਠੁ ਮੈ." (ਵਾਰ ਮਾਝ ਮਃ ੧) ਤਹ਼ਕ਼ੀਕ਼ ਕਰਕੇ ਅਤੇ ਢੂੰਢ (ਖੋਜ) ਕੇ ਮੈ ਦੇਖਿਆ ਹੈ। ੩. ਖੋਜ ਕਰਨਾ। ੪. ਟਟੋਲਣਾ.

ਢੰਢੋਲੀ: ਕ੍ਰਿ- ਵਿ- ਢੰਢੋਲਕੇ. ਨਿਰਣੇ ਕਰਕੇ. "ਖੋਜਿ ਹਿਰਦੈ ਦੇਖਿ ਢੰਢੋਲੀ." (ਗਉ ਮਃ ੫) ੨. ਵਿ- ਖੋਜੀ. ਢੂੰਢਣ ਵਾਲਾ.

ਣ: ਪੰਜਾਬੀ ਵਰਣਮਾਲਾ ਦਾ ਵੀਹਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਮੂੰਹ ਦੀ ਛੱਤ (मूर्धन्) ਅਤੇ ਨਾਸਿਕਾ ਹੈ। ੨. ਸੰ. ਸੰਗਯਾ- ਗਯਾਨ। ੩. ਨਿਰਣਯ. ਖੋਜ। ੪. ਭੂਸ਼ਣ. ਗਹਿਣਾ। ੫. ਜਲ। ੬. ਸ਼ਿਵ। ੭. ਦਾਨ। ੮. ਖੋਟਾ ਆਦਮੀ.

ਣਹ, ਣਹਿ: ਵਯ- ਨਹੀਂ. ਨਾ. "ਣਾ ਹਉ ਣਾ ਤੂੰ ਣਹ ਛੁਟਹਿ." (ਬਾਵਨ)

ਣਗਣ: ਇੱਕ ਮਾਤ੍ਰਿਕ ਗਣ, ਜੋ ਦੋ ਮਾਤ੍ਰਾ ਦਾ ਹੁੰਦਾ ਹੈ. ਇਸ ਦੇ ਰੂਪ ਹਨ. S, ॥ ঃ

ਣਮੋਕਾਰ: ਪ੍ਰਾ. ਨਮਸਕਾਰ.

ਣਾ: ਵਯ- ਨਾ. ਨਹੀਂ. ਦੇਖੋ, ਣਹ.

ਣਾਣਾ: ਣ ਅੱਖਰ. "ਣਾਣਾ ਰਣ ਤੇ ਸੀਝੀਐ." (ਬਾਵਨ) ੨. ਣ ਦਾ ਉੱਚਾਰਣ. ਣਕਾਰ.

ਣਾਪ: ਸੰਗਯਾ- ਨਾਪ. ਮਾਪ ਮਿਣਤੀ.

ਣਾਮ: ਦੇਖੋ, ਨਾਮ. "ਣਾਮ ਵਿਹੂਣੇ ਆਦਮੀ." (ਓਅੰਕਾਰ)

ਣਿਆਰਾ: ਵਿ- ਨਿਆਰਾ. ਅਲਗ. ਵੱਖ। ੨. ਅਣੀਆਲਾ. ਅਨੀਆਰਾ. ਨੋਕਦਾਰ. ਦੇਖੋ, ਬਾਣਣਿਆਰੇ.

ਣੰਕ: ਸੰਗਯਾ- ਧਾਤੁ ਦੇ ਵਾਜਿਆਂ ਦੀ ਧੁਨਿ। ੨. ਪ੍ਰਤਿਬੰਧ. ਰੋਕ. "ਣੰਕ ਦਈ ਤਬ ਨਿਖੁਟਯੋ ਪਾਨੀ." (ਗੁਪ੍ਰਸੂ)

ਤ: ਪੰਜਾਬੀ ਵਰਣਮਾਲਾ ਦਾ ਇਕੀਹਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਦੰਤ (ਦੰਦ) ਹੈ। ੨. ਵਯ- ਨਿਸ਼ਚੇ ਕਰਕੇ. ਯਕੀਨਨ। ੩. ਨਿਰਾ. ਫ਼ਕਤ਼. ਕੇਵਲ. "ਬਾਣੀ ਤ ਗਾਵਹੁ ਗੁਰੂ ਕੇਰੀ." (ਅਨੰਦੁ) ੪. ਤੋ. ਤਾਂ. "ਮੋਤੀ ਤ ਮੰਦਰ ਊਸਰਹਿ." (ਸ੍ਰੀ ਮਃ ੧) ੫. ਤਦ. ਤਬ. "ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ." (ਵਾਰ ਮਾਝ ਮਃ ੧) "ਤ ਧਰਿਓ ਮਸਤਕਿ ਹਥ." (ਸਵੈਯੇ ਮਃ ੨. ਕੇ) ੬. ਔਰ. ਅਤੇ। ੭. ਸੰ. ਸੰਗ੍ਯਾ- ਝੂਠ. ਅਸਤ੍ਯ। ੮. ਰਤਨ। ੯. ਅਮ੍ਰਿਤ। ੧੦. ਨੌਕਾ. ਨਾਵ। ੧੧. ਚੋਰ। ੧੨. ਮਲੇਛ। ੧੩. ਪੂਛ. ਦੁਮ। ੧੪. ਗਰਭ। ੧੫. ਗੋਦ. ਗੋਦੀ। ੧੬. ਤਗਣ ਦਾ ਸੰਖੇਪ ਨਾਮ. ਦੇਖੋ, ਗਣ। ੧੭. ਫ਼ਾ. ت ਸਰਵ- ਤੈਨੂੰ. ਤੇਰਾ.

ਤਉ: ਸਰਵ- ਤੇਰਾ. ਤੇਰੇ. ਤੇਰੀ. "ਤਉ ਕਿਰਪਾ ਤੇ ਮਾਰਗਿ ਪਾਈਐ." (ਗਉ ਮ. ੫) "ਪਾਵ ਸੁਹਾਵੇ ਜਾ ਤਉ ਧਿਰਿ ਜੁਲਦੇ." (ਵਾਰ ਰਾਮ ੨. ਮਃ ੫) ੨. ਤੈਨੂ. ਤੁਝੇ. "ਜੋ ਤਉ ਭਾਵੈ ਸੋਈ ਥੀਸੀ." (ਸੋਪੁਰਖੁ) ੩. ਤੈਂ. ਤੈਂਨੇ. "ਜੋ ਤਉ ਕੀਨੇ ਆਪਣੇ." (ਸ੍ਰੀ ਛੰਤ ਮਃ ੫) ੪. ਤਿਸ. "ਜਾਂਕੈ ਪ੍ਰੇਮ ਪਦਾਰਥੁ ਪਾਈਐ ਤਉ ਚਰਨੀ ਚਿਤੁ ਲਾਈਐ." (ਤਿਲੰ ਮਃ ੧) ੫. ਤੂੰ. "ਸੁਨੀਅਤ ਪ੍ਰਭੁ ਤਉ ਸਗਲ ਉਧਾਰਨ." (ਬਿਲਾ ਮਃ ੫) ੬. ਕ੍ਰਿ. ਵਿ- ਤੋ. ਤਾਂ. "ਤੁਮ ਤਉ ਰਾਖਨਹਾਰ ਦਇਆਲ." (ਧਨਾ ਮਃ ੫) ੭. ਤਬ. "ਜੋਗ ਜੁਗਤਿ ਤਉ ਪਾਈਐ." (ਸੂਹੀ ਮਃ ੧) ੮. ਤਾਂਭੀ. ਤਊ. ਤਥਾਪਿ. ਤਾਹਮ. "ਤਉ ਨ ਪੁਜਹਿ ਹਰਿਕੀਰਤਿ ਨਾਮਾ." (ਗੌਂਡ ਨਾਮਦੇਵ)

ਤਉਸਾਰ: ਦੇਖੋ, ਤੁਸਾਰ.

ਤਉਕ: ਅ਼. طوق ਤ਼ੌਕ਼. ਸੰਗਯਾ- ਕੰਠ ਪਹਿਰਨ ਦਾ ਗਹਿਣਾ. ਕੰਠਾ. ਮੁਗ਼ਲਰਾਜ ਸਮੇਂ ਇਹ ਅਮੀਰਾਂ ਨੂੰ ਬਾਦਸ਼ਾਹ ਵੱਲੋਂ ਪਹਿਨਾਇਆ ਜਾਂਦਾ ਸੀ। ੨. ਗਲਬੰਧਨ. ਪਟਾ। ੩. ਅਪਰਾਧੀ ਦੇ ਗਲ ਪਾਇਆ ਭਾਰੀ ਕੜਾ ਅਥਵਾ ਜੰਜੀਰ. "ਤੇਰੇ ਗਲੇ ਤਉਕ ਪਗਿ ਬੇਰੀ." (ਸੋਰ ਕਬੀਰ) ਅਵਿਦਯਾਰੂਪ ਤ਼ੌਕ. ਅਤੇ ਕਰਮਕਾਂਡ ਦੀ ਬੇੜੀ.

ਤਉਕਣ, ਤਉਕਨਾ: ਕ੍ਰਿ- ਤੋਯ (ਜਲ) ਕਣ (ਕਨਕਾ). ਪਾਣੀ ਦੇ ਕਣਕੇ (ਤੁਬਕੇ) ਗਿਰਾਉਣੇ. ਜਲ ਛਿੜਕਣਾ. "ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ." (ਗਉ ਅਃ ਮਃ ੫)

ਤਉਨ: ਸਰਵ- ਤਵਨ. ਸੋ. ਵਹ. ਉਹੀ. "ਭਈ ਬਾਤ ਤਉਨੈ." (ਗ੍ਯਾਨ) ੨. ਉਸ. ਤਿਸ. "ਭਯੋ ਤਉਨ ਕੇ ਬੰਸ ਮੇ ਰਾਮ ਰਾਜਾ." (ਗ੍ਯਾਨ) ੩. ਉਸਨੇ. ਤਿਸਨੇ. "ਤਉਨ ਤੈਸੇ ਨਿਹਾਰੇ." (ਰਾਮਾਵ)

ਤਉਪਰਿ: ਵਯ- ਤਬ ਹੀ. ਤਭੀ. "ਘੂੰਘਟੁ ਤੋਰੇ ਤਉਪਰਿ ਸਾਚੈ." (ਆਸਾ ਕਬੀਰ) ੨. ਉਸ ਪੁਰ. ਤਿਸ ਪੁਰ.

ਤਉਲਉ, ਤਉਲਗ: ਕ੍ਰਿ. ਵਿ- ਤਬ ਤਕ. ਤਦੋਂ ਤੀਕ. ਓਦੋ ਤੋੜੀ. ਤੌਲੌ. "ਤਉਲਉ ਮਹਲਿ ਨ ਲਾਭੈ ਜਾਨ." (ਗਉ ਕਬੀਰ, ਵਾਰ ੭)

ਤਊ: ਵਯ- ਤਾਂ ਭੀ. ਤੌ ਭੀ. ਤਥਾਪਿ. "ਸਤ੍ਰੂ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨੋ ਪਾਵੈ." (ਅਕਾਲ) ੨. ਸਰਵ- ਤੇਰਾ. ਤੇਰੇ. "ਨੀਹੁ ਮਹਿੰਜਾ ਤਊ ਨਾਲਿ." (ਵਾਰ ਮਾਰੂ ੨. ਮਃ ੫)

ਤਊਆ: ਸੰਗਯਾ- ਤਾਤ. ਤਾਇਆ. ਪਿਤਾ ਦਾ ਵੱਡਾ ਭਾਈ. "ਤਊਅਨ ਮਾਰਹੁ ਸਾਥ ਚਚੇ." (ਕ੍ਰਿਸ਼ਨਾਵ)

ਤਊਫੰਗ: ਬੰਦੂਕ. ਦੇਖੋ, ਤੁਫੰਗ "ਤਊਫੰਗ ਨਾਮ ਪਛਾਨ." (ਸਨਾਮਾ) ੨. ਵਿ- ਤੁਫੰਗ ਦਾ.

ਤਊਲਗੁ: ਦੇਖੋ, ਤਉਲਗ. "ਜਉਲਗੁ. ਪ੍ਰਾਨ ਤਊ- ਲਗੁ ਸੰਗੈ." (ਗੌਂਡ ਕਬੀਰ)

ਤਅੱਸੁਬ: ਅ਼. تعصب ਤਅ਼ੱਸੁਬ. ਇਸ ਦਾ ਮੂਲ ਅ਼ਸਬ ਹੈ, ਜਿਸ ਦਾ ਅਰਥ ਹੈ ਵੱਟਣਾ, ਮਰੋੜਨਾ ਅਤੇ ਸਹਾਇਤਾ ਦੇਣਾ. ਭਾਵ- ਆਪਣੇ ਧਰਮ ਦੇ ਲੋਕਾਂ ਦਾ ਖ਼ਾਸ ਪੱਖ ਕਰਨਾ ਅਤੇ ਹਰੇਕ ਬਾਤ ਨੂੰ ਵਲਕੇ (ਮਰੋੜਕੇ) ਆਪਣੇ ਪੱਖ ਵਿੱਚ ਲੈ ਜਾਣ ਦੀ ਕ੍ਰਿਯਾ, ਤਅ਼ੱਸੁਬ ਹੈ. Fanaticism.

ਤਅੱਜੁਬ, ਤਅ਼ੱਜੁਬ: ਅ਼. تعجّب ਸੰਗਯਾ- ਅਚੰਭਾ. ਆਸ਼ਚਰਯ (ਅਚਰਜ). ਇਸ ਦਾ ਮੂਲ ਅ਼ਜਬ ਹੈ.

ਤਅੱਮੁਲ: ਅ਼. تامُل ਸੰਗਯਾ- ਸੋਚ. ਫ਼ਿਕਰ। ੨. ਝਿਜਕ। ੩. ਧੀਰਯ. ਇਸ ਦਾ ਮੂਲ ਅਮਲ (ਉਮੇਦ) ਹੈ.

ਤਅੱਲੁਕ, ਤਅ਼ੱਲੁਕ: ਅ਼. تعلّق ਸੰਗਯਾ- ਸੰਬੰਧ. ਇ਼ਲਾਕਾ. ਮੇਲ. ਨਿਰਭਰ ਹੋਣ ਦਾ ਸੰਬੰਧ. ਇਸ ਦਾ ਮੂਲ ਅ਼ਲਕ਼ ਹੈ, ਜਿਸ ਦਾ ਅਰਥ ਹੈ ਨਿਰਭਰ ਹੋਣਾ, ਲਟਕਣਾ ਆਦਿ.

ਤਆਕੁਬ, ਤਅ਼ਾਕ਼ੁਬ: ਅ਼. تعاقب ਸੰਗਯਾ- ਅ਼ਕ਼ਬ (ਪਿੱਛਾ) ਕਰਨ ਦਾ ਭਾਵ. ਪਿੱਛੇ ਪੈਣਾ.

ਤਈ: ਵਿ- ਤਪੀ. ਤਪਤ. ਤਾਈ. "ਘੜਿ ਭਾਡੇ ਜਿਨਿ ਆਵੀ ਸਾਜੀ, ਚਾੜਨ ਵਾਹੈ ਤਈ ਕੀਆ." (ਆਸਾ ਪਟੀ ਮਃ ੧) ਉਸੇ ਨੇ ਆਵੀ ਵਿੱਚ ਭਾਂਡੇ ਚਾੜ੍ਹਕੇ ਪਕਾਏ ਹਨ। ੨. ਅ਼. تعیّن ਤਅ਼ਈਨ. ਤਿਆਰ. ਮੁਕ਼ੱਰਰ. ਨਿਯਤ. "ਅਜਰਾਈਲੁ ਫਰੇਸਤਾ ਹੋਸੀ ਆਇ ਤਈ." (ਵਾਰ ਰਾਮ ੧. ਮਃ ੧) ੩. ਸੰਗਯਾ- ਤਾਉ. ਆਂਚ. ਸੇਕ.

ਤਈਂ: ਵਯ- ਪ੍ਰਤਿ. ਨੂੰ. ਦੇਖੋ, ਤਾਂਈਂ.

ਤਈਉੱਨ, ਤਅ਼ੀਉੱਨ: ਅ਼. تعین ਵਿ- ਮੁਕ਼ੱਰਰ ਹੋਇਆ.

ਤਈਸਵੋਂ: ਵਿ- ਤੇਈਸਵਾਂ. ਤ੍ਰਿਵਿੰਸ਼ਤਿਤਮ. "ਗੁਰੁ ਤੇਈਸਵੋਂ ਤਿੰਹ ਕੀਨ." (ਦੱਤਾਵ)

ਤਈਨਾਤ, ਤਅ਼ੀਨਾਤ: ਅ਼. تعینات ਬਹੁਵਚਨ ਹੈ ਤਅ਼ੀਉੱਨ ਦਾ. ਦੇਖੋ, ਤਅ਼ੀਉੱਨ.

ਤਈਲੰਗ: ਦੇਖੋ. ਤਿਲੰਗ.

ਤਸ: ਸੰ. तादृशा- ਤਾਦ੍ਰਿਸ਼. ਵਿ- ਤੈਸਾ. ਓਹੋ ਜੇਹਾ. ਤੇਹਾ. "ਯਥਾ ਮੁਕਰ ਨਿਰਮਲ ਅਤਿ ਹੋਵੈ। ਜਸ ਮੁਖ ਕਰ, ਤਸ ਤਿਸ ਮਹਿ ਜੋਵੈ." (ਗੁਪ੍ਰਸੂ) ੨. ਤਸਯ. ਛੀਵਾਂ ਕਾਰਕ. ਤਿਸ ਦਾ. ਤਿਸ ਦੇ. "ਜੈਦੇਵ ਆਇਓ ਤਸ ਸਫੁਟੰ." (ਗੂਜ ਜੈਦੇਵ) ਦੇਖੋ, ਸਫੁਟ। ੩. ਸੰਗਯਾ- ਤਸਕਰ (ਚੋਰ) ਦਾ ਸੰਖੇਪ. "ਭਵਨ ਭਯਾਨ ਅੰਧਕਾਰ ਤ੍ਰਾਸ ਤਸ ਕੋ." (ਭਾਗੁ ਕ) ੪. ਦੇਖੋ, ਤਸੈ। ੫. ਡਿੰਗ. ਤ੍ਰਿਖਾ. ਪਿਆਸ.

ਤਸਕਰ, ਤਸਕਰੁ: ਸੰ. तस्कर. ਸੰਗਯਾ- ਚੋਰ. "ਤੇ ਤਸਕਰ ਜੋ ਨਾਮ ਨ ਲੇਵਹਿ." (ਪ੍ਰਭਾ ਮਃ ੧) ੨. ਠਗ. ਗਠਕਤਰਾ. "ਤਸਕਰੁ ਚੋਰੁ ਨ ਲਾਗੈ ਤਾਕਉ." (ਮਾਰੂ ਸੋਲਹੇ ਮਃ ੧) ਸ਼ਬਦ ਸਪਰਸ ਆਦਿ ਠਗ, ਅਤੇ ਕਾਮਾਦਿ ਚੋਰ.

ਤਸਕਰੁ ਚੋਰੁ: ਦੇਖੋ, ਤਸਕਰ.

ਤਸਕੀਨ: ਅ਼. تسکین ਸੰਗਯਾ- ਤਸੱਲੀ. ਧੀਰਯ। ੨. ਦਿਲਾਸਾ. ਇਸ ਦਾ ਮੂਲ ਸਕਨ ਹੈ.

ਤਸ਼ਖ਼ੀਸ: ਅ. تشخیص ਤਸ਼ਖ਼ੀਸ. ਸੰਗਯਾ- ਨਿਸ਼ਚਾ। ੨. ਨਿਰਣਯ (ਨਿਰਨਾ). ੩. ਰੋਗ ਦੀ ਪਛਾਣ. ਇਸ ਦਾ ਮੂਲ ਸ਼ਖ਼ਸ ਹੈ.

ਤਸਟਾ: ਫ਼ਾ. تشت ਅਥਵਾ طشت ਤ਼ਸ਼ਤ. ਸੰਗਯਾ- ਤਾਂਬੇ ਦਾ ਇੱਕ ਭਾਂਡਾ, ਜੋ ਬਾਟੀ ਦੀ ਸ਼ਕਲ ਦਾ ਹੁੰਦਾ ਹੈ. ਇਸ ਵਿੱਚ ਹਿੰਦੂ ਪੁਜਾਰੀ ਮੂਰਤਿ ਦਾ ਸਨਾਨ ਕਰਾਉਂਦੇ ਹਨ। ੨. ਸੰ. ਤਸ਼੍ਟ੍ਰਾ. ਵਿ- ਛਿੱਲਣ (ਤੱਛਣ) ਵਾਲਾ.

ਤਸ਼ਤ: ਸੰਗਯਾ- ਥਾਲੀ ਦੇ ਆਕਾਰ ਦਾ ਡੂੰਘੇ ਥੱਲੇ ਵਾਲਾ ਬਰਤਨ. ਥਾਲ. ਦੇਖੋ, ਤਸਟਾ ੧.

ਤਸ਼ਤਰੀ: ਫ਼ਾ. طشتری ਤ਼ਸ਼ੁਰੀ. ਸੰਗਯਾ- ਥਾਲੀ. ਰਿਕਾਬੀ. ਛੋਟਾ ਤ਼ਸ਼ਤ. ਦੇਖੋ, ਤਸਟਾ ੧.

ਤਸਦੀਆ: ਅ਼. تصدیع ਤਸਦੀਅ਼. ਸੰਗਯਾ- ਸਿਰ ਦੁਖਾਉਣ ਦੀ ਕ੍ਰਿਯਾ. ਇਸ ਦਾ ਮੂਲ ਸਦਅ਼ (ਸਿਰਪੀੜ) ਹੈ. ਇਸੇ ਤੋਂ ਪੰਜਾਬੀ ਸ਼ਬਦ ਤਸੀਹਾ ਬਣਿਆ ਹੈ.

ਤਸਦੀਕ: ਅ਼. تصدیق ਤਸਦੀਕ਼. ਸੰਗਯਾ- ਸਚਾਈ ਦੀ ਪਰੀਖ੍ਯਾ. ਪ੍ਰਮਾਣ ਦ੍ਵਾਰਾ ਪੁਸ਼੍ਟਿ (ਪੱਕ) ਕਰਨ ਦੀ ਕ੍ਰਿਯਾ। ੨. ਗਵਾਹੀ. ਇਸ ਦਾ ਮੂਲ ਸਿਦਕ਼ (ਸਚਾਈ) ਹੈ.

ਤਸੱਦੁਕ: ਅ਼. تصدّق ਤਸੱਦੁਕ਼. ਸੰਗਯਾ- ਸਦਕਾ ਕਰਨ ਦੀ ਕ੍ਰਿਯਾ. ਨਿਛਾਵਰ. ਕੁਰਬਾਨੀ।

ਤਸੱਦੁਦ: ਅ਼. تشدُّد ਸੰਗਯਾ- ਸਖ਼ਤੀ. ਇਸ ਦਾ ਮੂਲ ਸ਼ਦ (ਸਖ਼ਤੀ ਕਰਨਾ) ਹੈ।

ਤਸਨੀਫ: ਅ਼. تصنیف ਤਸਨੀਫ. ਸੰਗਯਾ- ਕਾਵ੍ਯ- ਰਚਨਾ. ਗ੍ਰੰਥ ਰਚਨਾ. ਇਸਦਾ ਮੂਲ ਸਨਫ਼ (ਤ਼ਰੀਕ਼ਾ) ਹੈ.

ਤਸਫ਼ੀਆ: ਅ਼. تصفیہ ਤ਼ਸਫ਼ੀਆ. ਸੰਗਯਾ- ਸਾਫ਼ ਕਰਨ ਦਾ ਭਾਵ। ੨. ਫੈਸਲਾ ਕਰਨਾ. ਝਗੜਾ ਨਿਬੇੜਨਾ. ਇਸ ਦਾ ਮੂਲ ਸਫ਼ੂ (ਸਫ਼ਾਈ) ਹੈ.

ਤਸ਼ੱਫ਼ੀ: ਅ਼. تشفّی ਸੰਗਯਾ- ਦਿਲਾਸਾ। ੨. ਸੁਖ਼. ਆਨੰਦ.

ਤਸਬੀ: ਅ਼. تسبیح ਤਸਬੀਹ਼. ਇਸ ਦਾ ਮੂਲ ਸਬਹ਼ ਅਥਵਾ ਸੁਬਹ਼ਾਨ ਹੈ. ਪਵਿਤ੍ਰਰੂਪ (ਕਰਤਾਰ) ਨੂੰ ਸਿਮਰਣ ਦੀ ਕ੍ਰਿਯਾ। ੨. ਇਮਾਮ (ਮੇਰੁ) ਨੂੰ ਛੱਡਕੇ ਸੌ ਮਣਕੇ ਦੀ ਮਾਲਾ. ਖ਼ੁਦਾ ਦਾ ਜਾਤੀ ਨਾਮ "ਅੱਲਾ" ਅਤੇ ਸਿਫ਼ਾਤੀ ਸੌ ਨਾਮਾਂ ਦੇ ਜਪ ਕਰਨ ਲਈ ਬਣਾਈ ਹੋਈ ਸਿਮਰਨੀ[571] ਅੱਲਾ ਨਾਮ ਤੋਂ ਭਿੰਨ ਸੌ ਨਾਮ[572] ਇਹ ਹਨ:-

੧. ਅ਼ਜ਼ੀਜ਼ (ਪ੍ਰਤਿਸ਼੍ਠਾ ਵਾਲਾ), ੨. ਅ਼ਜ਼ੀਮ (ਬਹੁਤ ਵਡਾ), ੩. ਅ਼ਦਲ (ਨ੍ਯਾਯ ਕਰਤਾ), ੪. ਅ਼ਫ਼ੂੱਵ (ਮੁਆ਼ਫ਼ ਕਰਨ ਵਾਲਾ), ੫. ਅ਼ਲੀ (ਵਡਾ), ੬. ਅ਼ਲੀਮ (ਪੂਰਣ ਗ੍ਯਾਤਾ), ੭. ਅੱਵਲ (ਪਹਿਲਾ), ੮. ਆਖ਼ਿਰ (ਪਿਛਲਾ), ੯. ਸ਼ਹੀਦ (ਗਵਾਹ- ਸਾਕ੍ਸ਼ੀ), ੧੦. ਸ਼ਕੂਰ (ਕ਼ਦਰਦਾਨ), ੧੧. ਸੱਤਾਰ (ਪੜਦਾ ਢਕਣ ਵਾਲਾ), ੧੨. ਸਬੂਰ (ਸਬਰ ਵਾਲਾ), ੧੩. ਸਮਦ (ਬੇਪਰਵਾਹ), ੧੪. ਸਮੀਅ਼ (ਬਹੁਤ ਸੁਣਨ ਵਾਲਾ), ੧੫. ਸਲਾਮ (ਸਲਾਮਤ), ੧੬. ਹ਼ਸੀਬ (ਹ਼ਿਸਾਬ ਕਰਨ ਵਾਲਾ), ੧੭. ਹ਼ਕ਼ਮ (ਫ਼ੈਸਲਾ ਕਰਨ ਵਾਲਾ), ੧੮. ਹ਼ਕੀਮ (ਹ਼ਿਕਮਤੀ), ੧੯. ਹ਼ੱਕ਼ (ਸਤ੍ਯਰੂਪ), ੨੦. ਹ਼ਮੀਦ (ਸਲਾਹਿਆ ਹੋਇਆ), ੨੧. ਹ਼ੱਯ (ਜੀਵਨ ਰੂਪ), ੨੨ ਹ਼ਲੀਮ (ਬੁਰਦਬਾਰ- ਸਹਨਸ਼ੀਲ), ੨੩ ਹ਼ਾਫ਼ਿਜ਼ (ਰਕ੍ਸ਼ਕ), ੨੪ ਕ਼ਹਾਰ (ਕ਼ਹਿਰ ਕਰਨ ਵਾਲਾ), ੨੫ ਕਬੀਰ (ਬਹੁਤ ਵਡਾ), ੨੬ ਕਰੀਮ (ਦਾਨ ਕਰਤਾ), ੨੭ ਕ਼ਵੀਯ (ਪ੍ਰਬਲ), ੨੮ ਕ਼ਾਦਿਰ (ਕ਼ੁਦਰਤ ਵਾਲਾ), ੨੯ ਕ਼ਾਬਿਜ਼ (ਰੋਕਣ ਵਾਲਾ), ੩੦ ਕ਼ੱਦੂਸ (ਪਵਿਤ੍ਰ), ੩੧ ਕ਼ੈਯੂੱਮ (ਕ਼ਾਯਮ ਕਰਨ ਵਾਲਾ), ੩੨ ਖ਼ਬੀਰ (ਖ਼ਬਰਦਾਰ), ੩੩ ਖ਼ਾਫ਼ਿਜ਼ (ਦਰਜੇ ਤੋਂ ਡੇਗਣ ਵਾਲਾ), ੩੪ ਖ਼ਾਲਿਕ਼ (ਕਰਤਾਰ), ੩੫ ਗ਼ਨੀ (ਬੇਪਰਵਾ), ੩੬ ਗ਼ਫ਼ੂਰ (ਖਿਮਾਪਨ ਕਰਤਾ), ੩੭ ਗ਼ੱਫ਼ਾਰ (ਬਖ਼ਸ਼ਣ ਵਾਲਾ), ੩੮ ਜੱਬਾਰ (ਪ੍ਰਬਲ), ੩੯ ਜਲੀਲ (ਪ੍ਰਕਾਸ਼ਰੂਪ), ੪੦ ਜ਼ਾਹਿਰ (ਪ੍ਰਗਟ), ੪੧ ਜਾਮਿਅ਼ (ਜਮਾਂ ਕਰਨ ਵਾਲਾ), ੪੨ ਜ਼ਾਰ (ਨੁਕਸਾਨ ਪੈਦਾ ਕਰਨ ਵਾਲਾ), ੪੩ ਜ਼ੁਲ ਜਲਾਲੇ ਵਲ ਇਕਰਾਮ (ਬਜ਼ੁਰਗੀ ਅਤੇ ਮਹਿਮਾ ਵਾਲਾ), ੪੪ ਤੱਵਾਬ (ਤੋਬਾ ਕ਼ਬੂਲ ਕਰਨ ਵਾਲਾ), ੪੫ ਨਾਫ਼ਿਅ (ਨਫ਼ਾ ਦੇਣ ਵਾਲਾ), ੪੬ ਨੂਰ (ਪ੍ਰਕਾਸ਼ਕ), ੪੭ ਫ਼ੱਤਾਹ਼ (ਖੋਲ੍ਹਣ ਵਾਲਾ), ੪੮ ਬਸੀਰ (ਬਹੁਤ ਵੇਖਣ ਵਾਲਾ), ੪੯ ਬਦੀਅ਼ (ਨਵੀਂ ਰਚਨਾ ਕਰਨ ਵਾਲਾ) ੫੦ ਬੱਰ (ਨੇਕੀ ਕਰਨ ਵਾਲਾ), ੫੧ ਬਾਇ਼ਸ (ਮੁਰਦਿਆਂ ਨੂੰ ਪ੍ਰਾਣ ਦੇਣ ਵਾਲਾ), ੫੨ ਬਾਸਿਤ਼ (ਬਹੁਤ ਦੇਣ ਵਾਲਾ), ੫੩ ਬਾਕ਼ੀ (ਸਭ ਤੋਂ ਸ਼ੇਸ਼), ੫੪ ਬਾਤ਼ਿਨ (ਗੁਪਤ), ੫੫ ਬਾਰੀ (ਪੈਦਾ ਕਰਨ ਵਾਲਾ), ੫੬ ਮਜੀਦ (ਬਜ਼ੁਰਗੀ ਵਾਲਾ), ੫੭ ਮਤੀਨ (ਤਕੜਾ- ਦ੍ਰਿੜ੍ਹ), ੫੮ ਮਲਿਕ (ਬਾਦਸ਼ਾਹ), ੫੯ ਮਾਜਿਦ (ਬਜ਼ੁਰਗੀ ਵਾਲਾ), ੬੦ ਮਾਨਿਅ਼ (ਮਨਅ਼ ਕਰਨ ਵਾਲਾ- ਵਰਜਣ ਵਾਲਾ), ੬੧ ਮਾਲਿਕੁਲਮੁਲਕ (ਦੇਸ਼ਪਤਿ), ੬੨ ਮੁਅੱਖ਼ਿਰ (ਪਿੱਛੇ ਹਟਾਉਣ ਵਾਲਾ), ੬੩ ਮੁਅ਼ਤ਼ੀ (ਅ਼ਤ਼ਾ ਕਰਨ ਵਾਲਾ- ਦਾਨੀ), ੬੪ ਮੁਇ਼ੱਜ਼ (ਇ਼ੱਜ਼ਤ ਦੇਣ ਵਾਲਾ), ੬੫ ਮੁਈ਼ਦ (ਫੇਰ ਰਚਣ ਵਾਲਾ), ੬੬ ਮੁਸੱਵਿਰ (ਸੂਰਤਾਂ ਰਚਣ ਵਾਲਾ), ੬੭ ਮੁਹ਼ਈ (ਜ਼ਿੰਦਾ ਕਰਨ ਵਾਲਾ- ਪ੍ਰਾਣ ਦਾਤਾ), ੬੮ ਮੁਹ਼ਸੀ (ਘੇਰਨ ਵਾਲਾ), ੬੯

---

[571] ਕਿਤਨਿਆਂ ਨੇ ਅੱਲਾ ਨਾਮ ਸਮੇਤ ਸੌ ਨਾਮ ਲਿਖਿਆ ਹੈ, ਅਤੇ ਇਮਾਮ ਸਮੇਤ ਸੌ ਮਣਕੇ ਦੀ ਤਸਵੀ ਦੱਸੀ ਹੈ.

[572] ਇਸਲਾਮੀ ਕਿਤਾਬਾਂ ਵਿੱਚ ਲਿਖੇ ਨਾਮਾਂ ਨੂੰ ਅਸੀਂ ਅੱਖਰਕ੍ਰਮ ਅਨੁਸਾਰ ਇੱਥੇ ਲਿਖ ਦਿੱਤਾ ਹੈ.

ਮੁਹੈਮਿਨ (ਨਿਗਹਬਾਨ- ਦ੍ਰਸ਼੍ਟਾ), ੭੦ ਮੁਕ਼ਸਿਤ਼ (ਮੁਨਸਿਫ਼), ੭੧ ਮੁਕ਼ਤਦਿਰ (ਇਖ਼ਤਯਾਰ ਵਾਲਾ), ੭੨ ਮੁਕ਼ੱਦਿਮ (ਅੱਗੇ ਕਰਨ ਵਾਲਾ), ੭੩ ਮੁਕ਼ੀਤ (ਰੋਜ਼ੀ ਦੇਣ ਵਾਲਾ), ੭੪ ਮੁਗ਼ਨੀ (ਬੇਪਰਵਾ ਕਰਨ ਵਾਲਾ), ੭੫ ਮੁਜ਼ਿਲ (ਜ਼ਿੱਲਤ- ਖ਼ੁਆਰੀ- ਦੇਣ ਵਾਲਾ), ੭੬ ਮੁਜੀਬ (ਪਾਰਥਨਾ- ਅਰਦਾਸ- ਕ਼ਬੂਲ ਕਰਨ ਵਾਲਾ), ੭੭ ਮੁਤਆ਼ਲੀ (ਉੱਚਾ- ਮਹਾਨ), ੭੮ ਮੁਤਕੱਬਿਰ (ਵਡਿਆਈ ਵਾਲਾ), ੭੯ ਮੁੰਤਕ਼ਿਮ (ਕਰਮ ਅਨੁਸਾਰ ਸਜ਼ਾ ਦੇਣ ਵਾਲਾ) ੮੦ ਮੁਨਇ਼ਮ (ਨਿਅ਼ਮਤ ਦੇਣ ਵਾਲਾ), ੮੧ ਮੁਬਦੀ (ਆਰੰਭ ਕਰਨ ਵਾਲਾ), ੮੨ ਮੁਮੀਤ (ਮਾਰਨ ਵਾਲਾ), ੮੩ ਮੋਮਿਨ (ਅਮਨ ਦੇਣ ਵਾਲਾ), ੮੪ ਰਊਫ਼ (ਮਿਹਰਬਾਨ), ੮੫ ਰਸ਼ੀਦ (ਸਿੱਧਾ ਰਾਹ ਦਿਖਾਉਣ ਵਾਲਾ), ੮੬ ਰਹ਼ਮਾਨ (ਕ੍ਰਿਪਾਲੁ), ੮੭ ਰਹ਼ੀਮ (ਦਯਾਲੁ) ੮੮ ਰਕ਼ੀਬ (ਨਿਗਹਬਾਨੀ ਕਰਨ ਵਾਲਾ), ੮੯ ਰੱਜ਼ਾਕ਼ (ਰਿਜ਼ਕ- ਰੋਜ਼ੀ- ਦੇਣ ਵਾਲਾ), ੯੦ ਰਾਫ਼ਿਅ਼ (ਵਡਾ ਦਰਜਾ ਕਰਨ ਵਾਲਾ), ੯੧ ਲਤ਼ੀਫ਼ (ਸੂਖਮ ਦ੍ਰਸ਼੍ਟਾ), ੯੨ ਵੱਹਾਬ (ਦਾਤਾ), ੯੩ ਵਕੀਲ (ਕਾਰਸਾਜ਼), ੯੪ ਵਦੂਦ (ਮੁਹ਼ੱਬਤ ਕਰਨ ਵਾਲਾ), ੯੫ ਵਲੀ (ਮਾਲਿਕ), ੯੬ ਵਾਸਿਅ਼ (ਖੁਲ੍ਹ ਦੇਣ ਵਾਲਾ), ੯੭ ਵਾਹ਼ਿਦ (ਇਕੱਲਾ- ਅਦੁਤੀ), ੯੮ ਵਾਜਿਦ (ਸਭ ਕੁਝ ਰੱਖਣ ਵਾਲਾ), ੯੯ ਵਾਰਿਸ (ਸਰਵਨਾਸ਼ ਹੋਣ ਪਿੱਛੋਂ, ਬਾਕ਼ੀ ਰਹਿਣ ਵਾਲਾ), ੧੦੦ ਵਾਲੀ (ਮਾਲਿਕ- ਸ੍ਵਾਮੀ). ::-

| | | | | | | |
|---|---|---|---|---|---|---|
| عزیز | عظیم | عدِیِ | عفُوُ | علی | علیم | |
| اوّ یِ | آ خر | شہید | شکُوُر | ستار | صبُوُر | |
| صمۡر | سمیع | سلام | حسیب | حکُم | حکیم | |
| حقّ | حمید | حئی | حلیم | حافظ | قہار | کبیر |
| کریم | قوی | قادر | قابض | قدُوُس | قیُوُم | |
| خبیِر | خافض | خالِق | غنِہ | غفُوُر | غفّار | |
| جبُار | جلیل | ظاہر | جامع | ظار | | |
| ول اکرامہ | ذوال جلال | تواب | نافِع | نوُر | فتاح | |
| بصیر | بدیع | بح | باعِث | باسط | باقی | باطِن |
| باری | مجید | متین | مالِک | ماجد | مانع | |
| ال ملک | مالک | مؤُخر | مُعطی | مُعِز | مُعید | مُصوّر |
| مُئی | مُحصی | مہیمن | مقسط | مقتدر | مقدم | |
| مقیت | مُغنی | مُذِل | مُجیب | متعالی | متکبر | |
| مُنتقِم | مُنعِم | مُبدی | مُمیت | مؤمن | رؤُف | |
| رشید | رحمان | رحیم | رقیب | رزاق | رافع | |
| لطیف | وہاب | وکیل | ودؤُد | ولی | واسع | |
| | واحد | واجد | وارِث | والی | | |

ਹ਼ਜ਼ਰਤ ਮੁਹ਼ੰਮਦ ਨੇ ਤਸਬੀ ਕਦੇ ਨਹੀਂ ਵਰਤੀ, ਮੁਸਲਮਾਨਾਂ ਵਿੱਚ ਇਸ ਦਾ ਪ੍ਰਚਾਰ ਬੌਧਮਤ ਦੇ ਫਕੀਰਾਂ ਨੂੰ ਦੇਖਕੇ ਹੋਇਆ ਹੈ, ਵਹਾਬੀ ਮੁਸਲਮਾਨ ਹੁਣ ਭੀ ਤਸਬੀ ਨਹੀਂ ਰਖਦੇ, ਉਹ ਉਂਗਲੀਆਂ ਉੱਪਰ ਖ਼ੁਦਾ ਦੇ ਨਾਮ ਗਿਣ ਲੈਂਦੇ ਹਨ, "ਫੇਰੇ ਤਸਬੀ ਕਰੇ ਖੁਦਾਇ," (ਵਾਰ ਰਾਮ ੧. ਮਃ ੧) "ਤਸਬੀ ਯਾਦ ਕਰਹੁ ਦਸ ਮਰਦਨ." (ਮਾਰੂ ਸੋਲਹੇ ਮਃ ੫) ਦੇਖੋ, ਜਪਮਾਲਾ

**ਤਸ਼ਬੀਹ:** ਅ਼. تشبیہ ਸੰਗ੍ਯਾ- ਸ਼ਿਬਹ (ਤੁਲ੍ਯ) ਕਰਨ ਦੀ ਕ੍ਰਿਯਾ. ਦ੍ਰਿਸ਼੍ਟਾਂਤ. ਮਿਸਾਲ। ੨. ਰੂਪਕ.

**ਤਸਬੀਰ:** ਦੇਖੋ, ਤਸਵੀਰ

**ਤਸਮਈ, ਤਸਮਯੀ:** ਤੋਸ਼ਮਯੀ. ਸੰਗਯਾ- ਆਨੰਦ ਕਰ ਦੇਣ ਵਾਲੀ ਗਿਜਾ. ਦੁੱਧ ਵਿੱਚ ਚਾਉਲ ਰਿੰਨ੍ਹਕੇ ਬਣਾਇਆ ਭੋਜਨ. ਪਾਯਸ. ਖੀਰ। ੨. ਤਸ਼ਮੈ. ਚਤੁਰਥੀ ਵਿਭਕ੍ਤਿ. ਤਿਸ ਤਾਈਂ. "ਤਸਮਈ ਨਮੋ ਨਮਃ" (ਸਲੋਹ)

**ਤਸਮਾ:** ਫ਼ਾ. تسمہ ਸੰਗਯਾ- ਚੰਮ ਦੀ ਰੱਸੀ. ਬੱਧਰੀ.

**ਤਸਮਾਤ:** ਸੰ. तस्मात्- ਤਸਮਾਤ੍. ਪੰਚਮੀ ਅਤੇ ਵ੍ਯ- ਤਿਸ ਕਾਰਣ ਤੋਂ. ਤਿਸ ਲੀਯੇ (ਲਈ).

**ਤਸਰ:** ਦੇਖੋ, ਟਸਰ.

**ਤਸ਼ਰੀਹ, ਤਸ਼ਰੀਹ਼:** ਅ਼. تشریح ਸੰਗਯਾ- ਖੋਲ੍ਹਕੇ ਬਿਆਨ ਕਰਨਾ. ਇਸ ਦਾ ਮੂਲ ਸ਼ਰਹ਼ ਹੈ.

**ਤਸ਼ਰੀਫ਼:** ਅ਼. تشریف ਸੰਗਯਾ- ਬਜ਼ੁਰਗੀ. ਮਹਤ੍ਵ. ਵੱਡਪਨ. ਇਸ ਦਾ ਮੂਲ ਸ਼ਰਫ਼ (ਬਜ਼ੁਰਗੀ) ਹੈ.

**ਤਸਲਾ:** ਸੰਗਯਾ- ਤਸ੍ਤ. ਵਡੀ ਥਾਲੀ. ਵਡੀ ਬਾਟੀ. ਦੇਖੋ, ਤਸਟਾ.

**ਤਸਲੀਸ:** ਅ. تثلیث ਤਸਲੀਸ. ਸੰਗਯਾ- ਤ੍ਰਿਤ੍ਵ. Trinity ਖ਼ੁਦਾ, ਰੂਹੁਲਕੁਦਸ ਅਤੇ ਖ਼ੁਦਾ ਦਾ ਬੇਟਾ. ਦੇਖੋ, ਤ੍ਰਿਕੁਟੀ ੪। ੨. ਬ੍ਰਹਮਾ, ਵਿਸ਼ਨੁ, ਸ਼ਿਵ.

**ਤਸਲੀਮ:** ਅ਼. تسلیم ਸੰਗਯਾ- ਪ੍ਰਣਾਮ. ਸਲਾਮ। ੨. ਸ੍ਵੀਕਾਰ. ਅੰਗੀਕਾਰ. ਹਾਮੀ. ਇਸ ਦਾ ਮੂਲ ਸਲਮ (ਅੰਗੀਕਾਰ) ਹੈ.

**ਤਸਲੀਮਾਤ:** ਤਸਲੀਮ ਦਾ ਬਹੁ ਵਚਨ. "ਤਸਲੀਮਾਤ ਕਰੋ ਤਿਸ ਛਿਨ ਮੇ." (ਗੁਪ੍ਰਸੂ)

**ਤਸੱਲਾ, ਤਸੱਲੀ:** ਅ਼. تسلّی ਸੰਗਯਾ- ਢਾਰਸ. ਧੀਰਯ। ੨. ਵ੍ਯਾਕੁਲਤਾ ਦੀ ਸ਼ਾਂਤਿ. ਇਸ ਦਾ ਮੂਲ ਸਲਵ (ਖ਼ੁਸ਼ ਹੋਣਾ) ਹੈ. "ਨਹੀ ਤਸੱਲਾ ਕਿਸਤੇ ਹੋਈ." (ਗੁਪ੍ਰਸੂ)

**ਤਸਵੀਆ:** ਅ਼. تسویہ ਤਸਵਿਯਹ. ਸੰਗਯਾ- ਬਰਾਬਰ ਕਰਨਾ। ੨. ਠੀਕ ਕਰਨਾ। ੩. ਸਿੱਧਾ ਕਰਨਾ.

**ਤਸਵੀਸ:** ਅ਼. تسویش ਤਸ਼ਵੀਸ਼. ਸੰਗਯਾ- ਹ਼ੈਰਾਨੀ. ਪਰੇਸ਼ਾਨੀ. ਚਿੰਤਾ. ਇਸ ਦਾ ਮੂਲ ਸ਼ਵਸ਼ (ਘਬਰਾਹਟ) ਹੈ. "ਨਾ ਤਸਵੀਸ ਖਿਰਾਜ ਨ ਮਾਲ." (ਗਉ ਰਵਿਦਾਸ)

**ਤਸਵੀਰ:** ਅ਼. تصویر ਤਸਵੀਰ. ਸੰਗਯਾ- ਮੂਰਤਿ. ਚਿਤ੍ਰ। ੨. ਸੂਰਤ. ਸ਼ਕਲ. ਇਸ ਦਾ ਮੂਲ ਸੂਰ (ਸ਼ਕਲ) ਹੈ.

**ਤਸਵੀਰਗਰ:** ਸੰਗਯਾ- ਤਸਵੀਰ (ਮੂਰਤਿ) ਬਣਾਉਣ ਵਾਲਾ ਕਾਰੀਗਾਰ. ਮੁਸੱਵਰ. ਚਿਤ੍ਰਕਾਰ.

**ਤਸੱਵੁਰ:** ਅ਼. تصوّر ਤਸੱਵੁਰ. ਸੱਗਯਾ- ਖ਼ਿਆਲ ਬਨ੍ਹਣ ਦਾ ਭਾਵ. ਇਸ ਦਾ ਮੂਲ ਸੂਰ (ਸੂਰਤ) ਹੈ.

**ਤਸਿ:** ਦੇਖੋ, ਤਸਯ.

**ਤਸਿੰਬਲੀ ਸਵਾਰਿਆਂ ਦੀ:** ਰਿਆਸਤ ਪਟਿਆਲਾ, ਤਸੀਲ ਰਾਜਪੁਰਾ, ਥਾਣਾ ਲਾਲੜੂ ਵਿੱਚ ਇੱਕ ਪਿੰਡ. ਇਸ ਤੋਂ ਦੱਖਣ ਵੱਲ ਗ੍ਰਾਮ ਦੇ ਕੋਲ ਹੀ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਲਖਨੌਰ ਤੋਂ ਸ਼ਿਕਾਰ ਲਈ ਆਏ ਇੱਥੇ ਵਿਰਾਜੇ ਹਨ. ਇਮਾਰਤ ਕੇਵਲ ਮੰਜੀ ਸਾਹਿਬ ਹੈ, ਸੇਵਾਦਾਰ ਕੋਈ ਨਹੀਂ. ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ੮. ਮੀਲ ਪੂਰਵ ਅਤੇ ਸਰਕਾਰੀ ਪੱਕੀ ਸੜਕ ਤੋਂ ਇੱਕ ਮੀਲ ਪਾਸੇ ਤੇ ਹੈ.

**ਤਸੀਹਾ:** ਅ਼. ਤਸਦੀਅ਼ਾ. ਸੰਗਯਾ- ਕਸ਼੍ਟ. ਦੁੱਖ. ਦੇਖੋ, ਤਸਦੀਆ.

**ਤਸੀਲ:** ਦੇਖੋ, ਤਹਸੀਲ.

**ਤਸੂ:** ਸੰਗਯਾ- ਇ਼ਮਾਰਤੀ ਗਜ਼ ਦਾ ਚੌਵੀਹਵਾਂ ਹ਼ਿੱਸਾ। ੨. ਭਾਵ- ਜ਼ਰਾ. ਤਨਿਕ. ਥੋੜਾ. "ਜੇ ਬਦੀ ਕਰੈ ਤਾਂ ਤਸੂ ਨਾ ਛੀਜੈ." (ਧਨਾ ਮਃ ੧)

ਤਸੂਆ: ਕ੍ਰਿ. ਵਿ- ਤਸੂ ਮਾਤ੍ਰ. ਥੋੜਾ ਜੇਹਾ। ੨. ਭਾਵ- ਥੋੜੀ ਦੂਰ ਤਕ. "ਸੰਗਿ ਨ ਚਾਲੈ ਤੇਰੈ ਤਸੂਆ." (ਗਉ ਮਃ ੫)

ਤਸੈ: ਸੰ. तृष- ਤ੍ਰਿਸ਼. ਸੰਗ੍ਯਾ- ਪ੍ਯਾਸ. ਤੇਹ. "ਭੁਖ ਨ ਤਸੈ." (ਭਾਗੁ) ਨਾ ਤ੍ਰਿਖਾ ਹੈ.

ਤਸ਼ੰਨੁਜ: ਅ਼. تشنُج ਸੰਗ੍ਯਾ- ਪੱਠਿਆਂ ਦੀ ਖਿੱਚ. ਇਸ ਦਾ ਮੂਲ ਸ਼ਨਜ ਹੈ, ਜਿਸ ਦਾ ਅਰਥ ਹੈ ਰਗ ਅਤੇ ਚਮੜੇ ਦਾ ਸੁੰਗੜਨਾ. ਦੇਖੋ, ਖੱਲੀ.

ਤਸ੍ਯ: ਛੀਵੀਂ ਵਿਭਕ੍ਤਿ. ਉਸ ਕਾ. ਤਿਸ ਦਾ. "ਨਿਹਫਲੰ ਤਸ੍ਯ ਜਨਮਸ੍ਯ." (ਸਹਸ ਮਃ ੧) ਨਿਸਫਲ ਤਿਸ ਦਾ ਜਨਮ ਅਸ੍ਤਿ (ਹੈ).

ਤਹ: ਕ੍ਰਿ. ਵਿ- ਤਹਾਂ. ਓਥੇ. "ਤਹ ਜਨਮ ਨ ਮਰਣਾ ਆਵਣ ਜਾਣਾ." (ਸੂਹੀ ਛੰਤ ਮਃ ੫) ੨. ਫ਼ਾ. تہ ਸੰਗ੍ਯਾ- ਤਲ. ਥੱਲਾ। ੩. ਪਰਤ. ਕਿਸੇ ਵਸਤੁ ਦੀ ਮੋਟਾਈ ਦਾ ਦੂਸਰੀ ਵਸਤੁ ਪੁਰ ਫੈਲਾਉ.

ਤਹਸੀਲ: ਅ਼. تحصیل ਤਹ਼ਸੀਲ. ਸੰਗ੍ਯਾ- ਹ਼ਾਸਿਲ ਕਰਨ ਦੀ ਕ੍ਰਿਯਾ। ੨. ਉਗਰਾਹੀ. ਵਸੂਲੀ। ੩. ਉਗਰਾਹਿਆ ਹੋਇਆ ਧਨ। ੪. ਉਗਰਾਹੀ (ਵਸੂਲੀ) ਦਾ ਦਫ਼ਤਰ. ਇਸ ਦਾ ਮੂਲ ਹ਼ਸੂਲ (ਪ੍ਰਾਪਤ ਹੋਣਾ) ਹੈ। ੫. ਜਿਲੇ ਦਾ ਇੱਕ ਹਿੱਸਾ, ਜਿਸ ਦਾ ਪ੍ਰਧਾਨ ਤਸੀਲਦਾਰ ਹੁੰਦਾ ਹੈ.

ਤਹਸੀਲਦਾਰ: ਫ਼ਾ. تحصیلدار ਤਹ਼ਸੀਲਦਾਰ. ਸੰਗ੍ਯਾ- ਮੁਆ਼ਮਲਾ ਉਗਰਾਹੁਣ ਵਾਲਾ ਕਰਮਚਾਰੀ, ਮਾਲ ਦਾ ਅਫ਼ਸਰ. ਜੋ ਜ਼ਮੀਨ ਦਾ ਮੁਆ਼ਮਲਾ ਵਸੂਲ ਕਰਦਾ ਅਤੇ ਇਲਾਕੇ ਤਸੀਲ ਦਾ ਸਰਦਾਰ ਹੈ.

ਤਹਕੀਕ, ਤਹ਼ਕ਼ੀਕ਼: ਅ਼. تحقیق ਸੰਗ੍ਯਾ- ਸੱਚਾਈ. ਯਥਾਰਥਤਾ। ੨. ਸਤ੍ਯ ਦੀ ਖੋਜ. ਇਸਦਾ ਮੂਲ ਹ਼ੱਕ਼ (ਸਚਾਈ) ਹੈ। ੩. ਕ੍ਰਿ. ਵਿ- ਨਿਸ਼੍ਚਿਤ. ਯਕ਼ੀਨਨ. "ਤਹਕੀਕ ਦਿਲ ਦਾਨੀ." (ਤਿਲੰ ਮਃ ੧) ੪. ਸਚਮੁਚ.

ਤਹਕੀਕਤ, ਤਹਕੀਕਾਤ: ਬਹੁਵਚਨ ਤਹ਼ਕ਼ੀਕ਼ ਦਾ. "ਕੈ ਤਹਿਕੀਕਤ ਯਾ ਸਿਰ ਕੀਜੈ." (ਚਰਿਤ੍ਰ ੧੯੧) ਦੇਖੋ, ਤਹਕੀਕ.

ਤਹਖ਼ਾਨਾ: ਫ਼ਾ. تہخانہ ਸੰਗ੍ਯਾ- ਸਰਦਖ਼ਾਨਾ. ਘਰ ਦੇ ਥੱਲੇ ਬਣਾਇਆ ਭੋਰਾ.

ਤਹਜੀਬ: ਅ਼. تہذیب ਤਹ਼ਜੀਬ. ਸੰਗ੍ਯਾ- ਸਭ੍ਯਤਾ. ਭਲਮਨਸਊ ਦਾ ਵਿਹਾਰ. ਇਸ ਦਾ ਮੂਲ ਹਜ਼ਬ (ਸਫ਼ਾਈ) ਹੈ.

ਤਹਤ, ਤਹ਼ਤ: ਅ਼. تحت ਕ੍ਰਿ. ਵਿ- ਨੀਚੇ. ਜ਼ੇਰ. ਹੇਠਾਂ। ੨. ਵਿ- ਅਧੀਨ. ਤਾਬੇਦਾਰ.

ਤਹਤੀਕ: ਇਹ ਤਹ਼ਕ਼ੀਕ਼ ਦਾ ਹੀ ਰੂਪਾਂਤਰ ਹੈ. ਦੇਖੋ, ਤਹ਼ਕ਼ੀਕ਼.

ਤਹੱਤੁਕ, ਤਹ਼ੱਤੁਕ: ਅ਼. تحتُک ਤੇਜ਼ ਚਲਣਾ। ੨. ਛਿੱਲਣਾ। ੩. ਅ਼. تہتُک ਤਹੱਤੁਕ. ਬੇਪਰਦ ਹੋਣਾ। ੪. ਖ਼੍ਵਾਰ ਹੋਣਾ. ਹਤਕ (ਅਪਮਾਨ) ਸਹਿਣਾ.

ਤਹਮਤ, ਤਹਮਦ: ਫ਼ਾ. تہبند ਤਹਬੰਦ. ਸੰਗ੍ਯਾ- ਧੋਤੀ. ਤੇੜ ਲਪੇਟਿਆ ਵਸਤ੍ਰ.

ਤਹੱਮੁਲ, ਤਹ਼ੱਮੁਲ: ਅ਼. تحمّل ਸੰਗ੍ਯਾ- ਹ਼ਮਲ (ਬੋਝ ਉਠਾਉਣ) ਦੀ ਕ੍ਰਿਯਾ. ਕਿਸੇ ਕੰਮ ਦਾ ਬੋਝ ਸੰਭਾਲਣਾ। ੨. ਬਦਸੁਲੂਕੀ ਦੇ ਸਹਾਰਣ ਦਾ ਭਾਵ. ਧੀਰਯ. ਸਹਨਸ਼ੀਲਤਾ.

ਤਹਰੀਕ, ਤਹ਼ਰੀਕ: ਅ਼. تحریک ਸੰਗ੍ਯਾ- ਹ਼ਰਕਤ ਦੇਣ ਦੀ ਕ੍ਰਿਯਾ. ਕਿਸੇ ਬਾਤ ਦਾ ਉਠਾਉਣਾ. ਇਸ ਦਾ ਮੂਲ ਹ਼ਰਕ (ਹਿਲਨਾ) ਹੈ.

ਤਹਰੀਰ, ਤਹ਼ਰੀਰ: ਅ਼. تحریر ਸੰਗ੍ਯਾ- ਲਿਖਤ. ਲੇਖ. ਇਸਦਾ ਮੂਲ ਹ਼ਰਰ (ਅੰਦਾਜ਼ਾ ਲਾਉਣਾ) ਹੈ.

ਤਹਲਕਾ: ਅ਼. تہلکہ ਸੰਗ੍ਯਾ- ਤਬਾਹੀ. ਬਰਬਾਦੀ। ੨. ਤਰਥੱਲੀ. ਹਲਚਲ. ਇਸ ਦਾ ਮੂਲ ਹਲਕ (ਨਸ਼੍ਟ ਹੋਣਾ) ਹੈ.

ਤਹਲੀਲ, ਤਹ਼ਲੀਲ: ਅ਼. تحلیل ਸੰਗਯਾ- ਹ਼ੱਲ ਹੋਣ ਦਾ ਭਾਵ. ਘੁਲਮਿਲ ਜਾਣਾ। ੨. ਗੱਠ ਖੋਲ੍ਹਣੀ.

ਤਹਵਾ: ਦੇਖੋ, ਤਹਿੰਵਾ.

ਤਹਵੀਲ, ਤਹ਼ਵੀਲ: ਅ਼. تحویل ਸੰਗਯਾ- ਸਪੁਰਦਗੀ. ਸੌਂਪਣ ਦਾ ਭਾਵ. ਇਸ ਦਾ ਮੂਲ ਹ਼ਵਾਲਾ ਹੈ.

ਤਹਵੀਲਦਾਰ, ਤਹ਼ਵੀਲਦਾਰ: ਸੰਗਯਾ- ਹਵਾਲੇ (ਸਪੁਰਦ) ਕੀਤੀ ਵਸਤੁ ਨੂੰ ਸੰਭਾਲਕੇ ਰੱਖਣ ਵਾਲਾ. ਖ਼ਜ਼ਾਨਚੀ. ਦੇਖੋ, ਤਹਵੀਲ.

ਤਹਾ, ਤਹਾਂ: ਕ੍ਰਿ. ਵਿ- ਉਸ ਥਾਂ. ਵਹਾਂ. ਤਤ੍ਰ. "ਤਹਾ ਬੈਕੁੰਠ ਜਹ ਕੀਰਤਨੁ ਤੇਰਾ." (ਸੂਹੀ ਮਃ ੫)

ਤਹਾਰਤ, ਤ਼ਹਾਰਤ: ਅ਼. طہارت ਸੰਗਯਾ- ਪਵਿਤ੍ਰਤਾ। ੨. ਵਿ- ਪਵਿਤ੍ਰ. ਇਸ ਦਾ ਮੂਲ ਤ਼ਹਰ (ਪਾਕੀਜ਼ਗੀ) ਹੈ.

ਤਹਿ: ਦੇਖੋ, ਤਹ। ੨. ਦੇਖੋ, ਤਹਿਂ".

ਤਹਿਂ: ਕ੍ਰਿ. ਵਿ- ਤਹਾਂ. ਤਤ੍ਰ. ਉਸ ਥਾਂ. ਉੱਥੇ.

ਤਹਿਜ, ਤਹਿੰਜਾ, ਤਹਿੰਜੀ: ਸਰਵ- ਤੇਰਾ. ਤੇਰੀ. "ਰੰਗਾਵਲਾ ਪਿਰੀ! ਤਹਿਜਾ ਨਾਉ." (ਵਾਰ ਮਾਰੂ ੨. ਮਃ ੫) "ਜੇ ਭੁਲੀ ਜੇ ਚੁਕੀ ਸਾਂਈ! ਭੀ ਤਹਿੰਜੀ ਕਾਢੀਆ." (ਸੂਹੀ ਅਃ ਮਃ ੫) ਤਦ ਭੀ ਤੇਰੀ ਕਹੀ ਜਾਂਦੀ ਹਾਂ.

ਤਹਿਣਾ: ਕ੍ਰਿ- ਤ੍ਰਸਨ. ਡਰਨਾ। ੨. ਡਰ ਨਾਲ ਭੱਜਣਾ. ਪਰੇ ਹੋਣਾ. "ਲੋਭ ਮੋਹ ਅਹੰਕਾਰਹੁੰ ਤਹਿਣਾ." (ਭਾਗੁ)

ਤਹਿਤੋੜ: ਸੰਗਯਾ- ਇੱਕ ਪ੍ਰਕਾਰ ਦਾ ਪਰਾਉਠਾ. ਗੁੱਧੇ ਆਟੇ ਨੂੰ ਚਕਲੇ ਪੁਰ ਵਿਛਾਕੇ ਉਸ ਨੂੰ ਘੀ ਨਾਲ ਤਰ ਕਰਕੇ ਲੋਈਆ ਬਣਾਕੇ ਫੇਰ ਬੇਲਕੇ ਤਵੇ ਪੁਰ ਪਕਾਉਣ ਤੋਂ ਤਹਿਤੋੜ ਬਣਦਾ ਹੈ. ਇਸ ਦੀਆਂ ਕਈ ਤਹਾਂ ਘੀ ਦੇ ਕਾਰਣ ਅਲਗ ਹੋ ਜਾਂਦੀਆਂ ਹਨ, ਇਸ ਲਈ ਇਹ ਸੰਗਯਾ ਹੈ. ਅਬਿਚਲ ਨਗਰ ਤਹਿਤੋੜ ਪਕਾਉਣ ਦਾ ਬਹੁਤ ਰਿਵਾਜ ਹੈ.

ਤਹਿਦ: ਦੇਖੋ, ਤਹਤ.

ਤਹਿਮਤ: ਦੇਖੋ, ਤਹਮਤ.

ਤਹਿਰੂ: ਸੰਗਯਾ- ਜ਼ੀਨ (ਕਾਠੀ) ਦੀ ਤਹ ਹੇਠ ਪਾਇਆ ਵਸਤ੍ਰ. ਇਸ ਤੋਂ ਘੋੜੇ ਦਾ ਪਸੀਨਾ ਜ਼ੀਨ ਨੂੰ ਨਹੀਂ ਲੱਗਦਾ. ਖ਼ੁਗੀਰ (ਖ਼ੁਰਗੀਨ).

ਤਹਿੰਵਾ: ਕ੍ਰਿ. ਵਿ- ਉਸ ਥਾਂ. ਤਹਾਂ. ਦੇਖੋ, ਜਹਿੰਵਾ.

ਤਹੀ: ਸੰਗਯਾ- ਤਹ ਲਗਾਈ ਵਸਤੁ. ਤਹ ਲਗਾਕੇ ਕੀਤਾ ਹੋਇਆ ਅੰਬਾਰ। ੨. ਕ੍ਰਿ. ਵਿ- ਉਸੇ ਥਾਂ. ਤਤ੍ਰ ਹੀ. "ਤਹੀ ਨਿਰੰਜਨੁ ਰਹਿਆ ਸਮਾਈ." (ਗਉ ਅਃ ਮਃ ੧) ੩. ਤਬ ਹੀ. ਤਭੀ. "ਚੇਤਹਿ ਏਕ, ਤਹੀ ਸੁਖ ਹੋਇ." (ਓਅੰਕਾਰ) ੪. ਸਰਵ- ਉਸ ਨੂੰ. ਤਿਸੇ. "ਫਿਰਿ ਓਲਾਮਾ ਮਿਲੈ ਤਹੀ." (ਰਾਮ ਅਃ ਮਃ ੧)

ਤਹੀਂ: ਕ੍ਰਿ. ਵਿ- ਉਸੇ ਥਾਂ. ਵਹਾਂ ਹੀ. ਉੱਥੇ ਹੀ.

ਤਹੰਮਲ: ਦੇਖੋ, ਤਹੱਮੁਲ.

ਤਕ: ਦੇਖੋ, ਤਕਣਾ। ੨. ਦੇਖੋ, ਤਾਕ। ੩. ਵਯ- ਤੀਕ. ਤੋੜੀ. ਪਰਯੰਤ। ੪. ਸੰ. ਵਿ- ਬੁਰਾ. ਬਦ। ੫. ਸਹਾਰਨ ਵਾਲਾ. ਸਹਨਸ਼ੀਲ.

ਤਕਸੀਮ, ਤਕ਼ਸੀਮ: ਅ਼. تقسیم ਸੰਗਯਾ- ਵੰਡ. ਭਾਗ. ਇਸ ਦਾ ਮੂਲ ਕ਼ਿਸਮ ਹੈ। ੨. ਕ਼ਿਸਮਵਾਰ ਵੱਖ ਕਰਨ ਦੀ ਕ੍ਰਿਯਾ.

ਤਕਸੀਰ: ਅ਼. تقصیر ਤਕ਼ਸੀਰ. ਸੰਗਯਾ- ਅਪਰਾਧ. ਕ਼ਸੂਰ। ੨. ਭੁੱਲ. ਇਸ ਦਾ ਮੂਲ ਕ਼ਸਰ (ਘਟ ਜਾਣਾ) ਹੈ. "ਮੈ ਬਹੁਤੀ

ਕੀਨੀ ਤਕਸੀਰ." (ਨਾਪ੍ਰ)

ਤਕਣਾ: ਕ੍ਰਿ- ਟਕ ਲਾਕੇ ਦੇਖਣਾ. "ਤਕਹਿ ਨਾਰਿ ਪਰਾਈਆ." (ਵਾਰ ਗਉ ੧. ਮਃ ੫) ੨. ਅੰਦਾਜ਼ਾ ਕਰਨਾ. ਜਾਂਚਨਾ। ੩. ਵਿਚਾਰਨਾ. ਨਿਸ਼ਚੇ ਕਰਨਾ. "ਮੈ ਤਕੀ ਤਉ ਸਰਣਾਇ ਜੀਉ." (ਸੂਹੀ ਮਃ ੫. ਗੁਣਵੰਤੀ)

ਤਕਦੀਰ, ਤਕ਼ਦੀਰ: ਅ਼. تقدیر ਸੰਗਜਾ- ਭਾਗ. ਕ਼ਿਸਮਤ. ਨਸੀਬ. ਇਸ ਦਾ ਮੂਲ ਕ਼ਦਰ (ਅੰਦਾਜ਼ਾ) ਹੈ.

ਤਕਬੀਰ: ਅ਼. تکبیر ਸੰਗਜਾ- ਕਿਬਰ (ਵਡਿਆਈ- ਬਜ਼ੁਰਗੀ) ਦਾ ਭਾਵ. ਵਡਾ ਕਰਨ ਦਾ ਭਾਵ. ਵ੍ਰਿੱਧੀ ਦੀ ਕ੍ਰਿਯਾ। ੨. ਅੱਲਾਹੁ ਅਕਬਰ ਪੜ੍ਹਨਾ. "ਹੁਕਮ ਸੱਤ ਹੈ"- "ਰਾਮ ਨਾਮ ਸੱਤ ਹੈ" ਦੀ ਧੁਨੀ ਕਰਨੀ. ਮੁਰਦੇ ਲਈ ਪ੍ਰਾਰਥਨਾ. ਭਾਵ- ਮ੍ਰਿਤਕ ਸੰਸਕਾਰ. "ਚੂੰ ਸਵਦ ਤਕਬੀਰ." (ਤਿਲੰ ਮਃ ੧) ਜਦ ਹੋ ਜਾਵੇ ਤਕਬੀਰ। ੩. ਜੰਗ ਵਿੱਚ ਤਲਵਾਰ ਚਲਾਉਣ ਸਮੇਂ ਤਕਬੀਰ ਦਾ ਪੜ੍ਹਨਾ. ਅੱਲਾਹੁ ਅਕਬਰ ਉੱਚਾਰਨ ਕਰਨਾ. "ਬਹੀ ਭਗੌਤੀ ਗੁਰ ਕੇ ਕਰ ਕੀ। ਕਰ ਤਕਬੀਰ ਤੁਰਤ ਦੋ ਧਰ ਕੀ." (ਗੁਪ੍ਰਸੂ) ੪. ਜਿਬਹ਼ ਕਰਨਾ. ਵਧ ਕਰਨਾ. "ਗਊ ਗਰੀਬ ਕਉ ਲਗਾ ਤਕਬੀਰ ਕਰਨ." (ਮਗੋ)

ਤਕੱਬਰ, ਤਕੱਬਰੀ: ਅ਼. تکبّر ਸੰਗਜਾ- ਹੌਮੈ. ਖ਼ੁਦੀ. ਇਸ ਦਾ ਮੂਲ ਕਿਬਰ (ਵਡਾਈ) ਹੈ. "ਤਕੱਬਰ ਕੀਤਾ ਅਬਲੀਸ[573] ਨੇ ਗਲ ਲਾਨਤ ਜਾਮਾ." (ਜੰਗਨਾਮਾ)

ਤਕਮਾ: ਦੇਖੋ, ਤਮਗਾ. "ਕੋ ਤਕਮਾ ਕਰ ਹੈ ਨਿਰਜਾਸ." (ਗੁਪ੍ਰਸੂ) ੨. ਤੁ. تکمہ ਬਟਨ (ਗੁਦਾਮ) ਫਸਾਉਣ ਦਾ ਛਿਦ੍ਰ (ਛੇਕ).

ਤਕਮੀਲ: ਅ਼. تکمیل ਸੰਗਜਾ- ਕਮਾਲ (ਪੂਰਾ ਹੋਣ) ਦਾ ਭਾਵ. ਪੂਰਣਤਾ.

ਤਕਰਾਈ: ਦੇਖੋ, ਤਕੜਾਈ. "ਚਹੁੰ ਦਿਸਿ ਵਿਖੈ ਮਹਾਂ ਤਕਰਾਈ." (ਗੁਪ੍ਰਸੂ)

ਤਕਰਾਰ: ਅ਼. تکرار ਸੰਗਜਾ- ਵਾਰੰਵਾਰ ਕਹਿਣ ਦੀ ਕ੍ਰਿਯਾ. ਵਿਵਾਦ। ੨. ਤਰਕ. ਹੁੱਜਤ. ਇਸ ਦਾ ਮੂਲ ਕੱਰ (ਦੁਬਾਰਾ ਹਮਲਾ ਕਰਨਾ) ਹੈ। ੩. ਹਿੰਦੀ ਅਤੇ ਪੰਜਾਬੀ ਕਵੀਆਂ ਨੇ ਇਕਰਾਰ ਦੀ ਥਾਂ ਭੀ ਤਕਰਾਰ ਸ਼ਬਦ ਵਰਤਿਆ ਹੈ. "ਜੋ ਤਕਰਾਰ ਤੋਹਿ ਸੰਗ ਕੀਨੋ." (ਗੁਪ੍ਰਸੂ)

ਤਕਰੀ: ਸੰਗਜਾ- ਤਰਾਜ਼ੂ. ਤੁਲਾ. "ਕਰ ਤਕਰੀ ਪਕਰਤ ਰਹਤੇ ਕਸੀ ਨ ਕਮਰ ਕ੍ਰਿਪਾਨ." (ਚਰਿਤ੍ਰ ੨੪੫) ੨. ਵਿ- ਤਕੜੀ. ਦ੍ਰਿੜ੍ਹ. ਮਜਬੂਤ.

ਤਕਰੀਰ, ਤਕ਼ਰੀਰ: ਅ਼. تقریر ਸੰਗਜਾ- ਵਜਾਖਜਾ. ਗੁਫ਼ਤਗੂ. ਭਾਸ਼ਣ. ਇਸ ਦਾ ਮੂਲ ਕ਼ਰਾਰ (ਕ਼ਾਇਮ ਹੋਣਾ) ਹੈ.

ਤਕੱਰੁਰ, ਤਕ਼ੱਰੁਰ: ਅ਼. تقرّر ਸੰਗਜਾ- ਕਾਇਮ ਹੋਣਾ. ਇਸ ਦਾ ਮੂਲ ਕ਼ਰਾਰ (ਇਸਥਿਤੀ) ਹੈ.

ਤਕਲਾ: ਸੰ. ਤਕੁੰ. ਸੰਗਜਾ- ਚਰਖੇ ਦੀ ਉਹ ਸਲਾਈ, ਜਿਸ ਨਾਲ ਸੂਤ ਕੱਤੀਦਾ ਹੈ ਅਤੇ ਕੱਤਿਆ ਹੋਇਆ ਸੂਤ ਜਿਸ ਪੁਰ ਲਿਪਟਕੇ ਗਲੋਟਾ ਬਣਦਾ ਹੈ.

ਤਕਲੀਦ, ਤਕ਼ਲੀਦ: ਅ਼. تقلید ਕਿਸੇ ਦੇ ਪਿੱਛੇ ਲੱਗਣ ਦਾ ਭਾਵ. ਇਸ ਦਾ ਮੂਲ ਕ਼ਲਦ (ਗਲ ਵਿੱਚ ਰੱਸੀ ਪਾਉਣੀ) ਹੈ.

ਤਕਲੀਫ਼: ਅ਼. تکلیف ਸੰਗਜਾ- ਦੁੱਖ. ਕਸ਼੍ਟ। ੨. ਵਿਪਦਾ. ਮੁਸੀਬਤ. ਇਸ ਦਾ ਮੂਲ ਕੁਲਫ਼ਤ (ਰੰਜ) ਹੈ.

ਤਕੱਲੁਫ਼: ਅ਼. تکلّف ਸੰਗਜਾ- ਸ਼ਿਸ਼੍ਟਾਚਾਰ. ਸਭਜਤਾ ਦਾ ਵਿਹਾਰ। ੨. ਦਿਖਾਉਣ ਵਾਸਤੇ ਕਸ਼੍ਟ ਉਠਾਕੇ ਕੋਈ ਕੰਮ ਕਰਨਾ. ਇਸ ਦਾ ਮੂਲ ਕਲਫ਼ (ਧਜਾਨ ਨਾਲ ਕਿਸੇ ਕੰਮ ਵਿੱਚ ਲੱਗਣਾ) ਹੈ.

ਤਕਵੀਯਤ, ਤਕ਼ਵੀਯਤ: ਅ਼. تقویت ਸੰਗਜਾ- ਤ਼ਾਕ਼ਤ ਦੇਣ ਦੀ ਕ੍ਰਿਯਾ. ਪੁਸ਼੍ਟਿ. ਇਸ ਦਾ ਮੂਲ ਕ਼ੁੱਵਤ ਹੈ.

---

[573] ਇਬਲੀਸ. ਸ਼ੈਤਾਨ.

ਤਕੜਾ: ਵਿ- ਤਾਕ਼ਤਵਰ. ਦ੍ਰਿੜ੍ਹ. ਮਜਬੂਤ. ਜ਼ੋਰਾਵਰ.

ਤਕੜਾਈ: ਸੰਗਜਾ- ਤਾਕ਼ਤਵਰੀ. ਦ੍ਰਿੜਤਾ. ਮਜ਼ਬੂਤ਼ੀ. ਜ਼ੋਰਾਵਰੀ। ੨. ਸਾਵਧਾਨਤਾ. ਹੋਸ਼ਿਆਰੀ.

ਤਕੜਾਈ: ਸੰਗਜਾ- ਤਰਾਜ਼ੂ. ਤੁਲਾ. "ਬਿਨ ਤਕੜੀ ਤੋਲੈ ਸੰਸਾਰਾ." (ਮਾਝ ਅਃ ਮਃ ੩) ਕਰਤਾਰ ਸਰਵਗਜ ਹੋਣ ਕਰਕੇ ਤਕੜੀ ਦੀ ਜ਼ਰੂਰਤ ਨਹੀਂ ਰਖਦਾ. ਇਸ ਵਿਸ਼ਯ ਦੇਖੋ, ਕ਼ੁਰਾਨ ਦੀ ਸੂਰਤ ਅੰਬੀਆ, ਆਯਤ ੪੭। ੨. ਵਿ- ਬਲ ਵਾਲੀ. ਦ੍ਰਿੜ੍ਹ.

ਤਕਾਉਣਾ: ਕ੍ਰਿ- ਅੰਦਾਜ਼ਾ ਕਰਾਉਣਾ. ਅਨੁਮਾਨ ਕਰਾਉਣਾ। ੨. ਤੱਕਣ (ਦੇਖਣ) ਦੀ ਕ੍ਰਿਯਾ ਕਰਵਾਉਣੀ। ੩. ਦੇਖਣਾ. ਟਕ ਲਾਉਣੀ.

ਤਕਾਜਾ: ਅ਼. تقاضا ਤਕ਼ਾਜ਼ਾ. ਸੰਗਜਾ- ਪ੍ਰੇਰਣਾ. ਉੱਤੇਜਨਾ। ੨. ਕਿਸੇ ਵਸਤੁ ਦੇ ਲੈਣ ਲਈ ਦਾਵਾ ਕਰਨਾ. ਇਸ ਦਾ ਮੂਲ ਕ਼ਜ਼ਾ (ਹੁਕਮ) ਹੈ.

ਤਕਾਵੀ, ਤਕ਼ਾਵੀ: ਅ. تقاوی ਸੰਗਜਾ- ਜ਼ਿਮੀਂਦਾਰ ਨੂੰ ਸਹਾਇਤਾ ਲਈ ਦਿੱਤਾ ਹੋਇਆ ਕਰਜ. ਇਸ ਦਾ ਮੂਲ ਕ਼ੁੱਵਤ ਹੈ.

ਤਕਿਆਰ: ਛੋਟੇ ਸਰੀਣ ਖਤ੍ਰੀਆਂ ਵਿੱਚੋਂ ਇੱਕ ਗੋਤ੍ਰ. "ਡੂਗਰਦਾਸ ਭਲੋ ਤਕਿਆਰਾ." (ਭਾਗੁ)

ਤਕੀਆ: ਅ਼. تکیہ ਤਕੀਯਹ. ਸੰਗਜਾ- ਆਸਰਾ. ਆਧਾਰ. "ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ." (ਗਉ ਮਃ ੫) "ਬਲ ਧਨ ਤਕੀਆ ਤੇਰਾ." (ਸੋਰ ਮਃ ੫) ੨. ਸਿਰ੍ਹਾਣਾ. ਉਪਧਾਨ। ੩. ਆਸ਼੍ਰਮ. ਰਹਿਣ ਦਾ ਅਸਥਾਨ. "ਗੁਰੁ ਕੈ ਤਕੀਐ ਨਾਮਿ ਅਧਾਰੇ." (ਮਾਝ ਅਃ ਮਃ ੩)

ਤੱਕ: ਸੰਗਜਾ- ਅੰਦਾਜ਼ਾ. ਜਾਂਚ. ਅਨੁਮਾਨ। ੨. ਵਡੀ ਤਕੜੀ (ਤਰਾਜ਼ੂ). ੩. ਦ੍ਰਿਸ਼੍ਟਿ. ਨਜਰ.

ਤੱਕੁਲਾ: ਦੇਖੋ, ਤਕਲਾ.

ਤਕ੍ਰ: ਸੰ. ਸੰਗਜਾ- ਖੱਟੀ ਲੱਸੀ. ਛਾਛ. ਘੋਲ. ਪਾਣੀ ਮਿਲਾਕੇ ਦਹੀ ਰਿੜਕਣ ਤੋਂ, ਮੱਖਣ ਕੱਢਣ ਪਿੱਛੋਂ ਜੋ ਦਹੀ ਰਹਿ ਜਾਂਦਾ ਹੈ, ਉਸ ਦੀ ਤਕ੍ਰ ਸੰਗਜਾ ਹੈ. ਇਹ ਪਿੱਤ ਨੂੰ ਸ਼ਾਂਤ ਕਰਨ ਵਾਲਾ, ਮੇਦੇ ਲਈ ਗੁਣਕਾਰਕ, ਵੀਰਯ ਪੁਸ਼੍ਟ ਕਰਨ ਵਾਲਾ, ਸੰਗ੍ਰਹਣੀ ਅਤੇ ਅਤੀਸਾਰ ਹਟਾਉਣ ਵਾਲਾ, ਉਮਰ ਵਧਾਉਣ ਵਾਲਾ ਹੈ.

ਤਕ੍ਰਸਾਰ: ਸੰਗਜਾ- ਮੱਖਣ. ਨਵਨੀਤ.

ਤਕ੍ਰਾਟ: ਸੰਗਜਾ- ਮਧਾਣੀ. ਮੰਥਨੀ.

ਤਕ੍ਸ਼: ਦੇਖੋ, ਤਕ੍ਸ਼ਸ਼ਿਲਾ। ੨. ਸੰ. तक्ष्. ਧਾ- ਕੱਟਣਾ, ਛਿੱਲਣਾ. ਇਸੇ ਤੋਂ ਪੰਜਾਬੀ ਸ਼ਬਦ ਤੱਛਣਾ ਹੈ.

ਤਕ੍ਸ਼ਸਿਲਾ: ਸੰ. तक्षशिला. Taxila ਸੰਗਜਾ- ਦਸ਼ਰਥ ਦੇ ਪੋਤੇ, ਭਰਤ ਦੇ ਪੁਤ੍ਰ "ਤਕ੍ਸ਼" ਦੀ ਵਸਾਈ ਹੋਈ ਇੱਕ ਨਗਰੀ, ਜੋ ਗੰਧਾਰ ਦੇਸ਼ ਦੀ ਰਾਜਧਾਨੀ ਸੀ. ਇਸ ਦੇ ਖੰਡਹਰ ਇਸ ਵੇਲੇ ਟੈਕਸੀਲਾ ਨਾਮਕ ਨਾਰਥ ਵੈਸਟਰਨ ਰੇਲਵੇ ਦੇ ਸਟੇਸ਼ਨ[574] ਪਾਸ ਜਿਲੇ ਰਾਵਲਪਿੰਡੀ ਵਿੱਚ ਦੇਖੇ ਜਾਂਦੇ ਹਨ. ਵਿਦੇਸ਼ੀ ਯਾਤ੍ਰੀਆਂ ਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਇਹ ਨਗਰ ਬੌੱਧਮਤ ਦੀ ਵਿਦਯਾ ਦਾ ਕੇਂਦ੍ਰ ਸੀ. ਰਾਜਾ ਬਿੰਬਸਾਰ ਦਾ ਵੈਦ੍ਯ "ਜੀਵਕ" ਨੌ ਵਰ੍ਹੇ ਤਕ੍ਸ਼ਸ਼ਿਲਾ ਵਿੱਚ ਵੈਦ੍ਯ ਵਿਦ੍ਯਾ ਪੜ੍ਹਕੇ ਮਸ਼ਹੂਰ ਵੈਦ੍ਯ ਹੋਇਆ ਸੀ. ਸਿਕੰਦਰ ਨੇ ਜਿਸ ਵੇਲੇ ਤਕ੍ਸ਼ਸ਼ਿਲਾ ਨੂੰ ਫ਼ਤੇ ਕੀਤਾ, ਤਦ ਇਸਦਾ ਰਾਜਾ "ਅੰਭੀ" ਸੀ. ਹੁਣ ਇਸ ਦੇ ਚਿੰਨ੍ਹ ਦੱਸ ਰਹੇ ਹਨ ਕਿ ਕਿਸੇ ਸਮੇਂ ਇਹ ਸ਼ਹਿਰ ਵਡੇ ਵਿਸ੍ਤਾਰ ਵਿੱਚ ਸੀ. ਇਸ ਸਮੇਂ ਇਹ ਅਸਥਾਨ "ਢੇਰੀਸ਼ਾਹਾਂਨ" ਨਾਮ ਕਰਕੇ ਪ੍ਰਸਿੱਧ ਹੈ.

---

[574] ਪਹਿਲਾਂ ਇਸ ਸਟੇਸ਼ਨ ਦਾ ਨਾਉਂ ਕਾਲਾਸਰਾਇ ਸੀ.

ਚੀਨੀ ਯਾਤ੍ਰੀ "ਫਾਹਿਯਾਨ" ਲਿਖਦਾ ਹੈ ਕਿ ਬੁੱਧ ਭਗਵਾਨ ਨੇ ਆਪਣਾ ਸਿਰ ਕਿਸੇ ਨੂੰ ਇਸ ਥਾਂ ਦਾਨ ਕਰ ਦਿੱਤਾ ਸੀ, ਇਸ ਕਾਰਣ "ਤਕ੍ਸ਼ਿਰਾ" ਨਾਮ ਹੋਇਆ, ਜਿਸ ਤੋਂ ਲੋਕਾਂ ਨੇ ਤਕ੍ਸ਼ਿਲਾ ਬਣਾ ਲਿਆ. ਸਰ ਜਾਨ ਮਾਰਸ਼ਲ (Sir John Marshall) ਨੇ ਇੱਥੋਂ ਦੇ ਪੁਰਾਣੇ ਨਿਸ਼ਾਨਾਂ ਦੀ ਖੋਜ ਪੜਤਾਲ ਕੀਤੀ ਹੈ ਅਤੇ ਕਈ ਨਵੀਆਂ ਗੱਲਾਂ ਲੱਭਕੇ ਪੁਰਾਣੇ ਇਤਿਹਾਸ ਵਿੱਚ ਵਾਧਾ ਕੀਤਾ ਹੈ. ਇੱਥੇ ਇੱਕ ਅਜਾਇਬਘਰ ਬਣਾਇਆ ਗਿਆ ਹੈ, ਜਿਸ ਵਿੱਚ ਇੱਥੋਂ ਲੱਭੀਆਂ ਚੀਜਾਂ ਨੂੰ ਸਾਂਭਕੇ ਰੱਖਿਆ ਹੋਇਆ ਹੈ.

ਤਕ੍ਸ਼ਕ: ਸੰ. ਸੰਗਯਾ- ਕਦ੍ਰੂ ਦਾ ਪੁਤ੍ਰ ਇੱਕ ਨਾਗ, ਜਿਸ ਨੇ ਰਾਜਾ ਪਰੀਕ੍ਸ਼ਿਤ ਨੂੰ ਡੰਗਿਆ ਸੀ ਅਤੇ ਜਨਮੇਜਯ ਦੇ ਸਰਪਮੇਧ ਯਗ੍ਯ ਵਿੱਚ ਜਿਸ ਦੇ ਪ੍ਰਾਣ ਆਸ੍ਤੀਕ ਰਿਖੀ ਨੇ ਬਚਾਏ ਸਨ। ੨. ਵਿਸ਼੍ਵਕਰਮਾ। ੩. ਤਖਾਣ. ਦੇਖੋ, ਤਕ੍ਸ਼ ਧਾ। ੪. ਇੱਕ ਕ੍ਸ਼ਤ੍ਰਿਯ ਜਾਤਿ ਜੋ ਆਪਣੇ ਤਾਈਂ ਨਾਗਵੰਸ਼ੀ ਕਹਾਉਂਦੀ ਹੈ. ਇਸੇ ਜਾਤਿ ਦਾ ਜਨਮੇਜਯ ਨਾਲ ਵਿਰੋਧ ਹੋਇਆ ਸੀ. ਭਾਰਤ ਵਿੱਚ ਸੁਨਕ ਵੰਸ਼ ਪਿੱਛੋਂ ਤਕ੍ਸ਼ਕ ਕੁਲ ਵਿੱਚ ਚਿਰਤੀਕ ਰਾਜ ਰਿਹਾ ਹੈ. ਅੰਤਿਮ ਤਕ੍ਸ਼ਕ ਰਾਜਾ ਮਹਾਂਨੰਦ ਹੋਇਆ.

ਤਖਕ: ਦੇਖੋ, ਤਕ੍ਸ਼ਕ.

ਤਖਤ: ਫ਼ਾ. ਅ਼. تخت ਸੰਗਯਾ- ਬੈਠਣ ਦੀ ਚੌਕੀ। ੨. ਰਾਜਸਿੰਘਾਸਨ. "ਤਖਤਿ ਬਹੈ ਤਖਤੈ ਕੀ ਲਾਇਕ." (ਮਾਰੂ ਸੋਲਹੇ ਮਃ ੧) ੩. ਸ਼੍ਰੀ ਗੁਰੂ ਸਾਹਿਬਾਨ ਦਾ ਸਿੰਘਾਸਨ. ਖ਼ਾਸ ਕਰਕੇ ਗੁਰੂ ਸਾਹਿਬ ਦੇ ਚਾਰ ਤਖ਼ਤ- ਅਕਾਲਬੁੰਗਾ, ਪਟਨਾ ਸਾਹਿਬ ਦਾ ਹਰਿਮੰਦਿਰ, ਕੇਸਗੜ੍ਹ ਅਤੇ ਹ਼ਜ਼ੂਰ ਸਾਹਿਬ (ਅਬਿਚਲਨਗਰ).

ਤਖਤਸਾਹਿਬ: ਸਾਹਿਬ (ਸਤਿਗੁਰੂ) ਦਾ ਸਿੰਘਾਸਨ। ੨. ਦੇਖੋ, ਤਖ਼ਤ ੩। ੩. ਕੀਰਤਪੁਰ ਅਤੇ ਦਮਦਮੇ ਵਿੱਚ ਇਸ ਨਾਉਂ ਦੇ ਖ਼ਾਸ ਗੁਰਦ੍ਵਾਰੇ.

ਤਖਤ ਹਜ਼ਾਰਾ: ਸਰਹੱਦੀ ਇਲਾਕੇ (N. W. F. Province) ਵਿੱਚ ਸੁਲੇਮਾਨ ਤਖ਼ਤ (ਕੇਸਰਗੜ੍ਹ) ਦੇ ਆਸ ਪਾਸ ਦਾ ਇ਼ਲਾਕ਼ਾ. ਦੇਖੋ, ਛਡ ਹਜਾਰਾ। ੨. ਜਿਲਾ ਸ਼ਾਹਪੁਰ ਵਿੱਚ ਝਨਾਂ (ਚੰਦ੍ਰਭਾਗਾ) ਦਰਿਆ ਦੇ ਕੰਢੇ ਇੱਕ ਛੋਟਾ ਜਿਹਾ ਨਗਰ, ਜੋ ਹੀਰ ਦੇ ਪ੍ਰੇਮੀ ਰਾਂਝੇ ਦਾ ਨਿਵਾਸ ਅਸਥਾਨ ਸੀ.

ਤਖ਼ਤਗਾਹ: ਤਖ਼ਤ ਦੀ ਥਾਂ. ਦੇਖੋ, ਰਾਜਧਾਨੀ.

ਤਖ਼ਤ ਤਾਊਸ, ਤਖ਼ਤਤਾਊਸੀ, ਤਖ਼ਤ ਤ਼ਾਊਸ, ਤਖ਼ਤਤ਼ਾਊਸੀ: ਤ਼ਾਊਸ (ਮੋਰ) ਦੀ ਸ਼ਕਲ ਦਾ ਸਿੰਘਾਸਨ, ਜੋ ਸ਼ਾਹਜਹਾਂ ਦਿੱਲੀਪਤਿ ਨੇ ਸੱਤ ਕਰੋੜ ਦਸ ਲੱਖ ਰੁਪਯੇ ਖ਼ਰਚਕੇ ਰਤਨਜਟਿਤ ਬਣਾਇਆ ਸੀ. ਇਸ ਤਖ਼ਤ ਨੂੰ ਸਨ ੧੭੩੯ ਵਿੱਚ ਨਾਦਿਰਸ਼ਾਹ ਦਿੱਲੀ ਤੋਂ ਲੁੱਟ ਵਿੱਚ ਲੈ ਗਿਆ ਸੀ. ਉਸ ਦੇ ਮਰਣ ਪੁਰ ਇਹ ਤਖ਼ਤ ਤੋੜ ਭੰਨਕੇ ਵੰਡਿਆ ਗਿਆ. ਇਸੇ ਨਾਮ ਦਾ ਇੱਕ ਤਖ਼ਤ ਫ਼ਤਹਅ਼ਲੀਸ਼ਾਹ ਈਰਾਨ ਦੇ ਬਾਦਸ਼ਾਹ ਨੇ ਉਂਨੀਹਵੀਂ ਸਦੀ ਈ਼ਸਵੀ ਦੇ ਆਰੰਭ ਵਿੱਚ ਬਣਵਾਇਆ ਸੀ ਜੋ ਘਟੀਆ ਕ਼ੀਮਤ ਦਾ ਸੀ. ਦੇਖੋ, ਸ਼ਾਹਜਹਾਂ.

ਤਖ਼ਤਨਸ਼ੀਨ: ਫ਼ਾ. تخت‌نشین ਵਿ- ਤਖ਼ਤ ਉੱਪਰ ਬੈਠਣ ਵਾਲਾ। ੨. ਸੰਗਯਾ- ਬਾਦਸ਼ਾਹ. ਮਹਾਰਾਜਾ.

ਤਖ਼ਤਪੋਸ਼: ਤਖ਼ਤਾਪੋਸ਼. ਤਖ਼ਤੇ ਨਾਲ ਢਕਿਆ ਹੋਇਆ ਫ਼ਰਸ਼ ਅਥਵਾ ਛੱਤ। ੨. ਤਖ਼ਤਿਆਂ ਨਾਲ ਢਕੀ ਹੋਈ ਵਡੀ ਚੌਕੀ। ੩. ਤਖ਼ਤ ਢਕਣ ਦਾ ਵਸਤ੍ਰ.

ਤਖ਼ਤਮੱਲ: ਖਡੂਰ ਦਾ ਚੌਧਰੀ. ਜੋ ਗੁਰੂ ਅੰਗਦ ਸਾਹਿਬ ਦਾ ਸਿੱਖ ਹੋਇਆ। ੨. ਗੁਰੂ ਹਰਿਗੋਬਿੰਦ ਸਾਹਿਬ ਦਾ ਇੱਕ ਮਸੰਦ, ਜੋ ਕਾਬੁਲ ਦੀ ਸੰਗਤ ਵਿੱਚ ਧਰਮ ਪ੍ਰਚਾਰ ਕਰਦਾ ਅਤੇ ਦਸੌਂਧ ਇਕੱਠਾ ਕਰਦਾ ਸੀ। ੩. ਨੱਕੇ ਦਾ ਮਸੰਦ, ਜੋ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਵੇਲੇ ਅਮ੍ਰਿਤ ਪ੍ਰਚਾਰ ਤੋਂ ਪਹਿਲਾਂ ਸੀ.

ਤਖ਼ਤਰਵਾਂ: ਫ਼ਾ. تخت‌رواں ਸੰਗਯਾ- ਚਲਦਾ ਹੋਇਆ ਤਖ਼ਤ. ਬਾਦਸ਼ਾਹ ਦਾ ਪਾਲਕੀ ਦੀ ਸ਼ਕਲ ਦਾ ਸਿੰਘਾਸਨ, ਜਿਸ ਪੁਰ ਬੈਠਕੇ ਹਵਾਖ਼ੋਰੀ ਕਰਦਾ ਹੈ। ੨. ਪਹੀਏਦਾਰ ਰਥ ਦੀ ਸ਼ਕਲ ਦੀ ਇੱਕ ਵੱਡੀ ਚੌਕੀ, ਜਿਸ ਪੁਰ ਸ਼ਾਦੀ ਦੇ ਮੌਕ਼ੇ ਧਨੀ ਲੋਕਾਂ ਦੀ

ਬਰਾਤ ਬੈਠਕੇ ਸਜਧਜ ਨਾਲ ਕੁੜਮਾਂ ਦੇ ਘਰ ਜਾਂਦੀ ਹੈ. ਇਸ ਨੂੰ ਹਾਥੀ ਜੋਤੇ ਜਾਂਦੇ ਹਨ.

ਤਖਤਾ: ਫ਼ਾ. تختہ ਤਫ਼ਤਹ. ਸੰਗਯਾ- ਚੀਰਿਆ ਹੋਇਆ ਲੱਕੜ ਦਾ ਫੱਟ. ਪੱਲਾ। ੨. ਕਾਗਜ਼ ਦਾ ਤਾਉ। ੩. ਮੁਰਦਾ ਲੈ ਜਾਣ ਦੀ ਸੀੜ੍ਹੀ, ਜੋ ਤਖ਼ਤੇ ਦੀ ਬਣੀ ਹੋਵੇ. ਵਿਮਾਨ। ੪. ਖੇਤ ਦਾ ਚੌਕੋਰ ਚਮਨ.

ਤਖਤਿ: ਤਖ਼ਤ ਉੱਪਰ. "ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ." (ਵਾਰ ਮਾਰੂ ੧. ਮਃ ੩) ੨. ਰਾਜ ਸਭਾ ਵਿੱਚ. "ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੋਇ." (ਓਅੰਕਾਰ)

ਤਖਤੀ: ਛੋਟਾ ਤਖ਼ਤਾ। ੨. ਲਿਖਣ ਦੀ ਪੱਟੀ (ਫੱਟੀ).

ਤਖਤੂ: ਸ੍ਰੀ ਗੁਰੂ ਅਰਜਨਦੇਵ ਦਾ ਸਿੱਖ. ਇਸ ਨੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਵਿੱਚ ਭਰਤੀ ਹੋਕੇ ਵਡੀ ਵੀਰਤਾ ਦਿਖਾਈ.

ਤਖਤੂਪੁਰਾ: ਦੇਖੋ, ਨਾਨਕਸਰ ਨੰ: ੭.

ਤਖ਼ਤੈ: ਤਖ਼ਤ ਉੱਪਰ। ੨. ਤਖਤ ਦਾ, ਦੇ. ਦੇਖੋ, ਤਖਤਿ.

ਤਖ਼ਫੀਫ਼: ਅ਼. تخفیف ਸੰਗਯਾ- ਕਮੀ. ਨਯੂਨਤਾ। ੨. ਹਲਕਾ (ਹੌਲਾ) ਕਰਨ ਦੀ ਕ੍ਰਿਯਾ. ਇਸ ਦਾ ਮੂਲ ਖ਼ਿਫ਼ (ਹਲਕਾ) ਹੈ.

ਤਖ਼ਮੀਨਾ: ਅ਼. تخمینہ ਸੰਗਯਾ- ਅਟਕਲ. ਅੰਦਾਜ਼ਾ (estimate). ਇਸ ਦਾ ਮੂਲ ਖ਼ਮਨ (ਅਟਕਲ) ਹੈ.

ਤਖ਼ਲੀਆ, ਤਖ਼ਲੀਯਹ: ਅ਼. تخلیہ ਸੰਗਯਾ- ਏਕਾਂਤ ਅਸਥਾਨ. ਇਸ ਦਾ ਮੂਲ ਖ਼ਲਾ (ਖ਼ਾਲੀ) ਹੈ.

ਤਖੱਲੁਸ: ਅ਼. تخلّص ਤਖ਼ੱਲੁਸ. ਸੰਗਯਾ- ਕਵਿ ਦਾ ਸੰਕੇਤ ਕੀਤਾ ਨਾਉਂ. ਕਵਿ ਦਾ ਉਪਨਾਮ. ਛਾਪ. nom de plume. ਇਸ ਦਾ ਮੂਲ ਖ਼ਲਸ (ਪਸੰਦ ਕਰਨਾ) ਹੈ.

ਤਖਾਣ, ਤਖਾਨ: ਸੰਗਯਾ- ਤਕ੍ਸ਼ਕ. ਤਰਾਸ਼ਨੇ ਵਾਲਾ. ਬਢਈ. ਬਾਢੀ। ੨. ਦੇਖੋ, ਤਰਖਾਨ.

ਤਖੀਰ: ਦੇਖੋ, ਤਾਖੀਰ.

ਤਗ: ਸੰਗਯਾ- ਤਾਗਾ. ਡੋਰਾ। ੨. ਜਨੇਊ. ਦੇਖੋ, ਤਗੁ। ੩. ਸੰ. ਤਜ੍ਞ- ਤਗਜ. ਵਿ- ਤਤ੍ਵਗਯ. ਤੱਤ ਦੇ ਜਾਣਨ ਵਾਲਾ. "ਜਿਉ ਤਗ ਆਗੇ ਅਗ ਅਰਗਾਈ." (ਨਾਪ੍ਰ) ਜਿਵੇਂ ਤਤ੍ਵਗਯਾਨੀ ਦੇ ਅੱਗੇ ਅਗਯਾਨੀ (ਅਗਯ) ਚੁੱਪ ਹੋ ਜਾਂਦਾ ਹੈ.

ਤਗਣ: ਇੱਕ ਵਰਣਿਕ ਗਣ, ਜਿਸ ਦਾ ਰੂਪ ਹੈ- SSI.

ਤਗਣਾ: ਦੇਖੋ, ਤੁਗਣਾ.

ਤਗਮਾ: ਦੇਖੋ, ਤਕਮਾ ਅਤੇ ਤਮਗਾ.

ਤਗਰ: ਸੰ. ਸੰਗਯਾ- ਇੱਕ ਬਿਰਛ, ਜੋ ਅਫ਼ਗਾਨਿਸਤਾਨ, ਕਸ਼ਮੀਰ, ਭੂਟਾਨ ਅਤੇ ਕੋਂਕਣ ਵਿੱਚ ਨਦੀਆਂ ਦੇ ਕਿਨਾਰੇ ਹੁੰਦਾ ਹੈ. ਇਸ ਦੀ ਲਕੜੀ ਸੁਗੰਧ ਵਾਲੀ ਹੁੰਦੀ ਹੈ ਅਤੇ ਇਸ ਵਿੱਚੋਂ ਤੇਲ ਨਿਕਲਦਾ ਹੈ. ਤਗਰ ਦਾ ਬੁਰਾਦਾ ਧੂਪ ਵਿੱਚ ਪੈਂਦਾ ਹੈ ਅਤੇ ਇਸ ਦੇ ਪੱਤੇ, ਜੜ, ਲਕੜ ਅਤੇ ਤੇਲ ਆਦਿ ਅਨੇਕ ਦਵਾਈਆਂ ਵਿੱਚ ਵਰਤੀਦੇ ਹਨ. ਤਗਰ ਦੀ ਤਾਸੀਰ ਗਰਮ ਤਰ ਹੈ. ਬਾਦੀ ਦੇ ਰੋਗਾਂ ਨੂੰ ਨਾਸ਼ ਕਰਦਾ ਹੈ. Valeriana Wallichii.

ਤਗ਼ੱਲੁਬ: ਅ਼. تغلّب ਸੰਗਯਾ- ਗ਼ਾਲਿਬ ਆਉਣ ਦਾ ਭਾਵ. ਪ੍ਰਬਲ ਹੋਣਾ। ੨. ਭਾਵ- ਗ਼ਬਨ ਕਰਨਾ. ਸੌਂਪੇ ਹੋਏ ਮਾਲ ਵਿੱਚ ਖ਼ਯਾਨਤ ਕਰਨੀ.

ਤਗੜਾ: ਦੇਖੋ, ਤਕੜਾ.

ਤਗਾਦਾ: ਸੰਗਯਾ- ਗਹਿਣਾ. ਭੂਸ਼ਣ। ੨. ਪੰਜਾਬੀ ਵਿੱਚ ਤਕ਼ਾਜ਼ਾ ਦੀ ਥਾਂ ਭੀ ਇਹ ਸ਼ਬਦ ਵਰਤੀਦਾ ਹੈ. ਦੇਖੋ, ਤਕਾਜਾ.

ਤਗ਼ਾਰ: ਤੁ. تغار ਸੰਗਯਾ- ਮਿੱਟੀ ਦਾ ਥਾਲ। ੨. ਕੂੰਡਾ। ੩. ਪਾਣੀ ਠਹਿਰਾਉਣ ਲਈ ਬਿਰਛ ਦਾ ਆਲਬਾਲ. ਗੋਲ ਵੱਟ.

ਤਗਾਰੀ: ਦੇਖੋ, ਤਾਗਰੀ ੩। ੨. ਛੋਟਾ ਤਗਾਰ.

ਤਗਿ: ਦੇਖੋ, ਤਗ ੨। ੨. ਤਾਗੇ ਮੇ. ਸੂਤ ਵਿੱਚ. "ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ." (ਵਾਰ ਆਸਾ)

ਤਗੀਐ: ਤੁੰਗ (ਉੱਚਾ) ਹੋਈਐ. ਵ੍ਰਿੱਧੀ ਨੂੰ ਪ੍ਰਾਪਤ ਹੋਈਐ. ਤੁਗੀਦਾ ਹੈ. ਦੇਖੋ, ਤੁਗਣਾ. "ਕੂੜਹੁ ਕਰੇ ਵਿਣਾਸ ਧਰਮੇ ਤਗੀਐ." (ਵਾਰ ਗੂਜ ੨. ਮਃ ੫)

ਤਗੀਦ: ਦੇਖੋ, ਤਾਕੀਦ.

ਤਗੀਰ: ਅ਼. تغیر ਤਗ਼ੀਯੱਰ. ਸੰਗਯਾ- ਬਦਲਣ ਦੀ ਕ੍ਰਿਯਾ, ਪਰਿਵਰਤਨ। ੨. ਕਿਸੇ ਦੇ ਅਹੁਦੇ ਅਥਵਾ ਜਾਗੀਰ ਦੇ ਖੋਹ ਲੈਣ ਦੀ ਕ੍ਰਿਯਾ, "ਮਰਹਟੇ ਦਖਣੀ ਕੀਏ ਤਗੀਰ." (ਪ੍ਰਾਪੰਪ੍ਰ)

ਤਗੀਰੀ: ਸੰਗਯਾ- ਤਗ਼ੀਰੀ ਦੀ ਦਸ਼ਾ. ਤਬਦੀਲੀ. ਪਰਿਵਰਤਨ. ਦੇਖੋ, ਤਗੀਰ. "ਧਰਮ ਪਰਮ ਅਰੁ ਮੀਰੀ ਪੀਰੀ। ਧਰੈ ਆਪ, ਦੇ ਅਪਰ ਤਗੀਰੀ." (ਗੁਪ੍ਰਸੂ) ਦੇਖੋ, ਬਿਤਾਲੀ.

ਤਗੁ: ਸੰਗਯਾ- ਤਾਗਾ. ਡੋਰਾ। ੨. ਜਨੇਊ. ਯਗ੍ਯੋ- ਪਵੀਤ. "ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ." (ਵਾਰ ਆਸਾ) ੩. ਦੇਖੋ, ਤਗ ੩.

ਤਗੈ: ਤੁਗਦਾ ਹੈ. ਵ੍ਰਿੱਧੀ ਪਾਉਂਦਾ ਹੈ. ਨਿਭਦਾ ਹੈ. ਦੇਖੋ, ਤੁਗਣਾ. "ਪਾਪੀ ਮੂਲ ਨ ਤਗੈ." (ਵਾਰ ਮਾਰੂ ੨. ਮਃ ੫)

ਤਗ੍ਯ: ਤਤ੍ਵਗ੍ਯਾਤਾ. ਦੇਖੋ, ਤਗ ੩। ੨. ਉਸ ਦੇ ਜਾਣਨ ਵਾਲਾ. ਤਤ੍- ਗ੍ਯ.

ਤਚਨ, ਤਚਨਾ: ਕ੍ਰਿ- ਅਰਚਿ (ਅੱਗ) ਵਿੱਚ ਤਪਣਾ. ਤਪ੍ਤ ਹੋਣਾ। ੨. ਕ੍ਰੋਧਭਰੀ ਦ੍ਰਿਸ਼੍ਟਿ ਨਾਲ ਘੂਰਨਾ. "ਚੰਡ ਪ੍ਰਚੰਡ ਤਚੀ ਅਖੀਆਂ." (ਚੰਡੀ ੧)

ਤਛਕ: ਦੇਖੋ, ਤਕ੍ਸ਼ਕ.

ਤਛਣ, ਤਛਨਾ: ਸੰ. ਤਕ੍ਸ਼ਣ. ਕ੍ਰਿ- ਲੱਕੜ ਤਰਾਸ਼ਣ ਦੀ ਕ੍ਰਿਯਾ ਕਰਨਾ। ੨. ਲੱਕੜ ਪੱਥਰ ਆਦਿ ਵਿੱਚ ਖੋਦਕੇ ਮੂਰਤਿ ਬਣਾਉਣੀ. ਦੇਖੋ, ਤਕ੍ਸ਼ ਧਾ। ੩. ਦੇਖੋ, ਤੱਛਣ.

ਤਛਾਉਣਾ: ਕ੍ਰਿ- ਤਕ੍ਸ਼ਣ ਕਰਾਉਣਾ. ਕਟਵਾਉਣਾ. ਛਿਲਵਾਉਣਾ. "ਆਪ ਤਛਾਵਹਿ ਦੁਖ ਸਹਹਿ." (ਵਾਰ ਰਾਮ ੧. ਮਃ ੧) ਦੇਖੋ, ਤਛਣ.

ਤਛਾਮੁੱਛ: ਤੱਛ (ਕੱਟ) ਕੇ ਕੀਤਾ ਹੋਇਆ ਟੁਕੜਾ. ਕੱਟਵੱਢ. "ਤਛਾਮੁੱਛ ਤਰਵਾਰਨ ਕਰਕੈ." (ਨਾਪ੍ਰ)

ਤਛਿਨ: ਤਤ- ਕ੍ਸ਼ਣ ਉਸੇ ਵੇਲੇ. ਦੇਖੋ, ਤੱਛਨ. "ਤਛਿਨ ਮ੍ਰਿਤਕ ਹ੍ਵੈ ਪਰਈਂ." (ਚਰਿਤ੍ਰ ੧੫੧)

ਤੱਛਕ: ਦੇਖੋ, ਤਕ੍ਸ਼ਕ.

ਤੱਛਜਾ: ਤਕ੍ਸ਼ਕ ਦੀ ਪੁਤ੍ਰੀ। ੨. ਸਰਪ. ਤਕ੍ਸ਼ਜ. "ਤੱਛਜਾ ਲਾਜਹੀਂ." (ਚਰਿਤ੍ਰ ੧੫੨)

ਤੱਛਣ: ਦੇਖੋ, ਤਛਣ। ੨. ਸੰ. तत्क्षण- ਤਤ੍ਕ੍ਸ਼ਣ. ਕ੍ਰਿ. ਵਿ- ਉਸੇ ਵੇਲੇ. ਫ਼ੌਰਨ.

ਤੱਛਣਾ: ਤਰਾਸ਼ਨਾ. ਦੇਖੋ, ਤਛਨਾ.

ਤੱਛਨ: ਤਤ੍ਕ੍ਸ਼ਣ. ਉਸੇ ਵੇਲੇ. ਦੇਖੋ, ਤੱਛਣ. ੨. "ਤੱਛਨ ਲੱਛਨ ਦੈਕੈ ਪ੍ਰਦੱਛਨ." (ਚੰਡੀ ੧)

ਤੱਛਮੁੱਛ: ਦੇਖੋ, ਤਛਾਮੁੱਛ. "ਗਿਰੇ ਸੁ ਤੱਛਮੁੱਛੀਅੰ." (ਵਿਚਿਤ੍ਰ)

ਤਜ: ਸੰਗਯਾ- ਦਾਲਚੀਨੀ ਦੀ ਜਾਤਿ ਦਾ ਇੱਕ ਬਿਰਛ, ਜੋ ਮਾਲਾਬਾਰ ਅਤੇ ਪੂਰਵ ਬੰਗਾਲ ਵਿੱਚ ਬਹੁਤ ਹੁੰਦਾ ਹੈ. ਇਸ ਦੇ ਪੱਤੇ ਦਾ ਨਾਮ ਤੇਜਪਤ੍ਰ ਹੈ. ਤਜ ਦਾ ਇ਼ਤਰ ਭੀ ਉੱਤਮ ਹੁੰਦਾ ਹੈ ਅਤੇ ਇਸ ਦੀ ਛਿੱਲ ਅਰ ਪੱਤੇ ਅਨੇਕ ਦਵਾਈਆਂ ਵਿੱਚ ਵਰਤੀਦੇ ਹਨ. L. Laurus Cassia. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਰੀਹ ਅਤੇ ਸੋਜ ਦੂਰ ਕਰਦਾ ਹੈ. ਨਜਲੇ ਨੂੰ ਦਬਾਉਂਦਾ ਹੈ. ਸਿਰਕੇ ਨਾਲ ਘਸਾਕੇ ਲੇਪ ਕੀਤਾ ਪੀੜ ਅਤੇ ਸੋਜ ਨੂੰ ਹਟਾਉਂਦਾ ਹੈ। ੨. ਦੇਖੋ, ਤਜਨਾ। ੩. ਦੇਖੋ, ਤਜਿ। ੪. ਦੇਖੋ, ਤਜਜ.

ਤਜਈਯਾ: ਵਿ- ਤ੍ਯਾਗਣ ਕਰੈਯਾ. ਤ੍ਯਜਨ ਵਾਲਾ। ੨. ਜੰਗ ਛੱਡਣ ਵਾਲਾ, ਭਗੌੜਾ. "ਤਜਈਯਾ ਜਸੋਂ ਨਸਾਤ ਹੈਂ." (ਕ੍ਰਿਸਨਾਵ)

ਤਜਹੀਜ਼: ਅ਼. تجہیز ਸੰਗਯਾ- ਤਿਆਰੀ ਕਰਨੀ। ੨. ਖ਼ਫ਼ਣ ਕਾਠ ਤਿਆਰ ਕਰਨ ਦੀ ਕ੍ਰਿਯਾ.

ਤਜਕਰਾ: ਅ਼. تزکرہ ਤਜਕਰਾ. ਜਿਕਰ ਕਰਨ ਦੀ ਕ੍ਰਿਯਾ। ੨. ਉਹ ਗ੍ਰੰਥ, ਜਿਸ ਵਿਚ ਕਿਸੇ ਦਾ ਜਿਕਰ (ਹ਼ਾਲ) ਹੋਵੇ.

ਤਜਣਾ, ਤਜਨਾ: ਸੰ. त्यज. ਧਾ- ਛੱਡਣਾ, ਤ੍ਯਾਗ ਕਰਨਾ). ਸੰ. ਤ੍ਯਜਨ. ਸੰਗਯਾ- ਤ੍ਯਾਗਣ ਦਾ ਭਾਵ. ਤ੍ਯਾਗ. "ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ! ਸੋ ਕਿਉ ਤਜਣਾਜਾਇ?" (ਆਸਾ ਛੰਤ ਮਃ ੫) "ਗੁਰਗਿਆਨ ਅਗਿਆਨ ਤਜਾਇ." (ਸ੍ਰੀ ਮਃ ੩) "ਤਜਿਓ ਮਨ ਤੇ ਅਭਿਮਾਨੁ." (ਮਾਰੂ ਮਃ ੫) "ਜਿਹ ਬਿਖਿਆ ਸਗਲੀ ਤਜੀ." (ਸ. ਮਃ ੯)

ਤਜਬ: ਦੇਖੋ, ਤਅ਼ੱਜੁਬ.

ਤਜਬਜੁਬ: ਅ਼. تزبزب ਤਜਬਜੁਬ. ਸੰਗਯਾ- ਜ਼ਬਜ਼ਬ (ਕੰਬਣ) ਦਾ ਭਾਵ. ਜੇ ਜੱਕ. ਕਿਸੇ ਬਾਤ ਪੁਰ ਪੱਕਾ ਨਿਸ਼ਚਾ ਨਾ ਹੋਣਾ.

ਤਜਰਬਾ: ਅ਼. تجربہ ਸੰਗਯਾ- ਪਰੀਕ੍ਸ਼ਾ ਤੋਂ ਪ੍ਰਾਪਤ ਹੋਇਆ ਗ੍ਯਾਨ. ਇਸ ਦਾ ਮੂਲ ਜਰਬ (ਪਰੀਖਿਆ) ਹੈ. Experience.

ਤਜਰਬੇਕਾਰ: ਵਿ- ਆਜ਼ਮੂਦਹਕਾਰ. Experienced.

ਤਜਵੀਜ਼: ਅ਼. تجویز ਸੰਗਯਾ- ਫ਼ੈਸਲਾ. ਨਿਰਣਾ। ੨. ਇੰਤਜਾਮ. ਪ੍ਰਬੰਧ। ੩. ਸੰਮਤਿ. ਰਾਯ. ਇਸਦਾ ਮੂਲ ਜੌਜ਼ (ਗੁਜ਼ਰਨ ਦੇਣਾ) ਹੈ.

ਤਜਾਇਣ: ਤ੍ਯਾਗ ਕਰਾਉਣ ਦਾ ਭਾਵ. ਛੁਡਵਾਉਣਾ. "ਗੁਰੁ ਪੂਰੇ ਮਿਲਿ ਪਾਪ ਤਜਾਇਣ." (ਸੂਹੀ ਮਃ ੫)

ਤਜਾਤ: ਤਜਦਾ. ਤ੍ਯਾਗਦਾ. "ਨ ਤਜਾਤ ਕਬਿਲਾਸ ਕੋ." (ਸਵੈਯੇ ਮਃ ੪. ਕੇ) ਕੈਲਾਸ ਨੂੰ ਨਹੀਂ ਛੱਡਦਾ.

ਤਜਾਰਤ: ਦੇਖੋ, ਤਿਜਾਰਤ.

ਤਜਾਰਾ: ਫ਼ਾ. تجارہ ਤਜਾਰਹ. ਸੰਗਯਾ- ਮੁਸਾਫ਼ਿਰ। ੨. ਨਵਾਂ ਘੋੜਾ, ਜਿਸ ਪੁਰ ਸਵਾਰੀ ਨਾ ਕੀਤੀ ਹੋਵੇ। ੩. ਦੇਖੋ, ਤੁਜਾਰਾ।

ਤਜਾਰੀ: ਤ੍ਯਜਨਾਹੰ. ਛੱਡਣ ਲਾਇਕ. ਤ੍ਯਾਜ੍ਯ। ੨. ਤ੍ਯਾਗਕੇ. ਤਰਕ ਕਰਕੇ. "ਕਾਮ ਕ੍ਰੋਧ ਲੋਭ ਮੋਹ ਤਜਾਰੀ." (ਸੂਹੀ ਮਃ ੫)

ਤਜਾਵੁਜ਼: ਅ਼. تجاوز ਸੰਗਯਾ- ਅੱਗੇ ਵਧਜਾਣ ਦਾ ਭਾਵ. ਅਧਿਕਤਾ.

ਤਜਿ: ਸੰ. त्यज्. ਧਾ- ਤ੍ਯਾਗਣਾ, ਛੱਡਣਾ, ਤਰਕ ਕਰਨਾ। ੨. ਕ੍ਰਿ. ਵਿ- ਤ੍ਯਾਗਕੇ. ਛੱਡਕੇ. "ਤਜਿ ਆਪੁ ਮਿਟੈ ਸੰਤਾਪੁ."

(ਆਸਾ ਛੰਤ ਮਃ ੫)

ਤਜਿਐ: ਤਜਾਗਣ ਤੋਂ. ਤਜਾਗਨੇ ਸੇ. "ਤਜਿਐ ਅੰਨਿ ਨ ਮਿਲੈ ਗੁਪਾਲ." (ਗੌਂਡ ਕਬੀਰ) ਅੰਨ ਦੇ ਛੱਡਿਆਂ.

ਤਜੀਅਲੇ: ਤਜਾਗੀਏ. ਤਜਾਗਦੇਓ। ੨. ਤਜਾਗ ਦਿੱਤੇ. "ਤਜੀਅਲੇ ਸਰਬ ਜੰਜਾਲ." (ਗਉ ਮਃ ੫)

ਤਜੀਨੁ: ਤਜਜਨ. ਦੇਖੋ, ਤਜਨਾ. "ਸਗਲ ਤਜੀਨ ਗਗਨ ਦਉਰਾਵਉ." (ਗਉ ਕਬੀਰ) ਸਰਵ ਤਜਾਗ ਕਰਕੇ ਆਕਾਸ਼ਮੰਡਲ (ਦਿਮਾਗ ਦੇ ਮੈਦਾਨ) ਵਿੱਚ ਦੌੜਾਵਉ.

ਤਜੀਮ: ਦੇਖੋ, ਤਾਜੀਮ. "ਕਰ ਅਰਦਾਸ ਤਜੀਮ ਬਖਾਨੀ." (ਨਾਪ੍ਰ)

ਤਜੀਰ: ਅ਼. تعزیر ਤਅ਼ਜ਼ੀਰ. ਸੰਗਜਾ- ਸਜ਼ਾ ਦੇਣਾ. ਤਾੜਨਾ. ਇਸ ਦਾ ਮੂਲ ਅ਼ਜ਼ਰ ਹੈ.

ਤਜੀਲੇ: ਤਜਾਗਦਿੱਤਾ. ਛੱਡਿਆ. "ਤਜੀਲੇ ਬਨਾਰਸ ਮਤਿ ਭਈ ਥੋਰੀ." (ਗਉ ਕਬੀਰ)

ਤਜੀਵਣ: ਵਿ- ਤਜਜਨ ਯੋਗ. ਤਜਜਨੀਯ. "ਰਮਈਆ ਜਪਹੁ ਪ੍ਰਾਣੀ, ਅਨ ਤਜੀਵਣ ਬਾਣੀ." (ਸ੍ਰੀ ਕਬੀਰ)[575]

ਤਜੰਤ: ਤਜਜਨ ਕਰੰਤ. ਤਜਾਗੰਤ. "ਤਜੰਤ ਲੋਭੰ." (ਸਹਸ ਮਃ ੫)

ਤੱਜਬ: ਦੇਖੋ, ਤਅ਼ੱਜੁਬ.

ਤਟ: ਸੰ. ਤਟ੍. ਧਾ- ਉੱਚਾ ਹੋਣਾ। ੨. ਸੰਗਜਾ- ਨਦੀ ਦਾ ਕਿਨਾਰਾ। ੩. ਕਿਨਾਰਾ. ਕੰਢਾ. "ਤਟ ਤੀਰਥ ਸਭ ਧਰਤੀ ਭ੍ਰਮਿਓ." (ਸੋਰ ਅਃ ਮਃ ੫) ੪. ਸ਼ਿਵ. ਮਹਾਦੇਵ। ੫. ਕ੍ਰਿ. ਵਿ- ਪਾਸ. ਨੇੜੇ. ਕੋਲ। ੬. ਝਟ (ਤਤਕਾਲ) ਵਾਸਤੇ ਭੀ ਤਟ ਸ਼ਬਦ ਆਇਆ ਹੈ. "ਤਟਦੈ ਬਰ ਪਾਯੋ." (ਕ੍ਰਿਸਨਾਵ)

ਤਟਸ੍ਥ: ਸੰ. ਵਿ- ਕਿਨਾਰੇ ਰਹਿਣ ਵਾਲਾ। ੨. ਪਾਸ ਰਹਿਣਵਾਲਾ. ਨਿਕਟਵਰਤੀ। ੩. ਕਿਸੇ ਦਾ ਪੱਖ ਨਾ ਕਰਨ ਵਾਲਾ. ਉਦਾਸੀਨ। ੪. ਸੰਗਜਾ- ਉਹ ਲਕ੍ਸ਼ਣ, ਜੋ ਸਰੂਪ ਤੋਂ ਵੱਖ ਹੋਵੇ. ਦੇਖੋ, ਤਟਸ੍ਥ ਲਕ੍ਸ਼ਣ। ੫. ਸ਼ਿਵ.

ਤਟਸ੍ਥ ਲਕ੍ਸ਼ਣ, ਤਟਸ੍ਥ ਲੱਛਨ: ਸੰਗਜਾ- ਕਿਸੇ ਵਸਤੁ ਦੀ ਉਹ ਸਿਫ਼ਤ, ਜੋ ਉਸ ਦੇ ਸ੍ਵਰੂਪ ਤੋਂ ਭਿੰਨ ਹੋਵੇ. ਜਿਵੇਂ- ਕਿਸੇ ਦਾ ਮਧਰਾ ਕੱਦ ਸ਼ਜਾਮ ਰੰਗ ਛੋਟਾ ਨੱਕ ਆਦਿ ਲੱਛਣ ਤਜਾਗਕੇ ਅਸੀਂ ਦੱਸੀਏ ਕਿ ਬਸੰਤੀ ਪੱਗ ਵਾਲਾ ਕੋਠੇ ਤੇ ਬੈਠਾ ਅਮੁਕ ਪੁਰੁਸ਼ ਹੈ.

ਤਟਹਖਟਹ: ਤੀਰਥਾਂ ਦੇ ਤਟ (ਕਿਨਾਰੇ) ਪੁਰ ਨਿਵਾਸ ਅਤੇ ਖਟਕਰਮਾ ਦਾ ਕਰਨਾ. ਦੇਖੋ, ਖਟਕਰਮ. "ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ." (ਭੈਰ ਮਃ ੫. ਪੜਤਾਲ)

ਤਟਤ: ਬਿਜਲੀ. ਦੇਖੋ, ਤੜਿਤ। ੨. ਸ਼ਸਤ੍ਰਨਾਮਮਾਲਾ ਵਿੱਚ ਤਟਤ ਸ਼ਬਦ ਤਟਿਨੀ (ਨਦੀ) ਲਈ ਭੀ ਆਇਆ ਹੈ. ਦੇਖੋ, ਅੰਗ ੧੬੦.

ਤਟਨੀ: ਦੇਖੋ, ਤਟਿਨੀ.

ਤਟਾ: ਸੰ. ਤਟਾਗ. ਸੰਗਜਾ- ਤੜਾਗ. ਤਲਾਉ. ਤਾਲ. "ਜੇ ਓਹ ਕੂਪ ਤਟਾ ਦੇਵਾਵੈ." (ਗੌਂਡ ਰਵਿਦਾਸ) ਖੂਹ ਅਤੇ ਤਲਾਉ ਲਾਕੇ ਦਾਨ ਕਰੇ.

ਤਟਾਕ, ਤਟਾਗ: ਤਲਾਉ. ਤਾਲ. ਦੇਖੋ, ਤਟਾ ਅਤੇ ਤੜਾਗ.

---

[575] ਇਸ ਦਾ ਪਾਠ ਗਜਾਨੀ ਇਹ ਭੀ ਕਰਦੇ ਹਨ-"ਅਨਤ ਜੀਵਣ ਬਾਣੀ." ਅਨੰਤ ਜੀਵਨ (Infinite life) ਦੇਣ ਵਾਲੀ ਜਿਸ ਦੀ ਬਾਣੀ ਹੈ.

ਤਟਿਨੀ: ਸੰ. ਸੰਗਯਾ- ਤਟ (ਕਿਨਾਰਿਆਂ) ਵਾਲੀ, ਨਦੀ ਨੈ.

ਤਟੀ: ਸੰ. ਸੰਗਯਾ- ਨਦੀ. ਤਟਿਨੀ। ੨. ਕਿਨਾਰਾ. ਕੰਢਾ. ਤਟ। ੩. ਘਾਟੀ.

ਤਟੰਕ: ਦੇਖੋ, ਤਾਟੰਕ.

ਤੱਟੇ: ਤਾੜਨ ਕੀਤੇ. ਤਾੜੇ. "ਜਾਦਵ ਸਭ ਤੱਟੇ." (ਭਾਗੁ)

ਤਡ: ਦੇਖੋ, ਤੜ ੪। ੨. ਸੰ. ਤਡ੍. ਧਾ- ਤਾੜਨਾ, ਕੁੱਟਣਾ, ਦੰਡ ਦੇਣਾ.

ਤਡਣਾ: ਕ੍ਰਿ- ਤਣਨਾ. ਫੈਲਾਉਣਾ। ੨. ਪਸਾਰਨਾ. ਵਧਾਉਣਾ. ਅੱਡਣਾ. "ਹਥੁ ਤਡਹਿ ਘਰਿ ਘਰਿ ਮੰਗਾਇ." (ਵਾਰ ਗਉ ੧. ਮਃ ੪)

ਤਡਾਇਆ: ਫੈਲਾਇਆ. ਪਸਾਰਿਆ. "ਅਚੇਤਾ ਹਥ ਤਡਾਇਆ." (ਵਾਰ ਸ੍ਰੀ ਮਃ ੪) ਜੋ ਕਰਤਾਰ ਨੂੰ ਚੇਤੇ ਨਹੀਂ ਰਖਦੇ, ਉਨ੍ਹਾਂ ਨੇ ਮੰਗਣ ਲਈ ਹੱਥ ਪਸਾਰਿਆਹੈ.

ਤਡਿਤ: ਦੇਖੋ, ਤੜਿਤ.

ਤਣਨਾ: ਦੇਖੋ, ਤਨਨਾ.

ਤਣਾ: ਸੰ. ਪ੍ਰਤਾਨ ਅਤੇ ਫ਼ਾ. تنہ ਤਨਹ. ਸੰਗਯਾ- ਬਿਰਛ ਦਾ ਧੜ। ੨. ਜ਼ਮੀਨ ਵਿੱਚ ਫੈਲੀ ਹੋਈ ਬਿਰਛ ਦੀ ਜੜ। ੩. ਸੰ. ਤਨਯ. ਪੁਤ੍ਰ. "ਹਣਜੋ ਅਸੁਰ ਰਾਵਣ ਤਣਾ." (ਰਾਮਾਵ) ੪. ਸੰ. ਤਨਜੁ. ਵਿ- ਗਰਜਦਾ (ਗੱਜਦਾ) ਹੋਇਆ. "ਦੂਜਾ ਆਇਓ ਜਮਹਿ ਤਣਾ." (ਸ੍ਰੀ ਤ੍ਰਿਲੋਚਨ) ਦੇਖੋ, ਦੂੜਾ.

ਤਣਾਉ, ਤਣਾਵ: ਸੰਗਯਾ- ਖਿਚਾਉ. ਖਿੱਚ। ੨. ਫੈਲਾਉ. ਵਿਸ੍ਤਾਰ। ੩. ਤੰਬੂ ਆਦਿ ਦੀ ਡੋਰੀ. ਦੇਖੋ, ਤ਼ਨਾਬ.

ਤਣੀ: ਸੰਗਯਾ- ਅੰਗਰਖੇ ਆਦਿ ਦੀ ਉਹ ਡੋਰ, ਜੋ ਵਸਤ੍ਰ ਨੂੰ ਤਾਣਕੇ ਰੱਖੇ। ੨. ਵਿਆਹ ਸਮੇਂ ਲਾੜੀ ਦੇ ਘਰ ਅੱਗੇ ਬੱਧੀ ਹੋਈ ਮੰਗਲਮਈ ਡੋਰੀ. ਦੇਖੋ, ਤਣੀ ਛੁਹਣੀ.

ਤਣੀਆ: ਸੰਗਯਾ- ਤਣੀਦਾਰ ਲਿੰਗੋਟ। ੨. ਚੋਲੀ। ੩. ਲੜਕੀਆਂ ਦਾ ਨੰਗੇਜ ਢਕਣ ਵਾਲਾ ਤਣੀਦਾਰ ਵਸਤ੍ਰ.

ਤਣੀ ਛੁਹਣੀ: ਕ੍ਰਿ- ਵਿਆਹ ਸਮੇਂ ਦੀ ਇੱਕ ਹਿੰਦੂ ਰਸਮ. ਲਾੜੀ ਦੇ ਘਰ ਅੱਗੇ ਬੰਨ੍ਹੀ ਹੋਈ ਮੰਗਲਡੋਰੀ ਨੂੰ ਦੁਲਹਾ ਘੋੜੀ ਪੁਰ ਚੜ੍ਹਕੇ ਛੂੰਹਦਾ ਹੈ.

ਤਣੀ ਟੁੱਟਣੀ, ਤਣੀ ਤੋੜਨੀ: ਕ੍ਰਿ- ਆਨੰਦ ਅਥਵਾ ਕ੍ਰੋਧ ਨਾਲ ਸ਼ਰੀਰ ਦਾ ਅਜੇਹਾ ਫੁੱਲਣਾ ਕਿ ਜਾਮੇ ਦੀ ਤਣੀਆਂ ਟੁੱਟ ਜਾਣ. "ਮਹਾਂ ਕ੍ਰੋਧ ਉਠਜੋ ਤਣੀ ਤੋੜ ਤਾੜੰ." (ਗਜਾਨ)

ਤਤ: ਸੰ. तत. ਸੰਗਯਾ- ਬ੍ਰਹਮ. ਕਰਤਾਰ। ੨. ਸਰਵ- ਉਸ. "ਤਤ ਆਸ੍ਰਯੰ ਨਾਨਕ." (ਸਹਸ ਮਃ ੫) ੩. ਸੰ. तत. ਸੰਗਯਾ- ਧ ਵਿਸ੍ਤਾਰ. ਫੈਲਾਉ। ੪. ਤਾਰਦਾਰ ਵਾਜਾ. "ਤਤੰ ਵੀਣਾਦਿਕੰ ਵਾਦਜੰ." (ਅਮਰਕੋਸ਼) ਦੇਖੋ, ਪੰਚ ਸਬਦ। ੫. ਪੌਣ. ਵਾਯੁ। ੬. ਪਿਤਾ। ੭. ਪੁਤ੍ਰ। ੮. ਤਪ੍ਤ (ਤੱਤੇ) ਲਈ ਭੀ ਤਤ ਸ਼ਬਦ ਆਇਆ ਹੈ. "ਬਾਰਿ ਭਯੋ ਤਤ." (ਕ੍ਰਿਸਨਾਵ) ੯. ਤਤ੍ਵ ਲਈ ਭੀ ਤਤ ਸ਼ਬਦ ਹੈ. "ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ." (ਸ੍ਰੀ ਮਃ ੫) ਤਤ੍ਵਦਰਸ਼ੀ ਅਤੇ ਸਮਦਰਸ਼ੀ ਕਰੋੜਾਂ ਮੱਧੇ ਕੋਈ ਹੈ. ਦੇਖੋ, ਤਤੁ। ੧੦. ਤਤ੍ਵ. ਭੂਤ. ਅਨਾਸਰ. "ਪਾਂਚ ਤਤ ਕੋ ਤਨ ਰਚਿਓ." (ਸਃ ਮਃ ੯) ੧੧. ਕ੍ਰਿ. ਵਿ- ਤਤ੍ਰ. ਵਹਾਂ. ਓਥੇ. "ਜਤ੍ਰ ਜਾਉ ਤਤ ਬੀਠਲੁ ਭੈਲਾ." (ਆਸਾ ਨਾਮਦੇਵ) "ਜਤਕਤ ਪੇਖਉ ਤਤ ਤਤ ਤੁਮਹੀ." (ਗਉ ਮਃ ੫) ੧੨. ਤਤਕਾਲ ਦਾ ਸੰਖੇਪ. ਫ਼ੌਰਨ. ਤੁਰੰਤ. "ਹੋਇ ਗਇਆ ਤਤ ਛਾਰ." (ਧਨਾ ਮਃ ੫)

ਤਤ ਸਾਰਖਾ: ਵਿ- ਤਤ (ਵਾਜੇ) ਜੇਹਾ. ਵਾਜੇ ਸਦ੍ਰਿਸ਼. "ਜਾਕੈ ਘਰਿ ਈਸਰੁ ਬਾਵਲਾ ਜਗਤਗੁਰੂ, ਤਤ ਸਾਰਖਾ ਗਿਆਨੁ

ਭਾਖੀਲੇ." (ਮਲਾ ਨਾਮਦੇਵ) ਸ਼ਿਵ ਆਪ ਕੁਝ ਗਜਾਨ ਨਹੀਂ ਆਖਦਾ, ਕਿੰਤੂ ਵਾਜੇ ਵਾਂਙ ਬਜਾਇਆ ਬੋਲਦਾ ਹੈ.

ਤਤਹ: ਕ੍ਰਿ. ਵਿ- ਤੈਸੇ. "ਤਤਹ ਕੁਟੰਬ ਮੋਹ ਮਿਥਜਾ." (ਸਹਸ ਮਃ ੫) ੨. ਤਤ੍ਰ. ਵਹਾਂ. ਤਤ੍ਰ ਹੀ. "ਜਤਹ ਕਤਹ ਤਤਹ." (ਸਹਸ ਮਃ ੫)

ਤਤਕਰਾ: ਸੰਗਜਾ- ਗ੍ਰੰਥ ਦੇ ਮਜ਼ਮੂਨਾਂ ਦਾ ਤਤ੍ਵ ਕੀਤਾ ਹੋਇਆ. ਸੂਚੀਪਤ੍ਰ. Index.

ਤਤਕਾਰ: ਅਨੁ. ਤੜਾਕਾ. ਤਾੜੀ ਦੀ ਆਵਾਜ਼. "ਕਰੈ ਹਾਥਨ ਕੋ ਤਤਕਾਰ." (ਚਰਿਤ੍ਰ ੫) ੨. ਦੇਖੋ, ਤਤਕਾਲ.

ਤਤਕਾਲ, ਤਤਖਿਣ, ਤਤਖਿਨ: ਸੰ. तत्काल- तत्क्षण. ਕ੍ਰਿ. ਵਿ- ਉਸੇ ਵੇਲੇ. ਉਸ ਹੀ ਸਮੇਂ. ਫ਼ੌਰਨ. ਤੁਰੰਤ. "ਸਿਰ ਸਤ੍ਰੁਨ ਕੇ ਪਰ ਅਤ੍ਰ ਲਗੈ ਤਤਕਾਰ." (ਕ੍ਰਿਸਨਾਵ) "ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇਆਵੈ." (ਆਸਾ ਮਃ ੫) "ਸੰਤ ਉਧਾਰਉ ਤਤਖਿਣ ਤਾਲਿ." (ਗੌਂਡ ਮਃ ੫) ਦੇਖੋ, ਤਾਲਿ.

ਤਤੱਖ: ਤਤਕ੍ਸ਼ਣ ਦਾ ਸੰਖੇਪ. ਤਿਸੇ ਵੇਲੇ. ਉਸੇ ਵਕਤ. ਤੁਰੰਤ. "ਤਤੱਖ ਪੱਖਰੇ ਤੁਰੇ." (ਰਾਮਾਵ)

ਤਤਗਜ: ਸੰ. ਤਤ੍ਵਗਜ. ਵਿ- ਤਤ੍ਵ ਜਾਣਨ ਵਾਲਾ ੨. ਸੰਗਜਾ- ਬ੍ਰਹਮਗਜਾਨੀ। ੩. ਤਤ੍- ਗਜ. ਉਸ ਦੇ ਜਾਣਨ ਵਾਲਾ.

ਤਤਛਨ, ਤਤਛਿਨ: ਦੇਖੋ, ਤਤਖਿਣ.

ਤਤਜੋਗ: ਸੰਗਜਾ- ਤਤ੍ਵਯੋਗ. ਸਹਜਯੋਗ. ਗੁਰਮਤ ਅਨੁਸਾਰ ਕਰਤਾਰ ਨਾਲ ਨਾਮਅਭਜਾਸ ਦ੍ਵਾਰਾ ਲਿਵ ਲਾਉਣਰੂਪ ਯੋਗ. "ਐਸੋ ਜਨ ਬਿਰਲੋ ਹੈ ਸੇਵਕ ਜੋ ਤਤਜੋਗ ਕਉ ਬੇਤੈ." (ਕਾਨ ਮਃ ੫) ਦੇਖੋ, ਸਹਜਜੋਗ। ੨. ਯੋਗ ਦਾ ਤਤ੍ਵ (ਨਿਚੋੜ- ਸਿੱਧਾਂਤ).

ਤਤਤੁੱਲ: ਸੰ. तत्तुल्य ਤੱਤੁਲਜ. ਵਿ- ਓਹੋਜੇਹਾ. ਉਸ ਬਰਾਬਰ.

ਤਤੱਥਈ: ਤਾਲ ਦੇ ਅੰਦਾਜ਼ ਦਾ ਬੋਲ. ਨ੍ਰਿਤਜ ਸਮੇਂ ਆ- ਧਾ. "ਨਚੇ ਜੰਗ ਰੰਗੰ ਤਤੱਥਈ ਤਤਥਜੰ." (ਰਾਮਾਵ)

ਤਤਦਰਸੀ: ਸੰ. तत्त्वदर्शिन- ਤਤ੍ਵਦ੍ਰਸ਼੍ਟਾ. ਦੇਖੋ, ਤਤ ੯.

ਤਤਪਰ: ਸੰ. तत्पर, ਵਿ- ਕੰਮ ਕਰਨ ਲਈ ਤਿਆਰ. ਮੁਸੈਦ। ੨. ਚਤੁਰ। ੩. ਤਦਾਸਕ੍ਤ. ਉਸ ਵਿੱਚ ਲਗਿਆ ਹੋਇਆ। ੪. ਸੰਗਜਾ- ਨਿਮੇਸ਼ ਦਾ ਤੀਹਵਾਂ ਹਿੱਸਾ.

ਤਤਪਰਾਵ੍ਹੁ: ਤਤਪਰ ਹੋਵੇ. ਤਿਆਰ ਹੋਵੇ. "ਅਉਗਣ ਛੋਡਹੁ ਗੁਣ ਕਰਹੁ, ਐਸੇ ਤਤਪਰਾਵ੍ਹੁ." (ਆਸਾ ਅਃ ਮਃ ੧)

ਤਤਬਿਤਾ, ਤਤਬਿੰਦ: ਸੰ. तत्त्ववेता- ਤਤ੍ਵਵੇੱਤਾ. ਵਿ- ਤਤ੍ਵ ਦੇ ਜਾਣਨ ਵਾਲਾ. ਆਤਮਵੇੱਤਾ. "ਸਾਹਿਬ ਭਾਨਾ ਤਤਬਿਤਾ ਅਪਰ ਕਿਤਕ ਸਿਖ ਭੀਰ." (ਗੁਪ੍ਰਸੂ) "ਮੋਖ ਤਤਬਿੰਦ ਮਹਿ ਜਾਨ ਨਿਰਧਾਰ ਹੈ." (ਨਾਪ੍ਰ)

ਤਤਬੀਰ: ਦੇਖੋ, ਤਦਬੀਰ. "ਬਨਜਾਰੇ ਤਤਬੀਰ ਬਿਚਾਰੀ." (ਗੁਪ੍ਰਸੂ)

ਤਤਬੇਤਾ: ਦੇਖੋ, ਤਤਬਿਤਾ.

ਤਤਬੋਧ: ਦੇਖੋ, ਤਤ੍ਵਬੋਧ.

ਤਤਮਇ: ਦੇਖੋ, ਤਤ੍ਵਮਯ.

ਤਤਰਸ: ਦੇਖੋ, ਤਤ੍ਵਰਸ.

ਤਤਵਿੰਦ: ਤਤ੍ਵਵੇੱਤਾ. ਦੇਖੋ, ਤਤਬਿੰਦ. "ਗਜਾਨੀ ਧਜਾਨੀ ਜੋ ਤਤਵਿੰਦ." (ਗੁਪ੍ਰਸੂ)

**ਤਤਾ:** ਸੰ. ਤਪ੍ਤ. ਵਿ- ਤੱਤਾ. ਗਰਮ। ੧. ਕੌੜਾ. ਤੀਤਾ. ਤਿਕ੍ਤ. "ਇਕਿ ਤਤੇ ਇਕਿ ਬੋਲਨਿ ਮਿਠੇ." (ਮਾਰੂ ਮਃ ੫. ਅੰਜੁਲੀ) ੩. ਸੰਗਯਾ- ਤ ਅੱਖਰ. "ਤਤਾ ਤਾਸਿਉ ਪ੍ਰੀਤਿ ਕਰਿ." (ਬਾਵਨ) ੪. ਤ ਦਾ ਉੱਚਾਰਣ. ਤਕਾਰ.

**ਤਤਾਰਚਾ:** ਫ਼ਾ. تتارچہ ਸੰਗਯਾ- ਇੱਕ ਪ੍ਰਕਾਰ ਦਾ ਤੀਰ. "ਤੀਰ ਖਤੰਗ ਤਤਾਰਚੋ." (ਸਨਾਮਾ) "ਕਹਿਰ ਤਤਾਰਚੇ." (ਰਾਮਾਵ) ੨. ਭਾਲਾ. ਨੇਜ਼ਾ। ੩. ਤਾਤਾਰ ਦੇਸ਼ ਦਾ ਵਸਨੀਕ. ਤਾਤਾਰੀ. "ਤੁਰੇ ਤਤਾਰਚੇ." (ਰਾਮਾਵ) ਤਾਤਾਰ ਦੇਸ਼ ਦੇ ਘੋੜੇ.

**ਤਤਾਰੀ:** ਤਾਤਾਰ ਦੇਸ਼ ਦਾ. ਤਾਤਾਰੀ. "ਨੱਚੇ ਤਤਾਰੀ." (ਪਾਰਸਾਵ) ਤਾਤਾਰ ਦੇ ਘੋੜੇ ਨੱਚੇ.

**ਤਤਿ:** ਸੰ. ਸੰਗਯਾ- ਵਿਸ੍ਤਾਰ ਫੈਲਾਉ। ੨. ਸ਼੍ਰੇਣੀ. ਪੰਕਤਿ. ਕਤਾਰ। ੩. ਵਿ- ਉਤਨਾ. ਤਿਤਨਾ.

**ਤਤਿਖਿਆ, ਤਤਿਛਿਆ:** ਦੇਖੋ, ਤਿਤਿਖਿਆ.

**ਤਤਿੰਮਾ:** ਅ਼. تتمّہ ਉਪ- ਤਤਕਰਾ. Appendix

**ਤਤੀ:** ਵਿ- ਤਪ੍ਤ. ਤੱਤੀ. ਗਰਮ. "ਤਤੀ ਵਾਉ ਨ ਲਗਈ." (ਮਾਝ ਅਃ ਮਃ ੫)

**ਤਤੀਬਾਉ, ਤਤੀਬਾਲ:** ਦੇਖੋ, ਤਤੀਵਾਉ.

**ਤਤੀਰੀ:** ਸੰਗਯਾ- ਤੋਯ (ਪਾਣੀ) ਦੀ ਧਾਰ। ੨. ਕ੍ਰਿ. ਵਿ- ਤਤ੍ਰ ਹੀ. ਓਥੇ ਹੀ. "ਜਹਾਂ ਪਠਾਵਉ ਜਾਂਉ ਤਤੀਰੀ." (ਸੂਹੀ ਮਃ ੫)

**ਤਤੀਵਾਉ:** ਸੰਗਯਾ- ਤਪ੍ਤ ਵਾਯੁ. ਗਰਮ ਹਵਾ. ਲੂ. ਲੋ। ੨. ਭਾਵ- ਮੁਸੀਬਤ. ਵਿਪੱਤਿ. "ਨਹ ਲਗੈ ਤਤੀ ਵਾਉ ਜੀਉ." (ਸੂਹੀ ਮਃ ੫. ਗੁਣਵੰਤੀ) "ਚੀਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ." (ਸ੍ਰੀ ਅਃ ਮਃ ੫)

**ਤਤੁ:** ਸੰ. तत्त्व- ਤਤ੍ਵ. ਸੰਗਯਾ- ਜਗਤ ਦਾ ਮੂਲ ਕਾਰਣ ਪ੍ਰਿਥਿਵੀ ਆਦਿਕ ਭੂਤ. ਅਨਾਸਿਰ. "ਪੰਚ ਤਤੁ ਮਿਲਿ ਕਾਇਆ ਕੀਨੀ." (ਗੌਡ ਕਬੀਰ) ੨. ਪਾਰਬ੍ਰਹਮ. ਕਰਤਾਰ. "ਗੁਰਮੁਖਿ ਤਤੁ ਵੀਚਾਰੁ." (ਸ੍ਰੀ ਅਃ ਮਃ ੧) ੩. ਸਾਰ. ਸਾਰਾਂਸ਼. "ਤਤੁ ਗਿਆਨ ਤਿਸੁ ਮਨਿ ਪ੍ਰਗਟਾਇਆ." (ਸੁਖਮਨੀ) ੪. ਮੱਖਣ ਨਵਨੀਤ. "ਜਲ ਮਥੈ ਤਤੁ ਲੋੜੈ ਅੰਧ ਅਗਿਆਨਾ." (ਮਾਰੂ ਅਃ ਮਃ ੧) "ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ." (ਆਸਾ ਕਬੀਰ) ੫. ਅਸਲੀਅਤ. ਯਥਾਰ੍‍ਥਤਾ। ੬. ਕ੍ਰਿ. ਵਿ- ਤਤਕਾਲ. ਫ਼ੌਰਨ. "ਜੋ ਪਿਰੁ ਕਹੈ ਸੋ ਧਨ ਤਤੁ ਮਾਨੈ." (ਮਾਰੂ ਸੋਲਹੇ ਮਃ ੫)

**ਤਤੁਗਿਆਨ:** ਸੰਗਯਾ- ਤਤ੍ਵਗ੍ਯਾਨ. ਸਾਰਗ੍ਯਾਨ. ਯਥਾਰ੍‍ਥਗ੍ਯਾਨ। ੨. ਆਤਮਗ੍ਯਾਨ. ਬ੍ਰਹਮਗ੍ਯਾਨ.

**ਤਤੁਬੇਗਲ:** ਤਤ੍ਵਵਿਗ੍ਯ ਦੀ. ਤਤ੍ਵਵੇੱਤਾ ਦੀ. ਬ੍ਰਹਮਗ੍ਯਾਨੀ ਕੀ. "ਤਤੁਬੇਗਲ ਸਰਨਿ ਪਰੀਜੈ." (ਕਲਿ ਅਃ ਮਃ ੪) ੨. ਦੇਖੋ, ਬੇਗੁਲ.

**ਤਤੁਯੰ:** ਤਤ- ਤ੍ਵੰ. ਓਹ ਤੂੰ। ੨. ਤਤ੍ਵ- ਅਯੰ. ਤਤ੍ਵਰੂਪ ਇਹ. "ਸੁਭੰ ਤਤੁਯੰ ਅਚੁਤ ਗੁਨਗ੍ਯੰ." (ਸਹਸ ਮਃ ੫)

**ਤਤੁਰਸੁ:** ਤਤ੍ਵਰਸ ਸਾਰਰਸ. ਆਤਮਰਸ. "ਪ੍ਰਣਵੈ ਨਾਮਾ ਤਤੁਰਸੁ ਅੰਮ੍ਰਿਤੁ ਪੀਜੈ." (ਰਾਮ ਨਾਮਦੇਵ)

**ਤਤੈ:** ਤਤ੍ਵ ਦੀ "ਤਤੈ ਸਾਰ ਨ ਜਾਣੀ ਗੁਰੁ ਬਾਝਹੁ." (ਅਨੰਦੁ) ੨. ਤੱਤੇ (ਤਕਾਰ) ਅੱਖਰ ਦ੍ਵਾਰਾ ਉਪਦੇਸ਼ "ਤਤੈ ਤਾਮਸਿ ਜਲਿਓਹੁ ਮੂੜੇ!" (ਆਸਾ ਪਟੀ ਮਃ ੩) ੩. ਤਤ੍ਵ ਨੂੰ. "ਕਿਉ ਤਤੈ ਅਵਿਗਤੈ ਪਾਵੈ?" (ਸਿਧਗੋਸਟਿ)

**ਤਤੋ ਤਤੁ:** ਤਤ੍ਵ ਦਾ ਤਤ੍ਵ. ਪਰਮ ਤਤ੍ਵ. "ਤਤੋ ਤਤੁ ਮਿਲੈ ਮਨੁ ਮਾਨੈ." (ਸਿਧਗੋਸਟਿ) ੨. ਕੇਵਲ ਤਤ੍ਵ. ਤਤ੍ਵ ਹੀ ਤਤ੍ਵ.

**ਤੱਤ:** ਦੇਖੋ, ਤਤੁ। ੨. ਵਿ- ਤਤ (ਪੌਣ) ਰੂਪ. ਹਵਾ ਜੇਹਾ ਚਾਲਾਕ. "ਚੜਜੋ ਤੱਤ ਤਾਜੀ." (ਪਾਰਸਾਵ)

**ਤੱਤਸਮਾਧਿ:** ਸੰਗਯਾ- ਤਤ੍ਵਸਮਾਧਿ. ਗੁਰਮਤ ਅਨੁਸਾਰ ਨਾਮਅਭ੍ਯਾਸ ਦ੍ਵਾਰਾ ਵਾਹਗੁਰੂ ਵਿੱਚ ਲਿਵ ਦਾ ਲਗਣਾ. ਸਹਜਸਮਾਧਿ.

ਤੱਤ ਖਾਲਸਾ: ਸੰਮਤ. ੧੭੭੧ ਵਿੱਚ ਬੰਦਾ ਬਹਾਦੁਰ ਨੇ ਪ੍ਰਭੁਤਾ ਦੇ ਮਦ ਵਿੱਚ ਆਕੇ ਹਰਿਮੰਦਿਰ ਵਿੱਚ ਆਪਣੀ ਗੱਦੀ ਵਿਛਾ ਪੂਜਾ ਕਰਾਉਣੀ ਚਾਹੀ, ਅਤੇ ਵਾਹਿਗੁਰੂ ਜੀ ਕੀ ਫ਼ਤਹਿ ਦੀ ਥਾਂ ਸੱਚੇ ਸਾਹਿਬ[576] ਕੀ ਫਤੇ ਆਖਣ ਲੱਗਾ, ਤਦ ਖਾਲਸੇ ਨੇ ਉਸ ਦੀ ਸਰਦਾਰੀ ਤੋਂ ਆਪਣੇ ਤਾਈਂ ਸ੍ਵਤੰਤ੍ਰ ਕਰ ਲਿਆ, ਅਰ ਸਿੰਘਾਂ ਦੇ ਦੋ ਦਲ ਹੋ ਗਏ. ਜੋ ਦਸ਼ਮੇਸ਼ ਦੇ ਨਿਯਮਾਂ ਪੁਰ ਪੱਕੇ ਰਹਿਣ ਵਾਲੇ ਸਨ, ਉਹ "ਤੱਤ ਖਾਲਸਾ" ਕਹਾਏ ਅਰ ਜੋ ਬੰਦਾ ਬਹਾਦੁਰ ਦੇ ਮਗਰ ਚੱਲੇ, ਉਹ "ਬੰਦਈ ਖਾਲਸਾ" ਪ੍ਰਸਿੱਧ ਹੋਏ. ਇਸ ਵੇਲੇ ਬੰਦਈ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ, ਪਰ ਬੰਦਈ ਸਿੱਖ ਗੁਰੂ ਗ੍ਰੰਥਸਾਹਿਬ ਤੋਂ ਛੁਟ ਕੋਈ ਧਰਮਪੁਸ੍ਤਕ ਨਹੀਂ ਮੰਨਦੇ ਅਰ ਸਾਰੇ ਸੰਸਕਾਰ ਗੁਰਮਤ ਅਨੁਸਾਰ ਕਰਦੇ ਹਨ. ਦੇਖੋ, ਬੰਦਈ ਸ਼ਬਦ.

ਤੱਤਾਂ ਦੀ ਰਹਿਤ, ਤੱਤਾਂ ਦੇ ਗੁਣ: "ਅਪ ਤੇਜ ਬਾਇ ਪ੍ਰਿਥਮੀ ਅਕਾਸਾ। ਐਸੀ ਰਹਿਤ ਰਹਉ ਹਰਿ ਪਾਸਾ." (ਗਉ ਕਬੀਰ) ਜਲ ਦੀ ਰਹਿਤ ਸਭ ਨੂੰ ਸ਼ੁੱਧ ਅਤੇ ਸ਼ਾਂਤ ਕਰਨਾ, ਅਗਨੀ ਦੀ ਰਹਿਤ ਰੁੱਖਾ, ਮਿੱਸਾ, ਤਰ, ਖ਼ੁਸ਼ਕ ਜੇਹਾ ਮਿਲੇ ਖਾਕੇ ਪ੍ਰਸੰਨ ਰਹਿਣਾ ਅਤੇ ਸਭ ਨੂੰ ਪ੍ਰਕਾਸ਼ ਦੇਣਾ, ਪਵਨ ਦੀ ਰਹਿਤ ਸਭ ਨੂੰ ਸਮਾਨ ਸਪਰਸ਼ ਕਰਨਾ ਅਰ ਜੀਵਨ ਦੇਣਾ. ਪ੍ਰਿਥਿਵੀ ਦੀ ਰਹਿਤ ਧੀਰਯ ਧਾਰਨਾ ਅਤੇ ਸਭ ਨੂੰ ਨਿਵਾਸ ਦੇਣਾ, ਆਕਾਸ਼ ਦੀ ਰਹਿਤ ਅਸੰਗ ਰਹਿਣਾ.

ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਸ਼ਰੀਰ ਵਿੱਚ ਤੱਤਾਂ ਦੇ ਗੁਣ ਇਹ ਮੰਨੇ ਹਨ- ਹੱਡ, ਮਾਸ, ਨਖ, ਤੁਚਾ, ਰੋਮ ਪ੍ਰਿਥਿਵੀ ਦੇ ਗੁਣ. ਵੀਰਯ, ਲਹੂ, ਮਿੰਜ, ਮਲ ਮੂਤ੍ਰ ਜਲ ਦੇ ਗੁਣ. ਨੀਂਦ, ਭੁੱਖ ਪਿਆਸ, ਪਸੀਨਾ, ਆਲਸ ਅਗਨਿ ਦੇ ਗੁਣ. ਧਾਰਣ (ਫੜਨਾ), ਚਾਲਨ (ਧਕੇਲਨਾ), ਫੈਂਕਣਾ, ਸਮੇਟਣਾ, ਫੈਲਾਉਣਾ ਪਵਨ ਦੇ ਗੁਣ. ਕਾਮ, ਕ੍ਰੋਧ, ਲੱਜਾ, ਮੋਹ, ਲੋਭ ਆਕਾਸ਼ ਦੇ ਗੁਣ.

ਤਤ੍ਰ: ਸੰ. ਕ੍ਰਿ ਵਿ- ਤਹਾਂ. ਉੱਥੇ. "ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ." (ਜਾਪੁ) ਪ੍ਰੇਮਰੂਪ ਹੋਕੇ ਸਾਰੇ ਫੈਲਿਆ ਹੈ.

ਤਤ੍ਰ ਗਤਿ: ਵਹਾਂ ਗਤਿ (ਪਹੁੰਚ). ੨. ਉਹੀ ਚਾਲ. ਉਹੀ ਰੀਤਿ. "ਤਤ੍ਰ ਗਤੇ ਸੰਸਾਰਹ ਨਾਨਕ ਸੋਗਹਰਖੰ ਬਿਆਪਤੇ." (ਸਹਸ ਮਃ ੫) ਤਦਗਤੇਃ ਸੰਸਾਰਹ. ਤਿਸੀ ਗਤੀ ਸੇ ਸੰਸਾਰ ਕੋ.

ਤਤ੍ਰਾਗਤ: ਤਤ੍ਰ- ਆਗਤ. ਤਤ੍ਰ (ਉੱਥੇ) ਆਇਆ. "ਮਿਟੰਤਿ ਤਤ੍ਰਾਗਤ ਭਰਮ ਮੋਹੰ." (ਸਹਸ ਮਃ ੫) ਉਸ ਥਾਂ ਆਏ ਦਾ.

ਤਤ੍ਵ: ਦੇਖੋ, ਤਤੁ.

ਤਤ੍ਵਗੁਣ: ਦੇਖੋ, ਤੱਤਾਂ ਦੇ ਗੁਣ.

ਤਤ੍ਵਗ੍ਯ: ਸੰ. तत्त्वज्ञ. ਵਿ- ਤਤ੍ਵ ਜਾਣਨ ਵਾਲਾ. ਅਸਲੀਅਤ ਸਮਝਣ ਵਾਲਾ। ੨. ਬ੍ਰਹਮਗ੍ਯਾਨੀ. ਤਤ੍ਵਵੇੱਤਾ.

ਤਤ੍ਵਗ੍ਯਾਨ: ਦੇਖੋ, ਤਤੁਗਿਆਨ.

ਤਤ੍ਵਬੋਧ: ਸੰਗ੍ਯਾ- ਆਤਮਗ੍ਯਾਨ. ਬ੍ਰਹਮਗ੍ਯਾਨ। ੨. ਯਥਾਰਥ ਸਮਝ.

ਤਤ੍ਵਭਾਸ਼ੀ: ਵਿ- ਯਥਾਰ੍‍ਥ ਕਹਿਣ ਵਾਲਾ. ਤਤ੍ਵਵਾਦੀ.

ਤਤ੍ਵਮਸਿ: ਦੇਖੋ, ਮਹਾਵਾਕ.

ਤਤ੍ਵਮਯ: ਵਿ- ਤਤ੍ਵਰੂਪ. ਜੋ ਤਤ੍ਵ ਤੋਂ ਭਿੰਨ ਨਹੀਂ.

ਤਤ੍ਵਰਸ: ਦੇਖੋ, ਤਤੁਰਸੁ.

ਤਤ੍ਵਵਾਦੀ: ਸਾਰਵਕਤਾ. ਦੇਖੋ, ਤਤ੍ਵਭਾਸ਼ੀ

ਤਤ੍ਵਵੇੱਤਾ: ਦੇਖੋ, ਤਤ੍ਵਗ੍ਯ.

---

[576] ਬੰਦਾ ਬਹਾਦੁਰ ਦਾ ਭਾਵ ਸੱਚੇਸਾਹਿਬ ਤੋਂ ਗੁਰੂ ਗੋਬਿੰਦਸਿੰਘ ਸਾਹਿਬ ਸੀ.

ਤਥ: ਦੇਖੋ, ਤਥ੍ਯ। ੨. ਵ੍ਯ- ਤਥਾ. ਤਿਵੇਂ ਤੇਹਾ. "ਥਲੰ ਤਥ ਨੀਰੰ." (ਵੈਰਾਹ) ੩. ਕ੍ਰਿ. ਵਿ- ਤਤ੍ਰ. ਓਥੇ. ਵਹਾਂ. "ਤਥ ਲਗਣੰ ਪ੍ਰੇਮ ਨਾਨਕ." (ਗਾਥਾ)

ਤਥਾ: ਸੰ. ਵ੍ਯ- ਔਰ. ਅਤੇ. "ਵਾਰ ਮਾਝ ਕੀ ਤਥਾ ਸਲੋਕ ਮਹਲਾ ੧. " ੨. ਇਸੇ ਤਰਾਂ ਇਵੇਂ ਹੀ। ੩. ਸੰਗ੍ਯਾ- ਸਤ੍ਯ। ੪. ਨਿਸ਼ਚਾ. "ਗੁਰ ਕੈ ਸਬਦਿ ਤਥਾ ਚਿਤੁ ਲਾਏ." (ਮਾਰੂ ਮਃ ੧) ੫. ਹ਼ੱਦ. ਸੀਮਾ.

ਤਥਾਸੁ, ਤਥਾਸ੍ਤੁ: ਵ੍ਯ- ਤਥਾ- ਅਸ੍ਤੁ. ਐਸਾ ਹੀ ਹੋਵੇ. ਵੈਸਾ ਹੀ ਹੋ. "ਕਹਿਕੈ ਤਥਾਸੁ ਭੇ ਅੰਤ੍ਰਧਾਨ." (ਦੱਤਵ) "ਕੋਹਿ ਤਥਾਸ੍ਤੁ ਭੀ- ਲੋਪ ਰੰਡਿਕਾ." (ਪਾਰਸਾਵ)

ਤਥਾਚ: ਵ੍ਯ- ਤੌਭੀ. ਤਾਹਮ. ਫਿਰ ਉਸੇ ਤਰਾਂ.

ਤਥਾਪਿ: ਸੰ. ਵ੍ਯ- ਤੌਭੀ. ਤਦ ਭੀ. ਤਾਹਮ.

ਤਥਿ: ਕ੍ਰਿ. ਵਿ- ਤਤ੍ਰ. ਓਥੇ. ਉਸ ਥਾਂ. ਤਤ੍ਰ ਹੀ. "ਮੂੰ ਜੁਲਾਊਂ ਤਥਿ." (ਵਾਰ ਮਾਰੂ ੨. ਮਃ ੫)

ਤਥੁ: ਸੰ. ਤਥ੍ਯ. ਸਤ੍ਯ. ਯਥਾਰਥ. "ਸੇਵਕ ਦਾਸ ਕਹਿਓ ਇਹ ਤਥੁ." (ਸਵੈਯੇ ਮਃ ੪. ਕੇ) ੨. ਸਾਰ. ਤਤ੍ਵ. ਭਾਵ- ਮੱਖਣ. "ਪੰਡਿਤ, ਦਹੀ ਬਿਲੋਈਐ ਭਾਈ, ਵਿਚਹੁ ਨਿਕਲੈ ਤਥੁ." (ਸੋਰ ਅਃ ਮਃ ੧)

ਤਥੇਈ: ਦੇਖੋ, ਤੱਥੇਈ.

ਤਥੈਵ: ਵ੍ਯ- ਉਸੇ ਤਰਾਂ. ਤੈਸੇ ਹੀ. ਤਿਵੇਂ ਹੀ.

ਤੱਥ: ਦੇਖੋ, ਤਥੁ. "ਕਰ ਤੱਥ ਸੁਣਾਯੋ." (ਰਾਮਾਵ)

ਤੱਥਾ: ਸੰਗ੍ਯਾ- ਤਤ੍ਵ ਤੋਂ ਥੋਥਾ. ਪੀੜਿਆ ਹੋਇਆ ਗੰਨਾ.

ਤੱਥਿਯੰ, ਤੱਥੇਈ: ਦੇਖੋ, ਤਤੱਥਈ. "ਤੁਟੰਤ ਤਾਲ ਤੱਥਿਯੰ." (ਰਾਮਾਵ)

ਤਥ੍ਯ: ਦੇਖੋ, ਤਥੁ.

ਤਥ੍ਯਗ੍ਯਾਨ, ਤਥ੍ਯਬੋਧ: ਯਥਾਰਥੰ ਗ੍ਯਾਨ. ਸਾਰ ਬੋਧ. ਤਤ੍ਵਗ੍ਯਾਨ. ਦੇਖੋ, ਤਥੁ.

ਤਦ: ਕ੍ਰਿ. ਵਿ- ਤਦਾ. ਤਥ. ਤਦੋਂ. ਉਸ ਸਮੇਂ. "ਨਾਨਕ ਸਤਿਗੁਰੁ ਤਦ ਹੀ ਪਾਏ." (ਵਾਰ ਬਿਹਾ ਮਃ ੩) ੨. ਸੰ. ਤਦ੍ ਵਿ- ਉਹ. ਵਹ। ੩. ਪਹਿਲਾਂ ਆਖਿਆ ਹੋਇਆ। ੪. ਵਿਚਾਰ ਕਰਨ ਲਾਇਕ। ੫. ਅਕਲ ਵਿੱਚ ਆਇਆ ਹੋਇਆ। ੬. ਸੰਗ੍ਯਾ- ਬ੍ਰਹਮ.

ਤਦਹੁ: ਕ੍ਰਿ. ਵਿ- ਉਸ ਵੇਲੇ "ਤਦਹੁ ਹੋਰ ਨ ਕੋਈ." (ਵਾਰ ਗੂਜ ੧. ਮਃ ੩)

ਤਦਕਾ: ਓਦੋਂ ਦਾ. ਦੇਖੋ, ਤਦ. "ਰਿਜਕ ਦੀਆ ਸਭਹੂ ਕਉ ਤਦਕਾ." (ਸਵੈਯੇ ਮਃ ੪. ਕੇ) ਜਦੋਂ ਪੈਦਾ ਕੀਤੇ, ਉਸੇ ਵੇਲੇ ਤੋਂ.

ਤਦਗੁਣ: ਤਦ੍ਗੁਣ. (ਉਸੇ ਦਾ ਗੁਣ). ਆਪਣਾ ਗੁਣ ਛੱਡਕੇ ਸੰਗਤਿ ਦਾ ਗੁਣ ਧਾਰਨ ਕਰਨਾ, ਜਿਸ ਉਕਤਿ ਵਿੱਚ ਹੋਵੇ, ਉੱਥੇ "ਤਦਗੁਣ" ਅਲੰਕਾਰ ਹੁੰਦਾ ਹੈ.

ਉਦਾਹਰਣ- ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ. ×

ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈਰੇ. (ਆਸਾ ਮਃ ੫)

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ,

ਨੀਚਰੂਖ ਤੇ ਊਚ ਭਏ ਹੈਂ ਗੰਧਿ ਸੁਗੰਧਿ ਨਿਵਾਸਾ. (ਆਸਾ ਰਵਿਦਾਸ)

ਨਿਰਮਲਭਏ ਊਜਲ ਜਸਗਾਵਤ ਬਹੁਰਿ ਨ ਹੋਵਤਕਾਰੋ. (ਸਾਰ ਮਃ ੫)

ਸੁਰਸਰੀਸਲਿਲ ਕ੍ਰਿਤ ਬਾਰੁਨੀ ਰੇ, ਸੰਤਜਨ ਕਰਤ ਨਹੀ ਪਾਨੰ, ਸੁਰਾ ਅਪਵਿਤ੍ਰ ਨਤੁ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ. (ਮਲਾ ਰਵਿਦਾਸ)

ਚੰਦਨਵਾਸ ਬਣਾਸਪਤਿ ਸਭ ਚੰਦਨ ਹੋਵੈ,

ਅਸ੍ਟਧਾਤੁ ਇਕਧਾਤੁ ਕਰ ਸੰਗ ਪਾਰਸ ਢੋਵੈ,

ਨਦੀਆ ਨਾਲੇ ਵਾਹੜੇ ਮਿਲ ਗੰਗ ਗੰਗੋਵੈ,

ਪਤਿਤਉਧਾਰਣ ਸਾਧੁਸੰਗ ਪਾਪਾਂਮਲ ਧੋਵੈ. (ਭਾਗੁ)

ਤਦਨੰਤਰ: ਸੰ. ਕ੍ਰਿ. ਵਿ- ਉਸ ਪਿੱਛੋਂ. ਉਸ ਕੇ ਬਾਦ. ਤਦੰਤਰ.

ਤਦਪਿ: ਸੰ. ਵਯ- ਤਦਾਪਿ. ਤਥਾਪਿ. ਤੌਭੀ. "ਤਦਪਿ ਧਿਆਨ ਨ ਆਏ." (ਹਜਾਰੇ ੧੦)

ਤਦਬੀਰ: ਅ਼. تدبیر ਸੰਗਯਾ- ਯੁਕ੍ਤਿ. ਤਰਕੀਬ। ੨. ਯਤਨ. ਉਪਾਯ (ਉਪਾਉ)

ਤਦਰੀਜ: ਅ਼. تدریج ਦਰਜੇ ਬਦਰਜੇ (ਯਥਾਕ੍ਰਮ) ਕੰਮ ਕਰਨਾ.

ਤਦਰੂਪ: ਸੰ. ਤਦ੍ਰੂਪ. ਵਿ- ਉਸ ਜੇਹਾ. ਸਮਾਨ. ਸਦ੍ਰਿਸ਼. ਦੇਖੋ, ਰੂਪਕ.

ਤਦਵਤ: ਸੰ. तद्वत. ਵਿ- ਉਹੋ ਜੇਹਾ. ਉਸ ਵਾਂਙ। ੨. ਜਿਉਂ ਦਾ ਤਿਉਂ.

ਤਦਾ, ਤਦਾਊ, ਤਦਾਇ: ਕ੍ਰਿ. ਵਿ- ਤਬ. ਉਸ ਵੇਲੇ. ਦੇਖੋ, ਤਦ। ੨. ਦੇਖੋ, ਤਿਦਾਊ.

ਤਦਾਕਾਰ: ਸੰ. ਵਿ- ਉਸੇ ਆਕਾਰ ਦਾ. ਉਹੋ ਜੇਹਾ। ੨. ਤਨਮਯ. ਉਸੇ ਦਾ ਰੂਪ.

ਤਦਾਪਿ, ਤਦਾਪੀ: ਦੇਖੋ, ਤਦਪਿ.

ਤਦਾਰਕ, ਤਦਾਰੁਕ: ਅ਼. تدارک ਸੰਗਯਾ- ਦੁਰਘਟਨਾ ਦੀ ਪੜਤਾਲ। ੨. ਦੁਰਘਟਨਾ ਦੇ ਰੋਕਣ ਦਾ ਪ੍ਰਬੰਧ। ੩. ਸਜ਼ਾ. ਦੰਡ. "ਜੇ ਨ ਤਦਾਰਕ ਦਿਹੁਁ ਤਿਸ ਤਾਂਈ." (ਨਾਪ੍ਰ)

ਤਦਿ: ਕ੍ਰਿ. ਵਿ- ਤਬ. ਉਸ ਵੇਲੇ. "ਨਾ ਤਦਿ ਗੋਰਖ, ਨਾ ਮਾਛਿੰਦੋ." (ਮਾਰੂ ਸੋਲਹੇ ਮਃ ੧)

ਤਦਿਨ: ਤਤ- ਦਿਨ. ਉਸ ਦਿਨ. ਤਾਂ ਦਿਨ. "ਬਿਤਨ ਨਾਮ ਤਿਹ ਤਦਿਨ ਕਹਾਯਸ." (ਰੁਦ੍ਰਾਵ) ਦੇਖੋ, ਬਿਤਨ.

ਤਦੀ: ਦੇਖੋ, ਤਦਾ। ੨. ਦੇਖੋ, ਤੱਦੀ.

ਤਦੂਆ: ਸੰਗਯਾ- ਤੰਤੂਆਂ (ਤੰਦਾਂ) ਨਾਲ ਜੀਵਾਂ ਨੂੰ ਫਸਾਉਣ ਵਾਲਾ ਇੱਕ ਜੀਵ. ਦੇਖੋ, ਤੰਦੂਆ. "ਜਲਿ ਕੁੰਚਰ ਤਦੂਆ ਬਾਂਧਿਓ." (ਨਟ ਮਃ ੪) ਜਲ ਵਿੱਚ ਗਜਰਾਜ ਨੂੰ ਤੰਦੂਏ ਨੇ ਬੰਨ੍ਹਿਆ.

ਤਦੇ, ਤਦੋ: ਕ੍ਰਿ. ਵਿ- ਉਸ ਵੇਲੇ. ਤਬ ਹੀ. "ਦੁਬਿਧਾ ਤਦੇ ਬਿਨਾਸੀ." (ਮਾਰੂ ਮਃ ੩) ਦੇਖੋ, ਤਦ.

ਤਦੰਤਰ: ਦੇਖੋ, ਤਦਨੰਤਰ.

ਤੱਦੀ: ਅ਼. تعدی ਤਅ਼ਦੀ. ਸੰਗਯਾ- ਜੁਲਮ. ਸਿਤਮ। ੨. تحدّی ਤਹ਼ੱਦੀ. ਝਗੜਨ ਦੀ ਕ੍ਰਿਯਾ। ੩. ਹ਼ੱਦੋਂ ਵਧ ਜਾਣਾ। ੪. ਤਾੜਨਾ. ਡਾਟਣਾ.

ਤਦਜਪਿ: ਵ੍ਯ- ਤੌਭੀ. ਤਥਾਪਿ. ਦੇਖੋ, ਤਦਪਿ.

ਤਧਨੰਤਰ: ਦੇਖੋ, ਤਦਨੰਤਰ.

ਤੱਧਿਤ: ਸੰ. तद्धित. ਸੰਗ੍ਯਾ- ਵ੍ਯਾਕਰਣ ਅਨੁਸਾਰ ਇੱਕ ਪ੍ਰਕਾਰ ਦਾ ਪ੍ਰਤ੍ਯਯ, ਜਿਸ ਦੇ ਪੰਜ ਭੇਦ ਹਨ:-

(ੳ) ਅਪਤ੍ਯਵਾਚਕ- ਜਿਸ ਤੋਂ ਔਲਾਦ ਅਥਵਾ ਉਪਾਸਕ ਆਦਿ ਸੰਬੰਧ ਪਾਇਆ ਜਾਵੇ. ਜਿਵੇਂ ਦਸਰਥ ਤੋਂ ਦਾਸ਼ਰਥੀ, ਸ਼ਿਵ ਤੋਂ ਸ਼ੈਵ, ਰਾਮਾਨੰਦ ਤੋਂ ਰਾਮਾਨੰਦੀ ਆਦਿ,

(ਅ) ਕਰਤ੍ਰਿਵਾਚਕ- ਜਿਸ ਤੋਂ ਕਿਸੇ ਕਰਮ ਦੇ ਕਰਤਾ ਦਾ ਬੋਧ ਹੋਵੇ. ਜੈਸੇ- ਗੱਡੀ ਤੋਂ ਗੱਡੀਵਾਨ, ਲਕੜੀ ਤੋਂ ਲਕੜਹਾਰਾ, ਵਣਜ ਤੋਂ ਵਣਜਾਰਾ ਆਦਿ.

(ੲ) ਭਾਵਵਾਚਕ- ਜਿਵੇਂ ਮੂਰਖ ਤੋਂ ਮੂਰਖਪੁਣਾ, ਢੀਠ ਤੋਂ ਢੀਠਾਈ, ਉੱਚੇ ਤੋਂ ਊਚਾਈ, ਕਠੋਰ ਤੋਂ ਕਠੋਰਤਾ ਆਦਿ।

(ਸ) ਊਨਤਾਵਾਚਕ- ਜਿਸ ਤੋਂ ਕਮੀ ਜਾਣੀ ਜਾਵੇ. ਜੈਸੇ- ਖਤ੍ਰੀ ਤੋਂ ਖਤਰੇਟਾ, ਮੁਸਲਿਮ ਤੋਂ ਮੁਸਲਾ ਆਦਿ।

(ਹ) ਗੁਣਵਾਚਕ- ਜਿਸ ਤੋਂ ਗੁਣ ਦਾ ਗਿਆਨ ਹੋਵੇ, ਜਿਵੇਂ- ਮੈਲ ਤੋਂ ਮੈਲਾ, ਠੰਢ ਤੋਂ ਠੰਢਾ, ਗੁਣ ਤੋਂ ਗੁਣਵਾਨ, ਸੁਖ ਤੋਂ ਸੁਖਦਾਇਕ ਆਦਿ.

ਤਨ: ਸ. तन्. ਧਾ- ਫੈਲਾਉਣਾ, ਵਿਸ੍ਤਾਰ ਕਰਨਾ, ਤਣਨਾ। ੨. ਸੰਗ੍ਯਾ- ਸੰਤਾਨ. ਔਲਾਦ। ੩. ਧਨ। ੪. ਫ਼ਾ. تن ਸੰਗ੍ਯਾ- ਜਿਸਮ. ਦੇਹ ਸ਼ਰੀਰ. "ਤਨ ਸੂਚਾ ਸੋ ਆਖੀਐ ਜਿਸ ਮਹਿ ਸਾਚਾਨਾਉ." (ਸੀ ਮঃ ੧) ੫. ਸੰ. ਤਨਯ. ਪੁਤ੍ਰ. ਸੰਤਾਨ. "ਕੁੰਮੀ ਜਲ ਮਹਿ ਤਨ ਤਿਸੁ ਬਾਹਰਿ." (ਆਸਾ ਧੰਨਾ) ੬. ਪ੍ਰਾ. ਸੰਗ. ਸਾਥ. "ਘਰ ਕੀ ਨਾਰਿ ਉਰਹਿ ਤਨ ਲਾਗੀ." (ਸੂਹੀ ਰਵਿਦਾਸ) "ਦਯਾ ਛਿਮਾ ਤਨ ਪ੍ਰੀਤਿ." (ਹਜਾਰੇ ੧੦) ੭. ਸੇ. ਤੋਂ. "ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਹੋ." (ਚੌਪਈ)

ਤਨਉਰ, ਤਨਉਰਾ, ਤਨਉੜਾ: ਸੰ. ਤਾਡੰਕ ਸੰਗ੍ਯਾ- ਕਰਨਫੂਲ. ਇਸਤ੍ਰੀਆਂ ਦੇ ਕੰਨ ਦਾ ਗਹਿਣਾ. "ਉਪਮਾ ਤਾਹਿ ਤਨਉਰ ਕੀ ਸੂਰਜ ਸੀ ਹੈ ਸੁੱਧ." (ਕ੍ਰਿਸਨਾਵ) "ਕੰਨ ਤਨਉੜੇ ਕਾਮਣੀ." (ਭਾਗੁ)

ਤਨਈਆ: ਸੰ. ਤਨ੍ਯ. ਪੁਤ੍ਰ. . "ਕਾਹੂੰ ਕੇ ਤਨਈਆ ਹੈਨ" (ਗ੍ਯਾਨ) ੨. ਵਿ- ਤਾਣਨ ਵਾਲਾ। ੩. ਦੇਖੋ, ਤਨੀਆ.

ਤਨਸੀਖ਼: ਅ਼. تنسیخ ਨਸਖ਼ (ਰੱਦ) ਕਰਨ ਦਾ ਭਾਵ. ਖੰਡਨ. ਮਨਸੂਖ਼ ਕਰਨਾ.

ਤਨਸੁਖ: ਸੰਗ੍ਯਾ- ਨੈਨਸੁਖ ਜੇਹਾ ਇੱਕ ਬਾਰੀਕ ਵਸਤ੍ਰ, ਜੋ ਪੁਰਾਣੇ ਸਮੇਂ ਅਮੀਰਾਂ ਲਈ ਤਿਆਰ ਹੁੰਦਾ ਸੀ। ੨. ਲਹੌਰ ਨਿਵਾਸੀ ਇੱਕ ਕਵਿ, ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਿੱਖ ਸੀ. ਇਸ ਨੇ ਪੰਚਤੰਤ੍ਰ ਦਾ ਹਿੰਦੀ ਭਾਸ਼ਾ ਵਿੱਚ ਉਲਥਾ ਕੀਤਾ ਹੈ, ਯਥਾ-

"ਤਨਸੁਖ ਖਤ੍ਰੀ ਬਸੈ ਲਹੌਰ,

ਕਰਮਰੇਖ ਆਯੋ ਥੰਭੌਰ, ×××

ਸੰਮਤ ਸਤ੍ਰਹ ਸੈ ਇਕਤਾਲਿਸ,

ਔਰੰਗਜ਼ੇਬੀ ਸਨ ਸੱਤਾਇਸ,[577]

ਹਿਤਚਿਤ ਲਾਇ ਕਥਾ ਅਨੁਸਾਰੀ,

ਬਰਨਤ ਹੀ ਅਤਿ ਲਗੀ ਪਿਆਰੀ, ×××

[577] ਔਰੰਗਜ਼ੇਬ ਦਾ ਜਲੂਸੀ ਸਨ ੨੭, ਅਰਥਾਤ, ਤਖ਼ਤ ਬੈਠਣ ਤੋਂ ਸਤਾਈਵਾਂ ਸਾਲ.

ਪੰਚਤੰਤ੍ਰ ਇਕ ਗ੍ਰੰਥ ਹੈ ਤਾਂਤੇ ਕਹੀ ਸੁਧਾਰ. ××

ਕਹਿਤ ਕਹਿਤ ਗੁਨ ਹਾਰਯੋ ਬ੍ਰਹ੍ਮਾ,

ਇਕ ਤਿਲ ਤਾਂਕੋ ਮਰਮ ਨ ਪਾਯਾ,

ਸੇਖ ਸਹਸ ਫਨਿ ਨਾਮ ਉਚਾਰਤ,

ਗਨਤ ਗਨਤ ਤਿਹ ਅੰਤ ਨ ਆਯਾ,

ਇੰਦਾਦਿਕ ਸੁਰ ਨਰ ਮੁਨਿ ਜੇਤੇ,

ਹੇਰਤ ਹੇਰਤ ਸਬੈ ਹਿਰਾਯਾ,

ਸੋ ਗੁਰੁ ਗੋਬਿੰਦ ਅੰਤਰਜਾਮੀ,

ਪ੍ਰਗਟ ਦਰਸ ਸੰਗਤਿ ਦਿਖਰਾਯਾ, ×××

ਕਲਿਜੁਗ ਮਾਹਿਂ ਭਯੋ ਗੁਰੁ ਗੋਬਿੰਦ,

ਜਾ ਸਮ ਦੂਸਰ ਔਰ ਨ ਕੋਈ,

ਰਿੱਧਿ ਸਿੱਧਿ ਦੋਊ ਦਰ ਠਾਢੇ,

ਨਿਸ ਬਾਸੁਰ ਤਿਂਹ ਆਗਜਾ ਜੋਈ,

ਮੁਕਤਿ ਬੰਦ ਆਯਸ ਤਿਹ ਮਾਹੀਂ,

ਤਾਤਕਾਲ ਜੋ ਕਰੈ ਸੁ ਹੋਈ,

ਤਨਸੁਖ ਹੋਇ ਦਰਸ ਦੇਖਤ ਹੀ,

ਦੇਹੁ ਦਰਸ ਦੁਖ ਰਹੈ ਨ ਕੋਈ." ਦੇਖੋ, ਪੰਚਤੰਤ੍ਰ.

ਤਨਹਾ: ਫ਼ਾ. تنہا ਵਿ- ਇਕੱਲਾ. ਏਕਾਕੀ.

ਤਨਕ: ਦੇਖੋ, ਤਨਿਕ.

ਤਨਕੀਹ, ਤਨਕ਼ੀਹ਼: ਅ਼. تنقیح ਸੰਗਯਾ- ਨਿਰਣਾ. ਖੋਜ. ਇਸ ਦਾ ਮੂਲ ਨਕ਼ਹ਼ (ਮਗ਼ਜ਼ ਨਿਕਾਲਨਾ) ਹੈ.

ਤਨਖਾਹ: ਫ਼ਾ. تنخواہ ਤਨਖ਼੍ਵਾਹ. ਸੰਗਯਾ- ਤਲਬ. ਮਾਹਵਾਰੀ ਜਾਂ ਵਰ੍ਹਾ ਬੱਧੀ ਬੇਤਨ। ੨. ਖ਼ਾ. ਧਰਮਦੰਡ. ਧਰਮ ਅਨੁਸਾਰ ਲਾਈ ਹੋਈ ਚੱਟੀ.

ਤਨਖਾਹਦਾਰ: ਤਨਖ਼੍ਵਾਹਦਾਰ. ਤਨਖ਼੍ਵਾਹ ਪਾਉਣ ਵਾਲਾ ਨੌਕਰ। ੨. ਖ਼ਾ. ਧਰਮਦੰਡ ਦਾ ਅਧਿਕਾਰੀ. "ਪ੍ਰਾਤਕਾਲ ਸਤਸੰਗ ਨ ਜਾਵੈ। ਤਨਖਾਹਦਾਰ ਵਹ ਬਡਾ ਕਹਾਵੈ." (ਤਨਾਮਾ)

ਤਨਖਾਹਨਾਮਾ: ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਭਾਈ ਨੰਦਲਾਲ ਜੀ ਦੇ ਪ੍ਰਸ਼ਨ ਉੱਤਰ ਅਨੁਸਾਰ ਰਚਿਆ ਹੋਇਆ ਕਿਸੇ ਪ੍ਰੇਮੀ ਸਿੱਖ ਦਾ ਗ੍ਰੰਥ, ਜਿਸ ਵਿੱਚ ਉਨ੍ਹਾਂ ਕਰਮਾਂ ਦਾ ਵਿਸ਼ੇਸ਼ ਵਰਣਨ ਹੈ, ਜਿਨ੍ਹਾਂ ਦੇ ਕਰਣ ਤੋਂ ਤਨਖਾਹ (ਧਰਮਦੰਡ) ਯੋਗ੍ਯ ਹੋਈਦਾ ਹੈ.

ਤਨਖਾਹੀਆ: ਵਿ- ਖਾਲਸਾ ਧਰਮ ਵਿਰੁੱਧ ਕਰਮ ਕਰਕੇ ਪਾਤਕੀ. ਧਰਮਦੰਡ ਦਾ ਅਧਿਕਾਰੀ.

ਤਨਖ਼੍ਵਾਹ: ਦੇਖੋ, ਤਨਖਾਹ ੧.

ਤਨਜ਼, ਤੁਨਜ਼: ਅ਼. طنز ਤਾੱਨਾ. ਮੇਹਣਾ.

ਤਨਜੀਮ: ਅ਼. تنظیم ਤਨਜੀਮ. ਸੰਗ੍ਯਾ- ਨਜ਼ਮ (ਪ੍ਰਬੰਧ) ਕਰਨ ਦਾ ਭਾਵ. ਇੰਤਜਾਮ ਕਰਨਾ। ੨. ਮੋਤੀ ਆਦਿਕ ਦਾ ਪਰੋਣਾ। ੩. ਸਭਾ ਸਮਾਜ ਆਦਿ ਦੇ ਨਿਯਮ ਬੰਨ੍ਹਣੇ.

ਤਨੱਜ਼ੁਲ: ਅ਼. تنزّل ਨਜ਼ਲ (ਉਤਰਣ) ਦਾ ਭਾਵ. ਗਿਰਾਉ. ਪਤਨ.

ਤਨਤ੍ਰਾਣ: ਸੰ. ਤਨੁਤ੍ਰਾਣ. ਸੰਗ੍ਯਾ- ਤਨੁ (ਸ਼ਰੀਰ) ਦੀ ਤ੍ਰਾਣ (ਰਖ੍ਯਾ) ਕਰਨ ਵਾਲਾ, ਕਵਚ. ਬਖਤਰ. "ਪਹਿਰੇ ਤਨਤ੍ਰਾਣ ਫਿਰੈਂ ਤਹਿਂ ਬੀਰ." (ਚੰਡੀ ੧)

ਤਨਦਿਹੀ: ਫ਼ਾ. تندہی ਸੰਗ੍ਯਾ- ਤਨ (ਸ਼ਰੀਰ) ਦੇ ਲਾਉਣ ਦਾ ਭਾਵ. ਮਿਹ਼ਨਤ. ਪਰਿਸ਼੍ਰਮ। ੨. ਕੋਸ਼ਿਸ਼. ਪ੍ਰਯਤਨ.

ਤਨਦੁਰੁਸ੍ਤ: ਫ਼ਾ. تندُرُست ਵਿ- ਜਿਸ ਦਾ ਸ਼ਰੀਰ ਠੀਕ ਹੈ. ਅਰੋਗ. ਨੀਰੋਗ. ਨਰੋਆ.

ਤਨਦੇਹ: ਦੇਖੋ, ਤਨਦਿਹੀ। ੨. ਦੇਖੋ, ਤਨੁਦੇਹ.

ਤਨਨਾ: (ਸੰ. तन्. ਧਾ- ਫੈਲਾਉਣਾ, ਲੰਮਾ ਕਰਨਾ). ਕ੍ਰਿ- ਕਸਣਾ. ਖਿੱਚਣਾ. "ਚਲੇ ਤਨਕੇ ਤਨੀਆਂ." (ਕ੍ਰਿਸਨਾਵ) ਜਾਮੇ ਦੀਆਂ ਤਣੀਆਂ ਤਣਕੇ ਚਲੇ। ੨. ਤਾਣੀ ਦਾ ਫੈਲਾਉਣਾ. ਤਣਨਾ. "ਤਨਨਾ ਬੁਨਨਾ ਸਭ ਤਜਿਓ ਹੈ ਕਬੀਰ." (ਗੂਜ ਕਬੀਰ) "ਹਮ ਘਰਿ ਸੂਤ ਤਨਹਿ ਨਿਤ ਤਾਨਾ." (ਆਸਾ ਕਬੀਰ)

ਤਨਮਹਿ: ਸੰ. तन्मय. ਵਿ- ਤਦ੍ਰੂਪ. ਲਿਵਲੀਨ. "ਤਿਨ ਭੀ ਤਨਮਹਿ ਨਹੀ ਪੇਖਾ." (ਗਉ ਅਃ ਕਬੀਰ) ਆਤਮਾ ਵਿੱਚ ਲੀਨ ਹੋਇਆ ਮਨ ਨਹੀਂ ਵੇਖਿਆ। ੨. ਤਨ (ਸ਼ਰੀਰ) ਵਿੱਚ.[578]

ਤਨਮਯ: ਦੇਖੋ, ਤਨਮਹਿ ੧.

ਤਨਮਾਤ੍ਰ: ਸੰ. तन्मात्र. ਸੰਗ੍ਯਾ- ਸਾਂਖ੍ਯ ਮਤ ਅਨੁਸਾਰ ਪੰਜ ਤੱਤਾਂ ਦਾ ਬਿਨਾ ਮਿਲਾਵਟ ਆਦਿਰੂਪ. ਸ਼ਬਦ, ਸਪਰਸ਼, ਰੂਪ, ਰਸ, ਗੰਧ.

ਉਤਪੱਤੀ ਦੇ ਪ੍ਰਕਾਰ ਵਿੱਚ ਲਿਖਿਆ ਹੈ ਕਿ ਪ੍ਰਕ੍ਰਿਤਿ ਤੋਂ ਮਹਤਤ੍ਵ ਦੀ ਉਤਪੱਤੀ ਹੁੰਦੀ ਹੈ. ਮਹਤਤ੍ਵ ਤੋਂ ਅਹੰਕਾਰ, ਅਹੰਕਾਰ ਤੋਂ ਸੋਲਾਂ ਪਦਾਰਥ ਉਪਜਦੇ ਹਨ-

ਪੰਜ ਗ੍ਯਾਨ ਇੰਦ੍ਰਿਯ, ਪੰਜ ਕਰਮ ਇੰਦ੍ਰਿਯ, ਪੰਜ ਤਨ- ਮਾਤ੍ਰ ਅਤੇ ਮਨ. "ਪ੍ਰਕ੍ਰਿਤਿ ਮੂਲ ਮਹਤਤ੍ਵ ਉਪਾਵਾ ਅਹੰਕਾਰ ਤਨਮਾਤ੍ਰ ਬਨਾਵਾ." (ਨਾਪ੍ਰ)

ਤਨਮਾਤ੍ਰਾ: ਦੇਖੋ, ਤਨਮਾਤ੍ਰ.

ਤਨਮੈ: ਵਿ- ਤਦ੍ਰੂਪ. ਲਿਵਲੀਨ. ਦੇਖੋ, ਤਨਮਹਿ ੧.

ਤਨਯ: ਸੰ. ਸੰਗ੍ਯਾ- ਕੁਲ ਦਾ ਵਿਸ੍ਤਾਰ ਕਰਨ ਵਾਲਾ ਪੁਤ੍ਰ. ਬੇਟਾ. ਦੇਖੋ, ਤਨ ੧.

ਤਨਯਾ: ਸੰ. ਸੰਗ੍ਯਾ- ਵੰਸ਼ ਫੈਲਾਉਣ ਵਾਲੀ ਪੁਤ੍ਰੀ. ਬੇਟੀ. ਦੇਖੋ, ਤਨੀਯਾ.

ਤਨਰਿਪੁ: ਸੰਗ੍ਯਾ- ਦੇਹ ਦਾ ਵੈਰੀ, ਠਗ. (ਸਨਾਮਾ) ੨. ਰੋਗ। ੩. ਵਿਕਾਰੀ. ਐ਼ਬੀ।

---

[578] "ਇਸ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ." (ਮਾਝ ਮਃ ੩)

**ਤਨਰੁਹ:** ਸੰ. ਤਨੂਰੁਹ. ਸੰਗਯਾ- ਸ਼ਰੀਰ ਵਿੱਚੋਂ ਉੱਗੇ ਹੋਏ ਰੋਮ. "ਤਨਰੁਹ ਖਰੇ ਤਰੋਵਰ ਜਾਲ." (ਗੁਪ੍ਰਸੂ) ਸ਼ਰੀਰ ਦੇ ਰੋਮ ਇਉਂ ਖੜੇ ਹਨ, ਮਾਨੋ ਬਹੁਤ ਬਿਰਛ ਹਨ.

**ਤਨਾ:** ਤਣਿਆ. ਫੈਲਿਆ. ਦੇਖੋ, ਤਨਨਾ. "ਸਗਲ ਪਸਾਰਾ ਤੁਮ ਤਨਾ." (ਮਾਰੂ ਸੋਲਹੇ ਮਃ ੫) ੨. ਸੰਗਯਾ- ਵਿਸ੍ਤਾਰ. ਫੈਲਾਉ. "ਸਗਲ ਸਮਗ੍ਰੀ ਜਾਕਾ ਤਨਾ." (ਸੁਖਮਨੀ) ੩. ਫ਼ਾ. ਬਿਰਛ ਦਾ ਧੜ। ੪. ਬਿਰਛ ਦੀ ਜ਼ਮੀਨ ਵਿੱਚ ਫੈਲੀ ਹੋਈ ਜੜ. ਪ੍ਰਤਾਨ। ੫. ਤਨਯ (ਪੁਤ੍ਰ) ਦੀ ਥਾਂ ਭੀ ਤਨਾ ਸ਼ਬਦ ਆਇਆ ਹੈ। ੬. ਨਿਘੰਟੁ ਵਿੱਚ ਤਨਾ ਦਾ ਅਰਥ ਧਨ ਹੈ. "ਸਰਣਿਸਹਾਈ ਸੰਤਹ ਤਨਾ." (ਮਾਰੂ ਸੋਲਹੇ ਮਃ ੫) ਸੰਤਾਂ ਦਾ ਧਨ.

**ਤਨਾਉ:** ਸੰਗਯਾ- ਤਣਨ ਦਾ ਭਾਵ। ੧. ਖਿੱਚ.

**ਤਨਾਈ:** ਤਨਨ ਕਰਵਾਈ. ਫੈਲਾਈ. "ਪੁਰੀਆ ਏਕ ਤਨਾਈ." (ਗਉ ਕਬੀਰ) ਦੇਖੋ, ਗਜ ਨਵ.

**ਤਨਾਸੁਖ਼:** ਅ਼. تناسُخ ਨਸਖ਼ (ਅਦਲ ਬਦਲ) ਹੋਣ ਦਾ ਭਾਵ. ਆਵਾਗਮਨ. ਜੀਵਾਤਮਾ ਦਾ ਇੱਕ ਦੇਹ ਛੱਡਕੇ ਦੂਜੇ ਸ਼ਰੀਰ ਵਿੱਚ ਪ੍ਰਵੇਸ਼. Transmigration. ਦੇਖੋ, ਆਵਾਗਮਨ.

**ਤਨਾਜਾ:** ਅ਼. تنازع ਤਨਾਜ਼ਅ਼. ਸੰਗਯਾ- ਨਜ਼ਾਅ਼ (ਝਗੜਨ) ਦਾ ਭਾਵ. ਝਗੜਾ. ਵਿਵਾਦ.

**ਤਨਾਨੰ:** ਤਨਾਂ ਨੂੰ. ਸ਼ਰੀਰਾਂ ਨੂੰ. "ਪ੍ਰਛੇਦੈ ਤਨਾਨੰ." (ਗ੍ਯਾਨ)

**ਤਨਾਬ, ਤ਼ਨਾਬ:** ਅ਼. طناب ਸੰਗਯਾ- ਤਣਨ ਦੀ ਰੱਸੀ. ਡੋਰੀ. ਤਣਾਂਵ। ੨. ਢੋਲ ਮ੍ਰਿਦੰਗ ਆਦਿ ਦਾ ਸਾਜ਼ਾਂ ਦੀ ਬੱਧਰੀ ਅਥਵਾ ਡੋਰ। ੩. ਜਮੀਨ ਮਿਣਨ ਦੀ ੬੦ ਗਜ ਲੰਮੀ ਜਰੀਬ.

**ਤਨਾਲ:** ਅ਼. تناوُل ਤਨਾਵੁਲ. ਸੰਗਯਾ- ਪਕੜਨ ਦੀ ਕ੍ਰਿਯਾ. ਗਰਿਫ਼ਤ ਵਿੱਚ ਲਿਆਉਣਾ। ੨. ਤਲਵਾਰ ਦੇ ਮਿਆਨ ਪੁਰ ਲੱਗਿਆ ਚਾਂਦੀ ਸੁਇਨੇ ਆਦਿ ਦਾ ਉਹ ਸੰਮ, ਜਿਸ ਵਿੱਚ ਕੁੰਡੇ ਲਗੇ ਹੁੰਦੇ ਹਨ, ਜਿਨ੍ਹਾਂ ਵਿੱਚ ਤਸਮਾ ਪਾਕੇ ਤਲਵਾਰ ਪੇਟੀ ਨਾਲ ਬੰਨ੍ਹੀ ਜਾਂਦੀ ਹੈ. ਇਸ ਦੇ ਵਿਰੁੱਧ ਜੋ ਤਲਵਾਰ ਦੀ ਨੋਕ ਵੱਲ ਮਿਆਨ ਦੇ ਠੋਕਰ ਹੁੰਦੀ ਹੈ, ਉਹ 'ਮਨਾਲ' ਹੈ. ਸਿੰਧੀ ਵਿੱਚ ਇਸ ਦਾ ਨਾਉਂ 'ਤਹਨਾਲ' ਹੈ. "ਜਿਸ ਕੇ ਲਗੇ ਮਨਾਲ ਤਨਾਲਾ." (ਗੁਪ੍ਰਸੂ) ੩. تنعل ਤਨਾਅ਼ਉਲ. ਜੁੱਤੀ ਦੀ ਖੁਰੀ। ੪. ਘੋੜੇ ਦੇ ਸੁੰਮ ਨੂੰ ਲੱਗਿਆ ਲੋਹਾ. ਨਾਲ. Horse- shoe.

**ਤਨਾਵ:** ਦੇਖੋ, ਤ਼ਨਾਬ। ੨. ਖਿੱਚ. ਤਣਨ ਦਾ ਭਾਵ.

**ਤਨਾਵਲ, ਤਨਾਵੁਲ:** ਅ਼. ਤਨਾਵੁਲ. ਸੰਗਯਾ- ਫੜਨ ਦੀ ਕ੍ਰਿਯਾ। ੨. ਗ੍ਰਾਸ ਫੜਕੇ ਮੂੰਹ ਵਿੱਚ ਪਾਉਣ ਦਾ ਕਰਮ. ਭੋਜਨ ਕਰਨਾ.

**ਤਨਿ:** ਤਨ (ਸ਼ਰੀਰ) ਕਰਕੇ. "ਮਨਿ ਤਨਿ ਜਾਪੀਐ ਭਗਵਾਨ." (ਕਲਿ ਮਃ ੫) ੩. ਦੇਹ ਮੇਂ. "ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ." (ਪ੍ਰਭਾ ਮਃ ੧) ੩. ਦੇਹ ਕੋ. ਸ਼ਰੀਰ ਨੂੰ. "ਨਾਮ ਬਿਨਾ ਤਨਿ ਕਿਛੁ ਨ ਸੁਖਾਵੈ." (ਪ੍ਰਭਾ ਮਃ ੧) ੪. ਤਨ (ਸ਼ਰੀਰ) ਉੱਪਰ. "ਜਿਤੁ ਤਨਿ ਪਾਈਅਹਿ ਨਾਨਕਾ, ਸੇ ਤਨੁ ਹੋਵਹਿ ਛਾਰ." (ਵਾਰ ਆਸਾ) ੫. ਸ਼ਰੀਰ ਦੇ. "ਜੋਗ ਜੁਗਤਿ ਤਨਿ ਭੇਦ." (ਜਪੁ) ਭਾਵ- ਖਟਚਕ੍ਰ ਆਦਿ ਦਾ ਗ੍ਯਾਨ.

**ਤਨਿਕ:** ਵਿ- ਤਨੁਮਾਤ੍ਰ. ਥੋੜਾਜੇਹਾ. ਬਹੁਤ ਕਮ.

**ਤਨਿਛਾਦਿ:** ਤਨ- ਇੱਛਾ- ਆਦਿ. ਸ਼ਰੀਰ ਦੇ ਪਾਲਣ ਪੋਸ਼ਣ ਦੀ ਵਾਸਨਾ ਆਦਿ ਕਰਮ. "ਅਨਿਕ ਦੋਖਾ ਤਨਿਛਾਦਿ ਪੂਰੇ." (ਧਨਾ ਮਃ ੫)

**ਤਨਿਯਾ:** ਦੇਖੋ, ਤਨਯਾ.

**ਤਨੀ:** ਤਣੀ ਹੋਈ. ਕਸੀ ਹੋਈ। ੨. ਪ੍ਰਬਲ. ਤੀਵ੍ਰ. "ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ." (ਬਿਲਾ ਮਃ ੫)

ਅਜੇਹੀ ਪ੍ਰਬਲ ਖਿੱਚ ਹੈ। ੩. ਸੰਗ੍ਯਾ- ਜਾਮੇ ਦੀ ਤਣੀ. ਤਣਨ ਦੀ ਡੋਰੀ. "ਕਬੈ ਤਨੀ ਕੋ ਬੰਧਨ ਕਰੈਂ." (ਗੁਪ੍ਰਸੂ) ੪. ਦੇਖੋ, ਤਣੀ.

ਤਨੀਆ, ਤਨੀਯਾ: ਪੁਤ੍ਰੀ. ਬੇਟੀ. ਦੇਖੋ, ਤਨਯਾ. "ਜਨਮੀ ਤਨੀਯਾ ਸੁਮਤਿ ਪ੍ਰਬੀਨਾ." (ਨਾਪ੍ਰ) ੨. ਦੇਖੋ, ਤਣੀਆ.

ਤਨੁ: ਸੰ. ਸੰਗ੍ਯਾ- ਸ਼ਰੀਰ. ਦੇਹ. "ਤਨੁ ਧਨੁ ਆਪਨ ਥਾਪਿਓ." (ਧਨਾ ਮਃ ੫) ੨. ਚਮੜਾ ਤੁਚਾ। ੩. ਵਿ- ਪਤਲਾ. ਕ੍ਰਿਸ਼। ੪. ਥੋੜਾ। ੫. ਕੋਮਲ। ੬. ਸੁੰਦਰ। ੭. ਸਿੰਧੀ. ਸੰਗ੍ਯਾ- ਪੇਟ. ਉਦਰ। ੮. ਤਨਯ (ਪੁਤ੍ਰ) ਲਈ ਭੀ ਤਨੁ ਸ਼ਬਦ ਆਇਆ ਹੈ. "ਗੁਰੁ ਰਾਮਦਾਸ ਤਨੁ ਸਰਬਮੈ ਸਹਜਿ ਚੰਦੋਆ ਤਾਣਿਅਉ." (ਸਵੈਯੇ ਮਃ ੫. ਕੇ)

ਤਨੁਕ: ਵਿ- ਥੋੜਾ ਤਨਿਕ ਮਾਤ੍ਰ.

ਤਨੁਜ: ਸੰਗ੍ਯਾ- ਤਨੁ (ਸ਼ਰੀਰ) ਤੋਂ ਜ (ਜਨਮਿਆ) ਪੁਤ੍ਰ.

ਤਨੁਜਾ: ਸੰਗ੍ਯਾ- ਤਨੁ (ਸ਼ਰੀਰ) ਤੋਂ ਜਾ (ਉਪਜੀ) ਪੁਤ੍ਰੀ.

ਤਨੁਤ੍ਰ, ਤਨੁਤ੍ਰਾਣ: ਕਵਚ. ਸੰਜੋਆ. ਦੇਖੋ, ਤਨਤ੍ਰਾਣ.

ਤਨੁਤ੍ਰਾਣਨੀ: ਸੰਗ੍ਯਾ- ਤਨੁਤ੍ਰਾਣ (ਕਵਚ) ਵਾਲ ਸੈਨਾ. (ਸਨਾਮਾ)

ਤਨੁਤ੍ਰਾਣਨੀ ਰਿਪੁ: ਸੰਗ੍ਯਾ- ਸੈਨਾ ਦੀ ਵੈਰਣ ਬੰਦੂਕ. (ਸਨਾਮਾ)

ਤਨੁਦੇਹ: ਤਨੁ (ਤੁਚਾ) ਅਤੇ ਸ਼ਰੀਰ ਦੇ ਪੇਟ ਆਦਿ ਅੰਗ. "ਭਰੀਐ ਹਥੁ ਪੈਰੁ ਤਨੁਦੇਹ." (ਜਪੁ) ਇਸ ਤੁਕ ਦੇ ਵਿਚਾਰ ਲਈ ਦੇਖੋ, ਤਨੁ ੨. ਅਤੇ ੭.

ਤਨੂ: ਸੰ. ਸੰਗ੍ਯਾ- ਸ਼ਰੀਰ. ਦੇਹ। ੨. ਪੁਤ੍ਰ। ੩. ਗਊ। ੪. ਜਲ.

ਤਨੂਕਾ: ਸੰਗ੍ਯਾ- ਤਿਨਕਾ. ਤ੍ਰਿਣ. "ਦਸ਼ਨ ਤਨੂਕਾ ਪਕਰਾਯੋ ਹੈ." (ਹਨੂ) ਦੰਦਾਂ ਵਿੱਚ ਘਾਹ ਫੜਾਇਆ.

ਤਨੂਜ: ਪੁਤ੍ਰ. ਦੇਖੋ, ਤਨੁਜ. "ਸ੍ਰੀ ਹਰਿਰਾਇ ਤਨੂਜ." (ਗੁਪ੍ਰਸੂ)

ਤਨੂਜਨਿ, ਤਨੂਜਾ: ਪੁਤ੍ਰੀ. ਦੇਖੋ, ਤਨੁਜਾ.

ਤਨੂਰ: ਅ਼. تنوُر ਸੰਗ੍ਯਾ- ਭੱਠੀ. ਚੁਲ੍ਹਾ. "ਤਨ ਨ ਤਪਾਇ ਤਨੂਰ ਜਿਉ." (ਸ. ਫਰੀਦ)

ਤਨੇ, ਤਨੈ: ਪੁਤ੍ਰ. ਦੇਖੋ, ਤਨਯ. "ਹਰਦਾਸਤਨੇ ਗੁਰੁ ਰਾਮਦਾਸ." (ਸਵੈਯੇ ਮਃ ੪. ਕੇ) "ਤਿਨ ਤਨੈ ਰਵਿਦਾਸ ਦਾਸਾਨ ਦਾਸਾ." (ਮਲਾ ਰਵਿਦਾਸ)

ਤਨੈਯਾ: ਵਿ- ਤਣਨ ਵਾਲਾ। ੨. ਸੰਗ੍ਯਾ ਤਨਯ. ਪੁਤ੍ਰ. "ਕਾਹੂੰ ਕੇ ਤਨੈਯਾ ਹੈ ਨ ਮੈਯਾ ਜਾਂਕੇ ਭੈਯਾ ਕੋਊ." (ਗ੍ਯਾਨ) ੩. ਤਨਯਾ. ਪੁਤ੍ਰੀ

ਤਨੌ: ਤਨਯ. ਪੁਤ੍ਰ. "ਪ੍ਰਸਿਧ ਤੇਜੋ ਤਨੌ." (ਸਵੈਯੇ ਮਃ ੩. ਕੇ)

ਤਨੌੜਾ: ਦੇਖੋ, ਤਨਉੜਾ.

ਤਨ੍ਵੀ: ਸੰ. ਸੂਖਮ ਅੰਗਾਂ ਵਾਲੀ ਇਸਤ੍ਰੀ.

ਤਪ: ਸੰ. ਤਪ੍. ਧਾ- ਤੱਤਾ ਹੋਣਾ, ਜਲਨਾ, ਤਪ ਕਰਨਾ, ਪਛਤਾਉਣਾ, ਚਮਕਣਾ, ਦੁੱਖ ਸਹਾਰਨਾ। ੨. ਸੰਗ੍ਯਾ- ਸ਼ਰੀਰ ਨੂੰ ਤਪਾਉਣ ਵਾਲਾ ਵ੍ਰਤ. ਤਪਸ੍ਯਾ. "ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ." (ਸੁਖਮਨੀ) "ਤੀਰਥ ਦਾਨ ਦਯਾ ਤਪ ਸੰਜਮ." (੩੩ ਸਵੈਯੇ) ੩. ਅਗਨਿ। ੪. ਗਰਮੀ। ੫. ਗ੍ਰੀਖਮ ਰੁੱਤ। ੬. ਬੁਖ਼ਾਰ. ਜ੍ਵਰ. ਦੇਖੋ, ਤਾਪ। ੭. ਤੇਜ. ਪ੍ਰਭਾਵ.

"ਦੇਵਨ ਕੇ ਤਪ ਮੈ ਸੁਖ ਪਾਵੈ." (ਚੰਡੀ ੧) ੮. ਡਿੰਗ. ਮਾਘ ਮਹੀਨਾ.

ਤਪਸ: ਸੰ. ਸੰਗਯਾ- ਸੂਰਯ। ੨. ਚੰਦ੍ਰਮਾ। ੩. ਪੰਛੀ। ੪. ਸੰ. तपस्. ਸ਼ਰੀਰ ਨੂੰ ਕਸ਼੍ਟ ਦੇਣ ਵਾਲੇ ਵ੍ਰਤ ਆਦਿਕ ਕਰਮ. ਤਪਸਯਾ। ੫. ਨਿਯਮ. ਨੇਮ। ੬. ਧਰਮ। ੭. ਮਾਘ ਮਹੀਨਾ। ੮. ਦੇਖੋ, ਤਪਿਸ਼.

ਤਪਸਚਰਯਾ: ਸੰ. तपश्चर्य्या. ਸੰਗਯਾ- ਤਪ ਕਰਨ ਦਾ ਕਰਮ. ਤਪ ਤਾਪਣਾ.

ਤਪਸਤਪੀ: ਵਿ- ਤਪ ਤਪਣ ਵਾਲਾ. ਤਪਸ੍ਵੀ.

ਤਪਸਪਤੀ: ਵਿ- ਤਪਸ੍ਵੀਆਂ ਦਾ ਪਤਿ. ਮਹਾਨ ਤਪੀ. "ਅਗਸ੍ਤਿ ਆਦਿ ਜੇ ਬਡੇ ਤਪਸਪਤੀ ਬਿਸੇਖਿਐ." (ਅਕਾਲ) ੨. ਸੰ. तपस्पति. ਸੰਗਯਾ- ਵਿਸ਼ਨੁ। ੩. ਤਪ੍ਰਾਂਸ਼ੁਪਤੀ. ਸੂਰਯ. ਦੇਖੋ, ਸਿਤਸਪਤੀ.

ਤਪਸਾ, ਤਪਸਿਆ: ਤਪ ਕਰਕੇ. ਤ੍ਰਿਤੀਯਾ ਵਿਭਕ੍ਤਿ ਹੈ. "ਦਾਨੇ ਨ ਕਿੰ ਤਪਸਾ?" (ਗੂਜ ਜੈਦੇਵ) ੨. ਸੰਗਯਾ- ਤਪ. ਦੇਖੋ, ਤਪਸਯਾ. "ਅਨਿਕ ਤਪਸਿਆ ਕਰੇ ਅਹੰਕਾਰ." (ਸੁਖਮਨੀ)

ਤਪਸੀ, ਤਪਸੀਅ ਤਪਸੀਅਹ: ਵਿ- ਤਪਸ੍ਵੀ. ਤਪ ਕਰਨ ਵਾਲਾ. "ਤਪਸੀ ਤਪਹਿ ਰਾਤਾ." (ਸ੍ਰੀ ਅਃ ਮਃ ੫) ੨. ਸੰਗਯਾ- ਤਪੀਆ. "ਸੰਨਿਆਸੀ ਤਪਸੀਅਹ." (ਸਵੈਯੇ ਮਃ ੩. ਕੇ) ੩. ਤਪਸਯਾ ਤਪ. "ਤਪਸੀ ਕਰਿਕੈ ਦੇਹੀ ਸਾਧੀ." (ਮਾਰੂ ਮਃ ੫)

ਤਪਸੀਦਦਿਲ: ਫ਼ਾ. تفسیدہ دل ਤਫ਼ਸ਼ੀਦਦਿਲ. ਵਿ- ਤਪਿਸ਼ (ਜਲਨ) ਸਹਿਤ ਹੈ ਜਿਸ ਦਾ ਮਨ. ਬੇਕ਼ਰਾਰ ਦਿਲ. ਦੇਖੋ, ਤਫ਼ਸੀਦਨ.

ਤਪਸਯਾ: ਸੰ. ਸੰਗਯਾ- ਤਪਸ਼ਚਰਯਾ. ਤਪ। ੨. ਫੱਗੁਣ ਦਾ ਮਹੀਨਾ.

ਤਪਸ੍ਵ: ਸੰ. तपस्विन् ਵਿ- ਤਪ ਕਰਨ ਵਾਲਾ. ਤਪੀਆ। ੨. ਸੰਗਯਾ- ਤਪੀਆ ਪੁਰੁਸ਼.

ਤਪਣਾ: ਕ੍ਰਿ- ਤਪ੍ਤਹੋਣਾ. ਗਰਮ ਹੋਣਾ. ਭਖਣਾ। ੨. ਤਪ ਕਰਨਾ। ੩. ਚਿੱਤ ਵਿੱਚ ਸੜਨਾ.

ਤਪਤ: ਵਿ- ਤਪ੍ਤ. ਤਪਿਆ ਹੋਇਆ. "ਤਪਤ ਕੜਾਹਾ ਬੁਝਿਗਇਆ, ਗੁਰਿ ਸੀਤਲ ਨਾਮੁ ਦੀਓ." (ਮਾਰੂ ਮਃ ੫) ੨. ਸੰਗਯਾ- ਤਾਪ. ਦਾਹ. ਜਲਨ. "ਤਪਤ ਮਾਹਿ ਠਾਂਢਿ ਵਰਤਾਈ." (ਸੁਖਮਨੀ)

ਤਪਤਨੀ: ਤਪਤੀ ਨਦੀ ਨੂੰ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ) ਦੇਖੋ, ਤਪਤੀ.

ਤਪਤਾਉ: ਸੰਗਯਾ- ਤਪ ਨਾਲ ਤਪਣ ਦਾ ਭਾਵ. ਤਪਸਯਾ ਦਾ ਕਸ਼੍ਟ. "ਅਸੰਖ ਪੂਜਾ ਅਸੰਖ ਤਪਤਾਉ." (ਜਪੁ)

ਤਪਤਾਪਨ: ਕ੍ਰਿ- ਤਪ ਤਪਣਾ. ਤਪਸਯਾ ਕਰਨੀ. "ਤਪਤਾਪਨ ਪੂਜ ਕਰਾਵੈਗੋ." (ਕਾਨ ਅਃ ਮਃ ੪) ਤਪ ਤਾਪਨ ਪੂਜਯ ਕਰਾਵੈਗੋ. ਦੇਖੋ, ਪੂਜ.

ਤਪਤਾਲੁ: ਦੇਖੋ, ਤਾਲੁ.

ਤਪਤਿ: ਸੰ. तप्ति. ਸੰਗਯਾ- ਸੇਕ. ਆਂਚ. ਜਲਨ. "ਤਪਤਿ ਨ ਕਤਹਿ ਬੁਝੈ." (ਬਿਹਾ ਛੰਤ ਮਃ ੫)

ਤਪਤੀ: ਸੰ. ਸੰਗਯਾ- ਮਹਾਭਾਰਤ ਅਤੇ ਭਾਗਵਤ[579] ਅਨੁਸਾਰ ਸੂਰਯ ਦੀ ਪੁਤ੍ਰੀ, ਜੋ ਛਾਯਾ ਦੇ ਗਰਭ ਤੋਂ ਪੈਦਾ ਹੋਈ ਅਰ ਚੰਦ੍ਰਵੰਸ਼ੀ ਰਾਜਾ ਸੰਬਰਣ ਨਾਲ ਵਿਆਹੀ ਗਈ. ਫੇਰ ਇਹ ਨਦੀਰੂਪ ਹੋਕੇ ਦੱਖਣ ਵਿੱਚ ਵਗੀ. ਇਸ ਦੇ ਨਾਮ ਤਪਨੀ, ਤਾਪਤੀ, ਸ਼ਯਾਮਾ, ਕਾਪਿਲਾ, ਸਨਕਾ, ਤਾਰਾ ਅਤੇ ਤਾਪੀ ਭੀ ਹਨ. ਇਹ ਸਤਪੁਰਾ ਪਹਾੜ ਧਾਰਾ (ਗੋਨਾਨਾ ਗਿਰਿ) ਤੋਂ

---

[579] ਦੇਖੋ, ਭਾਗਵਤ ਸਕੰਧ ੫, ਅਃ ੧੯.

ਨਿਕਲਕੇ ੪੩੬ ਮੀਲ ਵਹਿੰਦੀ ਹੋਈ ਅਰਬ ਸਾਗਰ ਵਿੱਚ ਜਾ ਮਿਲਦੀ ਹੈ. ਇਸ ਦੇ ਕਿਨਾਰੇ ਸੂਰਤ ਸ਼ਹਿਰ ਆਬਾਦ ਹੈ. "ਤਪਤੀ ਨਦੀ ਤੀਰ ਤਿੰਹ ਬਹੈ। ਸੂਰਜ- ਸੁਤਾ ਤਾਹਿਂ ਜਗ ਕਹੈ." (ਚਰਿਤ੍ਰ ੧੧੧) ਦੇਖੋ, ਸਨਾਮਾ ੩੩੬.

**ਤਪਦਿੱਕ:** ਦੇਖੋ, ਦਿੱਕ.

**ਤਪਨ:** ਸੰ. ਸੰਗ੍ਯਾ- ਤਾਪ. ਦਾਹ. ਆਂਚ। ੨. ਸੂਰਯ। ੩. ਗ੍ਰੀਖ਼ਮ ਰੁੱਤ। ੪. ਧੁੱਪ। ੫. ਅੱਕ ਦਾ ਬੂਟਾ। ੬. ਭਿਲਾਵਾ.

**ਤਪਨਤਪੁ:** ਵਿ- ਤਪਾਂ ਵਿੱਚੋਂ ਉੱਤਮ ਤਪ. ਪ੍ਰਧਾਨ ਤਪ. "ਤਪਨਤਪੁ ਗੁਰਗਿਆਨ." (ਆਸਾ ਰਵਿਦਾਸ)

**ਤਪਨਾ:** ਕ੍ਰਿ- ਗਰਮ ਹੋਣਾ. ਤਪ੍ਤ ਹੋਣਾ। ੨. ਤਪ ਕਰਨਾ। ੩. ਜਲਣਾ. ਕੁੜ੍ਹਨਾ. ਸੜਨਾ। ੪. ਸੰਗ੍ਯਾ- ਤਾਪ. ਤਪਨ. "ਗੁਰੁਸਸਿ ਦੇਖੋ ਲਹਿਜਾਇ ਸਭਿ ਤਪਨਾ."(ਗੌਂਡ ਮਃ ੪)

**ਤਪਨੀ:** ਦੇਖੋ, ਤਪਤੀ.

**ਤਪਨੀਯ:** ਸੰ. ਸੰਗ੍ਯਾ- ਸੁਵਰਣ. ਸੋਨਾ. "ਰੰਗ ਤਪ- ਨੀਯ ਸਮਾਨਾ." (ਗੁਪ੍ਰਸੂ) ੨. ਧਤੂਰਾ। ੩. ਵਿ- ਤਪਾਉਣ ਲਾਇਕ.

**ਤਪਨੁ:** ਤਪ ਕਰਨ ਦਾ ਭਾਵ. ਦੇਖੋ, ਵਰਤੁ। ੨. ਦੇਖੋ, ਤਪਨ.

**ਤਪਰ:** ਕ੍ਰਿ. ਵਿ- ਤਾਂ ਪਰ. ਇਸ ਪੁਰ. ਤਬਹੀ ਤਦੇ. "ਚਰਣ ਤਪਰ ਸਕਯਥ." (ਸਵੈਯੇ ਮਃ ੩. ਕੇ)

**ਤਪਲਾ:** ਸੰਗ੍ਯਾ- ਚੌੜੇ ਮੂੰਹ ਵਾਲਾ ਮਿੱਟੀ ਦਾ ਪਾਤ੍ਰ, ਜਿਸ ਵਿੱਚ ਭੋਜਨ ਰਿੰਨ੍ਹਿਆ ਜਾਵੇ। ੨. ਦੇਖੋ, ਤਬਲਾ.

**ਤਪੜ:** ਸੰਗ੍ਯਾ- ਤ੍ਰਿਣ ਪਟ. ਘਾਸ ਫੂਸ ਦਾ ਕਪੜਾ. ਚਟਾਈ। ੨. ਸਣ ਦਾ ਬੁਣਿਆ ਹੋਇਆ ਮੋਟਾ ਵਿਛਾਉਣਾ.

"ਤਪੜ ਝਾੜ ਵਿਛਾਇ." (ਭਾਗੁ) ੩. ਉਹ ਜ਼ਮੀਨ ਜੋ ਤ੍ਰਿਣਾਂ ਦੇ ਪੜਦੇ ਨਾਲ ਢਕੀ ਹੋਈ ਹੈ. ਬਹੁਤ ਚਿਰ ਤੋਂ ਅਣਵਾਹੀ ਜ਼ਮੀਨ। ੪. ਘਾਹ ਦੀ ਰੱਸੀਆਂ ਦੀ ਬੁਣਕੇ ਬਣਾਈ ਹੋਈ ਜੁੱਤੀ. ਚਪਲੀ.

**ਤਪੜੀ:** ਛੋਟਾ ਤਪੜ. ਦੇਖੋ, ਤਪੜ.

**ਤਪਾ:** ਸੰਗ੍ਯਾ- ਤਪਸ੍ਵੀ. ਤਪੀਆ. "ਤਪਾ ਨ ਹੋਵੈ ਅੰਦ੍ਰਹੁ ਲੋਭੀ." (ਵਾਰ ਗਉ ੧. ਮਃ ੪) ਦੇਖੋ, ਤੁੜ। ੨. ਰਿਆਸਤ ਪਟਿਆਲੇ ਦੀ ਨਜਾਮਤ ਬਰਨਾਲੇ ਦਾ ਇੱਕ ਪਿੰਡ, ਜੋ ਹੁਣ ਭਟਿੰਡਾ ਰਾਜਪੁਰਾ ਲੈਨ ਤੇ ਰੇਲਵੇ ਸਟੇਸ਼ਨ ਹੈ. ਇਸ ਗ੍ਰਾਮ ਗੁਰੂ ਤੇਗਬਹਾਦੁਰ ਸਾਹਿਬ ਮਾਲਵੇ ਨੂੰ ਕ੍ਰਿਤਾਰਥ ਕਰਦੇ ਹੋਏ ਵਿਰਾਜੇ ਹਨ. ਮਹਾਰਾਜਾ ਕਰਮਸਿੰਘ ਜੀ ਨੇ ਗੁਰਦ੍ਵਾਰਾ ਪੱਕਾ ਬਣਵਾਇਆ ਅਰ ਨਾਲ ਜਮੀਨ ਲਾਈ. ਪੁਜਾਰੀ ਸਿੰਘ ਹੈ.

**ਤਪਾਉ:** ਸੰਗ੍ਯਾ- ਸੇਕ. ਆਂਚ. ਤਪਣ ਦਾ ਭਾਵ.

**ਤਪਾਉਸ:** ਦੇਖੋ, ਤਪਾਵਸ। ੨. ਦੇਖੋ, ਤਪਿਸ਼.

**ਤਪਾਉਣਾ:** ਕ੍ਰਿ- ਤਪ੍ਤ (ਤੱਤਾ) ਕਰਨਾ. "ਤਨ ਨ ਤਪਾਇ ਤਨੂਰ ਜਿਉ." (ਸ. ਫਰੀਦ)

**ਤਪਾਕ:** ਫ਼ਾ. تپاک ਸੰਗ੍ਯਾ- ਜੋਸ਼ ਚਿੱਤ ਦੀ ਉਮੰਗ। ੨. ਬੇਗ. ਤੇਜ਼ੀ। ੩. ਹੁਲਾਸ. ਉਮੰਗ.

**ਤਪਾਨਾ:** ਦੇਖੋ, ਤਪਾਉਣਾ.

**ਤਪਾਵਸ, ਤਪਾਵਸੁ:** ਸੰਗ੍ਯਾ- ਨਿਆਉਂ. ਇਨਸਾਫ਼. ਪੁਰਾਣੇ ਸਮੇਂ "ਦਿਵ੍ਯਨ੍ਯਾਯ" (ordeal) ਹੋਇਆ ਕਰਦਾ ਸੀ, ਅਰਥਾਤ ਤੱਤੇ ਤੇਲ ਵਿੱਚ ਹੱਥ ਪਾਕੇ, ਅੱਗ ਨਾਲ ਲਾਲ ਲੋਹੇ ਦੇ ਗੋਲੇ ਉਠਾਕੇ ਅਤੇ ਅੱਗ ਵਿੱਚ ਪ੍ਰਵੇਸ਼ ਕਰਕੇ ਜੋ ਬੇਦਾਗ ਰਹੇ ਉਹ ਸੱਚਾ, ਅਰ ਜਿਸ ਨੂੰ ਅੱਗ ਦਾ ਦੁੱਖ ਵਜਾਪੇ ਉਹ ਝੂਠਾ. ਇਸ ਤੋਂ ਹੀ ਨ੍ਯਾਯ ਲਈ "ਤਪਾਵਸ" ਸ਼ਬਦ ਹੋ ਗਿਆ. ਦੇਖੋ, ਦਿਵ੍ਯ ੯। ੨. ਅ਼. تفحص ਤਫ਼ਹੁ਼ਸ. ਤਹ਼ਕੀਕ਼ਾਤ. ਖੋਜ. ਨਿਰਣਾ. "ਗਲਾ ਉਪਰਿ ਤਪਾਵਸੁ ਨ ਹੋਈ." (ਵਾਰ ਗਉ ੧. ਮਃ

੪) "ਕਰਣੀ ਉਪਰਿ ਹੋਇ ਤਪਾਵਸੁ." (ਵਾਰ ਸਾਰ ਮਃ ੧)

ਤਪਿ: ਤਪਕੇ. ਤਪ੍ਤ ਹੋਕੇ. "ਤਪਿ ਤਪਿ ਖਪੈ ਬਹੁਤ ਬੇਕਾਰ." (ਧਨਾ ਮਃ ੧) ੨. ਤਪ ਤੋਂ. ਤਪਸ੍ਯਾ ਸੇ.

ਤਪਿਆਣਾ, ਤਪਿਆਨਾ: ਤਪ- ਅਯਨ, ਤਪਸ੍ਥਾਨ. ਤਪ ਕਰਨ ਦਾ ਥਾਂ। ੨. ਖਡੂਰ ਦੇ ਪਾਸ ਪੱਕੇ ਸਰੋਵਰ ਦੇ ਕਿਨਾਰੇ ਇੱਕ ਗੁਰਧਾਮ, ਜਿੱਥੇ ਗੁਰੂ ਅੰਗਦ ਸਾਹਿਬ ਤਪਸ੍ਯਾ ਕਰਦੇ ਰਹੇ ਹਨ. ਦੇਖੋ, ਖਡੂਰ.

ਤਪਿਸ਼: ਫ਼ਾ. تپش ਸੰਗ੍ਯਾ- ਗਰਮੀ. ਆਂਚ. ਤਾਪ. ਤਾਉ.

ਤਪੀ, ਤਪੀਆ: ਸੰਗ੍ਯਾ- ਤਪ ਕਰਨ ਵਾਲਾ. ਤਪਸ੍ਵੀ. "ਤਪੀਆ ਹੋਵੈ ਤਪੁ ਕਰੈ." (ਸੂਹੀ ਮਃ ੧) ੨. ਡਿੰਗਲ ਵਿੱਚ ਤਪੀ ਦਾ ਅਰਥ ਸੂਰਜ ਹੈ.

ਤਪੀਸ, ਤਪੀਸਰ: ਤਪੀਆਂ ਦਾ ਈਸ਼. ਪ੍ਰਧਾਨ ਤਪੀਆ. "ਤਪੀਸਰ ਜੋਗੀਆ ਤੀਰਥਿ ਗਵਨੁ ਕਰੇ." (ਸ੍ਰੀ ਅਃ ਮਃ ੫)

ਤਪੀਦਨ: ਫ਼ਾ. تپیدن ਕ੍ਰਿ- ਤਪਣਾ.

ਤਪੁ: ਦੇਖੋ, ਤਪ. "ਤੀਰਥੁ ਤਪੁ ਦਇਆ ਦਤੁ ਦਾਨੁ." (ਜਪੁ) ੨. ਸੰ. ਵਿ- ਤਾਪ ਸਹਿਤ. ਗਰਮ। ੩. ਸੰਗ੍ਯਾ- ਅਗਨਿ। ੪. ਸੂਰਜ। ੫. ਵੈਰੀ. ਦੁਸ਼ਮਨ.

ਤਪੇਸ: ਤਪੀਆਂ ਦਾ ਈਸ਼. ਸ਼ਿਰੋਮਣਿ ਤਪੀਆ.

ਤਪੇਦਾਰ: ਸਿੰਧੀ. ਤੱਲੁਕੇ ਦਾ ਮੁਖੀਆ. ਪਰਗਨੇ ਦਾ ਸਰਦਾਰ. ਜਿਸ ਦੇ ਅਧੀਨ ਤੱਪਾ (ਤੱਲੁਕਾ) ਹੈ.

ਤਪੋਧਨ: ਸੰ. ਸੰਗ੍ਯਾ- ਜਿਸ ਨੇ ਤਪਸ੍ਯਾ ਨੂੰ ਹੀ ਮਹਾ ਧਨ ਸਮਝਿਆ ਹੈ. ਤਪਸ੍ਵੀ. ਤਪੀਆ. "ਦੇਸ ਫਿਰਿਓ ਕਰ ਭੇਸ ਤਪੋਧਨ." (ਅਕਾਲ)

ਤਪੋਨਿਧਿ: ਸੰ. ਸੰਗ੍ਯਾ- ਤਪਸ੍ਵੀ. ਦੇਖੋ, ਤਪੋਧਨ.

ਤਪੋਬਨ, ਤਪੋਵਨ: ਸੰ. ਸੰਗ੍ਯਾ- ਤਪਸ੍ਵੀਆਂ ਦੇ ਰਹਿਣ ਦਾ ਵਨ (ਜੰਗਲ). ੨. ਉਹ ਵਨ ਜਿਸ ਥਾਂ ਉੱਤਮ ਰੀਤਿ ਨਾਲ ਤਪਸ੍ਯਾ ਹੋ ਸਕੇ। ੩. ਵ੍ਰਿੰਦਾਵਨ ਵਿੱਚ ਇੱਕ ਖ਼ਾਸ ਵਨ, ਜੋ ਚੀਰਘਾਟ ਦੇ ਪਾਸ ਹੈ.

ਤੱਪਾ: ਸੰਗ੍ਯਾ- ਇ਼ਲਾਕ਼ਾ. ਪਰਗਨਾ. ਦੇਖੋ, ਤਪੇਦਾਰ.

ਤੱਪੇਦਾਰ: ਪਰਗਨੇ ਦਾ ਸਰਦਾਰ. ਇ਼ਲਾਕ਼ੇਦਾਰ. ਦੇਖੋ, ਤਪੇਦਾਰ. "ਸੱਦੇ ਉਨ ਤਹਿਂ ਤੱਪੇਦਾਰ." (ਪ੍ਰਾਪੰਪ੍ਰ)

ਤਪ੍ਰ: ਦੇਖੋ, ਤਪਤ.

ਤਪ੍ਰਮੁਦ੍ਰਾ: ਅੱਗ ਵਿੱਚ ਤਪਾਕੇ ਸ਼ਰੀਰ ਪੁਰ ਲਾਇਆ ਛਾਪਾ. ਜਿਵੇ- ਦ੍ਵਾਰਿਕਾ ਵਿੱਚ ਵੈਸ਼ਨਵ ਸੰਖ ਚਕ੍ਰ ਆਦਿਕ ਦਾ ਚਿੰਨ੍ਹ ਲਾਉਂਦੇਂ ਹਨ। ੨. ਪੁਰਾਣੇ ਸਮੇਂ ਗੁਲਾਮਾਂ ਦੇ ਭੀ ਤਪ੍ਰਮੁਦ੍ਰਾ ਦਾ ਦਾਗ ਲਾਇਆ ਜਾਂਦਾ ਸੀ.

ਤਫ਼: ਫ਼ਾ. تف ਸੰਗ੍ਯਾ- ਗਰਮੀ. ਤਪਿਸ਼। ੨. ਪ੍ਰਕਾਸ਼. ਉਜਾਲਾ। ੩. ਦੁਰਗੰਧ। ੪. ਦੇਖੋ, ਤੁਫ਼.

ਤਫ਼ਸੀਦਨ: ਫ਼ਾ. تفسیدن ਤਪਤ (ਤੱਤਾ) ਹੋਣਾ. ਤਪਣਾ.

ਤਫ਼ਸੀਰ: ਅ਼. تفسیر ਸੰਗ੍ਯਾ- ਵ੍ਯਾਖ੍ਯਾ. ਅਰਥ ਨੂੰ ਖੋਲ੍ਹਕੇ ਦੱਸਣ ਵਾਲਾ ਟੀਕਾ। ੨. ਖ਼ਾਸ ਕਰਕੇ ਕ਼ੁਰਾਨ ਦਾ ਟੀਕਾ. ਇਸ ਦਾ ਮੂਲ ਫ਼ਸਰ (ਅਰਥ ਦੀ ਵ੍ਯਾਖ੍ਯਾ) ਹੈ.

ਤਫ਼ਸੀਲ: ਅ਼. تفصیل ਤਫ਼ਸੀਲ. ਸੰਗ੍ਯਾ- ਫ਼ਾਸਿਲਾ ਕਰਨ ਦੀ ਕ੍ਰਿਯਾ. ਭਿੰਨ ਭਿੰਨ ਕਰਨਾ. ਨਿਖੇੜ ਕੇ ਦੱਸਣਾ. ਇਸਦਾ ਮੂਲ ਫ਼ਸਲ (ਵੱਖ ਕਰਨਾ) ਹੈ.

ਤਫ਼ਤੀਸ਼: ਅ਼. تفتیش ਸੰਗ੍ਯਾ- ਫ਼ਤਸ਼ (ਖੋਜ) ਕਰਨਾ. ਟੋਲਨਾ. ਢੂੰਡਣਾ.

ਤਫ਼ਰਕਾ, ਤਫ਼ਰਕ਼ਾ: ਅ਼. تفرقہ ਸੰਗ੍ਯਾ- ਫ਼ਰਕ਼ ਹੋਣ ਦਾ ਭਾਵ. ਫੁੱਟ. ਵਿਰੋਧ. ਅਣਬਣ.

ਤਫ਼ਰੀਹ. ਤਫ਼ਰੀਹ਼: ਅ਼. تفریح ਸੰਗ੍ਯਾ- ਫ਼ਰਹ਼ (ਆਨੰਦ) ਵਿੱਚ ਆਉਣਾ. ਪ੍ਰਸੰਨਤਾ. ਖ਼ੁਸ਼ੀ.

ਤਫ਼ਰੀਕ, ਤਫ਼ਰੀਕ਼: ਅ਼. تفریق ਸੰਗ੍ਯਾ- ਫ਼ਰਕ਼ (ਭੇਦ) ਕਰਨ ਦੀ ਕ੍ਰਿਯਾ. ਅਲਗ ਕਰਨਾ.

ਤਫ਼ਵੀਜ਼: ਅ਼. تفویض ਤਫਵੀਜ. ਸੰਗ੍ਯਾ- ਹ਼ਵਾਲੇ (ਸਪੁਰਦ) ਕਰਨਾ. ਇਸ ਦਾ ਮੂਲ ਫ਼ੌਜ (ਸਪੁਰਦ ਕਰਨਾ) ਹੈ.

ਤਫਾਉਤ, ਤਫ਼ਾਵਤ: ਅ਼. تفاوت ਸੰਗ੍ਯਾ- ਭੇਦ. ਫ਼ਰਕ. "ਪਰੈ ਤਫਾਉਤ ਮਿਟ ਹੈ ਨਾਹਿ." (ਗੁਪ੍ਰਸੂ) ੨. ਅੰਤਰਾ. ਵਿੱਥ. ਇਸ ਦਾ ਮੂਲ ਫ਼ੌਤ (ਗੁਜ਼ਰ ਜਾਣਾ) ਹੈ.

ਤਫੀਕ: ਦੇਖੋ, ਤੌਫ਼ੀਕ਼.

ਤਫੰਗ: ਦੇਖੋ, ਤੁਫੰਗ.

ਤਬ: ਕ੍ਰਿ. ਵਿ- ਉਸ ਵੇਲੇ. ਓਦੋਂ. "ਤਬ ਅਰੋਗ ਜਬ ਤੁਮ ਸੰਗਿ ਬਸਤੌ." (ਸਾਰ ਮਃ ੫)

ਤਬਅ, ਤ਼ਬਅ਼: ਅ਼. طبع ਸੰਗ੍ਯਾ- ਤ਼ਬੀਅ਼ਤ. ਸੁਭਾਉ. ਖ਼ਸਲਤ.

ਤਬੱਸੁਮ: ਅ਼. تبسّم ਸੰਗ੍ਯਾ- ਮੁਸਕਰਾਨਾ. ਬਿਨਾ ਆਵਾਜ਼ ਤੋਂ ਹੱਸਣਾ. ਸੰ. ਸ੍ਮਯਨ. ਦੇਖੋ, ਬਸਮ.

ਤਬਹ: ਦੇਖੋ, ਤ਼ਬਅ਼। ੨. ਕ੍ਰਿ. ਵਿ- ਤਬ. ਓਦੋਂ. ਉਸ ਵੇਲੇ। ੩. ਤਬਹੀ.

ਤਬਕ: ਦੇਖੋ, ਤਉਕ। ੨. ਅ਼. طبق ਤ਼ਬਕ਼. ਸੰਗ੍ਯਾ- ਲੋਕ. ਦੇਸ਼. ਖੰਡ. "ਤਬਕ ਚੌਦਹਿ ਜਾਨੀਏ." (ਸਲੋਹ)

ਤਬਕਾ: ਦੇਖੋ, ਤਬਕ ੨.

ਤਬਦੀਲੀ: ਅ਼. تبدیلی ਸੰਗ੍ਯਾ- ਬਦਲਨ ਦੀ ਕ੍ਰਿਯਾ. ਪਰਿਵਰਤਨ. ਬਦਲੀ.

ਤਬਰ: ਫ਼ਾ. تبر ਸੰਗ੍ਯਾ- ਛਵੀ. ਲੰਮਾ ਅਤੇ ਬਹੁਤ ਤੇਜ਼ ਗੰਡਾਸਾ. "ਤੁਪਕ ਤਬਰ ਅਰੁ ਤੀਰ." (ਸਨਾਮਾ) ਦੇਖੋ, ਸਸਤ੍ਰ.

ਤਬੱਰੁਕ: ਅ਼. تبرّک ਸੰਗ੍ਯਾ- ਬਰਕਤ (ਵਰਦਾਨ) ਲੈਣ ਦੀ ਕ੍ਰਿਯਾ। ੨. ਉਹ ਵਸਤੁ, ਜਿਸ ਦ੍ਵਾਰਾ ਵਰਦਾਨ ਮਿਲੇ। ੩. ਦੇਵਤਾ ਨੂੰ ਅਰਪਿਆ ਪ੍ਰਸਾਦ। ੪. ਮਹਾਤਮਾ ਵੱਲੋਂ ਮਿਲਿਆ ਪ੍ਰਸਾਦ ਆਦਿ.

ਤਬਲ, ਤ਼ਬਲ: ਅ਼. طبل ਸੰਗ੍ਯਾ- ਢੋਲ. ਧੌਂਸਾ. "ਤਿੱਬਤ ਜਾਇ ਤਬਲ ਕੋ ਦੀਨੋ." (ਚਰਿਤ੍ਰ ੨੧੨)

ਤਬਲਗ, ਤਬਲਗੁ: ਕ੍ਰਿ. ਵਿ- ਤਬ ਤਕ. ਓਦੋਂ ਤੀਕ. "ਤਬ ਲਗ ਗਰਭਜੋਨਿ ਮਹਿ ਫਿਰਤਾ." (ਸੁਖਮਨੀ) "ਤਬਲਗੁ ਧਰਮਰਾਇ ਦੇਇ ਸਜਾਇ." (ਸੁਖਮਨੀ)

ਤਬਲਚੀ, ਤਬਲਬਾਜ਼, ਤ਼ਬਲਬਾਜ਼: ਸੰਗ੍ਯਾ- ਨਗਾਰੇ ਦੀ ਸ਼ਕਲ ਦਾ ਕਟੋਰਾ। ੨. ਫ਼ਾ. طبل باز ਨਗਾਰਚੀ. ਧੌਂਸਾ ਬਜਾਉਣ ਵਾਲਾ. "ਤਬਲਬਾਜ ਬੀਚਾਰ ਸਬਦ ਸੁਣਾਇਆ." (ਵਾਰ ਮਾਝ ਮਃ ੧) ਇਸ ਥਾਂ ਤ਼ਬਲਬਾਜ਼ ਤੋਂ ਭਾਵ ਸਤਿਗੁਰੂ ਹੈ. ੩. ਘੋੜੇ ਉੱਪਰ ਰੱਖਕੇ ਵਜਾਉਣ ਵਾਲਾ ਨਗਾਰਾ. "ਤਬਲਬਾਜ ਘੁੰਘਰਾਰ." (ਪਾਰਸਾਵ) ਘੁੰਘਰੂਦਾਰ ਨਗਾਰਾ.

ਤਬਲਾ, ਤ਼ਬਲਾ: ਅ਼. طبلہ ਤ਼ਬਲਹ. ਸੰਗ੍ਯਾ- ਜੋੜੀ. ਤਾਲ ਦੇਣ ਦਾ ਇੱਕ ਵਾਜਾ, ਜਿਸ ਦਾ ਸੱਜਾ ਸਿਆਹੀਦਾਰ ਅਤੇ ਖੱਬਾ ਸਾਦਾ ਹੁੰਦਾ ਹੈ ਜਿਸ ਪੁਰ ਆਟਾ ਲਾਈਦਾ ਹੈ.

ਤਬਾ: ਦੇਖੋ, ਤ਼ਬਅ਼। ੨. ਦੇਖੋ, ਤਵਾ.

ਤਬਾਸ਼ੀਰ: ਅ਼. تباشیر ਸੰ. ਤਵਕ੍ਸ਼ੀਰ. ਸੰਗਯਾ- ਬੰਸ (ਵੰਸ਼) ਲੋਚਨ. ਵੰਸ਼ ਸ਼ਕੰਰਾ. Bamboo sugar. ਇਸ ਦੀ ਤਾਸੀਰ ਸਰਦ ਖ਼ੁਸ਼ਕ ਹੈ. ਹ਼ਕੀਮ ਬਹੁਤ ਦਵਾਈਆਂ ਵਿੱਚ ਇਸ ਨੂੰ ਵਰਤਦੇ ਹਨ. ਇਹ ਦਿਲ ਅਤੇ ਦਿਮਾਗ ਨੂੰ ਤ਼ਾਕ਼ਤ ਦੇਣ ਵਾਲਾ ਹੈ. ਜਿਗਰ ਦੇ ਰੋਗ ਹਟਾਉਂਦਾ ਹੈ. ਪਿੱਤ ਤੋਂ ਹੋਈ ਕ਼ਯ (ਛਰਦਿ) ਅਤੇ ਖ਼ੂਨੀ ਦਸਤਾਂ ਨੂੰ ਬੰਦ ਕਰਦਾ ਹੈ. ਗਰਮੀ ਦੇ ਤਾਪ ਅਤੇ ਮੂੰਹ ਦੇ ਛਾਲਿਆਂ ਨੂੰ ਹਟਾਉਂਦਾ ਹੈ. ਪਿਆਸ ਬੁਝਾਉਂਦਾ ਹੈ.

ਤਬਾਹ: ਫ਼ਾ. تباہ ਵਿ- ਬਰਬਾਦ. ਨਸ਼੍ਟ ਭ੍ਰਸ਼੍ਟ.

ਤਬਾਹੀ: ਫ਼ਾ. تباہی ਸੰਗਯਾ- ਬਰਬਾਦੀ.

ਤਬਾਕ, ਤ਼ਬਾਕ਼: ਅ਼. طباق ਸੰਗਯਾ- ਵਡਾ ਥਾਲ. ਪਰਾਂਤ.

ਤਬਾਪ: ਤਬ- ਆਪ. "ਸੰਗਲ ਪੁਰਖ ਕੋ ਭੇਖ ਤਬਾਪ ਬਨਾਇਓ." (ਚਰਿਤ੍ਰ ੧੨੯)

ਤਬਾਰ: ਫ਼ਾ. تبار ਸੰਗਯਾ- ਕੁਲ. ਵੰਸ਼। ੨. ਦੇਖੋ, ਤਵਾਰ.

ਤਬਾਲੀ: ਵਿ- ਤਬਲ (ਨਗਾਰਾ) ਵਜਾਉਣ ਵਾਲਾ. "ਚੋਟਾਂ ਪਾਨ ਤਬਾਲੀ." (ਚੰਡੀ ੩) ੨. ਤਬਾਲੀਂ. ਤਬਲਿਆਂ ਤੇ.

ਤਬੀਅਤ, ਤ਼ਬੀਅ਼ਤ: ਅ਼. طبیعت ਸੰਗਯਾ- ਚਿੱਤ. ਮਨ। ੨. ਖ਼ਸਲਤ. ਸੁਭਾਉ. ਆ਼ਦਤ.

ਤਬੀਬ, ਤ਼ਬੀਬ: ਅ਼. طبیب ਸੰਗਯਾ- ਤ਼ਿੱਬ (ਇ਼ਲਾਜ) ਕਰਨ ਵਾਲਾ ਵੈਦ੍ਯ.

ਤਬੀਬੀ, ਤ਼ਬੀਬੀ: ਫ਼ਾ. طبیبی ਤ਼ਿਬਾਬਤ. ਹ਼ਕੀਮੀ. ਇ਼ਲਾਜ. "ਸਤਿਗੁਰੁ ਪੂਰਾ ਕਰੈ ਤਬੀਬੀ." (ਭਾਗੁ)

ਤਬੀਯਤ: ਦੇਖੋ, ਤ਼ਬੀਅ਼ਤ.

ਤਬੇ: ਦੇਖੋ, ਤ਼ਬਅ਼. "ਤੁੰਦ ਤਬੇ." (ਅਕਾਲ) ੨. ਕ੍ਰਿ. ਵਿ- ਤਭੀ. ਤਬ ਹੀ.

ਤਬੇਲਾ: ਅ਼. طویلہ ਤ਼ਵੇਲਾ. ਲੰਮਾ ਰੱਸਾ, ਜਿਸ ਨਾਲ ਘੋੜੇ ਬੰਨ੍ਹੇ ਜਾਣ। ੨. ਭਾਵ- ਅਸਤ਼ਬਲ. ਅਸ਼੍ਵਸ਼ਾਲਾ. ਦੇਖੋ, ਅਸਤਬਲ.

ਤਬੈ: ਦੇਖੋ, ਤਬੇ.

ਤਬੋਲ: ਸੰ. ताम्बूल- ਤਾਂਬੂਲ. ਪਾਂਨ. "ਭਉ ਸੀਗਾਰ ਤਬੋਲ ਰਸ ਭੋਜਨ ਭਾਉ ਕਰੇਇ." (ਵਾਰ ਸੂਹੀ ਮਃ ੩)

ਤਭਕਣਾ: ਕ੍ਰਿ- ਭਯ ਨਾਲ ਕੰਬਣਾ. ਅਚਾਨਕ ਦਹਿਲਣਾ.

ਤਭੀ: ਕ੍ਰਿ. ਵਿ- ਤਬ ਹੀ. ਤਦੇ। ੨. ਇਸੇ ਵਾਸਤੇ. ਇਸੀ ਲਿਯੇ.

ਤਮ: (ਸੰ. तम्. ਧਾ- ਸਾਹ ਘੁੱਟੇ ਜਾਣਾ, ਥਕ ਜਾਣਾ, ਘਬਰਾਉਣਾ) ਸੰਗਯਾ- ਤਮੋਗੁਣ. "ਰਜ ਤਮ ਸਤ ਕਲ ਤੇਰੀ ਛਾਇਆ." (ਮਾਰੂ ਸੋਲਹੇ ਮਃ ੧) ੨. ਅੰਧਕਾਰ. ਅੰਧੇਰਾ. "ਤਮ ਅਗਿਆਨ ਮੋਹਤ ਘੂਪ." (ਬਿਲਾ ਅਃ ਮਃ ੧) ੩. ਪਾਪ. "ਅਗਿਆਨ ਬਿਨਾਸਨ ਤਮ ਹਰਨ." (ਮਾਝ ਦਿਨਰੈਣ) ੪. ਕ੍ਰੋਧ। ੫. ਅਗ੍ਯਾਨ। ੬. ਨਰਕ। ੭. ਕਾਲਿਸ. ਸ਼ਯਾਮਤਾ. "ਤਮ ਸੰਸਾਰੁ ਚਰਨ ਲਗਿ ਤਰੀਐ." (ਮੁੰਦਾਵਣੀ ਮਃ ੫) ੮. ਪ੍ਰਤ੍ਯ- ਅਤ੍ਯੰਤ ਹੀ. ਬਹੁਤ ਵਧਕੇ. ਇਹ ਪਦਾਂ ਦੇ ਅੰਤ ਵਰਤੀਦਾ ਹੈ. ਜਿਵੇਂ- ਪ੍ਰਿਯਤਮ. Superlative degree. ਮੁਕਾਬਲਾ ਕਰੋ ਅ਼ਰਬੀ ਸ਼ਬਦ ਅਤੱਮ ਨਾਲ.

ਤਮਅਰਿ: ਅੰਧਕਾਰ ਦਾ ਵੈਰੀ ਸੂਰਯ। ੨. ਪ੍ਰਕਾਸ਼.

ਤਮਅੰਧ: ਵਿ- ਅੰਧਤਮ. ਅਤ੍ਯੰਤ ਹੀ ਅੰਧੇਰੇ ਵਾਲਾ. "ਤਮਅੰਧ ਕੂਪ ਤੇ ਉਧਾਰੈ ਨਾਮੁ." (ਗਉ ਛੰਤ ਮਃ ੫) ਅੰਧਤਮ ਕੂਪ ਤੇ.

ਤਮਸ: ਸੰ. तमस्. ਸੰਗਯਾ- ਤਮੋਗੁਣ। ੨. ਅੰਧਕਾਰ. ਹਨ੍ਹੇਰਾ.

ਤਮਸਾ: ਸੰ. ਸੰਗਜਾ- ਇੱਕ ਨਦੀ, ਜੋ ਗੜ੍ਹਵਾਲ ਰਾਜ ਤੋਂ ਨਿਕਲਕੇ ਸਰਮੌਰ ਦੀ ਹੱਦ ਪਾਸ ਜਮਨਾ ਵਿੱਚ ਮਿਲਦੀ ਹੈ। ੨. ਔਧ ਦੇ ਇਲਾਕੇ ਸਰਯੂ ਦੀ ਇੱਕ ਸ਼ਾਖ, ਜੋ ਆਜ਼ਮਗੜ੍ਹ ਵਿੱਚ ਵਹਿੰਦੀ ਹੋਈ ਭੂਲੀਆ ਪਾਸ ਗੰਗਾ ਵਿੱਚ ਮਿਲਦੀ ਹੈ। ੩. ਰੀਵਾ ਰਾਜ (ਸੀ. ਪੀ. ) ਵਿੱਚ ਵਹਿਣ ਵਾਲੀ ਨਦੀ. ਇਸ ਦਾ ਜਿਕਰ ਮਤਸਜਪੁਰਾਣ ਦੇ ੧੧੪ ਵੇਂ ਅਧਜਾਯ ਵਿੱਚ ਹੈ. ਤਮਸਾ ਨਦੀ ਨੂੰ ਅੰਗ੍ਰੇਜੀ ਲੇਖਕਾਂ ਨੇ Tonse ਲਿਖਿਆ ਹੈ। ੪. ਹਠ ਨਾਲ ਸੰਸਕ੍ਰਿਤ ਗ੍ਰੰਥਾਂ ਵਿੱਚੋਂ ਹੀ ਸਾਰਾ ਜੁਗਰਾਫੀਆ ਕੱਢਣ ਵਾਲੇ ਲੋਕ ਆਖਦੇ ਹਨ ਕਿ ਤਮਸਾ ਨਾਮ ਇੰਗਲੈਂਡ ਦੇ ਪ੍ਰਸਿੱਧ ਦਰਿਆ Thames ਦਾ ਹੈ.

ਤਮਸੀਲ: ਅ਼. تمشیل ਤਮਸ਼ੀਲ. ਮਿਸ਼ਾਲ ਦੇਣ ਦੀ ਕ੍ਰਿਯਾ. ਦ੍ਰਿਸ਼੍ਟਾਂਤ. ਨਜੀਰ.

ਤਮੱਸੁਕ: ਅ਼. تمسّک ਮਸਕ (ਫੜਨ) ਦੀ ਕ੍ਰਿਯਾ. ਸਹਾਰਾ ਲੈਣ ਦਾ ਭਾਵ। ੨. ਇਕ਼ਰਾਰਨਾਮਾ.

ਤਮਹਰ: ਸੰਗਜਾ- ਅੰਧੇਰਾ ਨਾਸ਼ ਕਰਨ ਵਾਲਾ ਸੂਰਜ। ੨. ਚੰਦ੍ਰਮਾ। ੩. ਦੀਪਕ.

ਤਮਹੀਦ: ਅ਼. تمہید ਮਹਦ (ਬਿਛਾਉਣ) ਦੀ ਕ੍ਰਿਯਾ। ੨. ਕਿਸੇ ਬਾਤ ਨੂੰ ਉਠਾਉਣਾ। ੩. ਭੂਮਿਕਾ. ਦੀਬਾਚਾ. ਪ੍ਰਸ੍ਤਾਵਨਾ. ਮੁਖਬੰਧ.

ਤਮਕ: ਸੰਗਜਾ- ਤਮੋਗੁਣ। ੨. ਕ੍ਰੋਧ। ੩. ਤਮਕਨਤ ਦਾ ਸੰਖੇਪ. ਦੇਖੋ, ਤਮਕਨਤ। ੪. ਸੰ. ਦਮੇ ਰੋਗ ਦਾ ਇੱਕ ਭੇਦ, ਜਿਸ ਤੋਂ ਬਹੁਤ ਪਿਆਸ ਲਗਦੀ ਅਤੇ ਪਸੀਨਾ (ਮੁੜ੍ਹਕਾ) ਆਉਂਦਾ ਹੈ.

ਤਮਕਨਤ: ਅ਼. تمکنت ਸੰਗਜਾ- ਵਡਾਈ. ਬਜ਼ੁਰਗੀ। ੨. ਆਕੜ. ਐਂਠ. ਇਸ ਦਾ ਮੂਲ ਮੁਕਨਤ (ਬਲ- ਸਾਮਰਥਜ) ਹੈ.

ਤਮਕੀਨ: ਅ਼. تمکین ਸੰਗਜਾ- ਵਡਾਈ। ੨. ਮਾਨ. ਇੱਜ਼ਤ.

ਤਮਗ਼ਾ: ਤੁ. تمغا ਸੰਗਜਾ- ਕਿਸੇ ਖ਼ਾਸ ਪਦਵੀ ਦਾ ਬੰਧਕ ਸਿੱਕਾ. ਤਕਮਾ. ਮੈਡਲ (medal).

ਤਮਚਰ: ਸੰ. ਤਮਸ਼੍ਚਰ. ਵਿ- ਅੰਧੇਰੇ ਵਿੱਚ ਫਿਰਨ ਵਾਲਾ. ਨਿਸ਼ਾਚਰ। ੨. ਸੰਗਜਾ- ਚੋਰ। ੩. ਉੱਲੂ। ੪. ਰਾਖਸ। ੫. ਸ਼ਸਤ੍ਰਨਾਮਮਾਲਾ ਅਨੁਸਾਰ ਚੰਦ੍ਰਮਾ, ਜੋ ਰਾਤ ਵਿੱਚ ਫਿਰਦਾ ਹੈ. ਦੇਖੋ, ਅੰਗ ੯੮੦.

ਤਮਚਾਰੀ: ਦੇਖੋ, ਤਮਚਰ। ੨. ਦੇਖੋ, ਤਾਮ੍ਰਚੂੜ.

ਤਮਚੁਰ: ਦੇਖੋ, ਤਾਮ੍ਰਚੂੜ.

ਤਮਤਾਰ: ਦੇਖੋ, ਤਾਰਤੰਮ.

ਤਮਤੇਜ: ਸੰਗਜਾ- ਅਨ੍ਹੇਰੇ ਵਿੱਚ ਤੇਜ਼ ਦਿਖਾਈ ਦੇਣ ਵਾਲਾ, ਤਾਰਾ. ਨਛਤ੍ਰ. "ਭਾਨੁ ਉਦੈ ਲਖ ਸਭ ਹੀ ਤਮਤੇਜ ਪਧਾਰੇ." (ਰਾਮਾਵ) ੨. ਜੁਗਨੂ. ਟਣਾਣਾ. ਖਦਜੋਤ.

ਤਮੱਨਾ: ਦੇਖੋ, ਤਮੰਨਾ.

ਤਮਰਾਰਸੁਰ: ਤਮਰਾਰ- ਅਸੁਰ. ਅੰਧਕ ਦੈਤਜ. "ਹਨਹੋਂ ਤਮਰਾਰਸੁਰੰ." (ਰੁਦ੍ਰਾਵ) ਦੇਖੋ, ਅੰਧਕ.

ਤਮਵਾਲੀ: ਡਿੰਗ. ਸੰਗਜਾ- ਅੰਧੇਰੇ ਵਾਲੀ ਰਾਤ੍ਰਿ. ਦੇਖੋ, ਤਮੀ.

ਤਮਾ, ਤਮਾਉ, ਤਮਾਇ, ਤਮਾਈ: ਅ਼. طمع ਤ਼ਮਅ਼. ਸੰਗਜਾ- ਲਾਲਚ. ਹਿਰਸ. ਤ੍ਰਿਸ਼ਨਾ. "ਵਡਾ ਦਾਤਾ ਤਿਲੁ ਨ ਤਮਾਇ." (ਜਪੁ) "ਤਿਸ ਨੋ ਤਿਲੁ ਨ ਤਮਾਈ." (ਰਾਮ ਅਃ ਮਃ ੩) ੨. ਸੰ. ਤਮਾ. ਰਾਤ੍ਰਿ. ਰਾਤ। ੩. ਸੰ. ਤਾਮ- ਤਾਮ. ਇੱਛਾ. ਰੁਚੀ। ੪. ਦੇਖੋ, ਮਾਇ.

ਤਮਾਸ਼ਬੀਨ: ਫ਼ਾ. تماشبین ਸੰਗਜਾ- ਤਮਾਸ਼ਾ ਦੇਖਣ ਵਾਲਾ। ੨. ਭਾਵ- ਵੇਸ਼ਜਾਗਾਮੀ.

ਤਮਾਸਾ: ਅ਼. تماشا ਤਮਾਸ਼ਾ. ਸੰਗਯਾ- ਮਸ਼ੀ (ਵਿਚਰਣ) ਦੀ ਕ੍ਰਿਯਾ। ੨. ਚਿੱਤ ਨੂੰ ਪ੍ਰਸੰਨ ਕਰਨ ਵਾਲਾ ਦ੍ਰਿਸ਼ਯ ਖ਼ੁਸ਼ ਨਜਾਰਾ. "ਕਉਤਕ ਕੋਡ ਤਮਾਸਿਆ." (ਵਾਰ ਜੈਤ) ੩. ਭਾਈ ਸੰਤੋਖ ਸਿੰਘ ਨੇ "ਚੰਚਲਚੀਤ ਨ ਜਾਇ ਤਮਾਸੇ." ਦਾ ਅਰਥ ਕਰਦੇ ਹੋਏ, ਤਮਾਸਾ ਦਾ ਅਰਥ ਵੇਸ਼ਯਾਮੰਡਲੀ ਦਾ ਅਖਾੜਾ ਕੀਤਾ ਹੈ.

ਤਮਾਕੂ, ਤਮਾਖੂ: ਫ਼ਾ. تنباکو ਤੰਬਾਕੂ ਅ਼. دُخان ਦੁਖ਼ਾਨ. ਪੁਰਤ. Tobacco. ਸੰ. ਤਾਮ੍ਰਕੂਟ ਅਤੇ ਕਲੰਜ.[580] L- Nicotiana tabacum. ਇਹ ਅਸਲ ਬੂਟੀ ਅਮਰੀਕਾ ਦੀ ਹੈ ਅਤੇ ਇਸ ਦਾ ਨਾਮ tabaco ਹੈ. ਯੂਰਪ ਦੇ ਯਾਤ੍ਰੀ ਉਸ ਦੇਸ਼ ਤੋਂ ਹੋਰ ਦੇਸ਼ਾਂ ਵਿੱਚ ਉੱਥੋਂ ਦੇ ਨਾਮ ਸਮੇਤ ਲੈ ਆਏ ਹਨ. ਯੂਰਪ ਵਿੱਚ ਇਸ ਦਾ ਪ੍ਰਚਾਰ ਸਨ ੧੫੬੦ ਵਿੱਚ ਹੋਇਆ ਅਤੇ ਭਾਰਤ ਵਿੱਚ ਪੁਰਤਗਾਲ ਦੇ ਵਪਾਰੀਆਂ ਨੇ ਸਨ ੧੬੦੫ ਵਿੱਚ ਤਮਾਕੂ ਬੀਜ ਸਮੇਤ ਲਿਆਂਦਾ ਅਤੇ ਦੇਸ਼ ਵਿੱਚ ਫੈਲਾਇਆ.

ਮੁਸਲਮਾਨ ਤਮਾਕੂ ਦੇ ਵਰਤਣ ਨੂੰ ਮਕਰੂਹ ਜਾਣਦੇ ਹਨ, ਇਸੇ ਲਈ ਮਸਜਿਦਾਂ ਵਿੱਚ ਇਸ ਦਾ ਵਰਤਣਾ ਮਨਾ ਕੀਤਾ ਹੋਇਆ ਹੈ. ਖਾਸ ਕਰਕੇ ਵਹਾਬੀ ਮੁਸਲਮਾਨ ਤਮਾਕੂ ਤੋਂ ਬਹੁਤ ਪਰਹੇਜ਼ ਕਰਦੇ ਹਨ.

ਗੁਰਮਤ ਵਿੱਚ ਇਸ ਦਾ ਪੂਰਣ ਤਯਾਗ ਹੈ ਅਰ ਇਸ ਦਾ ਨਾਮ ਜਗਤਜੂਠ, ਬਿਖਯਾ ਤਥਾ ਗੰਦਾਧੂਮ ਲਿਖਿਆ ਹੈ. "ਜਗਤਜੂਠ ਤੇ ਰਹਿਯੈ ਦੂਰ." (ਗੁਪ੍ਰਸੂ) "ਬਿਖਯਾ ਕਿਰਿਆ ਭੱਦਨ ਤਯਾਗੋ." (ਗੁਵਿ ੧੦) "ਗੰਦਾਧੂਮ ਬੰਸ ਤੇ ਤਯਾਗਹੁ। ਅਤਿ ਗਲਾਨਿ ਇਸ ਤੇ ਧਰ ਭਾਗਹੁ." (ਗੁਪ੍ਰਸੂ) "ਕੁੱਠਾ ਹੁੱਕਾ ਚਰਸ ਤਮਾਕੁ. ××× ਇਨ ਕੀ ਓਰ ਨ ਕਬਹੂ ਦੇਖੈ," (ਪ੍ਰਸ਼ਨੋੱਤਰ ਭਾਈ ਨੰਦਲਾਲ)

ਤਮਾਚਾ: ਤੁ. تماچہ ਫ਼ਾ. تپنچہ ਤਪੰਚਹ. ਸੰਗਯਾ- ਲਫੇੜਾ. ਥੱਪੜ. ਧੱਫਾ. ਚਪੇੜ. "ਲੇਪਨੀ ਸਿੰਘ ਕੇ ਇਕ ਹਤਹੁ ਤਮਾਚਾ." (ਗੁਪ੍ਰਸੂ) ੨. ਝਪਟ. ਤੇਜ਼ੀ ਦਾ ਹੱਲਾ. "ਅਸਵਾਰਨ ਦਲ ਹਨਐ ਸਮੁਦਾਈ, ਏਕ ਤਮਾਚਾ ਰਣ ਕੋ ਮਾਰਹੁ." (ਗੁਪ੍ਰਸੂ) ੩. ਤੁ تمنچہ ਤਮੰਚਾ ਪਿਸਤੌਲ Pistol. "ਕਾਢ ਕਮਰ ਤੇ ਹਨਜੋ ਤਮਾਚਾ." (ਗੁਪ੍ਰਸੂ)

ਤਮਾਮ, ਤਮਾਮੀ: ਅ਼. تمامی تمام ਵਿ- ਪੂਰਾ. ਸਾਰਾ. ਸਭ। ੨. ਸਮਾਪਤ. ਖ਼ਤਮ.

ਤਮਾਮੁਲਰੁਜੂ ਹੈ: (ਜਾਪੁ) ਸਭ ਨੂੰ ਆਪਣੀ ਵੱਲ ਰੁਜੂ (ਧ੍ਯਾਨਪਰਾਇਣ) ਕਰਨ ਵਾਲਾ. ਆਪਣੇ ਵੱਲ ਫੇਰਨ ਵਾਲਾ ਹੈ.

ਤਮਾਰਿ: ਸੰ. ਸੰਗਯਾ- ਤਮ- ਅਰਿ. ਅੰਧੇਰੇ ਦਾ ਵੈਰੀ ਸੂਰਜ। ੨. ਪ੍ਰਕਾਸ਼। ੩. ਦੀਵਾ.

ਤਮਾਲ: ਸੰ. ਸੰਗਯਾ- ਨੀਲਧ੍ਵਜ. ਮਹਾਬਲ. ਵੀਹ ਪੱਚੀ ਫੁੱਟ ਉੱਚਾ ਸਦਾਬਹਾਰ ਇੱਕ ਬਿਰਛ, ਜੋ ਥੋੜੇ ਉੱਚੇ ਪਹਾੜਾਂ ਪੁਰ ਅਤੇ ਜਮੁਨਾ ਨਦੀ ਦੇ ਕਿਨਾਰੇ ਅਕਸਰ ਦੇਖੀਦਾ ਹੈ. ਇਸ ਨੂੰ ਖੱਟੇ ਫਲ ਲਗਦੇ ਹਨ, ਜੋ ਵਰਖਾ ਰੁੱਤ ਵਿੱਚ ਪਕਦੇ ਹਨ. ਵੈਦਕ ਵਿੱਚ ਤਮਾਲ ਦੇ ਬਹੁਤ ਗੁਣ ਲਿਖੇ ਹਨ. L. Xanthocymus pictorius । ੨. ਤੇਜਪਤ੍ਰ। ੩. ਕਈ ਲੇਖਕਾਂ ਨੇ ਤਮਾਲ ਨਾਮ ਤਮਾਕੂ ਦਾ ਭੀ ਲਿਖਿਆ ਹੈ, ਪਰ ਪੁਰਾਣੇ ਗ੍ਰੰਥਾਂ ਵਿੱਚ ਨਹੀਂ ਹੈ.

ਤਮਾਲਪਤ੍ਰ: ਸੰਗਯਾ- ਤਮਾਲ ਬਿਰਛ ਦਾ ਪੱਤਾ। ੨. ਤਮਾਕੂ. ਦੇਖੋ, ਤਮਾਲ। ੩. ਤੇਜਪਤ੍ਰ ਦਾ ਪੱਤਾ.

ਤਮਿ: ਅੰਧੇਰੇ ਵਿੱਚ। ੨. ਅੰਧੇਰੇ ਦੇ ਕਾਰਣ। ੩. ਸੰ. ਸੰਗਯਾ- ਰਾਤ. ਰਾਤ੍ਰਿ. ਸ਼ਬ। ੪. ਮੋਹ. ਅਗ੍ਯਾਨ। ੫. ਹਲਦੀ. ਹਰਿਦ੍ਰਾ.

ਤਮਿਸ: ਦੇਖੋ, ਤਮੀਸ਼.

ਤਮਿਸ੍ਰ: ਸੰ. ਅੰਧੇਰਾ। ੨. ਕ੍ਰੋਧ। ੩. ਭਾਗਵਤ ਅਨੁਸਾਰ ਇੱਕ ਨਰਕ, ਜਿਸ ਵਿੱਚ ਗਾੜ੍ਹਾ ਅੰਧੇਰਾ ਹੈ.

---

[580] ਕਈ ਆਖਦੇ ਹਨ ਕਿ ਤਮਾਕੂ ਭਾਰਤ ਦੀ ਬੂਟੀ ਨਹੀ ਇਸ ਲਈ ਇਸ ਦਾ ਸੰਸਕ੍ਰਿਤ ਕੋਈ ਨਾਮ ਨਹੀਂ ਪਰ ਇਹ ਉਨ੍ਹਾਂ ਦੀ ਭੁੱਲ ਹੈ. ਹਰੇਕ ਭਾਸ਼ਾ ਦੇ ਕੋਸ਼ਾਂ ਵਿੱਚ ਸਮੇਂ ਅਨੁਸਾਰ ਦਿੱਤੇ ਨਵੇਂ ਸ਼ਬਦ ਕਲਪਕੇ ਦਰਜ ਹੁੰਦੇ ਰਹਿੰਦੇ ਹਨ.

ਤਮਿਪਤਿ: ਸੰ. ਤਮੀ (ਰਾਤ੍ਰਿ) ਦਾ ਪਤੀ ਚੰਦ੍ਰਮਾ. "ਤੁਰਕ ਤੇਜ ਤਮਿਪਤਿ ਕੇ ਤਾੜਤ." (ਗੁਪ੍ਰਸੂ) ਦੇਖੋ, ਤਮੀਪਤਿ.

ਤਮੀ: ਸੰ. ਸੰਗਯਾ- ਹਲਦੀ। ੨. ਰਾਤ੍ਰਿ. ਨਿਸ਼ਾ.

ਤਮੀਸ਼: ਸੰ. ਸੰਗਯਾ- ਤਮੀ (ਰਾਤ੍ਰਿ) ਦਾ ਸ੍ਵਾਮੀ ਚੰਦ੍ਰਮਾ.

ਤਮੀਚਰ: ਸੰ. ਸੰਗਯਾ- ਤਮੀ (ਰਾਤ੍ਰਿ) ਵਿੱਚ ਫਿਰਨ ਵਾਲਾ ਚੋਰ। ੨. ਉੱਲੂ। ੩. ਰਾਖਸ.

ਤਮੀਜ਼: ਅ਼. تمیز ਸੰਗਯਾ- ਮੈਜ਼ (ਫ਼ਰਕ਼) ਸਮਝਣ ਦੀ ਕ੍ਰਿਯਾ. ਵਿਵੇਕ. ਨਿਰਣਾ। ੨. ਭੇਦਗ੍ਯਾਨ. "ਤਮੀਜੁਲ ਤਮਾਮੈ." (ਜਾਪੁ) ੩. ਸਭ੍ਯਤਾ.

ਤਮੀਪਤਿ: ਸੰ. ਸੰਗਯਾ- ਤਮੀ (ਰਾਤ੍ਰਿ) ਦਾ ਸ੍ਵਾਮੀ ਚੰਦ੍ਰਮਾ. "ਘਿਰਯੋ ਤਮੀਪਤਿ ਤਮ ਕਰ ਮਾਨੋ." (ਨਾਪ੍ਰ)

ਤਮੂਰ: ਦੇਖੋ, ਤੈਮੂਰ। ੨. ਦੇਖੋ, ਤੰਬੂਰ.

ਤਮੂਰਾ: ਦੇਖੋ, ਤੰਬੂਰਾ.

ਤਮੇਸਰ: ਸੰ. ताम्रेश्वर- ਤਾਮ੍ਰੇਸ਼੍ਵਰ. ਸੰਗਯਾ- ਵੈਦ੍ਯਕ ਰੀਤਿ ਨਾਲ ਮਾਰਿਆ ਹੋਇਆ ਤਾਂਬਾ. ਤਾਂਬੇ ਦੀ ਭਸਮ. ਤਾਂਬੇ ਦਾ ਕੁਸ਼ਤਾ। ੨. ਤਾਮ੍ਰਰਸ.

ਤਮੈ: ਦੇਖੋ, ਤਮਅ਼ ਅਤੇ ਤਮਾ. "ਤਜਾਗ ਤਮੈ ਸਭ ਧਾਮਨ ਕੀ." (ਕ੍ਰਿਸਨਾਵ)

ਤਮੋਗੁਣ: ਸੰ. ਸੰਗਯਾ- ਅੰਧਕਾਰਰੂਪ ਮਾਇਆ ਦਾ ਤੀਜਾ ਗੁਣ। ੨. ਅਗ੍ਯਾਨ। ੩. ਕ੍ਰੋਧ.

ਤਮੋਘ੍ਨ: ਸੰ. ਸੰਗਯਾ- ਤਮ- ਘ੍ਨ. ਅੰਧੇਰੇ ਨੂੰ ਨਾਸ਼ ਕਰਨ ਵਾਲਾ ਸੂਰਯ। ੨. ਚੰਦ੍ਰਮਾ। ੩. ਅਗਨਿ। ੪. ਦੀਵਾ। ੫. ਗ੍ਯਾਨ। ੬. ਸਤਿਗੁਰੂ.

ਤਮੋਮਣਿ: ਸੰ. ਸੰਗਯਾ- ਅੰਧੇਰੇ ਵਿੱਚ ਰਤਨ ਵਾਕਰ ਚਮਕਣ ਵਾਲਾ. ਖਦ੍ਯੋਤ. ਜੁਗਨੂ. ਟਣਾਣਾ। ੨. ਗੋਮੇਦਕ ਰਤਨ.

ਤਮੋਰ, ਤਮੋਲ: ਸੰ. ताम्बूल- ਤਾਂਬੂਲ. ਸੰਗਯਾ- ਪਾਨ. ਨਾਗਬੇਲਿ ਦਾ ਪੱਤਾ. "ਕਾਜਲ ਹਾਰ ਤਮੋਲ ਰਸ." (ਵਾਰ ਮਾਰੂ ੨. ਮਃ ੫) ੨. ਵਿਆਹ ਸਮੇਂ ਸੰਬੰਧੀ ਮਿਤ੍ਰ ਜੋ ਖ਼ਿਲਅ਼ਤ (ਸਰੋਪਾ) ਅਤੇ ਨਕ਼ਦੀ ਦਿੰਦੇ ਹਨ, ਉਸ ਦੀ ਭੀ ਤਮੋਲ ਜਾਂ ਤੰਬੋਲ ਸੰਗਯਾ ਹੈ. ਤਮੋਲ ਕਹਿਣ ਤੋਂ ਭਾਵ ਇਹ ਹੁੰਦਾ ਹੈ ਕਿ ਇਹ ਤੁੱਛ ਭੇਟਾ ਆਪ ਦੇ ਪਾਨਾਂ ਲਈ ਹੈ.

ਤਮੰਕ: ਦੇਖੋ, ਤਮਕ.

ਤਮੰਚਾ: ਪਿਸਤੌਲ. ਦੇਖੋ, ਤਮਾਚਾ ੩.

ਤਮੰਨਾ: ਅ਼. تمنّا ਸੰਗਯਾ- ਆਰਜ਼ੂ. ਇੱਛਾ. ਵਾਸਨਾ. ਇਸ ਦਾ ਮੂਲ ਮਨਾ (ਅਨੁਮਾਨ ਕਰਨਾ) ਹੈ.

ਤਯ, ਤ਼ਯ: ਅ਼. طے ਵਿ- ਸਮਾਪ੍ਤ. ਪੂਰਾ ਕੀਤਾ ਹੋਇਆ. ਨਿਬੇੜਿਆ ਹੋਇਆ। ੨. ਨਿਸ਼ਚਿਤ. ਮੁਕ਼ੱਰਰ। ੩. ਸੰ. तय्. ਧਾ- ਰਖ੍ਯਾ ਕਰਨਾ, ਅੱਗੇ ਵਧਣਾ.

ਤਯੱਮੁਮ: ਅ਼. تزمّم ਸੰਗਯਾ- ਯੱਮ (ਪਵਿਤ੍ਰ) ਹੋਣ ਦੀ ਕ੍ਰਿਯਾ. ਮੁਹ਼ੰਮਦੀ ਸ਼ਰਾ ਅਨੁਸਾਰ ਪਾਣੀ ਦੇ ਨਾ ਹੋਣ ਪੁਰ ਪਵਿਤ੍ਰ ਮਿੱਟੀ ਅਥਵਾ ਰੇਤੇ ਨਾਲ ਨਮਾਜ਼ ਆਦਿਕ ਕਰਮ ਕਰਨ ਤੋਂ ਪਹਿਲਾਂ ਅੰਗਾਂ ਨੂੰ ਪਵਿਤ੍ਰ ਕਰਨਾ। ੨. ਤਲਾਸ਼ ਕਰਨਾ. ਢੂੰਡਣਾ.

ਤਯਾਰ: ਫ਼ਾ. تیّار ਤੈਯਾਰ. ਵਿ- ਉਪਯੁਕ੍ਤ. ਕੰਮ ਵਿੱਚ ਆਉਣ ਲਾਇਕ਼। ੨. ਉਦ੍ਯਤ. ਕਿਸੇ ਕੰਮ ਲਈ ਤਿਆਰ ਹੋਇਆ। ੩. ਮੌਜੂਦ। ੪. ਮੋਟਾ ਤਾਜ਼ਾ ਹ੍ਰਿਸ਼੍ਟਪੁਸ਼੍ਟ.

ਤਯਾਰ ਬਰਤਯਾਰ: ਦੇਖੋ, ਤਿਆਰ ਬਰ ਤਿਆਰ.

ਤਯਾਰੀ: ਸੰਗਯਾ- ਤੈਯਾਰੀ. ਤਿਆਰ ਹੋਣ ਦਾ ਭਾਵ. ਦੇਖੋ, ਤਯਾਰ.

ਤਯੰ: ਸਰਵ- ਤਿਨ੍ਹਾਂ (ਉਨ੍ਹਾਂ) ਦੇ. "ਤਯੰ ਮਾਰਬੇ ਕਾਜ ਬਿਸਨੈ ਹਕਾਰੇ." (ਗੁਰੁਸੋਭਾ) ੨. ਦੇਖੋ, ਤਯ.

ਤਰ: ਸੰ. ਸੰਗਯਾ- ਮਹ਼ਿਸੂਲ, ਜੋ ਨਦੀ ਪਾਰ ਉਤਾਰਨ ਲਈ ਲਿਆ ਜਾਵੇ। ੨. ਤਰਨ ਦੀ ਕ੍ਰਿਯਾ। ੩. ਅਗਨਿ। ੪. ਮਾਰਗ. ਰਾਹ। ੫. ਗਤਿ. ਚਾਲ। ੬. ਬਿਰਛ. ਤਰ ਅਤੇ ਤਰੁ ਦੋਵੇਂ ਸੰਸਕ੍ਰਿਤ ਸ਼ਬਦ ਹਨ. "ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ." (ਮਲਾ ਰਵਿਦਾਸ) ੭. ਸੰ. ਤਰ੍ਕੁ. ਤੁਰ ਕਪੜਾ ਲਪੇਟਣ ਦਾ ਬੇਲਣ. "ਛੋਛੀ ਨਲੀ ਤੰਤੁ ਨਹੀ ਨਿਕਸੈ, ਨ ਤਰ ਰਹੀ ਉਰਝਾਈ." (ਗਉ ਕਬੀਰ) ਇਸ ਥਾਂ ਪ੍ਰਾਣਾਂ ਦੀ ਗੱਠ ਨੂੰ ਤਰ (ਤੁਰ) ਲਿਖਿਆ ਹੈ। ੮. ਹਿੰਦੀ. ਕਕੜੀ, ਖੱਖੜੀ. ਖੀਰੇ ਦੀ ਜਾਤਿ ਦਾ ਲੰਮਾ ਹਰਾ ਫਲ, ਜੋ ਗਰਮੀ ਦੀ ਰੁੱਤੇ ਹੁੰਦਾ ਹੈ। ੯. ਕ੍ਰਿ. ਵਿ- ਨੀਚੇ. ਤਲੇ. "ਹੈਵਰ ਊਪਰਿ ਛਤ੍ਰ ਤਰ." (ਸ. ਕਬੀਰ) "ਸੀਤਲ ਜਲ ਕੀਜੈ ਸਮ ਓਰਾ। ਤਰ ਊਪਰਿ ਦੇਕਰ ਬਹੁ ਸ਼ੋਰਾ." (ਗੁਪ੍ਰਸੂ) ੧੦. ਵ੍ਯ- ਦ੍ਵਾਰਾ. ਸੇ. "ਜਾ ਤਰ ਜੱਛ ਕਿਨਰ ਅਸੁਰਨ ਕੀ ਸਭ ਕੀ ਕ੍ਰਿਯਾ ਹਿਰਾਨੀ." (ਪਾਰਸਾਵ) ੧੧. ਸੰ. ਅਤੇ ਫ਼ਾ ਪ੍ਰਤ੍ਯਯ. ਇਹ ਗੁਣਵਾਚਕ ਸ਼ਬਦਾਂ ਨਾਲ ਜੁੜਨ ਤੋਂ ਦੂਜੇ ਨਾਲੋਂ ਅਧਿਕਤਾ ਜਣਾਉਂਦਾ ਹੈ. ਜਿਵੇਂ- ਸ਼ੁੱਧਤਰ, ਬਿਹਤਰ ਆਦਿ. Comparative degree. "ਜਨ ਦੇਖਨ ਕੇ ਤਰਸੁੱਧ ਬਨੇ." (ਕਲਕੀ) ਸ਼ੁੱਧਤਰ ਬਨੇ. ਵਡੇ ਸ਼ੁੱਧ ਬਨੇ. "ਦੁਖ ਦਾਲਦੁ ਭੰਨ ਤਰ." (ਵਾਰ ਸਾਰ ਮਃ ੫) ੧੨. ਫ਼ਾ. تر ਵਿ- ਗਿੱਲਾ. ਭਿੱਜਿਆ ਹੋਇਆ। ੧੩. ਤਾਜ਼ਾ। ੧੪. ਸਾਫ਼। ੧੫. ਬੰਧਾ.

ਤਰਈ: ਤਰਦਾ ਹੈ.

ਤਰਈਯਾ: ਵਿ- ਤਰਨ ਵਾਲਾ. ਤੈਰਾਕ। ੨. ਸੰਗਯਾ- ਤਾਰਾ ਗਣ. ਸਿਤਾਰੇ. "ਕਾਨ੍ਹ ਭਯੋ ਸਸਿ ਸੁੱਧ ਮਨੋ ਸਮ ਰਾਜਤ ਗ੍ਵਾਰਨਿ ਤੀਰ ਤਰਈਯਾ." (ਕ੍ਰਿਸਨਾਵ)

ਤਰਏ: ਕ੍ਰਿ. ਵਿ- ਤਲੇ. ਨੀਚੇ. "ਸ੍ਯਾਮ ਬਹੈ ਜਮੁਨਾ ਤਰਏ." (ਕ੍ਰਿਸਨਾਵ)

ਤਰਸ: ਸੰਗਯਾ- ਕ੍ਰਿਪਾ. ਰਹਮ। ੨. ਸੰ. ਮਾਸ। ੩. ਫ਼ਾ. ترس ਡਰ. ਭੈ. ਸੰ. ਤ੍ਰਾਸ. "ਨ ਤਰਸ ਜਵਾਲ." (ਗਉ ਰਵਿਦਾਸ) "ਖਸਮੁ ਪਛਾਨਿ ਤਰਸ ਕਰਿ ਜੀਅ ਮਹਿ." (ਆਸਾ ਕਬੀਰ) ੪. ਸੰ. ਤਰ੍ਸ਼. ਅਭਿਲਾਖਾ. ਇੱਛਾ. "ਸਿਧ ਸਾਧਿਕ ਤਰਸਹਿ." (ਧਨਾ ਮਃ ੩) ੫. ਪਿਆਸ. ਤੇਹ. ਤਿਸ. ਤ੍ਰਿਖਾ। ੬. ਸਮੁੰਦਰ। ੭. ਬੇੜਾ. ਜਹਾਜ਼। ੮. ਸੂਰਜ। ੯. ਅ਼. ترش ਤਰਸ਼. ਸੰਗਯਾ- ਹਲਕਾ (ਓਛਾ) ਪਨ। ੧੦. ਬਦੀ.

ਤਰਸਣ: ਸੰ. तर्षण. ਸੰਗਯਾ- ਪਯਾਸ. ਤੇਹ. ਤ੍ਰਿਖਾ। ੨. ਇੱਛਾ. ਅਭਿਲਾਖਾ.

ਤਰਸਣਾ: ਕ੍ਰਿ- ਪਿਆਸੇ ਹੋਣਾ। ੨. ਇੱਛਾ ਕਰਨਾ. ਤਾਂਘਣਾ. ਦੇਖੋ, ਤਰਸਣ. "ਨੈਣ ਮਹਿੰਜੇ ਤਰਸਦੇ." (ਵਾਰ ਮਾਰੂ ੨. ਮਃ ੫)

ਤਰਸਨ: ਦੇਖੋ, ਤਰਸਣ. "ਤਰਸਨ ਕਉ ਦਾਨੁ ਦੀਜੈ." (ਕਲਿ ਅਃ ਮਃ ੪) ਇੱਛਾਵਾਨ ਨੂੰ ਦਾਨ ਦੇਓ. ਤ੍ਰਿਖਾਤੁਰ ਨੂੰ ਦਾਨ ਬਖ਼ਸ਼ੋ.

ਤਰਸਨਾ: ਦੇਖੋ, ਤਰਸਣਾ. "ਉਮਗ ਹੀਉ ਤਰਸਨਾ." (ਕਾਨ ਮਃ ੫)

ਤਰਸਾਉਣਾ: ਕ੍ਰਿ- ਡਰਾਉਣਾ. ਤ੍ਰਾਸ ਦੇਣਾ। ੨. ਇੱਛਾਵਾਨ ਕਰਨਾ. ਲੋੜ ਵਧਾਉਣੀ.

ਤਰਸੀਦਨ: ਫ਼ਾ. ترسیدن ਡਰਨਾ. ਭੈ ਸਹਿਤ ਹੋਣਾ. ਤ੍ਰਸਨ.

ਤਰਸੁ: ਦੇਖੋ, ਤਰਸ.

ਤਰਸੋਂ: ਤ੍ਰਿਤੀਯ ਦਿਵਸ. ਆਉਣ ਵਾਲਾ ਤੀਜਾ ਦਿਨ. ਪਰਸੋਂ ਤੋਂ ਅਗਲਾ ਦਿਨ.

ਤਰਹ: ਕ੍ਰਿ. ਵਿ- ਤਲੇ. ਨੀਚੇ। ੨. ਅ਼. طرہ ਤ਼ਰਹ਼. ਸੰਗਯਾ- ਪ੍ਰਕਾਰ. ਰੀਤਿ. ਭਾਂਤਿ। ੩. ਉਪਾਯ. ਯੁਕ੍ਤਿ. ਤਦਬੀਰ। ੪.

ਸਮਸਜਾ. ਕਵਿਤਾ ਦੀ ਪੂਰਤੀ ਲਈ ਦਿੱਤਾ ਹੋਇਆ ਪਦ। ੫. ਨਿਉਂ. ਬੁਨਿਆਦ. ਨੀਂਹ.

ਤਰਕ: ਸੰ. तर्क. ਧਾ- ਬੋਲਣਾ, ਚਮਕਣਾ, ਸ਼ੰਕਾ ਕਰਨਾ, ਹੁੱਜਤ ਕਰਨਾ। ੨. ਸੰਗ੍ਯਾ- ਵਿਚਾਰ. ਸੋਚ। ੩. ਯੁਕ੍ਤਿ. ਦਲੀਲ. ਚੋਭਵੀਂ ਨੁਕਤਾਚੀਨੀ. "ਤਰਕ ਨਚਾ." (ਧਨਾ ਨਾਮਦੇਵ) ੪. ਸੰ. ਤਰਕ੍ਸ਼ੁ. ਇੱਕ ਪ੍ਰਕਾਰ ਦਾ ਬਘਿਆੜ. ਅੰ. Hyena. "ਕੋਲ ਸਸੇ ਨਕੁਲੇ ਤਰਕੈਂ ਗਨ." (ਗੁਪ੍ਰਸੂ) ੫. ਅ਼. ترک ਤ੍ਯਾਗ. "ਦੁਨੀ ਸੁਰਗ ਸੁਖ ਦੇਊ ਤਰਕੋ। ਮਾਨ ਜਿ ਮੋਹ ਲਿਪਾਯ ਨ ਉਰ ਕੋ." (ਨਾਪ੍ਰ) ੬. ਵੈਰਾਗ. ਉਪਰਾਮਤਾ. "ਉਪਜੀ ਤਰਕ ਦਿਗੰਬਰ ਹੋਆ." (ਬਿਲਾ ਅਃ ਮਃ ੪) ੭. ਹਿੰ. ਅਨੁ. ਤੜਾਕਾ. ਟੁੱਟਣ ਦੀ ਧੁਨਿ. "ਤਰਕੀ ਹੈ ਤਨੀ." (ਕ੍ਰਿਸਨਾਵ) ਜਾਮੇ ਦੀ ਤਣੀ ਤੜਕੀ.

ਤਰਕਸ਼: ਫ਼ਾ. ترکش ਤੀਰਕਸ਼ ਦਾ ਸੰਖੇਪ. ਸੰਗ੍ਯਾ- ਭੱਥਾ. ਨਿਖੰਗ. "ਤਰਕਸ ਤੀਰ ਕਮਾਣ ਸਾਂਗ." (ਸ੍ਰੀ ਮਃ ੧)

ਤਰਕਸਬੰਦ: ਸੰਗ੍ਯਾ- ਤੀਰਕਸ਼ (ਭੱਥਾ) ਬੰਨ੍ਹਣ ਵਾਲਾ ਯੋਧਾ.

ਤਰਕਸ਼ਾਸਤ੍ਰ: ਸੰ. तर्कशास्त्र. ਸੰਗ੍ਯਾ- ਖੰਡਨ ਮੰਡਨ ਦੱਸਣ ਵਾਲਾ ਸ਼ਾਸਤ੍ਰ. ਨ੍ਯਾਯ ਸ਼ਾਸਤ੍ਰ. Logic.

ਤਰਕਣ, ਤਰਕਨ: ਸੰ. तर्कण. ਸੰਗ੍ਯਾ- ਤਰਕ ਕਰਨ ਦੀ ਕ੍ਰਿਯਾ. ਬਹਿਸ. ਚਰਚਾ। ੨. ਹੁੱਜਤਬਾਜ਼ੀ. "ਵੇਦ ਸਾਸਤ੍ਰ ਕਉ ਤਰਕਨ ਲਾਗਾ ਤਤਜੋਗ ਨ ਪਛਾਨੈ." (ਆਸਾ ਮਃ ੫)

ਤਰਕਨਾ: ਕ੍ਰਿ- ਤੜਕਣਾ. ਤੜਾਕਾ ਪੈਣਾ. ਦੇਖੋ, ਤਰਕ ੭। ੨. ਤੜਕਾ ਲਾਉਣਾ. ਛਮਕਣਾ। ੩. ਤਰਕ ਕਰਨਾ. ਹੁੱਜਤ ਕਰਨੀ. ਦੇਖੋ, ਤਰਕਣ। ੪. ਚੁਭਣਾ. ਗਡਣਾ. "ਬਤੀਆਂ ਅਰਿ ਕੀ ਤਰਕੀ ਮਨ ਮੈ." (ਕ੍ਰਿਸਨਾਵ) ੫. ਦੇਖੋ, ਤ੍ਰੁੱਕਣਾ.

ਤਰਕਵਿਦ੍ਯਾ: ਤਰਕ ਸ਼ਾਸਤ੍ਰ ਦਾ ਇ਼ਲਮ. ਖੰਡਨ ਮੰਡਨ ਦੀ ਵਿਦ੍ਯਾ. ਦੇਖੋ, ਤਰਕਸ਼ਾਸਤ੍ਰ.

ਤਰਕਾ: ਸੰਗ੍ਯਾ- ਤੜਕਾ. ਭੋਰ. ਪ੍ਰਾਤਹਕਾਲ। ੨. ਛਮਕਾ. ਘੀ ਤਪਾਕੇ ਕਿਸੇ ਵਸਤੁ ਨੂੰ ਭੁੰਨਣ ਦੀ ਕ੍ਰਿਯਾ। ੩. ਅ਼. ترکہ ਛੱਡਿਆ ਹੋਇਆ ਸਾਮਾਨ। ੪. ਮੁਰਦੇ ਦਾ ਉਹ ਮਾਲ ਧਨ, ਜੋ ਉਸ ਨੇ ਮਰਨ ਵੇਲੇ ਪਿੱਛੇ ਛੱਡਿਆ ਹੈ.

ਤਰਕਾਰਿ: ਦੇਖੋ, ਤਰਕਾਰੀ ੩.

ਤਰਕਾਰੀ: ਸੰਗ੍ਯਾ- ਤਰ ਕੜ੍ਹੀ. ਭਾਜੀ. ਲਾਵਣ। ੨. ਉਹ ਵਸਤੁ ਜਿਸ ਦੀ ਭਾਜੀ ਬਣਾਈ ਜਾਵੇ। ੩. ਸੰ. ਤਰਕਾਰਿ. ਕੱਦੂ. ਅੱਲ. ਘੀਆ.

ਤਰਕੀਬ: ਅ਼. ترکیب ਸੰਗ੍ਯਾ- ਮਿਲਾਉਣ ਦਾ ਭਾਵ। ੨. ਜਤਨ. ਉਪਾਯ। ੩. ਰਚਨਾ। ੪. ਸੰਯੋਗ. ਮੇਲ। ੫. ਯੁਕ੍ਤਿ.

ਤਰੱਕੀ, ਤਰੱਕ਼ੀ: ਅ਼. ترقّی ਸੰਗ੍ਯਾ- ਰਕ਼ੀ (ਉੱਪਰ ਚੜ੍ਹਨ) ਦਾ ਭਾਵ. ਵ੍ਰਿੱਧੀ. ਉੱਨਤੀ.

ਤਰਖ: ਦੇਖੋ, ਤਰਕ ੪.

ਤਰਖਾ: ਸੰਗ੍ਯਾ- ਤਰੰਗ. ਲਹਿਰ. "ਮਨ ਸਾਂਤ ਸਦਾ ਇਨ ਤੇ ਤਰਖਾ." (ਨਾਪ੍ਰ) ੨. ਤ੍ਰਿਖਾ. ਪ੍ਯਾਸ। ੩. ਇੱਛਾ. ਵਾਸਨਾ.

ਤਰਖਾਨ: ਸੰਗ੍ਯਾ- ਤਕ੍ਸ਼ਕ. ਤਖਾਣ. ਤਰਾਸ਼ਣ ਵਾਲਾ। ੨. ਫ਼ਾ. ترخان ਬਾਦਸ਼ਾਹੀ ਮਨਸਬਦਾਰ, ਜਿਸ ਨੂੰ ਤਅ਼ਜ਼ੀਮ ਦਿੱਤੀ ਜਾਵੇ ਅਤੇ ਜੋ ਕਿਸੇ ਅਪਰਾਧ ਵਿੱਚ ਸਿਪਾਹੀਆਂ ਦੇ ਹਵਾਲੇ ਨਾ ਹੋਵੇ। ੩. ਪੰਜ ਹਜ਼ਾਰੀ ਮਨਸਬਦਾਰ.

ਤਰਗਸ: ਦੇਖੋ, ਤਰਕਸ.

ਤਰਗੋ: ਦੇਖੋ, ਝਾੜੀ ਸਾਹਿਬ.

ਤਰਜ: ਸੰ. तर्ज. ਧਾ- ਦੋਸ਼ ਲਾਉਣਾ, ਡਰਾਉਣਾ, ਤਾੜਨਾ, ਮਖ਼ੌਲ ਕਰਨਾ। ੨. ਅ਼. طرز ਤ਼ਰਜ਼. ਸੰਗ੍ਯਾ- ਸ਼ਕਲ. ਸੂਰਤ। ੩. ਪ੍ਰਕਾਰ. ਤ਼ਰਹ਼। ੪. ਰੀਤਿ. ਢੰਗ। ੫. ਰਚਨਾ. ਬਨਾਵਟ। ੬. ਤਰੁ (ਬਿਰਛ) ਤੋਂ ਪੈਦਾ ਹੋਇਆ, ਕੁੰਦਾ. ਦੇਖੋ, ਤਰਜ

ਬਾਸਨੀ.

ਤਰਜਨ: ਤਜੰਨ. ਸੰਗਯਾ- ਤਾੜਨ ਦੀ ਕ੍ਰਿਯਾ. ਧਮਕੀ। ੨. ਕ੍ਰੋਧ. ਦੇਖੋ, ਤਰਜ.

ਤਰਜਨੀ: ਤਜੰਨੀ. ਸੰਗਯਾ- ਉਹ ਉਂਗਲ, ਜੋ ਤਜੰਨ (ਤਾੜਨ) ਵੇਲੇ ਖੜੀ ਕੀਤੀ ਜਾਵੇ. ਅੰਗੂਠੇ ਦੇ ਪਾਸ ਦੀ ਅੰਗੁਲੀ.

ਤਰਜ ਬਾਸਨੀ: ਸੰਗਯਾ- ਤਰ (ਤਰੁ ਬਿਰਛ) ਤੋਂ ਬਣਿਆ ਕੁੰਦਾ, ਉਸ ਵਿੱਚ ਵਸਣ ਵਾਲੀ ਬੰਦੂਕ. "ਮੋਰ ਸਿਪਰ ਭਿਦ ਸਕੈ ਨ ਤਰਜ ਬਾਸਨੀ." (ਗੁਵਿ ੧੦) ਮੇਰੀ ਢਾਲ ਨੂੰ ਬੰਦੂਕ਼ (ਭਾਵ- ਗੋਲੀ) ਨਹੀਂ ਵਿੰਨ੍ਹ ਸਕਦੀ.

ਤਰਜੀ: ਧਮਕੀ. ਧੜਕੀ. ਦੇਖੋ, ਤਰਜਨ. "ਹਰਿ ਕੀ ਛਤੀਆਂ ਤਰਜੀ ਹੈ." (ਚੰਡੀ ੧)

ਤਰਜੀਹ, ਤਰਜੀਹ਼: ਅ਼. ترجیح ਸੰਗਯਾ- ਰਜਹ਼ (ਗ਼ਾਲਿਬ ਆਉਣ) ਦਾ ਭਾਵ। ੨. ਵਿਸ਼ੇਸ਼ਤਾ.

ਤਰਜੁਮਾ: ਅ਼. ترجمہ ਸੰਗਯਾ- ਉਲਥਾ. ਅਨੁਵਾਦ (translation).

ਤਰਣ: ਸੰ. ਸੰਗਯਾ- ਨਦੀ ਪਾਰ ਕਰਨ ਦੀ ਕ੍ਰਿਯਾ. ਤਾਰਨ. "ਓਹਿ ਜਾ ਆਪਿ ਡੁਬੇ, ਤੁਮ ਕਹਾ ਤਰਣਹਾਰ." (ਵਾਰ ਬਿਹਾ ਮਃ ੧) ੨. ਪਾਣੀ ਪੁਰ ਤਰਨ ਵਾਲਾ ਤਖ਼ਤਾ. ਬੇੜੀ। ੩. ਨਿਸ੍ਤਾਰ. ਉੱਧਾਰ. "ਪ੍ਰਾਣਿ ਤਰਣ ਕਾ ਇਹੋ ਸੁਆਉ." (ਸੁਖਮਨੀ) ੪. ਸ੍ਵਰਗ. ਬਹਿਸ਼੍ਤ.

ਤਰਣਤਾਰਣ: ਵਿ- ਤਰਣ (ਜਹਾਜ਼) ਵਾਂਙ ਤਾਰਨ ਵਾਲਾ. "ਤਰਣਤਾਰਣ ਪ੍ਰਭੁ ਤੇਰੋ ਨਾਉ." (ਰਾਮ ਮਃ ੫) ੨. ਦੇਖੋ, ਤਰਨਤਾਰਨ.

ਤਰਣਾ: ਕ੍ਰਿ- ਤੈਰਨਾ। ੨. ਤਰਕੇ ਪਾਰ ਹੋਣਾ। ੩. ਉੱਧਾਰ ਨੂੰ ਪ੍ਰਾਪਤ ਹੋਣਾ. ਦੇਖੋ, ਤਰਣ.

ਤਰਣਿ: ਸੰ. ਸੰਗਯਾ- ਸੂਰਜ। ੨. ਕਿਰਣ। ੩. ਤਾਂਬਾ. ਤਾਮ੍ਰ। ੪. ਅੱਕ ਦਾ ਬੂਟਾ। ੫. ਵਿ- ਛੇਤੀ ਜਾਣ ਵਾਲਾ.

ਤਰਣੀ: ਸੰ. ਸੰਗਯਾ- ਨੌਕਾ. ਬੇੜੀ. ਕਿਸ਼ਤੀ। ੨. ਦੇਖੋ, ਤਰੁਣੀ.

ਤਰਣੁ: ਦੇਖੋ, ਤਰਣ ਅਤੇ ਤਰਣਾ. "ਤਰਣੁ ਦੁਹੇਲਾ ਭਇਆ ਖਿਨ ਮਹਿ." (ਆਸਾ ਛੰਤ ਮਃ ੫) ੨. ਤਾਰੁਣ੍ਯ. ਜਵਾਨੀ। ੩. ਦੇਖੋ, ਤਰੁਣ.

ਤਰਤਾਰੀ, ਤਰੁਤਾਰੀ: ਸੰ. तर्तरीक ਤਤੰਰੀਕ. ਸੰਗਯਾ- ਬੇੜੀ. ਨੌਕਾ. "ਹਰਿ ਕੀਰਤਿ ਤਰੁਤਾਰੀ." (ਗੂਜ ਮਃ ੪) ੨. ਵਿ- ਪਾਰ ਜਾਣ ਵਾਲਾ. "ਤਰੁਤਾਰੀ ਮਨਿ ਨਾਮੁ ਸੁ ਚੀਤੁ." (ਗਉ ਮਃ ੧)

ਤਰਤੀਬ: ਅ਼. ترتیب ਸੰਗਯਾ- ਵਸ੍ਤੂਆਂ ਦੀ ਯੋਗਯ ਰੀਤਿ ਨਾਲ ਆਪਣੇ ਆਪਣੇ ਥਾਂ ਇਸਥਿਤਿ. ਕ੍ਰਮ. ਸਿਲਸਿਲਾ. ਇਸ ਦਾ ਮੂਲ ਰੁਤਬਾ ਹੈ.

ਤਰਥੱਲਾ: ਸੰਗਯਾ- ਤ੍ਰਾਸ ਨਾਲ ਹੋਇਆ ਕਾਂਬਾ. ਹਲਚਲੀ.

ਤਰਦੀਦ: ਅ਼. تردید ਸੰਗਯਾ- ਰੱਦ ਕਰਨ ਦੀ ਕ੍ਰਿਯਾ. ਖੰਡਨ.

ਤਰੱਦੁਦ: ਅ਼. تردّد ਸੰਗਯਾ- ਆਮਦਰਫ਼ਤ. ਆਉਣਾ ਜਾਣਾ। ੨. ਸੋਚ. ਅੰਦੇਸ਼ਾ। ੩. ਯਤਨ. ਉਪਾਉ.

ਤਰਨ: ਦੇਖੋ, ਤਰਣ। ੨. ਦੇਖੋ, ਤਰੁਣ.

ਤਰਨਤਾਰਨ: ਦੇਖੋ, ਤਰਣਤਾਰਣ। ੨. ਜਿਲਾ ਅਮ੍ਰਿਤਸਰ ਵਿੱਚ ਸ਼ਹਿਰ ਅਮ੍ਰਿਤਸਰ ਤੋਂ ੧੪. ਮੀਲ ਉੱਤਰ ਇੱਕ ਗੁਰਧਾਮ. ਰੇਲਵੇ ਸਟੇਸ਼ਨ ਖ਼ਾਸ ਤਰਨਤਾਰਨ ਹੈ. ਗੁਰੂ ਅਰਜਨ ਸਾਹਿਬ ਨੇ ਪਿੰਡ ਖਾਰਾ ਅਤੇ ਪਲਾਸੁਰ ਦੀ ਜ਼ਮੀਨ ਇੱਕ ਲੱਖ ਸਤਵੰਜਾ

ਹਜ਼ਾਰ ਨੂੰ ਖ਼ਰੀਦਕੇ ਤਰਨਤਾਰਨ ਤਾਲ ੧੭. ਵੈਸਾਖ ਸੰਮਤ ੧੬੪੭ ਨੂੰ ਖੁਦਵਾਇਆ.[581] ਸੰਮਤ ੧੬੫੩ ਵਿੱਚ ਨਗਰ ਆਬਾਦ ਕੀਤਾ ਅਤੇ ਤਾਲ ਨੂੰ ਪੱਕਾ ਕਰਨ ਤਥਾ ਧਰਮਮੰਦਿਰ ਰਚਣ ਲਈ ਆਵੇ ਲਗਵਾਏ. ਨੂਰੁੱਦੀਨ ਦੇ ਪੁੱਤ ਅਮੀਰੁੱਦੀਨ ਨੇ ਜਬਰਨ ਇੱਟਾਂ ਖੋਹਕੇ ਸਰਾਇ ਨੂੰ ਲਾ ਲਈਆਂ ਅਤੇ ਆਪਣੇ ਮਕਾਨ ਬਣਵਾਏ.[582] ਸੰਮਤ ੧੯੨੩ ਵਿੱਚ ਸਰਦਾਰ ਜੱਸਾ ਸਿਘ ਰਾਮਗੜ੍ਹੀਏ ਨੇ ਇਹ ਇਮਾਰਤਾਂ ਢਾਹਕੇ ਤਾਲ ਦੇ ਦੋ ਪਾਸੇ ਬਣਵਾਏ ਅਤੇ ਦੋ ਪਾਸੇ ਮਹਾਰਾਜਾ ਰਣਜੀਤਸਿੰਘ ਨੇ ਮੋਤੀਰਾਮ ਕਾਰਕੁਨ ਦੀ ਮਾਰਫਤ ਪੱਕੇ ਬਣਵਾਏ. ਕੌਰ ਨੌਨਿਹਾਲ ਸਿੰਘ ਨੇ ਪਰਿਕ੍ਰਮਾ ਪੱਕੀ ਕਰਵਾਈ ਅਤੇ ਮੁਨਾਰਾ ਬਣਵਾਇਆ. ਸਰੋਵਰ ਦੇ ਕਿਨਾਰੇ ਸੁੰਦਰ ਹਰਿਮੰਦਿਰ ਬਣਿਆ ਹੋਇਆ ਹੈ.

ਗੁਰੂ ਅਰਜਨਦੇਵ ਦਾ ਜਾਰੀ ਕੀਤਾ ਇਸ ਥਾਂ ਕੁਸ਼੍ਟੀਆਂ ਦਾ ਆਸ਼੍ਰਮ ਹੈ, ਇਸੇ ਕਾਰਨ ਤਰਨਤਾਰਨ ਦੇ ਨਾਮ ਨਾਲ "ਦੂਖਨਿਵਾਰਣ" ਵਿਸ਼ੇਸ਼ਣ ਲਾਇਆ ਜਾਂਦਾ ਹੈ.[583] ਇਸ ਗੁਰਦ੍ਵਾਰੇ ਨੂੰ ਸਿੱਖ ਰਾਜ ਸਮੇਂ ਦੀ (੪੬੬੪) ਸਲਾਨਾ ਜਾਗੀਰ ਹੈ ਅਤੇ ੨. ਦੁਕਾਨਾਂ ਗੁਰਦ੍ਵਾਰੇ ਦੀ ਮਾਲਕੀਯਤ ਹਨ. ਕ਼ਰੀਬ ਚਾਲੀ ਹਜ਼ਾਰ ਰੁਪਯਾ ਸਾਲ ਵਿੱਚ ਪੂਜਾ ਦੀ ਆਮਦਨ ਹੈ

ਪਰਿਕ੍ਰਮਾ ਵਿੱਚ ਇੱਕ ਅਸਥਾਨ ਮੰਜੀਸਾਹਿਬ ਨਾਮ ਦਾ ਹੈ. ਇਸ ਥਾਂ ਗੁਰੂ ਅਰਜਨਦੇਵ ਵਿਰਾਜਕੇ ਤਾਲ ਦੀ ਰਚਨਾ ਕਰਵਾਉਂਦੇ, ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀਵਾਨ ਲਾਉਂਦੇ ਰਹੇ ਹਨ. ਸ਼ਹਿਰ ਤੋਂ ਇੱਕ ਫਰਲਾਂਗ ਦੱਖਣ ਗੁਰੂ ਅਰਜਨ ਜੀ ਦਾ ਲਗਵਾਇਆ "ਗੁਰੂ ਕਾ ਖੂਹ" ਹੈ. ਇੱਥੇ ਭੀ ਗੁਰੂ ਸਾਹਿਬ ਦੇ ਵਿਰਾਜਣ ਦੀ ਥਾਂ ਮੰਜੀਸਾਹਿਬ ਹੈ. ਗੁਰੂ ਜੀ ਵੱਲੋਂ ਮਾਤਾ ਜੀ ਦੇ ਨਾਮ ਤੇ ਲਵਾਇਆ "ਬੀਬੀ ਭਾਨੀ ਵਾਲਾ ਖੂਹ" ਭੀ ਪਵਿਤ੍ਰ ਅਸਥਾਨ ਹੈ.

ਹਰ ਅਮਾਵਸਜਾ (ਮੌਸ) ਨੂੰ ਮੇਲਾ ਹੁੰਦਾ ਹੈ, ਪਰ ਭਾਦੋਂ ਬਦੀ ੩੦ ਨੂੰ ਭਾਰੀ ਉਤਸਵ ਮਨਾਇਆ ਜਾਂਦਾ ਹੈ.

**ਤਰਨਦੰਤ ਅਰਿ:** ਸੰਗਜਾ- ਤਰੁਣਾਪਨ (ਜਵਾਨੀ) ਨੂੰ ਦੰਸ਼ਨ (ਡਸਨ) ਵਾਲਾ ਬੁਢਾਪਾ, ਉਸ ਦਾ ਵੈਰੀ ਅਮ੍ਰਿਤ. (ਸਨਾਮਾ)

**ਤਰਨਰਾਜ ਛੰਦ:** ਇਸ ਦਾ ਨਾਮ "ਸਮਾਨਕਾ" ਭੀ ਹੈ, ਲੱਛਣ- ਚਾਰ ਚਰਣ, ਪ੍ਰਤਿ ਚਰਣ- ਰ, ਜ, ਗ, SIS, ISI, S. ਅਥਵਾ ਗੁਰੁ ਲਘੁ ਕ੍ਰਮ ਨਾਲ ਸੱਤ ਅੱਖਰ.

ਉਦਾਹਰਣ-

ਛਾਡ ਸੁਭ੍ਰ ਸਾਜ ਕੋ,

ਲਾਗ ਹੈਂ ਅਕਾਜ ਕੋ. ××× (ਕਲਕੀ)

**ਤਰਨਾ:** ਦੇਖੋ, ਤਰਣਾ. "ਨਾ ਤਰਨਾ ਤੁਲਹਾ ਹਮ ਬੂਡਸਿ." (ਆਸਾ ਪਟੀ ਮਃ ੧)

**ਤਰਨਾਪੋ:** ਸੰਗਜਾ- ਤਰੁਣਾਪਾ. ਸੰ. तारुण्य. ਯੁਵਾ ਅਵਸ੍ਥਾ. ਜਵਾਨੀ. "ਤਰਨਾਪੋ ਬਿਖਿਅਨ ਸਿਉ ਖੋਇਓ." (ਰਾਮ ਮਃ ੯)

**ਤਰਨਿ, ਤਰਨੀ:** ਸੰਗਜਾ- ਨੌਕਾ. ਬੇੜੀ. ਕਿਸ਼ਤੀ, "ਤਰਨੀ ਬਿਘਨਾ ਸਲਿਤਾਪਤਿ ਕੀ." (ਨਾਪ੍ਰ) ੨. ਦੇਖੋ, ਤਰੁਣੀ ਅਤੇ ਤਰੁਨਿ। ੩. ਸੰ. ਤਰਣਿ. ਸੂਰਜ.

**ਤਰਪਣ, ਤਰਪਣੁ, ਤਰਪਨ:** ਸੰ. तर्पण. ਸੰਗਜਾ- ਤ੍ਰਿਪਤ ਕਰਨ ਦੀ ਕ੍ਰਿਯਾ. ਹਿੰਦੂਮਤ ਅਨੁਸਾਰ ਦੇਵਤੇ ਅਤੇ ਪਿਤਰਾਂ ਨੂੰ ਤ੍ਰਿਪਤ ਕਰਨ ਲਈ ਹੱਥ ਅਥਵਾ ਅਰਘੇ ਨਾਲ ਮੰਤ੍ਰਪਾਠ ਕਰਕੇ ਜਲ ਦੇਣ ਦਾ ਕਰਮ. "ਸੰਧਿਆ ਤਰਪਣੁ ਕਰਹਿ ਗਾਇਤ੍ਰੀ."

---

[581] ਤਾਲ ਦੀ ਲੰਬਾਈ ੯੯੯ ਅਤੇ ਚੌੜਾਈ ੯੯੦ ਫੁਟ ਹੈ.

[582] ਨੂਰਦੀਂ ਪਿੰਡ, ਜੋ ਅਮੀਰੁੱਦੀਨ ਦੇ ਬਾਪ ਨੇ ਵਸਾਇਆ ਸੀ, ਤਰਨਤਾਰਨ ਤੋਂ ਤਿੰਨ ਮੀਲ ਦੇ ਫਾਸਲੇ ਤੇ ਹੈ.

[583] ਸ਼ੋਕ ਨਾਲ ਲਿਖਿਆ ਜਾਂਦਾ ਹੈ ਕਿ ਸਿੱਖਾਂ ਨੇ ਇਸ ਆਸ਼੍ਰਮ ਦਾ ਉੱਤਮ ਪ੍ਰਬੰਧ ਨਾ ਕੀਤਾ ਇਸ ਲਈ ਹੁਣ ਇਹ ਪਾਦਰੀਆਂ ਦੇ ਹੱਥ ਹੈ ਅਰ ਚੰਗੀ ਤਰੱਕੀ ਕਰ ਰਿਹਾ ਹੈ.

(ਸੋਰ ਮਃ ੩)

ਤਰਪਾ: ਸੰ. ਤ੍ਰਪਾ. ਸੰਗਜਾ- ਲੱਜਾ. ਸ਼ਰਮ. "ਤਰਪਾ ਕਰਕੈ ਉਚਰੈ ਨ ਗੁਰੁ ਢਿਗ ਬੈਨ." (ਨਾਪ੍ਰ) ੨. ਵੇਸ਼ਜਾ। ੩. ਵਿ- ਸ਼ਰਮਿੰਦਾ. ਲੱਜਿਤ.

ਤਰਫ਼, ਤ਼ਰਫ਼: ਅ਼. طرف ਸੰਗਜਾ- ਦਿਸ਼ਾ। ੨. ਕਿਨਾਰਾ. ਪਾਸਾ। ੩. ਪੱਖ. ਪਾਸਦਾਰੀ. "ਤਰਫ ਜਿਣੈ ਸਤਭਾਉ ਦੇ." (ਵਾਰ ਸੂਹੀ ਮਃ ੨)

ਤਰਫ਼ਦਾਰ, ਤ਼ਰਫ਼ਦਾਰ: ਫ਼ਾ. طرفدار ਵਿ- ਪੱਖ ਕਰਨ ਵਾਲਾ. ਹ਼ਿਮਾਇਤੀ.

ਤਰਫਨਾ: ਕ੍ਰਿ- ਤੜਫਣਾ. ਤੜਪਨਾ.

ਤਰਫਰਾਤ: ਕ੍ਰਿ. ਵਿ- ਤੜਫਦਾ ਹੋਇਆ. "ਤਰਫਰਾਤ ਪ੍ਰਿਥਵੀ ਪਰਜੋ." (ਰਾਮਾਵ) ੨. ਤੜਫਦਾ ਹੈ.

ਤਰਫਾ: ਕ੍ਰਿ. ਵਿ- ਵੱਲੋਂ ਓਰ ਸੇ. "ਮੁਖ ਉਜਲ ਗੁਰਮੁਖਿ ਤਰਫਾ." (ਪ੍ਰਭਾ ਮਃ ੪) ੨. ਤੜਫਿਆ.

ਤਰਬ: ਸੰਗਜਾ- ਸਰੰਦੇ ਸਿਤਾਰ ਆਦਿ ਵਾਜਿਆਂ ਦੇ ਉਹ ਤਾਰ, ਜੋ ਵਜਾਉਣ ਵਾਲੇ ਤਾਰਾਂ ਦੇ ਹੇਠਾਂ ਹੁੰਦੇ ਹਨ ਅਤੇ ਆਪਣੇ ਆਪਣੇ ਸੁਰ ਨੂੰ ਸਹਾਇਤਾ ਦਿੰਦੇ ਹਨ। ੨. ਤਰਣ ਦੀ ਕ੍ਰਿਯਾ. ਤੈਰਨਾ. "ਭਉਜਲ ਤਰਬੀਐ." (ਆਸਾ ਮਃ ੫)

ਤਰਬੁਜ਼, ਤਰਬੁਜ਼ਹ, ਤਰਬੂਜ਼: ਸੰ. तरम्बुज- ਤਰੰਬੁਜ. ਫ਼ਾ. تربز ਅਥਵਾ تربزہ ਸੰਗਜਾ- ਹਿੰਦਵਾਣਾ. ਮਤੀਰਾ. Water melon. L. Citrullus Vulgaris. ਮਤੀਰੇ ਦੀ ਤਾਸੀਰ ਸਰਦ ਤਰ ਹੈ. ਜਿਗਰ ਦੇ ਵਿਕਾਰ ਦੂਰ ਕਰਦਾ ਹੈ. ਪਿੱਤ ਦੇ ਰੋਗਾਂ ਲਈ ਬਹੁਤ ਗੁਣਕਾਰੀ ਹੈ. ਮਾਰੂ ਜਮੀਨਾਂ ਦਾ ਮਤੀਰਾ (ਜੋ ਕੇਵਲ ਵਰਖਾ ਦੇ ਜਲ ਤੋਂ ਹੁੰਦਾ ਹੈ) ਸਵਾਦ ਅਤੇ ਗੁਣ ਵਿੱਚ ਹੋਰਨਾ ਤੋਂ ਉੱਤਮ ਹੈ.

ਤਰਬੋ: ਸੰਗਜਾ- ਤਰਨ ਦੀ ਕ੍ਰਿਯਾ. ਤੈਰਨਾ.

ਤਰਭਰ: ਅਨੁ. ਤੜਭੜ ਸ਼ਬਦ. "ਤਰਭਰ ਪਰ ਸਰ." (ਰਾਮਾਵ) ਤੀਰਾਂ ਦੀ ਤੜਭੜੀ ਪੈ ਗਈ.

ਤਰਮੀਮ: ਅ਼. ترمیم ਸੰਗਜਾ- ਰਮ (ਮੁਰੰਮਤ ਕਰਨ) ਦੀ ਕ੍ਰਿਯਾ. ਦੁਰਸ੍ਤੀ. ਸ਼ੋਧਨ.

ਤਰਰਾ: ਦੇਖੋ, ਤਰਾਰਾ ਅਤੇ ਤੁਰਰਾ.

ਤਰਲ: ਸੰ. ਵਿ- ਚੰਚਲ. ਹਿਲਦਾ ਹੋਇਆ। ੨. ਅਸਿਥਰ। ੩. ਪਾਣੀ ਜੇਹਾ ਵਹਿਣ ਵਾਲਾ. ਦ੍ਰਵ। ੪. ਚਮਕਣ ਵਾਲਾ। ੫. ਸੰਗਜਾ- ਹਾਰ, ਜੋ ਛਾਤੀ ਪੁਰ ਹਿਲਦਾ ਰਹਿੰਦਾ ਹੈ। ੬. ਹੀਰਾ। ੭. ਘੋੜਾ। ੮. ਲੋਹਾ।[584] ੯. ਸ਼ਹਿਦ ਦੀ ਮੱਖੀ.

ਤਰਲ ਜੁਆਣੀ: ਵਿ- ਚਮਕਦੀ ਜਵਾਨੀ. ਦੇਖੋ, ਤਰਲ ੪. "ਕੁਹਕਨਿ ਕੋਕਿਲਾ ਤਰਲ ਜੁਆਣੀ." (ਵਡ ਛੰਤ ਮਃ ੧)

ਤਰਲਤਾ: ਸੰਗਜਾ- ਚਪਲਤਾ. ਚੰਚਲਤਾ। ੨. ਪਤਲਾਪਨ. ਦ੍ਰਵਤ੍ਵ. ਪਿਘਰਨ ਦਾ ਭਾਵ.

ਤਰਲਨਯਨ: ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਚਾਰ ਨਗਣ. III, III, III, III.

ਉਦਾਹਰਣ-

ਧਰ ਮਨ ਧਰਮ ਕਿਰਤ ਕਰ,

ਕਬਹੁ ਨ ਗਮਨਹੁ ਪਰਘਰ,

[584] ਚੁੰਬਕ ਨਾਲ ਚੰਚਲ ਹੋਣ ਤੋਂ ਲੋਹੇ ਦੀ ਤਰਲ ਸੰਗਜਾ ਹੈ.

ਨਿਜ ਸਮ ਲਖ ਜਗ ਸਭਿ ਨਰ,

ਗੁਰਮਤ ਨਿਯਮਨ ਅਨੁਸਰ.

ਤਰਲਾ: ਸੰਗਯਾ- ਆਤੁਰਾਲਾਪ. ਮਿੰਨਤ. ਵਾਸਤਾ ਪਾਉਣ ਦੀ ਕ੍ਰਿਯਾ। ੨. ਸੰ. ਜੌਂਆਂ (ਜਵਾਂ) ਦਾ ਉਬਾਲਕੇ ਕੱਢਿਆ ਗਾੜ੍ਹਾ ਰਸ. ਜਵਾਂ ਦੀ ਪਿੱਛ। ੩. ਸ਼ਰਾਬ। ੪. ਕਾਂਜੀ। ੫. ਸ਼ਹਿਦ ਦੀ ਮੱਖੀ। ੬. ਤਰਲਤਾ ਵਾਲੀ. ਦੇਖੋ, ਤਰਲ. "ਤਰਲਾ ਜੁਆਣੀ ਆਪਿ ਭਾਣਿ." (ਵਡ ਮਃ ੧)

ਤਰਵ: ਸੰਗਯਾ- ਤਰਵਾ. ਪੈਰ ਦਾ ਤਲਾ. ਪਾਤਲੀ. ਪਾਦਤਲ. "ਤਰਵ ਚਰਨ ਪਰ ਬਿਸਫੋਟ ਸਘਨ." (ਗੁਪ੍ਰਸੂ)

ਤਰਵਰ: ਸੰ. ਤਰੁਵਰ. ਸੰਗਯਾ- ਵਡਾ ਅਤੇ ਸੁੰਦਰ ਬਿਰਛ। ੨. ਦਰਖ਼ਤ. "ਤਰਵਰ ਫੂਲੇ ਬਨ ਹਰੇ." (ਬਸੰ ਅਃ ਮਃ ੧) "ਤਰਵਰੁ ਕਾਇਆ ਪੰਖਿ ਮਨੁ". (ਓਅੰਕਾਰ) ੩. ਵਿ- ਉੱਤਮ ਬਿਰਛ.

ਤਰਵਰ ਬਿਰਖ ਬਿਹੰਗ ਭੁਇਅੰਗਮ: ਘਰਿ ਪਿਰੁ ਧਨ ਸੋਹਾਗੈ." (ਸਾਰ ਮਃ ੧) ਬੱਦਲ ਵਰਸਣ ਤੋਂ ਵ੍ਰਿਕ੍ਸ਼, ਵ੍ਰਿਸ਼ (ਬੈਲ), ਪੰਛੀ, ਸਰਪ, ਘਰ ਵਿੱਚ ਪਤਿ ਹੋਣ ਪਰ ਇਸਤ੍ਰੀ, ਸੁਭਾਗੀ ਹੁੰਦੇ ਹਨ. ਭਾਵ- ਗੁਰਉਪਦੇਸ਼ ਕਰਕੇ ਪਰੋਪਕਾਰੀ, ਪਸ਼ੁਬੁੱਧਿ, ਤਯਾਗੀ, ਤਾਮਸੀ, ਉਪਾਸਕ, ਸਾਰੇ ਹੀ ਆਨੰਦ ਨੂੰ ਪ੍ਰਾਪਤ ਹੁੰਦੇ ਹਨ.

ਤਰਵਰਿ: ਬਿਰਛ ਉੱਪਰ. "ਤਰਵਰਿ ਪੰਛੀ ਪੰਚ." (ਓਅੰਕਾਰ) ਦੇਖੋ, ਪੰਜ ਪੰਛੀ। ੨. ਬਿਰਛ ਨੂੰ.

ਤਰਵਰੀਆ: ਵਿ- ਤਲਵਾਰ ਬੰਨ੍ਹਣ ਵਾਲਾ. ਖੜਗਧਾਰੀ. "ਹੇਠੇ ਤਰਵਰੀਏ ਹੰਕਾਰੰ." (ਰਾਮਾਵ)

ਤਰਵਰੁ: ਦੇਖੋ, ਤਰਵਰ.

ਤਰਵਾ: ਦੇਖੋ, ਤਰਵ.

ਤਰਵਾ ਤਰ: ਕ੍ਰਿ. ਵਿ- ਪੈਰ ਦੇ ਥੱਲੇ. ਤਲੇ ਦੇ ਨੀਚੇ. "ਬਹੀ ਇਹ ਭਾਂਤ ਰਹੀ ਤਰਵਾ ਤਰ." (ਚੰਡੀ ੧) ਤਲਵਾਰ ਅਜਿਹੀ ਚੱਲੀ ਕਿ ਪੈਰ ਦੇ ਤਲੇ ਜਾ ਠਹਿਰੀ, ਭਾਵ- ਸਾਰੇ ਸ਼ਰੀਰ ਨੂੰ ਚੀਰ ਗਈ। ੨. ਵਿ- ਤਰਬਤਰ. ਚੰਗੀ ਤਰਾਂ ਤਰ ਹੋਇਆ.

ਤਰਵਾਯਾ, ਤਰਵਾਯੋ: ਵਿ- ਤਲੇ ਵੱਲ ਹੋਇਆ. ਮੂਧਾ. ਔਂਧਾ. "ਲਟਕੈ ਨ ਸਿਰ ਤਰਵਾਯੋ ਹਨਐ ਗਰਭ ਬੀਚ." (ਗੁਪ੍ਰਸੂ)

ਤਰਵਾਰ, ਤਰਵਾਰਿ: ਸੰ. तरवारि. ਸੰਗਯਾ- ਸ਼ਤ੍ਰੂਆਂ ਦੀ ਗਤਿ (ਚਾਲ) ਨੂੰ ਜੋ ਵਾਰਣ ਕਰੇ (ਰੋਕੇ), ਉਸ ਦਾ ਨਾਮ ਤਰਵਾਰਿ ਹੈ. ਤਲਵਾਰ. ਕ੍ਰਿਪਾਣ. ਕਰਬਾਲ. ਸ਼ਮਸ਼ੇਰ. ਸ਼੍ਰੀਸਾਹਿਬ. ਭਗੌਤੀ.

"ਅਸਿ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ." (ਸਨਾਮਾ)

ਲੀਲਮ ਔ ਹਰਿਦਾਰ ਬੰਦਰੀ ਹਲੱਬੀ ਪਟਾ,

ਮਾਨਸ਼ਾਹੀ ਖੰਡਾ ਧੋਪ ਊਨਾ ਤੇਗ ਤਰਨੌ,

ਮਿਸਿਰੀ ਨਿਵਾਜ਼ਖ਼ਾਨੀ ਗੁਪਤੀ ਜੁਨੱਬੀਖ਼ਾਨੀ,

ਇਲੇਮਾਨੀ ਖ਼ੁਰਾਸਾਨੀ ਕੱਤੀ ਤੇਗ਼ਾ ਕਰਨੌ,

ਸੈਫ ਗੁਜਰਾਤੀ ਅੰਗਰੇਜ਼ੀ ਔ ਦੁਦੰਮੀ ਰੂਸੀ

ਮੱਕੀ ਹੈ ਦੁਧਾਰੀ ਤਯੋਂਹੀ ਡੌਤ ਨਾਮ ਧਰਨੌ,

ਗੁਰਦਾ ਫਿਰੋਜ਼ਖ਼ਾਨੀ ਮਗ਼ਰਬੀ ਔ ਸਿਰੋਹੀ

"ਭਾਨੁ" ਕਵਿ ਏਤੀ ਤਰਵਾਰਿ ਜਾਤਿ ਬਰਨੌ.

ਤਰਾ: ਦੇਖੋ, ਤਰਹ। ੨. ਫ਼ਾ. ترا ਤੁਰਾ. ਤੁਝ ਕੋ. ਤੈਨੂੰ. "ਬੁਝਿ ਨਾਨਕ ਬੰਦਿਖਲਾਸ ਤਰਾ." (ਮਾਰੂ ਸੋਲਹੇ ਮਃ ੫) ੩. ਤਰਣ ਦਾ ਭੂਤ ਕਾਲ. ਤਰਿਆ.

ਤਰਾਉ: ਸੰਗਜਾ- ਤਰਨ ਦਾ ਭਾਵ. ਤਰਨ ਦੀ ਕ੍ਰਿਯਾ। ੨. ਉਤਾਰ. ਢਲਵਾਣ। ੩. ਤਰਾਂਉਂ. ਹਉਂ (ਮੈ) ਤਰਦਾ ਹਾਂ.

ਤਰਾਉਤ: ਸੰਗਜਾ- ਤਰਾਵਟ. ਤਰਾਵਤ. ਨਮੀ. ਤਰ (ਗਿੱਲਾ) ਹੋਣ ਦਾ ਭਾਵ। ੨. ਬੰਧਿਆਈ. ਸ੍ਨਿਗ੍ਧਤਾ.

ਤਰਾਉੜੀ, ਤ੍ਰਾਵੜੀ: ਜਿਲਾ ਤਸੀਲ ਕਰਨਾਲ, ਥਾਣਾ ਬਟਾਣਾ ਵਿੱਚ ਇੱਕ ਪੁਰਾਣਾ ਨਗਰ ਹੈ. ਇੱਥੇ ਦੀ ਚਾਰਦੀਵਾਰੀ ਤੋਂ ਪਤਾ ਲਗਦਾ ਹੈ ਕਿ ਪੁਰਾਣੇ ਸਮੇਂ ਕੋਈ ਸ਼ਾਹੀ ਜਗਾ ਸੀ. ਇਸ ਦੀ ਫਸੀਲ ਦੇ ਅੰਦਰ ਆਬਾਦੀ ਦੇ ਈਸ਼ਾਨ ਕੋਣ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਇਮਾਰਤ ਕੇਵਲ ਮੰਜੀਸਾਹਿਬ ਹੈ. ੧੦. ਵਿੱਘੇ ਦੇ ਕ਼ਰੀਬ ਜ਼ਮੀਨ ਗੁਰਦ੍ਵਾਰੇ ਨਾਲ ਹੈ. ਇਹ ਥਾਂ, ਰੇਲਵੇ ਸਟੇਸ਼ਨ ਤਰਾਉੜੀ ਤੋਂ ਵਾਯਵੀ ਕੋਣ ਇੱਕ ਮੀਲ ਤੋਂ ਘੱਟ ਦੂਰ ਹੈ. ਪ੍ਰਿਥੀਰਾਜ ਚੌਹਾਨ ਦੀ ਰਾਜਲੱਛਮੀ ਇੱਥੇ ਹੀ ਲੋਪ ਹੋਈ ਸੀ. ਦੇਖੋ, ਸ਼ਹਾਬੁੱਦੀਨ.

ਤਰਾਇਣੁ: ਵਿ- ਤਾਰਨ ਵਾਲਾ. ਪਾਰ ਕਰਨ ਵਾਲਾ। ੨. ਸੰਗਜਾ- ਉੱਧਾਰ. ਨਿਸਤਾਰਾ. "ਹਰਿਨਾਮਿ ਤਰਾਇਣੁ." (ਭੈਰ ਮਃ ੪)

ਤਰਾਈ: ਸੰਗਜਾ- ਪਹਾੜ ਦੀ ਜੜ ਪਾਸ ਦਾ ਮੈਦਾਨ, ਜਿਸ ਥਾਂ ਤਰਾਵਤ ਰਹਿੰਦੀ ਹੈ। ੨. ਪਹਾੜ ਦੀ ਘਾੱਟੀ.

ਤਰਾਸ: ਦੇਖੋ, ਤ੍ਰਾਸ। ੨. ਸੰ. तरस्- ਤਰਸ੍. ਸੰਗਜਾ- ਬੇੜਾ. "ਸਤਸੰਗਤਿ ਮਿਲਿ ਤਰੇ ਤਰਾਸ." (ਕਾਨ ਮਃ ੪) ੩. ਫ਼ਾ. تراش ਤਰਾਸ਼. ਕਾਟ. ਕੱਟਣ ਦੀ ਕ੍ਰਿਯਾ। ੪. ਬਨਾਵਟ. ਬਜ਼ੋਂਤ।

ਤਰਾਸਿ: ਤਰਸ (ਬੇੜੇ) ਦ੍ਵਾਰਾ. ਨੌਕਾ ਸਾਥ. "ਇਉ ਭਉਜਲੁ ਤਰੈ ਤਰਾਸਿ." (ਸ੍ਰੀ ਮਃ ੧) ਦੇਖੋ, ਤਰਾਸ ੨.

ਤਰਾਸ਼ੀਦਨ: ਫ਼ਾ. تراشیدن ਕੱਟਣਾ. ਛਿੱਲਣਾ. ਘੜਨਾ.

ਤਰਾਹਿ: ਤਰਦਾ ਹੈ। ੨. ਤਾਰਦਾ ਹੈ। ੩. ਤਰਾਹਿਂ ਤਰਦੇ ਹਨ. ਤਾਰਦੇ ਹਨ. "ਆਪਿ ਤਰਹਿ ਸੰਗੀ ਤਰਾਹਿ." (ਵਾਰ ਕਾਨ ਮਃ ੪) ੪. ਦੇਖੋ, ਤ੍ਰਾਹਿ.

ਤਰਾਕ: ਦੇਖੋ, ਤੜਾਕ. "ਲਾਜ ਕੀ ਬੇਲਿ ਤਰਾਕ ਤੁਟੀ." (ਕ੍ਰਿਸਨਾਵ) ੨. ਦੇਖੋ, ਤੈਰਾਕ.

ਤਰਾਕਾ: ਦੇਖੋ, ਤੜਾਕਾ.

ਤਰਾਕੀ: ਸੰਗਜਾ- ਤਰਨਵਿਦ੍ਯਾ। ੨. ਵਿ- ਤੈਰਾਕ. ਤਰਨ ਵਿਦ੍ਯਾ ਦਾ ਗ੍ਯਾਤਾ. "ਹਰਿ ਜਪਿਓ ਤਰੈ ਤਰਾਕੀ." (ਧਨਾ ਮਃ ੪)

ਤਰਾਜੀ, ਤਰਾਜੂ: ਫ਼ਾ. ترازو ਤਰਾਜ਼ੂ. ਸੰਗਜਾ- ਤੱਕੜੀ. ਤੋਲਣ ਦਾ ਯੰਤ੍ਰ. "ਆਪੇ ਕੰਡਾ ਆਪਿ ਤਰਾਜੀ." (ਸੋਰ ਮਃ ੪) "ਸਚੁ ਤਰਾਜੀ ਤੋਲੁ." (ਸ੍ਰੀ ਅਃ ਮਃ ੧)

ਤਰਾਞਾ: ਵਿ- ਤਾਰਨ ਦੀ ਇੱਛਾ ਵਾਲਾ.

ਤਰਾਣੀ: ਦੇਖੋ, ਤਰੀਨ. "ਨਿਰਮਲ ਸੀਤਲ ਸ਼ੁੱਧ ਤਰਾਣੀ." (ਭਾਗੁ) ਸ਼ੁੱਧਤਰੀਨ. ਸ਼ੁੱਧਤਮ. ਅਤਯੰਤ ਹੀ ਸ਼ੁੱਧ.

ਤਰਾਤ: ਤਾਰਦਾ ਹੈ. ਪਾਰ ਕਰਦਾ ਹੈ। ੨. ਸੰ. ਤ੍ਰਾਤ. ਵਿ- ਰਕ੍ਸ਼ਿਤ. ਰਖ੍ਯਾ ਕੀਤਾ ਹੋਇਆ.

ਤਰਾਤਰ: ਅਨੁ. ਤੜਾਤੜ. "ਗੋਲੀ ਤੀਰ ਤਰਾਤਰ ਬਰਖਤ." (ਗੁਪ੍ਰਸੂ) ੨. ਵਿ- ਤਰਬਤਰ. ਅਤਯੰਤ ਤਰ.

ਤਰਾਤਰੀ: ਖ਼ਾ. ਵਿ- ਬਹੁਤ ਅਧਿਕ. ਜਿਵੇਂ- "ਤਰਾਤਰੀ ਗੱਫਾ।" ੨. ਸੰਗਜਾ- ਬਹੁਤ ਘੀ ਲਾਕੇ ਪਕਾਈ ਹੋਈ ਵਸਤੁ

ਸ੍ਨਿਗ੍ਧ ਭੋਜਨ.

ਤਰਾਂਤਿ: ਸੰ. त्रातृ- ਤ੍ਰਾਤ੍ਰਿ. ਵਿ- ਰਖ੍ਯਾ ਕਰਨ ਵਾਲਾ. "ਗੁਰੁ ਨਾਨਕ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ." (ਮਲਾ ਮਃ ੪) ਸਮਦਰਸੀ ਤ੍ਰਾਤ੍ਰਿ ਗੁਰੂ ਨਾਨਕ, ਜਿਨਿ ਨਿੰਦਾ ਉਸਤਤਿ ਤਰੀ। ੨. ਤਰਣ- ਅਤਜਯ. ਜਿਸ ਦਾ ਤਰਨਾ ਔਖਾ ਹੈ.

ਤਰਾਧੋ: ਤਾਰਦਾ ਹੈ. ਉੱਧਾਰ ਕਰਦਾ ਹੈ. "ਆਪਿ ਤਰੇ ਕੁਲ ਸਗਲ ਤਰਾਧੋ." (ਕਾਨ ਮਃ ੪. ਪੜਤਾਲ)

ਤਰਾਨਥ: ਤਰਦਾ ਹੈ. ਤਰਦੇ ਹਨ. "ਸਭ ਏਕੈ ਨਾਮਿ ਤਰਾਨਥ." (ਮਾਰੂ ਮਃ ੫)

ਤਰਾਨਾ: ਸੰਗਯਾ- ਤ- ਰ- ਨ ਅੱਖਰ ਜਿਸ ਵਿੱਚ ਵਿਸ਼ੇਸ਼ ਹੋਣ, ਐਸਾ ਚਲਤਾ ਗੀਤ. Symphony "ਤ੍ਰਦ ਦਾਨੀ ਦਾਨੀ ਤੋਮਦਾਨੀ ਤਲਲ ਤੋਮ ਦਿਰਨਾ." (ਸਲੋਹ)

ਤਰਾਬਾ: ਸੰਗਯਾ- ਤਰਨ ਦਾ ਭਾਵ. ਉੱਧਾਰ. ਨਿਸ੍ਤਾਰਾ. . "ਸਾਧੁਸੰਗਤਿ ਮਿਲ ਹਇ ਤਰਾਬਾ." (ਭਾਗੁ) ੨. ਆਬ (ਭਵਜਲ) ਤੋਂ ਉੱਧਾਰ.

ਤਰਾਰਾ: ਸੰਗਯਾ- ਤਾਰ- ਧਾਰਾ. ਪਾਣੀ ਦੀ ਇੱਕਰਸ ਡਿਗਦੀ ਹੋਈ ਧਾਰਾ। ੨. ਨਸ਼ੇ ਦੀ ਅਖੰਡ ਲਹਿਰ। ੩. ਫ਼ਾ. طرّاره ਤ਼ੱਰਾਰਹ. ਚੋਰ। ੪. ਗਠਕਤਰਾ. ਠਗ.

ਤਰਾਵਤ, ਤ਼ਰਾਵਤ: ਅ਼. طراوت ਸੰਗਯਾ- ਤਾਜ਼ਗੀ। ੨. ਨਮੀ. ਗਿੱਲ। ੩. ਥੰਧਿਆਈ.

ਤਰਾਵੜੀ: ਦੇਖੋ, ਤਰਾਉੜੀ.

ਤਰਿ: ਤਰਕੇ. ਤੈਰ ਕਰ। ੨. ਸੰ. ਸੰਗਯਾ- ਨੌਕਾ. ਬੇੜੀ. ਦੇਖੋ, ਨੌਕਾ। ੩. ਪੱਲਾ. ਦਾਮਨ. ਲੜ.

ਤਰਿਣੀ: ਸੰ. ਸੰਗਯਾ- ਨੌਕਾ. ਕਿਸ਼ਤੀ.

ਤਰਿਯਾ: ਵਿ- ਤਰਨ ਵਾਲਾ. ਤੈਰਾਕ. ਤਾਰੂ. "ਤਰਿਯਾ ਹੁਤੇ ਨ ਮਰੇ ਬੂਡਕਰ." (ਚਰਿਤ੍ਰ ੨੪੨)

ਤਰੀ: ਤਰ ਗਈ. ਦੇਖੋ, ਤਰਣਾ. "ਹਰਿ ਹਰਿ ਕਰਤ ਪੂਤਨਾ ਤਰੀ." (ਗੌਂਡ ਨਾਮਦੇਵ) ੨. ਸੰ. ਸੰਗਯਾ- ਨੌਕਾ. ਬੇੜੀ. "ਚਢ ਕਰ ਤਰੀ ਭਏ ਪੁਨ ਪਾਰੀ." (ਗੁਪ੍ਰਸੂ) ਦੇਖੋ, ਨੌਕਾ. "ਤਰੀ ਤਰੀ ਸੰਗ ਔਰ, ਤਰੀ ਤਰੀ ਤਰ ਤਰ ਉਤਰ। ਨਰ ਵਰ ਸੁਰ ਸਿਰਮੌਰ, ਵਾਰ ਵਾਰ ਵਰ ਵਾਰਿ ਵਰ." (ਗੁਪ੍ਰਸੂ) ਗੁਰੂ ਸਾਹਿਬ ਦੀ ਤਰੀ (ਬੇੜੀ) ਨਾਲ, ਸ਼ਾਹੂਕਾਰਾਂ ਦੇ ਬਾਲਕਾਂ ਦੀ ਨੌਕਾ ਤੇਜੀ ਨਾਲ ਪਾਣੀ ਉੱਤੇ ਤਰੀ, ਬੇੜੀ ਤੋਂ ਤਲੇ (ਹੇਠ) ਉਤਰਕੇ, ਮਨੁੱਖਾਂ ਵਿੱਚੋਂ ਉੱਤਮ ਅਤੇ ਦੇਵਤਿਆਂ ਦੇ ਸਿਰਤਾਜ ਗੁਰੂ ਜੀ ਪਾਣੀ ਵਿੱਚ ਵੜਕੇ ਵਾਰੰਵਾਰ ਨਿਰਮਲ ਜਲ ਨੂੰ ਬਾਹਾਂ ਨਾਲ ਵਾਰਕੇ (ਹਟਾਕੇ) ਸਾਥੀਆਂ ਨਾਲ ਪਾਣੀ ਦੀ ਖੇਡ ਖੇਡਣ ਲੱਗੇ। ੩. ਗਦਾ। ੪. ਕੱਪੜੇ ਰੱਖਣ ਦੀ ਪਿਟਾਰੀ। ੫. ਫ਼ਾ. تری ਨਮੀ. ਗਿੱਲਾਪਨ। ੬. ਉਹ ਭੂਮਿ, ਜਿੱਥੇ ਬਰਸਾਤ ਦਾ ਪਾਣੀ ਬਹੁਤ ਦਿਨਾਂ ਤਾਂਈਂ ਠਹਿਰੇ। ੭. ਉਤਰਾਈ. ਨਿਵਾਣ। ੮. ਕੇਸ਼ਰ. ਤਿਰੀ. ਫੁੱਲ ਦੀ ਬਾਰੀਕ ਪੰਖੜੀ, ਜਿਸ ਪੁਰ ਪਰਾਗ ਹੁੰਦਾ ਹੈ। ੯. ਤਰਕਾਰੀ ਦਾ ਰਸਾ. ਸ਼ੋਰਵਾ। ੧੦. ਦੇਖੋ, ਤੜੀ.

ਤਰੀਆ: ਵਿ- ਤਰਨ ਵਾਲਾ। ੨. ਕ੍ਰਿ. ਵਿ- ਤਲੇ. ਨੀਚੇ. ਥੱਲੇ. ਹੇਠਾਂ. "ਸਗਲਾ ਬਟਰੀਆ ਬਿਰਖ ਇਕ ਤਰੀਆ." (ਬਿਹਾ ਮਃ ੫) ਸਾਰੇ ਬਟੋਹੀ (ਰਾਹੀ) ਇੱਕ ਬਿਰਛ (ਸੰਸਾਰ) ਹੇਠ ਹਨ.

ਤਰੀਕ: ਦੇਖੋ, ਤਰੀਕਾ ਅਤੇ ਤਾਰੀਖ.

ਤਰੀਕਤ, ਤਰੀਕਤਿ: ਅ਼. طریقت ਤ਼ਰੀਕ਼ਤ. ਸੰਗਯਾ- ਅੰਤਹ- ਕਰਣ ਦੀ ਸ਼ੁੱਧੀ ਦਾ ਤ਼ਰੀਕ਼ਾ. ਦੇਖੋ, ਸੂਫੀ. "ਤਰੀਕਤਿ ਤਰਕ ਖੋਜ ਟੋਲਾਵਹੁ." (ਮਾਰੂ ਸੋਲਹੇ ਮਃ ੫) ੨. ਭਾਵ- ਸ਼ਰਾ ਦੇ ਨਿਯਮਾ ਦੀ ਪੁਸ੍ਤਕ. ਹ਼ਦੀਸ ਆਦਿ. "ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਣ." (ਗਉ ਬਾਵਨ ਕਬੀਰ)

ਤਰੀਕਾ, ਤ਼ਰੀਕ਼ਾ: ਅ਼. طریقہ ਸੰਗਜਾ- ਢੰਗ. ਰੀਤਿ। ੨. ਯੁਕਤਿ. ਉਪਾਯ. ਜਤਨ.

ਤਰੀ ਤਾਗਰੀ: ਤੜੀ ਅਤੇ ਤਾਗਰੀ (ਗਿਲਾਫ). ਪਿੰਜਰੇ ਦੀ ਖਿੜਕੀ ਦੀ ਤੜੀ (ਚਟਖ਼ਨੀ) ਅਤੇ ਜਾਲੀਦਾਰ ਗ਼ਿਲਾਫ. "ਤਰੀ ਤਾਗਰੀ ਛੂਟੀ." (ਆਸਾ ਕਬੀਰ) ਦੇਖੋ, ਤਾਗਰੀ. ਦੇਖੋ, ਚਟਾਰਾ ਅਤੇ ਚਿਰਗਟ.

ਤਰੀੜ: ਦੇਖੋ, ਤੜੀੜ.

ਤਰੁ: ਸੰ. ਸੰਗਜਾ- ਬਿਰਛ. ਦਰਖ਼ਤ। ੨. ਗੂੰਦ. ਗੋਂਦ। ੩. ਵਿ- ਤਾਰਨ ਵਾਲਾ। ੪. ਦੇਖੋ, ਤੁਰ ਅਤੇ ਗਜਨਵ। ੫. ਤਰਣਾ ਕ੍ਰਿਯਾ ਦਾ ਅਮਰ. "ਤਰੁ ਭਉਜਲੁ." (ਗਉ ਮਃ ੪)

ਤਰੁਅਰਿ: ਸੰਗਜਾ- ਬਿਰਛ ਦਾ ਵੈਰੀ ਹਾਥੀ.

ਤਰੁਅਰਿ ਰਿਪੁ ਨਾਦਨਿ: ਸੰਗਜਾ- ਬਿਰਛ ਦਾ ਵੈਰੀ ਹਾਥੀ, ਉਸ ਦਾ ਵੈਰੀ ਸ਼ੇਰ, ਉਸ ਜੇਹੀ ਆਵਾਜ਼ ਕਰਨ ਵਾਲੀ ਬੰਦੂਕ. (ਸਨਾਮਾ)

ਤਰੁਸਾਰ: ਸੰਗਜਾ- ਗੂੰਦ. ਗੋਂਦ। ੨. ਕਪੂਰ.

ਤਰੁਜ: ਸੰਗਜਾ- ਬਿਰਛ ਤੋਂ ਪੈਦਾ ਹੋਇਆ ਫਲ। ੨. ਗੂੰਦ. ਗੋਂਦ। ੩. ਲੱਕੜ. ਕਾਠ. (ਸਨਾਮਾ) ੪. ਬੰਦੂਕ਼ ਦਾ ਕੁੰਦਾ. (ਸਨਾਮਾ)

ਤਰੁਜਨਾਥ: ਸੰਗਜਾ- ਤਰੁਜ (ਕਾਠ) ਦਾ ਸਰਦਾਰ, ਅਖ਼ਰੋਟ. (ਸਨਾਮਾ)

ਤਰੁਜਨਾਥ ਪ੍ਰਿਸਟਨਿ: ਸੰਗਜਾ- ਤੁਰ (ਬਿਰਛ) ਤੋਂ ਪੈਦਾ ਹੋਇਆ ਕਾਠ, ਕਾਠਾਂ ਦਾ ਸਰਦਾਰ ਅਖ਼ਰੋਟ ਦਾ ਕਾਠ, ਉਸ ਦਾ ਹੈ ਕੁੰਦਾ ਜਿਸ ਦਾ, ਬੰਦੂਕ. (ਸਨਾਮਾ)

ਤਰੁਣ: ਸੰ. ਵਿ- ਜਵਾਨ. ਯੁਵਾ। ੨. ਨਵਾਂ. ਨਯਾ। ੩. ਸੰਗਜਾ- ਸੂਰਯ।[585] ੪. ਏਰੰਡ। ੫. ਮੋਤੀਆ। ੬. ਤਾਰੁਣਜ (ਜਵਾਨੀ) ਲਈ ਭੀ ਤਰੁਣ ਸ਼ਬਦ ਆਇਆ ਹੈ. ਤਰੁਣਤਾ. "ਤਰੁਣ ਤੇਜੁ ਪਰਤ੍ਰਿਅ ਮੁਖ ਜੋਹਹਿ." (ਸ੍ਰੀ ਬੇਣੀ)

ਤਰੁਣ ਤਨੁਜਾ: ਸੰ. ਤਰਣਿ ਤਨੁਜਾ. ਸੰਗਜਾ- ਤਰਣਿ (ਸੂਰਯ) ਦੀ ਤਨੁਜਾ (ਪੁਤ੍ਰੀ) ਯਮੁਨਾ. ਜਮਨਾ ਨਦੀ.

ਤਰੁਣ ਦਲ: ਜਦ ਖਾਲਸੇ ਦਾ ਦਲ ਬਹੁਤ ਵਧ ਗਿਆ, ਤਦ ਸੰਮਤ ੧੭੯੧ ਵਿੱਚ ਵਿਚਾਰਵਾਨ ਸਿੰਘਾਂ ਨੇ ਆਪਣੇ ਦੋ ਜਥੇ ਕ਼ਾਇਮ ਕੀਤੇ. ਚਾਲੀ ਵਰ੍ਹੇ ਤੋਂ ਘੱਟ ਉਮਰ ਵਾਲੇ ਸਿੰਘਾਂ ਦੇ ਦਲ ਦਾ ਨਾਮ ਤਰੁਣ ਦਲ ਅਤੇ ਇਸ ਤੋਂ ਵਡੀ ਉਮਰ ਵਾਲੇ ਸਿੰਘਾਂ ਦੇ ਟੋਲੇ ਦਾ ਨਾਮ ਵ੍ਰਿੱਧ ਦਲ ਰੱਖਿਆ, ਅਤੇ ਇਸ ਦੇ ਪ੍ਰਧਾਨ ਸਰਦਾਰ ਨਵਾਬ ਕਪੂਰ ਸਿੰਘ, ਜੱਸਾਸਿੰਘ, ਥਰਾਜਸਿੰਘ ਆਦਿਕ ਹੋਏ.

ਤਰੁਣ ਦਲ ਦੇ ਅੱਗੇ ਪੰਜ ਜਥੇ ਥਾਪੇ ਗਏ-

ੳ- ਜਥਾ ਸ਼ਹੀਦਾਂ ਦਾ, ਜਿਸ ਵਿੱਚ ਦੀਪਸਿੰਘ, ਨੱਥਾਸਿੰਘ, ਗੁਰਬਖ਼ਸ਼ਸਿੰਘ ਆਦਿਕ ਸਰਦਾਰ ਸਨ.

ਅ- ਅਮ੍ਰਿਤਸਰੀਆਂ ਦਾ ਜਥਾ, ਜਿਸ ਵਿੱਚ ਪ੍ਰੇਮ ਸਿੰਘ, ਧਰਮਸਿੰਘ ਜਥੇਦਾਰ ਸਨ.

ੲ- ਡੱਲੇਵਾਲੀਆਂ ਦਾ ਜਥਾ, ਜਿਸ ਵਿੱਚ ਦਸੌਂਧਾ ਸਿੰਘ ਗਿੱਲ, ਫਤੇਸਿੰਘ ਭਗਤੂ ਕਾ, ਕਰਮਸਿੰਘ, ਗੁਰਦਯਾਲੁਸਿੰਘ ਡੱਲੇਵਾਲੇ ਜਥੇਦਾਰ ਸਨ.

ਸ- ਬਾਬੇ ਕਾਨ੍ਹਸਿੰਘ ਦਾ ਜਥਾ, ਜਿਸ ਵਿੱਚ ਮੀਰੀ ਸਿੰਘ ਭੱਲਾ, ਹਰੀ ਸਿੰਘ ਢਿੱਲੋਂ, ਬਾਘਸਿੰਘ ਹੱਲੋਵਾਲੀਆ ਸਨ.

---

[585] ਸੰਸਕ੍ਰਿਤ "ਤਰਣਿ" ਸ਼ਬਦ ਸੂਰਯ ਬੋਧਕ ਹੈ. ਇਸੇ ਤੋਂ ਤਰੁਣ ਸ਼ਬਦ ਕਵੀਆਂ ਨੇ ਬਣਾ ਲਿਆ ਹੈ.

ਹ- ਮਜਹਬੀਆਂ ਦਾ ਜਥਾ, ਜਿਸ ਵਿੱਚ ਬੀਰ ਸਿੰਘ, ਜਿਉਣਸਿੰਘ, ਮਦਨਸਿੰਘ, ਅਮਰਸਿੰਘ ਮਜਹਬੀ ਸਰਦਾਰ ਸਨ.

ਤਰੁਣਾਈ, ਤਰੁਣਾਪਨ, ਤਰੁਣਾਪੈ, ਤਰੁਣਾਪੋ, ਤਰੁਣਾਪੌ: ਸੰਗਯਾ- ਤਾਰੁਣ੍ਯ, ਤੁਰਣਤਾ. ਜਵਾਨੀ. ਯੁਵਾ ਅਵਸਥਾ. ਜਵਾਨ ਹੋਣ ਦੀ ਹ਼ਾਲਤ.

ਤਰੁਣਿ, ਤਰੁਣੀ: ਸੰ. ਵਿ- ਯੁਵਾ ਅਵਸਥਾ ਵਾਲੀ. ਯੁਵਤੀ। ੨. ਸੰਗਯਾ- ਜਵਾਨ ਇਸਤ੍ਰੀ. ਸੋਲਾਂ ਵਰ੍ਹੇ ਤੋਂ ਲੈਕੇ ੩੨ ਵਰ੍ਹੇ ਤੀਕ ਇਸਤ੍ਰੀ ਤਰੁਣੀ ਕਹਾਉਂਦੀ ਹੈ.

ਤਰੁਤਾਰੀ: ਦੇਖੋ, ਤਰਤਾਰੀ

ਤਰੁਤੁਕ: ਸੰਗਯਾ- ਬਿਰਛ ਦੀ ਤੁਚਾ (ਛਿਲਕਾ). ਦੇਖੋ, ਤੁਕ.

ਤਰੁਨ: ਦੇਖੋ, ਤਰੁਣ

ਤਰੁਨਾਪੋ: ਦੇਖੋ, ਤਰੁਣਾਪੋ

ਤਰੁਨਿ: ਦੇਖੋ, ਤਰੁਣੀ ੨. " ਜਿਉ ਤਰੁਨਿ ਭਰਤ ਪਰਾਨ." (ਬਿਲਾ ਅਃ ਮਃ ੫)

ਤਰੁਨੋ: ਸੰ. तरणो. ਤਰਣਿ (ਸੂਰਯ) ਦਾ. "ਰਾਜ ਗਯੋ ਤਰੁਨੋ ਮਗ ਰੈਨ ਲਯੋ." (ਕ੍ਰਿਸਨਾਵ) ਸੂਰਜ ਦਾ ਰਾਜ (ਦਿਨ) ਵੀਤਿਆ, ਰਾਤ ਨੇ ਆਪਣਾ ਮਾਰਗ ਲੀਤਾ.

ਤਰੁਮ੍ਰਿਗ: ਬਾਂਦਰ। ੨. ਲੰਗੂਰ.

ਤਰੁਰਿਪੁ: ਹਾਥੀ. ਦੇਖੋ, ਤਰੁਅਰਿ.

ਤਰੁਵਰ: ਦੇਖੋ, ਤਰਵਰ.

ਤਰੁਵਾ: ਤਲਾ. ਦੇਖੋ, ਤਰਵ.

ਤਰੁਵੈਰੀ: ਹਾਥੀ. ਦੇਖੋ, ਤਰੁਅਰਿ.

ਤਰੂ, ਤਰੂਅ: ਦੇਖੋ, ਤਰੁ. "ਸੈਲ ਤਰੂਅ ਫਲ ਫੂਲ ਦੀਅਉ." (ਸਵੈਯੇ ਮਃ ੪. ਕੇ)

ਤਰੂਏ: ਵਿ- ਤਰਨ ਵਾਲੇ। ੨. ਕ੍ਰਿ. ਵਿ- ਤਲੇ. ਨੀਚੇ। ੩. ਸੰਗਯਾ- ਜੁੱਤੀ ਦੇ ਤਲੇ.

ਤਰੇ: ਕ੍ਰਿ. ਵਿ- ਤਲੇ. ਨੀਚੇ. ਥੱਲੇ। ੨. ਤਾਰੇ ਦੀ ਥਾਂ ਭੀ ਤਰੇ ਸ਼ਬਦ ਵਰਤਿਆ ਹੈ. "ਨਾਮੇ ਕੇ ਸੁਆਮੀ ਤੇਊ ਤਰੇ." (ਗਉ ਨਾਮਦੇਵ) ਉਹ ਭੀ ਉੱਧਾਰ ਕਰੇ। ੩. ਤਰਗਏ. ਪਾਰਉਤਰੇ. "ਗੁਰਕੈ ਸਬਦਿ ਤਰੇ ਮੁਨਿ ਕੇਤੇ." (ਭੈਰ ਮਃ ੧)

ਤਰੇਰਨਾ: ਕ੍ਰਿ- ਤਾੜਨਾ. ਘੂਰਨਾ. ਤਿਉੜੀ ਚੜ੍ਹਾਉਣੀ. "ਸੁਨ ਸਿੱਖਨ ਦਿਸ ਨੈਨ ਤਰੇਰੇ." (ਗੁਪ੍ਰਸੂ)

ਤਰੈ: ਕ੍ਰਿ. ਵਿ- ਤਲੇ. ਨੀਚੇ. "ਜਉ ਗੁਰਦੇਉ ਤ ਬੈਕੁੰਠ ਤਰੈ." (ਭੈਰ ਨਾਮਦੇਵ) ਭਾਵ- ਵੈਕੁੰਠ ਤੋਂ ਭੀ ਉੱਚੀ ਪਦਵੀ ਨੂੰ ਪਹੁਚਦਾ ਹੈ। ੨. ਤਰਦਾ ਹੈ.

ਤਰੈਯਾ: ਵਿ- ਤਰਨ ਵਾਲਾ। ੨. ਸੰਗਯਾ- ਤਾਰੇ. ਨਕ੍ਸ਼ਤ੍ਰ. ਦੇਖੋ, ਤਰਈਆ.

ਤਰੋਰੁਹ: ਸੰਗਯਾ- ਤਰੁ (ਬਿਰਛ) ਤੋਂ ਰੁਹ (ਪੈਦਾ ਹੋਇਆ) ਫਲ. "ਤਿਸੀ ਬਾਗ ਹੂੰ ਮੇ ਤਰੋਰੁਹ ਚਬੈਹੈਂ." (ਚਰਿਤ੍ਰ ੧੭)

ਤਰੋਵਰ, ਤਰੋਵਰੁ: ਦੇਖੋ, ਤਰਵਰ. "ਤੂੰ ਵਡਪੁਰਖ ਅਗੰਮ ਤਰੋਵਰੁ, ਹਮ ਪੰਖੀ ਤੁਝ ਮਾਹੀ." (ਗੂਜ ਅਃ ਮਃ ੧)

ਤਰੋਨਾ: ਸੰਗਯਾ- ਤੜੌਨਾ. ਸੰ. ਤਾਡੰਕ. ਕਰਣਫੂਲ. ਇਸਤ੍ਰੀਆਂ ਦੇ ਕੰਨ ਦਾ ਗਹਿਣਾ.

ਤਰੰਕ, ਤਰੰਕਾਰ: ਫ਼ਾ. ترنک ਅਤੇ ترنکار ਅਨੁ. ਸ਼ਸਤ੍ਰਾਂ ਦੇ ਪਰਸਪਰ ਵੱਜਣ ਤੋਂ ਉਪਜੀ ਧੁਨਿ.

ਤਰੰਗ: ਸੰ. तरङ्ग. ਸੰਗਯਾ- ਲਹਿਰ. ਮੌਜ. ਵੀਚਿ. "ਜਿਉ ਜਲਤਰੰਗ ਫੇਨੁ ਜਲ ਹੋਈ ਹੈ." (ਸਾਰ ਮਃ ੫) ੨. ਮਨ ਦੀ ਉਮੰਗ. ਸੰਕਲਪ ਦੀ ਲਹਿਰ. "ਅਘ ਪੁੰਜ ਤਰੰਗ ਨਿਵਾਰਨ ਕਉ." (ਸਵੈਯੇ ਮਃ ੪. ਕੇ) ੩. ਜਿਸ ਗ੍ਰੰਥ ਨੂੰ ਸਰੋਵਰ ਅਥਵਾ ਸਮੁੰਦਰਰੂਪ ਕਲਪੀਦਾ ਹੈ ਉਸ ਦੇ ਅਧ੍ਯਾਯ ਤਰੰਗ ਕਹਾਉਂਦੇ ਹਨ। ੪. ਰਾਗ ਦੀ ਸੁਰਾਂ ਦੀ ਲਹਿਰ. ਤਾਨ. "ਭਗਤਿ ਹੇਤਿ ਗੁਰਸਬਦਿ ਤਰੰਗਾ." (ਮਾਰੂ ਸੋਲਹੇ ਮਃ ੧) ੫. ਫ਼ਾ. ترنگ ਗੁਰਜ ਅਤੇ ਤਲਵਾਰਾਂ ਦੇ ਪਰਸਪਰ ਭਿੜਨ ਤੋਂ ਹੋਇਆ ਖੜਕਾਰ। ੬. ਘਾਉ. ਜ਼ਖ਼ਮ। ੭. ਜੇਲ. ਕਾਰਾਗਾਰ. ਕੈਦਖਾਨਾ.

ਤਰੰਗਣਿ, ਤਰੰਗਨਿ: ਦੇਖੋ, ਤਰੰਗਿਣੀ.

ਤਰੰਗਾ: ਦੇਖੋ, ਤਰੰਗ ੪। ੨. ਤਰੰਗ ਦਾ ਬਹੁਵਚਨ.

ਤਰੰਗਾਲੀ, ਤਰੰਗਿਣੀ, ਤਰੰਗਿਨੀ: ਸੰ. तरङ्गिणी. ਸੰਗਯਾ- ਨਦੀ, ਜਿਸ ਵਿੱਚ ਤਰੰਗ ਉਠਦੇ ਹਨ.

ਤਰੰਗਿਨੀ ਜਾ ਚਰਨਾਯਕ ਸਤ੍ਰੁ: ਸੰਗਯਾ- ਬੰਦੂਕ. ਤਰੰਗਿਨੀ (ਨਦੀ) ਤੋਂ ਜਾ (ਪੈਦਾ ਹੋਇਆ) ਘਾਸ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਨਾਯਕ (ਸ੍ਵਾਮੀ) ਸ਼ੇਰ, ਉਸ ਦੀ ਵੈਰਣ ਬੰਦੂਕ. (ਸਨਾਮਾ)

ਤਰੰਗੀ: ਸੰ. तरङ्गिन. ਵਿ- ਲਹਿਰੀ. ਮੌਜੀ. "ਸਗਲ ਜਪਹਿ ਤਰੰਗੀ." (ਕਲਿ ਮਃ ੫) ੨. ਸੰਗਯਾ- ਸਮੁੰਦਰ.

ਤਰੰਗੁ: ਦੇਖੋ, ਤਰੰਗ। ੨. ਸਮੁੰਦਰ. ਦੇਖੋ, ਤਰੰਗੀ ੨. "ਤੂ ਮੇਰਾ ਤਰੰਗੁ, ਹਮ ਮੀਨ ਤੁਮਾਰੇ." (ਆਸਾ ਮਃ ੫)

ਤਰੰਤ: ਸੰ. तरन्त. ਸੰਗਯਾ- ਸਮੁੰਦਰ। ੨. ਡੱਡੂ। ੩. ਰਾਖਸ। ੪. ਬੇੜਾ. ਜਹਾਜ਼.

ਤਰੰਤਿ: ਤਰਣ ਕਰੰਤਿ. ਤਰ ਜਾਂਦਾ (ਜਾਂਦੀ) ਹੈ. "ਕਰਦਮੰ ਤਰੰਤਿ ਪਪੀਲਕਹ." (ਸਹਸ ਮਃ ੫)

ਤਰਜਉ: ਤਰਣ ਕੀਤਾ. ਤਰ ਗਿਆ. "ਤਰਜਉ ਸੰਸਾਰ." (ਸਵੈਯੇ ਮਃ ੪. ਕੇ)

ਤਲ: ਸੰ. तल. ਧਾ- ਕ਼ਾਇਮ ਹੋਣਾ, ਪੂਰਨ ਹੋਣਾ। ੨. ਸੰ. ਸੰਗਯਾ- ਹੇਠਲਾ ਭਾਗ. ਤਲਾ। ੩. ਜਲ ਦੇ ਥੱਲੇ ਦੀ ਜ਼ਮੀਨ। ੪. ਪੈਰ ਦਾ ਤਲਾ. "ਮੇਰਾ ਸਿਰ ਤਿਨ ਵਿਟਹੁ ਤਲ ਰੋਲੀਆ." (ਵਾਰ ਗਉ ੧. ਮਃ ੪) ੫. ਹਥੇਲੀ. "ਨਵ ਨਿਧਿ ਕਰਤਲ ਤਾਂਕੇ." (ਸੋਰ ਰਵਿਦਾਸ) ੬. ਦੇਸ਼. ਅਸਥਾਨ. ਸ੍ਥਲ. "ਜਨੁ ਰੰਭਾ ਮਹਿਤਲ ਪਗਧਾਰੀ." (ਗੁਪ੍ਰਸੂ) ੭. ਜੰਗਲ। ੮. ਦਸ੍ਤਾ. ਮੁੱਠ। ੯. ਆਧਾਰ. ਸਹਾਰਾ। ੧੦. ਸੱਤ ਪਾਤਾਲਾਂ ਵਿੱਚੋਂ ਪਹਿਲਾ ਪਾਤਾਲ। ੧੧. ਕ੍ਰਿ. ਵਿ- ਤਲੇ. ਨੀਚੇ. ਦੇਖੋ, ਤਲਿ। ੧੨. ਥੱਲਿਓਂ. ਹੇਠੋਂ. ਅੰਦਰੋਂ. "ਰਤਾ ਸਚਿਨਾਮਿ ਤਲਹੀਅਲੁ." (ਪ੍ਰਭਾ ਮਃ ੧) ਸਤਜਨਾਮ ਵਿੱਚ ਹ੍ਰਿਦਯਸ੍ਥਲ ਅੰਦਰੋਂ ਰੰਗਿਆ ਹੋਇਆ ਹੈ, ਬਾਹਰ ਦਾ ਦਿਖਾਵਾ ਨਹੀਂ। ੧੩. ਦੇਖੋ, ਟਿੱਲਾ ੨। ੧੪. ਤਾਲ ਲਈ ਭੀ ਤਲ ਸ਼ਬਦ ਆਇਆ ਹੈ. "ਪੰਖੀਆ ਜਿਨੀ ਵਸਾਏ ਤਲ." (ਸ. ਫਰੀਦ)

ਤਲਹੀਅਲੁ: ਦੇਖੋ, ਤਲ ੧੨.

ਤਲ ਕਾ ਬ੍ਰਹਮੁ: ਸੰਗਯਾ- ਪ੍ਰਾਣਵਾਯੁ. ਕੰਠ ਵਿੱਚ ਵਹਿਣ ਵਾਲਾ ਪਵਨ. ਵ੍ਯਾਪਕਰੂਪ ਹੋਣ ਕਰਕੇ ਪ੍ਰਾਣ ਲਈ ਬ੍ਰਹਮ ਸ਼ਬਦ ਵਰਤਿਆ ਹੈ. "ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ." (ਆਸਾ ਕਬੀਰ) ਪ੍ਰਾਣਾਂ ਨੂੰ ਦਸਮਦ੍ਵਾਰ ਚੜ੍ਹਾਵੇ। ੨. ਜੀਵਾਤਮਾ, ਜੋ ਉਪਾਧਿ ਕਰਕੇ ਅਧੋਗਤਿ ਨੂੰ ਪ੍ਰਾਪਤ ਹੋ ਗਿਆ ਹੈ, ਉਸ ਨੂੰ ਆਕਾਸ਼ ਚੜ੍ਹਾਉਣ ਤੋਂ ਭਾਵ ਉੱਚ ਪਦਵੀ ਨੂੰ ਪਹੁਚਾਉਣਾ ਹੈ.

ਤਲਕੀ: ਫ਼ਾ. تلخی ਤਲਖ਼ੀ. ਸੰਗਯਾ- ਕਟੁਤਾ. ਕੌੜਾਪਨ। ੨. ਈਰਖ਼ਾ. ਜਲਨ। ੩. ਤਅ਼ੱਲੁਕ ਦਾ ਭਾਵ. ਅਧੀਨਤਾ. ਤਾਬੇਦਾਰੀ (dependence) "ਤਿਸ ਕਉ ਤਲਕੀ ਕਿਸੈ ਕੀ ਨਾਹੀ." (ਵਾਰ ਵਡ ਮਃ ੪) ਦੇਖੋ, ਤਅ਼ੱਲੁਕ.

ਤਲਕੀਨ, ਤਲਕ਼ੀਨ: ਅ਼. تلقین ਸੰਗਯਾ- ਸਿਖ੍ਯਾ ਦੇਣ ਦੀ ਕ੍ਰਿਯਾ. ਪੜ੍ਹਾਉਣਾ.

ਤਲਖ਼: ਫ਼ਾ. تلخ ਵਿ- ਕੌੜਾ. ਕਟੁ। ੨. ਕੌੜੇ ਸੁਭਾਉ ਵਾਲਾ.

ਤਲਖੀ: ਦੇਖੋ, ਤਲਕੀ.

ਤਲੱਤੁਫ਼, ਤਲੱਤੁਫ਼: ਅ਼. تلطّف ਸੰਗਯਾ- ਦਯਾ. ਕ੍ਰਿਪਾ. ਇਸ ਦਾ ਮੂਲ ਲੁਤ਼ਫ਼ ਹੈ.

ਤਲਨਾ: ਕ੍ਰਿ- ਤੇਲ ਜਾਂ ਘੀ ਵਿੱਚ ਭੁੰਨਣਾ.

ਤਲਪ: ਸੰ. तल्प. ਸੰਗਯਾ- ਸੇਜਾ. ਮੰਜਾ. "ਤਲਪ ਸੁਗੰਧ ਛਿਟਕਾਰੀ." (ਸਲੋਹ) ੨. ਅਟਾਰੀ. ਅੱਟਾਲਿਕਾ. ਮੰਮਟੀ.

ਤਲਪਾ: ਸੰ. तल्पा. ਸੰਗਯਾ- ਤਲਪ (ਮੰਜੇ) ਪੁਰ ਵਿਛਾਉਣ ਦਾ ਵਸਤ੍ਰ। ੨. ਸੇਜਬੰਦ.

ਤਲਪੀ: ਵਿ- ਤਲਪਗ. ਸੇਜਾ ਪੁਰ ਜਾਣ ਵਾਲਾ. ਦੇਖੋ, ਗੁਰੁਤਲਪੀ.

ਤਲਫ: ਦੇਖੋ, ਤਲਫਨਾ। ੨. ਅ਼. تلف ਵਿ- ਨਸ਼੍ਟ. ਬਰਬਾਦ। ੩. ਮੋਇਆ. ਮਰਿਆ.

ਤਲਫਨਾ: ਕ੍ਰਿ- ਤੜਫਨਾ. ਤੜਪਨਾ. "ਪਾਨੀਆ ਬਿਨੁ ਮੀਨੁ ਤਲਫੈ." (ਗੌਂਡ ਨਾਮਦੇਵ)

ਤਲੱਫ਼ੁਜ: ਅ਼. تلفّظ ਲਫ਼ਜ ਮੁਖ ਤੋਂ ਕੱਢਣ ਦੀ ਕ੍ਰਿਯਾ. ਉੱਚਾਰਣ. Pronunciation.

ਤਲਬ: ਅ਼. طلب ਤ਼ਲਬ. ਸੰਗਯਾ- ਖੋਜ. ਢੂੰਢ। ੨. ਚਾਹ. ਇੱਛਾ. "ਜੀਵਨਤਲਬ ਨਿਵਾਰਿ ਸੁਆਮੀ." (ਰਾਮ ਮਃ ੧) ੩. ਤਨਖ਼੍ਵਾਹ. ਵੇਤਨ. ਨੌਕਰੀ। ੪. ਸੱਦਾ. ਬੁਲਾਹਟ. "ਆਈ ਤਲਬ ਗੋਪਾਲਰਾਇ ਕੀ." (ਆਸਾ ਕਬੀਰ) "ਤਲਬਾਂ ਪਉਸਨਿ ਆਕੀਆ." (ਵਾਰ ਰਾਮ ੧. ਮਃ ੧) ੫. ਸੰ. ਗਵੈਯਾ. ਰਾਗੀ। ੬. ਸੰ. तल्व. ਚੰਦਨ ਆਦਿ ਸੁਗੰਧ ਵਾਲੇ ਪਦਾਰਥਾਂ ਦੇ ਰਗੜਨ ਤੋਂ ਪੈਦਾ ਹੋਈ ਸੁਗੰਧ.

ਤਲਬੀ: ਫ਼ਾ. طلبی ਤ਼ਲਬੀ. ਸੰਗਯਾ- ਤ਼ਲਬ ਕਰਨ (ਸੱਦਣ) ਦੀ ਕ੍ਰਿਯਾ. "ਬਾਕੀ ਵਾਲਾ ਤਲਬੀਐ." (ਸੂਹੀ ਅਃ ਮਃ ੧)

ਤਲਬੇਲੀ, ਤਲਮੱਛੀ, ਤਲਮਲਾਹਟ, ਤਲਮਲਾਟ: ਸੰਗਯਾ- ਬੇਚੈਨੀ. ਸ੍ਥਲ ਵਿੱਚ ਮੱਛੀ ਜਿਵੇਂ ਤੜਫਦੀ ਹੈ, ਉਸ ਤਰਾਂ ਤੜਫਨ ਦੀ ਕ੍ਰਿਯਾ. ਛਟਪਟੀ.

ਤਲਵਕਾਰ: ਦੇਖੋ, ਕੇਨ ੩.

ਤਲਵਰੀਆ: ਤਲਵਾਰ ਧਾਰਨ ਵਾਲਾ. ਦੇਖੋ, ਤਰਵਰੀਆ.

ਤਲਵਾਇਆ, ਤਲਵਾਹਾ, ਤਲਵਾਯਾ: ਵਿ- ਤਲੇ (ਨੀਚੇ) ਨੂੰ ਝੁਕਿਆ ਹੋਇਆ. ਉਲਟਾ. ਮੂਧਾ. "ਸਿਰ ਤਲਵਾਏ ਡਿੱਗੇ, ਜਜੋਂ ਨਟ ਬਾਜੀਆਂ." (ਗੁਪ੍ਰਸੂ)

ਤਲਵਾਰ: ਦੇਖੋ, ਤਰਵਾਰ.

ਤਲਵਾੜ, ਤਲਵਾੜੀ: ਖਤ੍ਰੀਆਂ ਦੀ ਛੀ ਜਾਤਾਂ ਵਿੱਚੋਂ ਇੱਕ ਜਾਤਿ. "ਸੈਂਸਾਰਾ ਤਲਵਾੜ ਸੁਖਾਲਾ." (ਭਾਗੁ)

ਤਲਵੰਡੀ: ਇਸ ਨਾਮ ਦੇ ਅਨੇਕ ਗ੍ਰਾਮ ਹਨ, ਪਰ ਸਿੱਖ ਇਤਿਹਾਸ ਵਿੱਚ ਦੋ ਬਹੁਤ ਪ੍ਰਸਿੱਧ ਹਨ:-

੧. "ਰਾਇਭੋਇ ਕੀ ਤਲਵੰਡੀ," ਜਿਸ ਦਾ ਪਹਿਲਾ ਨਾਮ ਰਾਇਪੁਰ ਸੀ ਅਤੇ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਹੋਣ ਕਰਕੇ ਹੁਣ ਨਨਕਾਨਾ ਜਾਂ ਨਾਨਕਿਆਨਾ[586] (ਨਾਨਕ- ਅਯਨ) ਪ੍ਰਸਿੱਧ ਹੈ. ਇਹ ਜਿਲਾ ਸ਼ੇਖ਼ੂਪੁਰਾ ਵਿੱਚ ਹੈ. ਦੇਖੋ, ਨਾਨਕਿਆਨਾ।

---

[586] ਲੋਕ ਨਨਕਾਣਾ ਅਤੇ ਨਾਨਕਿਆਣਾ ਭੀ ਆਖਦੇ ਹਨ.

੨. ਰਿਆਸਤ ਪਟਿਆਲੇ ਦੀ ਨਜਾਮਤ ਬਰਨਾਲੇ ਵਿੱਚ "ਸਾਬੋ ਕੀ ਤਲਵੰਡੀ," ਜਿਸ ਥਾਂ ਸ੍ਰੀ ਗੁਰੂ ਗੋਬਿੰਦਸਿੰਘ ਸਾਹਿਬ ਕਈ ਮਹੀਨੇ ਵਿਰਾਜੇ ਹਨ. ਇਸ ਦਾ ਨਾਮ ਦਮਦਮਾ ਸਾਹਿਬ (ਗੁਰੂ ਕੀ ਕਾਸ਼ੀ) ਪ੍ਰਸਿੱਧ ਹੈ. ਦੇਖੋ, ਦਮਦਮਾ.

ਤਲਵੰਡੀ ਸਾਬੋ ਕੀ: ਦੇਖੋ, ਤਲਵੰਡੀ ੨.

ਤਲੱਵੁਨ: ਅ਼. تلوّن ਸੰਗਯਾ. ਰੰਗ ਬਰੰਗਾ ਹੋਣਾ। ੨. ਚੰਚਲ ਸੁਭਾਉ. ਇਸ ਦਾ ਮੂਲ ਲੌਨ (ਰੰਗ) ਹੈ.

ਤਲਾ: ਸੰਗਯਾ- ਥੱਲਾ. ਹੇਠਲੀ ਸਤ਼ਹ਼. ਦੇਖੋ, ਤਲ.

ਤਲਾਉ: ਸੰਗਯਾ- ਤਾਲ. ਸਰ. "ਆਗੈ ਅਗਨਿ- ਤਲਾਉ." (ਸਵਾ ਮਃ ੧)

ਤਲਾਸ਼: ਤੁ. تلاش ਸੰਗਯਾ- ਖੋਜ. ਭਾਲ. ਢੂੰਢ.

ਤਲਾਸ਼ੀ: ਤਲਾਸ਼ ਕਰਨ (ਢੂੰਢਣ) ਦੀ ਕ੍ਰਿਯਾ। ੨. ਕਿਸੇ ਚੋਰੀ ਦੀ ਵਸਤੁ ਅਥਵਾ ਰਾਜ ਦੇ ਨਿਯਮ ਵਿਰੁੱਧ ਸਾਮਾਨ ਦੇ ਲੱਭਣ ਲਈ ਸਰਕਾਰੀ ਕਰਮਚਾਰੀਆਂ ਦ੍ਵਾਰਾ ਕਿਸੇ ਦੇ ਘਰ ਦੀ ਦੇਖ ਭਾਲ ਕਰਨ ਦਾ ਭਾਵ.

ਤਲਾਹਾ: ਵਿ- ਥੱਲੇ ਦਾ. ਤਲੇ ਦਾ। ੨. ਕ੍ਰਿ. ਵਿ- ਨੀਚੇ ਵੱਲ. ਥੱਲੇ ਨੂੰ. "ਊਰਧ ਮੂਲ ਜਿਸ ਸਾਖ ਤਲਾਹਾ." (ਗੂਜ ਅਃ ਮਃ ੧) ਦੇਖੋ, ਉਰਧ.

ਤਲਾਕ, ਤ਼ਲਾਕ਼: ਅ਼. طلاق ਸੰਗਯਾ- ਤ਼ਲਕ਼ (ਅਲਗ ਕਰਨ) ਦਾ ਭਾਵ. ਆਜ਼ਾਦੀ. ਛੁਟਕਾਰਾ। ੨. ਇਸਲਾਮ ਮਤ ਅਨੁਸਾਰ ਪਤੀ ਵੱਲੋਂ ਇਸਤ੍ਰੀ ਦਾ ਤਜਾਗ. "ਦਈ ਤਲਾਕ ਪ੍ਰਿਥਮ ਕੀ ਨਾਰੀ." (ਗੁਪ੍ਰਸੂ) ਤ਼ਲਾਕ਼, ਪਤੀ ਵੱਲੋਂ ਹੋ ਸਕਦਾ ਹੈ. ਇਸਤ੍ਰੀ ਪਤੀ ਨੂੰ ਤ਼ਲਾਕ਼ ਨਹੀਂ ਕਰ ਸਕਦੀ. ਮੁਸਲਮਾਨਾਂ ਵਿੱਚ ਤ਼ਲਾਕ਼ ਦੇ ਤਿੰਨ ਭੇਦ ਹਨ:-

੧. ਤ਼ਲਾਕ਼ ਰਜਈ (ਅਰਥਾਤ- ਤ਼ਲਾਕ਼ ਪਿੱਛੋਂ ਪਤੀ ਇਸਤ੍ਰੀ ਨੂੰ ਨਿਕਾਹ਼ ਬਿਨਾ ਹੀ ਫੇਰ ਘਰ ਰਖ ਸਕਦਾ ਹੈ).

੨. ਤ਼ਲਾਕ਼ ਬਾਯਨ (ਅਰਥਾਤ- ਤ਼ਲਾਕ਼ ਪਿੱਛੋਂ ਦੁਬਾਰਾ ਨਿਕ਼ਾਹ ਦੀ ਰਸਮ ਨਾਲ ਪਤੀ ਇਸਤ੍ਰੀ ਨੂੰ ਫੇਰ ਅੰਗੀਕਾਰ ਕਰ ਸਕਦਾ ਹੈ)

੩. ਤ਼ਲਾਕ਼ ਮੁਗ਼ੱਲਿਜਹ (ਅਰਥਾਤ- ਪਤੀ ਤ਼ਲਾਕ਼ੀ ਇਸਤ੍ਰੀ ਨਾਲ ਫੇਰ ਵਿਆਹ ਨਹੀਂ ਕਰ ਸਕਦਾ).

ਤਲਾਤਲ: ਸੰ. ਸੰਗਯਾ- ਸੱਤ ਪਾਤਾਲਾਂ ਵਿੱਚੋਂ ਪੰਜਵਾਂ ਪਾਤਾਲ.

ਤਲਾਨਾ: ਦੇਖੋ, ਤਰਾਨਾ। ੨. ਘੀ ਤੇਲ ਆਦਿ ਵਿੱਚ ਤਲਵਾਉਣਾ.

ਤਲਾਫ਼ੀ: ਅ਼. تلافی ਸੰਗਯਾ- ਪ੍ਰਾਪਤ ਕਰਨਾ. ਪਾਉਣਾ। ੨. ਬਦਲਾ. ਪਲਟਾ.

ਤਲਾਵ: ਦੇਖੋ, ਤਲਾਉ.

ਤਲਾਵਾ: ਅ਼. طلایہ ਤ਼ਲਾਯਹ. ਸੰਗਯਾ- ਸੈਨਾ ਦਾ ਉਹ ਟੋਲਾ, ਜੋ ਸ਼ਹਿਰ ਅਤੇ ਫ਼ੌਜ ਦੀ ਰਖ੍ਯਾ ਲਈ ਚਾਰੇ ਪਾਸੇ ਫਿਰਦਾ ਰਹੇ. "ਤਿਮਿਰ ਵਿਖੇ ਦਿਹੁ ਦੂਰ ਤਲਾਵਾ, ਘੇਰ ਰਖੋ ਚਹੁੰ ਘਾਂਈ." (ਗੁਪ੍ਰਸੂ)

ਤਲਿ: ਕ੍ਰਿ. ਵਿ- ਤਲੇ. ਨੀਚੇ. "ਵਾਸਾ ਆਇਆ ਤਲਿ." (ਸ. ਫਰੀਦ) ਜ਼ਮੀਨ ਹੇਠ ਵਸਣਾ ਆਇਆ. "ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ." (ਕਾਨ ਅਃ ਮਃ ੪) ੨. ਸੰ. ਸ੍ਥਲੀ. ਸੰਗਯਾ- ਥਾਂ. ਜਗਾ. "ਖੇਲਿਗਏ ਸੇ ਪੰਖਣੂ ਜੋ ਚੁਗਦੇ ਸਰਤਲਿ." (ਸ੍ਰੀ ਅਃ ਮਃ ੧) ਸਰਸ੍ਥਲੀ ਵਿੱਚ ਚੁਗਦੇ ਸਨ.

ਤਲਿਕਾ: ਦੇਖੋ, ਜੇਰਬੰਦ.

ਤਲੀ: ਸੰਗਯਾ- ਹਥੇਲੀ. ਦੇਖੋ, ਤਲ ੫. "ਸਿਰ ਧਰਿ ਤਲੀ ਗਲੀ ਮੇਰੀ ਆਉ." (ਸਵਾ ਮਃ ੧) ੨. ਪਾਤਲੀ. ਦੇਖੋ, ਤਲ ੪.

"ਦਾਨੁ ਮਹਿੰਡਾ ਤਲੀਖਾਕੁ." (ਵਾਰ ਆਸਾ) ੩. ਦੇਖੋ, ਤਲਿ ੨.

ਤਲੀਮ: ਦੇਖੋ, ਤਾਲੀਮ.

ਤਲੇ, ਤਲੈ: ਕ੍ਰਿ. ਵਿ- ਥੱਲੇ. ਨੀਚੇ. "ਪਾਵਕ ਤਲੈ ਜਰਾਵਤ ਹੇ." (ਬਿਲਾ ਮਃ ੫) ਸਭਹੂ ਤਲੈ, "ਤਲੈ ਸਭ ਊਪਰਿ." (ਬਿਲਾ ਮਃ ੫) ਅਸੀਂ ਸਭ ਤੋਂ ਨੀਵੇਂ ਅਤੇ ਨੀਚ ਲੋਕ ਸਾਥੋਂ ਉੱਪਰ.

ਤਲੌਰ: ਦੇਖੋ, ਤੁਗਦਾਰੀ.

ਤਲੰਬਾ: ਦੇਖੋ, ਤੁਲੰਬਾ ਅਤੇ ਮਖਦੂਮਪੁਰ.

ਤੱਲ: ਸੰ. तल्ल. ਟੋਆ. ਗੜ੍ਹਾ। ੨. ਤਿਸ ਮੇਂ ਲੀਨ.

ਤੱਲਕਾ: ਅ਼. تعلقّہ ਤਅ਼ੱਲੁਕ਼ਹ. ਸੰਗਯਾ- ਇ਼ਲਾਕ਼ਾ. ਪਰਗਨਾ. ਜਿਲਾ.

ਤਵ: ਸੰ. ਸਰਵ- ਤੁਮ੍ਹਾਰਾ. "ਤਵ ਗੁਨ ਬ੍ਰਹਮ ਬ੍ਰਹਮ ਤੂ ਜਾਨਹਿ." (ਕਲਿ ਅਃ ਮਃ ੪) ਹੇ ਸਭ ਤੋਂ ਵਧੇ ਹੋਏ ਬ੍ਰਹਮ! ਤਵ ਗੁਣ ਤੂ ਜਾਣਹਿਂ. ਦੇਖੋ, ਬ੍ਰਹਮ ਸ਼ਬਦ.

ਤਵਕ, ਤਵੱਕ: ਸੰ. ਤਾਵਕ. ਸਰਵ- ਤੇਰਾ. "ਤਵੱਕ ਨਾਮ ਰੱਤਿਅੰ." (ਵਿਚਿਤ੍ਰ)

ਤਵੱਕਅ, ਤਵੱਕ਼ਅ਼, ਤਵੱਕਾ, ਤਵੱਕ਼ਾ: ਅ਼. توقّع ਸੰਗਯਾ- ਵਕ਼ਅ਼ (ਉਤਰਨ) ਦਾ ਭਾਵ. ਭਰੋਸਾ। ੨. ਉਮੀਦ. ਆਸਾ.

ਤਵੱਕੁਫ਼, ਤਵੱਕ਼ੁਫ਼: ਅ਼. توقّف ਸੰਗਯਾ- ਵਕ਼ਫ਼ (ਠਹਿਰਨ) ਦਾ ਭਾਵ. ਠਹਿਰਨਾ. ਸਸਤਾਉਂਣਾ.

ਤਵੱਜਹ, ਤਵੱਜੁਹ, ਤਵੱਜੋ: ਅ਼. توجّہ ਤਵੱਜੁਹ. ਸੰਗਯਾ- ਵਜਹ (ਮੁਖ ਫੇਰਨ) ਦੀ ਕ੍ਰਿਯਾ. ਧ੍ਯਾਨ. ਰੁਖ਼. ਕਿਸੇ ਗੱਲ ਦੇ ਸੁਣਨ ਜਾਂ ਵੇਖਣ ਲਈ ਹੋਰ ਪਾਸਿਓਂ ਮੂੰਹ ਫੇਰਕੇ ਮੁਤਵੱਜਿਹ ਹੋਣ ਦਾ ਭਾਵ.

ਤਵਨ: ਸਰਵ- ਤੌਨ. ਵਹ. ਸੋ. "ਕਉਰਉ ਹਾਰ ਤਵਨ ਤੇ ਸੂਝਾ." (ਗ੍ਯਾਨ) ਕੈਰਵਾਂ ਨੂੰ ਉਸ ਤੋਂ ਹਾਰ ਦਾ ਹੋਣਾ ਸੁੱਝਿਆ.

ਤਵ ਪ੍ਰਸਾਦ: ਤੇਰੀ ਕ੍ਰਿਪਾ। ੨. ਤੇਰੀ ਦਯਾ ਹੋਵੇ! ਸਿੱਖਧਰਮ ਵਿੱਚ ਇਹ ਪਦ ਭੋਜਨ ਛਕਣ ਅਤੇ ਵਸਤ੍ਰ ਆਦਿ ਪਹਿਰਨ ਸਮੇਂ ਕਹਿਣਾ ਵਿਧਾਨ ਹੈ. ਇਸ ਦਾ ਭਾਵ ਹੈ ਕਿ ਹਰ ਗੱਲ ਵਿੱਚ ਕਰਤਾਰ ਦੇ ਸ਼ੁਕਰ ਗੁਜ਼ਾਰ ਰਹੋ.

ਤਵ ਪ੍ਰਸਾਦਿ: ਤੇਰੀ ਕ੍ਰਿਪਾ ਕਰਕੇ. ਤੇਰੀ ਦਯਾ ਦ੍ਵਾਰਾ.

ਤਵੱਰੁਕ: ਦੇਖੋ, ਤਬੱਰੁਕ. "ਵਹੀ ਤਵੱਰੁਕ ਮੁਝ ਕਉ ਦੀਜੈ." (ਗੁਪ੍ਰਸੂ)

ਤਵੱਲੁਦ: ਅ਼. توّلد ਵਲਦ (ਬੱਚਾ) ਹੋਣਾ. ਉਪਜਣਾ. ਪੈਦਾ ਹੋਣਾ. ਜਨਮਣਾ। ੨. ਜਨਮਿਆਂ.

ਤਵਾ: ਸੰਗਯਾ- ਲੋਹੇ ਦਾ ਗੋਲ ਤੇ ਚਪਟਾ ਵਰਤਣ, ਜਿਸ ਨੂੰ ਚੁਲ੍ਹੇ ਤੇ ਰੱਖਕੇ ਰੋਟੀ ਪਕਾਈਦੀ ਹੈ. "ਦੈਤ ਜਰੇ ਜੈਸੇ ਬੂੰਦ ਤਵਾ ਪੈ." (ਚੰਡੀ ੧) ੨. ਹਾਥੀ ਦੇ ਮੱਥੇ ਪੁਰ ਰਖ੍ਯਾ ਲਈ ਬੰਨ੍ਹਿਆ ਗੋਲ ਲੋਹਾ.

ਤਵਾਂ: ਫ਼ਾ. تواں ਬਲ (ਤਾਕਤ) ਰਖਦੇ ਹਨ. ਕਰ ਸਕਦੇ ਹਨ. ਇਹ ਕ੍ਰਿਯਾ ਦੇ ਆਦਿ ਆਉਂਦਾ ਹੈ, ਯਥਾ- ਤਵਾਂ ਕਰਦ.

ਤਵਾਇਸ: ਤਵ- ਆਇਸ. ਤੇਰੀ ਆਗ੍ਯਾ. "ਅਸ ਕੋ ਜੁ ਤਵਾਇਸਿਅੰ ਮਲਿਅੰ?" (ਵਿਚਿਤ੍ਰ) ਅਜਿਹਾ ਕੌਣ ਹੈ ਜੋ ਤੇਰੀ ਆਗ੍ਯਾ ਨੂੰ ਮਰਦਨ ਕਰੇ (ਰੱਦ ਕਰੇ)?

ਤਵਾਸੀਰ: ਦੇਖੋ, ਤਬਾਸੀਰ.

ਤਵਾਜਾ, ਤਵਾਜੁਅ: ਅ਼. تواضع ਤਵਾਜੁਅ਼. ਸੰਗਯਾ- ਆਦਰ. ਸਨਮਾਨ। ੨. ਮਿਹਮਾਨਦਾਰੀ. ਆਉਭਗਤ. "ਕੀਜੈ ਤਵਾਜਾ,

ਨ ਕੀਜੈ ਗੁਮਾਨ." (ਨਸੀਹਤ) ੩. ਮੁਤਵੱਜਿਹ (متوّجہ) ਦੀ ਥਾਂ ਭੀ ਤਵਾਜਾ ਸ਼ਬਦ ਵਰਤਿਆ ਹੈ. "ਨਿਜ ਦਿਸ ਸ਼ਾਹ ਤਵਾਜਾ." (ਗੁਪ੍ਰਸੂ)

ਤਵਾਨਨ: ਤਵ- ਆਨਨ. ਤੇਰਾ ਮੁਖ.

ਤਵਾਨਮ ਜ਼ੀਸ੍ਤ: ਫ਼ਾ. توانم زیست ਮੈਂ ਜੀ ਸਕਦਾ ਹਾਂ.

ਤਵਾਨੀ: ਫ਼ਾ. توانی ਤੈਥੋਂ ਹੋ ਸਕੇ. ਤੂ ਕਰ ਸਕੇਂ.

ਤਵਾਫ਼, ਤ਼ਵਾਫ਼: ਅ਼. طواف ਸੰਗਯਾ- ਪਰਿਕ੍ਰਮਾ. ਚੱਕਰ ਲਾਉਣਾ. ਘੁੰਮਣਾ.

ਤਵਾਯਫ਼, ਤ਼ਵਾਯਫ਼: ਅ਼. طوائف ਤ਼ਾਇਫ਼ਾ ਦਾ ਬਹੁਵਚਨ. ਚੱਕਰ ਲਾਉਣ ਵਾਲੇ ਟੋਲੇ। ੨. ਨ੍ਰਿਤ੍ਯ ਵਿੱਚ ਘੁੰਮਣ ਵਾਲੀਆਂ ਇਸਤ੍ਰੀਆਂ.[587]

ਤਵਾਰ: ਸੰਗਯਾ- ਭੁਆਟਣੀ. ਗਿਰਦਨੀ. ਚੱਕਰ. "ਖਾਇ ਤਵਾਰ ਧਰਾ ਪਰ ਝੁਮ ਗਿਰੀ." (ਕ੍ਰਿਸਨਾਵ)

ਤਵਾਰੀਖ਼: ਅ਼. تواریخ ਸੰਗਯਾ- ਤਾਰੀਖ਼ ਦਾ ਬਹੁਵਚਨ. ਦਿਨਚਰਯਾ ਦਾ ਹਾਲ. ਇਤਿਹਾਸ. ਉਹ ਕਥਾ, ਜਿਸ ਵਿੱਚ ਤਾਰੀਖ਼ਵਾਰ ਹਾਲ ਲਿਖਿਆ ਹੋਵੇ.

ਤਵਾਲਤ, ਤ਼ਵਾਲਤ: ਅ਼. طوالت ਸੰਗਯਾ- ਤੂਲ (ਲੰਬਾਈ) ਦਾ ਭਾਵ. ਵਿਸ੍ਤਾਰ.

ਤਵਾਲਯ: ਤਵ- ਆਲਯ. ਤੇਰਾ ਘਰ. "ਜੋ ਕਛੁ ਮਾਲ ਤਵਾਲਯ ਸੋ ਅਬ." (ਸਵੈਯੇ ੩੩) ਜੋ ਮਾਲ ਤੇਰੇ ਘਰ ਹੈ.

ਤਵੀ: ਸੰਗਯਾ- ਵਡਾ ਤਵਾ. ਲੋਹ। ੨. ਜੰਮੂ ਨਗਰ ਪਾਸ ਵਹਿਣ ਵਾਲੀ ਇੱਕ ਨਦੀ। ੩. ਤਵੀ ਨਦੀ ਦਾ ਰੇਲਵੇ ਸਟੇਸ਼ਨ, ਜੋ "ਜੰਮੂ ਤਵੀ" ਕਰਕੇ ਸੱਦੀਦਾ ਹੈ. ਇਹ ਸਿਆਲਕੋਟ ਤੋਂ ੨੫ ਅਤੇ ਵਜ਼ੀਰਾਬਾਦ ਤੋਂ ੫੨ ਮੀਲ ਹੈ.

ਤਵੀਤ: ਦੇਖੋ, ਤਾਵੀਜ.

ਤਵੀ ਦੀ ਮਿਸ਼ਰੀ: ਚਾਸ਼ਨੀ ਬਣਾਕੇ ਤਵੀ ਵਿੱਚ ਜਮਾਈ ਹੋਈ ਮਿਸ਼ਰੀ. ਇਹ ਰੋਟੀ ਦੇ ਆਕਾਰ ਦੀ ਮਿਸ਼ਰੀ, ਸ਼ਰਬਤ ਬਣਾਉਣ ਅਤੇ ਦੁੱਧ ਆਦਿ ਵਿੱਚ ਮਿਲਾਉਣ ਲਈ ਵਰਤੀਦੀ ਹੈ.

ਤਵੀਲ, ਤ਼ਵੀਲ: ਅ਼. طویل ਵਿ- ਲੰਮਾ। ੨. ਸੰਗਯਾ- ਬਹੁਤ ਛੰਦਾਂ ਦਾ ਲੰਮਾ ਕਸੀਦਾ। ੩. ਦੇਖੋ, ਬਹਿਰ ਤਵੀਲ। ੪. ਅ਼ਰਬੀ ਦੇ ਕਵੀਆਂ ਨੇ ਤ਼ਵੀਲ ਦਾ ਵਜ਼ਨ ਦੱਸਿਆ ਹੈ:-

"ਫ਼ਊਲੁਨ ਮਫ਼ਾਈਲੁਨ ਫ਼ਊਲੁਨ ਮਫ਼ਾਈਲੁਨ.

ਤਵੇਕ: ਤਵ- ਏਕ. ਤੇਰਾ ਇੱਕ. "ਤਵੇਕ ਨਾਮ ਰੱਤਿਅੰ." (ਵਿਚਿਤ੍ਰ)

ਤਵੰਗਰ: ਫ਼ਾ. توانگر ਵਿ- ਤਵਾਨ (ਤ਼ਾਕ਼ਤ) ਰੱਖਣ ਵਾਲਾ. ਧਨੀ. ਦੌਲਤਮੰਦ.

ਤਵੰਗਰੀ: ਫ਼ਾ. توانگری ਤਵਾਂਗਰੀ. ਸੰਗਯਾ- ਤਵੰਗਰ ਹੋਣ ਦੀ ਦਸ਼ਾ. ਧਨ- ਵਿਭੂਤੀ. ਦੌਲਤਮੰਦੀ.

ਤੜ: ਕ੍ਰਿ. ਵਿ- ਝਟ. ਤੁਰੰਤ. ਫੌਰਨ. "ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ." (ਵਾਰ ਬਿਲਾ ਮਃ ੪) "ਤੜ ਸੁਣਿਆ ਸਭਤੁ ਜਗਤ ਵਿਚਿ." (ਵਾਰ ਗਉ ੧. ਮਃ ੪) ੨. ਮਰਾ. ਸੰਗਯਾ- ਕਿਨਾਰਾ. ਤਟ। ੩. ਸਮਾਪਤੀ. ਅੰਤ। ੪. ਸਿੰਧੀ. ਤਡ. ਸਹਾਰਾ. ਓਟ। ੫. ਸਿੰਧੀ. ਤੜ. ਸਨਾਨ (ਇਸਨਾਨ). ੬. ਸਨਾਨ ਦਾ ਘਾਟ। ੭. ਅਨੁ- ਤੜ ਤੜ ਸ਼ਬਦ. ਤੜਕਾਰ.

[587] ਹੁਣ ਇਹ ਸ਼ਬਦ ਖ਼ਾਸ ਕਰਕੇ ਵੇਸ਼ਯਾ (ਕੰਚਨੀਆਂ) ਦੇ ਟੋਲਿਆਂ ਲਈ ਵਰਤਿਆ ਜਾਂਦਾ ਹੈ.

ਜਿਵੇਂ- ਦਾਣੇ ਤੜ ਤੜ ਭੁਜਦੇ ਹਨ. ਬੰਦੂਕਾਂ ਤੜ ਤੜ ਚਲ ਰਹੀਆਂ ਹਨ.

ਤੜਕ: ਦੇਖੋ, ਤੜਾਕਾ.

ਤੜਕਾ: ਸੰਗਯਾ- ਸਵੇਰਾ. ਭੋਰ. ਪ੍ਰਾਤਹਕਾਲ। ੨. ਤਪੇਹੋਏ ਘੀ ਅਥਵਾ ਤੇਲ ਵਿੱਚ ਕਿਸੇ ਵਸਤੁ ਨੂੰ ਪਕਾਉਣ ਲਈ ਪਾਉਣ ਸਮੇਂ ਹੋਇਆ ਤੜ ਤੜ ਸ਼ਬਦ। ੩. ਛਮਕਾ. ਤੜਕਣ ਦੀ ਕ੍ਰਿਯਾ.

ਤੜਤ, ਤੜਤਾ: ਦੇਖੋ, ਤੜਿਤਾ.

ਤੜਨਾ: ਕ੍ਰਿ- ਬੰਦ ਹੋਣਾ. ਮੁੰਦੇ ਜਾਣਾ। ੨. ਤਪਣਾ। ੩. ਖਿੱਚੇ ਜਾਣਾ. ਕਸੇ ਜਾਣਾ.

ਤੜਫਣਾ, ਤੜਫਨਾ, ਤੜਫੜਾਉਣਾ: ਕ੍ਰਿ- ਵਜਾਕੁਲ ਹੋਕੇ ਤੜਪਨਾ. ਛਟਪਟਾਨਾ. "ਤੜਫਿ ਮੂਆ ਜਿਉ ਜਲ ਬਿਨੁ ਮੀਨਾ." (ਭੈਰ ਮਃ ੫) "ਜਲ ਬਾਝੁ ਮਛੁਲੀ ਤੜਫੜਾਵੈ." (ਰਾਮ ਮਃ ੫. ਰੁਤੀ)

ਤੜਫਿ: ਤੜਫਕੇ. ਦੇਖੋ, ਤੜਫਣਾ.

ਤੜਭੜ: ਕ੍ਰਿ. ਵਿ- ਛੇਤੀ. ਤੁਰੰਤ। ੨. ਸੰਗਯਾ- ਦਾਣੇ ਭੁੱਜਣ ਅਤੇ ਬੰਦੂਕਾਂ ਦੇ ਇੱਕ ਵਾਰ ਚੱਲਣ ਤੋਂ ਹੋਈ ਧੁਨਿ. "ਤੜਭੜ ਭਈ ਵਿਸਾਲ." (ਗੁਪ੍ਰਸੂ)

ਤੜਾਕ: ਦੇਖੋ, ਤੜਾਕਾ। ੨. ਦੇਖੋ, ਤੜਾਗ.

ਤੜਾਕਾ: ਸੰਗਯਾ- ਤੜਕਾਰ. ਤੜ ਤੜ ਸ਼ਬਦ. ਬੰਦੂਕ ਆਦਿ ਦੀ ਧੁਨਿ। ੨. ਤਿੱਖੀ ਧੁੱਪ ਦਾ ਤਾਉ.

ਤੜਾਗ: ਸੰ. ਤਡਾਗ. ਸੰਗਯਾ- ਤਾਲ. ਸਰ. ਤਲਾਉ. ਪੰਜ ਸੌ ਧਨੁਸ਼ ਪ੍ਰਮਾਣ ਜਿਸ ਦਾ ਵਿਸ੍ਤਾਰ ਹੋਵੇ, ਉਸ ਦੀ ਤੜਾਗ ਸੰਗਯਾ ਹੈ. ਧਨੁਸ਼ ਚਾਰ ਹੱਥ ਦਾ ਹੁੰਦਾ ਹੈ.

ਤੜਾਗਪਤਿ: ਸੰਗਯਾ- ਤਾਲਾਂ ਦਾ ਪਤਿ, ਵਰੁਣ. (ਸਨਾਮਾ)

ਤੜਾਗਪਤਿ ਸਸਤ੍ਰ: ਸੰਗਯਾ- ਤਾਲਾਂ ਦਾ ਸ੍ਵਾਮੀ ਵਰੁਣ, ਉਸ ਦਾ ਸ਼ਸਤ੍ਰ ਫਾਹੀ (ਪਾਸ਼). (ਸਨਾਮਾ)

ਤੜਾਗੀ: ਸੰਗਯਾ- ਕਮਰ ਨੂੰ ਘੇਰਣ ਵਾਲੀ ਰੇਸ਼ਮ ਦੀ ਡੋਰੀ ਅਥਵਾ ਸੋਨੇ ਚਾਂਦੀ ਆਦਿ ਧਾਤੁ ਦੀ ਜੰਜੀਰੀ. ਮੇਖਲਾ ਕਾਂਹੀ.

ਤੜਾਲ: ਡਿੰਗ. ਸੰਗਯਾ- ਬਿਜਲੀ. ਤੜਿਤ.

ਤੜਿ: ਕ੍ਰਿ. ਵਿ- ਝਟਿਤ. ਫ਼ੌਰਨ. ਦੇਖੋ, ਤੜ। ੨. ਸੰ. तडि. ਸੰਗਯਾ- ਸੱਟ. ਚੋਟ। ੩. ਵਿ- ਸੱਟ ਮਾਰਨ ਵਾਲਾ.

ਤੜਿਤ, ਤੜਿਤਾ: ਸੰ. तडित- ਤਡਿਤ. ਸੰਗਯਾ- ਬਿਜਲੀ. ਸੌਦਾਮਿਨੀ. "ਕਰਕੀ ਤੜਿਤ ਨਰਨ ਧ੍ਰਿਤਿ ਧਰਖੀ." (ਨਾਪ੍ਰ) ਕੜਕੀ ਬਿਜਲੀ.

ਤੜੀ, ਤੜੀੜ: ਸੰਗਯਾ- ਅੜਿੱਕਾ। ੨. ਧਮਕੀ। ੩. ਬਲ. ਸ਼ਕਤਿ। ੪. ਹ਼ਮਲਾ. ਝਪਟ. "ਕਰ ਤੜੀੜ ਵਹ ਸ਼ਹਿਰੇ ਆਯੋ." (ਪ੍ਰਾਪੰਪ੍ਰ)

ਤਾ: ਸੰਗਯਾ- ਤਾਉ (ਤਾਪ) ਦਾ ਸੰਖੇਪ. ਸੇਕ. ਆਂਚ। ੨. ਸੰ. ਪ੍ਰਤ੍ਯ- ਇਹ ਵਿਸ਼ੇਸ਼ਣ ਅਤੇ ਸੰਗਯਾ ਦੇ ਅੰਤ ਲੱਗਕੇ ਭਾਵ ਅਥਵਾ ਧਰਮ ਬੋਧਨ ਕਰਦਾ ਹੈ. ਪਨ. ਪੁਣਾ. ਜਿਵੇਂ- ਸ਼ਤ੍ਰੁਤਾ, ਮਿਤ੍ਰਤਾ ਆਦਿ. ਦੇਖੋ, ਤਾਮਸਤਾ। ੩. ਵ੍ਯ- ਤਬ. ਤਦ. "ਤਾ ਮੁਖ ਹੋਵੈ ਉਜਲਾ." (ਸ੍ਰੀ ਮਃ ੧) ੪. ਸਰਵ- ਤਿਸ. "ਤਾ ਸਿਉ ਟੂਟੀ ਕਿਉ ਬਨੈ?" (ਸ. ਕਬੀਰ) ੫. ਉਸ ਨੇ. ਤਿਸ ਨੇ. "ਸੂਤ ਮੈਲ ਤੇ ਦੈਤ ਰਚੇ ਜੁਗ ਤਾ." (ਚੰਡੀ ੧) ੬. ਫ਼ਾ. ٺا ਵ੍ਯ- ਤੀਕ. ਤੋੜੀ. ਪਰਯੰਤ. "ਮਿਤ੍ਰੁ ਲੁੜੇਨਿ ਸੁ ਖਾਧਾਤਾ." (ਗਉ ਮਃ ੧) ਖਾਣ ਪਰਯੰਤ. ਜਦ ਖਾਣ ਨੂੰ ਨਾ ਮਿਲੇ ਫਿਰ ਨਹੀਂ ਲੋੜਦੇ.

ਤਾਂ: ਵਜ- ਤਬ. ਤਦ. "ਵਿਦਿਆ ਵੀਚਾਰੀ ਤਾਂ ਪਰਉਪਕਾਰੀ." (ਆਸਾ ਮਃ ੧) ੨. ਤੋ. "ਤੈ ਤਾਂ ਹਦਰਥਿ ਪਾਇਓ ਮਾਨ." (ਸਵੈਯੇ ਮਃ ੨. ਕੇ) ਤੈਨੇ ਤੋ ਹ਼ਜਰਤ (ਗੁਰੂ ਨਾਨਕ) ਤੋਂ ਮਾਨ ਪਾਇਆ ਹੈ.

ਤਾਉ: ਸੰਗਯਾ- ਤਾਪ. ਸੇਕ. ਆਂਚ. "ਭਉ ਖਲਾ ਅਗਨਿ ਤਪ ਤਾਉ." (ਜਪੁ) "ਬਹੁੜਿ ਨ ਪਾਵੈ ਤਾਉ." (ਸ੍ਰੀ ਮਃ ੧) ੨. ਤਪਨ. ਤਪ ਕਰਣ ਦੀ ਕ੍ਰਿਯਾ. "ਅਸੰਖ ਤਪ ਤਾਉ." (ਜਪੁ) ੩. ਕਸ਼੍ਟ. ਖੇਦ. "ਤਾਉ ਦੈ ਬੂਝ ਦੁਹੂੰ ਕਹਿਂ ਭੂਪਤਿ." (ਕ੍ਰਿਸਨਾਵ) ੪. ਕਾਗ਼ਜ ਦਾ ਤਖ਼ਤਾ.

ਤਾਉਣਾ: ਕ੍ਰਿ- ਤਾਪ ਦੇਣਾ. ਤਪਾਉਣਾ.

ਤਾਉੜਾ: ਸੰਗਯਾ- ਮਿੱਟੀ ਦਾ ਉਹ ਬਰਤਨ ਜਿਸ ਵਿੱਚ ਕੋਈ ਚੀਜ਼ ਤਪਾਈਏ. ਚੁਲ੍ਹੇ ਪੁਰ ਚੜ੍ਹਾਉਣ ਦਾ ਭਾਂਡਾ। ੨. ਘੜਾ. ਮਿੱਟੀ ਦਾ ਮਟਕਾ.

ਤਾਉੜੀ: ਸੰਗਯਾ- ਛੋਟਾ ਤਾਉੜਾ. ਮਟਕੀ. ਮੱਘੀ. ਹਾਂਡੀ.

ਤਾਊ: ਸੰਗਯਾ- ਤਾਇਆ. ਪਿਤਾ ਦਾ ਵਡਾ ਭਾਈ। ੨. ਤਾਪ. ਗਰਮੀ। ੩. ਤਪ. ਬੁਖ਼ਾਰ. ਜ੍ਵਰ. "ਪਾਲਾ ਤਾਊ ਕਛੂ ਨ ਬਿਆਪੈ." (ਆਸਾ ਮਃ ੫)

ਤਾਊਸ, ਤ਼ਾਊਸ: ਅ਼. طاؤس ਸੰਗਯਾ- ਮੋਰ. ਮਯੂਰ। ੨. ਮੋਰ ਦੀ ਸ਼ਕਲ ਦਾ ਇੱਕ ਵਾਜਾ, ਜੋ ਗਜ਼ ਨਾਲ ਵਜਾਈਦਾ ਹੈ. ਦੇਖੋ, ਸਾਜ.

ਤਾਊਸ ਤਖ਼ਤ, ਤ਼ਾਊਸ ਤਖਤ: ਦੇਖੋ, ਤਖਤ ਤਾਊਸ ਅਤੇ ਸ਼ਾਹਜਹਾਂ.

ਤਾਊਨ, ਤ਼ਾਊਨ: ਅ਼. طاعوُن ਤ਼ਅ਼ਨ (ਨੇਜੇ ਦੀ ਚੋਭ) ਜੇਹੀ ਚੁਭਣ ਵਾਲੀ ਇੱਕ ਬੀਮਾਰੀ. plague. ਇਹ ਛੂਤ ਦਾ ਰੋਗ ਹੈ. ਇਸ ਦੇ ਕੀੜੇ ਜਦ ਸ਼ਰੀਰ ਵਿੱਚ ਪ੍ਰਵੇਸ਼ ਕਰਦੇ ਹਨ. ਤਦ ਕੱਛੀ, ਚੱਡੇ, ਆਦਿਕ ਵਿੱਚ ਗਿਲਟੀ ਸੁੱਜਕੇ ਫੋੜੇ ਦੀ ਸ਼ਕਲ ਹੋ ਜਾਂਦੀ ਹੈ. ਨਾਲ ਤਾਪ ਅਤੇ ਸਿਰ ਨੂੰ ਘੁਮੇਰੀ ਹੁੰਦੀ ਹੈ. ਕਦੇ ਕਦੇ ਫੇਫੜੇ ਆਦਿਕ ਅੰਗਾਂ ਤੇ ਵੀ ਇਸ ਦਾ ਅਸਰ ਹੁੰਦਾ ਹੈ ਅਤੇ ਬਾਹਰ ਕੋਈ ਫੋੜਾ ਦਿਖਾਈ ਨਹੀਂ ਦਿੰਦਾ. ਇਸ ਰੋਗ ਦੇ ਹੁੰਦੇ ਹੀ ਸਿਆਣੇ ਡਾਕਟਰ ਦੀ ਸਲਾਹ ਨਾਲ ਇਲਾਜ ਕਰਨਾ ਚਾਹੀਏ. ਜੋ ਖੁਲ੍ਹੀ ਹਵਾ ਵਿੱਚ ਰਹਿੰਦੇ ਹਨ, ਘਰ ਨੂੰ ਚੂਹਿਆਂ ਤੋਂ ਸਾਫ ਰਖਦੇ ਹਨ, ਉਨ੍ਹਾਂ ਨੂੰ ਇਸ ਰੋਗ ਦਾ ਕਲੇਸ਼ ਨਹੀਂ ਭੋਗਣਾ ਪੈਂਦਾ.

ਤਾਅਤ. ਤ਼ਾਅ਼ਤ: ਅ਼. طاعت ਸੰਗਯਾ- ਬੰਦਗੀ. ਭਗਤੀ। ੨. ਤਾਬੇਦਾਰੀ. ਅਧੀਨਤਾ.

ਤਾਇ: ਦੇਖੋ, ਤਾਉ। ੨. ਕ੍ਰਿ. ਵਿ- ਤਪਾਕੇ. ਤਾਉ ਦੇਕੇ.

ਤਾਇਆ: ਵਿ- ਤਪਾਇਆ. ਦੁਖੀ ਕੀਤਾ. "ਕਈ ਜੁਗ ਤਿਨੀ ਤਨ ਤਾਇਆ." (ਚੰਡੀ ੧) ੨. ਤਪਿਆ ਹੋਇਆ. "ਸਿਮਰਿ ਚਰਣਾਰ ਬਿੰਦ ਸੀਤਲ ਹੋ ਤਾਇਆ." (ਬਿਲਾ ਮਃ ੫) ੩. ਸੰਗਯਾ- ਪਿਤਾ ਦਾ ਵਡਾ ਭਾਈ. ਤਾਤ.

ਤਇਤ: ਦੇਖੋ, ਤ਼ਾਅ਼ਤ.

ਤਾਇਫਾ: ਚੁਫੇਰੇ ਘੁੰਮਣ ਵਾਲਾ. ਦੇਖੋ, ਤਵਾਯਫ.

ਤਾਈ: ਸੰਗਯਾ- ਤਾਏ ਦੀ ਵਹੁਟੀ। ੨. ਵਜ- ਤੀਕ. ਤੋੜੀ. ਤਕ. "ਭਰਿਆ ਗਲ ਤਾਈ." (ਗਉ ਛੰਤ ਮਃ ੩) ੩. ਲਈ. ਵਾਸਤੇ. ਨਿਮਿੱਤ. "ਕੀਓ ਸੀਗਾਰੁ ਮਿਲਨ ਕੈ ਤਾਈ." (ਬਿਲਾ ਅਃ ਮਃ ੪) ੪. ਵਿ- ਤਅ਼ੱਲੁਕ਼. ਅਧੀਨ. "ਜੀਵਣੁ ਮਰਣਾ ਸਭੁ ਤੁਧੈ ਤਾਈ." (ਮਾਝ ਅਃ ਮਃ ੩) ੫. ਤਾਉ (ਆਂਚ) ਵਿੱਚ. "ਦਝਹਿ ਮਨਮੁਖ ਤਾਈ ਹੇ." (ਮਾਰੂ ਸੋਲਹੇ ਮਃ ੧)

ਤਾਂਈਂ: ਵਜ- ਪ੍ਰਤਿ. ਨੂੰ. ਕੋ। ੨. ਤੀਕ. ਤੋੜੀ. ਤਕ.

ਤਾਈਜਾ: ਤਪਾਇਆ ਜਾਂਦਾ. ਤਪਾਈਦਾ. "ਫਿਰ ਨਾਹੀ ਤਾਈਜਾ ਹੇ." (ਮਾਰੂ ਸੋਲਹੇ ਮਃ ੫) ੨. ਤਾਈ ਦੀ ਧੀ.

ਤਾਈਦ: ਅ਼. تائید ਸੰਗਯਾ- ਐਦ (ਤ਼ਾਕਤ਼) ਪੁਚਾਉਣ ਦੀ ਕ੍ਰਿਯਾ. ਪੁਸ਼੍ਟੀ। ੨. ਸਹਾਇਤਾ. ਇਮਦਾਦ.

ਤਾਏਰ: ਵਿ- ਤਾਏ ਦੇ. ਤਾਏ ਦੇ ਪੁਤ੍ਰ ਆਦਿ.

ਤਾਸ: ਸੰਗ੍ਯਾ- ਇੱਕ ਜ਼ਰਬ਼ਫ਼ਤ (ਜਰੀ ਨਾਲ ਬੁਣਿਆਂ) ਕਪੜਾ, ਜਿਸ ਦਾ ਤਾਣਾ ਰੇਸ਼ਮ ਦਾ ਅਤੇ ਬਾਣਾ ਜ਼ਰੀ ਦੀ ਤਾਰਾਂ ਦਾ ਹੁੰਦਾ ਹੈ. "ਤਾਸ ਬਾਦਲਾ ਚਮਕ ਮਹਾਨੇ." (ਗੁਪ੍ਰਸੂ) ੨. ਸੰ. ਤ੍ਰਾਸ. ਵਿ- ਭਯੰਕਰ. ਡਰਾਵਣਾ. "ਤਾਸ ਨੇਜੇ ਢੁਲੈਂ ਘੋਰ ਬਾਜੇ ਬਜੈਂ ਰਾਮ ਲੀਨੇ ਦਲੈਂ ਆਨ ਢੂਕੇ." (ਰਾਮਾਵ) ੩. ਫ਼ਾ. ਅਤੇ ਅ਼. طاس- تاس ਸੰਗਯਾ- ਥਾਲ। ੪. ਪਿਆਲਾ. ਦੇਖੋ, ਫ੍ਰੈਂਚ tasse. ਪੱਛਮੀ ਪੰਜਾਬੀ ਵਿੱਚ ਪਿਆਲੇ ਨੂੰ ਟਾਸ ਆਖਦੇ ਹਨ। ੫. ਫ਼ਾ. تاش ਤਾਸ਼. ਸਾਥੀ. ਸੰਗੀ। ੬. ਹਿੱਸੇਦਾਰ। ੭. ਸ੍ਵਾਮੀ. ਮਾਲਿਕ. "ਦੁਖਭੰਜਨ ਗੁਣਤਾਸ." (ਬਾਵਨ) ੮. ਦੇਖੋ, ਤਾਸੁ। ੯. ਸਿੰਧੀ. ਪਯਾਸ. ਤ੍ਰਿਸ਼ਾ (ਤ੍ਰਿਖਾ) ੧੦. ਪੱਤਿਆਂ ਦੀ ਇੱਕ ਖੇਡ Playing- card. ਇਸ ਦੇ ਚਾਰ ਰੰਗ ਅਤੇ ੫੨ ਪੱਤੇ ਹੁੰਦੇ ਹਨ.

ਤਾਸਨ: ਸਰਵ- ਤਿਨ੍ਹਾਂ ਨੂੰ. ਉਨ ਕੋ. "ਕੋਠਨ ਪੈ ਨਿਰਖੈਂ ਚਢ ਤਾਸਨ." (ਕ੍ਰਿਸਨਾਵ) ੨. ਦੇਖੋ, ਤ੍ਰਾਸਨ.

ਤਾਸ ਬਾਦਲਾ: ਦੇਖੋ, ਤਾਸ ੧. ਅਤੇ ਬਾਦਲਾ.

ਤਾਸੀਰ: ਅ਼. تاثیر ਤਾਸ਼ੀਰ. ਸੰਗਯਾ- ਅਸਰ ਕਰਨਾ (effect).

ਤਾਸੁ: ਸਰਵ- ਤਸ੍ਯ. ਤਿਸ ਦਾ. ਉਸ ਦੇ. "ਤਾਸੁ ਚਰਨ ਲੇ ਰਿਦੈ ਬਸਾਵਉ." (ਸਵੈਯੇ ਮਃ ੧. ਕੇ) ੨. ਉਹ. ਵਹ. "ਤਾਸੁ ਗੁਰੂ, ਮੈ ਦਾਸ." (ਸ. ਕਬੀਰ) ਉਹ ਗੁਰੂ, ਮੈ ਚੇਲਾ। ੩. ਉਸ ਨੂੰ. ਉਸ ਤਾਂਈਂ. "ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ?" (ਸ੍ਰੀ ਅਃ ਮਃ ੧) ੪. ਸੰ. ਤ੍ਰਾਸ. ਸੰਗਯਾ- ਡਰ. ਭੈ. "ਜਨ ਨਾਨਕ ਨਾਮ ਧਿਆਇ ਤੂ ਸਭ ਕਿਲਵਿਖ ਕਟਹਿ ਤਾਸੁ." (ਵਾਰ ਗਉ ੧. ਮਃ ੪) ੫. ਸੰ. ਤ੍ਰਾਹਿ. ਵ੍ਯ- ਬਚਾਓ. ਰਖ੍ਯਾ ਕਰੋ. "ਤਾਸੁ ਤਾਸੁ ਧਰਮਰਾਇ ਜਪਤ ਹੈ." (ਮਾਰੂ ਮਃ ੩) ਤ੍ਰਾਹਿ ਤ੍ਰਾਹਿ! ਧਰਮਰਾਜ ਬੋਲਦਾ ਹੈ। ੬. ਸੰ. तृषा- ਤ੍ਰਿਸ਼ਾ. ਸੰਗਯਾ- ਤੇਹ. ਪਯਾਸ. ਦੇਖੋ, ਤਾਸ ੯. "ਜਪਿ ਹਰਿ ਚਰਨ ਮਿਟੀ ਖੁਧ ਤਾਸੁ." (ਗਉ ਮਃ ੫) ਭੁੱਖ ਤੇ ਪਯਾਸ। ੭. ਸੰ. ਤ੍ਵਿਸ਼. ਚਮਕ. ਪ੍ਰਕਾਸ਼. "ਊਚਉ ਪਰਬਤ ਗਾਖੜੋ ਨਾ ਪਉੜੀ ਤਿਤੁ ਤਾਸੁ." (ਸ੍ਰੀ ਅਃ ਮਃ ੧) ਨਾ ਪੌੜੀ ਹੈ ਨਾ ਰੌਸ਼ਨੀ.

ਤਾਸੁ ਤਾਸੁ: ਦੇਖੋ, ਤਾਸੁ ੫.

ਤਾਸੁੱਬ: ਦੇਖੋ, ਤਅ਼ੱਸੁਬ.

ਤਾਸੋਂ: ਸਰਵ- ਤਿਸ ਸੇ. ਉਸ ਸੇ.

ਤਾਹ: ਦੇਖੋ, ਤਾਹਣਾ। ੨. ਦੇਖੋ, ਤਾਹਿ.

ਤਾਹਣਾ: ਸੰ. ਤ੍ਰਾਸਨ. ਡਰਾਉਣ ਦੀ ਕ੍ਰਿਯਾ। ੨. ਡਰਾਕੇ ਹਟਾਉਣਾ. ਇਸ ਦੇ ਰੂਪ ਪੰਜਾਬੀ ਵਿੱਚ ਤਾਹੁਣਾ, ਤ੍ਰਾਹਣਾ ਅਤੇ ਤ੍ਰਾਹਿ ਹੋ ਗਏ ਹਨ.

ਤਾਹਮ: ਫ਼ਾ. تاہم ਵ੍ਯ- ਤਾਂਭੀ. ਤੋ ਭੀ. ਫਿਰ ਭੀ.

ਤਾਹਰੀ: ਅ਼. تہریت ਤਹਰੀਤ. ਸੰਗਯਾ- ਰਿੱਝਕੇ ਕੜ੍ਹੀ ਜੇਹਾ ਹੋਇਆ ਮਾਸ. ਮਾਸ ਦੀ ਕੜ੍ਹੀ. "ਤਾਹਰੀ ਔਰ ਪੁਲਾਵ ਘਨੇ." (ਕ੍ਰਿਸਨਾਵ)

ਤਾਹਰੂ: ਦੇਖੋ, ਤਹਿਰੂ. "ਤਾਹਰੂ ਡਾਰ ਜੀਨ ਕਰ ਲੀਨ." (ਗੁਪ੍ਰਸੂ)

ਤਾਹਾ: ਕ੍ਰਿ. ਵਿ- ਤਹਾਂ. ਉੱਥੇ. "ਜਨਮ ਮਰਨ ਨ ਤਾਹਾ." (ਬਿਲਾ ਛੰਤ ਮਃ ੫) ੨. ਸਰਵ- ਉਸ ਦੇ. ਤਿਸ ਦੇ. "ਨਾਮਰਤਨ

ਮਨਿ ਤਾਹਾ ਹੇ." (ਮਾਰੂ ਸੋਲਹੇ ਮਃ ੩) ੩. ਉਸ ਤੋਂ. ਉਸ ਪਾਸੋਂ. "ਲੇਖਾ ਕੋਇ ਨ ਮੰਗੈ ਤਾਹਾ ਹੇ." (ਮਾਰੂ ਸੋਲਹੇ ਮਃ ੩)

ਤਾਹਿ, ਤਾਂਹਿ: ਸਰਵ- ਉਸ ਨੂੰ. ਉਸੇ. "ਤਾਹਿ ਕਹਾ ਪਰਵਾਹ ਕਾਹੂ ਕੀ ਜਾਕੈਬਸੀਸਿ ਧਰਿਓ ਗੁਰਿ ਹਥੁ." (ਸਵੈਯੇ ਮਃ ੪. ਕੇ) ਜਿਸ ਦੇ ਅਬ ਸਿਰ ਤੇ ਗੁਰੂ ਨੇ ਹੱਥ ਰੱਖਿਆ.

ਤਾਹਿਆ: ਡਰਾਕੇ ਭਜਾਇਆ.

ਤਾਹਿਰ, ਤ਼ਾਹਿਰ: ਅ਼. طاہر ਵਿ- ਪਾਕ. ਪਵਿਤ੍ਰ.

ਤਾਹਿਰੀ: ਵਿ- ਪਵਿਤ੍ਰਤਾ ਵਾਲਾ. ਪਵਿਤ੍ਰਾਤਮਾ. ਦੇਖੋ, ਤ਼ਾਹਿਰ। ੨. ਦੇਖੋ, ਤਾਹਰੀ.

ਤਾਹੀ: ਵਜ- ਤਬ ਹੀ. ਤਭੀ. "ਅੰਤਰ ਕੀ ਗਤਿ ਤਾਹੀ." (ਸੋਰ ਮਃ ੧) ਅੰਦਰ ਦੀ ਸ਼ੁੱਧੀ ਤਬ ਹੀ। ੨. ਤਹਾਂ ਹੀ ਓਥੇ ਹੀ. "ਠਾਕੁਰ, ਜਾਂ ਸਿਮਰਾ ਤੂੰ ਤਾਹੀ." (ਗੂਜ ਮਃ ੫) "ਨਾਨਕ ਮਨ ਲਾਗਾ ਹੈ ਤਾਹੀ." (ਬਿਲਾ ਮਃ ੫) ੩. ਤਿਸੀ. ਉਸੀ. "ਤਾਹੀ ਸਮੇਤ ਹਨੇ ਤੁਮ ਕੋ." (ਕ੍ਰਿਸਨਾਵ)

ਤਾਹੁਣਾ: ਦੇਖੋ, ਤਾਹਣਾ.

ਤਾਹੂ: ਵਿ- ਤਾਹਣ ਵਾਲਾ. ਦੇਖੋ, ਤਾਹਣਾ। ੨. ਸਰਵ- ਵਹੀ. ਓਹੀ. "ਤਾਹੂ ਖਰੇ ਸੁਜਾਣ." (ਸਵਾ ਮਃ ੧) ੩. ਤਿਸੇ ਹੀ. ਉਸੇ ਹੀ. "ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ." (ਸੂਹੀ ਮਃ ੫) ੪. ਤਿਸ ਦੇ. ਉਸ ਦੇ. "ਸਗਲ ਮਨੋਰਥ ਪੂਰਨ ਤਾਹੂ." (ਸਾਰ ਮਃ ੫) ੫. ਵਜ- ਤਾਹਮ. ਤੌਭੀ. ਤਿਸ ਪਰ ਭੀ "ਜੇ ਤੂ ਤਾਰੂ ਪਾਣਿ, ਤਾਹੂ ਪੁਛੁ ਤਿੜੰਨਕਲ." (ਸਵਾ ਮਃ ੧) ਜੇ ਤੂੰ ਪਾਣੀ ਦਾ ਆਪ ਤਾਰੂ ਹੈਂ, ਤਾਂਭੀ ਤਰਣਵਿਦਯਾ ਪੁੱਛ.

ਤਾਕ: ਸੰਗਯਾ- ਅਵਲੋਕਨ. ਤੱਕਣ ਦੀ ਕ੍ਰਿਯਾ. ਨਜਰ ਦੀ ਟਕ। ੨. ਖੋਜ. ਤਲਾਸ਼. ਭਾਲ। ੩. ਕ੍ਰਿ. ਵਿ- ਤੱਕਕੇ. ਦੇਖਕੇ. "ਰੀਝਤ ਤਾਕ ਬਡੇ ਨ੍ਰਿਪ ਐਸਹਿ." (ਅਜਰਾਜ) ੪. ਅ਼. طاق ਤ਼ਾਕ਼. ਮਿਹਰਾਬ. ਡਾਟ। ੫. ਡਾਟਦਾਰ ਮਕਾਨ। ੬. ਤਾਕੀ. ਦਰੀਚੀ। ੭. ਆਲ੍ਹਾ. ਆਲਮਾਰੀ। ੮. ਕਪਾਟ. ਖਿੜਕੀ. "ਉਘਰਿਗਏ ਬਿਖਿਆ ਕੇ ਤਾਕ." (ਕਾਨ ਮਃ ੪) ੯. ਵਿ- ਅਦੁਤੀ. ਲਾਸਾਨੀ. "ਵਰਤੈ ਤਾਕ ਸਬਾਇਆ." (ਮਾਰੂ ਸੋਲਹੇ ਮਃ ੧) ੧੦. ਖਾਸ. ਮਖ਼ਸੂਸ। ੧੧. ਅ਼ਜੀਬ। ੧੨. ਟੌਂਕ. ਵਿਖਮ. ਤਾਖ. ਜੈਸੇ ਇੱਕ, ਤਿੰਨ, ਪੰਜ ਆਦਿ। ੧੩. ਸੰ. ताक. ਸੰਗਯਾ- ਸੰਤਾਨ. ਔਲਾਦ। ੧੪. ਸਿੰਧੀ. ਤਾਕ. ਮਾਰਗ. ਰਾਹ। ੧੫. ਲਹਿੰਦੀ ਪੰਜਾਬੀ ਵਿੱਚ ਤਾਕ ਦਾ ਅਰਥ ਨਿਪੁਣ ਹੈ. ਜਿਵੇਂ- ਉਹ ਗੁਣਾਂ ਵਿੱਚ ਤਾਕ ਹੈ.

ਤਾਕਤ, ਤ਼ਾਕ਼ਤ: ਅ਼. طاقت ਸੰਗਯਾ- ਜ਼ੋਰ. ਬਲ। ੨. ਸਾਮਰਥ੍ਯ. ਸ਼ਕਤਿ.

ਤਾਕਰ: ਸਰਵ- ਤਿਸ ਦਾ. ਉਸ ਦਾ. "ਜੜ੍ਹ! ਜਾਪ ਤਾਕਰ ਜਾਪ." (ਬ੍ਰਹਮਾਵ)

ਤਾਕਿ: ਕ੍ਰਿ. ਵਿ- ਤਥ- ਕਿ. ਤਿਸ ਕਰਕੇ। ੨. ਤੱਕ (ਦੇਖ) ਕੇ.

ਤਾਕੀ: ਸਰਵ- ਉਸ ਦੀ. ਤਾਂਕੀ. "ਤਾਕੀ ਸਰਨਿ ਪਰਿਓ ਨਾਨਕ ਦਾਸ." (ਬਿਲਾ ਮਃ ੫) ੨. ਉਸ ਦੇ. ਤਾਂਕੇ. "ਆਦਿ ਜੁਗਾਦਿ ਭਗਤਜਨ ਸੇਵਕ ਤਾਕੀ ਬਿਖੈ ਅਧਾਰਾ." (ਦੇਵ ਮਃ ੫) ਤਾਂਕੇ ਵਿਸ਼ਯ ਆਧਾਰ। ੩. ਸੰਗਯਾ- ਛੋਟਾ ਤਾਕ। ੪. ਤੱਕੀ. ਤਕਾਈ. ਦੇਖੀ. ਦੇਖੋ, ਤਕਣਾ. "ਏਕ ਬਾਤ ਸੁਨਿ ਤਾਕੀ ਓਟਾ." (ਗਉ ਮਃ ੫) ੫. ਅ਼. طاقی ਤ਼ਾਕ਼ੀ ਦੋ ਰੰਗੀ ਅੱਖਾਂ ਵਾਲਾ ਘੋੜਾ। ੬. ਉੱਚੀ ਟੋਪੀ.

ਤਾਕੀਦ: ਅ਼. تاکید ਅਕਦ (ਮਜਬੂਤ਼) ਕਰਨ ਦੀ ਕ੍ਰਿਯਾ. ਪੱਕ ਕਰਨਾ. ਬਾਰ ਬਾਰ ਦ੍ਰਿੜ੍ਹ ਕਰਾਉਣ ਦਾ ਭਾਵ.

ਤਾਕੁ: ਦੇਖੋ, ਤਾਕ ੮. "ਗੁਰੁ ਬਿਨੁ ਮਨਕਾ ਤਾਕੁ ਨ ਉਘੜੈ." (ਵਾਰ ਸਾਰ ਮਃ ੨) "ਖੁਲੈ ਭਰਮ ਤਾਕੁ." (ਵਾਰ ਰਾਮ ੨. ਮਃ ੫) ੨. ਦੇਖੋ, ਤਾਕ ੯.

ਤਾਕੁਬ: ਦੇਖੋ, ਤਆ਼ਕੁਬ. ,

ਤਾਕੈ: ਸਰਵ- ਉਸ ਦੇ. ਤਾਂਕੇ। ੨. ਤੱਕਦਾ ਹੈ. ਦੇਖੋ, ਤਕਣਾ. "ਛਾਇਆ ਧਨ ਤਾਕੈ." (ਤੁਖਾ ਬਾਰਹਮਾਹਾ)

ਤਾਕੋਤਾਕੁ: ਪੂਰਣ ਨਿਪੁਣ. ਗੁਣਾਂ ਵਿੱਚ ਚੰਗੀ ਤਰਾਂ ਪੱਕਾ। ੨. ਪੂਰਾ ਅਦੁਤੀ. ਇੱਕੋ ਇੱਕ. ਦੇਖੋ, ਤਾਕ ੯. ਅਤੇ ੧੫. "ਵਰਤੈ ਤਾਕੋਤਾਕੁ." (ਵਾਰ ਆਸਾ)

ਤਾਖ: ਦੇਖੋ, ਤਾਕ ੧੨.

ਤਾਖ਼ਤ: ਫ਼ਾ. تاخت ਸੰਗਯਾ- ਦੌੜ. ਭਾਜ। ੨. ਫੌਜ ਦਾ ਹੱਲਾ। ੩. ਲੁੱਟ ਮਾਰ.

ਤਾਖ਼ਤਨ: ਫ਼ਾ. تاختن ਕ੍ਰਿ- ਦੌੜਨਾ. ਨੱਠਣਾ। ੨. ਦੌੜਾਣਾ. ਨਠਾਉਣਾ.

ਤਾਖ਼ਤੀ: ਤੂੰ ਦੌੜਿਆ. ਨੱਠਿਆ. ਦੇਖੋ, ਤਾਖ਼ਤਨ। ੨. ਭਾਜ. ਦੌੜ. ਭਾਵ- ਕੂਚ. ਧਾਵਾ. ਦੇਖੋ ਤਾਖ਼ਤ ਅਤੇ ਤਾਖ਼ਤਨ. "ਇਕਨੀ ਬਧੇ ਭਾਰ ਇਕਨਾ ਤਾਖਤੀ." (ਵਾਰ ਮਾਝ ਮਃ ੧)

ਤਾਖ਼ੀਰ: ਅ਼. تاخیر ਸੰਗਯਾ- ਅਖ਼ਰ (ਪਿੱਛੇ ਹਟਣ) ਦਾ ਭਾਵ. ਦੇਰੀ. ਢਿੱਲ.

ਤਾਗ: ਸੰਗਯਾ- ਤਾਗਾ. ਡੋਰਾ। ੨. ਭਾਵ- ਜਨੇਊ. "ਛੂਰੀ ਵਗਾਇਨਿ ਤਿਨ ਗਲਿ ਤਾਗ." (ਵਾਰ ਆਸਾ)

ਤਾਗਰੀ: ਸੰਗਯਾ- ਤਾਗਿਆਂ ਦੀ ਗੁੰਦੀ ਹੋਈ ਜਾਲੀ, ਜੋ ਪੰਛੀ ਦੇ ਪਿੰਜਰੇ ਉੱਪਰ ਪਾਈਦੀ ਹੈ। ੨. ਤੜਾਗੀ। ੩. ਫ਼ਾ. تغاری ਤਗ਼ਾਰੀ. ਮਿੱਟੀ ਦੀ ਥਾਲੀ ਅਥਵਾ ਪਰਾਤ. ਸਾਨ੍ਹਕੀ.

ਤਾਗੜੀ: ਕਟਿਸੂਤ੍ਰ. ਦੇਖੋ, ਤੜਾਗੀ.

ਤਾਗਾ: ਸੰਗਯਾ- ਡੋਰਾ. ਤੰਤੁ. ਧਾਗਾ. "ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ." (ਸ. ਕਬੀਰ) ਇਸ ਥਾਂ ਖਿੰਥਾ ਦੇਹ ਹੈ. ਚੇਤਨਸੱਤਾ ਤਾਗਾ ਹੈ. ੨. ਸੰ. ਤਜ੍ਞ- ਤਗਯ. ਵਿ- ਤਤ੍ਵਗ੍ਯ. ਤਤ੍ਵ ਦੇ ਜਾਣਨ ਵਾਲਾ "ਜਿਸਹਿ ਧਿਆਇਆ ਪਾਰਬ੍ਰਹਮ ਸੋ ਕਲਿ ਮਹਿ ਤਾਗਾ." (ਵਾਰ ਰਾਮ ੨. ਮਃ ੫) ੩. ਗ੍ਯਾਨੀ. ਗ੍ਯਾਤਾ "ਸਗਲ ਘਟਾ ਮਹਿ ਤਾਗਾ." (ਧਨਾ ਮਃ ੫) ਇਸ ਥਾਂ ਗ੍ਯਾਤਾ ਤੋਂ ਭਾਵ ਅੰਤਰਯਾਮੀ ਕਰਤਾਰ ਹੈ। ੪. ਤੁਗਣਾ ਦਾ ਭੂਤਕਾਲ. ਤੁਗਿਆ ਨਿਭਿਆ.

ਤਾਗੀਦ: ਦੇਖੋ, ਤਾਕੀਦ.

ਤਾਗੂ: ਸੰਗਯਾ- ਕੱਚ ਆਦਿ ਦੀ ਲਾਗ ਵਾਲਾ ਤਾਗਾ ਹੈ ਜਿਸ ਦੇ ਪਾਸ, ਐਸਾ ਚੋਰ. ਇਸ ਤਾਗੇ ਨਾਲ ਜੰਦ੍ਰਾ ਬੇੜੀ ਆਦਿ ਆਸਾਨੀ ਨਾਲ ਕੱਟਿਆ ਜਾ ਸਕਦਾ ਹੈ.

ਤਾਗੇ: ਤਾਗਾ ਦਾ ਬਹੁਵਚਨ. ਦੇਖੋ ਤਾਗਾ। ੨. ਤਗ੍ਯ (ਤਤ੍ਵਗ੍ਯਾਤਾ) ਹੋਏ. "ਸਦਾ ਹਰਿਜਨ ਤਾਗੇ." (ਆਸਾ ਛੰਤ ਮਃ ੫) ੩. ਤੁਗੇ. ਨਿਭੇ.

ਤਾਗੋ: ਤਗ੍ਯ- ਹੋਵੋ. ਜਾਣਨ ਵਾਲੇ ਬਣੋ. "ਕਾਲ ਜਾਲ ਤੇ ਤਾਗੋ." (ਹਜਾਰੇ ੧੦) ੨. ਤੁਗੋ. ਨਿਭੋ.

ਤਾਂਘ: ਸੰਗਯਾ- ਬਲ. ਸ਼ਕਤਿ। ੨. ਇੱਛਾ। ੩. ਉਡੀਕ. ਇੰਤਜਾਰੀ. ਇਨ੍ਹਾਂ ਸ਼ਬਦਾਂ ਦਾ ਮੂਲ ਸੰ. ਤ੍ਰਖ੍ ਧਾਤੁ ਹੈ, ਜਿਸ ਦਾ ਅਰਥ ਹੈ ਜਾਣਾ.

ਤਾਚੀ: ਸਰਵ- ਤਿਸ ਦੀ. ਉਸ ਦੀ. ਕਹਿਤ ਨਾਮਦੇਉ ਤਾਚੀ ਆਣਿ." (ਸਾਰ) ੨. ਦੇਖੋ, ਤਚੀ.

ਤਾਚੇ: ਸਰਵ- ਉਸ ਦੇ. ਤਿਸ ਦੇ. "ਹਮ ਵਣਜਾਰੇ ਹਹਿ ਤਾਚੇ." (ਗਉ ਮਃ ੪) ੨. ਤਿਸ ਤੋਂ. ਉਸ ਤੋਂ. "ਤਾਚੇ ਹੰਸਾ ਸਗਲੇ ਜਨਾ." (ਧਨਾ ਨਾਮਦੇਵ) ੩. ਕ੍ਰਿ. ਵਿ- ਤਾਂਤੇ. ਇਸ ਲਈ. "ਤਾਚੇ ਮੋਹਿ ਜਾਪੀਅਲੇ ਰਾਮਚੇ ਨਾਮੰ." (ਧਨਾ ਤ੍ਰਿਲੋਚਨ)

ਤਾਚੋ: ਤਿਸ ਦਾ. ਉਸ ਦਾ। ੨. ਉਸ ਨੂੰ. "ਤਾਚੋ ਮਾਰਗ ਨਾਹੀ." (ਆਸਾ ਧੰਨਾ)

ਤਾਛੀ: ਤਸ਼ਕ (ਤੱਛਕ) ਦੀ ਕੰਨਜਾ। ੨. ਸੰ. ਤ੍ਵਾਸ਼ਟ੍ਰੀ. ਤ੍ਵਸ਼੍ਟਾ (ਵਿਸ਼੍ਵਕਰਮਾ) ਦੀ. "ਕੈ ਇਹ ਕਿੰਨਰ ਕੀ ਦੁਹਿਤਾ ਕਿਧੌਂ ਨਾਗਨ ਕੀ ਕਿਧੌਂ ਹੈ ਇਹ ਤਾਛੀ." (ਕ੍ਰਿਸਨਾਵ)

ਤਾਜ: ਅ਼. تاج ਸੰਗਯਾ. ਮੁਕੁਟ. ਬਾਦਸ਼ਾਹ ਦੇ ਸਿਰ ਦਾ ਭੂਸ਼ਣ. "ਤਾਜ ਕੁਲਹ ਸਿਰਿ ਛਤ੍ਰ ਬਨਾਵਉ." (ਗਉ ਅਃ ਮਃ ੧) ੨. ਦੇਖੋ, ਸ਼ਾਹਜਹਾਂ.

ਤਾਜਣ, ਤਾਜਨ, ਤਾਜਨਿ: ਸੰਗਯਾ- ਤਾਜ਼ੀ ਦੀ ਮਦੀਨ. ਅ਼ਰਬ ਦੀ ਘੋੜੀ. ਦੇਖੋ, ਤਾਜੀ. "ਇਕ ਤਾਜਨਿ ਤੁਰੀ ਚੰਗੇਰੀ." (ਧਨਾ ਧੰਨਾ) ੨. ਫ਼ਾ. تازیانہ ਤਾਜ਼ਯਾਨਹ. ਕੋਰੜਾ. ਚਾਬੁਕ. "ਤਾਜਨ ਮਾਰ ਪਹੂਚਤੋ ਜਾਇਕੈ. (ਚਰਿਤ੍ਰ ੨੩੮)

ਤਾਜਮਹਲ: ਦੇਖੋ, ਸ਼ਾਹਜਹਾਂ.

ਤਾਜਰ: ਅ਼. تاجر ਤਾਜਿਰ. ਸੰਗਯਾ- ਤਜਾਰਤ ਕਰਨ ਵਾਲਾ. ਵਪਾਰੀ.

ਤਾਜਾ: ਫ਼ਾ. تازہ ਤਾਜ਼ਹ. ਵਿ- ਨਵਾਂ. ਨਵੀਨ. ਸੱਜਰਾ.

ਤਾਜੀ: ਵਿ- ਨਵੀਂ. ਸੱਜਰੀ। ੨. ਫ਼ਾ. تازی ਸੰਗਯਾ- ਅਰਬ ਦੇਸ਼ ਦੀ ਬੋਲੀ। ੩. ਅ਼ਰਬ ਦਾ ਸ਼ਿਕਾਰੀ ਕੁੱਤਾ। ੪. ਅ਼ਰਬੀ ਘੋੜਾ. "ਤਾਜੀ ਤੁਰਕੀ ਸੁਇਨਾ ਰੁਪਾ." (ਗਉ ਮਃ ੧) ੫. ਸੰ. ਤਾਜਿਕ. ਫ਼ਾਰਸ ਦੇਸ਼ ਦਾ.

ਤਾਜੀਆ: ਅ਼. تعزیہ ਤਅ਼ਜ਼ੀਯਹ. ਸੰਗਯਾ- ਮਾਤਮ. ਸ਼ੋਕ। ੨. ਸ਼ੋਕ ਦੇ ਦਿਨ। ੩. ਖ਼ਾਸ ਕਰਕੇ ਮੁਹ਼ੱਰਮ ਦੇ ਦਿਨੀਂ ਇਮਾਮ ਹੁਸੈਨ ਦੇ ਸ਼ੋਕ ਵਿੱਚ ਕੱਢਿਆ ਵਿਮਾਨ, ਜੋ ਮਕਬਰੇ ਦੀ ਸ਼ਕਲ ਦਾ ਹੁੰਦਾ ਹੈ. ਤਾਜੀਏ ਬਣਾਉਣ ਦੀ ਰੀਤਿ ਮੁਖ਼ਤਾਰ ਬਿਨ ਅਬੂ ਅ਼ਬੈਦੁੱਲਾ ਨੇ ਚਲਾਈ ਹੈ. ਦੇਖੋ, ਇਸਲਾਮ ਦੇ ਫਿਰਕੇ ਅੰਗ (ਅ) ੯.

ਤਾਜੀਆਨਾ: ਦੇਖੋ, ਤਾਜਨ ੨.

ਤਾਜੀਮ: ਅ਼. تعظیم ਤਅ਼ਜੀਮ. ਅ਼ਜਮਤ (ਵਡਾਈ) ਕਰਨ ਦੀ ਕ੍ਰਿਯਾ. ਸਨਮਾਨ। ੨. ਅਦਬ.

ਤਾਜੀਮੀ ਸਰਦਾਰ: ਸੰਗਯਾ- ਉਹ ਸਰਦਾਰ, ਜਿਸ ਦੀ ਦਰਬਾਰ ਵਿੱਚ ਮਹਾਰਾਜਾ ਖਲੋਕੇ ਨਜ਼ਰ ਲਵੇ.

ਤਾਜੀਰ: ਦੇਖੋ, ਤਜੀਰ.

ਤਾਜੁੱਬ: ਦੇਖੋ, ਤਅ਼ੱਜੁਬ.

ਤਾਟਤ: ਤਾੜਤ. ਤਾੜਨਾ ਕਰਦਾ. "ਤਾਟਤ ਹੈ ਸਭ ਕੋ." (ਕ੍ਰਿਸਨਾਵ)

ਤਾਟੰਕ: ਸੰ. ਤਾਟਕ ਅਤੇ ਤਾਡੰਕ. ਸੰਗਯਾ- ਕਰਨਫੂਲ. ਤਨੌੜਾ. ਇਸਤ੍ਰੀਆਂ ਦੇ ਕੰਨਾਂ ਦਾ ਗਹਿਣਾ। ੨. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੩੦ ਮਾਤ੍ਰਾ, ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੪. ਪੁਰ, ਅੰਤ ਮਗਣ SSS.

ਉਦਾਹਰਣ-

ਜਿਉ ਜਿਉ ਜਪੈ ਤਿਵੈ ਸੁਖੁ ਪਾਵੈ,

ਸਤਿਗੁਰੁ ਸੇਵਿ ਸਮਾਵੈਗੋ,

ਭਗਤਜਨਾ ਕੀ ਖਿਨੁ ਖਿਨੁ ਲੋਚਾ,

ਨਾਮੁ ਜਪਤ ਸੁਖ ਪਾਵੈਗੋ. ××× (ਕਾਨ ਅਃ ਮਃ ੪)

(ਅ) ਤਾਟੰਕ ਦਾ ਦੂਜਾ ਭੇਦ. ਅੰਤ ਮਗਣ ਦੀ ਥਾਂ ਕੇਵਲ ਇੱਕ ਗੁਰੁ ਦਾ ਨਿਯਮ.

ਉਦਾਹਰਣ-

ਅੰਤਰਿ ਸਬਦ ਨਿਰੰਤਰਿ ਮੁੰਦ੍ਰਾ.

ਹਉਮੈ ਮਮਤਾ ਦੂਰਿ ਕਰੀ,

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ,

ਗੁਰ ਕੈ ਸਬਦਿ ਸੁ ਸਮਝ ਪਰੀ,

ਖਿੰਥਾ ਝੋਲੀ ਭਰਿਪੁਰਿ ਰਹਿਆ,

ਨਾਨਕ ਤਾਰੈ ਏਕੁ ਹਰੀ,

ਸਾਚਾ ਸਾਹਿਬੁ ਸਾਚੀ ਨਾਈ,

ਪਰਖੈ ਗੁਰ ਕੀ ਬਾਤ ਖਰੀ (ਸਿਧਗੋਸਟਿ)

ਤਾਡਕਾ: ਦੇਖੋ, ਤਾਰਕਾ ੨. ਅਤੇ ਤਾੜਕਾ.

ਤਾਂਡਵ: ਸੰ. ताण्डव. ਸੰਗਯਾ- ਤੰਡਰਿਖੀ ਦੀ ਚਲਾਈ ਹੋਈ ਨੱਚਣ ਦੀ ਰੀਤਿ. ਉਛਲਵਾਂ ਨਾਚ. ਕੁਦਾੜੀਆਂ ਮਾਰਕੇ ਨੱਚਣ ਦੀ ਕ੍ਰਿਯਾ. ਸੰਗੀਤ ਵਿੱਚ ਇਹ ਭੀ ਲਿਖਿਆ ਹੈ ਕਿ ਆਦਮੀਆਂ ਦਾ ਨਾਚ ਤਾਂਡਵ ਅਤੇ ਇਸਤ੍ਰੀਆਂ ਦਾ ਲਾਸ੍ਯ ਹੈ. "पुं नृत्य ताण्डव प्रोकतं स्त्री नृत्यं लास्यमुच्यते". ਸ਼ਿਵਜੀ ਨੂੰ ਇਹ ਨਾਚ ਬਹੁਤ ਪਯਾਰਾ ਹੈ. "ਹਰ ਨਚੈ ਪਰਲੈ ਤਾਂਡਵਾ." (ਸਲੋਹ)

ਤਾਣ: ਬਲ ਸ਼ਕਤਿ. ਦੇਖੋ, ਤਾਨ ੧. "ਤਾਣ ਹੋਂਦੇ ਹੋਇ ਨਿਤਾਣਾ." (ਸ. ਫਰੀਦ) ੨. ਤਣਨ ਦਾ ਭਾਵ. ਦੇਖੋ, ਤਣਨਾ। ੩. ਦੇਖੋ, ਤਾਣੁ। ੪. ਦੇਖੋ, ਤ੍ਰਾਣ.

ਤਾਣਨਾ: ਕ੍ਰਿ- ਖਿੱਚਣਾ। ੨. ਫੈਲਾਉਣਾ. ਪਸਾਰਨਾ. ਦੇਖੋ, ਯੂ. teino.

ਤਾਣਾ: ਸੰਗਯਾ- ਤਣੇ ਹੋਏ ਤੰਤੂਆਂ (ਤੰਦਾਂ) ਦਾ ਸਮੁਦਾਇ। ੨. ਕਪੜੇ ਦੇ ਲੰਮੇ ਰੁਖ਼ ਦੇ ਤੰਦ.

ਤਾਣਾ ਬਾਣਾ, ਤਾਣਾ ਵਾਣਾ: ਤਾਣਾ ਅਤੇ ਪੇਟਾ. ਸੰ. ਤਾਨਵਾਨ. ਓਤਪ੍ਰੋਤ. (warp and woof) "ਇੱਕ ਸੂਤ ਕਰ ਤਾਣਾ ਵਾਣਾ." (ਭਾਗੁ)

ਤਾਣਿ: ਫੈਲਾਕੇ. ਭਾਵ- ਹੱਥ ਵਧਾਕੇ. "ਓਨੀ ਤੁਪਕ ਤਾਣਿ ਚਲਾਈ." (ਆਸਾ ਅਃ ਮਃ ੧) ਦੇਖੋ, ਤਾਣਨਾ.

ਤਾਣੀ: ਸੰਗਯਾ- ਕਪੜੇ ਦਾ ਲੰਮੇ ਰੁਖ਼ ਤਣਿਆ ਹੋਇਆ ਸੂਤ.

ਤਾਣੁ: ਬਲ. ਦੇਖੋ, ਤਾਣ ੧. "ਤਾਣੁ ਤਨੁ ਖੀਨ ਭਇਆ." (ਬਿਹਾ ਛੰਤ ਮਃ ੫) ੨. ਸਾਮਰਥ੍ਯ। ੩. ਦੇਖੋ, ਤਾਣਾ. "ਕੂੜੈ ਕਤਿਐ ਕੂੜਾ ਤਣੀਐ ਤਾਣੁ." (ਵਾਰ ਸੂਹੀ ਮਃ ੫)

ਤਾਤ: ਕ੍ਰਿ. ਵਿ- ਤਤਕਾਲ ਦਾ ਸੰਖੇਪ. ਫ਼ੌਰਨ. ਤੁਰੰਤ. "ਬਿਖ ਖਾਤ ਮਰ ਜਾਤ ਤਾਤ." (ਭਾਗੁ ਕ) ੨. ਵਿ- ਤਪ੍ਤ. ਤਪਿਆ ਹੋਇਆ. "ਮਨੋ ਤਾਤ ਤਵਾ ਪਰ ਬੂੰਦ ਪਰੀ." (ਰਾਮਾਵ) ਤੱਤੇ ਤਵੇ ਤੇ ਬੂੰਦ ਪਈ। ੩. ਸੰਗਯਾ- ਰੁਚਿ. ਪ੍ਰੀਤਿ. "ਮੋਹਿ ਨਾਹਿ ਇਨ ਸਿਉ ਤਾਤ." (ਕਾਨ ਮਃ ੫) ੪. ਸੰ. ਜੋ ਵੰਸ਼ ਦਾ ਵਿਸ੍ਤਾਰ ਕਰੇ, ਪਿਤਾ. "ਤਾਤ ਮਾਤ ਨ ਜਾਤ ਜਾ ਕਰ." (ਜਾਪੁ) ੫. ਪੁਤ੍ਰ. "ਤਾਂ ਕਹੁ ਤਾਤ ਅਨਾਥ ਜਯੋਂ ਆਜ." (ਰਾਮਾਵ) ੬. ਵਡਾ ਭਾਈ। ੭. ਤਾਇਆ. ਪਿਤਾ ਦਾ ਵਡਾ ਭਾਈ। ੮. ਬ੍ਰਹਮਾ। ੯. ਵਿ- ਪਯਾਰਾ. ਪ੍ਰਿਯ. "ਮਿਤ ਹੋ ਸੋਊ ਤਾਤ." (ਕ੍ਰਿਸ਼ਨਾਵ) ਉਹ ਪਯਾਰਾ ਮਿਤ੍ਰ ਹੋਵੇ। ੧੦. ਦੇਖੋ, ਤ੍ਰਾਅ਼ਤ। ੧੧. ਦੇਖੋ, ਤਾਤਿ। ੧੨. ਦੇਖੋ, ਤਾਤੁ। ੧੩. ਸਿੰਧੀ. ਚਰਚਾ। ੧੪. ਨਿੰਦਾ। ੧੫. ਖ਼ਬਰਦਾਰੀ। ੧੬. ਤਾਬੇਦਾਰੀ.

ਤਾਂਤ: ਸੰਗਯਾ- ਤੰਤੁ. ਤੰਦ. ਤਾਗਾ. ਡੋਰਾ। ੨. ਅੰਤੜੀ ਦੀ ਵੱਟੀ ਹੋਈ ਤੰਦ. ਦੇਖੋ, ਤੰਦ ੩। ੩. ਸੰ. तान्त. ਵਿ- ਥੱਕਿਆ

ਹੋਇਆ.

ਤਾਤਓ: ਵਿ- ਤਪ੍ਤ (ਤਪਿਆ) ਹੋਇਆ. "ਤੇਲੁ ਤਾਵਣਿ ਤਾਤਓ." (ਆਸਾ ਛੰਤ ਮਃ ੧) ਤੱਤੇ ਤੇਲ ਵਿੱਚ ਤਾਂਉਂਦੇ ਹਨ.

ਤਾਤਕਾਲ: ਦੇਖੋ, ਤਤਕਾਲ.

ਤਾਤਧਰਾ: ਦੇਖੋ, ਧਰਾਤਾਤ.

ਤਾਤਨੀ: ਸੰਗਜ੍ਞਾ- ਮਾਤਾ. ਮਾਈ. "ਬਸਹੁ ਤਾਤ ਨਿਜ ਤਾਤਨੀ ਪਾਸ ਜਾਇ ਤੁਮ ਤਾਤ." (ਨਾਪ੍ਰ) ਹੇ ਪੁਤ੍ਰ, ਆਪਣੀ ਮਾਤਾ ਪਾਸ ਤਤਕਾਲ (ਫ਼ੌਰਨ) ਜਾਕੇ ਵਸੋ.

ਤਾਤਪਰਜ, ਤਾਤਪਰਯ: ਸੰ. तात्पर्य्य- ਤਾਤਪਯੰ. ਸੰਗਜ੍ਞਾ- ਅਭਿਪ੍ਰਾਯ. ਆਸ਼ਯ. ਮਤਲਬ। ੨. ਅਰਥ। ੩. ਵਾਕ੍ਯ ਵਿੱਚ ਉਹ ਸ਼ਕਤਿ, ਜੋ ਅਰਥ ਦੀ ਯੋਗ੍ਯਤਾ ਦਾ ਬੋਧ ਕਰਾਉਂਦੀ ਹੈ. "ਵਾਕ੍ਯ ਅਰਥ ਕੇ ਜਨਨ ਕੀ ਆਹਿ ਯੋਗ੍ਯਤਾ ਜੋਇ। ਤਾਤਪਰਜ ਪੁਨ ਵਾਕ ਮੇ ਕਹੈਂ ਵਿਦਾਂਤੀ ਸੋਇ." (ਭਾਈ ਗੁਲਾਬ ਸਿੰਘ)

ਤਾਤਾ: ਵਿ- ਤਪ੍ਤ. ਤੱਤਾ. "ਤੁਝੈ ਨ ਲਾਗੈ ਤਾਤਾ ਝੋਲਾ." (ਗਉ ਮਃ ੫) ੨. ਸੰ. ਤਿਕ੍ਤ. ਕੌੜਾ. ਤੀਤਾ. "ਬਿਖੁਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ." (ਆਸਾ ਛੰਤ ਮਃ ੧) ੩. ਫ਼ਾ. تاتا ਸੰਗਜ੍ਞਾ- ਜ਼ੁਬਾਨ ਦੇ ਰੁਕਣ ਦੀ ਕ੍ਰਿਯਾ. ਥਥਲਾਪਨ. ਲੁਕਨਤ. "ਲਖ ਲਖ ਨਉਤਨ ਨਾਉਂ ਲੈ ਲਖ ਲਖ ਸੇਖ ਵਿਸੇਖਨ ਤਾਤਾ." (ਭਾਗੁ) ਸ਼ੇਸ਼ਨਾਗ ਲੱਖਾਂ ਨਾਉਂ ਅਤੇ ਲੱਖਾਂ ਵਿਸ਼ੇਸ਼ਣ ਲੈਕੇ ਥਕ ਜਾਂਦਾ ਹੈ, ਉਸ ਦੀ ਜ਼ੁਬਾਨ ਰੁਕ ਜਾਂਦੀ ਹੈ। ੪. ਤਪ੍ਤਤਾ. ਦਾਹ. ਜਲਨ. ਈਰਖਾ. "ਵਿਸਰੀ ਤਿਸੈ ਪਰਾਈ ਤਾਤਾ." (ਗਉ ਮਃ ੫)

ਤਾਂਤਾ: ਸੰਗਜ੍ਞਾ- ਕ਼ਤ਼ਾਰ. ਪੰਕ੍ਤਿ. ਸ਼੍ਰੇਣੀ.

ਤਾਤਾਰ: ਫ਼ਾ. تاتار ਸੰਗਜ੍ਞਾ- ਮਧ੍ਯ ਏਸ਼ੀਆ ਦਾ ਇੱਕ ਦੇਸ਼, ਜੋ ਭਾਰਤ ਅਤੇ ਫ਼ਾਰਸ ਦੇ ਉੱਤਰ ਕੈਸਪਿਯਨ ਸਮੁੰਦਰ ਤੋਂ ਲੈਕੇ ਚੀਨ ਦੇ ਉੱਤਰ ਪ੍ਰਾਂਤ ਤੀਕ ਹੈ. ਇਸ ਵਿੱਚ ਸਮਰਕ਼ੰਦ, ਬੁਖ਼ਾਰਾ ਆਦਿ ਪ੍ਰਸਿੱਧ ਸ਼ਹਿਰ ਹਨ। ੨. ਤਾਤਾਰ ਵਿੱਚ ਵਸਣ ਵਾਲੀ ਜਾਤਿ. Tartar.

ਤਾਤਾਰੀ: ਤਾਤਾਰ ਦੇਸ਼ ਦਾ. ਦੇਖੋ, ਤਾਤਾਰ. ਜਿਸ ਤਰ੍ਹਾਂ ਭਾਰਤ ਵਿੱਚ ਮੁਸਲਮਾਨਮਾਤ੍ਰ ਨੂੰ ਤੁਰਕ ਆਖਦੇ ਹਨ ਇਸੇ ਤਰਾਂ ਤੁਰਕਾਂ ਅਤੇ ਮੰਗੋਲਾਂ ਨੂੰ ਤਾਤਾਰੀ ਬੋਲਿਆ ਜਾਂਦਾ ਹੈ. Scythian.

ਤਾਤਿ: ਸੰਗਜ੍ਞਾ- ਤਪ੍ਤ ਹੋਣ ਦਾ ਭਾਵ. ਜਲਨ. ਈਰਖਾ. "ਬਿਸਰਿਗਈ ਸਭ ਤਾਤਿ ਪਰਾਈ." (ਕਾਨ ਮਃ ੫) "ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨਾ ਹੋਵੀ ਭਲਾ." (ਵਾਰ ਗਉ ੧. ਮਃ ੪)

ਤਾਤੀ: ਵਿ- ਤਪ੍ਤ. ਤੱਤੀ. "ਕਲਿ ਤਾਤੀ ਠਾਢਾ ਹਰਿਨਾਉ." (ਸੁਖਮਨੀ) ੨. ਸੰਗਜ੍ਞਾ- ਅਗਨੀ. "ਠੰਢੀ ਤਾਤੀ ਮਿਟੀ ਖਾਈ." (ਆਸਾ ਮਃ ੫) ਸ਼ਰੀਰ ਨੂੰ ਨਦੀ (ਭਾਵ- ਪਾਣੀ) ਅਗਨੀ ਅਤੇ ਮਿੱਟੀ ਖਾ ਲੈਂਦੀ ਹੈ। ੩. ਚਿੰਤਾ. ਫ਼ਿਕਰ. "ਤਾ ਹਮ ਕੈਸੀ ਤਾਤੀ?" (ਰਾਮ ਮਃ ੪) ੪. ਈਰਖਾ. ਹ਼ਸਦ। ੫. ਸੰ. ਤੰਤ੍ਰੀ. ਵੀਣਾ. "ਤਾਤੀ ਗਹੁ ਆਤਮ ਬਸਿਕਰ ਕੀ." (ਹਜਾਰੇ ੧੦) ੬. ਸਿੰਧੀ. ਵਿ- ਬਾਤੂਨੀ। ੭. ਖ਼ਬਰਦਾਰੀ ਕਰਨ ਵਾਲਾ.

ਤਾਂਤੀ: ਦੇਖੋ, ਤੰਤੀ। ੨. ਸੰ. ਤੰਤੁਵਾਯ. ਤੰਤੁ (ਤੰਦ) ਤਣਨ ਬੁਣਨ ਵਾਲਾ, ਜੁਲਾਹਾ. "ਤਹਿ ਤਾਂਤੀ ਮਨ ਮਾਨਿਆ." (ਆਸਾ ਕਬੀਰ)

ਤਾਤੀਲ: ਅ਼. تعطیل ਤਅ਼ਤ਼ੀਲ. ਸੰਗਜ੍ਞਾ- ਅ਼ਤ਼ਲ (ਬੇਕਾਰ) ਹੋਣ ਦਾ ਭਾਵ. ਕੰਮ ਬੰਦ ਕਰਨ ਦਾ ਭਾਵ. ਛੁੱਟੀ.

ਤਾਤੀ ਵਾਉ: ਤਪ੍ਤ ਵਾਯੁ. ਦੇਖੋ, ਤਤੀਬਾਲ. "ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ." (ਬਿਲਾ ਮਃ ੫) ੨. ਦੇਖੋ, ਅਣਵਾਉ ੨.

ਤਾਤੁ: ਦੇਖੋ, ਤਾਤ। ੨. ਵਿ- ਪ੍ਰਿਯ. ਪਜਾਰਾ. ਦੇਖੋ, ਤਾਤ ੯. "ਜਿਨਿ ਕਨ ਕੀਤੇ ਅਖੀ ਨਾਕੁ। ਜਿਨਿ ਜਿਹਵਾ ਦਿਤੀ ਬੋਲੈ ਤਾਤੁ." (ਧਨਾ ਮਃ ੧)

ਤਾਤੁਕ: ਸੰ. ਤਾਤ੍ਵਿਕ. ਵਿ- ਤੱਤਾਂ ਦਾ. ਭੂਤਾਂ ਦਾ. "ਤਾਤੁਕ ਤਾਂਹਿ ਵਿਕਾਰ ਨ ਕੋਈ." (ਨਾਪ੍ਰ)

ਤਾਤੁਲ: ਤਾਤ- ਤੁਲਜ ਦਾ ਸੰਖੇਪ. ਪਿਤਾ ਤੁੱਲ। ੨. ਪੁਤ੍ਰ ਤੁਲਜ। ੩. ਤਾਂ- ਤੁਲਜ. ਉਸ ਬਰਾਬਰ.

ਤਾਤੇ, ਤਾਂਤੇ: ਸਰਵ- ਉਸ ਤੋਂ. ਉਸ ਸੇ. "ਤਾਤੇ ਅੰਗਦ ਭਇਅਉ." (ਸਵੈਯੇ ਮਃ ੫. ਕੇ) ੨. ਕ੍ਰਿ. ਵਿ- ਤਿਸ ਵਾਸਤੇ. ਤਿਸ ਹੇਤੁ ਸੇ. "ਤਾਤੇ ਮੈ ਧਾਰੀ ਓਟ ਗੁਪਾਲ." (ਧਨਾ ਮਃ ੫)

ਤਾਤੋ: ਵਿ- ਤਪ੍ਤ. ਤੱਤਾ। ੨. ਕ੍ਰੋਧੀ।

ਤਾਂਤ੍ਰਿਕ, ਤਾਂਤ੍ਰੀ: ਸੰ. तान्त्रिक. ਵਿ- ਤੰਤ੍ਰਸ਼ਾਸਤ੍ਰ ਨਾਲ ਸੰਬੰਧ ਰੱਖਣ ਵਾਲਾ। ੨. ਤੰਤ੍ਰਸ਼ਾਸਤ੍ਰ ਦਾ ਗਜਾਤਾ. ਯੰਤ੍ਰ ਮੰਤ੍ਰ ਕਰਨ ਵਾਲਾ।

ਤਾਥ, ਤਾਥੁ: ਦੇਖੋ, ਤਥੁ.

ਤਾਦਾਤਮ: ਸੰ. तादात्म्य- ਤਾਦਾਤਮਜ. ਸੰਗਜਾ- ਇੱਕ ਵਸਤੁ ਦਾ ਆਪਣੇ ਆਪ ਵਿੱਚ ਰਹਿਣ ਦਾ ਭਾਵ। ੨. ਕਾਰਯ ਅਤੇ ਕਾਰਣ ਦਾ ਆਪੋ ਵਿੱਚੀ ਸੰਬੰਧ। ੩. ਇੱਕ ਵਜੰਜਨਾ ਸ਼ਕਤਿ, ਜਿਸ ਦ੍ਵਾਰਾ ਕਿਸੇ ਵਿੱਚ ਰਹਿਣ ਵਾਲੀ ਵਸਤੁ ਦਾ ਬੋਧ ਹੁੰਦਾ ਹੈ. ਜਿਵੇਂ- ਆਖੀਏ ਕਿ ਤਮਾਸ਼ਾ ਦੇਖਣ ਪਿੰਡ ਗਿਆ ਹੈ. ਇਸ ਥਾਂ ਪਿੰਡ ਵਿੱਚ ਨਿਵਾਸ ਕਰਨ ਵਾਲੇ ਆਦਮੀਆਂ ਤੋਂ ਭਾਵ ਹੈ.

ਤਾਦਾਦ: ਅ਼. تاعداد ਤਅ਼ਦਾਦ. ਸੰਗਜਾ- ਅ਼ਦਦ (ਸ਼ੁਮਾਰ) ਕਰਨ ਦਾ ਭਾਵ. ਗਿਣਤੀ. ਸੰਖਜਾ.

ਤਾਦ੍ਰਿਸ: ਸੰ. तादृक्ष ਅਤੇ तादृश. ਵਿ- ਓਹੋ ਜੇਹਾ ਦਿਖਾਈ ਦੇਣ ਵਾਲਾ. ਵੈਸਾ.

ਤਾਨ: ਸੰ. ਸੰਗਜਾ- ਤਾਣਨ ਦਾ ਭਾਵ. ਫੈਲਾਉ. ਵਿਸ੍ਤਾਰ. ਦੇਖੋ, ਤਨ੍ ਧਾ। ੨. ਸੁਰਾਂ (ਸ੍ਵਰਾਂ) ਦਾ ਵਿਸ੍ਤਾਰ. ਸੰਗੀਤ ਅਨੁਸਾਰ ਖੜਜ (ਸ਼ੜਜ) ਤੋਂ ਨਿਖਾਦ (ਨਿਸ਼ਾਦ) ਅਤੇ ਨਿਸ਼ਾਦ ਤੋਂ ਸ਼ੜਜ ਸ੍ਵਰ ਨੂੰ ਜਾਣ ਆਉਣ ਦਾ ਪ੍ਰਕਾਰ. ਸੰਗੀਤ ਦਾਮੋਦਰ ਦੇ ਮਤ ਅਨੁਸਾਰ ੪੯ ਤਾਨਾਂ ਹਨ, ਸੰਗੀਤਸਾਰ ਦੇ ਲੇਖ ਅਨੁਸਾਰ ੮੪ ਹਨ, ਪਰੰਤੂ ਪ੍ਰਸ੍ਤਾਰ ਰੀਤਿ ਨਾਲ ਜਿਵੇਂ ਛੰਦ ਅਨੰਤ ਹਨ ਤਿਵੇਂ ਹੀ ਸ੍ਵਰਪ੍ਰਸ੍ਤਾਰ ਕਰਕੇ ਤਾਨਾਂ ਭੀ ਅਨੰਤ ਹਨ. ਜੇ ਤਾਨਾਂ ਦਾ ਮੁਖ ਨਿਯਮ ਵਿਚਾਰੀਏ ਤਦ ਦੋ ਹੀ ਪ੍ਰਧਾਨ ਤਾਨਾਂ ਹਨ, ਅਰਥਾਤ ਆਰੋਹੀ ਅਤੇ ਅਵਰੋਹੀ. ਹੇਠੋਂ ਉੱਪਰ ਨੂੰ ਜਾਣਾ ਆਰੋਹੀ ਤਾਨ ਹੈ, ਉੱਪਰਲੇ ਸੁਰਾਂ ਤੋਂ ਹੇਠ ਵੱਲ ਆਉਣਾ ਅਵਰੋਹੀ ਹੈ.

ਆਰੋਹੀ ਅਵਰੋਹੀ ਤਾਨਾਂ ਦੇ ਸੰਗੀਤ ਵਿੱਚ ਸੱਤ ਪ੍ਰਧਾਨ ਭੇਦ ਇਹ ਲਿਖੇ ਹਨ:-

ਆਰਚਿਕ- ਇੱਕ ਸ੍ਵਰ ਦੀ[588]

ਗਾਥਿਕ- ਦੋ ਸ੍ਵਰ ਦੀ.

ਸਾਮਿਕ- ਤਿੰਨ ਸ੍ਵਰ ਦੀ.

ਸ੍ਵਰਾਂਤਰ- ਚਾਰ ਸ੍ਵਰ ਦੀ.

---

[588] ਇੱਕ ਸੁਰ ਤੋਂ ਦੂਜੇ ਸੁਰ ਤਕ ਜਾਣਾ, ਜਿਵੇਂ ਸੜਜ ਤੋਂ ਰਿਸ਼ਭ ਅਤ 'ਰਿਸ਼ਭ' ਤੋਂ ਸੜਜ, ਅਰ ਸੁਰ ਦੀ ਸ਼੍ਰੁਤੀਆ ਵਿੱਚ ਧੁਨਿ ਦਾ ਕੰਪ ਅਤੇ ਗਤਿ ਹੋਣ ਤੋਂ ਇੱਕੇ ਸੁਰ ਵਿੱਚ ਭੀ ਤਾਨ ਹੋ ਸਕਦੀ ਹੈ.

ਓੜਵ- ਪੰਜ ਸੑਰ ਦੀ.

ਸ਼ਾੜਵ- ਛੀ ਸੑਰ ਦੀ.

ਸੰਪੂਰਣ- ਸੱਤ ਸੑਰ ਦੀ.

ਸੰਗੀਤ ਗ੍ਰੰਥਾਂ ਵਿੱਚ ਤਾਨ ਦੇ ਦੋ ਭੇਦ ਹੋਰ ਭੀ ਥਾਪੇ ਹਨ. ਇੱਕ ਸ਼ੁੱਧ ਤਾਨ, ਜਿਸ ਵਿੱਚ ਸਿੱਧੇ ਸੁਰ ਲੱਗਣ. ਜੈਸੇ- ਸ਼ ਰ ਗ ਮ ਪ ਧ ਨ. ਦੂਜੀ ਕੂਟਤਾਨ, ਜਿਸ ਵਿੱਚ ਟੇਢੇ ਸੁਰ ਹੋਣ, ਯਥਾ- ਸ਼ ਗ ਰ, ਮ ਧ ਪ ਆਦਿ.[589]

"ਬਾਜਾ ਮਾਣੁ ਤਾਣੁ ਤਜਿ ਤਾਨਾ." (ਰਾਮ ਮਃ ੫)

੩. ਤਾਲ ਦੇ "ਸਮ" ਨੂੰ ਭੀ ਪੰਜਾਬੀ ਵਿੱਚ ਤਾਨ ਆਖਦੇ ਹਨ. "ਤਾਨ ਸਮ ਗੁਰੁ ਅਹੋ! ਉਚਾਰੀ." (ਗੁਪ੍ਰਸੂ) ੪. ਤੰਤੂਆਂ (ਤੰਦਾਂ) ਦਾ ਤਾਣਾ. ਬੁਣਨ ਲਈ ਤਣਿਆ ਹੋਇਆ ਸੂਤ. ਦੇਖੋ, ਤਾਨੁ। ੫. ਸਰਵ- ਤਾਂ ਨੇ. ਤਿਸ ਨੇ. "ਮਧੁ ਕੈਟ ਭਤਾਨ ਮਰੇ." (ਕ੍ਰਿਸ਼ਨਾਵ) ੬. ਤ੍ਰਾਣ (ਰਖ੍ਯਾ) ਅੰਦਰ ਆਏ (ਸ਼ਰਣਾਗਤ) ਲਈ ਭੀ ਤਾਨ ਸ਼ਬਦ ਵਰਤਿਆ ਹੈ. ਦੇਖੋ, ਤ੍ਰਾਣ. "ਤਾਨ ਕੋ ਸੁਖ ਦੀਅੰ." (ਬੈਰਾਹ)

ਤਾਨਉੜਾ: ਦੇਖੋ, ਤਨਉੜਾ.

ਤਾਨਸੇਨ: ਇਸ ਦਾ ਨਾਮ ਤ੍ਰਿਲੋਚਨ ਮਿਸ਼੍ਰ ਸੀ. ਇਹ ਬ੍ਰਾਹਮਣ, ਆਪਣੇ ਸਮੇਂ ਵਿੱਚ ਰਾਗਵਿਦ੍ਯਾ ਦਾ ਆਚਾਰਯ ਮੰਨਿਆ ਗਿਆ ਹੈ. ਵ੍ਰਿੰਦਾਵਨ ਨਿਵਾਸੀ ਸ੍ਵਾਮੀ ਹਰਿਦਾਸ ਦਾ ਸਿੱਖ ਹੋਕੇ ਇਸਨੇ ਰਾਗਵਿਦ੍ਯਾ ਸਿੱਖੀ ਅਤੇ ਭਾਟ ਦੇ ਰਾਜਾ ਰਾਮਚੰਦ੍ਰ ਬਘੇਲਾ ਦੇ ਦਰਬਾਰ ਵਿੱਚ ਬਹੁਤ ਨਾਮ ਪਾਇਆ. ਬਾਦਸ਼ਾਹ ਅਕਬਰ ਨੇ ਇਸ ਦੀ ਕੀਰਤੀ ਸੁਣਕੇ ਆਪਣੇ ਦਰਬਾਰ ਵਿੱਚ ਬੁਲਾ ਲਿਆ ਅਤੇ ਬਹੁਤ ਧਨ ਅਰ ਮਾਨ ਦੇਕੇ ਆਪਣੇ ਪਾਸ ਰੱਖਿਆ[590] ਗਵਾਲੀਅਰ ਨਿਵਾਸੀ ਪੀਰ ਗ਼ੌਸ- ਮੁਹੰਮਦ ਦੀ ਸੰਗਤਿ ਨਾਲ ਇਹ ਮੁਸਲਮਾਨ ਹੋ ਗਿਆ ਅਰ ਨਾਮ ਤਾਨਸੇਨ ਪ੍ਰਸਿੱਧ ਹੋਇਆ. ਤਾਨਸੇਨ ਦਾ ਦੇਹਾਂਤ ਸਨ ੧੫੮੮ ਵਿੱਚ ਹੋਇਆ. ਉਸ ਦੀ ਕ਼ਬਰ ਗਵਾਲੀਅਰ ਵਿੱਚ ਗਵੈਯੇ ਲੋਕਾਂ ਦਾ ਯਾਤ੍ਰਾ ਅਸਥਾਨ ਹੈ ਅਰ ਕ਼ਬਰ ਪਾਸ ਜੋ ਇਮਲੀ ਦਾ ਬਿਰਛ ਹੈ ਉਸ ਦੇ ਪੱਤੇ ਬਹੁਤ ਗਾਇਕ ਇਸ ਲਈ ਚਬਦੇ ਹਨ ਕਿ ਕੰਠ ਸੁਰੀਲਾ ਹੋ ਜਾਵੇ.

ਤਾਨ ਕਲੋਲ: ਤਾਨ (ਸੁਰ ਵਿਸਤਾਰ) ਦੀ ਕੱਲੋਲ (ਲਹਿਰ). ਤਾਨ ਦੀ ਉਮੰਗ. ਤਾਨ ਦਾ ਵਧਾਉ ਘਟਾਉ. ਕੰਠ ਹਿਰਦੇ ਆਦਿ ਤੋਂ ਤਾਨ ਦੇ ਕੱਢਣ ਦਾ ਭਾਵ.

ਤਾਨਤਰੰਗ: ਸੰਗ੍ਯਾ- ਤਾਨ ਦੀ ਲਹਿਰ. ਆਰੋਹੀ ਅਵਰੋਹੀ ਤਾਨ ਦਾ ਆਲਾਪ. "ਉਘਟਤ ਤਾਨ ਤਰੰਗ ਰੰਗ ਅਤਿ." (ਹਜ਼ਾਰੇ ੧੦) ੨. ਤਾਨਸੇਨ ਗਵੈਯੇ ਤਾ ਪੁਤ੍ਰ, ਜੋ ਉੱਤਮ ਗਾਇਕ ਸੀ.

ਤਾਨਤਾਨ: ਬਲ ਦਾ ਬਲ। ੨. ਸੑਰ ਪ੍ਰਸੑਾਰ ਨੂੰ ਫੈਲਾਉਣ ਵਾਲਾ. "ਨਮੋ ਤਾਨਤਾਨੇ." (ਜਾਪੁ)

ਤਾਨਨਾ: ਦੇਖੋ, ਤਾਣਨਾ.

ਤਾਨਪੂਰਾ: ਦੇਖੋ, ਤੰਬੂਰਾ.

ਤਾਨਾ: ਦੇਖੋ, ਤਾਣਾ. "ਹਮ ਘਰਿ ਸੂਤ ਤਨਹਿ ਨਿਤ ਤਾਨਾ." (ਆਸਾ ਕਬੀਰ) ੨. ਅ਼. طعنہ ਤ਼ਅ਼ਨਹ. ਨੇਜ਼ਾ ਮਾਰਨਾ। ੩. ਭਾਵ- ਮੇਹਣਾ. ਤਰਕ. "ਬੋਲ ਕੁਬੋਲ ਦੇਤ ਹੈਂ ਤਾਨੇ." (ਨਾਪ੍ਰ)

---

[589] ਤਾਨ ਸ਼ਬਦ ਦਾ ਅੰਗ੍ਰੇਜ਼ੀ tune ਅਤੇ tone ਨਾਲ ਮੁਕਾਬਲਾ ਕਰੋ.

[590] ਤਾਨਸੇਨ ਦੀ ਗਿਣਤੀ ਅਕਬਰ ਦੇ ਰਤਨਾਂ ਵਿੱਚ ਹੈ.

ਤਾਨਾਸ਼ਾਹ: ਇਸ ਦਾ ਅਸਲ ਨਾਮ ਅੱਬੁਲਹ਼ਸਨ ਸੀ. ਇਹ ਗੋਲਕੰਡਾ (ਦੱਖਣ) ਦੇ ਸਿੰਘਾਸਨ ਪੁਰ ਸਨ ੧੬੭੨ ਵਿੱਚ ਬੈਠਾ ਅਰ ਸਨ ੧੬੮੭ ਵਿੱਚ ਔਰੰਗਜ਼ੇਬ ਨੇ ਇਸ ਨੂੰ ਜਿੱਤਕੇ ਦੌਲਤਾਬਾਦ ਵਿੱਚ ਕ਼ੈਦ ਕੀਤਾ ਅਤੇ ਗੋਲਕੰਡਾ ਦਿੱਲੀ ਰਾਜ ਨਾਲ ਮਿਲ ਗਿਆ. ਤਾਨੇਸ਼ਾਹ ਦੀ ਮੌਤ ਸਨ ੧੭੦੪ ਵਿੱਚ ਹੋਈ. ਇਹ ਕ਼ੁਤ਼ਬਸ਼ਾਹੀ ਵੰਸ਼ ਦਾ ਅੰਤਿਮ ਬਾਦਸ਼ਾਹ ਸੀ. "ਤਾਨੇਸ਼ਾਹ ਜੁ ਦੱਖਣ ਕੇਰਾ." (ਗੁਪ੍ਰਸੂ)

ਤਾਨਾਬਾਨਾ, ਤਾਨਾਵਾਨਾ: ਦੇਖੋ, ਤਾਣਾਵਾਣਾ. "ਤਾਨਾ ਬਾਨਾ ਕਛੂ ਨ ਸੂਝੈ." (ਬਿਲਾ ਕਬੀਰ)

ਤਾਨੀ: ਦੇਖੋ, ਤਾਣੀ। ੨. ਦੇਖੋ, ਸਮਾਨਾ ੨.

ਤਾਨੁ: ਤਾਣਾ. ਦੇਖੋ, ਤਾਨ ਅਤੇ ਤਾਨਾ. "ਸਾਕਤ ਸੂਤੁ ਬਹੁ ਗੁਰਝੀ ਭਰਿਆ, ਕਿਉ ਕਰਿ ਤਾਨੁ ਤਨੀਜੈ?" (ਕਲਿ ਅਃ ਮਃ ੪)

ਤਾਨੇਸ਼ਾਹ: ਦੇਖੋ, ਤਾਨਾਸ਼ਾਹ.

ਤਾਨੈ: ਸਰਵ- ਤਿਸ ਨੇ. "ਤਬ ਸਰੀਰ ਕੋ ਬਲ ਕਰ ਤਾਨੈ." (ਗੁਪ੍ਰਸੂ) ੨. ਫੈਲਾਵੇ. ਵਿਸ੍ਤਾਰ ਕਰੇ। ੩. ਖਿੱਚੇ. ਤਾਣੇ. "ਸੋ ਸੁਰਤਾਨੁ ਜੁ ਦੁਇ ਸਰ ਤਾਨੈ." (ਭੈਰ ਕਬੀਰ) ਦੋ ਤੀਰ (ਨੀਤਿ ਅਤੇ ਭਗਤਿ) ਖਿੱਚੇ.

ਤਾਪ: (ਦੇਖੋ, ਤਪ੍ ਧਾ. ) ਸੰ. ਸੰਗ੍ਯਾ- ਗਰਮੀ. ਤੇਜ. ਉਸ਼੍ਣਤਾ। ੨. ਸੰ. ਜ੍ਵਰ. حُمّیٰ ਹ਼ੁੱਮਾ. Fever. ਬੁਖ਼ਾਰ. ਜ੍ਵਰ ਦਾ ਨਾਉਂ ਤਾਪ ਇਸ ਲਈ ਹੋ ਗਿਆ ਹੈ ਕਿ ਇਸ ਦੇ ਅਸਰ ਨਾਲ ਸ਼ਰੀਰ ਤਪਜਾਂਦਾ ਹੈ. ਅਯੋਗ ਅਹਾਰ ਵਿਹਾਰ ਤੋਂ ਕੋਠੇ ਦੀ ਅਗਨਿ ਲਹੂ ਨੂੰ ਤਪਾ ਦਿੰਦੀ ਹੈ, ਸ਼ਰੀਰ ਅਤੇ ਮਨ ਦਾ ਤਪਣਾ ਹੀ ਤਾਪ ਦਾ ਰੂਪ ਹੈ. ਤਾਪ ਤੋਂ ਸ਼ਰੀਰ ਵਿੱਚ ਸੁਸਤੀ ਅਤੇ ਬੇਚੈਨੀ ਵਿਆਪ ਜਾਂਦੀ ਹੈ, ਮੂੰਹ ਬੇਸੁਆਦ ਹੁੰਦਾ ਹੈ, ਅੱਖਾਂ ਤੋਂ ਪਾਣੀ ਵਹਿੰਦਾ ਹੈ, ਅਵਾਸੀਆਂ ਬਹੁਤ ਆਉਂਦੀਆਂ ਹਨ, ਦਿਲ ਦੀ ਹਰਕਤ ਕਾਹਲੀ ਹੁੰਦੀ ਹੈ, ਭੁੱਖ ਬੰਦ ਹੋ ਜਾਂਦੀ ਹੈ, ਹੱਡਭੰਨਣੀ ਲਗਦੀ ਹੈ, ਦਾਹ ਹੁੰਦਾ ਹੈ, ਆਦਿ. "ਤਾਪ ਉਤਾਰਿਆ ਸਤਿਗੁਰਿ ਪੂਰੈ." (ਸੋਰ ਮਃ ੫)

ਤਾਪ ਦੇ ਅਨੇਕ ਭੇਦ ਹਨ, ਪਰ ਅਸੀ ਇਸ ਗ੍ਰੰਥ ਵਿੱਚ ਉਹੀ ਲਿਖੇ ਹਨ, ਜੋ ਸਿੱਖਮਤ ਦੇ ਗ੍ਰੰਥਾਂ ਵਿੱਚ ਆਏ ਹਨ. ਅੱਖਰਕ੍ਰਮ ਅਨੁਸਾਰ ਉਹ ਸਭ ਅੱਗੇ ਦਿਖਾਏ ਜਾਂਦੇ ਹਨ-

(ੳ) ਉਸਨ ਤਾਪ. ਦੇਖੋ, ਉਸਨ ਤਾਪ.

(ਅ) ਅਠਵਾੜਾ ਤਾਪ. ਇਹ ਤਾਪ ਇੱਕ ਦਿਨ ਜ਼ੋਰ ਦਾ ਅਤੇ ਛੀ ਦਿਨ ਬੇਮਾਲੂਮ ਰਹਿੰਦਾ ਹੈ. ਕਦੇ ਛੀ ਦਿਨ ਜ਼ੋਰ ਦਾ ਅਤੇ ਇੱਕ ਦਿਨ ਬੇਮਾਲੂਮ ਹੁੰਦਾ ਹੈ. ਇਸ ਦਾ ਉੱਤਮ ਇਲਾਜ ਹੈ ਕਿ-

ਫਟਕੜੀ ਦੀ ਖਿੱਲ ਇੱਕ ਤੋਲਾ, ਲੌਂਗ ਤਿੰਨ ਮਾਸ਼ੇ, ਮਿਸ਼ਰੀ ਇੱਕ ਤੋਲਾ, ਸਭ ਬਰੀਕ ਪੀਸਕੇ ਸਤਾਈ ਪੁੜੀਆਂ ਬਣਾਉਣੀਆਂ. ਇੱਕ ਪੁੜੀ ਸਵੇਰੇ, ਇੱਕ ਦੁਪਹਿਰ ਨੂੰ, ਇੱਕ ਸੰਝ ਨੂੰ ਕੋਸੇ ਦੁੱਧ ਜਾਂ ਜਲ ਨਾਲ ਛਕਾਉਣੀ. ਮੁਲੱਠੀ. ਪਟੋਲਪਤ੍ਰ, ਕੜੂ, ਅੰਬ ਦੀ ਗਿਰੂ, ਹਰੜ ਦੀ ਛਿੱਲ ਸਮਾਨ ਲੈਕੇ, ਕਾੜ੍ਹਾ ਬਣਾਕੇ, ਮਿਸ਼ਰੀ ਪਾਕੇ ਪਿਆਉਣਾ.

ਚਰਾਇਤਾ, ਨਿੰਮ, ਕੜੂ, ਨਾਗਰਮੋਥਾ, ਪਿੱਤਪਾਪੜਾ, ਗਿਲੋ, ਇਨ੍ਹਾਂ ਦਾ ਕਾੜ੍ਹਾ ਦੇਣਾ. ਖਸਰੇ ਆਦਿ ਰੋਗਾਂ ਦੇ ਤਾਪ ਭੀ ਅਠਾਵਾੜਾ ਤਾਪ ਕਹੇ ਜਾਂਦੇ ਹਨ.

ਇਨ੍ਹਾਂ ਸਭਨਾਂ ਦਾ ਸਿਆਣੇ ਵੈਦ ਹਕੀਮ ਡਾਕਟਰ ਦੀ ਸਲਾਹ ਨਾਲ ਮੌਸਮ ਅਤੇ ਰੋਗੀ ਦੀ ਹਾਲਤ ਅਨੁਸਾਰ ਇਲਾਜ ਹੋਣਾ ਚਾਹੀਏ. "ਅਸਟ ਦਿਵਸਿਯਾ ਅਰੁ ਬੀਸਾਯਾ." (ਚਰਿਤ੍ਰ ੪੦੫)

(ੲ) ਸ਼ੀਤ ਜ੍ਵਰ ਅਥਵਾ ਸੀਤਲ ਜ੍ਵਰ. ਪਾਲਾ ਲੱਗਕੇ ਹੋਣ ਵਾਲਾ ਤਾਪ. غِبّ, حُمّیٰ ਹ਼ੁੱਮਾ ਗ਼ਿੱਬ. ਕਾਂਬੇ ਦਾ ਤਾਪ Ague fever. ਇਸ ਦਾ ਕਾਰਣ ਹੈ- ਗੰਦੀ ਸੜੀ ਹਵਾ ਵਿੱਚ ਰਹਿਣਾ, ਮੱਛਰਾਂ ਦਾ ਲੜਨਾ, ਸਲ੍ਹਾਬੇ ਵਿੱਚ ਸੌਣਾ, ਖਾਣ ਪੀਣ ਦਾ ਸੰਜਮ ਨਾ ਰੱਖਣਾ, ਅੰਤੜੀ ਵਿੱਚ ਮਲ ਦਾ ਜਮਾ ਹੋਣਾ ਆਦਿ.

ਇਸ ਦਾ ਉਪਾਉ ਹੈ- ਰੋਟੀ ਛੱਡਕੇ ਚਾਰ ਪੰਜ ਡੰਗ ਗਊ ਦਾ ਕੋਸਾ ਦੁੱਧ ਪੀਣਾ, ਸੰਗਤਰੇ ਆਦਿ ਫਲ ਖਾਣੇ. ਨਸਾਦਰ ਇੱਕ

ਤੋਲਾ, ਨੂਣ ਛੀ ਮਾਸ਼ੇ, ਕਾਲੀ ਮਿਰਚਾਂ ਤਿੰਨ ਮਾਸ਼ੇ, ਸਭ ਬਰੀਕ ਪੀਸਕੇ ਮਾਸ਼ੇ ਮਾਸ਼ੇ ਦੀਆਂ ਪੁੜੀਆਂ ਬਣਾਕੇ ਤਿੰਨ ਜਾਂ ਚਾਰ ਗਰਮ ਜਲ ਨਾਲ ਨਿੱਤ ਖਾਣੀਆਂ.

ਤੁਲਸੀ ਦੇ ਹਰੇ ਪੱਤੇ ਪੰਜ ਤੋਲੇ, ਕਾਲੀਆਂ ਮਿਰਚਾਂ ਇੱਕ ਤੋਲਾ, ਬਰੀਕ ਪੀਸਕੇ ਰੱਤੀ ਰੱਤੀ ਦੀਆਂ ਗੋਲੀਆਂ ਬਣਾਕੇ ਦੋ ਦੋ ਚਾਰ ਗੋਲੀਆਂ ਦਿਨ ਵਿੱਚ ਪੰਜ ਵਾਰ ਗਊ ਦੇ ਦੁੱਧ ਜਾਂ ਜਲ ਨਾਲ ਖਾਣੀਆਂ.

ਫਟਕੜੀ ਦੀ ਖਿੱਲ ਨਾਲ ਮਿਸ਼ਰੀ ਮਿਲਾਕੇ ਮਾਸ਼ੇ ਮਾਸ਼ੇ ਦੀਆਂ ਤਿੰਨ ਪੁੜੀਆਂ ਜਲ ਨਾਲ ਤਿੰਨ ਵਾਰ ਛਕਣੀਆਂ.

ਸੀਤ ਜ੍ਵਰ ਲਈ ਕੁਨੀਨ ਸਿੱਧ ਔਖਧ ਹੈ. ਇਸ ਨੂੰ ਤਾਪ ਹੋਣ ਤੋਂ ਪਹਿਲਾਂ ਗੋਲੀਆਂ ਦੀ ਸ਼ਕਲ ਵਿੱਚ ਜਾਂ ਗੰਧਕ ਦੇ ਤੇਜ਼ਾਬ ਵਿੱਚ ਹੱਲ ਕਰਕੇ ਅਰਕ ਦੀ ਸ਼ਕਲ ਵਿੱਚ ਵਰਤੋ.

ਪਾਨ ਦੇ ਪੱਤੇ ਵਿੱਚ ਇੱਕ ਮਾਸ਼ਾ ਨਸਾਦਰ ਜੇ ਤਾਪ ਚੜ੍ਹਨ ਤੋਂ ਪਹਿਲਾਂ ਚੱਬਿਆ ਜਾਵੇ. ਤਾਂ ਬਹੁਤ ਲਾਭਦਾਇਕ ਹੈ. "ਸੀਤਲ ਜ੍ਵਰ ਅਰ ਉਸਨ ਤਾਪ ਭਨ." (ਚਰਿਤ੍ਰ ੪੦੫)

(ਸ) ਸੂਖਾ ਜ੍ਵਰ. ਸੰ. शोष ज्वर. ਸ਼ੋਸ਼ਜ੍ਵਰ. Anaemia fever. ਇਸ ਦੇ ਕਾਰਣ ਹਨ- ਆਪਣੀ ਤਾਕਤ ਤੋਂ ਵਧਕੇ ਮਿਹਨਤ ਕਰਨੀ, ਮਲ ਮੂਤ੍ਰ ਭੁੱਖ ਤੇਹ ਨੀਂਦ ਆਦਿਕ ਦਾ ਵੇਗ ਰੋਕਣਾ, ਬਹੁਤ ਮੈਥੁਨ ਕਰਨਾ, ਸ਼ਰਾਬ ਦਾ ਪੀਣਾ, ਚਿੰਤਾ ਭੈ ਕ੍ਰੋਧ ਦਾ ਹੋਣਾ, ਭੁੱਖੇ ਤਿਹਾਏ ਰਹਿਣਾ, ਰੁੱਖੇ ਪਦਾਰਥ ਖਾਣੇ ਪੀਣੇ, ਸ਼ਰੀਰ ਦੀ ਤਰਾਵਤ ਦਾ ਜਾਂਦੇ ਰਹਿਣਾ, ਵੇਲੇ ਸਿਰ ਅਹਾਰ ਨੀਂਦ ਆਦਿਕ ਦਾ ਨਾ ਹੋਣਾ.

ਇਸ ਤਾਪ ਵਿੱਚ ਸ਼ਰੀਰ ਦੀ ਤੁਚਾ ਰੁੱਖੀ ਹੋ ਜਾਂਦੀ ਹੈ, ਜੋੜ ਢਿੱਲੇ ਪੈ ਜਾਂਦੇ ਹਨ, ਸਿਰ ਭਾਰੀ ਹੁੰਦਾ ਹੈ, ਮੱਠਾ ਮੱਠਾ ਤਾਪ ਹਰ ਵੇਲੇ ਬਣਿਆ ਰਹਿੰਦਾ ਹੈ. ਜੇ ਇਸ ਦਾ ਛੇਤੀ ਇਲਾਜ ਨਾ ਕੀਤਾ ਜਾਵੇ ਤਾਂ ਕੁਝ ਸਮਾਂ ਪਾਕੇ ਤਪਦਿੱਕ ਦੀ ਸ਼ਕਲ ਵਿੱਚ ਬਦਲ ਜਾਂਦਾ ਹੈ.

ਇਸ ਦਾ ਇਲਾਜ ਹੈ- ਦਾਲ (ਦਾਰੁ) ਚੀਨੀ ਇੱਕ ਤੋਲਾ, ਛੋਟੀ ਇਲਾਇਚੀ ਦੋ ਤੋਲੇ, ਮਘਾਂ ਚਾਰ ਤੋਲੇ, ਬੰਸਲੋਚਨ ਅੱਠ ਤੋਲੇ, ਮਿਸ਼ਰੀ ਸੋਲਾਂ ਤੋਲੇ, ਇਨ੍ਹਾਂ ਦਾ ਚੂਰਣ ਕਰਕੇ ਦੁਗਣਾ ਸ਼ਹਿਦ ਅਤੇ ਤਿੰਨ ਗੁਣਾਂ ਘੀ ਮਿਲਾਕੇ ਛੀ ਛੀ ਮਾਸ਼ੇ ਦਿਨ ਵਿੱਚ ਤਿੰਨ ਵਾਰ ਚਟਾਉਣਾ. ਖਾਣ ਲਈ ਹਲਕੇ ਅਤੇ ਤਰ ਪਦਾਰਥ ਦੇਣੇ. ਗਊ ਅਤੇ ਬੱਕਰੀ ਦਾ ਦੁੱਧ, ਚਾਵਲ ਪਾਲਕ ਆਦਿ ਭੋਜਨ ਉੱਤਮ ਹਨ. "ਸੂਖਾ ਜ੍ਵਰ ਤੇਈਆ ਚੌਥਾਯਾ." (ਚਰਿਤ੍ਰ ੪੦੫)

(ਹ) ਚੌਥਾਯਾ ਤਾਪ. ਚਾਤੁਰਥਿਕ ਜ੍ਵਰ. حُمّیٰ رُباع ਹ਼ੱਮਾ ਰੁਬਅ਼ Quartan fever. ਇਹ ਤਾਪ ਇੱਕ ਦਿਨ ਹੋਕੇ ਦੋ ਦਿਨ ਗੁਪਤ ਹੋ ਜਾਂਦਾ ਹੈ, ਫੇਰ ਚੌਥੇ ਦਿਨ ਹੁੰਦਾ ਹੈ. ਕਦੇ ਦੋ ਦਿਨ ਹੋਕੇ ਚੌਥੇ ਦਿਨ ਗੁਪਤ ਹੋ ਜਾਂਦਾ ਹੈ. ਮਾਮੂਲੀ ਤਾਪ ਪਿੱਛੋਂ ਖਾਣ ਪੀਣ ਦੀ ਬਦਪਰਹੇਜੀ ਕਰਨ ਤੋਂ ਇਹ ਹੁੰਦਾ ਹੈ. ਇਸ ਦਾ ਕਾਰਣ ਭੀ ਮਲੇਰੀਏ (malaria) ਦਾ ਅਸਰ ਹੈ. ਇਹ ਤਾਪ ਬਹੁਤ ਦੇਰ ਰਹਿੰਦਾ ਹੈ, ਪਰ ਭਿਆਨਕ ਰੋਗ ਨਹੀਂ ਹੈ. ਜੇ ਇਸ ਵਿੱਚ ਯਰਕਾਨ, ਖ਼ੂਨੀਖਾਂਸੀ ਆਦਿਕ ਰੋਗ ਹੋ ਜਾਣ, ਤਾਂ ਇਹੀ ਭਯੰਕਰ ਰੋਗ ਹੈ. ਇਸ ਤਾਪ ਦੇ ਚੜ੍ਹਨ ਵੇਲੇ ਸਰਦੀ ਲਗਦੀ ਹੈ, ਉਤਰਨ ਵੇਲੇ ਤ੍ਰੇਲੀ ਆਉਂਦੀ ਹੈ. ਸਾਧਾਰਣ ਇਲਾਜ ਇਹ ਹੈ ਕਿ- ਫਟਕੜੀ ਦੀ ਖਿੱਲ ਛੀ ਰੱਤੀ, ਖੰਡ ਇੱਕ ਮਾਸ਼ਾ, ਐਸੀਆਂ ਤਿੰਨ ਪੁੜੀਆਂ ਰੋਜ ਪਾਣੀ ਨਾਲ ਦੇਣੀਆਂ. ਕੁਨੀਨ ਤਿੰਨ ਵਾਰ ਪੰਜ ਪੰਜ ਗ੍ਰੇਨ ਖਵਾਉਣੀ. ਤੁਲਸੀ ਦੇ ਪੱਤੇ ਦਿਨ ਵਿੱਚ ਚਾਰ ਵਾਰ ਚਾਰ ਚਾਰ ਛਕਾਉਣੇ. ਚਿੱਟਾ ਜੀਰਾ ਤਿੰਨ ਮਾਸ਼ੇ, ਇੱਕ ਤੋਲਾ ਗੁੜ, ਤਾਪ ਦੀ ਵਾਰੀ ਤੋਂ ਇੱਕ ਘੰਟਾ ਪਹਿਲਾਂ ਖਵਾਉਣਾ.

ਸੱਤ ਦਿਨ ਕੇਵਲ ਦੁੱਧ ਪੀਣ ਨੂੰ ਦੇਣਾ ਅਤੇ ਹੋਰ ਕੁਝ ਨਾ ਖਵਾਉਣਾ.

ਸੁੰਢ, ਨਾਗਰਮੋਥਾ, ਕੁਟਕੀ, ਚਰਾਇਤਾ, ਲਾਲਚੰਦਨ, ਆਉਲੇ, ਗਿਲੋ, ਸਭ ਦੋ ਦੋ ਮਾਸ਼ੇ ਲੈਕੇ ਕਾੜ੍ਹਾ ਕਰਕੇ ਪਿਆਉਣੇ. "ਸੂਖਾ ਜ੍ਵਰ ਤੇਈਆ ਚੌਥਾਯਾ." (ਚਰਿਤ੍ਰ ੪੦੫)

(ਕ) ਡੇਢਮਾਸੀਆ ਤਾਪ. ਇਹ ਤਾਪ ਡੇਢ ਮਹੀਨਾ ਨਿਰੰਤਰ ਰਹਿੰਦਾ ਹੈ, ਜਾਂ ਡੇਢ ਮਹੀਨੇ ਪਿੱਛੋਂ ਦੌਰਾ ਕਰਦਾ ਹੈ. ਇਹ ਭੀ ਵਿਖਮ ਜ੍ਵਰਾਂ ਵਿੱਚੋਂ ਹੈ. ਇਸ ਦਾ ਇਲਾਜ ਉਹੀ ਸਮਝਣਾ ਚਾਹੀਏ ਜੋ ਤੇਈਏ ਚੌਥਾਏ ਤਾਪ ਵਿੱਚ ਹੈ.

ਕਦੇ ਕਦੇ ਤੋਰਕੀ ਦਾ ਤਾਪ ਭੀ ਡੇਢ ਮਹੀਨਾ ਰਹਿੰਦਾ ਹੈ. ਦੇਖੋ, ਬੀਸਾਯਾ ਤਾਪ. "ਡੇਢਮਾਸੀਆ ਫੁਨ ਤਪ ਭਯੋ." (ਚਰਿਤ੍ਰ ੪੦੫)

(ਖ) ਤੇਈਆ ਤਾਪ. ਤ੍ਰਿਤੀਯਕ ਜ੍ਵਰ حُمّی ثلاِثہ ਹੁੱਮਾ ਸਲਾਸਿਯਹ. Tertian fever. ਇਹ ਤਾਪ ਇੱਕ ਦਿਨ ਚੜ੍ਹਦਾ ਹੈ, ਦੂਜੇ ਦਿਨ ਨਹੀਂ, ਫੇਰ ਤੀਜੇ ਦਿਨ ਅਸਰ ਕਰਦਾ ਹੈ. ਇਸ ਦੇ ਚੜ੍ਹਨ ਵੇਲੇ ਪਾਲਾ ਲਗਦਾ (ਕਾਂਬਾ ਹੁੰਦਾ) ਹੈ. ਇਹ ਮਲੇਰੀਏ ਦੀ ਕਿਸਮ ਦਾ ਨੌਬਤੀ ਬੁਖ਼ਾਰ ਹੈ. ਸੁਸ਼੍ਰੁਤ ਵਿੱਚ ਲਿਖਿਆ ਹੈ ਕਿ ਕੰਠ ਗਤ ਦੋਸ਼ ਇੱਕ ਦਿਨ ਰਾਤ ਵਿੱਚ ਹਿਰਦੇ ਵਿੱਚ ਜਾਂਦੇ ਹਨ, ਹਿਰਦੇ ਤੋਂ ਆਮਾਸ਼ਯ ਵਿੱਚ ਪਹੁਚਦੇ ਹਨ, ਉੱਥੇ ਪਹੁਚਕੇ ਤੇਈਆ ਤਾਪ ਪੈਦਾ ਕਰਦੇ ਹਨ. ਵੈਦਕ ਵਿੱਚ ਤੇਈਏ ਦੀਆਂ ਤਿੰਨ ਕਿਸਮਾਂ ਦੱਸੀਆਂ ਹਨ.

ਕਫ ਅਤੇ ਪਿੱਤ ਦੀ ਅਧਿਕਤਾ ਵਾਲਾ ਪਹਿਲੋਂ ਤਿਹੱਡੇ ਤੋਂ ਸ਼ੁਰੂ ਹੋਕੇ ਸਾਰੇ ਸ਼ਰੀਰ ਵਿੱਚ ਫੈਲਦਾ ਹੈ.

ਵਾਤ ਅਤੇ ਕਫ ਦੀ ਅਧਿਕਤਾ ਵਾਲਾ ਪਿੱਠ ਤੋਂ ਸ਼ੁਰੂ ਹੋਕੇ ਸਾਰੇ ਸ਼ਰੀਰ ਵਿੱਚ ਫੈਲਦਾ ਹੈ.

ਵਾਤ ਪਿੱਤ ਦੀ ਅਧਿਕਤਾ ਵਾਲਾ ਸਿਰ ਤੋਂ ਸ਼ੁਰੂ ਹੋਕੇ ਸਾਰੇ ਸ਼ਰੀਰ ਵਿੱਚ ਫੈਲਦਾ ਹੈ. ਇਸ ਦੇ ਸਾਧਾਰਣ ਇਲਾਜ ਚੌਥਾਏ ਵਾਲੇ ਹੀ ਹਨ, ਪਰ ਕੁਨੀਨ ਦਾ ਵਰਤਣਾ ਇਸ ਤਾਪ ਵਿੱਚ ਬਹੁਤ ਗੁਣਕਾਰੀ ਹੈ. ਕੁਟਕੀ ਦਾ ਚੂਰਣ, ਨਿੰਮ ਅਤੇ ਤੁਲਸੀ ਦੇ ਪੱਤੇ, ਗਿਲੋ, ਚਰਾਇਤੇ ਅਤੇ ਧਨੀਏ ਦਾ ਕਾੜ੍ਹਾ, ਪੁਠਕੰਡੇ ਦੇ ਢਾਈ ਪੱਤੇ, ਸੁਦਰਸ਼ਨ ਚੂਰਨ ਆਦਿਕ ਦਵਾਈਆਂ ਭੀ ਤੇਈਆ ਤਾਪ ਦੂਰ ਕਰਦੀਆਂ ਹਨ. ਜੇ ਕਬਜ ਹੋਵੇ ਤਾਂ ਹਲਕਾ ਜੁਲਾਬ ਦੇ ਦੇਣਾ ਚਾਹੀਏ. ਖਾਣ ਨੂੰ ਦੁੱਧ ਮੂੰਗੀ ਪਾਲਕ ਚਾਉਲ ਆਦਿਕ ਨਰਮ ਗਿਜਾ, ਪੀਣ ਨੂੰ ਨਿਰਮਲ ਪਾਣੀ ਉਬਾਲਿਆ ਹੋਇਆ ਦੇਣਾ ਲੋੜੀਏ. ਰੋਗੀ ਨੂੰ ਸ੍ਵੱਛ ਪੌਣ ਵਿੱਚ ਰੱਖਣਾ ਚਾਹੀਏ.

ਕਈ ਲੋਕ ਤੇਈਆ ਤਾਪ ਹਟਾਉਣ ਲਈ ਜੰਤ੍ਰ ਮੰਤ੍ਰ ਟੂਣੇ ਆਦਿ ਭੀ ਕਰਦੇ ਹਨ, ਪਰ ਇਹ ਕੇਵਲ ਅਗ੍ਯਾਨ ਦਾ ਕਰਮ ਹੈ. "ਸੂਖਾ ਜ੍ਵਰ ਤ੍ਰੇਈਆ ਚੌਥਾਯਾ." (ਚਰਿਤ੍ਰ ੪੦੫)

(ਗ) ਪੀਤਜ੍ਵਰ. ਜ਼ਰਦ ਬੁਖ਼ਾਰ. ਦੇਖੋ, ਉਸਨ ਤਾਪ ਅਤੇ ਯਰਕਾਨ.

(ਘ) ਬੀਸਾਯਾ ਤਾਪ. ਇਹ ਭੀ ਵਾਰੀ ਦਾ ਤਾਪ (ਨੌਬਤੀ) ਹੈ, ਜੋ ਚੌਥਾਏ ਤੇਈਏ ਵਾਂਙ ਵੀਹ ਦਿਨਾਂ ਪਿੱਛੋਂ ਆਉਂਦਾ ਹੈ.

ਜੋ ਵੀਹ ਦਿਨ ਲਗਾਤਾਰ ਤਾਪ ਰਹੇ, ਉਹ ਭੀ ਬੀਸਾਯਾ ਹੈ. حمّی مُطابِقامُتناِقصہ ਹੁੱਮਾ ਮੁਤ਼ਬਿਕ਼ਾ ਮੁਤਨਾਕ਼ਿਸਹ. Typhoid fever. ਅਥਵਾ आन्त्रज्वर- ਆਂਤ੍ਰਜ੍ਵਰ Enteric fever. ਤੋਰਕੀ ਦਾ ਤਾਪ. ਪਾਣੀਝਾਰਾ. ਇਹ ਤਾਪ ਆਂਦ ਵਿੱਚ ਸੜੇ ਬੁਸੇ ਪਦਾਰਥ ਜਾਣ ਤੋਂ ਪੈਦਾ ਹੁੰਦਾ ਹੈ. ਅੰਤੜੀ ਅੰਦਰ ਛਾਲੇ ਹੋ ਜਾਂਦੇ ਹਨ. ਇਹ ਛੂਤ ਦਾ ਰੋਗ ਹੈ. ਬੀਸਾਏ ਤਾਪ ਵਿੱਚ ਕਦੇ ਖਾਂਸੀ ਅਤੇ ਪਸਲੀ ਦੇ ਦਰਦ ਦੀ ਸ਼ਕਾਇਤ ਭੀ ਹੋ ਜਾਂਦੀ ਹੈ. ਬਦਬੂਦਾਰ ਮਲ ਦਸਤਾਂ ਨਾਲ ਝੜਦੀ ਹੈ. ਇਸ ਤਾਪ ਦਾ ਇਲਾਜ ਕਿਸੇ ਸਿਆਣੇ ਤੋਂ ਛੇਤੀ ਕਰਾਉਣਾ ਚਾਹੀਏ. ਅਨਾਜ ਬੰਦ ਕਰਕੇ ਕੇਵਲ ਦੁੱਧ ਦੇਣਾ ਬਹੁਤ ਗੁਣਕਾਰੀ ਹੈ. ਅਰਕ ਬੇਦਮੁਸ਼ਕ ਅਰਕ ਗਾਉਜੁਬਾਨ ਪਿਆਉਣਾ, ਮੰਜੇ ਤੇ ਆਰਾਮ ਨਾਲ ਰਹਿਣਾ, ਘਰ ਵਸਤ੍ਰ ਆਦਿ ਦੀ ਪੂਰੀ ਸਫਾਈ ਰੱਖਣੀ, ਸ੍ਵੱਛ ਹਵਾ ਵਿੱਚ ਰਹਿਣਾ, ਸੁਗੰਧ ਵਾਲੇ ਫੁੱਲਾਂ ਦਾ ਪਾਸ ਰੱਖਣਾ, ਫਲਾਂ ਦਾ ਰਸ ਪੀਣਾ, ਧਨੀਆ, ਚੰਨਣ ਦਾ ਬੂਰ, ਕਪੂਰ, ਸਿਰਕਾ, ਅਰਕ ਗੁਲਾਬ ਵਿੱਚ ਮਿਲਾਕੇ ਸੁੰਘਾਉਣਾ ਲਾਭਦਾਇਕ ਹਨ.

ਹੇਠ ਲਿਖੀਆਂ ਪੁੜੀਆਂ ਬੀਸਾਏ ਤਾਪ ਦਾ ਸਿੱਧ ਇਲਾਜ ਹਨ-

ਵੰਸਲੋਚਨ, ਛੋਟੀਆਂ ਇਲਾਇਚੀਆਂ, ਸਤਗਿਲੋ, ਚਿੱਟਾ ਜੀਰਾ, ਕੌਲਡੋਡੇ ਦੀ ਗਿਰੂ, ਮਿਸ਼ਰੀ, ਇਹ ਸਭ ਇੱਕ ਇੱਕ ਤੋਲਾ, ਸੁੱਚੇ ਸਿੱਪ ਅਤੇ ਅਭਰਕ ਦਾ ਕੁਸ਼ਤਾ ਤਿੰਨ ਤਿੰਨ ਮਾਸ਼ੇ, ਕਹਿਰਵਾ ਤਿੰਨ ਮਾਸ਼ੇ, ਮੋਤੀ ਅਣਵਿੱਧ ਇੱਕ ਮਾਸ਼ਾ, ਇੱਕ ਤੋਲਾ ਰੂਹ ਕੇਉੜੇ ਵਿੱਚ ਖਰਲ ਕਰਕੇ ਇੱਕ ਮਾਸ਼ਾ ਚਾਂਦੀ ਦੇ ਵਰਕ ਮਿਲਾਉਣੇ, ਸਵਾ ਤੋਲਾ ਸਾਬਤ ਅਤੇ ਸਾਫ਼ ਖ਼ੁਬਕਲਾਂ ਸਾਰੀ ਦਵਾਈਆਂ ਨਾਲ ਮਿਲਾਕੇ ਬਾਸਠ (੬੨) ਪੁੜੀਆਂ ਕਰਨੀਆਂ. ਜੁਆਨ ਰੋਗੀ ਨੂੰ ਚਾਰ ਪੁੜੀਆਂ ਰੋਜ ਤਿੰਨ ਤਿੰਨ ਘੰਟੇ ਪਿੱਛੋਂ ਦੁੱਧ ਜਾਂ ਗਉਜੁਬਾਨ ਦੇ ਅਰਕ ਨਾਲ ਦੇਣੀਆਂ. "ਅਸਟ ਦਿਵਸਿਯਾ ਅਰੁ ਬੀਸਾਯਾ." (ਚਰਿਤ੍ਰ ੪੦੫)

੩. ਸੰਤਾਪ. ਦੁੱਖ. ਕਲੇਸ਼। ੪. ਫਿਕਰ. "ਤਾਪ ਪਾਪ ਸੰਤਾਪ ਬਿਨਾਸੇ." (ਬਿਲਾ ਮਃ ੫) ੫. ਦੇਹ ਨੂੰ ਤਪਾਉਣ ਦਾ ਕਰਮ.

ਤਪਸਜਾ. "ਹਰਿਧਨ ਜਾਪ ਹਰਿਧਨ ਤਾਪ." (ਗੂਜ ਮਃ ੫) "ਜਾਪ ਤਾਪ ਗਿਆਨ ਸਭ ਧਿਆਨ." (ਸੁਖਮਨੀ) ੬. ਦੇਖੋ, ਤਿੰਨ ਤਾਪ.

ਤਾਪਸ: ਸੰ. ਸੰਗਜਾ- ਤਪਸ੍ਵੀ. ਤਪ ਕਰਨ ਵਾਲਾ। ੨. ਬਗੁਲਾ। ੩. ਦੇਖੋ, ਤਪਿਸ਼.

ਤਾਪਸਤਾਈ: ਸੰਗਜਾ- ਤਪਸ੍ਵੀਪੁਣਾ. "ਤਾਪਸਤਾਈ ਕੋ ਤਜਾਗ ਤਪੀਸ੍ਵਰ." (ਚਰਿਤ੍ਰ ੧੪੪)

ਤਾਪਸੀ: ਤਪਸ੍ਵੀ. ਤਪੀਆ। ੨. ਸੰ. ਤਪ ਕਰਨ ਵਾਲੀ ਇਸਤ੍ਰੀ.

ਤਾਪਹ, ਤਾਪਹਿ: ਸਰਵ- ਉਸ ਤੋਂ ਉਸ ਪਾਸੋਂ। ੨. ਤਪਦਾ ਹੈ. ਤਪ ਕਰਦਾ ਹੈ.

ਤਾਪਕ: ਵਿ- ਤਪਾਉਣ ਵਾਲਾ। ੨. ਦੁੱਖ ਦੇਣ ਵਾਲਾ। ੩. ਸੰਗਜਾ- ਚੁਲ੍ਹਾ. ਅੰਗੀਠੀ। ੪. ਉਹ ਭਾਂਡਾ, ਜਿਸ ਵਿੱਚ ਰਿੰਨ੍ਹੀਏ ਅਤੇ ਭੁੰਨੀਏ.

ਤਾਪਤੀ: ਦੇਖੋ, ਤਪਤੀ.

ਤਾਪਤ੍ਰਈ, ਤਾਪਤ੍ਰਯ: ਦੇਖੋ, ਤਿੰਨ ਤਾਪ. "ਦਰਸਨ ਨਿਮਖ ਤਾਪਤ੍ਰਈ ਮੋਚਨ." (ਸਾਰ ਨਾਮਦੇਵ)

ਤਾਪਨ: ਸੰ. ਵਿ- ਤਪਾਉਣ ਵਾਲਾ. "ਰਿਪੁ ਤਾਪਨ ਹੈ." (ਜਾਪੁ) ੨. ਸੰਗਜਾ- ਸੂਰਜ। ੩. ਅਗਨਿ। ੪. ਦੇਖੋ, ਤਪਤਾਪਨ.

ਤਾਪਰ, ਤਾਪਰਿ: ਤਾਂ- ਊਪਰਿ. ਉਸ ਉੱਤੇ. "ਜਾਕੀ ਛੋਤਿ ਜਗਤ ਕਉ ਲਾਗੈ ਤਾਪਰ ਤੁਹੀ ਢਰੈ." (ਮਾਰੂ ਰਵਿਦਾਸ) ੨. ਦੇਖੋ, ਤਾਪਰੁ.

ਤਾਪਰੁ: ਕ੍ਰਿ. ਵਿ- ਤਭੀ. ਤਬ ਹੀ. "ਸਚੁ ਤਾਪਰੁ ਜਾਣੀਐ ਜਾ ਰਿਦੈ ਸਚਾ ਹੋਇ." (ਵਾਰ ਆਸਾ)

ਤਾਪੀ: ਦੇਖੋ, ਤਪਤੀ। ੨. ਤਪੀਆ. ਤਪਸ੍ਵੀ। ੩. ਬੁਖ਼ਾਰ (ਜ੍ਵਰ) ਦਾ ਗ੍ਰਸਿਆ ਹੋਇਆ। ੪. ਸੰ. तापिन्. ਤਪਾਉਣ ਵਾਲਾ.

ਤਾਪੁ: ਜ੍ਵਰ. ਬੁਖ਼ਾਰ ਦੇਖੋ, ਤਾਪ. "ਤਾਪੁ ਗਇਆ." (ਸੋਰ ਮਃ ੫) ੨. ਸੰਤਾਪ. ਸਾੜਾ.

ਤਾਪੈ: ਤਪ ਕਰਦਾ ਹੈ. ਤਪਦਾ ਹੈ। ੨. ਦੇਖੋ. ਤਾਂਪੈ.

ਤਾਂਪੈ: ਸਰਵ- ਉਸ ਪਾਸ। ੨. ਉਸ ਉੱਪਰ.

ਤਾਫ਼ਤ: ਫ਼ਾ. تافت ਵਿ- ਫੇਰਦਿੱਤਾ. ਘੁਮਾਇਆ। ੨. ਚਮਕਿਆ. ਦੇਖੋ, ਤਾਫ਼ਤਨ.

ਤਾਫ਼ਤਨ: ਫ਼ਾ. تافتن ਕ੍ਰਿ- ਫੇਰਨਾ। ੨. ਵੱਟਣਾ। ੩. ਮਰੋੜਨਾ। ੪. ਚਮਕਣਾ। ੫. ਕ੍ਰੋਧ ਹੋਣਾ। ੬. ਸੂਰਜ ਦਾ ਚੜ੍ਹਨਾ.

ਤਾਫ਼ਤਾ: ਫ਼ਾ. تافته ਸੰਗਜਾ- ਦੋ ਰੰਗ ਦੇ ਤਾਣੇ ਵਾਣੇ ਵਾਲਾ ਚਮਕੀਲਾ ਰੇਸ਼ਮੀ ਵਸਤ੍ਰ. ਧੁੱਪਛਾਉਂ. ਅੰਗ੍ਰੇਜ਼ੀ ਅਤੇ ਇਟਾਲੀਅਨ teffeta । ੨. ਵਿ- ਫੇਰਿਆ ਹੋਇਆ. ਘੁਮਾਇਆ ਹੋਇਆ. ਵੱਟਿਆ ਹੋਇਆ.

ਤਾਬ: ਫ਼ਾ. تاب ਸੰਗਜਾ- ਤਾਪ. ਗਰਮੀ। ੨. ਚਮਕ ਦੀਪ੍ਤਿ. "ਅਸ ਕੋ ਤਾਬ ਸਹੈ ਸਤਗੁਰੁ ਕੀ." (ਨਾਪ੍ਰ) ੩. ਕ੍ਰੋਧ। ੪. ਬਲ. ਸ਼ਕਤਿ। ੫. ਧੁੱਪ. ਆਤਪ.

ਤਾਬਦਾਨ: ਫ਼ਾ. تابدان ਸੰਗਜਾ- ਰੌਸ਼ਨਦਾਨ. ਮੋਘਾ, ਜਿਸ ਵਿੱਚਦੀਂ ਧੁੱਪ ਘਰ ਅੰਦਰ ਆਵੇ.

ਤਾਬਨਾਕ: تابناک ਵਿ- ਚਮਕੀਲਾ. ਰੌਸ਼ਨ। ੨. ਤਾਪਕ. ਗਰਮੀ ਦੇਣ ਵਾਲਾ.

ਤਾਬਾ, ਤਾਂਬਾ: ਸੰ. ਤਾਮ੍ਰ. ਸੰਗਜਾ- ਇੱਕ ਧਾਤੁ, ਜਿਸ ਦੇ ਸੰਸਕ੍ਰਿਤ ਨਾਮ ਤਾਮ੍ਰਕ, ਤਪਨੇਸ਼੍ਟ, ਰਕਤ੍ਤਧਾਤੁ ਆਦਿ ਹਨ. Copper. “ਪਾਰਸ ਕੇ ਸੰਗਿ ਤਾਬਾ ਬਿਗਰਿਓ." (ਭੈਰ ਕਬੀਰ) "ਕਿਨਹੀ ਬਨਜਿਆ ਕਾਸੀ ਤਾਂਬਾ." (ਕੇਦਾ ਕਬੀਰ) ੨.

ਦੇਖੋ, ਜਹਾਨ ਤਾਬਾ.

ਤਾਬਾਂ: ਫ਼ਾ. تابان ਵਿ- ਤਾਬ (ਚਮਕ) ਵਾਲਾ. ਰੌਸ਼ਨ.

ਤਾਂਬਾਲੋਯਣ: ਡਿੰਗ. ਸੰਗਯਾ- ਤਾਂਬੇ (ਤਾਮ੍ਰ) ਰੰਗੇ ਨੇਤ੍ਰਾਂ ਵਾਲੀ ਕੋਇਲ.

ਤਾਬਿਆ: ਦੇਖੋ, ਤਾਬੇ.

ਤਾਬੂਤ: ਅ਼. تابُوت ਸੰਗਯਾ- ਉਹ ਸੰਦੂਕ਼, ਜਿਸ ਵਿੱਚ ਲੋਥ ਬੰਦ ਕੀਤੀ ਜਾਵੇ. "ਤਾਬੂਤ ਅੰਦਰ ਦਖਲ ਕਰ ਭਟ ਪਠੈਦੀਨੇ ਸ਼ਾਹ ਪੈ." (ਸਲੋਹ)

ਤਾਂਬੂਲ: ਸੰ. ताम्बूल ਸੰਗਯਾ- ਨਾਗਰਬੇਲ (ਨਾਗਵੱਲੀ) ਦਾ ਪੱਤਾ. ਪਾਨ। ੨. ਪਾਨਾਂ ਦਾ ਬੀੜਾ.

ਤਾਂਬੂਲਿਕ, ਤਾਂਬੂਲੀ: ਸੰ. ताम्बूलिक. ਸੰਗਯਾ- ਤੰਬੋਲੀ. ਪਾਨ ਵੇਚਣ ਵਾਲਾ। ੨. ਪਾਨਾਂ ਦਾ ਬੀੜਾ ਬਣਾਉਣ ਵਾਲਾ.

ਤਾਬੇ: ਅ਼. تابِع ਤਾਬਿਅ਼. ਵਿ- ਪੈਰਵੀ ਕਰਨ ਵਾਲਾ. ਅਨੁਗਾਮੀ। ੨. ਅਧੀਨ. ਮਾਤਹ਼ਤ.

ਤਾਬੇ ਬੈਠਣਾ: ਗੁਰੂ ਗ੍ਰੰਥਸਾਹਿਬ ਦੀ ਹਾਜਰੀ ਵਿੱਚ ਚੌਰ ਲੈਕੇ ਬੈਠਣਾ.

ਤਾਂਬ੍ਰਧਰਾ: ਤਾਂਮ੍ਰਧਰਾ. ਤਾਂਬੇ ਦੀ ਪ੍ਰਿਥਿਵੀ. ਜਨਮ ਸਾਖੀ ਵਿੱਚ ਜਿਕਰ ਹੈ ਕਿ ਇੱਕ ਤਾਂਬੇ ਦੀ ਜ਼ਮੀਨ ਹੈ, ਜਿਸ ਪੁਰ ਅਜਗਰ ਸੱਪ ਰਹਿੰਦੇ ਹਨ, ਉਨ੍ਹਾਂ ਨੂੰ ਅਹਾਰ ਪੁਚਾਉਣ ਲਈ ਅੰਧੇਰੀ ਵਹਿੰਦੀ ਹੈ. ਮਿੱਟੀ ਚੱਟਕੇ ਸੱਪ ਗੁਜ਼ਾਰਾ ਕਰਦੇ ਹਨ। ੨. ਅਸਲ ਵਿੱਚ, ਤਾਂਬੇ ਜੇਹੇ ਰੰਗ ਵਾਲੀ ਜਮੀਨ ਦਾ ਨਾਮ ਤਾਂਬ੍ਰਧਰਾ ਹੈ.

ਤਾਂਬ੍ਰਪਣ: ਦੇਖੋ, ਤਾਮ੍ਰਪਣ.

ਤਾਭੀ: ਵਯ- ਤੋ ਭੀ. ਇਸ ਪੁਰ ਭੀ. "ਤਾਭੀ ਚੀਤਿ ਨ ਰਾਖਸਿ ਮਾਇਆ." (ਆਸਾ ਕਬੀਰ) ਤਾਂਭੀ ਮਾਤਾ ਚਿੱਤ ਵਿੱਚ ਰੰਜ ਨਹੀਂ ਰਖਦੀ.

ਤਾਮ: ਸੰ. ਤਾਮਸ. ਸੰਗਯਾ- ਤਮੋਗੁਣ. "ਰਾਜ ਬਿਨਾਸੀ ਤਾਮ ਬਿਨਾਸੀ." (ਸਾਰ ਮਃ ੫) ੨. ਚਿੰਤਾ. ਫ਼ਿਕਰ। ੩. ਦੁੱਖ. ਕਲੇਸ਼। ੪. ਵਿ- ਭਯੰਕਰ. "ਜਿਨੈ ਕਿੱਤਿਯੰ ਜਿੱਤਿਯੰ ਫੌਜ ਤਾਮੰ." (ਵਿਚਿਤ੍ਰ) ੫. ਅ਼. طعام ਤ਼ਆ਼ਮ. ਸੰਗਯਾ- ਸੁਆਦ. ਲੱਜਤ। ੬. ਖਾਣਾ. ਭੋਜਨ। ੭. ਅ਼. تام ਵਿ- ਸੰਪੂਰਣ. ਪੂਰਾ.

ਤਾਮਅ, ਤ਼ਾਮਅ਼: ਅ਼. طامع ਵਿ- ਤ਼ਮਅ਼ ਵਾਲਾ. ਲਾਲਚੀ. ਲੋਭੀ.

ਤਾਮਸ: ਸੰ. ਤਮੋਗੁਣ ਦਾ ਕਾਰਯ। ੨. ਕ੍ਰੋਧ। ੩. ਅਗਜਾਨ। ੪. ਸਰਪ। ੫. ਅੰਧੇਰਾ.

ਤਾਮਸਤਾ: ਸੰਗਯਾ- ਤਮੋਗੁਣ ਦਾ ਭਾਵ. "ਤਾਮਸਤਾ ਮਮਤਾ ਨਮਤਾ ਕਵਿਤਾ ਕਵਿ ਕੇ ਮਨ ਮੱਧ ਗੁਹੀ ਹੈ." (ਚੰਡੀ ੧) ਤਮੋਰੂਪਾ, ਰਜੋ (ਮਮਤਾ) ਰੂਪਾ, ਨਮਤਾ (ਸਤੋ) ਰੂਪਾ, ਕਵਿਤਾਰੂਪਾ ਸ਼ਕਤਿ, ਕਵਿ ਦੇ ਮਨ ਵਿੱਚ ਵਸ ਰਹੀ ਹੈ.

ਤਾਮਸਿ, ਤਾਮਸੀ: ਵਿ- ਤਮੋਗੁਣ ਵਾਲੀ। ੨. ਤਮੋਗੁਣੀ. "ਆਪ ਨ ਚੀਨਹਿ ਤਾਮਸੀ." (ਆਸਾ ਅਃ ਮਃ ੧) ੩. ਤਮੋਗੁਣ ਵਿੱਚ. ਤ੍ਰਿਸਨਾ (ਹਿਰਸ) ਮੇਂ "ਤਾਮਸਿ ਲਗਾ ਸਦਾ ਫਿਰੈ." (ਵਾਰ ਬਿਹਾ ਮਃ ੩)

ਤਾਮਸੁ: ਦੇਖੋ, ਤਾਮਸ ੧. "ਅੰਤਰਿ ਲਾਗਿ ਨ ਤਾਮਸੁ ਮੂਲੇ." (ਸ੍ਰੀ ਮਃ ੩) ੨. ਤਮੋਗੁਣੀ. "ਰਾਜਸੁ ਸਾਤਕੁ ਤਾਮਸੁ ਡਰਪਹਿ." (ਮਾਰੂ ਮਃ ੫)

ਤਾਮਜਾਨ, ਤਾਮਝਾਮ: ਸੰਗਯਾ- ਕੁਰਸੀ ਦੇ ਆਕਾਰ ਦੀ ਪਾਲਕੀ, ਜਿਸ ਨੂੰ ਕਹਾਰ ਕੰਨ੍ਹੇ ਪੁਰ ਰੱਖਕੇ ਚਲਦੇ ਹਨ.

ਤਾਮਰ: ਸੰ. ਸੰਗਯਾ- ਪਾਣੀ। ੨. ਘੀ। ੩. ਦੇਖੋ, ਤਾਮ੍ਰ.

ਤਾਮਰਸ: ਸੰ. ਸੰਗਯਾ- ਜਲ ਵਿੱਚ ਸੌਣ ਵਾਲਾ, ਕਮਲ. "ਸੰਤ ਤਾਮਰਸ ਹੇਰ ਵਿਕਾਸੇ." (ਨਾਪ੍ਰ) ੨. ਸੁਵਰਣ. ਸੋਨਾ। ੩. ਤਾਂਬਾ। ੪. ਧਤੂਰਾ। ੫. ਸਾਰਸ ਪੰਛੀ। ੬. ਇੱਕ ਛੰਦ. ਲੱਛਣ- ਨ ਜ ਜ ਯ ।।।, ।S।, ।S।, ।।S.

ਤਾਮੜਾ: ਸੰ. ਤਾਮ੍ਰਾਭ. ਵਿ- ਤਾਂਬੇ ਰੰਗਾ. ਲਾਲੀ ਦੀ ਝਲਕ ਸਹਿਤ.

ਤਾਮਾ: ਦੇਖੋ, ਤਾਂਬਾ। ੨. ਦੇਖੋ, ਤਾਮ ੫। ੩. ਸ਼ਿਕਾਰੀਆਂ ਦੇ ਸੰਕੇਤ ਵਿੱਚ ਬਾਜ਼ ਆਦਿ ਸ਼ਿਕਾਰੀ ਪੰਛੀਆਂ ਨੂੰ ਦਿੱਤੀ ਹੋਈ ਸੰਝ ਦੀ ਖੁਰਾਕ, ਜੋ ਪੰਛੀ ਦੇ ਕੱਚੇ ਮਾਸ ਦੀ ਹੁੰਦੀ ਹੈ. ਕਦੇ ਕਦੇ ਹੋਰ ਮਾਸ ਭੀ ਦਿੱਤਾ ਜਾਂਦਾ ਹੈ. ਤਾਮਾ ਪੇਟ ਭਰਕੇ ਖਵਾਈਦਾ ਹੈ। ੪. ਭਾਵ- ਮਾਸ. "ਤੁਰਕਨ ਤੇਜ ਤਾਮਾ ਤੌ ਲਗ ਤਰੇਈ ਤਰੇ, ਖਾਲਸਾ ਸਰੂਪ ਸਿੰਘ ਜੌ ਲਗ ਛਕੈ ਨਹੀਂ." (ਗੁਪ੍ਰਸੂ) ਤੁਰਕਾਂ ਦਾ ਤੇਜ ਰੂਪ ਤਾਮਾ, ਉਸ ਵੇਲੇ ਤੀਕ ਹੀ ਤਰਾਤਰ (ਬਹੁਤ ਜਾਦਾ) ਹੈ, ਜਦ ਤੀਕ ਸਿੰਘਰੂਪ ਖਾਲਸਾ ਉਸ ਨੂੰ ਛਕ ਨਹੀਂ ਜਾਂਦਾ.

ਤਾਮਿ: ਤ (ਤਬ) ਆਮਿ (ਆਮਯ). "ਦੁਖੁ ਦਾਰੂ ਸੁਖੁ ਰੋਗ ਭਇਆ, ਜਾ ਸੁਖੁ ਤਾਮਿ ਨ ਹੋਈ." (ਵਾਰ ਆਸਾ) ਉਪਕਾਰ ਅਤੇ ਉੱਦਮ ਕਰਕੇ ਦੁਖ ਉਠਾਉਣਾ ਦਾਰੂ ਹੈ, ਵਿਸ਼ਯਭੋਗ ਅਤੇ ਆਰਾਮਤ਼ਲਬੀ ਰੋਗ ਹੈ. ਜਦ ਉੱਪਰ ਦੱਸੀ ਦਵਾ ਨਾਲ ਸੁਖ ਪ੍ਰਾਪਤ ਹੋ ਜਾਵੇ, ਤਦ ਆਮਯ (ਰੋਗ) ਨਹੀਂ ਹੁੰਦਾ. ਭਾਵ- ਨਿਤਯ ਅਰੋਗ ਰਹੀਦਾ ਹੈ। ੨. ਤ਼ੁਆ਼ਮ (ਖਾਣੇ) ਦੀ. "ਤਾਮਿ ਪਰੀਤਿ ਵਸੈ ਘਰਿ ਆਇ." (ਆਸਾ ਮਃ ੧) ੩. ਕ੍ਰਿ. ਵਿ- ਤਦੇ. ਤਬ ਹੀ. "ਅੰਦਰਿ ਹੋਇ ਸਾਚਾ, ਤਾਮਿ ਸਾਚਾ ਪਾਈਐ." (ਵਡ ਛੰਤ ਮਃ ੧) ੪. ਸੰ. ਸੰਗਯਾ- ਪ੍ਰਾਣਾਂ ਦਾ ਨਿਰੋਧ. ਸ੍ਵਾਸ ਦਾ ਸੰਯਮ.

ਤਾਮੀਰ: ਅ਼. تامعیر ਤਅ਼ਮੀਰ. ਸੰਗਯਾ- ਇ਼ਮਾਰਤ ਬਣਾਉਣ ਦੀ ਕ੍ਰਿਯਾ। ੨. ਆਬਾਦ ਕਰਨਾ। ੩. ਭਾਵ- ਇ਼ਮਾਰਤ. ਉਸਾਰੀ.

ਤਾਮੀਲ: ਅ਼. تاعمیل ਤਅ਼ਮੀਲ. ਸੰਗਯਾ- ਅ਼ਮਲ ਕਰਨਾ. ਆਗਯਾ ਪਾਲਨ.

ਤਾਮੁ: ਸੰ. ਵਿ- ਸ੍ਤੁਤਿ (ਉਸਤਤਿ) ਕਰਨ ਵਾਲਾ.

ਤਾਮੇਸਰ: ਦੇਖੋ, ਤਮੇਸਰ.

ਤਾਮੰ: ਤਾਨ੍ ਤਾਨ੍. ਤਿਨ੍ਹਾਂ ਨੂੰ। ੨. ਤਾਨ੍- ਮਸ- ਤਾਨਮਮ. ਤਿਨ੍ਹਾਂ ਨੂੰ ਮੇਰੀ. "ਨਮਸਕਾਰ ਤਾਮੰ." (ਵਿਚਿਤ੍ਰ) ੩. ਦੇਖੋ, ਤਾਮ.

ਤਾਮ੍ਰ: ਸੰ. ਸੰਗਯਾ- ਤਾਂਬਾ। ੨. ਲਾਲ ਰੰਗ। ੩. ਮਹਿਖਾਸੁਰ ਦਾ ਇੱਕ ਮੰਤ੍ਰੀ ਅਤੇ ਸੈਨਾਨੀ, ਜੋ ਦੁਰਗਾ ਦੇ ਹੱਥੋਂ ਮੋਇਆ। ੪. ਵਿ- ਤਾਂਬੇ ਰੰਗਾ.

ਤਾਮ੍ਰਚੂੜ: ਸੰ. ਸੰਗਯਾ- ਤਾਂਬੇ ਰੰਗੀ ਕਲਗੀ ਵਾਲਾ. ਲਾਲ ਚੋਟੀ ਵਾਲਾ ਮੁਰਗਾ.

ਤਾਮ੍ਰਪਣ: ਤਾਮ੍ਰ (ਤਾਂਬੇ) ਦਾ ਪਣ (ਸਿੱਕਾ) ਪੈਸਾ ਆਦਿਕ. "ਤੀਨ ਤਾਮ੍ਰਪਣ ਮੋਲ ਸੁਨਾਯੋ." (ਨਾਪ੍ਰ)

ਤਾਮ੍ਰਪਰਣੀ: ਲੰਕਾ. ਰਾਵਣ ਦੀ ਰਾਜਧਾਨੀ. ਦੇਖੋ, ਲੰਕਾ। ੨. ਟਿਨੇ ਵੈਲੀ ਦੀ ਇੱਕ ਨਦੀ ਜੋ ਅਗਸਤਿਕੂਟ ਤੋਂ ਨਿਕਲਦੀ ਹੈ. ਇਸ ਵਿੱਚੋਂ ਮੋਤੀ ਕਢਦੇ ਹਨ. ਕਿਸੇ ਸਮੇਂ ਇਸ ਦਾ ਕੋਲਕੈ ਬੰਦਰ ਬਹੁਤ ਮਸ਼ਹੂਰ ਸੀ.

ਤਾਯਾ: ਦੇਖੋ, ਤਾਇਆ.

ਤਾਰ: ਸੰਗਯਾ- ਤਾੜ ਬਿਰਛ. "ਤਾਰ ਪ੍ਰਮਾਨ[591] ਉਚਾਨ ਧੁਜਾ ਲਖ." (ਕਲਕੀ) ੨. ਸੰ. ਤੰਤੁ. ਡੋਰਾ। ੩. ਧਾਤੁ ਦਾ ਤੰਤੁ. ਸੁਵਰਣ ਚਾਂਦੀ ਲੋਹੇ ਆਦਿ ਦੀ ਤਾਰ। ੪. ਚਾਂਦੀ। ੫. ਓਅੰਕਾਰ. ਪ੍ਰਣਵ। ੬. ਸੁਗ੍ਰੀਵ ਦੀ ਫ਼ੌਜ ਦਾ ਇੱਕ ਸਰਦਾਰ। ੭. ਤਾਰਾ. ਨਕ੍ਸ਼ਤ੍ਰ। ੮. ਸ਼ਿਵ। ੯. ਵਿਸ਼ਨੁ। ੧੦. ਸੰਗੀਤ ਅਨੁਸਾਰ ਇੱਕ ਠਾਟ ਦੀ ਸਪਤਕ. ਸੱਤ ਸੁਰਾਂ ਦਾ ਸਮੁਦਾਯ। ੧੧.

---

[591] ਤਾੜ ਪ੍ਰਮਾਣ ਤੋਂ ਤਿੰਨ ਸੌ ਹੱਥ ਦੀ ਲੰਬਾਈ ਸਮਝੀ ਜਾਂਦੀ ਹੈ, ਦੇਖੋ, ਤਾੜ ੪.

ਉੱਚਾ ਸੁਰ. ਟੀਪ. "ਤਾਰ ਘੋਰ ਬਾਜਿੰਤ੍ਰ ਤਹਿ." (ਵਾਰ ਮਲਾ ਮਃ ੧) ੧੨. ਅੱਖ ਦੀ ਪੁਤਲੀ। ੧੩. ਟਕ. ਨੀਝ. ਅਚਲਦ੍ਰਿਸ਼੍ਟਿ. "ਮਛੀ ਨੋ ਤਾਰ ਲਾਵੈ." (ਵਾਰ ਰਾਮ ੨. ਮਃ ੫) "ਲੋਚਨ ਤਾਰ ਲਾਗੀ." (ਕੇਦਾ ਮਃ ੫) ੧੪. ਵ੍ਰਿੱਤਿ ਦੀ ਏਕਾਗ੍ਰਤਾ. ਮਨ ਦੀ ਲਗਨ. "ਲਾਗੀ ਤੇਰੇ ਨਾਮ ਤਾਰ." (ਨਾਪ੍ਰ) ੧੫. ਵਿ- ਅਖੰਡ. ਇੱਕ ਰਸ. ਲਗਾਤਾਰ. "ਜੇ ਲਾਇ ਰਹਾ ਲਿਵ ਤਾਰ." (ਜਪੁ) ੧੬. ਦੇਖੋ, ਤਾਰਣਾ। ੧੭. ਵ੍ਯ- ਤਰਹਿ. ਵਾਂਙ, ਜੈਸੇ- "ਮਨ ਭੂਲਉ ਭਰਮਸਿ ਭਵਰ ਤਾਰ." (ਬਸੰ ਅਃ ਮਃ ੧) ੧੮. ਤਾਲ. ਦੋਹਾਂ ਹੱਥਾਂ ਦਾ ਪਰਸਪਰ ਪ੍ਰਹਾਰ. ਤਾੜੀ. "ਵਿਹੰਗ ਵਿਕਾਰਨ ਕੋ ਕਰਤਾਰ." (ਗੁਪ੍ਰਸੂ) ਵਿਕਾਰਰੂਪ ਪੰਛੀਆਂ ਦੇ ਉਡਾਉਣ ਨੂੰ ਹੱਥ ਦਾ ਤਾਲ (ਤਾੜੀ). ੧੯. ਫ਼ਾ. تار ਸੰਗ੍ਯਾ- ਸੂਤ. ਤੰਤੁ। ੨੦. ਵਿ- ਕਾਲਾ ਸ੍ਯਾਹ। ੨੧. ਦੇਖੋ, ਨਾਦ। ੨੨ ਦੇਖੋ, ਤਾਲ। ੨੩ ਹਿੰਦੁਸਤਾਨੀ ਵਿੱਚ ਤਾਰਬਰਕੀ (Telegraph) ਨੂੰ ਭੀ ਤਾਰ ਆਖਦੇ ਹਨ.

ਤਾਰਕ: ਸੰ. ਸੰਗ੍ਯਾ- ਤਾਰਾ. ਨਕ੍ਸ਼ਤ੍ਰ। ੨. ਅੱਖ ਦੀ ਪੁਤਲੀ। ੩. ਇੱਕ ਦੈਤ, ਜਿਸ ਨੂੰ ਸ਼ਿਵ ਦੇ ਪੁਤ੍ਰ ਕਾਰਤਿਕੇਯ ਨੇ ਮਾਰਿਆ। ੪. ਇੱਕ ਦੈਤ, ਜਿਸ ਨੂੰ ਵਿਸ਼ਨੁ ਨੇ ਇੰਦ੍ਰ ਦੀ ਸਹਾਇਤਾ ਲਈ ਮਾਰਿਆ। ੫. ਹਿੰਦੂਆਂ ਦੇ ਨਿਸ਼ਚੇ ਅਨੁਸਾਰ ਕਾਸ਼ੀ ਵਿੱਚ ਮਰਨ ਲੱਗੇ ਪ੍ਰਾਣੀ ਨੂੰ ਸ਼ਿਵ ਦਾ ਕੰਨ ਵਿੱਚ ਸੁਣਾਇਆ "ਰਾਮਤਾਰਕ" ਮੰਤ੍ਰ (ਰਾਂ ਰਾਮਾਯ ਨਮਃ). ੬. ਜਹਾਜ਼. ਬੇੜਾ. ਤੁਲਹਾ। ੭. ਮਲਾਹ. ਕਰਨਧਾਰ. "ਰਾਮ ਨਾਮੁ ਸਭ ਜਗ ਕਾ ਤਾਰਕ." (ਕਾਨ ਅਃ ਮਃ ੪) ੮. ਵਿ- ਤਾਰਨ ਵਾਲਾ। ੯. ਅ਼. تارک ਤਾਰਿਕ. ਤਰਕ ਕਰਨ ਵਾਲਾ. ਤ੍ਯਾਗੀ. "ਤਾਰਕ ਹਨਐ ਜਿਮ ਡਾਰਤ ਲੱਖਾਂ." (ਕ੍ਰਿਸਨਾਵ) ਲੱਖਾਂ ਰੁਪਯਾਂ ਨੂੰ ਸਿੱਟ ਦਿੰਦਾ ਹੈ। ੧੦. ਇੱਕ ਛੰਦ. ਦਸਮਗ੍ਰੰਥ ਵਿੱਚ ਇਹ "ਅਸਤਾ" ਅਤੇ "ਤੋਟਕ" ਦਾ ਹੀ ਨਾਮਾਂਤਰ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ. ||S, ||S, ||S, ||S.

ਉਦਾਹਰਣ-

ਕਲਕੀ ਅਵਤਾਰ ਰਿਸਾਵਹਿੰਗੇ

ਭਟ ਓਘ ਪ੍ਰਯੋਘ ਗਿਰਾਵਹਿੰਗੇ. ××× (ਕਲਕੀ)

(ਅ) ਪਿੰਗਲ ਗ੍ਰੰਥਾਂ ਵਿੱਚ ਚਾਰ ਸਗਣਾਂ ਦੇ ਅੰਤ ਇੱਕ ਗੁਰੁ ਲਾਉਣ ਤੋਂ "ਤਾਰਕ" ਹੁੰਦਾ ਹੈ. ਦਸਮਗ੍ਰੰਥ ਵਿੱਚ ਇਸ ਭੇਦ ਦਾ ਨਾਮ "ਤਾਰਕਾ" ਹੈ. ਦੇਖੋ, ਤਾਰਕਾ ੩.

ਤਾਰਕਮੰਤ੍ਰ: ਸੰਗ੍ਯਾ- ਜਗਤ ਤੋਂ ਉੱਧਾਰ ਕਰਨ ਵਾਲਾ ਮੰਤ੍ਰ ਵਾਹਗੁਰੂ। ੨. ਦੇਖੋ, ਤਾਰਕ ੫.

ਤਾਰਕਰਿ: ਤਾਰਕ- ਅਰਿ. ਤਾਰਕ ਦੈਤ ਦਾ ਵੈਰੀ ਕਾਰਤਿਕੇਯ ਅਤੇ ਵਿਸ਼ਨੁ. ਦੇਖੋ, ਤਾਰਕ ੩. ਅਤੇ ੪

ਤਾਰਕਾ: ਸੰ. ਸੰਗ੍ਯਾ- ਨਕ੍ਸ਼ਤ੍ਰ. ਤਾਰਾ। ੨. ਅੱਖ ਦੀ ਪੁਤਲੀ। ੩. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ, ਅੰਤ ਗੁਰੁ. ||S, ||S, ||S, ||S, S.

ਦਿਜਦੇਵ ਤਬੈ ਗੁਰੁ ਚੌਬਿਸ ਕੈਕੈ,

ਗਿਰਿਮੇਰੁ ਗਏ ਸਭ ਹੀ ਮੁਨਿ ਲੈਕੈ. ××× (ਦੱਤਾਵ)

੪. ਸੰ. ਤਾੜਕਾ. ਸੁਕੇਤੁ ਯਕ੍ਸ਼ ਦੀ ਪੁਤ੍ਰੀ, ਸੁੰਦ ਦੀ ਇਸਤ੍ਰੀ ਅਤੇ ਮਾਰੀਚ ਦੀ ਮਾਂ. ਇਸ ਵਿੱਚ ਬ੍ਰਹਮਾ ਦੇ ਵਰ ਕਰਕੇ ਹਜ਼ਾਰ ਹਾਥੀ ਦਾ ਬਲ ਸੀ. ਵਿਸ਼੍ਵਾਮਿਤ੍ਰ ਦੀ ਪ੍ਰੇਰਣਾ ਤੋਂ ਇਸ ਨੂੰ ਰਾਮਚੰਦ੍ਰ ਜੀ ਨੇ ਮਾਰਿਆ. "ਰਾਹ ਮਾਰਤ ਰਾਛਸੀ ਜਹ ਤਾਰਕਾ ਗਨ ਨਾਮ." (ਰਾਮਾਵ)

ਤਾਰਕਾਸੁਰ: ਤਾਰਕ ਦੈਤ੍ਯ. ਦੇਖੋ, ਤਾਰਕ ੩. ਅਤੇ ੪.

ਤਾਰਕਾਰਿ: ਤਾਰਕਾ (ਤਾੜਕਾ) ਦਾ ਵੈਰੀ ਸ਼੍ਰੀਰਾਮ। ੨. ਦੇਖੋ, ਕਾਰਤਿਕੇਯ ਅਤੇ ਤਾਰਕਰਿ.

ਤਾਰਕਿਕ: ਸੰ. तार्किक. ਸੰਗ੍ਯਾ- ਤਰਕਸ਼ਾਸਤ੍ਰ (ਨ੍ਯਾਯ) ਦੇ ਜਾਣਨ ਵਾਲਾ। ੨. ਵਿ- ਮੰਤਕੀ.

ਤਾਰਕੁ: ਦੇਖੋ, ਤਾਰਕ ੬- ੭- ੮ ਅਤੇ ੯.

ਤਾਰਗਿ: ਤਾਰੇਗਾ. ਤਾਰੇਗੀ. "ਨਾਵ ਹਰਿਸੇਵਾ ਜੋ ਚੜੈ ਤਿਸੁ ਤਾਰਗਿ ਰਾਮ." (ਸੂਹੀ ਛੰਤ ਮਃ ੫)

ਤਾਰਚਾ: ਤਤਾਰਚਾ ਦਾ ਸੰਖੇਪ. "ਤੀਖਨ ਭੀਖਨ ਤਾਰਚੇ ਕੋਸਨ ਲਗ ਮਾਰੈਂ." (ਗੁਪ੍ਰਸੂ) ਦੇਖੋ, ਤਤਾਰਚਾ.

ਤਾਰਣ: ਸੰ. ਸੰਗਯਾ- ਪਾਰ ਕਰਨ ਦਾ ਕਰਮ। ੨. ਉੱਧਾਰ. ਨਿਸਤਾਰ। ੩. ਜਹਾਜ਼. "ਨਾ ਤਰਨਾ ਤੁਲਹਾ ਹਮ ਬੂਡਸਿ, ਤਾਰ ਲੇਹਿ ਤਾਰਣ ਰਾਇਆ!" (ਆਸਾ ਪਟੀ ਮਃ ੧) ਨਾ ਤਰਨਾ ਆਉਂਦਾ ਹੈ, ਨਾ ਤੁਲਹਾ ਹੈ, ਹੇ ਜਹਾਜ਼ਰੂਪ ਸ੍ਵਾਮੀ! ਤਾਰਲੈ। ੪. ਸੰ. ਤਾਣੰ. ਵਿ- ਤ੍ਰਿਣ (ਕੱਖਾਂ) ਦਾ ਬਣਿਆ ਹੋਇਆ। ੫. ਸੰਗਯਾ- ਫੂਸ ਦੀ ਅੱਗ। ੬. ਘਾਸ (ਕੱਖਾਂ) ਦਾ ਮਹ਼ਿਸੂਲ.

ਤਾਰਣਹਾਰ: ਵਿ- ਪਾਰ ਕਰਨ ਵਾਲਾ.

ਤਾਰਣਤਰਣ: ਵਿ- ਤਾਰਣ ਲਈ ਜਹਾਜ਼ਰੂਪ. "ਪਾਰਬ੍ਰਹਮੁ ਮੇਰੋ ਤਾਰਣਤਰਣ." (ਬਿਲਾ ਮਃ ੫)

ਤਾਰਣਾ: ਕ੍ਰਿ- ਪਾਰ ਕਰਨਾ. ਤੈਰਾਨਾ. ਉੱਧਾਰ ਕਰਨਾ. ਦੂਜੇ ਕਿਨਾਰੇ ਪੁਚਾਉਂਣਾ. "ਚਲੁ ਰੇ! ਬੈਕੁੰਠ ਤੁਝਹਿ ਲੇ ਤਾਰਉ." (ਗਉ ਕਬੀਰ)

ਤਾਰਤਮ, ਤਾਰਤੰਮ: ਸੰ. ਤਾਰ- ਤਮ. ਤਾਰ ਤਮਯ. ਸੰਗਯਾ- ਕਮੀਬੇਸ਼ੀ. ਘਾਟਾਵਾਧਾ. ਨ੍ਯੂਨਾਧਿਕਤਾ. "ਜੇ ਉਪਮੇਯ ਤਾਰਤਮ ਉਪਮਾਂ." (ਨਾਪ੍ਰ) ਉਪਮਾਨ ਲਈ ਜਿਤਨੇ ਉਪਮੇਯ ਹਨ, ਉਨ੍ਹਾਂ ਦੀ ਮਿਸਾਲ ਠੀਕ ਨਹੀਂ ਜਚਦੀ, ਕਯੋਂਕਿ ਉਨ੍ਹਾਂ ਵਿੱਚ ਨ੍ਯੂਨਾਧਿਕਤਾ ਹੈ.

ਤਾਰਨ: ਦੇਖੋ, ਤਾਰਣ। ੨. ਤਾੜਨ. "ਬਿਹੰਗ ਵਿਕਾਰਨ ਕੋ ਕਰਤਾਰਨ." (ਨਾਪ੍ਰ) ਪੰਛੀਰੂਪ ਵਿਕਾਰਾਂ ਦੇ ਉਡਾਉਣ ਲਈ ਹੱਥਾਂ ਦਾ ਪਰਸਪਰ ਤਾੜਨਾ (ਤਾਲੀ ਬਜਾਉਣੀ) ਹੈ। ੩. ਜਹਾਜ "ਦਾਸ ਉਧਾਰਨ ਜਯੋਂ ਕਰ ਤਾਰਨ." (ਨਾਪ੍ਰ) ੪. ਤਾਰਿਆਂ ਨੂੰ. "ਗਨ ਦੰਭ ਛਪੇ ਸਵਿਤਾ ਕਰ ਤਾਰਨ." (ਨਾਪ੍ਰ)

ਤਾਰਨ ਤਰਨੁ: ਦੇਖੋ, ਤਾਰਣ ਤਰਣ। ੨. ਦੇਖੋ, ਤਾਰਣਾ ਅਤੇ ਤਰਣਾ. "ਤਾਰਨ ਤਰਨੁ ਤਬੈ ਲਗ ਕਹੀਐ, ਜਬ ਲਗ ਤਤੁ ਨ ਜਾਨਿਆ." (ਮਾਰੂ ਕਬੀਰ) ਭਾਵ- ਦ੍ਵੰਦ੍ਵ, ਭਰਮਦਸ਼ਾ ਵਿੱਚ ਹੈ.

ਤਾਰਨਾ: ਦੇਖੋ, ਤਾਰਣਾ। ੨. ਤਾੜਨਾ. "ਅਧਿਕ ਤਾਰਨਾ ਤਾਰਨ ਕਰਹੀ." (ਨਾਪ੍ਰ) ਵਡੀ ਤਾੜਨਾ ਨਾਲ ਤਾੜਨ ਕਰਦੇ ਹਨ.

ਤਾਰ ਪਰਾਨਾ: ਦੇਖੋ, ਪਰਾਨਾ.

ਤਾਰਾ: ਸੰ. ਸੰਗਯਾ- ਨਕ੍ਸ਼ਤ੍ਰ. ਸਿਤਾਰਾ. "ਜਿਮਿ ਤਾਰਾ ਗਣ ਮੇ ਸਸਿ ਰਾਜੈ." (ਗੁਪ੍ਰਸੂ) ੨. ਵ੍ਰਿਹਸਪਤਿ ਦੀ ਇਸਤ੍ਰੀ, ਜਿਸ ਨੂੰ ਚੰਦ੍ਰਮਾ ਖੋਹਕੇ ਲੈਗਿਆ ਸੀ ਅਤੇ ਉਸ ਵਿੱਚੋਂ ਬੁਧ ਪੁਤ੍ਰ ਪੈਦਾ ਕੀਤਾ। ੩. ਬਾਲੀ ਦੀ ਇਸਤ੍ਰੀ ਜੋ ਸੁਖੇਣ (ਸੁਸ਼ੇਣ) ਦੀ ਪੁਤ੍ਰੀ ਸੀ. ਇਸ ਦਾ ਪੁਨਰਵਿਵਾਹ ਸੁਗ੍ਰੀਵ ਨਾਲ ਹੋਇਆ। ੪. ਜਿੰਦਾ (ਜੰਦ੍ਰਾ). ਦੇਖੋ, ਤਾਲਾ. "ਤਾਰਾ ਰਿਦੈ ਉਪਦੇਸ਼ ਦੈ ਖੋਲਤ." (ਗੁਪ੍ਰਸੂ) ੫. ਸਿੱਖ ਇਤਿਹਾਸ ਵਿੱਚ ਔਰੰਗਜ਼ੇਬ ਦੇ ਪੁਤ੍ਰ ਆ਼ਜਮਸ਼ਾਹ ਦਾ ਨਾਮ ਤਾਰਾ ਅਤੇ ਤਾਰਾਆਜਮ ਆਇਆ ਹੈ। ੬. ਤਾਰਨ ਵਾਲਾ. ਤਾਰਕ. ਮਲਾਹ. "ਹਰਿ ਆਪੇ ਬੇੜੀ ਤੁਲਹਾ ਤਾਰਾ." (ਗਉ ਮਃ ੪) ੭. ਉਤਾਰਾ (ਉਤਾਰਿਆ) ਦਾ ਸੰਖੇਪ. "ਗੁਰਮੁਖਿ ਭਾਰ ਅਥਰਬਣ ਤਾਰਾ." (ਭਾਗੁ) ੮. ਤਾਰਿਆ. ਪਾਰ ਕੀਤਾ. "ਤਾਰਾ ਭਵੋਦਧਿ ਤੇਜਨ ਕੋ ਗਨ." (ਗੁਪ੍ਰਸੂ) ੯. ਅੱਖ ਦੀ ਪੁਤਲੀ. ਧੀਰੀ. "ਤਾਰਾ ਵਿਲੋਚਨ ਸੋਚਨ ਮੋਚਨ." (ਗੁਪ੍ਰਸੂ) ੧੦. ਸਿਤਾਰੇ ਦੀ ਸ਼ਕਲ ਦਾ ਇਸਤ੍ਰੀਆਂ ਦਾ ਇੱਕ ਭੂਖਣ। ੧੧. ਭਾਈ ਬਹਿਲੋ ਕੇ ਗੁਰਦਾਸ ਦਾ ਛੋਟਾ ਭਾਈ, ਜੋ ਧਨੁਖਵਿਦ੍ਯਾ ਵਿੱਚ ਵਡਾ ਨਿਪੁਣ ਸੀ. ਇਹ ਰਾਮਰਾਇ ਜੀ ਦੀ ਸੇਵਾ ਵਿੱਚ ਰਿਹਾ ਕਰਦਾ ਸੀ. "ਭਾਈ ਬਹਿਲੋ ਕੇ ਗੁਰਦਾਸ। ਅਰੁ ਦੂਸਰ ਤਾਰਾ ਪਿਖ ਪਾਸ." (ਗੁਪ੍ਰਸੂ) ਦੇਖੋ, ਤਾਰਾ ਸ਼ਬਦ ਦੇ

ਉਦਾਹਰਣ-

ਤਾਰਾ ਬਿਲੋਚਨ ਸੋਚਨ ਮੋਚਨ

ਦੇਖ ਬਿਸੇਖ ਬਿਸ਼ੈ ਬਿਸ਼ ਤਾਰਾ,

ਤਾਰਾ ਭਵੋਦਧਿ ਤੇ ਜਨ ਕੋ ਗਨ

ਕੀਰਤਿ ਸੇਤ ਕਰੀ ਬਿਸਤਾਰਾ,

ਤਾਰਾ ਮਲੇਛਨ ਕੇ ਮਤ ਕੋ ਉਦਤੇ

ਦਿਨਨਾਥ ਜਥਾ ਨਿਸਿ ਤਾਰਾ,

ਤਾਰਾ ਰਿਦੈ ਉਪਦੇਸ਼ ਦੈ ਖੋਲਤ

ਸ੍ਰੀ ਹਰਿਰਾਇ ਕਰੇ ਨਿਸਤਾਰਾ. (ਗੁਪ੍ਰਸੂ)

ਤਾਰਾਆਜਮ: ਦੇਖੋ, ਤਾਰਾ ੫. "ਤਾਰਾਆਜਮ ਕੋ ਹਮ ਮਾਰੈਂ." (ਗੁਪ੍ਰਸੂ) ਦੇਖੋ, ਆਜਮਸ਼ਾਹ.

ਤਾਰਾਸਿੰਘ: ਜਿਲਾ ਲਹੌਰ, ਤਸੀਲ ਕੁਸੂਰ ਦੇ 'ਬਾਂਇ ਡੱਲ' ਪਿੰਡ ਦਾ (ਜੋ ਹੁਣ "ਵਾਂ" ਪ੍ਰਸਿੱਧ ਹੈ) ਵਸਨੀਕ ਬੁੱਟਰ ਜ਼ਿਮੀਂਦਾਰ ਸਿਦਕੀ ਅਤੇ ਵਰਤਾਕੇ ਛਕਣਵਾਲਾ ਸਿੰਘ ਸੀ. ਸਾਹਿਬਰਾਇ ਚੌਧਰੀ ਨੌਸ਼ੈਰਾ ਨੇ ਇਸ ਦੇ ਸਿਰ ਆਪਣੀਆਂ ਘੋੜੀਆਂ ਦੀ ਚੋਰੀ ਲਾਕੇ ਮਿਰਜ਼ਾ ਜਾਫ਼ਰਬੇਗ ਪੱਟੀ ਦੇ ਹ਼ਾਕਿਮ ਨੂੰ ਪੰਜ ਸੌ ਸਵਾਰ ਨਾਲ ਚੜ੍ਹਾ ਲਿਆਂਦਾ. ਏਧਰ ਤਾਰਾਸਿੰਘ ਦੀ ਸਹਾਇਤਾ ਵਾਸਤੇ ਸਵਾ ਸੌ ਸਿੰਘ ਜਮਾ ਹੋ ਗਿਆ. ਮੁਠਭੇੜ ਵਿੱਚ ਤੁਰਕੀ ਸੈਨਾ ਦੇ ਪੈਰ ਹੱਲ ਗਏ. ਲਹੌਰ ਦੇ ਸੂਬੇ ਨੇ ਮੋਮਿਨਖ਼ਾਂ ਨੂੰ ਹੋਰ ਫ਼ੌਜ ਦੇਕੇ ਭੇਜਿਆ ਅਤੇ ਵੈਸਾਖ ਸੰਮਤ ੧੭੮੩ (ਸਨ ੧੭੨੫) ਵਿੱਚ ਤਾਰਾਸਿੰਘ ਜੀ ਮੋਮਿਨਖ਼ਾਂ ਨੂੰ ਹਾਥੀ ਤੋਂ ਡੇਗਕੇ ਸ਼ਹੀਦ ਹੋਏ. ਆਪ ਦਾ ਸ਼ਹੀਦਗੰਜ ਖ਼ਾਦਿਮਗੜ੍ਹੀ ਪਾਸ ਪ੍ਰਸਿੱਧ ਅਸਥਾਨ ਹੈ। ੨. ਗਿੜਵੜੀ (ਜਿਲਾ ਹੁਸ਼ਿਆਰਪੁਰ) ਦੇ ਨਿਵਾਸੀ ਸੰਤ ਗੁਲਾਬਸਿੰਘ ਜੀ ਦੇ ਚਾਟੜੇ ਪੰਡਿਤ ਤਾਰਾਸਿੰਘ ਜੀ. ਜਿਨ੍ਹਾਂ ਨੂੰ ਮਹਾਰਾਜਾ ਨਰੇਂਦ੍ਰਸਿੰਘ ਜੀ ਨੇ ਪਟਿਆਲੇ ਵਡੇ ਸਨਮਾਨ ਨਾਲ ਰੱਖਿਆ. ਇਹ ਸੰਸਕ੍ਰਿਤ ਦੇ ਵਡੇ ਪੰਡਿਤ ਅਤੇ ਗੁਰਬਾਣੀ ਦੇ ਗਜਾਨੀ ਸਨ. ਸੰਤ ਤਾਰਾਸਿੰਘ ਜੀ ਨੇ ਕਈ ਉੱਤਮ ਗ੍ਰੰਥ ਲਿਖੇ ਹਨ ਯਥਾ- ਸੰਮਤ ੧੯੨੨ ਵਿੱਚ ਮੋਖਪੰਥ ਦਾ ਟੀਕਾ, ਸੰਮਤ ੧੯੨੩ ਵਿੱਚ ਸੁਰਤਰੁ ਕੋਸ਼, ਸੰਮਤ ੧੯੩੪ ਵਿੱਚ ਗੁਰਮਤ ਨਿਰਣਯ ਸਾਗਰ, ਸੰਮਤ ੧੯੩੫ ਵਿੱਚ ਅਕਾਲਮੂਰਤਿ ਪ੍ਰਦਰਸ਼ਨ ਅਤੇ ਗੁਰੂਵੰਸ਼ ਤਰੁ ਦਰਪਣ, ਸੰਮਤ ੧੯੩੬ ਵਿੱਚ ਜਪੁ ਰਹਿਰਾਸ ਸੋਹਿਲਾ ਅਤੇ ਹਜਾਰੇ ਸ਼ਬਦਾਂ ਦਾ ਟੀਕਾ, ਸੰਮਤ ੧੯੩੯ ਵਿੱਚ ਭਗਤਾਂ ਦੀ ਬਾਣੀ ਦਾ ਟੀਕਾ, ਸੰਮਤ ੧੯੪੦ ਵਿੱਚ ਗੁਰੁਤੀਰਥਸੰਗ੍ਰਹ, ਸੰਮਤ ੧੯੪੨ ਵਿੱਚ ਸ੍ਰੀ ਰਾਗ ਦਾ ਟੀਕਾ, ਸੰਮਤ ੧੯੪੬ ਵਿੱਚ ਗੁਰੁਗਿਰਾਰਥ ਕੋਸ਼.

ਪੰਡਿਤ ਤਾਰਾ ਸਿੰਘ ਜੀ ਦੀ ਕਵਿਤਾ ਇਹ ਹੈ:-

ਸ੍ਵਤੇਸਿੱਧ ਸੁੱਧ ਬੁੱਧ ਨਿਤਜ ਨਿਵਿੰਕਾਰ ਰੂਪ

ਨਿਜੁੰਰ ਨਿਰੀਹ ਨਿਰਦੋਖ ਨਿਰਾਕਾਰ ਹੈ,

ਅਜ ਅਬਿਨਾਸੀ ਆਦਿ ਅੰਤ ਸੇ ਬਿਹੀਨ ਰੂਪ

ਅਲਖ ਅਪਾਰ ਪਾਰ ਨਿਖਲ ਪਸਾਰ ਹੈ,

ਏਕ ਰੂਪ ਏਕ ਜੋਤਿ ਏਕ ਸੁਖ ਏਕ ਓਤ

ਏਕ ਨਿਧੀ ਏਕ ਦੇਵ ਏਕਾ ਏਕੰਕਾਰ ਹੈ,

ਵਹੀ ਨਿਜ ਮਾਯ ਮੈ ਪਸਾਰ ਜੋਤਿ ਤੀਨ ਰੂਪ

ਧਾਰਕੇ ਕਹਾਯੋ ਗਿਰਾਸਾਰ ਓਅੰਕਾਰ ਹੈ.

ਕਹੇ ਉਪਦੇਸ਼ ਵਾਰੇ ਸਭੀ ਗੁਰੁ ਪਜਾਰੇ ਭਾਰੇ

ਕੋਮਲ ਚਿਤੈ ਸੇ ਪੇਖੇ ਗੁਰੁਵਰ ਜਗ ਮੈ,

ਰਾਖੀਏ ਧਰਮਹਿੰਦ ਕਾਟੀਏ ਯਵਨ ਕੁਲ

ਜਾਪੀਏ ਪੁਰਾਨੋ ਜਾਪ ਚਾਲ ਜਾਹ ਮਗ ਮੈ,

ਭਾਖਜੋ ਹਮ ਚਿਰੀ ਮ੍ਰਿਗ ਵੇ ਤੋ ਸਮ ਬਾਜ ਸਿੰਘ

ਕੈਸੇ ਹਮ ਮਾਰ ਲੇਂ ਕੁਹਾਰੋ ਨਿਜ ਪਗ ਮੈ?

ਅਮ੍ਰਿਤ ਦੈ ਕੀਨੇ ਇਹ ਸਭੀ ਜਨ ਬਾਜ ਸਿੰਘ

ਸ਼੍ਰੀ ਗੁਰੂ ਗੋਬਿੰਦਸਿੰਘ ਬੰਦੋ ਪਗ ਲਗ ਮੈ.

੩. ਮਹਾਰਾਣੀ ਮਤਾਬਕੌਰ ਦੀ ਕੁੱਖ ਤੋਂ ਮਹਾਰਾਜਾ ਰਣਜੀਤਸਿੰਘ ਜੀ ਦਾ ਪੁਤ੍ਰ. ਇਸ ਦਾ ਦੇਹਾਂਤ ਸਿਤੰਬਰ ਸਨ ੧੮੫੯ ਵਿੱਚ ਦਸੂਹੇ (ਹੁਸ਼ਿਆਰਪੁਰ ਦੇ ਜਿਲੇ) ਹੋਇਆ। ੪. ਕੰਗ ਜੱਟ ਸਰਦਾਰ, ਜੋ ਸਰਦਾਰ ਗੁਲਾਬਸਿੰਘ ਪਿੱਛੋਂ ਡੱਲੇਵਾਲੀਆਂ ਦੀ ਮਿਸਲ ਦਾ ਮੁਖੀਆ ਹੋਇਆ. ਇਸ ਨੇ ਦੁਆਬੇ ਅਤੇ ਲੁਦਿਆਨੇ ਦੇ ਇਲਾਕੇ ਬਹੁਤ ਮੁਲਕ ਮੱਲਿਆ. ਤਾਰਾਸਿੰਘ ਨੇ ਰਾਹੋਂ ਨੂੰ ਆਪਣੀ ਰਾਜਧਾਨੀ ਬਣਾਇਆ. ਸਨ ੧੮੦੭ (ਸੰਮਤ ੧੮੬੪) ਵਿੱਚ ਨਰਾਇਣਗੜ੍ਹ ਦੀ ਲੜਾਈ ਵਿੱਚ ਤਾਰਾਸਿੰਘ ਦਾ ਦੇਹਾਂਤ ਹੋਇਆ.

ਤਾਰਾਗੜ੍ਹ: ਸ਼ਹਿਰ ਆਨੰਦਪੁਰ ਤੋਂ ਤਿੰਨ ਮੀਲ ਚੜ੍ਹਦੇ ਵੱਲ "ਤਾਰਾਪੁਰ" ਦੇ ਕੋਲ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਜੰਗ ਸਮੇਂ ਸ਼੍ਰੀ ਆਨੰਦਪੁਰ ਦੀ ਰਖਯਾ ਵਾਸਤੇ ਗੁਰੂ ਜੀ ਨੇ ਇੱਥੇ ਕਿਲਾ ਬਣਵਾਇਆ ਸੀ, ਜੋ ਹੁਣ ਢਹਿ ਗਿਆ ਹੈ, ਪਰ ਕੁਝ ਬੁਨਿਆਦੀ ਅਜੇ ਭੀ ਨਜਰ ਪੈਂਦੀਆਂ ਹਨ. ਗੁਰਦ੍ਵਾਰਾ ਬਣਿਆ ਹੈ, ਪਾਸ ਹੀ ਇੱਕ ਬਾਵਲੀ ਗੁਰੂ ਜੀ ਦੇ ਸਮੇਂ ਦੀ ਹੈ. ਗੁਰਦ੍ਵਾਰ ਨਾਲ ਕੇਵਲ ਇਸ ਅਹ਼ਾਤ਼ੇ ਦੀ ਜ਼ਮੀਨ ਹੈ, ਜੋ ਚਾਰ ਘੁਮਾਉਂ ਦੇ ਕ਼ਰੀਬ ਹੈ.

ਤਾਰਾਗ੍ਰਿਹਣਿ: ਸੰਗ੍ਯਾ- ਰਾਤ੍ਰੀ. ਰਾਤ. (ਸਨਾਮਾ)

ਤਾਰਾਚੰਦ: ਗੁਰੂ ਹਰਿਗੋਬਿੰਦ ਸਾਹਿਬ ਦਾ ਮਸੰਦ, ਜੋ ਅਫ਼ਗਾਨਿਸਤਾਨ ਦੀ ਸੰਗਤਿ ਤੋਂ ਕਾਰਭੇਟ ਵਸੂਲ ਕਰਦਾ ਅਤੇ ਸਿੱਖੀ ਦਾ ਪ੍ਰਚਾਰਕ ਸੀ. ਇਹ ਗੁਰੂ ਹਰਿਰਾਇ ਜੀ ਦੇ ਸਮੇਂ ਰਾਮਰਾਇ ਜੀ ਪਾਸ ਰਿਹਾ ਅਤੇ ਉਨ੍ਹਾਂ ਨਾਲ ਦਿੱਲੀ ਗਿਆ। ੨. ਛੀਵੇਂ ਸਤਿਗੁਰੂ ਜੀ ਦੇ ਸਮੇਂ ਕਹਲੂਰ ਦਾ ਰਾਜਾ. ਦੇਖੋ, ਭੈਰੋ.

ਤਾਰਾਜ: ਫ਼ਾ. تاراج ਸੰਗ੍ਯਾ- ਲੁੱਟਮਾਰ। ੨. ਮੁਲਕ ਬਰਬਾਦ ਕਰਨਾ। ੩. ਦੇਖੋ, ਤਰਾਜੂ.

ਤਾਰਾਜੀ, ਤਾਰਾਜੂ: ਦੇਖੋ, ਤਰਾਜੀ ਅਤੇ ਤਰਾਜੂ. "ਧਰਿ ਤਾਰਾਜੀ ਅੰਬਰੁ ਤੋਲੀ." (ਵਾਰ ਮਾਝ ਮਃ ੧) "ਧਰਿ ਤਾਰਾਜੂ ਤੋਲੀਐ." (ਵਾਰ ਆਸਾ) "ਮਨੁ ਤਾਰੀਜੀ ਚਿਤੁ ਤੁਲਾ." (ਸੂਹੀ ਮਃ ੧) ਸੰਕਲਪਵ੍ਰਿੱਤਿ ਤਰਾਜ਼ੂ ਅਤੇ ਚਿੰਤਨ ਵੱਟਾ.

ਤਾਰਾ ਡੁੱਬਣਾ: ਸ਼ੁਕ੍ਰ ਦਾ ਅਸ੍ਤ ਹੋਣਾ. ਜਿਸ ਰਾਸ਼ਿ ਵਿੱਚ ਸੂਰਜ ਉਦੇ ਹੋਵੇ, ਜੇ ਉਸੇ ਰਾਸ਼ਿ ਵਿੱਚ ਸ਼ੁਕ੍ਰ ਭੀ ਉਦੇ ਹੋਵੇ ਅਤੇ ਦੋਹਾਂ ਦੇ ਅੰਸ ਬਰਾਬਰ ਰਹਿਣ ਅਰਥਾਤ ਸੂਰਜ ਦੇ ਨਾਲ ਹੀ ਚੜ੍ਹੇ ਅਤੇ ਨਾਲ ਹੀ ਛਿਪੇ, ਇਸ ਨੂੰ ਸ਼ੁਕ੍ਰਾਸ੍ਤ ਹੋਣਾ ਅਥਵਾ ਤਾਰਾ ਡੁੱਬਣਾ ਆਖਦੇ ਹਨ. ਹਿੰਦੂਮਤ ਅਨੁਸਾਰ ਇਸ ਵਿੱਚ ਸ਼ੁਭ ਕਾਰਜ ਕਰਨੇ ਵਰਜੇ ਹਨ.

ਤਾਰਾਨਾਥ, ਤਾਰਾਪਤਿ: ਸੰਗ੍ਯਾ- ਤਾਰਿਆਂ ਦਾ ਸ੍ਵਾਮੀ, ਚੰਦ੍ਰਮਾ। ੨. ਬਾਲੀ। ੩. ਸੁਗ੍ਰੀਵ.

ਤਾਰਾਪੁਰ: ਦੇਖੋ, ਤਾਰਾਗੜ੍ਹ.

ਤਾਰਾਮੀਰਾ: ਸਰ੍ਹੋਂ ਅਤੇ ਤੋੜੀਏ ਜੇਹਾ ਇੱਕ ਅੰਨ. ਇਹ ਹਾੜ੍ਹੀ ਦੀ ਫਸਲ ਵਿੱਚ ਹੁੰਦਾ ਹੈ. ਇਸ ਦਾ ਤੇਲ ਨਿਕਲਦਾ ਹੈ ਅਤੇ ਇਹ ਲਵੇਰੇ ਪਸ਼ੂਆਂ ਨੂੰ ਚਾਰਿਆ ਜਾਂਦਾ ਹੈ. Rocket.

ਤਾਰਾਮ੍ਰਿਗ: ਦੇਖੋ, ਮ੍ਰਿਗਸਿਰਾ.

ਤਾਰਾਲਯ: ਸੰਗਯਾ- ਤਾਰਿਆਂ ਦਾ ਆਲਯ (ਘਰ) ਰਾਤ੍ਰੀ. (ਸਨਾਮਾ)

ਤਾਰਾ ਲੰਮਾ: ਬੋਦੀ ਵਾਲਾ ਤਾਰਾ. ਧੂਮਕੇਤੁ. Comet । ੨. ਵ੍ਰਿਹਸਪਤਿ ਜੋ ਇੱਕ ਰਾਸ਼ਿ ਤੇ ਤੇਰਾਂ ਮਹੀਨੇ ਰਹਿੰਦਾ ਹੈ। ੩. ਛਨਿਛੱਰ ਜੋ ਢਾਈ ਵਰ੍ਹੇ ਇੱਕ ਰਾਸ਼ੀ ਭੋਗਦਾ ਹੈ। ੪. ਭਾਵ- ਆਤਮਿਕ ਪ੍ਰਕਾਸ਼. "ਤਾਰਾ ਚੜਿਆ ਲੰਮਾ." (ਤੁਖਾ ਛੰਤ ਮਃ ੧)

ਤਾਰਿ: ਤਾਰਕੇ. ਉੱਧਾਰ ਕਰਕੇ. "ਤਾਰਿ ਪਾਰ ਕੀਨੇ." (ਸਲੋਹ) ੨. ਸੰ. ਤਾੜੀ. ਸੰਗਯਾ- ਛੋਟੀ ਕ਼ਿਸਮ ਦਾ ਤਾੜ. "ਤਰੁ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ." (ਮਲਾ ਰਵਿਦਾਸ) ਤਾੜੀ ਵਿੱਚੋਂ ਨਸ਼ੇ ਵਾਲਾ ਰਸ ਨਿਕਲਦਾ ਹੈ. ਦੇਖੋ, ਤਾੜੀ। ੩. ਸੰ. तारिन. ਵਿ- ਤਾਰਨ ਵਾਲਾ. ਉੱਧਾਰ ਕਰਨ ਵਾਲਾ. "ਬੂਡਤ ਪਾਹਨ ਤਾਰਹਿ ਤਾਰਿ." (ਆਸਾ ਮਃ ੧) ੪. ਦੇਖੋ, ਤਾਰੀ। ੫. ਤਾਰਣਾ ਕ੍ਰਿਯਾ ਦਾ ਅਮਰ. ਤਾਰਣ ਕਰ. "ਜਿਉ ਜਾਨਹਿ ਤਿਉ ਤਾਰਿ ਸੁਆਮੀ." (ਕਾਨ ਮਃ ੫)

ਤਾਰਿਅਨੁ: ਉਸ ਨੇ ਤਾਰਿਆ. ਉੱਧਾਰ ਕੀਤਾ. "ਸਾਧ- ਜਨਾ ਕੈ ਸੰਗਿ ਭਵਜਲੁ ਤਾਰਿਅਨੁ." (ਵਾਰ ਗੂਜ ੨. ਮਃ ੫) ੨. ਸੰ. अतारयन्. ਤਾਰੇ ਗਏ.

ਤਾਰਿਅਮੁ: अतारयम्. ਮੈਨੂੰ ਤਾਰਿਆ. "ਗੁਰਿ ਬੋਹਿਥੈ ਤਾਰਿਅਮੁ." (ਵਾਰ ਜੈਤ ਮਃ ੫)

ਤਾਰਿਕ: ਦੇਖੋ, ਤਾਰਕ ੯। ੨. ਤਾਰ- ਇਕ. ਇੱਕ ਤੰਤੁ (ਤੰਦ). "ਚੀਰ ਡਸਾਯੋ ਭੀਜਯੋ ਤਾਰਿਕ ਨਾਹੀ." (ਨਾਪ੍ਰ) ਜਲ ਪੁਰ ਵਸਤ੍ਰ ਵਿਛਾਇਆ, ਉਸ ਦਾ ਇੱਕ ਤੰਦ ਨਾ ਭਿੱਜਿਆ। ੩. ਸੰ. ਸੰਗਯਾ- ਨਦੀ ਪਾਰ ਉਤਾਰਨ ਦਾ ਭਾੜਾ. ਉਤਰਾਈ ਦੀ ਮਜ਼ਦੂਰੀ.

ਤਾਰਿਕਾਮੰਡਲ: ਤਾਰਿਆਂ ਦਾ ਸਮੁਦਾਯ. ਦੇਖੋ, ਤਾਰਕਾ. ੧. "ਤਾਰਿਕਾਮੰਡਲ ਜਨਕ ਮੋਤੀ." (ਸੋਹਿਲਾ) ਤਾਰਾਮੰਡਲ ਮਾਨੋ ਮੋਤੀ ਹਨ.

ਤਾਰੀ: ਸੰਗਯਾ- ਤਰਨ ਦੀ ਕ੍ਰਿਯਾ. "ਹਰਿ ਕੀਰਤਿ ਤਰੁ ਤਾਰੀ." (ਗੂਜ ਮਃ ੪) "ਨਾਨਕ ਗੁਰਮੁਖਿ ਤਾਰੀ." (ਗੂਜ ਮਃ ੫) ੨. ਟਕ. ਟਕਟਕੀ. "ਨੈਨੀ ਹਰਿ ਹਰਿ ਲਾਗੀ ਤਾਰੀ." (ਮਲਾ ਮਃ ੪) ੩. ਤਾਲੀ. ਚਾਬੀ. ਕੁੰਜੀ. "ਬਿਨ ਤਾਰੀ ਤਾਰੋ ਭਿਰਯੋ ਖੁਲੇ ਨ ਕਰੈ ਉਪਾਯ." (ਨਾਪ੍ਰ) ੪. ਯੋਗਾਭ੍ਯਾਸ ਦਾ ਆਸਨ. ਚੌਕੜੀ. ਪਲਥੀ (ਪਥਲੀ). ਪੰਥੀ. "ਹੋਇ ਅਉਧੂਤ ਬੈਠੇ ਲਾਇ ਤਾਰੀ." (ਮਾਰੂ ਮਃ ੫) ੫. ਸਮਾਧਿ. "ਛੁਟੀ ਬ੍ਰਹਮ ਤਾਰੀ, ਮਹਾਰੁਦ੍ਰ ਨਚ੍ਯੋ." (ਗ੍ਯਾਨ) ੬. ਤਾਲੀ. ਤਾੜੀ. ਦੋਹਾਂ ਹੱਥਾਂ ਦੇ ਪਰਸਪਰ ਤਾੜਨ ਤੋਂ ਉਪਜੀ ਧੁਨਿ. ਦੇਖੋ, ਕਰਤਾਰੀ। ੭. ਤਾੜ ਦੀ ਸ਼ਰਾਬ. ਤਾੜੀ। ੮. ਨਦੀ। ੯. ਨੌਕਾ. ਕਿਸ਼ਤੀ। ੧੦. ਵਿ- ਤਾਰਕ. ਤਾਰਨ ਵਾਲਾ. "ਰਾਮਨਾਮ ਭਉਜਲ ਬਿਖੁ ਤਾਰੀ." (ਵਾਰ ਵਡ ਮਃ ੪) ੧੧. ਸਿੰਧੀ- ਕ੍ਰਿਪਾ। ੧੨. ਸਹਾਇਤਾ. ਇਮਦਾਦ.

ਤਾਰੀਅਲੇ: ਤਾਰ ਲੀਏ. ਉੱਧਾਰ ਲੀਤੇ. "ਬਿਆਧਿ ਅਜਾਮਲੁ ਤਾਰੀਅਲੇ." (ਗਉ ਨਾਮਦੇਵ)

ਤਾਰੀਕ: ਫ਼ਾ. تاریک ਕਾਲਾ. ਸ੍ਯਾਹ। ੨. ਅੰਧੇਰੇ ਸਹਿਤ.

ਤਾਰੀਕੀ: ਫ਼ਾ. تاریکی ਸੰਗਯਾ- ਸ੍ਯਾਹੀ. ਸ਼੍ਯਾਮਤਾ। ੨. ਅੰਧਕਾਰ. "ਤਾਰੀਕੀ ਰੈਨ." (ਸਲੋਹ) ਹਨੇਰੀ ਰਾਤ.

ਤਾਰੀਖ਼: ਅ਼. تاریخ ਸੰਗਯਾ- ਦਿਨ. ਤਿਥਿ। ੨. ਉਹ ਦਿਨ, ਜਿਸ ਵਿੱਚ ਕੋਈ ਇਤਿਹਾਸਿਕ ਘਟਨਾ ਹੋਈ ਹੋਵੇ। ੩. ਤਵਾਰੀਖ਼ ਦੀ ਥਾਂ ਭੀ ਕਦੇ ਤਾਰੀਖ਼ ਸ਼ਬਦ ਆ ਜਾਂਦਾ ਹੈ.

ਤਾਰੀਫ: ਅ਼. تعریف ਤਅ਼ਰੀਫ਼. ਸੰਗਯਾ- ਅ਼ਰਫ਼ (ਜਾਣਨ) ਦੀ ਕ੍ਰਿਯਾ। ੨. ਸ੍ਤੁਤਿ. ਵਡਾਈ.

ਤਾਰੀਲੇ: ਦੇਖੋ. ਤਾਰੀਅਲੇ. "ਤਾਰੀਲੇ ਗਨਕਾ ਬਿਨਰੂਪ ਕੁਬਜਾ." (ਗਉ ਨਾਮਦੇਵ)

ਤਾਰੁਣੀ: ਤਾਰੁਣ੍ਯ (ਜੁਆਨੀ) ਵਾਲੀ. ਦੇਖੋ, ਤਰੁਣੀ. "ਨਮੋ ਤਾਰੁਣੀਅੰ ਨਮੋ ਬ੍ਰਿੱਧ ਬਾਲਾ." (ਚੰਡੀ ੨)

ਤਾਰੂ: ਵਿ- ਤਰਨ ਵਾਲਾ. ਤੈਰਾਕ. "ਜੇ ਤੂੰ ਤਾਰੂ ਪਾਣਿ." (ਸਵਾ ਮਃ ੧) ੨. ਅਥਾਹ. ਜੋ ਤਰੇ ਬਿਨਾ ਪੈਰਾਂ ਨਾਲ ਲੰਘਿਆ ਨਹੀਂ ਜਾਂਦਾ. "ਤਤੈ ਤਾਰੂ ਭਵਜਲ ਹੋਆ ਤਾਕਾ ਅੰਤੁ ਨ ਪਾਇਆ." (ਆਸਾ ਪਟੀ ਮਃ ੧) ੩. ਸੰਗ੍ਯਾ- ਡੂੰਘਾ ਜਲ, ਜਿਸ ਨੂੰ ਤਰਕੇ ਪਾਰ ਹੋ ਸਕੀਏ. "ਮਛੀ ਤਾਰੂ ਕਿਆ ਕਰੇ?" (ਵਾਰ ਮਾਝ ਮਃ ੧) ੪. ਸ਼੍ਰੀ ਗੁਰੂ ਅਮਰਦੇਵ ਦਾ ਇੱਕ ਅਨੰਨ ਸੇਵਕ। ੫. ਸ਼੍ਰੀ ਗੁਰੂ ਰਾਮਦਾਸ ਸਾਹਿਬ ਦਾ ਇੱਕ ਪ੍ਰੇਮੀ ਸਿੱਖ.

ਤਾਰੂਸਿੰਘ: ਸਤਿਗੁਰੂ ਦੇ ਅਨੰਨ ਸਿੱਖ ਸ਼ਹੀਦ ਤਾਰੂਸਿੰਘ ਜੀ, ਜੋ ਪੂਲ੍ਹਾ ਪਿੰਡ (ਜਿਲਾ ਲਹੌਰ, ਤਸੀਲ ਕ਼ੁਸੂਰ) ਦੇ ਰਹਿਣ ਵਾਲੇ ਕਿਰਤੀ ਭਜਨੀਕ, ਪੰਥ ਸੇਵੀ ਸਿੰਘ ਸਨ. ਨਿਰੰਜਨੀਏ ਮਹੰਤ ਨੇ ਖ਼ਾਨ ਬਹਾਦੁਰ ਸੂਬਾਲਹੌਰ ਪਾਸ ਝੂਠੀ ਸ਼ਕਾਯਤ ਕਰਕੇ ਕਿ ਤਾਰੂਸਿੰਘ ਡਾਕੂਆਂ ਨੂੰ ਪਨਾਹ ਤੇ ਸਹਾਇਤਾ ਦਿੰਦਾ ਹੈ ਅਰ ਚੋਰੀ ਕਰਵਾਉਂਦਾ ਹੈ, ਇਨ੍ਹਾਂ ਨੂੰ ਕ਼ੈਦ ਕਰਵਾ ਦਿੱਤਾ. ਜਦ ਇਸਲਾਮ ਕ਼ਬੂਲ ਨਾ ਕੀਤਾ, ਤਦ ਭਾਈ ਸਾਹਿਬ ਦੀ ਕੇਸ਼ਾਂ ਸਮੇਤ ਖੇਪਰੀ ਰੰਬੀ ਨਾਲ ਜੱਲਾਦ ਤੋਂ ਉਤਰਵਾ ਦਿੱਤੀ, ਪਰ ਤਾਰੂਸਿੰਘ ਜੀ ਸ਼ਾਂਤਚਿੱਤ ਹੋਏ ਜਪੁ ਸਾਹਿਬ ਦਾ ਪਾਠ ਕਰਦੇ ਰਹੇ. ੨੩ ਅੱਸੂ ਸੰਮਤ ੧੯੦੨ ਨੂੰ ਆਪ ਨੇ ਸ਼ਹੀਦੀ ਪਾਈ.[592] ਧਰਮਵੀਰ ਤਾਰੂਸਿੰਘ ਜੀ ਦਾ ਸ਼ਹੀਦਗੰਜ ਦਿੱਲੀ ਦਰਵਾਜ਼ੇ ਰੇਲਵੇ ਸਟੇਸ਼ਨ ਪਾਸ ਲਹੌਰ ਵਿਦ੍ਯਮਾਨ ਹੈ.

ਤਾਰੇਸੁਰ: ਸੰਗ੍ਯਾ- ਤਾਰਿਆਂ ਦਾ ਸ੍ਵਾਮੀ, ਚੰਦ੍ਰਮਾ. (ਸਨਾਮਾ)

ਤਾਰੇਦੜੋ: ਵਿ- ਤਾਰਨ ਵਾਲਾ। ੨. ਸੰਗ੍ਯਾ- ਤਾਰੇਂ ਦੜ. ਤਰਨ ਵਿਦ੍ਯਾ ਵਿੱਚ ਨਿਪੁਣ. "ਤਾਰੇਦੜੋ ਭੀ ਤਾਰ." (ਵਾਰ ਮਾਰੂ ੨. ਮਃ ੫) ਤਾਰੂ ਹੀ ਦੂਜੇ ਨੂੰ ਤਾਰ ਸਕਦਾ ਹੈ.

ਤਾਲ: ਸੰ. ਸੰਗ੍ਯਾ- ਹਥੇਲੀ. ਹੱਥ ਦਾ ਤਲ। ੨. ਸੰਗੀਤ ਅਨੁਸਾਰ ਸਮੇਂ ਅਤੇ ਲੈ ਦੀ ਵੰਡ ਕਰਨ ਲਈ ਤਾਲੀ ਦੀ ਧੁਨਿ. "ਰੋਟੀਆ ਕਾਰਣਿ ਪੂਰਹਿ ਤਾਲ." (ਵਾਰ ਆਸਾ) ਸੰਗੀਤਸ਼ਾਸਤ੍ਰ ਵਿੱਚ ਲਿਖਿਆ ਹੈ ਕਿ ਸ਼ਿਵ ਦੀ ਤਾਂਡਵ ਨ੍ਰਿਤ੍ਯ ਤੋਂ 'ਤਾ' ਅਤੇ ਪਾਰਵਤੀ ਦੀ ਲਾਸ੍ਯ ਨ੍ਰਿਤ੍ਯ ਤੋਂ "ਲ" ਲੈਕੇ 'ਤਾਲ' ਸ਼ਬਦ ਬਣਿਆ ਹੈ. ਦੇਖੋ, ਸੰਗੀਤਗ੍ਰੰਥਾਂ ਵਿੱਚ ਤਾਲਾਂ ਦੇ ਅਨੇਕ ਭੇਦ। ੩. ਝਾਂਜ. ਛੈਣੇ. "ਭਗਤਿ ਕਰਤ ਮੇਰੇ ਤਾਲ ਛਿਨਾਏ." (ਭੈਰ ਨਾਮਦੇਵ) "ਰਬਾਬ ਪਖਾਵਜ ਤਾਲ ਘੁੰਘਰੂ." (ਆਸਾ ਮਃ ੫) ੪. ਹਾਥੀ ਦੇ ਕੰਨਾਂ ਦੇ ਹਿੱਲਣ ਤੋਂ ਹੋਈ ਧੁਨਿ। ੫. ਇੱਕ ਗਿੱਠ ਦੀ ਲੰਬਾਈ ਗਜ਼ ਦਾ ਚੌਥਾ ਭਾਗ। ੬. ਤਾਲਾ. ਜਿੰਦਾ (ਜੰਦ੍ਰਾ). ੭. ਤਲਵਾਰ ਦੀ ਮੁੱਠ. ਕ਼ਬਜਾ। ੮. ਤਾਲ ਬਿਰਛ. Borassus Flabelliformis. "ਤਾਲ ਤਮਾਲ ਕਦੰਬਨ ਜਾਲ." (ਗੁਪ੍ਰਸੂ) ੯. ਤਲਾਉ. ਸਰ. "ਧਰਤਿ ਸੁਹਾਵੀ ਤਾਲ ਸੁਹਾਵਾ." (ਸੂਹੀ ਛੰਤ ਮਃ ੫) ੧੦. ਦੇਖੋ, ਤਾਲਿ ਅਤੇ ਤਾਲੁ। ੧੧. ਹਰਿਤਾਲ.

ਤਾਲਕ, ਤਾਲਕਾ: ਅ਼. تعلّق ਤਅ਼ੱਲੁਕ਼. ਸੰਗ੍ਯਾ- ਅ਼ਲਕ਼ (ਲਟਕਣ) ਦਾ ਭਾਵ। ੨. ਭਾਵ- ਲਗਾਉ. ਸੰਬੰਧ. "ਸਭਿਨ ਜੀਵਿਕਾ ਤੁਮਰੇ ਤਾਲਕ." (ਗੁਪ੍ਰਸੂ) "ਤਿਸੁ ਮਾਇਆ ਸੰਗਿ ਨ ਤਾਲਕਾ." (ਮਾਰੂ ਸੋਲਹੇ ਮਃ ੫)

ਤਾਲਕੇਤੁ, ਤਾਲਧ੍ਵਜ: ਸੰਗ੍ਯਾ- ਜਿਸ ਦੇ ਨਿਸ਼ਾਨ ਤੇ ਤਾਲ ਬਿਰਛ ਦਾ ਚਿੰਨ੍ਹ ਹੈ, ਬਲਰਾਮ। ੨. ਭੀਸ਼ਮ.

ਤਾਲਪੂਰਣਾ: ਕ੍ਰਿ- ਗਾਉਣ ਬਜਾਉਣ ਸਮੇਂ ਲੈ ਅਤੇ ਸਮੇਂ ਦੀ ਵੰਡ, ਹੱਥ ਅਥਵਾ ਵਾਜੇ ਨਾਲ ਕਰਨੀ. "ਪੂਰੇ ਤਾਲ ਵਿਚਹੁ ਆਪੁ ਗਵਾਇ." (ਆਸਾ ਮਃ ੩)

ਤਾਲਬ: ਦੇਖੋ, ਤ਼ਾਲਿਬ.

ਤਾਲਵ੍ਯ: ਸੰ. ਵਿ- ਤਾਲੂਏ ਨਾਲ ਸੰਬੰਧ ਰੱਖਣ ਵਾਲਾ। ੨. ਸੰਗ੍ਯਾ- ਉਹ ਅੱਖਰ, ਜਿਸ ਦਾ ਉੱਚਾਰਣ ਤਾਲੂਏ ਤੋਂ ਹੋਵੇ. ਦੇਖੋ, ਵਰਣਸ੍ਥਾਨ.

---

[592] ਗ੍ਯਾਨੀ ਗ੍ਯਾਨ ਸਿੰਘ ਨੇ ਸੰਮਤ ੧੯੦੩ ਲਿਖਿਆ ਹੈ.

ਤਾਲਾ: ਸੰਗਯਾ- ਜਿੰਦਾ (ਜੰਦ੍ਰਾ) ਕੁਫ਼ਲ. "ਪ੍ਰਹਲਾਦ ਕੋਠੇ ਵਿਚਿ ਰਾਖਿਆ ਬਾਰ ਦੀਆ ਤਾਲਾ." (ਭੈਰ ਅਃ ਮਃ ੩) ੨. ਅ਼. تعالےٰ ਤਅ਼ਾਲਾ. ਬਜ਼ੁਰਗ ਹੈ. ਵਡਾ ਹੈ। ੩. ਖ਼ੁਦਾ ਤਅ਼ਾਲਾ ਦਾ ਸੰਖੇਪ. ਦੇਖੋ, ਹੱਕ਼ਤਾਲਾ.

ਤਾਲਾਬ: ਫ਼ਾ. تالاب ਸੰਗਯਾ- ਤਲਾਉ. ਤਾਲ. ਤੜਾਗ.

ਤਾਲਾਬੇਲੀ: ਸੰਗਯਾ- ਤਲਮੱਛੀ. ਦੇਖੋ, ਤਲਬੇਲੀ. "ਮੋਹਿ ਲਾਗਤੀ ਤਾਲਾਬੇਲੀ." (ਗੌਂਡ ਨਾਮਦੇਵ) ਮੈਨੂੰ ਤਲਮੱਛੀ ਲਗਦੀ ਹੈ.

ਤਾਲਿ: ਤਾਲ ਤੋਂ. ਭਾਵ- ਭਵਸਾਗਰ ਤੋਂ. "ਸੰਤ ਉਧਾਰਉ ਤਤਖਿਣ ਤਾਲਿ." (ਗੌਂਡ ਮਃ ੫) ੨. ਕ੍ਰਿ. ਵਿ- ਤਤਕਾਲ. ਫ਼ੌਰਨ. "ਉਠਿ ਚਲਣਾ ਮੁਹਤਕਿ ਤਾਲਿ." (ਧਨਾ ਮਃ ੧) ੩. ਸੰ. ਸੰਗਯਾ- ਚੋਟ. ਆਘਾਤ.

ਤਾਲਿਬ, ਤ਼ਾਲਿਬ: ਅ਼. طالب ਸੰਗਯਾ- ਤ਼ਲਬ ਕਰਨ ਵਾਲਾ. ਖੋਜਣਵਾਲਾ. ਜਿਗ੍ਯਾਸੁ. "ਮੈ ਤਾਲਿਬ ਮੌਲਾ ਕੋ ਏਕ." (ਗੁਪ੍ਰਸੂ)

ਤਾਲੀ: ਸੰਗਯਾ- ਕੁੰਜੀ. ਚਾਬੀ. ਤੱਲਿਕਾ. ਤਾਲਿਕਾ। ੨. ਤਾੜ ਦੀ ਸ਼ਰਾਬ। ੩. ਤਾਲ. ਦੋਹਾਂ ਹੱਥਾਂ ਨਾਲ ਬਜਾਈ ਤਾੜੀ.

ਤਾਲੀਫ਼: ਅ਼. تالیف ਸੰਗਯਾ- ਸੰਗ੍ਰਹ (ਇਕੱਠਾ) ਕਰਨ ਦੀ ਕ੍ਰਿਯਾ। ੨. ਪੁਸ੍ਤਕ ਰਚਣਾ.

ਤਾਲੀਮ: ਅ਼. تعلیم ਤਅ਼ਲੀਮ. ਸੰਗਯਾ- ਇ਼ਲਮ (ਵਿਦ੍ਯਾ) ਦੇਣ ਦੀ ਕ੍ਰਿਯਾ. ਸਿਖ੍ਯਾ. ਉਪਦੇਸ਼.

ਤਾਲੁ: ਦੇਖੋ, ਤਾਲ ੨. "ਭੁਲਿਆ ਚੁਕਿਗਇਆ ਤਪ ਤਾਲੁ." (ਵਾਰ ਮਲਾ ਮਃ ੧) ੨. ਤਾਲਾਬ. ਤਾਲ. "ਕਰਤੈ ਪੁਰਖਿ ਤਾਲੁ ਦਿਵਾਇਆ." (ਸੋਰ ਮਃ ੫) ੩. ਸੰ. ਤਾਲੂਆ. Palate. । ੪. ਤਾਲੁਕੰਟਕ. ਕਾਉਂ. Palate- thorn.

ਤਾਲੂ, ਤਾਲੂਆ: ਦੇਖੋ, ਤਾਲੁ ੩. ਅਤੇ ੪.

ਤਾਵ: ਸੰਗਯਾ- ਤਾਉ. ਸੇਕ. ਆਂਚ. "ਕੌਨ ਤਾਵ ਸੋ ਤਾਵਨ ਕੀਨਾ?" (ਨਾਪ੍ਰ) ੨. ਦੁੱਖ. ਕਲੇਸ਼. ਤਾਪ.

ਤਾਵਕ: ਡਿੰਗ. ਸੰਗਯਾ- ਕਵਿ. ਉਸਤਤਿ ਕਰਨ ਵਾਲਾ. ਸੰ. ਸ੍ਤਾਵਕ.

ਤਾਵਣ: ਕ੍ਰਿ- ਤਪਾਉਣਾ. ਤਾਪਨ.

ਤਾਵਣਿ: ਸੰਗਯਾ- ਤਪਾਏ ਜਾਣ ਦੀ ਕ੍ਰਿਯਾ. ਤਾਉ. ਆਂਚ। ੨. ਤਪਾਏ ਜਾਣ ਦਾ ਪਾਤ੍ਰ ਕੜਾਹੀ ਆਦਿ। ੩. ਤਪਾਉਂਦੇ ਹਨ. "ਤੇਲ ਤਾਵਣਿ ਤਾਤਓ." (ਆਸਾ ਛੰਤ ਮਃ ੧)

ਤਾਵਤ: ਸੰ. तावत्. ਕ੍ਰਿ. ਵਿ- ਉਸ ਵੇਲੇ ਤਾਈਂ. ਓਦੋਂ ਤੀਕ। ੨. ਓਥੋਂ ਤੀਕ. ਵਹਾਂ ਤਕ। ੩. ਉਤਨੇ ਪਰਿਮਾਣ ਦਾ। ੪. ਯੌਗਿਕ ਸ਼ਬਦਾਂ ਵਿੱਚ- ਤਾਵਦ੍ਗੁਣ ਅਤੇ ਤਾਵਨ੍ਮਾਤ੍ਰ ਆਦਿ.

ਤਾਵਦ, ਤਾਵਨ: ਦੇਖੋ, ਤਾਵਤ ੪.

ਤਾਵਾਨ: ਫ਼ਾ. تاوان ਸੰਗਯਾ- ਹਾਨੀ ਦਾ ਬਦਲਾ. ਨੁਕ਼ਸਾਨ ਦੇ ਬਦਲੇ ਕਿਸੇ ਵਸਤੁ ਦਾ ਲੈਣਾ ਦੇਣਾ। ੨. ਸੰ. ਕ੍ਰਿ. ਵਿ- ਉਤਨਾ. ਉਸ ਕਦਰ। ੩. ਉਸ ਸਮੇਂ ਤੀਕ.

ਤਾਵੀਜ: ਅ਼. تعویز ਤਅ਼ਵੀਜ. ਸੰਗਯਾ- ਔਜ (ਪਨਾਹ) ਲੈਣ ਦਾ ਭਾਵ। ੨. ਧਾਤੁ ਵਸਤ੍ਰ ਆਦਿ ਵਿੱਚ ਲਪੇਟਕੇ ਅੰਗਾਂ ਨਾਲ ਬੱਧਾ ਜੰਤ੍ਰ ਮੰਤ੍ਰ, ਜਿਸ ਤੋਂ ਲੋਕ ਖ਼ਿਆਲ ਕਰਦੇ ਹਨ ਕਿ ਕਲੇਸ਼ ਤੋਂ ਬਚਣ ਲਈ ਪਨਾਹ ਮਿਲਦੀ ਹੈ.

ਤਾਵੀਲ: ਅ਼. تاویل ਸੰਗਯਾ- ਸ੍ਵਪਨਫਲ। ੨. ਸੁਪਨੇ ਦਾ ਫਲ ਦੱਸਣਾ। ੩. ਕਿਸੇ ਵਾਕ ਦਾ ਭਾਵ ਅਰਥ ਪ੍ਰਗਟ ਕਰਨਾ.

ਤਾੜ: ਸੰਗਯਾ- ਖੋਜ ਦ੍ਰਿਸ਼੍ਟਿ. ਕਿਸੇ ਵਸਤੁ ਦਾ ਭੇਤ ਜਾਣਨ ਲਈ ਗਹਿਰੀ ਨਜ਼ਰ. ਨੀਝ। ੨. ਸੰ. ਤਾਡ. ਤਾੜਨ ਦਾ ਭਾਵ. ਕੁੱਟਣਾ। ੩. ਖਜੂਰ ਦੀ ਕ਼ਿਸਮ ਦਾ ਇੱਕ ਬਿਰਛ. ਤਾਲ L. Sabal Palmetta. ਇਸ ਦੇ ਰਸ ਤੋਂ ਤਾੜੀ ਸ਼ਰਾਬ ਬਣਦੀ ਹੈ. ਪੱਤਿਆਂ ਦੇ ਪੱਖੇ ਬਣਾਉਂਦੇ ਹਨ. ਪੁਰਾਣੇ ਸਮੇਂ ਤਾੜਪਤ੍ਰ ਲਿਖਣ ਲਈ ਕਾਗਜ ਦੀ ਥਾਂ ਵਰਤੇ ਜਾਂਦੇ ਸਨ. ਦੇਖੋ, ਤਾਰਿ।

੪. ਤਿੰਨ ਸੌ ਹੱਥ ਦੀ ਲੰਬਾਈ. ਡੇਢ ਸੌ ਗਜ਼ ਭਰ ਮਿਣਤੀ. "ਤਾੜ ਪ੍ਰਮਾਣ ਕਰ ਅਸਿ ਉਤੰਗ ×××× ਤ੍ਰੈ ਸੈ ਹੱਥ ਉਤੰਗੀ ਖੰਡਾ ਧੂਹਿਆ." (ਕਲਕੀ)

ਤਾੜਕਾ: ਇੱਕ ਰਾਖਸੀ. ਦੇਖੋ, ਤਾਰਕਾ ੪.

ਤਾੜਕਾਰਿ: ਤਾੜਕਾ ਰਾਖਸੀ ਦੇ ਮਾਰਨ ਵਾਲੇ ਸ਼੍ਰੀ ਰਾਮਚੰਦ੍ਰ ਜੀ. ਦੇਖੋ, ਤਾਰਕਾਰਿ.

ਤਾੜਨ, ਤਾੜਨਾ: (ਸੰ. ਤਡ੍. ਧਾ- ਮਾਰਨਾ, ਤਾੜਨ ਕਰਨਾ). ਕ੍ਰਿ- ਕੁੱਟਣਾ. ਪੀਟਨਾ। ੨. ਡਾਂਟਨਾ. ਧਮਕਾਉਣਾ। ੩. ਦੰਡ ਦੇਣਾ। ੪. ਨੀਝ ਲਾਕੇ ਤੱਕਣਾ. ਦੇਖੋ, ਤਾੜ ੧.

ਤਾੜਪਤ੍ਰ: ਦੇਖੋ, ਤਾੜ ੩.

ਤਾੜਪ੍ਰਮਾਣ: ਦੇਖੋ, ਤਾੜ ੪.

ਤਾੜਾ: ਸੰਗਯਾ- ਰੂੰ ਤਾੜਨ ਦਾ ਯੰਤ੍ਰ. ਤੂਲਚਾਪ.

ਤਾੜੀ: ਸੰਗਯਾ- ਤਾਲ. ਤਾਲੀ. ਦੋਹਾਂ ਹੱਥਾਂ ਦੇ ਵਜਾਉਣ ਦੀ ਕ੍ਰਿਯਾ। ੨. ਆਸਨ. ਚੌਕੜੀ. ਚਪਲੀ। ੩. ਸਮਾਧਿ. "ਨਿਜਘਰਿ ਤਾੜੀ ਲਾਵਣਿਆ." (ਮਾਝ ਅਃ ਮਃ ੩) "ਨਿਰਭੈ ਤਾੜੀ ਲਾਈ." (ਸੋਰ ਮਃ ੫) ੪. ਤਲਵਾਰ ਦੇ ਕ਼ਬਜੇ ਪੁਰ ਹੱਥ ਨੂੰ ਬਚਾਉਣ ਲਈ ਓਟ। ੫. ਸੰ. ਤਾੜ ਦੀ ਸ਼ਰਾਬ.

ਤਿ: ਵਿ- ਤਿੰਨ (ਤ੍ਰਯ) ਦਾ ਸੰਖੇਪ. ਜੈਸੇ- "ਤਿਲੋਕ" (ਤਿੰਨ ਲੋਕ). ੨. ਸੰਗਯਾ- ਤਿਯਾ (ਸ੍ਤ੍ਰੀ) ਦਾ ਸੰਖੇਪ. "ਤਿ ਛਾਡ ਧਰਮਵਾ ਨਸੈਂ." (ਕਲਕੀ) ਧਰਮ ਦੀ ਇਸਤ੍ਰੀ (ਵਿਵਾਹਿਤਾ) ਛੱਡਕੇ। ੩. ਸਰਵ- ਤਿਸ ਦਾ ਸੰਖੇਪ. ਦੇਖੋ, ਤਿਨਰ.

ਤਿਉ, ਤਿਉਂ: ਕ੍ਰਿ. ਵਿ- ਤਿਉਂ. ਤਿਵੇਂ. ਤੈਸੇ. ਵੈਸੇ. ਉਸ ਤਰਾਂ. "ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ." (ਵਾਰ ਗੂਜ ੨. ਮਃ ੫)

ਤਿਉਹਾਰ: ਸੰਗਯਾ- ਤਿਥਿ- ਵਾਰ. ਉਤਸਵ ਮਨਾਉਣ ਦਾ ਦਿਨ. ਪਰਬ ਦਾ ਦਿਨ. ਤਯੋਹਾਰ. ਵੈਸਾਖੀ, ਹੋਲੀ, ਈ਼ਦ, ਅਤੇ Christmas day ਆਦਿ.

ਤਿਉਰ, ਤਿਉਰੀ, ਤਿਉੜ, ਤਿਉੜੀ: ਸੰਗਯਾ- ਤ੍ਰਿਵਲ. ਮੱਥੇ ਪਏ ਤਿੰਨ ਵਲ. ਮੱਥੇ ਵੱਟ ਪਾਉਣ ਦੀ ਕ੍ਰਿਯਾ, ਤ੍ਰਿਵਲਿ. "ਤਿਉਰ ਚਢਾਏ ਮਾਥ." (ਕ੍ਰਿਸਨਾਵ) ੨. ਤਿੰਨ ਵਸਤਾਂ (ਦਹੀਂ- ਅਧਰਿੜਕ- ਦੁੱਧ) ਦਾ ਮਿਲਾਕੇ ਬਣਾਇਆ ਹੋਇਆ ਪੇਯ ਪਦਾਰਥ 'ਤਿਉੜ' ਕਹਾਉਂਦਾ ਹੈ. ਪੰਜਾਬ ਵਿੱਚ ਇਸਤ੍ਰੀਆਂ ਆਪਣੇ ਬੱਚਿਆਂ ਨੂੰ ਪਸ਼ੁ ਕਰਨ ਲਈ ਤਿਉੜ ਪਿਆਉਂਦੀਆਂ ਹਨ। ੩. ਤੇਵਰ (ਤਿੰਨ ਵਸਤ੍ਰ) ਵਾਸਤੇ ਭੀ ਤਿਉਰ ਸ਼ਬਦ ਪੰਜਾਬ ਵਿੱਚ ਵਰਤਦੇ ਹਨ. ਦੇਖੋ, ਤੇਵਰ.

ਤਿਅ: ਸੰਗਯਾ- ਸ੍ਤ੍ਰੀ. ਤਿਯਾ. ਇਸਤ੍ਰੀ। ੨. ਭਾਰਯਾ. ਜੋਰੂ. ਵਹੁਟੀ.

ਤਿਅਕਤ: ਸੰ. ਤ੍ਯਕ੍ਤ. ਵਿ- ਤਿਆਗਿਆ ਹੋਇਆ. ਤਰਕ ਕੀਤਾ। ੨. ਕ੍ਰਿ. ਵਿ- ਤ੍ਯਕ੍ਤ੍ਵਾ. ਤ੍ਯਾਗਕੇ. ਛੱਡਕੇ. "ਤਿਆਕਤ ਜਲੰ ਨਹਿ ਜੀਵ ਮੀਨੰ." (ਵਾਰ ਜੈਤ)

ਤਿਆ: ਸੰਗਯਾ- ਸ੍ਤ੍ਰੀ. ਤਿਯਾ. ਨਾਰੀ। ੨. ਭਾਰਯਾ. ਜੋਰੂ. ਵਹੁਟੀ.

ਤਿਆਸ: ਸੰਗਯਾ- ਤ੍ਰਿਸ਼ਾ. ਪਿਆਸ. ਤੇਹ. "ਮਿਟੀ ਤਿਆਸ ਅਗਿਆਨ ਅੰਧੇਰੇ." (ਆਸਾ ਮਃ ੫) ੨. ਤ੍ਰਿਸ਼ਨਾ. ਲਾਲਚ. "ਅਧਿਕ ਤਿਆਸ ਭੇਖ ਬਹੁ ਕਰੈ." (ਆਸਾ ਮਃ ੧)

ਤਿਆਸਾ: ਸੰ. ਤ੍ਰਸ਼ਿੰਤ. ਵਿ- ਤ੍ਰਿਖਾਤੁਰ. ਪਿਆਸਾ.

ਤਿਆਗ: ਸੰ. ਤ੍ਯਾਗ. ਸੰਗਯਾ- ਛੱਡਣ ਦੀ ਕ੍ਰਿਯਾ. ਕਿਸੀ ਵਸ੍ਤੁ ਤੋਂ ਆਪਣਾ ਸ੍ਵਤ੍ਵ ਚੁੱਕ ਲੈਣ ਦਾ ਭਾਵ. ਤਰਕ ਕਰਨ ਦੀ

ਕ੍ਰਿਯਾ. "ਤਿਆਗਹੁ ਸਗਲ ਉਪਾਵ." (ਵਾਰ ਗੂਜ ੨. ਮਃ ੫)

ਤਿਆਗਣਾ, ਤਿਆਗਨ, ਤਿਆਗਨਾ, ਤਿਆਗਨੁ: ਕ੍ਰਿ- ਤ੍ਯਾਗ ਕਰਨ ਦੀ ਕ੍ਰਿਯਾ. ਤਰਕ ਕਰਨਾ. "ਤਿਆਗਨਾ ਤਿਆਗਨ ਨੀਕਾ ਕਾਮ ਕ੍ਰੋਧ ਲੋਭ ਤਿਆਗਨਾ." (ਮਾਰੂ ਅਃ ਮਃ ੫)

ਤਿਆਗਿ: ਤ੍ਯਾਗਕੇ. ਛੱਡਕੇ. "ਸਗਲ ਤਿਆਗਿ ਗੁਰਸਰਣੀ ਆਇਆ." (ਸੂਹੀ ਮਃ ੫)

ਤਿਆਗੀ: ਸੰ. त्यागिन्. ਵਿ- ਤ੍ਯਾਗਣ ਵਾਲਾ. ਤਾਰਿਕ. "ਬਿਨ ਹਉ ਤਿਆਗਿ, ਕਹਾ ਕੋਊ ਤਿਆਗੀ?" (ਭੈਰ ਮਃ ੫)

ਤਿਆਗਿਜ: ਸੰ. ਤ੍ਯਾਜ੍ਯ. ਵਿ- ਤ੍ਯਾਗਨੇ ਯੋਗ੍ਯ. "ਅਹੰ ਛੋਡਿਓ ਹੋ ਤਿਆਗਿਜ." (ਜੈਤ ਮਃ ੫)

ਤਿਆਰ: ਦੇਖੋ, ਤਯਾਰ.

ਤਿਆਰ ਬਰ ਤਿਆਰ: ਖ਼ਾ. ਵਿ- ਪੂਰਾ ਤਿਆਰ. ਝਟਪਟ ਕੰਮ ਕਰਨ ਨੂੰ ਤਿਆਰ. ਜਿਵੇਂ- "ਖਾਲਸਾ ਤਿਆਰ ਬਰ ਤਿਆਰ ਹੈ।" ੨. ਰਹਿਤ ਮਰਯਾਦਾ ਵਿੱਚ ਪੱਕਾ.

ਤਿਆਰੀ: ਦੇਖੋ, ਤਯਾਰੀ. ਅਤੇ ਤੈਯਾਰੀ.

ਤਿਸ: ਸਰਵ- ਉਸ. "ਤਿਸ ਊਚੇ ਕਉ ਜਾਣੈ ਸੋਇ." (ਜਪੁ) ੨. ਸੰਗ੍ਯਾ- ਤ੍ਰਿਸ਼ਾ. ਤੇਹ. ਪ੍ਯਾਸ। ੩. ਤ੍ਰਿਸ਼ਨਾ. "ਤਿਸ ਚੂਕੈ ਸਹਜੁ ਊਪਜੈ." (ਸਵਾ ਮਃ ੩)

ਤਿਸਕਾਰ: ਸੰ. ਤਿਰਸ੍ਕਾਰ. ਸੰਗ੍ਯਾ- ਅਨਾਦਰ. ਅਪਮਾਨ. "ਜਮ ਨ ਕਰੈ ਤਿਸਕਾਰ." (ਸ. ਕਬੀਰ)

ਤਿਸਕੇ: ਸੰ. तृषित- ਤ੍ਰਿਸ਼ਿਤ. ਪ੍ਯਾਸਾ. "ਸਭ ਲਾਥੀ ਤਿਸ ਤਿਸਕੇ." (ਸੂਹੀ ਮਃ ੪) ਪ੍ਯਾਸੇ ਦੀ ਤ੍ਰਿਖਾ ਲਾਥੀ (ਲੱਥੀ).

ਤਿਸਟ: ਸੰ. ਤਿਸ਼੍ਠ. ਸੰਗ੍ਯਾ- ਠਹਿਰਣ ਦਾ ਭਾਵ. ਸ੍ਥਿਤ ਹੋਣਾ. "ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ." (ਵਾਰ ਗਉ ੧. ਮਃ ੪)

ਤਿਸਟਸਿ: ਸੰ. तिष्ठसि. ਠਹਿਰਸਿ। ੨. ਤਿਸ਼੍ਠਤਿ. ਠਹਿਰਦਾ. ਕਾਇਮ ਰਹਿੰਦਾ. "ਤਿਸਟਸਿ ਨਾਹੀ ਦੇਹਾ." (ਵਾਰ ਰਾਮ ੨. ਮਃ ੫)

ਤਿਸਤਾਸ: ਉਸ ਦੀ ਤ੍ਰਿਖਾ. ਉਸ ਕੀ ਪ੍ਯਾਸ। ੨. ਸੰ. ਤ੍ਵਿਸ਼ਿਤਾਂਸ਼ੁ. ਸੰਗ੍ਯਾ- ਸੂਰਜ. ਤ੍ਵਿਸ਼ਿਤ (ਚਮਕਦੀਆਂ) ਅੰਸ਼ੁ (ਕਿਰਨਾ) ਵਾਲਾ.

ਤਿਸਨ: ਸੰਗ੍ਯਾ- ਤ੍ਰਿਸ਼ਾ. ਪ੍ਯਾਸ. "ਤਿਸਨ ਬੁਝੀ ਆਸ ਪੁੰਨੀ." (ਵਾਰ ਗੂਜ ੨. ਮਃ ੫) ੨. ਦੇਖੋ, ਤਿਸਨਾ.

ਤਿਸਨਗੀ, ਤਿਸ਼ਨਗੀ: ਫ਼ਾ. تشنگی, ਸੰਗ੍ਯਾ- ਪ੍ਯਾਸ. ਤ੍ਰਿਸ਼ਾ. ਤੇਹ.

ਤਿਸਨਾ: ਸੰਗ੍ਯਾ- ਤ੍ਰਿਸ਼ਨਾ (तृषणा) ਪ੍ਯਾਸ. ਤੇਹ। ੨. ਲਾਲਚ. ਪ੍ਰਾਪਤਿ ਦੀ ਇੱਛਾ. "ਤਿਸਨਾਅਗਨਿ ਬੁਝੀ ਖਿਨ ਅੰਤਰਿ." (ਸੂਹੀ ਮਃ ੪) ੩. ਫ਼ਾ. تشنہ, ਤਿਸ਼ਨਹ. ਵਿ- ਪ੍ਯਾਸਾ. ਤ੍ਰਿਖਾਤੁਰ.

ਤਿਸਾ: ਸੰਗ੍ਯਾ- ਤ੍ਰਿਸ਼ਾ. ਪ੍ਯਾਸ। ੨. ਲੋਭ. ਤ੍ਰਿਸ਼ਨਾ. "ਸਬਦੇ ਸੁਣਿ ਤਿਸਾ ਮਿਟਾਵਣਿਆ." (ਮਾਝ ਅਃ ਮਃ ੩) "ਅੰਤਰਿ ਤਿਸਾ ਭੂਖ ਅਤਿ ਬਹੁਤੀ." (ਭੈਰ ਮਃ ੩)

ਤਿਸਾਇਓ, ਤਿਸਾਇਆ, ਤਿਸਾਈ, ਤਿਸਾਏ: ਵਿ- ਤ੍ਰਿਸ਼ਾਤੁਰ. ਪ੍ਯਾਸਾ. ਤ੍ਰਿਸ਼ਨਾ ਵਾਲੀ. ਪ੍ਯਾਸੇ. "ਸੋ ਸੰਚਿਓ ਜਿਤੁ ਭੂਖ ਤਿਸਾਇਓ." (ਟੋਡੀ ਮਃ ੫) "ਪ੍ਰਭੁਦਰਸਨ ਕਉ ਹਉ ਫਿਰਤ ਤਿਸਾਈ." (ਗਉ ਮਃ ੫) "ਰਸਨ ਰਸਾਏ ਨਾਮ ਤਿਸਾਏ." (ਧਨਾ ਛੰਤ ਮਃ ੧) ੨. ਪ੍ਯਾਸ ਦੀ ਜਲਨ. ਦਾਝ. "ਤਿਸ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ." (ਮਲਾ

ਅ: ਮ: ੧)

ਤਿਸੁ: ਸਰਵ- ਉਸ. "ਤਿਸੁ ਊਪਰਿ ਮਨ ਕਰਿ ਤੂ ਆਸਾ." (ਗਉ ਮ: ੫)

ਤਿਸੈ: ਸਰਵ- ਉਸੇ ਨੂੰ. ਉਸੀ ਕੋ. "ਤਿਸੈ ਸਰੇਵਹੁ ਪ੍ਰਾਣੀਹੋ!" (ਵਾਰ ਗਉ ੨. ਮ: ੫)

ਤਿਹ: ਸੰਗਯਾ- ਤੇਹ. ਪਿਆਸ। ੨. ਸਰਵ- ਉਸ. ਤਿਸ. "ਤਿਹ ਜੋਗੀ ਕਉ ਜੁਗਤਿ ਨ ਜਾਨਉ." (ਧਨਾ ਮ: ੯) ੩. ਦੇਖੋ, ਤਿਹੁ.

ਤਿਹਟੜਾ: ਵਿ- ਸਿਮੰਜ਼ਲਾ. ਤਿੰਨ ਮੰਜ਼ਲਾਂ ਵਾਲਾ. ਤਿਛੱਤਾ। ੨. ਸੰਗਯਾ- ਨਾਮ ਦਾਨ ਇਸਨਾਨ ਸਾਧਨ ਦ੍ਵਾਰਾ ਕਰਤਾਰ ਨੂੰ ਮਿਲਾਉਣ ਵਾਲਾ ਸਾਧੁਸੰਗ. "ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ." (ਸਵਾ ਮ: ੫) ੩. ਬ੍ਰਹਮਾਂਡ, ਜੋ ਪਾਤਾਲ ਮਰਤਯ ਲੋਕ ਅਤੇ ਸ੍ਵਰਗ ਤਿੰਨ ਹੱਟਾਂ ਵਾਲਾ ਹੈ.

ਤਿਹੱਡਾ: ਤਿੰਨ ਹੱਡ ਜਿਸ ਥਾਂ ਜੁੜਨ, ਕਮਰ (ਲੱਕ) ਦੀ ਥਾਂ.

ਤਿਹਣ: ਦੇਖੋ, ਤੇਹਣ.

ਤਿਹੱਤਰ: ਤ੍ਰਿਸਪ੍ਤਤਿ. ਸੱਤਰ ਉੱਪਰ ਤਿੰਨ- ੭੩.

ਤਿਹੱਥੜ: ਸੰਗਯਾ- ਤਿੰਨ ਅਸਥਾਨਾਂ ਪੁਰ ਹੱਥਾਂ ਦਾ ਪ੍ਰਹਾਰ. ਮੱਥੇ ਛਾਤੀ ਅਤੇ ਪੱਟਾਂ ਉੱਪਰ ਸ਼ੋਕਾਤੁਰ ਹੋਕੇ ਹੱਥਾਂ ਦਾ ਮਾਰਨਾ. ਸਿਆਪਾ. "ਸਪਤ ਤਿਹੱਥੜ ਹਨ ਕਰ ਦੇਹੀ." (ਨਾਪ੍ਰ) ਪਰਸ਼ੁਰਾਮ ਦੀ ਮਾਤਾ ਰੇਣੁਕਾ ਨੇ ਪਤਿ ਦੇ ਮਾਰੇ ਜਾਣ ਪੁਰ ਸੱਤ ਤਿਹੱਥੜ ਮਾਰੇ. ਇਸ ਲਈ ਪਰਸ਼ੁਰਾਮ ਨੇ ਸੱਤ ਤੀਆ ਇੱਕੀ ਵਾਰ ਕ੍ਸ਼ਤ੍ਰੀਆਂ ਦਾ ਨਾਸ਼ ਕੀਤਾ. ਦੇਖੋ, ਜਮਦਗਨਿ ਪਰਸ਼ੁਰਾਮ ਅਤੇ ਰੇਣੁਕਾ.

ਤਿਹਰ: ਤਿੰਨ ਵਾਰ ਜ਼ਮੀਨ ਵਾਹੁਣ ਦੀ ਕ੍ਰਿਯਾ। ੨. ਉਹ ਜ਼ਮੀਨ, ਜਿਸ ਵਿੱਚ ਤਿੰਨ ਵਾਰ ਹਲ ਫੇਰਿਆ ਗਿਆ ਹੈ.

ਤਿਹਰਾ: ਵਿ- ਤਿੰਨ ਲਪੇਟ ਦਾ. ਤਿੰਨ ਤਹਿਆਂ ਦਾ. ਤਿੰਨ ਵਾਰ ਕੀਤਾ ਹੋਇਆ.

ਤਿਹਰੇ ਪਾਇਨਿ ਤਗ: ਵਾ- (ਆਸਾ ਕਬੀਰ) ਤਿਹਰੇ ਤਗ (ਜਨੇਊ) ਬਾਬਤ ਦੇਖੋ, ਜਨੇਊ ਸ਼ਬਦ.

ਤਿਹਵਾਰ: ਦੇਖੋ ਤਿਉਹਾਰ.

ਤਿਹਾ: ਸੰਗਯਾ- ਤ੍ਰਿਸ਼ਾ. ਤੇਹ. ਪਿਆਸ। ੨. ਦੇਖੋ, ਤੇਹਾ.

ਤਿਹਾਂ: ਕ੍ਰਿ. ਵਿ- ਤੇਹਾਂ. ਤਿੰਨਾਂ. "ਸੋ ਪੰਡਿਤੁ ਜੋ ਤਿਹਾਂ ਗੁਣਾਂ ਕੀ ਪੰਡ ਉਤਾਰੈ." (ਮਲਾ ਮ: ੩)

ਤਿਹਾਇਆ: ਵਿ- ਤ੍ਰਿਖਾਤੁਰ. ਪਿਆਸਾ. "ਤਿਖਾ ਤਿਹਾਇਆ ਕਿਉ ਲਹੈ." (ਵਡ ਮ: ੧) ੨. ਸੰਗਯਾ- ਤ੍ਰਿਖਾ. ਤੇਹ. ਪਿਆਸ. "ਭੁਖ ਤਿਹਾਇਆ." (ਵਾਰ ਮਲਾ ਮ: ੧)

ਤਿਹਾਈ: ਵਿ- ਤ੍ਰਿਖਾ ਵਾਲੀ. ਪਿਆਸੀ। ੨. ਸੰਗਯਾ- ਤੀਜਾ ਭਾਗ. ਤੀਸਰਾ ਹ਼ਿਸਾ.

ਤਿਹਾਰ: ਦੇਖੋ, ਤਿਉਹਾਰ। ੨. ਦੇਖੋ, ਤੁਹਾਰ.

ਤਿਹਾਰਾ: ਦੇਖੋ, ਤੁਹਾਰਾ.

ਤਿਹਾਲ: ਸੰਗਯਾ- ਤ੍ਰਿਕਾਲ. ਤਿੰਨ ਵੇਲੇ. ਭੂਤ ਵਰਤਮਾਨ ਅਤੇ ਭਵਿਸ਼ਯ। ੨. ਪ੍ਰਾਤਹਕਾਲ, ਮਧ੍ਯਾਨ ਕਾਲ ਅਤੇ ਸਾਯੰ ਕਾਲ. "ਤ੍ਰੈਪਾਲ ਤਿਹਾਲ ਬਿਚਾਰੰ." (ਵਾਰ ਆਸਾ) ਦੇਖੋ, ਤ੍ਰੈਪਾਲ। ੩. ਅ਼. طحال, ਤ਼ਿਹ਼ਾਲ. ਤਿੱਲੀ. ਲਿੱਫ.

ਤਿਹਾਵਲ: ਸੰਗਯਾ- ਕੜਾਹ ਪ੍ਰਸਾਦ. ਜਿਸ ਵਿੱਚ ਘੀ ਮੈਦਾ ਖੰਡ ਤਿੰਨੇ ਪਦਾਰਥ ਸਮ ਹੋਣ. "ਕਰਹੁ ਤਿਹਾਵਲ ਹੋਵਤ ਭੋਰਾ।

ਪਠ ਅਰਦਾਸ ਯੁਗਮ ਕਰ ਜੋਰਾ." (ਨਾਪ੍ਰ)

ਤਿਹਾੜਾ: ਸਰਵ- ਤੇਰਾ। ੨. ਸੰਗਯਾ- ਇਸ ਨਾਉਂ ਦਾ ਇਲਾਕਾ, ਜੋ ਲੁਦਿਆਨੇ ਦੀ ਤਸੀਲ ਜਗਰਾਉਂ ਅਤੇ ਪੱਖੋਵਾਲ ਅੰਦਰ ਹੈ. ਸਤਲੁਜ ਦਾ ਕਿਨਾਰਾ ਬੇਟ, ਪੂਰਵ ਵੱਲ ਦਾ ਪੁਆਧ, ਦੱਖਣ ਪੱਛਮ ਵੱਲ ਦਾ ਮਾਲਵਾ, ਇਨ੍ਹਾਂ ਤੇਹਾਂ ਕਰਕੇ ਘਿਰਿਆ ਹੋਣ ਕਰਕੇ "ਤਿਹਾੜਾ" ਸੱਦੀਦਾ ਹੈ.

ਤਿਹਿ: ਸਰਵ- ਉਸ ਨੂੰ. ਤਿਸੇ। ੨. ਉਸ ਮੇਂ. ਉਸ ਵਿੱਚ. "ਤਿਹਿ ਨਰ ਹਰਿ ਅੰਤਰੁ ਨਹੀ." (ਸਃ ਮਃ ੯)

ਤਿਹੀ: ਸਰਵ- ਤਿਸੇ. ਉਸ ਕੋ. "ਤਿਹੀ ਸੰਗਤਿ ਪੋਚ." (ਆਸਾ ਰਵਿਦਾਸ) ੨. ਕ੍ਰਿ. ਵਿ- ਤਿੰਨਾਂ ਹੀ. ਤੀਨੋ. "ਤਿਹੀ ਗੁਣੀ ਸੰਸਾਰੁ ਭ੍ਰਮ ਸੁਤਾ." (ਅਨੰਦੁ) ੩. ਦੇਖੋ, ਤੇਹੀ.

ਤਿਹੁ: ਵਿ- ਤਿੰਨ. "ਤਿਹੁ ਗੁਣ ਮਹਿ ਕੀਨੋ ਬਿਸਥਾਰੁ." (ਸੁਖਮਨੀ) ੨. ਦੇਖੋ, ਤਿਹ.

ਤਿਹੁਪਖ: ਤਿੰਨ ਪਕ੍ਸ਼. ਤਿੰਨ ਰਿਸ਼ਤੇ. "ਤਿਹੁ ਪਖਾਂ ਕਾਲੰਕ ਲਗਾਵੈ." (ਭਾਗੁ) ਨਾਨਕ ਦਾਦਕ ਸਹੁਰੇ.

ਤਿਹੂ, ਤਿਹੂੰ: ਤਿੰਨਾਂ ਹੀ. ਤੀਨੋ ਹੀ. "ਤਿਹੂੰ ਲੋਕ ਕਾਪੀਉ." (ਗਉ ਥਿਤੀ ਕਬੀਰ) ੨. ਤਿੰਨ ਹੂੰ ਦਾ ਸੰਖੇਪ. "ਤਿਹੂੰ ਨ ਜਾਨਯੋ ਭੇਦ." (ਸਲੋਹ) ਉਨ੍ਹਾਂ ਨੇ ਭੇਤ ਨਾ ਜਾਣਿਆ.

ਤਿਹੰਜਾ, ਤਿਹੰਜੀ, ਤਿਹੰਡਾ, ਤਿਹੰਡੀ: ਸਰਵ- ਤੇਰਾ. ਤੇਰੀ. ਦੇਖੋ, ਤਹਿੰਜਾ ਅਤੇ ਤਹਿੰਜੀ. "ਹਉ ਆਇਆ ਸਾਮੈ ਤਿਹੰ- ਡੀਆ." (ਸ੍ਰੀ ਮਃ ੫. ਪੈਪਾਇ)

ਤਿਕ: ਸੰਗਯਾ- ਸੰ. ਤ੍ਰਿਕ. ਤਿੱਗ. ਤਿਹੱਡਾ. ਲੱਕ.

ਤਿਕਤ: ਦੇਖੋ, ਤਿਕ੍ਤ.

ਤਿਕਲਿ: ਤ੍ਰਿਕ (ਲੱਕ) ਨਾਲ. ਦੇਖੋ, ਤਿਕ. "ਚੂਹਾ ਖਡਿ ਨ ਮਾਵਈ ਤਿਕਲਿ ਬੰਨੈ ਛਜ." (ਵਾਰ ਮਲਾ ਮਃ ੧) ਭਾਵ- ਆਪਣਾ ਉੱਧਾਰ ਨਹੀਂ ਕਰ ਸਕਦਾ ਅਤੇ ਪਿੱਛੇ ਚੇਲੇ ਲਾਉਂਦਾ ਹੈ.

ਤਿਕਾਲ: ਸੰਗਯਾ- ਤ੍ਰਿਕਾਲ. ਤਿੰਨ ਕਾਲ (ਵੇਲੇ). "ਸੰਧਿਆ ਕਰਮ ਤਿਕਾਲ ਕਰੈ." (ਭੈਰ ਮਃ ੧)

ਤਿਕੋਣ: ਦੇਖੋ, ਤ੍ਰਿਕੋਣ.

ਤਿੱਕੁਰ: ਕ੍ਰਿ. ਵਿ- ਤਿਉਂਕਰ. ਤਿਵੇਂ. ਤਿਸ ਪ੍ਰਕਾਰ.

ਤਿੱਕੂੰ: ਕ੍ਰਿ. ਵਿ- ਤੈਸੇ. ਤਿਸੀ ਪ੍ਰਕਾਰ.

ਤਿਕ੍ਤ: ਸੰ. ਵਿ- ਕੌੜਾ. ਤੀਤਾ। ੨. ਸੰਗਯਾ- ਪਿੱਤਪਾਪੜਾ। ੩. ਚਿਰਾਇਤਾ.

ਤਿਖ: ਸੰ. तृष्. ਧਾ- ਪਿਆਸ ਲਗਣੀ. ਇੱਛਾ ਕਰਨੀ. ਸੰਗਯਾ- ਤ੍ਰਿਸ਼ਾ. ਪਿਆਸ. ਤੇਹ. ਤ੍ਰੇਹ. ਤ੍ਰਿਖਾ. "ਹਰਿ- ਰਸ ਚਾਖਿ ਤਿਖ ਜਾਇ." (ਸ੍ਰੀ ਮਃ ੩) "ਤਿਖ ਬੂਝਿ ਗਈ ਮਿਲਿ ਸਾਧੁਜਨਾ." (ਕਾਨ ਮਃ ੫) ੨. ਇੱਛਾ. ਅਭਿਲਾਖਾ.

ਤਿਖਈਆ, ਤਿਖਹਾਰਾ: ਵਿ- ਤ੍ਰਿਸ਼ਾਤੁਰ. ਪਿਆਸਾ. "ਇਹੁ ਮਨੁ ਤ੍ਰਿਸਨਾ ਜਲਤ ਤਿਖਈਆ." (ਬਿਲਾ ਅਃ ਮਃ ੪) "ਹਮ ਚਾਤ੍ਰਿਕ ਤਿਖਹਾਰੇ." (ਮਾਝ ਮਃ ੫)

ਤਿਖਾ: ਸੰਗਯਾ- ਤ੍ਰਿਸ਼ਾ. ਪਿਆਸ. "ਤਿਖਾ ਭੂਖ ਬਹੁ ਤਪਤ ਬਿਆਪਿਆ." (ਬਿਲਾ ਮਃ ੫) ੨. ਇੱਛਾ. ਤ੍ਰਿਸ਼ਨਾ. "ਗੁਰੁ ਲਾਹੀ ਸਗਲ ਤਿਖਾ." (ਸਾਰ ਮਃ ੫) ੩. ਦੇਖੋ, ਤਿੱਖਾ.

ਤਿਖਾਈ: ਵਿ- ਤਿਹਾਈ. ਤ੍ਰਿਸ਼ਾ ਵਾਲੀ. ਪਿਆਸੀ। ੨. ਸੰਗਯਾ- ਤ੍ਰਿਸ਼ਾ. ਪਿਆਸ. "ਮਿਟੀ ਤਾਂਕੀ ਤਿਖਾਈ." (ਸਲੋਹ) ੩.

ਤਿੱਖਾਪਨ.

ਤਿਖਾਟ: ਸੰਗਜਾ- ਤਿਖਾਵਟ. ਪਿਆਸ. ਤ੍ਰਿਸ਼ਾ. "ਸਭ ਲਾਥੀ ਭੁਖ ਤਿਖਾਟ." (ਮਾਲੀ ਮਃ ੪)

ਤਿਖਾਤੀ, ਤਿਖੰਤ: ਵਿ- ਤ੍ਰਿਸ਼ਾਤੁਰ. ਤ੍ਰਿਖਾ ਕਰਕੇ ਆਰਤ. ਪਿਆਸਾ. "ਬਰਜੋ ਜਲ ਪਾਨ ਕੇ ਹੇਤ ਤਿਖਾਤੀ." (ਨਾਪ੍ਰ) "ਭੂਖੇ ਕੋ ਭੋਜਨ ਤੋਇ ਤਿਖੰਤ ਕੋ." (ਨਾਪ੍ਰ)

ਤਿੱਖਾ: ਸੰ. ਤੀਕ੍ਸ਼ਣ. ਵਿ- ਜਿਸ ਦੀ ਧਾਰ ਬਹੁਤ ਤੇਜ਼ ਹੋਵੇ। ੨. ਆਲਸ ਰਹਿਤ. ਉੱਦਮੀ। ੩. ਤੁੰਦ ਮਿਜ਼ਾਜ. ਗੁਸੈਲਾ। ੪. ਚਰਪਰੇ ਸੁਆਦ ਵਾਲਾ। ੫. ਤੇਜ਼ ਚਾਲ ਚੱਲਣ ਵਾਲਾ, ਪੈਰਾਂ ਦਾ ਛੋਹਲਾ.

ਤਿਗਮ: ਸੰ. तिग्म. ਵਿ- ਤਿੱਖਾ. ਤੇਜ਼. ਪ੍ਰਚੰਡ. "ਕਿਸ ਨੇ ਤੇਜ ਤਿਗਮ ਤਪਤਾਯੋ?" (ਗੁਪ੍ਰਸੂ) ੨. ਸੰਗਜਾ- ਵਜ੍ਰ.

ਤਿਗਮਕਰ, ਤਿਗਮਾਂਸ਼ੁ: ਸੰਗਜਾ- ਤਿਗਮ (ਤਿੱਖੀਆਂ) ਹਨ ਅੰਸ਼ੁ (ਕਿਰਣਾਂ) ਜਿਸ ਦੀਆਂ, ਸੂਰਜ.

ਤਿਗੁਣਾ: ਵਿ- ਤਿੰਨ ਗੁਣਾਂ. ਤਿੰਨ ਵਾਰ ਅਧਿਕ. ਤ੍ਰਿਗੁਣ.

ਤਿੱਗ: ਦੇਖੋ, ਤਿਕ.

ਤਿੰਘਣਾ: ਕ੍ਰਿ- ਜ਼ੋਰ ਲਾਉਣਾ. ਦੇਖੋ, ਤਾਂਘਣਾ.

ਤਿਚਰ, ਤਿਚਰੁ, ਤਿਚਿਰ: ਕ੍ਰਿ. ਵਿ- ਤਾਵਤ- ਚਿਰ. ਉਤਨੀ ਦੇਰ ਤਕ. "ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ." (ਸੂਹੀ ਅਃ ਮਃ ੩) "ਤਿਚਰ ਵਸਹਿ ਸੁਹੇਲੜੀ." (ਸ੍ਰੀ ਮਃ ੫)

ਤਿੱਛ: ਵਿ- ਤੀਕ੍ਸ਼ਣ. ਤੇਜ਼. "ਬਹੈਂ ਬਾਣ ਤਿੱਛੰ." (ਕਲਕੀ)

ਤਿਜ: ਦੇਖੋ, ਤੇਜ.

ਤਿੰਜਣ: ਦੇਖੋ, ਤੇਉਣ.

ਤਿਜਾਰਤ: ਅ਼. تجارت ਸੰਗਜਾ- ਤਜਰ (ਲੈਣ ਦੇਣ) ਦੀ ਕ੍ਰਿਯਾ. ਸੌਦਾਗਰੀ. ਵਪਾਰ.

ਤਿਡ, ਤਿਡਾ, ਤਿੱਡ, ਤਿੱਡਾ: ਦੇਖੋ, ਟਿੱਡ- ਟਿੱਡਾ. "ਅਕਤਿਡ ਚਿੱਤਮਿਤਾਲਾ ਹਰਿਆ." (ਭਾਗੁ) "ਅਕ ਸਿਉ ਪ੍ਰੀਤਿ ਕਰੇ ਅਕਤਿਡਾ." (ਵਾਰ ਮਲਾ ਮਃ ੧)

ਤਿਣ: ਸੰ. तृण- ਤ੍ਰਿਣ. ਸੰਗਜਾ- ਘਾਸ। ੨. ਤਿਨਕਾ. ਡੱਕਾ। ੩. ਡਿੰਗ. ਸਰਵ- ਤਿੰਨ. ਤਿਨ੍ਹਾਂ. ਤਿਨ੍ਹੇ.

ਤਿਣਛਿਤਿ: ਸੰਗਜਾ- ਤ੍ਰਿਣ- ਕ੍ਸ਼ਿਤਿ. ਉਹ ਜ਼ਮੀਨ, ਜਿਸ ਪੁਰ ਘਾਸ ਹੋਵੇ. ਚਰਾਗਾਹ. ਬੀੜ. "ਤਿਣਛਿਤਿ ਕੀ ਬਹੁਰਹਿ ਰਖਵਾਰੀ." (ਗੁਪ੍ਰਸੂ)

ਤਿਣੰ: ਦੇਖੋ, ਤਿਣ। ੨. ਸਰਵ- ਤਿਨ੍ਹਾਂ ਦਾ. ਉਨ੍ਹਾਂ ਦਾ. "ਕਾਮ ਕ੍ਰੋਧ ਮਿਟਿਆਉ ਜੁ ਤਿਣੰ." (ਸਵੈਯੇ ਮਃ ੪. ਕੇ)

ਤਿਤ: ਦੇਖੋ, ਤਿਤੁ। ੨. ਸਰਵ- ਉਸ. "ਤਿਤ ਘਿਇ ਹੋਮ ਜਗ ਸਦ ਪੂਜਾ." (ਵਾਰ ਮਾਝ ਮਃ ੧)

ਤਿਤਹੀ: ਤਤ੍ਰ ਹੀ. ਉੱਥੇ ਹੀ. "ਤਿਤ ਹੀ ਲਾਗਾ ਜਿਤੁ ਕੋ ਲਾਇਆ." (ਭੈਰ ਮਃ ੫)

ਤਿਤਨਕ, ਤਿਤਨਾ, ਤਿਤਨਿਕ, ਤਿਤਨੀ, ਤਿਤਨੇ: ਕ੍ਰਿ. ਵਿ- ਤਾਵਨਮਾਤ੍ਰ. ਉਤਨਾਕ. ਉਤਨੀ. ਉਤਨੇ. "ਜਿਤਨੇ ਪਾਤਿਸਾਹ ×× ਤਿਤਨੇ ਸਭਿ ਹਰਿ ਕੇ ਕੀਏ." (ਵਾਰ ਬਿਲਾ ਮਃ ੪)

ਤਿਤਰ: ਦੇਖੋ, ਤਿੱਤਰ.

**ਤਿਤਰ ਬਿਤਰ:** ਵਿ- ਤਿੱਤਰ ਵਾਂਙ ਵਿਸਤ੍ਰਿਤ (ਫੈਲਿਆ) ਹੋਇਆ. ਜਿਵੇਂ ਸ਼ਿਕਾਰ ਵੇਲੇ ਭੈ ਨਾਲ ਤਿੱਤਰ ਜਿਧਰ ਮੂੰਹ ਹੁੰਦਾ ਹੈ ਉਧਰ ਨੂੰ ਆਪਣੇ ਸਾਥੀ ਜੋੜੇ ਨੂੰ ਛੱਡਕੇ ਉਡ ਜਾਂਦੇ ਹਨ, ਤਿਵੇਂ ਛਿੰਨ ਭਿੰਨ ਹੋਇਆ.

**ਤਿਤੜਾ, ਤਿਤੜੇ:** ਕ੍ਰਿ. ਵਿ- ਉਤਨਾ. ਤਿਤਨੇ. "ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ." (ਸ੍ਰੀ ਮਃ ੫)

**ਤਿਤਿਕ੍ਸ਼ਾ, ਤਿਤਿਖਿਆ:** ਸੰਗਯਾ- ਸਰਦੀ ਗਰਮੀ ਆਦਿ ਸਹਾਰਨ (ਬਰਦਾਸ਼ਤ ਕਰਨ) ਦੀ ਸਾਮਰਥ੍ਯ। ੨. ਕ੍ਸ਼ਮਾ. ਸ਼ਾਂਤਿ. ਬੁਰਦਬਾਰੀ.

**ਤਿਤਿੱਖੁ:** ਸੰ. ਤਿਤਿਕ੍ਸ਼ੁ. ਵਿ- ਸਹਾਰਨ ਵਾਲਾ. ਸਰਦੀ ਗਰਮੀ ਭੁੱਖ ਤੇਹ ਆਦਿ ਦੇ ਦੁੱਖ ਨੂੰ ਸਹਾਰਨ ਵਾਲਾ। ੨. ਕ੍ਸ਼ਮਾਵਾਨ. ਖਿਮਾ ਵਾਲਾ.

**ਤਿਤਿਛਿਆ:** ਦੇਖੋ, ਤਿਤਿਖਿਆ.

**ਤਿਤੀਰਖਾ:** ਸੰ. ਤਿਤੀਸ਼ੀਂ. ਸੰਗਯਾ- ਤਰਣ ਦੀ ਇੱਛਾ. ਜਲ ਤੋਂ ਤਰਕੇ ਪਾਰ ਉਤਰਨ ਦੀ ਚਾਹ.

**ਤਿਤੁ:** ਸਰਵ- ਉਸ ਦੀ. "ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ." (ਜਪੁ) ੨. ਉਸ. "ਤਿਤੁ ਘਰਿ ਸਖੀਏ ਮੰਗਲੁ ਗਾਇਆ." (ਮਾਝ ਮਃ ੫) ੩. ਕ੍ਰਿ. ਵਿ- ਤਤ੍ਰ. ਵਹਾਂ. ਉੱਥੇ. "ਵਡਭਾਗੀ ਤਿਤੁ ਨ੍ਹਾਵਾਈਐ." (ਰਾਮ ਮਃ ੪)

**ਤਿਤੁਕਾ:** ਸੰਗਯਾ- ਤਿੰਨ ਤਿੰਨ ਤੁਕਾਂ ਪਿੱਛੋਂ ਜਿਸ ਦੇ ਅੰਗ ਹੋਵੇ, ਐਸਾ ਸ਼ਬਦ. ਜਿਸੁ ਦੇ ਪਦ ਤਿੰਨ ਤਿੰਨ ਤੁਕ ਦੇ ਹੋਣ. ਦੇਖੋ, ਸੋਰਠਿ ਰਾਗ ਦਾ ਸ਼ਬਦ- "ਕਿਸੁ ਹਉ ਜਾਚੀ ਕਿਸੁ ਆਰਾਧੀ."

**ਤਿਤੇ:** ਕ੍ਰਿ ਵਿ- ਉਤਨੇ. ਤਿਤਨੇ। ੨. ਤਤ੍ਰ. ਉੱਥੇ. ਉਧਰ.

**ਤਿਤੈ:** ਕ੍ਰਿ. ਵਿ- ਉਸੇ. "ਅਨਦ ਬਿਨੋਦ ਤਿਤੈ ਘਰਿ ਸੋਹਹਿ." (ਮਾਝ ਮਃ ੫) ੨. ਉਸੇ ਪਾਸੇ. ਉਧਰ.

**ਤਿਤੋ:** ਕ੍ਰਿ. ਵਿ- ਉਤਨਾ. ਉਸ ਕ਼ਦਰ. ਤਾਵਤ.

**ਤਿੱਤਰ:** ਸੰ. ਤਿੱਤਿਰ. ਸੰਗਯਾ- ਇੱਕ ਜੰਗਲੀ ਪੰਛੀ ਜੋ ਭੂਰੇ ਅਤੇ ਕਾਲੇ ਰੰਗ ਦਾ ਭਿੰਨ ਭਿੰਨ ਹੁੰਦਾ ਹੈ. Partridge. ਕਾਲੇ ਤਿੱਤਰ ਨੂੰ 'ਸੁਬਹਾਨੀ' ਆਖਦੇ ਹਨ, ਕਿਉਂਕਿ ਉਸ ਦੀ ਬੋਲੀ ਵਿੱਚ 'ਸੁਬਹਾਨ ਤੇਰੀ ਕੁਦਰਤ' ਦਾ ਅਨੁਕਰਣ ਖਿਆਲ ਕੀਤਾ ਗਿਆ ਹੈ. ਸ਼ਿਕਾਰੀ ਲੋਕ ਦੋਵੇਂ ਜਾਤਿ ਦੇ ਤਿੱਤਰਾਂ ਨੂੰ ਪਾਲਕੇ ਬੁਲਾਰੇ ਦਾ ਕੰਮ ਲੈਂਦੇ ਹਨ. ਇਨ੍ਹਾਂ ਦੀ ਆਵਾਜ ਸੁਣਕੇ ਜੰਗਲੀ ਤਿੱਤਰ ਲੜਨ ਲਈ ਇਕੱਠੇ ਹੋ ਜਾਂਦੇ ਹਨ, ਜੋ ਧੰਦਾਲ (ਫੰਦੇ) ਵਿੱਚ ਫਸਦੇ, ਜਾਂ ਬੰਦੂਕ ਨਾਲ ਮਾਰੇ ਜਾਂਦੇ ਹਨ.

**ਤਿੱਤਰਸਰ:** ਦੇਖੋ, ਮਾਈਸਰ ਖਾਨਾ.

**ਤਿੱਤਰਖੰਭੀ:** ਤਿੱਤਰ ਦੇ ਖੰਭਾਂ ਜੇਹੀ ਆਕਾਸ਼ ਵਿੱਚ ਹੋਈ ਬੱਦਲੀ. Clouds Cirrus. "ਤਿੱਤਰਖੰਭੀ ਹੋਇਸੀ। ਕੀ ਕਰੇ ਪਾਧਾ ਜੋਇਸੀ?" (ਲੋਕੋ)

**ਤਿੱਤਿਰ:** ਦੇਖੋ, ਤਿੱਤਰ.

**ਤਿਥ:** ਸੰ. ਸੰਗਯਾ- ਅਗਨਿ। ੨. ਕਾਮਦੇਵ। ੩. ਕਾਲ. ਸਮਯ. ਵੇਲਾ। ੪. ਦੇਖੋ, ਤਿਥਿ.

**ਤਿਥਹੁ:** ਕ੍ਰਿ. ਵਿ- ਉਸ ਥਾਂ ਤੋਂ. ਵਹਾਂ ਸੇ. ਉੱਥੋਂ.

**ਤਿਥਾਊ, ਤਿਥਾਈ:** ਕ੍ਰਿ. ਵਿ- ਉੱਥੇ. ਤਿਸ ਅਸਥਾਨ ਵਹਾਂ। ੨. ਉੱਥੇ ਹੀ. ਵਹਾਂ ਹੀ. "ਤਿਥਾਊ ਮਉਜੂਦ ਸੋਇ." (ਗਉ ਵਾਰ ੨. ਮਃ ੫) "ਜਿਥੈ ਰਖਹਿ ਬੈਕੁੰਠ ਤਿਥਾਈ." (ਮਾਝ ਮਃ ੫)

**ਤਿਥਿ:** ਸੰ. ਸੰਗਯਾ- ਚੰਦ੍ਰਮਾ ਦੀ ਕਲਾ ਦੇ ਵਧਣ ਘਟਣ ਨਾਲ ਸ਼ੁਮਾਰ ਹੋਣ ਵਾਲਾ ਦਿਨ. ਮਿਤਿ. ਤਾਰੀਖ਼. ਮਹੀਨੇ ਦੇ ਦੋ ਪੱਖਾਂ ਦੇ

ਲਿਖਣ ਲਈ ਤਿਥਾਂ ਦੇ ਨਾਲ ਸੁਦੀ ਬਦੀ ਸ਼ਬਦ ਜੋੜਦੇ ਹਨ. ਸ਼ੁਕ੍ਲ (ਚਿੱਟਾ) ਦਿਨ ਦਾ ਸੰਖੇਪ ਸ਼ੁਦਿ ਹੈ, ਜਿਸ ਤੋਂ ਸੁਦੀ ਬਣ ਗਿਆ ਹੈ, ਬਹੁਲ (ਕਾਲਾ) ਦਿਨ ਦਾ ਸੰਖੇਪ ਬਦਿ ਹੈ, ਜਿਸ ਤੋਂ ਬਦੀ ਸ਼ਬਦ ਬਣਿਆ ਹੈ। ੨. ਪੰਦ੍ਰਾਂ ਦੀ ਗਿਣਤੀ, ਕਯੋਂਕਿ ਪੱਖ ਵਿੱਚ ਪੰਦਰਾਂ ਤਿਥਾਂ ਹੁੰਦੀਆਂ ਹਨ.

ਤਿਥਿਪਤ੍ਰ: ਸੰਗਯਾ- ਉਹ ਪਤ੍ਰਾ, ਜਿਸ ਵਿੱਚ ਤਿਥਾਂ ਦਾ ਨਿਰਣਾ ਹੋਵੇ. ਪੰਚਾਂਗਪਤ੍ਰ. ਜੰਤ੍ਰੀ. Almanac.

ਤਿਥੇ, ਤਿਥੈ: ਕ੍ਰਿ. ਵਿ- ਤਤ੍ਰ. ਉੱਥੇ. ਵਹਾਂ. "ਤਿਥੈ ਸੋਹਨਿ ਪੰਚ ਪਰਵਾਣੁ." (ਜਪੁ)

ਤਿੰਦਕ: ਸੰਗਯਾ- ਤੰਦੂਆ. ਇੱਕ ਜਲਜੀਵ, ਜੋ ਆਪਣੀਆਂ ਤੰਦਾਂ ਨਾਲ ਜਲ ਵਿੱਚ ਆਏ ਜੀਵਾਂ ਨੂੰ ਫਸਾ ਲੈਂਦਾ ਹੈ. "ਤਿੰਦਕ ਮੋਹ ਜਿਸੈ ਗਰਸਾਯੋ." (ਨਾਪ੍ਰ) ਦੇਖੋ, ਤਦੂਆ, ਤਿੰਦੂਆ ਅਤੇ ਤੰਦੂਆ। ੨. ਦੇਖੋ, ਤਿੰਦੁਕ.

ਤਿਦਰੀ: ਸੰਗਯਾ- ਤਿੰਨ ਦਰਾਂ ਵਾਲੀ ਕੋਠੜੀ. ਸਿਦਰੀ. ਤਿੰਦਰੀ। ੨. ਦੇਖੋ, ਤੰਦਰੀ.

ਤਿਦਾਊ: ਕ੍ਰਿ. ਵਿ- ਉਸ ਦਾਉ. ਉਸ ਪਾਸੇ. ਓਧਰ. "ਵਹਣੁ ਤਿਦਾਊ ਗੰਉ ਕਰੇ." (ਸ. ਫਰੀਦ)

ਤਿਦਾਰਕ: ਦੇਖੋ, ਤਦਾਰੁਕ.

ਤਿਦਿਨ: ਤਿਸ- ਦਿਨ. ਉਸ ਦਿਨ.

ਤਿੰਦੁਕ: ਸੰ. तिन्दुक. ਸੰਗਯਾ- ਤੇਂਦੂ ਦਾ ਬਿਰਛ ਤੇਂਦੂ. ਕੇਂਦੂ. L. Diospyros embryopteris । ੨. ਦੋ ਤੋਲਾ ਭਰ ਵਜ਼ਨ.

ਤਿਦੂ: ਸਰਵ- ਤਿਸ ਤੋਂ. "ਤਿਦੂ ਕਿਛੁ ਗੁਝਾ ਨ ਹੋਇਆ." (ਵਾਰ ਗਉ ੧. ਮਃ ੪)

ਤਿੰਦੂਆ: ਤੰਦਾਂ ਨਾਲ ਫਸਾਉਣ ਵਾਲਾ ਜਲਜੀਵ. ਦੇਖੋ, ਤਿੰਦਕ ਅਤੇ ਤੰਦੂਆ. "ਨਾਰਾਇਨ ਕੱਛ ਮੱਛ ਤਿੰਦੂਆ ਕਹਿਤ ਸਭ." (ਅਕਾਲ)

ਤਿਧਰ, ਤਿਧਰਿ, ਤਿਧਿਰ: ਕ੍ਰਿ. ਵਿ- ਤਿਸ ਪਾਸੇ. ਉਸ ਓਰ. ਉਸ ਤਰਫ.

ਤਿਨ: ਸਰਵ- ਉਨ੍ਹਾਂ. ਉਨ੍ਹਾਂ ਨੇ. "ਤਿਨ ਅੰਤਰਿ ਸਬਦੁ ਵਸਾਇਆ." (ਸ੍ਰੀ ਮਃ ੧. ਜੋਗੀ ਅੰਦਰ) ੨. ਉਨ੍ਹਾਂ ਦੇ. "ਤਿਨ ਪੀਛੈ ਲਾਗਿ ਫਿਰਾਉ." (ਸ੍ਰੀ ਮਃ ੪) ੩. ਸੰਗਯਾ- ਤ੍ਰਿਣ. ਘਾਸ. ਫੂਸ. "ਅਉਧ ਅਨਲ ਤਨੁ ਤਿਨ ਕੋ ਮੰਦਿਰ." (ਗਉ ਕਬੀਰ) ੪. ਕ੍ਰਿ. ਵਿ- ਤਿਸ ਪਾਸੇ. ਉਧਰ. "ਡੋਰੀ ਪ੍ਰਭੁ ਪਕੜੀ, ਜਿਨ ਖਿੰਚੈ ਤਿਨ ਜਾਈਐ." (ਓਅੰਕਾਰ) ੫. ਦੇਖੋ, ਤਿੰਨ.

ਤਿੰਨ: ਵਿ- ਤੀਨ. ਤ੍ਰਯ (ਤ੍ਰੈ).

ਤਿੰਨ ਅਗਨੀਆਂ: ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਤਿੰਨ ਅਗਨੀਆਂ ਮੰਨੀਆਂ ਹਨ:-

੧. ਭੌਮ ਅਥਵਾ ਦਾਵਾ ਅਗਨਿ, ਜਿਸ ਨਾਲ ਲੋਕ ਆਪਣੇ ਭੋਜਨ ਆਦਿ ਦੇ ਕਾਰਯ ਸਿੱਧ ਕਰਦੇ ਹਨ ਅਤੇ ਬਣਾਂ ਨੂੰ ਭਸਮ ਕਰਦੀ ਦੇਖੀ ਜਾਂਦੀ ਹੈ।

੨. ਦਿਵਜ, ਜੋ ਆਕਾਸ਼ ਵਿੱਚ ਬਿਜਲੀਰੂਪ ਹੈ।

੩. ਉਦਰ ਅਥਵਾ ਜਠਰ ਅਗਨਿ, ਜੋ ਸ਼ਰੀਰ ਦੀ ਗਰਮੀ ਹੈ, ਅਤੇ ਜਿਸ ਕਰਕੇ ਖਾਧੀ ਗ਼ਿਜ਼ਾ ਹਜ਼ਮ ਹੁੰਦੀ ਹੈ. ਦੇਖੋ, ਜਠਰਾਗਨਿ।

ਕਰਮਕਾਂਡ ਵਾਲਿਆਂ ਨੇ ਤਿੰਨ ਅਗਨੀਆਂ ਇਹ ਮੰਨੀਆਂ ਹਨ:-

(ੳ) ਗਾਹੰਪਤਯ (गार्हंपत्य), ਜਿਸ ਨਾਲ ਯੱਗ ਦੇ ਬਰਤਨ ਤਪਾਏ ਜਾਂਦੇ ਹਨ ਅਤੇ ਯੱਗ ਨਿਮਿੱਤ ਭੋਜਨ ਆਦਿ ਸਾਮਗ੍ਰੀ

ਪਕਾਈਦੀ ਹੈ.

(ਅ) ਆਹਵਨੀਯ, ਗਾਰ੍ਹੰਪਤਜ ਅਗਨਿ ਵਿੱਚੋਂ ਮੰਤ੍ਰਾਂ ਸਹਿਤ ਲੈਕੇ ਯੱਗਮੰਡਪ ਦੇ ਪੂਰਵ ਵੱਲ ਹਵਨ ਵਾਸਤੇ ਰੱਖੀ ਹੋਈ ਅਗਨਿ.

(ੲ) ਦਾਕ੍ਸ਼ਿਣਜ (दाक्षिण्य), ਯੱਗਮੰਡਪ ਦੇ ਦੱਖਣ ਵੱਲ ਰੱਖੀ ਹੋਈ ਅਗਨਿ, ਜਿਸ ਨਾਲ ਯੱਗਸਮਾਪਤੀ ਦੀ ਪੂਜਾ ਹੁੰਦੀ ਹੈ ਅਤੇ ਯਗ ਕਰਾਉਣ ਵਾਲੇ ਦੱਛਣਾ ਲੈਕੇ ਯਜਮਾਨ ਨੂੰ ਸ੍ਵਸ੍ਤਿਵਾਚਨ ਕਰਦੇ ਹਨ.

ਤਿਨਹਿ: ਸਰਵ ਤਿਨ੍ਹਾਂ ਨੂੰ. ਉਨ੍ਹਾਂ ਨੂੰ। ੨. ਤ੍ਰਿਣਹਿ. ਤ੍ਰਿਣਾਂ ਨੂੰ. ਘਾਸ ਨੂੰ "ਕੂਕਰ ਤਿਨਹਿ ਲਗਾਈ." (ਆਸਾ ਮਃ ੫) ਲੋਭ ਕੁੱਤੇ ਨੂੰ ਘਾਸ ਖਾਣ ਲਾ ਦਿੱਤਾ. ਭਾਵ ਨਿਰਵਾਹ ਮਾਤ੍ਰ ਖਾਨ ਪਾਨ ਵਿੱਚ ਸੰਤੋਖ ਹੈ। ੩. ਤ੍ਰਿਣ ਦੇ. ਡੱਕੇ ਦੇ. "ਮੇਰੁ ਤਿਨਹਿ ਸਮਾਨਿ." (ਕਲਿ ਮਃ ੫)

ਤਿਨਕਾ: ਸੰਗਜਾ- ਤ੍ਰਿਣ. ਡੱਕਾ. ਘਾਸ. "ਪੀਛੈ ਤਿਨਕਾ ਲੈਕਰਿ ਹਾਂਕਤੀ." (ਬੰਸ ਨਾਮਦੇਵ) ਵਿਸ਼ਯਆਨੰਦ ਰੂਪ ਘਾਸ ਦਾ ਲਾਲਚ ਵਿਖਾਕੇ ਮਾਇਆ ਦੇਹਰੂਪ ਗੱਡੀ ਨੂੰ ਚਲਾਉਂਦੀ ਹੈ. ਜੇ ਪਸ਼ੂ ਨੂੰ ਘਾਸ ਦਿਖਾਉਂਦੇ ਰਸਤੇ ਤੁਰੀਏ, ਤਦ ਤੇਜ਼ ਚਾਲ ਦੌੜਦਾ ਹੈ, ਪਰ ਘਾਸ ਤੀਕ ਉਸ ਦਾ ਮੂੰਹ ਨਹੀਂ ਪਹੁਚਣ ਦੇਈਦਾ.

ਤਿਨਕਾ ਤੋੜਨਾ: ਕ੍ਰਿ- ਬਾਲਕ ਨੂੰ ਬਦ ਨਜਰ ਨਾ ਲੱਗੇ, ਇਸ ਵਾਸਤੇ ਇਸਤ੍ਰੀਆਂ ਤਿਨਕਾ ਉਸਦੇ ਸਿਰ ਤੋਂ ਵਾਰਕੇ ਤੋੜਦੀਆਂ ਹਨ। ੨. ਮੋਏ ਪ੍ਰਾਣੀ ਦੀ ਚਿਤਾ ਵਿੱਚ, ਦਾਹ ਸਮੇਂ ਤਿਨਕਾ ਤੋੜਕੇ ਸਿੱਟਣਾ. ਇਸ ਦਾ ਭਾਵ ਇਹ ਹੈ ਕਿ ਹੁਣ ਸਾਡੇ ਨਾਲੋਂ ਸੰਬੰਧ ਟੁੱਟਾ. "ਤਨ ਕੋ ਦਾਹਤ ਹੀ ਪਰਿਵਾਰਾ। ਪੁਨ ਤਿਨ ਤੋਰਹਿ ਆਇ ਆਗਾਰਾ." (ਨਾਪ੍ਰ) ੩. ਕਿਸੇ ਨਾਲੋਂ ਆਪਣਾ ਸੰਬੰਧ ਅਲਗ ਕਰਨਾ.

ਤਿੰਨ ਗੁਣ: ਦੇਖੋ, ਗੁਣ ਅਤੇ ਤ੍ਰੈਗੁਣ.

ਤਿੰਨ ਤਾਪ: ਦੇਖੋ, ਤਾਪਤ੍ਰਯ ਵਿਦ੍ਵਾਨਾਂ ਨੇ ਤਿੰਨ ਪ੍ਰਕਾਰ ਦੇ ਦੁੱਖ (ਕਲੇਸ਼) ਮੰਨੇ ਹਨ:-

੧. ਆਧਜਾਤਮਿਕ. ਦੇਹ ਦੇ ਰੋਗ ਅਤੇ ਕ੍ਰੋਧਾਦਿ ਮਨ ਦੇ ਵਿਕਾਰ.

੨. ਆਧਿਭੌਤਿਕ. ਜੋ ਦੁੱਖ ਜੀਵਾਂ ਤੋਂ ਪ੍ਰਾਪਤ ਹੋਣ. ਜੈਸੇ ਮੱਛਰ ਸਰਪ ਸ਼ੇਰ ਆਦਿ ਤੋਂ.

੩. ਆਧਿਦੈਵਿਕ. ਜੋ ਪ੍ਰਾਕ੍ਰਿਤ ਦੇਵਤਾ ਤੋਂ ਪ੍ਰਾਪਤ ਹੋਣ. ਜੈਸੇ ਧੁੱਪ ਪਾਲਾ ਹਨ੍ਹੇਰੀ ਗੋਲੇ ਆਦਿ.

ਤਿਨ ਤੋਰਨਾ: ਦੇਖੋ, ਤਿਨਕਾ ਤੋੜਨਾ.

ਤਿੰਨ ਦੇਵਤਾ: ਵੇਦ ਵਿੱਚ ਅਗਨਿ, ਵਾਯੂ ਅਤੇ ਸੂਰਯ ਤਿੰਨ ਪ੍ਰਧਾਨ ਦੇਵਤਾ ਹਨ। ੨. ਪੁਰਾਣਾਂ ਅਨੁਸਾਰ ਬ੍ਰਹਮ, ਵਿਸ਼ਨੁ ਅਤੇ ਸ਼ਿਵ.

ਤਿੰਨ ਨਾਦ: ਦੇਖੋ, ਨਾਦ ੧.

ਤਿੰਨ ਨਾੜੀਆਂ: ਯੋਗ ਮਤ ਅਨੁਸਾਰ ਇੜਾ, ਪਿੰਗਲਾ ਅਤੇ ਸੁਖਮਨਾ. ਨੱਕ ਦੇ ਖੱਬੇ ਪਾਸੇ ਇੜਾ, ਸੱਜੇ ਪਿੰਗਲਾ, ਦੋਹਾਂ ਦੇ ਮਧਜ ਸੁਖਮਨਾ (सुषुम्णा).

ਤਿੰਨ ਭੇਦ: ਸੰਸਾਰ ਦੇ ਸਾਰੇ ਪਦਾਰਥਾਂ ਨੂੰ ਇੱਕ ਦੂਜੇ ਤੋਂ ਵੱਖ ਕਰਨ ਵਾਲੇ ਫ਼ਰਕ਼-

੧. ਸਜਾਤੀਯ. ਉਸੇ ਜਾਤਿ ਵਿੱਚ ਭੇਦ, ਜੈਸੇ- ਪੂਰਬੀ, ਬੰਗਾਲੀ, ਦੱਖਣੀ ਮਨੁੱਖ. ਕਾਬੁਲੀ ਅਤੇ ਅ਼ਰਬੀ ਘੋੜਾ ਆਦਿ।

੨. ਵਿਜਾਤੀਯ. ਦੂਜੀ ਜਾਤਿ ਦਾ ਭੇਦ, ਜੈਸੇ- ਆਦਮੀ ਅਤੇ ਪਸ਼ੁ. ਪੱਥਰ ਅਤੇ ਬਿਰਛ ਆਦਿ।੩. ਸ੍ਵਗਤ. ਆਪਣੇ ਹੀ ਸ਼ਰੀਰ ਵਿੱਚ ਭੇਦ ਕਰਨ ਵਾਲੇ ਅੰਗ ਚਿੰਨ੍ਹ ਆਦਿ.

ਤਿੰਨ ਮੰਗਲਾਚਰਣ: ਦੇਖੋ, ਮੰਗਲਾਚਰਣ.

ਤਿਨਰ: ਸਰਵ- ਤਿਨ੍ਹਾਂ ਨੂੰ. ਉਨ੍ਹਾਂ ਨੂੰ. "ਤਿਨਰ ਦੁਖ ਨਹਿ ਭੁਖ." (ਸਵੈਯੇ ਮਃ ੩. ਕੇ) ੨. ਤਿਸ- ਨਰ.

ਤਿੰਨ ਲੋਕ: ਦੇਖੋ, ਤ੍ਰਿਲੋਕ ਅਤੇ ਲੋਕ.

ਤਿੰਨਵਸਤਾਂ, ਤਿੰਨਵਸਤੂ: ਦੇਖੋ, ਥਾਲ.

ਤਿਨਾ: ਸਰਵ- ਉਨ੍ਹਾਂ ਨੂੰ. ਉਨ੍ਹਾਂ. "ਤਿਨਾ ਅਨੰਦੁ ਸਦਾ ਸੁਖੁ ਹੈ." (ਸ੍ਰੀ ਮਃ ੩)

ਤਿਨਾਹਾ: ਸਰਵ- ਤਿਨ੍ਹਾਂ ਦਾ. ਉਨ੍ਹਾਂ ਦਾ. "ਨਿਹਚਲੁ ਰਾਜ ਤਿਨਾਹਾ ਹੇ." (ਮਾਰੂ ਸੋਲਹੇ ਮਃ ੩)

ਤਿਨਾੜਾ, ਤਿਨਾੜੀ: ਸਰਵ ਤਿਨ੍ਹਾਂ ਦਾ. ਉਨ੍ਹਾਂ ਦੀ. "ਵਿਸਰਿਆ ਜਿਨਾ ਨਾਮੁ ਤਿਨਾੜਾ ਹਾਲੁ ਕਉਣੁ?" (ਆਸਾ ਮਃ ੫) "ਅਜਹੁ ਤਿਨਾੜੀ ਆਸਾ." (ਤੁਖਾ ਬਾਰਹਮਾਹਾ)

ਤਿਨਾੜੀਆ: ਉਨ੍ਹਾਂ ਦੀਆਂ. ਤਿਨ੍ਹਾਂ ਦੀਆਂ. "ਰੀਸਾ ਕਰਹਿ ਤਿਨਾੜੀਆਂ." (ਵਾਰ ਸ੍ਰੀ ਮਃ ੧)

ਤਿਨਿ: ਸਰਵ- ਉਨ੍ਹਾਂ ਨੇ. ਤਿਨ੍ਹਾਂ ਨੇ। ੨. ਤਿਸ ਨੇ. ਉਸ ਨੇ. "ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ." (ਸੋਰ ਮਃ ੫) ੩. ਕ੍ਰਿ. ਵਿ- ਤਿਧਰ. ਉਸ ਪਾਸੇ. "ਹਉ ਪੰਥ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ." (ਸ੍ਰੀ ਮਃ ੪) ੪. त्रीणि- ਤ੍ਰੀਣਿ. ਤਿੰਨ. "ਤਿਨਿ ਚੇਲੇ ਪਰਵਾਣੁ." (ਜਪੁ) "ਥਾਲ ਵਿਚਿ ਤਿਨਿ ਵਸਤੂ ਪਈਓ." (ਮੁੰਦਾਵਣੀ) ੫. ਤ੍ਰਿਣ ਮੇਂ. "ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ." (ਸੁਖਮਨੀ) ਬਣ ਵਿੱਚ, ਤ੍ਰਿਣ ਵਿੱਚ, ਪਰਬਤ ਵਿੱਚ ਪਾਰਬ੍ਰਹਮ ਵ੍ਯਾਪਕ ਹੈ.

ਤਿਨਿਕ: ਤਿਨ- ਇੱਕ। ੨. ਤ੍ਰਿਣ- ਇੱਕ.

ਤਿਨੀ: ਸਰਵ- ਉਨ੍ਹਾਂ ਨੇ. ਤਿਨ੍ਹਾਂ ਨੇ. "ਤਿਨੀ ਜਨਮ ਜੂਐ ਹਾਰਿਆ." (ਅਨੰਦੁ) ੨. ਤਿੰਨੀ. ਤੇਹਾਂ ਨੇ। ੩. ਤਿਤਨੀ. ਉਤਨੀ.

ਤਿਨੂਕਾ: ਦੇਖੋ, ਤਿਨਕਾ.

ਤਿਨੇਹਾ: ਵਿ- ਤੇਹੋ ਜੇਹਾ. ਤਾਦ੍ਰਿਸ਼. "ਜੇ ਗੁਰੁ ਮਿਲੈ ਤਿਨੇਹਾ." (ਮਾਰੂ ਮਃ ੧)

ਤਿਨੇਹਿ: ਸਰਵ- ਤਿਨ੍ਹਾਂ ਦਾ. ਉਨ੍ਹਾਂ ਦਾ. "ਬਿਨੁ ਜਲ ਮਰਣ ਤਿਨੇਹਿ." (ਸ੍ਰੀ ਅਃ ਮਃ ੧)

ਤਿਪ: ਸੰ. तिप्. ਧਾ- ਸਿੰਜਣਾ, ਝਰਨਾ, ਚੁਇਣਾ। ੨. ਸੰਗ੍ਯਾ- ਬੂੰਦ. ਤੁਬਕਾ.

ਤਿਪਤ: ਦੇਖੋ, ਤ੍ਰਿਪਤ.

ਤਿਪਤਾਇ: ਤ੍ਰਿਪਤ ਹੁੰਦਾ ਹੈ। ੨. ਕ੍ਰਿ. ਵਿ- ਤ੍ਰਿਪਤ ਹੋਕੇ. ਰੱਜਕੇ.

ਤਿਪਤਾਸੈ: ਤ੍ਰਿਪਤ ਹੁੰਦਾ ਹੈ. "ਤਿਪਤਾਸੈ ਹਰਿਗੁਣ ਗਾਇ." (ਸਵਾ ਮਃ ੩)

ਤਿਪਤਿ: ਦੇਖੋ, ਤ੍ਰਿਪਤਿ. "ਤਿਪਤਿ ਨਾਹੀ ਮਾਇਆ- ਮੋਹ ਪਸਾਰੀ." (ਆਸਾ ਅਃ ਮਃ ੧)

ਤਿਪਤਿ ਅਘਾਇ: ਸੰਗ੍ਯਾ- ਆਘ੍ਰਾਣ ਤ੍ਰਿਪਤਿ. ਨੱਕ ਤੀਕ ਰੱਜਣ ਦਾ ਭਾਵ. "ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ." (ਵਾਰ ਗਉ ੨. ਮਃ ੫)

ਤਿਪਤੈ: ਤ੍ਰਿਪਤ ਹੁੰਦਾ. ਰੱਜਦਾ. "ਨਹਿ ਤਿਪਤੈ ਭੁਖਾ ਤਿਹਾਇਆ." (ਵਾਰ ਮਾਝ ਮਃ ੧)

ਤਿਪਦਾ: ਸੰਗ੍ਯਾ- ਤ੍ਰਿਪਦਾ. ਉਹ ਸ਼ਬਦ, ਜਿਸ ਦੇ ਤਿੰਨ ਪਦ ਹੋਣ. ਤਿੰਨ ਤਿੰਨ ਪੌੜੀਆਂ ਦੇ ਸ਼ਬਦ. ਦੇਖੋ, ਰਾਗ ਗੂਜਰੀ ਵਿੱਚ- "ਦੁਖ ਬਿਨਸੇ ਸੁਖ ਕੀਆ ਨਿਵਾਸਾ"- ਸ਼ਬਦ.

ਤਿਪਰਾਰ, ਤਿਪਰਾਰਿ: ਦੇਖੋ, ਤ੍ਰਿਪੁਰਾਰਿ.

ਤਿਪੀਆ, ਤਿਪੀਆਂ: ਤ੍ਰਿਪਤ ਹੋਇਆ (ਹੋਈ). ਤ੍ਰਿਪਤ ਹੋਈਆਂ. "ਲਗੜੀਆਂ ਪਿਰੀਅੰਨਿ ਪੇਖੰਦੀਆ ਨਾ ਤਿਪੀਆ." (ਵਾਰ ਮਾਰੂ ੨. ਮਃ ੫) ਅੱਖਾਂ ਪਿਆਰੇ ਵੱਲ ਲੱਗੀਆਂ ਨਾ ਤ੍ਰਿਪਤੀਆਂ.

ਤਿਫ਼ਲ, ਤ਼ਿਫ਼ਲ: ਅ਼. طفل, ਸੰਗਜ੍ਞਾ- ਬੱਚਾ. ਬਾਲ.

ਤਿਫ਼ਲੀ, ਤ਼ਿਫ਼ਲੀ: ਫ਼ਾ. طفلی, ਸੰਗਜ੍ਞਾ- ਬਚਪਨ. ਬਾਲਜ। ੨. ਵਿ- ਤ਼ਿਫ਼ਲ (ਬੱਚੇ) ਨਾਲ ਹੈ ਜਿਸ ਦਾ ਸੰਬੰਧ.

ਤਿਬਾਬਤ: ਦੇਖੋ, ਤਬੀਬੀ.

ਤਿੱਬ, ਤ਼ਿੱਬ: ਅ਼. طِبّ, ਸੰਗਜ੍ਞਾ- ਇ਼ਲਾਜ. ਰੋਗ ਦੂਰ ਕਰਨ ਦਾ ਯਤਨ। ੨. ਵੈਦ੍ਯਵਿਦ੍ਯਾ.

ਤਿੱਬਤ: ਭਾਰਤ ਦੇ ਉੱਤਰ ਵੱਲ ਇੱਕ ਪਹਾੜੀ ਸਰਦ ਦੇਸ਼. ਭੋਟ. ਇਸ ਦੇ ਉੱਤਰ ਤੇ ਪੂਰਬ ਵੱਲ ਚੀਨ, ਦੱਖਣ ਵੱਲ ਨੈਪਾਲ ਭੂਟਾਨ ਤੇ ਹਿਮਾਲੇ ਦੇ ਪਹਾੜੀ ਇਲਾਕੇ ਅਤੇ ਪੱਛਮ ਵੱਲ ਕਸ਼ਮੀਰ ਹੈ. ਤਿੱਬਤ ਦਾ ਰਕਬਾ ੪੬੩, ੨੦੦ ਵਰਗ ਮੀਲ ਅਤੇ ਆਬਾਦੀ ੨, ੦੦੦, ੦੦੦ ਹੈ. ਤਿੱਬਤ ਚੀਨ ਰਾਜ ਦੇ ਅਧੀਨ ਹੈ, ਇਸ ਦਾ ਹੁਕਮਰਾਂ ਦਲਾਈਲਾਮਾ ਅਤੇ ਰਾਜਧਾਨੀ ਲ੍ਹਾਸਾ (Lhassa) ਹੈ. ਇਸ ਦੇਸ਼ ਤੋਂ ਉੰਨ ਕਸਤੂਰੀ ਸੋਨਾ ਖੱਲਾਂ ਅਤੇ ਅਨੇਕ ਦਵਾਈਆਂ ਦੇਸ਼ਾਂਤਰਾਂ ਨੂੰ ਜਾਂਦੀਆਂ ਹਨ. ਤਿੱਬਤ ਵਿੱਚ ਜਗਤਪ੍ਰਸਿੱਧ ਮਾਨਸਰ ਤਾਲ ਹੈ ਅਤੇ ਇਸ ਦੇਸ਼ ਦੇ ਨਿਵਾਸੀ ਬੌੱਧ ਹਨ. ਕਈ ਵਿਦ੍ਵਾਨ ਇਸ ਦਾ ਮੂਲ "ਤ੍ਰਿਵਿਸ਼੍ਟਪ" ਦਸਦੇ ਹਨ. ਚੀਨੀ ਇਸ ਨੂੰ ਦੁਨੀਆਂ ਦੀ ਛੱਤ (Roof of the World) ਆਖਦੇ ਹਨ, ਕਿਉਂਕਿ ਇਹ ਬਹੁਤ ਉੱਚਾ ਹੈ.

ਤਿੱਬਤੀ: ਵਿ- ਤਿੱਬਤ ਦਾ। ੨. ਸੰਗਜ੍ਞਾ- ਤਿੱਬਤ ਦੀ ਵਸਤੁ। ੩. ਤਿੱਬਤ ਦਾ ਵਸਨੀਕ. "ਤਿੱਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ." (ਅਕਾਲ) ੪. ਤਿੱਬਤ ਦੀ ਬੋਲੀ.

ਤਿੱਬੀ: ਵਿ- ਤ਼ਿੱਬ (ਵੈਦ੍ਯਵਿਦ੍ਯਾ) ਸੰਬੰਧੀ. ਦੇਖੋ, ਤਿੱਬ.

ਤਿਮ: ਡਿੰਗ. ਸੰਗਜ੍ਞਾ- ਨਗਾਰਾ. ਧੌਂਸਾ। ੨. ਧੁੱਪ। ੩. ਦੇਖੋ, ਤਿਮਿ.

ਤਿਮਰ: ਸੰ. तिमिर. ਸੰਗਜ੍ਞਾ- ਅੰਧੇਰਾ। ੨. ਅੱਖਾਂ ਦਾ ਇੱਕ ਰੋਗ, ਜਿਸ ਤੋਂ ਧੁੰਧਲਾ ਦਿਖਾਈ ਦਿੰਦਾ ਹੈ ਅਥਵਾ ਕੁਝ ਭੀ ਨਜਰ ਨਹੀਂ ਆਉਂਦਾ. ਦੇਖੋ, ਉੱਲ, ਅੰਧਨੇਤ੍ਰਾ ਅਤੇ ਮੋਤੀਆਬਿੰਦ। ੩. ਭਾਵ ਅਗ੍ਯਾਨ. ਵਿਵੇਕਦ੍ਰਿਸ਼੍ਟਿ ਦਾ ਅਭਾਵ. "ਨਯਨ ਕੇ ਤਿਮਰ ਮਿਟਹਿ ਖਿਨੁ." (ਸਵੈਯੇ ਮਃ ੪. ਕੇ) "ਤਿਮਰ ਅਗਿਆਨ ਅੰਧੇਰੁ ਚੁਕਾਇਆ." (ਵਾਰ ਬਿਲਾ ਮਃ ੩) "ਤਿਮਰ ਅਗਿਆਨੁ ਗਵਾਇਆ ਗੁਰਗਿਆਨੁ ਅੰਜਨੁ ਗੁਰਿ ਪਾਇਆ ਰਾਮ." (ਵਡ ਛੰਤ ਮਃ ੪) ੪. ਦੇਖੋ, ਤੇਜਬਲ.

ਤਿਮਰਹਰਨ: ਸੰਗਜ੍ਞਾ- ਤਿਮਿਰ (ਅੰਧਕਾਰ) ਦੇ ਨਾਸ਼ ਕਰਨ ਵਾਲਾ, ਸੂਰਜ. "ਤਿਮਰਹਰਨ ਸੇ ਤਿਮਰ ਮੋਹ ਫਾਸ ਕੇ." (ਨਾਪ੍ਰ) ੨. ਅਗ੍ਯਾਨ ਅੰਧਕਾਰ ਵਿਨਾਸ਼ਕ ਸਤਿਗੁਰੂ.

ਤਿਮਰਮੰਦ: ਸੰਗਜ੍ਞਾ- ਤਿਮਿਰ (ਅੰਧਕਾਰ) ਨੂੰ ਮੰਦ ਕਰਨ ਵਾਲਾ, ਚੰਦ੍ਰਮਾ. (ਸਨਾਮਾ) ੨. ਸੂਰਜ.

ਤਿਮਰਰਦਨ: ਸੰਗਜ੍ਞਾ- ਤਿਮਿਰ (ਅੰਧਕਾਰ) ਨੂੰ ਅਰਦਨ (ਦਲਨ) ਵਾਲਾ, ਚੰਦ੍ਰਮਾ. (ਸਨਾਮਾ) ੨. ਸੂਰਜ.

ਤਿਮਰਰਿ: ਸੰਗਜ੍ਞਾ- ਤਿਮਿਰ (ਅੰਧਕਾਰ) ਦਾ ਵੈਰੀ ਸੂਰਜ। ੨. ਤੁਮ੍ਰ- ਅਰਿ. ਇੰਦ੍ਰ. ਦੇਖੋ, ਨਿਸਚਰਾ.

ਤਿਮਰਰਿ ਅਰਿ: ਸੰਗਜ੍ਞਾ- ਤਿਮਿਰ ਦਾ ਵੈਰੀ ਸੂਰਜ, ਉਸ ਦੀ ਵੈਰਣ ਰਾਤ੍ਰਿ. (ਸਨਾਮਾ)

ਤਿਮਰਲਿੰਗ: ਅਞਾਣ ਲੇਖਕਾਂ ਨੇ ਇਹ ਤਿਮਰਲੰਗ ਦੀ ਥਾਂ ਲਿਖਿਆ ਹੈ. ਦੇਖੋ, ਤਿਮਰਲੰਗ.

ਤਿਮਰਲੰਗ: ਲੰਙਾ ਤੈਮੂਰ. ਦੇਖੋ, ਤੈਮੂਰ. "ਆਦਿ ਤਿਮਰਲੰਗ ਤੇ ਅਨੇਕ ਬਾਦਸ਼ਾਹ ਭਏ." (ਗੁਪ੍ਰਸੂ)

ਤਿਮਰਾਰਿ: ਸੰਗਜ੍ਞਾ- ਤਿਮਿਰ ਦਾ ਵੈਰੀ, ਸੂਰਜ। ੨. ਦੀਪਕ. ਚਰਾਗ.

ਤਿਮਾਲ: ਦੇਖੋ, ਤਮਾਲ.

ਤਿਮਿ: ਕ੍ਰਿ. ਵਿ- ਤੈਸੇ. ਤਿਸ ਪ੍ਰਕਾਰ। ੨. ਸੰ. ਸੰਗਯਾ- ਖ਼ਾਸ ਜਾਤਿ ਦੀ ਇੱਕ ਵਡੀ ਮੱਛੀ, ਜਿਸ ਨੂੰ ਵਿਦ੍ਵਾਨਾਂ ਨੇ Whale ਮੰਨਿਆ ਹੈ. ਦੇਖੋ, ਰਾਘਵ ੩। ੩. ਸਮੁੰਦਰ. ਸਾਗਰ.

ਤਿਮਿਕੋਸ਼: ਸੰ. ਸੰਗਯਾ- ਤਿਮਿ (ਮੱਛੀਆਂ) ਦੇ ਲੁਕਣ ਦਾ ਥਾਂ. ਸਮੁੰਦਰ. ਦੇਖੋ, ਤਿਮਿ ੨.

ਤਿਮਿੰਗਿਲ, ਤਿਮਿੰਗਿਲ ਗਿਲ: ਤਿਮਿ ਮੱਛੀ ਨੂੰ ਜੋ ਨਿਗਲ ਜਾਵੇ। ੨. ਤਿਮਿੰਗਿਲ ਨੂੰ ਜੋ ਨਿਗਲੇ. ਦੇਖੋ, ਰਾਘਵ ੩.

ਤਿਮਿਰ: ਜਿਸ ਰੋਗ ਨਾਲ ਅੱਖਾਂ ਅੱਗੇ ਤਿਮਿਰ (ਅੰਧੇਰਾ) ਛਾ ਜਾਵੇ. ਲਿੰਗਨਾਸ਼. ਦੇਖੋ, ਉੱਲ, ਅੰਧਨੇਤ੍ਰਾ ਅਤੇ ਮੋਤੀਆਬਿੰਦ। ੨. ਦੇਖੋ, ਤਿਮਰ.

ਤਿਮਿਰਹਰ, ਤਿਮਿਰਹਾ: ਸੰ. ਸੰਗਯਾ- ਅੰਧੇਰੇ ਨੂੰ ਮਿਟਾਉਣ ਵਾਲਾ ਸੂਰਜ। ੨. ਚੰਦ੍ਰਮਾ. (ਸਨਾਮਾ) ੩. ਦੀਪਕ। ੪. ਨੇਤ੍ਰ ਦੇ ਰੋਗਾਂ ਨੂੰ ਮਿਟਾਉਣ ਵਾਲਾ ਅੰਜਨ। ੫. ਸਤਿਗੁਰੂ.

ਤਿਮਿਰਹਾ ਭਗਨਿ: ਸੰਗਯਾ- ਚੰਦ੍ਰਮਾ ਦੀ ਭੈਣ, ਚੰਦ੍ਰਭਾਗਾ ਨਦੀ. (ਸਨਾਮਾ)

ਤਿਮਿਰਹਾ ਭਗਨਿਜਾ ਚਰਨਾਥਸਤ੍ਰੁ: (ਸਨਾਮਾ) ਤਿਮਿਰਹਾ (ਚੰਦ੍ਰਮਾ ਦੀ) ਭਗਨਿ (ਭੈਣ) ਚੰਦ੍ਰਭਾਗਾ ਨਦੀ, ਉਸ ਤੋਂ ਜਾ (ਪੈਦਾ ਹੋਇਆ) ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਸ੍ਵਾਮੀ ਸ਼ੇਰ, ਉਸ ਦੀ ਵੈਰਣ ਬੰਦੂਕ.

ਤਿਮਿਰਾਰਿ: ਦੇਖੋ, ਤਿਮਰਾਰਿ.

ਤਿਮੰਗਲ: ਤਿਮਿੰਗਿਲ. ਜੋ ਤਿਮਿ ਨਾਮ ਦੀ ਮੱਛੀ ਨੂੰ ਨਿਗਲ ਜਾਵੇ. ਦੇਖੋ, ਰਾਘਵ ੩.

ਤਿਯ, ਤਿਯਾ: ਸੰਗਯਾ- ਸ੍ਤ੍ਰੀ. ਔਰਤ. ਨਾਰੀ। ੨. ਭਾਰਯਾ. ਜੋਰੂ. ਵਹੁਟੀ.

ਤਿਰ: ਦੇਖੋ, ਤਿਰਣਾ ਅਤੇ ਤਿਰੁ.

ਤਿਰਸਕਾਰ: ਸੰ. तिरस्कार. ਸੰਗਯਾ- ਅਨਾਦਰ. ਅਪਮਾਨ. "ਤਿਰਸਕਾਰ ਨਹਿ ਭਵੰਤਿ." (ਸਹਸ ਮਃ ੫) ੨. ਇੱਕ ਕਾਵ੍ਯ ਦਾ ਅਲੰਕਾਰ. ਦੇਖੋ, ਅਵਗਯਾ.

ਤਿਰਸਕ੍ਰਿਤ: ਸੰ. तिरस्कृत. ਵਿ- ਅਪਮਾਨਿਤ. ਜਿਸ ਦਾ ਅਨਾਦਰ ਕੀਤਾ ਗਿਆ ਹੈ.

ਤਿਰਹੁਤ: ਸੰ. ਤੀਰਭੁਕ੍ਤਿ. ਪੁਰਾਣੇ ਸਮੇਂ ਦਾ ਵਿਦੇਹ ਅਤੇ ਮਿਥਿਲਾ ਦੇਸ਼, ਜਿੱਥੇ ਸੀਤਾ ਦਾ ਪਿਤਾ ਜਨਕ ਰਾਜ ਕਰਦਾ ਸੀ. ਮੁਜ਼ੱਫਰਪੁਰ ਅਤੇ ਦਰਭੰਗਾ ਦਾ ਇਲਾਕ਼ਾ. "ਬਲਵੰਤਸਿੰਘ ਤਿਰਹੁਤ ਕੋ ਨ੍ਰਿਪ ਬਰ." (ਚਰਿਤ੍ਰ ੧੯੦)

ਤਿਰਕੁਟਾ: ਦੇਖੋ, ਤ੍ਰਿਕੁਟਾ.

ਤਿਰਖਾ: ਦੇਖੋ, ਤ੍ਰਿਖਾ.

ਤਿਰਛਾ: ਵਿ- ਟੇਢਾ. ਵਿੰਗਾ। ੨. ਤਿੱਖਾ.

ਤਿਰਜਕ: ਸੰ. तिर्य्यक- ਤਿਯੰਕ. ਵਿ- ਟੇਢਾ. ਵਿੰਗਾ। ੨. ਉਹ ਜੀਵ, ਜੋ ਸਿੱਧਾ ਖੜਾ ਨਾ ਹੋ ਸਕੇ. ਟੇਢਾ ਚੱਲਣ ਵਾਲਾ. "ਤਿਰਜਕ ਜੋਨਿ ਜੁ ਅਪਰ ਅਪਾਰਾ." (ਚਰਿਤ੍ਰ ੨੬੬)

ਤਿਰਜਕਜੁਨ, ਤਿਰਜਕਜੋਨਿ: ਸੰ. तिर्यग्योनि. ਤਿਯੰਕ- ਯੋਨਿ. ਜੋ ਆਦਮੀ ਵਾਂਗ ਖੜੇ ਹੋਕੇ ਜੀਵ ਨਾ ਚਲ ਸਕਣ. ਟਿੱਡੇ, ਕੀੜੇ, ਕਿਰਲੇ, ਸੱਪ ਆਦਿਕ.

ਤਿਰਣਾ: ਕ੍ਰਿ- ਤੈਰਨਾ. ਦੇਖੋ, ਤਰਣਾ. "ਜੀਤੋ ਬੂਡੈ, ਹਾਰੋ ਤਿਰੈ." (ਭੈਰ ਕਬੀਰ)

ਤਿਰਯਕ: ਦੇਖੋ, ਤਿਰਜਕ.

ਤਿਰਲੀਕ: ਦੇਖੋ, ਤਿਲਕ ੧੧.

ਤਿਰਵਰਾ: ਸੰਗਯਾ- ਵਾਰਿ (ਜਲ) ਉੱਪਰ ਤੇਲ ਆਦਿ ਦੀ ਤਰਾਵਤ. ਪਾਣੀ ਪੁਰ ਫੈਲੀ ਥੰਧਿਆਈ.

ਤਿਰਾਸੀ: ਤ੍ਰਯਸ਼ੀਤਿ. ਅੱਸੀ ਪੁਰ ਤਿੰਨ- ੮੩.

ਤਿਰਾਨਵੇ: ਤ੍ਰਿਨਵਤਿ. ਨੱਵੇ ਪੁਰ ਤਿੰਨ- ੯੩.

ਤਿਰਿ: ਤਰਕੇ. ਤਰਣ ਕਰਕੇ. ਤੈਰ ਕਰ. "ਹਰੂਏ ਹਰੂਏ ਤਿਰਿਗਏ." (ਸ. ਕਬੀਰ)

ਤਿਰਿਯਾ, ਤਿਰੀਆ: ਸੰਗਯਾ- ਸ੍ਤ੍ਰੀ. ਔਰਤ. ਨਾਰੀ। ੨. ਭਾਰਯਾ. ਜੋਰੂ. ਵਹੁਟੀ. "ਲਟ ਛਿਟਕਾਏ ਤਿਰੀਆ ਰੋਵੈ." (ਆਸਾ ਕਬੀਰ)

ਤਿਰੁ: ਦੇਖੋ, ਤਿਰਣਾ। ੨. ਦੇਖੋ, ਤਿਲੁ। ੩. ਵਿ- ਤਿਲਮਾਤ੍ਰ. ਥੋੜਾ. ਤਨਿਕ. "ਤਿਰੁ ਕੀਮ ਨ ਪਰੀਐ." (ਸਵੈਯੇ ਸ੍ਰੀ ਮੁਖਵਾਕ ਮਃ ੫) ਤਿਲਮਾਤ੍ਰ ਕ਼ੀਮਤ ਨਹੀਂ ਪੈਂਦੀ.

ਤਿਰੋਹਿਤ: ਸੰ. ਵਿ- ਢਕਿਆ ਹੋਇਆ। ੨. ਅਦ੍ਰਿਸ਼੍ਟ। ੩. ਦੇਖੋ, ਤਿਰਹੁਤ.

ਤਿਰੋਧਾਨ, ਤਿਰੋਭਾਵ: ਸੰ. ਸੰਗਯਾ- ਅੰਤਰਧਾਨ. ਦਿਖਾਈ ਨਾ ਦੇਣ ਦਾ ਭਾਵ. ਗੁਪਤ ਹੋਣ ਦੀ ਕ੍ਰਿਯਾ. ਅਦਰਸ਼ਨ। ੨. ਗੁਪਤ ਭਾਵ. ਛਿਪਾਉ. ਦੁਰਾਉ.

ਤਿਲ, ਤਿਲੁ: (ਸੰ. तिल. ਧਾ- ਜਾਣਾ, ਚੋਪੜਨਾ) ਸੰ. तिल. ਸੰਗਯਾ- ਤਿਲ ਦਾ ਬੂਟਾ. "ਜਿਉ ਬੂਆੜ ਤਿਲੁ ਖੇਤ ਮਾਹਿ ਦੁਹੇਲਾ." (ਸੁਖਮਨੀ) ੨. ਤਿਲ ਦਾ ਬੀਜ. ਤੈਲਫਲ. L. Sesamum Indicum. ਦੇਖੋ, ਤਿਲਾਂਜਲੀ। ੩. ਤਿਲ ਦੇ ਆਕਾਰ ਦਾ ਕਾਲਾ ਦਾਗ, ਜੋ ਤੁਚਾ ਵਿੱਚ ਹੁੰਦਾ ਹੈ. ਖ਼ਾਲ। ੪. ਵਿ- ਤਿਲ ਜਿੰਨਾਂ. ਤਿਲਮਾਤ੍ਰ. "ਜੇਕੋ ਪਾਵੈ ਤਿਲ ਕਾ ਮਾਨੁ." (ਜਪੁ) ੫. ਕ੍ਸ਼ਣਮਾਤ੍ਰ. "ਖਿਨੁ ਆਵੈ ਤਿਲੁ ਜਾਵੈ." (ਸੂਹੀ ਮਃ ੧) ੬. ਅ਼. طل ਤ਼ਿੱਲ ਸੰਗਯਾ- ਧੋਖਾ. ਛਲ. "ਗੁਰੁ ਮਿਲੈ ਨਾ ਤਿਸੁ ਤਿਲ ਨ ਤਮਾਇ." (ਸ੍ਰੀ ਅਃ ਮਃ ੧) ਨਾ ਉਸ ਵਿੱਚ ਕਪਟ ਹੈ ਨਾ ਤ਼ਮਅ਼ ਹੈ.

ਤਿਲਸਮ: ਅ਼. طلسم ਤ਼ਿਲਿਸਮਾ. ਤਿਲਿਸਮ. ਯੂ- ਟੇਲਿਸਮਾ. ਸੰਗਯਾ- ਤੰਤ੍ਰ. ਟੂਣਾ. ਜਾਦੂ. ਇੰਦ੍ਰਜਾਲ.

ਤਿਲਸਮਾਤ: ਤਿਲਸਮ ਦਾ ਬਹੁ ਵਚਨ.

ਤਿਲਸਾਰ: ਵਿ- ਤਿਲਮਾਤ੍ਰ. ਤਿਲ ਪ੍ਰਮਾਣ. "ਨਹਿ ਬਢਨ ਘਟਨ ਤਿਲੁਸਾਰ." (ਬਾਵਨ)

ਤਿਲਕ, ਤਿਲਕੁ: ਸੰ. तिलक. ਸੰਗਯਾ- ਤਿਲ ਦੇ ਫੁੱਲ ਵਾਂਙ ਜੋ ਸ਼ੋਭਾ ਦੇਵੇ, ਐਸਾ ਚੰਦਨ ਕੇਸਰ ਭਸਮ ਆਦਿ ਦਾ ਮੱਥੇ ਅਤੇ ਸ਼ਰੀਰ ਦੇ ਅੰਗਾਂ ਪੁਰ ਲਾਇਆ ਚਿੰਨ੍ਹ. ਟੀਕਾ. "ਗਲਿ ਮਾਲਾ ਤਿਲਕੁ ਲਿਲਾਟੰ." (ਵਾਰ ਆਸਾ) ਹਿੰਦੂਮਤ ਦੇ ਅਨੇਕ ਭੇਦ ਹੋਣ ਕਰਕੇ ਤਿਲਕਾਂ ਵਿੱਚ ਭੀ ਬਹੁਤ ਫ਼ਰਕ਼ ਹੈ. ਸ਼ੈਵ ਤ੍ਰਿਪੁੰਡ੍ਰ ਆੜਾ (ਟੇਢਾ) ਤਿਲਕ, ਅਤੇ ਵੈਸ਼ਨਵ ਖੜਾ ਤਿਲਕ (ਊਰਧਪੁੰਡ੍ਰ) ਲਗਾਉਂਦੇ ਹਨ. ਦੇਖੋ, ਤ੍ਰਿਪੁੰਡ੍ਰ.

ਪਦਮਪੁਰਾਣ ਵਿੱਚ ਲਿਖਿਆ ਹੈ ਕਿ ਵੈਸ਼ਨਵ ਨੂੰ ੧੨. ਤਿਲਕ ਬਾਰਾਂ ਨਾਮ ਲੈਕੇ ਲਾਉਣੇ ਚਾਹੀਏ:-

ਕੇਸ਼ਵ ਨਾਮ ਲੈਕੇ ਮੱਥੇ ਉੱਪਰ, ਪੇਟ ਪੁਰ ਨਾਰਾਯਣ ਨਾਮ ਨਾਲ, ਛਾਤੀ ਪੁਰ ਮਾਧਵ, ਕੰਠ ਪੁਰ ਗੋਬਿੰਦ, ਸੱਜੀ ਕੁੱਖ ਪੁਰ ਵਿਸ਼ਨੁ, ਸੱਜੀ ਬਾਂਹ ਪੁਰ ਮਧੁਸੂਦਨ, ਸੱਜੇ ਕੰਧੇ ਪੁਰ ਤ੍ਰਿਵਿਕ੍ਰਮ, ਖੱਬੀ ਕੁੱਖ ਪੁਰ ਵਾਮਨ, ਖੱਬੀ ਬਾਂਹ ਪੁਰ ਸ੍ਰੀਧਰ, ਖੱਬੇ ਕੰਧੇ ਪੁਰ ਹ੍ਰਿਸ਼ੀਕੇਸ਼, ਪਿੱਠ ਤੇ ਪਦਮਨਾਭ ਅਤੇ ਕਮਰ ਪੁਰ ਦਾਮੋਦਰ ਨਾਮ ਉੱਚਾਰਣ ਕਰਕੇ ਤਿਲਕ ਕਰਨਾ ਚਾਹੀਏ. "ਬਾਰਹਿ ਤਿਲਕ ਮਿਟਾਇਕੈ ਗੁਰਮੁਖ ਤਿਲਕ ਨੀਸਾਣ ਚੜਾਇਆ." (ਭਾਗੁ) ੨. ਰਾਜਸਿੰਘਾਸਨ ਤੇ ਬੈਠਣ ਸਮੇਂ ਤਿਲਕ (ਟਿੱਕੇ) ਦੀ

ਰਸਮ। ੩. ਵਿਆਹ ਦਾ ਸੰਬੰਧ ਪੱਕਾ ਕਰਨ ਲਈ ਵਰ ਦੇ ਮੱਥੇ ਟਿੱਕਾ ਲਾਉਣ ਦੀ ਕ੍ਰਿਯਾ। ੪. ਪੁੰਨਾਗ ਜਾਤਿ ਦਾ ਇੱਕ ਬਿਰਛ, ਜੋ ਬਸੰਤ ਰੁਤ ਵਿੱਚ ਫੁਲਦਾ ਹੈ. L. Clerodendrum phlomoides । ੫. ਮਰੂਆ। ੬. ਗ੍ਰੰਥ ਦੀ ਵ੍ਯਾਖ੍ਯਾ. ਟੀਕਾ। ੭. ਤਿਲ ਦਾ ਬੂਟਾ। ੮. ਗੜ੍ਹਸ਼ੰਕਰ ਨਿਵਾਸੀ ਭਾਈ ਤਿਲਕ, ਜੋ ਸਤਿਗੁਰੂ ਦਾ ਅਨੰਨ ਸਿੱਖ ਸੀ. ਇੱਕ ਯੋਗੀ, ਜੋ ਪ੍ਰਗਟ ਕਰਦਾ ਸੀ ਕਿ ਮੇਰੇ ਦਰਸ਼ਨ ਤੋਂ ਵੈਕੁੰਠ ਦੀ ਪ੍ਰਾਪਤੀ ਹੁੰਦੀ ਹੈ, ਭਾਈ ਤਿਲਕ ਪਾਸ ਆਇਆ, ਤਿਲਕ ਨੇ ਵਸਤ੍ਰ ਨਾਲ ਨੇਤ੍ਰ ਢਕ ਲਏ ਅਰ ਆਖਿਆ ਕਿ ਮੈਂ ਆਪਣੇ ਗੁਰਾਂ ਤੋਂ ਛੁੱਟ ਕਿਸੇ ਤੋਂ ਵੈਕੁੰਠ ਆਦਿ ਦੀ ਪ੍ਰਾਪਤੀ ਨਹੀਂ ਚਾਹੁੰਦਾ. "ਤਿਲਕ ਤਿਲੋਕਾ ਪਾਠਕਾ ਸਾਧਸੰਗਤਿ ਸੇਵਾ ਹਿਤਕਾਰਾ." (ਭਾਗੁ) ੯. ਵਿ- ਸ਼ਿਰੋਮਣਿ. ਪ੍ਰਧਾਨ. ਮੁਖੀਆ. "ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ." (ਸਵੈਯੇ ਮਃ ੪. ਕੇ) ੧੦. ਤਿਲਮਾਤ੍ਰ. ਥੋੜਾ. ਤਿਲ- ਇਕ। ੧੧. ਤੁ. ترلیک ਤਿਰਲੀਕ. ਸੰਗ੍ਯਾ- ਜਨਾਨਾ ਕੁੜਤਾ. ਫ਼ਰਾਖ਼ ਕੁੜਤੀ. "ਦਸ ਦਸ ਮਨ ਤਿਲਕੈਂ ਭਈ ਖਟ ਮਨ ਭਈ ਇਜਾਰ." (ਚਰਿਤ੍ਰ ੧੯੮) ਪਾਣੀ ਪੈਕੇ ਦਸ ਦਸ ਮਣ ਦੀਆਂ ਕੁੜਤੀਆਂ ਅਤੇ ਛੀ ਛੀ ਮਣ ਦੀਆਂ ਸੁੱਥਣਾਂ ਹੋ ਗਈਆਂ.

ਤਿਲਕਨਾ: ਦੇਖੋ, ਤਿਲ੍ਹਕਣਾ.

ਤਿਲਕਪੁਰ: ਇੱਕ ਪਿੰਡ, ਜੋ ਜਿਲਾ ਤਸੀਲ ਸਿਆਲਕੋਟ ਵਿੱਚ ਹੈ. ਇੱਥੇ ਗੁਰੂਸਰ ਨਾਮੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ.

ਤਿਲਕਲਿਲਾਟ: ਦੇਖੋ, ਲਿਲਾਟ ਤਿਲਕ। ੨. ਦੇਖੋ, ਤਿਲਕੁ ਲਿਲਾਟਿ.

ਤਿਲਕੜੀਆ: ਇਸ ਛੰਦ ਦਾ ਨਾਮ "ਉਗਾਧ" ਅਚੇ "ਯਸ਼ੋਦਾ" ਭੀ ਹੈ. ਲੱਛਣ- ਚਾਰ- ਚਰਣ, ਪ੍ਰਤਿ ਚਰਣ ਜ, ਗ, ਗ, ।S।, S, S.

ਚਟਾਕ ਚੋਟੈਂ। ਅਟਾਕ ਓਟੈਂ।

ਝਟਾਕ ਝਾੜੈਂ। ਤੜਾਕ ਤਾੜੈਂ।। (ਰਾਮਾਵ)

ਤਿਲਕਾ: ਦਸਮਗ੍ਰੰਥ ਵਿੱਚ "ਅਕਵਾ" "ਅਜਬਾ" ਅਤੇ "ਕਨਜਾ" ਛੰਦ ਦਾ ਹੀ ਨਾਮਾਂਤਰ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਮ, ਗ, SSS, S.

ਉਦਾਹਰਣ-

ਭੱਗੇ ਵੀਰੰ। ਲੱਗੇ ਤੀਰੰ।

ਪਿੱਖੇ ਰਾਮੰ। ਧਰਮੰ ਧਾਮੰ ॥ (ਰਾਮਾਵ)

(੨) ਤਿਲਕਾ ਦਾ ਦੂਜਾ ਰੂਪ ਹੈ- ਚਾਰ ਚਰਣ, ਪ੍ਰਤਿ ਚਰਣ ਦੋ ਸਗਣ. ।।S, ।।S.

ਉਦਾਹਰਣ-

ਗੁਰੁ ਕੋ ਸਿਖ ਹਨਐ। ਨਹਿ ਪਾਪਨ ਛ੍ਵੈ।

ਮ੍ਰਿਦੁ ਬੋਲ ਰਰੇ। ਸਭ ਸੇਵ ਕਰੇ।।

ਦੇਖੋ, ਹਰਿਬੋਲਮਨਾ ਅਤੇ ਰਮਾਣਕਾ.

ਦਸਮ ਪਾਤਸ਼ਾਹੀ ਦੇ ਗੁਰੁਵਿਲਾਸ ਵਿੱਚ ਭੀ ਇਹੀ ਰੂਪ ਆਇਆ ਹੈ, ਯਥਾ:-

ਲਖ ਲੋਗ ਸਬੈ। ਬਿਸਮੇ ਸੁ ਤਬੈ।

ਇਨ ਸਾਚ ਕਰਯੋ। ਉਨ ਝੂਠ ਰਰਯੋ।।

ਤਿਲਕੁ: ਦੇਖੋ, ਤਿਲਕ.

ਤਿਲਕੁ ਲਿਲਾਟਿ: ਮੱਥੇ ਪੁਰ ਤਿਲਕ ਦਾ ਚਿੰਨ੍ਹ. "ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ." (ਆਸਾ ਮਃ ੧)

ਤਿਲਗੰਜੀ: ਪਾਲੀਪੁਰੰ (Paliport) ਮਦਰਾਸ ਦੇ ਇ਼ਲਾਕ਼ੇ ਸਮੁੰਦਰ ਦੇ ਕਿਨਾਰੇ ਗੁਰੂ ਨਾਨਕਦੇਵ ਦਾ ਪਵਿਤ੍ਰ ਅਸਥਾਨ. ਇੱਥੇ ਸਿੱਧਾਂ ਨੇ ਇਹ ਪਰਖਣ ਲਈ ਕਿ ਗੁਰੂ ਨਾਨਕ ਜੀ ਦੀ ਵਰਤਾਕੇ ਛਕਣ ਦੀ ਰੀਤਿ ਕੇਹੀ ਹੈ, ਇੱਕ ਤਿਲ ਭੇਟਾ ਕੀਤਾ. ਗੁਰੂ ਸਾਹਿਬ ਨੇ ਤਿਲ ਨੂੰ ਘੋਟਕੇ ਜਲ ਵਿੱਚ ਮਿਲਾਕੇ ਸਭ ਨੂੰ ਵਰਤਾ ਦਿੱਤਾ.

ਤਿਲ ਚਾਉਲੀ, ਤਿਲ ਚਾਵਲੀ: ਸੰਗਯਾ- ਤਿਲ ਅਤੇ ਚਾਵਲ ਦੀ ਖਿਚੜੀ. ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਮ ਕ੍ਰਿਸ਼ਰਾ ਹੈ। ੨. ਕਈ ਹਿੰਦੂ, ਤਿਲ ਅਤੇ ਚਾਵਲ ਮਿਲਾਕੇ ਕੀੜੀਆਂ ਨੂੰ ਖਵਾਉਣਾ ਮਹਾ ਪੁੰਨ ਸਮਝਦੇ ਹਨ ਅਤੇ ਤਿਲਚਾਵਲੀ ਕੀੜੀਆਂ ਦੀ ਖੁੱਡਾਂ ਪਾਸ ਵਿਖੇਰਦੇ ਹਨ.

ਤਿਲ ਚੁਗਨਾ: ਸੰਗਯਾ- ਤੇਲੀ. ਤੈਲਿਕ.

ਤਿਲਤ: ਸੰਗਯਾ- ਤਿਲਾਂ ਦਾ ਰਸ. ਤੈਲ. ਤੇਲ. "ਬੂਝਤ ਦੀਪਕ ਮਿਲਤ ਤਿਲਤ." (ਮਾਲੀ ਮਃ ੫) ਬੁਝਦੇ ਦੀਵੇ ਨੂੰ ਜਿਵੇਂ ਤੇਲ ਮਿਲ ਜਾਵੇ.

ਤਿਲ ਤਿਲਨਾ: ਵਿ- ਤਿਲਮਾਤ੍ਰ. ਤਿਲ ਮਾਨਿੰਦ. "ਓਹ ਘਟੈ ਨ ਕਿਸੈ ਦੀ ਘਟਾਈ ਇਕੁ ਤਿਲ ਤਿਲਨਾ." (ਗੌਂਡ ਮਃ ੪)

ਤਿਲਵਾ: ਸੰਗਯਾ- ਤਿਲ ਅਤੇ ਮਿੱਠਾ ਕੁੱਟਕੇ ਤਿਆਰ ਕੀਤਾ ਭੋਜਨ. ਤਿਲੋਆ. "ਕੋਊ ਕਰੈ ਤਿਲਵਾ ਮਿਲਾਇ ਗੁਰ ਬਾਰਿਕੈ." (ਭਾਗੁ ਕ) ਗੁੜ ਅਤੇ ਪਾਣੀ ਮਿਲਾਕੇ ਤਿਲਵਾ ਕਰਦਾ ਹੈ.

ਤਿਲਾ, ਤ਼ਿਲਾ: ਅ਼. طلا ਸੰਗਯਾ- ਸੁਵਰਣ. ਸੋਨਾ। ੨. ਸੁਇਨੇ ਦੀ ਤ਼ਾਰ. ਜ਼ਰੀ। ੩. ਲੇਪ.

ਤਿਲਾਂਜਲੀ: ਸੰ. तिलाञ्जली. ਸੰਗਯਾ- ਪਾਣੀ ਵਿੱਚ ਤਿਲ ਮਿਲਾਕੇ ਦਿੱਤੀ ਹੋਈ ਚੁਲੀ. ਹਿੰਦੂਆਂ ਦੀ ਇੱਕ ਰੀਤਿ ਜੋ ਖ਼ਾਸ ਕਰਕੇ ਮੁਰਦਾ ਜਲਾਉਣ ਪਿੱਛੋਂ ਕੀਤੀ ਜਾਂਦੀ ਹੈ. ਨਿਸ਼ਚਾ ਇਹ ਹੈ ਕਿ ਮੋਏ ਹੋਏ ਜੀਵ ਨੂੰ ਇਹ ਪਾਣੀ ਪ੍ਰਾਪਤ ਹੁੰਦਾ ਹੈ. ਅਨੇਕ ਰਿਖੀਆਂ ਨੇ ਤਿਲ ਬਹੁਤ ਪਵਿਤ੍ਰ ਅੰਨ ਲਿਖਿਆ ਹੈ ਅਤੇ ਇਸ ਦਾ ਦਾਨ ਵਡਾ ਫਲ ਦੇਣ ਵਾਲਾ ਦੱਸਿਆ ਹੈ। ੨. ਹੁਣ ਮੁਹਾਵਰੇ ਵਿੱਚ ਤਿਲਾਂਜਲੀ ਦਾ ਅਰਥ ਤਰਕ ਕਰਨਾ (ਛੱਡਣਾ) ਹੋ ਗਿਆ ਹੈ. ਜਿਵੇਂ ਉਸ ਨੇ ਕੁਕਰਮਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ. ਭਾਵ- ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਹੈ.

ਤਿਲਿਸਮ: ਦੇਖੋ, ਤਿਲਸਮ.

ਤਿਲੀ: ਸੰਗਯਾ- ਤਿਲਾਂ ਦੀ ਗਿਰੂ. ਛਿਲਕਾ ਲਾਹਕੇ ਧੋਤੇ ਹੋਏ ਤਿਲ। ੨. ਦੇਖੋ, ਤਿੱਲੀ.

ਤਿਲੁ: ਦੇਖੋ, ਤਿਲ। ੨. ਤਿਲਮਾਤ੍ਰ. ਭਾਵ- ਥੋੜਾ ਜਿਹਾ. ਤਨਿਕ.

ਤਿਲੁਸਾਰ: ਤਿਲਮਾਤ੍ਰ. ਦੇਖੋ, ਤਿਲਸਾਰ.

ਤਿਲੋਕ: ਦੇਖੋ, ਤ੍ਰਿਲੋਕ.

ਤਿਲੋਕਸਿੰਘ: ਨਾਭੇ ਅਤੇ ਜੀਂਦ ਰਾਜਵੰਸ਼ ਦਾ ਵਡੇਰਾ, ਬਾਬੇ ਫੂਲ ਦਾ ਵਡਾ ਸੁਪੁਤ੍ਰ. ਇਸ ਨੇ ਆਪਣੇ ਛੋਟੇ ਭਾਈ ਰਾਮਸਿੰਘ ਨਾਲ ਮਿਲਕੇ ਦਮਦਮੇ ਸਾਹਿਬ ਦਸ਼ਮੇਸ਼ ਤੋਂ ਅਮ੍ਰਿਤ ਛਕਕੇ ਸਿੰਘ ਪਦ ਧਾਰਣ ਕੀਤਾ. ਇਨ੍ਹਾਂ ਪੁਰ ਜੋ ਕਲਗੀਧਰ ਦੀ ਅਪਾਰ ਕ੍ਰਿਪਾ ਹੋਈ ਹੈ ਉਸ ਦਾ ਅਨੁਮਾਨ ਹੇਠ ਲਿਖੇ ਹੁਕਮਨਾਮੇ ਤੋਂ ਹੋ ਸਕਦਾ ਹੈ:-

ੴ ਸਤਿਗੁਰੂ ਜੀ ॥

ਸ੍ਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤੇਲੋਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ ਤੁਧ ਜਮੀਅਤ ਲੈਕੇ ਅਸਾਡੇ ਹਜੂਰ

ਆਵਣਾ ਮੇਰੀ ਤੇਰੇ ਉਪਰਿ ਬਹੁਤ ਖੁਸੀ ਹੈ ਤੇਰਾ ਘਰੁ ਮੇਰਾ ਹੈ ਤੁਥੁ ਹੁਕਮੁ ਦੇਖਦਿਆ ਹੀ ਛੇਤੀ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ[593] ਤੁਧੁ ਸਿਤਾਬੀ ਹੁਕਮ ਦੇਖਦਿਆ ਹੀ ਆਵਣਾ ਤੁਸਾਂ ਅਸਵਾਰ ਲੈਕੇ ਆਵਣਾ ਜਰੂਰ ਆਵਣਾ ਤੇਰੇ ਉਤੈ ਅਸਾਡੀ ਭਾਰੀ ਮਿਹਰਵਾਨਗੀ ਅਸੈ ਤੈ ਆਵਣਾ ਇਕ ਜੋੜਾ[594] ਭੇਜਾ ਹੈ ਰਖਾਵਣਾ ਭਾਦੋਂ ੨. ਸੰਮਤ ੫੩ ॥ " (੧੭੫੩)

ਇਹ ਅਸਲ ਹੁਕਮਨਾਮਾ ਬਾਬਾ ਆਲਾਸਿੰਘ ਜੀ ਦੇ ਬੁਰਜ ਪਟਿਆਲੇ ਹੈ, ਅਤੇ ਇਸ ਦੀ ਨਕ਼ਲ ਨਾਭੇ ਅਰ ਸੰਗਰੂਰ ਹੈ. ਦੇਖੋ, ਨਾਭਾ, ਪਟਿਆਲਾ ਅਤੇ ਫੂਲਵੰਸ਼.

ਤਿਲੋਕੜੀ: ਦੇਖੋ, ਤਿਲੋਖਰੀ.

ਤਿਲੋਕਾ: ਪਾਠਕ ਜਾਤਿ ਦਾ ਗੁਰੂ ਅਰਜਨਦੇਵ ਦਾ ਸਿੱਖ, ਜੋ ਗ਼ਜ਼ਨੀ ਦੇ ਹ਼ਾਕਿਮ ਪਾਸ ਨੌਕਰ ਸੀ. ਗੁਰੂ ਪ੍ਰਤਾਪ ਸੂਰਯ ਵਿੱਚ ਕਥਾ ਹੈ ਕਿ ਗੁਰੂ ਸਾਹਿਬ ਨੇ ਇਸ ਦੀ ਕਾਠ ਦੀ ਤਲਵਾਰ ਫ਼ੌਲਾਦੀ ਕਰ ਦਿੱਤੀ ਸੀ. ਦੇਖੋ, ਰਾਸਿ ੨. ਅਃ ੪੦। ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇੱਕ ਪ੍ਰੇਮੀ ਸਿੱਖ, ਜੋ ਆਤਮਗਜਾਨੀ ਅਤੇ ਮਹਾਨ ਯੋਧਾ ਸੀ. ਇਸ ਨੇ ਅਮ੍ਰਿਤਸਰ ਦੇ ਯੁੱਧ ਵਿੱਚ ਵਡੀ ਵੀਰਤਾ ਦਿਖਾਈ। ੩. ਦੇਖੋ, ਤਿਲੋਕਸਿੰਘ.

ਤਿਲੋਕੀ: ਸੰਗਜਾ- ਤ੍ਰਿਲੋਕ. ਤਿੰਨ ਲੋਕ। ੨. ਇੱਕ ਛੰਦ. ਇਸ ਦਾ ਨਾਮ "ਉਪਚਿਤ੍ਰਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਚਾਰ ਅਰ ਅੱਠ ਮਾਤ੍ਰਾ ਪਿੱਛੋਂ ਗੁਰੁ ਅੱਖਰ, ਅਤੇ ਚਰਣ ਦੇ ਅੰਤ ਗੁਰੁ.

ਉਦਾਹਰਣ-

ਸਤਜੁਗ ਆਦਿ ਕਲੀਯੁਗ ਅੰਤੇ,

ਜਹਿਂ ਤਹਿਂ ਆਨਦ ਸੰਤ ਮਹੰਤੇ,

ਬਾਜਤ ਤੂਰੰ ਗਾਵਤ ਗੀਤਾ,

ਜਹਿਂ ਤਹਿਂ ਕਲਕੀ ਜੁੱਧਨ ਜੀਤਾ. (ਕਲਕੀ)

(ਅ) ਪਿੰਗਲਗ੍ਰੰਥਾਂ ਵਿੱਚ ਤਿਲੋਕੀ ਦਾ ਇੱਕ ਹੋਰ ਰੂਪ ਭੀ ਹੈ- ਚਾਰ ਚਰਣ, ਪ੍ਰਤਿ ਚਰਣ ੨੧. ਮਾਤ੍ਰਾ, ੧੧- ੧੦ ਪੁਰ ਵਿਸ਼੍ਰਾਮ, ਅੰਤ ਲਘੁ ਗੁਰੁ.

ਉਦਾਹਰਣ-

ਸ਼੍ਰੀ ਗੁਰੂ ਕਰਜੋ ਬਖਾਨ, ਸਿੱਖ ਸੇਵਕ ਸੁਨੋ,

ਪਰਸੁਖ ਕੋ ਸੁਖ ਮਾਨ, ਦੁੱਖ ਕੋ ਦੁਖ ਗੁਨੋ,

ਜੁਲਮ ਮਿਟਾਵਨ ਹੇਤ, ਕਮਰ ਬਾਂਧੇ ਰਹੋ,

ਨਿਜ ਵਡਿਆਈ ਮਾਨ, ਸੂਪਨ ਮੇ ਨਾ ਚਹੋ.

ਤਿਲੋਖਰੀ, ਤਿਲੋਖੜੀ: ਦਿੱਲੀ ਦੇ ਕੋਲ ਇੱਕ ਅਸਥਾਨ, ਜਿੱਥੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਸਕਾਰ ਹੋਇਆ ਅਤੇ ਗੁਰਦ੍ਵਾਰਾ ਬਾਲਾਸਾਹਿਬ ਹੈ. ਕਿਤਨਿਆਂ ਨੇ ਇਸ ਦਾ ਨਾਮ ਕਿਲੋਖਰੀ ਲਿਖਿਆ ਹੈ. ਦੇਖੋ, ਦਿੱਲੀ.

ਤਿਲੋਚਨ: ਸੰ. ਤ੍ਰਿਲੋਚਨ. ਸੰਗਜਾ- ਤਿੰਨ ਹਨ ਲੋਚਨ (ਨੇਤ੍ਰ) ਜਿਸ ਦੇ, ਸ਼ਿਵ। ੨. ਇੱਕ ਭਗਤ, ਜਿਸ ਦੀ ਬਾਣੀ ਗੁਰੂ

---

[593] ਅਸ੍ਰਿ ਹੈ.

[594] ਪੋਸ਼ਾਕ. ਸਰੋਪਾ.

ਗ੍ਰੰਥਸਾਹਿਬ ਵਿੱਚ ਹੈ. "ਨਾਮਦੇਵ ਕਬੀਰ ਤਿਲੋਚਨ." (ਮਾਰੂ ਰਵਿਦਾਸ) ਦੇਖੋ, ਤ੍ਰਿਲੋਚਨ.

ਤਿਲੋਤਮ, ਤਿਲੋੱਤਮਾ: ਸੰ. तिलोत्तमा. ਹਿਰਨਜਾਕ੍ਸ਼ ਦੇ ਪੁਤ੍ਰ ਸੁੰਦ ਅਤੇ ਉਪਸੁੰਦ ਨੇ ਤਪਸਜਾ ਕਰਕੇ ਵਰ ਪਾਇਆ ਸੀ ਕਿ ਅਸੀਂ ਕਿਸੇ ਹੋਰ ਦੇ ਮਾਰੇ ਨਾ ਮਰੀਏ. ਇਨ੍ਹਾਂ ਨੇ ਦੇਵਤਿਆਂ ਦੀ ਜਾਨ ਨੱਕ ਵਿੱਚ ਲੈਆਂਦੀ. ਬ੍ਰਹਮਾ ਨੇ ਇਨ੍ਹਾਂ ਦੇ ਮਾਰਨ ਲਈ ਸਾਰੀ ਸੁੰਦਰ ਵਸਤਾਂ ਵਿੱਚੋਂ ਤਿਲ ਤਿਲ ਉੱਤਮਤਾ ਲੈਕੇ ਇੱਕ ਅਪਸਰਾ ਰਚੀ, ਜੋ ਤਿਲੋੱਤਮਾ ਕਹਾਈ.[595] ਜਦ ਤਿਲੋੱਤਮਾ ਵਿੰਧਜ ਪਰਬਤ ਤੇ ਗਈ ਜਿੱਥੇ ਕਿ ਸੁੰਦ ਉਪਸੁੰਦ ਰਹਿੰਦੇ ਸਨ, ਤਦ ਦੋਵੇਂ ਦੇਖਕੇ ਮੋਹਿਤ ਹੋ ਗਏ ਅਰ ਆਪਣੀ ਆਪਣੀ ਵਹੁਟੀ ਬਣਾਉਣ ਲਈ ਯਤਨ ਕਰਨ ਲੱਗੇ. ਤਿਲੋੱਤਮਾ ਨੇ ਆਖਿਆ ਕਿ ਦੋਹਾਂ ਵਿੱਚੋਂ ਜੋ ਬਲੀ ਹੋਵੇਗਾ ਅਤੇ ਯੁੱਧ ਵਿੱਚ ਫ਼ਤੇ ਪਾਵੇਗਾ, ਮੈਂ ਉਸੀ ਨੂੰ ਵਰਾਂਗੀ. ਇਸ ਪੁਰ ਦੋਵੇਂ ਆਪੋ ਵਿੱਚੀ ਲੜ ਮੋਏ. "ਤੀਰ ਤਿਲੋਤਮ ਕੇ ਚਲ ਆਏ. ××× ਦੁਹੂੰ ਭ੍ਰਾਤ ਵਧਕੈ ਤ੍ਰਿਯਾ ਗਈ ਬ੍ਰਹਮਪੁਰ ਧਾਇ."×× (ਚਰਿਤ੍ਰ ੧੧੬)

ਤਿਲੋਦਕ: ਸੰਗਯਾ- ਤਿਲਾਂ ਨਾਲ ਮਿਲਿਆ ਉਦਕ (ਪਾਣੀ). ਦੇਖੋ, ਤਿਲਾਂਜਲੀ.

ਤਿਲੋਨਾ, ਤਿਲੌਨਾ: ਸੰਗਯਾ- ਤਿਲ ਅਤੇ ਰਕਤ ਚੰਦਨ ਨਾਲ ਹੋਰ ਕਈ ਪਦਾਰਥ ਮਿਲਾਕੇ ਬਣਾਇਆ ਹੋਇਆ ਵਟਣਾ, ਜੋ ਵਿਆਹ ਸਮੇਂ ਦੁਲਹਾ ਦੇ, ਅਤੇ ਜੰਗ ਸਮੇਂ ਸ਼ਹੀਦ ਹੋਣ ਵਾਲੇ ਯੋਧਾ ਦੇ ਸ਼ਰੀਰ ਮਲੀਦਾ ਹੈ। ੨. ਤਿਲ ਦਾ ਤੇਲ। ੩. ਵਿ- ਤੇਲ ਕਰਕੇ ਲਿਪ੍ਤ. ਤੇਲ ਨਾਲ ਤਰ. "ਸਭ ਤਨ ਵਸਤ੍ਰ ਤਿਲੋਨਾ ਧਰਾ." (ਪਾਰਸਾਵ) ਸੜਨ ਲਈ ਤੇਲ ਦੇ ਲਿਬੜੇ ਵਸਤ੍ਰ ਪਹਿਰੇ.

ਤਿਲੰਗ: ਸੰ. तैलङ्ग- ਤੈਲੰਗ. ਇਸ ਦਾ ਨਾਮ ਸੰਸਕ੍ਰਿਤ ਗ੍ਰੰਥਾਂ ਵਿੱਚ ਤ੍ਰਿਕਲਿੰਗ ਅਤੇ ਤ੍ਰਿਲਿੰਗ ਭੀ ਹੈ. ਇੱਕ ਦੱਖਣੀ ਦੇਸ਼ ਜੋ ਸ਼੍ਰੀਸ਼ੈਲ ਤੋਂ ਚੋਲ ਰਾਜਜ ਦੇ ਮੱਧ ਤੀਕ ਹੈ. ਇਸ ਨਾਮ ਦਾ ਕਾਰਣ ਇਹ ਹੈ ਕਿ ਇਸ ਵਿੱਚ ਸ਼੍ਰੀਸ਼ੈਲ, ਕਾਲੇਸ਼੍ਵਰ ਅਤੇ ਭੀਮੇਸ਼੍ਵਰ ਨਾਮਕ ਤਿੰਨ ਪਹਾੜ ਹਨ, ਜਿਨ੍ਹਾਂ ਉੱਪਰ ਤਿੰਨ ਸ਼ਿਵਲਿੰਗ ਹਨ। ੨. ਬਿਲਾਵਲ ਠਾਟ ਦਾ ਇੱਕ ਔੜਵ ਰਾਗ. ਇਸ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ. ਬਾਕੀ ਸਾਰੇ ਸੁਰ ਸ਼ੁੱਧ ਹਨ. ਨਿਸ਼ਾਦ ਅਤੇ ਪੰਚਮ ਦੀ ਇਸ ਵਿੱਚ ਸੰਗਤਿ ਹੈ. ਵਾਦੀ ਸੁਰ ਗਾਂਧਾਰ ਅਤੇ ਨਿਸ਼ਾਦ ਸੰਵਾਦੀ ਹੈ. ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ.

ਆਰੋਹੀ- ਸ਼ ਗ ਮ ਪ ਨ ਸ਼.

ਅਵਰੋਹੀ- ਸ਼ ਨ ਪ ਮ ਗ ਸ਼.

ਕਿਤਨਿਆਂ ਨੇ ਇਸ ਵਿੱਚ ਧੈਵਤ ਸੁਰ ਲਾਕੇ ਸ਼ਾੜਵ ਮੰਨਿਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਸ ਦਾ ਚੌਦਵਾਂ ਨੰਬਰ ਹੈ.

ਤਿਲੰਗ ਦੀ ਵਾਰ: ਮੱਕੇ ਦੀ ਗੋਸਟਿ (ਗੋਸ਼੍ਠਿ) ਵਿੱਚ ਇਸ ਨਾਮ ਦੀ ਇੱਕ ਵਾਰ ਹੈ, ਜੋ ਕਿਸੇ ਪ੍ਰੇਮੀ ਨੇ ਸ਼੍ਰੀ ਗੁਰੂ ਨਾਨਕਦੇਵ ਦੇ ਨਾਮ ਤੋਂ ਰਚੀ ਹੈ.

ਤਿਲੰਗਾ, ਤਿਲੰਗੀ: ਤਿਲੰਗ ਦੇਸ਼ ਦਾ ਵਸਨੀਕ. ਤੈਲੰਗ ਨਿਵਾਸੀ। ੨. ਅੰਗ੍ਰੇਜ਼ੀ ਸਿਪਾਹੀ. ਭਾਰਤ ਵਿੱਚ ਸਭ ਤੋਂ ਪਹਿਲਾਂ ਅੰਗ੍ਰੇਜ਼ੀ ਪਲਟਨ ਵਿੱਚ ਤਿਲੰਗ ਦੇ ਆਦਮੀ ਜਨਵਰੀ ਸਨ ੧੭੪੮ ਵਿੱਚ ਭਰਤੀ ਹੋਏ, ਇਸ ਲਈ ਸਿਪਾਹੀਮਾਤ੍ਰ ਦਾ ਨਾਮ "ਤਿਲੰਗਾ" ਪੈ ਗਿਆ। ੩. ਤਿਲੰਗ ਦੇਸ਼ ਦੀ ਬੋਲੀ ਤਿਲੰਗੀ. ਤੇਲਗੂ.

ਤਿਲ੍ਹਕਣਾ: ਕ੍ਰਿ- ਚਿਕਣੀ ਥਾਂ ਤੋਂ ਫਿਸਲਣਾ. ਰਪਟਣਾ.

ਤਿੱਲਾ: ਦੇਖੋ, ਤਿਲਾ.

ਤਿੱਲੀ: ਸੰ. ਪ੍ਲੀਹਾ. Spleen. ਦੇਖੋ, ਲਿੱਫ.

---

[595] ਦੇਖੋ, ਮਹਾਭਾਰਤ, ਆਦਿਪਰਵ, ਅਃ ੨੧੧.

ਤਿਵ: ਕ੍ਰਿ. ਵਿ- ਤੈਸੇ. ਤਿਮਿ. ਉਸ ਤਰਾਂ. ਤਿਵੇਂ. "ਜਿਉ ਤੁਮ ਰਾਖਹੁ ਤਿਵ ਹੀ ਰਹਿਨਾ." (ਗਉ ਮਃ ੫) "ਜਿਵ ਫੁਰਮਾਏ ਤਿਵ ਤਿਵ ਪਾਹਿ." (ਜਪੁ)

ਤਿਵਹ: ਕ੍ਰਿ. ਵਿ- ਤੈਸੇ. ਉਸੀ ਪ੍ਰਕਾਰ. ਤਿਵੇਂ. ਉਵੇਂ.

ਤਿਵੜੀ: ਦੇਖੋ, ਤਿਉੜੀ.

ਤਿਵਾਹੀ: ਕ੍ਰਿ. ਵਿ- ਤਿਵੇਂ ਹੀ. ਤੈਸੇ ਹੀ. ਉਸੀ ਤਰਾਂ. "ਜਯੋਂ ਜਲ ਕਮਲ ਅਲਿਪਤ ਹੈ ਘਰਬਾਰੀ ਗੁਰਸਿੱਖ ਤਿਵਾਹੀ." (ਭਾਗੁ)

ਤਿਵਾਰੀ, ਤਿਵਾੜੀ: ਇੱਕ ਬ੍ਰਾਹਮਣ ਜਾਤਿ. ਤ੍ਰਿਪਾਠੀ. ਤ੍ਰਿਵੇਦੀ. ਤਿੰਨ ਵੇਦ ਪੜ੍ਹਨ ਤੋਂ ਇਹ ਸੰਗਯਾ ਹੋਈ ਹੈ.

ਤਿਵੇ, ਤਿਵੇਂ, ਤਿਵੈ, ਤਿਵੈਂ: ਕ੍ਰਿ. ਵਿ- ਤੈਸੇ. ਉਸੀ ਪ੍ਰਕਾਰ. "ਜਿਵ ਤੂ ਚਲਾਇਹਿ ਤਿਵੈ ਚਲਹ." (ਅਨੰਦੁ)

ਤਿਵੰਜਾ: ਪੰਜਾਹ ਉੱਪਰ ਤਿੰਨ. ਤ੍ਰਿਪੰਚਾਸ਼ਤ੍- ੫੩.

ਤਿੜਣਾ, ਤਿੜਨਾ: ਕ੍ਰਿ- ਪਾਟਣਾ. ਸੁੱਕਕੇ ਤੇੜ ਖਾਣਾ। ੨. ਅਭਿਮਾਨ ਕਰਕੇ ਮਿਤ੍ਰ ਨਾਲੋਂ ਸੰਬੰਧ ਤੋੜਨਾ.

ਤਿੜੀ: ਸੰਗਯਾ- ਧਮਕੀ. ਘੁਰਕੀ। ੨. ਸ਼ਕਤਿ. ਬਲ। ੩. ਅੜਿੱਕਾ.

ਤਿੜੰਨਕਲ: ਸੰਗਯਾ- ਤਰਨਵਿਦ੍ਯਾ. ਤੈਰਨੇ ਦੀ ਕਲਾ. ਦੇਖੋ, ਤਾਹੂ ੫.

ਤਿੜ੍ਹ: ਸੰਗਯਾ- ਤ੍ਰਿਣ- ਜੜ. ਖੱਬਲ ਘਾਹ ਦੀ ਲੰਮੀ ਸ਼ਾਖਾ, ਜਿਸ ਦੀ ਹਰੇਕ ਗੱਠ ਜੜ ਵਾਲੀ ਹੁੰਦੀ ਹੈ.

ਤੀ: ਸੰ. ਸ੍ਤ੍ਰੀ. ਸੰਗਯਾ- ਇਸਤ੍ਰੀ. ਔਰਤ. ਨਾਰੀ. ਅਬਲਾ. "ਗ੍ਰਿਹ ਤੀ ਜੁਤ ਜਾਨ." (ਚਰਿਤ੍ਰ ੧੧੫) ੨. ਭਾਰਯਾ. ਜੋਰੂ. ਵਹੁਟੀ. "ਪਰ ਧਨ ਪਰ ਤਨ ਪਰ ਤੀ ਨਿੰਦਾ." (ਆਸਾ ਮਃ ੫) ੩. ਵਿ- ਤ੍ਰਯ. ਤਿੰਨ. ਦੇਖੋ, ਨੈਜਰਿਆ ਅਤੇ ਇਕੱਤੀ, ਬੱਤੀ ਆਦਿ ਸੰਖ੍ਯਾ.

ਤੀਂ: ਵ੍ਯ- ਸੇ. ਤੋਂ "ਵਿਖੇ ਭੋਗ ਤੀਂ ਨਿਰਸ ਹੋਏ ਹਨ." (ਜਸਭਾਮ) ੨. ਤੀਨ ਦਾ ਸੰਖੇਪ. ਤਿੰਨ.

ਤੀਅ: ਸ੍ਤ੍ਰੀ. ਦੇਖੋ, ਤਿਅ.

ਤੀਆ: ਸ੍ਤ੍ਰੀ. ਦੇਖੋ, ਤਿਆ. "ਏਕ ਦਿਵਸ ਦੋਊ ਤੀਆ." (ਚਰਿਤ੍ਰ ੩) ੨. ਵਿ- ਤੀਜਾ. ਤੀਸਰਾ. ਤ੍ਰਿਤੀਯ. "ਭਯੋ ਖਾਲਸਾ ਜਗ ਮਹਿ ਤੀਆ." (ਗੁਪ੍ਰਸੂ)

ਤੀਆਂ: ਸੰਗਯਾ- ਸਾਵਨ ਸੁਦੀ ੩. ਦਾ ਤਯੋਹਾਰ, ਜਿਸ ਨੂੰ ਖ਼ਾਸ ਕਰਕੇ ਇਸਤ੍ਰੀਆਂ ਮਨਾਉਂਦੀਆਂ ਹਨ ਅਤੇ ਪਿੰਡ ਤੋਂ ਬਾਹਰ ਇਕੱਠੀਆਂ ਹੋਕੇ ਪੀਂਘਾਂ ਝੂਟਦੀਆਂ ਹਨ. ਤੀਜ ਤਿਥਿ ਅਤੇ ਤਿੰਨ ਦਿਨ ਉਤਸਵ ਰਹਿਣ ਕਰਕੇ ਤੀਆਂ ਸੰਗਯਾ ਹੈ. ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਉਂ "ਗੌਰੀ ਤ੍ਰਿਤੀਯਾ" ਹੈ.

ਤੀਐ: ਦੇਖੋ, ਦੂਐ.

ਤੀਸ: ਸੰ. ਤ੍ਰਿਂਸ਼ਤ੍- ਤ੍ਰਿੰਸ਼ਤ. ਵਿ- ਤੀਹ- ੩੦. "ਤੀਸ ਬਰਸ ਕਛੂ ਦੇਵ ਨ ਪੂਜਾ." (ਆਸਾ ਕਬੀਰ) ੨. ਤੀਸ ਸੰਖ੍ਯਾ ਬੋਧਕ ਕੋਈ ਵਸਤੁ, ਯਥਾ- ਤੀਸ ਦਿਨ ਮਹੀਨੇ ਦੇ, ਤੀਸ ਰੋਜ਼ੇ ਆਦਿ.

ਤੀਸ ਇਕੁ ਅਰੁ ਪੰਜਿ ਸਿਧੁ: ਪੈਤੀਸ ਨ ਖੀਣਉ." (ਸਵੈਯੇ ਮਃ ੩. ਕੇ) ਤੀਸ ਫ਼ਾਰਸੀ ਅੱਖਰ ਅਤੇ ਪੈਂਤੀ ਗੁਰਮੁਖੀ ਅੱਖਰਾਂ ਨਾਲ ਇੱਕ (ਕਰਤਾਰ) ਨੂੰ ਸਿੱਧ ਕੀਤਾ ਹੈ ਅਤੇ ਸੰਗੀਤ ਦੇ ਪੰਜ ਅੰਗਾਂ (ਗਾਯਨ, ਵਾਦਨ, ਲਯ, ਤਾਲ, ਨ੍ਰਿਤ੍ਯ) ਵਿੱਚ ਭੀ ਕਰਤਾਰ ਸਿੱਧੀ ਦੀ ਕਮੀ ਨਹੀਂ. ਭਾਵ- ਬੋਲਣ ਲਿਖਣ ਅਤੇ ਕੀਰਤਨ ਤੋਂ ਵਾਹਗੁਰੂ ਨੂੰ ਸਿੱਧ ਕੀਤਾ ਹੈ.

ਤੀਸ ਬਤੀਸ: ਤੀਹ ਅਥਵਾ ਬਤੀਹ ਦੰਦਾਂ ਦੀ ਦੰਦ ਵੀੜੀ. "ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ."

(ਗਉ ਮਃ ੪)

ਤੀਸ ਬਜ਼ਾਮਾਨ: ਤੀਸ- ਵਜਾਮ- ਮਾਨ. ਸੱਠ ਗਜ਼ ਪ੍ਰਮਾਣ. ਦੇਖੋ, ਬਜ਼ਾਮਾਨ.

ਤੀਸਰ, ਤੀਸਰਾ: ਵਿ- ਤ੍ਰਿਤੀਯ. ਤੀਜਾ। ੨. ਤ੍ਰੇਤਾ ਯੁਗ ਲਈ ਭੀ ਤੀਸਰ ਸ਼ਬਦ ਆਇਆ ਹੈ. "ਤੀਸਰ ਜੁੱਗ ਭਯੋ ਰਘਵਾ." (ਕ੍ਰਿਸਨਾਵ) ਤ੍ਰੇਤੇ ਯੁਗ ਵਿੱਚ ਰਾਘਵ ਹੋਇਆ.

ਤੀਹ: ਸੰਗਜਾ- ਤੇਹ. ਤ੍ਰਿਖਾ। ੨. ਤ੍ਰਿੰਸ਼ਤ. ਤੀਸ। ੩. ਤੀਸ ਸੰਖਜਾ ਵਾਲੀ ਵਸ੍ਤੁ "ਤੀਹ ਕਰਿ ਰਖੇ ਪੰਜ ਕਰਿ ਸਾਥੀ." (ਸ੍ਰੀ ਮਃ ੧) ਤੀਸ ਰੋਜ਼ੇ ਰੱਖੇ ਅਤੇ ਪੰਜ ਨਮਾਜ਼ਾਂ ਨੂੰ ਸਾਥੀ ਬਣਾਇਆ.

ਤੀਕ, ਤੀਕਰ: ਵਜ- ਤਕ. ਤੋੜੀ. ਪਰਯੰਤ. "ਇਕ ਕੋਸ ਤੀਕ ਤਿਨ ਗੈਲ ਜਾਇ." (ਗੁਪ੍ਰਸੂ)

ਤੀਖਣ: ਸੰ. तीक्ष्ण. ਵਿ- ਤਿੱਖਾ. ਤੇਜ਼। ੨. ਚਰਪਰਾ. ਮਿਰਚ ਜੇਹੇ ਸੁਆਦ ਵਾਲਾ। ੩. ਚਾਲਾਕ। ੪. ਸੰਗਜਾ- ਵਿਸ਼. ਜ਼ਹਿਰ। ੫. ਫ਼ੌਲਾਦ ਲੋਹਾ। ੬. ਯੁੱਧ. ਜੰਗ। ੭. ਮੌਤ। ੮. ਸਮੁੰਦ੍ਰੀ ਲੂਣ.

ਤੀਖਣਾਂਸੁ: ਸੰ. ਸੰਗਜਾ- ਸੂਰਜ, ਜਿਸ ਦੀਆਂ ਅੰਸ਼ੁ (ਕਿਰਣਾਂ) ਤਿੱਖੀਆਂ ਹਨ.

ਤੀਖਣ, ਤੀਖਨ, ਤੀਖਾ, ਤੀਖਯਨ, ਤੀਛਨ: ਦੇਖੋ, ਤੀਖਣ. "ਤੀਖਣ ਬਾਣ ਚਲਾਇ." (ਫੁਨਹੇ ਮਃ ੫) ੨. ਦੇਖੋ, ਤੀਖਣ ੩. "ਤੀਛਨ ਘੋਰੇ." (ਕ੍ਰਿਸਨਾਵ) ਚਾਲਾਕ ਘੋੜੇ.

ਤੀਜ: ਸੰਗਜਾ- तृतीया- ਤ੍ਰਿਤੀਯਾ. ਚੰਦ੍ਰਮਾ ਦੇ ਪੱਖ ਦੀ ਤੀਜੀ ਤਿਥਿ। ੨. ਸਾਵਨ ਸੁਦੀ ੩, ਤੀਆਂ ਦਾ ਤਯੋਹਾਰ. ਦੇਖੋ, ਤੀਆਂ.

ਤੀਜੜਾ, ਤੀਜੜੀ, ਤੀਜੜੋ, ਤੀਜਾ: ਵਿ- ਤ੍ਰਿਤੀਯ. ਤੀਸਰਾ. ਤੀਸਰੀ. "ਤੀਜੜੀ ਲਾਵ ਮਨਿ ਚਾਉ ਭਇਆ." (ਸੂਹੀ ਛੰਤ ਮਃ ੪) "ਤੀਜਾ ਪਹਰੁ ਭਇਆ." (ਤੁਖਾ ਛੰਤ ਮਃ ੧) ਤੀਜੇ ਪਹਰ ਤੋਂ ਭਾਵ ਪਚਾਸ ਅਤੇ ਪਛੱਤਰ ਦੇ ਵਿਚਕਾਰ ਦੀ ਅਵਸਥਾ ਹੈ.

ਤੀਜਾ ਦੀਨ, ਤੀਜਾ ਮਤ: ਸੰਗਜਾ- ਸਿੱਖਧਰਮ, ਜੋ ਹਿੰਦੂ ਮੁਸਲਮਾਨ ਤੋਂ ਭਿੰਨ ਹੈ. "ਕਲਿਜੁਗ ਵਿੱਚ ਮਨਸੂਖ਼ ਹੈ ਹਿੰਦੂ ਮੁਸਲਮਾਨ। ਤੀਜਾ ਦੀਨ ਚਲਾਇਆ ਮੁਸ਼ਕਲ ਥਿਆ ਅਸਾਨ ॥" (ਮਗੋ)

ਤੀਤਰ: ਦੇਖੋ, ਤਿੱਤਰ.

ਤੀਤਾ: ਦੇਖੋ, ਤਿਕ੍ਤ.

ਤੀਨ: ਵਿ- ਤ੍ਰੀਣਿ. ਤਿੰਨ. ਤ੍ਰਯ। ੨. ਤਿੰਨ ਸੰਖਜਾ ਬੋਧਕ ਵਸ੍ਤੁ, ਯਥਾ- ਤਿੰਨ ਲੋਕ, ਤਿੰਨ ਗੁਣ, ਤਿੰਨ ਦੇਵਤਾ, ਤਿੰਨ ਤਾਪ, ਤਿੰਨ ਕਾਲ ਆਦਿ. ਦੇਖੋ, ਤੀਨਿ.

ਤੀਨਉ: ਕ੍ਰਿ. ਵਿ- ਤਿੰਨੇ. ਤੀਨ ਹੀ.

ਤੀਨ ਅਸਥਾਨ: ਸ੍ਵਰਗ, ਮਰਤਯ ਅਤੇ ਪਾਤਾਲ.

ਤੀਨ ਅਗਨਿ: ਦੇਖੋ, ਤਿੰਨ ਅਗਨੀਆਂ. "ਮਨਹੁ ਅਗਨਿ ਤੀਨਹੁ ਤਨ ਧਾਰੀ." (ਗੁਪ੍ਰਸੂ)

ਤੀਨ ਆਵਰਤ: ਦੇਖੋ, ਆਵਰਤ.

ਤੀਨ ਸਿਰ: ਦੇਖੋ, ਤ੍ਰਿਸਿਰਾ.

ਤੀਨ ਖੋੜਾ: ਦੇਖੋ, ਖੋੜਾ.

ਤੀਨ ਦੋਖ: ਦੇਖੋ, ਤ੍ਰਿਦੋਖ। ੨. ਸ਼ਰੀਰ, ਮਨ ਅਤੇ ਵਾਣੀ ਦੇ ਦੋਸ਼.

ਤੀਨ ਬਾਰ ਨਾਇਕ ਸ਼ਬਦ, ਤੀਨ ਬਾਰ ਨਾਇਕ ਪਦ, ਤੀਨ ਬਾਰ ਨ੍ਰਿਪ ਪਦ, ਤੀਨ ਬਾਰ ਪਤਿ ਪਦ: "ਦੇਵ ਸਬਦ ਕਹੁ ਆਦਿ ਬਖਾਨਹੁ। ਨ੍ਰਿਪ ਪਦ ਤੀਨ ਬਾਰ ਪੁਨ ਠਾਨਹੁ। ਸਤ੍ਰੁ ਸਬਦ ਕੋ ਬਹੁਰ ਭਣਿੱਜੈ। ਨਾਮ ਤੁਪਕ ਕੇ ਸਭ ਲਹਿ ਲਿੱਜੈ।" (ਸਨਾਮਾ) ਦੇਵ ਨ੍ਰਿਪ ਨ੍ਰਿਪ ਨ੍ਰਿਪ ਸਤ੍ਰੁ. ਦੇਵਰਾਜ ਇੰਦ੍ਰ, ਉਸ ਦਾ ਸ੍ਵਾਮੀ ਕਸ਼ਜਪ, ਕਸ਼ਜਪ ਦੀ ਪ੍ਰਜਾ ਦਾ ਸ੍ਵਾਮੀ ਯੋਧਾ, ਉਸ ਦੀ ਵੈਰਣ ਬੰਦੂਕ. ਦੇਖੋ, ਸਸਤ੍ਰ ਨਾਮਮਾਲਾ ਸ਼ਬਦ.

ਤੀਨਮੁੰਡ: ਦੇਖੋ, ਤ੍ਰਿਸਿਰਾ ਅਤੇ ਤ੍ਰਿਮੁੰਡ. "ਪਠਯੋ ਤੀਨਮੁੰਡੰ." (ਰਾਮਾਵ)

ਤੀਨ ਮੁਦ੍ਰਾ: ਦੇਖੋ, ਤ੍ਰੈਮੁਦ੍ਰਾ.

ਤੀਨ ਲੇਖ: ਉੱਤਮ, ਮੱਧਮ, ਮੰਦ। ੨. ਸਾਤ੍ਵਿਕ, ਰਾਜਸ, ਤਾਮਸ. "ਦਰਗਹਿ ਘੜੀਐ ਤੀਨੇ ਲੇਖ." (ਧਨਾ ਮਃ ੧)

ਤੀਨ ਲੋਕ: ਦੇਖੋ, ਤ੍ਰਿਲੋਕ ਅਤੇ ਲੋਕ.

ਤੀਨਿ: ਸੰ. त्रीणि- ਤ੍ਰੀਣਿ. ਵਿ- ਤਿੰਨ. "ਤੀਨਿ ਗੁਣਾ ਮਹਿ ਬਿਆਪਿਆ." (ਗਉ ਥਿਤੀ ਮਃ ੫) ੨. ਕ੍ਰਿ. ਵਿ- ਤਿੰਨੇ. ਤੀਨੋ. "ਤੀਨਿ ਦੇਵ ਅਰੁ ਕੋੜਿ ਤੇਤੀਸਾ." (ਗੂਜ ਮਃ ੫) ੩. ਤੇਹਾਂ. ਤਿੰਨਾਂ. "ਤੀਨਿ ਭਵਨ ਮਹਿ ਗੁਰ ਗੋਪਾਲਾ." (ਓਅੰਕਾਰ)

ਤੀਨਿ ਸਮਾਏ ਏਕ ਕ੍ਰਿਤਾਰਥ: (ਪ੍ਰਭਾ ਅਃ ਮਃ ੧) ਕ੍ਰਿਤਾਰਥ ਪੁਰੁਸ਼ ਦੇ ਇੱਕ ਪਦਾਰਥ (ਮੋਕ੍ਸ਼) ਵਿੱਚ, ਤਿੰਨ- ਧਰਮ ਅਰਥ ਕਾਮ ਸਮਾਏ.

ਤੀਨਿ ਸਮਾਵੈ ਚੋਥੈ ਵਾਸਾ: (ਬਿਲਾ ਥਿਤੀ ਮਃ ੧) ਤਿੰਨ ਗੁਣਾਂ ਤੋਂ ਪਰੇ ਚੌਥਾ ਆਤਮਾ। ੨. ਤਿੰਨ ਅਵਸਥਾ ਤੋਂ ਪਰੇ ਤਰੀਯ (ਤੁਰੀਆ) ਪਦ. ਨਿਰਵਾਣ.

ਤੀਨਿ ਛੰਦ ਖੇਲ: ਦੇਖੋ, ਛੰਦ ਖੇਲ.

ਤੀਨਿ ਜਗਾਤੀ: ਭਾਵ- ਮਾਇਆ ਦੇ ਤਿੰਨ ਗੁਣ. "ਤੀਨਿ ਜਗਾਤੀ ਕਰਤ ਰਾਰਿ." (ਬਸੰ ਕਬੀਰ)

ਤੀਨਿ ਦੇਵ: ਬ੍ਰਹਮਾ, ਵਿਸ਼ਨੁ, ਸ਼ਿਵ. "ਤੀਨਿ ਦੇਵ ਪ੍ਰਤਖਿ ਤੋਰਹਿ." (ਆਸਾ ਕਬੀਰ)

ਤੀਨਿਦੋਖੀ: ਤਿੰਨ ਦੋਸ਼ਾਂ ਵਾਲਾ। ੨. ਤਿੰਨ ਦ੍ਵੈਸ਼ੀ (ਵੈਰੀ) "ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ." (ਕੇਦਾ ਮਃ ੫) ਦੇਖੋ, ਪੰਚ ਦਾਸ.

ਤੀਨਿ ਨਦੀ: ਇੜਾ, ਪਿੰਗਲਾ, ਸੁਖਮਨਾ। ੨. ਗੰਗਾ, ਜਮੁਨਾ, ਸਰਸ੍ਵਤੀ. "ਤੀਨਿ ਨਦੀ ਤਹਿ ਤ੍ਰਿਕੁਟੀ ਮਾਹਿ." (ਗਉ ਕਬੀਰ ਵਾਰ ੭)

ਤੀਨਿ ਨਾਮ ਕੇ ਦਾਸਾ: ਦੇਖੋ, ਬਾਣੀ ੧.

ਤੀਨੇ, ਤੀਨੋ, ਤੀਨੌ: ਕ੍ਰਿ. ਵਿ- ਤਿੰਨੇ. ਤੀਨ ਹੀ. "ਤੀਨੇ ਤਾਪ ਨਿਵਾਰਣਹਾਰਾ." (ਟੋਡੀ ਮਃ ੫) "ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ." (ਗਉ ਰਵਿਦਾਸ) ਦੇਖੋ, ਤੀਨ ਲੇਖ.

ਤੀਬਰ, ਤੀਬ੍ਰ: ਸੰ. ਤੀਵ੍ਰ- ਵਿ- ਅਤਜੰਤ. ਬਹੁਤ। ੨. ਤਿੱਖਾ. ਤੇਜ। ੩. ਬਹੁਤ ਗਰਮ। ੪. ਸੰਗੀਤ ਅਨੁਸਾਰ ਚੜ੍ਹਿਆ ਹੋਇਆ। ਸੁਰ.[596] ਦੇਖੋ, ਸ੍ਵਰ। ੫. ਸੰਗ੍ਯਾ- ਸ਼ਿਵ। ੬. ਲੋਹਾ। ੭. ਨਦੀ ਦਾ ਕਿਨਾਰਾ.

---

[596] ਭਾਵ ਸੁਰ ਕੇਵਲ ਸਧਯਮ (ਮੱਧਮ) ਹੋਇਆ ਕਰਦਾ ਹੈ.

ਤੀਮਾਰ: ਫ਼ਾ. تیمار ਗ਼ਮ. ਫ਼ਿਕਰ. ਚਿੰਤਾ.

ਤੀਮਾਰਦਾਰੀ: ਫ਼ تیمارداری ਸੰਗ੍ਯਾ- ਫ਼ਿਕਰ ਕਰਨ ਦੀ ਕ੍ਰਿਯਾ. ਗ਼ਮਖ਼ਾਰੀ। ੨. ਰੋਗੀਆਂ ਦੀ ਸੇਵਾ ਅਤੇ ਖ਼ਬਰਦਾਰੀ ਦਾ ਕੰਮ.

ਤੀਯ, ਤੀਯਾ: ਸੰਗ੍ਯਾ- ਸ੍ਤ੍ਰੀ. ਔਰਤ. ਨਾਰੀ। ੨. ਭਾਰ੍ਯਾ. ਵਹੁਟੀ.

ਤੀਰ: ਸੰ. ਤੀਰ. ਧਾ- ਪੂਰਨ ਕਰਨਾ, ਪਾਰ ਲਾਉਣਾ। ੨. ਸੰਗ੍ਯਾ- ਨਦੀ ਦਾ ਕਿਨਾਰਾ. ਕੰਢਾ. ਤਟ. ਪਾਣੀ ਦੀ ਧਾਰ ਤੋਂ ਪੰਜਾਹ ਹੱਥ ਤੀਕ ਦਾ ਅਸਥਾਨ. "ਗੰਗਾ ਤੀਰ ਜੁ ਘਰੁ ਕਰਹਿ." (ਸ. ਕਬੀਰ) ੨. ਕ੍ਰਿ. ਵਿ- ਪਾਸ. ਨੇੜੇ. "ਨਾ ਲਾਗੈ ਜਮ ਤੀਰ." (ਸ੍ਰੀ ਅਃ ਮਃ ੧) ੩. ਸੰ. ਤੀਰੁ. ਸ਼ਿਵ ਦੀ ਸ੍ਤੁਤਿ. "ਕਾਹੂ ਤੀਰ ਕਾਹੂ ਨੀਰ ਕਾਹੂ ਬੇਦਬੀਚਾਰ." (ਗਉ ਮਃ ੫) ਕਿਸੇ ਨੂੰ ਸ਼ਿਵਭਗਤਿ, ਕਿਸੇ ਨੂੰ ਤੀਰਥਸੇਵਨ, ਕਿਸੇ ਨੂੰ ਵੇਦਾਭ੍ਯਾਸ ਦਾ ਪ੍ਰੇਮ ਹੈ। ੪. ਫ਼ਾ. تیر ਸੰਗ੍ਯਾ- ਵਾਣ. ਸ਼ਰ. ਸੰ. ਤੀਰਿਕਾ. "ਮੇਰੈ ਮਨਿ ਪ੍ਰੇਮ ਲਗੇ ਹਰਿ ਤੀਰ." (ਗੌਂਡ ਮਃ ੪) ੫. ਗੋਲੀ. "ਤੁਫੰਗ ਕੈਸੇ ਤੀਰ ਹੈਂ" (ਰਾਮਾਵ) ੬. ਗਜ਼। ੭. ਤੱਕੜੀ ਦੀ ਡੰਡੀ। ੮. ਸ਼ਤੀਰ. ਬਾਲਾ। ੯. ਪਾਰਾ। ੧੦. ਬਿਜਲੀ। ੧੧. ਸ਼ੋਭਾ। ੧੨. ਹਲ ਦਾ ਫਾਲਾ। ੧੩. ਕ੍ਰੋਧ.

ਤੀਰਗਰ: ਫ਼ਾ. تیرگر ਸੰਗ੍ਯਾ- ਤੀਰ ਬਣਾਉਣ ਵਾਲਾ ਕਾਰੀਗਰ. ਤੀਰਸਾਜ਼. ਸ਼ਰਕਾਰ.

ਤੀਰਣਾ: ਦੇਖੋ, ਅਕਵਾ.

ਤੀਰਥ, ਤੀਰਥੁ: ਸੰ. ਤੀਥੰ. ਸੰਗ੍ਯਾ- ਜਿਸ ਦ੍ਵਾਰਾ ਪਾਪ ਤੋਂ ਬਚ ਜਾਈਏ. ਪਵਿਤ੍ਰ ਅਸਥਾਨ. ਜਿੱਥੇ ਧਰਮਭਾਵ ਨਾਲ ਲੋਕ ਪਾਪ ਦੂਰ ਕਰਨ ਲਈ ਜਾਣ. ਸੰਸਾਰ ਦੇ ਸਾਰੇ ਮਤਾਂ ਨੇ ਆਪਣੇ ਆਪਣੇ ਨਿਸ਼ਚੇ ਅਨੁਸਾਰ ਅਨੇਕ ਪਵਿਤ੍ਰ ਥਾਂ ਤੀਰਥ ਮੰਨ ਰੱਖੇ ਹਨ, ਕਿਤਨਿਆਂ ਨੇ ਦਰਸ਼ਨ ਅਤੇ ਸਪਰਸ਼ ਮਾਤ੍ਰ ਤੋਂ ਹੀ ਤੀਰਥਾਂ ਨੂੰ ਮੁਕਤਿ ਦਾ ਸਾਧਨ ਨਿਸ਼ਚੇ ਕੀਤਾ ਹੈ. ਗੁਰਮਤ ਅਨੁਸਾਰ ਧਰਮ ਦੀ ਸਿਖ੍ਯਾ ਅਤੇ ਇਤਿਹਾਸ ਦੀ ਘਟਨਾ ਤੋਂ ਕੋਈ ਲਾਭ ਲੈਣ ਲਈ ਤੀਰਥਾਂ ਤੇ ਜਾਣਾ ਉੱਤਮ ਹੈ, ਪਰ ਤੀਰਥਾਂ ਦਾ ਮੁਕਤਿ ਨਾਲ ਸਾਕ੍ਸ਼ਾਤ ਸੰਬੰਧ ਨਹੀਂ ਹੈ.

ਗੁਰੂ ਸਾਹਿਬ ਨੇ ਯਥਾਰਥ ਤੀਰਥ ਜੋ ਸੰਸਾਰ ਨੂੰ ਦੱਸਿਆ ਹੈ, ਉਹ ਇਹ ਹੈ:-

"ਤੀਰਥਿ ਨਾਵਣ ਜਾਉ, ਤੀਰਥੁ ਨਾਮੁ ਹੈ। ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ." (ਧਨਾ ਮਃ ੧. ਛੰਤ) "ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ." (ਵਾਰ ਮਲਾ ਮਃ ੧)

ਲੋਕਾਂ ਦੇ ਮੰਨੇ ਹੋਏ ਤੀਰਥਾਂ ਬਾਬਤ ਸਤਿਗੁਰੂ ਫਰਮਾਉਂਦੇ ਹਨ:-

"ਤੀਰਥ ਨ੍ਹਾਤਾ ਕਿਆ ਕਰੇ ਮਨ ਮਹਿ ਮੈਲ ਗੁਮਾਨ." (ਸ੍ਰੀ ਅਃ ਮਃ ੧)"ਅਨੇਕ ਤੀਰਥ ਜੇ ਜਤਨ ਕਰੈ, ਤਾਂ ਅੰਤਰ ਕੀ ਹਉਮੈ ਕਦੇ ਨ ਜਾਇ." (ਗੂਜ ਮਃ ੩)

"ਤੀਰਥਿ ਨਾਇ ਨ ਉਤਰਸਿ ਮੈਲ। ਕਰਮ ਧਰਮ ਸਭ ਹਉਮੈ ਫੈਲ." (ਰਾਮ ਮਃ ੫)

੨. ਧਰਮ ਦੱਸਣ ਵਾਲਾ ਸ਼ਾਸਤ੍ਰ। ੩. ਉਪਾਯ. ਯਤਨ। ੪. ਯੋਨਿ. ਭਗ। ੫. ਗੁਰੂ। ੬. ਅਗਨਿ। ੭. ਕਰਤਾਰ। ੮. ਸੰਨ੍ਯਾਸੀਆਂ ਦੀ ਇੱਕ ਖ਼ਾਸ ਜਮਾਤ, ਜਿਸ ਦੇ ਨਾਮ ਦੇ ਪਿੱਛੇ ਤੀਰਥ ਸ਼ਬਦ ਲਾਇਆ ਜਾਂਦਾ ਹੈ. "ਤੀਰਥਨ ਬੀਚ ਜੇ ਸਿੱਖ ਕੀਨ। ਤੀਰਥ ਸੁ ਨਾਮ ਤਿਨ ਕੇ ਪ੍ਰਬੀਨ." (ਦੱਤਾਵ) ਦੇਖੋ, ਦਸ ਨਾਮ ਸੰਨ੍ਯਾਸੀ। ੯. ਅਤਿਥਿ. ਅਭ੍ਯਾਗਤ। ੧੦. ਮਾਤਾ ਪਿਤਾ। ੧੧. ਰਾਜ ਦਾ ਅੰਗ. ਨੀਤਿਸ਼ਾਸਤ੍ਰ ਵਿੱਚ ਅਠਾਰਾਂ ਤੀਰਥ ਲਿਖੇ ਹਨ-

ਮੰਤ੍ਰੀ, ਪੁਰੋਹਿਤ, ਯੁਵਰਾਜ (ਟਿੱਕਾ), ਰਾਜਾ, ਡਿਹੁਡੀ ਵਾਲਾ, ਜ਼ਨਾਨਖ਼ਾਨੇ ਦਾ ਅਫ਼ਸਰ, ਜੇਲ ਦਾ ਦਾਰੋਗ਼ਾ, ਧਨ ਇਕੱਠਾ ਕਰਨ ਵਾਲਾ (ਦੀਵਾਨ), ਕ਼ਾਨੂਨੀ ਸਲਾਹ਼ਕਾਰ, ਕੋਤਵਾਲ, ਇ਼ਮਾਰਤਾਂ ਦਾ ਅਫ਼ਸਰ, ਸਭਾਪਤੀ, ਅ਼ਦਾਲਤੀ, ਜੰਗੀ ਕਿਲੇ ਦਾ ਅਫ਼ਸਰ, ਜੰਗਲ ਦਾ ਅਫ਼ਸਰ, ਸਰਹੱਦੀ ਅਫ਼ਸਰ, ਸੈਨਾਪਤਿ ਅਤੇ ਦੂਤ (ਵਕੀਲ). ੧੨. ਬੇਰੀ ਗੋਤ ਦਾ ਗੁਰੂ ਅਰਜਨਦੇਵ ਦਾ ਇੱਕ ਪ੍ਰੇਮੀ ਸਿੱਖ। ੧੩. ਉੱਪਲ ਗੋਤ ਦਾ ਗੁਰੂ ਹਰਿਗੋਬਿੰਦ ਸਾਹਿਬ ਦਾ ਇੱਕ ਗ੍ਯਾਨੀ ਅਤੇ ਯੋਧਾ ਸਿੱਖ.

ਤੀਰਥਯਾਤ੍ਰਾ: ਸੰਗ੍ਯਾ- ਪਵਿਤ੍ਰ ਅਸਥਾਨਾਂ ਤੇ ਜਾਣ ਦੀ ਕ੍ਰਿਯਾ. ਤੀਰਥਾਟਨ.

ਤੀਰਥਰਾਜ: ਸੰਗਯਾ- ਸਤਸੰਗ। ੨. ਕਰਤਾਰ ਦਾ ਨਾਮ। ੩. ਸ਼੍ਰੀ ਅਮ੍ਰਿਤਸਰ। ੪. ਹਿੰਦੂਮਤ ਅਨੁਸਾਰ ਪ੍ਰਯਾਗ.

ਤੀਰਥਾ: ਸੱਭਰਵਾਲ ਗੋਤ ਦਾ ਖਤ੍ਰੀ, ਜੋ ਗੁਰੂ ਰਾਮਦਾਸ ਜੀ ਦਾ ਸਿੱਖ ਹੋਇਆ. ਸਤਿਗੁਰੂ ਨੇ ਇਸ ਨੂੰ ਸੱਚ ਬੋਲਣ ਦੀ ਸਿਖ੍ਯਾ ਦਿੱਤੀ। ੨. ਚੱਢਾ ਜਾਤਿ ਦਾ ਗੁਰੂ ਅਰਜਨਦੇਵ ਦਾ ਸਿੱਖ। ੩. ਇੱਕ ਸ਼ਾਹੀ ਫ਼ੌਜ ਦਾ ਸਿਪਾਹੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਇਆ। ੪. ਦੇਖੋ, ਮੰਢ.

ਤੀਰਥਿ: ਤੀਰਥ ਵਿੱਚ. ਤੀਰਥ ਉੱਪਰ. "ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ." (ਧਨਾ ਛੰਤ ਮਃ ੧) ੨. ਤੀਰਥ ਤੋਂ. ਤੀਰਥ ਦ੍ਵਾਰਾ.

ਤੀਰਥੁ: ਦੇਖੋ, ਤੀਰਥ। ੨. ਸੰ. तीर्णार्थिन- ਤੀਰਣਾਰ੍‍ਥੀ. ਵਿ- ਤਰਣ ਦੀ ਇੱਛਾ ਵਾਲਾ. "ਆਪੇ ਤੀਰਥੁ ਤੁਲਹਾ ਪਿਆਰਾ, ਆਪਿ ਤਰੇ ਪ੍ਰਭੁ ਆਪੇ." (ਸੋਰ ਮਃ ੪)

ਤੀਰਥੰਕਰ: ਸੰ. तीर्थंकर. ਜੋ ਤੀਰ੍‍ਥ (ਸ਼ਾਸਤ੍ਰ) ਨੂੰ ਕਰੇ (ਰਚੇ). ਸ਼ਾਸਤ੍ਰ ਕਰਤਾ. ਜੈਨਮਤ ਦਾ ਰਿਖੀ. ਹਿੰਦੂਆਂ ਦੇ ੨੪ ਅਵਤਾਰਾਂ ਵਾਂਙ ਜੈਨੀਆਂ ਨੇ ਭੀ ਆਪਣੇ ਚੌਵੀਹ ਤੀਰਥੰਕਰ ਮੰਨੇ ਹਨ. ਵੀਤ ਗਈ ਉਤਸਰਪਿਣੀ ਵਿੱਚ ਇਹ ੨੪ ਤੀਰਥੰਕਰ ਹੋਏ ਹਨ:-

ਸ਼੍ਰੀਨਿਵਾਸ, ਸਾਗਰ, ਮਹਾਸਾਧੁ, ਵਿਮਲਪ੍ਰਭੁ, ਸ਼੍ਰੀਧਰ, ਸੁਦੱਤ, ਅਮਲਪ੍ਰਭ, ਉੱਧਰ, ਅੰਗਿਰ, ਸੰਮਤਿ, ਸਿੰਧੁਨਾਥ, ਕੁਸੁਮਾਂਜਲਿ, ਸ਼ਿਵਗਣ, ਉਤਸਾਹ, ਗ੍ਯਾਨੇਸ਼੍ਵਰ, ਪਰਮੇਸ਼੍ਵਰ, ਵਿਮਲੇਸ਼੍ਵਰ, ਯਸ਼ੋਧਰ, ਕ੍ਰਿਸ਼ਨਮਤਿ, ਗ੍ਯਾਨਮਤਿ, ਸ਼ੁੱਧਮਤਿ, ਸ਼੍ਰੀਭਦ੍ਰ, ਅਤਿਕ੍ਰਮ ਅਤੇ ਸ਼ਾਂਤਿ.

ਵਰਤਮਾਨ ਅਵਸਰਪਿਣੀ ਦੇ ਆਰੰਭ ਵਿੱਚ ਇਹ ੨੪ ਤੀਰਥੰਕਰ ਹੋਏ ਹਨ-

ਰਿਸ਼ਭਦੇਵ, ਅਜਿਤਨਾਥ, ਸੰਭਵਨਾਥ, ਅਭਿਨੰਦਨਨਾਥ, ਸਮਤਿਨਾਥ, ਪਦਮਪ੍ਰਭ, ਸੁਪਾਰ਼੍ਸ਼੍ਵਨਾਥ, ਚੰਦ੍ਰਪ੍ਰਭ, ਪ੍ਰਸ਼੍ਪਦੰਤ, ਸ਼ੀਤਲਨਾਥ, ਸ਼੍ਰੇਯਾਂਸਨਾਥ, ਵਾਸਪੂਜ੍ਯ ਸ੍ਵਾਮੀ, ਵਿਮਲਨਾਥ, ਅਨੰਤਨਾਥ, ਧਰਮਨਾਥ, ਸ਼ਾਂਤਿਨਾਥ, ਕੁੰਥਨਾਥ, ਅਮਰਨਾਥ, ਮੱਲਿਨਾਥ, ਮੁਨਿਸ਼ਵ੍ਰਤ ਨਾਥ, ਨਮਿਨਾਥ, ਨੇਮਿਨਾਥ, ਪਾਰ਼੍ਸ਼੍ਵਨਾਥ, ਅਤੇ ਮਹਾਵੀਰ ਸ੍ਵਾਮੀ.

ਤੀਰਥੰਕਰਾਂ ਦੇ ਰੰਗ ਅਤੇ ਚਿੰਨ੍ਹ ਵੱਖੋ ਵੱਖ ਹੁੰਦੇ ਹਨ, ਜਿਵੇਂ ਰਿਸ਼ਭਦੇਵ ਦਾ ਬੈਲ ਦਾ ਚਿੰਨ੍ਹ ਸੰਭਵਦੇਵ ਦਾ ਘੋੜੇ ਦਾ ਚਿੰਨ੍ਹ ਹੈ. ਐਸੇ ਹੀ ਕਮਲ, ਕੱਛੂ, ਗੈਂਡਾ ਆਦਿ ਦੇ ਜੁਦੇ ਜੁਦੇ ਨਿਸ਼ਾਨ ਤੀਰਥੰਕਰਾਂ ਦੇ ਹਨ.

ਇਨ੍ਹਾਂ ਤੀਰਥੰਕਰਾਂ ਦੇ ਕ਼ੱਦ ਅਤੇ ਉਮਰ ਯਥਾਕ੍ਰਮ ਸਮੇਂ ਅਨੁਸਾਰ ਘਟਦੇ ਰਹਿੰਦੇ ਹਨ. ਇਨ੍ਹਾਂ ਵਿੱਚੋਂ ਸਭ ਤੋਂ ਪਹਿਲੇ ਅਤੇ ਅੰਤਿਮ ਦੇਵਤਾ ਦਾ ਵ੍ਰਿੱਤਾਂਤ ਦੇਖਣ ਤੋਂ ਬਾਕੀ ਸਾਰਿਆਂ ਦਾ ਪਤਾ ਲਗ ਸਕਦਾ ਹੈ.

ਇਕ੍ਸ਼੍ਵਾਕੁ ਦੀ ਵੰਸ਼ ਵਿੱਚ ਨਾਭਿ ਦਾ ਪੁਤ੍ਰ, "ਰਿਸ਼ਭ" "ਮਰੁਦੇਵੀ" ਦੇ ਉਦਰ ਤੋਂ ਅਵਧ ਪੁਰੀ ਵਿੱਚ ਜਨਮਿਆ ਸੀ. ਇਹ ਤੀਰਥੰਕਰ ਬਸੰਤੀ ਰੰਗ ਧਾਰਨ ਕਰਦਾ ਹੈ ਅਤੇ ਬੈਲ ਦਾ ਚਿੰਨ੍ਹ ਹੈ. ਇਸ ਦਾ ਕੱਦ ੫੦੦ ਬਾਂਸ[597] ਉੱਚਾ ਸੀ, ਅਤੇ ਇਸ ਨੇ ੮, ੪੦੦, ੪੦੦ ਵਰ੍ਹੇ ਉਮਰ ਭੋਗੀ ਜਦ ਇਹ ਰਾਜਗੱਦੀ ਤੇ ਬੈਠਾ ਤਾਂ ਇਹ ੨, ੦੦੦, ੦੦੦ ਵਰ੍ਹਿਆਂ ਦਾ ਸੀ. ਰਿਸ਼ਭ ਨੇ ੧੦੦, ੦੦੦ ਵਰ੍ਹੇ ਤਪ ਕੀਤਾ, ਜਿਸ ਕਾਰਣ ਇਹ ਦੇਵਤਾ ਹੋਣ ਦਾ ਅਧਿਕਾਰੀ ਹੋਇਆ.

ਮਹਾਵੀਰ ਸਭ ਤੋਂ ਪਿਛਲਾ, ਪਰ ਸਭ ਤੋਂ ਮਸ਼ਹੂਰ ਦੇਵਤਾ ਹੈ. ਇਸ ਨੂੰ 'ਸੰਤ' ਭੀ ਆਖਦੇ ਹਨ. ਇਸ ਦੀ ਮੂਰਤਿ ਸੁਨਹਿਰੀ ਰੰਗ ਦੀ ਹੈ ਅਤੇ ਸ਼ੇਰ ਇਸ ਦਾ ਚਿੰਨ੍ਹ ਹੈ. ਜਦ ਇਸ ਦੀ ੨੮ ਵਰ੍ਹੇ ਦੀ ਉਮਰ ਹੋਈ ਤਾਂ ਇਸ ਦਾ ਪਿਤਾ ਮਰ ਗਿਆ. ਉਸ ਤੋਂ ਪਿੱਛੋਂ ਦੋ ਵਰ੍ਹੇ ਇਸ ਨੇ ਰਾਜ ਕੀਤਾ, ਫੇਰ ਰਾਜਪਾਟ ਛੱਡਕੇ ਤਪ ਵਿੱਚ ਲੱਗ ਗਿਆ ਅਤੇ ੭੨ ਵਰ੍ਹੇ ਦੀ ਉਮਰ ਵਿੱਚ ਸੰਸਾਰ ਦੇ ਦੁੱਖਾਂ ਤੋਂ ਰਹਿਤ ਹੋਕੇ ਮੁਕ੍ਤ ਹੋ ਗਿਆ. ਮਹਾਵੀਰ (ਅਥਵਾ ਵਰਧਮਾਨ) ਈ਼ਸਵੀ ਸਨ ਤੋਂ ੪੩੭ ਵਰ੍ਹੇ ਪਹਿਲਾਂ ਹੋਇਆ ਹੈ.

ਤੀਰਮਦਾਜ: ਦੇਖੋ, ਤੀਰੰਦਾਜ.

---

[597] ਬਾਂਸ (ਵੰਸ਼) ਬਾਰਾਂ ਹੱਥ (ਛੀ ਗੱਜ) ਦਾ ਹੁੰਦਾ ਹੈ.

ਤੀਰਾ, ਤੀਰਾਹ: ਸਰਹੱਦੀ ਹੱਦ (N. W. F. P. ) ਤੇ ਪੇਸ਼ਾਵਰ ਤੋਂ ਪਰੇ ਇੱਕ ਪਹਾੜੀ ਇਲਾਕ਼ਾ, ਜੋ ਖ਼ੈਬਰ ਪਾਸ ਅਤੇ ਖ਼ਾਨਕੀ ਘਾਟੀ ਦੇ ਵਿਚਕਾਰ ਹੈ. ਇਸ ਵਿੱਚ ਓਰਕਜ਼ਈ ਅਤੇ ਅਫ਼ਰੀਦੀ ਪਠਾਣ ਬਹੁਤ ਕਰਕੇ ਆਬਾਦ ਹਨ. ਇਸ ਵਿੱਚ ਬਾੜਾ ਦਰਿਆ ਵਹਿੰਦਾ ਹੈ. ਸਨ ੧੮੯੭ ਦੀ ਤੀਰਾਂ ਦੀ ਲੜਾਈ ਭਾਰਤ ਵਿੱਚ ਪ੍ਰਸਿੱਧ ਹੈ। ੨. ਫ਼ਾ. ਵਿ- ਕਾਲਾ. ਸਜਾਹ. ਦੇਖੋ, ਤੀਰਾ ਦਿਲ.

ਤੀਰਾ ਦਿਲ: ਫ਼ਾ. تیرہ دِل ਤੀਰਹ (ਸਜਾਹ) ਦਿਲ. ਕਾਲੇ ਮਨ ਵਾਲਾ. ਦੇਖੋ, ਤੀਰਾ ੨.

ਤੀਰੁ: ਦੇਖੋ, ਤੀਰ। ੨. ਕ੍ਰਿ. ਵਿ- ਨੇੜੇ. ਸਮੀਪ. ਕੋਲ. "ਨ ਲਗੈ ਜਮ ਤੀਰੁ." (ਰਾਮ ਅਃ ਮਃ ੧) ੩. ਸੰ. ਸੰਗਯਾ- ਸ਼ਿਵ. ਮਹਾਦੇਵ.

ਤੀਰੰਦਾਜ਼: ਫ਼ਾ. تیرانداز ਸੰਗਯਾ- ਤੀਰ ਦਾ ਨਿਸ਼ਾਨਾ ਲਾਉਣ ਵਾਲਾ. ਧਨੁਰਧਰ.

ਤੀਲ, ਤੀਲਾ: ਸੰਗਯਾ- ਸੀਖ ਲੰਮਾ ਡੱਕਾ. ਜੌਂ ਕਣਕ ਆਦਿ ਦੀ ਨਾਲੀ. "ਜੈਸੇ ਪੋਲ ਤੀਲ ਤੇ ਕਿਲਾਲ ਕੋ ਸੁ ਫੂਕ ਨਾਲ ਖੈਂਚ ਲੇਤ ਬਾਲਕ." (ਗੁਪ੍ਰਸੂ) ਪੋਲੇ ਤੀਲੇ ਵਿਚਦੀਂ ਫੂਕ ਦੇ ਜੋਰ ਬੱਚੇ ਕੀਲਾਲ (ਪਾਣੀ) ਖਿੱਚ ਲੈਂਦੇ ਹਨ.

ਤੀਲੀ: ਛੋਟਾ ਤੀਲਾ. ਸੀਖ਼। ੨. ਇਸਤ੍ਰੀਆਂ ਦੇ ਨੱਕ ਵਿੱਚ ਪਹਿਰਣ ਦਾ ਇੱਕ ਭੂਖਣ.

ਤੀਵ੍ਰ: ਦੇਖੋ, ਤੀਬ੍ਰ.

ਤੀਵ੍ਰਗੰਧਾ: ਸੰਗਯਾ- ਅਜਵਾਯਨ. ਜਵਾਇਣ। ੨. ਹਿੰਗੁ.

ਤੁ: ਵਯ- ਔਰ. ਅਤੇ. ਪਰੰਤੁ। ੨. ਸੇ. ਤੋਂ. "ਸਤਿਗੁਰ ਹਥਿ ਕੁੰਜੀ ਹੋਰਤੁ ਦਰ ਖੁਲੈ ਨਾਹੀ." (ਮਾਝ ਅਃ ਮਃ ੩) ੩. ਸਰਵ- ਤ੍ਵ. ਤੇਰਾ. "ਤੁ ਘਰ." (ਸਵੈਯੇ ਸ੍ਰੀ ਮੁਖਵਾਕ ਮਃ ੫) ੪. ਸੰ. ਵਯ- ਕਿੰਤੁ। ੫. ਭੇਦ। ੬. ਧਾਰਣ.

ਤੁਅ: ਸਰਵ- ਤੇਰਾ. ਤੇਰੇ. "ਤੁਅ ਚਰਨ ਆਸਰੋ, ਈਸ." (ਸਾਰ ਮਃ ੫) ੨. ਤੈਨੂ. ਤੁਝੇ. "ਤੁਅ ਨਿਰਖਤ ਰਹੈ ਜੀਉ." (ਸ. ਕਬੀਰ)

ਤੁਆ: ਸਰਵ- ਤ੍ਵੰ. ਤੂ. "ਸਮਸਤੁਆ ਪ੍ਰਧਾਨੰ." (ਗਯਾਨ)

ਤੁਆਨਾ: ਫ਼ਾ. توانا ਤਵਾਨਾ. ਸਿੰਧੀ. ਤਵਾਨੋ. ਵਿ- ਤ਼ਾਕ਼ਤਵਰ. ਪ੍ਰਬਲ. ਸ਼ਕਤਿਮਾਨ. ਇਸ ਦਾ ਮੂਲ ਤਵਾਨਿਸ੍ਤਨ (ਤ਼ਾਕ਼ਤ ਰੱਖਣਾ) ਹੈ. "ਮਨ ਤੁਆਨਾ, ਤੂ ਕੁਦਰਤੀ ਆਇਆ." (ਵਾਰ ਮਲਾ ਮਃ ੧)

ਤੁਆਮ: ਦੇਖੋ, ਤਾਮ ੪.

ਤੁਇ: ਦੇਖੋ, ਤੁਅ.

ਤੁਈ: ਸਰਵ- ਤੂਹੀ. ਕੇਵਲ ਤੂ. "ਏਕ ਤੁਈ ਏਕ ਤੁਈ." (ਵਾਰ ਮਾਝ ਮਃ ੧) ੨. ਦੇਖੋ, ਤੂਈ.

ਤੁਸ: ਸੰ. ਤੁਸ਼. ਸੰਗਯਾ- ਅੰਨ ਦੇ ਉੱਪਰਲਾ ਛਿਲਕਾ. ਤੁਹ. ਤੂਹੜ. "ਜਰਗੇ ਮਨੋ ਪਾਵਕ ਬੀਚ ਤੁਸਾ." (ਕ੍ਰਿਸਨਾਵ) ੨. ਆਂਡੇ ਦਾ ਛਿਲਕਾ। ੩. ਸੰ. तुष्. ਧਾ- ਤ੍ਰਿਪਤ ਹੋਣਾ, ਤ੍ਰਿਪਤ ਕਰਨਾ. ਇਸੇ ਤੋਂ ਤੁਸਣਾ ਤੁਸ਼੍ਟਿ ਤੋਸ਼ ਆਦਿ ਸ਼ਬਦ ਬਣਦੇ ਹਨ.

ਤੁਸਹਿ: ਤੁਸ਼੍ਟ (ਪ੍ਰਸੰਨ) ਹੋਵੇਂ. ਦੇਖੋ, ਤੁਸ ੩. "ਜਾ ਤੂੰ ਤੁਸਹਿ ਮਿਹਰਬਾਨ!" (ਵਾਰ ਗੂਜ ੨. ਮਃ ੫)

ਤੁਸਟ, ਤੁਸਟਿ, ਤੁਸਟੀ: ਦੇਖੋ, ਤੁਸ਼੍ਟ ਅਤੇ ਤੁਸ਼੍ਟਿ.

ਤੁਸਣਾ: ਕ੍ਰਿ- ਤੁਸ਼੍ਟ ਹੋਣਾ. ਪ੍ਰਸੰਨ ਹੋਣਾ. ਰੀਝਣਾ। ੨. ਤ੍ਰਿਪਤ ਹੋਣਾ. ਦੇਖੋ, ਤੁਸ ੩.

ਤੁਸਾ, ਤੁਸਾਂ: ਸਰਵ- ਤੁਸੀਂ. ਆਪ ਨੇ. ਤੁਸਾਂ ਨੂੰ. ਧੁਆਂਨੂੰ. "ਤੁਸਾ ਕਿਉਕਰਿ ਮਿਲਿਆ ਪ੍ਰਭੁ ਆਇ?" (ਸ੍ਰੀ ਮਃ ੪)

ਤੁਸਾਨਲ: ਦੇਖੋ, ਤੁਖਾਨਲ.

ਤੁਸਾਰ: ਸੰ. ਤੁਸ਼ਾਰ. ਸੰਗਯਾ- ਹਿਮ. ਬਰਫ਼. ਹਵਾ ਵਿੱਚ ਜਲ ਦੇ ਕਣਕੇ ਪਾਲੇ ਨਾਲ ਗਾੜ੍ਹੇ ਹੋਕੇ ਜੋ ਬਰਸਦੇ ਹਨ, ਉਸ ਦੀ ਤੁਸ਼ਾਰ ਸੰਗਯਾ ਹੈ. "ਧਰਨੀ ਪਰ ਆਨ ਤੁਸਾਰ ਪਰਯੋ ਹੈ." (ਚੰਡੀ ੧) ੨. ਪਾਲਾ. ਠੰਢ। ੩. ਦੇਖੋ, ਤੁਖਾਰ.

ਤੁਸਾਰਸਤ੍ਰ: ਸੰਗਯਾ- ਤੁਸ਼ਾਰ (ਬਰਫ਼) ਦਾ ਵੈਰੀ ਤਾਪ. ਗਰਮੀ। ੨. ਨਦੀ, ਜਿਸ ਦੇ ਵੇਗ ਨਾਲ ਬਰਫ਼ ਪਘਰ ਜਾਂਦੀ ਹੈ. (ਸਨਾਮਾ) ੩. ਸੂਰਜ.

ਤੁਸਾਰਾਦ੍ਰਿ: ਸੰਗਯਾ- ਤੁਸ਼ਾਰ (ਬਰਫ਼) ਦਾ ਅਦ੍ਰਿ (ਪਹਾੜ) ਹਿਮਾਲਯ.

ਤੁਸਾੜਾ, ਤੁਸਾੜੀ, ਤੁਸਾੜੀਆ: ਸਰਵ- ਤੁਸਾਂ ਦਾ. ਆਪ ਦਾ. ਆਪ ਦੀ. ਤੁਹਾਡਾ. ਤੁਹਾਡੀ." "ਸੇਵਾ ਕਰੀ ਤੁਸਾੜੀਆ." (ਵਾਰ ਰਾਮ ੨. ਮਃ ੫)

ਤੁਸਿ, ਤੁਸਿਕੈ: ਤੁਸ਼੍ਰ (ਪ੍ਰਸੰਨ) ਹੋਕੇ. ਰੀਝਕੇ. ਦੇਖੋ, ਤੁਸ ੩. "ਗੁਰਿ ਪੂਰੇ ਤੁਸਿ ਦੀਆ." (ਸੋਰ ਮਃ ੫) "ਤੁਸਿ ਆਪੇ ਲਇਅਨੁ ਛਡਾਇ." (ਸ੍ਰੀ ਮਃ ੫. ਪੈਪਾਇ) "ਟੇਕ ਸਤਿਗੁਰਿ ਦਿਤੀ ਤੁਸਿਕੈ." (ਸੂਹੀ ਛੰਤ ਮਃ ੫)

ਤੁਸੀ, ਤੁਸੀਂ: ਸਰਵ- ਆਪ. ਤੁਮ. ਤੂੰ ਦਾ ਬਹੁ ਵਚਨ. "ਤੁਸੀਂ ਭੋਗਹੁ ਭੁੰਚਹੁ ਭਾਈ ਹੋ." (ਸ੍ਰੀ ਮਃ ੫. ਪੈਪਾਇ)

ਤੁਸ੍ਰ: ਸੰ. ਵਿ- ਤੋਸ਼ ਨੂੰ ਪ੍ਰਾਪਤ ਹੋਇਆ. ਖ਼ੁਸ਼. ਪ੍ਰਸੰਨ। ੨. ਤ੍ਰਿਪਤ. ਦੇਖੋ, ਤੁਸ ੩.

ਤੁਸ੍ਰਿ: ਸੰ. ਸੰਗਯਾ- ਤ੍ਰਿਪਤਿ। ੨. ਪ੍ਰਸੰਨਤਾ। ੩. ਦੁਰਗਾ.

ਤੁਸ੍ਰੀ: ਦੇਖੋ, ਤੁਸ਼੍ਰਿ. "ਸਰਵ ਚਰਾਚਰਰੂਪਾ ਤੁਸ੍ਰੀ." (ਗੁਪ੍ਰਸੂ)

ਤੁਹ: ਸੰਗਯਾ- ਤੁਸ਼. ਫੂਸ. ਛਿਲਕਾ. "ਤੁਹ ਮੂਸਲਹਿ ਛਰਾਇਆ." (ਟੋਡੀ ਮਃ ੫) "ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ, ਪਲੈ ਕਿਛੂ ਨ ਪਾਇ." (ਸੋਰ ਮਃ ੩) ੨. ਸਰਵ- ਤੁਝੇ. ਤੈਨੂੰ

ਤੁਹਨੂ, ਤੁਹਨੋ: ਸਰਵ- ਤੈਨੂੰ. ਤੁਝੇ. "ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ." (ਜਪੁ)

ਤੁਹਫਾ: ਦੇਖੋ, ਤੋਫਾ.

ਤੁਹਮਤ: ਅ਼. تہمت ਸੰਗਯਾ- ਇਲਜ਼ਾਮ ਲਾਉਣ ਦੀ ਕ੍ਰਿਯਾ. ਦੋਸ਼ (ਕਲੰਕ) ਲਾਉਣਾ. "ਤੁਹਮਤ ਦੇਤ ਤੁਫਾਨ ਉਠਾਰਾ." (ਗੁਪ੍ਰਸੂ)

ਤੁਹਾਡਾ, ਤੁਹਾਡੀ, ਤੁਹਾਰ, ਤੁਹਾਰਉ, ਤੁਹਾਰਾ, ਤੁਹਾਰੀ, ਤੁਹਾਰੀਆ, ਤੁਹਾੜਾ, ਤੁਹਾੜੀ, ਤੁਹਾੜੀਆ: ਸਰਵ- ਆਪ ਦਾ. ਆਪ ਦੀ. ਤੁਮ੍ਹਾਰਾ. ਤੁਮ੍ਹਾਰੀ. ਤੇਰੀ. ਤੇਰਾ. "ਗੋਬਿੰਦ ਦਾਸ ਤੁਹਾਰ. (ਰਾਮਾਵ) "ਨਾਮ ਤੁਹਾਰਉ ਲੀਨਉ." (ਸੋਰ ਮਃ ੯) "ਭਗਤ ਤੁਹਾਰਾ ਸੋਈ." (ਸੂਹੀ ਮਃ ੫) "ਕੋਟਿ ਦੋਖ ਰੋਗਾ ਪ੍ਰਭੁ ਦ੍ਰਿਸਟਿ ਤੁਹਾਰੀ ਹਾਤੇ." (ਦੇਵ ਮਃ ੫) "ਨਾਨਕ ਸਰਣਿ ਤੁਹਾਰੀਆ." (ਮਾਰੂ ਮਃ ੧)

ਤੁਹਿਨ: ਸੰ. ਸੰਗਯਾ- ਤੁਸ਼ਾਰ. ਆਸਮਾਨ ਤੋਂ ਠੰਢ ਦੇ ਅਸਰ ਨਾਲ ਜਮਕੇ ਡਿਗਿਆ ਹੋਇਆ ਜਲ. ਬਰਫ਼. ਕੁਹਰਾ। ੨. ਚਾਂਦਨੀ. ਚੰਦ੍ਰਿਕਾ। ੩. ਸਰਦੀ. ਪਾਲਾ। ੪. ਵਿ- ਠੰਢਾ.

ਤੁਹਿਨਕਰ: ਸੰਗਯਾ- ਹਿਮਾਂਸ਼ੁ. ਚੰਦ੍ਰਮਾ, ਜਿਸ ਦੀ ਕਿਰਨਾਂ ਠੰਢੀਆਂ ਹਨ.

ਤੁਹਿਨਗਿਰਿ, ਤੁਹਿਨਾਚਲ, ਤੁਹਿਨਾਦ੍ਰਿ: ਸੰਗਯਾ- ਤੁਹਿਨ (ਬਰਫ਼) ਦਾ ਪਹਾੜ. ਹਿਮਾਲਯ.

ਤੁਹੀ: ਸਰਵ- ਕੇਵਲ ਤੂੰ. "ਤੁਹੀ ਤੁਹੀ ਤੁਹੀ." (ਅਕਾਲ)

ਤੁਕ: ਸੰਗਯਾ- ਛੰਦ ਦਾ ਚਰਣ। ੨. ਛੰਦ ਦੇ ਚਰਣ ਦਾ ਅੰਤਿਮ ਅੱਖਰ। ੩. ਸੰ. तुक्. ਬਾਲਕ. ਬੱਚਾ। ੪. ਸੰ. ਤ੍ਵਚ. ਖੱਲ. ਛਿਲਕਾ. "ਤਰੁ ਤੁਕ ਦੀ ਕਟਿ ਕੀਨ ਕੁਪੀਨਾ." (ਨਾਪ੍ਰ) ਬਲਕਲ ਦੀ ਕੌਪੀਨ.

ਤੁਕਤਾਰ: ਦੇਖੋ, ਤੁਗਦਾਰੀ.

ਤੁਕਲੈਣੀ: ਦੇਖੋ, ਆਵਾਜ਼ ਲੈਣੀ.

ਤੁਕਾਂਤ: ਸੰਗਯਾ- ਤੁਕ ਦਾ ਅੰਤ. ਤੁਕ ਦਾ ਪਿਛਲਾ ਪਦ ਅਤੇ ਅੱਖਰ. ਦੇਖੋ, ਅਨੁਪ੍ਰਾਸ.

ਤੁੱਕਲ: ਸੰਗਯਾ- ਵਡਾ ਪਤੰਗ. ਕਾਗਜ ਦੀ ਬਣਾਈ ਵਡੀ ਗੁੱਡੀ, ਜੋ ਮੋਟੀ ਡੋਰ ਬੰਨ੍ਹਕੇ ਹਵਾ ਵਿੱਚ ਉਡਾਈਦੀ ਹੈ.

ਤੁੱਕਾ: ਸੰਗਯਾ- ਕਿੱਕਰ ਦਾ ਫਲ। ੨. ਮੱਕੀ ਦਾ ਗੁੱਲਾ, ਜਿਸ ਉੱਪਰੋਂ ਦਾਣੇ ਲਾਹੇ ਗਏ ਹਨ। ੩. ਫ਼ਾ. تُکّہ ਇੱਕ ਪ੍ਰਕਾਰ ਦਾ ਤੀਰ, ਜਿਸ ਦੀ ਮੁਖੀ ਕੁੰਡੀ ਵਾਂਙ ਮੁੜੀ ਰਹਿੰਦੀ ਹੈ. ਜਦ ਇਹ ਤੀਰ ਸ਼ਰੀਰ ਵਿੱਚ ਗਡ ਜਾਵੇ ਤਦ ਔਖਾ ਨਿਕਲਦਾ ਹੈ. "ਤੁਫੰਗ ਤੁੱਕਨ ਕੇ ਮਾਰੇ." (ਚਰਿਤ੍ਰ ੪੦੫) "ਸਮ ਸੇਲ ਕਿਤਕ ਤੁੱਕੇ ਮਹਾਨ." (ਗੁਪ੍ਰਸੂ)

ਤੁਖ: ਸੰ. ਤੁਸ਼. ਦੇਖੋ, ਤੁਸ ੧. "ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ." (ਵਾਰ ਰਾਮ ੨. ਮਃ ੫) "ਕਣ ਬਿਨਾ ਜੈਸੇ ਥੋਥਰ ਤੁਖਾ." (ਗਉ ਮਃ ੫)

ਤੁਖ਼ਮ: ਫ਼ਾ. تُخم ਸੰਗਯਾ- ਬੀਜ। ੨. ਮੂਲ ਕਾਰਣ. ਮੂਲ ਵਸ੍ਤੁ। ੩. ਆਂਡਾ। ੪. ਮਨੀ. ਵੀਰਯ। ੫. ਸੰ. तोक्म- ਤੋਕ੍ਮ. ਅੰਕੁਰ. ਡੰਘੂਰ.

ਤੁਖ਼ਮਰੇਜ਼ੀ: ਫ਼ਾ. تُخمریزی ਸੰਗਯਾ- ਬੀਜ ਬੀਜਣ ਦੀ ਕ੍ਰਿਯਾ. ਖੇਤ ਵਿੱਚ ਬੀਜ ਵਿਖੇਰਣਾ.

ਤੁਖਾਈ: ਵਿ- ਤੁਖਾਰ ਦੇਸ਼ ਦੀ। ੨. ਸੰਗਯਾ- ਘੋੜੀ. ਦੇਖੋ, ਤੁਖਾਰ ੧. ਅਤੇ ੩. "ਜਿਤੁ ਹਰਿ ਪ੍ਰਭੁ ਜਾਪੈ ਸਾ ਧਨ ਧੰਨ ਤੁਖਾਈਆ." (ਵਡ ਮਃ ੪. ਘੋੜੀਆਂ) ਇਸ ਥਾਂ ਘੋੜੀ ਤੋਂ ਭਾਵ ਦੇਹ ਹੈ. ਦੇਖੋ, ਤੁਖਾਰ.

ਤੁਖਾਗਨਿ, ਤੁਖਾਨਲ: ਸੰਗਯਾ- ਤੁਸ਼ (ਫੂਸ) ਦੀ ਅਨਲ (ਅੱਗ). ਹਿੰਦੂਮਤ ਦੇ ਧਰਮਗ੍ਰੰਥਾਂ ਵਿੱਚ ਕਈ ਪਾਪੀਆਂ ਨੂੰ ਇਸ ਅੱਗ ਨਾਲ ਸੜ ਮਰਨਾ ਅਤੇ ਮਾਰਨਾ ਵਿਧਾਨ ਹੈ.

ਕੁਮਾਰਲ ਭੱਟ (ਭੱਟਪਾਦ) ਬੌਧਾਂ ਤੋਂ ਵਿਦ੍ਯਾ ਪੜ੍ਹਕੇ ਉਨ੍ਹਾਂ ਦੇ ਹੀ ਮਤ ਦਾ ਖੰਡਨ ਕਰਦਾ ਰਿਹਾ, ਇਸ ਪਾਪ ਦੇ ਬਦਲੇ ਉਹ ਤੁਖਾਨਲ ਵਿੱਚ ਸੜਕੇ ਮਰ ਗਿਆ. ਦੇਖੋ, ਸ਼ੰਕਰ ਦਿਗਵਿਜਯ, ਸਰਗ ੭। ੨. ਭਾਵ- ਥੋੜਾ ਚਿਰ ਰਹਿਣ ਵਾਲੀ ਵਸ੍ਤੁ. ਫੂਸ ਦੀ ਅੱਗ. ਦੇਖੋ ਤ੍ਰਿਣ ਕੀ ਅਗਨਿ.

ਤੁਖਾਰ: ਸੰ. ਸੰਗਯਾ- ਅਥਰਵਵੇਦ ਅਨੁਸਾਰ ਹਿਮਾਲਯ ਦੇ ਉੱਤਰ ਪੱਛਮ ਦਾ ਦੇਸ਼. "ਸੁਯੇਨਤਾਈ" ਚੀਨੀਯਾਤ੍ਰੀ ਨੇ ਭੀ ਆਪਣੇ ਸਫ਼ਰਨਾਮੇ ਵਿੱਚ ਤੁਖਾਰ ਦਾ ਜ਼ਿਕਰ ਕੀਤਾ ਹੈ. ਮਹਾਭਾਰਤ ਅਤੇ ਰਾਮਾਯਣ ਵਿੱਚ ਇਸ ਦੇ ਘੋੜਿਆਂ ਦੀ ਵਡੀ ਤਾਰੀਫ਼ ਹੈ. ਤੁਖਾਰ ਦੇ ਘੋੜੇ ਖ਼ਾਸ ਕਰਕੇ ਰਥਾਂ ਵਿੱਚ ਜੋੜੇ ਜਾਂਦੇ ਸਨ. ਸੰਸਕ੍ਰਿਤ ਗ੍ਰੰਥਾਂ ਵਿੱਚ ਤਾਜਿਕ[598] ਅਤੇ ਤੁਖਾਰ ਦੇ ਘੋੜਿਆਂ ਦੀ ਜਾਤਿ ਉੱਤਮ ਲਿਖੀ ਹੈ। ੨. ਸੰ. तुक्खार- ਤੁੱਖਾਰ. ਤੁਖਾਰ ਦੇਸ਼ ਨਾਲ ਹੈ ਜਿਸ ਦਾ ਸੰਬੰਧ. ਤੁਖਾਰ ਦੇਸ਼ ਦਾ ਵਸਨੀਕ. ਤੁਖਾਰੀ। ੩. ਤੁਖਾਰ ਦਾ ਘੋੜਾ, "ਤਾਜੀ ਰਥ ਤੁਖਾਰ." (ਵਾਰ ਮਾਝ ਮਃ ੧) ਤਾਜੀ[599] (ਅ਼ਰਬ ਦੇ ਘੋੜੇ) ਸਵਾਰੀ ਲਈ, ਅਰ ਤੁਖਾਰ ਰਥ ਜੋੜਨ ਲਈ। ੪. ਘੋੜੇ ਮਾਤ੍ਰ ਵਾਸਤੇ ਭੀ ਤੁਖਾਰ ਸ਼ਬਦ ਕਵੀਆਂ ਨੇ ਵਰਤਿਆ ਹੈ, ਭਾਵੇਂ ਉਹ ਕਿਸੇ ਦੇਸ਼ ਦਾ ਹੋਵੇ. "ਕਿਤੇ ਪੀਲ ਰੁਵੇ ਕਿਤੇ ਬ੍ਰਿਖਭਬਾਹਨ ਕਿਤੇ ਉਸ੍ਰਬਾਹਨ ਚੜ੍ਹੇ ਬਹੁ ਤੁਖਾਰਾ." (ਸਲੋਹ) ਰਾਜਪੂਤਾਨੇ ਦਾ ਪ੍ਰਸਿੱਧ

---

[598] ਸੰ. ताजिक ਪਾਰਸ ਦੇਸ਼ ਦਾ. Persian.

[599] ਤਾਜ਼ੀ ਸ਼ਬਦ ਸ਼ਾਯਦ ਸੰਸਕ੍ਰਿਤ ਤਾਜਿਕ ਤੋਂ ਹੀ ਨਿਕਲਿਆ ਹੋਵੇ.

ਕਵਿ ਲਛਮਨਸਿੰਘ ਲਿਖਦਾ ਹੈ:-

ਤੇਲੀਆ ਤਿਲਕਦਾਰ ਤੁਰਕੀ ਲਖੌਰੀ ਲੱਖੀ,

ਲਛਮਨਸਿੰਘ ਜਾਤਿ ਛੱਤਿਸ ਤੁਖਾਰੋ ਹੈ. ਕਵਿ ਮੁਰਾਰੀਦਾਨ ਨੇ ਡਿੰਗਲ ਕੋਸ਼ ਵਿੱਚ ਲਿਖਿਆ ਹੈ- "ਸਿੰਧੁਭਵ ਕਾਂਬੋਜ ਸੁਣ ਖੁਰਾਸਾਣ ਤੋਖਾਰ." ਵਡਹੰਸ ਰਾਗ ਵਿੱਚ ਗੁਰੂ ਰਾਮਦਾਸ ਸਾਹਿਬ ਨੇ ਘੋੜੀ ਲਈ ਤੁਖਾਈ (ਤੁਖਾਰੀ) ਸ਼ਬਦ ਵਰਤਿਆ ਹੈ. ਦੇਖੋ, ਤੁਖਾਈ ੨। ੫. ਭਾਈ ਸੰਤੋਖਸਿੰਘ ਅਤੇ ਸਾਂਪ੍ਰਦਾਈ ਗਿਆਨੀ ਤੁਖਾਰ ਦਾ ਅਰਥ ਸ਼ੁਤਰ ਕਰਦੇ ਹਨ. "ਔਰ ਤੁਖਾਰ ਦਿਯੋ ਹਿਤ ਭਾਰਨ" (ਨਾਪ੍ਰ) ੬. ਸੰ. ਤੁਸ਼ਾਰ- ਤੁਸ਼ਾਰ. ਹਿਮ. ਬਰਫ. "ਮਾਨੋ ਪਹਾਰ ਕੇ ਸ੍ਰਿੰਗਹੁੰ ਤੇ ਧਰਨੀ ਪਰ ਆਨ ਤੁਖਾਰ ਪਰਯੋ ਹੈ." (ਚੰਡੀ ੧) ੭. ਪਾਲਾ. ਸ਼ੀਤ. "ਪੋਖਿ ਤੁਖਾਰੁ ਨ ਵਿਆਪਈ." (ਮਾਝ ਬਾਰਹਮਾਹਾ) ੮. ਕਪੂਰ। ੯. ਵਿ- ਠੰਢਾ. ਸ਼ੀਤਲ. ਦੇਖੋ, ਤੁਖਾਰੁ.

ਤੁਖਾਰੀ: ਸੰਗਯਾ- ਤੁਖਾਰ ਦੇਸ਼ ਦਾ ਵਸਨੀਕ। ੨. ਤੁਖਾਰ ਦੀ ਘੋੜੀ। ੩. ਘੋੜੀ. ਦੇਖੋ, ਤੁਖਾਈ ੨। ੪. ਸੰਪੂਰਣ ਜਾਤਿ ਦੀ ਇੱਕ ਰਾਗਿਣੀ, ਜਿਸ ਦਾ ਗ੍ਰਹ ਸੁਰ ਸ਼ੜਜ, ਵਾਦੀ ਰਿਸ਼ਭ, ਪੰਚਮ ਸੰਵਾਦੀ ਅਤੇ ਮੱਧਮ, ਅਨੁਵਾਦੀ ਹੈ. ਇਸ ਵਿੱਚ ਦੋਵੇਂ ਗਾਂਧਾਰ ਅਤੇ ਦੋਵੇਂ ਮੱਧਮ ਲਗਦੇ ਹਨ. ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ.

ਸ਼ ਰਾ ਗ ਗਾ ਮ ਮਾ ਪ ਧਾ ਨ.

ਕਈਆਂ ਨੇ ਪੰਚਮ ਵਰਜਿਤ ਮੰਨਕੇ ਤੁਖਾਰੀ ਸ਼ਾੜਵ ਲਿਖੀ ਹੈ. ਸ਼ੜਜ ਗਾਂਧਾਰ ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ ਅਤੇ ਮੱਧਮ ਤੀਵ੍ਰ ਹੈ. ਇਸ ਹਾਲਤ ਵਿੱਚ ਮੱਧਮ ਵਾਦੀ. ਸ਼ੜਜ ਸੰਵਾਦੀ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਤੁਖਾਰੀ ਦਾ ਨੰਬਰ ਬਾਈਹਵਾਂ ਹੈ.

ਤੁਖਾਰੁ: ਦੇਖੋ, ਤੁਖਾਰ ੬- ੭. "ਪੋਖਿ ਤੁਖਾਰੁ ਨ ਵਿਆਪਈ." (ਮਾਝ ਬਾਰਹਮਾਹਾ)

ਤੁੱਖਾਰ: ਦੇਖੋ, ਤੁਖਾਰ ੨.

ਤੁੰਗ: ਸੰ. ਤੁਙ੍ਗ. ਵਿ- ਉੱਚਾ। ੨. ਪ੍ਰਧਾਨ. ਮੁਖੀਆ. "ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰ." (ਓਅੰਕਾਰ) ਨਾ ਰੰਕ ਨਾ ਮੁਖੀਆ ਨਾ ਫ਼ਕ਼ੀਰ. ਦੇਖੋ, ਰੰਗੁ। ੩. ਸੰਗਯਾ- ਖੋਪੇ ਦਾ ਬਿਰਛ। ੪. ਪਹਾੜ। ੫. ਇੱਕ ਛੰਦ. ਦੇਖੋ, ਤੁਰੰਗਮ। ੬. ਅਮ੍ਰਿਤਸਰ ਪਾਸ ਇੱਕ ਪਿੰਡ, ਜਿਸ ਵਿੱਚ ਕੁਸ਼੍ਟੀ ਪਤੀ ਨੂੰ ਦੁਖਭੰਜਨੀ ਪਾਸ ਛੱਡਕੇ, ਪਤਿਵ੍ਰਤਾ ਇਸਤ੍ਰੀ ਭਿਖਯਾ ਲੈਣ ਗਈ ਸੀ। ੭. ਇੱਕ ਜੱਟ ਗੋਤ੍ਰ। ੮. ਫ਼ਾ. تنگ ਬੋਰੀ. ਥੈਲੀ.

ਤੁਗਣਾ: ਕ੍ਰਿ- ਤੁੰਗ (ਉੱਚਾ) ਹੋਣਾ। ੨. ਵ੍ਰਿੱਧੀ ਨੂੰ ਪ੍ਰਾਪਤ ਹੋਣਾ. ਤਰੱਕੀ ਪਾਉਣੀ। ੩. ਨਿਭਣਾ.

ਤੁਗਦਾਰੀ: ਪੰਜਾਬੀ ਵਿੱਚ ਇਸ ਦਾ ਪ੍ਰਸਿੱਧ ਨਾਉਂ ਤਲੌਰ ਅਤੇ ਤੁਕਤਾਰ ਹੈ. ਅਰਬੀ ਵਿੱਚ ਹ਼ਬਾਰੀ ਆਖਦੇ ਹਨ. ਇਸ ਦਾ ਕੱਦ ਵਡੇ ਕੁੱਕੜ ਜੇਡਾ ਹੁੰਦਾ ਹੈ. ਰੰਗ ਸਫੇਦੀ ਮਾਇਲ. ਖ਼ਾਕੀ, ਸਿਰ ਤੇ ਕਾਲੀਆਂ ਲੀਕਾਂ ਅਤੇ ਕੰਨਾਂ ਉੱਪਰਦੀਂ ਜੁਲਫਾਂ ਵਾਂਙ ਦੋਹੀਂ ਪਾਸੀਂ ਲਟਕਦੇ ਹੋਏ ਵਾਲ ਹੁੰਦੇ ਹਨ. ਇਸ ਦਾ ਅਸਲ ਘਰ ਪੱਛਮੀ ਪਹਾੜਾਂ ਦੇ ਮੈਦਾਨਾਂ ਵਿੱਚ ਹੈ. ਇਹ ਪੰਜਾਬ ਤੋਂ ਸਰਦੀ ਕੱਟਕੇ ਆਪਣੇ ਦੇਸ਼ ਨੂੰ ਮੁੜ ਜਾਂਦੀ ਹੈ. ਤੁਗਦਾਰੀ ਦੀ ਖੁਰਾਕ ਕੰਕਰ ਹਰੇ ਛੋਲੇ ਸਰ੍ਹੋਂ ਆਦਿ ਹੈ. ਕਦੇ ਕਦੇ ਟਿੱਡੇ ਕੀੜੇ ਭੀ ਖਾ ਲੈਂਦੀ ਹੈ. ਇਸ ਦੇ ਖੰਭ ਵਡੇ ਕੋਮਲ ਹੁੰਦੇ ਹਨ ਜੋ ਤਕੀਏ ਵਿੱਚ ਭਰੇ ਜਾਂਦੇ ਹਨ. ਇਸ ਦੀ ਉਡਾਰੀ ਤੇਜ ਨਹੀਂ, ਪਰ ਪੈਰਾਂ ਨਾਲ ਬਹੁਤ ਨੱਠਦੀ ਹੈ. ਤੁਗਦਾਰੀ ਦਰਖਤਾਂ ਤੇ ਨਹੀਂ ਬੈਠਦੀ ਆਂਡੇ ਭੀ ਜ਼ਮੀਨ ਤੇ ਹੀ ਦਿੰਦੀ ਹੈ ਅਰ ਰੇਤਲੇ ਮੈਦਾਨਾਂ ਨੂੰ ਬਹੁਤ ਪਸੰਦ ਕਰਦੀ ਹੈ. ਇਸ ਦਾ ਸ਼ਿਕਾਰ ਬੰਦੂਕ, ਫੰਧੇ, ਬਾਜ ਅਤੇ ਚਰਗ ਨਾਲ ਭੀ ਕੀਤਾ ਜਾਂਦਾ ਹੈ. ਮਾਸ ਬਹੁਤ ਸੁਆਦ ਹੁੰਦਾ ਹੈ, ਖ਼ਾਸ ਕਰਕੇ ਸਲੂਣਾ ਪੁਲਾਉ ਇਸ ਵਿੱਚ ਬਹੁਤ ਚੰਗਾ ਬਣਦਾ ਹੈ.

ਤੁੰਗਭਦ੍ਰਾ: ਦੱਖਣ ਦੀ ਇੱਕ ਨਦੀ, ਜੋ ਸਹਯ ਪਹਾੜ ਤੋਂ ਨਿਕਲਕੇ ਕ੍ਰਿਸ਼ਨਾ ਨਦੀ ਵਿੱਚ ਮਿਲਦੀ ਹੈ. ਤੁੰਗ ਅਤੇ ਭਦ੍ਰਾ ਨਦੀਆਂ ਦੇ ਮਿਲਾਪ ਤੋਂ ਬਣਨ ਕਾਰਣ ਤੁੰਗਭਦ੍ਰਾ ਸੰਗਯਾ ਹੋਈ ਹੈ. ਇਸ ਦੀ ਲੰਬਾਈ ੨੦੦ ਮੀਲ ਹੈ. ਇਸ ਨਦੀ ਵਿੱਚ ਨਾਕੂ (ਮਗਰਮੱਛ) ਬਹੁਤ ਪਾਏ ਜਾਂਦੇ ਹਨ. ਆਯੁਰਵੇਦ ਵਿੱਚ ਇਸ ਦਾ ਪਾਣੀ ਗੁਣਕਾਰੀ ਲਿਖਿਆ ਹੈ.

ਤੁਗ਼ਯਾਨੀ: ਫ਼ਾ. طغیانی ਬਾੜ੍ਹ. ਚੜ੍ਹਾਉ.

ਤੁੰਗਰ: ਦੇਖੋ, ਤਵੰਗਰ.

ਤੁੰਗਲ: ਸੰਗਯਾ- ਕਰਨ ਕੁੰਡਲ. ਕੰਨਾਂ ਵਿੱਚ ਪਹਿਰਣ ਦੇ ਵਾਲੇ.

ਤੁਗ਼ਲਕ, ਤੁਗ਼ਲਕ਼: ਤੁ. طغلق ਸਰਦਾਰ. ਪ੍ਰਧਾਨ। ੨. ਇੱਕ ਪਠਾਣ ਵੰਸ਼, ਜਿਸ ਦੀ ਬਾਦਸ਼ਾਹਤ ਦਿੱਲੀ ਵਿੱਚ ਸਨ ੧੩੨੧ ਤੋਂ ੧੪੧੨ ਤਕ ਰਹੀ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ.

ਤੁਗਲਕਾਬਾਦ: ਦਿੱਲੀ ਸ਼ਹਿਰ ਤੋਂ ਦੱਖਣ ਪੱਛਮ ਵੱਲ ਇੱਕ ਬਸਤੀ ਅਤੇ ਸ਼ਾਹੀ ਕਿਲਾ, ਜੋ ਗ਼ਯਾਸੁੱਦੀਨ ਤੁਗ਼ਲਕ਼ ਨੇ ਬਣਵਾਇਆ. ਇਹ ਬਾਦਸ਼ਾਹ, ਦਿੱਲੀ ਦੇ ਤਖ਼ਤ ਤੇ ਸਨ ੧੩੨੧ ਵਿੱਚ ਬੈਠਾ ਸੀ.

ਤੁੰਗੁ: ਦੇਖੋ, ਤੁੰਗ.

ਤੁਘਰ: ਤੇਰਾ ਘਰ. ਤ੍ਵ ਗ੍ਰਿਹ. ਭਾਵ- ਸੰਸਾਰ। ੨. ਤੇਰਾ ਦਰਬਾਰ। ੩. ਸਤਸੰਗਤਿ.

ਤੁਘਰਿ: ਤੇਰੇ ਘਰ ਮੇਂ. ਤੇਰੇ ਦਰਬਾਰ ਵਿੱਚ. "ਓਪਤਿ ਪਰਲੌ ਏਕੈ ਨਿਮਖ ਤੁਘਰਿ." (ਸਵੈਯੇ ਸ੍ਰੀ ਮੁਖਵਾਕ ਮਃ ੫)

ਤੁਚ, ਤੁਚਾ: ਸੰ. ਤ੍ਵਚ. ਸੰਗਯਾ- ਛਿਲਕਾ। ੨. ਖਲੜੀ. "ਤੁਚਾ ਦੇਹ ਕੁਮਲਾਨੀ." (ਭੈਰ ਮਃ ੧)

ਤੁਛ, ਤੁਛਮਾਤ, ਤੁੱਛ, ਤੁੱਛਮਾਤ੍ਰ: ਸੰ. ਤੁੱਛ. ਵਿ. ਥੋਥਾ. ਖ਼ਾਲੀ। ੨. ਨੀਚ. ਕਮੀਨਾ। ੩. ਅਲਪ. ਥੋੜਾ. "ਹਮ ਤੁਛ ਕਰਿ ਕਰਿ ਬਰਨਥੇ." (ਕਲਿ ਮਃ ੪) "ਤੁਛਮਾਤ ਸੁਣਿ ਸੁਣਿ ਵਖਾਣਹਿ." (ਮਾਰੂ ਸੋਲਹੇ ਮਃ ੫) ਤੁੱਛਮਾਤ੍ਰ ਕਥਨ ਕਰਦੇ ਹਨ। ੪. ਸੰਗਯਾ- ਭੂਸਾ. ਸਾਰ ਰਹਿਤ ਤ੍ਰਿਣ. ਭੋਹ.

ਤੁਜ਼ਕ: ਤੁ. تزک ਸੰਗਯਾ- ਸ਼ੋਭਾ. ਛਬਿ। ੨. ਤੇਜ. ਪ੍ਰਤਾਪ। ੩. ਕ਼ਾਨੂਨ. ਕ਼ਾਇ਼ਦਹ। ੪. ਪ੍ਰਬੰਧ. ਇੰਤਿਜਾਮ. ਜਿਵੇਂ- "ਤੁਜ਼ਕ ਬਾਬਰੀ" ਆਦਿ.

ਤੁਜਾਰ, ਤੁਜਾਰਾ: ਅ਼. تجار ਤੁੱਜਾਰ. ਤਾਜਰ (ਸੌਦਾਗਰ) ਦਾ ਬਹੁਵਚਨ. "ਇਕਿ ਨਿਰਧਨ ਸਦਾ ਭਉਕਦੇ, ਇਕਨਾ ਭਰੇ ਤੁਜਾਰਾ." (ਵਾਰ ਮਾਝ ਮਃ ੧) ਇੱਕ ਧਨ ਵਾਸਤੇ ਭਟਕਦੇ ਫਿਰਦੇ ਹਨ, ਇਕਨਾਂ ਨੇ ਆਪਣੇ ਗੁਮਾਸ਼ਤਿਆਂ ਨਾਲ ਦੇਸ਼ ਭਰ ਦਿੱਤੇ ਹਨ। ੨. ਦੇਖੋ, ਤਜਾਰਾ.

ਤੁਝ: ਸਰਵ- ਤੁਭ੍ਯੰ. ਤੈਨੂੰ. ਤੁਝੇ. "ਤੁਝ ਸੇਵੀ ਤੁਝ ਤੇ ਪਤਿ ਹੋਇ." (ਗਉ ਅਃ ਮਃ ੩)

ਤੁਝੀ ਤਨੁ: ਤੇਰਾ ਹੀ ਸ਼ਰੀਰ. ਤੇਰਾ ਰੂਪ. "ਸੰਤ ਤੁਝੀ ਤਨੁ ਸੰਗਤਿ ਪ੍ਰਾਣ." (ਆਸਾ ਰਵਿਦਾਸ)

ਤੁਝੇ, ਤੁਝੈ: ਸਰਵ- ਤੈਨੂੰ. ਤੇਰੇ ਕੋ. "ਤੁਝੈ ਨ ਲਾਗੈ ਤਾਤਾ ਝੋਲਾ." (ਗਉ ਮਃ ੫) ੨. ਤੁਝ ਮੇਂ. ਤੇਰੇ ਵਿੱਚ. "ਗੁਰਮੁਖਿ ਨਾਮ ਧਿਆਇ ਤੁਝੈ ਸਮਾਇਆ." (ਵਾਰ ਮਲਾ ਮਃ ੧) ੩. ਤੇਥੋਂ. ਤੇਰੇ. "ਤੁਝੈ ਬਿਨਾ ਹਉ ਕਿਤਹੀ ਨ ਲੇਖੈ." (ਮਾਰੂ ਸੋਲਹੇ ਮਃ ੫)

ਤੁਟ: ਸੰ. ਤੁਟ੍. ਧਾ- ਝਗੜਨਾ। ੨. ਸੰ. ਤ੍ਰੁਟ੍. ਧਾ- ਕੱਟਣਾ, ਤੋੜਨਾ.

ਤੁਟਣਾ: ਕ੍ਰਿ- ਟੁੱਟਣਾ. ਅਲਗਹੋਣਾ. ਦੇਖੋ, ਤੁਟ. "ਬਿਨ ਗੁਰੁ ਰੋਗ ਨ ਤੁਟਈ." (ਸ੍ਰੀ ਮਃ ੩) "ਕੇਤੇ ਖਪਿ ਤੁਟਹਿ ਵੇਕਾਰ." (ਜਪੁ)

ਤੁਟੜਾ, ਤੁਟੜੀ: ਟੁੱਟੀ. ਅਲਗ ਹੋਈ. ਦੇਖੋ, ਤੁਟ. "ਤੁਟੜੀਆ ਸਾ ਪ੍ਰੀਤਿ." (ਵਾਰ ਜੈਤ)

ਤੁਟਿ: ਸੰ. ਸੰਗਯਾ- ਛੋਟੀ ਇਲਾਯਚੀ। ੨. ਸੰ. ਤ੍ਰੁਟਿ. ਸੰਗਯਾ- ਕਮੀ. ਘਾਟਾ. ਨਯੂਨਤਾ। ੨. ਭੁੱਲ. ਖ਼ੋਤਾ। ੩. ਸ਼ੱਕ. ਸੰਸਾ।

ਤੁਟੀ: ਦੇਖੋ, ਤੁਟਿ। ੨. ਟੁੱਟੀ. ਭੰਗ ਹੋਈ. ਟੂਟੀ.

ਤੁਠ: ਸੰ. ਤੁਸ਼੍ਟ. ਵਿ- ਪ੍ਰਸੰਨ. ਖ਼ੁਸ਼। ੨. ਤ੍ਰਿਪਤ. ਰੱਜਿਆ ਹੋਇਆ.

ਤੁਠੜਾ: ਤੁਸ਼੍ਿਤ. ਤੁਸ਼ਟ ਹੋਇਆ. ਖ਼ੁਸ਼ (ਪ੍ਰਸੰਨ) ਹੋਇਆ. "ਸਤਿਗੁਰੁ ਤੁਠੜਾ ਦਸੇ ਹਰਿ." (ਗਉ ਮਃ ੪)

ਤੁਠਾ: ਦੇਖੋ, ਤੁਠ ਅਤੇ ਤੁਠੜਾ. "ਤੁਠਾ ਸਚਾਪਾਤਿ ਸਾਹੁ." (ਸੂਹੀ ਮਃ ੫)

ਤੁਠਿ: ਸੰ. ਤੁਸ਼੍ਿ. ਸੰਗਜਾ- ਤ੍ਰਿਪਤਿ। ੨. ਪ੍ਰਸੰਨਤਾ। ੩. ਕ੍ਰਿ. ਵਿ- ਤੁਸ਼੍ਟ ਹੋਕੇ. ਪ੍ਰਸੰਨ ਹੋਕਰ.

ਤੁਡ: ਸੰ. तुड्. ਧਾ- ਕੁੱਟਣਾ, ਤਾੜਨਾ.

ਤੁੰਡ: ਸੰ. तुण्ड. ਸੰਗਜਾ- ਮੁਖ. ਮੂੰਹ। ੨. ਚੁੰਜ। ੩. ਤਲਵਾਰ ਦਾ ਪਿਪਲਾ. ਨੋਕ। ੪. ਸ਼ਿਵ. ਮਹਾਦੇਵ.

ਤੁੰਡਿ: ਸੰ. ਸੰਗਜਾ- ਚੁੰਜ। ੨. ਤੁੰਨਿ. ਨਾਭਿ. ਖ਼ਾਸ ਕਰਕੇ ਉਭਰਵੀਂ ਤੁੰਨ (ਧੁੰਨੀ).

ਤੁੰਡੀ: ਸੰ. तुण्डिन. ਵਿ- ਚੁੰਜ ਵਾਲਾ। ੨. ਸੁੰਡ ਵਾਲਾ। ੩. ਤੁੰਨਲ. ਉਭਰੀ ਹੋਈ ਤੁੰਨ ਵਾਲਾ। ੪. ਸੰਗਜਾ- ਗਣੇਸ਼।

ਤੁਣ: ਸੰ. ਕੁਣਿ ਅਤੇ ਤੁਣਿ. ਸੰਗਜਾ- ਇੱਕ ਪਹਾੜੀ ਬਿਰਛ, ਜੋ ਮੈਦਾਨ ਵਿੱਚ ਭੀ ਹੁੰਦਾ ਹੈ. ਇਸ ਦੇ ਨਿੰਮ ਜੇਹੇ ਪੱਤੇ ਅਤੇ ਆਕਾਰ ਭੀ ਨਿੰਮ ਜੇਡਾ ਹੁੰਦਾ ਹੈ. ਇਸ ਦੇ ਫੁੱਲਾਂ ਤੋਂ ਬਸੰਤੀ ਰੰਗ ਬਣਦਾ ਹੈ. ਲਕੜੀ ਆਲਮਾਰੀ, ਮੇਜ਼, ਕੁਰਸੀ ਆਦਿ ਲਈ ਵਰਤੀਦੀ ਹੈ. L. Cedrela Toona.

ਤੁਣਕਨਾ: ਕ੍ਰਿ- ਖਿੱਚਣਾ. ਝਟਕਾ ਮਾਰਕੇ ਤਾਣਨਾ। ੨. ਦੇਖੋ, ਤਉਕਨਾ.

ਤੁਣੀ: ਦੇਖੋ, ਤੁਣ.

ਤੁਤਰਾ, ਤੁਤਲਾ: ਵਿ- ਤੋਤਲਾ. ਜੋ ਸਾਫ ਨਾ ਬੋਲ ਸਕੇ. ਜਿਸ ਦੀ ਜ਼ਬਾਨ ਤੋਂ ਸਪਸ਼੍ਟ ਵਾਕ ਨਾ ਨਿਕਲੇ. ਦੇਖੋ, ਤੋਤਲਾ.

ਤੁੱਥ: ਸੰ. तुत्थ. ਧਾ- ਪੜਦਾ ਪਾਉਣਾ, ਫੈਲਾਉਣਾ। ੨. ਵਿ- ਢਕਿਆ ਹੋਇਆ। ੩. ਸੰਗਜਾ- ਨੀਲਾ ਸੁਰਮਾ. ਨੀਲਾ ਥੋਥਾ. ਤੂਤਿਯਾ। ੪. ਪੱਥਰ। ੫. ਅਗਨਿ.

ਤੁੱਥ ਮੁੱਥ: ਵਿ- ਢਕੇ ਮੁਖ. ਜਿਸ ਦਾ ਮੂੰਹ ਢਕਿਆ ਹੋਇਆ ਹੈ। ੨. ਕੋਈ ਅਜੇਹੀ ਚੀਜ, ਜਿਸ ਦੇ ਅੰਦਰ ਕੁਝ ਸਾਰ ਨਹੀਂ, ਪਰ ਉੱਪਰੋਂ ਦਿਖਾਵਾ ਸੁੰਦਰ ਹੈ.

ਤੁਦ: ਸੰ. तुद्. ਧਾ- ਚੋਭਣਾ, ਘਾਉ ਕਰਨਾ, ਦੁੱਖ ਦੇਣਾ.

ਤੂੰਦ: ਸੰ. तुन्द्. ਧਾ- ਫੁਰਤੀਲਾ ਹੋਣਾ। ੨. ਸੰਗਜਾ- ਤੋਂਦ. ਢਿੱਡ. ਪੇਟ। ੩. ਗੋਗੜ. ਲਟਕਦਾ ਹੋਇਆ ਪੇਟ। ੪. ਫ਼ਾ. تُند ਵਿ- ਤੇਜ਼. ਤਿੱਖਾ. ਸੰ. ਚੂੰਦ। ੫. ਚਾਲਾਕ। ੬. ਕ੍ਰੋਧੀ.

ਤੂੰਦਰ: ਫ਼ਾ. تُندر ਸੰਗਜਾ- ਗੜਗੱਜ. ਘਨਘੋਰ. "ਤੰਬਲ ਤੂੰਦਰੰ ਬਜੇ." (ਸੂਰਯਾਵ)

ਤੂੰਦਲਾ: ਵਿ- ਪੇਟਲ. ਢਿੱਡਲ. ਗੋਗੜੀਆ. ਦੇਖੋ, ਤੂੰਦ ੨. ਅਤੇ ੩.

ਤੂੰਦੀ: ਸੰ. ਸੰਗਜਾ- ਨਾਭੀ. ਧੁੰਨੀ. ਤੂੰਨ। ੨. ਫ਼ਾ. تُندی ਤੇਜ਼ੀ। ੩. ਚਾਲਾਕੀ। ੪. ਗ਼ੁੱਸਾ। ੫. ਸੰ. तुन्दिन. ਵਿ- ਗੋਗੜੀਆ. ਦੇਖੋ, ਤੂੰਦ ੨. ਅਤੇ ੩.

ਤੁਧ, ਤੁਧੁ: ਸਰਵ- ਤੁਝੇ. ਤੈਨੂੰ. ਤੇਰਾ. ਤੇਰੇ. "ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ." (ਸੋਦਰੁ) "ਤੁਧੁ ਜੇਵਡੁ ਅਵਰੁ ਨ ਭਾਲਿਆ." (ਸ੍ਰੀ ਮਃ ੫. ਪੈਪਾਇ)

ਤੁਨ: ਦੇਖੋ, ਤੁਣ। ੨. ਦੇਖੋ, ਤੁੱਨ.

ਤੁਨੀਰ: ਦੇਖੋ, ਤੂਣੀਰ.

ਤੁੱਨ: ਨਾਭਿ. ਧੁੰਨੀ. ਦੇਖੋ, ਤੁੰਦੀ ੧.

ਤੁੱਨਣਾ: ਕ੍ਰਿ- ਤੁੰਦ (ਢਿੱਡ) ਨੂੰ ਬਹੁਤਾ ਭਰ ਲੈਣਾ. ਦੇਖੋ, ਤੁੰਦ ੨। ੨. ਕਿਸੇ ਚੀਜ ਨੂੰ ਦਬਾਕੇ ਕਿਸੇ ਥਾਂ ਵਿੱਚ ਭਰਨਾ. ਘੁਸੇੜਨਾ.

ਤੁਪ: ਦੇਖੋ, ਤੋਪ। ੨. ਦੇਖੋ, ਤੋਪਾ। ੩. ਸੰਗਯਾ- ਰੁਕਾਵਟ. ਪ੍ਰਤਿਬੰਧ. "ਘਾਟ ਘਾਟੈਂ ਰੁਕੋ ਬਾਟ ਬਾਟੈਂ ਤੁਪੋ." (ਰਾਮਾਵ) ਹਰੇਕ ਘਾਟ ਅਤੇ ਰਾਹ ਨੂੰ ਰੋਕ ਲਓ.

ਤੁਪਕ: ਫ਼ਾ. تُپک ਤਪਕ. ਸੰਗਯਾ- ਛੋਟੀ ਤੋਪ। ੨. ਬੰਦੂਕ. ਤੁਫ਼ੰਗ. "ਓਨੀ ਤੁਪਕ ਤਾਣਿ ਚਲਾਈ." (ਆਸਾ ਅਃ ਮਃ ੧) "ਤੁਪਕ ਤਬਰ ਅਰੁ ਤੀਰ." (ਸਨਾਮਾ) ਦੇਖੋ, ਤੁਫ਼ੰਗ.

ਤੁਪਖਾਨਾ: ਤੋਪਖ਼ਾਨਾ. "ਡਿਵਢਾ ਚੁਨਤ ਭਈ ਤੁਪਖਾਨਾ." (ਚਰਿਤ੍ਰ ੩੩੨)

ਤੁਫ: ਫ਼ਾ. تُف ਵਯ- ਥੂਕ. ਫਿਟਕਾਰ. ਧਿਕ. ਹਾ!

ਤੁਫਾਨ: ਅ਼. طوفان ਤੂਫ਼ਾਨ. ਸੰਗਯਾ- ਤ੍ਵੌਫ਼ (ਚੱਕਰ ਲਾਉਣ) ਦੀ ਕ੍ਰਿਯਾ. ਸਮੁੰਦਰ ਦੀ ਭਯੰਕਰ ਬਾਢ। ੨. ਪ੍ਰਬਲ ਅੰਧੇਰੀ, ਜੋ ਘਨਘਟਾ ਸਾਥ ਮਿਲੀਹੋਈ ਹੋਵੇ. Typhoon । ੩. ਉਪਦ੍ਰਵ. ਝਗੜਾ. "ਤੁਮ ਦਿਸ ਅਨਿਕ ਤੁਫਾਨ ਉਠਾਵਹਿ." (ਗੁਪ੍ਰਸੂ) ੪. ਆਫ਼ਤ. ਆਪੱਤਿ। ੫. ਤੁਹਮਤ. ਦੋਸ਼ਾਰੋਪਣ.

ਤੰਫ਼ੈਲ, ਤੁੰਫ਼ੈਲ: ਅ਼. طفیل ਕੂਫ਼ਾ ਦਾ ਇੱਕ ਕਵੀ, ਜੋ ਮੱਲੋਮੱਲੀ ਕਿਸੇ ਨਾ ਕਿਸੇ ਨਾਲ ਮਿਲਕੇ ਨੇਂਬੂਨਿਚੋੜ ਵਾਂਙ ਰੋਟੀ ਖਾਣ ਜਾ ਬੈਠਦਾ ਸੀ. ਇਸ ਦੇ ਨਾਮ ਤੋਂ ਹੀ ਤੁਫ਼ੈਲ ਸ਼ਬਦ ਦਾ ਅਰਥ ਵਸੀਲਾ (ਜਰੀਅ਼ਹ) ਹੋ ਗਿਆ ਹੈ.

ਤੁਫ਼ੰਗ: ਫ਼ਾ. تُفنگ ਸੰਗਯਾ- ਤੋਪ। ੨. ਬੰਦੂਕ਼. "ਨਾਮ ਤੁਫੰਗ ਚੀਨ ਚਿਤ ਲੀਜੈ." (ਸਨਾਮਾ)

ਤੁੰਬ: ਸੰ. तुम्ब. ਸੰਗਯ- ਤੂੰਬਾ। ੨. ਅੱਲ ਕੱਦੂ.

ਤੁੰਬਣਾ, ਤੁੰਬਨ: ਕ੍ਰਿ- ਤਾੜੇ ਜਾਂ ਹੱਥਾਂ ਨਾਲ ਰੂੰ ਸਾਫ ਕਰਨੀ. ਰੂੰ ਵਿੱਚੋਂ ਸਾਫ ਰੇਸ਼ੇ ਕੱਢਣੇ. "ਨਿਜ ਹਾਥਨ ਤੇ ਤੁੰਬਨ ਕਰਕੈ." (ਗੁਪ੍ਰਸੂ)

ਤੁੰਬਰੂ: ਦੇਖੋ, ਤੁੰਬੁਰੁ.

ਤੁੰਬਾਰ: ਦੇਖੋ, ਤੂਮਾਰ.

ਤੁੰਬੀ: ਸੰ. तुम्बी. ਸੰਗਯਾ- ਤੂੰਬੀ। ੨. ਅੱਲ। ੩. ਬਹੇੜੇ ਦਾ ਬਿਰਛ.

ਤੁੰਬੁਰੁ: ਸੰ. तुम्बुरु. ਸੰਗਯਾ- ਇੰਦ੍ਰ ਦੀ ਸਭਾ ਦਾ ਇੱਕ ਗਵੈਯਾ, ਜੋ ਗੰਧਰਵ ਜਾਤਿ ਦਾ ਹੈ. ਇਸ ਨੇ ਬ੍ਰਹ੍ਮਾ ਤੋਂ ਸੰਗੀਤ ਵਿਦਯਾ ਸਿੱਖੀ. ਵਿਸ਼ਨੁ ਭਗਵਾਨ ਇਸ ਦਾ ਗਾਯਨ ਵਡੇ ਪ੍ਰੇਮ ਨਾਲ ਸੁਣਦੇ ਹਨ. ਚੇਤ ਦੇ ਮਹੀਨੇ ਇਹ ਸੂਰਜ ਦੇ ਰਥ ਨਾਲ ਰਹਿੰਦਾ ਹੈ. ਅਦਭੁਤ ਰਾਮਾਯਣ ਵਿੱਚ ਜਿਕਰ ਹੈ ਕਿ ਨਾਰਦ ਦੇ ਗਾਉਣ ਤੋਂ ਰਾਗ ਰਾਗਿਣੀਆਂ ਦੇ ਅੰਗ ਭੰਗ ਹੋ ਗਏ ਸਨ, ਜੋ ਤੁੰਬੁਰੁ ਦੇ ਗਾਉਣ ਤੋਂ (ਉਨ੍ਹਾਂ ਦੇ ਅੰਗ) ਫੇਰ ਠੀਕ ਹੋਏ। ੨. ਧਣੀਆ। ੩. ਤੇਜਬਲ.

ਤੁੰਬੁਰੁਵੀਣਾ: ਦੇਖੋ, ਤੰਬੂਰਾ.

ਤੁਭੇਯੰ, ਤੁਭਯੰ: ਸਰਵ- ਤੁਭਯੰ. ਤੈਨੂੰ. ਤੇਰੇ ਤਾਂਈ. "ਨਮਸ ਤੁਭੇਯੰ." (ਸਲੋਹ)

**ਤੁਮ:** ਸਰਵ- ਤੂ ਦਾ ਬਹੁਵਚਨ. ਤੁਸੀਂ. "ਤੁਮ ਸਾਚੇ ਹਮ ਤੁਮ ਹੀ ਰਾਚੇ." (ਸੋਰ ਮਃ ੧)

**ਤੁਮ ਸਮਸਰਿ, ਤੁਮ ਸਰਿ:** ਤੁਮਾਰੇ ਸਦ੍ਰਿਸ਼. ਤੁਮਾਰੇ ਜੇਹਾ. "ਤੁਮ ਸਮਸਰਿ ਅਵਰੁ ਕੋ ਨਾਹੀ." (ਆਸਾ ਅਃ ਮਃ ੧) "ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ." (ਧਨਾ ਰਵਿਦਾਸ)

**ਤੁਮਹਿ:** ਸਰਵ- ਤੁਮਾਰੇ ਕੋ। ੨. ਆਪ ਹੀ. "ਤੁਮਹਿ ਪਛਾਨੂੰ." (ਸਾਰ ਮਃ ੫)

**ਤੁਮਹੀ:** ਸਰਵ- ਆਪ ਹੀ. "ਤੁਮਰੀ ਗਤਿ ਮਿਤਿ ਤੁਮਹੀ ਜਾਨੀ." (ਸੁਖਮਨੀ)

**ਤੁਮਘਾ:** ਸਰਵ- ਤੁਮਾਰਾ. ਤੁਹਾਡਾ. "ਲੋਚ ਪੂਰਿ ਜਨੁ ਤੁਮਘਾ." (ਸੂਹੀ ਮਃ ੪) ਆਪਣੇ ਦਾਸ ਦੀ ਇੱਛਾ ਪੂਰਣ ਕਰੋ.

**ਤੁਮਚੇ:** ਦੇਖੋ, ਚੇ ੨.

**ਤੁੰਮਣ:** ਦੇਖੋ, ਤੁਮੁਲ। ੨. ਦੇਖੋ, ਤੁਮਨ ੨.

**ਤੁੰਮਣਾ:** ਦੇਖੋ, ਤੁੰਬਣਾ.

**ਤੁਮਨ:** ਸਰਵ- ਤੁਮਾਰਾ. ਤੁਮਾਰੇ. "ਤੁਮਨ ਦ੍ਵਾਰ ਪਰ ਸੀਸ ਆਪਨ ਝੁਕਾਊਂ." (ਛੱਕੇ) ੨. ਫ਼ਾ. تمُن ਦਸ ਹਜ਼ਾਰ. ਅਯੁਤ। ੩. ਗਰੋਹ. ਝੁੰਡ. "ਤੁਮਨ ਪਠਾਨਨ ਕੇ ਤਿਸੈ ਸੀਸ ਝੁਕਾਵਤ ਆਨ." (ਚਰਿਤ੍ਰ ੨੨੧)

**ਤੁਮਨਛਾ, ਤੁਮਨਥਾ, ਤੁਮਨਭਾ, ਤੁਮਰਾ, ਤੁਮਰੋ:** ਸਰਵ- ਆਪ ਦਾ. ਤੁਹਾਡਾ. "ਹਮ ਕੀਰੇ ਕਿਰਮ ਤੁਮਨਛੇ." (ਬਸੰ ਮਃ ੪) "ਗੁਨ ਕਹਿ ਨ ਸਕੈ ਪ੍ਰਭੁ ਤੁਮਨਥੇ." (ਕਲਿ ਮਃ ੪) "ਜਨ ਨਾਨਕ ਦਾਸ ਤੁਮਨਭਾ." (ਪ੍ਰਭਾ ਮਃ ੪) "ਕੋਇ ਨ ਜਾਨੈ ਤੁਮਰਾ ਅੰਤ." (ਸੁਖਮਨੀ) "ਤੁਮਰੋ ਹੋਇ ਸੁ ਤੁਝਹਿ ਸਮਾਵੈ." (ਬਸੰ ਅਃ ਮਃ ੧)

**ਤੁਮਲ:** ਦੇਖੋ, ਤੁਮੁਲ.

**ਤੁਮੜੀ:** ਦੇਖੋ, ਤੁੰਬੀ.

**ਤੁਮਾ:** ਸਰਵ- ਤੁਸੀਂ. ਤੁਮ ਲੋਗ. ਸ਼ੁਮਾ. "ਹਮਾ ਤੁਮਾ ਮੇਲੁ." (ਵਾਰ ਆਸਾ) ਮਾ ਵ ਸ਼ੁਮਾ। ੨. ਸੰਗਯਾ- ਤੁੰਬ. ਕੌੜਤੁੰਮਾ. ਇੰਦ੍ਰਾਯਨ. "ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ." (ਵਾਰ ਮਾਝ ਮਃ ੧) ਦੇਖੋ, ਤੁੰਮਾ.

**ਤੁੰਮਾ:** ਦੇਖੋ, ਇੰਦ੍ਰਾਯਨ. "ਪੇਖੰਦੜੋ ਕੀ ਭੁਲ ਤੁੰਮਾ ਦਿਸਮੁ ਸੋਹਣਾ." (ਵਾਰ ਜੈਤ) ਤੁੰਮਾ ਦੇਖਣ ਵਿੱਚ ਖਰਬੂਜੇ ਅਤੇ ਮਤੀਰੇ ਜੇਹਾ ਸੁੰਦਰ ਹੁੰਦਾ ਹੈ, ਪਰ ਵਿੱਚੋਂ ਬਹੁਤ ਕੌੜਾ ਹੋਇਆ ਕਰਦਾ ਹੈ. ਤੁੰਮਾ ਦਸ੍ਤਾਵਰ ਅਤੇ ਬਾਦੀ ਦੇ ਰੋਗ ਦੂਰ ਕਰਦਾ ਹੈ. ਕਪਟੀ ਅਤੇ ਪਾਖੰਡੀ ਨੂੰ ਤੁੰਮੇ ਦਾ ਦ੍ਰਿਸ਼੍ਟਾਂਤ ਦਿੱਤਾ ਜਾਂਦਾ ਹੈ.

**ਤੁਮਾਹੀ:** ਸਰਵ- ਤੁਮਹੀ. ਤੁਮ ਨੇ ਹੀ. "ਤੁਮਾਰਾ ਮਰਮੁ ਤੁਮਾਹੀ ਜਾਨਿਆ." (ਗਉ ਮਃ ੫)

**ਤੁਮਾਤੀ:** ਸਰਵ- ਆਪ ਦਾ. ਤੁਹਾਡਾ. "ਸਭ ਖੇਲੁ ਤੁਮਾਤੀ." (ਵਾਰ ਮਾਝ ਮਃ ੧)

**ਤੁਮਾਰ:** ਸਰਵ- ਤੁਹਾਡਾ. ਆਪ ਦਾ। ੨. ਦੇਖੋ, ਤੂਮਾਰ.

**ਤੁਮਾਰਾ, ਤੁਮਾਰੋ:** ਸਰਵ- ਆਪ ਦਾ. ਤੁਸਾਡਾ.

**ਤੁੰਮੀ:** ਦੇਖੋ, ਤੁੰਬੀ। ੨. ਕੌੜੀ ਤੂੰਬੀ. ਕਟੁ ਤੁੰਬਿਕਾ.

**ਤੁਮੁਲ:** ਸੰ. ਸੰਗਯਾ- ਫ਼ੌਜ ਦਾ ਸ਼ੋਰ। ੨. ਸੈਨਾ ਦਾ ਮੁਠਭੇੜ. ਪਰਸਪਰ ਫੌਜਾਂ ਦਾ ਟਾਕਰਾ. "ਇਸ ਪ੍ਰਕਾਰ ਰਣ ਤੁਮੁਲ ਭਾ." (ਗੁਪ੍ਰਸੂ) ੩. ਟੋਲਾ. ਗਰੋਹ. ਝੁੰਡ.

**ਤੁਮੇਵ:** ਸਰਵ- ਤੁਮਾਰੇ ਹੀ. "ਤੁਮੇਵ ਰੂਪ ਰਾਚੀਅੰ." (ਵਿਚਿਤ੍ਰ) ੨. ਤ੍ਵੰ- ਏਵ. ਕੇਵਲ ਤੂ.

ਤੁਮੈ: ਸਰਵ- ਤੁਮਾਰੇ ਕੋ। ੨. ਤੁਮ ਹੀ. ਆਪ ਹੀ. "ਰਾਖਨਹਾਰ ਤੁਮੈ ਜਗਦੀਸ." (ਸਾਰ ਮਃ ੫)

ਤੁਮੈਸ: ਤੁਮ- ਐਸ. ਆਪ ਅਜੇਹੇ.

ਤੁਮ੍ਾਰਾ: ਦੇਖੋ, ਤੁਮਾਰਾ.

ਤੁਮ੍ਰ: ਸੰ. ਵਿ- ਪ੍ਰੇਰਣ ਵਾਲਾ. ਪ੍ਰੇਰਕ। ੨. ਹਿੰਸਾ ਕਰਨ ਵਾਲਾ. ਕ਼ਾਤਿਲ। ੩. ਬਲਵਾਨ। ੪. ਸੰਗਯਾ- ਦੈਤਜ. ਦੈਤ.

ਤੁਮ੍ਰਿਰਿ: ਤੁਮ੍ਰ (ਦੈਤ) ਅਰਿ (ਵੈਰੀ). ਦੈਤਾਂ ਦੇ ਵੈਰੀ ਦੇਵਤਾ. ਸੁਰ.

ਤੁਯ: ਸਰਵ- ਤ੍ਵ. ਤੇਰਾ. "ਤੰਦੁਲ ਮਾਂਗਨ ਹੈ ਤੁਯ ਕਾਰਜ." (ਕ੍ਰਿਸਨਾਵ)

ਤੁਯੰ: ਸਰਵ- ਤ੍ਵੰ. ਤੂ. "ਸੁਭੰਤ ਤੁਯੰ ਅਚੁਤ ਗੁਣਗਜੰ." (ਸਹਸ ਮਃ ੫)

ਤੁਯੰ ਧਨੇ: ਤੂ ਧਨਯ ਹੈ. "ਪਪੀਲਕਾ ! ਸਿਮਰਣੰ ਤੁਯੰ ਧਨੇ." (ਸਹਸ ਮਃ ੫)

ਤੁਰ: ਸੰ. ਤੁਰ੍. ਧਾ- ਛੇਤੀ ਜਾਣਾ, ਜਲਦੀ ਕਰਨਾ, ਹਿੰਸਾ ਕਰਨਾ। ੨. ਸੰ. ਕ੍ਰਿ. ਵਿ- ਛੇਤੀ. ਤੁਰੰਤ। ੩. ਵਿ- ਤੇਜ਼ ਚਾਲ ਵਾਲਾ। ੪. ਸੰ. ਤਰ੍ਕੁ. ਸੰਗਯਾ- ਤੱਕੁਲਾ। ੫. ਜੁਲਾਹੇ ਦੀ ਲੱਠ, ਜਿਸ ਪੁਰ ਬਣਿਆ ਹੋਇਆ ਵਸਤ੍ਰ ਲਪੇਟੀਦਾ ਹੈ. ਦੇਖੋ, ਗਜਨਵ। ੬. ਨਿਘੰਟੁ ਵਿੱਚ ਤੁਰ ਦਾ ਅਰਥ ਯਮ ਅਤੇ ਮੌਤ ਕੀਤਾ ਹੈ.

ਤੁਰਸ਼: ਫ਼ਾ. تُرش ਵਿ- ਖੱਟਾ। ੨. ਭਾਵ- ਕ੍ਰੋਧੀ. ਗੁਸੈਲਾ.

ਤੁਰਸ਼ੀ: ਫ਼ਾ. تُرشی ਸੰਗਯਾ- ਖਟਿਆਈ। ੨. ਨਾਰਾਜ਼ਗੀ। ੩. ਦੇਖੋ, ਤੁਲਸੀ. "ਆਸ ਪਾਸ ਘਨ ਤੁਰਸੀ ਦਾ ਬਿਰਵਾ." (ਗਉ ਕਬੀਰ) ਦੇਖੋ, ਬਨਾਰਸ ੨.

ਤੁਰਹੀ: ਸੰ. ਤੂਰ੍ਯ. ਸੰਗਯਾ- ਤੁਰ੍ਹੀ. ਰਣਸਿੰਗਾ.

ਤੁਰਕ: ਫ਼ਾ. تُرک ਸੰ. ਤੁਰੁਸ਼੍ਕ. ਸੰਗਯਾ- ਤੁਰਕਿਸਤਾਨ ਦਾ ਵਸਨੀਕ। ੨. ਸਿੱਖੀਗ੍ਰੰਥਾਂ ਵਿੱਚ ਮੁਸਲਮਾਨ ਮਾਤ੍ਰ ਵਾਸਤੇ ਤੁਰਕ ਸ਼ਬਦ ਆਉਂਦਾ ਹੈ. "ਕੋਈ ਕਹੈ ਤੁਰਕ, ਕੋਈ ਕਹੈ ਹਿੰਦੂ." (ਰਾਮ ਮਃ ੫)

ਤੁਰਕੱਛ: ਵਿ- ਤੁਰਕੀ. ਤੁਰਕਿਸਤਾਨ ਦਾ. "ਤੁਰਕੱਛ ਤੁਰੰਗ ਸਪੱਛ ਬਡੋ." (ਕਲਕੀ)

ਤੁਰਕਣੀ: ਸੰਗਯਾ- ਮੁਸਲਮਾਨੀ। ੨. ਤੁਰਕਿਸਤਾਨ ਦੀ ਇਸਤ੍ਰੀ.

ਤੁਰਕਤਾਜ਼ੀ: ਫ਼ਾ. تُرک تازی ਸੰਗਯਾ- ਲੁੱਟ ਮਾਰ ਕਰਨਾ. ਤੁਰਕ ਲੋਕ ਪਹਿਲਾਂ ਬਹੁਤ ਮਾਰ ਧਾੜ ਕਰਦੇ ਸਨ, ਤਾਜ਼ੀ ਦਾ ਮੂਲ ਹੈ ਤਾਖ਼ਤਨ (ਨੱਠਣਾ) ਹੱਲਾ ਕਰਨਾ. ਦੋ ਸ਼ਬਦ ਮਿਲਕੇ ਲੁੱਟ ਮਾਰ ਕਰਨਾ ਅਰਥ ਹੋ ਗਿਆ ਹੈ.

ਤੁਰਕਨੀ: ਦੇਖੋ, ਤੁਰਕਣੀ.

ਤੁਰਕਮਾਨ: ਫ਼ਾ. ਵਿ- ਤੁਰਕ ਜੇਹਾ. ਤੁਰਕ ਮਾਨਿੰਦ। ੨. ਸੰਗਯਾ- ਤੁਰਕ ਜਾਤਿ ਦਾ ਮਨੁੱਖ. Turkoman.

ਤੁਰਕਮੰਤ੍ਰ: ਸੰਗਯਾ- ਮੁਸਲਮਾਨਾਂ ਦਾ ਮਹਾਮੰਤ੍ਰ ਕਲਮਾ. "ਤੁਰਕਮੰਤ੍ਰ ਕੰਨਿ ਰਿਦੈ ਸਮਾਹਿ." (ਵਾਰ ਰਾਮ ੧. ਮਃ ੧) ਦੇਖੋ, ਕਲਮਾ.

ਤੁਰਕਾਣੀ: ਸੰਗਯਾ- ਤੁਰਕ ਦੀ ਸਵਾਣੀ. ਤੁਰਕ- ਇਸਤ੍ਰੀ. ਮੁਸਲਮਾਨੀ. "ਇਕ ਹਿੰਦਵਾਣੀ ਅਵਰ ਤੁਰਕਾਣੀ." (ਆਸਾ ਅਃ ਮਃ ੧)

ਤੁਰਕਾਨਾ: ਵਿ- ਤੁਰਕਾਂ ਨਾਲ ਸੰਬੰਧਿਤ. ਤੁਰਕਾਂ ਦਾ। ੨. ਤੁਰਕਾਂ ਜੇਹਾ। ੩. ਸੰਗਯਾ- ਤੁਰਕ ਸਮੁਦਾਯ. ਤੁਰਕ ਲੋਕ ਦੇਖੋ, ਤੁਰਕਮਾਨ.

ਤੁਰਕਿਸਤਾਨ: ਫ਼ਾ. ترکستان ਸੰ. ਤੁਰੁਸ਼ਕ ਸ੍ਥਾਨ. ਏਸ਼ੀਆ ਅਤੇ ਯੂਰੋਪ ਦੇ ਅੰਤਰਗਤ ਇੱਕ ਦੇਸ਼, ਇਸ ਦਾ ਪੂਰਬੀ ਭਾਗ ਚੀਨ ਦੇ ਅਧੀਨ ਹੈ, ਜਿਸ ਦਾ ਰਕਬਾ ੪੩੧, ੮੦੦ ਵਰਗਮੀਲ ਅਤੇ ਆਬਾਦੀ ੧, ੨੦੦, ੦੦੦ ਹੈ. ਪੱਛਮੀ ਤੁਰਕਿਸਤਾਨ ਰੂਸ ਦੇ ਅਧੀਨ ਹੈ, ਜਿਸ ਦਾ ਰਕਬਾ ੪੧੯, ੨੧੯ ਅਤੇ ਆਬਾਦੀ ੭, ੨੦੦, ੦੦੦ ਹੈ। ੨. ਅਨੇਕ ਲੇਖਕਾਂ ਨੇ ਸਲਤਨਤ ਰੂਮ (Turkish Empire) ਨੂੰ ਤੁਰਕਿਸਤਾਨ ਲਿਖ ਦਿੱਤਾ ਹੈ.

ਤੁਰਕਿੰਦ: ਤੁਰਕ- ਇੰਦ੍ਰ. ਤੁਰਕਰਾਜ. ਭਾਵ- ਔਰੰਗਜ਼ੇਬ. "ਤੁਰਕਿੰਦ ਉਡਿੰਦ ਦਿਨਿੰਦ. ਤਿਨੈ." (ਨਾਪ੍ਰ) ਔਰੰਗਜ਼ੇਬ ਉਡਿੰਦ (ਚੰਦ੍ਰਮਾ) ਨੂੰ, ਦਿਨਿੰਦ (ਸੂਰਜ) ਹਨ.

ਤੁਰਕਿਨੀ: ਦੇਖੋ, ਤੁਰਕਣੀ.

ਤੁਰਕੀ: ਸੰਗਯਾ- ਤੁਰਕਿਸਤਾਨ ਦੀ ਬੋਲੀ। ੨. ਤੁਰਕਿਸਤਾਨ ਦੀ ਵਸਤੁ। ੩. ਤੁਰਕਿਸਤਾਨ ਦਾ ਘੋੜਾ. "ਤਾਜੀ ਤੁਰਕੀ ਸੁਇਨਾ ਰੁਪਾ." (ਗਉ ਮਃ ੧)

ਤੁਰਕੂ: ਸੰਗਯਾ- ਤੁਰਕ। ੨. ਮੁਸਲਮਾਨ. "ਹਿੰਦੂ ਅੰਨ੍ਹਾਂ, ਤੁਰਕੂ ਕਾਣਾ." (ਗੌਂਡ ਨਾਮਦੇਵ)

ਤੁਰਗ: ਸੰ. ਸੰਗਯਾ- ਘੋੜਾ, ਜੋ ਤੁਰ (ਛੇਤੀ) ਗਮਨ ਕਰਦਾ ਹੈ। ੨. ਮਨ. ਚਿੱਤ। ੩. ਵਿ- ਤੇਜ਼ ਚਾਲ ਵਾਲਾ.

ਤੁਰਗਦਾਨਵ: ਦੇਖੋ, ਕੇਸੀ.

ਤੁਰਗੀ: ਸੰ. ਸੰਗਯਾ- ਘੋੜੀ.

ਤੁਰਣ, ਤੁਰਣਾ: ਕ੍ਰਿ- ਚਲਣਾ. ਗਮਨ ਕਰਨਾ. ਦੇਖੋ, ਤੁਰ.

ਤੁਰਤ, ਤੁਰਤੁ: ਕ੍ਰਿ. ਵਿ- ਤ੍ਵਰਿਤ. ਫੌਰਨ. ਸੀਘ੍ਰ. ਦੇਖੋ, ਤੁਰ. "ਤੁਝੁ ਤੁਰਤੁ ਛਡਾਉ ਮੇਰੋ ਕਹਿਓ. ਮਾਨਿ." (ਬਸੰ ਕਬੀਰ)

ਤੁਰਦੇ ਕਉ ਤੁਰਦਾ ਮਿਲੈ: ਉਡਤੇ ਕਉ ਉਡਤਾ। ਜੀਵਤੇ ਕਉ ਜੀਵਤਾ ਮਿਲੈ, ਮੂਏ ਕਉ ਮੂਆ." (ਵਾਰ ਸੂਹੀ ਮਃ ੨) ਭਾਵ- ਹਮ ਜਿਨਸਾਂ ਦਾ ਆਪੋ ਵਿੱਚੀ ਮੇਲ ਹੁੰਦਾ ਹੈ. ਜੀਵਤੇ ਦਾ ਅਰਥ ਗਯਾਨਵਾਨ ਅਤੇ ਮੂਆ ਦਾ ਅਰਥ ਅਗਯਾਨੀ ਹੈ.

ਸਾਂਪ੍ਰਦਾਈ ਗਯਾਨੀ ਇਸ ਦਾ ਅਰਥ ਕਰਦੇ ਹਨ- ਤੁਰਦਾ (ਪਾਣੀ) ਪਾਣੀ ਨਾਲ ਮਿਲ ਜਾਂਦਾ ਹੈ, ਉਡਤਾ (ਪੌਣ) ਪੌਣ ਨਾਲ, ਜੀਵਤਾ (ਅਗਨਿ) ਅਗਨਿ ਨਾਲ, ਮੂਆ (ਪ੍ਰਿਥਿਵੀ) ਪ੍ਰਿਥਿਵੀ ਨਾਲ. ਅਰਥਾਤ ਦੇਹ ਦੇ ਤੱਤ, ਮੂਲ ਕਾਰਣ ਤੱਤਾਂ ਵਿੱਚ ਸਮਾ ਜਾਂਦੇ ਹਨ.

ਤੁਰਪਣਾ, ਤੁਰਪਨਾ: ਕ੍ਰਿ- ਤੋਪਾ ਲਾਉਣਾ. ਟਾਂਕਣਾ. ਸਿਉਣਾ.

ਤੁਰਫ਼ਾ: ਅ਼. طرفہ ਅਚੰਭਾ। ੨. ਅੱਖ ਦਾ ਫੋਰ. ਨਿਮੇਸ਼.

ਤੁਰਬਤ: ਅ਼. تربت ਸੰਗਯਾ- ਮਿੱਟੀ. ਜ਼ਮੀਨ। ੨. ਕ਼ਬਰ. ਗੋਰ. "ਤੁਰਬਤ ਹਮਰੇ ਬਡਿਨ ਕੀ ਹੈ ਲਹੌਰ ਕੇ ਮਾਂਹਿ." (ਪ੍ਰਾਪੰਪ੍ਰ)

ਤੁਰਮ: ਸੰ. ਤੂਰਮ. ਸੰਗਯਾ- ਤੁਰ੍ਹੀ. ਅੰ. trump ਅਤੇ trumpet.

ਤੁਰਮਚੀ: ਤੁਰਮ ਬਜਾਉਣ ਵਾਲਾ। ੨. ਦੇਖੋ, ਤੁਰਮਤੀ.

ਤੁਰਮਤਾ, ਤੁਰਮਤਾਈ, ਤੁਰਮਤੀ: ਇਹ ਸਯਾਹਚਸ਼ਮ ਸ਼ਿਕਾਰੀ ਪੰਛੀ ਹੈ. ਇਸ ਦਾ ਘਰ ਪੰਜਾਬ ਹੈ. ਕੱਦ ਘੁੱਗੀ ਬਰਾਬਰ ਹੁੰਦਾ ਹੈ. ਸਿਰ ਦਾ ਰੰਗ ਸੁਰਖੀ ਦੀ ਝਲਕ ਵਾਲਾ ਹੋਇਆ ਕਰਦਾ ਹੈ. ਨਰ ਨੂੰ ਤੁਰਮਤਾ ਆਖਦੇ ਹਨ. ਇਹ ਜੋੜਾ ਮਿਲਕੇ ਛੋਟੀਆਂ ਚਿੜੀਆਂ ਦਾ ਸ਼ਿਕਾਰ ਕਰਦਾ ਹੈ. ਖਾਸ ਕਰਕੇ ਸਵੇਰ ਵੇਲੇ ਚੰਡੋਲ ਦਾ ਸ਼ਿਕਾਰ ਇਸ ਨੂੰ ਬਹੁਤ ਪਿਆਰਾ ਹੈ. ਚੇਤ ਵੈਸਾਖ ਵਿੱਚ ਮਦੀਨ ਉੱਚੇ ਬਿਰਛਾਂ ਤੇ ਆਲ੍ਹਣਾ ਬਣਾਕੇ ਆਂਡੇ ਦਿੰਦੀ ਹੈ, ਸ਼ਿਕਾਰੀ ਇਸ ਨੂੰ ਛੋਟੇ ਪੰਛੀਆਂ ਦਾ ਸ਼ਿਕਾਰ ਕਰਨ ਲਈ ਕੇਵਲ ਛੀ ਮਹੀਨੇ ਰਖਦੇ ਹਨ.

ਤੁਰਯ: ਸੰਗਯਾ- ਤੁਰਗ. ਤੁਰੰਗ. ਘੋੜਾ.

ਤੁਰਰਾ: ਅ਼. طُرّہ ਤ਼ੱੁਰਹ਼. ਸੰਗਯਾ- ਮੋਤੀ ਆਦਿ ਰਤਨਾਂ ਦਾ ਗੁੱਛਾ, ਜੋ ਮਹਾਰਾਜੇ ਅਰ ਬਾਦਸ਼ਾਹ ਸਿਰ ਉੱਪਰ ਪਹਿਰਦੇ ਹਨ. "ਤੁਰਰਾ ਧਰਜੋ ਅਪਰ ਸੁਭ ਚੀਰਾ." (ਗੁਪ੍ਰਸੂ) ੨. ਜ਼ਰੀ ਦੀ ਤਾਰਾਂ ਦਾ ਕਲਗੀ ਦੀ ਸ਼ਕਲ ਦਾ ਭੀ ਤੁਰਰਾ ਹੋਇਆ ਕਰਦਾ ਹੈ। ੩. ਕਲਗੀ ਦੀ ਸ਼ਕਲ ਦਾ ਸਿਰਬੰਦ ਦਾ ਸਿਰਾ (ਸ਼ਮਲਾ)

ਤੁਰਰੀ: ਸੰਗਯਾ- ਤੁਰ੍ਹੀ. ਤੁਰਮ. "ਤੁਰਰੀ ਡਫ ਗਨ ਪਟਹਿ ਨਿਸ਼ਾਨਾ." (ਗੁਪ੍ਰਸੂ)

ਤੁਰਲੀਆ: ਵਿ- ਤਰਲਤਾ (ਚੰਚਲਤਾ) ਵਾਲਾ. ਤ੍ਵਰਿਤ ਗਮਨ ਕਰਨ ਵਾਲਾ. ਚਾਲਾਕ. "ਪਾਵ ਤੁਰਲੀਆ ਜੋਬਨਿ ਬਲੀਆ." (ਆਸਾ ਮਃ ੫) ਚਪਲ ਘੋੜੇ ਦੀ ਰਕਾਬ ਵਿੱਚ ਪੈਰ ਹੈ.

ਤੁਰਾ: ਸੰਗਯਾ- ਤੁਰਗ. ਘੋੜਾ. "ਹਰ ਰੰਗੀ ਤੁਰੋ ਨਿਤ ਪਾਲੀਅਹਿ." (ਵਾਰ ਸੋਰ ਮਃ ੪) ੨. ਫ਼ਾ. تُرا ਸਰਵ- ਤੁਝੇ. ਤੈਨੂੰ। ੩. ਤੇਰਾ. "ਨਾਨਕ ਬੁਗੋਯਦ ਜਨੁ ਤੁਰਾ." (ਤਿੰਲ ਮਃ ੧) ੪. ਦੇਖੋ, ਤ੍ਵਰਾ.

ਤੁਰਾਸਾਹ, ਤੁਰਾਖਾੜ: ਸੰ. ਤੁਰਾਸਾਹ ਅਤੇ ਤੁਰਾਸ਼ਾਟ. ਸੰਗਯਾ- ਇੰਦ੍ਰ, ਜੋ ਤੁਰਾ (ਵੇਗ) ਨੂੰ ਸਹਾਰਦਾ ਹੈ. ਇੰਦ੍ਰ ਸ਼ਤ੍ਰੂਆਂ ਦੇ ਵੇਗ ਨੂੰ ਸਹਨ ਕਰਦਾ ਹੈ, ਇਸ ਵਾਸਤੇ ਤੁਰਾਸਾਹ ਸੰਗਯਾ- ਹੈ.

ਤੁਰਾਖਾੜ ਪਿਤਣੀ: ਸੰਗਯਾ- ਤੁਰਾਸ਼ਾਟ (ਇੰਦ੍ਰ) ਦੇ ਪਿਤਾ (ਕਸ਼ਯਪ) ਦੀ. ਭਾਵ- ਪ੍ਰਿਥਿਵੀ. (ਸਨਾਮਾ)

ਤੁਰਾਨਾ: ਦੇਖੋ, ਤੁੜਾਉਣਾ. "ਇਸਹਿ ਤੁਰਾਵਹੁ ਘਾਲਹੁ ਸਾਟਿ." (ਗੌਂਡ ਕਬੀਰ)

ਤੁਰਿ: ਕ੍ਰਿ. ਵਿ- ਤੁਰੰਤ. ਫ਼ੌਰਨ. ਦੇਖੋ, ਤੁਰ. "ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ." (ਸਵਾ ਮਃ ੧) ੨. ਤੁਰਕੇ. ਚੱਲਕੇ। ੩. ਸੰ. ਸੰਗਯਾ- ਜੁਲਾਹੇ ਦੀ ਤੁਰ.

ਤੁਰੀ: ਸੰ. ਸੰਗਯਾ- ਜੁਲਾਹੇ ਦੀ ਕੁੱਚ. "ਤੁਰੀ ਨਾਰਿ ਕੀ ਛੋਡੀ ਬਾਤਾ." (ਗੌਂਡ ਕਬੀਰ) ਕੁੱਚ ਅਤੇ ਨਾਰਿ (ਨਲਕੀ) ਦਾ ਨਾਉਂ ਹੀ ਨਹੀਂ ਲੈਂਦਾ। ੨. ਸੰ. ਤੁਰਗੀ. ਘੋੜੀ. "ਇਕ ਤਾਜਨਿ ਤੁਰੀ ਚੰਗੇਰੀ." (ਧਨਾ ਧੰਨਾ) "ਹਰਿਰੰਗੁ ਤੁਰੀ ਚੜਾਇਆ." (ਵਡ ਮਃ ੪. ਘੋੜੀਆਂ) ੩. ਤੁਰੀਯ (ਚੌਥੀ) ਅਵਸਥਾ. "ਗੁਰੁ ਚੇਲੇ ਵੀਵਾਹੁ ਤੁਰੀ ਚੜਾਇਆ." (ਭਾਗੁ) ਇਸ ਤੁਕ ਵਿੱਚ ਤੁਰੀ ਦੇ ਦੋ ਅਰਥ ਹਨ- ਘੋੜੀ ਅਤੇ ਤੁਰੀਯ ਅਵਸਥਾ, ਵੀਵਾਹੁ ਦਾ ਅਰਥ ਸੰਬਧ ਹੈ। ੪. ਦੇਖੋ, ਤੁਰਮ, ਤੁਰਰੀ ਅਤੇ ਤੁਰ੍ਹੀ.

ਤੁਰੀਅ: ਦੇਖੋ, ਤੁਰੀਯ.

ਤੁਰੀਆ: ਸੰ. तुर्य्या- ਤੁਯਾਂ. ਸੰਗਯਾ- ਚੌਥੀ ਅਵਸਥਾ. ਉਹ ਹਾਲਤ, ਜੋ ਜਾਗ੍ਰਤ ਸ੍ਵਪਨ ਸੁਖੁਪਤਿ ਤੋਂ ਪਰੇ ਹੈ. ਅਰਥਾਤ- ਗ੍ਯਾਨਦਸ਼ਾ. "ਤੁਰੀਆ ਸੁਖ ਪਾਇਆ." (ਵਾਰ ਗੂਜ ੧. ਮਃ ੩) "ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ." (ਗਉ ਥਿਤੀ ਮਃ ੫)

ਤੁਰੀਆਗੁਣ, ਤੁਰੀਆਪਦ, ਤੁਰੀਆਵਸਥਾ: ਸੰਗਯਾ- ਗ੍ਯਾਨ ਦੀ ਹ਼ਾਲਤ਼ ਗ੍ਯਾਨ ਅਵਸਥਾ. ਦੇਖੋ, ਤੁਰੀਆ. "ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣ ਹੈ ਗੁਰਮੁਖਿ ਲਹੀਆ." (ਬਿਲਾ ਅਃ ਮਃ ੪) "ਤੁਰੀਆਵਸਥਾ ਗੁਰਮੁਖਿ ਪਾਈਐ ਸੰਤਸਭਾ ਕੀ ਓਟ ਲਹੀ." (ਆਸਾ ਮਃ ੧)

ਤੁਰੀਯ: ਸੰ. ਵਿ- ਚੌਥਾ. ਚਤੁਰਥ. ਤੁਰ੍ਯ। ੨. ਪਾਰਬ੍ਰਹਮ, ਜੋ ਵਿਸ੍ਵ, ਤੈਜਸ ਅਤੇ ਪ੍ਰਾਗ੍ਯ ਤੋਂ ਪਰੇ ਹੈ। ੩. ਦੇਖੋ, ਤੁਰੀਆਪਦ। ੪. ਵੈਖਰੀ ਵਾਣੀ ਜੋ ਚੌਥੀ ਹੈ. ਦੇਖੋ, ਚਾਰ ਬਾਣੀਆਂ.

ਤੁਰੇ: ਤੁਰਗ ਦਾ ਬਹੁਵਚਨ. ਘੋੜੇ. "ਤੁਰੇ ਪਲਾਣੇ ਪੌਣਵੇਗ." (ਵਾਰ ਆਸਾ)

ਤੁਰੇ ਤੁਰੰਗ: ਵਿ- ਚਾਲਾਕ ਘੋੜੇ. ਤੁਰ (ਛੇਤੀ) ਗਮਨ ਕਰਨ ਵਾਲੇ ਤੁਰੇ. "ਤੁਰੇ ਤੁਰੰਗ ਨਚਾਵੈ." (ਭੈਰ ਨਾਮਦੇਵ)

ਤੁਰੈ: ਸਰਵ- ਤੇਰੇ. ਤਵ. "ਕਾਨ੍ਹ ! ਤੁਰੈ ਤਨ ਛੁਵਤ ਹੀ." (ਕ੍ਰਿਸਨਾਵ) ੨. ਤੁਰਦਾ ਹੈ.

ਤੁਰੰਗ: ਸੰ. ਤੁਰङ्ग. ਸੰਗਯਾ- ਛੇਤੀ ਤੁਰਨ ਵਾਲਾ, ਘੋੜਾ. ਵੇਗ ਨਾਲ ਜਾਣ ਵਾਲਾ ਹੋਣ ਕਰਕੇ ਘੋੜੇ ਦੀ ਤੁਰੰਗ ਸੰਗਯਾ ਹੈ. "ਕੋਟਿ ਤੁਰੰਗ ਕੁਰੰਗ ਸੇ ਕੂਦਤ." (ਅਕਾਲ) ੨. ਮਨ. ਚਿੱਤ। ੩. ਗਰੁੜ। ੪. ਫ਼ਾ. ترنگ ਜੇਲ. ਕ਼ੈਦਖ਼ਾਨਾ। ੫. ਧਨੁਖ ਦਾ ਟੰਕਾਰ. ਤੀਰ ਚਲਾਉਣ ਸਮੇਂ ਚਿੱਲੇ ਦੀ ਧੁਨਿ.

ਤੁਰੰਗਨਿ, ਤੁਰੰਗਨੀ: ਸੰਗਯਾ- ਘੋੜਿਆਂ ਦੀ ਸੈਨਾ. ਰਸਾਲਾ. (ਸਨਾਮਾ) ੨. ਤੁਰੰਗੀ. ਘੋੜੀ.

ਤੁਰੰਗਪ੍ਰਿਯ: ਸੰ. ਸੰਗਯਾ- ਜੌਂ (ਯਵ), ਜੋ ਘੋੜੇ ਨੂੰ ਪਿਆਰੇ ਹਨ.

ਤੁਰੰਗਮ: ਸੰ. ਸੰਗਯਾ- ਘੋੜਾ। ੨. ਮਨ. ਦੇਖੋ, ਤੁਰੰਗ। ੩. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਦੋ ਨਗਣ, ਦੋ ਗੁਰੁ. ।।।, ।।।, ऽ, ऽ.

ਉਦਾਹਰਣ-

ਸਰਬ ਸੁਖ ਲਹੈ ਸੋ। ਨਿਯਮ ਸੁਭ ਗਹੈ ਜੋ।×××

ਤੁਰੰਜ: ਫ਼ਾ. ترنج ਸੰਗਯਾ- ਚਕੋਤਰਾ. ਦੇਖੋ, ਚਕੋਤਰਾ। ਨਿੰਬੂ.

ਤੁਰੰਜਬੀਨ: ਅ਼. ترنجبین ਸੰਗਯਾ- ਇੱਕ ਪ੍ਰਕਾਰ ਦੀ ਸ਼ੱਕਰ, ਜੋ ਖ਼ੁਰਾਸਾਨ ਵਿੱਚ ਊਂਟਕਟਾਰੇ ਦੇ ਬੂਟਿਆਂ ਨੂੰ ਲਗਦੀ ਹੈ. ਸੰਸਕ੍ਰਿਤ ਵਿੱਚ ਇਸ ਦਾ ਨਾਉਂ "ਯਵਾਸ ਸ਼ਕੰਰਾ" ਹੈ. ਯੂਨਾਨੀ ਹਕੀਮਾਂ ਦੇ ਮਤ ਅਨੁਸਾਰ ਇਸ ਦੀ ਤਾਸੀਰ ਗਰਮ ਤਰ ਅਤੇ ਦ੍ਰਾਵਕ ਹੈ. ਵੈਦਜਕ ਗ੍ਰੰਥਾਂ ਵਿੱਚ ਤੁਰੰਜਬੀਨ ਸਰਦ ਤਰ ਹੈ. ਇਹ ਖਾਂਸੀ ਨੂੰ ਦਬਾਉਂਦੀ ਅਤੇ ਅੰਤੜੀ ਦੀ ਮਲ ਝਾੜਦੀ ਹੈ. ਛਾਤੀ ਦੀ ਪੀੜ ਹਟਾਉਂਦੀ ਹੈ। ੨. ਨਿੰਬੂ ਦੇ ਰਸ ਦਾ ਸ਼ਰਬਤ।

ਤੁਰੰਤ: ਕ੍ਰਿ. ਵਿ- ਛੇਤੀ. ਫ਼ੌਰਨ. ਦੇਖੋ, ਤੁਰ.

ਤੁਰ੍ਹੀ: ਸੰਗਯਾ- ਤੂਰ. ਤੁਰਮ.

ਤੁੱਰਰਾ: ਦੇਖੋ, ਤੁਰਰਾ.

ਤੁਲ: ਸੰ. ਤੁਲ. ਧਾ- ਤੋਲਣਾ (ਵਜ਼ਨ ਕਰਨਾ), ਪੂਰਣ ਕਰਨਾ। ੨. ਦੇਖੋ, ਤੁਲਿ। ੩. ਦੇਖੋ, ਤੁਲੁ.

ਤੁਲਸਾ: ਭੱਲਾ ਜਾਤਿ ਦਾ ਗੁਰੂ ਅਮਰਦੇਵ ਦਾ ਸਿੱਖ, ਜਿਸ ਨੂੰ ਸਤਿਗੁਰੂ ਨੇ ਜਾਤਿਅਭਿਮਾਨ ਤਜਾਗਣ ਦਾ ਉਪਦੇਸ਼ ਦਿੱਤਾ। ੨. ਵਹੁਰਾ ਜਾਤਿ ਦਾ ਗੁਰੂ ਰਾਮ ਦਾਸ ਜੀ ਦਾ ਸਿੱਖ, ਜੋ ਗੁਰੂ ਅਰਜਨਦੇਵ ਦੀ ਸੇਵਾ ਵਿੱਚ ਭੀ ਹ਼ਾਜ਼ਿਰ ਰਿਹਾ.

ਤੁਲਸਾਂ: ਬੀਬੀ ਨਾਨਕੀ ਜੀ ਦੀ ਦਾਸੀ, ਜੋ ਸਤਿਗੁਰੂ ਨਾਨਕਦੇਵ ਦੀ ਸਿੱਖੀ ਧਾਰਕੇ ਪਰਮ ਗਜਾਨ ਨੂੰ ਪ੍ਰਾਪਤ ਹੋਈ. ਜਦ ਸਤਿਗੁਰੂ ਸੁਲਤਾਨਪੁਰ ਰਹੇ, ਤਦ ਇਹ ਸ਼੍ਰੱਧਾ ਨਾਲ ਸੇਵਾ ਅਤੇ ਸਤਿਸੰਗ ਕਰਦੀ ਰਹੀ.

ਤੁਲਸੀ: ਸੰ. ਸੰਗਯਾ- ਜੋ ਆਪਣੀ ਤੁਲਜਤਾ (ਬਰਾਬਰੀ) ਨੂੰ ਫੈਂਕ ਦੇਵੇ, ਸੋ ਤੁਲਸੀ. ਅਰਥਾਤ ਜਿਸ ਦੇ ਤੁਲਜ ਹੋਰ ਬੂਟਾ ਨਹੀਂ. ਤੁਲਸੀ ਮਰੂਏ ਦੀ ਕ਼ਿਸਮ ਦਾ ਇੱਕ ਚਰਪਰਾ ਪੌਦਾ ਹੈ. ਇਸ ਦੇ ਪੱਤੇ ਕਫ ਨਾਸ਼ਕ ਅਤੇ ਭੁੱਖ ਵਧਾਉਣ ਵਾਲੇ ਹਨ. ਵੈਦ ਤਪ ਆਦਿਕ ਕਈ ਰੋਗਾਂ ਵਿੱਚ ਤੁਲਸੀ ਵਰਤਦੇ ਹਨ. ਜੇ ਤੁਲਸੀ ਦੇ ਪੱਤੇ ਚਾਯ ਵਾਂਙ ਉਬਾਲਕੇ ਦੁੱਧ ਅਤੇ ਮਿੱਠਾ ਮਿਲਾਕੇ ਪੀਤੇ ਜਾਣ ਤਾਂ ਮੇਦੇ ਅਤੇ ਫਿਫੜੇ ਦੇ ਅਨੇਕ ਰੋਗ ਦੂਰ ਹੋਂਦੇ ਹਨ. L. Ocymum Sacrum. ਅੰ. Sweet basil.

ਵੈਸ਼ਨਵ ਧਰਮ ਅਨੁਸਾਰ ਇਸ ਨੂੰ ਬਹੁਤ ਹੀ ਪਵਿਤ੍ਰ ਮੰਨਿਆ ਹੈ ਅਰ ਸ਼ਾਲਗ੍ਰਾਮ ਦੀ ਪੂਜਾ ਤਾਂ ਬਿਨਾ ਤੁਲਸੀ ਹੋ ਹੀ ਨਹੀਂ ਸਕਦੀ.

ਬ੍ਰਹਮਵੈਵਰਤ ਪੁਰਾਣ ਵਿੱਚ ਕਥਾ ਹੈ ਕਿ ਗੋਲੋਕ ਵਿੱਚ ਤੁਲਸੀ ਨਾਮ ਦੀ ਇੱਕ ਰਾਧਾ ਦੀ ਸਖੀ ਸੀ. ਇੱਕ ਦਿਨ ਕ੍ਰਿਸ਼ਨ ਜੀ ਨਾਲ

ਤੁਲਸੀ ਨੂੰ ਕੇਲ ਕਰਦੇ ਦੇਖਕੇ ਰਾਧਾ ਨੇ ਸ੍ਰਾਪ ਦਿੱਤਾ ਕਿ ਤੂੰ ਮਨੁੱਖ ਸ਼ਰੀਰ ਧਾਰਣ ਕਰ. ਇਸ ਪੁਰ ਤੁਲਸੀ ਰਾਜਾ ਧਰਮਧ੍ਵਜ ਦੀ ਕੰਨਜਾ ਹੋਈ, ਅਤੇ ਸ਼ੰਖਚੂੜ ਰਾਖਸ ਨਾਲ ਵਿਆਹ ਹੋਇਆ. ਸ਼ੰਖਚੂੜ ਨੂੰ ਇਹ ਵਰ ਮਿਲਿਆ ਹੋਇਆ ਸੀ ਕਿ ਜਦ ਤੀਕ ਉਸ ਦੀ ਇਸਤ੍ਰੀ ਦਾ ਸਤਭੰਗ ਨਹੀਂ ਹੋਊ, ਓਦੋਂ ਤੀਕ ਉਸ ਨੂੰ ਕੋਈ ਨਹੀਂ ਜਿੱਤ ਸਕੇਗਾ. ਸ਼ੰਖਚੂੜ ਨੇ ਸਾਰੇ ਦੇਵਤੇ ਜਿੱਤ ਲਏ ਅਰ ਤਿੰਨ ਲੋਕਾਂ ਦਾ ਮਾਲਿਕ ਬਣ ਗਿਆ. ਦੇਵਤਿਆਂ ਨੇ ਵਿਸ਼ਨੁ ਦੀ ਸ਼ਰਣ ਲਈ ਅਤੇ ਸਹਾਇਤਾ ਮੰਗੀ. ਵਿਸ਼ਨੁ ਨੇ ਸ਼ੰਖਚੂੜ ਦਾ ਭੇਸ ਧਾਰਕੇ ਤੁਲਸੀ ਦਾ ਸਤ ਭੰਗ ਕੀਤਾ. ਤੁਲਸੀ ਨੇ ਵਿਸ਼ਨੁ ਨੂੰ ਸ੍ਰਾਪ ਦਿੱਤਾ ਕਿ ਤੂੰ ਪੱਥਰ ਹੋਜਾ. ਵਿਸ਼ਨੁ ਨੇ ਆਖਿਆ ਕਿ ਤੂੰ ਭੀ ਇਸ ਸ਼ਰੀਰ ਨੂੰ ਛੱਡਕੇ ਸਦਾ ਲਕ੍ਮੀ ਵਾਂਙ ਮੇਰੀ ਪਜਾਰੀ ਰਹੇਂਗੀ. ਤੇਰੇ ਸ਼ਰੀਰ ਤੋਂ ਗੰਡਕਾ ਨਦੀ ਅਤੇ ਕੇਸ਼ਾਂ ਤੋਂ ਤੁਲਸੀ ਦਾ ਬੂਟਾ ਹੋਵੇਗਾ. ਦੋਹਾਂ ਦੇ ਪਰਸਪਰ ਸ੍ਰਾਪ ਦੇ ਕਾਰਣ ਵਿਸ਼ਨੁ ਸ਼ਾਲਗ਼ਾਮ ਹੋਏ, ਜੋ ਗੰਡਕਾ ਨਦੀ ਵਿੱਚੋਂ ਮਿਲਦੇ ਹਨ ਅਤੇ ਤੁਲਸੀ ਬੂਟਾ ਬਣੀ. ਦੇਖੋ, ਜਲੰਧਰ ਸ਼ਬਦ.

ਬਹੁਤ ਵੈਸ਼ਨ ਤੁਲਸੀ ਅਤੇ ਸ਼ਾਲਗ੍ਰਾਮ ਦਾ ਵਿਆਹ ਧੂਮ ਧਾਮ ਨਾਲ ਕਰਦੇ ਹਨ ਅਰ ਤੁਲਸੀ ਦੀ ਲੱਕੜ ਦੀ ਮਾਲਾ ਅਤੇ ਕੰਠੀ ਪਹਿਰਦੇ ਹਨ. ਤੁਲਸੀ ਦਾ ਖ਼ਾਸ ਕਰਕੇ ਪੂਜਨ ਕੱਤਕ ਬਦੀ ਅਮਾਵਸ (ਮੌਸ) ਨੂੰ ਹੁੰਦਾ ਹੈ ਕਿਉਂਕਿ ਇਹ ਤਿਥਿ ਤੁਲਸੀ ਦੇ ਜਨਮ ਦੀ ਮੰਨੀ ਗਈ ਹੈ. ਤੁਲਸੀ ਦੇ ਸੰਸਕ੍ਰਿਤ ਨਾਮ ਹਨ-

ਵਿਸ਼ਨੁਵੱਲਭਾ, ਹਰਿਪ੍ਰਿਯਾ, ਵ੍ਰਿੰਦਾ, ਪਾਵਨੀ, ਵਹੁਪਤ੍ਰੀ, ਸ਼ੑਯਾਮਾ, ਤ੍ਰਿਦਸ਼ ਮੰਜਰੀ, ਮਾਧਵੀ, ਅਮ੍ਰਿਤਾ, ਸੁਰਵੱਲੀ. "ਨਾ ਸੁਚਿ ਸੰਜਮ ਤੁਲਸੀ ਮਾਲਾ." (ਮਾਰੂ ਸੋਲਹੇ ਮਃ ੫) ੨. ਸ਼੍ਰੀ ਗੁਰੂ ਅਰਜਨਦੇਵ ਦਾ ਇੱਕ ਪਰੋਪਕਾਰੀ ਸਿੱਖ। ਦੇਖੋ, ਤੁਲਸੀਦਾਸ.

ਤੁਲਸੀਆ: ਧੀਰ ਜਾਤਿ ਦਾ ਗੁਰੂ ਅਰਜਨਦੇਵ ਦਾ ਸਿੱਖ, ਜੋ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿੱਚ ਭੀ ਹ਼ਾਜਿਰ ਰਿਹਾ। ੨. ਭਾਰਦ੍ਵਾਜੀ ਬ੍ਰਾਹ‌ਮਣ, ਜੋ ਗੁਰੂ ਅਰਜਨ ਸਾਹਿਬ ਦਾ ਸਿੱਖ ਹੋਕੇ ਗੁਰੂ ਨਾਨਕਦੇਵ ਦੇ ਪਵਿਤ੍ਰ ਧਰਮ ਦਾ ਉਪਦੇਸ਼ਕ ਹੋਇਆ.

ਤੁਲਸੀਦਾਸ: ਰਾਜਪੁਰ (ਜਿਲਾ ਬਾਂਦਾ) ਦੇ ਵਸਨੀਕ ਬ੍ਰਾਹ੍ਮਣ ਆਤਮਾਰਾਮ ਦੇ ਘਰ ਮਾਤਾ ਹੁਲਸੀ ਦੇ ਉਦਰ ਤੋਂ ਤੁਲਸੀਦਾਸ ਜੀ ਦਾ ਜਨਮ ਹੋਇਆ.[600] ਇਹ ਮਹਾਕਵਿ ਸ਼੍ਰੀ ਰਾਮਚੰਦ੍ਰ ਜੀ ਦੇ ਅਨਨ੍ਯ ਭਗਤ ਸਨ. ਇਨ੍ਹਾਂ ਨੇ ਹਿੰਦੀ ਭਾਸ਼ਾ ਵਿੱਚ ਰਾਮਾਇਣ ਦੀ ਮਨੋਹਰ ਰਚਨਾ ਕੀਤੀ ਹੈ. ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਤੁਲਸੀ ਜੀ ਨੂੰ ਆਪਣੀ ਇਸਤ੍ਰੀ ਰਤਨਾਵਲੀ ਦੇ ਵਚਨ ਸੁਣਕੇ ਪਰਮੇਸ਼੍ਵਰ ਵੱਲ ਪ੍ਰੇਮ ਜਾਗਿਆ ਸੀ. ਤੁਲਸੀਦਾਸ ਜੀ ਦਾ ਦੇਹਾਂਤ ਸੰਮਤ ੧੬੮੦ ਵਿੱਚ ਕਾਸ਼ੀ ਹੋਇਆ. "ਸੰਬਤ ਸੋਲਹ ਸੌ ਅਸੀ, ਅਸੀ ਗੰਗ ਕੇ ਤੀਰ। ਸ਼੍ਰਾਵਣ ਸ਼ੁਕਲਾ ਸਪ੍ਤਮੀ ਤੁਲਸੀ ਤਜ੍ਯੋ ਸਰੀਰ."

ਤੁਲਸੀ ਰਾਮਾਯਣ: ਤੁਲਸੀਦਾਸ ਕ੍ਰਿਤ ਰਾਮਕਥਾ ਦਾ ਗ੍ਰੰਥ. ਤੁਲਸੀਦਾਸ ਨੇ ਦੋਹਾ, ਕਬਿੱਤ, ਬਰਵਾ ਆਦਿ ਕਈ ਰਾਮਾਯਣ ਲਿਖੇ ਹਨ, ਪਰ ਸਭ ਤੋਂ ਪ੍ਰਸਿੱਧ ਅਤੇ ਉੱਤਮ, ਮਾਨਸ ਰਾਮਾਯਣ, ਜੋ ਚੌਪਈ ਦੋਹਾ ਆਦਿ ਛੰਦਾਂ ਵਿੱਚ ਹੈ, ਉਹ 'ਤੁਲਸੀ ਰਾਮਾਯਣ' ਨਾਮ ਤੋਂ ਸੱਦੀਦਾ ਹੈ. ਤੁਲਸੀਦਾਸ ਨੇ ਇਸ ਦਾ ਨਾਮ "ਰਾਮਚਰਿਤਮਾਨਸ" ਰੱਖਿਆ ਹੈ.

ਤੁਲਹੜਾ, ਤੁਲਹਾ: ਸੰਗ੍ਯਾ- ਨਦੀ ਪਾਰ ਹਣ ਲਈ ਰੱਸਿਆਂ ਨਾਲ ਕਾਠ ਦਾ ਬੰਨ੍ਹਿਆ ਤੁਲ੍ਹਾ. "ਨਾ ਬੇੜੀ ਨਾ ਤੁਲਹੜਾ." (ਸ੍ਰੀ ਮਃ ੧) "ਆਗੇ ਕਉ ਕਿਛੁ ਤੁਲਹਾ ਬਾਂਧਉ." (ਸਾਰ ਕਬੀਰ)

ਤੁਲਨਾ: ਸੰ. ਸੰਗ੍ਯਾ- ਬਰਾਬਰੀ. ਤੁਲ੍ਯਤਾ। ੨. ਉਪਮਾ। ੩. ਤੋਲ. ਵਜ਼ਨ.

ਤੁਲਾ: ਸੰਗ੍ਯਾ- ਤੁਲਹਾ. ਤੁਲ੍ਹਾ. "ਕਿਸੀ ਤੁਲਾ ਦੇ ਕਿਹਿ ਸਰਨਾਈ." (ਨਾਪ੍ਰ) ੨. ਸੰ. ਤਰਾਜ਼ੂ. ਤੱਕੜੀ. "ਤੁਲਾ ਧਾਰਿ ਤੋਲੇ ਸੁਖ ਸਗਲੇ." (ਗਉ ਮਃ ੫) ੩. ਵੱਟਾ. "ਕਉਣ ਤਰਾਜੀ ਕਵਣੁ ਤੁਲਾ?" (ਸੂਹੀ ਮਃ ੧) ੪. ਤੁਲਾਦਾਨ. "ਤੁਲਾ ਪੁਰਖਦਾਨੇ." (ਗੌਂਡ ਨਾਮਦੇਵ) ਦੇਖੋ, ਤੁਲਾਦਾਨ। ੫. ਸੱਤਵੀਂ ਰਾਸ਼ਿ, ਜਿਸ ਦੀ ਸ਼ਕਲ ਤਰਾਜ਼ੂ ਦੀ ਹੈ (the sign Libra). ੬. ਤੁਲ੍ਯਤਾ. ਬਰਾਬਰੀ। ੭. ਚਾਰ ਸੌ ਤੋਲਾ ਭਰ ਵਜ਼ਨ.

---

[600] ਤੁਲਸੀਦਾਸ ਜੀ ਦਾ ਜਨਮ ਸੰਮਤ ੧੫੮੯ ਦਾ ਹੈ ਅਤੇ ਰਾਮਚਰਿਤ ਮਾਨਸ (ਰਾਮਾਇਣ) ਦੀ ਰਚਨਾ ਚੇਤ ਸੁਦੀ ੯. ਸੰਮਤ ੧੬੩੧ ਨੂੰ ਆਰੰਭ ਕੀਤੀ ਸੀ.

ਤੁਲਾਈ: ਸੰਗਜਾ- ਤੂਲ (ਰੂੰ) ਦਾਰ ਵਸਤ੍ਰ. ਤਲਪਾ. ਹੇਠ ਵਿਛਾਉਣ ਦਾ ਰੂੰਦਾਰ ਗਦੇਲਾ. "ਨਾ ਜਲੁ ਲੇਫ ਤੁਲਾਈਆ." (ਵਡ ਮਃ ੧. ਅਲਾਹਣੀ) ੨. ਤੋਲਣ ਦੀ ਕ੍ਰਿਯਾ। ੩. ਤੋਲਣ ਦੀ ਮਜ਼ਦੂਰੀ.

ਤੁਲਾਹਾ: ਵਿ- ਤੋਲਿਆ ਹੋਇਆ. ਵਜ਼ਨ ਕੀਤਾ। ੨. ਤੁਲਜਤਾ ਵਾਲਾ.

ਤੁਲਾਦਾਨ: ਸੰਗਜਾ- ਦਾਨ ਦੀ ਇੱਕ ਰੀਤਿ. ਤਰਾਜ਼ੂ ਦੇ ਇੱਕ ਪਲੜੇ ਦਾਨ ਕਰਤਾ ਨੂੰ ਬੈਠਾਕੇ, ਦੂਜੇ ਪਲੜੇ ਵਿੱਚ ਅੰਨ ਵਸਤ੍ਰ ਧਾਤੁ ਆਦਿ ਦਾਨ ਕਰਨ ਯੋਗਯ ਪਦਾਰਥ ਉਤਨਾ ਪਾਉਣਾ ਜਿਸ ਦਾ ਵਜ਼ਨ ਦਾਨੀ ਦੇ ਸ਼ਰੀਰ ਜਿੰਨਾ ਹੋਵੇ. ਐਸੇ ਦਾਨ ਨਾਲ ਜਯੋਤਿਸ਼ੀ ਵਿਘਨਾਂ ਦੀ ਸ਼ਾਂਤਿ ਮੰਨਦੇ ਹਨ. ਹਿੰਦੂ ਰੀਤਿਆਂ ਦੇ ਵਿਰੁੱਧ ਹੋਣ ਪੁਰ ਭੀ ਔਰੰਗਜ਼ੇਬ ਜੇਹੇ ਬਾਦਸ਼ਾਹ ਤੁਲਾਦਾਨ ਕੀਤਾ ਕਰਦੇ ਸਨ. ਦੇਖੋ, ਬਰਨੀਅਰ (Bernier) ਦੀ ਯਾਤ੍ਰਾ.

ਤੁਲਾਧਾਰ: ਸੰ. ਸੰਗਜਾ- ਤਰਾਜ਼ੂ ਰੱਖਣ ਵਾਲਾ ਵੈਸ਼ਯ. ਬਾਣੀਆਂ। ੧. ਤਰਾਜ਼ੂ ਦੀ ਉਹ ਰੱਸੀ ਜਿਸ ਨਾਲ ਛਾਬੇ ਬੱਧੇ ਹੁੰਦੇ ਹਨ। ੩. ਤੁਲਾ ਰਾਸ਼ਿ। ੪. ਮਹਾਭਾਰਤ ਅਨੁਸਾਰ ਇੱਕ ਧਰਮੀ ਵੈਸ਼ਯ.

ਤੁਲਾਧਾਰਿ: ਕ੍ਰਿ. ਵਿ- ਤਰਾਜ਼ੂ ਦੇ ਰੱਖਕੇ. "ਤੁਲਾਧਾਰਿ ਤੋਲੇ ਸੁਖ ਸਗਲੇ." (ਗਉ ਮਃ ੫) ਤੁਲਾਧਾਰਿ ਸਾਰੇ ਸੁਖ ਤੋਲੇ.

ਤੁਲਾਬੀਜ: ਸੰ. ਸੰਗਜਾ- ਲਾਲੜੀ. ਰੱਤਕ. ਘੁੰਘਚੀ. ਲਾਲੜੀ ਨੂੰ ਤੋਲਣ ਲਈ ਵਰਤੀਦਾ ਹੈ, ਇਸ ਲਈ ਇਹ ਸੰਗਜਾ ਹੈ.

ਤੁਲਾਵਾ: ਸੰਗਜਾ- ਤੋਲਣ ਵਾਲਾ. ਤੋੱਲਾ.

ਤੁਲਿ: ਸੰ. ਤੁਲਯ. ਵਿ- ਸਮਾਨ. ਬਰਾਬਰ. "ਕੀੜੀ ਤੁਲਿ ਨ ਹੋਵਨੀ." (ਜਪੁ) "ਜਨੁ ਨਾਨਕੁ ਭਗਤੁਦਰਿ ਤੁਲਿ ਬ੍ਰਹਮ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਸੰਗਜਾ- ਤੁਲਨਾ. ਤੋਲ. ਵਜ਼ਨ. "ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ." (ਵਡ ਛੰਤ ਮਃ ੧) ਨਾਮ ਦੇ ਵਜ਼ਨ ਤੁਲਯ ਨਹੀਂ। ੩. ਸੰ. ਜੁਲਾਹੇ ਦੀ ਕੂਚੀ। ੪. ਮੁਸੱਵਰ ਦੀ ਕੂਚੀ.

ਤੁਲੀ: ਬਹੁਜਾਈ ਖਤ੍ਰੀਆਂ ਦੀ ਇੱਕ ਜਾਤਿ। ੨. ਸੰ. ਜੁਲਾਹੇ ਦੀ ਕੂਚੀ.

ਤੁਲੁ: ਸੰਗਜਾ- ਤੁਲਾ. ਤਰਾਜ਼ੂ. "ਆਪੇ ਤੁਲੁ ਪਰਵਾਣੁ." (ਸੋਰ ਮਃ ੪) ਆਪੇ ਤੁਲਾ ਆਪੇ ਪ੍ਰਮਾਣ (ਵੱਟਾ). "ਅਮੁਲੁ ਤੁਲੁ ਅਮੁਲੁ ਪਰਵਾਣੁ." (ਜਪੁ)

ਤੁਲੂ: ਅ਼. طلوع ਤ਼ੁਲੂਅ਼. ਉਗਣਾ. ਨਿਕਲਨਾ। ੨. ਚੜ੍ਹਨਾ। ੩. ਸੂਰਯ ਦਾ ਉਦੇ ਹੋਣਾ.

ਤੁਲੈ: ਤੋਲਦਾ ਹੈ. "ਆਪਿ ਤੁਲੈ ਆਪੇ ਵਣਜਾਰ." (ਗਉ ਮਃ ੧) ਦੇਖੋ, ਵਣਜਾਰ.

ਤੁਲੰਬਾ, ਤੁਲੰਭਾ: ਦੇਖੋ, ਸੱਜਣ ਠਗ ਅਤੇ ਮਖਦੂਮਪੁਰ

ਤੁਲ੍ਹਾ: ਦੇਖੋ, ਤੁਲਹਾ.

ਤੁਲਯ: ਸੰ. ਵਿ- ਸਮਾਨ. ਬਰਾਬਰ। ੨. ਸਦ੍ਰਿਸ਼. ਜੇਹਾ। ੩. ਸੰਗਜਾ- ਇੱਕ ਗੰਧਰਵ.

ਤੁਲਯਤਾ: ਸੰਗਜਾ- ਬਰਾਬਰੀ. ਸਮਾਨਤਾ.

ਤੁਲਯਯੋਗਿਤਾ: (ਇੱਕੋ ਜੇਹੀ ਯੋਗਯਤਾ) ਅਨੇਕ ਉਪਮੇਯ ਅਥਵਾ ਅਨੇਕ ਉਪਮਾਨਾਂ ਦਾ ਜੇ ਇੱਕੋ ਧਰਮ ਵਰਣਨ ਕਰੀਏ, ਤਦ "ਤੁਲਯਯੋਗਿਤਾ" ਅਲੰਕਾਰ ਹੁੰਦਾ ਹੈ.

ਉਦਾਹਰਣ-

ਗੁਰਬਾਨੀ ਕੇ ਪਾਠ ਤੇਂ ਨਿਤਪ੍ਰਤਿ ਸਹਿਜਸੁਭਾਇ,

ਤਨ ਮਨ ਬਾਨੀ ਕੇ ਵਿਖੇ ਬਸੀ ਨੰਮ੍ਰਤਾ ਆਇ.

ਸ਼੍ਰੀ ਗੁਰੁ ਸ਼ਿਕ੍ਯਾ ਧਾਰਕੈ ਹਰਿਰਸ ਲੀਨੋ ਜਾਂਹਿ,

ਗੁੜ ਮਿਸ਼ਰੀ ਅਰੁ ਸ਼ਹਿਦ ਸਭ ਲਾਗਤ ਫੀਕੇ ਤਾਂਹਿ.

ਧੁਜਾ ਮਿਨਾਰ ਰੁ ਤਾਲ ਤਰੁ ਊਚੇ ਸੋਭਾ ਦੇਤ. ×××ਕੁੱਤਾ ਚਿੱਤਾ ਬਾਜ਼, ਤ੍ਰਿਪਤ ਭਏ ਨਹਿ ਕਾਮਕੇ.

(ਅ) ਸਤ੍ਰੁ ਮਿਤ੍ਰ ਨਾਲ ਸਮ ਵਿਹਾਰ ਹੋਣਾ, ਤੁਲ੍ਯਯੋਗਿਤਾ ਦਾ ਦੂਜਾ ਰੂਪ ਹੈ.

ਉਦਾਹਰਣ-

ਸੁਨਿ ਸੰਤਨਾ ਕੀ ਰੀਤਿ,

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ,

ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪ੍ਰੀਤਿ,

ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ,

ਪਵਿਤ੍ਰ ਅਪਵਿਤ੍ਰਹਿ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ. (ਮਾਰੂ ਅਃ ਮਃ ੫)

ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ. (ਸਃ ਮਃ ੯)

(ੲ) ਸਤ੍ਰੁ ਮਿਤ੍ਰ ਨਾਲ ਭਿੰਨ ਵਰਤਾਉ ਹੋਵੇ, ਪਰ ਉਸ ਦੇ ਬੋਧਨ ਕਰਨ ਲਈ ਪਦ ਇੱਕੋ ਵਰਤਿਆ ਜਾਵੇ, ਇਹ "ਤੁਲ੍ਯ-ਯੋਗਿਤਾ" ਦਾ ਤੀਜਾ ਰੂਪ ਹੈ.

ਉਦਾਹਰਣ-

ਸ੍ਰੀ ਗੁਰੂ ਗੋਬਿੰਦਸਿੰਘ ਤੋਂ ਮੈ ਜਾਵਾਂ ਬਲਿਹਾਰ,

ਦਾਸਾਂ ਤੇ ਜਗ ਵੈਰੀਆਂ ਜੋ ਦਿੰਦਾ ਹੈ ਸਾਰ.

ਦਾਸਾਂ ਨੂੰ ਸਾਰ (ਮੁਕਤਿ) ਅਤੇ ਵੈਰੀ ਨੂੰ ਸਾਰ (ਲੋਹਾ).

(ਸ) ਇੱਕ ਵਸਤੁ ਨਾਲ ਅਨੇਕ ਵਸਤਾਂ ਦੀ ਸਮਾਨ ਯੋਗਿਤਾ ਹੋਣੀ, ਇਹ "ਤੁਲ੍ਯਯੋਗਿਤਾ ਦਾ ਚੌਥਾ ਰੂਪ ਹੈ.

ਉਦਾਹਰਣ-

ਕੀਰਤਿ ਤਿਹਾਰੀ ਹੌਂ ਨਿਹਾਰੀ ਸ਼੍ਰੀ ਗੋਬਿੰਦਸਿੰਘ,

ਪਾਵਕ ਮੇਂ ਪੰਕਜ ਮੇਂ ਪੰਨਗ ਮੇਂ ਪਾਰਾ ਮੇਂ,

ਚਿੱਤ ਕੀ ਕਲਾ ਮੇ ਚਪਲਾ ਮੇਂ ਹੈ ਟਹਲਸਿੰਘ

ਚੰਦਨ ਮੇਂ ਚਾਂਦਨੀ ਮੇਂ ਚੰਦ ਮੇਂ ਉਜਾਰਾ ਮੇਂ,

ਹਰ ਮੇਂ ਹਰਾ ਮੇਂ ਹਰਆਸਨ ਮੇਂ ਹੰਸਨ ਮੇਂ.

ਹੀਰਾ ਮੇਂ ਹਲਾਯੁਧ ਮੇਂ ਹਾਸ ਮੇਂ ਹਿਮਾਰਾ ਮੇਂ,

ਸ਼ੀਸ਼ਾ ਮੇਂ ਸੁਧਾ ਮੇਂ ਸ਼ੀਰਸਾਗਰ ਮੇਂ ਸਵਿਤਾ ਮੇਂ,

ਸਾਰਦਾ ਮੇਂ ਸਰਿਤਾ ਮੇਂ ਸਰ ਮੇਂ ਸਿਤਾਰਾਮੇਂ, (ਅਲੰਕਾਰਸਾਗਰਸੁਧਾ)

ਦਸ਼ਮੇਸ਼ ਦੀ ਉੱਜਲ ਕੀਰਤਿ ਨਾਲ ਉੱਜਲ ਪਦਾਰਥਾਂ ਦੀ ਸਮਤਾ ਇਸ ਕਬਿੱਤ ਵਿੱਚ ਵਰਣਨ ਕੀਤੀ ਹੈ.

ਤੁਵ: ਦੇਖੋ, ਤਵ.

ਤੁਵਾ: ਸਰਵ- ਤ੍ਵਯਾ. ਤੇਰੇ ਕਰਕੇ. ਤੇਰੇ ਸੇ। ੨. ਤ੍ਵੰ. ਤੂ. "ਜਗ ਤੁਵਾ ਪ੍ਰਹਰਣੰ." (ਗਜਾਨ)

ਤੁੜ: ਜਿਲਾ ਅੰਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਸਰਹਾਲੀ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਤਰਨਤਾਰਨ ਤੋਂ ਦਸ ਮੀਲ ਵਾਯਵੀ ਕੋਣ ਹੈ. ਇਸ ਪਿੰਡ ਦੀ ਆਬਾਦੀ ਦੇ ਵਿੱਚ ਸ਼੍ਰੀ ਗੁਰੂ ਅੰਗਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ

ਇੱਕ ਵਾਰ ਅਜੇਹੀ ਔੜ ਲੱਗੀ ਕਿ ਵਰਖਾ ਦੀ ਬੂੰਦ ਨਾ ਡਿਗੀ. ਸਾਰੇ ਲੋਕ ਕੱਠੇ ਹੋਕੇ ਦਾਦੂ ਨਾਮਕ ਤਪੇ ਪਾਸ (ਜੋ ਖਡੂਰ ਵਿੱਚ ਹੀ ਵਸਦਾ ਸੀ) ਗਏ, ਅਤੇ ਵਰਖਾ ਲਈ ਬੇਨਤੀ ਕੀਤੀ. ਉਸ ਨੇ ਕਿਹਾ ਕਿ ਜਦ ਤਾਈਂ ਗੁਰੂ ਅੰਗਦ ਜੀ ਖਡੂਰ ਵਸਦੇ ਹਨ, ਤਦ ਤੀਕ ਵਰਖਾ ਨਹੀਂ ਪਵੇਗੀ. ਜੇ ਉਹ ਇੱਥੋਂ ਚਲੇ ਜਾਣ, ਤਾਂ ਵਰਖਾ ਹੋਵੇਗੀ. ਇਹ ਬਾਤ ਲੋਕਾਂ ਨੇ ਗੁਰੂ ਜੀ ਪਾਸ ਜਾ ਕਹੀ, ਤਾਂ ਰਾਤ ਨੂੰ ਸਤਿਗੁਰੂ ਇਕੱਲੇ ਹੀ ਖਡੂਰ ਸਾਹਿਬ ਤੋਂ ਚੱਲਕੇ ਇੱਥੇ ਆ ਗਏ. ਇਸ ਥਾਂ ਤੋਂ ਪਿੰਡ "ਛਾਪਰੀ" ਦੀ ਸੰਗਤਿ ਗੁਰੂ ਜੀ ਨੂੰ ਆਪਣੇ ਪਿੰਡ ਲੈ ਆਈ. ਉੱਥੇ ਕੁਝ ਸਮਾਂ ਗੁਰੂ ਜੀ ਰਹੇ. ਫਿਰ ਭਰੋਵਾਲ ਪਿੰਡ ਹੁੰਦੇ ਹੋਏ ਖਡੂਰ ਵਾਸੀਆਂ ਦੀ ਪਸ਼ਚਾਤਾਪ ਸਹਿਤ ਕੀਤੀ ਹੋਈ ਅਰਜੋਈ ਮੰਨਕੇ ਮੁੜ ਖਡੂਰ ਸਾਹਿਬ ਚਰਨ ਪਾਏ.

ਪਹਿਲਾਂ ਇੱਥੇ ਸਾਧਾਰਨ ਅਸਥਾਨ ਸੀ. ੨੦- ੨੨ ਸਾਲ ਤੋਂ ਭਾਈ ਨੱਥਾਸਿੰਘ ਜੀ ਪੁਜਾਰੀ ਦੀ ਪ੍ਰੇਰਣਾ ਨਾਲ ਬਹੁਤ ਸੁੰਦਰ ਦਰਬਾਰ ਬਣ ਗਿਆ ਹੈ. ਨਿੱਤ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਦਸ ਵਿੱਘੇ ਜ਼ਮੀਨ ਸਰਦਾਰ ਜਗਤਸਿੰਘ ਨੰਬਰਦਾਰ ਅਤੇ ਸਰਦਾਰ ਮੰਗਲਸਿੰਘ ਚੰਦਨਸਿੰਘ ਨੇ ਦਿੱਤੀ ਹੋਈ ਹੈ। ੨. ਤ੍ਰੁਟਿ. ਘਾਟਾ. ਕਮੀ.

ਤੁੜੰਦਿਆਂ: ਕ੍ਰਿ. ਵਿ- ਤੋੜਦਿਆਂ. ਤੋੜੰਦਿਆਂ. "ਗੰਢੇਦਿਆ ਛਿਅ ਮਾਹ, ਤੁੜੰਦਿਆ ਹਿਕੁ ਖਿਨੋ." (ਆਸਾ ਫਰੀਦ)

ਤੂ, ਤੂੰ: ਫ਼ਾ. تو ਸਰਵ- "ਤੂੰ ਅਕਾਲ ਪੁਰਖ ਨਾਹੀ ਸਿਰਿ ਕਾਲਾ." (ਮਾਰੂ ਸੋਲਹੇ ਮਃ ੧) "ਤੂੰ ਊਚ ਅਥਾਹੁ ਅਪਾਰ ਅਮੋਲਾ." (ਮਾਝ ਅਃ ਮਃ ੫)

ਤੂਈ: ਸਰਵ- ਤੂੰ ਹੀ. ਕੇਵਲ ਤੂ। ੨. ਸੰਗਯਾ- ਸੂਈ. ਕਾਂਟਾ। ੨. ਜ਼ਮੀਨ ਵਿੱਚੋਂ ਨਿਕਲਿਆ ਅੰਕੁਰ. ਡੰਘੂਰ। ੪. ਫ਼ਾ. توئی ਤੂ ਹੈ.

ਤੂਸ: ਅ਼. طوس ਤੂਸ ਖ਼ੁਰਾਸਾਨ ਵਿੱਚ ਇੱਕ ਸ਼ਹਿਰ, ਜਿਸ ਦਾ ਹੁਣ 'ਮਸ਼ਹਦ' ਨਾਮ ਪ੍ਰਸਿੱਧ ਹੈ। ੨. ਅ਼. طاؤس ਤ਼ਾਊਸ. ਮੋਰ ਦੀ ਸ਼ਕਲ ਦਾ ਇੱਕ ਤਾਰਦਾਰ ਵਾਜਾ. "ਤੁਰਹੀ ਤੂਸ ਮੁਚੰਗ." (ਸਲੋਹ) ਦੇਖੋ, ਸਾਜ.

ਤੂਸਦਾਨ: ਸੰਗਯਾ- ਕਾਰਤੂਸਦਾਨ. ਕਾਰਤੂਸ ਰੱਖਣ ਦਾ ਥੈਲਾ.

ਤੂਸਨ, ਤੂਸਨੀ: ਸੰ. - तृष्णी. ਤੂਸ਼੍ਣੀ. ਵਿ- ਮੌਨ. ਚੁਪ ਕੀਤਾ। ੨. ਸੰਗਯਾ- ਖ਼ਾਮੋਸ਼ੀ. ਚੁੱਪ.

ਤੂਸੀ: ਸੰਗਯਾ- ਤੂਸ ਦਾ ਵਸਨੀਕ. ਭਾਵ- ਖ਼ੁਰਾਸਾਨੀ. ਦੇਖੋ, ਤੂਸ. "ਹਨੇ ਰੂਸਿ ਤੂਸੀ." (ਕਲਕੀ)

ਤੂਹੜ: ਦੇਖੋ, ਤੁਸ.

ਤੂਹੀ, ਤੂਹੈ: ਸਰਵ- ਕੇਵਲ ਤੂ. ਤੂੰਹੀ. ਤੂਹੀਂਓਂ. "ਤੂਹੀ ਬਨ ਤੂਹੀ ਗਾਉ." (ਗਉ ਮਃ ੫) "ਤੂਹੈ ਹੀ ਗਾਵਣਾ." (ਵਾਰ ਸੋਰ ਮਃ ੪)

ਤੂਟਸਿ: ਟੁੱਟੇਗੀ.

ਤੂਟਨਾ: ਕ੍ਰਿ- ਟੁੱਟਣਾ. ਅਲਗ ਹੋਣਾ. "ਤੂਟਤ ਬਾਰ ਨ ਲਾਗੈ." (ਸਾਰ ਮਃ ੫) "ਬਸਤਾ ਤੂਟੀ ਝੁੰਪੜੀ." (ਵਾਰ ਜੈਤ) ਦੇਖੋ, ਤੁਟ.

ਤੂਠ, ਤੂਠਾ: ਦੇਖੋ, ਤੁਠ ਅਤੇ ਤੁਠਾ. "ਸਤਿਗੁਰੁ ਤੂਠਾ ਸਹਜੁ ਭਇਆ." (ਆਸਾ ਛੰਤ ਮਃ ੫)

ਤੂਠਿ, ਤੂਠੀ: ਪ੍ਰਸੰਨਤਾ ਦੇਖੋ, ਤੁਠਿ। ੨. ਖ਼ੁਸ਼ ਹੋਕੇ। ੩. ਪ੍ਰਸੰਨ ਹੋਈ.

ਤੂਣ: ਦੇਖੋ, ਤੂਣਿ। ੨. ਇੱਕ ਛੰਦ. ਦੇਖੋ, ਚਾਮਰ। ੩. ਸੰ. तृण. ਧਾ- ਭਰਨਾ, ਪੂਰਣ ਕਰਨਾ.

ਤੂਣਿ, ਤੂਣੀਰ: ਸੰ. ਸੰਗ੍ਯਾ- ਤੀਰਾਂ ਨਾਲ ਜੋ ਭਰਿਆ ਜਾਵੇ, ਭੱਥਾ. ਤਰਕਸ਼. ਦੇਖੋ, ਤੂਣ ੩. "ਤੂਣਿ ਕਸੇ ਕਟਿ ਚਾਪ ਗਹੇ ਕਰ." (ਰਾਮਾਵ)

ਤੂਣੀਰਾਲਯ, ਤੂਣੀਰਾਲੈ: ਸੰਗ੍ਯਾ- ਤੂਣੀਰ (ਭੱਥਾ) ਹੈ ਜਿਸ ਦਾ ਆਲਯ (ਘਰ), ਤੀਰ. (ਸਨਾਮਾ)

ਤੂਤ: ਸੰ. ਅਤੇ ਫ਼ਾ. تُوت ਸੰਗ੍ਯਾ- ਇੱਕ ਬਿਰਛ, ਜਿਸ ਦੇ ਫਲ ਖਾਣ ਵਿੱਚ ਮਿੱਠੇ ਹੁੰਦੇ ਹਨ ਅਤੇ ਛਟੀਆਂ ਦੇ ਟੋਕਰੇ ਆਦਿ ਬਣਦੇ ਹਨ. ਮਾਘ ਫੱਗੁਣ ਵਿੱਚ ਇਸ ਦੇ ਸਭ ਪੱਤੇ ਡਿਗ ਪੈਂਦੇ ਹਨ. Morus alba. ਪਿਉਂਦੀ ਤੂਤ ਦੀ ਸ਼ਹਤੂਤ ਸੰਗ੍ਯਾ ਹੈ.

ਤੂਤ ਸਾਹਿਬ: ਸ਼ਹਿਰ ਅਮ੍ਰਿਤਸਰ ਤੋਂ ਦੱਖਣ ਵੱਲ ਸੁਲਤਾਨਵਿੰਡ ਦੇ ਰਕ਼ਬੇ ਅੰਦਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਅਸਥਾਨ ਹੈ. ਸਤਿਗੁਰੂ ਜੀ ਕਦੇ ਕਦੇ ਇੱਥੇ ਤੂਤ ਬਿਰਛ ਤਲੇ ਆਕੇ ਬੈਠਦੇ ਹੁੰਦੇ ਸਨ, ਉਹ ਤੂਤ ਅਜੇ ਮੌਜੂਦ ਹੈ ਅਤੇ ਬਹੁਤ ਮੋਟਾ ਹੈ. ਮੰਜੀਸਾਹਿਬ ਅਥਵਾ ਕੋਈ ਚੰਗਾ ਅਸਥਾਨ ਬਣਿਆ ਹੋਇਆ ਨਹੀਂ, ਤਦੇ ਹੀ ਇਹੁ ਗੁਰਦ੍ਵਾਰਾ ਪ੍ਰਸਿੱਧ ਨਹੀਂ ਹੈ. ਪੁਜਾਰੀ ਭੀ ਕੋਈ ਨਹੀਂ. ਇੱਕ ਸਾਧਾਰਣ ਜਿਹਾ ਕੱਚਾ ਮਕਾਨ ਬਣਿਆ ਹੋਇਆ ਹੈ. ਅਮ੍ਰਿਤਸਰ ਅਤੇ ਸੁਲਤਾਨਵਿੰਡ ਦੇ ਵਿਚਕਾਰ ਜੋ ਚੁੰਗੀਖ਼ਾਨਾ ਹੈ. ਉਸ ਤੋਂ ਇਹ ਇੱਕ ਫਰਲਾਂਗ ਦੇ ਕ਼ਰੀਬ ਪੱਛਮ ਹੈ, ਅਤੇ ਅਮ੍ਰਿਤਸਰ ਸਟੇਸ਼ਨ ਤੋਂ ਦੋ ਮੀਲ ਅਗਨਿਕੋਣ ਹੈ.

ਤੂਤਿਯਾ: ਫ਼ਾ. تُوتِیا ਅਥਵਾ طُطِیا ਸੁਰਮਾ, ਅੰਜਨ. "ਖ਼ਾਕੇ ਰਾਹਸ਼ ਤੂਤਿਯਾ ਏ ਚਸ਼ਮੇ ਮਾਸ੍ਤ." (ਜਿੰਦਗੀ) ੨. ਨੀਲਾਥੋਥਾ. ਸੰ. ਤੁੱਥ.

ਤੂਤੀ: ਸੰਗ੍ਯਾ- ਤੂਤ ਦਾ ਫਲ। ੨. ਨਫੀਰੀ। ੩. ਫ਼ਾ. تُوتی ਅਥਵਾ طُوطی ਇੱਕ ਛੋਟੇ ਕ਼ੱਦ ਦਾ ਤੋਤਾ, ਜਿਸ ਦੀ ਗਰਦਨ ਬੈਂਗਣੀ, ਖੰਭ ਹਰੇ ਅਤੇ ਚੁੰਜ ਪੀਲੀ ਹੁੰਦੀ ਹੈ. "ਸੁਕ ਸਾਰਿਕਾ ਤੂਤੀ." (ਸਲੋਹ)

ਤੂਦਾ: ਦੇਖੋ, ਤੋਦਾ.

ਤੂਧੀ: ਸੰਗ੍ਯਾ- ਇਸ ਨੂੰ ਧੂਤੀ ਭੀ ਆਖਦੇ ਹਨ. ਇਹ ਬੇਸਰੇ ਦੀ ਮਦੀਨ ਹੈ. ਕੱਦ ਬੇਸਰੇ ਤੋਂ ਕੁੱਝ ਵਡਾ ਹੁੰਦਾ ਹੈ. ਦੇਖੋ, ਬੇਸਰਾ.

ਤੂਨ, ਤੂਨੀਰ: ਦੇਖੋ, ਤੂਣ ਅਤੇ ਤੂਣੀਰ.

ਤੂਨੀਰਾਲੈ: ਦੇਖੋ, ਤੂਣੀਰਾਲੈ.

ਤੂਫਾਨ: ਦੇਖੋ, ਤੁਫਾਨ.

ਤੂਬ: ਸੰ. तुम्ब. ਤੁੰਬ. ਸੰਗ੍ਯਾ- ਤੂੰਬਾ। ੨. ਕੌੜਾ ਤੁੰਬਾ. ਕੌੜਤੁੰਮਾ. ਦੇਖੋ, ਇੰਦ੍ਰਾਯਨ ਅਤੇ ਤੁੰਮਾ. "ਤੂਬ ਨਚਾਤੁਰ ਰੇ." (ਮਾਰੂ ਮਃ ੧) ਤੁੰਬ- ਨਚ- ਇਤਰ. ਦੇਖੋ, ਨਚਾਤੁਰ.

ਤੂੰਬਨਾ: ਦੇਖੋ, ਤੁੰਬਣਾ ਅਤੇ ਤੁੰਮਣਾ. "ਦੈਤਨ ਕੇ ਤਨ ਤੂਲ ਜਯੋਂ ਤੂੰਬੇ." (ਚੰਡੀ ੧) ਰੂੰ ਵਾਂਙ ਤੁੰਬ ਦਿੱਤੇ.

ਤੂਬਰ: ਸੰ. ਸੰਗ੍ਯਾ- ਮੀਣਾ (ਬਿਨਾ ਸਿੰਗਾਂ) ਬੈਲ। ੨. ਦਾੜ੍ਹੀ ਬਿਨਾ (ਖੋਜਾ) ਆਦਮੀ.

ਤੂੰਬਰ: ਸੰਗ੍ਯਾ- ਤੁੰਬ. ਤੂੰਬਾ। ੨. ਦੇਖੋ, ਤੁੰਬੁਰ. "ਨਾਰਦ ਤੂੰਬਰ ਲੈਕਰ ਬੀਨ." (ਕ੍ਰਿਸਨਾਵ) ੩. ਦੇਖੋ, ਤੰਬੂਰਾ.

ਤੂੰਬਰੀ, ਤੂੰਬੜਾ, ਤੂੰਬੜੀ: ਸੰ. ਤੁੰਬ ਅਤੇ ਤੁੰਬੀ. ਸੰਗ੍ਯਾ- ਕੱਦੂ. ਤੂੰਬਾ. ਅੱਲ. ਕੌੜਤੁੰਮਾ ਆਦਿ. ਦੇਖੋ, ਤੂੰਬਾ। ੨. ਭਾਵ- ਫਲ. "ਜਿਨਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ."(ਸਵਾ ਮਃ ੩) ਨਾ ਭਗਤਿਰੂਪ ਵੇਲ ਅਤੇ ਨਾ ਗ੍ਯਾਨਰੂਪ ਫਲ.

**ਤੂਬਾ, ਤੂਬਾ:** ਅ਼. طوُبےٰ ਬਹੁਤ ਸੁਗੰਧ ਵਾਲਾ। ੨. ਬਹੁਤ ਪਵਿਤ੍ਰ। ੩. ਸੰਗਯਾ- ਇਸਲਾਮ ਦੀ ਕਿਤਾਬਾਂ ਅਨੁਸਾਰ ਇੱਕ ਦਰਖ਼ਤ ਜੋ ਬਹਿਸ਼੍ਤ ਵਿੱਚ ਹੈ. ਇਸ ਦੇ ਅਨੇਕ ਭਾਂਤ ਦੇ ਮੇਵੇ ਲਗਦੇ ਹਨ ਅਤੇ ਇਸ ਤੋਂ ਦੂਰ ਦੂਰ ਤਕ ਸੁਗੰਧ ਫੈਲਦੀ ਹੈ.

**ਤੂੰਬਾ, ਤੂੰਬਿਕਾ, ਤੂੰਬੀ:** ਕੱਦੂ ਦੀ ਜਾਤਿ ਦਾ ਇੱਕ ਫਲ, ਜੋ ਵੇਲ ਨੂੰ ਲਗਦਾ ਹੈ. Tumba gourd. L. Asteracantha longifolia. ਤੂੰਬੇ ਤੂੰਬੀ ਤੋਂ ਕਈ ਤਰਾਂ ਦੇ ਤਾਰਦਾਰ ਵਾਜੇ ਬਣਦੇ ਹਨ. ਚੰਮ ਨਾਲ ਮੜ੍ਹਕੇ ਭੀ ਵਜਾਇਆ ਜਾਂਦਾ ਹੈ. ਫਕੀਰ ਇਸ ਨੂੰ ਗਡਵੇ ਦੀ ਥਾਂ ਵਰਤਦੇ ਹਨ.

**ਤੂੰਮਰੁ:** ਦੇਖੋ, ਤੂੰਬਰ। ੨. ਫਲ. "ਆਕ ਨੀਮ ਕੋ ਤੂੰਮਰੁ." (ਆਸਾ ਮਃ ੫) ੩. ਸੰ. ਤੂਵਰ. ਵਿ- ਕਸੈਲੇ ਰਸ ਵਾਲਾ.

**ਤੂੰਮੜੀ:** ਦੇਖੋ, ਤੂੰਬੜੀ. "ਬਾਹਰਿ ਧੋਤੀ ਤੂੰਮੜੀ ਅੰਦਰ ਵਿਸੁ ਨਿਕੋਰ." (ਵਾਰ ਸੂਹੀ ਮਃ ੧)

**ਤੂਮਾਰ, ਤੂਮਾਰ:** ਅ਼. طُمار ਸੰਗਯਾ- ਲੰਮੀ ਕਹਾਣੀ। ੨. ਮੁਬਾਲਿਗ਼ਾ. ਅਤਿਸ਼ਯੋਕ੍ਤਿ। ੩. ਦਫ਼ਤਰ। ੪. ਲੰਮੀ ਚਿੱਠੀ.

**ਤੂਰ:** ਸਰਵ- ਤੇਰਾ. ਤੇਰੀ. ਤੋਰ. "ਸੋਈ ਸਾਬਤ ਰਹਿ ਸਕੈ ਜਿਸ ਪਰ ਕਰੁਣਾ ਤੂਰ." (ਨਾਪ੍ਰ) ੨. ਸੰ. ਤੂਰ੍ਯ. ਸੰਗਯਾ- ਤੁਰਮ. ਰਣਸਿੰਘਾ. "ਜਗ ਜਸ ਤੂਰ ਬਜਾਇਅਉ." (ਸਵੈਯੇ ਮਃ ੪. ਕੇ) ੩. ਸੰ. ਵਿ- ਪ੍ਰਬਲ. ਜੋਰਾਵਰ. "ਅਧਮ ਉਧਾਰੇ ਤੂਰ ਭੁਜੇ." (ਅਕਾਲ) ੪. ਵਿਜਯੀ. ਜਿੱਤਣ ਵਾਲਾ। ੫. ਸੰਗਯਾ- ਰਾਜਪੂਤਾਂ ਦੀ ਇੱਕ ਜਾਤਿ। ੬. ਅ਼. تُورج ਤੁਰਕ। ੭. ਬਹਾਦੁਰ. ਸ਼ੂਰਵੀਰ। ੮. طوُر ਤੂਰਟ ਮਿਸਰ ਦਾ ਇੱਕ ਖ਼ਾਸ ਪਹਾੜ, ਜਿਸ ਦਾ ਨਾਮ ਸੀਨਾ ਹੈ (ਕੋਹਤੂਰ). ਬਾਈਬਲ ਅਤੇ ਕ਼ੁਰਾਨ ਅਨੁਸਾਰ ਇਸ ਪੁਰ ਪੈਗ਼ੰਬਰ ਮੂਸਾ ਨਾਲ ਖ਼ੁਦਾ ਨੇ ਗੱਲਾਂ ਕੀਤੀਆਂ ਸਨ. ਦੇਖੋ, ਮੂਸਾ.

**ਤੂਰਜ:** ਫ਼ਾ. تُورج ਸੰਗਯਾ- ਫ਼ਰੀਦੂਨ ਬਾਦਸ਼ਾਹ ਦਾ ਵਡਾ ਬੇਟਾ, ਜਿਸ ਦੇ ਨਾਮ ਪੁਰ ਤੂਰਾਨ ਵਲਾਇਤ ਪ੍ਰਸਿਧ ਹੈ. ਇਸ ਦੇ ਛੋਟੇ ਭਾਈ ਈਰਜ ਤੋਂ ਦੇਸ਼ ਦਾ ਨਾਮ ਈਰਾਨ ਹੋਇਆ। ੨. ਵਲਾਇਤ ਤੂਰਾਨ। ੩. ਤੁਰਕ। ੪. ਯੋਧਾ. ਵੀਰ.

**ਤੂਰਣ, ਤੂਰਨ:** ਸੰ. ਤੂਰ੍ਣ. ਕ੍ਰਿ. ਵਿ- ਤੁਰੰਤ. ਸ਼ੀਘ੍ਰ. ਫ਼ੌਰਨ.

**ਤੂਰਨਤਾ:** ਸੰਗਯਾ- ਤੂਰ੍ਣਤਾ. ਸ਼ੀਘ੍ਰਤਾ. "ਤਿਨ ਤੇ ਤੂਰਨਤਾ ਪਹਿਚਾਨੀ." (ਨਾਪ੍ਰ)

**ਤੂਰਾਨ:** ਫ਼ਾ. تُوران ਸੰਗਯਾ- ਫ਼ਾਰਸ ਦੇ ਉੱਤਰ ਪੂਰਵ ਇੱਕ ਦੇਸ਼. ਦੇਖੋ, ਤੂਰਜ.

**ਤੂਰੁ:** ਦੇਖੋ, ਤੂਰ ੨. "ਕੂੜਿ ਬਜਾਵੈ ਤੂਰੁ." (ਸ੍ਰੀ ਮਃ ੧)

**ਤੂਲ:** ਸੰ. ਸੰਗਯਾ- ਰੂੰ. ਰੂਈ. ਬੜੇਵਿਆਂ ਵਿੱਚੋਂ ਅਲਗ ਹੋਈ ਕਪਾਹ. ਸਿੰਮਲ ਅੱਕ ਆਦਿ ਦੀ ਰੂੰ ਭੀ ਤੂਲ ਕਹੀ ਜਾਂਦੀ ਹੈ. "ਲੌਨ ਤੇਲ ਤੂਲੰ ਵਿਵਹਾਰ." (ਨਾਪ੍ਰ) ੨. ਆਕਾਸ਼। ੩. ਸੰ. ਤੁਲ੍ਯ. ਵਿ- ਸਮਾਨ. ਬਰਾਬਰ. "ਮੁਰ ਨਿੰਦ ਉਸਤਤਿ ਤੂਲ." (ਬ੍ਰਹਮਾਵ) ੪. ਅ਼. طوُل ਤੂਲ. ਸੰਗਯਾ- ਲੰਬਾਈ.

**ਤੂਲਚਾਪ:** ਪੀਂਜੇ ਦਾ ਧਨੁਖ, ਜਿਸ ਨਾਲ ਉਹ ਰੂੰ ਪਿੰਜਦਾ ਹੈ. ਧੁਨਕੀ. ਤਾੜਾ.

**ਤੂਲਾ:** ਸੰਗਯਾ- ਪੁਲੰਦਾ. ਗੱਠਾ. "ਹਾਡ ਜਲੇ ਜੈਸੇ ਲਕਰੀ ਕਾ ਤੂਲਾ." (ਗੌਂਡ ਕਬੀਰ) ੨. ਸੰ. ਕਪਾਸ.

**ਤੂਲੀ:** ਸੰ. ਸੰਗਯਾ- ਰੰਗਣ ਦੀ ਕੂਚੀ. ਮੁਸੱਵਰ ਦੀ ਕੂਚੀ। ੨. ਨੀਲ ਦਾ ਪੌਦਾ.

**ਤੂੜੀ:** ਸੰਗਯਾ- ਤੁਸ਼. ਦਾਨਿਆਂ ਤੋਂ ਵੱਖ ਕੀਤਾ ਨੀਰਾ. ਖ਼ਾਸ ਕਰਕੇ ਕਣਕ ਅਤੇ ਜੌਂ ਦੀ ਤੋੜੀ ਹੋਈ ਨਾਲੀ. ਦੇਖੋ, ਤੁਡ ਧਾ.

**ਤੇ:** ਸਰਵ ਉਹ ਦਾ ਬਹੁ ਵਚਨ. ਵੇ. ਓਹ. ਵਹ. "ਤੇ ਸਾਧੂ ਹਰਿ ਮੇਲਹੁ ਸੁਆਮੀ." (ਭੈਰ ਮਃ ੪) ੨. ਵਯ- ਸੇ. ਤੋਂ. "ਆਸ ਅੰਦੇਸੇ ਤੇ ਨਿਹਕੇਵਲ." (ਵਾਰ ਆਸਾ) ੩. ਅਤੇ ਦਾ ਸੰਖੇਪ. "ਅੰਗਦ ਗੁਰੁ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ." (ਚੰਡੀ ੩) ੪. ਕ੍ਰਿ. ਵਿ- ਉੱਤੇ (ਉੱਪਰ) ਦਾ ਸੰਖੇਪ. "ਚੜੇ ਰਥੀਂ ਗਜ ਘੋੜਿਈਂ ਮਾਰ ਭੁਇ ਤੇ ਤਾਰੇ." (ਚੰਡੀ ੩) ੫. ਸੰ. ਤੁਮ ਸੇ. ਤ੍ਵਯਾ.

**ਤੇਉਣ:** ਸੰ. अन्तेवन- ਅੰਤੇਵਨ. ਸੰਗਯਾ- ਜ਼ਨਾਨਖ਼ਾਨੇ ਦਾ ਬਾਗ. ਕ੍ਰੀੜਾਵਨ। ੨. ਸੰ. ਤੇਵਨ. ਕ੍ਰੀੜਾ. ਖੇਲ। ੩. ਪੰਜਾਬੀ ਵਿੱਚ ਕੱਤਣ ਲਈ ਇਕੱਠੀਆਂ ਹੋਈਆਂ ਲੜਕੀਆਂ ਦੀ ਟੋਲੀ ਨੂੰ ਤੇਉਣ ਆਖਦੇ ਹਨ. ਇਸ ਦਾ ਨਾਮ ਤ੍ਰਿੰਜਣ ਭੀ ਹੈ.

**ਤੇਉਰ:** ਦੇਖੋ, ਤੇਵਰ.

**ਤੇਊ:** ਸਰਵ- ਵਹੀ. ਓਹੀ. "ਤੇਊ ਉਤਰਿ ਪਾਰਿਪਰੇ ਰਾਮ ਨਾਮ ਲੀਨੇ." (ਧਨਾ ਕਬੀਰ) ਵਹ ਭੀ. ਉਹ ਭੀ.

**ਤੇਇਯਾ:** ਦੇਖੋ, ਤੇਈਆ.

**ਤੇਈ:** ਸਰਵ- ਓਹੀ. ਵਹੀ. "ਬਿਖਮ ਸਾਗਰੁ ਤੇਈ ਜਨ ਤਰੇ." (ਗਉ ਮਃ ੫) ੨. ਦੇਖੋ, ਤੇਈਸ.

**ਤੇਈਆ, ਤੇਈਆ ਤਾਪ:** ਸੰਗਯਾ- ਤ੍ਰ੍ਯਾਹਿਕ ਜ੍ਵਰ. ਦੇਖੋ, ਤਾਪ (ਖ) "ਸੂਖਾ ਜ੍ਵਰ ਤੇਈਆ ਚੌਥਾਯਾ." (ਚਰਿਤ੍ਰ ੪੦੫)

**ਤੇਈਸ:** ਸੰ. त्रिविंशति- ਤ੍ਰਿਵਿੰਸ਼ਤਿ. ਵਿ- ਵੀਹ ਉੱਪਰ ਤਿੰਨ- ੨੩.

**ਤੇੱਸਾ:** ਫ਼ਾ. تیشہ ਤੇਸ਼ਹ. ਸੰਗਯਾ- ਲੱਕੜ ਤਰਾਸ਼ਨ ਦਾ ਤਖਾਣਾ ਸੰਦ. ਬਹੋਲਾ.

**ਤੇਹ:** ਸੰਗਯਾ- ਤ੍ਰਿਸ਼ਾ. ਪਯਾਸ.। ੨. ਸਨੇਹ. ਮੁਹੱਬਤ. "ਸਤਿਗੁਰ ਸੇਵੇ ਤੇਹ." (ਓਅੰਕਾਰ) ੩. ਤੇਜ. ਕ੍ਰੋਧ. "ਜਬ ਰਿਪੁ ਰਨ ਕੀਨੋ ਘਨੋ ਬਢ੍ਯੋ ਕ੍ਰਿਸਨ ਤਨ ਤੇਹ." (ਕ੍ਰਿਸਨਾਵ) ੪. ਸਰਵ- ਤਿਹਿਂ. ਉਸ ਨੇ. "ਤੇਹ ਪਰਮਸੁਖ ਪਾਇਆ." (ਬਾਵਨ) ੫. ਓਹ. ਵਹ. "ਤੇਹ ਜਨ ਤ੍ਰਿਪਤ ਅਘਾਏ." (ਸਵੈਯੇ ਸ੍ਰੀ ਮੁਖਵਾਕ ਮਃ ੫) ੬. ਤਿਸ ਸੇ. ਤਿਸ ਕਰਕੇ. "ਚਰਨ ਕਮਲ ਬੋਹਿਥ ਭਏ ਲਗਿ ਸਾਗਰ ਤਰਿਓ ਤੇਹ." (ਆਸਾ ਅਃ ਮਃ ੫)

**ਤੇਂਹ:** ਸਰਵ- ਤਿਸ ਨੇ. "ਆਨ ਉਪਾਵਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ." (ਜੈਤ ਮਃ ੫)

**ਤੇਹਣ:** ਵਡੇ ਸਰੀਣ ਖਤ੍ਰੀਆਂ ਦੀ ਇੱਕ ਜਾਤਿ. ਤ੍ਰੇਹਣ. ਸ਼੍ਰੀ ਗੁਰੂ ਅੰਗਦ ਜੀ ਇਸੇ ਗੋਤ੍ਰ ਵਿੱਚ ਪ੍ਰਗਟੇ ਸਨ.

**ਤੇਹਰ:** ਸੰਗਯਾ- ਤਿਹਰਾਪਨ। ੨. ਤਿੰਨ ਵਾਰ ਹਲ ਨਾਲ ਵਾਹੀ ਹੋਈ ਜ਼ਮੀਨ.

**ਤੇਹੜ:** ਸੰਗਯਾ- ਤ੍ਵੰਤਾ. ਤੇਰਾਪਨ. "ਏਹੜ ਤੇਹੜ ਛਡਿ ਤੂੰ." (ਵਾਰ ਸੋਰ ਮਃ ੩) ਅਹੰਤਾ ਤ੍ਵੰਤਾ ਤੂੰ ਛੱਡ। ੨. ਸਿੰਧੀ- ਤੇਈਆ ਤਾਪ. ਦੇਖੋ, ਤਾਪ (ਖ)

**ਤੇਹਾ:** ਵਿ- ਤੈਸਾ. ਤਾਦ੍ਰਿਸ਼. "ਤੇਹਾ ਹੋਵੈ ਜੇਹੇ ਕਰਮ ਕਮਾਇ." (ਆਸਾ ਮਃ ੩)

**ਤੇਹਿ:** ਸਰਵ- ਤਿਸ ਨੂੰ. ਉਸ ਕੋ. "ਪਾਰਬ੍ਰਹਮ ਕਾ ਅੰਤ ਨ ਤੇਹਿ." (ਸਾਰ ਅਃ ਮਃ ੫) ੨. ਤਿਸ ਸੇ. ਉਸ ਤੋਂ.

**ਤੇਹੀ:** ਵਿ- ਤੈਸੀ। ੨. ਕ੍ਰੋਧੀ. ਦੇਖੋ, ਤੇਹ ੩। ੩. ਸਨੇਹੀ. ਤੇਹ (ਪਯਾਰ) ਰੱਖਣ ਵਾਲਾ। ੪. ਸਰਵ- ਤਿਸ ਸੇ. ਉਸ ਤੋਂ. "ਅਨਿਕ ਜਲਾ ਜੇ ਧੋਵੈ ਦੇਹੀ। ਮੈਲੁ ਨ ਉਤਰੈ ਸੁਧੁ ਨ ਤੇਹੀ." (ਗਉ ਮਃ ੫)

**ਤੇਹੁ:** ਦੇਖੋ, ਤੇਹ.

**ਤੇਹੇ:** ਵਿ- ਤੇਹਾ ਦਾ ਬਹੁਵਚਨ. ਤੈਸੇ. ਵੈਸੇ.

**ਤੇਹੋ:** ਵਿ- ਤੈਸਾ. ਤਿਸ ਜੈਸਾ. "ਜੇਹਾ ਡਿਠਾ ਮੈ ਤੇਹੋ ਕਹਿਆ." (ਮਾਝ ਮਃ ੫)

**ਤੇਹੋਜੇਹਾ, ਤੇਹੇਜੇਹੀ:** ਵਿ- ਤਿਸ ਜੈਸਾ. ਤਿਸ ਜੈਸੀ. ਤੈਸਾ. ਤੈਸੀ. "ਤਿਸ ਦੈ ਦਿਤੈ ਨਾਨਕਾ ਤੇਹੋਜੇਹਾ ਧਰਮ." (ਵਾਰ ਰਾਮ ੧. ਮਃ ੩) "ਤੇਹੋਜੇਹੀ ਦੇਹੀ." (ਮਲਾ ਮਃ ੧)

**ਤੇਗ:** ਫ਼ਾ. تیغ ਤੇਗ਼. ਸੰਗਯਾ- ਫ਼ੌਲਾਦ ਦਾ ਜੌਹਰ। ੨. ਤਲਵਾਰ. ਖੜਗ. "ਦੇਗ ਤੇਗ ਜਗ ਮੈ ਦੋਊ ਚਲੈ." (ਚੋਪਈ) ਦੇਖੋ, ਦੇਗਤੇਗ। ੩. ਸੂਰਯ ਦੀ ਰੋਸ਼ਨੀ। ੪. ਵਿ- ਤੇਜ਼. ਤਿੱਖਾ.

ਤੇਗ਼ਆਜ਼ਮਾਈ: ਫ਼ਾ. تیغ آزمائی ਸੰਗਯਾ- ਤਲਵਾਰ ਦੀ ਪਰੀਖ੍ਯਾ ਦੀ ਕ੍ਰਿਯਾ. ਭਾਵ- ਜੰਗ. ਯੋਧਾਪਨ.

ਤੇਗਬਹਾਦੁਰ: ਦੇਖੋ, ਤੇਗਬਹਾਦੁਰ ਸਤਿਗੁਰੂ। ੨. ਵਿ- ਤਲਵਾਰ ਚਲਾਉਣ ਵਿੱਚ ਦਿਲੇਰ ਅਤੇ ਨਿਪੁਣ. ਤਲਵਾਰ ਦਾ ਧਨੀ. "ਸ੍ਰੀ ਗੁਰੂ ਤੇਗਬਹਾਦੁਰ ਨੰਦਨ, ਤੇਗਬਹਾਦੁਰ ਯੌਂ ਸੁਧ ਪਾਈ." (ਗੁਪ੍ਰਸੂ)

ਤੇਗਬਹਾਦੁਰ ਸਤਿਗੁਰੂ: ਸਿੱਖ ਕ਼ੌਮ ਦੇ ਨੌਵੇਂ ਬਾਦਸ਼ਾਹ, ਜਿਨ੍ਹਾਂ ਦਾ ਜਨਮ ੫. ਵੈਸਾਖ (ਵੈਸਾਖ ਵਦੀ ੫) ਸੰਮਤ ੧੬੭੮ (੧ ਏਪ੍ਰਿਲ ਸਨ ੧੬੨੧) ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ, ਮਾਤਾ ਨਾਨਕੀ ਜੀ ਤੋਂ ਅਮ੍ਰਿਤਸਰ ਹੋਇਆ. ੧੫. ਅੱਸੂ ਸੰਮਤ ੧੬੮੯ ਨੂੰ ਸ਼੍ਰੀ ਮਤੀ ਗੂਜਰੀ ਜੀ ਨਾਲ ਕਰਤਾਰਪੁਰ ਵਿੱਚ ਵਿਆਹ ਹੋਇਆ. ਚੇਤ ਸੁਦੀ ੧੪. (੨੪ ਚੇਤ) ਸੰਮਤ ੧੭੨੨ (੨੦ ਮਾਰਚ ਸਨ ੧੬੬੫) ਨੂੰ ਗੁਰੂ ਨਾਨਕਦੇਵ ਦੇ ਸਿੰਘਾਸਨ ਤੇ ਵਿਰਾਜਕੇ ਅਨੰਤ ਜੀਵਾਂ ਨੂੰ ਸੁਮਾਰਗ ਪਾਇਆ. ਪ੍ਰਚਾਰ ਲਈ ਜੰਗਲ (ਮਾਲਵਾ) ਪੁਆਧ, ਬਾਂਗਰ, ਪੂਰਵ, ਬਿਹਾਰ, ਬੰਗਾਲ ਵਿੱਚ ਵਿਚਰਕੇ ਸੱਚਾ ਧਰਮ ਦ੍ਰਿੜ੍ਹਾਇਆ. ਆਪ ਦੀ ਬਾਣੀ ਪ੍ਰੇਮ ਅਤੇ ਵੈਰਾਗਮਈ ਅਜੇਹੀ ਅਦਭੁਤ ਹੈ ਕਿ ਕਠੋਰ ਮਨਾਂ ਨੂੰ ਕੋਮਲ ਕਰਨ ਦੀ ਅਪਾਰ ਸ਼ਕਤਿ ਰਖਦੀ ਹੈ.

ਸਤਲੁਜ ਦੇ ਕਿਨਾਰੇ ਪਹਾੜੀ ਰਾਜਿਆਂ ਤੋਂ ਜ਼ਮੀਨ ਖ਼ਰੀਦਕੇ ਆਨੰਦਪੁਰ ਨਗਰ ਵਸਾਇਆ, ਜੋ ਖਾਲਸੇ ਦੀ ਵਾਸੀ ਹੈ.

ਭਾਰਤ ਦਾ ਜੁਲਮ ਦੂਰ ਕਰਨ ਅਰ ਧਰਮ ਦਾ ਬੀਜ ਰੱਖਣ ਲਈ ਆਪ ਨੇ ਭਾਰਤ ਦੀ ਯੱਗਵੇਦੀ ਤੇ ਆਪਣਾ ਸੀਸ, ਮੱਘਰ ਸੁਦੀ ੫. ਸੰਮਤ ੧੭੩੨ (੧੨ ਮੱਘਰ, ੧੧. ਨਵੰਬਰ ਸਨ ੧੬੭੫) ਨੂੰ ਚੜ੍ਹਾਇਆ. ਦਸ਼ਮੇਸ਼ ਜੀ ਵਿਚਿਤ੍ਰਨਾਟਕ ਵਿੱਚ ਲਿਖਦੇ ਹਨ:-

"ਠੀਕਰ ਫੋਰ ਦਿਲੀਸ ਸਿਰ ਪ੍ਰਭੁਪੁਰ ਕਿਯਾ ਪਯਾਨ,

ਤੇਗਬਹਾਦੁਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ."

ਨੌਂਵੇ ਸਤਿਗੁਰੂ ਦੇ ਸ਼ਹੀਦੀ ਅਸਥਾਨ ਦਾ ਨਾਮ "ਸੀਸਗੰਜ" ਹੈ, ਜੋ ਦਿੱਲੀ ਦੇ ਚਾਂਦਨੀਚੌਕ ਵਿੱਚ ਵਿਦਯਮਾਨ ਹੈ ਅਤੇ ਦੇਹ ਦੇ ਸਸਕਾਰ ਦੀ ਥਾਂ ਦਾ ਨਾਮ "ਰਕਾਬਗੰਜ" ਹੈ. ਆਪ ਨੇ ੧੦. ਵਰ੍ਹੇ ੭. ਮਹੀਨੇ ੧੮. ਦਿਨ ਗੁਰੁਤਾ ਕੀਤੀ ਅਤੇ ੫੪ ਵਰ੍ਹੇ ੭. ਮਹੀਨੇ ੭. ਦਿਨ ਸਾਰੀ ਅਵਸਥਾ ਭੋਗੀ. "ਤੇਗਬਹਾਦੁਰ ਸਿਮਰੀਐ ਘਰਿ ਨੌ ਨਿਧਿ ਆਵੈ ਧਾਇ." (ਚੰਡੀ ੩)

ਤੇਗਬਹਾਦੁਰਨੰਦਨ: ਸ੍ਰੀ ਗੁਰੂ ਗੋਬਿੰਦਸਿੰਘ ਸਾਹਿਬ.

ਤੇਗਬੰਦ: ਵਿ- ਤੇਗ (ਤਲਵਾਰ) ਬੰਨ੍ਹਣ ਵਾਲਾ. ਖੜਗਧਾਰੀ. "ਕਹਾ ਸੁ ਤੇਗਬੰਦ ਗਾਡੇ ਰੜਿ?" (ਆਸਾ ਅਃ ਮਃ ੧)

ਤੇਗ਼ਾ: ਫ਼ਾ. تیغہ ਸੰਗਯਾ- ਪੱਧਰੀ ਅਤੇ ਚੌੜੀ ਤਲਵਾਰ। ੨. ਖ਼ੰਜਰ.

ਤੇਜ: ਸੰ. ਤਿਜ੍. ਧਾ- ਤਿੱਖਾ ਕਰਨਾ, ਚਮਕਣਾ। ੨. ਸੰਗਯਾ- ਚਮਕ. ਪ੍ਰਕਾਸ਼. "ਆਪ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ." (ਬਿਲਾ ਕਬੀਰ) ਜੀਵ ਬ੍ਰਹਮ ਵਿੱਚ ਸਮਾਨਾ (ਸਮਾਇਆ) ੩. ਬਲ. ਸ਼ਕਤਿ। ੪. ਅਗਨਿ. "ਅਪ ਤੇਜ ਬਾਇ ਪ੍ਰਿਥਮੀ ਅਕਾਸਾ." (ਗਉ ਕਬੀਰ) ੫. ਵੀਰਯ। ੬. ਮਿੰਜ। ੭. ਘੀ। ੮. ਕ੍ਰੋਧ. "ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ." (ਮਲਾ ਮਃ ੧) ੯. ਫ਼ਾ. تیز ਤੇਜ਼. ਵਿ- ਤਿੱਖਾ। ੧੦. ਚਾਲਾਕ.

ਤੇਜਉ: ਦੇਖੋ, ਤੇਜਭਾਨੁ.

ਤੇਜਸਿੰਘ: ਜਮਾਦਾਰ ਖ਼ੁਸਾਲਸਿੰਘ ਦਾ ਭਤੀਜਾ (ਨਿੱਧੇ ਮਿੱਸਰ ਦਾ ਬੇਟਾ), ਜੋ ਸਿੱਖਰਾਜ ਵਿੱਚ ਰਾਜਾ ਦੀ ਪਦਵੀ ਰਖਦਾ ਸੀ. ਇਸ ਨੇ ਸਨ ੧੮੪੫ ਵਿੱਚ ਲਹੌਰ ਦਰਬਾਰ ਦਾ ਸੈਨਾਪਤਿ ਹੋਕੇ ਸਿੱਖ ਤ਼ਾਕਤ਼ ਨੂੰ ਕਮਜ਼ੋਰ ਕਰਨ ਲਈ ਫ਼ੌਜ ਨੂੰ ਭੜਕਾਕੇ ਅੰਗ੍ਰੇਜ਼ਾਂ ਨਾਲ ਜੰਗ ਛੇੜੇ.[601] ਇਸ ਦਾ ਦੇਹਾਂਤ ਸਨ ੧੮੬੨ ਵਿੱਚ ਹੋਇਆ ਹੈ.

---

[601] J.D. Cunningham ਸਿੱਖ ਇਤਿਹਾਸ ਦੇ ਨੌਵੇਂ ਬਾਬ ਵਿੱਚ ਸਾਫ ਲਿਖਦਾ ਹੈ ਕਿ ਤੇਜਸਿੰਘ ਅਤੇ ਲਾਲਸਿੰਘ ਨੇ ਸਿੱਖਦਲ ਦੇ ਨਾਸ਼ ਕਰਨ ਲਈ ਜੰਗ ਛੇੜੇ ਅਤੇ ਆਪਣੀ ਇਸ ਗੁਪਤ ਚਾਲ ਦਾ ਭੇਤ ਅੰਗ੍ਰੇਜ਼ਾਂ ਨੂੰ ਚੰਗੀ ਤਰ੍ਹਾਂ ਦੱਸ ਦਿੱਤਾ ਸੀ.

ਤੇਜਸ੍ਵੀ: ਸੰ. तेजस्विन. ਵਿ- ਤੇਜ ਵਾਲਾ. ਪ੍ਰਕਾਸ਼ਵਾਨ. ਪ੍ਰਤਾਪੀ. ਤੇਜਧਾਰੀ.

ਤੇਜਣਿ: ਵਿ- ਤੇਜ਼ ਚਾਲ ਵਾਲੀ. ਚਾਲਾਕ. "ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ." (ਵਡ ਮਃ ੪. ਘੋੜੀਆਂ) ਦੇਹਰੂਪ ਚਾਲਾਕ ਘੋੜੀ। ੨. ਤਾਜ਼ੀ ਦਾ ਸ੍ਤ੍ਰੀਲਿੰਗ. ਤਾਜਨ.

ਤੇਜਧਾਰੀ: ਦੇਖੋ, ਤੇਜਸ੍ਵੀ.

ਤੇਜਨ: ਦੇਖੋ, ਤੇਜਣਿ। ੨. ਸੰ. ਸੰਗਯਾ- ਤੇਜ ਉਤਪੰਨ ਕਰਨ ਦੀ ਕ੍ਰਿਯਾ। ੩. ਬਾਂਸ। ੪. ਮੁੰਜ। ੫. ਰਾਈ.

ਤੇਜਨੜੀ: ਵਿ- ਤੇਜ ਵਾਲੀ। ੨. ਤੇਜ਼ੀ ਵਾਲੀ. ਚਾਲਾਕ. "ਦੇਹ ਤੇਜਨੜੀ ਹਰਿ ਨਵਰੰਗੀਆ." (ਵਡ ਮਃ ੪. ਘੋੜੀਆਂ)

ਤੇਜਪਤ੍ਰ: ਸੰ. ਸੰਗਯਾ- ਦਾਲਚੀਨੀ ਦੀ ਜਾਤਿ ਦਾ ਇੱਕ ਬਿਰਛ, ਜਿਸ ਦੇ ਪੱਤੇ ਸੁਗੰਧ ਵਾਲੇ ਹੁੰਦੇ ਹਨ ਅਰ ਮਸਾਲੇ ਵਿੱਚ ਵਰਤੀਦੇ ਹਨ. ਤੇਜਪਤ੍ਰ ਦੀ ਲਕੜੀ ਮੇਜ਼ ਕੁਰਸੀ ਆਦਿ ਸਾਮਾਨ ਬਣਾਉਣ ਲਈ ਵਰਤੀਦੀ ਹੈ. ਇਸ ਦਾ ਤੇਲ ਸੁਗੰਧ ਵਾਲਾ ਹੁੰਦਾ ਹੈ. ਵੈਦਕ ਵਿੱਚ ਤੇਜਪਤ੍ਰ ਕਫ ਬਾਈ ਅਤੇ ਅਰੁਚਿ ਨਾਸ਼ਕ ਮੰਨਿਆ ਹੈ. ਇਸ ਦੀ ਤਾਸੀਰ ਗਰਮ ਤਰ ਹੈ. L. Laurus Cassia.

ਤੇਜਬਲ: ਸੰ. ਤੇਜੋਵਤ. ਸੰਗਯਾ- ਇਕ ਕੰਡੇਦਾਰ ਝਾੜ, ਜਿਸ ਦੀ ਲਕੜੀ ਕਾਲੀ ਮਿਰਚ ਜੇਹੀ ਚਰਪਰੀ ਹੁੰਦੀ ਹੈ. ਇਹ ਪਹਾੜਾਂ ਵਿੱਚ ਵਿਸ਼ੇਸ਼ ਪਾਇਆ ਜਾਂਦਾ ਹੈ. ਇਸ ਦੀ ਦਾਤਣ ਬਹੁਤ ਲੋਕ ਕਰਦੇ ਹਨ ਅਤੇ ਸਰਦਾਈ ਘੋਟਣ ਲਈ ਸੋਟੇ ਬਣਾਉਂਦੇ ਹਨ. ਦੰਦਾਂ ਦੀ ਪੀੜ ਦੂਰ ਕਰਨ ਵਾਸਤੇ ਇਸ ਦੀ ਛਿੱਲ ਦਾ ਚੱਬਣਾ ਬਹੁਤ ਗੁਣਕਾਰੀ ਹੈ. ਇਸ ਦਾ ਨਾਮ "ਤਿਮਰ" ਭੀ ਹੈ. L. Scinzapsus officinalis.

ਤੇਜਭਾਨ, ਤੇਜਭਾਨੁ: ਬਾਸਰਕੇ ਪਿੰਡ (ਜਿਲਾ ਅਮ੍ਰਿਤਸਰ) ਦੇ ਵਸਨੀਕ, ਭੱਲਾ ਵੰਸ਼ ਦੇ ਭੂਸ਼ਣ ਬਾਬਾ ਤੇਜਭਾਨੁ ਜੀ, ਸ਼੍ਰੀ ਗੁਰੂ ਅਮਰਦਾਸ ਜੀ ਦੇ ਪਿਤਾ ਸਨ. ਇਨ੍ਹਾਂ ਦਾ ਸੰਖੇਪ ਨਾਮ ਤੇਜੋ ਹੈ.

ਤੇਜ ਮਨੋ ਮਨ ਸੀਖਨ ਆਏ: (ਚੰਡੀ ੧) ਸ਼ੁੰਭ ਨਿਸ਼ੁੰਭ ਦੇ ਘੋੜਿਆਂ ਤੋਂ, ਮਾਨੋ ਮਨ (ਦਿਲ), ਤੇਜ਼ ਚਾਲ ਸਿੱਖਣ ਆਏ ਹਨ. ਭਾਵ- ਘੋੜੇ ਮਨ ਨਾਲੋਂ ਚਾਲਾਕ ਹਨ.

ਤੇਜਮਾਣ, ਤੇਜਮਾਨ: ਸੰ. ਤੇਜੋਵਾਨ. ਵਿ- ਤੇਜਸ੍ਵੀ. ਤੇਜ ਵਾਲਾ. "ਰਿਸਜੋ ਤੇਜਮਾਣੰ." (ਵਿਚਿਤ੍ਰ) ੨. ਸੰਗਯਾ- ਸੂਰਜ.

ਤੇਜਵੰਸੀ: ਸੰ. तेजस्विन्- ਤੇਜਸ੍ਵੀ. ਵਿ- ਤੇਜਵਾਨ. "ਤੇਜਨ ਮਹਿ ਤੇਜਵੰਸੀ ਕਹੀਅਹਿ." (ਗੂਜ ਅਃ ਮਃ ੫)

ਤੇਜਵੰਤ, ਤੇਜਵੰਦ: ਵਿ- ਤੇਜਵਾਨ. ਤੇਜਸ੍ਵੀ.

ਤੇਜਾਸਿੰਘ: ਦੇਖੋ, ਤੇਜਸਿੰਘ.

ਤੇਜ਼ਾਬ: ਫ਼ਾ. تیزاب ਸੰਗਯਾ- ਤੇਜ਼- ਆਬ. ਗੰਧਕ. ਸ਼ੋਰੇ ਆਦਿ ਪਦਾਰਥਾਂ ਦਾ ਤੇਜ਼ ਜਲ.

ਤੇਜ਼ੀ: ਫ਼ਾ. تیزی ਸੰਗਯਾ- ਤੇਜ਼ ਹੋਣ ਦਾ ਭਾਵ. ਤੀਖ੍ਣਤਾ। ੨. ਸ਼ੀਘ੍ਰਤਾ. ਕਾਹਲੀ। ੩. ਪ੍ਰਚੰਡਤਾ.

ਤੇਜੁ: ਦੇਖੋ, ਤੇਜ.

ਤੇਜੋ: ਦੇਖੋ, ਤੇਜਭਾਨੁ.

ਤੇਜੋਤਨਯ, ਤੇਜੋਤਨਾ, ਤੇਜੋਤਨੈ, ਤੇਜੋਤਨੌ: ਬਾਬੇ ਤੇਜਭਾਨੁ ਜੀ ਦੇ ਤਨਯ (ਪੁਤ੍ਰ) ਸ਼੍ਰੀ ਗੁਰੂ ਅਮਰਦੇਵ ਜੀ. "ਭਲਉ ਭੂਹਾਲ ਤੇਜੋਤਨਾ." (ਸਵੈਯੇ ਮਃ ੩. ਕੇ) "ਭਲਉ ਪ੍ਰਸਿਧ ਤੇਜੋਤਨੌ." (ਸਵੈਯੇ ਮਃ ੩. ਕੇ)

**ਤੇਟਨਾ:** ਕ੍ਰਿ- ਤਾੜਨਾ. ਡਾਂਟਨਾ. "ਸਤਿਗੁਰੁ ਭੇਟੈ ਜਮੁ ਨ ਤੇਟੈ." (ਪ੍ਰਭਾ ਮਃ ੫) ਯਮ ਨਹੀਂ ਤਾੜਦਾ। ੨. ਤਟ ਹੋਣਾ. ਨੇੜੇ ਢੁੱਕਣਾ. "ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ." (ਵਾਰ ਗੂਜ ੨. ਮਃ ੫)

**ਤੇਟਿ:** ਕ੍ਰਿ. ਵਿ- ਤਾੜਨ ਕਰਕੇ. "ਸਰਦਾਰਨ ਤੇਟਿ ਬਰੰਗਨ ਭੇਟੇ." (ਚਰਿਤ੍ਰ ੨) ਵਰਾਂਗਨਾ (ਅਪਸਰਾ) ਨੂੰ ਮਿਲੇ.

**ਤੇਡਾ:** ਕ੍ਰਿ. ਵਿ- ਤਿਤਨਾ ਵਡਾ. ਉਤਨਾ ਵਡਾ.

**ਤੇਤ:** ਕ੍ਰਿ. ਵਿ- ਤਾਵਤ. ਉਤਨਾ. ਉਸ ਕ਼ਦਰ. "ਜੇਤੇ ਮਾਇਆ ਰੰਗ ਤੇਤ ਪਛਾਵਿਆ." (ਆਸਾ ਮਃ ੫) "ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ." (ਆਸਾ ਛੰਤ ਮਃ ੫)

**ਤੇਤਾ:** ਕ੍ਰਿ. ਵਿ- ਤਾਵਤ. ਉਤਨਾ। ੨. ਸੰਗਯਾ- ਤਾਵੀਜ਼. ਧਾਤੁ ਵਿੱਚ ਮੜ੍ਹਿਆਹੋਇਆ ਜੰਤ੍ਰ. "ਜਬ ਤੇਤਾ ਇਹ ਕਰ ਤੇ ਲੀਜੈ." (ਕ੍ਰਿਸਨਾਵ) ੩. ਤੇਤਾ ਯੁਗ. "ਸਤਜੁਗਿ ਸਤੁ ਤੇਤਾ ਜਗੀ." (ਗਉ ਰਵਿਦਾਸ)

**ਤੇਤਾਲੀ:** ਦੇਖੋ, ਤ੍ਰਿਤਾਲੀ.

**ਤੇਤਿਕ:** ਕ੍ਰਿ. ਵਿ- ਤਾਵਤ. ਉਤਨਾ. ਤਾਵਨ੍ਮਾਤ੍ਰ.

**ਤੇਤੀ:** ਕ੍ਰਿ. ਵਿ- ਉਤਨੀ. ਤਾਵਤ। ੨. ਵਿ- ਤੀਹ ਉੱਪਰ ਤਿੰਨ. ਦੇਖੋ, ਤੇਤੀਸ.

**ਤੇਤੀਸ:** ਸੰ. त्रयस्त्रिंशत- ਤ੍ਰਯਸ੍ਤ੍ਰਿੰਸ਼ਤ੍. ਵਿ- ਤਿੰਨ ਅਤੇ ਤੀਹ. ਤੀਹ ਉੱਪਰ ਤਿੰਨ- ੩੩। ੨. ਤੇਤੀਸ ਕੋਟਿ ਦੇਵਤਾ. "ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ." (ਸਵੈਯੇ ਮਃ ੩. ਕੇ) ਦੇਖੋ, ਤੇਤੀਸਕੋਟਿ ਅਤੇ ਵੈਦਿਕ ਦੇਵਤੇ.

**ਤੇਤੀਸ ਕਰੋੜੀ, ਤੇਤੀਸ ਕੋਟਿ:** ਤੇਤੀਸ ਕੋਟਿ ਦੇਵਤਾ. ਤ੍ਰਯਃ ਤ੍ਰਿੰਸ਼ਤ ਕੋਟਿ ਦੇਵ. "ਚਉਰਾਸੀਹ ਸਿਧ, ਬੁਧ, ਤੇਤੀਸ ਕੋਟਿ, ਮੁਨਿਜਨ." (ਧਨਾ ਮਃ ੪) "ਤੇਤੀਸ ਕਰੋੜੀ ਦਾਸ ਤੁਮਾਰੇ." (ਆਸਾ ਅਃ ਮਃ ੩) ਤੇਤੀਸ ਕੋਟਿ ਦਾ ਭਾਵ ਤੇਤੀਸ ਭੇਦ ਹੈ. ਸੰਸਕ੍ਰਿਤ ਗ੍ਰੰਥਾਂ ਵਿੱਚ ਇਹ ਤੇਤੀਸ ਕੋਟਿ ਦੇਵ ਹਨ:-

ਅੱਠ ਵਸੁ, ਗ੍ਯਾਰਾਂ ਰੁਦ੍ਰ, ਬਾਰਾਂ ਆਦਿਤ੍ਯ, ਇੰਦ੍ਰ ਅਤੇ ਪ੍ਰਜਾਪਤਿ. ਰਾਮਾਇਣ ਵਿੱਚ ਇੰਦ੍ਰ ਅਤੇ ਪ੍ਰਜਾਪਤਿ ਦੀ ਥਾਂ ਅਸ਼੍ਵਿਨੀ ਕੁਮਾਰ ਗਿਣੇ ਹਨ. ਦੇਖੋ, ਵੈਦਿਕ ਦੇਵਤੇ.

**ਤੇਤੋ:** ਕ੍ਰਿ. ਵਿ- ਤਾਵਤ. ਉਤਨਾ. "ਖੀਲੈ ਬਿਗਸੈ ਤੇਤੋ ਸੋਗ." (ਬਸੰ ਅਃ ਮਃ ੧)

**ਤੇਥੋਂ:** ਤੇਰੇ ਸੇ. ਦੇਖੋ, ਥਉ.

**ਤੇਂਦੂ:** ਸੰ. तिन्दुक- ਤਿੰਦੁਕ ਬਿਰਛ. ਦੇਖੋ, ਤਿੰਦੁਕ.

**ਤੇਨ:** ਸਰਵ- ਤਿਨ੍ਹਾਂ ਨੂੰ. "ਕਟਿ ਦੇਵਉ ਹੀਅਰਾ ਤੇਨ." (ਕਾਨ ਮਃ ੪) ਦਿਲ ਕੱਟਕੇ ਉਨ੍ਹਾਂ ਨੂੰ ਦੇਵਾਂ। ੨. ਤਿਸ ਕਰਕੇ। ੩. ਤਿਸ ਨੇ. "ਤੇਨ ਕਲਾ ਅਸਥੰਭੰ ਸਰੋਵਰੰ." (ਸਹਸ ਮਃ ੫) ਤਿਸ ਨੇ ਆਪਣੀ ਕਲਾ (ਸ਼ਕਤੀ) ਨਾਲ ਸਮੁੰਦਰ ਰੋਕ ਰੱਖਿਆ ਹੈ.

**ਤੇਪਾ:** ਤੁਬਕਾ. ਬੂੰਦ. ਸਿੰਧੀ. ਟੇਪੋ.

**ਤੇਮ:** ਕ੍ਰਿ. ਵਿ- ਤਿਮਿ. ਤੈਸੇ. ਤਿਵੇਂ. "ਮਿਲੀ ਤੇਮ ਸੀਤਾ." (ਰਾਮਾਵ) ੨. ਸੰ. ਸੰਗਯਾ- ਗਿੱਲਾਪਨ. ਨਮੀ.

**ਤੇਯੰ:** ਸਰਵ- ਤਿੰਨ੍ਹਾਂ ਨੂੰ. ਤੇਭ੍ਯ: "ਨਮਸਕਾਰ ਤੇਯੰ." (ਵਿਚਿਤ੍ਰ)

**ਤੇਰ:** ਸੰਗਯਾ- ਤ੍ਵੰਤਾ. ਤੇਰਾਪਨ. "ਮੇਰ ਤੇਰ ਜਬ ਇਨਹਿ ਚੁਕਾਈ." (ਗਉ ਅਃ ਮਃ ੫) ੨. ਸਰਵ- ਤੇਰਾ.

**ਤੇਰਉ, ਤੇਰਓ:** ਸਰਵ- ਤੇਰਾ. "ਤਾਣ ਤਕੀਆ ਤੇਰਓ." (ਬਿਲਾ ਛੰਤ ਮਃ ੧)

ਤੇਰਸ, ਤੇਰਸਿ: ਸੰਗਜਾ- ਤ੍ਰਯੋਦਸ਼ੀ. ਚੰਦ੍ਰਮਾਂ ਦੇ ਪੱਖ ਦੀ ਤੇਰ੍ਹਵੀਂ ਤਿਥਿ. "ਤੇਰਸਿ ਤੇਰਹ ਅਗਮ ਬਖਾਣਿ." (ਗਉ ਕਬੀਰ ਥਿਤੀ) ਦੇਖੋ, ਤੇਰਹ ਅਗਮ. "ਤੇਰਸਿ ਤਰਵਰ ਸਮੁਦ ਕਨਾਰੈ." (ਬਿਲਾ ਮਃ ੧. ਥਿਤੀ)

ਤੇਰਹ: ਵਿ- ਤ੍ਰਯੋਦਸ਼. ਤੇਰਾਂ. ਦੇਖੋ, ਤੇਰਸਿ.

ਤੇਰਹ ਅਗਮ: ਤੇਰਾਂ ਆਗਮ- ਚਾਰ ਵੇਦ, ਛੀ ਵੇਦਾਂਗ, ਸਿਮ੍ਰਿਤੀ, ਪੁਰਾਣ ਅਤੇ ਤੰਤ੍ਰਸ਼ਾਸਤ੍ਰ.

ਤੇਰਹ ਤਾਲ: ਦੇਖੋ, ਅਉਰਿਆ। ੨. ਦੇਖੋ, ਤੇਰਾਂ ਤਾਲ.

ਤੇਰਹ ਪਦ: ਹਿੰਦੂਮਤ ਦੇ ਧਰਮਗ੍ਰੰਥਾਂ ਵਿੱਚ ਪਿਤਰਾਂ ਵਾਸਤੇ ਤੇਰਾਂ ਪਦ ਦਾਨ ਕਰਨੇ ਵਿਧਾਨ ਹਨ. "ਤੇਰਹ ਪਦ ਕਰ ਜੱਗ ਵਿੱਚ ਪਿਤ੍ਰਿਕਰਮ ਕਰ ਭਰਮ ਭੁਲਾਯਾ." (ਭਾਗੁ) ਤੇਰਾਂ ਪਦ ਇਹ ਹਨ:-

ਛਤਰੀ, ਜੋੜਾ, ਵਸਤ੍ਰ, ਛਾਪ, ਕਮੰਡਲੁ, ਆਸਨ, ਰਸੋਈ ਦੇ ਪੰਜ ਪਾਤ੍ਰ, ਸੋਟੀ, ਤਸ਼ਟਾ, ਕੱਚਾ ਅੰਨ, ਪੱਕਾ ਅੰਨ, ਨਕ਼ਦੀ ਅਤੇ ਜਨੇਊ.

ਤੇਰਹ ਰਤਨ: ਚੌਦਾਂ ਰਤਨਾਂ ਵਿੱਚੋਂ ਵਿਸ਼ (ਜ਼ਹ਼ਿਰ) ਕੱਢ ਦੇਈਏ ਤਦ ਤੇਰਾਂ ਰਹਿ ਜਾਂਦੇ ਹਨ. ਵਾਸਤਵ ਵਿੱਚ ਵਿਸ਼ ਰਤਨ ਨਹੀਂ ਹੈ. "ਤੇਰਹ ਰਤਨ ਅਕਾਰਥੇ ਗੁਰਉਪਦੇਸ਼ ਰਤਨ ਧਨ ਪਾਯਾ." (ਭਾਗੁ)

ਤੇਰਹਿ: ਦੇਖੋ, ਤੇਰਹ.

ਤੇਰਾ: ਸਰਵ- ਤੇਰਾ.

ਤੇਰਾਂ: ਦੇਖੋ, ਤੇਰਹ.

ਤੇਰਾ ਜੋਰ: ਤੇਰਾ ਬਲ. ਤੇਰੀ ਸ਼ਕਤਿ. ਦਸਮਗ੍ਰੰਥ ਵਿੱਚ ਇਹ ਪਦ ਕਈ ਥਾਂਈ ਛੰਦਾਂ ਦੇ ਮੁੱਢ ਆਉਂਦਾ ਹੈ. ਭਾਵ ਇਹ ਹੈ ਕਿ ਜੋ ਕੁਝ ਮੈਂ ਵਰਣਨ ਕਰਦਾ ਹਾਂ, ਇਹ ਤੇਰੀ ਸ਼ਕਤਿ ਦਾ ਪ੍ਰਭਾਵ ਹੈ, ਮੈ ਸੁਤੇ ਕੁਝ ਕਹਿਣ ਨੂੰ ਸਮਰਥ ਨਹੀਂ.

ਤੇਰਾਂ ਤਾਲ: ਸੰਗੀਤ ਅਨੁਸਾਰ ਤਾਲ ਦਾ ਇੱਕ ਭੇਦ, ਜਿਸ ਦਾ ਬੋਲ ਇਹ ਹੈ:-

ਧਾਤ੍ਰਿਕ ਧੀਂਨਾ, ਕਿੰਨਾ ਤੀਂਨਾ, ਧਾਧਾ ਧੀਂਨਾ, ਧਾਧਾ ਤੀਨਾ, ਤੀਨਾ, ਧਾਧਾ ਧੀਂਨਾ.

ਤੇਰਾਂ ਰਤਨ: ਦੇਖੋ, ਤੇਰਹ ਰਤਨ.

ਤੇਰਿਆ: ਸਰਵ- ਤੇਰੇ. "ਤੇਰਿਆ ਸੰਤਜਨਾ ਕੀ ਬਾਛਉ ਧੂਰਿ." (ਬਸੰ ਮਃ ੫)

ਤੇਰੀ, ਤੇਰੋ: ਸਰਵ- "ਜੀਉ ਪਿੰਡ ਸਭ ਤੇਰੀ ਰਾਸਿ." (ਸੁਖਮਨੀ) "ਤੇਰੋ ਜਨ ਹਰਿਜਸ ਸੁਨਤ ਉਮਾਹਿਓ." (ਕਾਨ ਮਃ ੫)

ਤੇਲ, ਤੇਲੁ: ਸੰ. ਤੈਲ. ਸੰਗਜਾ- ਤਿਲ ਦਾ ਵਿਕਾਰ. ਤਿਲਾਂ ਦੀ ਚਿਕਨਾਈ. ਸਭ ਤੋਂ ਪਹਿਲਾਂ ਤਿਲਾਂ ਵਿੱਚੋਂ ਇਹ ਪਦਾਰਥ ਕੱਢਿਆ, ਇਸ ਲਈ ਨਾਮ ਤੇਲ ਹੋਇਆ. ਹੁਣ ਸਰਸੋਂ (ਸਰ੍ਹੋਂ) ਆਦਿ ਦਾ ਰਸ ਭੀ ਤੇਲ ਹੀ ਕਹੀਦਾ ਹੈ. "ਤੇਲ ਜਲੇ ਬਾਤੀ ਠਹਰਾਨੀ." (ਆਸਾ ਕਬੀਰ) ਸ੍ਵਾਸ ਤੇਲ, ਆਯੁ ਬੱਤੀ. "ਦੀਪਕੁ ਬਾਂਧਿ ਧਰਿਓ ਬਿਨੁ ਤੇਲ." (ਰਾਮ ਕਬੀਰ) ਭਾਵ- ਗਜਾਨਦੀਪਕ.

ਤੇਲਕ: ਸੰ. ਤੈਲਿਕ. ਸੰਗਜਾ- ਤੇਲ ਬਣਾਉਣ ਵਾਲਾ, ਤੇਲੀ. "ਭ੍ਰਮਤ ਫਿਰਤ ਤੇਲ ਦੇ ਕਪਿ ਜਿਉ." (ਗੂਜ ਕਬੀਰ)

ਤੇਲ ਚੜ੍ਹਾਉਣਾ, ਤੇਲ ਚੋਣਾ, ਤੇਲ ਪਾਉਣਾ, ਤੇਲ ਲਾਉਣਾ: ਕ੍ਰਿ- ਮੰਗਲ ਕਾਰਯਾਂ ਵਿੱਚ ਤੇਲ ਦਾ ਵਰਤਣਾ. ਪਜਾਰੇ ਸੰਬੰਧੀ ਦੇ ਘਰ ਪਧਾਰਨ ਸਮੇਂ ਦਰਵਾਜ਼ੇ ਅੱਗੇ ਤੇਲ ਚੋਣਾ. ਦੁਲਹਨ ਦੇ ਸ਼ਰੀਰ ਪੁਰ ਵਿਆਹ ਤੋਂ ਪਹਿਲਾਂ ਤੇਲ ਲਾਉਣਾ. "ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ." (ਸੋਹਿਲਾ) ਇਹ ਰਸਮ ਭਾਰਤ ਦੀ ਹੀ ਨਹੀਂ ਬਲਕਿ ਬਾਈਬਲ ਵਿੱਚ ਭੀ ਪਾਈ ਜਾਂਦੀ ਹੈ. ਦੇਖੋ, Samuel ਕਾਂਡ ੧੦. ਅਤੇ ੧੬.

ਤੇਲਾ: ਸੰਗਜਾ- ਮਜੀਠ ਅਤੇ ਤੇਲ ਦੇ ਮੇਲ ਤੋਂ ਬਣਾਇਆ ਹੋਇਆ ਰੰਗ। ੨. ਤੇਲ ਜੇਹਾ ਚਿਕਨਾ ਇੱਕ ਕੀੜਾ, ਜੋ ਖੇਤੀ ਨੂੰ ਲੱਗਕੇ ਨਿਸ਼ਫਲ ਕਰ ਦਿੰਦਾ ਹੈ.

ਤੇਲੀ: ਦੇਖੋ, ਤੇਲਕ. "ਤੇਲੀ ਕੇ ਘਰੁ ਤੇਲੁ ਆਛੈ." (ਟੋਡੀ ਨਾਮਦੇਵ)

ਤੇਲੀਆ: ਵਿ- ਤੇਲ ਜੇਹਾ ਚਿਕਨਾ ਅਤੇ ਚਮਕੀਲਾ। ੨. ਸੰਗਜਾ- ਦੇਖੋ, ਤੇਲਾ ੨। ੩. ਤੇਲਾ ਘੋੜਾ. ਸਜਾਹੀ ਦੀ ਝਲਕ (ਭਾਹ) ਵਾਲਾ ਚਿਕਣਾ ਲਾਲ। ੪. ਇੱਕ ਵਿਸ਼, ਜਿਸ ਦਾ ਪ੍ਰਸਿੱਧ ਨਾਮ ਮਿੱਠਾ ਤੇਲੀਆ ਹੈ. ਸਿੰਗੀਆ. ਸੰ. ਸ਼੍ਰਿੰਗਿਕ.

ਤੇਲੀਆਕੁਮੈਤ: ਚਮਕੀਲਾ ਕੁਮੈਤ ਰੰਗਾ. ਚਿਕਣਾ ਕੁਮੈਤ. ਦੇਖੋ, ਕੁਮੈਤ.

ਤੇਲੀਆਬੁੱਧ: ਵਿ- ਸੂਖਮ ਬੁੱਧਿ ਵਾਲਾ. ਜਿਵੇਂ ਤੇਲ ਪਾਣੀ ਤੇ ਫੈਲ ਜਾਂਦਾ ਹੈ, ਇਸੇ ਤਰਾਂ ਜਿਸ ਦੀ ਬੁੱਧੀ ਹਰ ਵਿਸ਼ਯ ਤੇ ਫੈਲੇ.

ਤੇਲੁ: ਦੇਖੋ, ਤੇਲ.

ਤੇਲੋਕਸਿੰਘ, ਤੇਲੋਕਾ: ਦੇਖੋ, ਤਿਲੋਕਸਿੰਘ.

ਤੇਲੰਗ, ਤੇਲੰਗਾ: ਦੇਖੋ, ਤਿਲੰਗ ਅਤੇ ਤਿਲੰਗਾ.

ਤੇਵ: ਕ੍ਰਿ. ਵਿ- ਤੈਸੇ. ਉਸ ਤਰਾਂ. ਤਿਵੇਂ.

ਤੇਵਡ, ਤੇਵਡੁ: ਵਿ- ਤਿਤਨਾ ਵਡਾ. ਉਤਨਾ ਵਡਾ. "ਜੇਵਡੁ ਭਾਵੈ ਤੇਵਡ ਹੋਇ." (ਜਪੁ) "ਜੇਵਡੁ ਆਪਿ ਤੇਵਡ ਤੇਰੀ ਦਾਤਿ." (ਸੋਦਰੁ)

ਤੇਵਰ, ਤੇਵਰੁ: ਸੰਗਜਾ- ਤਿੰਨ ਵਸਤ੍ਰਾਂ ਦਾ ਸਮੁਦਾਯ. ਖ਼ਾਸ ਕਰਕੇ ਇਸਤ੍ਰੀਆਂ ਦੇ ਤਿੰਨ ਵਸਤ੍ਰ- ਸੁੱਥਣ, ਕੁੜਤੀ ਅਤੇ ਚਾਦਰ। ੨. ਵਿ- ਤਿਹੁਰਾ. ਤਿਗੁਣਾ. "ਦੇਵਰ ਕੋਟ ਅਰੁ ਤੇਵਰ ਖਾਈ." (ਭੈਰ ਕਬੀਰ) ਤ੍ਰਿਗੁਣਾਤਮਕ ਖਾਈ। ੩. ਦੇਖੋ, ਤਿਉਰ ੧.

ਤੇਵਾੜੀ: ਇੱਕ ਬ੍ਰਾਹਮਣ ਗੋਤ੍ਰ. ਦੇਖੋ, ਤਿਵਾੜੀ.

ਤੇਵੇਹਾ, ਤੇਵੇਹੀ, ਤੇਵੇਹੋ: ਕ੍ਰਿ. ਵਿ- ਤੇਹੋ ਜੇਹਾ. ਤੈਸੀ. "ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ." (ਵਾਰ ਆਸਾ)

ਤੇੜ: ਸੰਗਜਾ- ਤ੍ਰੇੜ. ਦਰਾਰ. ਸ਼ਿਗਾਫ਼। ੨. ਕਮਰ ਤੋਂ ਲੈਕੇ ਗੋਡੇ ਤੋਂ ਉੱਪਰਲਾ ਭਾਗ.

ਤੇੜਿ: ਤੇੜ (ਕਮਰ) ਪੁਰ. ਤੇੜ ਵਿੱਚ. "ਮਥੈ ਟਿਕਾ ਤੇੜਿ ਧੋਤੀ ਕਖਾਈ." (ਵਾਰ ਆਸਾ)

ਤੈ: ਸਰਵ- ਤੂੰ. "ਚੇਤ ਚਿੰਤਾਮਨਿ, ਤੈ ਭੀ ਉਤਰਹਿ ਪਾਰਾ." (ਸੋਰ ਮਃ ੯) "ਤੈ ਨਰ ਕਿਆ ਪੁਰਾਨ ਸੁਨਿ ਕੀਨਾ?" (ਸਾਰ ਪਰਮਾਨੰਦ) ੨. ਉਸਦੇ. ਤਿਸ ਦੇ. "ਹਰਿਨਾਮੁ ਨ ਸਿਮਰਹਿ ਸਾਧੁ ਸੰਗਿ, ਤੈ ਤਨਿ ਉਡੈ ਖੇਹ." (ਵਾਰ ਬਿਹਾ ਮਃ ੫) ੩. ਤੈਨੂੰ. ਤੁਝੇ. "ਜੋ ਤੈ ਮਾਰਨਿ ਮੁਕੀਆ." (ਸ. ਫਰੀਦ) ੪. ਤਿਸ ਨੂੰ. ਤਿਸੇ. "ਜੈ ਭਾਵੈ ਤੈ ਦੇਇ." (ਸ੍ਰੀ ਮਃ ੩) ੫. ਤੁਝ. "ਤੈ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ?" (ਵਡ ਮਃ ੧) ੬. ਤੇਰੇ. "ਤੈ ਪਾਸਹੁ ਓਇ ਲਦਿਗਏ." (ਸ. ਫਰੀਦ) ੭. ਵਿ- ਤਿੰਨ. ਤ੍ਰਯ. "ਥਾਲੈ ਵਿੱਚ ਤੈ ਵਸਤੂ ਪਈਓ." (ਵਾਰ ਸੋਰ ਮਃ ੩) "ਗਜ ਸਾਢੇ ਤੈ ਤੈ ਧੋਤੀਆ." (ਆਸਾ ਕਬੀਰ) ੮. ਸੰਗਜਾ- ਅਸਥਾਨ. ਥਾਉਂ. ਜਗਾ. "ਜੇਕਰ ਸੂਤਕ ਮੰਨੀਐ ਸਭ ਤੈ ਸੂਤਕ ਹੋਇ." (ਵਾਰ ਆਸਾ) ੯. ਤਾਉ. ਸੇਕ. ਆਂਚ. "ਚਲੇ ਤੇਜ ਤੈਕੈ." (ਚੰਡੀ ੨) ੧੦. ਪ੍ਰਤ੍ਯ- ਸੇ. ਤੋ. "ਮਨਮੁਖ ਗੁਣ ਤੈ ਬਾਹਰੇ." (ਸ੍ਰੀ ਮਃ ੩) ੧੧. ਕਾ. ਕੇ. "ਸਦਾ ਇਕ ਤੈ ਰੰਗ ਰਹਹਿ." (ਵਾਰ ਵਡ ਮਃ ੩) ੧੨. ਵ੍ਯ- ਪਰਯੰਤ. ਤੀਕ. ਤੋੜੀ. "ਜੌ ਜੁਗ ਤੈ ਕਰਹੈ ਤਪਸਾ." (ਸਵੈਯੇ ੩੩) ੧੩. ਅਤੇ. ਔਰ. "ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿਜਾਇ." (ਵਾਰ ਗੂਜ ੧. ਮਃ ੩) "ਭਗਤਾ ਤੈ ਸੰਸਾਰੀਆ ਜੋੜੁ ਕਦੇ ਨ ਆਇਆ." (ਵਾਰ ਮਾਝ ਮਃ ੧) ੧੪. ਦੇਖੋ, ਤਯ,

ਤੈਂ: ਸਰਵ- ਤੂੰ। ੨. ਤੈਨੇ. ਤੂਨੇ.

**ਤੈਸ:** ਵਿ- ਤੈਸਾ. ਤਾਦ੍ਰਿਸ਼ ਤੇਹਾ। ੨. ਅ. طیش ਤ਼ੈਸ਼. ਸੰਗਯਾ- ਕ੍ਰੋਧ. ਜੋਸ਼। ੩. ਸੰ. ਤੈਸ਼. ਪੋਹ ਦਾ ਮਹੀਨਾ. ਤਿਸ਼ਯ (ਪੁਸ਼ਯ) ਨਕ੍ਸ਼ਤ੍ਰ ਹੋਵੇ ਜਿਸ ਦੀ ਪੂਰਣਮਾਸੀ ਨੂੰ.

**ਤੈਸਉ, ਤੈਸੜਾ, ਤੈਸਾ, ਤੈਸੋ, ਤੈਸੋਜੈਸਾ:** ਵਿ- ਤਾਦ੍ਰਿਸ਼. ਤੇਹੋ ਜੇਹਾ. ਵੈਸਾ. ਤੇਹਾ. "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ !" (ਤਿਲੰ ਮਃ ੧) "ਤੈਸਾ ਅੰਮ੍ਰਿਤ ਤੈਸੀ ਬਿਖ ਖਾਟੀ." (ਸੁਖਮਨੀ) "ਤੈਸੋਜੈਸਾ ਕਾਢੀਐ, ਜੈਸੀ ਕਾਰ ਕਮਾਇ." (ਸੂਹੀ ਮਃ ੧)

**ਤੈਕੂ:** ਸਰਵ- ਤੈਨੂੰ. ਤੁਝੇ. "ਇਹੁ ਮਨੁ ਤੈਕੂ ਡੇਵਸਾ." (ਸੂਹੀ ਮਃ ੫)

**ਤੈਜਸ:** ਸੰ. ਸੰਗਯਾ- ਚਮਕੀਲਾ ਪਦਾਰਥ। ੨. ਚਾਲਾਕ ਘੋੜਾ। ੩. ਪ੍ਰਕਾਸ਼ਰੂਪ ਕਰਤਾਰ। ੪. ਰਾਜਸ ਅਵਸਥਾ ਨੂੰ ਪ੍ਰਾਪਤ ਹੋਇਆ ਅਹੰਕਾਰ, ਜੋ ਗ੍ਯਾਰਾਂ ਇੰਦ੍ਰੀਆਂ ਅਤੇ ਪੰਜ ਤਨਮਾਤ੍ਰਾ ਦੀ ਉਤਪੱਤੀ ਵਿੱਚ ਸਹਾਇਕ ਹੁੰਦਾ ਹੈ। ੫. ਸ੍ਵਪਨਅਵਸਥਾ ਦਾ ਅਭਿਮਾਨੀ ਜੀਵ। ੬. ਘੀ. ਘ੍ਰਿਤ। ੭. ਪਰਾਕ੍ਰਮ. ਬਲ। ੮. ਵਿ- ਤੇਜ ਨਾਲ ਸੰਬੰਧ ਰੱਖਣ ਵਾਲਾ.

**ਤੈਡਾ, ਤੈਂਡਾ, ਤੈਡੀ, ਤੈਂਡੀ:** ਸਰਵ- ਤੇਰਾ. ਤੇਰੀ. "ਜੇ ਤੁਧ ਭਾਵੈ ਸਾਹਿਬਾ, ਤੂ ਮੈ, ਹਉ ਤੈਡਾ." (ਆਸਾ ਅਃ ਮਃ ੧) "ਤੈਡੀ ਬੰਦਸਿ ਮੈ ਕੋਇ ਨ ਡਿਠਾ." (ਵਾਰ ਰਾਮ ੨. ਮਃ ੫)

**ਤੈਣ:** ਸਰਵ- ਤਿਨ੍ਹੇਂ. ਤਿਨ੍ਹਾਂ ਨੂੰ. "ਤ੍ਵ ਬਲ ਪ੍ਰਤਾਪ ਬਰਨੋ ਸੁ ਤੈਣ." (ਗ੍ਯਾਨ)

**ਤੈਣੀਰਾਲੈ:** ਭੱਥਾ. ਤੀਰਕਸ਼. ਦੇਖੋ, ਤੂਣੀਰਾਲਯ.

**ਤੈਤਰੀਯ, ਤੈੱਤਿਰੀਯ:** ਸੰ. तैत्तिरीय. ਸੰਗਯਾ- ਕ੍ਰਿਸ਼ਨ ਯਜੁਰ ਵੇਦ ਦੀ ਇੱਕ ਸਾਖਾ, ਜੋ ਤਿੱਤਿਰਿ ਰਿਖੀ ਦੀ ਰਚੀ ਹੋਈ ਹੈ। ੨. ਦੇਖੋ, ਇਸ ਵਿਸ਼ਯ ਵੇਦ ਸ਼ਬਦ.

**ਤੈਨ:** ਤੇਨ. ਤਿਸ ਕਰਕੇ। ੨. ਤਿਸ ਨੂੰ. "ਕਹੋ ਸਕਲ ਬਿਧਿ ਤੈਨ." (ਅਕਾਲ) ੩. ਸੰਗਯਾ- ਬਲ. ਤਾਣ. "ਤੈਨ ਕਰ ਜੋਰਹੀਂ." (ਕਲਕੀ) ਬਲ ਨਾਲ ਕਮਾਣ ਵਿੱਚ ਤੀਰ ਜੋੜਦੇ ਹਨ। ੪. ਦੇਖੋ, ਤ੍ਰੈਣ.

**ਤੈਨਾਤ:** ਦੇਖੋ, ਤਈਨਾਤ.

**ਤੈਮੂਰ:** ਤੁ. تیمور ਮੁਗ਼ਲਵੰਸ਼ੀ ਸਮਰਕ਼ੰਦ ਦਾ ਬਾਦਸ਼ਾਹ, ਜਿਸ ਨੂੰ ਤਿਮਰਲੰਗ ਭੀ ਆਖਦੇ ਹਨ. ਇਸ ਦਾ ਜਨਮ ਤੁਰਗ਼ਾਈ ਦੇ ਘਰ ਤਕੀਨਾ ਖ਼ਾਤੂਨ ਦੇ ਉਦਰੋਂ "ਕੁਸ਼" ਵਿੱਚ ੯. ਏਪ੍ਰਿਲ ਸਨ ੧੩੩੬ ਨੂੰ ਹੋਇਆ. ਜਿਸ ਵੇਲੇ ਇਸ ਨੇ ਭਾਰਤ ਪੁਰ ਧਾਵਾ ਕੀਤਾ ਉਸ ਵੇਲੇ ਦਿੱਲੀ ਦਾ ਬਾਦਸ਼ਾਹ ਨਾਸਿਰੁੱਦੀਨ ਮਹਮੂਦ ਛੋਟੀ ਉਮਰ ਦਾ ਅਤੇ ਨਾ ਤਜਰਬੇਕਾਰ ਸੀ ਅਰ ਅਹਿਲਕਾਰਾਂ ਦੀ ਆਪਸ ਵਿੱਚੀਂ ਫੁੱਟ ਸੀ. ਇਸ ਲਈ ਬਿਨਾ ਬਹੁਤ ਯਤਨ ਦੇ ਤੈਮੂਰ ਨੇ ੧੭. ਦਿਸੰਬਰ ਸਨ ੧੩੯੮ ਨੂੰ ਦਿੱਲੀ ਫ਼ਤੇ ਕਰ ਲਈ. ਸ਼ਹਿਰ ਨੂੰ ਚੰਗੀ ਤੁਰਾਂ ਲੁੱਟ ਫੂਕਕੇ ਇੱਕ ਲੱਖ ਆਦਮੀ ਕ਼ਤਲ ਕੀਤਾ. ਫੇਰ ਮੇਰਟ ਹਰਿਦ੍ਵਾਰ ਜੰਮੂ ਆਦਿਕ ਥਾਈਂ ਕ਼ਤਲਾਮ ਕਰਦਾ ਹੋਇਆ ਬਹੁਤ ਲੜਕੇ ਲੜਕੀਆਂ ਗ਼ੁਲਾਮੀ ਲਈ ਫੜਕੇ ਬਹੁਤ ਲੜਕੇ ਲੜਕੀਆਂ ਗ਼ੁਲਾਮੀ ਲਈ ਫੜਕੇ ਆਪਣੇ ਦੇਸ਼ ਨੂੰ ਚਲਾ ਗਿਆ. ਸਮਰਕ਼ੰਦ ਵਿੱਚ ੨੮ ਫਰਵਰੀ ਸਨ ੧੪੦੫ ਨੂੰ ਇਸ ਦਾ ਦੇਹਾਂਤ ਹੋਇਆ।

੨. ਅਹ਼ਮਦਸ਼ਾਹ ਦੋਰਾਨੀ ਦਾ ਬੇਟਾ, ਜਿਸ ਨੂੰ ਇਸ ਦੇ ਬਾਪ ਨੇ ਸਨ ੧੭੫੫ ਵਿੱਚ ਅਦੀਨਾਬੇਗ ਨੂੰ ਜਿੱਤਣ ਮਗਰੋਂ ਲਹੌਰ ਦਾ ਗਵਰਨਰ ਥਾਪ ਦਿੱਤਾ ਸੀ. ਇਸ ਨਾਲ ਸਿੱਖਾਂ ਦਾ ਸਨ ੧੭੫੬ ਵਿੱਚ ਘੋਰ ਯੁੱਧ ਹੋਇਆ ਅਰ ਇਹ ਲਹੌਰ ਖਾਲੀ ਛੱਡਕੇ ਭੱਜ ਗਿਆ ਅਤੇ ਸਿੱਖਾਂ ਦਾ ਪਹਿਲੀ ਵਾਰ ਪੰਜਾਬ ਦੇ ਪ੍ਰਧਾਨ ਸ਼ਹਿਰ ਪੁਰ ਕ਼ਬਜ਼ਾ ਹੋਇਆ. ਤੈਮੂਰਸ਼ਾਹ ਸਨ ੧੭੭੨ ਵਿੱਚ ਕਾਬੁਲ ਦੇ ਤਖ਼ਤ ਪੁਰ ਬੈਠਾ ਅਤੇ ੧੭. ਮਈ ਸਨ ੧੭੯੩ ਨੂੰ ਮੋਇਆ.

**ਤੈਮੂਰਲੰਗ:** ਲੰਙਾ ਤੈਮੂਰ. ਤਿਮਰਲੰਗ. ਦੇਖੋ, ਤੈਮੂਰ.

**ਤੈਯਾਰ, ਤੈਯਾਰੀ:** ਦੇਖੋ, ਤਯਾਰ ਅਤੇ ਤਯਾਰੀ.

ਤੈਰਨਾ: ਕ੍ਰਿ- ਤਰਨਾ. ਦੇਖੋ, ਤਰਣ.

ਤੈਰਾਕ: ਵਿ- ਤਰਨ ਵਾਲਾ. ਤਰਣਵਿਦ੍ਯਾ ਦਾ ਗ੍ਯਾਤਾ.

ਤੈਲ: ਦੇਖੋ, ਤੇਲ.

ਤੈਲੰਗ, ਤੈਲੰਗਾ: ਦੇਖੋ, ਤਿਲੰਗ ਅਤੇ ਤਿਲੰਗਾ.

ਤੋ: ਵ੍ਯ- ਤਬ. ਤਾਂ. ਦੇਖੋ, ਤਉ। ੨. ਫ਼ਾ. تو ਸਰਵ- ਤਵ. ਤੇਰਾ. ਤੇਰੇ. "ਤੋ ਤਨ ਤ੍ਯਾਗਤ ਹੀ ਸੁਨ ਰੇ ਜੜ੍ਹ !" (ਸਵੈਯੇ ੩੩) "ਯਕ ਅਰਜ ਗੁਫਤਮ ਪੇਸਿ ਤੋ." (ਤਿਲੰ ਮਃ ੧)

ਤੋਅ: ਸੰ. ਤੋਅ. ਸੰਗ੍ਯਾ- ਜਲ. ਪਾਣੀ. "ਪਾਵਕ ਤੋਅ ਅਸਾਧ ਘੋਰੰ." (ਸਹਸ ਮਃ ੫) ਦੇਖੋ, ਪਾਵਕ ਤੋਅ.

ਤੋਅਮ: ਅ਼. طعم ਤ਼ੁਅ਼ਮ ਕ੍ਰਿ- ਚੱਖਣਾ. ਰਸ ਅਨੁਭਵ ਕਰਨਾ.

ਤੋਆ: ਜਲ. ਦੇਖੋ, ਤੋਅ. "ਤੋਆ ਆਖੈ ਹਉ ਬਹੁ ਬਿਧਿ ਹਛਾ." (ਵਾਰ ਮਲਾ ਮਃ ੧)

ਤੋਇ: ਜਲੁ. ਦੇਖੋ, ਤੋਅ. "ਤਤੀ ਤੋਇ ਪਲਵੈ." (ਸ. ਫਰੀਦ) ਦੇਖੋ, ਪਲਵੈ. "ਤੋਇਅਹੁ ਅੰਨੁ ਕਮਾਦੁ ਕਪਾਹਾਂ, ਤੋਇਅਹੁ ਤ੍ਰਿਭਵਣੁ ਗੰਨਾ." (ਵਾਰ ਮਲਾ ਮਃ ੧) ਤੋਯ (ਜਲ) ਤੋਂ ਤ੍ਰਿਭਵਣ ਦੀ ਗਣਨਾ (ਰਚਨਾ ਦਾ ਸ਼ੁਮਾਰ ਹੈ). ੨. ਸਰਵ- ਤੁਝੇ. ਤੈਨੂ. ਤੋਹਿ. "ਸੋ ਘਰੁ ਰਾਖੁ ਵਡਾਈ ਤੋਇ." (ਸੋਹਿਲਾ)

ਤੋਇਦ, ਤੋਇਧਿ: ਸੰਗ੍ਯਾ- ਤੋਯ (ਜਲ) ਦੇਣ ਵਾਲਾ, ਬੱਦਲ. ਮੇਘ. ਤੋਯ (ਜਲ) ਧਾਰਣ ਵਾਲਾ. ਸਮੁੰਦਰ.

ਤੋਸ: ਸੰ. ਤੋਸ਼. ਸੰਗ੍ਯਾ- ਹਿੰਸਾ. ਵਧ। ੨. ਹਿੰਸਾ ਕਰਨ ਵਾਲਾ. ਵਧਿਕ। ੩. ਸੰ. ਤੋਸ਼. ਸੰਤੋਸ਼. ਤ੍ਰਿਪਤਿ। ੪. ਪ੍ਰਸੰਨਤਾ. ਦੇਖੋ, ਤੁਸ ੩.

ਤੋਸਹ: ਦੇਖੋ, ਤੋਸਾ.

ਤੋਸ਼ਕ: ਤੁ. توشک ਸੰਗ੍ਯਾ- ਬਿਛੌਨਾ. ਫ਼ਰਸ਼। ੨. ਤੁਲਾਈ.

ਤੋਸ਼ਕ ਖ਼ਾਨਹ: ਫ਼ਾ. توشک خانہ ਸੰਗ੍ਯਾ- ਉਹ ਘਰ, ਜਿਸ ਵਿੱਚ ਫ਼ਰਸ਼ ਅਤੇ ਪਹਿਰਣ ਦੇ ਵਸਤ੍ਰ ਰੱਖੀਏ.

ਤੋਸ਼ਕਚੀ: ਸੰਗ੍ਯਾ- ਉਹ ਨੌਕਰ, ਜਿਸ ਦੇ ਬਿਸਤਰ ਸਪੁਰਦ ਹੋਵੇ. ਪਲੰਘ ਦਾ ਨਫ਼ਰ. ਵਸਤ੍ਰ ਪਹਿਰਾਉਣ ਵਾਲਾ. ਦੇਖੋ, ਤੋਸ਼ਕ. "ਤੋਸਕਚੀ ਤਾਹੀ ਸਮੇ ਵਸਤ੍ਰ ਸਬੈ ਕਰ ਲੀਨ." (ਗੁਰੁਸੋਭਾ)

ਤੋਸ਼ਣ: ਸੰਗ੍ਯਾ- ਪ੍ਰਸੰਨ ਕਰਨ ਦਾ ਭਾਵ. ਖ਼ੁਸ਼ ਕਰਨਾ. ਦੇਖੋ, ਤੁਸ ੩.

ਤੋਸਦਾਨ: ਫ਼ਾ. توشہ دان ਤੋਸ਼ਹ- ਦਾਨ. ਸੰਗ੍ਯਾ- ਤੋਸ਼ਾ ਰੱਖਣ ਵਾਲਾ ਥੈਲਾ। ੨. ਦੇਖੋ, ਤੂਸਦਾਨ.

ਤੋਸ਼ਲ: ਕੰਸ ਦਾ ਇੱਕ ਬਲਵਾਨ ਪਹਿਲਵਾਨ, ਜੋ ਚਾਣੂਰ ਅਤੇ ਮੁਸ਼੍ਟਿਕ ਦਾ ਸਾਥੀ ਸੀ. ਦੇਖੋ, ਚੰਡੂਰ ਅਤੇ ਮੁਸਟ.

ਤੋਸਾ: ਫ਼ਾ. توشہ ਤੋਸ਼ਹ. ਸੰਗ੍ਯਾ- ਸਫ਼ਰਖ਼ਰਚ। ੨. ਖ਼ਰਚ ਤੇ ਖ਼ੁਰਾਕ, ਜੋ ਸਫ਼ਰ ਲਈ ਨਾਲ ਲਏ ਜਾਵਨ. "ਅੰਮ੍ਰਿਤਨਾਮ ਤੋਸਾ ਨਹੀ ਪਾਇਓ." (ਟੋਡੀ ਮਃ ੫) "ਹਰਿ ਕਾ ਨਾਮ ਊਹਾਂ ਸੰਗਿ ਤੋਸਾ." (ਸੁਖਮਨੀ)

ਤੋਸੇਖਾਨਾ: ਫ਼ਾ. توشہ خانہ ਤੋਸ਼ਹਖ਼ਾਨਹ. ਸੰਗ੍ਯਾ- ਖਾਣ ਪੀਣ ਦਾ ਸਾਮਾਨ ਰੱਖਣ ਦਾ ਘਰ ਲੱਸੀਖ਼ਾਨਾ। ੨. ਦੇਖੋ, ਤੋਸ਼ਕ ਖ਼ਾਨਹ। ੩. ਹੁਣ ਗਹਿਣੇ ਵਸਤ੍ਰ ਜਿਲੇ ਦਾ ਸਮਾਨ ਜਿਸ ਘਰ ਵਿੱਚ ਰੱਖਿਆ ਜਾਵੇ, ਉਸ ਨੂੰ ਤੋਸ਼ੇਖ਼ਾਨਾ ਆਖਦੇ ਹਨ.

ਤੋਸੋ: ਤੇਰੇ ਜੇਹਾ. ਤੇਰੇ ਸਦ੍ਰਿਸ਼. "ਤੋਸੋ ਨਾ ਦਾਤਾ, ਨ ਮੋਸੋ ਭਿਖਾਰੀ." (ਭਾਗੁ ਕ)

ਤੋਹ: ਸਰਵ- ਤੈਨੂੰ, ਤੁਝੇ। ੨. ਤੂੰ. ਤੂੰ. "ਅਵਰੁ ਨ ਦੀਸੈ ਸਰਬ ਤੋਹ." (ਬਸੰ ਮਃ ੧) ੩. ਦੇਖੋ, ਤੁਹ.

ਤੋਹਮਤ: ਦੇਖੋ, ਤੁਹਮਤ.

ਤੋਹਾਰ, ਤੋਹਾਰਾ, ਤੋਹਾਰੋ: ਦੇਖੋ, ਤੁਹਾਰ ਅਤੇ ਤੁਹਾਰਉ.

ਤੋਹਿ: ਸਰਵ- ਤੈਨੂੰ. ਤੁਝੇ। ੨. ਤੇਰੇ. "ਤੋਹਿ ਚਰਨ ਮਨੁ ਲਾਗੋ." (ਗਉ ਕਬੀਰ) ੩. ਤੂ ਹੈਂ. "ਤੇਰੇ ਜੀਅ, ਜੀਆ ਕਾ ਤੋਹਿ." (ਸ੍ਰੀ ਮਃ ੧)

ਤੋਹੀ: ਸਰਵ- ਤੈਨੂੰ. ਤੁਝੇ. "ਤੁਝ ਬਿਨੁ ਕਵਨੁ ਰੀਝਾਵੈ ਤੋਹੀ." (ਗਉ ਮਃ ੫) ੨. ਤੇਰੇ ਵਿੱਚ. ਤੁਝ ਮੇ. "ਤੋਹੀ ਮੋਹੀ ਅੰਤਰੁ ਕੈਸਾ." (ਸ੍ਰੀ ਰਵਿਦਾਸ)

ਤੋਕ: ਸੰ. ਸੰਗਯਾ- ਔਲਾਦ. ਸੰਤਾਨ.

ਤੋਕਕ: ਸੰ. ਸੰਗਯਾ- ਚਾਤਕ. ਪਪੀਹਾ. "ਤੋਕਕ ਕੇਕਿ ਜਿ ਭੇਕ ਅਨੇਕ." (ਨਾਪ੍ਰ) ੨. ਨੀਲਕੰਠ.

ਤੋਕਮ: ਸੰ. ਤੋਕਮ. ਸੰਗਯਾ- ਬੱਦਲ. ਮੇਘ। ੨. ਹਰਾ ਰੰਗ। ੩. ਜੌਂ ਆਦਿ ਦਾ ਨਵਾਂ ਅੰਕੁਰ। ੪. ਕੰਨ ਦੀ ਮੈਲ.

ਤੋਖ: ਦੇਖੋ, ਤੋਸ ੩- ੪.

ਤੋਖਣ: ਸੰ. ਤੋਸ਼ਣ. ਸੰਗਯਾ- ਪ੍ਰਸੰਨ ਕਰਨ ਦੀ ਕ੍ਰਿਯਾ। ੨. ਤ੍ਰਿਪਤਿ. ਸੰਤੋਸ਼.

ਤੋਖਤ: ਸੰ. ਤੋਸ਼ਿਤ. ਵਿ- ਪ੍ਰਸੰਨ ਕੀਤਾ ਹੋਇਆ. "ਭਗਤੀ ਤੋਖਤ ਦੀਨਕ੍ਰਿਪਾਲਾ." (ਮਾਰੂ ਸੋਲਹੇ ਮਃ ੫)

ਤੋਖਤਾ: ਸੰਗਯਾ- ਤੋਸ਼ਿਤਤਾ. ਤੋਸ਼ ਹੋਣ ਦਾ ਭਾਵ. ਪ੍ਰਸੰਨਤਾ। ੨. ਤਸੱਲੀ. "ਭਏ ਪ੍ਰਸੰਨ ਤੋਖਤਾ ਧਰਕੈ." (ਗੁਪ੍ਰਸੂ)

ਤੋਖਿਓ, ਤੋਖਿਆ: ਤੋਸ਼ਣ ਕੀਤਾ. ਪ੍ਰਸੰਨ ਕੀਤਾ. "ਨਾਨਾ ਝੂਠਿ ਲਾਇ ਮਨ ਤੋਖਿਓ." (ਟੋਡੀ ਮਃ ੫)

ਤੋਖਿਤ: ਦੇਖੋ, ਤੋਖਤ.

ਤੋਖਾਰ: ਡਿੰਗ. ਸੰਗਯਾ- ਤੁਰੰਗ. ਘੋੜਾ. ਦੇਖੋ, ਤੁਖਾਰ.

ਤੋਖੀਲੇ: ਤੋਸ਼ਣ ਕਰ ਲਿਆ. ਖ਼ੁਸ਼ ਕੀਤਾ. "ਸਲਿ ਬਿਸਲਿ ਆਣਿ ਤੋਖੀਲੇ ਹਰੀ." (ਧਨਾ ਤ੍ਰਿਲੋਚਨ) ਦੇਖੋ, ਸਲਿਬਿਸਲਿ.

ਤੋਟ: ਦੇਖੋ, ਤੋਟਿ.

ਤੋਟਕ: ਸੰ. ਵਿ- ਝਗੜਾਲੂ। ੨. ਸੰਗਯਾ- ਸ਼ੰਕਰਾਚਾਰਯ ਦਾ ਇੱਕ ਪ੍ਰਸਿੱਧ ਚੇਲਾ. ਇਸ ਨੇ ਤੋਟਕ ਛੰਦਾਂ ਵਿੱਚ ਹੀ ਇੱਕ ਗ੍ਰੰਥ ਬਣਾਇਆ ਹੈ, ਜਿਸ ਦਾ ਨਾਮ "ਤੋਟਕ" ਹੈ। ੩. ਸਖ਼ਤਕਲਾਮੀ। ੪. ਇੱਕ ਛੰਦ, ਇਸ ਦਾ ਨਾਮ "ਅਸਤਾ", "ਕਿਲਕਾ" ਅਤੇ "ਤਾਕਤ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ ।।S, ।।S, ।।S, ।।S.

ਉਦਾਹਰਣ-

ਜਿਹ ਰਾਗ ਨ ਰੂਪ ਨ ਰੇਖ ਰੁਖੰ,

ਜਿਹ ਤਾਪ ਨ ਸਾਪ ਨ ਸੋਕ ਸੁਖੰ,

ਜਿਹ ਰੋਗ ਨ ਸੋਗ ਨ ਭੋਗ ਭੁਯੰ,

ਜਿਹ ਖੇਦ ਨ ਭੇਦ ਨ ਛੇਦ ਛੁਯੰ. (ਅਕਾਲ)

ਤੋਟਾ, ਤੋਟਿ: ਸੰ. ਤ੍ਰੁਟਿ- ਤ੍ਰੁਟਿ. ਸੰਗਯਾ- ਭੁੱਲ. ਖ਼ਤ਼ਾ। ੨. ਸੰਸਾ. ਸੰਦੇਹ। ੩. ਘਾਟਾ. ਕਮੀ. "ਜਿਉ ਲਾਹਾ ਤੋਟਾ ਤਿਵੈ."

(ਆਸਾ ਅः ਮः ੧) "ਕਥਨਾ ਕਥੀ ਨ ਆਵੈ ਤੋਟਿ." (ਜਪੁ)

ਤੋਢਕ: ਸੰ. ਤੋਟਕ. ਸੰਗ਼ਜਾ- ਸਖ਼ਤਕਲਾਮੀ. "ਕਰ ਕਰ ਤੋਢਕ ਬਰਲ ਚਲਾਯਾ." (ਭਾਗੁ)

ਤੋਣ, ਤੋਣਿ: ਸੰਗਜਾ- ਤੋਯਣਿ. ਜਲ ਧਾਰਨ ਵਾਲੀ ਨਦੀ. "ਸੱਸੱਸ੍ਰੋਣੰ। ਤੱਤੱਤੋਣੰ." (ਰਾਮਾਵ) ਸ੍ਰੋਣਤ (ਲਹੂ) ਦੀ ਤੋਣੰ (ਨਦੀ) ਵਹਿਤੁਰੀ.

ਤੋਤ: ਦੇਖੋ, ਤੋਤਾ. "ਗਨਿਕਾ ਉਧਰੀ ਹਰਿ ਕਹੈ ਤੋਤ." (ਬਸੰ ਅः ਮः ੫)

ਤੋਤਰਾ, ਤੋਤਲਾ: ਵਿ- ਤੁਤਲਾ. ਜੋ ਸਪਸ਼੍ਟ (ਸਾਫ) ਨਾ ਬੋਲ ਸਕੇ. "ਬੋਲੈਂ ਬਚਨ ਤੋਤਰੇ ਮੀਠੇ." (ਨਾਪ੍ਰ) "ਮ੍ਰਿਦੁ ਵਚਨ ਤੋਤਲੇ ਮੁਖ ਕਹੰਤ." (ਗੁਪ੍ਰਸੂ) ੨. ਸੰਗਜਾ- ਕਾਲੀ ਦੇਵੀ, ਜੋ ਸ਼ਰਾਬ ਪੀਕੇ ਸਾਫ ਨਹੀਂ ਬੋਲ ਸਕਦੀ. "ਤੋਤਲਾ ਸੀਤਲਾ ਸਾਕਿਨੀ." (ਪਾਰਸਾਵ).

ਤੋਤਾ: ਫ਼ਾ. طوطی ਤੂਤ਼ੀ. ਸੰਗਜਾ- ਸ਼ੁਕ. ਕੀਰ. ਹਰੇ ਰੰਗ ਦਾ ਇੱਕ ਪ੍ਰਸਿੱਧ ਪੰਛੀ, ਜਿਸ ਦੀ ਚੁੰਜ ਲਾਲ ਹੁੰਦੀ ਹੈ. ਤੋਤੇ ਅਨੇਕ ਆਕਾਰ ਅਤੇ ਰੰਗ ਦੇ ਭੀ ਦੇਸ਼ਭੇਦ ਕਰਕੇ ਹੋਇਆ ਕਰਦੇ ਹਨ. "ਦੁਰਮਤਿ ਦੇਖ ਦਿਆਲੁ ਹੁਇ ਹੱਥਹੁ ਉਸ ਨੋ ਦਿੱਤੁਸ ਤੋਤਾ." (ਭਾਗੁ) ੨. ਤੋੜੇਦਾਰ ਬੰਦੂਕ ਦਾ ਘੋੜਾ. ਤੋੜੇ ਨੂੰ ਪਲੀਤੇ ਵਿੱਚ ਲਾਉਣ ਦੀ ਚਿਮਟੀ. "ਤੋਰਾ ਉਭਾਰ ਤੋਤੇ ਜੜੰਤ." (ਗੁਪ੍ਰਸੂ) ੩. ਮਹਿਤਾ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਗੁਰੂ ਸਾਹਿਬ ਨੇ ਇਸ ਨੂੰ ਗੁਰਬਾਣੀ ਦੇ ਵਿਚਾਰ ਦਾ ਉਪਦੇਸ਼ ਦਿੱਤਾ. ਇਹ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਦਾ ਪ੍ਰਧਾਨ ਯੋਧਾ ਸੀ ਅਤੇ ਵਡੀ ਵੀਰਤਾ ਦਿਖਾਉਂਦਾ ਹੋਇਆ ਅਮ੍ਰਿਤਸਰ ਜੀ ਦੇ ਜੰਗ ਵਿੱਚ ਸ਼ਹੀਦ ਹੋਇਆ.

ਤੋਤਾਚਸ਼ਮ, ਤ਼ੋਤ਼ਾਚਸ਼ਮ: ਫ਼ਾ. طوطی چشم ਸੰਗਜਾ- ਤ਼ੋਤ਼ੇ ਵਾਂਙ ਅੱਖ ਬਦਲਣ ਵਾਲਾ, ਸ੍ਵਾਰਥੀ ਆਦਮੀ.

ਤੋਦਾ: ਫ਼ਾ. تودہ ਤੋਦਹ. ਸੰਗਜਾ- ਢੇਰ. ਅੰਬਾਰ। ੨. ਉੱਚੀ ਵੱਟ। ੩. ਤੀਰ ਦੇ ਨਿਸ਼ਾਨੇ ਲਈ ਬਣਾਈ ਕੰਧ, ਜਿਸ ਵਿੱਚ ਸੁੱਕੀ ਨਰਮ ਮਿੱਟੀ ਭਰੀ ਰਹਿੰਦੀ ਹੈ. ਖ਼ਾਕਤੋਦਾ. ਦੇਖੋ, ਲੈਸ.

ਤੋਪ: ਤੁ. توپ ਸੰਗਜਾ- ਬਾਰੂਦ ਨਾਲ ਚਲਾਉਣ ਦਾ ਇੱਕ ਅਸਤ੍ਰ ਜਿਸ ਨਾਲ ਗੋਲਾ ਦੂਰ ਫੈਂਕਿਆ ਜਾਂਦਾ ਹੈ. Cannon. ਦੇਖੋ, ਅਗਿਨ ਅਸਤ੍ਰ। ੨. ਫ਼ੌਜ. ਸੈਨਾ.

ਤੋਪਹਿ: ਸਰਵ- ਤੇਰੇ ਪਾਸ। ੨. ਕ੍ਰਿ. ਵਿ- ਤੇਥੋਂ. ਤੇਰੇ ਨਾਲੋਂ. "ਤੋਪਹਿ ਦੁਗਣੀ ਮਜੂਰੀ ਦੈਹਉ." (ਸੋਰ ਨਾਮਦੇਵ)

ਤੋਪਕੀ: ਦੇਖੋ, ਤੋਪਚੀ.

ਤੋਪਖਾਨਾ: ਸੰਗਜਾ- ਤੋਪਾਂ ਦੇ ਰੱਖਣ ਦਾ ਮਕਾਨ। ੨. ਤੋਪਾਂ ਦੀ ਸੈਨਾ. Artillery.

ਤੋਪਚੀ: ਸੰਗਜਾ- ਤੋਪ ਚਲਾਉਣ ਵਾਲਾ. ਗੋਲੰਦਾਜ਼.

ਤੋਪਣਾ: ਕ੍ਰਿ- ਤੋਪਾ ਲਾਉਣਾ. ਸਿਉਂਣਾ। ੨. ਗੱਠ ਲਾਉਣਾ. "ਆਰ ਨਹੀ ਜਿਹ ਤੋਪਉ." (ਸੋਰ ਰਵਿਦਾਸ) ੩. ਚੰਬਾ- ਦੇਖਣਾ. ਤੱਕਣਾ.

ਤੋਪਾ: ਸੰਗਜਾ- ਟਾਂਕਾ. ਬਖੀਆ.

ਤੋਫਾ: ਅ਼. تحفہ ਤੁਹ਼ਫ਼ਹ. ਸੰਗਜਾ- ਭੇਟਾ. ਸੌਗ਼ਾਤ.

ਤੋਬਰਾ: ਫ਼ਾ. توبرہ ਸੰਗਜਾ- ਉਹ ਥੈਲਾ, ਜਿਸ ਵਿੱਚ ਘੋੜਾ ਦਾਣਾ ਖਾਂਦਾ ਹੈ. ਸੰ. ਟੋਪਰ.

ਤੋਂਬਰੀ: ਸੰਗਜਾ- ਤੁੰਬੀ. ਤੂੰਬੀ. "ਅਠਸਠ ਤੀਰਥ ਮਜਨ ਕਰੈ ਤੋਂਬਰੀ." (ਭਾਗੁ ਕ) ੨. ਲਹੂ ਖਿੱਚਣ ਦੀ ਤੂੰਬੀ. ਸਿੰਗੀ. "ਜੈਸੇ ਜੋਕ ਤੋਂਬਰੀ ਲਗਾਈਅਤ ਰੋਗੀ ਤਨ." (ਭਾਗੁ ਕ)

ਤੋਬਾ: ਅ. توبہ ਤੋਬਹ. ਸੰਗਯਾ- ਕੁਕਰਮਾਂ ਦੇ ਤਯਾਗਣ ਦੀ ਪ੍ਰਤਿਗਯਾ. ਪਸ਼ਚਾਤਾਪ ਨਾਲ ਅੱਗੋਂ ਲਈ ਮੰਦ ਕਰਮ ਤਯਾਗਣ ਦਾ ਪ੍ਰਣ. "ਤੋਬਾ ਪੁਕਾਰੇ ਜੁ ਪਾਵੈ ਅਜਾਬ." (ਨਸੀਹਤ)

ਤੋਮ: ਤੁ. تۇمان ਤੂਮਾਨ. ਸੰਗਯਾ- ਹਿੱਸਾ. ਭਾਗ। ੨. ਪਰਗਨਾ। ੩. ਸੰ. ਸ੍ਤੋਮ. ਸਮੁਦਾਯ. ਗਰੋਹ। ੪. ਜੱਗ. ਯਗ੍ਯ। ੫. ਉਸਤਤਿ. ਤਅ਼ਰੀਫ਼। ੬. ਮਸਤਕ. ਮੱਥਾ.

ਤੋਮਰ: ਸੰ. ਸੰਗਯਾ- ਨੇਜ਼ਾ. ਬਰਛਾ. ਭਾਲਾ। ੨. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸ, ਜ, ਜ. IIS, ISI, ISI.

ਉਦਾਹਰਣ-

ਅਕਲੰਕ ਰੂਪ ਅਪਾਰ,

ਸਭ ਲੋਕ ਸੋਕ ਉਧਾਰ,

ਕਲਿਕਾਲ ਕਰ੍ਮ ਬਿਹੀਨ,

ਸਭ ਕਰ੍ਮ ਧਰ੍ਮ ਪ੍ਰਬੀਨ. (ਅਕਾਲ)

(ਅ) ਤੋਮਰ ਨੂੰ ਕਈ ਵਿਦ੍ਵਾਨਾਂ ਨੇ ਮਾਤ੍ਰਿਕ ਮੰਨਕੇ ਲੱਛਣ ਕੀਤਾ ਹੈ ਕਿ ਪ੍ਰਤਿ ਚਰਣ ਬਾਰਾਂ ਮਾਤ੍ਰਾ, ਅੰਤ ਗੁਰੁ ਲਘੁ.

ਉਦਾਹਰਣ-

ਮਨਿ ਪ੍ਰੀਤਿ ਦਰਸਨ ਪਿਆਸ,[602]

ਗੋਬਿੰਦ ਪੂਰਨ ਆਸ, ×××

ਪ੍ਰਭੁ ਤੁਧ ਬਿਨਾ ਨਹੀ[603] ਹੋਰ,

ਮਨਿ ਪ੍ਰੀਤਿ ਚੰਦ ਚਕੋਰ. ××× (ਬਿਲਾ ਅਃ ਮਃ ੫)

(ੲ) ਕ੍ਰਿਸ਼ਨਾਵਤਾਰ ਵਿੱਚ ਤੋਮਰ ਦਾ ਇੱਕ ਹੋਰ ਰੂਪ ਹੈ- ਪਹਿਲੇ ਦੋ ਚਰਣ "ਮੁਕਤਾਮਣਿ" ਛੰਦ ਦਾ ਰੂਪਾਂਤਰ, ਅਰਥਾਤ ਪਹਿਲਾ ਵਿਸ਼੍ਰਾਮ ੧੨. ਮਾਤ੍ਰਾ ਪੁਰ, ਦੂਜਾ ੧੩. ਪੁਰ, ਅੰਤ ਗੁਰੁ ਲਘੁ, ਅਤੇ ਪਿਛਲੇ ਦੋ ਚਰਣ "ਹਰਿਗੀਤਿਕਾ" ਛੰਦ ਦੇ, ਯਥਾ-

ਰੋਮਹਰਖ ਹੁਤੋ ਜਹਾਂ, ਸੋਊ ਆਇਓ ਤਹਿਂ ਦੌਰ, ਹਲੀ ਮਦਿਰਾ ਪੀਤ ਥੋ, ਕਵਿ ਸਯਾਮ ਤਾਹੀ ਠੌਰ, ਸੋ ਆਯ ਠਾਢ ਭਯੋ ਤਹਾਂ ਜੜ੍ਹ, ਤਾਹਿਂ ਸਿਰ ਨ ਨਿਵਾਯਕੈ, ਬਲਭਦ੍ਰ ਕੋਪ ਕਮਾਨ ਲੈਕਰ, ਮਾਰਿਓ ਤਿੰਹ ਧਾਯਕੈ. ੩. ਰਾਜਪੂਤਾਂ ਦੀ ਇੱਕ ਜਾਤਿ, ਜਿਸ ਦਾ ਜਿਕਰ ਚੰਦ ਕਵਿ ਨੇ ਪ੍ਰਿਥੀਰਾਜ ਰਾਯਸੋ ਵਿੱਚ ਕੀਤਾ ਹੈ. ਕਿਤਨੇ ਲੇਖਕਾਂ ਨੇ ਇਸ ਜਾਤਿ ਨੂੰ ਤੁਯਾਰ ਲਿਖਿਆ ਹੈ. ਇਸ ਦਾ ਦਿੱਲੀ ਵਿੱਚ ਭੀ ਕਿਤਨਾ ਚਿਰ ਰਾਜ ਰਿਹਾ ਹੈ.

ਤੋਯ: ਸੰ. ਸੰਗਯਾ- ਜਲ. "ਨਹ ਛਿਜੰਤਿ ਤਰੰਗ ਤੋਯਣਹ." (ਸਹਸ ਮਃ ੫)

ਤੋਯਜ: ਸੰ. ਸੰਗਯਾ- ਤੋਯ (ਜਲ) ਤੋਂ ਪੈਦਾ ਹੋਇਆ, ਕਮਲ। ੨. ਬਿਰਛ। ੩. ਘਾਸ.

ਤੋਯਦ: ਸੰ. ਸੰਗਯ- ਤੋਯ (ਪਾਣੀ) ਦੇਣ ਵਾਲਾ, ਬੱਦਲ. ਮੇਘ। ੨. ਨਾਗਰਮੋਥਾ। ੩. ਘੀ। ੪. ਵਿ- ਪਿਤਰਾਂ ਨੂੰ ਪਾਣੀ ਦੇਣ

---

[602] ਛੰਦ ਦੀ ਚਾਲ ਲਈ ਉੱਚਾਰਣ ਪਯਾਸ ਹੈ.

[603] ਨਹੀ ਦੀ ਬਿਹਾਰੀ ਨੂੰ ਸਿਆਰੀ ਪੜ੍ਹਨਾ ਚਾਹੀਏ.

ਵਾਲਾ.

ਤੋਯਧਰ, ਤੋਯਧਿ, ਤੋਯਨਿਧਿ: ਸੰ. ਸੰਗਯਾ- ਤੋਯ (ਜਲ) ਦੇ ਧਾਰਨ ਵਾਲਾ ਅਤੇ ਜਲ ਦੀ ਨਿਧਿ, ਸਮੁੰਦਰ.

ਤੋਰ: ਸਰਵ- ਤਵ. ਤੇਰਾ. ਤੇਰੇ. "ਪਗ ਲਾਗਉ ਤੋਰ." (ਬਸੰ ਅਃ ਮਃ ੧) ੫. ਦੇਖੋ, ਤੋਰੁ.

ਤੋਰਕੀ: ਸੰਗਯਾ- ਤੁਰਕੀ. ਤੁਰਕ ਭਾਸ਼ਾ. "ਆਰਬੀ ਤੋਰਕੀ ਪਾਰਸੀ ਹੋ." (ਅਕਾਲ) ੨. ਇੱਕ ਰੋਗ. Typhoid fever. ਪਾਣੀਝਾਰਾ. ਦੇਖੋ, ਤਾਪ (ਘ)

ਤੋਰਣ, ਤੋਰਨ: ਸੰ. तोरण. ਸੰਗਯਾ- ਮਹਾਦੇਵ. ਸਿਵ। ੨. ਗਰਦਨ. ਗ੍ਰੀਵਾ। ੩. ਘਰ ਅਥਵਾ ਨਗਰ ਦਾ ਬਾਹਰਲਾ ਦਰਵਾਜ਼ਾ। ੪. ਮੰਗਲ ਸਮੇਂ ਕਿਸੇ ਦੇ ਸ੍ਵਾਗਤ ਲਈ ਫੁੱਲ ਪੱਤਿਆਂ ਦਾ ਰਚਿਆ ਦ੍ਵਾਰ। ੫. ਫੁੱਲ ਅਤੇ ਪੱਤੇ ਆਦਿ ਦੀ ਮਾਲਾ, ਜੋ ਦਰਵਾਜ਼ੇ ਪੁਰ ਸ਼ੋਭਾ ਵਾਸਤੇ ਲਟਕਾਈ ਜਾਵੇ. ਬੰਦਨਵਾਰ. "ਦਰ ਪਰ ਤੋਰਣ ਸੁੰਦਰ ਬਾਂਧਤ." (ਨਾਪ੍ਰ)

ਤੋਰਨਾ: ਕ੍ਰਿ- ਤੋੜਨਾ. ਅਲਗ ਕਰਨਾ. ਭੰਗ ਕਰਨਾ. "ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ." (ਮਲਾ ਮਃ ੪) ੨. ਚਲਾਉਣਾ.

ਤੋਰਾ: ਸਰਵ- ਤੇਰਾ. ਤਵ. "ਸਧਨਾ ਜਨ ਤੋਰਾ." (ਬਿਲਾ ਸਧਨਾ) ੨. ਸੰਗਯਾ- ਚਾਲਾ. ਹੁਕੂਮਤ ਦਾ ਪ੍ਰਬੰਧ. "ਅਪਨੋ ਤੋਰਾ ਕਰਹਿ ਬਿਸਾਲ." (ਗੁਪ੍ਰਸੂ) ੩. ਬੰਦੂਕ਼ ਦੇ ਪਲੀਤੇ ਨੂੰ ਅੱਗ ਲਾਉਣ ਦਾ ਮੋਟਾ ਡੋਰਾ. ਤੋੜਾ. "ਤਹਿਂ ਕੋ ਤਾਕ ਝੁਖਾਯੋ ਤੋਰਾ." (ਗੁਪ੍ਰਸੂ) ੪. ਤੋੜਿਆ. ਦੇਖੋ, ਤੋਰਨਾ। ੫. ਦੇਖੋ, ਤੋੜਾ.

ਤੋਰਾਦਾਰ: ਦੇਖੋ, ਤੋੜਾਦਾਰ। ੨. ਵਿ- ਤੋੜਾ (ਘਾਟਾ) ਦਾਇਕ. ਤਬਾਹ ਕਰਨ ਵਾਲਾ. "ਗੁਰੁਨ ਕੇ ਵੰਸ਼ ਚਲੀ ਆਈ ਹੰਸਰਾਮ ਸਦਾ, ਗੁਨੀ ਸੇ ਉਦਾਰ, ਤੋਰਾਦਾਰ ਤਰਵਾਰ ਕੋ." (ਕਵਿ ੫੨) ਤਲਵਾਰ ਚੁੱਕਣ ਵਾਲੇ ਨੂੰ ਨਾਸ਼ ਕਰਨ ਵਾਲਾ.

ਤੋਰਾਵੈ: ਤੋੜਾਵੈ. ਦੇਖੋ, ਤੋਰਨਾ.

ਤੋਰਿ: ਤੋੜਕੇ. "ਬੰਧਨ ਤੋਰਿ ਰਾਮਲਿਵ ਲਾਈ." (ਸਾਰ ਮਃ ੫) "ਤੁਮ ਸਿਉ ਤੋਰਿ ਕਵਨ ਸਿਉ ਜੋਰਹਿ?" (ਸੋਰ ਰਵਿਦਾਸ)

ਤੋਰੀ: ਸਰਵ- ਤੇਰੀ. "ਬਿਨਵਤਿ ਨਾਨਕ ਓਟ ਪ੍ਰਭੁ ਤੋਰੀ." (ਆਸਾ ਮਃ ੫) ੨. ਦੇਖੋ, ਤੋਰਨਾ (ਤੋੜਨਾ). "ਤੋਰੀ ਨ ਤੂਟੈ ਛੋਰੀ ਨ ਛੂਟੈ." (ਬਿਲਾ ਮਃ ੫) "ਗੁਰਿ ਪੂਰੈ ਹਉਮੈ ਭੀਤਿ ਤੋਰੀ." (ਮਲਾ ਮਃ ੪) ੩. ਸੰਗਯਾ- ਇੱਕ ਪ੍ਰਕਾਰ ਦੀ ਬੇਲਦਾਰ ਸਬਜ਼ੀ. ਤੁਰਈ. Luffa Acutangula. ਇਸ ਦੀ ਤਰਕਾਰੀ ਬਣਦੀ ਹੈ. ਤੋਰੀ ਬਾਦੀ ਕਰਦੀ ਅਤੇ ਭੁੱਖ ਘਟਾਉਂਦੀ ਹੈ.

ਤੋਰੀਆ: ਸਰ੍ਹੋਂ ਜੇਹਾ ਇੱਕ ਅੰਨ ਜੋ ਸਾਉਣੀ ਅਤੇ ਹਾੜ੍ਹੀ ਦੋਹਾਂ ਫਸਲਾਂ ਵਿੱਚ ਹੋਂਦਾ ਹੈ. ਤੋੜੀਆ. Rape. ਇਸ ਦਾ ਸਾਗ ਬਣਦਾ ਅਤੇ ਬੀਜ ਦਾ ਤੇਲ ਨਿਕਲਦਾ ਹੈ.

ਤੋਰੁ: ਦੇਖੋ, ਤੋਰ। ੨. ਫ਼ਾ. تور ਸੰਗਯਾ- ਭੈ. ਡਰ. "ਜਮ ਜਾਗਾਤਿ ਨ ਲਾਗੈ ਤੋਰੁ." (ਰਤਨਮਾਲਾ ਬੰਨੋ)

ਤੋਰੋ: ਸੰਰਵ- ਤੇਰਾ. ਤਵ। ੨. ਤੋੜੋ. ਦੇਖੋ, ਤੋਰਨਾ. "ਅਹੰ ਤੋਰੋ ਮੁਖ ਜੋਰੋ." (ਕਾਨ ਮਃ ੫) ੩. ਵਿ- ਤੋੜਿਆ ਹੋਇਆ. "ਲੇਤ ਹੈ ਪੇਚ ਮਨੋ ਅਹਿ ਤੋਰੋ." (ਕ੍ਰਿਸਨਾਵ)

ਤੋਲ: ਸੰ. ਸੰਗਯਾ- ਛਿਆਨਵੇ (੯੬) ਰੱਤੀਭਰ ਵਜ਼ਨ. ਤੋਲਾ। ੨. ਸੰ. ਤੋਲ. ਤਰਾਜੂ. ਤੱਕੜੀ। ੩. ਵਜ਼ਨ. ਭਾਰ ਦਾ ਮਾਨ.

ਸ਼ਾਰੰਗਧਰ ਵਿੱਚ ਤੋਲ ਇਸ ਤਰਾਂ ਹੈ:-

੩੦ ਪ੍ਰਮਾਣੁ ਦਾ ਤ੍ਰਸਰੇਣੁ (ਅਥਵਾ ਵੰਸ਼ੀ).

੬. ਤ੍ਰਸਰੇਣੁ ਦਾ ਮਰੀਚਿ.

੬. ਮਰੀਚਿ ਦਾ ਰਾਈ.

੩. ਰਾਈ ਸਸ਼ੰਪ.

੮. ਸਸ਼ੰਪ ਦਾ ਜੌਂ (ਯਵ).

੪. ਜੌਂ ਦੀ ਗੁੰਜਾ (ਰੱਤੀ).

੬. ਗੁੰਜਾ ਦਾ ਮਾਸ਼ਾ. ਮਾਸ਼ੇ ਦਾ ਨਾਉਂ "ਹੇਮ" ਅਤੇ "ਧਾਨਕ" ਭੀ ਹੈ.

ਕਈਆਂ ਨੇ ਅੱਠ ਖ਼ਸ਼ਖ਼ਾਸ਼ ਦੀ ਰਾਈ, ਚਾਰ ਰਾਈ ਦਾ ਚਾਵਲ, ਅੱਠ ਚਾਵਲ ਦੀ ਰੱਤੀ, ਅੱਠ ਰੱਤੀ ਦਾ ਮਾਸ਼ਾ, ਗ੍ਯਾਰਾਂ ਮਾਸ਼ੇ ਦਾ ਤੋਲਾ, ਦੋ ਤੋਲੇ ਦੀ ਸਰਸਾਹੀ, ਦੋ ਸਰਸਾਹੀ ਦਾ ਅੱਧ ਪਾ, ਦੋ ਅੱਧ ਪਾ ਦਾ ਪਾਈਆ, ਚਾਰ ਪਾਉ ਦਾ ਸੇਰ, ਪੰਜ ਸੇਰ ਦੀ ਪੰਜਸੇਰੀ, ਦ ਪੰਜਸੇਰੀ ਦੀ ਧੜੀ, ਦੋ ਧੜੀ ਦਾ ਧੌਣ (ਅਧੰਮਨ), ਦੋ ਧੌਣ ਦਾ ਮਣ, ਅਤੇ ਪੰਜ ਮਣ ਦਾ ਭਾਰ ਲਿਖਿਆ ਹੈ.

ਭਾਈ ਗੁਰਦਾਸ ਜੀ ਲਿਖਦੇ ਹਨ:-

ਏਕ ਮਨ ਆਠ ਖੰਡ ਖੰਡ ਖੰਡ ਪਾਂਚ ਟੂਕ,

ਟੂਕ ਟੂਕ ਚਾਰੁ ਫਾਰਿ ਫਾਰ ਦੋਇ ਫਾਰ ਹੈ.

ਤਾਹੂ ਤੇ ਪਈਸੇ ਔ ਪਈਸਾ ਏਕ ਪਾਂਚ ਟਾਂਕ,

ਟਾਂਕ ਟਾਂਕ ਮਾਸੇ ਚਾਰ ਅਨਿਕ ਪ੍ਰਕਾਰ ਹੈ.

ਮਾਸਾ ਏਕ ਆਠ ਰੱਤੀ ਰੱਤੀ ਆਠ ਚਾਵਰ ਕੀ,

ਹਾਟ ਹਾਟ ਕਨੁ ਕਨੁ ਤੋਲ ਤੁਲਾਧਾਰ ਹੈ.

ਪੁਰ ਪੁਰ ਪੂਰ ਰਹੇ ਸਕਲ ਸੰਸਾਰ ਵਿਖੈ,

ਵਸ ਆਵੈ ਕੈਸੋ ਜਾਂਕੋ ਏਤੋ ਵਿਸਤਾਰ ਹੈ. (ਭਾਗੁ ਕ)

ਇਸ ਕਬਿੱਤ ਵਿੱਚ "ਮਨ" ਸ਼ਬਦ ਦੋ ਅਰਥ ਰਖਦਾ ਹੈ- ਦਿਲ ਅਤੇ ਚਾਲੀ ਸੇਰ ਤੋਲ. ਅੱਠ ਖੰਡ- ਅੱਠ ਪੰਜਸੇਰੀਆਂ. ਪੰਚ ਟੂਕ- ਪੰਜ ਸੇਰ. ਚਾਰ ਫਾੜ- ਚਾਰ ਪਾਈਏ. ਐਸੇ ਹੀ ਅੱਧ ਪਾ, ਸਰਸਾਹੀ, ਟਾਂਕ, ਮਾਸਾ, ਰੱਤੀ, ਚਾਵਲ ਆਦਿ ਜਾਣੋ.

ਇਸ ਸਮੇਂ ਪ੍ਰਚਲਿਤ ਤੋਲ ਇਹ ਹੈ-

੮. ਚਾਵਲ, ਰੱਤੀ.

੮. ਰੱਤੀ, ਮਾਸ਼ਾ.

੧੨ ਮਾਸ਼ੇ, ਤੋਲਾ.

੫. ਤੋਲਾ, ਛਟਾਂਕ.

੪. ਛਟਾਂਕ, ਪਾਵ (ਪਾਈਆ).

੧੬ ਛਟਾਂਕ, ਸੇਰ.

੪੦ ਸੇਰ, ਮਨ.

ਤੋਲਕ: ਸੰਗ੍ਯਾ- ਤੋਲਣ ਵਾਲਾ। ੨. ਸੰ. ਤੋਲਾ ਭਰ ਵਜ਼ਨ.

ਤੋਲਣਾ: ਕ੍ਰਿ- ਤੋਲਨ. ਵਜ਼ਨ ਕਰਨਾ. ਤਰਾਜ਼ੂ ਨਾਲ ਭਾਰ ਦਾ ਗ੍ਯਾਨ ਕਰਨਾ. ਭਾਰ ਜੋਖਣਾ.

ਤੋਲਨ: ਦੇਖੋ, ਤੋਲਣਾ.

ਤੋਲਾ: ਸੰਗ੍ਯਾ- ਤੋਲਕ. ਤੋਲਣ ਵਾਲਾ। ੨. ਸੰ. ਤੋਲ ਅਤੇ ਤੋਲਕ. ੧੨. ਮਾਸ਼ਾ ਭਰ ਵਜ਼ਨ. ਫ਼ਾ. تولہ ਤੋਲਹ. "ਖਿਨੁ ਤੋਲਾ ਖਿਨੁ ਮਾਸਾ." (ਬਸੰ ਮਃ ੧) ਭਾਵ- ਹਰਖ ਸ਼ੋਕ ਨਾਲ ਕਦੇ ਫੁਲਦਾ ਕਦੇ ਘਟਦਾ.

ਤੋਲਾਇਆ: ਤੋਲ ਕਰਵਾਇਆ. ਤੁਲਵਾਇਆ। ੨. ਸੰਗ੍ਯਾ- ਤੁਲਾਵਾ. ਤੋਲਕ. ਤੋਲਣ ਵਾਲਾ.

ਤੋਲਾਹਾ: ਵਿ- ਤੋਲਣ ਵਾਲਾ। ੨. ਵਜ਼ਨ ਮੇਂ. ਤੋਲ ਵਿੱਚ. "ਸਭਿ ਤੀਰਥ ਵਰਤ ਜਗਿ ਪੁੰਨ ਤੋਲਾਹਾ। ਹਰਿ ਹਰਿ ਨਾਮ ਨ ਪੁਜਹਿ ਪੁਜਾਹਾ." (ਜੈਤ ਮਃ ੪)

ਤੋਲਿ: ਤੋਲ (ਵਜ਼ਨ) ਕਰਕੇ. "ਤੋਲਿ ਨ ਤੁਲੀਐ." (ਗਉ ਕਬੀਰ)

ਤੋਲੀ: ਵਿ- ਤੋਲਣ ਵਾਲਾ। ੨. ਤੋਲੀਂ. ਤੋਲਦਾ ਹਾਂ. "ਘਟ ਹੀ ਭੀਤਰਿ ਸੋ ਸਹੁ ਤੋਲੀ." (ਸੂਹੀ ਮਃ ੧) ੩. ਸੰਗ੍ਯਾ- ਤੋਪ ਦਾ ਵਜ਼ਨ ਠੀਕ ਕਰਕੇ ਨਿਸ਼ਾਨੇ ਪੁਰ ਸ਼ਿਸਤ ਬੰਨ੍ਹਣ ਵਾਲਾ ਤੋਪਚੀ.

ਤੋਲੁ: ਦੇਖੋ, ਤੋਲ। ੨. ਵੱਟਾ. ਵਜ਼ਨਾ. "ਸਚੁ ਤਰਾਜੀ ਤੋਲੁ." (ਸ੍ਰੀ ਅਃ ਮਃ ੧)

ਤੋੜ: ਸੰਗ੍ਯਾ- ਲੋਹੇ ਦੀ ਸਲਾਈ, ਜਿਸ ਨੂੰ ਗਲੋਟੇ ਵਿੱਚ ਦੇਕੇ ਸੂਤ ਅਟੇਰੀਦਾ ਹੈ। ੨. ਸਿੰਧੀ. ਅੰਤ. ਸਿਰਾ. ਹੱਦ। ੩. ਨਸ਼ੇ ਦੇ ਟੁੱਟਣ ਦਾ ਭਾਵ। ੪. ਦੇਖੋ, ਤੋੜਨਾ.

ਤੋੜਨਾ: (ਸੰ. ਤੁਡ੍. ਧਾ- ਤੋੜਨਾ, ਦੁੱਖ ਦੇਣਾ) ਕ੍ਰਿ- ਖੰਡਨ ਕਰਨਾ. ਅਲਗ ਕਰਨਾ. ਸੰਬੰਧ ਜੁਦਾ ਕਰਨਾ.

ਤੋੜ ਨਿਬਾਹੁਣਾ: ਕ੍ਰਿ- ਅੰਤ ਤੀਕ ਨਿਰਵਾਹ ਕਰਨਾ.

ਤੋੜ ਪਹੁਚਾਉਣਾ: ਕ੍ਰਿ. - ਧੁਰ ਪੁਚਾਉਣਾ.

ਤੋੜਾ: ਸੰਗ੍ਯਾ- ਰੁਪਯੇ ਦੀ ਥੈਲੀ। ੨. ਗਲ ਪਹਿਰਣ ਦਾ ਕੰਠਾ. ਜ਼ੰਜੀਰੀਦਾਰ ਕੰਠਾ। ੩. ਘਾਟਾ. ਕਮੀ। ੪. ਬੰਦੂਕ਼ ਅਤੇ ਤੋਪ ਨੂੰ ਅੱਗ ਦੇਣ ਦਾ ਡੋਰਾ. ਪਲੀਤਾ. ਫਲੀਤਾ. "ਕਲਾ ਪੈ ਜੜੇ ਮੋੜ ਤੋੜੇ ਧੁਖੰਤੇ." (ਗੁਪ੍ਰਸੂ)

ਤੋੜਾਉਣਾ: ਕ੍ਰਿ- ਤੁੜਵਾਉਣਾ. ਦੇਖੋ, ਤੋਰਾਵੈ ਅਤੇ ਤੋੜਨਾ.

ਤੋੜਾ ਝਾੜਨਾ: ਕ੍ਰਿ- ਬੰਦੂਕ ਦੇ ਤੋੜੇ ਤੋਂ ਅੱਗ ਦਾ ਚਿੰਗਾੜਾ ਪਲੀਤੇ ਦੀ ਬਾਰੂਦ ਪੁਰ ਝਾੜਨਾ। ੨. ਜੋਸ਼ ਵਿੱਚ ਲਿਆਉਣ ਵਾਲੀ ਗੱਲ ਆਖਕੇ ਦਿਲ ਭੜਕਾਉਣਾ. "ਸਿੰਘਨ ਊਪਰ ਤੋੜਾ ਝਾੜਾ." (ਪ੍ਰਾਪੰਪ੍ਰ)

ਤੋੜਾਦਾਰ: ਸੰਗ੍ਯਾ- ਉਹ ਬੰਦੂਕ਼ ਜਿਸ ਨੂੰ ਤੋੜੇ ਨਾਲ ਅੱਗ ਦਿੱਤੀ ਜਾਵੇ. ਦੇਖੋ, ਸਸਤ੍ਰ.

ਤੋੜਿ: ਤੋੜਕੇ. "ਤੋੜਿ ਬੰਧਨ ਮੁਕਤ ਕਰੇ." (ਮਾਰੂ ਮਃ ੪) ੨. ਤੋੜਨਾ ਕ੍ਰਿਯਾ ਦਾ ਅਮਰ. "ਨਾਨਕ ਕਚੜਿਆ ਸਿਉ ਤੋੜਿ." (ਵਾਰ ਮਾਰੂ ੨. ਮਃ ੫)

ਤੋੜੀਆ: ਦੇਖੋ, ਤੋਰੀਆ.

ਤੋੜੇਦਾਰ: ਦੇਖੋ, ਤੋੜਾਦਾਰ.

ਤੌਂ: ਤਬ. ਤਾਂ. ਦੇਖੋ, ਤਉ.

ਤੌਅਮ: ਅ਼. تَوْئم ਸੰਗ੍ਯਾ- ਜੌੜੇ ਬੱਚੇ. ਯਮਲ (twins)

ਤੌਸੀਫ: ਅ਼. توَصیف ਤੌਸੀਫ਼. ਸੰਗ੍ਯਾ- ਵਸਫ਼ (ਗੁਣ) ਕਹਿਣ ਦੀ ਕ੍ਰਿਯਾ. ਤਅ਼ਰੀਫ਼ ਕਰਨਾ. ਗੁਣਾਨੁਵਾਦ.

ਤੌਹੀਦ, ਤੌਹ਼ੀਦ: ਅ਼. توحید ਸੰਗਯਾ- ਵਾਹ਼ਦ (ਇੱਕ) ਸਮਝਣ ਦਾ ਭਾਵ. ਇੱਕ ਪਾਰਬ੍ਰਹ੍ਮ ਦਾ ਨਿਸ਼ਚਾ. ਅਦਨਐਤਤਾ। ੨. ਅਦ੍ਵੈਤਵਾਦ. Monism (unitarianism).

ਤੌਹੀਨ: ਅ਼. توہین ਸੰਗਯਾ- ਵਾਹਨ (ਸੁਸਤੀ) ਦਾ ਭਾਵ। ੨. ਅਪਮਾਨ. ਅਨਾਦਰ. ਹਤਕ.

ਤੌਕ: ਦੇਖੋ, ਤਉਕ.

ਤੌਕਣਾ: ਤੋਯ (ਪਾਣੀ) ਦਾ ਕਣ (ਤੁਬਕੇ) ਛਿੜਕਣੇ. ਦੇਖੋ, ਤਉਕਣਾ.

ਤੌਕੀਰ, ਤੌਕ਼ੀਰ: ਅ਼. توقیر ਵਕ਼ਰ (ਇੱਜ਼ਤ) ਦਾ ਭਾਵ ਮਾਨ. ਪ੍ਰਤਿਸ਼੍ਠਾ. ਕ਼ਦਰ.

ਤੌਖਲਾ: ਸੰਗਯਾ- ਅੰਦੇਸ਼ਾ. ਚਿੰਤਾ. ਧੜਕਾ. ਅ਼. تخیّل ਤਖ਼ੈਯੁੱਲ.

ਤੌਨ: ਦੇਖੋ, ਤਉਨ। ੨. ਤਿਸ ਦਾ. ਤਿਸ ਦੀ. "ਪਠੈ ਸੁਨੈ ਮਨ ਮੇ ਗੁਨੈ ਪੁਰੈ ਕਾਮਨਾ ਤੌਨ." (ਗੁਪ੍ਰਸੂ)

ਤੌਫ਼ੀਕ, ਤੌਫ਼ੀਕ਼: ਅ਼. توفیق ਸੰਗਯਾ- ਵਫ਼ਕ਼ (ਯੋਗਯ) ਹੋਣ ਦਾ ਭਾਵ. ਸਾਮਰਥ੍ਯ. ਸ਼ਕਤਿ.

ਤੌਰ, ਤ਼ੌਰ: ਅ਼. طور ਸੰਗਯਾ- ਢੰਗ. ਚਾਲਢਾਲ. "ਗੁਰੁ ਕੋ ਤੌਰ ਹੇਰ ਬਿਧਿ ਔਰ." (ਗੁਪ੍ਰਸੂ) ੨. ਹ਼ਾਲਤ. ਦਸ਼ਾ.

ਤੌਰਾਤ, ਤੌਰੇਤ: ਅ਼. توریت ਯਹੂਦੀਆਂ (ਮੂਸਾਈਆਂ) ਦਾ ਧਰਮਗ੍ਰੰਥ, ਜੋ ਹ਼ਜਰਤ ਮੂਸਾ ਨੂੰ ਪ੍ਰਗਟ ਹੋਇਆ. Old Testament ਦੀਆਂ ਪਹਿਲੀਆਂ ਪੰਚ ਕਿਤਾਬਾਂ (Pentateuch). ਦੇਖੋ, ਮੂਸਾ.

ਤੌਲ: ਦੇਖੋ, ਤਉਲ.

ਤੌਲਗ: ਦੇਖੋ, ਤਉਲਗ.

ਤੌਲਾ: ਸੰਗਯਾ- ਚੌੜੇ ਮੂੰਹ ਵਾਲਾ ਮਿੱਟੀ ਦਾ ਬਰਤਨ, ਜਿਸ ਵਿੱਚ ਭੋਜਨ ਰਿੰਨ੍ਹਿਆ ਜਾਵੇ. ਤਪਲਾ। ੨. ਉਹ ਭਾਂਡਾ, ਜਿਸ ਨਾਲ ਅੰਨ ਆਦਿ ਵਸਤੁ ਦਾ ਮਾਨ (ਵਜ਼ਨ) ਮਾਲੂਮ ਕਰੀਏ.

ਤੌਲੀਆ: ਅੰ. Towel. ਸੰਗਯਾ- ਪਰਨਾ. ਸ਼ਰੀਰ ਸਾਫ ਕਰਨ ਦਾ ਰੁਮਾਲ. ਅੰਗੋਛਾ.

ਤੌੜਾ, ਤੌੜੀ: ਦੇਖੋ, ਤਾਉੜਾ ਅਤੇ ਤਾਉੜੀ.

ਤੰ: ਸਰਵ- ਤਿਸ ਨੂੰ.

ਤੰਨ: ਸੰ. ਤङ्ग. ਸੰਗਯਾ- - ਡਰ. ਭੈ। ੨. ਵਿਯੋਗ ਦਾ ਦੁੱਖ। ੩. ਪੱਥਰ ਕੱਟਣ ਦੀ ਟਾਂਕੀ.

ਤੰਗ: ਸੰ. ਤङ्ग ਧਾ- ਕੰਬਣਾ, ਠੋਕਰ ਖਾਕੇ ਡਿਗਣਾ। ੨. ਫ਼ਾ. تنگ ਸੰਗਯਾ- ਘੋੜੇ ਦਾ ਜ਼ੀਨ ਕਸਣ ਦੀ ਪੇਟੀ. "ਤੰਗ ਐਂਚ ਤਬ ਕੀਨਸ ਤਯਾਰੀ." (ਗੁਪ੍ਰਸੂ) ੩. ਦੁਖੀ. ਹੈਰਾਨ. "ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ." (ਮ: ੧. ਵਾਰ ਮਲਾ)

ਤੰਗ ਕਸਣਾ: ਦੇਖੋ, ਤੰਗ ਲੈਣਾ.

ਤੰਗਨਾ: ਸੰਗਯਾ- ਤੰਗੀ. ਤਕਲੀਫ਼. "ਪੰਚ ਦੂਤ ਤਜਿ ਤੰਗਨਾ." (ਮਾਰੂ ਸੋਲਹੇ ਮ: ੫) ੨. ਫ਼ਾ. تنگنائ ਤੰਗਨਾਯ. ਕਠਿਨਾਈ. ਔਖ। ੩. ਅਪਵਿਤ੍ਰਤਾ. ਮੈਲਾਪਨ.

ਤੰਗਲੈਣਾ: ਕ੍ਰਿ- ਘੋੜੇ ਦੇ ਤੰਗ ਨੂੰ ਹੋਰ ਕੱਸਣਾ. ਤੰਗ ਦੀ ਢਿੱਲ ਮਿਟਾਉਣੀ. "ਪ੍ਰਭੁ ਕੂਚ ਕਰ, ਲੈ ਘੋਰਨ ਕੇ ਤੰਗ." (ਗੁਵਿ ੧੦)

ਤੰਗੀ: ਫ਼ਾ. تنگی ਸੰਗਯਾ- ਤੰਗ ਹੋਣ ਦਾ ਭਾਵ. ਸੰਕੋਚ. ਭੀੜਾਪਨ। ੨. ਨਿਰਧਨਤਾ. ਗ਼ਰੀਬੀ। ੩. ਮੁਸੀਬਤ.

ਤੰਗੀਐ: ਤੰਗ ਹੋਈਏ. ਤੰਗੀ ਵਿੱਚ ਪਈਏ. ਤੰਗ ਕੀਤਾ ਜਾਂਦਾ ਹੈ. ਦੇਖੋ, ਤੰਗ ੫.

ਤੰਗੁਲੀ: ਸੰਗਜਾ- ਤ੍ਯ- ਅੰਗੁਲੀ ਸਲੰਘ ਦੀ ਸ਼ਕਲ ਦਾ ਇੱਕ ਜ਼ਿਮੀਦਾਰਾ ਸੰਦ, ਜਿਸ ਨਾਲ ਕੰਡੇਦਾਰ ਝਾੜ ਖੇਤ ਤੋਂ ਉਠਾਏ ਜਾਂਦੇ ਹਨ ਅਤੇ ਪਿੜ ਵਿੱਚ ਪਾਏ ਗਾਹਣ ਨੂੰ ਉਡਾਉਣ ਦੇ ਕੰਮ ਆਉਂਦਾ ਹੈ. ਪਹਿਲਾਂ ਇਸ ਦੇ ਤਿੰਨ ਕੰਡੇ ਹੁੰਦੇ ਸਨ, ਹੁਣ ਬਹੁਤ ਦੇਖੇ ਜਾਂਦੇ ਹਨ. "ਲੈ ਕਿਰਸਾਨ ਮਨੋ ਤੰਗੁਲੀ ਖਲ ਦਾਨਨ ਜਯੋਂ ਨਭ ਬੀਚ ਉਡਾਈ." (ਕ੍ਰਿਸਨਾਵ)

ਤੰਜਣ: ਸਿੰਧੀ. ਲਪੇਟਣਾ। ੨. ਸੂਤ ਤਾਣੀ ਆਦਿ ਦੇ ਲਪੇਟਣ ਦੀ ਕ੍ਰਿਯਾ। ੩. ਦੇਖੋ, ਤੰਞਣ.

ਤੰਜੌਰ: ਸੰ. तुङ्गपुर- ਤੁੰਗਪੁਰ. ਮਦਰਾਸ ਦੇ ਇ਼ਲਾਕ਼ੇ ਇੱਕ ਪ੍ਰਸਿੱਧ ਸ਼ਹਿਰ. ਇਸ ਦਾ ਨਾਮ ਤੰਜਾਪੁਰ ਭੀ ਲਿਖਿਆ ਹੈ, ਜਿਸ ਦਾ ਮੂਲ ਦੱਸਿਆ ਹੈ ਕਿ ਤੰਜਾਨ ਰਾਖਸ ਦੇ ਨਾਮ ਤੋਂ ਬਸਿਆ ਸ਼ਹਿਰ. ਤੰਜੌਰ ਸਾਊਥ ਇੰਡੀਅਨ ਰੇਲਵੇ (S. I. Ry. ) ਦਾ ਸਟੇਸ਼ਨ ਹੈ, ਜੋ ਮਦਰਾਸ ਤੋਂ ੨੧੮ ਮੀਲ ਹੈ.

ਤੰਞਣ: ਦੇਖੋ, ਤੰਜਣ। ੨. ਲੜਕੀਆਂ ਦਾ ਸਮੁਦਾਯ, ਜੋ ਸੂਤ ਕੱਤਣ ਲਈ ਜੁੜਿਆ ਹੈ. ਦੇਖੋ, ਤੇਉਣ ਅਤੇ ਤ੍ਰਿਞਣ.

ਤੰਡ: ਸੰ. तण्ड् ਧਾ- ਕੁੱਟਣਾ, ਤਾੜਨਾ.

ਤੰਡੁਲ: ਸੰ. तण्डुल. ਸੰਗਜਾ- ਕੁੱਟੇ ਹੋਏ ਧਾਨ. ਚਾਵਲ.

ਤੰਤ: ਤੰਦ. ਦੇਖੋ, ਤੰਤੁ। ੨. ਦੇਖੋ, ਤੰਤ੍ਰ। ੩. ਦੇਖੋ, ਤਤ੍ਵ. "ਤੰਤ ਕਉ ਪਰਮਤੰਤੁ ਮਿਲਿਆ." (ਪ੍ਰਭਾ ਮਃ ੧)

ਤੰਤਮੰਤ: ਦੇਖੋ, ਤੰਤ੍ਰ ਅਤੇ ਮੰਤ੍ਰ.

ਤੰਤਰੀ: ਦੇਖੋ, ਤੰਤ੍ਰੀ.

ਤੰਤਲਾ: ਸੰਗਜਾ- ਤੰਤ੍ਰੀ (ਵੀਣਾ) ਧਾਰਨ ਵਾਲੀ, ਸਰਸ੍ਵਤੀ.

ਤੰਤੀ: ਸੰ. तन्ती. ਸੰਗਜਾ- ਤਾਰ. "ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ." (ਗਉ ਕਬੀਰ) ੨. ਡੋਰੀ. ਰੱਸੀ। ੩. ਸੰ. ਤੰਤ੍ਰੀ. ਵੀਣਾ. ਕਿੰਗਰੀ. "ਜਿਉ ਨਟੂਆ ਤੰਤੁ ਵਜਾਏ ਤੰਤੀ." (ਬਿਲਾ ਮਃ ੪) ੪. ਤੰਤ੍ਰਿਨ੍. ਵਿ- ਤੰਤ੍ਰਸ਼ਾਸਤ੍ਰ ਜਾਣਨ ਵਾਲਾ। ੫. ਤਾਰ ਦਾ ਸਾਜ ਵਜਾਉਣ ਵਾਲਾ.

ਤੰਤੁ: ਸੰ. तन्तु. ਸੰਗਜਾ- ਤਾਗਾ. "ਛੋਛੀ ਨਲੀ ਤੰਤੁ ਨਹੀ ਨਿਕਸੈ." (ਗਉ ਕਬੀਰ) ਇਸ ਥਾਂ ਤੰਤੁ ਤੋਂ ਭਾਵ ਪ੍ਰਾਣ ਹੈ। ੨. ਮੱਛੀ ਫੜਨ ਦਾ ਜਾਲ, ਦੇਖੋ, ਜਲਤੰਤੁ ੩. ਤਾਰ. "ਤੂਟੀ ਤੰਤੁ ਰਬਾਬ ਕੀ." (ਓਅੰਕਾਰ) ਰਬਾਬ ਦੇਹ, ਤੰਤੁ, ਪ੍ਰਾਣ। ੪. ਤੰਦੂਆ. ਗ੍ਰਾਹ। ੫. ਸੰਤਾਨ. ਔਲਾਦ। ੬. ਪੱਠੇ. Nerves । ੭. ਸੰ. ਤਤ੍ਵ. "ਤੰਤੈ ਕਉ ਪਰਮ ਤੰਤੁ ਮਿਲਾਇਆ." (ਸੋਰ ਮਃ ੧) ੮. ਜੀਵਾਤਮਾ. "ਆਪੇ ਤੰਤੁ ਪਰਮ ਤੰਤੁ ਸਭ ਆਪੇ." (ਵਾਰ ਬਿਹਾ ਮਃ ੪) ਜੀਵਾਤਮਾ ਅਤੇ ਬ੍ਰਹਮ ਆਪੇ। ੯. ਦੇਖੋ, ਤੰਤ੍ਰ. "ਤੰਤੁ ਮੰਤੁ ਪਾਖੰਡੁ ਨ ਕੋਈ." (ਮਾਰੂ ਸੋਲਹੇ ਮਃ ੧) "ਹਰਿ ਹਰਿ ਤੰਤੁ ਮੰਤੁ ਗੁਰਿ ਦੀਨਾ." (ਆਸਾ ਮਃ ੫)

ਤੰਤੁਕੀਟ: ਸੰ. ਸੰਗਜਾ- ਮਕੜੀ। ੨. ਰੇਸ਼ਮ ਦਾ ਕੀੜਾ, ਜੋ ਆਪਣੇ ਸ਼ਰੀਰ ਵਿੱਚੋਂ ਤੰਦ ਕਢਦਾ ਹੈ.

ਤੰਤੁਮੰਤੁ: ਦੇਖੋ, ਤੰਤ੍ਰ ਅਤੇ ਮੰਤ੍ਰ. "ਤੰਤੁ ਮੰਤੁ ਪਾਖੰਡ ਨ ਜਾਣਾ." (ਸੂਹੀ ਛੰਤ ਮਃ ੧)

ਤੰਤੁਵਾਪ, ਤੰਤੁਵਾਯ: ਸੰ. ਸੰਗਜਾ- ਤੰਦ (ਸੂਤ) ਬੁਣਨ ਵਾਲਾ. ਜੁਲਾਹਾ। ੨. ਰੇਸ਼ਮ ਦਾ ਕੀੜਾ ਅਤੇ ਮਕੜੀ ਆਦਿ.

ਤੰਤ੍ਰ: ਸੰ. तन्त्र्. ਧਾ- ਫੈਲਾਉਣਾ, ਵਿਸ੍ਤਾਰ ਕਰਨਾ, ਕੁਟੰਬ ਪਾਲਣਾ। ੨. ਸੰਗਜਾ- ਵਸਤ੍ਰ. ਕਪੜਾ। ੩. ਕੁਟੰਬ ਦੇ ਪਾਲਣ ਦੀ ਕ੍ਰਿਯਾ। ੪. ਸਿੱਧਾਂਤ। ੫. ਔਸ਼ਧ. ਦਵਾ। ੬. ਕਾਰਣ. ਹੇਤੁ ਸਬਬ। ੭. ਉਪਾਯ. ਜਤਨ। ੮. ਰਾਜਯ। ੯. ਰਾਜਯ ਦਾ ਪ੍ਰਬੰਧ। ੧੦. ਸੈਨਾ. ਫ਼ੌਜ। ੧੧. ਸਮੂਹ. ਸਮੁਦਾਯ। ੧੨. ਆਨੰਦ। ੧੩. ਘਰ। ੧੪. ਧਨ। ੧੫. ਕੁਲ. ਵੰਸ਼। ੧੬. ਕ਼ਸਮ. ਪ੍ਰਤਿਗਯਾ। ੧੭. ਟੂਣਾ. ਜਾਦੂ. "ਜੰਤ੍ਰ ਮੰਤ੍ਰ ਨ ਤੰਤ ਜਾਕੋ ਆਦਿਪੁਰਖ ਅਪਾਰ." (ਅਕਾਲ) ੧੮. ਅਧੀਨਤਾ. ਵਸ਼ਿਕਾਰ. "ਨਮੋ ਏਕ ਤੰਤ੍ਰੇ ਨਮੋ ਏਕ ਤੰਤ੍ਰੇ. (ਅਕਾਲ) ੧੯. ਨੀਤਿਵਿਦਯਾ। ੨੦. ਸ਼ਾਸਤ੍ਰ.

ਤੰਤ੍ਰਸਾਸਤ੍ਰ: ਸੰ. तन्त्र शास्त्र. ਸੰਗਯਾ- ਉਹ ਸ਼ਾਸਤ੍ਰ. ਜਿਸ ਵਿੱਚ ਜਾਦੂ ਟੂਣੇ ਅਤੇ ਮੰਤ੍ਰਾਂ ਦੀ ਸ਼ਕਤਿ ਦਾ ਵਰਣਨ ਹੈ, ਅਰ ਸ਼ਕਤਿ ਦੀ ਉਪਾਸਨਾ ਪ੍ਰਧਾਨ ਹੈ. ਇਹ ਸ਼ਾਸਤ੍ਰ ਸ਼ਿਵ ਦੀ ਰਚਨਾ ਦੱਸੀ ਜਾਂਦੀ ਹੈ. ਸੰਸਕ੍ਰਿਤ ਵਿੱਚ ਇਸ ਵਿਸ਼ਯ ਦੇ ਅਨੇਕ ਗ੍ਰੰਥ ਹਨ.

ਤੰਤ੍ਰਾ: ਦੇਖੋ, ਤੰਦ੍ਰਾ.

ਤੰਤ੍ਰਾਲਿਕਾ: ਵਿ- ਤੰਤ੍ਰਵਿਦ੍ਯਾ ਦੀ ਸ਼੍ਰੇਣੀ. ਤੰਤ੍ਰ ਦਾ ਸਿਲਸਿਲਾ. "ਕਿ ਮੰਤ੍ਰਾਵਲੀ ਹੈ, ਕਿ ਤੰਤ੍ਰਾਲਿਕਾ ਛੈ." (ਦੱਤਾਵ)

ਤੰਤ੍ਰਿ, ਤੰਤ੍ਰੀ: ਸੰਗ੍ਯਾ- ਤੰਤ੍ਰਵਿਦ੍ਯਾ ਦੇ ਜਾਣਨ ਵਾਲਾ. ਜਾਦੂ ਟੂਣੇ ਕਰਨ ਵਾਲਾ. ਤਾਂਤ੍ਰਿਕ। ੨. ਸੰ. तन्त्री. ਸ਼ਰੀਰ ਦੀ ਨਾੜੀ. ਰਗ। ੩. ਵਾਜੇ ਦੀ ਤਾਰ। ੪. ਰੱਸੀ। ੫. ਉਹ ਵਾਜਾ, ਜਿਸ ਦੇ ਤਾਰਾਂ ਹੋਣ, ਜੈਸੇ- ਸਿਤਾਰ ਵੀਣਾ ਆਦਿ। ੬. ਵਿ- ਆਲਸੀ. ਸੁਸਤ। ੭. ਅਧੀਨ. ਤਾਬੇਦਾਰ.

ਤੰਥ: ਸੰਗ੍ਯਾ- ਤਤ੍ਵ. ਸਾਰ. ਤਥ੍ਯ.

ਤੰਦ: ਸੰ. तन्द्. ਧਾ- ਨਰਮ ਹੋਣਾ, ਢਿੱਲਾ ਹੋਣਾ। ੨. ਸੰਗ੍ਯਾ- ਦੇਖੋ, ਤੰਤੁ ਅਥਵਾ ਤੰਤਿ। ੩. ਭੇਡ ਬਕਰੀ ਆਦਿ ਦੇ ਪੱਠਿਆਂ ਦੀ ਵੱਟੀ ਹੋਈ ਰੱਸੀ. ਤਾਂਤ. ਨਸਾਂ ਦੀ ਡੋਰੀ. Gut.

ਤੰਦਈਆ: ਤੁੰਦ ਸੁਭਾਉ ਵਾਲਾ, ਭਰਿੰਡ ਦੀ ਕ਼ਿਸਮ ਦਾ, ਇੱਕ ਮਲਾਗੀਰੀ ਰੰਗ ਦਾ ਜ਼ਹਿਰੀਲਾ ਜੀਵ. ਕਿਤਨਿਆਂ ਨੇ ਇਸ ਨੂੰ ਦੰਤੈਯਾ (ਦੰਸ਼ਨ ਕਰੈਯਾ) ਲਿਖਿਆ ਹੈ. "ਭਿਰੜ ਤੰਦਈਏ ਬ੍ਰਿੰਦ ਫਿਰੰਤੇ." (ਗੁਪ੍ਰਸੂ)

ਤੰਦ ਮਰੋੜਨਾ: ਕ੍ਰਿ- ਸਾਜ ਸੁਰ ਕਰਨ ਵਾਲੀ ਖੂੰਟੀ ਮਰੋੜਕੇ ਤੰਦ ਨੂੰ ਢਿੱਲਾ ਕਰਨਾ ਅਥਵਾ ਕਸਣਾ। ੨. ਤੰਤ੍ਰਸ਼ਾਸਤ੍ਰ ਅਨੁਸਾਰ ਜਾਦੂ ਟੂਣੇ ਲਈ ਕਿਸੇ ਬਿਰਛ ਨਾਲ ਅਥਵਾ ਸ਼ਰੀਰ ਨੂੰ ਤਾਗਾ ਬੰਨ੍ਹਕੇ, ਮੰਤ੍ਰਜਪ ਨਾਲ ਗੱਠ ਦੇਣੀ. "ਲਖ ਤੰਦ ਮਰੋੜੀ." (ਭਾਗੁ)

ਤੰਦੁਲ: ਚਾਵਲ. ਦੇਖੋ, ਤੰਡੁਲ. "ਲੈਕੇ ਤੰਦੁਲ ਚੱਬਿਓਨ." (ਭਾਗੁ)

ਤੰਦੂਆ: ਸੰਗ੍ਯਾ- ਆਪਣੀਆਂ ਤੰਦਾਂ ਨਾਲ ਫਸਾਉਣ ਵਾਲਾ ਜਲਜੀਵ. ਅਸ਼੍ਟਪਦ. Octopus ਅਥਵਾ Octopoza. ਇਸ ਦੀ ਤੰਦਾਂ ਸਮੇਤ ਲੰਬਾਈ ਵੱਧ ਤੋਂ ਵੱਧ ੧੪. ਫੁਟ ਹੁੰਦੀ ਹੈ. ਦੇਖੋ, ਤਦੂਆ। ੨. ਕਿਤਨੇ ਲੇਖਕਾਂ ਨੇ ਮਗਰਮੱਛ ਨੂੰ ਤੰਦੂਆ ਲਿਖਿਆ ਹੈ, ਜੋ ਸਹੀ ਨਹੀਂ.

ਤੰਦੂਰ: ਦੇਖੋ, ਤਨੂਰ। ੨. ਦੇਖੋ, ਤੰਬੂਰ. "ਬੱਜੇ ਤੰਦੂਰ." (ਰਾਮਾਵ) ੩. ਫ਼ਾ. تنوُر ਗਰਜ. ਕੜਕ.

ਤੰਦ੍ਰਾ: ਸੰ. तन्द्रा. ਸੰਗ੍ਯਾ- ਤੰਤ੍ਰਾ. ਸੁਸਤੀ. ਆਲਸ। ੨. ਜਾਗੋਮੀਟੀ ਦੀ ਦਸ਼ਾ. ਉਂਘਾਈ. ਦੇਖੋ, ਤੰਦ ਧਾ.

ਤੰਦ੍ਰੀ: ਸੰਗ੍ਯਾ- ਸੁਸਤੀ. ਦੇਖੋ, ਤੰਦ੍ਰਾ. "ਚਲੇ ਬਰਬਰੀ ਅਰਮਨੀ ਛਾਡ ਤੰਦ੍ਰੀ." (ਕਲਕੀ) ੨. ਭ੍ਰਿਕੁਟੀ. ਭੌਂਹ। ੩. ਵਿ- ਤੰਦ੍ਰਾ ਵਾਲਾ. ਊਂਘਣ ਵਾਲਾ। ੪. ਸੁਸਤ.

ਤੰਨ: ਦੇਖੋ, ਤਨ. "ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੇ." (ਵਾਰ ਗਉ ੨. ਮਃ ੫) ੨. ਸਰਵ- ਤਿਨ੍ਹਾਂ. ਉਨ੍ਹਾਂ. "ਖਾਕੁ ਲੋੜੇਂਦਾ ਤੰਨਿਖੇ." (ਵਾਰ ਮਾਰੂ ੨. ਮਃ ੫) ਤਿਨ੍ਹਾਂ ਦੀ ਖ਼ਾਕ ਲੋੜੇਂਦਾ। ੩. ਤਤ੍ ਅਤੇ ਨ ਦਾ ਸੰਯੋਗ. तन्न- ਤੱਨ. ਉਹ ਨਹੀਂ.

ਤੰਨਿ: ਤਨ ਮੇ. ਸ਼ਰੀਰ ਪੁਰ. "ਤੰਨਿ ਜੜਾਈ ਆਪਣੈ." (ਸਵਾ ਮਃ ੫) ੨. ਦੇਖੋ, ਤੰਨ ੨.

ਤੰਨੁ: ਸ਼ਰੀਰ, ਦੇਖੋ, ਤਨੁ. "ਮਨੁ ਤੰਨੁ ਨਿਰਮਲੁ ਦੇਖ ਦਰਸਨ." (ਸੂਹੀ ਛੰਤ ਮਃ ੫) "ਰਤੁ ਬਿਨੁ ਤੰਨੁ ਨ ਹੋਇ." (ਵਾਰ ਰਾਮ ੧. ਮਃ ੩)

ਤੰਪਾ: ਡਿੰਗ. ਸੰਗਯਾ- ਗਊ, ਗਾਂ. ਦੇਖੋ, ਤੰਬਾ ੩.

ਤੰਬਾ: ਫ਼ਾ. تُنبان ਤੁੰਬਾਨ. ਸੰਗਯਾ- ਪਜਾਮਾ. ਖੁਲ੍ਹੀ ਸਲਵਾਰ। ੨. ਚੰਮ ਦਾ ਪਜਾਮਾ। ੩. ਸੰ. तम्बा. ਗੱਭਣ ਗਊ.

ਤੰਬਾਕੂ: ਦੇਖੋ, ਤਮਾਖੂ.

ਤੰਬੀ: ਛੋਟਾ ਤੰਬਾ. ਦੇਖੋ, ਤੰਬਾ.

ਤੰਬੀਹ: ਅ਼. تنبیہ ਸੰਗਯਾ- ਨਬਹ (ਜਗਾਉਣ) ਦਾ ਭਾਵ. ਨਸੀਹ਼ਤ. ਸ਼ਿਕ੍ਸ਼ਾ। ੨. ਦੰਡ. ਸਜ਼ਾ.

ਤੰਬੁਰ: ਦੇਖੋ, ਤੰਬੂਰ.

ਤੰਬੂ: ਸੰਗਯਾ- ਖ਼ੇਮਾ. ਵਸਤ੍ਰ ਦਾ ਘਰ. "ਤੰਬੂ ਪਲੰਘ ਨਿਵਾਰ." (ਵਾਰ ਮਾਝ ਮਃ ੧)

ਤੰਬੂ ਸਾਹਿਬ: ਨਾਨਕਿਆਨੇ ਇੱਕ ਗੁਰਦ੍ਵਾਰਾ, ਜਿੱਥੇ ਸ਼੍ਰੀ ਗੁਰੂ ਨਾਨਕਦੇਵ ਖਾਰਸੌਦਾ ਕਰਨ ਪਿੱਛੋਂ ਵਣ (ਜਾਲ) ਬਿਰਛ ਹੇਠ ਆਕੇ ਵਿਰਾਜੇ ਹਨ। ੨. ਮੁਕਤਸਰ (ਜਿਲਾ ਫ਼ਿਰੋਜ਼ਪੁਰ) ਵਿੱਚ ਤਾਲ ਦੇ ਕਿਨਾਰੇ ਉਹ ਅਸਥਾਨ, ਜਿੱਥੇ ਸਿੱਖਾਂ ਦਾ ਕੈਂਪ ਸੀ, ਅਤੇ ਖ਼ਾਲਸੇ ਨੇ ਝਾੜਾਂ ਪੁਰ ਵਸਤ੍ਰ ਪਾਕੇ ਦੁਸ਼ਮਨ ਨੂੰ ਅਨੰਤ ਤੰਬੂ ਦਿਖਾਕੇ ਯਕ਼ੀਨ ਕਰਾਇਆ ਸੀ ਕਿ ਇੱਥੇ ਬੇਅੰਤ ਫ਼ੌਜ ਉਤਰੀਹੋਈ ਹੈ. ਦੇਖੋ, ਮੁਕਤਸਰ। ੩. ਦੇਖੋ, ਡਗਰੂ.

ਤੰਬੂਰ: ਫ਼ਾ. تنبُور ਅਥਵਾ طنبُور ਤ਼ੰਬੂਰ. ਸੰਗਯਾ- ਛੋਟਾ ਢੋਲ.

ਤੰਬੂਰਾ: ਸੰ. तुम्बुरु- ਤੁੰਬੁਰੁਵੀਣਾ. ਸੰਗਯਾ- ਤਾਨਪੂਰਾ. ਤੁੰਬੁਰੁ ਗੰਧਰਵ ਦੀ ਰਚੀ ਹੋਈ ਵੀਣਾ, ਜਿਸ ਦੇ ਚਾਰ ਤਾਰ ਹੁੰਦੇ ਹਨ, ਤੂੰਬੇ ਨੂੰ ਡੰਡੀ ਲਗਾਕੇ ਇਹ ਸਾਜ਼ ਬਣਦਾ ਹੈ. ਇਸ ਦੇ ਸੁਰ ਆਧਾਰ ਗਵੈਯੇ ਗਾਯਨ ਕਰਦੇ ਹਨ. ਦੇਖੋ, ਸਾਜ.

ਤੰਬੂਲ: ਦੇਖੋਲ ਤਬੋਲ ਅਤੇ ਤਮੋਲ.

ਤੰਬੇਸਰ: ਦੇਖੋ, ਤਮੇਸਰ. "ਕਾਮ ਕ੍ਰੋਧ ਅਰੁ ਮੋਹ ਤ੍ਰਿਦੋਖੁ××× ਸਤਿਗੁਰੁ ਵਚਨ ਤੰਬੇਸਰ ਪੁਰੀ." (ਨਾਪ੍ਰ) ਗੁਰਵਚਨ, ਸੰਨਿਪਾਤ ਰੋਗ ਲਈ ਤਾਮ੍ਰੇਸ਼੍ਵਰ ਦੀ ਪੁੜੀ ਹੈ.

ਤੰਬੇਰਣ: ਡਿੰਗ. ਸੰਗਯਾ- ਹਾਥੀ.

ਤੰਬੋਰ, ਤੰਬੋਲ, ਤੰਬੋਲਾ: ਦੇਖੋ, ਤਬੋਲ ਅਤੇ ਤਮੋਲ. "ਮੁਖ ਖਾਇਓ ਤੰਬੋਰ." (ਗਉ ਕਬੀਰ) "ਇਹੁ ਤੰਬੋਲਾ ਖਾਇਰੀ." (ਆਸਾ ਮਃ ੫)

ਤੰਬੋਲੀ: ਸੰ. ताम्बूलिन्. ਸੰਗਯਾ- ਤਮੋਲੀ. ਪਾਨ ਵੇਚਣ ਅਤੇ ਪਾਨਾਂ ਦੀ ਬੀੜੀ ਬਣਾਉਣ ਵਾਲਾ. "ਕਹਾ ਸੁ ਪਾਨ ਤੰਬੋਲੀ ਹਰਮਾ." (ਆਸਾ ਅਃ ਮਃ ੧) "ਚਿਤਿ ਚਿਤਵਉ ਜੈਸੇ ਪਾਨ ਤੰਬੋਲੀ." (ਬਿਲਾ ਮਃ ੫)

ਤਜਕ੍ਤ: ਦੇਖੋ, ਤਿਅਕਤ.

ਤਜਜ: ਸੰ. त्यज्. ਧਾ- ਛੱਡਣਾ, ਤਰਕ ਕਰਨਾ.

ਤਜਜਨ: ਦੇਖੋ, ਤਜਣਾ.

ਤਜਾਗ: ਦੇਖੋ, ਤਿਆਗ.

ਤਜਾਗਪਤ੍ਰ: ਇਸਤ੍ਰੀ ਆਦਿ ਦੇ ਤਜਾਗ ਦੀ ਲਿਖਤ. ਬੇਦਾਵੇ ਦੀ ਤਹ਼ਰੀਰ. ਤਲਾਕਨਾਮਾ.

ਤਜਾਗੀ: ਦੇਖੋ, ਤਿਆਗੀ.

**ਤ੍ਯਾਜ੍ਯ:** ਦੇਖੋ, ਤਿਆਗਿਯ.

**ਤ੍ਯੋਂ:** ਦੇਖੋ, ਤਿਉਂ.

**ਤ੍ਯੋਹਾਰ:** ਦੇਖੋ, ਤਿਉਹਾਰ.

**ਤ੍ਰ:** ਤ੍ਰਯ ਦਾ ਸੰਖੇਪ. ਤਿੰਨ। ੨. ਸ਼ਬਦ ਦੇ ਅੰਤ ਇਸ ਦਾ ਅਰਥ ਹੈ ਥਾਂ, ਠਿਕਾਣੇ, ਜਿਵੇਂ- ਤਤ੍ਰ, ਪਰਤ੍ਰ.

**ਤ੍ਰਉਦਸੀ:** ਦੇਖੋ, ਤ੍ਰਯੋਦਸ਼ੀ. "ਤ੍ਰਉਦਸੀ ਤੀਨਿ ਤਾਪ ਸੰਸਾਰ." (ਗਉ ਮਃ ੫. ਥਿਤੀ)

**ਤ੍ਰਇ:** ਸੰ. ਤ੍ਰਯ. ਵਿ- ਤਿੰਨ।। ੨. ਤੀਜਾ. ਤੀਸਰਾ.

**ਤ੍ਰਈ:** ਸੰ. ਤ੍ਰਯੀ. ਸੰਗਯਾ- ਤਿੰਨ ਦਾ ਸਮੁਦਾਯ. "ਦਰਸਨ ਨਿਮਖ ਤਾਪ ਤ੍ਰਈ ਮੋਚਨ." (ਸਾਰ ਨਾਮਦੇਵ) ਆਧਿ ਵਿਆਧਿ ਉਪਾਧਿ ਤਿੰਨੇ ਤਾਪ। ੨. ਬ੍ਰਹਮਾ ਵਿਸ਼ਨੁ ਸ਼ਿਵ। ੩. ਰਿਗ ਯਜੁਰ ਸਾਮ ਤਿੰਨੇ ਵੇਦ। ੪. ਦੁਰਗਾ। ੫. ਪਤਿ ਪੁਤ੍ਰ ਕੰਨ੍ਯਾ ਵਾਲੀ ਇਸਤ੍ਰੀ.

**ਤ੍ਰਸ:** ਸੰ. त्रस्. ਧਾ- ਡਰਨਾ, ਡਰਾਉਣਾ, ਭੱਜ ਜਾਣਾ, ਖੋਹ ਲੈਣਾ, ਰੋਕਣਾ, ਵਰਜਣਾ। ੨. ਸੰਗਯਾ- ਵਨ. ਜੰਗਲ.

**ਤ੍ਰਸਤ:** ਸੰ. त्रस्त. ਵਿ- ਡਰਿਆ ਹੋਇਆ. ਭੈਭੀਤ. "ਨ ਤ੍ਰਸਤੰ ਨ ਗ੍ਰਸਤੰ." (ਅਕਾਲ)

**ਤ੍ਰਸਨ:** ਕ੍ਰਿ- ਤ੍ਰਾਸ (ਭਯ) ਸਹਿਤ ਹੋਣਾ. "ਪਿਖੰਤਿਹ ਕਲਮਲ ਤ੍ਰਸਨ." (ਸਵੈਯੇ ਮਃ ੨. ਕੇ) ਦੇਖੋ, ਤ੍ਰਸਨੁ। ੨. ਸੰਗਯਾ- ਡਰ. ਭਯ.

**ਤ੍ਰਸਨੁ:** ਸੰ. त्रसनु. ਵਿ- ਡਰਨ ਵਾਲਾ. ਡਰਪੋਕ.

**ਤ੍ਰਸਰੇਣੁ:** ਸੰ. ਸੰਗਯਾ- ਚੰਚਲ ਹੋਇਆ ਰੇਣੁ. ਮਹਾ ਸੂਖਮ ਕਣ, ਜੋ ਮਕਾਨ ਆਦਿ ਦੇ ਛੇਦ ਵਿੱਚਦੀਂ ਸੂਰਯ ਦੀ ਚਮਕ ਵਿੱਚ ਫਿਰਦਾ ਨਜ਼ਰ ਆਉਂਦਾ ਹੈ. ਛੀ ਪਰਮਾਣੁ, ਅਥਵਾ ਤਿੰਨ ਦ੍ਵਯਣੁਕ ਦਾ ਤ੍ਰਸਰੇਣੁ ਹੁੰਦਾ ਹੈ.

**ਤ੍ਰਸਿਤ:** ਦੇਖੋ, ਤ੍ਰਸਤ.

**ਤ੍ਰਹਕ:** ਡਿੰਗ. ਸੰਗਯਾ- ਨਗਾਰੇ ਦੀ ਧੁਨਿ.

**ਤ੍ਰਕੁਲਾ:** ਦੇਖੋ, ਤਕੁਲਾ.

**ਤ੍ਰੱਕਣਾ:** ਸੜਨਾ. ਬੁਸਣਾ. ਗਲਕੇ ਵਹਿਣਾ.

**ਤ੍ਰਖਿ:** ਸੰ. तृषित- ਤ੍ਰਿਸ਼ਿਤ. ਵਿ- ਪ੍ਯਾਸਾ. "ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਰਇਨਿ." (ਗੌਂਡ ਕਬੀਰ) ਸਾਨੂੰ ਲਹੂ ਦੀ ਪ੍ਯਾਸੀ ਡਾਕਿਨੀ ਨਜ਼ਰ ਆਉਂਦੀ ਹੈ.

**ਤ੍ਰਟ:** ਡਿੰਗ- ਸੰਗਯਾ- ਤ੍ਰਿਖਾ. ਪਿਆਸ. ਦੇਖੋ, ਤ੍ਰਿਟਿ.

**ਤ੍ਰਠਣਾ:** ਕ੍ਰਿ- ਤ੍ਵਰਾ- ਨਠਣਾ. ਛੇਤੀ ਭੱਜਣਾ. ਸ਼ੀਘ੍ਰਤਾ ਨਾਲ ਜਾਣਾ. "ਘਰ ਘਰ ਨੂੰ ਤ੍ਰਠੇ." (ਭਾਗੁ)

**ਤ੍ਰਪਣ:** ਪੋਠੋ. ਟੱਪਣਾ. ਟਪੂਸੀ ਮਾਰਨੀ.

**ਤ੍ਰਪਾ:** ਸੰ. त्रप्. ਧਾ- ਸ਼ਰਮਿੰਦਾ ਹੋਣਾ, ਡਰਾਉਣਾ। ੨. ਸੰਗਯਾ- ਲੱਜਾ. ਸ਼ਰਮ। ੩. ਕੀਰਤਿ. ਯਸ਼। ੪. ਵੇਸ਼੍ਯਾ. ਕੰਚਨੀ.

**ਤ੍ਰਪਾਉਣਾ:** ਕ੍ਰਿ- ਡਰਾਉਣਾ, ਚਾਬੁਕ ਨਾਲ ਘੋੜੇ ਨੂੰ ਤਾੜਨਾ ਅਤੇ ਟਪਾਉਣਾ. ਦੇਖੋ, ਤ੍ਰਪਣ ਅਤੇ ਤ੍ਰਪਾ. "ਤਾਜੀ ਤ੍ਰਪਾਯੰ." (ਵਿਚਿਤ੍ਰ) ਦੇਖੋ, ਤ੍ਰਿਪਾਉਣਾ.

ਤ੍ਰਮਾਟ: ਡਿੰਗ. ਸੰਗਯਾ- ਨਗਾਰਾ. ਧੌਂਸਾ.

ਤ੍ਰਮੰਕ: ਦੇਖੋ, ਤਮਕ. "ਤੇਗ ਤ੍ਰਮੰਕਯੰ." (ਚੰਡੀ ੨)

ਤ੍ਰਯ: ਦੇਖੋ, ਤ੍ਰਇ.

ਤ੍ਰਯੀ: ਦੇਖੋ, ਤ੍ਰਈ.

ਤ੍ਰਯੋ: ਤੀਜਾ. ਤ੍ਰਿਤੀਯ। ੨. ਤਿੰਨ. ਤ੍ਰਯ. "ਤ੍ਰਯੋ ਬਾਣ ਲੈ ਬਾਮ ਪਾਣੰ ਚਲਾਏ." (ਵਿਚਿਤ੍ਰ)

ਤ੍ਰਯੋਦਸ਼: ਤਿੰਨ ਅਤੇ ਦਸ. ਤੇਰਾ- ੧੩.

ਤ੍ਰਯੋਦਸ਼ੀ: ਸੰ. ਸੰਗਯਾ- ਚੰਦ੍ਰਮਾਂ ਦੇ ਪੱਖ ਦੀ ਤੇਰਵੀਂ ਤਿਥਿ. ਤੇਰਸ.

ਤ੍ਰਯੰਬਕ: ਸੰ. त्रयम्बक- ਤ੍ਰਜੰਬਕ. ਸੰਗਯਾ- ਤਿੰਨ ਹਨ ਜਿਸ ਦੇ ਅੰਬਕ (ਨੇਤ੍ਰ). ਤਿੰਨ ਨੇਤ੍ਰਾਂ ਵਾਲਾ ਸ਼ਿਵ। ੨. ਬੰਬਈ ਹਾਤੇ ਨਾਸਿਕ ਜਿਲੇ ਵਿਚ ਗੋਦਾਵਰੀ ਦੇ ਕਿਨਾਰੇ ਇੱਕ ਸ਼ਿਵਮੰਦਿਰ ਅਤੇ ਇਸੇ ਨਾਮ ਦਾ ਨਗਰ, ਜੋ ਨਾਸਿਕ ਤੋਂ ੨੦. ਮੀਲ ਦੱਖਣ ਪੱਛਮ ਹੈ. ਇਸ ਥਾਂ ਬਾਰਾਂ ਵਰ੍ਹੇ ਪਿੱਛੋਂ ਭਾਰੀ ਕੁੰਭਮੇਲਾ ਹੁੰਦਾ ਹੈ. ਦੇਖੋ, ਕੁੰਭ ੧੦.

ਤ੍ਰਯੰਬਕਾ: ਸੰ. ਤ੍ਰਜੰਬਿਕਾ. ਸੰਗਯਾ- ਤਿੰਨ ਅੰਬਕ (ਨੇਤ੍ਰਾਂ) ਵਾਲੀ, ਦੁਰਗਾ. ਚੰਦ੍ਰਮਾ, ਸੂਰਯ ਅਤੇ ਅਗਨਿ ਇਹ ਤਿੰਨ ਅੱਖਾਂ ਦੁਰਗਾ ਦੀਆਂ ਲਿਖੀਆਂ ਹਨ.

ਤ੍ਰਾ: ਸੰ. ਧਾ- ਰਖਯਾ ਕਰਨਾ, ਪਾਲਨ ਕਰਨਾ। ੨. ਵਿ- ਰਖਯਾ ਕਰਨ ਵਾਲਾ. ਰਕ੍ਸ਼ਕ.

ਤ੍ਰਾਸ: ਸੰ. ਸੰਗਯਾ- ਡਰ. ਭਯ. ਦੇਖੋ, ਤ੍ਰਸ. "ਤ੍ਰਾਸ ਮਿਟੈ ਜਮਪੰਥ ਕੀ." (ਬਾਵਨ) ੨. ਕਸ਼੍ਟ. ਤਕਲੀਫ਼. ਦੁੱਖ.

ਤ੍ਰਾਸਹਰਤਾ, ਤ੍ਰਾਸਹਰਾ: ਵਿ- ਤ੍ਰਾਸ (ਡਰ) ਨਾਸ਼ ਕਰਨ ਵਾਲਾ. ਭਯ ਦੂਰਕਰਤਾ. "ਨਾਮ ਜਨ ਕੀ ਤ੍ਰਾਸਹਰਾ." (ਰਾਮ ਛੰਤ ਮਃ ੫)

ਤ੍ਰਾਸਕ, ਤ੍ਰਾਸਕਰ: ਵਿ- ਤ੍ਰਾਸ ਦੇਣ ਵਾਲਾ. ਡਰਾਉਣ ਵਾਲਾ.

ਤ੍ਰਾਸਤ: ਦੇਖੋ, ਤ੍ਰਸਤ। ੨. ਤ੍ਰਾਸ- ਦੇਤ. ਭਯ ਦੇਤ. "ਜਜੋਂ ਤਸਕਰ ਕੋ ਤ੍ਰਾਸਤ ਬੇਰੀ." (ਨਾਪ੍ਰ)

ਤ੍ਰਾਸਨ: ਸੰ. ਸੰਗਯਾ- ਡਰਾਉਣ ਦਾ ਭਾਵ. ਡਰ ਦੇਣਾ.

ਤ੍ਰਾਸੁ: ਦੇਖੋ, ਤ੍ਰਾਸ.

ਤ੍ਰਾਹਿ: ਸੰ. ਵਯ- ਬਚਾਓ. ਰਕ੍ਸ਼ਾ ਕਰੋ. ਪਨਾਹ ਦੇਓ. "ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ." (ਮਲਾ ਮਃ ੫) ੨. ਪੰਜਾਬੀ ਵਿੱਚ ਤ੍ਰਾਹਿ ਦੇ ਅਰਥ ਝਾੜਕੇ ਪਰੇ ਹਟਾਉਣਾ ਭੀ ਹਨ, ਜਿਵੇਂ- ਉਸ ਨੂੰ ਤ੍ਰਾਹਿਕੇ ਪਰੇ ਕੀਤਾ. ਦੇਖੋ, ਤਾਹਣਾ.

ਤ੍ਰਾਂਘ, ਤ੍ਰਾਘਿ: ਦੇਖੋ, ਤਾਂਘ. "ਆਗਾਹਾ ਕੂੰ ਤ੍ਰਾਘਿ." (ਵਾਰ ਮਾਰੂ ੨. ਮਃ ੫) ਅੱਗੇ ਵਧਣ ਲਈ ਜ਼ੋਰ ਲਗਾ. ਭਾਵ- ਉੰਨਤਿ ਵਾਸਤੇ ਬਲ ਖ਼ਰਚ ਕਰ. "ਸੁਰ ਕਾਨ੍ਹਰ ਕੀ ਸੁਨਬੇ ਕਹੁ ਤ੍ਰਾਘੀ." (ਕ੍ਰਿਸਨਾਵ) ਕ੍ਰਿਸ਼ਨ ਜੀ ਦੀ ਮੁਰਲੀ ਦੀ ਧੁਨਿ ਸੁਣਨ ਲਈ ਪ੍ਰਬਲ ਇੱਛਾ ਹੋਈ.

ਤ੍ਰਾਛਣ: ਡਿੰਗ. ਸੰਗਯਾ- ਤਰਾਸ਼ਨ (ਛਿੱਲਣ) ਦੀ ਕ੍ਰਿਯਾ. ਤੱਛਣਾ.

ਤ੍ਰਾਟਕ: ਦੇਖੋ, ਖਟਕਰਮ.

ਤ੍ਰਾਣ: ਸੰ. ਸੰਗਯਾ- ਰਖਯਾ (ਹਿਫ਼ਾਜਤ. "ਤ੍ਰਾਣ ਕਰੈਂ ਨਿਜ ਦਾਸਨ ਕੀ." (ਗੁਪ੍ਰਸੂ) ੨. ਕਵਚ. ਸੰਜੋਆ.

ਤ੍ਰਾਤ: ਵਿ- ਜਿਸ ਦੀ ਰਖ੍ਯਾ ਕੀਤੀ ਗਈ ਹੈ. ਮਹ਼ਫ਼ੂਜ.

ਤ੍ਰਾਤਾ: ਸੰ. त्रातृ. ਸੰਗ੍ਯਾ- ਰਕ੍ਸ਼ਕ. ਤ੍ਰਾਣ ਕਰਤਾ. "ਸੋ ਕੀਨੋ ਸੁਰਭੀ ਕੋ ਤ੍ਰਾਤਾ." (ਨਾਪ੍ਰ) ਗਾਈਆਂ ਦਾ ਰਾਖਾ.

ਤ੍ਰਾਮਾਲ: ਡਿੰਗ. ਸੰਗ੍ਯਾ- ਨਗਾਰਾ. ਧੌਂਸਾ.

ਤ੍ਰਾਵੜੀ: ਦੇਖੋ, ਤਰਾਉੜੀ ਅਤੇ ਸ਼ਹਾਬੁੱਦੀਨ.

ਤ੍ਰਿ: ਸੰ. ਵਿ- ਤਿੰਨ। ੨. ਕ੍ਰਿ- तृ. ਤਰਨਾ. ਤੈਰਨਾ.

ਤ੍ਰਿਅ: ਸੰ. ਤ੍ਰਯ. ਤਿੰਨ. "ਤ੍ਰਿਅ ਅਸਥਾਨ ਤੀਨ ਤ੍ਰਿਅ ਖੰਡਾ." (ਭੈਰ ਅः ਕਬੀਰ) ਤਿੰਨ ਲੋਕ, ਤਿੰਨ ਗੁਣ, ਜੀਵਾਂ ਦੇ ਉੱਤਮ ਮਧ੍ਯਮ ਅਧਮ ਤਿੰਨ ਭਾਗ। ੨. ਸ੍ਤ੍ਰੀ. ਇਸਤ੍ਰੀ. "ਪਰਤ੍ਰਿਅ ਰੂਪ ਨ ਪੇਖੈ ਨੇਤ੍ਰ." (ਸੁਖਮਨੀ)

ਤ੍ਰਿਅਜਿਤ: ਵਿ- ਸ੍ਤ੍ਰੀਜਿਤ. ਇਸਤ੍ਰੀ ਦਾ ਜਿੱਤਿਆ ਹੋਇਆ. "ਜਗੁ ਤ੍ਰਿਅਜਿਤ ਕਾਮਣਿ ਹਿਤਕਾਰੀ." (ਆਸਾ ਅः ਮः ੧)

ਤ੍ਰਿਆ: ਸ੍ਤ੍ਰੀ. ਔਰਤ.

ਤ੍ਰਿਅੰਬਕ: ਸ਼ਿਵ. ਦੇਖੋ, ਤ੍ਰਯੰਬਕ. "ਤੁਹੀ ਤ੍ਰਿਅੰਬਕ ਕਾਸੀਪੁਰ ਮਹਿ." (ਗੁਪ੍ਰਸੂ)

ਤ੍ਰਿਸ: ਦੇਖੋ, ਤ੍ਰਿਖ.

ਤ੍ਰਿਸਕਾਰ: ਦੇਖੋ, ਤਿਰਸਕਾਰ, "ਹਨਐ ਤਾਂਕੋ ਤ੍ਰਿਸਕਾਰ ਵਿਸਾਲਾ." (ਨਾਪ੍ਰ)

ਤ੍ਰਿਸਕ੍ਰਿਤ: ਦੇਖੋ, ਤਿਰਸਕ੍ਰਿਤ.

ਤ੍ਰਿਸਟ: ਦੇਖੋ, ਤਿਸਟ. "ਸੰਤ ਕੈ ਦੋਖਿ ਨ ਤ੍ਰਿਸਟੈ ਕੋਇ." (ਸੁਖਮਨੀ) "ਤਉ ਨਾਨਕ ਤ੍ਰਿਸਟਸਿ ਦੇਹਾ." (ਮਾਰੂ ਮः ੧) ੨. ਸੰ. तृष्ट. ਵਿ- ਪ੍ਯਾਸਾ. ਤ੍ਰਿਖਾਤੁਰ.

ਤ੍ਰਿੰਸ਼ਤ: ਸੰ. ਤੀਸ. ਤੀਹ- ੩੦.

ਤ੍ਰਿੰਸ਼ਤਿ: ਸੰ. ਤੀਸ ਦੀ ਗਿਣਤੀ.

ਤ੍ਰਿਸਨ: ਦੇਖੋ, ਤ੍ਰਿਸਨਾ. "ਹਉ ਹਉ ਕਰਤ ਨ ਤ੍ਰਿਸਨ ਬੂਝੈ." (ਬਿਹਾ ਛੰਤ ਮः ੫)

ਤ੍ਰਿਸਨਕ: ਵਿ- ਤ੍ਰਿਸ਼ਾਤੁਰ. ਪ੍ਯਾਸਾ. ਫ਼ਾ. ਤਿਸ਼ਨਹ। ੨. ਤ੍ਰਿਸ਼ਨਾਵਾਨ. ਲਾਲਚੀ. "ਤ੍ਰਿਸਨਕ ਜਿਮਿ ਇਹੁ ਕੈਸੇ ਧਾਵੈ." (ਗੁਪ੍ਰਸੂ)

ਤ੍ਰਿਸਨਾ: ਸੰ. तृष्णा. ਸੰਗ੍ਯਾ- ਪਿਆਸਾ. ਤ੍ਰਿਖਾ. "ਤ੍ਰਿਸਨਾ ਭੂਖ ਸਭ ਨਾਸੀ." (ਰਾਮ ਮः ੫) ੨. ਪ੍ਰਾਪਤੀ ਦੀ ਪ੍ਰਬਲ ਇੱਛਾ. "ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ." (ਗਉ ਮः ੫) ੩. ਵਿ- ਤ੍ਰਿਸ਼ਨਾਲੁ. ਲਾਲਚੀ. "ਤ੍ਰਿਸਨਾ ਪੰਖੀ ਫਾਸਿਆ." (ਸ੍ਰੀ ਮः ੫)

ਤ੍ਰਿਸਾ: ਦੇਖੋ, ਤ੍ਰਿਖਾ.

ਤ੍ਰਿਸ਼ਿਖ, ਤ੍ਰਿਸਿਰਾ: ਸੰ. त्रिशिरस. ਵਿ- ਤਿੰਨ ਸਿਰਾਂ ਵਾਲਾ। ੨. ਸੰਗ੍ਯਾ- ਰਾਵਣ ਦਾ ਇੱਕ ਪੁਤ੍ਰ. ਰਾਮਾਵਤਾਰ ਅਨੁਸਾਰ ਇਸ ਨੂੰ ਹਨੂਮਾਨ ਨੇ ਲੰਕਾਯੁੱਧ ਵਿੱਚ ਮਾਰਿਆ. ਇਸੇ ਨੂੰ ਤ੍ਰਿਮੁੰਡ ਲਿਖਿਆ ਹੈ। ੩. ਇੱਕ ਰਾਖਸ, ਜਿਸ ਦਾ ਜਿਕਰ ਮਹਾਭਾਰਤ ਵਿੱਚ ਹੈ. ਇਹ ਖਰ ਦਾ ਸੈਨਾਨੀ ਅਤੇ ਦੰਡਕ ਵਨ ਵਿੱਚ ਰਹਿੰਦਾ ਸੀ। ੪. ਕੁਬੇਰ.

ਤ੍ਰਿਸੀਸ: ਦੇਖੋ, ਤ੍ਰਿਸਿਰਾ। ੨. ਡਿੰਗ. ਤ੍ਰਿਸੂਲ.

ਤ੍ਰਿਸੂਲ: ਸੰਗਯਾ- ਤਿੰਨ ਸੂਲ (ਕੰਡੇ) ਵਾਲਾ ਇੱਕ ਸ਼ਸਤ੍ਰ. ਇਹ ਖ਼ਾਸ ਕਰਕੇ ਸ਼ਿਵ ਦਾ ਅਸਤ੍ਰ ਹੈ.

ਤ੍ਰਿਸ਼ੂਲੀ: ਤ੍ਰਿਸ਼ੂਲ ਸ਼ਸਤ੍ਰ ਰੱਖਣ ਵਾਲਾ ਸ਼ਿਵ. ਮਹਾਦੇਵ.

ਤ੍ਰਿਸ਼ੰਕ, ਤ੍ਰਿਸ਼ੰਕੁ: ਸੰ. त्रिशङ्कु. ਰਾਮਾਇਣ ਅਨੁਸਾਰ ਇੱਕ ਸੂਰਯਵੰਸ਼ੀ ਰਾਜਾ, ਜਿਸ ਨੇ ਸ਼ਰੀਰ ਸਹਿਤ ਸੁਰਗ ਜਾਣ ਵਾਸਤੇ ਵਸਿਸ਼੍ਠ ਤੋਂ ਯੱਗ ਕਰਾਉਣਾ ਚਾਹਿਆ, ਪਰ ਵਸਿਸ਼੍ਠ ਨੇ ਉਸ ਦੀ ਗੱਲ ਨਾ ਮੰਨੀ. ਵਿਸ਼੍ਵਾਮਿਤ੍ਰ ਨੇ ਤ੍ਰਿਸ਼ੰਕੁ ਨੂੰ ਸੁਰਗ ਭੇਜਣ ਵਾਸਤੇ ਯੱਗ ਕੀਤਾ ਅਰ ਦੇਹ ਸਮੇਤ ਸੁਰਗ ਪੁਚਾਇਆ. ਜਦ ਸੁਰਗ ਦੇ ਨੇੜੇ ਗਿਆ, ਤਦ ਇੰਦ੍ਰ ਨੇ ਹੇਠਾਂ ਮੋੜ ਦਿੱਤਾ. ਤ੍ਰਿਸ਼ੰਕੁ ਦੁਖੀ ਹੋਕੇ ਪੁਕਾਰਿਆ. ਵਿਸ਼੍ਵਾਮਿਤ੍ਰ ਨੇ ਆਪਣੇ ਤਪ ਦੇ ਪ੍ਰਭਾਵ ਨਾਲ ਤ੍ਰਿਸ਼ੰਕੁ ਨੂੰ ਉਸੇ ਥਾਂ ਠਹਿਰਾ ਦਿੱਤਾ, ਜੋ ਹੁਣ ਤੀਕ ਮੂਧੇ ਮੂੰਹ ਲਟਕ ਰਿਹਾ ਹੈ।

੨. ਹਰਿਵੰਸ਼ ਅਨੁਸਾਰ ਤ੍ਰਯਾਰੁਣ ਦਾ ਪੁਤ੍ਰ ਸਤ੍ਯਵ੍ਰਤ, ਜਿਸ ਨੇ ਪਰਾਈ ਇਸਤ੍ਰੀ ਘਰ ਪਾ ਲਈ ਸੀ. ਪਿਤਾ ਨੇ ਉਸ ਦਾ ਕੁਕਰਮ ਦੇਖਕੇ ਸ੍ਰਾਪ ਦਿੱਤਾ ਕਿ ਤੂੰ ਚੰਡਾਲ ਹੋਜਾ. ਇਸ ਪੁਰ ਸਤ੍ਯਵ੍ਰਤ ਚੰਡਾਲਾਂ ਨਾਲ ਰਹਿਣ ਲੱਗਾ. ਇੱਕ ਵਾਰ ਸਤ੍ਯਵ੍ਰਤ ਨੇ ਵਸਿਸ਼੍ਠ ਦੀ ਗਊ ਮਾਰਕੇ ਉਸ ਦੇ ਪੁਤ੍ਰਾਂ ਨੂੰ ਖਵਾਈ ਅਤੇ ਆਪ ਭੀ ਖਾਧੀ. ਇਸ ਪੁਰ ਵਸਿਸ਼੍ਠ ਨੇ ਆਖਿਆ ਕਿ ਪਹਿਲਾਂ ਤੈਂ ਆਪਣਾ ਬਾਪ ਨਾਰਾਜ ਕੀਤਾ, ਦੂਜੇ ਮੇਰੀ ਗਾਂ ਮਾਰ ਦਿੱਤੀ, ਤੀਜੇ ਉਸ ਦਾ ਮਾਸ ਮੇਰੇ ਪੁਤ੍ਰਾਂ ਨੂੰ ਖਵਾਇਆ ਅਤੇ ਆਪ ਖਾਧਾ. ਇਨ੍ਹਾਂ ਤੇਹਾਂ ਸ਼ੰਕਾਯੋਗ੍ਯ ਕਰਮ ਕਰਨ ਤੋਂ ਤੇਰਾ ਨਾਮ ਤ੍ਰਿਸ਼ੰਕੁ ਹੋਇਆ. ਵਿਸ਼੍ਵਾਮਿਤ੍ਰ ਅਤੇ ਉਸ ਦੀ ਇਸਤ੍ਰੀ ਦੀ ਇੱਕ ਭਾਰੀ ਦੁਰਭਿੱਖ ਵਿੱਚ ਸਤ੍ਯਵ੍ਰਤ ਨੇ ਰਖ੍ਯਾ ਕੀਤੀ, ਇਸ ਲਈ ਰਿਖੀ ਨੇ ਪ੍ਰਸੰਨ ਹੋਕੇ ਉਸ ਨੂੰ ਸ਼ੁੱਧ ਕੀਤਾ ਅਤੇ ਪਿਤਾ ਦੇ ਰਾਜਸਿੰਘਾਸਨ ਪੁਰ ਬੈਠਾਇਆ. ਇਸ ਤ੍ਰਿਸ਼ੰਕੁ (ਸਤ੍ਯਵ੍ਰਤ) ਨੇ ਕੇਕਯ ਵੰਸ਼ ਦੇ ਰਾਜਾ ਦੀ ਸਪਤਰਥਾ ਨਾਮਕ ਕੰਨ੍ਯਾ ਨਾਲ ਵਿਆਹ ਕੀਤਾ, ਜਿਸ ਤੋਂ ਸਤ੍ਯਵ੍ਰਤੀ ਰਾਜਾ ਹਰਿਸ਼ਚੰਦ੍ਰ ਜਨਮਿਆ। ੩. ਬਿੱਲਾ। ੪. ਭਮੱਕੜ. ਪਤੰਗ। ੫. ਚਾਤਕ. ਪਪੀਹਾ। ੬. ਟਣਾਣਾ. ਜੁਗਨੂ. ਖਦ੍ਯੋਤ.

ਤ੍ਰਿਸੰਧ੍ਯਾ: ਦੇਖੋ, ਤ੍ਰਿਕਾਲ ਸੰਧ੍ਯਾ.

ਤ੍ਰਿਹ: ਵਿ- ਤਿੰਨ. ਤ੍ਰਯ. "ਤ੍ਰਿਹਾ ਗੁਣਾ ਤੇ ਰਹੈ ਨਿਰਾਰਾ." (ਮਾਰੂ ਸੋਲਹੇ ਮਃ ੫) ੨. ਸੰਗ੍ਯਾ- ਤ੍ਰਿਖਾ. ਤੇਹ. ਪਿਆਸ.

ਤ੍ਰਿਹਦਸ: ਦੇਖੋ, ਤ੍ਰਿਹੁਦਸ.

ਤ੍ਰਿਹਾਵਲ: ਦੇਖੋ, ਤਿਹਾਵਲ.

ਤ੍ਰਿਹੁ: ਵਿ- ਤ੍ਰਯ. ਤਿੰਨ. "ਤ੍ਰਿਹੁ ਗੁਣ ਤੇ ਪ੍ਰਭੁ ਭਿੰਨ." (ਸੁਖਮਨੀ) "ਤ੍ਰਿਹੁ ਗੁਣਾ ਵਿਚਿ ਸਹਿਜੁ ਨ ਪਾਈਐ." (ਸ੍ਰੀ ਅਃ ਮਃ ੩) ੨. ਤ੍ਰਿਖਾ. ਪਿਆਸ.

ਤ੍ਰਿਹੁਦਸ: ਸੰ. ਤ੍ਰਯੋਦਸ਼. ਤੇਰਾਂ. ਤੇਰਹ- ੧੩. "ਤ੍ਰਿਹੁਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ." (ਗੂਜ ਅਃ ਮਃ ੧) ਚੋਰ ਰੂਪ ਤਿੰਨ ਗੁਣ ਅਤੇ ਦਸ ਵਿਸ਼ਯ ਵਿਕਾਰਾਂ ਤੋਂ ਜੋ ਆਪਣੇ ਮਾਲ ਨੂੰ ਬਚਾਕੇ ਰੱਖੇ। ੨. ਸੰ. त्रिदश- ਤ੍ਰਿਦਸ਼. ਸੰਗ੍ਯਾ- ਤਿੰਨ ਤਾਪਾਂ ਨੂੰ ਡਸਣਵਾਲਾ ਦੇਵਤਾ. ਸੁਰ. ਤ੍ਰਿਦਸ਼ਮਾਲ. ਦੈਵੀਸੰਪੱਤਿ.

ਤ੍ਰਿਹੁਦਸ ਮਾਲ: ਦੇਖੋ, ਤ੍ਰਿਹੁਦਸ ੨.

ਤ੍ਰਿਕ: ਸੰ. ਸੰਗ੍ਯਾ- ਤਿੰਨ ਦਾ ਸਮੁਦਾਯ। ੨. ਕਮਰ. ਲੱਕ. ਤਿਕ. ਤ੍ਰਿੱਗ। ੩. ਤ੍ਰਿਫਲਾ (ਹਰੜ ਬਹੇੜਾ ਆਉਲਾ).

ਤ੍ਰਿਕਟੁ: ਸੰ. ਸੰਗ੍ਯਾ- ਤਿੰਨ ਕੌੜੀ ਚੀਜ਼ਾਂ ਦਾ ਇਕੱਠ. ਸੁੰਢ ਕਾਲੀ ਮਿਰਚ ਅਤੇ ਮਘਪਿੱਪਲੀ. ਦੇਖੋ, ਤ੍ਰਿਕੁਟਾ.

ਤ੍ਰਿਕਲ: ਸੰ. ਸੰਗ੍ਯਾ- ਤਿੰਨ ਮਾਤ੍ਰਾ ਦਾ ਸ਼ਬਦ। ੨. ਢਗਣ ਗਣ. ਦੇਖੋ, ਗਣ ੮। ੩. ਦੇਖੋ, ਤ੍ਰਿੱਕਲ.

ਤ੍ਰਿਕਾਂਡ: ਸੰ. त्रिकाण्ड. ਸੰਗ੍ਯਾ- ਤਿੰਨ ਪ੍ਰਕਰਣ. "ਵੇਦਨ ਕਹਾ ਤ੍ਰਿਕਾਂਡ ਵਿਧਾਨ। ਕਰਮ ਉਪਾਸਨ ਆਤਮਗ੍ਯਾਨ." (ਗੁਪ੍ਰਸੂ) ੨. ਨਿਰੁਕ੍ਤ, ਜਿਸ ਦੇ ਤਿੰਨ ਕਾਂਡ ਹਨ. ਵੇਦ ਦਾ ਕੋਸ਼। ੩. ਅਮਰਕੋਸ਼ ਭੀ ਤਿੰਨ ਕਾਂਡਾਂ ਵਾਲਾ ਹੋਣ ਕਰਕੇ ਤ੍ਰਿਕਾਂਡ

ਸੱਦੀਦਾ ਹੈ.

ਤ੍ਰਿਕਾਮ: ਵਿ- ਤਿੰਨ ਲੋਕਾਂ ਨੂੰ ਪਿਆਰਾ ਲੱਗਣ ਵਾਲਾ. ਤ੍ਰਿਲੋਕ ਦਾ ਪਿਆਰਾ. "ਤ੍ਰਿਭੰਗੀ ਤ੍ਰਿਕਾਮੇ." (ਜਾਪੁ)

ਤ੍ਰਿਕਾਲ: ਭੂਤ, ਵਰਤਮਾਨ ਅਤੇ ਭਵਿਸ਼ਜਤ। ੨. ਪ੍ਰਾਤਹਕਾਲ, ਮਧ੍ਯਾਨ੍ਹ ਅਤੇ ਸਾਯੰਕਾਲ.

ਤ੍ਰਿਕਾਲ ਸੰਧਿਆ, ਤ੍ਰਿਕਾਲ ਸੰਧ੍ਯਾ: ਸੰਗ੍ਯਾ- ਤਿੰਨ ਵੇਲੇ ਦੀ ਸੰਧ੍ਯਾ- ਵਿਧਿ. ਸੰਧਿ (ਦੋ ਵੇਲਿਆਂ ਦੇ ਜੁੜਨ) ਸਮੇਂ ਜੋ ਕ੍ਰਿਯਾ ਧਰਮ ਅਨੁਸਾਰ ਕੀਤੀ ਜਾਵੇ, ਉਸ ਦਾ ਨਾਮ ਸੰਧ੍ਯਾ ਹੈ. ਤਿੰਨ ਵੇਲੇ ਇਸ ਦੀ ਵਿਧਿ ਹਿੰਦੂਮਤ ਵਿੱਚ ਹੈ. ਪ੍ਰਾਤਹਕਾਲ, ਮਧ੍ਯਾਨ੍ਹ ਅਤੇ ਸੰਝ ਸਮੇਂ. "ਸੰਧਿਆ ਕਰਮ ਤ੍ਰਿਕਾਲ ਕਰੈ." (ਭੈਰ ਮਃ ੧)

ਤ੍ਰਿਕਾਲਗ੍ਯ, ਤ੍ਰਿਕਾਲਗ੍ਯ, ਤ੍ਰਿਕਾਲਦਰਸੀ: ਸੰ. त्रिकालज्ञ ਅਤੇ त्रिकालदर्शिन. ਸੰਗ੍ਯਾ- ਸਰਵਗ੍ਯ. ਭੂਤ, ਵਰਤਮਾਨ ਅਤੇ ਭਵਿਸ਼ਜਤ ਦੀ ਬਾਤ ਜਾਣਨ ਵਾਲਾ.

ਤ੍ਰਿਕੁਟਾ: ਸੰ. ਤ੍ਰਿਕਟੁ. ਸੰਗ੍ਯਾ- ਤਿੰਨ ਕੌੜੀ ਚੀਜਾਂ ਦਾ ਸਮੁਦਾਯ. ਸੁੰਢ ਮਘਪਿੱਪਲੀ ਅਤੇ ਕਾਲੀ ਮਿਰਚ. ਵੈਦਕ ਵਿੱਚ ਹਾਜਮੇ ਲਈ ਇਸ ਦਾ ਵਰਤਣਾ ਗੁਣਕਾਰੀ ਦੱਸਿਆ ਹੈ.

ਤ੍ਰਿਕੁਟੀ: ਸੰਗ੍ਯਾ- ਤਿਊੜੀ. ਮੱਥੇ ਪਏ ਤਿੰਨ ਵਲ. "ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰ." (ਆਸਾ ਮਃ ੫) ੨. ਤਿੰਨ ਗੁਣਾਂ ਦੀ ਗੁੰਝਲ. "ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ." (ਦੇਵ ਮਃ ੫) ੩. ਤਿੰਨ ਦੇਵਤਿਆਂ ਦੀ ਉਪਾਸਨਾ. "ਬ੍ਰਹਮਾ ਬਿਸਨੁ ਮਹੇਸ ਤ੍ਰੈ ਮੂਰਤਿ×× ਗੁਰੁਪਰਸਾਦੀ ਤ੍ਰਿਕੁਟੀ ਛੂਟੈ." (ਰਾਮ ਅਃ ਮਃ ੩) ੪. Trinity. ਤਸਲੀਸ. ਤ੍ਰਿਮੂਰਤਿ. ਖ਼ੁਦਾ, ਰੂਹ਼ਉਲ ਕ਼ੁਦਸ[604] ਅਤੇ ਖ਼ੁਦਾ ਦਾ ਪੁਤ੍ਰ (ਈ਼ਸਾ). ੫. ਸੰ. ਤ੍ਰਿਕੁਟਚਕ੍ਰ. ਦੋਹਾਂ ਭੌਹਾਂ ਦੇ ਮਧ੍ਯ ਦਾ ਅਸਥਾਨ.

ਤ੍ਰਿਕੂਟ: ਸੰ. ਸੰਗ੍ਯਾ- ਤਿੰਨ ਕੂਟ (ਚੋਟੀਆਂ) ਵਾਲਾ ਪਹਾੜ, ਜਿਸ ਪੁਰ ਲੰਕਾ ਨਗਰੀ ਵਸੀ ਹੈ। ੨. ਜੈਸਲਮੇਰ ਜਿਸ ਪਹਾੜੀ ਪੁਰ ਵਸਿਆ ਹੈ ਉਸ ਦਾ ਨਾਮ ਭੀ ਤ੍ਰਿਕੂਟ ਹੈ। ੩. ਵਾਮਨਪੁਰਾਣ ਅਨੁਸਾਰ ਸੁਮੇਰੁ ਦਾ ਪੁਤ੍ਰ ਇੱਕ ਪਰਵਤ। ੪. ਯੋਗਮਤ ਅਨੁਸਾਰ ਛੀ ਚਕ੍ਰਾਂ ਵਿੱਚੋਂ ਇੱਕ ਚਕ੍ਰ, ਜੋ ਭੌਹਾਂ ਦੇ ਮਧ੍ਯ ਹੈ। ੫. ਤਿਕੋਣਾ ਪਕਵਾਨ. ਸਮੋਸਾ.

ਤ੍ਰਿਕੋਣ: ਸੰ. ਵਿ- ਤਿੰਨਾਂ ਕੂਣਿਆਂ ਵਾਲਾ. ਤਿਕੋਣਾ. Triangle। ੨. ਸੰਗ੍ਯਾ- ਭਗ. ਯੋਨਿ.

ਤ੍ਰਿੱਕਲ: ਵਿ- ਤਿਗੁਨਾ. ਤਿਹਰਾ. "ਤ੍ਰਿੱਕਲ ਸੰਗਲ ਸ਼ਰਾ ਦਾ." (ਮਗੋ) ੨. ਸੰਗ੍ਯਾ- ਮਾਤ੍ਰਿਕ ਗਣ ਢਗਣ, ਜਿਸ ਦੀਆਂ ਤਿੰਨ ਕਲਾ (ਮਾਤ੍ਰਾ) ਹੁੰਦੀਆਂ ਹਨ. ਦੇਖੋ, ਤ੍ਰਿਕਲ ੨। ੩. ਦੇਖੋ, ਦੋਹਰੇ ਦਾ ਰੂਪ ੬.

ਤ੍ਰਿਖ: ਸੰ. ਸੰਗ੍ਯਾ- ਖੀਰਾ. ਇੱਕ ਕ਼ਿਸਮ ਦੀ ਕਕੜੀ। ੨. ਸੰ. तृष. ਧਾ- ਪ੍ਯਾਸ ਦਾ ਲੱਗਣਾ, ਇੱਛਾ ਕਰਨਾ। ੩. ਸੰਗ੍ਯਾ- ਤ੍ਰਿਸ਼ਾ. ਪ੍ਯਾਸ.

ਤ੍ਰਿਖਾ: ਵਿ- ਤੀਕ੍ਸ਼ਣ. ਤਿੱਖਾ. ਤੇਜ਼। ੨. ਸੰ. तृषा- ਤ੍ਰਿਸ਼ਾ. ਸੰਗ੍ਯਾ- ਪਿਆਸ. ਦੇਖੋ, ਤ੍ਰਿਖ ੨. "ਤ੍ਰਿਖਾ ਨ ਉਤਰੈ ਸਾਂਤਿ ਨ ਆਵੈ." (ਮਾਝ ਮਃ ੫) ੩. ਲੋਭ ਦੀ ਅਧਿਕਤਾ. ਪ੍ਰਾਪਤੀ ਦੀ ਪ੍ਰਬਲ ਇੱਛਾ.

ਤ੍ਰਿਖਾਈ: ਵਿ- ਤ੍ਰਿਸ਼ਾਤੁਰ. ਤ੍ਰਿਖਾਵਨ. ਪਿਆਸਾ. "ਤੇ ਨਰ ਤ੍ਰਿਸਨ ਤ੍ਰਿਖਾਈ." (ਸੋਰ ਮਃ ੫)

ਤ੍ਰਿਖਾਰਤ: ਸੰ. तृषार्त. ਵਿ- ਤ੍ਰਿਖਾ ਕਰਕੇ ਆਰਤ (ਦੁਖੀ). ਪਿਆਸ ਨਾਲ ਵ੍ਯਾਕੁਲ ਹੋਇਆ.

ਤ੍ਰਿਖਾਵੰਤ: ਵਿ- ਤ੍ਰਿਸ਼ਾ ਵਾਲਾ. ਪਿਆਸਾ. ਇਹ ਸ਼ਬਦ ਤ੍ਰਿਸ਼ਾਵਾਨ ਦਾ ਬਹੁ ਵਚਨ ਹੈ. "ਤ੍ਰਿਖਾਵੰਤ ਜਲ ਪੀਵਤ ਠੰਢਾ." (ਮਾਝ ਮਃ ੫)

---

[604] ਇਸ ਦਾ ਅਰਥ ਹੈ ਪਵਿਤ੍ਰ ਰੂਹ਼. (Holy Ghost). ਇਸਲਾਮ ਅਤੇ ਈਸਾਈਆਂ ਦੇ ਧਰਮਗ੍ਰੰਥਾਂ ਵਿੱਚ ਇਹ ਜਬਰਾਈਲ ਫਰਿਸ਼ਤੇ ਦਾ ਹੀ ਨਾਮ ਹੈ. ਇਸੇ ਨੇ ਮਰੀਅਮ ਨੂੰ ਖ਼ੁਦਾ ਦਾ ਸੁਨੇਹਾ ਦਿੱਤਾ ਸੀ ਕਿ ਤੂੰ ਗਰਭ ਧਾਰਨ ਕਰੇਂਗੀ.

ਤ੍ਰਿਗ: ਸੰ. ਤਿਰ੍ਯਕ- ਤਿਰਯੰਕ ਅਤੇ ਤਿਰ੍ਯਗ- ਤਿਰਯੱਗ. ਵਿ- ਤਿਰਛੀ ਹੈ ਗਤਿ ਜਿਸ ਦੀ. ਤਿਰਛਾ ਚੱਲਣ ਵਾਲਾ, ਜੋ ਸਿੱਧਾ ਖਲੋਕੇ ਨਾ ਤੁਰੇ। ੨. ਟੇਢੀ ਗਤਿ (ਚਾਲ) ਵਾਲਾ. "ਨਰਪਾਲ ਨ੍ਰਿਪਾਲ ਕਰਾਲ ਤ੍ਰਿਗੰ." (ਅਕਾਲ)

ਤ੍ਰਿਗਤ: ਸੰ. ਤ੍ਰਿਗਰ੍ਤ- ਤ੍ਰਿਗਰਤੰ. ਸੰਗਯਾ- ਜਲੰਧਰ ਅਤੇ ਕਾਂਗੜੇ ਦੇ ਇਲਾਕੇ ਦਾ ਪੁਰਾਣਾ ਨਾਮ. "ਤ੍ਰਿਗਤ ਦੇਸ ਏਸੂਰ ਹੂੰ ਆਯੋ." (ਚਰਿਤ੍ਰ ੫੨) ੨. ਤ੍ਰਿਗਤ ਦੇਸ ਦਾ ਵਸਨੀਕ। ੩. ਦੇਖੋ, ਤ੍ਰਿਗਦ.

ਤ੍ਰਿਗਤਾ: ਇੱਕ ਛੰਦ. ਇਹ "ਅਕਵਾ" ਅਤੇ "ਅਜਬਾ" ਦਾ ਹੀ ਰੂਪ ਹੈ. ਅਰਥਾਤ ਪ੍ਰਤਿ ਚਰਣ- ਮ, ਗ, SSS, S. ਭੇਦ ਇਤਨਾ ਹੈ ਕਿ ਹਰੇਕ ਤੁਕ ਵਿੱਚ ਇੱਕ ਹੀ ਅੱਖਰ ਤਿੰਨ ਵਾਰ ਆਉਂਦਾ ਹੈ. ਇਹ ਛੰਦ ਯੁੱਧ ਸਮੇਂ ਜੁਝਾਊ ਮਾਰੂ ਲਈ ਵਰਤੀਦਾ ਹੈ.

ਉਦਾਹਰਣ-

ਤੱ ਤੱ ਤੀਰੰ। ਬੱ ਬੱ ਬੀਰੰ।

ਢੱ ਢੱ ਢਾਲੰ। ਜੱ ਜੱ ਜ੍ਵਾਲੰ ॥ (ਰਾਮਾਵ)

੨. ਇਸ ਦਾ ਪਾਠ "ਤਤ ਤੀਰੰ- ਬਬ ਬੀਰੰ" ਭੀ ਬਹੁਤ ਪੜ੍ਹਦੇ ਹਨ. ਐਸੀ ਦਸ਼ਾ ਵਿੱਚ ਲੱਛਣ ਹੈ ਪ੍ਰਤਿ ਚਰਣ- ਸ, ਗ. IIS, S. ਪਿੰਗਲ ਗ੍ਰੰਥਾਂ ਵਿੱਚ ਇਸ ਦਾ ਨਾਮ "ਦੇਵੀ" ਅਤੇ "ਰਮਾ" ਹੈ.

ਤ੍ਰਿਗਦ: ਸੰ. ਤਿਰ੍ਯਗ੍ਗਤ- ਤਿਰਯੰਗੱਤ. ਵਿ- ਤਿਰਛਾ ਚਲਣ ਵਾਲਾ. ਟੇਢੀ ਚਾਲ ਵਾਲਾ, ਜੋ ਸਿੱਧਾ ਖੜਾ ਹੋਕੇ ਨਾ ਚਲ ਸਕੇ. ਸੱਪ ਮੇਂਡਕ ਆਦਿ ਜੋ ਸਿੱਧੇ ਖੜੇ ਨਹੀਂ ਹੋ ਸਕਦੇ. "ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ." (ਗਉ ਮਃ ੫) ੨. ਤਿੰਨ ਗਦ (ਰੋਗ).

ਤ੍ਰਿਗਦ ਜੋਨਿ: ਦੇਖੋ, ਤ੍ਰਿਗਦ.

ਤ੍ਰਿਗਰਤ: ਦੇਖੋ, ਤ੍ਰਿਗਤ.

ਤ੍ਰਿਗੁਣ: ਵਿ- ਤਿਗੁਣਾ। ੨. ਤਿੰਨ ਗੁਣਾਂ ਵਾਲਾ। ੩. ਸੰਗਯਾ- ਤਿੰਨ ਪ੍ਰਕ੍ਰਿਤਿ ਦੇ ਗੁਣਾਂ ਨੂੰ ਵਰਣਨ ਕਰਨ ਵਾਲਾ ਸਾਂਖ੍ਯ ਸ਼ਾਸਤ੍ਰ। ੪. ਦੇਖੋ, ਤ੍ਰੈ ਗੁਣ.

ਤ੍ਰਿਗੁਣਾਤਮਕ: ਵਿ- ਤਿੰਨ ਗੁਣਾਂ ਸਹਿਤ. ਸਤ ਰਜ ਤਮ ਦੇ ਧਾਰਨ ਵਾਲਾ.

ਤ੍ਰਿਗੁਣਾਤੀਤ, ਤ੍ਰਿਗੁਨਅਤੀਤ: ਵਿ- ਤਿੰਨ ਗੁਣਾਂ ਤੋਂ ਗੁਜ਼ਰਿਆ ਹੋਇਆ (ਪਰੇ). "ਕਹੂੰ ਤ੍ਰਿਗੁਨਅਤੀਤ ਹੋ." (ਅਕਾਲ)

ਤ੍ਰਿਜਕ, ਤ੍ਰਿਜਗ: ਸੰ. ਤਿਰ੍ਯਕ. ਵਿ- ਤਿਰਛਾ. ਟੇਢਾ. ਜੋ ਸਿੱਧਾ ਖੜਾ ਹੋਕੇ ਨਾ ਚਲ ਸਕੇ. ਦੇਖੋ, ਤ੍ਰਿਗਦ.

ਤ੍ਰਿਜਟ: ਤਿਹਰੀ ਜਟਾ ਧਾਰਨ ਵਾਲਾ ਸ਼ਿਵ. ਤ੍ਰਿਜਟੀ.

ਤ੍ਰਿਜਟਾ, ਤ੍ਰਿਜਟੀ: ਤ੍ਰਿਜਟਾ. ਸਿਰ ਪੁਰ ਤਿਹਰੀ ਜਟਾ ਧਾਰਨ ਵਾਲੀ ਵਿਭੀਸ਼ਣ ਦੀ ਭੈਣ, ਜੋ ਅਸ਼ੋਕਵਾਟਿਕਾ ਵਿੱਚ ਸੀਤਾ ਪਾਸ ਰਹਿੰਦੀ ਸੀ ਅਤੇ ਉਸ ਨੂੰ ਸਭ ਤਰਾਂ ਦੀ ਸਹਾਇਤਾ ਦਿੰਦੀ ਸੀ.[605] "ਤਬ ਕਹੇ ਬੈਣ ਤ੍ਰਿਜਟੀ ਬੁਲਾਇ." (ਰਾਮਾਵ) ਅਨੇਕ ਗ੍ਰੰਥਾਂ ਵਿੱਚ ਤ੍ਰਿਜਟਾ ਰਾਵਣ ਦੇ ਮਹਿਲਾਂ ਦੀ ਦਾਸੀ ਲਿਖੀ ਹੈ। ੨. ਬਿੱਲ ਦਾ ਬਿਰਛ ਭੀ ਤ੍ਰਿਜਟਾ ਹੈ ਜਿਸ ਦੇ ਤਿੰਨ ਪੱਤਿਆਂ ਵਿੱਚ ਬ੍ਰਹਮਾ ਵਿਸ਼ਨੁ ਅਤੇ ਸ਼ਿਵ ਰਹਿੰਦੇ ਹਨ।[606] ੩. ਸੰਸਕ੍ਰਿਤ ਗ੍ਰੰਥਾਂ ਵਿੱਚ ਤ੍ਰਿਜਟੀ ਨਾਮ ਸ਼ਿਵ ਦਾ ਭੀ ਹੈ.

ਤ੍ਰਿਜੜ: ਡਿੰਗ. ਸੰਗਯਾ- ਤਲਵਾਰ। ੨. ਕਟਾਰੀ.

---

[605] ਦੇਖੋ, ਰਾਮਾਯਣ, ਸੁੰਦਰ ਕਾਂਡ ਅਃ ੨੭-੩੦.

[606] ਦੇਖੋ, ਗਯਾਨਭੈਰਵੀ ਤੰਤ੍ਰ.

ਤ੍ਰਿਜਾਮਾ: ਰਾਤ. ਦੇਖੋ, ਤ੍ਰਿਯਾਮਾ. "ਘਟੀ ਏਕ ਦੋ ਜਾਮ ਤ੍ਰਿਜਾਮਾ ਬਿਤੀ ਹੁਤੀ." (ਨਾਪ੍ਰ)

ਤ੍ਰਿਞਣ: ਸੰਗਜਾ- ਤ੍ਰਿਯ- ਘਨ. ਇਸਤੀਆਂ ਦਾ ਟੋਲਾ. ਕੱਤਣ ਲਈ ਕੁੜੀਆਂ ਦਾ ਹੋਇਆ ਇਕੱਠ. ਦੇਖੋ, ਤੇਉਣ, ਤੰਜਣ ਅਤੇ ਤੰਞਣ.

ਤ੍ਰਿਟਿ: ਸੰ. तृट्. ਸੰਗਜਾ- ਤ੍ਰਿਸ਼ਾ. ਪਿਆਸ। ੨. ਪ੍ਰਬਲ ਇੱਛਾ. "ਤ੍ਰਿਟਿ ਕਾਮ ਘਨੇਰੀ." (ਨਾਪ੍ਰ) "ਜਾਇ ਰਿਦੈ ਤ੍ਰਿਟਿ ਹਨਐ ਜਹਾਂ." (ਨਾਪ੍ਰ)

ਤ੍ਰਿਡੀਠ: ਦੇਖੋ, ਤ੍ਰਿਦੀਠ.

ਤ੍ਰਿਣ: ਸੰ. तृण. ਧਾ- ਘਾਸ ਖਾਣਾ, ਚਰਨਾ। ੨. ਸੰਗਜਾ- ਘਾਸ. ਕੱਖ. ਤਿਨਕਾ. "ਤ੍ਰਿਣ ਸਮਾਨਿ ਕਛੁ ਸੰਗਿ ਨਾ ਜਾਵੈ." (ਸੁਖਮਨੀ) ੩. ਵਿ- ਥੋੜਾ. ਤ੍ਰਿਣ ਸਮਾਨ. ਤੁੱਛ. ਤਨਿਕ. "ਤੁਧੁ ਲੇਪ ਨ ਲਗੈ ਤ੍ਰਿਣ." (ਵਾਰ ਮਾਰੂ ੨. ਮਃ ੫) ੪. ਅਦਨਾ. "ਤ੍ਰਿਣੰ ਤ ਮੇਰੰ." (ਸਹਸ ਮਃ ੫) ਤੁੱਛ ਨੂੰ ਸੁਮੇਰੁ.

ਤ੍ਰਿਣਅਰਿ: ਸੰਗਜਾ- ਘਾਸ ਦਾ ਵੈਰੀ ਮ੍ਰਿਗ. (ਸਨਾਮਾ)

ਤ੍ਰਿਣਅਰਿ ਅਰਿ: ਸੰਗਜਾ- ਘਾਸ ਦਾ ਵੈਰੀ ਮ੍ਰਿਗ, ਉਸ ਦਾ ਵੈਰੀ ਸ਼ੇਰ (ਸਨਾਮਾ)

ਤ੍ਰਿਣਅਰਿ ਅਰਿ ਅਰਿ: ਸੰਗਜਾ- ਘਾਸ ਦਾ ਵੈਰੀ ਮ੍ਰਿਗ, ਉਸ ਦਾ ਵੈਰੀ ਸਿੰਘ, ਉਸ ਦਾ ਸ਼ਤ੍ਰੁ ਬੰਦੂਕ. (ਸਨਾਮਾ)

ਤ੍ਰਿਣਹਾ: ਸੰਗਜਾ- ਘਾਸ ਦਾ ਨਾਸ਼ ਕਰਨ ਵਾਲਾ ਮ੍ਰਿਗ. (ਸਨਾਮਾ)

ਤ੍ਰਿਣਹਾਰਿਪੁ: ਦੇਖੋ, ਤ੍ਰਿਣਅਰਿ ਅਰਿ.

ਤ੍ਰਿਣਕਾ: ਦੇਖੋ, ਤਿਨਕਾ। ੨. ਤ੍ਰਿਣ ਕ੍ਰਿਣ ਆਦਿ ਅਨੁਕਰਣ ਸ਼ਬਦਾਂ ਵਾਲਾ ਛੰਦ. ਦੇਖੋ, ਤ੍ਰਿਣ ਕ੍ਰਿਣ.

ਤ੍ਰਿਣ ਕੀ ਅਗਨਿ: ਫੂਸ ਦੀ ਅੱਗ. ਭਾਵ- ਥੋੜਾ ਚਿਰ ਰਹਿਣ ਵਾਲੀ ਵਸਤੁ. "ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿੰਦ ਭਜਨ ਬਿਨੁ ਹੜ ਕਾ ਜਲੁ." (ਟੋਡੀ ਮਃ ੫) ੨. ਦੇਖੋ, ਤੁਖਾਨਲ.

ਤ੍ਰਿਣਚਰ: ਸੰਗਜਾ- ਪਸ਼ੂ. ਘਾਸ ਖਾਣ ਵਾਲਾ. (ਸਨਾਮਾ)

ਤ੍ਰਿਣਚਰ ਪਤਿ: ਸੰਗਜਾ- ਪਸ਼ੂਆਂ ਦਾ ਸ੍ਵਾਮੀ ਸਿੰਘ. (ਸਨਾਮਾ)

ਤ੍ਰਿਣਚਰ ਪਤਿ ਅਰਿ: ਸ਼ੇਰ ਨੂੰ ਮਾਰਨ ਵਾਲੀ ਬੰਦੂਕ. (ਸਨਾਮਾ)

ਤ੍ਰਿਣਜਲੌਕਾ ਨਜਾਯ: ਜੋਕ ਦੇ ਤਿਨਕਾ ਫੜਨ ਵਾਂਙ. ਇਹ ਦ੍ਰਿਸ਼੍ਟਾਂਤ ਅਨੇਕ ਗ੍ਰੰਥਾਂ ਵਿੱਚ ਦੇਖੀਦਾ ਹੈ. ਭਾਵ ਇਹ ਹੈ ਕਿ ਜੈਸੇ ਜੋਕ ਦੂਜੇ ਤ੍ਰਿਣ ਨੂੰ ਫੜਕੇ ਪਿਛਲੇ ਨੂੰ ਛਡਦੀ ਹੈ, ਤੈਸੇ ਜੀਵਾਤਮਾ ਦੂਜੇ ਸ਼ਰੀਰ ਵਿੱਚ ਪ੍ਰਵੇਸ਼ ਹੋਣ ਪੁਰ ਪਹਿਲੇ ਨੂੰ ਤਯਾਗਦਾ ਹੈ.

ਤ੍ਰਿਣ ਕ੍ਰਿਣ: ਇਹ ਛੰਦ "ਅਕਰਾ", "ਅਣਕਾ" "ਸ਼ਸ਼ਿਵਦਨਾ" ਦਾ ਹੀ ਰੂਪ ਹੈ. ਅਰਥਾਤ ਚਾਰ ਚਰਣ, ਪ੍ਰਤਿ ਚਰਣ ਨ, ਯ. ।।।, ।SS. ਨਾਮ ਦਾ ਕਾਰਣ ਕੇਵਲ ਯੁੱਧ ਵਿੱਚ ਹੋਣ ਵਾਲੇ ਸ਼ਬਦਾਂ ਦਾ ਅਨੁਕਰਣ ਅਰ ਮੁੱਢ "ਤ੍ਰਿਣ ਕ੍ਰਿਣ" ਪਾਠ ਹੈ.

ਉਦਾਹਰਣ-

ਤ੍ਰਿਣ ਕ੍ਰਿਣ ਤੀਰੰ।. ਬ੍ਰਿਣ ਕ੍ਰਿਣ ਬੀਰੰ।

ਢ੍ਰਣ ਣਣ ਢਾਲੰ। ਜ੍ਰਣ ਣਣ ਜ੍ਵਾਲੰ।। (ਰਾਮਾਵ)

ਤ੍ਰਿਣ ਤੋੜਨਾ: ਦੇਖੋ, ਤਿਨਕਾ ਤੋੜਨਾ.

ਤ੍ਰਿਣਰਾਜ: ਸੰ. तृणराज. ਸੰਗਯਾ- ਖਜੂਰ। ੨. ਨਾਰਿਯਲ (ਨਰੇਲ) ਦਾ ਦਰਖ਼ਤ। ੩. ਤਾੜ ਬਿਰਛ.

ਤ੍ਰਿਣਰਿਪੁ ਨਾਇਕ ਰਿਪੁ: ਸੰਗਯਾ- ਘਾਸ ਦਾ ਵੈਰੀ ਮ੍ਰਿਗ, ਉਸ ਦਾ ਪਤਿ ਸਿੰਘ, ਉਸ ਦੀ ਵੈਰਣ ਬੰਦੂਕ. (ਸਨਾਮਾ)

ਤ੍ਰਿਣਾਲਯ, ਤ੍ਰਿਣਾਲੈ: ਸੰਗਯਾ- ਤ੍ਰਿਣਾਂ ਦਾ ਆਲਯ (ਘਰ) ਕੁੱਲੀ. ਝੁੱਗੀ. ਛੱਪਰ.

ਤ੍ਰਿਣਾਵਰਤ, ਤ੍ਰਿਣਾਵ੍ਰਤ: ਸੰ. तृणावर्त्त. ਸੰਗਯਾ- ਵਾਉਵਰੋਲਾ, ਜਿਸ ਵਿੱਚ ਤ੍ਰਿਣਾਂ (ਕੱਖਾਂ) ਦਾ ਆਵਰਤ (ਚਕ੍ਰ) ਬੱਝ ਜਾਂਦਾ ਹੈ। ੨. ਭਾਗਵਤ ਅਨੁਸਾਰ ਇੱਕ ਦੈਤ, ਜੋ ਕੰਸ ਦਾ ਸੇਵਕ ਸੀ. ਇਹ ਵਾਉਵਰੋਲਾ ਬਣਕੇ ਕ੍ਰਿਸ਼ਨ ਜੀ ਨੂੰ ਉਡਾਲੈ ਜਾਣਾ ਚਾਹੁੰਦਾ ਸੀ, ਪਰ ਕ੍ਰਿਸ਼ਨ ਜੀ ਦੇ ਹੱਥੋਂ ਮਾਰਿਆ ਗਿਆ. "ਤ੍ਰਿਣਾਵਰਤ ਸੋ ਕਹਯੋ ਜਾਹੁ ਤਾਕੋ ਤਿਖੇ." (ਕ੍ਰਿਸਨਾਵ)

ਤ੍ਰਿਤਾਪ: ਦੇਖੋ, ਤਾਪ ਤ੍ਰਯ.

ਤ੍ਰਿਤਾਲੀ: ਤ੍ਰਿਚਤ੍ਵਾਰਿੰਸ਼ਤ. ਚਾਲੀ ਉੱਪਰ ਤਿੰਨ- ੪੩.

ਤ੍ਰਿਤਿਯ: ਸੰ. तृतीय. ਵਿ- ਤੀਜਾ. ਤੀਸਰਾ। ੨. ਸੰਗਯਾ- ਤ੍ਰੇਤਾਯੁਗ. "ਸਤ ਦੁਆਪੁਰ ਤ੍ਰਿਤਿਯ ਕਲਿਜੁਗ." (ਅਕਾਲ)

ਤ੍ਰਿਤੀਯ: ਸੰ. तृतीय- ਤ੍ਰਿਤੀਯ. ਵਿ- ਤੀਜਾ. ਤੀਸਰਾ. "ਤ੍ਰਿਤੀਅ ਬਿਵਸਥਾ ਸਿੰਚੇ ਮਾਇ." (ਰਾਮ ਮਃ ੫) ਤੀਜੀ ਉਮਰ ਵਿੱਚ ਮਾਇਆ ਜਮਾ ਕਰਦਾ ਹੈ.

ਤ੍ਰਿਤੀਆ: ਸੰਗਯਾ- ਤ੍ਰੇਤਾਯੁਗ. "ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ." (ਰਾਮ ਮਃ ੫) ੨. ਕ੍ਰਿ. ਵਿ- ਤੀਜੇ. ਤੀਸਰੇ. "ਤ੍ਰਿਤੀਆ ਆਏ ਸੁਰਸਰੀ." (ਤੁਖਾ ਛੰਤ ਮਃ ੪) ੩. ਸੰ. तृतीया. ਸੰਗਯਾ- ਚੰਦ੍ਰਮਾ ਦੇ ਪੱਖ ਦੀ ਤੀਜੀ ਤਿਥਿ. "ਤ੍ਰਿਤੀਆ ਤ੍ਰੈਗੁਣ ਬਿਖੈਫਲ." (ਗਉ ਮਃ ੫. ਥਿਤੀ)

ਤ੍ਰਿਤੀਯਾ: ਦੇਖੋ, ਤ੍ਰਿਤੀਆ ੩.

ਤ੍ਰਿਦਸ: ਸੰ. त्रिदश. ਸੰਗਯਾ- ਤਿੰਨ ਤਾਪਾਂ ਨੂੰ ਦੂਰ ਕਰਨ ਵਾਲਾ ਦੇਵਤਾ. ਸੁਰ। ੨. ਜੀਵਾਤਮਾ। ੩. ਸ੍ਵਰਗ। ੪. ਵਿ- ਤੀਸ- ੩੦.

ਤ੍ਰਿਦਸਪਤਿ: ਸੰਗਯਾ- ਤ੍ਰਿਦਸ਼ (ਦੇਵਤਾ) ਦਾ ਪਤਿ ਇੰਦ੍ਰ.

ਤ੍ਰਿਦਸਾਲਯ: ਸੰਗਯਾ- ਤ੍ਰਿਦਸ਼ (ਦੇਵਤਾ) ਦਾ ਆਲਯ (ਘਰ) ਸ੍ਵਰਗ. "ਤ੍ਰਿਦਸਾਲਯ ਕੀ ਜਨੁ ਕ੍ਰਾਂਤਿ ਹਰੀ." (ਦੱਤਾਵ) ਸ੍ਵਰਗ ਦੀ ਕਾਂਤਿ (ਸ਼ੋਭਾ) ਮਾਨੋ ਚੁਰਾ ਲਈ ਹੈ.

ਤ੍ਰਿਦਸੇਸ, ਤ੍ਰਿਦਸੇਸੂਰ: ਸੰਗਯਾ- ਤ੍ਰਿਦਸ਼ (ਦੇਵਤਾ) ਦਾ ਈਸ਼. ਦੇਵਤਿਆਂ ਦਾ ਈਸ਼੍ਵਰ ਇੰਦ੍ਰ. "ਤ੍ਰਿਦਸੇਸ ਲੀਨ. ਬੁਲਾਇ." (ਗਜਰਾਜ) "ਬਲ ਗੁਨ ਬ੍ਰੀਰਜ ਮੇ ਜਨੁਕ, ਤ੍ਰਿਦਸੇਸੂਰ ਕੇ ਭਾਈ." (ਚਰਿਤ੍ਰ ੭੭)

ਤ੍ਰਿਦਿਵ: ਸੰ. ਸੰਗਯਾ- ਸ੍ਵਰਗ। ੨. ਅਕਾਸ। ੩. ਸੁਖ. ਆਨੰਦ.

ਤ੍ਰਿਦਿਵੇਸ਼: ਸੰਗਯਾ- ਤ੍ਰਿਦਿਵ (ਸ੍ਵਰਗ) ਦਾ ਈਸ਼. ਸ੍ਵਰਗ ਦਾ ਸ੍ਵਾਮੀ ਇੰਦ੍ਰ.

ਤ੍ਰਿਦੀਠ: ਸੰਗਯਾ- ਤਿੰਨ ਦ੍ਰਿਸ਼੍ਟਿ ਵਾਲਾ. ਤ੍ਰਿਨਯਨ. ਤ੍ਰਿਨੇਤ੍ਰ. ਸ਼ਿਵ। ੨. ਵਿਦ੍ਵਾਨ. ਦੇਖੋ, ਤ੍ਰਿਨਯਨ.

ਤ੍ਰਿਦੋਖ: त्रिदोष. ਸੰਗਯਾ- ਵਾਤ, ਪਿੱਤ ਅਤੇ ਕਫ ਦਾ ਬਿਗਾੜ. ਇਨ੍ਹਾਂ ਖ਼ਿਲਤਾਂ ਦਾ ਆਪਣੀ ਅਸਲੀ ਹ਼ਾਲਤ ਵਿੱਚ ਨਾ ਰਹਿਣ ਦਾ ਭਾਵ। ੨. ਸੰਨਿਪਾਤ ਰੋਗ. ਸਰਸਾਮ.

ਤ੍ਰਿਦੰਡ: ਸੰ. त्रिदण्ड. ਸੰਗਯਾ- ਸੰਨਯਾਸੀ ਦਾ ਡੰਡਾ. ਇਸ ਦਾ ਨਾਮ ਤ੍ਰਿਦੰਡ ਇਸ ਲਈ ਹੈ ਕਿ ਇਹ ਤਿੰਨ ਵਸਤਾਂ ਨਾਲ ਬਣਦਾ ਹੈ- ਸੋਟਾ, ਚਾਰ ਉਂਗਲ ਪ੍ਰਮਾਣ ਲੀਰ ਅਤੇ ਕਾਲੀ ਗਊ ਦੀ ਉੱਨ ਦੀ ਰੱਸੀ, ਰੱਸੀ ਨਾਲ ਸੋਟੇ ਦੇ ਸਿਰੇ ਤੇ ਲੀਰ ਬੰਨ੍ਹੀ

ਜਾਂਦੀ ਹੈ। ੨. ਦੇਖੋ, ਤ੍ਰਿਦੰਡੀ.

ਤ੍ਰਿਦੰਡੀ: ਸੰ. त्रिदण्डिन. ਸੰਗਯਾ- ਤ੍ਰਿਦੰਡ ਦੇ ਧਾਰਣ ਵਾਲਾ, ਸੰਨ੍ਯਾਸੀ. ਦੇਖੋ, ਤ੍ਰਿਦੰਡ। ੨. ਮਨ ਵਚਨ ਅਤੇ ਕਰਮ, ਤੇਹਾਂ ਨੂੰ ਦਮਨ ਕਰਨ ਵਾਲਾ, ਅਰਥਾਤ ਕ਼ਾਬੂ ਰੱਖਣ ਵਾਲਾ ਸਾਧੁ. ਮਨੁ ਲਿਖਦਾ ਹੈ-

बाग् दण्डोऽय मनो दण्डः काय दण्डस्तयेवच ।

यस्यैते निहता बुद्धौ त्रिड्णडीति स उच्यते ।।

ਤ੍ਰਿਧਾ: ਸੰ. ਕ੍ਰਿ. . ਵਿ- ਤੀਨ ਪ੍ਰਕਾਰ ਸੇ. ਤਿੰਨ ਤਰਾਂ ਕਰਕੇ। ੨. ਵਿ- ਤਿੰਨ ਤਰਾਂ ਦਾ.

ਤ੍ਰਿਨ: ਦੇਖੋ, ਤ੍ਰਿਣ.

ਤ੍ਰਿਨਯਨ: ਸੰ. ਸੰਗਯਾ- ਤਿੰਨ ਨੇਤ੍ਰਾਂ ਵਾਲਾ ਸ਼ਿਵ, ਜਿਸ ਦੇ ਚੰਦ੍ਰਮਾ ਸੂਰਯ ਅਗਨਿ ਨੇਤ੍ਰ ਹਨ। ੨. ਵਿਦ੍ਵਾਨ, ਜਿਸ ਦੇ ਤੀਜਾ ਨੇਤ੍ਰ ਵਿਦ੍ਯਾ ਹੈ.

ਤ੍ਰਿਨਾਰਿ: ਸੰਗਯਾ- ਤ੍ਰਿਣ- ਅਰਿ. ਮ੍ਰਿਗ. (ਸਨਾਮਾ) ੨. ਘਾਸ ਦਾ ਸ਼ਤ੍ਰੁ, ਅਗਨਿ. "ਉਠੈਂ ਇਕ ਬਾਰ ਤ੍ਰਿਨਾਰਿ ਭਭੂਕੇ." (ਚਰਿਤ੍ਰ ੯੬)

ਤ੍ਰਿਨਾਲਯ, ਤ੍ਰਿਨਾਲੈ: ਸੰਗਯਾ- ਤ੍ਰਿਣ- ਆਲਯ. ਕੱਖਾਂ ਦਾ ਘਰ. ਕੁਟੀਆ. ਛੱਪਰ. "ਨਦੀ ਤੀਰ ਇਕ ਰਚ੍ਯੋ ਤ੍ਰਿਨਾਲੈ." (ਚਰਿਤ੍ਰ ੨੪੦)

ਤ੍ਰਿਨੇਤ੍ਰ, ਤ੍ਰਿਨੈਨ: ਦੇਖੋ, ਤ੍ਰਿਨਯਨ.

ਤ੍ਰਿਪ: ਸੰਗਯਾ- ਬੂੰਦ. ਤਿੱਪ. ਤੁਬਕਾ। ੨. ਸੰ. तृप्. ਧਾ- ਤ੍ਰਿਪਤ ਕਰਨਾ, ਤ੍ਰਿਪਤ ਹੋਣਾ, ਪ੍ਰਸੰਨ ਕਰਨਾ.

ਤ੍ਰਿਪਤ: ਸੰ. तृप्त. ਵਿ- ਰੱਜਿਆ ਹੋਇਆ. ਦੇਖੋ, ਤ੍ਰਿਪ ੨। ੨. ਪ੍ਰਸੰਨ. ਖ਼ੁਸ਼.

ਤ੍ਰਿਪਤਤ: ਤ੍ਰਿਪਤ ਹੁੰਦਾ ਹੈ.

ਤ੍ਰਿਪਤਾ: ਦੇਖੋ, ਤ੍ਰਿਪਤਾ ਮਾਤਾ.

ਤ੍ਰਿਪਤਾਇਣੁ: ਸੰਗਯਾ- ਤ੍ਰਿਪਤ ਹੋਣ ਦਾ ਭਾਵ. ਤ੍ਰਿਪਤਿ. "ਨਾਮ ਰਸਾਇਣੁ ਮਨੁ ਤ੍ਰਿਪਤਾਇਣੁ." (ਮਾਝ ਮਃ ੫) ੨. ਵਿ- ਤ੍ਰਿਪਤਿ ਦੇਣ ਵਾਲਾ.

ਤ੍ਰਿਪਤਾਸ: ਸੰਗਯਾ- ਤ੍ਰਿਪਤਿ. "ਜੋ ਪੀਵੈ ਤਿਸ ਹੀ ਤ੍ਰਿਪਤਾਸ." (ਸਾਰ ਮਃ ੫) ੨. ਤ੍ਰਿਪਤਿ- ਆਸੁ. ਤੁਰਤ ਤ੍ਰਿਪਤਿ.

ਤ੍ਰਿਪਤਾਸਿਆ: ਤ੍ਰਿਪਤ ਹੋਇਆ. "ਪੀ ਅੰਮ੍ਰਿਤੁ ਤ੍ਰਿਪਤਾਸਿਆ." (ਬਿਲਾ ਮਃ ੫)

ਤ੍ਰਿਪਤਾਸੀ: ਤ੍ਰਿਪਤ ਹੋਸੀ. ਤ੍ਰਿਪਤ ਹੋਵੇਗਾ. "ਚਾਤ੍ਰਿਕ ਜਲ ਪੀਐ ਤ੍ਰਿਪਤਾਸੀ." (ਸਾਰ ਮਃ ੪. ਪੜਤਾਲ)

ਤ੍ਰਿਪਤਾਸੁਤ: ਮਾਤਾ ਤ੍ਰਿਪਤਾ ਜੀ ਦੇ ਸੁਪੁਤ੍ਰ ਸ਼੍ਰੀ ਗੁਰੂ ਨਾਨਕਦੇਵ ਜੀ.

ਤ੍ਰਿਪਤਾਗਾ: ਤ੍ਰਿਪਤਾਇਆ. ਤ੍ਰਿਪਤ ਹੋਗਿਆ. "ਜਿਨ ਪੀਆ ਸੋ ਤ੍ਰਿਪਤਾਗਾ." (ਸੋਰ ਮਃ ੧)

ਤ੍ਰਿਪਤਾਤ: ਤ੍ਰਿਪਤਿ ਨੂੰ ਪ੍ਰਾਪਤ. "ਭਏ ਸੁਰ ਤ੍ਰਿਪਤਾਤ." (ਸਲੋਹ) ੨. ਤ੍ਰਿਪਤ- ਅਤਿ.

ਤ੍ਰਿਪਤਾ ਤਨਯ: ਦੇਖੋ, ਤ੍ਰਿਪਤਾਸੁਤ.

ਤ੍ਰਿਪਤਾਨਾ, ਤ੍ਰਿਪਤਾਨੀ: ਤ੍ਰਿਪਤ ਹੋਇਆ. ਤ੍ਰਿਪਤ ਭਈ. ਰੱਜੀ. "ਰਸਨਾ ਹਰਿ ਹਰਿ ਭੋਜਨ ਤ੍ਰਿਪਤਾਨੀ." (ਕਾਨ ਮਃ ੫)

ਤ੍ਰਿਪਤਾ ਪਤਿ: ਬਾਬਾ ਕਾਲੂ ਜੀ.

ਤ੍ਰਿਪਤਾ ਮਾਤਾ: ਬਾਬਾ ਕਾਲੂ ਜੀ ਦੀ ਧਰਮ ਪਤਨੀ ਅਤੇ ਜਗਤਗੁਰੂ ਨਾਨਕਦੇਵ ਜੀ ਦੀ ਮਾਤਾ, ਜਿਸ ਦਾ ਦੇਹਾਂਤ ਕਰਤਾਰਪੁਰ ਸੰਮਤ ੧੫੭੯ ਵਿੱਚ ਹੋਇਆ. ਭਾਈ ਸੰਤੋਖਸਿੰਘ ਨੇ ਤਲਵੰਡੀ ਦੇਹਾਂਤ ਲਿਖਿਆ ਹੈ. ਦੇਖੋ, ਨਾਨਕ ਪ੍ਰਕਾਸ਼ ਉੱਤਰਾਰਧ ਅਃ ੬. ਦੇਖੋ, ਚਾਹਲ ੨.

ਤ੍ਰਿਪਤਾਰੈ: ਤ੍ਰਿਪਤ ਹੁੰਦਾ ਹੈ. ਰਜਦਾ ਹੈ. "ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ." (ਕਾਨ ਮਃ ੫)

ਤ੍ਰਿਪਤਿ: ਸੰ. तृप्ति. ਸੰਗਯਾ- ਰੱਜਣ ਦਾ ਭਾਵ. "ਤ੍ਰਿਪਤਿ ਭਈ ਸਚੁ ਭੋਜਨ ਖਾਇਆ." (ਧਨਾ ਮਃ ੫) ੨. ਸੰਤੋਖ। ੩. ਪ੍ਰਸੰਨਤਾ. ਖ਼ੁਸ਼ੀ. ਦੇਖੋ, ਤ੍ਰਿਪ ੨.

ਤ੍ਰਿਪਤਿ ਅਘਾਈ: आघ्राण तृप्ति- ਆਘਾਣ ਤ੍ਰਿਪਤਿ. ਸੰਗਯਾ- ਨੱਕ ਤੀਕ ਰੱਜਣ ਦਾ ਭਾਵ. ਪੂਰਣ ਤ੍ਰਿਪਤਿ. "ਸੇ ਜਨ ਤ੍ਰਿਪਤਿ ਅਘਾਈ." (ਸੋਰ ਅਃ ਮਃ ੫)

ਤ੍ਰਿਪਤੀਵਨਾ: ਤ੍ਰਿਪਤ ਥੀਵਣਾ. ਤ੍ਰਿਪਤ ਹੋਣਾ. "ਸੰਤੋਖ ਸਦਾ ਤ੍ਰਿਪਤੀਵਨਾ." (ਮਾਰੂ ਅਃ ਮਃ ੫)

ਤ੍ਰਿਪਥ: ਸੰਗਯਾ- ਤਿੰਨ ਪਥ (ਮਾਰਗ). ਕਰਮ, ਉਪਾਸਨਾ, ਗ੍ਯਾਨ। ੨. ਦੇਖੋ, ਤ੍ਰਿਪਥਗਾ.

ਤ੍ਰਿਪਥਗਾ, ਤ੍ਰਿਪਥਗਾਮਿਨੀ: ਸੰ. ਸੰਗਯਾ- ਤਿੰਨ ਰਸਤਿਆਂ ਵਿੱਚ ਜਾਣ ਵਾਲੀ ਗੰਗਾ. ਪੁਰਾਣਕਥਾ ਹੈ ਕਿ ਸ਼ਿਵ ਦੀ ਜਟਾ ਵਿੱਚੋਂ ਨਿਕਲਕੇ ਗੰਗਾ ਤਿੰਨ ਧਾਰਾ ਹੋਕੇ ਵਹੀ. ਜ਼ਮੀਨ ਤੇ ਭਾਗੀਰਥੀ, ਆਕਾਸ਼ ਵਿੱਚ ਮੰਦਾਕਿਨੀ ਅਤੇ ਪਾਤਾਲ ਵਿੱਚ ਭੋਗਵਤੀ.

ਤ੍ਰਿਪਦ: ਸੰ. ਸੰਗਯਾ- ਤਿੰਨ ਪੈਰਾਂ ਵਾਲੀ ਟਿਕਟਿਕੀ. ਤਿਪਾਈ. ਦੇਖੋ, ਅੰ. Tripod। ੨. ਦੇਖੋ, ਤਿਪਦਾ। ੩. ਵਿਸ਼ਨੁ, ਜਿਸ ਨੇ ਵਾਮਨਰੂਪ ਧਾਰਕੇ ਸਾਰਾ ਬ੍ਰਹਮਾਂਡ ਤਿੰਨ ਕਦਮਾਂ ਨਾਲ ਮਿਣਿਆਂ. ਦੇਖੋ, ਵਾਮਨ.

ਤ੍ਰਿਪਦਾ, ਤ੍ਰਿਪਦੀ: ਸੰਗਯਾ- ਤਿੰਨ ਚਰਣਾਂ ਵਾਲੀ ਗਾਯਤ੍ਰੀ. ਅਨੁਸ਼੍ਟੁਭ ਛੰਦ ਦੇ ਤਿੰਨ ਚਰਣ ਹਨ ਜਿਸ ਦੇ. ਅਠ ਅਠ ਅੱਖਰਾਂ ਦੇ ਤਿੰਨ ਪਦਾਂ ਵਾਲੀ.

ਤ੍ਰਿਪਲ: ਸੰ. तृपल. ਵਿ- ਬੇਚੈਨ। ੨. ਅਭਿਲਾਖੀ. ਇੱਛਾਵਾਨ.

ਤ੍ਰਿਪਲੁ: ਸੰਗਯਾ- ਬੇਚੈਨੀ। ੨. ਅਭਿਲਾਖਾ. ਵਾਸਨਾ. ਦੇਖੋ, ਤ੍ਰਿਪਲ. . "ਤਾੜੀ ਲਾਗੀ ਤ੍ਰਿਪਲੁ ਪਲਟੀਐ." (ਗਉ ਕਬੀਰ) ੨. ਦੇਖੋ, ਤ੍ਰਿਪੁਟੀ.

ਤ੍ਰਿਪਾਉਣਾ: ਕ੍ਰਿ- ਤਿੰਨ ਪੈਰਾਂ ਤੇ ਚਲਾਉਣਾ. ਪੁਰਾਣੇ ਜ਼ਮਾਨੇ ਘੋੜੇ ਨੂੰ ਛੇੜਨ ਵਾਲੇ ਤਿੰਨ ਪੈਰਾਂ ਪੁਰ ਨਚਾਇਆ ਕਰਦੇ ਸਨ. ਹੁਣ ਭੀ ਰਾਜਪੂਤਾਨੇ ਵਿੱਚ ਇਹ ਰੀਤਿ ਦੇਖੀ ਜਾਂਦੀ ਹੈ. "ਬਾਜੀ ਕੋ ਤ੍ਰਿਪਾਇ ਭਯੋ ਆਗੇ." (ਗੁਪ੍ਰਸੂ) ੨. ਟਪਾਉਣਾ, ਦੇਖੋ, ਤ੍ਰਪਾਉਣਾ.

ਤ੍ਰਿਪਾਠੀ: ਸੰ. त्रिपाठिन्. ਸੰਗਯਾ- ਤਿੰਨ੍ਹਾਂ ਵੇਦਾਂ ਦੇ ਪੜ੍ਹਨ ਵਾਲਾ. ਤ੍ਰਿਵੇਦੀ। ੨. ਬ੍ਰਾਹਮਣਾਂ ਦੀ ਇੱਕ ਖਾਸ ਜਾਤਿ, ਜੋ ਤਿੰਨ ਵੇਦ ਪੜ੍ਹਨ ਤੋਂ ਹੋਈ ਹੈ.

ਤ੍ਰਿਪਾਲ: ਸੰਗਯਾ- ਤਿੰਨ ਪੱਲਿਆਂ ਦੀ ਤੰਬੋਟੀ। ੨. ਅੰ. Tarpaulin. ਰਾਲ ਚੜ੍ਹਾਈ ਹੋਈ ਟਾਟ. ਤਿਰਪਾਲ। ੩. ਦੇਖੋ, ਤ੍ਰੈਪਾਲ.

ਤ੍ਰਿਪਿਸ਼੍ਰਪ: ਸੰ. ਸੰਗਯਾ- ਸ੍ਵਰਗ. ਦੇਵਲੋਕ.

ਤ੍ਰਿਪਿਟਕ: ਸੰਗਯਾ- ਬੌੱਧਧਰਮ ਦਾ ਪ੍ਰਧਾਨ ਗ੍ਰੰਥ, ਜਿਸ ਦੇ ਤਿੰਨ ਪਿਟਕ (ਕਾਂਡ) ਹਨ. ਸੂਤ੍ਰ ਪਿਟਕ, ਵਿਨਯਪਿਟਕ ਅਤੇ

ਅਭਿਧਰਮ ਪਿਟਕ. ਬੁੱਧਧਰਮ ਦੇ ਗ੍ਰੰਥ ਖੁਲ੍ਹੇ ਪਤ੍ਰਿਆਂ ਦੇ ਪਿਟਕ (ਪਿਟਾਰਾਂ) ਵਿੱਚ ਰੱਖੇ ਜਾਂਦੇ ਸਨ. ਤਿੰਨ ਪਿਟਾਰਾਂ ਵਿੱਚ ਜੁਦੇ ਜੁਦੇ ਪ੍ਰਕਰਣ ਰੱਖਣ ਕਾਰਣ ਇਹ ਨਾਮ ਪਿਆ ਹੈ.

ਤ੍ਰਿਪੁਟ: ਸੰਗਜਾ- ਤਿੰਨ ਅਵਰਣ. ਤਿੰਨ ਪੜਦੇ। ੨. ਤਿੰਨ ਗੁਣਾਂ ਦਾ ਪੜਦਾ। ੩. ਤੀਰ। ੪. ਜਿੰਦਾ (ਜੰਦ੍ਰਾ). ਤਾਲਾ.

ਤ੍ਰਿਪੁਟੀ: ਸੰਗਜਾ- ਤਿੰਨ ਵਸਤਾਂ ਦਾ ਸਮੁਦਾਯ. ਜੈਸੇ- ਗ੍ਯਾਤਾ, ਗ੍ਯਾਨ, ਗ੍ਯੇਯ, ਧ੍ਯਾਤਾ, ਧ੍ਯਾਨ, ਧ੍ਯੇਯ, ਦ੍ਰਸ਼੍ਟਾ, ਦ੍ਰਿਸ਼੍ਯ, ਦਰਸ਼ਨ ਆਦਿ. "ਤ੍ਰਿਪੁਟੀ ਬਨੀਰਹਿਤ ਹੈ ਤਦੇ." (ਗੁਪ੍ਰਸੂ)

ਤ੍ਰਿਪੁੰਡ, ਤ੍ਰਿਪੁੰਡ੍ਰ: ਸੰ. त्रिपुण्ड्. ਸੰਗਜਾ- ਗੰਨੇ ਦੀਆਂ ਤਿੰਨ ਪੁੰਡ੍ਰ (ਪੋਰੀਆਂ) ਦੇ ਆਕਾਰ ਦਾ, ਟੇਢੀ ਰੇਖਾ ਦਾ ਤਿਲਕ, ਜਿਸ ਨੂੰ ਸ਼ੈਵ ਲੋਕ ਮੱਥੇ ਪੁਰ ਲਾਉਂਦੇ ਹਨ. ਦੇਖੋ, ਊਰਧ ਪੁੰਡ੍ਰ ਅਤੇ ਆਡਾ ਟੀਕਾ.

ਤ੍ਰਿਪੁਰ: ਸੰ. ਸੰਗਜਾ- ਤਿੰਨ ਨਗਰ. ਤਿੰਨ ਸ਼ਹਿਰ। ੨. ਮਹਾਭਾਰਤ ਅਨੁਸਾਰ ਤਾਰਕ ਦੈਤ ਦੇ ਤਿੰਨ ਪੁਤ੍ਰਾਂ (ਤਾਰਕਾਕ੍ਸ਼, ਕਮਲਾਕ੍ਸ਼, ਵਿਦ੍ਯੁਨਮਾਲੀ) ਲਈ ਮਯ ਦਾਨਵ ਦੀਆਂ ਬਣਾਈਆਂ ਪੁਰੀਆਂ. ਇਨ੍ਹਾਂ ਵਿੱਚੋਂ ਇਕ ਸ੍ਵਰਣ ਦੀ ਸੁਰਗ ਵਿੱਚ, ਦੂਜੀ ਚਾਂਦੀ ਦੀ ਆਕਾਸ਼ ਵਿੱਚ, ਤੀਜੀ ਲੋਹੇ ਦੀ ਪ੍ਰਿਥਿਵੀ ਪੁਰ ਸੀ. ਇਨ੍ਹਾਂ ਪੁਰਾਂ ਦਾ ਵਿਸਤਾਰ ਸੌ ਸੌ ਯੋਜਨ ਸੀ. ਜਦ ਇਨ੍ਹਾਂ ਤੇਹਾਂ ਨਗਰਾਂ ਦੇ ਸ੍ਵਾਮੀ ਦਾਨਵਾਂ ਨੇ ਦੇਵਤੇ ਬਹੁਤ ਦੁਖਾਏ, ਤਦ ਸ਼ਿਵ ਨੇ ਇੱਕ ਤੀਰ ਨਾਲ ਤਿੰਨ ਪੁਰ ਅਤੇ ਤਿੰਨੇ ਭਾਈ ਨਾਸ਼ ਕਰਦਿੱਤੇ. "ਤ੍ਰਿਪੁਰੈਂ ਇਕ ਦੈਤ ਬਢ੍ਯੋ ਤ੍ਰਿਪੁਰੰ." (ਰੁਦ੍ਰਾਵ) ੩. ਵਾਣਾਸੁਰ ਦਾ ਇੱਕ ਨਾਮ.

ਤ੍ਰਿਪੁਰਘ੍ਨ, ਤ੍ਰਿਪੁਰਦਹਨ, ਤ੍ਰਿਪੁਰਾਂਤਕ: ਸੰਗਜਾ- ਤ੍ਰਿਪੁਰ ਦਾ ਅੰਤ ਕਰਨ ਵਾਲਾ ਸ਼ਿਵ. ਦੇਖੋ, ਤ੍ਰਿਪੁਰ.

ਤ੍ਰਿਪੁਰਾਂਤਕ ਅਰਿ: ਸੰਗਜਾ- ਤ੍ਰਿਪੁਰ ਦਾ ਅੰਤ ਕਰਨ ਵਾਲਾ ਸ਼ਿਵ, ਉਸ ਦਾ ਵੈਰੀ ਕਾਮ. (ਸਨਾਮਾ)

ਤ੍ਰਿਪੁਰਾਰਿ: ਸੰਗਜਾ- ਤ੍ਰਿਪੁਰ ਦਾ ਵੈਰੀ ਸ਼ਿਵ. ਦੇਖੋ, ਤ੍ਰਿਪੁਰ.

ਤ੍ਰਿਪੁਰਾਰਿ ਅਰਿ: ਦੇਖੋ, ਤ੍ਰਿਪੁਰਾਂਤਕ ਅਰਿ. (ਸਨਾਮਾ)

ਤ੍ਰਿਪਜ੍ਯਤੇ: ਤ੍ਰਿਪਤ ਹੁੰਦੇ. "ਪੀਵਤ ਸੰਤ ਨ ਤ੍ਰਿਪਜ੍ਯਤੇ." (ਸਹਸ ਮਃ ੫)

ਤ੍ਰਿਫਲ, ਤ੍ਰਿਫਲਾ: ਸੰਗਜਾ- ਤਿੰਨ ਫਲ. ਤਿੰਨ ਫਲਾਂ ਦਾ ਇਕੱਠ- ਹਰੜ, ਬਹੇੜਾ ਅਤੇ ਆਉਲਾ. ਵੈਦ੍ਯਕ ਵਿੱਚ ਇਸ ਦੇ ਗੁਣ ਭੁੱਖ ਵਧਾਉਣਾ, ਲਹੂ ਸਾਫ ਕਰਨਾ, ਨੇਤ੍ਰਾਂ ਦੀ ਜੋਤਿ ਅਧਿਕ ਕਰਨੀ, ਜ੍ਵਰ ਦੂਰ ਕਰਨਾ ਆਦਿ ਲਿਖੇ ਹਨ.

ਤ੍ਰਿੰਬਕ: ਦੇਖੋ, ਤ੍ਰ੍ਯੰਬਕ.

ਤ੍ਰਿਬਰਗ: ਦੇਖੋ, ਤ੍ਰਿਵਰਗ. "ਨਮਸਤੰ ਤ੍ਰਿਬਰਗੇ." (ਜਾਪੁ)

ਤ੍ਰਿਬਲਿ, ਤ੍ਰਿਬਲੀ: ਸੰਗਜਾ- ਤ੍ਰਿਵਲੀ. ਪੇਟ ਤੇ ਪਏ ਹੋਏ ਤਿੰਨ ਵਲ. ਤ੍ਰਿਬਲੀ ਸ਼ਰੀਰ ਦੀ ਸ਼ੋਭਾ ਗਿਣੀਜਾਂਦੀ ਹੈ, ਕਿਉਂਕਿ ਤ੍ਰਿਬਲੀ ਨਾ ਬਹੁਤ ਦੁਬਲੇ ਦੇ ਅਤੇ ਨਾ ਬਹੁਤ ਮੋਟੇ ਦੇ ਹੁੰਦੀ ਹੈ। ੨. ਸੰਗੀਤ ਅਨੁਸਾਰ ਇੱਕ ਚੰਮਮੜ੍ਹਿਆ ਵਾਜਾ, ਜੋ ਇੱਕ ਪ੍ਰਕਾਰ ਦਾ ਲੰਮਾ ਡੌਰੂ ਹੈ। ੩. ਵਿ- ਤਿਹੁਰੀ (ਤਿੰਨ ਗੁਣੀ) ਹੈ ਤਾਕ਼ਤ ਜਿਸ ਵਿੱਚ.

"ਏਕ ਬਲੀ ਕੇ ਜੋਰ ਤੈਂ ਜਗ ਮੇ ਬਚੈ ਨ ਕੋਇ,

ਤੁਵ ਤ੍ਰਿਬਲੀ ਕੋ ਜੋਰ ਤੈਂ ਕੈਸੇ ਬਚਬੋ ਹੋਇ?"

ਇਸ ਥਾਂ ਤ੍ਰਿਬਲੀ ਸ਼ਬਦ ਵਿੱਚ ਸ਼ਲੇਸ਼ ਹੈ.

ਤ੍ਰਿਬਾਧ: ਵਿ- ਤਿੰਨ ਤਾਪ ਵਿਨਾਸ਼ਕ.

ਤ੍ਰਿਬਿਧ: ਵਿ- ਤ੍ਰਿਵਿਧ. ਤਿੰਨ ਪ੍ਰਕਾਰ ਦਾ. ਤਿੰਨ ਤਰਹਿ.

ਤ੍ਰਿਬਿਧਿ: ਦੇਖੋ, ਤ੍ਰਿਬਿਧ.

ਤ੍ਰਿਬਿਧਿਕਰਮ: ਕਾਯਕ ਵਾਚਿਕ ਮਾਨਸਿਕ ਕਰਮ। ੨. ਉੱਤਮ ਮੱਧਮ ਮੰਦ ਕਰਮ. "ਤ੍ਰਿਬਿਧਿ ਕਰਮ ਕਮਾਈਐ." (ਸ੍ਰੀ ਮਃ ੧)

ਤ੍ਰਿਬਿਧਿਜੋਗ: ਉੱਤਮ, ਮਧ੍ਯਮ, ਅਧਮ। ੨. ਸਾਤ੍ਵਿਕ, ਰਾਜਸ, ਤਾਮਸ। ੩. ਹਠਯੋਗ, ਕਰਮਯੋਗ, ਸਹਜਯੋਗ. "ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ." (ਰਾਮ ਅਃ ਮਃ ੧)

ਤ੍ਰਿਬਿਧਿਬੰਧਨ: ਤਿੰਨ ਗੁਣਾਂ ਦੇ ਬੰਧਨ। ੨. ਸੰਚਿਤ, ਪ੍ਰਾਰਬਧ, ਕ੍ਰਿਯਮਾਣ ਕਰਮਾਂ ਦੇ ਬੰਧਨ. "ਤ੍ਰਿਬਿਧਿ ਬੰਧਨ ਤੂਟਹਿ ਗੁਰਸਬਦੀ." (ਮਾਝ ਅਃ ਮਃ ੩)

ਤ੍ਰਿਬਿਧਿਮਨਸਾ, ਤ੍ਰਿਬਿਧਿਮਾਇਆ: ਸਤ ਰਜ ਤਮਰੂਪ ਮਨ ਦੀ ਵ੍ਰਿੱਤੀ ਅਤੇ ਤ੍ਰਿਗੁਣਾਤਮਕ ਮਾਇਆ. "ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ." (ਮਾਝ ਅਃ ਮਃ ੩) ੨. ਦੇਖੋ, ਆਤਮਾ ਤ੍ਰਿਬਿਧਿ.

ਤ੍ਰਿਬਿਧਿਲੋਗ: ਦੇਖੋ, ਤ੍ਰਿਬਿਧਜੋਗ.

ਤ੍ਰਿਬੇਣੀ, ਤ੍ਰਿਬੇਨੀ, ਤ੍ਰਿਬੈਨੀ: ਸੰ. ਤ੍ਰਿਵੇਣੀ. ਸੰਗ੍ਯਾ- ਤਿੰਨ ਪ੍ਰਵਾਹਾਂ ਦਾ ਇਕੱਠ. ਤਿੰਨ ਨਦੀਆਂ ਦਾ ਸੰਗਮ. ਖ਼ਾਸ ਕਰਕੇ ਗੰਗਾ, ਯਮੁਨਾ ਅਤੇ ਸਰਸ੍ਵਤੀ ਦਾ ਸੰਗਮ, ਜੋ ਪ੍ਰਯਾਗ ਵਿੱਚ ਹੈ. "ਤਬ ਹੀ ਜਾਤ ਤ੍ਰਿਬੇਣੀ ਭਏ। ਪੁੰਨਦਾਨ ਦਿਨ ਕਰਤ ਬਿਤਏ." (ਵਿਚਿਤ੍ਰ) ੨. ਬੰਗਾਲ ਦੇ ਹੁਗਲੀ ਜਿਲੇ ਦਾ ਇੱਕ ਗ੍ਰਾਮ ਅਤੇ ਉੱਥੇ ਤਿੰਨ ਨਦੀਆਂ (ਗੰਗਾ, ਯਮੁਨਾ, ਸਰਸ੍ਵਤੀ) ਦਾ ਸੰਗਮ ਹੋਣ ਕਰਕੇ ਹਿੰਦੂਆਂ ਦਾ ਪ੍ਰਸਿੱਧ ਤੀਰਥ। ੩. ਤੀਜੀ ਧਾਰਾ. ਭਾਵ ਸਰਸ੍ਵਤੀ ਨਦੀ. "ਦਾਂਤ ਗੰਗਾ, ਜਮੁਨਾ ਤਨ ਸ੍ਯਾਮ, ਸੁ ਲੋਹੂ ਬਹ੍ਯੋ ਤਿਹ ਮਾਹਿ ਤ੍ਰਿਬੈਨੀ." (ਚੰਡੀ ੧) ੪. ਯੋਗਮਤ ਅਨੁਸਾਰ ਇੜਾ ਪਿੰਗਲਾ ਅਤੇ ਸੁਖ਼ਮਨਾ ਦਾ ਸੰਗਮ. "ਸੰਚਿ ਪਇਆਲਿ ਗਗਨਸਰ ਭਰੈ। ਜਾਇ ਤ੍ਰਿਬੇਣੀ ਮੱਜਨ ਕਰੈ." (ਰਤਨਮਾਲਾ)

ਤ੍ਰਿਭਵਣ: ਸੰ. ਤ੍ਰਿਭੁਵਨ. ਸੰਗ੍ਯਾ- ਤਿੰਨ ਲੋਕ. ਸ੍ਵਰਗ, ਪ੍ਰਿਥਵੀ ਅਤੇ ਪਾਤਾਲ. "ਤ੍ਰਿਭਵਣ ਤਾਰਣਹਾਰ ਸੁਆਮੀ." (ਗਉ ਮਃ ੧) "ਤ੍ਰਿਭਵਣ ਮਹੀਪ." (ਜਾਪੁ) ੨. ਤ੍ਰਿਭੁਵਨਰੂਪ ਕਰਤਾਰ. "ਜਉ ਤ੍ਰਿਭਵਣ ਤਨ ਮਾਹਿ ਸਮਾਵਾ." (ਗਉ ਬਾਵਨ ਕਬੀਰ)

ਤ੍ਰਿਭਵਣਨਾਥ: ਸੰਗ੍ਯਾ- ਕਰਤਾਰ. ਪਾਰਬ੍ਰਹਮ। ੨. ਸ਼ਿਵ, ਮਹਾਦੇਵ. "ਅਨਿਕ ਪਾਤਕ ਹਰਤਾ ਤ੍ਰਿਭਵਣਨਾਥ ਰੀ." (ਧਨਾ ਤ੍ਰਿਲੋਚਨ)

ਤ੍ਰਿਭੁਵਨ: ਦੇਖੋ, ਤ੍ਰਿਭਵਣ.

ਤ੍ਰਿਭਾਵਲੀ: ਸੰਗ੍ਯਾ- ਤਿੰਨ ਭਾਗਾਂ ਦੀ ਸਮਤਾ. ਇੱਕੋ ਜੇਹੇ ਤਿੰਨ ਭਾਗ. ਕੜਾਹਪ੍ਰਸਾਦ ਲਈ ਸਮ ਵਜ਼ਨ ਦਾ ਘੀ ਆਟਾ ਅਤੇ ਖੰਡ. ਦੇਖੋ, ਤਿਹਾਵਲ.

ਤ੍ਰਿਭੁਗਤ: ਵਿ- ਤਿੰਨ ਲੋਕਾਂ ਦਾ ਭੋਕ੍ਤਾ (ਭੋਗਤਾ). ੨. ਤਿੰਨ ਲੋਕਾਂ ਦਾ ਭੋਗਰੂਪ. ਦੇਖੋ, ਭੁਕਤ.

ਤ੍ਰਿਭਵਨ: ਦੇਖੋ, ਤਿਭੂਵਣ.

ਤ੍ਰਿਭੰਗੀ: ਤਿੰਨ ਭੰਗ (ਬਲ) ਹੋਣ ਜਿਸ ਵਿੱਚ ਤਿੰਨ ਥਾਂ ਤੋਂ ਟੇਢਾ. ਇਹ ਖ਼ਾਸ ਕਰਕੇ ਕ੍ਰਿਸ਼ਨ ਜੀ ਦਾ ਵਿਸ਼ੇਸ਼ਣ ਹੈ, ਕਿਉਂਕਿ ਉਹ ਮੁਰਲੀ ਵਜਾਉਣ ਵੇਲੇ ਬਾਂਕੀ ਮੂਰਤਿ ਬਣਾਉਣ ਲਈ ਪੇਟ, ਕਮਰ ਅਤੇ ਗਰਦਨ ਵਿੱਚ ਖ਼ਮ ਪਾਕੇ ਖੜੇ ਹੁੰਦੇ ਸਨ ੨. ਤ੍ਰਿਗੁਣਾਤਮਕ. ਤਿੰਨ ਗੁਣਾਂ ਦੇ ਪੇਚਾਂ ਵਾਲਾ. ਸਤ ਰਜ ਤਮ ਰੂਪ. "ਤ੍ਰਿਭੰਗੀ ਅਨੰਗੇ." (ਜਾਪੁ) ੩. ਤਿੰਨ ਦੇਵ ਰੂਪ ਇੱਕ ਖ਼ਾਸ ਮੂਰਤਿ. ਦੇਖੋ, ਤ੍ਰੈਭੰਗੀ। ੪. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੩੨ ਮਾਤ੍ਰਾ. ਪਹਿਲਾ ਵਿਸ਼੍ਰਾਮ ਦਸ ਪੁਰ, ਦੂਜਾ ਅਤੇ ਤੀਜਾ ਅਠ ਅਠ ਪੁਰ, ਚੌਥਾ ਛੀ ਮਾਤ੍ਰਾ ਪੁਰ. ਹਰੇਕ ਚਰਣ ਵਿੱਚ ਤਿੰਨ ਭੰਗ (ਅਨੁਪ੍ਰਾਸ) ਹੋਣ ਜ਼ਰੂਰੀ ਹਨ, ਜੇ ਤੁਕਾਂਤ ਵਿੱਚ ਚੌਥਾ ਅਨੁਪ੍ਰਾਸ ਭੀ ਹੋਵੇ ਤਦ ਹੋਰ ਭੀ ਸੁੰਦਰਤਾ ਹੈ. ਉਦਾਹਰਣ-

ਖਗਖੰਡ ਬਿਹੰਡੰ, ਖਲਦਲ ਖੰਡੰ,

ਅਤਿਰਣ ਮੰਡੰ, ਬਰਬੰਡੰ,

ਭੁਜਦੰਡ ਅਖੰਡੰ, ਤੇਜ ਪ੍ਰਚੰਡੰ,

ਜੋਤਿ ਅਮੰਡੰ, ਭਾਨੁਪ੍ਰਭੰ,

ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ,

ਕਿਲਵਿਖ ਹਰਣੰ, ਅਸਿ ਸਰਣੰ।

ਜੈ ਜੈ ਜਗਕਾਰਣ, ਸ੍ਰਿਸ੍ਰਿ ਉਬਾਰਣ,

ਮਮ ਪ੍ਰਤਿਪਾਰਣ, ਜੈ ਤੇਗੰ. (ਵਿਚਿਤ੍ਰ)

ਕਵੀਆਂ ਨੇ ਤ੍ਰਿਭੰਗੀ ਦੇ ਅੰਤ ਸਗਣ ਅਤੇ ਯਗਣ ਦਾ ਹੋਣਾ ਬਹੁਤ ਰੋਚਕ ਵਰਣਨ ਕੀਤਾ ਹੈ. ਦੇਖੋ, ਹੇਠ ਲਿਖੇ ਦੋਵੇਂ ਰੂਪ-

(ਅ) ਸਗਣਾਂਤ ਤ੍ਰਿਭੰਗੀ:-

ਅਤਿ ਮੁਦਿਤ ਕਪਾਲੀ, ਕਿਲਕਤ ਕਾਲੀ,

ਅਰਿ ਦਿਸ ਹਾਲੀ, ਚਮਕ ਚਲੀ,

ਬਹੁ ਖਲਭਲਿ ਮਾਚੈ, ਪਲਚਰ ਨਾਚੈ,

ਰਣਛਿਤਿ ਜਾਚੈ, ਰਕਤ ਰਲੀ,

ਡਗਮਗ ਭੂ ਕੰਪੈ, ਰਜ ਨਭ ਝੰਪੈ,

ਰਿਪੁ ਕਰ ਸੰਪੈ, ਰੁਦਿਤ ਖਲੀ,

ਨਿਰਖਤ ਸੁਰ ਲਾਜੈਂ, ਦਿੱਗਜ ਭਾਜੈਂ,

ਜਬ ਦਲ ਸਾਜੈਂ, ਸਿੰਘ ਬਲੀ. (ਸਿੱਖੀਪ੍ਰਭਾਕਰ)

(ੲ) ਯਗਣਾਂਤ ਤ੍ਰਿਭੰਗੀ:-

ਪਿਠ ਕਮਠ ਕੜੱਕੈ, ਬ੍ਰਿਖਭ ਭੜੱਕੈ,

ਭੁਜਗ ਮੜੱਕੈ ਜਿੰਹ ਨੰਗੀ,

ਨਦਿ ਨੱਦ ਉਛੱਲੈਂ, ਉਦਧਿ ਦਹੱਲੈਂ,

ਪੱਬ ਸੁਹੱਲੈਂ, ਬਹੁ ਰੰਗੀ,

ਮਦ ਯੋਗਨਿ ਬੱਢੈ, ਭੈਰਵ ਚੱਢੈ,

ਨਿਜ ਗਨ ਕੱਢੈ, ਸ਼ਿਵ ਭੰਗੀ,

ਰਣ ਦੁੰਦਭਿ ਬੱਜੈਂ, ਰਿਪੁਦਲ ਦੱਝੈਂ,

ਸਿੰਘ ਸੁ ਗੱਜੈਂ, ਜਬ ਜੰਗੀ. (ਸਿੱਖੀਪ੍ਰਭਾਕਰ)

(ਸ) ਜੇ ਚਾਰੇ ਵਿਸ਼੍ਰਾਮ ਅਠ ਅਠ ਮਾਤ੍ਰਾ ਤੇ ਹੋਣ ਤਦ "ਸੁੰਦਰ" ਸੰਗਜਾ ਹੈ.

ਉਦਾਹਰਣ-

ਵੀਰ ਵਿਸਾਲਾ, ਗਹਿ ਅਸਿ ਢਾਲਾ,

ਰੂਪ ਕਰਾਲਾ, ਰਣ ਕੋ ਚਾਲਾ,

ਰਿਪੁ ਮਨ ਹਾਲਾ, ਹਨਐ ਭੀਹਾਲਾ,

ਜਨ ਪੀ ਹਾਲਾ, ਗਿਰ ਦਰਹਾਲਾ. ×××

ਤ੍ਰਿਭੰਗੀ ਦੀਰਘ: ਇਹ ਤ੍ਰਿਭੰਗੀ ਛੰਦ ਦਾ ਕੋਈ ਭੇਦ ਨਹੀਂ ਹੈ, ਕੇਵਲ ਵੀਹ ਤ੍ਰਿਭੰਗੀ ਇੱਕ ਥਾਂ ਲਿਖੇ ਜਾਣ ਕਾਰਣ ਦੀਰਘ (ਲੰਮਾ) ਸਤੋਤ੍ਰ ਹੈ. ਦੇਖੋ, ਅਕਾਲ ਉਸਤਤਿ ਦਾ ਅੰਗ ੨੧੧.[607]

(ਅ) ਕਈ ਕਵੀਆਂ ਨੇ ਗਣਛੰਦ. ਤ੍ਰਿਭੰਗੀ ਨੂੰ "ਦੀਰਘ" ਪਦਵੀ ਦਿੱਤੀ ਹੈ. ਉਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਛੀ ਨਗਣ, ਦੋ ਸਗਣ, ਇੱਕ ਭਗਣ, ਇੱਕ ਮਗਣ ਫੇਰ ਇੱਕ ਸਗਣ, ਅੰਤ ਗੁਰੁ. ਕੁੱਲ ੩੪ ਅੱਖਰ. ।।।, ।।।, ।।।, ।।।, ।।।, ।।।, ।।S, ।।S, S।।, SSS, ।।S, S.

ਉਦਾਹਰਣ-

ਸਦ ਗੁਰੁਮਤਿ ਧਰ ਕਰ ਅਨਮਤਿ ਪਰਹਰ,

ਤਜ ਦੇਵਹੁ ਰੀਤੀ ਦੁਖਦਾਈ ਹੇ ਗੁਰੁਭਾਈ,

ਕਲੁਖ ਰਹਿਤ ਹੁਇ ਜਨਮ ਸਫਲ ਤਬ,

ਜਬ ਮਨ ਮੇ ਬਸ ਹੈ ਸ਼੍ਰੀ ਗੁਰੁ ਆਇ ਅੰਤਹਾਈ. ××

ਤ੍ਰਿਮਾਨ: ਵਿ- ਤ੍ਰਯੀ- ਮਾਨਯ. ਤਿੰਨਾਂ ਕਰਕੇ ਪੂਜਯ. "ਤ੍ਰਿਮਾਨ ਦੇਵ." (ਜਾਪੁ) ਬ੍ਰਹ੍ਮਾ ਵਿਸ਼ਨੁ ਸ਼ਿਵ ਕਰਕੇ ਪੂਜਯ। ੨. ਤਿੰਨ ਕਾਲ ਅਤੇ ਤਿੰਨ ਲੋਕਾਂ ਵਿੱਚ ਮਾਨਯ.

ਤ੍ਰਿਮੁਕਤ: ਵਿ- ਤਿੰਨ ਗੁਣਾਂ ਤੋਂ ਨਿਰਾਲਾ. "ਤ੍ਰਿਮੁਕਤ ਬਿਭੂਤਿ ਹੈਂ." (ਜਾਪੁ)

ਤ੍ਰਿਮੁੰਡ: ਦੇਖੋ, ਤੀਨ ਮੁੰਡ ਅਤੇ ਤ੍ਰਿਸਿਰਾ.

ਤ੍ਰਿਮੂਰਤਿ: ਸੰ. त्रिमूर्त्ति. ਸੰਗਯਾ- ਤਿੰਨ ਰੂਪ. ਵੇਦਾਂ ਅਨੁਸਾਰ ਅਗਨਿ, ਵਾਯੁ ਅਤੇ ਸੂਰਯ। ੨. ਪੁਰਾਣਾਂ ਅਨੁਸਾਰ ਬ੍ਰਹ੍ਮਾ, ਵਿਸ਼ਨੁ ਅਤੇ ਸ਼ਿਵ। ੩. ਬਾਈਬਲ ਅਨੁਸਾਰ ਖ਼ੁਦਾ, ਰੂਹ਼ੁਉਲਕੁ਼ਦਸ ਅਤੇ ਹ਼ਜਰਤ ਈਸਾ।[608] ੪. ਸਿੱਖਮਤ ਅਨੁਸਾਰ ਤ੍ਰਿਗਣਾਤਮਕ ਕਰਤਾਰ.

ਤ੍ਰਿਯ: ਸੰਗਯਾ- ਸ੍ਤ੍ਰੀ. ਔ਼ਰਤ. ਨਾਰੀ.

ਤ੍ਰਿਯਕ: ਦੇਖੋ, ਤਿਰਜਕ, ਤ੍ਰਿਗਦ ਅਤੇ ਤ੍ਰਿਜਕ.

ਤ੍ਰਿਯਾ: ਸ੍ਤ੍ਰੀ. "ਮਾਨ ਕਰਯੋ ਮਨ ਬੀਚ ਤ੍ਰਿਯਾ." (ਕ੍ਰਿਸਨਾਵ)

ਤ੍ਰਿਯਾਪਾਰਥ: ਪਾਰਥ (ਅਰਜਨ) ਦੀ ਇਸਤ੍ਰੀ ਦ੍ਰੋਪਦੀ. (ਸਨਾਮਾ)

---

[607] ਇਨ੍ਹਾਂ ਤ੍ਰਿਭੰਗੀ ਛੰਦਾਂ ਦਾ ਨਿਰਣਾ ਦੇਖੋ, ਕਪਰਦਿਨ ਸ਼ਬਦ ਦੇ ਫੁੱਟਨੋਟ ਵਿੱਚ.

[608] ਦੇਖੋ, ਤ੍ਰਿਕੁਟੀ ਦਾ ਅੰਗ ੪. ਫੁੱਟਨੋਟ ਸਮੇਤ.

ਤ੍ਰਿਯਾਮਾ: ਸੰ. ਸੰਗਯਾ- ਤਿੰਨ ਯਾਮ (ਪਹਰ) ਹੋਣ ਜਿਸ ਦੇ, ਰਾਤ੍ਰਿ. ਰਾਤ ਦਾ ਸੰਝ ਵੇਲਾ ਅਤੇ ਸਵੇਰ ਦਾ ਵੇਲਾ ਕੱਟਕੇ ਅਸਲ ਤਿੰਨ ਪਹਿਰ ਰਹਿਜਾਂਦੇ ਹਨ, ਇਸ ਲਈ ਤ੍ਰਿਯਾਮਾ ਸੰਗਯਾ ਹੈ. ਦੇਖੋ, ਤ੍ਰਿਜਾਮਾ.

ਤ੍ਰਿਯੰਬਕ: ਦੇਖੋ, ਤ੍ਰ੍ਯੰਬਕ.

ਤ੍ਰਿਲੋਹ: ਸੰ. ਤਿੰਨ ਲੋਹ (ਧਾਤਾਂ). ਸੁਇਨਾਂ, ਚਾਂਦੀ ਅਤੇ ਤਾਂਬਾ.

ਤ੍ਰਿਲੋਕ: ਸੰਗਯਾ- ਤਿੰਨ ਲੋਕ. ਸ੍ਵਰਗ ਪ੍ਰਿਥਿਵੀ ਪਾਤਾਲ। ੨. ਉੱਤਮ ਮੱਧਮ ਅਤੇ ਨੀਚ ਲੋਗ। ੩. ਗੋਰੇ, ਕਣਕਵੰਨੇ ਅਤੇ ਕਾਲੇ ਲੋਗ.

ਤ੍ਰਿਲੋਚਨ: ਸੰਗਯਾ- ਤਿੰਨ ਨੇਤ੍ਰਾਂ ਵਾਲਾ, ਸ਼ਿਵ। ੨. ਇੱਕ ਭਗਤ, ਜਿਸ ਦੀ ਬਾਣੀ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਹੈ. ਇਹ ਮਹਾਤਮਾ ਵੈਸ਼੍ਯ ਜਾਤਿ ਦਾ ਬਾਰਸੀ (ਜਿਲਾ ਸ਼ੋਲਾਪੁਰ) ਦਾ ਵਸਨੀਕ ਸੀ. ਇਸ ਦਾ ਜਨਮ ਸੰਮਤ ੧੩੨੫ ਵਿੱਚ ਹੋਇਆ ਸੀ. "ਤ੍ਰਿਲੋਚਨ ਗੁਰੁ ਮਿਲਿ ਭਈ ਸੁਧ." (ਬਸੰ ਅਃ ਮਃ ੫) ਇਸ ਦਾ ਨਾਮ ਤਿਲੋਚਨ ਲਿਖਿਆ ਹੈ. ਦੇਖੋ, ਤਿਲੋਚਨ ੨। ੩. ਵਿਦ੍ਵਾਨ. ਗਯਾਨੀ. ਜਿਸ ਦੇ ਵਿਦ੍ਯਾਰੂਪ ਤੀਜਾ ਨੇਤ੍ਰ ਹੈ.

ਤ੍ਰਿਵਰਗ: ਸੰ. त्रिवर्ग. ਸੰਗਯਾ- ਤਿੰਨ ਦਾ ਸਮੁਦਾਯ। ੨. ਤ੍ਰਿਫਲਾ। ੩. ਤ੍ਰਿਕੁਟਾ। ੪. ਤਿੰਨ ਪਦਾਂ ਵਾਲੀ ਗਾਯਤ੍ਰੀ. ਤ੍ਰਿਪਦਾ।. ੫. ਸਤ ਰਜ ਤਮ। ੬. ਮਨੁ ਦੇ ਲੇਖ ਅਨੁਸਾਰ ਅਰਥ ਧਰਮ ਕਾਮ. "ਨਮਸ੍ਤੰ ਤ੍ਰਿਵਰਗੇ." (ਜਾਪੁ)

ਤ੍ਰਿਵਲੀ: ਦੇਖੋ, ਤ੍ਰਿਬਲੀ.

ਤ੍ਰਿਵਿਸ਼੍ਟਪ: ਸੰਗਯਾ- ਤ੍ਰਿਪਿਸ਼੍ਟਪ. ਸ੍ਵਰਗ. ਬਹਿਸ਼੍ਤ। ੨. ਤਿੱਬਤ ਦੇਸ਼.

ਤ੍ਰਿਵਿਕ੍ਰਮ: ਸੰ. ਸੰਗਯਾ- ਵਾਮਨ ਅਵਤਾਰ, ਜਿਸ ਨੇ ਤਿੰਨ ਕਰਮਾਂ ਨਾਲ ਬ੍ਰਹਮਾਂਡ ਮਿਣ ਲਿਆ ਸੀ। ੨. ਰਿਗਵੇਦ ਵਿੱਚ ਸੂਰਜ ਨੂੰ ਤ੍ਰਿਵਿਕ੍ਰਮ ਲਿਖਿਆ ਹੈ, ਜਿਸ ਨੇ ਸਾਰੀ ਵਿਸ਼੍ਵ ਦੇ ਤਿੰਨ ਕ਼ਦਮ ਕੀਤੇ ਹਨ. ਭਾਵ ਇਹ ਹੈ- ਸੂਰਜ ਦਾ ਉਦਯ ਹੋਣਾ, ਸਿਰ ਉੱਪਰ ਆਉਣਾ ਅਤੇ ਅਸ੍ਤ ਹੋਣਾ। ੩. ਰਾਜਾ ਨਲ ਦੀ ਰਾਣੀ ਦਮਯੰਤੀ ਦੀ ਕਥਾ ਦਾ ਲੇਖਕ ਇੱਕ ਸੰਸਕ੍ਰਿਤ ਦਾ ਕਵੀ.

ਤ੍ਰਿਵਿਧ: ਦੇਖੋ, ਤ੍ਰਿਬਿਧ.

ਤ੍ਰਿਵਿਧ ਸਮੀਰ, ਤ੍ਰਿਵਿਧ ਪਵਨ: ਤਿੰਨ ਪ੍ਰਕਾਰ ਦੀ ਹਵਾ. "ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ." (ਮਾਰੂ ਅਃ ਮਃ ੫) "ਸੀਤਲ ਸੁਗੰਧ ਮੰਦ ਭੂਖਨ ਪ੍ਰਭੰਜਨਿ ਕੋ." (ਸਾਰੁਕਤਾਵਲੀ)

ਤ੍ਰਿਵੇਣੀ: ਦੇਖੋ, ਤ੍ਰਿਬੇਣੀ.

ਤ੍ਰਿਵੇਦੀ: ਸੰਗਯਾ- ਤਿੰਨ ਵੇਦਾਂ ਦਾ ਗਯਾਤਾ. ਰਿਗ, ਯਜੁਰ ਅਤੇ ਸਾਮਵੇਦ ਦਾ ਪੰਡਿਤ। ੨. ਬ੍ਰਾਹਮਣਾਂ ਦੀ ਇੱਕ ਖ਼ਾਸ ਜਾਤਿ, ਜਿਸ ਦਾ ਮੂਲ ਤ੍ਰਿਵੇਦਗਯਾਨ ਹੈ.

ਤ੍ਰਿੜ: ਸੰਗਯਾ- ਤਿੜ੍ਹ. ਖੱਬਲ ਦੀ ਲੰਮੀ ਸ਼ਾਖ. ਦੇਖੋ, ਤ੍ਰਿੜ੍ਹ.

ਤ੍ਰਿੜਕਾ: ਇਹ "ਅਕਵਾ" ਅਥਵਾ "ਸ਼ਸ਼ਿਵਦਨਾ" ਛੰਦ ਦਾ ਰੀ ਨਾਮਾਂਤਰ ਹੈ. ਜਿਵੇਂ "ਤ੍ਰਿਣਕਾ" ਸੰਗਯਾ- ਸ਼ਬਦ ਅਨੁਕਰਣ ਦੇ ਕਾਰਣ ਹੈ, ਤਿਵੇਂ ਹੀ ਇਸ ਨੂੰ ਜਾਣੋ. ਲੱਛਣ- ਪ੍ਰਤਿ ਚਰਣ ਨ, ਯ, ।।।, ।ऽऽ.

ਉਦਾਹਰਣ-

ਤ੍ਰਿੜ ਰਿੜ ਤੀਰੰ। ਬ੍ਰਿੜ ਰਿੜ ਬੀਰੰ।

ਢ੍ਰਿੜ ਰਿੜ ਢੋਲੰ। ਬ੍ਰਿੜ ਰਿੜ ਬੋਲੰ. (ਕਲਕੀ)

ਤ੍ਰੀ: ਦੇਖੋ, ਤ੍ਰਈ। ੨. ਦੇਖੋ, ਤ੍ਰੀਅ.

ਤ੍ਰੀਅ, ਤ੍ਰੀਆ: ਸੰਗਯਾ- ਸ੍ਤ੍ਰੀ. ਔਰਤ। ੨. ਭਾਰਯਾ. ਜੋਰੂ. ਵਹੁਟੀ. "ਤਬ ਇਹ ਤ੍ਰੀਅ ਉਹ ਕੰਤੁ ਕਹਾਵਾ." (ਗਉ ਕਬੀਰ ਬਾਵਨ)

ਤ੍ਰੀਆਲੈ: ਸੰਗਯਾ- ਸ੍ਤ੍ਰੀ- ਆਲਯ. ਜ਼ਨਾਨਖ਼ਾਨਾ. ਅੰਤਹਪੁਰ. "ਪੈਠ ਪੈਠ ਗਏ ਤ੍ਰੀਆਲੈ." (ਪਾਰਸਾਵ)

ਤ੍ਰੀਯ, ਤ੍ਰੀਯਾ: ਦੇਖੋ, ਤ੍ਰੀਅ ਅਤੇ ਤ੍ਰੀਆ.

ਤ੍ਰੁਟ: ਸੰ. त्रुट्. ਧਾ- ਕਤਰਨਾ, ਤੋੜਨਾ, ਸ਼ੰਕਾ ਮਿਟਾਉਣਾ.

ਤ੍ਰੁਟਿ: ਸੰ. ਸੰਗਯਾ- ਤੋਟਾ. ਘਾਟਾ. ਕਮੀ। ੨. ਭੁੱਲ. ਖ਼ਤਾ। ੩. ਬਚਨਭੰਗ. ਵਾਯਦੇ ਖ਼ਿਲਾਫ਼ੀ। ੪. ਸੰਸ਼ਾ. ਸੰਦੇਹ। ੫. ਚਾਰ ਖਣ ਭਰ ਵੇਲਾ। ੬. ਛੋਟੀ ਇਲਾਇਚੀ। ੭. ਤ੍ਰਸਰੇਣੁ.

ਤ੍ਰੇਸਠ, ਤ੍ਰੇਹਠ: ਤ੍ਰਯਃ ਸ਼ਸ੍ਟਿ. ਸੱਠ ਅਤੇ ਤਿੰਨ- ੬੩.

ਤ੍ਰੇਹੁਣ: ਦੇਖੋ, ਤੇਹਣ.

ਤ੍ਰੇਤਾ: ਸੰ. ਸੰਗਯਾ- ਤਿੰਨ ਅਗਨੀਆਂ ਦਾ ਸਮੁਦਾਯ. ਦੇਖੋ, ਤਿੰਨ ਅਗਨੀਆਂ। ੨. ਦੂਜਾ ਯੁਗ. "ਤ੍ਰੇਤੈ ਇਕ ਕਲ ਕੀਨੀ ਦੂਰਿ." (ਰਾਮ ਮਃ ੪) ਪੁਰਾਣਾਂ ਅਨੁਸਾਰ ਤ੍ਰੇਤੇ ਵਿੱਚ ਧਰਮ ਦੇ ਤਿੰਨ ਚਰਣ ਹੁੰਦੇ ਹਨ. ਦੇਖੋ, ਯੁਗ.

ਤ੍ਰੇਤਾਂਤਕ: ਲਿਖਾਰੀ ਨੇ ਭੁੱਲਕੇ ਸ਼ਸਤ੍ਰਨਾਮਮਾਲਾ ਵਿੱਚ "ਤ੍ਰਾਤਾਂਤਕ" ਦੀ ਥਾਂ ਤ੍ਰੇਤਾਂਤਕ ਲਿਖਿਆ ਹੈ. ਦੇਖੋ, ਸਨਾਮਾ ੩੯੫. ਤ੍ਰਾਤ੍ਰਿ- ਅੰਤਕ. ਤ੍ਰਾਤਿ (ਪ੍ਰਿਥਿਵੀ) ਦਾ ਅੰਤ ਕਰਨ ਵਾਲਾ ਜਲ। ੨. ਤ੍ਰੇਤੇ ਯੁਗ ਦਾ ਅੰਤ ਕਰਨ ਵਾਲਾ ਦ੍ਵਾਪਰ.

ਤ੍ਰੈ: ਵਿ- ਤ੍ਰਯ. ਤਿੰਨ. "ਤ੍ਰੈ ਗੁਣ ਭਰਮ ਭੁਲਾਇ." (ਸ੍ਰੀ ਅਃ ਮਃ ੩) "ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ." (ਪ੍ਰਭਾ ਅਃ ਮਃ ੧) ਦੇਖੋ, ਜਲਤਰੰਗ ੨। ੨. ਮਨ ਬਾਣੀ ਅਤੇ ਸ਼ਰੀਰ। ੩. ਮਨ, ਨੇਤ੍ਰ ਅਤੇ ਤੁਚਾ. "ਮਾਈ ਮਾਂਗਤ ਤ੍ਰੈ ਲੋਭਾਵਹਿ." (ਰਾਮ ਅਃ ਮਃ ੧)

ਤ੍ਰੈਅ: ਵਿ- ਤ੍ਰਯ. ਤਿੰਨ.

ਤ੍ਰੈਅਸ: ਦੇਖੋ, ਪੈਅਸ.

ਤ੍ਰੈਸਤ: ਵਿ- ਤਿੰਨ ਅਰ ਸੱਤ, ਦਸ. "ਤ੍ਰੈਸਤ ਅੰਗੁਲ ਵਾਈ ਕਹੀਐ." (ਸਿਧਗੋਸਟਿ) ਯੋਗਮਤ ਅਨੁਸਾਰ ਦਸ਼ ਅੰਗੁਲ ਪ੍ਰਮਾਣੁ ਨਾਸਿਕਾ ਤੋਂ ਬਾਹਰ ਸ੍ਵਾਸ ਦੀ ਗਤਿ ਹੈ। ੨. ਤਿੰਨ ਸ਼ਤ (ਸੌ) ੩੦੦.

ਤ੍ਰੈ ਸੈ ਸਠਿ ਤੀਰਥ: ਕਰਤਾਰ ਦੇ ਸਿਮਰਣ ਵਿੱਚ ਵਿਤਾਏ ਵਰ੍ਹੇ ਦੇ ਤਿੰਨ ਸੌ ਸੱਠ ਦਿਨ. "ਤੀਰਥ ਪਰਸੈ ਤ੍ਰੈਸੈ ਸਠਿ." (ਰਤਨਮਾਲਾ ਬੰਨੋ)

ਤ੍ਰੈਕਾਲਦਰਸੀ: ਦੇਖੋ, ਤ੍ਰਿਕਾਲਦਰਸੀ. "ਕ੍ਰਿਪਾਸਿੰਧੁ ਕਾਲਤ੍ਰੈਦਰਸੀ." (ਹਜਾਰੇ ੧੦)

ਤ੍ਰੈਗੁਣ: ਦੇਖੋ, ਤ੍ਰਿਗੁਣ। ੨. ਮਾਇਆ ਦੇ ਤਿੰਨ ਗੁਣ- ਸਤ ਰਜ ਤਮ. "ਤ੍ਰੈ ਗੁਣ ਸਭ ਤੇਰੇ ਤੂੰ ਆਪੇ ਕਰਤਾ." (ਸੋਰ ਮਃ ੩) ੩. ਸੰ. त्रैगुण्य- ਤ੍ਰੈਗੁਨਯ. ਤਿੰਨ ਗੁਣਾਂ ਦਾ ਭਾਵ. ਤਿੰਨ ਗੁਣਾਂ ਦਾ ਧਰਮ. "ਸਾਮਵੇਦੁ ਰਿਗੁ ਜੁਜਰੁ ਅਥਰਬਣੁ। ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗਣ." (ਮਾਰੂ ਸੋਲਹੇ ਮਃ ੧) "ਤ੍ਰੈਗੁਣ ਬਾਣੀ ਬ੍ਰਹਮ ਜੰਜਾਲਾ." (ਗਉ ਅਃ ਮਃ ੩) ਭਗਵਤ ਗੀਤਾ ਵਿੱਚ ਲਿਖਿਆ ਹੈ-

"त्रैगुण्य विपया वेदा, निस्त्रैगुण्यो भवार्जुन. " (ਅਃ ੨, ਸ਼ ੪੫)

ਤ੍ਰੇਗੁਣਬਾਣੀ: ਦੇਖੋ, ਤ੍ਰੈਗੁਣ.

**ਤ੍ਰੈਗੁਣੀਆ:** ਵਿ- ਤਿੰਨ ਗੁਣਾਂ ਵਾਲਾ.

**ਤ੍ਰੈਗੁਣਜ:** ਦੇਖੋ, ਤ੍ਰੈਗੁਣ ੩.

**ਤ੍ਰੈਗੁਨ:** ਦੇਖੋ, ਤ੍ਰੈਗੁਣ. "ਤ੍ਰੈ ਗੁਨ ਮਾਈ ਮੋਹਿਆਈ, ਕਹੰਉ ਬੇਦਨ ਕਾਹਿ!" (ਮਲਾ ਮਃ ੫)

**ਤ੍ਰੈਣ:** ਸੰਗਯਾ- ਤ੍ਰਿ- ਨਯਨ. ਤ੍ਰਿਨੇਤ੍ਰ ਸ਼ਿਵ। ੨. ਗ੍ਯਾਨੀ, ਜਿਸ ਦੇ ਵਿਦ੍ਯਾਰੂਪ ਤੀਜਾ ਨੇਤ੍ਰ ਹੈ. "ਤੁਮ ਕਹੋ ਜਥਾਮਤਿ ਤ੍ਰੈਣ ਤੰਤ." (ਅਕਾਲ) ਗ੍ਯਾਨੀ ਪੁਰੁਸ਼ਾਂ ਦਾ ਸਿੱਧਾਂਤ ਕਹੋ। ੩. ਵਿ- ਤੇਹਾਂ ਦਾ. ਤੀਨੋਂ ਕਾ.

**ਤ੍ਰੈ ਪੱਖ:** ਦੇਖੋ, ਤਿਹੁਪਖ.

**ਤ੍ਰੈ ਪਤ੍ਰਕ:** ਡਿੰਗ. ਸੰਗਯਾ- ਤਿੰਨ (ਤ੍ਰਯ) ਪੱਤੇ ਹਨ ਜਿਸ ਦੇ, ਪਲਾਸ. ਢੱਕ। ੨. ਬਿੱਲ ਦਾ ਬਿਰਛ.

**ਤ੍ਰੈਪਾਲ:** ਸੰਗਯਾ- ਤਿੰਨ ਲੋਕਾਂ ਦਾ ਪ੍ਰਤਿਪਾਲਕ ਵਾਹਗੁਰੂ। ੨. ਤਿੰਨ ਹਨ ਪਾਲਾਂ (ਤੁਕਾਂ) ਜਿਸ ਦੀਆਂ, ਗਾਯਤ੍ਰੀ. ਤ੍ਰਿਪਦਾ. "ਤ੍ਰੈਪਾਲ ਤਿਹਾਲ ਬਿਚਾਰੰ." (ਵਾਰ ਆਸਾ)

**ਤ੍ਰੈ ਭੂਖਣੀ, ਤ੍ਰੈ ਭੂਛਨੀ:** ਤਿੰਨ ਭੂਸ਼ਣਾਂ ਵਾਲੀ. "ਪ੍ਰਾਤ ਸਮੈ ਤ੍ਰੈ ਭੂਛਨੀ ਪਵਨ ਚਲਤ ਸੁਖਕਾਰ." (ਗੁਰੁਸਿਖ੍ਯਾ ਪ੍ਰਭਾਕਰ) ਸੀਤਲਤਾ, ਸੁਗੰਧ ਅਤੇ ਮੰਦਗਤਿ ਪੌਣ ਦੇ ਤਿੰਨ ਭੂਖਣ ਹਨ. ਦੇਖੋ, ਤ੍ਰਿਵਿਧ ਸਮੀਰ.

**ਤ੍ਰੈਭੰਗੀ:** ਦੇਖੋ, ਤ੍ਰਿਭੰਗੀ। ੨. ਤਿੰਨ ਦੇਵਤਿਆਂ ਦੀ ਮਿਲਾਕੇ ਬਣਾਈ ਹੋਈ ਇੱਕ ਮੂਰਤਿ. ਤ੍ਰਿਮੂਰਤਿ ਦੇਵ. "ਸੇਤਾਂਬਰ ਪੀਤਾਂਬਰ ਕਾਛੇ ਬਾਘੰਬਰ ਕਟਿ ਸਾਜੈ। ਤ੍ਰਯਲੋਚਨ ਦ੍ਰਿਗ ਅਸ਼੍ਟ ਦੁ ਨੇਤਰ ਤ੍ਰੈਭੰਗੀ ਬਪੁ ਛਾਜੈ." (ਸਲੋਹ) ਬ੍ਰਹਮਾ ਦੇ ਚਿੱਟੇ ਵਸਤ੍ਰ, ਵਿਸ਼ਨੁ ਦੇ ਪੀਲੇ, ਸ਼ਿਵ ਦੇ ਸ਼ੇਰ ਦੀ ਖੱਲ. ਸ਼ਿਵ ਦੇ ਤਿੰਨ ਨੇਤ੍ਰ, ਬ੍ਰਹਮਾ ਦੇ ਅੱਠ ਅਤੇ ਵਿਸ਼ਨੁ ਦੇ ਦੋ.

**ਤ੍ਰੈਮੁਦ੍ਰਾ:** ਸੰਗਯਾ- ਖ਼ਾਲਸੇ ਦੇ ਤਿੰਨ ਚਿੰਨ੍ਹ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੇ ਖੰਡੇ ਦਾ ਅਮ੍ਰਿਤ ਛਕਾਉਣ ਸਮੇਂ ਜਿਨ੍ਹਾਂ ਚਿੰਨ੍ਹਾਂ ਦਾ ਰੱਖਣਾ ਖ਼ਾਲਸੇ ਨੂੰ ਜਰੂਰੀ (ਲਾਜ਼ਮੀ) ਦੱਸਿਆ. "ਤ੍ਰੈ ਮੁਦਾ ਕੱਛ ਕੇਸ ਕਿਰਪਾਨੰ." (ਸਲੋਹ) "ਕੱਛ ਕੇਸ ਕਰਦ ਸੁ ਗੁਰੂ ਤੀਨ ਮੁਦ੍ਰਾ ਯਹਿ ਪਾਸ ਤੇ ਨ ਦੂਰ ਕਰੋ ਸਦਾ ਅੰਗ ਸੰਗ ਧਰ." (ਗੁਪ੍ਰਸੂ)

**ਤ੍ਰੈ ਲੋਇਣੀ:** ਤ੍ਰਿਲੋਚਨ ਸ਼ਿਵ। ੨. ਵਿਦ੍ਵਾਨ ਪੰਡਿਤ। ੩. ਤਿੰਨ ਲੋਕਾਂ ਨੂੰ ਨਜਰ ਵਿੱਚ ਰੱਖਣ ਵਾਲੇ ਯਮਗਣ. "ਤ੍ਰੈ ਜਮ ਜੋਹਣ ਲੋਇਣੀ." (ਮਃ ੧. ਬੰਨੋ) ਤ੍ਰੈ ਲੋਇਣੀ ਯਮ ਜੋਹਨ.

**ਤ੍ਰੈਲੋਕ:** ਦੇਖੋ, ਤ੍ਰਿਲੋਕ.

**ਤ੍ਰੈ ਲੋਭਾਵਹਿ:** ਦੇਖੋ, ਤ੍ਰੈ ੩.

**ਤ੍ਰੋਟਕ:** ਸੰ. ਵਿ- ਛੇਦਕ. ਕੱਟਣ ਵਾਲਾ. ਤੋੜਨਵਾਲਾ.

**ਤ੍ਰੋਣ:** ਤੂਣੀਰ. ਭੱਥਾ. ਦੇਖੋ, ਤੂਣਿ. "ਕਸੇ ਸਸਤ੍ਰ ਤ੍ਰੋਣੰ।. ਗੁਰੂ ਜਾਨੁ ਦ੍ਰੋਣੰ." (ਕਲਕੀ)

**ਤ੍ਰੋੜਿ:** ਦੇਖੋ ਤੋੜਨਾ ਅਤੇ ਤ੍ਰੁਟ. "ਠਗਾ ਨੀਹੁਮ ਤ੍ਰੋੜਿ."

**ਤ੍ਰੌਂਕਣਾ:** ਦੇਖੋ, ਤਉਕਣਾ.

**ਤ੍ਰੋਦਸੀ:** ਦੇਖੋ, ਤ੍ਰਯੋਦਸੀ.

**ਤ੍ਰ੍ਯੰਬਕ:** ਦੇਖੋ, ਤ੍ਰਯੰਬਕ.

**ਤ੍ਰਯੰਬਕਾ, ਤ੍ਰ੍ਯੰਬਿਕਾ:** ਸੰ. ञ्यम्बिका. ਸੰਗਯਾ- ਤਿੰਨ ਨੇਤ੍ਰਾਂ ਵਾਲੀ ਦੁਰਗਾ. ਚੰਦ੍ਰਮਾ, ਸੂਰਜ ਅਤੇ ਅਗਨਿ ਇਹ ਤਿੰਨ ਹਨ ਨੇਤ੍ਰ ਜਿਸ ਦੇ.

ਤ੍ਵ: ਸੰ. ਤਵ. ਸਰਵ- ਤੇਰਾ. ਤੇਰੇ. "ਤ੍ਵ ਸਰਬ ਨਾਮ ਕੱਥੈ ਕਵਨ." (ਜਾਪੁ) ੨. त्व. ਵਜ- ਜੁਦਾ. ਭਿੰਨ. ਅਨ੍ਯ। ੩. ਵਿ- ਇੱਕ। ੪. ਤ੍ਵ ਸ਼ਬਦ ਦੂਜੇ ਸ਼ਬਦ ਦੇ ਅੰਤ ਲੱਗ ਕੇ ਧਰਮ ਬੋਧਕ ਹੋਇਆ ਕਰਦਾ ਹੈ, ਜਿਵੇਂ- ਪੁਰੁਸ਼ਤ੍ਵ (ਮਰਦਊ), ਦਾਸਤ੍ਵ (ਦਾਸਪੁਣਾ)

ਤ੍ਵਸ਼੍ਟਾ: ਸੰ. त्वष्टृ- ਤ੍ਵਸ਼ਟ੍ਰਿ. ਸੰਗ੍ਯਾ- ਵਿਸ਼੍ਵਕਰਮਾ. ਦੇਵਤਿਆਂ ਦਾ ਚੀਫ਼ ਇੰਜਿਨੀਅਰ (Chief Engineer). ੨. ਸ਼ਿਵ। ੩. ਤਖਾਣ. ਬਢਈ.

ਤ੍ਵਕ, ਤ੍ਵਗ, ਤ੍ਵਚ, ਤ੍ਵਚਾ: ਸੰ. त्वच्. ਧਾ- ਆਛਾਦਨ ਕਰਨਾ (ਢਕਣਾ), ਲਪੇਟਣਾ। ੨. ਸੰ. त्वक्. ਸੰਗ੍ਯਾ- ਛਿਲਕਾ। ੩. ਖੱਲ. ਚਮੜਾ. ਤੁਚਾ। ੪. ਸਪਰਸ਼ ਦਾ ਅਨੁਭਵ ਕਰਨ ਵਾਲਾ ਗ੍ਯਾਨੇਂਦ੍ਰਿਯ, ਜੋ ਤੁਚਾ ਵਿੱਚ ਵ੍ਯਾਪ੍ਤ ਹੈ.

ਤ੍ਵਦੀਯ: ਸੰ. ਸਰਵ- ਤੁਮ੍ਹਾਰਾ.

ਤ੍ਵ ਪ੍ਰਸਾਦ: ਤੇਰੀ ਕ੍ਰਿਪਾ. ਦੇਖੋ, ਤਵਪ੍ਰਸਾਦ.

ਤ੍ਵ ਪ੍ਰਸਾਦਿ: ਤੇਰੀ ਕ੍ਰਿਪਾ ਸੇ. ਦੇਖੋ, ਤਵ ਪ੍ਰਸਾਦਿ.

ਤ੍ਵਰ: ਸੰ. त्वर्. ਧਾ- ਛੇਤੀ ਕਰਨਾ, ਸ਼ੀਘ੍ਰ ਜਾਣਾ.

ਤ੍ਵਰਣ: ਸੰ. ਸੰਗ੍ਯਾ- ਸ਼ੀਘ੍ਰਤਾ (ਕਾਹਲੀ).

ਤ੍ਵਰਾ: ਸੰ. ਸੰਗ੍ਯਾ- ਸ਼ੀਘ੍ਰਤਾ। ੨. ਕ੍ਰਿ. ਵਿ- ਛੇਤੀ ਨਾਲ.

ਤ੍ਵਰਿਤ: ਸੰ. ਵਿ- ਤੇਜ਼. ਚਾਲਾਕ। ੨. ਕ੍ਰਿ. ਵਿ- ਸੀਘ੍ਰਤਾ ਸੇ. ਛੇਤੀ.

ਤ੍ਵਰਿਤਗਤਿ: ਦੇਖੋ, ਅਮ੍ਰਿਤਗਤਿ ਦਾ ਦੂਜਾ ਰੂਪ.

ਤ੍ਵਾਦ੍ਰਿਸ਼: ਸੰ. त्वादृश. ਵਿ- ਤੇਰੇ ਵਰਗਾ ਦਿਖਾਈ ਦੇਣ ਵਾਲਾ. ਤੇਰੇ ਜੇਹਾ.

ਤ੍ਵਿਸ਼੍: ਧਾ- ਚਮਕਣਾ, ਪ੍ਰਕਾਸ਼ਣਾ। ੨. ਸੰਗ੍ਯਾ- ਪ੍ਰਕਾਸ਼। ੩. ਸ਼ੋਭਾ.

ਤ੍ਵਿਸ਼ਿਤ: ਵਿ- ਚਮਕਦਾ ਹੋਇਆ.

ਤ੍ਵੰ: ਸੰ. ਸਰਵ- ਤੂੰ.

ਥ: ਪੰਜਾਬੀ ਵਰਣਮਾਲਾ ਦਾ ਬਾਈਸਵਾਂ ਅੱਖਰ, ਇਸ ਦਾ ਉੱਚਾਰਣ ਅਸਥਾਨ ਦੰਦ ਹਨ। ੨. ਸੰ. ਸੰਗ੍ਯਾ- ਭੈ. ਡਰ। ੩. ਮੰਗਲ। ੪. ਰਖ੍ਯਾ. ਹਿਫ਼ਾਜ਼ਤ। ੫. ਪਹਾੜ। ੬. ਆਹਾਰ. ਭੋਜਨ.

ਥਉ: ਪ੍ਰਤ੍ਯ. ਸੇ. ਤੋਂ. "ਇੰਦਰ ਜੇਹਾ ਜੋਧਾ ਮੈ ਥਉ ਭੱਜਿਆ." (ਚੰਡੀ ੩) "ਮਨ ਥਉ ਲੇਖਾ ਮੰਗੀਐ." (ਮਃ ੧. ਬੰਨੋ)

ਥਈ: ਸੰਗ੍ਯਾ- ਥਹੀ. ਚਿਣਕੇ ਲਾਇਆ ਹੋਇਆ ਢੇਰ. ਤਹਿ। ੨. ਸੰ. स्थायिन्- ਸ੍ਥਾਈ. ਵਿ- ਇਸਥਿਤ ਹੋਣ ਵਾਲਾ. ਕ਼ਾਇਮ. "ਥਈ ਹਮਾਰੋ ਧਣੀ ਸਦਾ ਛੈ." (ਸਲੋਹ)

ਥਹ: ਸੰਗ੍ਯਾ- ਅਸਥਾਨ ਥਾਂ। ੨. ਥਹੀ. ਤਹੀ.

ਥਹਰਨਾ: ਕ੍ਰਿ- ਥਿੜਕਣਾ. ਕੰਬਣਾ. ਚੰਚਲ ਹੋਣਾ. "ਚਮਕੀ ਘਨੀ ਕ੍ਰਿਪਾਨੈ ਨੰਗੀ। ਥਹਰਤ ਹਾਥਨ ਸ੍ਰੋਣਤ ਰੰਗੀ" (ਗੁਪ੍ਰਸੂ)

ਥਹਿ: ਦੇਖੋ, ਥਹ। ੨. ਤਹਿ.

ਥਹਿਰਨਾ: ਦੇਖੋ, ਥਹਰਨਾ.

ਥਹੁ: ਸੰਗਯਾ- ਭੇਤ। ੨. ਹ਼ਾਲ। ੩. ਖ਼ਿਆਲ। ੪. ਥਾਹ.

ਥਕਣਾ, ਥਕਨਾ: (ਸੰ. स्थग्. ਧਾ- ਢਕਣਾ, ਠਹਿਰਨਾ) ਕ੍ਰਿ- ਸ੍ਥਗਨ. ਢਕਣ ਦੀ ਕ੍ਰਿਯਾ. ਆਛਾਦਨ। ੨. ਹਾਰਣਾ. ਕੰਮ ਕਰਨ ਤੋਂ ਰੁਕ ਜਾਣਾ.

ਥਕਾਉ, ਥਕਾਣ, ਥਕਾਨ, ਥਕਾਵਟ: ਸੰਗਯਾ- ਸ੍ਥਗਨ. ਥੱਕਣ ਦਾ ਭਾਵ.

ਥਕਿ: ਕ੍ਰਿ. ਵਿ- ਥੱਕਕੇ. ਹਾਰਕੇ. "ਥਕਿ ਪਰਿਓ ਪ੍ਰਭੁਦਰਬਾਰ." (ਬਿਲਾ ਅਃ ਮਃ ੫) ਦੇਖੋ, ਥਕਣਾ.

ਥਕਿਤ: ਵਿ- ਸ੍ਥਗਿਤ. ਥੱਕਿਆ ਹੋਇਆ.

ਥਕਿਪਾਹਿ: ਥਕ ਜਾਂਦੇ ਹਨ. "ਲੈਦੇ ਥਕਿਪਾਹਿ." (ਜਪੁ)

ਥਕੇਵਾਂ: ਦੇਖੋ, ਥਕਾਵਟ.

ਥਟ: ਸੰਗਯਾ- ਠਾਟ. ਰਚਨਾ। ੨. ਸ੍ਥਲ. ਥਾਂ.

ਥਟਣ: ਸੰਗਯਾ- ਰਚਣ ਦਾ ਭਾਵ. ਠਾਟ ਕਰਨ ਦੀ ਕ੍ਰਿਯਾ. ਅਸਥਾਪਨ. "ਥਟਣਹਾਰੇ ਥਾਟੁ ਆਪੇ ਹੀ ਥਟਿਆ." (ਵਾਰ ਰਾਮ ੨. ਮਃ ੫)

ਥਟਣਹਾਰਾ, ਥਟਣਹਾਰੁ: ਵਿ- ਸ੍ਥਾਪਨਹਾਰ. ਠਾਟ ਕਰਨ ਵਾਲਾ. ਰਚਣ ਵਾਲਾ। ੨. ਸੰਗਯਾ- ਕਰਤਾਰ.

ਥਟਨ: ਦੇਖੋ, ਥਟਣ.

ਥਟਿਆ: ਰਚਿਆ. ਠਟਿਆ. ਦੇਖੋ, ਥਟਣ.

ਥਟੀ: ਰਚੀ. ਬਣਾਈ। ੨. ਠਹਿਰਾਈ. ਅਸਥਾਪਨ ਕੀਤੀ. "ਜਿਨਿ ਕੀਤੀ ਤਿਨੈ ਥਟੀਐ." (ਵਾਰ ਰਾਮ ੩)

ਥਟੂਆ: ਵਿ- ਠਾਟਣ ਵਾਲਾ. ਰਚਣ ਵਾਲਾ। ੨. ਸੰਗਯਾ- ਸ੍ਵਾਂਗ. ਆਡੰਬਰ. "ਅਨਿਕ ਭਾਂਤ ਥਾਟਹਿ ਕਰਿ ਬਟੂਆ." (ਸਵੈਯੇ ਸ੍ਰੀ ਮੁਖਵਾਕ ਮਃ ੫) "ਭੇਖ ਕਰਹਿ ਖਿੰਥਾ ਬਹੁ ਥਟੂਆ." (ਰਾਮ ਅਃ ਮਃ ੧)

ਥਣ: ਸੰ. ਸ੍ਤਨ. ਸੰਗਯਾ- ਮੰਮਾ. ਕੁਚ. ਪਿਸ੍ਤਾਨ.

ਥਣੀ: ਸ੍ਤਨਾਂ ਕਰਕੇ. ਥਣੋਂ ਸੇ. "ਮੁੰਧ ਨ ਗਰਬੁ ਥਣੀ." (ਸਵਾ ਮਃ ੧) ਦੇਖੋ, ਥਣ। ੨. ਥਣਾਂ ਵਿੱਚ ਸ੍ਤਨੋਂ ਮੇਂ "ਦੁਧਾ ਥਣੀ ਨ ਆਵਈ." (ਸੂਹੀ ਫਰੀਦ)

ਥਥਾ: ਥ ਅੱਖਰ. "ਥਥਾ, ਥਿਰ ਕੋਊ ਨਹੀ." (ਬਾਵਨ) ੨. ਥ ਦਾ ਉੱਚਾਰਣ. ਥਕਾਰ.

ਥਨ: ਦੇਖੋ, ਥਣ. "ਥਨ ਚੋਖਤਾ ਮਾਖਨੁ ਘੂਟਲਾ." (ਗੌਂਡ ਨਾਮਦੇਵ)

ਥਨਾਏ: ਸ੍ਥਾਨਾਂਤਰ ਮੇਂ. "ਥਾਨ ਥਨਾਏ ਸਰਬ ਸਮਾਏ." (ਕਾਨ ਮਃ ੫)

ਥਨੇਸਰ, ਥਨੇਸੁਰ: ਸੰ. ਸ੍ਥਾਣੁ- ਈਸ਼੍ਵਰ. ਸ੍ਥਾਣੇਸ਼੍ਵਰ. ਮਹਾਦੇਵ. ਸ਼ਿਵ ਦਾ ਅਸਥਾਨ ਹੋਣ ਕਰਕੇ ਤੀਰਥ ਅਤੇ ਸ਼ਹਿਰ ਦਾ ਨਾਮ ਥਨੇਸਰ ਹੋਗਿਆ ਹੈ. ਇਹ ਕਰਨਾਲ ਜਿਲੇ ਵਿੱਚ ਹਿੰਦੂਆਂ ਦੇ ਪ੍ਰਸਿੱਧ ਤੀਰਥ ਕੁਰੁਕ੍ਸ਼ੇਤ੍ਰ ਦੇ ਅੰਤਰਗਤ ਹੈ. ਇਸ ਨੂੰ ਸੰਮਤ ੧੦੬੯ ਵਿੱਚ ਮਹ਼ਮੂਦ ਗ਼ਜ਼ਨਵੀ ਨੇ, ਅਤੇ ੧੮੧੨ ਵਿੱਚ ਅਹ਼ਮਦਸ਼ਾਹ ਦੁੱਰਾਨੀ ਨੇ ਖ਼ੂਬ ਲੁੱਟਿਆ. ਸੰਮਤ ੧੮੨੦ ਵਿੱਚ ਸਰਦਾਰ ਭੰਗਾਸਿੰਘ ਨੇ ਥਨੇਸਰ ਆਪਣੀ ਰਾਜਧਾਨੀ ਬਣਾਈ.

ਥਨੇਸਰ ਵਿੱਚ ਇਹ ਗੁਰਦ੍ਵਾਰੇ ਹਨ:-

(੧) ਸ਼ਹਿਰ ਤੋਂ ਦੱਖਣ, ਕੁਰੁਖੇਤ੍ਰ ਤਾਲ ਦੇ ਪਾਸ "ਸਿੱਧਬਟੀ" ਨਾਮਕ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ. ਕੁਰੁਖੇਤ੍ਰ ਗ੍ਰਹਿਣ ਪੁਰ ਇਕੱਠੇ ਹੋਏ ਲੋਕਾਂ ਨੂੰ ਸਤਿਗੁਰੂ ਨੇ ਇੱਥੇ ਸੁਮਤਿ ਦਿੱਤੀ ਹੈ. "ਮਾਸੁ ਮਾਸੁ ਕਰਿ ਮੂਰਖੁ ਝਗੜਹਿ." ਸਲੋਕ ਇਸੇ ਥਾਂ ਉੱਚਾਰਣ ਕੀਤਾ ਹੈ. ਗੁਰਦ੍ਵਾਰੇ ਦੀ ਸੇਵਾ ਭਾਈ ਉਦਯਸਿੰਘ ਕੈਥਲਪਤਿ ਨੇ ਕਰਾਈ ਹੈ. ਪਾਸ ਰਹਿਣ ਦੇ ਮਕਾਨ ਭੀ ਬਣੇ ਹੋਏ ਹਨ. ਰੇਲਵੇ ਸਟੇਸ਼ਨ ਥਨੇਸਰ ਸ਼ਹਿਰ Thanesar city ਤੋਂ ਇੱਕ ਮੀਲ ਦੱਖਣ ਹੈ.

(੨) ਸ਼ਹਿਰ ਦੇ ਨਾਲ ਹੀ ਮਹੱਲਾ ਖ਼ਾਕਰੋਬਾਂ ਦੇ ਪੱਛਮ ਵੱਲ ਸ਼੍ਰੀ ਗੁਰੂ ਅਮਰਦਾਸ ਸਾਹਿਬ ਦਾ ਅਸਥਾਨ ਹੈ. ਗੁਰਦ੍ਵਾਰਾ ਛੋਟਾ ਜੇਹਾ ਬਣਿਆ ਹੋਇਆ ਹੈ. ਕੋਈ ਸੇਵਾਦਾਰ ਨਹੀਂ ਹੈ, ਰੇਲਵੇ ਸਟੇਸ਼ਨ ਥਨੇਸਰ ਸਿਟੀ ਤੋਂ ਅੱਧ ਮੀਲ ਉੱਤਰ ਹੈ. ਗੁਰੂ ਹਰਿਰਾਇ ਸਾਹਿਬ ਭੀ ਇਸੇ ਥਾਂ ਆਕੇ ਵਿਰਾਜੇ ਹਨ.

(੩) ਸਨੇਤ (ਸੇਨਾਯਤ) ਨਾਮਕ ਤਾਲ ਦੇ ਪਾਸ ਹੀ ਪਹੋਏ ਵਾਲੀ ਪੱਕੀ ਸੜਕ ਪਾਸ ਸ਼ਹਿਰ ਤੋਂ ਦੋ ਫਰਲਾਂਗ ਅਗਨਿ ਕੋਣ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ, ਜੋ ਰਹਿਣ ਦੇ ਮਕਾਨਾਂ ਸਹਿਤ ਬਣਿਆ ਹੋਇਆ ਹੈ. ਇਹ ਸੇਵਾ ਸਾਧਸੰਗਤਿ ਵੱਲੋਂ ਸੰਮਤ ੧੯੬੬ ਵਿੱਚ ਹੋਈ ਹੈ. ਗੁਰਦ੍ਵਾਰੇ ਦੀ ਸੇਵਾ ਕਰਨ ਵਾਲੀ ਇੱਕ ਮਾਈ ਨੂੰ ਰਿਆਸਤ ਪਟਿਆਲੇ ਵੱਲੋਂ ਇੱਕ ਮਣ ਆਟਾ ਹਰ ਮਹੀਨੇ ਮਿਲਦਾ ਹੈ.

(੪) ਸ਼ਹਿਰ ਤੋਂ ਵਾਯਵੀ ਕੋਣ ਸ਼ੇਖ਼ਚਿੱਲੀ ਦੇ ਮਕ਼ਬਰੇ ਕੋਲ ਥਾਨਤੀਰਥ ਦੇ ਕੰਢੇ, ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦ੍ਵਾਰਾ ਹੈ. ਇਸ ਨਾਲ ੫੦ ਵਿੱਘੇ ਜ਼ਮੀਨ ਹੈ.

(੫) ਸ਼ਹਿਰ ਤੋਂ ਪੌਣ ਮੀਲ ਨੈਰ੍ਰਿਤੀ, ਕੁਰੁਖੇਤ੍ਰ ਤਾਲ ਦੇ ਵਾਯਵੀ ਕੋਣ, ਖੂੰਜੇ ਤੇ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਮੰਜੀਸਾਹਿਬ ਅਤੇ ਇੱਕ ਰਹਾਇਸ਼ੀ ਮਕਾਨ ਬਣਿਆ ਹੋਇਆ ਹੈ. ਪੱਕਾ ਸੇਵਾਦਾਰ ਕੋਈ ਨਹੀਂ. ਇਹ ਥਾਂ ਕਰਣ ਦੇ ਥੇਹ ਤੋਂ ਅੱਧ ਮੀਲ ਹੈ.[609]

(੬) ਸ਼ਹਿਰ ਦੇ ਮਹ਼ੱਲਾ ਸੌਦਾਗਰਾਂ ਅੰਦਰ ਗੁਰੂ ਗੋਬਿੰਦਸਿੰਘ ਜੀ ਦਾ ਦੂਜਾ ਗੁਰਦ੍ਵਾਰਾ ਹੈ. ਇੱਕ ਮਾਈ ਦਾ ਪ੍ਰੇਮ ਦੇਖਕੇ ਸਤਿਗੁਰੂ ਇੱਥੇ ਪਧਾਰੇ ਹਨ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ਸਿੰਘਪੁਰੀਆਂ ਮਿਸਲ ਦਾ ਅਰਪਨ ਕੀਤਾ ਇੱਕ ਪਿੰਡ "ਖਾਨਪੁਰ" ਜਿਲਾ ਅੰਬਾਲਾ ਦੀ ਤਸੀਲ ਰੋਪੜ ਵਿੱਚ ਹੈ, ਜਿਸ ਦੀ ਆਮਦਨ ਤਿੰਨ ਸੌ ਰੁਪਯਾ ਸਾਲਾਨਾ ਗੁਰਦ੍ਵਾਰੇ ਨੂੰ ਮਿਲਦੀ ਹੈ.

(੭) ਜੋਤੀਸਰ. ਇੱਥੇ ਤੀਜੇ ਅਤੇ ਦਸਵੇਂ ਸਤਿਗੁਰੂ ਜੀ ਨੇ ਚਰਨ ਪਾਏ ਹਨ. ਦੇਖੋ, ਜੋਤੀਸਰ.

**ਥਨੰਤਰ:** ਸੰ. ਸ੍ਥਾਨਾਂਤਰ. ਸੰਗਯਾ- ਕਿਸੇ ਥਾਂ ਦੇ ਅੰਦਰ ਦਾ ਅਸਥਾਨ. "ਥਾਨ ਥਨੰਤਰਿ ਆਪਿ." (ਸ੍ਰੀ ਮਃ ੧)

**ਥਨੰਤਰਿ:** ਸ੍ਥਾਨਾਂਤਰ ਮੇਂ. ਦੇਖੋ, ਥਨੰਤਰ.

**ਥਪਕਣਾ:** ਕ੍ਰਿ- ਕੋਮਲ ਹੱਥ ਨਾਲ ਥਾਪੀ ਦੇਣੀ। ੨. ਹੌਸਲਾ ਵਧਾਉਣ ਦਾ ਵਾਕ ਕਹਿਣਾ.

**ਥਪਣਾ:** ਦੇਖੋ, ਥਾਪਨਾ.

**ਥੱਪੜ:** ਸੰਗਯਾ- ਧੱਫਾ. ਤਮਾਚਾ. ਲਫੇੜਾ. ਇਹ ਸ਼ਬਦ ਦਾ ਅਨੁਕਰਣ ਹੈ.

**ਥਪਯਉ:** ਅਸਥਾਪਨ ਕੀਤਾ. ਥਾਪਿਆ. "ਰਾਮਦਾਸ ਸੋਢੀ ਥਿਰ ਥਪ੍ਯਉ." (ਸਵੈਯੇ ਮਃ ੪. ਕੇ)

**ਥਮ:** ਦੇਖੋ, ਥੰਮ.

**ਥਰ:** ਸੰਗਯਾ- ਸ੍ਥਲ. ਥਾਂ. ਥਲ। ੨. ਤਹਿ. ਪਰਤ। ੩. ਸ਼ੇਰ ਦੀ ਗੁਫਾ. ਸਿੰਘਾਂ ਦਾ ਘੁਰਾ। ੪. ਝੁੰਡ. ਗਰੋਹ. "ਜਹਾਂ

---

[609] ਕਰਣ ਦਾ ਥੇਹ ਇਸ ਲਈ ਆਖੀਦਾ ਹੈ ਕਿ ਇੱਥੇ ਕਰਣ ਅਤੇ ਅਰਜੁਨ ਦਾ ਜੰਗ ਹੋਇਆ ਸੀ ਅਤੇ ਕਰਣ ਇੱਥੇ ਹੀ ਮਾਰਿਆ ਗਿਆ ਸੀ.

ਮ੍ਰਿਗਰਾਜਨ ਕੇ ਥਰ ਧਾਈਅਤ ਹੈਂ." (ਹੰਸਰਾਮ)

ਥਰਹਰ, ਥਰਹਰੀ: ਸੰਗਯਾ- ਕਾਂਬਾ. ਕੰਪ। ੨. ਧੜਕਾ. ਖਟਕਾ. "ਥਰਹਰ ਕੰਪੈ ਬਾਲਾ ਜੀਉ." (ਸੂਹੀ ਕਬੀਰ)

ਥਰਕਣਾ: ਕ੍ਰਿ- ਕੰਬਣਾ. ਡੋਲਣਾ.

ਥਰਥਰ: ਦੇਖੋ, ਥਰਹਰ. "ਥਰਥਰ ਕੰਪੈ ਜੀਅੜਾ." (ਓਅੰਕਾਰ)

ਥਰਥੱਲਾ: ਸੰਗਯਾ- ਸ੍ਥਿਰਾ (ਪ੍ਰਿਥਿਵੀ) ਦਾ ਹਿੱਲਣਾ. ਭੁਚਾਲ। ੨. ਹਲਚਲੀ.

ਥਰਮਾਮੀਟਰ: ਅੰ. Thermometer. ਯੂ. ਥਰਮੋ (ਗਰਮੀ) ਮੀਟਰ (ਮਾਪ). ਸੰਗਯਾ- ਤਾਪਮਾਨ. ਗਰਮੀ ਮਿਣਨ ਦਾ ਇੱਕ ਯੰਤ੍ਰ, ਜੋ ਪਾਰੇ ਤੋਂ ਬਣਾਈਦਾ ਹੈ. ਪਾਰਾ ਗਰਮੀ ਨਾਲ ਫੈਲਦਾ ਅਤੇ ਸਰਦੀ ਨਾਲ ਸੁਕੜਦਾ ਹੈ. ਸਿਫ਼ਰ (zero) ਤੋਂ ਲੈਕੇ ਉਬਲਦੇ ਪਾਣੀ (boiling point) ਦੀ ਗਰਮੀ ਤਕ ਥਰਮਾਮੀਟਰ ਦੇ ਅੰਗ ਲਾਏ ਜਾਂਦੇ ਹਨ. ਦੇਖੋ, ਜਠਰਾਗਨਿ ਅਤੇ ਜਾਪਾਨ ਸ਼ਬਦ ਵਿੱਚ ਇਸ ਦਾ ਨਿਰਣਾ.

ਥਰਮਾਮੀਟਰ ਨਾਲ ਸ਼ਰੀਰ ਦੀ ਅਤੇ ਰੁੱਤ ਦੀ ਗਰਮੀ ਜਾਣੀ ਜਾਂਦੀ ਹੈ. ਗਰਮੀ ਦਾ ਦਰਜਾ (temperature) ਦੱਸਣ ਲਈ ਕਈ ਸ਼ਬਦ ਜੋ ਲਿਖਣ ਜਾਂ ਬੋਲਣ ਵਿੱਚ ਆਉਂਦੇ ਹਨ. ਉਹ ਇਹ ਹਨ-

Maximum. ਵੱਧ ਤੋਂ ਵੱਧ.

Minimum ਘੱਟ ਤੋਂ ਘੱਟ.

Mean. ਦਰਮਿਆਂਨੀ. ਮੁਤਵੱਸਿਤ.

Normal. ਨਿਯਮ ਅਨੁਸਾਰ ਠੀਕ, ਜਿਤਨਾ ਕਿ ਚਾਹੀਏ.

Sub- Normal. ਨਾਰਮਲ ਤੋਂ ਘੱਟ.

ਥਰਾ: ਦੇਖੋ, ਥੜਾ.

ਥਰਿਯਾ: ਪੂਰ. ਸੰਗਯਾ- ਥਾਲੀ. ਸ੍ਥਾਲੀ. "ਥਰਿਯਾ ਦਈ ਉਡਾਇ." (ਚਰਿਤ੍ਰ ੨੨੫)

ਥਰੀ: ਸੰਗਯਾ- ਥੜੀ. ਛੋਟਾ ਚਬੂਤਰਾ. "ਵਕ੍ਰ ਭੀਤਿ ਰਚ ਕੀਨਸ ਥਰੀ." (ਗੁਪ੍ਰਸੂ)

ਥਲ: ਸੰ. ਸ੍ਥਾਲ. ਸੰਗਯਾ- ਅਸਥਾਨ. ਜਗਾ. ਥਾਂ। ੨. ਸੁੱਕੀ ਜ਼ਮੀਨ. ਜਿੱਥੇ ਪਾਣੀ ਨਾ ਹੋਵੇ। ੩. ਡਿੰਗ. ਟਿੱਬਾ- "ਭਾਣੈ ਥਲ ਸਿਰਿ ਸਰੁ ਵਹੈ." (ਸੂਹੀ ਮਃ ੧) ਟਿੱਬੇ ਦੇ ਸਿਰ ਪੁਰ ਸਮੁੰਦਰ ਵਗੇ। ੪. ਸਿੰਧ ਸਾਗਰ ਦੋਆਬ ਦੇ ਅੰਤਰਗਤ ੧੫੦ ਮੀਲ ਲੰਮਾ ਅਤੇ ੫੦ ਮੀਲ ਚੌੜਾ ਇੱਕ ਇਲਾਕਾ.

ਥਲਚਰ: ਸੰਗਯਾ- ਥਲ ਤੇ ਫਿਰਨ ਵਾਲਾ ਜੀਵ. ਭੂਚਰ.

ਥਲਨ: ਦੇਖੋ, ਜਲਨ.

ਥਲਿ: ਸ੍ਥਾਨ ਮੇਂ, ਦੇਖੋ, ਥਾਨਕ। ੨. ਥਲ ਦੇ. "ਤਿਸੁ ਭਾਣਾ ਤਾ ਥਲਿ ਸਿਰਿ ਸਰਿਆ." (ਭੈਰ ਮਃ ੫)

ਥਲੀ: ਸੰਗਯਾ- ਸ੍ਥਲੀ. ਥਾਂ. ਜਗਾ। ੨. ਜਲ ਰਹਿਤ ਭੂਮੀ. ਖ਼ੁਸ਼ਕ ਜ਼ਮੀਨ. "ਥਲੀ ਕਰੈ ਅਸਗਾਹ." (ਵਾਰ ਮਾਝ ਮਃ ੧) ੩. ਡਿੰਗ. ਟਿੱਬੇ ਵਾਲੀ ਜ਼ਮੀਨ. ਟਿੱਬਿਆਂ ਦਾ ਦੇਸ਼. ਮਾਰਵਾੜ ਦਾ ਰੇਤਲਾ ਇਲਾਕਾ.

ਥਲੀਂ: ਥਲਾਂ ਵਿੱਚ. ਦੇਖੋ, ਥਲੀ ੨.

ਥੱਲਾ: ਸੰਗਯਾ- ਤਲ. ਹੇਠਲਾ ਭਾਗ. ਪੇਂਦਾ. ਤਹਿ. ਤਲਾ.

ਥੜਾ: ਸੰਗਯਾ- ਸ੍ਥੰਡਿਲ. ਚੌਤਰਾ. ਚਬੂਤਰਾ.

ਥੜਾਸਾਹਿਬ: ਸੰਗਯਾ- ਉਹ ਥੜਾ (ਚਬੂਤਰਾ), ਜਿਸ ਉੱਪਰ ਸਤਿਗੁਰੂ ਵਿਰਾਜੇ ਹਨ. ਖ਼ਾਸ ਕਰਕੇ ਅਮ੍ਰਿਤ ਸਰੋਵਰ ਦੇ ਕਿਨਾਰੇ ਗੁਰੂ ਕੇ ਬਾਗ ਵੱਲ ਗੁਰੂ ਅਰਜਨ ਦੇਵ ਦੇ ਵਿਰਾਜਣ ਦਾ ਚੌਤਰਾ, ਜਿਸ ਪੁਰ ਬੈਠਕੇ ਹਰਿਮੰਦਿਰ ਦੀ ਰਚਨਾ ਕਰਾਉਂਦੇ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ। ੨. ਅਕਾਲਬੁੰਗੇ ਪਾਸ ਗੁਰੂ ਤੇਗਬਹਾਦੁਰ ਸਾਹਿਬ ਦੇ ਵਿਰਾਜਣ ਦਾ ਅਸਥਾਨ। ੩. ਰਾਮਸਰ ਦੇ ਕਿਨਾਰੇ ਉਹ ਚੌਤਰਾ, ਜਿਸ ਪੁਰ ਬੈਠਕੇ ਗੁਰੂ ਅਰਜਨਦੇਵ ਨੇ ਸੁਖਮਨੀ ਰਚੀ ਹੈ। ੪. ਖਡੂਰ ਸਾਹਿਬ ਉਹ ਥਾਂ, ਜਿੱਥੇ ਗੁਰੂ ਅਮਰਦੇਵ ਜੀ ਨੂੰ ਗੁਰੁਤਾ ਮਿਲੀ। ੫. ਅਮ੍ਰਿਤਸਰ ਗੁਰੂ ਕੇ ਬਾਗ ਵਿੱਚ ਥੜਾ, ਜਿਸ ਪੁਰ ਬੈਠਕੇ ਗੁਰੂ ਅਰਜਨ ਸਾਹਿਬ ਸੰਝ ਸਮੇਂ ਸੰਗਤਿ ਨੂੰ ਉਪਦੇਸ਼ ਦਿੰਦੇ ਸਨ। ੬. ਗੋਇੰਦਵਾਲ ਮੋਹਨ ਜੀ ਦੇ ਚੌਬਾਰੇ ਪਾਸ ਉਹ ਥਾਂ, ਜਿੱਥੇ ਗੁਰੂ ਅਰਜਨਦੇਵ ਨੇ- "ਮੋਹਨ ਤੇਰੇ ਊਚੇ ਮੰਦਰ" ਸ਼ਬਦ ਗਾਇਆ ਸੀ। ੭. ਦੇਖੋ, ਸਖੀ ਸਰਵਰ ੨. ×××

ਥੜੀ: ਸੰਗਯਾ- ਛੋਟਾ ਸ੍ਥੰਡਿਲ. ਚੌਤਰੀ. "ਥੜੀ ਬਨਾਵੋ ਰੁਚਿਰ ਪ੍ਰਕਾਰੇ." (ਗੁਪ੍ਰਸੂ)

ਥੜ੍ਹਾ, ਥੜ੍ਹੀ: ਦੇਖੋ, ਥੜਾ ਅਤੇ ਥੜੀ.

ਥਾ: ਹੈ ਦਾ ਭੂਤਕਾਲ. ਸੀ. "ਹਜ ਕਾਬੇ ਹਉ ਜਾਇ ਥਾ." (ਸ. ਕਬੀਰ)

ਥਾਂ, ਥਾਉ: ਸੰਗਯਾ- ਅਸਥਾਨ. ਜਗਹਿ. ਠਿਕਾਣਾ. "ਸਗਲ ਰੋਗ ਕਾ ਬਿਨਸਿਆ ਥਾਉ." (ਗਉ ਮਃ ੫) ੨. ਸ੍ਥਿਰਾ. ਪ੍ਰਿਥਿਵੀ. "ਚੰਦ ਸੂਰਜ ਦੁਇ ਫਿਰਦੇ ਰਖੀਅਹਿ ਨਿਹਚਲ ਹੋਵੈ ਥਾਉ." (ਵਾਰ ਮਾਝ ਮਃ ੧) ਚੰਦ ਸੂਰਜ ਦੀ ਗਰਦਿਸ਼ ਬੰਦ ਕਰਦੇਈਏ ਅਤੇ ਪ੍ਰਿਥਿਵੀ ਨੂੰ ਅਚਲ ਕਰ ਦੇਈਏ.

ਥਾਉ ਕੁਥਾਉ: ਸੰਗਯਾ- ਯੋਗਯ ਅਯੋਗਯ. ਉਚਿਤ ਅਨੁਚਿਤ. ਇਹ ਥਾਂ ਇਸ ਕੰਮ ਲਈ ਠੀਕ ਹੈ ਅਥਵਾ ਨਹੀਂ, ਇਹ ਗ੍ਯਾਨ. "ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਵਿਕਾਰ." (ਵਾਰ ਸਾਰ ਮਃ ੩)

ਥਾਇ: ਸੰਗਯਾ- ਅਸਥਾਨ. ਜਗਾ. "ਸਾਚਾ ਨਿਰੰਕਾਰ ਨਿਜਥਾਇ." (ਸ੍ਰੀ ਮਃ ੧) ੨. ਕ੍ਰਿ. ਵਿ- ਇਵਜ ਮੇਂ. ਬਦਲੇ ਵਿੱਚ. "ਕੁੰਨੇ ਹੇਠ ਜਲਾਈਐ ਬਾਲਣ ਸੰਦੈ ਥਾਇ." (ਸ. ਫਰੀਦ) ੩. ਥਾਂ ਤੇ. ਥਾਂ ਸਿਰ.

ਥਾਇਪੈਣਾ: ਕ੍ਰਿ. - ਮਨਜ਼ੂਰ ਹੋਣਾ. "ਸਹਜੇ ਗਾਵਿਆ ਥਾਇਪਵੈ." (ਸ੍ਰੀ ਅਃ ਮਃ ੪)

ਥਾਈ: ਅਸਥਾਨਾਂ ਵਿੱਚ ਸ੍ਥਾਨੋ ਮੇਂ. "ਰਵਿਆ ਸ੍ਰਬ ਥਾਈ." (ਬਿਲਾ ਮਃ ੫) ੨. ਸ੍ਥਾਈ. ਵਿ- ਕ਼ਾਇਮ. ਸ੍ਥਿਰ.

ਥਾਹ: ਸੰਗਯਾ- ਨਦੀ ਸਮੁੰਦਰ ਆਦਿ ਦਾ ਥੱਲਾ. ਗਹਿਰਾਈ ਦਾ ਅੰਤ. "ਤਿਚਰੁ ਥਾਹ ਨ ਪਾਵਈ." (ਵਾਰ ਮਾਰੂ ੨. ਮਃ ੫) ੨. ਡੂੰਘਿਆਈ ਦਾ ਪਤਾ। ੩. ਹੱਦ. ਅੰਤ.

ਥਾਕ: ਸਿੰਧੀ. ਬੈਠਣ ਦੀ ਥਾਂ। ੨. ਜ਼ਮੀਨ ਦਾ ਮੁਆ਼ਮਲਾ। ੩. ਦੇਖੋ, ਥਕਣਾ.

ਥਾਕਸਿ: ਥਕਦਾ. ਥਕਦੀ. "ਏਕ ਨ ਥਾਕਸਿ ਮਾਇਆ." (ਸੂਹੀ ਕਬੀਰ) ਦੇਖੋ, ਥਕਣਾ.

ਥਾਕਾ: ਸ੍ਥਗਿਤ ਹੋਇਆ. ਥੱਕਿਆ. "ਥਾਕਾ ਤੇਜੁ ਉਡਿਆ ਮਨ ਪੰਖੀ." (ਸ੍ਰੀ ਬੇਣੀ)

ਥਾਕਿ: ਥੱਕਕੇ.

ਥਾਕੀ: ਥੱਕੀ। ੨. ਸ੍ਥਗਿਤ. ਸ੍ਤੰਭਿਤ. ਅਚਲ. "ਭਯੋ ਪ੍ਰੇਮ ਥਾਕੀ." (ਨਾਪ੍ਰ)

ਥਾਕੇ: ਥੱਕਗਏ. ਹਾਰਗਏ. "ਪੜਿ ਪੜਿ ਪੰਡਿਤ ਮੋਨੀ ਥਾਕੇ." (ਆਸਾ ਛੰਤ ਮਃ ੩)

ਥਾਂਗ: ਮਰਾ. ਸੰਗਯਾ- ਠਿਕਾਣਾ. ਥਾਂ। ੨. ਥਾਹ. ਥੱਲਾ। ੩. ਖੋਜ. ਭਾਲ.

**ਥਾਂਗੀ, ਥਾਂਘੀ:** ਵਿ- ਥਾਂਗ (ਥਾਹ) ਲੈਣ ਵਾਲਾ, ਥਾਹ ਦਾ ਭੇਤੀ. ਦੇਖੋ, ਥਾਂਗ. "ਨਿਗੁਸਾਂਏ ਬਹਿਗਏ ਥਾਂਘੀ ਨਾਹੀ ਕੋਇ." (ਸ. ਕਬੀਰ) ੨. ਫ਼ਾ. تہگیر ਤਹਗੀਰ. ਥੱਲਾ ਫੜਨ ਵਾਲਾ. ਭਾਵ- ਪੈਰ ਜਮਾਕੇ ਠਹਿਰਨ ਵਾਲਾ। ੩. ਥੰਮ੍ਹਣ ਵਾਲਾ. ਦਸ੍ਤਗੀਰ। ੪. ਥਾਂਗ (ਖੋਜ) ਕਰਨ ਵਾਲਾ. ਭੇਤ ਲੈਣ ਵਾਲਾ ਜਾਸੂਸ.

**ਥਾਟ:** ਸੰਗਯਾ- ਠਾਟ. ਬਨਾਵਟ. ਰਚਨਾ। ੨. ਸੰਕਲਪ. ਖ਼ਿਆਲ. "ਮੁਕਤ ਭਏ ਬਿਨਸੇ ਭ੍ਰਮ ਥਾਟ." (ਗਉ ਮਃ ੫) "ਏਕੈ ਹਰਿ ਥਾਟ." (ਕਾਨ ਮਃ ੪. ਪੜਤਾਲ) ਦੇਖੋ, ਅੰ. thought.

**ਥਾਟਨ:** ਸੰਗਯਾ- ਸ੍ਥਾਪਨ. ਠਟਣ ਦਾ ਭਾਵ. ਰਚਣ ਦੀ ਕ੍ਰਿਯਾ। ੨. ਸੰਕਲਪ ਵਿਕਲਪ ਉਠਾਉਣ ਦੀ ਕ੍ਰਿਯਾ. "ਅਨਿਕ ਭਾਤਿ ਥਾਟਹਿ ਕਰਿ ਬਟੂਆ." (ਸਵੈਯੇ ਸ੍ਰੀ ਮੁਖਵਾਕ ਮਃ ੫) "ਬੇਦ ਪੁਰਾਣ ਪੜੈ ਸੁਣਿ ਥਾਟਾ." (ਗਉ ਅਃ ਮਃ ੧) "ਸਚ ਕਾ ਪੰਥਾ ਥਾਟਿਓ." (ਟੋਡੀ ਮਃ ੫) "ਆਪੇ ਸਭ ਬਿਧਿ ਥਾਟੀ." (ਸੋਰ ਮਃ ੫)

**ਥਾਟੁ:** ਦੇਖੋ, ਥਾਟ. "ਜਦਹੁ ਆਪੇ ਥਾਟੁ ਕੀਆ ਬਹਿ ਕਰਤੈ." (ਵਾਰ ਬਿਹਾ ਮਃ ੪)

**ਥਾਣਾ, ਥਾਣੇ:** ਅਸਥਾਨ. ਥਾਂ. ਜਗਾ. ਠਹਿਰਨ ਦਾ ਠਿਕਾਣਾ। ੨. ਪੋਲੀਸ (Police) ਦੇ ਠਹਿਰਨ ਦੀ ਵਡੀ ਚੌਕੀ, ਜਿੱਥੇ ਥਾਣੇਦਾਰ ਰਹਿੰਦਾ ਹੈ.

**ਥਾਤੀ:** ਸੰਗਯਾ- ਪੂੰਜੀ. ਰਾਸਿ. "ਥਾਤੀ ਪਾਈ ਹਰਿ ਕੋ ਨਾਮ." (ਗਉ ਮਃ ੫) ੨. ਜਮਾਕੀਤਾ ਧਨ। ੩. ਥੈਲੀ.

**ਥਾਂਦੇ:** ਇੱਕ ਪਿੰਡ, ਜੋ ਜਿਲਾ ਤਸੀਲ ਅਮ੍ਰਿਤਸਰ ਵਿੱਚ ਹੈ. ਇੱਥੇ "ਚੁਬੱਚਾ ਸਾਹਿਬ" ਸ਼੍ਰੀ ਗੁਰੂ ਅਰਜਨਦੇਵ ਜੀ ਦਾ ਗੁਰਦ੍ਵਾਰਾ ਹੈ.

**ਥਾਨ:** ਸੰਗਯਾ- ਅਸਥਾਨ. ਥਾਂ. "ਥਾਨ ਪਵਿਤ੍ਰਾ ਮਾਨ ਪਵਿਤ੍ਰਾ." (ਸਾਰ ਮਃ ੫) ੨. ਬੁਣੇਹੋਏ ਕੋਰੇ ਵਸਤ੍ਰ ਦਾ ਤਹਿ ਕੀਤਾ ਟੁਕੜਾ.

**ਥਾਨਸਟ:** ਸੰ. ਸ੍ਥਾਨਸ੍ਥ. ਵਿ- ਸ੍ਥਾਨ ਵਿੱਚ ਇਸਥਿਤ। ੨. ਸੰਗਯਾ- ਪੂਜ੍ਯ ਸ੍ਥਾਨ ਦਾ ਪੁਜਾਰੀ. ਮਹੰਤ. "ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ." (ਧਨਾ ਮਃ ੧) ੩. ਇਸ਼੍ਟ- ਸ੍ਥਾਨ. ਧਰਮ- ਸ੍ਥਾਨ.

**ਥਾਨਕ:** ਸੰ. ਸ੍ਥਾਨਕ. ਸੰਗਯਾ- ਅਸਥਾਨ. ਜਗਹਿ। ੨. ਨਗਰ. ਆਬਾਦੀ। ੩. ਡਿੰਗ. ਘਰ. ਗ੍ਰਿਹ. "ਥੋੜੈ ਥਲਿ ਥਾਨਕ ਆਰੰਭੈ." (ਗਉ ਕਬੀਰ ਬਾਵਨ)

**ਥਾਨਤੀਰਥ:** ਸੰਗਯਾ- ਤੀਰਥਸ੍ਥਾਨ. ਪਵਿਤ੍ਰ ਅਸਥਾਨ। ੨. ਸੰ. स्थाणु तीर्थ- ਸ੍ਥਾਣੁ ਤੀਰਥ. ਕੁਰੁਕ੍ਸ਼ੇਤ੍ਰ ਵਿੱਚ ਸ਼ਿਵ ਦਾ ਪਵਿਤ੍ਰ ਅਸਥਾਨ. ਦੇਖੋ, ਥਨੇਸਰ. "ਗੁਰਗਿਆਨ ਸਾਚਾ ਥਾਨਤੀਰਥ." (ਧਨਾ ਛੰਤ ਮਃ ੧) ਸਤਿਗੁਰੂ ਦਾ ਗ੍ਯਾਨ ਸੱਚਾ ਸ੍ਥਾਣੁਤੀਥੰ ਹੈ.

**ਥਾਨਭਰਿਸਟ, ਥਾਨਭ੍ਰਸਟੁ, ਥਾਨਭ੍ਰਿਸਟ:** ਸੰ. ਸ੍ਥਾਨਭ੍ਰਸ਼੍ਟ. ਵਿ- ਥਾਂ ਤੋਂ ਡਿਗਿਆ ਹੋਇਆ. ਪਦਵੀ ਤੋਂ ਪਤਿਤ. "ਸੰਤ ਕੈ ਦੂਖਨਿ ਥਾਨਭ੍ਰਸਟੁ ਹੋਇ." (ਸੁਖਮਨੀ) "ਸਾਕਤ ਥਾਨਭਰਿਸਟ ਫਿਰਾਹੀ." (ਗਉ ਅਃ ਮਃ ੫)

**ਥਾਨਾ:** ਦੇਖੋ, ਥਾਣਾ.

**ਥਾਨਾਨਾ:** ਸੰ. स्थानिन्. ਵਿ- ਥਾਂ ਵਾਲਾ. ਨਿਵਾਸ ਕਰਤਾ. "ਜੋ ਜਨ ਗਾਇ ਧਿਆਇ ਜਸ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾ." (ਗਉ ਕਬੀਰ)

**ਥਾਨਿ:** ਠਿਕਾਣੇ ਤੇ. ਥਾਂ ਸਿਰ "ਨਿਥਾਵੇ ਕਉ ਤੁਮ ਥਾਨਿ ਬੈਠਾਵਹੁ." (ਭੈਰ ਮਃ ੫)

**ਥਾਨਿਹਾ:** ਸੰਗਯਾ- ਠਿਕਾਣਾ. ਮੂਲਅਸਥਾਨ. "ਪਾਇਓ ਪੇਡ ਥਾਨਿਹਾ." (ਆਸਾ ਮਃ ੫) ੨. ਨਿਹਾਦਨ ਥਾਂ. ਠਹਿਰਣ ਦਾ ਥਾਂ. ਦੇਖੋ, ਥਾਂ ਅਤੇ ਨਿਹਾਦਨ.

ਥਾਨੀ: ਵਿ- ਸ੍ਥਾਨੀ. ਜਗਾ ਦਾ ਮਾਲਿਕ। ੨. ਸ੍ਥਾਨ ਪੁਰ ਰਹਿਣ ਵਾਲਾ.

ਥਾਨੇ: ਸਰਵ- ਥਾਰੇ. ਥੁਆਡੇ. ਦੇਖੋ, ਲਾਰ.

ਥਾਨੇਸਰ: ਦੇਖੋ, ਥਨੇਸਰ.

ਥਾਨੇਦਾਰ: ਸੰਗਯਾ- ਥਾਨੇ ਦਾ ਮੁੱਖ ਅਧਿਕਾਰੀ. ਪੁਲਿਸ ਦਾ ਕਰਮਚਾਰੀ. ਦੇਖੋ, ਥਾਣਾ ੨.

ਥਾਨੰਤਰ: ਸੰ. ਸ੍ਥਾਨਾਂਤਰ. ਸੰਗਯਾ- ਦੂਸਰਾ ਅਸਥਾਨ.

ਥਾਨੰਤਰਿ: ਸ੍ਥਾਨਾਂਤਰ ਮੇਂ. ਦੂਸਰੇ ਸ੍ਥਾਨ ਵਿੱਚ.

ਥਾਨਿਜ: ਸੰਗਯਾ- ਸਥਾਨ. ਜਗਹਿ। ੨. ਸਥਾਨੋਂ ਮੇਂ. ਥਾਵਾਂ ਵਿੱਚ. "ਭਗਵਾਨ ਰਮਣੰ ਸਰਬਤ੍ਰ ਥਾਨਿਜੰ." (ਸਹਸ ਮਃ ੫)

ਥਾਪ: ਦੇਖੋ, ਥਾਪਨ। ੨. ਸੰਗਯਾ- ਤਬਲੇ ਅਥਵਾ ਮ੍ਰਿਦੰਗ ਪੁਰ ਪੂਰੇ ਹੱਥ ਦਾ ਪ੍ਰਹਾਰ. ਥਪਕੀ. "ਲਗਤ ਢੋਲਕ ਥਾਪ ਹੈ." (ਸਲੋਹ) ੩. ਥੱਪੜ. ਤਮਾਚਾ। ੪. ਸ੍ਥਿਤਿ. ਮਰਯਾਦਾ. "ਥਾਪਯੋ ਸਭੈ ਜਿਹ ਥਾਪ." (ਜਾਪੁ) ੫. ਥਾਪੜਨ ਦੀ ਕ੍ਰਿਯਾ. ਪ੍ਯਾਰ ਨਾਲ ਬੱਚੇ ਨੂੰ ਥਪਕੀ ਦੇਣ ਦੀ ਕ੍ਰਿਯਾ. ਦੇਖੋ, ਥਾਪਿ ੨.

ਥਾਪਨ: ਸੰ. ਸ੍ਥਾਪਨ. ਸੰਗਯਾ- ਕ਼ਾਇਮ ਕਰਨ ਦੀ ਕ੍ਰਿਯਾ. ਸ੍ਥਾਪਨ ਦਾ ਭਾਵ. "ਥਾਪਿਆ ਨ ਜਾਇ ਕੀਤਾ ਨ ਹੋਇ." (ਜਪੁ) ੨. ਕਿਸੇ ਅਧਿਕਾਰ (ਪਦਵੀ) ਤੇ ਥਾਪਣ ਦਾ ਕਰਮ. "ਜਲਧਿ ਬਾਂਧਿ ਧ੍ਰੂ ਥਾਪਿਓ ਹੋ." (ਸੋਰ ਨਾਮਦੇਵ)

ਥਾਪਯੈ: ਵਿ- ਸ੍ਥਾਪ੍ਯ. ਸ੍ਥਾਪਨ ਯੋਗ੍ਯ. ਪ੍ਰਤਿਸ਼੍ਠਾ ਲਾਇਕ਼. "ਕਿ ਸਰਬਤ੍ਰ ਥਾਪਯੈ." (ਜਾਪੁ)

ਥਾਪਰ: ਸੰਗਯਾ- ਥੱਪੜ. ਤਮਾਚਾ. "ਥਾਪਰ ਸੋਂ ਸੋਊ ਮਾਰਡਰਯੋ." (ਕ੍ਰਿਸਨਾਵ) ਦੇਖੋ, ਥਾਪੜਨਾ। ੨. ਇੱਕ ਖਤ੍ਰੀ ਗੋਤ, ਜਿਸ ਦੀ ਗਿਣਤੀ ਬੁੰਜਾਹੀਆਂ ਵਿੱਚ ਹੁੰਦੀ ਹੈ.

ਥਾਪੜਨਾ: ਥਪਕੀ (ਥਾਪੀ) ਲਾਉਣੀ. ਦੇਖੋ, ਥਾਪ ੫.

ਥਾਪਿ: ਅਸਥਾਪਨ ਕਰਕੇ. ਥਾਪਕੇ। ੨. ਥਾਪੜਕੇ. ਭਾਵ- ਪ੍ਯਾਰ ਨਾਲ ਪਲੋਸਕੇ. "ਬਾਲਕ ਰਾਖੇ ਅਪਨੇ ਕਰਿ ਥਾਪਿ." (ਬਸੰ ਮਃ ੫)

ਥਾਪਿ ਉਥਾਪਿ: ਸ੍ਥਾਪਨ ਕਰਕੇ ਅਤੇ ਮੇਟਕੇ. "ਤੂ ਦੇਖਹਿ ਥਾਪਿ ਉਥਾਪਿ." (ਸੂਹੀ ਅਃ ਮਃ ੧)

ਥਾਪਿਐ: ਦੇਖੋ, ਥਾਪਯੈ.

ਥਾਪੀ: ਦੇਖੋ, ਥਾਪਨ। ੨. ਸੰਗਯਾ- ਥਪਕੀ. ਪਿਆਰ ਨਾਲ ਪਿੱਠ ਤੇ ਹੱਥ ਮਾਰਨ ਦੀ ਕ੍ਰਿਯਾ. "ਗੁਰ ਥਾਪੀ ਦਿਤੀ ਕੰਡਿ ਜੀਉ." (ਸ੍ਰੀ ਮਃ ੫. ਪੈਪਾਇ) ੩. ਮਿੱਟੀ ਅਤੇ ਚੂਨਾ ਕੁੱਟਣ ਦੀ ਚਪਟੀ ਮੋਗਰੀ.

ਥਾਭ: ਸੰਗਯਾ- ਸ੍ਤੁੰਭ. ਥਮਲਾ. ਸਤੂਨ. "ਬਿਨ ਹੀ ਥਾਭਹ ਮੰਦਿਰ ਥੰਭੈ." (ਗਉ ਕਬੀਰ ਬਾਵਨ)

ਥਾਮ: ਸੰਗਯਾ- ਅਸਥਾਨ. ਥਾਂ. ਜਗਾ। ੨. ਥੰਮ੍ਹਣ (ਸ੍ਤੰਭਨ) ਦਾ ਭਾਵ. ਰੋਕਣ ਦੀ ਕ੍ਰਿਯਾ. "ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ." (ਟੋਡੀ ਮਃ ੫) ਥੰਭੇ ਨਹੀਂ ਜਾਂਦੇ.

ਥਾਮਨਾ: ਕ੍ਰਿ- ਸ੍ਤੰਭਨ. ਠਹਿਰਾਉਣਾ. ਰੋਕਣਾ. ਆਸਰਾ ਦੇਣਾ. "ਜਿਉ ਮੰਦਰ ਕਉ ਥਾਮੈ ਥੰਮਨੁ." (ਸੁਖਮਨੀ)

ਥਾਰ: ਦੇਖੋ, ਥਾਲ. "ਤਤਛਿਨ ਪੂਰਯੋ ਥਾਰ ਪ੍ਰਸਾਦ." (ਗੁਪ੍ਰਸੂ)

ਥਾਰਉ, ਥਾਰਾ: ਸਰਵ- ਤੁਮਾਰਾ. ਤੁਹਾਡਾ.

ਥਾਰੀ: ਸੰਗਯਾ- ਥਾਲੀ। ੨. ਸਰਵ- ਤੁਮਾਰੀ. ਤੁਹਾਡੀ "ਮਨਸਾ ਪੂਰੇ ਥਾਰੀ." (ਮਾਰੂ ਸੋਲਹੇ ਮਃ ੪)

ਥਾਰੇ: ਸਰਵ- ਤੁਮਾਰੇ. ਤੁਹਾਡੇ. "ਬੁਰੇ ਭਲੇ ਹਮ ਥਾਰੇ." (ਸੋਰ ਮਃ ੫)

ਥਾਰੋ: ਸਰਵ- ਤੁਮਾਰਾ. ਤੁਹਾਡਾ.

ਥਾਲ: ਸੰ. ਸ੍ਥਾਲ. ਸੰਗਯਾ- ਪਾਤ੍ਰ. ਬਰਤਨ। ੨. ਚੌੜਾ ਅਤੇ ਚਪੇਤਲਾ ਭਾਂਡਾ. "ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ. ." (ਮੁੰਦਾਵਣੀ ਮਃ ੫) ਇਸ ਥਾਂ ਥਾਲ ਤੋਂ ਭਾਵ ਸ਼੍ਰੀ ਗੁਰੂ ਗ੍ਰੰਥਸਾਹਿਬ ਹੈ। ੩. ਸ੍ਥਲ. ਥਾਂ. ਜਗਾ. "ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ, ਬਨ ਜਲ ਪੂਰਨ ਥਾਲ ਕਾ." (ਮਾਰੂ ਸੋਲਹੇ ਮਃ ੫) ਹੇ ਵਨ ਜਲ ਆਦਿ ਸਥਾਨਾਂ ਦੇ ਪੂਰਨ ਕਰਤਾ.

ਥਾਲੀ: ਸੰਗਯਾ- ਛੋਟਾ ਥਾਲ। ੨. ਸੰ. ਸ੍ਥਾਲੀ. ਵਲਟੋਹੀ. ਦੇਗਚੀ। ੩. ਮਿੱਟੀ ਦੀ ਹਾਂਡੀ.

ਥਾਵ: ਸੰਗਯਾ- ਅਸਥਾਨ. ਥਾਉਂ. "ਅਸੰਖ ਨਾਵ ਅਸੰਖ ਥਾਵ." (ਜਪੁ)

ਥਾਵਹੁ: ਪ੍ਰਤ੍ਯ- ਸੇ. ਤੋਂ. "ਸਭ ਤੁਝਹੀ ਥਾਵਹੁ ਮੰਗਦੇ." (ਧਨਾ ਮਃ ੪) ੨. ਸ੍ਥਾਨ ਤੋਂ. ਸ੍ਥਾਨ ਸੇ. "ਕਿਦੂ ਥਾਵਹੁ ਹਮ ਆਏ?" (ਗਉ ਮਃ ੧)

ਥਾਵਰ: ਸੰ. स्थावर- ਸ੍ਥਾਵਰ. ਵਿ- ਠਹਿਰਨ ਵਾਲਾ. ਅਚਲ. "ਥਾਵਰ ਜੰਗਮ ਕੀਟ ਬਿਧਾਤਾ." (ਨਾਪ੍ਰ) ੨. ਸੰਗਯਾ- ਛਨਿੱਛਰ (ਸ਼ਨੈਸ਼੍ਚਰ) ਗ੍ਰਹ. ਇਸ ਦੀ ਚਾਲ ਬਹੁਤ ਧੀਮੀ ਹੋਣ ਕਰਕੇ ਇਹ ਨਾਮ ਪੈਗਿਆ ਹੈ। ੩. ਛਨਿੱਛਰ ਵਾਰ. "ਥਾਵਰ ਥਿਰੁ ਕਰ ਰਾਖੈ ਸੋਇ." (ਗਉ ਕਬੀਰ ਵਾਰ ੭) ੪. ਪਰਬਤ. ਪਹਾੜ। ੫. ਵ੍ਰਿਕ੍ਸ਼. ਬਿਰਛ.

ਥਾਵਰੀ: ਸੰ. ਸ੍ਥਵਿਰ. ਵਿ- ਬਲਵਾਨ. ਸ਼ਕਤਿਮਾਨ "ਪ੍ਰਭੁ ਮੇਰਾ ਥਿਰ ਥਾਵਰੀ, ਹੋਰ ਆਵੈ ਜਾਵੈ." (ਵਾਰ ਮਾਰੂ ੨. ਮਃ ੫) ੨. ਸਨਮਾਨ ਯੋਗਯ। . ੩. ਦ੍ਰਿੜ੍ਹ. ਮਜਬੂਤ.

ਥਿਓ: ਹੋਇਆ ਭਇਆ. "ਪਛਾਣੂ ਵਿਰਲੋ ਥਿਓ." (ਵਾਰ ਗਊ ੨. ਮਃ ੫) ਦੇਖੋ, ਥਿਅਣੁ.

ਥਿਅਣੁ: ਸਿੰਧੀ. ਕ੍ਰਿ- ਹੋਣਾ. "ਸਚਾ ਸੋ ਥਿਅਈ." (ਵਾਰ ਰਾਮ ੨. ਮਃ ੫)

ਥਿਆਉਣਾ: ਕ੍ਰਿ- ਹੱਥ ਆਉਣਾ. ਲੱਭਣਾ. ਮਿਲਣਾ. ਪ੍ਰਾਪਤ ਹੋਣਾ.

ਥਿਏ: ਹੋਏ. ਭਏ. ਦੇਖੋ, ਥਿਅਣੁ.

ਥਿਗਲੀ: ਸੰ. ਸ੍ਥਗਨ. ਆਛਾਦਨ. ਢਕਣਾ। ੨. ਟਾਕੀ. ਪਾਟੇਹੋਏ ਥਾਂ ਨੂੰ ਢਕਲੈਣ ਵਾਲੀ ਲੀਰ. "ਤਾਗਾ ਕਰਿਕੈ ਲਾਈ ਥਿਗਲੀ." (ਰਾਮ ਮਃ ੫)

ਥਿਤ, ਥਿਤਾ: ਸੰ. ਸ੍ਥਿਤ. ਵਿ- ਕ਼ਾਇਮ. ਅਚਲ. ਠਹਿਰਿਆ ਹੋਇਆ. "ਢੂੰਢ ਵੰਞਾਈ ਥੀਆ ਥਿਤਾ." (ਵਾਰ ਰਾਮ ੨. ਮਃ ੫) ਖੋਜ ਖ਼ਤਮ ਹੋਗਈ, ਮਨ ਠਹਿਰ ਗਿਆ.

ਥਿਤਿ: ਸੰਗਯਾ- ਸ੍ਥਿਤਿ. ਠਹਿਰਾਉ. ਕ਼ਾਇਮੀ. "ਥਿਤਿ ਪਾਈ ਚੂਕੇ ਭ੍ਰਮ ਗਵਨ." (ਸੁਖਮਨੀ) ੨. ਤਿਥਿ ਸ਼ਬਦ ਦਾ ਉਲਟ ਭੀ ਥਿਤਿ ਹੈ. "ਥਿਤਿ ਵਾਰੁ ਨ ਜੋਗੀ ਜਾਣੈ." (ਜਪੁ) ਦੇਖੋ, ਜੋਗੀ ੪.

ਥਿਤੀ: ਤਿਥਿ. ਦੇਖੋ, ਥਿਤਿ ੨. "ਥਿਤੀ ਵਾਰ ਸਭਿ ਸਬਦਿ ਸੁਹਾਏ." (ਬਿਲਾ ਮਃ ੩. ਵਾਰ ੭) ੨. ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਖ਼ਾਸ ਬਾਣੀ ਜੋ ਤਿਥਿ ਪਰਥਾਇ ਹੈ. ਦੇਖੋ, ਰਾਗ ਗਉੜੀ ਅਤੇ ਬਿਲਾਵਲ.

ਥਿਤੀਂ: ਤਿਥਿ ਦਾ ਬਹੁਵਚਨ. ਤਿਥੇਂ. ਤਿਥੀਆਂ. ਦੇਖੋ, ਗਉੜੀ ਵਿੱਚ "ਥਿਤੀਂ ਕਬੀਰ ਜੀ ਕੀਂ."

ਥਿੰਧਾ: ਵਿ- ਥੰਧਾ. ਚਿਕਣਾ। ੨. ਸੰਗਯਾ- ਘੀ। ੩. ਤੇਲ.

ਥਿਧਾਈ: ਸੰਗਯਾ- ਥੰਧਿਆਈ. ਚਿਕਣਾਈ. "ਅਹੰਬੁਧਿ ਮਨਿ ਪੂਰਿ ਥਿਧਾਈ।[610] ਸਾਧਧੂਰਿ ਕਰਿ ਸੁਧ ਮੰਜਾਈ." (ਗਉ ਮਃ ੫)

ਥਿਬਣਾ: ਕ੍ਰਿ- ਥਿੜਕਣਾ. ਕੰਬਣਾ। ੨. ਫਿਸਲਣਾ, ਰਪਟਣਾ.

ਥਿਮਕ: ਅਨੁ. ਸੰਗਯਾ- ਥਿਮ ਥਿਮ ਸ਼ਬਦ. "ਥਿਮਕ ਥਿਮਕ ਬੂੰਦੇ ਜੇ ਪਰਹੀਂ." (ਗੁਪ੍ਰਸੂ) ੨. ਛੱਤ ਦਾ ਚੁਇਣਾ. ਟਪਕਾ.

ਥਿਰ: ਵਿ- ਸ੍ਥਿਰ. ਠਹਿਰਿਆ ਹੋਇਆ. ਕ਼ਾਇਮ. ਅਚਲ. "ਥਿਰ ਥਿਰ ਚਿਤ ਥਿਰਹਾਂ." (ਆਸਾ ਮਃ ੫) ੨. ਦ੍ਰਿੜ੍ਹ. ਮਜਬੂਤ਼। ੩. ਨਿਸ਼ਚਿਤ.

ਥਿਰਕਣਾ, ਥਿਰਕਨਾ: ਕ੍ਰਿ- ਥਿੜਕਣਾ. ਕੰਬਣਾ. ਹੱਲਣਾ. ਖਿਸਕਣਾ.

ਥਿਰਚਿਤ: ਵਿ- ਜਿਸ ਦਾ ਚਿੱਤ ਸ੍ਥਿਰ ਹੈ. ਅਡੋਲ ਮਨ ਵਾਲਾ.

ਥਿਰਤਾ: ਸੰਗਯਾ- ਸ੍ਥਿਰਤਾ. ਸ੍ਥਿਰ ਹੋਣ ਦਾ ਭਾਵ. ਠਹਿਰਾਉ. ਕ਼ਾਇਮੀ. "ਥਿਰਤਾ ਸੀ ਸੰਸਾਰ ਮਾਹਿ ਲਖ." (ਨਾਪ੍ਰ)

ਥਿਰਥਾਨ: ਸੰਗਯਾ- ਸ੍ਥਿਰਸ੍ਥਾਨ. ਅਚਲ ਠਿਕਾਣਾ. ਆਤਮਪਦ. ਗ੍ਯਾਨਪਦਵੀ. ਤੁਰੀਯਪਦ। ੨. ਸਤਸੰਗ.

ਥਿਰਥਾਨਿ: ਆਤਮਪਦ ਵਿੱਚ. ਤੁਰੀਆ ਪਦਵੀ ਵਿੱਚ. "ਘਰੁ ਦਰੁ ਥਾਪਿ ਥਿਰਥਾਨਿ ਸੁਹਾਵੈ." (ਬਿਲਾ ਮਃ ੧. ਥਿਤੀ)

ਥਿਰਥਾਵ: ਦੇਖੋ, ਥਿਰਥਾਨ.

ਥਿਰਥਾਵਰੀ: ਦੇਖੋ, ਥਾਵਰੀ। ੨. ਸ੍ਥਿਰਸ੍ਥਾਨ ਵਾਲਾ.

ਥਿਰਾ: ਵਿ- ਸ੍ਥਿਰ. ਅਚਲ. "ਨਹੀ ਥਿਰਾ ਰਹਾਇ." (ਗਉ ਕਬੀਰ ਬਾਵਨ) ੨. ਸੰਗਯਾ- ਸ੍ਥਿਰਾ. ਪ੍ਰਿਥਿਵੀ. ਦੇਖੋ, ਅਚਲਾ.[611]

ਥਿਰੁ: ਦੇਖੋ, ਥਿਰ. "ਥਿਰੁ ਸੰਤਨ ਸੋਹਾਗੁ." (ਆਸਾ ਛੰਤ ਮਃ ੫)

ਥਿੜਕਨਾ: ਦੇਖੋ, ਥਿਰਕਨਾ.

ਥੀ: ਕ੍ਰਿ- ਹੈ ਸ਼ਬਦ ਦਾ ਭੂਤ ਕਾਲ ਸੀ. ਥਾ। ੨. ਹੋਣ ਦਾ ਭਾਵ. "ਤਿਨ ਹੀ ਜੈਸੀ ਥੀਰਹਾ." (ਓਅੰਕਾਰ) ਹੋਰਹਾਂ "ਜੋ ਗੁਣਵੰਤੀ ਥੀਰਹੈ." (ਵਡ ਮਃ ੧) ੩. ਪ੍ਰਤ੍ਯ- ਸੇ. ਤੋਂ. "ਮਿਥਿਆ ਮੋਹ ਮਗਨ ਥੀ ਰਹਿਆ." (ਸੂਹੀ ਛੰਤ ਮਃ ੫) ੪. ਵਿ- ਸ੍ਥਿਤ. ਕਾਇਮ. "ਮੈ ਜੁਗ ਚਾਰ ਲਗੇ ਨਹਿ ਥੀਹੋਂ." (ਚਰਿਤ੍ਰ ੧੧੨)

ਥੀਉ: ਸਿੰਧੀ. ਥੀਅਣੁ ਕ੍ਰਿਯਾ ਦਾ ਅਮਰ. ਹੋਜਾ. ਬਣ ਜਾ. "ਥੀਉ ਸੰਤਨ ਕੀ ਰੇਣੁ." (ਵਾਰ ਮਾਰੂ ੨. ਮਃ ੫) "ਥੀਉ ਰੇਣੁ ਜਿਨੀ ਪ੍ਰਭੁ ਧਿਆਇਆ." (ਸੂਹੀ ਛੰਤ ਮਃ ੫)

ਥੀਓ: ਹੋਇਆ. ਭਇਆ. ਦੇਖੋ, ਥੀਉ. "ਅਪਿਓ ਪੀਓ ਗਤੁ ਥੀਓ ਭਰਮਾ." (ਜੈਤ ਮਃ ੫)

ਥੀਓਸਿ, ਥੀਓਮ, ਥੀਓਮਿ: ਹੋਗਿਆ. ਭਇਆ. ਦੇਖੋ, ਥੀਓ. "ਹਰਿਓ ਥੀਓਸਿ." (ਵਾਰ ਮਾਰੂ ੨. ਮਃ ੫) "ਅਜੁ ਫਰੀਦੈ

---

[610] ਕਈ "ਸਿਧਾਈ" ਪਾਠ ਲਿਖਦੇ ਹਨ ਅਤੇ ਪੜ੍ਹਦੇ ਹਨ, ਜੋ ਮਹਾ ਅਸ਼ੁੱਧ ਹੈ.

[611] ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਪ੍ਰਿਥਿਵੀ ਅਚਲ ਮੰਨੀ ਹੈ.

ਕੂਜੜਾ ਸੈ ਕੋਹਾ ਥੀਓਮਿ." (ਸ. ਫਰੀਦ) ਸਿੰਧੀ. ਥਿਓਮਿ.

ਥੀਅਣੁ: ਸਿੰਧੀ. ਕ੍ਰਿ- ਹੋਣਾ.

ਥੀਅਨਿ: ਸਿੰਧੀ. ਹੋਣ. ਹੋਵੇਂ.

ਥੀਆ: ਹੋਇਆ. ਭਇਆ. "ਸਭੁ ਨਾਨਕ ਸੁਪਨ ਥੀਆ." (ਸ੍ਰੀ ਮਃ ੫)

ਥੀਆਊ: ਹੋਜਾਵਾਂ. ਹੋਵਾਂ. "ਮੂ ਥੀਆਊ ਸੇਜ." (ਵਾਰ ਮਾਰੂ ੨. ਮਃ ੫)

ਥੀਐ: ਹੋਵੇ. ਬਣੇ.

ਥੀਇ: ਹੋਕੇ. "ਤਿਨ ਜਰੁ ਵੈਰੀ ਨਾਨਕਾ, ਜਿ ਬੁਢੇ ਥੀਇ ਮਰੰਨਿ." (ਵਾਰ ਸੂਹੀ ਮਃ ੧)

ਥੀਈ: ਹੋਵੇਗਾ. "ਲੋਕਾਂ ਨ ਸਲਾਹਿ ਜੋ ਮਰਿ ਖਾਕੁ ਥੀਈ." (ਸੂਹੀ ਅਃ ਮਃ ੩)

ਥੀਏ: ਭਏ. ਹੋਏ. "ਸਾਈ ਥੀਏ ਕ੍ਰਿਪਾਲ." (ਸ੍ਰੀ ਛੰਤ ਮਃ ੫)

ਥੀਸੀ: ਹੋਵੇਗਾ. ਹੋਸੀ. "ਜੋ ਤਉ ਭਾਵੈ ਸੋਈ ਥੀਸੀ." (ਸੋਪੁਰਖੁ)

ਥੀਜੈ: ਹੋਈਜੈ. ਹੋਈਦਾ. "ਬਿਨੁ ਗੁਰੁ ਗਿਆਨ ਤ੍ਰਿਪਤਿ ਨਹੀ ਥੀਜੈ." (ਰਾਮ ਅਃ ਮਃ ੧)

ਥੀਣ, ਥੀਣਾ: ਸਿੰਧੀ. ਹੋਣਾ. ਦੇਖੋ, ਥੀਅਣੁ.

ਥੀਤ: ਵਿ- ਸ੍ਥਿਤ. ਅਚਲ। ੨. ਦੇਖੋ, ਥੀਤਿ.

ਥੀਤਿ: ਸੰਗਯਾ- ਸ੍ਥਿਤਿ. ਠਹਿਰਾਉ. ਵਿਸ਼੍ਰਾਮ. "ਉਤਸਾਹ ਰੀਤਿ ਕਰ ਵਸੇ ਪੁਰ ਥੀਤਿ ਕਰ." (ਗੁਪ੍ਰਸੂ) ੨. ਤਿਥਿ. ਤਾਰੀਖ਼. "ਸਗਲੀ ਥੀਤਿ ਪਾਸਿ ਡਾਰਿਰਾਖੀ." (ਭੈਰ ਮਃ ੫) ਸਾਰੀਆਂ ਤਿਥਾਂ ਕਿਨਾਰੇ ਰੱਖ ਦਿੱਤੀਆਂ.

ਥੀਤੇ: ਸ੍ਥਿਤ ਹੋਏ. ਵਿਰਾਜੇ. "ਗ੍ਰਿਹ ਪ੍ਰਿਯ ਥੀਤੇ ਸਦ ਥਾਏ." (ਦੇਵ ਮਃ ੫)

ਥੀਂਦੋ: ਸਿੰਧੀ. ਹੋਵੇਗਾ। ੨. ਹੋਵੇ। ੩. ਹੁੰਦਾ.

ਥੀਂਧਾ: ਵਿ- ਬੰਧਾ. ਸਨਿਗਧ। ੨. ਸਨੇਹ ਸਹਿਤ. "ਤੇਰੀ ਭਗਤਿ ਕਰੈ ਜਨੁ ਥੀਧਾ." (ਸੋਰ ਕਬੀਰ)

ਥੀਮਨ: ਸੰਗਯਾ- ਅਸ੍ਤਿਤ੍ਵ. ਹੋਂਦ. ਦੇਖੋ, ਥੀਅਣੁ ਅਤੇ ਥੀਵਨ। ੨. ਸੰ. ਸ੍ਥੇਮਨ. ਦ੍ਰਿੜ੍ਹਤਾ। ੩. ਕਾਇਮੀ.

ਥੀਰ: ਵਿ- ਸ੍ਥਿਰ. ਕ਼ਾਇਮ. ਅਚਲ. "ਤਨੁ ਮਨੁ ਸਭੁ ਸੀਤਲੁ, ਪਾਇਆ ਸੁਖੁ ਥੀਰ." (ਬਿਲਾ ਮਃ ੫)

ਥੀਰਾ: ਵਿ- ਸ੍ਥਿਰ ਹੋਇਆ. ਅਚਲ.

ਥੀਵਣ, ਥੀਵਣੁ, ਥੀਵਨ: ਸੰਗਯਾ- ਥੀਅਣੁ. ਅਸ੍ਤਿਤ੍ਵ. ਹੋਂਦ. ਹੋਣ ਦਾ ਭਾਵ. "ਥੀਵਹਿ ਲਾਲਾ ਅਤਿ ਗੁਲਾਲਾ." (ਸੂਹੀ ਛੰਤ ਮਃ ੫) "ਸਦਾ ਥਿਰ ਥੀਵਤੇ." (ਸ੍ਰੀ ਛੰਤ ਮਃ ੫) "ਸਰਸੇ ਪਿਤਾ ਮਾਤ ਥੀਵਿਆ." (ਸ੍ਰੀ ਮਃ ੪. ਪਹਿਰੇ) "ਤਨੁ ਮਨੁ ਥੀਵੈ ਹਰਿਆ." (ਮੁਦਾਵਣੀ ਮਃ ੫) "ਖੁਆਰ ਸਾਕਤ ਨਰ ਥੀਵੇ." (ਬਿਲਾ ਮਃ ੫) "ਬੂੰਦ ਮਾਨ ਸੁਖ ਥੀਵਨ." (ਸਾਰ ਮਃ ੫) "ਵੇਖੇ ! ਛਿਟੜਿ ਥੀਵਦੋ." (ਵਾਰ ਮਾਰੂ ੨. ਮਃ ੫)

ਥੀਵਨਾ: ਕ੍ਰਿ- ਹੋਣਾ. ਦੇਖੋ, ਥੀਅਣੁ. "ਫਿਰ ਨਾਂਗੇ ਨਹੀ ਥੀਵਨਾ." (ਮਾਰੂ ਅਃ ਮਃ ੫)

ਥੁਕ: ਸੰਗਯਾ- ਜੀਭ ਦੀਆਂ ਗਿਲਟੀਆਂ ਵਿੱਚੋਂ ਨਿਕਲਿਆ ਲੇਸਦਾਰ ਰਸ, ਜੋ ਮੂੰਹ ਨੂੰ ਤਰ ਰਖਦਾ ਹੈ ਅਤੇ ਭੋਜਨ ਨਾਲ ਮਿਲਕੇ ਪਾਚਕ (ਚੂਰਣ) ਦਾ ਕੰਮ ਦਿੰਦਾ ਹੈ. ਥੁਕ. ਲਾਰ. Saliva. "ਭਲਕੇ ਥੁਕ ਪਵੈ ਨਿਤ ਦਾੜੀ." (ਵਾਰ ਆਸਾ)

**ਥੁਕਣਾ, ਥੁਕਨਾ:** ਕ੍ਰਿ- ਮੂੰਹ ਵਿੱਚੋਂ ਥੁੱਕ ਕੱਢਕੇ ਸਿੱਟਣਾ. ਥੂਕਨਾ ਸੰ. ਸ਼੍ਠੀਵਨ. ਥੁਤਕਾਰ.

**ਥੁਥਨੀ:** ਸੰਗ੍ਯਾ- ਸੰ. ਪ੍ਰੋਥ. ਘੋੜੇ ਸੂਰ ਆਦਿ ਪਸ਼ੂਆਂ ਦਾ ਲੰਮਾ ਨਿਕਲਿਆ ਹੋਇਆ ਮੂੰਹ.

**ਥੁਰ, ਥੁੜ:** ਸੰਗ੍ਯਾ- ਘਾਟਾ. ਕਮੀ. ਨ੍ਯੂਨਤਾ. "ਧਨ ਕੀ ਥੁਰ ਨਾਹੀ." (ਚਰਿਤ੍ਰ ੨੬੯)

**ਥੁੜੀਦੋ:** ਘਾਟੇ ਵਿੱਚ ਹੁੰਦਾ. ਥੁੜਦਾ. "ਤਿਚਰੁ ਮੂਲਿ ਨ ਥੁੜੀਦੋ." (ਸਵਾ ਮਃ ੫)

**ਥੂ:** ਸੰਗ੍ਯਾ- ਥੁਤਕਾਰ. ਥੁੱਕਣ ਦੀ ਧੁਨਿ। ੨. ਵ੍ਯ- ਧਿੱਕਾਰ. ਲਾਨਤ.

**ਥੂਹਨੀ:** ਸੰਗ੍ਯਾ- ਸਤੂਨ. ਸ੍ਤੰਭ. ਥੂਨੀ. ਸ੍ਥੂਣਾ.

**ਥੂਕ:** ਦੇਖੋ, ਥੁਕ. "ਥੂਕ ਮੁਖਿ ਪਈਆ." (ਗੂਜ ਮਃ ੪) ੨. ਧਿੱਕਾਰ. ਫਿਟਕਾਰ.

**ਥੂਟਿਟਿ:** ਦੇਖੋ, ਥ਼ੂਟਿਟਿ.

**ਥੂਣਾ, ਥੂਣਿ, ਥੂਣੀ, ਥੂਨਿ, ਥੂਨੀ:** ਸੰ. ਸ੍ਥੂਣਾ- ਥੰਮ੍ਹੀ. "ਦੁਚਿਤੇ ਕੀ ਦੁਇ ਥੂਨਿ ਗਿਰਾਨੀ." (ਗਉ ਕਬੀਰ) "ਬਾਝੁ ਥੂਨੀਆ ਛਪਰਾ ਥਾਮਿਆ." (ਆਸਾ ਮਃ ੫) ਸ਼ਰੀਰ ਰੂਪ ਛੱਪਰ ਕਿਸੇ ਦੇ ਆਸਰੇ ਬਿਨਾ ਰੱਖ ਛੱਡਿਆ ਹੈ. ਭਾਵ ਬੇਗਾਨੀ ਆਸ ਤਜਾਗਦਿੱਤੀ ਹੈ। ੨. ਮੁੰਨੀ. ਪਸ਼ੂ ਬੰਨ੍ਹਣ ਦੀ ਗੱਡੀ ਹੋਈ ਲੱਕੜ. "ਥੂਨੀ ਪਾਈ ਥਿਤਿ ਭਈ." (ਸ. ਕਬੀਰ) ਇੱਥੇ ਥੂਨੀ ਤੋਂ ਭਾਵ ਸ਼੍ਰੱਧਾ ਹੈ.

**ਥੂਨੀ ਖਨਨ ਨਜਾਯ:** ਸੰ. ਸ੍ਥੂਣਾ ਨਿਖਨਨ ਨ੍ਯਾਯ. ਦੇਖੋ, ਨ੍ਯਾਯ.

**ਥੂਰਨਾ:** ਕ੍ਰਿ- ਦੱਬਕੇ ਭਰਨਾ. ਅਜਿਹਾ ਭਰਨਾ ਕਿ ਪੋਲ ਨਾ ਰਹੇ. ਠੋਸਣਾ। ੨. ਸੰ. ਥੁਰ੍‍ਵਣ. ਮਾਰਨਾ. ਕੁੱਟਣਾ. ਇਸੇ ਤੋਂ ਪੰਜਾਬੀ ਥੂਰਨਾ ਨੰ ੧. ਦਾ ਅਰਥ ਹੈ. ਕੁੱਟਕੇ ਭਰਨਾ.

**ਥੂਲ:** ਸੰ. ਸ੍ਥੂਲ. ਵਿ- ਮੋਟਾ. ਭਾਰੀ. ਵਿਸ੍ਤਾਰ ਵਾਲਾ. "ਸਿਮਰਹਿ ਥੂਲ ਸੂਖਮ ਸਭਿ ਜੰਤਾ." (ਮਾਰੂ ਸੋਲਹੇ ਮਃ ੫)

**ਥੂਲਤਾ:** ਸੰਗ੍ਯਾ- ਸ੍ਥੂਲਤਾ. ਮੋਟਾਪਨ. ਮੋਟਾਪਾ. "ਹੁਤੀ ਥੂਲਤਾ ਤਨ ਸਭ ਥਾਨਾ." (ਗੁਪ੍ਰਸੂ)

**ਥੂਲਨਾਸ:** ਸ੍ਥੂਲ (ਮੋਟਾ) ਹੈ ਨੱਕ ਜਿਸ ਦਾ, ਸੂਰ.

**ਥੇ:** ਥਾ ਦਾ ਬਹੁਵਚਨ। ੨. ਸ੍ਥਾਨ ਮੇਂ. ਥਾਂ ਵਿੱਚ. "ਹੋਰ ਥੇ ਮਨ ਲਾਉਂਦਾ ਹੈ." (ਜਸਾ) ੩. ਪ੍ਰਤ੍ਯ- ਸੇ. ਤੋਂ. "ਜਨਮ ਮਰਣ ਦੁਹੁ ਥੇ ਰਹਿਓ." (ਸਵੈਯੇ ਸ੍ਰੀ ਮੁਖਵਾਕ ਮਃ ੫) ੪. ਡਿੰਗ. ਸਰਵ- ਤੁਝੇ. ਤੈਨੂੰ. "ਥੇ ਭਾਵੈ ਰਾਖਹੁ ਪ੍ਰੀਤਿ." (ਪ੍ਰਭਾ ਮਃ ੧) "ਕਹੋਂ ਔਰ ਕਾਂ ਨੇ ਹਠੀ ਛਾਡ ਥੇਸੌ." (ਰਾਮਾਵ) ਹੋਰ ਕਿਸ ਨੂੰ ਕਹਾਂ, ਤੇਰੇ ਜੇਹਾ ਹਠੀ ਛੱਡਕੇ.

**ਥੇਂ:** ਪ੍ਰਤ੍ਯ- ਸੇ. ਤੋਂ. "ਏਕ ਥੇਂ ਕੀਏ ਬਿਸਥਾਰੇ." (ਸਵੈਯੇ ਸ੍ਰੀ ਮੁਖਵਾਕ ਮਃ ੫)

**ਥੇਈ:** ਸੰਗ੍ਯਾ- ਠਹਿਰਾਈ ਹੋਇ ਤਿਥਿ. ਸ੍ਥਾਪਨ ਕੀਤਾ ਦਿਨ। ੨. ਦੁੱਧ ਨੂੰ ਘਰ ਵਿੱਚ ਵਰਤ ਲੈਣ ਦਾ ਮੁਕ਼ੱਰਰ ਕੀਤਾ ਦਿਨ. ਇਸ ਦਿਨ ਨਾ ਦੁੱਧ ਜਮਾਇਆ ਜਾਂਦਾ ਹੈ ਨਾ ਦਹੀਂ ਰਿੜਕੀਦਾ ਹੈ.

**ਥੇਸੌ:** ਤੇਰੇ- ਸਦ੍ਰਿਸ਼. ਤੇਰੇ ਜੇਹਾ. ਦੇਖੋ, ਥੇ ੪.

**ਥੇਹ:** ਦੇਖੋ, ਥੇਹੁ.

**ਥੇਹੜੀ:** ਦੇਖੋ, ਥੜੀ। ੨. ਛੋਟਾ ਥੇਹ. ਦੇਖੋ, ਥੇਹੁ। ੩. ਮੁਕਤਸਰ ਤੋਂ ੧੨. ਕੋਹ ਦੱਖਣ ਇੱਕ ਪਿੰਡ. ਦੇਖੋ, ਜੰਡ ਸਾਹਿਬ ੪.

**ਥੇਹੁ:** ਸੰਗ੍ਯਾ- ਉਜੜੇ ਹੋਏ ਪਿੰਡ ਦਾ ਥਾਂ. ਵੈਰਾਨ ਹੋਇਆ ਨਗਰ। ੨. ਨਗਰ. ਪਿੰਡ. ਇਸ ਦਾ ਮੂਲ ਫ਼ਾਰਸੀ ਦੇਹ ਹੈ. "ਉਜੜ ਥੇਹੁ ਵਸਾਇਓ." (ਸ੍ਰੀ ਮਃ ੫. ਪੈਪਾਇ) ਵਿਕਾਰਾਂ ਦਾ ਤਬਾਹ ਕੀਤਾ ਸ਼ਰੀਰ ਨਗਰ, ਸ਼ੁਭਗੁਣਾਂ ਨਾਲ ਆਬਾਦ ਕੀਤਾ ਹੈ.

"ਗੁਰਿ ਸਚੈ ਬਧਾ ਥੇਹੁ." (ਵਾਰ ਸੋਰ ਮਃ ੪) "ਮਾਲੁ ਖਜਾਨਾ ਥੇਹੁ ਘਰੁ." (ਗਉ ਮਃ ੫) ੩. ਅਸਥਾਨ. ਠਿਕਾਣਾ. "ਨਿਹਚਲੁ ਤੁਧ ਥੇਹੁ." (ਵਾਰ ਜੈਤ) ੪. ਸ੍ਥਿਤਿ. ਕ਼ਾਇਮੀ. "ਚਾਰ ਦਿਹਾੜੈ ਥੇਹੁ." (ਭਾਗੁ)

ਥੇਕ: ਸੰਗਜ੍ਞਾ- ਮਿਆਨ. ਨਯਾਮ. "ਗੁਣ ਕੀ ਥੇਕੈ ਵਿਚਿ ਸਮਾਇ." (ਵਾਰ ਰਾਮ ੧. ਮਃ ੧) ੨. ਗੁਥਲੀ. ਥੈਲੀ.

ਥੇਗਰੀ, ਥੇਗਲੀ: ਦੇਖੋ, ਥਿਗਲੀ.

ਥੇਟ: ਸੰਗਜ੍ਞਾ- ਸ੍ਥਿਤ ਹੋਣ ਦਾ ਠਿਕਾਣਾ. ਠਹਿਰਨ ਦੀ ਥਾਂ। ੨. ਸਹੇਟ. ਮੁਲਾਕ਼ਾਤ ਲਈ ਮੁਕ਼ੱਰਰ ਕੀਤੀ ਥਾਂ.

ਥੇਟਾ: ਸੰਗਜ੍ਞਾ- ਮੇਲਾ. ਸੰਗਮ. "ਬਾਨਾਰਸ ਕਰ ਗੰਗਾ ਥੇਟਾ." (ਭਾਗੁ)

ਥੇਵਾ: ਸੰਗਜ੍ਞਾ- ਛਾਪ ਵਿੱਚ ਜੜਿਆ ਹੋਇਆ ਨਗੀਨਾ. "ਥੇਵਾ ਅਚਰਜ ਲਾਇਆ ਰੇ." (ਆਸਾ ਮਃ ੫) ਇੱਥੇ ਥੇਵਾ ਆਤਮਗ੍ਯਾਨ ਹੈ.

ਥੈ: ਸੰਗਜ੍ਞਾ- ਸ੍ਥਾਨ. ਥਾਂ. "ਗੁਰਸੇਵਾ ਤੇ ਸੁਖ ਪਾਈਐ ਹੋਰਥੈ ਸੁਖ ਨ ਭਾਲ." (ਵਾਰ ਬਿਹਾ ਮਃ ੪) ੨. ਕ੍ਰਿ. ਵਿ- ਠਿਕਾਨੇ ਸਿਰ. ਮੌਕੇ ਪੁਰ. "ਆਪੇ ਥੈ ਸਭ ਰਖਿਓਨੁ." (ਆਸਾ ਅਃ ਮਃ ੩) ੩. ਪਾਸ. ਕੋਲ. "ਪੁਕਾਰੇ ਰਾਜੇ ਸੁੰਭ ਥੈ." (ਚੰਡੀ ੩) ੪. ਪ੍ਰਤ੍ਯ- ਸੇ. ਤੋਂ.

ਥੈਂ: ਸਰਵ- ਤੁਝੇ. ਤੈਨੂ. "ਥੈਂ ਭਾਵੈ ਦਰ ਲਹਹਿ ਪਿਰਾਣਿ." (ਮਲਾ ਅਃ ਮਃ ੩) ਤੈਨੂੰ ਭਾਵੇ ਤਾਂ ਪ੍ਰਾਣੀ ਦਰਲਹੈ। ੨. ਪ੍ਰਤ੍ਯ- ਸੇ. ਤੋਂ.

ਥੈਲਾ: ਸੰਗਜ੍ਞਾ- ਗੁਥਲਾ. ਬੋਰਾ.

ਥੈਲੀ: ਸੰਗਜ੍ਞਾ- ਛੋਟਾ ਥੈਲਾ। ੨. ਹਜ਼ਾਰ ਰੁਪਯੇ ਦੀ ਗੁਥਲੀ। ੩. ਢਾਲੇਹੋਏ ਸੁਵਰਣ ਦੀ ਡਲੀ. "ਅਲੰਕਾਰ ਮਿਲਿ ਥੈਲੀ ਹੋਈ ਹੈ ਤਾਤੇ ਕਨਿਕ ਵਖਾਨੀ." (ਧਨਾ ਮਃ ੫) ੪. ਨਕ਼ਦੀ. "ਸੰਚਤ ਸੰਚਤ ਥੈਲੀ ਕੀਨੀ." (ਆਸਾ ਮਃ ੫) ੫. ਮਾਇਆ. ਦੌਲਤ. "ਥੈਲੀ ਸੰਚਹੁ ਸ੍ਰਮ ਕਰਹੁ ਥਾਕਿਪਰਹੁ ਗਾਵਾਰ." (ਬਾਵਨ)

ਥੋ: ਹੈ ਦਾ ਭੂਤ ਕਾਲ. ਸੀ. ਥਾ. ਥੀ.

ਥੋਹਰ: ਸੰਗਜ੍ਞਾ- ਕੰਡੇਦਾਰ ਝਾੜ, ਜਿਸ ਵਿੱਚੋਂ ਦੁੱਧ ਨਿਕਲਦਾ ਹੈ. ਸੇਹੁੰਡ L. Euphorbia Nerrifolia. ਇਸ ਨੂੰ ਖੇਤਾਂ ਦੀ ਵਾੜ ਲਈ ਬਹੁਤ ਲਾਉਂਦੇ ਹਨ. ਇਹ ਅਨੇਕ ਕਿਸਮ ਦਾ ਹੁੰਦਾ ਹੈ, ਪਰ ਸਭ ਤੋਂ ਪ੍ਰਸਿੱਧ ਡੰਡਾਥੋਹਰ ਹੈ.

ਥੋਕ, ਥੋਕੜਾ: ਸੰਗਜ੍ਞਾ- ਵਸਤੁ. ਚੀਜ਼. ਪਦਾਰਥ. "ਸਭੇ ਥੋਕ ਪਰਾਪਤੇ." (ਸ੍ਰੀ ਮਃ ੫) "ਲਭੇ ਹਭੇ ਥੋਕੜੇ." (ਸ੍ਰੀ ਛੰਤ ਮਃ ੪) ੨. ਢੇਰ. ਗੰਜ। ੩. ਰੋਕ. ਨਕ਼ਦ। ੪. ਇਕੱਠਾ ਬੇਚਣ ਦਾ ਸੌਦਾਗਰੀ ਮਾਲ.

ਥੋਥਰ, ਥੋਥਰਾ, ਥੋਥਾ: ਵਿ- ਵਿੱਚੋਂ ਪੋਲਾ. ਖੋਖਲਾ। ੨. ਸਾਰ ਰਹਿਤ. "ਕਣ ਬਿਨਾ ਜੈਸੇ ਥੋਥਰ ਤੁਖਾ." (ਗਉ ਮਃ ੫) "ਮੁਖ ਅਲਾਵਣ ਥੋਥਰਾ." (ਵਾਰ ਮਾਰੂ ੨. ਮਃ ੫) ੩. ਸੱਖਣਾ. ਖ਼ਾਲੀ. "ਅੰਦਰਹੁ ਥੋਥਾ ਕੂੜਿਆਰੁ." (ਵਾਰ ਮਾਰੂ ੨. ਮਃ ੫) ੪. ਅਸਰ ਤੋਂ ਬਿਨਾ. "ਥੋਥਰ ਵਾਜੈ ਬੇਨ." (ਆਸਾ ਮਃ ੪)

ਥੋਪੀ: ਸੰਗਜ੍ਞਾ- ਧੱਫਾ. ਚਪੇੜ. "ਮਾਰਤ ਹੈ ਮੁਝ ਕੋ ਵਹ ਥੋਪੀ." (ਕ੍ਰਿਸਨਾਵ)

ਥੋਮ: ਫ਼ਾ. ਤੂਮਾ. ਸੰਗਜ੍ਞਾ- ਲਸਣ. ਲਸ਼ੁਨ. ਗ੍ਰਿੰਜਨ. Garlic "ਥੋਮ ਨ ਵਾਸ ਕਥੂਰੀ ਆਵੈ." (ਭਾਗੁ)

ਥੋਰੜਾ, ਥੋਰੜੀ, ਥੋਰਾ: ਵਿ- ਥੋੜਾ. ਕਮ. ਘੱਟ. ਨਜ਼ੂਨ. ਥੋੜੀ.

ਥੋਰੀ: ਵਿ- ਥੋੜੀ. ਘੱਟ. ਕਮ. ਤੁੱਛ. "ਕਹਾਂ ਨਰ ਗਰਬਸਿ ਥੋਰੀ ਬਾਤ?" (ਸਾਰ ਕਬੀਰ) ੨. ਸੰਗਜ੍ਞਾ- ਇੱਕ ਅਹੇੜੀਆਂ ਜੇਹੀ ਜਾਤਿ, ਜੋ ਵਿਸ਼ੇਸ਼ ਜੋਧਪੁਰ ਅਤੇ ਬੀਕਾਨੇਰ ਦੇ ਇਲਾਕੇ ਪਾਈ ਜਾਂਦੀ ਹੈ. ਥੋਰੀ ਲੋਕ ਬਾਉਰੀਏ ਅਤੇ ਧਾਣਕਾਂ ਵਾਂਙ ਨਿਰਵਾਹ

ਕਰਦੇ ਹਨ, ਅਰ ਘੋੜੇ ਦੇ ਮਾਸ ਤੋਂ ਐਸਾ ਹੀ ਬਚਦੇ ਹਨ, ਜੇਹਾਕਿ ਹਿੰਦੂ ਗੋਮਾਂਸ ਤੋਂ। ੨. ਸੰ. ਸ੍ਥੂਰ. ਵਿ- ਵਡਾ. "ਥੋਰੀ ਤੁਮ ਆਪਨ ਬਿਰਦ ਰਖਾਵਹੁ." (ਧਨਾ ਮਃ ੫) ਆਪ ਆਪਣਾ ਉੱਚ ਵਿਰਦ ਪਾਲਨ ਕਰੋ। ੪. ਸਥਾਈ (स्थायिन). ਕ਼ਾਇਮ. ਸਿਥਤ ਹੋਣ ਵਾਲਾ. "ਹਾਹਾ ਲਪਟਿਓ ਰੇ ਮੂੜੇ ਕਛੂ ਨ ਥੋਰੀ." (ਟੋਡੀ ਮਃ ੫) ੫. ਡਿੰਗ. ਸ਼ਿਕਾਰੀ. ਅਹੇਰੀ। ੬. ਧੰਨੀ ਪੋਠੋਹਾਰ ਵਿੱਚ ਘੋੜੇ ਖੱਚਰਾਂ ਦੇ ਵਪਾਰੀ ਅਤੇ ਇਨ੍ਹਾਂ ਜਾਨਵਰਾਂ ਨੂੰ ਭਾੜੇ ਵਾਸਤੇ ਰੱਖਣ ਵਾਲੇ ਥੋਰੀ ਕਹੇ ਜਾਂਦੇ ਹਨ.

ਥੋੜੜਾ, ਥੋੜੜੀ, ਥੋੜਾ, ਥੋੜੀ: ਵਿ- ਘੱਟ. ਕਮ. ਤੁੱਛ. ਨਜੂਨ. "ਕਚਾ ਰੰਗ ਕਸੁੰਭ ਕਾ ਥੋੜੜਿਆ ਦਿਨ ਚਾਰਿ." (ਸੂਹੀ ਅਃ ਮਃ ੧) "ਕਿਆ ਥੋੜੜੀ ਬਾਤ ਗੁਮਾਨੁ?" (ਸ੍ਰੀ ਮਃ ੫)

ਥੌਹੁ: ਦੇਖੋ, ਥਹੁ.

ਥੰਧਾ: ਵਿ- ਚਿਕਣਾ. ਸਨਿਗਧ। ੨. ਸੰਗਜਾ- ਘੀ. ਘ੍ਰਿਤ। ੩. ਤੇਲ.

ਥੰਧਿਆਈ: ਸੰਗਜਾ- ਚਿਕਨਤਾ. ਚਿਕਣਾਈ.

ਥੰਭ: ਸੰ. स्तम्भ- ਸ੍ਤੰਭ. ਸੰਗਜਾ- ਥਮਲਾ. ਸਤੂਨ. "ਪ੍ਰਭੁ ਥੰਭ ਤੇ ਨਿਕਸੇ ਕੈ ਬਿਸਥਾਰ." (ਬਸੰ ਕਬੀਰ) ੨. ਰੋਕਣ ਦਾ ਭਾਵ. ਸ੍ਤੰਭਨ. "ਦੂਸਰ ਬਰੀ ਥੰਭ ਕੇ ਕਾਜੈਂ." (ਚਰਿਤ੍ਰ ੨੯੧) ਦੂਜੀ ਗੋਲੀ (ਵੱਟੀ) ਦਸ੍ਤ ਰੋਕਣ ਲਈ.

ਥੰਭ ਸਾਹਿਬ: ਉਹ ਥਮਲਾ, ਜਿਸ ਨਾਲ ਸਤਗੁਰਾਂ ਦਾ ਕੋਈ ਸੰਬੰਧ ਹੈ. (੨) ਕਰਤਾਰਪੁਰ ਵਿੱਚ ਉਹ ਅਸਥਾਨ, ਜਿੱਥੇ ਦੀਵਾਨ ਦਾ ਕਮਰਾ ਬਣਾਉਣ ਸਮੇਂ ਗੁਰੂ ਅਰਜਨਦੇਵ ਨੇ ਟਾਲ੍ਹੀ ਦਾ ਥੰਭਾ ਲਾਇਆ ਸੀ. ਦੇਖੋ, ਕਰਤਾਰਪੁਰ ੨. (ਅ). (੩) ਗੋਇੰਦਵਾਲ ਉਹ ਸ੍ਤੰਭ, ਜਿਸ ਨੂੰ ਫੜਕੇ ਬਾਲਜ ਅਵਸਥਾ ਵਿੱਚ ਗੁਰੂ ਅਰਜਨਦੇਵ ਖੜੇ ਹੋਇਆ ਕਰਦੇ ਸਨ. ਦੇਖੋ, ਗੋਇੰਦਵਾਲ ੪। (੪) ਦੇਖੋ, ਜੰਬਰ। (੫) ਡੁਮੇਲੀ (ਰਿਆਸਤ ਕਪੂਰਥਲਾ, ਤਸੀਲ ਫਗਵਾੜਾ) ਦੀ ਆਬਾਦੀ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ. ਇੱਥੇ ਚੁਕੋਣਾ ਥਮਲਾ ਪੰਜ ਫੁਟ ਉੱਚਾ ਹੈ, ਜਿਸ ਨੂੰ ਥੰਮ ਜੀ ਆਖਦੇ ਹਨ. ਦਰਬਾਰ ਸੁੰਦਰ ਬਣਿਆ ਹੋਇਆ ਹੈ. ੨੫ ਘੁਮਾਉਂ ਜ਼ਮੀਨ ਤਿੰਨ ਖੂਹਾਂ ਸਮੇਤ ਰਿਆਸਤ ਕਪੂਰਥਲੇ ਵੱਲੋਂ ਹੈ. ਰੇਲਵੇ ਸਟੇਸ਼ਨ ਫਗਵਾੜੇ ਤੋਂ ਹੁਸ਼ਿਆਰਪੁਰ ਵਾਲੀ ਸੜਕ ਪੁਰ ਦਸ ਮੀਲ ਹੈ। (੬) ਜਿਲਾ, ਤਸੀਲ, ਥਾਣਾ ਅਮ੍ਰਿਤਸਰ ਦੇ ਪਿੰਡ ਉੱਦੋਕੇ ਦੀ ਆਬਾਦੀ ਵਿੱਚ ਗੁਰੂ ਨਾਨਕਦੇਵ ਦਾ ਗੁਰਦ੍ਵਾਰਾ ਹੈ. ਜੋ ਕੱਥੂਨੰਗਲ ਰੇਲਵੇ ਸਟੇਸ਼ਨ ਤੋਂ ਚਾਰ ਮੀਲ ਚੜ੍ਹਦੇ ਵੱਲ ਹੈ. ਇੱਥੇ ਇੱਕ ਪ੍ਰੇਮੀ ਦੇ ਘਰ ਗੁਰੂ ਸਾਹਿਬ ਨੌ ਦਿਨ ਵਿਰਾਜੇ ਹਨ. ਜਿਸ ਥਮਲੇ ਨਾਲ ਸਹਾਰਾ ਲੈਕੇ ਸਤਿਗੁਰੂ ਬੈਠਦੇ ਸਨ, ਉਸ ਦੇ ਨਾਮ ਤੇ ਗੁਰਦ੍ਵਾਰੇ ਦਾ ਨਾਮ ਥੰਭ ਸਾਹਿਬ ਹੋਗਿਆ ਹੈ. ਗੁਰਦ੍ਵਾਰੇ ਨਾਲ ਕ਼ਰੀਬ ਸੌ ਵਿੱਘੇ ਜ਼ਮੀਨ ਹੈ. (੭) ਦੇਖੋ, ਖੇਮਕਰਨ. ×××

ਥੰਭ ਜੀ: ਦੇਖੋ, ਥੰਭਸਾਹਿਬ। ੨. ਦੇਖੋ, ਥੰਭਸਾਹਿਬ ੫.

ਥੰਭਣ, ਥੰਭਨ: ਸੰ. ਸ੍ਤੰਭਨ. ਰੋਕਣ ਦਾ ਭਾਵ. ਠਹਿਰਾਉਣ ਦੀ ਕ੍ਰਿਯਾ। ੨. ਸਿੰਧੀ. ਸਹਾਰਾ ਦੇਣਾ.

ਥੰਭਾ, ਥੰਮ: ਸੰਗਜਾ- ਸ੍ਤੰਭ. ਦੇਖੋ, ਥੰਭ. "ਜਲ ਕੀ ਭੀਤਿ ਪਵਨ ਕਾ ਥੰਭਾ." (ਸੋਰ ਰਵਿਦਾਸ) "ਤਪਤ ਥੰਮ ਗਲਿ ਲਾਇ." (ਮਾਰੂ ਮਃ ੫)

ਥੰਮਸਾਹਿਬ, ਥੰਮਜੀ: ਦੇਖੋ, ਥੰਭਸਾਹਿਬ.

ਥੰਮਣਸਿੰਘ: ਦੇਖੋ, ਥੰਮਨਸਿੰਘ.

ਥੰਮਣਾ, ਥੰਮਣੁ: ਦੇਖੋ, ਥੰਭਨ. "ਸਤਿਗੁਰੁ ਮਿਲਿਐ ਧਾਵਤੁ ਥੰਮਿਆ." (ਆਸਾ ਛੰਤ ਮਃ ੩) "ਸਾਂਗੁ ਉਤਾਰਿ ਥੰਮਿਓ ਪਾਸਾਰਾ." (ਸੂਹੀ ਮਃ ੫)

ਥੰਮਨ: ਦੇਖੋ, ਥੰਭਨ. "ਜਗ ਥੰਮਨ ਕਉ ਥੰਮ ਦੀਜੈ." (ਕਲਿ ਅਃ ਮਃ ੪) ੨. ਪਹਾੜ. ਪਰਬਤ, ਪੁਰਾਣਾਂ ਅਨੁਸਾਰ ਜਿਸ ਨੇ ਪ੍ਰਿਥਿਵੀ ਨੂੰ ਇਕੱਠਾ ਹੋਣੋ ਰੋਕ ਰੱਖਿਆ ਹੈ. "ਆਪੇ ਜਲ ਆਪੇ ਥਲ ਥੰਮਨ." (ਸਵੈਯੇ ਮਃ ੪. ਕੇ) ਜਲ, ਥਲ ਅਤੇ ਪਰਬਤ.

ਥੰਮਨਸਿੰਘ: ਰਾਜ ਪਟਿਆਲਾ, ਨਜਾਮਤ ਬਰਨਾਲਾ ਦੇ ਪਿੰਡ ਫਰਵਾਹੀ ਤੇਲੀਆਂ ਵਾਲੀ ਵਿੱਚ ਬਰ੍ਹੇ ਜਿਮੀਦਾਰਾਂ ਦੇ ਘਰ ਭਾਈ ਥੰਮਨਸਿੰਘ ਦਾ ਜਨਮ ਹੋਇਆ. ਇਹ ਵਰਤਾਕੇ ਛਕਣ ਵਾਲਾ ਅਤੇ ਤਪਸ੍ਵੀ ਸੀ, ਪਰ ਸ਼ਰਾਬ ਦਾ ਜਾਦਾ ਇਸਤੇਮਾਲ ਕਰਨ ਤੋਂ ਇਸ ਦੀ ਹਾਲਤ ਅਜੇਹੀ ਮਸਤਾਨੀ ਹੋਗਈ ਕਿ ਇੱਕ ਵਾਰ ਜਿਮੀਦਾਰਾਂ ਤੋਂ ਬਹੁਤ ਤੇਲ ਇਕੱਠਾ ਕਰਾਕੇ ਰੌਸ਼ਨੀ ਕਰਵਾਈ ਅਤੇ ਆਖਣ ਲੱਗਾ ਕਿ ਇਹ ਰੌਸ਼ਨੀ ਰੂਸ ਦੇ ਹਿੰਦ ਵਿੱਚ ਆਉਣ ਦੀ ਖ਼ੁਸ਼ੀ ਵਿੱਚ ਕੀਤੀ ਗਈ ਹੈ, ਅਰ ਰੂਸ ਸਿੱਖ ਰਿਆਸਤਾਂ ਤੇ ਚੌਬਲਦਾ ਸੁਹਾਗਾ ਫੇਰੇਗਾ. ਇਹ ਗੱਲ ਸਾਰੇ ਸਿੱਖਾਂ ਨੂੰ ਬਹੁਤ ਬੁਰੀ ਮਲੂਮ ਹੋਈ. ਖ਼ਾਸ ਕਰਕੇ ਜਿਨ੍ਹਾਂ ਰਿਆਸਤਾਂ ਨੂੰ ਸਤਿਗੁਰੂ ਆਪਣਾ ਘਰ ਫਰਮਾ ਚੁਕੇ ਸਨ, ਉਨ੍ਹਾਂ ਬਾਬਤ ਅਜੇਹੇ ਸ਼ਬਦ ਸਿੱਖਾਂ ਤੋਂ ਸਹਾਰੇ ਨਾ ਗਏ. ਬਹੁਤਿਆਂ ਨੇ ਮਿਲਕੇ ਮਹਾਰਾਜ ਕਰਮਸਿੰਘ ਪਟਿਆਲਾਪਤਿ ਪਾਸ ਸ਼ਕਾਯਤ ਕਰਕੇ ਥੰਮਣਸਿੰਘ ਦੀ ਜੀਭ ਕਟਵਾ ਦਿੱਤੀ. ਇਸ ਘਟਨਾ ਤੋਂ ਕਈ ਵਰ੍ਹੇ ਪਿੱਛੋਂ ਭਾਈ ਥੰਮਨਸਿੰਘ ਦਾ ਦੇਹਾਂਤ ਪਿੰਡ ਬੱਛੋਆਣੇ[612] ਵਿੱਚ ਹੋਇਆ, ਜਿੱਥੇ ਆਲੀਸ਼ਾਨ ਸਮਾਧ ਬਣੀ ਹੋਈ ਹੈ ਅਰ ਫਰਵਾਹੀ ਵਿੱਚ ਸੁੰਦਰ ਡੇਰਾ ਹੈ.

ਥੰਮਨੁ: ਦੇਖੋ, ਥੰਭਨ। ੨. ਸੂੰਭ. ਥਮਲਾ. ਸਤੂਨ. "ਜਿਉ ਮੰਦਰ ਕਉ ਥਾਮੈ ਥੰਮਨੁ." (ਸੁਖਮਨੀ)

ਥੰਮਾ: ਦੇਖੋ, ਥੰਭ ਅਤੇ ਥੰਮ.

ਥੰਮੀ: ਸੰਗਯਾ- ਸ੍ਥੂਣਾ. ਥੰਭੀ.

ਥੰਮੁ: ਦੇਖੋ, ਥੰਭ ਅਤੇ ਥੰਮ। ੨. ਇੱਟਾਂ ਦੇ ਸਤੂਨ (ਥਮਲੇ) ਦੀ ਥਾਂ ਲੱਕੜ ਦਾ ਖੰਭਾ. "ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ." (ਵਾਰ ਗਉ ੨. ਮਃ ੫)

ਥੰਮ੍ਣ: ਦੇਖੋ, ਥੰਭਨ.

ਥੰਮ੍ਣਸਿੰਘ: ਦੇਖੋ, ਥੰਮਨਸਿੰਘ.

ਥ੍ਰੂਟਿਟਿ: ਸ੍ਥੂਰਵਟੀ. ਲੇਡਾ. ਮੇਙਣ. ਗੋਹੇ ਦੀ ਗੋਲੀ. "ਜੈਸੇ ਪਨਕਤ ਥ੍ਰੂਟਿਟਿ ਹਾਂਕਤੀ." (ਬਸੰ ਨਾਮਦੇਵ) ਜਿਸ ਤਰਾਂ ਗੋਬਰ ਦੀ ਗੋਲੀ ਨੂੰ ਮਲ ਖਾਣ ਵਾਲੀ ਭੂੰਡੀ ਚਲਾਉਂਦੀ ਹੈ. ਦੇਖੋ, ਪਨਕਤ.

ਦ: ਪੰਜਾਬੀ ਵਰਣਮਾਲਾ ਦਾ ਤੇਈਸਵਾਂ ਅੱਖਰ, ਇਸ ਦਾ ਉੱਚਾਰਣ ਅਸਥਾਨ ਦੰਦ ਹਨ. ਜੀਭ ਦੀ ਨੋਕ ਉੱਪਰਲੇ ਦੰਦਾਂ ਦੇ ਮੂਲ ਵਿੱਚ ਲੱਗਣ ਤੋਂ ਇਸ ਦਾ ਸ਼ਬਦ ਸਪਸ਼੍ਟ ਹੁੰਦਾ ਹੈ। ੨. ਸੰ. ਸੰਗਯਾ- ਪਹਾੜ। ੩. ਦੰਦ. ਦਾਂਤ। ੪. ਰਖ੍ਯਾ. ਹਿਫ਼ਾਜ਼ਤ। ੫. ਭਾਰਯਾ. ਵਹੁਟੀ। ੬. ਵਿ- ਦਾਤਾ. ਦੇਣ ਵਾਲਾ. ਇਸ ਅਰਥ ਵਿੱਚ ਇਹ ਕਿਸੇ ਸ਼ਬਦ ਦੇ ਅੰਤ ਲੱਗਕੇ ਅਰਥ ਬੋਧ ਕਰਾਉਂਦਾ ਹੈ, ਜਿਵੇਂ- ਸੁਖਦ, ਜਲਦ ਆਦਿ.

ਦਉਣੁ: ਸੰ. ਦਮਨ. ਦਬਾਉਣ ਦੀ ਕ੍ਰਿਯਾ. "ਅਹਿ ਨਿਸਿ ਜੁਝੈ ਦੁਰਜਨ ਦਉਣੁ." (ਰਤਨਮਾਲਾ ਬੰਨੋ) ਵਿਕਾਰਰੂਪ ਵੈਰੀਆਂ ਦੇ ਦਬਾਉਣ ਲਈ ਰਾਤ ਦਿਨ ਜੁੱਧ ਕਰੇ। ੨. ਦੇਖੋ, ਦਾਉਣ.

ਦਉਤ: ਸੰ. ਦਜੋਤ. ਸੰਗਯਾ- ਪ੍ਰਕਾਸ਼. ਰੌਸ਼ਨੀ. "ਚਉਥਾ ਪਹਿਰੁ ਭਇਆ ਦਉਤ ਬਿਹਾਗੈ ਰਾਮ." (ਤੁਖਾ ਛੰਤ ਮਃ ੧) ਚੌਥੇ ਪਹਿਰ ਤੋਂ ਭਾਵ ਚੌਥੀ ਅਵਸਥਾ (ਵ੍ਰਿੱਧਾਵਸ੍ਥਾ) ਹੈ. ਬਿਹਾਗ (ਵਿਹਗ- ਸੂਰਯ) ਤੋਂ ਭਾਵ ਮੌਤ ਦਾ ਵੇਲਾ ਹੈ. "ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ." (ਆਸ ਅਃ ਮਃ ੧) ਅਵਿਦਯਾਰੂਪ ਰਾਤ੍ਰਿ ਵਿੱਚ ਪ੍ਰਕਾਸ਼ ਕਰਦਾ ਹੈ। ੨. ਯੁੱਧ. ਆਤਪ। ੩. ਦਯੁ. ਦਿਨ.

ਦਉਰ: ਸੰਗਯਾ- ਦੌੜ. ਭਾਜ. "ਭੀਤ ਕੀ ਦਉਰ." (ਪ੍ਰਿਥੁਰਾਜ) ੨. ਅ. دَوَر ਦੌਰ. ਚਕ੍ਰ. ਗੇੜਾ। ੩. ਸਮਾਂ. "ਉਠਾ ਧਰਮ ਕੋ ਦਉਰ." (ਕਲਕੀ) ਧਰਮ ਦਾ ਸਮਾ ਸੰਸਾਰ ਤੋਂ ਉਠ ਗਿਆ.

---

[612] ਪਿੰਡ ਬਡੋਆਣਾ, ਬੁਢਲਾਡਾ (ਬੁਦਲਾਡਾ) ਥਾਣੇ ਵਿੱਚ ਜਿਲਾ ਹਿਸਾਰ ਦਾ ਹੈ,

ਦਉਰਨਾ: ਕ੍ਰਿ- ਦੌੜਨਾ. ਭੱਜਣਾ. ਨੱਠਣਾ. "ਸੁਨੈ ਬੋਲੈ ਦਉਰਿਓ ਫਿਰਤ ਹੈ." (ਆਸਾ ਰਵਿਦਾਸ)

ਦਉਰਾਨਾ: ਕ੍ਰਿ- ਦੌੜਾਉਣਾ. ਨਠਾਉਣਾ. "ਦਹ ਦਿਸਿ ਲੈ ਇਹੁ ਮਨੁ ਦਉਰਾਇਓ." (ਮਾਲੀ ਮਃ ੫)

ਦਉਲਤ: ਅ਼. دوَلت ਦੌਲਤ. ਸੰਗਯਾ- ਹ਼ੁਕੂਮਤ। ੨. ਰਾਜਯ। ੩. ਧਨ.

ਦਉਲਤਖ਼ਾਂ ਲੋਦੀ: ਦੇਖੋ, ਦੌਲਤਖਾਂ.

ਦਉਲਤਿ: ਦੇਖੋ, ਦਉਲਤ. "ਲੰਗਰਿ ਦਉਲਤਿ ਵੰਡੀਐ." (ਵਾਰ ਰਾਮ ੩)

ਦਓਜਈ: داؤُدزئی ਦਾਊਦਜ਼ਈ. ਮਨਸੂਰ ਅਤੇ ਮੰਗੀਜ਼ਈ ਪਠਾਣਾਂ ਦੀ ਇੱਕ ਸ਼ਾਖ਼. "ਦਓਜਈ ਅਫਰੀਦੀਏ ਕੋਪ ਧਾਏ." (ਚਰਿਤ੍ਰ ੯੬)

ਦਇਅਲੀਆ: ਵਿ- ਦਯਾਲੁ. ਮਿਹਰਬਾਨ। ੨. ਦਯਾਲੁ ਦੀ. "ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ." (ਆਸਾ ਮਃ ੫)

ਦਇਆ: ਸੰ. ਦਯਾ. ਸੰਗਯਾ- ਦੂਸਰੇ ਦੇ ਦੁੱਖ ਨੂੰ ਦੇਖ ਕੇ ਚਿੱਤ ਦੇ ਦ੍ਰਵਣ ਦਾ ਭਾਵ. ਕਰੁਣਾ. ਰਹ਼ਮ. "ਸਤਿ ਸੰਤੋਖ ਦਇਆ ਕਮਾਵੈ." (ਸ੍ਰੀ ਮਃ ੫) "ਧੌਲੁ ਧਰਮੁ ਦਇਆ ਕਾ ਪੂਤੁ." (ਜਪੁ)

ਦਇਆ ਮਇਆ: ਕਰੁਣਾ ਅਤੇ ਪ੍ਰਸੰਨਤਾ. "ਕਰਿ ਦਇਆ ਮਇਆ, ਦਿਆਲ ਸਾਚੇ।" (ਆਸਾ ਛੰਤ ਮਃ ੧) ਦੇਖੋ, ਮਇਆ.

ਦਇਆਰ: ਸੰ. ਦਯਾਲੁ. ਵਿ- ਦਯਾਵਾਨ. ਰਹ਼ੀਮ. "ਕਰਨ ਕਾਰਨ ਸਮਰਥ ਦਇਆਰ." (ਗੌਂਡ ਮਃ ੫) ੨. ਦੇਖੋ, ਦਿਆਰ। ੩. ਦੇਖੋ, ਦਯਾਰ.

ਦਇਆਰਾ, ਦਇਆਰੁ: ਵਿ- ਦਯਾਲੁ, ਰਹ਼ੀਮ. ਦਇਆ ਵਾਲਾ. "ਨਾਨਕ ਸਾਹਿਬ ਸਦਾ ਦਇਆਰਾ." (ਬਾਵਨ) "ਕਹੁ ਨਾਨਕ ਜਿਸੁ ਆਪਿ ਦਇਆਰੁ." (ਭੈਰ ਮਃ ੫)

ਦਇਆਲ: ਦੇਖੋ, ਦਇਆਰ ੧. "ਦਇਆਲ, ਤੇਰੈ ਨਾਮਿ ਤਰਾ." (ਧਨਾ ਮਃ ੧) ੨. ਦੇਣ ਵਾਲਾ. ਦਾਤਾਰ. "ਸਭਿ ਜਾਚਕ ਪ੍ਰਭੁ ਤੁਮ ਦਇਆਲ." (ਬਸੰ ਮਃ ੫)

ਦਇਆਲ ਦੀਨ: ਦੇਖੋ, ਦੀਨਦਯਾਲੁ.

ਦਇਆਲਾ: ਵਿ- ਦਯਾਲੁਤਾ ਵਾਲਾ. ਦਯਾਵਾਨ. ਰਹ਼ੀਮ। ੨. ਦੇਣ ਵਾਲਾ. "ਸਰਬ ਸੂਖ ਦਇਆਲਾ." (ਧਨਾ ਮਃ ੫)

ਦਇਆਲੁ: ਵਿ- ਦਯਾਲੁ. ਦਯਾਵਾਨ. ਰਹ਼ੀਮ.

ਦਇਆਲੁ ਦੇਉ: ਸੰਗਯਾ- ਦਯਾਲੁ ਦੇਵ. ਕਰਤਾਰ.

ਦਈ: ਸੰ. ਦੈਵ. ਸੰਗਯਾ- ਵਿਧਾਤਾ. ਕਰਤਾਰ. "ਸੀਤਲ ਸਾਂਤਿ ਦਇਆਲ ਦਈ." (ਬਿਲਾ ਮਃ ੫) ੨. ਵਿ- ਦਿੱਤੀ. ਦਾਨ ਕੀਤੀ. "ਸਤਿਗੁਰੁ ਆਗਯਾ ਦਈ." (ਗੁਪ੍ਰਸੂ)

ਦਈਆ: ਸੰਗਯਾ- ਦੈਵ. ਕਰਤਾਰ. ੨. ਵਿ- ਦੇਣ ਵਾਲਾ. ਦਾਤਾ। ੩. ਦੈਵ (ਕਰਤਾਰ) ਨੂੰ. "ਸੈਣ ਮਿਲਿਆ ਹਰਿ ਦਈਆ." (ਬਿਲਾ ਅਃ ਮਃ ੪)

ਦਈਤ: ਦੇਖੋ, ਦੈਤਯ.

ਦਈਮਾਰਾ: ਵਿ- ਦੈਵ (ਈਸ਼੍ਵਰ) ਦਾ ਮਾਰਿਆ ਹੋਇਆ.

ਦਈਵ: ਦੇਖੋ, ਦੈਵ। ੨. ਦੇਵਤਾ. "ਠਟੇ ਦਈਵਦਾਨੋ." (ਵਿਚਿਤ੍ਰ) ਦੇਵਤਾ ਅਤੇ ਦਾਨਵ ਥਾਪੇ.

ਦਏ: ਦਿੱਤੇ. ਦਾਨ ਕੀਤੇ. ਦੀਏ। ੨. ਸੰਗ੍ਯਾ- ਦਯਾ. ਕਰੁਣਾ. "ਅਜਾਨ ਅਗਿਆਨੀ ਰਾਖੇ ਧਾਰਿ ਦਏ." (ਬਿਲਾ ਮਃ ੫)

ਦਸ: ਸੰ. ਦਸ਼. ਵਿ- ਸੌ ਦਾ ਦਸਵਾਂ ਹਿੱਸਾ- ੧੦. "ਦਸ ਦਿਸਿ ਖੋਜਤ ਮੈ ਫਿਰਿਓ." (ਗਉ ਥਿਤੀ ਮਃ ੫) ੨. ਦਸ਼ ਗਿਣਤੀ ਵਾਲੇ ਪਦਾਰਥ ਦਾ ਬੋਧਕ, ਜੈਸੇ "ਦਸ ਦਾਸੀ ਕਰਿਦੀਨੀ ਭਤਾਰਿ." (ਸੂਹੀ ਮਃ ੫) ਭਰਤਾ ਨੇ ਦਸ ਇੰਦ੍ਰੀਆਂ ਦਾਸੀ ਬਣਾ ਦਿੱਤੀਆਂ। ੩. ਦਾਸ ਦਾ ਸੰਖੇਪ. ਸੇਵਕ. "ਕਾਟਿ ਸਿਲਕ ਦੁਖ ਮਾਇਆ ਕਰਿਲੀਨੇ ਅਪਦਸੇ." (ਵਾਰ ਜੈਤ) ਆਪਣੇ ਦਾਸ ਕਰਲੀਤੇ। ੪. ਦੇਖੋ, ਦੱਸਣਾ। ੫. ਸੰ. ਦਸ੍. ਧਾ- ਕਮਜ਼ੋਰ ਹੋਣਾ, ਥੱਕਣਾ। ੬. ਸੰਗ੍ਯਾ- ਰਾਖਸ਼.

ਦਸਊਅਲ: ਵਿ- ਦੋ ਸੱਲ (ਸ਼ਲ੍ਯ) ਵਾਲਾ. ਦੋ ਹੋਣ ਘਾਵ (ਜ਼ਖ਼ਮ) ਜਿਸ ਦੇ. "ਕਢੇ ਦਸਊਅਲ ਫੂਟ." (ਚਰਿਤ੍ਰ ੨੪) ਤੀਰ ਦੂਜੇ ਪਾਸੇ ਨਿਕਲਗਏ. ਗੋਲੀ ਤੀਰ ਆਦਿ ਦਾ ਪਹਿਲਾ ਸੱਲ ਉੱਥੇ ਹੁੰਦਾ ਹੈ, ਜਿੱਥੇ ਲਗਦਾ ਹੈ, ਦੂਜਾ ਸੱਲ ਉਸ ਥਾਂ, ਜਿੱਥੋਂ ਦੀ ਬਾਹਰ ਨਿਕਲਦਾ ਹੈ.

ਦਸ ਅਉਤਾਰ: ਸੰਗ੍ਯਾ- ਦਸ਼ਾਵਤਾਰ. ਹਿੰਦੂਮਤ ਦੇ ਮੁੱਖ ਦਸ ਅਵਤਾਰ- ਮੱਛ, ਕੱਛ, ਵਰਾਹ, ਨ੍ਰਿਸਿੰਘ ਅਤੇ ਵਾਮਨ ਸਤਯੁਗ ਦੇ ਅਵਤਾਰ, ਪਰਸ਼ੁਰਾਮ ਅਤੇ ਰਾਮਚੰਦ੍ਰ ਜੀ ਤ੍ਰੇਤੇ ਦੇ ਅਵਤਾਰ, ਕ੍ਰਿਸ਼ਨ ਜੀ ਦ੍ਵਾਪਰ ਦੇ ਅਵਤਾਰ, ਬੁੱਧ ਅਤੇ ਕਲਕੀ ਕਲਿਯੁਗ ਦੇ ਅਵਤਾਰ. "ਦਸ ਅਉਤਾਰ ਰਾਜੇ ਹੋਇ ਵਰਤੇ." (ਸੂਹੀ ਮਃ ੫)

ਦਸਅਸਟ: ਵਿ- ਅਸ਼੍ਟਾਦਸ਼. ਅਠਾਰਾਂ. "ਚਾਰਿ ਵੇਦ ਦਸਅਸਟ ਪੁਰਾਣਾ." (ਵਾਰ ਸ੍ਰੀ ਮਃ ੪) ਦੇਖੋ, ਪੁਰਾਣ। ੨. ਅਠਾਰਾਂ ਗਿਣਤੀ ਵਾਲੀ ਵਸਤੁ ਦਾ ਬੋਧਕ. "ਦਸਅਸਟ ਖਸਟ ਸ੍ਰਵਨ ਸੁਨੇ." (ਸਾਰ ਮਃ ੫. ਪੜਤਾਲ) ਅਠਾਰਾਂ ਪੁਰਾਣ ਛੀ ਸ਼ਾਸਤ੍ਰ ਕੰਨੀ ਸੁਣੇ.

ਦਸਅਸਟ ਖਸਟ ਸ੍ਰਵਨ ਸੁਨੇ: (ਸਾਰ ਮਃ ੫) ਅਠਾਰਾਂ ਪੁਰਾਣ ਛੀ ਸ਼ਾਸਤ੍ਰ.

ਦਸਅਸ੍ਵਮੇਧ: ਦੇਖੋ, ਦਸਾਸ੍ਵਮੇਧ.

ਦਸਅਠ: ਵਿ- ਅਸ਼੍ਟਾਦਸ਼. ਅਠਾਰਾਂ। ੨. ਅਠਾਰਾਂ ਸੰਖ੍ਯਾ ਵਾਲੀ ਵਸਤੁ ਦਾ ਬੋਧਕ. "ਦਸਅਠ ਲੀਖੇ ਹੋਵਹਿ ਪਾਸਿ." (ਬਸੰ ਮਃ ੧) ਅਠਾਰਾਂ ਪੁਰਾਣ ਲਿਖੇ ਹੋਏ ਪਾਸ ਹੋਣ.

ਦਸਅਠ ਵਰਨ: ਅਸ਼੍ਟਾਦਸ਼ ਵਰਣ. ਅਠਾਰਾਂ ਜਾਤੀਆਂ "ਆਪੇ ਦਸਅਠ ਵਰਨ ਉਪਾਇਅਨੁ." (ਵਾਰ ਬਿਹਾ ਮਃ ੪) ਹਿੰਦੂਮਤ ਦੀਆਂ ਸਿਮ੍ਰਿਤੀਆਂ ਅਨੁਸਾਰ ਅਠਾਰਾਂ ਵਰਣ ਇਹ ਹਨ-

ਬ੍ਰਾਹਮਣ, ਕ੍ਸ਼ਤ੍ਰਿਯ, ਵੈਸ਼੍ਯ, ਸ਼ੂਦ੍ਰ, ਇਹ ਚਾਰ ਸ਼ੁੱਧ ਵਰਣ ਅਖਾਉਂਦੇ ਹਨ.

ਬ੍ਰਾਹਮਣ ਦੀ ਔਲਾਦ ਛਤ੍ਰਾਣੀ ਤੋਂ, ਬਨਿਆਣੀ ਤੋਂ ਅਤੇ ਸ਼ੂਦ੍ਰਾ ਤੋਂ, ਛਤ੍ਰੀ ਦੀ ਔਲਾਦ ਬਨਿਆਣੀ ਤੋਂ ਅਤੇ ਸ਼ੂਦ੍ਰਾ ਤੋਂ ਵੈਸ਼੍ਯ ਦੀ ਔਲਾਦ ਸ਼ੂਦ੍ਰਾ ਤੋਂ ਈਹ ਛੀ ਵਰਣ ਅਨੁਲੋਮਜ ਕਹੇ ਜਾਂਦੇ ਹਨ.

ਬਨਿਆਣੀ ਤੋਂ ਸ਼ੂਦ੍ਰ ਦੀ ਔਲਾਦ, ਛਤ੍ਰਾਣੀ ਤੋਂ ਸ਼ੂਦ੍ਰ ਦੀ ਸੰਤਾਨ, ਬ੍ਰਾਹਮਣੀ ਤੋਂ ਸ਼ੂਦ੍ਰ ਦੀ ਔਲਾਦ, ਛਤ੍ਰਾਣੀ ਤੋਂ, ਵੈਸ਼੍ਯ ਦੀ ਸੰਤਾਨ, ਬ੍ਰਾਹਮਣੀ ਤੋਂ ਵੈਸ਼੍ਯ ਦੀ ਸੰਤਾਨ, ਬ੍ਰਾਹਮਣੀ ਤੋਂ ਛਤ੍ਰੀ ਦੀ ਸੰਤਾਨ. ਇਹ ਛੀ ਪ੍ਰਤਿਲੋਮਜ ਕਹੇ ਜਾਂਦੇ ਹਨ.

ਬਿਨਾ ਵਿਆਹੀ ਕੰਨ੍ਯਾ ਦੇ ਗਰਭ ਤੋਂ ਉਪਜੀ ਸੰਤਾਨ "ਕਾਨੀਨ" ਅਤੇ "ਅੰਤ੍ਯਜ"[613] ਹੈ.

ਦਸਅਠਾ: ਵਿ- ਅਸ਼੍ਟਾਦਸ਼. ਅਠਾਰਾਂ। ੨. ਅਠਾਰਾਂ ਗਿਣਤੀ ਵਾਲੀ ਵਸਤੁ ਦਾ ਬੋਧਕ. "ਦਸਅਠਾ ਅਠਸਠੇ ਚਾਰੇ ਖਾਣੀ." (ਧਨਾ ਰਵਿਦਾਸ) ਅਠਾਰਾਂ ਪੁਰਾਣ, ਅਠਾਸਠ ਤੀਰਥ.

ਦਸ ਅਠਾਰ ਮੈ ਅਪਰੰਪਰੋ ਚੀਨੈ: (ਸ੍ਰੀ ਮਃ ੧) ਚਾਰ ਵੇਦ, ਛੀ ਵੇਦਾਂਗ ਦਸ਼, ਅਤੇ ਅਠਾਰਾਂ ਪੁਰਾਣਾਂ ਵਿੱਚ ਅਪਰੰਪਰ ਨੂੰ

---

[613] ਭੀਲ ਕਿਰਾਤ ਆਦਿ ਅੰਤਜਸ ਵਰਣ ਅੰਦਰ ਹਨ.

ਜਾਣੇ.

**ਦਸ ਅਵਤਾਰ:** ਦੇਖੋ, ਦਸ ਅਉਤਾਰ.

**ਦਸਏਂ:** ਕ੍ਰਿ. ਵਿ- ਦਸਵੇਂ. ਦਸ਼ਮ ਅਸਥਾਨ ਵਿੱਚ। ੨. ਵਿ- ਦਸ਼ਮ. ਦਸ਼ਵਾਂ. "ਰਾਈ ਦਸਏਂ ਭਾਇ." (ਸ. ਕਬੀਰ)

**ਦਸ ਸਤਿਗੁਰੂ:** ਸਤਜ ਉਪਦੇਸ਼ ਦਾਤਾ ਦਸ ਗੁਰੂ ਸਾਹਿਬਾਨ- ਗੁਰੂ ਨਾਨਕਦੇਵ ਜੀ, ਗੁਰੂ ਅੰਗਦ ਜੀ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਜੀ, ਗੁਰੂ ਅਰਜਨਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗਬਹਾਦੁਰ ਸਾਹਿਬ ਅਤੇ ਗੁਰੂ ਗੋਬਿੰਦਸਿੰਘ ਜੀ.

**ਦਸਸੀਸ:** ਸੰ. दशशीर्ष. ਸੰਗਜ੍ਞਾ- ਰਾਵਣ, ਜਿਸ ਦੇ ਦਸ਼ ਸ਼ਿਰ ਲਿਖੇ ਹਨ.

**ਦਸ ਸੰਸਕਾਰ:** ਹਿੰਦੂਧਰਮ ਦੇ ਦਸ਼ ਸੰਸਕਾਰ ਇਹ ਹਨ:-

ਗਰਭਾਧਾਨ, ਪੁੰਸਵਨ, ਸੀਮੰਤੋੱਨਯਨ, ਜਾਤ ਕਰਮ, ਨਿਸ਼੍ਕ੍ਰਾਮਣ, ਨਾਮਕਰਣ, ਅੰਨਪ੍ਰਾਸ਼ਨ, ਚੂੜਾਕਰਣ, ਉਪਨਯਨ ਅਤੇ ਵਿਵਾਹ.

**ਦਸ ਸੰਨਜ੍ਯਾਸੀ:** ਦੇਖੋ, ਦਸ ਨਾਮ ਸੰਨਜ੍ਯਾਸੀ.

**ਦਸਹਰਾ, ਦਸਹਿਰਾ:** ਸੰ. ਦਸ਼ਹਰਾ. ਸੰਗਜ੍ਞਾ- ਜੇਠ ਸੁਦੀ ੧੦. ਜਿਸ ਦਿਨ ਦਸ਼ ਪਾਪ ਨਾਸ਼ ਕਰ ਵਾਲੀ ਗੰਗਾ ਦਾ ਜਨਮ ਪੁਰਾਣਾਂ ਨੇ ਲਿਖਿਆ ਹੈ. ਦਸ਼ ਪਾਪ ਇਹ ਦੱਸੇ ਹਨ:-

ਇਕ਼ਰਾਰ ਕਰਕੇ ਨਾ ਦੇਣਾ, ਹਿੰਸਾ, ਵੇਦਵਿਰੁੱਧ ਕਰਮ, ਪਰਇਸਤ੍ਰੀਗਮਨ, ਕੁਵਾਕ੍ਯ ਕਹਿਕੇ ਮਨ ਦੁਖੀ ਕਰਨਾ, ਝੂਠ, ਚੁਗਲੀ, ਚੋਰੀ, ਕਿਸੇ ਦਾ ਬੁਰਾ ਚਿਤਵਨਾ ਅਤੇ ਵ੍ਰਿਥਾ ਬਕਬਾਦ ਕਰਨਾ।

੨. ਵਿਜਯਾ ਦਸ਼ਮੀ. ਅੱਸੂ ਸੁਦੀ ੧੦. ਇਸ ਦਿਨ ਦਸ਼ ਸੀਸਧਾਰੀ ਰਾਵਣ ਦੇ ਵਧ ਲਈ ਰਾਮਚੰਦ੍ਰ ਜੀ ਨੇ ਚੜ੍ਹਾਈ ਕੀਤੀ ਸੀ. "ਤਿਥਿ ਵਿਜਯਦਸਮੀ ਪਾਇ। ਉਠਚਲੇ ਸ਼੍ਰੀ ਰਘੁਰਾਇ." (ਰਾਮਚੰਦ੍ਰਿਕਾ) ੩. ਸੰ. ਦਸ਼ਾਹ. ਦਸ਼ ਦਿਨ। ੪. ਮ੍ਰਿਤਕਕ੍ਰਿਯਾ ਦਾ ਦਸਵਾਂ ਦਿਨ ਖ਼ਾਸ ਕਰਕੇ ਸਿੱਖਧਰਮ ਅਨੁਸਾਰ ਚਲਾਣੇ ਤੋਂ ਦਸਵੇਂ ਦਿਨ ਗੁਰੂ ਗ੍ਰੰਥਸਾਹਿਬ ਦੇ ਪਾਠ ਦੀ ਸਮਾਪਤੀ ਅਤੇ ਦਸਤਾਰਬੰਦੀ ਆਦਿਕ ਕਰਮ.

**ਦਸ ਹੁਕਮ:** ਦੇਖੋ, ਮੂਸਾ.

**ਦਸਕੰਠ, ਦਸਕੰਧ, ਦਸਕੰਧਰ:** ਦਸ ਗਰਦਨਾਂ ਵਾਲਾ, ਰਾਵਣ. ਦਸ਼ਗ੍ਰੀਵ. "ਦੇਹੁ ਸਿਯਾ ਦਸਕੰਧ." (ਰਾਮਾਵ)

**ਦਸਖਤ:** ਦੇਖੋ, ਦਸਤਖਤ. "ਆਗੇ ਲਿਖਾਰੀ ਕੇ ਦਸਖਤ." (ਅਕਾਲ) ਇਸ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕ਼ਲਮ ਤੋਂ ਲਿਖਿਆ ਪਾਠ, ਅਤੇ ਇਸ ਤੋਂ ਅੱਗੇ ਲਿਖਾਰੀ ਦੇ ਦਸ੍ਤਖ਼ਤ਼ (ਹਸ੍ਤਾੱਕ੍ਸ਼ਰ) ਹਨ.

**ਦਸਗਾਤ੍ਰ:** ਸੰਗਜ੍ਞਾ- ਦਸ਼ਗਾਤ੍ਰ. "ਹਿੰਦੂਮਤ ਅਨੁਸਾਰ ਮੋਏ ਪ੍ਰਾਣੀ ਪਿੱਛੋਂ ਦਸ ਦਿਨ ਦਾ ਕਰਮ, ਜਿਸ ਵਿੱਚ ਪਿੰਡ ਦਾਨ ਆਦਿ ਕੀਤਾ ਜਾਂਦਾ ਹੈ, ਪੁਰਾਣਾਂ ਦਾ ਲੇਖ ਹੈ ਕਿ ਇਸੇ ਪਿੰਡ ਦਾਨ ਤੋਂ ਦਸ਼ ਦਿਨਾਂ ਵਿੱਚ ਪ੍ਰੇਤ ਦਾ ਗਾਤ੍ਰ (ਸ਼ਰੀਰ) ਬਣਦਾ ਹੈ. ਪਹਿਲੇ ਦਿਨ ਦੇ ਪਿੰਡ ਤੋਂ ਸਿਰ, ਦੂਜੇ ਦਿਨ ਦੇ ਪਿੰਡ ਤੋਂ ਨੱਕ ਕੰਨ ਅੱਖਾਂ ਆਦਿ, ਇਸੇ ਤਰਾਂ ਦਸਵੇਂ ਦਿਨ ਪੈਰ ਬਣਕੇ ਦੇਹ ਪੂਰੀ ਹੋਜਾਂਦੀ ਹੈ.

**ਦਸ਼ਗੁਣ:** "ਜੱਗ ਦਾਨ ਤਪ ਧਰਮ ਸਤਿ ਸਮ ਦਮ ਧੀਰਯਵੰਤ। ਸਹਨਸ਼ੀਲ ਮਤਸਰ ਰਹਿਤ ਦਸ਼ ਗੁਣ ਇਹੀ ਗਨੰਤ." (ਨਾਪ੍ਰ)

**ਦਸ ਗੋਨਿ:** ਦੇਖੋ, ਬਹੀਆਂ.

**ਦਸਗ੍ਰਵਿ:** ਦੇਖੋ, ਦਸਕੰਠ.

ਦਸਚਾਰ: ਵਿ- ਚਤੁਰਦਸ਼. ਚੌਦਾ। ੨. ਦੇਖੋ, ਚਉਦਹਿ ਵਿਦਯਾ. ਦੇਖੋ, ਦਸਚਾਰ ਚਾਰ.

ਦਸਚਾਰ ਹੱਟ: ਦੇਖੋ, ਦਸਚਾਰਿ ਹਟ.

ਦਸਚਾਰ ਚਾਰ: ਚੌਦਾ ਅਤੇ ਚਾਰ, ਅਠਾਰਾਂ. ਭਾਵ- ਅਠਾਰਾਂ ਵਿਦਯਾ.

अङ्गानि वेदाश्चत्वारो मीमांसा न्याय विस्तरः ।

धर्मशास्त्रं पुराणञ्च विद्याह्येताश्चतुर्दश ।

आयुर्वेदो धनुर्वेदो गान्धर्व्वश्चेति ते त्रयः ।

अर्थशास्त्रं चतुर्थंतु विद्याह्यष्टादशैव तु ।। (ਵਿਸ਼ਨੁਪੁਰਾਣ)

ਚਾਰ ਵੇਦ, ਛੀ ਅੰਗ ਵੇਦ ਦੇ, ਮੀਮਾਂਸਾ, ਨ੍ਯਾਯ, ਧਰਮਸ਼ਾਸਤ੍ਰ, ਪੁਰਾਣ, ਆਯੁਰਵੇਦ, ਧਨੁਰਵੇਦ, ਗਾਂਧਰਵ ਵੇਦ ਅਤੇ ਅਥੰਸ਼ਾਸਤ੍ਰ. ਇਹ ਅਠਾਰਾਂ ਵਿਦਯਾ ਵਿਸ਼ਨੁਪੁਰਾਣ ਵਿੱਚ ਲਿਖੀਆਂ ਹਨ. "ਦਸਚਾਰ ਚਾਰ ਪ੍ਰਬੀਨ." (ਅਕਾਲ) "ਦਸਚਾਰ ਚਾਰ ਨਿਧਾਨ." (ਪਰੀਛਤ ਰਾਜ)

ਦਸਚਾਰਿ ਹਟ: ਚਤੁਰਦਸ਼ ਲੋਕ. ਚੌਦਾਂ ਲੋਕ. "ਦਸਚਾਰਿ ਹਟ ਤੁਧੁ ਸਾਜਿਆ, ਵਾਪਾਰੁ ਕਰੀਵੇ." (ਵਾਰ ਸ੍ਰੀ ਮਃ ੪)

ਦਸਟਾਂਤਕਰ: ਦੇਖੋ, ਦੁਸਟਾਂਤਕਰ.

ਦਸ ਠਾਟ: ਦੇਖੋ, ਠਾਟ ੩.

ਦਸਤ: ਫ਼ਾ. دست ਦਸ੍ਤ. ਸੰਗ੍ਯਾ- ਪਤਲਾ ਹੋਕੇ ਸ਼ਰੀਰ ਤੋਂ ਮਲ ਗਿਰਨ ਦੀ ਕ੍ਰਿਯਾ. ਪਤਲਾ ਪਾਖਾਨਾ. ਵਿਰੇਚਨ। ੨. ਹੱਥ। ੩. ਨਫ਼ਾ. ਲਾਭ। ੪. ਬਲ. ਸ਼ਕ੍ਤਿ। ੫. ਫ਼ਾ. دشت ਦਸ਼੍ਤ. ਜੰਗਲ. ਰੋਹੀ.

ਦਸਤਕ: ਫ਼ਾ. دستک ਸੰਗ੍ਯਾ- ਤਾੜੀ ਮਾਰਕੇ ਸ਼ਬਦ ਕਰਨ ਦੀ ਕ੍ਰਿਯਾ। ੨. ਦਰਵਾਜ਼ਾ ਖਟ ਖਟਾਉਣ ਦੀ ਕ੍ਰਿਯਾ। ੩. ਸਮਨ (Summon) ਤ਼ਲਬੀ ਦਾ ਪਰਵਾਨਾ। ੪. ਰਾਹਦਾਰੀ ਦਾ ਪੱਟਾ ਜਾਂ ਪਰਵਾਨਾ (pass). ਬੰਗਾਲ ਵਿੱਚ ਅਠਾਰਵੀਂ ਸਦੀ ਦੇ ਮੱਧ ਮੁਸਲਮਾਨੀ ਰਾਜ ਵੱਲੋਂ ਅੰਗ੍ਰੇਜ਼ ਤਾਜਰਾਂ ਨੂੰ ਇਹ ਮਿਲਿਆ ਸੀ, ਜਿਸ ਦੇ ਦਿਖਾਉਣ ਤੇ ਮਾਲ ਉੱਤੇ ਚੂੰਗੀ ਜਾਂ ਜਗਾਤ ਨਹੀਂ ਲਗਦੀ ਸੀ. ਇਸ "ਦਸਤਕ" ਦੇ ਹੀ ਸੰਬੰਧ ਵਿੱਚ ਅੰਗ੍ਰੇਜ਼ਾਂ ਦਾ ਨਵਾਬ ਮੀਰ ਕਾਸਿਮ ਨਾਲ ਝਗੜਾ ਹੋਇਆ ਸੀ.

ਦਸਤਕਾਰੀ: ਫ਼ਾ. دستکاری ਸੰਗ੍ਯਾ- ਹੱਥਾਂ ਦੀ ਕਾਰੀਗਰੀ.

ਦਸਤਖ਼ਤ, ਦਸਤਖ਼ਤ਼: ਫ਼ਾ. دستخت ਸੰਗ੍ਯਾ- ਹੱਥ ਦੀ ਲਿਖਤ. ਹਸ੍ਤਾਕ੍ਸ਼ਰ। ੨. ਸਹੀ. ਕਿਸੇ ਲਿਖਤ ਹੇਠ ਆਪਣਾ ਨਾਮ ਲਿਖਣਾ.

ਦਸਤਗੀਰ: ਫ਼ਾ. دستگیر ਵਿ- ਹੱਥ ਫੜਨ ਵਾਲਾ। ੨. ਸੰਗ੍ਯਾ- ਸਹਾਇਕ. ਸਹਾਰਾ ਦੇਣ ਵਾਲਾ। ੩. ਬਗ਼ਦਾਦ ਦਾ ਇੱਕ ਪ੍ਰਧਾਨ ਪੀਰ. ਅ਼ਬਦੁਲਕ਼ਾਦਿਰ, ਜੋ ਫਾਰਸ ਦੇ ਜੀਲਾਨ ਨਗਰ ਵਿੱਚ ਸਨ ੧੦੭੮ ਵਿੱਚ ਜਨਮਿਆ ਅਤੇ ਵਡਾ ਕਰਣੀ ਵਾਲਾ ਸਾਧੁ ਹੋਇਆ. ੨੨ ਫਰਵਰੀ ਸਨ ੧੧੬੬ ਨੂੰ ਇਹ ਮਹਾਤਮਾ ਬਗ਼ਦਾਦ ਮੋਇਆ, ਜਿੱਥੇ ਇਸ ਦਾ ਮਕ਼ਬਰਾ ਵਿਦ੍ਯਮਾਨ ਹੈ. ਇਸ ਪੀਰ ਦਾ ਪ੍ਰਸਿੱਧ ਨਾਮ "ਦਸ੍ਤਗੀਰ" ਹੈ. ਇਸ ਦੀ ਸੰਪ੍ਰਦਾਯ ਦੇ ਦਰਵੇਸ਼ "ਕ਼ਾਦਿਰੀ" ਕਹਾਉਂਦੇ ਹਨ. ਜਿਵੇਂ ਫ਼ਰੀਦ ਜੀ ਦੀ ਗੱਦੀ ਦੇ ਸਾਧੁ ਫਰੀਦ, ਤਿਵੇਂ ਹੀ ਦਸ੍ਤਗੀਰ ਦੇ ਜਾਨਸ਼ੀਨ 'ਦਸ੍ਤਗੀਰ' ਪਦਵੀ ਵਾਲੇ ਸਨ. "ਪੁਛਿਆ ਫਿਰਕੈ ਦਸਤਗੀਰ, ਕੌਣ ਫ਼ਕ਼ੀਰ ਕਿਸ ਕਾ ਘਰਾਨਾ" (ਭਾਗੁ) ਦੇਖੋ, ਬਗਦਾਦ.

ਦਸਤਗੀਰੀ: ਦੇਖੋ, ਦਸ੍ਤਗੀਰੀ.

ਦਸਤਦਰਾਜ਼ੀ: ਫ਼ਾ. دستدرازی ਸੰਗ੍ਯਾ- ਹੱਥ ਵਧਾਉਣ ਦੀ ਕ੍ਰਿਯਾ. ਹੱਥ ਚੁੱਕਣਾ. ਮਾਰ ਕੁਟਾਈ.

दसतपणा, दसतपनाह: फ़ा. دستپناہ संगजा- ਹੱਥ ਦਾ ਰਖ਼ਕ. ਚਿਮਟਾ.

ਦਸਤਪੰਜਾ: ਦੇਖੋ, ਮੁਸ਼ਾਫ਼ਹ.

ਦਸਤਬਸਤਾ: ਫ਼ਾ. دستبستہ ਵਿ- ਹੱਥ ਜੁੜੇ ਹੋਏ. ਜਿਸ ਨੇ ਹੱਥ ਬੰਨ੍ਹੇ ਹਨ.

ਦਸਤਬੋਸੀ: ਫ਼ਾ. دست بوسی ਸੰਗਜਾ- ਹੱਥ ਚੁੰਮਣ ਦੀ ਕ੍ਰਿਯਾ. "ਲਈ ਦਸਤਾ ਬੋਸੀ ਉਠ ਪੀਰ." (ਨਾਪ੍ਰ)

ਦਸਤਰਖ਼੍ਵਾਨ: ਫ਼ਾ. دسترخوان ਸੰਗਜਾ- ਉਹ ਚਾਦਰ, ਜਿਸ ਤੇ ਭੋਜਨ ਪਰੋਸਿਆ ਜਾਵੇ.

ਦਸਤਰਵਾਂ: ਫ਼ਾ. دستروان ਹੱਥ ਟਿਕਾਉਣ ਦੀ ਕ੍ਰਿਯਾ. ਤੀਰ ਬੰਦੂਕ ਆਦਿ ਦੇ ਨਿਸ਼ਾਨੇ ਦਾ ਅਭ੍ਯਾਸ.

ਦਸਤਰਾਗ: ਸੰਗਜਾ- ਲੋਹੇ ਦਾ ਦਸ੍ਤਾਨਾ. "ਫੁਟੰਤ ਜਿਰਹਿ ਦਸਤਰਾਗ." (ਕਲਕੀ)

ਦਸਤਾ: ਫ਼ਾ. دستہ ਦਸ੍ਤਾ. ਸੰਗਜਾ- ਕ਼ਬਜ਼ਾ. ਮੁੱਠਾ. ਹੱਥਾ। ੨. ਟੋਲਾ. ਗਰੋਹ. ਝੁੰਡ। ੩. ਸੋਟਾ. ਡੰਡਾ। ੪. ਕਾਗ਼ਜ਼ ਦੇ ਚੌਬੀਹ ਤਾਉ ਦਾ ਗੱਠਾ.

ਦਸਤਾਂ: ਫ਼ਾ. دستان ਸੰਗਜਾ- ਫ਼ਰੇਬ. ਛਲ। ੨. ਗੀਤ। ੩. ਦਾਸਤਾਨ. ਕਹਾਣੀ. ਕਥਾ.

ਦਸਤਾਨਾ: ਫ਼ਾ. دستانہ ਸੰਗਜਾ- ਹੱਥ ਪੁਰ ਪਹਿਰਣ ਦਾ ਵਸਤ੍ਰ। ੨. ਤਲਵਾਰ ਦਾ ਤਾੜੀਦਾਰ ਕਬਜ਼ਾ, ਜੋ ਹੱਥ ਦੀ ਰਖ੍ਯਾ ਕਰਦਾ ਹੈ.

ਦਸਤਾਰ: ਫ਼ਾ. دستار ਸੰਗਜਾ- ਪੱਗ. "ਸਾਬਤ ਸੂਰਤਿ ਦਸਤਾਰ ਸਿਰਾ." (ਮਾਰੂ ਸੋਲਹੇ ਮਃ ੫) ਸਾਬਤ ਸੂਰਤ ਰਹਿਣਾ ਹੀ ਸਿਰ ਤੇ ਦਸਤਾਰ ਸਜਾਉਣੀ ਹੈ.

ਦਸਤਾਰਬੰਦੀ: ਸੰਗਜਾ- ਦਸ੍ਤਾਰ ਬੰਨ੍ਹਣ ਦੀ ਰਸਮ. ਕਿਸੇ ਬਜ਼ੁਰਗ ਦੇ ਮਰਨ ਪੁਰ ਪੁਤ੍ਰ ਆਦਿ ਅਧਿਕਾਰੀ ਨੂੰ ਭਾਈਚਾਰੇ ਵੱਲੋਂ ਦਿੱਤੀ ਹੋਈ ਪੱਗ ਦੇ ਬੰਨ੍ਹਣ ਦੀ ਕ੍ਰਿਯਾ। ੨. ਮੁਸਲਮਾਨਾਂ ਦੇ ਸਮੇਂ ਧਰਮ ਦੇ ਨਜਾਯਕਾਰੀ ਨੂੰ ਅਹੁਦੇ ਤੇ ਥਾਪਣ ਸਮੇਂ ਦਸ੍ਤਾਰ ਬੰਨ੍ਹਾਉਣ ਦੀ ਰਸਮ. ਦੇਖੋ, ਐਲਫਿਨਸਟਨ (Elphinstone) ਕ੍ਰਿਤ ਭਾਰਤ ਦਾ ਇਤਿਹਾਸ ਕਾਂਡ ੮.

ਦਸਤਾਰਾ: ਦੇਖੋ, ਦਸਤਾਰ. ਖ਼ਾਲਸਾ ਦਸਤਾਰ ਦੀ ਥਾਂ ਦਸਤਾਰਾ ਸ਼ਬਦ ਵਰਤਦਾ ਹੈ.

ਦਸਤਾਵੇਜ਼: ਫ਼ਾ. دستاویز ਸੰਗਜਾ- ਹੱਥ ਦੀ ਲਿਖਤ. ਸਨਦ.

ਦਸਤੂਰ: ਫ਼ਾ. دستوُر ਸੰਗਜਾ- ਰਸਮ. ਰੀਤਿ। ੨. ਨਿਯਮ. ਕ਼ਾਇ਼ਦਾ। ੩. ਮੰਤ੍ਰੀ. ਵਜ਼ੀਰ। ੪. ਮੁਗਲ ਬਾਦਸ਼ਾਹਾਂ ਵੇਲੇ ਪਰਗਨੇ ਦਾ ਪ੍ਰਧਾਨ ਨਗਰ "ਦਸਤੂਰ" ਸੱਦੀਦਾ ਸੀ. ਇੱਕ ਸੂਬੇ ਦੇ ਅਧੀਨ ਕਈ ਦਸਤੂਰ ਹੋਇਆ ਕਰਦੇ ਸਨ.

ਦਸਤੰਗੀਰ: ਦੇਖੋ, ਦਸਤਗੀਰ ੧. "ਕਸ ਨੇਸ ਦਸਤੰਗੀਰ." (ਤਿਲੰ ਮਃ ੧)

ਦਸਦਸ਼ਾ: ਗੁਰੂ ਗ੍ਰੰਥਸਾਹਿਬ ਵਿੱਚ ਦੇਹ ਦੀਆਂ ਦਸ ਹਾਲਤਾਂ ਲਿਖੀਆਂ ਹਨ:-

ਪਹਿਲੈ ਪਿਆਰਿ ਲਗਾ ਥਣ ਦੁਧਿ,

ਦੂਜੈ ਮਾਇ ਬਾਪ ਕੀ ਸੁਧਿ,

ਤੀਜੈ ਭਯਾ ਭਾਭੀ ਬੇਬ,

ਚਉਥੈ ਪਿਆਰਿ ਉਪੰਨੀ ਖੇਡ,

ਪੰਜਵੈ ਖਾਣ ਪੀਅਣ ਕੀ ਧਾਤੁ,

ਛਿਵੈ ਕਾਮੁ ਨ ਪੁਛੈ ਜਾਤਿ,

ਸਤਵੈ ਸੰਜਿ ਕੀਆ ਘਰਵਾਸੁ,

ਅਠਵੈ ਕ੍ਰੋਧੁ ਹੋਆ ਤਨ ਨਾਸੁ,

ਨਾਵੈ ਧਉਲੇ ਉਭੇ ਸਾਹ,

ਦਸਵੈ ਦਧਾ ਹੋਆ ਸੁਆਹ. (ਵਾਰ ਮਾਝ ਮਃ ੧)

੨. ਕਾਵ੍ਯਗ੍ਰੰਥਾਂ ਵਿੱਚ ਪ੍ਰੀਤਮ ਦੇ ਵਿਯੋਗ ਤੋਂ ਪ੍ਰੇਮੀ ਦੀਆਂ ਦਸ਼ ਦਸ਼ਾ ਇਹ ਲਿਖੀਆਂ ਹਨ:-

"ਅਭਿਲਾਖ, ਸੁ ਚਿੰਤਾ, ਗੁਣਕਥਨ, ਸਿਮ੍ਰਤਿ, ਉਦਬੇਗ, ਪ੍ਰਲਾਪ। ਉਨਮਾਦ, ਵ੍ਯਾਧਿ, ਜੜ੍ਹਤਾ ਭਯੇ ਹੋਤ ਮਰਣ ਪੁਨ ਆਪ." (ਰਸਿਕਪ੍ਰਿਯਾ)

੩. ਸੰਸਕ੍ਰਿਤ ਦੇ ਕਵੀਆਂ ਨੇ ਸ਼ਰੀਰ ਦੀਆਂ ਦਸ਼ ਦਸ਼ਾ ਇਹ ਲਿਖੀਆਂ ਹਨ:-

ਗਰਭਵਾਸ, ਜਨਮ, ਬਾਲ੍ਯ, ਕੌਮਾਰ, ਪੋਗੰਡ, ਯੌਵਨ, ਸ੍ਥਾਵਿਯੰ, ਜਰਾ, ਪ੍ਰਾਣਰੋਧ ਅਤੇ ਮਰਣ.

ਦਸਦਾਸੀ: ਦੇਖੋ, ਦਸ ੨.

ਦਸ ਦਿਸ, ਦਸ ਦਿਸਾ: ਦਸ਼ ਦਿਸ਼ਾ (ਸਿਮਤ) ਇਹ ਹਨ:-

ਪੂਰਵ, ਅਗਨਿ ਕੋਣ, ਦੱਖਣ, ਨੈਰਿਤੀ ਕੋਣ, ਪੱਛਮ, ਵਾਯਵੀ ਕੋਣ, ਉੱਤਰ, ਈਸ਼ਾਨ ਕੋਣ, ਆਕਾਸ਼, ਪਾਤਾਲ. "ਦਸ ਦਿਸ ਖੋਜਤ ਮੈ ਫਿਰਿਓ." (ਗਉ ਥਿਤੀ ਮਃ ੫) ਦੇਖੋ, ਦਿਸਾ ਅਤੇ ਦਿਕਪਾਲ.

ਦਸ ਦੁਆਰ: ਸੰਗ੍ਯਾ- ਦਸ਼ਦ੍ਵਾਰ. ਸ਼ਰੀਰ ਦੇ ਦਸ ਛਿੰਦ੍ਰ. ਦਸ ਦਰਵਾਜੇ-

ਦੋ ਕੰਨ, ਦੋ ਅੱਖਾਂ, ਦੋ ਨੱਕ ਦੇ ਛਿਦ੍ਰ, ਮੁਖ, ਗੁਦਾ, ਲਿੰਗ ਅਤੇ ਤਾਲੂਆ. "ਦਸਮੀ ਦਸੇ ਦੁਆਰ ਬਸਿ ਕੀਨੇ." (ਗਉ ਥਿਤੀ ਮਃ ੫)

ਦਸ ਦੋਇ ਦੁਆਦਸ ਮੰਤ: (ਗ੍ਯਾਨ) ਚੌਬੀਸ ਅੱਖਰਾਂ ਦਾ ਮੰਤ੍ਰ. ਗਾਯਤ੍ਰੀ.

ਦਸਨ: ਸੰਗ੍ਯਾ- ਦਸ਼ਨ. ਦੰਦ। ੨. ਕਵਚ. ਸੰਜੋਆ। ੩. ਦੰਸ਼ਨ. ਡੰਗ ਮਾਰਨਾ. "ਦਸਨ ਬਿਹੂਨ ਭੁਯੰਗੰ। ਮੰਤ੍ਰੰ ਗਾਰੁੜੀ ਨਿਵਾਰਣੰ." (ਗਾਥਾ) ਗਾਰੜੂ ਦੇ ਮੰਤ੍ਰ ਦਾ ਰੋਕਿਆ ਹੋਇਆ ਭੁਜੰਗ (ਸੱਪ) ਦੰਸ਼ਨ ਰਹਿਤ ਹੋ ਜਾਂਦਾ ਹੈ.

ਦਸ ਨਖ ਕੀ ਕਾਰ: ਦਸ ਨੌਹਾਂ ਦੀ ਕਿਰਤ. ਹੱਥਾਂ ਦੀ ਕਿਰਤ. ਧਰਮਕਿਰਤ. ਮਿਹ਼ਨਤ ਦੀ ਕਮਾਈ. "ਦਸ ਨਖ ਕਰਿ ਜੋ ਕਾਰ ਕਮਾਵੈ." (ਰਹਿਤ ਦੇਸਾਸਿੰਘ)

ਦਸ ਨਵ: ਵਿ- ਏਕੋਨਵਿੰਸ਼ਤਿ. ਉਂਨੀ. ਉੱਨੀਸ- ੧੯। ੨. ਦਸ ਅਤੇ ਨੌ ਗਿਣਤੀ ਦੇ ਪਦਾਰਥ.

ਦਸਨਾ: ਦਾਸਾਂ ਦਾ. ਸੇਵਕਾਂ ਦੇ. "ਚਰਣ ਮਲਉ ਹਰਿਦਸਨਾ." (ਗੌਂਡ ਮਃ ੪) ੨. ਦੇਖੋ, ਦਸਨ। ੩. ਦੇਖੋ, ਦੰਸ਼ਨ.

ਦਸ ਨਾਮ ਉਦਾਸੀ: ਦੇਖੋ, ਉਦਾਸੀ.

ਦਸਨਾਮ ਸੰਨਯਾਸੀ: ਸੰਨਯਾਸੀਆਂ ਦੇ ਦਸ ਫ਼ਿਰਕ਼ੇ. ਦਸ ਸੰਪ੍ਰਦਾਯ ਦੇ ਸੰਨਯਾਸੀ- ਤੀਰਥ, ਆਸ਼੍ਰਮ, ਵਨ, ਅਰਣ੍ਯ, ਗਿਰਿ, ਪਰਵਤ, ਸਾਗਰ, ਸਰਸ੍ਵਤੀ, ਭਾਰਤੀ ਅਤੇ ਪੁਰੀ. "ਦਸ ਨਾਮ ਸੰਨਯਾਸੀਆ, ਜੋਗੀ ਬਾਰਹ ਪੰਥ ਚਲਾਏ." (ਭਾਗੁ) ਦੇਖੋ, ਦਸਮਗ੍ਰੰਥ ਦੱਤਾਵਤਾਰ। ੨. ਸੰਨਯਾਸੀ ਸਾਧੂ ਆਪਣੇ ਤਾਈਂ ਸ਼ੰਕਰਾਚਾਰਯ ਤੋਂ ਹੋਣਾ ਮੰਨਦੇ ਹਨ ਅਰ ਉਸ ਦੇ ਚਾਰ ਚੇਲਿਆਂ ਤੋਂ ਦਸ਼ ਭੇਦ ਹੋਣੇ ਇਉਂ ਲਿਖਦੇ ਹਨ:-

ਵਿਸ਼੍ਵਰੂਪ ਤੋਂ ਤੀਰਥ ਅਤੇ ਆਸ਼੍ਰਮ.

ਪਦਮਪਾਦ ਤੋਂ- ਵਨ ਅਤੇ ਅਰਣ੍ਯ.

ਤ੍ਰੋਟਕ ਤੋਂ ਗਿਰਿ, ਪਰਵਤ ਅਤੇ ਸਾਗਰ.

ਪ੍ਰਿਥਿਵੀਧਰ ਤੋਂ ਸਰਸ੍ਵਤੀ, ਭਾਰਤੀ ਅਤੇ ਪੁਰੀ.

ਦਸ ਨਾਰੀ: ਦਸ਼ ਇੰਦ੍ਰੀਆਂ. ਗ੍ਯਾਨ ਅਤੇ ਕਰਮੇਂਦ੍ਰਿਯ. "ਦਸ ਨਾਰੀ ਮੈ ਕਰੀ ਦੁਹਾਗਨਿ." (ਪ੍ਰਭਾ ਅਃ ਮਃ ੫) ਭਾਵ- ਮਨ ਉਨ੍ਹਾਂ ਨਾਲ ਆਨੰਦ ਵਿਲਾਸ ਨਹੀਂ ਕਰਦਾ। ੨. ਦਸ਼ਨ- ਅਰਿ. ਦੰਦਾਂ ਦਾ ਵੈਰੀ.

ਦਸ ਨਾਰੀ ਇਕੁ ਪੁਰਖੁ: (ਵਾਰ ਮਾਰੂ ੨. ਮਃ ੫) ਦਸ ਇੰਦ੍ਰਿਯ ਅਤੇ ਜੀਵਾਤਮਾ.

ਦਸ ਪਰਬ: ਦੇਖੋ, ਦਸ ਪੁਰਬ.

ਦਸ ਪਾਤਉ: ਦੇਖੋ, ਪਾਤਉ.

ਦਸ ਪੁਰਬ: ਹਿੰਦੂਮਤ ਦੇ ਦਸ਼ ਪਰਵ. ਦਸ ਤ੍ਯੋਹਾਰ. "ਦਸ ਪੁਰਬ ਸਦਾ ਦਸਾਹਰਾ." (ਧਨਾ ਛੰਤ ਮਃ ੧) "ਦਸ ਪੁਰਬੀਂ ਗੁਰਪੁਰਬ ਨ ਪਾਇਆ." (ਭਾਗੁ) ਦਸ਼ ਪਰ੍ਵ ਇਹ ਹਨ- ਅਸ਼੍ਟਮੀ, ਚਤੁਰਦਸ਼ੀ, ਅਮਾਵਸ, ਪੂਰਣਮਾਸੀ, ਸੰਕ੍ਰਾਂਤਿ, ਉੱਤਰਾਯਨ, ਦਕ੍ਸ਼ਿਣਾਯਨ, ਵ੍ਯਤਿਪਾਤ, ਚੰਦ੍ਰਗ੍ਰਹਣ ਅਤੇ ਸੂਰਯਗ੍ਰਹਣ.

ਦਸਪੰਚ: ਦਸ ਤੇ ਪੰਜ ਪੰਦਰਾਂ. ਦਸ ਇੰਦ੍ਰੀਆਂ ਅਤੇ ਪੰਜ ਕਾਮਾਦਿਕ. "ਮਰਮ ਦਸਾਂ ਪੰਚਾਂ ਕਾ ਬੂਝੈ." (ਰਤਨਮਾਲਾ, ਬੰਨੋ)

ਦਸਪ੍ਰਾਣ: ਸ੍ਵਾਸ ਦੇ ਦਸ਼ ਭੇਦ-

"ਪੌਨ ਦਸ ਸੁਨੋ ਨਾਮ ਪ੍ਰਾਨ ਹੈ ਅਪਾਨ ਦੋਊ,

ਜਾਨਿਯੇ ਸਮਾਨ ਉਦਿਆਨ ਹੈ ਬਿਆਨ ਸੋ,

ਨਾਗ ਔਰ ਕੂਰਮ ਕ੍ਰਿਕਲ ਦੇਵਦੱਤ ਲਖੋ,

ਦਸਵੀਂ ਧਨੰਜੈ ਨਾਮ ਕਰਤ ਬਖਾਨ ਸੋ." (ਨਾਪ੍ਰ)

ਪ੍ਰਾਨ ਰਿਦੇ ਵਿੱਚ, ਅਪਾਨ ਗੁਦਾ ਵਿੱਚ, ਨਾਭਿ ਵਿੱਚ ਸਮਾਨ, ਕੰਠ ਵਿੱਚ ਉਦਿਆਨ, ਸਾਰੇ ਸ਼ਰੀਰ ਵਿੱਚ ਵ੍ਯਾਪਕ ਬ੍ਯਾਨ, ਡਕਾਰ ਦਾ ਹੇਤੁ ਨਾਗ, ਨੇਤ੍ਰਾਂ ਨੂੰ ਖੋਲ੍ਹਣ ਵਾਲੀ ਕੂਰਮ, ਕ੍ਰਿਕਲ ਤੋਂ ਭੁੱਖ ਦਾ ਲਗਣਾ, ਦੇਵਦੱਤ ਤੋਂ ਅਵਾਸੀ, ਮਰਣ ਪਿੱਛੋਂ ਸ਼ਰੀਰ ਨੂੰ ਫੁਲਾਉਣ ਵਾਲੀ ਧਨੰਜੈ.

ਦਸ ਬਘਿਆੜੀ, ਦਸ ਬਿਘਿਆੜੀ: ਦਸ਼ ਵ੍ਯਾਘ੍ਰੀ. "ਦਸ ਬਿਘਿਆੜੀ ਲਈ ਨਿਵਾਰਿ." (ਰਾਮ ਮਃ ੫) ਭਾਵ- ਗ੍ਯਾਨ ਅਤੇ ਕਰਮ ਇੰਦ੍ਰੀਆਂ.

ਦਸ ਬੈਰਾਗਨਿ: ਵਿਕਾਰਾਂ ਵੱਲੋਂ ਉਪਰਾਮ ਹੋਈਆਂ ਦਸ ਇੰਦ੍ਰੀਆਂ. "ਦਸ ਬੈਰਾਗਨਿ ਆਗਿਆਕਾਰੀ." (ਗਉ ਮਃ ੫)

ਦਸਮ: ਵਿ- ਦਸ਼ਮ. ਦਸਵਾਂ। ੨. ਸੰਗ੍ਯਾ- ਭਾਗਵਤ ਦਾ ਦਸਵਾਂ ਸਕੰਧ. "ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ." (ਕ੍ਰਿਸਨਾਵ) ਦਸਮਗ੍ਰੰਥ ਵਿੱਚ ਜੋ ਕ੍ਰਿਸਨ ਜੀ ਦੀ ਕਥਾ ਹੈ, ਇਹ ਕੇਵਲ ਵੈਸ਼ਨਵ ਭਾਗਵਤ ਦਾ ਹੀ ਦਸਮ ਸਕੰਧ ਨਹੀਂ ਹੈ, ਕਿੰਤੁ ਦੇਵੀ ਭਾਗਵਤ ਆਦਿ ਗ੍ਰੰਥਾਂ ਦਾ ਭੀ ਮਤ ਨਾਲ ਮਿਲਾਇਆ ਗਿਆ ਹੈ. ਇਸੇ ਲਈ ਦੇਵੀ ਦੀ ਉਸਤਤਿ ਅਤੇ ਰਾਧਾ (ਰਾਧਿਕਾ) ਦਾ ਜਿਕਰ ਆਉਂਦਾ ਹੈ। ੩. ਸੰ. ਦੁਸ੍ਸਮ. ਵਿ- ਅਣੋਖਾ. ਅ਼ਜੀਬ.

ਦਸਮ ਸਥਾਨ: ਸੰਗ੍ਯਾ- ਦਸ਼ਮਸ੍ਥਾਨ. ਦਸਵਾਂ ਦ੍ਵਾਰ. ਦੇਖੋ, ਦਸਮ ਦੁਆਰਾ। ੨. ਜਨਮਕੁੰਡਲੀ ਦਾ ਦਸਵਾਂ ਘਰ.

**ਦਸ ਮਹਾ ਵਿਦ੍ਯਾ:** ਦੇਖੋ, ਸਾਕਤ.

**ਦਸਮਗ੍ਰੰਥ:** ਦਸ਼ਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਗ੍ਰੰਥ. ਇਸ ਗ੍ਰੰਥ ਦੀ ਸੰਖੇਪ ਕਥਾ ਇਉਂ ਹੈ:-

ਮਾਤਾ ਸੁੰਦਰੀ ਜੀ ਦੀ ਆਗ੍ਯਾ ਅਨੁਸਾਰ ਸੰਮਤ ੧੭੭੯ ਵਿੱਚ ਭਾਈ ਮਨੀਸਿੰਘ ਜੀ ਦਰਬਾਰ ਸਾਹਿਬ ਅਮ੍ਰਿਤਸਰ ਜੀ ਦੇ ਗ੍ਰੰਥੀ ਥਾਪੇ ਗਏ. ਭਾਈਸਾਹਿਬ ਨੇ ਇਹ ਸੇਵਾ ਬਹੁਤ ਉੱਤਮ ਰੀਤੀ ਨਾਲ ਨਿਬਾਹੀ ਅਤੇ ਸਿੱਖ ਧਰਮ ਦਾ ਪ੍ਰਚਾਰ ਚੰਗੀ ਤਰਾਂ ਕੀਤਾ. ਇਸ ਅਧਿਕਾਰ ਵਿੱਚ ਹੋਰ ਪੁਸਤਕ ਰਚਣ ਤੋਂ ਛੁੱਟ, ਭਾਈ ਸਾਹਿਬ ਨੇ ਇੱਕ ਚੌਥੀ ਬੀੜ ਗੁਰੂ ਗ੍ਰੰਥਸਾਹਿਬ ਜੀ ਦੀ ਬਣਾਈ, ਜਿਸ ਵਿੱਚ ਰਾਗਾਂ ਦੇ ਕ੍ਰਮ ਅਨੁਸਾਰ ਹਰੇਕ ਸਤਿਗੁਰੂ ਅਤੇ ਭਗਤ ਦੀ ਬਾਣੀ ਇੱਕ ਇੱਕ ਥਾਂ ਜੁਦੀ ਕਰਕੇ ਲਿਖੀ. ਇਸ ਤੋਂ ਵੱਖ, ਜਿੱਥੋਂ ਕਿੱਥੋਂ ਵਡੇ ਜਤਨ ਨਾਲ ਦਸਮ ਸਤਿਗੁਰੂ ਦੀ ਉਪਦੇਸ਼ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਏਕਤ੍ਰ ਕਰਕੇ ਇੱਕ ਜਿਲਦ- "ਦਸਵੇਂ ਪਾਤਸ਼ਾਹ ਕਾ ਗ੍ਰੰਥ" ਨਾਮ ਕਰਕੇ ਲਿਖੀ.

ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਚੌਥੀ ਬੀੜ ਗੁਰੂ ਅਰਜਨਦੇਵ ਦੀ ਰਚਨਾ ਦੇ ਵਿਰੁੱਧ ਦੇਖਕੇ ਪੰਥ ਦਾ ਭਾਈਸਾਹਿਬ ਤੇ ਵਡਾ ਕੋਪ ਹੋਇਆ ਅਤੇ ਗੁਰੂ ਖਾਲਸੇ ਨੇ ਬੀੜ ਅਪ੍ਰਮਾਣ ਕੀਤੀ. ਸੰਮਤ ੧੭੯੪ ਵਿੱਚ ਭਾਈ ਮਨੀਸਿੰਘ ਜੀ, ਸਿੱਖੀ ਦਾ ਸੱਚਾ ਨਮੂਨਾ ਦੱਸਕੇ ਲਹੌਰ ਵਿੱਚ ਸ਼ਹੀਦ ਹੋਏ. ਇਨ੍ਹਾਂ ਦੇ ਦੇਹਾਂਤ ਪੁਰ ਪੰਥ ਨੇ ਦਸਮਗ੍ਰੰਥ ਨੂੰ ਦਮਦਮੇ ਸਾਹਿਬ, ਜੋ ਉਸ ਸਮੇਂ ਵਿਦ੍ਯਾ ਦੀ ਟਕਸਾਲ (ਸਿੱਖਾਂ ਦੀ ਕਾਸ਼ੀ ਕਰਕੇ ਪ੍ਰਸਿੱਧ) ਸੀ ਵਿਚਾਰ ਲਈ ਭੇਜਦਿੱਤਾ. ਖਾਲਸਾਦੀਵਾਨ ਵਿੱਚ ਚਿਰ ਤੋੜੀ ਇਸ ਬੀੜ ਤੇ ਚਰਚਾ ਹੋਈ. ਕਿਤਨਿਆਂ ਨੇ ਕਿਹਾ ਕਿ ਜੁਦੀ ਜੁਦੀ ਪੋਥੀਆਂ ਵਿੱਚ ਬਾਣੀ ਦਾ ਰਹਿਣਾ ਯੋਗ ਨਹੀਂ, ਇੱਕ ਜਿਲਦ ਵਿੱਚ ਹੀ ਸਭ ਦਾ ਏਕਤ੍ਰ ਰਹਿਣਾ ਠੀਕ ਹੈ. ਕਈਆਂ ਨੇ ਆਖਿਆ ਕਿ ਇਸ ਬੀੜ ਦੀਆਂ ਜੁਦੀਆਂ ਜੁਦੀਆਂ ਪੋਥੀਆਂ ਰਹਿਣ, ਜਿਨ੍ਹਾਂ ਨੂੰ ਅਧਿਕਾਰ ਅਨੁਸਾਰ ਗੁਣੀ ਗ੍ਯਾਨੀ ਵਿਦ੍ਯਾਰਥੀ ਪਠਨ ਪਾਠਨ ਕਰ ਸਕਨ, ਬਹੁਤਿਆਂ ਨੇ ਆਖਿਆ ਕਿ ਇਸ ਦੀਆਂ ਦੋ ਜਿਲਦਾਂ ਬਣਾਈਆਂ ਜਾਣ. ਇੱਕ ਵਿੱਚ ਉਹ ਬਾਣੀ ਹੋਵੇ ਜੋ ਕਲਗੀਧਰ ਦੀ ਸ਼੍ਰੀ ਮੁਖਵਾਕ ਰਚਨਾ ਨੌ ਸਤਿਗੁਰਾਂ ਦੀ ਅਕਾਲੀ ਬਾਣੀ ਤੁੱਲ ਹੈ, ਅਰ ਦੂਜੀ ਵਿੱਚ ਇਤਿਹਾਸ ਆਦਿਕ ਲਿਖੇ ਜਾਵਨ. ਬਹੁਤਿਆਂ ਨੇ ਰਾਇ ਦਿੱਤੀ ਕਿ ਹੋਰ ਸਭ ਬਾਣੀਆਂ ਤਾਂ ਭਾਈ ਮਨੀਸਿੰਘ ਜੀ ਦੀ ਲਿਖੀਆਂ ਜ੍ਯੋਂ ਕੀ ਤ੍ਯੋਂ ਰਹਿਣ, ਪਰ ਚਰਿਤ੍ਰ ਅਤੇ ਜ਼ਫ਼ਰਨਾਮੇ ਦੇ ਨਾਲ ਜੋ ੧੧. ਹਕਾਯਤਾਂ ਲਿਖੀਆਂ ਹਨ, ਇਹ ਬੀੜ ਤੋਂ ਅਲਗ ਕੀਤੀਆਂ ਜਾਣ.

ਇਸ ਤਰਾਂ ਹੋਰ ਤਰਕ ਵਿਤਰਕ ਚਿਰ ਤਾਈਂ ਹੁੰਦੀ ਰਹੀ, ਪਰ ਕੋਈ ਫ਼ੈਸਲਾ ਨਹੀ ਹੋਇਆ. ਇਤਨੇ ਵਿੱਚ ਭਾਈ ਮਤਾਬਸਿੰਘ ਜੀ, ਮੱਸੇ ਰੰਘੜ ਦੇ ਹੱਥੋਂ (ਸੰਮਤ ੧੭੯੭ ਵਿੱਚ) ਦਰਬਾਰ ਅਮ੍ਰਿਤਸਰ ਜੀ ਦੀ ਬੇਅਦਬੀ ਦਾ ਹਾਲ ਸੁਣਕੇ ਬੀਕਾਨੇਰ ਤੋਂ ਅਮ੍ਰਿਤਸਰ ਜੀ ਉੱਪੜਨ ਲਈ ਰਾਹ ਜਾਂਦੇ, ਦਮਦਮੇ ਸਾਹਿਬ ਆ ਪੁੱਜੇ. ਪੰਥ ਨੇ ਉਨ੍ਹਾਂ ਦੀ ਰਾਇ ਭੀ ਦਸਮਗ੍ਰੰਥ ਬਾਬਤ ਲਈ, ਤਾਂ ਉਨ੍ਹਾਂ ਨੇ ਆਖਿਆ ਕਿ ਜੇ ਮੈਂ ਮੱਸੇ ਨੂੰ ਮਾਰਕੇ ਮੁੜ ਦਮਦਮੇ ਸਾਹਿਬ ਆਇਆ, ਤਾਂ ਬੀੜ ਭਾਈ ਮਨੀਸਿੰਘ ਜੀ ਦੀ ਲਿਖੀ ਕ਼ਾਇਮ ਰਹੇ, ਜੇ ਮੈ ਅਮ੍ਰਿਤਸਰ ਜੀ ਸ਼ਹੀਦ ਹੋਗਿਆ ਤਾਂ ਜਿਲਦ ਖੋਲ੍ਹਕੇ ਜੁਦੀਆਂ ਜੁਦੀਆਂ ਪੋਥੀਆਂ ਬਣਾਈਆਂ ਜਾਣ. ਭਾਈ ਮਤਾਬਸਿੰਘ ਜੀ ਬਹਾਦੁਰੀ ਨਾਲ ਪਾਮਰ ਅਨ੍ਯਾਈ ਮੱਸੇ ਨੂੰ ਮਾਰਕੇ ਜੈਕਾਰੇ ਗਜਾਉਂਦੇ ਦਮਦਮੇ ਸਾਹਿਬ ਆਏ. ਪੰਥ ਨੇ ਭਾਈ ਮਤਾਬਸਿੰਘ ਜੀ ਦਾ ਭਾਰੀ ਸਨਮਾਨ ਕੀਤਾ ਅਰ ਉਨ੍ਹਾਂ ਦੇ ਬਚਨ ਅਨੁਸਾਰ ਦਸਮਗ੍ਰੰਥ ਦੀ ਬੀੜ ਭਾਈ ਮਨੀਸਿੰਘ ਜੀ ਦੇ ਲਿਖੇ ਕ੍ਰਮ ਅਨੁਸਾਰ ਕ਼ਾਇਮ ਰੱਖੀ.

ਦਸਮਗ੍ਰੰਥ ਦੀ ਬੀੜ ਇੱਕ ਭਾਈ ਸੁੱਖਾਸਿੰਘ (ਪਟਨੇ ਸਾਹਿਬ ਦੇ ਗ੍ਰੰਥੀ) ਨੇ ਭੀ ਲਿਖੀ ਹੈ, ਜਿਸ ਵਿੱਚ ਛੱਕੇ ਭਗੌਤੀਸਤੋਤ੍ਰ ਆਦਿਕ ਸ਼ਾਮਿਲ ਕਰ ਦਿੱਤੇ ਹਨ. ਅਞਾਣ ਅਤੇ ਮਨਮੌਜੀ ਲਿਖਾਰੀਆਂ ਦੀ ਕ੍ਰਿਪਾ ਨਾਲ ਕਈ ਹੋਰ ਬੀੜਾਂ ਭੀ ਬਣ ਗਈਆਂ ਹਨ ਅਤੇ ਅਰਥਾਂ ਤੋਂ ਅਨਰਥ ਹੋਗਏ ਹਨ, ਪਰ ਕਿਸੇ ਗੁਰੁਮਤ ਪ੍ਰੇਮੀ ਨੇ ਇਸ ਦੇ ਸੁਧਾਰ ਦਾ ਉਪਾਉ ਨਹੀਂ ਕੀਤਾ. ਭਾਵੇਂ ਬੀੜਾਂ ਤਾਂ ਬੇਅੰਤ ਹਨ, ਪਰ ਮੁੱਖ ਦੋ ਹੀ ਹਨ ਇੱਕ ਭਾਈ ਮਨੀਸਿੰਘ ਦੀ, ਜਿਸ ਦਾ ਦੂਜਾ ਨਾਉਂ ਭਾਈ ਦੀਪਸਿੰਘ ਵਾਲੀ ਭੀ ਹੈ, ਦੂਜੀ ਭਾਈ ਸੁੱਖਾਸਿੰਘ ਦੀ, ਜਿਸ ਨੂੰ ਲੋਕ ਖ਼ਾਸਬੀੜ ਕਰਕੇ ਭੀ ਸਦਦੇ ਹਨ.

**ਦਸਮਦੁਆਰਾ, ਦਸਮਦੁਆਰੁ:** ਦਸਮਦੁਆਰਾ ਸੰਗ੍ਯਾ- ਦਸ਼ਮਦ੍ਵਾਰ. ਦਿਮਾਗ. "ਦਸਮਦੁਆਰਾ ਅਗਮ ਅਪਾਰਾ." (ਰਾਮ ਬੇਣੀ)

ਦਸਮਰਦਨੁ: ਦਸ਼ ਇੰਦ੍ਰੀਆਂ ਦਾ ਦਮਨ. ਦਸ਼ਾਂ ਨੂੰ ਕ਼ਾਬੂ ਕਰਨ ਦੀ ਕ੍ਰਿਯਾ. "ਤਸਬੀ ਯਾਦਿ ਕਰਹੁ ਦਸਮਰਦਨੁ." (ਮਾਰੂ ਸੋਲਹੇ ਮਃ ੫)

ਦਸ ਮਿਰਗੀ: ਸ਼ੁਭ ਕਰਮਰੂਪ ਖੇਤੀ ਨੂੰ ਚੁਗ ਜਾਣ ਵਾਲੀਆਂ ਦਸ਼ ਇੰਦ੍ਰੀਆਂ. "ਦਸ ਮਿਰਗੀ ਸਹਜੇ ਬੰਧਿ ਆਨੀ." (ਭੈਰ ਮਃ ੫)

ਦਸਮੀ: ਸੰਗਯਾ- ਦਸ਼ਮੀ. ਚੰਦ੍ਰਮਾ ਦੇ ਪੱਖ ਦੀ ਦਸਵੀਂ ਤਿਥਿ. "ਦਸਮੀ ਦਸੇ ਦੁਆਰ ਬਸਿ ਕੀਨੇ." (ਗਉ ਥਿਤੀ ਮਃ ੫) ੨. ਦਸਵੀਂ ਗਿਣਤੀ ਦੀ ਕੋਈ ਚੀਜ.

ਦਸਮੁਖ: ਸੰਗਯਾ- ਦਸ਼ ਮੂਹਾਂ ਵਾਲਾ, ਰਾਵਣ। ੨. ਤ੍ਰਿਦੇਵ. ਤਿੰਨ ਦੇਵਤਾ. ਚਾਰ ਮੁਖ ਬ੍ਰਹਮਾ ਦੇ, ਇੱਕ ਵਿਸ਼ਨੁ ਦਾ, ਪੰਜ ਸ਼ਿਵ ਦੇ.

ਦਸਮੁਖਾਂਤਕ: ਸੰਗਯਾ- ਦਸ਼ਮੁਖ (ਰਾਵਣ) ਦਾ ਅੰਤ ਕਰਨ ਵਾਲਾ, ਸ਼੍ਰੀ ਰਾਮ। ੨. ਤੀਰ. (ਸਨਾਮਾ)

ਦਸ਼ਮੇਸ਼: ਸੰਗਯਾ- ਦਸ਼ਮ- ਈਸ਼. ਸਿੱਖਾਂ ਦੇ ਦਸਵੇਂ ਸ੍ਵਾਮੀ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ.

ਦਸਯਨ: ਦਸ਼ਮ ਕਰਕੇ. ਦਸਵੇਂ ਦ੍ਵਾਰਾ. "ਦਸ਼ਯਨ ਬੋਰੈ ਰਿਸ ਰਾਤੰ." (ਰਾਮਾਵ) ਰਾਵਣ ਦਸਵੇਂ ਮੁਖ ਨਾਲ ਕ੍ਰੋਧ ਵਿੱਚ ਰੱਤਾ ਬੋਰੈ (ਬੋਲਦਾ ਹੈ).

ਦਸ਼ਰਥ: ਅਯੋਧਯਾ ਦਾ ਪਤੀ ਰਘੁਵੰਸ਼ੀ ਅਜ ਦਾ ਪੁਤ੍ਰ, ਅਤੇ ਰਾਮਚੰਦ੍ਰ ਜੀ ਦਾ ਪਿਤਾ, ਜਿਸ ਦਾ ਰਥ ਦਸ਼ੋ ਦਿਸ਼ਾ ਵਿੱਚ ਬਿਨਾ ਰੋਕ ਫਿਰਦਾ ਸੀ. ਰਾਮਾਇਣ ਵਿੱਚ ਇਸ ਦੀਆਂ ਇਸਤ੍ਰੀਆਂ ਤਿੰਨ ਸੌ ਤਿਵੰਜਾ ਲਿਖੀਆਂ ਹਨ, ਜਿਨ੍ਹਾਂ ਵਿੱਚੋਂ ਸ਼ਿਰੋਮਣਿ ਕੌਸ਼ਲਯਾ, ਕੈਕੇਯੀ ਅਤੇ ਸੁਮਿਤ੍ਰਾ ਸਨ. ਕੌਸ਼ਲਯਾ ਤੋਂ ਰਾਮ, ਕੈਕੇਯੀ ਤੋਂ ਭਰਤ ਅਤੇ ਸੁਮਿਤ੍ਰਾ ਤੋਂ ਲਛਮਣ ਅਤੇ ਸ਼ਤ੍ਰੂਘਨ ਜਨਮੇ. ਜਿਸ ਵੇਲੇ ਰਾਮ ਨੂੰ ਰਾਜਾ ਦਸ਼ਰਥ ਯੁਵਰਾਜ ਥਾਪਣ ਲੱਗਿਆ ਸੀ, ਤਦ ਉਸ ਦੀ ਉਮਰ ਸੱਠ ਹਜ਼ਾਰ ਵਰ੍ਹੇ ਦੀ ਸੀ. (ਦੇਖੋ, ਵਾਲਮੀਕ ਕਾਂਡ ੨, ਅਃ ੨)

ਇੱਕ ਵੇਰ ਯੁੱਧ ਵਿੱਚ ਕੈਕੇਯੀ ਨੇ ਦਸ਼ਰਥ ਦੀ ਸਹਾਇਤਾ ਕੀਤੀ ਸੀ. ਉਸ ਤੋਂ ਪ੍ਰਸੰਨ ਹੋਕੇ ਦੋ ਵਰ ਦਿੱਤੇ ਸਨ ਉਨ੍ਹਾਂ ਨੂੰ ਚੇਤੇ ਕਰਾਕੇ ਕੈਕੇਯੀ ਨੇ ਆਖਿਆ ਕਿ ਮੇਰੇ ਪੁਤ੍ਰ ਭਰਤ ਨੂੰ ਯੁਵਰਾਜ ਅਤੇ ਰਾਮ ਨੂੰ ੧੪. ਵਰ੍ਹੇ ਵਨਵਾਸ ਦਿਓ. ਰਾਜੇ ਨੂੰ ਇਹ ਗੱਲ ਮਜਬੂਰਨ ਮੰਨਣੀ ਪਈ, ਪਰ ਰਾਮ ਨੂੰ ਵਨਵਾਸ ਦੇਕੇ ਅਜਿਹਾ ਦੁਖੀ ਹੋਇਆ ਕਿ ਵਿਯੋਗ ਵਿੱਚ ਪ੍ਰਾਣ ਤਯਾਗ ਦਿੱਤੇ. "ਉਤ ਦਸਰਥ ਤਨ ਕੋ ਤਜਯੋ ਸ੍ਰੀ ਰਘੁਬੀਰ ਵਿਯੋਗ." (ਰਾਮਾਵ)

ਵਾਲਮੀਕਿ ਨੇ ਲਿਖਿਆ ਹੈ ਕਿ ਸਿੰਧੁ (ਸ਼੍ਰਵਣ) ਨਾਮਿਕ ਤਪੀਆ ਜੋ ਸ਼ੂਦ੍ਰਾ ਇਸਤ੍ਰੀ ਤੋਂ ਵੈਸ਼ਯ ਦਾ ਪੁਤ੍ਰ ਸੀ, ਆਪਣੇ ਅੰਧੇ ਮਾਤਾ ਪਿਤਾ ਲਈ ਰਾਤ ਨੂੰ ਤਾਲ ਤੋਂ ਜਲ ਭਰਣ ਆਇਆ ਸੀ. ਦਸ਼ਰਥ ਉਸੇ ਤਾਲ ਦੇ ਕੰਢੇ ਸ਼ਿਕਾਰ ਦੀ ਤਾਕ ਵਿੱਚ ਬੈਠਾ ਸੀ. ਘੜੇ ਭਰਨ ਦਾ ਸ਼ਬਦ ਸੁਣਕੇ ਹਾਥੀ ਆਦਿ ਜੰਗਲੀ ਜੀਵ ਸਮਝ ਕੇ ਰਾਜੇ ਨੇ ਸ਼ਬਦਵੇਧੀ ਬਾਣ ਨਾਲ ਸ਼੍ਰਵਣ ਨੂੰ ਮਾਰ ਦਿੱਤਾ. ਜਦ ਜਾਕੇ ਦੇਖਿਆ ਤਦ ਦਸ਼ਰਥ ਵਡਾ ਦੁਖੀ ਹੋਇਆ. ਮਰਦੇ ਹੋਏ ਤਪੀਏ ਨੇ ਆਪਣੇ ਮਾਤਾ ਪਿਤਾ ਦਾ ਹਾਲ ਦੱਸਕੇ ਦਸ਼ਰਥ ਨੂੰ ਆਖਿਆ ਕਿ ਉਨ੍ਹਾਂ ਨੂੰ ਜਾਕੇ ਜਲ ਦੇਹ. ਰਾਜਾ ਪਾਣੀ ਲੈਕੇ ਉਨ੍ਹਾਂ ਪਾਸ ਗਿਆ ਅਤੇ ਸਾਰੀ ਕਥਾ ਸੁਣਾਕੇ ਅਪਰਾਧ ਦੀ ਮੁਆਫ਼ੀ ਮੰਗੀ. ਅੰਧ ਤਪੀਏ ਨੇ ਆਖਿਆ ਕਿ ਹੇ ਰਾਜਾ! ਤੂੰ ਪੁਤ੍ਰ ਦੇ ਵਿਯੋਗ ਨਾਲ ਪ੍ਰਾਣ ਤਜਾਗੇਂਗਾ।[614]

੨. ਅਸ਼ੋਕ ਰਾਜਾ ਦਾ ਪੋਤਾ, ਜੋ ਈਸਵੀ ਸਨ ਦੇ ਆਰੰਭ ਤੋਂ ਦੋ ਸੌ ਵਰ੍ਹੇ ਪਹਿਲਾਂ ਹੋਇਆ ਹੈ.

ਦਸ਼ਰਥਸੁਤ, ਦਸ਼ਰਥਤਨਯ: ਸ਼੍ਰੀ ਰਾਮਚੰਦ੍ਰ ਜੀ। ੨. ਭਰਤ ਲਕ੍ਸ਼ਮਣ ਅਤੇ ਸ਼ਤ੍ਰੂਘਨ.

ਦਸ਼ਲਕ੍ਸ਼ਣਕ: ਸੰ. ਸੰਗਯਾ- ਦਸ਼ ਹਨ ਲਕ੍ਸ਼ਣ ਜਿਸ ਦੇ ਧਰਮ. ਦੇਖੋ, ਧਰਮਅੰਗ.

---

[614] ਪਦਮਪੁਰਾਣ ਦੇ ਉੱਤਰਖੰਡ ਵਿੱਚ ਲਿਖਿਆ ਹੈ ਕਿ ਧਰਮਦੱਤ ਬ੍ਰਾਹਮਣ ਸੂਰਯਵੰਸ਼ ਵਿੱਚ ਦਸ਼ਰਥ ਰੂਪ ਹੋਕੇ ਜਨਮਿਆ ਸੀ.

**ਦਸਲਾ ਕਰਭਿਖ ਆਦੀ:** (ਸਨਾਮਾ) ਦੁ: ਸ਼ਲਜ ਅਤੇ ਕਭਿੰਬ ਦਾ ਵਡਾ ਭਾਈ ਦੁਰਯੋਧਨ.

**ਦਸਵਾ, ਦਸਵਾਂ:** ਦੇਖੋ, ਦਸਮ ੧. "ਮੰਦਰੁ ਦਸਵਾ ਦੁਆਰੁ." (ਸ੍ਰੀ ਅਃ ਮਃ ੧)

**ਦਸਵਾ ਆਕਾਸ:** ਦਸ਼ਮ ਦ੍ਵਾਰ. "ਮਨੁ ਚੜਿਆ ਦਸਵੈ ਆਕਾਸਿ." (ਸਵਾ ਮਃ ੩)

**ਦਸਵਾਂ ਦੁਆਰ:** ਦੇਖੋ, ਦਸਮਦੁਆਰੁ.

**ਦਸਵੇਂ ਪਾਤਸ਼ਾਹ ਦਾ ਗ੍ਰੰਥ:** ਦੇਖੋ, ਦਸਮਗ੍ਰੰਥ.

**ਦਸਵੰਧ:** ਦਸਵਾਂ ਭਾਗ. "ਜੋ ਅਪਨੀ ਕਛੁ ਕਰਹੁ ਕਮਾਈ। ਗੁਰੁ ਹਿਤ ਦਿਹੁ ਦਸਵੰਧ ਬਨਾਈ." (ਗੁਪ੍ਰਸੂ) ਦੇਖੋ, ਦਸੌਂਧ.

**ਦਸਾ:** ਸੰ. ਦਸ਼ਾ. ਸੰਗਯਾ- ਹ਼ਾਲਤ. ਅਵਸਥਾ। ੨. ਦੀਵੇ ਦੀ ਬੱਤੀ। ੩. ਪੱਲਾ. ਦਾਮਨ. ਲੜ। ੪. ਦੇਖੋ, ਦਸ਼ਦਸ਼ਾ.

**ਦਸਾਉਣਾ:** ਕ੍ਰਿ- ਪੁੱਛਣਾ. ਮਾਲੂਮ ਕਰਨਾ. "ਹਉ ਪੰਥ ਦਸਾਈ ਨਿਤ ਖੜੀ." (ਸ੍ਰੀ ਮਃ ੪) "ਰਾਹੁ ਦਸਾਈ ਨ ਜੁਲਾਂ." (ਵਡ ਮਃ ੧) "ਹਉ ਪੂੰਜੀ ਨਾਮ ਦਸਾਇਦਾ." (ਮਾਰੂ ਮਃ ੪) "ਪੰਥ ਦਸਾਵਾ ਨਿਤ ਖੜੀ." (ਆਸਾ ਛੰਤ ਮਃ ੪)

**ਦਸਾਇ, ਦਸਾਇਣੁ:** ਪੁੱਛਕੇ. ਪੁੱਛਣਾ। ੨. ਦਾਸਾਂ ਦਾ. ਦੇਖੋ, ਦਾਸਦਸਾਇ ਅਤੇ ਦਾਸਦਸਾਇਣੁ.

**ਦਸਾਈ:** ਦੇਖੋ, ਦਸਾਉਣਾ। ੨. ਸੰਗਯਾ- ਪੁੱਛਣ ਦੀ ਕ੍ਰਿਯਾ. "ਹਰਿ ਸਜਣ ਮੇਲਿ ਪਿਆਰੇ, ਮਿਲਿ ਪੰਥੁ ਦਸਾਈ." (ਵਾਰ ਸੋਰ ਮਃ ੪)

**ਦਸਾਸ੍ਵਮੇਧ:** ਸੰ. दशाश्वमेध. ਕਾਸ਼ੀ ਵਿੱਚ ਇੱਕ ਤੀਰਥ, ਜਿੱਥੇ ਰਾਜਾ ਦਿਵੋਦਾਸ ਦੀ ਸਹਾਇਤਾ ਨਾਲ ਬ੍ਰਹਮਾ ਨੇ ਦਸ਼ ਅਸ਼੍ਵਮੇਧ ਯੱਗ ਕੀਤੇ ਸਨ। ੨. ਅਸ਼੍ਵਮੇਧ ਯਗ੍ਯ ਦੇ ਦਸ਼ ਭੇਦ:-

ਪ੍ਰਭੂ, ਵਿਭੂ, ਵਜਸ਼੍ਰਿ, ਵਿਧ੍ਰਿਤਿ, ਵਜਾਵ੍ਰਿਤਿ, ਊਰਜਸ੍ਵ, ਪਯਸ੍ਵਾਨ, ਬ੍ਰਹਮਵਰਚਸ, ਅਤਿਵਜਾਧਿ ਅਤੇ ਦੀਰਘ.

**ਦਸਾਹਰਾ:** ਦੇਖੋ, ਦਸਹਰਾ। ੨. ਦ੍ਰਿਸ਼੍ਟਿ ਆਉਂਦਾ ਹੈ. ਦਿਖਾਈ ਦਿੰਦੀ ਹੈ. "ਸਭ ਤੇਰਾ ਖੇਲ ਦਸਾਹਰਾ ਜੀਉ." (ਮਾਝ ਮਃ ੫)

**ਦਸਾਕੀ:** ਦੇਖੋ, ਦਾਸ ਦਸਾਕੀ.

**ਦਸਾਙ੍ਕਰ:** ਪਿੰਗਲਸ਼ਾਸਤ੍ਰ ਅਨੁਸਾਰ ਅੱਠ ਗਣਾਂ ਦੇ ਅੱਠ, ਅਤੇ ਲਘੁ ਗੁਰੁ ਦੇ ਆਦਿ ਦੇ ਦੋ ਅੱਖਰ, ਜੋ ਛੰਦ ਵਿਦ੍ਯਾ ਦਾ ਮੂਲ ਹਨ-

ਮ ਭ ਜ ਸ ਨ ਯ ਰ ਤ ਲ ਗ.

**ਦਸਾਂਗੁਲ:** ਸੰ. दशाङ्गुल. ਸੰਗਯਾ- ਖ਼ਰਬੂਜ਼ਾ. ਦਸ ਫਾੜੀਆਂ ਵਾਲਾ. ਇਹ ਕਥਾ ਪ੍ਰਚਲਿਤ ਹੈ ਕਿ ਇੱਕ ਤਪਸ੍ਵੀ ਲਈ ਆਕਾਸ਼ ਤੋਂ ਫਲ ਡਿਗਿਆ, ਜਿਸ ਨੂੰ ਉਸ ਨੇ ਦੋਹਾਂ ਹੱਥਾਂ ਨਾਲ ਬੋਚਿਆ, ਅਤੇ ਦਸ਼ ਅੰਗੁਲਾਂ ਦੇ ਚਿੰਨ੍ਹ ਉਸ ਪੁਰ ਹੋਗਏ. ਖ਼ਰਬੂਜ਼ੇ ਦੀਆਂ ਵਿਸ਼ੇਸ਼ ਕਰਕੇ ਦਸ ਫਾੜੀਆਂ ਹੁੰਦੀਆਂ ਹਨ.

**ਦਸ਼ਾਨਨ:** ਸੰਗਯਾ- ਦਸ਼ ਆਨਨ (ਮੁਖਾਂ) ਵਾਲਾ ਰਾਵਣ.

**ਦਸ਼ਾਨਨ ਅਰਿ:** ਰਾਵਣ ਦਾ ਵੈਰੀ ਸ਼੍ਰੀ ਰਾਮ.

**ਦਸਾਂ ਨੌਹਾਂ ਦੀ ਕਮਾਈ:** ਦੇਖੋ, ਦਸ ਨਖ ਕੀ ਕਾਰ.

**ਦਸਾਵਤਾਰ:** ਦੇਖੋ, ਦਸ ਅਉਤਾਰ.

**ਦਸਿ:** ਦੱਸਕੇ. ਬਤਾਕੇ। ੨. ਦੱਸਣਾ ਕ੍ਰਿਯਾ ਦਾ ਅਮਰ. ਦੱਸ. ਬਤਾ. "ਸੋਈ ਦਸਿ ਉਪਦੇਸੜਾ." (ਸੂਹੀ ਮਃ ੫. ਗੁਣਵੰਤੀ)

ਦਸਿਹੁ: ਦੱਸੀਓ. ਬਤਾਈਓ. "ਮੈ ਦਸਿਹੁ ਮਾਰਗੁ." (ਵਾਰ ਮਾਰੂ ੨. ਮਃ ੫)

ਦਸੂਣੀ: ਵਿ- ਦਸ਼ ਗੁਣੀ. "ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ." (ਜਪੁ)

ਦਸੇ: ਦਸੋਂ ਹੀ. ਦੇਖੋ, ਦਸਦੁਆਰ ਅਤੇ ਦਸਮੀ। ੨. ਦੱਸੇ. ਬਤਾਵੇ.

ਦਸੇਰਾ: ਸੰਗਯਾ- ਦਸ਼ ਸੇਰ ਦਾ ਵੱਟਾ.

ਦਸ਼ੋਤਰ: ਸੰ. द्शोत्तर. ਵਿ- ਸੌ ਤੋਂ ਦਸ ਉੱਪਰ. ਇੱਕ ਸੌ ਦਸ। ੨. ਕਿਸੇ ਗਿਣਤੀ ਤੋਂ ਦਸ ਉੱਪਰ.

ਦਸੋ ਦਿਸਾ: ਦੇਖੋ, ਦਸ ਦਿਸਾ.

ਦਸੋ ਨਾਗ: ਦਸਮਗ੍ਰੰਥ ਦੇ ੨੧੭ ਚਰਿਤ੍ਰ ਵਿੱਚ ਦਿਸ਼ਾ ਨਾਗ਼ (ਦਿੱਗਜ) ਦੀ ਥਾਂ ਇਹ ਅਸ਼ੁੱਧ ਪਾਠ ਅਞਾਣ ਲਿਖਾਰੀ ਦੀ ਕ੍ਰਿਪਾ ਨਾਲ ਬਣ ਗਿਆ ਹੈ. "ਪ੍ਰਿਥੀ ਚਾਲ ਕੀਨੋ ਦਸੋ ਨਾਗ ਭਾਗੇ." ਸ਼ੁੱਧ ਪਾਠ ਹੈ- "ਦਿਸ਼ਾਨਾਗ ਭਾਗੇ." ਦਿੱਗਜ ਹਾਥੀ ਨੱਠੇ.

ਦਸੌਂਧ: ਸੰਗਯਾ- ਦਸ਼ਮਾਂਸ਼. ਦਸ਼ਵਾਂ ਭਾਗ. ਦਸਵਾਂ ਹਿੱਸਾ. Tithe. ਕਮਾਈ ਵਿੱਚੋਂ ਦਸਵਾਂ ਹਿੱਸਾ ਕਰਤਾਰ ਅਰਥ ਦੇਣਾ ਸਿੱਖਧਰਮ ਵਿੱਚ ਵਿਧਾਨ ਹੈ. "ਦਸ ਨਖ ਕਰਿ ਜੋ ਕਾਰ ਕਮਾਵੈ। ਤਾਂ ਕਰ ਜੋ ਧਨ ਘਰ ਮਹਿ ਆਵੈ। ਤਿਸ ਤੇ ਗੁਰੁਦਸੌਂਧ ਜੋ ਦੇਈ। ਸਿੰਘ ਸੁਯਸ ਬਹੁ ਜਗ ਮੇ ਲੇਈ." (ਪ੍ਰਸ਼ਨੋੱਤਰ ਭਾਈ ਨੰਦਲਾਲ) "ਦਸਵਾਂ ਹਿੱਸਾ ਖੱਟਕੈ ਸਿੱਖਾਂ ਦੇ ਮੁਖ ਪਾਇ." (ਮਗੋ) ਦਸੌਂਧ ਦੇਣ ਦਾ ਹੁਕਮ ਬਾਈਬਲ ਵਿੱਚ ਭੀ ਹੈ. ਦੇਖੋ, Gen XIV ੨੦ ਅਤੇ XXVIII ੨੨.

ਪਰਾਸ਼ਰ ਰਿਖੀ ਦੇ ਲੇਖ ਅਨੁਸਾਰ ਗ੍ਰਿਹਸਥੀਆਂ ਨੂੰ ਕੁੱਲ ਆਮਦਨ ਵਿੱਚੋਂ ਦੇਵਤਿਆਂ ਅਰਥ ਇਕੀਹਵਾਂ ਹਿੱਸਾ ਦੇਣਾ ਚਾਹੀਏ, ਪਾਰ ਬ੍ਰਾਹਮਣ ਗ੍ਰਿਹਸਥੀ ਤੀਹਵਾਂ ਹਿੱਸਾ ਦੇਵੇ.

ਦਸੌਂਧੀਆ: ਦਸੌਂਧ ਦੇਣ ਵਾਲਾ। ੨. ਉਹ ਬਾਲਕ, ਜਿਸ ਦਾ ਦਸੌਂਧ ਅਰਪਨ ਕੀਤਾ ਗਿਆ ਹੈ.

ਰੀਤਿ ਇਉਂ ਹੈ- ਮਾਤਾ ਪਿਤਾ ਸੰਤਾਨ ਅਰਥ ਅਰਦਾਸ ਕਰਦੇ ਹੋਏ ਪ੍ਰਣ ਕਰਦੇ ਸਨ ਕਿ ਜੇ ਬਾਲਕ ਹੋਵੇ ਤਦ ਅਸੀਂ ਉਸ ਦਾ ਦਸੌਂਧ ਗੁਰੂ ਅਰਥ ਦੇਵਾਂਗੇ. ਜਦ ਲੜਕਾ ਤੁਰਣ ਫਿਰਣ ਵਾਲਾ ਹੋ ਜਾਂਦਾ, ਤਦ ਗੁਰਦੁਆਰੇ ਲੈ ਜਾਂਦੇ ਸਨ. ਪੰਜ ਸਿੱਖ ਉਸ ਦਾ ਜੋ ਮੁੱਲ ਪਾਉਂਦੇ, ਉਸ ਦਾ ਦਸਵਾਂ ਹਿੱਸਾ ਗੁਰਦੁਆਰੇ ਦਿੱਤਾ ਜਾਂਦਾ.

"ਗੁਰੁ ਕੋ ਸੁਤ ਦਸੌਂਧੀਆ ਕੀਨ." (ਗੁਪ੍ਰਸੂ)

ਪੁਤ੍ਰ ਗੁਰੂ ਦਾ ਦਸੌਂਧੀਆ ਕੀਤਾ।

੩. ਮਰਹਟਿਆਂ ਦੇ ਰਾਜ ਵਿੱਚ ਦਸੌਂਧੀਆ ਉਹ ਅਖਾਉਂਦਾ ਸੀ, ਜਿਸ ਨੂੰ ਮਾਲਗੁਜ਼ਾਰੀ ਦਾ ਦਸਵਾਂ ਹਿੱਸਾ ਮੁਆਫ਼ ਕੀਤਾ ਜਾਂਦਾ ਸੀ, ਅਰ ਮੁਆਫੀ ਦੇ ਪਰਗਨੇ ਦੀ ਹਿਫ਼ਾਜਤ ਦਸੌਂਧੀਏ ਦੇ ਜ਼ਿੰਮੇਂ ਹੋਇਆ ਕਰਦੀ ਸੀ.

ਦਸੰਚਾਰ ਚਉਦਾਹ ਵਿਦਯਾ: (ਗਯਾਨ) ਅਠਾਈਸ ਵਿਦਯਾ. "ਦਸਚਾਰ ਚਾਰ" ਸ਼ਬਦ ਵਿੱਚ ਲਿਖੀਆਂ ੧੮. ਵਿਦਯਾ ਨਾਲ ਦਸ ਹੋਰ ਜੋੜਨ ਤੋਂ ੨੮ ਵਿਦਯਾ ਹੁੰਦੀਆਂ ਹਨ. ਦੇਖੋ, ਕਲਾ ਅਤੇ ਚੌਸਠ ਕਲਾ.

ਦਸੰਤ੍ਰ: ਸੰ. देशान्तर- ਦੇਸ਼ਾਂਤਰ. ਸੰਗਯਾ- ਪਰਦੇਸ਼. ਵਿਦੇਸ਼. ਅਨਯ ਦੇਸ਼. "ਦਿਸੰਤ੍ਰ ਜਾਸ ਛੋਲੀਐ." (ਪਾਰਸਾਵ) ਜਿਸ ਨੇ ਦੂਸਰੇ ਦੇਸ਼ ਭੀ ਸ਼ਸਤ੍ਰਾਂ ਨਾਲ ਛਿੱਲ ਦਿੱਤੇ ਹਨ.

ਦਸੰਦਾ: ਦੱਸਦਾ. ਬਤਾਉਂਦਾ। ੨. ਦਿਖਾਈ ਦਿੰਦਾ। ੩. ਪੁੱਛਦਾ. ਪ੍ਰਸ਼ਨ ਕਰਦਾ. "ਯਾਰ ਵੇ, ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ." (ਜੈਤ ਛੰਤ ਮਃ ੫) ਯਾਰ ਤੋਂ ਭਾਵ ਆਤਮਗਯਾਨੀ ਸੱਜਨ ਸਤਿਗੁਰੂ ਹੈ.

ਦੱਸ: ਸੰਗਯਾ- ਸੁਧ. ਖ਼ਬਰ. ਸਮਾਚਾਰ। ੨. ਦੱਸਣਾ ਦਾ ਅਮਰ.

ਦਸੁ, ਦਸ੍ਹੁ: ਦੇਖੋ, ਦਸਤ.

ਦਸੁ ਅਫ਼ਸ਼ਾਂਦਨ: ਫ਼ਾ. دست افشاندن ਕ੍ਰਿ- ਹੱਥ ਝਾੜਨਾ। ੨. ਭਾਵ- ਹੱਥ ਉਠਾ ਲੈਣਾ. ਅਰਥਾਤ- ਛੱਡ ਦੇਣਾ.

ਦਸੁਗੀਰ: ਦੇਖੋ, ਦਸਤਗੀਰ.

ਦਸੁਗੀਰੀ: ਫ਼ਾ. دستگیری ਹੱਥ ਫੜਨ ਦੀ ਕ੍ਰਿਯਾ. ਸਹਾਇਤਾ ਦੇਣ ਦਾ ਭਾਵ. "ਦਸੁਗੀਰੀ ਦੇਹਿ, ਦਿਲਾਵਰ!" (ਤਿਲੰ ਮਃ ੫)

ਦਸ੍ਯੁ: ਸੰ. ਸੰਗ੍ਯਾ- ਚੋਰ. ਲੁਟੇਰਾ। ੨. ਵੈਰੀ। ੩. ਅਗਨਿ (ਅੱਗ). ੪. ਇੱਕ ਅਸਭ੍ਯ ਜਾਤਿ, ਜਿਸ ਦਾ ਜਿਕਰ ਰਿਗਵੇਦ ਵਿੱਚ ਹੈ. ਆਰਯਾਂ ਨੇ, ਭਾਰਤ ਦੇ ਅਸਭ੍ਯ ਲੋਕ ਜੋ ਕਾਲੇ ਰੰਗ ਦੇ ਸਨ, ਉਨ੍ਹਾਂ ਦਾ ਨਾਮ "ਦਸ੍ਯੁ" ਥਾਪਿਆ ਸੀ.

ਦਹ: ਸੰ. दह्. ਧਾ- ਜਲਾਉਣਾ, ਨਸ਼੍ਟ ਕਰਨਾ, ਦੁੱਖ ਦੇਣਾ, ਦਾਗਣਾ। ੨. ਦੇਖੋ, ਦਾਹ। ੩. ਕ੍ਰਿ. ਵਿ- ਦਗਧ ਕਰਕੇ. ਫੂਕਕੇ. "ਚੂਨਾ ਹੋਵੈ ਉਜਲਾ ਦਹ ਪੱਥਰ ਕੁੱਟੈ." (ਭਾਗੁ) ੪. ਫ਼ਾ. دہ ਵਿ- ਦਸ਼. "ਦੁਬਿਧਾ ਲਾਗੈ ਦਹ ਦਿਸਿ ਧਾਵੈ." (ਮਾਝ ਅਃ ਮਃ ੩)

ਦਹਸ਼ਤ: ਅ਼. دہشت ਸੰਗ੍ਯਾ- ਡਰ. ਭਯ। ੨. ਪਰੇਸ਼ਾਨੀ. ਵ੍ਯਾਕੁਲਤਾ.

ਦਹਸਿਰ: ਸੰ. दशशीर्ष- ਦਸ਼ਸ਼ੀਸ਼ੰ. ਸੰਗ੍ਯਾ- ਦਸ ਸਿਰਾਂ ਵਾਲਾ ਰਾਵਣ. "ਰੋਵੈ ਦਹਸਿਰ ਲੰਕ ਗਵਾਇ." (ਵਾਰ ਰਾਮ ੧. ਮਃ ੧)

ਦਹਕ: ਦੇਖੋ, ਦਾਹਕ.

ਦਹਕਾਨ, ਦਹਕ਼ਾਨ: ਅ਼. دہقان ਦੇਹਗਾਨ ਦਾ ਬਦਲ. ਪਿੰਡਵਾਲਾ। ੨. ਪੇਂਡੂ. ਗੱਵਾਰ.

ਦਹਣ: ਦੇਖੋ, ਦਹਨ. "ਭ੍ਰਮ ਭ੍ਰਾਂਤਿ ਦਹਣ ਸੀਤਲ ਸੁਖਦਾਤਉ." (ਸਵੈਯੇ ਮਃ ੫. ਕੇ)

ਦਹ ਦਿਸ, ਦਹ ਦਿਸਿ: ਦੇਖੋ, ਦਸ ਦਿਸਾ। ੨. ਕ੍ਰਿ. ਵਿ- ਦਸ਼ੋ ਦਿਸ਼ਾ ਵਿੱਚ. ਭਾਵ- ਸਾਰੇ "ਦਹ ਦਿਸ ਪੂਰਿਰਹਿਆ ਜਸੁ ਸੁਆਮੀ." (ਸੂਹੀ ਛੰਤ ਮਃ ੫) "ਦਹ ਦਿਸਿ ਪੂਜ ਹੋਵੈ ਹਰਿਜਨ ਕੀ." (ਸੂਹੀ ਛੰਤ ਮਃ ੩)

ਦਹਨ: ਸੰ. ਸੰਗ੍ਯਾ- ਭਸਮ ਕਰਨ ਦੀ ਕ੍ਰਿਯਾ. ਦਾਹ "ਸਤ੍ਰੁ ਦਹਨ ਹਰਿਨਾਮ ਕਹਨ." (ਗੂਜ ਮਃ ੫) "ਹਰਿ ਸਿਮਰਨ ਦਹਨ ਭਏ ਮਲ." (ਟੋਡੀ ਮਃ ੫) ੨. ਅਗਨਿ. "ਤ੍ਰਿਸਨਾ ਦਹਨ ਬਿਖੇ ਜੋ ਦਹਨਾ." (ਨਾਪ੍ਰ) ੩. ਕ੍ਰੋਧੀ ਪੁਰੁਸ਼। ੪. ਫ਼ਾ. دہن ਮੁਖ. ਮੂੰਹ.

ਦਹਨੁ: ਦੇਖੋ, ਦਹਨ ੧. "ਦੂਤ ਦਹਨੁ ਭਇਆ, ਗੋਵਿੰਦ ਪ੍ਰਗਟਾਇਆ." (ਆਸਾ ਛੰਤ ਮਃ ੫)

ਦਹਰ: ਅ਼. دہر ਸੰਗ੍ਯਾ- ਸਮਾਂ. ਵੇਲਾ। ੨. ਸੰਸਾਰ. ਜਗਤ। ੩. ਸੰ. ਭਾਈ. ਭ੍ਰਾਤਾ। ੪. ਬਾਲਕ। ੫. ਵਰੁਣ ਦੇਵਤਾ। ੬. ਕੁੱਕੜ. ਮੁਰਗਾ। ੭. ਨਰਕ। ੮. ਚੂਹੀ। ੯. ਵਿ- ਛੋਟਾ। ੧੦. ਥੋੜਾ। ੧੧. ਦੁਬੋਧ. ਜਿਸ ਦਾ ਸਮਝਣਾ ਔਖਾ ਹੋਵੇ.

ਦਹਰਹ, ਦਹਰਾ: ਫ਼ਾ. دہرہ ਸੰਗ੍ਯਾ- ਛੋਟੀ ਤਲਵਾਰ। ੨. ਖ਼ੰਜਰ.

ਦਹਰੀ: ਅ਼. دہری ਸੰਗ੍ਯਾ- ਜੋ ਸਮਯ (ਕਾਲ) ਨੂੰ ਹੀ ਜਗਤ ਦੇ ਰਚਣ ਅਤੇ ਨਾਸ਼ ਕਰਨ ਵਾਲਾ ਮੰਨਦਾ ਹੈ। ੨. ਨਾਸ੍ਤਿਕ. ਈਸ਼੍ਵਰ ਅਤੇ ਪਰਲੋਕ ਨਾ ਮੰਨਣ ਵਾਲਾ. Atheist.

ਦਹਲ: ਅ਼. دحل ਦਹ਼ਲ. ਸੰਗ੍ਯਾ- ਹੌਲ. ਧੜਕਾ। ੨. ਇੱਕ ਰੋਗ. خفقان ਖ਼ਫ਼ਕ਼ਾਨ. ਹੌਲਦਿਲ. ਦਿਲ ਦਾ ਧੜਕਣਾ. ਹਰ ਵੇਲੇ ਡਰ ਬਣਿਆ ਰਹਿਣਾ. ਅਚਾਨਕ ਚੌਂਕ ਉਠਣਾ. ਇਹ ਉਨਮਾਦ ਰੋਗ ਦਾ ਪਹਿਲਾ ਰੂਪ ਹੈ. ਇਸ ਦੇ ਕਾਰਣ ਹਨ- ਪੱਠਿਆਂ ਦੀ ਕਮਜੋਰੀ, ਬਹੁਤ ਮੈਥੁਨ, ਦਿਮਾਗੀ ਮਿਹਨਤ, ਰੰਜ, ਡਰ, ਵਾਉਗੋਲਾ, ਸ਼ਰਾਬ ਭੰਗ ਚੜਸ ਤਮਾਕੂ ਆਦਿ ਦਾ ਬਹੁਤ ਸੇਵਨ, ਜਿਗਰ ਅਤੇ ਮੇਦੇ ਦੀ ਖਰਾਬੀ, ਬਹੁਤ ਥਕਾਣ ਅਤੇ ਬਵਾਸੀਰ ਰੋਗ ਆਦਿ.

ਦਹਲ ਦੇ ਰੋਗੀ ਨੂੰ ਤਾਕਤ ਦੇਣ ਵਾਲਿਆਂ, ਛੇਤੀ ਹਜਮ ਹੋਣ ਵਾਲੀਆਂ ਚੀਜਾਂ, ਫਲ ਮੁਰੱਬੇ ਦੁੱਧ ਮੱਖਣ ਮਲਾਈ ਆਦਿ ਦੇਣੀਆਂ

ਚਾਹੀਏ. ਸ਼ਰਬਤ ਅਨਾਰ ਸ਼ਰਬਤ ਸੰਦਲ ਪਿਆਉਣੇ ਲੋੜੀਏ. ਹਰ ਵੇਲੇ ਚਿੱਤ ਪ੍ਰਸੰਨ ਰੱਖਣ ਦੇ ਉਪਾਉ ਕਰਨੇ ਚਾਹੀਏ. ਜੋ ਦਵਾਈਆਂ ਉਨਮਾਦ ਰੋਗ ਵਿੱਚ ਗੁਣਕਾਰੀ ਹਨ ਉਹ ਦਹਿਲ ਭੀ ਦੂਰ ਕਰਦੀਆਂ ਹਨ. ਦੇਖੋ, ਉਦਮਾਦ। ੩. ਖੋਟੇ ਕਰਮ ਕਰਨ ਤੋਂ ਭੀ, ਜਿਨ੍ਹਾਂ ਕਰਕੇ ਰਾਜਾ ਵ੍ਰਿੱਧ ਗੁਰੂ ਆਦਿ ਵੱਲੋਂ ਦੰਡ ਮਿਲੇ, ਦਹਲ ਹੋਇਆ ਕਰਦਾ ਹੈ. ਇਸ ਹੌਲਦਿਲ ਦਾ ਇਹੀ ਇਲਾਜ ਉੱਤਮ ਹੈ ਕਿ ਕੁਕਰਮ ਦਾ ਤਿਆਗ ਕਰਕੇ ਸਦਾਚਾਰੀ ਹੋਣਾ ਚਾਹੀਏ.

ਦਹਲੀਜ਼: ਫ਼ਾ. دہلیز ਸੰਗ੍ਯਾ- ਦੇਹਲੀ. ਦੇਹਲ. ਦਰਵਾਜ਼ੇ ਦੀ ਚੌਖਟ ਦੀ ਹੇਠਲੀ ਲੱਕੜ. ਮੁਹਾਠ. ਬੂਹਾਠ.

ਦਹਾ: ਫ਼ਾ. دہہ ਦਹਹ. ਸੰਗ੍ਯਾ- ਮੁਹ਼ੱਰਮ ਦੀ ਪਹਿਲੀ ਤਾਰੀਖ਼ ਤੋਂ ਦਸਵੀਂ ਤਕ ਦੇ ਦਿਨ. ਮੁਹ਼ੱਰਮ ਦੇ ਪਹਿਲੇ ਦਸ਼ ਦਿਨ। ੨. ਭਾਵ- ਤਅ਼ਜ਼ੀਯਹ (ਤਾਜੀਆ). ਦੇਖੋ, ਤਾਜੀਆ.

ਦਹਾਨ: ਫ਼ਾ. دہان ਸੰਗ੍ਯਾ- ਮੁਖ. ਮੂੰਹ.

ਦਹਾਨਾ: ਫ਼ਾ. دہانہ ਸੰਗ੍ਯਾ- ਘੋੜੇ ਦੇ ਦਹਾਨ (ਮੂੰਹ) ਦੇਣ ਦਾ ਲੋਹੇ ਦਾ ਅੰਕੁੜਾ. ਲਗਾਮ। ੨. ਪਾਣੀ ਦਾ ਮੋਘਾ. ਨੱਕਾ. ਖਾਲ ਅਥਵਾ ਰਾਜਵਾਹੇ ਦਾ ਮੁਖ। ੩. ਉਹ ਥਾਂ, ਜਿੱਥੇ ਸਮੁੰਦਰ ਵਿੱਚ ਦਰਿਆ ਆਕੇ ਮਿਲੇ.

ਦਹਾਨੀਦਨ: ਫ਼ਾ. دہانیدن ਕ੍ਰਿ- ਦਿਵਾਉਣਾ. ਦਿਲਾਨਾ.

ਦਹਿਣੀ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਆਨੰਦਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਰੋਪੜ ਤੋਂ ੧੯. ਮੀਲ ਉੱਤਰ ਹੈ. ਇਸ ਪਿੰਡ ਤੋਂ ਚੜ੍ਹਦੇ ਵੱਲ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਕੀਰਤਪੁਰੋਂ ਕਈ ਵਾਰ ਸ਼ਿਕਾਰ ਜਾਂਦੇ ਇੱਥੇ ਵਿਰਾਜੇ ਹਨ. ਮੰਜੀਸਾਹਿਬ ਬਣਿਆ ਹੋਇਆ ਹੈ. ਕਬੀਰ ਵੰਸੀਏ ਸੇਵਾ ਕਰਦੇ ਹਨ. ਪੱਕੀ ਆਮਦਨ ਕੋਈ ਨਹੀਂ ਹੈ। ੨. ਵਿ- ਦਹਨ ਕਰਨ ਵਾਲੀ। ੩. ਸੱਜੀ.

ਦਹਿਨਾ: ਦੇਖੋ, ਦਹਨ। ੨. ਦੇਖੋ, ਦਾਹਿਨਾ.

ਦਹਿਰੀ: ਦੇਖੋ, ਦਹਰੀ.

ਦਹਿਲ: ਦੇਖੋ, ਦਹਲ.

ਦਹੀ: ਸੰ. ਦਧਿ. ਸੰਗ੍ਯਾ- ਜਮਾਇਆ ਹੋਇਆ ਦੁੱਧ, ਜਿਸ ਵਿੱਚ ਕੁਝ ਖਟਾਈ ਹੁੰਦੀ ਹੈ. "ਪੰਡਿਤ ਦਹੀ ਵਿਲੋਈਐ ਭਾਈ." (ਸੋਰ ਅਃ ਮਃ ੧) ਭਾਵ- ਸਾਰ ਕਰਮ.

ਦਹੀਆ: ਸੰਗ੍ਯਾ- ਮੁਹ਼ੱਰਮ ਦੇ ਪਹਿਲੇ ਦਸ ਦਿਨ. ਪਹਿਲਾ ਦਹੱਕਾ। ੨. ਵਿ- ਦਗਧ ਕਰੈਯਾ. ਦਹਨ ਕਰਤਾ.

ਦਹੀਂਡੀ: ਸੰਗ੍ਯਾ- ਦਹੀਂ ਦੀ ਹਾਂਡੀ. "ਦਹੀਂਡੀ ਦੈ ਸਿਰ ਆਗੈ ਕਰਿਓ." (ਪ੍ਰਾਪੰਪ੍ਰ)

ਦਹੀਰ: ਅ਼. دہیر ਸੰਗ੍ਯਾ- ਸਖ਼ਤ ਜ਼ਮਾਨਾ. ਦੁਖਦਾਈ ਸਮਾਂ.

ਦਹੁਮ: ਫ਼ਾ. دہُم ਵਿ- ਦਸ਼ਮ. ਦਸਵਾਂ.

ਦਹੇਜ: ਦੇਖੋ, ਦਾਜ.

ਦਹੰਦਿਸਿ: ਦੇਖੋ, ਦਹ ਦਿਸ.

ਦਹਜੋ: ਦਗਧ ਕੀਤਾ. ਦਹਨ ਕਰਿਆ। ੨. ਸੰਗ੍ਯਾ- ਦਹੀ. ਦਧਿ. ਦੇਖੋ, ਮਹਜੋ.

ਦਕ: ਸੰ. ਸੰਗ੍ਯਾ- ਜਲ. ਪਾਣੀ.

ਦਕੀਕਾ, ਦਕ਼ੀਕ਼ਾ: ਅ਼. دقیقہ ਸੰਗ੍ਯਾ- ਦਿੱਕ਼ (ਸੂਖਮ) ਬਾਤ। ੨. ਯੁਕ੍ਤਿ. ਉਪਾਯ. ਤਦਬੀਰ। ੩. ਕ੍ਸ਼ਣ. ਲਹਜਾ. ਖਿਨ। ੪.

ਕਮੀ. ਨ੍ਯੂਨਤਾ. ਘਾੱਟਾ.

ਦਕੋਦਰ: ਦਕ (ਜਲ) ਉਦਰ (ਪੇਟ). ਦੇਖੋ, ਜਲੋਦਰ.

ਦਕ੍ਸ਼: ਸੰ. दक्ष. ਧਾ- ਚਤੁਰ ਹੋਣਾ, ਯੋਗ੍ਯ ਹੋਣਾ, ਵਧਣਾ, ਬਲਵਾਨ ਹੋਣਾ। ੨. ਵਿ- ਚਤੁਰ. ਦਾਨਾ। ੩. ਸੰਗ੍ਯਾ- ਇੱਕ ਪ੍ਰਜਾਪਤਿ ਦੇਵਤਾ, ਜਿਸ ਦਾ ਜਿਕਰ ਰਿਗਵੇਦ ਵਿੱਚ ਭੀ ਹੈ. ਗਰੁੜਪੁਰਾਣ ਅਨੁਸਾਰ ਬ੍ਰਹਮਾ ਦੇ ਸੱਜੇ ਅੰਗੂਠੇ ਵਿੱਚੋਂ ਦਕ੍ਸ਼ ਅਤੇ ਖੱਬੇ ਵਿੱਚੋਂ ਦਕ੍ਸ਼ ਦੀ ਇਸਤ੍ਰੀ ਪੈਦਾ ਹੋਈ. ਭਾਗਵਤ ਵਿੱਚ ਦਕ੍ਸ਼ ਬ੍ਰਹਮਾ ਦਾ ਮਾਨਸ ਪੁਤ੍ਰ ਹੈ ਅਤੇ ਉਸ ਦੀ ਇਸਤ੍ਰੀ ਮਨੁ ਦੀ ਪੁਤ੍ਰੀ ਪ੍ਰਸੂਤਿ ਹੈ. ਵਿਸ਼ਨੁਪੁਰਾਣ ਅਤੇ ਮਹਾਭਾਰਤ ਅਨੁਸਾਰ ਪ੍ਰਜਾਪਤਿ ਪ੍ਰਚੇਤਾ ਦਾ ਪੁਤ੍ਰ ਦਕ੍ਸ਼ ਹੈ. ਇਸ ਗੱਲ ਵਿੱਚ ਸਭ ਇੱਕਮਤ ਹਨ ਕਿ ਦਕ੍ਸ਼ ਸੰਸਾਰਰਚਨਾ ਦਾ ਵਡਾ ਸਹਾਇਕ ਸੀ. ਇਸ ਨੇ ਬਹੁਤ ਕੰਨ੍ਯਾ ਉਤਪੰਨ ਕੀਤੀਆਂ, ਜਿਨ੍ਹਾਂ ਵਿੱਚੋਂ ਦਸ ਧਰਮਰਾਜ ਨੂੰ, ਤੇਰਾਂ ਕਸ਼੍ਯਪ ਨੂੰ, ਸਤਾਈ ਚੰਦ੍ਰਮਾ ਨੂੰ ਅਤੇ ਇੱਕ (ਸਤੀ) ਸ਼ਿਵ ਨੂੰ ਵਿਆਹੀ. ਸ਼ਿਵ ਨੇ ਦਕ੍ਸ਼ ਦਾ ਸਿਰ ਵੱਢਕੇ ਬਕਰੇ ਦਾ ਸਿਰ ਧੜ ਉੱਤੇ ਜੜ ਦਿੱਤੇ ਸੀ. ਦੇਖੋ, ਸਤੀ ਅਤੇ ਗਾਲ੍ਹ ਬਜਾਨਾ। ੪. ਮੁਰਗਾ. ਕੁੱਕੜ। ੫. ਸ਼ਿਵ ਦੀ ਸਵਾਰੀ ਦਾ ਬੈਲ। ੬. ਸ਼ਿਵ। ੭. ਵਿਸ਼ਨੁ। ੮. ਬਲ. ਤ਼ਾਕ਼ਤ। ੯. ਵੀਰਯ. ਮਣੀ। ੧੦. ਵਿ- ਸੱਜਾ.

ਦਕ੍ਸ਼ਸੁਤਾ, ਦਕ੍ਸ਼ਕਨ੍ਯਾ, ਦਕ੍ਸ਼ਜਾ, ਦਕ੍ਸ਼ਤਨਯਾ: ਸੰਗ੍ਯਾ- ਦਕ੍ਸ਼ ਪ੍ਰਜਾਪਤਿ ਦੀ ਪੁਤ੍ਰੀ ਸਤੀ. ਸ਼ਿਵ ਦੀ ਇਸਤ੍ਰੀ, ਅਤੇ ਕਸ਼੍ਯਪ ਅਰ ਚੰਦ੍ਰਮਾ ਦੀਆਂ ਇਸਤ੍ਰੀਆਂ. ਦੇਖੋ, ਦਕ੍ਸ਼.

ਦਕ੍ਸ਼ਤਾ: ਸੰਗ੍ਯਾ- ਚਤੁਰਾਈ. ਦਾਨਾਈ। ੨. ਯੋਗ੍ਯਤਾ. ਲਿਆਕਤ.

ਦਕ੍ਸ਼ਿਣ: ਸੰ. ਵਿ- ਸੱਜਾ. ਦਾਹਿਨਾ। ੨. ਚਤੁਰ. ਦਾਨਾ। ੩. ਸੰਗ੍ਯਾ- ਦਕ੍ਸ਼ਿਣ ਦਿਸ਼ਾ. ਸੂਰਯ ਵੱਲ ਪ੍ਰਾਤਹ ਕਾਲ ਮੂੰਹ ਕਰਕੇ ਖੜੇ ਹੋਣ ਤੋਂ ਜੋ ਦਿਸ਼ਾ ਦਕ੍ਸ਼ਿਣ (ਸੱਜੇ) ਪਾਸੇ ਹੋਵੇ। ੪. ਵਿਸ੍ਨੁ। ੫. ਕਾਵ੍ਯ ਅਨੁਸਾਰ ਉਹ ਨਾਇਕ, ਜਿਸ ਦਾ ਪ੍ਰੇਮ ਆਪਣੀਆਂ ਸਾਰੀਆਂ ਇਸਤ੍ਰੀਆਂ ਨਾਲ ਸਮਾਨ ਹੋਵੇ। ੬. ਉਦਰ. ਪੇਟ.

ਦਕ੍ਸ਼ਿਣ ਨਾਯਕ: ਦੇਖੋ, ਦਕ੍ਸ਼ਿਣ ੫.

ਦਕ੍ਸ਼ਿਣਾ: ਦੇਖੋ, ਦਖਿਣਾ.

ਦਕ੍ਸ਼ਿਣਾਯਨ: ਸੰ. ਸੰਗ੍ਯਾ- ਉਹ ਸਮਾਂ, ਜਿਸ ਵਿੱਚ ਕਰਕ ਰੇਖਾ ਤੋਂ ਦੱਖਣ ਵੱਲ ਮਕਰ ਰੇਖਾ ਨੂੰ ਸੂਰਯ ਜਾਂਦਾ ਹੈ. ੨੧. ਜੂਨ ਤੋਂ ੨੨ ਦਿਸੰਬਰ ਤਕ ਦਾ ਸਮਾਂ. ਦੇਖੋ, ਉੱਤਰਾਯਣ.

ਦਖਣ: ਦੇਖੋ, ਦਕ੍ਸ਼ਿਣ। ੨. ਦੇਖੋ, ਦੱਖਣ.

ਦਖਣਾਇਨ: ਦੇਖੋ, ਦਕ੍ਸ਼ਿਣਾਯਨ.

ਦਖਣਿ: ਦਕ੍ਸ਼ਿਣ ਦਿਸ਼ਾ ਵਿੱਚ. ਦੇਖੋ, ਉਤਰਿ.

ਦਖਣੀ: ਵਿ- ਦਕ੍ਸ਼ਿਣੀਯ. ਦਕ੍ਸ਼ਿਣ ਦਿਸ਼ਾ ਅਤੇ ਦੇਸ਼ ਨਾਲ ਹੈ ਜਿਸ ਦਾ ਸੰਬੰਧ. ਜਿਵੇਂ- ਦਖਣੀ ਵਡਹੰਸ. ਦੇਖੋ, ਅਲਾਹਣੀ ਮਃ ੧, ਸ਼ਬਦ ੩.

ਦਖਣੀ ਓਅੰਕਾਰ: ਮੱਧ ਭਾਰਤ (ਸੀ. ਪੀ) ਦੇ ਨਿਮਾਰ ਜਿਲੇ ਵਿੱਚ ਮਾਨਧਾਤਾ ਦ੍ਵੀਪ (ਟਾਪੂ) ਅੰਦਰ ਓਅੰਕਾਰ ਦਾ ਪ੍ਰਸਿੱਧ ਮੰਦਿਰ ਹੈ. ਉਸ ਥਾਂ ਗੁਰੂ ਨਾਨਕਦੇਵ ਨੇ ਪੁਜਾਰੀਆਂ ਨੂੰ ਸੁਮਤਿ ਦੇਣ ਲਈ ਜੋ ਰਾਮਕਲੀ ਵਿੱਚ ਮਨੋਹਰ ਬਾਣੀ ਰਚੀ ਹੈ, ਉਸ ਦੀ "ਦਖਣੀ ਓਅੰਕਾਰ" ਸੰਗ੍ਯਾ- ਹੈ. ਇਹ ਰਚਨਾ ਭੀ ਬਾਵਨ ਅਖਰੀ ਵਾਂਙ ਅੱਖਰਾਂ ਪਰਥਾਇ ਹੈ.

ਦਖਣੀਰਾਇ: ਇਹ ਬਾਬਾ ਪ੍ਰਿਥੀਚੰਦ ਜੀ ਦੀ ਵੰਸ਼ ਵਿੱਚ ਵਡੇ ਪ੍ਰਤਾਪੀ ਅਤੇ ਕਰਨੀ ਵਾਲੇ ਹੋਏ ਹਨ. ਰਿਆਸਤ ਪਟਿਆਲੇ ਨੇ ਇਨ੍ਹਾਂ ਨੂੰ ਪਿੰਡ ਕਪਿਆਲ ਅਤੇ ਬਟਰਿਆਨਾ ਜਾਗੀਰ ਵਿੱਚ ਦਿੱਤੇ. ਆਪ ਦਾ ਨਿਵਾਸ ਘਰਾਚੋਂ (ਨਜਾਮਤ ਭਵਾਨੀਗੜ੍ਹ) ਵਿੱਚ ਸੀ. ਸੰਮਤ ੧੯੭੨ ਵਿੱਚ ਦੱਖਣੀਰਾਇ ਜੀ ਦਾ ਦੇਹਾਂਤ ਹੋਇਆ. ਆਪ ਦੀ ਔਲਾਦ ਹੁਣ ਘਰਾਚੋਂ ਰਹਿੰਦੀ ਹੈ. ਇਸ

ਵੰਸ਼ ਵਿੱਚ ਤਿਲੋਕਰਾਮ ਜੀ ਉਦਾਸੀ ਸਾਧੂ ਵਡੇ ਵਿਦ੍ਵਾਨ ਹੋਏ ਹਨ, ਜਿਨ੍ਹਾਂ ਨੇ ਵਿਦਯਾ ਦਾ ਸਦਾਵ੍ਰਤ ਲਗਾ ਰੱਖਿਆ ਸੀ. ਇਨ੍ਹਾਂ ਦੀ ਮੰਡਲੀ ਵਿੱਚ ਬਹੁਤ ਵਿਦ੍ਯਾਰਥੀ ਰਿਹਾ ਕਰਦੇ ਸਨ.

ਦੱਖਣੀਰਾਇ ਜੀ ਦੀ ਵੰਸ਼ਾਵਲੀ ਇਉਂ ਹੈ::-

ਗੁਰੂ ਰਾਮਦਾਸ ਜੀ
।
ਬਾਬਾ ਪ੍ਰਿਥੀਚੰਦ ਜੀ
।
ਮਿਹਰਬਾਨ ਜੀ
।
ਕਰਨਮੱਲ ਜੀ
।
ਸੋਹਨਮੱਲ ਜੀ
।
ਨਿਰੰਜਨਰਾਇ ਜੀ
।
ਦੱਖਣੀਰਾਇ ਜੀ

ਦਖਣੂਤਾ: ਦੁਖਮੂਤ੍ਰਾ. ਦੇਖੋ, ਦਖੂਤ੍ਰਾ.

ਦਖਨ: ਦੇਖੋ, ਦਕ੍ਸ਼ਿਣ ੩. "ਦਖਨ ਦੇਸ ਹਰੀ ਕਾ ਬਾਸਾ, ਪਛਿਮਿ ਅਲਹ ਮੁਕਾਮਾ." (ਪ੍ਰਭਾ ਕਬੀਰ) ਹਿੰਦੂਆਂ ਦੇ ਖਿਆਲ ਵਿੱਚ ਦਕ੍ਸ਼ਿਣ (ਸ਼੍ਰੀ ਰੰਗਨਾਥ) ਈਸ਼੍ਵਰ ਦਾ ਨਿਵਾਸ ਅਤੇ ਮੁਸਲਮਾਨਾਂ ਦੇ ਨਿਸ਼ਚੇ ਅਨੁਸਾਰ ਪਸ਼੍ਚਿਮ (ਕਾਬਾ) ਖ਼ੁਦਾ ਦਾ ਘਰ[615] ਹੈ. ਦੇਖੋ, ਪਛਿਮਿ.

ਦਖਮਾ: ਫ਼ਾ. دخمہ ਦਖ਼ਮਹ. ਸੰਗ੍ਯਾ- ਮਕ਼ਬਰਾ। ੨. ਉਹ ਹਾਤਾ, ਜਿਸ ਵਿੱਚ ਆਤਿਸ਼ਪਰਸ੍ਤ ਪਾਰਸੀ ਆਪਣੇ ਮੁਰਦੇ ਪੰਛੀਆਂ ਨੂੰ ਖਵਾਉਣ ਲਈ ਰਖਦੇ ਹਨ. Tower of silence. ਹਸਣ. ਦੇਖੋ, ਹਸਣ ਅਤੇ ਹਸਣਿ.

ਦਖ਼ਲ: ਅ਼. دخل ਸੰਗ੍ਯਾ- ਅਧਿਕਾਰ. ਕ਼ਬਜਾ। ੨. ਪਹੁੰਚ. ਪ੍ਰਵੇਸ਼.

ਦਖਿਣ: ਦੇਖੋ, ਦਕ੍ਸ਼ਿਣ.

ਦਖਿਣਾ: ਸੰ. ਦਕ੍ਸ਼ਿਣਾ. ਸੰਗ੍ਯਾ- ਦਕ੍ਸ਼ਿਣ (ਸੱਜੇ ਹੱਥ ਨਾਲ ਅਰਪਨ ਕੀਤੀ ਭੇਟਾ। ੨. ਗੁਰੂ ਅਥਵਾ ਪੁਰੋਹਿਤ ਆਦਿ ਨੂੰ ਅਰਪਨ ਕੀਤੀ ਭੇਟਾ। ੩. ਭਾਵਦਾਨ. "ਇਕ ਦਖਿਣਾ ਹਉ ਤੈ ਪਹਿ ਮਾਗਉ." (ਪ੍ਰਭਾ ਮਃ ੧) ੪. ਦੱਖਣ ਦਿਸ਼ਾ.

ਦਖ਼ੀਲ: ਵਿ- ਦਖ਼ਲ ਰੱਖਣ ਵਾਲਾ. ਦੇਖੋ, ਦਖ਼ਲ.

ਦਖੂਤ੍ਰਾ: ਦੁੱਖ- ਮੂਤ੍ਰ. ਸੰ. मूत्रकृच्छ्र. ਮੂਤ੍ਰਕ੍ਰਿਛ੍ਰ. احتباس البول ਇਹ਼ਤਬਾਸੁਲਬੌਲ. Retention of urine. ਦੁੱਖ ਹੋਕੇ ਅਤੇ ਰੁਕ ਰੁਕਕੇ ਪੇਸ਼ਾਬ ਆਉਣਾ.

---

[615] ਬਾਈਬਲ ਵਿੱਚ ਜਰੂਸਲਮ ਅਤੇ ਉਸਦੇ ਮੰਦਿਰ ਦੀ ਮਹਿਮਾ ਭੀ ਅਜੇਹੀ ਹੀ ਮੰਨੀ ਹੈ. ਦੇਖੋ, ਜ਼ੱਬੂਰ ਸਾਮ (Psalm) ੮੭ "His foundation is in the holy mountains. The Lord loveth the gates of Zion more than all the dwellings of jacob. Glorious things are spoken of thee, O city of God."

ਗਰਮ ਖ਼ੁਸ਼ਕ ਚੀਜਾਂ ਖਾਣ, ਸ਼ਰਾਬ ਪੀਣ, ਤੱਤੇ ਅੰਨ ਖਾਣ, ਮਲ ਮੂਤ੍ਰ ਦੀ ਹਾਜਤ ਅਤੇ ਭੁੱਖ ਤ੍ਰੇਹ ਰੋਕਣ, ਮਲ ਮੂਤ੍ਰ ਰੋਕਕੇ ਮੈਥੁਨ ਕਰਣ ਆਦਿਕ ਤੋਂ ਪੇਸ਼ਾਬ ਰੁਕਕੇ ਸਾੜੇ ਨਾਲ ਆਉਣ ਲਗ ਜਾਂਦਾ ਹੈ.

ਇਸ ਰੋਗ ਦੇ ਦੂਰ ਕਰਨ ਲਈ ਮਾਸ ਮਸਾਲੇ ਚਟਨੀ ਅਚਾਰ ਆਦਿ ਛੱਡਕੇ ਦੁੱਧ ਚਾਵਲ ਖਿਚੜੀ ਆਦਿ ਦਾ ਭੋਜਨ ਕਰਨਾ ਚਾਹੀਏ. ਹੇਠ ਲਿਖੀਆਂ ਦਵਾਈਆਂ ਬਹੁਤ ਛੇਤੀ ਦੁਖਮੂਤ੍ਰੇ ਨੂੰ ਆਰਾਮ ਕਰਦੀਆਂ ਹਨ.

ਛੋਟੀ ਇਲਾਇਚੀ, ਸ਼ੁੱਧ ਸਿਲਾਜੀਤ, ਕੱਕੜੀ ਦੇ ਬੀਜ, ਸੇਂਧਾ ਲੂਣ, ਕੇਸਰ, ਇਨ੍ਹਾਂ ਦਾ ਚੂਰਣ ਚੌਲਾਂ ਦੇ ਧੋਣ ਨਾਲ ਪੀਣਾ.

(੨) ਭੱਖੜੇ ਦੇ ਬੀਜ, ਖੀਰੇ ਦੇ ਮਗਜ, ਚਿੱਟਾ ਜੀਰਾ, ਕਾਸਨੀ, ਇਲਾਇਚੀਆਂ, ਇਨ੍ਹਾਂ ਦੀ ਸਰਦਾਈ ਪੀਣੀ.

(੩) ਸ਼ਰਬਤ ਸੰਦਲ ਅਤੇ ਨਿੰਬੂ ਦੀ ਸਿਕੰਜਬੀ ਪੀਣੀ.

(੪) ਜੌਂਖਾਰ ਅਤੇ ਸ਼ੋਰਾ ਕਲਮੀ ਮਾਸ਼ਾ ਮਾਸ਼ਾ ਦੁੱਧ ਦੀ ਲੱਸੀ ਨਾਲ ਫੱਕਣਾ.

(੫) ਧਨੀਆਂ ਅਤੇ ਭੱਖੜਾ ਉਬਾਲਕੇ ਸ਼ਹਿਦ ਮਿਲਾਕੇ ਪੀਣਾ.

(੬) ਚਮੇਲੀ ਦੀ ਜੜ ਨੂੰ ਬਕਰੀ ਦੇ ਦੁੱਧ ਵਿੱਚ ਪੀਸ ਛਾਣਕੇ ਮਿਸ਼ਰੀ ਮਿਲਾਕੇ ਪੀਣਾ. ਦੇ ਦਖੂਤ੍ਰੇ ਦੀ ਛੇਤੀ ਖਬਰ ਨਾ ਲਈ ਜਾਵੇ, ਜਦ ਸੁਜਾਗ ਪ੍ਰਮੇਹ ਆਦਿਕ ਭੈੜੇ ਰੋਗ ਹੋ ਜਾਂਦੇ ਹਨ. "ਚਿਣਗ ਪ੍ਰਮੇਹ ਭਗਿੰਦ੍ਰ ਦਖੂਤ੍ਰਾ." (ਚਰਿਤ੍ਰ ੪੦੫)

ਦੱਖ: ਦੇਖੋ, ਦਕ੍ਸ਼.

ਦੱਖਣ: ਦੇਖੋ, ਦਕ੍ਸ਼ਿਣ.

ਦੱਖਣ ਸੱਖਣ ਭੱਖਣ: (ਸਨਾਮਾ) ਦਕ੍ਸ਼ਿਣ ਦਿਸ਼ਾ ਨਾਲ ਸਖਜਤਾ (ਪ੍ਰੇਮ) ਰੱਖਣ ਵਾਲਾ ਰਾਵਣ, ਉਸ ਨੂੰ ਖਾ ਜਾਣ ਵਾਲਾ ਤੀਰ.

ਦਗ: ਦਗਾ ਦਾ ਸੰਖੇਪ. ਦੇਖੋ, ਦਗਬਾਜ। ੨. ਦੇਖੋ, ਦਗਣਾ। ੩. ਦੇਖੋ, ਦਾਗ.

ਦਗਣਾ: ਕ੍ਰਿ- ਦਗਧ ਹੋਣਾ. ਮੱਚਣਾ. ਪ੍ਰਜ੍ਵਲਿਤ ਹੋਣਾ। ੨. ਦਾਗੇ ਜਾਣਾ। ੩. ਚਮਕਣਾ.

ਦਗਧ: ਸੰ. दग्ध. ਵਿ- ਜਲਿਆ ਹੋਇਆ. ਜਲਾਇਆ ਹੋਇਆ. "ਕਲਮਲ ਦਗਧ ਹੋਹਿ ਖਿਨ ਅੰਤਰਿ." (ਸਾਰ ਮਃ ੫)

ਦਗਧ ਅੱਖਰ, ਦਗਧਾਕ੍ਸ਼ਰ: ਪਿੰਗਲ ਅਨੁਸਾਰ ਝ ਹੰ ਰ ਭ ਸ਼ ਇਹ ਪੰਜ ਅੱਖਰ. ਕਿਤਨੇ ਕਵੀਆਂ ਦੇ ਮਤ ਅਨੁਸਾਰ ਹ ਝ ਧ ਰ ਸ਼ ਭ ਘ ਨ ਇਹ ਅੱਠ, ਕਈਆਂ ਦੇ ਲੇਖੇ ਇਨ੍ਹਾਂ ਤੋਂ ਭੀ ਵਧੀਕ ਅੱਖਰ ਦਗਧ ਹਨ. ਛੰਦ ਦੇ ਆਦਿ ਇਨ੍ਹਾਂ ਅੱਖਰਾਂ ਦਾ ਦੇਣਾ ਕਵੀਆਂ ਨੇ ਵਰਜਿਆ ਹੈ. ਦੇਖੋ, ਗੁਰੁਛੰਦ ਦਿਵਾਕਰ.

ਦਗਬਾਜ: ਫ਼ਾ. دغاباز ਦਗ਼ਾਬਾਜ਼. ਵਿ- ਧੋਖਾ ਦੇਣ ਵਾਲਾ. ਛਲੀਆ. ਕਪਟੀ. "ਦਗਬਾਜਨ ਜੀਵਤ ਜਾਨ ਨ ਦੀਜੋ." (ਕ੍ਰਿਸਨਾਵ)

ਦਗਰ: ਦੇਖੋ, ਡਗਰ ਅਤੇ ਦਗਰਾ.

ਦਗਰਾ: ਸੰਗਯਾ- ਡਗ (ਡਿੰਘ) ਰੱਖਣ ਦਾ ਅਸਥਾਨ. ਮਾਰਗ. ਰਸਤਾ. "ਕਬੈ ਨ ਜਾਵੋਂ ਤਾਂਕੇ ਦਗਰਾ." (ਨਾਪ੍ਰ) ੨. ਦੇਰ. ਬਿਲੰਬ. ਚਿਰ। ੩. ਦਗਰ (ਮਾਰਗ) ਚੱਲਣ ਵਾਲਾ, ਰਾਹੀ. ਮੁਸਾਫ਼ਿਰ. "ਰਾਮ ਰਸਾਇਣ ਪੀਉ, ਰੇ ਦਗਰਾ!" (ਆਸਾ ਨਾਮਦੇਵ) ੪. ਦੇਖੋ, ਦਗਲਾ। ੫. ਅਨਲ ਅਤੇ ਹੁਮਾ ਜੇਹਾ ਇੱਕ ਕਲਪਿਤ ਪੰਛੀ, ਜਿਸ ਦੇ ਖੰਭਾ ਉੱਪਰ ਲੋਕਾਂ ਨੇ ਕ਼ੁਰਾਨ ਦੀਆਂ ਆਯਤਾਂ ਲਿਖੀਆਂ ਮੰਨੀਆਂ ਹਨ. "ਦਗਰਾ ਪੰਛੀ ਪਰਨ ਪਰ ਲਿਖਾ ਕੁਰਾਨ ਮਤਾਂਤ." (ਗੁਵਿ ੧੦) ਇਸ ਪੰਛੀ ਦਾ ਜਿਕਰ ਕੁਰਾਨ ਅਤੇ ਹਦੀਸਾਂ ਵਿੱਚ ਨਹੀਂ ਹੈ, ਕੇਵਲ ਪਰੰਪਰਾ ਤੋਂ ਚਲੀ ਆਈ ਕਥਾ ਹੈ.

ਦਗਰੀ: ਦਗਰ (ਰਾਹ) ਜਾਣ ਵਾਲਾ, ਪਾਂਧੀ। ੨. ਦੇਖੋ, ਦਗਲੀ.

ਦਗਰੋ: ਦੇਖੋ, ਦਗਰਾ.

**ਦਗਲਾ, ਦਗਲੀ:** ਫ਼ਾ. دگلہ ਦਗਲਹ. ਸੰਗਜਾ- ਕੋਟ. ਕੁੜਤੀ. "ਪਹਿਰਉ ਨਹੀ ਦਗਲੀ ਲਗੈ ਨ ਪਾਲਾ" (ਆਸਾ ਕਬੀਰ) ਇੱਥੇ ਦਗਲੀ ਤੋਂ ਭਾਵ ਦੇਹ ਹੈ, ਪਾਲਾ ਦਾ ਅਰਥ ਯਮਦੰਡ ਹੈ.

**ਦਗੜਾ:** ਸੰਗਜਾ- ਉੱਚੀ ਧਰਤੀ. ਟਿੱਬਾ। ੨. ਦੇਖੋ, ਦਗਰਾ.

**ਦਗ਼ਾ:** ਫ਼ਾ. دغا ਸੰਗਜਾ- ਛਲ. ਕਪਟ. ਧੋਖਾ.

**ਦਗਾਉਣਾ:** ਕ੍ਰਿ- ਦਗਧ ਕਰਾਉਣਾ. ਤੋਪ ਆਦਿ ਨੂੰ ਅੱਗ ਦਿਵਾਉਣੀ। ੨. ਤੱਤੀ ਧਾਤੁ ਨਾਲ ਸ਼ਰੀਰ ਤੇ ਦਾਗ਼ ਲਵਾਉਣਾ. ਦੇਖੋ, ਦਗਾਨਾ.

**ਦਗਾਈ:** ਦਾਗ਼ ਹੈ. ਚਿੰਨ੍ਹ ਹੈ. "ਮਾਥੈ ਮੇਰੇ ਦਗਾਈ." (ਰਾਮ ਕਬੀਰ) ਸਨਮੁਖ ਸ਼ਸਤ੍ਰ ਖਾਕੇ ਮੈਂ ਮੱਥੇ ਤੇ ਜ਼ਖਮ ਦਾ ਚਿੰਨ੍ਹ ਲਵਾਇਆ ਹੈ। ੨. ਪ੍ਰਜ੍ਵਲਿਤ ਕੀਤੀ. ਮਚਾਈ। ੩. ਸੰਗਜਾ- ਦਾਗਣ ਦੀ ਕ੍ਰਿਯਾ। ੪. ਦਾਗਣ ਦੀ ਮਜ਼ਦੂਰੀ.

**ਦਗਾਨਾ:** ਕ੍ਰਿ- ਦਾਗ਼ ਲਗਾਉਣਾ. ਧਾਤੁ ਨੂੰ ਤਪਾਕੇ ਸ਼ਰੀਰ ਤੇ ਦਾਗ਼ ਲਾਉਣਾ. ਪੁਰਾਣੇ ਜ਼ਮਾਨੇ ਗ਼ੁਲਾਮਾਂ ਦੇ ਮੱਥੇ ਦਾਗ਼ ਦਿੱਤਾ ਜਾਂਦਾ ਸੀ, ਜਿਸ ਤੋਂ ਉਨ੍ਹਾਂ ਦੀ ਪਛਾਣ ਹੁੰਦੀ ਸੀ। ੨. ਦਾਗਿਆ. ਦਾਗ਼ ਲਗਾਇਆ. "ਹਮਰੈ ਮਸਤਕਿ ਦਾਗ ਦਗਾਨਾ." (ਗਉ ਮਃ ੪)

**ਦਗ਼ਾਬਾਜ਼:** ਦੇਖੋ, ਦਗਬਾਜ.

**ਦਗੇ:** ਦਾਗੇ ਹੋਏ. ਚਕ੍ਰਾਂਕਿਤ. ਦ੍ਵਾਰਿਕਾ ਵਿੱਚ ਛਾਪਾ ਲਵਾਉਣ ਵਾਲੇ. "ਦਗੇ ਦਿਗੰਬਰ ਵਾਦ ਕਰਾਏ." (ਭਾਗੁ)

**ਦੱਗ:** ਵਿ- ਚਮਕੀਲਾ। ੨. ਰੌਸ਼ਨ. ਦੇਖੋ, ਦਗਣਾ। ੩. ਦੇਖੋ, ਦਗਧ.

**ਦਗਜੋ:** ਦਾਗਿਆ ਗਿਆ। ੨. ਦਗਧ ਹੋਇਆ. ਜਲਿਆ. "ਆਗ ਲਗੇ ਗਨ ਸਾਲ ਦਗਜੋ." (ਕ੍ਰਿਸਨਾਵ) ਸਾਲ ਬਿਰਛਾਂ ਦਾ ਸਮੁਦਾਯ ਭਸਮ ਹੋਇਆ.

**ਦਘੁ:** ਧਾ- ਪਹੁਚਣਾ, ਕਮ ਹੋਣਾ, ਜਾਣਾ, ਰਖ੍ਯਾ ਕਰਨਾ.

**ਦਛ:** ਦੇਖੋ, ਦਕ੍ਸ਼ ਅਤੇ ਦੱਛ.

**ਦਛਨ:** ਦੇਖੋ, ਦਕ੍ਸ਼ਿਣ ਅਤੇ ਦਖਨ.

**ਦਛਨਾ:** ਦੇਖੋ, ਦਖਿਨਾ.

**ਦੱਛ:** ਦੇਖੋ, ਦਕ੍ਸ਼. "ਦੱਛ ਪ੍ਰਜਾਪਤਿ ਜਿਨਹਿ ਉਪਾਏ." (ਵਿਚਿਤ੍ਰ)

**ਦੱਛਨ:** ਦੇਖੋ, ਦਕ੍ਸ਼ਿਣ ਅਤੇ ਦਖਨ.

**ਦਝ:** ਦੇਖੋ, ਦਝਣੁ ਅਤੇ ਦਝਿ.

**ਦਝਣੁ:** ਸਿੰਧੀ. ਸੰਗਜਾ- ਦਗਧ ਹੋਣ ਦਾ ਭਾਵ. ਜਲਣਾ. "ਇਕਿ ਦਝਹਿ ਇਕਿ ਦਬੀਅਹਿ." (ਵਾਰ ਸੋਰ ਮਃ ੩)

**ਦਝਿ:** ਸੰਗਜਾ- ਅਗਨਿ, ਜੋ ਦਗਧ ਕਰਨ ਦੀ ਸ਼ਕਤਿ ਰਖਦੀ ਹੈ। ੨. ਕ੍ਰਿ. ਵਿ- ਦਗਧ ਹੋਕੇ. ਸੜਕੇ. "ਮਨਮੁਖ ਦਝਿ ਮਰੰਨਿ." (ਸੂਹੀ ਅਃ ਮਃ ੩) ੩. ਵਿ- ਦਹ੍ਯ. ਦਗਧ ਕਰਨ ਯੋਗ੍ਯ. ਜਲਾਨੇ ਲਾਇਕ਼.

**ਦਝੈ:** ਦਗਧ ਹੁੰਦਾ ਹੈ. ਜਲਦਾ ਹੈ. "ਆਪਣੇ ਰੋਹਿ ਆਪੇ ਹੀ ਦਝੈ." (ਸਵਾ ਮਃ ੩)

**ਦਝੰਨਿ:** ਦਗਧ ਹੁੰਦੇ ਹਨ. ਸੜਦੇ ਹਨ. "ਦਝੰਨਿ ਵੰਞੁ ਮੇ ਪੜੇ." (ਸਲੋਹ)

ਦਟਪਟਾ: ਦੇਖੋ, ਪਉੜੀ ਦਾ ਰੂਪ ੧੧.

ਦੱਟ: ਸੰਗ੍ਯਾ- ਡਾਂਟਨਾ. ਤਾੜਨਾ. "ਜਿਨੈ ਦੁਸਟ ਦੱਟੰ." (ਵਿਚਿਤ੍ਰ) ੨. ਦਪਟ ਦਾ ਸੰਖੇਪ. ਝਪਟ. ਹਮਲਾ.

ਦਤ: ਸੰ. ਦ੍ਤਿ- ਦੱਤਿ. ਸੰਗ੍ਯਾ- ਦਾਨ. ਬਖ਼ਸ਼ਿਸ਼. "ਕੰਚਨਾ ਬਹੁ ਦਤ ਕਰਾ." (ਸਾਰਹ ਮਃ ੫. ਪੜਤਾਲ) ੨. ਦੇਖੋ, ਦਤੁ ਅਤੇ ਦੱਤ.

ਦਤਵਨ: ਦੇਖੋ, ਦਾਤਣ.

ਦਤਾਰ: ਦੇਖੋ, ਦਾਤਾਰ.

ਦਤਿ: ਦੇਖੋ, ਦਤ.

ਦਤੀਆ: ਦੰਦੀਆਂ.

ਦਤੁ: ਸੰ. ਦ੍ਤ. ਵਿ- ਦਾਨ ਕੀਤਾ. ਦਿੱਤਾ. "ਦਇਆ ਦਤੁ ਦਾਨੁ." (ਜਪੁ) ੨. ਸੰਗ੍ਯਾ- ਦਾਨ. "ਕੰਚਨ ਕੇ ਕੋਟਿ ਦਤੁ ਕਰੀ." (ਸ੍ਰੀ ਅਃ ਮਃ ੧) ੩. ਤ੍ਯਾਗਣ ਦਾ ਭਾਵ. ਛੱਡਣ ਦੀ ਕ੍ਰਿਯਾ. "ਸੂਰ ਸਤ ਖੋੜਸਾ ਦਤੁ ਕੀਆ." (ਮਾਰੂ ਜੈਦੇਵ) ਦੇਖੋ, ਚੰਦਸਤ। ੪. ਦੇਖੋ, ਦਤ। ੪. ਦੇਖੋ, ਦੱਤ.

ਦੱਤ: ਦੇਖੋ, ਦਤੁ। ੨. ਅਤ੍ਰਿ ਰਿਖਿ ਦਾ ਅਨਸੂਯਾ ਦੇ ਉਦਰ ਤੋਂ ਪੁਤ੍ਰ, ਦੱਤਾਤ੍ਰੇਯ. "ਤਬ ਹਰਿ ਬਹੁਤ ਦੱਤ ਉਪਜਾਯੋ." (ਵਿਚਿਤ੍ਰ) ਦੱਤ ਦੀ ੨੪ ਅਵਤਾਰਾਂ ਵਿੱਚ ਗਿਣਤੀ ਹੈ. ਇਸ ਸਾਰਗ੍ਰਾਹੀ ਮਹਾਤਮਾ ਨੇ ਚੌਬੀਸ ਗੁਰੂ ਧਾਰਣ ਕੀਤੇ, ਜਿਨ੍ਹਾ ਤੋਂ ਕੋਈ ਨਾ ਕੋਈ ਗੁਣ ਗ੍ਰਹਣ ਕੀਤਾ. ਦਸਮਗ੍ਰੰਥ ਅਨੁਸਾਰ ਚੌਬੀਸ ਗੁਰੂ ਇਹ ਹਨ:-

ਪ੍ਰਿਥਿਵੀ, ਜਲ, ਪਵਨ, ਆਕਾਸ਼, ਚੰਦ੍ਰਮਾ, ਅਗਨਿ, ਸੂਰਯ, ਕਬੂਤਰ, ਅਜਗਰ ਸਰਪ, ਸਮੁਦ੍ਰ, ਹਾਥੀ, ਭੌਰਾ, ਪਤੰਗ, ਸ਼ਹਿਦ ਚੋਣ ਵਾਲੀ ਇਸ੍ਤ੍ਰੀ, ਮ੍ਰਿਗ, ਮੱਛੀ, ਪਿੰਗਲਾ ਵੇਸ਼੍ਯਾ, ਗਿਰਝ, ਸ਼ਿਕਾਰੀ, ਬਾਲਕ, ਕੁਆਰੀ ਕੰਨ੍ਯਾ, ਤੀਰਗਰ, ਮਕੜੀ ਅਤੇ ਤਿਤਲੀ.

ਮਾਰਕੰਡੇਯਪੁਰਾਣ ਵਿੱਚ ਲਿਖਿਆ ਹੈ ਕਿ ਅਨਸੂਯਾ ਦੇ ਵਰ ਮੰਗਣ ਪੁਰ ਉਸ ਦੇ ਗਰਭ ਤੋਂ ਬ੍ਰਹਮਾ "ਸੋਮ" ਰੂਪ ਹੋਕੇ, ਵਿਸ਼ਨੁ "ਦੱਤ" ਹੋਕੇ ਅਤੇ ਸ਼ਿਵ "ਦੁਰਵਾਸਾ" ਹੋਕੇ ਜਨਮਿਆ.

ਦੱਤਕ: ਸੰਗ੍ਯਾ- ਗੋਦੀਲਿਆ ਪੁਤ੍ਰ. ਮੁਤਬੰਨਾ.

ਦੱਤਾਤ੍ਰੇਯ: ਅਤ੍ਰਿ ਦਾ ਪੁਤ੍ਰ ਦੱਤ. ਦੇਖੋ, ਦੱਤ ੨.

ਦੱਤਿ: ਦੇਖੋ, ਦਤ.

ਦੱਥਾ: ਦੇਖੋ, ਤੱਥਾ.

ਦਦ: ਸੰ. ਦਦ੍. ਧਾ- ਦਾਨ ਕਰਨਾ, ਤ੍ਯਾਗਣਾ। ੨. ਵਿ- ਦਾਤਾ. ਦੇਣ ਵਾਲਾ। ੩. ਦੇਖੋ, ਦੱਦ। ੪. ਦੇਖੋ, ਦਾਦਾ.

ਦਦਸਾਰ: ਸੰਗ੍ਯਾ- ਦਾਦੇ ਦੀ ਸ਼ਾਲਾ. ਦਾਦੇ ਦਾ ਘਰ. ਦਾਦਕੇ. "ਨਹੀ ਦਦਸਾਰ ਪਿਤ ਪਿਤਾਮਾ." (ਭਾਗੁ ਕ)

ਦਦਨ: ਸੰ. ਸੰਗ੍ਯਾ- ਦੇਣ ਦਾ ਭਾਵ. ਦਾਨ ਕਰਨਾ.

ਦਦਾ: ਦ ਅੱਖਰ, "ਦਦਾ ਦਾਤਾ ਏਕੁ ਹੈ." (ਬਾਵਨ) ੨. ਦ ਦਾ ਉੱਚਾਰਣ. ਦਕਾਰ.

ਦਦਿ: ਸੰ. ਵਿ- ਦਾਤਾ. ਦਾਨ ਦੇਣ ਵਾਲਾ.

ਦਦੂ: ਵਿ- ਦਾਤ੍ਰਿ. ਦੇਣ ਵਾਲਾ. "ਬੰਧਨ ਕਾਟ ਦਦੂ ਨਿਰਵਾਣੁ." (ਗੁਪ੍ਰਸੂ)

ਦਦੇਹਸ: ਸਹੁਰੇ ਦੀ ਮਾਂ. ਦਾਦੀ ਸੱਸ.

ਦੱਦ, ਦੱਦਰ: ਇੱਕ ਰੋਗ. ਸੰ. दद्रु- ਦਦ੍ਰੂ قُوبا ਕੂਬਾ. Ringworm. ਮੈਲਾ ਰਹਿਣ ਅਤੇ ਮੈਲਾ ਪਾਣੀ ਲਗਣ ਤੋਂ ਗਿੱਲਾ ਵਸਤ੍ਰ ਪਹਿਰਨ ਤੋਂ ਲਹੂ ਦੀ ਖਰਾਬੀ ਤੋਂ ਇਹ ਰੋਗ ਹੁੰਦਾ ਹੈ. ਵੈਦਕ ਵਿੱਚ ਇਹ ਛੋਟੇ ਕੁਸ਼੍ਟਾਂ (ਕੋੜ੍ਹਾਂ) ਅੰਦਰ ਗਿਣਿਆ ਹੈ. ਇਸ ਦੇ ਭੀ ਕੀੜੇ ਹੁੰਦੇ ਹਨ, ਜੋ ਖੁਰਕਣ ਤੋਂ ਵਧਦੇ ਰਹਿੰਦੇ ਹਨ. ਦੱਦ ਵਿੱਚ ਮੱਠੀ ਮੱਠੀ ਖਾਜ ਉਠਦੀ ਹੈ. ਜਾਦਾ ਖੁਰਕਣ ਤੋਂ ਤੁਚਾ ਉੱਚੜ ਜਾਂਦੀ ਹੈ, ਪਾਣੀ ਨਿਕਲਨ ਲਗਦਾ ਹੈ ਅਤੇ ਜਲਨ ਪੈਦਾ ਹੁੰਦੀ ਹੈ. ਇਸ ਤੋਂ ਛੁਟਕਾਰਾ ਪਾਉਣ ਦਾ ਉਪਾਉ ਇਹ ਹੈ ਕਿ ਗੰਧਕ ਦੇ ਸਬੂਣ ਨਾਲ ਦੱਦ ਵਾਲਾ ਥਾਂ ਧੋਕੇ ਹੇਠ ਲਿਖੀ ਦਵਾ ਵਰਤਣੀ ਚਾਹੀਏ.

ਕੱਥ, ਮਾਜੂ, ਗੰਧਕ, ਤੇਲੀਆ ਸੁਹਾਗਾ, ਚੌਹਾਂ ਨੂੰ ਕਪੜਛਾਣ ਕਰਕੇ ਕੂੰਡੇ ਵਿੱਚ ਪਾਣੀ ਦੇ ਛਿੱਟੇ ਦੇਕੇ ਅਜੇਹਾ ਘੋਟੇ ਜੋ ਲੇਸ ਛੱਡ ਦੇਣ. ਇਸ ਦੀਆਂ ਗੋਲੀਆਂ ਵੱਟਕੇ ਛਾਵੇਂ ਸੁਕਾ ਲੈਣੀਆਂ. ਇਹ ਗੋਲੀ ਪਾਣੀ ਨਾਲ ਘਸਾਕੇ ਦੱਦ ਉੱਪਰ ਲੇਪ ਕਰਨੀ ਅਰ ਜਦ ਤੀਕ ਦਵਾ ਖੁਸ਼ਕ ਨਾ ਹੋ ਜਾਵੇ ਵਸਤ੍ਰ ਨਾਲ ਅੰਗ ਨਹੀਂ ਢਕਣਾ ਚਾਹੀਏ.

ਸੰਘਾੜੇ ਦਾ ਆਟਾ ਛੀ ਮਾਸ਼ੇ, ਅਫੀਮ ਇੱਕ ਮਾਸ਼ਾ, ਦੋਹਾਂ ਨੂੰ ਕਾਗਜੀ ਨਿੰਬੂ ਦੇ ਰਸ ਵਿੱਚ ਚੰਗੀ ਤਰਾਂ ਘੋਟਕੇ ਲੇਪ ਕਰਨਾ.

ਚਰਾਇਤਾ ਆਦਿ ਲਹੂ ਸਾਫ ਕਰਨ ਵਾਲੀਆਂ ਔਖਧਾਂ ਵਰਤਣੀਆਂ ਗੁਣਕਾਰੀ ਹਨ. ਦੱਦ ਦੇ ਰੋਗੀ ਨੂੰ ਲਹੂ ਵਿੱਚ ਜੋਸ਼ ਕਰਨ ਵਾਲੇ ਤੀਖਣ ਪਦਾਰਥ ਨਹੀਂ ਵਰਤਣੇ ਚਾਹੀਦੇ.

ਦਦ੍ਰੂ: ਸੰ. ਸੰਗਯਾ- ਦੱਦ ਰੋਗ. ਦੇਖੋ, ਦੱਦ। ੨. ਕੱਛੂ. ਕੁੰਮਾ.

ਦਧ: ਦੇਖੋ. ਦਗਧ। ੨. ਦੇਖੋ, ਦਧਿ। ੩. ਦੁਗਧ (ਦੁੱਧ) ਦਾ ਸੰਖੇਪ. "ਧਰ ਰੂਪ ਗਊ ਦਧਸਿੰਧੁ ਗਈ." (ਰੁਦ੍ਰਾਵ) ਕ੍ਸ਼ੀਰਸਮੁਦ੍ਰ ਨੂੰ ਗਈ। ੪. ਡਿੰਗ. ਸਮੁੰਦਰ. ਉਦਧਿ.

ਦਧਸਿੰਧੁ: ਕ੍ਸ਼ੀਰਸਮੁਦ੍ਰ. ਦੇਖੋ, ਦਧ ੩। ੨. ਦਧਿਸਿੰਧੁ. ਦਹੀ ਦਾ ਸਾਗਰ. ਦੇਖੋ, ਸਪਤ ਸਾਗਰ.

ਦਧਸੁਤਨੀ: ਡਿੰਗ. ਸੰਗਯਾ- ਉਦਧਿਸੁਤਾ, ਲੱਛਮੀ.

ਦਧਾ: ਦਗਧ ਹੋਇਆ. ਜਲਿਆ. ਦੇਖੋ, ਦਗਧ. "ਦਧਾ ਹੋਆ ਸੁਆਹ." (ਵਾਰ ਮਾਝ ਮਃ ੧)

ਦਧਿ: ਸੰ. ਸੰਗਯਾ- ਦਹੀਂ. ਜਮਿਆ ਹੋਇਆ ਦੁੱਧ. "ਦਧਿ ਕੈ ਭੋਲੈ ਬਿਰੋਲੈ ਨੀਰ." (ਗਉ ਕਬੀਰ) ੨. ਵਸਤ੍ਰ। ੩. ਉਦਧਿ ਦਾ ਸੰਖੇਪ. ਸਮੁੰਦਰ. "ਜੈਸੇ ਦਧਿ ਮੱਧ ਚਹੂੰ ਓਰ ਤੇ ਬੋਹਥ ਚਲੈ." (ਭਾਗੁ ਕ)

ਦਧਿਸਾਰ: ਸੰਗਯਾ- ਮੱਖਣ. ਨਵਨੀਤ.

ਦਧਿਸੁਤ: ਸੰਗਯਾ- ਦਹੀਂ ਦਾ ਪੁਤ੍ਰ, ਮੱਖਣ। ੨. ਉਦਧਿ (ਸਮੁੰਦਰ) ਦਾ ਪੁਤ੍ਰ, ਚੰਦ੍ਰਮਾ। ੩. ਮੋਤੀ। ੪. ਅਮ੍ਰਿਤ. (ਸਨਾਮਾ)

ਦਧਿਸੁਤ ਸਰ: ਸੰਗਯਾ- ਉਦਧਿ ਦਾ ਪੁਤ੍ਰ (ਅਮ੍ਰਿਤ) ਸਰ (ਤਾਲ). ਅੰਮ੍ਰਿਤਸਰ. (ਗੁਵਿ ੬). ਇਹ ਪਹੇਲੀ ਵਾਂਗ ਅਮ੍ਰਿਤਸਰ ਜੀ ਦਾ ਨਾਮ ਲਿਖਿਆ ਹੈ.

ਦਧਿਸੁਤਸਾ: ਸੰਗਯਾ- ਉਦਧਿ (ਸਮੁੰਦਰ) ਦੀ ਪੁਤ੍ਰੀ, ਲਕ੍ਸ਼ਮੀ। ੨. ਸਿੱਪੀ.

ਦਧਿਖੀਰ: ਸੰ. क्षीरोदधि- ਕ੍ਸ਼ੀਰੋਦਧਿ. ਸੰਗਯਾ- ਦੁੱਧ ਦਾ ਸਮੁੰਦਰ. ਕ੍ਸ਼ੀਰ ਸਾਗਰ.

ਦਧਿਜ, ਦਧਿਜਾਇਆ, ਦਧਿਜਾਤ: ਸੰਗਯਾ- ਮੱਖਣ। ੨. ਉਦਧਿ ਤੋਂ ਪੈਦਾ ਹੋਇਆ ਚੰਦ੍ਰਮਾ। ੩. ਮੋਤੀ. "ਝਾਲਰ ਦਧਿਜਾਏ." (ਗੁਵਿ ੬) ਮੋਤੀਆਂ ਦੀ ਝਾਲਰ। ੪. ਦੇਖੋ, ਦਧਿਸੁਤਾ.

ਦਧਿਰਿਪੁ ਧਨਨੀ: ਸ਼ਸਤ੍ਰਨਾਮਮਾਲਾ ਦੇ ੫੯੬ ਅੰਗ ਵਿੱਚ ਅਞਾਣ ਲਿਖਾਰੀ ਨੇ ਦ੍ਵਿਪਰਿਪੁ ਧੁਨਿਨੀ ਦੀ ਥਾਂ ਇਹ ਪਾਠ ਲਿਖ ਦਿੱਤਾ ਹੈ. ਦ੍ਵਿਪ (ਹਾਥੀ) ਦਾ ਵੈਰੀ ਸ਼ੇਰ, ਉਸ ਜੇਹੀ ਧੁਨਿ ਕਰਨ ਵਾਲੀ ਸੈਨਾ। ੨. ਬੰਦੂਕ.

ਦਧੀਚ, ਦਧੀਚਿ, ਦਧਜੰਚ: ਸੰ. दध्यंच- ਦਧਜੰਚ ਅਥਵਾ ਦਧੀਚਿ ਦੋਵੇਂ ਸ਼ਬਦ ਸਹੀ ਹਨ. ਇਹ ਸ਼ਾਂਤਿ ਦੇ ਗਰਭ ਤੋਂ ਅਥਰਵਾ ਦਾ ਪੁਤ੍ਰ ਇੱਕ ਵੈਦਿਕ ਰਿਸ਼ੀ ਸੀ. ਇਸ ਦੀ ਬਾਬਤ ਲਿਖਿਆ ਹੈ ਕਿ ਇੰਦ੍ਰ ਨੇ ਇਸ ਨੂੰ ਮਧੁ ਵਿਦਯਾ ਇਸ ਸ਼ਰਤ ਪੁਰ ਸਿਖਾਈ ਕਿ ਜੇ ਇਹ ਕਿਸੇ ਹੋਰ ਨੂੰ ਦੱਸੇਗਾ ਤਾਂ ਸਿਰ ਕੱਟ ਦਿੱਤਾ ਜਾਊ. ਅਸ਼੍ਵਿਨੀਕੁਮਾਰਾਂ ਨੇ ਦਧੀਚਿ ਨੂੰ ਵਿਦਯਾ ਸਿਖਾਉਣ ਲਈ ਮਨਾ ਲਿਆ ਅਤੇ ਇੰਦ੍ਰ ਦੇ ਕ੍ਰੋਧ ਤੋਂ ਬਚਾਉਣ ਲਈ ਦਧੀਚਿ ਦੇ ਸਿਰ ਦੀ ਥਾਂ ਘੋੜੇ ਦਾ ਸਿਰ ਧੜ ਨਾਲ ਜੜ ਦਿੱਤਾ. ਜਦ ਇੰਦ੍ਰ ਨੇ ਇਸ ਦਾ ਘੋੜੇ ਵਾਲਾ ਸਿਰ ਵੱਢ ਦਿਤਾ ਤਾਂ ਅਸ਼੍ਵਿਨੀਕੁਮਾਰਾਂ ਨੇ ਦਧੀਚਿ ਦਾ ਅਸਲ ਸਿਰ ਇਸ ਨੂੰ ਦੇ ਦਿੱਤਾ.

ਰਿਗਵੇਦ ਵਿੱਚ ਲਿਖਿਆ ਹੈ ਕਿ ਇੰਦ੍ਰ ਨੇ ਦਧੀਚਿ ਦੀਆਂ ਹੱਡੀਆਂ ਦੇ ਨਾਲ ੯੧੦ ਵ੍ਰਿਤ੍ਰ ਦੈਤਾਂ ਨੂੰ ਕੱਟਿਆ, ਮਹਾਭਾਰਤ ਅਤੇ ਪੁਰਾਣਾਂ ਵਿੱਚ ਲਿਖਿਆ ਹੈ ਕਿ ਦਧੀਚਿ ਨੇ ਯਮ ਕੋਲੋਂ ਵਰ ਲਿਆ ਸੀ ਕਿ ਇਸ ਦੀਆਂ ਹੱਡੀਆਂ ਇੰਦ੍ਰ ਦੀ ਗਦਾ ਕੋਲੋਂ ਵਧੀਕ ਦ੍ਰਿੜ੍ਹ ਹੋਣ ਅਤੇ ਇਨ੍ਹਾਂ ਨਾਲ ਵ੍ਰਿਤ੍ਰਾਂ ਦਾ ਨਾਸ਼ ਹੋਵੇ.

ਦਨੁ: ਦਕ੍ਸ਼ ਦੀ ਪੁਤ੍ਰੀ ਅਤੇ ਕਸ਼ਜਪ ਦੀ ਇਸਤ੍ਰੀ, ਜਿਸ ਤੋਂ ਦਾਨਵ ਪੈਦਾ ਹੋਏ.

ਦਨੁਜ: ਦਨੁ ਦੀ ਸੰਤਾਨ. ਦਾਨਵ.

ਦਨੁਜੇਸ: ਦਨੁਜ- ਈਸ਼. ਦਾਨਵਾਂ ਦਾ ਸ੍ਵਾਮੀ. ਦਾਨਵਰਾਜ. ਹਿਰਨਜਕਸ਼ਿਪੁ ਰਾਵਣ ਆਦਿ.

ਦਨੁਪਤਿ: ਕਸ਼ਜਪ. ਦੇਖੋ, ਦਨੁ.

ਦਨੁਬੰਸ: ਦਾਨਵ ਵੰਸ਼. ਦਾਨਵਾਂ ਦੀ ਕੁਲ.

ਦਨੋਤਿ: ਸੰ. दुनोति- ਦੁਨੋਤਿ. ਪੀੜਾ ਦਿੰਦਾ (ਦੁ ਧਾਤੁ ਦਾ ਅਰਥ ਤਾਪ ਦੇਣਾ ਪੀੜਨਾ ਹੈ) "ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ." (ਗੂਜ ਜੈਦੇਵ) ਯਸਜ ਸਮਰਣੇਨ ਜਨਮ ਜਰਾ ਆਧਿ ਮਰਣ ਦਾ ਭੈ ਨ ਦੁਨੋਤਿ। ੨. ਦੇਖੋ, ਦਜੂਨ.

ਦਪਟ: ਸੰਗਜਾ- ਘੁਰਕੀ. ਧਮਕੀ। ੨. ਦੌੜ. ਧਾਵਾ. ਦਵਸ਼. "ਦਪਟ ਪੈਠਜੋ ਚਮੂ ਮਹਿ." (ਸਲੋਹ)

ਦਫ਼: ਅ਼. دف ਸੰਗਜਾ- ਡਫ. "ਬਜੈ ਦਫ ਨਫੀਰੰ." (ਸਲੋਹ)

ਦਫ਼ਅਤਨ, ਦਫ਼ਅ਼ਤਨ: ਅ਼. دفعتن ਕ੍ਰਿ. ਵਿ- ਅਚਾਨਕ. ਅੱਚਣਚੇਤ.

ਦਫ਼ਤਰ: ਫ਼ਾ. دفتر ਸੰਗਜਾ- ਕਾਰਯਾਲਯ. ਉਹ ਅਸਥਾਨ, ਜਿੱਥੇ ਲਿਖਤ ਪੜ੍ਹਤ ਦਾ ਕੰਮ ਹੋਵੇ. ਆਫ਼ਿਸ। ੨. ਮਿਸਲਾਂ ਦਾ ਬੁਗਚਾ.

ਦਫਤਰਿ: ਦਫਤਰ ਵਿੱਚ "ਜਾਕੈ ਦਫਤਰਿ ਪੁਛੈ ਨ ਲੇਖਾ." (ਗਉ ਅਃ ਮਃ ੫)

ਦਫਤਰੁ: ਦੇਖੋ, ਦਫ਼ਤਰ ੨. "ਦਫਤਰੁ ਦਈ ਜਬ ਕਾਢ ਹੈ." (ਸ. ਕਬੀਰ)

ਦਫ਼ਨ: ਅ਼. دفن ਸੰਗਜਾ- ਜ਼ਮੀਨ ਵਿੱਚ ਗੱਡਣ ਦੀ ਕ੍ਰਿਯਾ। ੨. ਮੁਰਦੇ ਨੂੰ ਜ਼ਮੀਨ ਵਿੱਚ ਗੱਡਣ ਦਾ ਕਰਮ. ਮੁਰਦਾ ਦੱਬਣ ਦੀ ਰੀਤਿ ਚਾਹੋ ਅਨੇਕ ਮਤਾਂ ਵਿੱਚ ਹੈ, ਪਰ ਮੁਸਲਮਾਨਾਂ ਦਾ ਧਰਮਅੰਗ ਹੈ[616] ਹਿੰਦੂਮਤ ਦੇ ਸੰਨਯਾਸੀ ਅਤੇ ਉਹ ਬਾਲਕ, ਜਿਨ੍ਹਾਂ ਦੇ ਦੰਦ ਨਾ ਨਿਕਲੇ ਹੋਣ ਦਫ਼ਨ ਕੀਤੇ ਜਾਂਦੇ ਹਨ. ਬਾਈਬਲ ਤੋਂ ਪ੍ਰਤੀਤ ਹੁੰਦਾ ਹੈ ਕਿ ਮੁਰਦਾ ਦੱਬਣ ਦੀ ਰੀਤਿ ਇਸਲਾਮ ਤੋਂ ਬਹੁਤ ਪੁਰਾਣੀ ਚਲੀ ਆਉਂਦੀ ਹੈ.

ਦਫਨਾਨਾ: ਕ੍ਰਿ- ਦਫ਼ਨ ਕਰਨਾ. ਗੱਡਣਾ. "ਪੁਨ ਹੁਤੇ ਮੁਰੀਦ ਜੁ ਅਰਧ ਲੇ ਨੀਕੇ ਤਹਿਂ ਦਫਨਾਇ ਦਿਯ." (ਨਾਪ੍ਰ) ਮੁਰੀਦਾਂ ਨੇ

---

[616] ਦਫ਼ਨ ਕਰਨ ਦੀ ਰੀਤਿ ਬਾਬਤ ਦੇਖੋ, ਕਬਰ ਸ਼ਬਦ।

ਸਤਿਗੁਰੂ ਦਾ ਅੱਧਾ ਚਾਦਰਾ ਦਫਨ ਕਰ ਦਿੱਤਾ.

ਦਫਾ: ਅ਼. دفعہ ਦਫ਼ਅ਼: ਸੰਗਯਾ- ਬਾਰ. ਵੇਰ. "ਅਨਿਕ ਦਫਾ ਸਮਝਾਵਨ ਕੀਨੋ." (ਗੁਪ੍ਰਸੂ) ੨. ਧਾਰਾ. ਸ਼੍ਰੇਣੀ. ਪੰਕ੍ਤਿ. "ਰਾਖ ਲਈ ਸਭ ਗੋਪ ਦਫਾ." (ਕ੍ਰਿਸ਼ਨਾਵ) ੩. ਕਾਨੂਨੀ ਪੁਸਤਕ ਜਾਂ ਸੰਧਿਪਤ੍ਰ ਆਦਿ ਦਾ ਅੰਕ। ੪. ਅ਼. دفع ਦਫ਼ਅ਼. ਹਟਾਉਣਾ. ਦੂਰ ਕਰਨਾ. "ਦਾਨਵ ਕਰ ਦਫਾ." (ਸਲੋਹ)

ਦਫ਼ੀਨਹ: ਅ਼. دفینہ ਵਿ- ਦਫਨ ਕੀਤਾ ਹੋਇਆ. ਦੱਬਿਆ ਹੋਇਆ. ਦੇਖੋ, ਦਫ਼ਨ। ੨. ਸੰਗਯਾ- ਜ਼ਮੀਨ ਵਿੱਚ ਗੱਡਿਆ ਹੋਇਆ ਮਾਲ ਧਨ.

ਦਬਕਣਾ: ਕ੍ਰਿ- ਡਰ ਨਾਲ ਦਬ ਜਾਣਾ। ੨. ਦਬਕਾ ਦੇਣਾ. ਧਮਕਾਉਣਾ.

ਦਬਕਾ: ਸੰਗਯਾ- ਦਾੱਬਾ. ਦਬਾਉ. ਦਬਦਬਾ. "ਦਿੱਲੀ ਮੇ ਦਬਕਾ ਬਹੁ ਪਰਜੋਂ." (ਗੁਪ੍ਰਸੂ) ੨. ਛੱਤ ਉੱਪਰ ਦਾ ਤਾਕ, ਜਿਸ ਵਿੱਚ ਘਰ ਦਾ ਸਾਮਾਨ ਰੱਖੀਦਾ ਹੈ. ਸੰ. ਦਭੰਟ.

ਦਬਗਰ: ਸੰਗਯਾ- ਚੰਮ ਨੂੰ ਦੱਬਕੇ ਸਾੜਕੇ ਲੇਵੀ ਦੀ ਸ਼ਕਲ ਦਾ ਬਣਾਕੇ ਕੁੱਪੇ ਆਦਿ ਸਾਮਾਨ ਬਣਾਉਣ ਵਾਲਾ.

ਦਬਟ: ਸੰਗਯਾ- ਦਬਾਕਤ. ਦਾੱਬਾ। ੨. ਡਰ ਨਾਲ ਦਬ ਜਾਣ ਦਾ ਭਾਵ. "ਦਾਨਵ ਇਉਂ ਦਬਟੇ ਹੈਂ." (ਚੰਡੀ ੧)

ਦਬਟੀਐ: ਦਬਾਉ ਦੇਈਐ। ੨. ਦਾਨ ਬਾਂਟੀਐ. "ਆਪ ਖਹਦੀ ਖੈਰਿ ਦਬਟੀਐ." (ਵਾਰ ਰਾਮ ੩) ਆਪ ਖੈਰਾਤ ਖਾਧੀ, ਅਤੇ ਹੋਰਨਾ ਨੂੰ ਵੰਡੀ.

ਦਬਣਾ: ਕ੍ਰਿ- ਦਫਨ ਕਰਨਾ. ਦੇਖੋ, ਦਫ਼ਨ. "ਅਨਤਾ ਧਨੁ ਧਰਿ ਦਬਿਆ." (ਸੂਹੀ ਛੰਤ ਮਃ ੪)

ਦਬਦਬਾ: ਅ਼. دبدبہ ਸੰਗਯਾ- ਰੋਬਦਾਬ. ਪ੍ਰਤਾਪ. ਦਬਾਉ.

ਦਬੱਲਣਾ: ਕ੍ਰਿ- ਦਾੱਬਾ ਦੇਕੇ ਨਠਾਉਣਾ. ਡਰਾਕੇ ਧੱਕਣਾ.

ਦਬੜੂ ਘੁਸੜੂ: ਖ਼ਾ. ਸੰਗਯਾ- ਦਬਕਕੇ ਘਰ ਵਿੱਚ ਘੁਸ ਜਾਣ ਵਾਲਾ. ਕਾਇਰ। ੨. ਲੋਕਲਾਜ ਅਤੇ ਮਨਮਤੀ ਲੋਕਾਂ ਤੋਂ ਡਰਕੇ ਗੁਰਮਤ ਦੇ ਨਿਯਮਾਂ ਦੇ ਪਾਲਨ ਵਿੱਚ ਢਿੱਲਾ.

ਦਬਾਉ: ਸੰਗਯਾ- ਦਾੱਬਾ. ਧਮਕੀ। ੨. ਬੋਝ। ੩. ਰੋਬਦਾਬ.

ਦਬਾਉਣਾ: ਕ੍ਰਿ- ਦਫ਼ਨ ਕਰਨਾ. ਦੱਬਣਾ। ੨. ਦਾੱਬਾ ਦੇਣਾ. ਧਮਕਾਉਣਾ। ੩. ਮੱਲਣਾ. ਕ਼ਬਜ਼ਾ ਕਰਨਾ.

ਦਬਾਊ: ਵਿ- ਦਬਾਣ ਵਾਲਾ। ੨. ਜਿਸ ਦਾ ਅਗਲਾ ਪਾਸਾ ਪਿੱਛੋਂ ਨਾਲੋਂ ਭਾਰੀ ਹੋਵੇ.

ਦਬਾਕਤ, ਦਬਾਗ਼ਤ: ਅ਼. دباغت ਸੰਗਯਾ- ਦਾਬ. ਦਬਾਉ। ੨. ਰੁਅ਼ਬ.

ਦਬਿਸਤਾਨ: ਫ਼ਾ. دبستان ਅਦਬ (ਵਿਦਯਾ) ਦੀ ਥਾਂ. ਜਿੱਥੋਂ ਇ਼ਲਮ ਪ੍ਰਾਪਤ ਕਰੀਏ, ਮਦਰਸਾ. ਪਾਠਸ਼ਾਲਾ.

ਦਬਿਸਤਾਨੇ ਮਜਾਹਬ: دبستان مزاہب ਦਬਿਸਤਾਨੇ ਮਜਾਹਬ. ਧਰਮਾਂ ਦੀ ਸੰਥਾ ਦਾ ਮਦਰਸਾ. ਉਹ ਗ੍ਰੰਥ ਜਿਸ ਤੋਂ ਅਨੇਕ ਧਰਮਾਂ ਦੇ ਨਿਯਮ ਮਲੂਮ ਹੋਣ. ਸ਼ੇਖ ਮਹੀਬੁੱਲਾ ਦਾ ਚੇਲਾ ਸ਼ੇਖ ਮੁਹੰਮਦ ਮੁਹਸਿਨ, ਜਿਸ ਦਾ ਤਖੱਲੁਸ "ਫ਼ਾਨੀ" ਹੈ ਫਾਰਸ ਦਾ ਵਸਨੀਕ ਸੀ. ਇਸ ਦੇ ਜਨਮ ਦਾ ਸਨ ੧੬੧੫ ਅਨੁਮਾਨ ਕੀਤਾ ਗਿਆ ਹੈ. ਇਸ ਨੇ ਉਮਰ ਦਾ ਬਹੁਤ ਹਿੱਸਾ ਕਸ਼ਮੀਰ ਰਹਿਕੇ ਵਿਤਾਇਆ. ਇਸ ਨੇ ਦਬਿਸਤਾਨੇ ਮਜਾਹਬ ਕਿਤਾਬ, ਕਰੀਬ ਸਨ ੧੬੪੫ ਦੇ ਲਿਖੀ ਹੈ.[617] ਇਸ ਦਾ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਪਤ੍ਰਵਿਵਹਾਰ ਸੀ ਅਤੇ ਇਹ ਅਨੇਕ ਵਾਰ ਸਤਿਗੁਰੂ ਜੀ ਦੇ ਦਰਬਾਰ ਵਿੱਚ ਹਾਜਿਰ ਹੋਇਆ.

---

[617] ਕਈ ਲੇਖਕਾਂ ਨੇ ਇਸ ਕਿਤਾਬ ਦਾ ਕਰਤਾ ਮੀਰ ਜ਼ੁਲਫਕਾਰ ਅਲੀ, ਉਪਨਾਮ ਮੁਬਿਦਸ਼ਾਹ ਮੰਨਿਆ ਹੈ.

ਇਸ ਦੇ ਲਿਖੇ ਹੋਏ ਸਿੱਖ- ਧਰਮ ਸੰਬੰਧੀ ਕਈ ਲੇਖ ਪੜ੍ਹਨ ਯੋਗ ਹਨ. ਇਸ ਦਾ ਦੇਹਾਂਤ ਸਨ ੧੯੭੦ ਵਿੱਚ ਹੋਇਆ ਹੈ.

ਦਬੀਰ: ਅ਼. دبیر ਸੰਗਯਾ- ਲਿਖਾਰੀ. ਮੁਨਸ਼ੀ.

ਦਬੁ: ਸੰ. ਦ੍ਰਵਜ. "ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ." (ਚਉਬੋਲੇ ਮਃ ੫) ਗ੍ਰਿਹਦ੍ਰਵਜ.

ਦਬੈਲ: ਵਿ- ਦੱਬੇ ਹੇਠ ਆਇਆ ਹੋਇਆ। ੨. ਬੋਝ ਹੇਠ ਆਇਆ। ੩. ਕ਼ਰਜ ਦਾ ਦੱਬਿਆ ਹੋਇਆ.

ਦਬੰਗ: ਵਿ- ਦਬਾਉਣ ਵਾਲਾ ਹੈ ਜਿਸ ਦਾ ਅੰਗ (ਸ਼ਰੀਰ), ਰੋਬਦਾਬ ਵਾਲਾ. ਨਿਡਰ.

ਦਭ, ਦਭੁ: ਸੰ. दभ्. ਧਾ- ਧੋਖਾ ਦੇਣਾ, ਠਗਣਾ, ਬਰਬਾਦ ਕਰਨਾ. ਦੇਖੋ, ਦੰਭ। ੨. ਸੰ. ਦਰ੍‍ਭ. ਸੰਗ੍ਯ- ਦੱਭ. ਕੁਸ਼ਾ. "ਥੀਉ ਪਵਾਹੀ ਦਭੁ." (ਸ. ਫਰੀਦ) ਦੇਖੋ, ਕੁਸਾ.

ਦੱਭ: ਦੇਖੋ, ਦਭੁ ੨.

ਦਮ: ਸੰ. दम्. ਧਾ- ਦਮਨ ਕਰਨਾ, ਸਾਂਤ ਕਰਨਾ, ਜਿੱਤਣਾ। ੨. ਸੰਗਯਾ- ਇੰਦ੍ਰੀਆਂ ਨੂੰ ਕ਼ਾਬੂ ਕਰਨ ਦਾ ਭਾਵ। ੩. ਘਰ. ਰਹਿਣ ਦਾ ਅਸਥਾਨ। ੪. ਨਲ ਦੀ ਇਸਤ੍ਰੀ ਦਮਯੰਤੀ ਦਾ ਭਾਈ। ੫. ਮਰੁਤ ਦਾ ਪੁਤ੍ਰ ਇੱਕ ਸੂਰਜਵੰਸ਼ੀ ਰਾਜਾ। ੬. ਫ਼ਾ. دم ਸ੍ਵਾਸ਼. "ਹਮ ਆਦਮੀ ਹਾਂ ਇਕਦਮੀ." (ਧਨਾ ਮਃ ੧) ੭. دام ਦਾਮ. ਨਕ਼ਦੀ. "ਬਿਨੁ ਦਮ ਕੇ ਸਉਦਾ ਨਹੀ ਹਾਟ." (ਗਉ ਅਃ ਮਃ ੧) ਦੇਖੋ, ਦਿਰਹਮ ਅਤੇ ਦਿਰਮ। ੮. ਦਮੜੀ. "ਸ੍ਰਮ ਕਰਤੇ ਦਮ ਆਢ ਕਉ." (ਬਿਲਾ ਮਃ ੫) ੯. حبس دم ਹ਼ਬਸੇ ਦਮ. ਪ੍ਰਾਣਾਂ ਦਾ ਰੋਕਣਾ. ਪ੍ਰਾਣਾਯਾਮ. ਸ੍ਵਾਸ ਦਾ ਨਿਰੋਧ. "ਜਬ ਸਭ ਦਮ ਕਰਕੈ ਇਕ ਵਾਰ। ਪਹੁੱਚੈਂ ਜਹਿਂ ਖ਼ੁਦਾਇ ਦਰਬਾਰ." (ਗੁਪ੍ਰਸੂ)

ਦਮਕ: ਸੰਗਯਾ- ਪ੍ਰਕਾਸ਼. ਚਮਕ। ੨. ਦਾਮ. ਦੰਮ. ਧਨ. "ਦਮਕ ਦੈ ਦੋਖ ਦੁਖ ਅਪਜਸ ਲੈ ਅਸਾਧੁ." (ਭਾਗੁ ਕ) ੩. ਸੰ. ਵਿ- ਦਮਨ ਕਰਨ ਵਾਲਾ. ਇੰਦ੍ਰੀਆਂ ਨੂੰ ਰੋਕਣ ਵਾਲਾ.

ਦਮਕਣਾ: ਕ੍ਰਿ- ਚਮਕਣਾ. ਪ੍ਰਕਾਸ਼ਣਾ.

ਦਮਕਿਜਹੁ: ਦਾਮ ਨਾਲ. ਧਨ ਤੋਂ. ਦਾਮ ਸੇ. "ਇਸ ਪ੍ਰੇਮ ਕੀ ਦਮਕਿਜਹੁ ਹੋਤੀ ਸਾਟ." (ਚਉਬੋਲੇ ਮਃ ੫) ਜੇ ਪ੍ਰੇਮ ਦੀ ਰੁਪਯੇ ਨਾਲ ਵੱਟਤ ਹੁੰਦੀ.

ਦਮਘੋਸ਼: ਦੇਖੋ, ਸਿਸੁਪਾਲ.

ਦਮਜੋੜਾ: ਡਿੰਗ. ਸੰਗਯਾ- ਦਾਮ (ਰੁਪਯਾ) ਜੋੜਨ ਵਾਲਾ ਆਦਮੀ. ਕੰਜੂਸ. ਕ੍ਰਿਪਣ.

ਦਮਦਮਾ: ਫ਼ਾ. دمدمہ ਸੰਗਯਾ- ਨਗਾਰਾ. ਦਮਾਮਾ। ੨. ਕ਼ਿਲੇ ਦਾ ਬੁਰਜ। ੩. ਦੇਖੋ, ਦਮਦਮਾ ਸਾਹਿਬ.

ਦਮਦਮਾ ਸਾਹਿਬ: ਸਤਿਗੁਰੂ ਦੇ ਵਿਰਾਜਣ ਦਾ ਉੱਚਾ ਬੁਰਜ, ਥੜਾ (ਚਬੂਤਰਾ). ਖ਼ਾਸ ਕਰਕੇ ਇਸ ਨਾਮ ਦੇ ਪ੍ਰਸਿੱਧ ਗੁਰਧਾਮ ਇਹ ਹਨ:-

(੧) ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਭਟਿੰਡਾ, ਥਾਣਾ ਰਾਮਾ ਦੇ ਪਿੰਡ ਸਾਬੋਕੀ ਤਲਵੰਡੀ ਪਾਸ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਪ੍ਰਸਿੱਧ ਅਸਥਾਨ, ਜਿਸ ਨੂੰ ਸਿੱਖਾਂ ਦੀ ਕਾਸ਼ੀ ਕਿਹਾ ਜਾਂਦਾ ਹੈ. ਡੱਲੇ ਸਿੱਖ ਦਾ ਪ੍ਰੇਮ ਦੇਖਕੇ ਕਲਗੀਧਰ ਨੇ ਇੱਥੇ ਕ਼ਰੀਬ ਸਾਢੇ ਨੌਂ ਮਹੀਨੇ ਨਿਵਾਸ ਕੀਤਾ. ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬਕੌਰ ਜੀ ਭਾਈ ਮਨੀਸਿੰਘ ਜੀ ਨੂੰ ਨਾਲ ਲੈਕੇ ਇਸ ਥਾਂ ਦਿੱਲੀ ਤੋਂ ਸ੍ਵਾਮੀ ਦਾ ਦਰਸ਼ਨ ਕਰਨ ਆਏ. ਦਸ਼ਮੇਸ਼ ਨੇ ਇਸੇ ਥਾਂ ਆਤਮਿਕ ਸ਼ਕਤੀ ਨਾਲ ਆਪਣੇ ਅਨੁਭਵ ਤੋਂ ਗੁਰੂ ਗ੍ਰੰਥਸਾਹਿਬ ਦਾ ਸੰਪੂਰਣ ਪਾਠ ਲਿਖਵਾਇਆ.[618] ਫੂਲਵੰਸ਼ ਦੇ ਰਤਨ ਤਿਲੋਕਸਿੰਘ ਅਤੇ

---

[618] ਦੇਖੋ ਗ੍ਰੰਥਸਾਹਿਬ.

ਰਾਮਸਿੰਘ ਜੀ ਨੇ ਇੱਥੇ ਹੀ ਦਸ਼ਮੇਸ਼ ਤੋਂ ਅਮ੍ਰਿਤ ਪਾਨ ਕੀਤਾ. ਜੰਗਲ ਨੂੰ ਸਰਸਬਜ਼ ਕਰਨ ਲਈ ਨਹਿਰਾਂ ਦਾ ਵਰ ਭੀ ਇਸੇ ਥਾਂ ਬਖ਼ਸ਼ਿਆ ਹੈ. ਇਸ ਦਰਬਾਰ ਦੀ ਸੇਵਾ ਪੰਥ ਨੇ ਬਾਬਾ ਦੀਪਸਿੰਘ ਜੀ ਸ਼ਹੀਦ ਦੇ ਸਪੁਰਦ ਕੀਤੀ ਸੀ, ਜੋ ਹੁਣ ਉਸ ਦੀ ਵੰਸ਼ ਦੇ ਰਈਸ ਸ਼ਾਹਜ਼ਾਦਪੁਰ ਦੇ ਹੱਥ ਹੈ.[619]

ਇੱਥੇ ਵੈਸਾਖੀ ਨੂੰ ਭਾਰੀ ਮੇਲਾ ਹੁੰਦਾ ਹੈ. ਗੁਰਪੁਰ ਨਿਵਾਸੀ ਸੰਤ ਅਤਰਸਿੰਘ ਜੀ ਨੇ ਇਸ ਗੁਰਧਾਮ ਦੀ ਬਹੁਤ ਸੇਵਾ ਕਰਵਾਈ ਹੈ. ਦਮਦਮ ਸਾਹਿਬ ਸਿੱਖ ਲਿਖਾਰੀਆਂ ਅਤੇ ਗਜਾਨੀਆਂ ਦੀ ਟਕਸਾਲ ਹੈ. ਮਹਾਰਾਜਾ ਨਾਭਾ ਵੱਲੋਂ ਸੌ ਰੁਪਯਾ ਮਹੀਨਾ ਲੰਗਰ ਲਈ ਮਿਲਦਾ ਹੈ. ਇਹ ਗੁਰਦ੍ਵਾਰਾ ਰੇਲਵੇ ਸਟੇਸ਼ਨ ਮਾਈਸਰਖਾਨੇ ਤੋਂ ਸੱਤ ਮੀਲ ਦੱਖਣ ਪੱਛਮ ਹੈ, ਰਾਮਾ ਸਟੇਸ਼ਨ ਬੀ. ਬੀ. ਐਂਡ ਸੀ. ਆਈ ਰੇਲਵੇ ਤੋਂ ਪੰਜ ਮੀਲ ਹੈ.

ਇਸ ਪਿੰਡ (ਤਲਵੰਡੀ ਸਾਬੋ) ਵਿੱਚ ਡੱਲਸਿੰਘ ਨੂੰ ਬਖ਼ਸ਼ੀਆਂ ਗੁਰਵਸਤੂਆਂ, ਉਸ ਦੀ ਔਲਾਦ ਸਰਦਾਰ ਸ਼ਮਸ਼ੇਰਸਿੰਘ ਪਾਸ ਇਹ ਹਨ:-

ਇੱਕ ਖੜਗ, ਦੋ ਦਸਤਾਰਾਂ, ਦੋ ਚੋਲੇ, ਦੋ ਪਜਾਮੇ, ਇੱਕ ਬਾਜ਼ ਦਾ ਡੋਰਾ. ਇਨ੍ਹਾਂ ਵਸਤਾਂ ਦਾ ਦਰਸ਼ਨ ਹਰੇਕ ਚਾਨਣੀ ਦਸਮੀ ਨੂੰ ਹੁੰਦਾ ਹੈ. ਇੱਥੇ ਹੋਰ ਗੁਰ- ਅਸਥਾਨ ਇਹ ਹੈ:-

(ੳ) ਜੰਡਸਰ. ਪਿੰਡ ਤੋਂ ਅੱਧ ਮੀਲ ਉੱਤਰ ਦਸ਼ਮ ਗੁਰੂ ਜੀ ਦਾ ਅਸਥਾਨ. ਇੱਥੇ ਬੈਠਕੇ ਗੁਰੂ ਸਾਹਿਬ ਨੇ ਨੌਕਰਾਂ ਨੂੰ ਤਨਖ਼੍ਵਾਹ ਵੰਡੀ. ਜਿਸ ਜੰਡ ਨਾਲ ਘੋੜਾ ਬੱਧਾ ਸੀ ਉਹ ਹੁਣ ਮੌਜੂਦ ਹੈ.

(ਅ) ਟਿੱਬੀ ਸਾਹਿਬ. ਪਿੰਡ ਤੋਂ ਅੱਧ ਮੀਲ ਉੱਤਰ ਸ਼੍ਰੀ ਦਸ਼ਮੇਸ਼ ਜੀ ਦਾ ਉਹ ਅਸਥਾਨ, ਜਿੱਥੇ ਹੋਲਾ ਮਹੱਲਾ ਖੇਡਿਆ ਸੀ. ਇਸ ਦੇ ਪਾਸ ਦੇ ਸਰੋਵਰ ਦਾ ਨਾਉਂ ਮਹੱਲਸਰ ਹੈ.

(ੲ) ਮੰਜੀ ਸਾਹਿਬ. ਇਸ ਥਾਂ ਗੁਰੂ ਤੇਗਬਹਾਦੁਰ ਸਾਹਿਬ ਨੌ ਦਿਨ ਵਿਰਾਜੇ ਹਨ. ਵਡੇ ਦਰਬਾਰ ਪਾਸ ਸੁਨਹਿਰੀ ਕਲਸ ਵਾਲਾ ਗੁਰਦ੍ਵਾਰਾ ਬਣਿਆ ਹੋਇਆ ਹੈ.

(ਸ) ਮੰਜੀ ਸਾਹਿਬ ਨੰ: ੨. ਗੁਰੂਸਰ ਸਰੋਵਰ ਦੇ ਦੱਖਣ ਵੱਲ ਗੁਰੂ ਤੇਗਬਹਾਦੁਰ ਸਾਹਿਬ ਦਾ ਅਸਥਾਨ. ਇਹ ਤਾਲ ਖੁਦਵਾਉਣ ਸਮੇਂ ਸਤਿਗੁਰੂ ਨੇ ਆਪਣੇ ਦੋਸ਼ਾਲੇ ਵਿੱਚ ਕਾਰ ਕੱਢੀ ਸੀ.

(ਹ) ਲਿਖਣਸਰ. ਵਡੇ ਦਰਬਾਰ ਦੇ ਪਾਸ ਹੀ ਪੂਰਵ ਵੱਲ ਦਸ਼ਮੇਸ਼ ਦਾ ਇਹ ਅਸਥਾਨ ਹੈ. ਕਲਗੀਧਰ ਇੱਥੇ ਲਿੱਖਣਾਂ (ਕਲਮਾਂ) ਘੜਕੇ ਫਰਮਾਇਆ ਕਰਦੇ ਸਨ ਕਿ ਇਹ ਵਿਦਜਾ ਦੀ ਟਕਸਾਲ ਹੋਵੇਗੀ. ਯਥਾ-

ਇਹ ਹੈ ਪ੍ਰਗਟ ਹਮਾਰੀ ਕਾਸੀ।

ਪੜ੍ਹਹੈਂ ਇਹਾਂ ਢੋਰ ਮਤਿਰਾਸੀ।

ਲੇਖਕ ਗੁਨੀ ਕਵਿੰਦ ਗਿਆਨੀ।

ਬੁੱਧਿਸਿੰਧੁ ਹ੍ਵੈਹੈਂ ਇਤ ਆਨੀ ॥

ਤਿਨ ਕੇ ਕਾਰਨ ਕਲਮ ਗਢ, ਦੇਤ ਪ੍ਰਗਟ ਹਮ ਡਾਰ, ਸਿੱਖ ਸਖਾ ਇਤ ਪੜ੍ਹੈਂਗੇ ਹਮਰੇ ਕਈ ਹਜਾਰ. (ਗੁਵਿ ੧੦)

(੨) ਪਿੰਡ ਕਾਂਵਾਂ ਤੋਂ ਅੱਧ ਮੀਲ ਦੇ ਕ਼ਰੀਬ ਵਾਯਵੀ ਕੋਣ ਅਤੇ ਖਡੂਰ ਤੋਂ ਦੋ ਕੋਹ ਅਗਨਿ ਕੋਣ ਗੁਰੂ ਅਮਰਦਾਸ ਸਾਹਿਬ ਦਾ ਅਸਥਾਨ, ਜਿੱਥੋਂ ਤੀਕ ਪਿਛਲਖੁਰੀਂ ਬਿਆਸ (ਵਿਪਾਸ਼ਾ) ਦਾ ਜਲ ਗੁਰੂ ਅੰਗਦ ਸਾਹਿਬ ਦੇ ਸਨਾਨ ਲਈ ਲਿਆਉਣ

---

[619] Dip Singh××× was installed as first Mahant of a newly established Gurdwara. known as Damdama Sahib.

(ਚੀਫ਼ਸ ਐਂਡ ਫ਼ੈਮਿਲੀਜ਼ ਆਫ ਨੋਟ, ਪੰਨਾ ੫੭, ਜਿਲਦ ੧)

ਜਾਇਆ ਕਰਦੇ ਸਨ.

(੩) ਵਡਾਲੀ ਤੋਂ ਇੱਕ ਫਰਲਾਂਗ ਦੱਖਣ, ਛੀਵੇਂ ਸਤਿਗੁਰੂ ਦਾ ਚਬੂਤਰਾ, ਜਿੱਥੇ ਇੱਕ ਸੂਰ ਮਾਰਕੇ ਵਿਸ਼੍ਰਾਮ ਕੀਤਾ ਸੀ.

(੪) ਸ਼੍ਰੀ ਹਰਿਗੋਬਿੰਦਪੁਰੇ ਛੀਵੇਂ ਸਤਿਗੁਰੂ ਦਾ ਅਸਥਾਨ, ਜਿੱਥੇ ਦਿਵਾਨ ਲਾਇਆ ਕਰਦੇ ਸਨ.

(੫) ਉਂਨੇ ਪਾਸ ਬਾਗ਼ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਅਸਥਾਨ.

(੬) ਕੀਰਤਪੁਰ ਵਿੱਚ ਗੁਰੂ ਹਰਿਰਾਇ ਸਾਹਿਬ ਦੇ ਦੀਵਾਨ ਦਾ ਅਸਥਾਨ.

(੭) ਗੁਰੂ ਤੇਗਬਹਾਦੁਰ ਜੀ ਦਾ ਆਸਾਮ ਵਿੱਚ ਧੂਬੜੀ ਨਗਰ ਪਾਸ ਉੱਚਾ ਦਮਦਮਾ, ਜੋ ਬ੍ਰਹਮਪੁਤ੍ਰ ਦੇ ਕਿਨਾਰੇ ਹੈ. ਦੇਖੋ, ਧੂਬਰੀ ਅਤੇ ਰੰਗਾਮਾਟੀ.

(੮) ਅਮ੍ਰਿਤਸਰ ਮਾਲਮੰਡੀ ਪਾਸ ਗੁਰੂ ਤੇਗ ਬਹਾਦੁਰ ਸਾਹਿਬ ਦੇ ਵਿਰਾਜਣ ਦਾ ਅਸਥਾਨ. ਇਸ ਥਾਂ ਕੁਝ ਸਮਾਂ ਠਹਿਰਕੇ ਗੁਰੂ ਸਾਹਿਬ ਵੱਲੇ ਗਏ ਹਨ.

(੯) ਆਨੰਦਪੁਰ ਵਿੱਚ ਗੁਰੂ ਗੋਬਿੰਦਸਿੰਘ ਸਾਹਿਬ ਦੇ ਵਿਰਾਜਣ ਦਾ ਅਸਥਾਨ.

(੧੦) ਦਿੱਲੀ ਵਿੱਚ ਦਸ਼ਮੇਸ਼ ਦਾ ਪਵਿਤ੍ਰ ਅਸਥਾਨ. ਦੇਖੋ, ਦਿੱਲੀ ੬.

(੧੧) ਦੇਖੋ, ਰਕਬਾ ੪. ×××

ਦਮਨ: ਸੰ. ਸੰਗਯਾ- ਦਬਾਉਣ ਦੀ ਕ੍ਰਿਯਾ। ੨. ਦੰਡ, ਜੋ ਕਿਸੇ ਨੂੰ ਦਬਾਉਣ ਲਈ ਦਿੱਤਾ ਜਾਵੇ। ੩. ਇੰਦ੍ਰੀਆਂ ਨੂੰ ਰੋਕਣ ਦਾ ਭਾਵ. ਨਿਗ੍ਰਹ.

ਦਮਨਕ: ਸੰ. ਵਿ- ਦਮਨ ਕਰਨ ਵਾਲਾ. ਦਬਾਉਣ ਵਾਲਾ.

ਦਮ ਮਜ਼ਨ: ਫ਼ਾ. دم مزن ਦਮ ਨਾ ਮਾਰ. ਚੁੱਪ ਹੋ ਜਾ.

ਦਮਯੰਤੀ: ਵਿਦਰਭਪਤਿ ਰਾਜਾ ਭੀਮ ਦੀ ਪੁਤ੍ਰੀ ਅਤੇ ਨਿਸ਼ਧ ਦੇ ਰਾਜਾ ਨਲ ਦੀ ਇਸਤ੍ਰੀ. ਇਹ ਆਪਣੇ ਸਮੇਂ ਵਿੱਚ ਅਦੁਤੀ ਸੁੰਦਰੀ ਅਤੇ ਪਤਿਵ੍ਰਤਾ ਸੀ. ਜਦ ਰਾਜਾ ਨਲ ਜੂਏ ਵਿੱਚ ਸਰਬੰਸ ਹਾਰ ਗਿਆ ਅਰ ਚਿਰ ਤੀਕ ਗੁਪਤ ਹੋਗਿਆ, ਤਾਂ ਇਸ ਨੇ ਉਸ ਦਾ ਪੂਰਾ ਦੁੱਖ ਵੰਡਾਇਆ. ਅੰਤ ਨੂੰ ਨਲ ਨਾਲ ਫੇਰ ਮਿਲਾਪ ਹੋਇਆ ਅਤੇ ਅਵਸਥਾ ਸੁਖ ਵਿੱਚ ਵੀਤੀ. ਇਸ ਦੀ ਕਥਾ ਮਹਾਭਾਰਤ ਦੇ ਵਨ ਪਰਵ ਵਿੱਚ ਵਿਸਤਾਰ ਨਾਲ ਲਿਖੀ ਹੈ. ਦਸਮਗ੍ਰੰਥ ਦੇ ੧੫੭ਵੇਂ ਚਰਿਤ੍ਰ ਵਿੱਚ ਭੀ ਸੰਖੇਪ ਕਥਾ ਹੈ.

ਦਮਰਾ: ਦਮਨ. ਇੰਦ੍ਰੀਆਂ ਦੇ ਰੋਕਣ ਦੀ ਕ੍ਰਿਯਾ. "ਅਥੋਨ ਪੁਰਸਾ ਦਮਰਾ." (ਧਨਾ ਨਾਮਦੇਵ) ੨. ਦਮੜਾ. ਰੁਪਯਾ. ਦੇਖੋ, ਦਮ.

ਦਮਰੀ: ਦੇਖੋ, ਦਮੜੀ.

ਦਮਵੰਤੀ: ਦਮਯੰਤੀ ਲਈ ਇਹ ਸ਼ਬਦ ਵਰਤਿਆ ਹੈ. ਦੇਖੋ, ਦਮਯੰਤੀ. "ਦਮਵੰਤੀ ਪੁਨ ਤਿੰਹ ਬਰਜੋ." (ਚਰਿਤ੍ਰ ੧੫੭)

ਦਮੜਾ: ਸੰਗਯਾ- ਦ੍ਰਵ੍ਯ. ਦਾਮ. ਰੁਪਯਾ. ਸਿੱਕਾ. ਧਨ. ਦੌਲਤ. "ਦਮੜਾ ਪਲੈ ਨ ਪਵੈ, ਨਾ ਕੋ ਦੇਵੈ ਧੀਰ." (ਸ੍ਰੀ ਅਃ ਮਃ ੫)

ਦਮੜੀ: ਸੰਗਯਾ- ਪੈਸੇ ਦਾ ਚੌਥਾ ਹਿੱਸਾ.

ਦਮਾ: ਫ਼ਾ. دمہ ਸੰਗਯਾ- ਫੂਕਣੀ. ਅੱਗ ਸੁਲਗਾਉਣ ਦੀ ਨਲਕੀ। ੨. ਇੱਕ ਫਿਫੜੇ ਦਾ ਰੋਗ. ਸ੍ਵਾਸ ਰੋਗ. ਦਮਕਸ਼ੀ, ਅ਼. ضیق النفس ਜ਼ੀਕੁਲਨਫ਼ਸ. Asthma. ਕਫਪ੍ਰਧਾਨ ਪ੍ਰਾਣਵਾਯੁ, ਅੰਨ ਅਤੇ ਜਲਵਾਹੀ ਸ੍ਰੋਤਾਂ ਵਿੱਚ ਰੁਕਕੇ ਸ੍ਵਾਸ ਦੀ ਨਾਲੀਆਂ ਨੂੰ ਭਰ ਦਿੰਦਾ ਹੈ, ਤਦ ਸਾਹ ਖਿੱਚਕੇ ਦੁੱਖ ਨਾਲ ਆਉਂਦਾ ਹੈ. ਫਿਫੜੇ ਦੀਆਂ ਨਲਕੀਆਂ ਵਿੱਚੋਂ ਸੀਟੀ ਜੇਹੀ ਆਵਾਜ਼ ਨਿਕਲਦੀ ਹੈ. ਮਨ ਵਿੱਚ ਘਬਰਾਹਟ, ਮੱਥਾ ਭਾਰੀ, ਪੇਟ ਦਾ ਫੁੱਲਣਾ, ਖੰਘ ਵੇਲੇ ਕਸ਼੍ਟ, ਕਦੇ ਕੈ ਆਜਾਣੀ ਆਦਿ, ਇਸ ਦੇ ਲੱਛਣ ਹਨ. ਦਮਾ ਦੁਪਹਿਰ ਪਿੱਛੋਂ ਅੱਧੀ ਰਾਤ ਤਕ ਜਾਦਾ ਦੁੱਖ ਦਿੰਦਾ ਹੈ. ਵੈਦਕ ਗ੍ਰੰਥਾਂ ਵਿੱਚ ਦਮੇ ਦੇ ਪੰਜ ਭੇਦ ਲਿਖੇ ਹਨ-

ਮਹਾ ਸ੍ਵਾਸ, ਊਰਧ ਸ੍ਵਾਸ, ਛਿੰਨ ਸ੍ਵਾਸ, ਤਮਕ ਸ੍ਵਾਸ ਅਤੇ ਕ੍ਸ਼ੁਦ੍ਰ ਸ੍ਵਾਸ.

ਦਮੇ ਦੇ ਕਾਰਣ ਹਨ- ਰੁੱਖੇ ਭਾਰੀ ਅਤੇ ਕਾਬਿਜ ਪਦਾਰਥ ਖਾਣੇ, ਕਫ ਵਧਾਉਣ ਵਾਲੀਆਂ ਚੀਜਾਂ ਵਰਤਣੀਆਂ, ਬੇਹਾ ਖਾਣਾ, ਬਹੁਤ ਠੰਢਾ ਪਾਣੀ ਪੀਣਾ, ਧੂੰਆਂ ਅਤੇ ਧੂੜ ਫੱਕਣੀ, ਬਹੁਤ ਸ਼ਰਾਬ ਪੀਣੀ, ਬਹੁਤ ਮੈਥੁਨ ਕਰਨਾ, ਫਾਕੇ ਕਰਨੇ, ਪਿਆਸ ਰੋਕਣੀ, ਮਲਮੂਤ੍ਰ ਰੋਕਣਾ ਆਦਿਕ. ਇਹ ਰੋਗ ਮਾਤਾ ਪਿਤਾ ਤੋਂ ਭੀ ਸੰਤਾਨ ਨੂੰ ਹੋਇਆ ਕਰਦਾ ਹੈ.

ਦਮੇ ਦੇ ਸਾਧਾਰਣ ਇਲਾਜ ਇਹ ਹਨ-

(੧) ਕਾਲੀਆਂ ਮਿਰਚਾਂ ਗੁੜ ਮਿਲਾਕੇ ਖਵਾਉਣੀਆਂ.

(੨ ਅਦਰਕ ਦਾ ਰਸ ਸ਼ਹਿਦ ਮਿਲਾਕੇ ਚਟਾਉਣਾ.

(੩) ਬਾਂਸੇ (ਅਡੂਸੇ) ਦੇ ਕਾੜੇ ਵਿੱਚ ਸ਼ਹਿਦ ਮਿਲਾਕੇ ਪਿਆਉਣਾ.

(੪) ਬਿੱਲਪਤ੍ਰ ਦਾ ਕਾੜ੍ਹਾ ਸ਼ਹਿਦ ਮਿਲਾਕੇ ਦੇਣਾ.

(੫) ਬਾਰਾਂਸਿੰਗੇ ਦਾ ਕੁਸ਼ਤਾ ਮੁਨੱਕਾ ਦਾਖ ਵਿੱਚ ਦੇਣਾ.

(੬) ਜੌਂ ਦੇ ਕਸੀਰ ਲੈਕੇ ਇੱਕ ਕੁੱਜੇ ਵਿੱਚ ਪਾਕੇ ਅੱਕ ਦੇ ਦੁੱਧ ਨਾਲ ਤਰ ਕਰਕੇ, ਕੁੱਜੇ ਦਾ ਮੂੰਹ ਬੰਦ ਕਰਕੇ ਪਾਥੀਆਂ ਵਿੱਚ ਰੱਖ ਦੇਣੇ. ਠੰਢਾ ਹੋਣ ਤੇ ਜੌਂ ਦੇ ਕਸੀਰਾਂ ਨੂੰ ਪੀਹ ਲੈਣਾ ਦੋ ਚਾਉਲ ਤੋਂ ਦੋ ਰੱਤੀ ਤੀਕ ਸ਼ਹਿਦ ਜਾਂ ਮੁਨੱਕਾ ਦਾਖ ਵਿੱਚ ਖਵਾਉਣੇ.

(੭) ਬਨਫ਼ਸ਼ਾ ਛੀ ਮਾਸ਼ੇ, ਕਾਹਜਬਾਂ (ਗਾਉਜ਼ੁਬਾਨ) ਛੀ ਮਾਸ਼ੇ, ਅੰਜੀਰ ਦੋ ਦਾਣੇ, ਉਨਾਬ ਸੱਤ ਦਾਣੇ, ਲਸੂੜੀਆਂ ਗਿਆਰਾਂ, ਇਨ੍ਹਾਂ ਸਭ ਦਵਾਈਆਂ ਨੂੰ ਰਾਤ ਨੂੰ ਭਿਓਂ ਰੱਖਣਾ, ਸਵੇਰੇ ਉਬਾਲਕੇ ਥੋੜੀ ਖੰਡ ਮਿਲਾਕੇ ਰੋਗੀ ਨੂੰ ਪਿਆਉਣੇ.

(੮) ਧਤੂਰੇ ਦੇ ਪੀਲੇ ਪੱਤੇ ਜਾਂ ਜੜ ਦਾ ਧੂੰਆਂ ਪੀਣਾ ਦਮੇ ਰੋਗ ਦੇ ਹਟਾਉਣ ਲਈ ਸਿੱਧ ਇਲਾਜ ਹੈ.

ਦਮੇ ਦੇ ਰੋਗੀ ਨੂੰ ਚਾਹੀਏ ਕਿ ਭੋਜਨ ਪਿੱਛੋਂ ਦੋ ਘੜੀ ਤੀਕ ਪਾਣੀ ਨਾ ਪੀਵੇ, ਅਤੇ ਪਾਣੀ ਬਹੁਤ ਘੱਟ ਪੀਵੇ. ਨਰਮ ਅਤੇ ਸੁਥਰੀ ਗਿਜਾ ਖਾਵੇ. ਖਟਾਈ, ਚਿਕਨੀ ਅਤੇ ਲੇਸਲੀਆਂ ਚੀਜਾਂ ਤੋਂ ਪਰਹੇਜ ਕਰੇ.

ਦਮਾਂ: ਫ਼ਾ. دماں ਵਿ- ਭੜਕਣ ਵਾਲਾ। ੨. ਕ੍ਰੋਧ ਨਾਲ ਪੂਰਣ. ਗ਼ਜਬਨਾਕ। ੩. ਦੇਖੋ, ਦਮਾਨ.

ਦਮਾਦ: ਦੇਖੋ, ਦਾਮਾਦ.

ਦਮਾਨ: ਫ਼ਾ. دمان ਸੰਗਜਾ- ਵੇਲਾ. ਸਮਯ। ੨. ਵਿ- ਆਨੰਦ ਅਥਵਾ ਕ੍ਰੋਧ ਵਿੱਚ ਸ਼ੋਰ ਕਰਦਾ ਹੋਇਆ.

ਦਮਾਮ: ਦੇਖੋ, ਦਵਾਮ। ੨. ਦੇਖੋ, ਦਮਾਮਾ. "ਢੋਲਨ ਬਜਾਇ ਡੰਕਤ ਦਮਾਮ." (ਗੁਪ੍ਰਸੂ)

ਦਮਾਮਾ: ਫ਼ਾ. دمامہ ਦਮਾਮਹ. ਸੰਗਜਾ- ਨਗਾਰਾ. ਧੌਂਸਾ. "ਗਗਨ ਦਮਾਮਾ ਬਾਜਿਓ." (ਮਾਰੂ ਕਬੀਰ) ਭਾਵ- ਦਿਮਾਗ ਵਿੱਚ ਸ਼ਬਦ ਦੀ ਚੋਟ ਲੱਗੀ.

ਦਮਾਲੜਾ, ਦਮਾਲਾ: ਦੇਖੋ, ਦੁਮਾਲੜਾ.

ਦਮਾਵਤਿ: ਦੇਖੋ, ਦਮਯੰਤੀ. "ਜਨੁ ਨਲ ਮਿਲੀ ਦਮਾਵਤਿ ਆਈ." (ਚਰਿਤ੍ਰ ੨੯੮)

ਦਮਿ: ਦਮ (ਸ੍ਵਾਸ) ਵਿੱਚ. "ਦਮਿਂ ਦੂਮਿ ਸਦਾ ਸਮਾਲਦਾ." (ਮਃ ੩. ਵਾਰ ਬਿਹਾ) ਸਾਸ ਸ੍ਵਾਸ ਨਿੱਤ ਸਿਮਰਣ ਕਰਦਾ.

ਦਮਿਅੰਤੀ: ਦੇਖੋ, ਦਮਯੰਤੀ.

ਦਮੀ: ਵਿ- ਦਮ ਵਾਲਾ. ਸ੍ਵਾਸ ਵਾਲਾ. "ਹਮ ਆਦਮੀ ਹਾਂ ਇਕ ਦਮੀ." (ਧਨਾ ਮਃ ੧) ੨. ਸੰ. ਦਮਿਨ. ਇੰਦ੍ਰੀਆਂ ਨੂੰ ਦਮਨ ਕਰਨ ਵਾਲਾ.

**ਦਮੀਦਨ:** ਫ਼ਾ. دمیدن ਕ੍ਰਿ- ਕ੍ਰੋਧ ਨਾਲ ਭੜਕ ਉਠਣਾ। ੨. ਉਗਣਾ. ਅੰਕੁਰਿਤ ਹੋਣਾ। ੩. ਚੜ੍ਹਨਾ. ਉਦਯ ਹੋਣਾ। ੪. ਫੂਕ ਮਾਰਨਾ.

**ਦਮੁ:** ਸਾਹ. ਸ੍ਵਾਸ. ਦੇਖੋ, ਦਮ ੬. "ਇਕੁ ਦਮੁ ਸਾਚਾ ਵੀਸਰੈ." (ਮਃ ੩. ਵਾਰ ਬਿਹਾ)

**ਦਮੈ ਤੈ:** ਦੰਮਾਂ ਤੋਂ. ਦਾਮ ਸੇ. "ਫਕਰਦੇਸ ਕਿਉਂ ਮਿਲੈ ਦਮੈ ਤੈ?" (ਭਾਗੁ) ਫਕੀਰਾਂ ਦਾ ਦੇਸ (ਸਾਧੁ ਸਮਾਗਮ) ਮੁੱਲ ਕਿਵੇਂ ਮਿਲਦਾ ਹੈ?

**ਦਮੋਦਰ:** ਦੇਖੋ, ਦਾਮੋਦਰ. "ਸੰਤ ਕ੍ਰਿਪਾਲ ਦਇਆਲ ਦਮੋਦਰ." (ਧਨਾ ਮਃ ੫)

**ਦਮੋਦਰਿ, ਦਮੋਦਰੀ, ਦਮੋਦਰੀ ਮਾਤਾ:** ਦੇਖੋ, ਦਾਮੋਦਰੀ ਮਾਤਾ. "ਰੂਪ ਦਮੋਦਰਿ ਕੋ ਜਿਮਿ ਸੁੰਦਰ, ਤਜੋਂ ਹਰਿਗੋਬਿੰਦ ਰੂਪ ਵਿਸਾਲਾ." (ਗੁਪ੍ਰਸੂ) "ਪਿਖ ਦਮੋਦਰੀ ਹਨਐ ਬਲਿਹਾਰੀ। ਪਾਲਤ ਪੁਤ੍ਰ ਪ੍ਰੀਤਿ ਉਰਧਾਰੀ. ." (ਗੁਪ੍ਰਸੂ)

**ਦਮੰਕ:** ਦੇਖੋ, ਦਮਕ। ੨. ਨਗਾਰੇ ਦੀ ਧੁਨਿ. ਧਮਕ. "ਦਮਾਮੰ ਦਮੰਕੇ." (ਮੱਛਾਵ)

**ਦਯ, ਦਯ੍:** ਧਾ- ਵੰਡਣਾ (ਤਕ਼ਸੀਮ ਕਰਨਾ), ਅੰਗੀਕਾਰ ਕਰਨਾ, ਰਹ਼ਮ ਕਰਨਾ. ਦੇਖੋ, ਦਯਾ.

**ਦਯਧਨਿ:** ਸ਼ਸਤ੍ਰਨਾਮਮਾਲਾ ਦੇ ੪੪੧ ਅੰਗ ਵਿੱਚ ਦ੍ਵਿਪਨੀ ਦੀ ਥਾਂ ਲਿਖਾਰੀ ਨੇ ਦਯਧਨਿ ਲਿਖ ਦਿੱਤਾ ਹੈ. ਦ੍ਵਿਪ (ਹਾਥੀਆਂ ਦੀ) ਅਨੀ (ਫੌਜ).

**ਦਯਾ:** ਸੰ. ਦਯ੍. ਧਾ- ਦਯਾ ਕਰਨਾ, ਦਾਨ ਦੇਣਾ, ਪਾਲਨ ਕਰਨਾ। ੨. ਸੰਗਯਾ- ਕਰੁਣਾ. ਰਹ਼ਮ. "ਦਯਾ ਧਾਰੀ ਹਰਿ ਨਾਥ" (ਟੋਡੀ ਮਃ ੫) ੩. ਦੈਵ. ਵਿਧਾਤਾ. ਦੈਯਾ. "ਦਯਾ ਕੀ ਸਹੁੰ." (ਚਰਿਤ੍ਰ ੨)

**ਦਯਾਸਾਗਰ:** ਦਯਾ ਦਾ ਸਮੁੰਦਰ. ਦਯਾਸਿੰਧੁ.

**ਦਯਾਸਿੰਘ:** ਲਹੌਰ ਨਿਵਾਸੀ ਦਯਾਰਾਮ ਸੋਫਤੀ ਖਤ੍ਰੀ, ਜਿਸ ਨੇ ੧. ਵੈਸਾਖ ਸੰਮਤ ੧੭੫੬ ਨੂੰ ਕੇਸਗੜ੍ਹ (ਆਨੰਦਪੁਰ) ਦੇ ਦਿਵਾਨ ਵਿੱਚ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੂੰ ਸੀਸ ਅਰਪਨ ਕੀਤਾ ਅਤੇ ਸਭ ਤੋਂ ਪਹਿਲਾਂ ਅਮ੍ਰਿਤ ਛਕਕੇ ਦਯਾਸਿੰਘ ਹੋਇਆ. ਦਸ਼ਮੇਸ਼ ਨੇ ਇਸ ਨੂੰ ਪਜਾਰੀਆਂ ਦਾ ਜਥੇਦਾਰ ਥਾਪਿਆ, ਦੇਖੋ, ਪੰਜ ਪਜਾਰੇ.

ਜ਼ਫ਼ਰਨਾਮਾ ਲੈਕੇ ਔਰੰਗਜ਼ੇਬ ਪਾਸ ਇਹੀ ਸੱਜਨ ਗਿਆ ਸੀ. ਇਸ ਦਾ ਰਚਿਆ ਇੱਕ ਰਹਿਤਨਾਮਾ ਭੀ ਦੇਖੀਦਾ ਹੈ. ਦੇਖੋ, ਗੁਰਮਤਸੁਧਾਕਰ ਕਲਾ ੧੧.

**ਦਯਾਕੌਰ:** ਲਹੌਰ ਨਿਵਾਸੀ ਬਾਬਾ ਹਰਿਦਾਸ ਜੀ ਦੀ ਧਰਮ ਪਤਨੀ, ਜਿਸ ਦੇ ਉਦਰ ਤੋਂ ਗੁਰੂ ਰਾਮਦਾਸ ਸਾਹਿਬ ਨੇ ਜਨਮ ਲਿਆ ੨. ਸ਼੍ਰੀ ਗੁਰੂ ਅੰਗਦਦੇਵ ਦੀ ਮਾਤਾ. ਦੇਖੋ, ਅੰਗਦ ਗੁਰੂ। ੩. ਸਰਦਾਰ ਸਾਹਿਬ ਸਿੰਘ ਭੰਗੀ, ਰਈਸ ਗੁਜਰਾਤ ਦੀ ਸਰਦਾਰਨੀ. ਇਸ ਦੇ ਪਤੀ ਦਾ ਦੇਹਾਂਤ ਹੋਣ ਪੁਰ ਮਹਾਰਾਜਾ ਰਣਜੀਤਸਿੰਘ ਨੇ ਸਨ ੧੮੧੧ ਵਿੱਚ ਇਸ ਨਾਲ ਪੁਨਰ ਵਿਆਹ ਕੀਤਾ. ਦਯਾਕੌਰ ਦੀ ਕੁੱਖ ਤੋਂ ਕੌਰ ਕਸ਼ਮੀਰਾਸਿੰਘ ਅਤੇ ਪੇਸ਼ੌਰਾਸਿੰਘ ਪੈਦਾ ਹੋਏ. ਕਸ਼ਮੀਰਾਸਿੰਘ ਬਾਬਾ ਬੀਰਸਿੰਘ ਨੌਰੰਗਾਬਾਦੀਏ ਨਾਲ ਸਿੱਖ ਫੌਜ ਦੇ ਹੱਥੋਂ ਸਨ ੧੮੪੩ ਵਿੱਚ ਮਾਰਿਆ ਗਿਆ, ਅਤੇ ਪੇਸ਼ੌਰਾਸਿੰਘ ਫ਼ਤੇਖਾਂ ਟਵਾਣੇ ਅਤੇ ਸਰਦਾਰ ਚੜ੍ਹਤਸਿੰਘ ਅਟਾਰੀ ਵਾਲੇ ਨਾਲ ਲੜਦਾ ਹੋਇਆ ਸਨ ੧੮੪੪ ਵਿੱਚ ਅਟਕ ਮੋਇਆ. ਦਯਾਕੌਰ ਦਾ ਦੇਹਾਂਤ ਸਨ ੧੮੪੩ ਵਿੱਚ ਹੋਇਆ

**ਦਯਾਚੰਦ:** ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜੋ ਮਹਾਨ ਯੋਧਾ ਸੀ. ਇਸ ਨੇ ਅਮ੍ਰਿਤਸਰ ਦੇ ਜੰਗ ਵਿੱਚ ਭਾਰੀ ਵੀਰਤਾ ਦਿਖਾਈ.

**ਦਯਾ ਧਰਜਚਰ ਰਾਇ:** ਭਾਈ ਸੁੱਖਾਸਿੰਘ ਨੇ ਗੁਰਵਿਲਾਸ ਵਿੱਚ ਪਹੇਲੀ ਦੇ ਢੰਗ ਇਹ ਨਾਮ ਭਾਈ ਦਯਾਸਿੰਘ ਜੀ ਦਾ ਲਿਖਿਆ ਹੈ. ਦੇਖੋ, ਧਰਜਚਰ ਰਾਇ.

ਦਯਾਨਤ: ਅ਼. دیانت ਸੰਗਯਾ- ਈਮਾਨਦਾਰੀ. ਸੱਚਾਈ. ਰਾਸਤੀ.

ਦਯਾਨਤਦਾਰ: ਫ਼ਾ. ਵਿ- ਈਮਾਨਦਾਰ. ਸਾਰਖਾ. ਸੱਦਾ.

ਦਯਾਨਤਦਾਰੀ: ਦੇਖੋ, ਦਯਾਨਤ.

ਦਯਾਨਿਧਾਨ, ਦਯਾਨਿਧਿ: ਵਿ- ਦਯਾ ਦਾ ਖ਼ਜ਼ਾਨਾ। ੨. ਸੰਗਯਾ- ਕਰਤਾਰ.

ਦਯਾਨੰਦ: ਦੇਖੋ, ਆਰਯਸਮਾਜ.

ਦਯਾਮਯ: ਵਿ- ਦਯਾਰੂਪ. ਜਿਸ ਵਿੱਚ ਦਯਾ ਦੀ ਪ੍ਰਧਾਨਤਾ ਹੈ। ੨. ਸੰਗਯਾ- ਕਰਤਾਰ.

ਦਯਾਰ: ਵਿ- ਦਯਾਲੁ. ਰਹ਼ੀਮ. "ਹਰਿ ਗੁਰੁ ਦਯਾਰੰ." (ਸਹਸ ਮਃ ੫) ੨. ਸੰਗਯਾ- ਦੇਵਦਾਰੁ। ੩. ਅ਼. دیار ਘਰ। ੪. ਦੇਸ਼. ਮੁਲਕ. ਵਲਾਇਤ.

ਦਯਾਰਾਮ: ਜਾਤੀਮਲਕ ਦਾ ਪੁਤ੍ਰ ਦਸ਼ਮੇਸ਼ ਦਾ ਸੇਵਕ ਬ੍ਰਾਹਮਣ, ਜਿਸ ਨੇ ਭੰਗਾਣੀ ਦੇ ਜੰਗ ਵਿੱਚ ਵਡੀ ਵੀਰਤਾ ਨਾਲ ਸ਼ਤ੍ਰੂਆਂ ਦਾ ਮੁਕਾਬਲਾ ਕੀਤਾ, ਵਿਚਿਤ੍ਰ ਨਾਟਕ ਦੇ ਅੱਠਵੇਂ ਅਧ੍ਯਾਯ ਵਿੱਚ ਲਿਖਿਆ ਹੈ:-

"ਕ੍ਰਪਯੋ ਦੇਵਤੇਸੰ ਦਯਾਰਾਮ ਜੁੱਧੰ,

ਕਿਯੋ ਦ੍ਰੋਣਕੀ ਜ੍ਯੋਂ ਮਹਾਂ ਜੁੱਧ ਸੁੱਧੰ."

ਦਯਾਲ: ਬਿਝੜਵਾਲ ਦਾ ਪਹਾੜੀ ਸਰਦਾਰ, ਜਿਸ ਦਾ ਜਿਕਰ ਨਾਦੌਨ ਦੇ ਜੰਗ ਵਿੱਚ ਆਇਆ ਹੈ. ਵਿਚਿਤ੍ਰ ਨਾਟਕ ਵਿੱਚ ਪਾਠ ਹੈ:-

"ਤਹਾਂ ਏਕ ਬਾਜ੍ਯੋ ਮਹਾ ਬੀਰ ਦਯਾਲੰ,

ਰਖੀ ਲਾਜ ਜੌਨੈ ਸਭੈ ਬਿਝੜਵਾਲੰ."

੨. ਪੇਸ਼ਾਵਰ ਨਿਵਾਸੀ ਇੱਕ ਪ੍ਰੇਮੀ ਕਰਨੀ ਵਾਲਾ ਗੁਰਸਿੱਖ, ਜੋ ਬਾਬਾ ਦਯਾਲ ਨਾਮ ਤੋਂ ਪ੍ਰਸਿੱਧ ਹੈ. ਇਸ ਨੇ ਰਾਵਲਪਿੰਡੀ ਵਿੱਚ ਰਹਿਕੇ ਸਿੱਖ ਧਰਮ ਦਾ ਉੱਤਮ ਪ੍ਰਚਾਰ ਕੀਤਾ. ਇਸ ਦੀ ਸੰਪ੍ਰਦਾਯ ਦੇ ਸਿੱਖ "ਨਿਰੰਕਾਰੀਏ" ਸੱਦੀਦੇ ਹਨ, ਦੇਖੋ, ਨਿਰੰਕਾਰੀਏ। ੩. ਦੇਖੋ, ਦਯਾਲੁ.

ਦਯਾਲਸਿੰਘ: ਭਾਈ ਰੂਪਚੰਦ ਦਾ ਪੋਤਾ ਅਤੇ ਭਾਈ ਧਰਮਸਿੰਘ ਦਾ ਸੁਪੁਤ੍ਰ. ਰਾਜ ਨਾਭਾ ਵਿੱਚ ਇਸ ਮਹਾਤਮਾ ਦਾ ਆਬਾਦ ਕੀਤਾ ਹੋਇਆ ਦਯਾਲਪੁਰਾ ਪਿੰਡ ਹੈ. ਬਾਗੜੀਆਂ ਵਾਲੇ ਭਾਈਸਾਹਿਬ ਇਸੇ ਬਜ਼ੁਰਗ ਦੀ ਸੰਤਾਨ ਹਨ. ਦੇਖੋ, ਦਯਾਲਪੁਰਾ ਅਤੇ ਰੂਪਚੰਦ ਭਾਈ. ੨. ਸੁਰਸਿੰਘ ਦਾ ਵਸਨੀਕ ਸਿੱਧੂ ਜੱਟ, ਜੋ ਸ਼੍ਰੀ ਗੁਰੂ ਗੋਬਿੰਦਸਿੰਘ ਸ੍ਵਾਮੀ ਤੋਂ ਅਮ੍ਰਿਤ ਛਕਕੇ ਵਡਾ ਧਰਮਵੀਰ ਹੋਇਆ. ਇਹ ਆਨੰਦਪੁਰ ਦੇ ਜੰਗਾਂ ਵਿੱਚ ਖ਼ਾਲਸੇ ਦੀ ਸੈਨਾ ਨਾਲ ਮਿਲਕੇ ਜਾਲਮਾਂ ਨਾਲ ਵਡੀ ਬਹਾਦੁਰੀ ਨਾਲ ਲੜਦਾ ਰਿਹਾ। ੩. ਦੇਖੋ, ਜਹਾਨਖ਼ਾਨ.

ਦਯਾਲਦਾਸ: ਇਹ ਭਾਈ ਭਗਤੂ ਦਾ ਪੋਤਾ ਗੌਰੇ ਦਾ ਪੁਤ੍ਰ ਸੀ, ਜੋ ਭੁੱਚੋ ਪਿੰਡ ਵਿੱਚ ਰਹਿੰਦਾ ਸੀ. ਜਦ ਦਸ਼ਮੇਸ਼ ਦਮਦਮੇ ਠਹਿਰੇ, ਤਦ ਇਹ ਸੇਵਾ ਵਿੱਚ ਹਾਜਿਰ ਹੋਇਆ. ਮਹਾਰਾਜਾ ਨੇ ਅਮ੍ਰਿਤ ਛਕਣ ਲਈ ਫਰਮਾਇਆ, ਜਿਸ ਦੀ ਇਸ ਨੇ ਤਾਮੀਲ ਕੀਤੀ.

ਦਯਾਲਪੁਰਾ: ਰਾਜ ਨਾਭਾ ਨਜਾਮਤ ਫੂਲ ਵਿੱਚ ਭਾਈ ਰੂਪਚੰਦ ਦੀ ਵੰਸ਼ ਦੇ ਭੂਸ਼ਣ ਬਾਬਾ ਦਯਾਲਸਿੰਘ ਦਾ ਵਸਾਇਆ ਪਿੰਡ. ਜਿਸ ਸਮੇਂ ਇੱਥੇ ਦਸ਼ਮੇਸ਼ ਨੇ ਚਰਣ ਪਾਏ ਹਨ, ਉਸ ਵੇਲੇ ਇਹ ਜ਼ਮੀਨ ਕਾਂਗੜ ਗ੍ਰਾਮ ਨਾਲ ਸ਼ਾਮਿਲ ਸੀ ਅਤੇ ਦਯਾਲਪੁਰਾ ਪਿੱਛੋਂ ਆਬਾਦ ਹੋਇਆ ਹੈ. ਇਹ ਜ਼ਮੀਨ ਰਾਯਜੋਧ ਅਤੇ ਉਸ ਦੀ ਔਲਾਦ ਦੇ ਕ਼ਬਜੇ ਰਹੀ ਹੈ, ਜਿਨ੍ਹਾਂ ਨੇ ਛੀਵੇਂ ਸਤਿਗੁਰੂ ਅਤੇ ਦਸ਼ਮੇਸ਼ ਦੀ ਤਨ ਮਨ ਤੋਂ ਸੇਵਾ ਕੀਤੀ, ਇੱਥੇ ਦੋ ਗੁਰਦ੍ਵਾਰੇ ਹਨ- ਇੱਕ ਉਹ ਅਸਥਾਨ ਜਿੱਥੇ ਬੈਠਕੇ ਕਲਗੀਧਰ ਨੇ

ਔਰੰਗਜ਼ੇਬ ਨੂੰ ਜਫ਼ਰਨਾਮਹ ਲਿਖਿਆ ਹੈ. ਹੁਣ ਸੰਤ ਮਨੀਸਿੰਘ ਨੇ ਬਹੁਤ ਸੁੰਦਰ ਦਰਬਾਰ ਬਣਾ ਕੇ ਨਾਮ "ਜਫਰਨਾਮਾਹ ਸਾਹਿਬ" ਰੱਖਿਆ ਹੈ. ਰਿਆਸਤ ਨਾਭੇ ਵਲੋਂ ਇਸ ਗੁਰਦ੍ਵਾਰੇ ਨੂੰ ੭੦ ਘੁਮਾਉਂ ਜ਼ਮੀਨ ਮੁਆ਼ਫ਼ ਹੈ.

ਦੂਜਾ ਦਰਵਾਜਾ ਗੁਰੂ ਹਰਿਗੋਬਿੰਦ ਸਾਹਿਬ ਦਾ ਹੈ. ਰਾਯਜੋਧ ਦਾ ਪ੍ਰੇਮ ਦੇਖਕੇ ਜਦ ਗੁਰੂ ਸਾਹਿਬ ਕਾਂਗੜ ਠਹਿਰੇ ਹਨ, ਤਦ ਇੱਥੇ ਚਰਣ ਪਾਏ ਹਨ. ਜਿਸ ਜੰਡ ਨਾਲ ਗੁਰੂ ਸਾਹਿਬ ਦਾ ਘੋੜਾ ਬੱਝਾ ਸੀ ਉਹ ਹੁਣ ਮੌਜੂਦ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ਸੋਲਾਂ ਮੀਲ ਉੱਤਰ ਹੈ। ੨. ਜਿਲਾ ਗੁੜਗਾਂਵਾਂ, ਤਸੀਲ ਬਲਬਗੜ੍ਹ ਦਾ ਇੱਕ ਪਿੰਡ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਤੋਂ ਆਉਂਦੇ ਵਿਰਾਜੇ ਹਨ। ੩. ਦੇਖੋ, ਦਯਾਲਪੁਰਾ ਸੋਢੀਆਂ.

ਦਯਾਲਪੁਰਾ ਸੋਢੀਆਂ: ਇੱਕ ਪਿੰਡ, ਜੋ ਰਿਆਸਤ ਪਟਿਆਲਾ, ਤਸੀਲ ਰਾਜਪੁਰਾ, ਥਾਣਾ ਲਾਲੜੂ ਵਿੱਚ ਛੱਤ ਬਨੂੜ ਦੇ ਨੇੜੇ ਹੈ. ਇਹ ਪਿੰਡ ਮਹਾਰਾਜਾ ਸਾਹਿਬ ਸਿੰਘ ਜੀ ਪਟਿਆਲਾਪਤਿ ਨੇ ਕੀਰਤਪੁਰ ਦੇ ਸੋਢੀਆਂ ਨੂੰ ਸੰਮਤ ੧੮੫੮ ਵਿੱਚ ਅਰਦਾਸ ਕਰਾਇਆ.

ਇਹ ਸੋਢੀ ਬੀਬੀ ਰੂਪਕੌਰ (ਗੁਰੂ ਹਰਿਰਾਇ ਸਾਹਿਬ ਦੀ ਪਾਲਿਤ ਪੁਤ੍ਰੀ) ਦੀ ਵੰਸ਼ ਹਨ. ਇਨ੍ਹਾਂ ਦੇ ਵੱਡੇ ਮਨੀਮਾਜਰੇ ਮਾਤਾ ਰਾਜਕੌਰ ਦੇ ਅਸਥਾਨ ਦੇ ਪੁਜਾਰੀ ਸਨ. ਉੱਥੇ ਚੰਗਾ ਨਿਰਬਾਹ ਨਾ ਹੋਣ ਕਰਕੇ ਰਿਆਸਤ ਨੇ ਇਹ ਪਿੰਡ ਦਿੱਤਾ. ਦੇਖੋ, ਰੂਪਕੌਰ.

ਦਯਾਲਪੁਰੀ: ਸੀਤਲਪੁਰੀ ਸੰਨਯਾਸੀ ਦਾ ਚੇਲਾ, ਜੋ ਸਰਹਿੰਦ ਰਹਿੰਦਾ ਸੀ. ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ ਦੇਖਕੇ ਅਤੇ ਸਰਹਿੰਦ ਉੱਪਰ ਆਉਣ ਵਾਲੀ ਆਫ਼ਤ ਜਾਣਕੇ, ਏਹ ਦਸ਼ਮੇਸ਼ ਪਾਸ ਦੀਨੇ ਪਿੰਡ ਪਹੁਚਿਆ. ਦਸ਼ਮੇਸ਼ ਨੇ ਇਸ ਦੀ ਬੇਨਤੀ ਪੁਰ ਹੁਕਮ ਦਿੱਤਾ ਕਿ ਤੇਰਾ ਡੇਰਾ ਅਤੇ ਮਹੱਲਾ ਖ਼ਾਲਸਾਦਲ ਤੋਂ ਬਚ ਜਾਵੇਗਾ.

ਦਯਾਲਾ: ਦੇਖੋ, ਦਿਆਲਾ.

ਦਯਾਲੁ, ਦਯਾਵਾਨ, ਦਯਾਵੰਤ: ਵਿ- ਦਯਾ ਵਾਲਾ. ਕਰੁਣਾ ਵਾਲਾ. ਰਹ਼ੀਮ.

ਦਯਿ, ਦਯੁ: ਸੰਗਯਾ- ਕਰਤਾਰ. ਪਾਰਬ੍ਰਹਮ. ਦੇਖੋ, ਦੈਵ. "ਦਯਿ ਮਾਰੇ ਮਹਾ ਹਤਿਆਰੇ." (ਗੂਜ ਮਃ ੪) "ਦਯੁ ਗੁਸਾਈ ਮੀਤੁਲਾ." (ਗਉ ਮਃ ੫) "ਦਯੁ ਵਿਸਾਰਿ ਵਿਗੁਚਣਾ." (ਬਾਰਹਮਾਹਾ ਮਾਝ)

ਦਯੈ: ਦੈਵ ਨੂੰ. ਕਰਤਾਰ ਨੂੰ. "ਮੈ ਜੁਗਿ ਜੁਗਿ ਦਯੈ ਸੇਵੜੀ" (ਸ੍ਰੀ ਮਃ ੫. ਪੈਪਾਇ)

ਦਯੋਸ: ਦੇਖੋ, ਦਜੋਸ.

ਦਯੰਤ: ਦੇਖੋ, ਦੈਤਜ. "ਏਕ ਮਹਾਂ ਬਲਵੰਤ ਦਯੰਤ." (ਕ੍ਰਿਸਨਾਵ)

ਦਰ: ਸੰ. (ਦੇਖੋ, ਦ੍ਰਿ ਧਾ). ਸੰਗਯਾ- ਡਰ. ਭਯ (ਭੈ). "ਕਾ ਦਰ ਹੈ ਜਮ ਕੋ ਤਿਨ ਜੀਵਨ, ਅੰਤ ਭਜੇ ਗੁਰੁ ਤੇਗਬਹਾਦੁਰ?" (ਗੁਪ੍ਰਸੂ) "ਦਹਿਤ ਦੁਖ ਦੋਖਨ ਕੋ ਦਰ." (ਨਾਪ੍ਰ) ੨. ਸ਼ੰਖ. "ਗਦਾ ਚਕ੍ਰ ਦਰ ਅੰਬੁਜ ਧਾਰੂ." (ਨਾਪ੍ਰ) ੩. ਗੁਫਾ. ਕੰਦਰਾ। ੪. ਪਾੜਨ ਦੀ ਕ੍ਰਿਯਾ. , ਵਿਦਾਰਣ। ੫. ਫ਼ਾ. دوار ਦ੍ਵਾਰ. ਦਰਵਾਜ਼ਾ. "ਦਰ ਦੇਤ ਬਤਾਇ ਸੁ ਮੁਕਤਿ ਕੋ." (ਨਾਪ੍ਰ) ੬. ਕ੍ਰਿ. ਵਿ- ਅੰਦਰ. ਵਿੱਚ. "ਦਰ ਗੋਸ ਕੁਨ ਕਰਤਾਰ." (ਤਿੰਲ ਮਃ ੧) "ਆਇ ਪ੍ਰਵੇਸੇ ਪੁਰੀ ਦਰ ਜਨੁ ਉਦਜੋ ਸੁ ਚੰਦੂ। ਨਿਜ ਦਰ ਦਰ ਦਾਰਾ ਖਰੀ ਲੇ ਮਾਲ ਬਲੰਦੂ." (ਗੁਪ੍ਰਸੂ) ੭. ਦਰਬਾਰ ਦਾ ਸੰਖੇਪ. "ਕਹੁ ਨਾਨਕ ਦਰ ਕਾ ਬੀਚਾਰ." (ਭੈਰ ਮਃ ੫) ੮. ਹਿੰ. ਨਿਰਖ. ਭਾਉ। ੯. ਕਦਰ. ਮਹਿਮਾ। ੧੦. ਕਈ ਥਾਂ ਦਲ ਦੀ ਥਾਂ ਭੀ ਦਰ ਸ਼ਬਦ ਵਰਤਿਆ ਹੈ. "ਦੇਵਤਿਆਂ ਦਰਿ ਨਾਲੇ." (ਜਪੁ) ਦੇਵਤਿਆਂ ਦੀ ਮੰਡਲੀ (ਸਭਾ) ਸਾਥ.

ਦਰਆਵੇਖ਼ਤਨ: ਫ਼ਾ. درآویختن ਕ੍ਰਿ- ਲਟਕਾਉਣਾ. ਲਟਕਣਾ। ੨. ਹੱਥੋਪਾਈ ਕਰਨੀ.

ਦਰਸ: ਸੰ. ਦਰ੍‍ਸ਼. ਸੰਗਯਾ- ਅਮਾਵਸ. ਮੌਸ. "ਦਿਨ ਗੁਰਪਰਬ ਦਰਸ ਸੰਕ੍ਰਾਂਤਿ." (ਗੁਪ੍ਰਸੂ) ੨. ਦਰ੍‍ਸ਼ਨ. ਦੀਦਾਰ. "ਮਨ ਮਹਿ ਪ੍ਰੀਤਿ ਨਿਰੰਜਨ ਦਰਸ." (ਸੁਖਮਨੀ) ੩. ਸ਼ਾਸਤ੍ਰ. "ਬੇਦ ਚਾਰ ਖਟ ਦਰਸ." (ਵਾਰ ਮਾਰੂ ੨. ਮਃ ੫) ੪. ਅ਼. درس ਸਬਕ਼.

ਸੰਥਾ.

ਦਰਸਨ: ਸੰ. ਦਸ਼ੰਨ. ਸੰਗਯਾ- ਦੇਖਣ ਦਾ ਸਾਧਨ, ਨੇਤ੍ਰ। ੨. ਦੀਦਾਰ. "ਦਰਸਨ ਕਉ ਲੋਚੈ ਸਭੁ- ਕੋਈ." (ਸੂਹੀ ਮਃ ੫) ਕਾਵ੍ਯਗ੍ਰੰਥਾਂ ਵਿੱਚ ਦਰਸ਼ਨ ਚਾਰ ਪ੍ਰਕਾਰ ਦਾ ਲਿਖਿਆ ਹੈ-

(ੳ) ਸ਼੍ਰਵਣ ਦਰਸ਼ਨ. ਪ੍ਰੀਤਮ ਦਾ ਗੁਣ ਰੂਪ ਸੁਣਕੇ ਉਸ ਦਾ ਰਿਦੇ ਵਿੱਚ ਸਾਕ੍ਸ਼ਾਤ ਕਰਨਾ. "ਸੁਣਿਐ ਲਾਗੈ ਸਹਜਿਧਿਆਨੁ." (ਜਪੁ) "ਸੁਣਿ ਸੁਣਿ ਜੀਵਾ ਸੋਇ ਤੁਮਾਰੀ। ਤੂੰ ਪ੍ਰੀਤਮ ਠਾਕੁਰ ਅਤਿ ਭਾਰੀ." (ਮਾਝ ਮਃ ੫)

(ਅ) ਚਿਤ੍ਰ ਦਰਸ਼ਨ. ਪ੍ਰੀਤਮ ਦੀ ਮੂਰਤਿ ਦਾ ਦੀਦਾਰ. "ਗੁਰ ਕੀ ਮੂਰਤਿ ਮਨ ਮਹਿ ਧਿਆਨੁ." (ਗੋਂਡ ਮਃ ੫) "ਮੋਹਨ ਮੀਤ ਕੋ ਚਿਤ੍ਰ ਲਖੇ ਭਈ ਚਿਤ੍ਰ ਹੀ ਸੀ, ਤੋ ਵਿਚਿਤ੍ਰ ਕਹਾਂ ਹੈ?" (ਪਦਮਾਕਰ)

(ੲ) ਸ੍ਵਪਨ ਦਰਸ਼ਨ. ਪ੍ਯਾਰੇ ਨੂੰ ਸੁਪਨੇ ਵਿੱਚ ਦੇਖਣਾ. "ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ." (ਗਉ ਛੰਤ ਮਃ ੫)

(ਸ) ਪ੍ਰਤ੍ਯਕ੍ਸ਼ ਦਰਸ਼ਨ. ਪ੍ਰੇਮੀ ਦਾ ਸਾਕ੍ਸ਼ਾਤ ਦੀਦਾਰ ਕਰਨਾ. "ਅਦਿਸਟ ਅਗੋਚਰ ਅਲਖ ਨਿਰੰਜਨ ਸੋ ਦੇਖਿਆ ਗੁਰਮੁਖਿ ਆਖੀ." (ਵਾਰ ਸ੍ਰੀ ਮਃ ੪) ੩. ਸ਼ੀਸ਼ਾ. ਦਰਪਣ। ੪. ਧਰਮ ਦਿਖਾਉਣ ਵਾਲਾ ਗ੍ਰੰਥ. ਦੇਖੋ, ਖਟ ਸ਼ਾਸਤ੍ਰ. "ਖਟ ਦਰਸਨ ਵਰਤੈ ਵਰਤਾਰਾ। ਗੁਰ ਕਾ ਦਰਸਨ ਅਗਮ ਅਪਾਰਾ." (ਆਸਾ ਮਃ ੩) "ਦਰਸਨ ਛੋਡਿ ਭਏ ਸਮਦਰਸੀ." (ਮਾਰੂ ਕਬੀਰ) ਖਟ ਦਰਸ਼ਨਾਂ ਦਾ ਪਕ੍ਸ਼ ਤ੍ਯਾਗਕੇ ਸਭ ਦਰਸ਼ਨਾਂ ਵਿੱਚ ਸਮਾਨਤਾ ਰੱਖਣ ਵਾਲੇ ਹੋਗਏ। ੫. ਛੀ ਸੰਖ੍ਯਾ ਬੋਧਕ, ਕ੍ਯੋਂਕਿ ਦਰਸ਼ਨ ਛੀ ਹਨ। ੬. ਧਰਮ. ਮਜਹਬ. "ਇਕਨਾ ਦਰਸਨ ਕੀ ਪਰਤੀਤਿ ਨ ਆਈਆ." (ਵਾਰ ਵਡ ਮਃ ੩)

ਦਰਸਨਿ: ਦਰਸ਼ਨ ਕਰਕੇ. "ਦਰਸਨਿ ਰੂਪਿ ਅਪਾਰੁ." (ਵਾਰ ਆਸਾ)

ਦਰਸਨੀ: ਵਿ- ਦਸ਼ੰਨ (ਸ਼ਾਸਤ੍ਰ) ਦੇ ਮੰਨਣ ਵਾਲਾ. "ਦਰਸਨੀ ਹੋਤ ਖਟ ਦਰਸ ਅਤੀਤਕੈ." (ਭਾਗੁ ਕ) ਗੁਰਦਸ਼ੰਨੀ (ਗੁਰਸ਼ਾਸ਼ਤ੍ਰ ਦੇ ਮੰਨਣ ਵਾਲਾ) ਹੁੰਦਾ ਹੈ ਖਟ ਦਸ਼ੰਨਾਂ ਨੂੰ ਲੰਘਕੇ। ੨. ਸੰ. ਦਸ਼ੰਨੀਯ, ਦੇਖਣ ਯੋਗ੍ਯ. ਦੀਦਾਰੀ. ਸੁੰਦਰ। ੩. ਦੇਖੋ, ਦਰਸਨੀ ਹੁੰਡੀ.

ਦਰਸਨੀ ਹੁੰਡੀ: ਉਹ ਹੁੰਡੀ, ਜਿਸ ਦੇ ਦਿਖਾਉਂਦੇ ਹੀ ਰੁਪਯਾ ਮਿਲ ਜਾਵੇ. "ਲਿਖੀ ਦਰਸਨੀ ਤਿੰਹ ਕਰ ਦੀਨੀ." (ਗੁਪ੍ਰਸੂ)

ਦਰਸਨੀ ਡਿਹੁਡੀ, ਦਰਸਨੀ ਦਰਵਾਜਾ, ਦਰਸਨੀ ਦ੍ਵਾਰ, ਦਰਸਨੀ ਪੌਰ: ਵਿ- ਦਸ਼ੰਨੀਯ ਦ੍ਵਾਰ. ਦੇਖਣ ਯੋਗ੍ਯ ਦਰਵਾਜ਼ਾ. ਅਤਿ ਸੁੰਦਰ ਦ੍ਵਾਰ। ੨. ਸੰਗ੍ਯਾ- ਰਾਜਭਵਨ ਅਥਵਾ ਦੇਵ ਮੰਦਿਰ ਦਾ ਉਹ ਵਡਾ ਦਰਵਾਜ਼ਾ, ਜੋ ਸਭ ਤੋਂ ਪ੍ਰਧਾਨ ਹੋਵੇ. ਸਿੰਹਪੌਰ। ੩. ਅਮ੍ਰਿਤਸਰੋਵਰ ਦੇ ਕਿਨਾਰੇ ਹਰਿਮੰਦਿਰ ਦੀ ਵਡੀ ਡਿਹੁਡੀ. "ਸੁੰਦਰ ਬਨ੍ਯੋ ਦਰਸਨੀ ਪੌਰ." (ਗੁਪ੍ਰਸੂ)

ਦਰਸਨੁ: ਦੇਖੋ, ਦਰਸਨ. "ਦਰਸਨੁ ਦੇਖਿ ਭਈ ਨਿਹਕੇਵਲ." (ਸੂਹੀ ਛੰਤ ਮਃ ੧)

ਦਰਸਾ: ਦੇਖੋ, ਦਰਸਨ ੨. "ਇਕਿ ਲੁਕਿ ਨ ਦੇਵਹਿ ਦਰਸਾ." (ਸ੍ਰੀ ਅਃ ਮਃ ੫) ੨. ਦਸ਼ੰ (ਅਮਾਵਸ) ਨਾਲ ਹੈ ਜਿਸ ਦਾ ਸੰਬੰਧ. ਮੌਸ ਦਾ.

ਦਰਸਾਉਣਾ: ਕ੍ਰਿ- ਦਰਸ਼ਨ ਕਰਾਉਣਾ. ਦਿਖਾਉਣਾ। ੨. ਸੁਝਾਉਣਾ.

ਦਰਸਾਇਆ: ਦਿਖਾਇਆ। ੨. ਸੰਗ੍ਯਾ- ਦਰਸ਼ਨ. ਦੀਦਾਰ. "ਮਨੋਰਥ ਪੂਰਨੁ ਹੋਵੈ ਭੇਟਤਿ ਗੁਰਦਰਸਾਇਆ." (ਮਾਝ ਮਃ ੫)

ਦਰਸਾਇਣਾ: ਦੇਖੋ, ਦਰਸਾਉਣਾ। ੨. ਦਰਸ਼ਨ (ਦੀਦਾਰ) ਤੋਂ. " ਬਲਿ ਬਲਿ ਗੁਰਦਰਸਾਇਣਾ." (ਮਾਰੂ ਸੋਲਹੇ ਮਃ ੫)

ਦਰਸਾਨਾ: ਦੇਖੋ, ਦਰਸਾਉਣਾ। ੨. ਦਿਖਾਈ ਦਿੱਤਾ.

ਦਰਸਾਨਿਓ: ਦਿਖਾਇਆ. ਦਰਸ਼ਨ ਕਰਾਇਆ। ੨. ਦੇਖਿਆ. ਦਰਸ਼ਨ ਕੀਤਾ.

ਦਰਸਾਯਉ: ਦਿਖਾਇਆ. ਦਰਸ਼ਨ ਕਰਾਇਆ. "ਪਾਰਬ੍ਰਹਮ ਸਤਿਗੁਰਿ ਦਰਸਾਯਉ." (ਸਵੈਯੇ ਮਃ ੫. ਕੇ)

ਦਰਸਾਰ, ਦਰਸਾਰਾ, ਦਰਸਾਰੁ: ਸੰਗਯਾ- ਦਸ਼ੰਨ. ਦੀਦਾਰ. "ਅਵਿਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ." (ਸੂਹੀ ਮਃ ੫) "ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ." (ਬਿਲਾ ਮਃ ੫) "ਬਿਧਿ ਕਿਤੁ ਪਾਵਉ ਦਰਸਾਰੇ." (ਸੂਹੀ ਮਃ ੫) ੨. ਵਿ- ਦ੍ਰਸ਼ਨਾਰ੍ਹ. ਦਰਸ਼ਨ ਯੋਗ੍ਯ. ਦੀਦਾਰ ਲਾਇਕ.

ਦਰਸਾਵੜਾ, ਦਰਸਾਵਾ: ਦਸ਼ੰਨ. ਦੀਦਾਰ. "ਇਉ ਪਾਵਹਿ ਹਰਿਦਰਸਾਵੜਾ." (ਸੂਹੀ ਮਃ ੫. ਗੁਣਵੰਤੀ) "ਨੈਣ ਤ੍ਰਿਪਤਾਸੇ ਦੇਖਿ ਦਰਸਾਵਾ." (ਸਾਰ ਮਃ ੫)

ਦਰਸਾਵੈ: ਦਰਸ਼ਨ ਦੀ. ਦੀਦਾਰ ਦੀ. "ਮਨਿ ਪਿਆਸ ਬਹੁਤ ਦਰਸਾਵੈ." (ਨਟ ਮਃ ੫) ੨. ਦਿਖਾਉਂਦਾ ਹੈ। ੩. ਦਿਖਾਈ ਦਿੰਦਾ ਹੈ.

ਦਰਸਿ: ਦਰਸ਼ਨ ਵਿੱਚ. "ਨਾਨਕ ਦਰਸਿ ਲੀਨਾ ਜਿਉ ਜਲਿ ਮੀਨਾ." (ਸਾਰ ਛੰਤ ਮਃ ੫) ੨. ਦਰਸ਼ਨ ਦ੍ਵਾਰਾ.

ਦਰਸੀ: ਸੰ. ਦ੍ਰਸ਼ਿਨ. ਵਿ- ਦੇਖਣ ਵਾਲਾ। ੨. ਵਿਚਾਰ ਕਰਨ ਵਾਲਾ. ਸੋਚਣ ਵਾਲਾ. ਦੇਖੋ, ਦੂਰਦਰਸੀ.

ਦਰਸੁ: ਦਰਸ਼ਨ. ਦੀਦਾਰ। ੨. ਦ੍ਰਿਸ਼- ਦ੍ਰਿਸ਼ਿ. ਦ੍ਰਿਸ਼੍ਟਿ. "ਦਰਸੁ ਸਫਲਿਓ ਦਰਸੁ ਪੇਖਿਓ." (ਮਲਾ ਪੜਤਾਲ ਮਃ ੫)

ਦਰਸੇਰੈ: ਦਰਸ਼ਨ. ਦੀਦਾਰ. "ਦੇਖਿ ਸਾਧੁ ਦਰਸੇਰੈ." (ਕਾਨ ਮਃ ੫) ੨. ਦਰਸ਼ਨ ਤਾਂਈਂ. ਦਰਸ਼ਨ ਨੂੰ.

ਦਰਸੋ: ਗੁਰੂ ਗੋਬਿੰਦਸਿੰਘ ਸਾਹਿਬ ਦਾ ਇੱਕ ਸੇਵਕ, ਜਿਸ ਦਾ ਹੁਸੈਨੀ ਸਿਪਹਸਾਲਾਰ ਨਾਲ ਪਹਾੜੀ ਰਾਜਿਆਂ ਦੇ ਜੰਗ ਵਿੱਚ ਮਰਨਾ ਲਿਖਿਆ ਹੈ. ਦੇਖੋ, ਵਿਚਿਤ੍ਰ ਨਾਟਕ ਅਃ ੧੧, ਛੰਦ ੫੭.

ਦਰਹਕੀਕਤ, ਦਰਹ਼ਕ਼ੀਕ਼ਤ: ਫ਼ਾ. درحقیقت ਕ੍ਰਿ. ਵਿ- ਸਚਮੁਚ. ਅਸਲੋਂ. ਵਾਸ੍ਤਵ ਵਿੱਚ.

ਦਰਹਾਲ, ਦਰਹ਼ਾਲ: ਫ਼ਾ. درحال ਕ੍ਰਿ. ਵਿ- ਛੇਤੀ. ਫ਼ੌਰਨ. ਤੁਰੰਤ.

ਦਰਹਾਲੀ: ਸੰਗ੍ਯਾ- ਸ਼ੀਘ੍ਰਤਾ। ੨. ਕ੍ਰਿ. ਵਿ- ਫ਼ੌਰਨ. ਤੁਰੰਤ. "ਸਾ ਬਾਤ ਹੋਵੈ ਦਰਹਾਲੀ." (ਵਾਰ ਰਾਮ ੩)

ਦਰਹਾਲੁ: ਦੇਖੋ, ਦਰਹਾਲ. "ਚਲੁ ਦਰਹਾਲੁ ਦੀਵਾਨਿ ਬੁਲਾਇਆ." (ਸੂਹੀ ਕਬੀਰ)

ਦਰਕ: ਸੰ. ਵਿ- ਡਰਨ ਵਾਲਾ. ਡਰਪੋਕ. ਬੁਜ਼ਦਿਲ. ਦੇਖੋ, ਦਰ ੧। ੨. ਦੇਖੋ, ਦਰਕਨਾ। ੩. ਅ਼. درک ਦਖ਼ਲ ਪ੍ਰਵੇਸ਼। ੪. ਪਾ ਲੈਣ (ਜਾਣ ਲੈਣ) ਦਾ ਭਾਵ। ੫. ਲਿਆਕ਼ਤ.

ਦਰਕਣਾ, ਦਰਕਨਾ: ਕ੍ਰਿ- ਡਰ ਸਹਿਤ ਹੋਣਾ. ਭੈ ਨਾਲ ਦਿਲ ਧੜਕਣਾ. ਦੇਖੋ, ਦਰ ੧। ੨. ਪਾਟਣਾ. ਫਟਣਾ. ਦੇਖੋ, ਦਰ ੪. "ਦਾਰਮ ਦਰਕ ਗਯੋ ਪੇਖ ਦਸਨਨ ਪਾਂਤਿ." (ਚੰਡੀ ੧) "ਦਰਕੀ ਅੰਗੀਆ." (ਕ੍ਰਿਸਨਾਵ)

ਦਰਕਾਰ: ਫ਼ਾ. درکار ਵਿ- ਜ਼ਰੂਰੀ. ਆਵਸ਼੍ਯਕ.

ਦਰਖ਼ਸ਼: ਫ਼ਾ. درخش ਸੰਗ੍ਯਾ- ਚਮਕ। ੨. ਬਿਜਲੀ.

ਦਰਖ਼ਸ਼ਾਂ: ਫ਼ਾ. درخشاں ਵਿ- ਚਮਕੀਲਾ.

ਦਰਖ਼ਸ਼ਿੰਦਾ: ਫ਼ਾ. درخشندہ ਵਿ- ਚਮਕਣ ਵਾਲਾ.

ਦਰਖ਼ਸ਼ੀਦਨ: ਫ਼ਾ. درخشیدن ਕ੍ਰਿ- ਚਮਕਣਾ. ਲਿਸ਼ਕਣਾ.

ਦਰਖ਼ਤ: ਫ਼ਾ. درخت ਸੰਗ੍ਯਾ- ਵ੍ਰਿਕ੍ਸ਼. ਬਿਰਛ. "ਦਰਖਤ ਆਬ ਆਸ ਕਰ." (ਵਾਰ ਮਾਝ ਮਃ ੧)

ਦਰਖ਼ੁਰ: ਫ਼ਾ. درخور ਲਾਇਕ. ਯੋਗ੍ਯ.

ਦਰਖ਼੍ਵਾਸ੍ਤ: ਫ਼ਾ. درخواست ਖ਼੍ਵਾਹਿਸ਼. ਇੱਛਾ। ੨. ਆਪਣੀ ਲੋੜ ਪ੍ਰਗਟ ਕਰਨ ਦੀ ਅਰਜੀ.

ਦਰਗਹ, ਦਰਗਾਹ: ਫ਼ਾ. درگاہ ਸੰਗ੍ਯਾ- ਦਰਬਾਰ। ੨. ਕਰਤਾਰ ਦੀ ਨ੍ਯਾਯਸਭਾ. "ਦਰਗਹ ਲੇਖਾ ਮੰਗੀਐ." (ਵਾਰ ਸਾਰ ਮਃ ੩) "ਸੇ ਦਰਗਾਹ ਮਲ." (ਵਾਰ ਰਾਮ ੨. ਮਃ ੫) ੩. ਸਾਧੁਸਭਾ. ਸਤਸੰਗ. "ਦਰਗਹ ਅੰਦਰਿ ਪਾਈਐ ਤਗੁ ਨ ਤੁਟਸਿ ਪੂਤ." (ਵਾਰ ਆਸਾ)

ਦਰਗਾਹਾ: ਭੰਡਾਰੀ ਗੋਤ ਦਾ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜਿਸ ਨੂੰ ਗੁਰੂ ਸਾਹਿਬ ਨੇ ਚਾਰ ਪ੍ਰਕਾਰ ਦੀ ਚਰਚਾ ਦਾ ਨਿਰਣਾ ਦੱਸਿਆ. ਦੇਖੋ, ਚਰਚਾ.

ਦਰਗੁਜ਼ਸ਼੍ਤ: ਫ਼ਾ. درگزشت ਦਰਗੁਜਸ਼੍ਤ. ਵਿ- ਗੁਜਰਿਆ. ਵੀਤਗਿਆ। ੨. ਮਰਗਿਆ.

ਦਰਗੁਜ਼ਸ਼੍ਤਨ: ਫ਼ਾ. درگزشتن ਦਰਗੁਜਸ਼੍ਤਨ. ਕ੍ਰਿ- ਗੁਜਰਜਾਣਾ. ਲੰਘਜਾਣਾ। ੨. ਅੱਗੇ ਵਧਣਾ। ੩. ਮਰਜਾਣਾ.

ਦਰਗੁਜ਼ਰ: ਫ਼ਾ. درگزر ਦਰਗੁਜਰ. ਸੰਗ੍ਯਾ- ਮੁਆਫ਼ੀ. ਕ੍ਸ਼ਮਾਪਨ.

ਦਰ ਘਰ: ਦਰਸ਼ਨੀ ਡਿਹੁਡੀ ਅਤੇ ਘਰ. "ਦਰ ਘਰ ਮਹਿਲਾ ਸੋਹਣੇ." (ਸ੍ਰੀ ਅਃ ਮਃ ੧) ਸਿੰਘ ਪੌਰ ਅਤੇ ਮਹਿਲ.

ਦਰਜ: ਅ਼. درج ਵਿ- ਲਿਖਿਆ ਹੋਇਆ. ਕਾਗਜ ਉੱਪਰ ਚੜ੍ਹਿਆ। ੨. درز ਦਰਜ਼. ਸੰਗ੍ਯਾ- ਤੇੜ. ਦਰਾਰ.

ਦਰਜਨ: ਅੰ. Dozen- ਡਜ਼ਨ. ਸੰਗ੍ਯਾ- ਬਾਰਾਂ ਦਾ ਸਮੂਹ. ਦ੍ਵਾਦਸ਼.

ਦਰਜਾ: ਅ਼. درجہ ਸੰਗ੍ਯਾ- ਪਦਵੀ. ਉਹਦਾ। ੨. ਉਚਾਣ ਨਿਵਾਣ ਦੇ ਲਿਹ਼ਾਜ ਸ਼੍ਰੇਣੀ.

ਦਰਜ਼ੀ: ਫ਼ਾ. درزی ਸੰਗ੍ਯਾ- ਵਸਤ੍ਰ ਸਿਉਣ ਵਾਲਾ. ਖ਼ਯਾਤ.

ਦਰਣ: ਸੰ. ਸੰਗ੍ਯਾ- ਚੀਰਣ ਦੀ ਕ੍ਰਿਯਾ. ਪਾੜਨਾ। ੨. ਦੇਖੋ, ਦਲਨ.

ਦਰਦ: ਸੰ. ਵਿ- ਦਰ (ਡਰ) ਦੇਣ ਵਾਲਾ. ਡਰਾਉਣ ਵਾਲਾ। ੨. ਸੰਗ੍ਯਾ- ਹਿੰਦੂਕੁਸ਼ ਪਹਾੜ ਦੇ ਆਸ ਪਾਸ ਦਾ ਦੇਸ਼, ਜਿਸ ਦਾ ਕਿਨਾਰਾ ਕਸ਼ਮੀਰ ਨੂੰ ਲਗਦਾ ਹੈ। ੩. ਸ਼ਿੰਗਰਫ. ਹਿੰਗੁਲ। ੪. ਫ਼ਾ. درد ਦੁੱਖ. ਪੀੜ. "ਦਰਦ ਨਿਵਾਰਹਿ ਜਾਕੇ ਆਪੇ." (ਬਾਵਨ)

ਦਰਦਦੁਖ: ਵਿ- ਭੈਦਾਇਕ ਦੁੱਖ. ਜਿਸ ਦੁੱਖ ਤੋਂ ਬਚਣ ਦੀ ਆਸ ਨਾ ਹੋਵੇ. ਦੇਖੋ, ਦਰਦ ੧. "ਦੀਨ ਦਰਦਦੁਖ ਭੰਜਨਾ." (ਸੁਖਮਨੀ)

ਦਰਦਨਾਕ: ਫ਼ਾ. دردناک ਵਿ- ਦੁੱਖ ਵਾਲਾ। ੨. ਦੁੱਖਾਤੁਰ.

ਦਰਦਮੰਦ: ਦੇਖੋ, ਦਰਦਵੰਦ.

ਦਰਦਰੀ: ਡਿੰਗ. ਸੰਗ੍ਯਾ- ਪ੍ਰਿਥਿਵੀ. ਜ਼ਮੀਨ.

ਦਰਦਵੰਤ, ਦਰਦਵੰਦ: ਫ਼ਾ. دردمند ਵਿ- ਦਰਦ ਵਾਲਾ. ਦੁਖੀ। ੨. ਜੋ ਦੂਜੇ ਦਾ ਦੁਖ ਅਨੁਭਵ ਕਰੇ. ਦਯਾਵਾਨ। ੩. ਦਾਰਿਦ ਵੰਤ. ਦਰਿਦ੍ਰਵੰਤ. ਨਿਰਧਨ. "ਦੁਖੀਆ ਦਰਦਵੰਦ ਦਰਿ ਆਇਆ." (ਸੂਹੀ ਰਵਿਦਾਸ)

ਦਰਦੀ: ਵਿ- ਦਰਦ ਵਾਲਾ. ਦੁਖੀਆ। ੨. ਦੂਸਰੇ ਦੇ ਦੁੱਖ ਨੂੰ ਅਨੁਭਵ ਕਰਨ ਵਾਲਾ. ਹਮਦਰਦੀ ਕਰਨ ਵਾਲਾ.

ਦਰਨ: ਦੇਖੋ, ਦਰਣ ਅਤੇ ਦਲਨ. "ਹਮ ਮਿਲ ਦਰਨ ਲਗੇ ਦੂਤ ਦਾਨਾ." (ਨਾਪ੍ਰ)

ਦਰ ਨਯਾਬਦ: ਫ਼ਾ. دریابد ਮਾਲੂਮ ਨਹੀਂ ਕਰਦਾ. ਮਹ਼ਸੂਸ ਨਹੀਂ ਕਰਦਾ.

ਦਰਪ: ਸੰ. ਦਪੰ. ਸੰਗ੍ਯਾ- ਹੰਕਾਰ. ਗਰਬ. "ਪੀਰ ਮੀਰ ਸਿਧ ਦਰਪ ਛਰਨ ਕੋ." (ਨਾਪ੍ਰ) ੨. ਤਾਪ. ਜ੍ਵਰ। ੩. ਕਸਤੂਰੀ ਵਾਲਾ ਮ੍ਰਿਗ. ਕਸਤੂਰਾ। ੪. ਉਤਸਾਹ. ਉਮੰਗ.

ਦਰਪਣ, ਦਰਪਨ: ਸੰ. ਦਪੰਣ. ਸੰਗ੍ਯਾ- ਜਿਸ ਵਿੱਚ ਰੂਪ ਵੇਖਕੇ ਆਪਣੀ ਸੁੰਦਰਤਾ ਦਾ ਦਪੰ (ਗਰਬ) ਹੋਵੇ, ਸ਼ੀਸ਼ਾ. ਆਈਨਾ. ਦੇਖੋ, ਦਰਪ। ੨. ਉਤਸਾਹ ਦੇਣ ਵਾਲਾ। ੩. ਨੇਤ੍ਰ.

ਦਰਪੇਸ਼: ਫ਼ਾ. درپیش ਕ੍ਰਿ. ਵਿ- ਸਾਮ੍ਹਣੇ. ਸੰਮੁਖ. "ਦਰਪੇਸ ਤੂ ਮਨੀ." (ਤਿਲੰ ਨਾਮਦੇਵ)

ਦਰਬ: ਸੰ. ਦ੍ਰਵ੍ਯ. ਸੰਗ੍ਯਾ- ਵਸਤੁ. ਪਦਾਰਥ। ੨. ਧਨ. ਦੌਲਤ. "ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜ ਕੇਤੁ?" (ਵਾਰ ਜੈਤ) ੩. ਸਾਮਗ੍ਰੀ. "ਪਾਵਕ ਵਿਖੈ ਦਰਬ ਕੋ ਡਾਰੇ." (ਗੁਪ੍ਰਸੂ) ਘੀ ਜੌਂ ਖੰਡ ਮੇਵਾ ਆਦਿ ਸਾਮਗ੍ਰੀ। ੪. ਦਵਾਈ. ਔਖਧ। ੫. ਸ਼ਰਾਬ. ਮਦਿਰਾ। ੬. ਵੈਸ਼ੇਸ਼ਿਕ ਦੇ ਮਤ ਅਨੁਸਾਰ- ਪ੍ਰਿਥਿਵੀ, ਜਲ. ਅਗਨਿ, ਪਵਨ, ਆਕਾਸ਼ ਕਾਲ, ਦਿਸ਼ਾ, ਆਤਮਾ ਅਤੇ ਮਨ, ਜੋ ਗੁਣਾਂ ਦਾ ਆਸ਼੍ਰਯ ਹਨ। ੭. ਸੰ. ਦਵੰ. ਰਾਖਸ। ੮. ਵਿ- ਹਿੰਸਾ ਕਰਨ ਵਾਲਾ. ਹਿੰਸਕ.

ਦਰਬਣੋ: ਸੰ. ਦ੍ਰਵਿਣ. ਸੰਗ੍ਯਾ- ਸੁਵਰਣ. ਸੋਨਾ। ੨. ਧਨ.

ਦਰਬਾਸਾ: ਦ੍ਰਵ੍ਯ- ਆਸ਼ਾ. ਧਨ ਦੀ ਆਸ. "ਪਰ- ਦਰਬਾਸਾ ਗਊਮਾਸ ਤੁੱਲ ਜਾਨੀ ਰਿਦੈ." (ਭਾਗੁ ਕ) ਪਰਾਏ ਧਨ ਦੀ ਆਸਾ.

ਦਰਬਾਜਾ: ਦੇਖੋ, ਦਰਵਾਜਾ.

ਦਰਬਾਟ: ਦੇਖੋ, ਦਰਵਾਟ ਅਤੇ ਦਰਿਵਾਟ.

ਦਰਬਾਨ: ਫ਼ਾ. دربان ਸੰਗ੍ਯਾ- ਦ੍ਵਾਰਵਾਨ. ਦ੍ਵਾਰਪਾਲ.

ਦਰਬਾਰ, ਦਰਬਾਰੁ: ਕ੍ਰਿ. ਵਿ- ਦਰ ਬ ਦਰ. ਦ੍ਵਾਰ ਦ੍ਵਾਰ. "ਭਉਕਤ ਫਿਰੈ ਦਰਬਾਰੁ." (ਭੈਰ ਮਃ ੩) ੨. ਫ਼ਾ. دربار ਸੰਗ੍ਯਾ- ਬਾਦਸ਼ਾਹ ਦੀ ਸਭਾ. "ਦਰਬਾਰਨ ਮਹਿ ਤੇਰੋ ਦਰਬਾਰਾ." (ਗੂਜ ਅਃ ਮਃ ੫) ੩. ਖ਼ਾਲਸਾਦੀਵਾਨ। ੪. ਸ਼੍ਰੀ ਗੁਰੂ ਗ੍ਰੰਥਸਾਹਿਬ। ੫. ਹਰਿਮੰਦਿਰ। ੬. ਰਾਜਪੂਤਾਨੇ ਵਿੱਚ ਰਾਜੇ ਨੂੰ ਭੀ ਦਰਬਾਰ ਆਖਦੇ ਹਨ, ਜਿਵੇਂ- ਅੱਜ ਅਮ੍ਰਿਤ ਵੇਲੇ ਦਰਬਾਰ ਰਾਜਧਾਨੀ ਵਿੱਚ ਪਧਾਰੇ ਹਨ.

ਦਰਬਾਰਹ: ਫ਼ਾ. دربارہ ਕ੍ਰਿ. ਵਿ- ਵਾਸਤੇ. ਲਿਯੇ. ਲਈ. ਬਾਬਤ.

ਦਰਬਾਰਾਸਿੰਘ: ਸਰਹਿੰਦ ਨਿਵਾਸੀ ਬਾਣੀਆ, ਜੋ ਦਸ਼ਮੇਸ਼ ਤੋਂ ਅਮ੍ਰਿਤ ਛਕਕੇ ਸਿੰਘ ਸਜਿਆ, ਅਤੇ ਆਨੰਦਪੁਰ ਦੇ ਜੰਗਾਂ ਵਿੱਚ ਵੀਰਤਾ ਨਾਲ ਲੜਦਾ ਰਿਹਾ। ੨. ਨਵਾਬ ਕਪੂਰਸਿੰਘ ਜੀ ਤੋਂ ਪਹਿਲਾਂ ਇੱਕ ਪੰਥ ਦੇ ਪ੍ਰਧਾਨ ਜਥੇਦਾਰ, ਜਿਨ੍ਹਾਂ ਦਾ ਨਿਵਾਸ ਅਮ੍ਰਿਤਸਰ ਜੀ ਸੀ. ਆਪ ਦਾ ਦੇਹਾਂਤ ਸੰਮਤ ੧੭੯੧ ਵਿੱਚ ਹੋਇਆ.

ਦਰਬਾਰਿ, ਦਰਬਾਰੀ: ਸੰਗ੍ਯਾ- ਦਰਬਾਰ ਵਿੱਚ ਬੈਠਣ ਵਾਲਾ. ਸਭਾਸਦ. "ਮੇਟੀ ਜਾਤਿ ਹੂਏ ਦਰਬਾਰਿ." (ਗੌਂਡ ਰਵਿਦਾਸ) "ਹਮ ਗੁਰਿ ਕੀਏ ਦਰਬਾਰੀ." (ਆਸਾ ਮਃ ੫) ੨. ਦਰਬਾਰ ਦੇ ਕਰਮਚਾਰੀ ਨੇ. ਰਿਆਸਤ ਦੇ ਅਹਿਲਕਾਰ ਨੇ. "ਪੰਚ ਕ੍ਰਿਸਾਨਵਾ ਭਾਗਿ ਗਏ, ਲੈ ਬਾਧਿਓ ਜੀਉ ਦਰਬਾਰੀ." (ਮਾਰੂ ਕਬੀਰ) ਪੰਜ ਕਾਸ਼ਤਕਾਰ (ਗ੍ਯਾਨ ਇੰਦ੍ਰਿਯ) ਨੱਠੇ ਗਏ, ਯਮ ਨੇ ਜੀਵ ਨੂੰ ਫੜਕੇ ਬੰਨ੍ਹ ਲਿਆ। ੩. ਦਰਬਾਰ ਵਿੱਚ। ੪. ਦਰ (ਦ੍ਵਾਰ) ਤੇ. "ਠਾਢੇ ਦਰਬਾਰਿ." (ਬਿਲਾ ਕਬੀਰ) ੫. ਪਿੰਡ ਮਜੀਠੇ (ਜਿਲਾ ਅਮ੍ਰਿਤਸਰ) ਦਾ ਵਸਨੀਕ ਲੂੰਬਾ ਖਤ੍ਰੀ ਭਾਈ ਦਰਬਾਰੀ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋਕੇ ਗੁਰਮੁਖ ਪਦਵੀ ਦਾ ਅਧਿਕਾਰੀ ਹੋਇਆ. ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਦੀ ਮੰਜੀ ਬਖਸ਼ੀ.

ਦਰਬਾਰੁ: ਦੇਖੋ, ਦਰਬਾਰ.

**ਦਰਬਿ:** ਦ੍ਰਵ੍ਯ (ਧਨ) ਨਾਲ. ਦੌਲਤ ਦ੍ਵਾਰਾ. "ਦਰਬਿ ਸਿਆਣਪਿ ਨ ਓਇ ਰਹਤੇ." (ਗਉ ਮਃ ੫. ) ੨. ਦੇਖੋ, ਦਰਬੀ.

**ਦਰਬੀ:** ਸੰ. ਦਰ੍‍ਵੀ. ਸੰਗਯਾ- ਕੜਛੀ. ਚਮਚਾ. ਡੋਈ। ੨. ਘੀ ਆਦਿ ਹਵਨ ਦੀ ਸਾਮਗ੍ਰੀ ਅੱਗ ਵਿੱਚ ਪਾਉਣ ਵਾਲਾ ਚਮਚਾ। ੩. ਸੱਪ ਦਾ ਫਣ.

**ਦਰਬੀਭਾ:** ਦੇਖੋ, ਬੀਭਾ.

**ਦਰਬੁ:** ਦੇਖੋ, ਦਰਬ ੧.

**ਦਰਭ:** ਦੇਖੋ, ਦਭ.

**ਦਰਭਸਰ, ਦਰਭਜੜ:** ਦਰ੍‍ਭ (ਦੱਭ) ਦੀ ਜੜ. ਖ਼ਸ.

**ਦਰਮਨ:** ਫ਼ਾ. درمن ਸੰਗਯਾ- ਦਵਾਈ। ੨. ਇਲਾਜ. ਰੋਗ ਦੂਰ ਕਰਨ ਦਾ ਯਤਨ. ਪੰਜਾਬੀ ਵਿੱਚ ਇਸੇ ਦਾ ਰੂਪ ਦਰਮਲ ਹੋਗਿਆ ਹੈ, ਜਿਵੇਂ- ਦਾਰੂ ਦਰਮਲ ਦਾ ਕੁਝ ਅਸਰ ਨਹੀਂ ਹੁੰਦਾ.

**ਦਰਮਯਾਨ:** ਫ਼ਾ. درمیان ਕ੍ਰਿ. ਵਿ- ਵਿੱਚ. ਅੰਦਰ.

**ਦਰਮਯਾਨਾ, ਦਰਮਯਾਨੀ:** ਵਿ- ਮਧ੍ਯ ਦਾ. ਵਿਚਕਾਰਲੇ ਮੇਲ ਦਾ.

**ਦਰਮਲ:** ਦੇਖੋ, ਦਰਮਨ ੨.

**ਦਰਮਾਂ:** ਫ਼ਾ. درمان ਸੰਗਯਾ- ਇਲਾਜ. ਉਪਾਉ। ੨. ਰੋਗ ਦੂਰ ਕਰਨ ਦਾ ਸਾਧਨ.

**ਦਰਮਾਹਾ:** ਫ਼ਾ. درماہہ ਸੰਗਯਾ- ਮਾਹਵਾਰੀ ਤਨਖ਼੍ਵਾਹ. ਮਾਸਿਕ ਵੇਤਨ. "ਕਰ ਦਰਮਾਹਾ ਢਿਗ ਰਖਲੇਤ." (ਗੁਪ੍ਰਸੂ)

**ਦਰਮਾਂਦਾ:** ਫ਼ਾ. درماندہ ਵਿ- ਦੀਨ. ਆ਼ਜਿਜ਼। ੨. ਥੱਕਿਆ ਹੋਇਆ. "ਦਰਮਾਂਦੇ ਠਾਢੇ ਦਰਬਾਰਿ." (ਬਿਲਾ ਕਬੀਰ)

**ਦਰਮਿਆਨ:** ਦੇਖੋ, ਦਰਮਯਾਨ.

**ਦਰਯਾ:** ਫ਼ਾ. دریا ਸੰਗਯਾ- ਜਲ ਦਾ ਵਹਿੰਦਾ ਪ੍ਰਵਾਹ. ਨਦ. ਨਦੀ। ੨. ਸਮੁੰਦਰ. ਸਾਗਰ.

**ਦਰਯਾਈ:** ਵਿ- ਦਰਯਾ (ਦਰਿਆ) ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਇੱਕ ਰੇਸ਼ਮੀ ਵਸਤ੍ਰ। ੩. ਦੇਖੋ, ਦਰਿਆਈ.

**ਦਰਯਾਈ ਘੋੜਾ:** ਅਫ਼ਰੀਕ਼ਾ ਦੇਸ਼ ਦਾ ਇੱਕ ਘੋੜਾ, ਜਿਸ ਦਾ ਸ਼ਰੀਰ ਗੈਂਡੇ ਜੇਹਾ ਹੁੰਦਾ ਹੈ. ਇਹ ਦਰਯਾ ਦੀ ਦਲਦਲ ਅਤੇ ਕਿਨਾਰੇ ਦੀਆਂ ਝਾੜੀਆਂ ਵਿੱਚ ਰਹਿੰਦਾ ਹੈ. Hippopotamus । ੨. ਪੁਰਾਣੇ ਗ੍ਰੰਥਾਂ ਵਿੱਚ ਇੱਕ ਕਲਪਿਤ ਘੋੜਾ ਮੰਨਿਆ ਹੈ, ਜੋ ਬਹੁਤ ਸੁੰਦਰ ਅਤੇ ਚਾਲਾਕ ਹੁੰਦਾ ਹੈ. ਕਵੀਆਂ ਦਾ ਖ਼ਿਆਲ ਹੈ ਕਿ ਉਚੈਃ ਸ਼੍ਰਵਾ ਘੋੜਾ, ਜੋ ਸਮੁੰਦਰ ਰਿੜਕਨ ਸਮੇਂ ਨਿਕਲਿਆ ਸੀ, ਦਰਯਾਈ ਘੋੜੇ ਉਸ ਦੀ ਨਸਲ ਹਨ.

**ਦਰਯਾਦਿਲ:** ਫ਼ਾ. ਵਿ- ਉਦਾਰ. ਦਾਨੀ.

**ਦਰਯਾਪੰਥੀ:** ਸਿੰਧ ਅਤੇ ਬਲੋਚਿਸਤਾਨ ਵਿੱਚ ਇੱਕ ਫ਼ਿਰਕ਼ਾ, ਜੋ ਉਡੇਰੋਲਾਲ ਦਾ ਉਪਾਸਕ ਹੈ. ਇਹ ਕਥਾ ਪ੍ਰਚਲਿਤ ਹੈ ਕਿ ਸਿੰਧੁ ਨਦ ਵਿੱਚੋਂ ਉਡੇਰੋ ਲਾਲ ਨਾਮੇ ਬਾਲਕ ਪੈਦਾ ਹੋਇਆ, ਜਿਸ ਦੇ ਨਾਮ ਪੁਰ ਇੱਕ ਨਗਰ ਆਬਾਦ ਹੈ. ਉੱਥੇ ਉਡੇਰੋਲਾਲ ਦਾ ਮੰਦਿਰ ਹੈ, ਜਿਸ ਨੂੰ ਹਿੰਦੂ ਮੁਸਲਮਾਨ ਦੋਵੇਂ ਮੰਨਦੇ ਹਨ, ਅਰ ਆਪਣੇ ਆਪਣੇ ਮਤ ਦਾ ਪੀਰ ਕਲਪਦੇ ਹਨ. ਇਸ ਪੀਰ ਦੇ ਨਾਮ ਸ਼ੇਖ਼ ਤਾਹਿਰ, ਖ਼੍ਵਾਜਾ ਖ਼ਿਜਰ ਅਤੇ ਜਿੰਦਹਪੀਰ ਭੀ ਹਨ.

**ਦਰਯਾਫ਼ਤ:** ਫ਼ਾ. دریافت ਮਾਲੂਮ ਕਰਨ ਦਾ ਭਾਵ.

**ਦਰਯਾਫ਼ਤਨ:** ਫ਼ਾ. دریافتن ਕ੍ਰਿ- ਪਾਉਣਾ. ਪ੍ਰਾਪਤ ਕਰਨਾ। ੨. ਮਾਲੂਮ ਕਰਨਾ.

ਦਰਯਾਬ: ਫ਼ਾ. دریاب ਪਾਲੈ. ਹਾਸਿਲ ਕਰ ਲੈ. ਇਸ ਦਾ ਮੂਲ ਦਰਯਾਫ਼ਤਨ ਹੈ.

ਦਰਯਾਯੀ: ਦੇਖੋ, ਦਰਯਾਈ। ੨. ਦੇਖੋ, ਦਰਿਆਈ ੨.

ਦਰਰਸੀਦਹ, ਦਰਰਸੀਦਾ: ਫ਼ਾ. دررسیدہ ਵਿ- ਖ਼ੁਦਾ ਦੇ ਦਰਵਾਜ਼ੇ ਪਹੁਚਿਆ ਹੋਇਆ. ਭਾਵ- ਆਤਮਗਜਾਨੀ. ਦੇਖੋ, ਦਰਿ ਦਰਵੇਸ ਰਸੀਦ.

ਦਰਰਨ: ਕ੍ਰਿ. ਦਰੜਨਾ. ਮਲਣਾ. ਪਾੜਨਾ. ਕੁਚਲਣਾ.

ਦਰਰਨਿ: ਸੰਗਜਾ- ਦਰੜਨ (ਦਲਨ) ਵਾਲੀ, ਸੈਨਾ. ਫ਼ੌਜ. (ਸਨਾਮਾ)

ਦਰਵਾਜ, ਦਰਵਾਜ਼ਾ: ਫ਼ਾ. دروازہ ਸੰਗਜਾ- ਦ੍ਵਾਰ. ਪੌਰ. ਡਿਹੁਡੀ. "ਨਉ ਦਰਵਾਜ ਨਵੇ ਦਰ ਫੀਕੇ." (ਕਲਿ ਅਃ ਮਃ ੪) ਨੌ ਗੋਲਕਾਂ ਵਿੱਚ ਨੌ ਇੰਦ੍ਰੀਆਂ ਦੇ ਰਸ ਫਿੱਕੇ ਹਨ.

ਦਰਵਾਜਾ ਸਾਹਿਬ: ਬਕਾਲੇ ਗ੍ਰਾਮ ਵਿੱਚ ਉਹ ਦਰਵਾਜ਼ਾ, ਜਿਸ ਵਿੱਚ ਗੁਰੂ ਤੇਗਬਹਾਦੁਰ ਸਾਹਿਬ ਕਦੇ ਕਦੇ ਵਿਰਾਜਿਆ ਕਰਦੇ ਸਨ. ਦੇਖੋ, ਬਕਾਲਾ.

ਦਰਵਾਟ: ਦ੍ਵਾਰ ਵਾਟ. ਵਾਟ (ਸਭਾ) ਦਾ ਦਰਵਾਜਾ. ਕਰਤਾਰ ਦਾ ਦਰ. "ਦੇਖੋ, ਦਰਿਵਾਟ। ੨. ਸੰ. ਦਵੰਟ. ਮੰਤ੍ਰ ਕਰਨ ਦਾ ਘਰ. ਸੋਚ ਵਿਚਾਰ ਕਰਨ ਦਾ ਕਮਰਾ.

ਦਰਵਾਣ, ਦਰਵਾਣੀ, ਦਰਵਾਨ, ਦਰਵਾਨੀ: ਦਰਬਾਨ. ਦ੍ਵਾਰਪਾਲ. ਦੇਖੋ, ਦਰਬਾਨ. "ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ." (ਸੂਹੀ ਮਃ ੧) "ਕਾਮ ਕਿਵਾਰੀ ਦੁਖ ਸੁਖ ਦਰਵਾਨੀ." (ਭੈਰ ਕਬੀਰ) ੨. ਚੌਕੀਦਾਰੀ. ਦ੍ਵਾਰਪਾਲ ਦਾ ਕਰਮ. ਡਿਹੁਡੀਬਰਦਾਰੀ. "ਦਿਲ ਦਰਵਾਨੀ ਜੇ ਕਰੇ." (ਵਾਰ ਮਾਰੂ ੧. ਮਃ ੧)

ਦਰਵਾਰ: ਦੇਖੋ, ਦਰਬਾਰ. "ਸਾਧੂ ਬਿਨੁ ਨਾਹੀ ਦਰਵਾਰ." (ਗੌਂਡ ਕਬੀਰ)

ਦਰਵੀ: ਦੇਖੋ, ਦਰਬੀ.

ਦਰਵੇਸ: ਫ਼ਾ. درویش ਸੰਗਜਾ- ਦਰ- ਆਵੇਜ਼. ਦਰਵਾਜ਼ੇ ਪੁਰ ਆਵੇਜ਼ (ਲਟਕਣ ਵਾਲਾ). ਮੰਗਤਾ। ੨. ਕਰਤਾਰ ਦੇ ਦਰ ਦਾ ਯਾਚਕ, ਭਗਤ. ਸਾਧੁ. "ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸ." (ਵਾਰ ਬਿਹਾ ਮਃ ੩) ੩. ਕਈ ਵਿਦ੍ਵਾਨਾਂ ਨੇ ਦੁਰਵੇਸ਼ (ਮੋਤੀ ਜੇਹਾ) ਤੋਂ ਦਰਵੇਸ਼ ਸ਼ਬਦ ਮੰਨਿਆ ਹੈ.

ਦਰਵੇਸਾਵੀ: ਵਿ- ਦਰਵੇਸ਼ ਵਾਲੀ. ਸਾਧੁਜਨ ਦੀ. "ਦਰਵੇਸਾਵੀ ਰੀਤਿ." (ਸ. ਫਰੀਦ)

ਦਰਵੇਸੀ: ਸੰਗਜਾ- ਦਰਵੇਸ਼ ਦੀ ਕ੍ਰਿਯਾ. ਸਾਧੁਵ੍ਰਿੱਤੀ. ਦੇਖੋ, ਦਰਵੇਸ.

ਦਰੜਨਾ: ਕ੍ਰਿ- ਦਾਰਣ ਕਰਨਾ. ਪਾੜਨਾ। ੨. ਕੁਚਲਣਾ. ਦਲਣਾ.

ਦਰਾ: ਫ਼ਾ. درہ ਸੰਗਜਾ- ਘਾਟੀ. ਦੋ ਪਹਾੜਾਂ ਦੇ ਮਧ੍ਯ ਦਾ ਰਸਤਾ (pass). "ਕਾਬੁਲ ਦਰਾ ਬੰਦ ਜਬ ਭਯੋ." (ਚਰਿਤ੍ਰ ੧੯੫) ੨. ਦਰ (ਦਰਬਾਰ) ਦਾ. ਦੇਖੋ, ਦਰ. "ਏਕ ਮੁਕਾਮ ਖੁਦਾਇ ਦਰਾ." (ਮਾਰੂ ਸੋਲਹੇ ਮਃ ੫)

ਦਰਾਂ: ਫ਼ਾ. دراں ਦਰ- ਆਂ. ਉਸ ਵਿੱਚ. ਉਸ ਮੇਂ.

ਦਰਾਇਦ: ਦਰ- ਆਯਦ. ਵਿੱਚ ਆਇਆ. "ਜੰਗ ਦਰਾਇਦ ਕਾਲਜਮੰਨ." (ਕ੍ਰਿਸਨਾਵ)

ਦਰਾਹਿ: ਦਰ- ਮਾਹਿ. ਦ੍ਵਾਰ ਵਿੱਚ. "ਜੈਸੇ ਦਾਨੋ ਚਾਕੀ ਦਰਾਹਿ." (ਮਾਲੀ ਮਃ ੫) ਚੱਕੀ ਦੇ ਮੂੰਹ ਵਿੱਚ ਕੀਲੀ ਪਾਸ ਲੱਗਾ ਦਾਣਾ ਪਿਸਣ ਤੋਂ ਬਚ ਜਾਂਦਾ ਹੈ.

**ਦਰਾਹੁ:** ਦਰ ਤੋਂ. ਦਰ ਸੇ. "ਮੰਗਿ ਮੰਗਿ ਖਸਮਿ ਦਰਾਹੁ." (ਮਃ ੧. ਵਾਰ ਸੂਹੀ)

**ਦਰਾਜ਼:** ਫ਼ਾ. دراز ਵਿ- ਵਡਾ. ਦੀਰਘ. ਲੰਮਾ। ੨. ਬਹੁਤ. ਅਧਿਕ। ੩. ਅੰਗ੍ਰੇਜ਼ੀ ਸ਼ਬਦ drawer ਦਾ ਰੂਪਾਂਤਰ. ਮੇਜ਼ ਆਲਮਾਰੀ ਆਦਿ ਦਾ ਉਹ ਖਾਨਾ, ਜਿਸ ਨੂੰ ਹੱਥੇ ਤੋਂ ਫੜਕੇ ਖਿੱਚੀਏ.

**ਦਰਾਮ:** ਕ੍ਰਿ. ਵਿ- ਦਰਮਯਾਨ. ਭੀਤਰ. ਵਿੱਚ. ਅੰਦਰ. "ਜਾਣਾ ਕੀਨੋ ਕਿਲੇ ਦਰਾਮ." (ਪ੍ਰਾਪੰਪ੍ਰ) ੨. ਅੰ. Drachm. ਸੰਗਯਾ- ਔਂਸ ਦਾ ਅੱਠਵਾਂ ਹਿੱਸਾ ਅਥਵਾ ਪੌਣੇ ਦੋ ਮਾਸ਼ਾ ਭਰ.

**ਦਰਾਰ:** ਸੰਗਯਾ- ਤੇੜ. ਦਰਜ. ਦੇਖੋ, ਦਰ. "ਭੂਮਿ ਦਰਾਰ ਕੋਇ ਪਹਿਚਾਨੇ." (ਨਾਪ੍ਰ)

**ਦਰਿ:** ਕ੍ਰਿ. ਵਿ- ਵਿੱਚ. ਭੀਤਰ "ਨਾਨਕ ਦਰਿ ਦੀਦਾਰਿ ਸਮਾਇ." (ਵਾਰ ਰਾਮ ੧. ਮਃ ੧) ੨. ਦਰਵਾਜ਼ੇ ਪੁਰ. "ਬਿਆ ਦਰੁ ਨਾਹੀ ਕੈ ਦਰਿ ਜਾਉ?" (ਸ੍ਰੀ ਮਃ ੧) ੩. ਦਰਬਾਰ ਵਿੱਚ. "ਹਰਿ ਦਰਿ ਸੋਭਾ ਪਾਇ." (ਮਲਾ ਮਃ ੩) ੪. ਸੰ. ਸੰਗਯਾ- ਕੰਦਰਾ. ਗੁਫਾ.

**ਦਰਿਆ:** ਦੇਖੋ, ਦਰਯਾ.

**ਦਰਿਆਈ:** ਦੇਖੋ, ਦਰਯਾਈ। ੨. ਰਾਮਸਨੇਹੀ ਵੈਰਾਗੀ ਸਾਧੂਆਂ ਦੀ ਇੱਕ ਸ਼ਾਖ਼ ਦਰਿਆਈ ਹੈ, ਜਿਸ ਦੇ ਨਾਉਂ ਦਾ ਮੂਲ ਇਹ ਦੱਸਿਆ ਜਾਂਦਾ ਹੈ ਕਿ ਇੱਕ ਵਿਧਵਾ ਦੇ ਪੁਤ੍ਰ ਜਨਮਿਆ, ਜਿਸ ਨੂੰ ਸ਼ਰਮ ਦੇ ਮਾਰੇ ਉਹ ਦਰਿਆ ਕਿਨਾਰੇ ਸੁੱਟ ਆਈ. ਇੱਕ ਪੇਂਜੇ ਨੇ ਉਸ ਬਾਲਕ ਨੂੰ ਚੁੱਕ ਲਿਆਂਦਾ ਅਤੇ ਸਨੇਹ ਨਾਲ ਪਾਲਿਆ. ਇਸ ਦਾ ਨਾਉਂ ਦਰਿਆਈ ਪ੍ਰਸਿੱਧ ਹੋ ਗਿਆ. ਦਰਿਆਈ ਸਿਆਣਾ ਹੋਕੇ ਰਾਮਚਰਨਦਾਸ ਦੀ ਸੰਪ੍ਰਦਾਯ ਦਾ ਚੇਲਾ ਬਣਕੇ ਉੱਤਮ ਪ੍ਰਚਾਰਕ ਹੋਇਆ. ਇਸ ਦੇ ਚੇਲੇ ਭੀ ਦਰਿਆਈ ਕਹਾਏ. ਦਰਿਆਈਆਂ ਦੀ ਮੁੱਖ ਗੱਦੀ ਮੇਰਤੇ[620] (ਰਾਜਪੂਤਾਨੇ) ਵਿੱਚ ਹੈ.

**ਦਰਿਆਈ ਘੋੜਾ:** ਦੇਖੋ, ਦਰਯਾਈ ਘੋੜਾ.

**ਦਰਿਆ ਦਾਸੀ, ਦਰਿਆ ਪੰਥੀ:** ਦੇਖੋ, ਦਰਯਾਪੰਥੀ ਅਤੇ ਦਰਿਆਈ ੨.

**ਦਰਿਸਟ:** ਦੇਖੋ, ਦ੍ਰਿਸਟ.

**ਦਰਿ ਦਰਵੇਸ ਰਸੀਦ:** (ਸ੍ਰੀ ਅਃ ਮਃ ੧) ਦਰ ਰਸੀਦਹ ਦਰਵੇਸ਼. ਕਰਤਾਰ ਦੇ ਦਰ ਪੁੱਜਾ ਹੋਇਆ ਸੰਤ.

**ਦਰਿ ਦਰਵੇਸੀ:** ਕਰਤਾਰ ਦੇ ਦਰ ਦੀ ਅਨੰਨ ਭਗਤੀ. ਉਸ ਦੇ ਦਰ ਤੋਂ ਛੁੱਟ ਹੋਰ ਦੇ ਦਰ ਦੀ ਆਸ ਦਾ ਤਯਾਗ.

**ਦਰਿ ਦਰਵੇਸੁ:** ਕਰਤਾਰ ਦੇ ਦਰ ਦਾ ਉਪਾਸਕ ਸੰਤ. ਜੋ ਵਾਹਗੁਰੂ ਦੇ ਦਰ ਤੋਂ ਛੁੱਟ ਹੋਰ ਦੀ ਆਸ ਨਹੀਂ ਰਖਦਾ.

**ਦਰਿੰਦਾ:** ਫ਼ਾ. درنده ਸੰਗਯਾ- ਪਾੜਖਾਣ ਵਾਲਾ ਜੀਵ. ਸ਼ੇਰ ਬਾਘ ਆਦਿ ਪਸ਼ੂ.

**ਦਰਿਦ੍ਰ:** ਸੰ. ਵਿ- ਨਿਰਧਨ. ਕੰਗਾਲ। ੨. ਦੀਨ। ੩. ਸੰਗਯਾ- ਨਿਰਧਨ ਆਦਮੀ. ਦੇਖੋ, ਦਰਿਦ੍ਰਾ। ੪. ਦਾਰਿਦ੍ਰਯ. ਨਿਰਧਨਤਾ. ਕੰਗਾਲੀ

**ਦਰਿਦ੍ਰਤਾ:** ਸੰ. ਸੰਗਯਾ- ਕੰਗਾਲੀ. ਨਿਰਧਨਤਾ. ਦਾਰਿਦ੍ਰਯ. ਦੇਖੋ, ਦਰਿਦ੍ਰਾ.

**ਦਰਿਦ੍ਰਾ:** ਸੰ. ਧਾ- ਦਰਿਦ੍ਰੀ ਹੋਣਾ, ਦੁਖਿਤ ਹੋਣਾ, ਕ੍ਰਿਸ਼ (ਮਾੜਾ) ਹੋਣਾ.

**ਦਰਿਦ੍ਰੀ:** ਦੇਖੋ, ਦਰਿਦ੍ਰ.

---

[620] ਮੇਰਤਾ ਰਿਆਸਤ ਜੋਧਪੁਰ ਵਿੱਚ ਹੈ. ਇਹ ਮੇਰਤਾ ਰੋਡ ਸਟੇਸ਼ਨ (ਜੋਧਪੁਰ ਬੀਕਾਨੇਰ ਰੇਲਵੇ) ਤੋਂ ੯. ਮੀਲ ਦੱਖਣ ਪੂਰਬ ਹੈ. ਇਹ ਦੂਦਾ ਰਾਜਪੂਤ ਨੇ ਸਨ ੧੪੮੮ ਜੇ ਕਰੀਬ ਵਸਾਇਆ ਹੈ.

**ਦਰਿ ਬੀਨਾਈਐ:** ਨਜਰ (ਦ੍ਰਿਸ਼੍ਟਿ) ਵਿੱਚ. ਦੇਖੋ, ਬੀਨਾਈਐ.

**ਦਰਿਯਾ:** ਦੇਖੋ, ਦਰਯਾ.

**ਦਰਿ ਵਾਟ:** ਕਰਤਾਰ ਦੇ ਦ੍ਵਾਰ ਤੇ. ਦੇਖੋ, ਦਰਵਾਟ. "ਦਰਿ ਵਾਟ ਉਪਰਿ ਖਰਚੁ ਮੰਗਾ, ਜਬੈ ਦੇਇ ਤ ਖਾਹਿ." (ਵਾਰ ਆਸਾ)

**ਦਰੀ:** ਸੰਗ੍ਯਾ- ਫ਼ਰਸ਼ ਦਾ ਮੋਟਾ ਵਸਤ੍ਰ. ਸ਼ਤਰੰਜੀ। ੨. ਸੰ. ਕੰਦਰਾ. ਗੁਫਾ. ਪਹਾੜ ਦੀ ਖੋਹ. "ਅਤਿ ਆਰਤਵੰਤ ਦਰੀਨ ਧਸੇ ਹੈਂ." (ਚੰਡੀ ੧) ੩. ਖਿੜਕੀ. ਤਾਕੀ. ਇਹ ਦਰੀਚੇ ਦਾ ਸੰਖੇਪ ਹੈ। ੪. ਫ਼ਾ. دری ਫ਼ਾਰਸੀ ਭਾਸ਼ਾ ਦੀ ਇੱਕ ਕ਼ਿਸਮ, ਜਿਸ ਵਿੱਚ ਬਹੁਤ ਕੋਮਲ ਸ਼ਬਦ ਵਰਤੇ ਜਾਂਦੇ ਹਨ। ੫. ਰਾਜੇ ਦੇ ਦਰ ਪੁਰ ਬੱਜਣਵਾਲੀ ਨੌਬਤ. "ਦੀਹ ਦਮਾਮੇ ਬਾਜਤ ਦਰੀ." (ਗੁਪ੍ਰਸੂ)

**ਦਰੀਂ:** ਫ਼ਾ. دریں ਦਰ- ਈਂ. ਇਸ ਵਿੱਚ.

**ਦਰੀਆ, ਦਰੀਆਉ, ਦਰੀਆਇ:** ਦੇਖੋ, ਦਰਯਾ. "ਤੂਹੀ ਦਰੀਆ ਤੂਹੀ ਕਰੀਆ." (ਗਉ ਕਬੀਰ) "ਤੂੰ ਦਰੀਆਉ ਸਭ ਤੁਝ ਹੀ ਮਾਹਿ." (ਸੋਪੁਰਖੁ) "ਕਿਤੀ ਇਤੁ ਦਰੀਆਇ ਵੰਞਨਿ." (ਆਸਾ ਮਃ ੫)

**ਦਰੀਚਾ, ਦਰੀਚੀ:** ਫ਼ਾ. دریچہ ਦਰੀਚਹ. ਸੰਗ੍ਯਾ- ਛੋਟਾ ਦਰਵਾਜ਼ਾ. ਤਾਕੀ. ਮੋਰੀ.

**ਦਰੀਦਨ:** ਫ਼ਾ. دریدن ਕ੍ਰਿ- ਪਾੜਨਾ. ਚੀਰਨਾ.

**ਦਰੀਦਾ:** ਫ਼ਾ. دریدہ ਵਿ- ਪਾਟਿਆ ਹੋਇਆ.

**ਦਰੂਦ:** ਫ਼ਾ. درُوٗد ਸੰਗ੍ਯਾ- ਦੁਆ਼. ਬੇਨਤੀ. "ਪੜਦੇ ਰਹਨਿ ਦਰੂਦ." (ਸ੍ਰੀ ਅਃ ਮਃ ੧) ੨. ਪ੍ਰਾਰਥਨਾ ਸਮੇਂ ਪੜ੍ਹਿਆ ਸਤੋਤ੍ਰ. "ਬਾਝਹੁ ਸਤਿਗੁਰ ਆਪਣੇ ਬੈਠਾ ਝਾਕੁ ਦਰੂਦ." (ਵਾਰ ਮਾਰੂ ੨. ਮਃ ੫) ਇਸ ਥਾਂ ਉਸ ਦਰੂਦ ਤੋਂ ਭਾਵ ਹੈ, ਜੋ ਸੁਲਤਾਨ ਪੀਰ ਦੇ ਪੁਜਾਰੀ ਦ੍ਵਾਰਾ ਰੋਟ ਆਦਿ ਭੇਟਾ ਅਰਪਣ ਸਮੇਂ ਪੜ੍ਹਵਾਇਆ ਜਾਂਦਾ ਹੈ.

**ਦਰੂਨ:** ਫ਼ਾ. درُوٗن ਕ੍ਰਿ. ਵਿ- ਅੰਦਰ. ਭੀਤਰ. ਵਿੱਚ। ੨. ਸੰਗ੍ਯਾ- ਦਿਲ. ਰਿਦਾ.

**ਦਰੇ:** ਦਰਬਾਰ ਵਿੱਚ. "ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ." (ਆਸਾ ਮਃ ੫) ਕਰਤਾਰ ਦੇ ਦ੍ਵਾਰ ਅਤੇ ਦਰਬਾਰ ਵਿੱਚ.

**ਦਰੇਸ:** ਬੇਲ ਬੂਟੇ ਨਾਲ ਛਪੀ ਹੋਈ ਮਲਮਲ। ੨. ਦੇਖੋ, ਅੰ. Dress.

**ਦਰੇਸੀ:** ਅੰ. Dress. ਡ੍ਰੇਸ. ਸੰਗ੍ਯਾ- ਤਿਆਰੀ. ਦ਼ਰੁਸ੍ਤੀ.

**ਦਰੇਗ਼:** ਫ਼ਾ. دریغ ਸੰਗ੍ਯਾ- ਕਮੀ. ਕਸਰ। ੨. ਅਫ਼ਸੋਸ. ਸ਼ੋਕ। ੩. ਸੰਕੋਚ. ਸਲੂਕ ਵਿੱਚ ਤੰਗੀ.

**ਦਰੇਗ਼ਾ:** ਫ਼ਾ. دریغا ਵ੍ਯ- ਹਾਇ ਸ਼ੋਕ ! ਅਫ਼ਸੋਸ !

**ਦਰੇਰ:** ਦੇਖੋ, ਦਰਾਰ.

**ਦਰੇਰਾ:** ਦਰੜ ਦੇਣ ਵਾਲਾ ਹੱਲਾ. ਦਿਲੇਰਾਨਾ ਹ਼ਮਲਾ. "ਧਰਮਸਿੰਘ ! ਤੁਮ ਯੌਂ ਕਰੋ ਦੇਹੁ ਦਰੇਰਾ ਜਾਇ." (ਗੁਰੁਸੋਭਾ)

**ਦਰੋਗ਼:** ਫ਼ਾ. دروغ ਸੰਗ੍ਯਾ- ਝੂਠ. ਮਿਥ੍ਯਾ. ਅਸਤ੍ਯ. "ਦਰੋਗ ਪੜਿ ਪੜਿ ਖੁਸੀ ਹੋਇ." (ਤਿਲੰ ਕਬੀਰ)

**ਦਰੋਗਾ:** ਦੇਖੋ, ਦਾਰੋਗਾ.

**ਦਰੋਗੀ:** ਸੰਗ੍ਯਾ- ਦਾਰੋਗ਼ੇ ਦਾ ਕਰਮ। ੨. ਦਰੋਗ਼ਗੋਈ. ਝੂਠ ਬੋਲਣ ਦੀ ਕ੍ਰਿਯਾ. "ਪਰਹਰ ਦੂਜਾਭਾਉ ਦਰੋਗੀ." (ਭਾਗੁ)

**ਦਰੋਜੋ:** ਦੇਖੋ, ਦਰਵਾਜਾ. "ਦਰੋਜੋ ਹਿਲਾਕੈ ਲਓ ਬੇਗ ਜਾਈ." (ਗੁਵਿ ੧੦)

ਦਰੋਬਸਤ: ਫ਼ਾ. دروبست ਵਿ- ਸਭ. ਤਮਾਮ.

ਦਰੰਗ: ਫ਼ਾ. درنگ ਸੰਗਜਾ- ਚਿਰ. ਢਿੱਲ. ਦੇਰੀ. "ਨੁਸਰਤ ਬੇ ਦਰੰਗ." ਦੇਖੋ, ਰਣਜੀਤਸਿੰਘ.

ਦਲ: ਸੰ. द्ल. ਧਾ- ਚੀਰਨਾ, ਪਾੜਨਾ, ਟੁਕੜੇ ਟੁਕੜੇ ਕਰਨਾ, ਕੁਮਲਾਉਣਾ। ੨. ਸੰਗਜਾ- ਪੱਤਾ. ਪਤ੍ਰ. "ਤਰੁ ਦਲ ਹਰੇ." (ਗੁਪ੍ਰਸੂ) ੩. ਫੁੱਲ ਦੀ ਪਾਂਖੁੜੀ. "ਲੋਚਨ ਅਮਲ ਕਮਲ ਦਲ ਜੈਸੇ." (ਨਾਪ੍ਰ) ੪. ਦਲੀਆ. ਮਲੀਦਾ. "ਤਹ ਕਰਦਲ ਕਰਨਿ ਮਹਾ ਬਲੀ." (ਸ੍ਰੀ ਤ੍ਰਿਲੋਚਨ) ਉੱਥੇ ਧਰਮ ਰਾਜ ਦੇ ਬਲੀ ਦੂਤ ਹੱਥ ਨਾਲ ਮਲੀਦਾ ਕਰ ਛਡਦੇ ਹਨ। ੫. ਸਮੂਹ. ਝੁੰਡ. "ਰਹੈ ਕਿਰਮ ਦਲ ਖਾਈ." (ਸੋਰ ਕਬੀਰ) ੬. ਫ਼ੌਜ. "ਚਤੁਰੰਗਨਿ ਦਲ ਸਾਜ." (ਚੰਡੀ ੧) ੭. ਮੋਟਾਈ। ੮. ਸ਼ਸਤ੍ਰ ਦਾ ਕੋਸ਼. ਮਿਆਂਨ। ੯. ਧਨ। ੧੦. ਦੇਖੋ, ਦਲਨ.

ਦਲਸਿੰਗਾਰ: ਸ੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੀ ਸਵਾਰੀ ਦਾ ਇੱਕ ਖ਼ਾਸ ਘੋੜਾ, ਜੋ ਕਪੂਰਸਿੰਘ ਬੈਰਾੜ ਨੇ ਗਜਾਰਾਂ ਸੌ ਰੁਪਯੇ ਨੂੰ ਖ਼ਰੀਦਕੇ ਸਤਿਗੁਰੂ ਦੀ ਸਵਾਰੀ ਲਈ ਆਨੰਦਪੁਰ ਭੇਜਿਆ ਸੀ. "ਜੰਗਲ ਬਿਖੈ ਕਪੂਰਾ ਜਾਟ। ਕੇਤਿਕ ਗ੍ਰਾਮਨ ਕੋ ਪਤਿ ਰਾਠ। ਇਕ ਸੌ ਇਕ ਹਜਾਰ ਧਨ ਦੈਕੈ। ਚੰਚਲ ਬਲੀ ਤੁਰੰਗਮ ਲੈਕੈ। ਸੌ ਹਜੂਰ ਮੇ ਦਯੋ ਪੁਚਾਈ। ਦੇਖ੍ਯੋ ਬਹੁ ਬਲ ਸੋਂ ਚਪਲਾਈ। ਅਪਨੇ ਚਢਬੇ ਹੇਤ ਬੰਧਾਯੋ। ਦਲ ਸਿੰਗਾਰ ਤਿ"ਹ ਨਾਮ ਬਤਾਯੋ." (ਗੁਪ੍ਰਸੂ)

ਦਲਵਿਦਾਰ ਘੋੜਾ ਇਸ ਤੋਂ ਵੱਖ ਹੈ.

ਦਲਹਾ: ਸੰਗਜਾ- ਯੋਧਾ, ਜੋ ਸੈਨਾ ਨੂੰ ਮਾਰਦਾ ਹੈ. (ਸਨਾਮਾ)

ਦਲਹਾ ਅੰਤਕ: ਸੰਗਜਾ- ਫਾਂਸੀ. ਪਾਸ਼. (ਸਨਾਮਾ) ਦੇਖੋ, ਦਲਹਾ. ਪੁਰਾਣੇ ਜ਼ਮਾਨੇ ਜੰਗ ਵਿੱਚ "ਪਾਸ਼ਯੁੱਧ" ਬਹੁਤ ਹੋਇਆ ਕਰਦਾ ਸੀ. ਪਾਸ਼ ਨੂੰ ਫੈਂਕਕੇ ਦੁਸ਼ਮਨ ਦੇ ਗਲੇ ਪਾਕੇ ਖਿੱਚ ਲੈਂਦੇ ਸਨ.

ਦਲਹੌਜੀ: ਦੇਖੋ, ਡਲਹੌਜ਼ੀ.

ਦਲਕ: ਵਿ- ਦਲਨ ਕਰਤਾ. ਕੁਚਲਣ ਵਾਲਾ। ੨. ਅ਼. دلق ਦਲਕ਼. ਕਮੀਨਾ ਆਦਮੀ। ੩. ਗੋਦੜੀ. ਕੰਥਾ। ੪. ਅ਼. دلک ਦਲਕ. ਸ਼ਰੀਰ ਮਲਣ ਦੀ ਕ੍ਰਿਯਾ. ਮਾਲਿਸ਼.

ਦਲਕਣਾ, ਦਲਕਨਾ: ਕ੍ਰਿ- ਦਹਿਲਣਾ. ਧੜਕਣਾ. "ਸੁਨ ਪ੍ਰਸੰਗ ਦਲਕਜੋ ਤਿਹ ਰਿਦਾ." (ਗੁਪ੍ਰਸੂ)

ਦਲਖਰ: ਵਿ- ਕ਼ੁਰ- ਦਲਿਤ. ਪੈਰਾਂ ਨਾਲ ਕੁਚਲੀ ਹੋਈ. ਘੋੜਿਆਂ ਦੇ ਸੁੰਮਾਂ ਨਾਲ ਦਰੜੀਹੋਈ. "ਦਲਖਰ ਕਰੀ ਅਨੀ ਫਟਵਾਇ." (ਗੁਪ੍ਰਸੂ)

ਦਲਘਾ: ਦਲ (ਸਮੁਦਾਯ) ਅਘ (ਪਾਪ). ਸਾਰੇ ਪਾਪ. "ਬਿਨਸੇ ਦਾਲਦ ਦਲਘਾ." (ਸੂਹੀ ਮਃ ੪)

ਦਲਣਾ: ਦੇਖੋ, ਦਲਨ.

ਦਲਦਲ: ਸੰ. ਦਲਾਢ੍ਯ. ਸੰਗਜਾ- ਚਿੱਕੜ. ਜਿਲ੍ਹਣ. ਗਡਣ. ਧਸਣ (marsh).

ਦਲਨ: ਸੰ. ਸੰਗਜਾ- ਚੂਰ ਚੂਰ ਕਰਨ ਦੀ ਕ੍ਰਿਯਾ. ਕੁਚਲਣ ਦੀ ਕ੍ਰਿਯਾ. ਦਰੜਨਾ.

ਦਲਪਤਿ: ਸੰਗਜਾ- ਮੰਡਲੀ ਦਾ ਸਰਦਾਰ। ੨. ਫ਼ੌਜ ਦਾ ਸਰਦਾਰ। ੩. ਭੀਮ ਜੱਟ ਦਾ ਪੁਤ੍ਰ, ਜੋ ਮੌੜ ਪਿੰਡ ਦਾ ਵਸਨੀਕ ਸੀ. ਜਦ ਦਸ਼ਮੇਸ਼ ਸਾਬੋ ਕੀ ਤਲਵੰਡੀ (ਦਮਦਮੇ) ਵਿਰਾਜਦੇ ਸਨ, ਤਦ ਇਹ ਦੁੱਧ ਦਾ ਘੜਾ ਲੈਕੇ ਹਾਜਿਰ ਹੋਇਆ, ਸਤਿਗੁਰਾਂ ਨੇ ਇਸ ਨੂੰ ਦਸਤਾਰ ਬਖ਼ਸ਼ੀ.

ਦਲਬਾ: ਸ਼ਿਕਾਰੀਆਂ ਦੇ ਸੰਕੇਤ ਵਿੱਚ ਕਾਉਂ ਅਥਵਾ ਹੋਰ ਪੰਛੀ ਦੇ ਖੰਭ ਡੋਰ ਨਾਲ ਬੰਨ੍ਹਕੇ, ਉਸ ਨੂੰ ਬਾਜ਼ ਆਦਿ ਸ਼ਿਕਾਰੀ ਪੰਛੀਆਂ ਅੱਗੇ ਸ਼ਿਕਾਰ ਤੇ ਲਾਉਣ ਲਈ ਛੱਡਣਾ, ਦਲਬਾ ਆਖੀਦਾ ਹੈ.

**ਦਲਬਾਦਲ:** ਇਸ ਨਾਮ ਦਾ ਇੱਕ ਵਡਾ ਭਾਰੀ ਖ਼ੇਮਾ ਬਾਦਸ਼ਾਹ ਸ਼ਾਹਜਹਾਂ ਨੇ ਬਣਵਾਇਆ ਸੀ, ਜਿਸ ਵਿੱਚ ਉਹ ਦਰਬਾਰ ਕਰਦਾ ਅਤੇ ਉਤਸਵ ਮਨਾਉਂਦਾ ਸੀ. ਹੁਣ ਰਿਆਸਤਾਂ ਵਿੱਚ ਵਡੇ ਦਰਬਾਰੀ ਤੰਬੂ ਨੂੰ 'ਦਲ ਬਾਦਲ' ਆਖਦੇ ਹਨ। ੨. ਬੱਦਲ ਦੀ ਘਟਾ ਜੇਹਾ ਫ਼ੌਜ ਦਾ ਗਰੋਹ.

**ਦਲਬਿਡਾਰ:** ਦੇਖੋ, ਦਲਵਿਦਾਰ.

**ਦਲਲੇ:** ਦਲਲੀਏ. ਦਲਦਿੱਤੇ. "ਸਭ ਦਾਲਦ ਦੁਖ ਦਲਲੇ." (ਨਟ ਮਃ ੪)

**ਦਲਵਾਲੀਸਿੰਘ:** ਦੇਖੋ, ਬਿਹਾਰ ਬ੍ਰਿੰਦਾਬਨ ਅਤੇ ਰਾਧਾ ਸ੍ਵਾਮੀ.

**ਦਲਵਿਡਾਰ, ਦਲਵਿਦਾਰ:** ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੀ ਸਵਾਰੀ ਦਾ ਇੱਕ ਖ਼ਾਸ ਘੋੜਾ. ਆਨੰਦਪੁਰ ਦੇ ਕਈ ਜੰਗਾਂ ਵਿੱਚ ਦਸ਼ਮੇਸ਼ ਇਸ ਤੇ ਸਵਾਰ ਹੋਕੇ ਜੰਗ ਕਰਦੇ ਰਹੇ ਹਨ.

**ਦਲਾਯਲ:** ਅ਼. دلائل ਦਲੀਲ ਦਾ ਬਹੁ ਵਚਨ.

**ਦਲਾਲ:** ਅ਼. دلّال ਦੱਲਾਲ. ਸੰਗਜ੍ਞਾ- ਰਹਨੁਮਾ. ਰਸਤਾ ਦਿਖਾਉਣ ਵਾਲਾ। ੨. ਉਹ ਆਦਮੀ, ਜੋ ਵਿੱਚ ਪੈਕੇ ਸੌਦਾ ਕਰਾਵੇ. "ਵਢੀਅਹਿ ਹਥ ਦਲਾਲ ਕੇ." (ਵਾਰ ਆਸਾ) ਭਾਵ- ਜੋ ਝੂਠ ਬੋਲਕੇ ਪਰਲੋਕ ਵਿੱਚ ਸਾਮਗ੍ਰੀ ਪੁਚਾਉਣ ਦਾ ਵਪਾਰ ਕਰਦਾ ਹੈ.

**ਦਲਾਲਤ:** ਅ਼. دلالت ਸੰਗਜ੍ਞਾ- ਰਹਨੁਮਾਈ। ੨. ਯੁਕਤਿ. ਅਨੁਮਾਨ.

**ਦਲਾਲੀ:** ਫ਼ਾ. دلالی ਦੱਲਾਲੀ. ਸੰਗਜ੍ਞਾ- ਦਲਾਲ ਦੀ ਕ੍ਰਿਯਾ। ੨. ਦਲਾਲ ਦੀ ਉਜਰਤ. "ਜਪੁ ਤਪੁ ਦੇਉ ਦਲਾਲੀ ਰੇ." (ਰਾਮ ਕਬੀਰ) ੩. ਦਲਾਯਲ ਦੀ ਥਾਂ ਭੀ ਦਲਾਲੀ ਸ਼ਬਦ ਆਇਆ ਹੈ. "ਧਰਮ ਰਾਇ ਹੈ ਦੇਵਤਾ ਲੈ ਗਲਾਂ ਕਰੇ ਦਲਾਲੀ." (ਵਾਰ ਰਾਮ ੩) ਦਲੀਲਾਂ (ਯੁਕਤੀਆਂ) ਅਨੁਸਾਰ ਜੀਵਾਂ ਦੀਆਂ ਗੱਲਾਂ ਸੁਣਕੇ ਫ਼ੈਸਲਾ ਕਰਦਾ ਹੈ.

**ਦਲਿ:** ਦਲਨ ਕਰਕੇ. ਚੂਰਕੇ. ਦੇਖੋ, ਦਲਿਮਲਿ। ੨. ਦੇਖੋ, ਦਲੀ ੨। ੩. ਦੇਖੋ, ਡਲੀ.

**ਦਲਿਤ:** ਵਿ- ਦਲਿਆ ਹੋਇਆ. ਕੁਚਲਿਆ ਹੋਇਆ। ੨. ਹੀਣੀ ਜਾਤਿ ਵਾਲਾ, ਜੋ ਉੱਚੀ ਜਾਤਾਂ ਤੋਂ ਪੈਰਾਂ ਹੇਠ ਦਲਿਆ ਗਿਆ ਹੈ.

**ਦਲਿੰਦਾ:** ਵਿ- ਦਲਨ ਕਰਿੰਦਾ. "ਦੋਖ ਕੇ ਦਲਿੰਦਾ." (ਗ੍ਯਾਨ)

**ਦਲਿਦ੍ਰ:** ਦੇਖੋ, ਦਰਿਦ੍ਰ.

**ਦਲਿਮਲਿ:** ਦਲਮਲਕੇ. ਚਕਨਾਚੂਰ ਕਰਕੇ. "ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ." (ਰਾਮ ਬੇਣੀ) ਦੈਤਰੂਪ ਅਵਗੁਣਾਂ ਨੂੰ ਗੁਰਉਪਦੇਸ਼ ਦ੍ਵਾਰਾ ਨਾਸ਼ ਕਰਕੇ ਗ੍ਯਾਨ ਦੀ ਪ੍ਰਾਪਤੀ ਹੋਈ ਹੈ.

**ਦਲੀ:** ਵਿ- ਦਲਨ ਕਰਤਾ. "ਕਿ ਸਰਬੰ ਦਲੀ ਹੈ." (ਜਾਪੁ) ੨. ਦਲ (ਸੈਨਾ) ਵਾਲਾ। ੩. ਪੱਤੇ ਵਾਲਾ। ੪. ਸੰਗਜ੍ਞਾ- ਬਿਰਛ.

**ਦਲੀਆ:** ਸੰਗਜ੍ਞਾ- ਦਲਿਆ ਹੋਇਆ। ੨. ਦਲੇਹੋਏ ਅੰਨ ਦਾ ਪਕਾਇਆ ਭੋਜਨ। ੩. ਦਲ (ਮਸਲ) ਕੇ ਗਾੜ੍ਹਾ ਕੀਤਾ ਹੋਇਆ ਊਨੀ ਕਪੜਾ। ੪. ਵਿ- ਦਲਣ ਵਾਲਾ.

**ਦਲੀਸ, ਦਲੀਸਰ:** ਦਲ- ਈਸ਼. ਦਲੇਸ਼. ਸੈਨਾਪਤਿ। ੨. ਲੋਕਾਂ ਦੇ ਸਮੁਦਾਯ ਦਾ ਈਸ਼੍ਵਰ. ਪ੍ਰਜਾਪਤਿ. "ਤਬ ਆਨ ਦਲੀਪ ਦਲੀਸ ਭਏ." (ਦਿਲੀਪ) "ਦਾਰਾ ਸੇ ਦਲੀਸਰ ਦ੍ਰਯੋਧਨ ਸੇ ਮਾਨਧਾਰੀ." (ਅਕਾਲ)

**ਦਲੀਜ:** ਦੇਖੋ, ਦਹਲੀਜ਼.

**ਦਲੀਪ:** ਦੇਖੋ, ਦਿਲੀਪ.

ਦਲੀਪਸਿੰਘ[621]: ਪੰਜਾਬਕੇਸ਼ਰੀ ਮਹਾਰਾਜਾ ਰਣਜੀਤ ਸਿੰਘ ਦਾ ਛੋਟਾ ਪੁਤ੍ਰ, ਜੋ ਫਰਵਰੀ ਸਨ ੧੮੩੭ ਵਿੱਚ[622] ਮਹਾਰਾਣੀ ਜਿੰਦਕੌਰ ਦੇ ਉਦਰੋਂ ਲਹੌਰ ਜਨਮਿਆ. ਮਹਾਰਾਜਾ ਸ਼ੇਰਸਿੰਘ ਪਿੱਛੋਂ ੧੮. ਸਿਤੰਬਰ ਸਨ ੧੮੪੩ (ਸੰਮਤ ੧੯੦੧) ਵਿੱਚ ਲਹੌਰ ਦੇ ਤਖਤ ਪੁਰ ਬੈਠਾ. ਇਸ ਦੇ ਸਮੇਂ ਅਹਿਲਕਾਰਾਂ ਦੇ ਪਰਸਪਰ ਵਿਰੋਧ, ਦੇਸ਼ ਅਤੇ ਕੌਮ ਦੀ ਭਗਤੀ ਦਾ ਅਭਾਵ[623] ਅਤੇ ਸ੍ਵਾਰਥ ਦੇ ਕਾਰਣ ਅਕਾਰਣ ਹੀ ਅੰਗ੍ਰੇਜ਼ਾਂ ਨਾਲ ਸਿੱਖਾਂ ਦੇ ਜੰਗ ਹੋਏ. ਪਹਿਲੇ ਜੰਗ ਪਿੱਛੋਂ ਸੁਲਹ ਹੋਕੇ ੯. ਮਾਰਚ ਸਨ ੧੮੪੬ ਨੂੰ ਸੰਧਿਪਤ੍ਰ ਲਿਖਿਆ ਗਿਆ, ਜਿਸ ਦੀਆਂ ਸੋਲਾਂ ਧਾਰਾ (ਦਫ਼ਹ) ਦਾ ਸਾਰ ਇਹ ਹੈ:-

(੧) ਮਹਾਰਾਜਾ ਦਲੀਪਸਿੰਘ ਅਤੇ ਅੰਗ੍ਰੇਜ਼ ਸਰਕਾਰ ਵਿੱਚ ਸਦਾ ਸ਼ਾਂਤਿ ਅਤੇ ਮਿਤ੍ਰਤਾ ਰਹੇਗੀ.

(੨) ਸਤਲੁਜ ਅਤੇ ਬਿਆਸ ਦੇ ਮਧ੍ਯ ਦਾ ਇਲਾਕਾ ਲਹੌਰ ਦਰਬਾਰ ਤੋਂ ਲੈ ਲੀਤਾ ਜਾਵੇਗਾ.

(੩) ਡੇਢ ਕਰੋੜ ਰੁਪਯਾ ਜੰਗ ਦਾ ਖ਼ਰਚ ਦੇਣਾ ਪਵੇਗਾ[624].

(੪) ਪੱਚੀ ਪਲਟਣਾਂ ਅਤੇ ਬਾਰਾਂ ਹਜ਼ਾਰ ਘੁੜਚੜ੍ਹੇ ਮਹਾਰਾਜਾ ਦਲੀਪਸਿੰਘ ਰੱਖ ਸਕੂਗਾ, ਏਦੂੰ ਵੱਧ ਨਹੀਂ.

(੫) ਅੰਗ੍ਰੇਜ਼ੀ ਸਰਕਾਰ ਦੀ ਮਨਜੂਰੀ ਬਿਨਾਂ ਕੋਈ ਅੰਗ੍ਰੇਜ਼ ਅਥਵਾ ਯੂਰਪ ਅਤੇ ਅਮਰੀਕਾ ਦਾ ਆਦਮੀ ਨਹੀਂ ਰੱਖਿਆ ਜਾਵੇਗਾ.

(੬) ਰਿਆਸਤ ਦੇ ਅੰਦਰੂਨੀ ਮੁਆਮਲਿਆਂ ਵਿੱਚ ਗਵਰਨਮੈਂਟ ਕਦੇ ਦਖ਼ਲ ਨਹੀਂ ਦੇਵੇਗੀ.

ਇਸੇ ਸਾਲ ਦੇ ਅੰਤ ਵਿੱਚ ਇੱਕ ਹੋਰ ਅਹਿਦਨਾਮਾ ਹੋਇਆ, ਜਿਸ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਵਿੱਚ ਉਸ ਦੇ ਰਾਜ ਦਾ ਪ੍ਰਬੰਧ ਕਰਨ ਲਈ ਸਿੱਖ ਸਰਦਾਰਾਂ ਦੀ ਇੱਕ ਕੌਂਸਲ ਬਣਾਈ, ਜਿਸ ਦਾ ਪ੍ਰਧਾਨ ਇੱਕ ਅੰਗ੍ਰੇਜ਼ ਰੈਜ਼ੀਡੈਂਟ ਥਾਪਿਆ ਗਿਆ, ਅਰ ਦੇਸ਼ ਵਿੱਚ ਅਮਨ ਰੱਖਣ ਲਈ ਜੋ ਅੰਗ੍ਰੇਜ਼ੀ ਫੌਜ ਰੱਖੀ ਗਈ, ਉਸ ਦੇ ਖਰਚ ਦਾ ੨੨ ਲੱਖ ਰੁਪਯਾ ਸਾਲਾਨਾ ਲਹੌਰ ਦਰਬਾਰ ਨੇ ਦੇਣਾ ਮਨਜੂਰ ਕੀਤਾ.

ਇਹ ਪ੍ਰਬੰਧ ਅਜੇ ਥੋੜਾ ਚਿਰ ਹੀ ਚੱਲਿਆ ਸੀ ਕਿ ਅੰਗ੍ਰੇਜ਼ਾਂ ਅਤੇ ਸਿੱਖਾਂ ਵਿੱਚ ਅਪ੍ਰੈਲ ਸਨ ੧੮੪੮ ਤੋਂ ਫੇਰ ਜੰਗ ਛਿੜ ਪਿਆ, ਜਿਸ ਦੇ ਅੰਤ ਵਿੱਚ ਸਿੱਖ ਰਾਜ ਦੀ ਸਮਾਪਤੀ ਹੋਗਈ ਅਤੇ ੧੦. ਵਰ੍ਹੇ ਦੇ ਨਾਬਾਲਗ਼ ਮਹਾਰਾਜਾ ਦਲੀਪਸਿੰਘ ਤੋਂ ੨੯ ਮਾਰਚ ਸਨ ੧੮੪੯ ਨੂੰ ਪਿਤਾ ਦੇ ਰਾਜ ਤੋਂ ਬੇਦਾਵਾ ਲਿਖਵਾਕੇ ਡਾਕਟਰ ਜਾਨ ਲੋਗਿਨ (Sir John Spencer Login) ਦੀ ਨਿਗਰਾਨੀ ਵਿੱਚ ਪੰਜਾਬੋਂ ਬਾਹਰ ਫਤਹਗੜ੍ਹ (ਯੂ. ਪੀ. ਜਿਲਾ ਫ਼ਰਰੁਖ਼ਾਬਾਦ) ਭੇਜਿਆ ਗਿਆ.

ਦਲੀਪਸਿੰਘ ਨਾਲ ਕੋਈ ਧਾਰਮਿਕਸਿਕ੍ਸ਼ਾ ਦੇਣ ਵਾਲਾ ਨਹੀਂ ਸੀ, ਅਰ ਜੋ ਨਾਲ ਅਹਿਲਕਾਰ (ਅਯੁਧ੍ਯਾਪ੍ਰਸਾਦ, ਪੁਰੋਹਿਤ ਗੁਲਾਬਰਾਇ, ਫ਼ਕੀਰ ਜਹੂਰੁੱਦੀਨ) ਸਨ, ਉਨ੍ਹਾਂ ਨੂੰ ਸਿੱਖ ਧਰਮ ਨਾਲ ਜਰਾ ਭੀ ਪਿਆਰ ਨਹੀਂ ਸੀ. ਫ਼ਰਰੁਖ਼ਬਾਦ ਨਿਵਾਸੀ ਭਜਨਲਾਲ ਬ੍ਰਾਹਮਣ, ਜੋ ਮਿਸ਼ਨ ਸਕੂਲ ਦੀ ਤਾਲੀਮ ਪਾਕੇ ਈਸਾਈ ਹੋਗਿਆ ਸੀ, ਮਹਾਰਾਜਾ ਦਾ ਮੁਸਾਹਿਬ ਮੁਕੱਰਰ ਕੀਤਾ ਗਿਆ, ਜਿਸ ਦੇ ਅਸਰ ਨਾਲ ੮. ਮਾਰਚ ਸਨ ੧੮੫੩ ਨੂੰ ਪੰਜਾਬਕੇਸ਼ਰੀ ਦੇ ਪੁਤ੍ਰ ਨੇ ਈਸਾਈ ਧਰਮ ਧਾਰਨ ਕਰਲਿਆ. ਈਸਾਈ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਦਲੀਪਸਿੰਘ ਨੇ ਆਪਣੇ ਕੇਸ਼ ਤੋਫੇ ਦੇ ਤੌਰ ਪਰ ਲੇਡੀ ਲੋਗਿਨ ਦੀ ਭੇਟਾ ਕਰ ਦਿੱਤੇ

---

[621] ਮਹਾਰਾਜਾ ਦਾ ਨਾਮ ਵਿਦੇਸ਼ੀ ਲੇਖਕਾਂ ਨੇ Dhalip singh ਅਤੇ Duleep Singh ਅਸ਼ੁੱਧ ਲਿਖਿਆ ਹੈ.

[622] ਕਈ ਲੇਖਕਾਂ ਨੇ ੪. ਸਿਤੰਬਰ ਸਨ ੧੮੩੮ ਲਿਖਿਆ ਹੈ.

[623] Among the Sikh barons who stood around the throne of the young Maharaja Dalip Singh, there was not one, who honestly laboured for his country, or who would have made the smallest sacrifice to save her. (The Punjab Chiefs by L.H. Griffin).

[624] ਉਸ ਵੇਲੇ ਲਹੌਰ ਦਰਬਾਰ ਇਹ ਰਕਮ ਅਦਾ ਕਰਨੋ ਅਸਮਰਥ ਸੀ, ਇਸ ਲਈ ਕਸ਼ਮੀਰ ਦਾ ਇਲਾਕਾ ੭੫ ਲੱਖ ਵਿੱਚ ਦਿੱਤਾ ਗਿਆ, ਜੋ ਮਹਾਰਾਜਾ ਗੁਲਾਬਸਿੰਘ ਜੰਮੂਪਤਿ ਨੇ ਆਪਣੇ ਪਾਸੋਂ ਅੰਗ੍ਰੇਜ਼ੀ ਸਰਕਾਰ ਨੂੰ ਰਕਮ ਦੇਕੇ ਖਰੀਦਿਆ.

ਸਨ.

੧੯ ਅਪ੍ਰੈਲ ਸਨ ੧੮੫੪ ਨੂੰ ਦਲੀਪਸਿੰਘ ਇੰਗਲੈਂਡ ਚਲਾ ਗਿਆ ਅਰ Norfolk ਵਿੱਚ ਐਲ- ਵਡਨ (Elveden) ਨਿਵਾਸ ਅੰਦਰ ਰਹਿਣ ਲੱਗਾ. ਦਲੀਪਸਿੰਘ ਨੇ ਪਹਿਲੀ ਸ਼ਾਦੀ ਇੱਕ ਜਰਮਨ ਸੌਦਾਗਰ ਦੀ ਲੜਕੀ Miss Bamba Muller ਨਾਲ, ਜੋ ਕੈਰੋ (Cairo) ਮਿਸ਼ਨ ਸਕੂਲ ਵਿੱਚ ਸਿਖ੍ਯਾ ਪਾਉਂਦੀ ਸੀ, ੭. ਜੂਨ ਸਨ ੧੮੬੪ ਨੂੰ ਕੀਤੀ, ਜਿਸ ਤੋਂ ਤਿੰਨ ਪੁਤ੍ਰ.[625] ਅਤੇ ਤਿੰਨ ਪੁਤ੍ਰੀਆਂ ਹੋਈਆਂ.[626] ਇਸ ਮਹਾਰਾਣੀ ਦਾ ਦੇਹਾਂਤ ਸਨ ੧੮੯੦ ਵਿੱਚ ਹੋਇਆ.

ਦੂਜੀ ਸ਼ਾਦੀ ਅੰਗ੍ਰੇਜ਼ ਲੇਡੀ Miss A. D. Wetherill ਨਾਲ ਹੋਈ, ਜੋ ਮਹਾਰਾਜਾ ਦਲੀਪਸਿੰਘ ਦੇ ਮਰਣ ਪਿੱਛੋਂ ਜਿਉਂਦੀ ਰਹੀ.

ਮਹਾਰਾਜਾ ਦਲੀਪਸਿੰਘ ਦੀ ਅੰਤਿਮ ਅਵਸਥਾ ਵਡੇ ਕਲੇਸ਼ ਵਿੱਚ ਬੀਤੀ. ਹਿੰਦੁਸਤਾਨ ਨੂੰ ਆਉਂਦਾ ਹੋਇਆ ਅਦਨ ਰੋਕਿਆ ਗਿਆ ਅਤੇ ਪੈਨਸ਼ਨ ਬੰਦ ਹੋਗਈ, ਜਿਸ ਤੋਂ ਬਹੁਤ ਤੰਗਦਸ੍ਤ ਹੋਗਿਆ. ਅੰਤ ਨੂੰ ਮਹਾਰਾਣੀ ਵਿਕਟੋਰੀਆ ਤੋਂ ਮੁਆਫੀ ਮੰਗੀ ਅਰ ਪੈਨਸ਼ਨ ਜਾਰੀ ਹੋਈ.

੨੨ ਅਕਤੂਬਰ ਸਨ ੧੮੯੩ ਨੂੰ ਪੈਰਿਸ ਦੇ ਗ੍ਰੈਂਡ ਹੋਟਲ ਵਿੱਚ ਮਹਾਰਾਜਾ ਦਲੀਪਸਿੰਘ ਨੇ ਅਨਾਥਾਂ ਦੀ ਤਰਾਂ ਪ੍ਰਾਣ ਤਜਾਗੇ. ਉਸ ਦੀ ਦੇਹ ਇੰਗਲੈਂਡ ਲਿਆਕੇ "ਐਲਵਡਨ" ਦੇ ਹਾਤੇ ਵਿੱਚ ਦਫਨ ਕੀਤੀ ਗਈ. ਦੇਖੋ, ਜਿੰਦਾ ਕੌਰ ਅਤੇ ਰਣਜੀਤਸਿੰਘ.

ਦਲੀਲ: ਅ਼. دلیل ਸੰਗ੍ਯਾ- ਤਰਕ. ਯੁਕ੍ਤਿ। ੨. ਚਰਚਾ.

ਦਲੇਸ, ਦਲੇਸੁਰ: ਦਲ- ਈਸ਼. ਦਲ- ਈਸ਼੍ਵਰ. ਸੰਗ੍ਯਾ- ਫ਼ੌਜ ਦਾ ਸਰਦਾਰ.

ਦਲੇਰ: ਦੇਖੋ, ਦਿਲੇਰ.

ਦਲੇਲ: ਦੇਖੋ, ਦਲੀਲ. "ਖੈਰ ਦਲਾਲ ਦਲੇਲ." (ਭਾਗੁ) ਨੇਕੀ ਦਾ ਰਸਤਾ ਦਿਖਾਉਂਦੇ ਹਨ ਯੁਕਤਿ ਨਾਲ। ੨. ਅੰ. Drill. ਡ੍ਰਿਲ. ਫ਼ੌਜੀ ਸਿਪਾਹੀਆਂ ਤੋਂ ਦੰਡ ਵਿੱਚ ਕਰਾਈ ਕਵਾਇਦ ਨੂੰ ਸਿਪਾਹੀ "ਦਲੇਲ" ਆਖਦੇ ਹਨ.

---

[625] ਸ਼ਾਹਜ਼ਾਦਾ Victor Dalip Singh, Frederick D.S. ਅਤੇ Edward D.S.

The Late Maharaja Duleep Singh, son of the "Lion of the Punjab" was still a child at the time of the annexation of the Punjab. He received an allowance of L 50,000 a year and went to England, where he eventually settled down in Norfolk as a country gentleman. He left two sons,who were brought up as Engish gentlemen. The elder. Prince Victor, held a commission in the Ist Royal Dragoons and married a daughter of the Earl of Coventry. He died in 1918 atthe age of 52 and the death of his younger brother, Prince Frederick, is now announced at the age of 58. (August 1926).

Prince Frederick was educated at Eton and Magdalene college, Cambridge, where he took the History Tripos and later took his M.A. He held a commission in the Suffolk Yeomanry and then transferred to the Norfolk Yeomanry. He resigned his commission in 1909 but rejoined the corps in 1914 and was for two years onactive service in France. He was awarded Territorial Decoration. Prince Frederick was deeply interested in archaeology and became a Fellow of the Society of Antiquaries and contributed articles to various periodicals on the subject. He lived at his father country house, Blo'Norton Hall in Norfolk.

(C. & M. Gadette August 18, 1926)

[626] ਮਹਾਰਾਜੇ ਦੀ ਇੱਕ ਪੁਤ੍ਰੀ ਨੇ ਡਾਕਟਰ ਸਦਰਲੈਂਡ ਨਾਲ ਸ਼ਾਦੀ ਕੀਤੀ ਹੈ ਅਰ ਲਹੌਰ ਰਹਿੰਦੀ ਹੈ. ਮਾਤਾ ਅਤੇ ਪਤੀ ਦੇ ਸੰਬੰਧ ਨਾਲ ਨਾਮ ਹੈ. Princess Bamba Sutherland.

ਦਲੈਯਾ: ਵਿ- ਦਲਨ ਕਰੈਯਾ. ਦਲਨ ਵਾਲਾ.

ਦੱਲਾ: ਸੰਗਯਾ- ਨਿੰਦਿਤ ਦੱਲਾਲ. ਨੀਚ ਕਰਮ ਦੀ ਦਲਾਲੀ ਕਰਨ ਵਾਲਾ. ਭੇਟੂ. ਭੜੂਆ.

ਦਵ: ਸੰ. ਸੰਗਯਾ- ਬਣ (ਵਨ). ਜੰਗਲ। ੨. ਜੰਗਲ ਨੂੰ ਆਪਣੇ ਆਪ ਲੱਗੀ ਹੋਈ ਅੱਗ. ਡਉ। ੩. ਸੰਤਾਪ. ਜਲਨ.

ਦਵਣ, ਦਵਨ: ਦੇਖੋ, ਦਮਨ. "ਦੁਰਤ ਦਵਣ ਸਕਲ ਭਵਣ." (ਸਵੈਯੇ ਮਃ ੪. ਕੇ) "ਅਰਿਦਵਨ ਅਜੈ ਆਨੰਦਕਰ." (ਪਾਰਸਾਵ)

ਦਵਰ: ਸੰਗਯਾ- ਦੌੜ. ਭਾਜ. "ਗੋ ਦਵਰੀ ਤਿਹ ਸੋ ਹਿਤ ਕੀਜੋ." (ਕ੍ਰਿਸਨਾਵ) "ਅਸੂਨ ਕੋ ਦਵਰਾਇ." (ਕ੍ਰਿਸਨਾਵ)

ਦਵਰਾਨਾ: ਕ੍ਰਿ- ਦੌੜਾਉਣਾ. ਭਜਾਉਣਾ. ਦੇਖੋ, ਦਵਰ ਅਤੇ ਦਵੀਦਨ.

ਦਵਰੀ: ਦੌੜੀ. ਭੱਜੀ. ਨੱਠੀ. ਦੇਖੋ, ਦਵਰ.

ਦਵਾ: ਅ਼. دوا ਸੰਗਯਾ- ਰੋਗ ਦੂਰ ਕਰਨ ਵਾਲੀ ਵਸ੍ਤੁ. ਔਸ਼ਧ. ਦਾਰੂ। ੨. ਦੇਖੋ, ਦਵ ਅਤੇ ਦਾਵਾ. "ਸ੍ਰਉਣ ਕੋ ਪਾਨ ਕਰਯੋ ਜਯੋਂ ਦਵਾ ਹਰਿ." (ਚੰਡੀ ੧) ਜਿਵੇਂ ਦਾਵਾਅਗਨਿ ਕ੍ਰਿਸ਼ਨ ਜੀ ਨੇ ਪੀਲਈ ਸੀ। ੩. ਦੇਖੋ, ਦੁਆ.

ਦਵਾਂ: ਫ਼ਾ. دواں ਵਿ- ਦੌੜਦਾਹੋਇਆ. ਦੇਖੋ, ਦਵੀਦਨ.

ਦਵਾਈ: ਦੇਖੋ, ਦਵਾ ੧.

ਦਵਾਗਨਿ: ਸੰ. द्वाग्नि. ਸੰਗਯਾ- ਦਾਵਾਨਲ. ਵਨ (ਜੰਗਲ) ਦੀ ਅੱਗ.

ਦਵਾਜ਼ਦਹ: ਫ਼ਾ. دوازدہ ਦ੍ਵਾਦਸ਼ ਬਾਰਾਂ.

ਦਵਾਤ: ਅ਼ دوات ਸੰਗਯਾ- ਸਯਾਹੀ ਦਾ ਪਾਤ੍ਰ. ਅਸਿਧਾਨੀ

ਦਵਾਨਲ: ਦੇਖੋ, ਦਵਾਗਨਿ.

ਦਵਾਮ: ਅ਼. دوام ਵਯ- ਹਮੇ دوامی ਸ਼ਹ. ਨਿੱਤਯ. ਸਦੈਵ.

ਦਵਾਮੀ: ਅ਼. ਵਿ- ਸ੍ਥਾਯੀ. ਨਿਤਯ ਰਹਿਣ ਵਾਲਾ.

ਦਵਾਲਾ: ਦੇਖੋ, ਦਿਵਾਲਾ। ੨. ਦੇਖੋ, ਦੇਵਾਲਾ.

ਦਵਿਸ਼: ਦੇਖੋ, ਧੌਸ.

ਦਵੀਦਨ: ਫ਼ਾ. دویدن ਕ੍ਰਿ- ਦੌੜਨਾ. ਨੱਠਣਾ.

ਦਵੰਤ: ਦਬੰਤ. ਦਬਦਾ, ਦਬਦੀ ਹੈ। ੨. ਦਮਨ ਹੋਵੰਤ. "ਦਵੰਤ ਦੁਸਟਮੰਡਲੀ." (ਗਯਾਨ)

ਦੜ: ਦਰ. ਵਿੱਚ. ਦੇਖੋ, ਦਰ ੬। ੨. ਦੇਖੋ, ਦੜਨਾ.

ਦੜਕਨਾ: ਕ੍ਰਿ- ਦਰ (ਡਰ) ਕਰਨਾ. ਵੈਰੀ ਦੇ ਚਿੱਤ ਤੇ ਦਬਾਉ ਪਾਉਣਾ. ਗਰਜਣਾ. ਲਲਕਾਰਨਾ। ੨. ਪ੍ਰਸਿੱਧ ਹੋਣਾ.

ਦੜਨਾ: ਕ੍ਰਿ- ਦਰ- ਵੜਨਾ. ਅੰਦਰ ਲੁਕਣਾ. ਡਰਕੇ ਦਬਜਾਣਾ. ਮਚਲਾ ਹੋਣਾ.

ਦੜਪ: ਸੰਗਯਾ- ਰਾਵੀ ਅਤੇ ਚਨਾਬ ਦੇ ਮਧ੍ਯ ਦਾ ਦੇਸ਼. ਰਚਨ ਦੋਆਬ। ੨. ਦਰ- ਅਪ. ਦੋ ਜਲਾਂ ਦੇ ਅੰਦਰ ਦਾ ਦੇਸ਼। ੩. ਕਛਾਰ (alluvial land).

ਦੜਬੜਾਟ: ਅਨੁ ਸੰਗਜਾ- ਦੜ ਬੜ ਆਹਟ. ਘੋੜੇ ਦੇ ਦੌੜਨ ਤੋਂ ਉਪਜੀ ਧੁਨਿ. "ਦੜਬੜਾਇ ਘੋੜਾ ਤਬ ਛੇੜਾ." (ਗੁਪ੍ਰਸੂ)

ਦੜਾਦੜ: ਅਨੁ. ਡਿਗਣ ਤੋਂ ਹੋਇਆ ਸ਼ਬਦ. ਦੜ ਦੜ. "ਧਰ ਪਰ ਪਰਹਿਂ ਦੜਾਦੜ ਜੋਧੇ." (ਗੁਪ੍ਰਸੂ)

ਦੜਿ: ਦਰਿ. ਅੰਦਰ. ਭੀਤਰ. "ਦੜਿ ਦੀਬਾਣਿ ਨ ਜਾਹੀ." (ਵਾਰ ਮਾਝ ਮਃ ੧)

ਦੜੋਲੀ ਭਾਤਪੁਰ: ਇੱਕ ਪਿੰਡ, ਜੋ ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ ਵਿੱਚ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰੁਦ੍ਵਾਰਾ ਹੈ.

ਦਾ: ਸੰ. दा. ਧਾ- ਦੇਣਾ, ਸੌਂਪਣਾ, ਰੱਖਣਾ, ਲੈਣਾ, ਕਤਰਨਾ। ੨. ਵਿ- ਦਾਤਾ. ਦੇਣ ਵਾਲਾ. ਐਸੀ ਹਾਲਤ ਵਿੱਚ ਸ਼ਬਦ ਦੇ ਅੰਤ "ਦਾ" ਆਉਂਦਾ ਹੈ. "ਬਰ ਚਾਰ ਪਦਾਰਥ ਦਾ ਬਰ ਚਾਰ." (ਨਾਪ੍ਰ) ੩. ਸੰਬੰਧ ਬੋਧਕ ਪ੍ਰਤ੍ਯਯ. ਕਾ. "ਤਿਸ ਦਾ ਹੁਕਮ ਮੇਟਿ ਨ ਸਕੈ ਕੋਈ." (ਮਾਝ ਅਃ ਮਃ ੩) ੩. ਸੰਗਜਾ- ਦਾਉ ਦਾ ਸੰਖੇਪ. "ਦਾ ਕਹਿਂ ਪਰੈ." (ਗ੍ਯਾਨ)

ਦਾਂ: ਫ਼ਾ ਵਿ- ਜਾਣਨ ਵਾਲਾ. ਦੇਖੋ, ਨਾਦਾਂ."ਖ਼ੁਦਪਰਸ੍ਤੀ ਕਾਰੇ ਨਾਦਾਂ ਆਮਦਹ." (ਜਿੰਦਗੀ)

ਦਾਉ: ਸੰਗਜਾ- ਦਾਵ. ਘਾਤ. ਯੋਗ੍ਯ ਮੌਕਾ. ਫ਼ਾ. ਦਾਉ. "ਅਬ ਜੂਝਨ ਕੋ ਦਾਉ." (ਮਾਰੂ ਕਬੀਰ) ੨. ਸਮਾਂ. ਵੇਲਾ. ਅਵਸਰ. "ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ." (ਬਸੰ ਮਃ ੫)

ਦਾਉਣ: ਸੰਗਜਾ- ਦਾਮਨ. ਰੱਸੀ। ੨. ਮੰਜਾ ਕਸਣ ਦਾ ਰੱਸੀ. ਦਾਵਣ.

ਦਾਊ: ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਦਾ ਯੋਧਾ, ਜਿਸ ਨੇ ਅਮ੍ਰਿਤਸਰ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ। ੨. ਕ੍ਰਿਸ਼ਨ ਜੀ ਦਾ ਵਡਾ ਭਾਈ ਬਲਦੇਵ। ੩. ਵਡਾ ਭਾਈ.

ਦਾਊਦ: داؤُد David. ਇਸਰਾਈਲ ਵੰਸ਼ੀ ਜਰੂਸਲਮ ਦਾ ਇੱਕ ਬਾਦਸ਼ਾਹ, ਜੋ ਜੈਸੀ ਦਾ ਪੁਤ੍ਰ ਅਤੇ ਸੁਲੇਮਾਨ ਦਾ ਪਿਤਾ ਸੀ. ਇਸ ਦੀ ਗਿਣਤੀ ਪੈਗ਼ੰਬਰਾਂ ਵਿੱਚ ਹੈ. ਜ਼ਬੂਰ (زبُور) ਖ਼ੁਦਾ ਵੱਲੋਂ ਇਸੇ ਨੂੰ ਪ੍ਰਾਪਤ ਹੋਇਆ ਹੈ, ਜਿਸ ਤੋਂ (Pslms of David) ਸੰਗਜਾ ਹੋਈ. ਦਾਊਦ ੭੦ ਵਰ੍ਹੇ ਦੀ ਉਮਰ ਭੋਗਕੇ ਜਰੂਸਲਮ ×× ਵਿੱਚ ਮੋਇਆ, ਜਿੱਥੇ ਉਸ ਦੀ ਕ਼ਬਰ ਵਿਦ੍ਯਮਾਨ ਹੈ. ਬਾਈਬਲ ਤੋਂ ਪ੍ਰਤੀਤ ਹੁੰਦਾ ਹੈ ਕਿ ਜਰੂਸਲਮ ਦਾਊਦ ਨੇ ਹੀ ਆਬਾਦ ਕੀਤਾ ਹੈ ਕਯੋਂਕਿ ਉਸ ਦਾ ਨਾਮ ਦਾਊਦ ਦਾ ਸ਼ਹਿਰ (City of David) ਲਿਖਿਆ ਹੈ.

ਦਾਊਦੀ: ਅ਼. داؤُدی ਸੰਗਜਾ- ਹੁਜਰਤ ਦਾਊਦ ਦਾ ਮਤ ਧਾਰਨ ਵਾਲਾ। ੨. ਇੱਕ ਪੌਧਾ, ਜਿਸ ਨੂੰ ਸਰਦੀ ਵਿੱਚ ਅਨੇਕ ਰੰਗੇ ਫੁੱਲ ਲਗਦੇ ਹਨ, ਇਹ ਗੁਲਦਾਊਦੀ ਨਾਮ ਤੋਂ ਪ੍ਰਸਿੱਧ ਹੈ. Chrysanthemum.

ਦਾਓਜਈ: داؤدزی ਅਥਵਾ ਦਾਊਦਜ਼ਈ. ਮਨਸੂਰ ਅਤੇ ਮੰਗੀਜ਼ਈ ਪਠਾਣਾਂ ਦੀ ਇੱਕ ਸ਼ਾਖ਼. "ਚਲੇ ਚੁੰਗ ਦਾਓਜਈ ਬੀਰ ਆਏ." (ਗੁਪ੍ਰਸੂ)

ਦਾਇ: ਦੇਖੋ, ਦਾਉ। ੨. ਦੇਖੋ, ਦਾਯ.

ਦਾਇਆ: ਸੰਗਜਾ- ਬਾਲਕ ਨੂੰ ਪਾਲਣ ਅਤੇ ਖਿਡਾਉਣ ਵਾਲਾ. "ਦਿਵਸੁ ਰਾਤਿ ਦੁਇ ਦਾਈ ਦਾਇਆ." (ਜਪੁ)

ਦਾਇਕ: ਦੇਣ ਵਾਲਾ. ਦੇਖੋ, ਦਾਯਕ.

ਦਾਇਜ: ਦੇਖੋ, ਦਾਜ. "ਦੋਊ ਕੁਲ ਰੀਤਿ ਕੀਨ ਦਾਇਜ ਬਹੁਤ ਦੀਨ." (ਨਾਪ੍ਰ)

ਦਾਇਮ, ਦਾਇਮਾ, ਦਾਇਮੁ: ਅ਼. دائِم ਦਾਯਮ ਅਤੇ دائِما ਕ੍ਰਿ. ਵਿ- ਨਿਤ੍ਯ. ਹਮੇਸ਼. ਸਦੈਵ. "ਕਰਿ ਫਕਰੁ ਦਾਇਮ." (ਤਿਲੰ ਕਬੀਰ) "ਕਾਇਮੁ ਦਾਇਮੁ ਸਦਾ ਪਾਤਿਸਾਹੀ." (ਗਉ ਰਵਿਦਾਸ)

ਦਾਇਯਹ, ਦਾਇ੍ਯਹ: ਅ਼. داعِیہ ਸੰਗਜਾ- ਇੱਛਾ ਚਾਹ। ੨. ਇਰਾਦਾ. ਸੰਕਲਪ. ਦੇਖੋ, ਦਾਈਆ। ੩. ਸਬਬ. ਕਾਰਣ.

ਦਾਈ: ਸੰਗਯਾ- ਦਾਉ. ਖੇਡ ਵਿੱਚ ਸੰਕੇਤ ਕੀਤੇ ਦਾਊ ਨੂੰ ਛੁਹਣ ਦੀ ਕ੍ਰਿਯਾ. "ਭਾਗ ਚਲੈਂ ਨਹਿ ਦੇਤ ਗਹਾਈ। ਅਤਿ ਲਘੁਤਾ ਕਰ ਛੈਹੈਂ ਦਾਈ." (ਨਾਪ੍ਰ) ੨. ਸੰ. ਧਾਤ੍ਰੀ. ਦਾਯਹ ਚੁੰਘਾਵੀ. ਪਾਲਣ ਵਾਲੀ ਮਾਤਾ. ਦੇਖੋ, ਦਾਇਆ। ੩. ਵਿ- ਦੇਣ ਵਾਲਾ. ਦਾਯਕ (दायिन). "ਸੁਖਦਾਈ ਪੂਰਨ ਪਰਮੇਸਰ." (ਕੈਦਾ ਮਃ ੫) ੪. ਦਾਉ (ਘਾਤ) ਜਾਣਨ ਵਾਲਾ. "ਜੰਗੀ ਦੁਸਮਨ ਦਾਈ." (ਭਾਗੁ)

ਦਾਈਆ: ਦੇਖੋ, ਦਾਇ਼ਯਹ. "ਦਾਈਆ ਸੀਸ ਦੈਨ ਲੌ ਰਖਤੇ." (ਪੰਪ੍ਰ)

ਦਾਈਐ: ਦਾਇ਼ਯਹ ਨਾਲ. ਦੇਖੋ, ਦਾਇ਼ਯਹ. "ਹੁਕਮੀ ਸਿਰਿ ਜੰਦਾਰ ਮਾਰੈ ਦਾਈਐ." (ਵਾਰ ਮਾਝ ਮਃ ੧)

ਦਾਸ: ਸੰ. दाश. ਧਾ- ਸੇਵਾ ਕਰਨਾ, ਭੇਟਾ ਅਰਪਣਾ। ੨. ਸੰ. दास. ਧਾ- ਦੇਣਾ, ਨੁਕ਼ਸਾਨ ਪੁਚਾਉਣਾ। ੩. ਸੰਗਯਾ- ਸੇਵਕ. "ਦਾਸ ਅਪਨੇ ਕੋ ਤੂ ਵਿਸਰਹਿ ਨਾਹੀ." (ਸੋਰ ਮਃ ੫) ੪. ਉਪਾਸਕ. ਪੂਜਕ. "ਦਾਸਹਿ ਏਕੁ ਨਿਹਾਰਿਆ." (ਬਾਵਨ) ੫. ਨੌਕਰ। ੬. ਇੱਕ ਭੱਟ, ਜਿਸ ਦੀ ਰਚਨਾ ਸਵੈਯਾਂ ਵਿੱਚ ਹੈ. "ਅਬ ਰਾਖਹੁ ਦਾਸ ਭਾਟ ਕੀ ਲਾਜ." (ਸਵੈਯੇ ਮਃ ੪. ਕੇ) ੭. ਲਾਲਸਿੰਘ ਕਵਿ ਦੀ ਛਾਪ. ਦੇਖੋ, ਲਾਲ ਸਿੰਘ। ੮. ਬਾਵਾ ਰਾਮਦਾਸ ਜੀ ਦੀ ਛਾਪ. ਦੇਖੋ, ਰਾਮਦਾਸ ਬਾਵਾ। ੯. ਸੰਗਯਾ- ਰਾਖਸ. ਦਸਯੁ. "ਪੰਚ ਦਾਸ ਤੀਨਿ ਦੋਖੀ." (ਕੇਦਾ ਮਃ ੫) ੧੦. ਗ਼ੁਲਾਮ. ਮੁੱਲ ਲੀਤਾ ਨੌਕਰ. "ਦਾਸਾ ਕਾ ਦਾਸ ਵਿਰਲਾ ਕੋਈ ਹੋਇ." (ਬਸੰ ਮਃ ੩) ੧੧. ਮਾਹੀਗੀਰ. ਧੀਵਰ. "ਦਾਸ ਜਾਲਪਾਨ ਹੈ." (ਨਾਪ੍ਰ)

ਦਾਸ ਅਨਨ੍ਯ, ਦਾਸ ਅਨਿੰਨ: ਵਿ- ਅਨਨ੍ਯ ਦਾਸ. ਉਹ ਸੇਵਕ, ਜੋ ਆਪਣੇ ਸ੍ਵਾਮੀ ਤੋਂ ਛੁੱਟ ਅਨ੍ਯ (ਹੋਰ) ਨੂੰ ਨਾ ਉਪਾਸੇ. "ਦਾਸ ਅਨਿੰਨ ਮੇਰੋ ਨਿਜਰੂਪ." (ਸਾਰ ਨਾਮਦੇਵ)

ਦਾਸਤ: ਸੰ. ਦਾਸਤ੍ਵ. ਸੰਗਯਾ- ਦਾਸ ਹੋਣ ਦਾ ਭਾਵ. ਦਾਸਪਨ. ਦੇਖੋ, ਦਾਸਤਭਾਇ। ੨. ਫ਼ਾ. داشت ਦਾਸ਼ਤ. ਪਾਲਣ ਪੋਸ਼ਣ. ਪਰਵਰਿਸ਼। ੩. ਵਿ- ਰੱਖਿਆ. ਦੇਖੋ, ਦਾਸ਼ਤਨ.

ਦਾਸ਼ਤਨ: ਫ਼ਾ. داشتن ਕ੍ਰਿ- ਰੱਖਣਾ.

ਦਾਸਤਭਾਇ: ਦਾਸਤ੍ਵਭਾਵ. ਦਾਸਪਨ ਦਾ ਖ਼ਿਆਲ. "ਆਪੁ ਛੋਡਿ ਹੋਹਿ ਦਾਸਤਭਾਇ." (ਬਸੰ ਮਃ ੩)

ਦਾਸਤਾਂ ਹਜਾਰ: ਦੇਖੋ, ਹਜਾਰ ਦਾਸਤਾਂ.

ਦਾਸਤਾਨ: ਫ਼ਾ. داستان ਸੰਗਯਾ- ਕਥਾ. ਕਹਾਣੀ। ੨. ਦ੍ਰਿਸ਼੍ਟਾਂਤ. ਮਿਸਾਲ.

ਦਾਸਤੁ, ਦਾਸਤ੍ਵ: ਸੰਗਯਾ- ਦਾਸਤ੍ਵ. ਦਾਸਪਨ. ਦਾਸਭਾਵ.

ਦਾਸ ਦਸਤਣ ਭਾਇ: ਦਾਸਾਨੁਦਾਸਤ੍ਵ ਭਾਵ. ਸੇਵਕਾਂ ਦਾ ਸੇਵਕ ਹੋਣ ਦਾ ਖ਼ਿਆਲ. "ਦਾਸ ਦਸਤਣ ਭਾਇ ਮਿਟਿਆ ਤਿਨਾ ਗਉਣ." (ਆਸਾ ਮਃ ੫)

ਦਾਸਦਸਾਇ, ਦਾਸਦਸਾਇਣ, ਦਾਸਦਸਾਈ, ਦਾਸਦਸਾਕੀ, ਦਾਸਦਸਾਣੀ, ਦਾਸਦਸਾਵਣਾ, ਦਾਸ ਦਸੋਨਾ, ਦਾਸ ਦਸੰਤਣ: ਦਾਸਾਨੁਦਾਸ. ਸੇਵਕਾਂ ਦਾ ਸੇਵਕ. ਗ਼ੁਲਾਮਾਂ ਦਾ ਗ਼ੁਲਾਮ. "ਨਾਨਕ ਦਾਸਦਸਾਇ." (ਬਾਵਨ) "ਤੇਰੈ ਦਾਸਨ ਦਾਸਦਸਾਇਣ." (ਨਟ ਮਃ ੫) "ਕਰਿ ਦਾਸਨਿ ਦਾਸਦਸਾਕੀ." (ਧਨਾ ਮਃ ੪) "ਨਾਨਕ ਦਾਸਦਸਾਣੀ." (ਮਾਰੂ ਸੋਲਹੇ ਮਃ ੪) "ਨਾਨਕ ਦਾਸਦਸਾਨਿਓ." (ਸਾਰ ਮਃ ੫) "ਨਾਨਕ ਦਾਸਦਸਾਵਣਿਆ." (ਮਾਝ ਅਃ ਮਃ ੩) "ਨਾਨਕ ਦਾਸਦਸੋਨਾ." (ਵਾਰ ਕਾਨ ਮਃ ੪)

ਦਾਸਦਸੰਤਣਭਾਇ: ਦਾਸਾਨੁਦਾਸਤ੍ਵਭਾਵ. "ਦਾਸਦਸੰਤਣਭਾਇ ਤਿਨਿ ਪਾਇਆ." (ਸੁਖਮਨੀ)

ਦਾਸਦਸੰਨਾ, ਦਾਸਦਾਸਰੋ, ਦਾਸਦਾਸੇਰਾ, ਦਾਸਦਾਸੰਨ, ਦਾਸਨਿਦਸਨਾ: ਦਾਸਾਨੁਦਾਸ. ਸੇਵਕਾਂ ਦਾ ਸੇਵਕ. "ਜਨ ਨਾਨਕ ਦਾਸਦਾਸੰਨਾ." (ਬਿਲਾ ਮਃ ੪) "ਨਾਨਕ ਜਨ ਕਾ ਦਾਸਨਿਦਸਨਾ." (ਸੁਖਮਨੀ)

ਦਾਸਨਿ ਦਾਸ ਦਸਾਇਣ: ਦਾਸਾਨੁਦਾਸ ਦਾ ਦਾਸਤ੍ਵ.

ਦਾਸਨਿ ਦਾਸ ਦਸਾਕੀ: ਦਾਸਾਨੁਦਾਸ ਦੀ ਸੇਵਕੀ. "ਕਰ ਦਾਸਨਿ ਦਾਸ ਦਸਾਕੀ." (ਧਨਾ ਮਃ ੪)

ਦਾਸਨਿਦਾਸਾ: ਦਾਸਾਨੁਦਾਸ. "ਦਾਸਨਿਦਾਸਾ ਹੋਇ ਰਹੁ." (ਵਾਰ ਕਾਨ ਮਃ ੪)

ਦਾਸਨਿਦਾਸੁ: ਸੇਵਕਾਂ ਦਾ ਸੇਵਕ. "ਦਾਸਨਿਦਾਸੁ ਹੋਵੈ ਤਾ ਹਰਿ ਪਾਏ." (ਸੋਰ ਮਃ ੩)

ਦਾਸ਼ਰਥ, ਦਾਸ਼ਰਥਿ, ਦਾਸ਼ਰਥੀ: ਵਿ- ਦਸ਼ਰਥ ਦਾ. ਰਾਜਾ ਦਸ਼ਰਥ ਨਾਲ ਹੈ ਜਿਸ ਦਾ ਸੰਬੰਧ। ੨. ਸੰਗਜਾ- ਦਸ਼ਰਥਪੁਤ੍ਰ, ਰਾਮਚੰਦ੍ਰ ਜੀ। ੩. ਭਰਤ, ਲਛਮਣ, ਸ਼ਤ੍ਰੁਘਨ.

ਦਾਸਰਾ, ਦਾਸਰੀ: ਦਾਸ. ਦਾਸੀ. ਦਾਸਭਾਵ ਵਾਲਾ (ਵਾਲੀ). "ਦਾਸ ਦਾਸ ਕੌ ਦਾਸਰਾ ਨਾਨਕ ਕਰਿ ਲੇਹ." (ਬਿਲਾ ਮਃ ੫) "ਤੇਰੇ ਦਾਸਰੇ ਕਉ ਕਿਸ ਕੀ ਕਾਣਿ?" (ਆਸਾ ਮਃ ੫) "ਸੰਤਾ ਕੀ ਹੋਇ ਦਾਸਰੀ." (ਆਸਾ ਮਃ ੫)

ਦਾਸਾਇ: ਦਾਸੀਆਂ ਹਨ. "ਜਾਂਕੇ ਕੋਟਿ ਐਸੀ ਦਾਸਾਇ." (ਗੂਜ ਮਃ ੫)

ਦਾਸਾਇਹਾ: ਦਾਸ- ਆਹਿਆ. ਸੇਵਕ ਹੈ.

ਦਾਸਾਇਣ, ਦਾਸਾਇਣੁ: ਦਾਸਤ੍ਵ ਦਾਸਭਾਵ.

ਦਾਸਾਨਿਦਾਸ, ਦਾਸਾਨੁਦਾਸ: ਦਾਸਾਨੁਦਾਸ. ਸੇਵਕਾਂ ਦਾ ਸੇਵਕ.

ਦਾਸਾਰ, ਦਾਸਾਰਾ: ਦਾਸ ਦਾ. ਦਾਸਾਂ ਦੀ. "ਨਾਨਕ ਰੇਨੁ ਦਾਸਾਰਾ." (ਮਾਰੂ ਮਃ ੫)

ਦਾਸਾਵੀਆ: ਦਾਸਤ੍ਵਭਾਵ ਵਾਲਾ (ਵਾਲੀ). "ਮਨ ਦਰਸਨ ਕੀ ਪਿਆਸ ਚਰਨਦਾਸਾਵੀਆ." (ਵਾਰ ਰਾਮ ੨. ਮਃ ੫)

ਦਾਸਿ, ਦਾਸਿਕਾ, ਦਾਸੀ: ਸੰਗਜਾ- ਸੇਵਾ ਕਰਨ ਵਾਲੀ. ਟਹਿਲਣ. "ਜਾਕੈ ਸਿਮਰਨਿ ਕਵਲਾ ਦਾਸਿ." (ਮਾਲੀ ਮਃ ੫) "ਗ੍ਰਿਹਿ ਭੂਜਾ ਲੀਨੀ ਦਾਸਿ ਕਾਂਨੀ." (ਬਿਲਾ ਛੰਤ ਮਃ ੫)"ਠਾਕੁਰ ਛਡਿ ਦਾਸੀ ਕਉ ਸਿਮਰਹਿ." (ਭੈਰ ਮਃ ੫) ਇੱਥੇ ਦਾਸੀ ਤੋਂ ਭਾਵ ਮਾਇਆ ਹੈ। ੨. ਮੁਹਰ. ਅਸ਼ਰਫ਼ੀ. "ਦਾਸੀ ਪਾਂਚ ਭੇਟ ਧਰਦੀਨੀ." (ਗੁਵਿ ੬) ੩. ਦਾਸ ਨੇ. "ਹਰਿ ਸੁਖਨਿਧਾਨ ਨਾਨਕ ਦਾਸਿ ਪਾਇਆ." (ਧਨਾ ਮਃ ੫) ੪. ਦੇਖੋ, ਦਾਸੀਂ.

ਦਾਸੀਂ: ਦਾਸਾਂ ਨੇ. "ਦਾਸੀਂ ਹਰਿ ਕਾ ਨਾਮੁ ਧਿਆਇਆ." (ਧਨਾ ਮਃ ੫)

ਦਾਸੀਸੁਤ: ਦਾਸੀਪੁਤ੍ਰ. ਟਹਿਲਣ ਦਾ ਬੇਟਾ. "ਦਾਸੀਸੁਤ ਜਨ ਬਿਦਰ." (ਗਉ ਨਾਮਦੇਵ) ਦੇਖੋ, ਵਿਦੁਰ.

ਦਾਸੁ: ਦੇਖੋ, ਦਾਸ. "ਦਾਸੁ ਕਬੀਰ ਤੇਰੀ ਪਨਹਿ." (ਭੈਰ ਕਬੀਰ) ੨. ਸੰ. ਦਾਸ਼ੁ. ਦਾਤਾ। ੩. ਦਿੱਤਾ ਹੋਇਆ.

ਦਾਸੂ: ਗੁਰੂ ਅੰਗਦ ਸਾਹਿਬ ਦੇ ਵਡੇ ਸਾਹਿਬਜ਼ਾਦੇ, ਜੋ ਮਾਤਾ ਖੀਵੀ ਜੀ ਦੇ ਉਦਰ ਤੋਂ ਸੰਮਤ ੧੫੮੧ ਵਿੱਚ ਖਡੂਰ ਜਨਮੇ.

ਦਾਸੇ: ਦਾਸ. ਸੇਵਕ. "ਹਮ ਦਾਸੇ ਤੁਮ ਠਾਕੁਰ ਮੇਰੇ." (ਗਉ ਮਃ ੫)

ਦਾਸ੍ਯ: ਸੰ. ਸੰਗਜਾ- ਦਾਸਤ੍ਵ. ਦਾਸ਼ਪਨ.

ਦਾਹ: ਸੰ. ਸੰਗਜਾ- ਦਗਧ ਕਰਨ ਦੀ ਕ੍ਰਿਯਾ. ਜਲਾਣਾ. ਦੇਖੋ, ਪਿਤ੍ਰਿਮੇਧ। ੨. ਜਲਨ. ਤਾਪ। ੩. ਇੱਕ ਰੋਗ, ਜਿਸ ਤੋਂ ਬਹੁਤ ਪਿਆਸ ਲਗਦੀ ਅਤੇ ਗਲ ਸੁਕਦਾ ਹੈ. ਜਲਨ. ਸੜਨ. ਦਾਝ. ਵੈਦਕ ਅਨੁਸਾਰ ਪਿੱਤ ਦਾਹ, ਮਦ੍ਯ ਦਾਹ ਆਦਿ ਇਸ ਦੇ ਸੱਤ ਭੇਦ ਹਨ. ਸ਼ਰੀਰ ਵਿੱਚ ਗਰਮੀ ਬਹੁਤ ਵਧਣ, ਖ਼ੂਨ ਦੇ ਜੋਸ਼ ਮਾਰਨ, ਤ੍ਰਿਖਾ ਰੋਕਣ, ਬਹੁਤ ਸ਼ਰਾਬ ਪੀਣ, ਬਹੁਤ ਭੋਗ ਕਰਨ, ਬਹੁਤ ਮਿਹਨਤ ਕਰਨ, ਨਿਰਾਹਾਰ ਵ੍ਰਤ ਰੱਖਣ, ਨਰਮ ਅਸਥਾਨ ਤੇ ਸੱਟ ਵੱਜਣ ਆਦਿ ਕਾਰਣਾਂ ਤੋਂ ਦਾਹ ਰੋਗ ਹੁੰਦਾ ਹੈ.

ਦਾਹ ਤੋਂ ਦਿਲ ਅਤੇ ਸ਼ਰੀਰ ਸੜਦਾ ਪ੍ਰਤੀਤ ਹੁੰਦਾ ਹੈ, ਜੀ ਘਬਰਾਉਂਦਾ ਹੈ, ਸਿਰ ਚਕਰਾਉਂਦਾ ਹੈ, ਖਾਣਾ ਪੀਣਾ ਨਹੀਂ ਭਾਉਂਦਾ.

ਇਸ ਦੇ ਸਾਧਾਰਣ ਇਲਾਜ ਇਹ ਹਨ- ਜਿਨ੍ਹਾਂ ਕਾਰਣਾਂ ਤੋਂ ਦਾਹ ਹੋਈ ਹੋਵੇ ਉਨ੍ਹਾਂ ਦਾ ਤਿਆਗ ਕਰਨਾ, ਤਿੱਖੇ ਰੁੱਖੇ ਬੋਝਲ ਖਾਣੇ ਛੱਡਕੇ ਨਰਮ ਅਤੇ ਸਾਂਤਕੀ ਭੋਜਨ ਵਰਤਣੇ. ਸ਼ਰੀਰ ਉੱਤੇ ਆਉਲੇ, ਬੇਰ ਦੀ ਛਿੱਲ, ਅਥਵਾ ਸੀਤਲ ਜਲ ਵਿੱਚ ਚੰਦਨ ਘਸਾਕੇ ਲੇਪ ਕਰਨਾ. ਕੌਲ ਫੁੱਲ ਅਤੇ ਕੇਲੇ ਦੇ ਪੱਤਿਆਂ ਤੇ ਲੇਟਣਾ. ਅਰਕ ਗੁਲਾਬ ਕੇਉੜਾ ਬੇਦਮੁਸ਼ਕ ਚੰਦਨ ਦੇ ਮੂੰਹ ਤੇ ਛਿੱਟੇ ਮਾਰਨੇ ਅਤੇ ਪੀਣਾ. ਨਹਿਰ ਨਦੀ ਫੁਹਾਰੇ ਪਾਸ ਬੈਠਣਾ. ਗੁਲਾਬ ਆਦਿ ਇ਼ਤਰ (ਅਤਰ) ਸੁੰਘਣੇ. ਸ਼ਰਬਤ ਸੰਦਲ, ਸੰਗਤਰਾ, ਨਿੰਬੂ, ਅਨਾਰ ਆਦਿ ਦਾ ਵਰਤਣਾ. ਬਹੁਤ ਨਰਮ ਅਤੇ ਸੀਤਲ ਜੁਲਾਬ ਦੀਆਂ ਦਵਾਈਆਂ ਦਾ ਸੇਵਨ ਕਰਨਾ, ਜਿਨ੍ਹਾਂ ਤੋਂ ਅੰਤੜੀ ਵਿੱਚ ਮਲ ਨਾ ਰਹੇ.

ਦਾਹਕ: ਵਿ- ਦਾਹ ਕਰਨ ਵਾਲਾ. ਜਲਾਉਣ ਵਾਲਾ.

ਦਾਹ ਕਰਮ: ਦੇਖੋ, ਪਿਤ੍ਰਿਮੇਧ.

ਦਾਹਣਾ: ਕ੍ਰਿ- ਦਾਹ ਕਰਨਾ. ਜਲਾਣਾ। ੨. ਵਿ- ਸੱਜਾ. ਦੇਖੋ, ਦਾਹਿਨਾ.

ਦਾਹਨ: ਸੰ. ਸੰਗਯਾ- ਜਲਾਉਣ ਦੀ ਕ੍ਰਿਯਾ. ਦਗਧ ਕਰਨ ਦਾ ਕਰਮ.

ਦਾਹਨੇ: ਕ੍ਰਿ. ਵਿ- ਦਾਹਿਨੇ. ਸੱਜੇ ਪਾਸੇ. "ਤਜਿ ਬਾਵੇ ਦਾਹਨੇ ਬਿਕਾਰਾ." (ਗਉ ਕਬੀਰ) ਦੇਖੋ, ਬਾਵੇਂ ਦਾਹਨੇ.

ਦਾਹੜੀ: ਦੇਖੋ, ਦਾੜ੍ਹੀ.

ਦਾਹਾ: ਸੰਗਯਾ- ਦਹੱਕਾ. ਦਸ ਦਾ ਸਮੁਦਾਯ। ੨. ਮੁਹ਼ੱਰਮ ਦੇ ਪਹਿਲੇ ਦਸ ਦਿਨ ਦੇਖੋ, ਦਹਾ। ੩. ਦਿਨ. ਦਿਹ. ਦਯੁ. "ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ, ਤੇ ਪਾਹੁਨ ਦੋ ਦਾਹਾ." (ਆਸਾ ਮਃ ੫) ਦੋ ਦਿਨਾਂ ਦੇ ਪਰਾਹੁਣੇ ਹਨ.

ਦਾਹਿ: ਦੇਖੋ, ਦਾਹ.

ਦਾਹਿਣਾ, ਦਾਹਿਨਾ: ਵਿ- ਦਕ੍ਸ਼ਿਣ. ਸੱਜਾ.

ਦਾਹਿਨੇ: ਦੇਖੋ, ਦਾਹਨੇ.

ਦਾਹੋਦਾਹੇ: ਦਸ਼ ਦਹੱਕੇ- ੧੦੦,

ਦਾਕਿਨਯ: ਸੰ. दाक्षिणय. ਸੰਗਯਾ- ਚਤੁਰਾਈ. ਪ੍ਰਬੀਣਤਾ। ੨. ਪ੍ਰਸੰਨਤਾ। ੩. ਵਿ- ਦਕ੍ਸ਼ਿਣ ਦਿਸ਼ਾ ਨਾਲ ਸੰਬੰਧ ਰੱਖਣ ਵਾਲਾ.

ਦਾਖ, ਦਾਖਾ: ਸੰ. ਦ੍ਰਾਕ੍ਸ਼ਾ. ਸੰਗਯਾ- ਸੁੱਕਾ ਹੋਇਆ ਅੰਗੂਰ. "ਲੋੜੇ ਦਾਖ ਬਿਜਉਰੀਆ." (ਸ. ਫਰੀਦ)

ਦਾਖਿਣ: ਦੇਖੋ, ਦਾਕ੍ਸ਼ਿਨਯ ੩.

ਦਾਖ਼ਿਲ: ਅ਼. داخل ਵਿ- ਪ੍ਰਵੇਸ਼ ਹੋਇਆ. ਸਾਥ ਮਿਲਿਆ.

ਦਾਗ: ਫ਼ਾ. داغ ਸੰਗਯਾ- ਨਿਸ਼ਾਨ. ਚਿੰਨ੍ਹ। ੨. ਧੱਬਾ. ਕਲੰਕ. "ਦਾਗ ਦੋਸ ਮੁਹਿ ਚਲਿਆ ਲਾਇ." (ਧਨਾ ਮਃ ੧) ੩. ਜਲਣ ਦਾ ਚਿੰਨ੍ਹ। ੪. ਦੇਖੋ, ਦਾਗੇ.

ਦਾਗਣਾ: ਕ੍ਰਿ- ਦਾਗ਼ ਦੇਣਾ. ਤਪੀ ਹੋਈ ਧਾਤੁ ਨਾਲ ਸ਼ਰੀਰ ਤੇ ਦਾਗ਼ ਲਗਾਉਣਾ। ੨. ਤੋਪ ਬੰਦੂਕ ਆਦਿ ਨੂੰ ਅੱਗ ਦੇਣੀ.

ਦਾਗਦਗਾਨਾ: ਦਾਗ਼ ਦਾਗਿਆ. ਤਪੀਹੋਈ ਧਾਤੁ ਨਾਲ ਚਿੰਨ੍ਹ ਕੀਤਾ. "ਹਮਰੈ ਮਸਤਕਿ ਦਾਗ ਦਗਾਨਾ." (ਗਉ ਮਃ ੪) ਦੇਖੋ, ਦਾਗ਼ ਬਰੂ.

ਦਾਗਨਾ: ਦੇਖੋ, ਦਾਗਣਾ.

ਦਾਗ਼ ਬਰ ਰੂ, ਦਾਗ਼ ਬਰੂ: ਫ਼ਾ. داغ‌بررو ਸੰਗਜਾ- ਗ਼ੁਲਾਮ, ਜਿਸ ਦੀ ਪੇਸ਼ਾਨੀ ਤੇ ਦਾਗ਼ ਹੈ. ਪੁਰਾਣੇ ਜ਼ਮਾਨੇ ਗ਼ੁਲਾਮਾਂ ਦੇ ਮੱਥੇ ਤਪੀਹੋਈ ਧਾਤੁ ਨਾਲ ਦਾਗ਼ ਦਿੱਤਾ ਜਾਂਦਾ ਸੀ, ਜਿਸ ਤੋਂ ਉਨ੍ਹਾਂ ਦੀ ਪਛਾਣ ਰਹੇ. ਗੁਲਾਮਾਂ ਦੇ ਮਾਲਿਕ, ਆਪਣੇ ਆਪਣੇ ਜੁਦੇ ਚਿੰਨ੍ਹ ਗੁਲਾਮਾਂ ਦੇ ਮੱਥੇ ਲਾਇਆ ਕਰਦੇ ਸਨ, ਜਿਸ ਤੋਂ ਉਹ ਦੂਜੇ ਦੇ ਗੁਲਾਮਾਂ ਤੋਂ ਵੱਖ ਰਹਿਣ.

ਦਾਗਰ: ਵਿ- ਦਾਗਲ. ਦਾਗ਼ਦਾਰ. ਕਲੰਕਿਤ। ੨. ਫ਼ਾ. دغل ਦਗ਼ਲ. ਸੰਗਜਾ- ਫ਼ਰੇਬ. ਕਪਟ. ਮਕਰ. "ਬਿਨਸੈ ਦੁਖ ਦਾਗਰ." (ਵਾਰ ਕਾਨ ਮਃ ੪) ੩. ਵਿ- ਖੋਟਾ। ੪. ਮੱਕਾਰ.

ਦਾਗਾਦਾਗ: ਦਾਗ਼ ਪੁਰ ਦਾਗ਼. ਮਹਾਨ ਕਲੰਕ. "ਸਭਾ ਕਾਲਖ ਦਾਗ਼ਾਦਾਗ." (ਧਨਾ ਮਃ ੧)

ਦਾਗੀ: ਵਿ- ਦਾਗ਼ ਵਾਲਾ।. ੨ ਕਲੰਕਿਤ. ਦੋਸ਼ੀ। ੩. ਕਾਂਗੜੇ ਅਤੇ ਸ਼ਿਮਲੇ ਦੇ ਜਿਲੇ ਕੋਲੀਆਂ ਤੁੱਲ ਇੱਕ ਜਾਤਿ.

ਦਾਗੇ: ਵਿ- ਚਿੰਨ੍ਹ ਸਹਿਤ. "ਦਾਗੇ ਹੋਇ ਸੁ ਰਨ ਮਹਿ ਜੂਝਹਿ, ਬਿਨੁ ਦਾਗੇ ਭਗਿਜਾਈ." (ਰਾਮ ਕਬੀਰ) ਜਿਨ੍ਹਾਂ ਦੇ ਸ਼ਰੀਰ ਤੇ ਸ਼ਸਤ੍ਰ ਦੇ ਜਖ਼ਮ ਦਾ ਚਿੰਨ੍ਹ ਹੈ ਉਹ ਭੈ ਨਹੀਂ ਕਰਦੇ, ਜਿਨ੍ਹਾਂ ਨੇ ਕਦੇ ਵਾਰ ਖਾਧਾ ਨਹੀਂ ਉਹ ਨਾ ਤਜਰਬੇਕਾਰ ਨੱਠ ਜਾਂਦੇ ਹਨ.

ਦਾਘ: ਸੰ. ਸੰਗਜਾ- ਗਰਮੀ. ਦਾਹ. ਜਲਨ.

ਦਾਜ, ਦਾਜੁ: ਸਿੰਧੀ. ਡਾਜੁ. ਅ਼. جہیز ਜਹੇਜ਼. ਸੰ. ਦਾਯ. ਉਹ ਧਨ ਆਦਿ ਪਦਾਰਥ, ਜੋ ਵਿਆਹ ਸਮੇਂ ਕੰਨਯਾ ਨੂੰ ਪਿਤਾ, ਭ੍ਰਾਤਾ ਆਦਿ ਸੰਬੰਧੀਆਂ ਵੱਲੋਂ ਮਿਲੇ. ਦਹੇਜ. Dowry. "ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁਪਾਜੋ." (ਸ੍ਰੀ ਛੰਤ ਮਃ ੪)

ਦਾਝ: ਸੰਗਜਾ- ਦੇਖੋ, ਦਾਘ। ੨. ਪਿਆਸ. ਤ੍ਰਿਖਾ। ੩. ਦਗਧ ਹੋਣ ਦਾ ਭਾਵ. "ਨਿਤ ਦਾਝਹਿ ਤੈ ਬਿਲਲਾਇ." (ਸ੍ਰੀ ਅਃ ਮਃ ੩) ੪. ਸੰ. ਦਾਹਯ. ਵਿ- ਦਗਧ ਕਰਨ ਯੋਗਯ. ਜਲਾਉਣ ਲਾਇਕ਼। ੫. ਇੱਕ ਰੋਗ. ਦੇਖੋ, ਦਾਹ ੩.

ਦਾਝਨੁ: ਸੰਗਜਾ- ਜਲਨ. ਦਾਹ. "ਦਾਵ੍ਰ ਦਾਝਨੁ ਹੋਤ ਹੈ." (ਸ. ਕਬੀਰ)

ਦਾਝਿ: ਸੰਗਜਾ- ਦਹਨ ਅਗਨਿ. ਦਗਧ ਕਰਨ ਦੀ ਹੈ ਜਿਸ ਵਿੱਚ ਸ਼ਕਤਿ। ੨. ਵਿ- ਦਗਧ. ਜਲਿਆ ਹੋਇਆ. "ਦਾਝਿ ਗਏ ਤ੍ਰਿਣ ਪਾਪ ਸੁਮੇਰ." (ਰਾਮ ਮਃ ੫) ਪਾਪਰੂਪ ਤ੍ਰਿਣਾਂ ਦੇ ਪਹਾੜ ਦਗਧ ਹੋਗਏ.

ਦਾਢੜੀ: ਸੰਗਜਾ- ਦਗਧ ਕਰਨ ਵਾਲੀ ਅਗਨਿ. "ਕੋਪਰ ਉਤੈ ਦਾਢੜੀ." (ਮਃ ੧. ਬੰਨੋ)

ਦਾਢੀ: ਸੰਗਜਾ- ਦਾੜ੍ਹੀ. ਸਮਸ਼੍ਰੁ. ਰੀਸ਼। ੨. ਵਿ- ਦਗਧ ਕੀਤੀ. ਜਲਾਈ. 'ਆਵਤ ਹੀ ਦਾਢੀ ਛਾਤੀ ਦਾਢੀ ਛਿਤਿਪਾਲਨ ਕੀ. ' (ਕਵਿ ੫੨) ਦਾੜ੍ਹੀ ਆਉਂਦੇ ਹੀ (ਜਵਾਨ ਹੁੰਦੇ ਹੀ) ਰਾਜਿਆਂ ਕੀ ਛਾਤੀ ਜਲਾਦੀ.

ਦਾਣ: ਦੇਖੋ, ਦਾਣੁ.

ਦਾਣਵ: ਦੇਖੋ, ਦਾਨਵ.

ਦਾਣਾ: ਸੰਗਜਾ- ਅਨਾਜ ਦਾ ਬੀਜ. ਕਣ. ਦਾਨਾ ਫ਼ਾ. دانہ ਦਾਨਹ. "ਜਹਾ ਦਾਣੇ ਤਹਾ ਖਾਣੇ." (ਵਾਰ ਸੋਰ ਮਃ ੨) ੨. ਫ਼ਾ. دانا ਵਿ- ਦਾਨਾ. ਅ਼ਕਲਮੰਦ. ਗਯਾਤਾ. "ਸਤਗੁਰੁ ਸਾਹੁ ਪਾਇਓ ਵਡ ਦਾਣਾ." (ਜੈਤ ਮਃ ੪)

ਦਾਣੀ: ਵਿ- ਦਾਨੀ. ਦਾਨ ਕਰਨ ਵਾਲਾ. "ਜੋ ਸਰਬ ਸੁਖਾ ਕਾ ਦਾਣੀ ਹੈ." (ਮਾਰੂ ਸੋਲਹੇ ਮਃ ੪)

ਦਾਣੁ: ਦੇਖੋ, ਦਾਣਾ ੧. "ਪਹਿਲਾ ਧਰਤੀ ਸਾਧਿਕੈ ਸਚੁਨਾਮੁ ਦੇ ਦਾਣੁ." (ਸ੍ਰੀ ਮਃ ੧) ਸਤਯਨਾਮ ਦਾ ਬੀਜ ਪਾਵੇ। ੨. ਦੇਖੋ, ਦਾਨ. "ਆਪੇ ਦੇਵੈ ਦਾਣੁ." (ਸੋਰ ਮਃ ੪)

ਦਾਨੂ: ਡਿੰਗ. ਸੰਗਜਾ- ਦਾਨਵ. ਦੈਤ.

ਦਾਤ: ਸੰ. ਦਾਤ੍ਰ. ਸੰਗਜਾ- ਖੇਤੀ ਕੱਟਣ ਦਾ ਸੰਦ. ਦਾਤੀ. "ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ." (ਸ੍ਰੀ ਮਃ ੫) ੨. ਦੇਖੋ, ਦਾਤਿ। ੩. ਸੰ. ਦਾਤ. ਵਿ- ਖੰਡਿਤ. ਕੱਟਿਆ ਹੋਇਆ। ੪. ਸ਼ੁੱਧ. ਪਵਿਤ੍ਰ.

ਦਾਂਤ: ਸੰ. ਦੰਤ. ਸੰਗਜਾ- ਦੰਦ. "ਜਿਨ ਦਾਂਤਨ ਘਾਸ ਗਹਜੋ ਬਲ ਹਾਰਜੋ." (ਕ੍ਰਿਸਨਾਵ) ੨. ਸੰ. दान्त. ਵਿ- ਦਮਨ ਕੀਤਾ। ੩. ਦਮਨ ਕਰਨ ਵਾਲਾ। ੪. ਦੰਦ ਦਾ ਬਨਿਆ ਹੋਇਆ.

ਦਾਂਤਕ: ਦੰਦ. ਦੇਖੋ, ਦੰਤਕ. "ਰਿਸਜੋ ਟੂਕ ਦਾਂਤਕ ਠੈਲੇ." (ਕ੍ਰਿਸਨਾਵ) ੨. ਦਾਂਤ (ਦਮਨ) ਕਰਨ ਵਾਲਾ. ਦੇਖੋ, ਦਾਂਤ ੨.

ਦਾਤਣ, ਦਾਤਨ: ਸੰ. ਦੰਤਧਾਵਨ. ਸੰਗਜਾ- ਦੰਦ ਸਾਫ ਕਰਨ ਦੀ ਕੂਚੀ. "ਦਾਤਨ ਨੀਤਿ ਕਰੇਇ, ਨਾ ਦੁਖ ਪਾਵੈ ਲਾਲ ਜੀ." (ਤਨਾਮਾ) ਹਾਰੀਤ ਸਿਮ੍ਰਿਤੀ ਦਾ ਲੇਖ ਹੈ ਕਿ ਏਕਮ, ਮੌਸ, ਛਠ ਅਤੇ ਨੌਮੀ ਨੂੰ ਜੋ ਦਾਤਣ ਕਰਦਾ ਹੈ, ਉਸ ਦੇ ਸੱਤ ਕੁਲ ਭਸਮ ਹੋਜਾਂਦੇ ਹਨ. ਦੇਖੋ, ਅਧਜਾਯ ੪, ਸ਼ਃ ੧੦. ਅਤ੍ਰਿ ਲਿਖਦਾ ਹੈ ਕਿ ਉਂਗਲ ਨਾਲ ਦੰਦ ਸਾਫ ਕਰਨੇ, ਗੋਮਾਂਸ ਖਾਣ ਤੁੱਲ ਹੈ. ਦੇਖੋ, ਅਤ੍ਰਿ ਸਿਮ੍ਰਿਤਿ. ਸ਼. ੩੧੩.

ਦਾਤਨ ਸਾਹਿਬ: ਦੇਖੋ, ਮਘਿਆਣਾ ਕਲਾਂ.

ਦਾਂਤਨੀ: ਸੰਗਜਾ- ਦੰਦਣ. ਮੂਰਛਾ ਵਿੱਚ ਦੰਦ ਜੁੜਨ ਦਾ ਭਾਵ. "ਛਿਤਿ ਗਿਰਗਈ ਦਾਂਤਨੀ ਪਰੀ." (ਚਰਿਤ੍ਰ ੧੪੨) ੨. ਵਿ- ਵਡੇ ਦੰਦਾਂ ਵਾਲੀ.

ਦਾਂਤਲੀ: ਸੰਗਜਾ- ਦੰਦਿਆਂ ਵਾਲੀ ਦਾਤੀ. ਦਾਤ੍ਰੀ.

ਦਾਂਤਵਸਨ: ਦੰਦਾਂ ਦਾ ਪੜਦਾ ਹੋਠ. ਰਦਛਦ.

ਦਾਤਵਜ: ਸੰ. ਵਿ- ਦੇਣ ਯੋਗਜ. ਦੇਣ ਲਾਇਕ। ੨. ਸੰਗਜਾ- ਉਦਾਰਤਾ.

ਦਾਤੜਾ: ਸੰਗਜਾ- ਦਾਨ ਦੇਣ ਵਾਲਾ. ਦਾਤਾ. "ਹਰਿ ਦਾਤੜੇ ਮੇਲਿ ਗੁਰੂ." (ਆਸਾ ਛੰਤ ਮਃ ੪)

ਦਾਤੜੀ: ਸੰਗਜਾ- ਦਾਤ. ਬਖ਼ਸ਼ਿਸ਼. "ਏਹਾ ਪਾਈ ਮੂ ਦਾਤੜੀ." (ਸੂਹੀ ਅਃ ਮਃ ੫)

ਦਾਤਾ, ਦਾਤਾਰ: ਸੰ. दातृ- ਦਾਤ੍ਰਿ. ਦਾਨ ਦੇਣ ਵਾਲਾ. ਦਾਨੀ. "ਦਾਤਾ ਕਰਤਾ ਆਪਿ ਤੂੰ." (ਵਾਰ ਆਸਾ)

ਦਾਤਾਰਕੌਰ: ਸਰਦਾਰ ਰਨਸਿੰਘ ਸਿੰਧੂ ਨਕਈ ਰਈਸ ਦੀ ਸੁਪੁਤ੍ਰੀ, ਜਿਸ ਦੀ ਸ਼ਾਦੀ ਮਹਾਰਾਜਾ ਰਣਜੀਤਸਿੰਘ ਨਾਲ ਸਨ ੧੭੯੮ ਵਿੱਚ ਹੋਈ. ਇਸ ਦੀ ਕੁੱਖ ਤੋਂ ਵਲੀਅਹਿਦ ਖੜਗਸਿੰਘ ਦਾ ਜਨਮ ਹੋਇਆ. ਇਸ ਦਾ ਅਸਲ ਨਾਮ ਰਾਜਕੌਰ ਸੀ, ਪਰ ਮਹਾਰਾਜਾ ਰਣਜੀਤਸਿੰਘ ਜੀ ਦੀ ਮਾਤਾ ਦਾ ਨਾਉਂ ਰਾਜਕੌਰ ਹੋਣ ਕਰਕੇ ਇਸ ਦਾ ਨਾਮ ਦਾਤਾਰਕੌਰ ਰੱਖਿਆ ਗਿਆ.[627] ਮਹਾਰਾਜਾ ਸਾਹਿਬ ਇਸ ਨੂੰ "ਨਕੈਣ" ਕਹਿਕੇ ਬੁਲਾਇਆ ਕਰਦੇ ਸਨ. ਦਾਤਾਰ ਕੌਰ ਦਾ ਦੇਹਾਂਤ ਸਨ ੧੮੧੮ ਵਿੱਚ ਹੋਇਆ.

ਦਾਤਾਰਿ: ਦਾਤਾਰ ਨੇ. ਦਾਤੇ ਨੇ. "ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ." (ਵਾਰ ਸਾਰ ਮਃ ੫)

ਦਾਤਾਰੁ: ਦੇਖੋ, ਦਾਤਾਰ. "ਦਾਤਾਰੁ ਸਦਾ ਦਇਆਲੁ ਸੁਆਮੀ." (ਆਸਾ ਛੰਤ ਮਃ ੫)

ਦਾਤਿ: ਸੰ. ਸੰਗਜਾ- ਦਿੱਤੀ ਹੋਈ ਵਸਤੁ. "ਦਾਤਿ ਪਿਆਰੀ ਵਿਸਰਿਆ ਦਾਤਾਰਾ." (ਧਨਾ ਮਃ ੫) ੨. ਦਾਨ ਕਰਨ ਯੋਗਜ ਵਸਤੁ. "ਦੇਵਣ ਵਾਲੇ ਕੈ ਹਥਿ ਦਾਤਿ ਹੈ." (ਸ੍ਰੀ ਮਃ ੩) ੩. ਦੇਖੋ, ਦਾਤਾ. ਦਾਨੀ. "ਮਾਣਸ ਦਾਤਿ ਨ ਹੋਵਈ, ਤੂੰ ਦਾਤਾ

[627] ਗ੍ਰਿਫਨ ਸਾਹਿਬ ਨੇ ਭੁੱਲਕੇ ਮਹਾਰਾਜਾ ਦੀ ਭੂਆ ਦਾ ਨਾਮ ਰਾਜਕੋਰਾ ਲਿਖਿਆ ਹੈ.

ਸਾਰਾ." (ਮਾਰੂ ਅਃ ਮਃ ੧) ਮਨੁੱਖ ਦਾਤ੍ਰਿ (ਦਾਤਾ) ਨਹੀਂ ਹੋ ਸਕਦਾ, ਤੂੰ ਪੂਰਣ ਦਾਤਾ ਹੈਂ। ੪. ਦਾਨ. ਬਖ਼ਸ਼ਿਸ਼. "ਦਾਤਿ ਖਸਮ ਕੀ ਪੂਰੀ ਹੋਈ." (ਸੂਹੀ ਛੰਤ ਮਃ ੫)

ਦਾਂਤਿ: ਸੰ. ਸੰਗਯਾ- ਇੰਦ੍ਰੀਆਂ ਦਾ ਦਮਨ. ਇੰਦ੍ਰਿਯ ਨਿਗ੍ਰਹ। ੨. ਨੰਮ੍ਰਤਾ. ਹਲੀਮੀ.

ਦਾਤੀ: ਸੰ. दात्री. ਸੰਗਯਾ- ਛੋਟਾ ਦਾਤ੍ਰ. ਖੇਤੀ ਘਾਹ ਆਦਿ ਵੱਢਣ ਦਾ ਸੰਦ। ੨. ਬਖ਼ਸ਼ਸ਼. ਦੇਖੋ, ਦਾਤਿ. "ਦਾਤੀ ਸਾਹਿਬ ਸੰਦੀਆ." (ਵਾਰ ਸ੍ਰੀ ਮਃ ੧) ੩. दातृ- ਦਾਤ੍ਰਿ. ਦੇਣ ਵਾਲਾ (ਵਾਲੀ). "ਹਰਿ ਕੀ ਭਗਤਿ ਫਲਦਾਤੀ." (ਸੋਰ ਮਃ ੫) ੪. ਦਾਤ ਤੋਂ. ਬਖ਼ਸ਼ਿਸ਼ ਸੇ. "ਹਰਿ ਜੀਉ ਤੇਰੀ ਦਾਤੀ ਰਾਜਾ." (ਸੋਰ ਮਃ ੫)

ਦਾਤੁ: ਸੰ. ਸੰਗਯਾ- ਹਿੱਸਾ. ਭਾਗ. ਛਾਂਦਾ.

ਦਾਤੂ: ਗੁਰੂ ਅੰਗਦਦੇਵ ਜੀ ਦੇ ਛੋਟੇ ਸਾਹਿਬਜ਼ਾਦੇ ਜੋ ਮਾਤਾ ਖੀਵੀ ਜੀ ਦੇ ਉਦਰ ਤੋਂ ਸੰਮਤ ੧੫੯੪ ਵਿੱਚ ਖਡੂਰ ਜਨਮੇ.

ਦਾਤ੍ਰਿ, ਦਾਤ੍ਰੀ: ਦੇਖੋ, ਦਾਤ ਅਤੇ ਦਾਤੀ। ੨. ਦੇਣ ਵਾਲੀ. ਦੇਖੋ, ਦਾਤੀ ੩. "ਸਿੱਧਿਦਾਤ੍ਰੀ ਸਭਿਨ." (ਸਨਾਮਾ)

ਦਾਦ: ਸੰ. ਸੰਗਯਾ- ਦਾਨ. ਬਖ਼ਸ਼ਿਸ਼. "ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦ." (ਵਾਰ ਸਾਰ ਮਃ ੧) ੨. ਸੰ. ਦਦ੍ਰੂ. ਚਮੜੀ ਦੀ ਇੱਕ ਬੀਮਾਰੀ. ਦੇਖੋ, ਦੱਦ। ੩. ਫ਼ਾ. داد ਇਨਸਾਫ. ਨਯਾਯ. ਦੇਖੋ, ਦਾਦੀ। ੪. ਫ਼ਰਿਆਦ.

ਦਾਦਹ: ਫ਼ਾ. دادہ ਵਿ- ਦਿੱਤਾ ਹੋਇਆ.

ਦਾਦਕ: ਵਿ- ਦਾਦੇ ਦਾ। ੨. ਸੰਗਯਾ- ਦਾਦੇ ਦਾ ਵੰਸ਼. ਦਾਦਾ ਕੁਲ. "ਨਾਨਕ ਦਾਦਕ ਸਾਹੁਰੇ." (ਭਾਗੁ)

ਦਾਦਨ: ਫ਼ਾ. دادن ਕ੍ਰਿ- ਦੇਣਾ. ਦਾਨ ਕਰਨਾ.

ਦਾਦਰ: ਸੰ. ਦਦੁੱਰ. ਸੰਗਯਾ- ਡੱਡੂ. ਮੇਂਡਕ. ਭੇਕ. "ਦਾਦਰ ਤੂੰ ਕਬਹਿ ਨ ਜਾਨਸਿ ਰੇ." (ਮਾਰੂ ਮਃ ੧) ਇੱਥੇ ਦਾਦੁਰ ਤੋਂ ਭਾਵ ਵਿਸ਼ੇਲੰਪਟ ਜੀਵ ਹੈ.

ਦਾਦਰੀ: ਸੰਗਯਾ- ਜਵਾਰ ਅੰਨ. "ਦਾਦਰੀ ਚਬਾਈ." (ਚਰਿਤ੍ਰ ੭) ੨. ਜੀਂਦ ਰਿਆਸਤ ਦੀ ਇੱਕ ਤਸੀਲ ਅਤੇ ਉਸ ਦਾ ਪ੍ਰਧਾਨ ਨਗਰ, ਜੋ ਦਿੱਲੀ ਤੋਂ ੮੭ ਮੀਲ ਦੱਖਣ ਪੱਛਮ ਹੈ.

ਦਾਦਾ: ਸੰਗਯਾ- ਪਿਤਾ ਦਾ ਪਿਤਾ. ਪਿਤਾਮਹ. "ਪਿਊ ਦਾਦੇ ਕਾ ਖੋਲਿ ਡਿਠਾ ਖਜਾਨਾ." (ਗਉ ਮਃ ੫) ਇਸ ਥਾਂ ਭਾਵ ਬਜ਼ੁਰਗ ਸਤਿਗੁਰਾਂ ਦੀ ਬਾਣੀਰੁਪ ਭੰਡਾਰ ਤੋਂ ਹੈ। ੨. ਦੇਖੋ, ਦਾਦਹ.

ਦਾਦਿ: ਇਨਸਾਫ਼ ਨੂੰ. ਦੇਖੋ, ਦਾਦੀ.

ਦਾਦਿਰ: ਦੇਖੋ, ਦਾਦਰ. "ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ." (ਗਉ ਰਵਿਦਾਸ)

ਦਾਦੀ: ਸੰਗਯਾ- ਪਿਤਾ ਦੀ ਮਾਤਾ. ਪਿਤਾਮਹੀ। ੨. ਫ਼ਾ. ਦਾਦ (ਇਨਸਾਫ਼) ਚਾਹੁਣ ਵਾਲਾ. ਫਰਿਆਦੀ. "ਦਾਦੀ ਦਾਦਿ ਨ ਪਹੁਚਨਹਾਰਾ, ਚੂਪੀ ਨਿਰਨਉ ਪਾਇਆ." (ਆਸਾ ਮਃ ੫) ਜੋ ਫ਼ਰਿਆਦੀ ਵਾਵੇਲਾ ਕਰਨ ਤੋਂ ਇਨਸਾਫ ਨਹੀਂ ਪਾ ਸਕਦਾ ਸੀ, ਹੁਣ ਚੁਪਕੀਤੇ ਹੀ ਫੈਸਲਾ ਪਾਲਿਆ. ਭਾਵ- ਵਿਚਾਰ ਦੀ ਪ੍ਰਾਪਤੀ ਹੋਣ ਪੁਰ ਅਸਲ ਬਾਤ ਖ਼ਾਮੋਸ਼ੀ ਅਖ਼ਤਿਆਰ ਕਰਲਈ। ੩. ਤੂੰ ਦਿੱਤਾ. ਦੇਖੋ, ਦਾਦਨ.

ਦਾਦੁਰ: ਦੇਖੋ, ਦਾਦਰ. "ਜਿਉ ਭਏ ਦਾਦੁਰ ਪਾਨੀ ਮਾਹੀ." (ਗਉ ਕਬੀਰ)

ਦਾਦੁਰੀ: ਡੱਡ. ਮੇਂਡਕੀ। ੨. ਦੇਖੋ, ਦਾਦਰੀ.

ਦਾਦੂ: ਇਸ ਮਹਾਤਮਾ ਸਾਧੂ ਦਾ ਜਨਮ ਅਹਮਦਾਬਾਦ (ਗੁਜਰਾਤ) ਵਿੱਚ ਪੀਂਜੇ ਦੇ ਘਰ ਹੋਇਆ. ਵਿਵੇਕੀ ਕਬੀਰਪੰਥੀ ਸੰਤਾਂ ਦੀ

ਸੰਗਤਿ ਦ੍ਵਾਰਾ ਗ੍ਯਾਨ ਦੀ ਪ੍ਰਾਪਤੀ ਹੋਈ. ਦਾਦੂ ਜੀ ਦਾ ਵਡਾ ਡੇਰਾ ਪਿੰਡ ਨਾਰਾਯਣੇ ਜੈਪੁਰ ਰਾਜ ਵਿੱਚ ਹੈ, ਜੋ ਫੁਲੇਰਾ ਸਟੇਸ਼ਨ (ਬੰਬੇ ਬਰੋਦਾ ਸੇਂਟ੍ਰਲ ਇੰਡੀਆ ਰੇਲਵੇ ਦੀ ਛੋਟੀ ਲੈਨ) ਤੋਂ ਤਿੰਨ ਮੀਲ ਹੈ. ਇਸ ਨੂੰ ਦਾਦੂਦ੍ਵਾਰਾ ਆਖਦੇ ਹਨ. ਇੱਥੇ ਦਾਦੂ ਜੀ ਦਾ ਦੇਹਾਂਤ ਸੰਮਤ ੧੬੬੦ ਵਿੱਚ ਹੋਇਆ ਹੈ. ਦਾਦੂ ਜੀ ਨੇ ਅਨੇਕ ਸ਼ਬਦ ਸਲੋਕ ਰਚੇ ਹਨ, ਜਿਨ੍ਹਾਂ ਨੂੰ ਸਾਧੂ ਪ੍ਰੇਮ ਨਾਲ ਪੜ੍ਹਦੇ ਹਨ.

ਦੱਖਣ ਨੂੰ ਜਾਂਦੇ ਹੋਏ ਦਸਵੇਂ ਪਾਤਸ਼ਾਹ ਸੰਮਤ ੧੭੬੪ ਵਿੱਚ ਇਸ ਥਾਂ ਪਧਾਰੇ ਹਨ. ਉਸ ਸਮੇਂ ਦਾਦੂਦ੍ਵਾਰੇ ਦਾ ਮਹੰਤ ਜੈਤਰਾਮ ਸੀ. ਕਲਗੀਧਰ ਨੇ ਫਰਮਾਇਆ- ਮਹੰਤ ਜੀ ! ਕੋਈ ਦਾਦੂ ਜੀ ਦਾ ਵਚਨ ਸੁਣਾਓ. ਜੈਤਰਾਮ ਨੇ ਸਲੋਕ ਪੜ੍ਹਿਆ-

"ਦਾਦੂ ਦਾਵਾ ਦੂਰਿ ਕਰ ਕਲਿ ਕਾ ਲੀਜੈ ਭਾਇ।

ਜੇ ਕੋ ਮਾਰੇ ਈਂਟ ਢਿਮ ਲੀਜੈ ਸੀਸ ਚਢਾਇ."

ਗੁਰੂ ਸਾਹਿਬ ਨੇ ਫ਼ਰਮਾਇਆ- ਮਹੰਤ ਜੀ ! ਹੁਣ ਇਸ ਪਾਠ ਨੂੰ ਇਉਂ ਪੜ੍ਹੋ-

"ਦਾਦੂ ਦਾਵਾ ਰੱਖਕੇ ਕਲਿ ਕਾ ਲੀਜੈ ਭਾਇ।

ਜੇ ਕੋ ਮਾਰੈ ਈਂਟ ਢਿਮ ਪਾਥਰ ਹਨੈ ਰਿਸਾਇ."

ਇਤਿਹਾਸ ਵਿੱਚ ਇਹ ਕਥਾ ਭੀ ਹੈ ਕਿ ਗੁਰੂ ਸਾਹਿਬ ਨੇ ਕਮਾਣ ਦੇ ਗੋਸ਼ੇ ਨਾਲ ਦਾਦੂ ਜੀ ਦੀ ਸਮਾਧਿ ਨੂੰ ਪ੍ਰਣਾਮ ਕੀਤਾ, ਜਿਸ ਪੁਰ ਖ਼ਾਲਸੇ ਨੇ ਮੜ੍ਹੀ ਨੂੰ ਨਮਸਕਾਰ ਕਰਨ ਦੇ ਅਪਰਾਧ ਵਿੱਚ ਦਸ਼ਮੇਸ਼ ਨੂੰ ਤਨਖਾਹੀਆ ਠਹਿਰਾਇਆ. ਕਲਗੀਧਰ ਨੇ ਫ਼ਰਮਾਇਆ ਕਿ ਅਸੀਂ ਇਹ ਕਰਮ ਖ਼ਾਲਸੇ ਦੀ ਪਰੀਖ੍ਯਾ ਲਈ ਹੀ ਕੀਤਾ ਸੀ, ਅਤੇ ਪ੍ਰਸੰਨਤਾ ਨਾਲ ਧਰਮਦੰਡ (ਤਨਖਾਹ) ਦੇਕੇ ਅੱਗੋਂ ਨੂੰ ਸ਼ੁਭ ਰੀਤ ਤੋਰੀ.

ਦਾਦੂ ਜੀ ਦੇ ਸਿੱਖਾਂ ਨੂੰ ਦਾਦੂਪੰਥੀ ਆਖਦੇ ਹਨ. ਇਸ ਮਤ ਵਿੱਚ ਸਾਧੂ ਨਿਸ਼ਚਲਦਾਸ ਵਡਾ ਪੰਡਿਤ ਹੋਇਆ ਹੈ, ਜਿਸ ਨੇ ਯੁਕ੍ਤਿਪ੍ਰਕਾਸ਼. ਵਿਚਾਰਸਾਗਰ, ਵ੍ਰਿੱਤਿਪ੍ਰਭਾਕਰ ਆਦਿ ਗ੍ਰੰਥ ਰਚੇ ਹਨ. ਨਿਸ਼ਚਲਦਾਸ ਦਾ ਜਨਮ ਪਿੰਡ ਧਨਾਨਾ (ਪੰਜਾਬ) ਵਿੱਚ ਸੰਮਤ ੧੮੪੯ ਵਿੱਚ ਅਤੇ ਦੇਹਾਂਤ ਸੰਮਤ ੧੯੧੯ ਵਿੱਚ ਦਿੱਲੀ ਹੋਇਆ। ੨. ਖਡੂਰ ਨਿਵਾਸੀ ਇੱਕ ਤਪਾ. ਦੇਖੋ, ਤੁੜ। ੩. ਪੰਡੋਰੀ ਨਿਵਾਸੀ ਇੱਕ ਧਰਮਾਤਮਾ ਸਾਧੂ, ਜਿਸ ਨੇ ਮੀਰਮੰਨੂੰ ਦੇ ਅਤ੍ਯਾਚਾਰ ਤੋਂ ਸਰਦਾਰ ਮਤਾਬਸਿੰਘ ਮੀਰਾਂਕੋਟੀਏ ਦੀ ਸਿੰਘਣੀ ਆਪਣੇ ਮਕਾਨ ਵਿੱਚ ਲੁਕੋਕੇ ਬਚਾਈ ਸੀ.

ਦਾਦੂਦ੍ਵਾਰਾ: ਦੇਖੋ, ਦਾਦੂ.

ਦਾਦੂਪੰਥੀ: ਦੇਖੋ, ਦਾਦੂ.

ਦਾਦੂਮਾਜਰਾ: ਰਿਆਸਤ ਪਟਿਆਲੇ ਦਾ ਇੱਕ ਪਿੰਡ, ਜੋ ਕਲੌੜ ਪਾਸ ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਵਿਰਾਜੇ ਹਨ, ਪਰ ਹੁਣ ਗੁਰਦ੍ਵਾਰਾ ਪਿੰਡ ਭਗੜਾਣੇ ਦੀ ਜਮੀਨ ਵਿੱਚ ਹੈ. ਦੇਖੋ, ਭਗੜਾਣਾ.

ਦਾਦੇ ਦਿਹਿੰਦ: دادِدہند ਵਿ- ਦਾਦ ਦਿਹੰਦਹ. ਇਨਸਾਫ਼ ਦੇਣ ਵਾਲਾ. "ਨ ਦਾਦੇ ਦਿਹੰਦ ਆਦਮੀ." (ਵਾਰ ਮਾਝ ਮਃ ੧)

ਦਾਧ: ਦੇਖੋ, ਦਗਧ.

ਦਾਧਨਾ: ਕ੍ਰਿ- ਦਗਧ ਕਰਨਾ. ਜਲਾਨਾ.

ਦਾਧਾ: ਵਿ- ਦਗਧ ਹੋਇਆ. "ਦੀਸਹਿ ਦਾਂਧੇ ਕਾਨ ਜਿਉ." (ਸ. ਕਬੀਰ) ਦੇਖੋ, ਕਾਨ। ੨. ਦਗਧ ਕੀਤਾ ਜਲਾਇਆ.

ਦਾਧੀ: ਵਿ- ਦਗਧ ਹੋਈ. ਜਲੀਹੋਈ. "ਬਨ ਕੀ ਦਾਧੀ ਲਾਕਰੀ." (ਸ. ਕਬੀਰ)

ਦਾਧੀਲੇ: ਜਲਾਦੀਆ. ਦਗਧ ਕਰਦਿੱਤਾ. "ਦਾਧੀਲੇ ਲੰਕਾਗੜ ਉਪਾੜੀਲੇ ਰਾਵਣਬਣੁ." (ਧਨਾ ਤ੍ਰਿਲੋਚਨ)

ਦਾਨ: ਸੰ. ਸੰਗਯਾ- ਦੇਣ ਦਾ ਕਰਮ. ਖ਼ੈਰਾਤ. "ਦਾਨ ਦਾਤਾਰਾ ਅਪਰ ਅਪਾਰਾ." (ਰਾਮ ਛੰਤ ਮਃ ੫) "ਘਰਿ ਘਰਿ ਫਿਰਹਿ ਤੂੰ ਮੂੜੇ! ਦਦੈ ਦਾਨ ਨ ਤੁਧੁ ਲਇਆ." (ਆਸਾ ਪਟੀ ਮਃ ੩) ਦਾਨ ਕਰਨ ਦਾ ਗੁਣ ਤੈਂ ਅੰਗੀਕਾਰ ਨਹੀਂ ਕੀਤਾ। ੨. ਉਹ ਵਸਤੁ ਜੋ ਦਾਨ ਵਿੱਚ ਦਿੱਤੀ ਜਾਵੇ। ੩. ਮਹ਼ਸੂਲ. ਕਰ. ਟੈਕਸ. "ਰਾਜਾ ਮੰਗੈ ਦਾਨ." (ਆਸਾ ਅਃ ਮਃ ੧) ੪. ਹਾਥੀ ਦਾ ਟਪਕਦਾ ਹੋਇਆ ਮਦ. "ਦਾਨ ਗਜਗੰਡ ਮਹਿ ਸੋਭਤ ਅਪਾਰ ਹੈ." (ਨਾਪ੍ਰ) ੫. ਯਗ੍ਯ. "ਸਹੰਸਰ ਦਾਨ ਦੇ ਇੰਦ੍ਰ ਰੋਆਇਆ." (ਵਾਰ ਰਾਮ ੧. ਮਃ ੧) ੬. ਰਾਜਨੀਤਿ ਦਾ ਇੱਕ ਅੰਗ. ਕੁਝ ਦੇਕੇ ਵੈਰੀ ਨੂੰ ਵਸ਼ ਕਰਨ ਦਾ ਉਪਾਉ। ੭. ਫ਼ਾ. دانہ ਦਾਨਹ (ਦਾਣਾ) ਦਾ ਸੰਖੇਪ. ਕਣ. ਅੰਨ ਦਾ ਬੀਜ। ੮. ਦਾਨਿਸਤਨ ਮਸਦਰ ਤੋਂ ਅਮਰ ਹ਼ਾਜ਼ਿਰ ਦਾ ਸੀਗ਼ਾ. ਵਿ- ਜਾਣਨ ਵਾਲਾ।. ੯. ਫ਼ਾ. دان ਪ੍ਰਤ੍ਯ- ਜੋ ਸ਼ਬਦਾਂ ਦੇ ਅੰਤ ਲਗਕੇ ਰੱਖਣ ਵਾਲਾ, ਵਾਨ ਆਦਿ ਅਰਥ ਦਿੰਦਾ ਹੈ, ਜਿਵੇਂ- ਕ਼ਲਮਦਾਨ. ਜੁਜ਼ਦਾਨ, ਆਤਿਸ਼ਦਾਨ ਆਦਿ.

ਦਾਨਸ: ਦੇਖੋ, ਦਾਨਿਸ਼.

ਦਾਨਸਬੰਦੁ, ਦਾਨਸਮੰਦ, ਦਾਨਸਵੰਦ: ਫ਼ਾ. دانشمند ਦਾਨਿਸ਼ਮੰਦ. ਸੰਗ੍ਯਾ- ਬੁੱਧਿਵਾਨ. ਚਤੁਰ. ਗ੍ਯਾਨੀ. "ਦਾਨਸਬੰਦੁ ਸੋਈ ਦਿਲ ਧੋਵੈ." (ਧਨਾ ਮਃ ੧)

ਦਾਨਸਿੰਘ: ਮਹਿਮਾਸਰਜਾ ਦਾ ਵਸਨੀਕ ਮਾਲਵਈ ਬੈਰਾੜ, ਚੜਤਸਿੰਘ ਦਾ ਭਾਈ, ਜੋ ਦਸ਼ਮੇਸ਼ ਦੀ ਸੇਵਾ ਵਿੱਚ ਆਨੰਦਪੁਰ ਅਤੇ ਮਾਲਵੇ ਹਾਜ਼ਿਰ ਰਿਹਾ. ਇਸ ਨੇ ਮੁਕਤਸਰ ਦੇ ਜੰਗ ਵਿੱਚ ਭੀ ਵਡੀ ਵੀਰਤਾ ਦਿਖਾਈ. ਜਦ ਬੈਰਾੜਾਂ ਨੇ ਗੁਰੂ ਗੋਬਿੰਦਸਿੰਘ ਜੀ ਤੋਂ ਨੌਕਰੀ ਲਈ, ਤਦ ਗੁਰੂ ਸਾਹਿਬ ਨੇ ਦਾਨਸਿੰਘ ਨੂੰ ਭੀ ਧਨ ਲੈਣ ਲਈ ਆਖਿਆ, ਅੱਗੋਂ ਉਸ ਨੇ ਬੇਨਤੀ ਕੀਤੀ- "ਸੁਨਕੈ ਦਾਨਸਿੰਘ ਕਰ ਜੋਰੇ। ਦੂਧ ਪੂਤ ਧਨ ਸਭ ਘਰ ਮੋਰੇ। ਕ੍ਰਿਪਾ ਕਰਹੁ ਸਿੱਖੀ ਮੁਝ ਦੀਜੈ। ਅਪਨੋ ਜਾਨ ਬਖ਼ਸ਼ ਕਰ ਲੀਜੈ।" (ਗੁਪ੍ਰਸੂ)

ਦਾਨਤ ਦੱਛਨ: ਦਾਨ ਅਤੇ ਦਕ੍ਸ਼ਿਣਾ. "ਦਾਨਤ ਦੱਛਨ ਦੈਕੈ ਪ੍ਰਦੱਛਨ." (ਚੰਡੀ ੧)

ਦਾਨਦ: ਫ਼ਾ. داند ਜਾਣਦਾ ਹੈ. ਜਾਣੇ. ਜਾਣੇਗਾ. ਇਸ ਦਾ ਮੂਲ ਦਾਨਿਸਤਾਨ ਹੈ। ੨. ਸੰ. ਦਾਨ ਦੇਣ ਵਾਲਾ. ਦਾਤਾ.

ਦਾਨਬੀਰ: ਦੇਖੋ, ਵੀਰ ੭। ੨. ਦਾਨ ਦੇਣ ਵਿੱਚ ਪੂਰਾ ਉਤਸਾਹੀ. ਅਤ੍ਯੰਤ ਦਾਨੀ.

ਦਾਨਮ: ਫ਼ਾ. دانم ਮੈਂ ਜਾਣਦਾ ਹਾਂ.

ਦਾਨਯੈ: ਵਿ- ਦਾਨ ਕਰਤਾ. "ਚਤੁਰ ਚਕ੍ਰ ਦਾਨਯੈ." (ਜਾਪੁ) ੨. ਦਾਨੀਯ. ਦਾਨ ਕਰਨ ਯੋਗ੍ਯ। ੩. ਜਾਣਨ ਵਾਲਾ. ਦੇਖੋ, ਦਾਨਾ.

ਦਾਨਵ: ਦਕ੍ਸ਼ਪੁਤ੍ਰੀ ਦਨੁ ਦੇ ਉਦਰ ਤੋਂ ਕਸ਼੍ਯਪ ਦੀ ਸੰਤਾਨ. ਰਾਖਸ. "ਦੇਵ ਦਾਨਵ ਗਣ ਗੰਧਰਬ ਸਾਜੇ." (ਮਾਰੂ ਸੋਲਹੇ ਮਃ ੩)

ਦਾਨਵਗੁਰੂ: ਦਾਨਵਾਂ ਦਾ ਪੁਰੋਹਿਤ. ਸ਼ੁਕ੍ਰਾਚਾਰਯ.

ਦਾਨਵਾਰਿ: ਸੰਗ੍ਯਾ- ਦਾਨਵਾਂ (ਰਾਖਸਾਂ) ਦਾ ਵੈਰੀ, ਦੇਵਤਾ। ੨. ਇੰਦ੍ਰ.

ਦਾਨਵੀ: ਵਿ- ਦਾਨਵ ਦੀ. ਦਾਨਵ ਨਾਲ ਸੰਬੰਧਿਤ। ੨. ਸੰਗ੍ਯਾ- ਦਾਨਵ ਦੀ ਇਸਤ੍ਰੀ.

ਦਾਨਵੇਂਦ੍ਰ: ਦਾਨਵ- ਇੰਦ੍ਰ. ਦਾਨਵਾਂ ਦਾ ਸ੍ਵਾਮੀ, ਰਾਜਾ ਬਲਿ.

ਦਾਨਾ: ਦੇਖੋ, ਦਾਣਾ। ੨. ਦਾਨ ਕਰਤਾ. ਦਾਤਾ. ਦੇਣ ਵਾਲਾ. "ਪ੍ਰਭੁ ਸਮਰਥ ਸਰਬ ਸੁਖਦਾਨਾ." (ਮਾਰੂ ਸੋਲਹੇ ਮਃ ੫) ੩. ਫ਼ਾ. دانا ਗ੍ਯਾਨੀ. ਜਾਣਨ ਵਾਲਾ. "ਦਾਨਾ ਦਾਤਾ ਸੀਲਵੰਤੁ." (ਸ੍ਰੀ ਮਃ ੫)

ਦਾਨਾਈ: ਫ਼ਾ. دانائی ਸੰਗ੍ਯਾ- ਅ਼ਕ਼ਲਮੰਦੀ. ਚਤੁਰਾਈ.

ਦਾਨਾਧ੍ਯਕ੄: ਸੰ. ਸੰਗ੍ਯਾ- ਦਾਨ ਦੇ ਵੰਡਣ ਦਾ ਇੰਤਜਾਮ ਕਰਨ ਵਾਲਾ ਕਰਮਚਾਰੀ. ਰਿਆਸਤਾਂ ਵਿੱਚ ਉਹ ਅਹਿਲਕਾਰ, ਜਿਸ ਦੇ ਹੱਥ ਦਾਨ ਦੀ ਸਾਮਗ੍ਰੀ ਅਤੇ ਦਾਨ ਤਕਸੀਮ ਕਰਨ ਦਾ ਪ੍ਰਬੰਧ ਰਹਿੰਦਾ ਹੈ.

ਦਾਨਾਪੁਰ: ਬਿਹਾਰ ਦਾ ਇੱਕ ਗ੍ਰਾਮ ਜੋ ਪਟਨੇ ਤੋਂ ਚੌਦਾਂ ਕੋਹ ਹੈ. ਇਸ ਥਾਂ ਗੁਰੂ ਤੇਗਬਹਾਦੁਰ ਸਾਹਿਬ ਨੇ ਚਰਣ ਪਾਏ ਹਨ. ਜਿਸ ਹਾਂਡੀ ਵਿੱਚ ਖਿਚੜੀ ਪਕਾਕੇ ਪ੍ਰੇਮੀਆਂ ਨੇ ਅਰਪੀ ਸੀ, ਉਹ ਹੁਣ ਮੌਜੂਦ ਹੈ. ਇਸੇ ਕਾਰਣ ਗੁਰਦ੍ਵਾਰੇ ਦਾ ਨਾਮ "ਹਾਂਡੀ ਵਾਲੀ ਸੰਗਤਿ" ਹੋ ਗਿਆ ਹੈ. ਪੁਜਾਰੀ ਉਦਾਸੀ ਸਾਧੂ ਹਨ.

ਦਾਨਾਬੀਨਾ: ਫ਼ਾ. دانابینا ਵਿ- ਜਾਣਨ ਵਾਲਾ ਅਤੇ ਦੇਖਣ ਵਾਲਾ. ਗ੍ਯਾਤਾ ਅਤੇ ਦ੍ਰਸ਼੍ਟਾ. "ਦਾਨਾ ਬੀਨਾ ਸਾਈ ਮੈਡਾ." (ਵਾਰ ਗੂਜ ੨. ਮਃ ੫)

ਦਾਨਿ: ਦੇਖੋ, ਦਾਨੀ। ੨. ਦਾਨ ਤੋਂ. ਦਾਨ ਕਰਕੇ।. ੩ ਦਾਨ ਵਿੱਚ. ਦੇਖੋ, ਦਾਨਿਮਤਿ.

ਦਾਨਿਐ: ਦੇਖੋ, ਦਾਨਯੈ.

ਦਾਨਿਸ਼: ਫ਼ਾ. دانش ਸੰਗ੍ਯਾ- ਅ਼ਕ਼ਲ. ਦਾਨਾਈ। ੨. ਗ੍ਯਾਨ. ਜਾਣਨ ਦਾ ਕਰਮ.

ਦਾਨਿਸਤਨ: ਫ਼ਾ. دانستن ਕ੍ਰਿ- ਜਾਣਨਾ. ਮਾਲੂਮ ਕਰਨਾ.

ਦਾਨਿਸ਼ ਪਜੋਹ: ਫ਼ਾ. دانش پژوه ਦਾਨਿਸ਼ ਪਜ਼ੋਹ. ਵਿ- ਬੁੱਧਿ ਦਾ ਖੋਜਕ. ਦਾਨਾਈ ਢੂੰਡਣ ਵਾਲਾ.

ਦਾਨਿਮਤਿ: ਦਾਨ ਦੇਣ ਵਿੱਚ ਹੈ ਜਿਸ ਦੀ ਮਤਿ (ਨੀਯਤ). "ਤੂੰ ਪ੍ਰਭੁ ਦਾਤਾ ਦਾਨਿਮਤਿ ਪੂਰਾ." (ਸੋਰ ਮਃ ੧)

ਦਾਨਿਯੈ: ਦੇਖੋ, ਦਾਨਯੈ.

ਦਾਨੀ: ਸੰ. ਦ੍ਵਾਨਿਨ. ਵਿ- ਦਾਨ ਦੇਣ ਵਾਲਾ. "ਉਰਵਾਰਿ ਪਾਰਿ ਸਭ ਏਕੋ ਦਾਨੀ." (ਗਉ ਕਬੀਰ) ਲੋਕ ਪਰਲੋਕ ਵਿੱਚ ਇੱਕੋ ਦਾਤਾ ਹੈ। ੨. ਫ਼ਾ. دانی ਤੂੰ ਜਾਣਦਾ ਹੈਂ. "ਤਹਕੀਕ ਦਿਲ ਦਾਨੀ." (ਤਿਲੰ ਮਃ ੧) ਜੇ ਇਹ ਦੂਜੇ ਸ਼ਬਦ ਦੇ ਅੰਤ ਆਵੇ, ਤਦ ਜਾਣਨ ਦਾ ਅਰਥ ਦਿੰਦਾ ਹੈ, ਜੈਸੇ- ਸਖ਼ੁਨਦਾਨੀ, ਰਾਜ਼ਦਾਨੀ ਆਦਿ। ੪. ਦੂਜੇ ਸ਼ਬਦ ਦੇ ਅੰਤ ਆਕੇ ਇਸ ਦਾ ਅਰਥ ਰੱਖਣ (ਧਾਰਨ) ਵਾਲੀ ਅਰਥ ਭੀ ਹੋਇਆ ਕਰਦਾ ਹੈ, ਜਿਵੇਂ- ਸੁਰਮੇਦਾਨੀ, ਗੁਲਾਬਦਾਨੀ ਆਦਿ.

ਦਾਨੀਆ: ਹੇ ਦਾਤਾ! ੨. ਹੇ ਜਾਣਨ ਵਾਲੇ. "ਉਰ ਵਾਰ ਪਾਰ ਕੇ ਦਾਨੀਆ!" (ਗਉ ਰਵਿਦਾਸ) ਦੇਖੋ, ਉਰਵਾਰ ਪਾਰ ਕੇ ਦਾਨੀ.

ਦਾਨੁ: ਦੇਖੋ, ਦਾਨ. "ਦਾਨੁ ਮਹਿੰਡਾ ਤਲੀਖਾਕੁ." (ਵਾਰ ਆਸਾ) ੨. ਸੰ. ਦਾਨੁ. ਬੂੰਦ. ਕ਼ਤਰਾ। ੩. ਓਸ ਸ਼ਬਨਮ। ੪. ਦੇਣ ਯੋਗ੍ਯ ਧਨ। ੫. ਸੁਖ। ੬. ਪਵਨ. ਹਵਾ.

ਦਾਨੂ: ਦੇਖੋ, ਦਾਨਵ. "ਦਾਨੂ ਲਖ ਨਿਵਾਸ." (ਮਃ ੧. ਬੰਨੋ)

ਦਾਨੇ ਦਾ ਚੱਕ: ਦੇਖੋ, ਰੋਹਲਾ.

ਦਾਨੇਨ: ਤ੍ਰਿਤੀਯਾ ਵਿਭਕ੍ਤਿ. ਦਾਨ ਕਰਕੇ. ਦਾਨ ਸੇ. "ਦਾਨੇਨ ਕਿੰ ਜਗੇਨ ਕਿੰ?" (ਗੂਜ ਜੈਦੇਵ)

ਦਾਨੋ: ਦੇਖੋ, ਦਾਨਵ ਅਤੇ ਦਾਨੂ. "ਹਨੋ ਸਰਬ ਦਾਨੋ." (ਰਾਮਾਵ) ੨. ਦਾਨਾ. ਦੇਖੋ, ਦਰਾਹਿ.

ਦਾਨੰ: ਦੇਖੋ, ਦਾਨ। ੨. ਦਾਨਵ. ਦਾਨੋ. ਦਨੁ ਦੀ ਔਲਾਦ. "ਸਭੈ ਦੇਵ ਦਾਨੰ." (ਵੈਰਾਹ)

ਦਾਪ: ਸੰ. ਦਰ੍‍ਪ. ਸੰਗ੍ਯਾ- ਅਹੰਕਾਰ. ਅਭਿਮਾਨ. "ਦੁਸ੍ਰਨ ਦਾਪ ਖਾਪ ਪਰਤਾਪ." (ਗੁਪ੍ਰਸੂ) ੨. ਬਲ। ੩. ਉਤਸਾਹ। ੪. ਕ੍ਰੋਧ.

ਦਾਬ: ਸੰਗ੍ਯਾ- ਦਬਾਉਣ ਦਾ ਭਾਵ. ਦੱਬਣ ਦੀ ਕ੍ਰਿਯਾ। ੨. ਰੁਅ਼ਬ. ਹੁਕੂਮਤ ਦਾ ਦਬਾਉ। ੩. ਕਿਸੇ ਵਸਤੁ ਤੇ ਕ਼ਬਜ਼ਾ ਕਰਨ ਦਾ ਭਾਵ. "ਇਕ ਨੇ ਦਾਬ ਲੀਨ ਬਲਕਾਰ." (ਗੁਪ੍ਰਸੂ) ੪. ਬਿਰਛ ਅਥਵਾ ਬੇਲਿ ਦੀ ਸ਼ਾਖਾ ਦਾ ਜ਼ਮੀਨ ਵਿੱਚ ਇਸ ਲਈ

ਦੱਬਣਾ, ਕਿ ਉਸ ਦੀ ਜੜ ਲੱਗਕੇ ਨਵਾਂ ਬੂਟਾ ਬਣਜਾਵੇ.

ਦਾਬਾ: ਦੇਖੋ, ਦਬਾਉ। ੨. ਹੁਕੂਮਤ ਦਾ ਰੁਅ਼ਬ. "ਬੰਦੇ ਕੋ ਅਤਿ ਦਾਬੋ ਭਯੋ." (ਪ੍ਰਾਪੰਪ੍ਰ)

ਦਾਮ: ਸੰ. ਦ੍ਰਾਮਨ. ਸੰਗਯਾ- ਰੱਸੀ. "ਪ੍ਰੇਮ ਦਾਮ ਤੇ ਔਚਨ ਹੋਏ." (ਗੁਪ੍ਰਸੂ) ੨. ਮਾਲਾ. ਜਪਨੀ। ੩. ਹਾਰ। ੪. ਸਮੂਹ. ਝੁੰਡ। ੫. ਲੋਕ. ਵਿਸ਼੍ਵ। ੬. ਫ਼ਾ. دام ਜਾਲ. ਫੰਧਾ। ੭. ਪੁਰਾਣਾ ਤਾਂਬੇ ਦਾ ਸਿੱਕਾ, ਜੋ ਰੁਪਯੇ ਦਾ ਪੰਜਾਹਵਾਂ ਹਿੱਸਾ ਲਿਖਿਆ ਹੈ. ਕਿਤਨਿਆਂ ਨੇ ਚਾਲੀਹਵਾਂ ਹਿੱਸਾ ਲਿਖਿਆ ਹੈ. ਦੇਖੋ, ਦੰਮ। ੮. ਮੁੱਲ. ਕ਼ੀਮਤ। ੯. ਧਨ. ਮਾਲ. "ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ." (ਮਾਝ ਬਾਰਹਮਾਹਾ) ੧੦. ਰੁਪਯਾ. ਨਕ਼ਦੀ. "ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ." (ਗਉ ਮਃ ੫) "ਜਿਉ ਕਿਰਪਨ ਕੇ ਨਿਰਾਰਥ ਦਾਮ." (ਸੁਖਮਨੀ)

ਦਾਮਨ: ਸੰ. ਸੰਗਯਾ- ਰੱਸੀ. ਡੋਰੀ. "ਦਾਮਨ ਕੂਪ ਬਿਖੇ ਲਟਕਾਈ." (ਗੁਪ੍ਰਸੂ) ੨. ਫ਼ਾ. دامن ਪੱਲਾ. ਲੜ. "ਨਿਜ ਹਾਥਨ ਦਾਮਨ ਤੇ ਖੋਲੀ." (ਨਾਪ੍ਰ)

ਦਾਮਨਗੀਰ: ਫ਼ਾ. دامنگیر ਵਿ- ਪੱਲਾ ਫੜਨ ਵਾਲਾ। ੨. ਕਿਸੇ ਦੇ ਲੜ ਲੱਗਕੇ ਗੁਜ਼ਾਰਾ ਕਰਨ ਵਾਲਾ। ੩. ਮੁੱਦਈ, ਜੋ ਪੱਲਾ ਫੜਕੇ ਅ਼ਦਾਲਤ ਵੱਲ ਖਿਚਦਾ ਹੈ.

ਦਾਮਨਾ: ਫੰਦੇ ਵਿੱਚ ਫਸਾਉਣਾ. ਦੇਖੋ, ਦਾਮਨ ੧. "ਦਾਮਨਾ ਪ੍ਰਬੀਨ." (ਅਕਾਲ)

ਦਾਮਨਿ, ਦਾਮਨੀ: ਸੰਗਯਾ- ਦਾਮ (ਫਾਹੀ) ਰੱਖਣ ਵਾਲੀ, ਸੈਨਾ. (ਸਨਾਮਾ) ੨. ਸੰ. ਸੌਦਾਮਿਨੀ. ਬਿਜਲੀ. ਤੜਿਤ. "ਦਾਮਨਿ ਚਮਕਿ ਡਰਾਇਓ." (ਸੋਰ ਮਃ ੫) "ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ." (ਵਾਰ ਗਉ ੨. ਮਃ ੫)

ਦਾਮਰੀ: ਸੰਗਯਾ- ਦਾਮਨ. ਰੱਸੀ। ੨. ਦਮੜੀ.

ਦਾਮਲਾ: ਜਿਲੇ ਕਰਨਾਲ ਵਿੱਚ ਕੁੰਜਪੁਰੇ ਦੇ ਪਾਸ ਇੱਕ ਪਿੰਡ, ਜਿਸ ਵਿੱਚ ਉਹ ਪਠਾਣ ਸਰਦਾਰ ਰਹਿੰਦੇ ਸਨ, ਜੋ ਭੰਗਾਣੀ ਦੇ ਯੁੱਧ ਵਿੱਚ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨਾਲ ਦਗ਼ਾ ਕਰਕੇ ਵੈਰੀ ਨਾਲ ਜਾ ਮਿਲੇ ਸਨ. ਇਸ ਲਈ ਬੰਦਾ ਬਹਾਦੁਰ ਨੇ ਕੱਤਕ ਸੰਮਤ ੧੭੬੯ ਵਿੱਚ ਇਸ ਪਿੰਡ ਨੂੰ ਬਰਬਾਦ ਕੀਤਾ ਅਰ ਨਮਕਹ਼ਰਾਮਾਂ ਨੂੰ ਪੂਰੀ ਸਜ਼ਾ ਦਿੱਤੀ. "ਨਗਰ ਦਾਮਲਾ ਏਕ ਸੁ ਜਾਨ। ਤਹਾਂ ਹੁਤੇ ਕੁਛ ਖ਼ਾਨਹ ਖ਼ਾਨ." (ਗੁਪ੍ਰਸੂ)

ਦਾਮਾ: ਦੇਖੋ, ਦਾਮ। ੨. ਸਿੰਕ੍ਹ. ਰਾਜਮੁਦ੍ਰਾ. ਰੁਪਯਾ ਅਸ਼ਰਫ਼ੀ ਆਦਿ. "ਸੁਇਨਾ ਰੁਪਾ ਦਾਮਾ." (ਗੂਜ ਮਃ ੫)

ਦਾਮਾਦ: ਫ਼ਾ. داماد ਦਾਯਮ ਆਬਾਦ ਦਾ ਸੰਖੇਪ. ਨਿਤਯ ਵਸਣ ਵਾਲਾ। ੨. ਜਮਾਈ (ਜਵਾਈ). ਬੇਟੀ ਦਾ ਪਤਿ.

ਦਾਮਾਦੀ: ਫ਼ਾ. دامادی ਦਾਮਾਦ (ਜਵਾਈ) ਦਾ ਸੰਬੰਧ. "ਦਾਮਾਦੀ ਹੈ ਅਬ ਧਨ ਲੇਵੋਂ." (ਗੁਵਿ ੬) ੨. ਸ਼ਾਦੀ।

੩. ਮੰਗੇਵਾ. ਮੰਗਣੀ. ਸਗਾਈ.

ਦਾਮਾਨ: ਇਹ ਦਾਮਨ ਦਾ ਹੀ ਰੂਪਾਂਤਰ ਹੈ. ਪੱਲਾ. ਲੜ.

ਦਾਮਿ: ਦਾਮ ਤੋਂ. ਦਾਮ ਕਰਕੇ। ੨. ਸਿੰਧੀ. ਜਾਲ. ਫੰਧਾ. ਦੇਖੋ, ਦਾਮ ੧.

ਦਾਮਿਨੀ: ਦੇਖੋ, ਦਾਮਨੀ.

ਦਾਮੀ: ਦਾਮ (ਧਨ) ਕਰਕੇ. ਧਨ ਸੇ. "ਕਿਆ ਗਰਬਹਿ ਦਾਮੀ?" (ਵਾਰ ਮਾਰੂ ੨. ਮਃ ੫) ੨. ਵਿ- ਧਨੀ ਮਾਲਦਾਰ। ੩. ਸੰਗਯਾ- ਮਾਲਗੁਜ਼ਾਰੀ। ੪. ਫ਼ਾ. دامی ਸ਼ਿਕਾਰੀ. ਬਧਕ। ੫. ਦਵਾਮੀ ਦਾ ਸੰਖੇਪ. ਦਵਾਮ (ਨਿਰੰਤਰ) ਹੋਣ ਵਾਲਾ.

ਦਾਮੋਦਰ: ਸੰਗਯਾ- ਦਾਮ (ਰੱਸੀ) ਬੰਨ੍ਹੀ ਹੋਵੇ ਜਿਸ ਦੇ ਉਦਰ ਨੂੰ, ਕ੍ਰਿਸ਼ਨ. ਇੱਕ ਵਾਰ ਇੱਲਤ ਤੋਂ ਵਰਜਣ ਲਈ ਯਸ਼ੋਦਾ ਨੇ

ਕ੍ਰਿਸ਼ਨ ਜੀ ਨੂੰ ਰੱਸੀ ਪਾਕੇ ਉੱਖਲ ਨਾਲ ਬੰਨ੍ਹ ਦਿੱਤਾ ਸੀ।[628] ੨. ਕਰਤਾਰ. ਜਿਸ ਦੇ ਪੇਟ ਵਿੱਚ ਸਾਰਾ ਬ੍ਰਹਮਾਂਡ ਹੈ. "दामानि लाक नामानि तानि यस्येदरान्तरे । तेन दामोदरो देव. "[629] "ਦਾਮੋਦਰ ਦਇਆਲ ਸੁਆਮੀ." (ਬਿਲਾ ਮਃ ੫) ੩. ਬੰਗਾਲ ਦਾ ਇੱਕ ਦਰਿਆ, ਜੋ ਛੋਟੇ ਨਾਗਪੁਰ ਦੇ ਪਹਾੜ ਤੋਂ ਨਿਕਲਕੇ ੩੫੦ ਮੀਲ ਵਹਿੰਦਾ ਹੋਇਆ ਕਲਕੱਤੇ ਤੋਂ ੨੭ ਮੀਲ ਦੱਖਣ, ਭਾਗੀਰਥੀ ਵਿੱਚ ਜਾ ਮਿਲਦਾ ਹੈ। ੪. ਸੁਲਤਾਨਪੁਰ ਨਿਵਾਸੀ ਗੁਰੂ ਅਰਜਨਦੇਵ ਜੀ ਦਾ ਇੱਕ ਸਿੱਖ.

ਦਾਮੋਦਰੀ ਮਾਤਾ: ਭਾਗਭਰੀ ਦੇ ਉਦਰ ਤੋਂ ਡੱਲਾ ਨਿਵਾਸੀ ਜੁਲਕਾ ਖਤ੍ਰੀ ਨਾਰਾਯਣਦਾਸ ਦੀ ਸੁਪੁਤ੍ਰੀ, ਜਿਸ ਦਾ ਵਿਆਹ ਸੰਮਤ ੧੬੦੧ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਇਆ. ੧੧. ਮੱਘਰ ਸੰਮਤ ੧੬੮੮ ਨੂੰ ਡਰੋਲੀ ਦੇਹਾਂਤ ਹੋਇਆ, ਜਿੱਥੇ ਦੇਹਰਾ ਵਿਦਜਮਾਨ ਹੈ. "ਗੁਰੁਘਰਨੀ ਦਾਮੋਦਰੀ ਦੁਤਿਯ ਨਾਨਕੀ ਜਾਨ." (ਗੁਪ੍ਰਸੂ) ਮਾਤਾ ਜੀ ਦਾ ਨਾਮ ਦਮੋਦਰੀ ਭੀ ਲਿਖਿਆ ਹੈ. ਦੇਖੋ, ਦਮੋਦਰੀ ਮਾਤਾ.

ਦਾਯ: ਸੰਗਜਾ- ਦੇਖੋ, ਦਾਉ। ੨. ਸੰ. ਦੇਣ ਯੋਗ ਧਨ। ੩. ਦਾਜ (ਦਹੇਜ) ਵਿੱਚ ਦੇਣ ਲਾਇਕ਼ ਧਨ। ੪. ਉਹ ਧਨ, ਜੋ ਪੁਤ੍ਰ ਆਦਿ ਸੰਬੰਧੀਆਂ ਨੂੰ ਹ਼ੱਕ਼ ਅਨੁਸਾਰ ਮਿਲ ਸਕੇ। ੫. ਦਾਨ.

ਦਾਯਕ: ਵਿ- ਦੇਣ ਵਾਲਾ. "ਦੁਖ ਨਾਸਨ ਸੁਖ ਦਾਯਕ ਸੂਰਉ." (ਸਵੈਯੇ ਮਃ ੪. ਕੇ) ੨. ਸੰਗਜਾ- ਦਾਤਾ.

ਦਾਯਮ: ਦੇਖੋ, ਦਾਇਮ.

ਦਾਯਰ: ਅ਼. دائر ਵਿ- ਫਿਰਦਾ ਹੋਇਆ. ਚਲਦਾ ਹੋਇਆ। ੨. ਜਾਰੀ. ਚਲਦਾ.

ਦਾਯਰਾ: ਅ਼. دائرہ ਸੰਗਜਾ- ਗੋਲ ਘੇਰਾ. ਕੁੰਡਲਾਕਾਰ ਮੰਡਲ.

ਦਾਯਾ: ਦੇਖੋ, ਦਾਇਆ. "ਨ ਪੁਤ੍ਰੰ ਨ ਪੌਤ੍ਰੰ ਨ ਦਾਯਾ ਨ ਦਾਯੰ." (ਵਿਚਿਤ੍ਰ) ੨. ਦੇਖੋ, ਦਯਾ. "ਤੌ ਲਖਹੀ ਜਿ ਕਰੈ ਹਰਿ ਦਾਯਾ." (ਨਾਪ੍ਰ) ਤਦ ਜਾਣਦਾ ਹੈ, ਜੇ ਕਰਤਾਰ ਦਯਾ ਕਰੇ.

ਦਾਯਨਿ: ਵਿ- ਦੇਣ ਵਾਲੀ.

ਦਾਯੀ: ਦੇਖੋ, ਦਾਈ। ੨. ਸੰ. दायिन्. ਵਿ- ਦੇਣ ਵਾਲਾ.

ਦਾਯੰ: ਦੇਖੋ, ਦਾਯ। ੨. ਦੇਖੋ, ਦਾਈ. "ਨ ਦਾਯਾ ਨ ਦਾਯੰ." (ਵਿਚਿਤ੍ਰ)

ਦਾਰ: ਦੇਖੋ, ਦਾਲ. "ਗੋਧੂਮ ਕੋ ਚੂਨ ਮਾਖ ਦਾਰ ਲੌਨ ਘ੍ਰਿਤ ਬਹੁ." (ਨਾਪ੍ਰ) ੩. ਸੰ. ਭਾਰਯਾ. ਵਹੁਟੀ।. ੩. ਦੇਖੋ, ਦਾਰਿ ਅਤੇ ਦਾਰੁ। ੪. ਫ਼ਾ. دار ਪ੍ਰਤਯ ਜੋ ਸ਼ਬਦਾਂ ਦੇ ਅੰਤ ਲਗਕੇ ਰੱਖਣ ਵਾਲਾ ਅਰਥ ਪ੍ਰਗਟ ਕਰਦਾ ਹੈ. ਜਿਵੇਂ- ਖ਼ਬਰਦਾਰ, ਜ਼ਮੀਂਦਾਰ ਆਦਿ। ੫. ਸੰਗਜਾ- ਸੂਲੀ. ਸਲੀਬ.

ਦਾਰਸਟਾਂਤਿਕ: ਸੰ. दार्ष्टान्तिक. ਵਿ- ਦ੍ਰਿਸ਼੍ਟਾਂਤ ਸੰਬੰਧੀ.

ਦਾਰਕ: ਸੰ. ਸੰਗਜਾ- ਲੜਕਾ। ੨. ਪੁਤ੍ਰ। ੩. ਵਿ- ਪਾੜਨਵਾਲਾ ਵਿਦੀਰਣ ਕਰਨ ਵਾਲਾ। ੪. ਦੇਖੋ, ਦਾਰੁਕ.

ਦਾਰਚੀਨੀ: ਸੰਗਜਾ- ਦਾਰੁ- ਚੀਨ. ਚੀਨ ਦੀ ਲੱਕੜ. Cinnamon L. Cinnamomum cassia. ਦਾਲਚੀਨੀ. ਤਜ ਬਿਰਛ ਦੀ ਛਿੱਲ, ਜੋ ਮਸਾਲੇ ਵਿੱਚ ਵਰਤੀਦੀ ਹੈ. ਇਸ ਦੀ ਤਾਸੀਰ ਗਰਮਤਰ[630] ਹੈ. ਇਸ ਦਾ ਗੁਣਪਾਚਕ. ਉੱਤੇਜਕ

---

[628] ਦੇਖੋ ਵਿਸ਼ਨੁ, ਰਾਦ ਅੰਸ਼ ੫. ਅਃ ੬.

[629] ਵਜਾਸ ਅਤੇ ਸ਼੍ਰੀਧਰ. ਦੇਖੋ, ਵਿਸ਼ਨੁ ਸਹਸ੍ਰਨਾਮ ਦਾ ਸੰਕਰਭਾਸ਼ਜ ਸਃ ੫੩.

[630] ਯੂਨਾਨੀ ਗਰਮ ਖੁਸ਼ਕ ਮੰਨਦੇ ਹਨ.

ਅਤੇ ਅੰਤੜੀ ਦੇ ਰੋਗਾਂ ਨੂੰ ਨਾਸ਼ ਕਰਨਾ ਹੈ. ਦਾਰਚੀਨੀ ਕਾਮਸ਼ਕਤਿ ਵਧਾਉਂਦੀ ਹੈ. ਜਨੂਨ ਜਲੌਦਰ ਆਦਿ ਰੋਗਾਂ ਨੂੰ ਹਟਾਉਂਦੀ ਹੈ. ਇਸ ਦਾ ਤੇਲ ਮਲਣ ਤੋਂ ਜੋੜਾਂ ਦਾ ਦਰਦ ਦੂਰ ਹੁੰਦਾ ਹੈ. ਦਾਰਚੀਨੀ ਲੰਕਾ, ਮਾਲਾਬਾਰ, ਚੀਨ ਆਦਿ ਦੇਸ਼ਾਂ ਵਿੱਚ ਬਹੁਤ ਹੁੰਦੀ ਹੈ.

ਦਾਰਣ: ਸੰ. ਸੰਗਯਾ- ਚੀਰਨ ਅਥਵਾ ਪਾੜਨ ਦੀ ਕ੍ਰਿਯਾ। ੨. ਉਹ ਸ਼ਸਤ੍ਰ, ਜਿਸ ਨਾਲ ਚੀਰੀਏ। ੩. ਦੇਖੋ, ਦਾਰੁਣ.

ਦਾਰਦ: ਦੇਖੋ, ਦਾਰਿਦ। ੨. ਫ਼ਾ. دارد ਰਖਦਾ ਹੈ. "ਕਸ ਨ ਦਾਰਦ." (ਤਿਲੰ ਮਃ ੧) ੩. ਉਹ ਰੱਖੇ। ੪. ਉਹ ਰੱਖੇਗਾ। ੫. ਸੰ. ਦਾਰਦ. ਸਮੁੰਦਰ। ੬. ਪਾਰਾ। ੭. ਸ਼ਿੰਗਰਫ਼। ੮. ਵਿ- ਦਰਦ ਦੇਸ਼ ਦਾ. ਦੇਖੋ, ਦਰਦ ੨.

ਦਾਰਨ: ਦੇਖੋ, ਦਾਰਣ ਅਤੇ ਦਾਰੁਣ. "ਦਾਰਨ ਦੁਖ ਦੁਤਰੁ ਸੰਸਾਰ." (ਗਉ ਮਃ ੫)

ਦਾਰਮ: ਸੰ. ਦ੍ਰਾਡਿਗ- ਦਾੜਿਮ. ਸੰਗਯਾ- ਅਨਾਰ. "ਦਾਰਮ ਦਰਕਗਯੋ ਪੇਖ ਦਸਨਨ ਪਾਂਤਿ." (ਚੰਡੀ ੧)

ਦਾਰ ਮਦਾਰ: ਫ਼ਾ. دارومدار ਸੰਗਯਾ- ਆਸ਼੍ਰਯ. ਠਹਿਰਾਉ। ੨. ਕਾਰਯ ਦਾ ਭਾਰ. ਕੰਮ ਦੀ ਜ਼ਿੰਮੇਵਾਰੀ। ੩. ਝਗੜਾ ਨਿਬੇੜਨ ਦਾ ਕਰਮ.

ਦਾਰਵ: ਦੇਖੋ, ਦਾਰਮ। ੨. ਸੰ. ਵਿ- ਦਾਰੁ (ਲੱਕੜ) ਦਾ ਬਣਿਆ ਹੋਇਆ.

ਦਾਰਾ: ਫ਼ਾ. دارا ਵਿ- ਰੱਖਣ ਵਾਲਾ। ੨. ਸੰਗਯਾ- ਕਰਤਾਰ. ਪਾਰਬ੍ਰਹਮ। ੩. ਬਾਦਸ਼ਾਹ. ਪ੍ਰਜਾਪਤਿ। ੪. ਕੈਯਾਨ ਵੰਸ਼ੀ ਦਾਰਾ ਨਾਮ ਦਾ ਫ਼ਾਰਸ ਦਾ ਬਾਦਸ਼ਾਹ, ਜਿਸ ਨੂੰ ਇਤਿਹਾਸ ਵਿੱਚ ਯੁਧ ਦਾਰ ਯਵੁਸ, ਡੇਰੀਆ (Darius) ਲਿਖਿਆ ਹੈ. ਇਸ ਨਾਮ ਦੇ ਤਿੰਨ ਬਾਦਸ਼ਾਹ ਫ਼ਾਰਸ ਵਿੱਚ ਹੋਏ ਹਨ:-

(ੳ) ਗੁਸ਼ਤਾਸਪ, ਜੋ Hystaspes ਦਾ ਪੁਤ੍ਰ ਸੀ ਜਿਸ ਦੇ ਰਾਜ ਦਾ ਸਮਾਂ B. C. ੫੨੧- ੪੮੫ ਮੰਨਿਆ ਗਿਆ ਹੈ. ਇਸ ਨੇ ਭਾਰਤ ਪੁਰ ਚੜ੍ਹਾਈ ਕਰਕੇ ਸਿੰਧੁ ਦਰਿਆ ਦੀ ਵਾਦੀ (Indus Valley) ਅਤੇ ਪੰਜਾਬ ਦੇ ਕੁਝ ਹਿੱਸੇ ਤੇ ਕਬਜਾ ਕੀਤਾ ਸੀ।

(ਅ) Nothus. ਇਹ B. C. ੪੨੩- ੪੦੫ ਵਿੱਚ ਹੋਇਆ।

(ੲ) Codomanus ਇਹ B. C. ੩੩੫- ੩੩੨ ਵਿੱਚ ਹੋਇਆ. "ਦਾਰਾ ਸੇ ਦਲੀਸਰ ਦੁਜੋਧਨ ਸੇ ਮਾਨਧਾਰੀ." (ਅਕਾਲ) ੫. ਦਾਰਾਸ਼ਕੋਹ ਜੋ ਸ਼ਾਹਜਹਾਂ ਦਾ ਵਡਾ ਪੁਤ੍ਰ ਸੀ, ਉਸ ਦਾ ਭੀ ਇਤਿਹਾਸਾਂ ਵਿੱਚ ਸੰਖੇਪ ਨਾਮ ਦਾਰਾ ਆਉਂਦਾ ਹੈ. "ਸ਼ਾਹਜਹਾਂ ਨੂੰ ਕੈਦ ਕਰ ਦਾਰਾ ਮਰਵਾਯਾ." (ਵਾਰ ਗੁਰੂ ਗੋਬਿੰਦਸਿੰਘ ਜੀ) ਦੇਖੋ, ਔਰੰਗਜ਼ੇਬ। ੬. ਸੰ. ਦਾਰ. ਭਾਰਯਾ. ਦਾਰਾ. ਇਸਤ੍ਰੀ. "ਦਾਰਾ ਮੀਤ ਪੂਤ ਸਨਬੰਧੀ." (ਸੋਰ ਮਃ ੯) ੭. ਸੰ. ਦਾਰੁ. ਲੱਕੜ. "ਰੱਜੂ ਸੰਗ ਬੰਧ ਕਰ ਦਾਰਾ." (ਗੁਪ੍ਰਸੂ) ੮. ਵਿ- ਦਾਰਕ. ਵਿਦਾਰਣ ਵਾਲਾ. ਚੀਰਣ ਵਾਲਾ. "ਰੂਮੀ ਜੰਗੀ ਦੁਸਮਨ ਦਾਰਾ." (ਭਾਗੁ)

ਦਾਰਾਇ ਦੀਨ: ਫ਼ਾ. دارائےدین ਵਿ- ਧਰਮ ਦੀ ਰਖ੍ਯਾ ਕਰਨ ਵਾਲਾ. ਧਰਮ ਰਕ੍ਸ਼ਕ.

ਦਾਰਾਸ਼ਕੋਹ, ਦਾਰਾਸ਼ਿਕੋਹ: داراشکوہ ਮੁਮਤਾਜ਼ ਮਹਲ ਦੇ ਉਦਰ ਤੋਂ ਸ਼ਾਹਜਹਾਂ ਦਾ ਵਡਾ ਪੁਤ੍ਰ, ਜਿਸ ਦਾ ਜਨਮ ੨੦. ਮਾਰਚ ਸਨ ੧੬੧੫ ਨੂੰ ਹੋਇਆ. ਇਸ ਦਾ ਵਿਆਹ ਸਨ ੧੬੩੭ ਵਿੱਚ ਨਾਦਿਰਾ ਬੇਗਮ ਨਾਲ ਹੋਇਆ. ਇਹ ਪਤਿਵ੍ਰਤਾ ਬੇਗਮ ਆਪਣੇ ਪਤੀ ਨਾਲ ਹੋਕੇ ਸੁਖ ਦੁਖ ਵੰਡਾਉਂਦੀ ਰਹੀ. ਸਨ ੧੬੪੮ ਵਿੱਚ ਦਾਰਾ ਗੁਜਰਾਤ ਦਾ ਸੂਬਾ ਮੁਕੱਰਿਰ ਹੋਇਆ ਅਤੇ ਸਨ ੧੬੫੨ ਤਕ ਰਿਹਾ. ਇਹ ਆਪਣੇ ਪਿਤਾ (ਸ਼ਾਹਜਹਾਨ) ਵੱਲੋਂ ਹੋਕੇ ਔਰੰਗਜ਼ੇਬ ਨਾਲ ਲੜਿਆ ਅਤੇ ਮਈ ੨੯, ਸਨ ੧੬੫੮ ਨੂੰ ਸਾਮੂਗੜ੍ਹ (ਆਗਰੇ ਤੋਂ ਅੱਠ ਮੀਲ ਪੂਰਬ ਵੱਲ) ਦੇ ਮੈਦਾਨ ਵਿੱਚ ਹਾਰ ਖਾਧੀ. ਭਜਦੇ ਹੋਏ ਦਾਰਾਸ਼ਕੋਹ ਦਾ ਔਰੰਗਜ਼ੇਬ ਨੇ ਪਿੱਛਾ ਕੀਤਾ. ਜਦ ਬਿਆਸ (ਵਿਆਸ) ਦੇ ਲਾਗੇ ਪਹੁਚੇ, ਤਾਂ ਗੁਰੂ ਹਰਿਰਾਇ ਸਾਹਿਬ ਨੇ ਬਾਈ ਸੌ ਸਵਾਰਾਂ ਨੇ ਦਾਰੇ ਨੂੰ ਬਚਾਉਣ ਲਈ ਦਰਿਆ ਦਾ ਕੰਢਾ ਰੋਕੀ ਰੱਖਿਆ ਅਤੇ ਔਰੰਗਜ਼ੇਬ ਦੀ ਫੌਜ ਨੂੰ ਵਧਣ ਨਾ ਦਿੱਤਾ. ਇਤਨੇ ਵਿੱਚ ਦਾਰਾ ਮੁਲਤਾਨ ਵੱਲ ਨਿਕਲ ਗਿਆ. ਬਹੁਤ ਥਾਈਂ ਭੌਂਦਾ ਹੋਇਆ ਅੰਤ ਦਾਦਰ (ਦਰਾ ਬੋਲਾਨ) ਦੇ ਪਾਸ ਧੋਖੇਬਾਜ਼ ਸਰਦਾਰ

ਜੀਵਨਮੱਲ ਦੇ ਰਾਹੀਂ ਫੜਿਆ ਗਿਆ ਅਤੇ ਕੈਦੀ ਦੀ ਦਸ਼ਾ ਵਿੱਚ ਦਿੱਲੀ ਲਿਆਂਦਾ ਗਿਆ. ੨੯ ਅਗਸਤ ਨੂੰ ਔਰੰਗਜ਼ੇਬ ਦੇ ਇਸ਼ਾਰੇ ਨਾਲ ਇਸ ਤੇ ਕਾਫ਼ਰ ਹੋਣ ਦਾ ਫ਼ਤਵਾ ਦਿੱਤਾ ਗਿਆ ਅਰ ੩੦ ਅਗਸਤ ੧੬੫੯ ਦੀ ਰਾਤ ਨੂੰ ਦਾਰਾਸ਼ਕੋਹ ਦਾ ਸਿਰ ਵੱਢਿਆ ਜਾਕੇ ਹੁਮਾਯੂੰ ਦੇ ਮਕਬਰੇ ਵਿੱਚ ਦੱਬਿਆ ਗਿਆ.

ਦਾਰਾ ਸੂਫ਼ੀ ਖਿਆਲਾਂ ਵਾਲਾ ਮੁਸਲਮਾਨ ਸੀ. ਇਹ ਗੁਰੂ ਹਰਿਰਾਇ ਸਾਹਿਬ ਦਾ ਸਾਦਿਕ ਅਤੇ ਵਿਦ੍ਵਾਨ ਸੱਜਨ ਸੀ. ਇਹ ਕਈ ਗ੍ਰੰਥਾਂ ਦਾ ਕਰਤਾ ਹੋਇਆ ਹੈ. ਇਸ ਦੀ ਛਾਪ "ਕਾਦਿਰੀ" ਸੀ.

ਦੇਖੋ, ਉਪਨਿਸ਼ਦ ਅਤੇ ਔਰੰਗਜ਼ੇਬ.

ਦਾਰਾਪਦ: ਅਪਦਾ (ਮੁਸੀਬਤ) ਨੂੰ ਦਾਰ (ਚੀਰ) ਦੇਣ ਵਾਲਾ ਤੀਰ. "ਦਾਰਾਪਦ ਦੁਸ੍ਟਾਂਤਕਰ ਨਾਮ ਤੀਰ ਕੇ ਜਾਨ." (ਸਨਾਮਾ)

ਦਾਰਾਬ: ਦਾਰਾ ਦਾ ਪੁਤ੍ਰ ਜੋ ਫਾਰਸ ਦਾ ਨੌਵਾਂ ਬਾਦਸ਼ਾਹ ਸੀ. ਇਸ ਦਾ ਨਾਮ ਅੱਠਵੀਂ ਹਕਾਯਤ ਵਿੱਚ ਆਇਆ ਹੈ.

ਦਾਰਿ: ਸੰ. ਸੰਗਯਾ- ਰੰਜ. ਸ਼ੋਕ. "ਜੋ ਭਵ ਕੇ ਦੁਖ ਦਾਰਿ ਮਿਟਾਵੈ." (ਨਾਪ੍ਰ) ੨. ਵਿ- ਪਾੜਨ ਵਾਲਾ.

ਦਾਰਿਕਾ: ਸੰ. ਕੰਨਯਾ. ਲੜਕੀ। ੨. ਬੇਟੀ. ਪੁਤ੍ਰੀ.

ਦਾਰਿਦ, ਦਾਰਿਦੁ, ਦਾਰਿਦ੍ਰ: ਸੰ. ਦਾਰਿਦ੍. ਵਿ- ਨਿਰਧਾਨ. ਕੰਗਾਲ। ੨. ਦਾਰਿਦ੍ਰਯ. ਸੰਗਯਾ- ਨਿਰਧਨਤਾ. ਕੰਗਾਲੀ. ਗ਼ਰੀਬੀ. "ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ." (ਗਉ ਥਿਤੀ ਮਃ ੫) "ਦਾਰਿਦੁ ਦੇਖ ਸਭਕੋ ਹਸੈ." (ਬਿਲਾ ਰਵਿਦਾਸ) "ਦੁਖ ਦਾਰਿਦ੍ਰ ਨਿਵਾਰਨ." (ਸਵੈਯੇ ਮਃ ੫. ਕੇ)

ਦਾਰਿਮ: ਦੇਖੋ, ਦਾਰਮ ਅਤੇ ਦਾੜਿਮ.

ਦਾਰੀ: ਸੰ. ਦਾਰਿਨ. ਵਿ- ਵਿਦਾਰਣ ਕਰਤਾ. ਚੀਰਨ ਵਾਲਾ. "ਨਿਰੰਕਾਰੁ ਦੁਖਦਾਰੀ." (ਸੋਰ ਮਃ ੫) ੨. ਫ਼ਾ. داری ਤੂ ਰਖਦਾ ਹੈਂ।। ੩. ਦੂਜੇ ਸ਼ਬਦ ਦੇ ਅੰਤ ਦਾਰੀ ਸ਼ਬਦ ਰੱਖਣ ਦਾ ਅਰਥ ਦਿੰਦਾ ਹੈ, ਜਿਵੇਂ- ਰਾਜ਼ਦਾਰੀ. "ਪਰ ਸਿੰਘਨ ਤੈਂ ਮੁਲਕ ਦੀ ਨਹਿ ਦਾਰੀ ਥਾਈ." (ਪੰਪ੍ਰ) ਮੁਲਕ ਨੂੰ ਕਾਬੂ ਰੱਖਣ ਦੀ ਕ੍ਰਿਯਾ ਨਾ ਹੋਸਕੀ। ੪. ਦਾੜੀ. ਸਮਸ਼੍ਰ. ਰੀਸ਼. "ਵਾਂਕੀ ਕਰ ਦਾਰੀ ਧਰੀ." (ਚਰਿਤ੍ਰ ੨੨) ਦਾੜ੍ਹੀ ਹੱਥ ਫੜੀ.

ਦਾਰੁ: ਸੰ. ਸੰਗਯਾ- ਕਾਠ. ਲੱਕੜ। ੨. ਦੇਵਦਾਰੁ ਦਯਾਰ। ੩. ਬਢਈ. ਕਾਠ ਦਾ ਕਾਰੀਗਰ। ੪. ਪਿੱਤਲ। ੫. ਵਿ- ਦੇਣ ਵਾਲਾ. ਦਾਤਾ

ਦਾਰੁਕ: ਕ੍ਰਿਸ਼ਨ ਜੀ ਦਾ ਰਥਵਾਹੀ. "ਹਮਰੋ ਰਥ ਦਾਰੁਕ ਤੈਂ ਕਰ ਸਾਜ." (ਕ੍ਰਿਸਨਾਵ) ੨. ਦਾਰੁ (ਕਾਠ) ਦਾ ਪੁਤਲਾ.

ਦਾਰੁਕਾ: ਸੰ. ਕਠਪੁਤਲੀ.

ਦਾਰੁਣ, ਦਾਰੁਨ: ਵਿ- ਭਯਾਨਕ. ਘੋਰ। ੨. ਦੁਸਹ. ਜੋਹ ਸਹਾਰਿਆ ਨਾ ਜਾ ਸਕੇ. "ਦਾਰੁਨ ਦੁਖ ਸਹਿਓ ਨ ਜਾਇ." (ਬਸੰ ਕਬੀਰ)

ਦਾਰੁਨਾਰਿ: ਸੰਗਯਾ- ਦਾਰੁ (ਲੱਕੜ) ਦੀ ਇਸਤ੍ਰੀ. ਕਾਠ ਦੀ ਪੁਤਲੀ. "ਦਾਰੁਨਾਰਿ ਕੋ ਕਯਾ ਗੁਨ ਦੋਸੁ?" (ਨਾਪ੍ਰ)

ਦਾਰੁਪੁਤਰੀ: ਦਾਰੁ (ਲੱਕੜ) ਦੀ ਪੁੱਤਲਿਕਾ. ਕਠ ਪੁਤਲੀ.

ਦਾਰੁਲਖ਼ਿਲਾਫ਼ਤ: ਅ਼. دارالخلافت ਸੰਗਯਾ- ਖ਼ਲੀਫ਼ਾ ਦਾ ਸਦਰ ਅਸਥਾਨ. ਰਾਜਧਾਨੀ. ਜਦ ਤੋਂ ਬਾਦਸ਼ਾਹ ਆਪਣੇ ਤਾਈਂ ਖ਼ਲੀਫ਼ਾ ਕਹਾਉਣ ਲੱਗੇ, ਤਦ ਤੋਂ ਰਿਆਸਤ ਦੇ ਸਦਰ ਦਾ ਇਹ ਨਾਉਂ ਹੋਇਆ.

ਦਾਰੂ: ਵਿ- ਦਾਰਣ ਕਰਤਾ. ਵਿਦਾਰਕ. "ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਰਿਓ." (ਬੰਸ ਮਃ ੪) ਗੁਰੂ ਨੇ ਸਬਦ ਰੂਪ ਅੰਕੁਸ਼, ਜੋ ਮਸਤ ਹਾਥੀ ਦੇ ਸਿਰ ਨੂੰ ਵਿੰਨ੍ਹਣ ਵਾਲਾ ਹੈ, ਸਿਰ ਤੇ ਰੱਖਿਆ. "ਸਭ ਅਉਖਧ ਦਾਰੂ ਲਾਇ ਜੀਉ." (ਆਸਾ ਛੰਤ

ਮਃ ੪) ਰੋਗਵਿਦਾਰਕ ਸਭ ਦਵਾਈਆਂ ਇਸਤਾਮਾਲ ਕਰਕੇ। ੨. ਦੇਖੋ, ਦਾਰੁ। ੩. ਫ਼ਾ. دارُو ਸੰਗਯਾ- ਦਵਾ. ਔਖਧ. "ਹਰਿ ਹਰਿ ਨਾਮ ਦੀਓ ਦਾਰੂ." (ਸੋਰ ਮਃ ੫) "ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ." (ਵਾਰ ਗਉ ੧. ਮਃ ੫) ੪. ਸ਼ਰਾਬ. ਮਦਿਰਾ. "ਦੀਖਿਆ ਦਾਰੂ ਭੋਜਨ ਖਾਇ." (ਰਾਮ ਮਃ ੧) ੫. ਬਾਰੂਦ. "ਦਾਰੂ ਸੁ ਦੋਸ਼ ਹੁਤਾਸਨ ਭਾ." (ਗੁਪ੍ਰਸੂ)

ਦਾਰੂਕਾਰ: ਡਿੰਗ. ਸੰਗਯਾ- ਦਾਰੂ (ਸ਼ਰਾਬ) ਬਣਾਉਣ ਵਾਲਾ ਕਲਾਲ। ੨. ਬਾਰੂਦਸਾਜ਼.

ਦਾਰੇਰ: ਤੇੜ. ਦਰਜ. ਦੇਖੋ, ਦਰੇਰ. "ਮੁਖੰ ਦੇਖਕੈ ਚੰਦ ਦਾਰੇਰ ਖਾਈ." (ਰਾਮਾਵ)

ਦਾਰੋਗ਼ਾ: ਫ਼ਾ. داروغہ ਸੰਗਯਾ- ਨਿਗਰਾਨੀ ਕਰਨ ਵਾਲਾ ਕਰਮਚਾਰੀ.

ਦਾਰੰਦ: ਫ਼ਾ. دارند ਰਖਦੇ ਹਨ. ਦੇਖੋ, ਦਾਸ਼ਤਨ.

ਦਾਰ੍ਹੀ: ਦੇਖੋ, ਦਾੜ੍ਹੀ.

ਦਾਲ: ਸੰ. ਸੰਗਯਾ- ਕੌੜਤੁੰਮਾ. ਇੰਦ੍ਰਾਯਨ। ੨. ਜੰਗਲੀ ਸ਼ਹਦ. ਮਧੁ। ੩. ਸੰ. ਦਾਲਿ. ਦਲਿਆ ਹੋਇਆ ਅੰਨ. ਦ੍ਵਿਦਲ ਕੀਤਾ ਦਾਣਾ. ਦੇਖੋ, ਦਾਲਿ। ੪. ਦਲੇ ਹੋਏ ਅੰਨ ਦਾ ਸਾਲਣ। ੫. ਵਿ- ਦਲਨ ਕਰਤਾ. "ਸਭ ਦਾਲਿਦ ਭੰਜ ਦੁਖਦਾਲ." (ਨਟ ਮਃ ੪. ਪੜਤਾਲ) ੬. ਅ਼. دال ਰਹਨੁਮਾ. ਰਾਹ ਦੱਸਣ ਵਾਲਾ। ੭. ਯੁਕ੍ਤਿ ਦੱਸਣ ਵਾਲਾ.

ਦਾਲਚੀਨੀ: ਦੇਖੋ, ਚਾਰਚੀਨੀ.

ਦਾਲਦ, ਦਾਲਦੁ: ਦੇਖੋ, ਦਾਰਿਦ. "ਦਾਲਦ ਭੰਜਨ ਦੁਖ ਦਲਨ." (ਓਅੰਕਾਰ) "ਦੁਖ ਦਾਲਦੁ ਸਭੋ ਲਹਿ ਗਇਆ." (ਵਾਰ ਕਾਨ ਮਃ ੪)

ਦਾਲਦੁਭੰਜ: ਵਿ- ਦਾਰਿਦ੍ਰ੍ਯ ਵਿਨਾਸ਼ਕ. ਗ਼ਰੀਬੀ ਮਿਟਾਉਣ ਵਾਲਾ. "ਦਾਲਦੁਭੰਜ ਸੁਦਾਮੇ ਮਿਲਿਓ." (ਮਾਰੂ ਮਃ ੪)

ਦਾਲਾ: ਵਿ- ਦਲਨ ਕਰਤਾ. "ਪਾਪਵੰਸ ਕੋ ਦਾਲਾ." (ਭਾਗੁ) ੨. ਸੰਗਯਾ- ਖ਼ਾ. ਦਾਲ. ਦਾਲਿ। ੩. ਭਾਈ ਮਰਦਾਨੇ ਦਾ ਸੰਬੰਧੀ ਇੱਕ ਰਬਾਬੀ. .

ਦਾਲਾਨ: ਫ਼ਾ. دالان ਸੰਗਯਾ- ਖੁਲ੍ਹਾ ਕਮਰਾ. ਬਿਨਾ ਕਿਵਾੜ ਦਾ ਖੁਲ੍ਹਾ ਘਰ.

ਦਾਲਿ: ਦੇਖੋ, ਦਾਲ ੩. "ਬੀਉ ਬੀਜਿ ਪਤਿ ਲੈਗਏ ਅਬ ਕਿਉ ਉਗਵੈ ਦਾਲਿ." (ਵਾਰ ਆਸਾ) "ਦਾਲਿ ਸੀਧਾ ਮਾਗਉ ਘੀਉ." (ਧਨਾ ਧੰਨਾ)

ਦਾਲਿਦ: ਦੇਖੋ, ਦਾਰਿਦ. "ਸਭ ਦਾਲਿਦ ਭੰਜ ਦੁਖ ਦਾਲ." (ਨਟ ਮਃ ੪. ਪੜਤਾਲ)

ਦਾਵ: ਦੇਖੋ, ਦਾਉ। ੨. ਸੰ. ਸੰਗਯਾ- ਜੰਗਲ ਦੀ ਅਗਨਿ. ਦਾਵਾਗਨਿ। ੩. ਵਨ (ਬਣ). ਜੰਗਲ.

ਦਾਵਣ: ਦੇਖੋ, ਦਾਉਣ। ੨. ਪੱਲਾ. ਲੜ. ਦੇਖੋ, ਦਾਮਨ.

ਦਾਵਣਿ: ਦਾਮਨ ਵਿੱਚ. ਪੱਲੇ. ਲੜ ਨਾਲ. "ਹਰਿ ਸਜਣ ਦਾਵਣਿ ਲਗਿਆ." (ਮਾਝ ਬਾਰਹਮਾਹਾ) ੨. ਰੱਸੀ ਨਾਲ। ੩. ਦਾਉਣ ਵਿੱਚ.

ਦਾਵਤ: ਅ਼. دعوت ਦਅ਼ਵਤ. ਸੰਗਯਾ- ਸੱਦਣ ਦੀ ਕ੍ਰਿਯਾ. ਬੁਲਾਉਣਾ। ੨. ਪ੍ਰੀਤਿਭੋਜਨ। ੩. ਨਿਮੰਤ੍ਰਣ. ਨਜੋਂਦਾ.

ਦਾਵਨ: ਦੇਖੋ, ਦਾਵਣ। ੨. ਸੰ. ਦਾਮਨ. ਸੰਗਯਾ- ਰੱਸੀ। ੩. ਸੰ. दावन्. ਵਿ- ਦੇਣ ਯੋਗ੍ਯ. "ਹਾੜ ਬਦੀ ਪ੍ਰਿਥਮਾ ਸੁਖਦਾਵਨ." (ਰਾਮਾਵ)

ਦਾਵਨਗੀਰ: ਦੇਖੋ, ਦਾਮਨਗੀਰ. "ਹ੍ਵੈਹੋਂ ਦਾਵਨਗੀਰ ਤੁਹਾਰੋ." (ਚਰਿਤ੍ਰ ੩੮)

ਦਾਵਨਿ: ਦਾਮਨ (ਰੱਸੀ) ਨਾਲ. ਦੇਖੋ, ਦਾਵਨ ੨. "ਦਾਵਨਿ ਬੰਧਿਓ ਨ ਜਾਤ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਦੇਖੋ, ਦਾਮਨੀ.

ਦਾਵਾ: ਸੰ. ਸੰਗਯਾ- ਜੰਗਲ ਦੀ ਅੱਗ. ਬਿਰਛਾਂ ਦੇ ਖਹਿਣ ਤੋਂ ਪੈਦਾ ਹੋਈ ਅਗਨਿ. ਦਾਵਾਗਨਿ. ਦਾਵਾਨਲ. "ਦਾਵਾ ਅਗਨਿ ਬਹੁਤ ਤ੍ਰਿਣ ਜਾਰੇ." (ਆਸਾ ਮਃ ੫) ੨. ਅ਼. دعوا ਦਅ਼ਵਾ ਕਿਸੇ ਵਸਤੁ ਤੇ ਆਪਣਾ ਅਧਿਕਾਰ ਕ਼ਾਇਮ ਕਰਨ ਦੀ ਕ੍ਰਿਯਾ. "ਦਾਵਾ ਕਾਹੂ ਕੋ ਨਹੀਂ." (ਸ. ਕਬੀਰ)

ਦਾਵਾਅਗਨਿ, ਦਾਵਾਗਨਿ: ਦੇਖੋ, ਦਾਵਾ ੧.

ਦਾਵਾਤ: ਦੇਖੋ, ਦਵਾਤ.

ਦਾਵਾਨਲ: ਦੇਖੋ, ਦਾਵਾ ੧.

ਦਾੜ: ਸੰ. ਦੰਸ਼ਟ੍ਰਾ. ਜਾੜ੍ਹ। ੨. ਸੂਰ ਦੀ ਹੁੱਡ.

ਦਾੜਗਾੜ, ਦਾੜਧਰ: ਸੰਗਯਾ- ਦ੍ਰਿੜ੍ਹ ਹੈ ਜਿਸ ਦੀ ਹੁੱਡ, ਵਰਾਹ ਅਵਤਾਰ. ਦਾੜ੍ਹ ਦੇ ਧਾਰਣ ਵਾਲਾ ਸੂਰ ਭਗਵਾਨ "ਧਰਯੋ ਵਿਸਨੁ ਤਉ ਦਾੜਗਾੜਾਵਤਾਰੰ." (ਵਰਾਹ) "ਧਰਦਾੜ ਜਯੋਂ ਰਣ ਗਾਢ ਹਨਐ." (ਕਲਕੀ)

ਦਾੜਪੀੜ: ਦਾੜ (ਦ੍ਰਸ਼੍ਟ੍ਰਾ) ਦਾ ਦਰਦ. ਦਾੜ੍ਹ ਦੀ ਪੀੜਾ. "ਦੰਤ ਰੋਗ ਅਰੁ ਦਾੜ੍ਹਪੀੜ ਗਨ." (ਚਰਿਤ੍ਰ ੪੦੫) ਦੇਖੋ, ਦੰਤਰੋਗ.

ਦਾੜਮ: ਦੇਖੋ, ਦਾਰਮ ਅਤੇ ਦਾੜਿਮ.

ਦਾੜਵੀ: ਦੇਖੋ, ਦਾੜਿਮੀ. "ਦਾੜਵੀ ਪ੍ਰਦੰਤੇ" (ਅਕਾਲ) ਕਵਿਜਨ ਅਨਾਰ ਦੇ ਦਾਨਿਆਂ ਤੁੱਲ ਦੰਦਾਂ ਦੀ ਪੰਕ੍ਤਿ ਲਿਖਦੇ ਹਨ। ੨. ਦਾਢੰਜ ਸਹਿਤ. ਮਜਬੂਤੀ ਸਹਿਤ. ਦ੍ਰਿੜ੍ਹ. ਮਜਬੂਤ਼.

ਦਾੜਾ: ਸੰਗਯਾ- ਦੰਸ਼ਟ੍ਰਾ. ਹੁੱਡ. "ਦਾੜਾ ਅਗ੍ਰੇ ਪ੍ਰਿਥਮਿ ਧਰਾਇਣ." (ਮਾਰੂ ਸੋਲਹੇ ਮਃ ੫) ੨. ਜਾੜ੍ਹ. ਦਾੜ੍ਹ। ੩. ਦੇਖੋ, ਦਾੜ੍ਹਾ.

ਦਾੜਿਮ, ਦਾੜਿਮੀ: ਸੰ. ਦਾਡਿਮ- ਦਾਡਿਮੀ. ਸੰਗਯਾ- ਅਨਾਰ ਦਾ ਬੂਟਾ। ੨. ਅਨਾਰ ਦਾ ਫਲ.

ਦਾੜੀ, ਦਾੜ੍ਹਾ, ਦਾੜ੍ਹੀ: ਸੰ. ਦਾਢਿਕਾ. ਸੰਗਯਾ- ਠੋਡੀ ਉੱਪਰਲੇ ਰੋਮ. ਸਮਸ਼੍ਰ. ਰੀਸ਼. "ਸੇ ਦਾੜੀਆ ਸਚੀਆਂ ਜਿ ਗੁਰਚੋਰਨੀ ਲਗੰਨਿ." (ਸਵਾ ਮਃ ੩) ੨. ਮੁੱਛ. "ਗਰੀਬਾ ਉਪਰਿ ਜਿ ਖਿੰਜੈ ਦਾੜੀ." (ਗਉ ਮਃ ੫) ਜੋ ਮੁੱਛ ਉੱਪਰ ਹੱਥ ਫੇਰਕੇ ਗ਼ਰੀਬਾਂ ਨੂੰ ਆਪਣਾ ਬਲ ਦੱਸਦਾ ਹੈ. ਭਾਵ- ਆਪਣਾ ਮਰਦਊ ਪ੍ਰਗਟ ਕਰਦਾ ਹੈ.

ਦਿਉ: ਸੰ. ਦ੍ਯੁ. ਸੰਗਯਾ- ਦਿਨ. .

ਦਿਉਸ: ਸੰ. ਦਿਵਸ. ਸੰਗਯਾ- ਦਿਨ. "ਦਿਉਸ ਚਾਰ ਕੇ ਦੀਸਹਿ ਸੰਗੀ." (ਸਾਰ ਮਃ ੫)

ਦਿਉਸਰਾਣੰ: ਸੰਗਯਾ- ਦਿਵਸਰਾਜ. ਦਿਨ ਦਾ ਰਾਜਾ, ਸੂਰਯ. "ਰਾਤ੍ਰਿ ਬੀਤੀ ਉਦਯੋ ਦਿਉਸਰਾਣੰ." (ਵਿਚਿਤ੍ਰ)

ਦਿਉਹਾੜੀ: ਕ੍ਰਿ. ਵਿ- ਪ੍ਰਤਯੇਕ ਦਿਨ ਵਿੱਚ. ਹਰ ਰੋਜ਼. ਪ੍ਰਤਿਦਿਨ. ਸਿੰਧੀ. ਡਿਹਾੜੀ. "ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ." (ਵਾਰ ਆਸਾ) ੨. ਦੇਖੋ, ਦਿਹਾੜੀ.

ਦਿਉਕਾ: ਦੇਖੋ, ਪਸਰੂਰ.

ਦਿਓਸ: ਦੇਖੋ, ਦਿਉਸ.

ਦਿਆ: ਦੇਖੋ, ਦਯਾ। ੨. ਦੇਖੋ, ਦੀਆ.

ਦਿਆਨਤ: ਦੇਖੋ, ਦਯਾਨਤ.

ਦਿਆਰ: ਦੇਖੋ, ਦਇਆਰ। ੨. ਦੇਖੋ, ਦਯਾਰ.

ਦਿਆਲ: ਦੇਖੋ, ਦਇਆਲ। ੨. ਦੇਖੋ, ਦਯਾਲ.

ਦਿਆਲ ਜੀ: ਦੇਖੋ, ਨਿਰੰਕਾਰੀਏ.

ਦਿਆਲਪੁਰਾ: ਦੇਖੋ, ਦਯਾਲਪੁਰਾ.

ਦਿਆਲਾ: ਵਿ- ਦਯਾਲੂ. ਦਯਾ ਵਾਲਾ। ੨. ਸੰਬੋਧਨ. ਹੇ ਦਯਾਲੂ। ੩. ਸੰਗਯਾ- ਭਾਈ ਦਿਆਲਾ, ਜੋ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਅਨੰਨ ਸਿੱਖ ਸੀ. ਇਹ ਦਿੱਲੀ ਵਿੱਚ ਨੌਵੇਂ ਸਤਿਗੁਰਾਂ ਨਾਲ ਜੇਲ ਵਿੱਚ ਰਿਹਾ, ਅਰ ਜਦ ਭਾਈ ਮਤੀਦਾਸ ਜੀ ਆਰੇ ਨਾਲ ਚੀਰੇ ਗਏ, ਉਸ ਵੇਲੇ ਅਰ ਜਦ ਭਾਈ ਦਿਆਲੇ ਨੂੰ ਉਬਲਦੀ ਦੇਗ ਵਿੱਚ ਬੈਠਾਕੇ ਸ਼ਹੀਦ ਕੀਤਾ ਗਿਆ. ਇਸ ਧਰਮਵੀਰ ਨੇ ਇਸ ਘੋਰ ਦੁੱਖ ਨੂੰ ਤੁੱਛ ਕਰਕੇ ਜਾਤਾ ਅਰ ਗੁਰਬਾਣੀ ਦਾ ਪਾਠ ਕਰਦਾ ਹੋਇਆ ਗੁਰਪੁਰੀ ਨੂੰ ਪਧਾਰਿਆ.

ਦਿਸ: ਸੰ. ਦ੍ਰਿਸ਼. ਧਾ- ਦਿਖਾਉਣਾ, ਹੁਕਮ ਦੇਣਾ, ਪ੍ਰਗਟ ਕਰਨਾ, ਉਪਦੇਸ਼ ਕਰਨਾ। ੨. ਸੰਗਯਾ- ਦਿਸ਼ਾ. ਓਰ. ਤਰਫ਼. ਸਿਮਤ.

ਦਿਸਟ: ਦੇਖੋ, ਦਿਸ਼੍ਰ। ੨. ਦੇਖੋ, ਦ੍ਰਿਸ਼੍ਰ.

ਦਿਸਟਮਾਨ: ਦੇਖੋ, ਦ੍ਰਿਸਟਮਾਨ.

ਦਿਸਟਾ: ਦੇਖੋ, ਦ੍ਰਸ਼੍ਰਾ.

ਦਿਸਟਾਂਤ: ਦੇਖੋ, ਦ੍ਰਿਸਟਾਂਤ। ੨. ਸੰ. ਦਿਸ਼੍ਰਾਂਤ. ਸੰਗਯਾ- ਮੌਤ. ਮ੍ਰਿਤ੍ਯੁ.

ਦਿਸਟਾਨਿਓ: ਦ੍ਰਿਸ਼੍ਰਿ- ਆਇਆ. ਨਜ਼ਰ ਆਇਆ. ਦੇਖੋ, ਦ੍ਰਿਸਟਾਨਿਓ.

ਦਿਸਟਾਵੈ: ਦ੍ਰਿਸ਼੍ਰਿ- ਆਵੈ. ਨਜ਼ਰ ਆਉਂਦਾ. "ਕਛੁ ਆਨ ਨਹੀ ਦਿਸਟਾਵੈ." (ਨਟ ਮਃ ੫)

ਦਿਸਟਿ: ਸੰ. ਦ੍ਰਸ਼੍ਟਿ- ਦ੍ਰਿਸ਼੍ਰਿ. ਸੰਗਯਾ- ਨਜ਼ਰ. ਨਿਗਾਹ. "ਜਾਕੀ ਦਿਸਟਿ ਨਾਦਿ ਲਿਵ ਲਾਗੈ." (ਸ੍ਰੀ ਕਬੀਰ) ਦੇਖੋ, ਦਿਸ਼੍ਰਿ.

ਦਿਸਟਿਬਗਾ: ਸੰਗਯਾ- ਵਕਦ੍ਰਿਸ਼੍ਰਿ. ਬਗੁਲੇ ਜੇਹੀ ਨਜ਼ਰ. ਅੱਖਾਂ ਮੀਚਕੇ ਫਸਾਉਣ ਦੀ ਤਾਕ. "ਠਗ ਦਿਸਟਿਬਗਾ ਲਿਵ ਲਾਗਾ." (ਪ੍ਰਭਾ ਬੇਣੀ)

ਦਿਸਟਿਬਿਕਾਰੀ, ਦਿਸਟਿਵਿਕਾਰੀ: ਸੰਗਯਾ- ਵਿਕਾਰਦ੍ਰਿਸ਼੍ਰੀ. ਪਰਧਨ ਇਸਤ੍ਰੀ ਆਦਿ ਵੱਲ ਖੋਟੀ ਨਜ਼ਰ. "ਦਿਸਟਿਬਿਕਾਰੀ ਬੰਧਨ ਬਾਂਧੈ, ਹਉ ਤਿਸ ਕੈ ਬਲਿ ਜਾਈ." (ਪ੍ਰਭਾ ਮਃ ੧) "ਦਿਸਟਿਬਿਕਾਰੀ ਦੁਰਮਤਿ ਭਾਗੀ." (ਪ੍ਰਭਾ ਮਃ ੧) ੨. ਵਿ- ਵਿਕਾਰਦਿਸ਼੍ਰਿ, ਵਾਲਾ. "ਦਿਸਟਿਵਿਕਾਰੀ ਨਾਹੀ ਭਉ ਭਾਉ." (ਗਉ ਮਃ ੧)

ਦਿਸਟੈ: ਦ੍ਰਿਸ਼੍ਰਿ ਆਵੈ. ਦਿਸਦਾ ਹੈ. "ਜੋ ਦਿਸਟੈ ਸੋ ਗਾਛੈ." (ਦੇਵ ਮਃ ੫)

ਦਿਸਣਾ: ਕ੍ਰਿ- ਦਿਖਾਈ ਦੇਣਾ. ਨਜ਼ਰ ਆਉਣਾ. ਦ੍ਰਿਸ਼ਿ (ਨਿਗਾਹ) ਪੈਣਾ.


ਦਿਸਦਾ: ਸੰਗਯਾ- ਦ੍ਰਿਸ਼ਯਮਾਨ. ਜੋ ਨਜ਼ਰ ਆਉਂਦਾ ਹੈ. "ਦਿਸਦਾ ਸਭਕਿਛੁ ਚਲਸੀ." (ਵਾਰ ਸਾਰ ਮਃ ੪)

ਦਿਸਨਾ: ਦੇਖੋ, ਦਿਸਣਾ.

ਦਿਸਪਟ: ਸੰਗਯਾ- ਦਿਸ਼ਾ ਹਨ ਜਿਸ ਦੇ ਪਟ (ਵਸ੍ਤ੍ਰ) ਦਿਗੰਬਰ. ਨੰਗਾ. "ਬਹੁਤ ਬੈਸਨੋ ਦਿਸਪਟ ਸਤੀ." (ਨਾਪ੍ਰ)

ਦਿਸਾ: ਸੰ. ਦਿਸ਼ਾ. ਸੰਗਯਾ- ਤ਼ਰਫ਼. ਓਰ. ਸਿਮਤ. ਵਿਦ੍ਵਾਨਾਂ ਨੇ ਚਾਰ ਦਿਸ਼ਾ (Cardinal Points) ਪੂਰਵ, ਪੱਛਮ, ਉੱਤਰ ਅਤੇ ਦੱਖਣ (ਪੂਰ੍ਵ, ਪਸ਼੍ਚਿਮ, ਉੱਤਰ, ਦਕ੍ਸ਼ਿਣ- ਮਸ਼ਰਿਕ਼. ਮਗ਼ਰਿਬ, ਸ਼ੁਮਾਲ, ਜਨੂਬ- East, West, North,

South) ਮੰਨੀਆਂ ਹਨ. ਇਨ੍ਹਾਂ ਨਾਲ ਚਾਰ ਉਪਦਿਸ਼ਾ (ਕੋਣਾਂ) ਮਿਲਾਉਣ ਤੋਂ ਅੱਠ ਦਿਸ਼ਾ ਹੁੰਦੀਆਂ ਹਨ. ਜਿਨ੍ਹਾਂ ਦਾ ਨਕ਼ਸ਼ਾ ਇਹ ਹੈ ::-




ਦਿਸਾਉਰ: ਦੇਖੋ, ਦਿਸਾਵਰ.

ਦਿਸਾਸੂਲ: ਸੰ. ਦਿਸ਼ਾਸੂਲ. ਸੰਗਜਾ- ਹਿੰਦੂਮਤ ਅਨੁਸਾਰ ਕਿਸੇ ਖ਼ਾਸ ਦਿਸ਼ਾ ਵੱਲ ਜਾਣ ਲਈ ਕੋਈ ਖ਼ਾਸ ਦਿਨ ਅਰ ਵੇਲਾ ਸ਼ੂਲ ਜੇਹਾ ਦੁਖਦਾਈ. ਜਿਵੇਂ- ਪੱਛਮ ਵਾਸਤੇ ਸ਼ੁਕ੍ਰ ਅਤੇ ਐਤਵਾਰ. ਉੱਤਰ ਲਈ ਮੰਗਲ ਅਤੇ ਬੁਧ. ਪੂਰਵ ਨੂੰ ਜਾਣ ਲਈ ਸ਼ਨੀ ਅਤੇ ਸੋਮ. ਦਕ੍ਸ਼ਿਣ ਵਾਸਤੇ ਵੀਰਵਾਰ. "ਥਿਤਿ ਵਾਰ ਭਦ੍ਰਾ ਭਰਮ ਦਿਸਾਸੂਲ ਸਹਸਾ ਸੰਸਾਰਾ." (ਭਾਗੁ)

ਦਿਸਾਨਾਗ: ਦੇਖੋ, ਦਸੋ ਨਾਗ ਅਤੇ ਦਿੱਗਜ.

ਦਿਸ਼ਾਨਾਥ, ਦਿਸ਼ਾਪਤਿ: ਦੇਖੋ, ਦਿਕਪਾਲ ਅਤੇ ਦਿਗਪਤਿ.

ਦਿਸਾਪੁਰੀ: ਕ੍ਰਿ. ਵਿ- ਪਰਦਿਸ਼ਾ ਮੇਂ. ਪਰਦੇਸ਼ ਵਿੱਚ. "ਜਿਨ ਕੇ ਕੰਤ ਦਿਸਾਪੁਰੀ." (ਵਾਰ ਸੂਹੀ ਮਃ ੨)

ਦਿਸਾਬਸਤ੍ਰ: ਦੇਖੋ, ਦਿਸਪਟ ਅਤੇ ਦਿਗੰਬਰ. "ਦਿਸਾ ਬਸਤ੍ਰ ਰਾਜੰ." (ਵਿਚਿਤ੍ਰ) ੨. ਵਸਤ੍ਰਰੂਪ ਦਿਸ਼ਾ.

ਦਿਸਾਭ੍ਰਮ: ਸੰਗਜਾ- ਦਿਸ਼ਾ ਦਾ ਭੁਲੇਖਾ. ਭੁੱਲਕੇ ਪੂਰਵ ਨੂੰ ਉੱਤਰ ਅਤੇ ਦੱਖਣ ਨੂੰ ਪੱਛਮ ਜਾਣ ਲੈਣਾ.

ਦਿਸਾਰਨਿ: ਵਿ- ਦਿਸਾਵਰ (ਅਪਰ- ਦਿਸ਼ਾ) ਵਿੱਚ ਰਹਿਣ ਵਾਲੀ. ਪਰਦੇਸਣ. "ਏਕ ਦਿਸਾਰਨਿ ਸੋ ਰਹੈ ਤਾਂਕੀ ਪ੍ਰੀਤਿ." (ਚਰਿਤ੍ਰ ੧੯੪)

ਦਿਸਾਵਰ: ਸੰਗਜਾ- ਦੇਸ਼- ਅਪਰ. ਦੂਜਾ ਦੇਸ਼. ਪਰਦੇਸ਼. ਵਿਦੇਸ਼. "ਬਹੁਤ ਦਿਸਾਵਰ ਪੰਧਾ." (ਵਾਰ ਰਾਮ ੨. ਮਃ ੫) ਭਾਵ- ਅਨੇਕ ਜਨਮ. ਚੌਰਾਸੀ ਦਾ ਗੇੜਾ.

ਦਿਸਾਵਰੀ: ਵਿ- ਅਪਰ ਦੇਸ਼ ਦਾ. ਦੂਜੇ ਮੁਲਕ ਦਾ. ਵਿਦੇਸ਼ੀ। ੨. ਅਪਰ ਦਿਸ਼ਾ (ਵਿਦੇਸ਼) ਨੂੰ. "ਪੰਖੀ ਚਲੇ ਦਿਸਾਵਰੀ." (ਸ. ਕਬੀਰ)

ਦਿਸਾ ਵਿਸਾ: ਸੰਗਜਾ- ਦਿਸ਼ਾ- ਉਪਦਿਸ਼ਾ. ਦੇਖੋ, ਉਪਦਿਸਾ, ਦਸ ਦਿਸਾ ਅਤੇ ਦਿਸਾ. "ਜਤ੍ਰ ਤਤ੍ਰ ਦਿਸਾ ਵਿਸਾ." (ਜਾਪੁ)

ਦਿਸਿ: ਦਿਸ਼ਾ ਮੇਂ. ਦਿਸ਼ਾ ਵੱਲ. ਦੇਖੋ, ਦਿਸਾ। ੨. ਸੰ. ਦ੍ਰਸ਼ੀ- ਦ੍ਰਿਸ਼ੀ. ਸੰਗਜਾ- ਨਜ਼ਰ. ਦ੍ਰਿਸ਼੍ਰਿ. ਨਿਗਾਹ.

ਦਿਸਿਆਵਦਾ: ਦ੍ਰਿਸ਼ਿ (ਨਜਰ) ਆਂਵਦਾ. ਦਿਖਾਈਦਿੰਦਾ. "ਕੁਟੰਬ ਦਿਸਿਆਵਦਾ, ਸਭ ਚਲਣਹਾਰੁ. (ਵਾਰ ਗਉ ੧. ਮਃ ੪)

ਦਿਸੇ: ਦ੍ਰਿਸ਼੍ਰਿ ਆਵੇ. ਦਿਖਾਈ ਦਵੇ. "ਨਾਨਕ ਜੀਵਤ ਦਰਸ ਦਿਸੇ." (ਬਿਲਾ ਮਃ ੫) ੨. ਦੇਖਕੇ.

ਦਿਸੇਸ: ਸੰਗਜਾ- ਦਿਸ਼ਾ- ਈਸ਼. ਦੇਖੋ, ਦਿਗਪਤਿ.

ਦਿਸੈ: ਦਿਖਾਈ ਦਿੰਦਾ. ਦੇਖਦਾ. "ਅਠਦਸ ਬੇਦ ਸੁਨੈ ਕਹ ਡੋਰਾ। ਕੋਟਿ ਪ੍ਰਗਾਸ ਨ ਦਿਸੈ ਅੰਧੇਰਾ." (ਰਾਮ ਮਃ ੫) ਅਠਾਰਾਂ ਪੁਰਾਣ ਅਤੇ ਵੇਦ ਬੋਲਾ ਕਿੱਥੇ ਸੁਣ ਸਕਦਾ ਹੈ? ਕ੍ਰੋੜਾਂ ਰੌਸ਼ਨੀਆਂ ਹੋਣ ਪੁਰ ਅੰਧਾ ਨਹੀਂ ਦੇਖ ਸਕਦਾ. ਭਾਵ- ਅਨੇਕ ਇ਼ਲਮ ਹੋਣ ਪੁਰ ਭੀ ਅਗਜਾਨੀ, ਯਥਾਰਥ ਗਜਾਨ ਤੋਂ ਖਾਲੀ ਰਹਿੰਦਾ ਹੈ.

ਦਿਸੰਤਰ: ਦੇਖੋ, ਦੇਸਾਂਤਰ.

ਦਿਸੰਤਰਿ, ਦਿਸੰਤਰੀ: ਦੇਸ਼ਾਂਤਰ ਵਿੱਚ. "ਜੋਗ ਨ ਦੇਸਿ ਦਿਸੰਤਰਿ ਭਵਿਐ." (ਸੂਹੀ ਮਃ ੧) "ਭੂਲੀ ਫਿਰੈ ਦਿਸੰਤਰੀ." (ਸ੍ਰੀ ਅਃ ਮਃ ੧)

ਦਿਸੰਤਰੁ. ਦੇਖੋ, ਦੇਸਾਂਤਰ. "ਦਿਸੰਤਰੁ ਭਵੈ ਅੰਤਰੁ ਨਹੀ ਭਾਲੇ." (ਮਾਰੂ ਸੋਲਹੇ ਮਃ ੩)

ਦਿਸੰਦੜਾ: ਦਿਖਾਈ ਦਿੰਦਾ. ਦ੍ਰਿਸ਼੍ਰਿ ਆਵੰਦਾ. ਨਜਰ ਆਉਂਦਾ.

ਦਿਸੰਦੜਿਆ: ਕ੍ਰਿ. ਵਿ- ਦੇਖਣ ਪੁਰ. ਦੇਖਣ ਤੋਂ "ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮ੍ਰਿਤ ਅਸਾਭੜੇ ਸੇਈ." (ਵਾਰ ਗੂਜ ੨. ਮਃ ੫)

ਦਿਸੰਦਾ: ਦੇਖੋ, ਦਿਸਦਾ.

ਦਿਸੰਨਿ: ਨਜਰ (ਦ੍ਰਿਸ਼ਾ) ਆਵੰਨ. ਦਿਖਾਈ ਦਿੰਦੇ ਹਨ. "ਸੇ ਮੁਹ ਸੋਹਣੇ ਦਰਿ ਸਵੈ ਦਿਸੰਤਿ." (ਸਵਾ ਮਃ ੩)

ਦਿਸ਼੍ਰ: ਸੰ. ਸੰਗਜਾ- ਭਾਗਜ. ਕ਼ਿਸਮਤ। ੨. ਉਪਦੇਸ਼। ੩. ਕਾਲ। ੪. ਦੇਖੋ, ਦ੍ਰਿਸਟ.

ਦਿਸ਼੍ਰਿ: ਸੰ. ਸੰਗਜਾ- ਪ੍ਰਸੰਨਤਾ। ੨. ਉਤਸਵ। ੩. ਭਾਗਜ. ਕ਼ਿਸਮਤ। ੪. ਦੇਖ, ਦ੍ਰਿਸਟਿ.

ਦਿਹ: ਸੰ. ਦਜੁ. ਸੰਗਜਾ- ਦਿਨ. ਦਿਵਸ. "ਨਾਨਕ ਸੇ ਦਿਹ ਆਵੰਨਿ." (ਸੋਹਿਲਾ) ੨. ਦੇਖੋ. ਦੇਹ। ੩. ਫ਼ਾ. دِه ਦਾਦਨ ਦਾ ਅਮਰ. ਦੇਹ. ਦਾਨ ਕਰ। ੪. ਦੂਜੇ ਸ਼ਬਦ ਦੇ ਅੰਤ ਲਗਕੇ ਦੇਣ ਵਾਲਾ ਅਰਥ ਪ੍ਰਗਟ ਕਰਦਾ ਹੈ, ਜਿਵੇਂ- ਆਰਾਮਦਿਹ.

ਦਿਹਦ: ਫ਼ਾ. دِهد ਦਿੰਦਾ ਹੈ.

ਦਿਹਮ: ਫ਼ਾ. دِهم ਮੈ ਦਿੰਦਾ ਹਾਂ.

ਦਿਹਰਾ: ਦੇਖੋ, ਦੇਹਰਾ.

ਦਿਹਰਾ ਸਾਹਿਬ: ਦੇਖੋ, ਦੇਹਰਾ ਸਾਹਿਬ.

ਦਿਹਲੀ: ਦੇਖੋ, ਦੇਹਲੀ। ੨. ਦੇਖੋ, ਦਿੱਲੀ.

ਦਿਹਾ: ਦਿਨਾਂ ਦਾ. ਦੇਖੋ, ਦਿਹ ੧. "ਏਥੈ ਧੰਧਾ ਕੂੜਾ ਚਾਰ ਦਿਹਾ." (ਵਡ ਮਃ ੧. ਅਲਾਹਣੀ)

ਦਿਹਾਈ: ਵਿ- ਦਿਨ ਦੀ ਦਿਹ (ਦਜੁ) ਕੀ. "ਤੇਰੀ ਖਿੰਥਾ ਦੇ ਦਿਹਾਈ." (ਰਾਮ ਮਃ ੫) ਖਿੰਥਾ ਤੋਂ ਭਾਵ ਦੇਹ ਹੈ.

ਦਿਹਾਰਾ: ਸੰਗਯਾ- ਦਿਹਾੜਾ. ਦਿਨ. ਦਿਵਸ. ਦਜੁ "ਇਕੁ ਘੜੀ ਦਿਨਸ ਮੋਕਉ ਬਹੁਤ ਦਿਹਾਰੇ." (ਆਸਾ ਮਃ ੫)

ਦਿਹਾਰੀ: ਦੇਖੋ, ਦਿਹਾੜੀ.

ਦਿਹਾੜਾ: ਦੇਖੋ, ਦਿਹਾਰਾ. "ਛੋਡਿ ਚਲਿਆ ਏਕ ਦਿਹਾੜੇ." (ਆਸਾ ਮਃ ੫)

ਦਿਹਾੜੀ: ਸੰਗਯਾ- ਦਿਨ ਦੀ ਮਜ਼ਦੂਰੀ ਅਥਵਾ ਨੌਕਰੀ. "ਲਾਹਾ ਖਟਿਹੁ ਦਿਹਾੜੀ." (ਅਨੰਦੁ) "ਕਛੁ ਲਾਹਾ ਮਿਲੈ ਦਿਹਾੜੀ." (ਬਸੰ ਅਃ ਮਃ ੧) ੨. ਵਿ- ਦਿਨ ਦਾ ਰੋਜ਼ਾਨਾ. "ਤੀਨਿ ਸੇਰ ਕਾ ਦਿਹਾੜੀ ਮਿਹਮਾਨੁ." (ਆਸਾ ਮਃ ੫)

ਦਿਹਿ, ਦਿਹੁ: ਸੰਗਯਾ- ਦਜੁ. ਦਿਨ. ਦਿਵਸ. "ਜਿ ਦਿਹਿ ਨਾਲਾ ਕਪਿਆ." (ਸ. ਫਰੀਦ) ਜਿਸ ਦਿਨ (ਜਨਮ ਸਮੇਂ) ਨਾਲੂਆ ਕੱਟਿਆ। ੨. ਭਾਵ- ਪ੍ਰਕਾਸ਼. ਗ੍ਯਾਨ. "ਓਥੈ ਦਿਹੁ ਐਥੈ ਸਭ ਰਾਤਿ." (ਮਲਾ ਮਃ ੧)

ਦਿਹੁਦੀਵੀ: ਕ੍ਰਿ. ਵਿ- ਦਿਨ ਅਤੇ ਦੀਵਿਆਂ ਦੇ ਹੋਣ ਪੁਰ. ਬਾਹਰ ਸੂਰਯ ਅਤੇ ਘਰ ਵਿੱਚ ਦੀਪਕਾਂ ਦਾ ਪ੍ਰਕਾਸ਼ ਹੁੰਦੇ ਹੋਏ. "ਦਿਹੁਦੀਵੀ ਅੰਧ ਘੋਰ." (ਸੂਹੀ ਅਃ ਮਃ ੧) ਭਾਵ- ਅ਼ਕ਼ਲ ਅਤੇ ਇ਼ਲਮ ਹੁੰਦਿਆਂ.

ਦਿਹੁਰੀ: ਦੇਖੋ, ਦੇਹਰੀ ਅਤੇ ਦੇਹਲੀ.

ਦਿਹੰਦ, ਦਿਹੰਦਾ: ਫ਼ਾ. دِہندہ ਵਿ- ਦੇਣ ਵਾਲਾ. "ਦਿਹੰਦ ਸੁਈ." (ਵਾਰ ਮਾਝ ਮਃ ੧) ਸੋਈ (ਵਹੀ ਕਰਤਾਰ) ਦੇਣ ਵਾਲਾ ਹੈ. "ਖੈਰ ਖ਼ੂਬੀ ਕੋ ਦਿਹੰਦਾ." (ਗ੍ਯਾਨ)

ਦਿਕ: ਸੰ. दिक. ਸੰਗਯਾ- ਦਿਸ਼ਾ. ਤ਼ਰਫ਼ ਓਰ। ੨. ਅ਼. دِق ਦਿਕ਼. ਵਿ- ਬਾਰੀਕ. ਸੂਖਮ। ੩. ਤੰਗ. ਦੁਖੀ। ੪. ਸੰਗਯਾ- ਖਈ ਰੋਗ. ਤਪਦਿਕ. Consumption (Phthisis). ਦੇਖੋ, ਖਈ.

ਦਿਕਪਾਲ: ਸੰਗਯਾ- ਦਿਸ਼ਾ ਦੇ ਪਾਲਣ ਵਾਲਾ ਦੇਵਤਾ. ਪੁਰਾਣਾਂ ਅਨੁਸਾਰ ਦਸ਼ ਦਿਸ਼ਾ ਦੇ ਪਾਲਕ ਦਸ਼ ਦੇਵਤਾ ਹਨ- ਪੂਰਵ ਦਾ ਇੰਦ੍ਰ, ਅਗਨਿ ਕੋਣ ਦਾ ਅਗਨਿ, ਦਕ੍ਸ਼ਿਣ ਦਾ ਯਮ, ਨੈਰਿਤੀ ਕੋਣ ਦਾ ਨੈਰਿਤ ਰਾਖਸ, ਪੱਛਮ ਦਾ ਵਰੁਣ, ਵਾਯਵੀ ਕੋਣ ਦਾ ਵਾਯੁ, ਉੱਤਰ ਦਾ ਕੁਬੇਰ, ਈਸ਼ਾਨ ਦਾ ਸ਼ਿਵ, ਊਰਧ (ਉੱਪਰ ਵੱਲ) ਦਾ ਬ੍ਰਹਮਾ ਅਤੇ ਅਧੋ (ਹੇਠ ਵੱਲ) ਦਾ ਸ਼ੇਸ਼ਨਾਗ। ੨. ਦੇਖੋ, ਦਿਗਪਾਲ। ੩. ਇੱਕ ਛੰਦ. ਦੇਖੋ, ਦਿਗਪਾਲ ੨.

ਦਿੱਕਤ, ਦਿੱਕ਼ਤ: ਅ਼. دِقّت ਸੰਗਯਾ- ਬਾਰੀਕੀ. ਸੂਖਮਤਾ। ੨. ਕਸ਼੍ਟ. ਕਠਿਨਾਈ. ਔਖ.

ਦਿਖਆਕਨੀ: ਸ਼ਸਤ੍ਰਨਾਮਮਾਲਾ ਦੇ ੧੧੨੫ ਅੰਗ ਵਿੱਚ ਅਵਾਣ ਲਿਖਾਰੀ ਨੇ "ਇਖੁਆਸਨੀ" ਦੀ ਥਾਂ ਇਹ ਅਸ਼ੁੱਧ ਲਿਖਿਆ ਹੈ. ਦੇਖੋ, ਇਖੁਆਸਨੀ.

ਦਿਖਹੁ: ਦੇਖੋ, ਤੱਕੋ.

ਦਿਖਣ, ਦਿਖਨ: ਸੰਗਯਾ- ਦਿਖਾਈ ਦੇਣ ਦਾ ਭਾਵ. ਨਜਰ ਆਉਣਾ.

ਦਿਖਨਥੇ: ਦੇਖਣ ਵਾਸਤੇ. ਦੇਖਨੇ ਲੀਯੇ. "ਲੋਚਹ ਪ੍ਰਭੁ ਦਿਖਨਥੇ." (ਕਲਿ ਮਃ ੪)

ਦਿਖਰਾਵਾ, ਦਿਖਲਾਵਾ: ਦਿਖਾਇਆ. ਦ੍ਰਿਸ਼੍ਟਿ ਵਿੱਚ ਕਰਾਵਾ (ਕਰਾਇਆ). ੨. ਸੰਗਯਾ- ਦ੍ਰਿਸ਼੍ਯ. ਨਜਾਰਾ. "ਸੋ ਪਾਯੋ ਜਗ ਕੋ ਦਿਖਰਾਵਾ." (ਨਾਪ੍ਰ)

ਦਿਖਾ: ਦੇਖਾਂ, "ਦਿਖਾ ਕਿਨੈ ਕਿਹੁ ਆਣਿ ਚੜਾਇਆ." (ਵਾਰ ਗੂਜ ੧. ਮਃ ੩) ਦੇਖੇਂ, ਕਿਸੇ ਨੇ ਕੁਝ ਧਨ ਚੜ੍ਹਾਇਆ ਹੈ ਜਾਂ ਨਹੀਂ। ੨. ਦੇਖਿਆ. "ਸਭ ਤੂਹੈ ਤੁਹੀ ਦਿਖਾ." (ਸਾਰ ਮਃ ੫) ੩. ਦੇਖਣ ਵਾਲਾ. ਗ੍ਯਾਨ- ਦ੍ਰਿਸ਼੍ਟਿ ਵਾਲਾ. "ਜਿਸੁ ਬੁਝਾਏ ਆਪਿ, ਬੁਝਾਇ ਦੇਇ ਸੋਈ ਜਨੁ ਦਿਖਾ." (ਵਾਰ ਕਾਨ ਮਃ ੪) ੪. ਦੇਖੋ, ਦੀਕ੍ਸ਼ਾ.

ਦਿਖਾਉਣਾ: ਕ੍ਰਿ- ਦਰਸ਼ਨ ਕਰਾਉਣਾ. ਦ੍ਰਿਸ਼ਿ (ਨਜਰ) ਵਿੱਚ ਲਿਆਉਣਾ.

ਦਿਖਾਇਬਾ, ਦਿਖਾਧਾ: ਦਿਖਾਉਣਾ. "ਦਰਸ ਦਿਖਾਇਬਾ ਹੈ ਤੇਰੇ ਹੱਥ ਜਗਨਾਥ." (ਸਲੋਹ) ੨. ਦਿਖਾਉਂਦਾ ਹੈ. "ਸਭ ਅਪਨੇ ਖੇਲੁ ਦਿਖਾਧਾ." (ਸਾਰ ਮঃ ੫)

ਦਿਖਾਨਾ: ਦੇਖੋ, ਦਿਖਾਉਣਾ। ੨. ਦੇਖਿਆ.

ਦਿਖਾਰਿਆ: ਦਿਖਾਇਆ.

ਦਿਖਾਲਣਾ: ਕ੍ਰਿ- ਦਿਖਾਉਣਾ.

ਦਿਖਾਵਾ: ਸੰਗਜਾ- ਬਾਹਰ ਦਾ ਠਾਟ. ਆਡੰਬਰ। ੨. ਵਿ- ਦਿਖਾਉਣ ਵਾਲਾ.

ਦਿਖੀਤਾ: ਦਿਖਾਈ ਦਿੱਤਾ. "ਤ੍ਰਿਣ ਮੇਰੁ ਦਿਖੀਤਾ." (ਬਿਲਾ ਮঃ ੫)

ਦਿਖੈਯਾ: ਵਿ- ਦੇਖਣ ਵਾਲਾ। ੨. ਦਿਖਾਉਣ ਵਾਲਾ.

ਦਿਗ: ਦੇਖੋ, ਦਿਕ ੧.

ਦਿਗ ਦਰਸਨ: ਸੰ. ਦਿਗ੍ਦਸ਼ਨ. ਸੰਗਜਾ- ਇਸ਼ਾਰਾ. ਸੰਨਤ. ਸੈਨਤ। ੨. ਦਿਸ਼ਾ ਦਿਖਾਉਣ ਦੀ ਕ੍ਰਿਯਾ। ੩. ਨਮੂਨਾ। ੪. ਦਿਸ਼ਾ ਦਿਖਾਉਣ ਦਾ ਯੰਤ੍ਰ. Mariner’s Compass ਦੇਖੋ, ਕੁਤਬਨੁਮਾ.

ਦਿਗਦਾਹ: ਸੰ. ਦਿਗ੍ਦਾਹ. ਸੰਗਜਾ- ਹਿੰਦੂ ਸ਼ਾਸਤ੍ਰਾਂ ਅਨੁਸਾਰ ਇੱਕ ਅਪਸ਼ਕੁਨ. ਸੂਰਯ ਦੇ ਛਿਪਣ ਪੁਰ ਭੀ ਦਿਸ਼ਾ ਲਾਲ ਮਚਦੀਆਂ ਦਿਖਾਈ ਦੇਣੀਆਂ. "ਚਾਰੋਂ ਦਿਸਿ ਦਿਗਦਾਹ ਲਖ੍ਯੋ ਸਬ." (ਰਾਮਾਵ)

ਦਿਗਦਿਸੈ: ਦਿਸ਼ਾ ਅਤੇ ਉਪਦਿਸ਼ਾ. ਦਿਸ਼ਾ ਅਤੇ ਕੋਣਾਂ। ੨. ਦਸ਼ ਦਿਸ਼ਾ. "ਦਿਗ ਦਿਸੈ ਸਰਾਇਚਾ." (ਮਲਾ ਨਾਮਦੇਵ) ਦੇਖੋ, ਸਰਾਇਚਾ.

ਦਿਗਪਤਿ: ਸੰ. ਦਿਕਪਤਿ ਸੰਗਜਾ- ਜਯੋਤਿਸ਼ ਅਨੁਸਾਰ ਅੱਠ ਦਿਸ਼ਾ ਦੇ ਸ੍ਵਾਮੀ ਅੱਠ ਦੇਵਤਾ- ਦੱਖਣ ਦਾ ਮੰਗਲ, ਪੱਛਮ ਦਾ ਸ਼ਨੀ, ਉੱਤਰ ਦਾ ਬਧ, ਪੂਰਵ ਦਾ ਸੂਰਜ, ਅਗਨਿ ਕੋਣ ਦਾ ਸ਼ਕ, ਨੈਰਿਤੀ ਦਾ ਰਾਹੁ, ਵਾਯਵੀ ਕੋਣ ਦਾ ਚੰਦ੍ਰਮਾ ਅਤੇ ਈਸ਼ਾਨ ਦਾ ਵ੍ਰਿਹਸਪਤਿ। ੨. ਦੇਖੋ, ਦਿਕਪਾਲ.

ਦਿਗਪਾਲ: ਦੇਖੋ, ਦਿਕਪਾਲ। ੨. ਇੱਕ ਛੰਦ. ਇਸ ਦਾ ਨਾਉਂ "ਮ੍ਰਿਦੁਗਤਿ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ, ਬਾਰਾਂ ਬਾਰਾਂ ਪੁਰ ਦੇ ਵਿਸ਼੍ਰਾਮ, ਪੰਜਵੀਂ ਅਤੇ ਸਤਾਰਵੀਂ ਮਾਤਾ ਲਘੁ, ਅੰਤ ਦੋ ਗੁਰੁ.

ਉਦਾਹਰਣ-

ਅੰਮ੍ਰਿਤ ਪ੍ਰਦਾਨ ਕਰਤਾ, ਦਾਸਾਨ ਰਾਜ ਦਾਤਾ,

ਹਿਤ ਦੇਸ਼ ਪੁਤ੍ਰ ਪਜਾਰੇ, ਵਾਰੰਤ ਤਾਤ ਮਾਤਾ,

ਸ੍ਵਰਤ਼ ਗਜਾਨ ਸ਼ਾਂਤੀ, ਆਗਾਰ ਰਾਜਜਨੀਤੀ,

ਐਸੇ ਮਹਾਨ ਗੁਰੁ ਸੇ, ਕੀਜੈ ਅਖੰਡ ਪ੍ਰੀਤੀ.

ਦਿਗਬਿਜੈ: ਦੇਖੋ, ਦਿਗਵਿਜਯ.

ਦਿਗਰ: ਫ਼ਾ. دگر ਅਥਵਾ دیگر ਦੀਗਰ. ਵਿ- ਦੂਜਾ. ਦੁਤੀਯ. "ਦਿਗਰ ਕੋ ਨਹੀ." (ਤਿਲੰ ਨਾਮਦੇਵ)

ਦਿਗਵਿਜਯ, ਦਿਗਵਿਜੈ: ਸੰ. ਦਿਗ੍ਵਿਜਯ. ਸੰਗਜਾ- ਸੈਨਾ ਦੇ ਬਲ ਨਾਲ ਜਾਂ ਦਿਵਜਾਬਲ ਸਾਥ ਸਾਰੀਆਂ ਦਿਸ਼ਾ ਨੂੰ ਜਿੱਤਣ ਦੀ ਕ੍ਰਿਯਾ. "ਕਰੈ ਦਿਗਵਿਜਯ ਸੰਸੈ ਨਾਹੀ." (ਨਾਪ੍ਰ)

ਦਿਗਵਿਜੈ ਹੇਤ ਸਾਜ ਬੇਦੀਕੁਲਕੇਤੁ ਦਲ,

ਚਲੇ ਦੰਭ ਦਲਬੇ ਕੋ ਦਲਨ ਬਿਦਾਰਿਯਾ,

ਭਗਤਿ ਕੀ ਕੇਤੁ ਪਟ ਪ੍ਰੇਮ ਕੇ ਸਮੇਤ ਕਰ,

ਕੀਰਤਿ ਨਿਸ਼ਾਨ ਘਹਿਰਾਨੋ ਘਨ ਭਾਰਿਯਾ,

ਗਜਾਨ ਕੋ ਖੜਗ ਧਰ ਜੁਗਤਿ ਕਮਾਨ ਕਰ,

ਨਾਨ੍ਹਾ ਦ੍ਰਿਸ਼੍ਟਾਂਤ ਲੀਨ ਸ਼ਿਲੀਮੁਖ ਧਾਰਿਯਾ,

ਜਹਾਂ ਦਿਢ ਕੋਟ ਤਹਾਂ ਕਰਾਮਾਤ ਤੋਪ ਸੰਗ,

ਢਾਹਿਕੈ ਮੈਦਾਨ ਕੀਨ ਮਿਲੇ ਅਰਿ ਹਾਰਿਯਾ. (ਨਾਪ੍ਰ)

ਦਿਗੰਤ: ਦਿਕ੍‌- ਅੰਤ. ਦਿਸ਼ਾ ਦਾ ਅੰਤ. ਦਿਸ਼ਾ ਦਾ ਕਿਨਾਰਾ। ੨. ਦ੍ਰਿਗ- ਅੰਤ. ਅੱਖ ਦਾ ਕੋਆ.

ਦਿਗੰਬਰ, ਦਿਗੰਬਰੁ: ਸੰਗਜਾ- ਦਿਕ (ਦਿਸ਼ਾ) ਹਨ ਜਿਸ ਦੇ ਅੰਬਰ (ਵਸਤ੍ਰ). ਨੰਗਾ ਰਹਿਣ ਵਾਲਾ (sky- clad). ੨. ਇੱਕ ਜੈਨ ਫਿਰਕਾ। ੩. ਸ਼ਿਵ। ੪. ਵਿ- ਨੰਗਾ. "ਉਪਜੀ ਤਰਕ ਦਿਗੰਬਰੁ ਹੋਆ." (ਬਿਲਾ ਅਃ ਮਃ ੪)

ਦਿੱਗਜ: ਸੰ. ਸੰਗਜਾ- ਦਿਕ- ਗਜ. ਦਿਸ਼ਾ ਦਾ ਹਾਥੀ. ਪੁਰਾਣਾਂ ਵਿੱਚ ਅੱਠ ਦਿਸ਼ਾ ਵਿੱਚ ਅੱਠ ਹਾਥੀ ਮੰਨੇ ਹਨ, ਜੋ ਪ੍ਰਿਥਿਵੀ ਨੂੰ ਥੰਮੀ ਖਲੋਤੇ ਹਨ:-

ਪੂਰਵ ਵਿੱਚ ਐਰਾਵਤ, ਪੂਰਵ ਦੱਖਣ ਕੋਣ ਵਿੱਚ ਪੁੰਡਰੀਕ, ਦੱਖਣ ਵਾਮਨ, ਦੱਖਣ ਪੱਛਮ ਵਿੱਚ ਕੁਮੁਦ, ਪੱਛਮ ਅੰਜਨ, ਪੱਛਮ ਉੱਤਰ ਵਿੱਚ ਪੁਸ਼ਪਦੰਤ, ਉੱਤਰ ਸਾਰਵਭੋਮ ਅਤੇ ਉੱਤਰ ਪੂਰਵ ਵਿੱਚ ਸੁਪ੍ਰਤੀਕ. ਇਨ੍ਹਾਂ ਅੱਠਾ ਦੀਆਂ ਹਥਣੀਆਂ ਯਥਾਕ੍ਰਮ ਇਹ ਹਨ:-

ਅਭਰਮੁ, ਕਪਿਲਾ, ਪਿੰਗਲਾ, ਅਨੁਪਮਾ, ਅੰਜਨਵਤੀ, ਸ਼ੁਭਦੰਤੀ, ਅੰਜਨਾ ਅਤੇ ਤਾਮ੍ਰਕਰਣੀ। ੨. ਦੇਖੋ, ਲੋਕਪਾਲ.

ਦਿੱਗਜਨੀ: ਸੰਗਜਾ- ਦਿੱਗਜਾਂ ਵਾਲੀ, ਪ੍ਰਿਥਿਵੀ. (ਸਨਾਮਾ) ੨. ਦਿੱਗਜ ਦੀ ਹਥਣੀ. ਦੇਖੋ, ਦਿੱਗਜ.

ਦਿਚਹਿ, ਦਿਚੈ: ਦੀਜੀਏ. ਦੇਈਏ. "ਦੋਹੀ ਦਿਚੈ ਦੁਰਜਨਾ." (ਸਵਾ ਮਃ ੧) ੨. ਦੇਓ. ਦੀਜੀਏ. "ਮੋਹਿ ਨਿਰਗੁਣ ਦਿਚੈ ਥਾਉ." (ਵਾਰ ਗੂਜ ਮਃ ੫)

ਦਿਚੰਨਿ: ਦੀਜੀਅਨ. "ਜੇ ਕਰ ਦੂਜਾ ਦੇਖਦੇ ਜਨ ਨਾਨਕ ਕਢਿਦਿਚੰਨਿ." (ਵਾਰ ਕਾਨ ਮਃ ੪) ਦੂਜਾ ਦੇਖਣ ਵਾਲੇ ਨੇਤ੍ਰ ਕੱਢ ਦੇਣੇ ਚਾਹੀਦੇ ਹਨ.

ਦਿਜ: ਸੰ. ਦ੍ਵਿਜ. ਸੰਗਜਾ- ਦੋ ਵਾਰ ਹੋਇਆ ਹੈ ਜਿਸ ਦਾ ਜਨਮ. ਗਰਭ ਅਤੇ ਧਾਰਮਿਕ ਸੰਸਕਾਰ ਤੋਂ ਜਨਮ ਲੈਣ ਵਾਲਾ. ਹਿੰਦੂਮਤ ਅਨੁਸਾਰ ਬ੍ਰਾਹਮਣ, ਕ੍ਸ਼ਤ੍ਰਿਯ ਅਤੇ ਵੈਸ਼ਯ, ਕਯੋਂਕਿ ਇਨ੍ਹਾਂ ਦਾ ਗਾਯਤ੍ਰੀਮੰਤ੍ਰ ਉਪਦੇਸ਼ ਨਾਲ ਜਨੇਊਸੰਸਕਾਰ ਹੁੰਦਾ ਹੈ.

ਦਿਜ (ਦ੍ਵਿਜ) ਸ਼ਬਦ ਵਿਸ਼ੇਸ਼ ਕਰਕੇ ਬ੍ਰਾਹਮਣ ਲਈ ਵਰਤੀਦਾ ਹੈ, ਪਰ ਸਾਮਾਨਯ ਕਰਕੇ ਇਹ ਤਿੰਨਾਂ ਵਰਣਾਂ ਵਾਸਤੇ ਆਉਂਦਾ ਹੈ. ਦੇਖੋ, ਰਾਮਾਵਤਾਰ ਵਿੱਚ ਵੈਸ਼ਯ ਲਈ ਦਿਜ ਸ਼ਬਦ ਹੈ- "ਜਿਮ ਤਜੇ ਪ੍ਰਾਣ ਦਿਜ ਸੁਤਵਿਛੋਹ।" ੨. ਦੰਦ, ਕਯੋਂਕਿ ਇਹ ਦੋ ਵਾਰ ਜਨਮਦੇ ਹਨ। ੩. ਪੰਛੀ, ਇਹ ਭੀ ਦੋ ਵਾਰ ਜਨਮਦਾ ਹੈ, ਮਾਂ ਦੇ ਪੇਟ ਅਤੇ ਆਂਡੇ ਤੋਂ। ੪. ਉਹ ਸ਼ਬਦ, ਜਿਸ ਨੇ ਦੋ ਬੋਲੀਆਂ ਤੋਂ ਜਨਮ ਲਿਆ ਹੈ. ਜਿਵੇਂ- ਗੁਰਬਖ਼ਸ਼ਸਿੰਘ, ਹਕੀਕਤਰਾਇ ਆਦਿ। ੫. ਖ਼ਾਲਸਾਧਰਮ ਅਨੁਸਾਰ ਸਾਰੇ ਅਮ੍ਰਿਤਧਾਰੀ ਦ੍ਵਿਜ ਹਨ, ਕਯੋਂਕਿ ਪਿਤਾ ਗੁਰੂ ਗੋਬਿੰਦਸਿੰਘ ਜੀ ਅਤੇ ਮਾਤਾ ਸਾਹਿਬਕੌਰ ਜੀ ਦੀ ਗੋਦ ਵਿੱਚ ਆਕੇ ਦੂਜਾ ਜਨਮ ਧਾਰਦੇ ਹਨ. "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ." (ਸਿਧਗੋਸਟਿ)

ਦਿਜਗਦਜਾਰਦਨੀਅੰ: ਦ੍ਵਿਜਾਗ੍ਰਜ- ਦਯਾ- ਆਦੰਨੀ. ਦ੍ਵਿਜਾਂ ਦਾ ਮੁਖੀਆ ਬ੍ਰਹਮਾ, ਉਸ ਤੇ ਦਯਾ ਨਾਲ ਪਸੀਜਨੇ ਵਾਲੀ ਦੁਰਗਾ." (ਚੰਡੀ ੨)

ਦਿਜਚਰਜ: ਸੰਗਯਾ- ਦ੍ਵਿਜ (ਬ੍ਰਹਮ) ਚਰਯ. ਬ੍ਰਹਮ- ਚਰਯ। ੨. ਬ੍ਰਹਮਚਾਰੀ. "ਦਿਜਚਰਜ ਤੁੱਲ ਮ੍ਰਿਗਚਰਮ ਅਰੋਹ." (ਦੱਤਾਵ) ਬ੍ਰਹਮਚਾਰੀ ਵਾਂਙ.

ਦਿਜਦੇਵ: ਦ੍ਵਿਜਦੇਵ. ਬ੍ਰਹਮਾ। ੨. ਦੱਤਾਤ੍ਰੇਯ. "ਦਿਜਦੇਵ ਤਥੈ ਗੁਰੁ ਚੌਬਿਸ ਕੈਕੈ." (ਦੱਤਾਵ)

ਦਿਜਪਤਿ, ਦਿਜਰਾਜ: ਸੰ. ਦ੍ਵਿਜ ਰਾਜ. ਸੰਗਯਾ- ਦ੍ਵਿਜਪਤਿ. ਬ੍ਰਾਹਮਣ। ੨. ਬ੍ਰਹਮਾ। ੩. ਚੰਦ੍ਰਮਾ. "ਕੀਰਤਿ ਪ੍ਰਕਾਸਬੇ ਕੋ ਸੋਈ ਦਿਜਰਾਜ ਹੈਂ." (ਗੁਪ੍ਰਸੂ) ੪. ਗਰੁੜ. ਦੇਖੋ, ਦਿਜ.

ਦਿਜਰਾਮ: ਸੰਗਯਾ- ਪਰਸ਼ੁਰਾਮ. "ਤੁਹੀ ਆਪ ਦਿਜਰਾਮ ਕੋ ਰੂਪ ਧਰ ਹੈਂ। ਨਿਛਤ੍ਰਾ ਪ੍ਰਿਥੀ ਵਾਰ ਇੱਕੀਸ ਕਰ ਹੈਂ." (ਚਰਿਤ੍ਰ ੧)

ਦਿਜਾਇ: ਦ੍ਵਿਜ- ਆਇ. "ਜਲ ਲੈਨ ਦਿਜਾਇ." (ਰਾਮਾਵ)

ਦਿਜਿਸਟ: ਇਸ਼੍ਟ- ਦ੍ਵਿਜ. ਪੂਜਯ ਬ੍ਰਾਹਮਣ. "ਬਿਸਿਸਟ ਕੋ। ਦਿਜਿਸਟ ਕੋ." (ਰਾਮਾਵ)

ਦਿਜਿੰਦ੍ਰ: ਦ੍ਵਿਜ- ਇੰਦ੍ਰ. ਬ੍ਰਹਮਾ। ੨. ਵ੍ਰਿਹਸਪਤਿ. "ਬਾਂਹ ਗਹੀ ਤਤਕਾਲ ਦਿਜਿੰਦ੍ਰਹਿ." (ਮਾਂਧਾਤਾ)

ਦਿਜੇਸ: ਦ੍ਵਿਜ- ਈਸ਼. ਬ੍ਰਹਮਾ. "ਕੋਉ ਦਿਜੇਸ ਕੋ ਮਾਨਤ ਹੈ." (ਸਵੈਯੇ ੩੩)

ਦਿਜੋੱਤਮ: ਦ੍ਵਿਜਾਂ ਵਿੱਚੋਂ ਉੱਤਮ, ਬ੍ਰਾਹਮਣ। ੨. ਉੱਤਮ ਬ੍ਰਾਹਮਣ. ਜੋ ਆਪਣੇ ਕਰਮਾਂ ਵਿੱਚ ਪੂਰਾ ਹੈ.

ਦਿਢ: ਦੇਖੋ, ਦ੍ਰਿਢ.

ਦਿਢਤਾ: ਦੇਖੋ, ਦ੍ਰਿਢਤਾ.

ਦਿਢਾਉਣਾ: ਕ੍ਰਿ- ਦ੍ਰਿਢ ਕਰਾਉਣਾ. ਚੰਗੀ ਤਰਾਂ ਯਕ਼ੀਨ ਕਰਾਉਣਾ। ੨. ਮਜਬੂਤ਼ ਕਰਨਾ.

ਦਿਣ: ਸੰ. ਦਿਨ. ਸੰਗਯਾ- ਦਤੁ. ਦਿਵਸ. ਰੋਜ਼.

ਦਿਤ: ਦੇਖੋ, ਦਤੁ.

ਦਿਤਨੋ: ਦਿੱਤਾ ਹੈ. "ਕ੍ਰਿਪਾਨਿਧਿ ਮੈ ਦਿਤਨੋ." (ਗਉ ਮਃ ੫)

ਦਿਤਮੁ: ਦਿੱਤਾ ਹੈ. ਦੀਆ ਹੈ। ੨. ਮੈ ਦਿੱਤਾ ਹੈ.

ਦਿਤਯਾਦਿੱਤ: ਦੈਤਜ- ਆਦਿਤਜ. ਦਿਤਿ ਅਤੇ ਅਦਿਤਿ ਦੀ ਸੰਤਾਨ. ਦੈਤਜ ਅਤੇ ਦੇਵਤਾ." ਦਿਤਯਦਿੱਤ ਗਾਢੇ ਦੁਹੂੰ ਓਰ ਗਾਜੇ." (ਚਰਿਤ੍ਰ ੧੨੦)

ਦਿਤੜਾ, ਦਿਤੜੀ: ਦਿੱਤਾ- ਦਿੱਤੀ. "ਤਨੁ ਮਨੁ ਦਿਤੜਾ." (ਵਡ ਛੰਤ ਮਃ ੫) "ਬਾਬਲਿ ਦਿਤੜੀ ਦੂਰਿ." (ਸੂਹੀ ਛੰਤ ਮਃ ੧)

ਦਿਤਾ: ਦੱਤ. ਦੀਆ। ੨. ਸੰਗਯਾ- ਦਿੱਤਾ ਹੋਇਆ ਪਦਾਰਥ. "ਦੇਂਦੇ ਬਾਵਹੁ ਦਿਤਾ ਚੰਗ." (ਵਾਰ ਮਾਝ ਮਃ ੨) ਦੇਣਵਾਲੇ ਕਰਤਾਰ ਤੋਂ ਵਧਕੇ, ਉਸ ਦਾ ਦਿੱਤਾ ਪਦਾਰਥ ਮਨਮੁਖ ਨੂੰ ਚੰਗਾ ਲਗਦਾ ਹੈ.

ਦਿਤਿ: ਸੰ. ਦੱਤਿ. ਸੰਗਯਾ- ਦਾਨ. ਬਖ਼ਸ਼ਿਸ਼. "ਖਰਚੇ ਦਿਤਿ ਖਸੰਮ ਦੀ." (ਵਾਰ ਰਾਮ ੩) ੨. ਸੰ. ਦਿਤਿ. ਦਕ੍ਸ਼ ਦੀ ਪੁਤ੍ਰੀ ਅਤੇ ਕਸ਼ਯਪ ਦੀ ਇਸਤ੍ਰੀ, ਜਿਸ ਤੋਂ ਦੈਤ ਪੈਦਾ ਹੋਏ. "ਬਿਨਤਾ ਕਦ੍ਰੂ ਦਿਤਿ ਅਦਿਤਿ ਏ ਰਿਖਿ ਬਰੀ ਬਨਾਇ." (ਵਿਚਿਤ੍ਰ) ਰਿਖਿ (ਕਸ਼ਯਪ) ਨੇ ਵਿਆਹੀਆਂ.

ਦਿਤਿਸੁਤ, ਦਿਤਿਨੰਦ, ਦਿਤਿਪੁਤ੍ਰ: ਸੰਗਜਾ- ਦੈਤ੍ਯ. ਦਿਤਿ ਦੀ ਸੰਤਾਨ। ੨. ਹਿਰਣ੍ਯਾਕ੍ਸ਼. "ਸੂਰ ਦਿਤਿਨੰਦ ਪਰ." (ਗੁਪ੍ਰਸੂ) ਜਿਵੇਂ ਸੂਰ (ਵਰਾਹ ਅਵਤਾਰ) ਦਿਤਿਪੁਤ੍ਰ (ਹਿਰਣ੍ਯਾਕ੍ਸ਼) ਪੁਰ ਬਲਵਾਨ ਹੈ.

ਦਿਤੀ: ਦੇਖੋ, ਦਿਤਿ.

ਦਿਤੀਮੁ: ਦਿੱਤੀ ਹੈ. "ਈਧਣੁ ਕੀਤੋ ਮੂ ਘਣਾ, ਭੋਰੀ ਦਿਤੀਮੁ ਭਾਹਿ." (ਵਾਰ ਜੈਤ)

ਦਿੰਤੁ: ਸੰ. ਦ੍ਯੁਮੰਤ. ਵਿ- ਪ੍ਰਕਾਸ਼ਵਾਨ. ਰੌਸ਼ਨ. "ਸੁਖਸਾਗਰੁ ਪਾਇਅਉ ਦਿੰਤੁ." (ਸਵੈਯੇ ਮਃ ੪. ਕੇ)

ਦਿਤੈ: ਦੇਣ ਤੋਂ. ਦੇਨੇ ਸੇ. "ਤਿਸ ਦੈ ਦਿਤੈ ਨਾਨਕਾ." (ਵਾਰ ਰਾਮ ੧. ਮਃ ੩)

ਦਿਤੋਨ, ਦਿਤੋਨੁ, ਦਿਤੋਮੁ: ਉਸ ਨੇ ਦਿੱਤਾ ਹੈ. "ਦਿਤੋਨੁ ਭਗਤਿ ਭੰਡਾਰ." (ਸ੍ਰੀ ਮਃ ੩) ੨. ਮੈਨੂੰ ਦਿੱਤਾ ਹੈ.

ਦਿਤੰ: ਦੈਤ੍ਯ. ਦਿਤਿਪੁਤ੍ਰ. "ਪਪਾਤ ਭੂਤਲੰ ਦਿਤੰ." (ਰਾਮਾਵ) ਦੈਤ ਜਮੀਨ ਤੇ ਡਿਗਦੇ ਹਨ.

ਦਿੱਤ: ਦੱਤ. ਦਿੱਤਾ. ਦਿੱਤੀ. "ਸੂਰਜਦਿੱਤ ਉਹੀ ਪੈ ਹੈ ਮਨਿ." (ਕ੍ਰਿਸਨਾਵ) ਉਸੀ ਪਾਸ ਸੂਰਜ ਦੀ ਦਿੱਤੀ ਮਣਿ ਹੈ.

ਦਿਤਜਾਦਿੱਤਿ: ਦੈਤ੍ਯ ਅਤੇ ਦੇਵਤਾ. ਦਿਤਿ ਅਤੇ ਅਦਿਤਿ ਦੀ ਔਲਾਦ. "ਛਕੇ ਦੇਖ ਦੋਊ ਦਿਤਜਾਦਿੱਤਿ ਭੂਪੰ." (ਨਰ ਨਾਰਾਯਾਣ)

ਦਿਦਾਰ: ਦੇਖੋ, ਦੀਦਾਰ.

ਦਿਦਾਰ ਅਲੀ: ਸ਼ਾਹਜਹਾਂ ਦੀ ਸੈਨਾ ਦਾ ਸਰਦਾਰ, ਜੋ ਮੁਖ਼ਲਸਖ਼ਾਂ ਨਾਲ ਮਿਲਕੇ ਸ੍ਰੀ ਅਮ੍ਰਿਤਸਰ ਦੇ ਜੰਗ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਲੜਿਆ ਅਰ ਪੈਂਦੇਖ਼ਾਂ ਦੇ ਹੱਥੋਂ ਮਾਰਿਆ ਗਿਆ.

ਦਿਦਾਰੀ: ਵਿ- ਦੀਦਾਰ ਲਾਇਕ. ਦੇਖਣ ਯੋਗ੍ਯ. ਸੁੰਦਰ. ਦਰ੍ਸ਼ਨੀਯ.

ਦਿਨ: ਸੰ. ਸੰਗਜਾ- ਸੂਰਜ ਚੜ੍ਹਨ ਤੋਂ ਲੈ ਕੇ ਛਿਪਣ ਤੀਕ ਦਾ ਵੇਲਾ. "ਦਿਨ ਤੇ ਸਰਪਰ ਪਉਸੀ ਰਾਤਿ." (ਆਸਾ ਮਃ ੫) ੨. ਅੱਠ ਪਹਿਰ (੨੪ ਘੰਟੇ) ਦਾ ਸਮਾਂ।[631] ੩. ਸੰ. ਦਾਨ ਦੇਣਾ. "ਪੰਥ ਬਤਾਵੈ ਪ੍ਰਭ ਕਾ, ਕਹੁ ਤਿਨ ਕਉ ਕਿਆ ਦਿਨਥੇ?" (ਕਲਿ ਮਃ ੪) ਦੇਖੋ, ਦਿਨਥੇ.

ਦਿਨਅਰਿ: ਸੰਗਜਾ- ਰਾਤ੍ਰਿ. ਰਾਤ. (ਸਨਾਮਾ)

ਦਿਨਆਗਰ: ਕ੍ਰਿ. ਵਿ- ਦਿਨ ਤੋਂ ਪਹਿਲਾਂ. ਦਿਨ ਚੜ੍ਹਨ ਤੋਂ ਅੱਗੇ. ਅਮ੍ਰਿਤਵੇਲੇ. "ਸਬਦ ਤਰੰਗ ਪ੍ਰਗਟਤ ਦਿਨਆਗਰ." (ਸਵੈਯੇ ਮਃ ੪. ਕੇ)

ਦਿਨਸ, ਦਿਨਸੁ: ਸੰਗਜਾ- ਦਿਵਸ. ਦਿਨ. ਰੋਜ਼. "ਅਉਧ ਘਟੈ ਦਿਨਸੁ ਰੈਣਾ ਰੇ." (ਸੋਹਿਲਾ)

ਦਿਨਹਾ: ਸੰਗਜਾ- ਦਿਨ ਦੇ ਮਿਟਾਉਣ ਵਾਲੀ, ਰਾਤ੍ਰਿ. (ਸਨਾਮਾ) ੨. ਚੰਦ੍ਰਮਾ. ਦੇਖੋ, ਰਜਨੀਸਰ.

ਦਿਨਕਰ, ਦਿਨਕਰੋ, ਦਿਨਕੰਤ: ਸੰਗਜਾ- ਸੂਰਜ. "ਦਿਨਕਰੋ ਅਨਦਿਨੁ ਖਾਤ." (ਆਸਾ ਛੰਤ ਮਃ ੫) ਸੂਰਜ ਪ੍ਰਤਿਦਿਨ ਉਮਰ ਖਾਰਿਹਾ ਹੈ.

ਦਿਨਘਾਤਿਨੀ: ਸੰਗਜਾ- ਰਾਤ੍ਰਿ. (ਸਨਾਮਾ)

ਦਿਨਚਰਯਾ: ਸੰ. दिनचर्य्या. ਸੰਗਜਾ- ਦਿਨਭਰ ਦਾ ਕੰਮ ਧੰਧਾ. ਦਿਨ ਦਾ ਵਿਹਾਰ ਰਾਜ। ੨. ਰੋਜ਼ਾਨਾ ਕੰਮ.

---

[631] ਦੇਖੋ ਕਾਲਪ੍ਰਮਾਣ ਦਾ ਫੁਟਨੋਟ.

ਦਿਨਛੇ: ਦਿੱਤਾ ਹੈ. ਦਿੱਤੀ ਹੈ. "ਸੋਭਾ ਹਰਿ ਪ੍ਰਭੁ ਦਿਨਛੇ." (ਬਸੰ ਮਃ ੪)

ਦਿਨਥੇ: ਦੇਈਏ. ਦੇਵੀਏ. ਦੇਖੋ, ਦਿਨ ੩.

ਦਿਨਦੂਤ: ਸੰਗਯਾ- ਅਰੁਣ. ਪੁਰਾਣਾਂ ਅਨੁਸਾਰ ਸੂਰਯ ਦਾ ਰਥਵਾਨ, ਜਿਸ ਦੀ ਸੁਰਖ਼ੀ ਦਿਨ ਚੜ੍ਹਨ ਤੋਂ ਪਹਿਲਾਂ ਦਿਖਾਈ ਦਿੰਦੀ ਹੈ.

ਦਿਨਧਿ: ਸੰਗਯਾ- ਦਿਨ ਨੂੰ ਧਾਰਣ ਵਾਲਾ. ਦਿਨਮਣਿ. ਸੂਰਯ. "ਦਿਨਧਿ ਲਟਯੋ ਨਿਸਪਤਿ ਠਟਯੋ." (ਗੁਵਿ ੧੦)

ਦਿਨਧੁਜ, ਦਿਨਧ੍ਵਜ, ਦਿਨਨਾਇਕ, ਦਿਨਨਾਥ, ਦਿਨਨਾਯਕ, ਦਿਨਪਤਿ: ਸੰਗਯਾ- ਸੂਰਜ. ਮਾਰਤੰਡ. ਪ੍ਰਭਾਕਰ.

ਦਿਨ ਪਰਨਾ, ਦਿਨ ਪੈਣਾ: ਕ੍ਰਿ- ਬੁਰਾ ਦਿਨ ਆਉਣਾ. ਮੰਦ ਦਿਨ ਦਾ ਪੈਣਾ. ਵਿਪਦਾ ਆਉਣਾ. "ਸਭ ਦੇਵਨ ਕੋ ਦਿਨ ਪਰੈ." (ਕ੍ਰਿਸਨਾਵ)

ਦਿਨਪ੍ਰਤਿ, ਦਿਨਬਦਿਨ: ਕ੍ਰਿ. ਵਿ- ਪ੍ਰਤਿਦਿਨ. ਨਿਤਯ. ਹਮੇਸ਼ਹ. "ਦਿਨਪ੍ਰਤਿ ਕਰੈ ਕਰੈ ਪਛੁਤਾਪੈ." (ਧਨਾ ਮਃ ੫)

ਦਿਨਮਣਿ: ਸੰਗਯਾ- ਸੂਰਯ.

ਦਿਨਮਣਿ ਸੁਤ ਅਸਤ੍ਰ: ਸੰਗਯਾ- ਸੂਰਜ ਦਾ ਪੁਤ੍ਰ ਯਮ, ਉਸ ਦਾ ਸ਼ਸਤ੍ਰ ਫਾਸੀ (ਪਾਸ਼). (ਸਨਾਮਾ)

ਦਿਨਮਾਨ: ਸੰਗਯਾ- ਦਿਨ ਦਾ ਪ੍ਰਮਾਣ. ਦਿਨ ਦੀ ਮਿਣਤੀ. ਸੂਰਜ ਚੜ੍ਹਨ ਤੋਂ ਛਿਪਣ ਤੀਕ ਦਾ ਵੇਲਾ. ਇਹ ਉੱਤਰਾਯਣ ਅਤੇ ਦੱਖਣਾਯਨ ਦੇ ਹਿਸਾਬ ਵਧਦਾ ਘਟਦਾ ਰਹਿੰਦਾ ਹੈ.

ਦਿਨਰਾਉ, ਦਿਨਰਾਇ, ਦਿਨਰਾਜ: ਸੰਗਯਾ- ਸੂਰਜ.

ਦਿਨਰਾਜ ਨੰਦ, ਦਿਨਰਾਜਨੰਦਨ: ਸੰਗਯਾ- ਸੂਰਜ ਦਾ ਪੁਤ੍ਰ, ਯਮ। ੨. ਕਰਣ। ੩. ਸੁਗ੍ਰੀਵ.

ਦਿਨਰਾਤ: ਦੇਖੋ, ਕਾਲਪ੍ਰਮਾਣ ਦਾ ਫੁਟਨੋਟ.

ਦਿਨਰੈਣਾਰ: ਦਿਨ ਰਾਤ ਭਰ. ਭਾਵ- ਨਿਰੰਤਰ. "ਕਲਾਣੇ ਦਿਨ ਰੈਣਾਰ." (ਵਾਰ ਰਾਮ ੨. ਮਃ ੫) ਦਿਨ ਰਾਤ ਜਸ ਗਾਉਂਦਾ ਹੈ.

ਦਿਨਰੈਣਿ: ਦਿਨ ਅਤੇ ਰਜਨਿ. ਦਿਨ ਰਾਤ। ੨. ਭਾਵ- ਨਿਰੰਤਰ. ਸਦੈਵ। ੩. ਮਾਝ ਰਾਗ ਵਿੱਚ ਇੱਕ ਸ਼ਬਦ ਦੀ ਖ਼ਾਸ ਸੰਗਯਾ ਹੈ, ਜਿਸ ਵਿੱਚ ਦਿਨ ਰਾਤ ਦੇ ਕਰਨ ਯੋਗ ਕਰਮ ਦੱਸੇ ਹਨ-

"ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣਿ." (ਮਾਝ ੫)

ਦਿਨ ਰੈਣਾਈ: ਦਿਨਰਾਤ ਭਰ. ਭਾਵ- ਲਗਾਤਾਰ. ਨਿਰੰਤਰ. "ਜਪਿ ਨਾਥੁ ਦਿਨੁ ਰੈਣਾਈ." (ਰਾਮ ਮਃ ੫)

ਦਿਨਾਂਤ: ਸੰਗਯਾ- ਦਿਨ ਦਾ ਅੰਤ, ਸੰਝ। ੨. ਚੰਦ੍ਰਮਾ. "ਧਰ ਹੋਂ ਦਿਨਾਂਤਵਤਾਰ." (ਚੰਦ੍ਰਾਵਾ) ਦਿਨਾਂਤ (ਚੰਦ੍ਰਮਾ) ਦਾ ਅਵਤਾਰ ਧਾਰਾਂਗਾ.

ਦਿਨਾਂ ਦਾ ਫੇਰ: ਜ਼ਮਾਨੇ ਦੀ ਗਰਦਿਸ਼.

ਵਿਧਿ ਹੋਤ ਫੂਹਰ ਕਲਪਤਰੁ ਬੂਹਰ ਸੋ

ਭੂਮਿਸੁਰ ਚੂਹਰ ਕੀ ਹੋਤ ਪਰਿਪਾਟੀ ਕੋ,

ਭੂਪਤਿ ਮੰਗੈਯਾ ਹੋਤ ਕਾਮਧੇਨੁ ਗੈਯਾ ਹੋਤ

ਗਜੰਦ ਮਦਚੁਵਤ ਸੁ ਚੇਰਾ ਹੋਤ ਚਾਟੀ ਕੋ,

'ਸ਼੍ਰੀਪਤਿ' ਸੁਜਾਨ ਭਨੈ ਬੈਰੀ ਨਿਜ ਬਾਪ ਹੋਤ

ਪੁੰਨ ਮੇ ਜੁ ਪਾਪ ਹੋਤ ਸਾਂਪ ਹੋਤ ਸਾਟੀ ਕੋ,

ਨਿਧਨ ਕੁਵੇਰ ਹੋਤ ਸਯਾਰ ਸਮ ਸ਼ੇਰ ਹੋਤ

ਦਿਨਨ ਕੇ ਫੇਰ ਸੋਂ ਸੁਮੇਰੁ ਹੋਤ ਮਾਟੀ ਕੋ.

ਦਿਨਾਂਧ: ਸੰ. ਸੰਗਯਾ- ਦਿਨ ਨੂੰ ਅੰਨ੍ਹਾਂ ਰਹਿਣ ਵਾਲਾ. ਜਿਸ ਨੂੰ ਦਿਨੇ ਨਜਰ ਨਾ ਆਵੇ। ੨. ਨੇਤ੍ਰ ਰੋਗ, ਜਿਸ ਕਰਕੇ ਦਿਨ ਨੂੰ ਦਿਖਾਈ ਨਹੀਂ ਦਿੰਦਾ. ਦੇਖੋ, ਅੰਧਨੇਤ੍ਰਾ। ੩. ਉੱਲੂ.

ਦਿਨਾਰ: ਦੇਖੋ, ਦੀਨਾਰ.

ਦਿਨਿ: ਦਿਨ ਵਿੱਚ. "ਰਾਤੀ ਕਾਲੁ ਘਟੈ ਦਿਨਿ ਕਾਲੁ." (ਵਾਰ ਮਲਾ ਮਃ ੧) ਕਾਲ (ਉਮਰ) ਘਟੈ.

ਦਿਨਿਸ, ਦਿਨਿੰਦ, ਦਿਨਿੰਦ੍ਰ: ਦਿਨ ਦਾ ਈਸ਼. ਦਿਨ ਦਾ ਸ੍ਵਾਮੀ, ਸੂਰਜ. ਦਿਨੇਸ਼. ਦਿਨੇਂਦ੍ਰ.

ਦਿਨੀਅਰ, ਦਿਨੀਅਰੁ: ਸੰ. ਦਿਨਕਰ. ਸੂਰਜ. "ਕਦ ਦਿਨੀਅਰੁ ਦੇਖੀਐ?" (ਆਸਾ ਛੰਤ ਮਃ ੫) ੨. ਦੇਖੋ, ਰੈਨ ਦਿਨੀਅਰੁ.

ਦਿਨੀਅਰੁ ਸੂਰ: ਦਿਨਕਰ ਦੀ ਸੂਲ. ਭਾਵ- ਚੁਭਣ ਵਾਲੀ ਧੁੱਪ. ਤਪਸ਼. "ਦਿਨੀਅਰੁ ਸੂਰ ਤ੍ਰਿਸਨਾ ਅਗਨਿ ਬੁਝਾਨੀ." (ਧਨਾ ਮਃ ੪) ਤ੍ਰਿਸਨਾ ਅਗਨਿ ਦੀ ਤਪਸ਼ ਬੁਝਗਈ.

ਦਿਨੁ: ਦੇਖੋ, ਦਿਨ. "ਦਿਨੁ ਰੈਨਿ ਸਿਮਰਤ ਸਦਾ ਨਾਨਕ." (ਸਾਰ ਮਃ ੫)

ਦਿਨੁਰੈਨਾਈ: ਦੇਖੋ, ਦਿਨਰੈਨਾਈ.

ਦਿਨੇਸ: ਦਿਨ- ਈਸ਼. ਦਿਨੇਸ਼. ਸੂਰਜ.

ਦਿਨੇਂਦ੍ਰ: ਦਿਨ ਦਾ ਇੰਦ੍ਰ. ਸੂਰਯ.

ਦਿਨੋਦਿਨ: ਦੇਖੇ, ਦਿਨਪ੍ਰਤਿ.

ਦਿਨੰਤ: ਦਿਨ ਦਾ ਅੰਤ, ਸੰਝ। ੨. ਦਿਨਕੰਤ. ਦਿਨਕਾਂਤ. ਸੂਰਯ. "ਰਾਤਿ ਦਿਨੰਤ ਕੀਏ". (ਬਿਲਾ ਮਃ ੧. ਥਿਤੀ) ਰਾਤ੍ਰਿਕੰਤ ਅਤੇ ਦਿਨਕੰਤ ਕੀਤੇ.

ਦਿੱਨਾ, ਦਿੱਨੋ: ਦਿੱਤਾ. ਦੱਤ. ਦੀਆ.

ਦਿਪਣਾ: ਕ੍ਰਿ- ਦੀਪ੍ਰ ਹੋਣਾ. ਪ੍ਰਕਾਸ਼. ਚਮਕਣਾ.

ਦਿਪਤ: ਦੇਖੋ, ਦੀਪਤ. "ਦਿਪਤ ਜੋਤਿ ਦਿਨਮਣਿ ਦੁਤਿ ਮੁਖ ਤੇ." (ਕ੍ਰਿਸਨਾਵ)

ਦਿਪਾਲਪੁਰ, ਦੀਪਾਲਪੁਰ: ਜਿਲਾ ਮਾਂਟਗੁਮਰੀ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਇਸ ਨੂੰ ਬਾਬਰ ਨੇ ਸਨ ੧੫੨੪ ਵਿੱਚ ਫਤੇ ਕੀਤਾ ਸੀ. ਜਨਮਸਾਖੀ ਵਿੱਚ ਇਸ ਨਗਰ ਦਾ ਕਈ ਵਾਰ ਨਾਉਂ ਆਇਆ ਹੈ. ਗੁਰੂ ਨਾਨਕਦੇਵ ਭੀ ਇਸ ਥਾਂ ਪਧਾਰੇ ਹਨ. ਦੇਖੋ, ਨਾਨਕਿਆਨਾ ਨੰਃ ੩.

ਦਿਪੈਯਾ: ਵਿ- ਦੀਪ੍ਰਿ ਵਾਲਾ. ਰੌਸ਼ਨ। ੨. ਪ੍ਰਕਾਸ਼ ਕਰਨ ਵਾਲਾ.

ਦਿਬ: ਸੰ. ਦਿਵ. ਸੰਗਯਾ- ਦਿਨ. "ਦਿਬ ਕੀ ਬਾਤ ਚਲਨ ਜਬ ਲਾਗੀ." (ਚਰਿਤ੍ਰ ੯੫) ੨. ਦੇਖੋ, ਦਿਵ ਅਤੇ ਦਿਵਜ.

ਦਿਬਦਿਸਟਿ: ਸੰ. ਦਿਵ੍ਯਦ੍ਰਿਸ਼੍ਟਿ- ਦਿਵਜਦ੍ਰਿਸ਼੍ਰਿ. ਸੰਗ੍ਯਾ- ਅਲੌਕਿਕ ਦ੍ਰਿਸ਼੍ਰਿ. ਦੇਵਦ੍ਰਿਸ਼੍ਰਿ, ਜਿਸ ਨਾਲ ਸਾਰੇ ਗੁਪਤ ਅਸਥਾਨ ਨਜਰ ਆਉਣ। ੨. ਗ੍ਯਾਨਦ੍ਰਿਸ਼੍ਰਿ. ਵਿਵੇਕ ਦੀ ਨਜਰ. "ਅੰਦਰੁ ਖੋਲੈ ਦਿਬਦਿਸਟਿ ਦੇਖੈ." (ਆਸਾ ਅः ਮः ੩)

ਦਿਬਦੇਹ: ਸੰਗ੍ਯਾ- ਦਿਵਜ ਦੇਹ. ਮਾਨੁਸ਼ ਦੇਹ। ੨. ਦੇਵਤਾ ਦਾ ਸ਼ਰੀਰ.

ਦਿਬਦ੍ਰਿਸਟਿ: ਦੇਖੋ, ਦਿਬਦਿਸਟਿ. "ਸਤਿਗੁਰਿ ਮਿਲਿਐ ਦਿਬਦ੍ਰਿਸਟਿ ਹੋਇ." (ਅਨੰਦੁ)

ਦਿਬਾਜਾ: ਦੇਖੋ, ਦਿਵਾਜਾ.

ਦਿੱਬ: ਦੇਖੋ, ਦਿਵਜ.

ਦਿੱਬ ਬਰਖ: ਦੇਖੋ, ਦਿਵਜਵਰਖ.

ਦਿਬਜਦ੍ਰਿਸਟਿ: ਦੇਖੋ, ਦਿਬਦਿਸਟਿ. "ਦਿਬਜਦ੍ਰਿਸਟਿ ਕਾਰਣ ਕਰਣੰ." (ਸਵੈਯੇ ਮः ੪. ਕੇ)

ਦਿਭ: ਦੇਖੋ, ਦਭੁ। ੨. ਦੇਖੋ, ਦਿਬ.

ਦਿਮਾਗ਼: ਅ਼. دماغ ਸੰਗ੍ਯਾ- ਮਗ਼ਜ਼. ਮਸਤਿਸ਼੍ਕ. Brain. ਬੁੱਧਿ ਦਾ ਅਸਥਾਨ. ਇਹ ਸ਼ਰੀਰ ਦੇ ਸਾਰੇ ਅੰਗਾਂ ਦਾ ਸਰਦਾਰ ਹੈ. ਵਿਦ੍ਵਾਨਾਂ ਨੇ ਅੰਤਹਕਰਣ ਦਾ ਨਿਵਾਸ ਇਸੇ ਵਿੱਚ ਮੰਨਿਆ ਹੈ। ੨. ਬੁੱਧਿ. ਸਮਝ। ੩. ਅਭਿਮਾਨ. ਘਮੰਡ.

ਦਿਮਾਗ਼ਦਾਰ: ਫ਼ਾ. دماغدار ਵਿ- ਬੁੱਧਿਮਾਨ. ਸਮਝਦਾਰ। ੨. ਅਭਿਮਾਨੀ. ਮਗ਼ਰੂਰ.

ਦਿਯ: ਦਿੱਤਾ. ਦੱਤ. ਦੀਆ.

ਦਿਯਬ: ਸੰਗ੍ਯਾ- ਦੇਣ ਦੀ ਕ੍ਰਿਯਾ. ਦੇਣਾ. "ਕਾਮ- ਕੰਦਲਾ ਕੋ ਦਿਯਬ ਤਊ ਨ ਹਮ ਤੇ ਹੋਤ." (ਚਰਿਤ੍ਰ ੯੧)

ਦਿਯਰਾ, ਦਿਯਾ: ਸੰਗ੍ਯਾ- ਦੀਪਕ. ਦੀਵਾ. "ਦਿਯਾ ਜਰਾਵੈ ਧਾਮ." (ਚਰਿਤ੍ਰ ੫੭)

ਦਿਯਾਰ: ਦੇਖੋ, ਦਯਾਰ.

ਦਿਰਸ: ਦੇਖੋ, ਦ੍ਰਿਸ਼। ੨. ਦੇਖੋ, ਦ੍ਰਿਸ਼੍ਯ.

ਦਿਰਹਮ: ਅ਼. درہم ਸੰਗ੍ਯਾ- ਇੱਕ ਚਾਂਦੀ ਦਾ ਪੁਰਾਣਾ ਸਿੱਕਾ, ਜੋ ੨੪ ਰੱਤੀ ਦਾ ਹੁੰਦਾ ਸੀ। ੨. ਦੇਖੋ, ਦਿਰਮ.

ਦਿਰਘ: ਦੇਖੋ, ਦੀਰਘ.

ਦਿਰਬ: ਸੰ. ਦ੍ਰਵ੍ਯ. ਧਨ. ਦੌਲਤ. "ਜਿਮ ਦਿਰਬਹੀਣ ਕਛੁ ਕਰ ਬਿਪਾਰ." (ਰਾਮਾਵ)

ਦਿਰਬਪਾਲ: ਸੰਗ੍ਯਾ- ਦ੍ਰਵ੍ਯਪਾਲ. ਧਨਪਤਿ. ਕੁਬੇਰ. "ਚਿੰਤ ਤਾਸ ਚੀਨੋ ਸਹੀ ਦਿਰਬਪਾਲੰ." (ਅਜਰਾਜ)

ਦਿਰਮ: ਫ਼ਾ. درم ਸੰਗ੍ਯਾ- ਇੱਕ ਚਾਂਦੀ ਦਾ ਪੁਰਾਣਾ ਸਿੱਕਾ, ਜੋ ਹੁਣ ਦੇ ਦੋ ਆਨੇ ਤੁੱਲ ਹੈ। ੨. ਸਾਢੇ ਤਿੰਨ ਮਾਸ਼ਾ ਭਰ ਤੋਲ.

ਦਿਰਾਨੀ: ਸੰਗ੍ਯਾ- ਦੇਵਰ ਦੀ ਵਹੁਟੀ. ਦੇਵਰਾਨੀ. "ਸੁਨਹੁ ਜਿਠਾਨੀ ਸੁਨਹੁ ਦਿਰਾਨੀ." (ਬਿਲਾ ਕਬੀਰ)

ਦਿਲ: ਫ਼ਾ. دل Heart. ਸੰਗ੍ਯਾ- ਇਹ ਖ਼ੂਨ ਦੀ ਚਾਲ ਦਾ ਕੇਂਦ੍ਰ ਹੈ, ਜੋ ਛਾਤੀ ਵਿੱਚ ਦੋਹਾਂ ਫੇਫੜਿਆਂ ਦੇ ਮੱਧ ਰਹਿੰਦਾ ਹੈ, ਇਸਤ੍ਰੀ ਨਾਲੋਂ ਮਰਦ ਦੇ ਦਿਲ ਦਾ ਵਜਨ ਜ਼ਾਦਾ ਹੁੰਦਾ ਹੈ, ਇਹ ਸਾਰੇ ਸ਼ਰੀਰ ਨੂੰ ਸ਼ਾਹਰਗ (aorta) ਦ੍ਵਾਰਾ ਲਹੂ ਪੁਚਾਉਂਦਾ ਹੈ. ਦਿਲ ਦੇ ਸੱਜੇ ਦੋ ਖਾਨਿਆਂ ਵਿੱਚ ਗੰਦਾ ਖ਼ੂਨ ਅਤੇ ਖੱਬੇ ਦੋ ਖਾਨਿਆਂ ਵਿੱਚ ਸਾਫ ਖ਼ੂਨ ਹੁੰਦਾ ਹੈ. ਇਸੇ ਦੀ ਹਰਕਤ ਨਾਲ ਨਬਜ ਦੀ ਹਰਕਤ ਹੋਇਆ ਕਰਦੀ ਹੈ. ਜੇ ਦਿਲ ਥੋੜੇ ਸਮੇਂ ਲਈ ਭੀ ਬੰਦ ਹੋਵੇ ਤਾਂ ਪ੍ਰਾਣੀ ਦੀ ਤੁਰਤ ਮੌਤ ਹੋ ਜਾਂਦੀ ਹੈ. ਦਿਲ ਦੀ ਹਰਕਤ, ਅਰਥਾਤ ਸੰਕੋਚ ਅਤੇ ਫੈਲਾਉ ਤੋਂ ਹੀ ਖ਼ੂਨ ਵਿੱਚ ਗਰਮੀ ਪੈਦਾ ਹੁੰਦੀ ਹੈ, ਜੋ ਜੀਵਨ ਦਾ ਮੂਲ ਹੈ. ਇਸ ਦੀ

ਹਰਕਤ ਤੋਂ ਹੀ ਨਬਜ ਦੀ ਚਾਲ ਤੇਜ ਅਤੇ ਸੁਸਤ ਹੁੰਦੀ ਹੈ. ਇਹ ਚਾਲ, ਦਿਲ ਤੋਂ ਉਮਗੇ ਹੋਏ ਲਹੂ ਦਾ ਤਰੰਗ ਹੈ. ਦਿਲ ਇੱਕ ਮਿੰਟ ਵਿੱਚ ੭੨ ਵਾਰ ਸੁੰਗੜਦਾ ਅਤੇ ਫੈਲਦਾ ਹੈ, ਜੋ ਪੂਰੀ ਅਰੋਗਤਾ ਵਿੱਚ ਨਬਜ ੭੨ ਵਾਰ ਧੜਕਦੀ ਹੈ, ਪਰ ਬੱਚਿਆਂ ਦੀ ੧੨੦ ਵਾਰ ਅਤੇ ਬਹੁਤ ਕਮਜੋਰ ਜਾਂ ਬੁੱਢਿਆਂ ਦੀ ੭੨ ਤੋਂ ਭੀ ਘੱਟ ਹੋਇਆ ਕਰਦੀ ਹੈ.

੨. ਮਨ. ਚਿੱਤ. ਅੰਤਹਕਰਣ. "ਦਿਲ ਮਹਿ ਸਾਂਈ ਪਰਗਟੈ." (ਸ. ਕਬੀਰ) ਇਸ ਦਾ ਨਿਵਾਸ ਵਿਦ੍ਵਾਨਾਂ ਨੇ ਦਿਮਾਗ ਵਿੱਚ ਮੰਨਿਆ ਹੈ। ੩. ਸੰਕਲਪ. ਖ਼ਿਆਲ.

ਦਿਲ ਅਫ਼ਜ਼ਾਈ: ਫ਼ਾ. دِل افزائی ਸੰਗਯਾ- ਦਿਲ ਵਧਾਉਣ ਦੀ ਕ੍ਰਿਯਾ. ਉਤਸਾਹ ਦੇਣ ਦਾ ਕਰਮ.

ਦਿਲ ਸ਼ਿਕਨੀ: ਫ਼ਾ. دِل شِکنی ਸੰਗਯਾ- ਦਿਲ ਤੋੜਨ ਦੀ ਕ੍ਰਿਯਾ.

ਦਿਲ ਸੂਚੀ: ਦੇਖੋ, ਸੂਚੀ ੨। ੨. ਵਿ- ਸ਼ੁਚਿਮਨ. ਪਵਿਤ੍ਰਾਤਮਾ.

ਦਿਲਸੋਜ਼: ਫ਼ਾ. دِلسوز ਸੰਗਯਾ- ਮਨ ਦੀ ਜਲਨ। ੨. ਵਿ- ਪਯਾਰਾ. ਮਨਭਾਵਨ. ਮਨ ਨੂੰ ਸੋਖ਼ਤਨ (ਜਲਾਉਣ) ਵਾਲਾ. ਜਿਸ ਦੇ ਨਾ ਮਿਲਨ ਤੋਂ ਮਨ ਜਲਦਾ ਹੈ.

ਦਿਲਹਾ: ਦਿਲ ਦਾ ਬਹੁ ਵਚਨ.

ਦਿਲਹੁ: ਦਿਲ ਤੋਂ. ਮਨੋ. "ਦਿਲਹੁ ਮੁਹਬਤਿ ਜਿਨ ਸੇਈ ਸਚਿਆ." (ਆਸਾ ਫਰੀਦ)

ਦਿਲਕਸ਼: ਫ਼ਾ. دِلکش ਵਿ- ਦਿਲ ਖਿੱਚਣਵਾਲਾ. ਮਨਮੋਹਨ.

ਦਿਲਕਬਜ: ਫ਼ਾ. دِل قبض ਦਿਲਕ਼ਬਜ. ਅੰਤਹਕਰਣ ਨੂੰ ਵਸ਼ ਕਰਨ ਦੀ ਕ੍ਰਿਯਾ. "ਦਿਲਕਬਜ ਕਬਜਾ ਕਾਦਰੋ." (ਤਿਲੰ ਮਃ ੫)

ਦਿਲਕੁਸਾ: ਫ਼ਾ. دِل کُشا ਵਿ- ਦਿਲ ਖੋਲ੍ਹਣਵਾਲਾ. ਦਿਲ ਖ਼ੁਸ਼ ਕਰਨ ਵਾਲਾ.

ਦਿਲਗੀਰ: ਫ਼ਾ. دِلگیر ਵਿ- ਦਿਲ ਜਿਸ ਦਾ ਫੜਿਆ ਗਿਆ ਹੈ. ਗ਼ਮਗੀਨ. ਸ਼ੋਕਾਤੁਰ. "ਭੇ ਦਿਲ ਗੀਰ ਜੁ ਹੈਂ ਹਿਤਕਾਰੂ." (ਨਾਪ੍ਰ)

ਦਿਲਗੀਰੀ: ਸੰਗਯਾ- ਉਦਾਸੀ. ਦਿਲ ਫੜੇਜਾਣ ਦੀ ਦਸ਼ਾ.

ਦਿਲਚਸਪੀ: ਫ਼ਾ. دِل‌چسپی ਸੰਗਯਾ- ਦਿਲ ਦਾ ਲਗਾਉ. ਚਿੱਤ ਦੇ ਖਿੱਚੇ ਜਾਣ ਦਾ ਭਾਵ.

ਦਿਲਜੋਈ: ਫ਼ਾ. دِلجوئی ਦਿਲਜੂਈ. ਸੰਗਯਾ- ਦਿਲ ਜੁਸ੍ਤਨ (ਢੂੰਢਣ) ਦੀ ਕ੍ਰਿਯਾ. ਤਸੱਲੀ. ਧੀਰਯ. ਦਿਲਾਸਾ.

ਦਿਲਦਰਬਾਨੀ, ਦਿਲਦਰਵਾਨੀ: ਸੰਗਯਾ- ਦਿਲ ਪੁਰ ਪਹਿਰਾ ਰੱਖਣ ਦੀ ਕ੍ਰਿਯਾ. ਦਿਲ ਦੀ ਚੋਕੀਦਾਰੀ. ਦਿਲ ਨੂੰ ਬਾਹਰ ਨਾ ਜਾਣਦੇਣ ਦੀ ਸਾਵਧਾਨੀ. "ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲ ਰਾਸਿ." (ਵਾਰ ਮਾਰੂ ੧. ਮਃ ੧)

ਦਿਲਦਾਰ: ਫ਼ਾ. دِلدار ਵਿ- ਦਿਲ ਰੱਖਣ ਵਾਲਾ. ਉਦਾਰ. ਦਾਤਾ। ੨. ਰਸੀਆ। ੩. ਪਯਾਰਾ. ਪ੍ਰੀਤਮ.

ਦਿਲਨਸ਼ੀਂ: ਫ਼ਾ. دِل نشیں ਵਿ- ਦਿਲ ਵਿੱਚ ਘਰ ਕਰਲੈਣ ਵਾਲਾ.

ਦਿਲਪਜੀਰ: ਫ਼ਾ. دِلپزیر ਦਿਲਪਜੀਰ. ਵਿ- ਦਿਲ ਦਾ ਕ਼ਬੂਲ ਕੀਤਾ ਹੋਇਆ. ਦਿਲਪੰਸਦ.

ਦਿਲਫ਼ਰੇਬ: ਫ਼ਾ. دِلفریب ਮਨ ਮੋਹਣ ਵਾਲਾ.

ਦਿਲਫ਼ਰੋਜ਼: ਫ਼ਾ. دِلفروز ਵਿ- ਦਿਲ ਨੂੰ ਅਫ਼ਰੋਜ਼ (ਰੌਸ਼ਨ) ਕਰਨ ਵਾਲਾ.

ਦਿਲਬਰ: ਫ਼ਾ. دِلبر ਵਿ- ਦਿਲ ਬੁਰਦਨ (ਲੈਜਾਣ) ਵਾਲਾ. ਪਯਾਰਾ. ਪ੍ਰਿਯ.

ਦਿਲਬਾਗ: ਦੇਖੋ, ਗੁਲਬਾਗ.

ਦਿਲਬੰਦ: ਫ਼ਾ. دلبند ਸੰਗਯਾ- ਦਿਲ ਦਾ ਟੁਕੜਾ। ੨. ਪਯਾਰਾ। ੩. ਪੁਤ੍ਰ.

ਦਿਲਰੁਬਾ: ਫ਼ਾ. دلربا ਦਿਲ ਲੈਜਾਣ ਵਾਲਾ. ਮਾਸ਼ੂਕ। ੨. ਇੱਕ ਤਾਰਦਾਰ ਵਾਜਾ. Guitar.

ਦਿਲਵਾਲੀ: ਵਿ- ਦਿਹਲਵੀ. ਦਿੱਲੀ ਦਾ ਵਸਨੀਕ। ੨. ਸੰਗਯਾ- ਦਿੱਲੀ ਦੇ ਲੋਕ. "ਦਿਲਵਾਲੀ ਤੇਰੀ ਆਗਯਾ ਮੇ ਚਲਤ ਹੈਂ." (ਅਕਾਲ)

ਦਿਲਵਾਲੀਸਿੰਘ: ਦੇਖੋ, ਦਲਵਾਲ ਸਿੰਘ.

ਦਿਲਾਸਾ: ਸੰਗਯਾ- ਦਿਲ ਦੇ ਆਸ਼੍ਵਾਸਨ ਦੀ ਕ੍ਰਿਯਾ. ਤਸੱਲੀ. ਧੀਰਜ. "ਸਤਿਗੁਰਿ ਦੀਆ ਦਿਲਾਸਾ." (ਸੋਰ ਮਃ ੫)

ਦਿਲਾਰਾਮ: ਫ਼ਾ. دل آرام ਮਾਸ਼ੂਕ. ਪਿਆਰਾ.

ਦਿਲਾਵਰ: ਫ਼ਾ. دلاور ਵਿ- ਦਿਲ ਆਵੁਰਦਨ (ਲਿਆਉਣ) ਵਾਲਾ. ਬਹਾਦੁਰ. ਸ਼ੂਰਵੀਰ. "ਦਸ੍ਤਗੀਰੀ ਦੇਹਿ ਦਿਲਾਵਰ." (ਤਿਲੰ ਮਃ ੫) ੨. ਉਤਸਾਹੀ. ਹਿੰਮਤੀ.

ਦਿਲਾਵਰਖ਼ਾਨ: دلاور خاں ਔਰੰਗਜ਼ੇਬ ਦਾ ਇੱਕ ਪੰਜ ਹਜ਼ਾਰੀ ਫ਼ੌਜੀ ਸਰਦਾਰ, ਜੋ ਪਹਾੜੀ ਰਾਜਿਆਂ ਨੂੰ ਸਰ ਕਰਨ ਲਈ ਗਿਆ ਸੀ ਅਤੇ ਉਸ ਨੇ ਆਪਣਾ ਪੁਤ੍ਰ ਗੁਰੂ ਗੋਬਿੰਦਸਿੰਘ ਜੀ ਵੱਲ ਆਨੰਦਪੁਰ ਭੇਜਿਆ ਸੀ ਪਰ ਇਸ ਨੂੰ ਲੜਨ ਦਾ ਮੌਕਾ ਨਹੀਂ ਮਿਲਿਆ, ਸਿੱਖਾਂ ਦੇ ਮਾਰ ਬਕਾਰੇ ਨਾਲ ਹੀ ਭੱਜ ਗਿਆ. "ਤਬ ਲੌ ਖਾਨ ਦਿਲਾਵਰ ਆਏ। ਪੂਤ ਅਪਨ ਹਮ ਓਰ ਪਠਾਏ." (ਵਿਚਿਤ੍ਰ)

ਦਿਲਾਵਰੀ: ਫ਼ਾ. دلاوری ਸੰਗਯਾ- ਬਹਾਦੁਰੀ। ੨. ਉਤਸਾਹ. ਉਮੰਗ.

ਦਿਲੀ: ਵਿ- ਦਿਲ ਨਾਲ ਹੈ ਜਿਸ ਦਾ ਸੰਬੰਧ. ਹਾਰਦਿਕ। ੨. ਦੇਖੋ, ਦਿੱਲੀ.

ਦਿਲੀਸ, ਦਿਲੀਸਰ: ਦਿੱਲੀ- ਈਸ਼. ਦਿੱਲੀ ਦਾ ਸ੍ਵਾਮੀ. ਦਿੱਲੀ ਪਤਿ। ੨. ਔਰੰਗਜ਼ੇਬ. "ਠੀਕਰ ਫੋਰਿ ਦਿਲੀਸ ਸਿਰ." (ਵਿਚਿਤ੍ਰ) ੩. ਕਿਤੇ ਕਿਤੇ ਲਿਖਾਰੀ ਦੀ ਭੁੱਲ ਨਾਲ "ਦਲੀਸ" ਸਬਦ ਦੀ ਥਾਂ ਦਿਲੀਸ਼ ਲਿਖਿਆ ਗਿਆ ਹੈ. ਦੇਖੋ, ਦਲੀਸ.

ਦਿਲੀਪ: ਸੂਰਯਵੰਸ਼ੀ ਰਘੁ ਦਾ ਪਿਤਾ। ੨. ਅੰਸ਼ੁਮਾਨ ਦਾ ਪੁਤ੍ਰ ਅਤੇ ਭਗੀਰਥ ਦਾ ਪਿਤਾ. "ਭਯੋ ਦਿਲੀਪ ਜਗਤ ਕੋ ਰਾਜਾ." (ਦਿਲੀਪ) ੩. ਮਾਨ ਦਾ ਪੁਤ੍ਰ, ਜਿਸ ਦਾ ਜਿਕਰ ਹਕਾਇਤ ੧. ਵਿੱਚ ਹੈ- "ਹਕਾਯਤ ਸ਼ੁਨੀਦੇਮ ਰਾਜਹ ਦਿਲੀਪ। ਨਿਸ਼ਸ਼੍ਰੁਹ ਸ਼ੁਦਹ ਨਿਜ਼ਦ ਮਾਨੋ ਮਹੀਪ."[632] ੪. ਵਿ- ਦਿੱਲੀ ਦਾ ਪਤਿ (ਸ੍ਵਾਮੀ). ਦਿੱਲੀਪਤਿ.

ਦਿਲੀਪਸਿੰਘ: ਦੇਖੇ, ਦਲੀਪਸਿੰਘ.

ਦਿਲੇਸ: ਦਿੱਲੀ- ਈਸ਼. ਦਿੱਲੀਪਤਿ। ੨. ਔਰੰਗਜ਼ੇਬ. "ਜਹਾਂ ਨ ਦਿਲੇਸ ਕੋ ਪ੍ਰਤਾਪ ਛਾਈਅਤ ਹੈ." (ਹੰਸਰਾਮ)

ਦਿਲੇਰ: ਫ਼ਾ. دلیر ਵਿ- ਦਿਲਾਵਰ. ਬਹਾਦੁਰ। ੨. ਉਤਸਾਹੀ.

ਦਿੱਲੀ: ਜਮੁਨਾ ਨਦੀ ਦੇ ਕਿਨਾਰੇ ਇੱਕ ਪੁਰਾਣੀ ਪ੍ਰਸਿੱਧ ਨਗਰੀ, ਜੋ ਕਈ ਥਾਈਂ ਵਸ ਚੁੱਕੀ ਹੈ.[633] ਪਾਂਡਵਾਂ ਵੇਲੇ ਇਸ ਦਾ

---

[632] ਅਕਾਲਉਸਤਤਿ ਦੀ ਤੁਕ-"ਮਾਨ ਸੇ ਮਹੀਪ ਔ ਦਿਲੀਪ ਕੈਸੇ ਛਤ੍ਰਧਾਰੀ."-ਵਿੱਚ ਸ਼ਾਯਦ ਅੰਸ਼ੁਮਾਨ ਦਾ ਹੀ ਸੰਖੇਪ ਨਾਮਹੋਵੇ.

[633] ਦੇਖੋ Colonel Sir Gordon Hearn ਕ੍ਰਿਤ The seven cities of Delhi.

ਨਾਮ ਇੰਦ੍ਰਪਸ੍ਥ[634] ਅਤੇ ਪਾਂਡਵਨਗਰ ਸੀ. ਫੇਰ ਇਸ ਦਾ ਨਾਮ ਯੋਗਿਨੀਪੁਰ ਹੋਇਆ. ਤੋਮਰਵੰਸ਼ ਦੇ ਰਾਜਾ ਰਾਇਸੇਨ ਨੇ ਸਨ ੯੧੯- ੨੦ ਵਿੱਚ ਸੁੰਦਰ ਮਕਾਨ ਬਣਵਾਕੇ ਰਾਜਧਾਨੀ ਕ਼ਾਯਮ ਕੀਤੀ.

ਮਯੂਰਵੰਸ਼ ਦੇ ਰਾਜਾ ਦਿਲੂ ਨੇ ਇਸ ਨੂੰ ਦਿੱਲੀ ਨਾਉਂ ਦਿੱਤਾ.[635] ਸਨ ੧੧੫੧ ਵਿੱਚ ਚੌਹਾਨ ਰਾਜਪੂਤ ਵਿਸ਼ਾਲਦੇਵ ਨੇ ਇਸਨੂੰ ਰਾਜਧਾਨੀ ਬਣਾਇਆ. ਇਸ ਦੇ ਪੋਤੇ ਪ੍ਰਿਥੀ (ਪ੍ਰਿਥਿਵੀ) ਰਾਜ ਨੂੰ ਸਨ ੧੧੯੨ ਵਿੱਚ ਜਿੱਤਕੇ ਸ਼ਹਾਬੁੱਦੀਨ ਮੁਹੰਮਦ ਗੌਰੀ ਨੇ ਮੁਸਲਿਮ ਰਾਜ ਕ਼ਾਯਮ ਕੀਤਾ.

ਇਸ ਵੇਲੇ ਜਮੁਨਾ ਦੇ ਕਿਨਾਰੇ ਜੋ ਪੱਕੀ ਚਾਰ ਦੀਵਾਰੀ ਅੰਦਰ ਬਸਤੀ ਦੇਖੀ ਜਾਂਦੀ ਹੈ ਇਹ ਬਾਦਸ਼ਾਹ ਸ਼ਾਹਜਹਾਂ ਦੀ ਰਚਨਾ ਹੈ. ਉਸ ਨੇ ਇਸ ਦੇ ਲਾਲ ਕਿਲੇ ਅਤੇ ਸ਼ਹਿਰ ਦੀ ਬੁਨਿਆਦ ੧੬. ਏਪ੍ਰਿਲ ਸਨ ੧੬੩੯ ਨੂੰ ਰੱਖੀ ਅਤੇ ਚਤੁਰ ਅਹਿਲਕਾਰ ਗ਼ੈਰਤਖ਼ਾਨ ਦੀ ਨਿਗਰਾਨੀ ਵਿੱਚ ਇਮਾਰਤ ਬਣੀ. ਬਾਦਸ਼ਾਹ ਨੇ ਇਸ ਦਾ ਨਾਮ "ਸ਼ਾਹਜਹਾਨਾਬਾਦ" ਰੱਖਿਆ ਸੀ, ਪਰ ਜਗਤ ਪ੍ਰਸਿੱਧ ਦਿੱਲੀ ਹੀ ਰਿਹਾ.

ਸਨ ੧੮੦੩ ਵਿੱਚ ਦਿੱਲੀ ਅੰਗ੍ਰੇਜ਼ਾਂ ਦੇ ਅਧਿਕਾਰ ਵਿੱਚ ਆਈ, ਭਾਵੇਂ ਨਾਮਮਾਤ੍ਰ ਮੁਗਲ ਰਾਜਧਾਨੀ ਰਹੀ. ਸਨ ੧੮੫੭ ਦੇ ਗ਼ਦਰ ਪਿੱਛੋਂ ਦਿੱਲੀ ਅੰਗ੍ਰੇਜ਼ੀ ਰਾਜ ਨਾਲ ਮਿਲੀ, ਅਰ ੧੨. ਦਿਸੰਬਰ ਸਨ ੧੯੧੧ ਨੂੰ ਸ਼ਹਨਸ਼ਾਹ ਜਾਰਜਪੰਜਮ (George V) ਨੇ ਇਸ ਨੂੰ ਭਾਰਤ ਦੀ ਰਾਜਧਾਨੀ ਹੋਣ ਦਾ ਮੁੜ ਮਾਨ ਦਿੱਤਾ. ੧. ਅਕਤੂਬਰ ਸਨ ੧੯੧੨ ਨੂੰ ਦਿੱਲੀ ਨੂੰ ਪੰਜਾਬ ਤੋਂ ਅਲਗ ਕਰਕੇ ਚੀਫ਼ਕਮਿਸ਼ਨਰ ਦੇ ਅਧੀਨ ਕੀਤਾ ਗਿਆ.

ਦਿੱਲੀ ਤੋਂ ਲਹੌਰ ੨੯੭, ਕਲਕੱਤਾ ੯੫੬, ਬੰਬਈ ੯੮੨ ਅਤੇ ਕਰਾਚੀ ੯੦੭ ਮੀਲ ਹੈ.

ਸਨ ੧੯੨੧ ਦੀ ਮਰਦਮਸ਼ੁਮਾਰੀ ਅਨੁਸਾਰ ਦਿੱਲੀ ਦੀ ਆਬਾਦੀ ੩੦੪੪੨੦ ਹੈ. ਜਿਸ ਵਿੱਚੋਂ ਹਿੰਦੂ ੧੭੪੩੦੩, ਮੁਸਲਮਾਨ ੧੧੪੭੦੪, ਈਸਾਈ ੮੭੯੧, ਜੈਨੀ ੩੯੬੨, ਸਿੱਖ ੨੬੬੯, ਅਤੇ ਬਾਕੀ ਬੌੱਧ ਪਾਰਸੀ ਯਹੂਦੀ ੯੧ ਹਨ

ਜਾਰਜਪੰਜਮ ਨੇ ਜਿਸ ਨਵੀਂ ਬਸਤੀ ਦੀ ਨਿਉਂ ਰੱਖੀ ਹੈ, ਉਸ ਦਾ ਨਾਉਂ ਨ੍ਯੂ (New) ਦਿੱਲੀ ਹੈ, ਜੋ ਪਹਾੜੀਗੰਜ ਅਤੇ ਸਫਦਰਜੰਗ ਦੇ ਵਿਚਕਾਰ ਵਸੀ ਹੈ.

ਦਿੱਲੀ ਵਿੱਚ ਇਹ ਗੁਰਦ੍ਵਾਰੇ ਹਨ:-[636]

(੧) ਸੀਸਗੰਜ. ਇਹ ਚਾਂਦਨੀ ਚੌਕ ਵਿੱਚ ਹੈ. ਇੱਥੇ ੧੨. ਮੱਘਰ ਸੰਮਤ ੧੭੩੨ ਨੂੰ ਗੁਰੂ ਤੇਗਬਹਾਦੁਰ ਸਾਹਿਬ ਨੇ ਦੇਸ਼ ਅਤੇ ਧਰਮ ਦੀ ਖਾਤਿਰ ਸੀਸ ਕੁਰਬਾਨ ਕੀਤਾ. ਇਹ ਗੁਰਦ੍ਵਾਰਾ ਪਹਿਲਾਂ ਸਰਦਾਰ ਬਘੇਲਸਿੰਘ ਜੀ ਨੇ ਬਣਵਾਇਆ ਸੀ. ਫੇਰ ਮੁਸਲਮਾਨਾਂ ਨੇ ਗੁਰਦ੍ਵਾਰਾ ਢਾਹਕੇ ਪਾਸ ਮਸੀਤ ਉਸਾਰਦਿੱਤੀ. ਸਨ ੧੮੫੭ ਦੇ ਗਦਰ ਦੇ ਅੰਤ ਰਾਜਾ ਸਰੂਪਸਿੰਘ ਸਾਹਿਬ ਜੀਂਦਪਤਿ ਨੇ ਸੀਸਗੰਜ ਗੁਰਦ੍ਵਾਰੇ ਦੀ ਇਮਾਰਤ ਬਣਵਾਈ ਅਰ ਹੁਣ ਪ੍ਰੇਮੀ ਗੁਰਸਿੱਖਾਂ ਦੇ ਉੱਦਮ ਨਾਲ ਪੱਥਰ ਦੀ ਆਲੀਸ਼ਾਨ ਇਮਾਰਤ ਬਣ ਰਹੀ ਹੈ.

ਨਿੱਤ ਦੀ ਚੜ੍ਹਤ (ਭੇਟਾ ਪੂਜਾ) ਤੋਂ ਛੁੱਟ, (ਜਿਸ ਦਾ ਅੰਦਾਜ਼ਾ ਤਿੰਨ ਹਜਾਰ ਰੁਪਯਾ ਸਾਲ ਹੈ), ਇਸ ਗੁਰਦ੍ਵਾਰੇ ਨੂੰ ਹੇਠ ਲਿਖੀ ਸਾਲਾਨਾ ਪੱਕੀ ਆਮਦਨ ਹੈ:-

---

[634] ਇੰਦ੍ਰਪ੍ਰਸਥ ਮੇ ਕ੍ਰਿਸ਼ਨ ਜੂ ਰਹੇ ਮਾਸ ਤਵ ਚਾਰ." (ਕ੍ਰਿਸ਼ਨਾਵ)

[635] ਦਸਮਗ੍ਰੰਥ ਦੀ ਹਕਾਯਤ ੧. ਵਿੱਚ ਛੋਲੇ ਦੀ ਦਾਲ ਨੂੰ ਦਿੱਲੀ ਨਾਉਂ ਦਾ ਮੂਲ ਦੱਸਿਆ ਹੈ-"ਵਜ਼ਾਂ ਦਾਲ ਨੌ ਸ਼ਹਰ ਆਜਮ ਬਸ਼ਤ੍ਰ। ਕਿ ਨਾਮੇ ਅਜ਼ਾਂ ਬਹਰ ਦਿਹਲੀ ਸ਼ੁਦਸ੍ਤ." (੨੬)

[636] ਦਿੱਲੀ ਵਿੱਚ ਸਭ ਤੋਂ ਪਹਿਲਾਂ ਗੁਰਦ੍ਵਾਰੇ ਸਰਦਾਰ ਬਘੇਲ ਸਿੰਘ ਕਰੋੜੀਆਂ ਮਿਸਲ ਦੇ ਜਥੇਦਾਰ ਨੇ ਸੰਮਤ ੧੮੪੭ ਵਿੱਚ ਬਣਵਾਏ ਸਨ, ਇਸ ਪਿੱਛੋਂ ਫੇਰ ਹੋਰ ਪ੍ਰੇਮੀ ਸਿੱਖਾਂ ਨੇ ਸੇਵਾ ਕੀਤੀ ਹੈ.

ਮਹਾਰਾਜਾ ਰਣਜੀਤ ਸਿੰਘ ਜੀ ਦਾ ਦਿੱਲੀ ਦੇ ਗੁਰਦ੍ਵਾਰਿਆਂ ਨੂੰ ਦਿੱਤਾ ਪਿੰਡ "ਦੋਸਾਂਝ" (ਤਸੀਲ ਨਵਾਂ ਸ਼ਹਿਰ, ਜਿਲਾ ਜਲੰਧਰ ਵਿੱਚ) ਹੈ, ਉਸ ਦਾ ਹਿੱਸਾ ੨੦੦, ਰਿਆਸਤ ਜੀਂਦ ਤੋਂ ੬੨), ਰਿਆਸਤ ਨਾਭੇ ਤੋਂ ੨੧੫), ਰਿਆਸਤ ਪਟਿਆਲੇ ਤੋਂ ੩੯੦)- ਜ਼ੀਨਤਮਹਿਲ ਦੇ ਕਿਰਾਏ ਵਿੱਚੋਂ ਦੋ ਸੌ ਚਾਲੀ, ਅਤੇ ਪੂਜਾ ਦੇ ਇੱਕ ਸੌ ਚਾਲੀ ਸਾਲਾਨਾ ਮਿਲਦੇ ਹਨ.

ਰਾਇਸੀਨਾ ਪਿੰਡ, ਜੋ ਰਿਆਸਤ ਜੀਂਦ ਨੇ ਖ਼ਰੀਦ ਕੇ ਗੁਰਦ੍ਵਾਰਾ ਸੀਸਗੰਜ ਅਤੇ ਰਕਾਬਗੰਜ ਨੂੰ ਭੇਟਾ ਕੀਤਾ ਸੀ, ਉਹ ਨਵੀਂ ਦਿੱਲੀ ਵਿੱਚ ਆ ਗਿਆ. ਗਵਰਨਮੇਂਟ ਨੇ ਉਸ ਦੀ ਕੀਮਤ ਜੋ ਦਿੱਤੀ ਉਸ ਦੇ ਪ੍ਰਾਮਿਸਰੀ (Promissory) ਨੋਟ ਖਰੀਦੇ ਗਏ. ਗੁਰਦ੍ਵਾਰਾ ਸੀਸਗੰਜ ਦੀ ਰਕਮ ਬੱਤੀ ਹਜਾਰ ਦਾ ਸੂਦ ਸਾਲਾਨਾ ੧੧੫੨) ਹੈ. ਇਸ ਤੋਂ ਛੁੱਟ ੧੫. ਮੁਰੱਬੇ ਜ਼ਮੀਨ ਗਵਰਨਮੇਂਟ ਨੇ ਦਿੱਤੀ, ਜਿਸ ਦੇ ਠੇਕੇ ਦੀ ਮਾਕੂਲ ਆਮਦਨ ਹੈ. ਗੁਰਦ੍ਵਾਰੇ ਦੇ ਸੇਵਾਦਾਰ ਮਹੰਤ ਭਾਈ ਹਰੀਸਿੰਘ ਜੀ ਬੀ. ਏ. ਅਤੇ ਭਾਈ ਰਣਜੋਧ ਸਿੰਘ ਜੀ ਹਨ.

(੨) ਰਕਾਬਗੰਜ. ਇੱਥੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਹੋਇਆ ਹੈ. ਇਹ ਅਸਥਾਨ ਗੁਰਦ੍ਵਾਰਾ ਰੋਡ ਤੇ ਹੈ, ਜੋ ਚਾਂਦਨੀ ਚੌਕ ਤੋਂ ਤਿੰਨ ਮੀਲ ਹੈ. ਇਸ ਗੁਰਧਾਮ ਨੂੰ ਸਾਲਾਨਾ ਆਮਦਨ ਦੋਸਾਂਝ ਪਿੰਡ ਦੇ ਹਿੱਸੇ ਵਿੱਚੋਂ ੩੩੨), ਰਿਆਸਤ ਪਟਿਆਲੇ ਤੋਂ ਆਲਾਸਿੰਘ ਦੀ ਵਡਾਲੀ ਅਤੇ ਹਿੰਦੂਪੁਰ ਦੋ ਪਿੰਡ ਜਾਗੀਰ, ਜਿਨ੍ਹਾਂ ਦੀ ਸਾਲਾਨਾ ਰਕਮ ੧੩੯੦) ਹੈ, ਰਾਇਸੀਨਾ ਪਿੰਡ ਦੀ ਰਕਮ ਦੇ ਖਰੀਦੇ ਪ੍ਰਾਮਿਸਰੀ ਨੋਟਾਂ ਦਾ ਸੂਦ ੧੩੯੮), ਮਹਾਰਾਜਾ ਪਟਿਆਲਾ ਵੱਲੋਂ ਪੂਜਾ ੧੪੦), ਕਿਰਾਇਆ ਕੋਠੜੀਆਂ ੨੫੦), ਅੱਠ ਏਕੜ ਦਾ ਗੁਰਦ੍ਵਾਰੇ ਨਾਲ ਬਾਗ਼. ਜਿਸ ਦੀ ਸਾਲਾਨਾ ਆਮਦਨ ੨੫੦) ਹੈ, ਪੰਦਰਾਂ ਮੁਰੱਬੇ ਜ਼ਮੀਨ ਗਵਰਨਮੇਂਟ ਵੱਲੋਂ, ਜੋ ਠੇਕੇ ਪੁਰ ਚੜ੍ਹਾਈ ਜਾਂਦੀ ਹੈ. ਗੁਰਦ੍ਵਾਰੇ ਦੀ ਸੇਵਾ ਕਰਨ ਵਾਲੇ ਭਾਈ ਗੁਰਬਖ਼ਸ਼ਸਿੰਘ ਜੀ ਅਤੇ ਜੀਵਨਸਿੰਘ ਜੀ ਹਨ.

(੩) ਬੰਗਲਾਸਾਹਿਬ. ਜਯਸਿੰਘਪੁਰੇ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਸੰਮਤ ੧੭੨੦ ਵਿੱਚ ਵਿਰਾਜੇ ਸਨ. ਉਸ ਸਮੇਂ ਗੁਰੁਸਾਹਿਬ ਦੇ ਨਿਵਾਸ ਲਈ ਅੰਬਰਪਤਿ[637] ਮਿਰਜ਼ਾ ਜਯਸਿੰਘ ਨੇ ਬੰਗਲਾ ਬਣਵਾਇਆ ਸੀ. ਇਹ ਗੁਰਦ੍ਵਾਰਾ ਜਯਸਿੰਘ ਰੋਡ ਅਤੇ ਕੈਂਟਨਮੈਂਟ ਰੋਡ (Cantonement Road) ਦੇ ਮੱਧ ਹੈ. ਇਸ ਗੁਰਦ੍ਵਾਰੇ ਨੂੰ ਪਿੰਡ ਦੋਸਾਂਝ ਦਾ ਹਿੱਸਾ ੧੬੯), ਨਾਭੇ ਤੋਂ ੪॥), ਜੀਂਦ ਤੋਂ ੬੨), ਪਟਿਆਲੇ ਤੋਂ ੧੪੦), ਗੁਰਦ੍ਵਾਰੇ ਦੀ ਕੁਝ ਜ਼ਮੀਨ ਜੋ ਸਰਕਾਰ ਨੇ ਨਵੀਂ ਆਬਾਦੀ ਲਈ ਲਈ ਹੈ, ਉਸ ਦੀ ਰਕਮ ਦਾ ਸਾਲਾਨਾ ਸੂਦ ੨੨੦) ਹੈ. ਪੁਜਾਰੀ ਭਾਈ ਹਾਕਮਸਿੰਘ ਜੀ ਹਨ.

(੪) ਬਾਲਾਸਾਹਿਬ. ਬਾਲਗੁਰੁ ਹਰਿਕ੍ਰਿਸਨ ਜੀ ਦੇ ਸ਼ਰੀਰ ਦਾ ਸਸਕਾਰ ਇਸ ਥਾਂ ਸੰਮਤ ੧੭੨੧ ਵਿੱਚ ਹੋਇਆ ਹੈ. ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਦਾ ਸਸਕਾਰ ਭੀ ਇਸੇ ਥਾਂ ਹੋਇਆ ਹੈ. ਦਿੱਲੀ ਦਰਵਾਜ਼ੇ ਤੋਂ ਬਾਹਰ ਬਾਰਾਂਪੁਲਾ ਲੰਘਕੇ ਨਾਲੇ ਤੋਂ ਪਾਰ ਇਹ ਅਸਥਾਨ ਹੈ, ਜੋ ਚਾਂਦਨੀ ਚੌਕ ਤੋਂ ਚਾਰ ਮੀਲ ਹੈ. ਗੁਰਦ੍ਵਾਰੇ ਦੀ ਸਾਲਾਨਾ ਆਮਦਨ- ਦੋਸਾਂਝ ਵਿੱਚੋਂ ਹਿੱਸਾ ੭੦੨), ਜੀਂਦ ਤੋਂ ੬੨), ਪਟਿਆਲੇ ਤੋਂ ਬੰਧਾਨ ੧੨੫) ਅਤੇ ਪੂਜਾ ੩੦੬), ਨਾਭੇ ਤੋਂ ੧੦੯॥), ਗੁਰਦ੍ਵਾਰੇ ਨਾਲ ਲਗਦੀ ਜ਼ਮੀਨ ਦੀ ਆਮਦਨ ੪੦) ਹੈ. ਸੇਵਾਦਾਰ ਭਾਈ ਤਾਰਾਸਿੰਘ ਜੀ ਅਤੇ ਬੀਰਸਿੰਘ ਜੀ ਹਨ.

(੫) ਮੋਤੀਬਾਗ. ਇਸ ਥਾਂ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੇ ਸੰਮਤ ੧੭੬੪ ਵਿੱਚ ਚਰਣ ਪਾਏ ਹਨ. ਇਹ ਗੁਰਦ੍ਵਾਰਾ ਅਜਮੇਰੀ ਦਰਵਾਜ਼ੇ ਤੋਂ ਬਾਹਰ, ਚਾਂਦਨੀ ਚੌਕ ਤੋਂ ਪੰਜ ਮੀਲ ਹੈ. ਇਸ ਅਸਥਾਨ ਨੂੰ ਕੇਵਲ ਪਟਿਆਲੇ ਤੋਂ ਸਾਲਾਨਾ ੨੫) ਬੰਧਾਨ ਅਤੇ ਪੂਜਾ ੧੪੦) ਹੈ. ਪੁਜਾਰੀ ਭਾਈ ਦੇਵਾਸਿੰਘ ਜੀ ਹਨ.

(੬) ਦਮਦਮਾ ਸਾਹਿਬ. ਇਸ ਥਾਂ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੇ ਹਾਥੀ ਨਾਲ ਝੋਟੇ ਦੀ ਲੜਾਈ ਕਰਵਾਈ ਸੀ. ਗੁਰਦ੍ਵਾਰਾ ਹੁਮਾਯੂੰ ਦੇ ਮਕਬਰੇ ਪਾਸ ਹੈ. ਚਾਂਦਨੀ ਚੌਕ ਤੋਂ ਤਿੰਨ ਮੀਲ ਹੈ. ਇਸ ਗਰੁਦ੍ਵਾਰੇ ਨੂੰ ਮਹਾਰਾਜਾ ਪਟਿਆਲਾ ਵੱਲੋਂ ੧੪੦) ਅਤੇ ਇੱਕ ਪ੍ਰੇਮੀ ਸਿੱਖ ਦੀ ਚੜ੍ਹਾਈ ਹੋਈ ੩੮ ਵਿੱਘੇ ਜ਼ਮੀਨ ਜੋਗਾਬਾਈ ਪਿੰਡ ਵਿੱਚ ਹੈ, ਜਿਸ ਦੀ ਆਮਦਨ ੬੪) ਸਾਲਾਨਾ ਹੈ. ਸੇਵਾਦਾਰ ਭਾਈ ਰਘੁਬੀਰਸਿੰਘ ਜੀ ਹਨ.

---

[637] ਮਿਰਜਾ ਜਯਾ ਸਿੰਘ ਨੂੰ ਜਯਪੁਰ ਦਾ ਰਾਜਾ ਲਿਖਣਾ ਭੀ ਇਤਿਹਾਸਕਾਰਾਂ ਦੀ ਭੁੱਲ ਹੈ, ਕਿਉਂਕਿ ਇਸ ਦੇ ਸਮੇਂ ਰਾਜਧਾਨੀ ਅੰਵਰ ਸੀ ਅਰ ਜਯਪੁਰ ਨਹੀਂ ਵਸਿਆ ਸੀ. ਦੇਖੋ, ਜਯਸਿੰਘ ਸ਼ਬਦ.

(੭) ਮਾਤਾ ਸੁੰਦਰੀ ਜੀ ਦੀ ਹਵੇਲੀ, ਜੋ ਤੁਰਕਮਾਨ ਦਰਵਾਜੇ ਤੋਂ ਬਾਹਰ ਚਾਂਦਨੀ ਚੌਕ ਤੋਂ ਡੇਢ ਮੀਲ ਹੈ. ਇੱਥੇ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬਕੌਰ ਜੀ ਦੇਹਾਂਤ ਤੀਕ ਨਿਵਾਸ ਕਰਦੇ ਰਹੇ. ਇਹ ਅਸਥਾਨ ਨੂੰ ਪਟਿਆਲੇ ਤੋਂ ੨੫) ਬੰਧਾਨ, ਅਤੇ ਪੂਜਾ ੫੧) ਹੈ. ਜੀਂਦ ਤੋਂ ੬੨) ਸਾਲਾਨਾ ਮਿਲਦੇ ਹਨ. ਗਵਰਨਮੇਂਟ ਨੇ ਜੋ ਗੁਰਦ੍ਵਾਰੇ ਦੀ ਜ਼ਮੀਨ ਨਵੀਂ ਆਬਾਦੀ ਲਈ ਖਰੀਦੀ, ਉਸ ਦੀ ਰਕਮ ਦਾ ਸਾਲਾਨਾ ਸੂਦ ੪੮) ਹੈ. ਸੇਵਾਦਾਰ ਭਾਈ ਕਾਹਨਸਿੰਘ ਜੀ ਅਤੇ ਬਾਬਾ ਦਿਆਲ ਸਿੰਘ ਜੀ ਹਨ.

(੮) ਮਜਨੂੰ ਦਾ ਟਿੱਲਾ. ਇੱਥੇ ਜਗਤਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਰਾਜੇ ਹਨ, ਅਰ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿੱਚ ਰਹਿਣ ਸਮੇਂ ਬਾਬਾ ਰਾਮਰਾਇ ਜੀ ਦਾ ਨਿਵਾਸ ਭੀ ਇੱਥੇ ਹੀ ਰਿਹਾ ਹੈ. ਇਹ ਗੁਰਦ੍ਵਾਰਾ ਜਮੁਨਾ ਕਿਨਾਰੇ ਚੰਦ੍ਰਾਵਲ ਪਿੰਡ ਪਾਸ ਹੈ. ਕਸ਼ਮੀਰੀ ਦਰਵਾਜ਼ੇ ਤੋਂ ਬਾਹਰ, ਚਾਂਦਨੀ ਚੌਕ ਤੋਂ ੩. ਮੀਲ ਹੈ. ਇਸ ਗੁਰਦ੍ਵਾਰੇ ਨੂੰ ਕੋਈ ਜਾਗੀਰ ਨਹੀਂ. ਸੇਵਾਦਾਰ ਮਹੰਤ ਬਿਸਨਦਾਸ ਜੀ ਹਨ.

(੯) ਕੂਚਾ ਦਿਲਵਾਲੀਸਿੰਘ. ਇਹ ਅਜਮੇਰੀ ਦਰਵਾਜ਼ੇ ਤੋਂ ਅੰਦਰ ਸੀਸਗੰਜ ਗੁਰਦ੍ਵਾਰੇ ਤੋਂ ਅੱਧ ਮੀਲ ਹੈ. ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬਕੌਰ ਜੀ ਦਸ਼ਮੇਸ਼ ਦੀ ਆਗਯਾ ਅਨੁਸਾਰ ਭਾਈ ਮਨੀਸਿੰਘ ਜੀ ਨਾਲ ਜਦ ਦਿੱਲੀ ਪੁੱਜੇ, ਤਦ ਪਹਿਲਾਂ ਕੁਝ ਕਾਲ ਇੱਥੇ ਰਹੇ. ਇੱਥੇ ਰਹਿਣ ਸਮੇਂ ਮਾਤਾ ਸੁੰਦਰੀ ਜੀ ਨੇ ਅਜੀਤਸਿੰਘ ਪਾਲਿਤਪੁਤ੍ਰ ਬਣਾਇਆ ਸੀ. ਸਿੱਖਾਂ ਨੇ ਅਨਗਹਿਲੀ ਕਰਕੇ ਇੱਥੇ ਗੁਰਦ੍ਵਾਰਾ ਨਹੀਂ ਬਣਾਇਆ. ਹਿੰਦੂ ਅਰੋੜੇ ਇਸ ਥਾਂ ਵਸਦੇ ਹਨ.

(੧੦) ਮਟੀਆ ਬਾਜ਼ਾਰ ਦੇ ਚਿਤਲੀਕਬਰ ਮਹਲੇ ਵਿੱਚ ਮਾਤਾ ਸੁੰਦਰੀ ਜੀ ਦੇ ਸੇਵਕ ਜੀਵਨਸਿੰਘ ਪਾਸ ਉਹ ਸ਼ਸਤ੍ਰ ਸਨ, ਜੋ ਸ਼੍ਰੀ ਦਸ਼ਮੇਸ਼ ਜੀ ਨੇ ਮਾਤਾ ਸਾਹਿਬਕੌਰ ਜੀ ਨੂੰ ਬਖ਼ਸ਼ੇ ਸਨ. ਜੀਵਨਸਿੰਘ ਦੀ ਔਲਾਦ ਇਨ੍ਹਾਂ ਸ਼ਸਤ੍ਰਾਂ ਦਾ ਦਰਸ਼ਨ ਗੁਰਸਿੱਖਾਂ ਨੂੰ ਕਰਾਉਂਦੀ ਅਤੇ ਧੂਪ ਦੀਪ ਦੀ ਸੇਵਾ ਕਰਦੀ ਰਹੀ ਹੈ. ਹੁਣ ਇਹ ਸ਼ਸਤ੍ਰ ਗੁਰਦ੍ਵਾਰਾ ਰਕਾਬਗੰਜ ਵਿੱਚ ਅਸਥਾਪਨ ਕੀਤੇ ਗਏ ਹਨ. ਸ਼ਸਤ੍ਰਾਂ ਦੀ ਸੇਵਾ ਲਈ ਪਟਿਆਲੇ ਤੋਂ ਸਾਲਾਨਾ ੧੦੧/- ) ਅਤੇ ਪੂਜਾ ੭੪) ਹੈ, ਰਿਆਸਤ ਨਾਭੇ ਤੋਂ ੨੦) ਅਤੇ ਦੋਸਾਂਝ ਦੀ ਜਾਗੀਰ ਵਿੱਚੋਂ ਹਿੱਸਾ ੭੦) ਮਿਲਦੇ ਹਨ.

(੧੧) ਨਾਨਕਪਿਆਉ. ਸਤਿਗੁਰੂ ਨਾਨਕਦੇਵ ਜੀ ਨੇ ਇਹ ਖੂਸ ਤੋਂ ਜਲ ਕੱਢਕੇ ਤ੍ਰਿਖਾਤੁਰ ਰਾਹੀਆਂ ਨੂੰ ਪਿਆਇਆ ਸੀ. ਇਹ ਅਸਥਾਨ ਕਰਨਾਲ ਰੋਡ ਦੇ ਕਿਨਾਰੇ ਸੀਸਗੰਜ ਤੋਂ ਉੱਤਰ ਪੱਛਮ ਚਾਰ ਮੀਲ ਹੈ. ਇਸ ਨੂੰ "ਪਉ ਸਾਹਿਬ" ਭੀ ਆਖਦੇ ਹਨ. ਇਸ ਗੁਰਦ੍ਵਾਰੇ ਨੂੰ ਕੋਈ ਜਾਗੀਰ ਨਹੀਂ. ਸੇਵਾਦਾਰ ਮਹੰਤ ਨਿਰੰਜਨਦਾਸ ਜੀ ਹਨ.

ਦੇਖੋ, ਦਿੱਲੀ ਦਾ ਨਕਸ਼ਾ.

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜਦ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਯਰ ਦੇ ਕਿਲੇ ਰਹੇ, ਤਦ ਬਾਬਾ ਬੁੱਢਾ ਜੀ ਦਿੱਲੀ ਤੋਂ ਪੰਜ ਕੋਹ ਤੇ ਗੁਰੂ ਸਾਹਿਬ ਦੇ ਘੋੜਿਆਂ ਨੂੰ ਲੈਕੇ ਜਮੁਨਾ ਕਿਨਾਰੇ ਰਹੇ ਹਨ, ਪਰ ਸਾਨੂੰ ਇਸ ਥਾਂ ਦਾ ਕੁਝ ਪਤਾ ਨਹੀਂ ਮਿਲਿਆ.

"ਚਲੇ ਆਗਰੇ ਤੇ ਸਭ ਆਏ,

ਦਿੱਲੀ ਨਗਰ ਪਿਖਯੋ ਸਮੁਦਾਏ,

ਸੁਨਯੋ ਘਾਸ ਜਹਿਂ ਖਰੋ ਉਦਾਰੇ,

ਪੰਚ ਕੋਸ ਪੁਰ ਤਯਾਗ ਪਧਾਰੇ,

ਹਰਿਤ ਤਿਰਣ ਦੇਖਤ ਹਰਖਾਏ,

ਕਰਯੋ ਸਿਵਿਰ ਉਤਰੇ ਸਮੁਦਾਏ,

ਅਬ ਲੌ ਤਿਸ ਥਲ ਚਿੰਨ੍ਹ ਲਖੰਤੇ,

ਜਗਾ ਬ੍ਰਿੱਧ ਕੀ ਲੋਕ ਕਹੰਤੇ." (ਗੁਪ੍ਰਸੂ ਰਾਸਿ ੪, ਅਃ ੬੧)

ਦਿਵ: ਸੰ. ਦਿਵ੍. ਧਾ- ਕ੍ਰੀੜਾ ਕਰਨਾ, ਤੇਜਸ੍ਵੀ ਹੋਣਾ, ਆਨੰਦ ਕਰਨਾ, ਪ੍ਰੀਤਿ ਕਰਨਾ। ੨. ਸੰਗ੍ਯਾ- ਸ੍ਵਰਗ. "ਮਾਨਹੁ ਪ੍ਰਾਨ ਚਲ੍ਯੋ ਦਿਵ, ਆਨਨ ਕਾਜ ਵਿਦਾ ਬ੍ਰਿਜਰਾਜ ਪੈ ਆਯੋ." (ਕ੍ਰਿਸਨਾਵ) ੩. ਆਕਾਸ਼। ੪. ਦਿਨ. ਰੋਜ਼। ੫. ਡਿੰਗ. ਵਨ. ਜੰਗਲ। ੬. ਦੇਵ (ਦੇਵਤਾ) ਦੀ ਥਾਂ ਭੀ ਦਿਵ ਸ਼ਬਦ ਆਇਆ ਹੈ. "ਦਿਵ ਪਿਤ੍ਰਿ ਨ ਪਾਵਕ ਮਾਨਹਿਗੇ." (ਕਲਕੀ)

ਦਿਵਉਨਾ: ਵਿ- ਦਿਵੈਯਾ. ਦੇਵਣਵਾਲਾ. ਦਾਤਾ. "ਸਾਧਨ ਕੋ ਬਰਦਾਨ ਦਿਵਉਨਾ." (ਕ੍ਰਿਸਨਾਵ)

ਦਿਵਈ ਹੈ: ਦਿਵਾਵੇਗਾ. ਦਿਲਵਾਵੇਗਾ. "ਨਤਰ ਕੁਧਕਾ ਦਿਵਈ ਹੈ." (ਬਿਲਾ ਕਬੀਰ)

ਦਿਵਸ: ਸੰ. ਸੰਗ੍ਯਾ- ਰੋਜ਼. ਦਿਨ. "ਦਿਵਸ ਚਾਰ ਕੀ ਕਰਹੁ ਸਾਹਿਬੀ." (ਸਾਰ ਕਬੀਰ)

ਦਿਵਸਪਤਿ: ਸੰਗ੍ਯਾ- ਦਿਨਪਤਿ, ਸੂਰਜ. ਦਿਨਨਾਥ.

ਦਿਵਸੁ: ਦਿਨ. ਦੇਖੋ, ਦਿਵਸ. "ਦਿਵਸੁ ਰਾਤਿ ਦੁਇ ਦਾਈ ਦਾਇਆ." (ਜਪੁ)

ਦਿਵਕਰ: ਸੰਗ੍ਯਾ- ਦਿਨਕਰ. ਸੂਰਜ.

ਦਿਵਪਤਿ: ਸੰਗ੍ਯਾ- ਦਿਵ (ਸ੍ਵਰਗ) ਦਾ ਪਤਿ. ਇੰਦ੍ਰ।। ੨. ਦਿਵ (ਦਿਨ) ਦਾ ਪਤਿ, ਸੂਰਜ.

ਦਿਵਪਤਿਸੁਤ: ਇੰਦ੍ਰ ਦਾ ਪੁਤ੍ਰ ਜਯੰਤ। ੨. ਸੂਰਜ ਦਾ ਪੁਤ੍ਰ ਯਮ.

ਦਿਵਬਾਸੀ: ਸੰਗ੍ਯਾ- ਦਿਵ (ਸ੍ਵਰਗ) ਵਿੱਚ ਵਸਣ ਵਾਲੇ, ਦੇਵਤਾ. "ਦਿਵਬਾਸੀ ਸਗਰੇ ਅਨਖਾਏ" (ਗੁਪ੍ਰਸੂ)

ਦਿਵੱਯਾ: ਵਿ- ਦਿਵੈਯਾ. ਦੇਣ ਵਾਲਾ ਦਾਤਾ.

ਦਿਵਰਾਜ: ਸੰਗ੍ਯਾ- ਦਿਵ- (ਸ੍ਵਰਗ) ਦਾ ਰਾਜਾ, ਇੰਦ੍ਰ. "ਦੇਵਨ ਜੁਤ ਦਿਵਰਾਜ ਡਰਾਨਾ." (ਚੰਡੀ ੨) ੨. ਦਿਵ (ਦਿਨ) ਦਾ ਰਾਜਾ, ਸੂਰਜ. "ਦਿਨ ਆਧਿਕ ਮੈ ਦਿਵਰਾਜ ਬਿਰਾਜਯੋ." (ਕ੍ਰਿਸਨਾਵ)

ਦਿਵਰਿਯਾ, ਦਿਵਰੀਆ: ਪੂ. ਵਿ- ਦੇਵਨ (ਦੇਣ) ਵਾਲਾ. ਦਿਵੈਯਾ। ੨. ਸੰਗ੍ਯਾ- ਦੀਵਾਰ. ਕੰਧ. "ਜਾਹੁ ਦਿਵਰਿਯਾ ਫਾਂਧ." (ਚਰਿਤ੍ਰ ੩)

ਦਿਵਾ: ਦੇਵਾਂ. ਅਰਪਣ ਕਰਾਂ. "ਇਹ ਜੀਉ ਸਭ ਦਿਵਾ." (ਫੁਨਹੇ ਮਃ ੫) ੨. ਸੰ. ਸੰਗ੍ਯਾ- ਦਿਨ. ਦਿਵਸ। ੩. ਇੱਕ ਛੰਦ, ਜਿਸ ਦਾ ਨਾਮ ਮਦਿਰਾ ਭੀ ਹੈ. ਦੇਖੋ, ਸਵੈਯੇ ਦਾ ਰੂਪ ੯.

ਦਿਵਾਇਆ: ਪ੍ਰਦਾਨ ਕਰਾਇਆ. ਦਿਲਵਾਇਆ। ੨. ਦੇਵਯ੍ਯ (ਪਵਿਤ੍ਰ- ਧਾਰਮਿਕ) ਕੀਤਾ. "ਕਰਤੈ ਪੁਰਖਿ ਤਾਲੁ ਦਿਵਾਯਾ." (ਸੋਰ ਮਃ ੫) ਕਰਤਾਰ ਨੇ ਅਮ੍ਰਿਤਸਰ ਪਵਿਤ੍ਰ ਅਸਥਾਨ ਕੀਤਾ ਹੈ.

ਦਿਵਾਇਬਾ: ਦਿਵਾਇਆ ਹੈ. ਬਖ਼ਸ਼ਿਸ਼ ਕਰਾਈ ਹੈ।. ੨ ਦਿਵਾਵੇਗਾ. ਦਾਨ ਕਰਾਵੇਗਾ. "ਹਰਿ ਹੋਇ ਦਇਆਲੁ ਦਿਵਾਇਬਾ." (ਜੈਤ ਮਃ ੪)

ਦਿਵਾਕਰ: ਸੰਗ੍ਯਾ- ਸੂਰਜ.

ਦਿਵਾਚਾਰੀ: ਵਿ- ਦਿਨ ਨੂੰ ਵਿਚਰਣ ਵਾਲਾ.

ਦਿਵਾਜਾ: ਫ਼ਾ. دِباچہ ਅ਼. دِیباجہ ਦੇਬਾਚਾ- ਦੀਬਾਜਾ. ਸੰਗ੍ਯਾ- ਰੇਸ਼ਮੀ ਕਪੜੇ ਦਾ ਟੁਕੜਾ। ੨. ਪੁਸ੍ਤਕ ਸਿੰਗਾਰਣ ਲਈ ਮੁੱਢ ਦੀ ਭੂਮਿਕਾ. ਗ੍ਰੰਥ ਦਾ ਮੁਖਬੰਧ। ੩. ਰੇਸ਼ਮੀ ਲਿਬਾਸ। ੪. ਭਾਵ- ਚਮਕ ਦਮਕ. ਆਡੰਬਰ. "ਏ ਭੂਪਤਿ ਸਭ ਦਿਵਸ ਚਾਰ ਕੇ ਝੂਠੇ ਕਰਤ ਦਿਵਾਜਾ." (ਬਿਲਾ ਕਬੀਰ) "ਅਵਰਿ ਦਿਵਾਜੇ ਦੁਨੀ ਕੇ." (ਵਾਰ ਮਾਝ ਮਃ ੧)

ਦਿਵਾਂਧ: ਵਿ- ਜਿਸ ਨੂੰ ਦਿਨੇ ਦਿਖਾਈ ਨਾ ਦੇਵੇ। ੨. ਸੰਗ੍ਯਾ- ਉੱਲੂ। ੩. ਦੇਖੋ, ਅੰਧਨੇਤ੍ਰਾ.

**ਦਿਵਾਨ:** ਦੇਖੋ, ਦੀਵਾਨ.

**ਦਿਵਾਨਾ:** ਫ਼ਾ. دیوانہ ਦੀਵਾਨਹ. ਵਿ- ਦੇਵ (ਭੂਤ) ਜੇਹਾ. ਪਾਗਲ. ਸਿਰੜਾ. "ਚਉਰਾਸੀ ਲੱਖ ਫਿਰੈ ਦਿਵਾਨਾ." (ਭੈਰ ਕਬੀਰ) ਚੁਰਾਸੀ ਲੱਖ ਜੀਵ ਆਤਮ- ਗ੍ਯਾਨ ਬਿਨਾ ਝੱਲੇ ਫਿਰ ਰਹੇ ਹਨ। ੨. ਇਸ਼ਕ (ਪ੍ਰੇਮ) ਵਿੱਚ ਮਸ੍ਤ. "ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ." (ਮਾਰੂ ਮਃ ੧) ੩. ਉਦਾਸੀ ਸਾਧੂਆਂ ਦਾ ਇੱਕ ਫ਼ਿਰਕ਼ਾ ਜੋ ਬਾਬਾ ਪ੍ਰਿਥੀਚੰਦ ਜੀ ਦੇ ਪੁਤ੍ਰ ਮਿਹਰਬਾਨ ਤੋਂ ਚੱਲਿਆ ਹੈ. ਦੇਖੋ, ਦਿਵਾਨੇ.

**ਦਿਵਾਨੀ:** ਵਿ- ਦੀਵਾਨੀ. ਸਿਰੜੀ. "ਸਾਸੁ ਦਿਵਾਨੀ ਬਾਵਰੀ." (ਓਅੰਕਾਰ) ਭਾਵ ਅਵਿਦ੍ਯਾ ਤੋਂ ਹੈ। ੨. ਸੰਗ੍ਯਾ- ਦੀਵਾਨ ਦਾ ਅਹੁਦਾ. ਦੀਵਾਨ ਦਾ ਅਧਿਕਾਰ.

**ਦਿਵਾਨੁ:** ਦੇਖੋ, ਦੀਵਾਨ। ੨. ਦੀਵਾਨਾ. ਪਾਗਲ. "ਮਨਮੁਖ ਫਿਰੈ ਦਿਵਾਨੁ." (ਸ੍ਰੀ ਮਃ ੩)

**ਦਿਵਾਨੇ:** ਹਰੀਆ ਅਤੇ ਬਾਲਾ ਜੱਟ, ਬਾਬਾ ਪ੍ਰਿਥੀਚੰਦ ਦੇ ਪੁਤ੍ਰ ਮਿਹਰਬਾਨ ਦੇ ਚੇਲੇ ਹੋਏ, ਜੋ ਆਪਣਾ ਕਾਲਾ ਮੂੰਹ ਕਰਕੇ ਸਿਰ ਉੱਪਰ ਮੋਰਪੰਖ ਦਾ ਮੁਕੁਟ ਪਹਿਰਦੇ ਸਨ. ਇਸ ਕਰਕੇ ਉਨ੍ਹਾਂ ਦੀ ਅਤੇ ਉਨ੍ਹਾਂ ਤੋਂ ਜੋ ਪੰਥ ਚੱਲਿਆ ਉਸ ਦੀ, ਦਿਵਾਨੇ ਸੰਗ੍ਯਾ ਹੋਈ. ਦਿਵਾਨਿਆਂ ਦੀ ਗੱਦੀ ਪਿੰਡ ਕੋਟਪੀਰ ਮਾਲਵੇ ਵਿੱਚ ਹੈ ਅਤੇ ਪਟਿਆਲੇ ਬਾਵਾ ਰਾਮਦਾਸ ਜੀ ਦਾ ਡੇਰਾ ਇਸੇ ਸੰਪ੍ਰਦਾ ਦਾ ਹੈ. ਦਿਵਾਨੇ ਸਾਧੂ ਉਦਾਸੀਆਂ ਵਿੱਚ ਹੀ ਗਿਣੇ ਜਾਂਦੇ ਹਨ. ਇਨ੍ਹਾਂ ਦਾ ਭੀ ਧਰਮਪੁਸ੍ਤਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਹੈ.

**ਦਿਵਾਭਿਸਾਰਕਾ:** ਕਾਵ੍ਯ ਅਨੁਸਾਰ ਉਹ ਨਾਇਕਾ, ਜੋ ਦਿਨ ਨੂੰ ਆਪਣੇ ਪ੍ਰੀਤਮ ਦੇ ਮਿਲਣ ਲਈ ਸੰਕੇਤ ਕੀਤੇ ਥਾਂ ਪੁਰ ਉੱਜਲ ਸ਼੍ਰਿੰਗਾਰ ਕਰਕੇ ਜਾਵੇ. ਇਸ ਦੇ ਵਿਰੁੱਧ, ਜੋ ਹਨੇਰੀ ਰਾਤ ਨੂੰ ਕਾਲਾ ਲਿਬਾਸ ਪਹਿਨਕੇ ਜਾਂਦੀ ਹੈ, ਉਹ ਕ੍ਰਿਸ਼ਨਾਭਿਸਾਰਿਕਾ ਹੈ.

**ਦਿਵਾਰ:** ਦੇਖੋ, ਦੀਵਾਰ। ੨. ਦੇਵ- ਅਰਿ. ਦੇਵ- ਤਿਆਂ ਦੇ ਵੈਰੀ, ਦੈਤ੍ਯ. "ਜੀਤਾ ਸੁਰੇਸ ਹਾਰੇ ਦਿਵਾਰ." (ਬ੍ਰਹਮਾਵ) ੩. ਦੇਵਨਹਾਰ ਦਾ ਸੰਖੇਪ. ਦੇਣ ਵਾਲਾ. "ਜੋ ਬਰਦਾਨ ਚਹੋ ਸੋ ਮਾਂਗੋ ਸਭ ਹਮ ਤੁਮੈ ਦਿਵਾਰ." (ਪਾਰਸਾਵ)

**ਦਿਵਾਰਦਨ:** ਦੇਵ- ਅਰਦਨ. ਦੇਵਤਿਆਂ ਨੂੰ ਅਦੰਨ (ਪੀੜਨ) ਵਾਲੇ ਦੈਤ੍ਯ. "ਕਰ ਰੋਸ ਦਿਵਾਰਦਨ ਧਾਇ ਪਰੇ." (ਰਾਮਾਵ)

**ਦਿਵਾਰਿ, ਦਿਵਾਰੰ:** ਦੇਵ- ਅਰਿ. ਦੇਵਤਿਆਂ ਦੇ ਵੈਰੀ, ਦੈਤ੍ਯ. "ਲਖ ਦੇਵ ਦਿਵਾਰਿ ਸਭੈ ਬਹਰੇ." (ਨਰਸਿੰਘਾਵ) "ਦੇਵ ਦਿਵਾਰੰ ਲਖ ਲੋਭੰ." (ਰਾਮਾਵ)

**ਦਿਵਾਲ:** ਵਿ- ਦੇਣ ਵਾਲਾ। ੨. ਕੰਧ. ਦੇਖੋ, ਦੀਵਾਰ. "ਦੇਦੇ ਨੀਵ ਦਿਵਾਲ ਉਸਾਰੀ." (ਗਉ ਮਃ ੧)

**ਦਿਵਾਲਯ:** ਸੰਗ੍ਯਾ- ਦੇਵ- ਆਲਯ. ਦੇਵਤਾ ਦਾ ਮੰਦਿਰ. ਦੇਵਾਲਯ. "ਸੋਭ ਦਿਵਾਲਯ ਪਾਵਹਿਗੇ." (ਪਾਰਸਾਵ) ੨. ਦੇਵਤਿਆਂ ਦਾ ਘਰ, ਸ੍ਵਰਗ. ਦੇਵਲੋਕ. "ਰਣ ਸੀਝ ਦਿਵਾਲਯ ਪਾਵਹਿੰਗੇ." (ਕਲਕੀ)

**ਦਿਵਾਲਾ:** ਸੰਗ੍ਯਾ- ਦੇਵਾਲਯ. ਦੇਵਮੰਦਿਰ. "ਜਗੰਨਾਥ ਜੋ ਨਿਰਖ ਦਿਵਾਲਾ." (ਚਰਿਤ੍ਰ ੨੬੧) ੨. ਦੀਪ- ਬਾਲਾ. ਦਿਯਾ- ਬਾਲਾ. ਵ੍ਯਾਪਾਰੀ (ਸ਼ਾਹੂਕਾਰ) ਦੀ ਉਹ ਅਵਸਥਾ, ਜਦ ਉਸ ਪਾਸ ਲੋਕਾਂ ਦਾ ਰਿਣ ਚੁਕਾਉਣ ਦੀ ਸਮਰਥ ਨਾ ਰਹੇ. ਐਸੀ ਦਸ਼ਾ ਵਿੱਚ ਉਹ ਆਪਣੀ ਦੁਕਾਨ ਦੇ ਫ਼ਰਸ਼ ਨੂੰ ਉਲਟਾਕੇ ਉੱਪਰ ਚੌਮੁਖਾ ਦੀਵਾ ਦਿਨ ਨੂੰ ਬਾਲਕੇ ਰਖਦਾ ਹੈ, ਜਿਸ ਤੋਂ ਸਭ ਲੋਕ ਉਸ ਦੀ ਹਾਲਤ ਜਾਣ ਲੈਂਦੇ ਹਨ। ੩. ਦੀਵਾ ਮਚਾਕੇ ਰਿਣ ਚੁਕਾਉਣ ਦੀ ਸਾਮਰਥ ਦਾ ਅਭਾਵ ਦੱਸਣ ਦੀ ਕ੍ਰਿਯਾ.

**ਦਿਵਾਲੀ:** ਸੰਗ੍ਯਾ- ਦੀਵਾਰ. ਕੰਧ. ਚਾਰਦਿਵਾਰੀ. "ਬੈਠੇ ਜਾਇ ਸਮੀਪ ਦਿਵਾਲੀ." (ਨਾਪ੍ਰ) ੨. ਦੀਪਮਾਲਿਕਾ. ਦੀਪਾਵਲਿ. ਕੱਤਕ ਬਦੀ ੩੦ ਦਾ ਤ੍ਯੋਹਾਰ. ਹਿੰਦੂਮਤ ਵਿੱਚ ਇਹ ਲਖ਼ਮੀ ਪੂਜਨ ਦਾ ਪਰਵ ਹੈ. ਸਿੱਖਾਂ ਵਿੱਚ ਇਸ ਦਿਨ ਦੀਵੇ ਮਚਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ, ਕ੍ਯੋਂਕਿ ਗੁਰੂ ਹਰਿਗੋਬਿੰਦ ਸਾਹਿਬ ਦਿਵਾਲੀ ਦੇ ਦਿਨ ਗਵਾਲਿਯਰ ਦੇ ਕਿਲੇ ਤੋਂ ਅਮ੍ਰਿਤਸਰ ਜੀ ਪਧਾਰੇ ਸਨ. ਇਸ ਵਾਸਤੇ ਖ਼ੁਸ਼ੀ ਵਿੱਚ ਰੌਸ਼ਨੀ ਕੀਤੀ ਗਈ ਸੀ.

**ਦਿਵਾਲੀਆ:** ਵਿ- ਉਹ ਆਦਮੀ, ਜਿਸ ਨੇ ਦਿਵਾਲਾ ਕੱਢਿਆ ਹੈ. ਜਿਸ ਪਾਸ ਰਿਣ ਚੁਕਾਉਣ ਨੂੰ ਕੁਝ ਨਹੀਂ. ਦੇਖੋ, ਦਿਵਾਲਾ ੨. "ਜਿਨੀ ਗੁਰਮੁਖਿ ਹਰਿ ਨਾਮਧਨ ਨ ਖਟਿਓ, ਸੇ ਦਿਵਾਲੀਏ ਜੁਗ ਮਾਹਿ." (ਵਾਰ ਬਿਲਾ ਮਃ ੪)

ਦਿਵੈ: ਦਿੰਦਾ ਹੈ. ਦੇਵੈ. "ਦਾਨ ਅਣਮੰਗਿਆ ਦਿਵੈ." (ਸੂਹੀ ਛੰਤ ਮਃ ੧)

ਦਿਵੈਯਾ: ਵਿ- ਦੇਣ ਵਾਲਾ.

ਦਿਵੋਦਾਸ: ਮਹਾਭਾਰਤ ਅਨੁਸਾਰ ਭੀਮਰਥ ਦਾ ਪੁਤ੍ਰ ਚੰਦ੍ਰਵੰਸ਼ੀ ਰਾਜਾ, ਜੋ ਕਾਸ਼ੀ ਵਿੱਚ ਰਾਜ ਕਰਦਾ ਸੀ. ਇਸ ਨੂੰ ਧਨ੍ਵੰਤਰਿ ਦਾ ਅਵਤਾਰ ਲਿਖਿਆ ਹੈ. ਇਸ ਦੇ ਪ੍ਰਤਰਦਨ ਵਡਾ ਪ੍ਰਤਾਪੀ ਪੁਤ੍ਰ ਹੋਇਆ ਹੈ। ੨. ਹਰਿਵੰਸ਼ ਅਨੁਸਾਰ ਵਧ੍ਯਸ਼੍ਵ ਦਾ ਪੁਤ੍ਰ, ਜੋ ਮੇਨਕਾ ਅਪਸਰਾ ਦੇ ਗਰਭ ਤੋਂ ਅਹਲ੍ਯਾ ਦੇ ਨਾਲ ਹੀ ਪੈਦਾ ਹੋਇਆ ਸੀ। ੩. ਇੱਕ ਪਵਿਤ੍ਰਾਤਮਾ ਰਾਜਾ, ਜਿਸ ਦਾ ਜਿਕਰ ਰਿਗ ਵੇਦ ਵਿੱਚ ਆਇਆ ਹੈ. ਇਸ ਲਈ ਇੰਦ੍ਰ ਨੇ ਸੰਬਰ ਰਾਖਸ ਦੀਆਂ ਸੌ ਪੁਰੀਆਂ ਨਾਸ਼ ਕੀਤੀਆਂ ਸਨ.

ਦਿਵੌਕਸ: ਸੰ. ਸੰਗ੍ਯਾ- ਵਿ (ਸ੍ਵਰਗ) ਵਿੱਚ ਹੈ ਜਿਸ ਦਾ ਓਕਸ (ਘਰ). ਸ੍ਵਰਗਨਿਵਾਸੀ ਦੇਵਤਾ.

ਦਿਵੰਗਨਾ: ਸੰਗ੍ਯਾ- ਦਿਵ (ਸ੍ਵਰਗ) ਦੀ ਅੰਗਨਾ (ਇਸਤ੍ਰੀ). ਅਪਸਰਾ. "ਨਿਰਖ ਦਿਵੰਗਨ ਕੋ ਮਨ ਲਾਜੈ." (ਚਰਿਤ੍ਰ ੩੪੬) ੨. ਦੇਵਾਂਗਨਾ. ਦੇਵਤਾ ਦੀ ਇਸਤ੍ਰੀ. ਦੇਵੀ.

ਦਿਵ੍ਯ: ਸੰ. ਵਿ- ਦਿਵ (ਸ੍ਵਰਗ) ਨਾਲ ਹੈ ਜਿਸ ਦਾ ਸੰਬੰਧ. ਸ੍ਵਰਗੀਯ। ੨. ਚਮਕੀਲਾ. ਰੌਸ਼ਨ। ੩. ਬਹੁਤ ਉੱਤਮ। ੪. ਸੰਗ੍ਯਾ- ਜੌਂ. ਯਵ। ੫. ਲੌਂਗ। ੬. ਸਫ਼ੇਦ ਚੰਦਨ। ੭. ਜੀਰਾ। ੮. ਕਾਵ੍ਯ ਅਨੁਸਾਰ ਉਹ ਨਾਇਕ, ਜੋ ਦੇਵਰੂਪ ਹੋਵੇ. ਜਿਸ ਦੀ ਗਿਣਤੀ ਮਨੁੱਖਾਂ ਵਿੱਚ ਨਹੀਂ, ਜੈਸੇ- ਕ੍ਰਿਸ਼ਨ ਜੀ। ੯. ਪੁਰਾਣੇ ਸਮੇਂ ਦਾ ਇੱਕ ਨਿਆਂਉਂ (ਇਨਸਾਫ)[638] ਜੋ ਦੇਵਤਾ ਵੱਲੋਂ ਸਮਝਿਆ ਜਾਂਦਾ ਸੀ. ਦੋ ਆਦਮੀ ਝਗੜਦੇ ਹੋਏ ਹਾਕਿਮ ਪਾਸ ਜਦ ਪਹੁਚਦੇ, ਤਦ ਲਿਖਤ ਗਵਾਹ ਆਦਿਕ ਦੇ ਨਾ ਹੋਣ ਪੁਰ, ਉਨ੍ਹਾਂ ਵਿੱਚੋਂ ਸੱਚਾ ਝੂਠਾ ਪਰਖਣ ਲਈ "ਅਗਨਿਦਿਵ੍ਯ" ਕੀਤਾ ਜਾਂਦਾ. ਜਿਸ ਦੇ ਅੰਗ- ਅੰਗ ਅਥਵਾ ਅੱਗ ਨਾਲ ਤਪਾਏ ਲੋਹੇ ਤੇਲ ਆਦਿ ਨਾ ਸਾੜਨ, ਉਹ ਸੱਚਾ, ਅਰ ਜਿਸ ਦੇ ਸੜ ਜਾਣ ਉਹ ਝੂਠਾ. ਇਵੇਂ ਹੀ "ਜਲਦਿਵ੍ਯ" ਪਾਣੀ ਵਿੱਚ ਡੋਬਕੇ, ਅਤੇ "ਵਿਸ਼ਦਿਵ੍ਯ" ਜ਼ਹਿਰ ਖਵਾਕੇ ਕੀਤਾ ਜਾਂਦਾ ਸੀ. ਐਸੇ ਹੀ ਹੋਰ ਅਨੇਕ ਦਿਵ੍ਯ ਸਨ. ਇਸ ਬਾਬਤ ਦੇਖੋ, ਆਗਨੇਯ ਪੁਰਾਣ ਅਧ੍ਯਾਯ ੨੫੫ ਅਤੇ ਯਾਗ੍ਯਵਲਕ੍ਯ ਸਿਮ੍ਰਿਤਿ, ਵ੍ਯਵਹਾਰਾਧ੍ਯਾਯ, ਦਿਵ੍ਯ ਪ੍ਰਕਰਣ.

ਬਾਦਸ਼ਾਹ ਅਕਬਰ ਨੇ ਦਿਵ੍ਯਨ੍ਯਾਯ ਹੁਕਮਨ ਭਾਰਤ ਵਿੱਚੋਂ ਦੂਰ ਕੀਤਾ. ਦੇਖੋ, ਤਪਾਵਸ ਸ਼ਬਦ.

ਦਿਵ੍ਯਦ੍ਰਿਸ਼੍ਟਿ: ਦੇਖੋ, ਦਿਬਦਿਸਟਿ.

ਦਿਵ੍ਯਧੁਨੀ: ਸੰ. ਸੰਗ੍ਯਾ- ਗੰਗਾ. ਜਾਨ੍ਹਵੀ। ੨. ਦੇਵਤਿਆਂ ਦੇ ਵਾਜਿਆਂ ਦੀ ਆਵਾਜ। ੩. ਅਨਾਹਤ ਸ਼ਬਦ.

ਦਿਵ੍ਯਨ੍ਯਾਯ: ਦੇਖੋ, ਦਿਵ੍ਯ ੯.

ਦਿਵ੍ਯ ਵਰਖ: ਸੰ. दिव्य वर्ष. ਦੇਵਤਿਆਂ ਦਾ ਵਰ੍ਹਾ. ਜੋ ਮਨੁੱਖਾਂ ਦੇ ੩੬੦ ਵਰ੍ਹੇ ਬਰੋਬਰ ਹੈ. "ਦਿਵ੍ਯ ਸਹਸ੍ ਵਰਖ ਪਰਮਾਨਾ। ਪਾਵਹਿਂ ਨਰਕ ਮਹਾਂ ਦੁਖ ਖਾਨਾ." (ਨਾਪ੍ਰ)

ਦਿੜ: ਸੰ. दृढ़. - ਦ੍ਰਿਢ. ਵਿ- ਕਸਿਆ ਹੋਇਆ। ੨. ਮਜਬੂਤ. ਪੱਕਾ। ੩. ਅਚਲ ਨਿਸਚੇ ਵਾਲਾ. "ਦਿੜ ਕਰਿ ਚਰਣ ਗਹੇ ਪ੍ਰਭੁ ਤੁਮਰੇ." (ਆਸਾ ਮਃ ੫)

ਦਿੜਤਾ: ਦ੍ਰਿਢਤਾ. ਸੰਗ੍ਯਾ- ਮਜਬੂਤੀ. ਪਕਿਆਈ। ੨. ਸ੍ਥਿਰਤਾ. ਕਾਇਮੀ। ੩. ਅਚੱਲ ਸ਼੍ਰੱਧਾ. "ਸਤ ਸੰਗਤਿ ਮਿਲੈ ਤ ਦਿੜਤਾ ਆਵੈ." (ਨਟ ਅਃ ਮਃ ੪)

ਦਿੜਮਤਿ: ਸੰਗ੍ਯਾ- ਅਚਲਮਤਿ. ਸ੍ਥਿਰਬੁੱਧਿ। ੨. ਵਿ- ਦ੍ਰਿੜ੍ਹਮਤਿ ਵਾਲਾ.

ਦਿੜਵਾ: ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਭਾਵਨੀਗੜ੍ਹ ਵਿੱਚ ਇੱਕ ਪਿੰਡ ਹੈ. ਇਸ ਪਿੰਡ ਤੋਂ ਲਹਿੰਦੇ ਵੱਲ

---

[638] Ordeal.

ਪਾਸ ਹੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦ੍ਵਾਰਾ ਹੈ, ਜੋ ਪੱਕਾ ਬਣਿਆ ਹੋਇਆ ਹੈ. ਪਾਸ ਕੁਝ ਰਹਾਇਸ਼ੀ ਮਕਾਨ ਭੀ ਹਨ. ਪੁਜਾਰੀ ਸਿੰਘ ਹੈ. ਰੇਲਵੇ ਸਟੇਸ਼ਨ ਸੰਗਰੂਰ ਤੋਂ ਦੱਖਣ ਪੂਰਵ ੧੫. ਮੀਲ ਸੰਗਤੀਵਾਲੇ ਤਕ ਪੱਕੀ ਸੜਕ ਹੈ, ਅੱਗੋਂ ਪੰਜ ਮੀਲ ਕੱਚਾ ਰਸਤਾ ਹੈ.

ਦਿੜਵੈ: ਦ੍ਰਿੜ੍ਹ ਕਰਦਾ ਹੈ. ਨਿਸ਼ਚੇ ਕਰਦਾ ਹੈ। ੨. ਸੰ. द्रविड़. - ਦ੍ਰਾਵਿੜ. ਸੰਗ੍ਯਾ- ਦੱਖਣ ਦਾ ਇੱਕ ਦੇਸ਼, ਜੋ ਉੜੀਸੇ ਦੇ ਦੱਖਣ ਸਮੁੰਦਰ ਦੇ ਕਿਨਾਰੇ ਰਾਮੇਸ਼੍ਵਰ ਤੀਕ ਹੈ। ੩. ਦ੍ਰਾਵਿੜ ਦਾ ਵਸਨੀਕ. ਦ੍ਰਾਵਿੜ. "ਦਿੜਵੈ ਤਿਲੰਗੀ ਪਹਿਚਾਨੈ ਧਰਮਧਾਮ ਹੈ." (ਅਕਾਲ) ਕਿਤੇ ਦ੍ਰਿੜਵੈ ਪਾਠ ਭੀ ਹੁੰਦਾ ਹੈ, ਉਸ ਦਾ ਅਰਥ ਭੀ ਇਹੋ ਹੈ.

ਦਿੜਾਉਣਾ: ਕ੍ਰਿ- ਦ੍ਰਿਢਾਨਾ. ਦ੍ਰਿੜ੍ਹ ਕਰਾਉਣਾ. ਨਿਸ਼ਚੇ ਵਿੱਚ ਪੱਕਾ ਕਰਾਉਣਾ.

ਦਿੜੁ: ਦੇਖੋ, ਦਿੜ.

ਦਿੜੰਮਤੀ: ਦੇਖੋ, ਦਿੜਮਤਿ.

ਦੀ: ਦਿੱਤੀ. "ਜਰਾ ਹਾਕ ਦੀ ਸਭ ਮਤਿ ਥਾਕੀ." (ਸੂਹੀ ਕਬੀਰ) ੨. ਦਾਨ ਕੀਤੀ। ੩. ਸੰਬੰਧ ਬੋਧਕ ਪ੍ਰਤ੍ਯਯ. ਕੀ. "ਤਿਸ ਦੀ ਕੀਮਤਿ ਕਿਕੁ ਹੋਇ?" (ਬਿਲਾ ਮਃ ੩)

ਦੀਉ, ਦੀਓ, ਦੀਅ: ਦਿੱਤਾ. ਦਾਨ ਕੀਤਾ, "ਕਰਿ ਕ੍ਰਿਪਾ ਜਿਸ ਦੀਉ." (ਮਾਰੂ ਮਃ ੫)

ਦੀਅਰਾ: ਸੰਗ੍ਯਾ- ਦੀਵਾ. ਦੀਪਕ. "ਉਤਮ ਦੀਅਰਾ ਨਿਰਮਲ ਬਾਤੀ." (ਧਨਾ ਤ੍ਰਿਲੋਚਨ)

ਦੀਆ: ਦਿੱਤਾ. "ਦੀਆ ਆਦਰੁ ਲੀਆ ਬੁਲਾਇ." (ਭੈਰ ਕਬੀਰ) ੨. ਸੰਗ੍ਯਾ- ਦੀਪਕ. ਦੀਵਾ. "ਤਿਹ ਰਾਵਨ ਘਰਿ ਦੀਆ ਨ ਬਾਤੀ." (ਆਸਾ ਕਬੀਰ)

ਦੀਈ: ਦਿੱਤੀ. ਦਾਨ ਕੀਤੀ. "ਕਬੀਰ ਦੀਈ ਸੰਸਾਰ ਕਉ." (ਰਾਮ ਕਬੀਰ)

ਦੀਏ: ਦਿੱਤੇ. ਦਾਨ ਕੀਤੇ। ੨. ਦੀਆ ਦਾ ਬਹੁਵਚਨ. ਦੀਵੇ. "ਚੰਦ ਸੂਰਜ ਮੁਖਿ ਦੀਏ." (ਰਾਮ ਮਃ ੧) ਮੁੱਖ (ਪ੍ਰਧਾਨ) ਦੀਪਕ.

ਦੀਸ: ਦੇਖੋ, ਦੀਸਿ.

ਦੀਸਤ: ਕ੍ਰਿ. ਵਿ- ਦ੍ਰਿਸ਼੍ਟਿ ਆਵਤ। ੨. ਦੇਖਦੇ. ਨਜਰ ਦੇ ਸੰਮੁਖ. "ਦੀਸਤ ਮਾਸੁ ਨ ਖਾਇ ਬਿਲਾਈ."

(ਰਾਮ ਮਃ ੫) ਭਾਵ- ਮਨ ਦੀ ਵ੍ਰਿੱਤੀ, ਭੋਗਦੇ ਸਾਮਾਨ ਮੌਜੂਦ ਹੋਣ ਪੁਰ ਭੀ ਉਪਰਾਮ ਹੈ.

ਦੀਸਨਾ: ਦੇਖੋ, ਦਿਸਣਾ.

ਦੀਸਿ: ਸੰ. दृशि- ਦ੍ਰਿਸ਼ਿ. ਸੰਗ੍ਯਾ- ਨਜਰ. ਦ੍ਰਿਸ਼੍ਟਿ. ਨਿਗਾਹ.

ਦੀਸਿਆਵਤ: ਦ੍ਰਿਸ਼੍ਟਿ ਆਉਂਦਾ (ਦਿਖਾਈ ਦਿੰਦਾ). "ਦੀਸਿਆਵਤ ਹੈ ਬਹੁਤ ਭੀਹਾਲਾ." (ਆਸਾ ਮਃ ੫)

ਦੀਸੰ: ਸੰ. ਦੇਸ਼ਿਕ. ਰਾਹ ਦੱਸਣ ਵਾਲਾ. ਗੁਰੂ. "ਕਰ ਸੁਕਦੀਸੰ." (ਦੱਤਾਵ) ਦੱਤ ਨੇ ਤੋਤਾ ਪੜ੍ਹਾਉਣ ਵਾਲੇ ਨੂੰ ਗੁਰੂ ਕਰਕੇ.

ਦੀਹ: ਵਿ- ਦੀਰਘ. ਲੰਬਾ (ਲੰਮਾ). ੨. ਵਡਾ. "ਦੈਰੇ ਦੈਰੇ ਦੀਹ ਦਮਾਮਾ." (ਪਾਰਸਾਵ) ੩. ਗੁਰੁ ਅਖਰ. ਦੋ ਮਾਤ੍ਰਾ ਵਾਲਾ ਅੱਖਰ। ੪. ਡਿੰਗ. ਦਿਨ. ਦੇਖੋ, ਦਿਹ.

ਦੀਕ੍ਸ਼ਾ, ਦੀਖਿਆ: ਸੰ. दीक्ष. ਧਾ- ਯਗ੍ਯ ਕਰਨਾ, ਉਪਦੇਸ਼ ਦੇਣਾ, ਧਰਮ ਸਿਖਾਉਣਾ। ੨. ਸੰਗ੍ਯਾ- ਦੀਕ੍ਸ਼ਾ. ਧਰਮਮੰਤ੍ਰ ਦਾ ਉਪਦੇਸ਼. "ਪੂਰੇ ਗੁਰ ਕੀ ਪੂਰੀ ਦੀਖਿਆ." (ਸੁਖਮਨੀ)

ਦੀਗ: ਸੰ. ਦਿਕ. ਦਿਸ਼ਾ. ਤ਼ਰਫ਼. "ਦੋਊ ਦੀਗ ਢੋਲ ਬਾਜੈ." (ਸਲੋਹ)

ਦੀਗਰ: ਫ਼ਾ. دیگر ਵਿ- ਦੂਜਾ. ਦੂਸਰਾ। ੨. ਅਨਜ. ਹੋਰ। ੩. ਬੇਗਾਨਾ. ਓਪਰਾ.

ਦੀਛਾ, ਦੀਛਿਆ: ਦੇਖੋ, ਦੀਕ੍ਸ਼ਾ.

ਦੀਜੈ: ਦਾਨ ਕਰੀਜੈ. "ਦੀਜੈ ਨਾਮੁ ਰਹੈ ਗੁਨ ਗਾਇ." (ਬਸੰ ਮਃ ੯)

ਦੀਠ, ਦੀਠਿ: ਸੰ. दृष्टि- ਦ੍ਰਿਸ਼੍ਟਿ. ਸੰਗਯਾ- ਨਜ਼ਰ. ਨਿਗਾਹ.

ਦੀਠਿਬੰਦ: ਸੰਗਯਾ- ਦ੍ਰਿਸ਼੍ਟਿ ਬੰਦ ਕਰਨ ਦੀ ਕ੍ਰਿਯਾ. ਇੰਦ੍ਰਜਾਲ ਦਾ ਖੇਲ, ਜਿਸ ਤੋਂ ਹੋਰ ਦਾ ਹੋਰ ਦਿੱਸੇ. ਭਾਵ- ਹੱਥ ਦੀ ਅਜੇਹੀ ਚਾਲਾਕੀ ਕਿ ਤਮਾਸ਼ਾ ਦੇਖਣ ਵਾਲੇ ਅਸਲੀਅਤ ਨਾ ਵੇਖ ਸਕਣ. Legerdemain.

ਦੀਤ, ਦੀਤਾ: ਦਿੱਤਾ. ਦੱਤ. "ਕਰਿ ਕਿਰਪਾ ਹਰਿਜਸ ਦੀਤ." (ਨਟ ਪੜਤਾਲ ਮਃ ੫) "ਤਿਸੁ ਅਭੈਦਾਨੁ ਦੀਤਾ." (ਬਿਲਾ ਮਃ ੫)

ਦੀਦ: ਫ਼ਾ. دید ਵਿ- ਦੇਖਿਆ। ੨. ਸੰਗਯਾ- ਤਮਾਸ਼ਾ.

ਦੀਦਹ: ਫ਼ਾ. دیدہ ਸੰਗਯਾ- ਨੇਤ੍ਰ. ਅੱਖ। ੨. ਵਿ- ਦੇਖਿਆ ਹੋਇਆ.

ਦੀਦਨ: ਫ਼ਾ. دیدن ਕ੍ਰਿ- ਦੇਖਣ ਦੀ ਕ੍ਰਿਯਾ. "ਦੀਦਨੇ ਦੀਦਾਰ ਸਾਹਿਬ." (ਤਿਲੰ ਮਃ ੫)

ਦੀਦਬਾਨ: ਫ਼ਾ. دیدبان ਸੰਗਯਾ- ਦੇਖਣ ਵਾਲਾ. ਪਹਿਰੇਦਾਰ। ੨. ਉਹ ਸੁਰਾਖ਼ (ਛਿਦ੍ਰ) ਜਿਸ ਵਿੱਚ ਦੀ ਦੇਖੀਏ। ੩. ਬੰਦੂਕ ਦੀ ਸ਼ਿਸਤ ਲੈਣ ਦਾ ਛਿਦ੍ਰ, ਜਿਸ ਵਿੱਚਦੀਂ ਮੱਖੀ ਅਤੇ ਨਿਸ਼ਾਨੇ ਨਾਲ ਨਜਰ ਜੋੜੀਏ. "ਦੀਦਮਾਨ, ਮਨ, ਦ੍ਰਿਸ੍ਟਿ, ਲਛ, ਮੱਖੀ ਜੁਤ ਸਭ ਸੋਇ। ਪਾਂਚੋਂ ਜੇ ਇਕਸੂਤ ਹਨਐਂ ਹਤਜੋ ਬਚੈ ਨਹਿ ਕੋਈ ॥" (ਗੁਪ੍ਰਸੂ)

ਦੀਦਮ: ਫ਼ਾ. دیدم ਮੈ ਦੇਖਿਆ.

ਦੀਦਮਾਨ: ਦੇਖੋ, ਦੀਦਬਾਨ.

ਦੀਦਾ: ਦੇਖੋ, ਦੀਦਹ.

ਦੀਦਾਰ: ਫ਼ਾ. دیدار ਸੰਗਯਾ- ਦਰਸ਼ਨ.

ਦੀਦਾਰਸਰ: ਦੇਖੋ, ਬੂਰਮਾਜਰਾ.

ਦੀਦਾਰੀ: ਦੇਖੋ, ਦਿਦਾਰੀ.

ਦੀਦਾਰੁ: ਦੇਖੋ, ਦੀਦਾਰ. "ਦੀਦਾਰੁ ਪੂਰੇ ਪਾਇਸਾ." (ਵਾਰ ਸ੍ਰੀ ਮਃ ੧)

ਦੀਦੇਮ: ਫ਼ਾ. دیدیم ਅਸੀਂ ਦੇਖਿਆ.

ਦੀਦੰ: ਦੇਖੋ, ਚਸ਼ਮਦੀਦ, ਦੀਦਨ ਅਤੇ ਦੀਦਮ. "ਬੰਦੇ! ਚਸਮਦੀਦੰ ਫਨਾਇ." (ਤਿਲੰ ਮਃ ੫)

ਦੀ ਧਰ ਮੋਰ: (ਕ੍ਰਿਸਨਾਵ) ਵਾ- ਦਿੱਤੀ ਹੋਈ ਧਰਾ (ਜਮੀਰ) ਮੇਰੀ. ਨਿਵਾਸ ਲਈ ਮੇਰੀ ਠਹਿਰਾਈ ਹੋਈ ਭੂਮਿ.

ਦੀਧਿਤਿ: ਸੰਗਯਾ- ਸੂਰਯ, ਚੰਦ੍ਰਮਾ ਦੀ ਕਿਰਨ। ੨. ਚਮਕ.

ਦੀਨ: ਦਿੱਤਾ. ਦਿੱਤੀ. "ਦੀਨ ਗਰੀਬੀ ਆਪਨੀ." (ਸ. ਕਬੀਰ) ੨. ਭਾਈ ਗੁਰਦਾਸ ਜੀ ਨੇ "ਦਾਤਾ ਗੁਰੁ ਨਾਨਕ" ਦਾ ਆਦਿ ਅਤੇ ਅੰਤ ਦਾ ਅੱਖਰ ਲੈਕੇ ਭਾਵਅਰਥ ਕੀਤਾ ਹੈ-

"ਦਦੇ ਦਾਤਾ ਗੁਰੂ ਹੈ ਕਕੇ ਕੀਮਤਿ ਕਿਨੈ ਨ ਪਾਈ, ਸੋ ਦੀਨ ਨਾਨਕ ਸਤਿਗੁਰੁ ਸਰਣਾਈ."

੩. ਸੰ. ਵਿ- ਦਰਿਦ੍ਰ. ਗ਼ਰੀਬ. "ਦੀਨਦੁਖ ਭੰਜਨ ਦਯਾਲ ਪ੍ਰਭੁ." (ਸਹਸ ਮਃ ੫) ੪. ਕਮਜ਼ੋਰ. "ਭਾਵਨਾ ਯਕੀਨ ਦੀਨ." (ਅਕਾਲ) ੫. ਅਨਾਥ. "ਦੀਨ ਦੁਆਰੈ ਆਇਓ ਠਾਕੁਰ." (ਦੇਵ ਮਃ ੫) ੬. ਸੰ. ਦੈਨ੍ਯ. ਸੰਗ੍ਯਾ- ਦੀਨਤਾ. "ਦੂਖ ਦੀਨ ਨ ਭਉ ਬਿਆਪੈ." (ਮਾਰੂ ਮਃ ੫) ੭. ਅ਼. دین ਧਰਮ. ਮਜਹਬ. "ਦੀਨ ਬਿਸਾਰਿਓ ਰੇ ਦਿਵਾਨੇ." (ਮਾਰੂ ਕਬੀਰ) ੮. ਪਰਲੋਕ. "ਦੀਨ ਦੁਨੀਆ ਏਕ ਤੂਹੀ." (ਤਿਲੰ ਮਃ ੫)

ਦੀਨ ਇਲਾਹੀ: ਦੇਖੋ, ਅਕਬਰ.

ਦੀਨ ਕਾ ਬਉਰਾ: ਵਿ- ਮਤਾਂਧ. ਮਜਹਬ ਦੇ ਅਭਿਮਾਨ ਵਿੱਚ ਪਾਗਲ ਹੋਇਆ. "ਖਬਰਿ ਨ ਕਰਹਿ ਦੀ ਦੀਨ ਕੇ ਬਉਰੇ!" (ਆਸਾ ਕਬੀਰ)

ਦੀਨਕਿਰਪਾਈ, ਦੀਨਕ੍ਰਿਪਾਲ: ਵਿ- ਦੀਨਾਂ ਪੁਰ ਕ੍ਰਿਪਾ ਕਰਨ ਵਾਲਾ. ਦੀਨਕ੍ਰਿਪਾਲ. "ਮੋਹਨ ਦੀਨਕਿਰਪਾਈ." (ਮਾਰੂ ਮਃ ੫)

ਦੀਨਤਾ, ਦੀਨਤ੍ਵ: ਸੰ. ਸੰਗ੍ਯਾ- ਗਰੀਬੀ. ਦਰਿਦ੍ਰਤਾ। ੨. ਉਦਾਸੀ. ਮਨ ਦੀ ਖਿੰਨ ਦਸ਼ਾ। ੩. ਅਪਮਾਨਭਰੀ ਨੰਮ੍ਰਤਾ.

ਦੀਨਦਇਆਰ, ਦੀਨਦਇਆਲ, ਦੀਨਦਯਾਲ, ਦੀਨਦਿਆਲ: ਵਿ- ਦੀਨਦਯਾਲੁ. ਦੀਨਾਂ ਉੱਪਰ ਦਯਾ ਕਰਨ ਵਾਲਾ. "ਕਰ ਦੇਇ ਰਾਖਹੁ, ਗੋਬਿੰਦ ਦੀਨਦਇਆਰਾ!" (ਬਿਲਾ ਛੰਤ ਮਃ ੫) "ਦੀਨਦਇਆਲ ਸਦਾ ਦੁਖ ਭੰਜਨ." (ਧਨਾ ਮਃ ੯) "ਦੀਨਦਯਾਲ ਪੁਰਖ ਪ੍ਰਭੁ ਪੂਰਨ." (ਸਵੈਯੇ ਸ੍ਰੀ ਮੁਖਵਾਕ ਮਃ ੫)

ਦੀਨਦੁਨੀ, ਦੀਨਦੁਨੀਆ: ਧਰਮ ਅਤੇ ਸੰਸਾਰ. ਮਜਹਬ ਅਤੇ ਲੋਕ. ਵਿਹਾਰ ਅਤੇ ਪਰਮਾਰਥ. "ਦੀਨ ਦੁਨੀਆ ਏਕ ਤੂਹੀ." (ਤਿਲੰ ਮਃ ੫) "ਦੀਨ ਦੁਨੀਆ ਤੇਰੀ ਟੇਕ." (ਭੈਰ ਮਃ ੫)

ਦੀਨਦੈਆਲ: ਦੇਖੋ, ਦੀਨਦਯਾਲ. "ਦੀਨਦੈਆਲ ਸਦਾ ਕਿਰਪਾਲਾ." (ਧਨਾ ਮਃ ੫)

ਦੀਨ ਪਨਾਹੀ: ਫ਼ਾ. دین پناہی ਸੰਗ੍ਯਾ- ਧਰਮ ਰਖ੍ਯਾ. ਧਰਮਪਾਲਨ.

ਦੀਨਬਾਂਧਵ, ਦੀਨਬੰਧ, ਦੀਨਬੰਧਪ, ਦੀਨਬੰਧਰੋ, ਦੀਨਬੰਧਵ, ਦੀਨਬੰਧੁ: ਵਿ- ਦੀਨਾਂ ਦਾ ਬੰਧੁ (ਸਹਾਇਕ). ਦੀਨਾਂ ਦੇ ਮਨ ਨੂੰ ਆਪਣੀ ਉਦਾਰਤਾ ਨਾਲ ਬੰਨ੍ਹਣ ਵਾਲਾ. "ਦੀਨਬਾਂਧਵ ਭਗਤਵਛਲ ਸਦਾ ਸਦਾ ਕ੍ਰਿਪਾਲ." (ਮਾਲੀ ਮਃ ੫) "ਦੀਨਬੰਧ ਸਿਮਰਿਓ ਨਹੀ ਕਬਹੂ." (ਟੋਡੀ ਮਃ ੯) "ਦੀਨਬੰਧਪ ਜੀਅਦਾਤਾ." (ਆਸਾ ਮਃ ੫) ੨. 'ਦੀਨ ਬੰਧਰੋ' ਸ਼ਬਦ ਦਾ ਅਰਥ ਦੀਨਬਾਂਧਵ ਦਾ ਭੀ ਹੈ, ਯਥਾ- "ਦੀਨਬੰਧਰੋ ਦਾਸ ਦਾਸਰੋ." (ਸਾਰ ਮਃ ੫) ਦੀਨ ਬਾਂਧਵ ਦਾ ਦਾਸਾਨੁਦਾਸ.

ਦੀਨਮਨਾ: ਵਿ- ਦੁਖੀ ਮਨ ਵਾਲਾ. ਮਨ ਵਿੱਚ ਦੀਨਤਾ ਰੱਖਣ ਵਾਲਾ. "ਸਕੁਚਤ ਦੀਨਮਨਾ ਕਰ ਜੋਰ." (ਗੁਪ੍ਰਸੂ)

ਦੀਨਾ: ਦਿੱਤਾ. ਦੀਆ. "ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ." (ਤੁਖਾ ਛੰਤ ਮਃ ੫) ੨. ਦੀਨ ਦਾ. ਦੀਨ ਦੀ. "ਬਿਨਉ ਸੁਨਹੁ ਇਕ ਦੀਨਾ." (ਤੁਖਾ ਛੰਤ ਮਃ ੫) ੩. ਸੰਗ੍ਯਾ- ਜਿਲਾ ਫ਼ਿਰੋਜ਼ਪੁਰ, ਤਸੀਲ ਮੋਗਾ, ਥਾਣਾ ਨਿਹਾਲਸਿੰਘ ਵਾਲਾ ਵਿੱਚ ਇੱਕ ਪਿੰਡ. ਇਸ ਦੇ ਪਾਸ ਹੀ ਦੱਖਣ ਵੱਲ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦ੍ਵਾਰਾ "ਲੋਹਗੜ੍ਹ" ਨਾਮ ਤੋਂ ਪ੍ਰਸਿੱਧ ਹੈ. ਦਰਬਾਰ ਸੁੰਦਰ ਬਣਿਆ ਹੋਇਆ ਹੈ, ਜਿਸ ਦੀ ਸੇਵਾ ਰਿਆਸਤ ਫਰੀਦਕੋਟ ਨੇ ਕਰਵਾਈ ਹੈ. ਮਹਾਰਾਜਾ ਰਣਜੀਤਸਿੰਘ ਦੇ ਸਮੇਂ ਦੀ ਅਤੇ ਰਿਆਸਤ ਨਾਭੇ ਵੱਲੋਂ ਕ਼ਰੀਬ ਦੋ ਸੌ ਘੁਮਾਉਂ ਜ਼ਮੀਨ ਗੁਰਦ੍ਵਾਰੇ ਦੇ ਨਾਮ ਹੈ. ਮੇਲਾ ਮਾਘੀ ਨੂੰ ਹੁੰਦਾ ਹੈ. ਰੇਲਵੇ ਸਟੇਸ਼ਨ ਰਾਮਪੁਰਾਫੂਲ ਤੋਂ ੧੮. ਮੀਲ ਉੱਤਰ ਅਤੇ ਜੈਤੋ ਸਟੇਸ਼ਨ ਤੋਂ ੧੮. ਮੀਲ ਪੂਰਵ ਹੈ. ਦੇਖੋ, ਜਫਰਨਾਮਾ ਸਾਹਿਬ ਅਤੇ ਦਯਾਲਪੁਰਾ। ੪. ਸੰ. ਚੂਹੀ. ਮੂਸ਼ਿਕਾ.

ਦੀਨਾਦੀਨ: ਵਿ- ਦੀਨਾਂ ਵਿੱਚੋਂ ਮਹਾ ਦੀਨ. ਅਤਿ ਦੀਨ। ੨. ਦੀਨ ਨੂੰ ਅਦੀਨ ਕਰਨ ਵਾਲਾ. ਦੀਨਾਂ ਦੀ ਦੀਨਤਾ ਮਿਟਾਉਣ ਵਾਲਾ. "ਦੀਨਾਦੀਨ ਦਇਆਲ ਭਏ ਹੈਂ." (ਬਸੰ ਅਃ ਮਃ ੪)

ਦੀਨਾਧੀਨ: ਵਿ- ਦੀਨਾਂ ਦੇ ਅਧੀਨ. ਗ਼ਰੀਬਾਂ ਦੇ ਵਸ਼ ਆਉਣ ਵਾਲਾ। ੨. ਦੀਨ ਅਤੇ ਅਧੀਨ.

ਦੀਨਾਨਗਰ: ਗੁਰਦਾਸਪੁਰ ਦੇ ਜਿਲੇ, ਗੁਰਦਾਸਪੁਰ ਤੋਂ ਅੱਠ ਮੀਲ ਇੱਕ ਨਗਰ, ਜੋ ਅਦੀਨਾਬੇਗ ਨੇ ਵਸਾਇਆ ਹੈ. ਮਹਾਰਾਜਾ ਰਣਜੀਤਸਿੰਘ ਨੇ ਇਸ ਪੁਰ ਕਬਜਾ ਕਰਕੇ ਗਰਮੀਆਂ ਦੇ ਰਹਿਣ ਲਈ ਪਸੰਦ ਕੀਤਾ ਸੀ.

ਦੀਨਾਨਾਥ: ਵਿ- ਦੀਨਾਂ ਦਾ ਸ੍ਵਾਮੀ. "ਦੀਨਾਨਾਥ ਸਕਲ ਭੈਭੰਜਨ." (ਸੋਰ ਮਃ ੯) ੨. ਰਾਜਾ ਦੀਨਾ ਨਾਥ. ਬਖ਼ਤਮੱਲ ਦਾ ਪੁਤ੍ਰ ਕਸ਼ਮੀਰੀ ਬ੍ਰਾਹਮਣ, ਜੋ ਮਹਾਰਾਜਾ ਰਣਜੀਤਸਿੰਘ ਦਾ ਅਹਿਲਕਾਰ ਸੀ. ਮਹਾਰਾਜਾ ਨੇ ਪਹਿਲਾਂ ਇਸ ਨੂੰ ਦੀਵਾਨ ਖਿਤਾਬ ਦਿੱਤਾ, ਫੇਰ ਰਾਜਾ ਪਦਵੀ ਬਖ਼ਸ਼ੀ. ਇਹ ਵਡਾ ਚਤੁਰ ਅਤੇ ਜਮਾਨੇ ਦੀ ਚਾਲ ਨੂੰ ਸਮਝਣ ਵਾਲਾ ਆਦਮੀ ਸੀ. ਮਹਾਰਾਜਾ ਰਣਜੀਤਸਿੰਘ ਦੇ ਦੇਹਾਂਤ ਪਿੱਛੋਂ ਲਹੌਰ ਵਿੱਚ ਅਨੇਕ ਰੰਗ ਵਰਤੇ, ਪਰ ਰਾਜਾ ਦੀਨਾਨਾਥ ਨੂੰ ਕੋਈ ਨੁਕਸਾਨ ਨਹੀਂ ਪੁੱਜਾ. ਅੰਗ੍ਰੇਜ਼ਾਂ ਦੀ ਅਮਲਦਾਰੀ ਸਮੇਂ ਭੀ ਇਸ ਦੀ ਜਾਗੀਰ ੪੬੪੬੦) ਸਲਾਨਾ ਆਮਦਨ ਦੀ ਬਹਾਲ ਰਹੀ. ਦੀਨਾਨਾਥ ਦਾ ਦੇਹਾਂਤ ਸਨ ੧੮੫੭ ਵਿੱਚ ਹੋਇਆ.

ਦੀਨਾਬੇਗ: ਕਈ ਇਤਿਹਾਸਕਾਰਾਂ ਨੇ ਅਦੀਨਾਬੇਗ ਨੂੰ ਦੀਨਾਬੇਗ ਲਿਖਿਆ ਹੈ. ਦੇਖੋ, ਅਦੀਨਾਬੇਗ.

ਦੀਨਾਰ: ਸੰ. ਸੰਗਯਾ- ਸੁਵਰਣ (ਸੋਨੇ) ਦਾ ਗਹਿਣਾ। ੨. ਬੱਤੀ ਰੱਤੀ ਤੋਲ ਦਾ ਇੱਕ ਸੋਨੇ ਦਾ ਸਿੱਕਾ। ੩. ਇੱਕ ਚਾਂਦੀ ਦਾ ਸਿੱਕਾ.[639] ਇਹ ਸਿੱਕੇ ਦੇਸ਼ ਅਤੇ ਸਮੇਂ ਦੇ ਭੇਦ ਕਰਕੇ ਮੁੱਲ ਅਤੇ ਤੋਲ ਵਿੱਚ ਵੱਧ ਘੱਟ ਹੁੰਦੇ ਰਹੇ ਹਨ. ਅਕਬਰ ਵੇਲੇ ਜੋ ਸੁਇਨੇ ਦਾ ਸਿੱਕਾ "ਦੀਨਾਰ دینار" ਨਾਮ ਤੋਂ ਪ੍ਰਸਿੱਧ ਸੀ, ਉਸ ਦਾ ਤੋਲ ਛੀ ਮਾਸ਼ੇ ਭਰ ਸੀ. ਭਾਰਤ ਤੋਂ ਹੀ ਅ਼ਰਬ ਵਾਲਿਆਂ ਨੇ ਇਹ ਸ਼ਬਦ ਲਿਆ ਹੈ.

ਦੀਨਾਰ ਸੁਰਖ਼: ਫ਼ਾ. دینار سُرخ ਸੰਗਯਾ- ਅਸ਼ਰਫ਼ੀ. ਮੁਹਰ. ਸੁਵਰਣਮੁਦ੍ਰਾ.

ਦੀਨੁ: ਦੇਖੋ, ਦੀਨ ੫. "ਦੀਨੁ ਗਵਾਇਆ ਦੁਨੀ ਸਿਉ." (ਸ. ਕਬੀਰ)

ਦੀਨੁੱਧਰਨ: ਵਿ- ਦੀਨਾਂ ਨੂੰ ਉੱਧਾਰਨ ਵਾਲਾ. ਦੀਨਾਂ ਦਾ ਉੱਧਾਰ ਕਰਤਾ. "ਤਬ ਆਪਨ ਕਹਿਂ ਦੀਨੁੱਧਰਨ ਕਹਾਈਐ." (ਚਰਿਤ੍ਰ ੧੪੨)

ਦੀਨੇਕੇ: ਦੇਖੋ, ਦੀਨਾ ੩.

ਦੀਨੈ: ਧਰਮਰੂਪ। ੨. ਦਾਨਕਰਤਾ. ਦੇਣਵਾਲਾ. "ਕਿ ਸਰਬਤ੍ਰ ਦੀਨੈ। ਕਿ ਸਰਬਤ੍ਰ ਲੀਨੈ." (ਜਾਪੁ)

ਦੀਪ: ਸੰ. दीप. ਧਾ- ਪ੍ਰਕਾਸ਼ਿਤ ਹੋਣਾ, ਚਮਕਣਾ। ੨. ਸੰਗਯਾ- ਦੀਵਾ. ਚਰਾਗ਼. "ਅੰਧਿਆਰੇ ਮਹਿ ਦੀਪ." (ਜੈਤ ਮਃ ੫) ੩. ਸੰ. ਦ੍ਵੀਪ. ਦ੍ਵੀ- ਆਪ. ਦੋ ਜਲ. ਚਾਰੇ ਪਾਸਿਓਂ ਜਲ ਨਾਲ ਘਿਰਿਆ ਦੇਸ਼. ਟਾਪੂ. ਦੇਖੋ, ਸਪਤਦੀਪ. "ਦੀਪ ਲੋਅ ਪਾਤਾਲ ਤਹ ਖੰਡ ਮੰਡਲ." (ਵਾਰ ਮਲਾ ਮਃ ੧) ੪. ਸੱਤ ਦੀ ਗਿਣਤੀ, ਕਯੋਂਕਿ ਦ੍ਵੀਪ ਸੱਤ ਮੰਨੇ ਹਨ. "ਸਤ੍ਰੈ ਸੈ ਪੈਤਾਲਿ ਮੇ ਸਾਵਨ ਸੁਦਿ ਤਿਥਿ ਦੀਪ." (ਕ੍ਰਿਸਨਾਵ) ਸੰਮਤ ੧੭੪੫ ਸਾਵਨ ਸੁਦੀ ੭। ੫. ਦੀਪ੍ਤਿ (ਚਮਕ) ਦੀ ਥਾਂ ਭੀ ਦੀਪ ਸ਼ਬਦ ਆਇਆ ਹੈ. "ਚੰਦ ਦਿਨੀਸਹਿ ਦੀਪ ਦਈ." (ਅਕਾਲ)

ਦੀਪਸਿੰਘ: ਇਹ ਰਾਜਕੁਮਾਰ ਮਹਾਰਾਜਾ ਕਰਮਸਿੰਘ ਪਟਿਆਲਾਪਤਿ ਦਾ ਛੋਟਾ ਪੁਤ੍ਰ ਅਤੇ ਮਹਾਰਾਜਾ ਨਰੇਂਦ੍ਰ ਸਿੰਘ ਜੀ ਦਾ ਛੋਟਾ ਭਾਈ ਸੀ. ਪੈਂਤੀ ਵਰ੍ਹੇ ਦੀ ਉਮਰ ਵਿੱਚ ਸਨ ੧੮੬੨ ਵਿੱਚ ਇਸ ਦਾ ਦੇਹਾਂਤ ਹੋਇਆ। ੨. ਦੇਖੋ, ਦੀਪਸਿੰਘ ਸ਼ਹੀਦ.

ਦੀਪਸਿੰਘ ਸ਼ਹੀਦ: ਇਹ ਪਰਗਨੇ ਲਹੌਰ ਦੇ ਪੋਹੂਵਿੰਡ ਪਿੰਡ ਵਿੱਚ ਰਹਿਣ ਵਾਲੇ ਖਰ੍ਹਾ ਗੋਤ ਦੇ ਜੱਟ ਸਨ. ਆਪ ਨੇ ਅਮ੍ਰਿਤ ਛਕਕੇ ਪੰਥ ਦੀ ਵਡੀ ਸੇਵਾ ਕੀਤੀ. ਅਨੇਕ ਲੜਾਈਆਂ ਵਿੱਚ ਸ਼ਹੀਦ ਹੋਣ ਲਈ ਜਾਨ ਹਥੇਲੀ ਤੇ ਰੱਖਕੇ ਅੱਗੇ ਵਧਦੇ ਸਨ. ਬੰਦਾ ਬਹਾਦੁਰ ਦੇ ਨਾਲ ਹੋਕੇ ਆਪ ਨੇ ਬਹੁਤ ਜੰਗ ਜਿੱਤੇ. ਦਰਬਾਰ ਅਮ੍ਰਿਤਸਰ ਜੀ ਦੀ ਰਖ੍ਯਾ ਲਈ ਆਪ ਮਾਘ ਸੰਮਤ ੧੮੧੭ ਵਿੱਚ ਰਾਮਸਰ ਪਾਸ ਧਰਮਯੁੱਧ ਕਰਦੇ ਸ਼ਹੀਦ ਹੋਏ. ਇਹ ਸ਼ਹੀਦਾਂ ਦੀ ਮਿਸਲ ਦੇ ਮੁਖੀਏ ਸਿੰਘਾਂ ਵਿੱਚੋਂ ਸਨ.

---

[639] ਇਸ ਤੋਂ ਵੱਖ ਕਰਨ ਲਈ ਅਸ਼ਰਫ਼ੀ ਨੂੰ "ਦੀਨਾਰ ਸੁਰਖ" ਆਖਦੇ ਸਨ.

ਦੀਪਸੁਤ: ਸੰਗਯਾ- ਦੀਵੇ ਦਾ ਪੁਤ੍ਰ, ਕੱਜਲ.

ਦੀਪਕ: ਸੰਗਯਾ- ਦੀਵਾ. "ਦੀਪਕ ਪਤੰਗ ਮਾਇਆ ਕੇ ਛੇਦੇ." (ਭੈਰ ਕਬੀਰ) ੨. ਭਾਵ- ਗ੍ਯਾਨ. "ਅੰਧਲੇ ਦੀਪਕ ਦੇਇ." (ਆਸਾ ਮਃ ੧) ਦੇਖੋ, ਤੇਲ। ੩. ਇੱਕ ਸ਼ਬਦਾਲੰਕਾਰ. ਉਪਮੇਯ ਅਤੇ ਉਪਮਾਨਾਂ ਨੂੰ ਜੇ ਇੱਕ ਹੀ ਪਦ ਪ੍ਰਕਾਸ਼ੇ, ਅਥਵਾ ਅਨੇਕ ਕ੍ਰਿਯਾ ਦਾ ਇੱਕ ਹੀ ਕਾਰਕ ਵਰਣਨ ਕਰੀਏ, ਤਦ "ਦੀਪਕ" ਅਲੰਕਾਰ ਹੁੰਦਾ ਹੈ.

ਉਦਾਹਰਣ-

ਸੁਰ ਤਾਰ ਹੀ ਤੇ ਗੀਤ ਚਿਤ੍ਰਿਤ ਕਰੇ ਤੇ ਭੀਤਿ

ਸਾਚ ਕੀ ਮਿਤਾਈ ਮੀਤ ਜੋਧਾ ਜੁਟੇ ਜੰਗ ਤੇ,

ਅੰਜਨ ਦਿਯੇ ਤੇ ਦ੍ਰਿਗ ਮ੍ਰਿਗ ਸਿਖਲਾਯੇ ਖੇਲ

ਫੂਲ ਸ੍ਰਿਗ ਸੌਰਭ ਸੁ ਰੰਦਿਰ ਉਤੰਗ ਤੇ,

ਵਾਰਿਧਿ ਤਰੰਗਨ ਤੇ ਅੰਗਨਾ ਸੁ ਅੰਗਨ ਤੇ

ਵਿਦ੍ਰੁਮ ਸੁਰੰਗਨ ਤੇ ਪਟ ਚਢੇ ਰੰਗ ਤੇ,

ਸਤੀ ਸਤ ਹੀ ਤੇ ਜਤੀ ਜਤ ਤੇ ਟਹਲਸਿੰਘ

ਮਾਨੁਸ਼ ਸੁਮਤਿ ਯੁਤ ਸੋਭਤ ਸੁਸੰਗ ਤੇ. (ਅਲੰਕਾਰ ਸਾਗਰਸੁਧਾ)

ਇਸ ਉਦਾਹਰਣ ਵਿੱਚ ਮਾਨੁਸ਼ ਉਪਮੇਯ ਅਤੇ ਸਾਰੇ ਉਪਮਾਨਾਂ ਨੂੰ ਇੱਕ "ਸੋਭਤ" ਪਦ ਨੇ ਪ੍ਰਕਾਸ਼ ਕੀਤਾ.

ਇਸ ਅਲੰਕਾਰ ਦੇ ਵਿਦ੍ਵਾਨਾਂ ਨੇ ਚਾਰ ਭੇਦ ਹੋਰ ਥਾਪੇ ਹਨ, ਅਰਥਾਤ- ਕਾਰਕ ਦੀਪਕ, ਮਾਲਾ ਦੀਪਕ, ਆਵ੍ਰਿੱਤਿਦੀਪਕ ਅਤੇ ਦੇਹਲੀ ਦੀਪਕ.

(ਅ) ਅਨੇਕ ਕ੍ਰਿਯਾ ਲਈ ਜੇ ਕਰਤਾ ਦਾ ਨਾਮ ਇੱਕ ਵਾਰ ਹੀ ਵਰਣਨ ਕਰੀਏ, ਅਥਵਾ ਇੱਕੋ ਕਾਰਕ ਕਹੀਏ, ਤਦ "ਕਾਰਕ ਦੀਪਕ" ਹੈ.

ਉਦਾਹਰਣ-

ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ,

ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ,

ਆਪੇ ਸਾਹਿਬੁ ਆਪੇ ਹੈ ਰਾਖਾ ਆਪੇ ਰਹਿਆ ਸਮਾਏ,

ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ,

ਜਿਸ ਨੋ ਤਿਲੁ ਨ ਤਮਾਏ. (ਵਾਰ ਬਿਹਾ ਮਃ ੪)

ਇਸ ਪਉੜੀ ਵਿੱਚ ਅਨੇਕ ਕ੍ਰਿਯਾ ਦਾ ਕਰਤਾ "ਹਰਿ ਕਰਤਾ" ਇੱਕੋ ਲਿਖਿਆ ਹੈ.

(ੲ) ਪਹਿਲੇ ਕਹੀ ਹੋਈ ਵਸਤੁ ਜੇ ਪਿਛਲੀ ਵਸਤੁ ਦੀ ਸਹਾਇਤਾ ਕਰਨ ਵਾਲੀ ਯਥਾਕ੍ਰਮ ਕਹੀ ਜਾਵੇ, ਤਦ "ਮਾਲਾ ਦੀਪਕ" ਅਲੰਕਾਰ ਹੈ.

ਉਦਾਹਰਣ-

ਗੁਰੁਸੇਵਾ ਮਨ ਕਰਤੀ ਨਿਰਮਲ,

ਨਿਰਮਲ ਮਨ ਤੇ ਗ੍ਯਾਨ,

ਗ੍ਯਾਨ ਭਏ ਆਤਮਸੁਖ ਪਾਵੈ,

ਜਾਂਤੇ ਸਭ ਦੁਖ ਹਾਨ.

(ਸ) ਬਾਰ ਬਾਰ ਪਦ ਅਥਵਾ ਅਰਥ ਪ੍ਰਕਾਸ਼ੇ, ਬਿਹ "ਆਵ੍ਰਿੱਤਿ ਦੀਪਕ" ਦਾ ਰੂਪ ਹੈ. ਇਸ ਦੇ ਦੋ ਭੇਦ ਹਨ- ਪਦਾਵ੍ਰਿੱਤਿ ਅਤੇ ਅਰਥਾਵ੍ਰਿੱਤਿ. ਜੇ ਬਾਰ ਬਾਰ ਪਦ ਪ੍ਰਕਾਸ਼ ਤਦ ਪਦਾਵ੍ਰਿੱਤਿ ਹੈ, ਯਥਾ-

ਹਰਿਧਨ ਜਾਪ ਹਰਿਧਨ ਤਾਪ ਹਰਿਧਨ ਭੋਜਨ ਭਾਇਆ. (ਗੂਜ ਮਃ ੫)

ਹਰਿ ਮੇਰਾ ਸਿੰਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪ ਹਰਿ ਮੇਰਾ ਭਾਈ. (ਗੂਜ ਮਃ ੩)

ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖ ਸੁਭਾਈ. (ਸੋਰ ਮਃ ੫)

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ,

ਜੋਗੀ ਮਾਤੇ ਜੋਗ ਧਿਆਨ,

ਸੰਨਿਆਸੀ ਮਾਤੇ ਅਹੰਮੇਵ,

ਤਪਸੀ ਮਾਤੇ ਤਪ ਕੈ ਭੇਵ,

ਸਭ ਮਦ ਮਾਤੇ ਕੋਊ ਨ ਜਾਗ,

ਸੰਗ ਹੀ ਚੋਰ ਘਰੁ ਮੁਸਨਲਾਗ. (ਬਸੰ ਕਬੀਰ)

ਜੇ ਪਦ ਭਿੰਨ ਹੋਣ, ਪਰ ਅਰਥ ਇੱਕੋ ਹੋਵੇ ਤਦ "ਅਰਥਾਵ੍ਰਿੱਤਿ" ਦੀਪਕ ਹੈ. ਯਥਾ-

ਨਾਕੋ ਮੇਰਾ ਦੁਸਮਨ ਰਹਿਆ,

ਨਾ ਹਮ ਕਿਸ ਕੇ ਬੈਰਾਈ, ×××

ਸਭ ਕੋ ਮੀਤ ਹਮ ਆਪਨ ਕੀਨਾ,

ਹਮ ਸਭਨਾ ਕੇ ਸਾਜਨ. (ਧਨਾ ਮਃ ੫)

ਆਪਿ ਪਵਿਤੁ ਪਾਵਨ ਸਭਿ ਕੀਨੇ,

ਰਾਮਰਸਾਇਣੁ ਰਸਨਾ ਚੀਨੇ. (ਭੈਰ ਮਃ ੫)

ਸੁਸਾ ਅਵਾਸ ਗਏ ਸੁਖਰਾਸੀ, ਮਿਲੀ ਸੋਦਰੀ ਹਿਤ ਸੋਂ. (ਨਾਪ੍ਰ)

ਪੇਖ ਛਬਿ ਦੇਖ ਦੁਤਿ ਨਾਰਿ ਸੁਰ ਲੋਭਹੀਂ. (ਕਲਕੀ)

ਉੱਪਰਲੇ ਉਦਾਹਰਣਾਂ ਵਿੱਚ ਭਿੰਨ ਪਦਾਂ ਕਰਕੇ ਇੱਕੋ ਅਰਥ ਪ੍ਰਗਟ ਹੁੰਦਾ ਹੈ.

(ਹ) ਜੇ ਇੱਕ ਹੀ ਪਦ ਪਿਛਲੇ ਅਤੇ ਅਗਲੇ ਪਦ ਨੂੰ ਪ੍ਰਕਾਸ਼ੇ, ਤਦ "ਦੇਹਲੀ ਦੀਪਕ" ਹੁੰਦਾ ਹੈ, ਜਿਵੇਂ ਦੀਵਾ ਦੇਹਲੀ ਪੁਰ ਰੱਖਿਆ ਅੰਦਰ ਅਤੇ ਬਾਹਰ ਪ੍ਰਕਾਸ਼ ਕਰਦਾ ਹੈ.

ਉਦਾਹਰਣ-

ਪ੍ਰਭੁ ਕੀਜੈ ਕ੍ਰਿਪਾ ਨਿਧਾਨ ਹਮ ਹਰਿਗੁਣ ਗਾਵਹਿਗੇ. (ਕਲਿ ਮਃ ੪)

ਇੱਥੇ "ਕ੍ਰਿਪਾ" ਪਦ ਕੀਜੈ ਅਤੇ ਨਿਧਾਨ ਦੋਹਾਂ ਨਾਲ ਸੰਬੰਧ ਰਖਦਾ ਹੈ, ਯਥਾ- ਕੀਜੈ ਕ੍ਰਿਪਾ, ਕ੍ਰਿਪਾ- ਨਿਧਾਨ। ੪. ਕਾਮਦੇਵ. ਮਨਮਥ। ੫. ਕੇਸਰ। ੬. ਭੁੱਖ ਨੂੰ ਤੇਜ਼ ਕਰਨ ਵਾਲਾ ਪਦਾਰਥ। ੭. ਬਾਜ਼ ਪੰਛੀ। ੮. ਹਨੁਮਤ ਦੇ ਮਤ ਅਨੁਸਾਰ ਛੀ ਪ੍ਰਧਾਨ ਰਾਗਾਂ ਵਿੱਚੋਂ ਇੱਕ ਰਾਗ, ਜੋ ਸੰਪੂਰਣ ਜਾਤਿ ਦਾ ਹੈ. ਇਸ ਦਾ ਗ੍ਰਹ ਸ੍ਵਰ ਸ਼ੜਜ ਹੈ। ੯. ਵਿ- ਪ੍ਰਕਾਸ਼ਕ. ਉਜਾਲਾ. ਕਰਨ ਵਾਲਾ.

ਦੀਪਕੁ: ਦੀਵਾ. ਦੇਖੋ, ਦੀਪਕ. "ਦੀਪਕੁ ਤੇ ਦੀਪਕੁ ਪਰਗਾਸਿਆ." (ਰਾਮ ਅਃ ਮਃ ੧)

ਦੀਪਕੁਤਿਹਲੋਇ: ਸੰਗਯਾ- ਤਿੰਨ ਲੋਕਾਂ ਦਾ ਦੀਵਾ, ਸੂਰਜ. "ਗੁਰੁ ਦੀਪਕੁ ਤਿਹ ਲੋਇ." (ਵਾਰ ਮਾਝ ਮਃ ੧) ੨. ਪਾਰਬ੍ਰਹਮ. ਕਰਤਾਰ.

ਦੀਪਘ੍ਰਿਤ: ਘ੍ਰਿਤਦੀਪਕ. ਘਿਉ ਦਾ ਦੀਵਾ. "ਧੂਪ ਦੀਪਘ੍ਰਿਤ ਸਾਜਿ ਆਰਤੀ." (ਧਨਾ ਸੈਣ)

ਦੀਪਤ: ਸੰ. ਦੀਪ੍ਤ. ਵਿ- ਰੌਸ਼ਨ. ਚਮਕਦਾ ਹੋਇਆ। ੨. ਸੰਗਯਾ- ਸ੍ਵਰਣ. ਸੋਨਾ। ੩. ਸ਼ੇਰ. ਸਿੰਘ.

ਦੀਪਤਿ: ਸੰ. ਦੀਪ੍ਤਿ. ਸੰਗਯਾ- ਪ੍ਰਭਾ. ਚਮਕ. ਰੌਸ਼ਨੀ. "ਦੀਪਕ ਦੀਪਤਿ ਪਰਹੀ ਫੀਕੀ." (ਨਾਪ੍ਰ)

ਦੀਪਦਾਨ: ਸੰਗਯਾ- ਦੀਵਾ ਦਾਨ ਕਰਨ ਦੀ ਕ੍ਰਿਯਾ। ੨. ਆਰਤੀ ਨਾਲ ਦੇਵਪੂਜਨ. "ਦੀਪਦਾਨ ਤਰੁਨੀ ਤਿਨ ਕੀਨਾ." (ਚਰਿਤ੍ਰ ੪੦੩) ਹਿੰਦੂਮਤ ਵਾਂਙ ਬਾਈਬਲ ਵਿੱਚ ਭੀ ਦੀਪਦਾਨ ਦੀ ਰਸਮ ਪਾਈ ਜਾਂਦੀ ਹੈ. ਦੇਖੋ, Ex ਕਾਂਡ ੪੦ ਅਧ੍ਯਾਯ ੨੪ ਅਤੇ ੨੫.

ਦੀਪਨ: ਸੰ. ਸੰਗਯਾ- ਪ੍ਰਜ੍ਵਲਿਤ ਕਰਨ (ਮਚਾਉਣ) ਦੀ ਕ੍ਰਿਯਾ। ੨. ਪੇਟ ਦੀ ਅਗਨਿ ਤੇਜ਼ ਕਰਨ ਵਾਲਾ ਚੂਰਣ ਆਦਿ ਪਦਾਰਥ. ਸੁੰਢ, ਜੀਰਾ, ਪੋਦੀਨਾ, ਅਜਵਾਇਨ, ਮਘਪਿੱਪਲੀ, ਦਾਲਚੀਨੀ ਆਦਿਕ ਪਦਾਰਥਾਂ ਦੀ 'ਦੀਪਨ' ਸੰਗਯਾ ਹੈ.

ਦੀਪਮਾਲਾ, ਦੀਪਮਾਲਿਕਾ: ਦੀਪਾਵਲੀ. ਦੇਖੋ, ਦਿਵਾਲੀ ੨.

ਦੀਂਪਰਵਰੀ: ਫ਼ਾ. دیں پروری ਸੰਗਯਾ- ਧਰਮਰਖ੍ਯਾ. ਦੀਨ ਹਿਫ਼ਾਜਤ.

ਦੀਪਾ: ਦੀਪਕ. ਦੀਵਾ. ਦੀਪ. "ਸਤਿਗੁਰ ਸਬਦਿ ਉਜਾਰੋ ਦੀਪਾ." (ਬਿਲਾ ਮਃ ੫) ੨. ਗੁਰੂ ਅੰਗਦ ਸਾਹਿਬ ਦਾ ਇੱਕ ਪ੍ਰੇਮੀ ਸਿੱਖ। ੩. ਡੱਲਾ ਨਿਵਾਸੀ ਗੁਰੂ ਅਮਰਦੇਵ ਦਾ ਸਿੱਖ। ੪. ਗੁਰੂ ਰਾਮਦਾਸ ਸਾਹਿਬ ਦਾ ਇੱਕ ਗ੍ਯਾਨੀ ਸਿੱਖ। ੫. ਕਾਸਰਾ ਗੋਤ੍ਰ ਦਾ ਗੁਰੂ ਅਰਜਨਦੇਵ ਦਾ ਸਿੱਖ, ਜੋ ਲਾਂਗਰੀ ਸੀ.

ਦੀਪਾਇਓ, ਦੀਪਾਇਆ, ਦੀਪਾਇਹੁ: ਦੀਪ੍ਤ ਕੀਤਾ. ਜਗਾਇਆ. ਮਚਾਇਆ. ਪ੍ਰਜ੍ਵਲਿਤ ਕੀਤਾ। ੨. ਰੌਸ਼ਨ ਹੋਇਆ. "ਘਟਿ ਚਾਨਣਾ ਤਨਿ ਚੰਦੁ ਦੀਪਾਇਆ." (ਸੂਹੀ ਛੰਤ ਮਃ ੧)

ਦੀਪਾਈ: ਦੀਪ੍ਤ ਹੁੰਦਾ ਹੈ. ਪ੍ਰਕਾਸ਼ਦਾ ਹੈ. "ਚਰਾਗ ਦੀਪਾਈ." (ਭਾਗੁ) ੨. ਸੰਗਯਾ- ਦੀਪ੍ਤਿ. ਪ੍ਰਭਾ. ਰੌਸ਼ਨੀ. "ਕਲਿ ਅੰਧਕਾਰ ਦੀਪਾਈ." (ਰਾਮ ਅਃ ਮਃ ੫)

ਦੀਪਾਹਾ: ਦੀਪਕਰੂਪ ਹੈ. ਰੌਸ਼ਨ ਕਰਦਾ ਹੈ. "ਆਪੇ ਦੀਪ ਲੋਅ ਦੀਪਾਹਾ." (ਜੈਤ ਮਃ ੪)

ਦੀਪਾਹਿ: ਦੀਪ੍ਤ ਹੁੰਦਾ. ਪ੍ਰਕਾਸ਼ਦਾ ਹੈ. "ਅੰਧਕਾਰ ਦੀਪਕ ਦੀਪਾਹਿ." (ਗਉ ਮਃ ੫)

ਦੀਪਾਯਉ: ਦੀਪ੍ਤ (ਰੌਸ਼ਨ) ਕੀਤਾ. "ਸਬਦ ਦੀਪਕ ਦੀਪਾਯਉ." (ਸਵੈਯੇ ਮਃ ੩. ਕੇ)

ਦੀਪਾਲਪੁਰ: ਦੇਖੋ, ਦਿਪਾਲਪੁਰ ਅਤੇ ਨਾਨਕਿਆਨਾ ਨੰ. ੩.

ਦੀਪਾਵਲੀ: ਦੇਖੋ, ਦਿਵਾਲੀ ੨.

ਦੀਪ੍ਯ, ਦੀਪ੍ਯਿ: ਦੇਖੋ, ਦੀਪਤ ਅਤੇ ਦੀਪਤਿ.

ਦੀਪਯ: ਸੰ. ਵਿ- ਜਲਾਨੇ ਯੋਗਯ. ਮਚਾਉਣ ਲਾਇਕ਼। ੨. ਸੰਗ੍ਯਾ- ਅਜਵਾਯਨ। ੩. ਜੀਰਾ। ੪. ਭੁੱਖ ਵਧਾਉਣ ਵਾਲਾ ਪਦਾਰਥ.

ਦੀਪ੍ਯਮਾਨ: ਸੰ. ਵਿ- ਚਮਕਦਾ ਹੋਇਆ. ਰੌਸ਼ਨ.

ਦੀਬਾਚਾ: ਦੇਖੋ, ਦਿਵਾਜਾ.

ਦੀਬਾਣ, ਦੀਬਾਣੁ, ਦੀਬਾਨ, ਦੀਵਾਨੁ: ਅ਼. دیوان ਦੀਵਾਨ. ਸੰਗ੍ਯਾ- ਦਰਬਾਰ. ਸਭਾ. "ਜੋ ਮਿਲਿਆ ਹਰਿਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ." (ਵਾਰ ਸ੍ਰੀ ਮਃ ੪) ਜੋ ਸਿੱਖ ਸਮਾਜ ਵਿੱਚ ਆਇਆ ਹੈ, ਉਹ ਦੁਨੀਆਂ ਦੇ ਸਾਰੇ ਸਮਾਜਾਂ ਦਾ ਮੈਂਬਰ ਹੈ। ੨. ਕਚਹਿਰੀ ਦਾ ਅਸਥਾਨ. ਨ੍ਯਾਯਆਲਯ। ੩. ਇਨਸਾਫ਼ ਕਰਨ ਵਾਲਾ. ਹਾਕਿਮ. "ਸੋ ਐਸਾ ਹਰਿ ਦੀਬਾਨ ਵਸਿਆ ਭਗਤਾ ਕੈ ਹਿਰਦੈ." (ਵਾਰ ਵਡ ਮਃ ੪) "ਦੀਬਾਨੁ ਏਕੋ ਕਲਮ ਏਕਾ." (ਵਾਰ ਆਸਾ) ੪. ਮੁਗ਼ਲ ਬਾਦਸ਼ਾਹਾਂ ਵੇਲੇ ਨਾਜਿਮ (ਸੂਬੇ) ਦਾ ਮਾਲੀ ਮੰਤ੍ਰੀ.

ਦੀਬੋ: ਸੰਗ੍ਯਾ- ਦੇਣ ਦੀ ਕ੍ਰਿਯਾ. ਦੇਣਾ.

ਦੀਮਕ: ਦੇਖੋ, ਸਿਉਂਕ.

ਦੀਯਾ: ਸੰਗ੍ਯਾ- ਦੀਪਕ. ਦੀਪ. "ਪਤੰਗ ਜਿਉਂ ਟੂਟ ਪਰੇ ਅਵਿਲੋਕ ਦਿਯਾ." (ਕ੍ਰਿਸਨਾਵ) ੨. ਦਿੱਤਾ. ਦਾਨ ਕੀਤਾ.

ਦੀਰਘ: ਸੰ. ਦੀਘੰ. ਵਿ- ਲੰਮਾ। ੨. ਚੌੜਾ। ੩. ਵਡਾ। ੪. ਸੰਗ੍ਯਾ- ਤਾਲ ਬਿਰਛ। ੫. ਊਂਟ. ਸ਼ੁਤਰ। ੬. ਦੋ ਮਾਤ੍ਰਾ ਦਾ ਅੱਖਰ. ਗੁਰੁ. "ਆਪਸ ਕਉ ਦੀਰਘ ਕਰਿ ਜਾਨੈ ਅਉਰਨ ਕੋ ਲਗ ਮਾਤ." (ਮਾਰੂ ਕਬੀਰ) ਆਪਣੇ ਤਾਈਂ ਦੀਰਘ (ਗੁਰੁ) ਅਤੇ ਦੂਜਿਆਂ ਨੂੰ ਲਘੁ ਜਾਣਦੇ ਹਨ. ਦੇਖੋ, ਗੁਰੂ ੫.

ਦੀਰਘਸੂਤ੍ਰੀ: ਸੰ. दीर्घसूत्रिन. ਵਿ- ਦੇਰ ਵਿੱਚ ਸੂਤ ਦਾ ਚਿੰਨ੍ਹ ਲਾਉਣ ਵਾਲਾ ਤਖਾਣ ਅਤੇ ਰਾਜ। ੨. ਭਾਵ- ਹਰੇਕ ਕੰਮ ਨੂੰ ਢਿੱਲ ਨਾਲ ਕਰਨ ਵਾਲਾ.

ਦੀਰਘਕਾਇ, ਦੀਰਘਕਾਯ: ਵਿ- ਦੀਘੰ (ਲੰਮਾ) ਹੈ ਕਾਯ (ਜਿਸਮ) ਜਿਸ ਦਾ। ੨. ਸੰਗ੍ਯਾ- ਇੱਕ ਦੈਤ ਜਿਸ ਦਾ ਸ਼ਰੀਰ ਬਹੁਤ ਉੱਚਾ ਸੀ, ਇਸ ਨੂੰ ਸੂਰਜ ਨੇ ਮਾਰਿਆ. "ਦੀਰਘਕਾਇ ਐਸ ਰਿਪੁ ਭਯੋ," (ਸੂਰਜਾਵ) ਦੇਖੋ, ਬਾਣ ੫। ੩. ਦੇਖੋ, ਗਯ ੮.

ਦੀਰਘਕੰਠ: ਸੰਗ੍ਯਾ- ਲੰਮੀ ਗਰਦਨ ਵਾਲਾ ਬਗੁਲਾ. ਨੜੀ। ੨. ਇੱਕ ਖ਼ਾਸ ਦੈਤ। ੩. ਸ਼ੁਤਰ. ਊਂਟ। ੪. ਵਿ- ਲੰਮੀ ਗਰਦਨ ਵਾਲਾ.

ਦੀਰਘਜੀਵੀ: ਸੰ. दीर्घजीविन. ਵਿ- ਚਿਰਜੀਵੀ. ਦੇਰ ਤੀਕ ਜੀਉਣ ਵਾਲਾ. ਲੰਮੀ ਉਮਰ ਵਾਲਾ। ੨. ਦੇਖੋ, ਚਿਰਜੀਵੀ.

ਦੀਰਘਤਮਾ: ਦੇਖੋ, ਉੱਤਬ.

ਦੀਰਘ ਤ੍ਰਿਭੰਗੀ: ਦੇਖੋ, ਤ੍ਰਿਭੰਗੀ ਦੀਰਘ.

ਦੀਰਘਦਰਸੀ: ਸੰ. दीर्घदर्शिन. ਵਿ- ਦੂਰੰਦੇਸ਼. ਲੰਮੀ ਨਜ਼ਰ ਨਾਲ ਦੇਖਣ ਵਾਲਾ. "ਦੀਰਘਦਰਸੀ ਜੇ ਮਤਿਵਾਨ." (ਨਾਪ੍ਰ)

ਦਰਿਘਦਾੜ੍ਹ: ਵਿ- ਵਡੀਆਂ ਦਾੜ੍ਹਾਂ ਵਾਲਾ। ੨. ਸੰਗ੍ਯਾ- ਇੱਕ ਦੈਤ, ਜੋ ਸਤ੍ਯਸੰਧ ਰਾਜੇ ਨਾਲ ਲੜਿਆ, ਦੇਖੋ, ਚੌਪਈ। ੩. ਵਰਾਹ ਅਵਤਾਰ, ਜਿਸ ਦੀਆਂ ਹੁਡਾਂ ਬਹੁਤ ਵਡੀਆਂ ਸਨ.

ਦੀਰਘਦ੍ਰਿਸਟਿ, ਦੀਰਘਦ੍ਰਿਸ਼੍ਟਿ: ਸੰਗ੍ਯਾ- ਲੰਮੀ ਨਜ਼ਰ. ਦੂਰੰਦੇਸ਼ੀ.

ਦੀਰਘਪਤ੍ਰ: ਡਿੰਗ. ਸੰਗਜਾ- ਗਠਾ. ਪਿਆਜ। ੨. ਕੇਲਾ.

ਦੀਰਘਬਪੁ: ਦੀਘੰ ਹੈ ਵਪੁ (ਦੇਹ) ਜਿਸ ਦਾ ਦੇਖੋ, ਦੀਰਘਕਾਯ.

ਦੀਰਘਬਾਹੁ: ਵਿ- ਲੰਮੀਆਂ ਬਾਹਾਂ ਵਾਲਾ.

ਦੀਰਘਰੋਗ: ਵਿ- ਵਡਾ ਰੋਗ. ਚਿਰ ਰਹਿਣ ਵਾਲਾ. ਰੋਗ. ਪੁਰਾਣਾ ਰੋਗ. "ਹਉਮੈ ਦੀਰਘਰੋਗ ਹੈ." (ਵਾਰ ਆਸਾ)

ਦੀਰਘਾਯੁ: ਵਿ- ਜਿਸ ਦੀ ਉਮਰ ਵਡੀ ਹੈ. ਚਿਰਜੀਵੀ। ੨. ਸੰਗਜਾ- ਕਾਉਂ। ੩. ਮਾਰਕੰਡੇਯ ਰਿਖੀ। ੪. ਸਿੰਮਲ ਬਿਰਛ। ੫. ਕੋਈ ਜੀਵ ਅਥਵਾ ਬਿਰਛ ਆਦਿਕ ਜੋ ਚਿਰ ਤਕ ਨਾ ਮਰੇ.

ਦੀਰਣ: ਸੰ. ਦੀਣੰ. ਵਿ- ਪਾਟਿਆ ਹੋਇਆ। ੨. ਵਿਦੀਰਣ ਕੀਤਾ. ਪਾੜਿਆ. ਚੀਰਿਆ.

ਦੀਵਟ, ਦੀਵਟੀ: ਸੰਗਜਾ- ਦੀਪਾਟਿਕਾ. ਦੀਪਕ ਰੱਖਣ ਦੀ ਟਿਕਟਿਕੀ। ੨. ਮਸਾਲ. ਮਸ਼ਅ਼ਲ. "ਜਾਰ ਦੀਵਟੈਂ ਤਸਕਰ ਧਾਏ." (ਚਰਿਤ੍ਰ ੧੯੬) ੩. ਦੀਵੇ ਦੀ ਵੱਟੀ. "ਜੋਤਿ ਦੀਵਟੀ ਘਟ ਮਹਿ ਜੋਇ." (ਗਉ ਕਬੀਰ ਵਾਰ ੭) ੪. ਦੀਵੇ ਦੀ ਠੂਠੀ. "ਦੇਹ ਦੀਵਟੀ ਕੇ ਵਿਖੈ ਨੇਹ ਮੋਹ ਭਰਪੂਰ। ਬਾਤੀ ਵਿਸ਼ਯਨ ਵਾਸਨਾ ਅਗਨਿ ਗਜਾਨ ਤੇ ਦੂਰ." (ਨਾਪ੍ਰ)

ਦੀਵਨ, ਦੀਵਨਾ: ਦੇਣਾ. ਦਾਨ ਕਰਨਾ. ਦੇਵਨ. "ਪ੍ਰਭੁ ਕ੍ਰਿਪਾਲੁ ਜਿਸ ਦੀਵਨਾ." (ਮਾਰੂ: ਮ: ੫)

ਦੀਵਰਾ, ਦੀਵੜਾ, ਦੀਵਾ: ਸੰਗਜਾ- ਦੀਪਕ. ਦੀਪ. ਚਰਾਗ਼. "ਜਉ ਤੁਮ ਦੀਵਰਾ, ਤਉ ਹਮ ਬਾਤੀ." (ਸੋਰ ਰਵਿਦਾਸ) "ਦੀਵੜੇ ਗਇਆ ਬੁਝਾਇ." (ਸ. ਫਰੀਦ) ਇੱਥੇ ਦੀਵੇ ਤੋਂ ਭਾਵ ਨੇਤ੍ਰ ਹੈ. "ਚੰਦ ਸੂਰਜ ਦੀਵੜੇ." (ਮਲਾ ਨਾਮਦੇਵ) "ਦੀਵਾ ਮੇਰਾ ਏਕੁ ਨਾਮੁ." (ਆਸਾ ਮ: ੧)

ਦੀਵਾਨ: ਦੇਖੋ, ਦੀਬਾਨ. "ਸਭਨਾ ਦੀਵਾਨ ਦਇਆਲਾ." (ਵਡ ਮ: ੩) ੨. ਗ਼ਜ਼ਲਾਂ ਦਾ ਸਮੁਦਾਯ ਹੋਵੇ ਜਿਸ ਪੁਸ੍ਤਕ ਵਿੱਚ. ਗ਼ਜ਼ਲਾਂ ਦਾ ਗ੍ਰੰਥ. ਦੇਖੋ, ਦੀਵਾਨ ਗੋਯਾ.

ਦੀਵਾਨ ਆਮ: ਸੰਗਜਾ- ਉਹ ਦੀਵਾਨ (ਸਭਾ ਸਮਾਜ), ਜਿਸ ਵਿੱਚ ਆਮ ਲੋਕ ਜਮਾ ਹੋਣ. ਸਰਵ ਸਾਧਾਰਣ ਜਿਸ ਵਿੱਚ ਸ਼ਰੀਕ ਹੋ ਸਕਣ। ੨. ਉਹ ਮਕਾਨ ਜਿਸ ਵਿੱਚ ਆਮ ਲੋਕ ਜਾਕੇ ਦੀਵਾਨ ਵਿੱਚ ਬੈਠ ਸਕਣ. ਮੁਗਲ ਬਾਦਸ਼ਾਹਾਂ ਵੇਲੇ ਦਿੱਲੀ ਆਗਰੇ ਲਹੌਰ ਆਦਿ ਵਿੱਚ ਐਸੇ ਮਕਾਨ ਬਣਾਏ ਗਏ ਸਨ, ਜਿਨ੍ਹਾਂ ਵਿੱਚ ਬਾਦਸ਼ਾਹ ਦਰਬਾਰ ਕਰਕੇ ਆਮ ਲੋਕਾਂ ਨੂੰ ਆਉਣ ਦੀ ਆਗਜਾ ਦਿੰਦਾ ਸੀ. ਲਹੌਰ ਦੇ ਕਿਲੇ ਵਿੱਚ ਚਾਲੀ ਸਤੂਨਾਂ (ਥਮਲਿਆਂ) ਉੱਤੇ ਇੱਕ ਆਲੀਸ਼ਾਨ "ਦੀਵਾਨ ਆਮ" ਹੈ. ਜੋ ਸਨ ੧੬੨੮ ਵਿੱਚ ਸ਼ਾਹਜਹਾਂ ਨੇ ਆਪਣੇ ਸਹੁਰੇ ਆਸਫ਼ਖ਼ਾਨ ਦੀ ਮਾਰਫਤ ਬਣਵਾਇਆ ਸੀ। ੩. ਉਹ ਦੀਵਾਨ (ਮੁਜਲਿਸ) ਜੋ ਪ੍ਰਜਾ ਦੇ ਸਾਧਾਰਣ ਲੋਕਾਂ ਦੀ ਹੋਵੇ. (House of Commons. )

ਦੀਵਾਨ ਖਾਸ: ਉਹ ਦੀਵਾਨ, ਜਿਸ ਵਿੱਚ ਖਾਸ (ਵਿਸ਼ੇਸ਼) ਲੋਕ ਜਾ ਸਕਣ। ੨. ਉਹ ਮਕਾਨ ਜਿਸ ਵਿੱਚ ਖਾਸ ਖਾਸ ਅਹੁਦੇਦਾਰ ਬਾਦਸ਼ਾਹ ਦੇ ਦੀਵਾਨ ਵਿੱਚ ਬੈਠਣ ਦਾ ਅਧਿਕਾਰ ਰਖਦੇ ਹਨ. ਮੁਗਲ ਬਾਦਸ਼ਾਹਾਂ ਵੇਲੇ ਸ਼ਾਹੀ ਕਿਲਿਆਂ ਵਿੱਚ ਇਸ ਨਾਮ ਦੇ ਸੁੰਦਰ ਮਕਾਨ ਬਣਾਏ ਗਏ ਸਨ। ੩. ਖ਼ਾਸ ਪਦਵੀ ਦੇ ਆਦਮੀਆਂ ਦਾ ਸਮਾਜ. House of Lords.

ਦੀਵਾਨਖ਼ਾਨਾ: ਫ਼ਾ. دیوان خانہ ਸੰਗਜਾ- ਸਭਾ ਘਰ। ੨. ਰਾਜਾ ਦੇ ਅਥਵਾ ਰਿਆਸਤ ਦੇ ਕਰਮਚਾਰੀ ਦੀ ਕਚਹਿਰੀ ਦਾ ਮਕਾਨ। ੩. ਬਾਦਸ਼ਾਹ ਅਥਵਾ ਮਹਾਰਾਜਾ ਦਾ ਦਰਬਾਰੀ ਕਮਰਾ.

ਦੀਵਾਨਗੀ: ਫ਼ਾ. دیوانگی ਸੰਗਜਾ- ਪਾਗਲਪਨ. ਸਿਰੜ। ਪਰਮਾਰਥ ਦੀ ਮਸ੍ਤੀ. ਦੁਨੀਆਂ ਵੱਲੋਂ ਉਪਰਾਮਤਾ.

ਦੀਵਾਨ ਗੋਯਾ: ਭਾਈ ਨੰਦਲਾਲ ਜੀ ਦੀ ਛਾਪ 'ਗੋਯਾ' ਹੈ. ਉਨ੍ਹਾਂ ਦਾ ਰਚਿਆ ਹੋਇਆ ਗ਼ਜ਼ਲਾਂ ਦਾ ਗ੍ਰੰਥ. ਇਸ ਵਿੱਚ ਪ੍ਰੇਮ, ਭਗਤਿ, ਗੁਰਮਹਿਮਾ ਅਤੇ ਗਜਾਨ ਦਾ ਨਿਰੂਪਣ ਹੈ. ਇਸ ਦੇ ਛੰਦ ਰਚਨਾ ਵਿੱਚ ਦੋ ਉੱਤਮ ਪੰਜਾਬੀ ਅਨੁਵਾਦ ਹਨ- ਬਾਵਾ ਬ੍ਰਿਜਬੱਲਭ ਸਿੰਘ ਦਾ ਰਚਿਆ "ਪ੍ਰੇਮਪਿਟਾਰੀ", ਅਤੇ ਭਾਈ ਮੇਘਰਾਜ ਕ੍ਰਿਤ "ਪ੍ਰੇਮਫੁਲਵਾੜੀ."

ਦੀਵਾਨਾ: ਦੇਖੋ, ਦਿਵਾਨਾ.

ਦੀਵਾਨਿ: ਦੀਵਾਨ ਨੇ। ੨. ਦੀਵਾਨ ਵਿੱਚ. "ਦੀਵਾਨਿ ਬੁਲਾਇਆ." (ਸੂਹੀ ਕਬੀਰ)

ਦੀਵਾਨੀ: ਦੇਖੋ, ਦਿਵਾਨੀ। ੨. ਦਰਬਾਰੀ. ਦੀਵਾਨ ਵਿੱਚ ਬੈਠਣ ਵਾਲਾ. "ਦਾਸੁ ਦੀਵਾਨੀ ਹੋਇ." (ਸ. ਕਬੀਰ)

ਦੀਵਾਰ, ਦੀਵਾਲ: ਫ਼ਾ. دیوار ਅਥਵਾ دیوال ਸੰਗਯਾ- ਕੰਧ. ਭੀਤ, ਭਿੱਤਿ.

ਦੀਵਾਲੀ: ਦੇਖੋ, ਦਿਵਾਲੀ ੨. "ਦੀਵਾਲੀ ਕੀ ਰਾਤਿ ਦੀਵੇ ਬਾਲੀਅਹਿ." (ਭਾਗੁ)

ਦੁ: ਵਿ- ਦੋ (ਦ੍ਵਿ) ਦਾ ਸੰਖੇਪ. "ਦੁ ਪਗ ਨ ਭੱਜੇ." (ਰਾਮਾਵ) ਦੇਖੋ, ਦੁਚਿਤਾ, ਦੁਵਿਧਾ ਆਦਿ.

ਦੁਅ: ਵਿ- ਦ੍ਵਿ. ਦੋ.

ਦੁਆ, ਦੁਆਉ, ਦੁਆਇ: ਸੰਗਯਾ- ਔਸ਼ਧ. ਰੋਗ ਦੂਰ ਕਰਨ ਵਾਲੀ ਵਸਤੁ. ਦੇਖੋ, ਦਵਾ। ੨. ਅ਼. دعا ਦੁਆ. ਪ੍ਰਾਰਥਨਾ. ਬੇਨਤੀ। ੩. ਅਸੀਸ. ਆਸ਼ੀਰਵਾਦ. "ਅੰਧਾ ਅਖਰੁ ਵਾਉ ਦੁਆਉ." (ਗਉ ਮਃ ੧) "ਲੈਦਾ ਬਦਦੁਆਇ ਤੂੰ." (ਸ੍ਰੀ ਮਃ ੫) "ਦੇਨਿ ਦੁਆਈ ਸੇ ਮਰਹਿ." (ਵਾਰ ਮਲਾ ਮਃ ੧)

ਦੁਆਸਿ: ਸੰ. ਦ੍ਵਿਸ- ਦ੍ਵਿਸ. ਕ੍ਰਿ. ਵਿ- ਦੁਬਾਰਾ. ਦੂਜੀ ਵਾਰ. "ਓਨਾ ਪਾਸਿ ਦੁਆਸਿ ਨ ਭਿਟੀਐ, ਜਿਨ ਅੰਤਰਿ ਕ੍ਰੋਧੁ ਚੰਡਾਲ." (ਸ੍ਰੀ ਮਃ ੪) ਕਿਤੇ ਅਚਾਨਕ ਇੱਕ ਵੇਰ ਮੇਲ ਹੋ ਜਾਵੇ, ਤਾਂ ਅੱਗੋਂ ਲਈ ਸਾਵਧਾਨ ਰਹਿਣਾ ਚਾਹੀਏ.

ਦੁਆਤ: ਦੇਖੋ, ਦਵਾਤ.

ਦੁਆਦਸ: ਸੰ. ਦ੍ਵਾਦਸ਼. ਵਿ- ਬਾਰਾਂ. ਦੋ ਅਤੇ ਦਸ਼- ੧੨.

ਦੁਆਦਸ ਅੰਗੁਲ: ਬਾਰਾਂ ਅੰਗੁਲ ਪਵਨ (ਸ੍ਵਾਸ), ਜਿਨ੍ਹਾਂ ਦਾ ਮੁਖ ਤੋਂ ਬਾਰਾਂ ਅੰਗੁਲ ਪ੍ਰਮਾਣ ਬਾਹਰ ਜਾਣਾ ਯੋਗੀ ਮੰਨਦੇ ਹਨ. ਵਸ਼ਿਸ਼੍ਠ ਨੇ ਭੀ ਲਿਖਿਆ ਹੈ-

"द्वादशांगुल पर्यंते नासाग्रे विमलेंबर. "

ਦੁਆਦਸ ਸਿਲਾ: ਦ੍ਵਾਦਸ਼ (ਬਾਰਾਂ) ਸਿਲਾ (ਪਾਖਾਣ). ਪੱਥਰ ਦੀਆਂ ਬਣੀਆਂ ਬਾਰਾਂ ਮੂਰਤੀਆਂ. ਮਤਭੇਦ ਕਰਕੇ ਇਹ ਬਾਰਾਂ ਮੂਰਤੀਆਂ ਭਿੰਨ- ਭਿੰਨ ਹਨ.

(ੳ) ਵਿਸ਼ਨੁ, ਲਕ੍ਸ਼ਮੀ, ਸ਼ਿਵ, ਪਾਰਵਤੀ, ਬ੍ਰਹਮਾ, ਸਰਸ੍ਵਤੀ, ਗਣੇਸ਼, ਕਾਲੀ, ਭੈਰਵ, ਸੂਰਯ, ਇੰਦ੍ਰ ਅਤੇ ਯਮ.

(ਅ) ਵੈਦਜਨਾਥ ਮਹਾਤਮ ਅਨੁਸਾਰ ਸ਼ਿਵ ਦੇ ਬਾਰਾਂ ਜੋਤਿਰਲਿੰਗ-

੧. ਦ੍ਵਾਰਕਾ ਤੋਂ ਸੱਠ ਕੋਹ ਪੂਰਵ ਪਰਿਭਾਸ ਕ੍ਸ਼ੇਤ੍ਰ ਵਿਚ "ਸੋਮਨਾਥ." ਦੇਖੋ, ਮਹ਼ਮੂਦ ਗ਼ਜ਼ਨਵੀ.

੨. ਕਿਸ਼ਕਿੰਧਾ ਪਾਸ ਸ਼੍ਰੀਸ਼ੈਲ ਨਾਮਕ ਪਹਾੜ ਤੇ "ਮੱਲਿਕਾਜੁੰਨ," ਜੋ ਕ੍ਰਿਸ਼ਨਾ ਨਦੀ ਦੇ ਕਿਨਾਰੇ ਹੈ.

੩. ਉੱਜੈਨਿ ਪੁਰੀ ਵਿੱਚ "ਮਹਾਕਾਲ" ਸਨ ੧੨੩੧ ਵਿੱਚ ਅਲਤਮਸ਼ ਇਸ ਲਿੰਗ ਨੂੰ ਪੁੱਟਕੇ ਦਿੱਲੀ ਲੈਗਿਆ ਅਤੇ ਉਸ ਥਾਂ ਚੂਰਣ ਕੀਤਾ ਗਿਆ.

੪. ਨਰਮਦਾ ਦੇ ਕਿਨਾਰੇ ਅਸ਼ਰੇਸ਼੍ਵਰ ਵਿਚ "ਓਅੰਕਾਰ."

੫. ਗਯਾ ਪਾਸ ਦੇਵਗੜ੍ਹ ਵਿੱਚ "ਵੈਦਜਨਾਥ."

੬. ਪੂਨੇ ਪਾਸ ਸਾਕਿਨੀ ਨਦੀ ਦੇ ਕਿਨਾਰੇ "ਭੀਮਸ਼ੰਕਰ."

੭. ਲੰਕਾ ਦੇ ਪੁਲ (ਸੇਤੁਬੰਧ) ਪਾਸ "ਰਾਮੇਸ਼੍ਵਰ" ਦੇਖੋ, ਰਾਮੇਸ਼੍ਵਰ.

੮. ਦ੍ਵਾਰਿਕਾ ਤੋਂ ਤਿੰਨ ਕੋਹ ਪੁਰ "ਨਾਗੇਸ਼੍ਵਰ."

੯. ਕਾਸ਼ੀ ਵਿੱਚ "ਵਿਸ਼੍ਵੇਸ਼੍ਵਰ."

੧੦ ਗੋਦਾਵਰੀ ਦੇ ਕਿਨਾਰੇ ਪੰਜਵਟੀ ਪਾਸ, "ਤ੍ਰਯਬੰਕ."

੧੧ ਹਿਮਾਲਯ ਵਿੱਚ ਬਦਰੀਨਾਰਾਯਣ ਪਾਸ "ਕੇਦਾਰਨਾਥ"

੧੨ ਦੱਖਣ ਵਿੱਚ ਔਰੰਗਾਬਾਦ ਪਾਸ "ਘ੍ਰਿਸ਼੍ਨੇਸ਼੍ਵਰ." (घृष्णेश्वर) "ਜੇ ਓਹ ਦੁਆਦਸ ਸਿਲਾ ਪੂਜਾਵੈ." (ਗੌਂਡ ਰਵਿਦਾਸ) ਦੇਖੋ, ਲਿੰਗ.

ਦੁਆਦਸ ਸੇਵਾ: ਬਾਰਾਂ ਦੇਵਤਿਆਂ ਦੀ ਸੇਵਾ. ਦੇਖੋ, ਦਆਦਸ ਸਿਲਾ (ੳ). ੨. ਬਾਰਾਂ ਜੋਤਿਰਲਿੰਗਾਂ ਦੀ ਸੇਵਾ. ਦੇਖੋ, ਦੁਆਦਸ ਸਿਲਾ (ਅ). ੩. ਬਾਰਾਂ ਸੂਰਜਾਂ ਦੀ ਸੇਵਾ। ੪. ਹਿੰਦੂਮਤ ਦੇ ਧਰਮਗ੍ਰੰਥਾਂ ਵਿੱਚ ਬਾਰਾਂ ਪ੍ਰਕਾਰ ਦੀ ਸੇਵਾ ਇਹ ਹੈ-

ਦੇਵਤਾ ਦੇ ਮੰਦਿਰ ਬਣਾਉਣ ਲਈ ਚਲਣਾ, ਮੰਦਿਰ ਦੀ ਪਰਿਕ੍ਰਮਾ, ਦੇਵਤਾ ਦੇ ਧਾਮ ਪਰਸਣ ਲਈ ਯਾਤ੍ਰਾ, ਇਹ ਤਿੰਨ ਪਦਸੇਵਾ ਹਨ.

ਪੂਜਾ ਵਾਸਤੇ ਫੁੱਲ ਪੱਤੇ ਤੋੜਨੇ, ਝਾੜੂ ਦੇਣਾ, ਮੂਰਤੀ ਦਾ ਸਨਾਨ ਸ਼੍ਰਿੰਗਾਰ ਕਰਾਉਣਾ, ਇਹ ਤਿੰਨ ਕਰਸੇਵਾ ਹਨ.

ਨਾਮਕੀਰਤਨ, ਇਹ ਬਾਣੀਸੇਵਾ ਹੈ.

ਹਰਿਕਥਾ ਸੁਣਨੀ, ਇਹ ਕਰਣਸੇਵਾ ਹੈ.

ਮੂਰਤੀ ਦਾ ਦਰਸ਼ਨ, ਇਹ ਨੇਤ੍ਰਸੇਵਾ ਹੈ.

ਠਾਕੁਰ ਦਾ ਪ੍ਰਸ਼ਾਦ ਸਿਰ ਚੜ੍ਹਾਉਣਾ ਅਤੇ ਪ੍ਰਣਾਮ ਇਹ ਦੋ ਸਿਰਸੇਵਾ ਹਨ.

ਦੇਵਤੇ ਦੇ ਉੱਪਰ ਚੜ੍ਹੇ ਫੁੱਲ ਸੁੰਘਣੇ ਨਾਸਿਕਾਸੇਵਾ ਹੈ. "ਜਉ ਗੁਰਦੇਉ ਤ ਦੁਆਦਸ ਸੇਵਾ." (ਭੈਰ ਨਾਮਦੇਵ)

ਦੁਆਦਸ ਦਲ: ਬਾਰਾਂ ਪਤ੍ਰ। ੨. ਯੋਗੀਆਂ ਦਾ ਕਲਪਿਆ ਹੋਇਆ ਬਾਰਾਂ ਪੰਖੜੀਆਂ ਦਾ ਮਣਿਪੂਰ ਚਕ੍ਰ. ਦੇਖੋ, ਖਟਚਕ੍ਰ. "ਦੁਆਦਸ ਦਲ ਅਭ ਅੰਤਰਿ ਮੰਤ." (ਭੈਰ ਕਬੀਰ) ਮਣਿਪੂਰ ਚਕ੍ਰ ਦੇ ਵਿੱਚ ਜਿਸ ਦਾ ਮੰਤ੍ਰ ਜਪੀਦਾ ਹੈ.

ਦੁਆਦਸਭੂਸਣ, ਦੁਆਦਸਭੂਖਣ: ਇਸਤ੍ਰੀਆਂ ਦੇ ਦ੍ਵਾਦਸ਼ (ਬਾਰਾਂ) ਅੰਗਾਂ ਦੇ ਗਹਿਣੇ:-

੧. ਸਿਰਭੂਸ਼ਣ, ੨. ਮਸੁਕਭੂਸ਼ਣ, ੩. ਨਾਸਿਕਾਭੂਸ਼ਣ, ੪. ਕੰਠਭੂਸ਼ਣ, ੬. ਕੰਨਾਂ ਦੇ ਭੂਸ਼ਣ, ੮. ਪਹੁੰਚਿਆਂ ਦੇ ਭੂਸ਼ਣ, ੯. ਆਰਸੀ ਮੁੰਦ੍ਰੀ ਆਦਿ ਉਂਗਲਾਂ ਦੇ ਭੂਸ਼ਣ, ੧੦. ਕਟਿਭੂਸ਼ਣ, ੧੨. ਚਰਣਾਂ ਦੇ ਭੂਸ਼ਣ.

ਸ਼ੁਭਗੁਣ ਰੂਪ ਇਸਤ੍ਰੀਆਂ ਦੇ ਬਾਰਾਂ ਭੂਸ਼ਣ.

ਸੀਲ ਔ ਲਾਜ ਮਿਠਾਸ ਬਤਾਨ ਮੋ

ਤੈਸ ਦ੍ਰਿਢਾਈ ਸਧਮੰ ਮਯੂਸ਼ਨ,

ਸਾਧੁਤਾ ਔ ਪਤਿਵ੍ਰੱਤ ਅਦੋਸ਼ ਮਿਤਾਈ

ਸਬੈ ਸੋਂ ਨ ਕਾਹੂੰ ਕੋ ਦੂਸ਼ਨ,

ਤੈਸ ਵਿਨੈ ਔ ਅਚਾਰ ਛਿਮਾ ਗੁਰੁ-

ਲੋਗਨ ਸੇਇਬੇ ਹੈ ਬਿਨ ਦੂਸ਼ਨ,

ਏਈ ਤਿਯਾਨ ਕੇ ਤੀਰਥ ਸੇ ਸੁਖ

ਕੀਰਤਿਕਾਰਿ ਦੁਆਦਸ ਭੂਸ਼ਨ,

ਦੇਖੋ, ਭੂਖਣ.

ਦੁਆਦਸ ਵਾਕ: ਬਾਰਾਂ ਵਾਕ੍ਯ. ਦੇਖੋ, ਦ੍ਵਾਦਸ ਮਹਾਵਾਕ. "ਆਦਿ ਦੁਆਦਸ ਵਾਕ ਬਖਾਨੇ." (ਨਾਪ੍ਰ)

ਦੁਆਦਸਿ: ਦੇਖੋ, ਦੁਆਦਸੀ.

ਦੁਆਦਸਿਮੁਦ੍ਰਾ: ਮਜਹਬੀ ਬਾਰਾਂ ਚਿੰਨ੍ਹ- ਜਨੇਊ, ਮ੍ਰਿਗਚਰਮ, ਮੁੰਜ ਦੀ ਤੜਾਗੀ, ਕਮੰਡਲੁ, ਸ਼ਿਖਾ, ਇਹ ਪੰਚ ਬ੍ਰਹਮਾਚਾਰੀ ਦੀ ਮੁਦ੍ਰਾ.

ਤਿਲਕ, ਕੰਠੀ, ਤੁਲਸੀਮਾਲਾ, ਤਿੰਨ ਵੈਸ਼ਨਵ ਮੁਦ੍ਰਾ.

ਰੁਦ੍ਰਾਕ੍ਸ਼ਮਾਲਾ, ਤ੍ਰਿਪੁੰਡ੍ਰ, ਸ਼ੈਵ ਮੁਦ੍ਰਾ.

ਮੁਦ੍ਰਾ (ਮੁੰਦਾ) ਯੋਗੀਮੁਦ੍ਰਾ.

ਤ੍ਰਿਦੰਡ ਸੰਨ੍ਯਾਸੀਮੁਦ੍ਰਾ. "ਦੁਆਦਸਿਮੁਦ੍ਰਾ ਮਨੁ ਅਉਧੂਤਾ." (ਬਿਲਾ ਥਿਤੀ ਮਃ ੧) ਬਾਰਾਂ ਮੁਦ੍ਰਾ ਤੋਂ ਮਨ ਉਪਰਾਮ ਹੋਗਿਆ ਹੈ। ੨. ਦ੍ਵਾਦਸੀ ਤਿਥਿ ਵਿੱਚ "ਭੇਖਮੁਦ੍ਰਾ" (ਦਿਖਾਵੇ ਦੇ ਚਿੰਨ੍ਹਾਂ) ਤੋਂ ਮਨ ਵਿਰਕ੍ਤ ਹੋਗਿਆ ਹੈ.

ਦੁਆਦਸੀ: ਸੰ. ਦ੍ਵਾਦਸ਼ੀ. ਚੰਦ੍ਰਮਾ ਦੇ ਪੱਖ ਦੀ ਬਾਰਵੀਂ ਤਿਥਿ. "ਦੁਆਦਸੀ ਦਇਆ ਦਾਨ ਕਰਿ ਜਾਣੈ." (ਬਿਲਾ ਥਿਤੀ ਮਃ ੧)

ਦੁਆਪਰ: ਸੰ. ਦ੍ਵਾਪਰ. ਸੰਗ੍ਯਾ- ਦੋ (ਸਤਯੁਗ ਅਤੇ ਤ੍ਰੇਤਾ) ਤੋਂ ਪਰਲਾ ਤੀਸਰਾ ਯੁਗ. ਦੇਖੋ, ਯੁਗ। ੨. ਸੰਸ਼ਯ. ਸੰਸਾ. ਸ਼ੱਕ.

ਦੁਆਪਰਿ, ਦੁਆਪੁਰਿ: ਦ੍ਵਾਪਰ ਯੁੱਗ ਵਿਚ. "ਦੁਆਪਰਿ ਪੂਜਾਚਾਰ." (ਗਉ ਰਵਿਦਾਸ) "ਦੁਆਪੁਰਿ ਧਰਮ ਦੁਇ ਪੈਰ ਰਖਾਏ." (ਰਾਮ ਮਃ ੩) "ਦਇਆ ਦੁਆਪਰਿ ਅਧੀ ਹੋਈ." (ਮਾਰੂ ਸੋਲਹੇ ਮਃ ੧)

ਦੁਆਬ, ਦੁਆਬਾ: ਸੰਗ੍ਯਾ- ਦੋ ਜਲਾਂ ਦੇ ਮੱਧ ਦਾ ਦੇਸ਼. ਦੋ ਦਰਿਆਵਾਂ ਦੇ ਵਿਚਲਾ ਦੇਸ਼. ਦ੍ਵੀਪ। ੨. ਖਾਸ ਕਰਕੇ ਸਤਲੁਜ ਅਤੇ ਬਿਆਸ ਦੇ ਮੱਧ ਦਾ ਦੇਸ਼। ੩. ਪੰਜਾਬ ਦੇ ਦੁਆਬਿਆਂ ਦੇ ਜੁਗਰਾਫੀਏ ਵਿਚ ਇਹ ਖਾਸ ਸੰਕੇਤ ਹਨ- ਬਿਸਤ, ਬਾਰੀ, ਰਚਨਾ, ਚਜ.[640]

ਦੁਆਰ: ਸੰ. ਦ੍ਵਾਰ. ਸੰਗ੍ਯਾ- ਦਰਵਾਜ਼ਾ. ਦਰ. "ਦੁਆਰਹਿ ਦੁਆਰਿ ਸੁਆਨ ਜਿਉ ਡੋਲਤ." (ਆਸਾ ਮਃ ੯) ੨. ਇੰਦ੍ਰੀਆਂ ਦੇ ਗੋਲਕ. "ਨਉ ਦੁਆਰੇ ਪ੍ਰਗਟ ਕੀਏ ਦਸਵਾ ਗੁਪਤ ਰਖਾਇਆ." (ਅਨੰਦੁ)

ਦੁਆਰਹਿ ਦੁਆਰਿ: ਕ੍ਰਿ. ਵਿ- ਦਰ ਬਦਰ. ਪ੍ਰਤਿ ਦਰਵਾਜ਼ੇ. ਦੇਖੋ, ਦੁਆਰ.

ਦੁਆਰਕਾ: ਦੇਖੋ, ਦ੍ਵਾਰਾਵਤੀ.

ਦੁਆਰਕੇਅ: ਦ੍ਵਾਰਿਕੇਯ. ਵਿ- ਦ੍ਵਾਰਕਾ ਨਾਲ ਸੰਬੰਧ ਰੱਖਣ ਵਾਲਾ। ੨. ਸੰਗ੍ਯਾ- ਕ੍ਰਿਸ਼ਨਦੇਵ. (ਸਨਾਮਾ)

ਦੁਆਰਕੇਅਨਨਿ: ਸੰਗ੍ਯਾ- ਦ੍ਵਾਰਕਾ ਵਾਲੇ (ਕ੍ਰਿਸ਼ਨ ਜੀ) ਦੀ ਰਾਣੀ, ਯਮੁਨਾ. (ਸਨਾਮਾ)

ਦੁਆਰਕੇਂਦ੍ਰ: ਸੰਗ੍ਯਾ- ਦ੍ਵਾਰਕਾ ਦਾ ਸ੍ਵਾਮੀਂ, ਕ੍ਰਿਸ਼ਨ ਦੇਵ. (ਸਨਾਮਾ)

ਦੁਆਰਪਾਲ: ਸੰਗ੍ਯਾ- ਦ੍ਵਾਰਪਾਲ. ਡਿਹੁਡੀ ਬਰਦਾਰ. ਦਰਵਾਜ਼ੇ ਦਾ ਪਹਿਰੂ.

---

[640] ਬਿਆਸ ਸਤਲੁਜ "ਬਿਸਤ," ਬਿਆਸ ਰਾਵੀ "ਬਾਰੀ", ਰਾਵੀ ਚਨਾਬ "ਰਚਨਾ," ਚਨਾਬ ਜਿਹਲਮ "ਚਜ".

ਦੁਆਰ ਬਾਰ: ਦੇਖੋ, ਬਾਰ.

ਦੁਆਰਾਵਤੀ: ਦੇਖੋ, ਦ੍ਵਾਰਾਵਤੀ.

ਦੁਆਰਾ: ਸੰਗ੍ਯਾ- ਦ੍ਵਾਰਿਕਾ. "ਕਾਸੀ ਕਾਂਤੀ ਪੁਰੀ ਦੁਆਰਾ." (ਮਾਰੂ ਸੋਲਹੇ ਮਃ ੧) ੨. ਦਰਵਾਜ਼ਾ. ਦ੍ਵਾਰ। ੩. ਵ੍ਯ- ਜ਼ਰੀਅ਼ਹ ਸੇ. ਵਸੀਲੇ ਤੋਂ. "ਗੁਰ ਦੁਆਰੈ ਕੇ ਪਾਵਏ. (ਆਸਾ ਛੰਤ ਮਃ ੩)

ਦੁਆਰਿ: ਦ੍ਵਾਰ (ਦਰ) ਤੇ, ਬੂਹੇ ਉੱਪਰ. ਦੇਖੋ, ਦੁਆਰ। ੨. ਦ੍ਵਾਰਾ. ਮਾਰਫਤ. ਦੇਖੋ, ਦੁਆਰਾ ੩.

ਦੁਆਰਿਕਾ: ਦੇਖੋ, ਦ੍ਵਾਰਾਵਤੀ.

ਦੁਆਰੀ: ਸੰਗ੍ਯਾ- ਛੋਟਾ ਦਰਵਾਜ਼ਾ. ਤਾਕੀ। ੨. ਬਜਰਿਅ਼ਹ. ਮਅ਼ਰਫ਼ਤ. "ਪਾਈਐ ਗੁਰੂ ਦੁਆਰੀ." (ਸੋਰ ਮਃ ੫)

ਦੁਆਰੁ: ਦੇਖੋ, ਦੁਆਰ.

ਦੁਆਰੈ: ਵ੍ਯ- ਦੇਖੋ, ਦੁਆਰਾ ੩। ੨. ਭਾਂਤ (ਪ੍ਰਕਾਰ) ਸੇ. ਢੰਗ ਨਾਲ. "ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ." (ਵਾਰ ਬਿਲਾ ਮਃ ੩)

ਦੁਆਲ: ਸੰਗ੍ਯਾ- ਦੀਵਾਰ. ਕੰਧ। ੨. ਫ਼ਾ. دوال ਦੁਵਾਲ. ਚਮੜੇ ਦਾ ਤਸਮਾ. "ਦੁਆਲ ਪਾਰੰ ਪਧਾਰੰ." (ਵਿਚਿਤ੍ਰ) ਦੇਖੋ, ਚਿਲਤਾ। ੩. ਬਾਜ਼ ਦੇ ਪੈਰੀਂ ਪਾਇਆ ਚਮੜੇ ਦਾ ਤਸਮਾ। ੪. ਤਲਵਾਰ, ਜੋ ਬਹੁਤ ਚਮਕੀਲੀ ਹੋਵੇ। ੫. ਨਗਾਰਾ ਬਜਾਉਣ ਦੀ ਚੰਮ ਦੀ ਬੱਧਰੀ। ੬. ਛਲ. ਕਪਟ.

ਦੁਆਲਭਾਥਾ: ਦੁਵਾਲਭਾਥਾ. ਸੰਗ੍ਯਾ- ਚੰਮ ਦੀ ਦੁਵਾਲ (ਬੱਧਰੀ), ਜਿਸ ਨਾਲ ਭੱਥਾ (ਤੀਰਕਸ਼) ਬੰਨ੍ਹਿਆ ਹੋਵੇ.

ਦੁਆਲਾ: ਸੰਗ੍ਯਾ- ਗਿਰਦਾ. ਘੇਰਾ। ੨. ਦੇਵਾਲਯ. ਦੇਵਤਾ ਦਾ ਮੰਦਿਰ.

ਦੁਆਲੈ: ਕ੍ਰਿ. ਵਿ- ਚੁਫੇਰੇ. ਆਲੇ ਦੁਆਲੇ. "ਮਸਤਕਿ ਪਦਮੁ ਦੁਆਲੈ ਮਣੀ." (ਰਾਮ ਬੇਣੀ) ਮਸਤਕ ਵਿੱਚ ਹਜ਼ਾਰ ਦਲ ਦਾ ਕਮਲ ਹੈ ਜਿਸ ਦੇ ਚੁਫੇਰੇ ਮਣੀ ਵਾਂਙ ਪ੍ਰਕਾਸ਼ਕ ਦਲ (ਪਤ੍ਰ) ਹਨ.

ਦੁਐ, ਦੁਇ: ਵਿ- ਦ੍ਵਿ. ਦੋ. "ਦੁਇ ਕਰ ਜੋੜਿ ਕਰਉ ਅਰਦਾਸਿ." (ਸੂਹੀ ਮਃ ੫) ੨. ਦ੍ਵੈਤ. ਦੇਖੋ, ਬਰੀ.

ਦੁਇ ਅਖਰ: ਦੋ ਅੱਖਰ "ਵਾਹ", "ਸਤਿ" ਅਥਵਾ "ਰਾਮ" "ਦੁਇ ਅਖਰ ਦੁਇ ਨਾਵਾ." (ਬੰਸ ਮਃ ੧) ਇਹ ਦੋ ਅੱਖਰ ਸੰਸਾਰਸਾਗਰ ਤੋਂ ਤਾਰਣ ਲਈ ਨੌਕਾ ਰੂਪ ਹਨ.

ਦੁਇ ਸਿਰੇ: ਦੇਖੋ, ਦੁਹਾ ੧.

ਦੁਇ ਸੁਰ: ਦੋ ਸ੍ਵਰ. ਇੜਾ ਪਿੰਗਲਾ.

ਦੁਇ ਤੂੰ ਬਰੀ: ਦੇਖੋ, ਬਰੀ.

ਦੁਇ ਦੀਵੇ: ਦੋ ਦੀਪਕ, ਚੰਦ੍ਰਮਾ ਅਤੇ ਸੂਰਜ. "ਦੁਇ ਦੀਵੇ ਚਉਦਹ ਹਟਨਾਲੇ." (ਵਾਹ ਸੂਹੀ ਮਃ ੧) ੨. ਦੋ ਨੇਤ੍ਰ.

ਦੁਇ ਨਾਵਾ: ਦੇਖੋ, ਦੁਇ ਅਖਰ.

ਦੁਇ ਪਖ: ਦੋ ਪਕ੍ਸ਼. ਪੇਉਕੇ ਅਤੇ ਸਾਹੁਰੇ। ੨. ਲੋਕ ਪਰਲਕੋ. "ਦੁਖੀ ਦੁਹਾਗਨਿ ਦੁਇ ਪਖ ਹੀਨੀ." (ਸੂਹੀ ਰਵਿਦਾਸ) ੩. ਵਿਹਾਰ ਅਤੇ ਪਰਮਾਰਥ। ੪. ਮਹੀਨੇ ਦਾ ਅੰਧੇਰਾ ਅਤੇ ਚਾਨਣਾ ਪੱਖ.

ਦੁਇ ਪੰਖੀ, ਦੁਇ ਪੰਖੇਰੂ: ਦੋ ਪੰਛੀ. "ਨਾਨਕ ਤਰਵਰੁ ਏਕੁ ਫਲ ਦੁਇ ਪੰਖੇਰੂ ਆਹਿ." (ਵਾਰ ਬਿਹਾ ਮਃ ੩)

"द्वा सुपर्णा सयुजा सखाया समानं वृक्षं परिषस्व जाते।

तयोरन्यः पिप्पलं स्वाद्वत्त्यनअनन्नन्यो अभि चाकशीति. " (ਨਿਰੁਕ੍ਤ ਅਃ ੧੪)

ਦੋ ਪਕ੍ਸ਼ੀ (ਜੀਵਾਤਮਾ ਅਤੇ ਈਸ਼੍ਵਰ) ਸਦਾ ਸਾਥ ਰਹਿਣ ਵਾਲੇ ਮਿਤ੍ਰ ਹਨ, ਦੋਵੇਂ ਇੱਕ ਬਿਰਛ (ਸ਼ਰੀਰ) ਨੂੰ ਅਲਿੰਗਨ ਕਰੇ ਹੋਏ ਹਨ. ਉਨ੍ਹਾਂ ਵਿੱਚੋਂ ਇੱਕ (ਜੀਵਾਤਮਾ) ਸ੍ਵਾਦੁਫਲ (ਕਰਮਫਲ) ਨੂੰ ਖਾਂਦਾ ਹੈ, ਦੂਸਰਾ (ਈਸ਼੍ਵਰ) ਨਾ ਖਾਂਦਾ ਹੋਇਆ ਕੇਵਲ ਦੇਖਦਾ ਹੀ ਹੈ.

ਦੁਇ ਪੰਦੀ: ਦੋ ਪੰਦ (ਸਿਖ੍ਯਾ) ਦੇਣ ਵਾਲੇ, ਹਿੰਦੂ ਮੁਸਲਮਾਨ ਮਤ ਦੇ ਉਪਦੇਸ਼ਕ. "ਦੁਇ ਪੰਦੀ ਦੁਇ ਰਾਹ ਚਲਾਏ." (ਮਾਰੂ ਸੋਲਹੇ ਮਃ ੧) ਦੇਖੋ, ਦੁਇ ਰਾਹ.

ਦੁਇਫਲ: ਸੁਖ ਦੁਖ. ਲਾਭ ਹਾਨੀ. "ਸੰਸਾਰ ਬਿਰਖ ਕਉ ਦੁਇ ਫਲ ਲਾਏ." (ਬਸੰ ਮਃ ੩)

ਦੁਇ ਬਾਪ: ਦੇਖੋ, ਦੁਇ ਮਾਈ.

ਦੁਇ ਭਾ: ਵਿ- ਦ੍ਵਿਗੁਣ. ਦੋ ਗੁਣਾ. ਦੋ ਗੁਣੀ. "ਇਕੁ ਭਾਉ ਲਥੀ ਨਾਤਿਆ, ਦੁਇਭਾ ਚੜੀਅਸੁ ਹੋਰ." (ਵਾਰ ਸੂਹੀ ਮਃ ੧)

ਦੁਇ ਮਾਈ: ਦੋ ਮਾਤਾ. "ਦੁਇ ਮਾਈ ਦੁਇ ਬਾਪਾ ਪੜੀਅਹਿ." (ਬਸੰ ਮਃ ੧) ਮਨ ਬਾਲਕ ਦੀ ਅਵਿਦ੍ਯਾ ਅਤੇ ਮਾਇਆ ਮਾਤਾ, ਈਸ਼੍ਵਰ ਅਤੇ ਜੀਵ ਪਿਤਾ.

ਦੁਇ ਮੁਏ: ਦੇਖੋ, ਏਕ ਮਰੰਤੇ.

ਦੁਇ ਰਾਹ: ਦੋ ਮਾਰਗ. ਪ੍ਰਵ੍ਰਿੱਤੀ ਨਿਵ੍ਰਿੱਤੀ। ੨. ਹਿੰਦੂ ਮੁਸਲਮਾਨ। ੩. ਆਸ੍ਤਿਕਤਾ ਅਤੇ ਨਾਸ੍ਤਿਕਤਾ. "ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ." (ਧਨਾ ਛੰਤ ਮਃ ੧)

ਦੁਇ ਰਾਹੁ: ਦੇਖੋ, ਦੁਇ ਰਾਹ। ੨. ਦੋ ਖੰਡ ਹੋਇਆ ਰਾਹੁ. ਰਾਹੁ ਅਤੇ ਕੇਤੁ. ਪੁਰਾਣਕਥਾ ਹੈ ਕਿ ਰਾਹੂ ਦੇ ਦੋ ਟੋਟੇ ਵਿਸ਼ਨੁ ਨੇ ਕਰ ਦਿੱਤੇ ਸਨ. "ਜੇ ਦੇਹੈ ਦੁਖ ਲਾਈਐ ਪਾਪ ਕਰਹ ਦੁਇ ਰਾਹੁ." (ਵਾਰ ਮਾਝ ਮਃ ੧)

ਦੁਇ ਲੋਚਨ: ਦੋ ਨੇਤ੍ਰ. ਸ੍ਥੂਲ ਅਤੇ ਸੂਕ੍ਸ਼ਮ ਨੇਤ੍ਰ. ਸ਼ਾਰੀਰਕ ਅਤੇ ਆਤਮਿਕ ਨੇਤ੍ਰ. "ਦੁਇ ਦੁਇ ਲੋਚਨ ਪੇਖਾ ! ਹਉ ਹਰਿ ਬਿਨੁ ਅਉਰੁ ਨ ਦੇਖਾ." (ਸੋਰ ਕਬੀਰ)

ਦੁਈ: ਵਿ- ਦੂਜੀ. ਦੂਸਰੀ। ੨. ਸੰਗ੍ਯਾ- ਦ੍ਵੈਤ. ਦੁਵਿਧਾ। ੩. ਕ੍ਰਿ. ਵਿ- ਦੋਵੇਂ. ਦੋਨੋਂ. "ਹਰਿ ਹਰਿ- ਜਨ ਦੁਈ ਏਕ ਹੈਂ." (ਵਿਚਿਤ੍ਰ)

ਦੁਈਆ: ਵਿ- ਦ੍ਵਿਤੀਯ. ਦੂਜਾ. ਦੂਸਰਾ. "ਅਵਰੁ ਨ ਭਾਵੈ ਬਿਨ ਹਰਿ ਕੋ ਦੁਈਆ." (ਬਿਲਾ ਅਃ ਮਃ ੪)

ਦੁਸ: ਸੰ. दुष. ਧਾ- ਅਸ਼ੁੱਧ ਹੋਣਾ, ਬੁਰਾ ਆਚਾਰ ਕਰਨਾ। ੨. ਸੰਗ੍ਯਾ- ਦੋਸ਼. ਕਲੰਕ. "ਗੁਨ ਗਾਵਤ ਛੀਪਾ ਦੁਸ ਟਾਰਿਓ." (ਨਟ ਮਃ ੪) ਛੀਂਬੇ ਦਾ ਦੋਸ਼ ਟਾਰਿਆ (ਮਿਟਾਇਆ).

ਦੁਸਹ, ਦੁਸਹਿ: ਸੰ. ਦੁःਸਹ. ਵਿ- ਜਿਸ ਦਾ ਸਹਾਰਨਾ ਔਖਾ ਹੋਵੇ. "ਦੁਸਹ ਦੁਖ ਭਵ ਖੰਡਨੋ." (ਰਾਮ ਛੰਤ ਮਃ ੫) ੨. ਡਿੰਗ. ਸੰਗ੍ਯਾ- ਦੁਸ਼ਮਣ. ਵੈਰੀ.

ਦੁਸਕਰ: ਸੰ. ਦੁਸ਼੍ਕਰ ਵਿ- ਜਿਸ ਦਾ ਕਰਨਾ ਔਖਾ ਹੋਵੇ.

ਦੁਸਟ, ਦੁਸਟੁ: ਸੰ. ਦੁਸ਼੍ਟ. ਵਿ- ਦੋਸ਼ ਸਹਿਤ. ਕਲੰਕੀ। ੨. ਖੋਟਾ. ਦੁਰਜਨ. "ਦੁਸਟ ਦੂਤ ਪਰਮੇਸਰਿ ਮਾਰੇ." (ਗਉ ਮਃ ੫) "ਦੁਸਟ ਦੋਖਿ ਤੈਂ ਲੇਹੁ ਬਚਾਈ." (ਚੌਪਈ) ੩. ਵੈਰੀ. ਦੁਸ਼ਮਣ (द्वेष) "ਸਤ੍ਰੁ ਸਬਦ ਪ੍ਰਿਥਮੈ ਕਹੋ ਅੰਤ ਦੁਸਟ ਪਦ ਭਾਖ." (ਸਨਾਮਾ) ਸਤ੍ਰੁਦੁਸਟ. ਵੈਰੀ ਦੀ ਵੈਰਣ, ਤਲਵਾਰ.

ਦੁਸਟ ਆਤਮਾ: ਦੇਖੋ, ਦੁਸਟਾਤਮਾ ਅਤੇ ਦੁਸਟੁ ਆਤਮਾ.

ਦੁਸਟਚਉਕੜੀ: ਸੰਗਯਾ- ਦੁਸ਼੍ਟਮੰਡਲੀ. ਪਾਮਰਾਂ ਦੀ ਟੋਲੀ. "ਦੁਸਟਚਉਕੜੀ ਸਦਾ ਕੂੜ ਕਮਾਵਹਿ, ਨਾ ਬੂਝਹਿ ਵੀਚਾਰੇ." (ਸੋਰ ਮਃ ੩) ੨. ਦੁਰਯੋਧਨ, ਦੁਃਸ਼ਾਸਨ, ਕਰਣ ਅਤੇ ਸ਼ਕੁਨਿ, ਇਨ੍ਹਾਂ ਚੌਹਾਂ ਦੀ ਟੋਲੀ.

ਦੁਸਟਤਾ: ਸੰਗਯਾ- ਦੁਸ਼੍ਟਤਾ. ਨੀਚਤਾ. ਖੋਟਿਆਈ. ਬਦੀ.

ਦੁਸਟਦਮਨ: ਵਿ- ਦੁਸ਼੍ਟਦਮਨ. ਦੁਸ਼੍ਟ (ਪਾਮਰਾਂ) ਨੂੰ ਦਮਨ (ਕੁਚਲਣ) ਵਾਲਾ. ਖੋਟਿਆਂ ਨੂੰ ਮਾਰਨ ਵਾਲਾ। ੨. ਸੰਗਯਾ- ਰਤਨਮਾਲ ਅਤੇ ਗੁਰਪ੍ਰਤਾਪਸੂਰਜ ਅਨੁਸਾਰ ਗੁਰੂ ਗੋਬਿੰਦਸਿੰਘ ਸਾਹਿਬ ਦਾ ਉਹ ਰੂਪ, ਜੋ ਹੇਮਕੁੰਟ ਤੇ ਤਪਸਾਧਨ ਕਰ ਰਿਹਾ ਸੀ. "ਤਪਨ ਤਪੋ ਨਿਤ ਉਗ੍ਰ ਤੇਜ ਹ੍ਵੈ, ਦੁਸਟਦਮਨ ਨਿਜ ਨਾਮ ਧਰਾਇ." (ਗੁਪ੍ਰਸੂ)

ਦੁਸਟਨੀ: ਵਿ- ਦੁਸ਼੍ਟਤਾ ਵਾਲੀ. ਦੁਸ਼੍ਟਾ। ੨. ਸੰਗਯਾ- ਦੁਸ਼੍ਟ (ਵੈਰੀ) ਦੀ ਅਨੀ (ਫ਼ੌਜ). (ਸਨਾਮਾ)

ਦੁਸਟਭਾਉ: ਸੰਗਯਾ- ਦੁਸ਼੍ਟਭਾਵ. ਖੋਟਾ ਖ਼ਿਆਲ. ਨੀਚਪ੍ਰਕ੍ਰਿਤਿ. ਨੀਚਤਾ. ਬਦੀ. "ਦੁਸਟਭਾਉ ਤਜਿ ਨਿੰਦ ਪਰਾਈ." (ਮਲਾ ਮਃ ੧)

ਦੁਸਟਾਂਤਕਰ: ਵਿ- ਦੁਸ਼੍ਟ ਦਾ ਅੰਤ ਕਰਨ ਵਾਲਾ. ਦੁਸ਼੍ਟਨਾਸ਼ਕ। ੨. ਸੰਗਯਾ- ਤੀਰ. (ਸਨਾਮਾ) ਅਵਾਣ ਲਿਖਾਰੀਆਂ ਨੇ ਇਸ ਦੇ ਦੋ ਅਸ਼ੁੱਧ ਪਾਠ ਦਸਮਗ੍ਰੰਥ ਵਿੱਚ ਲਿਖੇ ਹਨ- ਦਸਟਾਂਤਕਰ ਅਤੇ ਦ੍ਰਿਸਟਾਂਤਕਰ.

ਦੁਸਟਾਤਮਾ: ਸੰ. दुष्टात्मन. ਵਿ- ਖੋਟੇ ਦਿਲ ਵਾਲਾ. ਜਿਸ ਦੇ ਮਨ ਬਦੀ ਵਸਦੀ ਹੈ.

ਦੁਸਟਾਰਿਓ: ਦੇਸ਼- ਟਾਰਿਓ. ਦੇਖੋ, ਦੁਸ ੨.

ਦੁਸਟਾਰੀ: ਦੁਸ਼੍ਟ- ਅਰੀ. ਪਾਮਰ ਵੈਰੀ. ਅਕਾਰਣ ਵੈਰ ਕਰਨ ਵਾਲੇ ਲੋਕ. "ਹਰਿ ਜਪਿ ਮਲਨ ਭਏ ਦੁਸਟਾਰੀ." (ਰਾਮ ਅਃ ਮਃ ੫) ਹਰਿਜਪ ਦ੍ਵਾਰਾ ਪਾਮਰ ਵੈਰੀ ਨਿਰਾਸ ਹੋ ਗਏ, ਉਨ੍ਹਾਂ ਨੂੰ ਕਾਮਯਾਬੀ ਨਾ ਹੋਈ. "ਰਿਦ ਅੰਤਰਿ ਦੁਸਟਿ ਦੁਸਟਾਰੀ." (ਦੇਵ ਮਃ ੪) ਨੀਚ ਸ਼ਤ੍ਰੂਆਂ ਦੇ ਦਿਲ ਵਿੱਚ ਦੁਸ਼੍ਟਤਾ ਹੈ.

ਦੁਸਟਿ, ਦੁਸਟੀ: ਸੰ. ਦੁਸ਼੍ਟਿ. ਸੰਗਯਾ- ਦੁਸ਼੍ਟਤਾ. ਨੀਚਤਾ. ਖੋਟਿਆਈ. ਬਦੀ. "ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ?" (ਸੋਰ ਮਃ ੩) "ਵਿਚਿ ਹਉਮੈ ਦੁਸਟੀ ਪਾਈ." (ਸ੍ਰੀ ਮਃ ੩)

ਦੁਸਟੀਸਭਾ: ਦੁਸ਼੍ਟਤਾ ਵਾਲਿਆਂ ਦੀ ਸਭਾ. ਦੁਸ਼੍ਟਮੰਡਲੀ। ੨. ਦੁਸ਼੍ਟਾਂ ਦੀ ਸੰਗਤਿ ਦ੍ਵਾਰਾ. "ਦੁਸਟੀਸਭਾ ਵਿਗੁਚੀਐ." (ਪ੍ਰਭਾ ਅਃ ਮਃ ੧)

ਦੁਸਟੁ: ਦੇਖੋ, ਦੁਸਟ. "ਦੁਸਟੁ ਅਹੰਕਾਰੀ ਮਾਰਿ ਪਚਾਏ." (ਗੋਂਡ ਅਃ ਮਃ ੫)

ਦੁਸਟੁ ਆਤਮਾ: ਦੇਖੋ, ਦੁਸਟਾਤਮਾ. "ਦੂਜੇ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ." (ਸ੍ਰੀ ਮਃ ੩) ਦੁਸ਼੍ਟਾਤਮਾ ਲੋਕ ਤੇਰੀ ਪ੍ਰਜਾ ਹੈ.

ਦੁਸ਼ਤ: ਫ਼ਾ. دشت ਵਿ- ਬੁਰਾ. ਖੋਟਾ. ਦੇਖੋ, ਸੰ. ਦੁਸਟ (ਦੁਸ਼੍ਟ)

ਦੁਸਤਰ: ਸੰ. ਦੁਸ੍ਤਰ. ਵਿ- ਜਿਸ ਤੋਂ ਤਰਨਾ ਅਤੇ ਪਾਰ ਜਾਣਾ ਮੁਸ਼ਕਲ ਹੋਵੇ.

ਦੁਸਤੂਰ: ਦੇਖੋ, ਦਸਤੂਰ.

ਦੁਸ਼ਨਾਮ: ਫ਼ਾ. دشنام ਸੰਗਯਾ- ਗਾਲੀ. ਨਾਮ ਦੂਸ਼ਿਤ ਕਰਨ ਦੀ ਕ੍ਰਿਯਾ. "ਦੁਸਨਾਮ ਦੇਤ ਤਬ ਗੁਰੂ ਕਉ." (ਗੁਵਿ ੬)

ਦੁਸਮਣ, ਦੁਸਮਨ: ਫ਼ਾ. دشمن ਦੁਸ਼ਮਨ. ਸੰਗਯਾ- ਵੈਰੀ. ਸ਼ਤ੍ਰੁ. ਦੂਸ਼ਿਤ ਹੈ ਮਨ ਜਿਸ ਦਾ. "ਦੂਤ ਦੁਸਮਣ ਸਭ ਸਜਣ ਹੋਏ."

(ਮਾਝ ਮਃ ੫) "ਦੁਸਮਨ ਕਢੇ ਮਾਰਿ." (ਵਾਰ ਮਾਝ ਮਃ ੧)

ਦੁਸ਼ਮਨ ਗਜ਼ੰਦ: ਫ਼ਾ. دشمن گزند ਵਿ- ਦੁਸ਼ਮਨ ਤੋਂ ਬਦਲਾ ਲੈਣ ਵਾਲਾ। ੨. ਵੈਰੀ ਨੂੰ ਨੁਕ਼ਸਾਨ ਪੁਚਾਉਣ ਵਾਲਾ.

ਦੁਸ਼ਮਨੀ: ਫ਼ਾ. دشمنی ਸੰਗਯਾ- ਸ਼ਤ੍ਰੁਤਾ. ਵੈਰ.

ਦੁਸਰ: ਕ੍ਰਿ. ਵਿ- ਦੂਜੇ ਪਾਸੇ. ਦੂਜੀ ਵੱਲ. "ਰੰਗ ਸ੍ਰੋਣਤ ਰੱਤ ਕੱਢੇ ਦੁਸਰੰ." (ਸੂਰਜਾਵ) ਤੀਰ ਦੂਜੇ ਪਾਸੇ ਕੱਢ- ਦਿੱਤੇ. ਦੇਖੋ, ਦੁਸਲ.

ਦੁਸਲ: ਦੋ- ਸ਼ਲ੍ਯ, ਦੇਖੋ, ਦੁਸਰ. ਜਦ ਸ਼ਰੀਰ ਨੂੰ ਭੇਦ ਕੇ ਤੀਰ ਪਾਰ ਨਿਕਲਦਾ ਹੈ ਤਦ ਦੋ ਛੇਦ ਹੋ ਜਾਂਦੇ ਹਨ। ੨. ਸੰਗਯਾ- ਦੁਃਸ਼ਲ. ਧ੍ਰਿਤਰਾਸ਼ਟ੍ਰ ਦਾ ਇੱਕ ਪੁਤ੍ਰ ਜੋ ਦੁਰਯੋਧਨ ਦਾ ਭਾਈ ਸੀ.

ਦੁਸਲਾ: ਸੰਗਯਾ- ਦੁਃਸ਼ਲਾ. ਗਾਂਧਾਰੀ ਦੇ ਉਦਰ ਤੋਂ ਰਾਜਾ ਧ੍ਰਿਤਰਾਸ਼ਟ੍ਰ ਦੀ ਪੁਤ੍ਰੀ. ਦੁਰਯੋਧਨ ਦੀ ਭੈਣ. ਇਹ ਸਿੰਧੁ ਦੇ ਰਾਜੇ ਜਯਦ੍ਰਥ ਨੂੰ ਵਿਆਹੀ ਗਈ ਸੀ. ਇਸ ਦੇ ਗਰਭ ਤੋਂ ਸੁਰਥ ਜਨਮਿਆ.

ਦੁਸਲੀ: ਵਿ- ਦੋ ਸ਼ਲ੍ਯ ਕਰਨ ਵਾਲਾ. ਤੀਰ ਨੂੰ ਸ਼ਰੀਰ ਵਿੱਚਦੀਂ ਪਾਰ ਕੱਢਣ ਵਾਲਾ. "ਕਿ ਕਾਮਾਦਿ ਦੁਸਲੀ." (ਦੱਤਾਵ) ਕਾਮਾਦਿ ਵਿਕਾਰਾਂ ਨੂੰ ਛੇਦਨ ਵਾਲਾ.

ਦੁਸ਼ਵਾਰ: ਫ਼ਾ. دشوار ਵਿ- ਕਠਿਨ. ਔਖਾ. ਮੁਸ਼ਕਿਲ। ੨. ਦੁਸਹ. ਜਿਸ ਦਾ ਸਹਾਰਨਾ ਔਖਾ ਹੈ.

ਦੁਸਾਸਨ: ਸੰ. ਦੁਃ ਸ਼ਾਸਨ. ਵਿ- ਜਿਸ ਪੁਰ ਹੁਕੂਮਤ ਕਰਨੀ ਔਖੀ ਹੋਵੇ. ਜੋ ਕਿਸੇ ਦਾ ਦਬਾਉ ਨਾ ਮੰਨੇ। ੨. ਸੰਗਯਾ- ਕੁਰੁਵੰਸ਼ੀ ਰਾਜਾ ਧ੍ਰਿਤਰਾਸ਼੍ਟ੍ਰ ਦਾ ਪੁਤ੍ਰ ਅਤੇ ਦੁਰਯੋਧਨ ਦਾ ਛੋਟਾ ਭਾਈ, ਜੋ ਦ੍ਰੋਪਦੀ ਨੂੰ ਰਣਵਾਸ ਵਿੱਚੋਂ ਕੇਸਾਂ ਤੋਂ ਫੜਕੇ ਸਭਾ ਵਿੱਚ ਲਿਆਇਆ ਸੀ. ਭੀਮਸੈਨ ਨੇ ਪ੍ਰਤਿਗ੍ਯਾ ਕੀਤੀ ਸੀ ਕਿ ਉਹ ਇਸ ਅਪਮਾਨ ਦੇ ਬਦਲੇ ਦੁਸਾਸਨ ਦਾ ਲਹੂ ਪੀਵੇਗਾ. ਸੋ ਕੁਰੁਕ੍ਸ਼ੇਤ੍ਰ ਦੇ ਯੁੱਧ ਵਿੱਚ ਸੋਲਵੇਂ ਦਿਨ ਦੁਸਾਸਨ ਦਾ ਪੇਟ ਪਾੜਕੇ ਭੀਮ ਨੇ ਲਹੂ ਦੀਆਂ ਚੁਲੀਆਂ ਪੀਤੀਆਂ. "ਅੰਦਰ ਸਭਾ ਦੁਸਾਸਨੈ ਮੱਥੇਵਾਲ ਦ੍ਰੋਪਤੀ ਆਂਦੀ." (ਭਾਗੁ)

ਦੁਸਾਂਝ: ਇੱਕ ਪਿੰਡ, ਜੋ ਜਿਲਾ ਜਲੰਧਰ, ਤਸੀਲ ਨਵਾਂਸ਼ਹਿਰ, ਥਾਣਾ ਬੰਗਾ ਵਿੱਚ ਰੇਲਵੇ ਸਟੇਸ਼ਨ ਬੰਗਾ ਤੋਂ ਦੱਖਣ ਦੋ ਮੀਲ ਹੈ. ਇੱਥੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ.

ਇਹ ਸਾਲਮ ਪਿੰਡ ਦਿੱਲੀ ਦੇ ਗੁਰਦ੍ਵਾਰਿਆਂ ਨੂੰ ਮਾਫ ਹੈ, ਇਸ ਬਾਬਤ ਸਨ ੧੯੨੦ ਦੇ ਬੰਦੋਬਸਤ ਸੰਬੰਧੀ ਮਾਲ ਦੇ ਕਾਗਜਾਂ ਵਿਚ ਹਵਾਲਾ ਇਉਂ ਹੈ-

"ਬਮੂਜਬ ਚਿੱਠੀ ਨੰਬਰ ੧੨, ਤਾਰੀਖ਼ ੨. ਨਵੰਬਰ ੧੮੪੭ ਗਵਰਨਮੇਂਟ ਹਿੰਦ, ਯਹ ਦੇਹ (ਪਿੰਡ) ਅਹਿਦਸਿੱਖਾਨ ਸੇ ਜਾਗੀਰ ਤਾ ਕਿਆਮ ਗੁਰਦ੍ਵਾਰਾਹਾਇ ਜੈਲ- ਸੀਸਗੰਜ, ਰਕਾਬਗੰਜ, ਬੰਗਲਾ- ਸਾਹਿਬ, ਬਾਲਾਸਾਹਿਬ, ਡੇਰਾ ਮਾਤਾ ਸੁੰਦਰੀ ਸਾਹਿਬ, ਔਰ ਮਾਤਾ ਸਾਹਿਬਦੇਵੀ ਸਾਹਿਬ, ਗੁਰਦ੍ਵਾਰਾ ਸ਼ਸਤ੍ਰਹਾਇ, ਵਾਕਿਆ ਦਿੱਲੀ, ਮੁਆਫ਼ ਹੈ."

ਦੁਸਾਂਝ ਕਲਾਂ: ਜ਼ਿਲਾ ਜਲੰਧਰ, ਤਸੀਲ ਥਾਣਾ ਫਲੌਰ ਵਿਚ ਇਹ ਪਿੰਡ ਹੈ. ਇਸ ਤੋਂ ਈਸ਼ਾਨ ਕੋਣ ਸ਼੍ਰੀ ਗੁਰੂ ਹਰਿਰਾਇ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਕਰਾਤਰਪੁਰੋਂ ਕੀਰਤਪੁਰ ਜਾਂਦੇ ਇੱਥੇ ਠਹਿਰੇ. ਗੁਰਦ੍ਵਾਰਾ ਬਣਿਆ ਹੋਇਆ ਹੈ. ਪੁਜਾਰੀ ਉਦਾਸੀ ਹੈ. ੧੯. ਘੁਮਾਉਂ ਜ਼ਮੀਨ ਦੇ ਖੂਹਾਂ ਸਮੇਤ ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਮੁਆ਼ਫ਼ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਮੰਡਾਲੀ ਤੋਂ ਢਾਈ ਮੀਲ ਦੱਖਣ ਹੈ.

ਦੁਸਾਰ: ਦੂਸਰੇ ਪਾਰ. ਦੇਖੋ, ਦੁਸਰ. "ਬਾਨ ਸਨਾਹ ਦੁਸਾਰ ਕਢੇ." (ਰਾਮਾਵ)

ਦੁਸਾਲਾ: ਸੰਗਯਾ- ਦੋਸ਼ਾਲਾ. ਪਸ਼ਮੀਨੇ ਦੀ ਦੋ ਸ਼ਾਲ (ਚਾਦਰਾਂ) ਦਾ ਜੋੜਾ, ਜਿਸ ਦੇ ਕਿਨਾਰੇ ਸੂਈ ਨਾਲ ਬੇਲ ਬੂਟਾ ਕੱਢਿਆ ਹੁੰਦਾ ਹੈ. "ਲੇ ਕਰ ਛਾਪ ਦੁਸਾਲਾ ਗਯੋ." (ਗੁਪ੍ਰਸੂ)

ਦੁਸੀਲ: ਸੰ. ਦੁঃ ਸ਼ੀਲ. ਵਿ- ਬੁਰੇ ਸੁਭਾਉ ਵਾਲਾ.

ਦੁਸਜੰਤ: ਸੰ. ਦੁਸ਼ਯੰਤ. ਮਹਾਭਾਰਤ ਅਨੁਸਾਰ ਇੱਕ ਪੁਰੁਵੰਸ਼ੀ ਰਾਜਾ, ਜੋ ਸ਼ਕੁੰਤਲਾ ਦਾ ਪਤੀ ਸੀ, ਜਿਸ ਦੇ ਮਹਾ ਪ੍ਰਤਾਪੀ ਭਰਤ ਪੁਤ੍ਰ ਜਨਮਿਆ, ਜਿਸ ਤੋਂ ਦੇਸ਼ ਦਾ ਨਾਉਂ "ਭਾਰਤ" ਹੋਇਆ. ਕਵਿ ਕਾਲਿਦਾਸ ਨੇ "ਅਭਿਗਜਾਨ ਸ਼ਾਕੁੰਤਲ" ਵਿੱਚ ਦੁਸ਼ਯੰਤ ਦੀ ਮਨੋਹਰ ਕਥਾ ਲਿਖੀ ਹੈ.

ਦੁਹ: ਸੰ. दुह्. ਧਾ- ਦੁੱਖ ਦੇਣਾ, ਹਿੰਸਾ ਕਰਨਾ, ਦੁੱਧ ਚੋਣਾ। ੨. ਸੰਗਜਾ- ਦੋਹਨ. ਦੁੱਧ ਚੋਣ ਦੀ ਕ੍ਰਿਯਾ. "ਗਲਾ ਬਾਂਧਿ ਦੁਹ ਲੇਇ ਅਹੀਰ." (ਸਾਰ ਨਾਮਦੇਵ) ੩. ਸੰ. ਦ੍ਵਿ. ਦੋ. "ਦੁਤੀਆ ਦੁਹ ਕਰਿ ਜਾਨੇ ਅੰਗ." (ਗਉ ਕਬੀਰ ਥਿਤੀ) ਮਾਇਆ ਅਤੇ ਬ੍ਰਹਮ.

ਦੁਹਸਾਸਨ: ਦੇਖੋ, ਦੁਸਾਸਨ. "ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ." (ਮਾਲੀ ਨਾਮਦੇਵ)

ਦੁਹਸਾਧ, ਦੁਹਸਾਧ੍ਯ: ਸੰ. ਦੁঃ ਸਾਧ੍ਯ. ਵਿ- ਜਿਸ ਦਾ ਸਿੱਧ ਕਰਨਾ ਔਖਾ ਹੋਵੇ. ਜਿਸ ਦਾ ਕਰਨਾ ਮੁਸ਼ਕਿਲ ਹੋਵੇ.

ਦੁਹਸੀਲ: ਦੇਖੋ, ਦੁਸੀਲ.

ਦੁਹਕਰ: ਸੰ. ਦੁਸ਼੍ਕਰ. ਵਿ- ਜੋ ਮੁਸ਼ਕਿਲ ਨਾਲ ਹੋ ਸਕੇ. ਜਿਸ ਦਾ ਕਰਨਾ ਔਖਾ ਹੋਵੇ.

ਦੁਹਕਰਮ: ਸੰ. ਦੁਸ਼੍ਕਮੰ. ਸੰਗਜਾ- ਨੀਚ ਕਰਮ. ਖੋਟਾ ਕਰਮ. ਕੁਕਰਮ. "ਕਰੈ ਦੁਹਕਰਮ, ਦਿਖਾਵੈ ਹੋਰ." (ਗਉ ਮঃ ੫) ਦਿਖਾਉਂਦਾ ਹੈ ਸ਼ੁਭ ਕਰਮ.

ਦੁਹਕ੍ਰਿਤ, ਦੁਹਕ੍ਰਿਤਿ: ਸੰ. दुष्कृति- ਦੁਸ਼੍ਕ੍ਰਿਤਿ. ਸੰਗਜਾ- ਬੁਰਾ ਕਰਮ. ਕੁਕਰਮ. "ਤਜ ਸਕਲ ਦੁਹਕ੍ਰਿਤ ਦੁਰਮਤੀ." (ਗੂਜ ਜੈਦੇਵ)

ਦੁਹਚਾਰ: ਸੰ. ਦੁਸ਼੍ਚਰਿਤ. ਸੰਗਜਾ- ਦੁਰਾਚਾਰ. ਬਦਚਲਨੀ। ੨. ਵਿ- ਬਦਚਲਨ. ਦੁਰਾਚਾਰੀ.

ਦੁਹਚਾਰਣਿ, ਦਾਹਚਾਰਣੀ, ਦੁਹਚਾਰੀ, ਦੁਹਚਾਰੀਆ: ਵਿ- ਦੁਸ਼੍ਚਰਿਤਾ. ਬੁਰੇ ਆਚਾਰਵਾਲੀ. ਖੋਟੇ ਚਲਨ ਵਾਲੀ. ਦੁਰਾਚਾਰੀ. ਬਦਚਲਨ. "ਦੁਹਚਾਰਣਿ ਬਦਨਾਉ." (ਵਾਰ ਸੋਰ ਮঃ ੩) ਦੁਹਚਾਰਣੀ ਕਹੀਐ ਨਿਤ ਹੋਇ ਖੁਆਰ. (ਮਲਾ ਅঃ ਮঃ ੩) "ਤੇ ਨਰ ਭਾਗ ਹੀਨ ਦੁਹਚਾਰੀ." (ਬਿਲਾ ਮঃ ੪) "ਹਮ ਮੈਲੁ ਭਰੇ ਦੁਹਚਾਰੀਆ." (ਸੂਹੀ ਮঃ ੪)

ਦੁਹਣਾ: ਦੇਖੋ, ਦੋਹਨ.

ਦੁਹਥੇ: ਦੋਨੋ ਸੇ. ਦੋਹਾਂ ਤੋਂ. "ਜਨਮ ਮਰਣ ਦੁਹਥੇ ਰਹੈ." (ਸੈਵੇਯੇ ਮঃ ੪. ਕੇ)

ਦੁਹੱਥੜ: ਸੰਗਜਾ- ਦੋਹਾਂ ਹੱਥਾਂ ਦਾ ਥੱਪੜ। ੨. ਸ਼ੋਕ ਨਾਲ ਦੋਹਾਂ ਹੱਥਾਂ ਦਾ ਸ਼ਰੀਰ ਤੇ ਮਾਰਣਾ (ਆਘਾਤ). "ਤੀਨ ਦੁਹੱਥੜ ਹਤ ਕਰ ਦੇਹੀ." (ਗੁਪ੍ਰਸੂ)

ਦੁਹਨ: ਦੇਖੋ, ਦੋਹਨ। ੨. ਦੇਖੋ, ਦੂਹਣ.

ਦੁਹਨਾਚਲ: ਦੇਖੋ, ਦ੍ਰੋਣਾਚਲ.

ਦੁਹਨੀ: ਦੇਖੋ, ਦੋਹਨੀ.

ਦੁਹਨੇਸ: ਦੇਖੋ, ਦੁਹਿਣੇਸ.

ਦੁਹਮਾਰਗ: ਕੁਮਾਰਗ. ਖੋਟਾ ਰਾਹ.

ਦੁਹਮਾਰਗਿ: ਕੁਮਾਰਗ ਵਿੱਚ. "ਦੁਹਮਾਰਗਿ ਪਚੈ ਪਚਾਈ ਹੇ." (ਮਾਰੂ ਸੋਲਹੇ ਮঃ ੧)

ਦੁਹਰ: ਸੰਗਯਾ- ਦੋ ਤਹਿ ਦਾ ਵਸਤ੍ਰ। ੨. ਦੋ ਵਾਰ ਵਾਹੀ ਜ਼ਮੀਨ.

ਦੁਹਰਾ: ਵਿ- ਦੋ ਤਹ ਦਾ। ੨. ਦੁਗੁਣਾ.

ਦੁਹਰਾਉਣਾ: ਕ੍ਰਿ- ਦੂਜੀ ਵਾਰ ਕਹਿਣਾ. ਕਿਸੇ ਕਾਰਯ ਨੂੰ ਦੂਜੀ ਵਾਰ ਕਰਨਾ.

ਦੁਹਰੀਚੋਬ: ਸੰਗਯਾ- ਨਗਾਰੇ ਤੇ ਦੋਹਾਂ ਡੰਕਿਆਂ ਦਾ ਇੱਕੋ ਵਾਰ ਪ੍ਰਹਾਰ। ੨. ਦੋਹਾਂ ਨਗਾਰਿਆਂ ਪੁਰ ਇਕੱਠਾ ਦੋ ਦੋ ਚੋਬਾਂ ਦਾ ਪ੍ਰਹਾਰ. "ਦੁਹਰੀ ਚੋਬ ਦਮਾਮੇ ਦੀਨ." (ਗੁਪ੍ਰਸੂ)

ਦੁਹਾ: ਵਿ- ਦੋਹਾਂ. ਦੋਨੋ. ਭਾਵ- ਲੋਕ ਪਰਲੋਕ ਅਤੇ ਉਤਪੱਤਿ ਪ੍ਰਲੈ. "ਦਹਾ ਸਿਰਿਆ ਦਾ ਖਸਮ ਆਪਿ." (ਸ੍ਰੀ ਅਃ ਮਃ ੫) ੨. ਦੋਹਨ ਕੀਤਾ. ਚੋਇਆ.

ਦੁਹਾਈ: ਸੰਗਯਾ- ਦੋਹਨ. (ਚੋਣ) ਦੀ ਕ੍ਰਿਯਾ. "ਗਊ ਦੁਹਾਈ ਬਛਰਾ ਮੇਲਿ." (ਭੈਰ ਨਾਮਦੇਵ) ੨. ਦੋਹਨ ਕਰਾਈ ਦੀ ਮਜ਼ਦੂਰੀ ਚੋਣ ਦੀ ਉਜਰਤ। ੩. ਦੇ ਹੱਥ ਉਠਾਕੇ ਆਹ੍ਵਾਨ (ਬੁਲਾਉਣ) ਦੀ ਕ੍ਰਿਯਾ. ਸਹਾਇਤਾ ਲਈ ਪੁਕਾਰਨ ਦੀ ਸੱਦ. "ਬੋਲਹੁ ਭਈਆ ! ਰਾਮ ਕੀ ਦੁਹਾਈ." (ਕੇਦਾ ਕਬੀਰ)

ਦੁਹਾਗ: ਸੰ. ਦੁਭੰਾਗਯ. ਸੰਗਯਾ- ਖੋਟੀ ਕ੍ਰਿਸਮਤ. ਮੰਦ ਭਾਗ। ੨. ਇਸਤ੍ਰੀ ਦੇ ਸਿਰੋਂ ਪਤਿ ਦਾ ਹੱਥ ਪਰੇ ਹੋਣਾ। ੩. ਰੰਡੇਪਾ.

ਦੁਹਾਗਣਿ, ਦੁਹਾਗਣੀ, ਦੁਹਾਗਨਿ, ਦੁਹਾਗਨੀ: ਸੁੰ. ਦੁਭੰਗਾ. ਵਿ- ਖੋਟੇ ਭਾਗਾਂ ਵਾਲੀ। ੨. ਵਿਧਵਾ. "ਦਸ ਨਾਰੀ ਮੈ ਕਰੀ ਦੁਹਾਗਨਿ." (ਪ੍ਰਭਾ ਅਃ ਮਃ ੫) ਦਸ ਇੰਦ੍ਰੀਆਂ ਮੈ ਰੰਡੀਆਂ ਕਰ ਦਿੱਤੀਆਂ. ਹੁਣ ਉਨ੍ਹਾਂ ਨਾਲ ਮਨ ਦਾ ਸੰਬੰਧ ਨਹੀਂ.

ਦੁਹਾਜੂ: ਸੰ. ਦ੍ਵਿਭਾਰ੍‍ਯੰ. ਵਿ- ਦੂਜੀ ਭਾਰਯਾ (ਵਹੁਟੀ) ਕਰਨ ਵਾਲਾ। ੨. ਆਨੰਦ ਦੀ ਰੀਤਿ ਬਿਨਾ ਕਿਸੇ ਵਿਧਵਾ ਇਸਤ੍ਰੀ ਨੂੰ ਘਰ ਪਾਉਣ ਵਾਲਾ। ੩. ਸੰ. ਦ੍ਵਾਜ। ਦੋਗਲਾ, ਜੋ ਇੱਕ ਬਾਪ ਦਾ ਨਹੀਂ.

ਦੁਹਾਵਨੀ: ਸੰਗਯਾ- ਦੋਹਨ (ਚੋਣ) ਦੀ ਮਜ਼ਦੂਰੀ. ਦੋਹਨ ਕਰਾਈ ਦੀ ਉਜਰਤ.

ਦੁਹਾਵੈ: ਦੋਹਨ ਕਰਾਵੈ. ਚੁਆਵੈ। ੨. ਦੋਹਨ ਕਰਦਾ ਹੈ. ਚੋਂਦਾ ਹੈ. "ਬੈਲ ਕਉ ਨੇਤ੍ਰਾ ਪਾਇ ਦੁਹਾਵੈ." (ਗਉ ਮਃ ੫)

ਦੁਹਿਣਾ: ਦੇਖੋ, ਦੋਹਨ.

ਦੁਹਿਤਾ: ਸੰ. ਦੁਹਿਤ੍ਰਿ. ਦੁਹਿਤਿ. ਦੁਖ਼ਤਰ. ਸੰਗਯਾ- ਕੰਨਯਾ. ਪੁਤ੍ਰੀ. ਧਾਰ ਕੱਢਣ ਵਾਲੀ. ਦੋਹਨ ਕਰਨ ਵਾਲੀ. ਕਿਤਨੇ ਆਖਦੇ ਹਨ ਕਿ ਕੰਨਯਾ ਗਊ ਚੋਣ ਦਾ ਕੰਮ ਕਰਦੀਆਂ ਸਨ, ਇਸ ਲਈ ਇਹ ਨਾਮ ਹੋਇਆ. ਕਈ ਆਖਦੇ ਹਨ ਕਿ ਕੰਨਯਾ ਮਾਤਾ- ਪਿਤਾ ਨੂੰ ਸਦਾ ਦੋਹਨ ਕਰਦੀ ਹੈ, ਇਸ ਲਈ ਦੁਹਿਤਾ ਹੈ.

ਦੁਹਿਨ: ਦੇਖੋ, ਦੋਹਨ ਅਤੇ ਦ੍ਰੁਹਿਣ.

ਦੁਹੀ: ਵਿ- ਦੋਨੋ. ਦੋਵੇਂ "ਦੁਹੀ ਸਰਾਈ ਖੁਨਾਮੀ ਕਹਾਏ." (ਸੂਹੀ ਮਃ ੫)

ਦੁਹੁ, ਦੁਹੂ: ਵਿ- ਦੋਵੇਂ. ਦੋਨੋਂ. ਦੋਹਾਂ. "ਦੁਹੁ ਮਿਲਿ ਕਾਰਜੁ ਊਪਜੈ." (ਸੁਖਮਨੀ) ੨. ਸੰਗਯਾ- ਦ੍ਵੰਦ੍ਵ. ਦੁੰਦ. ਪਰਸਪਰ ਵਿਰੋਧੀ ਪਦਾਰਥਾਂ ਦਾ ਜੋੜਾ. "ਦੁਹੁ ਵਿਚ ਹੈ ਸੰਸਾਰ." (ਵਾਰ ਰਾਮ ੧. ਮਃ ੩)

ਦੁਹੇਰਾ, ਦੁਹੇਰੀ, ਦੁਹੇਲੀ, ਦੁਹੇਲੀ: ਸੰ. ਦੁਹੇਂਲਾ. ਸੰਗਯਾ- ਔਖੀ ਖੇਡ. ਕਠਿਨ ਕੰਮ. "ਸੇਜ ਏਕ ਪੈ ਮਿਲਨ ਦੁਹੇਰਾ."(ਆਸਾ ਕਬੀਰ) ੨. ਵਿ- ਦੁਖੀ. "ਹਉ ਖਰੀ ਦੁਹੇਲੀ ਹੋਈ." (ਗਉ ਮਃ ੧) "ਤਿਸੁ ਬਿਨੁ ਤੂਹੀ ਦੁਹੇਰੀ." (ਆਸਾ ਮਃ ੫) ੩. ਔਖਾ. ਕਠਿਨ. "ਪੁਰ ਸਲਾਤ ਕਾ ਪੰਥੁ ਦੁਹੇਲਾ." (ਸੂਹੀ ਰਵਿਦਾਸ) ਦੇਖੋ, ਸਿਰਾਤ ੩. ਅਤੇ ਪੁਰ ਸਲਾਤ.

ਦੁਕ: ਦੇਖੋ. ਦੁੱਕ.

**ਦੁਕਧਾ, ਦੁਕੱਧਾ:** ਸੰਗਯਾ- ਵਮਨ. ਕ੍ਯ. ਡਾਕੀ. ਛਰਦ. "ਭੋਜਨ ਅੰਦਰ ਮਖ ਜਿਉ ਹੋਇ ਦੁਕਧਾ." (ਭਾਗੁ)

**ਦੁਕੜਾ, ਦੁਕੜੀ:** ਸੰਗਯਾ- ਦੋ ਦੀ ਜੋੜੀ. ਇੱਕ ਨਾਲ ਦੂਜੀ ਜੁੜੀ ਹੋਈ ਵਸਤੁ। ੨. ਦੋ ਘੋੜੇ ਦੀ ਬੱਘੀ.

**ਦੁਕਾਨ:** ਅ਼. دُکان ਦੁੱਕਾਨ. ਸੰਗਯਾ- ਹੱਟ. ਉਹ ਮਕਾਨ ਜਿਸ ਤੇ ਵਪਾਰ ਦੀਆਂ ਚੀਜ਼ਾਂ ਦਾ ਲੈਣ- ਦੇਣ ਹੋਵੇ.

**ਦੁਕਾਨਦਾਰ:** ਸੰਗਯਾ- ਦੁਕਾਨ ਦਾ ਮਾਲਿਕ, ਜੋ ਸੌਦਾ ਵੇਚਦਾ ਅਤੇ ਖ਼ਰੀਦਦਾ ਹੈ. ਵਪਾਰੀ.

**ਦੁਕਾਲ:** ਸੰ. ਦੁਸ਼੍ਕਾਲ. ਸੰਗਯਾ- ਅਕਾਲ. ਦੁਰਭਿਖ. ਕ਼ਹ਼ਤ. "ਆਦਿ ਦੁਕਾਲ ਹੋਤ ਉਤਪਾਤਾ." (ਨਾਪ੍ਰ) ੨. ਦੋ ਸਮੇਂ. ਦੋ ਵੇਲੇ. ਭਾਵ- ਜਨਮਮਰਣ. "ਦੁਕਾਲੰ ਪ੍ਰਣਾਸੀ ਦਯਾਲੰ ਸਰੂਪੇ." (ਜਾਪੁ)

**ਦੁਕਿ:** ਦੇਖੋ, ਦੁੱਕ.

**ਦੁਕੂਲ:** ਸੰ. ਸੰਗਯਾ- ਕਪੜਾ. ਵਸਤ੍ਰ. "ਲਿਯੇ ਦੁਕੂਲ ਅਛੇਰਾ." (ਗੁਪ੍ਰਸੂ) ੨. ਰੇਸ਼ਮੀ ਵਸਤ੍ਰ। ੩. ਦੋ- ਕੂਲ. ਦੋ ਕਿਨਾਰੇ. ਦੋ ਕੰਢੇ. "ਡੰਡ ਦੁਕੂਲ ਭਏ ਤਿਹ ਕੇ." (ਕ੍ਰਿਨਾਵ) ਦੋ ਬਾਹਾਂ ਉਸ ਨਦੀ ਦੇ ਦੋ ਕਿਨਾਰੇ ਹੋ ਗਏ.

**ਦੁੱਕ:** ਸੰਗਯਾ- ਦੋ ਦਾ ਜੋੜਾ. ਦੋ ਪਦਾਰਥ। ੨. ਸਿੰਘ ਦੀ ਗਰਜ. ਸਿੰਘਨਾਦ.

**ਦੁਕ੍ਰਿਤ:** ਦੇਖੋ, ਦੁਹਕ੍ਰਿਤ. "ਦੁਕ੍ਰਿਤ ਸੁਕ੍ਰਿੱਤ ਮੰਧੇ ਸੰਸਾਰ ਸਗਲਾਣਾ." (ਸ੍ਰੀ ਮਃ ੫)

**ਦੁਖ:** ਸੰ. ਦੁਃਖ੍. ਧਾ- ਦੁੱਖ ਦੇਣਾ, ਛਲ ਕਰਨਾ। ੨. ਸੰਗਯਾ- ਕਸ਼੍ਟ. ਕਲੇਸ਼. ਤਕਲੀਫ਼. ਸਾਂਖ੍ਯ ਸ਼ਾਸਤ੍ਰ ਅਨੁਸਾਰ ਦੁੱਖ ਤਿੰਨ ਪ੍ਰਕਾਰ ਦਾ ਹੈ-

(ੳ) ਆਧ੍ਯਾਤਮਿਕ- ਸ਼ਰੀਰ ਅਤੇ ਮਨ ਦਾ ਕਲੇਸ਼.

(ਅ) ਆਧਿਭੌਤਿਕ- ਜੋ ਵੈਰੀ ਅਤੇ ਪਸ਼ੂ ਪੰਛੀਆਂ ਤੋਂ ਹੋਵੇ.

(ੲ) ਆਧਿਦੈਵਿਕ- ਜੋ ਪ੍ਰਾਕ੍ਰਿਤ ਸ਼ਕਤੀਆਂ ਤੋਂ ਪਹੁਚਦਾ ਹੈ. ਜੈਸੇ- ਅੰਧੇਰੀ, ਬਿਜਲੀ ਦਾ ਡਿਗਣਾ, ਤਪਤ, ਸਰਦੀ ਆਦਿ. "ਦੁਖ ਸੁਖ ਹੀ ਤੇ ਭਏ ਨਿਰਾਲੇ." (ਮਾਰੂ ਸੋਲਹੇ ਮਃ ੧)

**ਦੁਖਹਰ, ਦੁਖਹਰਣ, ਦੁਖਹਰਤ, ਦੁਖਹਰਤਾ, ਦੁਖਹਰਨ:** ਵਿ- ਦੁੱਖ ਦੇ ਨਾਸ਼ ਕਾਰਨ ਵਾਲਾ. ਦੁੱਖ ਵਿਨਾਸ਼ਕ. "ਦੁਖਹਰ ਭੈਭੰਜਨ ਹਰਿ ਰਾਇਆ." (ਗਉ ਛੰਤ ਮਃ ੫) "ਦੁਖਹਰਣ ਦੀਨਸਰਣ ਸ੍ਰੀਧਰ ਚਰਨਕਮਲ ਅਰਾਧੀਐ." (ਗਉ ਛੰਤ ਮਃ ੫) "ਦੁਖਹਰਤ ਕਰਤਾ ਸੁਖਹ ਸੁਆਮੀ." (ਧਨਾ ਛੰਤ ਮਃ ੫) "ਦੁਖਹਰਤਾ ਹਰਿਨਾਮ ਪਛਾਨੋ." (ਬਿਲਾ ਮਃ ੯) "ਦੁਖਹਰਨ ਕਿਰਪਾ ਕਰਨ ਮੋਹਨ." (ਬਿਹਾ ਛੰਤ ਮਃ ੫)

**ਦੁਖਕਰ:** ਦੇਖੋ, ਦੁਸਕਰ. "ਤਿਨ ਕਾਮ ਕਰਜੋ ਦੁਖਕਰ." (ਕ੍ਰਿਸਨਾਵ)

**ਦੁਖਕਾਗਰ:** ਦੁਖ ਦੇਣ ਵਾਲੇ ਕਾਗਜ. ਧਰਮਰਾਜ ਦੀ ਵਹੀ ਦਾ ਹ਼ਿਸਾਬ. ਚਿਤ੍ਰਗੁਪਤ ਦੀ ਲਿਖਤ. "ਤਿਨ ਜਮਤ੍ਰਾਸ ਮਿਟਿਓ ਦੁਖਕਾਗਰ." (ਸਵੈਯੇ ਮਃ ੪. ਕੇ)

**ਦੁਖਣੂਤਾ:** ਦੇਖੋ, ਦਖੂਤਾ.

**ਦੁਖ਼ਤਰ:** ਫ਼ਾ. دختر ਸੰਗਯਾ- ਦੁਹਿਤ੍ਰਿ. ਦੁਹਿਤਾ. ਬੇਟੀ. ਦੇਖੋ, ਅੰ. daughter.

**ਦੁਖਦ:** ਵਿ- ਦੁ: ਖਦ. ਦੁਖਦਾਈ. ਦੁੱਖ ਦੇਣ ਵਾਲਾ.

**ਦੁਖ ਦਰਦ:** ਵਿ- ਭੈ ਦਾਇਕ ਦੁੱਖ. ਦਰਦ (ਡਰਾਵਣਾ) ਦੁੱਖ. "ਵਿਣ ਨਾਵੈ ਦੁਖ ਦਰਦ ਸਰੀਰ." (ਆਸਾ ਮਃ ੩) ਦੇਖੋ, ਦਰਦ.

ਦੁਖਦਾਇਕ, ਦੁਖਦਾਈ, ਦੁਖਦਾਯਕ: ਵਿ- ਦੁਃਖ ਦੇਣਵਾਲਾ. ਤਕਲੀਫ਼ਦਿਹ.

ਦੁਖਦਾਰੀ: ਵਿ- ਦੁੱਖਨਾਸ਼ਕ. ਦੁਃਖਵਿਦਾਰਕ. "ਨਿਰੰਕਾਰ ਦੁਖਦਾਰੀ." (ਸੋਰ ਮਃ ੫) ਦੇਖੋ, ਦਾਰੀ.

ਦੁਖ ਦਾਰੂ ਸੁਖ ਰੋਗ ਭਇਆ: ਮਿਹ਼ਨਤ ਕਰਨੀ ਦਵਾ ਹੈ, ਆਰਾਮ ਤ਼ਲਬੀ ਰੋਗ ਹੈ. ਦੇਖੋ, ਤਾਮਿ.

ਦੁਖਦਾਲ: ਵਿ- ਦੁਃਖ ਦਲਨ ਕਰਤਾ. ਦੁੱਖਾਂ ਦੇ ਪੀਹਣ ਵਾਲਾ. "ਹਰਿ ਦਾਰਦਭੰਜ ਦੁਖਦਾਲ." (ਨਟ ਪੜਤਾਲ ਮਃ ੪)

ਦੁਖਨਾਸ, ਦੁਖਨਾਸਕ, ਦੁਖਨਾਸਨ: ਵਿ- ਦੁਃਖ ਨਾਸ਼ ਕਰਨ ਵਾਲਾ. ਦੁੱਖ- ਵਿਨਾਸ਼ਕ. "ਭਵਖੰਡਨ ਦੁਖਨਾਸ ਦੇਵ." (ਬਸੰ ਮਃ ੫)

ਦੁਖਪ੍ਰਦ: ਵਿ- ਦੁਃਖ ਪ੍ਰਦ. ਦੁਖਦਾਇਕ. ਦੁਖਦਾਈ.

ਦੁਖਬਦੁਖ: ਦੁੱਖ ਪੁਰ ਦੁੱਖ. ਕਸ਼੍ਟ ਤੇ ਕਸ਼੍ਟ. ੨. ਕੇਵਲ ਦੁੱਖ. ਮਹਾਨ ਕਲੇਸ਼. ਦੇਖੋ, ਮਝ.

ਦੁਖਬਿਦਾਰਨ, ਦੁਖਭੰਜਨ: ਵਿ- ਦੁਃਖ ਦਾ ਨਾਸ਼ ਕਰਨ ਵਾਲਾ. ਦੁੱਖਵਿਨਾਸ਼ਕ "ਦੁਖਬਿਦਾਰਨ ਸੁਖਦਾਤੇ ਸਤਿਗੁਰੁ." (ਕਾਨ ਮਃ ੫) "ਦੁਖਭੰਜਨ ਗੁਣਤਾਸ." (ਬਾਵਨ)

ਦੁਖਭੰਜਨੀ: ਸ਼੍ਰੀ ਅਮ੍ਰਿਤਸਰ ਤਾਲ ਦੇ ਚੜ੍ਹਦੇ ਵੱਲ ਇੱਕ ਬੇਰੀ ਵਾਲੇ ਘਾਟ ਦਾ ਨਾਉਂ ਹੈ, ਜਿੱਥੇ ਦੁਨੀਚੰਦ ਖਤ੍ਰੀ (ਮਾਫੀਦਾਰ ਪੱਟੀ) ਦੀ ਇੱਕ ਪੁਤ੍ਰੀ ਦਾ ਕੁਸ਼੍ਠੀ ਪਤੀ ਸਨਾਨ ਕਰਕੇ ਅਰੋਗ ਹੋ ਗਿਆ ਸੀ. ਦੇਖੋ, ਅੰਮ੍ਰਿਤਸਰ.

ਦੁਖਮੂਤ੍ਰਾ: ਸੰਗਯਾ- ਦੁਃਖ ਸਾਥ ਮੂਤ੍ਰ ਦਾ ਆਉਣਾ. ਮੂਤ੍ਰ ਆਉਣ ਵੇਲੇ ਪੀੜ ਹੋਣੀ. ਦੇਖੋ, ਦੁਖੂਤ੍ਰਾ.

ਦੁਖਰੋਗ: ਵਿ- ਰੋਗ ਦਾ ਦੁੱਖ. ਰੋਗ ਦੀ ਪੀੜ. "ਕਾਟਿਆ ਦੁਖਰੋਗ." (ਬਿਲਾ ਮਃ ੫)

ਦੁਖਵੈ: ਦੁਖਾਵੈ. ਦੁਖ ਦੇਵੈ. "ਦੁਖਵੈ ਨ ਤਿਨ ਕੋ ਕਾਮ." (ਚੰਦ੍ਰਾਵ)

ਦੁਖੜਾ: ਸੰਗਯਾ- ਦੁਃਖ. ਦੇਖੋ, ਦੁਖ.

ਦੁਖਾਉਣਾ: ਕ੍ਰਿ- ਦੁੱਖ ਦੇਣਾ. ਸਤਾਉਣਾ.

ਦੁਖ਼ਾਨ: ਅ਼. دُخان ਧੂੰਆਂ। ੨. ਭਾਪ. ਵਾਸ਼੍ਪ। ੩. ਤਮਾਕੂ.

ਦੁਖਾਰਤ: ਸੰ. ਦੁਃਖਾਂਤੰ. ਵਿ- ਕਸ਼੍ਟ ਨਾਲ ਵ੍ਯਾਕੁਲ. ਦੁੱਖ ਨਾਲ ਦੀਨ ਹੋਇਆ.

ਦੁਖਾਰੀ: ਦੇਖੋ, ਦੁੱਖਾਰਤ. ਦੁਖੀਆ। ੨. ਦੁੱਖ ਵਾਲੀ.

ਦੁਖਾਲਾ: ਵਿ- ਦੁੱਖ ਵਾਲਾ. ਦੁਖਦਾਈ. "ਐਸਾ ਦੇਨੁ ਦੁਖਾਲਾ." (ਸੂਹੀ ਕਬੀਰ) ੨. ਦੁਖੀਆ. "ਕਦੇ ਨ ਹੋਇ ਦੁਖਾਲਾ." (ਮਾਝ ਮਃ ੫) ੩. ਔਖਾ. ਕਠਿਨ. ਮੁਸ਼ਕਿਲ.

ਦੁਖਾਲੀ: ਵਿ- ਦੁੱਖਵਾਲੀ. ਦੁੱਖ ਦੇਣ ਵਾਲੀ. "ਚਾਕਰੀ ਵਿਡਾਣੀ ਖਰੀ ਦੁਖਾਲੀ." (ਗਉ ਛੰਤ ਮਃ ੩)

ਦੁਖਿਆ: ਦੁਖੀ ਹੋਇਆ. ਦੁਖੀ ਕੀਤਾ. ਦੁਃਖਿਤ ਕੀਤਾ. "ਚੰਦ੍ਰਹਾਸ ਦੁਖਿਆ ਧ੍ਰਿਸਟਬੁਧੀ." (ਨਟ ਅਃ ਮਃ ੪) ਦੇਖੋ, ਚੰਦ੍ਰਹਾਸ ੪.

ਦੁਖਿਆਰਾ, ਦੁਖਿਯਾਰਾ, ਦੁਖੀ, ਦੁਖੀਆ: ਵਿ- ਦੁਃਖਿਤ. ਦੁਃਖਾਰਤ. ਦੁੱਖ ਵਾਲਾ "ਦੁਖੀਏ ਕਾ ਮਿਟਾਵਹੁ ਪ੍ਰਭੁ ਸੋਗ." (ਭੈਰ ਮਃ ੫)

ਦੁਖੂਤ੍ਰਾ: ਦੇਖੋ, ਦਖੂਤਾ.

ਦੁਖੰਤ: ਦੁੱਖ. ਦੇਵੰਤ। ੨. ਦੁੰਖ- ਅਤਜੰਤ. "ਦੁਖੰਤ ਗ੍ਰਿਹਚਿੰਤਾ." (ਸਹਸ ਮਃ ੫)

ਦੁੱਖਤਾ: ਵਿ- ਦੁਃਖਿਤਾ. ਦੁਖੀ ਹੋਈ. ਦੁਖਵਾਲੀ. "ਭਈ ਦੁੱਖਤਾ ਸਰਬੰਗ." (ਰਾਮਾਵ)

ਦੁੱਖਰੀ: ਵਿ- ਦੁੱਖ- ਹਰੀ ਦੁੱਖ ਮਿਟਾਉਣ ਵਾਲੀ. "ਸਾਵਜਾ ਸੰਭਿਰੀ ਸਿੰਧੁਲਾ ਦੁੱਖਰੀ." (ਪਾਰਸਾਵ)

ਦੁਖਜ: ਦੇਖੋ, ਦੁਖ.

ਦੁਖਜਤ: ਵਿ- ਦੁਃਖਿਤ. ਦੁਖੀ. "ਭੂਪ ਸੁ ਦੁਖਜਤ ਹ੍ਵੈ ਅਤਿ ਹੀ." (ਕ੍ਰਿਸਨਾਵ)

ਦੁਗਣ, ਦੁਗਣਾ, ਦੁਗਣੀ: ਵਿ- ਦ੍ਵੈ ਗੁਣ. ਦੋ ਗੁਣਾਂ. ਦੋ ਗੁਣੀ. "ਤੋ ਪਹਿ ਦੁਗਣੀ ਮਜੂਰੀ ਦੈਹਉ." (ਸੋਰ ਨਾਮਦੇਵ) ੨. ਸੰਗਜਾ- ਦ੍ਵੈਗੁਣ੍ਯ- ਦ੍ਵੈਗੁਨਜ. ਦੇਖੋ, ਬਿੰਨਿ.

ਦੁਗਧ: ਸੰ. ਦੁਗ੍ਧ. ਸੰਗਜਾ- ਦੋਹਨ ਕੀਤਾ (ਚੋਇਆ) ਹੋਇਆ ਪਦਾਰਥ. ਦੁੱਧ. ਦੂਧ. ਦੇਖੋ, ਦੁੱਧ। ੨. ਬੱਦਲਾਂ ਦਾ ਜਲ.

ਦੁਗਧਨਿਧਿ: ਸੰਗਜਾ- ਦੁੱਧ ਦਾ ਸਮੁੰਦਰ. ਕ੍ਸ਼ੀਰਨਿਧਿ.

ਦੁਗਧ ਪਰੀਖਜਾ ਯੰਤ੍ਰ: ਉਹ ਲਾਟੂ, ਜਿਸ ਨੂੰ ਦੁੱਧ ਵਿੱਚ ਪਾਕੇ ਜਾਣਿਆ ਜਾਂਦਾ ਹੈ ਕਿ ਇਹ ਖ਼ਾਲਿਸ ਹੈ ਜਾਂ ਪਾਣੀ ਮਿਲਿਆ. Lactometer.

ਦੁਗਧਾਹਾਰੀ: ਦੇਖੋ, ਦੂਧਾਧਾਰੀ.

ਦੁਗਨਾ, ਦੁਗਨੀ: ਦੇਖੋ, ਦੁਗਣ.

ਦੁਗਾਣਾ, ਦੁਗਾਨਾ: ਦੋ- ਗਾਨਾ. ਦੋ ਗੰਡੇ. ਅੱਠ ਕੌਡੀਆਂ. "ਖੋਟੇ ਕਾ ਮੁਲ ਏਕ ਦੁਗਾਣਾ." (ਧਨਾ ਮਃ ੧) ਇੱਕ ਦਮੜੀ ਮੁੱਲ ਹੈ। ੨. ਫ਼ਾ. دوگانہ ਦੁਗਾਨਹ. ਵਿ- ਦ੍ਵਿਗੁਣ. ਦੋ ਗੁਣਾਂ। ੩. ਨਮਾਜ਼ ਵੇਲੇ ਦੋ ਰਕਾਤਾਂ ਦਾ ਪਾਠ. ਦੇਖੋ, ਰਕਾਅ਼ਤ. "ਜਹਾਂ ਨਮਾਜੀ ਪੜ੍ਹਤ ਦੁਗਾਨਾ." (ਚਰਿਤ੍ਰ ੩੨੩)

ਦੁਗਾਮਾ: ਦੁਹਿਰੀ ਗਾਮਚਾਲ. ਘੋੜੇ ਦੀ ਗਾਮ ਦਾ ਦੁਹਿਰਾ ਕ਼ਦਮ ਉਠਣਾ.

ਦੁਗਾੜਾ: ਦੋ ਗੋਲੀਆਂ. ਬੰਦੂਕ ਦੀ ਨਾਲੀ ਵਿੱਚ ਕਸੀਆਂ ਦੋ ਗੁਲਿਕਾ.

ਦੁਗੁਣ, ਦੁਗੁਣਾ, ਦੁਗੁਣੀ, ਦੁਗੁਨਿ, ਦੁਗੁਨੀ: ਵਿ- ਦ੍ਵਿ ਗੁਣ. ਦੋ ਗੁਣਾਂ. ਦੋ ਗੁਣੀ. "ਖਟ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ." (ਸ੍ਰੀ ਅਃ ਮਃ ੫)

ਦੁੱਗਲ: ਖਤ੍ਰੀਆਂ ਦੀ ਇਕ ਜਾਤਿ.

ਦੁਘਟ: ਦੋ- ਘਟ, ਦੋ ਘੜੇ. "ਮਿਲੀ ਦੁਘਟਧਰ ਸੁੰਦਰ ਨਾਰੀ." (ਗੁਪ੍ਰਸੂ) ੨. ਸੰ. ਦੁਘੰਟ. ਵਿ- ਜੋ ਮੁਸ਼ਕਲ ਨਾਲ ਬਣ ਸਕੇ. ਦੇਖੋ, ਦੁਘਟਘਟ.

ਦੁਘਟਘਟ: ਵਿ- ਦੁਘੰਟ ਨੂੰ ਬਣਾਉਣ ਵਾਲਾ. ਅਣਬਣ ਨੂੰ ਘਟਨਾ ਵਿੱਚ ਲਿਆਉਣ ਵਾਲਾ. "ਦੁਘਟ- ਘਟ ਭਉਭੰਜਨ ਪਾਈਐ." (ਮਾਰੂ ਸੋਲਹੇ ਮਃ ੧)

ਦੁਘਦ: ਦੇਖੋ, ਦੁਗਧ.

ਦੁਘੜੀਆ ਮੁਹੂਰਤ: ਸੰਗਜਾ- ਦ੍ਵਿ ਘਟਿਕਾ ਮੁਹੂਰਤ. ਹੋਰਾ ਦੇ ਮਤ ਅਨੁਸਾਰ ਦਿਨ ਰਾਤ ਨੂੰ ਸੱਠ ਘੜੀਆਂ ਵਿੱਚ ਵੰਡਕੇ, ਦੋ ਘੜੀਆਂ ਦਾ ਰਾਸ਼ਿ ਅਨੁਸਾਰ ਸ਼ੁਭ ਅਸ਼ੁਭ ਵਿਚਾਰ.

ਹਿੰਦੂਮਤ ਵਿੱਚ ਇਸ ਮੁਹੂਰਤ ਅਨੁਸਾਰ ਯਾਤ੍ਰਾ ਅਥਵਾ ਕਿਸੇ ਕਾਰਜ ਦਾ ਆਰੰਭ ਤਦ ਕਰਦੇ ਹਨ ਜੇ ਦਿਨ ਦਾ ਕੋਈ ਵਿਚਾਰ ਨਾ

ਕਰਨਾ ਹੋਵੇ ਅਤੇ ਉਸੇ ਦਿਨ ਕਾਰਜ ਕਰਨ ਦੀ ਜ਼ਰੂਰਤ ਹੋਵੇ.

ਦੁੱਘਰੀ: ਇਕ ਪਿੰਡ, ਜੋ ਜਿਲਾ ਅੰਬਾਲਾ, ਤਸੀਲ ਥਾਣਾ ਰੋਪੜ ਵਿੱਚ ਚਮਕੌਰ ਸਾਹਿਬ ਤੋਂ ਚੜ੍ਹਦੇ ਵੱਲ ਕਰੀਬ ਤਿੰਨ ਮੀਲ ਹੈ. ਇੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਨੂੰ ਜਾਂਦੇ ਵਿਰਾਜੇ ਸਨ. ਇੱਥੇ "ਮੰਜੀ ਸਾਹਿਬ" ਨਾਮ ਦਾ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਭੀ ਗੁਰਦ੍ਵਾਰਾ ਹੈ, ਜੋ ਨਵਾਂ ਬਣ ਰਿਹਾ ਹੈ. ਪਿੰਡ ਦੇ ਸਿੰਘ ਹੀ ਝਾੜੂ ਆਦਿਕ ਦੀ ਸੇਵਾ ਕਰਦੇ ਹਨ.

ਦੁਚਿਤ: ਵਿ- ਜਿਸ ਦਾ ਚਿੱਤ ਇਕ ਬਾਤ ਤੇ ਕ਼ਾਇਮ ਨਾ ਹੋਵੇ. ਦੋ ਵੱਲ ਹੈ ਜਿਸ ਦਾ ਚਿੱਤ, ਦ੍ਵਿਚਿੱਤ। ੨. ਸੰ. दुश्चित्- ਦੁਸ਼੍ਚਿਤ. ਸੰਗਯਾ- ਖਟਕਾ. ਚਿੰਤਾ। ੩. ਘਬਰਾਹਟ.

ਦੁਚਿਤਈ, ਦੁਚਿਤਾ, ਦੁਚਿਤਾਈ: ਸੰਗਯਾ- ਚਿਤ ਦੀ ਅਸ੍ਥਿਰਤਾ. ਚਿੱਤ ਦਾ ਇੱਕ ਬਾਤ ਪੁਰ ਨਾ ਲਗਣਾ. ਦੋ ਵੱਲ ਚਿੱਤ ਦੇ ਹੋਣ ਦਾ ਭਾਵ. ਸੰਸਾ. "ਦੁਚਿਤੇ ਕੀ ਦੁਇ ਥੂਨਿ ਗਿਰਾਨੀ." (ਗਉ ਕਬੀਰ)

ਦੁਜ਼ਦ: ਫ਼ਾ. دزد ਸੰਗਯਾ- ਚੋਰ. ਤਸਕਰ.

ਦੁਜ਼ਦੀ: ਫ਼ਾ. دزدی ਸੰਗਯਾ- ਚਰੀ.

ਦੁਜ਼ਦੀਦਨ: ਫ਼ਾ. دزدیدن ਕ੍ਰਿ- ਚੁਰਾਉਣਾ. ਚੋਰੀ ਕਰਨੀ.

ਦੁਜਨ: ਸੰ. ਦੁਰ੍ਜਨ. ਸੰਗਯਾ- ਬੁਰਾ ਆਦਮੀ. ਖੋਟਾ. ਖਲ.

ਦੁਜਨਤਾ: ਸੰਗਯਾ- ਦੁਰ੍ਜਨਤਾ. ਦੁਸ਼੍ਟਤਾ. ਖੋਟਾਪਨ.

ਦੁਜਾਤਿ: ਦੇਖੋ, ਦ੍ਵਿਜਾਤਿ। ੨. ਨੀਚ ਜਾਤਿ.

ਦੁੱਜਨ: ਦੇਖੋ, ਦੁਜਨ. "ਦੁੱਜਨ ਕੇ ਪਲ ਮੇ ਦਲ ਡਾਰੈ." (ਅਕਾਲ)

ਦੂੱਜਾ, ਦੁੱਜੋ: ਵਿ- ਦੂਜਾ. ਦ੍ਵਿਤੀਯ. ਦੂਸਰਾ. "ਬਿਨ ਅਕਾਲ ਦੁੱਜੋ ਕਵਨ?" (ਗ੍ਯਾਨ)

ਦੁੱਝੈ: ਦੋਹਨ ਕਰਦਾ ਹੈ. ਦੁਹ੍ਯਤਿ. ਚੋਂਦਾ ਹੈ. "ਜੀਵਨ ਮੁਕਤ ਭੁਗਤ ਕਰ ਦੁੱਝੈ." (ਭਾਗ) ੨. ਨਿਪੀੜੀਦਾ ਹੈ. "ਸੰਖ ਨਿਸਖਣ ਹਸਤਨ ਦੁੱਝੈ." (ਭਾਗੁ)

ਦੁਟੂਕ: ਦੋ- ਟੂਕ. ਦੋ ਖੰਡ. ਦੋ ਟੁਕੜੇ.

ਦੁਤ: ਦੇਖੋ, ਦੁਤਿ। ੨. ਦੇਖੋ, ਦੂਤ.

ਦੁਤਹੀ: ਸੰਗਯਾ- ਦੋ ਤਹਿ ਦਾ ਵਸਤ੍ਰ. ਵਿਛਾਈ ਦਾ ਵਸਤ੍ਰ, ਜੋ ਦੋ ਤਹਿ ਦਾ ਹੋਵੇ.

ਦੁਤਰ, ਦੁਤਰੁ: ਸੰ. ਦੁਸ੍ਤਰ. ਵਿ- ਜਿਸ ਤੋਂ ਤਰਕੇ ਪਾਰ ਹੋਣਾ ਔਖਾ ਹੋਵੇ. "ਕਿਉਕਰਿ ਦੁਤਰੁ ਤਰਿਆ ਜਾਇ?" (ਗਉ ਮਃ ੩) "ਜਾਕੈ ਰਾਮ ਵਸੈ ਮਨ ਮਾਹੀ। ਸੋ ਜਨ ਦੁਤਰੁ ਪੇਖਤ ਨਾਹੀ." (ਰਾਮ ਮਃ ੫) ੨. ਸੰ. ਦੁਰੁੱਤਰ. ਸੰਗਯਾ- ਬੇਅਦਬੀ ਦਾ ਜਵਾਬ. ਗੁਸਤਾਖ਼ਾਨਾ ਉੱਤਰ. "ਕਿਨੈ ਨ ਦੁਤਰੁ ਭਾਖੇ." (ਧਨਾ ਮਃ ੫) ੩. ਜਿਸ ਸਵਾਲ ਦਾ ਜਵਾਬ ਔਖਾ ਹੋਵੇ.

ਦੁਤਰੰਗੀ: ਸੰਗਯਾ- ਦੁਤਰੰਘੀ. ਤੇਜ਼ ਚਾਲ ਵਾਲੀ, ਬਿਜਲੀ. ਸੌਦਾਮਿਨੀ. "ਘਨ ਮੇ ਚਮਕੈ ਦੁਤਰੰਗੀ." (ਕ੍ਰਿਸਨਾਵ ਦੇਖੋ, ਦ੍ਰੁਤ ਅਤੇ ਰੰਘ.

ਦੁਤਾਰਾ: ਸੰਗਯਾ- ਦੋ ਤਾਰ ਦਾ ਸਾਜ. ਸੰਗੀਤ ਵਿੱਚ ਇਸ ਦਾ ਨਾਉਂ ਨਕੁਲੀ ਵੀਣਾ ਹੈ. "ਸੁਰ ਕੋ ਕਰਤ ਬਜਾਇ ਦੁਤਾਰਾ." (ਗੁਪ੍ਰਸ) ਦੇਖੋ, ਸਾਜ.

ਦੁਤਿ: ਸੰ. ਦ੍ਯੁਤਿ. ਸੰਗਯਾ- ਚਮਕ. ਰੌਸ਼ਨੀ। ੨. ਸ਼ੋਭਾ. ਛਬਿ। ੩. ਕਿਰਨ. ਅੰਸ਼ੁ.

**ਦੁਤਿਅ, ਦੁਤਿਯ, ਦੁਤੀਅ, ਦੁਤੀਆ:** ਵਿ- ਦ੍ਵਿਤੀਯ. ਦੂਸਰਾ. ਦੂਜਾ. "ਜਗਜੀਵਨ ਐਸਾ ਦੁਤੀਅ ਨਾਹੀ ਕੋਇ." (ਆਸਾ ਕਬੀਰ) ੨. ਸੰਗਯਾ- ਦ੍ਵੈਤਭਾਵ. "ਦੁਤੀਅ ਗਏ ਸੁਖ ਹੋਉ." (ਦੇਵ ਮਃ ੫) ੩. ਦ੍ਵਾਪਰ ਯੁਗ. "ਦੁਤੀਆ ਅਰਧੋਅਰਧਿ ਸਮਾਇਆ." (ਰਾਮ ਮਃ ੫) ਦ੍ਵਾਪਰ ਵਿਚ ਅੱਧਾ ਧਰਮ ਰਹਿਗਿਆ। ੪. ਦ੍ਵਿਤੀਯਾ. ਦੂਜ ਤਿਥਿ. ਚੰਦ੍ਰਮਾ ਦੇ ਪੱਖ ਦੀ ਦੂਜੀ ਤਿਥਿ. "ਦੁਤੀਆ ਦੁਰਮਤਿ ਦੂਰਿ ਕਰਿ." (ਗਉ ਥਿਤੀ ਮਃ ੫) ਇੱਥੇ ਦੁਤੀਆ ਸ਼ਬਦ ਸ਼ਲੇਸ਼ ਹੈ, ਦੂਜ ਅਤੇ ਦ੍ਵੈਤ। ੫. ਕ੍ਰਿ. ਵਿ- ਦੂਸਰੇ. ਦੂਜੇ. "ਦੁਤੀਆ ਜਮੁਨ ਗਏ." (ਤੁਖਾ ਛੰਤ ਮਃ ੫). ਕੁਰੁਕ੍ਸ਼ੇਤ੍ਰ ਤੋਂ ਦੂਜੇ ਨੰਬਰ, ਸਤਿਗੁਰੂ ਅਮਰਦਾਸ ਜੀ ਜਮੁਨਾਪੁਰ ਗਏ.

**ਦੁਤੀਆਭਾਉ, ਦੁਤੀਆਭਾਵ:** ਸੰਗਯਾ- ਦ੍ਵੈਤਭਾਵ. ਆਪਣੇ ਅਤੇ ਬੇਗਾਨੇ ਦਾ ਭਾਵ (ਖਿਆਲ). ਪਾਰਬ੍ਰਹਮ ਨਾਲ ਕਿਸੇ ਹੋਰ ਸ਼ਰੀਕ ਨੂੰ ਮੰਨਣ ਦਾ ਭਾਵ. "ਸਾਧ ਸੰਗਿ ਦੁਤੀਆਭਾਉ ਮਿਟਾਇ." (ਗਉ ਥਿਤੀ ਮਃ ੫)

**ਦੁਤੁਕਾ, ਦੁਤੁਕੀਆ:** ਸੰਗਯਾ- ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਉਸ ਸ਼ਬਦ ਦੀ ਸੰਗਯਾ, ਜਿਸ ਦਾ ਦੋ ਦੋ ਤੁਕਾਂ ਤੇ ਅੰਗ ਹੋਵੇ. ਦੇਖੋ, ਦੁਪਦੇ.

**ਦੁਤੇੜਾ:** ਦੋ ਤ੍ਰੁਟਿ. ਦੋ ਦਾ ਘਾਟਾ। ੨. ਕਮੀ. ਨਯੂਨਤਾ. "ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ." (ਰਾਮ ਮਃ ੫) ਧਰਮ ਦਾ ਇੱਕ ਪੈਰ ਘਟ ਗਿਆ। ੩. ਦੁਵਿਧਾ. ਦ੍ਵੈਤਭਾਵ। ੪. ਦੋ ਵਿੱਚ ਹੋਈ ਵਿੱਥ. ਭਾਵ- ਫੁੱਟ ਦਾ ਖ਼ਿਆਲ. ਨਾਚਾਕੀ.

**ਦੁਤ:** ਸੰ. ਦ੍ਵਿਤ੍ਵ. ਦੁਹਰਾ. ਜਿਵੇਂ- ਦੁੱਤ ਅੱਖਰ.

**ਦੁੰਦ:** ਸੰ. ਦ੍ਵੰਦ੍ਵ. ਸੰਗਯਾ- ਦੋ ਵਸਤੂਆਂ ਦਾ ਜੋੜਾ। ੨. ਸ੍ਤ੍ਰੀ ਪੁਰੁਸ਼. ਨਰ ਨਾਰੀ। ੩. ਦੋ ਵਿਰੋਧੀ ਪਦਾਰਥ, ਜਿਵੇਂ- ਅੰਧਕਾਰ ਪ੍ਰਕਾਸ਼, ਗਰਮੀ ਸੀਤ, ਸੁਖ ਦੁੱਖ ਆਦਿ। ੪. ਝਗੜਾ. ਕਲਹ। ੫. ਹਲਚਲ. ਉਪਦ੍ਰਵ. ਫਿਸਾਦ. "ਦੁੰਦ ਪਵੇਗਾ ਮੁਲਖ ਵਿਚ" (ਜੰਗਨਾਮਾ)

**ਦੁੰਦਜੁੱਧ:** ਸੰਗਯਾ- ਦ੍ਵੰਦ੍ਵ ਯੁੱਧ. ਉਹ ਲੜਾਈ. ਜੋ ਦੋ ਆਦਮੀਆਂ ਦੀ ਆਪੋਵਿੱਚੀ ਹੋਵੇ, ਕੋਈ ਤੀਜਾ ਦਖ਼ਲ ਨ ਦੇਵੇ. Duel.

**ਦੁੰਦਭ, ਦੁੰਦਭਿ:** ਸੰ. ਦੁਨ੍ਦੁਭਿ- ਦੁੰਦੁਭਿ. ਸੰਗਯਾ- ਨਗਾਰਾ. ਧੌਂਸਾ ਨਿਰੁਕ੍ਤ ਵਿੱਚ ਲਿਖਿਆ ਹੈ ਕਿ ਸ਼ਬਦ ਦੇ ਅਨੁਕਰਣ ਤੋਂ ਇਹ ਨਾਉਂ ਹੈ। ੨. ਵਰੁਣ ਦੇਵਤਾ। ੩. ਇੱਕ ਰਾਖਸ, ਜਿਸ ਨੂੰ ਬਾਲੀ ਨੇ ਮਾਰਿਆ। ੪. ਜ਼ਹਿਰ. ਵਿਸ਼.

**ਦੁੰਦਭਿਘੋਖਨਿ:** ਸੰਗਯਾ- ਨਗਾਰੇ ਦੀ ਹੁੰਦੀ ਹੈ ਘੋਸ਼ (ਧੁਨਿ) ਜਿਸ ਵਿੱਚ, ਸੈਨਾ. ਫ਼ੌਜ. (ਸਨਾਮਾ)

**ਦੁੰਦਰ:** ਸੰ. ਦ੍ਵਨ੍ਦ੍ਵਾਲੁ- ਦ੍ਵੰਦ੍ਵਾਲੁ. ਵਿ- ਝਗੜਾਲੂ. ਫ਼ਿਸਾਦੀ। ੨. ਭਾਵ- ਤਾਗ ਦ੍ਵੇਸ਼ ਆਦਿ ਦ੍ਵੰਦ੍ਵ. "ਦੁੰਦਰ ਬਾਧੋ ਸੁੰਦਰ ਪਾਵੋ" (ਭੈਰ ਕਬੀਰ) "ਦੁੰਦਰ ਦੂਤ ਭੂਤ ਭੀਹਾਲੇ." (ਮਾਰੂ ਸੋਲਹੇ ਮਃ ੧)

**ਦੁਦਲ:** ਦੋ- ਦਲ. ਦੋ ਫ਼ੌਜਾਂ। ੨. ਦੋ ਪੁਤ੍ਰ (ਪੱਤੇ). ੩. ਦੁਰਦੰਲ. ਜਿਸ ਦਾ ਦਲਣਾ ਔਖਾ ਹੋਵੇ.

**ਦੁਧ:** ਦੇਖੋ, ਦੁਗਧ ਅਤੇ ਦੁੱਧ. "ਦੁਧ ਬਿਨ ਧੇਨੁ." (ਆਸਾ ਮਃ ੧) ੨. ਸਿੰਧੀ. ਦਹੀ. ਦਧਿ. ਡੁਧੁ.

**ਦੁਧਕਲ:** ਦੇਖੋ, ਦੋਧਕ ੩

**ਦੁਧਖੀਰ:** ਦਹੀ ਅਤੇ ਦੁੱਧ. ਦੇਖੋ, ਦੁਧ ੨। ੨. ਦੁਗਧ (ਚੋਇਆ ਹੋਇਆ) ਖੀਰ (ਕੀਰ).

**ਦੁਧਨੀ:** ਵਿ- ਦੁਗਧ ਵਾਲੀ. ਲਵੇਰੀ. ਦੁੱਧ ਦੇਣ ਵਾਲੀ.

**ਦੁਧਭਿਖ੍ਯਾ, ਦੁਧਭਿਛ੍ਯਾ:** ਸੰਗਯਾ- ਦੁਗਧਭਿਕ੍ਸ਼ਾ. ਦੁੱਧ ਦਾ ਰਾਜਾ. ਦੁੱਧ ਮੰਗਣ ਦੀ ਕ੍ਰਿਯਾ। ੨. ਬਿਨਾ ਦੁਖਾਉਣ ਤੋਂ ਲਈ ਹੋਈ ਭਿਕ੍ਸ਼ਾ. ਗ੍ਰਿਹਸਥੀ ਦਾ ਨੁਕਸਾਨ ਨਾ ਕਰਕੇ ਲਈ ਭੀਖ. ਜੈਸੇ ਗਊ ਨੂੰ ਨੁਕਸਾਨ ਪਹੁਚਾਏ ਬਿਨਾ ਦੁੱਧ ਲਈਦਾ ਹੈ. "ਜੈਸੀ ਕੈਸੀ ਜੋ ਕਿਸ ਦੇਇ। ਯਥਾਸਕਿਤ ਦੁਧਭਿਛ੍ਯਾ ਲੇਇ." (ਗੁਪ੍ਰਸੂ)

**ਦੁਧਰ:** ਵਿ- ਦੋਧਾਰਾ. ਜਿਸ ਸ਼ਸਤ੍ਰ ਦੀਆਂ ਦੋ ਧਾਰਾ ਹਨ। ੨. ਦੋਹਾਂ ਲੋਕਾਂ ਦਾ ਆਧਾਰ। ੩. ਦੋ ਧਿਰਾਂ. ਦੋਵੇਂ ਪਾਸੇ। ੪. ਦੁਧੰਰ. ਜਿਸ ਦਾ ਧਾਰਣ ਕਰਨਾ ਔਖਾ ਹੈ.

**ਦੁਧਰਖ:** ਦੇਖੋ, ਦੁਰਧਰਖ.

**ਦੁਧਰੀ:** ਵਿ- ਦੁੱਧ ਦੇਣ ਵਾਲੀ. ਲਵੇਰੀ. "ਮਰਗੀ ਦੁਧਰੀ ਬਛਰੇ ਅਰੁ ਬਾਂਝਾ." (ਕ੍ਰਿਸ਼ਨਾਵ) ੨. ਦੋ ਧਾਰੀ. ਦੋ ਧਾਰ ਵਾਲੀ ਤਲਵਾਰ। ੩. ਦੇਖੋ, ਦੁੱਧਰੀ.

**ਦੁਧਵਾਨੀ:** ਵਿ- ਦੁਧ ਜੇਹੇ ਵਰਣ (ਰੰਗ) ਵਾਲਾ. ਚਿੱਟੇ ਰੰਗਾ. "ਭਏ ਕੇਸ ਦੁਧਵਾਨੀ." (ਸੋਰ ਭੀਖਨ)

**ਦੁਧਾ:** ਵਿ- ਦੋਹਨ ਕੀਤਾ. ਚੋਇਆ. "ਦੁਧਾ ਥਣੀ ਨ ਆਵਈ." (ਸੂਹੀ ਫਰੀਦ) ਦੋਹਨ ਕੀਤਾ ਦੁੱਧ, ਮੁੜ ਥਣਾਂ ਵਿਚ ਨਹੀਂ ਪੈਂਦਾ। ੨. ਦ੍ਵਿਧਾ. ਦੋ ਖੰਡਾਂ ਵਿੱਚ. ਦੋ ਟੁਕੜੇ. "ਕੋਪ ਮਲੇਛਨ ਕੀ ਪ੍ਰਤਨਾ ਸੁ ਦੁਧਾ ਕਰਕੈ ਸਤਧਾ ਕਰਡਾਰੀ." (ਕ੍ਰਿਸਨਾਵ)

**ਦੁਧਾਰਾ:** ਵਿ- ਦੋ ਧਾਰਾ ਵਾਲਾ। ੨. ਸੰਗਜਾ- ਖੰਡਾ ਸ਼ਸਤ੍ਰ.

**ਦੁਧਾਰੀ:** ਵਿ- ਦੋਹੀਂ ਪਾਸੀਂ ਧਾਰਾ ਵਾਲੀ। ੨. ਸੰਗਜਾ- ਕਟਾਰੀ.

**ਦੁਧਿੱਠ:** ਵਿ- ਦ੍ਵਿਧਾ ਹੋਇਆ. ਦੋ ਹਿੱਸਿਆਂ ਵਿੱਚ ਹੋਇਆ ਹੋਇਆ। ੨. ਸੰਗਜਾ- ਬਾਲਕ. ਦੁਗਧ ਹੈ ਜਿਸ ਨੂੰ ਇਸ਼੍ਟ (ਪਜਾਰਾ).

**ਦੁਧੀਰਯ, ਦੁਧੀਰਾ:** ਸੰਗਜਾ- ਮਾਹੀਗੀਰ ਪੱਛੀ. ਇਹ ਮੱਛੀ ਦੀ ਤਾਕ ਵਿੱਚ ਆਕਾਸ਼ ਮੰਡਲ ਵਿੱਚ ਇੱਕੇ ਥਾਂ ਚਿਰ ਤੀਕ ਥਰਕਦਾ ਰਹਿੰਦਾ ਹੈ. "ਅਵਿਲੋਕ ਦੁਧੀਰਯ ਏਕ ਤਹਾਂ." (ਦੱਤਾਵ) ਦੱਤਾਤ੍ਰੇਯ ਨੇ ਇਸ ਨੂੰ ਸਤਾਰਵਾਂ ਗੁਰੁ ਧਾਰਣ ਕੀਤਾ ਸੀ.

**ਦੁਧੁ:** ਦੇਖੋ, ਦੁਧ ਅਤੇ ਦੁੱਧ. "ਫਰੀਦਾ. ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ." (ਸ)

**ਦੁਧੈਲ:** ਵਿ- ਜੋ ਬਹੁਤ ਦੁੱਧ ਦੇਵੇ.

**ਦੁੱਧ:** ਦੇਖੋ, ਦੁੱਧ ਅਤੇ ਡੁਧੁ. ਨਾਰੀ, ਗਾਂ, ਬਕਰੀ, ਮੱਝ ਆਦਿਕਾਂ ਦੇ ਥਣਾਂ ਦੀਆਂ ਗਿਲਟੀਆਂ (mammary glands) ਵਿੱਚੋਂ ਟਪਕਿਆ ਹੋਇਆ ਇੱਕ ਚਿੱਟਾ ਪਦਾਰਥ. ਜੋ ਸਭ ਤੋਂ ਉੱਤਮ ਗਿਜਾ ਹੈ. ਸ਼ਰੀਰ ਨੂੰ ਪੁਸ਼੍ਟ ਕਰਨ ਲਈ ਜਿਤਨੇ ਅੰਸ਼ ਲੋੜੀਂਦੇ ਹਨ, ਉਹ ਸਭ ਕੁਦਰਤ ਨੇ ਦੁੱਧ ਅੰਦਰ ਰੱਖ ਦਿੱਤੇ ਹਨ, ਦੁਧ ਵਿਚ ਬੁਹਤਾ ਹਿੱਸਾ ਪਾਣੀ ਹੈ, ਬਾਕੀ ਮਿਸ਼ਰੀ, ਥੰਧਾ, ਲੂਣ, ਨਸ਼ਾਸਤਾ ਆਦਿ ਪਦਾਰਥ ਹਨ. ਬੱਚਿਆਂ ਵਾਸਤੇ ਸਭ ਤੋਂ ਚੰਗਾ ਮਾਤਾ ਦਾ ਦੁੱਧ ਹੈ, ਇਸ ਤੋਂ ਘਟੀਆ ਬਕਰੀ ਦਾ, ਉਸ ਤੋਂ ਗਧੀ ਦਾ, ਉਸ ਤੋਂ ਗਊ ਦਾ ਹੈ, ਮਹਿੰ (ਮੱਝ) ਦਾ ਦੁੱਧ ਬਹੁਤ ਭਾਰੀ ਅਤੇ ਥੰਧਾ ਹੈ ਇਹ ਬੱਚਿਆਂ ਲਈ ਗੁਣਕਾਰੀ ਨਹੀਂ.

**ਦੁੱਧਦੰਦ:** ਉਹ ਦੰਦ. ਜਿਨ੍ਹਾਂ ਨਾਲ ਦੁੱਧ ਚੁੰਘਿਆ ਹੈ. ਬਚਪਨ ਦੇ ਪਹਿਲੇ ਦੰਦ। ੨. ਉਹ ਬੱਚਾ, ਜਿਸ ਦੇ ਦੁੱਧ ਦੇ ਦੰਦ ਨਹੀਂ ਟੁੱਟੇ.

**ਦੁੱਧਰ:** ਵਿ- ਦੋ ਹਨ ਧਾਰਾ ਜਿਸ ਦੀਆਂ. ਦੋ ਵੱਲ ਵਾਢ ਹੈ ਜਿਸ ਦੇ. "ਕਢੀ ਸੁ ਤੇਗ ਦੁੱਧਰੰ." (ਰਾਮਾਵ) ੨. ਕ੍ਰਿ. ਵਿ- ਦੋਨੋ ਓਰ. ਦੋਹੀਂ ਪਾਸੀਂ. "ਕਰੰਤ ਘਾਵ ਦੁੱਧਰੰ." (ਕਲਕੀ) "ਬਜੰਤ ਨਾਦ ਦੁੱਧਰੰ." (ਦੱਤਾਵ) ੩. ਵਿ- ਦੁਧੰਸੰ. ਜਿਸ ਦਾ ਦਮਨ ਕਰਨਾ ਔਖਾ ਹੈ.

**ਦੁੱਧਰੀ:** ਵਿ- ਦੋ ਧਾਰੀ। ੨. ਦੁਧੰਸ਼ਾਂ. ਜੋ ਸ਼ਤ੍ਰੂਆਂ ਕਰਕੇ ਦਬਾਈ ਨਹੀਂ ਜਾ ਸਕਦੀ. "ਸੁ ਪ੍ਰਭਾ ਦੁੱਧਰੀ." (ਪਾਰਸਾਵ) ੩. ਦੇਖੋ, ਦੁੱਧਰੀ.

**ਦੁਧਿੱਠ:** ਵਿ- ਦਨਐਧੀ ਭਾਵ ਵਾਲਾ। ੨. ਦੋ ਟੁਕੜੇ ਹੋਇਆ ਹੋਇਆ.

ਦੁਨਈ: ਵਿ- ਦੁਨਿਆਵੀ. ਵਿਵਹਾਰਿਕ. "ਕਾਰਜ ਮੋਹਿ ਬਨੈ ਦੁਨਈ." (ਗੁਪ੍ਰਸੂ)

ਦੁਨਾਲੀ: ਦੋ ਨਾਲ ਵਾਲੀ. Double barreled.

ਦੁਨਿਆਈ: ਵਿ- ਦੁਨਿਆਵੀ. ਸੰਸਾਰੀ. ਸਾਂਸਾਰਿਕ। ੨. ਸੰਗਯਾ- ਸੰਸਾਰ. ਖ਼ਲਕ਼ਤ. ਲੋਕ. ਜਨ. ਦੇਖੋ, ਦੁਨੀਆ ਅਤੇ ਦੁਨੀਆਈ.

ਦੁਨਿਯਵੀ: ਅ਼. دُنیوی ਵਿ- ਸੰਸਾਰ ਦਾ ਸੰਸਾਰੀ.

ਦੁਨਿਯਾ: ਅ਼. دُنیا ਸੰਗਯਾ- ਸੰਸਾਰ. ਜਗਤ.

ਦੁਨਿਯਾਸਾਜ਼: ਫ਼ਾ. دُنیاساز ਵਿ- ਸ੍ਵਾਰਥ ਸਿਧ ਕਰਨ ਵਾਲਾ, ਮੌਕਾ ਦੇਖਕੇ ਕੰਮ ਕੱਢਣ ਵਾਲਾ. ਜ਼ਮਾਨੇਸਾਜ਼.

ਦੁਨਿਯਾਦਾਰ: ਫ਼ਾ. دُنیادار ਸੰਗਯਾ- ਸੰਸਾਰੀ ਮਨੁੱਖ. ਘਰ ਦੇ ਧੰਧਿਆਂ ਵਿਚ ਲਿਵਲੀਨ.

ਦੁਨੀ, ਦੁਨੀਆ: ਦੇਖੋ, ਦੁਨਿਯਾ. "ਅਉਰ ਦੁਨੀ ਸਭ ਭਰਮਿ ਭੁਲਾਨੀ." (ਸ੍ਰੀ ਕਬੀਰ) "ਦੁਨੀਆ ਰੰਗ ਨ ਆਵੈ ਨੇੜੇ," (ਮਾਰੂ ਸੋਲਹੇ ਮਃ ੫) ੨. ਭਾਵ- ਮਾਇਆ. ਧਨ. "ਦੁਖੀ ਦੁਨੀ ਸਹੇੜੀਐ, ਜਾਹਿ ਤ ਲਗਹਿ ਦੁਖ." (ਵਾਰ ਮਲਾ ਮਃ ੧) "ਇਸ ਕੇ ਪੱਲੇ ਬਹੁਤ ਦੁਨੀਆ ਹੈ." (ਜਸਾ)

ਦੁਨੀਆਈ: ਦੇਖੋ, ਦੁਨਿਆਈ. "ਦੁਨੀਆਈ ਆਖੈ ਕਿ ਕਿਓਨੁ." (ਵਾਰ ਰਾਮ ੩) ਦੁਨੀਆ (ਖ਼ਲਕ਼ਤ) ਆਖਦੀ ਹੈ ਇਹ ਕੀ ਕੀਤਾ ਉਸ ਨੇ?

ਦੁਨੀਆਈਐ: ਦੁਨੀਆਂ (ਸੰਸਾਰ) ਦੇ. "ਕਾਲੁ ਸਿਰਿ ਦੁਨੀਆਈਐ." (ਮਃ ੧. ਵਾਰ ਮਾਝ)

ਦੁਨੀਆਵਾ: ਵਿ- ਦੁਨਿਆ ਦਾ. ਸਾਂਸਾਰਿਕ.

ਦੁਨੀਚੰਦ: ਸਤਿਗੁਰੂ ਨਾਨਕਦੇਵ ਦਾ ਲਹੌਰ ਨਿਵਾਸੀ ਇੱਕ ਸਿੱਖ, ਜਿਸ ਨੂੰ ਸਤਿਗੁਰੂ ਨੇ ਮੋਏ ਪਿਤਰਾਂ ਦਾ ਸ਼੍ਰੱਧਕਰਮ ਨਿਸ਼ਫਲ ਦੱਸ ਕੇ ਸਤਯ ਉਪਦੇਸ਼ ਦਿੱਤਾ। ੨. ਦੇਖੋ, ਦੁਖਭੰਜਨੀ। ੩. ਭਾਈ ਸਾਲ੍ਹੋ ਦਾ ਪੋਤਾ ਮਾਝੇ ਦਾ ਮਸੰਦ, ਜੋ ਦਸ਼ਮੇਸ਼ ਦੀ ਸਹਾਇਤਾ ਲਈ ਆਨੰਦਪੁਰ ਦੇ ਜੰਗ ਵਿੱਚ ਗਿਆ ਸੀ. ਇਸ ਨੂੰ ਗੁਰੂ ਸਾਹਿਬ ਨੇ ੫੦੦ ਯੋਧਿਆਂ ਦਾ ਸਰਦਾਰ ਥਾਪਕੇ ਅਗਮਪੁਰ ਦੇ ਕਿਲੇ ਠਹਿਰਾਇਆ. ਇਸ ਦੇ ਨਾਲ ਮੁਖੀਏ ਮਝੈਲ ਸਿੰਘ ਇਹ ਸਨ- ਅਨੰਦਸਿੰਘ, ਅਮਰੀਕ ਸਿੰਘ, ਸਬੇਗਸਿੰਘ, ਸੁਜਾਨਸਿੰਘ, ਸੋਭਾਸਿੰਘ, ਸੰਤਸਿੰਘ, ਹਜਾਰਾਸਿੰਘ, ਹਮੀਰਸਿੰਘ, ਕਾਨ੍ਹਸਿੰਘ, ਕੌਲਸਿੰਘ, ਕ੍ਰਿਪਾਲਸਿੰਘ, ਗੋਪਾਲਸਿੰਘ, ਚੇਤਸਿੰਘ, ਟੇਕਸਿੰਘ, ਦਯਾਲਸਿੰਘ, ਦਾਨਸਿੰਘ, ਦਿਵਾਨਸਿੰਘ, ਫਤੇਸਿੰਘ, ਬੀਰਸਿੰਘ, ਮਾਨਸਿੰਘ.

ਦਸ਼ਮੇਸ਼ ਨੇ ਕੇਸ਼ਰੀਚੰਦ ਜਸਵਾਲੀਏ ਰਾਜੇ ਦੇ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਦੁਨੀਚੰਦ ਨੂੰ ਫ਼ਰਮਾਇਆ, ਪਰ ਇਹ ਕਾਇਰ ਹੋਕੇ ਰਾਤ ਨੂੰ ਨੱਠਾ ਅਤੇ ਕੰਧ ਤੋਂ ਡਿੱਗਕੇ ਟੰਗ ਤੁੜਾਈ. ਅਮ੍ਰਿਤਸਰ ਜਦ ਕਿ ਇਹ ਬੀਮਾਰ ਪਿਆ ਸੀ, ਰਾਤ ਨੂੰ ਸੱਪ ਲੜਨ ਤੋਂ ਮਰ ਗਿਆ, ਇਸ ਦੇ ਪੋਤੇ ਸਰੂਪਸਿੰਘ, ਅਨੂਪਸਿੰਘ ਨੇ ਦਸ਼ਮੇਸ਼ ਪਾਸ ਪਹੁਚਕੇ ਗੁਨਾਹ ਬਖ਼ਸ਼ਵਾਇਆ ਅਰ ਸੇਵਾ ਵਿੱਚ ਹਾਜਿਰ ਰਹੇ.

ਦੁਨੀਚੰਦ ਦੀ ਹਵੇਲੀ: ਗੁਰਦਾਸਪੁਰ ਵਿੱਚ ਭਾਈ ਦੁਨੀਚੰਦ ਦੀ ਹਵੇਲੀ, ਜੋ ਗੜ੍ਹੀ ਦੀ ਸ਼ਕਲ ਦੀ ਭਾਰੀ ਮਜਬੂਤ ਸੀ. ਬੰਦੇ ਬਹਾਦੁਰ ਨੂੰ ਜਦ ਸ਼ਾਹੀ ਫੌਜ ਨੇ ਚਾਰੇ ਪਾਸਿਓਂ ਘੇਰ ਲੀਤਾ, ਤਾਂ ਉਸ ਨੇ ਇਸ ਗੜ੍ਹੀ ਵਿੱਚ ਆਕੀ ਹੋਕੇ ਕਈ ਮਹੀਨੇ ਵੈਰੀਆਂ ਦਾ ਵੀਰਤਾ ਨਾਲ ਮੁਕਾਬਲਾ ਕੀਤਾ. ਜਦ ਰਸਦ ਮੁੱਕ ਚੁੱਕੀ, ਤਾਂ ਭਾਰੀ ਕਠਿਨਾਈ ਹੋਈ. ਤੁਰਕਾਂ ਨੇ ਸੌਂਹ ਖਾਕੇ ਬੰਦੇ ਨੂੰ ਗੜ੍ਹੀ ਖਾਲੀ ਕਰਨ ਲਈ ਆਖਿਆ, ਜਦ ਸਿੰਘਾਂ ਸਮੇਤ ਬਾਹਰ ਆਇਆ ਤਾਂ ਫੌਰਨ ਕੈਦ ਕਰਕੇ ਦਿੱਲੀ ਭੇਜਿਆ ਗਿਆ. ਇਹ ਘਟਨਾ ਸੰਮਤ ੧੭੭੨ ਦੀ ਹੈ.

ਦੁਨੀਦਾਰ: ਦੇਖੋ, ਦੁਨਿਯਾਦਾਰ. "ਵਡਾ ਹੋਆ ਦੁਨੀਦਾਰ." (ਵਾਰ ਆਸਾ) ਦੇਖੋ, ਵੱਡਾ ਹੋਣਾ.

ਦੁਨੀਮਣੀ: ਦੁਨਿਯਾਵੀ ਮਾਨ. ਦੇਖੋ, ਮਣੀ.

ਦੁਨੌਤਿ: ਦੇਖੋ, ਦਨੌਤਿ.

ਦੁੱਨਾ: ਬਾਬਾ ਫੂਲ ਦੇ ਸੁਪੁਤ੍ਰ ਰਾਮਸਿੰਘ ਜੀ ਦਾ ਵਡਾ ਪੁਤ੍ਰ, ਜੋ ਖਾਨਦਾਨ ਭਦੌੜ ਅਤੇ ਕੋਟਦੁੰਨਾ ਦਾ ਵਡੇਰਾ ਹੋਇਆ. ਦੇਖੋ, ਫੂਲਵੰਸ਼.

ਦੁਪਹਰ, ਦੁਪਹਿਰ: ਸੂਰਜ ਉਦਯ ਹੋਣ ਤੋਂ ਦੋ ਪਹਿਰ ਵੀਤਣ ਦਾ ਸਮਾਂ. ਮਧ੍ਯਾਨ੍ਹਕਾਲ.

ਦੁਪਹਿਰੀਆ: ਸੰਗ੍ਯਾ- ਦੋ ਪਹਿਰ (ਮਧ੍ਯਾਨ੍ਹਕਾਲ) ਵਿੱਚ ਖਿੜਨ ਵਾਲਾ, ਬੰਧੂਕ. ਲਾਲਹ.

ਦੁਪਟਾ: ਸੰਗ੍ਯਾ- ਦੋ ਪੱਟ (ਪਾਟ) ਮਿਲਾਕੇ ਸੀਤਾ ਹੋਇਆ, ਵਸਤ੍ਰ.

ਦੁਪਟੀ: ਸੰਗ੍ਯਾ- ਦੋ ਪਾਟ (ਦੋ ਬ਼ਰ) ਦੀ ਚਾਦਰ.

ਦੁਪਦਾ: ਸੰਗ੍ਯਾ- ਦ੍ਵਿ ਪਦ. ਦੋ ਦੋ ਤੁਕਾਂ ਪਿੱਛੋਂ ਅੰਗ ਜਿਸ ਸ਼ਬਦ ਦੇ ਹੋਣ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਵਿੱਚ ਕਦੇ 'ਚਉਪਦਾ ਦੁਪਦਾ' ਸ਼ਬਦ ਇਕੱਠਾ ਆਉਂਦਾ ਹੈ. ਉੱਥੇ ਭਾਵ ਹੁੰਦਾ ਹੈ ਕਿ ਦੋ ਦੋ ਤੁਕਾਂ ਪਿੱਛੋਂ ਅੰਗ ਵਾਲੇ ਚਾਰ ਪਦ ਇਸ ਸ਼ਬਦ ਵਿੱਚ ਹਨ. ਦੇਖੋ, ਗਉੜੀ ਰਾਗ ਦਾ ਸ਼ਬਦ ਪੰਜਵੇਂ ਸਤਿਗੁਰੂ ਜੀ ਦਾ- "ਜੋ ਪਰਾਇਓ ਸੋਈ ਅਪਨਾ।"××× ੨. ਦੋ ਤੁਕਾਂ ਦਾ ਛੰਦ। ੩. ਮਨੁੱਖ, ਜੋ ਦੋ ਪੈਰ ਰਖਦਾ ਹੈ.

ਦੁਪਲ: ਦੋ ਪਲ ਦਾ ਸਮਾਂ। ੨. ਦੋ ਫਾੜ. ਦੋ ਟੂਕ. ਦੋ ਖੰਡ. "ਅਖੰਡ ਖੰਡ ਦੁਪਲਾ." (ਗ੍ਯਾਨ) ਅਖੰਡਾਂ ਨੂੰ ਖੰਡਨ ਕਰਦੇ ਹੋ ਦੋ ਟੁੱਕ.

ਦੁਫਸਲਾ: ਵਿ- ਦੋ ਫਸਲਾਂ ਵਿੱਚ ਹੋਣ ਵਾਲਾ. ਵਰ੍ਹੇ ਵਿੱਚ ਦੋ ਵਾਰ ਹੋਣ ਵਾਲੇ ਅੰਨ ਫਲ ਆਦਿ। ੨. ਦੋਵੱਲੀ ਗੱਲ ਕਰਨ ਵਾਲਾ.

ਦੁਫਾਰ: ਦੋ ਫਾੜ. ਦੋ ਟੁੱਕ. "ਸੀਸ ਕੀਨੋ ਦੁਫਾਰ." (ਰਾਮਾਵ)

ਦੁਬਹੀਆ: ਸੰਗ੍ਯਾ- ਦ੍ਵਿਬਾਹੁ. ਦੋ ਬਾਹਾਂ ਵਾਲਾ, ਆਦਮੀ. "ਗਹਿ ਗਹਿ ਪਾਨਿ ਕ੍ਰਿਪਾਣ ਦੁਬਹੀਆ ਰਣ ਭਿਰੇ." (ਸੂਰਜਾਵ)

ਦੁਬਧਾ: ਦੇਖੋ, ਦੁਬਿਧਾ.

ਦੁਬਲ, ਦੁਬਲਾ, ਦੁਬਲਿ, ਦੁਬਲੀ, ਦੁਬਲੀਆ: ਸੰ. ਦੁਰ੍‍ਬਲ ਅਤੇ ਦੁਰ੍‍ਬਲਾ. ਵਿ- ਕਮਜ਼ੋਰ. "ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ." (ਸ੍ਰੀ ਅਃ ਮਃ ੫) ੨. ਮਾੜਾ. ਮਾੜੀ. ਕ੍ਰਿਸ਼. "ਧਨ ਥੀਈ ਦੁਬਲਿ ਕੰਤਹਾਵੈ." (ਗਉ ਛੰਤ ਮਃ ੧) "ਸਾਧਨ ਦੁਬਲੀਆ ਜੀਉ ਪਿਰ ਕੈ ਹਾਵੈ." (ਗਉ ਛੰਤ ਮਃ ੧)

ਦੁਬੱਲ: ਕ੍ਰਿ. ਵਿ- ਦੋ- ਵੱਲ. ਦੋਹੀਂ ਪਾਸੀਂ. "ਦੁੰਦਭਿ ਦੁਬੱਲ." (ਵਿਚਿਤ੍ਰ)

ਦੁੰਬਾ: ਫ਼ਾ. دُنبہ ਦੁੰਬਹ. ਸੰਗ੍ਯਾ- ਛਲ. ਕਪਟ। ੨. ਚਿੱਤੜ. ਨਿਤੰਬ। ੩. ਮੀਢੇ ਦੀ ਚੱਕੀ। ੪. ਮੀਢਾ, ਜਿਸ ਦੇ ਪਿੱਛੇ ਚੱਕੀ ਹੋਵੇ. "ਦੁੰਬਾ ਕੁਹਿ ਤਿਨ ਮਾਸ ਬਨਾਯੋ." (ਨਾਪ੍ਰ)

ਦੁਬਾਜਰਾ: ਵਿ- ਦੋ ਵੀਰਯ ਤੋਂ ਹੋਣ ਵਾਲਾ. ਜਾਰਜ. ਹਰਾਮੀ। ੨. ਜੋ ਇੱਕ ਦਾ ਉਪਾਸਕ ਨਹੀਂ. ਦੋ ਇਸ਼੍ਟ ਰੱਖਣ ਵਾਲਾ. "ਮੈ ਜੇਹਾ ਨ ਦੁਬਾਜਰਾ ਤਜ ਗੁਰਮਤਿ ਦੁਰਮਤਿ ਹਿਤਕਾਰਾ." (ਭਾਗੁ)

ਦੁਬਾਰ, ਦੁਬਾਰਾ: ਕ੍ਰਿ. ਵਿ- ਦੂਸਰੀ ਵਾਰ. ਦੂਜੀ ਦਫ਼ਅ਼. "ਜਿਤ੍ਯੋ ਦੁਬਾਰ." (ਗ੍ਯਾਨ)

ਦੁਬਿਧ, ਦੁਬਿਧਾ: ਵਿ- ਦੋ ਪ੍ਰਕਾਰ ਦਾ ਦ੍ਵਿਵਿਧ। ੨. ਸੰਗ੍ਯਾ- ਦ੍ਵੈਵਿਧ੍ਯ. ਦੋ ਪ੍ਰਕਾਰ ਭਾਵ. ਦੁਭਾਂਤੀਪਨ. ਦ੍ਵੈਤਭਾਵ. "ਦੁਬਿਧਾ ਦੂਰਿ ਕਰੇ ਲਿਵ ਲਾਇ." (ਬਸੰ ਮਃ ੫) "ਗੁਰਿ ਦੁਬਿਧਾ ਜਾਕੀ ਹੈ ਮਾਰੀ." (ਗਉ ਅਃ ਮਃ ੫)

ਦੁਬਿਲਾ: ਦੇਖੋ, ਦੁਬਲਾ.

ਦੁਬੇਲਾ: ਵਿ- ਜਿਸ ਦੀ ਬੇਲ (ਪਿੱਠ) ਤੇ ਦੋ ਬੈਠੇ ਹੋਣ. ਦੋ ਸਵਾਰਾਂ ਵਾਲਾ. "ਮੇਰੋ ਅਹੈ ਦੁਬੇਲਾ ਘੋਰਾ." (ਗੁਵਿ ੬)

ਦੁੱਬ: ਸੰ. ਦੁਵੑਾ. ਸੰਗਜਾ- ਹਰਾ ਖੱਬਲ. ਨਵਾਂ ਉੱਗਿਆ ਹੋਇਆ ਘਾਹ. L. Panicum zactyton. ਮੰਗਲ ਸਮੇਂ ਲੋਕ ਦੁੱਬ ਦੇਕੇ ਇਹ ਭਾਵ ਪ੍ਰਗਟ ਕਰਦੇ ਹਨ ਕਿ ਆਪ ਹਰੇ ਭਰੇ ਰਹੋ ਅਤੇ ਦੁੱਬ ਵਾਂਝ ਵਧੋ.

ਦੁੱਬ ਦੇਣੀ: ਦੇਖੋ, ਦੁੱਬ.

ਦੁਭਰ: ਵਿ- ਭਯਾਨਕ. ਭੈ ਦਾਇਕ. "ਉਠੰਤ ਨਾਦ ਦੁਭਰੰ." (ਰਾਮਾਵ) ੨. ਦੁਭੰਰ. ਜਿਸ ਦਾ ਭਰਨਾ ਔਖਾ ਹੋਵੇ। ੩. ਜਿਸ ਦਾ ਪਾਲਨ ਕਰਨਾ ਕਠਿਨ ਹੋਵੇ।

ਦੁਭਾਸੀ, ਦੁਭਾਸੀਆ, ਦੁਭਾਖੀਆ: ਸੰ. द्विभाषिन्- ਦ੍ਵਿਭਾਸ਼ਿਯਾ. ਸੰਗਜਾ- ਦੋ ਭਾਸ਼ਾ (ਬੋਲੀਆਂ) ਜਾਣਨ ਵਾਲਾ. ਭਿੰਨ-ਭਿੰਨ ਜ਼ੁਬਾਨਾਂ ਬੋਲਣ ਵਾਲਿਆਂ ਵਿੱਚ ਪੈਕੇ ਦੋਹਾਂ ਦੀ ਗੱਲ ਕਰਾਉਣ ਵਾਲਾ. Interpreter. "ਜੀਵ ਪਰਾਤਮ ਮੇਲ ਕੇ ਕਿਧੋਂ ਦੁਭਾਸੀ ਚਾਰ." (ਨਾਪ੍ਰ) ਚਾਰ ਅੱਖਰ (ਵਾਹਗੁਰੁ) ਜੀਵ ਬ੍ਰਹਮ ਦਾ ਮੇਲ ਕਰਾਉਣ ਵਿੱਚ ਦੁਭਾਸ਼ੀ ਹਨ.

ਦੁਭਿਤ: ਦੋ ਭਾਂਤ. ਦੋ ਪ੍ਰਕਾਰ.

ਦੁਭਿੱਤੀ ਆਰਸੀ: ਸੰਗਜਾ- ਉਹ ਸ਼ੀਸ਼ਾ, ਜਿਸ ਵਿੱਚ ਦੋ ਸ਼ਕਲਾਂ ਦਿਖਾਈ ਦੇਣ. ਇੱਕ ਵਸਤੂ ਨੂੰ ਦੋ ਭਾਂਤ ਕਰਕੇ ਦਿਖਾਉਣ ਵਾਲਾ ਦਰਪਣ.

ਦੁਭੰਗੀ: ਦੇਖੋ, ਡਿਉਢਾ.

ਦੁਮ: ਫ਼ਾ. دُم ਸੰਗਜਾ- ਪੂਛ. ਪੁੱਛ. ਪੂਛਲ.

ਦੁਮਚੀ: ਫ਼ਾ. دُمچی ਸੰਗਜਾ- ਚਾਰਜਾਮੇ ਦੇ ਪਿਛਲੇ ਪਾਸੇ ਲੱਗੀ ਹੋਈ ਰੱਸੀ ਅਥਵਾ ਬੱਧਰੀ ਜੋ ਘੋੜੇ ਦੀ ਦੁੰਮ ਵਿੱਚ ਪਹਿਰਾਈਦੀ ਹੈ। ੨. ਦੁਮ. ਪੂਛ. "ਦੁਮਚੀ ਮੇ ਦੁਮਚੀ ਪਹਿਰਾਈ." (ਗੁਪ੍ਰਸੂ)

ਦੁਮਣੀ, ਦੁੰਮਣੀ, ਦੁਮਨੀ: ਵਿ- ਦ੍ਵਿਮਨਾ. ਦੋ ਪਾਸੇ ਮਨ ਵਾਲੀ. ਜਿਸ ਦਾ ਚਿੱਤ ਇਕ ਵੱਲ ਨਹੀਂ. "ਮੁੰਧ ਇਆਣੀ ਦੁੰਮਣੀ." (ਵਾਰ ਸੂਹੀ ਮਃ ੩)

ਦੁਮਾਲੜਾ, ਦੁਮਾਲਾ: ਫ਼ਾ. دُنبالہ ਦੁੰਬਾਲਹ. ਸੰਗਜਾ- ਦੁਮ. ਪੂਛ। ੨. ਸ਼ਮਲਾ. ਦਸਤਾਰ ਅਥਵਾ ਸਾਫੇ ਦਾ ਲਟਕਦਾ ਹੋਇਆ ਸਿਰਾ। ੩. ਕਲਗੀ ਦੀ ਤਰਾਂ ਸਿਰ ਪੁਰ ਫਹਿਰਾਉਣ ਵਾਲਾ ਦਸਤਾਰ ਦਾ ਚਿੱਲਾ ਅਥਵਾ ਸਾਫੇ ਦਾ ਲੜ. "ਮੈ ਗੁਰ ਮਿਲਿ ਉਚ ਦੁਮਾਲੜਾ."[641] (ਸ੍ਰੀ ਮਃ ੫. ਪੈਪਾਇ) ਇਸ ਥਾਂ ਪ੍ਰਕਰਣ ਇਹ ਹੈ- ਮੱਲਅਖਾੜੇ ਵਿਚ ਜੋ ਪਹਿਲਵਾਨ ਫਤੇ ਪਾਉਂਦਾ ਹੈ, ਉਸ ਨੂੰ ਸਰਬੰਦ ਮਿਲਦਾ ਹੈ, ਜਿਸ ਦਾ ਉੱਚਾ ਲੜ ਤੁਰਰੇ ਦੀ ਤਰ੍ਹਾਂ ਸਿਰ ਉੱਤੇ ਫਹਿਰਾਕੇ ਉਹ ਸਭ ਨੂੰ ਆਪਣੀ ਫਤੇ ਪ੍ਰਗਟ ਕਰਦਾ ਹੈ. ਐਸੇ ਹੀ ਕਾਮਾਦਿਕ ਵਿਕਾਰ ਪਛਾੜਨ ਪੁਰ ਸਤਿਗੁਰੂ ਨੇ ਆਪਣੇ ਸੇਵਕ ਨੂੰ ਖਿਲਤ ਬਖ਼ਸ਼ਿਆ ਹੈ। ੪. ਨਿਹੰਗ ਸਿੰਘ ਦਾ ਫਰਹਰੇਦਾਰ ਦਸਤਾਰਾ. ਦੇਖੋ, ਨਿਹੰਗ ੬.

ਦੁਮੂਹਾ: ਵਿ- ਦੋ ਮੂੰਹ ਵਾਲਾ। ੨. ਜਿਸ ਦੀ ਇੱਕ ਜ਼ੁਬਾਨ ਨਹੀਂ. ਦੋ ਭਾਂਤੀ ਬਾਤ ਕਰਨ ਵਾਲਾ। ੩. ਸੰਗਜਾ- ਦੋ ਮੂੰਹ ਵਾਲਾ ਸੱਪ ਆਦਿ ਜੀਵ.

ਦੁਮੂੰਹੀਂ: ਵਿ- ਦੋ ਮੂੰਹਾਂ ਵਾਲੀ। ੨. ਸੰਗਜਾ- ਕੈਂਚੀ। ੩. ਲੇਖਣੀ. ਕ਼ਲਮ. ਲਿੱਖਣ.

---

[641] ਜੋ ਇਸ ਤੁਕ ਤੋਂ ਨਿਹੰਗਸਿੰਘ ਦੇ ਦੁਮਾਲੇ (ਦਮਾਲੇ) ਦਾ ਅਰਥ ਕਢਦੇ ਹਨ, ਉਹ ਪ੍ਰਕਰਣ ਤੋਂ ਅਵਾਣ ਹਨ.

**ਦੁਮੰਜਿੱਲਾ:** ਫ਼ਾ. دومنزلہ ਵਿ- ਦੋ ਮੰਜ਼ਲ ਦਾ. ਦੋ ਮਰਾਤਿਬ ਦਾ। ੨. ਦੋ ਛੱਤਾ.

**ਦੁਯ:** ਵਿ- ਦ੍ਵਯ. ਦੋ.

**ਦੁਯਾ:** ਵਿ- ਦ੍ਵਿਤੀਯ. ਦੂਜਾ. "ਦੁਯਾ ਕਾਗਲੁ ਚਿਤਿ ਨ ਜਾਣਦਾ." (ਸ੍ਰੀ ਮਃ ੫. ਪੈਪਾਇ) ਕਰਤਾਰ ਦੀ ਮਹਿਮਾ ਤੋਂ ਛੁੱਟ, ਦੂਜਾ ਕਾਗ਼ਜ ਮੈਂ ਚਿੱਤਣਾ (ਲਿਖਣਾ) ਨਹੀਂ ਜਾਣਦਾ. "ਭਾਉ ਦੁਯਾ ਕੁਠਾ." (ਵਾਰ ਗਉ ੨. ਮਃ ੫)

**ਦੁਯਾਭਾਉ:** ਸੰਗਜਾ- ਦ੍ਵਿਤੀਯਭਾਵ. ਦ੍ਵੈਤਭਾਵ। ੨. ਕਰਤਾਰ ਤੋਂ ਛੁੱਟ ਦੂਜੇ ਇਸ਼੍ਟ ਦਾ ਖ਼ਿਆਲ.

**ਦੁਯੀ:** ਵਿ- ਦੂਜੀ. ਦੂਸਰੀ. "ਦੁਯੀ ਕੁਦਰਤਿ ਸਾਜੀਐ." (ਵਾਰ ਆਸਾ) "ਦੁਯੀ ਗਣਤ ਲਾਹਿ." (ਸਵਾ ਮਃ ੫) ੨. ਸੰਗਜਾ- ਦੁਵਿਧਾ. ਦ੍ਵੈਤ.

**ਦੁਰ:** ਵਜ- ਤ੍ਰਿਸਕਾਰ ਬੋਧਕ ਸ਼ਬਦ. ਦੁਰ ਹੋ। ੨. ਸੰ. ਦੁਰ੍. ਇਹ ਸ਼ਬਦਾਂ ਦੇ ਮੁੱਢ ਲੱਗਕੇ ਬੁਰਾ, ਦੁੱਖ, ਨਿੰਦਿਤ ਆਦਿ ਅਰਥ ਦਿੰਦਾ ਹੈ, ਜਿਵੇਂ- ਦੁਰਦਸ਼ਾ, ਦੁਰਗਮ ਅਤੇ ਦੁਰਮਤਿ ਆਦਿ। ੩. ਫ਼ਾ. دُر ਸੰਗਜਾ- ਮੋਤੀ. ਮੁਕ੍ਤਾ. ਗੌਹਰ। ੪. ਮੋਤੀ ਅਥਵਾ ਮੋਤੀ ਦੀ ਸ਼ਕਲ ਦਾ ਕਰਣ ਭੂਸ਼ਣ.

**ਦੁਰਸੀਸ:** ਸੰਗਜਾ- ਦੁਰਾਸ਼ਿਸ੍. ਬਦਦੁਆ. "ਡਰਤ ਮਾਤ ਨਹਿਂ ਕਹਿ ਦੁਰਸੀਸ." (ਗੁਪ੍ਰਸੂ)

**ਦੁਰਕਟ:** ਵਿ- ਜਿਸ ਦਾ ਕੱਟਣਾ ਔਖਾ ਹੋਵੇ.

**ਦੁਰਕਾਰਨਾ:** ਕ੍ਰਿ- ਦੂਰ ਕਰਨਾ. ਦੁਰਦੁਰ ਸ਼ਬਦ ਕਹਿਕੇ ਪਰੇ ਹਟਾਉਣਾ. ਤਿਰਸਕਾਰ ਕਰਨਾ.

**ਦੁਰਗ:** ਸੰ. ਦੁਰ੍ਗ. ਵਿ- ਜਿੱਥੇ ਗਮਨ ਕਰਨਾ ਔਖਾ ਹੋਵੇ. ਜਿੱਥੇ ਔਖਾ ਪਹੁਚਿਆ ਜਾਵੇ। ੨. ਸੰਗਜਾ- ਕਿਲਾ. ਗੜ੍ਹ। ੩. ਰੁਰੂ ਦਾ ਪੁਤ੍ਰ ਇੱਕ ਦੈਤ, ਜਿਸ ਨੂੰ ਮਾਰਨ ਤੋਂ ਦੇਵੀ ਦਾ ਨਾਉਂ ਦੁਰ੍ਗਾ ਹੋਇਆ. ਦੇਖੋ, ਦੇਵੀ ਭਾਗਵਤ ਸਕੰਧ ੭. ਅਃ ੨੮.

**ਦੁਰਗਤਿ:** ਸੰ. ਦੁਰ੍ਗਤਿ. ਸੰਗਜਾ- ਬੁਰੀ ਹ਼ਾਲਤ. ਦੁਰਦਸ਼ਾ। ੨. ਅਪਗਤਿ. ਪਰਲੋਕ ਵਿੱਚ ਬੁਰੀ ਦਸ਼ਾ। ੩. ਵਿ- ਜਿਥੇ ਔਖੀ ਗਤਿ ਹੋ ਸਕੇ. ਜਿੱਥੇ ਮੁਸ਼ਕਲ ਨਾਲ ਪਹੁਚਿਆ ਜਾਵੇ. "ਤਹਾਂ ਦੁਰਗ ਦੁਰਗਤਿ ਬਡੋ." (ਚਰਿਤ੍ਰ ੧੭੫)

**ਦੁਰਗਪਾਲ:** ਸੰਗਜਾ- ਦੁਰ੍ਗ (ਕਿਲੇ) ਦੇ ਪਾਲਣ ਵਾਲਾ. ਗੜ੍ਹ ਦਾ ਰਕ੍ਸ਼ਕ. ਕਿਲੇਦਾਰ. ਦੁਰ੍ਗਾਧ੍ਯਕ੍ਸ਼.

**ਦੁਰਗਮ:** ਵਿ- ਦੁਰ੍ਗਮ. ਜਿੱਥੇ ਜਾਣਾ ਔਖਾ ਹੋਵੇ. "ਦੁਰਗਮ ਸਥਾਨ ਸੁਗਮੰ." (ਸਹਸ ਮਃ ੫) ੨. ਦੁਰਗ ਦੈਤ ਦਾ ਨਾਉਂ ਭੀ ਦੁਰਗਮ ਲਿਖਿਆ ਹੈ. ਦੇਖੋ, ਦੁਰਗਾ ੨.

**ਦੁਰਗਾ:** ਦੁਰ੍ਗ ਦੈਤ ਦੇ ਮਾਰਨ ਵਾਲੀ ਦੇਵੀ (ਦੁਰ੍ਗਾ). ਦੇਖੋ, ਦੁਰਗ ੩. "ਦੁਰਗਾ ਸਭ ਸੰਘਾਰੇ ਰਾਖਸ ਖੜਗ ਲੈ." (ਚੰਡੀ ੩) "ਦੁਰਗਾ ਕੋਟਿ ਜਾਕੈ ਮਰਦਨ ਕਰੈ." (ਭੈਰ ਅਃ ਕਬੀਰ) ੨. ਦੁਰਗ ਅਥਵਾ ਦੁਰਗਮ ਦੈਤ ਲਈ ਭੀ ਦੁਰਗਾ ਸ਼ਬਦ ਆਇਆ ਹੈ. "ਇਤਿ ਮਹਿਖਾਸੁਰ ਦੈਤ ਮਾਰੇ ਦੁਰਗਾ ਆਇਆ। ਚੌਦਹਿ ਲੋਕਹਿ ਰਾਣੀ ਸਿੰਘ ਨਚਾਇਆ ॥" (ਚੰਡੀ ੩) ੩. ਸ਼੍ਰੀ ਗੁਰੂ ਅਮਰਦਾਸ ਜੀ ਦਾ ਇੱਕ ਸਿੱਖ। ੪. ਭੰਭੀ ਜਾਤਿ ਦਾ ਬ੍ਰਾਹਮਣ, ਜੋ ਮਿਹੜੇ ਪਿੰਡ ਦਾ ਵਸਨੀਕ ਸੀ. ਜਿਸ ਨੇ ਆਪਣੇ ਯਕ਼ੀਨ ਅਨੁਸਾਰ ਸ਼੍ਰੀ ਗੁਰੂ ਅਮਰਦਾਸ ਜੀ ਦੇ ਚਰਨ ਦੀ ਪਦਮਰੇਖਾ ਦੇਖਕੇ ਆਖਿਆ ਸੀ ਕਿ ਆਪ ਚਕ੍ਰਵਰਤੀ ਸ਼ਹਨਸ਼ਾਹ ਬਣੋਗੇ, ਇਹ ਸਤਿਗੁਰੂ ਦਾ ਸਿੱਖ ਹੋਕੇ ਪਰਮਪਦ ਦਾ ਅਧਿਕਾਰੀ ਬਣਿਆ। ੫. ਸ਼੍ਰੀ ਗੁਰੂ ਅਰਜਨ ਸਾਹਿਬ ਦਾ ਇੱਕ ਪ੍ਰੇਮੀ ਸਿੱਖ.

**ਦੁਰਗਾਸ਼੍ਟਮੀ:** ਦੁਰ੍ਗਾ ਪੂਜਨ ਦੀ ਅੱਠੇਂ ਤਿਥਿ. ਅਸੂ ਸੁਦੀ ਅਤੇ ਚੇਤ ਸੁਦੀ ਅਸ਼੍ਟਮੀ.

**ਦੁਰਗਾ ਸਪਤ ਸਤੀ:** ਸੰਗਜਾ- ਦੁਰ੍ਗਾ ਸਪ੍ਤਸ਼ਤੀ. ਸੱਤ ਸੌ ਸ਼ਲੋਕਾਂ ਦੀ ਦੁਰਗਾ ਮਹਿਮਾ. ਮਾਰਕੰਡੇਯ ਪੁਰਾਣ ਦਾ ਅਧ੍ਯਾਯ ੮੧) ਤੋਂ ਅਃ ੯੪ ਤਕ ਦਾ ਪਾਠ. ਦੇਖੋ, ਸਤਸਈ.

**ਦੁਰਗਾਹ:** ਸੰ. ਦੁਰ੍ਗਾਹ੍ਯ. ਵਿ- ਜਿਸ ਦਾ ਅਵਗਾਹਨਾ (ਗਾਹੁਣਾ) ਔਖਾ ਹੋਵੇ.

**ਦੁਰਗਾਦਿ, ਦੁਰਗਾਧ:** ਸੰ. ਦੁਰਗੰਧ. ਸੰਗਯਾ- ਬੁਰੀ ਗੰਧ. ਬਦਬੂ. ਸੜਿਆਨ. "ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਇ." (ਬਿਲਾ ਮਃ ੫) "ਝੂਠ ਸੰਗਿ ਦੁਰਗਾਧੇ." (ਆਸਾ ਮਃ ੫)

**ਦੁਰਗਾਧ੍ਯਕ੍ਸ਼:** ਸੰ. ਸੰਗਯਾ- ਦੁਰਗੰ- ਅਧ੍ਯਕ੍ਸ਼. ਕਿਲੇ- ਦਾਰ. ਦੁਰਗਪਾਲ.

**ਦੁਰਗਾਨੌਮੀ:** ਦੁੰਗਾਪੂਜਾ ਦੀ ਤਿਥਿ ਕੱਤਕ ਸੁਦੀ ਨਵਮੀ, ਜਿਸ ਦਿਨ ਪ੍ਰਾਤਹਕਾਲ ਮਧ੍ਯਾਨ੍ਹ ਅਤੇ ਸਾਯੰਕਾਲ ਦੇਵੀ ਦਾ ਪੂਜਨ ਹਿੰਦੂਮਤ ਵਿੱਚ ਵਿਧਾਨ ਹੈ। ੨. ਅੱਸੂ ਸੁਦੀ ਨਵਮੀ। ੩. ਚੇਤ ਸੁਦੀ ਨੌਮੀ.

**ਦੁਰਗਾਪਾਠ:** ਦੁਰਗੰ. ਸਪ੍ਰਸ਼ਤੀ ਦਾ ਪਾਠ. "ਦੁਰਗਾਪਾਠ ਬਣਾਇਆ ਸਭੇ ਪੌੜੀਆਂ." (ਚੰਡੀ ੩) ਦੇਖੋ, ਸਤਸਈ ਅਤੇ ਦੁਰਗਾਸਪਤਸਤੀ.

**ਦੁਰਗਾਪੁਰ:** ਜਿਲਾ ਜਲੰਧਰ, ਤਸੀਲ ਵਾਂ ਸ਼ਹਿਰ, ਥਾਣਾ ਰਾਹੋਂ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਨਵਾਂ ਸ਼ਹਿਰ ਤੋਂ ਡੇਢ ਮੀਲ ਪੂਰਵ ਹੈ. ਇਸ ਪਿੰਡ ਤੋਂ ਲਹਿੰਦੇ ਵੱਲ ਪਾਸ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀਂਦੋਵਾਲ ਤੋਂ ਕੀਰਤਪੁਰ ਜਾਂਦੇ ਹੋਏ ਏਥੇ ਠਹਿਰੇ ਹਨ. ਪਹਿਲਾਂ ਗੁਰੂ ਜੀ ਦੇ ਬੈਠਣ ਵਾਲੀ ਥਾਂ ਸਾਧਾਰਣ ਜਿਹਾ ਨਿਸ਼ਾਨ ਸੀ. ਸੰਮਤ ੧੯੨੦ ਵਿੱਚ ਗੁਰਸਿੱਖਾਂ ਨੇ ਗੁਰਦ੍ਵਾਰਾ ਬਣਾਇਆ ਹੈ. ਬਾਬਾ ਰਾਮਸਿੰਘ ਜੀ ਭੈਣੀ ਵਾਲੇ ਨਾਮਧਾਰੀਏ ਦੀ ਪ੍ਰੇਰਨਾ ਨਾਲ ੧੦. ਘੁਮਾਉਂ ਜ਼ਮੀਨ ਭੀ ਗੁਰਦ੍ਵਾਰੇ ਨਾਲ ਪਿੰਡ ਨੇ ਲਾ ਦਿੱਤੀ ਹੈ, ਜਿਸ ਦੀ ਆਮਦਨ ਨਾਲ ਗੁਰਦ੍ਵਾਰੇ ਦਾ ਨਿਰਵਾਹ ਹੁੰਦਾ ਹੈ. ਪੁਜਾਰੀ ਨਾਮਧਾਰੀਆ ਸਿੰਘ ਹੈ.

**ਦੁਰਗਿਆਣਾ:** ਦੁਰਗੰ ਦਾ ਆਯਨ (ਘਰ). ੨. ਦੇਵੀ ਦਾ ਇੱਕ ਖਾਸ ਮੰਦਿਰ, ਜੋ ਅੰਮ੍ਰਿਤਸਰ ਵਿੱਚ ਹੈ.

**ਦੁਰਗੇਇ, ਦੁਰਗੇਯ:** ਸੰ. ਦੁਰ੍ਜ੍ਞੇਯ. ਦੁਰਗੰਯ. ਵਿ- ਜੋ ਮੁਸ਼ਕਲ ਨਾਲ ਜਾਣਿਆ ਜਾਵੇ. ਜਿਸ ਦਾ ਜਾਣਨਾ ਔਖਾ ਹੈ. "ਦੀਹ ਮਹਾਂ ਦੁਰਗੇਯ ਬਡੋ." (ਗੁਪ੍ਰਸੂ)

**ਦੁਰਗੰਧ, ਦੁਰਗੰਧਿ:** ਸੰਗਯਾ- ਦੁਰਗੰਧ, ਬਦਬੂ. "ਮੁਖਿ ਆਵਤ ਤਾਂਕੇ ਦੁਰਗੰਧਿ." (ਸੁਖਮਨੀ) ੨. ਭਾਵ- ਅਪਕੀਰਤਿ. ਬਦਨਾਮੀ। ੩. ਨਿੰਦਿਤ ਪਦਾਰਥ. "ਜੋ ਦੂਜੈਭਾਇ ਸਾਕਤ ਕਾਮਨਾਅਰਥਿ ਦੁਰਗੰਧ ਸਰੇਵਦੇ." (ਸੂਹੀ ਮਃ ੪) ੪. ਵਿਸ਼ੈ ਵਿਕਾਰ. "ਭਰਿ ਜੋਬਨਿ ਲਾਗਾ ਦੁਰਗੰਧ." (ਰਾਮ ਮਃ ੫)

**ਦੁਰਗ੍ਰਹ:** ਵਿ- ਦੁਰਗ੍ਰੰਹ. ਜਿਸ ਦਾ ਫੜਨਾ ਔਖਾ ਹੋਵੇ। ੨. ਜਿਸ ਦਾ ਸਮਝ ਵਿਚ ਆਉਣਾ ਕਠਿਨ ਹੈ.

**ਦੁਰਘਟ:** ਵਿ- ਦੁਘੰਟ. ਜਿਸ ਦਾ ਬਣਨਾ ਔਖਾ ਹੋਵੇ. ਕਠਿਨਾਈ ਨਾਲ ਹੋਣ ਵਾਲਾ.

**ਦੁਰਘਟਨਾ:** ਸੰਗਯਾ- ਦੁਘੰਟਨਾ. ਬੁਰੀ ਵਾਰਦਾਤ. ਬੁਰੀ ਗੱਲ ਦੇ ਹੋਣ ਦਾ ਸੰਯੋਗ.

**ਦੁਰਜਨ:** ਸੰਗਯਾ- ਦੁਜੰਨ. ਖੋਟਾ ਆਦਮੀ. ਦੁਸ਼੍ਰਜਨ. "ਦੁਰਜਨ ਸੇਤੀ ਨੇਹੁ ਰਚਾਇਓ." (ਵਾਰ ਰਾਮ ੨. ਮਃ ੫)

**ਦੁਰਜਨਾਂਤ:** ਵਿ- ਦੁਜੰਨਾਂਤਕ. ਦੁਸ਼੍ਰ ਦਾ ਅੰਤ ਕਰਨ ਵਾਲਾ. "ਦੁਰਜਨਾਂਤ ਦੁਖਹਰਨ ਬਿਕਟ ਅਤਿ." (ਚਰਿਤ੍ਰ ੨੪੪) ੨. ਸੰਗਯਾ- ਵੈਰੀ ਦਾ ਅੰਤ ਕਰਨ ਵਾਲਾ ਖੜਗ. (ਸਨਾਮਾ)

**ਦੁਰਜਯ, ਦੁਰਜੈ:** ਵਿ- ਦੁਜੰਯ. ਜਿਸ ਦਾ ਜਿਤਣਾ ਔਖਾ ਹੈ. "ਇਹ ਜੋਧਾ ਦੁਰਜੈ ਸਭ ਮਾਂਹੀ." (ਨਾਪ੍ਰ) ੨. ਸੰਗਯਾ- ਧ੍ਰਿਤਰਾਸ਼੍ਟ੍ਰ ਦਾ ਇੱਕ ਪੁਤ੍ਰ। ੩. ਵਿਸ਼ਨੁ। ੪. ਸ਼੍ਰੀ ਗੁਰੂ ਗੋਬਿੰਦਸਿੰਘ ਜੀ.

**ਦੁਰਜੋਧਨ:** ਸੰ. ਦੁਰਯੋਧਨ. ਵਿ- ਜਿਸ ਨਾਲ ਯੁੱਧ ਕਰਨਾ ਔਖਾ ਹੈ। ੨. ਸੰਗਯਾ- ਗਾਂਧਾਰੀ ਦੇ ਉਦਰ ਤੋਂ ਧ੍ਰਿਤਰਾਸ਼੍ਟ੍ਰ ਦਾ ਵੱਡਾ ਪੁਤ੍ਰ, ਜੋ ਪਾਂਡਵਾਂ ਦਾ ਭਾਰੀ ਵਿਰੋਧੀ ਸੀ ਇੰਦ੍ਰਪ੍ਰਸਥ (ਦਿੱਲੀ) ਵਿੱਚ ਜਦ ਯੁਧਿਸ਼੍ਠਿਰ ਨੇ ਰਾਜਸੂਯ ਯਗ੍ਯ ਕੀਤਾ, ਤਦ ਉਸ ਦੀ ਪ੍ਰਭੁਤਾ ਦੇਖਕੇ ਦੁਰਜੋਧਨ ਜਲ ਗਿਆ ਅਰ ਪਾਂਡਵਾਂ ਦੇ ਨਾਸ਼ ਦਾ ਉਪਾਉ ਸੋਚਣ ਲੱਗਾ. ਇਸ ਨੇ ਆਪਣੇ ਮਾਮੇ ਸ਼ਕੁਨਿ ਨਾਲ ਮਿਲਕੇ ਯੁਧਿਸ਼੍ਠਿਰ ਨੂੰ ਜੂਆ ਖੇਡਣ ਲਈ ਤਿਆਰ ਕੀਤਾ ਅਤੇ ਅਜੇਹੀ ਚਤੁਰਾਈ ਨਾਲ ਖੇਡ ਕੀਤੀ ਕਿ ਯੁਧਿਸ਼੍ਠਿਰ ਦਾ ਸਭ

ਰਾਜ ਜਿੱਤ ਲਿਆ, ਬਲਕਿ ਪਾਂਡਵਾਂ ਦੀ ਪਜਾਰੀ ਇਸਤ੍ਰੀ ਦ੍ਰੌਪਦੀ ਭੀ ਜੁਏ ਵਿੱਚ ਹਾਰੀ ਗਈ. ਦੁਰਯੋਧਨ ਨੇ ਆਗ੍ਯਾ ਦਿੱਤੀ ਕਿ ਦ੍ਰੌਪਦੀ ਨੂੰ ਸਭਾ ਵਿੱਚ ਲਿਆਓ. ਇਸ ਪੁਰ ਦੁੱਸ਼ਾਸਨ ਕੇਸਾਂ ਤੋਂ ਫੜਕੇ ਉਸ ਨੂੰ ਲਿਆਇਆ. ਦੁਰਯੋਧਨ ਨੇ ਦ੍ਰੌਪਦੀ ਨੂੰ ਆਪਣੇ ਪੱਟ ਪੁਰ ਬੈਠਣ ਲਈ ਆਖਿਆ, ਜਿਸ ਪੁਰ ਭੀਮਸੈਨ ਨੇ ਪ੍ਰਤਿਗ੍ਯਾ ਕੀਤੀ ਕਿ ਦੁਰਯੋਧਨ ਦੇ ਪੱਟਾਂ ਨੂੰ ਮੈਂ ਗਦਾ ਨਾਲ ਚੂਰਨ ਕਰਾਂਗਾ.

ਜੂਏ ਵਿਚ ਹਾਰਨ ਕਾਰਣ ਪਾਂਡਵਾਂ ਨੂੰ ਬਾਰਾਂ ਵਰ੍ਹੇ ਬਨਵਾਸ, ਅਤੇ ਇੱਕ ਵਰ੍ਹਾ ਗੁਪਤ ਵਾਸ ਕੱਟਣਾ ਪਿਆ. ਇਸ ਪਿੱਛੋਂ ਕ੍ਰਿਸ਼ਨ ਜੀ ਨੇ ਭਾਈਆਂ ਦੀ ਸੁਲਾ ਕਰਾਉਣੀ ਚਾਹੀ, ਪਰ ਦੁਰਯੋਧਨ ਨੇ ਹਿਤ ਦੀ ਸਲਾਹ ਨਾ ਮੰਨੀ. ਗੱਲ ਇੱਥੋਂ ਤੱਕ ਵਧੀ ਕਿ ਦੋਹਾਂ ਨੇ ਕੁਲਛੇਤ੍ਰ (ਕੁਰੁਕ੍ਸ਼ੇਤ੍ਰ) ਦੇ ਮੈਦਾਨ ਵਿੱਚ ਲੜਾਈ ਆਰੰਭੀ, ਜਿਸ ਦਾ ਫਲ ਭਾਰਤ ਦਾ ਸਰਵਨਾਸ਼ ਹੋਇਆ. ਭੀਮਸੈਨ ਨੇ ਆਪਣੀ ਪ੍ਰਤਿਗ੍ਯਾ ਅਨੁਸਾਰ ਦੁਰਯੋਧਨ ਦੇ ਪੱਟ ਗਦਾ ਨਾਲ ਚੂਰਨ ਕੀਤੇ. "ਬੂਡਾ ਦੁਰਜੋਧਨ ਪਤਿ ਖੋਈ." (ਗਉ ਅਃ ਮਃ ੧)

ਦੁਰਣਾ: ਕ੍ਰਿ- ਦੂਰ ਹੋਣਾ. ਓਲੇ ਹੋਣਾ. ਲੁਕਣਾ.

ਦੁਰਤ, ਦੁਰਤੁ: ਸੰ. ਦੁਰਿਤ. ਸੰਗ੍ਯਾ- ਪਾਪ. ਦੋਸ਼. "ਕਲਿਜੁਗ ਦੁਰਤ ਦੂਰਿ ਕਰਬੇ ਕਉ." (ਸਵੈਯੇ ਮਃ ੪. ਕੇ) "ਦੁਰਤੁ ਗਵਾਇਆ ਹਰਿ ਪ੍ਰਭਿ ਆਪੇ." (ਸੋਰ ਮਃ ੫) ੨. ਵਿ- ਪਾਪੀ.

ਦੁਰਤ੍ਯ: ਵਿ- ਜਿਸ ਦਾ ਪਾਰ ਨਾ ਮਿਲ ਸਕੇ. ਅਪਾਰ.

ਦੁਰਦ: ਸੰ. ਦ੍ਵਿਰਦ. ਸੰਗ੍ਯਾ- ਦੋ ਦੰਦਾਂ ਵਾਲਾ, ਹਾਥੀ.

ਦੁਰਦਸਾ: ਸੰ. ਦੁਰਦੰਸ਼ਾ. ਸੰਗ੍ਯਾ- ਬੁਰੀ ਹ਼ਾਲਤ. ਮੰਦ ਅਵਸਥਾ.

ਦੁਰਦਗਾਮਿਨੀ, ਦੁਰਦਗਾਮੀ: ਵਿ- ਦ੍ਵਿਰਦ (ਹਾਥੀ) ਜੇਹੀ ਹੈ ਜਿਸਦੀ ਚਾਲ. ਗਜਗਾਮਿਨੀ. ਹਾਥੀ ਵਾਂਙ ਚਲਣ ਵਾਲੀ. ਭਾਵ- ਉੱਤਮ ਚਾਲ ਵਾਲੀ. ਹਸ੍ਤੀ ਜੇਹੀ ਚਾਲ ਵਾਲਾ.

ਦੁਰਦਨਿ: ਸੰਗ੍ਯਾ- ਦ੍ਵਿਰਦ (ਹਾਥੀ) ਸੈਨਾ. ਰਾਜਸੇਨਾ (ਸਨਾਮਾ)

ਦੁਰਦਰੂੜ: ਵਿ- ਢਿਰਦਾਰੂਢ. ਹਾਥੀ ਤੇ ਚੜ੍ਹਿਆ ਹੋਇਆ. ਹਾਥੀ ਦਾ ਸਵਾਰ.

ਦੁਰਦਾਨਨ: ਸੰਗ੍ਯਾ- ਦ੍ਵਿਰਦ (ਹਾਥੀ) ਦਾ ਹੈ ਆਨਨ (ਮੁਖ) ਜਿਸ ਦਾ, ਗਣੇਸ਼. "ਸੰਗ ਪੰਚਾਨਨ ਤਾਤ ਖੜਾਨਨ ਹੈ ਦੁਰਦਾਨਨ ਸੋਭ ਬਢਾਏ." (ਨਾਪ੍ਰ)

ਦੁਰਦਿਨ: ਬੁਰਾ ਦਿਨ. ਮੁਸੀਬਤ ਦਾ ਸਮਾਂ। ੨. ਡਿੰਗ. ਬੱਦਲਾਂ ਨਾਲ ਹਨੇਰਾ ਦਿਨ.

ਦੁਰਧਰ: ਸੰ. दुर्धर. ਵਿ- ਜਿਸ ਦਾ ਫੜਨਾ ਔਖਾ ਹੋਵੇ। ੨. ਸੰਗ੍ਯਾ- ਪਾਰਾ। ੩. ਮਹਿਖਾਸੁਰ ਦਾ ਇੱਕ ਮੰਤ੍ਰੀ. ਜਿਸ ਦਾ ਜਿਕਰ ਦੇਵੀ ਭਾਗਵਤ ਵਿੱਚ ਆਇਆ ਹੈ। ੪. ਵਿਸ਼ਨੁ। ੫. ਰਾਵਣ ਦਾ ਇੱਕ ਸੈਨਾਨੀ, ਜਿਸ ਨੂੰ ਹਨੂਮਾਨ ਨੇ ਮਾਰਿਆ.

ਦੁਰਧਰਖ: ਸੰ. दुर्द्धर्ष. ਵਿ- ਜਿਸ ਦਾ ਦਮਨ ਕਰਨਾ ਔਖਾ ਹੋਵੇ. ਜੋ ਕਠਿਨਾਈ ਨਾਲ ਜਿੱਤਿਆ ਜਾਵੇ। ੨. ਪ੍ਰਬਲ. "ਦੁਰਧਰਖ ਭਟ." (ਪਾਰਸਾਵ)

ਦੁਰਨਯ: ਸੰ. ਦੁਰਨੰਯ. ਸੰਗ੍ਯਾ- ਅਨ੍ਯਾਯ. ਬੇਇਨਸਾਫੀ। ੨. ਕੁਰੀਤਿ. ਕੁਚਾਲ.

ਦੁਰਨਾ: ਕ੍ਰਿ- ਦੂਰ ਹੋਣਾ. ਅੱਖਾਂ ਤੋਂ ਓਲੇ ਹੋਣਾ. ਲੁਕਣਾ. ਛਿਪਣਾ.

ਦੁਰਨਿਰੀਛ: ਦੁਨਿੰਰੀਕ੍ਸ਼੍ਯ. ਵਿ- ਜਿਸ ਦਾ ਵੇਖਣਾ ਮੁਸ਼ਕਿਲ ਹੋਵੇ. ਜੋ ਆਸਾਨੀ ਨਾਲ ਨਾ ਵੇਖਿਆ ਜਾ ਸਕੇ. "ਦੁਰਨਿਰੀਛ ਅਤਿ ਪੁੰਜ ਤੇਜ ਕੋ." (ਗੁਪ੍ਰਸੂ) ੨. ਭਯੰਕਰ. ਡਰਾਵਣਾ। ੩. ਬਦਸ਼ਕਲ, ਕਰੂਪ.

**ਦੁਰਬਚਨ:** ਸੰਗਜਾ- ਦੁਰ੍ਵਚਨ. ਖੋਟਾ ਵਚਨ. ਕੌੜਾ ਬੋਲ. ਕੁਵਾਕ੍ਯ. "ਦੁਰਬਚਨ ਭੇਦ ਭਰਮੰ." (ਸਹਸ ਮਃ ੫) ਦੇਖੋ, ਭਰਮ ੯.

**ਦੁਰਬਰ:** ਸੰ. ਦੁਰ੍ਵਾਰ. ਵਿ- ਜੋ ਵਰਜਿਆ (ਰੋਕਿਆ) ਨਾ ਜਾ ਸਕੇ. ਜਿਸ ਦਾ ਵਾਰਣ ਨਾ ਹੋਵੇ. "ਦੁਰਬਰ ਵੇਸ." (ਕਲਕੀ) ਦੁਰ੍ਵਾਰ ਯੋਧਾ ਦਾ ਲਿਬਾਸ।

੨. ਦੁਰ੍ਬਲ. ਕ੍ਰਿਸ਼. ਦੁਬਲਾ. "ਦੁਰਬਰ ਤਨ ਝਰ ਝੰਝਰ ਹੋਵਾ." (ਗੁਪ੍ਰਸੂ)

**ਦੁਰਬਲ:** ਵਿ- ਦੁਰ੍ਬਲ. ਕਮਜ਼ੋਰ। ੨. ਕ੍ਰਿਸ਼. ਪਤਲਾ. ਦੁਬਲਾ। ੩. ਨਿਰਧਨ. ਕੰਗਾਲ. "ਸੋਈ ਮੁਕੰਦ ਦੁਰਬਲ ਧਨ ਲਾਧੀ." (ਗੌਂਡ ਰਵਿਦਾਸ)

**ਦੁਰਬਾਸਾ:** ਸੰ. दुर्वासस्. ਦੁਰ੍ਵਾਸਾ. ਵਿ- ਮੈਲੇ ਵਸਤ੍ਰਾਂ ਵਾਲਾ. ਬੁਰੇ ਵਸਤ੍ਰਾਂ ਵਾਲਾ। ੨. ਸੰਗਜਾ- ਇੱਕ ਰਿਖੀ, ਜੋ ਅਤ੍ਰਿ ਅਤੇ ਅਨਸੂਯਾ ਦਾ ਪੁਤ੍ਰ ਸੀ. ਕਈ ਕਹਿੰਦੇ ਹਨ ਕਿ ਇਹ ਸ਼ਿਵ ਤੋਂ ਉਤਪੰਨ ਹੋਇਆ ਹੈ.[642] ਇਹ ਵਡਾ ਹੀ ਕ੍ਰੋਧੀ ਸੀ, ਇਸ ਨੇ ਕਈਆਂ ਨੂੰ ਸਰਾਪ ਦਿੱਤੇ. ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਇਸ ਨੇ ਇੰਦ੍ਰ ਨੂੰ ਇੱਕ ਮਾਲਾ ਦਿੱਤੀ, ਜਿਸ ਦੀ ਇੰਦ੍ਰ ਦੇ ਹਾਥੀ ਐਰਾਵਤ ਨੇ ਨਿਰਾਦਰੀ ਕੀਤੀ, ਇਸ ਪੁਰ ਦੁਰਵਾਸਾ ਨੇ ਇੰਦ੍ਰ ਨੂੰ ਸਰਾਪ ਦੇ ਦਿੱਤਾ ਕਿ ਤੇਰਾ ਰਾਜ ਤ੍ਰੈਲੋਕਾਂ ਤੋਂ ਟਲ ਜਾਵੇ. ਸਰਾਪ ਦੇ ਕਾਰਣ ਇੰਦ੍ਰ ਅਤੇ ਦੇਵਤੇ ਨਿਰਬਲ ਹੋ ਗਏ ਅਰ ਦੈਂਤਾਂ ਕੋਲੋਂ ਹਾਰਨ ਲੱਗ ਪਏ. ਅੰਤ ਵਿਚ ਦੇਵਤੇ ਵਿਸ਼ਨੁ ਦੀ ਸ਼ਰਣ ਜਾਪਏ ਅਤੇ ਉਸ ਦੀ ਆਗਜਾ ਅਨੁਸਾਰ ਦੇਵਤਿਆਂ ਨੇ ਸਮੁੰਦਰ ਰਿੜਕਕੇ ਅੰਮ੍ਰਿਤ ਅਤੇ ਹੋਰ ਕਈ ਰਤਨ ਕੱਢੇ, ਜਿਸ ਤੋਂ ਮੁੜ ਬਲਵਾਨ ਹੋਏ.

ਮਹਾਭਾਰਤ ਵਿਚ ਲਿਖਿਆ ਹੈ ਕਿ ਇੱਕ ਵਾਰ ਕ੍ਰਿਸ਼ਨ ਜੀ ਨੇ ਦੁਰਵਾਸਾ ਦਾ ਪ੍ਰੇਮ ਨਾਲ ਸ੍ਵਾਗਤ ਕੀਤਾ, ਪਰ ਜੇਹੜੇ ਰੋਟੀਆਂ ਦੇ ਟੁਕੜੇ ਪੈਰਾਂ ਵਿਚ ਡਿਗੇ ਪਏ ਸਨ, ਕ੍ਰਿਸ਼ਨ ਜੀ ਉਹ ਚੁੱਕਣੇ ਭੁੱਲ ਗਏ. ਇਸ ਪੁਰ ਦੁਰਵਾਸਾ ਗੁੱਸੇ ਹੋ ਗਿਆ ਅਤੇ ਆਖਿਆ ਕਿ ਤੂੰ ਫੰਧਕ ਦੇ ਤੀਰ ਨਾਲ ਘਾਇਲ ਹੋਕੇ ਪ੍ਰਾਣ ਤਜਾਗੇਂਗਾ।

ਦੁਰਵਾਸਾ ਦੇ ਹੀ ਸਰਾਪ ਨਾਲ ਕ੍ਰਿਸ਼ਨ ਜੀ ਦੇ ਪੁਤ੍ਰ ਸਾਂਬ ਦੇ ਪੇਟ ਪੁਰ ਬੱਧੇ ਹੋਏ ਵਸਤ੍ਰਾਂ ਤੋਂ, ਯਾਦਵਕੁਲ ਨਾਸ਼ਕ, ਮੂਸਲ ਪੈਦਾ ਹੋਇਆ[643] ਸੀ. ਦੇਖੋ, ਵਿਸ਼ਨੁ ਪੁਰਾਣ ਅੰਸ਼ ੫. ਅਃ ੩੭. "ਦੁਰਵਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ." (ਧਨਾ ਨਾਮਦੇਵ) ਦੇਖੋ, ਅੰਬਰੀਸ ਅਤੇ ਦੱਤ.

**ਦੁਰਬੁੱਧਿ:** ਸੰ. दुर्बुद्धि. ਸੰਗਜਾ- ਬੁਰੀ ਅ਼ਕ਼ਲ। ੨. ਵਿ- ਜਿਸ ਦੀ ਸਮਝ ਖੋਟੀ ਹੈ.

**ਦੁਰਬੋਧ:** ਸੰ. दुर्बोध. ਵਿ- ਜਿਸ ਦਾ ਸਮਝਣਾ ਔਖਾ ਹੋਵੇ.

**ਦੁਰਬ੍ਰਿਤ:** ਸੰ. दुर्वृत्. ਦੁਰ੍ਵਿੱਤੱ. ਵਿ- ਦੁਰਾਚਾਰੀ. ਬੁਰੇ ਚਲਨ ਵਾਲਾ. ਕੁਕਰਮੀ. "ਦੁਰਬ੍ਰਿਤ ਚਿਤਵਜੋ ਪਾਪ." (ਗੁਪ੍ਰਸੂ)

**ਦੁਰਭਗ:** ਸੰ. ਦੁਰ੍ਭਗ. ਵਿ- ਬਦਨਸੀਬ. ਮੰਦਭਾਗੀ.

**ਦੁਰਭਰ:** ਸੰ. ਦੁਰ੍ਭਰ. ਵਿ- ਜਿਸ ਦਾ ਚੱਕਣਾ ਔਖਾ ਹੋਵੇ। ੨. ਜਿਸ ਦਾ ਭਰਨਾ ਔਖਾ ਹੋਵੇ.

**ਦੁਰਭਾਗ:** ਸੰ. ਦੁਰ੍ਭਾਗ੍ਯ. ਸੰਗਜਾ- ਖੋਟੀ ਕ਼ਿਸਮਤ. ਮੰਦ ਭਾਗ.

---

[642] ਮਹਾਭਾਰਤ ਵਿੱਚ ਅਰਥ ਕੀਤਾ ਹੈ ਕਿ ਜਿਸ ਦਾ ਧਰਮ ਵਿੱਚ ਦ੍ਰਿੜ ਨਿਸ਼੍ਚਾ ਹੋਵੇ. ਉਸ ਦਾ ਨਾਮ ਦੁਰਵਾਸਾ ਹੈ.

[643] ਸਾਂਬ ਨੂੰ ਇਸਤ੍ਰੀ ਦਾ ਲਿਬਾਸ ਪਹਿਨਾਕੇ ਅਤੇ ਢਿੱਡ ਤੇ ਵਸਤ੍ਰਾਂ ਨਾਲ ਹਮਲ ਦੀ ਸ਼ਕਲ ਦਿਖਾਕੇ ਯਾਦਵਾਂ ਨੇ ਦਰਵਾਸੇ ਤੋਂ ਪੁੱਛਿਆ ਸੀ ਕਿ ਇਸ ਦੇ ਗਰਭ ਤੋਂ ਕੀ ਜਨਮੇਗਾ? ਦੁਰਵਾਸਾ ਉਨ੍ਹਾਂ ਦੀ ਚਾਲ ਨੂੰ ਜਾਣ ਗਿਆ ਅਤੇ ਉੱਤਰ ਦਿੱਤਾ ਕਿ ਇਸ ਗਰਭ ਤੋਂ ਯਾਦਵਾਂ ਦੀ ਕੁਲ ਨਾਸ਼ ਕਰਨ ਵਾਲਾ ਮੂਸਲ ਜੰਮੇਗਾ.

ਦੁਰਭਿਖ, ਦੁਰਭਿੱਛ: ਸੰ. ਦੁਭਿੰਕ੍ਸ਼. ਸੰਗਯਾ- ਅਜਿਹਾ ਸਮਾਂ, ਜਿਸ ਵਿੱਚ ਭਿਕ੍ਸ਼ਾ ਮਿਲਨੀ ਔਖੀ ਹੋਵੇ. ਕ਼ਹ਼ਤ਼. ਕਾਲ (ਅਕਾਲ).

ਦੁਰਭਿਦ: ਸੰ. ਦੁਰ੍ਭੇਦ. ਵਿ- ਜਿਸ ਦਾ ਭੇਦਨ (ਵਿੰਨ੍ਹਣਾ) ਔਖਾ ਹੋਵੇ. ਜਿਸ ਦਾ ਛੇਦਨ ਨਾ ਹੋ ਸਕੇ. ਦੁਰ੍ਭੇਦ੍ਯ.

ਦੁਰਭੇਦ੍ਯ: ਦੇਖੋ, ਦੁਰਭਿਦ.

ਦੁਰਭ੍ਰਮਾ: ਵਿ- ਦੂਰਿ- ਭ੍ਰਮਾ. ਵਿ- ਦੂਰ ਦੂਰ ਤਕ ਭ੍ਰਮਣ ਵਾਲੀ. ਸਾਰੇ ਵਿਚਰਣ ਵਾਲੀ. ਦੁਰਗਾ. (ਦਸਮਗ੍ਰੰਥ) ੨. ਭ੍ਰਮ ਤੋਂ ਬਿਨਾ.

ਦੁਰਮਤਿ, ਦੁਰਮਤੀ: ਸੰ. ਦੁਰ੍ਮਤਿ. ਵਿ- ਕਮ ਅ਼ਕ਼ਲ ਵਾਲਾ. ਬੇਸਮਝ. ਖਲ. "ਦੁਰਮਤਿ ਸਿਉ ਨਾਨਕ ਫਧਿਓ." (ਸਃ ਮਃ ੯) ੨. ਸੰਗਯਾ- ਬੇਸਮਝੀ. ਨਾਦਾਨੀ. ਮੂਰਖਤਾ. "ਤਜਿ ਸਕਲ ਦੁਹਕ੍ਰਿਤ ਦੁਰਮਤੀ." (ਗੂਜ ਜੈਦੇਵ)

ਦੁਰਮਦ: ਸੰ. ਦੁਰ੍ਮਦ. ਵਿ- ਨਸ਼ੇ ਵਿੱਚ ਮਸ੍ਤ. ਉਨਮੱਤ। ੨. ਹੰਕਾਰ ਵਿੱਚ ਮਗਨ. ਅਭਿਮਾਨੀ. "ਜੁੱਧ ਵਿਖੇ ਦੁਰਮਦ ਬਡੇ." (ਕ੍ਰਿਸਨਾਵ)

ਦੁਰਮਿਲ: ਦੁਰ੍ਮਿੱਲ. ਦੇਖੋ, ਸਵੈਯੇ ਦਾ ਭੇਦ ੧੫.

ਦੁਰਮੁਖ: ਸੰ. ਦੁਰ੍ਮੁਖ. ਵਿ- ਭੈੜੇ ਮੂੰਹ ਵਾਲਾ। ੨. ਸੰਗਯਾ- ਰਾਮਚੰਦ੍ਰ ਜੀ ਦੀ ਸੈਨਾ ਦਾ ਇੱਕ ਬਾਂਦਰ। ੩. ਧ੍ਰਿਤਰਾਸ਼੍ਟ੍ਰ ਦਾ ਇੱਕ ਪੁੱਤ੍ਰ। ੪. ਮਹਿਖਾਸੁਰ ਦਾ ਇੱਕ ਫ਼ੌਜੀ ਅ਼ਫ਼ਸਰ। ੫. ਘੋੜਾ। ੬. ਸ਼ਿਵ। ੭. ਵਿ- ਬਦਜ਼ੁਬਾਨ.

ਦੁਰਯੋਧਨ: ਦੇਖੋ, ਦੁਰਜੋਧਨ.

ਦੁਰਲਭ, ਦੁਰਲਭ੍ਯ: ਸੰ. ਦੁਰ੍ਲਭ. ਵਿ- ਜਿਸ ਦਾ ਲੱਭਣਾ ਔਖਾ ਹੋਵੇ, ਜੋ ਮੁਸ਼ਕਲ ਨਾਲ ਮਿਲ ਸਕੇ. "ਜਿਹ ਪ੍ਰਸਾਦਿ ਪਾਈ ਦੁਰਲਭ ਦੇਹ." (ਸੁਖਮਨੀ) "ਪਤੰਤਿ ਮੋਹਕੂਪ ਦੁਰਲਭ੍ਯ ਦੇਹੰ." (ਸਹਸ ਮਃ ੫)

ਦੁਰਵਚਨ: ਦੇਖੋ, ਦੁਰਬਚਨ.

ਦੁਰਵਾਸਾ: ਦੇਖੋ, ਦੁਰਬਾਸਾ.

ਦੁਰਵਿਗ੍ਯੇ: ਸੰ. ਦੁਰ੍ਵਿਜ੍ਞੇਯ. ਵਿ- ਮੁਸ਼ਕਲ ਨਾਲ ਜਾਣਨ ਯੋਗ੍ਯ. ਜੋ ਔਕਾ ਸਮਝਿਆ ਜਾਵੇ.

ਦੁਰਵਿਦਗਧ: ਸੰ. ਦੁਰ੍ਵਿਦਗ੍ਧ. ਜੋ ਚੰਗੀ ਤਰ੍ਹਾਂ ਨਹੀਂ ਜਲਿਆ। ੨. ਜੋ ਚੰਗੀ ਤਰਾਂ ਪੱਕਿਆ ਨਹੀਂ। ੩. ਅਧਪੜ੍ਹਿਆ ਅਹੰਕਾਰੀ. ਜਿਸ ਨੂੰ ਪੂਰਨ ਵਿਦ੍ਯਾ ਨਹੀਂ, ਪਰ ਆਪਣੇ ਤਾਈਂ ਸਰਵਗ੍ਯ ਜਾਣਦਾ ਹੈ.

ਦੁਹਾਉ: ਸੰਗਯਾ- ਲੁਕਾਉ. ਲੁਕੋਣ ਦਾ ਭਾਵ. ਅੱਖਾਂ ਤੋਂ ਦੂਰ ਹੋਣ ਦਾ ਭਾਵ. ਦੁਰਾਵ. "ਕਾ ਕਉ ਦੁਰਾਉ ਕਾ ਸਿਉ ਬਲਬੰਚਾ." (ਬਿਲਾ ਮਃ ੫) ੨. ਆਵਰਣ. ਅਗ੍ਯਾਨਰੂਪ ਪੜਦਾ. "ਸਹਜੇ ਮਿਟਿਓ ਸਗਲ ਦੁਰਾਉ." (ਗਉ ਅਃ ਮਃ ੫)

ਦੁਰਾਉਣਾ: ਕ੍ਰਿ- ਦੂਰ ਕਰਨਾ. ਅੱਖਾਂ ਤੋਂ ਓਲ੍ਹੇ ਕਰਨਾ. ਲੁਕੋਣਾ. ਦੁਰਾਵਨਾ.

ਦੁਰਾਇ: ਕ੍ਰਿ. ਵਿ- ਲੁਕੋਕੇ. ਛਿਪਾਕੇ. "ਲੋਗ ਦੁਰਾਇ ਕਰਤ ਠਗਿਆਈ." (ਮਲਾ ਮਃ ੫) "ਨਾਮ ਦੁਰਾਇ ਚਲੈ ਸੋ ਚੋਰ." (ਬਸੰ ਅਃ ਮਃ ੧) ਜੋ ਨਾਉਂ ਨੂੰ ਗੁਪਤ ਮੰਤ੍ਰ ਆਖਕੇ ਕੰਨਾਫੂਸੀ ਕਰਦੇ ਹਨ, ਉਹ ਕਰਤਾਰ ਦੇ ਚੋਰ ਹਨ। ੨. ਸੰਗਯਾ- ਲੁਕਾਉ. "ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ?" (ਬਾਵਨ)

ਦੁਰਾਇਣੁ: ਸੰਗਯਾ- ਲੁਕੋਣ ਦਾ ਭਾਵ. ਦੇਖੋ, ਦੁਰਾਉ.

ਦੁਰਾਈ: ਦੇਖੋ, ਦੁਰਾਉਣਾ। ੨. ਦੇਖੋ, ਦੂਰਾਈ.

ਦੁਰਾਈਂ: ਦੂਰ ਹੈ. ਕਠਿਨ ਹੈ. "ਠਾਕੁਰ ਮਿਲਨ ਦੁਰਾਈਂ." (ਕਾਨ ਮਃ ੫)

ਦੁਰਾਸ: ਦੇਖੋ, ਦੁਰਾਸਾ ੨.

ਦੁਰਾਸਦ: ਸੰ. ਵਿ- ਜਿਸ ਦਾ ਪ੍ਰਾਪਤ ਹੋਣਾ ਔਖਾ ਹੋਵੇ। ੨. ਕਠਿਨ. ਮੁਸ਼ਕਿਲ. "ਕੀਨ ਦੁਰਾਸਦ ਤਪ ਜਿਹ ਭਾਰੀ." (ਨਾਪ੍ਰ)

ਦੁਰਾਸਾ: ਸੰ. ਦੁਰਾਸ਼ਾ. ਸੰਗਯਾ- ਖੋਟੀ ਆਸਾ. ਝੂਠੀ ਉੱਮੀਦ। ੨. ਦੁਰਾਸ਼ਯ. ਬੁਰਾ ਖਿਆਲ. "ਤੈਂ ਦੁਰਾਸ ਧਰਿ ਉਰ ਮੇ ਹੇਰਾ." (ਗੁਪ੍ਰਸੂ) ੩. ਵਿ- ਬੁਰੇ ਆਸ਼ਯ ਵਾਲਾ, ਖੋਟੇ ਖਿਆਲ ਵਾਲਾ. "ਬੋਲਜੋ ਬਹੁਰੋ ਬਚਨ ਦੁਰਾਸਾ." (ਨਾਪ੍ਰ)

ਦੁਰਾਸੀ: ਵਿ- ਦੁਰਾਸ਼ਾ ਵਾਲਾ, ਝੂਠੀ ਉੱਮੀਦ ਰੱਖਣ ਵਾਲਾ. "ਸੋ ਤਸਕਰ ਦੁਰਮਤੀ ਦਰਾਸੀ." (ਗੁਪ੍ਰਸੂ)

ਦੁਰਾਸੀਸ: ਸੰ. दुराशिस्. ਸੰਗਯਾ- ਬਦਦੁਆ। ੨. ਬਦਖ੍ਵਾਹੀ.

ਦੁਰਾਹਾ: ਸੰਗਯਾ- ਉਹ ਥਾਂ ਜਿੱਥੇ ਦੋ ਰਾਹ ਮਿਲਨ. ਦੋ ਰਾਹਾਂ ਦਾ ਸੰਗਮ। ੨. ਵਿ- ਦੋ ਰਾਹੀਂ ਚੱਲਣ ਵਾਲਾ. ਜੋ ਉਸੂਲ ਦਾ ਪੱਕਾ ਨਹੀਂ। ੩. ਦੇਖੋ, ਦੋਰਾਹਾ.

ਦੁਰਾਗਮਨ: ਦੇਖੋ, ਦ੍ਵਿਰਾਗਮਨ.

ਦੁਰਾਗ੍ਰਹ: ਸੰ. ਸੰਗਯਾ- ਬੁਰਾ ਹਠ. ਵਿਚਾਰ ਰਹਿਤ ਜ਼ਿੱਦ.

ਦੁਰਾਚਰਣ, ਦੁਰਾਚਾਰ: ਸੰਗਯਾ- ਬੁਰਾ ਆਚਾਰ. ਖੋਟਾ ਚਾਲ ਚਲਨ. ਨਿੰਦਿਤ ਕਰਮ.

ਦੁਰਾਚਾਰੀ: ਵਿ- ਖੋਟੇ ਆਚਾਰ ਵਾਲਾ. ਕੁਕਰਮੀ. ਬਦਚਲਨ. "ਦੁਰਮਤਿ ਹਰਣਾਖਸੁ ਦੁਰਾਚਾਰੀ." (ਗਉ ਅਃ ਮਃ ੧)

ਦੁਰਾਛੈ: ਸੰਗਯਾ- ਦੁਰ- ਇੱਛਾ. ਮੰਦ ਵਾਸਨਾ. "ਆਇ ਪਰਿਓ ਨਾਨਕ ਗੁਰਚਰਨੀ ਤਉ ਉਤਰੀ ਸਗਲ ਦੁਰਾਛੈ." (ਦੇਵ ਮਃ ੫)

ਦੁਰਾਤਮ, ਦੁਰਾਤਮਾ: ਸੰ. दुरात्मन. ਵਿ- ਖੋਟੇ ਦਿਲ ਵਾਲਾ. ਦੁਸ਼੍ਟਾਤਮਾ.

ਦੁਹਾਤੇ: ਦੇਖੋ, ਦੁਰਹਾਉਣਾ. "ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨੁ ਦੁਰਾਤੇ?" (ਮਾਰੂ ਮਃ ੫) ਇਸ ਵਿੱਚ ਕੀ ਲੁਕਾਉ ਹੈ? ੨. ਸੰ. ਦੁਰਤਜਯ. ਵਿ- ਜਿਸ ਦਾ ਪਾਰ ਪਾਉਣਾ ਔਖਾ ਹੈ. ਦੁਸੁਰ.

ਦੁਰਾਧਰਸ, ਦੁਰਾਧਰਖ: ਸੰ. ਦੁਰਾਧਸ਼ੰ. ਵਿ- ਜਿਸ ਦਾ ਦਬਾਉਣਾ ਔਖਾ ਹੈ. ਜੋ ਵਸ਼ ਵਿੱਚ ਨਾ ਆ ਸਕੇ.

ਦੁਰਾਨਨ, ਦੁਰਾਨਨੀ: ਵਿ- ਭੈੜੇ ਮੂੰਹ ਵਾਲਾ, ਵਾਲੀ. "ਕੂਰ ਕੁਜਾਤਿ ਕੁਪੰਥਿ ਦੁਰਾਨਨ." (ਰਾਮਾਵ)

ਦੁਰਾਨਾ: ਦੇਖੋ, ਦੁਰਾਉਣਾ। ੨. ਵਿ- ਦੂਰ ਹੋਇਆ. ਲੁਕਿਆ. ਛਿਪਿਆ.

ਦੁਰਾਨੀ: ਲੁਕੀ. ਛਿਪੀ. ਦੇਖੋ, ਦੁਰਾਉਣਾ। ੨. ਫ਼ਾ. دُرّانی ਦੁੱਰਾਨੀ. ਸੱਗਯਾ- ਸੱਦੋਜ਼ਈ ਪਠਾਣ, ਜਿਨ੍ਹਾਂ ਦੀ ਅੱਲ ਅਬਦਾਲੀ ਹੈ, ਉਨ੍ਹਾਂ ਵਿੱਚੋਂ ਅਹ਼ਮਦ ਸ਼ਾਹ ਨੂੰ "ਦੁੱਰੇ ਦੁੱਰਾਨ" (ਮੋਤੀਆਂ ਦਾ ਮੋਤੀ) ਪਦਵੀ ਫ਼ਕ਼ੀਰ ਸਾਬਰਸ਼ਾਹ ਨੇ ਦਿੱਤੀ, ਜਿਸ ਦਾ ਸੰਖੇਪ ਦੁੱਰਾਨੀ ਹੋ ਗਿਆ. ਹੁਣ ਸੱਦੋਜ਼ਈ ਪਠਾਣ ਦੁੱਰਾਨੀ ਸਦਾਉਂਦੇ ਹਨ.

ਦੁਰਾਨੋ: ਲੁਕਿਆ. ਛਿਪਿਆ. ਦੇਖੋ, ਦੁਰਾਉਣਾ। ੨. ਦੁਰ- ਆਨਨ ਵਾਲਾ. ਭੈੜੇ ਮੂੰਹ ਵਾਲਾ. "ਚੀਰਾ ਦਾਗੜਦੰ ਦੁਰਾਨੋ." (ਰਾਮਾਵ) ਦੁਰਾਨਨ ਦੈਤ ਚੀਰ- ਦਿੱਤਾ.

ਦੁਰਾਪ: ਸੰ. ਵਿ- ਦੁਸ਼ਪ੍ਰਾਪਯ. ਦੁਰਲਭ.

ਦੁਰਾਰਾਧਯ: ਸੰ. ਵਿ- ਜਿਸ ਦਾ ਆਰਾਧਨ ਕਰਨਾ ਔਖਾ ਹੋਵੇ. "ਦੁਰਾਰਾਧਯ ਸੋ ਲਖ ਪਰਮੇਸੁਰ." (ਨਾਪ੍ਰ)

ਦੁਰਾਲਾ: ਵਿ- ਦੂਰ ਦਾ. ਲੰਮਾ. ਦੂਰ ਦਾ ਹੈ ਸੰਬੰਧ ਜਿਸ ਨਾਲ. "ਪਰਿਵਾਰ ਦੁਰਾਲਾ." (ਭਾਗੁ)

ਦੁਰਾਲਾਪ: ਸੰਗਯਾ- ਖੋਟਾ ਵਚਨ। ੨. ਵਿ- ਬੁਰਾ ਵਚਨ ਬੋਲਣ ਵਾਲਾ.

ਦੁਰਾਵ: ਦੇਖੋ, ਦੁਰਾਉ. "ਕਰ ਬਹੁ ਅਪਨ ਦੁਰਾਵ." (ਨਾਪ੍ਰ)

ਦੁਰਾਵਨ: ਦੇਖੋ, ਦੁਰਾਉਣਾ.

ਦੁਰਿਤ: ਦੇਖੋ, ਦੁਰਤ.

ਦੁਰੀ: ਲੁਕੀ. ਛਿਪੀ. ਦੇਖੋ, ਦੁਰਣਾ.

ਦੁਰੁਸ੍ਤ: ਫ਼ਾ. درُست ਵਿ- ਜੋ ਹੱਛੀ ਦਸ਼ਾ ਵਿੱਚ ਹੋਵੇ. ਠੀਕ। ੨. ਨਿਰਦੋਸ਼। ੩. ਸਹੀ. ਸ਼ੁੱਧ.

ਦੁਰੁਖਾ: ਦੋ ਵੱਲ ਰੁਖ਼ (ਮੁਖ) ਰਖਣ ਵਾਲਾ ਦੋ ਰੁਯਾ.

ਦੁਰੁੱਤਰ: ਸੰ. ਸੰਗਯਾ- ਬੁਰਾ ਜਵਾਬ। ੨. ਵਿ- ਜਿਸ ਦਾ ਉੱਤਰ ਦੇਣਾ ਔਖਾ ਹੋਵੇ। ੩. ਜਿਸ ਦਾ ਲੰਘਣਾ ਕਠਿਨ ਹੋਵੇ.

ਦੁਰੇਫ: ਸੰ. ਦਿਰੇਫ. ਸੰਗਯਾ- ਜਿਸ ਦੇ ਨਾਉਂ ਨੂੰ ਦੋ ਰੇਫ (ਰਾਰੇ) ਲੱਗਣ. "ਭ੍ਰਮਰ" ਭੌਰਾ.

ਦੁਰੰ: ਦੁਰੰਤ ਦਾ ਸੰਖੇਪ. "ਸੋਉ ਨਾਸ ਕਰੈ ਤਿੰਹ ਦੈਤ ਦੁਰੰ." (ਰੁਦ੍ਰਾਵ) ਦੇਖੋ, ਦੁਰੰਤ ੬.

ਦੁਰੰਗ: ਦੋ- ਰੰਗ.

ਦੁਰੰਗਤ: ਦੂਰ- ਗਤ. ਦੂਰ ਗਿਆ ਹੋਇਆ। ੨. ਦੂਰ ਜਾਣ ਵਾਲਾ. ਵਡੀ ਮੰਜ਼ਿਲ ਤੈ ਕਰਨ ਵਾਲਾ. "ਸੁਬਾਹੁ ਦੁਰੰਗਤ." (ਰਾਮਾਵ)

ਦੁਰੰਗਮ: ਸੰ. ਦੂਰੰਗਮ. ਵਿ- ਦੂਰ ਜਾਣ ਵਾਲਾ.

ਦੁਰੰਗੀ: ਵਿ- ਦੋ ਰੰਗ ਵਾਲਾ। ੨. ਦੋਹੀਂ ਪਾਸੀਂ ਰੰਗ (ਪ੍ਰੇਮ) ਰੱਖਣ ਵਾਲਾ। ੩. ਸੰਗਯਾ- ਦੁਵਿਧਾ. ਦ੍ਵੈਤ.

ਦੁਰੰਟਾ: ਇੱਕ ਪ੍ਰਕਾਰ ਦਾ ਪੌਧਾ, ਜਿਸ ਨੂੰ ਬਾਗ ਦੀ ਰਵਸ਼ਾਂ ਦੇ ਕਿਨਾਰੇ ਸੁੰਦਰਤਾ ਅਤੇ ਰਖ੍ਯਾ ਲਈ ਲਾਈਦਾ ਹੈ, ਇਹ ਬਾਰਾਂ ਮਹੀਨੇ ਹਰਾ ਰਹਿੰਦਾ ਹੈ. ਸੁੰਦਰ ਫੁੱਲ ਭੀ ਸਾਲ ਵਿੱਚ ਦੋ ਵਾਰ ਲੱਗਦੇ ਹਨ. ਇਸ ਦੀ ਕੰਡੇਦਾਰ ਝਾੜਾਂ ਵਿੱਚ ਗਿਣਤੀ ਹੈ. Duranta Plumieri.

ਦੁਰੰਤ: ਸੰ. दुरन्त. ਵਿ- ਜਿਸ ਦਾ ਅੰਤ ਪਾਉਣਾ ਔਖਾ ਹੋਵੇ. ਅਪਾਰ. "ਦੁਰੰਤ ਆਸਾ." (ਗੂਜ ਅਃ ਮਃ ੫) ੨. ਘੋਰ. ਪ੍ਰਚੰਡ. "ਜਿਮ ਜੇਠ ਸੂਰ ਕਿਰਣੇ ਦੁਰੰਤ." (ਰਾਮਾਵ) ੩. ਅਪਵਿਤ੍ਰ. ਮੈਲਾ. "ਊਪਰ ਡਾਰਜੋ ਵਸਤ੍ਰ ਦੁਰੰਤ." (ਗੁਪ੍ਰਸੂ) ੪. ਕਠਿਨ. ਮੁਸ਼ਕਿਲ. "ਦੁਰੰਤ ਕਰਮ ਕੋ ਕਰੈਂ." (ਸੂਰਜਾਵ) ੫. ਬੁਰਾ ਹੈ ਅੰਤ (ਨਤੀਜਾ) ਜਿਸ ਦਾ। ੬. ਦੁਸ਼੍ਟ. ਖਲ.

ਦੁਰੰਤਰ: ਦੂਰ- ਅੰਤਰ. ਦੂਰ ਦੀ ਵਿੱਥ. "ਦੂਰੰਤਰ ਤਰੁ ਗੰਧ ਮਾਰੁ ਤਨ ਲਾਗੇ ਹੈ." (ਭਾਗੁ ਕ) ਚੰਦਨ ਤੋਂ ਦੂਰ ਬਿਰਛਾਂ ਨੂੰ ਖ਼ੁਸ਼ਬੂਦਾਰ ਹਵਾ ਨਹੀਂ ਲੱਗਦੀ.

ਦੁੱਰਹ: ਅ਼. دِرّہ ਦਿੱਰਹ. ਕੋਰੜਾ. ਕਸ਼ਾ. ਚਾਬੁਕ.

ਦੁਲਹ, ਦੁਲਹਣੀ, ਦੁਲਹਨ, ਦੁਲਹਨਿ, ਦੁਲਹਨੀ, ਦੁਲਹਾ, ਦੁਲਹਿਨ, ਦੁਲਹਿਨੀ, ਦੁਲਹੀ: ਸੰਗਯਾ- ਲਾੜਾ. ਲਾੜੀ. ਵਰ. ਵਧੂ. "ਗਾਉ ਗਾਉ ਰੀ- ਦੁਲਹਨੀ ਮੰਗਲਚਾਰਾ." (ਆਸਾ ਕਬੀਰ)

ਦੁਲੱਤਾ, ਦੁਲੱਤੀ: ਸੰਗਯਾ- ਦੋ- ਲਤਾਅ਼. ਦੇਖੋ, ਲਤਾ. ਦੋ ਲੱਤਾਂ ਦਾ ਪ੍ਰਹਾਰ.

ਦੁਲਦੁਲ: ਅ਼. دُلدُل ਸੰਗਯਾ- ਇੱਕ ਖੱਚਰ, ਜੋ ਚਿੱਟੇ ਅਤੇ ਸਜਾਹ ਰੰਗ ਦੀ ਸੀ. ਇਹ ਮਿਸਰ ਦੇ ਬਾਦਸ਼ਾਹ ਨੇ ਹ਼ਜ਼ਰਤ ਮੁਹ਼ੰਮਦ ਨੂੰ ਭੇਟਾ ਕੀਤੀ ਸੀ, ਜਿਸ ਪੁਰ ਉਹ ਸਵਾਰ ਹੋਇਆ ਕਰਦੇ ਸਨ. ਫੇਰ ਇਹ ਖੱਚਰ ਹ਼ਜ਼ਰਤ ਅ਼ਲੀ ਨੂੰ ਬਖ਼ਸ਼ ਦਿੱਤੀ ਗਈ।

੨. ਮੁਹ਼ੱਰਮ ਵਿੱਚ ਜੋ ਇਮਾਮ ਹੁਸੈਨ ਦਾ ਘੋੜਾ ਕੱਢਿਆ ਜਾਂਦਾ ਹੈ, ਬਹੁਤ ਲੋਕ ਉਸ ਨੂੰ ਭੀ ਦੁਲਦੁਲ ਕਹਿੰਦੇ ਹਨ. ਅਸਲ ਵਿੱਚ ਇਹ ਉਸੇ ਖੱਚਰ ਦੀ ਥਾਂ ਹੋਇਆ ਕਰਦਾ ਹੈ। ੩. ਸਰਬਲੋਹ ਵਿੱਚ ਦੁਲਦੁਲ ਸ਼ਬਦ ਘੋੜੇ ਮਾਤ੍ਰ ਦਾ ਬੋਧਕ ਹੈ, ਯਥਾ- "ਸਜਾਮ ਕਰਨ ਦੁਲਦੁਲ ਦਰਿਯਾਈ."

ਦੁਲਦੁਲ ਸਵਾਰ: ਹ਼ਜ਼ਰਤ ਅ਼ਲੀ, ਜੋ ਦੁਲਦੁਲ ਨਾਉਂ ਦੀ ਖੱਚਰ ਪੁਰ ਸਵਾਰ ਹੋਇਆ ਕਰਦਾ ਸੀ. ਦੇਖੋ, ਦੁਲਦੁਲ.

ਦੁਲੱਦੀ: ਨਾਭੇ ਨਾਲ ਲਗਦਾ ਪੱਛਮ ਉੱਤਰ ਪਟਿਆਲੇ ਰਾਜ ਦਾ ਇੱਕ ਪਿੰਡ, ਜੋ ਕੋਟਲੇ ਵਾਲੀ ਸੜਕ ਤੇ ਹੈ. ਇਸ ਦੀ ਹੱਦ ਬਾਬਤ ਦੋਹਾਂ ਰਿਆਸਤਾਂ ਦਾ ਬਹੁਤ ਝਗੜਾ ਰਿਹਾ ਅਰ ਕਈ ਜਾਨਾਂ ਦਾ ਨੁਕਸਾਨ ਹੋਇਆ. ਦੁਲੱਦੀ ਦੇ ਝਗੜੇ ਨਿਬੇੜਨ ਲਈ ਮਿਤ੍ਰਭਾਵ ਨਾਲ ਮਹਾਰਾਜਾ ਰਣਜੀਤ ਸਿੰਘ ਸਨ ੧੮੦੭ ਵਿਚ ਖ਼ੁਦ ਆਇਆ ਸੀ.

ਦੁਲਭ: ਸੰ. ਦੁਲੰਭ. ਵਿ- ਜੋ ਕਠਿਨਤਾ ਨਾਲ ਮਿਲੇ. ਜਿਸ ਦਾ ਪ੍ਰਾਪਤ ਕਰਨਾ ਆਸਾਨ ਨਾ ਹੋਵੇ, . "ਦੁਲਭ ਜਨਮ ਪਾਇਓਇ." (ਸ੍ਰੀ ਮਃ ੫) "ਦੁਲਭ ਦੇਹ ਖੋਈ ਅਗਿਆਨੀ" (ਮਾਝ ਮਃ ੫)

ਦੁਲਭਾਇਆ, ਦੁਲਭਾਵਉ, ਦਾਲਭਾਵਹੁ: ਦੁਰਲਭ ਹੈ. ਦੁਰਲਭਤਾ ਵਾਲਾ ਹੈ. "ਤਿਨ ਕਉ ਮਹਿਲ ਦੁਲਭਾਵਉ." (ਆਸਾ ਮਃ ੫)

ਦੁਲਰਾਏ: ਦੁਲਾਰੇ. ਲਡਾਏ. ਦੇਖੋ, ਦੁਲਰਾਨਾ. "ਭਾਂਤ ਭਾਂਤ ਦਾਈਅਨ ਦੁਲਰਾਏ." (ਵਿਚਿਤ੍ਰ)

ਦੁਲਰਾਨਾ: ਕ੍ਰਿ- ਲਾਡ ਕਰਨਾ. ਬੱਚੇ ਨਾਲ ਪਜਾਰ ਕਰਨਾ.

ਦੁਲਰੀ: ਦੋ- ਲੜੀ. ਦੋ ਲੜੀ ਦੀ ਮਾਲਾ ਅਥਵਾ ਕੋਈ ਭੂਸ਼ਣ

ਦੁਲਾਈ: ਸੰਗਜਾ- ਦੋਹੀ ਪਾਸੀਂ ਦੋ ਵਸਤ੍ਰ ਜਿਸ ਦੇ ਲਾਏ ਹੋਣ. ਪਤਲੀ ਰਜਾਈ। ੨. ਦੇਖੋ, ਤੁਲਾਈ.

ਦੁਲਾਰ: ਸੰਗਜਾ- ਲਾਡ. ਪਜਾਰ. "ਸਿਹਤ ਦੁਲਾਰ ਅੰਕ ਕੇ ਮਾਹੀ." (ਨਾਪ੍ਰ)

ਦੁਲਾਰਨ: ਦੇਖੋ, ਦੁਲਰਾਨਾ.

ਦੁਲਾਰਾ: ਪਜਾਰਾ. ਪਜਾਰਾ ਪੁਤ੍ਰ। ੨. ਲਡਾਇਆ.

ਦੁਲਾਰਿਓ: ਲਡਾਇਆ. ਪਜਾਰ ਕੀਤਾ। ੨. ਦੁਰਾਇਆ (ਛੁਪਾਇਆ) ਦੀ ਥਾਂ ਭੀ ਦੁਲਾਰਿਓ ਸ਼ਬਦ ਆਇਆ ਹੈ. ਲ ਰਾਰੇ ਦੀ ਥਾਂ ਆ ਜਾਂਦਾ ਹੈ. "ਅੰਤਰਜਾਮੀ ਸਭ ਬਿਧਿ ਜਾਨੈ ਤਿਸਤੇ ਕਹਾ ਦੁਲਾਰਿਓ?" (ਮਾਰੂ ਮਃ ੫) ੩. ਦੁਰਾਰਿਓ. ਦੂਰ ਹੈ.

ਦੁਲਾਰੀ: ਵਿ- ਲਾਡਲੀ. ਪਜਾਰੀ ਪੁਤ੍ਰੀ। ੨. ਲਡਾਈ.

ਦੁਲੀਚਾ: ਫ਼ਾ. قالیچہ ਕ਼ਾਲੀਚਹ. ਸੰਗਜਾ- ਉਂਨ ਅਥਵਾ ਸੂਤ ਦਾ ਬੇਲਬੂਟੇ ਦਾਰ ਗੁਦਗੁਦਾ ਵਸਤ੍ਰ, ਜੋ ਫ਼ਰਸ਼ ਪੁਰ ਵਿਛਾਈਦਾ ਹੈ. ਗਲੀਚਾ. ਕਾਲੀਨ. "ਬੀਜਉ ਸੂਝੈ ਕੋ ਨਹੀਂ ਬਹੈ ਦੁਲੀਚਾਪਾਇ." (ਓਅੰਕਾਰ) ਪੁਰਾਣੇ ਸਮੇਂ ਹ਼ਾਕਿਮ ਕਚਹਿਰੀ ਵਿੱਚ ਦੁਲੀਚਾ ਵਿਛਾਕੇ ਬੈਠਦੇ ਸਨ. "ਲਾਲ ਸੁਪੇਦ ਦੁਲੀਚਿਆ." (ਵਾਰ ਮਾਰ ਮਃ ੪) "ਅਵਨਿ ਦੁਲੀਚਾ ਪੈ ਬਿਤਾਨ ਆਛੇ ਆਸਮਾਨ." (ਕਿਸ਼ੋਰ ਕਵਿ)

ਦੁਲੀਚੇ ਬੈਠਣਾ: ਕ੍ਰਿ- ਅ਼ਦਾਲਤ ਦੀ ਗੱਦੀ ਪੁਰ ਬੈਠਣਾ. "ਤਿ ਨਰ ਦੁਲੀਚੈ ਬਹਹਿ." (ਸਵੈਯੇ ਮਃ ੩. ਕੇ) ਦੇਖੋ, ਦੁਲੀਚਾ.

ਦੁਲੰਭ: ਦੇਖੋ, ਦੁਲਭ. "ਇਹੁ ਮਾਣਸ ਜਨਮ ਦੁਲੰਭ ਹੈ." (ਆਸਾ ਛੰਤ ਮਃ ੪) "ਹਰਿ ਕੀ ਪੂਜਾ ਦੁਲੰਭ ਹੈ." (ਰਾਮ ਅਃ ਮਃ ੩)

ਦੁੱਲਟ: ਇੱਕ ਜੱਟ ਗੋਤ੍ਰ. ਜਿਸ ਦਾ ਨਿਕਾਸ ਰਾਜਪੂਤਾਂ ਵਿੱਚੋਂ ਹੈ.

ਦੁਵੱਯਾ: ਦੇਖੋ, ਦੁਵੈਯਾ.

ਦੁਵਾਲ: ਦੇਖੋ, ਦੁਆਲ ੨.

ਦੁਵਾਲ ਭਾਥਾ: ਦੇਖੋ, ਦੁਆਲਭਾਥਾ.

ਦੁਵੈਯਾ: ਇੱਕ ਛੰਦ, ਇਸ ਨੂੰ "ਦੋਵੈ" ਭੀ ਆਖਦੇ ਹਨ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੮ ਮਾਤ੍ਰਾ, ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੨. ਪੁਰ. ਅੰਤ ਗੁਰੁ.

ਉਦਾਹਰਣ-

ਚਰਨਕਮਲ ਕਲਿਮਲਹਿ ਨਿਵਾਰਨ,

ਉਰ ਧਰ ਧਯਾਨਹਿ ਤਿਨ ਕੋ,

ਸ਼੍ਰੀ ਨਾਨਕ ਇਤਿਹਾਸ ਬਖਾਨੋ,

ਦੁਖਨਾਸ਼ਕ ਪ੍ਰਣ ਜਿਨ ਕੋ. ××× (ਨਾਪ੍ਰ)

੨. ਜੇ ਅੰਤ ਦੋ ਗੁਰੁ ਹੋਣ. ਤਦ ਇਸ ਦੀ "ਸਾਰ" ਅਤੇ "ਲਲਿਤਪਦ" ਸੰਗਯਾ ਹੈ.

ਉਦਾਹਰਣ-

ਸ਼੍ਰੀਧਰ ਮੋਹਨ ਸਗਲ ਉਪਾਵਨ ਨਿਰੰਕਾਰ ਸੁਖਦਾਤਾ. ××

(ਭੈਰ ਮਃ ੫)

ਦੁੜੋਤਰਾ: ਵਿ- ਦੋ ਉੱਪਰ. ਦੋ ਅਧਿਕ. "ਅਠਾਰਾਂ ਸੌ ਦੁੜੋਤਰੇ ਸਾਲ ਸੁ ਬਿਕ੍ਰਮਰਾਇ." (ਪ੍ਰਾਪੰਪ੍ਰ) ਸੰਮਤ ੧੮੦੨.

ਦੁ: ਵਿ- ਦ੍ਵਿ. ਦੋ. "ਦ੍ਰਿਗ ਦੁ ਪਰ." (ਰਾਮਾਵ) ੨. ਪ੍ਰਤਯ- ਸੇ. ਤੋਂ. "ਇਕਦੂ ਜੀਭੌ ਲਖ ਹੋਹਿ." (ਜਪੁ) "ਸਭ ਦੂ ਊਚਾ ਸੋਇ." (ਆਸਾ ਮਃ ੩) ੩. ਸੰ. ਦੂ. ਵਿ- ਬੇਚੈਨ। ੪. ਸੰਗਯਾ- ਰੋਗ.

ਦੂਆ: ਵਿ- ਦ੍ਵਿਤੀਯ. ਦੂਸਰਾ. ਦੂਜਾ. "ਨਾਨਕ ਅਵਰ ਨ ਦੂਆ." (ਭੈਰ ਮਃ ੧) ੨. ਸੰਗਯਾ- ਦ੍ਵੈਤਭਾਵ. ਵਿਰੋਧ. "ਉਨਿ ਘਰਿ ਘਰਿ ਮੇਲਿਓ ਦੂਆ." (ਧਨਾ ਮਃ ੫) ੩. ਗਣਿਤ ਅਨੁਸਾਰ ਦੋ ਗਿਣਤੀ ਦਾ ਬੋਧਕ ਅੰਗ.

ਦੂਆਤੀਆ: ਦ੍ਵਿਤ੍ਵ ਅਤੇ ਤ੍ਰਿਤ੍ਵ. ਦੋ ਅਤੇ ਤਿੰਨ ਦਾ ਭਾਵ. ਅਰਥਾਤ ਇਸਲਾਮ ਅਤੇ ਈਸਾਈ ਧਰਮ. ਖ਼ੁਦਾ ਅਤੇ ਖ਼ੁਦਾ ਦਾ ਯਾਰ ਦੂਆ, (ਦ੍ਵਿਤ੍ਵ).[644] ਖ਼ੁਦਾ, ਉਸ ਦਾ ਬੇਟਾ ਅਤੇ ਪਵਿਤ੍ਰ ਰੂਹ਼ ਇਹ ਤੀਆ, (ਤ੍ਰਿਤ੍ਵ). Trinity. ੩. ਦ੍ਵੈਤ ਅਤੇ ਤਿੰਨ ਗੁਣ. "ਸੁਖੁ ਨਾਹੀ ਫੁਨਿ ਦੂਐ ਤੀਐ." (ਮਾਝ ਅਃ ਮਃ ੩) "ਕਿਉ ਸੁਖ ਪਾਵੈ ਦੂਐ ਤੀਐ?" (ਮਾਰੂ ਸੋਲਹੇ ਮਃ ੧)

ਦੂਐ ਤੀਐ: ਦੂਜੇ ਤੀਜੇ ਵਿੱਚ. ਦੇਖੋ, ਦੂਆਤੀਆ.

ਦੂਈ: ਵਿ- ਦੂਜੀ. ਦੂਸਰੀ.

ਦੂਸਣ: (ਸੰ. ਦੂਸ਼. ਧਾ- ਦੂਸ਼ਣ ਸਹਿਤ ਹੋਣਾ, ਦੂਸ਼ਿਤ ਕਰਨਾ). ਸੰ. ਦੂਸ਼ਣ. ਸੰਗਯਾ- ਦੋਸ਼. ਅਵਗੁਣ। ੨. ਦੋਸ਼ ਲਾਉਣ ਦੀ ਕ੍ਰਿਯਾ। ੩. ਰਾਵਣ ਦਾ ਭਾਈ, ਜੋ ਖਰ ਦੇ ਨਾਲ ਪੰਚਵਟੀ ਵਿੱਚ ਰਹਿੰਦਾ ਸੀ, ਸੂਪਨਖਾ (ਸੂਪੰਣਖਾ) ਦਾ ਨੱਕ ਕੰਨ ਵੱਢਣ ਪਿੱਛੋਂ ਇਹ ਰਾਮਚੰਦ੍ਰ ਜੀ ਦੇ ਹੱਥੋਂ ਮਾਰਿਆ ਗਿਆ। ੪. ਵਿ- ਦੋਸ਼ ਉਤਪੰਨ ਕਰਨ ਵਾਲਾ.

---

[644] ਦੇਖੋ, ਇਸ ਵਿਸ਼ਯ ਕੁਰਾਨ. ਸੂਰਤ ਨੂਰ. ਆਯਤ ੫੨.

ਦੂਸਣਾਰਿ: ਦੂਸ਼ਣ ਦੇ ਵੈਰੀ ਰਾਮਚੰਦ੍ਰ ਜੀ.

ਦੂਸਰ, ਦੂਸਰਾ: ਵਿ- ਦ੍ਵਿਤੀਯ. ਦੂਜਾ. "ਦੂਸਰ ਹੋਇ ਤ ਸੋਝੀਪਾਇ." (ਸੁਖਮਨੀ)

ਦੂਸਰਾਂਸੁ ਹੈ ਮਾਲੀ: (ਚਰਿਤ੍ਰ ੨੯੧) ਵਾ- ਦੂਸਰਾ ਅੰਸ਼ੁਮਾਲੀ (ਸੂਰਯ) ਹੈ.

ਦੂਖ: ਦੇਖੋ, ਦੁਖ. "ਸਭ ਦੂਖ ਬਿਨਾਸੇ ਰਾਮਰਾਇ." (ਬੰਸ ਮਃ ੧) ੨. ਦੂਸ਼ਣ ਦਾ ਸੰਖੇਪ. "ਜੈਸੇ ਕੋਊ ਸੁ ਕਬਿ ਕੁ ਕਬਿ ਕੇ ਕਬਿੱਤ ਸੁਨ, ਸਭਾ ਬੀਚ ਦੂਖ ਕਰ ਮਾਨਤ ਨ ਬਾਤ ਕੋ." (ਕ੍ਰਿਸਨਾਵ)

ਦੂਖਕ: ਸੰ. ਦੂਸ਼ਕ. ਵਿ- ਦੋਸ਼ ਲਾਉਣ ਵਾਲਾ। ੨. ਸੰਗਜਾ- ਦੋਸ਼ ਪੈਦਾ ਕਰਨ ਵਾਲਾ ਪਦਾਰਥ.

ਦੂਖਣ: ਦੇਖੋ, ਦੂਸਣ ੩. "ਦੂਖਣ ਔ ਖਰ ਦੈਤ ਪਠਾਏ." (ਰਾਮਾਵ)

ਦੂਖਤ: ਵਿ- ਦੁੱਖਿਤ. ਦੁਖੀ. "ਦੂਖਤ ਮੋਹਿ ਕਰੈ ਬਿਨ ਜਾਨੀ." (ਨਾਪ੍ਰ) ੨. ਦੇਖੋ, ਦੂਖਿਤ.

ਦੂਖਦਰਦ: ਵਿ- ਭਯਾਨਕ ਦੁੱਖ. ਦਰ (ਡਰ) ਦੇਣ ਵਾਲਾ ਦੁੱਖ। ੨. ਸੰਗਜਾ- ਅਸਾਧ ਰੋਗ. "ਦੂਖ ਦਰਦ ਮਨ ਤੇ ਭਉ ਜਾਇ." (ਸੁਖਮਨੀ)

ਦੂਖਨ: ਦੇਖੋ, ਦੂਸਣ ੨। ੨. ਦੇਖੋ, ਦੂਸਣ ੩.

ਦੂਖਨਾ: ਸੰਗਜਾ- ਦੂਸ਼ਣ ਲਾਉਣ ਦੀ ਕ੍ਰਿਯਾ. ਨਿੰਦਾ. "ਸੰਤ ਕੀ ਦੂਖਨਾ ਸੁਖ ਤੇ ਟਰੈ." (ਸੁਖਮਨੀ) "ਕਈ ਕੋਟਿ ਪਰਦੂਖਨਾ ਕਰਹਿ." (ਸੁਖਮਨੀ) ਪਰਾਈ ਨਿੰਦਾ ਕਰਦੇ ਹਨ.

ਦੂਖਨਾਸ: ਵਿ- ਦੁੱਖਨਾਸ਼ਕ. "ਭੈ ਭੰਜਨ ਅਘ ਦੂਖਨਾਸ, ਮਨਹਿ ਅਰਾਧ ਹਰੇ." (ਬਾਵਨ)

ਦੂਖਨਿ: ਦੂਸ਼ਣ (ਦੋਸ਼) ਲਾਉਣ ਤੋਂ. "ਸੰਤ ਕੈ ਦੂਖਨਿ ਆਰਜਾ ਘਟੈ." (ਸੁਖਮਨੀ)

ਦੂਖਨਿਵਾਰਣ, ਦੂਖਨਿਵਾਰਣੁ, ਦੂਖਨਿਵਾਰਨ: ਵਿ- ਦੁੱਖ ਮਿਟਾਉਣ ਵਾਲਾ. "ਦੁਖਨਿਵਾਰਣੁ ਗੁਰੁ ਤੇ ਜਾਤਾ." (ਮਾਰੂ ਸੋਲਹੇ ਮਃ ੩) ੨. ਦੇਖੋ, ਜੰਬਰ ਅਤੇ ਤਰਨਤਾਰਨ.

ਦੂਖਬਿਡਾਰਣ: ਵਿ- ਦੁੱਖ ਵਿਦਾਰਣ (ਚੀਰਨ- ਪਾੜਨ- ਮਿਟਾਉਣ) ਵਾਲਾ.

ਦੂਖਭੰਜ: ਵਿ- ਦੁੱਖ ਭੰਜਕ. ਦੁੱਖ ਤੋੜਨ ਵਾਲਾ. "ਦੂਖਭੰਜ ਪ੍ਰਭੁ ਪਾਇਆ." (ਬੰਸ ਮਃ ੪)

ਦੂਖਰੋਗ: ਪੀੜ ਅਤੇ ਬੀਮਾਰੀ। ੨. ਦੋਸ਼ ਅਤੇ ਰੋਗ. "ਦੂਖ ਰੋਗ ਬਿਨਸੇ ਭੈ ਭਰਮ." (ਸੁਖਮਨੀ)

ਦੂਖਵਿਸਾਰਣ: ਵਿ- ਦੁੱਖਾਂ ਨੂੰ ਵਿਸਮਰਣ ਕਰਾਉਣ ਵਾਲਾ. ਜਿਸ ਤੋਂ ਦੁੱਖ ਭੁੱਲ ਜਾਣ. "ਦੂਖਵਿਸਾਰਣ ਸੇਵਿਆ." (ਧਨਾ ਮਃ ੧)

ਦੂਖਿਤ: ਸੰ. ਦੂਸ਼ਿਤ. ਵਿ- ਦੋਸ਼ ਸਹਿਤ. ਕਲੰਕਿਤ.

ਦੂਜ: ਸੰਗਜਾ- ਦ੍ਵਿਤੀਯਾ. ਚੰਦ੍ਰਮਾ ਦੇ ਪਖ ਦੀ ਦੂਜੀ ਤਿਥਿ। ੨. ਵਿ- ਦੂਜਾ. ਦ੍ਵਿਤੀਯ. ਦੂਸਰਾ.

ਦੂਜਣ: ਦੂਸਰਾ ਜਨ. ਦ੍ਵਿਤੀਯ ਜਨ. ਦੂਜਾ ਪੁਰੁਸ਼.

ਦੂਜੜਾ, ਦੂਜੜੀ, ਦੂਜੜੋ: ਵਿ- ਦ੍ਵਿਤੀਯ. ਦੂਸਰਾ. ਦੂਸਰੀ. "ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ." (ਸੂਹੀ ਛੰਤ ਮਃ ੪)

ਦੂਜਾ: ਵਿ- ਦ੍ਵਿਤੀਯ. ਦੂਸਰਾ. "ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਨ." (ਵਾਰ ਗਉ ੧. ਮਃ ੫) ੨. ਸੰਗਜਾ-

ਦ੍ਵੈਤਭਾਵ. "ਦੂਜਾ ਜਾਇ ਇਕਤੁ ਘਰਿ ਆਨੈ." (ਸਿਧਗੋਸਟਿ)

ਦੂਜਾਣੈ: ਦੂਜੇ ਨਾਲ. ਦੂਸਰੇ ਸੇ. "ਜਿਨਾ ਨੇਹੁ ਦੁਜਾਣੈ ਲਗਾ." (ਸੂਹੀ ਅः ਮः ੫)

ਦੂਜਾਭਾਉ, ਦੂਜਾਭਾਇ: ਸੰਗਯਾ- ਦ੍ਵੈਤਭਾਵ. ਦੁਵਿਧਾ। ੨. ਇਕ ਤੋਂ ਛੁੱਟ ਦੂਜੇ ਵਿੱਚ ਇਸ਼੍ਟ ਅਤੇ ਪਤਿਭਾਵ. "ਦੂਜਾਭਾਉ ਵਿਸਾਰੀਐ." (ਆਸਾ ਮः ੫) "ਦੋਹਾਗਣੀ ਮੁਠੀ ਦੂਜੈਭਾਇ." (ਸ੍ਰੀ ਮः ੧)

ਦੂਜੀ: ਵਿ- ਦੂਸਰੀ. "ਮਨਮੁਖ ਦੂਜੀ ਤਰਫ ਹੈ." (ਵਾਰ ਮਲਾ ਮः ੩) ਕਰਤਾਰ ਤੋਂ ਵਿਮੁਖ ਮਾਇਆ ਦੀ ਤਰਫ ਹੈ। ੨. ਸੰਗਯਾ- ਅਵਿਦ੍ਯਾ. ਦ੍ਵੈਤ. "ਜਬ ਲਗ ਦੂਜੀ ਰਾਈ." (ਸੋਰ ਅः ਮः ੧) ਰਾਈਮਾਤ੍ਰ ਦ੍ਵੈਤ.

ਦੂਜੈ: ਦੂਸਰੇ ਦਰਜੇ। ੨. ਦੂਸਰੇ ਨਾਲ. "ਦੂਜੈ ਲਗੈ ਜਾਇ." (ਵਾਰ ਆਸਾ)

ਦੂਜੋ: ਦੇਖੋ, ਦੂਜਾ। ੨. ਡਿੰਗ. ਸੰਗਯਾ- ਪੋਤ੍ਰਾ. ਪੌਤ੍ਰ.

ਦੂਣ: ਵਿ- ਦ੍ਵਿਗੁਣ. ਦੁਗੁਣਾ. "ਦੂਣ ਚਊਣੀ ਦੇ ਵਡਿਆਈ." (ਸੋਰ ਮः ੫) ੨. ਦੇਖੋ, ਦੂਨ ੨.

ਦੂਣਾ: ਵਿ- ਦ੍ਵਿਗੁਣ. ਦੋਗੁਣਾ.

ਦੂਣਿ: ਸੰ. ਦ੍ਰਹੁਨ. ਹਾਨਿ. ਨੁਕ਼ਸਾਨ. "ਦੂਣਿ ਨ ਪਰਈ ਫੰਕ ਵਿਚਾਰੇ." (ਗਉ ਬਾਵਨ ਕਬੀਰ) ਬ੍ਰਹਮਰੂਪ ਫਲ ਦੀ ਫਾਂਕ (ਜੀਵਾਤਮਾ) ਦਾ ਜੋ ਵਾਸਤਵ ਵਿਚਾਰ ਕਰਦਾ ਹੈ, ਉਹ ਘਾਟੇ ਵਿੱਚ ਨਹੀਂ ਰਹਿੰਦਾ। ੨. ਵਿੱਥ. ਭੇਦ.

ਦੂਣੀ: ਵਿ- ਦੋ ਗੁਣੀ. ਦੁਗਨੀ. "ਦੂਣੀ ਮਲ ਲਾਗੀ ਆਇ." (ਸ੍ਰੀ ਮः ੩)

ਦੂਤ: ਸੰ. ਸੰਗਯਾ- ਵਕੀਲ. ਬਸੀਠ। ੨. ਹਰਕਾਰਾ. ਚਿੱਠੀਰਸਾਂ। ੩- ੪- ੫ ਪੰਜਾਬੀ ਵਿੱਚ ਦੂਤ ਦਾ ਅਰਥ ਗਣ (ਦਾਸ), ਚੁਗਲ ਅਤੇ ਵੈਰੀ ਭੀ ਹੋਗਿਆ ਹੈ, ਯਥਾ- "ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ." (ਆਸਾ ਅः ਮः ੧) ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਬਾਲ ਬੱਚੇ ਫੜ ਲਓ. ਦੇਖੋ, ਜਮਦੂਤ. "ਦੁਸਟ ਦੂਤ ਕੀ ਚੂਕੀ ਕਾਨ." (ਆਸਾ ਮः ੫) ਚੁਗਲ ਦੀ ਕਾਣ ਚੁਕੀ. "ਦੂਤ ਲਗੇ ਫਿਰਿ ਚਾਕਰੀ." (ਸ੍ਰੀ ਮः ੧) ਅਰ- "ਦੂਤਨ ਕੇ ਦਲ ਆਨ ਮਿਲੇ ਜਬ." (ਗੁਵਿ ੧੦) ਇਸ ਥਾਂ ਵੈਰੀ ਅਰਥ ਹੈ। ੬. ਦੇਖੋ, ਦਜੂਤ.

ਦੂਤਿਕਾ, ਦੂਤੀ: ਸੰ. ਸੰਗਯਾ- ਪ੍ਰੇਮੀ ਦਾ ਸੁਨੇਹਾ ਪੁਚਾਣ ਵਾਲੀ ਇਸਤ੍ਰੀ. "ਤਾਂਹਿ ਦੂਤਿਕਾ ਰਾਯ ਸੋਂ ਭੇਦ ਕਹ੍ਯੋ ਸਮਝਾਇ." (ਚਰਿਤ੍ਰ ੨) "ਤਬ ਦੂਤੀ ਇਹ ਬਾਤ ਬਨਾਈ." (ਚਰਿਤ੍ਰ ੩੯੭) ੨. ਵਕਾਲਤ ਕਰਨ ਵਾਲੀ. ਕਾਵ੍ਯ ਵਿੱਚ ਦੂਤੀ ਤਿੰਨ ਪ੍ਰਕਾਰ ਦੀ ਲਿਖੀ ਹੈ-

ਉੱਤਮਾ, ਜੋ ਮਿੱਠੇ ਪ੍ਯਾਰੇ ਬਚਨ ਕਹਿਕੇ ਆਪਣਾ ਕਾਰਯ ਸਿੱਧ ਕਰਦੀ ਹੈ.

ਮਧ੍ਯਮਾ, ਜੋ ਕੁਝ ਮਿੱਠੇ ਕੁਝ ਕੌੜੇ ਵਾਕ ਕਹਿਕੇ ਮਤ਼ਲਬ ਕੱਢਦੀ ਹੈ.

ਅਧਮਾ, ਜੋ ਕੇਵਲ ਕੌੜੇ ਵਚਨ ਕਹਿਣ ਵਾਲੀ ਹੈ। ੩. ਪੰਜਾਬੀ ਵਿੱਚ ਦੂਤੀ ਦਾ ਅਰਥ ਚੁਗਲੀ ਭੀ ਹੈ. "ਜਾਇ ਸਭਾ ਮੇਂ ਦੂਤੀ ਖਾਈ." (ਸਲੇਹ) ੪. ਦੂਤੀਂ ਦੀ ਥਾਂ ਭੀ ਦੂਤੀ ਸ਼ਬਦ ਆਇਆ ਹੈ. ਦੂਤਾਂ ਨੇ. "ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ." (ਵਾਰ ਮਾਰੂ ੨. ਮः ੫)

ਦੂਦ: ਫ਼ਾ. دوُد ਧੂੰਆਂ। ੨. ਦੁਖ ਭਰੀ ਆਹ.

ਦੂੰਦ: ਦੇਖੋ, ਦੁੰਦ। ੨. ਉਧਮ. ਉਪਦ੍ਰਵ.

ਦੂੰਦਰ: ਦੇਖੋ, ਦੁੰਦਰ। ੨. ਦੇਖੋ, ਊਂਦਰ ਦੂੰਦਰ.

ਦੂਧ: ਦੇਖੋ, ਦੁਧ.

ਦੂਧਪੂਤ: ਦੁਗਧ ਅਤੇ ਸੰਤਾਨ. ਭਾਵ- ਸੰਪੱਤਿ ਅਤੇ ਸੰਤਾਨ.

ਦੂਧਾਹਾਰੀ, ਦੂਧਾਧਾਰੀ: ਸੰ. ਦੁਗ੍ਧਾਹਾਰਿਨ- ਦੁਗਧਾਹਾਰੀ. ਜੋ ਦੁੱਧ ਪੀਕੇ ਗੁਜ਼ਾਰਾ ਕਰੇ. ਦੁੱਧ ਦੇ ਆਧਾਰ ਰਹਿਣ ਵਾਲਾ. "ਜਗ ਮਹਿ ਬਕਤੇ ਦੂਧਾਧਾਰੀ." (ਗੋਂਡ ਕਬੀਰ) ੨. ਉਹ ਬੱਚਾ ਜਿਸ ਦੇ ਦੰਦ ਨਹੀਂ ਆਏ. ਸ਼ੀਰਖ਼ੋਰ.

ਦੂਧੀਆ: ਵਿ- ਦੁੱਧਰੰਗਾ। ੨. ਸੰਗਯਾ- ਸੰਖੀਆ.

ਦੂਧੁ: ਦੇਖੋ, ਦਧ.

ਦੂਨ: ਵਿ- ਦ੍ਵਿਗੁਣ. ਦੁਣਾ. "ਦਿਨਪ੍ਰਤਿ ਦੂਨ ਚਉਨ ਬਿਸਾਲਾ." (ਨਾਪ੍ਰ) ਦੇਖੋ, ਦੂਣ। ੨. ਸੰਗਯਾ- ਦੋ ਪਹਾੜਾਂ ਦੇ ਵਿਚਕਾਰਲਾ ਮੈਦਾਨ ਅਥਵਾ ਘਾਟੀ. Valley. ਸੰ. ਦ੍ਰੋਣਿ. ਜੈਸੇ- ਦੇਹਰਾ ਦੂਨ. "ਕਿਤਕ ਪਹਾਰਨ ਕੀ ਜਹਿਂ ਦੂਨ." (ਗੁਪ੍ਰਸੂ) ੩. ਸੰ. ਵਿ- ਜਲਿਆ ਹੋਇਆ। ੪. ਦੁਖੀ। ੫. ਅ. دوُن ਹ਼ਕ਼ੀਰ. ਕਮੀਨਾ। ੬. ਵਯ- ਬਿਨਾ. ਬਗ਼ੈਰ.

ਦੂਨਾ, ਦੂਨੀ: ਦੇਖੋ, ਦੂਣਾ ਅਤੇ ਦੂਣੀ.

ਦੂਬ: ਦੇਖੋ, ਦੁੱਬ। ੨. ਵਿ- ਦ੍ਵਿਤੀਯ. ਦੂਜਾ. "ਏਕ ਤੁਮਾਰੋ ਦੰਡ ਸਹਿ ਅਵਰ ਨ ਜਾਨੋ ਦੂਬ." (ਗੁਪ੍ਰਸੂ)

ਦੂਬਖੁਰਚਣਾ: ਸੰਗਯਾ- ਦੂਵਾਂ ਖੁਰਚਣ ਦਾ ਸੰਦ. ਖੁਰਪਾ। ੨. ਸਬਜ਼ ਘਾਹ ਖੋਦਣ ਦੀ ਕ੍ਰਿਯਾ.

ਦੂਬਰਾ, ਦੂਬਲਾ: ਦੇਖੋ, ਦੁਬਲਾ. "ਕਬੀਰ ਹਰਨਾ ਦੂਬਲਾ." (ਸ. ਕਬੀਰ) ਹਰਨ (ਇਨਸਾਨ) ਦੂਬਲਾ (ਇਖ਼ਲਾਕ਼ੀ ਬਲ ਤੋਂ ਰਹਿਤ).

ਦੂਰ: ਸੰ. ਵਿ- ਜੋ ਨੇੜੇ ਨਹੀਂ. ਦੇਖੋ, ਫ਼ਾ. دوُر। ੨. ਕ੍ਰਿ. ਵਿ- ਫਾਸਲੇ ਪੁਰ. ਵਿੱਥ ਤੇਯ.

ਦੂਰਸ੍ਥ: ਵਿ- ਦੂਰ ਇਸਥਿਤ. ਦੂਰ ਦਾ

ਦੂਰਦਰਸੀ: ਸੰ. ਦੂਰਦਰ੍ਸ਼ਿਨ. ਵਿ- ਦੂਰ ਦੇਖਣ ਵਾਲਾ. ਲੰਮੀ ਸੋਚਣ ਵਾਲਾ. ਦੂਰੰਦੇਸ਼.

ਦੂਰਦ੍ਰਿਸਟਿ: ਸੰ. ਦੂਰਦ੍ਰਸ਼੍ਟਿ. ਸੰਗਯਾ- ਲੰਮੀ ਨਜਰ. ਦੂਰੰਦੇਸ਼ੀ.

ਦੂਰਬਾ: ਦੇਖੋ, ਦੁੱਬ। ੨. ਦੁਰਵਾਸਾ ਰਿਖੀ. ਦੇਖੋ, ਦੁਰਬਾਸਾ. "ਦੂਰਬਾ ਪਰੂਰਉ ਅੰਗਰੈ ਗੁਰੁ ਨਾਨਕ ਜਸ ਗਾਇਓ." (ਸਵੈਯੇ ਮਃ ੧. ਕੇ) ਦੁਰਵਾਸਾ, ਪੁਰੂਰਵਾ ਅਤੇ ਅੰਗਿਰਾ ਨੇ.

ਦੂਰਬੀਨ: ਫ਼ਾ. دوُربیِن ਸੰਗਯਾ- ਦੂਰ ਦੇ ਪਦਾਰਥਾਂ ਨੂੰ ਦੇਖਣ ਦਾ ਯੰਤ੍ਰ, ਜਿਸ ਦੇ ਸ਼ੀਸ਼ੇ ਦੀ ਸ਼ਕਤਿ ਨਾਲ ਦੂਰ ਦਾ ਪਦਾਰਥ ਨੇੜੇ ਭਾਸਦਾ ਹੈ, ਦੂਰਵੀਕ੍ਸ਼ਣ Telescope। ੨. ਵਿ- ਦੂਰੰਦੇਸ਼. ਕੰਮ ਦੇ ਫਲ ਨੂੰ ਪਹਿਲਾਂ ਹੀ ਦੇਖ ਲੈਣ ਵਾਲਾ.

ਦੂਰਵਰਤੀ: ਸੰ. ਦੂਰਵਰ੍ਤਿਨ੍. ਵਿ- ਦੂਰ ਰਹਿਣ ਵਾਲਾ.

ਦੂਰਾਈ: ਸੰਗਯਾ- ਦੂਰ ਹੋਣ ਦਾ ਭਾਵ. ਅੰਤਰ. ਫ਼ਾਸਿਲਾ. "ਕਤਹਿ ਨ ਭਇਓ ਦੂਰਾਈ." (ਮਾਰੂ ਮਃ ੫) "ਜਉ ਲਉ ਭਾਉ ਅਭਾਉ ਇਹੁ ਮਾਨੈ, ਤਉ ਲਉ ਮਿਲਣੁ ਦੂਰਾਈ." (ਸੋਰ ਮਃ ੫) ੨. ਕ੍ਰਿ- ਵਿ- ਫ਼ਾਸਿਲੇ ਪੁਰ.

ਦੂਰਾਰੀ: ਕ੍ਰਿ. ਵਿ- ਦੂਰੀ ਪੁਰ. ਵਿੱਥ ਤੇ. ਫ਼ਾਸਿਲੇ ਪੁਰ. "ਸੋ ਮਾਰਗ ਸੰਤ ਨ ਦੂਰਾਰੀ." (ਆਸਾ ਮਃ ੫)

ਦੂਰੀ: ਸੰਗਯਾ- ਵਿੱਥ. ਫ਼ਾਸਿਲਾ. ਦੂਰਤ੍ਵ. ਅੰਤਰ.

ਦੂਰੁ: ਦੇਖੋ, ਦੂਰ. "ਤੁਧੁ ਸੁਝੈ ਦੂਰੁ." (ਵਾਰ ਰਾਮ ੩)

ਦੂਰੰਤਰ: ਵਿ- ਦੁਰੰਤ- ਤਰ. ਅਤਯੰਤ ਘੋਰ. ਮਹਾ ਭਯਾਨਕ. "ਦੁਰਤ ਦੁਰੰਤਰ ਨਾਸੈ." (ਸਵੈਯੇ ਮਃ ੪. ਕੇ) ਦੇਖੋ, ਦੁਰੰਤ। ੨. ਵਿੱਥ ਤੇ.

**ਦੂਰੰਦੇਸ਼:** ਫ਼ਾ. دُوراندیش ਵਿ- ਦੂਰਦਰਸ਼ੀ. ਦੂਰ ਦੀ ਸੋਚਣ ਵਾਲਾ.

**ਦੂਲਹ:** ਦੇਖੋ, ਦੁਲਹ. "ਦੂਲਹ ਪ੍ਰਭੁ ਕੀ ਸਰਨਿ ਪਰਿਓ." (ਮਾਰੂ ਨਾਮਦੇਵ) ਦੂਲਹ ਤੋਂ ਭਾਵ ਜੀਵ ਅਥਵਾ ਜਿਗਯਾਸੂ ਹੈ.

**ਦੂਲਹਦੇਈ:** ਦੇਖੋ ਚੌਪਈ.

**ਦੂਲਹਿ, ਦੂਲਹੁ:** ਦੇਖੋ, ਦੁਲਹਾ.

**ਦੂੜਾ:** ਸੰਗ੍ਯਾ- ਦਉੜੂ. ਧਾਵਨ. ਹਰਕਾਰਾ. ਸਿੰਧੀ- ਦੂੜੋ. "ਦੂੜਾ ਆਇਓਹਿ ਜਮਹਿ ਤਣਾ।" (ਸ੍ਰੀ ਤ੍ਰਿਲੋਚਨ)

**ਦੇ:** ਦੈਵੀ ਦਾ ਸੰਖੇਪ. "ਦੇ ਗੁਨਾ ਸਤਿ ਭੈਣ ਭਰਾਵਹੈ." (ਵਾਰ ਰਾਮ ੩) ਦੈਵੀ ਸੰਪੱਤਿ ਦੇ ਗੁਣ ਨਜ਼ਦੀਕੀ ਸੰਬੰਧੀ ਹਨ। ੨. ਦੇਵੀ ਦਾ ਸੰਖੇਪ. "ਬੀਚਿ ਨਕਟ ਦੇ ਰਾਨੀ." (ਆਸਾ ਕਬੀਰ) "ਤਬ ਵਿਚਿਤ੍ਰ ਦੇ ਸਸਤ੍ਰ ਪ੍ਰਹਾਰੇ." (ਚਰਿਤ੍ਰ ੫੨) ਵਿਚਿਤ੍ਰ ਦੇਵੀ ਨੇ ਸ਼ਸਤ੍ਰ ਚਲਾਏ। ੩. ਦਿੰਦਾ ਹੈ. "ਗੁਣ ਵੰਤਿਆ ਗੁਣੁ ਦੇ." (ਜਪੁ) ੪. ਕ੍ਰਿ. ਵਿ- ਦੇਕੇ. "ਬਿਨਉ ਸੁਨਹੁ ਦੇ ਕਾਨ." (ਗਉ ਮਃ ੫) ੫. ਸੰਬੰਧ ਬੋਧਕ ਪ੍ਰਤ੍ਯਯ. ਕਾ. ਕੇ. ਦਾ. "ਲੱਤਾਂ ਵੱਲ ਖੁਦਾਇ ਦੇ." (ਭਾਗੁ)

**ਦੇਉ:** ਸੰ. ਦੇਵ. ਸੰਗ੍ਯਾ- ਦੇਵਤਾ. "ਸਤਿਗੁਰੁ ਜਾਗਤਾ ਹੈ ਦੇਉ." (ਆਸਾ ਕਬੀਰ) "ਸਤਿਗੁਰੁ ਦੇਉ ਪਰਤਖਿ ਹਰਿਮੂਰਤਿ." (ਮਲਾ ਮਃ ੪) ੨. ਪਾਰਬ੍ਰਹਮ. ਕਰਤਾਰ. "ਸੋਈ ਨਿਰੰਜਨਦੇਉ." (ਵਾਰ ਆਸਾ) ੩. ਦੇਓ. ਦੇਵੇ. "ਦੇਉ ਸੂਹਨੀ ਸਾਧੂ ਕੈ." (ਬਿਲਾ ਮਃ ੫) ੪. ਫ਼ਾ. دیو ਦੇਵ. ਭੂਤ. ਜਿੰਨ. "ਹਰਿ ਸਿਮਰਤ ਦੈਤ ਦੇਉ ਨ ਪੋਹੈ." (ਭੈਰ ਮਃ ੫) ੫. ਸ਼ੈਤਾਨ.

**ਦੇਉਟਣੀ ਏਕਾਦਸੀ:** ਦੇਖੋ, ਦੇਵੋੱਥਾਨ ਏਕਾਦਸੀ.

**ਦੇਉਰ:** ਦੇਖੋ, ਦੇਵਰ.

**ਦੇਊ:** ਜੱਟ ਜਾਤਿ. ਇਸ ਗੋਤ ਦੇ ਸਿਆਲਕੋਟ ਦੇ ਜਿਲੇ ਵਿਚ ਬਹੁਤ ਹਨ.

**ਦੇਅ:** ਸੰਗ੍ਯਾ- ਦੇਵਤਾ. ਦੇਵ. "ਤਕਜੋ ਛੀਰ ਸਾਮੁਦ੍ਰ ਦੇਅੰ ਅਦੇਅੰ." (ਕੱਛਾਵ) ਦੇਵਤਾ ਅਤੇ ਰਾਖਸਾਂ ਨੇ। ੨. ਦੇਖੋ, ਦੇ.

**ਦੇਇ:** ਦੇਕੇ. "ਦੇਇ ਅਹਾਰੁ ਅਗਨਿ ਮਹਿ ਰਾਖੈ." (ਆਸਾ ਧੰਨਾ) ੨. ਦਿੰਦਾ ਹੈ. "ਤਿਨਾ ਭੀ ਰੋਜੀ ਦੇਇ." (ਵਾਰ ਰਾਮ ੧. ਮਃ ੨) ੩. ਦੇਵੀ. ਦੇਈ. "ਦੇਇਵਿਚਿਤ੍ਰ ਪਾਂਚ ਨ੍ਰਿਪ ਮਾਰੇ." (ਚਰਿਤ੍ਰ ੫੨) ਵਿਚਿਤ੍ਰਦੇਵੀ ਨੇ ਪੰਜ ਰਾਜੇ ਮਾਰੇ। ੪. ਦੇਖੋ, ਦੇਯ.

**ਦੇਈ:** ਦਿੰਦਾ ਹੈ. "ਸਭਹਿਨ ਕੋ ਰੋਜੀ ਨਿਤ ਦੇਈ." (ਗੁਪ੍ਰਸੂ) ੨. ਦੇਵੇਂ. ਦਾਨ ਕਰੇਂ। ੩. ਦੇਵਤਾ ਦੀ ਇਸਤ੍ਰੀ. ਦੇਵੀ. "ਦੇਈ ਮਹਾਂ ਕ੍ਰੋਧ ਕਰ ਗਰਜੀ." (ਸਲੋਹ)

**ਦੇਸ:** ਸੰ. ਦੇਸ਼. ਸੰਗ੍ਯਾ- ਮੁਲਕ. ਪ੍ਰਿਥਿਵੀ ਦਾ ਵਡਾ ਖੰਡ, ਜਿਸ ਵਿਚ ਕਈ ਇਲਾਕੇ ਹੋਣ. "ਦੇਸ ਛੋਡਿ ਪਰਦੇਸਹਿ ਧਾਇਆ." (ਪ੍ਰਭਾ ਅਃ ਮਃ ੫) ੨. ਦੇਹ ਦਾ ਅੰਗ. "ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ." (ਬਿਹਾ ਛੰਤ ਮਃ ੫) ਅੰਗਾਂ ਦਾ ਲਿਬਾਸ ਅਤੇ ਭੂਸ਼ਣ.

**ਦੇਸਹਿਤੈਸੀ:** ਸੰ. देशहितैषिन. ਵਿ- ਦੇਸ਼ ਦਾ ਹਿਤ ਚਾਹੁਣ ਵਾਲਾ. ਮੁਲਕ ਦਾ ਖ਼ੈਰਖ਼ਾਹ.

**ਦੇਸਕ:** ਦੇਖੋ, ਦੇਸਿਕ।

**ਦੇਸਕਾਲ:** ਦੇਸ਼ ਅਤੇ ਸਮਾਂ. ਮੁਲਕ ਅਤੇ ਮੌਕਾ.

**ਦੇਸਗ੍ਯ:** ਸੰ. देशज्ञ. ਵਿ- ਦੇਸ਼ ਦਾ ਜਾਣੂ. ਮੁਲਕ ਦਾ ਹਾਲ ਜਾਣਨ ਵਾਲਾ.

**ਦੇਸਚਾਲ:** ਸੰਗ੍ਯਾ- ਮੁਲਕ ਵਿਚ ਹਲਚਲ. ਦੇਸ਼ ਵਿਚ ਅਸ਼ਾਂਤਿ। ੨. ਦੇਸ਼ ਤੋਂ ਜਾਣ ਦੀ ਕ੍ਰਿਯਾ. ਵਤਨ ਤੋਂ ਪ੍ਰਸ੍ਥਾਨ. "ਦੇਸਚਾਲ ਹਮ ਤੇ ਪੁਨ ਭਈ." (ਵਿਚਿਤ੍ਰ) ੩. ਦੇਸ਼ ਦੀ ਰੀਤਿ. ਮੁਲਕ ਦਾ ਰਿਵਾਜ.

ਦੇਸਢਾਲ: ਸੰਗਯਾ- ਦੇਸ਼ ਰੀਤਿ. ਮੁਲਕ ਦਾ ਰਿਵਾਜ.

ਦੇਸਡਲੱਟੀ: ਸੰਗਯਾ- ਮੁਲਕ ਵਿੱਚ ਬੇਚੈਨੀ। ੨. ਵਿ- ਦੇਸ਼ ਵਿੱਚ ਉਲਟ ਪੁਲਟ (ਉਪਦ੍ਰਵ) ਕਰਨ ਵਾਲਾ. "ਦੇਸਤਲੱਟੀ ਬਸਨ ਨ ਦੇਵਹਿ." (ਚਰਿਤ੍ਰ ੨੦੭)

ਦੇਸਦਿਸੰਤਰ: ਦੇਸ਼ਦੇਸ਼ਾਂਤਰ ਦੇਸ਼ ਅਤੇ ਦੇਸ਼ਾਂਤਰ. ਆਪਣਾ ਮੁਲਕ ਅਤੇ ਦੂਜਾ ਦੇਸ਼। ੨. ਇਕ ਦੇਸ਼ ਤੋਂ ਦੂਜਾ ਦੇਸ਼। ੩. ਦੇਖੋ, ਦੇਸਿਦਿਸੰਤਰਿ.

ਦੇਸਧਰਮ: ਸੰਗਯਾ- ਦੇਸ਼ ਦਾ ਮਜਹਬ। ੨. ਦੇਸ਼ ਦੇ ਨਿਯਮ। ੩. ਦੇਸ਼ਰੀਤਿ.

ਦੇਸਨਿਕਾਲਾ: ਸੰਗਯਾ- ਦੇਸ਼ ਵਿਚੋਂ ਕੱਢਣ ਦੀ ਕ੍ਰਿਯਾ. ਜਲਾਵਤ਼ਨੀ. ਨਿਰ੍ਵਾਸਨ। ੨. ਦੇਸੋਂ ਕੱਢੇ ਜਾਣ ਦਾ ਦੰਡ.

ਦੇਸ ਬਿਦੇਸ: ਦੇਸ਼ ਅਤੇ ਵਿਦੇਸ਼. ਆਪਣਾ ਮੁਲਕ ਅਤੇ ਪਰਾਇਆ ਦੇਸ਼। ੨. ਭਾਵ- ਲੋਕ ਅਤੇ ਪਰਲੋਕ.

ਦੇਸਭਾਸਾ, ਦੇਸਭਾਖਾ: ਸੰਗਯਾ- ਦੇਸ਼ ਦੀ ਭਾਸ਼ਾ. ਮੁਲਕ ਦੀ ਬੋਲੀ. ਜਿਵੇਂ ਪੰਜਾਬ ਦੀ ਪੰਜਾਬੀ.

ਦੇਸਰਾਜ: ਇਹ ਅਮ੍ਰਿਤਸਰ ਦਾ ਵਸਨੀਕ ਗੁਰਭਗਤ ਖਤ੍ਰੀ ਸੀ. ਸੰਮਤ ੧੮੨੫ ਵਿਚ ਖ਼ਾਲਸੇ ਨੇ ਚਾਰ ਲੱਖ ਰੁਪਯਾ ਇਸ ਦੇ ਸਪੁਰਦ ਕਰਕੇ ਅਹ਼ਮਦ ਸ਼ਾਹ ਦੁੱਰਾਨੀ ਦੇ ਢਾਹੇ ਹੋਏ ਹਰਿਮੰਦਿਰ ਨੂੰ ਮੁੜ ਉਸਾਰਣ ਦੀ ਸੇਵਾ ਇਸ ਨੂੰ ਸੌਂਪੀ ਸੀ, ਜਿਸ ਨੂੰ ਭਾਈ ਦੇਸਰਾਜ ਨੇ ਬਹੁਤ ਉੱਤਮ ਰੀਤਿ ਨਾਲ ਨਿਬਾਹਿਆ.

ਦੇਸਾ: ਸੰ. ਦੇਸ਼੍ਟ੍ਰ. ਵਿ- ਦਾਤਾ. ਮਹਾਦਾਨੀ. ਅਤਜੰਤ ਉਦਾਰ. "ਹਮ ਪਾਪੀ ਤੁਮ ਪਾਪਖੰਡਨ ਨੀਕੋ ਠਾਕੁਰ ਦੇਸਾ."(ਸੋਰ ਮਃ ੫)

ਦੇਸਾਂ: ਪੱਟੀ ਦੇ ਰਹਿਣ ਵਾਲੀ ਜੱਟੀ. ਜੋ ਸੰਤਾਨ ਦੀ ਇੱਛਾ ਕਰਕੇ ਗੁਰੂ ਹਰਿਗੋਬਿੰਦ ਜੀ ਦੀ ਸ਼ਰਣ ਗਈ. ਸਤਿਗੁਰੂ ਦੇ ਵਰਦਾਨ ਤੋਂ ੭. ਪੁਤ੍ਰ ਹੋਏ। ੨. ਰਾਜਾ ਅਮਰ ਸਿੰਘ ਪਟਿਆਲਾਪਤਿ ਦੀ ਰਾਣੀ ਅਤੇ ਰਾਜਾ ਸਾਹਿਬਸਿੰਘ ਦੀ ਮਤੇਈ। ੩. ਰਾਜਾ ਜਸਵੰਤ ਸਿੰਘ ਨਾਭਾਕੱਤਿ ਦੀ ਮਤੇਈ. ਦੇਖੋ, ਨਾਭਾ. (ਨੰਬਰ ੨. ਅਤੇ ੩. ਨੂੰ ਇਤਿਹਾਸ ਵਿਚ ਦੇਸੋ ਭੀ ਲਿਖਿਆ ਹੈ)। ੪. ਸਰਦਾਰ ਮੇਹਰਸਿੰਘ ਨਕਈ ਦੀ ਪੁਤ੍ਰੀ, ਜਿਸ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਰ ਸ਼ੇਰਸਿੰਘ ਨਾਲ ਸੰਨ ੧੮੧੯ ਵਿੱਚ ਹੋਈ. ਸ਼ਾਦੀ ਤੋਂ ਦੋ ਵਰ੍ਹੇ ਪਿੱਛੋਂ ਇਸ ਦਾ ਦੇਹਾਂਤ ਹੋ ਗਿਆ, ਸੰਤਾਨ ਨਹੀਂ ਹੋਈ। ੫. ਦੇਵਸਾਂ. ਦੇਵਾਂਗਾ.

ਦੇਸਾਉਰ: ਦੇਖੋ, ਦਿਸਾਉਰ ਅਤੇ ਦਿਸਾਵਰ.

ਦੇਸਾਸਿੰਘ: ਇੱਕ ਰਹਿਤਨਾਮੇ ਦਾ ਕਰਤਾ. ਦੇਖੋ, ਗੁਰਮਤਸੁਧਾਕਰ ਕਲਾ ੮.

ਦੇਸਾਂਗਿਓ: ਦੇਸ਼ ਦਾ ਅੰਗ. ਦੇਸ਼ ਦਾ ਚਿੰਨ੍ਹ. ਮੁਲਕ ਦਾ ਪਤਾ. "ਪੂਛਉ ਦੀਨ ਭਾਂਤ ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ." (ਸਾਰ ਮਃ ੫)

ਦੇਸਾਚਾਰ: ਦੇਸ਼ ਦਾ ਆਚਾਰ. ਮੁਲਕ ਦਾ ਰਿਵਾਜ.

ਦੇਸਾਟਨ: ਦੇਸ਼ ਵਿੱਚ ਅਟਨ (ਫਿਰਨ) ਦੀ ਕ੍ਰਿਯਾ. ਦੇਸ਼ਭ੍ਰਮਣ. ਦੇਸ਼ਾਂ ਦੀ ਯਾਤ੍ਰਾ.

ਦੇਸਾਂਤਰ: ਦੇਸ਼- ਅੰਤਰ. ਸੰਗਯਾ- ਵਿਦੇਸ਼. ਦੂਜਾ ਦੇਸ਼. ਪਰਦੇਸ਼.

ਦੇਸਾਂਤਰਿ: ਵਿਦੇਸ਼ ਵਿੱਚ.

ਦੇਸਾਧੀਸ: ਦੇਸ਼- ਆਧੀਸ਼. ਸੰਗਯਾ- ਦੇਸ਼ ਦਾ ਸ੍ਵਾਮੀ, ਰਾਜਾ. ਬਾਦਸ਼ਾਹ.

ਦੇਸਿਕ: ਸੰ. ਦੇਸ਼ਿਕ. ਸੰਗਯਾ- ਰਾਹੀ. ਪਾਂਧੀ। ੨. ਉਪਦੇਸ਼ਕ। ੩. ਆਗੂ.

ਦੇਸਿ ਦਿਸੰਤਰਿ: ਦੇਸ਼ ਦੇਸ਼ਾਂਤਰ ਵਿੱਚ. "ਜੋਗੁ ਨ ਦੇਸਿ ਦਿਸੰਤਰਿ ਭਵਿਐ." (ਸੂਹੀ ਮਃ ੧)

ਦੇਸੀ: ਸੰ. ਦੇਸ਼ੀਯ. ਵਿ- ਦੇਸ਼ ਦਾ. ਦੇਸ਼ ਨਾਲ ਹੈ ਜਿਸ ਦਾ ਸੰਬੰਧ। ੨. ਸ੍ਵਦੇਸ਼ੀ। ੩. ਦੇਵਸੀ ਦਾ ਸੰਖੇਪ. "ਦੇਸੀ ਰਿਜਕੁ ਸੰਬਾਹਿ." (ਸੂਹੀ ਅਃ ਮਃ ੩) ੪. ਹਿੰ. ਸੰਗ੍ਯਾ- ਸੰਨਤ. ਇਸ਼ਾਰਾ. "ਤੁਹਿ ਦੇਖਤ ਦੇਸੀ ਉਂਹਿ ਦਈ." (ਚਰਿਤ੍ਰ ੧੪੮)

ਦੇਸੂ: ਭਿੱਖੀ ਦਾ ਵਸਨੀਕ ਸੁਲਤਾਨ ਉਪਾਸਕ, ਚਾਹਲ ਜੱਟ, ਜੋ ਪਿੰਡ ਦਾ ਚੌਧਰੀ ਸੀ. ਇਹ ਗੁਰੂ ਤੇਗਬਹਾਦੁਰ ਜੀ ਦਾ ਸਿਖ ਹੋਇਆ. ਸਤਿਗੁਰੂ ਨੇ ਇਸ ਨੂੰ ਪੰਜ ਤੀਰ ਬਖਸ਼ੇ, ਪਰ ਇਹ ਇਸਤ੍ਰੀ ਦੀ ਕੁਸੰਗਤ ਕਰਕੇ ਸਿੱਖੀ ਤੋਂ ਵਿਮੁਖ ਹੋ ਗਿਆ.

ਦੇਸੂਸਿੰਘ: ਦੇਖੋਂ, ਭਗਤੂ.

ਦੇਸੇਸ: ਸੰਗ੍ਯਾ- ਦੇਸ਼- ਈਸ਼. ਦੇਸ਼ ਦਾ ਸ੍ਵਾਮੀ, ਰਾਜਾ. "ਦੇਸੇਸ ਨਜਾਯ ਨਹਿ ਕਰਜੋ." (ਚਰਿਤ੍ਰ ੧੦੪)

ਦੇਸੋ: ਦੇਖੋ, ਜਸਵੰਤਸਿੰਘ ੨. ਅਤੇ ਦੇਸਾਂ ੨- ੩.

ਦੇਸੋੱਨਤਿ: ਸੰ. देशोन्नति. ਸੰਗ੍ਯਾ- ਦੇਸ਼- ਉੱਨਤਿ. ਦੇਸ਼ ਦੀ ਵ੍ਰਿੱਧਿ. ਮੁਲਕ ਦੀ ਤਰੱਕ਼ੀ.

ਦੇਸੌਰ: ਸੰਗ੍ਯਾ- ਦੇਸ਼- ਅਪਰ. ਔਰ ਦੇਸ਼. ਵਿਦੇਸ਼. "ਹਰ ਤਾਂਕੋ ਦੇਸੌਰ ਸਿਧਾਰ੍ਯੋ." (ਚਰਿਤ੍ਰ ੧੨੯)

ਦੇਸੰਤਰ: ਦੇਖੋ, ਦੇਸਾਂਤਰ.

ਦੇਹ: ਸੰ. (दिह. ਧਾ- ਲੇਪਨ ਕਰਨਾ, ਵਧਣਾ). ਸੰਗ੍ਯਾ- ਸ਼ਰੀਰ. ਜਿਸਮ. ਤਨ. "ਜਿਹ ਪ੍ਰਸਾਦਿ ਪਾਈ ਦੁਰਲਭ ਦੇਹ." (ਸੁਖਮਨੀ) ੨. ਫ਼ਾ. ده ਅਥਵਾ دیہ ਪਿੰਡ. ਗ੍ਰਾਮ.

ਦੇਂਹ: ਸੰਗ੍ਯਾ- ਦ੍ਯੁ. ਦਿਨ. "ਅਨਿਕ ਸੂਖ ਚਕਵੀ ਨਹੀ ਚਾਹਤ, ਅਨਦ ਪੂਰਨ ਪੇਖਿ ਦੇਂਹ." (ਜੈਤ ਮਃ ੫)

ਦੇਹਸਰੀਰ: ਦੇਖੋ, ਸਰੀਰ ਅਤੇ ਸਰੀਰਿ.

ਦੇਹਤ੍ਯਾਗ: ਸੰਗ੍ਯਾ- ਮ੍ਰਿਤ੍ਯੁ. ਪ੍ਰਾਣਵਿਯੋਗ. ਸ਼ਰੀਰ ਛੱਡਣਾ.

ਦੇਹ ਦੀ ਦਸ ਹਾਲਤਾਂ: ਦੇਖੋ, ਦਸ ਦਸ਼ਾ ਅਤੇ ਦਸਾ.

ਦੇਹਧਰ, ਦੇਹਧਾਰੀ: ਸੰਗ੍ਯਾ- ਦੇਹ ਰੱਖਣ ਵਾਲਾ. ਸ਼ਰੀਰੀ। ੨. ਮਨੁੱਖ. "ਦੇਹਧਾਰ ਅਰੁ ਦੇਵਾ ਡਰਪਹਿਂ."

(ਮਾਰੂ ਮਃ ੫)

ਦੇਹਪਾਤ: ਸੰਗ੍ਯਾ- ਮ੍ਰਿਤ੍ਯੁ. ਦੇਹ ਦੇ ਡਿਗਣ ਦੀ ਹ਼ਾਲਤ.

ਦੇਹਬਾਸੀ ਅਰਿ ਹਰ: ਸੰਗ੍ਯਾ- ਦੇਹ ਵਿੱਚ ਵਸਣ ਵਾਲਾ ਜੀਵਨ, ਉਸ ਦਾ ਵੈਰੀ ਬੁਢਾਪਾ, ਉਸ ਦੇ ਮਿਟਾਉਣ ਵਾਲਾ ਅਮ੍ਰਿਤ. (ਸਨਾਮਾ)

ਦੇਹਰਾ: ਸੰਗ੍ਯਾ- ਦੇਹ (ਸ਼ਰੀਰ) ਦਾ ਹੋਇਆ ਹੈ ਅੰਤਿਮ ਸੰਸਕਾਰ ਜਿਸ ਥਾਂ. ਸਮਾਧਿ। ੨. ਸਮਾਧਿ ਤੇ ਬਣਾਇਆ ਹੋਇਆ ਮੰਦਿਰ। ੩. ਦੇਵਗ੍ਰਿਹ. ਦੇਵਤਾ ਦਾ ਘਰ ਦੇਵਮੰਦਿਰ. "ਦੇਹਰਾ ਮਸੀਤ ਸੋਈ." (ਅਕਾਲ)

ਦੇਹਰਾਸਾਹਿਬ: ਸ਼੍ਰੀ ਗੁਰੂ ਸਾਹਿਬਾਨ ਦੀ ਸਮਾਧਿ ਦਾ ਅਸਥਾਨ। ੨. ਜਿਲਾ ਹੁਸ਼ਿਆਰਪੁਰ, ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ਦੋ ਮੀਲ ਅਗਨਿ ਕੋਣ, ਪਿੰਡ ਬਹਾਦੁਰਪੁਰ ਵਿੱਚ ਫੂਲਸ਼ਾਹ ਉਦਾਸੀਨ ਸਾਧੁ, ਜੋ ਇੱਕ ਧੂਏਂ ਦੇ ਮੁਖੀਏ ਹਨ, ਉਨ੍ਹਾਂ ਦੀ ਸਮਾਧਿ ਭੀ "ਦੇਹਰਾਸਾਹਿਬ" ਨਾਉਂ ਤੋਂ ਪ੍ਰਸਿੱਧ ਹੈ. ਇਸ ਥਾਂ ਵਡਾ ਆ਼ਲੀਸ਼ਾਨ ਮੰਦਿਰ ਹੈ ਅਤੇ ਮਹਾਰਾਜਾ ਰਣਜੀਤਸਿੰਘ ਦੀ ਲਾਈ ਹੋਈ ਕਈ ਹਜ਼ਾਰ ਘੁਮਾਉਂ ਜ਼ਮੀਨ ਹੈ. ਪੁਜਾਰੀ ਉਦਾਸੀ ਸਾਧੁ ਹਨ.

ਦੇਹਰਾ ਗੁਰੂ ਅਰਜਨ ਜੀ ਦਾ: ਲਹੌਰ ਦੇ ਕਿ਼ਲੇ ਪਾਸ ਗੁਰੂ ਅਰਜਨਦੇਵ ਜੀ ਦੇ ਜੋਤੀਜੋਤਿ ਸਮਾਉਣ ਦਾ ਅਸਥਾਨ, ਜਿਸ ਨੂੰ ਗੁਰੂ ਹਰਿਗੋਬਿੰਦ ਜੀ ਨੇ ਸੰਮਤ ੧੬੬੯ ਵਿੱਚ ਪੱਕਾ ਬਣਵਾਇਆ. ਦੇਖੋ, ਲਹੌਰ.

**ਦੇਹਰਾ ਗੁਰਦਿੱਤਾ ਬਾਬਾ:** ਕੀਰਤਪੁਰ ਵਿੱਚ ਉਹ ਅਸਥਾਨ, ਜਿੱਥੇ ਬਾਬਾ ਜੀ ਦਾ ਸਸਕਾਰ ਹੋਇਆ. ਇਹ ਬਹੁਤ ਆ਼ਲੀਸ਼ਾਨ ਦੇਹਰਾ ਹੈ. ਦੇਖੋ, ਕੀਰਤਪੁਰ ਨੰঃ ੯.

**ਦੇਹਰਾ ਗੁਰੂ ਤੇਗਬਹਾਦੁਰ ਜੀ ਦਾ:** ਆਨੰਦਪੁਰ ਵਿਚ ਉਹ ਅਸਥਾਨ, ਜਿੱਥੇ ਦਸ਼ਮੇਸ਼ ਨੇ ਪਿਤਾ ਜੀ ਦਾ ਸੀਸ ਸਸਕਾਰਿਆ. ਦੇਖੋ, ਆਨੰਦਪੁਰ ਨੰঃ ੩.

**ਦੇਹਰਾਦੂਨ:** ਦੇਖੋ, ਦੇਹਰਾ ਰਾਮਰਾਇ ਜੀ.

**ਦੇਹਰਾ ਬਾਬਾ ਨਾਨਕ:** ਗੁਰਦਾਸਪੁਰ ਦੇ ਜਿਲੇ ਤਸੀਲ ਬਟਾਲੇ ਵਿੱਚ ਰਾਵੀ ਦੇ ਦੱਖਣੀ ਕਿਨਾਰੇ ਗੁਰਦਾਸਪੁਰ ਤੋਂ ੨੨ ਮੀਲ ਪੁਰ ਉਹ ਨਗਰ, ਜਿੱਥੇ ਗੁਰੂ ਨਾਨਕ ਜੀ ਨੇ ਦੇਹ ਤਜਾਗੀ ਹੈ. ਇਸ ਨੂੰ ਲੋਕ ਡੇਰਾ ਬਾਬਾ ਨਾਨਕ ਸਦਦੇ ਹਨ. ਇਹ ਨਗਰ ਪਹਿਲਾਂ ਕਰਤਾਰਪੁਰ ਨਾਮ ਤੋਂ ਪ੍ਰਸਿੱਧ ਸੀ. ਇੱਥੇ ਜੋ ਗੁਰੂ ਨਾਨਕਦੇਵ ਜੀ ਦੀ ਸਮਾਧਿ ਉਨ੍ਹਾਂ ਦੀ ਆਗਜਾ ਤੋਂ ਵਿਰੁੱਧ ਬਣਾਈ ਗਈ ਸੀ ਉਹ ਨਗਰ ਸਮੇਤ ਰਾਵੀ ਦੇ ਪ੍ਰਵਾਹ ਵਿੱਚ ਲੋਪ ਹੋ ਗਈ. ਲਕ੍ਸ਼੍ਮੀਦਾਸ ਜੀ ਦੇ ਸੁਪੁਤ੍ਰ ਧਰਮਚੰਦ ਜੀ ਨੇ ਨਵੀਂ ਬਸ੍ਤੀ ਦਾ ਨਾਮ ਦੇਹਰਾ ਬਾਬਾ ਨਾਨਕ ਰੱਖਿਆ, ਅਤੇ ਗੁਰੂ ਨਾਨਕਦੇਵ ਜੀ ਦੀ ਨਵੀਂ ਸਮਾਧਿ ਬਣਵਾਈ. ਇਸ ਦੇਹਰੇ ਦੀ ਸੇਵਾ ਮਹਾਰਾਜਾ ਰਣਜੀਤਸਿੰਘ ਅਤੇ ਸਰਦਾਰ ਸੁਧਸਿੰਘ ਤਥਾ ਪ੍ਰੇਮੀ ਸੰਗਤਿ ਨੇ ਪ੍ਰੇਮਭਾਵ ਨਾਲ ਕੀਤੀ ਹੈ. ਜਾਗੀਰ ਚੌਦਾਂ ਸੌ ਰੁਪਯਾ ਪਿੰਡ ਕਿਲਾ ਨੱਥੂਸਿੰਘ ਤੋਂ ਅੱਠ ਸੌ ਪੱਚੀ ਰੁਪਯੇ ਸਾਲਾਨਾ ਕਮਾਲਪੁਰ ਤੋਂ, ਸੱਤ ਸੌ ਦਸ ਰੁਪਏ ਤਾਲਪੁਰ ਅਤੇ ਗਦਰਾਮ ਜਿਲਾ ਅੰਮ੍ਰਿਤਸਰ ਤੋਂ ਹੈ. ਇਕ ਹਜ਼ਾਰ ਪੰਜਾਹ ਘੁਮਾਉਂ ਸਾਥ ਜ਼ਮੀਨ ਹੈ, ਜਿਸ ਵਿੱਚੋਂ ਚਾਰ ਸੌ ਬੰਜਰ ਅਤੇ ਬਾਕੀ ਫਸਲ ਹੋਣ ਲਾਇਕ਼ ਹੈ. ਕ਼ਰੀਬ ਸੱਤਰ ਘੁਮਾਉਂ ਦੇ ਜ਼ਮੀਨ ਹੋਰ ਪਿੰਡਾਂ ਵਿੱਚ ਗੁਰਦ੍ਵਾਰੇ ਦੀ ਹੈ. ਗੁਰਦ੍ਵਾਰੇ ਨਾਲ ੨੯ ਦੁਕਾਨਾਂ ਹਨ, ਜਿਨ੍ਹਾਂ ਦੇ ਕਿਰਾਏ ਦੀ ਚੋਖੀ ਆਮਦਨ ਹੈ. ਵੈਸਾਖੀ, ੨੦. ਫੱਗੁਣ ਅਤੇ ਸ਼੍ਰਾਧਾਂ ਦੀ ਦਸਮੀ ਨੂੰ ਮੇਲੇ ਲਗਦੇ ਹਨ. ਹੁਣ ਡੇਰਾ ਬਾਬਾ ਨਾਨਕ ਅਮ੍ਰਿਤਸਰ ਵੇਰਕਾ ਲੈਨ ਦਾ ਸਟੇਸ਼ਨ ਹੈ, ਜੋ ਅਮ੍ਰਿਤਸਰੋਂ ੩੪ ਮੀਲ ਹੈ.

ਇਸ ਕਸਬੇ ਅੰਦਰ ਗੁਰੂ ਨਾਨਕਦੇਵ ਦਾ ਗੁਰਦ੍ਵਾਰਾ ਚੋਲਾ ਸਾਹਿਬ ਨਾਮ ਕਰਕੇ ਭੀ ਹੈ. ਦੇਖੋ, ਚੋਲਾ ਸਾਹਿਬ।

੨. ਪੱਖੋ ਪਿੰਡ ਪਾਸ ਇੱਕ ਦੇਹਰਾ ਬਾਬਾ ਲਕ੍ਸ਼੍ਮੀ ਜੀ ਦੇ ਪੋਤੇ ਮੇਹਰਚੰਦ ਨੇ ਭੀ ਬਣਵਾਇਆ ਹੈ, ਜਿਸ ਨੂੰ ਦੀਵਾਨ ਚੰਦੂਲਾਲ ਹੈਦਰਾਬਾਦੀ ਦੇ ਚਾਚੇ ਨਾਨਕਚੰਦ ਨੇ ਬਹੁਤ ਧਨ ਲਾਕੇ ਸੁੰਦਰ ਰਚਿਆ, ਅਰ ਫੇਰ ਸ਼ੇਰ ਪੰਜਾਬ ਮਹਾਰਾਜਾ ਰਣਜੀਤਸਿੰਘ ਨੇ ਭੀ ਬਹੁਤ ਧਨ ਖ਼ਰਚ ਕੀਤਾ, ਦੇਖੋ, ਪੱਖੋ.

**ਦੇਹਰਾ ਰਾਮਰਾਇ ਜੀ:** ਯੂ. ਪੀ. ਵਿੱਚ ਹਰਿਦ੍ਵਾਰ ਤੋਂ ੪੦ ਮੀਲ ਦੇ ਫ਼ਾਸਲੇ ਪੁਰ ਪਹਾੜੀ ਦੂਨ ਵਿੱਚ ਰਾਮਰਾਇ ਜੀ ਦੀ ਸਮਾਧਿ, ਜਿਸ ਦੀ ਇ਼ਮਾਰਤ ਸਨ ੧੬੯੯ ਵਿੱਚ ਬਣੀ ਹੈ, ਜਿਸ ਦੇ ਕਾਰਣ ਇਲਾਕੇ ਅਰ ਨਗਰ ਦਾ ਨਾਮ ਦੇਹਰਾਦੂਨ ਹੋਗਿਆ ਹੈ. ਇੱਥੇ ਬਾਲੂਹਸਨਾ ਸਾਧੂ ਦੀ ਸੰਪ੍ਰਦਾਯ ਦੇ ਉਦਾਸੀ ਮਹੰਤ ਹਨ, ਅਰ ਮੁਗ਼ਲ ਬਾਦਸ਼ਾਹਾਂ ਦੇ ਵੇਲੇ ਦੀ ਜਾਗੀਰ ਲੱਗੀ ਹੋਈ ਹੈ. ਦਸ਼ਮੇਸ਼ ਦਾ ਭੀ ਇੱਥੇ ਗੁਰਦ੍ਵਾਰਾ ਹੈ. ਕਲਗੀਧਰ ਮਾਤਾ ਪੰਜਾਬਕੌਰ ਦੀ ਸਹਾਇਤਾ ਲਈ ਦੁਸ਼੍ਟ ਮਸੰਦਾਂ ਨੂੰ ਦੰਡ ਦੇਣ ਪਾਂਵਟੇ ਤੋਂ ਇੱਥੇ ਆਏ ਸਨ.

**ਦੇਹਰੀ:** ਸੰ. ਦੇਹਲੀ. ਸੰਗਯਾ- ਦਰਵਾਜ਼ੇ ਦੀ ਚੌਖਟ ਦੀ ਹੇਠਲੀ ਲੱਕੜ. ਦਹਲੀਜ਼. ਦੇਹਲ. "ਦੇਹਰੀ ਬੈਠੀ ਮਿਹਰੀ ਰੋਵੈ." (ਕੇਦਾ ਕਬੀਰ) ੨. ਦੇਹ. ਸ਼ਰੀਰ. ਬਦਨ.

**ਦੇਹਰੀਵਾਲਾ ਕਲਾਂ:** ਦੇਖੋ, ਜੰਡਸਾਹਿਬ ਨੰঃ ੫.

**ਦੇਹਲ:** ਦੇਖੋ, ਦੇਹਰੀ ੧.

**ਦੇਹਲੀ:** ਦੇਖੋ, ਦੇਹਰੀ ੧। ੨. ਦਿਹਲੀ (ਦਿੱਲੀ) ਲਈ ਭੀ ਦੇਹਲੀ ਸ਼ਬਦ ਵਰਤੀਦਾ ਹੈ.

**ਦੇਹਲੀਦੀਪ ਨ੍ਯਾਯ:** ਦੇਖੋ, ਦੀਪਕ (ਹ) ਅਤੇ ਨ੍ਯਾਯ.

**ਦੇਹਵਾਨ:** ਵਿ- ਦੇਹਵਾਲਾ. ਸ਼ਰੀਰਧਾਰੀ.

ਦੇਹਵੰਤ: ਵਿ- ਦੇਹਵਾਨ ਦਾ ਬਹੁਵਚਨ.

ਦੇਹੜਿ, ਦੇਹੜੀ: ਸੰਗਯਾ- ਦੇਹ. ਤਨ. ਬਦਨ। ੨. ਦੇਹਰੂਪ. "ਚੜਿ ਦੇਹੜਿ ਘੋੜੀ." (ਵਡ ਮਃ ੪. ਘੋੜੀਆਂ) ਦੇਹਰੂਪ ਘੋੜੀ ਪੁਰ ਸਵਾਰ ਹੋਕੇ.

ਦੇਹਾ: ਸੰਗਯਾ- ਦੇਹਾਭਿਮਾਨੀ ਲਿੰਗਸ਼ਰੀਰ। ੨. ਅੰਤਹਕਰਣ.

ਦੇਹਾਂਤ: ਸੰਗਯਾ- ਦੇਹ ਦਾ ਅੰਤ. ਦੇਹਪਾਤ. ਪ੍ਰਾਣ- ਵਿਯੋਗ. ਮ੍ਰਿਤ੍ਯੁ.

ਦੇਹਾਤੀ: ਵਿ- ਦੇਹ (ਗ੍ਰਾਮ) ਨਾਲ ਸੰਬੰਧ ਰੱਖਣ ਵਾਲਾ. ਪੇਂਡੂ. ਗ੍ਰਾਮੀਣ.

ਦੇਹਾਧ੍ਯਾਸ: ਸੰ. ਸੰਗਯਾ- ਦੇਹ ਨੂੰ ਆਤਮਾ ਸਮਝਣ ਦਾ ਭ੍ਰਮ.

ਦੇਹਾੜੀ: ਦੇਖੋ, ਦਿਹਾੜੀ.

ਦੇਹਿ: ਦੇਓ. ਦਾਨ ਕਰੋ. "ਦੇਹਿ ਦੇਹਿ ਆਖੈ ਸਭੁਕੋਈ." (ਓਅੰਕਾਰ) ੨. ਦੇਖੋ, ਦੇਹ ੧। ੩. ਦੇਖੋ, ਦੇਹੀ ੨। ੪. ਅਰਪਨ ਕਰ. "ਮਨੁ ਤਨੁ ਅਪਨਾ ਤਿਨ ਜਨ ਦੇਹਿ." (ਸੁਖਮਨੀ)

ਦੇਹੀ: ਸੰਗਯਾ- ਦੇਹ ਤਨ. ਸ਼ਰੀਰ. "ਇਸ ਦੇਹੀ ਕਉ ਸਿਮਰਹਿ ਦੇਵ." (ਭੈਰ ਕਬੀਰ) ੨. ਦੇਹੀਂ. ਦੇਵੇਂ। ੩. ਸੰ. देहिन्. ਜੀਵਾਤਮਾ. "ਮਨ ਕਾ ਜੀਉ ਪਵਨ, ਪਤਿਦੇਹੀ, ਦੇਹੀ ਮਹਿ ਦੇਉ ਸਮਾਗਾ." (ਸੋਰ ਮਃ ੧) ਮਨ ਕਾ ਜੀਵਨ ਪ੍ਰਾਣ, ਪ੍ਰਾਣਾਂ ਦਾ ਪਤਿ ਜੀਵਾਤਮਾ, ਦੇਹੀ (ਜੀਵਾਤਮਾ) ਵਿੱਚ ਦੇਉ (ਪਾਰਬ੍ਰਹਮ) ਸਮਾਇਆ ਹੋਇਆ ਹੈ। ੪. ਦੇਹ ਵਾਲਾ.

ਦੇਹੁ: ਦੇਓ. ਦਾਨ ਕਰੋ. "ਦੇਹੁ ਦਰਸ ਨਾਨਕ ਬਲਿਹਾਰੀ." (ਤਖਾ ਛੰਤ ਮਃ ੫)

ਦੇਹੁਰਾ: ਦੇਖੋ, ਦੇਹਰਾ. "ਫੇਰਦੀਆ ਦੇਹੁਰਾ ਨਾਮ ਕੋ." (ਮਲਾ ਨਾਮਦੇਵ) ੨. ਸ਼ਰੀਰ. ਬਦਨ. "ਮਾਟੀ ਕਾ ਲੇ ਦੇਹੁਰਾ ਕਰਿਆ." (ਰਾਮ ਅਃ ਮਃ ੫)

ਦੇਹੁਰੀ: ਸੰਗਯਾ- ਦੇਹ. ਜਿਸਮ. ਸ਼ਰੀਰ. "ਭੈ ਸਚਿ ਰਾਤੀ ਦੇਹੁਰੀ." (ਸ੍ਰੀ ਅਃ ਮਃ ੧) ੨. ਦੇਹਲੀ. ਦਹਲੀਜ਼. "ਦੇਹੁਰੀ ਬੈਠੀ ਮਾਤਾ ਰੋਵੈ." (ਆਸਾ ਕਬੀਰ)

ਦੇਹੁਰੀਆ: ਸੰਗਯਾ- ਦੇਹ. ਸ਼ਰੀਰ. "ਭਈ ਪਰਾਪਤਿ ਮਾਨੁਖ ਦੇਹੁਰੀਆ." (ਸੋਪੁਰਖੁ)

ਦੇਹੇਮ: ਫ਼ਾ. دیہیم ਸੰਗਯਾ- ਤਾਜ. ਸ਼ਾਹੀ. ਮੁਕੁਟ.

ਦੇਖਕੇ ਅਣਡਿੱਠ ਕਰਨਾ: ਕ੍ਰਿ- ਕਿਸੇ ਦੇ ਦੋਸ਼ ਨੂੰ ਦੇਖਕੇ ਅਣਦੇਖਿਆ ਕਰਨਾ. ਕਿਸੇ ਦੇ ਕੁਕਰਮਾਂ ਤੇ ਪੜਦਾ ਪਾਉਣਾ. ਇਹ ਪਦ ਸਿੱਖ ਅਰਦਾਸ ਵਿੱਚ ਵਰਤਦੇ ਹਨ ਅਰ ਇਸ ਵਿੱਚ ਸਿੱਖੀ ਦਾ ਉੱਤਮ ਨਿਯਮ ਹੈ.

ਦੇਖਣਾ: ਕ੍ਰਿ- ਦ੍ਰਿਸ਼ਿ (ਨਜਰ) ਵਿੱਚ ਲਿਆਉਣਾ. ਵੀਕ੍ਸ਼ਣ ਕਰਨਾ. ਅਵਲੋਕਨ ਕਰਨਾ. ਦੇਖੋ, ਵੇਖਣਾ। ੨. ਜਾਂਚਨਾ. ਪੜਤਾਲਣਾ. ਪਰਖਣਾ. "ਸਤਿਗੁਰੁ ਦੇਖਿਆ ਦੀਖਿਆ ਲੀਨੀ." (ਗਉ ਅਃ ਮਃ ੧)

ਦੇਖਤ: ਕ੍ਰਿ. ਵਿ- ਦੇਖਦੇ ਹੀ. ਦੇਖਣਸਾਰ. "ਦੇਖਤ ਦਰਸੁ ਪਾਪ ਸਭ ਨਾਸਹਿ." (ਸਾਰ ਮਃ ੫) ੨. ਦੇਖਦਾ ਹੈ. ਦੇਖੋ, ਦੇਖਣਾ। ੩. ਸੰਗਯਾ- ਦੇਖਣ ਦਾ ਸਾਧਨ, ਨੇਤ੍ਰ. "ਚਰਨ ਕਰ ਦੇਖਤ ਸੁਣਿ ਥਕੇ." (ਵਾਰ ਬਿਹਾ ਮਃ ੩) ਪੈਰ, ਹੱਥ, ਨੇਤ੍ਰ, ਕੰਨ ਥੱਕ ਗਏ.

ਦੇਖਦਿਆਂ: ਕ੍ਰਿ. ਵਿ- ਦੇਖਦੇ ਦੇਖਦੇ. ਨਜਰ ਦੇ ਸਾਮ੍ਹਣੇ.

ਦੇਖਨ: ਦੇਖੋ, ਦੇਖਣਾ.

ਦੇਖਨਹਾਰ, ਦੇਖਨਹਾਰੁ: ਵਿ- ਦ੍ਰਸ਼੍ਟਾ, ਦੇਖਣ ਵਾਲਾ.

ਦੇਖਾਦੇਖੀ: ਸੰਗਜਾ- ਬਿਨਾ ਵਿਚਾਰੇ, ਕਿਸੇ ਦੀ ਕ੍ਰਿਯਾ ਦੇਖਕੇ ਨਕ਼ਲ ਕਰਨ ਦੀ ਕ੍ਰਿਯਾ. ਅਨੁਕਰਣ. "ਦੇਖਾਦੇਖੀ ਸਭ ਕਰੇ ਮਨਮੁਖ ਬੂਝ ਨ ਪਾਇ." (ਸ੍ਰੀ ਮਃ ੩) "ਦੇਖਾਦੇਖੀ ਮਨਹਠਿ ਜਲਿਜਾਈਐ." (ਗਉ ਮਃ ੫)

ਦੇਖਾਲਿਹੁ: ਦਿਖਾ. ਦਿਖਲਾਓ. "ਮੈ ਦੇਖਾਲਿਹੁ ਤਿਸੁ." (ਮਾਰੂ ਮਃ ੧)

ਦੇਖਿ: ਸੰਗਜਾ- ਦ੍ਰਿਸ਼੍ਟਿ. ਨਜਰ. "ਏਹ ਸਤਿਗੁਰੁ ਦੇਖਿ ਦਿਖਾਈ." (ਰਾਮ ਅਃ ਮਃ ੧) ੨. ਕ੍ਰਿ. ਵਿ- ਦੇਖਕੇ. "ਦੇਖਿ ਸਰੂਪ ਪੂਰਨ ਭਈ ਆਸਾ." (ਟੋਡੀ ਮਃ ੫)

ਦੇਗ: ਫ਼ਾ. دیگ ਸੰਗਜਾ- ਚੌੜੇ ਮੂੰਹ ਦਾ ਵਡਾ ਬਰਤਨ, ਜਿਸ ਵਿੱਚ ਭੋਜਨ ਪਕਾਈਦਾ ਹੈ। ੨. ਭਾਵ- ਲੰਗਰ. "ਦੇਗ ਤੇਗ ਜਗ ਮੇ ਦੋਉ ਚਲੈ." (ਕ੍ਰਿਸ਼ਨਾਵ) ਦੇਖੋ, ਸਿੱਕਾ.

ਦੇਗਚਾ: ਫ਼ਾ. دیگچہ ਸੰਗਜਾ- ਛੋਟੀ ਦੇਗ.

ਦੇਗ ਤੇਗ: ਦੇਗ ਅਤੇ ਤਲਵਾਰ. ਲੰਗਰ ਅਤੇ ਕ੍ਰਿਪਾਣ. ਭਾਵ- ਅਨਾਥਾਂ ਦਾ ਪਾਲਨ ਅਤੇ ਦੁਸ਼੍ਟਾਂ ਦਾ ਸੰਘਾਰ.

ਦੇਗ ਤੇਗ ਫ਼ਤਹ: ਇਹ ਖ਼ਾਲਸੇ ਦਾ ਆਸ਼ੀਰਵਾਦ ਹੈ. ਭਾਵ- ਲੰਗਰ ਚਲਦਾ ਰਹੇ ਅਤੇ ਤਲਵਾਰ ਦ੍ਵਾਰਾ ਫਤੇ ਪ੍ਰਾਪਤ ਹੋਵੇ. ਅਨਾਥਾਂ ਦਾ ਪਾਲਨ ਅਰ ਦੁਸ਼੍ਟਾਂ ਦਾ ਨਾਸ਼ ਹੋਵੇ. "ਦੇਗ ਤੇਗ ਜਗ ਮੇ ਦੋਉ ਚਲੈ." (ਕ੍ਰਿਸ਼ਨਾਵ) "ਦੇਗੋ ਤੇਗੋ ਫ਼ਤਹ ਨੁਸਰਤ ਬੇਦਰੰਗ। ਯਾਫ਼ਤਜ਼ ਨਾਨਕ ਗੁਰੂ ਗਬਿੰਦਸਿੰਘ." ਦੇਖੋ, ਸਿੱਕਾ.

ਦੇਗ ਮਸਤ: ਖ਼ਾ. ਲੰਗਰ ਬੰਦ ਹੋਣ ਦੀ ਕ੍ਰਿਯਾ. ਭੋਜਨ ਦੀ ਸਾਮਗ੍ਰੀ ਨਾ ਹੋਣ ਤੋਂ ਚੁਲ੍ਹੇ ਅੱਗ ਨਾ ਪੈਣ ਦੀ ਹ਼ਾਲਤ.

ਦੇਗਾ: ਦੇਖੋ, ਦੇਗ ਅਤੇ ਦੇਗਚਾ.

ਦੇਗੁਣ, ਦੇਗੁਨ: ਦੈਵੀ ਗੁਣ. ਦੈਵੀ ਸੰਪੱਤਿ ਦੇ ਸ਼ੁਭ ਗੁਣ. ਦੇਖੋ, ਦੇ ੧.

ਦੇਣ: ਸੰਗਜਾ- ਕ਼ਰਜ. ਰਿਣ. ਦੇਖੋ, ਦੈਨ ੫.

ਦੇਣਦਾਰ: ਸੰਗਜਾ- ਕਰਜਦਾਰ. ਜਿਸ ਨੇ ਰਿਣ ਦੇਣਾ ਹੈ। ੨. ਖ਼ਾ. ਤਨਖਾਹੀਆ. ਧਰਮਦੰਡ ਦਾ ਅਧਿਕਾਰੀ.

ਦੇਣਾ: ਕ੍ਰਿ- ਦਾਨ ਕਰਨਾ. ਬਖਸ਼ਣਾ.

ਦੇਣਿ: ਦੇਨੇ ਮੇਂ. ਦੇਣ (ਦਾਨ) ਦਾ. "ਦੇਣਿ ਨ ਅੰਤੁ." (ਜਪੁ)

ਦੇਤ: ਕ੍ਰਿ. ਵਿ- ਦਿੰਦੇ ਹੋਏ. ਦੇਤੇ. "ਚਾਰ ਪਦਾਰਥ ਦੇਤ ਨ ਬਾਰ." (ਬਿਲਾ ਕਬੀਰ)

ਦੇਦਾ: ਕ੍ਰਿ. ਵਿ- ਦਿੰਦਾ. ਦਾਨ ਕਰਦਾ. "ਦੇਦਾ ਰਹੈ ਨ ਚੂਕੈ ਭੋਗ." (ਸੋਦਰੁ) ੨. ਸੰਗਜਾ- ਦੇਣ ਵਾਲਾ. ਦਾਤਾ. "ਦੇਦਾ ਦੇ ਲੈਦੇ ਥਕਿ ਪਾਹਿ." (ਜਪੁ) "ਦੇਦੇ ਥਾਵਹੁ ਦਿਤਾ ਚੰਗਾ." (ਵਾਰ ਮਾਝ ਮਃ ੧) ਦਾਤਾ ਨਾਲੋਂ ਦਾਨ ਕੀਤਾ ਪਦਾਰਥ ਚੰਗਾ ਮੰਨ ਰੱਖਿਆ ਹੈ.

ਦੇਦੀਪਯ, ਦੇਦੀਪਯਮਾਨ: ਸੰ. ਵਿ- ਦਗ ਦਗ ਕਰਦਾ. ਚਮਕਦਾ ਹੋਇਆ. "ਦੇਦੀਪਯ ਬੈ- ਸ੍ਵਾਂਤਰਹ."

(ਸਹਸ ਮਃ ੫)

ਦੇਨ: ਦਿੰਦੇ ਹਨ। ੨. ਦੇਣਾ. ਦਾਨ ਕਰਨਾ। ੩. ਦੇਖੋ, ਦੈਨ.

ਦੇਨਹਾਰ: ਵਿ- ਦੇਣ ਵਾਲਾ. "ਦੇਨਹਾਰ ਦੇਰਹਿਓ ਸੁਜਾਨਾ." (ਬਾਵਨ)

ਦੇਨਾ: ਦੇਖੋ, ਦੇਣਾ.

ਦੇਨਿ: ਦਿੰਦੇ ਹਨ. ਦੇਖੋ, ਦੇਨ ੧. "ਦੇਨਿ ਦੁਆਈ ਸੇ ਮਰਹਿ." (ਵਾਰ ਮਲਾ ਮਃ ੧)

ਦੇਨੁਹਾਰ: ਦੇਖੋ, ਦੇਨਹਾਰ. "ਦੇਨੁਹਾਰ ਪ੍ਰਭ ਛੋਡਿਕੈ." (ਸੁਖਮਨੀ)

ਦੇਬ: ਦੇਖੋ, ਦੇਵ.

ਦੇਬਰਿ: ਸੰਗਯਾ- ਦੇਵ- ਅਰਿ. ਦੇਵਤਾ ਦਾ ਵੈਰੀ. ਰਾਖਸ. (ਸਨਾਮਾ)

ਦੇਯ: ਸੰ. ਵਿ- ਦੇਣ ਯੋਗਯ. ਦੇਨੇ ਲਾਇਕ਼.

ਦੇਰ: ਫ਼ਾ. دیر ਸੰਗਯਾ- ਚਿਰ. ਵਿਲੰਬ। ੨. ਦੇਵਰ ਦਾ ਸੰਖੇਪ। ੩. ਦੇਵਰਾਨੀ ਦਾ ਸੰਖੇਪ, ਦਿਰਾਨੀ. "ਦੇਰ ਜਿਠਾਣੀ ਮੁਈ ਦੂਖਿ ਸੰਤਾਪਿ." (ਆਸਾ ਮਃ ੫) ਇਸ ਥਾਂ ਭਾਵ ਆਸਾ ਤ੍ਰਿਸ਼ਨਾ ਤੋਂ ਹੈ. "ਦੇਰ ਜੇਠਾਨੜੀ ਆਹ." (ਮਾਰੂ ਅਃ ਮਃ ੧)

ਦੇਰੀ: ਦੇਖੋ, ਦੇਰ ੧.

ਦੇਰੀਨਹ, ਦੇਰੀਨਾ: ਫ਼ਾ. دیرینہ ਵਿ- ਦੇਰ ਦਾ ਪੁਰਾਣਾ. ਪ੍ਰਾਚੀਨ.

ਦੇਵ: ਸੰ. ਦ੍ਰੇਵ. ਧਾ- ਖੇਡਣਾ, ਕ੍ਰੀੜਾ ਕਰਨਾ। ੨. ਸੰਗਯਾ- ਦੇਵਤਾ. ਸੁਰ. "ਨਾਮ ਧਿਆਵਹਿ ਦੇਵ ਤੇਤੀਸ." (ਸਵੈਯੇ ਮਃ ੩. ਕੇ) ਦੇਖੋ, ਲੈਟਿਨ Deus। ੩. ਗੁਰੂ. "ਦੇਵ, ਕਰਹੁ ਦਇਆ ਮੋਹਿ ਮਾਰਗਿ ਲਾਵਹੁ." (ਆਸਾ ਕਬੀਰ) ੪. ਰਾਜਾ। ੫. ਮੇਘ. ਬੱਦਲ। ੬. ਪੂਜਯ ਦੇਵਤਾ ਦੀ ਮੂਰਤਿ. "ਬਾਹਰਿ ਦੇਵ ਪਖਾਲੀਐ ਜੇ ਮਨ ਧੋਵੈ ਕੋਇ." (ਗੂਜ ਮਃ ੧) ੭. ਪਾਰਬ੍ਰਹਮ. ਕਰਤਾਰ। ੮. ਪਾਰਸੀਆਂ ਦੇ ਪਰਮ ਗ੍ਰੰਥ ਜ਼ੰਦ ਵਿੱਚ ਦੇਵ ਦਾ ਅਰਥ ਅਸੁਰ ਹੈ। ੯. ਦੇਖੋ, ਦੇਉ ੩. ਅਤੇ ੪.

ਦੇਵ ਅਸਥਲ: ਸੰਗਯਾ- ਦੇਵਸ੍‍ਥਲ. ਦੇਵਸ੍‍ਥਾਨ. ਦੇਵਮੰਦਿਰ। ੨. ਸਾਧੁਸਮਾਜ। ੩. ਧਰਮਸਾਲਾ.

ਦੇਵ ਅਰਦਯਾਰਦਨੀ: ਸੰਗਯਾ- ਦੇਵ ਅਰਿੰਦਮ ਅਰਦਨੀ. ਦੇਵਤਿਆਂ ਦੇ ਵੈਰੀ (ਰਾਖਸਾਂ ਨੂੰ) ਨਾਸ਼ ਕਰਨ ਵਾਲੀ, ਦੁਰਗਾ. (ਚੰਡੀ ੨)

ਦੇਵਅਰਿ: ਸੰਗਯਾ- ਦੇਵਤਿਆਂ ਦੇ ਵੈਰੀ, ਦੈਤ.

ਦੇਵਇਸਤ੍ਰੀਆਂ: ਦੇਖੋ, ਦੇਵਪਤਨੀ.

ਦੇਵਸਥਲ, ਦੇਵਸਥਾਨ: ਦੇਵਸ੍‍ਥਲ. ਦੇਵਤਾ ਦਾ ਅਸਥਾਨ। ੨. ਦੇਵਤਿਆਂ ਦੀ ਕ੍ਰੀੜਾ ਦੇ ਕੈਲਾਸ, ਸੁਮੇਰ ਹਿਮਾਲਯ ਆਦਿ ਥਾਂ। ੩. ਕਰਤਾਰ ਦਾ ਮੰਦਿਰ. ਗੁਰਦ੍ਵਾਰਾ. ਸਤਸੰਗ। ੪. ਗਯਾਨੀ ਦਾ ਦਿਮਾਗ਼. "ਦੇਵਸਥਾਨੈ ਕਿਆ ਨੀਸਾਣੀ? ਤਹ ਬਾਜੈ ਸਬਦ ਅਨਾਹਦ ਬਾਣੀ." (ਰਾਮ ਬੇਣੀ)

ਦੇਵਸਥਾਨਿ: ਦੇਵਤਾ ਦੇ ਸ੍‍ਥਾਨ ਪੁਰ. "ਸਿਧ ਬਹਹਿ ਦੇਵਸਥਾਨਿ." (ਸ੍ਰੀ ਅਃ ਮਃ ੧) ੨. ਦੇਵਮੰਦਿਰ ਵਿੱਚ.

ਦੇਵਸਮਾਜ: ਇਸ ਮਤ ਦਾ ਆਚਾਰਯ ਕਾਨ੍ਯਕੁਬਜ ਬ੍ਰਾਹਮਣ ਸਤਯਾਨੰਦ ਅਗਨਿਹੋਤ੍ਰੀ (ਦੇਵਗੁਰੂ ਭਗਵਾਨ) ਹੈ, ਜਿਸ ਦਾ ਜਨਮ ੨੦. ਦਿਸੰਬਰ ਸਨ ੧੮੫੦ ਨੂੰ ਅਕਬਰਪੁਰ (ਜਿਲਾ ਕਾਨਪੁਰ) ਵਿੱਚ ਹੋਇਆ. ਇਸ ਨੇ ਰੁੜਕੀ ਦੇ ਕਾਲਿਜ ਵਿਚ ਤਾਲੀਮ ਪਾਕੇ ਸਨ ੧੮੬੮ ਵਿੱਚ ਨੌਕਰੀ ਕਰਕੇ ਨੌ ਵਰ੍ਹੇ ਗਵਰਨਮੇਂਟ ਦੀ ਸੇਵਾ ਕੀਤੀ. ਕੁਝ ਸਮਾਂ ਬ੍ਰਹਮਸਮਾਜ ਵਿੱਚ ਰਹਿਕੇ ਧਰਮਪ੍ਰਚਾਰ ਕੀਤਾ. ੧੬. ਫਰਵਰੀ ਸਨ ੧੮੮੭ (ਸੰਮਤ ੧੯੪੩) ਨੂੰ ਆਪਣਾ ਜੁਦਾ ਮਤ ਦੇਵਧਰਮ, ਜਿਸ ਨੂੰ ਵਿਗ੍ਯਾਨਮੂਲ ਧਰਮ (The Sceince Grounded Religion) ਆਖਿਆ ਜਾਂਦਾ ਹੈ, ਲਹੌਰ ਕ਼ਾਯਮ ਕੀਤਾ. ਇਸ ਧਰਮ ਦੇ ਧਾਰਨ ਵਾਲੇ ਲੋਕਾਂ ਦਾ ਗਰੋਹ ਦੇਵਸਮਾਜ ਕਹਾਇਆ. ਪਹਿਲਾਂ ਸਤਯਾਨੰਦ ਈਸ਼੍ਵਰਵਾਦੀ ਰਿਹਾ, ਸਨ ੧੮੯੧ ਤੋਂ ਪਰਮੇਸ਼੍ਵਰ ਦਾ ਨਿਸ਼ਚਾ ਛੱਡਕੇ ਅਨੀਸ਼੍ਵਰਵਾਦੀ ਹੋ ਗਿਆ.

ਦੇਵਸਮਾਜ ਦਾ ਧਰਮਗ੍ਰੰਥ "ਦੇਵਸ਼ਾਸ੍ਤ੍ਰ" ਹੈ ਅਤੇ ਇਸ ਸਮਾਜ ਦੇ ਮੈਂਬਰ ਨੂੰ ਹੇਠ ਲਿਖੇ ਦਸ ਪਾਪਾਂ ਤੋਂ ਬਚਣ ਦਾ ਨਿਯਮ ਕਰਨਾ ਪੈਂਦਾ ਹੈ-

੧. ਵਿਹਾਰ ਵਿੱਚ ਰਿਸ਼ਵਤ ਲੈਣੀ ਧੋਖਾ ਕਪਟ ਆਦਿ ਦਾ ਕਰਨਾ.

੨. ਚੋਰੀ.

੩. ਉਧਾਰ ਲੈਕੇ ਨਾ ਦੇਣਾ, ਜਾਂ ਧਰੋਹਰ ਦੱਬ ਲੈਣੀ.

੪. ਬਲ ਜਾਂ ਛਲ ਨਾਲ ਕਿਸੇ ਤੋਂ ਚੀਜ ਖੋਹ ਲੈਣੀ.

੫. ਜੂਆ.

੬. ਨਿਕੰਮਾ ਰਹਿਣਾ.

੭. ਵਜਭਿਚਾਰ.

੮. ਨਸ਼ਿਆਂ ਦਾ ਸੇਵਨ.

੯. ਮਾਂਸ ਅੰਡਾ ਆਦਿ ਖਾਣਾ.

੧੦ ਹਤਜਾ.

ਦੇਵਸਰੀ: ਦੇਵਨਦੀ. ਗੰਗਾ. ਦੇਖੋ, ਸੁਰਸਰੀ.

ਦੇਵਸੀ: ਦੇਵੇਗਾ. "ਆਪਿ ਦਇਆ ਕਰਿ ਦੇਵਸੀ," (ਸ੍ਰੀ ਮ ੪)

ਦੇਵਸੁਨੀ: ਸੰ. ਦੇਵਸ਼ੁਨੀ. ਸੰਗਜਾ- ਦੇਵਤਿਆਂ ਦੀ ਸ਼ੁਨੀ (ਕੁੱਤੀ). ਇੰਦ੍ਰ ਦੀ ਕੁੱਤੀ ਸਰਮਾ.

ਦੇਵਹੂਤੀ: ਸ੍ਵਾਯੰਭੁਵ ਮਨੁ ਦੀ ਪੁਤ੍ਰੀ ਅਤੇ ਕਰਦਮ ਰਿਖੀ ਦੀ ਇਸਤ੍ਰੀ, ਜਿਸ ਦੇ ਉਦਰ ਤੋਂ ਸਾਂਖ੍ਯ ਸ਼ਾਸਤ੍ਰ ਦਾ ਕਰਤਾ ਕਪਿਲ ਮੁਨਿ ਜਨਮਿਆ.

ਦੇਵਕ: ਵਿ- ਦੇਣ ਵਾਲਾ। ੨. ਸੰਗਜਾ- ਇੱਕ ਯਦੁਵੰਸ਼ੀ ਰਾਜਾ, ਜੋ ਉਗ੍ਰਸੇਨ ਦਾ ਛੋਟਾ ਭਾਈ ਸੀ. ਦੇਵਕ ਨੇ ਆਪਣੇ ਪੁਤ੍ਰੀ ਦੇਵਕੀ ਅਤੇ ਛੀ ਉਸ ਦੀਆਂ ਭੈਣਾਂ ਵਸੁਦੇਵ ਨੂੰ ਵਿਆਹੀਆਂ ਸਨ. ਦੇਵਕੀ ਦੇ ਉਦਰ ਤੋਂ ਕ੍ਰਿਸ਼ਨ ਜੀ ਜਨਮੇ. ਕ੍ਰਿਸ਼ਨ ਜੀ ਦਾ ਨਾਨਾ ਦੇਵਕ ਸੀ, ਪਰ ਜਗਤਪ੍ਰਸਿੱਧ ਉਗ੍ਰਸੇਨ ਹੈ, ਕਯੋਂਕਿ ਉਗ੍ਰਸੇਨ ਨੇ ਭਾਈ ਦੀ ਪੁਤ੍ਰੀ ਬੇਟੀ ਕਰਕੇ ਪਾਲੀ ਸੀ. ਦੇਖੋ, ਉਗ੍ਰਸੇਨ.

ਦੇਵਕਰਮ: ਸੰਗਜਾ- ਦੇਵਤਾ ਨਿਮਿੱਤ ਕੀਤਾ ਕਰਮ. ਹੋਮ ਬਲਿ ਦਾਨ ਆਦਿ ਕਰਮ। ੨. ਸ਼ੁਭਕਰਮ.

ਦੇਵਕਾ: ਵਿ- ਦੇਵਨ ਕਰਤਾ. ਦੇਣ ਵਾਲਾ. "ਅਪੁਛਿਆ ਦਾਨ ਦੇਵਕਾ." (ਵਾਰ ਸ੍ਰੀ ਮਃ ੪)

ਦੇਵਕਿ, ਦੇਵਕੀ: ਯਦੁਵੰਸ਼ੀ ਰਾਜਾ ਦੇਵਕ ਦੀ ਪੁਤ੍ਰੀ, ਵਸੁਦੇਵ ਦੀ ਇਸਤ੍ਰੀ ਅਤੇ ਕ੍ਰਿਸ਼ਨ ਜੀ ਦੀ ਮਾਤਾ, ਦੇਖੋ, ਉਗ੍ਰਸੇਨ ਅਤੇ ਦੇਵਕ. "ਧਨਿ ਧਨਿ ਤੂ ਮਾਤਾ ਦੇਵਕੀ." (ਮਾਲੀ ਨਾਮਦੇਵ)

ਦੇਵਕੀਸੁਤ, ਦੇਵਕੀਨੰਦਨ, ਦੇਵਕੀਪੁਤ੍ਰ, ਦੇਵਕੀਲਾਲ: ਸੰਗਜਾ- ਕ੍ਰਿਸ਼ਨ ਜੀ। ੨. ਬਲਭਦ੍ਰ. ਬਲਰਾਮ.

ਦੇਵਕੁਲ, ਦੇਵਕੁਲੀ: ਸੰਗਜਾ- ਦੇਵਵੰਸ਼. ਦੇਵਤਾ ਦਾ ਖ਼ਾਨਦਾਨ. "ਦੇਵਕੁਲ ਦੈਤਕੁਲ." (ਮਲਾ ਮਃ ੫) "ਦੇਵਕੁਲੀ ਲਖਮੀ ਕਉ ਕਰਹਿ ਜੈਕਾਰੁ." (ਭੈਰ ਅਃ ਮਃ ੩)

ਦੇਵਕੁਲਾ: ਸੰ. ਦੇਵਕੁਲਜਾ. ਸੰਗਜਾ- ਗੰਗਾ ਨਦੀ.

ਦੇਵਖਟਕ: ਸੰ. ਦੇਵਸ਼ਟ੍ਕ. ਛੀ ਦੇਵਤਿਆਂ ਦਾ ਸਮੁਦਾਯ. ਹਿੰਦੂਮਤ ਅਨੁਸਾਰ ਛੀ ਪੂਜਯ ਦੇਵਤਾ- ਗਣੇਸ਼, ਸੂਰਜ, ਅਗਨਿ, ਵਿਸ਼ਨੁ, ਸ਼ਿਵ ਅਤੇ ਦੁਰਗਾ. ਦੇਖੋ, ਬ੍ਰਹਮਵੈਵਰਤ.

ਦੇਵਗਣ: ਸੰਗਯਾ- ਦੇਵ ਸਮੁਦਾਯ। ੨. ਦੇਵਵਰਗ. ਦੇਖੋ, ਤੇਤੀਸ ਕੋਟਿ ਦੇਵ.

ਦੇਵਗਿਰਿ: ਰੈਵਤਕ ਪਰਵਤ ਜੋ ਗੁਜਰਾਤ ਵਿੱਚ ਹੈ. ਇਸ ਨੂੰ ਗਿਰਿਨਾਰ ਭੀ ਆਖਦੇ ਹਨ। ੨. ਦੱਖਣ ਦਾ ਇੱਕ ਪੁਰਾਣਾ ਨਗਰ, ਜੋ ਹੁਣ ਦੌਲਤਾਬਾਦ ਨਾਉਂ ਤੋਂ ਨਿਜ਼ਾਮ ਹੈਦਰਾਬਾਦ ਦੇ ਰਾਜ ਵਿੱਚ ਹੈ. ਇੱਥੇ ਇੱਕ ਬਹੁਤ ਪੁਰਾਣਾ ਕਿਲਾ ਹੈ। ੩. ਦੇਖੋ, ਦੌਲਤਾਬਾਦ। ੪. ਚੰਬਲ ਦੇ ਦੱਖਣ, ਮਾਲਵੇ ਦਾ ਇੱਕ ਪਹਾੜ.

ਦੇਵਗੁਹੀ: ਸੰਗਯਾ- ਸਰਸ੍ਵਤੀ.

ਦੇਵਗੁਰੁ: ਸੰਗਯਾ- ਦੇਵਤਿਆਂ ਦਾ ਗੁਰੂ, ਵ੍ਰਿਹਸਪਤਿ, ਦੇਖੋ, ਬ੍ਰਿਹਸਪਤਿ। ੨. ਕਸ਼ਯਪ.

ਦੇਵਗੰਧਾਰੀ: ਇਹ ਬਿਲਾਵਲ ਠਾਟ ਦੀ ਸੰਪੂਰਣ ਰਾਗਿਨੀ ਹੈ. ਸਾਰੇ ਸ਼ੁੱਧ ਸੁਰ ਹਨ. ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ. ਗਾਂਧਾਰ ਦੁਰਬਲ ਹੋਕੇ ਲੱਗਦਾ ਹੈ. ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ.

ਆਰੋਹੀ- ਸ਼ ਰ ਮ ਪ ਧ ਸ਼.

ਅਵਰੋਹੀ- ਸ਼ ਨ ਧ ਮ ਗ ਰ ਸ਼.

ਕਿਤਨਿਆਂ ਨੇ ਦੇਵਗੰਧਾਰੀ ਵਿੱਚ ਸ਼ੜਜ ਪੰਚਮ ਮੱਧਮ ਸ਼ੁੱਧ, ਰਿਸ਼ਭ ਗਾਂਧਾਰ ਧੈਵਤ ਅਤੇ ਨਿਸ਼ਾਦ ਕੋਮਲ ਮੰਨੇ ਹਨ.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਸ ਦਾ ਨੰਬਰ ਛੀਵਾਂ ਹੈ.

ਦੇਵਗ੍ਰਿਹ: ਸੰਗਯਾ- ਦੇਵਾਲਯ. ਦੇਵਮੰਦਿਰ.

ਦੇਵਘਨਾਕ੍ਸ਼ਰੀ: ਦੇਖੋ, ਘਨਾਕ੍ਸ਼ਰੀ ਦਾ ਰੂਪ (ਹ).

ਦੇਵਜਨਨਿ: ਸੰਗਯਾ- ਦੇਵਤਿਆਂ ਦੀ ਮਾਤਾ, ਅਦਿਤਿ.

ਦੇਵਜਾਨੀ: ਸੰ. ਦੇਵਯਾਨੀ. ਸ਼ੁਕ੍ਰਾਚਾਰਯ ਦੀ ਪੁਤ੍ਰੀ. ਜੋ ਰਾਜਾ ਯਯਾਤਿ ਦੀ ਇਸਤ੍ਰੀ ਸੀ. ਦੇਖੋ, ਕਚ. "ਕਿਧੋਂ ਦੇਵਜਾਨੀ ਕਿਧੋਂ ਮੈਨਜਾਈ." (ਚਰਿਤ੍ਰ ੨੦)

ਦੇਵਣ: ਸੰਗਯਾ- ਦੇਣ ਦਾ ਭਾਵ. ਦਾਨ ਕਰਨ ਦੀ ਕ੍ਰਿਯਾ. "ਦੇਵਣ ਵਾਲਾ ਸਭ ਬਿਧਿ ਜਾਣੈ." (ਆਸਾ ਅঃ ਮঃ ੩)

ਦੇਵਣਹਾਰੁ, ਦੇਵਣਵਾਲਾ: ਵਿ- ਦਾਨ ਕਰਨ ਵਾਲਾ. ਬਖਸ਼ਿਸ਼ ਕਰਨ ਵਾਲਾ. "ਦੇਖੈਗਾ ਦੇਵਣਹਾਰੁ." (ਸੋਹਿਲਾ) "ਦੇਵਣਵਾਲੇ ਕੈ ਹਥਿ ਦਾਤਿ." (ਸ੍ਰੀ ਮঃ ੩)

ਦੇਵਣੀ: ਦੇਉ (ਜਿੰਨ) ਦੀ ਇਸਤ੍ਰੀ. "ਤੁਹੀ ਦੇਵਣੀ ਇਕ ਤਿਨ ਮਾਹੀ." (ਗੁਪ੍ਰਸੂ)

ਦੇਵਤਰੁ: ਸੰਗਯਾ- ਦੇਵਵ੍ਰਿਕ੍ਸ਼. ਦੇਖੋ, ਸੁਰਤਰੁ.

ਦੇਵਤਰੰਗਿਣੀ: ਸੰ. ਸੰਗਯਾ- ਦੇਵਨਦੀ. ਗੰਗਾ.

ਦੇਵਤਾ: ਦਯੋਤਮਾਨ੍ (ਦੀਪ੍ਯਿਮਾਨ੍) ਵਯਕ੍ਤਿ. द्योतना देवः। ੨. ਸ੍ਵਰਗਨਿਵਾਸੀ ਅਮਰ. ਸੁਰ. ਦੇਖੋ, ਤੇਸੀਸ ਕੋਟਿ ਅਤੇ ਵੈਦਿਕ ਦੇਵਤੇ। ੩. ਉੱਤਮ ਪੁਰੁਸ਼. "ਸਾਧੁਕਰਮ ਜੋ ਪੁਰਖ ਕਮਾਵੈ। ਨਾਮ ਦੇਵਤਾ ਜਗਤ ਕਹਾਵੈ." (ਵਿਚਿਤ੍ਰ) "ਮਾਣਸ ਤੇ ਦੇਵਤੇ ਭਏ ਧਿਆਇਆ ਨਾਮ ਹਰੇ." (ਵਾਰ ਸ਼੍ਰੀ ਮঃ ੩) ੪. ਪਵਿਤ੍ਰ ਪਦਾਰਥ. "ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ." (ਵਾਰ ਆਸਾ) ੫. ਕਾਤਯਾਯਨ ਰ੍ਰਿਸ਼ਿ ਨੇ ਲਿਖਿਆ ਹੈ ਕਿ ਵੇਦਮੰਤ੍ਰਾਂ ਕਰਕੇ ਜੋ ਪ੍ਰਤਿਪਾਦ੍ਯ (ਦੱਸਣ ਯੋਗ੍ਯ) ਵਸ੍ਤੁ ਹੈ, ਉਹੀ

ਦੇਵਤਾ ਹੈ.

ਦੇਵਤਿਆਂ ਦੇ ਵਾਹਨ: ਦੇਖੋ, ਵਾਹਨ.

ਦੇਵਤੇਸ: ਸੰਗਯਾ- ਦੇਵਤਿਆਂ ਦਾ ਈਸ਼. ਇੰਦ੍ਰ। ਦੇਵਰਾਜ. "ਦੇਵਤੇਸ ਸਹਸ੍ਰ ਭ ਭਗ." (ਪਾਰਸਾਵ) ੨. ਬ੍ਰਾਹਮਣਾਂ ਵਿੱਚੋਂ ਮੁਖੀਆ. "ਕੁਪਯੋ ਦੇਵਤੇਸੰ ਦਯਾਰਾਮ ਜੁੱਧੰ." (ਵਿਚਿਤ੍ਰ)

ਦੇਵਤੇਸੇਸਣੀ: ਸੰਗਯਾ- ਦੇਵਤਿਆਂ ਦੇ ਸ੍ਵਾਮੀ ਇੰਦ੍ਰ ਦੀ ਸ੍ਵਾਮਿਨੀ, ਦੁਰਗਾ. (ਚੰਡੀ ੨)

ਦੇਵਦੱਤ: ਵਿ- ਦੇਵਤਾ ਦਾ ਦਿੱਤਾ ਹੋਇਆ। ੨. ਸੰਗਯਾ- ਅਰਜੁਨ ਦਾ ਸੰਖ। ੩. ਦਸ਼ ਪ੍ਰਾਣਾਂ ਵਿੱਚੋਂ ਇੱਕ ਵਾਯੁ. ਦੇਖੋ, ਦਸਪ੍ਰਾਣ।

ਦੇਵਦਾਸੀ: ਪੁਰਾਣੇ ਸਮੇਂ ਰਿਵਾਜ ਸੀ ਕਿ ਭਗਤ ਲੋਕ ਆਪਣੀਆਂ ਪੁਤ੍ਰੀਆਂ ਕਿਸੇ ਦੇਵਤਾ ਦੇ ਮੰਦਿਰ ਅਰਪ ਦਿੰਦੇ ਹਨ, ਜੋ ਮੰਦਿਰ ਦੀ ਸੇਵਾ ਕਰਦੀਆਂ ਅਤੇ ਭਜਨ ਗਾਉਂਦੀਆਂ ਸਨ ਦੱਖਣ ਵਿੱਚ ਹੁਣ ਭੀ ਬਹੁਤ ਲੋਕ ਮੰਦਿਰਾਂ ਨੂੰ ਲੜਕੀਆਂ ਚੜ੍ਹਾਉਂਦੇ ਹਨ. ਇਸ ਰੀਤਿ ਦੇ ਵਿਰੁੱਧ ਦੇਸ਼ ਵਿੱਚ ਬਹੁਤ ਆਂਦੋਲਨ ਹੋ ਰਿਹਾ ਹੈ.

ਦੇਵਦਾਰੁ: ਸੰਗਯਾ- ਦਯਾਰ. ਦਿਆਰ. ਇੱਕ ਪਹਾੜੀ ਬਿਰਛ ਜੋ ਸਮੁੰਦਰੀ ਸਿਤਹ ਤੋਂ ਛੀ ਹਜ਼ਾਰ ਫੁਟ ਦੀ ਬੁਲੰਦੀ ਤੋਂ ਲੈਕੇ ਅੱਠ ਹਜ਼ਾਰ ਦੀ ਉਚਿਆਈ ਤਕ ਹੁੰਦਾ ਹੈ. ਇਸ ਦੀ ਲੱਕੜ ਚਿਕਨੀ ਅਤੇ ਸੁਗੰਧ ਵਾਲੀ ਹੁੰਦੀ ਹੈ. ਵਿਸ਼ੇਸ਼ ਕਰਕੇ ਇਮਾਰਤਾਂ ਦੇ ਕੰਮ ਆਉਂਦੀ ਹੈ. L. Cezrus Deodara.

ਦੇਵਦੇਵ: ਸੰਗਯਾ- ਦੇਵਤਿਆਂ ਵਿੱਚੋਂ ਪੂਜਯ ਦੇਵ, ਕਰਤਾਰ। ੨. ਪੁਰਾਣਾਂ ਅਨੁਸਾਰ ਵਿਸ਼ਨੁ। ੩. ਸ਼ਿਵ। ੪. ਗਣੇਸ਼.

ਦੇਵਦੇਵਾਕਰ: ਸੰਗਯਾ- ਦਿਵਾਕਰ (ਸੂਰਜ) ਦਾ ਦੇਵ, ਕਰਤਾਰ, ਸੂਰਜ ਦਾ ਭੀ ਜੋ ਪ੍ਰਕਾਸ਼ਕ ਹੈ. "ਸੁੰਨ ਸੰਧਿਆ ਤੇਰੀ ਦੇਵਦੇਵਾਕਰ." (ਪ੍ਰਭਾ ਕਬੀਰ)

ਦੇਵਧੁਨਿ, ਦੇਵਧੂਨਿ: ਸੰਗਯਾ- ਆਕਾਸ਼ਗੰਗਾ. ਮੰਦਾਕਿਨੀ.

ਦੇਵਨ: ਸੰਗਯਾ- ਦੇਣ ਦਾ ਭਾਵ. ਦਾਨ ਕਰਨ ਦੀ ਕ੍ਰਿਯਾ. "ਦੇਵਨ ਕਉ ਏਕੈ ਭਗਵਾਨ." (ਸੁਖਮਨੀ) ੨. ਸੰ. ਕ੍ਰੀੜਾ. ਖੇਲ। ੩. ਬਗੀਚਾ। ੪. ਕਮਲ। ੫. ਸ੍ਤੁਤਿ. ਉਸਤਤਿ। ੬. ਜੂਆ। ੭. ਸ਼ੋਕ. ਰੰਜ.

ਦੇਵਨਹਾਰ: ਵਿ- ਦੇਣਵਾਲਾ. "ਦੇਵਨਹਾਰ ਦਾਤਾਰੁ ਅੰਤ ਨ ਪਾਰਾਵਾਰ." (ਰਾਮ ਮਃ ੫)

ਦੇਵਨਦੀ: ਸੰਗਯਾ- ਸੁਰਨਦੀ. ਗੰਗਾ.

ਦੇਵਨਾਗਰੀ: ਸੰਸਕ੍ਰਿਤ ਅਖਰਾਂ ਦੀ ਲਿਖਤ, ਜਿਸ ਵਿੱਚ ਵਿਸ਼ੇਸ਼ ਹਿੰਦੀ ਬੋਲੀ ਲਿਖੀ ਜਾਂਦੀ ਹੈ, ਜਿਵੇਂ ਫ਼ਾਰਸੀ ਅੱਖਰਾਂ ਵਿੱਚ ਉਰਦੂ ਭਾਸ਼ਾ ਲਿਖੀਦੀ ਹੈ. ਬਹੁਤ ਲੋਕ ਆਖਦੇ ਹਨ ਕਿ ਨਗਰ ਨਿਵਾਸੀ ਲੋਕਾਂ ਨੇ ਇਹ ਲਿਖਤ (ਲਿਪਿ) ਕੱਢੀ, ਤਦ ਨਾਗਰੀ ਨਾਉਂ ਹੋਇਆ. ਕਈ ਕਹਿੰਦੇ ਹਨ ਕਿ ਨਾਗਰ ਜਾਤਿ ਦੇ ਬ੍ਰਾਹਮਣਾਂ ਨੇ ਇਸ ਦਾ ਪ੍ਰਚਾਰ ਕੀਤਾ ਤਦ ਨਾਗਰੀ ਸਦਾਈ.

ਦੇਵਪਤਨੀ: ਦੇਵਤਾ ਦੀ ਪਤਨੀ (ਇਸਤ੍ਰੀ). ਪੁਰਾਣਾਂ ਵਿੱਚ ਦੇਵਤਿਆਂ ਦੀਆਂ ਜੋ ਇਸਤ੍ਰੀਆਂ ਲਿਖੀਆਂ ਹਨ ਉਹ ਬਹੁਤ ਪ੍ਰਸਿੱਧ ਹਨ, ਜੈਸੇ- ਸ਼ਿਵ ਦੀ ਪਾਰਵਤੀ, ਵਿਸ਼ਨੁ ਦੀ ਲਖਮੀ, ਇੰਦ੍ਰ ਦੀ ਸ਼ਚੀ ਆਦਿ. ਪਰ "ਵੈਤਨਾਸੂਤ੍ਰ" ਵਿੱਚ ਇਹ ਲਿਖੀਆਂ ਹਨ:-

ਅਗਨਿ ਦੀ ਪ੍ਰਿਥਿਵੀ, ਵਾਤ ਦੀ ਵਾਚ, ਇੰਦ੍ਰ ਦੀ ਸੇਨਾ, ਬ੍ਰਿਹਸਪਤਿ ਦੀ ਧੇਨਾ, ਪੂਸ਼ਨ ਦੀ ਪਥ੍ਯਾ, ਵਸੁ ਦੀ ਗਾਯਤ੍ਰੀ. ਰੁਦ੍ਰ ਦੀ ਤ੍ਰਿਸ਼ਟੁਭ, ਆਦਿਤ੍ਯ ਦੀ ਜਗਤੀ, ਮਿਤ੍ਰ ਦੀ ਅਨੁਸ਼ਟੁਭ, ਵਰੁਣ ਦੀ ਵਿਰਾਜ, ਵਿਸ਼ਨੁ ਦੀ ਪੰਕ੍ਤਿ. ਸੋਮ ਦੀ ਦਿੱਖਾ.

ਦੇਵਪਤਿ: ਸੰਗਯਾ- ਦੇਵਰਾਜ. ਇੰਦ੍ਰ.

ਦੇਵਪੁਰ, ਦੇਵਪੁਰੀ: ਸੰਗਯਾ- ਸ੍ਵਰਗ. ਸੁਰਗ। ੨. ਵੈਕੁੰਠ। ੩. ਸੱਚਖੰਡ. "ਦੇਵਪੁਰੀ ਮਹਿ ਗਯਉ." (ਸਵੈਯੇ ਮਃ ੫. ਕੇ)

ਦੇਵਬਧੂ: ਸੰ. ਦੇਵਵਧੂ. ਸੰਗਯਾ- ਅਪਸਰਾ। ੨. ਦੇਵਤਾ ਦੀ ਵਹੁਟੀ. ਦੇਵੀ। ੩. ਦੇਖੋ, ਦੇਵਪਤਨੀ.

ਦੇਵਬਨ: ਦੇਖੋ, ਦੇਵੋਦਯਾਨ.

ਦੇਵਬਾਨੀ: ਸੰ. ਦੇਵਵਾਣੀ. ਸੰਗਯਾ- ਸੰਸਕ੍ਰਿਤਭਾਸ਼ਾ। ੨. ਆਕਾਸ਼ ਤੋਂ ਹੋਈ ਦੇਵਤਾ ਦੀ ਬਾਣੀ. ਆਕਾਸ਼ਵਾਣੀ। ੩. ਗੁਰਬਾਣੀ। ੪. ਸਾਧੁਜਨਾਂ ਦੀ ਬਾਣੀ.

ਦੇਵਭਵਨ: ਸੰਗਯਾ- ਸ੍ਵਰਗ. ਸੁਰਗ। ੨. ਦੇਵਮੰਦਿਰ। ੩. ਗੁਰੁਮੁਖਾਂ ਦੇ ਰਹਿਣ ਦਾ ਘਰ.

ਦੇਵਮਣਿ: ਸੰਗਯਾ- ਸੂਰਯ। ੨. ਕੌਸ੍ਤੁਭ ਮਣਿ। ੨. ਘੋੜੇ ਦੇ ਗਲ ਪੁਰ ਇਕ ਖ਼ਾਸ ਪ੍ਰਕਾਰ ਦੀ ਰੋਮਰੇਖਾ.

ਦੇਵਯਾਣ: ਦੇਵਤਿਆਂ ਦਾ ਮਾਰਗ (ਰਾਹ). ਸੰਸਕ੍ਰਿਤ ਦੇ ਵਿਦ੍ਵਾਨਾਂ ਦਾ ਮੰਨਿਆ ਇੱਕ ਬ੍ਰਹਮਲੋਕ ਦਾ ਮਾਰਗ. ਉਪਨਿਸ਼ਦਾਂ ਵਿੱਚ ਜੀਵ ਦੇ ਦੋ ਮਾਰਗ ਲਿਖੇ ਹਨ- ਦੇਹ ਤਯਾਗਕੇ ਕਰਮਕਾਂਡੀਆਂ ਦਾ ਜੀਵਾਤਮਾ ਪਿਤ੍ਰਿਯਾਣ ਦੇ ਰਸਤੇ ਚੰਦ੍ਰਲੋਕ ਨੂੰ ਜਾਂਦਾ ਹੈ, ਉਸ ਥਾਂ ਤੋਂ ਅੰਨ ਔਸ਼ਧ ਆਦਿ ਵਿੱਚ ਮਿਲਕੇ, ਪ੍ਰਾਣੀਆਂ ਦੇ ਸ਼ਰੀਰ ਵਿੱਚ ਪ੍ਰਵੇਸ਼ ਕਰਦਾ ਅਤੇ ਗਰਭ ਦ੍ਵਾਰਾ ਜਨਮਦਾ ਹੈ.

ਬ੍ਰਹਮਵਿਦਯਾ ਦੇ ਅਭ੍ਯਾਸੀਆਂ ਦਾ ਜੀਵਾਤਮਾ ਦੇਵਯਾਣ ਦੇ ਰਸਤੇ ਸੂਰਯਲੋਕ ਦ੍ਵਾਰਾ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ ਅਰ ਮੁੜ ਸੰਸਾਰ ਵਿੱਚ ਨਹੀਂ ਆਉਂਦਾ.

ਦੇਵਯਾਨ: ਦੇਵਤਿਆਂ ਦੀ ਅਸਵਾਰੀ. ਵਿਮਾਨ। ੨. ਦੇਵਤਿਆਂ ਦੇ ਆਪਣੇ ਆਪਣੇ ਵਾਹਨ. ਦੇਖੋ, ਵਾਹਨ.

ਦੇਵਯਾਨੀ: ਦੇਖੋ, ਦੇਵਜਾਨੀ.

ਦੇਵਰ: ਸੰਗਯਾ- ਪਤਿ ਦਾ ਛੋਟਾ ਭਾਈ. "ਮਤੀ ਦੇਵੀ ਦੇਵਰ ਜੇਸਟ." (ਆਸਾ ਮਃ ੫)

ਦੇਵਰਾਜ: ਸੰਗਯਾ- ਇੰਦ੍ਰ. ਸੁਰਪਤਿ.

ਦੇਵਰਾਤ: ਦੇਖੋ, ਸੀਤਾ ਅਤੇ ਜਨਕ.

ਦੇਵਰਾਨੀ: ਦੇਖੋ, ਦਿਰਾਨੀ। ੨. ਦੇਵਤਾ ਦੀ ਰਾਣੀ (ਇਸਤ੍ਰੀ) ਦੇਵਵਧੂ. ਦੇਵੀ.

ਦੇਵਰਿਖਿ: ਸੰ. ਦੇਵਸਿੰ. ਸੰਗਯਾ- ਦੇਵਲੋਕ ਵਿੱਚ ਰਹਿਣ ਵਾਲਾ ਰਿਖੀ। ੨. ਦੇਵਯੋਨਿ ਵਿੱਚ ਰਿਖੀ ਪਦ ਪਾਉਣ ਵਾਲਾ, ਜੈਸੇ- ਨਾਰਦ ਸਨਕਾਦਿ.

ਦੇਵਲ: ਸੰ. ਸੰਗਯਾ- ਦੇਵਤਾ ਦੀ ਪੂਜਾ ਕਰਕੇ ਨਿਰਵਾਹ ਕਰਨ ਵਾਲਾ, ਪੁਜਾਰੀ। ੨. ਇੱਕ ਰਿਖੀ, ਜਿਸ ਦਾ ਅਸ਼੍ਰਾਵਕ੍ਰ ਨਾਉਂ ਪ੍ਰਸਿੱਧ ਹੋਇਆ। ੩. ਇੱਕ ਵੇਦ ਮੰਤ੍ਰਾਂ ਦਾ ਕਰਤਾ ਰਿਖੀ। ੪. ਵ੍ਯਾਕਰਣ ਦੇ ਪ੍ਰਸਿੱਧ ਆਚਾਰਯ ਪਾਣਿਨੀ ਦਾ ਦਾਦਾ। ੫. ਸੰ. ਦੇਵਾਲਯ. ਦੇਵਮੰਦਿਰ. "ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ." (ਸ. ਕਬੀਰ) ਸੂਰਯ ਚੜ੍ਹਦੇ ਮੰਦਿਰ ਮੰਦਿਰ ਧਾਹਾਂ ਮਾਰੇਂਗਾ. "ਅਦੇਵ ਦੇਵ ਦੇਵਲੰ." (ਵਿਚਿਤ੍ਰ) ਰਾਖਸ ਅਤੇ ਦੇਵਤਿਆਂ ਦਾ ਤੂੰ ਦੇਵਾਲਯ (ਪੂਜ੍ਯ ਮੰਦਿਰ) ਹੈਂ. ਕਾਯਉ ਦੇਵਾ ਕਾਇਅਉ ਦੇਵਲ." (ਧਨਾ ਪੀਪਾ)

ਦੇਵਲੋਕ: ਸੰਗਯਾ- ਸ੍ਵਰਗ.

ਦੇਵਵਧੂ: ਦੇਖੋ, ਦੇਵਬਧੂ। ੨. ਦੇਵੀ. ਦੇਵਤਾ ਦੀ ਇਸਤ੍ਰੀ। ੩. ਦੇਖੋ, ਦੇਵਪਤਨੀ.

ਦੇਵਵ੍ਰਤ: ਦੇਖੋ, ਭੀਸਮ.

ਦੇਵਾ: ਵਿ- ਦੇਣ ਵਾਲਾ. ਦਾਤਾ. "ਜੀਵਨਦੇਵਾ ਪਾਰ ਬ੍ਰਹਮਸੇਵਾ." (ਧਨਾ ਮਃ ੫) ੨. ਸੰਗਯਾ- ਦੇਵਤਾ. "ਸੋ ਮੂਰਤਿ ਹੈ ਦੇਵਾ." (ਗਉ ਮਃ ੫) ੩. ਦੇਵੀ. ਦੁਰਗਾ. "ਤ੍ਰਿਪੁੰਡੰ ਤਿਲਕ ਭਾਲ ਦੇਵਾ ਬਿਰਾਜੈ." (ਸਲੋਹ) ੪. ਸੰਬੋਧਨ. ਹੇ ਦੇਵ!

ਦੇਵਾਕਰ: ਦੇਖੋ, ਦਿਵਾਕਰ ਅਤੇ ਦੇਵਦੇਵਾਕਰ.

ਦੇਵਾਂਗਨਾ: ਸੰ. देवाङ्गना. ਸੰਗਯਾ- ਦੇਵਤਾ ਦੀ ਅੰਗਨਾ (ਇਸਤ੍ਰੀ) ੨. ਅਪਸਰਾ ਹੂਰ। ੩. ਦੇਖੋ, ਦੇਵ ਪਤਨੀ.

ਦੇਵਾਂਤ, ਦੇਵਾਂਤਕ: ਸੰ. देवान्तक. ਸੰਗਯਾ- ਦੇਵਤਾ ਦਾ ਅੰਤ ਕਰਨ ਵਾਲਾ, ਦੈਤ੍ਯ. ਰਾਖਸ।

੨. ਰਾਵਣ ਦਾ ਇੱਕ ਪੁਤ੍ਰ, ਜੋ ਹਨੁਮਾਨ ਨੇ ਜੰਗ ਵਿੱਚ ਮਾਰਿਆ. "ਨਾਗ੍ਰਦੀ ਨਰਾਂਤਕ ਗਿਰਤ ਚਾਗ੍ਰਦੀ ਦੇਵਾਂਤਕ ਧਾਯੋ." (ਰਾਮਾਵ)

ਦੇਵਾਦੇਵ: ਦੇਖੋ, ਦੇਵਦੇਵ। ੨. ਦੇਵ- ਅਦੇਵ. ਦੇਵਤਾ ਅਤੇ ਦੈਤ੍ਯ.

ਦੇਵਾਧਿਦੇਵ: ਸੰਗਯਾ- ਦੇਵਤਿਆਂ ਦਾ ਸ੍ਵਾਮੀ, ਮਹਾਨਦੇਵ. ਕਰਤਾਰ. "ਓਇ ਪਰਮਪੁਰਖ ਦੇਵਾਧਿਦੇਵ." (ਬਸੰ ਕਬੀਰ)

ਦੇਵਾਧਿਪ: ਸੰਗਯਾ- ਦੇਵਤਿਆਂ ਦਾ ਸ੍ਵਾਮੀ ਕਰਤਾਰ। ੨. ਇੰਦ੍ਰ.

ਦੇਵਾਨਾ: ਦੇਖੋ, ਦਿਵਾਨਾ. "ਸੋ ਕਹੀਐ ਦੇਵਾਨਾ ਆਪੁ ਨ ਪਛਾਣਈ." (ਵਾਰ ਮਾਝ ਮਃ ੧)

ਦੇਵਾਰਦਨ, ਦੇਵਾਰਿ: ਸੰਗਯਾ- ਦੇਵਤਿਆਂ ਨੂੰ ਅਰਦੰਨ (ਕੁਚਲਣ) ਵਾਲੇ ਦੈਤ. ਦੇਵ- ਅਰਿ. ਦੇਵਸ਼ਤ੍ਰੁ.

ਦੇਵਾਲਯ: ਸੰਗਯਾ- ਦੇਵ- ਆਲਯ. ਦੇਵਤਾ ਦਾ ਘਰ. ਦੇਵਮੰਦਿਰ। ੨. ਸ੍ਵਰਗ.

ਦੇਵਾਲਾ: ਦੇਖੋ, ਦੇਵਾਲਯ। ੨. ਦੇਖੋ, ਦਿਵਾਲਾ.

ਦੇਵਾਲੀਆ: ਦੇਖੋ, ਦਿਵਾਲੀਆ. "ਹਰਿਨਾਮ ਧਨੁ ਨ ਖਟਿਓ, ਸੇ ਦੇਵਾਲੀਏ ਜੁਗ ਮਾਹਿ." (ਵਾਰ ਬਿਲਾ ਮਃ ੪)

ਦੇਵਾਲੇਈ: ਸੰਗਯਾ- ਦੇਣ ਲੈਣ. ਵੇਚਣ ਅਤੇ ਖਰੀਦਣ ਦੀ ਕ੍ਰਿਯਾ. ਦੇਖੋ, ਲੇਵਾਦੇਈ.

ਦੇਵਿਸ: ਸੰਗਯਾ- ਦੇਵੇਸ਼ ਇੰਦ੍ਰ. (ਸਨਾਮਾ)

ਦੇਵਿਕਾ: ਸੰਗਯਾ- ਘਾਘਰਾ ਨਦੀ, ਜਿਸ ਦਾ ਸੰਗਮ ਸਰਯੂ ਨਦੀ ਨਾਲ ਹੁੰਦਾ ਹੈ.

ਦੇਵੀ: ਸੰਗਯਾ- ਦੇਵਤਾ ਦੀ ਇਸਤ੍ਰੀ. ਦੇਖੋ, ਦੇਵਪਤਨੀ। ੨. ਦੁਰਗਾ. "ਕੋਟਿ ਦੇਵੀ ਜਾਕਉ ਸੇਵਹਿ." (ਆਸਾ ਛੰਤ ਮਃ ੫) ੩. ਸਦਾਚਾਰ ਵਾਲੀ ਇਸਤ੍ਰੀ. ਪਤਿਵ੍ਰਤਾ ਇਸਤ੍ਰੀ। ੪. ਵਿ- ਦੇਣਵਾਲੀ. "ਮਤੀ ਦੇਵੀ ਦੇਵਰ ਜੇਸਟ." (ਆਸਾ ਮਃ ੫) ੫. ਦੇਵੀਂ. ਦੇਵਤਿਆਂ. ਨੇ "ਅਠਸਠਿ ਤੀਰਥ ਦੇਵੀ ਥਾਪੇ." (ਵਾਰ ਮਾਝ ਮਃ ੧) ੬. ਸੰਗਯਾ- ਇੱਕ ਛੰਦ. ਦੇਖੋ, ਤ੍ਰਿਗਤਾ ਦਾ ਰੂਪ ੨.

ਦੇਵੀਚੰਦ: ਗੋਇੰਦਵਾਲ ਨਿਵਾਸੀ ਗੁਰੂ ਅਰਜਨਦੇਵ ਜੀ ਦਾ ਪ੍ਰੇਮੀ ਸਿੱਖ.

ਦੇਵੀਦਾਸ: ਗੁਰੂ ਹਰਿਗੋਬਿੰਦ ਸਾਹਿਬ ਦਾ ਯੋਧਾ ਸਿੱਖ ਜੋ ਅਮ੍ਰਿਤਸਰ ਜੀ ਦੇ ਜੰਗ ਵਿੱਚ ਵਡੀ ਵੀਰਤਾ ਨਾਲ ਲੜਿਆ। ੨. ਬੁੰਦੇਲਖੰਡ ਨਿਵਾਸੀ ਇੱਕ ਹਿੰਦੀ ਭਾਸ਼ਾ ਦਾ ਉੱਤਮ ਕਵਿ, ਜਿਸ ਦਾ ਜਨਮ ਸੰਮਤ ੧੭੪੨ ਦਾ ਦੱਸਿਆ ਜਾਂਦਾ ਹੈ. ਦੇਵੀਦਾਸ ਦੇ ਨਾਤਿ ਦੇ ਕਬਿੱਤ ਬਹੁਤ ਮਨੋਹਰ ਹਨ.[645] ਇਹ ਕਰੌਲੀ ਦੇ ਰਾਜਾ ਭੈਯਾਰਤਨ ਸਿੰਘ ਦੇ ਦਰਬਾਰ ਦਾ ਭੂਸ਼ਣ ਸੀ.

---

[645] ਦੇਵੀਦਾਸ ਦਾ ਨੀਤਿ ਸ਼ਤਕ (ਜਿਸ ਵਿੱਚ ਸੌ ਕਬਿੱਤ ਹਨ) ਪੜਨ ਯੋਗ ਹੈ.

"ਛੋਟੇ- ਛੋਟੇ ਪੋਦਨ ਕੋ ਸੂਰਨ ਕੀ ਬਾਰ ਕਰੈ.

ਪਾਤਰੇ ਸੇ ਰੁਖਨ ਕੋ ਪਾਨੀ ਕਰ ਪਾਰਬੋ,

ਨੀਚੇ ਗਿਰਗਏ ਤਿਨੈ ਟੇਕ ਦੈ ਦੈ ਊਂਚੇ ਕਰੈ

ਉਂਚੇ ਬਢਗਏ ਤੈਂ ਜਰੂਰ ਕਾਟਡਾਰਬੋ,

ਫੂਲੇ ਫੂਲੇ ਫੂਲ ਸਬ ਬੀਨ ਏਕ ਠੌਰ ਕਰੈ

ਘਨੇ ਘਨੇ ਤਰੁ ਏਕ ਠੋਰ ਤੈਂ ਉਪਾਰਬੋ.

ਰਾਜਨ ਕੋ ਮਾਲਿਨ ਕੋ ਨਿਤਪ੍ਰਤਿ ਦੇਵੀਦਾਸ

ਚਾਰ ਘਰੀ ਰਾਤਿ ਰਹੇ ਇਤਨੋ ਵਿਚਾਰਏ."

ਦੇਵੀਭਾਗਵੱਤ: ਇਕ ਪੁਰਾਣ. ਜਿਸ ਦੀ ਸ਼ਲੋਕ ਸੰਖ੍ਯਾ ੧੮੦੦੦ ਹੈ ਅਰ ਜਿਸ ਵਿੱਚ ਮੁਖ ਦੇਵੀ ਦੀ ਕਥਾ ਹੈ. ਕਈ ਕਹਿੰਦੇ ਹਨ ਕਿ ਅਠਾਰਾਂ ਪੁਰਾਣਾਂ ਵਿੱਚ ਇਸੇ ਦੀ ਗਿਣਤੀ ਹੈ, ਕੋਈ ਇਸ ਨੂੰ ਉਪ ਪੁਰਾਣ ਮੰਨਦੇ ਹਨ.

ਦੇਵੀਮਹਾਤਮ: ਸੰ. ਦੇਵੀਮਾਹਾਤ੍ਮ੍ਯ (देवीमाहात्म्य) ਦੇਖੋ, ਦੁਰਗਾਪਾਠ.

ਦੇਵੇਸ਼, ਦੇਵੇਂਦ੍ਰ: ਸੰਗ੍ਯਾ- ਦੇਵ- ਈਸ਼. ਦੇਵ- ਇੰਦ੍ਰ. ਦੇਵ- ਰਾਜ ਸੁਰਪਤਿ. ਇੰਦ੍ਰ.

ਦੇਵੇਂਦ੍ਰਸਿੰਘ: ਰਾਜਾ ਜਸਵੰਤ ਸਿੰਘ ਨਾਭਾਪਤਿ ਦਾ ਛੋਟਾ ਪੁਤ੍ਰ. ਇਹ ਪਿਤਾ ਦੇ ਮਰਣ ਪਿੱਛੋਂ ਅਠਾਰਾਂ ਵਰ੍ਹੇ ਦੀ ਉਮਰ ਵਿੱਚ ੫. ਅਕਤੂਬਰ ਸਨ ੧੮੪੦ ਨੂੰ ਗੱਦੀ ਤੇ ਬੈਠਾ. ਸਨ ੧੮੪੫ ਦੇ ਸਿੱਖਜੰਗ ਸਮੇਂ ਮੇਜਰ ਬ੍ਰਾਡਫੁਟ (Major Broadfoot) ਗਵਰਨਰ ਜਨਰਲ ਦੇ ਏਜੈਂਟ ਨੂੰ ਸ਼ੱਕ ਹੋਇਆ ਕਿ ਰਾਜਾ ਦੇਵੇਂਦ੍ਰਸਿੰਘ ਲਹੌਰ ਦੇ ਘਰ ਦਾ ਮਿਤ੍ਰ. ਅਤੇ ਸਾਡਾ ਹਿਤੂ ਨਹੀਂ ਹੈ. ਉਸ ਵੇਲੇ ਦੇ ਅੰਗ੍ਰੇਜ਼ੀ ਅਹੁਦੇਦਾਰਾਂ ਨੇ ਸਮੇਂ ਦੀ ਨੀਤੀ ਅਨੁਸਾਰ ਰਾਜਾ ਦੇਵੇਂਦ੍ਰ ਸਿੰਘ ਨੂੰ ਸੰਨ ੧੮੪੬ ਵਿਚ ਪੰਜਾਹ ਹਜਾਰ ਸਾਲਾਨਾ ਪੈਨਸ਼ਨ ਦੇਕੇ ਗੱਦੀਓਂ ਲਾਹ ਦਿੱਤਾ ਅਤੇ ਉਸ ਦੇ ਪੁਤ੍ਰ ਨੂੰ ਨਾਭੇ ਦੀ ਗੱਦੀ ਤੇ ਬੈਠਾਇਆ. ਰਾਜਾ ਦੇਵੇਂਦ੍ਰਸਿੰਘ ਨੂੰ ਪਹਿਲਾਂ ਮਥੁਰਾ ਰੱਖਿਆ, ਫੇਰ ੮. ਦਿਸੰਬਰ ਸਨ ੧੮੫੫ ਨੂੰ ਲਹੌਰ ਲੈ ਆਂਦਾ ਅਤੇ ਮਹਾਰਾਜਾ ਖੜਗ ਸਿੰਘ ਦੀ ਹਵੇਲੀ ਰਹਿਣ ਲਈ ਦਿੱਤੀ, ਜਿੱਥੇ ਨਵੰਬਰ ਸਨ ੧੮੬੫ ਵਿੱਚ ਇਸ ਦਾ ਦੇਹਾਂਤ ਹੋਇਆ. ਸਸਕਾਰ ਨਾਭੇ ਕੀਤਾ ਗਿਆ. ਦੇਖੋ, ਨਾਭਾ ਅਤੇ ਫੂਲਵੰਸ਼.

ਦੇਵੋੱਥਾਨ ਏਕਾਦਸੀ: ਸੰਗ੍ਯਾ- ਪੁਰਾਣਾਂ ਅਨੁਸਾਰ ਵਿਸ਼ਨੁ ਦੇ ਜਾਗਣ ਦੀ ਤਿਥਿ. ਕੱਤਕ ਸੁਦੀ ੧੧. ਹਾੜ ਸੁਦੀ ੧੧. ਨੂੰ ਸੌਂਕੇ ਇਸ ਦਿਨ ਨੀਂਦ ਖੁਲ੍ਹਦੀ ਹੈ. ਪੰਜਾਬੀ ਵਿੱਚ ਇਸਦਾ ਨਾਉਂ ਦੇਉਟਣੀ ਇਕਾਦਸੀ ਹੈ. ਜ਼ਿਮੀਦਾਰਾਂ ਦਾ ਖਿਆਲ ਹੈ ਕਿ ਇਸ ਦਿਨ ਇੱਖ (ਕਮਾਦ) ਵਿੱਚ ਅਮ੍ਰਿਤ ਪੈਂਦਾ ਹੈ.

ਦੇਵੋਦ੍ਯਾਨ: ਸੰਗ੍ਯਾ- ਦੇਵਤਿਆਂ ਦਾ ਉਦ੍ਯਾਨ (ਬਾਗ਼) ਦੇਵਵਨ. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਦੇਵਤਿਆਂ ਦੇ ਚਾਰ ਬਾਗ਼ ਮੰਨੇ ਹਨ- ਨੰਦਨ, ਚੈਤ੍ਰਰਥ੍ਯ, ਵੈਭ੍ਰਾਜ ਅਤੇ ਸਰਵਤੋਭਦ੍ਰ. ਸ੍ਵਰਗ ਵਿੱਚ ਇੰਦ੍ਰ ਦਾ ਬਾਗ਼ ਨੰਦਨ ਹੈ. ਇਲਾਵ੍ਰਤਖੰਡ ਦੇ ਪੂਰਵ ਚਿਤ੍ਰਰਥ ਦਾ ਲਾਇਆ ਹੋਇਆ ਕੁਬੇਰ ਦਾ ਬਾਗ਼ ਚੈਤ੍ਰਰਥ੍ਯ ਹੈ. ਸੁਮੇਰੁ ਦੇ ਪੱਛਮ ਵਿਸ਼ਕੰਭ (ਵਿਪੁਲ) ਪਹਾੜ ਤੇ ਵੈਭ੍ਰਾਜ ਹੈ. ਸੁਮੇਰੁ ਦੇ ਦੱਖਣ ਵੱਲ ਗੰਧਮਾਦਨ ਉੱਪਰ ਨਿੰਮਾਂ ਦਾ ਬਗੀਚਾ ਸਰਵਤੋਭਦ੍ਰ ਹੈ.

ਦੈ: ਕ੍ਰਿ. ਵਿ- ਦੇਕੇ. "ਪਗ ਸੀਸ ਨਿਵਾਯ ਉਪਾਯਨ ਦੈ." (ਗੁਪ੍ਰਸੂ) ੨. ਸੰਬੰਧ ਬੋਧਕ ਪ੍ਰਤ੍ਯਯ. ਕੇ. ਦੋ. "ਜਿਸ ਦੈ ਅੰਦਰਿ ਸਚੁ ਹੈ." (ਵਾਰ ਮਾਝ ਮਃ ੪) ੩. ਦੇਣ ਦਾ ਅਮਰ. ਦੇਹ. "ਦੈ ਰੇ ਦੈ ਰੇ ਦੀਹ ਦਮਾਮਾ." (ਪਾਰਸਾਵ) ਨਗਾਰੇ ਤੇ ਚੋਬ ਦੇ.

ਦੈਆ: ਸੰ. ਦਯਾ. ਕਰੁਣਾ. ਕ੍ਰਿਪਾ. "ਜਤੁ ਸਤੁ ਚਾਵਲ ਦੈਆ ਕਣਕ ਕਰਿ." (ਪ੍ਰਭਾ ਮਃ ੫) ੨. ਦੇਖੋ, ਦੈਯਾ.

ਦੈਆਰ: ਵਿ- ਦੇਣਵਾਲਾ. ਦਾਤਾ। ੨. ਦਯਾਵਾਨ. ਦਯਾਲੁ. "ਅਪਾਰ ਦੈਆਰ ਠਾਕੁਰ." (ਗਉ ਛੰਤ ਮਃ ੫)

ਦੈਆਲ, ਦੈਆਲੁ: ਵਿ- ਦਯਾਲੁ. ਦਯਾਵਾਨ. "ਦੀਨਾਨਾਥ ਦੈਆਲ ਦੈਵ." (ਮਾਝ ਮਃ ੫. ਦਿਨਰੈਣ) "ਜਉ ਹੋਇ ਦੈਆਲੁ ਸਤਿਗੁਰ ਅਪਨਾ." (ਗਉ ਮਃ ੫)

ਦੈਸ, ਦੈਸਿਕ: ਸਂ. ਦੈਸ਼ਿਕ. ਵਿ- ਦੇਸ਼ ਦਾ. ਦੇਸੀ। ੨. ਦੇਖੋ. ਦੇਸਿਕ.

ਦੈਣੀ: ਵਿ- ਦਾਯਿਨ, ਦੇਣਵਾਲਾ. ਦਾਤਾ. "ਜੀਅਦਾਨ ਗੁਰੁ ਦੈਣੀ." (ਦੇਵ ਮਃ ੫) ੨. ਦੇਣਵਾਲੀ.

ਦੈਤ: ਦਿੰਦਾ ਹੈ. ਦੇਵਤ. "ਡਾਨ ਦੈਤ ਨਿੰਦਕ ਕਉ ਜਾਮ." (ਭੈਰ ਮਃ ੫) ੨. ਸਂ. ਦੈਤਜ. ਸੰਗਯਾ- ਦਿਤਿ ਦੇ ਗਰਭ ਤੋਂ ਕਸ਼ਯਪ ਦੀ ਸੰਤਾਨ. "ਦੈਤ ਸੰਘਾਰੇ ਬਿਨ ਭਗਤਿ ਅਭਿਆਸਾ." (ਗਉ ਅਃ ਮਃ ੧) ੩. ਸਂ. ਦਯਿਤ. ਵਿ- ਪ੍ਯਾਰਾ. ਪ੍ਰਿਯ। ੪. ਸੰਗਯਾ- ਪਤਿ. ਭਰਤਾ.

ਦੈਤਕੁਲ: ਦੈਤਜ ਵੰਸ਼. "ਦੇਵਕੁਲ ਦੈਤਕੁਲ ਜਖ ਕਿੰਨਰ ਨਰ." (ਮਲਾ ਮਃ ੫)

ਦੈਤਗੁਰੁ: ਦੈਤਜਗੁਰੁ. ਦੈਤਾਂ ਦਾ ਗੁਰੂ, ਸ਼ੁਕ੍ਰ.

ਦੈਤਨਿ: ਦੈਤਜ- ਅਨੀਕਿਨੀ. ਦੈਤਾਂ ਦੀ ਫ਼ੌਜ. (ਸਨਾਮਾ)

ਦੈਤਪੁਤੁ, ਦੈਤਪੁਤ੍ਰ: ਦੈਤਜ ਦਾ ਪੁਤ੍ਰ. "ਦੈਤਪੁਤ੍ਰ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ." (ਭੈਰ ਮਃ ੩) ੨. ਪ੍ਰਹਲਾਦ. "ਦੈਤਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ." (ਸ੍ਰੀ ਅਃ ਮਃ ੩)

ਦੈਤਬਕਤ੍ਰ: ਦੇਖੋ, ਦੰਤਬਕ੍ਰ.

ਦੈਤਜ: ਦੇਖੋ, ਦੈਤ ੨.

ਦੈਨ: ਸੰਗਯਾ- ਦੇਣ ਦਾ ਭਾਵ. ਦਾਨ ਕਰਨ ਦੀ ਕ੍ਰਿਯਾ. "ਪੁੰਨਦਾਨ ਬਹੁ ਦੈਨ." (ਧਨਾ ਮਃ ੫) ੨. ਦਿੱਤੋਨ. ਪ੍ਰਦਾਨ ਕੀਤਾ. "ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭੁ ਦੈਨ." (ਮਲਾ ਪੜਤਾਲ ਮਃ ੫) ੩. ਸਂ. ਦਿਨ ਨਾਲ ਹੈ ਜਿਸ ਦਾ ਸੰਬੰਧ. ਦਿਨ ਦਾ. ਦੈਨਿਕ। ੪. ਦੇਖੋ, ਦੈਨਯ। ੫. ਅ਼. دَین ਕ਼ਰਜ. ਉਧਾਰ.

ਦੈਨਹਾਰ, ਦੈਨਹਾਰੁ: ਵਿ- ਦੇਣਵਾਲਾ. ਦਾਨਕਰਤਾ. "ਦੈਨਹਾਰ ਬੁਧਿ ਬਿਬੇਕ." (ਪ੍ਰਭਾ ਪੜਤਾਲ ਮਃ ੫) "ਦੈਨਹਾਰੁ ਸਦ ਜੀਵਨਹਾਰਾ." (ਬਾਵਨ)

ਦੈਨਯ: ਸਂ. ਸੰਗਯਾ- ਦੀਨਪੁਣਾ. ਦੀਨਤਾ। ੨. ਦਰਿਦ੍ਰਤਾ.

ਦੈਯਾ: ਵਿ- ਦੇਣਵਾਲਾ. ਦੇਵੈਯਾ। ੨. ਸੰਗਯਾ- ਦੈਵ. ਪਰਮੇਸ਼੍ਵਰ.

ਦੈਰ: ਅ਼. دیر ਸੰਗਯਾ- ਗੁੰਬਜ. ਮੰਡਪ। ੨. ਈਸਾਈਆਂ ਦਾ ਧਰਮ ਮੰਦਿਰ.

ਦੈਰ ਖ਼ਰਾਬ: ਫ਼ਾ. دیر خراب ਢਹਿ ਜਾਣ ਵਾਲਾ ਬੁਰਜ. ਭਾਵ- ਸੰਸਾਰ.

ਦੈਲਾ: ਦਿੱਤਾ ਹੈ. ਦੀਆ. "ਛੀਪੇ ਕੇ ਘਰਿ ਜਨਮ ਦੈਲਾ." (ਆਸਾ ਨਾਮਦੇਵ)

ਦੈਵ: ਸਂ. ਵਿ- ਦੇਵਤਾ ਸੰਬੰਧੀ. ਦੇਵਤਾ ਦਾ। ੨. ਸੰਗਯਾ- ਕਰਮਫਲ ਪ੍ਰਦਾਤਾ ਵਾਹਗੁਰੂ। ੩. ਭਾਗ. ਨਸੀਬ. ਕ਼ਿਸਮਤ.

ਦੈਵਗ, ਦੈਵਗਯ: ਸਂ. ਦੈਵਜ੍ਞ. ਸੰਗਯਾ- ਕਿਸਮਤ ਦਾ ਹਾਲ ਜਾਣਨ ਵਾਲਾ. ਜਯੋਤਿਸੀ "ਦੈਵਗ ਜੋ ਹਰਿਦਯਾਲ ਪ੍ਰਬੀਨਾ." (ਨਾਪ੍ਰ)

ਦੈਵਜੋਗ, ਦੈਵਯੋਗ: ਸੰਗਯਾ- ਭਾਗ ਦਾ ਅਚਾਨਕ ਪ੍ਰਾਪਤ ਹੋਇਆ ਫਲ. "ਦੈਵਜੋਗ ਤੇ ਇਹ ਥਲ ਹੇਰਾ." (ਗੁਪ੍ਰਸੂ) ੨. ਇੱਤਿਫ਼ਾਕ. ਸੰਯੋਗ.

ਦੈਵਾਤ: ਕ੍ਰਿ. ਵਿ- ਅਕਸਮਾਤ. ਅਚਾਨਕ. ਦੈਵਯੋਗ. ਸੇ.

ਦੈਵੀ: ਵਿ- ਦੇਵਤਾ ਸੰਬੰਧੀ. ਦੇਵਤਾਓਂ ਕੀ.

ਦੈਵੀਸੰਪੱਤਿ, ਦੈਵੀਸੰਪਦਾ: ਸੰਗ੍ਯਾ- ਦੇਵਤਿਆਂ ਦੀ ਵਿਭੂਤਿ। ੨. ਸਾਤ੍ਵਿਕ ਸੰਪਦਾ. ਸ਼ੁਭਗੁਣਾਂ ਦੀ ਵਿਭੂਤੀ.

ਦੋ: ਵਿ- ਦ੍ਵਯ. ਫ਼ਾ. دو। ੨. ਦੇਨਾ ਕ੍ਰਿਯਾ ਦਾ ਅਮਰ. ਦੇਓ.

ਦੋਉ, ਦੋਊ: ਕ੍ਰਿ. ਵਿ- ਦੋਨੋ. ਦੋਵੇਂ। ੨. ਵਿ- ਦੂਜਾ. ਦੂਜੀ. "ਨਹੀ ਹੋਤ ਕਛੁ ਦੋਊ ਬਾਰਾ." (ਬਾਵਨ) ੩. ਸੰਗ੍ਯਾ- ਦ੍ਵੈਤ. "ਯਯਾ ਜਾਰਉ ਦੁਰਮਤਿ ਦੋਊ." (ਬਾਵਨ)

ਦੋਊ ਪੱਛ: ਦੋਨੋ ਪਕ੍ਸ਼. ਪਿਤਾਕੁਲ ਅਤੇ ਮਾਤਾਕੁਲ. "ਦੋਊ ਪਛ ਭੀਤਰ ਉਜਿਯਾਰੀ." (ਚਰਿਤ੍ਰ ੧੬੧)

ਦੋਆਬ, ਦੋਆਬਾ: ਸੰਗ੍ਯਾ- ਦੋ ਜਲਾਂ ਦੇ ਮਧ੍ਯ ਦਾ ਦੇਸ਼. ਦੋ ਨਦੀਆਂ ਦੇ ਵਿਚਕਾਰਲਾ ਦੇਸ਼. ਦੇਖੋ, ਦੁਆਬਾ.

ਦੋਆਲੈ: ਕ੍ਰਿ. ਵਿ- ਦੋਨੋ ਤ਼ਰਫ਼। ੨. ਚੌਫੇਰੇ. ਇਰਦ ਗਿਰਦ. "ਝੂਠਾ ਰੁਦਨ ਹੋਆ ਦੋਆਲੈ." (ਸ੍ਰੀ ਮਃ ੧. ਪਹਰੇ)

ਦੋਇ: ਵਿ- ਦ੍ਵਯ. ਦੋ. "ਦੋਇ ਧੋਤੀ ਬਸਤ੍ਰ ਕਪਾਟੰ." (ਵਾਰ ਆਸਾ) ੨. ਸੰਗ੍ਯਾ- ਲੋਕ ਪਰਲੋਕ.

ਦੋਈ: ਕ੍ਰਿ. ਵਿ- ਦੋਨੋ. ਦੋਵੇਂ ਹੀ. "ਕੂੜ ਕਪਟ ਨ ਦੋਈ." (ਸੂਹੀ ਛੰਤ ਮਃ ੧) ੨. ਸੰਗ੍ਯਾ- ਦ੍ਵੈਤ. ਦ੍ਵੈਤਭਾਵ.

ਦੋਸ: ਸੰ. (ਦੁਸ਼੍. ਧਾ- ਕਲੰਕਿਤ ਹੋਣਾ, ਅਪਵਿਤ੍ਰ ਹੋਣਾ, ਅਪਰਾਧ ਕਰਨਾ). ਦੋਸ਼. ਸੰਗ੍ਯਾ- ਪਾਪ। ੨. ਅਵਗੁਣ. ਐ਼ਬ। ੩. ਕਲੰਕ. "ਦੋਸ ਨ ਕ਼ਾਹੂ ਦੀਜੀਐ." (ਬਿਲਾ ਮਃ ੫) ੪. ਵੈਦ੍ਯਕ ਅਨੁਸਾਰ ਸ਼ਰੀਰ ਦੇ ਖ਼ਿਲਤ਼- ਵਾਤ, ਪਿੱਤ ਅਤੇ ਕਫ। ੫. ਸੰ. ਦੋਸ੍. ਭੁਜਾ. ਬਾਹੁ। ੬. ਦੇਖੋ, ਦੋਸੁ। ੭. ਫ਼ਾ. دوش ਦੋਸ਼. ਮੋਢਾ. ਕੰਧਾ। ੮. ਵੀਤਿਆ ਹੋਇਆ ਦਿਨ. ਕਲ੍ਹ.

ਦੋਸਗ੍ਰਾਹੀ: ਵਿ- ਦੋਸ਼ ਗ੍ਰਹਣ ਕਰਨ ਵਾਲਾ. ਜੋ ਗੁਣ ਨੂੰ ਤ੍ਯਾਗਕੇ ਕੇਵਲ ਅਵਗੁਣ ਗ੍ਰਹਣ ਕਰਦਾ ਹੈ.

ਦੋਸਤ: ਫ਼ਾ. دوست ਦੋਸ੍ਤ. ਵਿ- ਚਿਪਕਿਆ ਹੋਇਆ. ਜੁੜਿਆ ਹੋਇਆ। ੨. ਸੰਗ੍ਯਾ- ਮਿਤ੍ਰ, ਜਿਸ ਦਾ ਮਨ ਸ੍ਨੇਹੀ ਨਾਲ ਇੱਕ ਹੋ ਗਿਆ ਹੈ.

ਦੋਸਤੀ: ਫ਼ਾ. دوستی ਸੰਗ੍ਯਾ- ਦੋਸ੍ਤਪਨ. ਮਿਤ੍ਰਤਾ. "ਕਿਸੁ ਨਾਲਿ ਕੀਚੈ ਦੋਸਤੀ?" (ਵਾਰ ਆਸਾ)

ਦੋਸਾ: ਸੰ. ਦੋਸ਼ਾ- ਦੋਸ਼ਾ. ਸੰਗ੍ਯਾ- ਸੰਝ। ੨. ਰਾਤ.

ਦੋਸਾਂ: ਦੋਸ਼ੀਆਂ (ਅਪਰਾਧੀਆਂ) ਦਾ. "ਹਮ ਦੋਸਾਂ ਦਾ ਕਿਆ ਹਾਲ?" (ਸ. ਫਰੀਦ)

ਦੋਸਾਰੋਪਣ: ਸੰਗ੍ਯਾ- ਦੋਸ਼- ਆਰੋਪਣ. ਕਲੰਕ ਲਾਉਣ ਦੀ ਕ੍ਰਿਯਾ.

ਦੋਸਾਲਾ: ਵਿ- ਦੋ ਸਾਲ (ਵਰ੍ਹੇ) ਦਾ। ੨. ਦੇਖੋ, ਦੁਸਾਲਾ.

ਦੋਸੀ: ਸੰ. ਦੋਸ਼ਿਨ. ਵਿ- ਦੋਸ ਕਰਨ ਵਾਲਾ। ੨. ਸੰਗ੍ਯਾ- ਅਪਰਾਧੀ. ਕ਼ੁਸੂਰਵਾਰ। ੩. ਕੁਕਰਮੀ. ਪਾਪਾਤਮਾ. "ਦੋਸੀ ਦੋਸੁ ਧਰੇ." (ਜਪੁ) ਪਾਪਾਤਮਾ ਭੀ ਉਸ ਪੁਰ ਕਲੰਕ ਆਰੋਪਦੇ ਹਨ.

ਦੋਸੁ: ਦੇਖੋ, ਦੋਸ. "ਦੋਸੁ ਨਹੀਂ ਕਾਹੂ ਕਉ ਮੀਤਾ." (ਬਾਵਨ) ੨. ਦੇਖੋ, ਦਿਵਸ. ਦਯੋਸ. ਦਿਨ. "ਚੁਖ ਬਿੰਦ ਉਪਰਿ ਆਖਣੁ ਦੋਸੁ." (ਵਾਰ ਮਾਰ ਮਃ ੧) ਖਿਨ (ਕ੍ਸ਼ਣ) ਪਲ ਪ੍ਰਤਿਦਿਨ ਨਾਮ ਆਖਣਾ.

ਦੋਹਤਾ, ਦੋਹਤੀ: ਸੰ. ਦੋਹਿਤ੍ਰ- ਦੋਹਿਤ੍ਰੀ. ਸੰਗ੍ਯਾ- ਦੁਹਿਤਾ (ਦੁਖ਼ਤਰ) ਦਾ ਪੁਤ੍ਰ ਅਤੇ ਪੁਤ੍ਰੀ.

ਦੋਹਨ: ਸੰ. ਸੰਗ੍ਯਾ- ਚੋਣ ਦੀ ਕ੍ਰਿਯਾ. ਗਊ ਆਦਿ ਦੀ ਧਾਰ ਕੱਢਣੀ.

ਦੋਹਨਾ: ਕ੍ਰਿ- ਚੋਣਾ. ਥਣਾਂ ਵਿੱਚੋਂ ਦੁਧ ਕੱਢਣਾ। ੨. ਸੰਗ੍ਯਾ- ਉਹ ਪਾਤ੍ਰ, ਜਿਸ ਵਿਚ ਦੁਧ ਚੋਈਏ.

ਦੋਹਨੀ: ਸੰ. ਸੰਗ੍ਯਾ- ਦੁੱਧ ਚੋਣ ਦੀ ਹਾਂਡੀ.

ਦੋਹਰਾ: ਵਿ- ਦੁਹਰਾ. "ਘੁਰੇ ਨਗਾਰੇ ਦੋਹਰੇ." (ਚੰਡੀ ੩) ੨. ਸੰਗ੍ਯਾ- ਇੱਕ ਮਾਤ੍ਰਿਕਛੰਦ, ਦੋਹਾਂ, ਲੱਛਣ- ਦੋ ਚਰਣ (ਤੁਕਾਂ) ਪ੍ਰਤਿਚਰਣ ੨੪ ਮਾਤ੍ਰਾ[646]. ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੧. ਪੁਰ ਅੰਤ ਗੁਰੁ ਲਘੁ. ਇਸ ਲਛਣ ਤੋਂ ਛੁੱਟ ਵਿਦ੍ਵਾਨਾਂ ਨੇ ਇਹ ਭੀ ਨਿਯਮ ਥਾਪਿਆ ਹੈ ਕਿ ਦੋਹੇ ਦੇ ਆਦਿ ਜਗਣਰੂਪ ਇਕੱ ਪਦ ਨਾ ਆਵੇ. ਦੋਹੇ ਦੀ ਚਾਲ ਤਦ ਸੁੰਦਰ ਰਹਿੰਦੀ ਹੈ ਜੇ ਆਦਿ ਦੋ ਡਗਣ ਅਥਵਾ ਢਗਣ ਰੱਖੀਏ, ਅਰਥਾਤ ਚੌਕਲ ਨਾਲ ਚੌਕਲ ਦਾ ਅਤੇ ਤ੍ਰਿੱਕਲ ਨਾਲ ਤ੍ਰਿੱਕਲ ਦਾ ਸੰਯੋਗ ਕਰੀਏ. ਦੋ ਮਾਤ੍ਰਿਕ ਗਣਾਂ ਦੇ ਸੰਯੋਗ ਕਰਕੇ ਹੀ "ਦੋਹਾ" ਨਾਮ ਹੈ.

ਮਾਤ੍ਰਿਕਗਣਾਂ ਦੇ ਏਰ ਫੇਰ ਕਰਕੇ ਦੋਹੇ ਦੇ ਅਨੰਤ ਭੇਦ ਕਵੀਆਂ ਨੇ ਕਲਪੇ ਹਨ, ਪਰ ਅਸੀਂ ਇੱਥੇ ਉਹ ਰੂਪ ਦਿਖਾਉਨੇ ਹਾਂ, ਜੋ ਸਿੱਖਕਾਵ੍ਯ ਵਿੱਚ ਆਏ ਹਨ-

(੧) ਜਿਸ ਦੋਹਰੇ ਵਿੱਚ ਚਾਰ ਗੁਰੁ ਅਤੇ ੪੦ ਲਘੁ ਹੋਣ, ਉਸ ਦੀ "ਵ੍ਯਾਲ" ਸੰਗ੍ਯਾ ਹੈ.

ਉਦਾਹਰਣ-

ਤਿਹ ਪਰ ਭੂਖਨ ਸ਼ਸਤ੍ਰ ਲਘੁ, ਰਤਨ ਪੁਰਟਮਯ ਸਾਜ,

ਚਮਕਤ ਦਮਕਤ ਨਵਲ ਛਬਿ, ਝਕਤ ਥਕਤ ਕਵਿਰਾਜ.

(ਸਿੱਖੀਪ੍ਰਭਾਕਰ)

(੨) ਜਿਸ ਦੋਹਰੇ ਵਿੱਚ ੫. ਗੁਰੁ ਅਤੇ ੩੮ ਲਘੁ ਹੋਣ, ਉਸ ਦੀ "ਅਹਿਵਰ" ਸੰਗ੍ਯਾ ਹੈ.

ਉਦਾਹਰਣ-

ਸ਼੍ਰੀ ਸਤਿਗੁਰੁ ਬਰ ਅਮਰਜੀ, ਸਰਨ ਨਰਨ ਦੁਖ ਹਰਨ,

ਕਾਰਨ ਕਰਨ ਸੁ ਜਾਨ ਮਨ, ਨਮਸਕਾਰ ਤਿਨ ਚਰਨ.

(ਨਾਪ੍ਰ)

(੩) ਜਿਸ ਵਿੱਚ ਛੀ ਗੁਰੁ ਅਤੇ ੩੬ ਲਘੁ ਹੋਣ, ਉਸ ਦਾ ਨਾਮ "ਸਾਰਦੂਲ" ਹੈ.

ਉਦਾਹਰਣ

ਯਦਿ ਪ੍ਰਤਿਬੰਧਕ ਸਘਨ ਘਨ,

ਅਨਗਨ ਭੇ ਮਗ ਬੀਚ,

ਪ੍ਰਲਯ ਪ੍ਰਭੰਜਨਿ ਪ੍ਰਬਲ ਵਤ,

ਦਿਯ ਉਡਾਯ ਹਨ ਨੀਚ.

(ਸਿੱਖੀਪ੍ਰਭਾਕਰ)

(੪) ਜਿਸ ਦੇ ਸੱਤ ਗੁਰ ਅਤੇ ੩੪ ਲਘੁ ਹੋਣ, ਓਹ "ਮੱਛ" ਦੋਹਾ ਹੈ.

---

[646] ਇੱਕ ਇੱਕ ਤੁਕ ਦੇ ਦੋ ਦੋ ਚਰਣ ਮੰਨਕੇ ਚਾਰ ਚਰਣ ਹਨ. ਪਹਿਲੇ ਅਤੇ ਤੀਜੇ ਚਰਣ ਦੀ ਤੇਰਾਂ ਮਾਤ੍ਰਾ, ਦੂਜੇ ਅਤੇ ਚੌਥੇ ਦੀਆਂ ਗ੍ਯਾਰਾਂ ਗ੍ਯਾਰਾਂ.

ਉਦਾਹਰਣ-

ਤਪ ਕਿਯ ਜਿਨਹਿ ਸਬਾਸਨਾ,

ਜਨਮ ਅਨਤ ਧਰ ਸੋਇ,

ਪਾਇ ਰਾਜ ਜਗ ਬਿਖੈ ਫਸ,

ਨਰਕ ਗਮਨ ਪੁਨ ਹੋਇ.

(ਨਾਪ੍ਰ)

(੫) ਜਿਸ ਵਿੱਚ ੮. ਗੁਰੁ ਅਤੇ ੩੨ ਲਘੁ ਹੋਣ, ਉਸ ਦੀ "ਕੱਛਪ" ਸੱਗਯਾ ਹੈ.

ਉਦਾਹਰਣ-

ਸ਼੍ਰੀ ਅੰਗਦ ਕੰਦਨ ਵਿਘਨ,

ਬਦਨ ਸੁ ਮੰਗਲ ਸਾਲ,

ਪਰਨ ਸਰਨ ਕਰ ਚਰਨ ਕੋ,

ਨਮਸਕਾਰ ਧਰ ਭਾਲ.

(ਨਾਪ੍ਰ)

(੬)ਜਿਸ ਵਿੱਚ ੯. ਗੁਰੁ ਅਤੇ ੩੦ ਲਘੁ ਹੋਣ, ਓਹ "ਤ੍ਰਿਕਲ" ਦੋਹਾ ਹੈ.

ਉਦਾਹਰਣ-

ਦਰਸ਼ਨ ਸ਼੍ਰੀ ਹਰਿਕ੍ਰਿਸ਼ਨ ਕੋ,

ਨਿਪੁਨ ਹਰਨ ਜੁਰ ਤੀਨ,

ਚਰਨ ਮਨੋਹਰ ਬੰਦਨਾ,

ਜਿਨ ਸਿੱਖਨ ਸੁਖ ਦੀਨ.

(ਨਾਪ੍ਰ)

(੭) ਜਿਸ ਦੋਹਰੇ ਵਿਚ ੧੦. ਗੁਰੁ ਅਤੇ ੨੮ ਲਘੁ ਹੋਣ, ਓਹ "ਵਾਨਰ" ਹੈ.

ਉਦਾਹਰਣ-

ਆਏ ਪ੍ਰਭ ਸਰਨਾਗਤੀ,

ਕਿਰਪਾਨਿਧਿ ਦਇਆਲ,

ਏਕ ਅਖਰ ਹਰਿ ਮਨਿ ਬਸਤ,

ਨਾਨਕ ਹੋਤ ਨਿਹਾਲ. (ਬਾਵਨ)

(੮)ਜਿਸ ਵਿੱਚ ੧੧. ਗੁਰੁ ਅਤੇ ੨੬ ਲਘੁ ਹੋਣ, ਓਹ "ਚਲ" ਅਥਵਾ "ਬਲ" ਸੰਗਯਾ ਦਾ ਦੋਹਰਾ ਹੈ.

ਉਦਾਹਰਣ-

ਸਾਥਿ ਨ ਚਾਲੈ ਬਿਨ ਭਜਨ,

ਬਿਖਿਆ ਸਗਲੀ ਛਾਰ,

ਹਰਿ ਹਰਿ ਨਾਮ ਕਮਾਵਣਾ,

ਨਾਨਕ ਇਹੁ ਧਨ ਸਾਰ.

(ਸੁਖਮਨੀ)

(੯) ਜਿਸ ਦੋਹਰੇ ਵਿੱਚ ੧੨. ਲਘੁ ਅਤੇ ੨੪ ਗੁਰੁ ਹੋਣ, ਉਸ ਦੀ "ਚਾਰਣੀ" ਅਥਵਾ "ਪਯੋਧਰ" ਸੰਗ੍ਯਾ ਹੈ.

ਉਦਾਰਣ-

ਦੀਨ ਦਰਦ ਦੁਖ ਭੰਜਨਾ, ਘਟਿ ਘਟਿ ਨਾਥ ਅਨਾਥ,

ਸਰਣਿ ਤੁਮਾਰੀ ਆਇਓ, ਨਾਨਕ ਕੇ ਪ੍ਰਭ ਸਾਥ.

(ਸੁਖਮਨੀ)

ਜਿਸ ਨੋ ਸਾਜਨ ਰਾਖਸੀ, ਦੁਸਮਨ ਕੌਨ ਵਿਚਾਰ?

ਛ੍ਵੈ ਨ ਸਕੈ ਤਿਹ ਛਾਂਹ ਕੋ, ਨਿਹਫਲ ਜਾਤ ਗਵਾਰ.

(ਵਿਚਿਤ੍ਰ)

(੧੦) ਜਿਸ ਵਿਚ ੧੩. ਗੁਰੁ ਅਤੇ ੨੨ ਲਘੁ ਹੋਣ, ਉਸ ਦਾ ਨਾਉਂ "ਗਯੰਦ" ਅਤੇ ਮਦਕਲ ਹੈ.

ਉਦਾਹਰਣ-

ਏਕ ਸਮੇਂ ਸ੍ਰੀ ਆਤਮਾ, ਉਚਰਯੋ ਮਤਿ ਸੋ ਬੈਨ,

ਸਬ ਪ੍ਰਤਾਪ ਜਗਦੀਸ ਕੋ, ਕਹੋ ਸਕਲ ਬਿਧਿ ਤੈਨ.

(ਅਕਾਲ)

(੧੧) ਚੌਦਾਂ ਗੁਰੁ ਅਤੇ ਵੀਹ ਲਘੁ ਵਾਲਾ ਦੋਹਾ "ਹੰਸ" ਹੈ.

ਉਦਾਹਰਣ-

ਏਕੰਕਾਰਾ ਸਤਿਗੁਰੂ, ਜਿਹ ਪ੍ਰਸਾਦਿ ਸਚੁ ਹੋਇ,

ਵਾਹਗੁਰੂ ਜੀ ਕੀ ਫਤੇ, ਵਿਘਨਵਿਨਾਸ਼ਨ ਸੋਇ.

(ਨਾਪ੍ਰ)

(੧੨) ਪੰਦਰਾਂ ਗੁਰੁ ਅਤੇ ਅਠਾਰਾਂ ਲਘੁ ਜਿਸ ਵਿੱਚ ਹੋਣ, ਓਹ "ਨਰ" ਦੋਹਾ ਹੈ.

ਉਦਾਹਰਣ-

ਹਉਮੈ ਏਹਾ ਜਾਤਿ ਹੈ, ਹਉਮੈ ਕਰਮ ਕਮਾਹਿ,

ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ.

(ਵਾਰ ਆਸਾ)

(੧੩) ਜਿਸ ਵਿੱਚ ੧੬. ਗੁਰੁ ਅਤੇ ੧੬. ਲਘੁ ਹੋਣ, ਓਹ "ਕਰਭ" ਦੋਹਰਾ ਹੈ.

ਉਦਾਹਰਣ-

ਕਹੋ ਸੁ ਸਮ ਕਾਸੋਂ ਕਹੈਂ, ਦਮ ਕੋ ਕਹਾਂ ਕਹੰਤ?

ਕੋ ਸੂਰਾ ਦਾਤਾ ਕਵਨ, ਕਹੋ ਤੰਤ ਕੋ ਮੰਤ?

(ਅਕਾਲ)

(੧੪) ਜਿਸ ਵਿੱਚ ੧੭. ਗੁਰੁ ਅਤੇ ੧੪. ਲਘੁ ਹੋਣ, ਉਸ ਦੀ "ਮਰਕਟ" ਸੰਗ੍ਯਾ ਹੈ.

ਉਦਾਹਰਣ-

ਕਹਾਂ ਨੇਮ ਸੰਜਮ ਕਹਾਂ, ਕਹਾਂ ਗ੍ਯਾਨ ਅਗ੍ਯਾਨ?

ਕੋ ਰੋਗੀ ਸੋਗੀ ਕਵਨ, ਕਹਾਂ ਭਰਮੰ ਕੀ ਹਾਨ?

(ਅਕਾਲ)

(੧੫) ਜਿਸ ਦੋਹਰੇ ਵਿੱਚ ੧੮. ਗੁਰੁ ਅਤੇ ੧੨. ਲਘੁ ਹੋਣ, ਉਸ ਦੀ "ਮੰਡੂਕ" ਸੰਗ੍ਯਾ ਹੈ.

ਉਦਾਹਰਣ-

ਮੈ ਭੋਲਾਵਾ ਪੱਗ ਦਾ ਮਤ ਮੈਲੀ ਹੋਜਾਇ,

ਗਹਿਲਾ ਰੂਹ ਨ ਜਾਣਈ ਸਿਰ ਭੀ ਮਿੱਟੀ ਖਾਇ.

(ਸ. ਫਰੀਦ)

(੧੬) ਜਿਸ ਵਿੱਚ ੧੯. ਗੁਰ ਅਤੇ ੧੦. ਲਘੁ ਹੋਣ, ਉਸ ਦੋਹੇ ਦੀ ਸੰਗ੍ਯਾ "ਸ਼੍ਯੇਨ" ਹੈ.

ਉਦਾਹਰਣ-

ਪੂਰਾ ਪ੍ਰਭ ਆਰਾਧਿਆ, ਪੂਰਾ ਜਾਕਾ ਨਾਉ,

ਨਾਨਕ ਪੂਰਾ ਪਾਇਆ, ਪੂਰੇ ਕੇ ਗੁਣ ਗਾਉ.

(ਸੁਖਮਨੀ)

(੧੭) ਜਿਸ ਵਿੱਚ ੨੧. ਗੁਰੁ ਅਤੇ ੬. ਲਘੁ ਹੋਣ, ਉਸ ਦੋਹੇ ਦੀ "ਭ੍ਰਾਮਰ" ਸੰਗ੍ਯਾ ਹੈ.

ਉਦਾਹਰਣ-

ਸ਼੍ਰੀ ਗੁਰੁ ਪ੍ਯਾਰੇ ਖਾਲਸੇ, ਬਾਂਕੇ ਭਾਰੀ ਬੀਰ,

ਵੈਰਾਗੀ ਤ੍ਯਾਗੀ ਤਪੀ, ਗ੍ਯਾਨੀ ਧ੍ਯਾਨੀ ਧੀਰ.

(ਸਿੱਖੀਪ੍ਰਭਾਕਰ)

(੧੮) ਸਰਬਲੋਹ ਵਿੱਚ "ਦੋਹਰਾ ਵਡਾ" ਸਿਰ ਲੇਖ ਹੇਠ ੨੮ ਮਾਤ੍ਰਾ ਦਾ ਦੋਹਾ ਛੰਦ ਹੈ. ਪਹਿਲਾ ਵਿਸ਼੍ਰਾਮ ੧੫. ਪੁਰ, ਦੂਜਾ ੧੩. ਮਾਤ੍ਰਾ ਪੁਰ, ਅੰਤ ਗੁਰੁ ਲਘੁ.

ਉਦਾਹਰਣ-

ਹੈ ਚਤੁਰ ਬਹੁਤ ਅਸ਼੍ਰਾਕਰੀ, ਨਰਸਿੰਘੀ ਜਿਹ ਕੇ ਭੇਸ,

ਪ੍ਰਹਲਾਦ ਉਬਾਰਜੋ ਦੁਖ ਹਰਜੋ, ਹਰਨਾਖਸ ਹਰਜੋਨਰੇਸ.

ਦੋਹਰਾ ਵਡਾ: ਦੇਖੋ, ਦੋਹਰੇ ਦਾ ਨੰਃ ੧੮

ਦੋਹਾ: ਦੇਖੋ, ਦੋਹਰਾ ੨.

ਦੋਹਾਈ: ਦੇਖੋ, ਦੁਹਾਈ.

ਦੋਹਾਗ, ਦੋਹਾਗਣ: ਦੇਖੋ, ਦੁਹਾਗ ਅਤੇ ਦੁਹਾਗਣ.

ਦੋਹਾਗਣੀ: ਦੇਖੋ, ਦੁਹਾਗਣੀ. "ਦੋਹਾਗਣੀ ਕਿਆ ਨੀਸਾਣੀਆ? ਖਸਮਹੁ ਘੁਥੀਆ ਫਿਰਹਿ ਨਿਮਾਣੀਆ." (ਸ੍ਰੀ ਮਃ ੧. ਜੋਗੀ ਅੰਦਰਿ)

ਦੋਹੀ: ਸੰਗਯਾ- ਦੁਹਾਈ. ਸਹਾਇਤਾ ਲਈ ਪੁਕਾਰ. "ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ." (ਗਉ ਮਃ ੫) ੨. ਨੋਟਿਸ. ਇਤੱਲਾ. "ਦੋਹੀ ਦਿਚੈ ਦੁਰਜਨਾ." (ਸਵਾ ਮਃ ੧) ਪਾਮਰਾਂ ਨੂੰ ਨੋਟਿਸ ਦਿਓ ਕਿ ਉਹ ਫੇਰ ਇਸ ਪਾਸੇ ਨਾ ਆਉਣ। ੩. ਢੰਡੋਰਾ. ਡੌਂਡੀ ਪਿੱਟਕੇ ਦਿੱਤੀ ਹੋਈ ਖ਼ਬਰ. "ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ." (ਸ੍ਰੀ ਅਃ ਮਃ ੧) "ਲਹਿਣੇ ਦੀ ਫੇਰਾਈਐ ਨਾਨਕਾ ਦੋਹੀ." (ਵਾਰ ਰਾਮ ੩) ੪. ਦ੍ਰੋਹੀ ਦੀ ਥਾਂ ਭੀ ਦੋਹੀ ਸ਼ਬਦ ਆਇਆ ਹੈ. "ਮਾਨ ਮੋਹੀ ਪੰਚ ਦੋਹੀ." (ਕਾਨ ਮਃ ੫) ੫. ਦੁਹੀ. ਦੁਹਨ. ਕੀਤੀ. ਚੋਈ.

ਦੋਖ: ਦੋਖ, ਦੋਸ ੧. "ਦੋਖ ਕਰਿ ਕਰਿ ਜੋਰੀ." (ਬਿਹਾ ਛੰਤ ਮਃ ੫) ਪਾਪ ਕਰਕੇ ਮਾਇਆ ਜੋੜੀ। ੨. ਦੇਖੋ, ਦੋਸ ੨. "ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ." (ਆਸਾ ਰਵਿਦਾਸ) ੩. ਦ੍ਵੇਸ਼ ਦੀ ਥਾਂ ਭੀ ਦੋਖ ਸ਼ਬਦ ਆਇਆ ਹੈ. "ਰਾਗ ਦੋਖ ਤੇ ਨਿਆਰੋ." (ਸੂਹੀ ਛੰਤ ਮਃ ੫) "ਰਾਗ ਦੋਖ ਨਿਰਦੋਖ ਹੈ." (ਭਾਗੁ)

ਦੋਖਤ: ਸੰ. ਦੂਸ਼ਿਤ. ਵਿ- ਕਲੰਕਿਤ. ਦੋਸ਼ ਸਹਿਤ.

ਦੋਖ਼ਤਨ: ਫ਼ਾ. دوختن ਸਿਉਣਾ.

ਦੋਖਤ੍ਰਯ: ਤਿੰਨ ਦੋਸ਼- ਵਾਤ, ਪਿਤ ਅਤੇ ਕਫ। ੨. ਮਨ ਵਾਣੀ ਅਤੇ ਕਰਮ ਦੇ ਦੋਸ਼.

ਦੋਖਨ: ਸੰ. ਦੂਸ਼ਣ. ਦੋਸ਼. ਐਬ. ਬੁਰਿਆਈ. "ਦੀਨ- ਦਿਆਲ ਦਯਾਨਿਧਿ ਦੋਖਨ ਦੇਖਤ ਹੈ. ਪਰ ਦੇਤ ਨ ਹਾਰੈ." (ਅਕਾਲ)

ਦੋਖੜਾ: ਸੰਗਯਾ- ਦੋਸ਼. ਅਵਗੁਣ.

ਦੋਖੜੈ: ਦੋਸ਼ ਕਰਕੇ. ਦੋਸ਼ ਸੇ. "ਕੈ ਦੋਖੜੈ ਸੜਿਓਹਿ?" (ਸਵਾ ਮਃ ੧)

ਦੋਖੀ: ਸੰ. ਦ੍ਰੋਸ਼ਿਨ. ਵਿ- ਦੋਸ਼ ਵਾਲਾ. ਕਲੰਕੀ. ਐਬੀ. "ਦੋਖੀ ਆਪਨਾ ਕੀਤਾ ਪਾਇਆ." (ਭੈਰ ਮਃ ੫) ੨. ਸੰ. ਦ੍ਵੇਸ਼ਿਨ- ਦ੍ਵੇਸ਼ੀ. ਵਿਰੋਧੀ. "ਸੰਤ ਕਾ ਦੋਖੀ ਮਹਾ ਹਤਿਆਰਾ." (ਸੁਖਮਨੀ)

ਦੋਖੇ: ਕ੍ਰਿ. ਵਿ- ਦੂਸ਼ਿਤ ਕਰਨ ਪੁਰ. "ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ." (ਸ. ਕਬੀਰ) ੨. ਦੂਸ਼ਿਤ (ਕਲੰਕਿਤ) ਕੀਤੇ.

ਦੋਗਲਾ: ਫ਼ਾ. دوغلہ ਸੰਗਯਾ- ਦੋ ਗ਼ੱਲਹ. ਦੋ ਮਿਲੇ ਹੋਏ ਅੰਨ. ਬੇਰੜਾ। ੨. ਭਾਵ- ਜੋ ਅਸਲ ਬਾਪ ਦਾ ਨਹੀਂ. ਹਰਾਮੀ.

ਦੋਗਾੜਾ: ਦੇਖੋ, ਦੁਗਾੜਾ.

ਦੋਗੁਣਾ: ਦੇਖੋ, ਦੁਗੁਣਾ.

**ਦੋਘੜੀਆ ਮੁਹੂਰਤ:** ਦੇਖੋ, ਦੁਘੜੀਆ ਮੁਹੂਰਤ.

**ਦੋਜ:** ਦੋ ਤੋਂ ਜਣਿਆ ਹੋਇਆ. ਦੋਗਲਾ. ਹਰਾਮੀ. ਜਾਰਜ। ੨. ਦੋਜ਼ਖ਼ ਦਾ ਸੰਖੇਪ. "ਅਜਰਾਈਲ ਨ ਦੋਜ ਠਰਾ." (ਮਾਰੂ ਸੋਲਹੇ ਮਃ ੫) ਅਜ਼ਰਾਈਲ ਦੋਜ਼ਕ ਵਿੱਚ ਨਹੀਂ ਠਹਿਰਾਵੇਗਾ.

**ਦੋਜਕ:** ਦੇਖੋ, ਦੋਜਕੁ.

**ਦੋਜਕਿ:** ਦੋਜ਼ਖ਼ (ਨਰਕ) ਵਿਚ "ਦੋਜਕਿ ਪਾਏ ਸਿਰਜਣਹਾਰੈ." (ਮਾਰੂ ਸੋਲਹੇ ਮਃ ੧) ੨. ਦੋਜ਼ਖ਼ ਨੂੰ. ਨਰਕ ਵੱਲ. "ਨੰਗਾ ਦੋਜਕਿ ਚਾਲਿਆ." (ਵਾਰ ਆਸਾ)

**ਦੋਜਕੁ, ਦੋਜ਼ਖ਼:** ਫ਼ਾ. دوزخ ਦੋਜ਼ਖ਼. ਸੰਗਯਾ- ਦੁੱਖ। ੨. ਰੰਜ। ੩. ਨਰਕ. "ਦੋਜਕੁ ਭਿਸਤੁ ਨਹੀ ਖੈ ਕਾਲਾ." (ਮਾਰੂ ਸੋਲਹੇ ਮਃ ੧)

**ਦੋਜ਼ਖ਼ੀ:** ਫ਼ਾ. دوزخی ਵਿ- ਨਾਰਕੀ. ਦੋਜ਼ਖ਼ ਨਾਲ ਸੰਬੰਧ ਰੱਖਣ ਵਾਲਾ। ੨. ਪਾਪੀ. ਕੁਕਰਮੀ.

**ਦੋਜਨ:** ਦੇਖੋ, ਦੁਰਜਨ, "ਦੋਜਨ ਛਾਡ ਪਰੋ ਹਰਿ ਗਜੋ ਜਨ, ਜੋ ਛਲ ਸੋ ਤਿਹ ਕੋ ਹਰਲੈਹੈ." (ਕ੍ਰਿਸਨਾਵ) ਦੁਰਜਨ (ਵੈਰੀ) ਨੂੰ ਛੱਡਕੇ ਜੋ ਬਚਾਉ ਲਈ ਦੂਜੇ ਪਾਸੇ ਜਾਵੇ, ਅਰ ਸ਼ਰਣਾਗਤ ਨੂੰ ਜੋ ਅੱਗੋਂ ਛਲ ਨਾਲ ਲੁੱਟ ਲਵੇ। ੨. ਦੋ ਜਣੇ. ਦੋ ਜਣਿਆਂ ਵਿੱਚੋਂ ਜੋ ਇੱਕ ਨਿਖੜਕੇ ਧੋਖੇ ਨਾਲ ਲੁੱਟ ਲਵੇ.

**ਦੋਝਾ:** ਸੰ. ਦੋਘ. ਸੰਗਯਾ- ਚੋਣ ਦੀ ਕ੍ਰਿਯਾ। ੨. ਚੋਣ ਦਾ ਪਾਤ੍ਰ। ੩. ਚੋਣਵਾਲਾ. ਦੋਝੀ. ਧਾਰ ਕੱਢਣ ਵਾਲਾ.

**ਦੋਝੀ:** ਦੇਖੋ, ਦੋਝਾ ੩.

**ਦੋਤ:** ਸੰ. ਦਯੋਤ. ਸੰਗਯਾ- ਪ੍ਰਕਾਸ਼. "ਭਾਨੰ ਮਨੋ ਦੋਤ." (ਕਲਕੀ) ੨. ਸ਼੍ਰਿੰਗਾਰ. ਸਜਾਵਟ। ੩. ਵਿ- ਉਦਿਤ. ਉਦਯ ਹੋਇਆ. ਦੇਖੋ, ਦਉਤ.

**ਦੋਤਾ:** ਦੇਖੋ, ਦੋਹਤਾ. ਦੋਹਿਤ੍ਰ। ੨. ਦਯੋਤ ਹੋਇਆ. ਪ੍ਰਕਾਸ਼ਿਤ। ੩. ਫ਼ਾ. دوتا ਦੁਹਿਰਾ। ੪. ਦੋ ਤਹਿ ਦਾ ਵਸਤ੍ਰ। ੫. ਕਮਰ ਦਾ ਝੁਕਾਉ. ਕੁੱਬੇ ਹੋਣ ਦਾ ਭਾਵ.

**ਦੋਤਿ:** ਦਯੂ. ਪ੍ਰਤਿ. ਕ੍ਰਿ. ਵਿ- ਰੋਜ਼ਾਨਾ. ਦਿਨ ਦਿਨ ਦਾ. "ਦੋਤਿ ਉਚਾਪਤਿ ਲੇਖੁ ਨ ਲਿਖੀਐ." (ਤੁਖਾ ਛੰਤ ਮਃ ੧) ਭਾਵ- ਨਿਤਯਕਰਮਾਂ ਦਾ ਹਿਸਾਬ ਨਹੀਂ ਲਿਖੀਦਾ.

**ਦੋਤੁ:** ਦੇਖੋ, ਦੋਤ ੨. "ਨਾਮੁ ਭਣਹੁ ਸਚੁ ਦੋਤੁ ਸਵਾਰਿ." (ਬਸੰ ਅਃ ਮਃ ੧) ਨਾਮ ਜਪੋ ਅਤੇ ਸਚਾ ਸ਼੍ਰਿੰਗਾਰ ਕਰੋ.

**ਦੋਥਣੀ, ਦੋਥਨਿ, ਦੋਥਨੀ:** ਦੋ ਥਨ (ਸ੍ਤਨ) ਧਾਰਣ ਵਾਲੀ ਨਾਰੀ. "ਕੌਨ ਦੋਥਨਿ ਜੋਜਨਾ ਜੁ ਨ ਮਾਨ ਹੈ ਤਿਹ ਤ੍ਰਾਸ?" (ਪਾਰਸਾਵ)

**ਦੋਦੜਾ:** ਰਿਆਸਤ ਜੀਂਦ, ਨਜਾਮਤ ਤਸੀਲ ਸੰਗਰੂਰ, ਥਾਣਾ ਕੁਲਾਰ ਵਿੱਚ ਇੱਕ ਪਿੰਡ ਹੈ. ਇਸ ਤੋਂ ਉੱਤਰ ਵੱਲ ਪਾਸ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਉਹ ਪਿੱਪਲ ਦਾ ਬਿਰਛ ਮੌਜੂਦ ਹੈ, ਜਿਸ ਹੇਠਾਂ ਗੁਰੂ ਜੀ ਵਿਰਾਜੇ ਸਨ. ਰੇਲਵੇ ਸਟੇਸ਼ਨ ਪਟਿਆਲੇ ਤੋਂ ਦੱਖਣ ਪੱਛਮ ੨੦. ਮੀਲ ਹੈ. ਸਮਾਣੇ ਤਕ ਪੱਕੀ ਸੜਕ, ਅੱਗੇ ਦੋ ਮੀਲ ਕੱਚਾ ਰਸਤਾ ਹੈ,

**ਦੋਦਾ:** ਚੰਦ੍ਰਵੰਸ਼ੀ ਰਾਜਪੂਤਾਂ ਦੀ ਇੱਕ ਜਾਤਿ, ਜੋ ਹੁਸ਼ਿਆਰਪੁਰ ਵੱਲ ਵਿਸ਼ੇਸ਼ ਹੈ। ੨. ਮਾਂਟਗੁਮਰੀ ਦੇ ਜਿਲੇ ਮੁਸਲਮਾਨ ਜੱਟਾਂ ਦੀ ਭੀ ਇੱਕ ਜਾਤਿ ਹੈ। ੩. ਸ਼੍ਰੀ ਗੁਰੂ ਨਾਨਕਦੇਵ ਦਾ ਇੱਕ ਪ੍ਰੇਮੀ ਸਿੱਖ, ਜਿਸ ਨੇ ਆਪਣੇ ਨਾਮ ਪੁਰ ਗੁਰਦਾਸਪੁਰ ਦੇ ਜਿਲੇ ਇੱਕ ਪਿੰਡ ਵਸਾਇਆ. ਸ਼ਾਯਦ ਇਹ ਦੋਦਾ ਗੋਤ੍ਰ ਦਾ ਹੋਣ ਕਰਕੇ ਦੋਦਾ ਪ੍ਰਸਿੱਧ ਸੀ.

**ਦੋ ਦਾਹਾ:** ਵਿ- ਬੀਸ. ਵਿੰਸ਼ਤਿ। ੨. ਦੋ ਦਿਣ ਦਾ. "ਤੇ ਪਾਹੁਨ ਦੋ ਦਾਹਾ." (ਆਸਾ ਮਃ ੫) "ਦੋ ਦਿਨ ਪਰਾਹੁਣਾ, ਤੀਏ ਦਿਨ

ਤਾਹੁਣਾ." (ਲੋਕੋ)

ਦੋਦੇਵਾਲ: ਭਾਈ ਸੰਤੋਖਸਿੰਘ ਨੇ ਲਿਖਿਆ ਹੈ ਕਿ "ਦੋਦੇਵਾਲ" ਨਾਉਂ ਦਾ ਟੋਭਾ ਪਿੰਡ ਬਹਿਬਲ ਅਤੇ ਸਿਉਰਾਸੀ ਪਾਸ ਹੈ. ਇਸ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜਸਨਾਨਾ ਕੀਤਾ. "ਦੋਦੇਵਾਲ ਤਾਲ ਕੋ ਨਾਮੂ। ਤਿਸ ਮਹਿਂ ਸੁਨਿ ਜਲ ਕੋ ਅਭਿਰਾਮੂ." (ਗੁਪ੍ਰਸੂ) ਇਸ ਢਾਬ ਦਾ ਨਾਮ ਹੁਣ ਦੋਦੇਵਾਲੀ ਅਤੇ ਮੱਤੇਵਾਲੀ ਪ੍ਰਸਿੱਧ ਹੈ. ਇਹ ਰਿਆਸਤ ਫਰੀਦਕੋਟ ਦੇ ਇਲਾਕੇ ਪਿੰਡ ਸਰਾਵ (ਸਰਾਂਵਾਂ)[647] ਦੇ ਪਾਸ ਹੀ ਹੈ. ਇਸ ਢਾਬ ਤੇ ਮਾਘੀ ਦਾ ਮੇਲਾ ਹੁੰਦਾ ਹੈ.

ਦੋਦੇਵਾਲੀ ਢਾਬ: ਦੇਖੋ ਦੋਦੇਵਾਲ.

ਦੋਧਕ: ਸੰ. ਵਿ- ਆਪਣੇ ਮਾਲਿਕ ਨੂੰ ਠਗਣ ਵਾਲਾ। ੨. ਸੰਗਯਾ- ਇੱਕ ਛੰਦ. ਇਸ ਦਾ ਨਾਮ "ਬੰਧੁ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਤਿੰਨ ਭਗਣ ਦੋ ਗੁਰੂ- SII, SII, SII, S, S.

ਉਦਾਹਰਣ-

ਬਜਾਹ ਸੁਤਾ ਨ੍ਰਿਪ ਕੀ ਨ੍ਰਿਪ ਬਾਲੰ,

ਮਾਂਗ ਬਿਦਾ ਮੁਖ ਲੀਨ ਉਤਾਲੰ,

ਮਾਤਨ ਵਾਰ ਪਿਯੋ ਜਲ ਪਾਨੰ,

ਦੇਖ ਨਰੇਸ ਰਹੇ ਛਬਿ ਮਾਨੰ.

(ਰਾਮਾਵ)

ਬਾਂਹ ਗਹੀ ਤੁ ਨਿਬਾਹਦਈ ਹੈ,

ਪ੍ਰੀਤਿ ਕਦੀ ਨਹਿ ਭੰਗਕਈ ਹੈ,

ਸ੍ਵਾਰਥ ਤਜਾਗ ਕਰੰਤ ਭਲਾਈ,

ਹੈਂ ਗੁਰੁ ਕੇ ਸਿਖ ਤੇ ਜਗ ਭਾਈ,

(ਅ) ਦਸਮਗ੍ਰੰਥ ਵਿੱਚ "ਮੋਦਕ" ਛੰਦ ਦਾ ਨਾਮਾਂਤਰ ਦੋਧਕ ਆਇਆ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਚਾਰ ਭਗਣ- SII, SII, SII, SII.

ਉਦਾਹਰਣ-

ਬਾਹ ਕ੍ਰਿਪਾਣ ਸੁ ਬਾਣ ਭਟੱਗਣ

ਅੰਤ ਗਿਰੇ ਪੁਨ ਜੂਝ ਮਹਾਰਣ. ×××

(ਨਰਸਿੰਘਾਵ)

੩. ਦੁਧਕਲ ਨਾਮ ਦੀ ਬੂਟੀ, ਜਿਸ ਵਿੱਚ ਦੁੱਧ ਹੁੰਦਾ ਹੈ. ਕਈ ਦੱਦ ਰੋਗ ਦੂਰ ਕਰਨ ਲਈ ਇਸ ਦਾ ਦੁੱਧ ਲਾਉਂਦੇ ਹਨ. ਇਹ ਧਾਤੁ ਪੁਸ਼੍ਰ ਕਰਦੀ ਹੈ.

ਦੋਨਉ, ਦੋਨੋ: ਕ੍ਰਿ. ਵਿ- ਦੋਵੇਂ. "ਦੋਨਉ ਬਰਨ ਗਵਾਇ." (ਸ. ਕਬੀਰ)

---

[647] ਸਿਉਰਾਸੀ ਦਾ ਹੀ ਹੁਣ ਇਹ ਨਾਮ ਹੈ.

ਦੋਮ: ਫ਼ਾ. دوم ਦੁਵੁਮ. ਵਿ- ਦੂਜਾ. ਦੂਸਰਾ. "ਦੋਮ ਨ ਸੋਮ, ਏਕ ਸੋ ਆਹੀ." (ਗਉ ਰਵਿਦਾਸ) ਉਸ ਵਿੱਚ ਦੂਜਾ ਅਤੇ ਤੀਜਾ ਭਾਵ ਨਹੀਂ, ਉਹ ਅਦੁਤੀ ਹੈ.

ਦੋਯ: ਵਿ- ਦ੍ਵਯ. ਦੋ.

ਦੋਯਮ: ਦੇਖੋ, ਦੋਮ.

ਦੋਰਾਹ: ਦੋ ਮਾਰਗ. ਪ੍ਰਵ੍ਰਿੱਤਿ ਅਤੇ ਨਿਵ੍ਰਿੱਤਿ। ੨. ਹਿੰਦੂ ਅਤੇ ਮੁਸਲਮਾਨ। ੩. ਆਸ੍ਤਿਕ ਅਤੇ ਨਾਸ੍ਤਿਕ.

ਦੋਰਾਹਾ: ਦੁਵਿਧਾ ਦਾ ਰਾਹ. ਦ੍ਵੈਤ ਮਾਰਗ. "ਦੁਰਮਤਿ ਕਾ ਦੋਰਾਹਾ ਹੈ." (ਮਾਰੂ ਸੋਲਹੇ ਮਃ ੩) ੨. ਦੋਰਾਹੀਂ ਚੱਲਣ ਵਾਲਾ. ਦੋਹੀਂ ਪਾਸੀਂ ਪੈਰ ਧਰਨ ਵਾਲਾ। ੩. ਲੁਦਿਆਨੇ ਦੇ ਜਿਲੇ ਇੱਕ ਥਾਂ, ਜਿੱਥੇ ਰੇਲ ਅਤੇ ਨਹਿਰ ਦੇ ਰਾਹ ਮਿਲਦੇ ਹਨ. ਦੋਰਾਹਾ ਰੇਲਵੇ ਸਟੇਸ਼ਨ ਹੈ, ਜੋ ਲੁਦਿਆਨੇ ਤੋਂ ੧੪. ਮੀਲ ਦੱਖਣ ਪੂਰਵ ਹੈ.

ਦੋਲ: (ਸੰ. ਦੁਲ੍. ਧਾ- ਉਠਾਉਣਾ, ਡੋਲਾਉਣਾ, ਹਿਲਾਉਣਾ) ਸੰਗਯਾ- ਡੋਲਾ। ੨. ਚੰਡੋਲ. ਝੂਲਾ. "ਸੰਪਤ ਦੋਲ ਝੋਲ ਸੰਗ ਝੂਲਤ." (ਸਵੈਯੇ ਸ੍ਰੀ ਮੁਖਵਾਕ ਮਃ ੫) ੩. ਫ਼ਾ. دول ਡੋਲ. ਪਾਣੀ ਕੱਢਣ ਦਾ ਪਾਤ੍ਰ। ੪. ਖੀਸਾ. ਥੈਲੀ। ੫. ਵਿ- ਨਿਰਲੱਜ. ਬੇਸ਼ਰਮ.

ਦੋਲਕ: ਫ਼ਾ. دُہلک ਦੁਹਲਕ. ਸੰਗਯਾ- ਢੋਲਕ. ਮ੍ਰਿਦੰਗ. "ਦੋਲਕ ਦੁਨੀਆ ਵਾਜਹਿ ਵਾਜ." (ਆਸਾ ਮਃ ੧) ਦ੍ਵੈਤਰੂਪ ਢੋਲਕ.

ਦੋਲੀਚਾ: ਦੇਖੋ, ਦੁਲੀਚਾ. "ਤਖਤ ਸਭਾ ਮੰਡਨ ਦੋਲੀਚੇ." (ਗਉ ਮਃ ੫)

ਦੋਵਰ: ਵਿ- ਦੁਹਰਾ. "ਦੋਵਰ ਕੋਟ ਅਰੁ ਤੇਵਰ ਖਾਈ." (ਭੈਰ ਕਬੀਰ) ਆਵਰਣ ਵਿਕ੍ਸ਼ੇਪ ਦਾ ਕੋਟ, ਅਤੇ ਤਿੰਨ ਗੁਣਾਂ ਦੀ ਖਾਈ.

ਦੋਵੇ, ਦੋਵੇਂ: ਕ੍ਰਿ. ਵਿ- ਦੋਨੋਂ.

ਦੋਵੈ: ਕ੍ਰਿ. ਵਿ- ਦੋਨੋ. ਦੋਵੇਂ. "ਦੇਵੈ ਸਿਰੇ ਸਤਿਗੁਰੂ ਨਿਬੇੜੇ" (ਮਾਰੂ ਮਃ ੧) ਭਾਵ- ਜਨਮ ਮਰਨ। ੨. ਦੇਖੋ, ਦੁਵੈਯਾ ਛੰਦ.

ਦੋਵੈ ਸਿਰੇ: ਦੇਖੋ, ਦੋਵੈ ੧.

ਦੋਵੈ ਥਾਂਵ: ਦੋਨੋ ਸ੍ਥਾਨ. ਲੋਕ ਪਰਲੋਕ.

ਦੋੜ: ਸੰਗਯਾ- ਤਹਿਦਾਰ ਰੋਟੀ. ਆਟੇ ਦੇ ਦੋ ਪੇੜਿਆਂ ਦੇ ਵਿੱਚਕਾਰ ਘੀ ਲਗਾਕੇ ਪਕਾਈ ਹੋਈ ਰੋਟੀ. "ਜਵ ਕੀ ਦੋੜ ਕਿਨਹੁ ਅਚਲਈ." (ਗੁਪ੍ਰਸੂ)

ਦੋੜਾ: ਸੰਗਯਾ- ਦੋ ਬਰ ਦਾ ਮੋਟੇ ਸੂਤ ਦਾ ਵਸਤ੍ਰ.

ਦੌ, ਦੌਂ: ਦੇਖੋ, ਦਵ. "ਪਾਨ ਕਰਯੋ ਹਰਿ ਜੀ ਹਰਿ ਦੌਂ ਤਉ." (ਕ੍ਰਿਸਨਾਵ) ਕਿਸਨ ਜੀ ਨੇ ਜੰਗਲ ਦੀ ਅਗਨਿ (ਦਾਵਾਗਨਿ) ਪੀ ਲਈ। ੨. ਦਾਹ. ਜਲਨ. "ਗ੍ਰਿਸ੍ਤੀ ਤੇ ਵਧ ਮਨ ਦੌਂ ਲਾਗੀ." (ਨਾਪ੍ਰ) ਗ੍ਰਿਹਸਥੀ ਨਾਲੋਂ ਵੱਧ ਮਨ ਨੂੰ ਸਾੜਾ ਲੱਗਿਆ ਹੋਇਆ ਹੈ.

ਦੌਧਰ: ਦੇਖੋ, ਗੋਬਿੰਦਗੜ੍ਹ ਨੰਃ ੪.

ਦੌਨ: ਦੇਖੋ, ਦੂਨ ੨. "ਸਿਰੀਨਗਰ ਤੇ ਐਂਚ, ਦੌਨ ਮੇ ਲਜਾਯਹੋਂ." (ਚਰਿਤ੍ਰ ੨੩੭) ੨. ਦੇਖੋ, ਦਮਨ.

ਦੌਨਾ: ਦੇਖੋ, ਡੋਨਾ.

ਦੌਰ: ਸੰਗਯਾ- ਦੌੜ. ਭਾਜ। ੨. ਅ਼. دور ਚੱਕਰ. ਭ੍ਰਮਣ। ੩. ਸਮਾਂ. ਵੇਲਾ। ੪. ਅਣਮੜ੍ਹਿਆ ਨਗਾਰੇ ਦਾ ਗੋਲਾਕਾਰ ਭਾਂਡਾ। ੫. ਤਰਕ ਦਾ ਇੱਕ ਦੋਸ਼. ਚਕ੍ਰਿਕਾ। ੬. ਵਡਾ ਕੂੰਡਾ.

ਦੌਰਪ: ਦ੍ਵਾਰਪਾਲ. ਦੇਖੋ, ਦ੍ਵਾਰਪ.

ਦੌਰਾ: ਸੰਗਯਾ- ਭ੍ਰਮਣ ਦੀ ਕ੍ਰਿਯਾ. ਚੱਕਰ. ਦੇਖੋ, ਦੌਰ ੨.

ਦੌਲਤ: ਦੇਖੋ, ਦਉਲਤ। ੨. ਦੌਲਤਾਂ ਲਈ ਭੀ ਦੌਲਤ ਸ਼ਬਦ ਆਇਆ ਹੈ. ਦੇਖੋ, ਦੌਲਤਾਂ, "ਸ਼੍ਰੀ ਨਾਨਕ ਕੀ ਦੌਲਤ ਦਾਈ." (ਨਾਪ੍ਰ)

ਦੌਲਤਖ਼ਾਨ ਲੋਦੀ: ਇਬਰਾਹੀਮ ਲੋਦੀ ਦਿੱਲੀਪਤਿ ਦਾ ਥਾਪਿਆ ਹੋਇਆ ਪੰਜਾਬ ਦਾ ਗਵਰਨਰ, ਜੋ ਵਿਸ਼ੇਸ਼ ਕਰਕੇ ਸੁਲਤਾਨਪੁਰ ਰਿਹਾ ਕਰਦਾ ਸੀ, ਕਯੋਂਕਿ ਇਹ ਇ਼ਲਾਕ਼ਾ ਦੌਲਤਖ਼ਾਨ ਨੂੰ ਜਾਗੀਰ ਮਿਲਿਆ ਹੋਇਆ ਸੀ. ਇਸੇ ਦਾ ਮੋਦੀਖਾਨਾ ਗੁਰੂ ਨਾਨਕਦੇਵ ਜੀ ਨੇ ਕੀਤਾ ਸੀ. ਬਾਬਰ ਨੂੰ ਇਸ ਨੇ ਗੁਪਤ ਭੇਤ ਅਤੇ ਸਹਾਇਤਾ ਦਾ ਭਰੋਸਾ ਦੇਕੇ ਹਿੰਦੁਸਤਾਨ ਪੁਰ ਚੜ੍ਹਨ ਲਈ ਪ੍ਰੇਰਿਆ ਸੀ, ਪਰ ਅੰਤ ਨੂੰ ਇਸ ਦੀ ਬਾਬਰ ਨਾਲ ਅਣਬਣ ਹੋ ਗਈ ਸੀ. ਦੌਲਤਖ਼ਾਂ ਦਾ ਦੇਹਾਂਤ ਸਨ ੧੫੨੬ ਵਿੱਚ ਹੋਇਆ. ਇਸ ਦੇ ਪੁਤ੍ਰ ਗਾਜ਼ੀਖ਼ਾਂ ਅਤੇ ਦਿਲਾਵਰਖ਼ਾਨ ਬਾਬਰ ਦੇ ਕ੍ਰਿਪਾਪਾਤ੍ਰ ਰਹੇ ਹਨ.

ਦੌਲਤਖ਼ਾਨ ਦੇ ਕਿਲੇ ਦੇ ਚਿੰਨ੍ਹ ਇਸ ਵੇਲੇ ਭੀ ਸੁਲਤਾਨਪੁਰ ਦਿਖਾਈ ਦਿੰਦੇ ਹਨ.

ਦੌਲਤਗੜ੍ਹ: ਜ਼ਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਆਨੰਦਪੁਰ ਦਾ ਦੌਲੇਵਾਲ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੩੨ ਮੀਲ ਅਗਨਿ ਕੋਣ ਹੈ ਅਤੇ ਰੋਪੜ ਤੋਂ ੧੫. ਮੀਲ ਹੈ. ਇਸ ਦੀ ਆਬਾਦੀ ਵਿੱਚ ਹੀ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਚੌਮਾਸੇ ਦੀ ਮੌਸਮ ਇੱਥੇ ਕਈ ਵਾਰ ਆ ਜਾਂਦੇ ਸਨ. ਕਯੋਂਕਿ ਗੁਰੂ ਜੀ ਦੇ ਘੋੜਿਆਂ ਦੀ ਇਹ ਚੌਂਕੀ ਸੀ. ਮੇਲਾ ਹੋਲੇ ਨੂੰ ਹੁੰਦਾ ਹੈ. ਇਸ ਗੁਰਦ੍ਵਾਰੇ ਦੀ ਸੇਵਾ ਬੀਬੀ ਸੰਤਕੌਰ ਜੀ ਪ੍ਰੇਮ ਨਾਲ ਕਰਦੇ ਹਨ. ਇੱਕ ਘੁਮਾਉਂ ਦੇ ਕ਼ਰੀਬ ਜ਼ਮੀਨ ਹੈ, ਜੋ ਗੁਰਦ੍ਵਾਰੇ ਦੇ ਅਹਾਤੇ ਵਾਲੀ ਹੀ ਹੈ. ਇਮਾਰਤ ਕੇਵਲ ਮੰਜੀਸਾਹਿਬ ਹੈ.

ਦੌਲਤਪਰਸ੍ਤ: ਫ਼ਾ. دوَلت پرست ਮਾਇਆ ਦਾ ਸੇਵਕ. ਲਾਲਚੀ.

ਦੌਲਤਪੁਰ: ਜਲੰਧਰ ਦੇ ਜਿਲੇ ਨਵੇਂ ਸ਼ਹਿਰ ਤੋਂ ਦੋ ਕੋਹ ਤੇ ਬਾਬਾ ਸ਼੍ਰੀਚੰਦ ਜੀ ਦਾ ਅਸਥਾਨ ਹੈ. ਦੇਖੋ, ਟਾਲ੍ਹੀਸਾਹਿਬ ਨੰঃ ੪.

ਦੌਲਤਫ਼ਿਜ਼ਾ: ਫ਼ਾ. دوَلت فزا ਦੌਲਤ ਵਧਾਉਣ ਵਾਲਾ. ਸੰਪਦਾ ਦੀ ਵ੍ਰਿੱਧਿ ਕਰਨ ਵਾਲਾ.

ਦੌਲਤਾਂ: ਸ਼੍ਰੀ ਗੁਰੂ ਨਾਨਕਦੇਵ ਜੀ ਦੀ ਦਾਈ. "ਬੋਲੀ ਬਚਨ ਦੌਲਤਾਂ ਦਾਈ." (ਨਾਪ੍ਰ)

ਦੌਲਤਾਬਾਦ: ਹੈਦਰਾਬਾਦ. ਦੱਖਣ ਦੇ ਇ਼ਲਾਕ਼ੇ ਇੱਕ ਪ੍ਰਸਿੱਧ ਨਗਰ, ਜੋ ਜਿਲੇ ਔਰੰਗਾਬਾਦ ਵਿੱਚ ਹੈ. ਇਸ ਦਾ ਪਹਿਲਾ ਨਾਉਂ ਦੇਵਗਿਰਿ ਸੀ. ਕਿਸੇ ਸਮੇਂ ਇਹ ਯਾਦਵਾਂ ਦੀ ਰਾਜਧਾਨੀ ਭੀ ਰਿਹਾ ਹੈ. ਮੁਹੰਮਦ ਬਿਨ ਤੁਗ਼ਲਕ ਨੇ ਇਸ ਦਾ ਨਾਉਂ ਦੌਲਤਾਬਾਦ ਰੱਖਿਆ. ਦੌਲਤਾਬਾਦ ਦਾ ਕਿਲਾ ਕਿਸੇ ਸਮੇਂ ਬਹੁਤ ਮਜ਼ਬੂਤ ਅਤੇ ਸੁੰਦਰ ਸੀ. ਅੱਬੁਲ ਹਸਨ (ਤਾਨੇਸ਼ਾਹ) ਨੂੰ ਔਰੰਗਜ਼ੇਬ ਨੇ ਸਨ ੧੬੮੭ ਵਿੱਚ ਇੱਥੇ ਹੀ ਕੈਦ ਕੀਤਾ ਸੀ. ਚਾਂਦ ਮੀਨਾਰ ਅਤੇ ਚੀਨੀ ਮਹਲ, ਇਸ ਦੇ ਹੁਣ ਭੀ ਦੇਖਣ ਲਾਇਕ ਹਨ. ਦੌਲਤਾਬਾਦ ਪਾਸ ਪਹਾੜ ਖੋਦਕੇ ਬਣਾਏ ਮੰਦਿਰ (Ellora Caves) ਦੇਖਣ ਲਈ ਲੋਕ ਦੂਰੋਂ ਦੂਰੋਂ ਜਾਂਦੇ ਹਨ.

ਦੌਲਾਸ਼ਾਹ: ਗੁਜਰਾਤ (ਪੰਜਾਬ) ਨਿਵਾਸੀ ਮਹਾਤਮਾ ਦਰਵੇਸ਼. ਛੀਵੇਂ ਸਤਿਗੁਰੂ ਵੇਲੇ ਭਾਈ ਗੜ੍ਹੀਏ ਦਾ ਇਸ ਨਾਲ ਮਿਲਾਪ ਹੋਇਆ, ਜਦਕਿ ਭਾਈ ਗੜ੍ਹੀਆ ਪ੍ਰਚਾਰ ਲਈ ਕਸ਼ਮੀਰ ਨੂੰ ਜਾ ਰਿਹਾ ਸੀ. ਸੁਖਮਨੀ ਸਾਹਿਬ ਦਾ ਪਾਠ ਸੁਣਕੇ ਸ਼ਾਹਦੌਲਾ ਸਤਿਗੁਰੂ ਦਾ ਸ਼੍ਰੱਧਾਲੂ ਹੋਇਆ, ਅਤੇ ਛੀਵੇਂ ਸਤਿਗੁਰੂ ਦਾ ਦਰਸ਼ਨ ਕਰਕੇ ਨਿਹਾਲ ਹੋਇਆ. ਇਸ ਦਾ ਦੇਹਾਂਤ ਦਸ਼ਮੇਸ਼ ਵੇਲੇ ਹੋਇਆ, ਇਸ ਨੇ ਕਲਗੀਧਰ ਨੂੰ ੧੦੦ ਤੋਲਾ ਸੋਨਾ ਭੇਟਾ ਭੇਜਿਆ ਸੀ. ਇਸ ਮਹਾਤਮਾ ਦੇ ਨਾਉਂ ਤੋਂ ਗੁਜਰਾਤ ਦਾ ਨਾਉਂ ਦੌਲਾ ਕੀ ਗੁਜਰਾਤ ਹੋ ਗਿਆ ਹੈ.

ਦੌਲਾ ਕੀ ਗੁਜਰਾਤ: ਦੇਖੋ, ਦੌਲਾਸ਼ਾਹ. "ਦੌਲਾ ਕੀ ਗੁਜਰਾਤ ਮੈ ਬਸਤ ਸੁਲੋਕ ਅਪਾਰ." (ਚਰਿਤ੍ਰ ੨੫੫)

ਦੌਲੇਵਾਲ, ਦੌਲੋਵਾਲ: ਦੇਖੋ, ਦੌਲਤਗੜ੍ਹ.

ਦੌੜ: ਸੰ. ਦ੍ਰਵਣ. ਸੰਗਯਾ- ਭਾਜ, ਦਵਸ਼। ੨. ਧਾਵਾ.

ਦੌੜਨਾ: ਕ੍ਰਿ- ਭੱਜਣਾ. ਨੱਠਣਾ. ਦੇਖੋ, ਦੌੜ.

ਦੰਸ: ਸੰ. दंश्. ਧਾ- ਡਸਣਾ. ਦੰਦ ਮਾਰਨਾ, ਕਵਚ ਪਹਿਰਨਾ। ੨. ਸੰਗਯਾ- ਦੰਦ ਨਾਲ ਕੱਟਣ ਦੀ ਕ੍ਰਿਯਾ. ਡਸਣਾ। ੩. ਕਵਚ. ਸੰਜੋ। ੪. ਸੰ. दंस्. ਧਾ- ਬਰਬਾਦ (ਤਬਾਹ) ਕਰਨਾ.

ਦੰਸਕ: ਵਿ- ਡੰਗ ਮਾਰਨ ਵਾਲਾ। ੨. ਸੰਗਯਾ- ਡਸਣ ਵਾਲਾ ਜੀਵ. ਦੇਖੋ, ਦੰਸ.

ਦੰਸ਼ਨ: ਸੰਗਯਾ- ਦੰਦ ਨਾਲ ਕੱਟਣ ਦੀ ਕ੍ਰਿਯਾ। ੨. ਕਵਚ. ਜ਼ਿਰਹ.

ਦੰਸ਼੍ਟ੍ਰ: ਸੰ. ਸੰਗਯਾ- ਦੰਦ. ਦਾਂਤ। ੨. ਸੂਰ. ਸ਼ੂਕਰ.

ਦੰਸ਼੍ਟ੍ਰਾ: ਸੰਗਯਾ- ਜਾੜ੍ਹ. ਦਾੜ੍ਹ। ੨. ਸੂਰ ਦੀ ਹੁੱਡ.

ਦੰਗ: ਫ਼ਾ. دنگ ਵਿ- ਹੈਰਾਨ. ਆਸ਼ਚਰਯ। ੨. ਮੂਰਖ। ੩. ਦਗਧ ਹੋਇਆ. ਜਲਿਆ. "ਦਵੰ ਜਾਨ ਦੰਗੰ." (ਚੰਡੀ ੨) ਮਾਨੋ ਦਾਵਾਅਗਨਿ ਨੇ ਫੂਕ ਦਿੱਤੇ ਹਨ.

ਦੰਗਈ: ਵਿ- ਦੰਗਾ ਕਰਨ ਵਾਲਾ. ਫ਼ਿਸਾਦੀ.

ਦੰਗਲ: ਫ਼ਾ. دنگل ਸੰਗਯਾ- ਪਹਿਲਵਾਨਾਂ ਦਾ ਅਖਾੜਾ। ੨. ਰਣਭੂਮਿ.

ਦੰਗਾ: ਸੰਗਯਾ- ਉਪਦ੍ਰਵ. ਝਗੜਾ, ਬਖੇੜਾ. ਦੇਖੋ, ਦੰਗਲ.

ਦੰਗੈਤ, ਦੰਗੈਲ: ਵਿ- ਦੰਗਾ ਕਰਨ ਵਾਲਾ. ਫ਼ਿਸਾਦੀ ਲੜਾਕਾ.

ਦੰਡ: ਸੰ. दण्ड्. ਧਾ- ਤਾੜਨਾ, ਜੁਰਮਾਨਾ ਕਰਨਾ। ੨. ਸੰਗਯਾ- ਡੰਡਾ. ਸੋਟਾ। ੩. ਸਜ਼ਾ। ੪. ਜੁਰਮਾਨਾ। ੫. ਚਾਰ ਹੱਥ ਦੀ ਲੰਬਾਈ। ੬. ਸੱਠ ਪਲ ਦਾ ਸਮਾਂ ਇੱਕ ਘੜੀ. "ਪਰਸਾਦ ਛਕਕੈ ਏਕ ਦੰਡ ਵਿਰਾਜ." (ਪੰਪ੍ਰ) ੭. ਯਮ। ੮. ਟਾਹਣਾ. ਕਾਂਡ। ੯. ਦੇਖੋ, ਤ੍ਰਿਦੰਡ.

ਦੰਡਕ: ਸੰਗਯਾ- ਦੰਡ ਦੇਣ ਵਾਲਾ ਪੁਰਖ। ੨. ਦੰਡਕ ਵਨ, ਜਿਸ ਦਾ ਨਾਮ ਇਕ੍ਸ਼੍ਵਾਕੁ ਦੇ ਪੁਤ੍ਰ ਦੰਡ ਰਾਜਾ ਤੋਂ ਹੋਇਆ. ਦੰਡਕਾਰਨਯ. ਇਹ ਵਿੰਧ੍ਯ ਪਰਵਤ ਤੋਂ ਲੈਕੇ ਗੋਦਾਵਰੀ ਨਦੀ ਦੇ ਕਿਨਾਰੇ ਤੀਕ ਫੈਲਿਆ ਹੋਇਆ ਹੈ. ਸ਼੍ਰੀ ਰਾਮਚੰਦ੍ਰ ਜੀ ਵਨਵਾਸ ਸਮੇਂ ਇਸ ਵਿੱਚ ਬਹੁਤ ਦਿਨ ਰਹੇ ਹਨ। ੩. ਛੰਦਜਾਤਿ. ਕੇਸ਼ਵਦਾਸ ਆਦਿਕ ਅਨੇਕ ਕਵੀਆਂ ਨੇ ਕਬਿੱਤ ਦੀ ਥਾਂ ਦੰਡਕ ਸ਼ਬਦ ਲਿਖਿਆ ਹੈ, ਪਰ ਇਹ ਸਾਮਾਨ੍ਯ ਨਾਮ ਹੈ, ਵਿਸ਼ੇਸ਼ ਨਹੀਂ.

ਜੋ ਛੰਦ ੩੨ ਮਾਤ੍ਰਾ ਤੋਂ ਅਧਿਕ ਪ੍ਰਤਿਚਰਣ ਰਖਦੇ ਹਨ, ਓਹ ਮਾਤ੍ਰਿਕਦੰਡਕ, ਅਰ ਜੋ ਛੰਦ ਪ੍ਰਤਿਚਰਣ ੨੬ ਅੱਖਰਾਂ ਤੋਂ ਅਧਿਕ ਵਾਲੇ ਹਨ, ਓਹ ਵਰਣਦੰਡਕ ਕਹਾਉਂਦੇ ਹਨ. ਕਰਖਾ ਕਬਿੱਤ ਆਦਿਕ ਛੰਦ "ਦੰਡਕ" ਹਨ.

ਜਿਵੇਂ- ਕੇਵਲ "ਛੰਦ" ਪਦਕਈ ਥਾਈਂ ਕਵਿ ਲਿਖ ਦਿੰਦੇ ਹਨ, ਤਿਵੇਂ "ਦੰਡਕ" ਪਦ ਲਿਖਣ ਦੀ ਰੀਤੀ ਪੈ ਗਈ ਹੈ, ਪਰ ਇਹ ਉੱਤਮ ਨਹੀਂ, ਕਯੋਂਕਿ ਪਾਠਕ ਨੂੰ ਨਿਸ਼ਚੇ ਨਹੀਂ ਹੋ ਸਕਦਾ ਕਿ ਇਹ ਕੇਹੜਾ ਦੰਡਕ ਹੈ.

ਦੰਡਕਲਾ: ਦੇਖੋ, ਸਵੈਯੇ ਦਾ ਰੂਪ ੪.

ਦੰਡਕਾਰ: ਦੰਡਕਾਰਣ੍ਯ ਦਾ ਸੰਖੇਪ. ਦੇਖੋ, ਦੰਡਕ ੨. "ਦੰਡਕਾਰ ਮੇ ਸਦਨ ਸਵਾਰਯੋ." (ਚਰਿਤ੍ਰ ੯੭)

ਦੰਡਕਾਰਨਯ: ਸੰ. दण्डकारण्य. ਦੇਖੋ, ਦੰਡਕ ੨.

ਦੰਡਣ: ਦੇਖੋ, ਦੰਡਨ.

**ਦੰਡਧਰ, ਦੰਡਧਾਰ, ਦੰਡਧਾਰੀ:** ਵਿ- ਦੰਡਿਨ. ਡੰਡਾ ਰੱਖਣ ਵਾਲਾ। ੨. ਸੰਗਯਾ- ਰਾਜਾ। ੩. ਯਮ. ਯਮਰਾਜ। ੪. ਕੁੰਭਕਾਰ (ਕੂਜ਼ੀਗਰ) ਜੋ ਹੱਥ ਵਿੱਚ ਡੰਡਾ ਰੱਖਦਾ ਹੈ। ੫. ਸੰਨਯਾਸੀ ਸਾਧੂ. ਦੰਡੀ. "ਦੰਡਧਾਰ ਜਟਧਾਰੈ ਪੇਖਿਓ." (ਭੈਰ ਮਃ ੫) ੬. ਪੁਲਿਸ ਦਾ ਸਿਪਾਹੀ। ੭. ਚੋਬਦਾਰ। ੮. ਦਸਮ ਗ੍ਰੰਥ ਵਿੱਚ ਦੰਤ ਦੀ ਥਾਂ ਲਿਖਾਰੀ ਨੇ ਦੰਡ ਸ਼ਬਦ ਲਿਖ ਦਿੱਤਾ ਹੈ. "ਬਡੋ ਦੰਡਧਾਰੀ। ਹਣ੍ਯੋ ਕਾਲ ਭਾਰੀ." (ਵਿਚਿਤ੍ਰ) ਵਰਾਹ ਅਵਤਾਰ ਜਿਸ ਦੀਆਂ ਲੰਮੀਆਂ ਹੁੱਡਾਂ ਸਨ, ਉਹ ਭੀ ਕਾਲ ਨੇ ਮਾਰਿਆ। ੯. ਸਲੋਤਰਧਾਰੀ ਨਿਹੰਗਸਿੰਘ.

**ਦੰਡਨ:** ਸੰ. ਸੰਗਯਾ- ਦੰਡ ਦੇਣ ਦੀ ਕ੍ਰਿਯਾ. ਸ਼ਾਸਨ.

**ਦੰਡਨੀਯ:** ਸੰ. ਵਿ- ਦੰਡ ਦੇਣ ਯੋਗ੍ਯ. ਸਜ਼ਾ ਦੇ ਲਾਇਕ਼.

**ਦੰਡਪਾਣਿ:** ਵਿ- ਸੋਟਾ ਹੈ ਜਿਸ ਦੇ ਹੱਥ ਵਿੱਚ। ੨. ਸੰਗਯਾ- ਯਮਰਾਜ। ੩. ਦੇਖੋ, ਦੰਡਧਾਰੀ। ੪. ਸਲੋਤਧਾਰੀ ਨਿਹੰਗਸਿੰਘ। ੫. ਚੋਬਦਾਰ.

**ਦੰਡਵਤ, ਦੰਡਵਤ ਪ੍ਰਣਾਮ:** ਸੰਗਯਾ- ਡੰਡੇ ਵਾਂਙ ਸਿੱਧੇ ਪੈਕੇ ਨਮਸਕਾਰ ਕਰਨ ਦੀ ਕ੍ਰਿਯਾ. ਸਾਸ਼੍ਟਾਂਗ ਪ੍ਰਣਾਮ. ਦੇਖੋ, ਡੰਡਉਤ.

**ਦੰਡਾ:** ਸੰਗਯਾ- ਡੰਡਾ. ਸੋਟਾ. ਦੇਖੋ, ਦੰਡ.

**ਦੰਡਾਦੰਡੀ:** ਡਾਂਗੋਡਾਂਗੀ. ਲਾਠਮਲਾਠੀ.

**ਦੰਡਾਧਿਪ:** ਸੰਗਯਾ- ਦੰਡ- ਅਧਿਪ. ਰਾਜਾ। ੨. ਧਰਮਰਾਜ.

**ਦੰਡਾਰ:** ਸੰ. ਵਿ- ਦੰਡ ਨੂੰ ਪ੍ਰਾਪਤ ਹੋਇਆ। ੨. ਸੰਗਯਾ- ਮਸ੍ਤ ਹਾਥੀ। ੩. ਘੁਮਿਆਰ ਦਾ ਚੱਕ। ੪. ਵਾਹਨ. ਸਵਾਰੀ.

**ਦੰਡਿਤ:** ਵਿ- ਜਿਸ ਨੂੰ ਸਜ਼ਾ ਮਿਲੀ ਹੈ. ਡੰਡਿਆ ਹੋਇਆ.

**ਦੰਡੀ:** ਸੰ. दण्डिन्. ਵਿ- ਜਿਸ ਦੇ ਹੱਥ ਡੰਡਾ ਹੈ। ੨. ਸੰਗਯਾ- ਰਾਜਾ। ੩. ਯਮ। ੪. ਦਰਵਾਨ। ੫. ਚੋਬਦਾਰ। ੬. ਸੰਨਯਾਸੀ ਸਾਧੂ. ਦੇਖੋ, ਤ੍ਰਿਦੰਡੀ। ੭. ਸ਼ਿਵ। ੮. ਨਿਹੰਗਸਿੰਘ। ੯. 'ਦਸ਼ਕੁਮਾਰ' ਅਤੇ 'ਕਾਵ੍ਯਾਦਰਸ਼' ਦਾ ਕਰਤਾ ਇੱਕ ਸੰਸਕ੍ਰਿਤ ਦਾ ਪ੍ਰਸਿੱਧ ਕਵਿ. ਜੋ ਕਾਲਿਦਾਸ ਤੋਂ ਪਹਿਲਾਂ ਹੋਇਆ ਹੈ.

**ਦੰਡ੍ਯ:** ਸੰ. ਵਿ- ਜੋ ਦੰਡ ਦੇਣ ਯੋਗ੍ਯ ਹੋਵੇ. ਜਿਸ ਨੂੰ ਦੰਡ ਦੇਣਾ ਮੁਨਾਸਿਬ ਹੈ.

**ਦੰਤ:** ਸੰ. ਸੰਗਯਾ- ਦਾਂਤ. ਦੰਦ. ਲੈਟਿਨ dent. "ਦੰਤ ਰਸਨ ਸਗਲ ਘਸਿ ਜਾਵਤ." (ਸਵੈਯੇ ਸ੍ਰੀ ਮੁਖਵਾਕ ਮਃ ੫) ਦੰਦਾਂ ਦੇ ਮੁੱਖ ਦੋ ਭੇਦ ਹਨ- ਛੇਦਨਦੰਤ, ਜਿਨ੍ਹਾਂ ਨਾਲ ਕੱਟੀਦਾ ਹੈ. ਚਰਵਣਦੰਤ. ਜਿਨ੍ਹਾਂ ਨਾਲ ਚਿੱਥੀਦਾ ਹੈ। ੨. ਬੱਤੀ ਸੰਖ੍ਯਾ ਦਾ ਬੋਧਕ, ਕ੍ਯੋਂਕਿ ਦੱਤ ੩੨ ਹਨ। ੩. ਦੱਤ (ਦਿੱਤਾ) ਦੀ ਥਾਂ ਭੀ ਦੰਤ ਸ਼ਬਦ ਆਇਆ ਹੈ- "ਸੁਰਦਾਨ ਦੰਤ." (ਗ੍ਯਾਨ) ੪. ਦੈਤ੍ਯ ਦੀ ਥਾਂ ਭੀ ਦੰਤ ਸ਼ਬਦ ਵਰਤਿਆ ਹੈ- "ਆਵਹੁ ਵੈਰੀ ਦੰਤ ਹੇ!" (ਸਲੋਹ)

**ਦੰਤਈਆ:** ਦੇਖੋ, ਤੰਦਈਆ.

**ਦੰਤ ਸ਼ਰਕਰਾ:** ਦੰਦਾਂ ਨੂੰ ਲੱਗਾ ਕੀੜਾ. ਕਰੇੜਾ. ਇਸ ਦਾ ਉੱਤਮ ਇਲਾਜ ਹੈ ਕਿ ਸਿਆਣੇ ਡਾਕਟਰ ਤੋਂ ਖੁਰਚਵਾ ਦਿੱਤਾ ਜਾਵੇ. ਜੋ ਨਿੱਤ ਲੂਣ ਦੰਦਾਂ ਤੇ ਮਲਦੇ ਅਤੇ ਮੈਲ ਜਮਾ ਨਹੀਂ ਹੋਣ ਦਿੰਦੇ, ਉਨ੍ਹਾਂ ਨੂੰ ਇਹ ਰੋਗ ਦੁਖ ਨਹੀਂ ਦਿੰਦਾ.

**ਦੰਤਕ:** ਸੰ. ਸੰਗਯਾ- ਦੰਤ. ਦਾਂਤ। ੨. ਪਹਾੜ ਦੀ ਚੋਟੀ. ਟਿੱਲਾ.

**ਦੰਤਕਥਾ:** ਸੰਗਯਾ- ਸੁਣੀ ਸੁਣਾਈ ਗੱਲ. ਜਿਸ ਬਾਤ ਦਾ ਕੋਈ ਪ੍ਰਮਾਣ ਨਹੀਂ, ਪਰ ਪਰੰਪਰਾ ਤੋਂ ਸੁਣਨ ਵਿੱਚ ਆਉਂਦੀ ਹੈ। ੨. ਵੇਹਲੀ ਚਰਚਾ.

**ਦੰਤਕਾਸ਼੍ਠ:** ਸੰਗਯਾ- ਦਾਤਣ. ਦੰਤਧਾਵਨ.

ਦੰਤਛਦ: ਸੰ. दन्तच्छद्. ਸੰਗਯਾ- ਦੰਦਾਂ ਨੂੰ ਢਕਣ ਵਾਲਾ ਹੋਠ. ਬੁਲ੍ਹ.

ਦੰਤਧਾਰੀ: ਸੰਗਯਾ- ਹਾਥੀ. ਦੰਤੀ। ੨. ਦੇਖੋ, ਦੰਡਧਾਰੀ ੮.

ਦੰਤਧਾਵਨ, ਦੰਤਧਾਵਨੀ: ਦੇਖੋ, ਦਾਤਨ.

ਦੰਤਬਕਤ੍ਰ, ਦੰਤਬਕ੍ਰ: ਸੰ. दन्तवक्त्र. ਦੰਤਵਕ੍ਤ੍ਰ ਵਡੇ ਵਡੇ ਦੰਦ ਹਨ ਜਿਸ ਦੇ ਵਕਤ੍ਰ (ਮੁਖ) ਵਿੱਚ[648] ਪ੍ਰਿਥੁਕੀਤਿੰ ਦੇ ਗਰਭ ਤੋਂ ਵ੍ਰਿੱਧਸ਼ਰਮਾ ਦਾ ਪੁਤ੍ਰ ਕਰੂਸ਼[649] ਦੇਸ਼ ਦਾ ਰਾਜਾ. ਇਹ ਸ਼ਿਸ਼ੁਪਾਲ ਦਾ ਭਾਈ ਅਤੇ ਕ੍ਰਿਸ਼ਨ ਜੀ ਦਾ ਭਾਰੀ ਵੈਰੀ ਸੀ. ਇਸ ਦੀ ਮੌਤ ਕ੍ਰਿਸ਼ਨ ਜੀ ਦੇ ਹੱਥੋਂ ਦਤੀਹੇ ਨਗਰ ਹੋਈ. ਪੁਰਾਨਾਂ ਵਿੱਚ ਇਸ ਨੂੰ ਹਿਰਨਯਕਸ਼ਿਪੁ ਦਾ ਅਵਤਾਰ ਲਿਖਿਆ ਹੈ. ਦੇਖੋ, ਹਰਿਵੰਸ਼ ਅਤੇ ਭਾਗਵਤ. "ਦੰਤਬਕ੍ਰ ਤਬ ਚਿੱਤ ਮੇ ਅਤਿ ਹੀ ਕੋਪ ਬਢਾਇ." (ਕ੍ਰਿਸ਼ਨਾਵ) "ਉਤੈ ਦੰਤਬਕਤ੍ਰਾ ਇਤੈ ਕ੍ਰਿਸਨ ਸੂਰੋ." (ਚਰਿਤ੍ਰ ੧੪੨)

ਦੰਤਰੋਗ: الم السن ਅਲਮੁਲਸਨ. Toohache ਗੰਦੀ ਜੂਠ ਜਮਾ ਰਹਿਣ ਕਰਕੇ, ਕੀੜਾ ਲੱਗਣ ਤੋਂ, ਗਰਮ ਦੁੱਧ ਆਦਿ ਪੀਕੇ ਤੁਰੰਤ ਹੀ ਠੰਢੇ ਪਾਣੀ ਨਾਲ ਕੁਰਲੀ ਕਰਨ ਤੋਂ, ਬਹੁਤ ਬਰਫ ਵਰਤਣ ਤੋਂ, ਲਹੂ ਗੰਦਾ ਹੋਣ ਤੋਂ, ਮਸੂੜਿਆਂ ਵਿੱਚ ਪੀਪ ਪੈਣ ਤੋਂ, ਕਰੇੜਾ (ਦੰਤ ਸ਼ਰਕਰਾ) ਲਗਣ ਤੋਂ, ਦੰਦ ਦਾੜ੍ਹਾਂ ਵਿੱਚ ਪੀੜ ਹੋਇਆ ਕਰਦੀ ਹੈ. ਜੇ ਹਾਜਮਾ ਚੰਗਾ ਰਹੇ ਅਤੇ ਮੂੰਹ ਦੀ ਪੂਰੀ ਸਫਾਈ ਰੱਖੀ ਜਾਵੇ, ਤਾਂ ਕਦੇ ਇਹ ਰੋਗ ਨਹੀਂ ਹੁੰਦਾ.

ਦੰਦ ਦਾੜ੍ਹ ਦੇ ਰੋਗਾਂ ਲਈ ਹੇਠ ਲਿਖੇ ਉੱਤਮ ਇਲਾਜ ਹਨ-

ਤੁੰਮੇ ਦੀ ਜੜ, ਅੱਕ ਜਾਂ ਨਿੰਮ ਦੀ ਦਾਤਣ ਕਰਨੀ. ਅਮ੍ਰਿਤਧਾਰਾ ਦੀਆਂ ਤਿੰਨ ਬੂੰਦਾਂ ਪੀਸੀ ਹੋਈ ਫਟਕੜੀ ਵਿੱਚ ਮਿਲਾਕੇ ਦੰਦਾਂ ਤੇ ਮਲਨਾ. ਨਸ਼ਾਦਰ ਤੇ ਕਲੀ (ਚੂਨਾ) ਸ਼ੀਸ਼ੀ ਵਿੱਚ ਪਾਕੇ ਉਸ ਵਿੱਚ ਥੋੜਾ ਪਾਣੀ ਪਾਉਣਾ ਅਤੇ ਉਸ ਦੀ ਭਾਪ ਸੁੰਘਣੀ. ਹਿੰਗ, ਨਸ਼ਾਦਰ ਕਾਲੀਆਂ ਮਿਰਚਾਂ, ਕਪੂਰ, ਬਾਇਬੜਿੰਗ, ਸੇਂਧਾਲੂਣ, ਸਾਰੇ ਪੀਸਕੇ ਦੁਖਦੇ ਦੰਦ ਦਾੜ੍ਹਾਂ ਤੇ ਮਲਣੇ ਅਤੇ ਖੋੜ ਵਿੱਚ ਭਰਨੇ. ਨਿੱਤ ਦਾਤਣ ਦੇ ਨਾਲ ਲੂਣ ਲਾਕੇ ਘਸਾਉਣਾ.

ਚਮੇਲੀ ਦੇ ਪੱਤੇ. ਇਟਸਿਟ, ਮਘਾਂ, ਕੁਰੰਡ, ਕੁੱਠ, ਬਚ, ਪਿਪਲਾਮੂਲ, ਸੁੰਢ, ਹਰੜ, ਕੱਥ, ਇਹ ਸਭ ਸਮਾਨ ਲੈਕੇ ਚੂਰਣ ਬਣਾਉਣਾ ਅਤੇ ਦੰਦ ਦਾੜ੍ਹਾਂ ਤੇ ਮਲਣਾ.

ਧਾਵੇ ਦੇ ਫੁੱਲ, ਮਾਂਈਂ, ਜੰਗਹਰੜਾਂ, ਮਾਜੂ, ਸੁਪਾਰੀ, ਅਨਾਰ ਦੇ ਫੁੱਲ, ਮਜੀਠ, ਮਸਤਕੀ, ਖੜੀਆ ਮਿੱਟੀ, ਇਲਾਚੀਆਂ, ਕੱਥ, ਫਟਕੜੀ ਦੀ ਖਿੱਲ, ਆਉਲੇ, ਸੇਲਖੜੀ, ਬੋਲ, ਬੂਰਾ ਸੰਦਲ, ਕਪੂਰ, ਬਦਾਮਾਂ ਦੀ ਛਿੱਲ ਦੇ ਕੋਲੇ, ਅੱਕ ਦੀ ਜੜ ਦੇ ਕੋਲੇ, ਕੌਡੀਆਂ ਦੀ ਸੁਆਹ, ਸਭ ਸਮ ਵਜਨ ਲੈਕੇ ਪੀਸਕੇ ਸ਼ੀਸ਼ੀ ਵਿੱਚ ਪਾਰੱਖਣੇ. ਇਹ ਮੰਜਨ ਸਵੇਰ ਸੰਝ ਵਰਤਣ ਤੋਂ ਕੋਈ ਦੰਤ ਰੋਗ ਨਹੀਂ ਹੁੰਦਾ.

ਜੇ ਦੰਦ ਦਾੜ੍ਹ ਦੀ ਜੜ ਵਿੱਚ ਅਜੇਹੀ ਖਰਾਬੀ ਹੋ ਗਈ ਹੈ ਕਿ ਉੱਪਰ ਦੇ ਇਲਾਜ ਨਾਲ ਕੋਈ ਲਾਭ ਨਹੀਂ, ਤਦ ਸਿਆਣੇ ਡਾਕਟਰ ਤੋਂ ਪਟਵਾ ਦੇਣਾ ਅਥਵਾ ਛੇਕ ਵਿੱਚ ਸੁਇਨਾ ਚਾਂਦੀ ਭਰਵਾ ਦੇਣਾ ਹੀ ਸੁਖਦਾਈ ਹੈ.

"ਦੰਤਰੋਗ ਅਰੁ ਦਾੜ੍ਹਪੀੜ ਗਨ." (ਚਰਿਤ੍ਰ ੪੦੫)

ਦੰਤਲੀ: ਵਿ- ਲੰਮੇ ਦੰਦਾਂ ਵਾਲੀ. ਦੇਖੋ, ਦੰਤੁਰ.

ਦੰਤਵਕਤ੍ਰ, ਦੰਤਵਕ੍ਰ: ਦੇਖੋ, ਦੰਤਬਕ੍ਰ.

---

[648] ਦੈਤਵਕ੍ਰ ਦਾ ਅਰਥ ਹੈ ਟੇਢੇ ਦੰਦਾਂ ਵਾਲਾ. ਅਸਲ ਨਾਉਂ ਇਸ ਦਾ ਦੰਤਵਕਤ੍ਰ ਸੀ.

[649] ਵਰਤਮਾਨ ਸ਼ਾਹਬਾਦ ਦਾ ਜਿਲਾ ਕਰੂਸ ਹੈ.

ਦੰਤਵੀਜ: ਸੰ. ਸੰਗ੍ਯਾ- ਦੰਦਾਂ ਜੇਹੇ ਹਨ ਬੀਜ ਜਿਸ ਦੇ, ਅਨਾਰ.

ਦੰਤਾਯੁਧ: ਸੰ. ਸੰਗ੍ਯਾ- ਦੰਦ (ਦੰਤ) ਹਨ ਆਯੁਧ (ਸ਼ਸਤ੍ਰ) ਜਿਸ ਦੇ, ਸੂਰ.

ਦੰਤਾਰ, ਦੰਤਾਰਾ, ਦੰਤਾਲ: ਸੰ. दन्तुर- ਦੰਤੁਰ. ਵਿ- ਜਿਸ ਦੇ ਵਧੇ ਹੋਏ ਦੰਦ ਹੋਣ. ਦਾਂਦੂ। ੨. ਸੰਗ੍ਯਾ- ਹਾਥੀ. ਦੰਤੀ. "ਮਨੋ ਗੱਜ ਜੁੱਟੇ ਦੰਤਾਰੇ." (ਵਿਚਿਤ੍ਰ) ਮਾਨੋ ਵਡੇ ਦੰਦਾਂ ਵਾਲੇ ਹਾਥੀ ਗਰਜਕੇ ਜਟੇ (ਭਿੜੇ) ਹਨ.

ਦੰਤਾਲਯ: ਦੰਤ- ਆਲਯ. ਦੰਦਾਂ ਦਾ ਘਰ, ਮੁਖ, ਮੂੰਹ.

ਦੰਤਾਵਲਿ: ਸੰਗ੍ਯਾ- ਦੰਤ- ਆਵਲਿ. ਦੰਦਾਂ ਦੀ ਪੰਕਤੀ. ਦੰਦਵੀੜੀ.

ਦੰਤਿ: ਸੰਗ੍ਯਾ- ਹਾਥੀ. ਦੇਖੋ, ਦੰਤੀ. "ਸੇਤ ਦੰਤਿ ਮੰਗਾਇਕੈ ਬਹੁ." (ਪਰੀਛਤਰਾਜ)

ਦੰਤਿਨਿ, ਦੰਤਿਨੀ: ਸੰਗ੍ਯਾ- ਦੰਤੀ (ਹਾਥੀ) ਸੈਨਾ, ਗਜਸੈਨਾ. (ਸਨਾਮਾ)

ਦੰਤੀ: ਸੰ. दन्तिन्. ਵਿ- ਲੰਮੇ ਦੰਦਾਂ ਵਾਲਾ। ੨. ਸੰਗ੍ਯਾ- ਹਾਥੀ.

ਦੰਤੁ: ਸੰਗ੍ਯਾ- ਦੈਤਜ. "ਸਭ ਦੰਤੁ ਸਘੱਟੇ." (ਭਾਗੁ) ੨. ਦੰਦਾਂ ਦਾ ਮੰਜਨ. "ਦਾਮੋਦਰੁ ਦੰਤੁ ਲੇਈ." (ਆਸਾ ਮਃ ੧) ੩. ਦੇਖੋ, ਦੰਤ.

ਦੰਤੁਰ, ਦੰਤੁਲ, ਦੰਤੁਲਾ: ਦੇਖੋ, ਦੰਤਾਰ.

ਦੰਤੈਯਾ: ਦੇਖੋ, ਤੰਦਈਆ.

ਦੰਤਜਰਿ, ਦੰਤਜਾਰਿ: ਸੰਗ੍ਯਾ- ਦੰਤੀ- ਅਰਿ. ਹਾਥੀ ਦਾ ਵੈਰੀ, ਸ਼ੇਰ. (ਸਨਾਮਾ)

ਦੰਦ: ਦੇਖੋ, ਦੰਤ. ਫ਼ਾ. دندان ਦੰਦਾਨ। ੨. ਵਿ- ਦਾਇਕ. ਦਾਤਾ. "ਦੁਖਦੰਦ ਹੈ ਸੁਖਕੰਦ ਜੀ." (ਕਲਕੀ) ਦੁਖ ਦੇਣ ਵਾਲੇ ਹਨ ਅਤੇ ਸੁਖ ਦੇ ਕਦਨ (ਨਾਸ਼) ਕਰਤਾ ਹਨ। ੩. ਦੇਖੋ, ਦੁੰਦ। ੪. ਫ਼ਾ. رند ਕੰਗਾਲ. ਨਿਰਧਨ.

ਦੰਦਈਆ: ਸੰਗ੍ਯਾ- ਦੰਸ਼ਨ ਕਰੈਯਾ. ਇੱਕ ਭਿਰੜ (ਭਰਿੰਡ) ਜੇਹਾ ਜੀਵ. ਤੰਦਈਆ.

ਦੰਦ ਖੱਟੇ ਕਰਨੇ: ਕ੍ਰਿ- ਅਜੇਹੀ ਹਾਰ ਦੇਣੀ ਕਿ ਫੇਰ ਮੁਕ਼ਾਬਲਾ ਨਾ ਕਰ ਸਕੇ, ਜਿਵੇਂ ਖੱਟੇ ਦੰਦ ਚੱਬਣ ਵਿੱਚ ਅਸਮਰਥ ਹੋ ਜਾਂਦੇ ਹਨ.

ਦੰਦਖੰਡ: ਸੰਗ੍ਯਾ- ਦੰਦ ਦਾ ਟੁਕੜਾ. ਹਾਥੀਦੰਦ ਦਾ ਖੰਡ. "ਦੰਦਖੰਡ ਕੀਤੇ ਰਾਸਿ." (ਆਸਾ ਅਃ ਮਃ ੧)

ਦੰਦਘਸਾਈ: ਸ਼੍ਰਾਧ ਆਦਿਕਾਂ ਵਿੱਚ ਭੋਜਨ ਕਰਾਉਣ ਪਿੱਛੋਂ ਦਿੱਤੀ ਹੋਈ ਬ੍ਰਾਹਮਣਾਂ ਨੂੰ ਦਕ੍ਸ਼ਿਣਾ. ਪਿਤਰਾਂ ਨੂੰ ਅੰਨ ਆਦਿਕ ਸਾਮਗ੍ਰੀ ਬ੍ਰਾਹਮਣਾਂ ਦ੍ਵਾਰਾ ਪੁਚਾਣ ਦਾ ਨਿਸ਼ਚਾ ਰੱਖਣ ਵਾਲੇ ਹਿੰਦੂ ਖਿਆਲ ਕਰਦੇ ਹਨ ਕਿ ਪਿਤਰਾਂ ਦੀ ਤ੍ਰਿਪਤੀ ਲਈ ਜੋ ਬ੍ਰਾਹਮਣਾਂ ਨੇ ਭੋਜਨ ਕਰਨ ਵੇਲੇ ਸਾਡੇ ਹਿਤ ਵਾਸਤੇ ਦੰਦ ਘਸਾਏ ਹਨ, ਉਸ ਦੇ ਬਦਲੇ ਭੇਟਾ ਦੇਣੀ ਯੋਗ ਹੈ.

ਦੰਦਣ: ਸੰਗ੍ਯਾ- ਮੂਰਛਾ ਵਿੱਚ ਦੰਦਾਂ ਦਾ ਅਜਿਹਾ ਜੁੜਨਾ ਕਿ ਮੂੰਹ ਵਿੱਚ ਕੋਈ ਵਸਤੁ ਨਾ ਜਾ ਸਕੇ. ਦੇਖੋ, ਮੂਰਛਾ.

ਦੰਦਨ: ਦੇਖੋ, ਦੰਦਣ। ੨. ਦ੍ਵੰਦਿਨ (ਦੁੰਦਯੁੱਧ ਕਰਨ ਵਾਲਾ) ਦੀ ਥਾਂ ਭੀ ਦੰਦਨ ਸ਼ਬਦ ਆਇਆ ਹੈ- "ਮਧੁਦੰਦਨਨੀ ਮੁਖ ਤੇ ਆਦਿ ਭਨਿੱਜੀਐ। ਜਾਚਰ ਕਹਿਕੈ ਪੁਨ ਸਬਦੇਂਦ੍ਰ ਕਹਿੱਜੀਐ। ਸਤ੍ਰੁ ਸਬਦ ਕੋ ਤਾਂਕੇ ਅੰਤ ਬਖਾਨੀਐ। ਹੋ ਸਕਲ ਤੁਪਕੋ ਕੇ ਨਾਮ ਪ੍ਰਬੀਨ ਪਛਾਨੀਐ." (ਸਨਾਮਾ) ਮਧੁ ਦੈਤ ਨਾਲ ਦ੍ਵੰਦ੍ਵਯੁੱਧ ਕਰਨ ਵਾਲੇ ਕ੍ਰਿਸ਼ਨ. ਉਨ੍ਹਾਂ ਦੀ ਭਾਰਯਾ ਯਮੁਨਾ, ਉਸ ਤੋਂ ਪੈਦਾ ਹੋਇਆ ਘਾਸ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਇੰਦ੍ਰ ਸ਼ੇਰ, ਉਸ ਦੀ ਵੈਰਣ ਬੰਦੂਕ.

ਦੰਦਲ: ਵਿ- ਦੰਦਿਆਂ ਵਾਲਾ। ੨. ਦੇਖੋ, ਦੰਤਾਲ.

ਦੰਦਾ: ਸੰਗਯਾ- ਆਰੇ ਚਕ੍ਰ ਆਦਿਕ ਦਾ ਤਿੱਖਾ ਦਾਂਤ (ਦੰਦ).

ਦੰਦਾਨ: ਦੇਖੋ, ਦੰਦ.

ਦੰਦਾਂ ਵਿੱਚ ਘਾਹ ਲੈਣਾ: ਕ੍ਰਿ- ਦੀਨ ਹੋਕੇ ਸ਼ਰਨ ਲੈਣੀ. ਇਹ ਸਿੱਧ ਕਰਨਾ ਕਿ ਮੈ ਆਪਦਾ ਪਸ਼ੂ ਹਾਂ. "ਜਿਨ ਦਾਂਤਨ ਘਾਸ ਗਹਯੋ ਬਲ ਹਾਰਯੋ." (ਕ੍ਰਿਸਨਾਵ)

ਦੰਦੀ: ਦੇਖੋ, ਦੰਤੀ। ੨. ਦਾਂਤੋਂ ਮੇਂ. ਦੰਦੀਂ. "ਦੰਦੀ ਮੈਲੁ ਨ ਕਤੁ ਮਨ." (ਵਾਰ ਸੋਰ ਮਃ ੧) ਭਾਵ- ਅਭੱਖ ਨਹੀਂ ਖਾਂਦੇ.

ਦੰਪਤਿ, ਦੰਪਤੀ: ਸੰ. द्म्पती. ਸੰਗਯਾ- ਇਸ ਪੁਰੁਸ਼ (ਪਤਿ ਪਤਨੀ) ਦਾ ਜੋੜਾ.

ਦੰਫ: ਸੰਗਯਾ- ਦੰਭ. ਪਾਖੰਡ। ੨. ਦੇਖੋ, ਦਫਨ.

ਦੰਫਾਨ: ਸੰਗਯਾ- ਦੰਭਕਰਮ. ਪਾਖੰਡਕ੍ਰਿਯਾ। ੨. ਧੋਖੇਬਾਜ਼ੀ. "ਸੰਧਿਆਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ." (ਸਾਰ ਮਃ ੫) ਜਿਵੇਂ ਸਫਰੀ (ਮਾਹੀਗੀਰ) ਮਛੀ ਫੜਨ ਲਈ ਅਚਲ ਹੋਕੇ ਬੈਠਦਾ ਅਰ ਮਾਸ ਅੰਨ ਆਦਿਕ ਦਾ ਲਾਲਚ ਦੇਕੇ ਜੀਵਾਂ ਨੂੰ ਫਸਾਉਂਦਾ ਹੈ, ਤਿਵੇਂ ਹੀ ਪਾਖੰਡੀ ਲੋਗ ਧਾਰਮਿਕ ਕਰਮਾਂ ਦੀ ਆੜ ਵਿਚ ਲੋਕਾਂ ਦਾ ਸ਼ਿਕਾਰ ਕਰਦੇ ਹਨ.

ਦੰਭ: ਸੰ. दभ्. ਅਤੇ दम्भ्. ਧਾ- ਠਗਣਾ, ਚੀਰਨਾ, ਇਕੱਠਾ ਕਰਨਾ। ੨. ਸੰਗਯਾ- ਪਾਖੰਡ. ਢੋਂਗ ਰਚਣ ਦੀ ਕ੍ਰਿਯਾ। ੩. ਛਲ. ਕਪਟ.

ਦੰਭਾਰੀ: ਦੰਭ- ਅਰੀ. ਵਿ- ਪਾਖੰਡ ਦਾ ਵੈਰੀ. ਪਾਖੰਡ- ਵਿਨਾਸ਼ਕ। ੨. ਸੰਗਯਾ- ਗੁਰੂ ਨਾਨਕਦੇਵ. "ਬੋਲੇ ਸ਼੍ਰੀ ਦੰਭਾਰੀ." (ਨਾਪ੍ਰ)

ਦੰਭੀ: ਸੰ. दम्भिन्. ਵਿ- ਪਾਖੰਡੀ। ੨. ਕਪਟੀ. ਛਲੀਆ.

ਦੰਮ: ਦੇਖੋ, ਦਮ। ੨. ਦੇਖੋ, ਦਾਮ। ੩. ਸੰ. द्रम्म्. ਸੋਲਾਂ ਪੈਸਾ ਭਰ ਤੋਲ। ੪. ਭਾਈ ਗੁਰਦਾਸ ਜੀ ਨੇ ਪੈਸੇ ਨੂੰ ਦੰਮ ਲਿਖਿਆ ਹੈ. "ਤ੍ਰੈ ਵੀਹਾਂ ਦੇ ਦੰਮ ਲੈ ਇੱਕ ਰੁਪਈਆ." (ਭਾਗੁ)

ਦੰਮਲ: ਸੰਗਯਾ- ਦੁਹਲ. ਢੋਲ. ਮ੍ਰਿਦੰਗ। ੨. ਦੌਲਤਮੰਦ.

ਦੰਮਾਦੰਮਿ: ਕ੍ਰਿ. ਵਿ- ਦਮ ਬਦਮ. ਹਰ ਵੇਲੇ. "ਮਾਇਆ ਮਨਹੁ ਨ ਵੀਸਰੈ, ਮਾਂਗੈ ਦੰਮਾਦੰਮਿ." (ਸਵਾ ਮਃ ੫)

ਦੰਮੁ: ਸਾਹ. ਸ੍ਵਾਸ. ਦੇਖੋ, ਦਮ. "ਜਿਚਰੁ ਵਿਚਿ ਦੰਮੁ ਹੈ, ਤਿਚਰੁ ਨ ਚੇਤਈ." (ਵਾਰ ਬਿਹਾ ਮਃ ੩) ੨. ਦੇਖੋ, ਦਾਮ.

ਦਯਧਨੀ: ਸ਼ਸਤ੍ਰਨਾਮਮਾਲਾ ਵਿੱਚ ਅਞਾਣ ਲਿਖਾਰੀ ਨੇ ਦ੍ਵਿਪਨੀ (ਹਾਥੀਆਂ ਦੀ ਫੌਜ) ਦੀ ਥਾਂ ਇਹ ਸ਼ਬਦ ਲਿਖ ਦਿੱਤਾ ਹੈ. ਦੇਖੋ, ਅੰਗ ੪੪੨.

ਦਯਾਇਕਰ: ਵਿ- ਦਿਲਵਾਕੇ. ਦਿਲਵਾਕਰ. "ਬਹੁ ਧਨ ਦਯਾਇਕਰ." (ਚਰਿਤ੍ਰ ੨੬੨)

ਦਯਾਰਦਨੀ: ਦੇਖੋ, ਦਿਜਗ ਦਯਾਰਦਨੀਅੰ.

ਦਯੁ: ਸੰ. ਸੰਗਯਾ- ਦਿਨ। ੨. ਆਕਾਸ਼। ੩. ਅਗਨਿ। ੪. ਸ੍ਵਰਗ.

ਦਯੁਚਰ: ਦਯੁ (ਆਕਾਸ਼) ਵਿੱਚ ਚਰ (ਫਿਰਨ ਵਾਲਾ) ਪੀਛੀ. ਸੂਰਯ ਤਾਰੇ ਤੀਰ ਆਦਿ.

ਦਯੁਤਿ: ਸੰ. द्युत. ਧਾ- ਚਮਕਣਾ, ਪ੍ਰਕਾਸ਼ਿਤ ਹੋਣਾ। ੨. ਸੰਗਯਾ- ਚਮਕ। ੩. ਕਿਰਨ। ੪. ਸ਼ੋਭਾ. ਛਬਿ.

ਦਯੁਪ: ਦੇਖੋ, ਦਯੁਪਤਿ। ੨. ਦੇਖੋ, ਦ੍ਵਿਪ.

ਦ੍ਯੁਪਤਿ: ਸੰਗਯਾ- ਦ੍ਯੁ (ਦਿਨ) ਪਤਿ, ਸੂਰਯ.

ਦ੍ਯੁਮਣਿ: ਸੰਗਯਾ- ਦਿਨਮਣਿ. ਸੂਰਯ.

ਦ੍ਯੂ: ਸੰ. ਵਿ- ਜੂਆ ਖੇਡਣ ਵਾਲਾ. ਜੂਆਰੀ.

ਦ੍ਯੂਤ: ਸੰ. ਸੰਗਯਾ- ਜੂਆ।੨ ਧਨ ਆਦਿ ਦਾ ਦਾਉ ਲਾਕੇ ਖੇਡਿਆ ਹੋਇਆ ਖੇਡ.

ਦ੍ਯੂਤਕਾਰ: ਵਿ- ਜੂਏਬਾਜ਼. ਜੂਆਰੀ.

ਦ੍ਯੂਨ: ਸੰ. ਵਿ- ਸ਼ੋਕਾਤੁਰ. ਦੁਖੀ। ੨. ਕਮਜ਼ੋਰ.

ਦ੍ਯੋਸ: ਸੰਗਯਾ- ਦਿਵਸ. ਦਿਨ. "ਦ੍ਯੋਸ ਨਿਸਾ ਸਸਿ ਸੂਰ ਕੈ ਦੀਪ." (ਚੰਡੀ ੧)

ਦ੍ਯੋਸਈਸ: ਸੰਗਯਾ- ਦਿਵਸ- ਈਸ਼. ਦਿਨੇਸ਼. ਸੂਰਯ.

ਦ੍ਯੋਤ: ਸੰ. ਸੰਗਯਾ- ਪ੍ਰਕਾਸ਼. ਉਜਾਲਾ. "ਦ੍ਯੋਤ ਕਰਚੰਡ ਮਹਿ." (ਨਾਪ੍ਰ) ਚੰਡਕਰ (ਸੂਰਯ) ਵਿੱਚ ਜਿਵੇਂ ਪ੍ਰਕਾਸ਼ ਹੈ. ਦੇਖੋ, ਚੰਡਾਂਸ਼ੁ। ੨. ਧੁੱਪ. ਆਤਪ.

ਦ੍ਯੋਤਕ: ਸੰ. ਵਿ- ਪ੍ਰਕਾਸ਼ਕ। ੨. ਦਿਖਾਉਣ ਵਾਲਾ. ਦੱਸਣ ਵਾਲਾ.

ਦ੍ਯੋਤਨ: ਸੰ. ਸੰਗਯਾ- ਪ੍ਰਕਾਸ਼ ਕਰਨ ਦੀ ਕ੍ਰਿਯਾ। ੨. ਦੀਪਕ। ੩. ਵਿ- ਚਮਕੀਲਾ.

ਦ੍ਰਉਣ: ਦੇਖੋ, ਦ੍ਰੋਣ.

ਦ੍ਰਸ਼੍ਟਾ: ਵਿ- ਦ੍ਰਸ਼੍ਟ. ਦੇਖਣ ਵਾਲਾ। ੨. ਪ੍ਰਕਾਸ਼ਕ.

ਦ੍ਰਹੀ: ਦੇਖੋ, ਦ੍ਰੋਹੀ.

ਦ੍ਰਦਨੀ: ਸੰਗਯਾ- ਦ੍ਵਿਰਦ- ਅਨੀ. ਹਾਥੀਆਂ ਦੀ ਸੈਨਾ. (ਸਨਾਮਾ)

ਦ੍ਰਪ: ਦੇਖੋ, ਦਰਪ.

ਦ੍ਰਬ, ਦ੍ਰਬੁ: ਸੰ. ਦ੍ਰਵ੍ਯ. ਸੰਗਯਾ- ਧਨ। ੨. ਵਸ੍ਤੁ. ਪਦਾਰਥ. ਸਾਮਗ੍ਰੀ. "ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ." (ਧਨਾ ਮਃ ੫) ੩. ਦੇਖੋ, ਦਰਬ.

ਦ੍ਰਭ: ਦੇਖੋ, ਦਰਭ.

ਦ੍ਰਮਕ, ਦ੍ਰਮਦ੍ਰਮ: ਅਨੁ. ਢੋਲ ਮ੍ਰਿਦੰਗ ਆਦਿ ਦੀ ਢਮਕ. "ਦ੍ਰਮ ਦ੍ਰਮ ਦ੍ਰਮਕੀ ਮਿਰਦੰਗਾ." (ਨਾਪ੍ਰ)

ਦ੍ਰਵ: ਸੰ. (ਦ੍ਰੁ. ਧਾ- ਦੌੜਨਾ, ਵਹਿਣਾ) ਸੰਗਯਾ- ਵਹਾਉ। ੨. ਪਘਰਾਉ। ੩. ਦੌੜ। ੪. ਵੇਗ। ੫. ਵਿ- ਪਾਣੀ ਜੇਹਾ ਪਤਲਾ.

ਦ੍ਰਵਣ: ਸੰ. ਸੰਗਯਾ- ਵਹਿਣ ਦਾ ਭਾਵ. ਵਹਾਉ। ੨. ਗਮਨ. ਦੌੜ। ੩. ਪਘਰਨ ਅਥਵਾ ਪਸੀਜਣ ਦੀ ਕ੍ਰਿਯਾ। ੪. ਚਿੱਤ ਦੇ ਕੋਮਲ ਹੋਣ ਦੀ ਹਾਲਤ. ਦਿਲ ਦਾ ਪਘਰਨਾ. "ਅਨਿਕ ਜਤਨ ਕਰਿ ਆਤਮ ਨਹਿ ਦ੍ਰਵੈ." (ਸੁਖਮਨੀ) "ਗੁਰਬਾਣੀ ਸੁਨਤ ਮੇਰਾ ਮਨ ਦ੍ਰਵਿਆ." (ਕਾਨ ਅਃ ਮਃ ੪) ੫. ਦੇਖੋ, ਦ੍ਰਵਿਣ.

ਦ੍ਰਵਣਾ: ਦੇਖੋ, ਦ੍ਰਵਣ.

ਦ੍ਰਵਤਾ, ਦ੍ਰਵਤ੍ਵ: ਸੰਗਯਾ- ਪਾਣੀ ਦੀ ਤਰ੍ਹਾਂ ਪਤਲਾ ਹੋਣ ਦਾ ਭਾਵ। ੨. ਪਸੀਜਣ ਦਾ ਕਰਮ.

ਦ੍ਰਵੜ: ਦੇਖੋ, ਦ੍ਰਵਿੜ.

ਦ੍ਰਵਿਆ: ਦੇਖੋ, ਦ੍ਰਵੀਭੂਤ.

ਦ੍ਰਵਿਣ: ਸੰ. ਸੰਗਯਾ- ਧਨ। ੨. ਸੁਇਨਾ. ਕਾਂਚਨ। ੩. ਬਲ. ਪਰਾਕ੍ਰਮ. "ਛੋਡ ਰਣ ਭਜਤ ਦ੍ਰਵਿਣ ਗਣ." (ਕਲਕੀ)

ਦ੍ਰਵਿੜ: ਸੰ. ਸੰਗਯਾ- ਦੱਖਣ ਦਾ ਇੱਕ ਦੇਸ਼, ਜੋ ਉੜੀਸਾ ਦੇ ਦੱਖਣ, ਪੂਰਵੀ ਸਮੁੰਦਰ ਦੇ ਕਿਨਾਰੇ ਰਾਮੇਸ਼੍ਵਰ ਤੀਕ ਹੈ। ੨. ਦ੍ਰਵਿੜ ਦੇਸ਼ ਦਾ ਵਸਨੀਕ। ੩. ਬ੍ਰਾਹਮਣਾਂ ਦੀ ਇੱਕ ਜਾਤਿ, ਜਿਸ ਵਿਚ ਗੁਰਜਰ ਮਹਾਰਾਸ਼੍ਟ੍ਰ ਆਦਿ ਗੋਤ੍ਰ ਹਨ.

ਦ੍ਰਵੀਭੂ, ਦ੍ਰਵੀਭੂਤ: ਵਿ- ਜੋ ਪਾਣੀ ਦੀ ਤਰਾਂ ਪਤਲਾ ਹੋਗਿਆ ਹੋਵੇ. ਪਘਰਿਆ ਹੋਇਆ. ਦ੍ਰਵਿਆ। ੨. ਪਸੀਜਿਆ. ਕ੍ਰਿਪਾਵਾਨ.

ਦ੍ਰਵ੍ਯ: ਸੰ. ਸੰਗਯਾ- ਧਨ। ੨. ਵਸ੍ਤੁ. ਚੀਜ਼। ੩. ਦੇਖੋ, ਦਰਬ ਅਤੇ ਦ੍ਰਵ.

ਦ੍ਰਵ੍ਯ ਵਾਚਕ ਸੰਗਯਾ: ਉਹ ਨਾਮ, ਜੋ ਕਿਸੇ ਦ੍ਰਵ੍ਯ ਦੇ ਸੰਬੰਧ ਨਾਲ ਹੋਵੇ, ਜਿਵੇਂ- ਕਲਗੀਧਰ, ਬਾਜਾਂ ਵਾਲਾ, ਚਕ੍ਰਧਰ, ਪਿਨਾਕੀ ਆਦਿ.

ਦ੍ਰਾਕ, ਦ੍ਰਾਗ: ਸੰ. ਦ੍ਰਾਕ. ਕ੍ਰਿ. ਵਿ- ਛੇਤੀ. ਤੁਰੰਤ ਹੀ. ਸ਼ੀਘ੍ਰਤਾ ਨਾਲ.

ਦ੍ਰਾਵ: ਸੰ. ਸੰਗਯਾ- ਵਹਾਉ। ੨. ਪਸੀਜਣ ਦੀ ਕ੍ਰਿਯਾ। ੩. ਟਪਕਣਾ.

ਦ੍ਰਾਵਕ: ਵਿ- ਪਘਰਾਉਣ ਵਾਲਾ. ਪਤਲਾ ਕਰਨ ਵਾਲਾ। ੨. ਦਿਲ ਪੁਰ ਅਸਰ ਪਾਉਣ ਵਾਲਾ. ੩. ਸੰਗਯਾ- ਸੁਹਾਗਾ। ੪. ਚੰਦ੍ਰਕਾਂਤ ਮਣਿ। ੫. ਜੁਲਾਬ ਦੀ ਦਵਾਈ.

ਦ੍ਰਾਵੜ: ਵਿ- ਦ੍ਰਵਿੜ ਦੇਸ਼ ਨਾਲ ਸੰਬੰਧ ਰੱਖਣ ਵਾਲਾ. ਦੇਖੋ, ਦ੍ਰਵਿੜ। ੨. ਸੰਗਯਾ- ਦ੍ਰਵਿੜ ਦੇਸ਼ ਲਈ ਭੀ ਇਹ ਸ਼ਬਦ ਆਇਆ ਹੈ. "ਮੋਹਨਸਿੰਘ ਸੁਪੁਤ ਸੁਭ ਦ੍ਰਾਵੜ ਦੇਸਹਿ ਏਸ." (ਚਰਿਤ੍ਰ ੮੪)

ਦ੍ਰਾਵਿੜੀ: ਸੰ. ਦ੍ਰਵਿੜ. ਦੇਸ਼ ਵਿੱਚ ਹੋਣ ਵਾਲੀ ਛੋਟੀ ਇਲਾਇਚੀ.

ਦ੍ਰਿ: ਸੰ. ਦ੍ਰ. ਧਾ- ਤੋੜਨਾ, ਫਿਸਲਣਾ, ਅਲਗ ਕਰਨਾ.

ਦ੍ਰਿਸ਼: ਸੰ. ਦ੍ਰਿਸ਼੍. ਧਾ- ਦੇਖਣਾ, ਭਵਿਸ਼੍ਯਤ ਦਾ ਵਿਚਾਰ ਕਰਨਾ, ਸੰਸ਼ਯ (ਸੰਸਾ) ਕਰਨਾ। ੨. ਸੰਗਯਾ- ਦੇਖਣ ਦੀ ਕ੍ਰਿਯਾ। ੩. ਨੇਤ੍ਰ. "ਜਿਸ ਕੇ ਨਹੀ ਅਨਿਕਤਾ ਦ੍ਰਿਸ ਮੇ." (ਗੁਪ੍ਰਸੂ) "ਨਮੋ ਸਰਬਦ੍ਰਿਸੰ." (ਜਾਪੁ)

ਦ੍ਰਿਸਟ: ਸੰ. ਦ੍ਰਿਸ਼੍ਟ- ਦ੍ਰਿਸ਼੍ਟ. ਵਿ- ਵੇਖਿਆ ਹੋਇਆ। ੨. ਪ੍ਰਗਟ. ਪ੍ਰਤ੍ਯਕ੍ਸ਼ (ਪ੍ਰਤੱਖ)

ਦ੍ਰਿਸਟਉ: ਵਿ- ਦੇਖਿਆ ਹੋਇਆ। ੨. ਜੋ ਨਜਰ ਆਉਂਦਾ ਹੈ. ਦ੍ਰਿਸ਼੍ਯਮਾਨ. "ਦ੍ਰਿਸ਼ਟਉ ਕਛੁ ਸੰਗਿ ਨ ਜਾਇ." (ਸਾਰ ਪੜਤਾਲ ਮਃ ੫)

ਦ੍ਰਿਸਟਕੂਟ: ਸੰ. ਅਦ੍ਰਿਸ਼੍ਟਕੂਟ. ਗੂਢ ਛਲ। ੨. ਪਦਾਂ ਵਿਚ ਰੱਖਿਆ ਗੁਪਤ ਅਰਥ ਜੋ ਜਾਣਿਆ ਨਾ ਜਾਵੇ. ਦੇਖੋ, ਪ੍ਰਹੇਲਿਕਾ.

ਦ੍ਰਿਸਟਮਾਨ: ਸੰ. ਦ੍ਰਿਸ਼੍ਯਮਾਨ- ਦ੍ਰਿਸ਼੍ਯਮਾਨ. ਵਿ- ਜੋ ਦਿਖਾਈ ਦੇ ਰਹਿਆ ਹੈ. ਜੋ ਦੀਸਦਾ ਪਿਆ ਹੈ. "ਦ੍ਰਿਸਟਮਾਨ ਹੈ ਸਗਲ ਮਿਥੇਨਾ." (ਮਾਰੂ ਸੋਲਹੇ ਮਃ ੫)

ਦ੍ਰਿਸਟਾਇਆ: ਦ੍ਰਿਸ਼੍ਟਿ- ਆਇਆ. ਨਜਰ ਆਇਆ। ੨. ਵਿਖਾਇਆ. "ਗੁਰਿ ਦ੍ਰਿਸਟਾਇਆ ਸਭਨੀ ਠਾਈ." (ਮਾਰੂ ਸੋਹਲੇ ਮਃ ੫)

ਦ੍ਰਿਸਟਾਗਿਓ: ਦ੍ਰਿਸ਼੍ਟਿ- ਆਗਿਇਓ. ਨਜਰ ਆਇਆ. "ਉਦਿਆਨ ਦ੍ਰਿਸਟਾਗਿਓ." (ਗਉ ਮਃ ੫)

ਦ੍ਰਿਸਟਾਂਤ: ਸੰ. ਦ੍ਰਿਸ਼੍ਟਾਨ੍ਤ. ਸੰਗ੍ਯਾ- ਉਦਾਹਰਣ. ਮਿਸਾਲ। ੨. ਸ਼ਾਸਤ੍ਰ। ੩. ਇੱਕ ਅਰਥਾਲੰਕਾਰ ਕਿਸੇ ਪ੍ਰਸੰਗ ਅਥਵਾ ਵਸ੍ਤੁ ਦਾ ਪੂਰਾ ਗ੍ਯਾਨ ਕਰਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸ੍ਤੁ ਦਾ ਕਥਨ, ਅਰਥਾਤ ਉਪਮੇਯ ਦੀ ਪ੍ਰਤਿਬਿੰਬ ਰੂਪ ਮਿਸ਼ਾਲ ਦਾ ਵਰਣਨ, "ਦ੍ਰਿਸ਼੍ਟਾਂਤ" ਅਲੰਕਾਰ ਹੈ.

ਉਦਾਹਰਣ

ਭਰੀਐ ਹਥੁ ਪੈਰੁ ਤਨੁ ਦੇਹ,

ਪਾਣੀ ਧੋਤੈ ਉਤਰਸੁ ਖੇਹ,

ਮੂਤ ਪਲੀਤੀ ਕਪੜੁ ਹੋਇ,

ਦੇ ਸਾਬੂਣੁ ਲਈਐ ਓਹੁ ਧੋਇ,

ਭਰੀਐ ਮਤਿ ਪਾਪਾ ਕੈ ਸੰਗਿ,

ਓਹੁ ਧੋਪੈ ਨਾਵੈ ਕੈ ਰੰਗਿ.

(ਜਪੁ)

ਰੇ ਮਨ ! ਐਸੀ ਹਰਿ ਸਿਉ ਪ੍ਰੀਤਿ ਕਰਿ

ਜੈਸੀ ਜਲ ਕਮਲੇਹਿ,

ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ××

ਰੇ ਮਨ ! ਐਸੀ ਹਰਿ ਸਿਉ ਪ੍ਰੀਤਿ ਕਰਿ

ਜੈਸੀ ਮਛੁਲੀ ਨੀਰ, ××

ਬਿਨੁ ਜਲ ਘੜੀ ਨ ਜੀਵਈ

ਪ੍ਰਭੁ ਜਾਣੈ ਅਭਪੀਰ,

ਰੇ ਮਨ ! ਐਸੀ ਹਰਿ ਸਿਉ ਪ੍ਰੀਤਿ ਕਰਿ

ਜੈਸੀ ਚਾਤ੍ਰਿਕ ਮੇਹ,

ਸਰ ਭਰਿ ਥਲ ਹਰੀਆਵਲੇ

ਇਕ ਬੂੰਦ ਨ ਪਵਈ ਕੇਹ, ××

ਰੇ ਮਨ ! ਐਸੀ ਹਰਿ ਸਿਉ ਪ੍ਰੀਤਿ ਕਰਿ

ਜੈਸੀ ਜਲ ਦੁਧ ਹੋਇ,

ਆਵਟਣੁ ਆਪੈ ਖਵੈ ਦੁਧ ਕਉ

ਖਪਣਿ ਨ ਦੇਇ, ××

ਰੇ ਮਨ ! ਐਸੀ ਹਰਿ ਸਿਉ ਪ੍ਰੀਤਿ ਕਰਿ

ਜੈਸੀ ਚਕਵੀ ਸੂਰ,

ਖਿਨੁ ਪਲੁ ਨੀਦ ਨ ਸੋਵਈ ਜਾਣਐ ਦੂਰਿ ਹਜੂਰਿ. ××

(ਸ੍ਰੀ ਅਃ ਮਃ ੧)

ਜਿਉ ਬਾਰਕੁ ਪੀ ਖੀਰੁ ਅਘਾਵੈ,

ਜਿਉ ਨਿਰਧਨ ਧਨ ਦੇਖਿ ਸੁਖ ਪਾਵੈ,

ਤ੍ਰਿਖਾਵੰਤ ਜਲ ਪੀਵਤ ਠੰਢਾ,

ਤਿਉ ਹਰਿ ਸੰਗਿ ਇਹੁ ਮਨ ਭੀਨਾ ਜੀਉ,

ਜਿਉ ਅੰਧਿਆਰੈ ਦੀਪਕ ਪ੍ਰਗਾਸਾ,

ਭਰਤਾ ਚਿਤਵਤ ਪੂਰਨ ਆਸਾ,

ਮਿਲਿ ਪ੍ਰੀਤਮ ਜਿਉ ਹੋਤ ਅਨੰਦਾ

ਤਿਉ ਹਰਿਰੰਗਿ ਮਨ ਰੰਗੀਨਾ ਜੀਉ.

(ਮਾਝ ਮਃ ੫)

ਸੁਆਮੀ ਕੋ ਗ੍ਰਿਹੁ ਜਿਉਂ ਸਦਾ

ਸੁਆਨ ਤਜਤ ਨਹੀ ਨਿਤ,

ਨਾਨਕ ਇਹ ਬਿਧਿ ਹਰਿ ਭਜਉ

ਇਕਮਨ ਹੋਇ ਇਕਚਿਤ,

ਤੀਰਥ ਬ੍ਰਤ ਅਰੁ ਦਾਨ ਕਰਿ

ਮਨ ਮਹਿ ਧਰੈ ਗੁਮਾਨੁ,

ਨਾਨਕ ਨਿਹਫਲ ਜਾਤ ਤਿਹ

ਜਿਉ ਕੁੰਚਰ ਇਸਨਾਨੁ.

(ਸਃ ਮਃ ੯)

ਪੁਨ ਗ੍ਰੀਖਮ ਰਿਤੁ ਕੀਨੋ ਜੋਰਾ,

ਤਪਤ ਭਈ ਅਤਿ ਸੈ ਚਹੁੰ ਓਰਾ,

ਤਪਹਿ ਰਿਹਾ ਜਿਮ ਮਤਸਰਧਾਰੀ,

ਤਿਉਂ ਤਪਗਈ ਭੂਮਿਕਾ ਸਾਰੀ.

ਬਹਿਤ ਜੋਰ ਸੋਂ ਤਪਤ ਸਮੀਰਾ,

ਜੋ ਤਾਪਹਿ ਨਰ ਨਾਰਿ ਸ਼ਰੀਰਾ,

ਜਿਉਂ ਖਲ ਉਚਰਹਿ ਬਚਨ ਕੁਢਾਲੀ,

ਰਿਦਾ ਤਪਾਇਦੇਤ ਰਿਸ ਨਾਲੀ.

ਮਾਰਤੰਡ ਕੀ ਚੰਡ ਮਰੀਚਾ,

ਦੁਖੀ ਜੀਵ ਲਘੁ ਤਾਲਨ ਬੀਚਾ,

ਜਿਉਂ ਜਗ ਭਗਤਿਹੀਨ ਹੈ ਪ੍ਰਾਨੀ,

ਜਨਮ ਮਰਨ ਮਾਹਿ ਨਿਤ ਦੁਖਖਾਨੀ.

ਸੂਕੇ ਜਲ ਕਰਦਮ ਬਿਹਰਾਨੀ,

ਜਨ ਪ੍ਰੇਮੀ ਉਰ ਸੀਖ ਸਿਖਾਨੀ.

ਸਹਿਤ ਧੂਰਿ ਬਹੁ ਭ੍ਰਮਤ ਬਘੂਰੇ,

ਜਿਉਂ ਮਤਿ ਭ੍ਰਮਤ ਬਿਨਾ ਗੁਰੁ ਪੂਰੇ.

ਮ੍ਰਿਗਤ੍ਰਿਸ਼ਨਾ ਕੋ ਹੇਰਹਿ ਨੀਰਾ,

ਦੋਰਤ ਮ੍ਰਿਗ ਨਹਿ ਪਾਵਹਿ ਨੀਰਾ,

ਜਿਉਂ ਮਨ ਵਿਸ਼ਯਸੁਖਨ ਹਿਤ ਧਾਈ,

ਤ੍ਰਿਪਤ ਨ ਹੋਤ ਨ ਬਿਰਤਾ ਪਾਈ.

ਪਸੁ ਪੰਛੀ ਹੇਰਹਿਂ ਤਰੁਛਾਯਾ,

ਬੈਸਹਿਂ ਤਪਤਹਿ ਤੇ ਸੁਖ ਪਾਯਾ,

ਬਹੁਤ ਜਗਤ ਦੁਖ ਤੇ ਜਿਗਜਾਸੀ,

ਜਿਉਂ ਮਿਲ ਸਤਸੰਗਤਿ ਸੁਖਰਾਸੀ.

ਭਾਵਹਿ ਬਹੁ ਸੀਤਲਤਾ ਪਾਨੀ,

ਭਾਗ ਜਗੇ ਜਿਉਂ ਗੁਰੁ ਕੀ ਬਾਨੀ.

ਅਸ ਗ੍ਰੀਖਮ ਮਹਿਂ ਸ੍ਰੀ ਜਗਸਾਈ,

ਬਿਚਰਤ ਲੀਲਾ ਕਰਤ ਸੁਹਾਈ.

(ਨਾਪ੍ਰ)

ਦ੍ਰਿਸ਼ਟਾਂਤਕਰ: ਸ਼ਸਤ੍ਰਨਾਮਮਾਲਾ ਵਿੱਚ ਲਿਖਾਰੀ ਨੇ ਦੁਸ਼ਟਾਂਤਕਰ ਦੀ ਥਾਂ ਇਹ ਸ਼ਬਦ ਭੁੱਲਕੇ ਲਿਖਿਆ ਹੈ. ਦੇਖੋ, ਦੁਸਟਾਂਤਕਰ.

ਦ੍ਰਿਸਟਾਨਾ, ਦ੍ਰਿਸਟਾਨਿਓ: ਦ੍ਰਿਸ਼੍ਟਿ ਵਿੱਚ ਆਇਆ. ਨਜਰ ਆਇਆ. "ਜੈਸਾ ਸਾ. ਤੈਸਾ ਦ੍ਰਿਸ਼ਟਾਨਾ." (ਸੁਖਮਨੀ) "ਕਵਨੁ ਰੂਪ ਦ੍ਰਿਸਟਾਨਿਓ?" (ਸਾਰ ਮਃ ੫)

ਦ੍ਰਿਸਟਾਰ: ਵਿ- ਦੇਖਣ ਅਰ੍ਹ (ਯੋਗ੍ਯ). "ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ?" (ਸੁਖਮਨੀ)

ਦ੍ਰਿਸ਼ਟਾਰੀ: ਦ੍ਰਿਸ਼੍ਟਿ- ਧਾਰੀ. ਨਜਰ ਕੀਤੀ। ੨. ਨਜਰ ਆਉਂਦਾ ਹੈ. ਦਿਖਾਈ ਦਿੰਦਾ ਹੈ. "ਜੈਸੋ ਸਾ, ਤੈਸੋ ਦ੍ਰਿਸਟਾਰੀ." (ਕਾਨ ਮਃ ੫)

ਦ੍ਰਿਸਟਾਰੰ: ਦ੍ਰਿਸ਼੍ਟਿ- ਆ ਰਿਹਾ ਹੈ. "ਨਿਰਗੁਨ ਤੇ ਸਰਗੁਨ ਦ੍ਰਿਸਟਾਰੰ." (ਬਾਵਨ)

ਦ੍ਰਿਸਟਿ: ਸੰ. ਦ੍ਰਿਸ਼੍ਟਿ. ਸੰਗਯਾ- ਨੇਤ੍ਰ ਦੀ ਸ਼ਕਤਿ. ਨਜਰ. "ਦ੍ਰਿਸਟਿ ਆਵੈ ਸਭ ਏਕੰਕਾਰ." (ਗਉ ਮਃ ੫) ੨. ਨੇਤ੍ਰ। ੩. ਧ੍ਯਾਨ. ਵਿਚਾਰ। ੪. ਦੇਖੋ, ਦ੍ਰਿਸਟਿ ਅਨਦ੍ਰਿਸਟਿ.

ਦ੍ਰਿਸਟਿ ਅਨਦ੍ਰਿਸਟਿ: ਪ੍ਰਤੱਖ ਅਤੇ ਲੋਪ ਹੋਣ ਦਾ ਭਾਵ. ਜਾਹਿਰ ਅਤੇ ਗਾਯਬ ਹੋਣ ਦੀ ਹਾਲਤ. "ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ। ਆਗਿਆਕਾਰੀ ਧਾਰੀ ਸਭ ਸ੍ਰਿਸਟਿ." (ਸੁਖਮਨੀ)

ਦ੍ਰਿਸਟਿਗੋਚਰ: ਵਿ- ਜੋ ਦੇਖਣ ਵਿਚ ਆਸਕੇ. ਅੱਖਾਂ ਦ੍ਵਾਰਾ ਜਿਸ ਦਾ ਗ੍ਯਾਨ ਹੋਵੇ.

ਦ੍ਰਿਸਟਿਬੰਦ, ਦ੍ਰਿਸਿਟਬੰਧ: ਸੰਗਯਾ- ਨਜਰਬੰਦ. ਤੰਤ੍ਰਸ਼ਾਸਤ੍ਰ ਅਨੁਸਾਰ ਏਜਹੀ ਕ੍ਰਿਯਾ, ਜਿਸ ਤੋਂ ਲੋਕਾਂ ਦੀਆਂ ਅੱਖਾਂ

ਯਥਾਰਥ ਵਸਤੁ ਨ ਦੇਖ ਸਕਣ, ਕਿੰਤੂ ਹੋਰ ਦਾ ਹੋਰ ਵੇਖਣ. "ਦ੍ਰਿਸਟਿਬੰਦ ਕਰਤੀ ਅਸ ਭਈ." (ਚਰਿਤ੍ਰ ੩੫੧) ੨. ਹੱਥ ਦੀ ਅਜੇਹੀ ਚਾਲਾਕੀ ਕਿ ਖੇਡ ਦੀ ਅਸਲੀਯਤ ਨੂੰ ਲੋਕਾਂ ਦੀ ਅੱਖ ਨਾ ਤਾੜ ਸਕੇ.

ਦ੍ਰਿਸਟਿਭੋਗ: ਦੇਖੋ, ਦ੍ਰਿਸ੍ਰਿਭੋਗ.

ਦ੍ਰਿਸਟਿਮਾਨ: ਦੇਖੋ, ਦ੍ਰਿਸਟਮਾਨ. "ਦ੍ਰਿਸਟਿਮਾਨ ਸਭ ਬਿਨਸੀਐ." (ਬਿਲਾ ਮਃ ੫)

ਦ੍ਰਿਸਟੀ: ਦੇਖੋ, ਦ੍ਰਿਸਟਿ.

ਦ੍ਰਿਸਟੀਜਾ: ਵਿ- ਦ੍ਰਿਸ਼੍ਟਿ- ਜਾਤ. ਨਜਰ ਤੋਂ ਪੈਦਾ ਹੋਇਆ. "ਅਮਿਉ ਤੇਰੀ ਦ੍ਰਿਸਟੀਜਾ ਹੇ." (ਮਾਰੂ ਸੋਹਲੇ ਮਃ ੫)

ਦ੍ਰਿਸਟੇਹ: ਦੇਖਿਆ ਹੈ. ਦ੍ਰਿਸ਼੍ਟਿ ਆਇਆ ਹੈ. ਦੇਖੀਦਾ ਹੈ. "ਨਿਰਮਲ ਦ੍ਰਿਸਟੇਹ." (ਬਿਲਾ ਮਃ ੫)

ਦ੍ਰਿਸਟੇਣ: ਦੇਖਣ ਕਰਕੇ ਦੇਖਣ ਤੋਂ. "ਮਰਣੋ ਦ੍ਰਿਸਟੇਣ ਮਿਥਿਆ." (ਗਾਥਾ) ਮਰਣ (ਵਿਨਸਨ) ਵਾਲੇ ਪਦਾਰਥ ਦੇਖਣ ਤੋਂ, ਉਨ੍ਹਾਂ ਦੀ ਅਸਤ੍ਯਤਾ ਪ੍ਰਤੀਤ ਹੁੰਦੀ ਹੈ.

ਦ੍ਰਿਸਟੇਤਾ: ਦ੍ਰਿਸ਼੍ਟਿ ਦੇਤਾ. ਦਿਖਾਈ ਦਿੰਦਾ. "ਜਬ ਅਕਾਰੁ ਇਹ ਕਛੁ ਨ ਦ੍ਰਿਸਟੇਤਾ." (ਸੁਖਮਨੀ)

ਦ੍ਰਿਸਟੈ: ਦਿਖਾਈ ਦਿੰਦਾ ਹੈ. ਦ੍ਰਿਸ਼੍ਟਿ ਵਿਚ ਆਉਂਦਾ ਹੈ. "ਦ੍ਰਿਸਟੈ ਏਕ ਸਰਬ ਮੇ ਸੋਈ." (ਸਲੋਹ)

ਦ੍ਰਿਸਟੰਗਨਾ: ਦ੍ਰਿਸ਼੍ਟਿ ਮੇਂ ਗਣਨਾ. "ਅਮਿਓਧਾਰ ਦ੍ਰਿਸਟੰਗਨਾ." (ਮਾਰੂ ਸੋਲਹੇ ਮਃ ੫) ਕਰਤਾਰ ਦੀ ਕ੍ਰਿਪਾਦ੍ਰਿਸ਼੍ਟਿ ਵਿਚ ਅਮ੍ਰਿਤਧਾਰਾ ਦੀ ਗਣਨਾ ਹੈ.

ਦ੍ਰਿਸਟੰਤ, ਦ੍ਰਿਸਟੰਤਿ: ਦਿਖਾਈ ਦਿੰਦਾ ਹੈ. ਨਜਰ ਆਉਂਦਾ ਹੈ. "ਦ੍ਰਿਸਟੰਤ ਏਕੋ ਸੁਨੀਅੰਤ ਏਕੋ." (ਵਾਰ ਜੈਤ) ੨. ਦੇਖਦਾ. ਤੱਕਦਾ. "ਨਹ ਦ੍ਰਿਸਟੰਤਿ ਜਮਦੂਤਨਹ." (ਸਹਸ ਮਃ ੫)

ਦ੍ਰਿਸ਼ਦਵਤੀ: ਦੇਖੋ, ਘੱਗਰ.

ਦ੍ਰਿਸ਼ਿ, ਦ੍ਰਿਸ਼ੀ: ਸੰ. ਦ੍ਰਿਸ਼ਿ ਅਤੇ ਦ੍ਰਿਸ਼ੀ. ਸੰਗਯਾ- ਦ੍ਰਿਸ਼੍ਟਿ. ਨਜਰ। ੨. ਪ੍ਰਕਾਸ਼. ਚਮਕ। ੩. ਸ਼ਾਸਤ੍ਰ। ੪. ਨੇਤ੍ਰ.

ਦ੍ਰਿਸ਼੍ਰ: ਦੇਖੋ, ਦ੍ਰਿਸਟ.

ਦ੍ਰਿਸ੍ਰਿ: ਦੇਖੋ, ਦ੍ਰਿਸਟਿ.

ਦ੍ਰਿਸ੍ਰਿਭੋਗ: ਸੰਗਯਾ- ਦ੍ਰਿਸ਼੍ਟਿਮੈਥੁਨ. ਨਜਰ ਨਾਲ ਸੰਭੋਗ ਕਰਨ ਦੀ ਕ੍ਰਿਯਾ. "ਦ੍ਰਿਸ੍ਰਿਭੋਗ ਕੀ ਇਹ ਠਾਂ ਰੀਤੀ." (ਨਾਪ੍ਰ)

ਦ੍ਰਿਸ਼੍ਯ: ਵਿ- ਜੋ ਦੇਖਣ ਵਿੱਚ ਆ ਸਕੇ. ਨੇਤ੍ਰਾਂ ਨਾਲ ਦੇਖਿਆ ਜਾ ਸਕੇ। ੨. ਦੇਖਣ ਯੋਗ੍ਯ। ੩. ਸੁੰਦਰ। ੪. ਸੰਗਯਾ- ਦੇਖਣ

ਯੋਗ ਵਸ੍ਤੁ। ੫. ਤਮਾਸ਼ਾ. ਨਾਟਕ.

ਦ੍ਰਿਸ਼੍ਯ ਕਾਵ੍ਯ: ਉਹ ਵਾਕ੍ਯ, ਜੋ ਰੰਗਭੂਮਿ (ਅਖਾੜੇ) ਵਿਚ ਦਿਖਾਇਆ ਜਾਵੇ. ਨਾਟਕ.

ਦ੍ਰਿਸ਼੍ਯਮਾਨ: ਦੇਖੋ, ਦ੍ਰਿਸਟਮਾਨ.

ਦ੍ਰਿਕ, ਦ੍ਰਿਗ: ਸੰ. दृक. ਸੰਗ੍ਯਾ- ਨੇਤ੍ਰ. ਅੱਖ। ੨. ਦੋ ਦੀ ਗਿਣਤੀ ਦਾ ਬੋਧਕ, ਕ੍ਯੋਂਕਿ ਨੇਤ੍ਰ ਦੋ ਹਨ। "ਸੰਮਤ ਸੋਮ ਔ ਤੱਤ ਮਿਲੇ ਦ੍ਰਿਗ ਰੁੱਤ ਸਭੈ ਜਗ ਮੰਗਲ ਛਾਯਾ." (ਗੁਵਿ ੬)[650] ਸ੍ਰੀ ਗੁਰੂ ਨਾਨਕਦੇਵ ਜੀ ਦਾ ਜਨਮ ਸਾਲ ੧੫੨੬.

ਦ੍ਰਿਗੀ: ਵਿ- ਨੇਤ੍ਰਾਂ ਵਾਲਾ। ੨. ਸੰਗ੍ਯਾ- ਹਰਿਣ. ਮ੍ਰਿਗ, ਉੱਤਮ ਹਨ ਨੇਤ੍ਰ ਜਿਸ ਦੇ. (ਸਨਾਮਾ)

ਦ੍ਰਿਗੰਚਲ: ਸੰ. दृगञ्चल ਸੰਗ੍ਯਾ- ਦ੍ਰਿਗ- ਅੰਚਲ. ਅੱਖ ਦਾ ਪੜਦਾ, ਪਲਕ. "ਚਖ ਜਿਨ ਚੰਚਲ ਨਚਤ ਦ੍ਰਿੰਗਚਲ." (ਗੁਪ੍ਰਸੂ)

ਦ੍ਰਿਢ: ਸੰ. ਵਿ- ਜੋ ਕਸਿਆ ਹੋਇਆ ਹੈ. ਜੋ ਢਿੱਲਾ ਨਹੀਂ। ੨. ਕਰੜਾ. ਸਖ਼ਤ। ੩. ਬਲਵਾਨ। ੪. ਨਿਡਰ। ੫. ਨਿਸ਼੍ਚਿਤ। ੬. ਸੰਗ੍ਯਾ- ਲੋਹਾ। ੭. ਵਿਸ਼ਨੁ। ੮. ਧ੍ਰਿਤਰਾਸ਼੍ਟ੍ਰ ਦਾ ਇੱਕ ਪੁਤ੍ਰ.

ਦ੍ਰਿਢਮੁਸ਼੍ਟਿ: ਮਜਬੂਤ. ਮੁੱਠ (ਕ਼ਬਜੇ) ਵਾਲਾ ਖੜਗ। ੨. ਕੰਜੂਸ, ਜੋ ਮੁੱਠ ਨਹੀਂ ਖੋਲ੍ਹਦਾ.

ਦ੍ਰਿਢਵ੍ਰਤੀ: ਸੰਗ੍ਯਾ- ਨੇਮ ਦਾ ਪੱਕਾ ਭੀਸ਼ਮਪਿਤਾਮਾ। ੨. ਸ਼੍ਰੀ ਗੁਰੂ ਅਰਜਨ ਦੇਵ ਜੀ। ੩. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ। ੪. ਸ਼੍ਰੀ ਗੁਰੂ ਗੋਬਿੰਦਸਿੰਘ ਜੀ.

ਦ੍ਰਿਤ: ਸੰ. दृत. ਵਿ- ਆਦਰ ਸਹਿਤ. ਸੰਮਾਨਿਤ। ੨. ਪੜਿਆ ਹੋਇਆ. ਚੀਰਿਆ.

ਦ੍ਰਿਤਿ: ਸੰ. दृति. ਸੰਗ੍ਯਾ- ਚੰਮ ਦੀ ਥੈਲੀ। ੨. ਮਸ਼ਕ. ਕੁੱਪਾ। ੩. ਨਦੀ ਪਾਰ ਕਰਨ ਵਾਲੀ ਸਹਨਾਈ। ੪. ਮੱਛੀ। ੫. ਗਾਂ ਬੈਲ ਦੇ ਗਲ ਲਟਕਦਾ ਹੋਇਆ ਚਮੜਾ। ੬. ਮੇਘ. ਬੱਦਲ.

ਦ੍ਰਿਤਿਪੁਟ: ਸੰਗ੍ਯਾ- ਬੋਕਾ. ਚਰਸ. ਦੇਖੋ, ਦ੍ਰਿਤਿ.

ਦ੍ਰਿਦਿ: ਦੇਖੋ, ਦ੍ਰਿਤਿ. "ਦ੍ਰਿਦਿ ਸਾਗਰ ਤੇ ਲੇਹੁ ਉਬਾਰ." (ਸਲੋਹ) ਸਹਨਾਈ ਰੂਪ ਹੋਕੇ ਉਧਾਰ ਕਰੋ.

ਦ੍ਰਿਦ੍ਰ: ਦੇਖੋ, ਦਰਿਦ੍ਰ.

ਦ੍ਰਿਬ: ਦੇਖੋ, ਦ੍ਰਵ੍ਯ. "ਅਖੁੱਟ ਤੁੱਟ ਦ੍ਰਿਬਕੰ." (ਗ੍ਯਾਨ)

ਦ੍ਰਿਬਹਾ: ਸੰਗ੍ਯਾ- ਦ੍ਰਵ੍ਯ ਹਰਣ ਵਾਲਾ, ਠਗ. (ਸਨਾਮਾ)

ਦ੍ਰਿੜ: ਦੇਖੋ, ਦ੍ਰਿਢ. "ਦ੍ਰਿੜ ਭਗਤਿ ਸਚੀ ਜੀਉ." (ਗਉ ਛੰਤ ਮਃ ੩)

ਦ੍ਰਿੜਈਆ: ਦ੍ਰਿਢ ਕੀਤੀ ਹੈ. ਦ੍ਰਿਢ ਕਰਾਈ ਹੈ. "ਧਰਮੁ ਕਰਹੁ ਖਟੁ ਕਰਮ ਦ੍ਰਿੜਈਆ." (ਬਿਲਾ ਅਃ ਮਃ ੪) ੨. ਦ੍ਰਿਢ ਕਰਨੇ ਵਾਲਾ। ੩. ਦ੍ਰਿਢ ਕਰਾਉਣ ਵਾਲਾ. "ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ." (ਬਿਲਾ ਅਃ ਮਃ ੪)

ਦ੍ਰਿੜਤਾ: ਸੰ. दृढता. ਸੰਗ੍ਯਾ- ਪਕਿਆਈ. ਮਜਬੂਤੀ। ੨. ਕਠੋਰਤਾ। ੩. ਸ੍ਥਿਰਤਾ. ਕ਼ਾਇਮੀ। ੪. ਅਟਲ ਸ਼੍ਰੱਧਾ. "ਐਸੀ ਦ੍ਰਿੜਤਾ ਤਾਕੈ ਹੋਇ." (ਗਉ ਅਃ ਮਃ ੫)

ਦ੍ਰਿੜਧਨ੍ਵਾ, ਦ੍ਰਿੜਧਨ੍ਵੀ: ਸੰ. दृढधन्विन्. ਵਿ- ਕਰੜੇ ਧਨੁਖ ਵਾਲਾ। ੨. ਸੰਗ੍ਯਾ- ਸ਼੍ਰੀ ਗੁਰੂ ਗੋਬਿੰਦਸਿੰਘ ਜੀ। ੩. ਅਰਜੁਨ.

---

[650] ਸੋਮ ੧, ਤੱਤ ੫, ਦ੍ਰਿਗ ੨, ਰੁੱਤਾਂ ੬.

ਦ੍ਰਿੜਵੈ: ਦੇਖੋ, ਦਿੜਵੈ ੨.

ਦ੍ਰਿੜਾਉਣਾ: ਕ੍ਰਿ- ਦ੍ਰਿਢ ਕਰਾਉਣਾ. ਨਿਸ਼ਚੇ ਕਰਾਉਣਾ. "ਗੁਰਿ ਪੂਰੇ ਨਾਮੁ ਦ੍ਰਿੜਾਇਆ." (ਸ੍ਰੀ ਮਃ ੪. ਵਣਜਾਰਾ) "ਆਪੇ ਭਗਤਿ ਦ੍ਰਿੜਾਮੰ." (ਸੋਰ ਅਃ ਮਃ ੪)

ਦ੍ਰਿੜੰਤ: ਦ੍ਰਿਢ ਕਰੰਤ. "ਦ੍ਰਿੜੰਤ ਨਾਮੰ ਤਜੰਤ ਲੋਭੰ." (ਸਹਸ ਮਃ ੫)

ਦ੍ਰਿੜ੍ਹ: ਦੇਖੋ, ਦ੍ਰਿਢ.

ਦ੍ਰਿੜ੍ਹਾਯਉ: ਦ੍ਰਿਢ ਕਰਵਾਇਆ, ਨਿਸ਼ਚੇ ਕਰਾਇਆ. "ਗੁਰਿ ਨਾਮੁ ਦ੍ਰਿੜ੍ਹਾਯਉ." (ਸਵੈਯੇ ਮਃ ੫. ਕੇ)

ਦ੍ਰੂ: ਧਾ- ਨੁਕਸਾਨ ਪੁਚਾਉਣਾ, ਪਛਤਾਉਣਾ, ਜਾਣਾ, ਨੱਠਣਾ, ਵਹਿਣਾ.

ਦ੍ਰੂਸਟ: ਦੇਖੋ, ਦੁਸਟ, "ਦ੍ਰੂਸਟ ਦੂਤ ਹਰਿ ਕਾਢੇ ਛਾਣਿ." (ਬਿਲਾ ਮਃ ੫) ੨. ਦੇਖੋ, ਦ੍ਰੂਸਟਾ.

ਦ੍ਰੂਸਟਾ: ਸੰ. ਦ੍ਵੇਸ਼੍ਟ- ਦ੍ਵੇਸ਼੍ਟ੍ਰਿ. ਵਿ- ਦ੍ਵੇਸ਼ ਕਰਨ ਵਾਲਾ ਵਿਰੋਧ ਕਰਨ ਵਾਲਾ. "ਦ੍ਰੂਸਟਾ ਸਖਾ ਸਜਨਹ." (ਸਹਸ ਮਃ ੫) ੨. ਸੰਗ੍ਯਾ- ਸ਼ਤ੍ਰੁ. ਵੈਰੀ.

ਦ੍ਰੂਸਟਾਈ: ਸੰਗ੍ਯਾ- ਦੁਸ਼੍ਟ੍ਰਤਾ। ੨. ਵਿ- ਦੁਸ਼੍ਟ੍ਰਤਾ ਵਾਲਾ. ਦ੍ਵੇਸ਼ੀ. "ਕਾਮ ਕ੍ਰੋਧ ਦ੍ਰੂਸਟਾਈ." (ਬਾਵਨ)

ਦ੍ਰੂਹ: ਦੇਖੋ, ਦ੍ਰੋਹ.

ਦ੍ਰੋਹਣ, ਦ੍ਰੋਹਿਣ: ਸੰ. ਦ੍ਰੁਹਿਣ. ਸੰਗ੍ਯਾ- ਬ੍ਰਹਮਾ. ਚਤੁਰਾਨਨ. "ਦ੍ਰੂਹਣ ਗਿਰੀਸ ਗਜੋ ਢਿਗ ਵਿਸਨੂ." (ਨਾਪ੍ਰ)

ਦ੍ਰੁਹਿਣੇਸ: ਦ੍ਰੁਹਿਣ ਅਤੇ ਈਸ਼. ਬ੍ਰਹਮਾ ਅਤੇ ਸ਼ਿਵ। ੨. ਬ੍ਰਹਮਾ ਦਾ ਸ੍ਵਾਮੀ, ਕਰਤਾਰ.

ਦ੍ਰੁਹੀ: ਵਿ- ਦ੍ਰੋਹ ਰੱਖਣ ਵਾਲਾ. ਦ੍ਵੇਸ਼ੀ. ਵਿਰੋਧੀ. ਦ੍ਵੇਸ਼੍ਟ੍ਰਿ। ੨. ਸੰ. ਸੰਗ੍ਯਾ- ਕੰਨ੍ਯਾ. ਦੁਖ਼ਤਰ.

ਦ੍ਰੂਕ, ਦ੍ਰੂੰਕ: ਅਨ. ਨਗਾਰੇ ਢੋਲ ਆਦਿ ਦੀ ਧੁਨਿ. "ਦ੍ਰੁੱਕੇ ਨਿਸਾਨੰ." (ਗ੍ਯਾਨ) "ਨੀਸਾਣ ਦ੍ਰੂੰਕੇ." (ਚੰਡੀ ੨)

ਦ੍ਰੂਗਤਿ: ਦੇਖੋ, ਦੁਰਗਤਿ. "ਜਹਾਂ ਦੁਰਗ ਕਲਧੌਤ ਕੋ ਰਾਖ੍ਯੋ ਦ੍ਰੂਗਤਿ ਬਨਾਇ." (ਚਰਿਤ੍ਰ ੨੦੩) ਸੋਨੇ (ਅਥਵਾ ਚਾਂਦੀ) ਦਾ ਕਿਲਾ, ਜਿਸ ਵਿੱਚ ਪਹੁਚਣਾ ਔਖਾ ਹੈ.

ਦ੍ਰੂਗਮ: ਦੇਖੋ, ਦੁਰਗਮ। ੨. ਭਾਵ- ਦਸਵਾਂ ਦ੍ਵਾਰ. "ਅਗਮ ਦ੍ਰੂਗਮ ਗੜਿ ਰਚਿਓ ਬਾਸ." (ਭੈਰ ਅਃ ਕਬੀਰ) ੩. ਤੁਰੀਆ ਪਦ.

ਦ੍ਰੂਗੰਧ: ਦੇਖੋ, ਦੁਰਗੰਧ, "ਰੁਧਿਰ ਦ੍ਰੂਗੰਧਾ." (ਗਾਥਾ)

ਦ੍ਰੂਗੰਧਤ: ਵਿ- ਦੁਰਗੰਧ ਯੁਕ੍ਤ. ਬਦਬੂਦਾਰ. "ਮਹਾ ਦ੍ਰੂਗੰਧਤ ਵਾਸੁ ਸਠ ਦਾ ਛਾਰੁ ਤਨ." (ਫੁਨਹੇ ਮਃ ੫)

ਦ੍ਰੂਘਣ: ਡਿੰਗ. ਸੰਗ੍ਯਾ- ਬ੍ਰਹਮਾ. ਚਤੁਰਾਨਨ. ਦੇਖੋ, ਦ੍ਰੁਹਿਣ.

ਦ੍ਰੂਜਨ: ਦੇਖੋ, ਦੁਰਜਨ ਅਤੇ ਦ੍ਰੂਜਾਨ.

ਦ੍ਰੂਜਾਨ: ਦੁਰਜਨਾਂ ਨੂੰ. "ਸਾਜ ਸਨਾਹ ਦ੍ਰੂਜਾਨ ਦਲੈਂਗੇ." (ਅਕਾਲ)

ਦ੍ਰੂਜੈ: ਦੇਖੋ, ਦੁਰਜਾਸ.

ਦ੍ਰੂਜੋਧਨ: ਦੇਖੋ, ਦੁਰਜੋਧਨ. "ਦ੍ਰੂਜੋਧਨ ਸੇ ਮਾਨਧਾਰੀ." (ਅਕਾਲ).

ਦ੍ਰੁਤ: ਸੰ. ਵਿ- ਦ੍ਰਵੀਭੂਤ. ਪਘਰਿਆ ਹੋਇਆ। ੨. ਛੇਤੀ ਜਾਣ ਵਾਲਾ. ਚਾਲਾਕ। ੩. ਕ੍ਰਿ. ਵਿ- ਛੇਤੀ. ਤੁਰੰਤ. "ਜਾਵਹੁ ਦ੍ਰੁਤ ਪੁਨ ਐਯੈ." (ਨਾਪ੍ਰ) ੪. ਸੰਗਜਾ- ਗਾਉਣ ਦੀ ਲੈ, ਜੋ ਮਧਜਮ ਨਾਲੋਂ ਤੇਜ਼ ਹੋਵੇ. ਦੂਨ. ਦੁਗਣ। ੫. ਬਿੱਲਾ। ੬. ਬਿੱਛੂ.

ਦ੍ਰੁਤਵਿਲੰਬਿਤਾ: ਦੇਖੋ, ਸੁੰਦਰੀ ਦਾ ਰੂਪ ੨.

ਦ੍ਰੁਪਤ: ਦੇਖੋ, ਦ੍ਰੁਪਦ.

ਦ੍ਰੁਪਤੀਸ: ਦ੍ਰੋਪਦੀ- ਈਸ਼. ਦ੍ਰੋਪਦੀ ਦਾ ਪਤੀ ਅਰਜੁਨ. "ਰਤਿਮਾਨੀ ਦ੍ਰੁਪਤੀਸ." (ਚਰਿਤ੍ਰ ੧੩੭)

ਦ੍ਰੁਪਦ: ਪ੍ਰਿਸ਼ਤ ਦਾ ਪੁਤ੍ਰ, ਉੱਤਰ ਪਾਂਚਾਲ ਦਾ ਚੰਦ੍ਰਵੰਸ਼ੀ ਰਾਜਾ, ਜੋ ਧ੍ਰਿਸ਼੍ਟਦ੍ਯੁਮਨ, ਸ਼ਿਖੰਡੀ ਅਤੇ ਕ੍ਰਿਸ਼ਨਾ (ਦ੍ਰੋਪਦੀ) ਦਾ ਪਿਤਾ ਸੀ. ਇਸ ਦਾ ਨਾਮ ਯਗਜਸੇਨ ਭੀ ਹੈ. ਇਹ ਮਹਾਭਾਰਤ ਦੇ ਜੰਗ ਵਿੱਚ ਚੌਦਵੇਂ ਦਿਨ ਦ੍ਰੋਣ ਹੱਥੋਂ ਮਾਰਿਆ ਗਿਆ.

ਦ੍ਰੁਮ: ਸੰ. ਸੰਗਜਾ- ਬਿਰਛ. ਤਰੁ. ਦਰਖ਼ਤ. "ਦ੍ਰੁਮ ਕੀ ਛਾਇਆ ਨਿਹਚਲੁ ਗ੍ਰਿਹ ਬਾਂਧਿਆ." (ਆਸਾ ਮਃ ੫) ੨. ਕੁਬੇਰ. ਧਨਦ। ੩. ਰੁਕਮਿਣੀ ਦੇ ਗਰਭ ਤੋਂ ਕ੍ਰਿਸ਼ਨ ਜੀ ਦਾ ਇੱਕ ਪੁਤ੍ਰ। ੪. ਪਾਰਿਜਾਤ ਨਾਮਕ ਦੇਵਵਨ ਦਾ ਵ੍ਰਿਕ੍ਸ਼.

ਦ੍ਰੁਮਅਰਿ: ਸੰਗਜਾ- ਬਿਰਛ ਦਾ ਵੈਰੀ, ਹਾਥੀ.

ਦ੍ਰੁੱਮ ਅਰਿ ਅਰਿ ਅਰਿ: (ਸਨਾਮਾ) ਬਿਰਛ ਦਾ ਵੈਰੀ ਹਾਥੀ, ਉਸ ਦਾ ਵੈਰੀ ਸ਼ੇਰ, ਉਸ ਦੀ ਵੈਰਣ ਬੰਦੂਕ.

ਦ੍ਰੁਮਸਪੂਰ: ਫਲਾਂ ਨਾਲ ਪੂਰਣ ਬਿਰਛ. "ਦ੍ਰੁਮ ਸਪੂਰ ਜਿਉ ਨਿਵੈ." (ਸੈਵਯੇ ਮਃ ੨. ਕੇ)

ਦ੍ਰੁਮਛਾਇਆ, ਦ੍ਰੁਮਛਾਯਾ: ਬਿਰਛ ਦੀ ਛਾਉਂ. ਭਾਵ- ਨਾ ਕ਼ਾਇਮ ਰਹਿਣ ਵਾਲੇ ਪਦਾਰਥ. ਇੱਕ ਰਸ ਨਾ ਰਹਿਣ ਵਾਲੀ ਦਸ਼ਾ. "ਮ੍ਰਿਗਤ੍ਰਿਸਨਾ ਦ੍ਰੁਮਛਾਇਆ." (ਬਿਲਾ ਮਃ ੫)

ਦ੍ਰੁਮਜ: ਸੰਗਜਾ- ਬਿਰਛ ਤੋਂ ਪੈਦਾ ਹੋਇਆ, ਫਲ. "ਯਹਿ ਸੋਈ ਦ੍ਰੁਮਜਾਹਿ ਜੁ ਮੈ ਤ੍ਰਿਯ ਕੋ ਦਯੋ." (ਚਰਿਤ੍ਰ ੨੦੯) ਓਹੋ ਦ੍ਰੁਮਜ (ਫਲ) ਆਹਿ (ਹੈ). ੨. ਬਿਰਛ ਤੋਂ ਬਣਿਆ ਹੋਇਆ ਬੰਦੂਕ ਦਾ ਕੁੰਦਾ. (ਸਨਾਮਾ)

ਦ੍ਰੁਮਜ ਨਾਇਕ: ਦ੍ਰੁਮ (ਬਿਰਛ) ਤੋਂ ਪੈਦਾ ਹੋਇਆ ਕਾਠ, ਉਨ੍ਹਾਂ ਦਾ ਸਰਦਾਰ ਅਖ਼ਰੋਟ ਦਾ ਕਾਠ. (ਸਨਾਮਾ)

ਦ੍ਰੁਮਜ ਬਾਸਨੀ: ਸੰਗਜਾ- ਬਿਰਛ ਤੋਂ ਪੈਦਾ ਹੋਇਆ ਕੁੰਦਾ, ਉਸ ਵਿੱਚ ਵਸਣ ਵਾਲੀ ਬੰਦੂਕ. (ਸਨਾਮਾ)

ਦ੍ਰੁਮਨੀ: ਸੰਗਜਾ- ਬਿਰਛਾਂ ਵਾਲੀ ਪ੍ਰਿਥਿਵੀ. (ਸਨਾਮਾ)

ਦ੍ਰੁਮਨੀਜ, ਦ੍ਰੁਮਨੀਜਾ: ਸੰਗਜਾ- ਬਿਰਛਾਂ ਵਾਲੀ ਪ੍ਰਿਥਿਵੀ, ਉਸ ਤੋਂ ਪੈਦਾ ਹੋਇਆ ਘਾਸ. ਦੁੱਬ. ਦੂਰਵਾ. (ਸਨਾਮਾ)

ਦ੍ਰੁਮਨੀਜਾਚਰ: ਦ੍ਰੁਮਨੀ (ਜਮੀਨ) ਤੋਂ ਜਾ (ਪੈਦਾ ਹੋਇਆ) ਘਾਹ, ਉਸੇ ਦੇ ਚਰਨ ਵਾਲਾ ਮ੍ਰਿਗ.

ਦ੍ਰੁਮਾਰਿ: ਸੰਗਜਾ- ਦ੍ਰੁਮ (ਬਿਰਛਾਂ) ਦਾ ਵੈਰੀ, ਹਾਥੀ। ੨. ਕੁਹਾੜਾ। ੩. ਪ੍ਰਚੰਡ ਪੌਣ. ਹਨੇਰੀ। ੪. ਤਖਾਣ। ੫. ਅਗਨਿ.

ਦ੍ਰੁਮਿਲਾ: ਦੇਖੋ, ਸਵੈਯੇ ਦਾ ਭੇਦ ੭.

ਦ੍ਰੁਲਭ: ਦੇਖੋ, ਦੁਰਲਭ. "ਚਿਰੰਕਾਲ ਪਾਈ ਦ੍ਰੁਲਭ ਦੇਹ." (ਰਾਮ ਮਃ ੫)

ਦ੍ਰੋਹ: ਸੰ. ਦ੍ਰੁਹ. ਧਾ- ਦ੍ਵੇਸ਼ ਕਰਨਾ, ਮਾਰਨ ਲਈ ਤਕਾਉਂਣਾ। ੨. ਸੰਗਜਾ- ਵੈਰ। ੩. ਬੁਰਾ ਚਿਤਵਣ ਦਾ ਭਾਵ. ਅਸ਼ੁਭ ਚਿੰਤਨ. "ਪਰਦੋਹ ਕਰਤ ਵਿਕਾਰ ਨਿੰਦਾ." (ਸਾਰ ਮਃ ੫)

ਦ੍ਰੋਹਦ: ਕਿਸੇ ਅਞਾਣ ਲਿਖਾਰੀ ਨੇ ਦਰਹ੍ਰਿਦ (ਦੁਰ੍ਹੰਦ) ਦੀ ਥਾਂ ਇਹ ਸ਼ਬਦ ਲਿਖ ਦਿੱਤਾ ਹੈ. "ਦੇਸ ਵਿਦੇਸ ਦੇਖਨੇ ਦ੍ਰੋਹਦ." (ਨਾਪ੍ਰ) ਬੇਟੇ ਰਿਦਿਆਂ ਵਾਲੇ ਨੀਚ ਪੁਰਖ ਦੇਸ਼ ਵਿਦੇਸ਼ ਵਿਚ ਦੇਖਣ ਵਾਸਤੇ.

**ਦ੍ਰੋਹੀ:** ਸੰ. ਦ੍ਰੋਹਿਨ. ਵਿ- ਵੈਰ ਕਰਨ ਵਾਲਾ. ਬੁਰਾ ਚਿਤਵਣ ਵਾਲਾ. "ਪਰਦ੍ਰੋਹੀ ਠਗ ਮਾਇਆ." (ਬਿਹਾ ਛੰਤ ਮਃ ੪) ੨. ਸੰਗਯਾ- ਵੈਰੀ. ਦੁਸ਼ਮਨ.

**ਦ੍ਰੋਣ:** ਸੰ. ਸੰਗਯਾ- ਕਠੌਤਾ. ਕਾਠ ਦਾ ਪਾਤ੍ਰ। ੨. ਕੱਚਾ ਬੱਤੀ ਸੇਰ ਤੋਲ। ੩. ਪੱਤਿਆਂ ਦਾ ਡੂਨਾ। ੪. ਵ੍ਰਿਕ੍ਸ਼. ਦਰਖ਼ਤ। ੫. ਪੁਰਾਣਾਂ ਅਨੁਸਾਰ ਇੱਕ ਪਹਾੜ, ਜਿਸ ਉੱਪਰ ਵਿਸ਼ਲਜਕਰਣੀ ਬੂਟੀ ਹੁੰਦੀ ਹੈ. ਦੇਖੋ, ਸਰਬੌਖਧਿ ਪਰਵਤ। ੬. ਕੇਲਾ। ੭. ਦ੍ਰੋਣਾਚਾਰਯ. ਮਹਾਭਾਰਤ ਅਨੁਸਾਰ ਕਥਾ ਇਉਂ ਹੈ ਕਿ ਗੰਗਾ ਕਿਨਾਰੇ ਭਰਦ੍ਵਾਜ ਰਿਖੀ ਰਹਿੰਦਾ ਸੀ. ਘ੍ਰਿਤਾਚੀ ਅਪਸਰਾ ਨੂੰ ਦੇਖਕੇ ਇੱਕ ਵਾਰ ਉਸ ਦਾ ਵੀਰਜ ਪਾਤ ਹੋਗਿਆ, ਜਿਸ ਨੂੰ ਉਸ ਨੇ ਕਾਠ ਦੇ ਦ੍ਰੋਣ (ਬਰਤਨ) ਵਿੱਚ ਰੱਖਲਿਆ. ਇਸ ਤੋਂ ਪੈਦਾ ਹੋਇਆ ਪੁਤ੍ਰ ਦ੍ਰੋਣ ਕਹਾਇਆ. ਦ੍ਰੋਣ ਨੇ ਭਰਦ੍ਵਾਜ ਦੇ ਚੇਲੇ ਅਗਨਿਵੇਸ਼ ਤੋਂ ਸ਼ਸਤ੍ਰਵਿਦ੍ਯਾ ਸਿੱਖੀ, ਅਤੇ ਸ਼ਰਦਵਾਨ ਦੀ ਪੁਤ੍ਰੀ ਕ੍ਰਿਪਾ ਨਾਲ ਸ਼ਾਦੀ ਕਰਾਈ, ਜਿਸ ਤੋਂ ਅਸ਼੍ਵੱਥਾਮਾ ਪੁਤ੍ਰ ਪੈਦਾ ਹੋਇਆ. ਦ੍ਰੋਣ ਨੇ ਮਹੇਂਦ੍ਰ ਪਰਵਤ ਤੇ ਜਾਕੇ ਪਰਸ਼ੁ ਰਾਮ ਤੋਂ ਭੀ ਅਸਤ੍ਰਵਿਦ੍ਯਾ ਸਿੱਖੀ. ਭੀਸ਼ਮਪਿਤਾਮਾ ਨੇ ਧ੍ਰਿਤਰਾਸ਼ਟ੍ਰ ਦੇ ਪੁਤ੍ਰ ਦੁਰਯੋਧਨਾਦਿ ਅਤੇ ਪੰਡੁ ਦੇ ਪੁਤ੍ਰ ਯੁਧਿਸ਼੍ਠਿਰ, ਭੀਮ ਆਦਿ ਦ੍ਰੋਣ ਦੇ ਚੇਲੇ ਕੀਤੇ, ਅਤੇ ਦ੍ਰੋਣ ਨੂੰ ਘਰ ਰੱਖਕੇ ਵਡਾ ਸਨਮਾਨ ਕੀਤਾ. ਮਹਾਭਾਰਤ ਦੇ ਜੰਗ ਵਿਚ ਦ੍ਰੋਣ ਨੇ ਕੌਰਵਾਂ ਦਾ ਸਾਥ ਦਿੱਤਾ ਅਤੇ ਧ੍ਰਿਸ਼੍ਟਦ੍ਯੁਮਨ ਦੇ ਹੱਥੋਂ ਮੋਇਆ. "ਭਏ ਦ੍ਰੋਣ ਸੇਨਾਪਤੀ ਸੈਨਪਾਲੰ। ਭਯੋ ਘੋਰ ਯੁੱਧੰ ਤਹਾਂ ਤੌਨ ਕਾਲੰ." (ਜਨਮੇਜਯਰਾਜ) ੮. ਪਿਆਲਾ. ਕਟੋਰਾ. "ਭਰਭਰ ਦ੍ਰੋਣ ਸ੍ਰੋਣ ਅਰੁ ਮੇਦਾ ਪੀਵਤ ਭੂਤ ਸਕਾਮੰ." (ਸਲੋਹ)

**ਦ੍ਰੋਣਅਰਿ:** ਸੰਗਯਾ- ਦ੍ਰੋਣ ਦਾ ਵੈਰੀ ਧ੍ਰਿਸ਼੍ਟਦ੍ਯੁਮਨ.

**ਦ੍ਰੋਣਸਿੱਖ:** ਸੰਗਯਾ- ਦ੍ਰੋਣਾਚਾਰਯ ਦਾ ਚੇਲਾ, ਅਰਜੁਨ. (ਸਨਾਮਾ)

**ਦ੍ਰੋਣਕੀ:** ਸੰਗਯਾ- ਦ੍ਰੋਣ (ਕਠੌਤੇ) ਵਿੱਚੋਂ ਪੈਦਾ ਹੋਇਆ, ਦ੍ਰੋਣਾਚਾਰਯ. "ਕਿਯੋ ਦ੍ਰੋਣਕੀ ਜਜੋਂ ਮਹਾਂਜੁੱਧ ਸੁੱਧੰ." (ਵਿਚਿਤ੍ਰ) ਦੇਖੋ, ਦ੍ਰੋਣ.

**ਦ੍ਰੋਣਜ:** ਸੰਗਯਾ- ਦ੍ਰੋਣ ਦਾ ਪੁਤ੍ਰ. ਅਸ਼੍ਵੱਥਾਮਾ. (ਸਨਾਮਾ) ੨. ਦਰੋਣ (ਕਠੌਤੇ) ਵਿਚੋਂ ਪੈਦਾ ਹੋਯਾ, ਦ੍ਰੋਣਾਚਾਰਯ.

**ਦ੍ਰੋਣਜਪਿਤਾ:** ਅਸ਼੍ਵੱਥਾਮਾ ਦਾ ਪਿਤਾ, ਦ੍ਰੋਣਾਚਾਰਯ. (ਸਨਾਮਾ)

**ਦ੍ਰੋਣਰਿਪੁ:** ਦੇਖੋ, ਦ੍ਰੋਣਅਰਿ.

**ਦ੍ਰੋਣਾਚਲ:** ਦੇਖੋ, ਦ੍ਰੋਣ ੫.

**ਦ੍ਰੋਣਾਚਾਰਯ:** ਦੇਖੋ, ਦ੍ਰੋਣ ੭.

**ਦ੍ਰੋਣਿ:** ਸੰਗਯਾ- ਦ੍ਰੋਣ ਦਾ ਪੁਤ੍ਰ, ਅਸ਼੍ਵੱਥਾਮਾ, "ਨਹਿ ਭੀਖਮ ਦ੍ਰੋਣ ਕ੍ਰਿਪਾ ਅਰੁ ਦ੍ਰੋਣਿ." (ਚੰਡੀ ੧) ੨. ਪਹਾੜਾਂ ਦੀ ਦੂਣ। ੩. ਇੱਕ ਪੁਰਾਣਾ ਤੋਲ, ਜੋ ੧੨੮ ਸੇਰ ਕੱਚੇ ਦਾ ਹੁੰਦਾ ਸੀ.

**ਦ੍ਰੋਨ:** ਦੇਖੋ, ਦ੍ਰੋਣ.

**ਦ੍ਰੋਪਤੀ:** ਦੇਖੋ, ਦ੍ਰੌਪਦੀ. "ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ." (ਨਟ ਅਃ ਮਃ ੪)

**ਦ੍ਰੋਪਦਸੁਤ:** ਦ੍ਰੁਪਦ ਪੁਤ੍ਰ. ਧ੍ਰਿਸ਼੍ਟਦ੍ਯੁਮਨ। ੨. ਸ਼ਿਖੰਡੀ। ੩. ਦ੍ਰੁਪਦਸੁਤਾ ਦੀ ਥਾਂ ਭੀ ਇਹ ਸ਼ਬਦ ਹੈ- "ਸਿਮਰਨ ਦ੍ਰੋਪਦਸੁਤ ਉਧਰੀ." (ਗੌਂਡ ਨਾਮਦੇਵ) ਦ੍ਰੁਪਦ ਦੀ ਪੁਤ੍ਰੀ (ਦ੍ਰੋਪਦੀ) ਉੱਧਾਰ ਨੂੰ ਪ੍ਰਾਪਤ ਹੋਈ.

**ਦ੍ਰੋਪਦੀ:** ਦੇਖੋ, ਦ੍ਰੌਪਦੀ. "ਦ੍ਰੋਪਦੀ ਲਜਾ ਨਿਵਾਰਿ ਉਧਾਰਣ." (ਮਾਰੂ ਸੋਲਹੇ ਮਃ ੫)

**ਦ੍ਰੋੜ:** ਦੇਖੋ, ਦੋੜ, ਦ੍ਰਵਿੜ ਅਤੇ ਦ੍ਰਾਵੜ.

**ਦ੍ਰੌਣਿ:** ਸੰਗਯਾ- ਦ੍ਰੋਣ ਦਾ ਪੁਤ੍ਰ, ਅਸ਼੍ਵੱਥਾਮਾ.

ਦ੍ਰੌਪਦੀ: ਦ੍ਰੁਪਦ ਰਾਜਾ ਦੀ ਪੁਤ੍ਰੀ ਕ੍ਰਿਸ਼ਨਾ, ਜੋ ਪੰਜਾਂ ਪਾਂਡਵਾਂ ਦੀ ਪਤਨੀ (ਵਹੁਟੀ) ਸੀ. ਦੇਖੋ ਦ੍ਰੁਪਦ. ਮਹਾਭਾਰਤ ਵਿੱਚ ਕਥਾ ਹੈ ਕਿ ਰਾਜਾ ਦ੍ਰੁਪਦ ਨੇ ਇੱਕ ਮੱਛਯੰਤ੍ਰ ਰਚਕੇ ਪ੍ਰਤਿਗਜਾ ਕੀਤੀ ਸੀ ਕਿ ਜੋ ਤੀਰ ਨਾਲ ਮੱਛੀ ਦੀ ਅੱਖ ਵਿੰਨ੍ਹੇਗਾ, ਉਹ ਕ੍ਰਿਸ਼ਨਾ ਨੂੰ ਵਰਗਾ. ਅਰਜੁਨ ਨੇ ਪਹਿਲੇ ਤੀਰ ਨਾਲ ਨਿਸ਼ਾਨਾ ਫੁੰਡਿਆ ਅਰ ਦ੍ਰੌਪਦੀ ਨੂੰ ਲੈਕੇ ਘਰ ਪਹੁੰਚਿਆ. ਮਾਤਾ ਦੇ ਵਚਨ ਅਨੁਸਾਰ ਪੰਜਾਂ ਭਾਈਆਂ ਨੇ ਦ੍ਰੌਪਦੀ ਨੂੰ ਸਾਂਝੀ ਪਤਨੀ ਕਰਕੇ ਰੱਖਿਆ ਅਤੇ ਪੰਜਾਂ ਤੋਂ ਪੰਜ ਪੁਤ੍ਰ ਹੋਏ. ਯੁਧਿਸ਼੍ਟਿਰ ਤੋਂ ਪ੍ਰਤਿਵਿੰਧ੍ਯ, ਭੀਮਸੇਨ ਤੋਂ ਸ਼੍ਰੁਤਸੋਮ, ਅਰਜੁਨ ਤੋਂ ਸ਼੍ਰੁਤਕੀਰਤਿ, ਨਕੁਲ ਤੋਂ ਸ਼ਤਾਨੀਕੋ ਅਤੇ ਸਹਦੇਵ ਤੋਂ ਸ਼੍ਰੁਰਤੋਕਰਮਾ.

ਜਦ ਰਾਜਾ ਯੁਧਿਸ਼੍ਟਿਰ ਨੇ ਜੂਏ ਵਿੱਚ ਸਭ ਰਾਜ ਹਾਰਦਿੱਤਾ, ਤਦ ਦ੍ਰੌਪਦੀ ਭੀ ਦਾਉ ਵਿੱਚ ਲਾਕੇ ਹਾਰੀ ਗਈ. ਦੁਰਜੋਧਨ ਨੇ ਦੁੱਸ਼ਾਸਨ ਦੀ ਮਾਰਫਤ ਮਹਿਲਾਂ ਤੋਂ ਦ੍ਰੌਪਦੀ ਸਭਾ ਵਿੱਚ ਮੰਗਵਾਈ ਅਰ ਨੰਗੀ ਕਰਨ ਲਈ ਹੁਕਮ ਦਿੱਤਾ. ਉਸ ਵੇਲੇ ਦੀਨਮਨਾ ਦ੍ਰੌਪਦੀ ਨੇ ਕਰਤਾਰ ਦਾ ਆਰਾਧਨ ਕੀਤਾ, ਜਿਸ ਤੋਂ ਉਹ ਨੰਗੀ ਨਾ ਹੋ ਸਕੀ. "ਕੱਪੜ ਕੋਟ ਉਸਾਰਿਅਨੁ ਥੱਕੇ ਦੂਤ ਨ ਪਾਰਵਸਾਂਦੀ." (ਭਾਗੁ) ਦੇਖੋ, ਦੁੱਸ਼ਾਸਨ ਅਤੇ ਦੁਰਜੋਧਨ. ਦ੍ਰੌਪਦੀ ਪਾਂਡਵਾਂ ਦੇ ਹਿਮਾਲਯ ਜਾਣ ਸਮੇਂ ਨਾਲ ਗਈ ਅਤੇ ਆਪਣੇ ਪੱਤੀਆਂ ਨਾਲ ਹੀ ਪ੍ਰਾਣ ਤਜਾਗੇ.

ਦ੍ਵ, ਦ੍ਵਾ: ਵਿ- ਦ੍ਵਯ. ਦੋ। ੨. ਕ੍ਰਿ. ਵਿ- ਦੋਵੇਂ. ਦੋਨੋ.

ਦ੍ਵਾਦਸ਼: ਵਿ- ਦੋ ਅਤੇ ਦਸ਼. ਬਾਰਾ- ੧੨। ੨. ਦੇਖੋ, ਦੁਆਦਸ.

ਦ੍ਵਾਦਸ਼ ਅਕ੍ਸ਼ਰ, ਦ੍ਵਾਦਸ ਅੱਖਰ: "ੴ ਸਤਿ ਨਾਮੁ ਸਤਿਗੁਰ ਪ੍ਰਸਾਦਿ।" ੨. ਪੁਰਾਣਾਂ ਅਨੁਸਾਰ- "ਓਨਮੋ ਭਗਵਤੇ ਵਾਸੁਦੇਵਾਯ."

ਦ੍ਵਾਦਸਸਿਲਾ, ਦ੍ਵਾਦਸਸੇਵਾ: ਦੇਖੋ, ਦੁਆਦਸ ਸਿਲਾ, ਦੁਆਦਸ ਸੇਵਾ ਅਤੇ ਦੁਆਦਸ ਭੂਸ਼ਣ.

ਦ੍ਵਾਦਸਕੋਣ: ਵਿ- ਬਾਰਾਂ ਕੂਣਿਆਂ ਵਾਲਾ (dodecagon).

ਦ੍ਵਾਦਸਭੂਸ਼ਣ: ਦੇਖੋ, ਦੁਆਦਸ ਭੂਸ਼ਣ.

ਦ੍ਵਾਦਸ ਮਹਾਵਾਕ: ਦੇਖੋ, ਮਹਾਵਾਕ. ੪.

ਦ੍ਵਾਦਸ ਮੁਦ੍ਰਾ: ਦੇਖੋ, ਦੁਆਦਸਿ ਮੁਦ੍ਰਾ.

ਦ੍ਵਾਦਸ਼ ਲੋਚਨ: ਬਾਰਾਂ ਨੇਤ੍ਰਾਂ ਵਾਲਾ ਖੜਾਨਨ, ਸ਼ਿਵ ਦਾ ਪੁਤ੍ਰ ਜਿਸ ਦੇ ਛੀ ਸਿਰ ਲਿਖੇ ਹਨ.

ਦ੍ਵਾਪਰ: ਦੇਖੋ, ਦੁਆਪਰ ਅਤੇ ਯੁਗ.

ਦ੍ਵਾਰ: ਦੇਖੋ, ਦੁਆਰ.

ਦ੍ਵਾਰਕਾ[651]: ਦੇਖੋ, ਦ੍ਵਾਰਾਵਤੀ. "ਦ੍ਵਾਰਕਾ ਨਗਰੀ ਕਾਹੇ ਕੇ ਮਗੋਲ." (ਤਿਲੰ ਨਾਮਦੇਵ)

ਦ੍ਵਾਰਕਾਦਾਸ: ਭੱਲਾ ਸਾਹਿਬਜ਼ਾਦਾ, ਜਿਸ ਨੇ ਭਾਈ ਗੜ੍ਹੀਏ ਸਿੱਖ ਨਾਲ ਬਕਾਲੇ ਪਹੁਚਕੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੁਤਾ ਦਾ ਤਿਲਕ ਦਿੱਤਾ। ੨. ਦੇਖੋ, ਮਹਾਦੇਵੀ.

ਦ੍ਵਾਰਕਾਬ: ਦ੍ਵਾਰਕਾ ਪਾਸ ਦਾ ਆਬ (ਸਮੁੰਦਰ). ਗੁਜਰਾਤ ਨਾਲ ਲਗਦਾ ਸਾਗਰ.

ਦ੍ਵਾਰਪ, ਦ੍ਵਾਰਪਾਲ: ਦੇਖੋ, ਦੁਆਰਪਾਲ। ੨. ਤੰਤ੍ਰਸ਼ਾਸਤ੍ਰ ਵਿੱਚ ਕਾਲੀ ਦੁਰਗਾਂ ਦੇ ਚਾਰ ਦ੍ਵਾਰਪਾਲ ਹਨ. ਪੂਰਵ ਗਣੇਸ਼, ਪਾਸ਼੍ਚਿਮ ਕ੍ਸ਼ੇਤ੍ਰਪਾਲ, ਦਕ੍ਸ਼ਿਣ ਵਟੁਕ ਅਤੇ ਉੱਤਰ ਯੋਗਿਨੀ.

---

[651] ਇਸ ਦਾ ਉੱਚਾਰਣ ਦ੍ਵਾਰਿਕਾ ਭੀ ਹੈ.

ਦ੍ਵਾਰਵਤੀ: ਸੰਗਜਾ- ਦ੍ਵਾਰਾਵਤੀ. ਦ੍ਵਾਰਕਾ.

ਦ੍ਵਾਰਵਤੀ ਨਾਇਕ: ਸੰਗਜਾ- ਦ੍ਵਾਰਕਾ ਦਾ ਨਾਇਕ, (ਸ੍ਵਾਮੀ) ਕ੍ਰਿਸ਼ਨ ਭਗਵਾਨ. (ਸਨਾਮਾ)

ਦ੍ਵਾਰਵਤੀ ਨਾਇਕਨਨਿ ਜਾਚਰ ਪਤਿ ਸਤ੍ਰੁ: (ਸਨਾਮਾ) ਕ੍ਰਿਸ਼ਨ ਜੀ ਦੀ ਨਾਇਕਾ ਯਮੁਨਾ, ਉਸੇ ਵਾਲੀ ਪ੍ਰਿਥਿਵੀ, ਉਸ ਤੋਂ ਪੈਦਾ ਹੋਇਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਪਤਿ ਸ਼ੇਰ, ਉਸ ਦੀ ਵੈਰਣ ਬੰਦੂਕ.

ਦ੍ਵਾਰਾ: ਦੇਖੋ, ਦ੍ਵਾਰ। ੨. ਵਯ- ਜ਼ਰਿਅ਼ਹ ਸੇ. ਵਸੀਲੇ ਤੋਂ. "ਗੁਰੁ ਦ੍ਵਾਰਾ ਗੁਣ ਪ੍ਰਾਪਤ ਹੋਇ." (ਗੁਪ੍ਰਸੂ) ੩. ਦੇਖੋ, ਮਹਾਦੇਵੀ.

ਦ੍ਵਾਰਾਵਤੀ: ਬਹੁਤ ਦਰਵਾਜਿਆਂ ਵਾਲੀ ਨਗਰੀ। ੨. ਬੰਬਈ ਹਾਤੇ ਕਾਠੀਆਵਾੜ ਵਿੱਚ ਬੜੌਦਾ ਰਾਜ ਅੰਦਰ ਸਮੁੰਦਰ ਦੇ ਕਿਨਾਰੇ ਇੱਕ ਪੁਰੀ, ਜਿਸ ਦੀ ਗਿਣਤੀ ਹਿੰਦੂਆਂ ਦੀ ਸਤ ਪਵਿਤ੍ਰ ਪੁਰੀਆਂ ਵਿੱਚ ਹੈ. ਇਹ ਚਿਰ ਤੀਕ ਯਾਦਵਾਂ ਦੀ ਰਾਜਧਾਨੀ ਰਹੀ ਹੈ. ਆਖਿਆ ਜਾਂਦਾ ਹੈ ਕਿ ਕ੍ਰਿਸ਼ਨ ਜੀ ਦੇ ਦੇਹਾਂਤ ਪਿੱਛੋਂ ਸੱਤਵੇਂ ਦਿਨ ਦ੍ਵਾਰਾਵਤੀ ਨੂੰ ਸਮੁੰਦਰ ਨੇ ਆਪਣੇ ਵਿੱਚ ਲੈ ਕਰ ਲਿਆ ਸੀ. ਜੋ ਹੁਣ ਆਬਾਦੀ ਦੇਖੀਦੀ ਹੈ ਇਹ ਫੇਰ ਵਸੀ ਹੈ. ਦ੍ਵਾਰਾਵਤੀ ਬੜੌਦਾ ਸ਼ਹਰ ਤੋਂ ੨੭੦ ਮੀਲ ਪੱਛਮ ਹੈ. ਇੱਥੇ ਇੱਕ ਵਡਾ ਮੰਦਿਰ ਹੈ, ਜਿਸ ਵਿੱਚ "ਰਣਛੋੜ" ਨਾਮ ਦੀ ਕ੍ਰਿਸ਼ਨਮੂਰਤਿ ਹੈ.

ਦ੍ਵਾਰਿਕਾ: ਦੇਖੋ, ਦ੍ਵਾਰਕਾ ਅਤੇ ਦ੍ਵਾਰਾਵਤੀ.

ਦ੍ਵਾਲ: ਦੇਖੋ, ਦੀਵਾਰ ਅਤੇ ਦੁਆਲ.

ਦ੍ਵਿ: ਵਿ- ਦੋ

ਦ੍ਵਿਜ, ਦ੍ਵਿਜਨਮਾ: ਦੇਖੋ, ਦਿਜ.

ਦ੍ਵਿਜਪਤਿ, ਦ੍ਵਿਜਰਾਜ: ਦੇਖੋ, ਦਿਜਰਾਜ.

ਦ੍ਵਿਜਾਤਿ: ਸੰਗਜਾ- ਜਿਸ ਦਾ ਸੰਸਕਾਰ ਦ੍ਵਾਰਾ ਦੂਜਾ ਜਨਮ ਹੋਇਆ ਹੈ. ਬ੍ਰਾਹਮਣ ਕ੍ਸ਼ਤ੍ਰਿਯ ਵੈਸ਼ਯ। ੨. ਸੰਸਾਰ ਦਾ ਕੋਈ ਪੁਰਖ, ਜਿਸ ਦਾ ਧਾਰਮਿਕ ਸੰਸਕਾਰ ਹੋਇਆ ਹੈ। ੩. ਆਂਡੇ ਵਿੱਚੋਂ ਪੈਦਾ ਹੋਣ ਵਾਲਾ ਜੀਵ। ੪. ਦੰਦ.

ਦ੍ਵਿਣਕ: ਦੇਖੋ, ਦ੍ਵਯਣੁਕ.

ਦ੍ਵਿਤੀਆ: ਦੇਖੋ, ਦੁਤੀਆ ੪.

ਦ੍ਵਿਤੀਯ: ਦੇਖੋ, ਦੁਤੀਅ.

ਦ੍ਵਿਧਾ: ਦੇਖੋ, ਦੁਧਾ.

ਦ੍ਵਿਪ: ਸੰਗਜਾ- ਦੋ ਨਾਲ ਪੀਣ ਵਾਲਾ (ਸੁੰਡ ਅਤੇ ਮੂੰਹ ਨਾਲ ਪੀਣ ਵਾਲਾ ) ਹਾਥੀ.

ਦ੍ਵਿਪਦ: ਵਿ- ਦੋ ਪੈਰਾਂ ਵਾਲਾ। ੨. ਸੰਗਜਾ- ਮਨੁੱਖ। ੩. ਪੰਛੀ। ੪. ਦੇਖੋ, ਦੁਪਦਾ.

ਦ੍ਵਿਪਨੀ: ਹਾਥੀਆਂ ਦੀ ਫੌਜ. (ਸਨਾਮਾ) ਦੇਖੋ, ਦਜਧਨੀ

ਦ੍ਵਿਪ ਰਿਪੁ ਧੁਨਿਨੀ: ਹਾਥੀ ਦੇ ਵੈਰੀ ਸ਼ੇਰ ਜੇਹੀ ਧੁਨਿ ਕਰਨ ਵਾਲੀ ਬੰਦੂਕ. (ਸਨਾਮਾ) ਦੇਖੋ, ਦਧਿਰਿਪ ਧਨਨੀ.

ਦ੍ਵਿਬਾਹੁ: ਵਿ- ਜਿਸ ਦੇ ਦੋ ਬਾਹਾਂ ਹੋਣ। ੨. ਸੰਗਜਾ- ਮਨੁੱਖ.

ਦ੍ਵਿਮੁਖ: ਵਿ- ਦੋ ਮੂਹਾਂ ਵਾਲਾ। ੨. ਸੰਗਜਾ- ਦੁਮੂੰਹਾਂ ਸੱਪ.

ਦ੍ਵਿਰਦ: ਦੇਖੋ, ਦੁਰਦ.

ਦ੍ਵਿਵਿਦ: ਇੱਕ ਬਾਂਦਰ, ਜੋ ਸੁਗ੍ਰੀਵ ਦਾ ਮੰਤ੍ਰੀ ਸੀ। ੨. ਇੱਕ ਬਾਂਦਰ, ਜਿਸ ਨੇ ਬਲਰਾਮ ਜੀ ਦਾ ਸ਼ਰਾਬ ਦਾ ਘੜਾ ਭੰਨ ਦਿੱਤਾ ਅਰ ਉਨ੍ਹਾਂ ਦੇ ਹੱਥੋਂ ਮਾਰਿਆ ਗਿਆ, ਇਹ ਨਰਕਾਸੁਰ ਦਾ ਮਿਤ੍ਰ ਸੀ.[652]

ਦ੍ਵੀਪ: ਦੇਖੋ, ਦੀਪ ੩.

ਦ੍ਵੀਪਨਿ, ਦ੍ਵੀਪਵਤੀ: ਸੰਗ੍ਯਾ- ਸੱਤ ਦ੍ਵੀਪ (ਦੀਪਾਂ) ਵਾਲੀ, ਪ੍ਰਿਥਿਵੀ. (ਸਨਾਮਾ)

ਦ੍ਵੇਸ, ਦ੍ਵੇਖ: ਸੰ. द्विष्. ਦ੍ਵਿਸ਼. ਧਾ- ਵੈਰ ਕਰਨਾ, ਈਰਖਾ ਕਰਨੀ। ੨. ਸੰਗ੍ਯਾ- ਦ੍ਵੇਸ਼. ਦੁਸ਼ਮਨੀ. ਵੈਰ.

ਦ੍ਵੈ: ਸੰ. ਦ੍ਵਯ. ਵਿ- ਦੋ। ੨. ਕ੍ਰਿ. ਵਿ- ਦ੍ਵੌ. ਦੋਨੋ. ਦੋਵੇਂ.

ਦ੍ਵੈਸੀ, ਦ੍ਵੈਖੀ: ਸੰ. द्वेषिन्. ਵਿ- ਦ੍ਵੇਸ਼ (ਵਿਰੋਧ) ਕਰਨ ਵਾਲਾ। ੨. ਸੰਗ੍ਯਾ- ਵੈਰੀ. ਦੁਸ਼ਮਨ.

ਦ੍ਵੈ ਘਟ ਆਠ: ਦੋ ਘੱਟ ਅੱਠ, ਅਰਥਾਤ ਛੀ. "ਦ੍ਵੈ ਘਟ ਆਠ ਰਥੀ ਬਲਵੰਡ." (ਕ੍ਰਿਸਨਾਵ)

ਦ੍ਵੈਤ: ਸੰਗ੍ਯਾ- ਦੋ ਦਾ ਭਾਵ। ੨. ਆਪਣੇ ਅਤੇ ਪਰਾਏ ਦਾ ਖ਼ਿਆਲ. ਭੇਦਭਾਵ। ੩. ਦੁਵਿਧਾ. ਭ੍ਰਮ। ੪. ਬ੍ਰਹਮ ਤੋਂ ਭਿੰਨ ਹੋਰ ਵਸਤੁ ਦੇ ਮੰਨਣ ਦਾ ਭਾਵ। ੫. ਬ੍ਰਹਮ ਅਤੇ ਜੀਵ ਨੂੰ ਜੁਦਾ ਜੁਦਾ ਮੰਨਣ ਦਾ ਭਾਵ.

ਦ੍ਵੈਤਵਾਦ: ਸੰਗ੍ਯਾ- ਉਹ ਸਿੱਧਾਂਤ, ਜਿਸ ਕਰਕੇ ਜੀਵ ਬ੍ਰਹਮ ਜੁਦੇ ਮੰਨੀਏ. ਵੇਦਾਂਤ ਸ਼ਾਸਤ੍ਰ ਤੋਂ ਬਿਨਾ ਬਾਕੀ ਸਾਰੇ ਦਰਸ਼ਨ ਦ੍ਵੈਤਵਾਦੀ ਹਨ। ੨. ਬ੍ਰਹਮ ਦੇ ਮੁਕਾਬਲੇ ਕਿਸੇ ਹੋਰ ਵਸ੍ਤੁ ਦੇ ਮੰਨਣ ਦਾ ਮਤ.

ਦ੍ਵੈਤਵਾਦੀ: ਸੰ. द्वैतवादिन. ਦ੍ਵੈਤਵਾਦ ਮੰਨਣ ਵਾਲਾ. ਜੀਵ ਅਤੇ ਬ੍ਰਹਮ ਨੂੰ ਭਿੰਨ ਭਿੰਨ ਜਾਣਨ ਵਾਲਾ. ਦ੍ਵੈਤਵਾਦੀਆਂ ਦੇ ਆਚਾਰਯ ਮਾਧਵਾਚਾਰਯ ਨੇ ਵ੍ਯਾਸ ਦੇ ਵੇਦਾਂਤਸੂਤ੍ਰਾਂ ਤੇ ਭਾਸ਼੍ਯ ਰਚਕੇ ਜੀਵ ਨੂੰ ਬ੍ਰਹਮ ਤੋਂ ਭਿੰਨ ਸਿੱਧ ਕੀਤਾ ਹੈ. ਇਨ੍ਹਾਂ ਹੀ ਸੂਤ੍ਰਾਂ ਪੁਰ ਭਾਸ਼੍ਯ ਲਿਖਕੇ ਸ਼ੰਕਰਾਚਾਰਯ ਨੇ ਅਦ੍ਵੈਤਵਾਦ ਸਾਬਤ ਕੀਤਾ ਹੈ.

ਦ੍ਵੈਧੀਭਾਵ: ਸੰਗ੍ਯਾ- ਦੋ ਪ੍ਰਕਾਰ ਦਾ ਖ਼ਿਆਲ. ਕਿਸੇ ਵਸ੍ਤੁ ਨੂੰ ਯਥਾਰਥ ਨਾ ਜਾਣਨ ਦਾ ਭਾਵ। ੨. ਅੰਦਰ ਹੋਰ ਅਤੇ ਬਾਹਰ ਹੋਰ ਭਾਵ। ੩. ਰਾਜਨੀਤੀ ਦਾ ਗੁਣ ਦ੍ਵੈਧ. ਦੁਸ਼ਮਨ ਦੇ ਮੰਤ੍ਰੀਆਂ, ਪ੍ਰਜਾ ਅਤੇ ਫੌਜ ਆਦਿਕ ਵਿੱਚ ਫੋਟਕ ਪਾ ਦੇਣ ਦਾ ਕਰਮ.

ਦ੍ਵੈਪਾਯਣ, ਦ੍ਵੈਪਾਯਨ: ਸੰਗ੍ਯਾ- ਦ੍ਵੀਪ- ਆਯਨ. ਵ੍ਯਾਸ. ਜਮੁਨਾ ਦੇ ਦ੍ਵੀਪ ਵਿੱਚ ਜਨਮ ਹੋਣ ਤੋਂ ਇਹ ਨਾਉਂ ਹੋਇਆ ਹੈ. ਦੇਖੋ, ਪਰਾਸਰ ਅਤੇ ਬਿਆਸ.

ਦ੍ਵੈਭੈਯਾ: ਸੰਗ੍ਯਾ- ਯੁਧਿਸ਼੍ਠਿਰ. ਦ੍ਵਿਤੀਯਭ੍ਰਾਤਾ. ਕੁੰਤੀ ਦੇ ਉਦਰ ਤੋਂ ਪਹਿਲਾਂ ਕਰਣ ਅਤੇ ਦੂਜਾ ਯੁਧਿਸ਼੍ਠਿਰ ਜਨਮਿਆ. (ਸਨਾਮਾ) ੨. ਦੋ ਸਕੇ ਭਾਈ (ਭੀਮ ਅਤੇ ਅਰਜੁਨ) ਰੱਖਣ ਵਾਲਾ ਯੁਧਿਸ਼੍ਠਿਰ. (ਸਨਾਮਾ)

ਦ੍ਵੈਮਾਤੁਰ: ਸੰਗ੍ਯਾ- ਦੋ ਮਾਤਾ ਵਾਲਾ, ਗਣੇਸ਼. ਰਾਜਾ ਵਰੇਣ੍ਯ ਦੀ ਇਸਤ੍ਰੀ ਪੁਸ਼ਪਿਕਾ ਅਤੇ ਪਾਰਸ਼੍ਵ ਮੁਨਿ ਦੀ ਇਸਤ੍ਰੀ ਦੀਪਵਤਸਲਾ ਕਰਕੇ ਜੋ ਪਾਲਿਆ ਗਿਆ ਹੈ। ੨. ਜਰਾਸੰਧ, ਦੇਖੋ, ਗਣੇਸ਼ ਅਤੇ ਜਰਾਸੰਧ.

ਦ੍ਵੈਯਾ: ਵਿ- ਦੇਵੈਯਾ. ਦਾਤਾ. "ਦ੍ਵੈਯਾ ਰਾਜਤਾਜ ਕੇ ਵ੍ਰਿਧੈਯਾ ਸੁਖਸਾਜ ਕੇ ਰਖੈਯਾ ਦਾਸ ਲਾਜ ਕੇ ਕਰੈਯਾ ਕਵਿਕਾਜ ਕੇ." (ਗੁਪ੍ਰਸੂ) ੨. ਦੇਖੋ, ਦੁਵੈਯਾ.

ਦ੍ਵੰਦੀ: ਸੰ. द्वन्द्विन्. ਵਿ- ਦ੍ਵੰਦ੍ਵ (ਦੁੰਦ) ਯੁੱਧ ਕਰਨ ਵਾਲਾ. ਮੁਕ਼ਾਬਲੇ ਦਾ। ੨. ਜੋੜੇ ਦਾ। ੩. ਫ਼ਿਸਾਦੀ. ਕਲਹ ਕਰਨ ਵਾਲਾ.

ਦ੍ਵੰਦ੍ਵ: ਦੇਖੋ, ਦੁੰਦ.

---

[652] ਦੇਖੋ, ਵਿਸ਼ਨੁ ਪੁਰਾਣ ਅੰਸ਼ ੫, ਅਃ ੩੬ ਅਤੇ ਭਾਗਵਤ ਸਕੰਧ ੧੦, ਅਃ ੬੭.

ਧੂੰਦ੍ਰੀ: ਦੇਖੋ, ਧੂੰਦੀ.

ਧੂਜਣੁ, ਧੂਜਣੁਕ: ਸੰ. ਸੰਗਜਾ- ਦੋ ਅਣੁ ਦਾ ਇਕੱਠ. ਦੇਖੋ, ਅਣੁ.

ਧ: ਪੰਜਾਬੀ ਵਰਣਮਾਲਾ ਦਾ ਚੌਵੀਹਵਾਂ ਅੱਖਰ, ਜਿਸ ਦਾ ਉੱਚਾਰਣ ਅਸਥਾਨ ਦੰਦ ਹੈ। ੨. ਸੰ. ਸੰਗਜਾ- ਧਨ। ੩. ਧਰਮ। ੪. ਕੁਬੇਰ। ੫. ਬ੍ਰਹਮਾ।

ਧਉ, ਧੰਉ: ਹਿੰ. ਵਜ- ਧੌਂ. ਧੌਂ. ਨਾ ਜਾਣੀਏ. ਕੌਣ ਜਾਣੇ. "ਤੁਮਰੀ ਧਉ ਕਹਾ ਗਤਿ ਹ੍ਵੈ ਹੈ." (ਕ੍ਰਿਸ਼ਨਾਵ) ੨. ਯਾ. ਅਥਵਾ. ਜਾਂ। ੩. ਕਜਾ. ਕੀ। ੪. ਪ੍ਰਤਜ- ਤੋਂ. ਸੇ. "ਭਰਮ ਅੰਧੇਰ ਮੋਹਿਓ ਕਤ ਧੰਉ?" (ਸਵੈਯੇ ਸ੍ਰੀ ਮੁਖਵਾਕ ਮਃ ੫) ਭ੍ਰਮ ਰੂਪ ਹਨੇਰੇ ਨਾਲ ਕਿਥੋਂ ਗੁਮਰਾਹ ਹੋਗਿਆ?

ਧਉਣ, ਧਉਨ: ਸੰਗਜਾ- ਗਰਦਨ. ਗ੍ਰੀਵਾ। ਅਰਧ ਮਣ. ਅੱਧਾ ਮਣ. ਵੀਹ ਸੇਰ। ੩. ਬਾਰ੍ਹੀ ਖਤ੍ਰੀਆਂ ਵਿੱਚੋਂ ਇੱਕ ਜਾਤਿ. "ਧਉਣ ਮੁਰਾਰੀ ਗੁਰ- ਸਰਣਾਈ." (ਭਾਗੁ)

ਧਉਲ: ਸੰ. ਧਵਲ. ਵਿ- ਚਿੱਟਾ. ਉਜਲਾ। ੨. ਨਿਰਮਲ। ੩. ਸੰਗਜਾ- ਚਿੱਟਾ ਬੈਲ. "ਧਉਲ ਧਰਮੁ ਦਇਆ ਕਾ ਪੂਤੁ." (ਜਪੁ) "वृषोहि भगवान धर्मः ख्यातो लोकेषु भारत. " (ਮਹਾਭਾਰਤ ਸ਼ਾਂਤਿ ਪਰਵ ਮੋਕ੍ਸ਼ਧਰਮ ਅਃ ੩੪੨ ਸ਼. ੮੬) ੪. ਹਿਮਾਲਯ। ੫. ਚਿੱਟਾ ਮੰਦਿਰ. "ਚੜ੍ਹੀ ਸਭ ਸੁਭ੍ਰ ਧਉਲ ਉਤਾਲ." (ਰਾਮਾਵ) "ਇਤਨੋ ਸੁਖ ਨਾ ਹਰਿਧਉਲਨ ਕੋ." (ਕ੍ਰਿਸਨਾਵ) ਇਤਨਾ ਆਨੰਦ ਹਰਿ (ਸੁਵਰਣ) ਮੰਦਿਰਾਂ ਦਾ ਭੀ ਨਹੀਂ। ੬. ਕੈਲਾਸ਼। ੭. ਧੱਫਾ. ਚਪੇੜ. ਦੇਖੋ, ਧੌਲ੍ਹ.

ਧਉਲਹਰ, ਧਉਲਰ: ਸੰ. ਧਵਲ ਹਮੰਜ. ਚਿੱਟੇ ਰਾਜਮੰਦਿਰ. "ਕਿਤਹੀ ਕਾਮ ਨ ਧਉਲਹਰ ਜਿਤੁ ਹਰਿ ਬਿਸਰਾਏ." (ਸੂਹੀ ਮਃ ੫)

ਧਉਲਰੀ: ਹਿਮਾਲਯ ਨਾਲ ਹੈ ਜਿਸ ਦਾ ਸੰਬੰਧ. ਧਵਲਾ. ਗੌਰੀ. ਦੁਰਗਾ.

ਧਉਲਾ: ਵਿ- ਧਵਲ. ਚਿੱਟਾ. "ਪੁੰਡਰ ਕੇਸ ਕੁਸਮ ਤੇ ਧਉਲੇ." (ਸ੍ਰੀ ਬੇਣੀ) "ਮਹਾਦੇਉ ਧਉਲੇ. ਬਲਦ ਚੜਿਆ ਆਵਤ ਦੇਖਿਆ ਥਾ." (ਗੌਂਡ ਨਾਮਦੇਵ) ੨. ਦੇਖੋ, ਧੌਲਾ ੨.

ਧਉਲਾਲੀ: ਧਵਲ- ਵਾਲੀ. ਚਿੱਟੇ ਬੈਲ ਵਾਲੀ। ੨. ਸਫ਼ੈਦ ਪਹਾੜ ਵਾਲੀ. ਧਵਲਗਿਰਿ ਵਾਲੀ. ਪਾਰਵਤੀ. ਦੁਰਗਾ.

ਧਉਲੀ: ਵਿ- ਧਵਲ. ਚਿੱਟੀ। ੨. ਕ੍ਰਿ. ਵਿ- ਧੌਲਿਆਂ (ਚਿੱਟੇ ਰੋਮਾਂ ਦੇ) ਹੁੰਦਿਆਂ. ਧਵਲੀਂ. "ਕਾਲੀਂ ਜਿਨ੍ਹੀ ਨ ਰਾਵਿਆ, ਧਉਲੀ ਰਾਵੈ ਕੋਇ." (ਸ. ਫਰੀਦ)

ਧਉਲੁ: ਦੇਖੋ, ਧਉਲ.

ਧਈ: ਧਾਈ. ਦੌੜੀ. ਨੱਠੀ.

ਧਏ: ਧਾਏ. ਦੌੜੇ. "ਧਏ ਸਾਮੁਹੇ ਵੈ." (ਚਰਿਤ੍ਰ ੨)

ਧਸਕਨਾ: ਕ੍ਰਿ- ਹਿਠਾਹਾਂ ਗਡਜਾਣਾ. ਧਸਣਾ. "ਧੌਂਸਾ ਕੀ ਧੁੰਕਾਰ ਸੁਨ ਧਰਾ ਧਸਕਤ ਹੈ." (ਕਵਿ ੫੨)

ਧਸਣ: ਸੰਗਜਾ- ਧਸ ਜਾਣ ਦੀ ਕ੍ਰਿਯਾ। ੨. ਗਡਣ. ਖੁਭਣ. ਦਲਦਲ.

ਧਸਣਾ: ਕ੍ਰਿ- ਖੁਭਣਾ. ਗਡਣਾ. ਪ੍ਰਵੇਸ਼ ਕਰਨਾ. ਪੈਠਨਾ.

ਧਸਤ: ਧਸਦਾ ਹੈ. ਗਡਦਾ ਹੈ.

ਧਸਾਉਣਾ: ਕ੍ਰਿ- ਗਡਾਉਂਣਾ. ਖੁਭਾਉਣਾ.

ਧਹਾਕ: ਸੰਗਜਾ- ਧਮਕਾ. ਧਮਾਕਾ. ਧਮ ਸ਼ਬਦ.

ਧਕ: ਸੰਗਜਾ- ਧੜਕਾ. ਦਿਲ ਦੇ ਧੜਕਣ ਦਾ ਭਾਵ.

ਧਕਧਕ, ਧਕਧਕਾ, ਧਕਧਕੀ: ਸੰਗਜਾ- ਦਹਿਲ. ਧੜਕਾ. ਦਿਲ ਦਾ ਖਟਕਾ. ਹੌਲਦਿਲੀ. "ਹਰਿ ਪਾਇਆ ਚੂਕੇ ਧਕਧਕੇ." (ਆਸਾ ਮਃ ੪)

ਧਕਾ: ਸੰਗਜਾ- ਧਕੇਲਣ ਦੀ ਕ੍ਰਿਯਾ. ਧੱਕਾ. "ਜਾ ਬਖਸੇ ਤਾ ਧਕਾ ਨਹੀ." (ਵਾਰ ਸੂਹੀ ਮਃ ੧) ਜਦ ਵਾਹਗੁਰੂ ਬਖ਼ਸ਼ਦਾ ਹੈ ਫੇਰ ਲੋਕ ਪਰਲੋਕ ਵਿੱਚ ਧੱਕੇ ਨਹੀਂ ਪੈਂਦੇ. "ਭਾਵੈ ਧੀਰਕ ਭਾਵੈ ਧਕੇ." (ਆਸਾ ਮਃ ੧) ੩. ਜ਼ੋਰਾਵਰੀ. ਸੀਨਾਜ਼ੋਰੀ.

ਧਕਾਧਕੀ, ਧਕਾਧੀਕ: ਸੰਗਜਾ- ਧੱਕੇਬਾਜ਼ੀ. ਕਸ਼ਮਕਸ਼. ਰੇਲਪੇਲ. "ਧਕਾਧਕੀ ਧੱਕੰ." (ਵਿਚਿਤ੍ਰ)

ਧਕੇਲਣਾ, ਧਕੇਲਨਾ: ਕ੍ਰਿ- ਧੱਕਾ ਦੇਣਾ. ਠੇਲਣਾ.

ਧੱਕਾ: ਦੇਖੋ, ਧਕਾ.

ਧੱਖ: ਸੰਗਜਾ- ਜੂੰ ਦਾ ਬੱਚਾ. ਛੋਟੀ ਜੂੰ. ਯੂਕਾ ਦਾ ਅੰਡਾ.

ਧਗ: ਦੇਖੋ, ਧੱਗ.

ਧਗੜਾ: ਸੰਗਜਾ- ਰਹਿੰਤ- ਧਵ (ਪਤੀ) ਨਿੰਦਿਤ ਧਵ. ਜਾਰ. ਉਪਪਤਿ.

ਧੱਗ: ਸੰਗਜਾ- ਵਡਾ ਨਗਾਰਾ. ਨੌਬਤ. "ਜੁੱਟੇ ਵੀਰ ਜੁਝਾਰੇ ਧੱਗਾਂ ਵੱਜੀਆਂ." (ਰਾਮਾਵ)

ਧਙਾਣਾ: ਸੰਗਜਾ- ਧਿੰਗਜ਼ੋਰੀ. ਧੱਕੇਬਾਜ਼ੀ. ਦੇਖੋ, ਧਿਙਾਣਾ.

ਧਜ: ਸੰਗਜਾ- ਧ੍ਵਜ. ਧੁਜਾ। ੨. ਲੀਰ. ਟੱਲੀ. "ਪਾੜਿ ਪਟੋਲਾ ਧਜ ਕਰੀ." (ਸ. ਫਰੀਦ) ੩. ਲੰਮੀ ਅਤੇ ਪਤਲੀ ਲਕੜੀ। ੪. ਠਾਟ. ਸਜਾਵਟ.

ਧਜਾ: ਸੰਗਜਾ- ਧ੍ਵਜ. ਧੁਜਾ ਨਿਸ਼ਾਨ. "ਸਿਖਰਿ ਧਜਾ ਫਹਿਰਾਇ." (ਸ. ਕਬੀਰ)

ਧਟਾ, ਧੱਟਾ: ਸੰ. ਢੱਟਾ. ਸਾਨ੍ਹ. ਸਾਂਡ. "ਧਟੇ ਖੋਰੂ ਕਰਿ ਗਏ." (ਮਃ ੧. ਬੰਨੋ)

ਧਣ: ਡਿੰਗ. ਵਹੁਟੀ. ਪਤਨੀ. ਸੰ. ਧਨਿਕਾ. ਦੇਖੋ, ਧਨ ੫। ੨. ਸੰ. ਧਨੁ. ਚਾਪ. ਕਮਾਣ. "ਬਾਣਹਿ ਤਾਣ ਧਣੰ." (ਰਾਮਾਵ)

ਧਣਕ, ਧਣਖ, ਧਣਖੁ: ਸੰ. ਧਨੁਸ਼. ਸੰਗਜਾ- ਕਮਾਣ. ਤੀਰ ਫੈਂਕਣ ਦਾ ਅਸਤ੍ਰ. "ਗਗਨੰਤਰਿ ਧਣਖੁ ਚੜਾਇਆ." (ਮਾਰੂ ਸੋਲਹੇ ਮਃ ੧) "ਧਣਖੁ ਚੜਾਇਓ ਸਤਿ ਦਾ." (ਵਾਰ ਰਾਮ ੩)

ਧਣੀ: ਵਿ- ਧਨੀ. ਧਨਵਾਨ। ੨. ਸਿੰਧੀ ਅਤੇ ਡਿੰਗਲ. ਮਾਲਿਕ. ਸ੍ਵਾਮੀ. "ਸਗਲ ਸ੍ਰਿਸਟਿ ਕੋ ਧਣੀ ਕਹੀਜੈ." (ਗੂਜ ਮਃ ੫) ੩. ਪਤੀ. ਭਰਤਾ. "ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ." (ਸਵਾ ਮਃ ੫)

ਧਣੀਆ: ਦੇਖੋ, ਧਨੀਆ.

ਧਣੀਐ: ਧਨੀ (ਸ੍ਵਾਮੀ) ਹੈ. "ਵਡਾ ਹੈ ਸਭਨਾ ਦਾ ਧਣੀਐ." (ਵਾਰ ਗਉ ੧. ਮਃ ੫) ੨. ਧਣੀ (ਸ੍ਵਾਮੀ) ਨੇ। ੩. ਧਣੀ ਨੂੰ.

ਧਤ: ਸੰਗਜਾ- ਧ੍ਰਿਤ. ਧਾਰਨ ਕੀਤੀ ਹੋਈ ਬੁਰੀ ਆਦਤ. ਭੈੜੀ ਵਾਦੀ. ਕੁਟੇਵ। ੨. ਵਜ- ਦਰਕਾਰਨ ਦਾ ਸ਼ਬਦ। ੩. ਹਾਥੀ ਨੂੰ ਪਿੱਛੇ ਹਟਾਉਣ ਦਾ ਸ਼ਬਦ.

ਧਤੂਰਾ: ਸੰ. ਧੱਤੂਰ ਅਤੇ ਧੁਸਤੂਰ. ਸੰਗਜਾ- ਇੱਕ ਜ਼ਹਰੀਲਾ ਪੌਧਾ, ਜਿਸ ਦੇ ਵਿਸ਼ੈਲੇ ਗੋਲ ਫਲ ਕੰਡੇਦਾਰ ਹੁੰਦੇ ਹਨ. L.

Datura Alba. ਅੰ. Thorn apple. ਵੈਦ੍ਯ ਧਤੂਰੇ ਨੂੰ ਦਮੇ ਆਦਿ ਕਈ ਰੋਗਾਂ ਵਿੱਚ ਵਰਤਦੇ ਹਨ. ਠਗ ਲੋਕ ਧਤੂਰੇ ਦੇ ਬੀਜ ਕਿਸੇ ਪਦਾਰਥ ਵਿੱਚ ਮਿਲਾਕੇ ਧਨ ਠਗਣ ਲਈ ਖੁਵਾਉਂਦੇ ਹਨ. ਸ਼ੈਵ ਲੋਗ ਧਤੂਰੇ ਦੇ ਫੁੱਲ ਸ਼ਿਵ ਉੱਪਰ ਚੜ੍ਹਾਕੇ ਮਨੋਕਾਮਨਾ ਦੀ ਸਿੱਧੀ ਸਮਝਦੇ ਹਨ. ਇਸ ਦੇ ਸੰਸਕ੍ਰਿਤ ਨਾਮ ਹਨ- ਕਨਕ, ਮਦਨ, ਸਿਵਸ਼ੇਖਰ, ਖਲ. ਕੰਟਕਫਲ, ਸ਼ਿਵਪ੍ਰਿਯ.

ਧਤੂਰਾ ਗਰਮ ਖੁਸ਼ਕ ਅਤੇ ਦਿਲ ਦਿਮਾਗ ਨੂੰ ਨੁਕਸਾਨ ਪੁਚਾਣ ਵਾਲਾ ਹੈ.

ਧਧਕ: ਸੰਗ੍ਯਾ- ਮ੍ਰਿਦੰਗ ਆਦਿ ਦੀ ਧੁਨਿ. ਧਮਕ। ੨. ਅਗਨਿ ਦੀ ਲਾਟਾਂ ਦੀ ਧੁਨਿ.

ਧਧਕਾਰ: ਸੰਗ੍ਯਾ- ਧਮਾਕਾ. ਧਧ ਧਧ ਧੁਨਿ। ੨. ਧਿੱਕਾਰ. ਲਾਨਤ. ਫਿਟਕਾਰ.

ਧਧਾ: ਧ ਅੱਖਰ. "ਧਧਾ ਧੂਰਿ ਪੁਨੀਤ ਤੇਰੇ ਜਨੂਆ." (ਬਾਵਨ) ੨. ਧ ਦਾ ਉੱਚਾਰਣ. ਧਕਾਰ.

ਧਧੇਲਾ: ਸੰਗ੍ਯਾ- ਇੱਕ ਰਾਜਪੂਤ ਜਾਤਿ. "ਮਘੇਲੇ ਧਧੇਲੇ ਬੁੰਦੇਲੇ ਚੰਦੇਲੇ." (ਚਰਿਤ੍ਰ ੩੨੦)

ਧਨ: ਸੰ. ਧਨ. ਧਾ- ਸ਼ਬਦ ਕਰਨਾ, ਪੈਦਾ ਕਰਨਾ, ਫਲਣਾ। ੨. ਸੰਗ੍ਯਾ- ਦੌਲਤ. "ਧਨ ਦਾਰਾ ਸੰਪਤਿ ਸਗਲ," (ਸ: ਮ: ੯) ੩. ਪਜਾਰੀ ਵਸ੍ਤੁ। ੪. ਸੰਪੱਤਿ. ਵਿਭੂਤੀ। ੫. ਸੰ. ਧਨਿਕਾ. ਜੁਆਨ ਇਸਤ੍ਰੀ. "ਧਨ ਪਿਰੁ ਏਹਿ ਨ ਆਖੀਅਨਿ." (ਵਾਰਿ ਸੂਹੀ ਮ: ੩) ੬. ਭਾਵ- ਰੂਹ. "ਸਾ ਧਨ ਪਕੜੀ ਏਕ ਜਨਾ." (ਗਉ ਮ: ੧) ੭. ਸ਼ਰੀਰ. ਦੇਹ. "ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ." (ਸ੍ਰੀ ਮ: ੫) "ਪ੍ਰਿਉ ਦੇ ਧਨਹਿ ਦਿਲਾਸਾ ਹੈ." (ਮਾਰੂ ਸੋਲਹੇ ਮ: ੫) ਪ੍ਰਿਯ (ਪਤਿ) ਤੋਂ ਭਾਵ ਜੀਵਾਤਮਾ ਅਤੇ ਧਨ ਤੋਂ ਦੇਹ ਹੇ। ੮. ਸੰ. ਧਨ੍ਯ. ਵਿ- ਸਲਾਹੁਣ ਯੋਗ੍ਯ. "ਧਨ ਓਹੁ ਮਸਤਕ." (ਗਉ ਮ: ੫) ੯. ਵ੍ਯ- ਵਾਹ! ਖੂਬ! "ਪਿਰ ਵਾਤੜੀ ਨ ਪੁਛਈ, ਧਨ ਸੋਹਾਗਣਿ ਨਾਉ!" (ਸ. ਫਰੀਦ) ੧੦. ਦੇਖੋ, ਧਨੁ। ੧੧. ਧ੍ਵੰਸਨ (ਨਾਸ਼ ਕਰਨ) ਦੀ ਥਾਂ ਭੀ ਧਨ ਸ਼ਬਦ ਆਇਆ ਹੈ, ਯਥਾ- "ਨਾਮ ਮ੍ਰਿਗਨ ਸਬ ਕਹਿ ਧਨ ਸਬਦ ਉਚਾਰੀਐ." (ਸਨਾਮਾ) ਮ੍ਰਿਗ ਨੂੰ ਕੱਟਣ ਵਾਲਾ ਖੜਗ। ੧੨. ਨਿਧਨ (ਵਿਨਾਸ਼) ਦਾ ਸੰਖੇਪ ਭੀ ਧਨ ਸ਼ਬਦ ਹੋ ਸਕਦਾ ਹੈ.

ਧਨਸੱਤ: ਸੰ. ਸ਼ਤਧਨ੍ਵਾ. "ਧਨਸੱਤ ਕੀ ਜਾਂ ਹਿਤ ਦੇਹ ਗਈ ਹੈ." (ਕ੍ਰਿਸਨਾਵ) ਦੇਖੋ, ਸਤਧਨ੍ਵਾ.

ਧਨਹਰਤਾ: ਵਿ- ਧਨ ਚੁਰਾਉਣ ਵਾਲਾ। ੨. ਸੰਗ੍ਯਾ- ਚੋਰ. ਠਗ.

ਧਨਹਿ: ਧਨ ਹਿਤ ਦਾ ਸੰਖੇਪ. "ਜੈਸੇ ਅਪਨੇ ਧਨਹਿ ਪ੍ਰਾਣੀ ਮਰਨ ਮਾਂਡੈ." (ਬਸੰ ਨਾਮਦੇਵ) ੨. ਧਨ ਨੂੰ.

ਧਨਹੀਨ: ਵਿ- ਧਨ ਰਹਿਤ. ਕੰਗਾਲ. ਨਿਰਧਨ.

ਧਨਕ, ਧਨਖ, ਧਨਖੁ: ਸੰ. ਧਨੁਸ਼. ਸੰਗ੍ਯਾ- ਕਮਾਣ. ਚਾਪ. "ਤਿਨਿ ਬਿਨ ਬਾਣੈ ਧਨਖੁ ਚਢਾਈਐ." (ਗਉ ਕਬੀਰ)

ਧਨਜ: ਦੇਖੋ, ਧਨੁਜ.

ਧਨਠੀ: ਸੰ. ਧਨਿਸ਼੍ਠ. ਵਿ- ਧਨਵਾਨ. ਦੌਲਤਮੰਦ। ੨. ਸੰਗ੍ਯਾ- ਨਟ ਅਖਾੜੇ ਦਾ ਪ੍ਰਧਾਨ. "ਆਪਨ ਹਨਐ ਧਨਠੀ ਭਗਵਾਨ ਤਿਨੋ ਪਹਿ ਤੇ ਬਹੁ ਨਾਚ ਨਚਾਯੋ." (ਕ੍ਰਿਸਨਾਵ)

ਧਨਦ: ਵਿ- ਧਨ ਦੇਣ ਵਾਲਾ. ਉਦਾਰ। ੨. ਸੰਗ੍ਯਾ- ਦੇਵਤਿਆਂ ਦਾ ਖ਼ਜ਼ਾਨਚੀ ਕੁਬੇਰ। ੩. ਖ਼ਜ਼ਾਨਚੀ. ਕੋਸ਼ਪਾਲ। ੪. ਰਾਜਾ. ਬਾਦਸ਼ਾਹ.

ਧਨਧਨੀ: ਵਿ- ਧਨੀਆਂ ਵਿੱਚੋਂ ਮਹਾ ਧਨੀ. "ਤੁਮ ਧਨਧਨੀ ਉਦਾਰ ਤਿਆਗੀ." (ਬਿਲਾ ਕਬੀਰ)

ਧਨਧਾਨ: ਧਨ ਅਤੇ ਅੰਨ. ਨਕ਼ਦੀ ਅਤੇ ਖਾਨ ਪਾਨ ਦੀ ਸਾਮਗ੍ਰੀ.

ਧਨਧਾਮ: ਧਨ ਅਤੇ ਘਰ। ੨. ਦੌਲਤ ਅਤੇ ਖ਼ਾਨਦਾਨ.

**ਧਨਨੀ:** ਸੰ. ਧਨ੍ਵਿਨ. ਧਨ੍ਵੀ. ਵਿ- ਧਨੁਸ਼ ਹੈ ਜਿਸ ਪਾਸ। ੨. ਸੰਗਯਾ- ਧਨੁਸ਼ਵਾਲੀ ਸੈਨਾ. (ਸਨਾਮਾ)

**ਧਨਪਤਿ:** ਸੰਗਯਾ- ਕੁਬੇਰ। ੨. ਸ਼ਾਹੂਕਾਰ। ੩. ਦੌਲਤਮੰਦ। ੪. ਰਾਜਾ। ੫. ਦੇਖੋ, ਧਨਪਿਰ.

**ਧਨਪਾਤੀ, ਧਨਪਾਤ੍ਰ:** ਸੰਗਯਾ- ਧਨੀ. ਧਨਵਾਨ. ਦੌਲਤਮੰਦ. ਧਨਪਤਿ. "ਧਨਪਾਤੀ ਵਡ ਭੂਮੀਆ." (ਸ੍ਰੀ ਮਃ ੫) ੨. ਕੁਬੇਰ. "ਧਨਪਾਤੀ ਜਾਨੁਕ ਪੁਰਹੂਤਾ." (ਗੁਵਿ ੧੦)

**ਧਨਪਾਲ:** ਵਿ- ਧਨ ਦਾ ਰਾਖਾ। ੨. ਸੰਗਯਾ- ਕੁਬੇਰ.

**ਧਨ ਪਿਰ:** ਧਨਿਕਾ (ਦੁਲਹਨ) ਅਤੇ ਪ੍ਰਿਯ (ਦੂਲਹਾ). ਲਾੜੀ ਲਾੜਾ.

**ਧਨਭਾਗ:** ਧਨਿਕਾ (ਦੁਲਹਨ) ਦਾ ਭਾਗਯ, ਸੁਹਾਗ। ੨. ਧਨ੍ਯ ਭਾਗ. ਉੱਤਮ ਭਾਗਯ. ਖ਼ੁਸ਼ਕ਼ਿਸਮਤੀ.

**ਧਨਰਪਾਨ:** ਦੇਖੋ, ਧਨੁਰਪਾਣਿ. "ਧਨਰਪਾਨ ਧ੍ਰਿਤ- ਮਾਨ ਧਰਾਧਰ." (ਹਜਾਰੇ ੧੦)

**ਧਨਵਾਨ:** ਵਿ- ਧਨਵਾਲਾ. ਧਨੀ. ਦੌਲਤਮੰਦ.

**ਧਨਵੰਤ, ਧਨਵੰਤਾ:** ਵਿ- ਧਨਵਾਨ. ਦੌਲਤਮੰਦ. "ਧਨਵੰਤ ਨਾਮ ਕੇ ਵਣਜਾਰੇ." (ਸਾਰ ਮਃ ੫) "ਧਨਵੰਤਾ ਇਵਹੀ ਕਹੈ ਅਵਰੀ ਧਨ ਕਉ ਜਾਉ." (ਵਾਰ ਸਾਰ ਮਃ ੧) "ਪ੍ਰਭੁ ਕਉ ਸਿਮਰਹਿ ਸੇ ਧਨਵੰਤੇ." (ਸੁਖਮਨੀ)

**ਧਨਵੰਤੀ:** ਵਿ- ਧਨ੍ਯਤਾ ਵਾਲੀ. ਧੰਨਤਾ ਯੋਗ੍ਯ. "ਧਨਾਸਰੀ ਧਨਵੰਤੀ ਜਾਣੀਐ. ਭਾਈ! ਜਾਂ ਸਤਿਗੁਰ ਕੀ ਕਾਰ ਕਮਾਇ." (ਸਵਾ ਮਃ ੩) ਭਾਈ ਸੰਤੋਖਸਿੰਘ ਨੇ ਧਨਵੰਤੀ ਵਿਸ਼ੇਸ਼ਣ ਨੂੰ ਸੰਗਯਾ ਮੰਨਕੇ ਇੱਕ ਰਾਗਿਣੀ ਲਿਖੀ ਹੈ, ਯਥਾ- "ਗੂਜਰਿ ਅਰੁ ਕਮਾਚ ਧਨਵੰਤੀ." (ਗੁਪ੍ਰਸੂ) ੨. ਧਨ ਵਾਲੀ. ਜਿਸ ਪਾਸ ਦੌਲਤ ਹੈ। ੩. ਦੇਖੋ, ਗੰਗਾ ਮਾਤਾ.

**ਧਨਾ:** ਸੰ. ਧਨਿਕਾ. ਸੰਗਯਾ- ਜੁਆਨ ਇਸਤ੍ਰੀ। ੨. ਭਾਵ- ਰੂਹ. "ਭੀਤਰਿ ਬੈਠੀ ਸਾ ਧਨਾ." (ਗਉ ਮਃ ੧)

**ਧਨਾਸ:** ਸੰਗਯਾ- ਧਨਾਸ਼ਾ. ਧਨ ਦੀ ਆਸ. "ਦੇਸ ਬਿਦੇਸ ਧਨਾਸ ਕਲੋਲਹਿ." (ਚਰਿਤ੍ਰ ੨੬੬)

**ਧਨਾਸਰੀ:** ਸੰ. ਧਨਾਸ਼੍ਰੀ. ਇਹ ਕਾਫੀਠਾਟ ਦੀ ਸੰਪੂਰਣ ਰਾਗਿਣੀ ਹੈ. ਆਰੋਹੀ ਵਿੱਚ ਭੀਮਪਲਾਸੀ ਦਾ ਅੰਗ ਹੈ, ਅਵਰੋਹੀ ਵਿੱਚ ਪੂਰਵੀ ਅਤੇ ਮੁਲਤਾਨੀ ਦੀ ਰੰਗਤ ਹੈ. ਅਵਰੋਹੀ ਵਿਚ ਧੈਵਤ ਦੁਰਬਲ ਹੈ. ਪੰਚਮ ਅਤੇ ਗਾਂਧਾਰ ਦੀ ਸੰਗਤਿ ਹੈ. ਪੰਚਮਵਾਦੀ ਸੁਰ ਹੈ. ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ. ਸ਼ੜਜ ਗਾਂਧਾਰ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ, ਮੱਧਮ ਤੀਵ੍ਰ ਹੈ.

ਆਰੋਹੀ- ਸ਼ ਰਾ ਗ ਮੀ ਪ ਧਾ ਨ

ਅਵਰੋਹੀ- ਨ ਧਾ ਪ ਮੀ ਗ ਰਾ ਧ.

ਕਈਆਂ ਨੇ ਸ਼ੜਜ ਰਿਸ਼ਭ ਪੰਚਮ ਧੈਵਤ ਸ਼ੁੱਧ ਅਤੇ ਗਾਂਧਾਰ ਮੱਧਮ, ਨਿਸ਼ਾਦ ਕੋਮਲ ਮੰਨੇ ਹਨ. ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਧਨਾਸਿਰੀ ਦਾ ਨੰਬਰ ਦਸਵਾਂ ਹੈ। ੨. ਸੰ. ਧਨੇਸ਼੍ਵਰਯੰ. ਧਨ ਅਤੇ ਵਿਭੂਤੀ. "ਧਨਾਸਰੀ ਧਨਵੰਤੀ ਜਾਣੀਐ ਭਾਈ, ਜਾਂ ਸਤਿਗੁਰ ਕੀ ਕਾਰ ਕਮਾਇ." (ਸਵਾ ਮਃ ੩) ਧਨਵੰਤਾਂ ਦਾ ਧਨ ਐਸ਼੍ਵਰਯ ਤਾਂ ਠੀਕ ਹੈ, ਜੇ ਸਤਿਗੁਰ ਕੀ ਕਾਰ ਕਮਾਇ.

**ਧਨਾਢ, ਧਨਾਢਿ, ਧਨਾਢਯ:** ਵਿ- ਮਾਲਦਾਰ. ਦੌਲਤਮੰਦ. "ਧਨਾਢਿ ਆਢਿ ਭੰਡਾਰ ਹਰਿਨਿਧਿ, ਹੋਤ ਜਿਨਾ ਨ ਚੀਰ." (ਗੂਜ ਅਃ ਮਃ ੫) ਜਿਨ੍ਹਾਂ ਪਾਸ ਓਡਣ ਨੂੰ ਵਸਤ੍ਰ ਭੀ ਨਹੀਂ ਸੀ, ਓਹ ਹਰਿਨਿਧਿ ਦਾ ਭਾਂਡਾਰ ਪਾਕੇ ਧਨਵਾਨਾਂ ਦੇ ਆਧਾਰ ਹੋ ਗਏ.

**ਧਨਾਂਧ:** ਵਿ- ਧਨ ਨਾਲ ਅੰਨ੍ਹਾ. ਦੌਲਤ ਦੇ ਅਹੰਕਾਰ ਵਾਲਾ,

**ਧਨਾਧਿਪ, ਧਨਾਧ੍ਯਕ੍ਸ਼:** ਸੰਗਯਾ- ਕੁਬੇਰ। ੨. ਖ਼ਜ਼ਾਨਚੀ.

ਧਨਾਰਥੀ: ਸੰ. धनार्थिनि- ਵਿ- ਧਨ ਚਾਹੁਣ ਵਾਲਾ. ਧਨ ਮੰਗਣ ਵਾਲਾ.

ਧਨਿ: ਦੇਖੋ, ਧਨੀ। ੨. ਸੰ. ਧਨਜ. ਵਿ- ਸਲਾਹੁਣ ਲਾਇਕ਼. ਵਡਾਈ ਯੋਗਜ. "ਧਨਿ ਧਨਿ ਸਤਿਗੁਰੁ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ." (ਸਵੈਯੇ ਮਃ ੪. ਕੇ) ੩. ਧਨ ਨਾਲ. ਧਨ ਤੋਂ. "ਬਿਖਿਆ ਕੈ ਧਨਿ ਸਦਾ ਦੁਖ ਹੋਇ," (ਧਨਾ ਮਃ ੩)

ਧਨੀ: ਸੰ. धनिन ਵਿ- ਧਨ ਵਾਲਾ. ਦੌਲਤਮੰਦ. ਧਨਿਕ। ੨. ਦੇਖੋ, ਧਣੀ.

ਧਨੀਆ: ਸੰ. ਧਾਨਕ ਅਥਵਾ ਧਨਜਾਕ. L. Coriandrum Sativum. ਇੱਕ ਛੋਟਾ ਪੌਧਾ, ਜੋ ਸਿਆਲ ਵਿੱਚ ਹੁੰਦਾ ਹੈ. ਇਸ ਨੂੰ ਸੁਗੰਧ ਵਾਲੇ ਫਲ ਲਗਦੇ ਹਨ, ਜੋ ਮਸਾਲੇ ਵਿੱਚ ਵਰਤੀਦੇ ਹਨ. ਇਸ ਦੇ ਹਰੇ ਪੱਤੇ ਚਟਨੀ ਅਤੇ ਤਰਕਾਰੀ ਵਿੱਚ ਵਰਤੇ ਜਾਂਦੇ ਹਨ. ਵੈਦਕ ਅਨੁਸਾਰ ਇਸ ਦੀ ਤਾਸੀਰ ਸਰਦ ਤਰ ਹੈ. ਧਨੀਏ ਦਾ ਤੇਲ ਭੀ ਬਹੁਤ ਗੁਣਕਾਰੀ ਹੈ। ੨. ਕਮਾਲ ਦੀ ਵਹੁਟੀ, ਕਬੀਰ ਜੀ ਦੀ ਨੂੰਹ. "ਮੇਰੀ ਬਹੁਰੀਆ ਕੋ ਧਨੀਆ ਨਾਉ." (ਆਸਾ ਕਬੀਰ)

ਧਨੀਤਾ: ਵਿ- ਧਨਪਾਤ੍ਰ. ਧਨਪਤਿ. ਦੌਲਤਮੰਦ. "ਸੂਮੁ ਕਰਤੇ ਦਮ ਆਢ ਕਉ, ਤੇ ਗਨੀ ਧਨੀਤਾ." (ਬਿਲਾ ਮਃ ੫)

ਧਨੁ: ਵਿ- ਧਨਜ. ਪੁਨਜਵਾਨ। ੨. ਸਲਾਹੁਣ ਲਾਇਕ਼. ਪ੍ਰਸ਼ੰਸਾ ਯੋਗਜ. "ਧਨੁ ਵਾਪਾਰੀ ਨਾਨਕਾ ਜਿਨਾ ਨਾਮਧਨ ਖਟਿਆ." (ਵਾਰ ਗੂਜ ੧. ਮਃ ੩) "ਧਨੁ ਗੁਰਮੁਖਿ ਸੋ ਪਰਵਾਣ ਹੈ." (ਸ੍ਰੀ ਮਃ ੩) ੩. ਸੰ. ਧਨ. ਸੰਗਜਾ- ਦੌਲਤ. "ਧਨੁ ਸੰਚਿ ਹਰਿ ਹਰਿ ਨਾਮੁ ਵਖਰੁ." (ਤੁਖਾ ਛੰਤ ਮਃ ੧) ੪. ਸੰ. ਕਮਾਣ. ਧਨੁਖ. ਚਾਪ. "ਧਰ ਧਨੁ ਕਰ ਮਹਿ ਸਰ ਬਰਖਾਏ." (ਨਾਪ੍ਰ) ੫. ਜਯੋਤਿਸ਼ ਅਨੁਸਾਰ ਨੌਮੀ ਰਾਸ਼ੀ। ੬. ਦੇਖੋ, ਧਨ.

ਧਨੁਸ: ਸੰ. धनुस् ਅਤੇ धनुष. ਸੰਗਜਾ- ਕਮਾਣ. ਚਾਪ। ੨. ਚਾਰ ਹੱਥ ਦੀ ਲੰਬਾਈ. ਦੋ ਗਜ਼ ਭਰ ਪ੍ਰਮਾਣ. "ਧਨੁਸ ਧਨੁਸ ਪਰ ਸੁਰ ਬੈਠਾਰੇ." (ਗੁਪ੍ਰਸੂ) ਚਾਰ ਚਾਰ ਹੱਥ ਦੀ ਵਿੱਥ ਤੇ ਦੇਵਤੇ ਬੈਠਾਏ.

ਧਨੁਸਰ: ਧਨੁਖ ਅਤੇ ਤੀਰ। ੨. ਸੰ. ध्वस्र- ਧ੍ਵਸ੍. ਵਿ- ਵਿਨਾਸ਼ ਕਰਨ ਵਾਲਾ. "ਨਾਮ ਮ੍ਰਿਗਨ ਸਭ ਕਹਿ ਧਨੁਸਰ ਉੱਚਾਰੀਐ." (ਸਨਾਮਾ) ਮ੍ਰਿਗਧ੍ਵੰਸੀ ਖੜਗ.

ਧਨੁਹੀ: ਸੰਗਜਾ- ਛੋਟਾ ਧਨੁਸ਼. ਕਮਾਨਚਾ.

ਧਨੁਕ, ਧਨੁਖ: ਸੰ. ਧਨੁਸ੍ ਅਤੇ ਧਨੁਸ਼੍ਕ. ਸੰਗਜਾ- ਕਮਾਣ. ਚਾਪ.

ਧਨੁਖਅਰਦਨ: ਸੰ. ਧਨੁਸ ਨੂੰ ਕੱਟਣ ਵਾਲਾ ਤੀਰ. (ਸਨਾਮਾ) ਅਰਧਚੰਦ੍ਰ ਵਾਣ ਨਾਲ ਧਨੁਸ਼ ਕੱਟਿਆ ਜਾਂਦਾ ਹੈ.

ਧਨੁਖਸੁਤ: ਸੰਗਜਾ- ਧਨੁਸ ਦਾ ਪੁਤ੍ਰ, ਤੀਰ. (ਸਨਾਮਾ) ਦੇਖੋ, ਧਨੁਜ.

ਧਨੁਖ ਚੜ੍ਹਾਉਣਾ: ਕ੍ਰਿ- ਮੁਹਿੰਮ ਲਈ ਤਿਆਰ ਹੋਣਾ. ਜੰਗ ਕਰਨ ਨੂੰ ਤਿਆਰ ਹੋਣਾ. ਪੁਰਾਣੇ ਜ਼ਮਾਨੇ ਚਿੱਲਾ ਉਤਾਰਕੇ ਰਾਜ ਦਰਬਾਰ ਵਿੱਚ ਧਨੁਸ ਰੱਖਿਆ ਜਾਂਦਾ ਸੀ, ਜੋ ਦਰਬਾਰੀ ਉੱਠਕੇ ਚਿੱਲਾ ਚੜਾਉਂਦਾ, ਉਹ ਸੈਨਾਪਤੀ ਥਾਪਕੇ ਗ਼ਨੀਮ ਪੁਰ ਭੇਜਿਆ ਜਾਂਦਾ.

ਧਨੁਖਾਗ੍ਰ: ਸੰਗਜਾ- ਧਨੁਸ ਦੇ ਅੱਗੇ ਜੋ ਲਗਾਇਆ ਜਾਵੇ, ਤੀਰ. "ਬਿਸਿਖ ਬਾਨ ਧਨੁਖਾਗ੍ਰ ਭਨ." (ਸਨਾਮਾ)

ਧਨੁਜ: ਸੰਗਜਾ- ਧਨੁਸ਼ ਤੋਂ ਨਿਕਲਕੇ ਜੋ ਵੈਰੀ ਤੇ ਜਾਵੇ, ਤੀਰ. ਧਨੁਖਸੁਤ. "ਦੀਨੋ ਧਨੁਜ ਚਲਾਇ, ਧਨੁਖ ਦ੍ਰਿੜ੍ਹ ਸਾਧਕਰ." (ਚਰਿਤ੍ਰ ੧੭੫) "ਬਿਸਿਖ ਬਾਣ ਸਰ ਧਨੁਜ ਭਨ." (ਸਨਾਮਾ)

ਧਨੁਨੀ: ਸੰਗਜਾ- ਧਨੁ (ਕਮਾਣ) ਵਾਲੀ ਸੈਨਾ. (ਸਨਾਮਾ)

ਧਨੁਰਦ੍ਰੁਮ: ਸੰ. ਧਨੁਦ੍ਰੁੰਮ. ਸੰਗਜਾ- ਬਾਂਸ, ਜਿਸ ਦੀ ਲੱਕੜ ਤੋਂ ਧਨੁਸ਼ ਬਣਾਇਆ ਜਾਂਦਾ ਹੈ.

ਧਨੁਰਧਰ: ਸੰ. धनुर्धर. ਸੰਗਜਾ- ਧਨੁਸ਼ ਧਾਰਨ ਵਾਲਾ ਪੁਰਖ. ਧਨੁਖਧਾਰੀ.

ਧਨੁਰਪਾਣਿ, ਧਨੁਰਪਾਨਿ: ਵਿ- ਧਨੁਸ਼ਪਾਣਿ. ਧਨੁਸ਼ ਹੈ ਜਿਸ ਦੇ ਹੱਥ। ੨. ਸੰਗਯਾ- ਧਨੁਧੰਰ ਪੁਰਖ. ਤੀਰੰਦਾਜ਼.

ਧਨੁਰਵਾਤ: ਦੇਖੋ, ਧੁਣਖਵਾਉ.

ਧਨੁਰਵੇਦ: ਸੰ. ਧਨੁਵੇਂਦ. ਸੰਗਯਾ- ਯਜੁਰੇਵਦ ਦਾ ਉਪਵੇਦ, ਜਿਸ ਵਿੱਚ ਧਨੁਸ਼ ਆਦਿ ਸ਼ਸਤ੍ਰਾਂ ਦੀ ਵਿਦਯਾ ਹੈ. ਧਨੁਰਵੇਦ ਦੇ ਪੰਜ ਪਾਦ ਹਨ.

੧. ਯੰਤ੍ਰਮੁਕ੍ਤ ਸ਼ਸਤ੍ਰਾਂ ਦਾ ਵਰਣਨ. ਉਹ ਸ਼ਸਤ੍ਰ, ਜੋ ਕਲ (ਮਸ਼ੀਨ) ਨਾਲ ਚਲਾਏ ਜਾਂਦੇ ਹਨ, ਜੈਸੇ ਤੀਰ ਬੰਦੂਕ ਆਦਿ.

੨. ਅਮੁਕ੍ਤ ਸ਼ਸਤ੍ਰ, ਜੋ ਚਲਾਉਣ ਵੇਲੇ ਹੱਥੋਂ ਨਹੀਂ ਛੱਡੇ ਜਾਂਦੇ, ਜੈਸੇ ਖੜਗ- ਕਟਾਰ ਆਦਿ.

੩. ਪਾਣਿਮੁਕ੍ਤ, ਜੋ ਹੱਥ ਦੇ ਬਲ ਦ੍ਵਾਰਾ ਫੈਂਕੇ ਜਾਂਦੇ ਹਨ, ਜੈਸੇ- ਚਕ੍ਰ.

੪. ਸੰਧਾਰਿਤਮੁਕ੍ਤ, ਜਿਨ੍ਹਾਂ ਦਾ ਇੱਕ ਸਿਰਾ ਹੱਥ ਵਿੱਚ ਰੱਖੀਦਾ ਹੈ ਅਤੇ ਦੂਜਾ ਫੈਂਕੀਦਾ ਹੈ, ਜੈਸੇ- ਪਾਸ਼ (ਫਾਂਸੀ).

੫. ਬਾਹੁਯੁੱਧ. ਬਾਹਾਂ ਦੀ ਲੜਾਈ ਦੇ ਦਾਉ ਪੇਚ.

ਧਨੇ: ਧਨ੍ਯ ਹੈ. "ਪਪੀਲਕਾ ਸਿਮਰਣੰ ਤੁਯੰ ਧਨੇ." (ਸਹਸ ਮਃ ੫)

ਧਨੇਸ਼, ਧਨੇਸ਼੍ਵਰ: ਸੰਗਯਾ- ਧਨ- ਈਸ਼. ਧਨ ਦਾ ਈਸ਼੍ਵਰ. ਧਨਪਤਿ. ਕੁਬੇਰ। ੨. ਦੌਲਤਮੰਦ.

ਧਨੰਜਯ, ਧਨੰਜੈ: ਸੰ. धनञ्जय. ਵਿ- ਧਨ ਜਿੱਤਣ ਵਾਲਾ. ਜਿੱਤਕੇ ਧਨ ਪ੍ਰਾਪਤ ਕਰਨ ਵਾਲਾ। ੨. ਸੰਗਯਾ- ਕਰਤਾਰ. ਜਿਸ ਦੀ ਸੇਵਾ ਤੋਂ ਧਨ ਦੀ ਪ੍ਰਾਪਤੀ ਹੁੰਦੀ ਹੈ. "ਧਨੰਜੈ ਜਲਿ ਬਲਿ ਹੈ ਮਹੀਐ." (ਮਾਰੂ ਸੋਲਹੇ ਮਃ ੫) ੪. ਅਰਜੁਨ, ਜੋ ਧਨੁਸ਼ ਦ੍ਵਾਰਾ ਧਨ ਜਿੱਤਦਾ ਹੈ। ੫. ਵਿਸ਼ਨੁ। ੬. ਦਸ ਪ੍ਰਾਣਾਂ ਵਿੱਚੋਂ ਇੱਕ ਪਵਨ, ਜਿਸ ਕਰਕੇ ਪ੍ਰਾਣਵਿਯੋਗ ਪਿੱਛੋਂ ਦੇਹ ਫੁੱਲ ਜਾਂਦੀ ਹੈ. ਦੇਖੋ, ਦਸ ਪ੍ਰਾਣ.

ਧਨੰਤਰ, ਧਨੰਤਰਿ: ਸੰ. ਧਨ੍ਵੰਤਰਿ. "ਧਰ ਅਵਤਾਰ ਧਨੰਤਰ ਜਾਈ." (ਧਨੰਤਰਾਵ) ਦੇਖੋ, ਧਨ੍ਵੰਤਰਿ.

ਧਨ੍ਯ: ਸੰ. ਵਿ- ਪੁਨ੍ਯਵਾਨ. ਖ਼ੁਸ਼ਨਸੀਬ। ੨. ਸ਼ਲਾਘਾ ਯੋਗ੍ਯ. ਸਲਾਹੁਣ ਲਾਇਕ਼.

ਧਨ੍ਯਵਾਦ: ਸੰ. ਸੰਗਯਾ- ਸ਼ਾਬਾਸ਼ੀ. ਤਅ਼ਰੀਫ. ਪ੍ਰਸ਼ੰਸਾ. ਸਾਧੁਵਾਦ. ਸ਼ੁਕਰੀਯਹ.

ਧਨ੍ਵ: ਸੰ. धन्वन्. ਸੰਗਯਾ- ਧਨੁਸ਼. ਕਮਾਣ. ਚਾਪ.

ਧਨ੍ਵਾ, ਧਨ੍ਵੀ: ਸੰ. धन्विन्. ਵਿ- ਧਨੁਸ਼ ਰੱਖਣ ਵਾਲਾ। ੨. ਸੰਗਯਾ- ਧਨੁਖਧਾਰੀ ਪੁਰਖ.

"ਮਹਾ ਉਗ੍ਰ ਧਨ੍ਵਾ." (ਅਜਰਾਜ) ੩. ਸ਼ਿਵ। ੪. ਅਰਜੁਨ। ੫. ਇੰਦ੍ਰ। ੬. ਗੁਰੂ ਗੋਬਿੰਦ ਸਿੰਘ ਜੀ.

ਧਨ੍ਵੰਤਰਿ: ਦੇਵਤਿਆਂ ਦਾ ਵੈਦ੍ਯ, ਜੋ ਪੁਰਾਣਾਂ ਅਨੁਸਾਰ ਸਮੁੰਦਰ ਰਿੜਕਣ ਸਮੇਂ ਕ੍ਸ਼ੀਰਸਮੁਦ੍ਰ ਵਿੱਚੋਂ ਨਿਕਲਿਆ, ਜਿਸ ਦੀ ਚੌਦਾਂ ਰਤਨਾਂ ਵਿੱਚ ਗਿਣਤੀ ਹੈ. ਆਯੁਰਵੇਦ ਦਾ ਪ੍ਰਚਾਰਕ ਇਹ ਭਾਰੀ ਵੈਦ੍ਯ ਹੋਇਆ ਹੈ. ਹਰਿਵੰਸ ਅਨੁਸਾਰ ਇਹ ਕਾਸ਼ੀ ਦੇ ਰਾਜਾ ਧਨ੍ਵ ਦਾ ਪੁਤ੍ਰ ਸੀ ਅਤੇ ਭਰਦ੍ਵਾਜ ਤੋਂ ਆਯੁਰਵੇਦ ਪੜ੍ਹਕੇ ਜਗਤ ਪ੍ਰਸਿੱਧ ਵੈਦ੍ਯ ਹੋਇਆ. ਭਾਵਪ੍ਰਕਾਸ਼ ਦੇ ਲੇਖ ਅਨੁਸਾਰ ਇੰਦ੍ਰ ਨੇ ਇਸ ਨੂੰ ਆਯੁਰਵੇਦ ਪੜ੍ਹਾਕੇ ਜਗਤ ਦੇ ਹਿਤ ਲਈ ਪ੍ਰਿਥਿਵੀ ਤੇ ਭੇਜਿਆ ਸੀ। ੨. ਵਿਕ੍ਰਮਾਦਿਤ੍ਯ ਰਾਜਾ ਦੀ ਸਭਾ ਦਾ ਇੱਕ ਵੈਦ੍ਯ। ੩. ਸੂਰਜ.

ਧਪ: ਸੰਗਯਾ- ਕਿਸੀ ਭਾਰੀ ਵਸ੍ਤੁ ਦੇ ਡਿਗਣ ਦਾ ਸ਼ਬਦ. ਧਪਕ। ੨. ਥੱਪੜ. ਧੱਫਾ। ੩. ਦੇਖੋ, ਧਾਪ.

ਧਪਟ: ਸੰਗਯਾ- ਧਾਵਾ. ਦੌੜ। ੨. ਹੁੱਟ. ਹਵਾ ਬੰਦ ਹੋਣ ਤੋਂ ਹੋਇਆ ਹੁੰਮ੍ਹ. "ਖੂਲੇ ਕਪਟ ਧਪਟ ਬੁਝਿ ਤ੍ਰਿਸਨਾ." (ਕੇਦਾ ਮਃ ੫) ਭਰਮ ਦੇ ਕਿਵਾੜ ਖੁਲ੍ਹ ਗਏ ਅਤੇ ਤ੍ਰਿਸਨਾ ਦਾ ਹੁੱਟ ਮਿਟ ਗਿਆ.

ਧੱਪਾ, ਧੱਫਾ: ਸੰਗ੍ਯਾ- ਧਪ ਸ਼ਬਦ ਹੋਵੇ ਜਿਸ ਦੇ ਲੱਗਣ ਤੋਂ. ਤਮਾਚਾ. ਲਫੇੜਾ. ਲੱਪੜ.

ਧੱਬਾ: ਸੰਗ੍ਯਾ- ਦਾਗ਼। ੨. ਕਲੰਕ.

ਧਮ: ਸੰ. ध्मा. ਧਾ- ਧੌਂਕਣਾ (ਫੂਕਣਾ), ਸਾਹ ਲੈਣਾ, ਅੱਗ ਮਚਾਉਣਾ.

ਧਮਕ: ਸੰਗ੍ਯਾ- ਧਮ ਧਮ ਸ਼ਬਦ. ਧਮਾਕਾ. ਤੋਪ ਆਦਿ ਦੀ ਧੁਨਿ. ਕਿਸੀ ਭਾਰੀ ਵਸ੍ਤੁ ਦੇ ਡਿਗਣ ਤੋਂ ਉਪਜੀ ਆਵਾਜ਼। ੨. ਤੋਪ ਆਦਿ ਦੀ ਆਵਾਜ਼ ਤੋਂ ਅਥਵਾ ਭਾਰੀ ਚੀਜ਼ ਦੇ ਡਿਗਣ ਤੋਂ ਹੋਇਆ ਕੰਪ (ਕਾਂਬਾ).

ਧਮਕਾਉਣਾ, ਧਮਕਾਨਾ: ਕ੍ਰਿ- ਡਰ ਦੇਕੇ ਦਿਲ ਕੰਬਾਉਂਣਾ. ਘੂਰਨਾ. ਤਾੜਨਾ. ਸੰ. ਧਸ਼ੰਣ.

ਧਮਕੀ: ਸੰਗ੍ਯਾ- ਧਮਕਾਉਣ ਦੀ ਕ੍ਰਿਯਾ. ਘੁਰਕੀ.

ਧਮਤਾਨ, ਧਮਧਾਣ: ਰਿਆਸਤ ਪਟਿਆਲੇ ਦੀ ਨਜਾਮਤ ਸੁਨਾਮ ਦੀ ਤਸੀਲ ਨਰਵਾਣਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਧਮਤਾਨ ਤੋਂ ਇੱਕ ਮੀਲ ਦੱਖਣ ਪੱਛਮ ਹੈ. ਇਸ ਗ੍ਰਾਮ ਤੋਂ ਉੱਤਰ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਬਾਂਗਰ ਤੋਂ ਆਗਰੇ ਨੂੰ ਜਾਂਦੇ ਇੱਥੇ ਪਧਾਰੇ ਅਤੇ ਕਈ ਦਿਨ ਵਿਰਾਜੇ. ਇੱਥੋਂ ਦੇ ਵਸਨੀਕ ਦੱਗੋ ਜਿਮੀਦਾਰ ਨੇ ਦੁੱਧ ਆਦਿ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ. ਸਤਿਗੁਰੂ ਨੇ ਉਸ ਨੂੰ ਧਨ ਦੇਕੇ ਹੁਕਮ ਦਿੱਤਾ ਕਿ ਇੱਥੇ ਲੋਕਾਂ ਦੇ ਹਿਤ ਲਈ ਖੂਹ ਲਗਵਾ ਦੇਈਂ. ਦਗੋ ਨੇ ਸ੍ਵਾਰਥਵਸ਼ ਹੋਕੇ ਖੂਹ ਆਪਣੀ ਜ਼ਮੀਨ ਵਿੱਚ ਲਾਲਿਆ, ਜੋ ਗਰਕ ਹੋਇਆ ਹੁਣ ਗੁਰਦ੍ਵਾਰੇ ਪਾਸ ਦੇਖਿਆ ਜਾਂਦਾ ਹੈ.

ਇਸ ਗੁਰਦ੍ਵਾਰੇ ਦੀ ਸੇਵਾ ਮਹਾਰਾਜਾ ਕਰਮਸਿੰਘ ਨੇ ਕਰਵਾਈ ਹੈ, ਅਤੇ ਪਟਿਆਲੇ ਵੱਲੋਂ ਬੱਤੀ ਸੌ ਰੁਪਯਾ ਸਾਲਾਨਾ ਜਾਗੀਰ ਹੈ, ਇਸ ਤੋਂ ਇਲਾਵਾ ਗੁਰਦ੍ਵਾਰੇ ਨਾਲ ਬਾਈ ਸੌ ਵਿੱਘੇ ਜ਼ਮੀਨ ਹੈ. ਰਿਆਸਤ ਨਾਭੇ ਤੋਂ ਇੱਕ ਸੌ ਚੌਦਾਂ ਰੁਪਯੇ ਸਾਲਾਨਾ ਮਿਲਦੇ ਹਨ. ਮੇਲਾ ਦਸਹਿਰੇ ਅਤੇ ਹੋੱਲੇ ਨੂੰ ਹੁੰਦਾ ਹੈ. ਮਹੰਤ ਮੱਲ ਸਿੰਘ ਜੀ ਨੇ ਇਸ ਅਸਥਾਨ ਨੂੰ ਵਡੀ ਰੌਣਕ ਦਿੱਤੀ ਹੈ. ਹੁਣ ਅਘੜਸਿੰਘ ਜੀ ਭੀ ਗੁਰਮੁਖ ਮਹੰਤ ਹਨ. ਕਥਾ ਕੀਰਤਨ ਲੰਗਰ ਆਦਿ ਦਾ ਉੱਤਮ ਪ੍ਰਬੰਧ ਹੈ.

ਭਾਈ ਮੀਹੇਂ ਨੂੰ ਇਸੇ ਥਾਂ ਬਖਸ਼ਿਸ਼ ਹੋਈ ਹੈ. ਦੇਖੋ, ਮੀਹਾਂ ਭਾਈ.

ਧਮਨ: ਸੰ. ਸੰਗ੍ਯਾ- ਖੱਲ ਅਥਵਾ ਫੂਕਣੀ ਨਾਲ ਹਵਾ ਧੌਂਕਣ ਦੀ ਕ੍ਰਿਯਾ। ੨. ਖਤ੍ਰੀਆਂ ਦੀ ਇੱਕ ਜਾਤਿ.

ਧਮਨਿ, ਧਮਨੀ: ਸੰਗ੍ਯਾ- ਹਵਾ ਧੌਂਕਣ ਦੀ ਖੱਲ. ਹਵਾ ਫੂਕਣ ਦੀ ਨਲਕੀਂ. ਦੇਖੋ, ਧਮ੍ ਧਾ। ੨. ਨਾੜੀ. ਨਬਜ, ਜੋ ਧਮਨੀ ਵਾਂਙ ਦਿਲ ਦੇ ਫੈਲਣ ਅਰ ਸੰਕੋਚ ਤੋਂ ਲਹੂ ਨੂੰ ਨਾੜਾਂ ਵਿੱਚ ਪੁਚਾਉਂਦੀ ਹੈ. "ਹੇਰਤ ਧਮਨੀ ਕਰ ਕਰ ਧਾਰਾ." (ਨਾਪ੍ਰ) ਗੁਰੂ ਸਾਹਿਬ ਦਾ ਹੱਥ, ਹੱਥ ਵਿੱਚ ਫੜਕੇ ਵੈਦ੍ਯ ਨਬਜ ਦੇਖਦਾ ਹੈ.

ਧਮਾਕਾ: ਸੰਗ੍ਯਾ- ਧਮ ਧਮ ਧੁਨਿ. ਦੇਖੋ, ਧਮਕ। ੨. ਚੌੜੇ ਮੂੰਹ ਵਾਲੀ ਛੋਟੀ ਨਾਲੀ ਦੀ ਬੰਦੂਕ. "ਅਲਪ ਧਮਾਕੇ ਬਡ ਜੰਜੈਲ." (ਗੁਪ੍ਰਸੂ)

ਧਮਾਣ, ਧਮਾਨ: ਸੰਗ੍ਯਾ- ਤਖਾਣ ਅਤੇ ਲੁਹਾਰਾਂ ਦੀ ਇੱਕ ਜਾਤਿ. ਇਸ ਦਾ ਮੂਲ "ਧਮਨ" ਹੈ।

੨. ਸੰ. ਧਮਾਨ. ਧੌਂਕਣ ਦੀ ਕ੍ਰਿਯਾ. ਧਮਨ।

੩. ਹਵਾ ਨਾਲ ਫੁੱਲਣ ਦੀ ਕ੍ਰਿਯਾ। ੪. ਦੇਖੋ, ਧਿਮਾਣ.

ਧਮਾਰ, ਧਮਾਲ: ਸੰਗ੍ਯਾ- ਕੁੱਦਣ ਅਤੇ ਨੱਚਣ ਦੀ ਕ੍ਰਿਯਾ। ੨. ਡੰਡ ਰੌਲਾ. "ਗਨ ਭੂਤ ਪ੍ਰੇਤ ਪਾਵਤ ਪਮਾਰ." (ਗੁਪ੍ਰਸੂ) ੩. ਹੋਲੀ ਦਾ ਗੀਤ. "ਮਾਘ ਬਿਤੀਤ ਭਈ ਰੁਤ ਫਾਗੁਨ ਆਇ ਗਈ ਸਭ ਖੇਲਤ ਹੋਰੀ××× ਖੇਲਤ ਸ੍ਯਾਮ ਧਮਾਰ ਅਨੂਪ ਮਹਾ ਮਿਲ ਸੁੰਦਰਿ ਸਾਵਲ ਗੋਰੀ." (ਕ੍ਰਿਸਨਾਵ) ੪. ਇੱਕ ਤਾਲ, ਜਿਸ ਦੀ ਗਤਿ ਹੈ. ਧੀਨ ਧੀਨ ਧਾ ਧੀਨ ਤੀਨ ਤੀਨ ਤਾ ਤੀਨ. ਇਹ ਸੱਤ ਅਥਵਾ ਚੌਦਾਂ ਮਾਤ੍ਰਾ ਦਾ ਹੋਇਆ ਕਰਦਾ ਹੈ। ੫. ਕਿਤਨਿਆਂ ਨੇ ਧਮਾਰ ਰਾਗਿਣੀ ਲਿਖੀ ਹੈ, ਪਰ ਇਹ ਕੋਈ ਵੱਖ

ਰਾਗਿਣੀ ਨਹੀਂ. ਕੇਵਲ ਗਾਉਣ ਦੀ ਚਾਲ ਹੈ. ਦੇਖੋ, ਕਾਫੀ.

**ਧਮਿਆਲ:** ਜਿਲਾ, ਤਸੀਲ ਅਤੇ ਥਾਣਾ ਰਾਵਲਪਿੰਡੀ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਰਾਵਲਪਿੰਡੀ ਤੋਂ ਤਿੰਨ ਮੀਲ ਦੱਖਣ ਪੱਛਮ ਹੈ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਮਾਤਾ ਸਾਹਿਬਕੌਰ ਨੇ ਇੱਥੋਂ ਦੇ ਵਸਨੀਕ ਰੋਚਾਰਾਮ ਅਤੇ ਅਨਾਰਸਿੰਘ ਪ੍ਰੇਮੀਆਂ ਨੂੰ ਆਨੰਦਪੁਰ ਵਿੱਚ ਸੰਗਤਿ ਦੀ ਪ੍ਰੇਮਭਾਵ ਨਾਲ ਸੇਵਾ ਕਰਦੇ ਦੇਖਕੇ, ਆਪਣੇ ਜੋੜੇ ਬਖ਼ਸ਼ੇ, ਜਿਨ੍ਹਾਂ ਦਾ ਇੱਕ ਇੱਕ ਪੈਰ ਉਨ੍ਹਾਂ ਦੀ ਸੰਤਾਨ ਭਾਈ ਨਾਰਾਯਣਸਿੰਘ ਪਾਸ ਹੈ. ਗੁਰੂ ਸਾਹਿਬ ਦਾ ਜੋੜਾ ਸਾਦਾ ੧੧. ਇੰਚ ਲੰਮਾ, ਪੱਬ ਪਾਸੋਂ ਚੌੜਾ ੩॥ ਇੰਚ ਹੈ. ਮਾਤਾ ਜੀ ਦਾ ਜੋੜਾ ੯. ਇੰਚ ਅਤੇ ਤਿੰਨ ਇੰਚ ਤਿੱਲੇਦਾਰ ਹੈ. ਦੇਖੋ, ਸੁੱਖਣ.

**ਧਮੀਆ:** ਦੇਖੋ, ਧਮਨੀ। ੨. ਵਿ- ਧੌਂਕਣ ਵਾਲਾ. ਧਮਨ ਕਰਤਾ।

**ਧਮੂੜੀ:** ਭਰਿੰਡ. ਦੇਖੋ, ਡੇਮੂ.

**ਧਮੋਟ:** ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਥਾਣਾ ਪਾਇਲ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਚਾਵਾ ਪਾਇਲ" ਤੋਂ ਦੱਖਣ ਪੱਛਮ ੮. ਮੀਲ ਦੇ ਕ਼ਰੀਬ ਹੈ. ਪਾਇਲ ਤਕ ਪੰਜ ਮੀਲ ਪੱਕੀ ਸੜਕ ਹੈ, ਅੱਗੋਂ ੩. ਮੀਲ ਕੱਚਾ ਰਸਤਾ ਹੈ, ਇਸ ਪਿੰਡ ਦੇ ਪਾਸ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਘੁੜਾਣੀ ਤੋਂ ਸੈਰ ਲਈ ਆਏ ਇਥੇ ਠਹਿਰੇ ਹਨ. ਪਹਿਲਾਂ ਸਾਧਾਰਣ ਗੁਰਦ੍ਵਾਰਾ ਸੀ ਹੁਣ ਸੰਮਤ ੧੯੭੪ ਵਿੱਚ ਸੁੰਦਰ ਦਰਬਾਰ ਬਣਾਇਆ ਗਿਆ ਹੈ. ਪਿੰਡ ਦੇ ਅਕਾਲੀਸਿੰਘ ਸੇਵਾ ਕਰਦੇ ਹਨ.

**ਧਮਜਾਲ:** ਦੇਖੋ, ਧਮਿਆਲ.

**ਧਯਾਯ:** ਦੇਖੋ, ਅਧ੍ਯਾਯ.

**ਧਯੋ:** ਧਾਯਾ (ਧਾਇਆ). ਦੌੜਿਆ. ਨਠਾ.

**ਧੱਯਾ:** ਸੰਗਯਾ- ਧੈਰਯ. ਧੀਰਜ। ੨. ਵਿ- ਧਾਵਨ ਕਰੈਯਾ, ਦੌੜਨ ਵਾਲਾ.

**ਧਰ:** ਸੰਗ੍ਯ- ਧੜ. ਰੁੰਡ. ਗਰਦਨ ਤੋਂ ਹੇਠਲਾ ਸ਼ਰੀਰ ਦਾ ਭਾਗ. "ਸਿਰ ਟੂਟ ਪਰਯੋ ਧਰ ਠਾਢੋ ਰਹਯੋ ਹੈ." (ਕ੍ਰਿਸਨਾਵ) "ਲਾਗੈ ਅਰਿ ਗਰ ਗੇਰੈ ਧਰ ਪਰ ਧਰ ਸਿਰ." (ਗੁਪ੍ਰਸੂ) ੨. ਨਾਭਿਚਕ੍ਰ। ੩. ਬੱਚੇਦਾਨ ਦਾ ਮੁਖ. ਰਿਹਮ ਦਾ ਅਗਲਾ ਹਿੱਸਾ. ਦੇਖੋ, ਮਾਤ੍ਰ। ੪. ਦਿਸ਼ਾ. ਤ਼ਰਫ਼. "ਤੁਧ ਨੋ ਛੋਡਿ ਜਾਈਐ ਪ੍ਰਭੁ ਕੈਂ ਧਰਿ?" (ਆਸਾ ਮਃ ੫) ਕਿਸ ਵੱਲ ਜਾਈਏ? "ਨਿਸਰਤ ਉਹ ਧਰ." (ਰਾਮਾਵ) ਤੀਰ ਉਸ (ਦੂਜੇ) ਪਾਸੇ ਨਿਕਲ ਜਾਂਦੇ ਹਨ। ੫. ਓਟ. ਪਨਾਹ. ਆਸਰਾ. "ਨਾਨਕ ਮੈ ਧਰ ਅਵਰੁ ਨ ਕਾਈ." (ਨਟ ਅਃ ਮਃ ੪) "ਮੈ ਧਰ ਤੇਰੀ ਪਾਰਬ੍ਰਹਮ." (ਸ੍ਰੀ ਮਃ ੫) ੬. ਧੁਰ. ਗੱਢੇ ਦੀ ਉਹ ਕਿੱਲੀ, ਜਿਸ ਦੇ ਆਧਾਰ ਪਹੀਆ ਹੈ. "ਧਰ ਤੂਟੀ ਗਾਡੋ ਸਿਰਭਾਰਿ." (ਰਾਮ ਮਃ ੧) ਇੱਥੇ ਗੱਡਾ ਸ਼ਰੀਰ ਹੈ, ਧਰ ਪ੍ਰਾਣਾਂ ਦੀ ਗੱਠ ਹੈ। ੭. ਧਰਾ. ਪ੍ਰਿਥਿਵੀ. "ਜਿਨਿ ਧਰ ਸਾਜੀ ਗਗਨ." (ਆਸਾ ਅਃ ਮਃ ੧) "ਸੋ ਤਨੁ ਧਰ ਸੰਗਿ ਰੁਲਿਆ." (ਗਉ ਮਃ ੫) ੮. ਸੰ. ਧਰ. ਪਹਾੜ. ਪਰਵਤ. (ਦੇਖੋ, ਧ੍ਰਿ (ਧ੍ਰੁ) ਧਾ) "ਗਿਰੈਂ ਧਰੰ ਧੁਰੰਧਰੰ ਧਰੰ ਜਿਵੰ." (ਰਾਮਾਵ) ਮੁਖੀਏ (ਧੁਰੰਧਰ) ਯੋਧਾ, ਪ੍ਰਿਥਿਵੀ ਪੁਰ ਪਹਾੜਾਂ ਵਾਂਙ ਡਿਗਦੇ ਹਨ। ੯. ਪੁਰਾਣਾਂ ਵਿੱਚ ਲਿਖਿਆ ਕੱਛੂ, ਜੋ ਜਮੀਨ ਹੇਠ ਹੈ। ੧੦. ਵਿਸ਼ਨੁ। ੧੧. ਸੰ. ਵਿ- ਧਾਰਣ ਕਰਤਾ. ਧਾਰਣ ਵਾਲਾ. "ਭਜੁ ਚਕ੍ਰਧਰ ਸਰਣੰ." (ਗੂਜ ਜੈਦੇਵ) "ਸਭ ਕਿਰਨਨ ਕੇ ਨਾਮ ਕਹਿ ਧਰ ਪਦ ਬਹੁਰ ਉਚਾਰ." (ਸਨਾਮਾ) ਕਿਰਨਧਰ ਸੂਰਯ ਅਤੇ ਚੰਦ੍ਰਮਾ। ੧੨. ਦੇਖੋ, ਧਰਿ। ੧੩. ਪਕੜ.

**ਧਰਈਆ:** ਵਿ- ਧਾਰਨ ਕਰੈਯਾ. ਰੱਖਣ ਵਾਲਾ.

**ਧਰਏਸਰ:** ਸੰਗਯਾ- ਧਰਾ- ਈਸ਼੍ਵਰ. ਰਾਜਾ। ੨. ਬਿਰਛ. (ਸਨਾਮਾ)

**ਧਰਏਸਰਣੀ:** ਸੰਗਯਾ- ਰਾਜਾ ਦੀ ਹੈ ਜਿਸ ਪੁਰ ਮਮਤਾ, ਪ੍ਰਿਥਿਵੀ। ੨. ਬਿਰਛਾਂ ਵਾਲੀ, ਭੂਮਿ. (ਸਨਾਮਾ)

**ਧਰਸਣ:** ਡਿੰਗ. ਵਿਭਚਾਰੀ. ਪਰਇਸਤ੍ਰੀ ਗਾਮੀ। ੨. ਦੇਖੋ, ਧਰਖਨ.

ਧਰਸੁਹਾਗ: ਸੰਗ੍ਯਾ- ਧਰਾ (ਪ੍ਰਿਥਿਵੀ) ਦਾ ਸੌਭਾਗ੍ਯ, ਵਸੰਤ. ਰਿਤੁਰਾਜ। ੨. ਵਰਖਾ. ਮੀਂਹ। ੩. ਨ੍ਯਾਯਕਾਰੀ ਰਾਜਾ.

ਧਰਹੁ: ਧਾਰਣ ਕਰੋ. ਪਕੜੋ. "ਧਰਹੁ ਧਰਹੁ ਮਾਰਹੁ ਕ੍ਹਹਿ ਧਾਯੋ." (ਨਾਪ੍ਰ) ਦੇਖੋ, ਧਰ ੧੩.

ਧਰਕਟ, ਧਰਕਟੀ: ਸੰ. धिक्कृत. ਧਿਕ੍ਕ੍ਰਿਤ. ਵਿ- ਧਿਕਾਰਿਆ ਹੋਇਆ. ਫਿਟਕਾਰਿਆ. ਮਲਊਨ. "ਓਹਿ ਘਰਿ ਘਰਿ ਫਿਰਹਿ ਕੁਸੁਧਮਨਿ ਜਿਉ ਧਰਕਟ ਨਾਰੀ." (ਵਾਰ ਸੋਰ ਮਃ ੪) "ਮਾਇਆ ਮੋਹ ਧਰਕਟੀ ਨਾਰਿ." (ਬਿਲਾ ਮਃ ੧)

ਧਰਕਨਾ: ਦੇਖੋ, ਧੜਕਨਾ.

ਧਰਕਾ: ਦੇਖੋ. ਧੜਕਾ.

ਧਰਖਣ, ਧਰਖਨ: ਸੰ. ਧਸ਼੍ਰੰਣ. ਸੰਗ੍ਯਾ- ਧਮਕਾਉਣ ਦੀ ਕ੍ਰਿਯਾ. ਧਮਕੀ. ਘੁਰਕੀ। ੨. ਅਨਾਦਰ। ੩. ਸ਼ਿਵ। ੪. ਦਿਲ ਦੇ ਧੜਕਨ ਦਾ ਭਾਵ. "ਕਰਕੀ ਤੜਿਤ ਨਰਨ ਧ੍ਰਿਤਿ ਧਰਖੀ." (ਨਾਪ੍ਰ)

ਧਰਚਕ੍ਰ: ਸੰਗ੍ਯਾ- ਧਰਾਚਕ੍ਰ. ਭੂਗੋਲ. "ਸਾਚੇ ਸਾਹਿਬ ਸਿਰਜਣਹਾਰੇ। ਜਿਨਿ ਧਰਚਕ੍ਰ ਧਰੇ ਵੀਚਾਰੇ." (ਮਾਰੂ ਸੋਲਹੇ ਮਃ ੧) ੨. ਪ੍ਰਿਥਿਵੀ ਦਾ ਹਿਸਾ. ਦ੍ਵੀਪ। ੩. ਦੇਖੋ, ਚਕ੍ਰਧਰ.

ਧਰਚਰੀ: ਵਿ- ਧਰਾਚਾਰੀ. ਪ੍ਰਿਥਿਵੀ ਪੁਰ ਫਿਰਨ ਵਾਲਾ. ਜੰਗਮ. ਵਿਹੰਗਮ. ਜੋ ਇਕ ਥਾਂ ਟਿਕਕੇ ਨਹੀਂ ਰਹਿੰਦਾ. "ਧਰਤ ਧਰਤ ਧਰਚਰੀ." (ਕਾਨ ਮਃ ੫)

ਧਰਜ: ਸੰਗ੍ਯਾ- ਪ੍ਰਿਥਿਵੀ ਤੋਂ ਪੈਦਾ ਹੋਇਆ, ਬਿਰਛ। ੨. ਤ੍ਰਿਣ. ਘਾਹ. "ਹੈ ਗੈ ਪਸੁ ਜਿਤਕ ਤਿਹ ਥਾਨੈ। ਧਰਜ ਬਿਨਾ ਜਬ ਦੁਖਿਤ ਪਛਾਨੈ." (ਗੁਵਿ ੧੦)

ਧਰਜ ਚਰ ਰਾਇ: ਸੰਗ੍ਯਾ- ਧਰਾ ਤੋਂ ਪੈਦਾ ਹੋਇਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਰਾਜਾ ਸਿੰਘ, "ਦਯਾ ਧਰਜ ਚਰ ਰਾਇ." (ਗੁਵਿ ੧੦) ਬਾਈ ਦਯਾਸਿੰਘ.

ਧਰਜ ਚਰ ਰਾਇ ਸਤ੍ਰੁ: (ਸਨਾਮਾ) ਸੰਗ੍ਯਾ- ਬੰਦੂਕ, ਜੋ ਸ਼ੇਰ ਦੇ ਮਾਰਨ ਵਾਲੀ ਹੈ. ਦੇਖੋ, ਧਰਮਚਰ ਰਾਇ.

ਧਰਣ: ਸੰਗ੍ਯਾ- ਰਿਹਮ. ਬੱਚੇਦਾਨ। ੨. ਨਾਭਿਚਕ੍ਰ ਦੀ ਨਾੜੀ। ੩. ਸੰ. ਧਾਰਨ ਕਰਨ ਦੀ ਕ੍ਰਿਯਾ. ਗਰਿਫ਼ਤ। ੪. ਇੱਕ ਤੋਲ, ਜੋ ੨੪ ਰੱਤੀ ਭਰ ਹੈ। ੫. ਪੁਲ। ੬. ਸੂਰਯ। ੭. ਸੰਸਾਰ. ਜਗਤ. "ਤੂੰ ਕਰਤਾ ਸਗਲ ਧਰਣ." (ਵਾਰ ਮਾਰੂ ੨. ਮਃ ੫) ੮. ਦੇਖੋ, ਧਰਣਿ.

ਧਰਣਾ: ਕ੍ਰਿ- ਧਾਰਨ ਕਰਨਾ। ੨. ਰੱਖਣਾ. ਟਿਕਾਉਣਾ। ੩. ਸੰਗ੍ਯਾ- ਅੰਨ ਜਲ ਛੱਡਕੇ ਹਠ ਨਾਲ ਕਿਸੇ ਦੇ ਦਰਵਾਜ਼ੇ ਪੁਰ ਬੈਠਣਾ ਅਤੇ ਆਪਣੀ ਇੱਛਾ ਪੂਰੀ ਹੋਏ ਬਿਨਾ ਥਾਉਂ ਤੋਂ ਨਾ ਉਠਣਾ. ਵਾਲਮੀਕ ਅਯੋਧ੍ਯਾ ਕਾਂਡ ਦੇ ੧੧੧ ਵੇਂ ਅਧ੍ਯਾਯ ਵਿਚ ਲਿਖਿਆ ਹੈ ਕਿ ਧਰਣਾ ਮਾਰਨ ਦਾ ਅਧਿਕਾਰ ਕੇਵਲ ਬ੍ਰਾਹਮਣ ਨੂੰ ਹੈ। ੪. ਸੰ. ਧਰਣਿ. ਪ੍ਰਿਥਿਵੀ. "ਕਲਾ ਉਪਾਇ ਧਰੀ ਸਭ ਧਰਣਾ." (ਮਾਰੂ ਸੋਲਹੇ ਮਃ ੫)

ਧਰਣਾ ਮਾਰਨਾ: ਦੇਖੋ, ਧਰਣਾ ੩.

ਧਰਣਿ: ਸੰ. ਸੰਗ੍ਯਾ- ਪ੍ਰਿਥਿਵੀ. ਭੂਮਿ. ਜ਼ਮੀਨ. "ਧਰਣਿ ਗਗਨ ਨਹਿ ਦੇਖਉ ਦੋਇ." (ਗਉ ਅਃ ਮਃ ੧)

ਧਰਣਿ ਪੈਣਾ: ਦੇਖੋ, ਧਰਨਿ ਪੈਣਾ.

ਧਰਣੀ: ਸੰ. ਸੰਗ੍ਯਾ- ਪ੍ਰਿਥਿਵੀ, ਜੋ ਸਭ ਨੂੰ ਧਾਰਣ ਕਰਦੀ ਹੈ। ੨. ਖਤ੍ਰੀਆਂ ਦੀ ਇੱਕ ਜਾਤਿ. "ਜੱਗਾ ਧਰਣੀ ਜਾਣੀਐ." (ਭਾਗੁ)

ਧਰਣੀਸੁਤਾ: ਸੰਗ੍ਯਾ- ਪ੍ਰਿਥਿਵੀ ਦੀ ਪੁਤ੍ਰੀ, ਸੀਤਾ.

**ਧਰਣੀਧਰ:** ਸੰ. ਧਰਣਿਧਰ. ਸੰਗਜਾ- ਕੱਛੂ। ੨. ਸ਼ੇਸ਼ਨਾਗ। ੩. ਧਵਲ, ਚਿੱਟਾ ਬੈਲ। ੪. ਪ੍ਰਿਥਿਵੀ ਨੂੰ ਧਾਰਨ ਵਾਲਾ, ਕਰਤਾਰ. "ਧਰਣੀਧਰ ਤਿਆਗਿ ਨੀਚਕੁਲ ਸੇਵਹਿ." (ਮਾਰੂ ਮਃ ੧) ੪. ਜਿਮੀਂਦਾਰ.

**ਧਰਣੀਧਰਈਸ:** ਸੰਗਜਾ- ਧਰਣਿਧਰ (ਸ਼ੇਸ਼ਨਾਗ), ਉਸ ਦਾ ਸ੍ਵਾਮੀ ਵਿਸ਼ਨੁ। ੨. ਸ਼ੇਸ਼ਨਾਗ, ਕਛੂ ਅਤੇ ਬੈਲ ਆਦਿਕਾਂ ਦਾ ਸ੍ਵਾਮੀ, ਕਰਤਾਰ. "ਧਰਣੀਧਰਈਸ ਨਰਸਿੰਘ ਨਾਰਾਇਣ." (ਮਾਰੂ ਸੋਲਹੇ ਮਃ ੫) ੩. ਜਿਮੀਂਦਾਰਾਂ ਦਾ ਸ੍ਵਾਮੀ ਰਾਜਾ.

**ਧਰਤ:** ਦੇਖੋ, ਧਰਤੀ। ੨. ਧਾਰਨ ਕਰਦਾ ਹੈ. ਰਖਦਾ ਹੈ. "ਧਰਤ ਧਿਆਨੁ ਗਿਆਨ." (ਕਲਿ ਮਃ ੫)

**ਧਰਤਗੇੜ:** ਪ੍ਰਿਥਿਵੀ ਦਾ ਗੇੜਾ. Revolution of the Earth.

**ਧਰਤਚਕ੍ਰ:** Rotation of the Earth.

**ਧਰਤਾ:** ਸੰ. - धर्तृ. ਧਤ੍ਰਿੰ. ਵਿ- ਧਾਰਨ ਵਾਲਾ. ਧਾਰਨ ਕਰਤਾ. "ਤੂੰ ਆਪਿ ਕਰਤਾ ਸਭ ਸ੍ਰਿਸਟਿ ਧਰਤਾ." (ਆਸਾ ਮਃ ੫)

**ਧਰਤਿ, ਧਰਤੀ:** ਸੰ. ਧਰਿਤ੍ਰੀ. ਸੰਗਜਾ- ਜੀਵਾਂ ਨੂੰ ਧਾਰਨ ਕਰਨ ਵਾਲੀ, ਪ੍ਰਿਥਿਵੀ. ਜ਼ਮੀਨ, ਭੂਮਿ. "ਧਰਤਿ ਕਾਇਆ ਸਾਧਿਕੈ." (ਵਾਰ ਆਸਾ) "ਧਨੁ ਧਰਤੀ, ਤਨੁ ਹੋਇ ਗਇਓ ਧੂੜਿ." (ਸਾਰ ਨਾਮਦੇਵ) ੨. ਤੋਲਣ ਵਾਲੇ ਦਾ ਸੰਖਜਾਕ੍ਰਮ. ਤੋਲਣ ਵੇਲੇ ਇੱਕ ਦੋ ਤਿੰਨ ਆਦਿ ਗਿਣਤੀ ਦਾ ਸਿਲਸਿਲੇ ਵਾਰ ਉੱਚਾਰਣ ਦਾ ਕੰਮ। ੩. ਤੋਲ (ਵਜ਼ਨ) ਦੀ ਸਮਤਾ. "ਆਪੇ ਧਰਤੀ ਸਾਜੀਅਨੁ ਪਿਆਰੇ ਪਿਛੈ ਟੰਕੁ ਚੜਾਇਆ" (ਸੋਰ ਮਃ ੫)

**ਧਰਤੇਵ:** ਧਰਤਿ (ਧਰਿਤ੍ਰੀ) ਏਵੰ. ਐਸੇ ਹੀ ਧਰਤੀ. ਪ੍ਰਿਥਿਵੀ ਭੀ ਇਸੇ ਤਰਾਂ. "ਸਾਗਰ ਇੰਦ੍ਰਾ ਅਰੁ ਧਰਤੇਵ." (ਭੈਰ ਕਬੀਰ)

**ਧਰਤ੍ਰ:** ਸੰ. धर्त्र. ਸੰਗਜਾ- ਆਧਾਰ. ਆਸਰਾ.

**ਧਰਤ੍ਰੀ:** ਅਸ੍ਤ੍ਰਧਾਰੀ. "ਤੇਜਵਾਨ ਬਲਵਾਨ ਧਰਤ੍ਰੀ." (ਚਰਿਤ੍ਰ ੨੯੮) ੨. ਦੇਖੋ, ਧਰਿਤ੍ਰੀ.

**ਧਰਦਾੜ:** ਦੇਖੋਂ, ਦਾੜਧਰ.

**ਧਰਦ੍ਰਿੜ:** ਸੰਗਜਾ- ਪ੍ਰਿਥਿਵੀ ਨੂੰ ਮਜਬੂਤੀ ਨਾਲ ਧਾਰਨ ਵਾਲਾ, ਰਾਜਾ. (ਸਨਾਮਾ)

**ਧਰਦ੍ਰਿੜਨੀ:** ਸੰਗਜਾ- ਧਰਦ੍ਰਿੜ (ਰਾਜੇ) ਦੀ ਸੈਨਾ. (ਸਨਾਮਾ)

**ਧਰਨ:** ਦੇਖੋ, ਧਰਣ ੩. "ਹਰਨ ਧਰਨ ਪੁਨਹ ਪੁਨ ਕਰਨ." (ਰਾਮ ਪੜਤਾਲ ਮਃ ੫) ਵਿਨਾਸ਼ ਅਤੇ ਪਾਲਨ.

**ਧਰਨਾ:** ਦੇਖੋ, ਧਰਣਾ। ੨. ਪ੍ਰਿਥਿਵੀ. "ਹਰਿ ਸਿਮਰਨਿ ਧਾਰੀ ਸਭ ਧਰਨਾ." (ਸੁਖਮਨੀ)

**ਧਰਨਿ:** ਪ੍ਰਿਥਿਵੀ. ਦੇਖੋ, ਧਰਣਿ. "ਧਰਨਿ ਮਾਹਿ ਆਕਾਸ ਪਇਆਲ." (ਸੁਖਮਨੀ)

**ਧਰਨਿਜਾ:** ਸੰਗਜਾ- ਪ੍ਰਿਥਿਵੀ ਤੋਂ ਪੈਦਾ ਹੋਈ, ਸੀਤਾ. ਧਰਣਿਸੁਤਾ। ੨. ਘਾਹ ਅਤੇ ਬਿਰਛ. (ਸਨਾਮਾ)

**ਧਰਨਿਜਾ ਚਰਸਤ੍ਰੁ:** ਪ੍ਰਿਥਿਵੀ ਤੋਂ ਉਪਜਿਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦੀ ਵੈਰਨ ਬੰਦੂਕ. "ਧਰਨਿ ਸ਼ਬਦ ਕੋ ਆਦਿ ਉਚਾਰੋ। ਜਾ ਚਰ ਪਦ ਪਾਛੇ ਤਿੰਹ ਡਾਰੋ। ਸਤ੍ਰੁ ਸ਼ਬਦ ਕੇ ਬਹੁਰ ਬਖਾਨੋ। ਸਭ ਸ੍ਰੀ ਨਾਮ ਤੁਪਕ ਕੇ ਜਾਨੋ." (ਸਨਾਮਾ)

**ਧਰਨੀ:** ਸੰਗਜਾ- ਧਰਣੀ. ਪ੍ਰਿਥਿਵੀ. "ਧਨੁ ਧਰਨੀ ਅਰੁ ਸੰਪਤਿ ਸਗਰੀ." (ਸਾਰ ਮਃ ੯)

**ਧਰਨੀਸੁਤਾ:** ਸੰਗਜਾ- ਧਰਣਿਸੁਤਾ. ਸੀਤਾ.

**ਧਰਨੀਸੁਰ:** ਸੰਗਜਾ- ਪ੍ਰਿਥਿਵੀ ਦੇ ਦੇਵਤਾ, ਸਾਧੁਜਨ। ੨. ਹਿੰਦੂਮਤ ਅਨੁਸਾਰ ਬ੍ਰਾਹਮਣ। ੩. ਪ੍ਰਿਥਿਵੀ ਦਾ ਈਸ਼੍ਵਰ, ਰਾਜਾ। ੪. ਜਿਮੀਂਦਾਰ.

ਧਰਨੀਧਰ: ਦੇਖੋ, ਧਰਣੀਧਰ.

ਧਰਨੀਪਤਿ, ਧਰਨੀਰਾਵ: ਸੰਗਯਾ- ਧਰਣੀ ਦਾ ਸ੍ਵਾਮੀ. ਰਾਜਾ. ਪ੍ਰਿਥਿਵੀਪਤਿ। ੨. ਬਿਰਛ. (ਸਨਾਮਾ)

ਧਰਮ: ਸੰ. धर्म्म. ਸੰਗਯਾ- ਜੋ ਸੰਸਾਰ ਨੂੰ ਧਾਰਨ ਕਰਦਾ ਹੈ. ਜਿਸ ਦੇ ਆਧਾਰ ਵਿਸ਼੍ਵ ਹੈ, ਉਹ ਪਵਿਤ੍ਰ ਨਿਯਮ. "ਸਭ ਕੁਲ ਉਧਰੀ ਇਕ ਨਾਮ ਧਰਮ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਸ਼ੁਭ ਕਰਮ. "ਨਹਿ ਬਿਲੰਬ ਧਰਮੰ, ਬਿਲੰਬ ਪਾਪੰ." (ਸਹਸ ਮਃ ੫) "ਸਾਧ ਕੈ ਸੰਗਿ ਦ੍ਰਿੜੇ ਸਭਿ ਧਰਮ." (ਸੁਖਮਨੀ) ਸਾਧੂ ਦੇ ਸੰਗ ਤੋਂ ਜੋ ਦ੍ਰਿੜ੍ਹ ਕਰਦਾ ਹੈ, ਉਹ ਸਭ ਧਰਮ ਹੈ। ੩. ਮਜਹਬ. ਦੀਨ. "ਸੰਤ ਕਾ ਮਾਰਗ ਧਰਮ ਦੀ ਪਉੜੀ." (ਸੋਰ ਮਃ ੫) ੪. ਪੁਨਜਰੂਪ. "ਇਹੁ ਸਰੀਰੁ ਸਭੁ ਧਰਮ ਹੈ, ਜਿਸ ਅੰਦਰਿ ਸਚੇ ਕੀ ਵਿਚਿ ਜੋਤਿ." (ਵਾਰ ਗਉ ੧. ਮਃ ੪) ੫. ਰਿਵਾਜ. ਰਸਮ. ਕੁਲ ਅਥਵਾ ਦੇਸ਼ ਦੀ ਰੀਤਿ। ੬. ਫ਼ਰਜ਼. ਡ੍ਯੂਟੀ। ੭. ਨਯਾਯ. ਇਨਸਾਫ਼। ੮. ਪ੍ਰਕ੍ਰਿਤਿ. ਸੁਭਾਵ। ੯. ਧਰਮਰਾਜ. "ਅਨਿਕ ਧਰਮ ਅਨਿਕ ਕੁਮੇਰ." (ਸਾਰ ਅਃ ਮਃ ੫) ੧. ਧਨੁਸ. ਕਮਾਣ. ਚਾਪ। ੧੧. ਤੱਤਾਂ ਦੇ ਸ਼ਬਦ ਸਪਰਸ਼ ਆਦਿ ਗੁਣ। ੧੨. ਦੇਖੋ, ਧਰਮਅੰਗ। ੧੩. ਦੇਖੋ, ਉਪਮਾ.

ਧਰਮਅੰਗ: ਸੰਗਯਾ- ਪਰਮਾਂਗ. ਧਰਮ ਦੇ ਅੰਗ:-

ਧੀਰਯ, ਕ੍ਸ਼ਮਾ (ਖਿਮਾ), ਮਨ ਦਾ ਵਸ਼ ਕਰਨਾ, ਚੋਰੀ ਦਾ ਤ੍ਯਾਗ, ਪਵਿਤ੍ਰਤਾ, ਇੰਦ੍ਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਨਿਰਮਲ ਬੁੱਧਿ, ਵਿਦ੍ਯਾ ਦਾ ਅਭ੍ਯਾਸ, ਸਤ੍ਯ, ਕ੍ਰੋਧ ਦਾ ਤ੍ਯਾਗ. ਇਹ ਦਸ਼ ਅੰਗਰੂਪ ਧਰਮ ਹੈ.

धृतिः क्षमा दमोऽस्तेय शौच मिन्द्रिय निग्रहः।

धीर्विद्या सत्यमक्रोधो दशकं धर्म लक्षणम् ॥

(ਮਨੁ ਅਃ ੬, ਸਃ ੯੨)

੨. ਬੌੱਧਧਰਮ ਦੇ ਅੰਗ ਅੱਠ ਹਨ. ਦੇਖੋ, ਬੁੱਧ। ੩. ਸਿੱਖਧਰਮ ਦੇ ਅੰਗ ਤਿੰਨ ਹਨ. ਦੇਖੋ, ਨਾਮ ਦਾਨ ਇਸਨਾਨ.

ਧਰਮਸਾਸਤ੍ਰ: ਸੰਗਯਾ- ਧਮੰਸ਼ਾਸ੍ਤ੍ਰ. ਧਰਮ ਦੇ ਨਿਯਮ ਦੱਸਣ ਵਾਲਾ ਗ੍ਰੰਥ. ਧਰਮਪੁਸ੍ਤਕ.

ਧਰਮਸ਼ਾਂਤਿ: ਸੰਗਯਾ- ਧਰਮ ਦੇ ਨਿਯਮਾਨੁਸਾਰ ਪ੍ਰਾਣੀ ਦੇ ਮਰਨ ਪਿੱਛੋਂ ਪਾਤਕ ਦੀ ਸ਼ਾਂਤਿ. ਪਾਤਕ ਸਮਾਪ੍ਰੀ. ਦੇਖੋ, ਪਾਤਕ.

ਧਰਮਸਾਲ, ਧਰਮਸਾਲਾ: ਸੰਗਯਾ- ਧਮੰਸ਼ਾਲਾ. ਧਰਮਮੰਦਿਰ। ੨. ਬਿਨਾ ਕਰਾਇਆ ਲੈਣ ਦੇ ਜਿਸ ਮਕਾਨ ਵਿੱਚ ਮੁਸਾਫ਼ਿਰਾਂ ਨੂੰ ਨਿਵਾਸ ਦਿੱਤਾ ਜਾਵੇ। ੩. ਸਿੱਖਾਂ ਦਾ ਧਰਮਅਸਥਾਨ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥਸਾਹਿਗਬ ਜੀ ਦਾ ਪ੍ਰਕਾਸ਼ ਹੋਵੇ, ਅਤਿਥਿ ਨੂੰ ਨਿਵਾਸ ਅਤੇ ਅੰਨ ਮਿਲੇ, ਅਰ ਵਿਦ੍ਯਾ ਸਿਖਾਈ ਜਾਵੇ. "ਮੈ ਬਧੀ ਸਚੁ ਧਰਮਸਾਲ ਹੈ। ਗੁਰਸਿਖਾਂ ਲਹਦਾ ਭਾਲਿਕੈ." (ਸ੍ਰੀ ਮਃ ੫. ਪੈਪਾਇ) "ਮੋਹਿ ਨਿਰਗੁਣ ਦਿਚੈ ਥਾਉ ਸੰਤਧਰਮਸਾਲੀਐ." (ਵਾਰ ਗੂਜ ੨. ਮਃ ੫) ਦੇਖੋ, ਗੁਰਦੁਆਰਾ ੩। ੪. ਧਰਮ ਕਮਾਉਣ ਦੀ ਥਾਂ. "ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ" (ਜਪੁ) ੫. ਜਿਲੇ ਕਾਂਗੜੇ ਵਿੱਚ ਇੱਕ ਪਹਾੜੀ ਸਟੇਸ਼ਨ, ਜੋ ਹੁਣ ਜਿਲੇ ਦਾ ਪ੍ਰਧਾਨ ਨਗਰ ਹੈ. ਪਹਿਲਾਂ ਇੱਥੇ ਇੱਕ ਧਰਮਸਾਲਾ ਮੁਸਾਫ਼ਿਰਾਂ ਲਈ ਸੀ, ਜਿਸ ਤੋਂ ਸਟੇਸ਼ਨ ਦਾ ਇਹ ਨਾਉਂ ਹੋਗਿਆ. ਧਰਮਸਾਲਾ ਦੀ ਬਲੰਦੀ ੭੧੧੨ ਫੁਟ ਹੈ ਅਰ ਕਾਂਗੜੇ ਤੋਂ ੧੬. ਮੀਲ ਉੱਤਰ ਪੂਰਵ ਹੈ. ਰੇਲਵੇ ਸਟੇਸ਼ਨ ਪਠਾਨਕੋਟ ਤੋਂ ੫੨ ਮੀਲ, ਅਤੇ ਕਾਂਗੜਾਵੈਲੀ ਰੇਲਵੇ ਦੇ ਸਟੇਸ਼ਨ "ਧਰਮਸਾਲਾ ਰੋਡ" ਤੋਂ ੧੦- ੧੧ ਮੀਲ ਦੀ ਵਿੱਥ ਤੇ ਹੈ.

ਧਰਮਸਾਲੀਆ: ਸੰਗਯਾ- ਧਰਮਸਾਲਾ ਦਾ ਪੁਜਾਰੀ. ਧਰਮਸਾਲਾ ਦਾ ਗ੍ਰੰਥੀ.

ਧਰਮਸਿੰਘ: ਦੇਖੋ, ਪੰਜ ਪਯਾਰੇ। ੨. ਦੇਖੋ, ਰੂਪਚੰਦ ਭਾਈ.

ਧਰਮਸੁਤ: ਸੰਗਯਾ- ਧਰਮ ਦਾ ਪੁਤ੍ਰ. ਯੁਧਿਸ਼੍ਠਿਰ. ਦੇਖੋ, ਪਾਂਡਵ। ੨. ਧਰਮ ਅਨੁਸਾਰ ਬਣਾਇਆ ਹੋਇਆ ਬੇਟਾ. God-

child.

ਧਰਮਸੁਤਤ੍ਰਿਯਾ: ਧਰਮਪੁਤ੍ਰ ਯੁਧਿਸ਼੍ਠਿਰ ਦੀ ਇਸਤ੍ਰੀ. ਦ੍ਰੋਪਦੀ. (ਸਨਾਮਾ)

ਧਰਮਸੁਵਨ: ਧਰਮ ਦਾ ਸੂਨੁ (ਪੁਤ੍ਰ). ਦੇਖੋ, ਧਰਮ ਸੁਤ.

ਧਰਮਸ੍ਥ: ਵਿ- ਧਰਮ ਵਿੱਚ ਇਸਥਿਤ. ਜਿਸ ਦਾ ਈਮਾਨ ਕ਼ਾਈਮ ਹੈ। ੨. ਸੰਗਯਾ- ਨ੍ਯਾਯਕਰਤਾ. ਅਦਾਲਤੀ. ਜਜ.

ਧਰਮਹਤਉ, ਧਰਮਹਤਾ, ਧਰਮਹਿਤਾ: ਸੰਗਯਾ- ਧਰਾ (ਜ਼ਮੀਨ) ਦਾ ਮਹਿਤਾ (ਮਾਲਿਕ). ਬਿਸਵੇਦਾਰ. ਜ਼ਮੀਨ ਦਾ ਮਾਲਿਕ, ਦੇਖੋ, ਮਹਿਤਉ.

ਧਰਮਹੰਤਾ: ਸੰ. धर्महन्तृ. ਧਰਮਨਾਸ਼ਕ. ਈਮਾਨ ਖੋਣ ਵਾਲਾ.

ਧਰਮਕਲਾ: ਸੰਗਯਾ- ਧਰਮਵਿਦ੍ਯਾ। ੨. ਧਰਮਸ਼ਕ੍ਤਿ. "ਧਰਮਕਲਾ ਹਰਿ ਬੰਧਿ ਬਹਾਲੀ." (ਆਸਾ ਮਃ ੫)

ਧਰਮਖੰਡ: ਸੰਗਯਾ- ਗੁਰਦ੍ਵਾਰਾ। ੨. ਸਾਧੁਸੰਗ। ੩. ਫ਼ਰਜ ਦਾ ਦਰਜਾ, ਜਿਸ ਵਿੱਚ ਧਰਮਜੀਵਨ ਉੱਚਾ ਹੁੰਦਾ ਹੈ ਅਤੇ ਸੁਕਰਮਾਂ ਦੇ ਅਭ੍ਯਾਸ ਦ੍ਵਾਰਾ ਕੁਕਰਮਾਂ ਦਾ ਪੂਰਾ ਤ੍ਯਾਗ ਕੀਤਾ ਜਾਂਦਾ ਹੈ. "ਧਰਮਖੰਡ ਕਾ ਏਹੋ ਧਰਮੁ." (ਜਪੁ)

ਧਰਮਗ, ਧਰਮਗ੍ਯ: ਸੰ. धर्मज्ञ. ਵਿ- ਧਰਮ ਜਾਣਨ ਵਾਲਾ. ਧਰਮਗ੍ਯਾਤਾ. "ਆਦਿ ਯੁਦਿਸ਼੍ਠਿਰ ਧਰਮਗ ਭਾਰੇ." (ਗੁਪ੍ਰਸੂ)

ਧਰਮਗ੍ਰੰਥ: ਸੰਗਯਾ- ਧਰਮ ਦੇ ਨਿਯਮ ਦੱਸਣ ਵਾਲਾ ਗ੍ਰੰਥ। ੨. ਉਹ ਗ੍ਰੰਥ, ਜਿਸਦੇ ਆਧਾਰ ਮਤ (ਮਜਹਬ) ਹੈ. ਧਰਮਸ਼ਾਸਤ੍ਰ.

ਧਰਮਚਿੰਨ੍ਹ: ਸੰਗਯਾ- ਧਰਮ ਦੇ ਨਿਸ਼ਾਨ. ਧਰਮਗ੍ਰੰਥ ਅਨੁਸਾਰ ਧਾਰਨ ਕੀਤੇ ਹੋਏ ਚਿੰਨ੍ਹ. ਜੈਸੇ ਖ਼ਾਲਸੇ ਦੇ ਕੇਸ਼ ਕ੍ਰਿਪਾਣ ਕੱਛ.

ਧਰਮਚੰਦ: ਬਾਬਾ ਲਖਮੀਦਾਸ ਜੀ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ਸੰਮਤ ੧੫੯੦ ਅਤੇ ਦੇਹਾਂਤ ਸੰਮਤ ੧੬੭੫ ਵਿੱਚ ਹੋਇਆ. ਧਰਮਚੰਦ ਜੀ ਦੇ ਪੁਤ੍ਰ ਮਾਣਕਚੰਦ, ਮੇਹਰਚੰਦ, ਕਰਣੀ ਵਾਲੇ ਮਹਾਤਮਾ ਹੋਏ ਹਨ. ਦੇਖੋ, ਵੇਦੀਵੰਸ਼.

ਧਰਮਜ: ਸੰਗਯਾ- ਸੁਖ, ਜੋ ਧਰਮ ਤੋਂ ਪੈਦਾ ਹੁੰਦਾ ਹੈ। ੨. ਯੁਧਿਸ਼੍ਠਿਰ. ਦੇਖੋ, ਧਰਮਸੁਤ ਅਤੇ ਪਾਂਡਵ. "ਧਰਮਜ ਜਬੈ ਜੂਪ ਕੋ ਖੇਲਾ." (ਨਾਪ੍ਰ) ੩. ਧਰਮ ਨਾਲ ਵਿਆਹੀ ਹੋਈ ਇਸਤ੍ਰੀ ਤੋਂ ਉਪਜਿਆ ਪੁਤ੍ਰ.

ਧਰਮਣੋ: ਧਰਮ ਨੂੰ। ੨. ਸੰ. धर्मिन. ਵਿ- ਧਰਮੀ. ਧਰਮਵਾਲਾ. "ਤਜੰਤ ਧਰਮਣੋ ਨਰੰ." (ਕਲਕੀ)

ਧਰਮਤਾਤ: ਸੰਗਯਾ- ਧਰਮ ਦਾ ਪੁਤ੍ਰ, ਯੁਧਿਸ਼੍ਠਿਰ.

ਧਰਮਦਾਸ: ਕਬੀਰ ਜੀ ਦਾ ਚੇਲਾ, ਜੋ ਉਨ੍ਹਾਂ ਦੇ ਦੇਹਾਂਤ ਪਿੱਛੋਂ ਕਾਸ਼ੀ ਵਿੱਚ ਕਬੀਰ ਪੰਥੀਆਂ ਦਾ ਮਹੰਤ ਹੋਇਆ. ਕਬੀਰ ਬੀਜਕ ਪੁਸ੍ਤਕ ਇਸੇ ਦੇ ਯਤਨ ਨਾਲ ਲਿਖਿਆ ਗਿਆ ਹੈ। ੨. ਖੋਸਲਾ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਰਾਮਦਾਸ ਜੀ ਦਾ ਅਨੰਨ ਸੇਵਕ ਸੀ.

ਧਰਮਦੂਤ: ਸੰਗਯਾ- ਧਰਮਰਾਜ ਦਾ ਦੂਤ. ਯਮਗਣ. "ਧਰਮਦੂਤਹਿ ਡਿਠਿਆ." (ਜੈਤ ਛੰਤ ਮਃ ੫)

ਧਰਮ ਦੇ ਚਾਰ ਚਰਣ: ਦੇਖੋ ਚਾਰ ਚਰਣ। ੨. ਵਿਸ਼ਨੁ ਪੁਰਾਣ ਅੰਸ਼ ੬. ਅਃ ੨. ਵਿੱਚ ਧਰਮ ਦੇ ਇਹ ਚਾਰ ਚਰਣ ਹਨ- ਸਤ੍ਯ, ਯਗ੍ਯ, ਪੂਜਾ ਅਤੇ ਨਾਮਸਮਰਣ। ੩. ਭਾਈ ਮਨੀਸਿੰਘ ਜੀ ਲਿਖਦੇ ਹਨ- ਨਾਮ, ਦਾਨ, ਸਨਾਨ, ਗ੍ਯਾਨ. "ਚਾਰੇ ਪੈਰ ਧਰੰਮ ਦੇ." (ਭਾਗੁ)

ਧਰਮਧਾਮੀ: ਵਿ- ਧਰਮ ਦਾ ਘਰ. ਧਰਮ ਦਾ ਨਿਵਾਸ। ੨. ਸੰਗਯਾ- ਧਾਮ (ਘਰ) ਦੇ ਧਰਮ ਨੂੰ ਹਾਰਨ ਵਾਲਾ, ਗ੍ਰਿਹਸਥੀ. "ਕਹੂੰ ਧਰਮਧਾਮੀ, ਕਹੂੰ ਸਰਬ ਠੌਰ ਗਾਮੀ." (ਅਕਾਲ) ਕਿਤੇ ਗ੍ਰਿਹਸਥੀ ਕਿਤੇ ਜੰਗਮ ਸਾਧੂ.

ਧਰਮਧੀਰ: ਵਿ- ਧਰਮਬਲ ਧਾਰਨ ਵਾਲਾ। ੨. ਸੰਗਯਾ- ਸ਼੍ਰੀ ਗੁਰੂ ਤੇਗਬਹਾਦੁਰ ਜੀ। ੩. ਦੇਖੋ, ਧਰਮੁਧੀਰਾ। ੪. ਦੇਖੋ,

ਧ੍ਰੰਮਧੀਰੁ.

ਧਰਮਧੁਜਾ: ਸੰਗਯਾ- ਧਰਮ ਦਾ ਧ੍ਵਜਾ (ਝੰਡਾ). ਧਰਮ ਦਾ ਨਿਸ਼ਾਨ। ੨. ਨਿਰਮਲੇ ਸੰਤਾਂ ਦੇ ਅਖਾੜੇ ਦਾ ਨਿਸ਼ਾਨ. ਦੇਖੋ, ਅਖਾੜਾ ਅਤੇ ਨਿਰਮਲੇ। ੩. ਧਰਮ ਦੇ ਨਿਯਮਾਂ ਅਨੁਸਾਰ ਹਨ ਚਿੰਨ੍ਹ ਜਿਸ ਪੁਰ, ਐਸੀ ਧ੍ਵਜਾ.

ਧਰਮਧੁਜੀ: ਦੇਖੋ, ਧਰਮਧ੍ਵਜੀ.

ਧਰਮਧੁਰ: ਵਿ- ਧਰਮ ਦਾ ਧੁਰਾ. ਧਰਮਰੂਪ ਪਹੀਏ ਦਾ ਆਸਰਾ. "ਧਰਾ ਧੀਰਦਾ ਧਰਮਧੁਰ." (ਨਾਪ੍ਰ)

ਧਰਮਧ੍ਵਜੀ: ਸੰ. धर्म्मध्वजिन्. ਸੰਗਯਾ- ਧਰਮ ਦਾ ਚਿੰਨ੍ਹ ਦਿਖਾਕੇ ਲੋਕਾਂ ਨੂੰ ਠਗਣ ਵਾਲਾ, ਪਾਖੰਡੀ.

ਧਰਮਨ: ਸੰ. धर्मिन्. ਵਿ- ਧਰਮ ਵਾਲਾ. ਧਰਮੀ. "ਸੰਕਰ ਵਰਨ ਪ੍ਰਜਾ ਭਈ, ਧਰਮਨ ਕਤਹੂੰ ਰਹਾਨ." (ਕਲਕੀ) ੨. ਸ਼ਸਤ੍ਰਨਾਮਮਾਲਾ ਦੇ ੧੦੫੭ ਅੰਗ ਵਿੱਚ ਧੀਮਨਿ (ਬੁੱਧਿਵਾਲੀ) ਦੀ ਥਾਂ ਧਰਮਨ ਸ਼ਬਦ ਅਞਾਣ ਲਿਖਾਰੀ ਦੀ ਭੁੱਲ ਨਾਲ ਬਣ ਗਿਆ ਹੈ.

ਧਰਮਨਾਰੀ: ਸੰਗਯਾ- ਧਰਮਵਿਧੀ ਨਾਲ ਵਿਆਹੀ ਹੋਈ ਇਸਤ੍ਰੀ. ਧਰਮਪਤਨੀ. "ਤਜੈਂ ਧਰਮਨਾਰੀ ਤਕੈਂ ਪਾਪਨਾਰੰ." (ਕਲਕੀ)

ਧਰਮਨਿਆਉ: ਸੰਗਯਾ- ਧਰਮ ਨਾਲ ਕੀਤਾ ਨਿਆਂ (ਨ੍ਯਾਯ). ਬਿਨਾ ਪੱਖ ਤੋਂ ਸਹੀ ਫੈਸਲਾ. "ਹਰਿ ਧਰਮਨਿਆਉ ਕੀਓਇ." (ਵਾਰ ਸ੍ਰੀ ਮਃ ੪)

ਧਰਮਨਿਸ਼੍ਠਾ: ਸੰਗਯਾ- ਧਰਮ ਵਿੱਚ ਸ਼੍ਰੱਧਾ.

ਧਰਮਪਤਨੀ: ਸੰਗਯਾ- ਧਰਮ ਦੇ ਨਿਯਮਾਨੁਸਾਰ ਜਿਸ ਇਸਤ੍ਰੀ ਨਾਲ ਵਿਆਹ ਹੋਇਆ ਹੈ. ਵਿਆਹੀ ਪਤ੍ਨੀ.

ਧਰਮਪਤਿ: ਸੰਗਯਾ- ਧਰਮ ਦੇ ਨਿਯਮਾਨੁਸਾਰ ਪਾਣਿ ਗ੍ਰਹਣ ਕਰਨ ਵਾਲਾ ਭਰਤਾ। ੨. ਧਰਮਾਤਮਾ ਪੁਰੁਸ਼ (ਪੁਰਖ).

ਧਰਮਪਾਲ: ਧਰਮ ਦੀ ਪਾਲਨਾ ਕਰਨ ਵਾਲਾ। ੨. ਦੇਖੋ, ਬਿਸਾਲੀ.

ਧਰਮਪਿਤਾ: ਧਰਮ ਦਾ ਬਾਪ. God- father.

ਧਰਮਪੁਤ੍ਰ: ਦੇਖੋ, ਧਰਮਸੁਤ.

ਧਰਮਬੀਰ: ਧਰਮਵੀਰ. ਸੰਗਯਾ- ਧਰਮ ਦੇ ਨਿਯਮਾਂ ਨੂੰ ਅਨੇਕ ਕਲੇਸ਼ਾਂ ਤੋਂ ਭੀ ਨਾ ਤ੍ਯਾਗਣ ਵਾਲਾ. ਧਰਮ ਵਿੱਚ ਬਹਾਦੁਰ। ੨. ਸ਼੍ਰੀ ਗੁਰੂ ਅਰਜਨਦੇਵ ਜੀ। ੩. ਸ਼੍ਰੀ ਗੁਰੂ ਤੇਗਬਹਾਦੁਰ ਜੀ। ੪. ਗੁਰੂ ਗੋਬਿੰਦਸਿੰਘ ਸਾਹਿਬ। ੫. ਸਾਹਿਬਜ਼ਾਦੇ ਅਤੇ ਭਾਈ ਮਨੀਸਿੰਘ ਜੀ ਆਦਿ ਸ਼ਹੀਦ। ੬. ਦੇਖੋ, ਵੀਰ ੭.

ਧਰਮਭਾਈ, ਧਰਮਭੈਣ: ਸੰਗਯਾ- ਧਰਮ ਅਨੁਸਾਰ ਭਾਈ ਅਤੇ ਭੈਣ ਦਾ ਸੰਬੰਧ ਹੈ ਜਿਸ ਨਾਲ. ਧਰਮ ਭ੍ਰਾਤਾ ਅਤੇ ਧਰਮਭਗਿਨੀ. ਗੁਰਭਾਈ, ਗੁਰਭੈਣ.

ਧਰਮਯੁੱਧ: ਸੰਗਯਾ- ਧਰਮ ਦੇ ਨਿਯਮਾਂ ਨੂੰ ਮੁੱਖ ਰੱਖਕੇ ਜੋ ਜੰਗ ਕੀਤਾ ਜਾਵੇ. ਜਿਸ ਯੁੱਧ ਵਿੱਚ ਛਲ ਕਪਟ ਅਸਤ੍ਰ ਨਾ ਵਰਤਿਆ ਜਾਵੇ। ੨. ਧਰਮ ਦੇ ਨਿਯਮਾਂ ਦੀ ਰਾਖੀ ਵਾਸਤੇ ਜੋ ਯੁੱਧ ਹੋਵੇ.

ਧਰਮਰਾਇ, ਧਰਮਰਾਜ: ਸੰਗਯਾ- ਧਰਮ ਦਾ ਪਾਲਨ ਕਰਨ ਵਾਲਾ ਰਾਜਾ। ੨. ਕਰਤਾਰ. ਵਾਹਗੁਰੂ। ੩. ਯਮਰਾਜ. "ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ?" (ਸੋਰ ਮਃ ੫) ਸੰਸਕ੍ਰਿਤ ਗ੍ਰੰਥਾਂ ਵਿਚ ਯਮ ਅਤੇ ਧਰਮਰਾਜ ਇੱਕੋ ਹੈ. ਇਸ ਦੀ ਉਤਪੱਤੀ ਸੰਗ੍ਯਾ ਦੇ ਗਰਭ ਤੋਂ ਸੂਰਯ ਦ੍ਵਾਰਾ ਲਿਖੀ ਹੈ, ਅਰ ਯਮੀ ਭੀ ਆਪਣੇ ਭਾਈ ਨਾਲ ਉਸੇ ਸਮੇਂ ਜੰਮੀ ਸੀ, ਅਰਥਾਤ ਯਮ ਅਤੇ ਯਮੀ ਜੌੜੇ ਹਨ. ਧਰਮਰਾਜ ਦੀ ਪੁਰੀ ਦਾ ਨਾਮ ਸੰਯਮਨੀ, ਉਸ ਦੇ ਮਹਿਲ ਦਾ ਨਾਮ ਕਾਲੀਚੀ,

ਉਸ ਦੇ ਸਿੰਘਾਸਨ ਦਾ ਨਾਮ ਵਿਚਾਰਭੂ ਅਤੇ ਵਡੇ ਭਾਰੀ ਰਜਿਸਟਰ ਦਾ ਨਾਮ (ਜੋ ਚਿਤ੍ਰ ਗੁਪਤ ਦੇ ਸਪੁਰਦ ਹੈ) ਅਗ੍ਰਸੰਧਾਨੀ ਹੈ.

ਧਰਮਰਾਜ ਦਾ ਪੁਤ੍ਰ: ਸ਼੍ਾ. ਸੰਗਯਾ- ਤਾਪ. ਜ੍ਵਰ,

ਧਰਮਰਾਜ ਦੀ ਪੁਤ੍ਰੀ: ਸ਼੍ਾ. ਸੰਗਯਾ- ਨੀਂਦ. ਨਿਦ੍ਰਾ.

ਧਰਮਰਾਜਾ: ਦੇਖੋ, ਧਰਮਰਾਜ ੩. "ਧਰਮਰਾਜਾ ਬਿਸਮਾਦ ਹੋਆ." (ਆਸਾ ਮਃ ੫)

ਧਰਮਰਿ: ਵਿ- ਧਰਮ- ਅਰਿ. ਧਰਮ ਦਾ ਵੈਰੀ.

ਧਰਮਲਕ੍ਸ਼ਣ: ਦੇਖੋ, ਧਰਮਅੰਗ.

ਧਰਮਵੀਰ: ਦੇਖੋ, ਧਰਮਬੀਰ, ਵੀਰ ੭. ਅਤੇ ਰਸ.

ਧਰਮਵੰਤ: ਵਿ- ਧਰਮ ਵਾਲਾ. ਧਰਮ ਦੇ ਨਿਯਮਾਂ ਦੀ ਪਾਲਨਾ ਕਰਨ ਵਾਲਾ. ਧਰਮੀ.

ਧਰਮਵ੍ਯਾਧ: ਮਹਾਭਾਰਤ ਅਨੁਸਾਰ ਇਕ ਮਾਸ ਵੇਚਣ ਵਾਲਾ ਸ਼ਿਕਾਰੀ, ਜੋ ਧਰਮ ਦੇ ਨਿਯਮਾਂ ਨੂੰ ਚੰਗੀ ਤਰਾਂ ਧਾਰਨ ਕਰਦਾ ਸੀ. ਇਸ ਨੇ ਭਗਤਿ ਨਾਲ ਮਾਤਾ ਪਿਤਾ ਦੀ ਸੇਵਾ ਕਰਕੇ ਸਿੱਧੀ ਪਰਾਪਤ ਕੀਤੀ ਸੀ.

ਧਰਮਾ: ਉੱਦਾ ਜਾਤਿ ਦਾ ਗੁਰੂ ਅਰਜਨਦੇਵ ਦਾ ਸਿੱਖ। ੨. ਵਿ- धर्मिन- ਧਰਮੀ. "ਇਹੁ ਮਨ ਕਰਮਾ ਇਹੁ ਮਨ ਧਰਮਾ." (ਆਸਾ ਅਃ ਮਃ ੧)

ਧਰਮਾਈ: ਵਿ- ਧਰਮਾਤਮਾ, ਧਰਮਵਾਨ। ੨. ਮਾਇਆ ਦੇ ਧਾਰਨ ਵਾਲਾ. ਮਾਇਆਧਾਰੀ. ਦੇਖੋ, ਕਤੀਫਿਆ.

ਧਰਮਾਂਗ: ਦੇਖੋ, ਧਰਮ ਅੰਗ.

ਧਰਮਾਤਮਾ: ਸੰ. धर्मात्मन. ਧਰਮੀ. ਜਿਸ ਦੇ ਚਿੱਤ ਵਿਚ ਧਰਮ ਨਿਵਾਸ ਕਰਦਾ ਹੈ.

ਧਰਮਾਤਾ: ਵਿ- ਧਰ੍‍ਮਰਤ. ਧਰਮ ਵਿੱਚ ਪਿਆਰ ਕਰਨ ਵਾਲਾ. "ਗਿਰਸਤੀ ਗਿਰਸਤ ਧਰਮਾਤਾ." (ਸ੍ਰੀ ਅਃ ਮਃ ੫)

ਧਰਮਾਂਧ: ਸੰਗਯਾ- ਧਰਮ ਦੇ ਅਭਿਮਾਨ ਵਿੱਚ ਅੰਨ੍ਹਾ. ਦੂਜੇ ਮਤ ਦੇ ਉੱਤਮ ਨਿਯਮਾਂ ਦਾ ਖੰਡਨ ਕਰਕੇ ਆਪਣੇ ਮਤ ਦਾ ਘਟੀਆ ਨਿਯਮਾਂ ਨੂੰ ਭੀ ਸ਼੍ਰੇਸ਼੍ਠ ਸਿਧ ਕਰਨ ਵਾਲਾ ਅਤੇ ਅਨਜਧਰਮੀਆਂ ਨੂੰ ਦੁੱਖ ਦੇਣ ਵਾਲਾ.

ਧਰਮਾਪੁਰ: ਸਤਸੰਗ. ਸਾਧੂਸਮਾਜ.

ਧਰਮਾਪੁਰਿ: ਵਿ- ਧਰਮ ਨਾਲ ਪੂਰਨ ਦਾ। ੨. ਸਾਧੁਜਨਾਂ (ਗੁਰੁਮੁਖਾਂ) ਦਾ. "ਧਰਮੁ ਧਰੇ ਧਰਮਾਪੁਰਿ." (ਓਅੰਕਾਰ)

ਧਰਮਾਰਥ: ਧਰ੍‍ਮਾਰ੍‍ਥੰ. ਧਰਮ ਵਾਸਤੇ. ਧਰਮ ਲਈ.

ਧਰਮਾਵਤਾਰ: ਸੰਗਯਾ- ਸਾਖ੍ਯਾਤ ਧਰਮ ਦਾ ਰੂਪ। ੨. ਗੁਰੂ ਨਾਨਕਦੇਵ.

ਧਰਮਾਵਤੀ: ਸੰਗਯਾ- ਧਰਮਰਾਜ ਦੀ ਪੁਤ੍ਰੀ, ਸੰਯਮਨੀ.

ਧਰਮਿ, ਧਰਮੀ: ਵਿ. - धर्मिन्. ਧਰਮਵਾਲਾ. ਈਮਾਨਦਾਰ। ੨. ਮਜਹਬ ਅਨੁਸਾਰ ਕਰਮ ਕਰਨ ਵਾਲਾ.

"ਧਰਮੀ ਧਰਮੁ ਕਰਹਿ ਗਾਵਾਵਹਿ." (ਵਾਰ ਆਸਾ) ਕਾਮਨਾ ਸਹਿਤ ਕਰਮ ਕਰਕੇ ਕਰਮਕਾਂਡੀ ਫਲ ਖੋ ਲੈਂਦੇ ਹਨ। ੩. ਧਰਮੀਓਂ ਸੇ. ਧਰਮੀਆਂ ਨਾਲ "ਓਇ ਧਰਮਿ ਰਲਾਏ ਨਾ ਰਲਨਿ, ਓਨਾ ਅੰਦਰਿ ਕੂੜ." (ਵਾਰ ਗੂਜ ੧. ਮਃ ੩) ੪. ਧਰਮ ਦ੍ਵਾਰਾ. ਧਰਮ ਸੇ. "ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ." (ਸੁਖਮਨੀ)

ਧਰਮੀੜ, ਧਰਮੀੜਾ: ਸੰ. ਧਮੀਂਡ੍ਯ- ਧਮੰਡਿਜ. ਵਿ- ਧਰਮੀਆਂ ਕਰਕੇ ਸ਼ਲਾਘਾ ਯੋਗ੍ਯ. ਜਿਸ ਦੀ ਧਰਮੀ ਲੋਕ ਵਡਿਆਈ ਕਰਨ.

ਧਰਮੀੜਿਆ: ਸੰਬੋਧਨ. ਹੇ ਧਰਮੀੜ! ਦੇਖੋ, ਧਰਮੀੜ. "ਬੋਲਿ ਸੁ ਧਰਮੀੜਿਆ! ਮੋਨਿ ਕਤ ਧਾਰੀ?" (ਬਿਹਾ ਛੰਤ ਮਃ ੫)

ਧਰਮੁ: ਦੇਖੋ, ਧਰਮ. "ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ." (ਸੂਹੀ ਛੰਤ ਮਃ ੪)

ਧਰਮੁਧੀਰਾ: ਸੰ. ਧਮੰਧੀਵਰ. ਧਰਮ ਦੀ ਓਟ ਵਿੱਚ ਫੰਧਾ ਲਾਉਣ ਵਾਲਾ. ਮਜਹਬੀ ਸ਼ਿਕਾਰੀ. "ਧਰਮੁਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ." (ਵਾਰ ਮਾਰੂ ੨. ਮਃ ੫)

ਧਰਮੂ ਦਾ ਕੋਟ: ਦੇਖੋ, ਸੂਲੀਸਰ.

ਧਰਮੂਰਤਿ: ਸੰਗ੍ਯਾ- ਪ੍ਰਿਥਿਵੀ ਦੀ ਮੂਰਤਿ, ਧਰਾਮੂਰਤਿ. ਗਊ. "ਧਰਮੂਰਤਿ ਘਾਸਾ ਚੁਗੈ." (ਕ੍ਰਿਸਨਾਵ)

ਧਰਲੰਕੂਰ: ਸੰ. ਲਾਙ੍ਗੂਲਧਰ- ਲਾਂਗੂਲਧਰ. ਵਿ- ਲਾਂਗੂਲ (ਪੂਛ) ਰੱਖਣ ਵਾਲਾ. ਜਿਸ ਦੇ ਦੁਮ ਹੈ. ਦੇਖੋ, ਧਰਿਲੰਕੂਰੁ.

ਧਰਵਾਸ, ਧਰਵਾਸਾ: ਸੰਗ੍ਯਾ- ਧੈਰਯ ਅਤੇ ਆਸ਼੍ਵਾਸਨ. ਚਿੱਤ ਦੀ ਇਸਥਿਤਿ ਅਤੇ ਤਸੱਲੀ ਦਾ ਭਾਵ. "ਰਹਿਤ ਇਹਾਂ ਜੇ ਸਦਨ ਨ ਆਵਤ, ਤੱਦਪਿ ਜੀ ਧਰਵਾਸਾ." (ਨਾਪ੍ਰ)

ਧਰਵਾਰ, ਧਾਰਵਾਰ: ਬੁੰਬਈ ਦੇ ਇ਼ਲਾਕੇ ਇੱਕ ਨਗਰ, ਜੋ ਧਾਰਵਾਰ ਜ਼ਿਲੇ ਦਾ ਪ੍ਰਧਾਨ ਸ਼ਹਿਰ ਹੈ. "ਧਰਵਾਰਨ ਤਾਂਕੋ ਧਨ ਮਾਰਜੋ." (ਚਰਿਤ੍ਰ ੧੨੮) ੨. ਧਾੜਵੀ. ਧਾੜਾ ਮਾਰਨ ਵਾਲਾ.

ਧਰਾ: ਦੇਖੋ, ਧੜਾ. "ਪੁਨ ਕਹਿ ਬਾਟ ਧਰਾ ਅਨਵਾਯੋ." (ਗੁਪ੍ਰਸੂ) ਵੱਟਾ ਅਤੇ ਧੜਾ ਮੰਗਵਾਇਆ। ੨. ਧਾਰਣ ਕੀਤਾ. ਧਾਰਿਆ। ੩. ਆਧਾਰ. ਆਸਰਾ. "ਸੋ ਦਰਵੇਸੁ ਜਿਸੁ ਸਿਫਤਿ ਧਰਾ." (ਮਾਰੂ ਸੋਲਹੇ ਮਃ ੫) ੪. ਸੰ. ਧਰਤੀ. ਜ਼ਮੀਨ। ੫. ਮਿੰਜ. ਮੱਜਾ. ਮਿੱਝ। ੬. ਨਾੜੀ. ਰਗ.

ਧਰਾਇਣੁ: ਵਿ- ਧਾਰਣ ਕਰਤਾ. ਰੱਖਣ ਵਾਲਾ. "ਕਰਤਾ ਸ੍ਰਿਸਟਿ ਧਰਾਇਣੁ." (ਭੈਰ ਮਃ ੪)

ਧਰਾਇੰਦ, ਧਰਾਇੰਦ੍ਰ, ਧਰਾਈਸ, ਧਰਾਏਸ: ਸੰਗ੍ਯਾ- ਪ੍ਰਿਥਿਵੀ ਦਾ ਸ੍ਵਾਮੀ, ਰਾਜਾ। ੨. ਪਰਵਤ. ਪਹਾੜ। ੩. ਬਿਰਛ. (ਸਨਾਮਾ) ੪. ਜ਼ਮੀਨ ਦਾ ਮਾਲਿਕ.

ਧਰਾਏਸਣੀ: ਸੰਗ੍ਯਾ- ਧਰਾਈਸ਼ (ਰਾਜਾ) ਦੀ ਫ਼ੌਜ. (ਸਨਾਮਾ)

ਧਰਾਸ: ਦੇਖੋ, ਧਰਵਾਸ। ੨. ਦੇਖੋ, ਧੁਰਾਸ.

ਧਰਾਸੁਤ: ਸੰਗ੍ਯਾ- ਪ੍ਰਿਥਿਵੀ ਦਾ ਪੁਤ੍ਰ, ਮੰਗਲ ਗ੍ਰਹ. ਦੇਖੋ, ਮੰਗਲ। ੨. ਦੇਖੋ, ਭੌਮਾਸੁਰ। ੩. ਘਾਹ. (ਸਨਾਮਾ) ੪. ਬਿਰਛ. (ਸਨਾਮਾ)

ਧਰਾਕਿਵਰਣਤਾ ਭਈ: (ਕਲਕੀ) ਵਾ- ਧਰਾ (ਪ੍ਰਿਥਿਵੀ) ਤੇ ਏਕ ਵਰਣਤਾ ਹੋਈ. ਭਾਵ- ਵਰਣਾਂ ਦੇ ਧਰਮ ਮਿਟ ਗਏ.

ਧਰਾਤਾਤ: ਪ੍ਰਿਥਿਵੀ ਦਾ ਪੁਤ੍ਰ, ਭੌਮਾਸੁਰ. "ਜਿਮ ਤਾਤਧਰਾ ਸੁਰਪੱਤਿ ਲਰਯੋ." (ਕ੍ਰਿਸਨਾਵ) ੨. ਦੇਖੋ, ਧਰਾਸੁਤ.

ਧਰਾਧਰ: ਸੰਗ੍ਯਾ- ਸ਼ੇਸ਼ਨਾਗ। ੨. ਪਹਾੜ। ੩. ਰਾਜਾ। ੪. ਕਤਾਰ. ਵਾਹਗੁਰੂ। ੫. ਬਿਰਛ ਧਰਾ ਨੇ ਜਿਸ ਨੂੰ ਧਾਰਣ ਕੀਤਾ ਹੈ. (ਸਨਾਮਾ)

ਧਰਾਧਾਰ: ਸੰਗ੍ਯਾ- ਧਰਾ (ਪ੍ਰਿਥਿਵੀ) ਹੈ ਜਿਸ ਦਾ ਆਧਾਰ, ਬਿਰਛ. (ਸਨਾਮਾ) ੨. ਪ੍ਰਿਥਿਵੀ ਦਾ ਆਧਾਰ.

ਧਰਾਧਿਪ, ਧਰਾਧੀਸ਼: ਸੰਗ੍ਯਾ- ਧਰਾ (ਪ੍ਰਿਥਿਵੀ) ਦਾ ਅਧਿਪਤਿ. ਭੂਮਿ ਦਾ ਸ੍ਵਾਮੀ, ਰਾਜਾ। ੨. ਜਮੀਨ ਦਾ ਮਾਲਿਕ.

ਧਰਾਧ੍ਰਿਤ: ਸੰਗਯਾ- ਪਰਵਤ। ੨. ਰਾਜਾ. (ਸਨਾਮਾ)

ਧਰਾਨਾਇਕ, ਧਰਾਨਾਥ, ਧਰਾਨਾਯਕ: ਸੰਗਯਾ- ਰਾਜਾ। ੨. ਬਿਰਛ. (ਸਨਾਮਾ) ੩. ਇੰਦ੍ਰ. ਦੇਵਰਾਜ. (ਗੁਵਿ ੧੦) ੪. ਪਹਾੜ। ੫. ਜ਼ਮੀਨ ਦਾ ਮਾਲਿਕ.

ਧਰਾਪਤਿ: ਸੰਗਯਾ- ਵਾਹਗੁਰੂ. ਜਗਤਨਾਥ। ੨. ਰਾਜਾ। ੩. ਜਮੀਨ ਦਾ ਮਾਲਿਕ.

ਧਰਾਪਨਾ: ਕ੍ਰਿ- ਤ੍ਰਿਪਤ ਹੋਣਾ. ਰੱਜਣਾ. ਦੇਖੋ, ਧ੍ਰਾਪਣਾ.

ਧਰਾਰਾਜ, ਧਰਾਰਾਟ: ਸੰਗਯਾ- ਬਿਰਛ. (ਸਨਾਮਾ) ੨. ਪ੍ਰਿਥਿਵੀ ਦਾ ਸ੍ਵਾਮੀ.

ਧਰਿ: ਧਾਰਣ ਕਰ. ਰੱਖ. "ਧਰਿ ਜੀਅਰੇ! ਇਕ ਟੇਕ ਤੂੰ." (ਬਾਵਨ) ੨. ਧਾਰਣ ਕਰਕੇ. ਰੱਖਕੇ. "ਆਪੇ ਧਰਿ ਦੇਖੈ ਕਚੀ ਪਕੀ ਸਾਰੀ." (ਮਾਝ ਅ: ਮ: ੩) "ਧਰਿ ਤਾਰਾਜੂ ਤੋਲੀਐ." (ਵਾਰ ਆਸਾ) ੩. ਵੱਲ. ਓਰ. ਤ਼ਰਫ਼। ੪. ਧਰਾ. ਪ੍ਰਿਥਿਵੀ.

ਧਰਿਓਨੁ: ਧਾਰਣ ਕੀਤਾ ਹੈ. ਧਰਿਆ (ਰੱਖਿਆ). "ਲਹਿਣੇ ਧਰਿਓਨੁ ਛਤ੍ਰੁ ਸਿਰਿ." (ਵਾਰ ਰਾਮ ੩) ੨. ਉਸ ਨੇ ਰੱਖਿਆ.

ਧਰਿਅਉ: ਧਾਰਣ ਕੀਤਾ. ਰੱਖਿਆ.

ਧਰਿਆ: ਧਾਰਣ ਕੀਤਾ. ਰੱਖਿਆ. "ਤਾਕਾ ਰਿਜਕੁ ਆਗੈ ਕਰਿ ਧਰਿਆ." (ਸੋਦਰੁ) ੨. ਸੰਗਯਾ- ਧਿਰ. ਆਧਾਰ. ਆਸ਼੍ਰਯ. "ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ." (ਸੋਦਰੁ)

ਧਰਿਸ: ਸੰਗਯਾ- ਧਰਾ- ਈਸ਼. ਬਿਰਛ. (ਸਨਾਮਾ)

ਧਰਿਚਕੁ: ਦੇਖੋ, ਮਾਤ੍ਰ.

ਧਰਿਚਕ੍ਰ: ਦੇਖੋ, ਧਰਚਕ੍ਰ.

ਧਰਿਧਾਰਣ: ਸੰਗਯਾ- ਧਰਾ (ਪ੍ਰਿਥਿਵੀ) ਦੇ ਧਾਰਣ ਵਾਲਾ, ਕਰਤਾਰ. "ਧਰਿਧਾਰਣ ਦੇਖੈ ਜਾਣੈ ਆਪਿ." (ਬਸੰ ਅ: ਮ: ੧)

ਧਰਿਲੰਕੂਰੁ: ਲਾਂਗੂਲ (ਦੁਮ) ਧਾਰਨ ਕਰਕੇ. "ਹਣਵੰਤੁ ਜਾਗੇ ਧਰਿਲੰਕੂਰੁ." (ਬਸੰ ਕਬੀਰ)

ਧਰੀ: ਦੇਖੋ, ਧੜੀ। ੨. ਧਾਰਣ ਕੀਤੀ. "ਸੁਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ." (ਆਸਾ ਕਬੀਰ) ੩. ਧਰਾ (ਪ੍ਰਿਥਿਵੀ) ਨਾਲ ਹੈ ਜਿਸ ਦਾ ਸੰਬੰਧ। ੪. ਸੰਗਯਾ- ਪਹਾੜ, ਪਰਵਤ. "ਧਰੀ ਨਗਨ ਕੇ ਨਾਮ ਕਹਿ." (ਸਨਾਮਾ)

ਧਰੀਆ: ਵਿ- ਧਾਰਣ ਕਰਤਾ. "ਧਰੀਆ ਸਭ ਹੀ ਬਰ ਅਤ੍ਰਨ ਕੇ." (ਕ੍ਰਿਸਨਾਵ) ਅਸ੍ਤ੍ਰਾਂ ਦੇ ਧਰੀਆ.

ਧਰੀਜੈ: ਧਾਰਣ ਕਰੀਜੈ. ਰੱਖੀਏ.

ਧਰੇਸ: ਸੰਗਯਾ- ਧਰਾ- ਈਸ਼. ਰਾਜਾ। ੨. ਪ੍ਰਿਥਿਵੀ ਦਾ ਮਾਲਿਕ.

ਧਰੇਲ: ਸੰਗਯਾ- ਬਿਨਾ ਵਿਆਹੇ ਰੱਖੀ ਹੋਈ ਇਸਤ੍ਰੀ.

ਧਰੇਲਾ: ਸੰਗਯਾ- ਉਹ ਮਨੁੱਖ, ਜਿਸ ਨੇ ਪੁਨਰਵਿਵਾਹ ਦੀ ਰੀਤਿ ਬਿਨਾ, ਇਸਤ੍ਰੀ ਧਾਰਣ ਕੀਤੀ ਹੋਵੇ. "ਮਾਛਿੰਦ੍ਰ ਧਰੀ ਸੁ ਧਰੇਲਾ." (ਭਾਗੁ) ਮਛਿੰਦ੍ਰਨਾਥ ਨੇ ਯੋਗਸ਼ਕਤਿ ਨਾਲ ਇੱਕ ਮੋਏ ਹੋਏ ਰਾਜੇ ਦੀ ਦੇਹ ਵਿਚ ਪ੍ਰਵੇਸ਼ ਕਰਕੇ ਉਸ ਦੀ ਰਾਣੀ ਇਸਤ੍ਰੀ ਵਾਂਙ ਧਾਰਣ ਕੀਤੀ. ਗੁਰੂ ਨੂੰ ਇਸ ਤਰ੍ਹਾਂ ਭੋਗਲੰਪਟ ਦੇਖਕੇ ਗੋਰਖਨਾਥ ਨੇ ਜਾਕੇ ਗ੍ਯਾਨ ਉਪਦੇਸ਼ ਦਿੱਤਾ ਅਤੇ ਮਛਿੰਦ੍ਰਨਾਥ ਨੂੰ ਵਿਸ਼ਿਆਂ ਦੇ ਜਾਲ ਤੋਂ ਮੁਕਤ ਕੀਤਾ.[653]

---

[653] ਅਜੇਹੀ ਕਥਾ ਸ਼ੰਕਰਾਚਾਰਯ ਦੀ ਭੀ ਪ੍ਰਸਿੱਧ ਹੈ.

ਧਰੈਯਾ: ਵਿ- ਧਾਰਣ ਕਰਤਾ. ਰਖੈਯਾ.

ਧਰੋਹ: ਦੇਖੋ, ਦ੍ਰੋਹ ਅਤੇ ਧ੍ਰੋਹ.

ਧਰੋਹਰ: ਸੰਗਯਾ- ਕਿਸੇ ਪਾਸ ਅਮਾਨਤ ਧਰੀ ਵਸਤੁ.

ਧਰੰਮ: ਦੇਖੋ, ਧਰਮ ਅਤੇ ਧ੍ਰੰਮ। ੨. ਵਿ- ਧਾਰਣ ਵਾਲਾ. "ਮੂਲ ਡਾਲ ਧਰੰਮੈ." (ਭਾਗੁ)

ਧਰਜਉ: ਧਾਰਣ ਕੀਤਾ. ਰੱਖਿਆ. "ਸਮਰਥ ਗੁਰੂ ਸਿਰਿ ਹਥ ਧਰਜਉ." (ਸਵੈਯੇ ਮਃ ੪. ਕੇ)

ਧਲੇਉ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿੱਚ ਇੱਕ ਪਿੰਡ ਹੈ. ਇਸ ਤੋਂ ਉੱਤਰ ਵੱਲ ਪਾਸ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਗੰਡੂ ਤੋਂ ਇੱਥੇ ਆਏ. ਇੱਕ ਜੋਗੀ ਦੀ ਕਲਜਾਣ ਕੀਤੀ, ਜੋ ਛੀਵੇਂ ਗੁਰੂ ਜੀ ਦੇ ਸਮੇਂ ਤੋਂ ਦਰਸ਼ਨ ਕਰਨ ਲਈ ਤਰਸਦਾ ਸੀ. ਸ਼੍ਰੀ ਗੁਰੂ ਗ੍ਰੰਥ ਜੀ ਦੇ ਪ੍ਰਕਾਸ਼ ਲਈ ਇੱਕ ਪੱਕਾ ਕਮਰਾ ਸੰਮਤ ੧੯੭੩ ਵਿੱਚ ਸਰਦਾਰ ਰਣਬੀਰਸਿੰਘ ਨਾਇਬ ਨਾਜਿਮ ਨੇ ਬਣਵਾਇਆ ਹੈ. ਪੁਜਾਰੀ ਸਿੰਘ ਹੈ. ੧੨੦ ਰੁਪਯੇ ਸਾਲਾਨਾ ਰਿਆਸਤ ਪਟਿਆਲੇ ਵੱਲੋਂ ਸੰਮਤ ੧੯੮੧ ਤੋਂ ਮਿਲਦੇ ਹਨ. ਰੇਲਵੇ ਸਟੇਸ਼ਨ ਨਰਿੰਦ੍ਰਪੁਰੇ ਤੋਂ ਈਸ਼ਾਨਕੋਣ ਛੀ ਮੀਲ ਦੇ ਕ਼ਰੀਬ ਕੱਚਾ ਰਸਤਾ ਹੈ.

ਧਵ: ਸੰ. धव. ਧਾ- ਦੌੜਨਾ, ਵਹਿਣਾ। ੨. ਸੰਗਯਾ- ਪਤੀ. ਭਰਤਾ। ੩. ਸ੍ਵਾਮੀ। ੪. ਮਹੂਆ. ਦੇਖੋ, ਧਾਵਾ ੩। ੫. ਫ਼ਰੇਬ. ਛਲ.

ਧਵਤ: ਧਾਵਤ. ਦੌੜਦਾ. "ਗਹਿ ਗਹਿ ਧਵਤ ਕ੍ਰਿਪਾਨ ਕਟਾਰੇ." (ਚਰਿਤ੍ਰ ੪੦੫)

ਧਵਨ: ਦੇਖੋ, ਧਾਵਨ। ੨. ਦੇਖੋ, ਧੌਣ.

ਧਵਲ: ਸੰ. ਵਿ- ਚਿੱਟਾ. ਸਫ਼ੇਦ। ੨. ਸੰਗਯਾ- ਚਿੱਟਾ ਬੈਲ। ੩. ਪੁਰਾਣਾਂ ਅਨੁਸਾਰ ਉਹ ਬੈਲ, ਜਿਸ ਨੇ ਪ੍ਰਿਥਿਵੀ ਚੁੱਕੀ ਹੋਈ ਹੈ. "ਧਵਲੈ ਉਪਰਿ ਕੇਤਾ ਭਾਰੁ?" (ਜਪੁ) ੪. ਮੁਸ਼ਕ ਕਾਫ਼ੂਰ। ੫. ਚਿੱਟਾ ਕੁਸ਼੍ਠ. ਫੁਲਵਹਿਰੀ। ੬. ਦੇਖੋ, ਛੱਪਯ ਦਾ ਰੂਪ ੫.

ਧਵਲਹਰ, ਧਵਲਹਰੁ: ਧਵਲ- ਹਰਮ੍ਯ (हर्म्य) ਚਿੱਟਾ ਮਹਲ. ਸਫ਼ੇਦ ਰਾਜਮੰਦਿਰ. "ਇਹੁ ਜਗੁ ਧੂਏ ਕਾ ਧਵਲਹਰੁ." (ਵਾਰ ਮਾਝ ਮਃ ੧)

ਧਵਲਧਰ: ਸੰਗਯਾ- ਚਿੱਟੇ ਬੈਲ ਦੀ ਧਾਰਣ ਕੀਤੀ ਹੋਈ, ਪ੍ਰਿਥਿਵੀ. (ਸਨਾਮਾ)

ਧਵਲਧਰਿਸ: ਸੰਗਯਾ- ਧਵਲ ਦੀ ਧਾਰਣ ਕੀਤੀ ਹੋਈ ਪ੍ਰਿਥਿਵੀ, ਉਸ ਦਾ ਈਸ਼ (ਸ੍ਵਾਮੀ) ਰਾਜਾ (ਸਨਾਮਾ)

ਧਵਲਧਰਿਸਣੀ: ਸੰਗਯਾ- ਧਵਲਧਰ (ਪ੍ਰਿਥਿਵੀ) ਈਸ਼ (ਰਾਜਾ) ਦੀ ਸੈਨਾ. (ਸਨਾਮਾ)

ਧਵਲਾ: ਵਿ- ਚਿੱਟੀ. ਗੋਰੀ। ੨. ਸੰਗਯਾ- ਚਿੱਟੀ ਗਊ। ੩. ਗੌਰੀ. ਪਾਰਵਤੀ. "ਦੈਤ ਮੰਘਾਰ ਕਰ ਧਵਲਾ ਚਲੀ ਅਵਾਸ." (ਚੰਡੀ ੨)

ਧਵਲਾਂਗ: ਧਵਲ (ਚਿੱਟਾ) ਹੈ ਜਿਸ ਦਾ ਅੰਗ (ਸ਼ਰੀਰ) ਹੰਸ। ੨. ਮਹਾਦੇਵ. ਸ਼ਿਵ। ੩. ਨਾਰਦ.

ਧਵਲਾਗਿਰਿ: ਸੰਗਯਾ- ਗੌਰੀ (ਪਾਰਵਤੀ) ਦਾ ਪਹਾੜ, ਕੈਲਾਸ਼। ੨. ਧਵਲਗਿਰਿ. ਹਿਮਾਲਯ. "ਤੇ ਧਵਲਾ ਗਿਰਿ ਓਰ ਪਠਾਏ." (ਚੰਡੀ ੨)

ਧਵਲਾਰ: ਦੇਖੋ, ਧਵਲਾਗਿਰਿ। ੨. ਧਵਲ. ਪ੍ਰਿਥਿਵੀ ਨੂੰ ਉਠਾਉਣ ਵਾਲਾ ਬੈਲ. "ਧਰਨੀ ਧਵਲਾਰ ਅਕਾਰ ਸਬੈ." (ਗੁਰੁਸੋਭਾ)

ਧਵਲੰਗ: ਦੇਖੋ, ਧਵਲਾਂਗ.

ਧੜ: ਸੰਗਯਾ- ਧਰ. ਸ਼ਰੀਰ ਨੂੰ ਧਾਰਣ ਵਾਲਾ ਉਹ ਭਾਗ, ਜਿਸ ਵਿੱਚ ਦਿਲ ਮੇਦਾ ਆਦਿ ਪ੍ਰਧਾਨ ਅੰਗ ਹਨ. ਗਰਦਨ ਤੋਂ ਹੇਠ ਅਤੇ ਕਮਰ ਤੋਂ ਉੱਪਰਲਾ ਭਾਗ. ਰੁੰਡ. ਕਬੰਧ. ਗਰਦਨ ਤੋਂ ਹੇਠ ਸਾਰਾ ਸ਼ਰੀਰ ਭੀ ਧੜ ਆਖੀਦਾ ਹੈ. "ਸੀਸ ਬਿਨਾ ਧੜ ਰਣ ਗਿਰਜੋ." (ਗੁਪ੍ਰਸੂ) ੨. ਗਾਹੇ ਹੋਏ ਅੰਨ ਦੀ ਭੂਸੇ ਸਮੇਤ ਲਾਈ ਢੇਰੀ। ੨. ਦੇਖੋ, ਧੜਨਾ। ੪. ਸਿੰਧੀ. ਤੋਲਣ ਅਤੇ ਮਾਪਣ ਦੀ ਕ੍ਰਿਯਾ. ਧੜੁ.

ਧੜਹੜ: ਸੰਗਯਾ- ਦਹਿਲ. ਹੌਲ. "ਧੌਲ ਧੜਹੜਿਓ." (ਰਾਮਾਵ)

ਧੜਕਣਾ: ਕ੍ਰਿ- ਕੰਬਣਾ. ਦਹਿਲਣਾ। ੨. ਦਿਲ ਦਾ ਉਛਲਣਾ। ੩. ਧੜ ਧੜ ਸ਼ਬਦ ਕਰਨਾ.

ਧੜਕਾ: ਸੰਗਯਾ- ਧੜਾਕਾ. ਧਮਾਕਾ। ੨. ਦਹਿਲ. ਹੌਲ। ੩. ਚਿੰਤਾ. ਖਟਕਾ.

ਧੜਧੁੱਤ: ਸੰਗਯਾ- ਧਰਾ- ਉੱਧਤ. ਟਿੱਬਾ। ੨. ਢੇਰ. ਗੰਜ. "ਤਿਉ ਤਿਉ ਦਰਬ ਹੋਇ ਧੜਧੁੱਤੈ." (ਭਾਗੁ)

ਧੜਧੰਮੜ: ਸੰਗਯਾ- ਧੜਾ ਧੜ. ਗਦਾਗਦ. ਲਗਾਤਾਰ ਧੜ ਧੜ ਸ਼ਬਦ. "ਲੂਣਹਰਾਮੀ ਗੁਨਹਗਾਰ ਧੜਧੰਮੜ ਧੜੀਐ." (ਭਾਗੁ)

ਧੜਨਾ: ਕ੍ਰਿ- ਧੜ ਧੜ ਸ਼ਬਦ ਕਰਨਾ. ਥਾਪੜਨਾ. ਕੁੱਟਣਾ.

ਧੜਬ: ਸੰਗਯਾ- ਧੜਵਾਈ ਦਾ ਕੰਮ. ਧੜਵਾਈ ਦਾ ਪੇਸ਼ਾ.

ਧੜਵਾਈ: ਤੋਲਣ ਵਾਲਾ ਕਾਰਿੰਦਾ. ਦੇਖੋ, ਧੜ ੪. ਸੰ. ਬਟਿਨ । ੨. ਪਿੰਡ ਦਾ ਲੇਖਾ ਕਰਨ ਅਤੇ ਤੋਲਣ ਵਾਲਾ ਬਾਣੀਆਂ.

ਧੜਾ: ਸੰ. ਧਟ. ਸੰਗਯਾ- ਤਰਾਜ਼ੂ ਦੇ ਦੋਵੇਂ ਪਲੜੇ ਸਮਾਨ ਵਜ਼ਨ ਦੇ ਕਰਨ ਲਈ ਹਲਕੇ ਪਾਸੇ ਪਾਇਆ ਬੋਝ। ੨. ਪੱਖ. ਪਖ। ੩. ਸਹਾਇਕ ਟੋਲਾ. "ਹਮ ਹਰਿ ਸਿਉ ਧੜਾ ਕੀਆ××× ਕਿਨਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ." (ਆਸਾ ਮਃ ੪)

ਧੜਾਕਾ: ਸੰਗਯਾ- ਧੜ ਸ਼ਬਦ. ਕਿਸੇ ਭਾਰੀ ਵਸਤੁ ਦੇ ਡਿੱਗਣ ਜਾਂ ਤੋਪ ਆਦਿ ਦੇ ਚੱਲਣ ਤੋਂ ਹੋਇਆ ਸ਼ਬਦ। ੨. ਦਿਲ ਦੇ ਧੜਕਣ ਦੀ ਕ੍ਰਿਯਾ.

ਧੜਾਧੜ: ਦੇਖੋ, ਧੜਧੰਮੜ। ੨. ਤੋਪ ਆਦਿ ਦੇ ਦਗਣ ਦੀ ਲਗਾਤਾਰ ਧੁਨਿ.

ਧੜੀ: ਸੰ. ਧਟਿਕਾ. ਸੰਗਯਾ- ਪੰਜ ਸੇਰ ਭਰ ਤੋਲ। ੨. ਹੁਣ ਦਸ ਸੇਰ ਕੱਚਾ ਵਜ਼ਨ ਧੜੀ ਹੈ। ੩. ਰੇਖਾ. ਲਕੀਰ ਲੀਕ। ੪. ਵਸਤ੍ਰ। ੫. ਸਿੰਧੀ. ਗੋਠ. ਮਗਜ਼ੀ. ਗੋਟੇ ਕਨਾਰੀ ਦਾ ਹਾਸ਼ੀਆ. "ਸਾਚੁ ਧੜੀ ਧਨ ਮਾਂਡੀਐ." (ਸ੍ਰੀ ਅਃ ਮਃ ੫) ੬. ਡਿੰਗ. ਧਰੀ. ਇਸਤ੍ਰੀਆਂ ਦਾ ਕਰਨਭੂਸ਼ਣ. "ਧੀਰਜੁ ਧੜੀ ਬੰਧਾਵੈ ਕਾਮਣਿ." (ਆਸਾ ਮਃ ੧) ੭. ਪੰਜਾਬੀ ਵਿੱਚ ਕੇਸਾਂ ਦੀ ਚੀਰਨੀ ਅੰਦਰ ਸੰਧੂਰ ਦੀ ਰੇਖਾ ਨੂੰ ਧੜੀ ਆਖਦੇ ਹਨ. "ਧੜੀ ਸਿਰੇ ਨੂੰ ਲਾਂਵਦੀ ਲੈ ਲੇ ਸਿਰ ਦਾ ਖੂੰਨ." (ਹਾਮਦ)

ਧੜੀਆ: ਤੋਲਣ ਵਾਲਾ। ੨. ਹਟਵਾਣੀਆ। ੩. ਧਾੜਵੀ. "ਧੜੀਏ ਬਟਪੜੀਏ." (ਗੁਰੁਸੋਭਾ)

ਧੜੀਐ: ਧੜ ਧੜ ਕਰੀਐ। ੨. ਵਜਾਈਦਾ ਹੈ. "ਮਾਂਦਲ ਬੇਦਸਿ ਬਾਜਣੋ ਘਣੋ ਧੜੀਐ ਜੋਇ." (ਵਾਰ ਮਾਰੂ ੧. ਮਃ ੧) ਸਿ (ਤਿੰਨ) ਵੇਦਾਂ ਦਾ ਢੋਲ ਕਰਮਕਾਂਡੀ ਜ਼ੋਰ ਨਾਲ ਕੁੱਟ ਰਹੇ ਹਨ.

ਧੜੁ: ਦੇਖੋ, ਧੜ ੪.

ਧੜੇਬੰਦੀ: ਸੰਗਯਾ- ਪੱਖ ਕ਼ਾਇਮ ਕਰਨ ਦੀ ਕ੍ਰਿਯਾ। ੨. ਜਥੇਬੰਦੀ. ਜਮਾਤਬੰਦੀ.

ਧੜੋ: ਸਿੰਧੀ. ਉੱਚਾ ਪਹਾੜ। ੨. ਸਰਦਾਰ. ਮੁਖੀਆ.

ਧੜੰਗ, ਧੜੰਗਾ: ਵਿ- ਧੜ- ਨਗਨ. ਨੰਗਾ. ਜਿਸ ਦੇ ਧੜ ਪੁਰ ਵਸਤ੍ਰ ਨਹੀਂ। ੨. ਸ਼ਰੀਰ ਦੇ ਧੜ ਦੇ ਅੰਗ.

ਧੜੰਮ: ਸੰਗਯਾ- ਕਿਸੀ ਭਾਰੀ ਵਸਤੁ ਦੇ ਡਿਗਣ ਤੋਂ ਹੋਇਆ ਸ਼ਬਦ.

ਧਾ: ਸੰ. ਧਾਤੁ. ਧਾਰਨ ਕਰਨਾ, ਪਹਿਰਨਾ, ਪਾਲਣਾ, ਪਾਸ ਰੱਖਣਾ, ਢਕਣਾ, ਪ੍ਰਸਿੱਧ ਕਰਨਾ, ਧ੍ਯਾਨ ਦੇਣਾ, ਅੰਗੀਕਾਰ ਕਰਨਾ, ਸਹਾਇਤਾ ਕਰਨਾ, ਪੈਦਾ ਹੋਣਾ, ਪ੍ਰੇਰਣਾ, ਪਸੰਦ ਕਰਨਾ, ਆਗ੍ਯਾ ਕਰਨਾ। ੨. ਸੰਗ੍ਯਾ- ਬ੍ਰਹਮਾ ੩. ਵ੍ਰਿਹਸਪਤਿ। ੪. ਸੰਗੀਤ ਅਨੁਸਾਰ ਧੈਵਤ ਸੁਰ ਦਾ ਸੰਕੇਤ। ੫. ਤਬਲੇ ਦਾ ਬੋਲ ਅਤੇ ਸਮ ਦਾ ਅਸਥਾਨ। ੬. ਵਿ- ਧਾਰਨ ਵਾਲਾ. ਧਾਰਕ। ੭. ਪ੍ਰਤ੍ਯ- ਭਾਂਤਿ. ਪ੍ਰਕਾਰ, ਜਿਵੇਂ- ਨਵਧਾ ਭਕ੍ਤਿ (ਭਗਤਿ). ੮. ਹਿੱਸੇ ਕੀਤਾ ਹੋਇਆ. ਵੰਡਿਆ. ਦੇਖੋ, ਸਤਧਾ ਅਤੇ ਦੁਧਾ.

ਧਾਉਣਾ: ਦੇਖੋ, ਧਾਵਨ. "ਧਾਇਓ ਰੇ ਮਨ ਦਹਦਿਸਿ ਧਾਇਓ." (ਟੋਡੀ ਮਃ ੫)

ਧਾਇ: ਸੰਗ੍ਯਾ- ਧਾਤ੍ਰੀ. ਦਾਈ। ੨. ਸੰ. ਧਾਤਕੀ. ਇਕ ਬਿਰਛ, ਜਿਸ ਦੇ ਸੰਸਕ੍ਰਿਤ ਨਾਮ ਮਦ੍ਯਵਾਸਿਨੀ, ਮਦ੍ਯਪੁਸ਼ਪਾ, ਤਵ੍ਰਿਜ੍ਵਾਲਾ, ਅਗਨਿਜ੍ਵਾਲਾ ਆਦਿ ਹਨ. L. Woodfordia Floribunda. ਇਸ ਦੇ ਫਲ ਨਸ਼ੀਲੇ ਹੁੰਦੇ ਹਨ. "ਜੇ ਸਉ ਅੰਮ੍ਰਿਤੁ ਨੀਰੀਐ, ਭੀ ਬਿਖੁ ਫਲ ਲਾਗੈ ਧਾਇ." (ਆਸਾ ਅਃ ਮਃ ੩) ੩. ਕ੍ਰਿ. ਵਿ- ਦੌੜਕੇ. ਨੱਠਕੇ. ਦੇਖੋ, ਧਾਵਨ. "ਧਾਇ ਧਾਇ ਕ੍ਰਿਪਨ ਸ੍ਰਮ ਕੀਨੋ." (ਟੋਡੀ ਮਃ ੫)

ਧਾਇਆ: ਦੌੜਿਆ. ਦੇਖੋ, ਧਾਉਣਾ। ੨. ਧਾਪਿਆ. ਤ੍ਰਿਪਤ ਹੋਇਆ. "ਨਾ ਤਿਸੁ ਭੁਖ ਪਿਆਸ, ਰਜਾ ਧਾਇਆ." (ਵਾਰ ਮਲਾ ਮਃ ੧)

ਧਾਇਜਾਇ: ਅਸਰ ਕਰ ਜਾਂਦੀ ਹੈ. "ਕਉੜਤਣੁ ਧਾਇਜਾਇ." (ਵਾਰ ਸਾਰ ਮਃ ੧)

ਧਾਈ: ਸੰਗ੍ਯਾ- ਧਾਤ੍ਰੀ. ਦਾਈ. ਧਾਯ। ੨. ਧਾਵਾ. ਦੌੜ. ਹਮਲਾ. "ਦੂਤ ਮਾਰੇ ਕਰਿ ਧਾਈ ਹੇ" (ਮਾਰੂ ਸੋਲਹੇ ਮਃ ੫) ੩. ਚੌਰਾਸੀ ਦਾ ਗੇੜਾ. ਯੋਨੀਆਂ ਵਿਚ ਦੋੜਨ ਦੀ ਕ੍ਰਿਯਾ. "ਨਾਨਕ ਸਿਮਰੈ ਏਕੁ ਨਾਮੁ, ਫਿਰਿ ਬਹੁੜਿ ਨ ਧਾਈ." (ਵਾਰ ਬਸੰ) "ਗਣਤ ਮਿਟਾਈ ਚੂਕੀ ਧਾਈ." (ਆਸਾ ਛੰਤ ਮਃ ੫) ੪. ਵਿ- ਧ੍ਰਾਪੀ. ਸੰਤੁਸ਼੍ਟ ਹੋਈ. "ਰਜੀ ਧਾਈ ਸਦਾ ਸੁਖੁ ਜਾਕਾ ਤੂ ਮੀਰਾ." (ਆਸਾ ਮਃ ੫)

ਧਾਂਈਂ: ਸੰਗ੍ਯਾ- ਧਾਨ. ਮੁੰਜੀ ਧਾਨ. "ਗੁਰੂ ਅੰਗਦ ਜੀ ਘਾਹ ਲੈ ਆਇਆ ਧਾਂਈਆਂ ਵਿਚਹੁ." (ਜਸਾ)

ਧਾਂਸ: ਸੰ. ਧੂਮਾਂਸ਼ ਅਥਵਾ ਧੂਮ- ਸ੍ਵਾਸ. ਸਾਹ (ਸ੍ਵਾਸ) ਦੇ ਰਸਤੇ ਕੌੜਾ ਧੂਆਂ ਜਾਂ ਮਿਰਚ ਆਦਿ ਦੇ ਬਰੀਕ ਕਣ, ਹਵਾ ਵਿੱਚ ਮਿਲਕੇ ਨੱਕ ਵਿੱਚ ਲੜਨ ਦੀ ਕ੍ਰਿਯਾ। ੨. ਧਾਂਸ ਤੋਂ ਉਪਜੀ ਖਾਂਸੀ.

ਧਾਹ, ਧਾਹੜੀ: ਸੰਗ੍ਯਾ- ਸ਼ੋਕ ਨਾਲ ਸ਼ਰੀਰ ਤਾੜਨ ਤੋਂ ਉਪਜੀ ਧੁਨਿ. "ਗਏ ਸਿਗੀਤ ਪੁਕਾਰੀ ਧਾਹ." (ਵਾਰ ਮਾਝ ਮਃ ੧) ੨. ਸ਼ੋਕ ਦੀ ਪੁਕਾਰ. "ਦੇਵਨਾ ਦੇਵਲ ਧਾਹੜੀ ਦੇਸਹਿ." (ਸ. ਕਬੀਰ)

ਧਾਹੀ: ਧਾਹਾਂ ਨਾਲ. ਧਾਹੋਂ ਸੇ. "ਸੇ ਅੰਤਿ ਧਾਹੀ ਰੁੰਨਿਆ." (ਆਸਾ ਛੰਤ ਮਃ ੧) ੨. ਸੰਗ੍ਯਾ- ਧਾਹ.

ਧਾਕ: ਸੰਗ੍ਯਾ- ਧੱਕਣ ਦਾ ਭਾਵ. ਧੱਕਾ. ਧਕੇਲਣ ਦੀ ਕ੍ਰਿਯਾ। ੨. ਸੰ. ਵਿ- ਧਾਰਨ ਕਰਤਾ. ਧਾਰਕ। ੩. ਸੰਗ੍ਯਾ- ਕਰਤਾਰ। ੪. ਢੱਟਾ. ਸਾਨ੍ਹ। ੫. ਅੰਨ। ੬. ਥੰਭਾ. ਸਤੂਨ। ੭. ਦੇਖੋ, ਧਾਕੁ। ੮. ਦੇਖੋ, ਧਾਂਕ.

ਧਾਂਕ: ਸੰਗ੍ਯਾ- ਪ੍ਰਸਿੱਧੀ. ਸ਼ੁਹਰਤ। ੨. ਦਬਦਬਾ. ਪ੍ਰਤਾਪ.

ਧਾਕਨ: ਸੰਗ੍ਯਾ- ਧੱਕਣ ਦਾ ਭਾਵ. ਧਕੇਲਣ.

ਧਾਕੁ: ਸੰਗ੍ਯਾ- ਧੱਕਾ. ਦੇਖੋ, ਧਾਕ ੧. "ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ." (ਵਾਰ ਰਾਮ ੨. ਮਃ ੫) "ਜਿਨਿ ਰਚਿਆ ਤਿਨਿ ਦੀਨਾ ਧਾਕੁ." (ਬਿਲਾ ਮਃ ੫)

ਧਾਗਾ: ਸੰਗਜਾ- ਤਾਗਾ. "ਸੂਈ ਧਾਗਾ ਸੀਵੈ." (ਵਾਰ ਰਾਮ ੧. ਮਃ ੧) ੨. ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰਵਿਧੀ ਨਾਲ ਬੰਨ੍ਹਿਆ ਡੋਰਾ। ੩. ਜਨੇਊ. ਯਗ੍ਯੋਪਵੀਤ. "ਤਿਲਕ ਧਾਗਾ ਕਾਠ ਦੀ ਮਾਲਾ ਧਾਰੇ, ਸੋ ਤਨਖਾਹੀਆ." (ਰਹਿਤ ਦਯਾਸਿੰਘ) ੪. ਭਾਵ- ਚੇਤਨਸੱਤਾ. "ਸਭ ਪਰੋਈ ਇਕਤੁ ਧਾਗੈ." (ਮਾਝ ਮਃ ੫)

ਧਾਗੈ: ਧਾਗੇ (ਤਾਗੇ) ਨਾਲ। ੨. ਧਾਗੇ ਨੂੰ.

ਧਾਣ: ਦੇਖੋ, ਧਾਨ.

ਧਾਣਕ: ਸੰ. ਧਾਨੁਸ਼੍ਕ. ਸੰਗਜਾ- ਧਨੁਖਧਾਰੀ। ੨. ਭੀਲ ਕਿਰਾਤ ਆਦਿ ਜੰਗਲੀ ਲੋਕਾਂ ਦਾ ਨਾਉਂ ਧਾਣਕ ਹੋਣ ਦਾ ਕਾਰਣ ਇਹ ਹੈ ਕਿ ਉਹ ਧਨੁਖ ਰਖਦੇ ਹਨ, ਜਿਸ ਨਾਲ ਸ਼ਿਕਾਰ ਮਾਰਦੇ ਹਨ। ੩. ਭੀਲਾਂ ਵਿੱਚੋਂ ਨਿਕਲੀ ਇੱਕ ਨੀਚ ਜਾਤਿ, ਜੋ ਪੰਜਾਬ ਵਿੱਚ ਅਨੇਕ ਥਾਂ ਦੇਖੀਦੀ ਹੈ. "ਧਾਣਕ ਰੂਪਿ ਰਹਾ ਕਰਤਾਰ." (ਸ੍ਰੀ ਮਃ ੧) ਗੁਰੂ ਨਾਨਕਦੇਵ ਨੇ ਇੱਕ ਵਾਰ ਸਿੱਖਾਂ ਦੀ ਪਰੀਖ੍ਯਾ ਕਰਨ ਲਈ ਧਾਣਕ ਦਾ ਰੂਪ ਧਾਰਿਆ ਸੀ.

ਧਾਣੀ: ਦੇਖੋ, ਧਾਨੀ.

ਧਾਤ: ਦੇਖੋ, ਧਾਤੁ। ੨. ਧਾਵਤ ਦਾ ਸੰਖੇਪ.

ਧਾਤਕੀ: ਦੇਖੋ, ਧਾਇ ੨.

ਧਾਤਯਮਾਨ: ਦੇਖੋ, ਮਾਂਧਾਤਾ. "ਸਿਰ ਧਾਤਯਮਾਨ ਦੁਖੰਡ ਕਰਯੋ." (ਮਾਂਧਾਤਾ) ਮਾਂਧਾਤਾ ਨੇ ਸਿਰ ਦੋ ਟੁੱਕ ਕੀਤਾ.

ਧਾਤਰਿ: ਦੇਖੋ, ਧਾਤ੍ਰਿ.

ਧਾਤਾ: ਸੰ. ਧਾਤ੍ਰ- ਧਾਤ੍ਰਿ. ਵਿ- ਰਖ੍ਯਾ ਕਰਨ ਵਾਲਾ। ੨. ਪਾਲਣ ਕਰਤਾ. ਪਾਲਕ। ੩. ਸੰਗਜਾ- ਬ੍ਰਹਮਾ.

ਧਾਤਿ: ਸਿੰਧੀ. ਵੀਰਯ. ਮਣੀ। ੨. ਰੀਤਿ. ਰਿਵਾਜ.

ਧਾਤੁ: (ਦੇਖੋ, ਧਾ ਧਾਤੁ). ਸੰ. ਸੰਗਜਾ- ਕਰਤਾਰ, ਜੋ ਸਭ ਨੂੰ ਧਾਰਣ ਕਰਦਾ ਹੈ. "ਅਸੁਲੂ ਇਕੁਧਾਤੁ." (ਜਪੁ) ੨. ਵੈਦਕ ਅਨੁਸਾਰ ਸ਼ਰੀਰ ਨੂੰ ਧਾਰਣ ਵਾਲੇ ਸੱਤ ਪਦਾਰਥ- ਰਸ, ਰਕ੍ਤ, ਮਾਂਸ, ਮੇਦ, ਅਸ੍ਥਿ, ਮੱਜਾ ਅਤੇ ਵੀਰਯ। ੩. ਵਾਤ, ਪਿੱਤ ਅਤੇ ਕਫ ਦੇਹ ਦੇ ਆਧਾਰ ਰੂਪ ਖ਼ਿਲਤ। ੪. ਖਾਨਿ ਤੋਂ ਨਿਕਲਿਆਂ ਪਦਾਰਥ- ਸੋਨਾ (ਸੁਵਰਣ), ਚਾਂਦੀ, ਤਾਂਬਾ, ਲੋਹਾ ਆਦਿ. ਦੇਖੋ, ਉਪਧਾਤੁ ਅਤੇ ਅਸਟਧਾਤੁ. "ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿਜਾਈ." (ਮਾਰੂ ਅਃ ਮਃ ੧) ੫. ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਪੰਜ ਵਿਸ਼ੇ. "ਹਰਿ ਆਪੇ ਪੰਚਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ." (ਬੈਰਾ ਮਃ ੪) "ਇੰਦ੍ਰੀਧਾਤੁ ਸਬਲ ਕਹੀਅਤ ਹੈ." (ਮਾਰੂ ਮਃ ੩) ਦੇਖੋ, ਗੁਣਧਾਤੁ। ੬. ਇੰਦ੍ਰੀਆਂ, ਜੋ ਵਿਸ਼ਿਆਂ ਨੂੰ ਧਾਰਣ ਕਰਦੀਆਂ ਹਨ. "ਮਨੁ ਮਾਰੇ ਧਾਤੁ ਮਰਿਜਾਇ." (ਗਉ ਮਃ ੩) ੭. ਪੰਜ ਤੱਤ, ਜੋ ਦੇਹ ਨੂੰ ਧਾਰਣ ਕਰਦੇ ਹਨ. "ਜਬ ਚੂਕੈ ਪੰਚਧਾਤੁ ਕੀ ਰਚਨਾ." (ਮਾਰੂ ਕਬੀਰ) ੮. ਮਾਇਆ. "ਲਿਵ ਧਾਤੁ ਦੁਇ ਰਾਹ ਹੈ." (ਵਾਰ ਸ੍ਰੀ ਮਃ ੩) ਕਰਤਾਰ ਦੀ ਪ੍ਰੀਤਿ ਅਤੇ ਮਾਇਆ ਦੋ ਮਾਰਗ ਹਨ. "ਨਾਨਕ ਧਾਤੁ ਲਿਵੈ ਜੋੜ ਨ ਆਵਈ." (ਵਾਰ ਗਉ ੧. ਮਃ ੪) ੯. ਅਵਿਦ੍ਯਾ. "ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ." (ਗੂਜ ਮਃ ੩) ੧੦. ਜੀਵਾਤਮਾ. "ਧਾਤੁ ਮਿਲੈ ਫੁਨ ਧਾਤੁ ਕਉ ਸਿਫਤੀ ਸਿਫਤਿ ਸਮਾਇ." (ਸ੍ਰੀ ਮਃ ੧) ੧੧. ਗੁਣ. ਸਿਫਤ. "ਜੇਹੀ ਧਾਤੁ ਤੇਹਾ ਤਿਨ ਨਾਉ." (ਸ੍ਰੀ ਮਃ ੧) ੧੨. ਵਸਤੂ. ਦ੍ਰਵ੍ਯ. ਪਦਾਰਥ. "ਤ੍ਰੈ ਗੁਣ ਸਭਾ ਧਾਤੁ ਹੈ." (ਸ੍ਰੀ ਮਃ ੩) ੧੩. ਸੁਭਾਉ. ਪ੍ਰਕ੍ਰਿਤਿ. ਵਾਦੀ. "ਕੁਤੇ ਚੰਦਨ ਲਾਈਐ ਭੀ ਸੋ ਕੁਤੀ ਧਾਤੁ." (ਵਾਰ ਮਾਝ ਮਃ ੧) ੧੪. ਵਾਸਨਾ. ਰੁਚਿ. "ਪੰਜਵੈ ਖਾਣ ਪੀਅਣ ਕੀ ਧਾਤੁ." (ਮਾਰ ਮਾਝ ਮਃ ੧) ੧੫. ਵੀਰਯ. ਮਣੀ। ੧੬. ਵ੍ਯਾਕਰਣ ਅਨੁਸਾਰ ਸ਼ਬਦ ਦਾ ਮੂਲ, ਜਿਸ ਤੋਂ ਕ੍ਰਿਯਾ ਬਣਦੀਆਂ ਹਨ. ਮਸਦਰ, Verbalroot. ਸੰਸਕ੍ਰਿਤ ਭਾਸ਼ਾ ਦੇ ੧੭੦੯ ਧਾਤੁ ਹਨ। ੧੭. ਦੁੱਧ ਦੇਣ ਵਾਲੀ ਗਊ। ੧੮. ਭਾਵ- ਚਾਰ ਵਰਣ ਅਤੇ ਚਾਰ ਮਜਹਬ. "ਅਸਟ ਧਾਤੁ ਇਕ ਧਾਤੁ ਕਰਾਇਆ." (ਭਾਗੁ) ਇੱਕ ਧਾਤੁ ਦਾ ਅਰਥ ਸਿੱਖ ਧਰਮ ਹੈ। ੧੯. ਸੰਗੀਤ ਅਨੁਸਾਰ ਲੈ ਤਾਰ

ਵਿਚ ਬੰਨ੍ਹਿਆ ਹੋਇਆ ਗਾਉਣ ਯੋਗ੍ਯ ਪਦ। ੨੦. ਸੰ. ਧਾਵਿਤ੍ਰ- ਧਾਵਿਤ੍ਰਿ. ਵਿ- ਦੌੜਨ ਵਾਲਾ. ਚਲਾਇਮਾਨ. "ਹੋਰੁ ਬਿਰਹਾ ਸਭ ਧਾਤੁ ਹੈ, ਜਬਲਗੁ ਸਾਹਿਬੁ ਪ੍ਰੀਤਿ ਨ ਹੋਇ." (ਵਾਰ ਸ੍ਰੀ ਮਃ ੩)

ਧਾਤੁ ਪੰਚ: ਦੇਖੋ, ਧਾਤੁ ੫. ਅਤੇ ੭.

ਧਾਤੁਰ: ਸੰ. ਧੱਤੂਰ. ਸੰਗ੍ਯਾ- ਧਤੂਰਾ, ਕਨਕ। ੨. ਦੇਖੋ, ਧੂਰਤ.

ਧਾਤੁਰਬਾਜੀ: ਸੰਗ੍ਯਾ- ਧੂਤਰੇਬਾਜ਼ੀ. ਠਗਮੂਰੀ. "ਧਾਰੁਤਬਾਜੀ ਸਬਦਿ ਨਿਵਾਰੇ." (ਰਾਮ ਅਃ ਮਃ ੩) ੨. ਧੂਰਤਬਾਜ਼ੀ. ਠਗਬਾਜ਼ੀ.

ਧਾਤੂ: ਦੇਖੋ, ਧਾਤੁ ੫. "ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ, ਹਰਿ ਕੀਏ ਖਿਨਿ ਪਰਲੇ." (ਨਟ ਮਃ ੪)

ਧਾਤ੍ਰਿ, ਧਾਤ੍ਰੀ: ਸੰ. ਧਾਤ੍ਰ. ਵਿ- ਧਾਰਣ ਕਰਨ ਵਾਲਾ। ੨. ਸਹਾਇਕ। ੩. ਸੰਗ੍ਯਾ- ਵਿਧਾਤਾ. ਰਿਗਵੇਦ ਦੇ ਪਿਛਲੇ ਸ਼ਲੋਕਾਂ ਵਿਚ ਧਾਤ੍ਰਿ ਦੀ ਬਾਬਤ ਕੇਵਲ ਇਤਨਾ ਹੀ ਦੱਸਿਆ ਹੈ ਕਿ ਇਹ ਉਤਪੰਨ ਕਰਦਾ, ਪਾਲਦਾ, ਸੰਤਾਨ ਵਧਾਉਣ ਵਾਲਾ, ਵਿਆਹ ਰਚਾਉਣ ਵਾਲਾ ਅਤੇ ਗ੍ਰਹਸ੍ਥ ਆਸ਼੍ਰਮ ਨੂੰ ਨਿਭਾਉਣ ਵਾਲਾ ਹੈ. ਰੋਗਾਂ ਦਾ ਨਾਸ਼ ਕਰਦਾ ਹੈ ਅਤੇ ਟੁੱਟੇ ਹੋਏ ਅੰਗ ਜੋੜਦਾ ਹੈ. ਇਹ ਭੀ ਲਿਖਿਆ ਹੈ ਕਿ ਏਸੇ ਨੇ ਸੂਰਯ, ਚੰਦ੍ਰਮਾ, ਆਕਾਸ਼, ਪ੍ਰਿਥਿਵੀ ਅਤੇ ਵਾਯੂ ਰਚੇ ਹਨ. ਕਈ ਏਸ ਨੂੰ ਪ੍ਰਜਾਪਤਿ ਅਤੇ ਬ੍ਰਹਮਾ ਭੀ ਆਖਦੇ ਹਨ. ਪੁਰਾਣਾਂ ਦੇ ਸਮੇਂ ਇਸ ਦੀ ਤਿੰਨ ਦੇਵਤਿਆਂ ਵਿਚ ਗਿਣਤੀ ਹੋਈ ਹੈ। ੪. ਕਰਤਾਰ। ੫. ਪ੍ਰਾਰਬਧ. ਕ਼ਿਸਮਤ। ੬. ਸੰ. ਧਾਤ੍ਰੀ ਮਾਤਾ। ੭. ਪ੍ਰਿਥਿਵੀ। ੮. ਦਾਈ। ੯. ਮਾਇਆ। ੧੦. ਆਉਲਾ। ੧੧. ਇਮਲੀ। ੧੨. ਦੁਰਗਾ. "ਨਮੋ ਧਾਤ੍ਰੀਏਯੰ." (ਚੰਡੀ ੨)

ਧਾਤ੍ਰੀਫਲ: ਸੰਗ੍ਯਾ- ਆਉਲੇ ਦਾ ਫਲ। ੨. ਇਮਲੀ ਦਾ ਫਲ. ਦੇਖੋ, ਧਾਤ੍ਰੀ ੧੦. ਅਤੇ ੧੧.

ਧਾਤ੍ਰੀਵਿਦ੍ਯਾ: ਦਾਈ ਦੀ ਵਿਦ੍ਯਾ. Midwifery.

ਧਾਂਧਾ: ਸੰਗ੍ਯਾ- ਧੰਧਾ। ੨. ਵਿ- ਧੰਧੇ (ਕੰਮਕਾਜ) ਵਿੱਚ ਰੁੱਝਾ. "ਨਾ ਉਸ ਧੰਧਾ ਨਾ ਹਮ ਧਾਧੇ." (ਆਸਾ ਮਃ ੫) ੨. ਦੇਖੋ, ਧਾਂਧ੍ਯ.

ਧਾਂਧ੍ਯ: ਸੰ. ਸੰਗ੍ਯਾ- ਅਲਾਲਤ. ਰੋਗਦਸ਼ਾ.

ਧਾਨ: ਸੰ. ਸੰਗ੍ਯਾ- ਚਾਉਲਾਂ ਦਾ ਬੂਟਾ. ਸ਼ਾਲਿ। ੨. ਛਿਲਕੇ (ਤੁਸ਼) ਸਮੇਤ ਦਾਣਾ. ਕਣ। ੩. ਅੰਨ. ਦੇਖੋ, ਧਾਨੁ। ੪. ਆਧਾਰ. ਆਸਰਾ. "ਜੀਅ ਧਾਨ ਪ੍ਰਭੁ ਪ੍ਰਾਨ ਅਧਾਰੀ." (ਸਵੈਯੇ ਸ੍ਰੀ ਮੁਖਵਾਕ ਮਃ ੫) "ਤੂਹੀ ਮਾਨ ਤੂਹੀ ਧਾਨ." (ਗਉ ਮਃ ੫) ੫. ਧਾਰਣ.

ਧਾਨਕ: ਦੇਖੋ, ਧਾਣਕ.

ਧਾਨੜੇ ਬੀਜਣੇ: ਕ੍ਰਿ- ਕੰਨ੍ਯਾ ਵਿਆਹਕੇ ਘਰੋਂ ਵਿਦਾ ਕਰਨੀ. ਕੰਨ੍ਯਾ ਨੂੰ ਵਿਦਾ ਕਰਨ ਵੇਲੇ ਧਾਨਾਂ (ਖਿੱਲਾਂ) ਦੀ ਵਰਖਾ ਕਰਨ ਦੀ ਦੇਸ਼ਰੀਤਿ ਹੈ. ਇਸ ਦਾ ਮੂਲ ਹਿੰਦੂਮਤ ਦੇ ਧਰਮਸ਼ਾਸਤ੍ਰਾਂ ਵਿੱਚ ਪਾਈਦਾ ਹੈ. ਈ਼ਸਾਈ ਭੀ ਚਾਉਲਾਂ ਦੀ ਵਰਖਾ ਕਰਦੇ ਹਨ.

ਧਾਨਾ: ਸੰ. ਸੰਗ੍ਯਾ- ਭੁੰਨਿਆ ਹੋਇਆ ਜੌਂ ਅਥਵਾ ਚਾਉਲ। ੨. ਧਣੀਆਂ। ੩. ਅੰਨ ਦਾ ਦਾਣਾ। ੪. ਧਾਇਆ. ਦੌੜਿਆ. ਦੇਖੋ, ਧਾਵਨ. "ਮਨੂਆ ਦਹ ਦਿਸਿ ਧਾਨਾ. (ਮਾਰੂ ਮਃ ੫)

ਧਾਨਿ: ਧਾਨ (ਅੰਨ) ਦੇ. "ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ." (ਆਸਾ ਪਟੀ ਮਃ ੩) ਦੇਖੋ, ਧਾਨ ਅਤੇ ਧਾਨ੍ਯ। ੨. ਅੰਨ (ਬੀਜ) ਨਾਲ. "ਇਹੁ ਮਨ ਸੀਤੋ ਤੁਮਰੈ ਧਾਨਿ." (ਸਾਰ ਮਃ ੫) ਆਪ ਦੇ ਨਾਮ ਬੀਜ ਨਾਲ ਮਨ ਰੂਪ ਖੇਤ ਵੀਜਿਆ ਹੈ.

ਧਾਨੀ: ਧਾਨ ਦੇ ਪੱਤੇ ਜੇਹਾ ਹਰੇ ਰੰਗਾ। ੨. ਸੰ. ਵਿ- ਧਾਰਣ ਕਰਨ ਵਾਲੀ। ੩. ਸੰਗ੍ਯਾ- ਜਗਹ. ਅਸਥਾਨ. ਥਾਂ. "ਤ੍ਰਯੋਦਸ

ਬਰਖ ਬਸੈਂ ਬਨਧਾਨੀ." (ਰਾਮਾਵ) "ਬਸੁਦੇਵ ਕੋ ਨੰਦ ਚਲ੍ਯੋ ਰਨਧਾਨੀ." (ਕ੍ਰਿਸ਼ਨਾਵ) ੪. ਰਾਜਧਾਨੀ ਦਾ ਸੰਖੇਪ. "ਧੂਮ੍ਰਦ੍ਰਿਗ ਧਰਨਿ ਧਰ ਧੂਰ ਧਾਨੀ ਕਰਨਿ." (ਚੰਡੀ ੧) ੫. ਮੋਢੀ. ਮੁਖੀਆ. "ਢੱਠਾ ਵਿੱਚ ਮੈਦਾਨ ਦੇ ਰਾਜਿਆਂ ਦਾ ਧਾਨੀ." (ਜੰਗਨਾਮਾ)

ਧਾਨੁ: ਦੇਖੋ, ਧਾਨ. "ਧਾਨੁ ਪ੍ਰਭੁ ਕਾ ਖਾਨਾ." (ਗਉ ਮਃ ੫) "ਅਣਚਾਰੀ ਕਾ ਧਾਨੁ." (ਸਵਾ ਮਃ ੩) ੨. ਭੁਸ ਸਮੇਤ ਚਾਉਲ। ੩. ਅਛੱਤ. ਅਣਟੁੱਟੇ ਚਾਵਲ. "ਪ੍ਰਾਪਤਿ ਪਾਤੀ ਧਾਨੁ." (ਪ੍ਰਭਾ ਮਃ ੧)

ਧਾਨੁਵਾ: ਦਾਨਵਾ. ਜਾਤੁਧਾਨ ਗਣ. ਦੈਤਜ ਗਣ. "ਕਰਜੋਰਿ ਠਾਢੇ ਧਾਨੁਵਾ." (ਸਲੋਹ)

ਧਾਨੰ: ਆਧਾਰ. ਦੇਖੋ, ਧਾਨ ੪. "ਅਕਲ ਕਲਾ ਹੈ ਪ੍ਰਭੁ ਸਰਬ ਕੋ ਧਾਨੰ." (ਸਵੈਯੇ ਸ੍ਰੀ ਮੁਖਵਾਕ ਮਃ ੫)

ਧਾਨਜ: ਸੰ. ਸੰਗਜ੍ਞਾ- ਧਨ ਹੋਣ ਦਾ ਭਾਵ. ਦੌਲਤਮੰਦੀ। ੨. ਵਿ- ਅਨਾਜ ਦਾ. ਦਾਣਿਆਂ ਦਾ.

ਧਾਪਣਾ, ਧਾਪਨਾ: ਕ੍ਰਿ- ਤ੍ਰਿਪ੍ਰ ਹੋਣਾ। ੨. ਪ੍ਰਸੰਨ ਹੋਣਾ. "ਮੁੰਡੀਆ ਅਨੁਦਿਨੁ ਧਾਪੇਜਾਹਿ." (ਗੋਂਡ ਕਬੀਰ)

ਧਾਮ: ਸੰ. धामन्. ਸੰਗਜ੍ਞਾ- ਘਰ. ਨਿਵਾਸ ਦਾ ਅਸਥਾਨ. "ਨਾਮ ਕਾਮ ਬਿਹੀਨ ਪੇਖਤ ਧਾਮ ਹੂ ਨਹਿ ਜਾਹਿ." (ਜਾਪੁ) ੨. ਦੇਹ. ਸ਼ਰੀਰ। ੩. ਤੇਜ. ਪ੍ਰਕਾਸ਼। ੪. ਦੇਵਤਾ ਦਾ ਅਸਥਾਨ. ਪਵਿਤ੍ਰ ਅਸਥਾਨ, ਜਿਵੇਂ- ਸਿੱਖਾਂ ਦੇ ਅਮ੍ਰਿਤਸਰ. ਅਬਿਚਲਨਗਰ ਆਦਿ. ਹਿੰਦੂਆਂ ਦੇ ਬਦਰੀਨਾਥ, ਰਾਮੇਸ਼੍ਵਰ, ਦ੍ਵਾਰਾ ਵਤੀ ਅਤੇ ਪ੍ਰਯਾਗ। ੫. ਜਨਮ। ੬. ਸ੍ਵਰਗ। ੭. ਕਰਤਾਰ. ਵਾਹਗੁਰੂ.

ਧਾਮਣ, ਧਾਮਨ: ਸੰ. ਧਮਨ. ਸੰਗਜ੍ਞਾ- ਇੱਕ ਜਾਤਿ ਦਾ ਘਾਹ. ਨਰਕਟ. ਨਰਸਲ. ਇਹ ਵਰਸਾਤ ਵਿੱਚ ਉਗਦਾ ਹੈ ਅਤੇ ਪਸ਼ੂਆਂ ਦਾ ਉੱਤਮ ਚਾਰਾ ਹੈ। ੨. ਇੱਕ ਬਿਰਛ, ਜੋ ਗੜ੍ਹਵਾਲ ਦੇ ਇਲਾਕੇ, ਸਿਕਿਮ, ਗੁਜਰਾਤ, ਬਿਹਾਰ ਆਸਾਮ ਆਦਿ ਵਿੱਚ ਹੁੰਦਾ ਹੈ. ਇਸ ਦੀ ਲੱਕੜ ਲਚਕੀਲੀ ਹੁੰਦੀ ਹੈ, ਜੋ ਕਹਾਰਾਂ ਦੀ ਵਹਿੰਗੀ ਅਤੇ ਗੱਡੀਆਂ ਦੇ ਬੰਬਾਂ ਲਈ ਬਹੁਤ ਪਸੰਦ ਕੀਤੀ ਗਈ ਹੈ. Grewia Scabrophylla.

ਧਾਮਾ: ਸੰਗਜ੍ਞਾ- ਭਿਖ੍ਯਾ ਦਾ ਅੰਨ, ਜੋ ਧਾਮ (ਘਰਾਂ) ਤੋਂ ਮੰਗਕੇ ਲਿਆ ਜਾਵੇ। ੨. ਨਿਮੰਤ੍ਰਣ. ਧਾਮ (ਘਰ) ਤੇ ਭੋਜਨ ਲਈ ਸੱਦਾ. "ਨ੍ਰਿਪ ਭੀ ਸਿਖ ਕੋ ਧਾਮਾ ਲੀਓ." (ਗੁਪ੍ਰਸੂ) ੩. ਪਰੋਸਾ. ਉਤਨੇ. ਪ੍ਰਮਾਣ ਅੰਨ, ਜੋ ਤ੍ਰਿਪਤੀ ਲਈ ਇੱਕ ਵਾਰ ਪਰੋਸਿਆ ਜਾਵੇ। ੪. ਜੋੜੀ (ਪਖਾਵਜ) ਦਾ ਬਾਇਆਂ, ਜਿਸ ਪੁਰ ਗੰਭੀਰ ਸੁਰ ਕਰਨ ਲਈ ਆਟਾ ਲਗਾਈਦਾ ਹੈ.

ਧਾਮੀ: ਵਿ- ਧਾਮ (ਘਰ) ਵਾਲਾ। ੨. ਸੰਗਜ੍ਞਾ- ਗ੍ਰਿਹਸ੍ਥ, ਗ੍ਰਿਸਤੀ। ੩. ਚੰਬਾ- ਜਯਾਫ਼ਤ। ੪. ਸਿਮਲੇ ਕੋਲ ਇੱਕ ਨਿਕੀ ਜਿਹੀ ਪਹਾੜੀ ਰਿਆਸਤ.

ਧਾਯ: ਦੇਖੋ, ਧਾਇ.

ਧਾਯਨ: ਦੇਖੋ, ਧਾਵਨ.

ਧਾਯੰਤੇ: ਧਾਵੰਤੇ. ਧਾਵਨ ਕਰੰਤੇ. ਹ਼ਮਲਾ ਕਰਦੇ ਹਨ. "ਧਾਯੰਤੇ ਗੋਪਾਲ ਕੀਰਤਨਹ." (ਸਹਸ ਮਃ ੫)

ਧਾਰ: ਦੇਖੋ, ਧਾਰਣ. "ਧਾਰਹੁ ਕਿਰਪਾ ਜਿਸਹਿ ਗੁਸਾਈ." (ਬਾਵਨ) ੨. ਦੇਖੋ, ਧਾੜ. "ਪਰੀ ਧਾਮ ਤਵ ਧਾਰ." (ਚਰਿਤ੍ਰ ੧੭੦) ੩. ਦੇਖੋ, ਧਾਰਾ. ਇਸੇ ਤੋਂ ਗਊ ਆਦਿਕ ਪਸ਼ੂਆਂ ਦੀ ਧਾਰ ਕੱਢਣੀ ਸ਼ਬਦ ਹੈ। ੪. ਤੰਤ੍ਰਸ਼ਾਸਤ੍ਰ ਅਨੁਸਾਰ ਇੱਕ ਟੂਣਾ ਮੰਤ੍ਰ ਪੜ੍ਹਕੇ ਸ਼ਰਾਬ, ਤੇਲ, ਜਲ ਆਦਿ ਦੀ ਘਰ ਜਾਂ ਨਗਰ ਦੇ ਚਾਰੇ ਪਾਸੇ ਧਾਰ ਦੇਣੀ. "ਧਾਰ ਭੇਟ ਪੂਜਾ ਏ ਦੈਹੈਂ." (ਪੰਪ੍ਰ) ੫. ਸ਼ਸਤ੍ਰ ਦਾ ਵਾਢ. "ਯਹ ਪ੍ਰੇਮ ਕੋ ਪੰਥ ਕਰਾਰ ਹੈ ਰੇ, ਤਲਵਾਰ ਕੀ ਧਾਰ ਪੈ ਧਾਵਨੋ ਹੈ." (ਬੋਧ ਕਵਿ) ੬. ਸੰ. ਧਾਰ. ਜ਼ੋਰ ਦਾ ਮੀਂਹ। ੭. ਵਰਖਾ ਦਾ ਜਲ। ੮. ਉਧਾਰ. ਰਿਣ। ੯. ਵਿ- ਗੰਭੀਰ. ਗਹਰਾ. ਡੂੰਘਾ.

ਧਾਰਸ: ਸੰਗਜ੍ਞਾ- ਧੀਰਯ. ਦਿਲਾਸਾ.

ਧਾਰਕ: ਵਿ- ਧਾਰਣ ਵਾਲਾ. ਰੱਖਣ ਵਾਲਾ। ੨. ਸੰਗ੍ਯਾ- ਪਾਤ੍ਰ. ਬਾਸਨ. ਭਾਂਡਾ.

ਧਾਰਕੱਢਣੀ: ਕ੍ਰਿ. ਦੁੱਧ ਚੋਣਾ. ਦੇਖੋ, ਧਾਰ ੩.

ਧਾਰਣ: ਸੰ. ਸੰਗ੍ਯਾ- ਫੜਨ ਦੀ ਕ੍ਰਿਯਾ। ੨. ਰੱਖਣ ਦੀ ਕ੍ਰਿਯਾ। ੩. ਉਤਨਾ ਵਜ਼ਨ, ਜੋ ਤੋਲਣ ਲਈ ਇੱਕ ਵਾਰ ਤਰਾਜ਼ੂ ਵਿੱਚ ਰੱਖਿਆ ਜਾਵੇ.

ਧਾਰਣਕ: ਸੰ. ਵਿ- ਰੱਖਣ ਵਾਲਾ. ਧਾਰਣ ਕਰਤਾ.

ਧਾਰਣਾ: ਸੰ. ਸੰਗ੍ਯਾ- ਧਾਰਣ ਕਰਨ ਦੀ ਕ੍ਰਿਯਾ. "ਸਗਲ ਤੁਮਾਰੀ ਧਾਰਣਾ." (ਮਾਰੂ ਸੋਲਹੇ ਮਃ ੫) ੨. ਅੰਤਹਕਰਣ ਦੀ ਉਹ ਵ੍ਰਿੱਤਿ, ਜੋ ਬਾਤ ਨੂੰ ਧਾਰਣ ਕਰਦੀ ਹੈ. ਸਮਝ। ੩. ਦ੍ਰਿੜ੍ਹ ਨਿਸ਼ਚਾ। ੪. ਯੋਗਮਤ ਅਨੁਸਾਰ ਮਨ ਦੀ ਉਹ ਟਿਕੀ ਹੋਈ ਹਾਲਤ, ਜਿਸ ਵਿਚ ਹੋਰ ਸਾਰੇ ਭਾਵ ਭੁੱਲਕੇ ਕੇਵਲ ਬ੍ਰਹਮ ਦਾ ਧ੍ਯਾਨ ਰਹਿੰਦਾ ਹੈ। ੫. ਧਰਮ ਦੀ ਰਹਿਤ। ੬. ਛੰਦਪਾਠ ਅਤੇ ਗਾਉਣ ਦੀ ਰੀਤਿ.

ਧਾਰਣਿ: ਵਿ- ਧਾਰਣ ਵਾਲਾ। ੨. ਸੰਗ੍ਯਾ- ਬ੍ਰਹਮ. ਕਰਤਾਰ. "ਧਾਰਣਿ ਧਾਰਿਰਹਿਓ ਬ੍ਰਹਮੰਡ." (ਸੁਖਮਨੀ)

ਧਾਰਣੀ: ਸੰ. ਸੰਗ੍ਯਾ- ਨਾੜੀ. ਨਬਜ਼। ੨. ਪੰਕ੍ਤਿ. ਸ਼੍ਰੇਣੀ. ਕਤਾਰ। ੩. ਪ੍ਰਿਥਿਵੀ.

ਧਾਰਣੀਯ: ਵਿ- ਧਾਰਣ ਕਰਨ ਯੋਗ੍ਯ.

ਧਾਰਧਰ: ਦੇਖੋ, ਧਾਰਾਧਰ। ੨. ਡਿੰਗ. ਇੰਦ੍ਰ. ਵਰਖਾ ਦਾ ਪਤਿ ਦੇਵਤਾ.

ਧਾਰਧਾਰ: ਦੇਖੋ, ਧੜਧੰਮੜ। ੨. ਦੇਖੋ, ਧਾਰਾਧਰ.

ਧਾਰਨ, ਧਾਰਨਾ: ਦੇਖੋ, ਧਾਰਣ ਅਤੇ ਧਾਰਣਾ. "ਪ੍ਰਭੁ ਸਗਲ ਤੁਮਾਰੀ ਧਾਰਨਾ." (ਰਾਮ ਮਃ ੫)

ਧਾਰਨੀਕ: ਦੇਖੋ, ਧਾਰਣਕ.

ਧਾਰਨੀਯ: ਦੇਖੋ, ਧਾਰਣੀਯ.

ਧਾਰਬਾਰਿ: ਦੇਖੋ, ਬਾਰਿਧਾਰ.

ਧਾਰਮਿਕ: ਸੰ. ਧਾਰ੍‍ਮਿਕ. ਵਿ- ਧਰਮ ਨਾਲ ਹੈ ਜਿਸ ਦਾ ਸੰਬੰਧ. ਧਰਮ ਵਾਲਾ.

ਧਾਰਯ: ਸੰ. ਧਾਰ੍‍ਯ. ਵਿ- ਧਾਰਣ ਕਰਨ ਯੋਗ੍ਯ। ੨. ਸੰਗ੍ਯਾ- ਜਲ. ਪਾਣੀ.

ਧਾਰਵੀ: ਦੇਖੋ, ਧਾੜਵੀ.

ਧਾਰੜਾ: ਦੇਖੋ, ਜਲਧਾਰਾ.

ਧਾਰਾ: ਸੰ. ਸੰਗ੍ਯਾ- ਜਲ ਆਦਿ ਦ੍ਰਵ ਪਦਾਰਥ ਦਾ ਵਹਾਉ, ਅਥਵਾ ਤਤੀਹਰੀ. "ਚਲੀ ਵਿਲੋਚਨ ਤੇ ਜਲਧਾਰਾ." (ਗੁਪ੍ਰਸੂ) ੨. ਸ਼ਸਤ੍ਰ ਦਾ ਤੇਜ਼ ਸਿਰਾ. ਧਾਰ. ਬਾਢ। ੩. ਫ਼ੌਜ ਦੀ ਪੰਕ੍ਤਿ. ਸਫ। ੪. ਸੰਤਾਨ. ਔਲਾਦ. ੫. ਲਕੀਰ. ਰੇਖਾ। ੬. ਪਹਾੜ ਦੀ ਸ਼੍ਰੇਣੀ (ਕਤਾਰ). Mountain Range. 7. ਸਮੁਦਾਯ. ਗਰੋਹ। ੮. ਪ੍ਰਕਰਣ ਅਥਵਾ ਦਫ਼ਹ. "ਆਵਣੁ ਜਾਣੁ ਨਹੀ ਜਮਧਾਰਾ." (ਮਾਰੂ ਸੋਲਹੇ ਮਃ ੧) ਯਮਰਾਜ ਦੇ ਕਾਨੂਨ ਦੀ ਦਫਹ ਅਨੁਸਾਰ ਆਵਣ ਜਾਣੁ ਨਹੀਂ। ੯. ਮਾਲਵਾ (ਮਧ੍ਯਭਾਰਤ) ਦੀ ਇੱਕ ਨਗਰੀ, ਜੋ ਭੋਜ ਦੇ ਸਮੇਂ ਪ੍ਰਸਿੱਧ ਸੀ. ਇਹ ਚੇਦਿ ਦੇ ਪੱਛਮ ਪ੍ਰਮਾਰ ਵੰਸ਼ ਦੀ ਰਾਜਧਾਨੀ ਰਹੀ ਹੈ. ਇੱਥੇ ਸੰਮਤ ੧੦੩੨ ਵਿੱਚ ਮੁੰਜ ਰਾਜ ਕਰਦਾ ਸੀ, ਅਤੇ ਉਸ ਦਾ ਭਤੀਜਾ ਭੋਜ ਸੰਮਤ ੧੦੬੮ ਵਿੱਚ ਇਸ ਦਾ ਸ੍ਵਾਮੀ ਸੀ. ਦਸਮਗ੍ਰੰਥ ਵਿੱਚ ਇੱਥੇ ਭਰਥਰੀ (ਭਰਤ੍ਰਿੰਹਰੀ) ਦਾ ਰਾਜ ਕਰਨਾ ਭੀ ਲਿਖਿਆ ਹੈ- "ਧਾਰਾ ਨਗਰੀ ਕੋ ਰਹੈ ਭਰਥਰਿ ਰਾਵ

ਸੁਜਾਨ." (ਚਰਿਤ੍ਰ ੨੦੯) ੧੦. ਦੇਖੋ, ਧਾੜਾ. "ਏਕ ਦਿਵਸ ਧਾਰਾ ਕੋ ਗਯੋ." (ਚਰਿਤ੍ਰ ੬੫) ੧੧. ਧਾਰਨ ਕੀਤਾ. ਦੇਖੋ, ਧਾਰਣ. "ਏਹੁ ਆਕਾਰੁ ਤੇਰਾ ਹੈ ਧਾਰਾ." (ਭੈਰ ਮਃ ੩)

ਧਾਰਾਘਟ: ਦੇਖੋ, ਜਲਧਾਰਾ.

ਧਾਰਾਟ: ਸੰ. ਸੰਗਯਾ- ਜੋ ਜਲਧਾਰਾ ਵਾਸਤੇ ਅਟਦਾ (ਘੁੰਮਦਾ) ਹੈ. ਚਾਤਕ. ਪਪੀਹਾ। ੨. ਬਦਲ। ੩. ਮਸਤ ਹਾਥੀ। ੪. ਘੋੜਾ.

ਧਾਰਾ ਤੀਰਥ: ਮਹਾਭਾਰਤ ਅਨੁਸਾਰ ਇੱਕ ਪਵਿਤ੍ਰ ਤੀਰਥ. ਇਹ ਪਟਿਆਲਾ ਰਾਜ ਦੇ ਪੰਜੌਰ ਨਗਰ ਪਾਸ ਹੈ. ਜਿੱਥੇ ਗੁਰੂ ਨਾਨਕ ਦੇਵ ਜੀ ਧਰਮਪ੍ਰਚਾਰ ਕਰਦੇ ਪਧਾਰੇ ਹਨ. ਦਰਬਾਰ ਵੱਲੋਂ ਗੁਰਦ੍ਵਾਰੇ ਵਿੱਚ ਪੂਜਨ ਪਾਠ ਦਾ ਪ੍ਰਬੰਧ ਹੈ. ਦੇਖੋ, ਪੰਜੌਰ.

ਧਾਰਾਧਰ: ਸੰਗਯਾ- ਤਿੱਖੀ ਧਾਰ ਰੱਖਣ ਵਾਲਾ, ਸ਼ਸਤ੍ਰ। ੨. ਜਲਧਾਰਾ ਧਾਰਨਵਾਲਾ, ਬੱਦਲ. ਮੇਘ. "ਦੇਖ ਦਾਨਧਾਰਾ ਧਾਰਾਧਰ ਸ਼ਰਮਾਨੇ ਹੈਂ." (ਸੇਖਰ)

ਧਾਰਾਧਰਜ: ਸੰਗਯਾ- ਧਾਰਾਧਰ (ਬੱਦਲ) ਤੋਂ ਪੈਦਾ ਹੋਇਆ ਜਲ. (ਸਨਾਮਾ)

ਧਾਰਾਧਰਦਧਰ: ਸੰਗਯਾ- ਧਾਰਾਧਰ (ਮੇਘ) ਦਾ ਦਿਤਾ ਹੋਇਆ (ਜਲ), ਉਸ ਦੇ ਧਰ (ਧਾਰਨ ਵਾਲਾ), ਸਮੁੰਦਰ. (ਸਨਾਮਾ) ੨. ਤਾਲ.

ਧਾਰਾਧਰ ਧੁਨਿ: ਮੇਘ ਜੇਹੀ ਧੁਨਿ ਕਰਨ ਵਾਲਾ ਰਾਵਣ ਦਾ ਪੁਤ੍ਰ, ਮੇਘਨਾਦ. (ਸਨਾਮਾ) ੨. ਬੱਦਲ ਦੀ ਗਰਜ.

ਧਾਰਾਧਰ ਧ੍ਰਦ: ਧਾਰਾਧਰਦ ਧਰ. ਦੇਖੋ, ਧਾਰਾਧਰਦ- ਧਰ.

ਧਾਰਾਧਰੀ: ਸੰਗਯਾ- ਤਿੱਖੀਧਾਰ ਧਾਰਣ ਵਾਲੀ ਤਲਵਾਰ. "ਅਸਿ ਕ੍ਰਿਪਾਨ ਧਾਰਾਧਰੀ." (ਸਨਾਮਾ) ੨. ਨਦੀ.

ਧਾਰਾਨਗਰੀ: ਦੇਖੋ, ਧਾਰਾ ੯.

ਧਾਰਾਪਥ: ਸੰਗਯਾ- ਜਿਸ ਵਿੱਚਦੀਂ ਜਲਧਾਰਾ ਨਿਕਲੇ, ਜਲਯੰਤ੍ਰ. ਫ਼ੱਵਾਰਾ (ਫੁਹਾਰਾ).

ਧਾਰਾਲਾ, ਧਾਰਾਲੀ: ਤਿੱਖੀ ਧਾਰ ਵਾਲਾ, ਵਾਲੀ. ਖੜਗ ਅਤੇ ਕਟਾਰੀ.

ਧਾਰਾਵਾਹੀ: ਵਿ- ਨਦੀ ਦੇ ਪ੍ਰਵਾਹ ਵਾਂਙ ਇੱਕ ਰਸ ਚੱਲਣ ਵਾਲਾ.

ਧਾਰਿ: ਧਾਰਕੇ. ਧਾਰਣ ਕਰਕੇ. "ਧਾਰਿ ਕ੍ਰਿਪਾ ਪ੍ਰਭੁ ਹਾਥ ਦੇ ਰਾਖਿਆ." (ਸੋਰ ਮਃ ੫) ੨. ਧਾਰਾ ਮੇਂ. ਧਾਰ ਵਿੱਚ. "ਬੂਡੇ ਕਾਲੀ ਧਾਰਿ." (ਸ. ਕਬੀਰ) ੩. ਧਾਰਣਾ ਕ੍ਰਿਯਾ ਦਾ ਅਮਰ. ਧਾਰਣ ਕਰ. "ਰੇ ਨਰ ! ਇਹ ਸਾਚੀ ਜੀਅ ਧਾਰਿ." (ਸੋਹ ਮਃ ੯)

ਧਾਰਿਣੀ: ਸੰ. ਸੰਗਯਾ- ਪ੍ਰਿਥਿਵੀ. ਜ਼ਮੀਨ। ੨. ਵਿ- ਧਾਰਣ ਕਰਨ ਵਾਲੀ.

ਧਾਰਿਤ: ਸੰ. ਵਿ- ਧਾਰਣ ਕੀਤਾ ਹੋਇਆ. ਧਾਰਿਆ.

ਧਾਰੀ: ਵਿ- ਧਾਰਿਤ. ਧਾਰਣ ਕੀਤਾ, ਕੀਤੀ. "ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ." (ਸੁਖਮਨੀ) ੨. ਅੰਗੀਕਾਰ ਕੀਤੀ. "ਸਾਈ ਸੁਹਾਗਣਿ ਠਾਕੁਰ ਧਾਰੀ." (ਓਅੰਕਾਰ) ੩. ਸੰਗਯਾ- ਡੋਰੀ. ਤੰਦਾਂ ਨੂੰ ਮਿਲਾਕੇ ਵੱਟਿਆ ਡੋਰਾ. "ਪਉਣ ਹੋਵੈ ਸੂਤਧਾਰੀ." (ਆਸਾ ਮਃ ੧) ੪. ਮਨੌਤ. ਅਹੰਤਾ. "ਬਿਨਸੈ ਅਪਨੀ ਧਾਰੀ." (ਸੋਰ ਮਃ ੫) ੫. ਸੰ. ਧਾਰਿਨ੍. ਵਿ- ਧਾਰਣ ਵਾਲਾ। ੬. ਤਿੱਖੀ ਧਾਰਾ (ਬਾਢ) ਵਾਲਾ। ੭. ਸੰਗਯਾ- ਤੇਜ਼ ਸ਼ਸਤ੍ਰ। ੮. ਨਦੀ. ਨਦ. ਦਰਿਆ.

ਧਾਰੀਵਾਲ: ਜੱਟ ਜਾਤਿ, ਜੋ ਭੱਟੀ ਰਾਜਪੂਤਾਂ ਵਿੱਚੋਂ ਹੈ. ਧਾਰਾ ਨਗਰੀ ਤੋਂ ਧਾਰੀਵਾਲ ਸ਼ਬਦ ਹੈ. ਅਕਬਰ ਦਾ ਸਹੁਰਾ ਮਹਰ ਮਿੱਠਾ ਧਾਰੀਵਾਲ ਗੋਤ੍ਰ ਦਾ ਸੀ।[654] ੨. ਗੁਰਦਸਾਪੁਰ ਦੇ ਜਿਲੇ ਇੱਕ ਨਗਰ, ਜੋ ਅਮ੍ਰਿਤਸਰ ਪਠਾਨਕੋਟ ਰੇਲਵੇ ਦਾ ਸਟੇਸ਼ਨ

[654] ਕਈ ਇਸ ਨੂੰ ਧਾਲੀਵਾਲ ਭੀ ਉੱਚਾਰਣ ਕਰਦੇ ਹਨ.

ਹੈ. ਇਹ ਅਮ੍ਰਿਤਸਰ ਤੋਂ ੩੬ ਮੀਲ ਹੈ. ਇੱਥੇ ਉੱਨ ਦੇ ਬਹੁਤ ਚੰਗੇ ਕਪੜੇ ਬਣਦੇ ਹਨ. ਸਨ ੧੯੮੦ ਵਿਚ ਇਸ ਕੰਮ ਲਈ ਇੱਥੇ ਭਾਰੀ ਕਾਰਖਾਨਾ (Egerton Woollen Mills) ਖੋਲ੍ਹਿਆ ਗਿਆ ਹੈ.

ਧਾਰੂ: ਧੀਰ ਜਾਤਿ ਦਾ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ.

ਧਾਰੋ: ਸੂਰੀ ਜਾਤਿ ਦਾ ਗੁਰੂ ਅਰਜਨਦੇਵ ਦਾ ਸਿਖ, ਜੋ ਸੁਲਤਾਨਪੁਰ ਦਾ ਵਸਨੀਕ ਸੀ.

ਧਾਰਜਉ: ਧਾਰਣ ਕੀਤਾ. "ਜਿਸਹਿ ਧਾਰਜਉ ਧਰਤਿ ਅਰ ਵਿਉਮ." (ਸਵੈਯੇ ਮः ੪. ਕੇ)

ਧਾਲੀਵਾਲ: ਦੇਖੋ, ਧਾਰੀਵਾਲ ੧.

ਧਾਵ: ਸੰ. धाव् ਧਾ- ਦੌੜਨਾ (ਨੱਠਣਾ), ਧੋਣਾ, ਸਾਫ ਕਰਨਾ, ਸਿੰਜਣਾ.

ਧਾਵਸਿ: ਦੌੜਦਾ ਹੈ. "ਉਆ ਕਉ ਫਿਰਿ ਫਿਰਿ ਧਾਵਸਿ ਰੇ." (ਮਾਰੂ ਮः ੫) ਦੇਖੋ, ਧਾਵ। ੨. ਧਾਵਸੀ. ਦੌੜੇਗਾ.

ਧਾਵਕ: ਸੰ. ਸੰਗਯਾ- ਧੋਬੀ. ਵਸਤ੍ਰ ਧੋਣ ਵਾਲਾ। ੨. ਹਰਕਾਰਾ. ਦੇਖੋ, ਧਾਵ.

ਧਾਵਣ: ਧੋਣ ਅਥਵਾ ਧਾਵਣ ਇਕ ਖਤ੍ਰੀ ਜਾਤਿ ਹੈ। ੨. ਮਾਂਟਗੁਮਰੀ ਦੇ ਕਾਸ਼ਤਕਾਰ ਰਾਜਪੂਤਾਂ ਦੀ ਇੱਕ ਜਾਤਿ। ੩. ਦੇਖੋ, ਧਾਵਨ.

ਧਾਵਣਾ: ਕ੍ਰਿ- ਦੌੜਨਾ. ਦੇਖੋ ਧਾਵ। ੨. ਵਿ- ਧਾਵਣ ਗੋਤ੍ਰ ਦਾ. "ਮੂਲਾ ਸੂਜਾ ਧਾਵਣੇ." (ਭਾਗੁ)

ਧਾਵਣੀ: ਵਿ- ਧਾਵਨ (ਦੌੜਨ) ਵਾਲੀ। ੨. ਸੰਗਯਾ- ਧਾਵਨ (ਦੌੜਨ) ਦੀ ਕ੍ਰਿਯਾ. ਧਾਵਾ. ਹ਼ਮਲਾ. "ਬੰਨ੍ਹ ਬਦੀਆ ਕਰਿ ਧਾਵਣੀ." (ਸੋਰ ਮः ੧)

ਧਾਵਤ, ਧਾਵਤੁ: ਦੌੜਦਾ ਹੋਇਆ. ਚਲਾਇਮਾਨ. "ਧਾਵਤ ਕੋ ਧਾਵਹਿ ਬਹੁ ਭਾਤੀ." (ਟੋਢੀ ਮः ੫) ੨. ਚੰਚਲ ਜੋ ਕ਼ਾਇਮ ਨਹੀਂ. ਭਾਵ- ਮਨ. "ਧਾਵਤੁ ਲੀਓ ਬਰਜਿ." (ਸਵੈਯੇ ਮः ੨. ਕੇ) ੩. ਸੰ. धावितृ. ਵਿ- ਦੌੜਨ ਵਾਲਾ। ੪. ਸੰਗਯਾ- ਹਰਕਾਰਾ। ੫. ਦੇਖੋ, ਧਾਵਿਤ.

ਧਾਵਨ: ਸੰ. ਸੰਗਯਾ- ਦੌੜਨ ਦੀ ਕ੍ਰਿਯਾ. ਨੱਠਣਾ. "ਮਨ ਮੇਰੋ ਧਾਵਨ ਤੇ ਛੂਟਿਓ." (ਬਸੰ ਮः ੯) ੨. ਦੂਤ. ਹਰਕਾਰਾ. ਚਰ. "ਜਹਿਂ ਕਹਿਂ ਧਾਵਨ ਕਰੇ ਪਠਾਵਨ." (ਗੁਪ੍ਰਸੂ) ੩. ਧੋਣ ਦੀ ਕ੍ਰਿਯਾ। ੪. ਜਲ, ਸਾਬਣ ਆਦਿ ਉਹ ਵਸਤੁ, ਜਿਸ ਨਾਲ ਵਸਤ੍ਰ ਆਦਿ ਧੋਤਾ ਜਾਵੇ. ਦੇਖੋ, ਧਾਵ.

ਧਾਵਨੀ: ਦੇਖੋ, ਧਾਵਣੀ.

ਧਾਵਰਤਾ: ਸੰਗਯਾ- ਧਾ- ਵ੍ਰਿਤਾ. ਜਮਾਂ ਕਰਨ ਦੀ ਰੁਚਿ. ਸੰਚਯ ਕਰਨ ਦਾ ਯਤਨ. ਦੇਖੋ, ਧਾ ਅਤੇ ਵ੍ਰਿਤਾ. "ਅਨਿਕ ਕਾਜ ਅਨਿਕ ਧਾਵਰਤਾ ਉਰਝਿਓ ਆਨ ਜੰਜਾਰੀ." (ਸਾਰ ਮः ੫)

ਧਾਵਰੀ: ਸੰ. ਧਾਵਿਤ੍ਰ. ਸੰਗਯਾ- ਪੱਖਾ. ਵਯਜਨ. "ਬੈਠ ਪਰਜੰਕ ਪਰ ਧਾਵਰੀਨ ਧਾਇ ਕੈ." (ਭਾਗੁ ਕ) ਦਾਈਆਂ ਪੱਖੇ ਝੱਲਦੀਆਂ ਹਨ.

ਧਾਵਲ: ਸੰਗਯਾ- ਧਵਲ ਦੀ ਉਠਾਈ ਹੋਈ ਪ੍ਰਿਥਿਵੀ. (ਸਨਾਮਾ)

ਧਾਵਲੇਸ: ਸੰਗਯਾ- ਧਾਵਲ (ਪ੍ਰਿਥਿਵੀ) ਦਾ ਈਸ਼ (ਸ੍ਵਾਮੀ) ਰਾਜਾ. (ਸਨਾਮਾ)

ਧਾਵਲੇਸਣੀ: ਸੰਗਯਾ- ਧਾਵਲੇਸ਼ (ਰਾਜਾ) ਦੀ ਸੈਨਾ. (ਸਨਾਮਾ)

ਧਾਵਾ: ਸੰਗਯਾ- ਦੌੜ, ਭਾਜ। ੨. ਹੱਲਾ. ਹ਼ਮਲਾ ਦੇਖੋ, ਧਾਵ। ੩. ਸੰ. ਧਵ. ਮਹੂਆ L. Bassia latifolia. ਇਸ ਦੇ ਫੁੱਲਾਂ ਦਾ ਰਸ ਨਸ਼ੀਲਾ ਹੁੰਦਾ ਹੈ. ਇਹ ਸ਼ਰਾਬ ਦਾ ਇੱਕ ਪ੍ਰਸਿੱਧ ਮਸਾਲਾ ਹੈ. "ਗੁੜ ਕਰਿ ਗਿਆਨੁ ਧਿਆਨੁ ਕਰਿ ਧਾਵੈ." (ਆਸਾ ਮਃ ੧)

ਧਾਵਿਤ: ਸੰ. ਵਿ- ਧੋਤਾ ਹੋਇਆ. ਸਾਫ਼.

ਧਾਵੈ: ਧਾਵਨ ਕਰਦਾ (ਦੌੜਦਾ) ਹੈ। ੨. ਧ੍ਯਾਵੈ. ਆਰਾਧੈ. "ਭੈਰਉ ਭੂਤ ਸੀਤਲਾ ਧਾਵੈ." (ਗੌਂਡ ਨਾਮਦੇਵ) "ਅਹਿ ਨਿਸ ਧ੍ਯਾਨ ਧਾਵੈ." (ਸਵੈਯੇ ਮਃ ੪. ਕੇ) ੩. ਦੇਖੋ, ਧਾਵਾ ੩.

ਧਾੜ: ਸੰਗਯਾ- ਧਨਹਾਰ ਟੋਲਾ. ਡਾਕੂਆਂ ਦੀ ਮੰਡਲੀ। ੨. ਡਾਕੂਆਂ ਦਾ ਹ਼ਮਲਾ. ਲੁਟੇਰਿਆਂ ਦਾ ਧਾਵਾ.

ਧਾੜਵੀ: ਸੰਗਯਾ- ਲੁਟੇਰਾ. ਡਾਕੂ.

ਧਾੜਾ: ਸੰਗਯਾ- ਡਾਕਾ. ਬਲ ਨਾਲ ਲੁੱਟਣ ਦੀ ਕ੍ਰਿਯਾ.

ਧਾੜਾਪੇੜਾ: ਸੰਗਯਾ- ਲੁੱਟ ਦਾ ਪਦਾਰਥ.

ਧਾੜੀ: ਧਾੜਵੀ. ਧਾੜਾ ਮਾਰਨ ਵਾਲਾ. ਡਾਕੂ.

ਧਿ: ਸੰ. ਧਾ- ਪਾਸ ਰੱਖਣਾ, ਮਿਲਣਾ, ਜਾਣਾ, ਪ੍ਰਸੰਨ ਹੋਣਾ, ਫੜਨਾ.

ਧਿਆ: ਦੇਖੋ, ਅਧ੍ਯਾਯ। ੨. ਧ੍ਯਾਨ ਕਰ. ਦੇਖੋ, ਧ੍ਯਾ.

ਧਿਆਉ: ਦੇਖੋ, ਅਧ੍ਯਾਯ। ਧ੍ਯਾਨ ਕਰ. ਦੇਖੋ ਧ੍ਯਾ.

ਧਿਆਉਣਾ: ਕ੍ਰਿ- ਧ੍ਯਾਨ ਕਰਨਾ. ਚਿੰਤਨ ਕਰਨਾ "ਧਿਆਈਐ ਆਪਨੋ ਸਦਾ ਹਰੀ." (ਗੂਜ ਮਃ ੫)

ਧਿਆਇ: ਦੇਖੋ, ਅਧ੍ਯਾਯ। ੨. ਧ੍ਯਾਨ ਕਰਕੇ. ਚਿੰਤਨ ਕਰਕੇ. "ਧਿਆਇ ਧਿਆਇ ਭਗਤਹਿ ਸੁਖ ਪਾਇਆ." (ਸੁਖਮਨੀ)

ਧਿਆਇ ਥਈ: ਧ੍ਯਾਨ ਕਰਨੇ ਸੇ. ਚਿੰਤਨ ਤੋਂ. "ਛੂਟੇ ਨਾਮ ਧਿਆਇ ਥਈ." (ਕਲਿ ਮਃ ੪)

ਧਿਆਇਨਿ: ਧ੍ਯਾਨ ਕਰਦੇ ਹਨ. ਚਿੰਤਨ ਕਰਦੇ ਹਨ. "ਨਾਮੁ ਧਿਆਇਨਿ ਸਾਜਨਾ." (ਸਵਾ ਮਃ ੫)

ਧਿਆਈ: ਧ੍ਯਾਨ ਕਰਕੇ. ਚਿੰਤਨ ਕਰਕੇ. "ਨਾਨਕ ਨਾਮ ਧਿਆਈ ਹੈ." (ਮਾਰੂ ਸੋਲਹੇ ਮਃ ੪) ੨. ਧਿਆਉਂਦਾ ਹੈ. ਚਿੰਤਨ ਕਰਦਾ ਹੈ. "ਜਿਸ ਨੋ ਕ੍ਰਿਪਾ ਕਰੈ ਪ੍ਰਭੁ ਅਪਨੀ ਸੋ ਜਨੁ ਤਿਸਹਿ ਧਿਆਈ ਹੈ." (ਮਾਰੂ ਸੋਲਹੇ ਮਃ ੫) ੩. ਸੰ. ध्यायिन्. ਵਿ- ਧ੍ਯਾਨ ਪਰਾਇਣ. ਧ੍ਯਾਨ ਵਿੱਚ ਮਗਨ. "ਆਤਮੈ ਹੋਇ ਧਿਆਈ." (ਸ੍ਰੀ ਮਃ ੧)

ਧਿਆਨ, ਧਿਆਨੁ: ਸੰ. ਧ੍ਯੈ ਦਾ ਅਰਥ ਹੈ ਸੋਚ ਵਿਚਾਰ, ਇਸ ਤੋਂ ਧ੍ਯਾਨ ਸ਼ਬਦ ਬਣਦਾ ਹੈ, ਜਿਸ ਦਾ ਅਰਥ ਹੈ ਕਿਸੇ ਵਸ੍ਤੁ ਵਿੱਚ ਵ੍ਰਿੱਤਿ ਦਾ ਲਿਵਲੀਨ ਕਰਨਾ. ਚਾਰੇ ਪਾਸਿਓਂ ਮਨ ਨੂੰ ਰੋਕਕੇ ਇੱਕ ਵਿਸ਼ਯ ਤੇ ਟਿਕਾਉਣ ਦੀ ਕ੍ਰਿਯਾ. ਪਾਤੰਜਲ ਦਰ਼ਸ਼ਨ ਨੇ ਲਿਖਿਆ ਹੈ- "तत्र प्रत्ययैकता ध्यानं" (ਯੋਗਸੂਤ੍ਰ, ੩- ੨) "ਸੁਣਿਐ ਲਾਗੈ ਸਹਜਿ ਧਿਆਨੁ." (ਜਪੁ) "ਧਿਆਨੀ ਧਿਆਨੁ ਲਾਵਹਿ." (ਸ੍ਰੀ ਅਃ ਮਃ ੫) ੨. ਅੰਤਹਕਰਣ ਵਿਚ ਕਿਸੇ ਵਸਤੁ ਦਾ ਪ੍ਰਤੱਖ ਭਾਵ। ੩. ਖਿਆਲ. ਚਿੰਤਨ.

ਧਿਆਵਣਾ, ਧਿਆਵਨਾ: ਕ੍ਰਿ- ਧ੍ਯਾਨ ਕਰਨਾ. ਚਿੰਤਨ ਕਰਨਾ. "ਧਿਆਵਉ ਗਾਵਉ ਗੁਣ ਗੋਵਿੰਦਾ." (ਆਸਾ ਮਃ ੫) "ਮੁਕਤੇ ਨਾਮਧਿਆਵਣਿਆ." (ਮਾਝ ਅਃ ਮਃ ੧) ਨਾਮਚਿੰਤਨ ਵਾਲੇ ਬੰਧਨਰਹਿਤ ਹਨ.

ਧਿਸ: ਸੰ. धिष्. ਧਾ- ਸ਼ਬਦ ਕਰਨਾ, ਬਿਆਨ ਕਰਨਾ.

ਧਿਸਟਾਨ, ਧਿਸਠਾਨ: ਦੇਖੋ, ਅਧਿਸ਼੍ਠਾਨ. "ਰਜੁ ਧਿਸਟਾਨ ਆਹਿ ਅਗ੍ਯਾਨ." (ਗੁਪ੍ਰਸੂ)

ਧਿਕ: ਸੰ. धिक. ਵ੍ਯ- ਗਿਲਾਨੀ ਅਤੇ ਅਨਾਦਰ ਬੋਧਕ ਸ਼ਬਦ. ਲਾਨਤ. ਫਿਟਕਾਰ.

ਧਿਕਾਰ: ਸੰ. धिक्कार. ਸੰਗ੍ਯਾ- ਧਿਕ ਸ਼ਬਦ ਦਾ ਉੱਚਾਰਣ। ੨. ਤਿਰਸਕਾਰ. ਅਨਾਦਰ. "ਲੋਕ ਧਿਕਾਰ ਕਹੈ ਮੰਗਤਜਨ, ਮਾਂਗਤ ਮਾਨ ਨ ਪਾਇਆ." (ਰਾਮ ਮਃ ੧)

ਧਿਖ: ਦੇਖੋ, ਧਿਸ.

ਧਿਖਣ: ਸੰ. ਧਿਸ਼ਣ. ਸੰਗ੍ਯਾ- ਬ੍ਰਹਮਾ। ੨. ਵ੍ਰਿਹਸਪਤਿ. ਦੇਵਗੁਰੂ। ੩. ਵਿਸ਼ਨੁ। ੪. ਵਿ- ਦਾਨਾ. ਬੁੱਧਿਮਾਨ. ਅ਼ਕ਼ਲਮੰਦ। ੫. ਵਿਦ੍ਵਾਨ. ਪੰਡਿਤ. ਦੇਖੋ, ਧਿਸ.

ਧਿਖਣਾ: ਸੰ. ਧਿਸ਼ਣਾ. ਸੰਗ੍ਯਾ- ਅ਼ਕ਼ਲ. ਬੁੱਧਿ. "ਗੋਰਖ ਨੇ ਧਿਖਣਾ ਨ ਦੀਨੀ ਤੋਹਿ." (ਨਾਪ੍ਰ) ੨. ਸ੍ਤੁਤਿ (ਉਸਤਤਿ). ਵਡਿਆਈ। ੩. ਪ੍ਰਿਥਿਵੀ।

ਧਿਖਣੀ: ਸੰ. धिषण्य. ਵਿ- ਧਿਸ਼ਣਾ ਵਾਲਾ. ਅ਼ਕ਼ਲਮੰਦ। ੨. ਸੰਗ੍ਯਾ- ਜੰਗਵਿਦ੍ਯਾ ਦੀ ਹੈ ਚਤੁਰਾਈ ਜਿਸ ਵਿੱਚ, ਐਸੀ ਸੈਨਾ. ਫ਼ੌਜ. (ਸਨਾਮਾ) ਦੇਖੋ, ਧਿਖਣੀਰਿਪੁ.

ਧਿਖਣੀਸ: ਵਿ- ਧਿਸ਼ਣ- ਈਸ਼. ਵਿਦ੍ਵਾਨਾਂ ਦਾ ਸਰਦਾਰ. ਪੰਡਿਤਰਾਜ. "ਕਵਿ ਕੋਵਿਦ ਧਿਖਣੀਸ ਜੋ ਆਵਤ ਚਲ ਦਰਬਾਰ." (ਗੁਵਿ ੧੦)

ਧਿਖਣੀਰਿਪੁ: ਸੰਗ੍ਯਾ- ਚਤੁਰ ਸੈਨਾ ਦੀ ਵੈਰਣ, ਬੰਦੂਕ. "ਧਿਖਣੀ ਆਦਿ ਉਚਾਰਕੈ ਰਿਪੁ ਪਦ ਅੰਤ ਉਚਾਰ." (ਸਨਾਮਾ) ੨. ਬੁੱਧਿਵਾਨ ਦਾ ਵੈਰੀ, ਮੂਰਖ.

ਧਿਗ: ਦੇਖੋ, ਧਿਕ.

ਧਿੰਗ: ਵਿ- ਦ੍ਰਿਢ- ਅੰਗ. ਮਜਬੂਤ। ੨. ਧੱਕੇਬਾਜ਼. ਸੀਨਾਜ਼ੋਰੀ ਕਰਨ ਵਾਲਾ। ੩. ਸੰਗ੍ਯਾ- ਉਪਦ੍ਰਵ.

ਧਿੰਗਣ: ਇੱਕ ਪ੍ਰੇਮੀ ਤਖਾਣ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਇਆ. ਇਹ ਲੰਗਰ ਦੀਆਂ ਲੱਕੜਾਂ ਪਾੜਿਆ ਕਰਦਾ ਸੀ, ਅਤੇ ਆਪਣੇ ਭਾਈ ਮੱਦੂ ਨਾਲ ਮਿਲਕੇ ਵਡੇ ਪ੍ਰੇਮਭਾਵ ਨਾਲ ਗੁਰਸਿੱਖਾਂ ਦੀ ਸੇਵਾ ਵਿੱਚ ਲੱਗਾ ਰਹਿੰਦਾ. ਗੁਰੂ ਸਾਹਿਬ ਨੇ ਇਸ ਦਾ ਸਸਕਾਰ ਆਪਣੇ ਹੱਥੀਂ ਕੀਤਾ. ਇਸ ਦਾ ਨਾਮ ਧਿੰਗੜ ਭੀ ਹੈ. "ਧਿੰਗੜ ਮੱਦੂ ਜਾਣੀਅਨ ਵਡੇ ਸੁਜਾਣ ਤਖਾਣ ਅਪਾਰਾ." (ਭਾਗੁ)

ਧਿੰਗੜ: ਦੇਖੋ, ਧਿੰਗਣ। ੨. ਇੱਕ ਅਰੋੜਾ ਜਾਤਿ। ੩. ਵਿ- ਧਿੰਗ (ਧੱਕਾ) ਕਰਨ ਵਾਲਾ.

ਧਿੰਗਾਈ: ਸੰਗ੍ਯਾ- ਧਿੰਗਬਾਜ਼ੀ, ਜ਼ੋਰਾਵਰੀ. ਜ਼ਬਰਦਸ੍ਤੀ.

ਧਿਗੁ: ਦੇਖੋ, ਧਿਕ. "ਧਿਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ." (ਸ. ਫਰੀਦ) "ਧਿਗੁ ਪੈਨਣੁ ਧਿਗੁ ਖਾਣੁ." (ਵਾਰ ਸੋਰ ਮਃ ੩)

ਧਿੰਙਾ: ਇੱਕ ਪ੍ਰੇਮੀ ਨਾਈ, ਜੋ ਗੁਰੂ ਨਾਨਕਦੇਵ ਦਾ ਅਨੰਨ ਸੇਵਕ ਸੀ. ਇਹ ਗੁਰੂ ਅੰਗਦ ਸਾਹਿਬ ਦੀ ਕ੍ਰਿਪਾ ਨਾਲ ਪਰਮਹੰਸ ਪਦ ਨੂੰ ਪ੍ਰਾਪਤ ਹੋਇਆ.

ਧਿਙਾਣਾ: ਸੰਗ੍ਯਾ- ਧਿੰਗਾਈ. ਜ਼ਬਰਦਸ੍ਤੀ. ਧੱਕੇਬਾਜ਼ੀ। ੨. ਅਨ੍ਯਾਯ. ਬੇਇਨਸਾਫੀ. "ਦੇਦਾ ਨਰਕਿ, ਸੁਰਗਿ ਲੈਂਦੇ, ਦੇਖਹੁ ਏਹੁ ਧਿਙਾਣਾ!" (ਵਾਰ ਮਾਲ ਮਃ ੧) ੩. ਵਿ- ਧੱਕਾ ਕਰਨ ਵਾਲਾ.

ਧਿਙਾਣੈ: ਧੱਕੇਬਾਜ਼ੀ ਨਾਲ. "ਤਉ ਕੜੀਐ ਜੇ ਕਿਛੁ ਹੋਇ ਧਿਙਾਣੈ." (ਭੈਰ ਮਃ ੫)

ਧਿਜਣਾ: ਕ੍ਰਿ- ਧੀਰਜ ਕਰਨਾ। ੨. ਪਤੀਜਣਾ. ਭਰੋਸਾ ਕਰਨਾ. ਏਤਬਾਰ ਰੱਖਣਾ.

ਧਿਜਾਉਣਾ: ਕ੍ਰਿ. ਧੀਰਜ ਕਰਾਉਣਾ। ੨. ਏਤਬਾਰ ਜਮਾਉਣਾ।

ਧਿਠ, ਧਿਠਾ, ਧਿੱਠ: ਸੰ. ਧ੍ਰਿਸ਼੍ਟ. ਧ੍ਰਿਸ਼੍ਰ. ਵਿ- ਅ਼ਕ਼ਲਮੰਦ ਦਾਨਾ। ੨. ਉਦਾਰ। ੩. ਦਲੇਰ। ੪. ਨਿਰਲੱਜ. ਦੇਖੋ, ਸੁਧਿੱਠ ਅਤੇ ਧ੍ਰਿਸ਼੍ਰ.

ਧਿਧਕਾਰ: ਦੇਖੋ, ਧਿਕਾਰ. "ਨਤੁ ਸ਼ਾਹਜਹਾਂ ਧਿਧਕਾਰ ਕਹੈ." (ਗੁਪ੍ਰਸੂ)

ਧਿਮਾਣ: ਸਿੰਧੀ. ਧਮਾਨ. ਸੰਗਯਾ- ਚਿੱਤ ਦੇ ਸੰਕਲਪ ਦਾ ਚੇਹਰੇ ਪੁਰ ਅਸਰ. "ਮੁਖਿ ਧਿਮਾਣੈ ਧਨ ਖੜੀ." (ਮਾਰੂ ਅਃ ਮਃ ੧) ਮਨ ਵਿੱਚ ਕਰਤਾਰ ਦਾ ਦਰਸ਼ਨ ਕਰਕੇ ਜਿਗਯਾਸੁਰੂਪ ਇਸਤ੍ਰੀ ਪ੍ਰਫੁੱਲਿਤ ਮੁਖ ਖੜੀ ਹੈ. ਭਾਵ- ਉਸ ਦੇ ਮੁਖ ਤੋਂ ਅੰਤਹਕਰਣ ਦਾ ਭਾਵ ਝਲਕਦਾ ਹੈ.

ਧਿਮਾਣੈ: ਦੇਖੋ, ਧਿਮਾਣ.

ਧਿਰ: ਸਿੰਧੀ. ਸੰਗਯਾ- ਓਰ. ਵੱਲ. ਤ਼ਰਫ਼। ੨. ਪੱਖ. "ਸਭੇ ਧਿਰਾਂ ਨਿਖੁਟੀਅਸੁ." (ਵਾਰ ਗਉ ੧. ਮਃ ੪)

ਧਿਰਕਾਰ: ਦੇਖੋ, ਧਿਕਾਰ. "ਨਿੰਦਕ ਧਿਰਕਾਰਜੋ ਸਭ ਲੋਗਨ." (ਗੁਪ੍ਰਸੂ)

ਧਿਰਤ: ਦੇਖੋ, ਧ੍ਰਿਤ.

ਧਿਰਤਿ: ਦੇਖੋ, ਧ੍ਰਿਤਿ.

ਧਿਰਾਜਰਾਜ: ਵਿ- ਰਾਜਾਧਿਰਾਜ. ਰਾਜਿਆਂ ਦਾ ਮਹਾਂਰਾਜਾ. "ਧਿਰਾਜਰਾਜ ਪ੍ਰਬੀਨ." (ਅਕਾਲ)

ਧਿਰਿ: ਵੱਲ. ਓਰ. ਦੇਖੋ, ਧਿਰ ੧. "ਪਾਵ ਸੁਹਾਵੇ ਜਾ ਤਉ ਧਿਰਿ ਜੁਲਦੇ." (ਵਾਰ ਰਾਮ ੨. ਮਃ ੫)

ਧੀ: ਸੰ. ਧਾ- ਧਾਰਣ ਕਰਨਾ, ਆਧਾਰ ਰੂਪ ਹੋਣਾ, ਗੁਪਤ ਹੋਣਾ, ਇੱਛਾ ਕਰਨਾ। ੨. ਸੰਗਯਾ- ਬੁੱਧਿ. ਸਮਝ. ਅ਼ਕ਼ਲ "ਵਿਸਾਲ ਧੀ ਪ੍ਰਬਲ ਹੈ." (ਗੁਪ੍ਰਸੂ) ੩. ਮਨ। ੪. ਕਰਮ। ੫. ਵਿਚਾਰ. ਧ੍ਯਾਨ। ੬. ਇੱਛਾ। ੭. ਸੰ. ਧੀਤਾ. ਬੇਟੀ. ਪੁਤ੍ਰੀ. "ਪੁਤ ਧੀ ਖਾਇ." (ਗਉ ਮਃ ੪)

ਧੀਅ: ਦੇਖੋ, ਧੀ ੭. "ਧੀਆ ਪੂਤ ਸੰਜੋਗ." (ਸ੍ਰੀ ਅਃ ਮਃ ੧)

ਧੀਸ: ਸੰ. ਅਧੀਸ਼. ਅਧਿਕ- ਈਸ਼. ਵਡਾ ਸ੍ਵਾਮੀ. ਸ਼ਹਨਸ਼ਾਹ.

ਧੀਂਗ: ਦੇਖੋ, ਧਿੰਗ.

ਧੀਜ: ਸੀ. ਧੈਯੰ. ਸੰਗਯਾ- ਚਿੱਤ ਦੀ ਕ਼ਾਇਮੀ. ਧੀਰਜ. "ਤ੍ਰਿਸਨਾ ਹੋਈ ਬਹੁਤ, ਕਿਵੈ ਨ ਧੀਜਈ." (ਵਾਰ ਮਾਲ ਮਃ ੧) "ਕਹਿਣਿ ਸੁਨਣਿ ਨ ਧੀਜਏ." (ਆਸਾ ਛੰਤ ਮਃ ੧)

ਧੀਜਨਾ: ਕ੍ਰਿ- ਧੀਰਯਵਾਨ ਹੋਣਾ. ਧੈਯੰ ਕਰਨਾ। ੨. ਖਤੀਜਣਾ. ਏਤਬਾਰ ਜਮਾਉਣਾ.

ਧੀਜੈ: ਪਤੀਜੈ. ਧੀਰਜ ਕਰੀਜੈ. ਦੇਖੋ, ਧੀਜ। ੨. ਧਰੀਜੈ ਦਾ ਸੰਖੇਪ. "ਅੰਤਰਿ ਪੰਚ ਅਗਨਿ, ਕਿਉ ਧੀਰਜੁ ਧੀਜੈ?" (ਰਾਮ ਅਃ ਮਃ ੧)

ਧੀਠ, ਧੀਠਾ: ਦੇਖੋ, ਧਿਠਾ। ੨. ਸੰ. ਧ੍ਰਿਸ਼੍ਟ. - ਧ੍ਰਿਸ਼੍ਰ. ਵਿ- ਨਿਰਲੱਜ. ਬੇਹ਼ਯਾ. "ਕਿਛੁ ਸਾਦ ਨ ਪਾਵੈ ਧੀਠਾ." (ਗਉ ਮਃ ੪) ਦੇਖੋ, ਢੀਠ। ੩. ਸੰ. ਧਿਸ਼੍ਠਿਤ. ਵਿ- ਠਹਿਰਿਆ ਹੋਇਆ. ਕ਼ਾਇਮ ਹੋਇਆ. "ਬਿਨਸਿਆ ਭ੍ਰਮ ਭਉ ਧੀਠਾ ਜੀਉ." (ਮਾਝ ਮਃ ੫) ਮਨ ਵਿੱਚ ਭ੍ਰਮ ਅਤੇ ਭੈ ਜੋ ਜਮਿਆ ਹੋਇਆ ਸੀ, ਸੋ ਵਿਨਾਸ਼ ਹੋਇਆ.

ਧੀਨ: ਸੰ. ਅਧੀਨ. ਵਿ- ਤਾਬੇਦਾਰ. "ਸੋ ਠਾਕੁਰ ਤਿਸ ਹੀ ਕੋ ਧੀਨ." (ਟੋਢੀ ਮਃ ੫) ੨. ਧੀ- ਨ. ਜਿਸ ਵਿੱਚ ਬੁੱਧਿ ਨਹੀਂ. ਬੇ

ਅ਼ਕ਼ਲ। ੩. ਡਿੰਗ. ਸੰਗਜਾ- ਲੋਹਾ.

ਧੀਨਾ: ਸੰਗਜਾ- ਅਧੀਨਤਾ. ਤਾਬੇਦਾਰੀ। ੨. ਵਿ- ਜਿਸ ਵਿੱਚ ਧੀ (ਬੁੱਧਿ) ਨਾ (ਨਹੀਂ). ਬੇਸਮਝ. ਬੇਅਕਲ.

ਧੀਪ: ਡਿੰਗ. ਸੰਗਜਾ- ਧੀ (ਬੇਟੀ) ਦਾ ਪਤਿ. ਜਵਾਈ.

ਧੀਮਤ, ਧੀਮਨ: ਸੰ. ਧਮਿਤ੍ ਅਤੇ ਧੀਮਨ੍ਤ. ਵਿ- ਧੀਮਾਨ. ਅ਼ਕ਼ਲਮੰਦ. ਦਾਨਾ. "ਧਰਮਰੁ ਕਿਰਤਿ ਧੀਮਤ ਕੀ ਸਦਾ ਹੈ ਜੀਤ ਸਭ ਥਾਈਂ." (ਸਲੋਹ)

ਧੀਮਨਿ: ਦੇਖੋ, ਧਰਮਨ ੨.

ਧੀਮਾ: ਵਿ- ਧੀਰਯ ਵਾਲਾ। ੨. ਮੱਠਾ, ਜੋ ਬਹੁਤ ਚਾਲਾਕ ਨਹੀਂ। ੩. ਧੀਮਾਨ (ਬੁੱਧਿਮਾਨ) ਦਾ ਸੰਖੇਪ.

ਧੀਮਾਨ, ਧੀਮੰਤ: ਦੇਖੋ, ਧੀਮਤ.

ਧੀਰ: ਸੰਗਜਾ- ਧੀਰਜ (ਧੈਰਯ) ਦਾ ਸੰਖੇਪ. "ਦਮੜਾ ਪਲੈ ਨ ਪਵੈ, ਨਾਕੋ ਦੇਵੈ ਧੀਰ." (ਸ੍ਰੀ ਅਃ ਮਃ ੫) ੨. ਸੰ. ਵਿ- ਧੀਰਜ ਵਾਲਾ. ਜੋ ਛੇਤੀ ਘਬਰਾਵੇ ਨਾ. ਸ਼ਾਂਤ. "ਸਚਿ ਨਾਮਿ ਮਨ ਧੀਰ." (ਸ੍ਰੀ ਅਃ ਮਃ ੩) ੩. ਬਲਵਾਨ। ੪. ਨੰਮ੍ਰ. ਹੌਮੈ ਰਹਿਤ। ੫. ਗੰਭੀਰ। ੬. ਸੰਗਜਾ- ਕੇਸਰ। ੭. ਇੱਕ ਖਤ੍ਰੀ ਜਾਤਿ। ੮. ਧੀਰਤਾ. ਧੀਰਤ੍ਵ. ਧੀਰਜ ਦਾ ਭਾਵ. "ਭਗਤ ਆਨੰਦਮੈ ਪੇਖਿ ਪ੍ਰਭ ਕੀ ਧੀਰ." (ਬਿਲਾ ਮਃ ੫) ੯. ਡਿੰਗ. ਸੂਰਜ.

ਧੀਰਉ: ਵਿ- ਧੀਰਜ (ਧੈਰਯ) ਵਾਲਾ. "ਧੀਰਉ ਸੁਨਿ ਧੀਰਉ ਪ੍ਰਭੁ ਕਉ." (ਜੈਤ ਮਃ ੫)

ਧੀਰਕ, ਧੀਰਕੁ: ਸੰਗਜਾ- ਧੀਰਜ. ਚਿੱਤ ਦੀ ਦ੍ਰਿੜ੍ਹਤਾ. "ਅੰਦਰਿ ਧੀਰਕ ਹੋਇ ਪੂਰਾ ਪਾਇਸੀ." (ਵਾਰ ਗੂਜ ੧. ਮਃ ੩) ੨. ਧਰਵਾਸਾ. ਦਿਲਾਸਾ. "ਭਾਵੈ ਧੀਰਕ ਭਾਵੈ ਧਕੇ." (ਆਸਾ ਮਃ ੧) "ਜਾਕੀ ਧੀਰਕ ਇਸੁ ਮਨਹਿ ਸਧਾਰੇ." (ਸੂਹੀ ਮਃ ੫) ੩. ਵਿ- ਧੀਰਜ ਕਰਨ ਵਾਲਾ. ਧੈਰਯ ਕਰਤਾ. "ਧੀਰਕ ਹਰਿ ਸਾਬਾਸਿ." (ਮਾਰੂ ਮਃ ੪)

ਧੀਰਜ, ਧੀਰਜੁ: ਸੰ. ਧੈਯਰਯ. ਸੰਗਜਾ- ਚਿੱਤ ਦਾ ਟਿਕਾਉ. ਕਲੇਸ਼ ਵਿੱਚ ਮਨ ਦੀ ਇਸ੍ਥਿਤਿ. "ਧੀਰਜ ਮਨਿ ਭਏ ਹਾਂ." (ਆਸਾ ਮਃ ੫) "ਧੀਰਜੁ ਜਸੁ ਸੋਭਾ ਤਿਹ ਬਨਿਆ." (ਬਾਵਨ)

ਧੀਰਜੁ ਧੁਰਿ: ਧੈਰਯ ਧੁਰਯ. ਧੀਰਯ ਦਾ ਮੋਢੀ. "ਜਿਸੁ ਧੀਰਜੁ ਧੁਰਿ ਧਵਲੁ." (ਸਵੈਯੇ ਮਃ ੩. ਕੇ ) ਜਿਸ ਨੇ ਧਵਲ (ਪ੍ਰਿਥਿਵੀ ਚੱਕਣ ਵਾਲੇ ਬੈਲ) ਨੂੰ ਧੀਰਯਧਾਰੀ ਕੀਤਾ ਹੈ.

ਧੀਰਣ: ਸੰ. ਵਿ- ਪਵਿਤ੍ਰਾਤਮਾ. ਸ਼ਾਂਤ ਹੈ ਜਿਸ ਦਾ ਮਨ.

ਧੀਰਤਾ, ਧੀਰਤ੍ਵ: ਸੰ. ਸੰਗਜਾ- ਧੀਰਯ (ਧੈਰਯ) ਭਾਵ. ਮਨ ਦੀ ਕ਼ਾਇਮੀ। ੨. ਚੰਚਲਤਾ ਦਾ ਅਭਾਵ. ਗੰਭੀਰਤਾ.

ਧੀਰਦਾ: ਧੀਰਦ (ਧੈਰਯ) ਦਾਤਾ. "ਧਰਾ ਧੀਰਦਾ." (ਨਾਪ੍ਰ)

ਧੀਰਨ: ਦੇਖੋ, ਧੀਰਣ। ੨. ਸੰਗਜਾ- ਧੀਰਤਾ ਹੋਣ ਦਾ ਭਾਵ. ਧੀਰਜ ਥੀਵਨ.

ਧੀਰਨਿ: ਧੈਰਯ ਵਾਲੇ ਹੋਵਨ. "ਵੈਸਾਖਿ ਧੀਰਨਿ ਕਿਉ ਵਾਢੀਆ, ਜਿਨਾ ਪ੍ਰੇਮ ਵਿਛੋਹ?" (ਮਾਝ ਬਾਰਹਮਾਹਾ)

ਧੀਰਮੱਲ: ਬਾਬਾ ਗੁਰਦਿੱਤਾ ਜੀ ਦਾ ਮਾਤਾ ਅਨੰਤੀ ਦੇ ਉਦਰ ਤੋਂ ਜਨਮਿਆ ਪੁਤ੍ਰ. ਇਸ ਦਾ ਜਨਮ ਕਰਤਾਰ ਪੁਰ ੧੩. ਮਾਘ ਸੰਮਤ ੧੬੮੩ ਨੂੰ ਹੋਇਆ. ਇਸੇ ਦੀ ਸੰਤਾਨ ਕਰਤਾਰਪੁਰ ਦੇ ਸੋਢੀ ਸਾਹਿਬ ਹਨ. ਦੇਖੋ, ਕਰਤਾਰਪੁਰ ਨੰਃ ੨.

ਧੀਰਮੱਲੀਆ: ਸੰਗਜਾ- ਬਾਬਾ ਧੀਰਮੱਲ ਦੀ ਵੰਸ਼ ਵਿੱਚ ਹੋਣ ਵਾਲਾ। ੨. ਧੀਰਮੱਲ ਜੀ ਦਾ ਸਿੱਖ.

ਧੀਰੜ: ਇੱਕ ਖਤ੍ਰੀ ਜਾਤਿ.

ਧੀਰਾ: ਵਿ- ਧੀਰਜਵਾਨ ਹੋਇਆ। ੨. ਸੰ. ਸੰਗਯਾ- ਉਹ ਨਾਇਕਾ, ਜੋ ਪਤਿ ਦੇ ਸ਼ਰੀਰ ਤੇ ਪਰਇਸ੍ਤ੍ਰੀ ਰਮਣ ਦੇ ਚਿੰਨ੍ਹ ਦੇਖਕੇ ਸਪਸ਼੍ਟ ਕੁਝ ਨਾ ਕਹੇ, ਪਰ ਵ੍ਯੰਗ ਨਾਲ ਮਨ ਦਾ ਕੋਪ ਪ੍ਰਗਟ ਕਰੇ। ੩. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇੱਕ ਗ੍ਯਾਨੀ ਅਤੇ ਯੋਧਾ ਸਿੱਖ. ਇਸਨੇ ਆਪਣੇ ਭਾਈ ਹੀਰੇ ਸਹਿਤ ਅਮ੍ਰਿਤਸਰ ਜੀ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ.

ਧੀਰਿਓ: ਧੀਰਜ ਸਹਿਤ ਹੋਇਆ। ੨. ਟਿਕਿਆ. ਠਹਿਰਿਆ. ਵਸਿਆ. "ਕਵਨ ਥਾਨ ਧੀਰਿਓ ਹੈ ਨਾਮਾ, ਕਵਨ ਵਸਤੁ ਅਹੰਕਾਰਾ." (ਮਾਰੂ ਮਃ ੫) ਬ੍ਰਾਹਮਣ ਆਦਿ ਜਾਤਿ ਅਤੇ ਖਾਸ ਕਰਕੇ ਦੇਹ ਦਾ ਨਾਮ ਕਿੱਥੇ ਨਿਵਾਸ ਕਰਦਾ ਹੈ? ਅਰ ਮੈ ਅਮਕਾ ਹਾਂ, ਇਹ ਅਹੰਕਾਰ ਕੀ ਵਸ੍ਤੁ ਹੈ?

ਧੀਰੀ: ਵੀ- ਧੀਰਜ ਵਾਲਾ। ੨. ਸੰਗਯਾ- ਅੱਖ ਦੀ ਪੁਤਲੀ.

ਧੀਰੀਐ: ਧੀਰਯ ਸਹਿਤ ਹੋਵੀਐ. "ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ?" (ਵਾਰ ਗਉ ੨. ਮਃ ੫)

ਧੀਰੁ: ਦੇਖੋ, ਧੀਰ.

ਧੀਰੈ: ਧੀਰਯ ਨੂੰ ਪ੍ਰਾਪਤ ਹੋਵੇ. "ਹਰਿ ਬਿਨੁ ਕਿਉ ਧੀਰੈ ਮਨ ਮੇਰਾ?" (ਸਾਰ ਅਃ ਮਃ ੧)

ਧੀਰੋ: ਧੀਰਯਵਾਨ. ਦੇਖੋ, ਧੀਰਉ.

ਧੀਰੋਦਿ: ਵਿ- ਧੀਰਯ ਹੋਇਆ ਹੈ ਉਦਯ ਜਿਸ ਦੇ ਮਨ. ਧੀਰਤਾ ਸਹਿਤ. "ਬਿਰਹੀ ਨਾ ਧੀਰੋਦਿ." (ਵਾਰ ਮਾਰੂ ੨. ਮਃ ੫)

ਧੀਵਰ: ਸੰ. ਵਿ- ਧੀ (ਬੁੱਧਿ) ਵਰ (ਉੱਤਮ). ਤੇਜ਼ ਅ਼ਕ਼ਲ ਵਾਲਾ. ਉੱਤਮ ਬੁੱਧਿ ਵਾਲਾ। ੨. ਸੰਗਯਾ- ਮੱਛੀ ਫੜਨ ਵਾਲਾ. ਮਾਹੀਗੀਰ. ਮਛੂਆ. ਝੀਵਰ ਸ਼ਬਦ ਦਾ ਮੂਲ ਇਹੀ ਹੈ। ੨. ਮਲਾਹ. ਕੇਵਟ.

ਧੀਵਰੀ: ਸੰਗਯਾ- ਧੀਵਰ ਦੀ ਇਸਤ੍ਰੀ। ੨. ਝਿਉਰੀ.

ਧੀਵੜੀ: ਸੰਗਯਾ- ਧੀਤਾ. ਪੁਤ੍ਰੀ. ਬੇਟੀ.

ਧੁੱਸ: ਸੰਗਯਾ- ਜ਼ੋਰ ਨਾਲ ਧਸਣ ਦੀ ਕ੍ਰਿਯਾ। ੨. ਧੱਕਾ.

ਧੁੱਸਾ: ਸੰਗਯਾ- ਸੰ. ਦ੍ਵਿਸ਼ਾਟ. ਦੋ ਵਾਰ ਦਾ ਉਂਨੀ ਵਸਤ੍ਰ, ਜੋ ਦੋ ਤਹਿ ਦਾ ਹੁੰਦਾ ਹੈ। ੨. ਇੱਕ ਖਤ੍ਰੀ ਜਾਤਿ.

ਧੁੱਸੀ: ਸੰਗਯਾ- ਬਲ ਨਾਲ ਧਸਣ ਦੀ ਕ੍ਰਿਯਾ। ੨. ਧੁੜਧੁੜੀ ਕੰਪ. "ਧੁੱਸੀ ਲੀਤੀ ਦੇਖ ਕੁਢੰਗੈ." (ਭਾਗੁ)

ਧੁਹਣਾ, ਧੁਹਨਾ: ਕ੍ਰਿ- ਧੋਖਾ ਦੇਣਾ. ਦ੍ਰੋਹ ਕਰਨਾ. "ਵੇਖਦਿਆ ਹੀ ਮਾਇਆ ਧੁਹਿਗਈ." (ਵਾਰ ਸਾਰ ਮਃ ੪) "ਅੰਤਿਕਾਲਿ ਤਿਥੈ ਧੁਹੈ, ਜਿਥੈ ਹਥੁ ਨ ਪਾਇ." (ਸਵਾ ਮਃ ੩)

ਧੁਕ: ਸੰਗਯਾ- ਧੜਕਾ. ਖਟਕਾ। ੨. ਭਾਰੀ ਵਸਤੂ ਦੇ ਡਿਗਣ ਦੀ ਧੁਨਿ. ਧਮਧਮ. "ਧੁਕ ਧੁਕ ਪਰੈਂ ਕਬੰਧ ਭੂਅ." (ਚੰਡੀ ੨) ੩. ਪਤਨ. ਡਿਗਣ ਦਾ ਭਾਵ.

ਧੁੰਕ: ਸੰਗਯਾ- ਨਗਾਰੇ ਆਦਿ ਦੀ ਧੁੰਕਾਰ. ਗੰਭੀਰ ਧੁਨਿ. "ਧੁੰਕੇ ਨਿਸਾਨ." (ਵਿਚਿਤ੍ਰ)

ਧੁਕਣੁ: ਸਿੰਧੀ. ਧਿਕਣੁ. ਕ੍ਰਿ- ਧਕੇਲਬਾਜ਼ੀ ਕਰਨਾ. ਨੱਠਣਾ. ਦੌੜਨਾ. ਇਸ ਦਾ ਮੂਲ ਸੰਸਕ੍ਰਿਤ "ਦ੍ਰੁਤਗਮਨ" ਹੈ. "ਕੋਠੇ ਧੁਕਣੁ ਕੇਤੜਾ?" (ਸ. ਫਰੀਦ)

ਧੁਕਧੁਕੀ: ਸੰਗਯਾ- ਛਾਤੀ ਅਤੇ ਪੇਟ ਦੇ ਮੱਧ ਦੀ ਗਹਿਰਾਈ. ਕੌਡੀ। ੨. ਕਲੇਜੇ ਦੇ ਧੜਕਨ ਦੀ ਹਰਕਤ. ਭੈ ਨਾਲ ਦਿਲ ਦੇ ਧੜਕਨ ਦੀ ਕ੍ਰਿਯਾ। ੩. ਛਾਤੀ ਪੁਰ ਲਟਕਣ ਵਾਲੀ ਜੜਾਊ ਚੌਕੀ, ਜੋ ਗਲ ਪਹਿਰੀਦੀ ਹੈ. "ਇਕ ਧੁਕਧੁਕੀ ਮੇਲ ਬਹੁ ਕੇਰੀ." (ਗੁਪ੍ਰਸੂ)

ਧੁੰਕਾਰ: ਸੰਗਯਾ- ਧੌਂਸੇ ਆਦਿ ਦੀ ਧਮਕ. "ਧੌਸਾ ਕੀ ਧੁੰਕਾਰ ਧਰਾਧਰ ਧਸਕਤ ਹੈ." (ਕਵਿ ੫੨)

ਧੁਖਣਾ, ਧੁਖਨਾ: (ਸੰ. ਧੁਕ੍ਸ਼- ਧੁਕ੍ਸ਼. ਧਾ- ਮਚਾਉਣਾ, ਜਲਾਉਣਾ, ਥਕਜਾਣਾ). ਕ੍ਰਿ- ਸੁਲਗਣਾ. ਹੌਲੀ- ਹੌਲੀ ਮੱਚਣਾ. "ਅਗਨਿ ਨ ਅੰਤਰਿ ਧੁਖੀ." (ਸੋਰ ਮਃ ੫) "ਧੁਖਾਂ ਜਿਉ ਮਾਲੀਹ." (ਸ. ਫਰੀਦ) ੨. ਥਕ ਜਾਣਾ. "ਰਾਤੀ ਵਡੀਆ ਧੁਖਿ ਧੁਖਿ ਉਠਨਿ ਪਾਸ." (ਸ. ਫਰੀਦ) ਇੱਕ ਪਾਸੇ ਪਇਆਂ ਅੰਗ ਥੱਕ ਜਾਂਦੇ ਹਨ.

ਧੁਖਾ: ਸੰਗਯਾ- ਸੰਤਾਪ. "ਸਭਨਾ ਦੇ ਜੀਅ ਅੰਦਰ ਧੁਖਾ." (ਭਾਗੁ) ਦੇਖੋ, ਧੁਖਣਾ.

ਧੁਖਾਉਣਾ, ਧੁਖਾਰਨਾ: ਕ੍ਰਿ- ਜਲਾਉਣਾ. ਮਚਾਉਣਾ. ਦੇਖੋ, ਧੁਖਣਾ. "ਚਰਚਹਿਂ ਚੰਦ ਨ ਧੂਪ ਧੁਖਾਰਹਿਂ." (ਨਾਪ੍ਰ

ਧੁਖਿ: ਧੁਖਕੇ. ਥਕਕੇ. ਦੇਖੋ, ਧੁਖਣਾ.

ਧੁਖੁ: ਸੰਗਯਾ- ਜਲਨ. ਸੰਤਾਪ. ਦੁੱਖ. ਦੇਖੋ, ਧੁਖਣਾ. "ਜਨਮ ਮਰਨ ਫਿਰਿ ਗਰਭ ਨ ਧੁਖੁ." (ਟੋਡੀ ਮਃ ੧)

ਧੁਗਧੁਗੀ: ਦੇਖੋ, ਧੁਕਧੁਕੀ. "ਕਲਗੀ ਔਰ ਧੁਗਧੁਗੀ ਆਨੀ." (ਗੁਰੁਸੋਭਾ)

ਧੁੰਗਾਰਨਾ: ਕ੍ਰਿ- ਸੁਗੰਧ ਵਾਲਾ ਧੂੰਆਂ ਦੇਕੇ ਸੁਗੰਧਿਤ ਕਰਨਾ. ਕਿਸੇ ਪਾਤ੍ਰ ਵਿੱਚ, ਭੋਜਨ ਨੂੰ ਮਸਾਲੇ ਦੀ ਖ਼ੁਸ਼ਬੂ ਦੇਣ ਲਈ ਧੂਆਂ ਕਰਨਾ.

ਧੁਜ: ਸੰ. ਧ੍ਵਜ. ਸੰਗਯਾ- ਝੰਡਾ. ਨਿਸ਼ਾਨ. ਦੇਖੋ, ਧ੍ਵਜ। ੨. ਡਿੰਗ. ਕਲਾਲ.

ਧੁਜਈਆ: ਵਿ- ਧੁਜਾ (ਧ੍ਵਜ) ਧਰੈਯਾ. ਨਿਸ਼ਾਨਧਾਰੀ.

ਧੁਜਨੀ: ਸੰ. ਧ੍ਵਜਿਨੀ. ਸੰਗਯਾ- ਨਿਸ਼ਾਨ ਵਾਲੀ, ਫ਼ੌਜ. ਸੈਨਾ. "ਭਾਜ ਗਈ ਧੁਜਨੀ ਸਭੈ ਰਹਯੋ ਨ ਕਛੂ ਉਪਾਉ." (ਚੰਡੀ ੧) ੨. ਖਾਸ ਗਿਣਤੀ ਦੀ ਫੌਜ. ੧੬੨ ਹਾਥੀ, ੧੬੨ ਰਥ, ੪੮੬ ਘੋੜੇ, ੮੧੦ ਪਿਆਦੇ। ੩. ਰਿਆਸਤਾਂ ਦੀ ਉਹ ਹੱਦ, ਜਿਸ ਤੇ ਬਿਰਛਾਂ ਦੀ ਕਤਾਰ ਲਾਈ ਜਾਵੇ.

ਧੁਜਾ: ਦੇਖੋ, ਧੁਜ ਅਤੇ ਧ੍ਵਜ.

ਧੁਜਾ ਸੇਤਿ: ਸ੍ਵੇਤ ਧ੍ਵਜਾ. ਭਾਵ- ਕੀਰਤੀ ਦਾ ਝੰਡਾ. "ਧੁਜਾ ਸੇਤਿ ਬੈਕੁੰਠ ਬੀਣਾ." (ਸਵੈਯੇ ਮਃ ੩. ਕੇ) ਆਪ ਦਾ ਚਿੱਟਾ ਝੰਡਾ ਬੈਕੁੰਠ ਵਿੱਚ ਦੇਖਿਆ ਜਾਂਦਾ ਹੈ.

ਧੁਜਿਨੀ: ਦੇਖੋ, ਧੁਜਨੀ.

ਧੁਜੀ: ਦੇਖੋ, ਧ੍ਵਜੀ.

ਧੁੱਟਾ: ਸ਼੍ਰੀ ਗੁਰੁ ਅਰਜਨਦੇਵ ਦਾ ਸਿੱਖ, ਜਿਸ ਨੇ ਅਮ੍ਰਿਤ ਸਰੋਵਰ ਬਣਨ ਸਮੇਂ ਵਡੀ ਸੇਵਾ ਕੀਤੀ.

ਧੁਣਕਵਾਉ, ਧੁਣਖਵਾਉ: ਸ਼ੰ. ਧੁਨਵੰਤ. ਸੰਗਯਾ- ਇੱਕ ਵਾਤ ਰੋਗ, ਜਿਸ ਨਾਲ ਪੱਠੇ ਖਿਚਕੇ ਸ਼ਰੀਰ ਧਨੁਖ (ਕਮਾਣ) ਵਾਂਙ ਝੁਕ ਜਾਵੇ. كُزاز ਕੁਜ਼ਾਜ਼. Tetanus. ਡਾਕਟਰ ਇਸ ਰੋਗ ਦੇ ਇੱਕ ਪ੍ਰਕਾਰ ਦੇ ਕ੍ਰਿਮਿ (ਅਣੁਕੀਟ) Bacillus of Tetanus ਮੰਨਦੇ ਹਨ, ਜਿਨ੍ਹਾਂ ਦੇ ਕਾਰਣ ਇਹ ਰੋਗ ਹੁੰਦਾ ਹੈ.

ਧਨੁਰਵਾਤ ਨਾਲ ਸ਼ਰੀਰ ਦਾ ਕਦੇ ਬਾਹਰ ਨੂੰ ਝੁਕਾਉ ਹੁੰਦਾ ਹੈ, ਕਦੇ ਅੰਦਰ ਨੂੰ ਅਤੇ ਕਦੇ ਡੰਡੇ ਦੀ ਤਰ੍ਹਾਂ ਸ਼ਰੀਰ ਸਿੱਧਾ ਹੀ ਆਕੜ ਜਾਂਦਾ ਹੈ. ਇਹ ਰੋਗ ਸੱਟ ਅਤੇ ਫੱਟ ਦੇ ਵਿਗਾੜ ਨਾਲ ਭੀ ਹੋਇਆ ਕਰਦਾ ਹੈ. ਕਦੇ ਇਹ ਰੋਗ ਦੌਰੇ ਨਾਲ ਆਉਂਦਾ ਹੈ ਕਦੇ ਮਰਣ ਤਕ ਪਿੱਛਾ ਨਹੀਂ ਛਡਦਾ. ਬਾਲਕਾਂ ਨੂੰ ਇਹ ਰੋਗ ਅਕਸਰ ਦੋਰੇ ਨਾਲ ਹੁੰਦਾ ਹੈ. ਬੁੱਢਿਆਂ ਲਈ ਧੁਣਖਵਾਉ ਬਹੁਤ ਭੈਦਾਇਕ ਹੈ. ਇਸ ਰੋਗ ਦਾ ਇਲਾਜ ਸਿਆਣੇ ਤਜਰਬੇਕਾਰ ਆਦਮੀ ਤੋਂ ਕਰਾਉਣਾ ਚਾਹੀਏ. ਇਸ ਦੇ ਸਾਧਾਰਣ ਇਲਾਜ ਇਹ ਹਨ- ਸ਼ੁੱਧ ਕੁਚਲੇ ਅਤੇ ਮਿੱਠੇ ਤੇਲੀਏ ਵਾਲੀਆਂ ਗੋਲੀਆਂ ਦਾ ਸੇਵਨ. ਲਸਨ ਦੀ ਖੀਰ ਖਾਣੀ. ਨਾਰਾਯਾਣੀ ਤੇਲ, ਤੇਲ

ਕੁਠ ਬਬੂਨਾ, ਤੇਲ ਤਾਰਪੀਨ, ਤੇਲ ਜੈਤੂਨ ਦੀ ਮਾਲਿਸ਼ ਕਰਨੀ. ਤਿਲਾਂ ਦੇ ਤੇਲ ਵਿੱਚ ਅਫੀਮ ਮਿਲਾਕੇ ਮਾਲਿਸ਼ ਕਰਨੀ.

ਸ਼ਿੰਗਰਫ ਰੂਮੀ ਇੱਕ ਤੋਲਾ, ਕਸਤੂਰੀ, ਕੇਸਰ, ਜਵਿਤ੍ਰੀ, ਅਕਰਕਰਾ, ਲੌਂਗ, ਜਾਫਲ, ਦਾਲਚੀਨੀ, ਸੁਇਨੇ ਦੇ ਵਰਕ, ਇਹ ਸਭ ਤਿੰਨ ਤਿੰਨ ਮਾਸ਼ੇ ਲੈਕੇ ਅਦਰਕ ਦੇ ਰਸ ਵਿੱਚ ਚਾਲੀ ਪਹਿਰ ਖਰਲ ਕਰਕੇ ਰੱਤੀ ਰੱਤੀ ਦੀਆਂ ਗੋਲੀਆਂ ਬਣਾਕੇ ਇੱਕ ਗੋਲੀ ਸਵੇਰੇ ਇੱਕ ਰਾਤ ਨੂੰ ਮਲਾਈ ਵਿੱਚ ਲਪੇਟਕੇ ਕੋਸੇ ਦੁੱਧ ਨਾਲ ਖਾਣ ਤੋਂ ਧੁਣਖਵਾਉ ਮਿਟ ਜਾਂਦਾ ਹੈ.

ਇਸ ਰੋਗ ਵਿੱਚ ਗਰਮ ਤਰ ਮੇਵਾ ਅਤੇ ਲਸਨ, ਅਦਰਕ ਆਦਿ ਦਾ ਖਾਣਾ ਲਾਭਦਾਇਕ ਹੈ.

ਧੁਣਨ: ਸੰ. ਧੁਨਨ. ਸੰਗਯਾ- ਹਿਲਾਉਣ ਦੀ ਕ੍ਰਿਯਾ. ਕੰਬਾਉਣ (ਕੰਪਨ) ਦਾ ਭਾਵ. "ਹਾਥ ਪਛੋੜੈ ਸਿਰ ਧੁਣੈ." (ਤਿਲੰ ਮਃ ੧)

ਧੁਤੀਆ: ਸੰਗਯਾ- ਧੋਤੀ. ਤੇੜ ਦੀ ਚੱਦਰ.

ਧੁੰਦ: ਸੰਗਯਾ- ਧੂਮ ਕਰਕੇ ਅੰਧਕਾਰ. ਹਵਾ ਵਿੱਚ ਧੂੰਆਂ ਅਤੇ ਗਰਦ ਮਿਲਕੇ ਹੋਇਆ ਹਨੇਰਾ। ੨. ਸੀਤ ਦੇ ਕਾਰਣ ਹਵਾ ਵਿੱਚ ਜਮੇ ਹੋਏ ਜਲਕਣ. ਕੁਹਰਾ (mist) ੩. ਦੇਖੋ, ਧੁੰਧ.

ਧੁੱਦਲ: ਸੰਗਯਾ- ਦਲਿਤ ਧੂਲਿ. ਪੈਰਾਂ ਨਾਲ ਬਾਰੀਕ ਪਿਸੀ ਹੋਈ ਰਾਹ ਦੀ ਮਿੱਟੀ। ੨. ਦਲ (ਸੈਨਾ) ਦੇ ਚਲਣ ਤੋਂ ਪੈਦਾ ਹੋਈ ਧੂਲਿ (ਧੂੜ).

ਧੁੰਧ: ਦੇਖੋ, ਧੁੰਦ। ੨. ਇੱਕ ਨੇਤ੍ਰਰੋਗ, ਜਿਸ ਕਰਕੇ ਧੁੰਧਲਾ ਨਜਰ ਆਉਂਦਾ ਹੈ. "ਨੇਤ੍ਰੀ ਧੁੰਧਿ ਕਰਨ ਭਏ ਬਹਰੇ." (ਭੈਰ ਮਃ ੧) ੩. ਦੇਖੋ, ਧੁੰਦ ੨। ੩. ਭਾਵ- ਅਵਿਦਯਾ. "ਸਤਿਗੁਰੁ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗਿ ਚਾਨਣ ਹੋਆ." (ਭਾਗੁ)

ਧੁੰਧਰਾਨਾ: ਕ੍ਰਿ- ਧੂਲਿ ਉੜਾਨਾ. "ਇਨ ਮੁੰਡੀਅਨ ਮੇਰਾ ਘਰ ਧੁੰਧਰਾਵਾ." (ਆਸਾ ਕਬੀਰ) ੨. ਧੁੰਦਲਾ ਕਰਨਾ. ਹਨੇਰਾ ਕਰਨਾ.

ਧੁੰਧਲਾ: ਕ੍ਰਿ- ਧੁੰਦ ਵਾਲਾ. ਧੁੰਧ ਸਹਿਤ। ੨. ਧੁੰਧ ਰੰਗਾ. ਦੂਧੀਆ ਕਾਸਨੀ. ਖ਼ਾਕੀ. "ਨਾ ਮੈਲਾ ਨਾ ਧੁੰਧਲਾ ਨਾ ਭਗਵਾ." (ਵਾਰ ਮਾਰੂ ੧. ਮਃ ੧)

ਧੁੰਧਾਰ: ਧੂਮਧਾਰਾ ਦਾ ਸੰਖੇਪ, ਧੂੰਏਂ ਦੀ ਧਾਰਾ.

ਧੁੰਧਿ: ਦੇਖੋ, ਧੁੰਧ। ੨. ਧੁੰਧ ਦੇ ਕਾਰਣ. ਧੁੰਧ ਕਰਕੇ.

ਧੁੰਧੁ: ਸੰ. धुन्धु. ਸੰਗਯਾ- ਇੱਕ ਰਾਖਸ ਜੋ ਮਧੁ ਦਾ ਪੁਤ੍ਰ ਸੀ. ਹਰਿਵੰਸ਼ ਵਿੱਚ ਲਿਖਿਆ ਹੈ ਕਿ ਇਹ ਰੇਤਲੀ ਜ਼ਮੀਨ ਹੇਠ ਲੁਕਕੇ ਸੰਸਾਰ ਨੂੰ ਨਾਸ਼ ਕਰਨ ਦੀ ਇੱਛਾ ਨਾਲ ਘੋਰ ਤਪ ਕਰ ਰਿਹਾ ਸੀ. ਇਸ ਦੇ ਸ੍ਵਾਸਾਂ ਤੋਂ ਉਠੀ ਹਨੇਰੀ ਅਰ ਨੱਕ ਤੋਂ ਨਿਕਲੇ ਅੰਗਿਆਰ ਜਗਤ ਨੂੰ ਜਦ ਦੁੱਖ ਦੇਣ ਲੱਗੇ, ਤਦ ਉਤੰਕ ਰਿਖੀ ਨੇ ਰਾਜਾ ਕੁਵਲਯਾਸ਼੍ਵ ਨੂੰ ਧੁੰਧੁ ਦੇ ਮਾਰਨ ਲਈ ਪ੍ਰੇਰਿਆ, ਅਰ ਵਿਸ਼ਨੁ ਭਗਵਾਨ ਨੇ ਰਾਜੇ ਦੀ ਦੇਹ ਵਿੱਚ ਪ੍ਰਵੇਸ਼ ਕਰਕੇ ਕੁਵਲਯਾਸ਼੍ਵ ਦੇ ਬਲ ਨੂੰ ਹੋਰ ਭੀ ਵਧਾਇਆ. ਰਾਜਾ ਆਪਣੇ ਸੌ ਪੁਤ੍ਰ ਨਾਲ ਲੈਕੇ ਧੁੰਧੁ ਦੇ ਮਾਰਣ ਲਈ ਗਿਆ, ਜਿਨ੍ਹਾਂ ਵਿੱਚੋਂ ੯੭ ਰਾਖਸ ਦੇ ਸ੍ਵਾਸਾਂ ਨਾਲ ਭਸਮ ਹੋ ਗਏ. ਅੰਤ ਨੂੰ ਕੁਵਲਯਾਸ਼੍ਵ ਨੇ ਧੁੰਧੁ ਮਾਰ ਲਿਆ ਅਰ ਜਗਤ ਵਿੱਚ "ਧੁੰਧੁਮਾਰ" ਨਾਮ ਤੋਂ ਪ੍ਰਸਿੱਧ ਹੋਇਆ.

ਧੁੰਧੁਮਾਰ: ਰਾਜਾ ਕੁਵਲਯਾਸ਼੍ਵ. ਦੇਖੋ, ਧੁੰਧੁ.

ਧੁੰਧੂਕਾਰ: ਸੰ. ਧ੍ਵਾਂਤਕਾਰ. ਸੰਗਯਾ- ਅੰਧਕਾਰ. ਹਨੇਰਾ। ੨. ਜਗਤਰਚਨਾ ਤੋਂ ਪਹਿਲਾਂ ਉਹ ਸਮਾਂ, ਜਦ ਚੰਦ੍ਰ ਸੂਰਯ ਆਦਿ ਦੀ ਰੋਸ਼ਨੀ ਨਹੀਂ ਸੀ. "ਧੁੰਧੂਕਾਰ ਨਿਰਾਲਮ ਬੈਠਾ." (ਮਾਰੂ ਸੋਲਹੇ ਮਃ ੧)

ਧੁੰਧੂਪੰਤ: ਦੇਖੋ, ਨਾਨਾ ੫।

ਧੁਨ: ਸੰ. ਸੰਗਯਾ- ਕੰਪ. ਕੰਬਣ ਦੀ ਕ੍ਰਿਯਾ। ੨. ਮਨ ਦਾ ਤਰੰਗ. ਖ਼ਿਆਲ। ੩. ਦੇਖੋ, ਧੁਨਿ.

ਧੁਨਕਾਰ: ਦੇਖੋ, ਧੁਨਿਕਾਰ.

ਧੁਨਕੀ: ਦੇਖੋ, ਧੁਨਖੀ.

ਧੁਨਖਣਾ: ਦੇਖੋ, ਧੁਨਨਾ. "ਤਹਿਂ ਇਕ ਰੂਮ ਧੁਨਖਤੇ ਲਹਾ." (ਦੱਤਾਵ)

ਧੁਨਖੀ: ਸੰਗਯਾ- ਧਨੁਖ ਦੇ ਆਕਾਰ ਦਾ ਇੱਕ ਯੰਤ੍ਰ, ਜਿਸ ਨਾਲ ਪੀਂਜਾ (ਧੁਨੀਆ) ਰੂੰ ਧੁਨਨ ਕਰਦਾ (ਪਿੰਜਦਾ) ਹੈ. ਤੁਲਚਾਪ.

ਧੁਨਨਾ: ਕ੍ਰਿ- ਕੰਬਾਉਣਾ, "ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈ ਹੈ." (ਗੂਜ ਕਬੀਰ) ੨. ਧੁਨਖੀ ਨਾਲ ਰੂੰ ਨੂੰ ਤਾੜਨ ਅਤੇ ਸਾਫ ਕਰਨਾ. ਦੇਖੋ, ਧੁਣਨ ਅਤੇ ਧੁਨ.

ਧੁਨਿ: ਸੰਗਯਾ- ਦੇਖੋ, ਧੁਨੀ। ੨. ਸੰ. ਧ੍ਵਨਿ. ਸ਼ਬਦ. ਨਾਦ. "ਧੁਨਿ ਵਾਜੇ ਅਨਹਦ ਘੋਰਾ." (ਰਾਮ ਮਃ ੧) ੩. ਸੁਰਾਂ ਦਾ ਆਲਾਪ. "ਬਹੁ ਗੁਨਿ ਧੁਨਿ, ਮੁਨਿ ਜਨ ਖਟਬੇਤੇ." (ਆਸਾ ਮਃ ੫) ਸੰਗੀਤ ਵਿਦਯਾ ਦੇ ਗੁਣੀ ਅਤੇ ਖਟਸ਼ਾਸਤ੍ਰਵੇੱਤਾ ਮੁਨਿਜਨ.

ਧੁਨਿਕਾਰ: ਸੰਗਯਾ- ਧ੍ਵਨਿਕਰਤਾ, ਵਾਜਾ. ਵਾਦਿਤ੍ਰ. "ਪੰਚ ਸਬਦ ਧੁਨਿਕਾਰ ਧੁਨਿ." (ਵਾਰ ਮਲਾ ਮਃ ੧)

ਧੁਨਿਤ: ਸੰ. ਧ੍ਵਨਿਤ. ਵਿ- ਸ਼ਬਦਿਤ. ਆਲਾਪਿਤ ਵਜਾਇਆ ਹੋਇਆ. "ਅਨਿਕ ਧੁਨਿਤ ਲਲਿਤ ਸੰਗੀਤ." (ਸਾਰ ਅਃ ਮਃ ੫)

ਧੁਨਿਨੀ: ਸੰਗਯਾ- ਧ੍ਵਨਿ ਕਰਨ ਵਾਲੀ. ਸ਼ੋਰ ਮਚਾਉਣ ਵਾਲੀ, ਸੈਨਾ. (ਸਨਾਮਾ) ੨. ਨਦੀ.

ਧੁਨੀ: ਸੰ. ਸੰਗਯਾ- ਨਦੀ ਦਰਿਆ। ੨. ਸੰ. ਧ੍ਵਨਿ. ਸ਼ਬਦ. ਨਾਦ. "ਅਨਹਦ ਧੁਨੀ ਦਰਿ ਵਜਦੇ." (ਸ੍ਰੀ ਮਃ ੪) ੩. ਆਵਾਜ਼ ਦੀ ਗੂੰਜ। ੪. ਕਾਵ੍ਯ ਅਨੁਸਾਰ ਉਹ ਗੂਢ ਅਰਥ ਦਾ ਭਾਵ, ਜੋ ਅੱਖਰਾਂ ਦੇ ਅਰਥ ਤੋਂ ਭਿੰਨ ਵ੍ਯੰਜਨਾ ਸ਼ਕਤਿ ਦ੍ਵਾਰਾ ਪ੍ਰਗਟ ਹੋਵੇ, ਜਿਵੇਂ- "ਮੇਟੀ ਜਾਤਿ ਹੂਏ ਦਰਬਾਰਿ." (ਗੌਂਡ ਰਵਿਦਾਸ) ਇਸ ਤੋਂ ਉਹ ਧੁਨੀ (ਧ੍ਵਨਿ) ਨਿਕਲੀ ਕਿ ਜੋ ਜਾਤਿ-ਅਭਿਮਾਨੀ ਹਨ, ਉਹ ਕਰਤਾਰ ਦੇ ਦਰਬਾਰ ਦੇ ਅਧਿਕਾਰੀ ਨਹੀਂ।[655] ੫. ਗਾਉਣ ਦੀ ਧਾਰਨਾ. ਗਾਉਣ ਦਾ ਢੰਗ. ਸ਼੍ਰੀ ਗੁਰੂ ਅਰਜਨ ਸਾਹਿਬ ਨੇ ਨੌ ਵਾਰਾਂ ਅਜੇਹੀਆਂ ਚੁਣੀਆਂ, ਜਿਨ੍ਹਾਂ ਦੇ ਗਾਉਣ ਦੀ ਧਾਰਨਾ ਪੁਰਾਣੇ ਯੋਧਿਆਂ ਦੀਆਂ ਵਾਰਾਂ ਅਨੁਸਾਰ ਰਬਾਬੀਆਂ ਨੂੰ ਦੱਸੀ, ਅਰ ਪੁਰਾਣੀਆਂ ਵਾਰਾਂ ਦੇ ਪਤੇ ਵਾਰਾਂ ਦੇ ਮੁੱਢ ਲਿਖੇ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਢਾਡੀਆਂ ਤੋਂ ਇਹ ਨੌ ਧੁਨੀਆਂ ਵੀਰ ਰਸ ਦੀ ਵ੍ਰਿੱਧੀ ਲਈ ਗਵਾਈਆਂ, ਜੋ ਹੁਣ ਤੀਕ. ਟਕਸਾਲੀਏ ਰਾਗੀ ਰਬਾਬੀ ਗਾਉਂਦੇ ਹਨ. ਬਹੁਤ ਲੇਖਕਾਂ ਨੇ ਲਿਖਿਆ ਹੈ ਕਿ ਧੁਨੀਆਂ ਛੀਵੇਂ ਸਤਿਗੁਰੂ ਨੇ ਚੜ੍ਹਾਈਆਂ ਹਨ, ਪਰ ਇਹ ਅਸਤ੍ਯ ਹੈ.[656]

ਨੌ ਧੁਨੀਆਂ ਇਹ ਹਨ:-

(ੳ) ਮਾਝ ਕੀ ਵਾਰ, ਮਲਕ ਮਰੁਦੀ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ. ਮਲਿਕ ਜਾਤੀ ਦਾ ਮੁਰੀਦ ਖ਼ਾਂਨ ਅਤੇ ਸੋਹੀ ਜਾਤਿ ਦਾ ਚੰਦ੍ਰਹੜਾ ਦੋਵੇਂ ਅਕਬਰ ਦੇ ਫ਼ੌਜੀ ਸਰਦਾਰ ਆਪੋ ਵਿੱਚੀ ਵਿਰੋਧ ਰਖਦੇ ਸਨ. ਇੱਕ ਵਾਰ ਬਾਦਸ਼ਾਹ ਨੇ ਸਰਹੱਦੀ ਮੁੰਹਿਮ ਤੇ ਮਲਿਕ ਨੂੰ ਤੋਰ ਦਿੱਤਾ. ਮਾਲਿਕ ਨੇ ਵੈਰੀ ਨੂੰ ਜਿੱਤਕੇ ਮੁਲਕ ਪੁਰ ਕ਼ਬਜਾ ਕੀਤਾ ਅਤੇ ਅਮਨ ਕ਼ਾਇਮ ਕਰਨ ਲਈ ਕੁਝ ਸਮਾਂ ਉੱਥੇ ਠਹਿਰਿਆ. ਚੰਦ੍ਰਹੜਾ ਨੇ ਚਾਲਾਕੀ ਨਾਲ ਬਾਦਸ਼ਾਹ ਨੂੰ ਇਹ ਜਤਾਇਆ ਕਿ ਮਲਿਕ ਮੁਲਕ ਤੇ ਕ਼ਾਬਿਜ ਹੋਕੇ ਬਾਗ਼ੀ ਹੋਗਿਆ ਹੈ. ਇਸ ਪੁਰ ਬਾਦਸ਼ਾਹ ਨੇ ਚੰਦ੍ਰਹੜਾ ਨੂੰ ਮਲਿਕ ਦੇ ਹੋਸ਼ ਠਿਕਾਣੇ ਕਰਨ ਭੇਜਿਆ. ਦੋਵੇਂ ਯੋਧਾ ਮੈਦਾਨ ਜੰਗ ਵਿੱਚ

---

[655] ਸ਼ਬਦ ਤੋਂ ਅਰਥ, ਅਰਥ ਤੋਂ ਵ੍ਯੰਗ, ਵ੍ਯੰਗ ਤੋਂ ਧ੍ਵਨਿ ਹੋਇਆ ਕਰਦੀ ਹੈ.

[656] ਜਿੰਨ੍ਹਾਂ ਵਾਰਾਂ ਦੀਆਂ ਧੁਨੀਆਂ ਗਾਉਣ ਲਈ ਪਸੰਦ ਕੀਤੀਆਂ ਗਈਆਂ, ਉਹ ਗੁਰਮਤ ਅਨੁਕੂਲ ਹਨ ਜਾਂ ਨਹੀਂ. ਇਸ ਦਾ ਇੱਥੇ ਸਵਾਲ ਨਹੀਂ, ਕੇਵਲ ਗਾਉਣ ਦੀ ਤ਼ਰਜ਼ ਲਈ ਗਈ ਹੈ, ਜਿਵੇਂ ਲੱਛੀ ਦੇ ਗੀਤ ਦੀ ਧਾਰਣਾ ਅਨੁਸਾਰ ਕਈ ਸਿੱਖ ਸ਼ਬਦ ਗਾਂਉਂਦੇ ਹਨ. ਲੱਛੀ ਧਰਮਾਤਮਾ ਸੀ ਜਾਂ ਨਹੀਂ. ਇੱਥੇ ਇਹ ਸਵਾਲ ਕਰਨਾ ਅਗਯਾਨ ਹੈ.

ਕਟਕੇ ਮਰਗਏ. ਢਾਡੀਆਂ ਨੇ ਉਨ੍ਹਾਂ ਦੀ ਵਾਰ ਇਸ ਵਜ਼ਨ ਤੇ ਬਣਾਈ–

"ਕਾਬੁਲ ਵਿੱਚ ਮੁਰੀਦਖਾਂ ਫੜਿਆ ਬਡ ਜੋਰ,

ਚੰਦ੍ਰਹੜਾ ਲੈ ਫੌਜ ਕੋ ਚੜਿਆ ਬਡ ਤੌਰ,

ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ,

ਸਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ,

ਹੋਲੀ ਖੇਲੇ ਚੰਦ੍ਰਹੜਾ ਰੰਗ ਲੱਗੇ ਸੌਰ,

ਦੋਵੇਂ ਤਰਫਾਂ ਜੁੱਟੀਆਂ ਸਰ ਵੱਗਨ ਕੌਰ,

ਮੈ ਭੀ ਰਾਇ ਸਦਾਇਸਾਂ ਵੜਿਆ ਲਾਹੌਰ,

ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ."

ਇਸ ਨਾਲ ਅਠ ਤੁਕੀ ਪੌੜੀ ਮਾਝ ਵਾਰ ਦੀ ਦੇਖੋ– "ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ."×××

(ਅ) ਗਉੜੀ ਕੀ ਵਾਰ ਮਹਲਾ ੫. ਰਾਇ ਕਮਾਲ ਦੀ ਮੋਜਦੀ ਕੀ ਵਾਰ ਕੀ ਧੁਨੀ. ਵਾਰ ਦੇਸ਼ ਦੇ ਮਾਲਿਕ ਕਮਾਲੁੱਦੀਨ ਨੇ ਆਪਣੇ ਭਾਈ ਨੂੰ ਛਲ ਨਾਲ ਜ਼ਹਿਰ ਦੇਕੇ ਮਾਰਦਿੱਤਾ. ਉਸ ਦੀ ਇਸਤ੍ਰੀ ਨਾਬਾਲਿਗ਼ ਮੁਅ਼ੱਜ਼ੁੱਦੀਨ[657] (معزّالدین) ਨੂੰ ਲੈਕੇ ਪੇਕੇ ਘਰ ਜਾ ਰਹੀ. ਜਦ ਮੁਅ਼ੱਜ਼ੁੱਦੀਨ ਜਵਾਨ ਹੋਇਆ ਤਦ ਨਾਨਕਿਆਂ ਦੀ ਭਾਰੀ ਜਮਾਤ ਨਾਲ ਲੈਕੇ ਆਪਣੇ ਚਾਚੇ ਨੂੰ ਜੰਗ ਲਈ ਵੰਗਾਰਿਆ ਅਰ ਅਜੇਹੀ ਬਹਾਦੁਰੀ ਨਾਲ ਲੜਿਆ ਕਿ ਕਮਾਲੁੱਦੀਨ ਨੂੰ ਸੰਸਾਰ ਤਜਾਗਣਾ ਪਿਆ. ਢਾਡੀਆਂ ਨੇ ਇਸ ਜੰਗ ਦੀ ਵਾਰ ਇਸ ਵਜ਼ਨ ਪੁਰ ਰੁਚੀ:–

"ਰਾਣਾ ਰਾਇ ਕਮਾਲਦੀਂ ਰਣ ਭਾਰਾ ਬਾਹੀ,

ਮੌਜੁੱਦੀਂ ਤਲਵੰਡੀਓਂ ਚੜਿਆ ਸਾਬਾਹੀ,

ਢਾਲੀਂ ਅੰਬਰ ਛਾਇਆ ਫੁੱਲੇ ਅਕ ਕਾਹੀ,

ਜੁੱਟੇ ਆਮ੍ਹੋ ਸਾਮ੍ਹਣੇ ਨੇਜੇ ਝਲਕਾਹੀ,

ਮੌਜੇ ਘਰ ਵਾਧਾਈਆਂ ਘਰ ਚਾਚੇ ਧਾਹੀ."

ਇਸ ਨਾਲ ਧੁਨੀ ਮਿਲਾਉਣ ਲਈ ਪੰਜ ਤੁਕੀ ਪੌੜੀ ਗਉੜੀ ਵਾਰ ਦੀ ਦੇਖੋ, "ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ." ×××

(ੲ) ਆਸਾ ਕੀ ਵਾਰ. ਟੁੰਡੇ ਅਸਰਾਜੈ ਕੀ ਧੁਨੀ. ਸਾਰੰਗ ਦਾ ਪੁਤ੍ਰ ਅਸਰਾਜ ਸੀ. ਉਸ ਦੀ ਛੋਟੀ ਮਾਂ ਜੋ ਨਵਯੋਵਨਾ ਸੀ, ਅਸਰਾਜ ਤੇ ਮੋਹਿਤ ਹੋਗਈ, ਅਰ ਆਪਣੀ ਮੰਦਭਾਵਨਾ ਪ੍ਰਗਟ ਕੀਤੀ, ਪਰ ਧਰਮਾਤਮਾ ਅਸ ਨੇ ਦ੍ਰਿੜ੍ਹਤਾ ਨਾਲ ਧਰਮ ਪਾਲਿਆ. ਮਤੇਈ ਨੇ ਵਿਸ਼ਯਲੰਪਟ ਰਾਜੇ ਨੂੰ ਭੜਕਾਕੇ ਪੁਤ੍ਰ ਤੇ ਅਯੋਗ ਕਲੰਕ ਲਾਇਆ ਅਤੇ ਹੱਥ ਕਟਵਾਕੇ ਦੇਸੋਂ ਕਢਵਾ ਦਿੱਤਾ. ਦੈਵ

---

[657] ਭਾਈ ਸੰਤੋਖ ਸਿੰਘ ਆਦਿ ਲੇਖਕਾਂ ਨੇ ਰਾਜੇ ਦਾ ਨਾਉਂ ਬਿਸ਼ਨਸਿੰਘ ਲਿਖਿਆ ਹੈ, ਯਥਾ:–
"ਸਤਿਗੁਰੁ ਕੀ ਮਰਜੀ ਲਈ ਬਿਸ਼ਨਸਿੰਘ ਮਹਿਪਾਲ। ਕਰਜੋ ਕੂਚ ਆਗੇ ਚਲਜੋ ਲਖੀ ਮੁਹਿੰਮ ਵਿਸਾਲ." (ਗੁਪ੍ਰਸੂ ਰਾਸਿ ੧੨, ਅਃ ੪) ਪਰ ਇਹ ਭਾਰੀ ਭੁੱਲ ਹੈ. ਰਾਜਾ ਬਿਸ਼ਨਸਿੰਘ ਸ਼੍ਰੀ ਗੁਰੂ ਤੇਗ਼ਬਹਾਦੁਰ ਸਾਹਿਬ ਦੇ ਕਾਮਰੂਪ ਜਾਣ ਸਮੇ ਜੰਮਿਆ ਭੀ ਨਹੀਂ ਸੀ ਅਤੇ ਉਨ੍ਹਾਂ ਦੇ ਜੋਤੀਜੋਤ ਸਮਾਉਣ ਵੇਲੇ ਚਾਰ ਪੰਜ ਵਰ੍ਹੇ ਦਾ ਸੀ. ਇਸ ਸੰਬੰਧ ਵਿੱਚ ਦੇਖੋ, ਮਕਾਲਿਫ ਸਾਹਿਬ ਕ੍ਰਿਤ ਸਿੱਖ ਰੀਲੀਜਨ (The Sikh Religion) ਦੀ ਜਿਲਦ ੪. ਪੰਨਾ ੩੪੯, ਦਾ ਫੁਟਨੋਟ. ਕਰਨੈਲ ਜੇਮਸ ਟਾਡ ਰਾਜਸਥਾਨ ਵਿੱਚ ਅੰਬਰ ਦੇ ਇਤਿਹਾਸ ਅੰਦਰ ਲਿਖਦਾ ਹੈ–

Ram Singh who succeeded (Mirda Jai Singh), had the mansab of four thousand (ਚਾਰ ਹਜ਼ਾਰੀ) conferredon him, and was sent against the Assamese. Upon his death, Bishan Singh××× succeeded.

ਯੋਗ ਨਾਲ ਟੁੰਡਾ ਅਸਰਾਜ ਵਿਦੇਸ਼ ਵਿੱਚ ਜਾਕੇ ਆਪਣੇ ਸ਼ੁਭ ਗੁਣਾਂ ਦ੍ਵਾਰਾ ਸਭ ਸੰਪਦਾ ਸਹਿਤ ਹੋਗਿਆ. ਜਦ ਪਿਤਾ ਨੂੰ ਸਮਾਂ ਪਾਕੇ ਅਸਲ ਹਾਲ ਮਲੂਮ ਹੋਇਆ ਤਦ ਪੁਤ੍ਰ ਨੂੰ ਚਿੱਠੀ ਲਿਖਕੇ ਬੁਲਾਇਆ, ਪਰ ਅਸਰਾਜ ਦੀ ਮਤੇਈ ਦੇ ਪੁਤ੍ਰ ਖਾਨ ਅਤੇ ਸੁਲਤਾਨ ਨੇ ਫ਼ੌਜਾਂ ਲੈਕੇ ਵਡੇ ਭਾਈ ਦਾ ਮੁਕ਼ਾਬਲਾ ਕੀਤਾ. ਕਰਤਾਰ ਦੀ ਕ੍ਰਿਪਾ ਨਾਲ ਅਸਰਾਜ ਨੇ ਫਤੇ ਪਾਕੇ ਪਿਤਾ ਦੇ ਚਰਣਾਂ ਪੁਰ ਪ੍ਰਣਾਮ ਕੀਤਾ. ਸਾਰੰਗ ਨੇ ਪਿਛਲੀ ਆਪਣੀ ਕਰਤੂਤ ਪੁਰ ਲੱਜਿਤ ਹੋਕੇ ਅਸਰਾਜ ਨੂੰ ਰਾਜਸਿੰਘਾਸਨ ਤੇ ਬੈਠਾਕੇ ਆਪ ਏਕਾਂਤਾਸ ਅਖਤਿਆਰ ਕੀਤਾ. ਇਸ ਘਟਨਾ ਦੀ ਵਾਰ ਜੋ ਰਚੀ ਉਸ ਦੀ ਪੌੜੀ ਇਹ ਹੈ:-

ਭਬਕਿਆ ਸੇਰ ਸਰਦੂਲ ਰਾਇ ਰਣ ਮਾਰੂ ਬੱਜੇ,

ਸੁਲਤਾਨ ਖਾਨ ਬਡ ਸੂਰਮੇ ਵਿਚ ਰਣ ਦੇ ਗੱਜੇ,

ਖਤ ਲਿਖੇ ਟੰਡੇ ਅਸਰਾਜ ਨੂੰ ਪਤਸਾਹੀ ਅੱਜੇ,

ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ,

ਫਤੇ ਪਾਇ ਅਸਰਾਜ ਜੀ ਸ਼ਾਹੀ ਪਰ ਸੱਜੇ.

ਇਸ ਪੰਜ ਤੁਕੀ ਪੌੜੀ ਨਾਲ ਆਸਾ ਵਾਰ ਦੀ ਪੰਜ ਤੁਕੀ ਪੋੜੀ ਦੀ ਧੁਨੀ ਸਤਿਗੁਰੂ ਨੇ ਮਿਲਾਈ "ਆਪੀ ਨੈ ਆਪ ਸਾਜਿਓ ਆਪੀਨੈ ਰਚਿਓ ਨਾਉ."

(ਸ) ਗੂਜਰੀ ਕਾ ਵਾਰ, ਸਿਕੰਦਰ ਬਿਰਾਹਿਮ ਕੀ ਧੁਨੀ. ਸਿਕੰਦਰ ਅਤੇ ਇਬਰਾਹੀਮ ਦੋ ਇੱਕੋ ਖ਼ਾਨਦਾਨ ਦੇ ਰਈਸ ਸਨ. ਇਬਰਾਹੀਮ ਵਿਭਚਾਰੀ ਅਤੇ ਸਿਕੰਦਰ ਧਰਮਾਤਮਾ ਸੀ. ਇੱਕ ਵਾਰ ਇਬਰਾਹੀਮ ਨੇ ਕਿਸੇ ਦੀ ਕੰਨਯਾ ਦਾ ਧਰਮਭੰਗ ਕਰਨਾ ਚਾਹਿਆ. ਕੰਨਯਾ ਦਾ ਪਿਤਾ ਸਿਕੰਦਰ ਦੀ ਸ਼ਰਣ ਗਿਆ ਅਰ ਇਬਰਾਹੀਮ ਦਾ ਅਤਯਾਚਾਰ ਦੱਸਿਆ. ਸਿਕੰਦਰ ਸੈਨਾ ਲੈਕੇ ਇਬਰਾਹੀਮ ਪੁਰ ਚੜ੍ਹਆਇਆ ਅਤੇ ਜੰਗ ਜਿੱਤਕੇ ਕੈਦੀ ਕਰਲਿਆ. ਅੰਤ ਨੂੰ ਇਬਰਾਹੀਮ ਨੇ ਆਪਣੇ ਜੀਵਨ ਨੂੰ ਸੁਧਾਰਣ ਦਾ ਪ੍ਰਣ ਕਰਕੇ ਸਿਕੰਦਰ ਤੋਂ ਛੁਟਕਾਰਾ ਪਾਇਆ. ਇਸ ਪ੍ਰਸੰਗ ਦੀ ਵਾਰ ਜੋ ਬਣੀ ਉਸ ਦੀ ਪੌੜੀ ਇਹ ਹੈ:-

"ਪਾਪੀ ਖਾਨ ਬਿਰਾਮ ਪਰ ਚੜਿਆ ਸੇਕੰਦਰ,

ਭੇੜ ਦੁਹਾਂ ਦਾ ਮੱਚਿਆ ਬਡ ਰਣ ਦੇ ਅੰਦਰ,

ਫੜਿਆ ਖਾਨ ਬਿਰਾਮ ਨੂੰ ਕਰ ਬਡ ਆਡੰਬਰ,

ਬੱਧਾ ਸੰਗਲ ਪਾਇਕੈ ਜਣੁ ਕੀਲੇ ਬੰਦਰ,

ਅਪਨਾ ਹੁਕਮ ਮਨਾਇਕੈ ਛੱਡਿਆ ਜਗ ਅੰਦਰ."

ਇਸ ਪੰਜ ਤੁਕੀ ਪੌੜੀ ਨਾਲ ਗੂਜਰੀ ਦੀ ਪੰਜ ਤੁਕੀ ਪੌੜੀ ਦੇਖੋ, "ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ." ×××

(ਹ) ਵਡਹੰਸ ਕੀ ਵਾਰ ਲਲਾ ਬਹਿਲੀਮਾ ਕੀ ਧੁਨੀ. ਲਲਾ ਅਤੇ ਬਹਿਲੀਮ ਪੜੌਸੀ ਪਹਾੜੀ ਰਾਜਾ ਸਨ. ਲਲਾ ਦਾ ਇ਼ਲਾਕ਼ਾ ਖ਼ੁਸ਼ਕ ਅਰ ਬਹਿਲੀਮ ਦਾ ਸਰ ਸਬਜ਼ ਸੀ. ਇੱਕ ਵਾਰ ਬਰਸਾਤ ਕਮ ਹੋਣ ਕਰਕੇ ਲਲਾ ਨੇ ਬਹਿਲੀਮ ਤੋਂ ਨਿੱਤ ਵਹਿਣ ਵਾਲੀ ਕੂਲ੍ਹ ਦਾ ਪਾਣੀ ਮੰਗਿਆ ਅਰ ਪੈਦਾਵਾਰ ਦਾ ਛੀਵਾਂ ਹਿੱਸਾ ਦੇਣਾ ਕੀਤਾ, ਪਰ ਫਸਲ ਤਿਆਰ ਹੋਣ ਪੁਰ ਲਲਾ ਬਚਨੋਂ ਫਿਰ ਗਿਆ, ਜਿਸ ਪੁਰ ਦੋਹਾਂ ਦਾ ਯੁੱਧ ਹੋਇਆ ਅਰ ਫਤੇ ਬਹਿਲੀਮ ਦੇ ਹਿੱਸੇ ਆਈ. ਉਨ੍ਹਾਂ ਦੀ ਵਾਰ ਦੀ ਪੌੜੀ ਇਉਂ ਹੈ-

"ਕਾਲ ਲਲਾ ਦੇ ਦੇਸ ਦਾ ਖੋਇਆ ਬਹਿਲੀਮਾ,

ਹਿੱਸਾ ਛਠਾ ਮਨਾਇਕੈ ਜਲ ਨਹਿਰੋਂ ਦੀਮਾ,

ਫਿਰਾਹੁਨ ਹੁਇ ਲਲਾ ਨੇ ਰਣ ਮੰਡਿਆ ਧੀਮਾ,

ਭੇੜ ਦੁਹੁੰ ਦਿਸ ਮੱਚਿਆ ਸਟਪਟੀ ਅਜੀਮਾ,

ਸਿਰ ਧੜ ਡਿੱਗੇ ਖੇਤ ਵਿੱਚ ਜਿਉ ਵਾਹਣ ਢੀਮਾ,

ਮਾਰ ਲਲਾ ਬਹਲੀਮ ਨੇ ਰਣ ਮੇ ਧਰ ਸੀਮਾ."

ਇਸ ਛੀ ਤੁਕੀ ਪੌੜੀ ਨਾਲ ਗੁਰੂ ਸਾਹਿਬ ਨੇ ਗੂਜਰੀ ਵਾਰ ਦੀ ਛੀ ਤੁਕੀ ਪੌੜੀ ਦੀ ਧੁਨੀ ਮਿਲਾਈ- "ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ."×××

(ਕ) ਰਾਮਕਲੀ ਕੀ ਵਾਰ ਮਃ ੩, ਜੋਧੇ ਵੀਰੈ ਪੂਰਬਾਣੀ ਕੀ ਧੁਨੀ. ਪੂਰਬਾਣੀ ਰਾਜਪੂਤ ਦੇ ਪੁਤ੍ਰ ਜੋਧ ਅਤੇ ਵੀਰ ਮਸ਼ਹੂਰ ਧਾੜਵੀ ਸਨ. ਇਨ੍ਹਾਂ ਨੂੰ ਕਈ ਵਾਰ ਅਕਬਰ ਨੇ ਸ਼ਾਹੀ ਨੌਕਰ ਹੋਣ ਲਈ ਆਖਿਆ ਪਰ ਇਨ੍ਹਾਂ ਨੇ ਸਦਾ ਇਹ ਕਰਾਰਾ ਉੱਤਰ ਦਿੱਤਾ ਕਿ ਅਸੀਂ ਓਹ ਰਾਜਪੂਤ ਨਹੀਂ ਜੋ ਧੀਆਂ ਵੇਚਕੇ ਤੇਰੀ ਗ਼ੁਲਾਮੀ ਕਰਨ ਵਾਲੇ ਹਨ. ਇਹ ਚੁਭਵੀਂ ਗੱਲ ਸੁਣਕੇ ਅਕਬਰ ਨੇ ਇਨ੍ਹਾਂ ਦੀ ਆਕੜ ਭੰਨਣ ਨੂੰ ਫੌਜ ਭੇਜੀ ਅਰ ਇਹ ਦੋਵੇਂ ਭਾਈ ਬਹਾਦੁਰੀ ਨਾਲ ਮੁਕ਼ਾਬਲਾ ਕਰਕੇ ਲੜ ਮੋਏ. ਭੱਟਾਂ ਨੇ ਇਸ ਵਜ਼ਨ ਦੀ ਵਾਰ ਬਣਾਈ-

ਜੋਧ ਵੀਰ ਪੂਰਬਾਣੀਏ ਦੋ ਗੱਲਾਂ ਕਰੀ ਕਰਾਰੀਆਂ,

ਫੌਜ ਚੜਾਈ ਬਾਦਸ਼ਾਹ ਅਕਬਰ ਰਣ ਭਾਰੀਆਂ,

ਸਨਮੁਖ ਹੋਏ ਰਾਜਪੂਤ ਸ਼ੁਤਰੀ ਰਣਕਾਰੀਆਂ,

ਧੂਹ ਮਿਆਨੋ ਕੱਢੀਆਂ ਬਿਜੁੱਲਚਮਕਾਰੀਆਂ,

ਇੰਦਰ ਸਣੇ ਅਪੱਛਰਾਂ ਮਿਲ ਕਰਨ ਜੁਹਾਰੀਆਂ,

ਏਹੀ ਕੀਤੀ ਜੋਧ ਵੀਰ ਪਤਸ਼ਾਹੀ ਗੱਲਾਂ ਸਾਰੀਆਂ.

ਇਸ ਛੀ ਤੁਕੀ ਪੌੜੀ ਨਾਲ ਰਾਮਕਲੀ ਦੀ ਛੀ ਤੁਕੀ ਪੌੜੀ ਦੀ ਧੁਨਿ ਮਿਲਾਈ-

"ਸਚੈ ਤਖਤੁ ਰਚਾਇਆ ਬੈਸਣ ਕਉ ਜਾਈ."×××

(ਖ) ਸਾਰੰਗ ਕੀ ਵਾਰ. ਰਾਇ ਮਹਮੇ ਹਸਨੇ ਕੀ ਧੁਨਿ. ਮਹਿਮਾ ਹਸਨਾ ਭਟੀ ਰਾਜਪੂਤ ਸਨ. ਹਸਨਾ ਸ਼ਾਹੀ ਮੁਲਾਜ਼ਮ ਸੀ ਪਰ ਕਿਸੇ ਅਪਰਾਧ ਤੋਂ ਮੌਕੂਫ਼ ਹੋਗਿਆ ਅਰ ਮਹਿਮੇ ਦੀ ਪਨਾਹ ਲਈ. ਮਹਿਮੇ ਨੇ ਉਸ ਨੂੰ ਆਪਣਾ ਪ੍ਰਧਾਨ ਥਾਪਿਆ ਅਤੇ ਸ਼ਾਹੀ ਟੇਕ੍ਸ ਅਦਾ ਕਰਨ ਲਈ ਉਸੇ ਨੂੰ ਭੇਜਦਾ ਰਿਹਾ. ਹਸਨੇ ਨੇ ਰਾਜਕਰ (ਸਰਕਾਰੀ ਮੁਆਮਲਾ) ਸਦਾ ਆਪਣੇ ਨਾਮ ਦਾਖ਼ਿਲ ਕਰਵਾਕੇ ਮਹਿਮੇ ਨੂੰ ਗ਼ੈਰਹ਼ਾਜਿਰ ਲਿਖਵਾਇਆ. ਮੁਆਮਲਾ ਨਾ ਦੇਣ ਦੇ ਅਪਰਾਧ ਵਿਚ ਮਹਿਮਾ ਕ਼ੈਦ ਕੀਤਾ ਗਿਆ ਪਰ ਅੰਤ ਭੇਦ ਖੁਲ੍ਹ ਜਾਣ ਪੁਰ ਮਹਿਮਾ ਸ਼ਾਹੀ ਫੌਜ ਨਾਲ ਹਸਨੇ ਨੂੰ ਕਰਮਫਲ ਭੁਗਤਾਉਣ ਲਈ ਭੇਜਿਆ ਗਿਆ. ਮਹਿਮੇ ਨੇ ਫਤੇ ਪਾਕੇ ਹਸਨਾ ਕ਼ੈਦ ਕੀਤਾ, ਪਰ ਉਸ ਦੀ ਦੀਨਤਾ ਪੁਰ ਆਪਣੇ ਕ੍ਰਿਪਾਲੁ ਸੁਭਾਉ ਅਨੁਸਾਰ ਹਸਨੇ ਦਾ ਅਪਰਾਧ ਬਖ਼ਸ਼ ਦਿੱਤਾ. ਢਾਡੀਆਂ ਨੇ ਇਸ ਦੀ ਵਾਰ ਰਚੀ-

ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ,

ਡਸਨੇ ਬੇਈਮਾਨਗੀ ਨਾਲ ਮਹਿਮੇ ਥੱਟੀ,

ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ,

ਮਹਿਮੇ ਪਾਈ ਫਤੇ ਰਨ ਗਲ ਹਸਨੇ ਘੱਟੀ,

ਬੰਨ ਹਸਨੇ ਨੂੰ ਛੱਡਿਆ ਜਸ ਮਹਿਮੇ ਖੱਟੀ,

ਇਸ ਪੰਜ ਤੁਕੀ ਪੌੜੀ ਨਾਲ ਸਾਰੰਗ ਵਾਰ ਦੀ ਪੰਜਤੁਕੀ ਪੌੜੀ ਮਿਲਾਈ ਗਈ-

"ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ."

(ਗ) ਮਲਾਰ ਕੀ ਵਾਰ. ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ. ਰਾਣਾ ਕੈਲਾਸਦੇਵ ਅਤੇ ਮਾਲਦੇਵ ਰਾਜਪੂਤ, ਦੋਵੇਂ ਸਕੇ ਭਾਈ ਪਹਾੜੀ ਰਈਸ ਸਨ. ਵਡੇ ਭਾਈ ਨੇ ਰਾਜ ਪਾਕੇ ਛੋਟੇ ਭਾਈ ਨਾਲ ਅਯੋਗ ਵਰਤਾਉ ਕੀਤਾ. ਮਾਲਦੇਵ ਅਣਖ ਵਾਲਾ ਯੋਧਾ ਸੀ, ਉਸ ਨੇ ਆਪਣੇ ਰਸੂਖ਼ ਨਾਲ ਸੈਨਾ ਅਤੇ ਪ੍ਰਜਾ ਨੂੰ ਆਪਣੀ ਵੱਲ ਕਰ ਲੀਤਾ, ਅਰ ਕੈਲਾਸਦੇਵ ਨੂੰ ਜੰਗ ਵਿੱਚ ਸ਼ਿਕਸ੍ਤ ਦੇਕੇ ਰਿਆਸਤ ਦਾ ਪ੍ਰਬੰਧ ਆਪਣੇ ਹੱਥ ਲਿਆ. ਜਦ ਕੈਲਾਸ ਨੇ ਪਛਤਾਕੇ ਭਾਈ ਤੋਂ ਮੁਆ਼ਫ਼ੀ ਮੰਗੀ, ਤਦ ਧਰਮਾਤਮਾ ਮਾਲਦੇਉ ਨੇ ਅੱਧੀ ਰਿਆਸਤ ਉਸ ਦੇ ਹਵਾਲੇ ਕਰ ਦਿੱਤੀ. ਇਨ੍ਹਾਂ ਦੋਹਾਂ ਰਾਜਪੂਤ੍ਰਾਂ ਦੀ ਵਾਰ ਜੋ ਢਾਡੀਆਂ ਨੇ ਬਣਾਈ, ਉਸ ਦਾ ਨਮੂਨਾ ਇਹ ਹੈ-

"ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ,

ਨਉ ਸੈ ਨਦੀ ਨੜਿੰਨਵੇ ਰਾਣਾ ਜਲ ਕੰਧਰ,

ਢੁੱਕਾ ਰਾਇ ਅਮੀਰਦੇ ਕਰ ਮੇਘਅਡੰਬਰ,

ਆਨਤ ਖੰਡਾ ਰਾਣਿਆ ਕੈਲਾਸੇ ਅੰਦਰ,

ਬਿਜੁੱਲ ਜਜੋਂ ਚਮਕਾਣੀਆਂ ਤੇਗਾਂ ਵਿੱਚ ਅੰਬਰ,

ਮਾਲਦੇਵ ਕੈਲਾਸ ਨੂੰ ਬੰਨ੍ਹਿਆ ਕਰ ਸੰਘਰ,

ਫਿਰ ਅੱਧਾ ਧਨ ਮਾਲ ਦੇ ਛੱਡਿਆ ਗੜ੍ਹ ਅੰਦਰ,

ਮਾਲਦੇਉ ਜਸ ਖੱਟਿਆ ਜਿਉ ਸ਼ਾਹ ਸਿੰਕਦਰ."

ਇਸ ਅਠਤੁਕੀ ਪੌੜੀ ਨਾਲ ਮਲਾਰ ਵਾਰ ਦੀ ਅਠਤੁਕੀ ਧੁਨਿ ਮਿਲਾਈ "ਆਪੀ ਨੈ ਆਪੁ ਸਾਜਿ ਆਪੁ ਪਛਾਣਿਆ."×××

(ਘ) ਕਾਨੜੇ ਦੀ ਵਾਰ. ਮੂਸੇ ਕੀ ਵਾਰ ਕੀ ਧੁਨੀ. ਮੂਸਾ ਰਾਠ ਵਡਾ ਬਹਾਦੁਰ ਯੋਧਾ ਸੀ. ਉਸ ਦੀ ਮੰਗ ਕਿਸੇ ਹੋਰ ਨੇ ਵਿਆਹ ਲਈ. ਇਸ ਪੁਰ ਮੂਸੇ ਨੇ ਵੈਰੀ ਨੂੰ ਜੰਗ ਵਿੱਚ ਕ਼ੈਦ ਕਰਕੇ ਇਸਤ੍ਰੀ ਸਮੇਤ ਘਰ ਲਿਆਂਦਾ ਅਰ ਇਸਤ੍ਰੀ ਤੋਂ ਪੁੱਛਿਆ ਕਿ ਤੇਰਾ ਕੀ ਸੰਕਲਪ ਹੈ? ਉਸ ਪਤਿਵ੍ਰਤਾ ਨੇ ਕਿਹਾ ਕਿ ਮੈਂ ਉਸੇ ਦੀ ਇਸਤ੍ਰੀ ਰਹਾਂਗੀ ਜਿਸ ਨੇ ਮੈਨੂੰ ਵਿਆਹਿਆ ਹੈ ਅਤੇ ਜਿਸ ਦੇ ਘਰ ਮੈਂ ਵਸ ਚੁੱਕੀ ਹਾਂ. ਮੂਸਾ ਇਹ ਯੋਗ੍ਯ ਬਾਤ ਸੁਣਕੇ ਪ੍ਰਸੰਨ ਹੋਇਆ ਅਰ ਵੈਰੀ ਨੂੰ ਇਸਤ੍ਰੀ ਦੇਕੇ ਸਨਮਾਨ ਨਾਲ ਵਿਦਾ ਕੀਤਾ. ਇਸ ਬਹਾਦੁਰੀ ਦੀ ਵਾਰ ਜੋ ਢਾਡੀਆਂ ਨੇ ਬਣਾਈ ਉਸ ਦੀ ਪੌੜੀ ਇਹ ਹੈ-

"ਤ੍ਰੈ ਸੈ ਸੱਠ ਮਰਾਤਬਾ ਇਕ ਘੁਰਿਐ ਡੱਗੇ,

ਚੜਿਆ ਮੂਸਾ ਪਾਤਸਾਹ ਸਭ ਸੁਣਿਆ ਜੱਗੇ,

ਦੰਦ ਚਿਟੇ ਬਡ ਹਾਥੀਆਂ ਕਹੁ ਕਿੱਤ ਵਰੱਗੇ,

ਰੁੱਤ ਪਛਾਤੀ ਬਗੁਲਿਆਂ ਘਟ ਕਾਲੀ ਬੱਗੇ.

ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੇ."

ਇਸ ਪੰਜ ਤੁਕੀ ਪੌੜੀ ਨਾਲ ਕਾਨੜਾਵਾਰ ਦੀ ਪੰਜ ਤੁਕੀ ਪੌੜੀ ਦੀ ਧੁਨੀ ਮਿਲਾਕੇ ਸਤਿਗੁਰਾਂ ਨੇ ਗਾਉਣ ਦੀ ਧਾਰਣਾ ਥਾਪੀ- "ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗਜੋਗੀਆ."×××

੬. ਧੁਨਨ ਕੀਤੀ. ਹਿਲਾਈ. ਕੰਬਾਈ. "ਕੋਪ ਮੁੰਡੀ ਧੁਨੀ." (ਰਾਮਾਵ) ਕ੍ਰੋਧ ਵਿੱਚ ਸਿਰ ਹਿਲਾਇਆ. ਦੇਖੋ, ਧੁਨ ੧. ਅਤੇ ਧੁਣਨ.

ਧੁਨੀਆਂ: ਸੰਗ੍ਯਾ- ਧੂਨਨ (ਪਿੰਜਣ) ਵਾਲਾ. ਪੇਂਜਾ. ਰੂੰ ਨੂੰ ਧੁਣਖਣ ਵਾਲਾ.

ਧੁਨੀਐ: ਧ੍ਵਨਿਤ ਕਰੀਐ. ਵਜਾਈਦੇ ਹਨ. "ਅਨਹਦ ਵਾਜੇ ਧੁਨੀਐ ਰਾਮ." (ਸੂਹੀ ਛੰਤ ਮਃ ੫)

ਧੁਨੀਯਾ: ਸੰਗਯਾ- ਧੂਨਨ ਕਰਤਾ. ਰੂੰ ਨੂੰ ਕੰਬਾਉਂਣ ਵਾਲਾ ਪੇਂਜਾ. "ਜਿਸ ਤੁਲ ਧੁਨੇ ਧੁਨੀਯਾ." (ਕ੍ਰਿਸਨਾਵ)

ਧੁੰਨੀ: ਸੰਗਯਾ- ਨਾਭਿ. ਤੁੰਨ। ੨. ਜਿਲਾ ਗੁੱਜਰਾਂਵਾਲਾ, ਤਸੀਲ ਥਾਣਾ ਹ਼ਾਫਜਾਬਾਦ ਤੋਂ ਸੱਤ ਮੀਲ ਈਸ਼ਾਨ ਕੋਣ ਹੈ. ਚੱਠੇ ਦੇ ਚੱਕ ਤੀਕ ਪੱਕੀ ਸੜਕ ਹੈ, ਅੱਗੇ ਦੋ ਮੀਲ ਕੱਚਾ ਰਸਤਾ ਹੈ. ਇਸ ਪਿੰਡ ਵਿਚ ਸ਼੍ਰੀ ਗੁਰੂ ਅਮਰਦਾਸ ਜੀ ਦੇ ਜੋੜੇ ਦਾ ਇੱਕ ਪੈਰ ਹੈ ਜੋ ੧੧. ਇੰਚ ਲੰਮਾ ਅਤੇ ੩੧/੨ ਇੰਚ ਪੰਜੇ ਤੋਂ ਚੌੜਾ ਹੈ. ਭਾਈ ਚੈਨਾਮੱਲ (ਪ੍ਰਸਿੱਧ- ਪੇਰੋਮੱਲ) ਤੀਜੇ ਗੁਰੂ ਜੀ ਦਾ ਪਰਮ ਪ੍ਰੇਮੀ ਸਿੱਖ ਸੀ, ਸਤਿਗੁਰੂ ਜੀ ਨੇ ਪ੍ਰਸੰਨ ਹੋਕੇ ਉਸ ਨੂੰ ਆਪਣਾ ਜੋੜਾ ਬਖ਼ਸ਼ਿਆ. ਹੁਣ ਜੋੜੇ ਦਾ ਇੱਕ ਪੈਰ ਇੱਥੇ ਹੈ, ਦੂਜਾ ਪੈਰ ਪਿੰਡ ਮਦੂ ਤਸੀਲ ਨਾਨਕਿਆਣਾ ਸਾਹਿਬ ਵਿੱਚ ਹੈ. ਇਨ੍ਹਾਂ ਦੋਹਾਂ ਪਿੰਡਾਂ ਵਿੱਚ ਭਾਈ ਪੇਰੋਮੱਲ ਦੀ ਸੰਤਾਨ ਹੈ. ਹਜੀਰਾਂ ਦੇ ਰੋਗੀ ਬਹੁਤ ਇਨ੍ਹਾਂ ਦੋਹਾਂ ਥਾਵਾਂ ਵਿੱਚ ਜਾਕੇ ਜੋੜੇ ਨੂੰ ਆਪਣੇ ਗਲ ਨਾਲ ਛੁਹਾਉਂਦੇ ਹਨ. ਗੁਰੂ ਸਾਹਿਬ ਦਾ ਜੋੜਾ ਪਿੰਡ ਦੇ ਗੁਰਦ੍ਵਾਰੇ ਵਿੱਚ ਹੈ. ਦੇਖੋ, ਮਦੂ ੪.

ਧੁਪ: ਸੰਗਯਾ- ਆਤਪ. ਦੇਖੋ, ਧੂਪ.

ਧੁਪਘੜੀ: ਦੇਖੋ, ਘੜੀ.

ਧੁਬੀਆ: ਸੰ. ਧਾਵਕ. ਧੋਬੀ. ਵਸਤ੍ਰ ਧੋਣ ਵਾਲਾ. "ਜਸੋਂ ਧੁਬੀਆ ਸਰਿਤਾ ਤਟ ਜਾਯਕੈ ਲੈ ਪਟ ਕੋ ਪਟ ਸਾਥ ਪਛਾਰਜੇ." (ਚੰਡੀ ੧)

ਧੁਮਸ, ਧੁੰਮਸ: ਸੰਗਯਾ- ਊਧਮ। ੨. ਸ਼ੋਰ. ਡੰਡ. ਰੌਲਾ. ਦੇਖੋ, ਹੁੰਮਸ ਧੁੰਮਸ.

ਧੁਮਰਾ: ਵਿ- ਧੂਮ੍ਰ. ਧੂੰਏਂ ਰੰਗਾ. "ਧੂਰਿ ਭਰੇ ਧੁਮਰੇ ਤਨ." (ਚਰਿਤ੍ਰ ੧)

ਧੁਮਾਉਣਾ: ਕ੍ਰਿ- ਸ਼ੋਰ ਮਚਾਉਣਾ. ਊਧਮ ਕਰਨਾ। ੨. ਧੂੰਆਂ ਉਠਾਉਣਾ। ੩. ਧੂਲਿ (ਖ਼ਾਕ) ਉਡਾਉਣਾ. "ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ." (ਸੋਰ ਮਃ ੧)

ਧੁਰ: ਸੰ. ਸੰਗਯਾ- ਗੱਡੀ ਰਥ ਆਦਿ ਦੀ ਉਹ ਕੀਲੀ, ਜਿਸ ਪੁਰ ਪਹੀਆ ਫਿਰਦਾ ਹੈ. ਅਕ੍ਸ਼ (axis) ੨. ਪ੍ਰਧਾਨ ਅਸਥਾਨ. ਮੁੱਖ ਜਗਾ. "ਧੁਰ ਕੀ ਬਾਣੀ ਆਈ." (ਸੋਰ ਮਃ ੫) ੩. ਭਾਰ. ਬੋਝ। ੪. ਆਰੰਭ. ਮੁੱਢ. "ਧੁਰਹੁ ਵਿਛੁੰਨੀ ਕਿਉ ਮਿਲੈ?" (ਸ੍ਰੀ ਮਃ ੧) ੫. ਗੱਡੇ ਰਥ ਆਦਿ ਦਾ ਜੂਲਾ, ਜਿਸ ਨਾਲ ਬੈਲ ਘੋੜੇ ਆਦਿ ਜੋਤੇ ਜਾਂਦੇ ਹਨ। ੬. ਧਨ। ੭. ਪ੍ਰਾਣ.

ਧੁਰਹੁ: ਕ੍ਰਿ. ਵਿ- ਮੁੱਢੋਂ. ਸ਼ੁਰੂ ਸੇ। ੨. ਮੁੱਖ ਅਸਥਾਨ ਤੋਂ.

ਧੁਰ ਕੀ ਬਾਣੀ: ਸੰਗਯਾ- ਮੁੱਖ ਅਸਥਾਨ ਦੀ ਬਾਣੀ. ਅਕਾਲ ਪਾਸੋਂ ਆਈ ਬਾਣੀ. ਦੇਖੋ, ਧੁਰ ੨.

ਧੁਰਧਰ: ਦੇਖੋ, ਧੁਰੰਧਰ, "ਤ੍ਰਾਹਿ ਤ੍ਰਾਹਿ ਰਾਖਹੁ ਹਮ, ਧੁਰਧਰ." (ਚਰਿਤ੍ਰ ੪੦੫)

ਧੁਰਧੋਰੀ: ਦੇਖੋ, ਧੁਰੰਧਰ. "ਸਤਿਗੁਰੂ ਗੁਰੂ ਪੂਰਨ ਧੁਰਧੋਰੀ." (ਭਾਗੁ) ੨. ਦੇਖੋ, ਧੁਰ ਅਤੇ ਧੋਰੀ.

ਧੁਰਪਦ: ਦੇਖੋ, ਧ੍ਰੁਵਪਦ.

ਧੁਰਲੀ: ਸ਼ਰੀਰ ਨੂੰ ਧੂਨਨ ਕਰਕੇ (ਕੰਬਾਕੇ) ਝੁੱਟੀ ਨਾਲ ਅੱਗੇ ਵਧਣ ਦੀ ਕ੍ਰਿਯਾ, ਜਿਵੇਂ- ਉਹ ਧੁਰਲੀ ਮਾਰਕੇ ਬਾਹਰ ਆਇਆ.

ਧੁਰਲੀ ਮਾਰਨਾ: ਕ੍ਰਿ- ਦੇਖੋ, ਧੁਰਲੀ. "ਨਿਕਲਿਆ ਧੁਰਲੀ ਮਾਰ." (ਰਹਮਤਸ਼ਾਹ)

ਧੁਰਵਾ: ਸੰਗਯਾ- ਮੇਘ. ਬੱਦਲ. "ਧਾਵਤ ਤੇ ਧੁਰਵਾ ਸੇ ਦਸੋ ਦਿਸ." (ਚਰਿਤ੍ਰ ੧)

ਧੁਰਾ: ਦੇਖੋ, ਧੁਰ ੧.

ਧੁਰਾਸ: ਸੰ. धुर्यासन्- ਧੁਰ੍ਯਾਸਨ. ਉੱਚਾ ਆਸਨ. ਉੂੱਚੀ ਨਿਸ਼ਸ੍ਤ. "ਧ੍ਰਿਤਧਰ ਧੁਰਾਸ." (ਜਾਪੁ) ਧੀਰਯ ਧਾਰਨ ਵਾਲੀਆਂ ਵਿੱਚੋਂ ਉੱਚਾ ਆਸਨ ਹੈ ਜਿਸ ਦਾ.

ਧੁਰਾਹ, ਧੁਰਾਹੁ: ਧੁਰ ਤੋਂ. ਮੁੱਢ ਤੋਂ. ਮੁੱਖ ਅਸਥਾਨ ਤੋਂ. ਦੇਖੋ, ਧੁਰ. "ਆਇਆ ਮਰਣੁ ਧੁਰਾਹੁ." (ਆਸਾ ਮਃ ੪) "ਸਰਬ ਜੀਆ ਸਿਰਿ ਲੇਖੁ ਧੁਰਾਹੂੰ." (ਸੋਰ ਮਃ ੧)

ਧੁਰਿ: ਧੁਰ (ਮੁੱਢ) ਤੋਂ. "ਧੁਰਿ ਮਾਰੇ ਪੂਰੇ ਸਤਿਗੁਰੂ." (ਵਾਰ ਗਉ ੧. ਮਃ ੪) ੨. ਦੇਖੋ, ਧੁਰ.

ਧੁਰਿਯੋ: ਡਿੰਗ. ਕਰਜ ਲੈਣ ਵਾਲਾ. ਰਿਣੀ. ਮਕ਼ਰੂਜ.

ਧੁਰੀਣ: ਸੰ. ਵਿ- ਬੋਝ ਉਠਾਉਣ ਵਾਲਾ। ੨. ਪ੍ਰਧਾਨ. ਮੁਖੀਆ.

ਧੁਰੇ: ਧੁਰ ਤੋਂ. ਮੁੱਢ ਤੋਂ. "ਜਿ ਕੀਆ ਤੁਧੁ ਧੁਰੇ." (ਵਾਰ ਗੂਜ ੨. ਮਃ ੫)

ਧੁਰੋਂ: ਮੁੱਢ ਤੋਂ. ਸ਼ੁਰੂ ਤੋਂ। ੨. ਮੁੱਖ ਅਸਥਾਨ ਤੋਂ.

ਧੁਰੰਧਰ: ਸੰ. ਵਿ- ਭਾਰ ਉਠਾਉਣ ਵਾਲਾ। ੨. ਸਭ ਤੋਂ ਵਡਾ ਬਲਵਾਨ. "ਸੋਈ ਧੁਰੰਧਰ ਸੋਈ ਬਸੁੰਧਰ." (ਸਾਰ ਮਃ ੮)

ਧੁਲਨਾ: ਕ੍ਰਿ- ਧੂਲਿ ਰਹਿਤ ਹੋਣਾ. ਧੋਏ ਜਾਣਾ.

ਧੁਵੀਜੈ: ਧੋਵੀਜੈ. ਧਾਵਨ ਕਰੀਜੈ. ਦੇਖੋ, ਧਾਵ। ੨. ਧੁਆਈਐ. "ਰਾਮਾ! ਮੈ ਸਾਧੂਚਰਨ ਧੁਵੀਜੈ." (ਕਲਿ ਅਃ ਮਃ ੪) ਮੇਰੇ ਕੋਲੋਂ ਸਾਧੂ ਚਰਨ ਧੁਆਓ.

ਧੁੜਧੁੜੀ: ਸੰਗ੍ਯਾ- ਸ਼ਰੀਰ ਦਾ ਵਿਧੁਨਨ. ਦੇਹ ਦਾ ਕੰਪ, ਦੇਖੋ, ਧੁੱਸੀ ੨.

ਧੁੜਮ: ਵਿ- ਪ੍ਰਸਿੱਧ. ਜਿਸ ਦੀ ਧੁੰਮ ਚਾਰੇ ਪਾਸੇ ਹੈ. "ਕੁੜਮ ਧੁੜਮ ਬਹੁ ਭਾਈਆ." (ਮਗੋ)

ਧੂ: ਸੰ. ਧਾ- ਕੰਬਾਉਣਾ, ਹਿਲਾਉਣਾ, ਤਜਾਗਣਾ, ਨਸ਼੍ਟ ਕਰਨਾ, ਦੇਖਣਾ। ੨. ਸੰ. ਧ੍ਰੁਵ. ਸੰਗ੍ਯਾ- "ਕੇਤੇ ਧੂ ਉਪਦੇਸ." (ਜਪੁ) ਦੇਖੋ, ਉਪਦੇਸ। ੩. ਡਿੰਗ. ਮੱਥਾ। ੪. ਸਿਰ.

ਧੂਉ, ਧੂਅ: ਸੰ. ਧੂਮ. ਸੰਗ੍ਯਾ- ਧੂਆਂ. "ਧੂਉ ਨ ਨਿਕਸਿਓ ਕਾਇ," (ਸ੍ਰੀ ਮਃ ੧) ੨. ਧ੍ਰੁਵ. "ਅਟਲ ਭਇਓ ਧੂਅ ਜਾਕੈ ਸਿਮਰਨਿ." (ਸੋਰ ਮਃ ੯) "ਜਹਾ ਜਹਾ ਧੂਅ ਨਾਰਦ ਟੇਕੇ." (ਗੌਂਡ ਨਾਮਦੇਵ)

ਧੂਅਰੋ: ਵਿ- ਧੂਮ (ਧੂਏਂ) ਦਾ. "ਇਹੁ ਜਗ ਧੂਅਰੋ ਧੌਲਹਰ." (ਰਾਮਾਵ) ੨. ਸੰ. ਧੂਮ੍ਰ. ਧੂੰਏਂ ਰੰਗਾ.

ਧੂਆ, ਧੂਆਂ: ਸੰ. ਧੂਮ. ਸੰਗ੍ਯਾ- ਧੂੰਆਂ. "ਬੁਝਿਗਈ ਅਗਨਿ ਨ ਨਿਕਸਿਓ ਧੂਆ." (ਆਸਾ ਕਬੀਰ) ਸ਼ਰੀਰ ਦੀ ਗਰਮੀ ਸ਼ਾਂਤ ਹੋ ਗਈ, ਸ੍ਵਾਸਰੂਪ ਧੂੰਆਂ ਨਹੀਂ ਨਿਕਲਦਾ। ੨. ਅੰਗੀਠਾ. ਧੂਣਾ. "ਕੌਨ ਅਰਥ ਧੂਆਂ ਤੁਮ ਪਾਯਹੁ?" (ਗੁਪ੍ਰਸੂ) ੩. ਤਪਸ੍ਵੀ ਸਾਧੁ ਦੀ ਗੱਦੀ ਦਾ ਅਸਥਾਨ. ਜਿਵੇਂ- ਉਦਾ- ਸੀਨ ਸਾਧੂਆਂ ਦੇ ਚਾਰ ਧੂਏਂ. ਦੇਖੋ, ਉਦਾਸੀ.

ਧੂਅੰਧਾਰੁ: ਧੂਮ ਅਤੇ ਅੰਧਕਾਰ. ਭਾਵ ਬਹੁਤ ਗਾੜ੍ਹਾ ਹਨੇਰਾ. "ਕਲਿ ਵਿਚਿ ਧੂਅੰਧਾਰੁ ਸਾ." (ਵਾਰ ਰਾਮ ੩)

ਧੂਈ, ਧੂਈਂ: ਸੰਗ੍ਯਾ- ਧੂਮ (ਧੂਏਂ) ਦੀ ਥਾਂ. ਧੂਣੀ. "ਦਇਆ ਫਾਹੁਰੀ ਕਾਇਆ ਕਰਿ ਧੂਈ." (ਆਸਾ ਕਬੀਰ) ੨. ਧੂਮ ਦੇ ਧਾਰਣ ਵਾਲੀ, ਅਗਨਿ. "ਯੌਂ ਭਰਕੀ ਜਿਮ ਤੇਲ ਸੋ ਧੂਈ." (ਕ੍ਰਿਸਨਾਵ)

ਧੂਏ ਕਾ ਧੌਲਹਰ, ਧੂਏ ਕਾ ਪਹਾਰ: ਧੂਮ (ਧੂਏਂ) ਦਾ ਸਫੇਦ ਮਹਲ. (ਧਵਲ ਹਮੰਜ) ਅਤੇ ਧੂਮ ਦਾ ਪਹਾੜ. ਇਹ ਦ੍ਰਿਸ਼੍ਟਾਂਤ ਜਗਤ ਵਾਸਤੇ ਆਇਆ ਹੈ. ਜਿਵੇਂ- ਧੂਏਂ ਦਾ ਮਕਾਨ ਅਤੇ ਪਹਾੜ ਹਵਾ ਨਾਲ ਬਣਿਆ ਆਕਾਸ਼ ਵਿੱਚ ਤੁਰਤ ਹੀ ਮਿਟ ਜਾਂਦਾ ਹੈ, ਤਿਵੇਂ ਹੀ ਸੰਸਾਰ ਦੀ ਹਾਲਤ ਹੈ. ਦੇਖੋ, ਧੂਅਰੋ. "ਇਹੁ ਜਗੁ ਧੂਏ ਕਾ ਪਹਾਰ." (ਬਸੰ ਮਃ ੯)

ਧੂਸ: ਸੰਗਯਾ- ਧੂਹਣ (ਘਸੀਟਣ) ਦੀ ਕ੍ਰਿਯਾ। ੨. ਵਿ- ਮੂਰਖ. ਬੁੱਧਿਹੀਨ। ੩. ਡਿੰਗ. ਸੰਗਯਾ- ਰਿਆਸਤ ਦੇ ਹੁਕਮ ਦੀ ਤਾਮੀਲ ਕਰਾਉਣ ਲਈ ਕਿਸੇ ਪੁਰ ਭੇਜੀ ਹੋਈ ਸਵਾਰਾਂ ਦੀ ਟੋਲੀ, ਜੋ ਹੁਕਮ ਮਨਾਏ ਬਿਨਾ ਉਸ ਦੇ ਦਰੋਂ ਨਹੀਂ ਹਿਲਦੀ.

ਧੂਸਨ: ਦੇਖੋ, ਧ੍ਵੰਸਨ.

ਧੂਸਰ: ਸੰ. ਵਿ- ਧੂੜਰੰਗਾ. ਖ਼ਾਕੀ. "ਲਗੀ ਧੂਰਿ ਤਨ ਧੂਸਰ ਹੋਏ." (ਨਾਪ੍ਰ) ੨. ਸੰਗਯਾ- ਗਧਾ। ੩. ਊਂਟ। ੪. ਬਾਣੀਆਂ ਦੀ ਇੱਕ ਜਾਤਿ। ੫. ਡਿੰਗ. ਤੇਲੀ. ਤੈਲਕ.

ਧੂਹ: ਸੰਗਯਾ- ਖਿੱਚ. ਕਸ਼ਿਸ਼। ੨. ਧੂਹਣਾ ਕ੍ਰਿਯਾ ਦਾ ਅਮਰ। ੩. ਧੂਹਿ ਦੀ ਥਾਂ ਭੀ ਧੂਹ ਸ਼ਬਦ ਵਰਤਿਆ ਹੈ. ਧੂਹਕੇ. ਖਿੱਚਕੇ. "ਧੂਹ ਕ੍ਰਿਪਾਣਾਂ ਤਿੱਖਿਆਂ." (ਚੰਡੀ ੩) ਦੇਖੋ, ਧੂਹਿ.

ਧੂਹਣਾ, ਧੂਹਨਾ: ਕ੍ਰਿ- ਖਿੱਚਣਾ। ੨. ਘਸੀਟਣਾ.

ਧੂਹਰਾ: ਵਿ- ਧੂਲਿ. (ਧੂੜ) ਨਾਲ ਲਿਪਟਿਆ ਹੋਇਆ. ਧੂਸਰ। ੨. ਧੂਲਿਰੰਗਾ. ਖਾਕੀ. "ਧੂਲਿ ਲਪੇਟੇ ਧੂਰੇ." (ਚੰਡੀ ੩)

ਧੂਹੜ: ਧੂਲਿ. ਗਰਦ। ੨. ਡਿੰਗ. ਬੱਦਲ ਦੀ ਗਰਜ.

ਧੂਹਿ: ਧੂਹਕੇ. ਖਿੱਚਕੇ. "ਕਾਢੀ ਨਰਕ ਤੇ ਧੂਹਿ." (ਸਾਰ ਮਃ ੫)

ਧੂਜਤ: ਕੰਬਾਉਂਦਾ. ਹਿਲਾਉਂਦਾ. ਥਰਕਾਉਂਦਾ. ਦੇਖੋ, ਧੂ. "ਧੂਜਤ ਹੈਂ ਪੰਖਨ ਅਨੰਦ ਉਮਗਾਯੋ ਹੈ." (ਗੁਪ੍ਰਸੂ)

ਧੂਣਾ, ਧੂਣੀ: ਸੰਗਯਾ- ਧੂਮਸ੍ਥਾਨ. ਧੂਆਂ. ਧੂਈਂ. ਦੇਖੋ, ਧੂਆਂ.

ਧੂਤ: ਸੰ. ਵਿ- ਕੰਬਿਆ ਹੋਇਆ। ੨. ਤਜਾਗਿਆ। ੩. ਝਿੜਕਿਆ. ਅਪਮਾਨਿਤ. "ਤਿਮ ਭਾਗੇ ਗੁਰੁ ਢਿਗ ਅਘ ਧੂਤਾ." (ਗੁਪ੍ਰਸੂ)

ਧੂਤਪਾਪ: ਸੰ. ਵਿ- ਜਿਸ ਦੇ ਪਾਪ ਦੂਰ ਹੋ ਗਏ ਹਨ.

ਧੂਤਾ: ਦੇਖੋ, ਧੂਤ। ੨. ਸੰ. ਵਹੁਟੀ. ਭਾਰਯਾ.

ਧੂਤੀ: ਢੇਡੀ, ਤੂਤੀ, ਤੂਧੀ ਇਸੇ ਪੰਛੀ ਦੇ ਨਾਮ ਹਨ. ਧੂਤੀ ਮਦੀਨ ਹੈ, ਧੂਤਾ ਨਰ ਹੈ. Hobby. ਦੇਖੋ, ਢੇਡੀ ਅਤੇ ਤੂਧੀ.

ਧੂਨਨ: ਸੰ. ਕੰਬਾਉਂਣ ਦੀ ਕ੍ਰਿਯਾ. ਥਰਥਰਾਹਟ.

ਧੂਨਾ, ਧੂਨੀ: ਦੇਖੋ, ਧੂਆਂ ਅਤੇ ਧੂਣੀ.

ਧੂਪ: ਸੰ. धूप्. ਧਾ- ਗਰਮ ਕਰਨਾ, ਚਮਕਣਾ, ਬੋਲਣਾ। ੨. ਸੰ. ਸੰਗਯਾ- ਗੁੱਗਲ ਚੰਦਨ ਕੁਠ ਕੇਸਰ ਮੋਥਾ ਕਪੂਰ ਅਗੁਰ ਜਾਤੀਫਲ ਆਦਿ ਸੁਗੰਧ ਵਾਲੇ ਪਦਾਰਥਾਂ ਦਾ ਧੂਆਂ. "ਧੂਪ ਮਲਆਨਲੋ ਪਵਣ ਚਵਰੋ ਕਰੈ." (ਸੋਹਿਲਾ) ਦੇਵਮੰਦਿਰ ਅਤੇ ਸਮਾਜਾਂ ਵਿੱਚ ਧੂਪ ਧੁਖਾਉਣ ਦੀ ਰੀਤਿ ਬਹੁਤ ਪੁਰਾਣੀ ਹੈ. ਇਸ ਨੂੰ ਲਾਭਦਾਇਕ ਜਾਣਕੇ ਕਿਸੇ ਨੇ ਕਿਸੇ ਰੂਪ ਵਿਚ ਸਾਰੇ ਹੀ ਮਤਾਂ ਨੇ ਅੰਗੀਕਾਰ ਕੀਤਾ ਹੈ. ਦੇਖੋ, ਬਾਈਬਲ EX ਕਾਂਡ ੩੦ ਆਯਤ ੭. ਅਤੇ ੮। ੩. ਉਹ ਵਸਤੁ, ਜਿਸ ਦੇ ਜਲਾਉਣ ਤੋਂ ਸੁਗੰਧ ਵਾਲਾ ਧੂਆਂ ਪੈਦਾ ਹੋਵੇ। ੪. ਸੂਰਜ ਦਾ ਤਾਪ. ਆਤਪ. ਧੁੱਪ। ੫. ਚਮਕ. ਪ੍ਰਭਾ. ਸ਼ੋਭਾ. "ਕੁਲ ਰੂਪ ਧੂਪ ਗਿਆਨ ਹੀਨੀ." (ਆਸਾ ਛੰਤ ਮਃ ੫)

ਧੂਪਘੜੀ: ਧੂਪਘੜੀ, ਦੇਖੋ, ਘੜੀ.

ਧੂਪ ਛਾਂਹ, ਧੂਪ ਛਾਂਵ: ਧੁੱਪ ਅਤੇ ਛਾਇਆ। ੨. ਭਾਵ- ਦੁਖ ਸੁਖ. "ਧੂਪ ਛਾਵ ਜੇ ਸਮਕਰਿ ਸਹੈ." (ਵਾਰ ਰਾਮ ੧. ਮਃ ੧) ੩. ਇਕ ਰੇਸ਼ਮੀ ਵਸਤ੍ਰ ਜੋ ਦੋਰੰਗੇ ਤਾਣੇ ਵਾਣੇ ਨਾਲ ਤਿਆਰ ਹੁੰਦਾ ਹੈ.

ਧੂਪਦਾਨੀ: ਸੰਗਯਾ- ਜਿਸ ਪਾਤ੍ਰ ਵਿੱਚ ਧੂਪ ਧੁਖਾਇਆ ਜਾਵੇ.

ਧੂਪ ਦੀਪ: ਧੂਪ ਅਤੇ ਦੀਵਾ. "ਧੂਪ ਦੀਪਘ੍ਰਿਤ ਸਾਜਿ ਆਰਤੀ." (ਧਨਾ ਸੈਣ)

ਧੂਪਨ: ਸੰ. ਸੰਗਯਾ- ਧੂਪ ਦੇਣ ਦੀ ਕ੍ਰਿਯਾ. "ਸੋ ਅਉ ਧੂਤੀ ਜੋ ਧੂਪੈ ਆਪ." (ਵਾਰ ਰਾਮ ੧. ਮਃ ੧) ਜੋ ਦੇਵ- ਮੰਦਿਰਾਂ ਵਿੱਚ ਪੂਜਣ ਦੀ ਥਾਂ ਆਤਮਸ੍ਵਰੂਪ ਦੀ ਪੂਜਾ ਕਰਦਾ ਹੈ.

ਧੂਪੀਆ: ਸੰਗਯਾ- ਧੂਪ ਦੇਣ ਵਾਲਾ। ੨. ਮੰਦਿਰ ਦਾ ਉਹ ਪੁਜਾਰੀ, ਜਿਸ ਦੇ ਸਪੁਰਦ ਧੂਪ ਦੇਣ ਦੀ ਸੇਵਾ ਹੈ. ਅੰਮ੍ਰਿਤਸਰ ਵਿੱਚ ਧੂਪੀਆ ਖ਼ਾਨਦਾਨ ਪ੍ਰਸਿੱਧ ਹੈ.

ਧੂਪੈ: ਦੇਖੋ, ਧੂਪਨ.

ਧੂਬਰੀ: ਆਸਾਮ ਵਿੱਚ ਗੋਆਲਪਾਰਾ ਜਿਲੇ ਦਾ ਇੱਕ ਪ੍ਰਸਿੱਧ ਨਗਰ, ਜੋ ਬ੍ਰਹਮਪੁਤ੍ਰ ਨਦ ਦੇ ਸੱਜੇ ਕਿਨਾਰੇ ਆਬਾਦ ਹੈ. ਸਨ ੧੯੭੯ ਵਿੱਚ ਇਹ ਗੋਆਲਪਾਰਾ ਜਿਲੇ ਦਾ ਸਦਰ ਮਕਾਮ (head quarters) ਬਣ ਗਿਆ ਹੈ. ਧੂਬਰੀ ਈਸ੍ਟਰਨ ਬੰਗਾਲ ਸਟੇਟ ਰੇਲਵੇ ਦਾ ਸਟੇਸ਼ਨ ਹੈ.

ਇਸ ਨਗਰ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਰਾਜਾ ਰਾਮ ਸਿੰਘ ਜੈਪੁਰਪਤਿ ਨਾਲ ਸੰਮਤ ੧੭੨੩- ੨੪ ਵਿੱਚ ਵਿਰਾਜੇ ਹਨ.[658] ਗੁਰਦ੍ਵਾਰੇ ਦਾ ਨਾਉਂ "ਦਮਦਮਾ ਸਾਹਿਬ" ਹੈ.[659] ਭਾਈ ਸੰਤੋਖਸਿੰਘ ਨੇ ਲਿਖਿਆ ਹੈ ਕਿ ਧੂਬਰੀ ਇੱਕ ਧੋਬਣ ਦੇ ਨਾਉਂ ਤੋਂ ਵਸੀ ਹੈਂ।

੨. ਧੂਬਰੀ ਨਗਰ ਦੇ ਆਸਪਾਸ ਦਾ ਇ਼ਲਾਕ਼ਾ.

ਧੂਮ: ਸੰਗਯਾ- ਉਧਮ. ਸ਼ੋਰ. ਹੱਲਾ. ਕੋਲਾਹਲ। ੨. ਸ਼ੁਹਰਤ. ਪ੍ਰਸਿੱਧੀ, ਜੋ ਧੂਏਂ ਵਾਂਙ ਫੈਲ ਜਾਂਦੀ ਹੈ. "ਤਿਸ ਕੀ ਧੂਮ ਪ੍ਰਗਟ ਭੀ ਸਾਰੇ." (ਨਾਪ੍ਰ) ੩. ਸੰ. ਧੂਆਂ. "ਧੂਮ ਅਧੋਮੁਖ ਝੂਮਹੀਂ. (ਨਰਸਿੰਘਾਵ) ਮੂਧੇ ਮੂੰਹ ਲਟਕਕੇ ਧੂੰਆਂ ਪੀਂਦੇ ਹਨ। ੪. ਧੂਨੀ. ਧੂਣੀ. "ਧੂਮ ਡਰੈਂ ਤਿਹ ਕੇ ਗ੍ਰਿਹ ਸਾਮੁਹਿ." (ਕ੍ਰਿਸਨਾਵ) ਉਸ ਦੇ ਘਰ ਅੱਗੇ ਧੂਣੀ ਡਾਲੇਂਗੀ (ਪਾਵਾਂਗੀਆਂ). ੫. ਧੂਮ੍ਰਨੈਨ ਦਾ ਸੰਖੇਪ. "ਧੂਮ ਧੁਕਾਰਣ ਦਰਪ ਮੱਥੇ." (ਅਕਾਲ)

ਧੂੰਮ: ਦੇਖੋ, ਧੂਮ ੩. "ਧੂੰਮਬਾਦਰ ਸਭਿ ਮਾਇਆਸਾਜ." (ਬਸੰ ਅਃ ਮਃ ੫)

ਧੂਮਕੇਤੁ: ਸੰ. ਸੰਗਯਾ- ਅਗਨਿ, ਜਿਸ ਦਾ ਕੇਤੁ (ਨਿਸ਼ਾਨ) ਧੂਆਂ ਹੈ। ੨. ਬੋਦੀ ਵਾਲਾ ਤਾਰਾ। ੩. ਰਾਵਣ ਦਾ ਇੱਕ ਫ਼ੌਜੀ ਸਰਦਾਰ.

ਧੂਮਧਾਮ: ਘਰ ਵਿੱਚ ਧੂੰਏਂ ਦਾ ਹੋਣਾ. ਭਾਵ- ਬੈਗ ਆਦਿ ਉਤਸਵ। ੨. ਉਤਸਵ ਵਿੱਚ ਹੋਇਆ ਭੀੜ ਭੱੜਕਾ.

ਧੂਮਧੁਜ: ਦੇਖੋ, ਧੂਮਕੇਤੁ ੧.

ਧੂਮ ਧੁਜਾ ਮਨ ਧੌਰ ਧਰਾ ਧਰ ਸਿੰਘ: ਸਭੈ ਰਨ ਕੋਪਕੈ ਆਏ. (ਕ੍ਰਿਸਨਾਵ) ਧੂਮਸਿੰਘ, ਧੁਜਾਸਿੰਘ, ਮਨਸਿੰਘ, ਧੌਲਸਿੰਘ, ਧਰਾਸਿੰਘ, ਧਰਸਿੰਘ ਸਾਰੇ ਰਣ ਵਿੱਚ ਕ੍ਰੋਧ ਕਰਕੇ ਆਏ.

ਧੂਮਧ੍ਵਜ: ਦੇਖੋ, ਧੂਮਕੇਤੁ ੧.

---

658 ਇਸ ਦਮਦਮੇ ਦੇ ਬਣਨ ਬਾਬਤ ਲਿਖਿਆ ਹੈ ਕਿ ਰਾਜੇ ਦੀ ਫੌਜ ਦੇ ਹਰੇਕ ਸਿਪਾਹੀ ਨੇ ਪੰਜ ਪੰਜ ਢਾਲਾਂ ਮਿੱਟੀ ਦੀਆਂ ਭਰ ਕੇ ਉੱਚਾ ਢੇਰ (ਦਮਦਮਾ) ਬਣਾ ਦਿੱਤਾ, ਜਿਸ ਪੁਰ ਗੁਰੂ ਤੇਗ ਬਹਾਦੁਰ ਸਾਹਿਬ ਨੇ ਵਿਰਾਜਕੇ ਦਿਵਾਨ ਸਜਾਇਆ.

659 "ਸੁਨ ਧੋਬਨ ਯੋਬਨ ਯੁਤ ਇਹਾਂ। ਰਹਹੁ ਬੈਠ ਬਿਤ ਤਵਤਰੁ ਜਹਾਂ। ××× ਤੋਹਿ ਨਾਮ ਪਰ ਗ੍ਰਾਮ ਬਸਾਇ। ××
ਜਹਿਂ ਧੋਬਨ ਕੋ ਬਿਰਛ ਟਿਕਾਯੋ। ਏਕ ਗ੍ਰਾਮ ਤਬ ਤਹਾਂ ਬਸਾਯੋ." (ਗੁਪ੍ਰਸੂ ਰਾਸਿ ੧੨, ਅਃ ੧੧)

**ਧੂਮਪੋਤ:** ਧੁੰਏ ਨਾਲ ਚੱਲਣ ਵਾਲਾ ਜਹਾਜ. ਅਗਨਿ ਬੋਟ. Steamer.

**ਧੂਮਬਾਦਰ, ਧੂਮਬਾਦਲ:** ਧੂਮ (ਧੂਏਂ) ਦਾ ਮੇਘ. ਭਾਵ- ਪਲ ਵਿੱਚ ਨਾਸ਼ ਹੋਣ ਵਾਲਾ ਸੰਸਾਰ. "ਊਡਿਜਾਇਗੋ ਧੂਮਬਾਦਰੋ." (ਸੋਰ ਮਃ ੫)

**ਧੂਮਮੁਕਤ:** ਵਿ- ਧੂਮ ਰਹਿਤ. ਧੂਏਂ ਤੋਂ ਬਿਨਾ. "ਸਾਰ ਧਾਰ ਧਰ ਧੂਮਮੁਕਤ ਬੰਧਨ ਤੇ ਛੂਟੇ." (ਵਿਚਿਤ੍ਰ) ਧੂਏਂ ਰਹਿਤ ਦਗਦੀ ਹੋਈ ਅੱਗ ਜੇਹੀ ਲੋਹੇ ਦੀ ਧਾਰ ਧਾਰਕੇ (ਸਹਾਰਕੇ) ਯੋਧਾ ਲੋਕ ਬੰਧਨ ਤੋਂ ਛੁੱਟੇ, ਭਾਵ- ਮੁਕਤ ਹੋ ਗਏ.

**ਧੂਮਯੋਨਿ:** ਸੰਗਯਾ- ਧੂਏਂ ਤੋਂ ਪੈਦਾ ਹੋਣ ਵਾਲਾ, ਅਗਨਿ। ੨. ਬੱਦਲ. ਮੇਘ.

**ਧੂਮਰ:** ਦੇਖੋ, ਧੂਮ੍ਰ.

**ਧੂਮਰਲੋਚਨ:** ਦੇਖੋ, ਧੂਮ੍ਰਲੋਚਨ.

**ਧੂਮਰਾਛ:** ਦੇਖੋ, ਧੂਮ੍ਰਅੱਛ.

**ਧੂਮਰੀ:** ਵਿ- ਧੂਮ੍ਰ ਵਰਣ ਦੀ. ਧੂਏਂ ਰੰਗੀ. "ਧੂਮਰੀ ਧੂਰਿ ਭਰੇ." (ਚਰਿਤ੍ਰ ੧)

**ਧੂਮਾਧਾਮ:** ਦੇਖੋ, ਧੂਮਧਾਮ. ਭੀੜਤੇ ਕੁਲਾਹਲ. "ਆਇ ਪਰੇ ਧਰਮਰਾਇ ਕੇ ਬੀਚਹਿ ਧੂਮਾਧਾਮ." (ਸ. ਕਬੀਰ)

**ਧੂਮ੍ਰ:** ਸੰ. ਵਿ- ਧੂਏਂਰੰਗਾ. "ਧੂਮ੍ਰ ਬਾਜੀ ਰਥ ਛਾਜਤ." (ਪਾਰਸਾਵ) ੨. ਸੰਗਯਾ- ਧੂਮ੍ਰ ਨੈਨ ਦਾ ਸੰਖੇਪ. "ਕ੍ਰੁੱਧ ਕੈ ਧੂਮ੍ਰ ਚੜੇ ਉਤ ਸੈਨੀ." (ਚੰਡੀ ੧)

**ਧੂਮ੍ਰਅੱਛ:** ਸੰ. ਧੂਮ੍ਰਾਕ੍ਸ਼. ਧੂਏਂ ਰੰਗੀ ਅੱਖਾਂ ਵਾਲਾ. ਦੇਖੋ, ਧੂਮ੍ਰਾਛ.

**ਧੂਮ੍ਰਹੰਤੀ:** ਸੰਗਯਾ- ਧੂਮ੍ਰਨੈਨ ਦੈਤ ਦੇ ਮਾਰਨ ਵਾਲੀ ਦੁਰਗਾ. "ਨਮੋ ਧੂਮ੍ਰਹੰਤੀ." (ਚੰਡੀ ੨)

**ਧੂਮਕ:** ਸੰ. ਸੰਗਯਾ- ਉੱਠ. ਸ਼ੁਤਰ.

**ਧੂਮ੍ਰਕੇਸ:** ਸੰਗਯਾ- ਧੂੰਏਰੰਗੇ ਕੇਸ਼ਾਂ ਵਾਲਾ ਇੱਕ ਦਾਨਵ, ਜੋ ਵ੍ਰਿੰਦਾ ਦਾ ਪਿਤਾ ਅਤੇ ਜਲੰਧਰ ਦਾ ਸਹੁਰਾ ਸੀ.

**ਧੂਮ੍ਰਕੇਤੁ:** ਸੰਗਯਾ- ਧੂੰਏਂਰੰਗੀ ਹੈ ਧੁਜਾ ਜਿਸ ਦੀ, ਵੀਰਯਨਾਦ ਦਾਨਵ ਦਾ ਇੱਕ ਸੈਨਾਨੀ। ੨. ਬੋਦੀ ਵਾਲਾ ਤਾਰਾ.

**ਧੂਮ੍ਰਦ੍ਰਿਗ, ਧੂਮ੍ਰਨਯਨ, ਧੂਮ੍ਰਨੈਨ:** ਸੰਗਯਾ- ਧੂਏਂ ਰੰਗੀ ਅੱਖਾਂ ਵਾਲਾ. ਧੂਮ੍ਰਲੋਚਨ ਦੈਤ। ੨. ਭਾਵੇਂ ਧੂਮ੍ਰਾਕ੍ਸ਼ ਦਾ ਅਰਥ ਭੀ ਧੂਮ੍ਰਲੋਚਨਹੀ ਹੈ, ਪਰ ਉਹ ਇਸ ਤੋਂ ਵੱਖ ਹੈ. ਦੇਖੋ, ਧੂਮ੍ਰਲੋਚਨ ਅਤੇ ਧੂਮ੍ਰਾਛ. "ਧੂਮ੍ਰਨੈਨ ਗਿਰਿਰਾਜ ਤਟ ਊਂਚੇ ਕਹੀ ਪੁਕਾਰ." (ਚੰਡੀ ੧)

**ਧੂਮ੍ਰਪਾਨ:** ਸੰਗਯਾ- ਧੂਆਂ ਪੀਣ ਦੀ ਕ੍ਰਿਯਾ. ਧੂਮਪਾਨ. ਇੱਕ ਪ੍ਰਕਾਰ ਦਾ ਤਪ, ਜਿਸ ਵਿੱਚ ਕੇਵਲ ਧੂਆਂ ਪੀਤਾ ਜਾਂਦਾ ਹੈ, ਹੋਰ ਅੰਨ ਜਲ ਆਦਿ ਦਾ ਤਯਾਗ ਹੁੰਦਾ ਹੈ. "ਇਕ ਕਰਤ ਕਸਟ ਕਰ ਧੂਮ੍ਰਪਾਨ." (ਦੱਤਾਵ) ਦੇਖੋ, ਧੂਮ ੩। ੨. ਹੁਕ੍ਕਾ ਪੀਣ ਦਾ ਕਰਮ. ਹੁਕ੍ਕਾਨੋਸ਼ੀ। ੩. ਕਿਸੇ ਦਵਾਈ ਦੀ ਧੂੰਆਂ ਵੈਦ ਦੀ ਦੱਸੀ ਵਿਧੀ ਨਾਲ ਪੀਣਾ.

**ਧੂਮ੍ਰਲੋਚਨ:** ਸੰਗਯਾ- ਧੂਰੰਗੀ ਅੱਖਾਂ ਵਾਲਾ ਇੱਕ ਦੈਤਯ, ਜੋ ਸ਼ੁੰਭ ਦਾ ਫ਼ੌਜੀ ਸਰਦਾਰ ਸੀ. "ਤਹਾਂ ਧੂਮ੍ਰਲੋਚਨ ਚੇਲ ਚਤੁਰੰਗਨਿ ਦਲ ਸਾਜ." (ਚੰਡੀ ੧) ਇਹ ਦੁਰਗਾ ਨੇ ਮਾਰਿਆ। ੨. ਕਬੂਤਰ. ਕਪੋਤ। ੩. ਵਿ- ਕਬਰੀ ਅੱਖਾਂ ਵਾਲਾ.

**ਧੂਮ੍ਰ ਵਰਣ:** ਸੰਗਯਾ- ਧੂਏਂ ਜੇਹਾ ਰੰਗ। ੨. ਵਿ- ਧੂਏਂ ਰੰਗ.

**ਧੂਮ੍ਰਾਛ:** ਦੇਖੋ, ਧੂਮ੍ਰਅੱਛ. ਬ੍ਰਿਜਨਾਦ (ਵੀਰਯਨਾਦ) ਦਾਨਵ ਦਾ ਇੱਕ ਫ਼ੌਜੀ ਸਰਦਾਰ. "ਸੇਤਦਾੜ੍ਹ ਧੂਮ੍ਰਾਛ ਵਿਕਟ ਭਟ." (ਸਲੋਹ) ੨. ਇੱਕ ਰਾਵਣ ਦਾ ਸਰਦਾਰ ਜਿਸ ਨੂੰ ਹਨੁਮਾਨ ਨੇ ਮਾਰਿਆ, ਇਹ ਅੰਕਪਨ ਦਾ ਭਾਈ ਸੀ. "ਧੂਮ੍ਰਅੱਛ

ਸੁਜਾਂਬੁਮਾਲਿ ਬੁਲਾਇ ਬੀਰ ਪਠੈਦਏ." (ਰਾਮਾਵ) ੩. ਧੁਮ੍ਰਲੋਚਨ ਲਈ ਭੀ ਇਹ ਨਾਮ ਆਇਆ ਹੈ- "ਧੂਮ੍ਰਾਛ ਬਿਧੁੰਸਨ." (ਅਕਾਲ)

ਧੂਰ: ਸ. ਧੂਲਿ. ਸੰਗਯਾ- ਰਜ. ਗਰਦ. ਧੂੜ.

ਧੂਰਜਟੀ: ਸੰ. ਧੂਰ੍ਜਟੀ. ਸੰਗਯਾ- ਸੰਘਣੀ ਜਟਾ ਵਾਲਾ, ਸ਼ਿਵ. ਮਹਾਦੇਵ। ੨. ਤਿੰਨ ਲੋਕਾਂ ਦੀ ਚਿੰਤਾ ਰੱਖਣ ਵਾਲਾ ਸ਼ੰਕਰ.

ਧੂਰਤ: ਸੰ. ਧੂਰ੍ਤ. ਵਿ- ਛਲੀਆ. ਕਪਟੀ। ੨. ਵੰਚਕ. ਠਗ। ੩. ਦੇਖੋ, ਧੂਰਤੁ.

ਧੂਰਤਤਾ: ਸੰਗਯਾ- ਧੂਰ੍ਤਪੁਣਾ. ਛਲ. ਕਪਟ। ੨. ਠੱਗੀ.

ਧੂਰਤੁ: ਵਿ- ਧੁਰ- ਰਤ. ਮੂਲਸ੍ਥਾਨ ਨਾਲ ਪ੍ਰੇਮ ਕਰਨ ਵਾਲਾ, "ਧੂਰਤ ਸੋਈ ਜਿ ਧੁਰ ਕਉ ਲਾਗੈ." (ਸਾਰ ਮਃ ੫) ੨. ਦੇਖੋ, ਧੂਰਤ.

ਧੂਰਧਾਨੀ: ਧੂਲਿਰੂਪ ਰਾਜਧਾਨੀ. "ਧੂਰਧਾਨੀ ਕਰਨ." (ਚੰਡੀ ੧) ਦੈਤਾਂ ਦੀ ਰਾਜਧਾਨੀ ਨੂੰ ਧੂਲਿ ਵਿੱਚ ਮਿਲਾ ਦੇਣ ਵਾਲੀ। ੨. ਸੰਗਯਾ- ਗਰਦ ਨੂੰ ਧਾਰਣ ਵਾਲਾ, ਆਕਾਸ਼। ੩. ਪਵਨ। ੪. ਦੇਖੋ, ਧੂਲਿਧਾਨੀ.

ਧੂਰਨਿ: ਸੰਗਯਾ- ਧੂਲਿ ਦੇ ਧਾਰਣ ਵਾਲੀ, ਪ੍ਰਿਥਿਵੀ. (ਸਨਾਮਾ)

ਧੂਰਮ: ਸੰਗਯਾ- ਧੂਲਿਮਯ. ਧੂੜਰੂਪ ਪ੍ਰਿਥਿਵੀ. "ਊਰਮ ਧੂਰਮ ਜੋਤਿ ਉਜਾਲਾ." (ਓਅੰਕਾਰ) ਦੇਖੋ, ਊਰਮ.

ਧੂਰਰਾਟ: ਦੇਖੋ, ਧੂਰਿਰਾਟ.

ਧੂਰਰਾਟ ਅਰਿਣੀ: ਸੰਗਯਾ- ਧੂਲਿਰਾਟ (ਬਿਰਛ). ਉਸ ਦਾ ਵੈਰੀ ਹਾਥੀ, ਉਸ ਵਾਲੀ ਗਜਸੈਨਾ. ਹਾਥੀਆਂ ਦੀ ਫੌਜ. (ਸਨਾਮਾ)

ਧੂਰਾ: ਸੰਗਯਾ- ਚੂਰਣ. ਧੂਲਿ ਜੇਹਾ ਬਾਰੀਕ ਪੀਠਾ ਪਦਾਰਥ। ੨. ਬਾਰੀਕ ਪੀਠੀ ਵਸਤੁ ਦੇ ਭੁੱਕਣ (ਛਿੜਕਣ) ਦੀ ਕ੍ਰਿਯਾ. "ਧੂਰਾ ਕੀਆ ਤਵਨ ਕੇ ਅੰਗਾ." (ਚਰਿਤ੍ਰ ੨੯੧)

ਧੂਰਾਵਾ: ਧੂਲਿ (ਰਜ) ਨਾਲ. "ਮਸਤ ਪੁਨੀਤ ਸੰਤ ਧੂਰਾਵਾ." (ਸਾਰ ਮਃ ੫) ਮਸ੍ਤਕ ਪਵਿਤ੍ਰ.

ਧੂਰਿ: ਸੰਗਯਾ- ਧੂਲਿ. ਰਜ. "ਧੂਰਿ ਸੰਤਨ ਕੀ ਮਸਤਕਿ ਲਾਇ." (ਰਾਮ ਅਃ ੫) ੨. ਮਲੀਨਤਾ. "ਬਹੁਤ ਸਿਆਣਪ ਲਾਗੈ ਧੂਰਿ." (ਆਸਾ ਮਃ ੧) ੩. ਪ੍ਰਿਥਿਵੀ. (ਸਨਾਮਾ)

ਧੂਰਿਧਰ: ਸੰਗਯਾ- ਧੂਲਿ (ਰਜ) ਦੇ ਧਾਰਣ ਵਾਲੀ, ਪ੍ਰਿਥਿਵੀ। ੨. ਆਕਾਸ਼। ੩. ਪਵਨ. (ਸਨਾਮਾ)

ਧੂਰਿਧਰਨਿਧਿ: ਸੰਗਯਾ- ਧੂਲਿਧਰ (ਪ੍ਰਿਥਿਵੀ) ਦੀ ਨਿਧਿ, ਜਲ. (ਸਨਾਮਾ)

ਧੂਰਿਨ: ਸੰਗਯਾ- ਪ੍ਰਿਥਿਵੀ. (ਸਨਾਮਾ) ਦੇਖੋ, ਧੂਰਿਨ.

ਧੂਰਿਰਾਟ: ਸੰਗਯਾ- ਧੂਲਿ (ਪ੍ਰਿਥਿਵੀ) ਦਾ ਰਾਜਾ, ਬਿਰਛ. (ਸਨਾਮਾ)

ਧੂਰਿਰਾਟਅਰਿ: ਸੰਗਯਾ- ਧੂਲਿ (ਪ੍ਰਿਥਿਵੀ) ਦਾ ਰਾਜਾ ਬਿਰਛ, ਉਸ ਦਾ ਵੈਰੀ ਹਾਥੀ. (ਸਨਾਮਾ)

ਧੂਰਿਰਾਟ ਅਰਿਣੀ: ਧੂਰਿਰਾਟਅਰਿ ਦੇ ਅੰਤ ਣੀ ਪ੍ਰਤ੍ਯਯ ਲਗਾਕੇ ਅਰਥ ਹੋਇਆ ਵਾਲੀ. ਹਾਥੀਆਂ ਵਾਲੀ, ਗਜਸੈਨਾ. (ਸਨਾਮਾ) ਦੇਖੋ, ਧੂਰਰਾਟ ਅਰਿਣੀ.

ਧੂਰੀ, ਧੂਲ: ਦੇਖੋ, ਧੂਰਿ ਅਤੇ ਧੂਲਿ.

ਧੂਲਿ: ਸੰ. ਸੰਗਯਾ- ਰਜ. ਧੂੜ. ਗਰਦ। ੨. ਭਾਵ- ਸਾਧੁਚਰਣ ਰਜ.

**ਧੂਲਿਕਰਣ:** ਇੱਕ ਦੈਤ ਜੋ ਵੀਰਯਨਾਦ ਦਾਨਵ ਦਾ ਫ਼ੌਜੀ ਸਰਦਾਰ ਸੀ. ਇਸ ਨੂੰ ਦੁਰਗਾ ਨੇ ਮਾਰਿਆ. ਦੇਖੋ, ਸਰਬਲੋਹ ਅਃ ੨. "ਛੇਦ ਚਿੱਛੁਰ ਬਿੜਾਰਾਸੁਰ ਧੂਲਿਕਰਣ ਖਪਾਇ." (ਗਜਾਨ)

**ਧੂਲਿਧਾਨੀ:** ਦੇਖੋ, ਧੂਰਧਾਨੀ। ੨. ਧੂਲਿ ਦੇ ਧਾਰਣ ਵਾਲੀ, ਪ੍ਰਿਥਿਵੀ. "ਧੂਲਿਧਾਨੀ ਕੇ ਧੁਜੈਯਾ." (ਗਜਾਨ) ੩. ਗਦਾ. "ਕਏ ਕੋਪ ਗਾੜ੍ਹੋ ਲਏ ਧੂਲਿਧਾਨੀ." (ਚਰਿਤ੍ਰ ੪੦੫) "ਜੰਜੈਲ. ਲੰਮੀ ਬੰਦੂਕ. "ਕਹੂੰ ਧੂਲਿਯਾਨੀ ਛੂਟੈਂ ਫੀਲ ਨਾਲੈਂ." (ਚਰਿਤ੍ਰ ੪੦੫) "ਝੜੱਕੈ ਕ੍ਰਿਪਾਨੀ। ਧਰੇ ਧੂਲਿਧਾਨੀ." (ਰੁਦ੍ਰਾਵ)

**ਧੂਲੀ:** ਦੇਖੋ, ਧੂਲਿ.

**ਧੂਲੀਕਰਣ:** ਦੇਖੋ, ਧੂਲਿਕਰਣ.

**ਧੂੜ, ਧੂੜਿ:** ਦੇਖੋ, ਧੂਲਿ. "ਧੂੜਿ ਤਿਨਾਕੀ ਜੇ ਮਿਲੈ." (ਤਿਲੰ ਮਃ ੧)

**ਧੂੜਿਮਣੀ:** ਧੂਲਿ (ਮਿੱਟੀ) ਹੈ ਜਿਸ ਵਿਚ ਪ੍ਰਧਾਨ, ਦੇਹ. "ਧੂੜਿਮਣੀ ਗਾਡੀ ਚਾਲਤੀ." (ਬਸੰ ਨਾਮਦੇਵ ਧੂਲਿਮਯ ਗਾਡੀ.

**ਧੂੜੀ:** ਦੇਖੋ, ਧੂਲਿ. "ਧੂੜੀ ਵਿਚਿ ਲੁਡੰਦੜੀ ਸੋਹਾਂ." (ਸਵਾ ਮਃ ੫)

**ਧੇ, ਧੇਇ:** ਦੇਖੋ, ਧਜੇਯ. "ਧੇ ਸਭ ਬ੍ਰਹਮ ਰੂਪ ਕਰ ਜਾਨ." (ਨਾਪ੍ਰ)

**ਧੇਣ:** ਦੇਖੋ, ਧੇਣੁ.

**ਧੇਣਵਾ:** ਸੰ. ਧੇਨਵ: ਧਨੁ ਦਾ ਬਹੁਵਚਨ. "ਨਦੀਆ ਹੋਵਹਿ ਧੇਣਵਾ." (ਵਾਰ ਮਾਝ ਮਃ ੧)

**ਧੇਣੁ:** ਸੰ. ਧੇਨੁ. ਸੰਗਯਾ- ਸਜਲਵੇਰ ਗਾਂ. ਨਵੀਂ ਸੂਈ ਹੋਈ ਗਊ। ੨. ਭਾਵ- ਕਾਮਧੇਨੁ. "ਸੰਤਸਭਾ ਗੁਰ ਪਾਈਐ ਮੁਕਤਿ ਪਦਾਰਥ ਧੇਣੁ." (ਸ੍ਰੀ ਮਃ ੧)

**ਧੇਨ:** ਸੰ. ਸੰਗਯਾ- ਨਦ. ਦਰਿਆ। ੨. ਸਮੁੰਦਰ. ੩. ਦੇਖੋ ਧੇਨੁ.

**ਧੇਨੁ:** ਸੰ. ਸੰਗਯਾ- ਨਵੀਂ ਪ੍ਰਸੂਤ (ਸੂਈ) ਹੋਈ ਗਊ। ੨. ਗਾਂ. "ਧੇਨੁ ਦੁਧੈ ਤੇ ਬਾਹਰੀ ਕਿਤੇ ਨ ਆਵੈ ਕਾਮ." (ਮਾਝ ਬਾਰਹਮਾਹਾ) ੩. ਕਾਮਧੇਨੁ. "ਸ੍ਰੀ ਗੁਰੂ ਸਰਨ ਧੇਨੁ, ਕਰਮ ਭਰਮ ਕਟ." (ਭਾਗੁਕ)

**ਧੇਨੁਕ:** ਭਾਗਵਤ ਅਨੁਸਾਰ ਇੱਕ ਦੈਤ, ਜੋ ਤਾਲ ਬਿਰਛਾਂ ਦੇ ਜੰਗਲ ਵਿੱਚ ਰਹਿੰਦਾ ਸੀ. ਇੱਕ ਵਾਰ ਬਲਰਾਮ ਅਤੇ ਕ੍ਰਿਸ਼ਨ ਜੀ ਗਊ ਚਰਾਉਂਦੇ ਇਸ ਦੇ ਜੰਗਲ ਵਿੱਚ ਗਏ ਅਰ ਤਾਲਫਲ ਤੋੜਨ ਲੱਗੇ. ਧੇਨੁਕ ਗਧੇ ਦੀ ਸ਼ਕਲ ਬਣਾਕੇ ਬਲਰਾਮ ਨੂੰ ਦੁਲੱਤੇ ਮਾਰਨ ਲੱਗਾ. ਇਸ ਪੁਰ ਬਲਰਾਮ ਨੇ ਧੇਨੁਕ ਨੂੰ ਟੰਗਾਂ ਤੋਂ ਫੜਕੇ ਤਾਲ ਬਿਰਛ ਨਾਲ ਪਟਕਾਕੇ ਮਾਰਿਆ. "ਧੇਨੁਕ ਕ੍ਰੋਧ ਮਹਾ ਕਰਕੈ ਦੋਊ ਪਾਂਊ ਹ੍ਰਿਦੇ ਤਿੰਹ ਸਾਥ ਪ੍ਰਹਾਰੇ। ਗੋਡਨ ਤੇ ਗਹਿ ਫੈਂਕ ਦਯੋ ਹਰਿ ਜਯੋਂ ਸਿਰ ਤੇ ਗਹਿ ਕੂਕਰ ਮਾਰੇ." (ਕ੍ਰਿਸਨਾਵ)

**ਧੇਨੁਪਾਲ:** ਸੰਗਯਾ- ਗੋਪਾਲ. ਗਵਾਲਾ। ੨. ਕ੍ਰਿਸ਼ਨ ਜੀ.

**ਧੇਯ:** ਸੰ. ਵਿ- ਧਾਰਨ ਕਰਨ ਯੋਗਯ। ੨. ਪੀਣ ਯੋਗਯ। ੩. ਪਾਲਨ ਯੋਗਯ. ਪੋਸ਼ਣ ਯੋਗਯ। ੪. ਦੇਖੋ, ਧਜੇਯ. "ਧਜਾਤਾ ਧਜਾਨ ਸੁ ਧੇਯ ਜੋ ਪ੍ਰਿਥਕ ਪ੍ਰਿਥਕ ਕਰ ਜਾਨ." (ਨਾਪ੍ਰ)

**ਧੇਲਾ:** ਦੇਖੋ, ਅਧੇਲਾ.

**ਧੇਲੀ:** ਸੰਗਯਾ- ਅੱਠਾ ਰੁਪਯਾ. ਅਠਿਆਨੀ.

**ਧੇੜ:** ਸੰਗਯਾ- ਉੱਚੀ ਵੱਟ। ੨. ਬੰਨੇ ਦਾ ਟਿੱਬਾ, ਜਿਸ ਉੱਪਰ ਘਾਹ ਹੋਵੇ.

**ਧੈ:** ਸੰਗਯਾ- ਕਿਸੇ ਭਾਰੀ ਵਸ੍ਤੁ ਦੇ ਡਿਗਣ ਦਾ ਸ਼ਬਦ ਧਮਕ. "ਧੈ ਕੇ ਮੋਕੋ ਪਟਕਾਯੋ" (ਚਰਿਤ੍ਰ ੧੩੦) ੨. ਕ੍ਰਿ. ਵਿ- ਧਾਰਣ ਕਰਕੇ। ੩. ਧਰਕੇ. ਰੱਖਕੇ. "ਲੈ ਲੈ ਆਵਹੁ ਧੈ ਧੈ ਜੈਯਹੁ." (ਚਰਿਤ੍ਰ ੯੩)

**ਧੈਰ:** ਸੰ. ਧੁਰ੍ਯ. ਵਿ- ਜੋਤਣ ਲਾਇਕ੍. "ਜਨਮ ਮਰਣ ਨਹਿ ਧੰਦਾ ਧੈਰ." (ਓਅੰਕਾਰ) ੨. ਧੈਰ੍ਯ. ਦੇਖੋ, ਧੀਰਜ.

**ਧੈਰਯ:** ਦੇਖੋ, ਧੀਰਜ.

**ਧੈਵਤ:** ਸੰ. ਸੰਗਯਾ- ਸੰਗੀਤ ਅਨੁਸਾਰ ਛੀਵਾਂ ਸੁਰ. ਪੰਚਮ ਅਰ ਨਿਸ਼ਾਦ ਦੇ ਵਿਚਲਾ ਸੁਰ. ਇਸ ਦੀ ਸ਼੍ਰੁਤਿਯਾਂ ਤਿੰਨ ਹਨ- ਰਮਜਾ, ਰੋਹਿਣੀ ਅਤੇ ਮਦੰਤੀ ਦੇਖੋ, ਸ੍ਵਰ.

**ਧੋ:** ਸੰਗਯਾ- ਧੋਹ ਅਤੇ ਧੋਣਾ ਦਾ ਸੰਖੇਪ.

**ਧੋਅਣੁ:** ਸਿੰਧੀ. ਕ੍ਰਿ- ਧੋਣਾ। ੨. ਦੇਖੋ, ਧੋਣ.

**ਧੋਈ:** ਵਿ- ਧੋਤੀ ਹੋਈ. ਸਾਫ ਕੀਤੀ. "ਐਸਾ ਜੰਤੁ ਇਕ ਦੇਖਿਆ ਜੈਸੀ ਧੋਈ ਲਾਖ." (ਸ. ਕਬੀਰ) ਭਾਵ ਪਾਖੰਡੀ ਤੋਂ ਹੈ, ਜੋ ਬਾਹਰੋਂ ਸਾਫ ਨਜਰ ਆਉਂਦਾ ਹੈ। ੨. ਦੇਖੋ, ਦ੍ਰੋਹੀ ਅਤੇ ਧ੍ਰੋਹੀ.

**ਧੋਹ:** ਸੰਗਯਾ- ਛਾਪੇ ਅਤੇ ਘਾਹ ਆਦਿ ਦਾ ਬਣਾਇਆ ਘਰ, ਜਿਸ ਨੂੰ ਗਰਮੀ ਦੀ ਰੁੱਤ ਵਿੱਚ ਜਲ ਨਾਲ ਛਿੜਕਕੇ ਠੰਡਾ ਰੱਖੀਦਾ ਹੈ. "ਰਚੀ ਧੋਹ ਸੀਤਲਤਾ ਕਰੇ." (ਗੁਪ੍ਰਸੂ) ੨. ਦ੍ਰੋਹ. "ਮੋਹ ਮਾਨ ਧੋਹ ਭਰਮ ਰਾਖਿਲੀਜੈ ਕਾਟਿ ਬੇਰੀ." (ਕਾਨ ਮਃ ੫) ਦੇਖੋ, ਧੋਹੁ.

**ਧੋਹਣਾ:** ਕ੍ਰਿ- ਧੋਖਾ ਦੇਣਾ। ੨. ਠਗ ਲੈਣਾ। ੩. ਦ੍ਰੋਹ (ਵੈਰ) ਕਰਨਾ.

**ਧੋਹੀ:** ਵਿ- ਦ੍ਰੋਹੀ.

**ਧੋਹੁ:** ਦ੍ਰੋਹ. ਦੇਖੋ, ਧੋਹ. "ਧੋਹੁ ਨ ਚਲੀ ਖਸਮ ਨਾਲਿ." (ਗਉ ਵਾਰ ੨. ਮਃ ੫) ੨. ਛਲ. ਫ਼ਰੇਬ. "ਬਾਬਾ ਮਾਇਆਰਚਨਾ ਧੋਹੁ." (ਸ੍ਰੀ ਮਃ ੧)

**ਧੋਹੇ:** ਧੋਖੇ ਵਿੱਚ ਦਿੱਤੇ. ਠਗੇ. ਛਲੇ "ਬਿਨੁ ਗੋਪਾਲ ਧੋਹੇ." (ਸਾਰ ਮਃ ੫. ਪੜਤਾਲ)

**ਧੋਹੈ:** ਧੋਖਾ ਦਿੰਦਾ ਹੈ। ੨. ਧੋਂਦਾ ਹੈ. "ਗੁਰਮਤਿ ਨਾਮੁ ਰਿਦੈਮਲੁ ਧੋਹੈ." (ਗੂਜ ਮਃ ੪)

**ਧੋਕ:** ਬਾਂਗਰ. ਆਧਾਰ. ਆਸਰਾ। ੨. ਝੁਕਣ ਦਾ ਭਾਵ. ਪ੍ਰਣਾਮ। ੩. ਜੋੜਨਾ. ਮਿਲਾਉਣਾ। ੪. ਕ੍ਰਿ. ਵਿ- ਜੋੜਕੇ. ਮਿਲਾਕੇ. "ਕਰ ਧੋਕ ਠਾਢੇ ਆਦਿ ਸੰਮੁਖ." (ਸਲੋਹ)

**ਧੋਖ:** ਦੇਖੋ, ਧੋਖਾ. ਚਿੰਤਾ. ਫਿਕਰ. "ਨਿਤ ਚਲਣੈ ਕੀ ਧੋਖ." (ਸ੍ਰੀ ਅਃ ਮਃ ੧)

**ਧੋਖਾ:** ਸੰਗਯਾ- ਛਲ. ਫ਼ਰੇਬ. ਦਗ਼ਾ। ੨. ਮਿਥ੍ਯਾ- ਗ੍ਯਾਨ. "ਹਰਿਧਨ ਲਾਹਿਆ ਧੋਖਾ" (ਗੂਜ ਮਃ ੫) ੩. ਦਿਲ ਦਾ ਧੜਕਾ. ਫ਼ਿਕਰ. "ਉਤਰਿਆ ਮਨ ਕਾ ਧੋਖਾ." (ਸੋਰ ਮਃ ੫) "ਅਗਨਿ ਰਸ ਸੋਖੇ ਮਰੀਐ ਧੋਖੈ." (ਤੁਖਾ ਬਾਰਹਮਾਹਾ)

**ਧੋਖੇ:** ਦੇਖੋ, ਨਰਦੇਵ.

**ਧੋਟਾ, ਧੋਟੋ:** ਡਿੰਗ. ਬੇਟਾ. ਪੁਤ੍ਰ.

**ਧੋਣ:** ਸੰਗਯਾ- ਉਹ ਜਲ, ਜਿਸ ਵਿੱਚ ਕੋਈ ਵਸ੍ਤੁ ਧੋਤੀ ਗਈ ਹੈ.

**ਧੋਣਾ:** ਦੇਖੋ, ਧਾਵਨ ੩. ਦੇਖੋ, ਧਾਵ.

**ਧੋਤਾ:** ਸੰ. ਧੌਤ. ਵਿ- ਧੋਤਾ ਹੋਇਆ. ਸਾਫ ਕੀਤਾ.

**ਧੋਤਿਆ, ਧੋਤਿਆਂ:** ਕ੍ਰਿ. ਵਿ- ਧੋਣ ਤੋਂ ਧੋਨੇ ਸੇ. "ਧੋਤਿਆ ਜੂਟਿ ਨ ਉਤਰੈ." ( ਸੂਹੀ ਮਃ ੧)

**ਧੋਤੀ:** ਵਿ- ਧੌਤ. ਧੋਤੀ ਹੋਈ. "ਬਾਹਰਿ ਧੋਤੀ ਤੂੰਬੜੀ ਅੰਦਰਿ ਵਿਸੁ ਨਿਕੋਰ." (ਵਾਰ ਸੂਹੀ ਮਃ ੧) ੨. ਸੰਗਯਾ- ਅਧੋਵਸਤ੍ਰ. ਤੇੜ ਦੀ ਚਾਦਰ. "ਧੋਤੀ ਖੋਲਿ ਵਿਛਾਏ ਹੇਠਿ." (ਗਉ ਮਃ ੫) ੩. ਸੰ. ਧਤਿ. ਯੋਗਗ੍ਰੰਥਾਂ ਅਨੁਸਾਰ ਇੱਕ

ਯੋਗਕ੍ਰਿਯਾ, ਜਿਸ ਦਾ ਪ੍ਰਕਾਰ ਇਹ ਹੈ- ਦੋ ਉਂਗਲ ਚੌੜਾ ਅਤੇ ਅੱਠ ਦਸ ਹੱਥ ਲੰਮਾ ਕਪੜਾ ਗਿੱਲਾ ਕਰਕੇ ਪਾਣੀ ਦੀ ਸਹਾਇਤਾ ਨਾਲ ਨਿਗਲਣਾ ਅਰ ਥੋੜਾ ਚਿਰ ਠਹਿਰਕੇ ਬਾਹਰ ਕੱਢਣਾ. ਇਸ ਤਰ੍ਹਾਂ ਕਰਨ ਨਾਲ ਅੰਤੜੀ ਦੀ ਮੈਲ ਦੂਰ ਹੁੰਦੀ ਹੈ. ਹਠਯੋਗ ਦੇ ਅਭ੍ਯਾਸੀ ਧੋਤਿ ਵਰਤਦੇ ਹਨ। ੪. ਮੇਦਾ ਸਾਫ ਕਰਨ ਦੀ ਲੀਰ। ੫. ਸ਼ੁੱਧੀ. ਪਵਿਤ੍ਰਤਾ. ਯੋਗਮਤ ਵਿੱਚ ਚਾਰ ਪ੍ਰਕਾਰ ਦੀ ਧੋਤੀ (ਧੌਤਿ) ਹੈ- ਅੰਤ੍ਰ, ਧੌਤਿ, ਦੰਤ ਧੌਤਿ, ਹ੍ਰਿਦਯ ਧੌਤਿ ਅਤੇ ਗੁਦਾ ਧੌਤਿ.

**ਧੋਨਾ:** ਦੇਖੋ, ਧੋਣਾ.

**ਧੋਪ:** ਸੰਗਯਾ- ਬਿਨਾ। ਖ਼ਮ ਸਿੱਧੀ ਪਤਲੀ ਤਲਵਾਰ. "ਨਮੋ ਧੋਪ ਪੱਟੇ." (ਵਿਚਿਤ੍ਰ) ਦੇਖੋ, ਸਸਤ੍ਰ। ੨. ਵਿ- ਪ੍ਰਸਿੱਧ. ਜਾਹਿਰ. "ਸਾਧੂ ਸੁ ਸੁੱਧ ਜਗ ਰਹਜੋ ਲੋਪ। ਬਹੁ ਧਾਰ ਦੰਭ ਅਨੁਸਾਧੁ ਧੋਪ." (ਗੁਵਿ ੧੦)

**ਧੋਪਈ:** ਧੋਤਾ ਜਾਂਦਾ. "ਪਾਣੀ ਚਿਤੁ ਨ ਧੋਪਈ." (ਵਾਰ ਸਾਰ ਮਃ ੧)

**ਧੋਪੈ:** ਧੋਇਆਜਾਵੇ. "ਮਾਟੀ ਕਾ ਕਿਆ ਧੋਪੈ ਸੁਆਮੀ?" (ਰਾਮ ਮਃ ੫)

**ਧੋਬਪੁਰ, ਧੋਬੜੀਗ੍ਰਾਮ:** ਦੇਖੋ, ਧੁਬਰੀ.

**ਧੋਬੀ:** ਸੰ. ਧਾਵਕ. ਸੰਗਯਾ- ਵਸਤ੍ਰ ਧੋਣ ਵਾਲਾ. ਰਜਕ। ੨. ਭਾਵ- ਨਿੰਦਕ. "ਹਮਰੇ ਕਪਰੇ ਨਿੰਦਕ ਧੋਇ." (ਗਉ ਕਬੀਰ) ੩. ਆਤਮਗ੍ਯਾਨੀ ਗੁਰੂ, ਜੋ ਅੰਤਹਕਰਣ ਦੀ ਮੈਲ ਦੂਰ ਕਰਦਾ ਹੈ. "ਧੋਬੀ ਧੋਵੈ ਬਿਰਹ ਬਿਰਾਤਾ." (ਬਸੰ ਨਾਮਦੇਵ)

**ਧੋਬੀਆ ਬੰਦਰ:** ਦੇਖੋ, ਧੁਬਰੀ.

**ਧੋਮ:** ਦਸਮਗ੍ਰੰਥ ਵਿੱਚ ਧੂਮ (ਧੂਏਂ) ਵਾਸਤੇ ਧੋਮ ਸ਼ਬਦ ਆਇਆ ਹੈ. ਦੇਖੋ, ਧੋਮਧਾਰ.

**ਧੋਮਧਾਰ:** ਸੰ. ਧੂਮਧਾਰ. ਸੰਗਯਾ- ਅਗਨਿ "ਧੋਮਧਾਰ ਕੇ ਧਰੈਯਾ." (ਗ੍ਯਾਨ) ੨. ਸੰ. ਧੂਮਾਧਾਰ. ਧੂਏਂ ਦਾ ਆਧਾਰ, ਆਕਾਸ਼.

**ਧੋਮੁ:** ਸੰ. ਧੌਮ੍ਯ. ਸੰਗਯਾ- ਧੂਮ ਰਿਖੀ ਦਾ ਪੁਤ੍ਰ, ਉੱਦਾਲਕ ਦਾ ਗੁਰੂ ਅਤੇ ਦੇਵਲ ਰਿਖੀ ਦਾ ਛੋਟਾ ਭਾਈ, ਜੋ ਪਾਂਡਵਾਂ ਦਾ ਪੁਰੋਹਿਤ ਸੀ. "ਗਾਵੈ ਗੁਣ ਧੋਮੁ." (ਸਵੈਯੇ ਮਃ ੧. ਕੇ)

**ਧੋਰ:** ਬਾਂਗਰ ਕ੍ਰਿ. ਵਿ- ਨੇੜੇ. ਕੋਲ। ੨. ਕਿਨਾਰੇ. ਕੰਢੇ. "ਕਰਿ ਦਇਆ ਚਾਰਹੁ ਧੋਰ." (ਕੇਦਾ ਮਃ ੫) ਕ੍ਰਿਪਾ ਕਰਕੇ ਕੰਢੇ ਚਾੜ੍ਹੋ.

**ਧੋਰਾ:** ਬਾਂਗਰ. ਸੰਗਯਾ- ਆਸਰਾ. "ਈਹਾ ਊਹਾ ਤੁਹਾਰੋ ਧੋਰਾ." (ਸੋਰ ਮਃ ੫) ੨. ਸਮੀਪਤਾ. ਨੇੜਾ. "ਮੈ ਆਹਿਓ ਤੁਮਰਾ ਧੋਰਾ." (ਗੂਜ ਮਃ ੫)

**ਧੋਰਾਹਾ:** ਵਿ- ਧੁਰ ਦਾ. ਮੁੱਢ ਦਾ.

**ਧੋਰੀ:** ਸੰ. ਧੌਰੇਯ. ਵਿ- ਧੁਰ ਖਿੱਚਣ ਵਾਲਾ। ੨. ਭਾਵ ਮੁਖੀਆ. ਆਗੂ। ੩. ਪੂ. ਨੀਚ.

**ਧੋਰੇ:** ਕ੍ਰਿ. ਵਿ- ਨੇੜੇ. ਕੋਲੇ.

**ਧੋਵਣ, ਧੋਵਨ:** ਸੰਗਯਾ- ਧੋਣ ਦੀ ਕ੍ਰਿਯਾ. ਦੇਖੋ, ਧਾਵ ਅਤੇ ਧਾਵਨ. "ਦੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ." (ਵਾਰ ਮਾਝ ਮਃ ੧)

ਧੋਵਾਹਾ: ਵਿ- ਧੋਣ ਯੋਗਜ। ੨. ਧੋਵਨ ਕਰਾਹਾ. "ਮੈਲ ਪਾਪ ਧੋਵਾਹਾ." (ਜੈਤ ਮਃ ੪)

ਧੋਵੰਦੋ: ਧੋਂਦਾ ਹੋਇਆ। ੨. ਸੰਗਯਾ- ਧੋਣ. ਉਹ ਜਲ, ਜਿਸ ਵਿੱਚ ਧੋਤਾ ਗਿਆ ਹੈ. "ਪੈਰ ਧੋਵੰਦੋ ਪੀਵਸਾਂ." (ਵਾਰ ਮਾਰੂ ੨. ਮਃ ੫)

ਧੌ, ਧੌਂ: ਦੇਖੋ, ਧਉ ਅਤੇ ਧੱਉ.

ਧੌਸ, ਧੌਂਸ: ਫ਼ਾ. دوش ਦਵਿਸ਼. ਸੰਗਯਾ- ਕਿਸੇ ਅਪਰਾਧੀ ਦਾ ਪਿੱਛਾ ਕਰਨ ਵਾਲੀ ਟੋਲੀ. ਤਾਕੁਬ ਕਰਨ ਵਾਲੀ ਜਮਾਤ। ੨. ਧ੍ਵੰਸ (ਨਾਸ਼) ਕਰਨ ਵਾਲੀ ਜਮਾਤ। ੩. ਵਡੇ ਧੌਂਸੇ (ਨੌਬਤ) ਲਈ ਭੀ ਇਹ ਸ਼ਬਦ ਵਰਤਿਆ ਹੈ. "ਬਡ ਬਾਜੀ ਧੌਸ ਗਹੀਰੰ." (ਗੁਪ੍ਰਸੂ)

ਧੌਂਸਾ: ਸੰਗਯਾ- ਵਡਾ ਨਗਾਰਾ.

ਧੌਂਕਣਾ, ਧੌਂਕਨਾ: ਸੰ. ਧਮਾ. ਧਾ- ਫੂੰਕਣਾ. ਅੱਗ ਸੁਲਗਾਉਣੀ. ਮਚਾਉਣਾ। ੨. ਕ੍ਰਿ- ਫੂਕਣੀ ਅਥਵਾ ਖੱਲ ਨਾਲ ਹਵਾ ਦੇਣੀ.

ਧੌਂਕਨੀ: ਸੰਗਯਾ- ਫੂਕ (ਹਵਾ) ਦੇਣ ਦੀ ਨਲਕੀ ਅਥਵਾ ਖੱਲ ਦੀ ਥੈਲੀ.

ਧੌਂਕਲ: ਵਜ਼ੀਰਾਬਾਦ ਪਾਸ ਇੱਕ ਪਿੰਡ, ਜਿਸ ਵਿੱਚ ਸੁਲਤਾਨ ਪੀਰ ਦਾ ਭਾਰੀ ਪੀਰਖ਼ਾਨਾ ਹੈ. ਨਗਾਹੇ ਦੀ ਯਾਤ੍ਰਾ ਕਰਨ ਵਾਲੇ ਇੱਥੇ ਭੀ ਚੌਕੀ ਭਰਦੇ ਹਨ, ਦੇਖੋ. ਸੁਲਤਾਨ.

ਧੌਂਕਲੀਆ ਪੀਰ: ਦੇਖੋ, ਸੁਲਤਾਨ ਅਤੇ ਧੌਂਕਲ.

ਧੌਖੜਾ: ਸੰਗਯਾ- ਟਪੂਸੀ ਚਾਲ। ੨. ਤੇਜ਼ ਚਾਲ ਅਤੇ ਸਰਪਟ ਭੱਜਣ ਦੇ ਮੱਧ ਦੀ ਚਾਲ.

ਧੌਚਾ: ਦੇਖੋ, ਢੌਚਾ.

ਧੌਣ: ਦੇਖੋ, ਧਉਣ.

ਧੌਤ: ਦੇਖੋ, ਧੋਤਾ.

ਧੌਤਿ: ਦੇਖੋ, ਧੋਤੀ ੩, ੪. ਅਤੇ ੫.

ਧੌਮ, ਧੌਮਯ: ਦੇਖੋ, ਧੋਮੁ.

ਧੌਰਾ: ਦੇਖੋ, ਧਉਲਾ.

ਧੌਲ: ਦੇਖੋ, ਧਉਲ.

ਧੌਲਹਰ: ਦੇਖੋ, ਧਉਲਹਰ.

ਧੌਲਪੁਰ: ਰਾਜਪੂਤਾਨੇ ਵਿੱਚ ਆਗਰੇ ਪਾਸ ਇੱਕ ਬਮਰੌਲੀਆ ਜੱਟਵੰਸ਼ੀ ਰਿਆਸਤ, ਜਿਸ ਦਾ ਰਕਬਾ ੧੧੫੫ ਮੀਲ ਹੈ. ਇਹ ਜਿਲਾ ਆਗਰਾ ਅਤੇ ਭਰਤਪੁਰ ਕਰੌਲੀ ਆਦਿਕ ਰਿਆਸਤਾਂ ਦੇ ਇਲਾਕੇ ਤੋਂ ਘਿਰੀ ਹੋਈ ਹੈ. ਧੌਲਪੁਰ ਜੀ. ਆਈ. ਪੀ. ਰੇਲਵੇ ਦਾ ਸਟੇਸ਼ਨ ਹੈ, ਜੋ ਦਿੱਲੀ ਤੋਂ ੧੫੪ ਮੀਲ ਹੈ. ਰਿਆਸਤ ਪਟਿਆਲੇ ਅਤੇ ਨਾਭੇ ਦਾ ਸੰਬੰਧ ਧੌਲਪੁਰ ਨਾਲ ਰਿਹਾ ਹੈ. ਦੇਖੋ, ਹੀਰਾਸਿੰਘ ਮਹਾਰਾਜਾ, ਨਰੇਂਦ੍ਰਸਿੰਘ ਮਹਾਰਾਜਾ ਅਤੇ ਬਸੰਤਕੌਰ ਬੀਬੀ.

ਧੌਲਰ: ਦੇਖੋ, ਧਉਲਹਰ.

ਧੌਲਾ: ਦੇਖੋ, ਧਉਲਾ। ੨. ਸੰਗਯਾ- ਰਿਆਸਤ ਨਾਭਾ, ਨਜਾਮਤ ਫੂਲ, ਤਸੀਲ ਥਾਣਾ ਧਨੌਲਾ ਵਿੱਚ ਇੱਕ ਪਿੰਡ ਹੈ. ਇਸ ਤੋਂ ਵਾਯਵੀ ਕੋਣ ਦੇ ਦੋ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਕੱਚੀ ਮੰਜੀ ਸਾਹਿਬ ਪਾਸ ਇੱਕ ਰਹਾਇਸ਼ੀ

ਮਕਾਨ ਹੈ. ਪੁਜਾਰੀ ਸਿੰਘ ਹੈ. ਦੋ ਹਲ ਦੀ (੭੦ ਘੁਮਾਉਂ) ਜ਼ਮੀਨ ਰਿਆਸਤ ਨਾਭੇ ਵੱਲੋਂ ਗੁਰਦ੍ਵਾਰੇ ਦੇ ਨਾਮ ਹੈ. ਰੇਲਵੇ ਸਟੇਸ਼ਨ ਹੰਢਿਆਏ ਤੋਂ ੩. ਮੀਲ ਦੱਖਣ ਪੱਛਮ ਹੈ. ਦੇਖੋ, ਸੋਹੀਵਾਲ.

ਧੌਲੀ ਧਾਰ: ਜਿਲੇ ਕਾਂਗੜੇ ਵਿੱਚ ਪਹਾੜ ਦੀ ਇੱਕ ਉੱਚੀ ਧਾਰਾ. ਜਿਸ ਪੁਰ ਸਦਾ ਬਰਫ਼ ਰਹਿੰਦੀ ਹੈ. ਇਹ ਚੰਬਾ ਰਾਜ ਦੀ ਹੱਦ ਬਣਾਉਂਦੀ ਹੈ.

ਧੌਲੁ: ਦੇਖੋ, ਧਉਲ.

ਧੌਲੁ ਧਰਮੁ: ਦੇਖੋ, ਧਉਲ ੨.

ਧੌਲ੍ਹ: ਸੰਗਜਾ- ਲਫੇੜਾ. ਥੱਪੜ.

ਧੌੜੀ: ਸੰਗਜਾ- ਉਧ੍ਰਿਤ ਚਮੜੀ. ਗਾਂ ਮਹਿਂ ਦਾ ਉਤਾਰਿਆ ਅਤੇ ਰੰਗਿਆ ਹੋਇਆ ਚੰਮ.

ਧੰਦਾ, ਧੰਧ: ਸੰਗਜਾ- ਧਨ- ਦਾ. ਧਨ ਦੇਣ ਵਾਲਾ ਕਾਰਜ. . ਉਹ ਕਿਰਤ ਜਿਸ ਤੋਂ ਧਨ ਦੀ ਪ੍ਰਾਪਤੀ ਹੋਵੇ। ੨. ਵਿਹਾਰ. ਕੰਮ. "ਸਗਲ ਜਗਤ ਧੰਧ ਅੰਧ." (ਆਸਾ ਮਃ ੫) ੩. ਸੰ. ਧन्ध. ਬਿਮਾਰੀ ਦੀ ਹਾਲਤ. ਅਲਾਲਤ। ੪. ਖ਼ੁਸ਼ੀ.

ਧੰਧਕ: ਵਿ- ਧੰਦਾ ਕਰਨ ਵਾਲਾ. ਵਿਹਾਰੀ.

ਧੰਧਪਿਟਣਾ: ਕ੍ਰਿ- ਵਿਹਾਰਾਂ ਵਿੱਚ ਪੈਕੇ ਦੁਖੀ ਹੋਣਾ. ਧਨਪ੍ਰਾਪਤੀ ਲਈ ਕਲੇਸ਼ ਭੋਗਣਾ. "ਮਨਮੁਖ ਧੰਧ- ਪਿਟਾਈ." (ਸੂਹੀ ਮਃ ੪)

ਧੰਧਬੰਧ: ਬੰਧਨਰੂਪ ਕਾਰਜ. "ਧੰਧਬੰਧ ਬਿਨਸੇ ਮਾਇਆ ਕੇ." (ਟੋਡੀ ਮਃ ੫)

ਧੰਧਲੀ: ਧੰਧਿਆਂ ਵਿੱਚ ਲੀਨ. ਵਿਹਾਰਾਂ ਵਿੱਚ ਮਗਨ. "ਅੰਧੁ ਬੂਡੌ ਧੰਧਲੀ." (ਸੂਹੀ ਛੰਤ ਮਃ ੧)

ਧੰਧੜਾ, ਧੰਧਾ, ਧੰਧੁ: ਦੇਖੋ, ਧੰਦਾ. "ਮੈ ਛਡਿਆ ਸਭੋ ਧੰਧੜਾ." (ਸ੍ਰੀ ਮਃ ੫. ਪੈਪਾਇ) "ਮਨ ਤੇ ਬਿਸਰਿਓ ਸਗਲੋ ਧੰਧਾ." (ਧਨਾ ਮਃ ੫) "ਐਥੈ ਧੰਧੁਪਿਟਾਈ." (ਸ੍ਰੀ ਮਃ ੧) ੨. ਵਿਹਾਰ. ਸੰਬੰਧ. "ਪਰਨਾਰੀ ਸਿਉ ਘਾਲੈ ਧੰਧਾ." (ਭੈਰ ਨਾਮਦੇਵ)

ਧੰਧੇਰ, ਧੰਧੇਰੋ: ਇੱਕ ਰਾਜਪੂਤ ਜਾਤਿ. "ਖੰਡੇਲੇ ਬਘੇਲੇ ਧੰਧੇਰੇ ਪਛਾਰੇ." (ਚਰਿਤ੍ਰ ੯੧)

ਧੰਨ: ਦੇਖੋ, ਧਨਿ, ਧਨੁ ਅਤੇ ਧਨਜ.

ਧੰਨਾ: ਟਾਂਗ ਦੇ ਇਲਾਕੇ ਧੁਆਨ ਪਿੰਡ ਵਿੱਚ (ਜੋ ਦੇਉਲੀ ਤੋਂ ੨੦. ਮੀਲ ਹੈ) ਸੰਮਤ ੧੪੭੩ ਵਿੱਚ ਜੱਟਵੰਸ਼ ਵਿੱਚ ਇਸ ਦਾ ਜਨਮ ਹੋਇਆ. ਸ੍ਵਾਮੀ ਰਾਮਾਨੰਦ ਜੀ ਤੋਂ ਕਾਸ਼ੀ ਜਾਕੇ ਗੁਰੁਦੀਕ੍ਸ਼ਾ ਲਈ. ਪਹਿਲੀ ਉਮਰ ਵਿੱਚ ਇਹ ਮੂਰਤੀਪੂਜਕ ਰਿਹਾ ਪਰ ਅੰਤ ਨੂੰ ਵਿਸ਼੍ਵਰੂਪ ਜਗਤਨਾਥ ਦਾ ਉਪਾਸਕ ਹੋਕੇ ਪਰਮਪਦ ਦਾ ਅਧਿਕਾਰੀ ਬਣਿਆ. ਇਸ ਦੇ ਸ਼ਬਦ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਦਰਜ ਹਨ. "ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ." (ਆਸਾ ਧੰਨਾ)

ਧੰਨਾਸਿੰਘ: ਇਹ ਦਸ਼ਮੇਸ਼ ਦੇ ਘੋੜੇ ਦਾ ਸੇਵਕ ਅਤੇ ਵਿਦ੍ਵਾਨ ਕਵੀ ਸੀ. ਇੱਕ ਵਾਰ ਚੰਦਨ ਕਵੀ ਇੱਕ ਸਵੈਯਾ ਬਣਾਕੇ ਸਤਿਗੁਰੂ ਦੇ ਦਰਬਾਰ ਹਾਜ਼ਿਰ ਹੋਇਆ ਅਰ ਆਖਿਆ ਕਿ ਆਪ ਦੇ ਦਰਬਾਰ ਦੇ ਕਵੀਆਂ ਵਿੱਚੋਂ ਕੋਈ ਇਸ ਦਾ ਅਰਥ ਕਰੇ. ਕਲਗੀਧਰ ਨੇ ਫ਼ਰਮਾਇਆ ਕਿ ਇਸ ਦਾ ਅਰਥ ਗੁਰੂਘਰ ਦੇ ਘਾਹੀ ਭੀ ਕਰ ਸਕਦੇ ਹਨ. ਸਵੈਯਾ ਇਹ ਹੈ:-

"ਨਵਸਾਤ ਤਿਯੇ ਨਵਸਾਤ ਕਿਯੇ

ਨਵਸਾਤ ਪਿਯੇ ਨਵਸਾਤ ਪਿਯਾਏ,

ਨਵਸਾਤ ਰਚੇ ਨਵਸਾਤ ਬਚੇ

ਨਵਸਾਤ ਪਿਯਾਪਹਿ ਦਾਯਕ ਪਾਏ,

ਜੀਤ ਕਲਾ ਨਵਸਾਤਨ ਕੀ,

ਨਵਸਾਤਨ ਕੇ ਮੁਖ ਅੰਚਰ ਛਾਏ,

ਮਾਨਹੁ ਮੇਘ ਕਿ ਮੰਡਲ ਮੇ

ਕਵਿ ਚੰਦਨ ਚੰਦ ਕਲੇਵਰ ਛਾਏ."

ਭਾਈ ਧੰਨਾ ਸਿੰਘ ਨੇ ਇਸ ਦਾ ਅਰਥ ਕੀਤਾ ਕਿ ਸੋਲਾ ਵਰ੍ਹੇ ਦੀ ਉਮਰ ਦੀ ਇਸਤ੍ਰੀ ਨੇ ਸੋਲਾਂ ਸ਼੍ਰਿੰਗਾਰ ਕੀਤੇ, ਉਸ ਦਾ ਪਤਿ ਸੋਲਾਂ ਮਹੀਨਿਆਂ ਪਿਛੋਂ ਪਰਦੇਸੋਂ ਆਇਆ ਸੀ, ਇਸਤ੍ਰੀ ਨੇ ਸੋਲਾਂ ਪ੍ਰਕਾਰ ਦੇ ਭੋਜਨ ਖਵਾਏ, ਸੋਲਾਂ ਘਰਾਂ ਦੇ ਚੋਪੜ ਦੀ ਬਾਜੀ ਪਤੀ ਨਾਲ ਰਚੀ, ਦੋਹਾਂ ਨੇ ਸੋਲਾ ਸੋਲਾਂ ਚਾਲਾਂ ਚੱਲੀਆਂ, ਸੋਲਾਂ ਨਰਦਾਂ ਵਾਲੀ ਬਾਜ਼ੀ ਜਿੱਤਕੇ ਇਸਤ੍ਰੀ ਨੇ ਸੋਲਾਂ ਆਨੇ ਵਾਲੇ ਰੁਪਯੇ ਪ੍ਰਾਪਤ ਕੀਤੇ, ਜਦ ਪਤਿ ਨੇ ਇਸਤ੍ਰੀ ਨੂੰ ਜਿੱਤਿਆ, ਤਦ ਸੋਲਾਂ ਕਲਾ ਚੰਦ੍ਰ ਵਤ ਮੁਖ ਨੂੰ ਸ਼ਰਮ ਦੇ ਮਾਰੇ ਵਸਤ੍ਰ ਨਾਲ ਛੁਪਾ ਲਿਆ, ਮਾਨੋ ਚੰਦ੍ਰਮਾ ਮੇਘ ਵਿੱਚ ਢਕਿਆ ਗਿਆ ਹੈ.

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

ਸੁਨ ਧੰਨਾਸਿੰਘ ਅਰਥ ਬਖਾਨਾ,

ਤ੍ਰਿਯ ਖੋੜਸ ਬਰਖਨ ਬਯ ਵਾਨਾ,

ਤਨ ਖੋੜਸ ਸਿੰਗਾਰ ਸੁਹਾਯੋ,

ਖੋੜਸ ਮਾਸਨ ਮੇ ਪਿਯ ਆਯੋ,

ਖੋੜਸ ਘਰ ਕੋ ਚੌਪਰ ਰਚਜੋ,

ਖੋੜਸ ਦਾਵ ਲਾਯ ਸੁਖ ਮਚਜੋ,

ਸੋਈ ਖੋੜਸ ਪਜਾਰੇ ਲਾਯੋ,

ਖੋੜਸ ਕੀ ਬਾਜੀ ਜੈ ਪਾਯੋ,

ਖੋੜਸ ਕਲਾ ਚੰਦਮੁਖ ਜੋਈ,

ਹਾਰ ਪਾਯ ਤ੍ਰਿਯ ਛਾਦਤ ਸੋਈ,

ਮਨਹੁ ਮੇਘ ਮੇ ਨਿਸਪਤਿ ਛਾਯੋ

ਇਮ ਅੰਚਰ ਮਹਿ ਮੁਖ ਦਰਸਾਯੋ,

(ਗੁਪ੍ਰਸੁ ਰੁੱਤ ੫. ਅਃ ੨੫)

ਚੰਦਨ ਕਵਿ ਅਰਥ ਸੁਣਕੇ ਲੱਜਿਤ ਹੋਇਆ ਅਰ ਸਤਿਗੁਰੂ ਤੋਂ ਆਪਣੇ ਅਭਿਮਾਨ ਬਾਬਤ ਮੁਆਫ਼ੀ ਮੰਗੀ.

ਭਾਈ ਧੰਨਾ ਸਿੰਘ ਨੇ ਚੰਦਨ ਕਵੀ ਨੂੰ ਆਪਣੇ ਸਵੈਯੇ ਸੁਣਾਕੇ ਆਖਿਆ ਕਿ ਅਰਥ ਕਰ, ਪਰ ਚੰਦਨ ਨੂੰ ਨਾ ਸੁੱਝਿਆ. ਸਵੈਯੇ ਇਹ ਹਨ:-

"ਮੀਨ ਮਰੇ ਜਲ ਕੇ ਪਰ ਸੇ

ਕਬਹੁ ਨ ਮਰੇ ਪਰ ਪਾਵਕ ਪਾਏ,

ਹਾਥਿ ਮਰੈ ਮਦ ਕੇ ਪਰ ਸੇ

ਕਬਹੂ ਨ ਮਰੇ ਤਨ ਤਾਪ ਕੇ ਆਏ,

ਤੀਯ ਮਰੈ ਪਤਿ ਕੇ ਪਰ ਸੇ

ਕਬਹੂ ਨ ਮਰੈ ਪਰਦੇਸ ਸਿਧਾਏ,

ਗੂੜ੍ਹ ਮੈ ਬਾਤ ਕਹੀ ਦਿਜ ਰਾਜ

ਬਿਚਾਰ ਸਕੈ ਨ ਬਿਨਾ ਚਿਤਲਾਏ.

ਕੌਲ ਮਰੈ ਰਵਿ ਕੇ ਪਰ ਸੇ

ਕਬਹੂ ਨ ਮਰੈ ਸਸਿ ਕੀ ਛਬਿ ਪਾਏ,

ਮਿਤ੍ਰ ਮਰੈ ਮਿਤ ਕੋ ਮਿਲਕੈ

ਕਬਹੂ ਨ ਮਰੈ ਜਬ ਦੂਰ ਸਿਧਾਏ,

ਸਿੰਘ ਮਰੈ ਜਬ ਮਾਸ ਮਿਲੈ

ਕਬਹੂ ਨ ਮਰੈ ਜਬ ਹਾਥ ਨ ਆਏ,

ਗੂੜ੍ਹ ਮੈ ਬਾਤ ਕਹੀ ਦਿਜਰਾਜ

ਬਿਚਾਰ ਸਕੈ ਨ ਬਿਨਾ ਚਿਤ ਲਾਏ."

ਇਨ੍ਹਾਂ ਸਵੈਯਾਂ ਵਿੱਚ ਵਿਰੋਧਾਭਾਸ ਅਲੰਕਾਰ ਹੈ. ਜੋ ਕਬਹੂ ਨ ਪਾਠ ਨੂੰ ਪਿਛਲੇ ਪਦ ਨਾਲ ਜੋੜ ਦਿੱਤਾ ਜਾਵੇ, ਤਦ ਅਰਥ ਸਾਫ ਹੋ ਜਾਂਦਾ ਹੈ ਯਥਾ-

"ਮੀਨ ਮਰੈ ਜਲ ਕੇ ਪਰ ਸੇ ਕਬਹੂ ਨ,

ਮਰੈ ਪਰ ਪਾਵਕ ਪਾਏ."××× ਆਦਿਕ.

ਧੰਨਿ: ਸੰ. ਧਨ੍ਯ. ਵਿ- ਪੁਨ੍ਯਵਾਨ. ਸੁਕ੍ਰਿਤਿ। ੨. ਸ਼ਲਾਘਾ ਯੋਗ੍ਯ. ਤਅ਼ਰੀਫ਼ ਲਾਇਕ਼. "ਜਹ ਗੋਬਿੰਦਭਗਤ ਸੋ ਧੰਨਿ ਦੇਸ." (ਬਸੰ ਮਃ ੫) "ਧੰਨਿ ਸੁ ਥਾਨ ਧੰਨਿ ਓਇ ਭਵਨਾ." (ਧਨਾ ਮਃ ੫)

ਧੰਨਿਆ: ਦੇਖੋ, ਧਨ੍ਹਾ.

ਧੰਨਿਕਾ: ਵਿ- ਧਨ੍ਯਤਾ ਯੋਗ੍ਯ। ੨. ਧਾਨ੍ਯ ਕਰਨ ਵਾਲੀ. ਅੰਨ ਦੇਣ ਵਾਲੀ.

ਧੰਨੀ: ਵਿ- ਧਨ੍ਯਤਾ ਯੋਗ੍ਯ. ਸ਼ਲਾਘਾ ਲਾਇਕ "ਨਾਨਕ ਜਨਨੀ ਧੰਨੀ ਮਾਇ." (ਮਲਾ ਮਃ ੧) ਪੈਦਾ ਕਰਨ ਵਾਲੀ ਮਾਤਾ ਧਨ੍ਯ ਹੈ। ੨. ਸੰਗ੍ਯਾ- ਜਿਲਾ ਜੇਹਲਮ ਵਿੱਚ ਤਸੀਲ ਚਕਵਾਲ ਦਾ ਇਲਾਕਾ. "ਧੰਨੀ ਘੇਬ ਕਿ ਪੋਠੋਹਾਰ." (ਗੁਪ੍ਰਸੂ)

ਧੰਨੁ: ਸੰ. ਧਨ੍ਯ. ਵਿ- ਸਲਾਹੁਣ ਲਾਇਕ਼. ਸ਼ਲਾਘਾ ਯੋਗ੍ਯ। ੨. ਧੁਨ੍ਯਵਾਨ. "ਧੰਨੁ ਜਣੇਦੀ ਮਾਇ." (ਸ੍ਰੀ ਮਃ ੩) ੩. ਸੰਗ੍ਯਾ- ਧਨ. ਦ੍ਰਵ੍ਯ. "ਅੰਨੁ ਧੰਨੁ ਬਹੁਤ ਉਪਜਿਆ." (ਵਾਰ ਗਉ ੨. ਮਃ ੫) ੪. ਡਿੰਗ. ਧਨੁ. ਧਨੁਖ. ਕਮਾਣ.

ਧੰਨ੍ਯ: ਦੇਖੋ, ਧਨ੍ਯ.

ਧੰਨ੍ਯਵਾਦ: ਦੇਖੋ, ਧਨ੍ਯਵਾਦ.

ਧੰਨਜਾ, ਧੰਨ੍ਵਾ: ਵਿ- ਧਨੁਖਧਾਰੀ. ਦੇਖੋ, ਧਨ੍ਵ. "ਮਹਾਂ ਉਗ੍ਰਧੰਨਜਾ ਬਡੀ ਫੌਜ ਲੈਕੇ." (ਰਾਮਾਵ)

ਧੰਮ: ਪ੍ਰਾ. धम्म. ਸੰਗਯਾ- ਧਰ੍ਮ (ਧਰਮ). ੨. ਅਨੁ. ਕਿਸੇ ਭਰੀ ਚੀਜ ਦੇ ਡਿੱਗਣ ਤੋਂ ਹੋਇਆ ਧਮਾਕਾ.

ਧੰਮਣ, ਧੰਮਨ: ਇੱਕ ਖਤ੍ਰੀ ਜਾਤਿ। ੨. ਇੱਕ ਤਖਾਣ ਜਾਤਿ.

ਧੰਮੀ: ਵਿ- ਧਰਮੀ. ਧਰ੍ਮਵਾਨ. ਦੇਖੋ, ਧੰਮ। ੨. ਧਾਮ (ਘਰ) ਕਰਕੇ. ਦੇਖੋ, ਕੁੜਿਈਂ। ੩. ਪੇਠੋ, ਸੰਗਯਾ- ਸਵੇਰ ਦਾ ਵੇਲਾ. ਤੜਕਾ. "ਉੱਤੋਂ ਹੋਈ ਧੰਮੀ, ਦਹੀ ਨਹੀਂ ਜੰਮੀ." (ਲੋਕੋ)

ਧ੍ਯਾਉ: ਦੇਖੋ, ਅਧ੍ਯਾਯ. "ਭਾਖੋਂ ਅਗਲੇ ਧ੍ਯਾਉ ਮਝਾਰੀ." (ਨਾਪ੍ਰ)

ਧ੍ਯਾਉਣਾ: ਕ੍ਰਿ- (ਸੰ. ਧ੍ਯੈ. ਧ੍ਯਾ- ਧ੍ਯਾਨ ਕਰਨਾ, ਚਿੰਤਨ ਕਰਨਾ, ਵਿਚਾਰਨਾ, ਢੂੰਢਣਾ) ਆਰਾਧਨ ਕਰਨਾ. "ਸਰਬ ਜੀਅ ਮਨਿ ਧ੍ਯਾਇਅਉ." (ਸਵੈਯੇ ਮਃ ੪. ਕੇ)

ਧ੍ਯਾਇ: ਆਰਾਧਨ ਕਰਕੇ. ਦੇਖੋ, ਧ੍ਯਾਉਣਾ। ੨. ਦੇਖੋ, ਧ੍ਯਾਉ.

ਧ੍ਯਾਤਾ: ਸੰ. ध्यान्. ਵਿ- ਧ੍ਯਾਨ ਕਰਨ ਵਾਲਾ। ੨. ਵਿਚਾਰਨ ਵਾਲਾ.

ਧ੍ਯਾਨ: ਸੰ. ਸੰਗਯਾ- ਮਨ ਲਾਉਣ ਦੀ ਕ੍ਰਿਯਾ। ੨. ਸੋਚ. ਵਿਚਾਰ. ਦੇਖੋ, ਧਿਆਨ.

ਧ੍ਯਾਨਸਿੰਘ: ਮਾਜਰੀ ਪਿੰਡ ਦਾ ਵਸਨੀਕ, ਜਿਸ ਨੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ. ਇਹ ਕਲਗੀਧਰ ਦੇ ਦਰਬਾਰ ਦਾ ਕਵੀ ਸੀ.

੨. ਡੋਗਰਾ ਧ੍ਯਾਨਸਿੰਘ, ਜੋ ਮਹਾਰਾਜਾ ਰਣਜੀਤਸਿੰਘ ਦੀ ਕ੍ਰਿਪਾ ਦਾ ਪਾਤ੍ਰ ਬਣਕੇ ਰਾਜਾ ਪਦਵੀ ਨੂੰ ਪ੍ਰਾਪਤ ਹੋਇਆ. ਇਹ ਮਹਾਰਾਜਾ ਦੀ ਡਿਹੁਡੀ ਦਾ ਸਰਦਾਰ ਸੀ, ਦੇਖੋ, ਗੁਲਾਬਸਿੰਘ ੫.

ਸਿੱਖਰਾਜ ਦੇ ਨਸ਼੍ਟ ਹੋਣ ਦੇ ਭਾਵੇਂ ਅਨੇਕ ਕਾਰਣ ਹੋਰ ਭੀ ਸਨ, ਪਰ ਮੁੱਖ ਰਾਜੇ ਧ੍ਯਾਨਸਿੰਘ ਦੀ ਖ਼ੁਦਗ਼ਰਜ਼ੀ ਸੀ. ਸਾਰੇ ਇਤਿਹਾਸ ਲੇਖਕ ਮੰਨਦੇ ਹਨ ਕਿ ਸ਼ਾਹੀਖ਼ਾਨਦਾਨ ਅੰਦਰ ਫੁੱਟ ਦਾ ਬੀਜ ਸਭ ਤੋਂ ਪਹਿਲਾਂ ਇਸ ਨੇ ਆਪਣੀ ਚੌਧਰ ਰੱਖਣ ਲਈ ਬੀਜਿਆ. "ਸਿੱਖਾਂ ਦੇ ਰਾਜ ਦੀ ਵਿਥ੍ਯਾ." ਦੇ ਕਰਤਾ ਨੇ ਤਾਂ ਇਸ ਬਾਬਤ ਬਹੁਤ ਹੀ ਖੁੱਲੇ ਅੱਖਰਾਂ ਵਿੱਚ ਲਿਖ ਦਿੱਤਾ ਹੈ. ਸਰਦਾਰ ਅਜੀਤਸਿੰਘ ਸੰਧਾਵਾਲੀਏ ਨੇ ਮਹਾਰਾਜ ਸ਼ੇਰਸਿੰਘ ਅਤੇ ਉਸ ਦੇ ਪੁਤ੍ਰ ਦਾ ਖ਼ੂੰਨ ਕਰਕੇ ੧੫. ਸਿਤੰਬਰ ਸਨ ੧੮੪੩ ਨੂੰ ਧ੍ਯਾਨਸਿੰਘ ਦੀ ਜਾਨ ਭੀ ਲਹੌਰ ਦੇ ਕਿਲੇ ਅੰਦਰ ਲਈ. ਧ੍ਯਾਨਸਿੰਘ ਦੀ ਔਲਾਦ ਜੰਮੂ ਕਸ਼ਮੀਰ ਦੇ ਮਹਾਰਾਜਾ ਦੇ ਅਧੀਨ ਪੁਣਛ ਰਾਜ ਕਰਦੀ ਹੈ.

ਧ੍ਯਾਨੀ: ਸੰ. ध्यानिन. ਵਿ- ਧ੍ਯਾਨ ਲਾਉਣ ਵਾਲਾ. ਵਿਚਾਰਨ ਵਾਲਾ. ਦੇਖੋ, ਧਿਆਨੀ.

ਧ੍ਯਾਪਕ: ਦੇਖੋ, ਅਧ੍ਯਾਪਕ.

ਧ੍ਯੇਯ: ਸੰ. ਵਿ- ਧ੍ਯਾਨ ਕਰਨ ਯੋਗ੍ਯ. ਜਿਸ ਦਾ ਧ੍ਯਾਨ ਕੀਤਾ ਜਾਵੇ. ਜੋ ਧ੍ਯਾਨ ਦਾ ਵਿਸ਼ਯ ਹੋਵੇ. ਦੇਖੋ, ਧੇਯ ੪.

ਧ੍ਰਕਟੀ: ਵਿ- ਧਿਕ੍ਰਿਤ. ਧਿਕਾਰਿਆ. ਲਾਨਤ ਕੀਤਾ. ਮਲਊਨ. ਦੇਖੋ, ਧਰਕਟ. "ਤਿਸ ਨਾਮ ਪਰਿਓ ਹੈ ਧ੍ਰਕਟੀ." (ਦੇਵ ਮਃ ੪)

ਧ੍ਰਦ: ਧਰ- ਦ. ਦੇਖੋ, ਧਾਰਾਧਰ ਧ੍ਰਦ.

ਧ੍ਰਮ: ਦੇਖੋ, ਧਰਮ. "ਜੋਗਅਭਿਆਸ ਕਰਮ ਧ੍ਰਮ ਕਿਰਿਆ." (ਸੁਖਮਨੀ)

ਧ੍ਰਮਸਾਲ: ਦੇਖੋ, ਧਰਮਸਾਲ. "ਕੋਟਿ ਬ੍ਰਹਮੰਡ ਜਾਕੇ ਧ੍ਰਮਸਾਲ." (ਭੈਰ ਅਃ ਮਃ ੫)

ਧ੍ਰਮਪੰਥ: ਧਰਮਪੰਥ. ਧਰਮ ਦਾ ਮਾਰਗ. ਸਿੱਖ ਪੰਥ. "ਧ੍ਰਮਪੰਥ ਧਰਿਓ ਧਰਨੀਧਰ ਆਪਿ." (ਸਵੈਯੇ ਮਃ ੪. ਕੇ)

ਧ੍ਰਮਰਾਇ: ਦੇਖੋ, ਧਰਮਰਾਇ. "ਜਿਉ ਮਥਨਿ ਮਾਧਾਣੀਆ ਤਿਉ ਮਥੈ ਧ੍ਰਮਰਾਇ." (ਸਵਾ ਮਃ ੫) "ਕਰਰੋ ਧ੍ਰਮਰਾਇਆ." (ਸੂਹੀ ਪੜਤਾਲ ਮਃ ੫)

ਧ੍ਰਮੰਤ: ਵਿ- ਧਰਮ- ਵੰਤ. ਧਰਮਵਾਨ. "ਧ੍ਰਮੰਤ ਚਕ੍ਰ ਬਕ੍ਰਣੰ." (ਗਜਾਨ)

ਧ੍ਰਾਪ: ਵਿ- ਤ੍ਰਿਪ੍ਰ. ਰੱਜਿਆ ਹੋਇਆ। ੨. ਪ੍ਰਸੰਨ. ਖ਼ੁਸ਼. "ਰਾਮ ਰਸਾਇਣ ਆਤਮ ਧ੍ਰਾਪ." (ਬਿਲਾ ਮਃ ੫)

ਧ੍ਰਾਪਣਾ, ਧ੍ਰਾਪਨਾ: ਕ੍ਰਿ- ਤ੍ਰਿਪ੍ਰ ਹੋਣਾ. ਰੱਜਣਾ. "ਧ੍ਰਾਪਸਿ ਨਾਹੀ ਤ੍ਰਿਸਨਾ ਭੂਖ." (ਧਨਾ ਮਃ ੫) "ਮਨ ਕਉ ਹੋਇ ਸੰਤੋਖ ਭੁਖਾ ਧ੍ਰਾਪੀਐ." (ਵਾਰ ਗੂਜ ੨. ਮਃ ੫) ੨. ਪ੍ਰਸੰਨ ਹੋਣਾ. ਸੰਤੁਸ਼੍ਰ ਹੋਣਾ. "ਬਿਨੁ ਸੰਗਤਿ ਸਾਧ ਨ ਧ੍ਰਾਪੀਆ." (ਸ੍ਰੀ ਮਃ ੧)

ਧ੍ਰਾਪੇ: ਤ੍ਰਿਪ੍ਰ ਹੋਏ. "ਜੀਅ ਜੰਤੁ ਸਭਿ ਧ੍ਰਾਪੇ." (ਮਾਝ ਮਃ ੫)

ਧ੍ਰਾਪੈ: ਤ੍ਰਿਪ੍ਰ ਹੁੰਦਾ ਹੈ. "ਹਰਿਰਸ ਧ੍ਰਾਪੈ." (ਸਵਾ ਮਃ ੩)

ਧ੍ਰਿ: ਸੰ. धृ. ਧਾ- ਧਾਰਣ ਕਰਨਾ (ਰੱਖਣਾ), ਸਹਾਰਾ ਦੇਣਾ.

ਧ੍ਰਿਸ਼੍: ਸੰ. धृष. ਧਾ- ਦਿਲੇਰ ਹੋਣਾ, ਧਮਕਾਉਣਾ, ਪ੍ਰਬਲ ਹੋਣਾ, ਕ੍ਰੋਧ ਕਰਨਾ, ਤਾਕਤ ਨੂੰ ਰੋਕਣਾ.

ਧ੍ਰਿਸਟਦ੍ਰਮਨ: ਦੇਖੋ, ਧ੍ਰਿਸ਼੍ਰਦਜੁਮਨ.

ਧ੍ਰਿਸਟਦ੍ਰਮਨਜਾ: ਸੰ. ਧ੍ਰਿਸ਼ਦਜੁ-ਨਾਨੁਜਾ. ਧ੍ਰਿਸ਼੍ਰਦਜੁਮਨ ਦੀ ਛੋਟੀ ਭੈਣ, ਦ੍ਰੋਪਦੀ. "ਧ੍ਰਿਸਟਦ੍ਰਮਨਜਾਪ੍ਰਿਥਮ ਕਹਿ ਪੁਨ ਪਤਿ ਸਬਦ ਬਖਾਨ." (ਸਨਾਮਾ) ਦ੍ਰੋਪਦੀ ਦਾ ਪਤੀ ਅਰਜੁਨ.

ਧ੍ਰਿਸਟਬੁਧੀ: ਦੇਖੋ, ਚੰਦ੍ਰਹਾਸ ੪.

ਧ੍ਰਿਸ਼੍ਰ: ਸੰ. धृष्ट. ਵਿ- ਚਤੁਰ. ਹੋਸ਼ਿਆਰ। ੨. ਨਿਰਲੱਜ. ਬੇਸ਼ਰਮ। ੩. ਸੰਗਜਾ- ਕਾਵਜ ਅਨੁਸਾਰ ਨਾਇਕ ਦਾ ਇੱਕ ਭੇਦ. "ਧਰੈ ਲਾਜ ਉਰ ਮੇ ਨ ਕਛੁ ਕਰੈ ਦੋਸ਼ ਨਿਰਸ਼ੰਕ। ਟਰੈ ਨ ਟਾਰੋ ਕੈਸ ਹੂੰ ਕਹਜੋ ਧ੍ਰਿਸ਼੍ਰ ਸਕਲੰਕ ॥" (ਜਗਦਵਿਨੋਦ) ਦੇਖੋ, ਧ੍ਰਿਸ਼੍.

ਧ੍ਰਿਸ੍ਰਦੌਨ, ਧ੍ਰਿਸ਼ਦਜੁਮਨ: ਸੰ. धृष्टद्युम्न. ਇਹ ਪਾਂਚਾਲ ਦੇ ਰਾਜਾ ਦ੍ਰੁਪਦ ਦਾ ਪੁਤ੍ਰ, ਦ੍ਰੋਪਦੀ ਦਾ ਭਾਈ ਸੀ. ਇਸ ਨੇ ਪੁਤ੍ਰ ਦੇ ਸ਼ੋਕ ਨਾਲ ਵਜਾਕੁਲ ਹੋਏ ਦ੍ਰੋਣਾਚਾਰਯ ਦਾ ਸਿਰ ਕੁਰੁਕ੍ਸ਼ੇਤ੍ਰ ਦੇ ਜੰਗ ਵਿੱਚ ਵੱਢਿਆ ਸੀ. ਯੁੱਧ ਦੇ ਪਿਛਲੇ ਦਿਨ ਦ੍ਰੋਣ ਦੇ ਪੁਤ੍ਰ ਅਸ਼੍ਵੱਥਾਮਾ ਨੇ ਪਾਂਡਵਾਂ ਦੇ ਕੈਂਪ ਵਿੱਚ ਲੁਕਕੇ ਪ੍ਰਵੇਸ਼ ਕੀਤਾ ਅਰ ਧ੍ਰਿਸ਼੍ਰਦਜੁਮਨ ਨੂੰ ਮਾਰਿਆ. "ਹਣਜੋ ਧ੍ਰਿਸ੍ਰਦੌਨੰ." (ਗਜਾਨ)

ਧ੍ਰਿਸ਼੍ਰਬੁੱਧੀ: ਦੇਖੋ, ਚੰਦ੍ਰਹਾਸ ੪.

ਧ੍ਰਿਕਟ: ਅਨੁ. ਮ੍ਰਿਦੰਗ ਦਾ ਬੋਲ. "ਧਿਧਿਕਟ ਧ੍ਰਿਕਟ ਮ੍ਰਿਦੰਗ." (ਪਾਰਸਾਵ)

ਧ੍ਰਿਕੋਨਾ: ਸੰਗਜਾ- ਧ੍ਰੇਕ (ਡੇਕ) ਦਾ ਫਲ. "ਗੁੱਛਾ ਹੋਇ ਧ੍ਰਿਕੋਨਿਆ ਕਿਉ ਵੜੀਐ ਦਾਖੈ." (ਭਾਗੁ)

ਧ੍ਰਿਗ, ਧ੍ਰਿਗੁ: ਦੇਖੋ, ਧਿਕ. "ਧ੍ਰਿਗ ਸਨੇਹੰ ਭ੍ਰਾਤ ਬਾਂਧਵਹ." (ਸਹਸ ਮਃ ੫) "ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ." (ਬਿਲਾ ਮਃ ੩)

ਧ੍ਰਿਗੰਤ: ਧਿੱਕਾਰ ਯੋਗਜ. ਅਤਜੰਤ ਧਿਕ. "ਧ੍ਰਿਗੰਤ ਮਾਤ ਪਿਤਾ ਸਨੇਹੰ." (ਸਹਸ ਮਃ ੫)

ਧ੍ਰਿਤ: ਸੰ. धृत. ਵਿ- ਧਾਰਣ ਕੀਤਾ. ਰੱਖਿਆ। ੨. ਪਕੜਿਆ ਹੋਇਆ। ੩. ਨਿਸ਼ਚੇ ਕੀਤਾ ਹੋਇਆ.

ਧ੍ਰਿਤਰਾਸਟ੍ਰ: ਸੰ. धृतराष्ट्र- ਧ੍ਰਿਥਰਾਸ਼੍ਟ੍ਰ. ਸ਼ੰਤਨੁ ਦੇ ਪੁਤ੍ਰ ਵਿਚਿਤ੍ਰਵੀਰਯ ਦੀ ਵਿਧਵਾ ਇਸਤ੍ਰੀ ਅੰਬਿਕਾ ਤੋਂ ਨਿਯੋਗ ਦੀ ਰੀਤਿ

ਨਾਲ ਵ੍ਯਾਸ ਦੇ ਵੀਰਯ ਤੋਂ ਉਤਪੰਨ ਹੋਇਆ ਚੰਦ੍ਰਵੰਸ਼ੀ ਰਾਜਾ, ਜੋ ਕੌਰਵਾਂ ਦਾ ਪ੍ਰਧਾਨ ਸੀ. ਇਸ ਨੇ ਗਾਂਧਾਰੀ ਨਾਲ ਸ਼ਾਦੀ ਕਰਕੇ ਸੌ ਪੁਤ੍ਰ ਅਤੇ ਇੱਕ ਕੰਨ੍ਯਾ ਪੈਦਾ ਕੀਤੀ. ਪੁਤ੍ਰਾਂ ਵਿੱਚੋਂ ਦੁਰਯੋਧਨ ਸਭ ਤੋਂ ਵਡਾ ਸੀ. ਧ੍ਰਿਤਰਾਸ਼੍ਟ੍ਰ ਅੰਨ੍ਹਾ ਸੀ, ਇਸ ਲਈ ਰਾਜਗੱਦੀ ਪੁਰ ਨਹੀਂ ਬੈਠ ਸਕਿਆ, ਪਰ ਪਾਂਡੁ ਦੇ ਮਰਣ ਪਿੱਛੋਂ ਰਾਜ੍ਯ ਦਾ ਪ੍ਰਧਾਨ ਇਹ ਥਾਪਿਆ ਗਿਆ. "ਭਏ ਤੌਨ ਕੇ ਵੰਸ ਮੇ ਧ੍ਰਿਤਰਾਸਟ੍ਰੰ." (ਗ੍ਯਾਨ) ੨. ਇੱਕ ਨਾਗਾਂ ਦਾ ਸਰਦਾਰ। ੩. ਜਨਮੇਜਯ ਦਾ ਇੱਕ ਪੁਤ੍ਰ। ੪. ਰਾਸ਼੍ਟ੍ਰ (ਰਾਜ) ਨੂੰ ਚੰਗੀ ਤਰ੍ਹਾਂ ਸੰਭਾਲਨ ਵਾਲਾ ਰਾਜਾ.

ਧ੍ਰਿਤਿ: ਸੰ. धृति. ਸੰਗ੍ਯਾ- ਧਾਰਣ ਕਰਨ ਦੀ ਕ੍ਰਿਯਾ. ਗਰਿਫ਼ਤ। ੨. ਸ੍ਥਿਰ ਰਹਿਣ ਦੀ ਕ੍ਰਿਯਾ। ੩. ਮਨ ਦੀ ਦ੍ਰਿੜ੍ਹਤਾ. ਧੀਰਤਾ.

ਧ੍ਰਿਤਿਧਰ, ਧ੍ਰਿਤਿਮਾਨ, ਧ੍ਰਿਤਿਵਾਨ: ਵਿ- ਧੀਰਯ ਧਾਰਨ ਵਾਲਾ. ਧੀਰਤਾ ਵਾਲਾ. "ਧਨੁਰਪਾਣਿ ਧ੍ਰਿਤਿਮਾਨ ਧਰਾਧਰ." (ਹਜਾਰੇ ੧੦)

ਧ੍ਰੀਕਣ: ਕ੍ਰਿ- ਖਿੱਚਣਾ. ਧੂਹਣਾ. "ਪੂਛ ਨ ਸਿੱਧੀ ਧ੍ਰੀਕਣ ਧ੍ਰੀਕੈ. (ਭਾਗੁ) ਕੁੱਤੇ ਦੀ ਪੂਛ ਖਿੱਚ ਘਸੀਟ ਕੀਤੇ ਸਿੱਧੀ ਨਹੀਂ ਹੁੰਦੀ.

ਧ੍ਰੁ: ਸੰ. ਧਾ- ਅਚਲ ਹੋਣਾ (ਸ੍ਥਿਰ ਹੋਣਾ), ਗਮਨ ਕਰਨਾ (ਜਾਣਾ. )

ਧ੍ਰੁਕਿ: ਕ੍ਰਿ. ਵਿ- ਦ੍ਰੁਤ. ਛੇਤੀ. "ਪਤਣ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ." (ਮਾਰੂ ਅ: ਮ: ੧) ਦੇਖੋ, ਵਿਲਾੜਿ.

ਧ੍ਰੁਪਦ: ਦੇਖੋ, ਧ੍ਰੁਵਪਦ.

ਧ੍ਰੁਵ: ਸੰ. ਧਾ- ਸ੍ਥਿਰ ਰਹਿਣਾ, ਖੜਾ ਰਹਿਣਾ, ਜਾਣਾ (ਗਮਨ ਕਰਨਾ). ੨. ਵਿ- ਸ੍ਥਿਰ. ਅਚਲ. "ਗੁਰੂ ਸਮਰਥੁ ਗਹਿ ਕਰੀਆ ਧ੍ਰੁਵ ਬੁਧਿ." (ਸਵੈਯੇ ਮ: ੪. ਕੇ) ੩. ਸੰਗ੍ਯਾ- ਦੇਖੋ, ਬਰਵਾ। ੪. ਕਰਤਾਰ. ਵਾਹਗੁਰੂ. ਜੋ ਸਦਾ ਅਚਲ ਹੈ। ੫. ਆਕਾਸ਼। ੬. ਪਰਵਤ। ੭. ਖਗੋਲ ਦੀ ਧੁਰ. ਧ੍ਰੁਵਤਾਰਾ. Pole- star। ੮. ਭਾਗਵਤ ਅਤੇ ਵਿਸ਼ਨੁਪੁਰਾਣ ਅਨੁਸਾਰ ਰਾਜਾ ਉੱਤਾਨਪਾਦ ਦਾ ਪੁਤ੍ਰ. ਕਥਾ ਹੈ ਕਿ ਉੱਤਾਨਪਾਦ ਦੇ ਦੋ ਰਾਣੀਆਂ ਸੁਨੀਤਿ ਅਤੇ ਸੁਰੁਚਿ ਸਨ. ਸੁਨੀਤਿ ਦੇ ਗਰਭ ਤੋਂ ਧ੍ਰੁਵ ਅਤੇ ਸੁਰੁਚਿ ਦੇ ਪੇਟੋਂ ਉੱਤਮ ਪੈਦਾ ਹੋਇਆ. ਰਾਜੇ ਦਾ ਪ੍ਰੇਮ ਸੁਰੁਚਿ ਨਾਲ ਬਹੁਤ ਸੀ. ਇੱਕ ਦਿਨ ਪਿਤਾ ਦੀ ਗੋਦੀ ਉੱਤਮ ਨੂੰ ਬੈਠਾ ਦੇਖਕੇ ਧ੍ਰੁਵ ਨੇ ਭੀ ਬੈਠਣ ਦੀ ਇੱਛਾ ਕੀਤੀ. ਸੁਰੁਚਿ ਨੇ ਆਖਿਆ ਕਿ ਹੇ ਬਾਲਕ ! ਤੂੰ ਐਸਾ ਯਤਨ ਨਾ ਕਰ, ਕ੍ਯੋਂਕਿ ਤੂੰ ਮੇਰੇ ਤੋਂ ਪੈਦਾ ਨਹੀਂ ਹੋਇਆ. ਰਾਜਾ ਦੀ ਗੋਦੀ ਅਤੇ ਸਿੰਘਾਸਨ ਉੱਪਰ ਕੇਵਲ ਮੇਰੇ ਉਦਰ ਤੋਂ ਪੈਦਾ ਹੋਇਆ ਪੁਤ੍ਰ ਬੈਠ ਸਕਦਾ ਹੈ. ਧ੍ਰੁਵ ਇਹ ਸੁਣਕੇ ਰੋਂਦਾ ਹੋਇਆ ਆਪਣੀ ਮਾਂ ਸੁਨੀਤਿ ਪਾਸ ਆਇਆ ਅਰ ਸਾਰਾ ਹਾਲ ਦੱਸਿਆ. ਮਾਤਾ ਨੇ ਆਖਿਆ ਕਿ ਪ੍ਯਾਰੇ ਪੁਤ੍ਰ, ਸੌਕਣ ਸੱਚ ਆਖਦੀ ਹੈ. ਤੂੰ ਮੇਰੇ ਜੇਹੀ ਅਭਾਗਣ ਦੇ ਉਦਰੋਂ ਜਨਮਕੇ ਰਾਜਆਸਨ ਪਰ ਕਿਵੇਂ ਬੈਠ ਸਕਦਾ ਹੈਂ? ਜੇ ਤੇਰੇ ਮਨ ਵਿੱਚ ਉੱਚਪਦ ਦੀ ਇੱਛਾ ਹੈ, ਤਾਂ ਭਗਵਾਨ ਦਾ ਆਰਾਧਨ ਅਤੇ ਤਪਸ੍ਯਾ ਕਰ. ਧ੍ਰੁਵ ਇਹ ਸੁਣਕੇ ਘਰੋਂ ਤੁਰ ਪਿਆ ਰਸਤੇ ਵਿੱਚ ਸੱਤ ਰਿੱਖੀ ਮਿਲੇ. ਉਨ੍ਹਾਂ ਨੇ ਬਾਲਕ ਤੇ ਕ੍ਰਿਪਾ ਕਰਕੇ ਮੰਤ੍ਰ ਉਪਦੇਸ਼ ਦਿੱਤਾ.[660] ਧ੍ਰੁਵ ਨੇ ਮਧੁਵਨ ਵਿੱਚ ਜਾਕੇ ਅਜੇਹਾ ਘੋਰ ਤਪ ਕੀਤਾ ਕਿ ਵਿਸ਼ਨੁ ਨੇ ਸਾਕ੍ਸ਼ਾਤ ਦਰਸ਼ਨ ਦੇਕੇ ਧ੍ਰੁਵ ਦੀ ਸਾਰੀ ਕਾਮਨਾ ਪੂਰੀ ਕੀਤੀ. ਜਦ ਧ੍ਰੁਵ ਘਰ ਵਾਪਿਸ ਆਇਆ ਤਦ ਪਿਤਾ ਨੇ ਵਡੇ ਆਦਰ ਨਾਲ ਰਾਜਸਿੰਘਾਸਨ ਦਿੱਤਾ. ਇਸ ਦਾ ਦੂਜਾ ਭਾਈ ਸ਼ਿਕਾਰ ਗਿਆ ਯਕ੍ਸ਼ਾਂ ਨੇ ਮਾਰ ਦਿੱਤਾ. ਧ੍ਰੁਵ ਦੇ ਦੋ ਇਸਤ੍ਰੀਆਂ ਸਨ. ਭ੍ਰਮਿ ਅਤੇ ਇਲਾ. ਭ੍ਰਮਿ ਦੇ ਗੱਰਭ ਤੋਂ ਕਲਪ ਅਤੇ ਵਤਸਰ ਦੋ ਪੁਤ੍ਰ ਹੋਏ. ਇਲਾ ਦੇ ਉਤਫਲ ਪੁਤ੍ਰ ਜਨਮਿਆ. ਧ੍ਰੁਵ ੩੬ ਹਜ਼ਾਰ ਵਰ੍ਹੇ ਰਾਜ ਕਰਕੇ ਵਿਸ਼ਨੁ ਦੇ ਦਿੱਤੇ ਅਚਲ ਅਸਥਾਨ ਤੇ ਜਾ ਵਿਰਾਜਿਆ.

ਧ੍ਰੁਵਕ: ਦੇਖੋ, ਧ੍ਰੁਵਪਦ.

---

[660] ਮੰਤ੍ਰ ਇਹ ਹੈ-

"हिरण्यगर्भ पुरुष प्रधानाव्यक्त रुपिणे।
ओंनमो वासुदेवाय शुद्धज्ञान स्वभाविने." (ਵਿਸ਼ਨੁਪੁਰਾਣ ਅੰਸ਼ ੧. ਅ: ੧੧. ਸ: ੫)

ਧ੍ਰੁਵਪਦ: ਸੰ. ਧ੍ਰੁਵਕ. ਸੰਗੀਤਰਤਨਾਕਰ ਅਨੁਸਾਰ ਚਾਰ ਤਾਲ ਦਾ ਗੀਤ ਹੈ.[661] ਜਿਸ ਵਿੱਚ ਅਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਦੇ ਪਦ ਹੋਇਆ ਕਰਦੇ ਹਨ. ਪਦਾਂ ਦੀ ਗਿਣਤੀ ਚਾਰ ਤੋਂ ਲੈਕੇ ਛੀ ਤਕ ਹੁੰਦੀ ਹੈ. ਅੱਖਰਾਂ ਦੀ ਗਿਣਤੀ ਪ੍ਰਤਿ ਚਰਣ ੧੧. ਤੋਂ ਲੈਕੇ ੨੬ ਤੀਕ ਹੋਇਆ ਕਰਦੀ ਹੈ.

ਸੰਗੀਤ ਦਾਮੋਦਰ ਦੇ ਮਤ ਅਨੁਸਾਰ ਧ੍ਰੁਵਪਦ ਦੇ ਸੋਲਾਂ ਭੇਦ ਹਨ- ਜਯੰਤ, ਸ਼ੇਖਰ, ਉਤਸਾਹ, ਮਧੁਰ, ਨਿਰਮਲ, ਕੁੰਤਲ, ਕਮਲ, ਸਾਨੰਦ, ਚੰਦ੍ਰਸ਼ੇਖਰ, ਸੁਖਦ, ਕੁਮੁਦ, ਜਾਯੀ, ਕੰਦਰਪ, ਜਯਮੰਗਲ, ਤਿਲਕ ਅਤੇ ਲਲਿਤ. ਜਯੰਤ ਦੇ ਪ੍ਰਤਿ ਚਰਣ ੧੧. ਅੱਖਰ ਹੁੰਦੇ ਹਨ, ਸ਼ੇਖਰ ਦੇ ਬਾਰਾਂ, ਇਸੇ ਤਰ੍ਹਾਂ ਲਲਿਤ ਦੇ ਪ੍ਰਤਿ ਚਰਣ ੨੬ ਹੋਇਆ ਕਰਦੇ ਹਨ.

ਛੀ ਪਦਾਂ ਦਾ ਧ੍ਰੁਵਪਦ ਉੱਤਮ, ਪੰਜ ਦਾ ਮੱਧਮ ਅਤੇ ਚਾਰ ਦਾ ਅਧਮ ਮੰਨਿਆ ਗਿਆ ਹੈ.

ਧ੍ਰੁਵਪਦ ਨਾਲ ਪਖਾਵਜ ਦੀ ਗਤਿ ਨਹੀਂ ਬਜਾਈ ਜਾਂਦੀ, "ਸਾਥ" ਬਜਾਈਦਾ ਹੈ.

ਧ੍ਰੂ: ਸੰ. ਧਾ- ਸ੍ਥਿਰ (ਕਾਇਮ) ਰਹਿਣਾ। ੨. ਸੰਗਯਾ- ਧ੍ਰੂਵ ਦਾ ਸੰਖੇਪ, ਦੇਖੋ, ਧ੍ਰੁਵ ੮. "ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀਸੁਤੁ ਗੁਰਮੁਖਿ ਨਾਮਿ ਤਰੇ." (ਮਾਰੂ ਮਃ ੪)

ਧ੍ਰੂਅ: ਦੇਖੋ, ਧ੍ਰੁਵ ੮. "ਨਾਰਦ ਕਹਿਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ." (ਬਿਲਾ ਮਃ ੯) ੨. ਕ੍ਰਿ. ਵਿ- ਦ੍ਰਿੜ੍ਹਤਾ ਨਾਲ. ਪੱਕੇ ਤੌਰ. "ਜਿਨਹੁ ਬਾਤ ਨਿਸ੍ਚਲ ਜਾਨੀ." (ਸਵੈਯੇ ਮਃ ੪. ਕੇ)

ਧ੍ਰੇਕ: ਸੰ. द्रेका- ਦ੍ਰੇਕਾ. ਸੰਗਯਾ- ਡੇਕ. ਦੇਖੋ, ਡੇਕ.

ਧ੍ਰੋਹ: ਦੇਖੋ, ਦ੍ਰੋਹ. "ਧ੍ਰੋਹ ਮੋਹ ਮਿਟਨਾਈ." (ਬਾਵਨ) ੨. ਧ੍ਰੂਹ (ਖਿੱਚ) ਲਈ ਭੀ ਇਹ ਸ਼ਬਦ ਵਰਤਿਆ ਹੈ, ਯਥਾ "ਤਾਂ ਨਾਨਕੀ ਜੀ ਨੂੰ ਮਨ ਧ੍ਰੋਹ ਪਿਆ." (ਜਸਾ)

ਧ੍ਰੋਹਨਿ, ਧ੍ਰੋਹਨੀ: ਸੰ. ਦ੍ਰੋਹਿਣੀ. ਵਿ- ਵੈਰ ਕਰਨ ਵਾਲੀ. ਅਸ਼ੁਭ ਚਿਤਵਨ ਵਾਲੀ। ੨. ਭਾਵ- ਮਾਇਆ. "ਬਿਨ ਸਾਧੂ ਸਭਿ ਧ੍ਰੋਹਨਿ ਧ੍ਰੋਹੇ." (ਆਸਾ ਮਃ ੫)

ਧ੍ਰੋਹੁ: ਦੇਖੋ, ਦ੍ਰੋਹ. "ਨਾਮ ਵਿਹੂਣਿਆ ਸੁੰਦਰ ਮਾਇਆ ਧ੍ਰੋਹੁ." (ਵਾਰ ਜੈਤ)

ਧ੍ਰੋਰ: ਦੇਖੋ, ਧਰੋਹਰ.

ਧ੍ਰੰਮ: ਦੇਖੋ, ਧਰਮ. "ਧ੍ਰੰਮ ਧੀਰੁ ਗੁਰਮਤਿ ਗਭੀਰੁ." (ਸਵੈਯੇ ਮਃ ੫. ਕੇ) "ਧ੍ਰੰਮਧੁਜਾ ਫਹਰੰਤ ਸਦਾ." (ਸਵੈਯੇ ਮਃ ੪. ਕੇ)

ਧ੍ਵਜ, ਧ੍ਵਜਾ: ਸੰ. ध्वज. ਸੰਗਯਾ- ਨਿਸ਼ਾਨ. ਝੰਡਾ. ਯੁਕ੍ਤਿ- ਕਲਪਤਰੁ ਵਿੱਚ ਲਿਖਿਆ ਹੈ ਕਿ ਧ੍ਵਜ ਦੇ ਅੱਠ ਭੇਦ ਹਨ- ਜਯਾ, ਵਿਜਯਾ, ਭੀਮਾ, ਚਪਲਾ, ਵੈਜਯੰਤਿਕਾ, ਦੀਰਘਾ, ਵਿਸ਼ਾਲਾ, ਲੋਲਾ. ਜਯਾ ਦਾ ਦੰਡ (ਡੰਡਾ) ਪੰਜ ਹੱਥ ਲੰਮਾ, ਵਿਜਯਾ ਦਾ ਛੀ ਹੱਥ. ਇਸੇ ਤਰਾਂ ਕ੍ਰਮ ਅਨੁਸਾਰ ਲੋਲਾ ਦਾ ੧੨. ਹੱਥ ਦਾ ਡੰਡਾ ਹੋਇਆ ਕਰਦਾ ਹੈ.

ਧ੍ਵਜੀ: ਸੰ. ਧ੍ਵਜਿਨ੍. ਧੁਜਾ. ਵਾਲਾ. ਨਿਸ਼ਾਨ ਵਾਲਾ। ੨. ਸੰਗਯਾ- ਪਹਾੜ। ੩. ਰਣ. ਸੰਗ੍ਰਾਮ। ੪. ਮੋਰ.

ਧ੍ਵਨ: ਸੰ. ध्वन. ਧਾ- ਸ਼ਬਦ ਕਰਨਾ, ਢਕਣਾ.

ਧ੍ਵਨਿ: ਦੇਖੋ, ਧੁਨਿ ਅਤੇ ਧੁਨੀ। ੨. ਕਾਵ੍ਯ ਅਨੁਸਾਰ ਵ੍ਯੰਗ੍ਯਾਰਥ. ਦੇਖੋ, ਧੁਨੀ ੪.

ਧ੍ਵਾਂਤ: ਸੰ. ਵਿ- ਢਕਿਆ ਹੋਇਆ। ੨. ਸੰਗਯਾ- ਹਨੇਰਾ. ਅੰਧਕਾਰ.

ਧ੍ਵੈ: ਧੋਕੇ. "ਪਾਯਨ ਧ੍ਵੈ ਚਰਨਾਮ੍ਰਿਤ ਲੀਨੋ." (ਕ੍ਰਿਸਨਾਵ)

---

[661] ਧ੍ਰੁਵਪਦ ਬ੍ਰਹਮ, ਰੁਦ੍ਰ, ਲਕ੍ਸ਼ਮੀ ਤਾਲ ਆਦਿ ਵਿੱਚ ਭੀ ਗਾਏ ਜਾਂਦੇ ਹਨ.

ਧ੍ਵੰਸ: ਸੰ. ध्वस्. ਅਤੇ ध्वंस्. ਧਾ- ਚੂਰਨ ਹੋਣਾ, ਚੂਰਨ ਕਰਨਾ, ਜਾਣਾ, ਹੇਠਾਂ ਡਿਗਣਾ.

ਧ੍ਵੰਸਕ: ਵਿ- ਨਾਸ਼ ਕਰਨ ਵਾਲਾ.

ਧ੍ਵੰਸਨ: ਸੰਗਯਾ- ਨਾਸ਼ ਕਰਨ ਦੀ ਕ੍ਰਿਯਾ। ੨. ਨਾਸ਼ ਹੋਣ ਦਾ ਭਾਵ. ਤਬਾਹੀ. ਖਯ.

ਨ: ਪੰਜਾਬੀ ਵਰਣਮਾਲਾ ਦਾ ਪਚੀਹਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਦੰਦ ਅਤੇ ਨੱਕ ਹੈ। ੨. ਸੰ. ਸੰਗਯਾ- ਉਪਮਾਂ. ਮਿਸਾਲ। ੩. ਰਤਨ। ੪. ਬੰਧਨ। ੫. ਨਗਣ ਦਾ ਸੰਖੇਪ ਨਾਮ। ੬. ਵਿ- ਸ੍ਤੁਤ. ਤਅਰੀਫ਼ ਕੀਤਾ ਗਿਆ। ੭. ਵ੍ਯ- ਨਿਸ਼ੇਧ ਬੋਧਕ. ਨਹੀਂ. ਨਾ. ਫ਼ਾਰਸੀ ਅਤੇ ਪੰਜਾਬੀ ਵਿੱਚ ਭੀ ਇਹ ਇਹੀ ਅਰਥ ਦਿੰਦਾ ਹੈ. "ਨ ਅੰਤਰੁ ਭੀਜੈ ਨ ਸਬਦੁ ਪਛਾਣਹਿ." (ਮਾਰੂ ਸੋਲਹੇ ਮਃ ੩) ੮. ਬਹੁਵਚਨ ਬੋਧਕ. "ਅਘਨ ਕਟਹਿ ਸਭ ਤੇਰੇ." (ਸਵੈਯੇ ਮਃ ੪. ਕੇ) ਤੇਰੇ ਸਭ ਅਘਨ (ਅਘਗਣ) ਕੱਟਹਿ. "ਦੁਖਨ ਨਾਸ." (ਸਵੈਯੇ ਮਃ ੪. ਕੇ) ੯. ਪ੍ਰਤ੍ਯ- ਕਾ. ਕੀ. ਦਾ. ਦੀ. "ਕਬ ਲਾਗੈ ਮਸਤਕ ਚਰਨਨ ਰਜ?" (ਭਾਗੁ ਕ) ਚਰਨਾਂ ਦੀ ਧੂੜ ਕਦੋਂ ਮੱਥੇ ਲੱਗੇ.

ਨਉ: ਸੰ. ਨਵ. ਵਿ- ਨੌ. "ਨਉਖੰਡ ਪ੍ਰਿਥਮੀ ਫਿਰੈ." (ਸੁਖਮਨੀ) ੨. ਫ਼ਾ. نَو ਨੌ. ਨਵਾਂ. ਨਵੀਨ. ਨਯਾ. "ਜਾ ਜੋਬਨ ਨਉ ਹੁਲਾ." (ਸ੍ਰੀ ਮਃ ੧) ੩. ਵ੍ਯ- ਨੂੰ. ਕੋ. ਪ੍ਰਤਿ. "ਜਿਸ ਨਉ ਆਪੇ ਲਏ ਮਿਲਾਇ." (ਸ੍ਰੀ ਮਃ ੩) "ਗਣਤੈ ਨਉ ਸੁਖ ਨਾਹਿ." (ਸ੍ਰੀ ਮਃ ੩)

ਨਉਸ਼ਹ: ਫ਼ਾ. نَوشہ ਨੌਸ਼ਹ. ਸੰਗਯਾ- ਨਵਾਂ ਬਾਦਸ਼ਾਹ. ਭਾਵ- ਲਾੜਾ. ਦੁਲਹਾ. "ਵਾਰਕੈ ਪਾਨਿਨ ਨਉਸ਼ਹ ਕੰਠ ਲਗਾਵਤ ਭੀ." (ਸਲੋਹ)

ਨਉ ਸਤ ਚਉਦਹ ਤੀਨਿ ਚਾਰਿ ਕਰਿ: (ਬਸੰ ਅਃ ਮਃ ੧) ਦੇਖੋ, ਮਹਲਤਿ.

ਨਉ ਸਰ: ਸੰਗਯਾ- ਨਵ (ਨੌਂ) ਤਲਾਉ. ਭਾਵ- ਨੌ ਦ੍ਵਾਰ. "ਨਉ ਸੁਰ ਸੁਭਰ ਦਸਵੈ ਪੂਰੇ." (ਸਿਧਗੋਸਟਿ)

ਨਉ ਸੈ ਨਦੀ ਨੜਿੰਨਵੈ: ਪੁਰਾਣੇ ਵਿਦ੍ਵਾਨਾਂ ਨੇ ਹਿੰਦੁਸਤਾਨ ਦੀਆਂ ਵਡੀਆਂ ਛੋਟੀਆਂ ਨਦੀਆਂ ਦੀ ਇਹ ਗਿਣਤੀ, ਜੋ ਗੰਗਾ ਵਿੱਚ ਮਿਲਦੀਆਂ ਹਨ, ਕਲਪਣਾ ਕੀਤੀ ਹੈ. "ਨਉ ਸੈ ਨਦੀ ਨਿੜੰਨਵੈ ਅਠਸਠ ਤੀਰਥ ਗੰਗ ਸਮਾਈ." (ਭਾਗੁ) ਭਾਵ- ਸਾਰੀਆਂ ਨਦੀਆਂ ਅਤੇ ਤੀਰਥ.

ਨਉਹਰ: ਦੇਖੋ, ਨੌਹਟ.

ਨਉਹੁਲਾ: ਦੇਖੋ, ਹੁਲਾ ਅਤੇ ਨਉ। ੨. ਅ਼. نُحلہ ਨੁਹ਼ਲਾ. ਸੰਗਯਾ- ਦਾਤ. ਬਖ਼ਸ਼ਿਸ਼.

ਨਉਕਾ: ਸੰਗਯਾ- ਨੌ ਗਿਣਤੀ ਦਾ ਅੰਗ. ਨਾਇਆਂ। ੨. ਸੰ. ਨੌਕਾ. ਕਿਸ਼ਤੀ. ਬੇੜੀ. ਨਾਵ. "ਬੂਡਿਮੂਏ ਨਉਕਾ ਮਿਲੈ." (ਬਿਲਾ ਸਧਨਾ)

ਨਉ ਕੁਲ: ਨੋ ਕੁਲ (ਘਰ). ਭਾਵ- ਨੌ ਗੋਲਕ. "ਅਜੁਰ ਜਰੈ ਤ ਨਉ ਕੁਲ ਬੰਧੁ." (ਵਾਰ ਮਲਾ ਮਃ ੧)

ਨਉ ਖੰਡ: ਪ੍ਰਿਥਿਵੀ ਦੇ ਨੌ (ਨਵ) ਖੰਡ. "ਨਉ ਖੰਡ ਜੀਤੇ ਸਭਿ ਥਾਨ ਥਨੰਤ." (ਆਸਾ ਮਃ ੫) ਦੇਖੋ, ਨਵਖੰਡ.

ਨਉ ਘਰ: ਨਵ ਦ੍ਵਾਰ. ਨੌਂ ਗੋਲਕਾਂ ਵਾਲਾ ਸ਼ਰੀਰ. "ਨਉ ਘਰ ਦੇਖਿ ਜੁ ਕਾਮਨਿ ਭੂਲੀ." (ਗਉ ਕਬੀਰ)

ਨਉ ਟੰਕੀ: ਨੌ ਟੰਕ ਦਾ. ਦੇਖੋ, ਟਾਂਕ ਅਤੇ ਟੰਕ.

ਨਉ ਚੰਦ: ਦੇਖੋ, ਨੌ ਚੰਦ.

ਨਉ ਡਾਡੀ: ਦੇਖੋ, ਡਾਡੀ.

ਨਉਤਨ, ਨਉਤਨੁ, ਨਉਤਨੋ: ਸੰ. ਨੂਤਨ. ਵਿ- ਨਵਾਂ. ਨਵੀਨ. ਨਯਾ. "ਤੂੰ ਸਤਿਗੁਰੁ ਹਉ ਨਉਤਨੁ ਚੇਲਾ." (ਗਉ ਕਬੀਰ) ੨. ਜਵਾਨ. ਯੁਵਨ. "ਪਿਰੁ ਰੀਸਾਲੂ ਨਉਤਨੋ." (ਸ੍ਰੀ ਅਃ ਮਃ ੧)

ਨਉ ਦਰ, ਨਉ ਦਰਵਾਜ, ਨਉ ਦਰਵਾਜੇ: ਨਵ ਦ੍ਵਾਰ. ਨੌ ਗੋਲਕ. "ਨਉ ਦਰ ਠਾਕੇ ਧਾਵਤ ਰਹਾਏ." (ਮਾਝ ਅਃ ਮਃ ੪੩) "ਨਉ ਦਰਵਾਜ ਨਵੇ ਦਰ ਫੀਕੇ." (ਕਲਿ ਅਃ ਮਃ ੪) "ਨਉ ਦਰਵਾਜੇ ਕਾਇਆ ਕੋਟੁ ਹੈ." (ਵਾਰ ਰਾਮ ੧. ਮਃ ੩)

ਨਉ ਦੁਆਰ: ਦੇਖੋ, ਨਵ ਦ੍ਵਾਰ. "ਨਉ ਦੁਆਰੇ ਪਰਗਟੁ ਕੀਏ, ਦਸਵਾਂ ਗੁਪਤੁ ਰਖਾਵਿਆ." ਅਨੰਦੁ

ਨਉਧਾ: ਦੇਖੋ, ਨਵਧਾ। ੨. ਦੇਖੋ, ਨੌਧਾ ੨.

ਨਉਧਾ ਭਗਤਿ: ਦੇਖੋ, ਨਵਧਾ ਭਗਤਿ.

ਨਉ ਨਾਇਕ ਕੀ ਭਗਤਿ: (ਗੌਂਡ ਕਬੀਰ) ਨਾਇਕ (ਸ੍ਵਾਮੀ) ਦੀ ਨਵਧਾ ਭਗਤਿ. ੨. ਸਦਾ ਨਵੀਨ ਰਹਿਣ ਵਾਲੇ ਸ੍ਵਾਮੀ (ਕਰਤਾਰ) ਦੀ ਭਕ੍ਤਿ। ੩. ਨੌ ਖੰਡਾਂ ਦੇ ਨਾਥ ਦੀ ਭਕ੍ਤਿ.

ਨਉ ਨਾਥ: ਦੇਖੋ, ਨਵੈ ਨਾਥ.

ਨਉਨਿਧਿ: ਸੰਗਯਾ- ਨਵ ਨਿਧਿ. ਨੌ ਨਿਧੀਆਂ. ਨੌ ਖ਼ਜ਼ਾਨੇ. ਸੰਸਕ੍ਰਿਤ ਗ੍ਰੰਥਾਂ ਵਿੱਚ ਖ਼ਾਸ ਖ਼ਾਸ ਗਿਣਤੀ ਦੀਆਂ ਇਹ ਨਿਧੀਆਂ ਹਨ-

ਪਦਮ, ਮਹਾਪਦਮ, ਸ਼ੰਖ, ਮਕਰ, ਕੱਛਪ, ਮੁਕੁੰਦ, ਕੰਦ, ਨੀਲ, ਅਤੇ ਵਰ੍ਚ[662]. "ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ." (ਸੁਖਮਨੀ) ਨਉ ਨਿਧਿ ਤੋਂ ਭਾਵ ਸਭ ਧਨ ਸੰਪਦਾ ਹੈ.

ਮਾਰਕੰਡੇਯਪੁਰਾਣ ਦੇ ੬੮ਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਪਦਮਿਨੀ ਨਾਮ ਦੀ ਵਿਦ੍ਯਾਦੇਵੀ ਦੇ ਆਸਰੇ ਨਿਧੀਆਂ ਰਹਿੰਦੀਆਂ ਹਨ. ਅਰ ਇਸ ਦੇ ਲੇਖ ਤੋਂ ਸਿੱਧ ਹੁੰਦਾ ਹੈ ਕਿ ਇਹ ਨਿਧੀਆਂ ਖਾਸ ਖਾਸ ਰਤਨ ਰੂਪ ਹਨ. ਇਨ੍ਹਾਂ ਦੇ ਵੱਖ ਵੱਖ ਗੁਣ ਦੱਸੇ ਹਨ, ਜਿਵੇਂ- ਪਦਮਨਿਧਿ ਸਾਤ੍ਵਿਕ ਹੈ, ਇਸ ਤੋਂ ਪੁੱਤ ਪੋਤੇ ਵਧਦੇ ਹਨ, ਸੋਨਾ ਚਾਂਦੀ ਆਦਿ ਧਾਤਾਂ ਸਭ ਪ੍ਰਾਪਤ ਹੁੰਦੀਆਂ ਹਨ. ਮੁਕੁੰਦ ਨਿਧਿ ਰਜੋਗੁਣ ਪ੍ਰਧਾਨ ਹੈ. ਇਸ ਤੋਂ ਸੰਗੀਤ ਵਿਦ੍ਯਾ ਦੀ ਪ੍ਰਾਪਤੀ ਹੁੰਦੀ ਹੈ. ਕਵੀ ਗਵੈਯੇ ਹਰਵੇਲੇ ਹਾਜਿਰ ਰਹਿੰਦੇ ਹਨ. ਮਕਰ ਨਿਧਿ ਤਮੋਗੁਣੀ ਹੈ, ਇਸ ਤੋਂ ਸ਼ਸਤ੍ਰਵਿਦ੍ਯਾ ਦੀ ਪ੍ਰਾਪਤੀ ਹੁੰਦੀ ਹੈ, ਸਭ ਤੇ ਹੁਕੂਮਤ ਕਰਦਾ ਹੈ. ਇਸੇ ਤਰ੍ਹਾਂ ਸਾਰੀਆਂ ਨਿਧੀਆਂ ਦਾ ਵਰਣਨ ਹੈ.

ਨਉਪਰੀ: ਸੰ. ਨੂਪੁਰ. ਸੰਗਯਾ- ਪਾਂਵਟਾ. ਪਾਯਜ਼ੇਬ. ਝਾਂਜਰ. "ਨਉਪਰੀ ਝੁਨੰਤਕਾਰ ਅਨਗ ਭਾਉ ਕਰਤ ਫਿਰਤ." (ਸਾਰ ਪੜਤਾਲ ਮਃ ੫) ਨੂਪਰਾਂ ਦਾ ਝਨਕਾਰ ਅਤੇ ਅਨੰਗ (ਕਾਮ) ਭਾਵ.

ਨਉਬਤ, ਨਉਬਤਿ: ਅ਼. نوبت ਨੌਬਤ. ਸੰਗਯਾ- ਬਾਰੀ। ੨. ਦਸ਼ਾ. ਹ਼ਾਲਤ। ੩. ਵੇਲਾ. ਸਮਾਂ। ੪. ਪਹਿਰਾ। ੫. ਵਡਾ ਨਗਾਰਾ. "ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ." (ਸਲੋਕ)

ਨਉਮੀ: ਸੰ. ਨਵਮੀ. ਸੰਗਯਾ- ਚੰਦ੍ਰਮਾ ਦੇ ਪੱਖ ਦੀ ਨੌਮੀ (ਨਾਵੀਂ) ਤਿਥਿ. "ਨਉਮੀ ਨਵੇ ਛਿਦ੍ਰ ਅਪਵੀਤ." (ਗਉ ਥਿਤੀ ਮਃ ੫)

ਨਉ ਮੁਨੀ, ਨਉ ਰਿਖੀ: ਨਵ ਮੁਨਿ. ਭਾਗਵਤ ਦੇ ਸਕੰਧ ੪. ਅਃ ੨. ਵਿੱਚ ਇਹ ਨੌਂ ਮੁਨਿ ਹਨ- ਮਰੀਚਿ, ਅਤ੍ਰਿ, ਅੰਗਿਰਾ, ਪੁਲਸ੍ਤ੍ਯ, ਪੁਲਹ, ਕ੍ਰਤੁ, ਭ੍ਰਿਗੁ, ਵਸ਼ਿਸ਼੍ਠ ਅਤੇ ਅਥਰ੍ਵਣਿ. ਯਥਾਕ੍ਰਮ ਇਨ੍ਹਾਂ ਨੌ ਮੁਨੀਆਂ ਦੀਆਂ ਇਹ ਇਸਤ੍ਰੀਆਂ ਹਨ-

---

[662] "पद्मोऽस्त्रिया महापद्मः शङ्खो मकर कच्छपौ,
मुकुन्द कुन्द नीलश्च वर्चोऽपि निधयो नव."
(ਹਾਰਾਵਲੀ)

ਕਲਾ, ਅਨੁਸਯਾ, ਸ਼੍ਰੱਧਾ, ਹਵਿਭੁੰਗ, ਗਤਿ, ਕ੍ਰਿਯਾ, ਖਜਾਤਿ, ਅਰੁੰਧਤੀ ਅਤੇ ਸ਼ਾਂਤਿ, "ਨਉ ਮੁਨੀ ਧੂਰਿ ਲੈ ਲਾਵੈਗੋ." (ਕਾਨ ਅਃ ਮਃ ੪)

ਨਉਰੋਜ: ਦੇਖੋ, ਨੌ ਰੋਜ.

ਨਉ ਰੰਗ: ਨਵੀਨ ਰੰਗ। ੨. ਦੇਖੋ, ਨੌਰੰਗ.

ਨਉਰੰਗਾ: ਵਿ- ਨਵੇਂ ਰੰਗ ਵਾਲਾ। ੨. ਸੰਗਜਾ- ਔਰੰਗਜ਼ੇਬ ਬਾਦਸ਼ਾਹ.

ਨਉਰੰਗੀ: ਵਿ- ਨਵੇਂ ਰੰਗ ਵਾਲਾ. ਨਵਰੰਗੀ. "ਪ੍ਰੇਮ ਸਦਾ ਨਉਰੰਗੀ." (ਸਾਰ ਅਃ ਮਃ ੧) ੨. ਸੰਗਜਾ- ਨਾਰੰਗੀ. ਨਾਰੰਜ. ਸੰਗਤਰੇ ਦੀ ਛੋਟੀ ਕਿਸਮ.

ਨਊਆ: ਸੰਗਜਾ- ਨਾਪਿਤ. ਨਾਈ. ਹੱਜਾਮ.

ਨਅਲ. ਨਅ਼ਲ: ਦੇਖੋ, ਨਾਲ.

ਨਇਆ: ਵਿ- ਨਵੀਨ. ਨਯਾ. ਨਵਾਂ. ਦੇਖੋ, ਅੰ. New.

ਨਈ: ਸੰਗਜਾ- ਨਦੀ. "ਮਾਖਿਅ ਨਈ ਵਹੰਨਿ." (ਸ. ਫਰੀਦ) ੨. ਵਿ- ਨਵੀਂ. ਨਵੀਨ. ਨਯੀ। ੩. ਨੀਤਿਵਾਨ. ਨੀਤਿਵੇੱਤਾ.

ਨਈਆ: ਸੰ. नियन्तृ. ਨਿਯੰਤਾ. ਨਿਯਮ ਬੰਨ੍ਹਣ ਵਾਲਾ. ਕ਼ਾਇ਼ਦਾ ਮੁਕ਼ੱਰਰ ਕਰਨ ਵਾਲਾ ਕਰਤਾਰ. "ਨਈਆ ਤੇ ਬੈਰੇਕੰਨਾ." (ਧਨਾ ਨਾਮਦੇਵ) ਨਿਯੰਤਾ ਤੋਂ ਵਹਿਰ (ਬਾਹਰ) ਏਕ ਨਾ। ੨. ਸਿਖਯਾ ਦੇਣ ਵਾਲਾ। ੩. ਪ੍ਰੇਰਣਾ ਕਰਨ ਵਾਲਾ। ੪. ਹਿੰਦੀ- ਨੌਕਾ. ਕਿਸ਼ਤੀ. ਨੈਯਾ.

ਨਈਬੇਦ: ਸੰ. ਨੈਵੇਦਯ. ਸੰਗਜਾ- ਦੇਵਤਾ ਨੂੰ ਨਿਵੇਦਨ ਕੀਤਾ (ਅਰਪਿਆ) ਪਦਾਰਥ. ਭੋਜਨ ਆਦਿ ਉਹ ਸਾਮਗ੍ਰੀ ਜੋ ਦੇਵਤਾ ਨੂੰ ਚੜ੍ਹਾਈ ਜਾਵੇ. "ਧੂਪਦੀਪ ਨਈ ਬੇਦਹਿ ਬਾਸਾ." (ਗੂਜ ਰਵਿਦਾਸ) ਧੂਪ ਦੀਵਾ ਅਤੇ ਭੋਜਨ ਦੀ ਗੰਧ, ਦੇਵਤਾ ਤੋਂ ਪਹਿਲਾਂ ਹੀ ਚੜ੍ਹਾਉਣ ਵਾਲਾ ਲੈ ਲੈਂਦਾ ਹੈ.

ਨਈਮਖਾਰ: ਦੇਖੋ, ਨੈਮਿਸ਼.

ਨਈਵਾਸ: ਦੇਖੋ, ਨਿਵਾਸ.

ਨਈਵੇਦ: ਦੇਖੋ, ਨਈਬੇਦ.

ਨਸ: ਸੰ. नश्. ਧਾ- ਨਸ਼੍ਟ ਹੋਣਾ, ਖੋਇਆ ਜਾਣਾ, ਦਿਖਾਈ ਨਾ ਦੇਣਾ। ੨. ਸੰਗਜਾ- ਵਿਨਾਸ਼. ਦੇਖੋ, ਨਸਣਾ। ੩. ਸੰ. नस्. ਸੰਗਜਾ- ਨੱਕ. ਨਾਸਿਕਾ। ੪. ਸੰ. स्नायु. ਨਾੜੀ. ਰਗ. ਦੇਖੋ, ਅੰ. Sinew.

ਨਸ਼ਈ: ਵਿ- ਨਸ਼ਾ ਖਾਣ ਪੀਣ ਵਾਲਾ. ਅਮਲੀ.

ਨਸਹ: ਅ਼. نصح ਨਸਹ਼. ਸੰਗਜਾ- ਨਸੀਹਤ ਕਰਨ ਦਾ ਭਾਵ. ਸਿਖਯਾ. ਪੰਦ। ੨. ਖ਼ੈਰਖ਼੍ਵਾਹੀ.

ਨਸਕਨਾ: ਕ੍ਰਿ- ਭਾਰ ਦੇ ਮਾਰੇ ਝੁਕਣਾ. ਦਬਣਾ. "ਧਰਾ ਧਸਕਤ ਫਣੀਫਣ ਨਸਕਤ ਹੈ." (ਹੰਸਰਾਮ)

ਨਸਟ: ਦੇਖੋ, ਨਸ਼੍ਟ.

ਨਸਣਾ: ਕ੍ਰਿ- ਨੱਠਣਾ. ਭੱਜਣਾ। ੨. ਨਸ਼੍ਟ ਹੋਣਾ. ਦੇਖੋ, ਨਸ ੧.

ਨਸ਼ਤਰ: ਫ਼ਾ. نشتر ਨਿਸ਼ਤਰ. ਸੰਗਜਾ- ਨਸ਼ੀਤਰ ਦਾ ਸੰਖੇਪ. ਲਹੂ ਕੱਢਣ ਅਤੇ ਫੋੜਾ ਆਦਿ ਚੀਰਨ ਦਾ ਤੇਜ਼ ਚਾਕੂ.

ਨਸਤਰੰਗ: ਸੰਗਯਾ- ਨਫੀਰੀ ਜੇਹਾ ਇੱਕ ਵਾਜਾ, ਜੋ ਕੰਠ ਦੀ ਨਸ (ਨਾੜਾਂ) ਦੀ ਹਰਕਤ ਨਾਲ ਵਜਦਾ ਹੈ.

ਨਸਤਾਲੀਕ: ਅ਼. نستعلیق ਨਸਤਅ਼ਲੀਕ਼. ਨਸਖ਼ ਅਤੇ ਤਅ਼ਲੀਕ਼. ਲੇਖਾਂ ਤੋਂ ਮਿਲਕੇ ਬਣਿਆ ਹੋਇਆ ਖ਼ਤ਼. ਮੌਜੂਦਾ ਫ਼ਾਰਸੀ ਲਿਖਤ। ੨. ਖ਼ੁਸ਼ਖ਼ਤੀ. Caligraphy. ਸਾਫ਼ ਲਿਖਤ.

ਨਸਬ: ਅ਼. نسب ਸੰਗ੍ਯਾ- ਕੁਲ. ਵੰਸ਼। ੨. ਜਾਤਿ. ਕੌਮ। ੩. ਅ. نصب ਨਸਬ. ਕ਼ਾਇਮ ਕਰਨ ਦੀ ਕ੍ਰਿਯਾ। ੪. ਮੁਕ਼ੱਰਿਰ ਕਰਨਾ.

ਨਸਬਨਾਮਾ: ਫ਼ਾ. نسب نامہ ਕੁਰਸੀਨਾਮਾ, ਵੰਸ਼ਾਵਲੀ.

ਨਸਰ: ਅ਼. نثر ਨਸਰ. ਸੰਗ੍ਯਾ- ਗਦ੍ਯ ਕਾਵ੍ਯ. ਵਾਰਤਿਕ ਰਚਨਾ. ਨਸਰ ਦਾ ਅਰਥ ਵਿਖੇਰਨਾ ਹੈ। ੨. ਅ਼. نشر ਨਸ਼ਰ. ਪ੍ਰਗਟ ਕਰਨ ਦੀ ਕ੍ਰਿਯਾ. ਫੈਲਾਉਣਾ। ੩. ਫ਼ਾ. ਨਸਰ. ਪੜਛਾਵਾਂ. ਸਾਯਹ। ੪. ਪਹਾੜ ਦੇ ਟਿੱਲੇ ਤੇ ਬਣਾਇਆ ਝੌਂਪੜਾ.

ਨਸਰਤ: ਦੇਖੋ, ਨੁਸਰਤ.

ਨਸਰਤਖ਼ਾਨ: ਦੇਖੋ, ਨਾਹਰ ਖ਼ਾਨ ਅਤੇ ਨੁਸਰਤ ਖ਼ਾਨ.

ਨਸਲ: ਅ਼. نسل ਸੰਗ੍ਯਾ- ਵੰਸ਼. ਕੁਲ. ਔਲਾਦ.

ਨਸਵਾਰ: ਸੰਗ੍ਯਾ- ਨਾਸਿਕਾ ਦ੍ਵਾਰਾ ਸੁੰਘਣ ਦਾ ਦ੍ਰਵ੍ਯ. ਸੁੰਘਣੀ.

ਨਸਾ: ਅ਼. نشہ ਨਸ਼ਹ. ਸੰਗ੍ਯਾ- ਅਮਲ. ਮਾਦਕ ਦ੍ਰਵ੍ਯ. ਦਿਮਾਗ਼ ਨੂੰ ਕ੍ਸ਼ੋਭ ਕਰਨ ਵਾਲਾ ਪਦਾਰਥ। ੨. ਨਸ਼ੀਲੇ (ਮਾਦਕ) ਪਦਾਰਥ ਦੇ ਵਰਤਣ ਤੋਂ ਹੋਈ ਖ਼ੁਮਾਰ (ਕ੍ਸ਼ੋਭ ਅਵਸ੍ਥਾ).

ਨਸਾਦਰ: ਫ਼ਾ. نوشادر ਨੌਸ਼ਾਦਰ. ਸੰ. ਨਰਸਾਰ. ਸੰਗ੍ਯਾ- ਇੱਕ ਪ੍ਰਕਾਰ ਦਾ ਖਾਰ ਜੋ ਪ੍ਰਾਣੀਆਂ ਦੇ ਪੇਸ਼ਾਬ ਪਾਖ਼ਾਨੇ ਆਦਿ ਵਿੱਚੋਂ ਕੱਢਿਆ ਜਾਂਦਾ ਹੈ. Sal- amoniac.

ਨਸਾਦਰ ਕੋ ਪਿਤਾ: ਸੰਗ੍ਯਾ- ਵਿਸ਼੍ਟਾ. ਗੰਦਗੀ, ਜਿਸ ਵਿੱਚੋਂ ਨਸਾਦਰ ਨਿਕਲਦਾ ਹੈ. ਗੁਰੁਵਿਲਾਸ ਵਿੱਚ ਇਹ ਸ਼ਬਦ ਭਾਈ ਸੁੱਖਾ ਸਿੰਘ ਨੇ ਵਰਤਿਆ ਹੈ.

ਨਸਾਨ: ਦੇਖੋ, ਨਿਸਾਨ.

ਨਸਾਨਾ: ਫ਼ਾ. نشانہ ਨਸ਼ਾਨਹ. ਸੰਗ੍ਯਾ- ਤੀਰ ਗੋਲੀ ਆਦਿ ਮਾਰਨ ਦੀ ਥਾਂ. ਲਕ੍ਸ਼੍ਯ.

ਨਸ਼ਾਨਾ ਫੁੰਡਣਾ: ਲਕ੍ਸ਼੍ਯ ਵੇਧਨ. ਦੇਖੋ, ਦੀਦਬਾਨ.

ਨਸਾਨੀ: ਦੇਖੋ, ਨਿਸਾਨੀ.

ਨਸਾਫ: ਫ਼ਾ. نصاف ਨਸਾਫ਼. ਇਹ ਸੰਖੇਪ ਹੈ ਨ- ਇਨਸਾਫ਼ ਦਾ. ਅਨ੍ਯਾਯ। ੨. ਪੰਜਾਬੀ ਵਿੱਚ ਇਨਸਾਫ਼ ਦਾ ਸੰਖੇਪ ਭੀ ਇਹ ਸ਼ਬਦ ਹੈ.

ਨਸਾਰ: ਸੰ. ਸਾਰਿਣ. ਸੰਗ੍ਯਾ- ਪਾਣੀ ਦਾ ਖਾਲ. ਖੂਹ ਦਾ ਪਤਨਾਲਾ। ੨. ਫ਼ਾ. نسار ਛਾਂਉਂ। ੩. ਚੰਦੋਆ। ੪. ਉਹ ਅਸਥਾਨ, ਜਿੱਥੇ ਸੂਰਜ ਦਾ ਪ੍ਰਕਾਸ਼ ਨਾ ਪਹੁਚੇ। ੫. ਦੇਖੋ, ਨਿਸਾਰ.

ਨਸਾਰਾ, ਨਸਾਰੀ: ਅ਼. نصارا ਨਸਾਰਾ. Nadareth (ਨਾਸਿਰਹ) ਨਗਰ ਵਿੱਚ ਪੈਦਾ ਹੋਣ ਤੋਂ ਪੈਗ਼ੰਬਰ ਈ਼ਸਾ ਦਾ ਨਾਮ ਨਾਸਿਰੀ ਹੋਇਆ. ਉਸ ਦਾ ਪੈਰੋ ਨਸਰਾਨੀ, ਨਸਰਾਨੀ ਦਾ ਬਹੁਵਚਨ ਨਸਾਰਾ.

ਨਸਿ: ਨੱਸਕੇ. ਦੌੜਕੇ. ਭਾਵ- ਛੇਤੀ. ਫ਼ੌਰਨ. "ਨਸਿ ਵੰਞਹੁ ਕਿਲਵਿਖਹੁ." (ਆਸਾ ਛੰਤ ਮਃ ੫) ੨. ਨਸ਼੍ਟ ਹੋਕੇ.

ਨਸਿਆ: ਨੱਸਿਆ. ਨੱਠਾ. ਦੌੜਿਆ. "ਦੂਖ ਦਰਦ ਭ੍ਰਮ ਭਉ ਨਸਿਆ." (ਗਉ ਮਃ ੫) ੨. ਨਸ਼੍ਟ ਹੋਇਆ. ਨਾਸ਼ ਹੋਇਆ. ਮੋਇਆ. "ਜਾ ਨਸਿਆ ਕਿਆ ਚਾਕਰੀ, ਜਾ ਜੰਮੇ ਕਿਆ ਕਾਰ? " ਵਾਰ ਸਾਰ ਮਃ ੧)

ਨਸਿਆਰਾ: ਵਿ- ਨਸਿਆਂ- ਵਾਲਾ. ਅ਼- ਨਸਿਆਂ (ਭੁੱਲ- ਖ਼ਤਾ), ਵਾਲਾ. ਭੁੱਲੜ. "ਮਨ ਖੋਟੇ ਆਕੀ ਨਸਿਆਰਾ." (ਭਾਗੁ) ੨. ਫ਼ਾ. ਨਿਸਿਆਂ (ਵਿਰੋਧ- ਮੁਖ਼ਾਲਫ਼ਤ) ਵਾਲਾ। ੩. ਫ਼ਾ. ناسرہ ਨਾਸਰਹ. ਸੰਗਯਾ- ਮੁਲੰਮਾ. ਖੋਟਾ ਸਿੱਕਾ.

ਨਸੀਹਤ: ਅ਼. نصیحت ਨਸੀਹ਼ਤ. ਸੰਗਯਾ- ਖ਼ੈਰਖ਼੍ਵਾਹੀ. ਸ਼ੁਭਚਿੰਤਨ। ੨. ਹਿਤ ਦੀ ਗੱਲ. ਉਪਦੇਸ਼. ਸਿਖ੍ਯਾ.

ਨਸੀਹਤਨਾਮਾ: ਐਸਾ ਪਤ੍ਰ, ਜਿਸ ਵਿੱਚ ਸ਼ੁਭ ਉਪਦੇਸ਼ ਹੋਵੇ। ੨. ਗੁਰੂ ਨਾਨਕ ਸਾਹਿਬ ਦੇ ਨਾਮ ਪੁਰ ਕਿਸੇ ਸਿੱਖ ਦਾ ਰਚਿਆ ਹੋਇਆ ਇੱਕ ਸ਼ਬਦ, ਜਿਸ ਦਾ ਆਰੰਭ ਇਸ ਤੁਕ ਤੋਂ ਹੁੰਦਾ ਹੈ- "ਕੀਚੈ ਨੇਕਨਾਮੀ ਜਿ ਦੇਵੈ ਖ਼ੁਦਾਇ."××× ਜਨਮਸਾਖੀ ਅਤੇ ਗੁਰੂ ਨਾਨਕਪ੍ਰਕਾਸ਼ ਅਨੁਸਾਰ ਇਹ ਰਚਨਾ ਮਿਸਰ ਦੇ ਅਤ੍ਯਾਚਾਰੀ ਬਾਦਸ਼ਾਹ ਪਰਥਾਇ ਹੋਈ ਹੈ, ਪਰ ਐਤਿਹਾਸਿਕ ਖੋਜ ਤੋਂ ਇਹ ਸਿੱਧ ਨਹੀਂ. ਅਰ ਨਸੀਹਤਨਾਮੇ ਦੀ ਰਚਨਾ ਗੁਰਬਾਣੀ ਅਨੁਸਾਰ ਨਹੀਂ ਹੈ.

ਨਸ਼ੀਨ: ਫ਼ਾ. نشیں ਵਿ- ਬੈਠਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਤਖ਼ਤਨਸ਼ੀਨ, ਕੁਰਸੀਨਸ਼ੀਨ ਆਦਿ। ੨. ਤੂੰ ਬੈਠ.

ਨਸੀਬ: ਅ਼. نصیب ਨਸੀਬ. ਸੰਗਯਾ- ਭਾਗ੍ਯ. ਕ਼ਿਸਮਤ. ਪ੍ਰਾਰਬਧ। ੨. ਹ਼ਿੱਸਾ. ਵਰਤਾਰਾ. ਛਾਂਦਾ.

ਨਸੀਮ: ਅ਼. نسیم ਸੰਗਯਾ- ਸਵੇਰ ਵੇਲੇ ਦੀ ਹਲਕੀ ਪੌਣ. Breeze.

ਨਸੀਰੁੱਦੀਨ: ਦੇਖੋ, ਸੁਬਕਤਗੀਨ.

ਨਸੂਰ: ਦੇਖੋ, ਨਾਸੂਰ. "ਰਹੈ ਵ੍ਰਿਕਾਰ ਨਸੂਰ ਸਦਾਈ." (ਨਾਪ੍ਰ)

ਨਸ਼ੇਬ: ਫ਼ਾ. نشیب ਸੰਗਯਾ- ਨਿਵਾਣ. ਢਲਵਾਣ. ਨੀਵਾਂ ਅਸਥਾਨ.

ਨਸ਼੍ਟ: ਸੰ. ਵਿ- ਨਾਸ਼ ਹੋਇਆ। ੨. ਲੋਪ. ਜੋ ਦਿਖਾਈ ਨਹੀਂ ਦਿੰਦਾ। ੩. ਧਨਹੀਨ. ਨਿਰਧਨ। ੪. ਨੀਚ।

ਨਸ਼੍ਵਰ: ਸੰ. ਵਿ- ਨਾਸ਼ ਹੋਣ ਯੋਗ੍ਯ. ਵਿਨਸਨਹਾਰ. "ਨਸ਼੍ਵਰ ਅਹੈਂ ਪਦਾਰਥ ਸਾਰੇ." (ਗੁਪ੍ਰਸੂ)

ਨਹ. ਦੇਖੋ, ਨਹਨ। ੨. ਸੰ. ਨਹਿ. ਫ਼ਾ. نہ ਵ੍ਯ. ਨਿਸ਼ੇਧ ਬੋਧਕ ਸ਼ਬਦ. ਨਾ. ਨਹੀਂ. "ਨਹ ਕਿਛੁ ਜਨਮੈ ਨਹ ਕਿਛੁ ਮਰੈ." (ਸੁਖਮਨੀ) ੩. ਕ੍ਰਿ. ਵਿ- ਕਯੋਂ, ਕੈਸੇ. ਕਿਵੇਂ. "ਜੀਵਤਿਆ ਨਹ ਮਰੀਐ?" (ਰਾਮ ਮਃ ੧) ਜੀਵਦਿਆਂ ਕਿਵੇਂ ਮਰੀਐ?[663] ੪. ਸੰਗਯਾ- ਨਖ. ਨਹੁੰ. ਨਾਖ਼ੁਨ. "ਚਾਕਰ ਨਹ ਦਾ ਪਾਇਨਿ ਘਾਉ." (ਵਾਰ ਮਲਾ ਮਃ ੧) ਦਰਿੰਦੇ ਜਾਨਵਰਾਂ ਵਾਂਙ ਰਾਜਕਰਮਚਾਰੀ ਪ੍ਰਜਾ ਨੂੰ ਪਾੜ ਖਾਂਦੇ ਹਨ.

ਨਹਸ, ਨਹ਼ਸ: ਅ਼. نحس ਵਿ- ਮਨਹੂਸ. ਬੁਰਾ. ਨਾਮੁਬਾਰਿਕ. ਬਦਸਗਨਾ.

ਨਹਜ: ਅ਼. نہج ਰਾਹ. ਮਾਰਗ। ੨. ਤ਼ਰੀਕਾ. ਰੀਤਿ.

ਨਹਨ: (ਸੰ. नह्. ਧਾ- ਬੰਨ੍ਹਣਾ, ਜੋੜਨਾ, ਸ਼ਸਤ੍ਰ ਧਾਰਨ ਕਰਨਾ). ੨. ਸੰਗਯਾ- ਕਵਚ ਆਦਿ ਸ਼ਸ੍ਤ੍ਰ ਪਹਿਰਨ ਦੀ ਕ੍ਰਿਯਾ। ੩. ਜੋੜਣ (ਜੋਤਣ) ਦੀ ਕ੍ਰਿਯਾ. "ਨਹੇ ਪਿੰਗ ਬਾਜੀ." (ਰਾਮਾਵ) ਰਥ ਨੂੰ ਪੀਲੀ ਭਾਹ ਵਾਲੇ ਘੋੜੇ ਜੋਤੇ। ੪. ਦੇਖੋ, ਨਾਹਨ.

ਨਹਰ: ਦੇਖੋ, ਨਹਿਰ.

ਨਹਰੀ: ਦੇਖੋ, ਨਹਿਰੀ.

---

[663] ਗ੍ਯਾਨੀ ਇਸ ਦਾ ਅਰਥ ਕਰਦੇ ਹਨ-ਨਾ ਮਰੀਏ. ਭਾਵ- ਅਮਰ ਹੋਈਏ. ਪਰ ਅਗਲੀ ਤੁਕ ਵਿੱਚ ਜੋ ਉੱਤਰ ਹੈ ਉਸ ਦੇ ਇਹ ਅਰਥ ਵਿਰੁੱਧ ਹੈ.

ਨਹਾਂਕਰਾ: ਸੰ. निहन्तृ. ਨਿਹੰਤਾ. ਵਿ- ਵਧ ਕਰਨ ਵਾਲਾ. ਮਾਰਨ ਵਾਲਾ. "ਬੀਰ ਬਾਂਕਰੇ ਨਹਾਂਕਰੇ ਹਕਾਰਤੇ." (ਗੁਪ੍ਰਸੂ)

ਨਹਾਤ: ਸਨਾਨ ਕਰਦਾ ਹੈ. ਨ੍ਹਾਉਂਦਾ ਹੈ.

ਨਹਾਰ: ਅ਼. نہار ਸੰਗਯਾ- ਦਿਨ. ਸੂਰਯ ਦੇ ਨਿਕਲਣ ਤੋਂ ਛਿਪਣ ਤੀਕ ਦਾ ਸਮਾਂ। ੨. ਫ਼ਾ. ਫ਼ਾਕ਼ਾ. ਨਆਹਾਰ. ਦੇਖੋ, ਸੰ. ਨਿਰਾਹਾਰ.

ਨਹਿ: ਸੰ. ਵਯ- ਨਿਸ਼ੇਧ ਬੋਧਕ. ਨਹੀਂ. ਨਾ. "ਧਾਮ ਹੂੰ ਨਹਿ ਜਾਹਿ." (ਜਾਪੁ)

ਨਹਿਸ: ਦੇਖੋ, ਨਹਸ.

ਨਹਿਨ: ਵਯ- ਨਹੀਂ. ਨਾ. "ਜਾਤਿ ਅਰੁ ਪਾਤਿ ਨਹਿਨ ਜਿਹ." (ਜਾਪੁ) ੨. ਦੇਖੋ, ਨਹਨ.

ਨਹਿਰ: ਅ਼. نہر ਨਹਰ. ਸੰਗਯਾ- ਸਮੁੰਦਰ ਅਥਵਾ ਦਰਿਆ ਤੋਂ ਕੱਢੀ ਹੋਈ ਬਣਾਉਟੀ ਨਦੀ, ਜਿਸ ਨਾਲ ਜਹਾਜਰਾਨੀ ਹੁੰਦੀ ਹੈ ਅਤੇ ਖੇਤਾਂ ਨੂੰ ਸਿੰਜਿਆ ਜਾਂਦਾ ਹੈ.[664] ਸਭ ਤੋਂ ਪਹਿਲਾਂ ਹਿੰਦੁਸਤਾਨ ਵਿੱਚ ਫ਼ਿਰੋਜ਼ਸ਼ਾਹ ਤੁਗ਼ਲਕ ਨੇ ਸਨ ੧੩੫੦ ਵਿੱਚ ਜਮਨਾਂ ਤੋਂ ਨਹਿਰ ਕੱਢੀ.

ਪੁਰਾਣਾਂ ਵਿੱਚ ਕਥਾ ਹੈ ਕਿ ਕ੍ਰਿਸ਼ਨ ਜੀ ਦੇ ਭਾਈ ਬਲਰਾਮ ਨੇ ਹਲ ਨਾਲ ਜਮਨਾ ਨੂੰ ਖਿੱਚਕੇ ਲੈ ਆਂਦਾ ਸੀ. ਇਸ ਤੋਂ ਵਿਦ੍ਵਾਨ ਸਮਝਦੇ ਹਨ ਕਿ ਬਲਰਾਮ ਨੇ ਖੇਤੀਆਂ ਦੀ ਆਬਪਾਸ਼ੀ ਲਈ ਜਮੁਨਾ ਵਿੱਚੋਂ ਨਹਿਰ ਕੱਢੀ ਸੀ.

ਨਹਿਰੀ: ਵਿ- ਨਹਰ ਨਾਲ ਸੰਬੰਧ ਰੱਖਣ ਵਾਲਾ. ਨਹਰ ਨਾਲ ਸੰਬੰਧਿਤ। ੨. ਸੰਗਯਾ- ਉਹ ਜ਼ਮੀਨ, ਜੋ ਨਹਿਰ ਨਾਲ ਸਿੰਜੀ ਜਾਵੇ। ੩. ਘੋੜੇ ਦਾ ਇੱਕ ਪ੍ਰਕਾਰ ਦਾ ਲਗਾਮ (ਦਹਾਨਾ), ਜਿਸ ਦੇ ਮੂੰਹ ਦਿੱਤੀਆਂ ਕੁੱਝ ਖਾ ਨਾ ਸਕੇ, ਦੇਖੋ, ਨਹਾਰ.

ਨਹੀ, ਨਹੀਂ: ਵਯ- ਦੇਖੋ ਨਹਿ. "ਨਹੀ ਛੋਡਉ ਰੇ ਬਾਬਾ, ਰਾਮ ਨਾਮ." (ਬਸੰ ਕਬੀਰ)

ਨਹੀਐ: ਨਹੀਂ- ਹੈ "ਤਿਸੁ ਸਰ ਨਹੀਐ."[665] (ਦੇਵ ਮਃ ੫) ਉਸ ਦੇ ਤੁੱਲ ਨਹੀਂ ਹੈ। ੨. ਨਹਨ ਕਰੀਐ. ਜੋਤੀਏ. ਦੇਖੋ, ਨਹਨ.

ਨਹੀਨ: ਦੇਖੋ, ਨਹਿਨ. "ਮੋਹਿ ਐਸੇ ਬਨਜ ਸਿਉ ਨਹੀਨ ਕਾਜੁ." (ਬਸੰ ਕਬੀਰ)

ਨਹੁ: ਵਯ- ਨਾਂ ਨਹੀ. "ਸੇਜ ਇਕੇਲੀ ਨੀਦ ਨਹੁ ਨੈਨਹ." (ਸੋਰ ਮਃ ੫) "ਤਿਨਰ ਨਿਧਨ ਨਹੁ ਕਹੀਐ." (ਸਵੈਯੇ ਮਃ ੩. ਕੇ) ੨. ਇਨਕਾਰ. "ਜਿਨਿ ਗੁਰੁ ਨ ਦੇਖਿਅਉ, ਨਹੁ ਕੀਅਉ, ਤੇ ਅਕਯਥ ਸੰਸਾਰ ਮਹਿ." (ਸਵੈਯੇ ਮਃ ੪. ਕੇ) ਜਿਨ੍ਹਾਂ ਨੇ ਗੁਰੂ ਦਾ ਦਰਸ਼ਨ ਨਹੀਂ ਕੀਤਾ ਅਤੇ ਗੁਰੂ ਤੋਂ ਮੁਨਕਿਰ ਹਨ, ਉਹ ਸੰਸਾਰ ਵਿੱਚ ਅਕਾਰਥ ਹਨ। ੩. ਵਿ- ਨਵ. ਨੌ. ਫ਼ਾ. نہ ਨਹੁ. "ਤਿਨਰ ਸੇਵ ਨਹੁ ਕਰਹਿ." (ਸਵੈਯੇ ਮਃ ੩. ਕੇ) ਨੌ ਨਿਧੀਆਂ ਉਨ੍ਹਾਂ ਦੀ ਸੇਵਾ ਕਰਦੀਆਂ ਹਨ. ਨੌ ਮੁਨੀ ਉਨ੍ਹਾਂ ਦੀ ਸੇਵਾ ਕਰਦੇ ਹਨ. ਦੇਖੋ, ਨਉ ਮੁਨੀ.

ਨਹੁਖ: ਸੰ. ਨਹੁਸ਼. ਮਹਾਭਾਰਤ ਵਿੱਚ ਲੇਖ ਹੈ ਕਿ ਨਹੁਸ਼ ਅਯੋਧਯਾਪਤਿ ਅੰਬਰੀਸ਼ ਦਾ ਪੁਤ੍ਰ ਅਤੇ ਯਯਾਤਿ ਦਾ ਪਿਤਾ ਸੀ. ਵ੍ਰਿਤ੍ਰਾਸੁਰ (ਬ੍ਰਾਹਮਣ) ਦੇ ਮਾਰਨ ਤੋਂ ਜਦ ਇੰਦ੍ਰ ਬ੍ਰਹਮਹਤਯਾ ਦੇ ਭੈ ਨਾਲ ਕਮਲਨਾਲਿ ਵਿੱਚ ਲੁੱਕ ਗਿਆ, ਤਦ ਵ੍ਰਿਹਸਪਤੀ ਨੇ ਨਹੁਖ ਨੂੰ ਇੰਦ੍ਰ ਦੇ ਸਿੰਘਾਸਨ ਪੁਰ ਥਾਪਿਆ. ਨਹੁਖ ਨੇ ਇੰਦ੍ਰਾਣੀ ਨੂੰ ਸੱਦ ਭੇਜਿਆ, ਉਸ ਨੇ ਉੱਤਰ ਦਿੱਤਾ ਕਿ ਜੇ ਸੱਤ ਰਿਖੀ ਨੂੰ ਪਾਲਕੀ ਵਿੱਚ ਜੋਤ ਕੇ ਮੇਰੇ ਪਾਸ ਤੂੰ ਆਵੇਂ, ਤਦ ਤੇਰੇ ਨਾਲ ਚੱਲਾਂਗੀ. ਨਹੁਖ ਰਿਖੀਆਂ ਤੋਂ ਪਾਲਕੀ ਚੁਕਵਾਕੇ ਤੇਜ਼ ਚਲਾਉਣ ਲਈਂ ਸਰਪ- ਸਰਪ (ਛੇਤੀ ਤੁਰੋ) ਕਹਿਕੇ ਤੱਦੀ ਕਰਨ ਲੱਗਾ. ਇਸ ਪੁਰ ਅਗਸਤਯ ਮੁਨਿ ਨੇ ਸਰਾਪ ਦੇ ਦਿੱਤਾ

---

[664] ਜਿਵੇਂ Sued canal, Panama canal ਅਤੇ ਸਤਲੁਜ ਝਨਾਂ ਆਦਿ ਦੀ ਨਹਿਰਾਂ ਹਨ.

[665] ਸਰਨ-ਅਹੀਐ. ਪਾਠ ਭੀ ਗਯਾਨੀ ਕਰਦੇ ਹਨ.

ਕਿ ਜਾਓ, ਸਰਪ ਬਣ ਜਾਓ. ਨਹੁਖ ਸਰਪ ਹੋਕੇ ਸੁਰਗੋਂ ਡਿੱਗਾ. ਰਾਜਾ ਯੁਧਿਸ਼੍ਰਿਰ ਨੇ ਨਹੁਖ ਨੂੰ ਸਰਪਯੋਨਿ ਤੋਂ ਮੁਕਤ ਕੀਤਾ।

ਨਹੁਰ: ਦੇਖੋ, ਨੌਹਰ.

ਨਹੁਰਾ: ਡਿੰਗ. ਸੰਗਯਾ- ਪਸ਼ੁਸ਼ਾਲਾ. ਪਸ਼ੂ ਬੰਨ੍ਹਣ ਦਾ ਮਕਾਨ.

ਨਹੇ: ਜੋਤੇ, ਜੋੜੇ. ਦੇਖੋ, ਨਹਨ ੨.

ਨਹੇਰਨਾ: ਸੰਗਯਾ- ਨਖ ਹਰਨ ਦਾ ਸੰਦ. ਨੌਂਹ (ਨਾਖ਼ੁਨ) ਕੱਟਣ ਦਾ ਔਜ਼ਾਰ.

ਨਹੇਰਨਾ ਸਿੰਘ: ਖ਼ਾ. ਨਾਈ ਸਿੱਖ. ਨਹੇਰਨਾ ਰੱਖਣ ਵਾਲਾ ਸਿੰਘ.

ਨਕ: ਸੰਗਯਾ- ਨਾਸਿਕਾ. ਨਾਕ। ੨. ਸੰ. नक्. ਰਾਤ੍ਰਿ. ਰਾਤ। ੩. ਸੰ. ਨਕ੍ਰ. ਨਾਕੂ. "ਜਪੰਤ ਪੰਨਗੰ. ਨਕੰ." (ਗਯਾਨ)

ਨਕਈ: ਵਿ- ਨੱਕੇ ਦਾ ਵਸਨੀਕ. ਦੇਖੋ, ਨੱਕਾ। ੨. ਨਕੈਯਾਂ ਦੀ ਮਿਸਲ ਨਾਲ ਸੰਬੰਧ ਰੱਖਣ ਵਾਲਾ. ਦੇਖੋ, ਨਕੈਯਾਂ ਦੀ ਮਿਸਲ.

ਨਕਸ਼, ਨਕ਼ਸ਼: ਅ਼. نقش ਸੰਗਯਾ- ਸੂਰਤ. ਸ਼ਕਲ। ੨. ਚਿੰਨ੍ਹ. ਨਿਸ਼ਾਨ। ੩. ਲਿਆਕ਼ਤ. ਯੋਗਯਤਾ। ੪. ਯੰਤ੍ਰ, ਲਿਖਿਆ ਹੋਇਆ ਮੰਤ੍ਰ.

ਨਕਸ਼ਚੀ, ਨਕ਼ਸ਼ਚੀਂ: ਫ਼ਾ. نقش‌چی ਖੋਜੀ. ਸੁਰਾਗ਼ ਕੱਢਣ ਵਾਲਾ. ਪੈੜੂ. ਦੇਖੋ, ਨਿਸਕਚੀ.

ਨਕਸ਼ਾ, ਨਕ਼ਸ਼ਾ: ਅ਼. نقشہ ਸੰਗਯਾ- ਚਿਤ੍ਰ. ਤਸਵੀਰ. ਕਿਸੇ ਵਸਤੁ ਦਾ ਨਮੂਨਾ। ੨. ਭੂਗੋਲ ਅਥਵਾ ਉਸਦੇ ਕਿਸੇ ਹਿੱਸੇ ਦਾ ਚਿਤ੍ਰ. Map.

ਨਕਸੀਰ: ਸੰਗਯਾ- ਨਾਸਿਕਾ- ਸ਼ਿਰਾ. ਨੱਕ ਦੀ ਸ਼ਿਰਾ (ਨਾੜੀ) ੨. ਨੱਕ ਦੀ ਸ਼ਿਰਾ (ਰਗ) ਤੋਂ ਲਹੂ ਵਗਣ ਦੀ ਕ੍ਰਿਯਾ. رُعاف ਰੁਆ਼ਫ Epistaxis. ਪਿੱਤ ਦੇ ਵਿਗਾੜ ਤੋਂ, ਧੁੱਪ ਲਗਣ ਤੋਂ, ਮਿਰਚ ਆਦਿਕ ਤਿੱਖੇ ਪਦਾਰਥ ਖਾਣ ਅਤੇ ਸ਼ਰਾਬ ਪੀਣ ਤੋਂ, ਬਹੁਤ ਮੈਥੁਨ ਕਰਨ ਤੋਂ, ਸੱਟ ਵੱਜਣ ਆਦਿ ਕਾਰਣਾਂ ਤੋਂ ਨਕਸੀਰ ਵਗਦੀ ਹੈ.

ਇਸ ਦਾ ਇਲਾਜ ਹੈ- ਠੰਡੇ ਜਲ ਦੇ ਛਿੱਟੇ ਮੂੰਹ ਤੇ ਮਾਰਨੇ, ਸੀਤਲ ਜਲ ਨੱਕ ਨਾਲ ਖਿੱਚਣਾ, ਅੰਬ ਦੀ ਗੁਠਲੀ ਅਤੇ ਅਨਾਰ ਦੀ ਕਲੀ ਪਾਣੀ ਵਿੱਚ ਘਿਸਾਕੇ ਨਸਵਾਰ ਲੈਣੀ. ਕਪੂਰ ਨੂੰ ਧਣੀਏ ਦੀ ਪਾਣੀ ਵਿੱਚ ਘਸਾਕੇ ਨੱਕ ਵਿੱਚ ਟਪਕਾਉਂਣਾ. ਰੌਗਣ ਕੱਦੂ ਅਤੇ ਬਦਾਮਰੌਗਨ ਸਿਰ ਤੇ ਮਲਣਾ. ਅਨਾਰ ਅਤੇ ਚੰਦਨ ਦਾ ਸ਼ਰਬਤ ਬੀਹਦਾਣੇ ਦਾ ਲੁਬਾਬ ਸ਼ਰਬਤ ਨੀਲੋਫਰ ਨਾਲ ਮਿਲਾਕੇ ਪਿਆਉਂਣਾ.

ਨਕਕਟਾ, ਨਕਖੀਨਾ, ਨਕਖੀਨੀ, ਨਕਟਦੇ, ਨਕਟਪੰਥ, ਨਕਟਾ: ਵਿ- ਜਿਸ ਦਾ ਨੱਕ ਕਟ ਗਿਆ ਹੈ. ਨਾਸਿਕਾ ਰਹਿਤ। ੨. ਸੰਗਯਾ- ਬੇ ਸ਼ਰਮ ਆਦਮੀ. ਨਿਰਲੱਜ ਪੁਰਖ. "ਨਾਮਹੀਣ ਫਿਰਹਿ ਸੇ ਨਕਟੇ." (ਰਾਮ ਮਃ ੪) ੩. ਨਿਰਲੱਜ ਲੋਕਾਂ ਦਾ ਟੋਲਾ. ਨਕਟਿਆਂ ਦਾ ਪੰਥ. ਆਪਣੇ ਜੇਹਾ ਨਿਰਲੱਜ ਕਰਨ ਵਾਲੇ ਲੋਕਾਂ ਦੀ ਜਮਾਤ। ੪. ਨਕਟ ਦੇਵੀ. ਮਾਇਆ. ਸਾਧੁਜਨਾਂ ਨੇ ਜਿਸ ਦਾ ਨੱਕ ਕੱਟਕੇ ਨਕਟੀ ਕੀਤਾ ਹੈ. "ਨਕਖੀਨੀ ਸਭ ਨਥਹਾਰੇ." (ਨਟ ਅਃ ਮਃ ੪) ਨਕਟੀ (ਮਾਇਆ) ਨੇ ਸਾਰੇ ਨੱਥ ਲਏ ਹਨ. "ਬੀਚਿ ਨਕਟਦੇ ਰਾਨੀ." (ਆਸਾ ਕਬੀਰ) ਵਾਮਮਾਰਗੀਆਂ ਦੇ ਪੂਜਨਚਕ੍ਰ ਵਿਚਕਾਰ ਨਕਟਦੇਵੀ ਹੈ.

ਨਕਟੀ: ਨਕਵੱਢੀ. ਨਕਟਾ ਦਾ ਸ੍ਤ੍ਰੀ ਲਿੰਗ."ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ." (ਦੇਵ ਮਃ ੪) ਹਰਿਨਾਮ ਬਿਨਾ ਸੁੰਦਰੀ ਭੀ ਨਕਟੀ ਹੈ। ੨. ਸੰ. ਨਕੁਟੀ. ਨਾਸਿਕਾ. ਨੱਕ। ੩. ਭਾਵ- ਮਾਯਾ. "ਸਗਲ ਮਾਹਿ ਨਕਟੀ ਕਾ ਵਾਸਾ." (ਆਸਾ ਕਬੀਰ)

ਨਕੁਟ, ਨਕਟੂ: ਸੰ. ਨਕੁਟ ਅਤੇ ਨਕੁਟੀ. ਨਾਸਿਕਾ. ਨੱਕ. "ਨੈਨੂ ਨਕਟੁ ਸ੍ਰਵਨੁ." (ਮਾਰੂ ਕਬੀਰ) ੨. ਦੇਖੋ, ਨਕਟਾ.

ਨਕਤ: ਸੰ. ਨਕ੍ਤ. ਸੰਗਯਾ- ਰਾਤ. ਸ਼ਬ. ਰਾਤ੍ਰਿ। ੨. ਇੱਕ ਵ੍ਰਤ, ਜੋ ਰਾਤ੍ਰਿ ਸਮੇਂ ਅਰੰਭ ਹੋਣ ਵਾਲੀ ਤਿਥਿ ਵਿੱਚ ਰੱਖਣਾ ਵਿਧਾਨ ਹੈ। ੩. ਵਿ- ਗਿੱਲਾ। ੪. ਭਾਈ ਸੰਤੋਖਸਿੰਘ ਨੇ ਨਕਤਕ (ਅੰਗੋਛੇ) ਦੀ ਥਾਂ ਨਕਤ ਸ਼ਬਦ ਵਰਤਿਆ ਹੈ. "ਕਟਿ ਕੁਪੀਨ

ਇਕ ਨਕਤ ਕਰ ਦੋ ਦੁਪਟੇ ਸੰਬਜਾਨ." (ਨਾਪ੍ਰ) ਲੱਕ ਲਿੰਗੋਟੀ. ਇੱਕ ਪਰਨਾ ਹੱਥ, ਦੋ ਦੋ ਬਰੇ ਚਾਦਰੇ.

ਨਕਤਕ: ਸੰ. ਨਕ੍ਤਕ. ਸੰਗਯਾ- ਝਾੜਨ. ਰੁਮਾਲ. ਅੰਗੋਛਾ.

ਨਕਤਾ: ਸੰ. ਨਕ੍ਤਾ. ਸੰਗਯਾ- ਰਾਤ੍ਰਿ. ਰਾਤ. ਨਿਰੁਕ੍ਤ ਵਿੱਚ ਲਿਖਿਆ ਹੈ ਕਿ ਰਾਤ ਦਾ ਨਾਉਂ ਨਕ੍ਤਾ ਇਸ ਲਈ ਹੈ ਕਿ ਉਹ ਓਸ (ਤ੍ਰੇਲ) ਨਾਲ ਨਕ੍ਤ (ਗਿੱਲਾ) ਕਰਦੀ ਹੈ। ੨. ਹਲਦੀ.

ਨਕਤਾਂਧ: ਰਾਤ ਵੇਲੇ ਅੰਨ੍ਹਾ ਹੋਣ ਦਾ ਰੋਗ. ਦੇਖੋ, ਅੰਧਨ੍ਰੇਤ੍ਰਾ.

ਨਕਦ, ਨਕ਼ਦ: ਅ਼. نقد ਸੰਗਯਾ- ਸਿੱਕੇ ਦੀ ਸ਼ਕਲ ਵਿੱਚ ਧਨ। ੨. ਵਿ- ਤਿਆਰ. ਪ੍ਰਸ੍ਤੁਤ.

ਨਕਦੀ, ਨਕ਼ਦੀ: ਅ਼. نقدی ਸੰਗਯਾ- ਰੋਕ. ਸਿੱਕੇ ਦੀ ਸ਼ਕਲ ਵਿੱਚ ਦੌਲਤ.

ਨਕਬ, ਨਕ਼ਬ: ਅ਼. نقب ਸੰਗਯਾ- ਪਾੜ. ਸੰਨ੍ਹ

ਨਕਰ. ਨਕ਼ਰ: ਅ਼. ਦਾਣਾ ਚੁਗਣ ਦੀ ਕ੍ਰਿਯਾ। ੨. ਲਕੜੀ ਚੀਰਨੀ। ੩. ਰਣਸਿੰਗਾ ਵਜਾਉਣਾ.

ਨਕਲ, ਨਕ਼ਲ: ਅ਼. نقل ਸੰਗਯਾ- ਅਨੁਕਰਣ. ਕਿਸੇ ਵਸ੍ਤੁ ਜੇਹੀ ਸ਼ਕਲ ਬਣਾਉਣ ਦੀ ਕ੍ਰਿਯਾ। ੨. ਉਤਾਰਾ. ਕਾਪੀ. (copy) ੩. ਇੱਕ ਥਾਂ ਤੋਂ ਦੂਜੇ ਥਾਂ ਲੈ ਜਾਣ ਦੀ ਕ੍ਰਿਯਾ। ੪. ਇੱਕ ਪ੍ਰਕਾਰ ਦਾ ਨਾਟਕ, ਜਿਸ ਵਿੱਚ ਕਿਸੇ ਨਜਾਰੇ ਦੀ ਹੂਬਹੂ ਝਾਕੀ ਦੱਸੀ ਜਾਂਦੀ ਹੈ. Farce. Drama.

ਨਕਲਨਵੀਸ, ਨਕ਼ਲਨਵੀਸ: ਉਤਾਰਾ ਕਰਨ ਵਾਲਾ ਲਿਖਾਰੀ (copyist. )

ਨਕਲੀਆ: ਅ਼. نقّال ਨੱਕ਼ਾਲ. ਸੰਗਯਾ- ਨਕ਼ਲ ਕਰਨ ਵਾਲਾ. ਕਿਸੇ ਜੇਹੀ ਸ਼ਕਲ ਬਣਾਉਣ ਵਾਲਾ. ਸ੍ਵਾਂਗੀ.

ਨਕਵਾਨੀ: ਨਾਕ- ਪਾਨੀ. ਨੱਕ ਤੀਕ ਜਲ. ਭਾਵ- ਡੁੱਬਣਵਾਲੇ. "ਲੋਗ ਭਏ ਸਭ ਹੀ ਨਕਵਾਨੀ." (ਚਰਿਤ੍ਰ ੪੦)

ਨਕਾਸ: ਦੇਖੋ, ਨੱਕ਼ਾਸ਼ ਅਤੇ ਨਿਕਾਸ.

ਨਕਾਹ: ਦੇਖੋ, ਨਿਕਾਹ.

ਨਕਾਹਤ, ਨਕ਼ਾਹਤ: ਅ਼. نقاہت ਸੰਗਯਾ- ਨਕ਼ਹ (ਬੀਮਾਰੀ ਤੋਂ ਉਠਣ) ਦੀ ਕ੍ਰਿਯਾ। ੨. ਕਮਜ਼ੋਰੀ.

ਨਕਾਬ, ਨਕ਼ਾਬ: ਅ਼. نقاب ਸੰਗਯਾ- ਬਾਰੀਕ ਵਸਤ੍ਰ, ਜੋ ਮੂੰਹ ਢਕਣ ਲਈ ਇਸਤ੍ਰੀਆਂ ਵਰਤਦੀਆਂ ਹਨ.

ਨਕਾਰ: ਨੰਨਾ ਅੱਖਰ। ੨. ਨ ਦਾ ਉੱਚਾਰਣ। ੩. ਧੁਨਿ. ਸ਼ਬਦ। ੪. ਇਨਕਾਰ. ਨਾਂਹ. "ਨਹਿ ਨਕਾਰ ਤਿਨ ਕੋ ਕਤ

ਹੋਵਹਿ." (ਨਾਪ੍ਰ).

ਨਕਾਰਾ: ਨਾ ਕਾਰਜ ਕਰਨ ਵਾਲਾ. ਨਿਕੰਮਾ. ਮਖੱਟੂ। ੨. ਦੇਖੋ, ਨਗਾਰਾ.

ਨਕੀਹ, ਨਕ਼ੀਹ: ਅ਼. نقیہ ਵਿ- ਨਕ਼ਾਹਤ (ਕਮਜ਼ੋਰੀ) ਵਾਲਾ.

ਨਕੀਜ: ਅ਼. نقیض ਨਕ਼ੀਜ. ਸੰਗਯਾ- ਨਕ਼ਜ (ਵਿਰੁੱਧ ਹੋਣ) ਦਾ ਭਾਵ. ਵਿਰੋਧ. ਮੁਖ਼ਾਲਫ਼ਤ.

ਨਕੀਬ, ਨਕ਼ੀਬ: ਅ਼. نقیب ਸੰਗਯਾ- ਨੁਕ਼ਬਾ (ਆਵਾਜ਼) ਕਰਨ ਵਾਲਾ. ਵੰਸ਼ਾਵਲੀ ਅਤੇ ਯਸ਼ ਕਹਿਣ ਵਾਲਾ. ਚਾਰਣ. ਵਿਰਦ ਪੜ੍ਹਨ ਵਾਲਾ. "ਮਹਾਰਾਜ ਸਲਾਮਤ" ਆਦਿ ਸ਼ਬਦ ਰਾਜਿਆਂ ਦੇ ਅੱਗੇ ਬੋਲਣ ਵਾਲਾ. "ਬੋਲਤ ਜਾਤ ਨਕੀਬ ਅਗਾਰੀ." (ਗੁਪ੍ਰਸੂ) ੨. ਸਰਦਾਰ। ੩. ਕਿਸੇ ਜਮਾਤ ਦਾ ਮੁਖੀਆ.

ਨਕੀਬੀ, ਨਕ਼ੀਬੀ: ਫ਼ਾ. نقیبی ਸੰਗਯਾ- ਨਕ਼ੀਬ ਦਾ ਕਰਮ. ਅ਼. نقابت ਨਕ਼ਾਬਤ.

ਨਕੁੰਭ: ਦੇਖੋ, ਨਿਕੁੰਭ.

ਨਕੁੰਭਲਾ: ਦੇਖੋ, ਨਿਕੁੰਭਲਾ.

ਨਕੁਲ: ਸੰ. ਸੰਗ੍ਯਾ- ਨਿਉਲਾ। ੨. ਰਾਜਾ ਯੁਧਿਸ਼੍ਠਿਰ ਦਾ ਛੋਟਾ ਭਾਈ, ਜੋ ਮਾਦ੍ਰੀ ਦੇ ਉਦਰੋਂ ਅਸ਼੍ਵਿਨੀ ਕੁਮਾਰਾਂ ਦੇ ਸੰਯੋਗ ਨਾਲ ਪੈਦਾ ਹੋਇਆ। ੩. ਸ਼ਿਵ. ਮਹਾਦੇਵ। ੪. ਵਿ- ਜਿਸ ਦਾ ਕੁਲ (ਵੰਸ਼) ਨਹੀਂ.

ਨਕੁਲੀ ਵੀਣਾ: ਦੇਖੋ, ਦੁਤਾਰਾ.

ਨਕੇਲ: ਸੰਗ੍ਯਾ- ਨਾਸਿਕਾ- ਕੀਲ. ਉੱਠ ਆਦਿ ਪਸ਼ੂਆਂ ਨੂੰ ਕਾਬੂ ਕਰਨ ਲਈ ਨੱਕ ਵਿੱਚ ਪਾਇਆ ਲਾਟੂ, ਛੱਲਾ, ਰੱਸਾ ਆਦਿ. ਨੱਥ.

ਨਕੈਣ: ਮਹਾਰਾਜਾ ਰਣਜੀਤ ਸਿੰਘ ਜੀ ਦੀ ਮਹਾਰਾਣੀ ਦਾਤਾਰ ਕੌਰ, ਜਿਸ ਨੂੰ ਨੱਕੇ ਦੀ ਹੋਣ ਕਰਕੇ ਮਹਾਰਾਜਾ ਜੀ ਇਸ ਨਾਮ ਤੋਂ ਬੁਲਾਉਂਦੇ ਸਨ. ਦੇਖੋ, ਦਾਤਾਰ ਕੌਰ, ਨਕੈਯਾਂ ਦੀ ਮਿਸਲ ਅਤੇ ਨੱਕਾ.

ਨਕੈਯਾਂ ਦੀ ਮਿਸਲ: ਸਿੱਖਾਂ ਦੀਆਂ ੧੨. ਮਿਸਲਾਂ ਵਿੱਚੋਂ ਇੱਕ ਮਿਸਲ, ਜਿਸ ਵਿੱਚ ਨੱਕੇ ਦੇਸ਼[666] ਦੇ ਸਿੰਘ ਸਰਦਾਰ ਸਨ. ਇਸ ਦਾ ਪਹਿਲਾਂ ਜਥੇਦਾਰ ਹੀਰਾਸਿੰਘ ਚੌਧਰੀ ਹੇਮਰਾਜ ਸੰਧੂ ਜੱਟ ਦਾ ਬੇਟਾ ਸੀ, ਜੋ ਚੂਹਣੀਆਂ ਦੇ ਪਰਗਨੇ ਬਹਿੜਵਾਲ ਪਿੰਡ ਵਿੱਚ ਸੰਮਤ ੧੭੬੩ ਵਿਚ ਜਨਮਿਆ ਸੀ. ਇਸ ਨੇ ਸੰਮਤ ੧੭੮੮ ਵਿੱਚ ਅਮ੍ਰਿਤ ਛਕਕੇ ਖ਼ਾਲਸਾਦਲ ਨਾਲ ਸ਼ਾਮਿਲ ਹੋ ਵਡੀ ਪੰਥ ਸੇਵਾ ਕੀਤਾ. ਇਸ ਨਾਲ ਛੀ ਸੱਤ ਹਜ਼ਾਰ ਘੁੜਚੜੇ ਸਿੱਘ ਰਹਿੰਦੇ ਸਨ. ਰਾਜਧਾਨੀ ਬਹਿੜਾਲ ਸੀ. ਇਸੇ ਮਿਸਲ ਦੇ ਸਰਦਾਰ ਭਗਵਾਨ ਸਿੰਘ ਦੀ ਭੈਣ ਦਾਤਾਰ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਪਟਰਾਣੀ ਹੋਈ, ਜਿਸ ਤੋਂ ਵਲੀਅ਼ਹਿਦ ਖੜਗਸਿੰਘ ਜਨਮਿਆ, ਮਾਂਟਗੁਮਰੀ ਦੇ ਜਿਲੇ ਬਹੜਵਾਲ ਅਤੇ ਗੁਗੇਰਾ ਦੇ ਸਰਦਾਰ ਇਸੇ ਮਿਸਲ ਵਿੱਚੋਂ ਹਨ.

ਨਕੰ: ਸੰਗ੍ਯਾ- ਨਕ੍ਰ. ਨਾਕੂ. ਦੇਖੋ, ਨਕ ੩.

ਨਕੰਦ: ਦੇਖੋ, ਨਾਕੰਦ.

ਨੱਕ: ਨਾਕ. ਦੇਖੋ, ਨਕ੍ਰ। ੨. ਸੰ. ਨਕ੍ਕ੍. ਧਾ- ਵਧ (ਕ਼ਤਲ) ਕਰਨਾ.

ਨੱਕਾ: ਸੰਗ੍ਯਾ- ਸੂਈ ਦਾ ਛਿਦ੍ਰ, ਜਿਸ ਵਿੱਚ ਤਾਗਾ ਪਾਈਦਾ ਹੈ। ੨. ਕਿਆਰੇ ਖਾਲ ਆਦਿ ਦਾ ਮੂੰਹ (ਦਹਾਨਾ), ਜਿਸ ਵਿੱਚਦੀਂ ਜਲ ਪ੍ਰਵੇਸ਼ ਕਰਦਾ ਹੈ। ੩. ਲਹੌਰ ਤੋਂ ਦੱਖਣ, ਰਾਵੀ ਅਤੇ ਸਤਲੁਜ ਦੇ ਮੱਧ ਦਾ ਦੇਸ਼. "ਇਕ ਨੱਕੇ ਮੇ ਹੁਤੋ ਮਸੰਦ." (ਗੁਪ੍ਰਸੂ)

ਨੱਕਾਸ਼, ਨੱਕ਼ਾਸ਼: ਅ਼. نقّش ਸੰਗ੍ਯਾ- ਨਕ਼ਸ਼ ਕਰਨ ਵਾਲਾ, ਚਿਤ੍ਰਕਾਰ. ਚਿਤੇਰਾ. ਨਕ਼ਸ਼ੇ ਨਵੀਸ.

ਨੱਕਾਸ਼ੀ, ਨੱਕ਼ਾਸ਼ੀ: ਸੰਗ੍ਯਾ- ਨੱਕ਼ਾਸ਼ ਦਾ ਕੰਮ. ਚਿਤ੍ਰਕਾਰੀ. ਨਕ਼ਸ਼ੇ ਨਵੀਸੀ.

ਨੱਕਾਲ, ਨੱਕ਼ਾਲ: ਦੇਖੋ, ਨਕਲੀਆ.

ਨੱਕੀਪੁਰ, ਨੱਕੀ ਮੂਠ: ਇਹ ਜੁਆਰੀਆ ਦੇ ਸੰਕੇਤ ਕੀਤੇ ਸ਼ਬਦ ਹਨ. ਨੱਕੀ ਇੱਕ ਦਾ ਅਤੇ ਪੂਰ ਚਾਰ ਦਾ ਬੋਧਕ ਹੈ. ਜਦ ਕੌਡੀਆਂ ਆਦਿ ਨਾਲ ਜੁਆਰੀਏ ਖੇਡਦੇ ਹਨ, ਤਦ ਪਹਿਲਾਂ ਮਿਥਕੇ ਕਿਸੇ ਅੰਗ ਤੇ ਦਾਉ ਲਾ ਲੈਂਦੇ ਹਨ, ਜੇ ਮਿਥਿਆ ਨੰਬਰ ਆ ਜਾਵੇ ਤਾਂ ਜਿੱਤ ਹੁੰਦੀ ਹੈ. ਦੇਖੋ, ਕਿਤਵ ੫.

ਨਕ੍ਰ: ਸੰ. ਸੰਗ੍ਯਾ- ਜੋ ਦੂਰ ਨਹੀਂ ਲੰਘਦਾ. ਭਾਵ- ਆਪਣੇ ਠਿਕਾਣੇ ਪੁਰ ਹੀ ਰਹਿ"ਦਾ ਹੈ. ਮਗਰਮੱਛ ਘੜਿਆਲ. ਨਾਕੂ. ਨਿਹੰਗ.

ਨਕ੍ਸ਼ਤ੍ਰ: ਸੰ. ਸੰਗ੍ਯਾ- ਤਾਰਾ. ਸਿਤਾਰਹ। ੨. ਆਕਾਸ਼ ਵਿੱਚ ਚਮਕਣ ਵਾਲੇ ਗ੍ਰਹ। ੩. ਤਾਰਿਆਂ ਦਾ ਪੁੰਜ ਮਿਲਕੇ ਬਣਿਆ

---

[666] ਦੇਖੋ, ਨੱਕਾ ੩.

ਹੋਇਆ ਉਹ ਪਿੰਡ, ਜੋ ਖਗੋਲ ਵਿੱਚ ਚੰਦ੍ਰਮਾ ਦਾ ਮਾਰਗ ਬਣਾਉਂਦਾ ਹੈ. ਚੰਦ੍ਰਮਾ ਇਸੇ ਰਾਹ ਪ੍ਰਿਥਿਵੀ ਦੀ ਪਰਿਕ੍ਰਮਾ ਕਰਦਾ ਹੈ. ਵਿਦ੍ਵਾਨਾਂ ਨੇ ਇਹ ਨਕ੍ਸ਼ਤ੍ਰ ੨੭ ਮੰਨੇ ਹਨ-

ਅਸ਼੍ਵਿਨੀ, ਭਰਣੀ, ਕ੍ਰਿੱਤਿਕਾ, ਰੋਹਿਣੀ, ਮ੍ਰਿਗਸ਼ਿਰਾ, ਆਦ੍ਰਾਂ, ਪੁਨਰਵਸੁ, ਪੁਸ਼੍ਯ, ਸ਼ਲੇਸ਼ਾ, ਮਘਾ, ਪੂਰਵਾਫਾਲਗੁਨੀ, ਉੱਤਰਾ ਫਾਲਗੁਨੀ, ਹਸ੍ਤ, ਚਿਤ੍ਰਾ, ਸ੍ਵਾਤੀ, ਵਿਸ਼ਾਖਾ, ਅਨੁਰਾਧਾ, ਜਜੇਸ਼੍ਠਾ, ਮੂਲ, ਪੂਰਵਾਸਾਢਾ, ਉੱਤਰਾ ਸਾਢਾ, ਸ਼੍ਰਵਣ, ਧਨਿਸ਼੍ਠਾ, ਸ਼ਤਭਿਖਾ- ਪੂਰਵਾਭਦ੍ਰਪਦਾ, ਉੱਤਰਾਭਦ੍ਰਪਦਾ ਅੱਤੇ ਰੇਵਤੀ.

ਇਨ੍ਹਾਂ ਹੀ ਨਕ੍ਸ਼ਤ੍ਰਾਂ ਤੋਂ ਚੰਦ੍ਰਮਾ ਦੇ ਮਹੀਨਿਆਂ ਦੇ ਨਾਮ ਬਣੇ ਹਨ, ਜਿਵੇਂ- ਵਿਸ਼ਾਖਾ ਨਕ੍ਸ਼ਤ੍ਰ ਸਹਿਤ ਪੂਰਣਮਾਸੀ ਹੋਣ ਤੋਂ ਵੈਸ਼ਾਖ, ਜਜੇਸ਼੍ਠਾ ਨਕ੍ਸ਼ਤ੍ਰ ਵਾਲੀ ਪੂਰਣਮਾਸੀ ਕਰਕੇ ਜੇਠ ਆਦਿ.

ਨਕ੍ਸ਼ਤ੍ਰਨਾਥ, ਨਕ੍ਸ਼ਤ੍ਰਪਤਿ: ਸੰਗਜਾ- ਤਾਰਿਆਂ ਦਾ ਸ੍ਵਾਮੀ. ਚੰਦ੍ਰਮਾ. ਨਕਤ੍ਰੇਂਸ਼.

ਨਕ੍ਸ਼ਤ੍ਰੀ: ਦੇਖੋ, ਨਛਤ੍ਰੀ.

ਨਕ੍ਸ਼ਤ੍ਰੀ ਮਾਸ: ਦੇਖੋ, ਨਛਤ੍ਰੀ ਮਹੀਨਾ.

ਨਕ੍ਸ਼ਤ੍ਰੇਸ: ਦੇਖੋ, ਨਕ੍ਸ਼ਤ੍ਰਨਾਥ.

ਨਖ: ਸੰ. ਸੰਗਜਾ- ਨਹੁੱ. ਨਾਖ਼ੁਨ. "ਹਰਨਾਖਸੁ ਛੇਦਿਓ ਨਖਬਿਦਾਰ." (ਬਸੰ ਕਬੀਰ) ੨. ਖੰਡ. ਟੁਕੜਾ। ੩. ਫ਼ਾ. نخ ਨਖ਼. ਰੇਸ਼ਮੀ ਡੋਰਾ. ਪਤੰਗ ਦੀ ਡੋਰ.

ਨਖਸਿਖ: ਸੰ. ਨਖਸ਼ਿਖ. ਸੰਗਜਾ- ਪੈਰ ਦੇ ਨੌਂਹ ਤੋਂ ਲੈਕੇ ਚੋਟੀ ਤੀਕ ਦੇ ਸਾਰੇ ਅੰਗ. ਭਾਵ- ਸਰਵਾਂਗ. "ਜਬ ਨਖਸਿਖ ਇਹੁ ਮਨ ਚੀਨਾ." (ਰਾਮ ਕਬੀਰ) ੨. ਸਾਰੇ ਅੰਗਾਂ ਦਾ ਵਰਣਨ. ਉਹ ਕਾਵ੍ਯ, ਜਿਸ ਵਿੱਚ ਨਖ ਤੋਂ ਲੈਕੇ ਸਿਰ ਦੇ ਕੇਸਾਂ ਤਕ ਸਾਰੇ ਅੰਗਾਂ ਦਾ ਵਰਣਨ ਹੋਵੇ. ਕਵੀਆਂ ਨੇ ਅਨੰਤ ਨਖਸ਼ਿਖ ਲਿਖੇ ਹਨ, ਪਰ ਮਹਾਰਾਜਾ ਭਰਪੂਰਸਿੰਘ ਨਾਭਾਪਤਿ ਦੇ ਦਰਬਾਰ ਦੇ ਕਵਿ ਗ੍ਵਾਲ ਨੇ ਕ੍ਰਿਸ਼ਨ ਜੀ ਦਾ ਨਖਸ਼ਿਖ ਬਹੁਤ ਹੀ ਮਨੋਹਰ ਲਿਖਿਆ ਹੈ, ਜਿਸ ਦਾ ਪਹਿਲਾ ਕਬਿੱਤ ਇਹ ਹੈ:-

ਪਾਪਨ ਪਰਮ ਮੰਜੁ ਮੁਕਤਾ ਸ਼ਰਮ ਖੰਹਿਂ

ਡੂਬੇ ਸਿੰਧੁ ਅਗਮ ਅਦਮ ਗਮ ਕੋਰ ਕੇ,

ਤਾਰੇ ਤੇਜਵਾਰੇ ਤੇ ਨਕਾਰੇ ਨਿਸਤਾਰੇ ਪਰੈਂ

ਦਿਵਸ ਡਰਾਰੇ ਰਹੈਂ ਦੁਰ ਮੁਖ ਮੋਰਕੇ,

ਗ੍ਵਾਲ ਕਵਿ ਫਬ ਫਬ ਛਬਿ ਜੋ ਛਪਾਕਰ ਕੀ

ਦਬ ਦਬ ਦੂਬਰੈਂ ਕੁਮੁਦ ਜਿਮਿ ਭੋਰਕੇ,

ਯਾਂਤੇ ਜਗ ਪਖ ਨਖ ਮੇਂ ਨ ਪਚ ਸਖ

ਪਦ ਲਖ ਚਖ ਨਖ ਨਵਲਕਿਸ਼ੋਰ ਕੇ.

ਨਖ਼ਚੀਰ: ਫ਼ਾ. نخچیر ਸ਼ਿਕਾਰ. ਮ੍ਰਿਗਯਾ.

ਨਖ਼ਚੀਰਗਾਹ: ਸੰਗਜਾ- ਨਖ਼ਚੀਰ (ਸ਼ਿਕਾਰ) ਦੀ ਥਾਂ. ਸ਼ਿਕਾਰਗਾਹ.

ਨਖਛਤ: ਸੰਗਜਾ- ਨਖ- ਕ੍ਸ਼ਤ. ਨਾਖ਼ੁਨ ਦਾ ਘਾਉ. ਨਹੁੰ ਦੇ ਘਾਉ ਦਾ ਸ਼ਰੀਰ ਪੁਰ ਚਿੰਨ੍ਹ.

ਨਖੱਟੂ: ਸੰਗਜਾ- ਨਾ ਖੱਟਣ ਵਾਲਾ. ਜੋ ਕੁਝ ਕਮਾਈ ਨਹੀਂ ਕਰਦਾ. ਮਖੱਟੂ.

ਨਖਤ: ਦੇਖੋ, ਨਕ੍ਸ਼ਤ੍ਰ.

ਨਖਤੇਸ: ਸੰਗ੍ਯਾ- ਨਕ੍ਸ਼ਤ੍ਰ- ਈਸ਼. ਨਕ੍ਸ਼ਤ੍ਰੇਸ਼. ਚੰਦ੍ਰਮਾ

ਨਖਤ੍ਰ: ਦੇਖੋ, ਨਕਤ੍ਰ.

ਨਖਤ੍ਰੇਸ: ਦੇਖੋ, ਨਕ੍ਸ਼ਤ੍ਰੇਸ.

ਨਖਪ੍ਰਸੇਵ: ਦੇਖੋ, ਪ੍ਰਸੇਵ.

ਨਖਬਿਦਾਰ: ਨਾਖ਼ੁਨ (ਨਹੁੰ) ਨਾਲ ਵਿਦਾਰਣ (ਪਾੜਨ) ਵਾਲਾ ਨਰਸਿੰਹ ਅਵਤਾਰ. ਦੇਖੋ, ਨਖ.

ਨਖਰ: ਦੇਖੋ, ਖੰਜਰ.

ਨਖ਼ਰਾ: ਫ਼ਾ. نخرہ ਸੰਗ੍ਯਾ- ਚੰਚਲਤਾ ਦੀ ਚੇਸ਼੍ਟਾ. ਚੋਚਲਾ.

ਨਖਾਸ: ਦੇਖੋ, ਨੇਖਾਸ.

ਨਖਾਯੁਧ: ਸੰ. ਸੰਗ੍ਯਾ- ਨਖ (ਨਹੁੰ) ਹਨ ਜਿਸ ਦਾ ਆਯੁਧ (ਸ਼ਸਤ੍ਰ) ਸ਼ੇਰ। ੨. ਬਿੱਲਾ। ੩. ਕੁੱਕੜ. ਮੁਰਗਾ। ੪. ਬਘਿਆੜ ਬਾਜ਼ ਆਦਿ। ੫. ਨ੍ਰਿਸਿੰਹ (ਨਰਸਿੰਘ) ਅਵਤਾਰ.

ਨਖਾਲਸ: ਦੇਖੋ, ਨਿਖਾਲ.

ਨਖਿਅਤ੍ਰ, ਨਖਿਆਤ, ਨਖਿਆਤਿ: ਦੇਖੋ, ਨਕ੍ਸ਼ਤ੍ਰ. "ਨਖਿਅਤ੍ਰ ਸਸੀਅਰ ਸੂਰ ਧਿਆਵਹਿ." (ਆਸਾ ਛੰਤ ਮਃ ੫) "ਅਨਿਕ ਸੂਰ ਸਸੀਅਰ ਨਖਿਆਤਿ." (ਸਾਰ ਅਃ ਮਃ ੫)

ਨਖੀ: ਸੰ. ਨਖਿਨ. ਵਿ- ਨੌਹਾਂ ਵਾਲਾ। ੨. ਸੰਗ੍ਯਾ- ਸ਼ੇਰ। ੩. ਨ੍ਰਿਸਿੰਘ ਅਵਤਾਰ। ੪. ਉਹ, ਜਿਸ ਨੇ ਨਹੁੰ ਵਧਾ ਲਏ ਹਨ.

ਨਖੁ: ਦੇਖੋ, ਨਖ ੧.

ਨਖ਼ੁਸਤੀਨ: ਫ਼ਾ. نخستین ਵਿ- ਪਹਿਲਾ. ਅੱਵਲ. ਮੁੱਢਲਾ.

ਨਖੁਟਨਾ: ਕ੍ਰਿ- ਦੇਖੋ, ਨਿਖੁਟਣਾ.

ਨਖ਼ੂਦ: ਫ਼ਾ. نخود ਸੰਗ੍ਯਾ- ਚਣਾ. ਛੋਲਾ. ਦੇਖੋ, ਚਣਾ.

ਨਖੰਡ: ਵਿ- ਨ- ਖੰਡ. ਪੂਰਨ. ਪੂਰਾ. ਪੂਰੀ. "ਅੱਧੀ ਰਾਤ ਨਖੰਡ ਵਿਹਾਣੀ." (ਭਾਗੁ) ਠੀਕ ਅੱਧੀ ਰਾਤ ਵੀਤੀ.

ਨਖਜਤ੍ਰ, ਨਖਿਜਤ੍ਰ: ਦੇਖੋ, ਨਕ੍ਸ਼ਤ੍ਰ. "ਸਸੀਅਰ ਸੂਰ ਨਖਜਤ੍ਰ ਮਹਿ ਏਕੁ." (ਸੁਖਮਨੀ) "ਘਟੰਤ ਰਵਿ ਸਸੀਅਰ ਨਖਿਜਤ੍ਰ ਰਗਨੰ." (ਸਹਸ ਮਃ ੫)

ਨਗ: ਸੰਗ੍ਯਾ- ਜੋ ਗਮਨ ਨਾ ਕਰੇ. ਪਰਬਤ. "ਪੱਛ ਪਸੂ ਨਗ ਨਾਗ ਨਰਾਧਿਪ." (ਅਕਾਲ) ੨. ਘਰ। ੩. ਬਿਰਛ। ੪. ਫ਼ਾ. نگ ਤਾਲੂਆ। ੫. ਨਗੀਨਾ. "ਨਾਮ ਨਗ ਹੀਰ ਮਣਿ." (ਸਵੈਯੇ ਮਃ ੪. ਕੇ) ੬. ਸੰਖ੍ਯਾ ਬੋਧਕ. ਅ਼ਦਦ. ਨੰਬਰ, ਜਿਵੇਂ- ਚਾਰ ਨਗ ਬਾਲ, ਦਸ ਨਗ ਗਲਾਸ ਆਦਿ.

ਨਗਉਰ, ਨਗਉਰੀ: ਦੇਖੋ, ਨਗੌਰ ਅਤੇ ਨਗੌਰੀ.

ਨਗਈ: ਵਿ- ਨਗ (ਪਹਾੜ) ਦਾ. ਪਹਾੜੀ। ੨. ਸੰਗ੍ਯਾ- ਪਹਾੜ ਦੀ ਵਸ੍ਤੁ. ਪਹਾੜੀ ਆਦਮੀ.

ਨਗਸਰੂਪਿਣੀ, ਨਗਸਰੂਪੀ, ਨਗਸ੍ਵਰੂਪਿਣੀ: ਇਸ ਛੰਦ ਦਾ ਨਾਮ "ਪ੍ਰਮਾਣਿਕਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ

ਜ, ਰ, ਲ, ਗ, ।S।, S।S, ।, S.

ਉਦਾਹਰਣ-

ਅਨੇਕ ਸੰਤ ਤਾਰਣੰ,

ਅਦੇਵ ਦੇਵ ਕਾਰਣੰ,

ਸੁਰੇਸ ਭਾਇ ਰੂਪਿਣੰ,

ਸਮ੍ਰਿੱਧ ਸਿੱਧਿ ਕੂਪਣੰ.

(ਰਾਮਾਵ)

**ਨਗਸ੍ਵਰੂਪੀ ਅਰਧ:** ਇਸ ਛੰਦ ਦਾ ਨਾਮ "ਸੁਧੀ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਜ, ਗ, ।S।, S.

ਉਦਾਹਰਣ-

ਨ ਲਾਜਿਯੈ। ਨ ਭਾਜਿਯੈ।

ਰਘੇਸ਼ ਕੋ। ਬਨੇਸ਼ ਕੋ ॥

(ਰਾਮਾਵ)

**ਨਗਜ:** ਵਿ- ਨਗ (ਪਹਾੜ) ਤੋਂ ਪੈਦਾ ਹੋਇਆ। ੨. ਸੰਗ੍ਯਾ- ਰਤਨ। ੩. ਹਾਥੀ। ੪. ਫ਼ਾ. نغز ਨਗ਼ਜ਼. ਵਿ- ਉੱਤਮ. ਸ਼੍ਰੇਸ਼੍ਠ "ਨਗਜ ਤੇਰੇ ਬੰਦੇ." (ਭੈਰ ਮਃ ੫) ੫. ਖ਼ੁਸ਼. ਪ੍ਰਸੰਨ.

**ਨਗ਼ਜ਼ਕ:** ਫ਼ਾ. نغزک ਅੰਬ. ਆਮ੍ਰ.

**ਨਗਜਾ:** ਸੰ. ਸੰਗ੍ਯਾ- ਨਗ (ਪਰਵਤ) ਜਾ (ਪੈਦਾ ਹੋਈ), ਹਿਮਾਲਯ ਪਰਬਤ ਕੀ ਪੁਤ੍ਰੀ, ਪਾਰਵਤੀ। ੨. ਨਦੀ.

**ਨਗਣ:** ਵਰਣਿਕ ਗਣ, ਜਿਸ ਵਿੱਚ ਤਿੰਨੇ ਅੱਖਰ ਲਘੁ ਹੁੰਦੇ ਹਨ, ।।।.

**ਨਗਦ:** ਵਿ- ਨਹੀਂ ਹੈ ਗਦ (ਰੋਗ) ਜਿਸ ਨੂੰ. ਨੀਰੋਗ. ਨਰੋਆ। ੨. ਦੇਖੋ, ਨਕਦ.

**ਨਗਧਰ:** ਪਹਾੜ ਧਾਰਨ ਵਾਲਾ. ਦੇਖੋ, ਗਿਰਿਧਰ। ੨. ਸਮੁੰਦਰ. (ਸਨਾਮਾ)

**ਨਗਧਰ ਸੁਤ ਧਰ ਧਰ:** ਸੰਗ੍ਯਾ- ਨਗ (ਪਹਾੜ) ਰੱਖਣ ਵਾਲਾ ਸਮੁੰਦਰ, ਉਸ ਦਾ ਪੁਤ੍ਰ ਚੰਦ੍ਰਮਾ, ਉਸ ਨੂੰ ਧਾਰਣ ਵਾਲਾ ਆਕਾਸ਼, ਉਸ ਵਿੱਚ ਉੱਡਣ ਵਾਲਾ ਤੀਰ. (ਸਨਾਮਾ)

**ਨਗਨ:** ਸੰ. ਨਗ੍ਨ. ਵਿ- ਨੰਗਾ. ਜਿਸ ਉੱਤੇ ਵਸਤ੍ਰ ਨਹੀਂ। ੨. ਸੰਗ੍ਯਾ- ਨਾਂਗਾ ਸਾਧੂ। ੩. ਕਾਵ੍ਯ ਦਾ ਇੱਕ ਦੋਸ਼. ਚਮਤਕਾਰ ਰਹਿਤ ਰਚਨਾ. ਜਿਸ ਕਵਿਤਾ ਨੂੰ ਅਲੰਕਾਰ ਰੂਪ ਭੂਸ਼ਣ ਨਹੀਂ ਪਹਿਰਾਏ ਗਏ. "ਅੰਧ ਜੁ ਬਧਰ ਪਿੰਗੁ ਨਗਨ ਮ੍ਰਿਤਕ ਛੰਦ." (ਨਾਪ੍ਰ) ੪. ਦੇਖੋ, ਨਗਣ.

**ਨਗਨਿਕਾ:** ਸੰ. ਨਗ੍ਨਿਕਾ. ਸੰਗ੍ਯਾ- ਉਹ ਕੰਨ੍ਯਾ, ਜਿਸ ਨੂੰ ਰਿਤੁ ਨਹੀਂ ਆਈ.

**ਨਗਨੀ:** ਵਿ- ਨਗ (ਪਹਾੜ) ਦੀ. ਪਹਾੜਨ। ੨. ਸੰਗ੍ਯਾ- ਪਾਰਵਤੀ. ਹਿਮਾਲਯ ਆਦਿ ਪਹਾੜਾਂ ਦੀ ਪੁਤ੍ਰੀ. "ਨਰੀ ਨਾਗਨੀ ਨਗਨੀ ਇਨ ਮੇ ਕਵਨ ਤੁਮ." (ਚਰਿਤ੍ਰ ੨੫੯)

**ਨਗਨੋਲੀ:** ਇੱਕ ਪਿੰਡ, ਜੋ ਜਿਲਾ ਹੁਸ਼ਿਆਰਪੁਰ ਤਸੀਲ ਊਂਨਾ ਵਿੱਚ ਹੈ. ਇੱਥੇ ਦਸ਼ਮੇਸ਼ ਜੀ ਦਾ ਗੁਰਦ੍ਵਾਰਾ ਹੈ.

ਨਗਪਤਿ: ਸੰ. ਸੰਗਯਾ- ਨਗ (ਪਹਾੜ) ਪਤਿ. ਹਿਮਾਲਯ। ੨. ਸੁਮੇਰੁ। ੩. ਸ਼ਿਵ। ੪. ਪਹਾੜੀ ਰਾਜਾ.

ਨਗਰ: ਸੰ. ਸੰਗਯਾ- ਨਗ (ਪਹਾੜ) ਜੇਹੇ ਹੋਣ ਘਰ ਜਿਸ ਵਿੱਚ. ਸ਼ਹਿਰ. ਪੁਰ. "ਨਗਰ ਮਹਿ ਆਪਿ ਬਾਹਰਿ ਫੁਨਿ ਆਪਨ." (ਬਿਲਾ ਮਃ ੫) ੨. ਭਾਵ- ਦੇਹ. ਸ਼ਰੀਰ. "ਕਾਮਿ ਕਰੋਧਿ ਨਗਰ ਬਹੁ ਭਰਿਆ." (ਸੋਹਿਲਾ) ੩. ਕੁੱਲੂ ਦੇ ਇਲਾਕੇ ਇੱਕ ਵਸੋਂ, ਜੋ ਕਿਸੇ ਵੇਲੇ ਕੁਲੂ ਦੀ ਰਾਜਧਾਨੀ ਸੀ। ੪. ਦੇਖੋ, ਕੋਟ ਕਾਂਗੜਾ। ੫. ਨਾਗਰ (ਚਤੁਰ) ਦੀ ਥਾਂ ਭੀ ਨਗਰ ਸ਼ਬਦ ਆਇਆ ਹੈ. "ਨਗਰਨ ਕੇ ਨਗਰਨ ਕਹਿ ਮੋਹੈਂ." (ਚਰਿਤ੍ਰ ੨੪੪) ਸ਼ਹਰ ਦੇ ਨਾਗਰਾਂ ਨੂੰ ਮੋਹ ਲੈਂਦੇ ਹਨ.

ਨਗਰਕੀਰਤਨ: ਸੰਗਯਾ- ਉਹ ਕੀਰਤਨ, ਜੋ ਨਗਰ (ਸ਼ਹਰ) ਵਿੱਚ ਫਿਰਕੇ ਕੀਤਾ ਜਾਵੇ.

ਨਗਰਕੋਟ: ਦੇਖੋ, ਕੋਟ ਕਾਂਗੜਾ.

ਨਗਰਗੰਧਰਬ, ਨਗਰਗੰਧ੍ਰਬ: ਗੰਧਰਵ ਨਗਰ. ਦੇਖੋ, ਹਰਚੰਦੋਰੀ. "ਮ੍ਰਿਗਤ੍ਰਿਸਨਾ ਪੇਖਿ ਭੁਲਣੇ ਵੁਠੇ ਨਗਰਗੰ੍ਰਧ੍ਰਬ." (ਸਵਾ ਮਃ ੫)

ਨਗਰੱਛਕ: ਸੰਗਯਾ- ਨਗ (ਪਹਾੜ) ਗੋਵਰਧਨ ਅੰਗੁਲਿ ਤੇ ਰੱਖਕੇ ਗੋਪਾਂ ਦੀ ਰਖ੍ਯਾ ਕਰਨ ਵਾਲਾ, ਕ੍ਰਿਸ਼ਨਦੇਵ.

ਨਗਰਿ, ਨਗਰੀ: ਨਗਰ ਵਿੱਚ। ੨. ਸੰਗਯਾ- ਸ਼ਹਰ. ਨਗਰ. ਪੁਰ। ੩. ਭਾਵ- ਦੇਹ. ਸ਼ਰੀਰ. "ਰਾਜਾ ਬਾਲਕ ਨਗਰੀ ਕਾਚੀ." (ਬਸੰ ਮਃ ੧) ਮਨ ਰਾਜਾ। ੪. ਸੰ. नगरिन. ਵਿ- ਸ਼ਹਰੀ. ਨਾਗਰ.

ਨਗਲੂ: ਦੇਖੋ, ਨਾਗਲੂ.

ਨਗਾਸ਼ੁਨ: ਫ਼ਾ. نگاشتن ਕ੍ਰਿ- ਲਿਖਣਾ.

ਨਗਾਹਾ: ਦੇਖੋ, ਸੁਲਤਾਨ.

ਨਗਾਧਿਪ: ਸੰ. ਸੰਗਯਾ- ਨਗ- ਅਧਿਪਤਿ. ਹਿਮਾਲਯ। ੨. ਸੁਮੇਰੁ। ੨. ਪਹਾੜ ਦਾ ਰਾਜਾ. ਦੇਖੋ, ਨਗਪਤਿ.

ਨਗਾਰਚੀ: ਫ਼ਾ. نقّارچی ਨੱਕ਼ਾਰਚੀ. ਸੰਗਯਾ- ਨਗਾਰਾ ਵਜਾਉਣ ਵਾਲਾ.

ਨਗਾਰਬੰਦ: ਸੰਗਯਾ- ਨਗਾਰਾ (ਨੱਕ਼ਾਰਹ) ਬੰਨ੍ਹਣ ਵਾਲਾ. ਜਿਸ ਅੱਗੇ ਘੋੜੇ ਪੁਰ ਬੰਨ੍ਹਿਆ ਨਗਾਰਾ ਵੱਜੇ, ਭਾਵ ਸੈਨਾ ਅਤੇ ਹੁਕਮ ਰੱਖਣ ਵਾਲਾ. "ਨਹੀਂ ਨਗਾਰਬੰਦ ਕੋ ਰਹੈ." (ਗੁਪ੍ਰਸੂ)

ਨਗਾਰਾ: ਫ਼ਾ. نقاره ਨੱਕ਼ਾਰਹ. ਸੰਗਯਾ- ਧੌਂਸਾ. ਦੁੰਦੁਭਿ.

ਨਗਾਰੰਦ: ਫ਼ਾ. نقارند ਲਿਖਦੇ ਹਨ. ਲਿਖੇਂ. ਲਿਖਣਗੇ.

ਨਗਾਲੀ: ਦੇਖੋ, ਪੁਣਛ.

ਨਗਿੰਦ੍ਰ: ਪਰਬਤ ਦਾ ਰਾਜਾ. ਦੇਖੋ, ਨਗੇਂਦ. "ਸਿੰਧੁ ਬਿੰਧ ਨਗਿੰਦ੍ਰ." (ਅਕਾਲ)

ਨਗੀ: ਵਿ- ਨਗ (ਪਹਾੜ) ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਪਹਾੜੀ. ਪਹਾੜਨ। ੩. ਪਰਬਤ ਦੀ ਪੁਤ੍ਰੀ ਪਾਰਵਤੀ ਆਦਿ. "ਨਗੰ ਨਾਗਨੀ ਨਗੀ ਬਿਚਾਰੀ ਕੌਨ ਮਨ." (ਚਰਿਤ੍ਰ ੨੬੫)

ਨਗੀਂ: ਫ਼ਾ. نگین ਨਗੀਨਾ. ਨਗ. ਥੇਵਾ.

ਨਗੀਸ: ਸੰਗਯਾ- ਨਗ- ਈਸ਼. ਪਹਾੜ ਦਾ ਰਾਜਾ। ੨. ਦੇਖੋ, ਨਗਪਤਿ.

ਨਗੀਚ: ਫ਼ਾ. نزدیک ਨਜ਼ਦੀਕ. ਕ੍ਰਿ. ਵਿ- ਪਾਸ. ਨਿਕਟ. ਸਮੀਪ. ਨੇੜੇ.

ਨਗੀਨਾ: ਫ਼ਾ. نگینہ ਸੰਗਯਾ- ਚਮਕੀਲੇ ਪੱਥਰ ਦਾ ਥੇਵਾ, ਜੋ ਛਾਪ ਵਿੱਚ ਜੜਿਆ ਜਾਂਦਾ ਹੈ। ੨. ਰਤਨ.

ਨਗੀਨਾਘਾਟ: ਦੇਖੋ, ਅਬਿਚਲਨਗਰ.

ਨਗੂਲ: ਫ਼ਾ. نغوُل ਨਗੂਲ. ਕ੍ਰਿ. ਵਿ- ਬਖ਼ੂਬੀ. ਪੂਰੀ ਤਰਾਂ. "ਰਾਖਸ ਜਿੰਨ ਨਗੂਲ ਜੁਟੇ ਸਮਰ ਬਹੁ ਐਤੁ." (ਸਲੋਹ) ਕਈ ਅਯੁਤ[667] ਰਾਖਸ ਜਿੰਨ ਯੁੱਧ ਵਿੱਚ ਚੰਗੀ ਤਰ੍ਹਾਂ ਜੁੱਟੇ। ੨. ਅ਼ਰਬੀ ਵਿੱਚ ਗ਼ੂਲ ਨਾਮ ਜਿੰਨ ਦਾ ਹੈ, ਜੋ ਨਾ ਹੋਵੇ ਜਿੰਨ. ਭਾਵ- ਦੇਵਤਾ.

ਨਗੇਸ਼੍ਵਰ, ਨਗੇਂਦ੍ਰ: ਸੰ. ਸੰਗਯਾ- ਨਗ- ਇੰਦ੍ਰ. ਨਗਰਾਜ. ਪਰਬਤਾਂ ਦਾ ਰਾਜਾ ਹਿਮਾਲਯ। ੨. ਸੁਮੇਰੁ। ੩. ਪਹਾੜ ਦਾ ਰਾਜਾ.

ਨਗੋਡਾ, ਨਗੋਡੀ: ਦੇਖੋ, ਨਿਗੋਡਾ ਨਿਗੋਡੀ.

ਨਗੋਰ, ਨਗੌਰ: ਰਾਜਪੂਤਾਨੇ ਵਿੱਚ ਰਿਆਸਤ ਜੋਧਪੁਰ ਦੇ ਇ਼ਲਾਕ਼ੇ ਇੱਕ ਨਗਰ. ਇੱਥੋਂ ਦੇ ਬਲਦ (ਬੈਲ) ਬਹੁਤ ਸੁੰਦਰ ਅਤੇ ਕੱਦਾਵਰ ਹੁੰਦੇ ਹਨ, ਜੋ ਰਥ ਗੱਡੇ ਆਦਿਕ ਖਿੱਚਣ ਲਈ ਪ੍ਰਸਿੱਧ ਹਨ.

ਨਗੌਰੀ: ਵਿ- ਨਗੌਰ ਦਾ. ਦੇਖੋ, ਨਗੌਰ। ੨. ਸੰਗਯਾ- ਗੁਰੂ ਅਮਰਦੇਵ ਦਾ ਇੱਕ ਪ੍ਰੇਮੀ ਸਿੱਖ.

ਨਘ: ਸੰਗਯਾ- ਅਘ. ਪਾਪ. ਦੋਸ਼. "ਨੰਦ ਲਾਲ ਬਿਨਾ ਨਘ." (ਕ੍ਰਿਸਨਾਵ) ੨. ਨ- ਅਘ.

ਨਚ: ਸੰ. ਵ੍ਯ- ਨ- ਚ. ਨਹੀਂ ਅਤੇ। ੨. ਨਾ. ਨਹੀਂ. "ਨਚ ਰਾਜਸੁਖ ਮਿਸਟੰ ਨਚ ਭੋਗਰਸ ਮਿਸਟੰ." (ਵਾਰ ਜੈਤ)

ਨਚਕੇਤਾ: ਦੇਖੋ, ਨਚਿਕੇਤਾ.

ਨਚਣਾ, ਨਚਣੁ: ਸੰ. नर्त्तन. ਨੱਤੰਨ. ਨਾਚ ਕਰਨਾ. ਨ੍ਰਿਤ੍ਯ. "ਨਚਣੁ ਕੁਦਣੁ ਮਨ ਕਾ ਚਾਉ." (ਵਾਰ ਆਸਾ)

ਨਚਨਿ: ਨਚਦੇ ਹਨ. ਦੇਖੋ, ਵਾਇਨਿ

ਨਚਵਾਰ: ਵਿ- ਨੱਚਣ ਵਾਲਾ, ਨੱਤੰਕ.

ਨਚਾ: ਦੇਖੋ, ਨਚਣਾ ਅਤੇ ਨਚਾਉਣਾ। ੨. ਦੇਖੋ, ਨਚ. "ਤਰਕੁ ਨਚਾ." (ਧਨਾ ਨਾਮਦੇਵ)

ਨਚਾਉਣਾ: ਕ੍ਰਿ- ਨਾਚ ਕਰਾਉਣਾ. ਨ੍ਰਿਤ੍ਯ ਕਰਾਉਣੀ. "ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ." (ਵਾਰ ਮਾਰੂ ੧. ਮਃ ੩)

ਨਚਾਤੁਰ: ਨਚ- ਇਤਰ. ਨਚੇਤਰ. ਹੋਰ ਨਹੀਂ. ਅਨ੍ਯ ਨਹੀਂ. "ਅੰਮ੍ਰਿਤੁ ਖੰਡੁ ਦੂਧਿ ਮਧੁ ਸੰਚਸਿ, ਤੂਬ ਨਚਾਤੁਰ ਰੇ." (ਮਾਰੂ ਮਃ ੧) ਅਮ੍ਰਿਤ ਖੰਡ ਦੁੱਧ ਸ਼ਹਿਦ ਆਦਿ ਨਾਲ ਤੂੰਬੇ ਨੂੰ ਭਾਵੇਂ ਸੇਚਨ ਕਰੋ (ਸਿੰਜੋ), ਪਰ ਉਹ ਹੋਰ ਨਹੀਂ ਹੋ ਜਾਵੇਗਾ, ਕਿੰਤੂ ਕੌੜਾ ਤੂੰਬਾ ਹੀ ਰਹੇਗਾ.

ਨਚਾਰ: ਵਿ- ਨ੍ਰਿਤ੍ਯਕਾਰ. ਨੱਤੰਕ. ਨਚਣ. ਵਾਲਾ। ੨. ਦੇਖੋ, ਨਾਚਾਰ.

ਨਚਿ: ਕ੍ਰਿ. ਵਿ- ਨੱਚਕੇ. ਨ੍ਰਿਤ੍ਯ ਕਰਕੇ. "ਨਚਿ ਨਚਿ ਹਸਹਿ." (ਵਾਰ ਆਸਾ)

ਨਚਿਕੇਤਾ: ਸੰ. नचिकेतम्. ਸੰਗਯਾ- ਅਗਨਿ। ੨. ਇੱਕ ਰਿਖੀ. ਤੈੱਤਿਰੀਯ ਬ੍ਰਾਹਮਣ ਅਤੇ ਕਠ ਉਪਨਿਸ਼ਦ ਵਿੱਚ ਲਿਖਿਆ ਹੈ ਕਿ ਨਚਿਕੇਤਾ ਦੇ ਪਿਤਾ ਵਾਜਸ਼੍ਰਵਸ੍ (ਅਥਵਾ ਅਰੁਣਿ) ਨੇ ਸ੍ਵਰਗਲੋਕ ਦੀ ਪ੍ਰਾਪਤੀ ਲਈ ਕਈ ਯਗ੍ਯ ਕੀਤੇ ਅਤੇ ਅਨੰਤ ਦਾਨ ਦਿੱਤੇ, ਨਚਿਕੇਤਾ ਨੇ ਕਿਹਾ ਕਿ ਹੇ ਪਿਤਾ! ਤੂੰ ਸਭ ਕੁਝ ਅਜੇ ਨਹੀਂ ਦਿੱਤਾ, ਕਿਉਂਕਿ ਮੈਂ ਅਜੇ ਬਾਕ਼ੀ ਰਹਿੰਦਾ ਹਾਂ, ਸੋ

---

[667] ਦਸ ਹਜਾਰ ਨੂੰ ਅਯੁਤ ਆਖਦੇ ਹਨ.

ਤੂੰ ਮੈਨੂੰ ਕਿਸ ਨੂੰ ਦੇਵੇਂਗਾ? ਜਦ ਨਚਿਕੇਤਾ ਨੇ ਇਹ ਸਵਾਲ ਕਈ ਵਾਰ ਕੀਤਾ, ਤਾਂ ਪਿਤਾ ਨੇ ਗੁੱਸੇ ਵਿੱਚ ਆਕੇ ਆਖਿਆ ਕਿ ਮੈਂ ਤੈਨੂੰ ਯਮ ਨੂੰ ਦੇਵਾਂਗਾ. ਇਸ ਪੁਰ ਨਚਿਕੇਤਾ ਯਮ ਦੇ ਪਾਸ ਗਿਆ ਅਤੇ ਤਿੰਨ ਰਾਤਾਂ ਉੱਥੇ ਰਿਹਾ. ਯਮ ਨੇ ਆਖਿਆ ਕੋਈ ਵਰ ਮੰਗ, ਨਚਿਕੇਤਾ ਨੇ ਪਹਿਲਾਂ ਵਰ ਤਾਂ ਇਹ ਮੰਗਿਆ ਕਿ ਮੈ ਆਪਣੇ ਪਿਤਾ ਪਾਸ ਵਾਪਿਸ ਚਲਾ ਜਾਵਾਂ ਅਤੇ ਅਸੀਂ ਆਪਸ ਵਿੱਚ ਪ੍ਰੇਮ ਨਾਲ ਰਹੀਏ. ਯਮ ਨੇ ਕਿਹਾ ਹੋਰ ਮੰਗ, ਇਸ ਪੁਰ ਨਚਿਕੇਤਾ ਨੇ ਆਤਮਵਿਦ੍ਯਾ ਯਮਰਾਜ ਤੋਂ ਮੰਗੀ, ਜਿਸ ਦਾ ਉਪਦੇਸ਼ ਉਸ ਨੇ ਨਚਿਕੇਤਾ ਨੂੰ ਦਿੱਤਾ ਅਤੇ ਗ੍ਯਾਨ ਦ੍ਰਿੜ੍ਹਾਇਆ.

ਨਚਿੰਤ, ਨਚਿੰਦ, ਨਚੀਤ: ਸੰ. ਨਿਸ਼੍ਚਿੰਤ. ਵਿ- ਚਿੰਤਾ ਰਹਿਤ. ਬੇਫ਼ਿਕਰ.

ਨਛਤ੍ਰ: ਦੇਖੋ, ਨਕ੍ਸ਼ਤ੍ਰ.

ਨਛਤ੍ਰੀ: ਵਿ- ਜਿਸ ਦੇ ਜਨਮਲਗਨ ਵਿੱਚ ਉੱਤਮ ਨਕ੍ਸ਼ਤ੍ਰ ਹਨ. ਅੱਛੇ ਗ੍ਰਹਾਂ ਵਾਲਾ ਖ਼ੁਸ਼ਨਸੀਬ. "ਸੂਰਬੀਰ ਬਲਵਾਨ ਨਛਤ੍ਰੀ." (ਚਰਿਤ੍ਰ ੩੯੩)

ਨਛਤ੍ਰੀ ਮਹੀਨਾ: ਉਹ ਮਹੀਨਾ, ਜੋ ਨਛਤ੍ਰਾਂ (ਨਕ੍ਸ਼ਤ੍ਰਾਂ) ਦੇ ਹਿਸਾਬ ਮੰਨਿਆ ਜਾਵੇ. ਨਾਕ੍ਸ਼ਤ੍ਰ ਮਾਸ. ਜਿਤਨੇ ਸਮੇਂ ਵਿੱਚ ਚੰਦ੍ਰਮਾ ੨੭ ਨਛਤ੍ਰਾਂ ਤੇ ਚੱਕਰ ਲਾਵੇ ਉਤਨਾ ਸਮਾਂ. ਇਸ ਦਾ ਪਹਿਲਾ ਦਿਨ ਅਸ਼੍ਵਿਨੀ ਨਛਤ੍ਰ ਤੇ ਚੰਦ੍ਰਮਾ ਆਉਣ ਤੋਂ ਹੁੰਦਾ ਹੈ. (Sidereal Month).

ਨੱਛ: ਸੰ. ਨਕ੍ਸ਼. ਧਾ- ਪਾਸ ਜਾਣਾ, ਪਹੁਚਣਾ। ੨. ਸੰਗ੍ਯਾ- ਪਾਸ ਜਾਣ ਦੀ ਕ੍ਰਿਯਾ. "ਕੋਊ ਕਹੈ ਇਹ ਖੇਦ ਗਹੈਂ ਹਮ, ਕੋਊ ਕਹੈ ਇਸੇ ਨਾਹਨ ਨੱਛੇ." (ਕ੍ਰਿਸਨਾਵ)

ਨਜ਼ਦ: ਫ਼ਾ. نزد ਕ੍ਰਿ. ਵਿ- ਨੇੜੇ. ਨਜ਼ਦੀਕ. ਕੋਲ.

ਨਜ਼ਦੀਕ: ਫ਼ਾ. نزدیک ਵਿ- ਪਾਸ. ਸਮੀਪ. ਨਿਕਟ.

ਨਜਮ: ਅ਼. نظم ਨਜਮ. ਸੰਗ੍ਯਾ- ਪ੍ਰਬੰਧ. ਇੰਤਜਾਮ। ੨. ਪਦ੍ਯ ਕਾਵ੍ਯ. ਛੰਦ ਕਾਵ੍ਯ। ੩. ਅ਼. نجم ਨਜਮ. ਸਿਤਾਰਹ. ਤਾਰ। ੪. ਬੇਲ. ਲਤਾ.

ਨਜਰ, ਨਜਰਿ: ਅ਼. نظر ਨਜਰ. ਸੰਗ੍ਯਾ- ਨਿਗਾਹ. ਦ੍ਰਿਸ਼੍ਟਿ. "ਨਜਰਿ ਭਈ ਘਰੁ ਘਰ ਤੇ ਜਾਨਿਆ." (ਗਉ ਮਃ ੧) ੨. ਧ੍ਯਾਨ. ਤਵੱਜੋ। ੩. ਅ਼. نزر ਨਜਰ. ਭੇਟਾ. ਉਪਹਾਰ। ੪. ਪ੍ਰਤਿਗ੍ਯਾ. ਪ੍ਰਣ.

ਨਜਰਬੰਦ, ਨਜਰਬੰਧ: ਦੇਖੋ, ਦ੍ਰਿਸ੍ਟਿਬੰਧ. "ਕਹੈਂ ਕਿ ਨਜਰਬੰਦ ਸਾ ਕੀਨਾ." (ਨਾਪ੍ਰ) ੨. ਹਵਾਲਾਤ ਵਿੱਚ ਰੱਖਕੇ ਜਿਸ ਉੱਤੇ ਸਿਪਾਹੀ ਨਿਗਹਬਾਨੀ ਕਰੇ।

ਨਜਰਾਨਾ: ਫ਼ਾ. نزرانہ ਨਜਰਾਨਾ. ਸੰਗ੍ਯਾ- ਨਜਰ (ਭੇਟਾ) ਕੀਤਾ ਹੋਇਆ ਧਨ। ੨. ਭੇਟਾ. ਉਪਹਾਰ.

ਨਜ਼ਲਾ: ਅ਼. نزلہ ਡਿਗਣ ਦੀ ਕ੍ਰਿਯਾ. ਪਤਨ। ੨. ਯੂਨਾਨੀ ਹਿਕਮਤ ਅਨੁਸਾਰ ਸ਼ਰੀਰ ਦਾ ਇਕ ਵਿਕਾਰ, ਜੋ ਗਰਮੀ ਦੇ ਕਾਰਣ ਸਿਰੋਂ ਢਲਕੇ ਸ਼ਰੀਰ ਦੇ ਅੰਗਾਂ ਅੰਦਰ ਪ੍ਰਵੇਸ਼ ਕਰਦਾ ਹੈ. ਜਿਸ ਅੰਗ ਵੱਲ ਇਹ ਢਲਦਾ ਹੈ ਉਸ ਨੂੰ ਖਰਾਬ ਕਰ ਦਿੰਦਾ ਹੈ. ਇਹ ਯਕੀਨ ਹੈ ਕਿ ਜੇ ਇਹ ਪਾਣੀ ਸਿਰ ਵਿੱਚ ਹੀ ਰਹਿਜਾਵੇ ਤਦ ਕੇਸ਼ ਚਿੱਟੇ ਹੋ ਜਾਂਦੇ ਹਨ. ਜੇ ਅੱਖਾਂ ਤੇ ਡਿਗੇ ਤਦ ਨਜਰ ਮਧਮ ਪੈ ਜਾਂਦੀ ਹੈ. ਕੰਨਾਂ ਪੁਰ ਡਿਗੇ ਤਾਂ ਸੁਣਾਈ ਘੱਟ ਦਿੰਦਾ ਹੈ. ਨਕ ਤੇ ਆਵੇ ਤਾਂ ਜ਼ੁਕਾਮ ਹੋ ਜਾਂਦਾ ਹੈ ਇਤ੍ਯਾਦਿ।

੩. ਇੱਕ ਖਾਸ ਰੋਗ. ਸੰ. ਪ੍ਰਤਿਸ਼੍ਯਾਯ. ਰੇਜ਼ਸ਼. ਰੇਸ਼ਾ. Catarrh. ਇਸ ਦੇ ਲਛਣ ਹਨ- ਨਾਸਾਂ ਵਿੱਚੋਂ ਗੰਦਾ ਗੰਧਲਾ ਗਰਮ ਪਾਣੀ ਵਹਿਣਾ, ਅੱਖਾਂ ਤੋਂ ਜਲ ਆਉਣਾ, ਨਕ ਵਿਚ ਚੋਭ ਅਤੇ ਖੁਰਕ ਹੋਣੀ, ਛਿੱਕਾਂ (ਨਿੱਛਾਂ) ਆਉਣੀਆਂ, ਸਿਰਪੀੜ, ਘਬਰਾਹਟ ਅਤੇ ਖਾਣ- ਪੀਣ ਤੋਂ ਅਰੁਚੀ ਹੋਣੀ, ਹਲਕਾ ਤਾਪ ਹੋਣਾ, ਕੰਠ ਦੇ ਸੁਰ ਦਾ ਵਿਗੜਨਾ ਆਦਿਕ.

ਨਜਲੇ ਦੇ ਕਾਰਣ ਹਨ- ਮੇਦਾ ਅਤੇ ਅੰਤੜੀ ਗੰਦੀ ਹੋਣੀ, ਮਲ ਮੂਤ੍ਰ ਦੇ ਵੇਗ ਰੋਕਣੇ, ਧੂਆਂ ਅਤੇ ਧੂੜ ਫੱਕਣੀ, ਅਚਾਨਕ ਠੰਢੀ

ਹਵਾ ਦਾ ਲਗਣਾ, ਕ੍ਰੋਧ ਕਰਨਾ, ਮੌਸਮਾਂ ਦਾ ਬਦਲ, ਗੰਦੇ ਥਾਂ ਦੀ ਹਵਾੜ ਸਾਹ ਰਸਤੇ ਅੰਦਰ ਜਾਣੀ, ਨਜਲੇ ਦੇ ਰੋਗੀ ਤੋਂ ਛੂਤ ਲੱਗਣੀ ਆਦਿਕ.

ਇਸ ਰੋਗ ਵਿਚ ਲੰਘਨ ਕਰਨਾ, ਗਊ ਦਾ ਗਰਮ ਦੁੱਧ ਪੀਣਾ, ਅੰਤੜੀ ਤੋਂ ਮਲ ਖਾਰਿਜ ਕਰਨੀ, ਛੋਲਿਆਂ ਦਾ ਗਰਮ ਰਸਾ ਪੀਣਾ, ਬੇਸਣ ਦੀ ਹਲਕੀਆਂ ਚੀਜ਼ਾਂ, ਰੋਟੀ ਆਦਿ ਦਾ ਖਾਣਾ, ਅਫ਼ੀਮ ਘਸਾਕੇ ਨੱਕ ਅਤੇ ਪੁੜਪੁੜੀਆਂ ਤੇ ਮਲਨੀ, ਖਸਖਸ ਬਦਾਮ ਇਲਾਇਚਿਆਂ ਕਾਲੀਆਂ ਮਿਰਚਾਂ ਘੋਟਕੇ ਕੋਸੀਆਂ- ਕੋਸੀਆਂ ਪੀਣੀਆਂ, ਅੰਡਿਆਂ ਦੀ ਖੀਰ ਖਾਣਾ ਆਦਿਕ ਬਹੁਤ ਗੁਣਕਾਰੀ ਹਨ.

ਗੁਲਬਨਫ਼ਸ਼ਾ, ਮੁਲੱਠੀ, ਰੇਸ਼ਾਖ਼ਤਮੀ, ਇਨ੍ਹਾਂ ਦਾ ਕਾੜ੍ਹਾ ਖੰਡ ਮਿਲਾਕੇ ਪੀਣਾ ਨਜ਼ਲਾ ਦੂਰ ਕਰਦਾ ਹੈ.

ਕਾਯਫਲ, ਕੁਠ, ਕੰਕੜਸਿੰਗੀ, ਸੁੰਢ, ਮਿਰਚਾਂ, ਮਘਪਿੱਪਲ, ਜਵਾਸਾ, ਅਜਵਾਯਨ ਇਨ੍ਹਾਂ ਸਭ ਦਵਾਈਆਂ ਦਾ ਕਾੜ੍ਹਾ ਭੀ ਲਾਭਦਾਇਕ ਹੈ.

ਜਦ ਨਜ਼ਲਾ ਪੁਰਾਣਾ ਹੋ ਜਾਂਦਾ ਹੈ ਤਦ ਇਸ ਦੀ "ਪੀਨਸ" (Ozena) ਸੰਗਯਾ ਹੋ ਜਾਂਦੀ ਹੈ, ਦੇਖੋ, ਪੀਨਸ.

ਨਜ਼ਾਕਤ: ਫ਼ਾ. نزاکت ਸੰਗਜਾ- ਨਾਜ਼ੁਕ ਹੋਣ ਦਾ ਭਾਵ. ਕੋਮਲਤਾ.

ਨਜਾਤ: ਅ਼. نجات ਸੰਗਜਾ- ਛੁਟਕਾਰਾ. ਮੋਕ੍ਸ਼. ਮੁਕ੍ਤਿ. ਦੇਖੋ, ਮੁਕਤਿ.

ਨਜਾਤਿ: ਸੰਗਜਾ- ਨੀਚ ਜਾਤਿ "ਜਾਤ ਨਜਾਤਿ ਦੇਖਿ ਮਤ ਭਰਮਹੁ" (ਕਾਨ ਅਃ ਮਃ ੪)

ਨਜਾਬਤ: ਦੇਖੋ, ਨਿਜਾਬਤ.

ਨਜਾਬਤਖ਼ਾਨ: نجابت خان ਨਿਜਾਬਤਖ਼ਾਨ. ਕੁੰਜਪੁਰਾ ਨਿਵਾਸੀ ਇਹ ਸੌ ਸਵਾਰ ਦਾ ਸਰਦਾਰ ਨਮਕਹਰਾਮ ਪਠਾਣ ਸੀ, ਜੋ ਦਸ਼ਮੇਸ਼ ਨੂੰ ਪਾਉਂਦੇ ਦੇ ਮੁਕਾਮ ਭੰਗਾਣੀ ਦੇ ਯੁੱਧ ਸਮੇਂ ਛੱਡਕੇ ਪਹਾੜੀ ਰਾਜਿਆਂ ਨਾਲ ਜਾ ਮਿਲਿਆ ਸੀ. ਇਹ ਸ਼ੰਗੋਸ਼ਾਹ ਜੀ ਦੇ ਹੱਥੋਂ ਮਾਰਿਆ ਗਿਆ. ਦੇਖੋ, ਵਿਚਿਤ੍ਰ ਨਾਟਕ- "ਮਾਰ ਨਜਾਬਤਖਾਨ ਕੇ ਸੰਗੋ ਜੁਝੇ ਜੁਝਾਰ."

ਨਜਾਮ: ਦੇਖੋ, ਨਿਜਾਮ.

ਨਜਾਮਾਬਾਦ: ਦੇਖੋ, ਨਿਜਾਮਾਬਾਦ.

ਨਜਾਰਾ: ਅ਼. نظارہ ਨਜਾਰਾ. ਸੰਗਜਾ- ਦ੍ਰਿਸ਼ਜ. ਜੋ ਦਿਖਾਈ ਦਿੰਦਾ ਹੈ। ੨. ਦ੍ਰਿਸ਼੍ਟਿ. ਨਜਰ.

ਨਜਿਕਾਨਾ: ਕ੍ਰਿ- ਨਜ਼ਦੀਕ ਆਨਾ. ਪਾਸ ਪਹੁਚਣਾ

ਨਜੀਕ, ਨਜੀਕੀ: ਕ੍ਰਿ. ਵਿ- ਨੇੜੇ. ਕੋਲ. ਸਮੀਪ. ਨਿਕਟ. ਦੇਖੋ, ਨਜ਼ਦੀਕ. "ਗੁਰ ਕੈ ਸਬਦਿ ਨਜੀਕਿ ਪਛਾਣਹੁ." (ਮਾਰੂ ਸੋਲਹੇ ਮਃ ੩) "ਹੋਨਿ ਨਜੀਕੀ ਖੁਦਾਇ ਦੈ." (ਸ. ਫਰੀਦ)

ਨਜੀਬ: ਅ਼. نجیب ਵਿ- ਭਲਾ ਮਾਨਸ. ਸ਼ਰਾਫਤ ਵਾਲਾ. ਸ਼ਰੀਫ। ੨. ਬਹਾਦੁਰ। ੩. ਉਦਾਰ.

ਨਜੀਰ: ਅ਼. نظیر ਨਜੀਰ. ਸੰਗਜਾ- ਨਿਜ਼ਰ (ਸਮਾਨਤਾ) ਦਾ ਭਾਵ. ਉਦਾਹਰਣ. ਮਿਸਾਲ. ਦ੍ਰਿਸ਼੍ਟਾਂਤ.

ਨਜੂਮ: ਅ਼. نجوُم ਸੰਗਜਾ- ਨਜਮ (ਨਕ੍ਸ਼ਤ੍ਰ) ਦਾ ਬਹੁਵਚਨ. ਤਾਰੇ। ੨. ਤਾਰਿਆਂ ਦੇ ਜਾਣਨ ਦਾ ਇ਼ਲਮ ਜਯੋਤਿਸ਼ਵਿਦਜਾ.

ਨਜੂਮੀ: ਸੰਗਜਾ- ਨਜਮ ਦਾ ਜਾਣੂ. ਦੇਖੋ, ਨਜਮ ੩. ਅਤੇ ਨਜੂਮ ੨. ਨਜੂਮ (ਜਯੋਤਿਸ਼ਵਿਦਜਾ) ਦੇ ਜਾਣਨ ਵਾਲਾ. Astrologer. "ਪੰਡਿਤ ਅਤੇ ਨਜੂਮੀਏ ਸਭ ਸ਼ਾਹ ਸਦਾਏ." (ਜੰਗਨਾਮਾ)

ਨਜੂਲ: ਅ਼. نزوُل ਨੁਜ਼ੂਲ. ਉਤਰਨ ਦੀ ਕ੍ਰਿਯਾ। ੨. ਨਜ਼ਲਾ। ੩. ਉਹ ਵਸ੍ਤੁ, ਜੋ ਕਿਸੇ ਦੇ ਅਧਿਕਾਰ ਤੋਂ ਡਿਗ ਪਈ ਹੈ। ੪.

ਹੱਕ਼ਦਾਰ ਨਾ ਰਹਿਣ ਕਰਕੇ, ਸਰਕਾਰੀ ਕ਼ਬਜੇ ਆਈ ਸੰਪਦਾ.

ਨਟ: ਸੰ. नट्. ਧਾ- ਨੱਚਣਾ, ਹੇਠ ਡਿਗਣਾ, ਭਾਵ ਦਿਖਾਉਣਾ, ਕੰਬਣਾ, ਸਰਕਣਾ। ੨. ਸੰਗਯਾ- ਨਾਟਕ ਖੇਡਣ ਵਾਲਾ. ਦ੍ਰਿਸ਼੍ਯਕਾਵ੍ਯ ਦਿਖਾਉਣ ਵਾਲਾ. "ਨਟ ਨਾਟਿਕ ਆਖਾਰੇ ਗਾਇਆ." (ਗਉ ਮਃ ੫) ੩. ਬਿਲਾਵਲ ਠਾਟ ਦਾ ਸੰਪੂਰਣ ਜਾਤਿ ਦਾ ਸ਼ਾੜਵ[668] ਰਾਗ. ਇਸ ਵਿੱਚ ਮੱਧਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ. ਇਸ ਵਿੱਚ ਗਾਂਧਾਰ ਅਤੇ ਧੈਵਤ ਬਹੁਤ ਕੋਮਲ[669] ਲਗਦੇ ਹਨ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ.

ਆਰੋਹੀ- ਸ਼ ਰ ਗ ਮ ਪ ਧ ਨ ਸ਼.

ਅਵਰੋਹੀ- ਸ ਨ ਧ ਪ ਮ ਰ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਸ ਦਾ ਨੰਬਰ ਉਨੀਹਵਾਂ ਹੈ। ੪. ਦੇਖੋ, ਨਟਨਾ ੧. "ਨਟ ਕਰ ਕਹਿਨ ਲਗ੍ਯੋ ਮੁਖ ਕੂਰ." (ਗੁਪ੍ਰਸੂ) ਮੁੱਕਰਕੇ ਝੂਠ ਕਹਿਣ ਲੱਗਾ.

ਨਟਆਸਨ: ਕੋਕਸ਼ਾਸਤ੍ਰ ਅਨੁਸਾਰ ਮੈਥੁਨ ਦਾ ਇੱਕ ਆਸਣ.

ਨਟਸਾਲ: ਸੰਗਯਾ- ਤੀਰ ਦੀ ਕਾਨੀ। ੨. ਤੀਰ ਦੀ ਨੋਕ ਜੋ ਟੁੱਟਕੇ ਸ਼ਰੀਰ ਵਿਚ ਰਹਿ ਜਾਵੇ. ਦੇਖੋ, ਵਿਹਾਰੀ- "ਲਾਗਤ ਹਿਯੇ ਦੁਸਾਰਕਰ ਤਊ ਰਹਿਤ ਨਟਸਾਲ।" ੩. ਚੁਭਵੀਂ ਪੀੜ. ਕਸਕ. ਚੀਸ। ੪. ਲੋਟ ਪੋਟ. "ਲਾਗਤ ਹੀ ਨਟਸਾਲ ਭਯੋ, ਤਨ ਮੇ ਬਲਭਦ੍ਰ ਮਹਾ ਦੁਖ ਪਾਯੋ." (ਕ੍ਰਿਸਨਾਵ)

ਨਟਸਾਲਾ: ਸੰਗਯਾ- ਨਾਟ੍ਯਸ਼ਾਲਾ. ਉਹ ਮਕਾਨ, ਜਿਸ ਵਿੱਚ ਨਟ ਖੇਡ ਦਿਖਾਉਂਦਾ ਹੈ. "ਅੰਤਰਿ ਕ੍ਰੋਧੁ ਪੜਹਿ ਨਟਸਾਲਾ." (ਬਿਲਾ ਅਃ ਮਃ ੧) ਜੋ ਸ੍ਵਾਂਗੀ ਗੁਰੂ ਨਟ ਜੇਹੇ ਹਨ, ਉਨ੍ਹਾਂ ਦੀ ਪਾਠਸ਼ਾਲਾ ਵਿੱਚ ਸਿਖ੍ਯਾ ਪਾਉਣ ਵਾਲਿਆਂ ਦੇ ਅੰਦਰ ਸ਼ਾਂਤਿ ਨਹੀਂ ਹੁੰਦੀ. ਜੋ ਆ਼ਮਿਲ ਗੁਰੂ ਤੋਂ ਸਬਕ਼ ਲੈਂਦੇ ਹਨ, ਮਨ ਉਨ੍ਹਾਂ ਦਾ ਹੀ ਸ਼ਾਂਤ ਹੁੰਦਾ ਹੈ.

ਨਟਸੇਵਕ: ਸੰਗਯਾ- ਨਟਵਟੁ. ਨਟ ਦਾ ਚੇਲਾ. ਜਮੂਰਾ. "ਨਟਸੇਵਕ ਜ੍ਯੋਂ ਪਿਖ, ਨਾ ਭਰਮਾਈ." (ਨਾਪ੍ਰ)

ਨਟਣੀ: ਦੇਖੋ, ਨਟਨੀ.

ਨਟਨਾ: ਕ੍ਰਿ- ਇਨਕਾਰ ਕਰਨਾ. ਮੁਕਰਨਾ. ਬਦਲ ਜਾਣਾ. "ਨਟਤ ਭਯੋ ਨਹਿ ਸਾਚ ਬਖਾਨਾ." (ਨਾਪ੍ਰ) ੨. ਨਾਟ੍ਯ ਕਰਨਾ. ਨਾਟਕ ਖੇਡਣਾ.

ਨਟਨਾਇਕ: ਸੰਗਯਾ- ਨੱਟਾਂ ਦਾ ਸਰਦਾਰ। ੨. ਸ਼ਿਵ। ੩. ਦੇਖੋ, ਨਟਨਾਰਾਇਣ.

ਨਟਨਾਰਾਇਣ, ਨਟਨਾਰਾਇਨ, ਨਟਨਾਰਾਯਣ: ਸੰ. ਨਟਨਾਰਾਯਣ. ਸੰਗਯਾ- ਸੋਮੇਸ਼੍ਵਰ ਸੰਗੀਤ ਦੇ ਮਤ ਅਨੁਸਾਰ ਇਹ ਛੀ ਰਾਗਾਂ ਵਿੱਚ ਹੈ. ਨਟੁ, ਬਿਲਾਵਲ ਅਤੇ ਕਲ੍ਯਾਣ ਦੇ ਮੇਲ ਤੋਂ ਬਣਦਾ ਹੈ. ਸੰਪੂਰਣ ਜਾਤਿ ਦਾ ਰਾਗ ਹੈ. ਸਾਰੇ ਸ਼ੁੱਧ ਸ੍ਵਰ ਹਨ. ਕਈ ਇਸ ਨੂੰ ਛੀ ਸੁਰ ਦਾ ਰਾਗ ਦੱਸਕੇ ਨਿਸ਼ਾਦ ਸ੍ਵਰ ਲਾਉਣਾ ਵਰਜਦੇ ਹਨ. ਦਸਮਗ੍ਰੰਥ ਵਿੱਚ ਇਸ ਦਾ ਨਾਮ ਨਟਨਾਇਕ ਭੀ ਹੈ- "ਨਟਨਾਇਕ ਸੁੱਧਮਲਾਰ ਬਿਲਾਵਲ." (ਕ੍ਰਿਸਨਾਵ) ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਨਟ ਰਾਗ ਦੇ ਵਿੱਚ ਹੀ ਗੁਰੂ ਸਾਹਿਬ ਨੇ ਇਸ ਰਾਗ ਨੂੰ ਲਿਖਿਆ ਹੈ, ਅਤੇ ਗੁਰਮਤ ਸੰਗੀਤ ਅਨੁਸਾਰ ਇਹ ਕਮਾਚ ਠਾਟ ਦਾ ਔੜਵ ਸ਼ਾੜਵ ਰਾਗ ਹੈ. ਆਰੋਹੀ ਵਿੱਚ ਗਾਂਧਾਰ ਅਤੇ ਨਿਸ਼ਾਦ ਵਰਜਿਤ ਹਨ. ਅਵਰੋਹੀ ਵਿੱਚ ਕੇਵਲ ਗਾਂਧਾਰ ਵਰਜਿਤ ਹੈ. ਰਿਸ਼ਭ ਵਾਦੀ ਸੁਰ ਹੈ. ਇਸ ਵਿੱਚ ਕੁਝ ਸਾਰੰਗ ਦੀ ਝਲਕ ਹੈ. ਨਿਸ਼ਦ ਕੋਮਲ, ਬਾਕੀ ਸਾਰੇ ਸੁਰ ਸ਼ੁੱਧ ਹਨ. ਇਸ ਦੇ ਗਾਉਣ ਦਾ ਵੇਲਾ ਦਿਨ ਦਾ

---

[668] ਆਰੋਹੀ ਵਿੱਚ ਸੱਤ, ਅਵਰੋਹੀ ਵਿੱਚ ਛੀ ਕੁਲ.

[669] ਕੋਮਲ ਤੋਂ ਭਾਵ ਉਤਰਿਆ ਸੁਰ ਨਹੀਂ, ਗਾਂਧਾਰ ਅਤੇ ਧੈਵਤ ਬਹੁਤ ਸਪਸ਼ਟ ਨਹੀਂ ਲਗਦੇ, ਧੀਮੇ ਸੁਰ ਵਿੱਚ ਲਗਦੇ ਹਨ,

ਚੋਥਾ ਪਹਿਰ ਹੈ.

ਆਰੋਹੀ- ਸ਼ ਰ ਮ ਪ ਧ ਸ਼.

ਅਵਰੋਹੀ- ਸ਼ ਨਾ ਧ ਪ ਮ ਰ ਸ਼.

ਨਟਨੀ: ਸੰਗਯਾ- ਨਟ ਦੀ ਇਸਤ੍ਰੀ। ੨. ਨਾਟਕ ਦਿਖਾਉਣ ਵਾਲੀ ਇਸਤ੍ਰੀ.

ਨਟਵਟ: ਸੰਗਯਾ- ਨਟਵਟੁ. ਨਟ ਦਾ ਚੇਲਾ. ਨਟ- ਸੇਵਕ. ਜਮੂਰਾ। ੨. ਨਟਵਤ. ਨਟ ਵਾਂਙ. "ਨਟਵਟ ਖੇਲੈ ਸਾਰਿਗਪਾਨਿ." (ਗਉ ਕਬੀਰ)

ਨਟਵਟਿ: ਨਟ ਦੀ ਗੋਲੀ, ਜਿਸ ਨਾਲ ਅਨੇਕ ਖੇਲ ਦਿਖਾਏ ਜਾਂਦੇ ਹਨ.

ਨਟੀ: ਸੰ. ਸੰਗਯਾ- ਨਟ ਦੀ ਇਸਤ੍ਰੀ। ੨. ਨਾਟਕ ਖੇਡਣ ਵਾਲੀ ਇਸਤ੍ਰੀ। ੩. ਮਾਇਆ.

ਨਟੂਆ: ਦੇਖੋ, ਨਟ ੨. "ਨਟੂਆ ਭੇਖ ਦਿਖਾਵੈ ਬਹੁ ਬਿਧਿ." (ਆਸਾ ਮਃ ੫)

ਨਟੇਸ, ਨਟੇਸ਼੍ਵਰ: ਸੰਗਯਾ- ਨਟ- ਈਸ਼. ਨਟਰਾਜ. ਸ਼ਿਵ। ੨. ਮਾਇਆ ਨਟੀ ਨੂੰ ਨਚਾਉਣ ਵਾਲਾ ਅਤੇ ਸਾਰੇ ਖੇਡ ਖੇਡਣ ਵਾਲਾ, ਕਰਤਾਰ.

ਨਠਣਾ, ਨਠਨਾ: ਕ੍ਰਿ- ਨਸ਼੍ਟ ਹੋਣਾ. "ਨਠੇ ਤਾਪ ਦੁਖ ਰੋਗ." (ਵਾਰ ਗੂਜ ੨. ਮਃ ੫) ੨. ਨਾ ਠਹਿਰਨਾ. ਦੌੜਨਾ. ਭੱਜਣਾ.

ਨਠਯੋ, ਨਠੜੋ: ਨਸ਼੍ਟ ਹੋਇਆ. ਭੱਜਿਆ. ਦੇਖੋ, ਗਰਲ. "ਨਠੜੋ ਦੁਖ ਤਾਪ." (ਵਾਰ ਜੈਤ)

ਨਠੂੰਗੜਾ: ਦੇਖੋ, ਨਾਠੂੰਗੜਾ.

ਨਢੜਾ, ਨਢਾ, ਨਢੀ: ਨ- ਊਢ. ਜੋ ਵਿਆਹਿਆ ਹੋਇਆ ਨਹੀਂ. ਜਿਸ ਦੀ ਸ਼ਾਦੀ ਨਹੀਂ ਹੋਈ. ਦੇਖੋ, ਨੰਢੜਾ। ੨. ਸੰ. ਨਵੋਢਾ, ਨਵੀਂ ਵਿਆਹੀ ਹੋਈ ਇਸਤ੍ਰੀ.

ਨਣਦ, ਨਣਾਨ: ਸੰ. ननन्द. ਅਥਵਾ ननान्दृ- ਨਨਾਂਦ੍ਰਿ. ਸੰਗਯਾ- ਜੋ ਸੇਵਾ ਕਰਨ ਤੋਂ ਭੀ ਆਨੰਦ (ਖ਼ੁਸ਼) ਨਹੀਂ ਹੁੰਦੀ. ਪਤਿ ਦੀ ਭੈਣ. ਨਨਦ. ਨਨਾਣ.

ਨਤ: ਸੰ. ਵਿ- ਨਿਵਿਆਂ ਹੋਇਆ. ਝੁਕਿਆ ਹੋਇਆ. ਨੰਮ੍ਰ। ੨. ਤਿਰਛਾ. ਵਿੰਗਾ। ੩. ਸੰ. ਨਤੁ. ਵਯ- ਨਹੀਂ ਤਾਂ. ਨਹੀਂ ਤੋ. ਅਥਵਾ. "ਸੁਰਾ ਅਪਵਿਤ੍ਰ ਨਤ ਅਵਰ ਜਲ ਰੇ, ਸੁਰਸੁਰੀ ਮਿਲਤ ਨਹਿ ਹੋਇ ਆਨੰ." (ਮਲਾ ਰਵਿਦਾਸ) ਅਪਿਵਤ੍ਰ ਸ਼ਰਾਬ, ਅਥਵਾ ਕੋਈ ਹੋਰ ਜਲ.

ਨਤਰ, ਨਤਰੁ: ਵਯ- ਨਹੀਂ ਤਾਂ. "ਨਤਰ ਕੁਧਕਾ ਦਿਵਈ ਹੈ." (ਬਿਲਾ ਕਬੀਰ) ਦੇਖੋ, ਨਾਤਰੁ। ੨. ਸੰਗਯਾ- ਤਾਣੀ ਦੇ ਤਣਏ ਹੋਏ ਧਾਗੇ.

ਨਤਾਣਾ, ਨਤਾਨਾ: ਦੇਖੋ, ਨਿਤਾਣਾ.

ਨਤਿ: ਸੰ. ਸੰਗਯਾ- ਪ੍ਰਣਾਮ. ਨਮਸਕਾਰ। ੨. ਨੰਮ੍ਰਤਾ. ਝੁਕਣ ਦਾ ਭਾਵ.

ਨਤੀਜਾ: ਅ਼. نتیجہ ਸੰਗਯਾ- ਨਤਜ (ਪੈਦਾ ਹੋਣ) ਦਾ ਭਾਵ. ਕਿਸੇ ਗੱਲ ਤੋਂ ਪੈਦਾ ਹੋਇਆ ਸਿੱਟਾ। ੨. ਭਾਵ- ਪਰਿਣਾਮ. ਫਲ.

ਨਤੁ: ਸੰ. ਵਯ- ਵਰਨਹ. ਅਥਵਾ. ਨਹੀਂ ਤਾਂ. ਨਹੀਂ ਤੋ. "ਨਤੁ ਅਦ੍ਵੈਤ ਵਿਖੈ ਲਿਵ ਲਾਵੈ." (ਗੁਪ੍ਰਸੂ)

ਨੱਤਾ: ਸੰ. ਨਪ੍ਤ੍ਰ. ਨਪਤ੍ਰਿ. ਸੰਗਯਾ- ਨਹੀਂ ਪਤਨ ਹੁੰਦੇ (ਡਿਗਦੇ) ਪਿਤਰ ਜਿਸ ਕਰਕੇ.[670] ਪੁਤ੍ਰ ਅਥਵਾ ਪੁਤ੍ਰੀ ਦੀ ਸੰਤਾਨ। ੨. ਪੜੋਤੇ ਦਾ ਪੁਤ੍ਰ. "ਪੁਤ ਪੋਤਾ ਪੜੋਤਾ ਨੱਤਾ." (ਭਾਗੁ) ਦੇਖੋ, ਨੱਤਾਨੰਦ। ੨. ਦੋਹਤੇ ਦਾ ਪੁਤ੍ਰ.

ਨੱਤਾਨੰਦ: ਨਪਤ੍ਰਿ ਨੰਦਨ. ਪੜੋਤੇ ਦੇ ਪੁਤ੍ਰ ਦਾ ਪੁਤ੍ਰ.

"ਗੁਰੂ ਕਹਯੋ ਮੂਰਖ ਚਵਗੱਤਾ,

ਦੁਸ੍ਟ ਕੁਪੱਤਾ ਮੱਤਾ ਮੰਦ.

ਦੁਰਮਤਿ ਰੱਤਾ ਹ੍ਵੈ ਬਿਨ ਸੱਤਾ

ਹੱਤਾ ਤੁਰਕਨ ਤੇਜ ਬਲੰਦ,

ਹੋਕਰ ਤੱਤਾ ਅਰੁ ਉਨਮੱਤਾ

ਬਨੈ ਅਵੱਤਾ ਘੱਤਾ ਦੁੰਦ,

ਗੁਰ ਵਰ ਦਿੱਤਾ ਬਾਬਰ ਲਿੱਤਾ

ਇਹ ਖੋਵੈ ਤਿਸ ਨੱਤਾਨੰਦ."

(ਗੁਪ੍ਰਸੂ)

ਬਾਬਰ ਦਾ ਪੁੱਤ ਹੁਮਾਯੂੰ, ਉਸ ਦਾ ਪੁਤ੍ਰ ਅਕਬਰ, ਉਸਦਾ ਜਹਾਂਗੀਰ, ਉਸ ਦਾ ਸ਼ਾਹਜਹਾਂ, ਉਸ ਦਾ ਔਰੰਗਜ਼ੇਬ[671]

ਨੱਤੀ: ਦੇਖੋ, ਨੱਤਾ। ੨. ਦੇਖੋ, ਅਨੰਤੀ ਮਾਤਾ। ੩. ਕੰਨਾਂ ਦਾ ਇੱਕ ਭੂੰਸ਼ਣ. ਛੋਟੇ ਤੁੰਗਲ.

ਨੱਤੀ ਮਾਤਾ: ਦੇਖੋ, ਅਨੰਤੀ ਮਾਤਾ.

ਨਥ: ਸੰ. ਨਸ਼ਯਾ. ਸੰਗਯਾ- ਨਕੇਲ. ਨੱਕ ਵਿੱਚ ਪਾਈ ਰੱਸੀ. "ਨਕਿ ਨਥ ਖਸਮ ਹਥ." (ਵਾਰ ਸੋਰ ਮਃ ੨) ੨. ਇਸਤ੍ਰੀਆਂ ਦੇ ਨੱਕ ਦਾ ਇੱਕ ਗਹਿਣਾ.

ਨਥਹਾਰ, ਨਥਹਾਰਾ: ਵਿ- ਨਕੇਲ ਹੱਥ ਫੜਕੇ ਲੈਜਾਣ ਵਾਲਾ. ਜਿਸ ਦੇ ਹੱਥ ਨਕੇਲ ਹੈ। ੨. ਭਾਵ- ਪ੍ਰੇਰਕ. ਵਸ ਵਿੱਚ ਰੱਖਣ ਵਾਲਾ. ਆਪਣੀ ਇੱਛਾ ਅਨੁਸਾਰ ਚਲਾਉਣ ਵਾਲਾ ਆਦਿਕ.

ਨਥਣਾ, ਨਥਨਾ: ਸੰ. ਨਸ੍ਯਾ ਕਰਣ. ਕ੍ਰਿ- ਨੱਕ ਵਿੰਨ੍ਹਣਾ. ਨਕੇਲ ਪਾਉਣੀ। ੨. ਕ਼ਾਬੂ ਕਰਨਾ. "ਆਪਿ ਨਾਥੁ ਸਭ ਨਥੀਅਨੁ." (ਵਾਰ ਸਾਰ ਮਃ ੪)

ਨਥਾਣਾ: ਰਿਆਸਤ ਪਟਿਆਲਾ, ਤਸੀਲ ਥਾਣਾ ਘਨੌਰ ਦਾ ਇੱਕ ਪਿੰਡ "ਜੰਡ ਮਘੌਲੀ" ਹੈ, ਇਸ ਤੋਂ ਪੱਛਮ ਉੱਤਰ ਇੱਕ ਮੀਲ ਪੁਰ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ, ਜੋ ਲੰਮੇ ਕਮਰੇ ਦੀ ਸ਼ਕਲ ਦਾ ਬਣਿਆ ਹੋਇਆ ਹੈ. ਪਾਸ ਕੁਝ ਰਹਾਇਸ਼ੀ ਮਕਾਨ ਹਨ. ੧੦੦ ਵਿੱਘੇ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਪੁਜਾਰੀ ਸਿੰਘ ਹੈ. ਮੇਲਾ ਲੋੜ੍ਹੀ ਨੂੰ ਹੁੰਦਾ ਹੈ. ਰੇਲਵੇ ਸਟੇਸ਼ਨ ਸੰਭੂ ਤੋਂ ਦੱਖਣ ਪੱਛਮ ਤਿੰਨ ਮੀਲ ਦੇ ਕ਼ਰੀਬ ਘਨੌਰ ਵਾਲੀ ਕੱਚੀ ਸੜਕ ਦੇ ਕਿਨਾਰੇ ਹੈ। ੨. ਦੇਖੋ, ਨਿਥਾਣਾ.

ਨਥੀ: ਸੰਗਯਾ- ਤਾਗੇ ਵਿੱਚ ਪਰੋਤੇ ਕਾਗ਼ਜ ਆਦਿ ਦੀ ਤਹਿ। ੨. ਨਾਥਤ੍ਵ. ਪ੍ਰਭੁਤਾ. "ਆਪਿ ਨਾਥੁ ਨਥੀ ਸਭ ਜਾਂਕੀ." (ਮਾਰੂ

---

[670] ਹਿੰਦੂਮਤ ਦਾ ਨਿਸ਼ਚਾ ਹੈ ਕਿ ਨੱਤੇ ਤੋਂ ਅੰਨ੍ਹਜੱਲ ਆਦਿ ਲੈਕੇ ਪਿਤਰ ਆਪਣੀ ਪਦਵੀ ਤੋਂ ਡਿਗਦੇ ਨਹੀਂ.

[671] ਸ਼ਾਹਜਹਾਂ ਨੱਤਾ, ਔਰੰਗਜੇਬ ਨੰਤਾਨੰਦ.

ਸੋਲਹੇ ਮ: ੧) ੩. ਨੱਥੀ ਹੋਈ.

ਨਥੀਆ, ਨਥੈਯਾ: ਵਿ- ਨੱਥਣ ਵਾਲਾ. ਨਕੇਲ ਪਾਉਣ ਵਾਲਾ. "ਕਾਲੀਨਥੀਆ ਪ੍ਰਿਥਮ ਕਹਿ." (ਸਨਾਮਾ)

ਨੱਥਾਸਿੰਘ ਸ਼ਹੀਦ: ਇਹ ਧਰਮਵੀਰ ਸ਼ਹੀਦਾਂ ਦੀ ਮਿਸਲ ਵਿੱਚੋਂ ਸਨ. ਆਪਨੇ ਸੰਮਤ ੧੮੧੯ ਵਿੱਚ ਅਮ੍ਰਿਤਸਰ ਦੀ ਰਖਯਾ ਲਈ ਦੁੱਰਾਨੀਆਂ ਨਾਲ ਯੁੱਧ ਕੀਤਾ. ਸਿਆਲਕੋਟ ਵਿੱਚ ਬਾਬੇ ਦੀ ਬੇਰ ਸੁੰਦਰ ਗੁਰਦ੍ਵਾਰਾ ਬਣਾਕੇ ਆਪਣੀ ਜਾਗੀਰ ਉਸ ਮੰਦਿਰ ਨਾਲ ਲਾਈ, ਜੋ ਹੁਣ ਤੀਕ ਜਾਰੀ ਹੈ.

ਨੱਥਾ ਭਾਈ: ਇਹ ਅਲਮਸਤ ਉਦਾਸੀ ਸਾਧੂ ਦਾ ਛੋਟਾ ਚੇਲਾ ਖੁਲਾਸਾ ਫਕੀਰ ਸੀ. ਗੁਰੂ ਹਰਿਰਾਇ ਸਾਹਿਬ ਜੀ ਦੇ ਹੁਕਮ ਨਾਲ ਢਾਕੇ ਵਿੱਚ ਸਿੱਖ ਧਰਮ ਦੇ ਪ੍ਰਚਾਰ ਦਾ ਕੰਮ ਕਰਦਾ ਸੀ ਅਤੇ ਸਤਿਗੁਰਾਂ ਲਈ ਢਾਕੇ ਦੀ ਮਲਮਲ ਉੱਤਮ ਬਣਵਾਕੇ ਭੇਜਿਆ ਕਰਦਾ ਸੀ. ਜਦ ਨੌਵੇਂ ਸਤਿਗੁਰੂ ਢਾਕੇ ਗਏ ਤਦ ਇਹ ਸੇਵਾ ਵਿੱਚ ਹਾਜਿਰ ਰਿਹਾ. "ਭਾਈ ਨੱਥਾ ਭਾਖਹਿਂ ਨਾਮ। ਢਾਕੇ ਬਿਖੇ ਬਸਹਿ ਸੁਭ ਧਾਮ." (ਗੁਪ੍ਰਸੂ)

ਭਾਈ ਨੱਥਾ ਜੀ ਦਾ ਨਾਮ ਨੱਥਾਰਾਮ ਭੀ ਹੈ. ਉਦਾਸੀ ਸੰਤਾਂ ਵਿੱਚ ਨੱਥਾਰਾਮ ਜੀ ਦੀ ਮਾਤ੍ਰਾ ਪ੍ਰੇਮ ਨਾਲ ਪੜ੍ਹੀ ਜਾਂਦੀ ਹੈ. ਮਾਤ੍ਰਾ ਦਾ ਕੁਝ ਪਾਠ ਇਹ ਹੈ:-

"ਓਅੰ ਗੁਰੂ ਜੀ ਦੰਘ ਜਗੋਟਾ ਕਮਰ ਜੰਜੀਰ। ਖੌਫ ਕੀ ਖਫਨੀ ਸੁਰਤ ਕੇ ਤੀਰ। ਐਸਾ ਜੋਗੀ ਕਭੀ ਨ ਆਇਆ। ਉਚੇ ਚੜ੍ਹਕੇ ਨਾਦ ਬਜਾਇਆ। ਕਮਰ ਕਛੋਟੀ ਕਸਕਰ ਧਾਰਾ। ਬਿੰਦੂਆ ਭਾਵ ਨ ਸੁਪਨੇ ਡਾਰਾ। ਸੰਜਮ ਕਰ ਅਤਿ ਜਪ ਤਪ ਕੀਨਾ। ਸਿੱਧ ਭਏ ਪਰਮਾਤਮ ਚੀਨਾ। ਜਟਾ ਮੁਕਤਿ ਸਮ ਥਿਗਲੀ ਧਾਰੀ। ਗੁਰੂ ਕੀ ਆਗਯਾ ਲਗੀ ਪਿਆਰੀ। ××× ਸਤਿਗੁਰ ਜੀ ਜਬ ਆਗਯਾ ਦੀਨਾ। ਢਾਕਾ ਦੇਸ਼ ਰਵਾਨਾ ਕੀਨਾ। ਨਿਸ ਦਿਨ ਰਹੋਂ ਨਾਮ ਲਿਵ ਲਾਈ। ਨੌਵਸ ਗੁਰ ਕੇ ਦਰਸਨ ਪਾਈ." ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿੱਚ ਭਾਈ ਅਬਦੁੱਲਾ ਨਾਲ ਮਿਲਕੇ ਜੰਗ ਦੀਆਂ ਵਾਰਾਂ ਗਾਉਣ ਵਾਲਾ ਢਾਡੀ.

ਨੱਥਾਰਾਮ: ਦੇਖੋ, ਨੱਥਾ ਭਾਈ ੧.

ਨਦ: ਸੰ. ਨਦ੍. ਧਾ- ਸ਼ਬਦ ਕਰਨਾ, ਸ਼ੋਰ ਕਰਨਾ, ਚਮਕਣਾ। ੨. ਸੰਗਯਾ- ਦਰਿਆ, ਜੋ ਸ਼ਬਦ ਕਰਦਾ ਹੈ. ਬ੍ਰਹਮਪੁਤ੍ਰ ਆਦਿ ਪੁਲਿੰਗ ਵਾਚੀ ਜਲਪ੍ਰਵਾਹ। ੩. ਢੱਟਾ. ਸਾਂਡ. ਸਾਨ੍ਹ। ੪. ਨਰ ਘੋੜਾ।

ਨਦਉਨ: ਦੇਖੋ, ਨਾਦੌਨ.

ਨਦਏਸ ਏਸ ਸਸਤ੍ਰ: ਸੰਗਯਾ- ਨਦਾਂ ਦਾ ਸ੍ਵਾਮੀ, ਸਮੁੰਦਰ, ਉਸਦਾ ਈਸ਼੍ਵਰ ਵਰੁਣ, ਉਸ ਦਾ ਸ਼ਸਤ੍ਰ ਫਾਂਸੀ (ਪਾਸ਼) (ਸਨਾਮਾ)

ਨਦਜ: ਸੰਗਯਾ- ਨਦ (ਦਰਿਆ) ਦੀ ਤਰਾਵਤ ਨਾਲ ਪੈਦਾ ਹੋਣ ਵਾਲਾ, ਘਾਹ. (ਸਨਾਮਾ)

ਨਦਜਚਰ ਅਰਿ: (ਸਨਾਮਾ) ਨਦ ਤੋਂ ਪੈਦਾ ਹੋਇਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਵੈਰੀ ਸ਼ੇਰ.

ਨਦਨੀ: ਸੰਗਯਾ- ਨਦਾਂ (ਦਰਿਆਵਾਂ) ਵਾਲੀ ਪ੍ਰਿਥਿਵੀ. (ਸਨਾਮਾ)

ਨਦਨੀ ਜਾ ਚਰ ਸਤ੍ਰੁ ਅਰਿ: (ਸਨਾਮਾ) ਪ੍ਰਿਥਿਵੀ ਤੋਂ ਪੈਦਾ ਹੋਇਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸਦਾ ਵੈਰੀ ਸ਼ੇਰ, ਉਸ ਦੀ ਵੈਰਣ ਬੰਦੂਕ.

ਨਦਮ: ਦੇਖੋ, ਨਦਾਮਤ.

ਨਦਰ: ਦੇਖੋ, ਨਦਰਿ। ੨. ਸੰ. ਸੰਗਯਾ- ਨਦੀ ਪਾਸ ਦਾ ਦੇਸ਼. ਖਾਦਰ। ੩. ਵਿ- ਨਹੀਂ ਹੈ ਦਰ (ਡਰ) ਜਿਸ ਨੂੰ. ਨਿਡਰ.

ਨਦਰ ਹਵਾਲੇ ਕਰਨਾ: ਕ੍ਰਿ- ਪਹਿਰੂ ਦੀ ਨਿਗਰਾਨੀ ਵਿੱਚ ਰੱਖਣਾ. ਹਵਾਲਾਤ ਵਿੱਚ ਦੇਣਾ. "ਬਾਦਸ਼ਾਹ ਕਹਿਆ, ਏਨਾ ਨੂੰ ਨਦਰ ਹਵਾਲੇ ਕਰੋ." (ਭਗਤਾਵਲੀ)

ਨਦਰਿ: ਅ਼. نظر ਨਜਰ. ਸੰਗਯਾ- ਦ੍ਰਿਸ਼੍ਟਿ. ਨਿਗਾਹ. "ਨਦਰਿ ਉਪਠੀ ਜੇ ਕਰੈ ਸੁਲਤਾਨਾ ਘਾਹੁ ਕਰਾਇਦਾ." (ਵਾਰ ਆਸਾ) ੨. ਭਾਵ- ਵਾਹਗੁਰੂ ਦੀ ਕ੍ਰਿਪਾ ਦ੍ਰਿਸ਼੍ਟਿ. "ਨਦਰਿ ਕਰੇ ਸਚੁ ਪਾਈਐ." (ਸ੍ਰੀ ਅਃ ਮਃ ੧) ੩. ਦੇਖੋ, ਨਦਰੀ.

ਨਦਰੀ: ਵਿ- ਨਾਜਿਰ. ਦੇਖਣ ਵਾਲਾ. ਨਜਰ ਕਰਨ ਵਾਲਾ। ੨. ਸੰਗਯਾ- ਕਰਤਾਰ. "ਨਾਨਕ ਨਦਰੀ ਨਦਰਿ ਨਿਹਾਲੁ." (ਜਪੁ) "ਨਾਨਕ ਨਦਰੀ ਨਦਰਿ ਕਰੇ." (ਵਾਰ ਬਿਲਾ ਮਃ ੩) "ਨਾਨਕ ਨਦਰੀ ਮਨਿ ਵਸੈ." (ਵਾਰ ਗੂਜ ੧. ਮਃ ੩) ੩. ਨਜਰ. ਦ੍ਰਿਸ਼੍ਟਿ. "ਨਦਰੀ ਬਾਹਰਿ ਨ ਕੋਇ." (ਸ੍ਰੀ ਅਃ ਮਃ ੩) ੪. ਨਜਰ ਅੰਦਰ. ਦ੍ਰਿਸ਼੍ਟਿ ਵਿੱਚ. "ਸਭ ਨਦਰੀ ਕਰਮ ਕਮਾਵਦੇ." (ਸ੍ਰੀ ਅਃ ਮਃ ੩) ੫. ਨਜਰ ਕਰਕੇ. ਕ੍ਰਿਪਾ ਦ੍ਰਿਸ਼੍ਟਿ ਤੋਂ. "ਨਦਰੀ ਇਹੁ ਮਨ ਵਸਿ ਆਵੈ, ਨਦਰੀ ਮਨੁ ਨਿਰਮਲੁ ਹੋਇ." (ਵਡ ਮਃ ੩)

ਨਦਾਨ: ਦੇਖੋ, ਨਾਦਾਨ.

ਨਦਾਮਤ: ਅ਼. ندامت ਸੰਗਯਾ- ਨਦਮ (ਲੱਜਾ) ਦਾ ਭਾਵ. ਸ਼ਰਮਿੰਦਗੀ.

ਨਦਿ: ਸੰ. ਸੰਗਯਾ- ਸ੍ਤੁਤਿ. ਤਾਰੀਫ। ੨. ਦੇਖੋ, ਨਦੀ.

ਨਦਿਨੀ: ਸੰਗਯਾ- ਨਦੀਆਂ ਦੇ ਧਾਰਨ ਵਾਲੀ, ਪ੍ਰਿਥਿਵੀ. (ਸਨਾਮਾ)

ਨਦੀ: ਸੰ. ਸੰਗਯਾ- ਨਦ (ਸ਼ੋਰ) ਕਰਨ ਵਾਲੀ ਜਲ ਧਾਰਾ. ਪਹਾੜਾਂ ਦੇ ਚਸ਼ਮੇ ਅਤੇ ਗਲੀ ਹੋਈ ਬਰਫ ਤੋਂ ਬਣੀ ਹੋਈ ਜਲਧਾਰਾ, ਜੋ ਸਦਾ ਵਹਿੰਦੀ ਹੈ. ਕਾਤ੍ਯਾਯਨ ਲਿਖਦਾ ਹੈ ਕਿ ਅੱਠ ਹਜ਼ਾਰ ਧਨੁਸ਼[672] ਤੋਂ ਜਿਸ ਦਾ ਪ੍ਰਵਾਹ ਘੱਟ ਹੋਵੇ, ਉਹ ਨਦੀ ਨਹੀਂ ਕਹੀ ਜਾਂਦੀ "ਨਦੀਆਂ ਵਿਚਿ ਟਿਬੇ ਦੇਖਾਲੇ." (ਵਾਰ ਮਾਝ ਮਃ ੧)

ਨਦੀਅ: ਦੇਖੋ, ਨਦੀ.

ਨਦੀਅਜ: ਸੰ. ਨਦੀਜ. ਸੰਗਯਾ- ਨਦੀ (ਗੰਗਾ) ਦਾ ਪੁਤ੍ਰ, ਭੀਸ਼ਮ. (ਸਨਾਮਾ) ੨. ਘਾਹ. (ਸਨਾਮਾ)

ਨਦੀਆਂ: ਸੰ. ਨਵਦ੍ਵੀਪ. ਸੰਗਯਾ- ਬੰਗਾਲ ਵਿੱਚ ਇੱਕ ਪ੍ਰਸਿੱਧ ਨਗਰ, ਜੋ ਵਿਦ੍ਯਾ ਦੀ ਪੁਰਾਣੀ ਟਕਸਾਲ ਹੈ. ਇਹ ਰਾਜਾ ਲਕ੍ਸ਼੍ਮਣਸੇਨ ਨੇ ਈਸਵੀ ਬਾਰਵੀਂ ਸਦੀ ਵਿਚ ਆਬਾਦ ਕੀਤਾ ਸੀ. ਵੈਸ਼ਨਵ ਮਤ ਦਾ ਸੁਧਾਰਕ ਚੈਤਨ੍ਯ, ਪੰਦ੍ਰਵੀਂ ਸਦੀ ਦੇ ਅੰਤ ਵਿੱਚ ਇਸੇ ਥਾਂ ਜਨਮਿਆ ਸੀ.

ਨਦੀਆਪਤਿ: ਸੰਗਯਾ- ਸਮੁੰਦਰ. (ਸਨਾਮਾ) ੨. ਰਾਜਾ ਲਕ੍ਸ਼੍ਮਣ ਸੇਨ. ਦੇਖੋ, ਨਦੀਆ.

ਨਦੀਸ, ਨਦੀਚੇਨਾਥ: ਸੰਗਯਾ- ਨਦੀਆਂ ਦਾ ਈਸ਼. ਨਦੀਆਂ ਦਾ ਸ੍ਵਾਮੀ ਸਮੁੰਦਰ. "ਸਿਖਰਿ ਸੁ ਨਾਗਰ ਨਦੀਚੇ ਨਾਥੰ." (ਧਨਾ ਤ੍ਰਿਲੋਚਨ) ੨. ਵਰੁਣ ਦੇਵਤਾ.

ਨਦੀਦਾ: ਫ਼ਾ. ندیدہ ਵਿ- ਅਣਦੇਖਿਆ। ੨. ਸੰਗਯਾ- ਅਣੋਖੀ ਵਸਤੁ.

ਨਦੀਨ: ਸੰਗਯਾ- ਖੇਤੀਆਂ ਵਿੱਚੋਂ ਕੱਢਿਆ ਨਿਕੰਮਾ ਘਾਹ. ਲਦੀਨ. "ਇਹੁ ਨਦੀਨ ਕੋ ਬਾਂਧਹੁ ਭਾਰਾ." (ਨਾਪ੍ਰ) ੨. ਸੰ. ਸਮੁੰਦਰ। ੩. ਵਰੁਣ ਦੇਵਤਾ.

ਨਦੀਨਾਇਕਜ ਭਗਨਿ: ਸੰਗਯਾ- ਨਦੀਆਂ ਦਾ ਸ੍ਵਾਮੀ ਸਮੁੰਦਰ, ਉਸ ਤੋਂ ਪੈਦਾ ਹੋਇਆ ਚੰਦ੍ਰਮਾ, ਉਸ ਦੀ ਭੈਣ, ਚੰਦ੍ਰਭਾਗਾ ਨਦੀ. (ਸਨਾਮਾ)

ਨਦੀ ਨਾਵ ਸੰਜੋਗ: ਥੋੜੇ ਸਮੇਂ ਦਾ ਸੰਯੋਗ. ਜਿਵੇਂ ਨਦੀ ਪਾਰ ਹੋਣ ਵੇਲੇ ਨੌਕਾ ਵਿੱਚ ਅਨੇਕ ਆਦਮੀਆਂ ਦਾ ਅਚਾਨਕ ਮੇਲ ਹੋ

---

[672] ਧਨੁਸ਼ ਚਾਰ ਹੱਥ ਦਾ ਹੁੰਦਾ ਹੈ.

ਜਾਂਦਾ ਹੈ. "ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਿਹੈ ਆਇ." (ਸ. ਕਬੀਰ)

ਨਦੀਪਤਿ: ਸੰਗਯਾ- ਸਮੁੰਦਰ। ੨. ਵਰੁਣ ਦੇਵਤਾ.

ਨਦੀਰਾਟਸੁਤ: ਸੰਗਯਾ- ਨਦੀਆਂ ਦਾ ਰਾਜਾ ਸਮੁੰਦਰ, ਉਸ ਦਾ ਪੁਤ੍ਰ ਚੰਦ੍ਰਮਾ. (ਸਨਾਮਾ)

ਨਦੇੜ: ਦੇਖੋ, ਅਬਿਚਲਨਗਰ.

ਨਦੌਣ, ਨਦੌਨ: ਦੇਖੋ, ਨਾਦੌਨ.

ਨੱਦ: ਦੇਖੋ, ਨਾਦ. "ਨੱਦ ਭੈਰੋਂ ਕਰੈ." (ਰਾਮਾਵ)

ਨੱਧ: ਸੰ. ਵਿ- ਬੰਨ੍ਹਿਆ ਹੋਇਆ। ੨. ਸੰਗਯਾ- ਗੱਠ. ਗਿਰਹ. ਗ੍ਰੰਥਿ.

ਨਨ: ਸੰ. ਨਨੁ. ਵਯ- ਨਹੀਂ. ਕਦੇ ਨਹੀਂ. "ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ." (ਸੋਹਿਲਾ) ਦੇਖੋ, ਅੰ. None । ੨. ਸੰਦੇਹ ਪ੍ਰਗਟ ਕਰਨ ਵਾਲਾ ਸ਼ਬਦ.

ਨਨਸਾਰ: ਸੰਗਯਾ- ਨਾਨੇ ਦੀ ਸ਼ਾਲਾ. ਨਾਨੀ ਨਾਨੇ ਦਾ ਘਰ. ਨਾਨਕੇ. "ਨਹੀਂ ਨਨਸਾਰ ਪਿਤ ਪਿਤਾਮਾ." (ਭਾਗੁ ਕ)

ਨਨਹੇੜਾ: ਜਿਲਾ ਤਸੀਲ ਥਾਣਾ ਅੰਬਾਲਾ ਵਿੱਚ ਇੱਕ ਪਿੰਡ ਹੈ. ਇੱਥੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਲਖਨੌਰ ਤੋਂ ਸੈਰ ਕਰਨ ਆਏ ਇੱਥੇ ਵਿਰਾਜੇ ਹਨ. ਗੁਰਦ੍ਵਾਰਾ ਛੋਟਾ ਜੇਹਾ ਸੇਠ ਬਨਾਰਸੀਦਾਸ ਨੇ ਬਣਵਾਇਆ ਹੈ, ਅਤੇ ਸੇਵਾ ਸਿੰਘ ਕਰਦਾ ਹੈ. ਰੇਲਵੇ ਸਟੇਸ਼ਨ ਅੰਬਾਲਾ ਛਾਉਣੀ ਤੋਂ ਦੱਖਣ ਵੱਲ ਅੱਧਾ ਮੀਲ ਦੇ ਕ਼ਰੀਬ ਹੈ.

ਨਨਹੇੜੀ: ਰਿਆਸਤ, ਨਜਾਮਤ ਪਟਿਆਲਾ, ਤਸੀਲ ਥਾਣਾ ਘਨੌਰ ਵਿੱਚ ਇੱਕ ਪਿੰਡ ਹੈ. ਇਸ ਦੇ ਦੱਖਣ ਪੂਰਵ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਫਤੇਚੰਦ ਮਸੰਦ ਦਾ ਪ੍ਰੇਮ ਦੇਖਕੇ ਸਤਿਗੁਰੂ ਇੱਥੇ ਕਈ ਦਿਨ ਵਿਰਾਜੇ ਹਨ. ਗੁਰਦ੍ਵਾਰਾ ਛੋਟਾ ਜਿਹਾ ਬਣਿਆ ਹੋਇਆ ਹੈ. ਗੁਰਦ੍ਵਾਰੇ ਨਾਲ ੧੦. ਵਿੱਘੇ ਜ਼ਮੀਨ ਹੈ. ਪੁਜਾਰੀ ਸਿੰਘ ਹੈ. ਰੇਲਵੇ ਸਟੇਸ਼ਨ ਸੰਭੂ ਤੋਂ ਤਿੰਨ ਮੀਲ ਦੱਖਣ ਹੈ. ਨਨਹੇੜੀ ਵਿੱਚ ਘੋਗੇ ਮਸੰਦ ਦੀ ਬੇਨਤੀ ਮੰਨਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭੀ ਪਟਨੇ ਤੋਂ ਆਨੰਦਪੁਰ ਨੂੰ ਆਉਂਦੇ ਚਰਨ ਪਾਏ ਹਨ. ਇਸ ਨੂੰ ਕਈਆਂ ਨੇ ਨਨੇੜੀ ਲਿਖਿਆ ਹੈ. ਦੇਖੋ, ਨਨੇੜੀ.

ਨਨਕਾਣਾ, ਨਨਕਾਨਾ: ਦੇਖੋ, ਨਾਨਕਿਆਨਾ.

ਨਨਕਾਰ: ਸੰਗਯਾ- ਇਨਕਾਰ. "ਜਿਹ ਸਿਮਰਨਿ ਨਾਹੀ ਨਨਕਾਰ." (ਰਾਮ ਕਬੀਰ)

ਨਨਦ: ਦੇਖੋ, ਨਣਦ. "ਸਖੀ ਸਹੇਲੀ ਨਨਦ ਗਹੇਲੀ." (ਆਸਾ ਕਬੀਰ) ਇੱਥੇ ਨਨਦ ਤੋਂ ਭਾਵ ਕੁਮਤਿ ਹੈ.

ਨਨਾ: ਦੇਖੋ, ਨਨ. "ਸਹਸ ਮੂਰਤਿ ਨਨਾ ਏਕ ਤੋਹੀ." (ਸੋਹਿਲਾ) ੨. ਦੇਖੋ, ਨੰਨਾ। ੩. ਸੰ. ਮਾਤਾ। ੪. ਕੰਨਯਾ.

ਨਨਾਕਾਰ: ਦੇਖੋ, ਨਨਕਾਰ ਅਤੇ ਨੰਨਾਕਾਰ.

ਨਨਾਦ: ਸੰ. ਨਿਨਾਦ. ਸੰਗਯਾ- ਧ੍ਵਨਿ. ਸ਼ਬਦ. ਆਵਾਜ਼. "ਕਹੂੰ ਨਾਦ ਕੋ ਨਨਾਦ." (ਅਕਾਲ)

ਨਨਿਹਾਲ: ਸੰਗਯਾ- ਨਾਨੇ ਦਾ ਕੁਟੰਬ. ਨਾਨੇ ਦਾ ਪਰਿਵਾਰ। ੨. ਨਾਨਕੇ. ਨਾਨੇ ਦਾ ਘਰ.

ਨਨੁ: ਦੇਖੋ, ਨਨ.

ਨਨੁਨਚ: ਸੰ. ਸੰਗਯਾ- ਨਾਂਹ ਨੁੱਕਰ. ਇਨਕਾਰ ਅਤੇ ਹੁੱਜਤ. ਸ਼ੰਕਾ ਪੰਕਾ.

ਨਨੇਂਦ੍ਰ: ਵਿ- ਅਨਿੰਦਿਤ. ਜੋ ਨਿੰਦਾ ਯੋਗ੍ਯ ਨਹੀਂ. ਸ਼ਲਾਘਾ ਯੋਗ੍ਯ. ਉੱਤਮ. "ਇਕ ਕਾਲ ਨਰੇਂਦ੍ਰ ਸੰਤ ਨਨੇਂਦ੍ਰ ਕਰੀ ਰਸੋਈ ਸਾਰ." (ਨਾਪ੍ਰ)

ਨਨੇੜੀ: ਦੇਖੋ, ਨਨਹੇੜੀ. "ਗ੍ਰਾਮ ਨਨੇੜੀ ਨਿਕਟ ਅਹੈ ਜਹਿਂ। ਘੋਘਾ ਨਾਮ ਮਸੰਦ ਬਸਤ ਤਹਿਂ." (ਗੁਪ੍ਰਸੂ)

ਨਨੌਤਾ: ਯੂ. ਪੀ. ਵਿੱਚ ਸਹਾਰਨਪੁਰ ਦੇ ਜਿਲੇ ਦਾ ਨਗਰ, ਜੋ ਔਰੰਗਜ਼ੇਬ ਵੇਲੇ ਧਨੀ ਸੈਯਦਾਂ ਦਾ ਨਿਵਾਸ ਅਸਥਾਨ ਸੀ. ਇਸ ਨੂੰ ਸੰਮਤ ੧੭੬੭ ਵਿੱਚ ਬੰਦਾ ਬਹਾਦੁਰ ਨੇ ਖਾਲਸਾ ਦਲ ਨਾਲ ਮਿਲਕੇ ਫਤੇ ਕੀਤਾ.

ਨਨ੍ਯ: ਵਿ- ਨ੍ਯੂਨ. ਘੱਟ। ੨. ਛੋਟਾ.

ਨਪਣਾ: ਦੇਖੋ, ਨੱਪਣਾ.

ਨਪਾਕ: ਫ਼ਾ. ناپاک ਨਾਪਾਕ. ਵਿ- ਅਪਵਿਤ੍ਰ. "ਸਾਕਤ ਮੂੜ ਨਪਾਕ." (ਵਾਰ ਗੂਜ ੨. ਮਃ ੫)

ਨਪਾਲ: ਦੇਖੋ, ਨੇਪਾਲ.

ਨਪੁੰਸਕ: ਸੰ. ਸੰਗਯਾ- ਨਹੀਂ ਹੈ ਪੁੰਸਤ੍ਵ (ਪੁਰੁਸ਼ਤ੍ਵ) ਜਿਸ ਵਿੱਚ. ਸੰਤਾਨ ਪੈਦਾ ਕਰਨ ਦੀ ਯੋਗ੍ਯਤਾ ਜਿਸ ਵਿੱਚ ਨਹੀਂ. ਨਾਮਰਦ। ੨. ਹੀਜੜਾ। ੩. ਕਾਇਰ. ਡਰਪੋਕ। ੪. ਨਪੁੰਸਕ ਲਿੰਗ. ਜੈਸੇ- ਆਕਾਸ਼ ਬ੍ਰਹ੍ਮ ਆਦਿ ਸ਼ਬਦ ਹਨ.

ਨਪੁੰਸਕਤਾ: ਨਾ ਹੋਵੇ ਪੁੰਸਤ੍ਵ (ਮਰਦਉ) ਜਿਸ ਕਰਕੇ ਕ੍ਲੀਵਤ੍ਵ. عنانت ਇ਼ਨਾਨਤ. Impotency. ਨਾਮਰਦੀ. ਵੈਦਕ ਅਨੁਸਾਰ ਇਸ ਦੇ ਮੁੱਖ ਦੋ ਭੇਦ ਹਨ, ਇੱਕ ਜਨਮ ਤੋਂ, ਦੂਜਾ ਆਪਣੀਆਂ ਖਰਾਬੀਆਂ ਤੋਂ. ਜਨਮ ਤੋਂ ਆਸੇਕ੍ਯ ਆਦਿਕ ਜੋ ਨਪੁੰਸਕ ਹਨ, ਉਹ ਭੀ ਇਲਾਜ ਕੀਤਿਆਂ ਪੁਰਖੱਤ ਪ੍ਰਾਪਤ ਕਰ ਲੈਂਦੇ ਹਨ. ਪਰ ਜਿਸ ਦੇ ਕੋਈ ਪੁਰਖਚਿੰਨ੍ਹ ਅਤੇ ਅੰਤਰੀਵ ਅੰਗ ਹੈ ਹੀ ਨਹੀਂ, ਜੈਸੇ ਹੀਜੜਾ, ਉਸ ਦਾ ਕੋਈ ਉਪਾਉ ਨਹੀਂ.

ਆਪਣੀਆਂ ਖਰਾਬੀਆਂ ਕਰਕੇ ਬਹੁਤ ਨਪੁੰਸਕ ਸੰਸਾਰ ਵਿੱਚ ਦੇਖੇ ਜਾਂਦੇ ਹਨ, ਜਿਨ੍ਹਾਂ ਦੀ ਨਪੁੰਸਕਤਾ ਦੇ ਇਹ ਕਾਰਣ ਹਨ-

ਆਤਸ਼ਕ ਹੋਣਾ, ਸੁਜਾਖ ਹੋਣਾ, ਪ੍ਰਮੇਹ ਰੋਗ ਦਾ ਹੋਣਾ, ਹੱਥੀਂ ਵੀਰਜ ਨਸ਼੍ਟ ਕਰਨਾ, ਜਨਨੇਂਦ੍ਰੀ ਨੂੰ ਅਯੋਗ ਵਰਤਣਾ, ਬਹੁਤ ਮੈਥੁਨ ਕਰਨਾ, ਸੁਪਨੇ ਵਿੱਚ ਵੀਰਜ ਡਿਗਣਾ, ਪੇਸ਼ਾਬ ਵਿੱਚ ਧਾਤੁ ਵਹਿਣੀ, ਬਹੁਤ ਚਿੰਤਾ ਅਤੇ ਭੈ ਦਾ ਹੋਣਾ, ਬਹੁਤ ਮੋਟਾ ਹੋਣਾ, ਅਫੀਮ ਚਰਸ ਚੰਡੂ ਤਮਾਖੂ ਪੋਸਤ ਭੰਗ ਸ਼ਰਾਬ ਦਾ ਬਹੁਤ ਵਰਤਣਾ ਆਦਿ.

ਕਦੇ- ਕਦੇ ਅਤੀ ਬ੍ਰਹਮਚਰਯ ਤੋਂ ਭੀ ਨਪੁੰਸਕਤਾ ਹੋ ਜਾਂਦੀ ਹੈ. ਕਿਤਨੇ ਨਪੁੰਸਕਾਂ ਦੀ ਇੰਦ੍ਰੀ ਸਦਾ ਸਿਥਿਲ ਰਹਿੰਦੀ ਹੈ, ਕਈ ਸਾਵਧਾਨ ਹੋਕੇ ਭੋਗ ਦੀ ਇੱਛਾ ਕਰਦੇ ਹੋਏ ਨਿਰਾਸ ਹੋ ਜਾਂਦੇ ਹਨ, ਕਿਤਨਿਆਂ ਦੀ ਮਣੀ ਥੋੜੀ ਕਾਮਵਾਸਨਾ ਤੋਂ ਹੀ ਖਾਰਿਜ ਹੋ ਜਾਂਦੀ ਹੈ, ਆਦਿਕ.

ਨਪੁੰਸਕਤਾ ਦਾ ਇਲਾਜ ਕਾਰਣ ਦੇ ਅਨੁਸਾਰ ਹੋਣ ਤੋਂ ਹੀ ਉੱਤਮ ਫਲ ਹੋ ਸਕਦਾ ਹੈ, ਸਾਧਾਰਣ ਇਲਾਜ ਇਹ ਹਨ- ਕਸਤੂਰੀ, ਕੇਸਰ, ਕਲੀ ਦਾ ਕੁਸ਼ਤਾ, ਮਿਸ਼ਰੀ, ਕਿੱਕਰ ਦੀ ਗੂੰਦ, ਜਵਿਤ੍ਰੀ, ਜਾਫਲ, ਅਕਰਕਰਾ, ਛੋਟੀਆਂ ਇਲਇਚੀਆਂ ਦੇ ਬੀਜ, ਮਸਤਕੀ ਰੂਮੀ, ਸ਼ੁੱਧ ਕੁਚਲਾ, ਕੁਸ਼ਤਾ ਫੌਲਾਦ, ਇਹ ਸਭ ਤਿੰਨ ਤਿੰਨ ਮਾਸ਼ੇ ਲੈਕੇ ਇੱਕ ਮਾਸ਼ਾ ਵਰਕ ਸਿਉਨੇ ਦੇ ਸਾਥ ਮਿਲਾਉਣੇ. ਇਨ੍ਹਾਂ ਸਭ ਦਵਾਈਆਂ ਨੂੰ ਪਾਨ ਦੇ ਰਸ ਵਿੱਚ ਚਾਰ ਪਹਿਰ ਖਰਲ ਕਰਕੇ ਰੱਤੀ ਰੱਤੀ ਦੀਆਂ ਗੋਲੀਆਂ ਬਣਾਕੇ ਛਾਵੇਂ ਸੁਕਾਉਣੀਆਂ, ਇੱਕ ਤੋਂ ਚਾਰ ਗੋਲੀ ਤੱਕ ਗਰਮ ਦੁੱਧ ਨਾਲ ਖਾਣੀਆਂ.

ਸਾਲਬਮਿਸ਼ਰੀ, ਦੋਵੇ ਮੂਸਲੀਆਂ, ਦੋਵੇਂ ਬਹਮਨ, ਤਾਲ ਮਖਾਣਾ, ਸਤਾਵਰ, ਇਮਲੀ ਦੇ ਬੀਜਾਂ ਦੀ ਗਿਰੂ, ਕੌਂਚ ਬੀਜ, ਬੀਜ ਉਟੰਗਣ, ਬਹੁਫਲੀ, ਕੁਸ਼ਤਾ ਕਲੀ, ਬੀਜ ਬੰਦ, ਮਿਸ਼ਰੀ, ਇਹ ਸਭ ਦਵਾਈਆਂ ਇੱਕ- ਇੱਕ ਤੋਲਾ ਪੀਸਕੇ ਤਿੰਨ ਤਿੰਨ ਮਾਸ਼ੇ ਦੀਆਂ ਪੁੜੀਆਂ ਦੋ ਜਾਂ ਤਿੰਨ ਵਾਰ ਗਰਮ ਦੁੱਧ ਨਾਲ ਵਰਤਣੀਆਂ.

ਸਾਲਬ ਮਿਸ਼ਰੀ ਇੱਕ ਤੋਲਾ ਪੀਸਕੇ ਅੱਧ ਸੇਰ ਦੁੱਧ ਨਾਲ ਛਕਣੀ.

ਇੱਕ ਤੋਲਾ ਸਤਾਵਰ ਦੋ ਆਂਡੇ ਮੁਰਗੀ ਦੇ ਅੱਧ ਸੇਰ ਦੁੱਧ ਵਿੱਚ ਖੀਰ ਬਣਾਕੇ ਖਾਣੇ.

ਕੰਪੌਂਡ ਫਾਸਫੋਰਸ Compound Phosphorus ਆਦਿ ਦਵਾਈਆਂ ਭੀ ਨਪੁੰਸਕਤਾ ਦੂਰ ਕਰਨ ਲਈ ਬਹੁਤ ਉੱਤਮ ਹਨ.

ਨਾਮਰਦੀ ਨਾਸ਼ਕ ਤੇਲ ਆਦਿ ਜੋ ਬਣੇ ਹੋਏ ਮਿਲਦੇ ਹਨ, ਉਨ੍ਹਾਂ ਦਾ ਲੇਪ ਕਰਨਾ। ੨. ਬੁਜ਼ਦਿਲੀ. ਕਾਇਰਤਾ.

ਨਪੋਲੀਅਨ: ਦੇਖੋ, ਐਲਾਰਡ.

ਨੱਪਣਾ, ਨੱਪਨਾ: ਸੰ. ਨਿਪੀਡਨ. ਜੋਰ ਨਾਲ ਘੁੱਟਣਾ. ਘੁੱਟਕੇ ਫੜਨਾ। ੨. ਦਲਣਾ. ਮਲਣਾ.

ਨਟਸ: ਅ਼. نفس ਸੰਗਜਾ- ਜਾਨ, ਰੂਹ਼। ੨. ਪ੍ਰਾਣ। ੩. ਅਸਲੀਅਤ। ੪. ਮਨ। ੫. ਇੱਛਾ. "ਨਫਸ ਸੈਤਾਨ ਹੈ." (ਹਾਜਰਨਾਮਾ) ੬. ਉੱਤਮਤਾ. ਸ਼੍ਰੇਸ਼੍ਠਤਾ.

ਨਫ਼ਸ ਹਵਾਈ: ਫ਼ਾ. نفس ہوائی ਸੰਗਜਾ- ਭੋਗਵਾਸਨਾ. ਖ਼੍ਵਾਹਿਸ਼ਾਂ ਵਾਲਾ ਸੰਕਲਪ.

ਨਫ਼ਰ: ਅ਼. نفر ਸੰਗਜਾ- ਆਦਮੀ. ਮਨੁੱਖ। ੨. ਭਾਵ- ਸੇਵਕ. ਨੌਕਰ! ੩. ਫਤੇ. ਜਿੱਤ। ੪. ਡਰਨ ਦਾ ਭਾਵ.

ਨਫ਼ਰਤ: ਅ਼. نفرت ਸੰਗਜਾ- ਘ੍ਰਿਣਾ. ਗਲਾਨੀ.

ਨਫਰੁ: ਸੇਵਕ ਦੇਖੋ, ਨਫਰ. "ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ, ਤਿਸ ਦਾ ਨਫਰੁ ਕਿਥਹੁ ਰਜਿਖਾਏ?" (ਵਾਰ ਗਉ ੧. ਮਃ ੪)

ਨਫਾ: ਅ਼. نفع ਨਫ਼ਅ਼. ਸੰਗਜਾ- ਲਾਭ. ਫ਼ਾਇਦਾ.

ਨਫ਼ੀ: ਅ਼. نفی ਇਨਕਾਰ ਕਰਨਾ। ੨. ਦੂਰ ਕਰਨਾ। ੩. ਮਿਟਾ ਦੇਣਾ। ੪. ਨਿਸ਼ੇਧ. ਨਹੀਂ.

ਨਫ਼ੀਸ: ਅ਼. نفیس ਵਿ- ਉ਼ਮਦਾ. ਉੱਤਮ। ੨. ਸਾਰ। ੩. ਖ਼ਾਲਿਸ. ਇਸ ਦਾ ਮੂਲ ਨਫ਼ਸ (ਉੱਤਮਤਾ) ਹੈ.

ਨਫੀਰੀ: ਫ਼ਾ. نفیری ਸੰਗਜਾ- ਸ਼ਹਨਾਈ. ਫੂਕ ਨਾਲ ਵਜਾਉਣ ਦਾ ਇੱਕ ਵਾਜਾ. ਜੋ ਭੇਰੀ (ਛੋਟੀ ਨੌਬਤ) ਨਾਲ ਮਿਲਾਕੇ ਵਜਾਈਦਾ ਹੈ. ਮਹਾਰਾਜਿਆਂ ਅਤੇ ਬਾਦਸ਼ਾਹਾਂ ਦੇ ਦਰ ਤੇ ਨੌਬਤ ਨਫੀਰੀ ਬੱਜਣ ਦੀ ਬਹੁਤ ਪੁਰਾਣੀ ਰੀਤਿ ਹੈ.

ਨਫੁੰਸਕ, ਨਫੁਸੀ, ਨਫੂਸੀ: ਦੇਖੋ, ਨਪੁੰਸਕ. "ਵਰੀਆਮੁ ਨਫੁਸੀ ਕੋਈ." (ਵਡ ਛੰਤ ਮਃ ੩) ਕੋਈ ਵੀਰਤ੍ਵਾਨ (ਬਹਾਦੁਰ) ਅਤੇ ਕੋਈ ਨਪੁੰਸਕ ਹੈ.

ਨਫ਼ੂਰ: ਅ਼. نفوٗر ਵਿ- ਨਫ਼ਰਤ (ਘ੍ਰਿਣਾ) ਕਰਨ ਵਾਲਾ.

ਨਬਜ: ਅ਼. نبض ਨਬਜ. ਸੰਗਜਾ- ਰਗ. ਧਮਨੀ. ਨਾੜੀ. Pulse। ੨. ਨਾੜੀ (ਰਗ) ਦੀ ਚਾਲ. ਧਮਨੀਗਤਿ.

ਨਬਰਦ: ਫ਼ਾ. نبرد ਸੰਗਜਾ- ਜੰਗ, ਯੁੱਧ. ਲੜਾਈ.

ਨਬਾਤ: ਅ਼. نبات ਸੰਗਜਾ- ਵਨਸਪਤਿ. ਸਾਗ ਤਰਕਾਰੀ.

ਨਬਾਤਾਤ: ਅ਼. نباتات ਸੰਗਜਾ- ਨਬਾਤ ਦਾ ਬਹੁਵਚਨ। ੨. ਬੂਟੀਵਿਦਜਾ. Botany.

ਨਬਾਬ: ਅ਼. نواب ਨੱਵਾਬ. ਸੰਗਜਾ- ਨਬਾਬਤ (ਨਾਇਬੀ) ਕਰਨ ਵਾਲਾ। ੨. ਮਹਾਰਾਜੇ ਅਥਵਾ ਬਾਦਸ਼ਾਹ ਦਾ ਪ੍ਰਤਿਨਿਧ. ਵਾਇਸਰਾਇ. Viceroy ੩. ਅਮੀਰ.

ਨਬਾਲਗ: ਦੇਖੋ, ਨਾਬਾਲਿਗ.

ਨਬੀ: ਅ਼. نبی ਸੰਗਜਾ ਖ਼ਬਰ ਦੇਣ ਵਾਲਾ. ਪੈਗ਼ੰਬਰ.

ਨਬੀਉਲਕਿਤਾਬ: نبی الکتاب ਉਹ ਨਬੀ, ਜਿਸ ਪੁਰ ਆਸਮਾਨੀ ਕਿਤਾਬ ਉਤਰੀ ਹੈ. ਰਸੂਲ। ੨. ਕਿਤਾਬ ਦੀ ਖ਼ਬਰ ਦੇਣ ਵਾਲਾ. ਭਾਵ- ਪਰਮੇਸ਼੍ਵਰ. ਜਿਸ ਤੋਂ ਪੈਗੰਬਰਾਂ ਨੂੰ ਕਿਤਾਬ ਪ੍ਰਾਪਤ ਹੁੰਦੀ ਹੈ.

ਨਬੀਖ਼ਾਨ: ਦੇਖੋ, ਗਨੀਖਾਂ.

ਨਬੀਬਖ਼ਸ਼: ਅਬਦੁਲਖ਼ਾਂ ਸਿਪਹਸਾਲਾਰ ਦਾ ਪੁਤ੍ਰ, ਜੋ ਗੁਰੂ ਹਰਿਗੋਬਿੰਦ ਸਾਹਿਬ ਨਾਲ ਹਰਿਗੋਬਿੰਦਪੁਰ ਦੇ ਯੁੱਧ ਵਿਚ ਲੜਨ ਆਇਆ ਅਤੇ ਭਾਈ ਸਕਤੂ ਦੇ ਹੱਥੋਂ ਮੋਇਆ. ਦੇਖੋ, ਹਰਿਗੋਬਿੰਦ ਸਤਿਗੁਰੂ.

ਨਬੀਰਾ: ਫ਼ਾ. نبیرہ ਸੰਗਯਾ- ਪੋਤਾ. ਪੋਤੀ। ੨. ਦੋਹਤਾ. ਦੋਹਤੀ.

ਨਬੁੱਰਦ: ਫ਼ਾ. نبُرّد ਨਹੀਂ ਕੱਟਦਾ. ਵੱਢਦਾ ਨਹੀਂ.

ਨਬੇ: ਦੇਖੋ, ਨਵੈ.

ਨਬੇੜਾ: ਦੇਖੋ, ਨਿਵੇੜਾ.

ਨਭ: ਸੰ. नयस्. ਸੰਗਯਾ- ਆਕਾਸ਼. ਆਸਮਾਨ। ੨. ਬਿੰਦੀ (ਸਿਫਰ) ਦਾ ਬੋਧਕ। ੩. ਸਾਉਣ ਦਾ ਮਹੀਨਾ। ੪. ਭਾਦੋਂ ਦਾ ਮਹੀਨਾ। ੫. ਸਮੀਪਤਾ. ਨੇੜਾ। ੬. ਆਸ਼੍ਰਯ. ਆਧਾਰ। ੭. ਸ਼ਿਵ। ੮. ਜਲ। ੯. ਮੇਘ, ਬੱਦਲ। ੧੦. ਵਰਖਾ, ਮੀਂਹ.

ਨਭ ਕੀ ਗਤਿ: ਆਕਾਸ਼ਗਤਿ. ਆਕਾਸ਼ ਵਿੱਚ ਵਿਚਰਨ ਦੀ ਕ੍ਰਿਯਾ। ੨. ਆਕਾਸ਼ ਵਿੱਚ ਜਾਣ ਦੀ ਸ਼ਕਤਿ. "ਨਭ ਕੀ ਗਤਿ ਤਾਹਿ ਹਤੀ ਸਰ ਸੋਂ." (ਰਾਮਾਵ) ਦੇਖੋ, ਪਰਸੁਰਾਮ.

ਨਭਗ: ਦੇਖੋ, ਨਭਚਰ। ੨. ਦੇਖੋ, ਨਭਾਗ.

ਨਭਚਰ: ਸੰ. ਨਭਸ਼੍ਚਰ. ਵਿ- ਆਕਾਸ਼ ਵਿਚ ਵਿਚਰਨ ਵਾਲਾ। ੨. ਸੰਗਯਾ- ਪੰਛੀ। ੩. ਤੀਰ. (ਸਨਾਮਾ) ੪. ਬੱਦਲ। ੫. ਦੇਵਤਾ। ੬. ਪਵਨ. ਹਵਾ। ੭. ਵਿਮਾਨ. ਹਵਾਈ ਜਹਾਜ ਆਦਿ.

ਨਭਚਰਿ, ਨਭਚਰੀ: ਸੰਗਯਾ- ਨਭਚਰ (ਤੀਰ) ਧਾਰਨ ਵਾਲੀ ਸੈਨਾ. (ਸਨਾਮਾ) ੨. ਇੱਲ ਗਿਰਝ ਆਦਿ.

ਨਭਚਾਰੀ: नभचारिन्. ਦੇਖੋ, ਨਭਚਰ.

ਨਭਨੀਰਪ: ਆਕਾਸ਼ ਦਾ ਪਾਣੀ ਪੀਣ ਵਾਲਾ ਚਾਤਕ. ਪਪੀਹਾ. ਕਵਿ ਲਿਖਦੇ ਹਨ ਕਿ ਚਾਤ੍ਰਕ ਸ੍ਵਾਤਿਬੂੰਦ ਹੀ ਪੀਂਦਾ ਹੈ.

ਨਭਬਾਨੀ: ਦੇਖੋ, ਆਕਾਸਬਾਨੀ.

ਨਭਾਗ: ਸੰ. ਨਭਗ. ਵਿ- ਬਦਨਸੀਬ. ਅਭਾਗਾ। ੨. ਦੇਖੋ, ਨਾਭ਼ਾਗ.

ਨਮ: ਸੰ. ਧਾ- ਨਮਸਕਾਰ ਕਰਨਾ, ਝੁਕਣਾ (ਨਿਉਣਾ). ੨. ਸੰਗਯਾ- नमस. ਨਮਸਕਾਰ. ਪ੍ਰਣਾਮ. "ਨਮ ਸਤਗੁਰੁ ਦੇਵਾ." (ਭਾਗੁ) ੩. ਫ਼ਾ. نم ਵਿ- ਗਿੱਲਾ. ਤਰ। ੪. ਸੰਗਯਾ- ਤਰਾਵਤ. ਤਰੀ.

ਨਮਸ: ਸੰ. नमस्. ਵਜ- ਝੁਕਣਾ। ੨. ਸ਼ਬਦ ਕਰਨਾ.

ਨਮਸਕਰਾ: ਸੰ. ਨਮਸ੍ਕਾਰ੍ਯੰ. ਵਿ- ਨਮਸਕਾਰ ਯੋਗ੍ਯ. "ਗੁਰਦੇਵ ਨਾਨਕ ਹਰਿ ਨਮਸਕਰਾ." (ਬਾਵਨ)

ਨਮਸਕਾਰ: ਸੰ. ਸੰਗਯਾ- ਨਮਸ੍ਕਾਰ. ਪ੍ਰਣਾਮ ਬੰਦਨਾ. "ਨਮਸਕਾਰ ਡੰਡਉਤ ਬੰਦਨਾ." (ਬਿਲਾ ਮਃ ੫)

ਨਮਸਕਾਰਨੀ: ਸੰਗਯਾ- ਬੰਦੂਕ. (ਸਨਾਮਾ) "ਨਮਸਕਾਰਨੀ ਤੇ ਛੁਟ ਗੁਲਕਾ." (ਗੁਪ੍ਰਸੂ)

ਨਮਸਤਸਤੁ: ਇਹ ਸੰਖੇਪ ਹੈ ਨਮਸ੍ਤੁਭ੍ਯਮਸ੍ਤੁ ਦਾ. ਤੇਰੇ ਤਾਂਈ ਨਮਸਕਾਰ ਹੋਵੇ. "ਨਮਸਤਸਤੁ ਰੰਮੈ." (ਜਾਪੁ) ਰਮਯ (ਮਨੋਹਰ) ਨੂੰ ਨਮਸਕਾਰ ਹੈ.

ਨਮਸਤੇ, ਨਮਸਤੰ, ਨਮਸਤ੍ਵੰ, ਨਮਸ੍ਤੇ, ਨਮਸ੍ਤ੍ਵੰ: नमस्ते- ਨਮਸ੍ਤੇ. नमस्त्वाम्- ਨਮਸ੍ਤ੍ਵਾਂ. ਤੈਨੂੰ ਨਮਸਕਾਰ ਹੈ. "ਨਮਸਤੰ

ਅਰੂਪੇ. ××× ਨਮਸਤ੍ਵੰ ਅਕਾਲੇ." (ਜਾਪੁ) ੨. ਨਮਸਜਸ੍ਤ੍ਵੰ ਦਾ ਸੰਖੇਪ. ਤੂੰ ਨਮਸਕਾਰ ਯੋਗ੍ਯ ਹੈਂ.

ਨਮਕ: ਫ਼ਾ. نمک ਸੰਗ੍ਯਾ- ਲਵਣ. ਨੂਣ. ਲੂਣ.

ਨਮਕਹਰਾਮ, ਨਮਕਹ਼ਰਾਮ: ਫ਼ਾ. نمک حرام ਸੰਗ੍ਯਾ- ਕਿਸੇ ਦਾ ਲੂਣ ਖਾਕੇ ਬੁਰਾ ਕਰਨ ਵਾਲਾ. ਕ੍ਰਿਤਘਨ.

ਨਮਕਹਲਾਲ, ਨਮਕਹ਼ਲਾਲ: ਫ਼ਾ. نمک حلال ਸੰਗ੍ਯਾ- ਸ੍ਵਾਮੀ ਦਾ ਲੂਣ ਖਾਕੇ ਸਦਾ ਕ੍ਰਿਤਗ੍ਯ ਰਹਿਣ ਵਾਲਾ. ਸ੍ਵਾਮੀ ਦਾ ਭਗਤ.

ਨਮਕੀਨ: ਫ਼ਾ. نمکین ਵਿ- ਸਲਵਣ. ਜਿਸ ਵਿੱਚ ਲੂਣ ਮਿਲਿਆ ਹੋਇਆ ਹੈ. ਸਲੂਣਾ.

ਨਮਗੀਰਾ: ਫ਼ਾ. نمگیرہ ਸੰਗ੍ਯਾ- ਉਹ ਵਸਤ੍ਰ, ਜੋ ਸ਼ਬਨਮ (ਓਸ- ਤ੍ਰੇਲ) ਨੂੰ ਗ੍ਰਹਣ ਕਰੇ. ਚੰਦੋਆ. ਸਾਇਬਾਨ. ਓਸ ਤੋਂ ਬਚਣ ਲਈ ਤਾਣਿਆ ਹੋਇਆ ਵਸਤ੍ਰ.

ਨਮਤ: ਸੰ. ਸੰਗ੍ਯਾ- ਸ੍ਵਾਮੀ. ਮਾਲਿਕ। ੨. ਨਟ। ੩. ਵਿ- ਨੰਮ੍ਰ. "ਨਮਤ ਸੁਭਾਵ ਨ ਕਬਹੂ ਤਜਾਗੇ." (ਗੁਪ੍ਰਸੂ) ੫. ਅ਼. نمط ਨਮਤ਼. ਸੰਗ੍ਯਾ- ਦਸਤੂਰ. ਤ਼ਰੀਕ਼ਾ.

ਨਮਤਾ: ਸੰਗ੍ਯਾ- ਨੰਮ੍ਰਤਾ. "ਮਾਨੋ ਸੁਧਾ ਨਮਤਾ ਤੁਮ ਪੀਤੀ" (ਨਾਪ੍ਰ) ੨. ਸਤੋਗੁਣ. "ਤਾਮਸਤਾ ਮਮਤਾ ਨਮਤਾ." (ਚੰਡੀ ੧)

ਨਮਦਾ: ਫ਼ਾ. نمد ਨਮਦ. ਸੰਗ੍ਯਾ- ਉੱਨ ਦਾ ਜਮਾਇਆ ਹੋਇਆ ਕੰਬਲ ਵਿਛੌਣਾ ਆਦਿ.

ਨਮਨ: ਸੰਗ੍ਯਾ- ਨਿਉਣਾ. ਝੁਕਾਉ। ੨. ਨਮਸਕਾਰ. ਪ੍ਰਣਾਮ.

ਨਮਾ: ਵਿ- ਨਵ. ਨਯਾ. ਨਵੀਨ। ੨. ਦੇਖੋ, ਨੁਮਾ.

ਨਮਾਇਮ: ਫ਼ਾ. نمایم ਮੈਂ ਦਿਖਾਉਂਦਾ ਹਾਂ. ਦਿਖਾਵਾਂਗਾ। ੨. ਮੈਂ ਕਰਦਾ ਹਾਂ. ਕਰਾਂਗਾ.

ਨਮਾਈ: ਫ਼ਾ. نمائی ਤੂ ਦਿਖਾਉਂਦਾ ਹੈਂ. ਦਿਖਾਵੇਂਗਾ। ੨. ਤੂ ਕਰਦਾ ਹੈਂ. ਕਰੇਂਗਾ.

ਨਮਾਜ਼: ਫ਼ਾ. نماز ਅ਼. صلات ਸਲਾਤ. ਨਮਾਜ ਇਸਲਾਮ ਦਾ ਦੂਜਾ ਉਸੂਲ ਹੈ. ਕ਼ੁਰਾਨ ਵਿਚ ਭਾਵੇਂ ਪੰਜ ਵੇਲੇ ਮੁਕ਼ੱਰਰ ਨਹੀਂ ਕੀਤੇ ਗਏ, ਪਰ ਸੁੰਨਤ ਅਤੇ ਹਦੀਸਾਂ ਦੇ ਲੇਖ ਅਨੁਸਾਰ ਮੁਸਲਮਾਨ ਨੂੰ ਪੰਜ ਨਮਾਜ਼ਾਂ ਦਾ ਪੜ੍ਹਨਾ ਜ਼ਰੂਰੀ ਹੈ, ਜਿਨ੍ਹਾਂ ਦਾ ਵੇਰਵਾ ਇਉਂ ਹੈ:-

੧. ਸਲਾਤੁਲਫ਼ਜਰ صلوٰۃ الفجر ਨਮਾਜ਼ੇ ਸੁਬਹ਼. ਪਹੁ ਫਟਣ ਤੋਂ ਲੈਕੇ ਸੂਰਜ ਚੜ੍ਹਨ ਤੀਕ ਦੀ ਨਮਾਜ਼.

੨. ਸਲਾਤੁੱਜ਼ੁਹਰ. صلوٰۃ الظہر ਨਮਾਜ਼ੇ ਪੇਸ਼ੀਨ. ਜਦ ਸੂਰਜ ਢਲਣ ਲੱਗੇ, ਉਸ ਵੇਲੇ ਦੀ ਨਮਾਜ਼.

੩. ਸਲਾਤੁਲਅ਼ਸਰ. صلوٰۃ العصر ਨਮਾਜ਼ੇ ਦੀਗਰ. ਤੀਸਰੇ ਪਹਿਰ ਦੀ ਨਮਾਜ਼.

੪. ਸਲਾਤੁਲ ਮਗ਼ਰਿਬ. صلوٰۃ المغرب ਨਮਾਜ਼ੇ ਸ਼ਾਮ. ਸੂਰਜ ਛਿਪਣ ਤੋਂ ਲੈਕੇ ਆਸਮਾਨ ਦੀ ਸੁਰਖ਼ੀ ਮਿਟ ਜਾਣ ਤੀਕ.

੫. ਸਲਾਤੁਲਇ਼ਸ਼ਾ صلوٰۃ العشا ਨਮਾਜ਼ੇ ਖ਼ੁਫ਼ਤਨ. ਸੌਣ ਵੇਲੇ ਦੀ ਨਮਾਜ਼.

ਇਹ ਪੰਜ ਨਮਾਜ਼ਾਂ ਤਾਂ ਫ਼ਰਜ ਹੈ, ਇਨ੍ਹਾਂ ਤੋਂ ਛੁੱਟ ਤਿੰਨ ਨਮਾਜ਼ਾਂ ਅਖ਼ਤਿਆਰੀ ਹਨ, ਜਿਨ੍ਹਾਂ ਦੇ ਪੜ੍ਹਨ ਦਾ ਭਾਰੀ ਸਵਾਬ ਹੈ:-

੧. ਸਲਾਤੁਲ ਇਸ਼ਰਾਕ਼. صلوٰۃ الاشراق ਨਮਾਜ਼ੇ ਇਸ਼ਰਾਕ਼. ਜਦ ਸੂਰਜ ਚੰਗੀ ਤਰ੍ਹਾਂ ਚੜ੍ਹ ਆਵੇ, ਉਸ ਵੇਲੇ ਦੀ ਨਮਾਜ਼.

੨. ਸਲਾਤੁਲਜ਼ੁਹ਼ਾ صلوٰۃ الضحیٰ ਨਮਾਜ਼ੇ ਚਾਸ਼ਤ. ਕ਼ਰੀਬ ਗ੍ਯਾਰਾਂ ਵਜੇ ਦਿਨ ਦੇ.

੩. ਸਲਾਤੁਲਤਹੱਜੁਦ. صلوٰۃ التہجد ਨਮਾਜ਼ੇ ਤਹੱਜੁਦ. ਅੱਧੀ ਰਾਤ ਤੋਂ ਕੁੱਝ ਪਿੱਛੋਂ. ਇਨ੍ਹਾਂ ਤੋਂ ਛੁੱਟ ਦੋ ਨਮਾਜ਼ਾਂ ਦੋ ਈ਼ਦਾਂ ਦੀਆਂ

ਹਨ, ਅਰਥਾਤ- ਈਦੁਲ ਫ਼ਿਤਰ ਦੀ, ਦੂਜੀ ਈਦੁਲਅਜ਼ਹਾ ਦੀ.

"ਸਹ਼ੀਹ਼ੇ ਮੁਸਲਿਮ" ਵਿੱਚ ਲਿਖਿਆ ਹੈ ਕਿ ਹ਼ਜਰਤ ਮੁਹ਼ੰਮਦ ਖ਼ੁਦਾ ਦੇ ਪੇਸ਼ ਹੋਕੇ ਜਦ ਸੱਤਵੇਂ ਆਸਮਾਨੋਂ ਮੁੜੇ, ਤਦ ਰਾਹ ਵਿਚ ਛੀਵੇਂ ਆਸਮਾਨ ਹ਼ਜਰਤ ਮੂਸਾ ਮਿਲਿਆ, ਉਸ ਨੇ ਪੁੱਛਿਆ ਕਿ ਖ਼ੁਦਾ ਵੱਲੋਂ ਤੈਨੂੰ ਕੀ ਹ਼ੁਕਮ ਮਿਲਿਆ ਹੈ. ਮੁਹ਼ੰਮਦ ਸਾਹਿਬ ਨੇ ਆਖਿਆ ਕਿ ਪੰਜਾਹ ਵੇਲੇ ਨਮਾਜ਼ ਪੜ੍ਹਨ ਦਾ. ਮੂਸਾ ਨੇ ਕਿਹਾ ਕਿ ਤੇਰੀ ਉੱਮਤ ਨੇ ਕਦੇ ਤਾਮੀਲ ਨਹੀਂ ਕਰਨੀ. ਮੈਂ ਆਪਣੀ ਉੱਮਤ ਨੂੰ ਉਪਦੇਸ਼ ਦੇਕੇ ਥੱਕ ਗਿਆ, ਪਰ ਉਸ ਤੋਂ ਅਮਲ ਨਹੀਂ ਹੋ ਸਕਿਆ. ਜਾਹ, ਮੁੜਕੇ ਖ਼ੁਦਾ ਤੋਂ ਫੇਰ ਪੁੱਛ. ਜਦ ਪੈਗ਼ੰਬਰ ਮੁਹ਼ੰਮਦ ਨੇ ਖ਼ੁਦਾ ਨੂੰ ਇਹ ਮਜਬੂਰੀ ਦੱਸੀ, ਤਦ ਖ਼ੁਦਾ ਨੇ ਘਟਾਉਂਦੇ ਘਟਾਉਂਦੇ ਪੰਜ ਵੇਲੇ ਨਮਾਜ਼ ਮੁਕ਼ੱਰਰ ਕੀਤੀ. ਮੂਸਾ ਪਾਸ ਆਕੇ ਜਦ ਸਾਰਾ ਹ਼ਾਲ ਦੱਸਿਆ, ਤਾਂ ਉਸ ਨੇ ਆਖਿਆ ਕਿ ਲੋਕਾਂ ਨੇ ਪੰਜ ਵੇਲੇ ਭੀ ਨਹੀਂ ਪੜ੍ਹਨੀ. ਜਾਹ, ਖ਼ੁਦਾ ਪਾਸੋਂ ਕੁਝ ਹੋਰ ਮੁਆ਼ਫ਼ੀ ਮੰਗ. ਹ਼ਜ਼ਰਤ ਮੁਹੰਮਦ ਨੇ ਆਖਿਆ, ਹੁਣ ਬਾਰ ਬਾਰ ਅ਼ਰਜ ਕਰਨ ਤੋਂ ਮੈਨੂੰ ਸ਼ਰਮ ਆਉਂਦੀ ਹੈ, ਹੁਣ ਮੈਂ ਕੁਝ ਨਹੀਂ ਪੁੱਛਾਂਗਾ.

ਨਮਾਜ ਦਾ ਪੜ੍ਹਨਾ ਕ਼ੁਰਾਨ ਦੀਆਂ ਆਯਤਾਂ ਵਿੱਚ ਜ਼ਰੂਰੀ ਹੈ, ਇਹ ਨਹੀਂ ਕਿ ਅ਼ਰਬੀ ਦਾ ਤਰਜੁਮਾ ਕਿਸੇ ਹੋਰ ਬੋਲੀ ਵਿੱਚ ਪੜ੍ਹ ਲਵੇ. ਨਮਾਜ਼ ਤੋਂ ਪਹਿਲਾਂ ਜਿਸਮ ਅਤੇ ਵਸਤ੍ਰ ਸ਼ੁੱਧ ਕਰਨੇ ਚਾਹੀਏ. ਨਮਾਜ਼ ਪੜ੍ਹਨ ਦੀ ਜ਼ਮੀਨ ਅਪਵਿਤ੍ਰ ਨਾ ਹੋਵੇ.

ਜੇ ਨਮਾਜ਼ ਮਸਜਿਦ ਵਿੱਚ ਬਹੁਤਿਆਂ ਨੇ ਇਕੱਠੇ ਹੋਕੇ ਪੜ੍ਹਨੀ ਹੋਵੇ, ਤਦ ਮਸੀਤ ਦੇ ਮੀਨਾਰ ਪੁਰ ਚੜ੍ਹਕੇ ਅਜਾਨ (ਬਾਂਗ) ਦਾ ਦੇਣਾ ਜ਼ਰੂਰੀ ਹੈ, ਤਾਕਿ ਆਵਾਜ਼ ਸੁਣਕੇ ਸਭ ਜਮਾਂ ਹੋ ਜਾਣ. ਨਮਾਜ਼ ਵੇਲੇ ਜੁੱਤੀ ਉਤਾਰਨੀ ਚਾਹੀਏ ਅਰ ਸਿਰੋਂ ਨੰਗੇ ਹੋਕੇ ਨਮਾਜ਼ ਪੜ੍ਹਨੀ ਨਿਸ਼ੇਧ ਕੀਤੀ ਗਈ ਹੈ.

ਉੱਪਰ ਲਿਖੀ ਨਮਾਜ਼ ਤੋਂ ਛੁੱਟ ਕਿਸੇ ਖ਼ਾਸ ਕਾਰਜ ਲਈ ਨਮਾਜ਼ ਪੜ੍ਹਨੀ ਅਥਵਾ ਮੁਰਦੇ ਦੇ ਭਲੇ ਲਈ ਪ੍ਰਾਰਥਨਾ ਕਰਨੀ ਭੀ ਇਸਲਾਮ ਵਿੱਚ ਵਿਧਾਨ ਹੈ.

ਯਹੂਦੀਆਂ ਵਿੱਚ ਸੱਤ ਵੇਲੇ ਨਮਾਜ਼ ਪੜ੍ਹਨ ਦੀ ਰੀਤਿ ਪਾਈ ਜਾਂਦੀ ਹੈ. ਦੇਖੋ, ਜ਼ੱਬੂਰ ਕਾਂਡ ੧੧੯. ਆਯਤ ੧੬੪.[673]

ਨਮਾਜ਼ੀ: ਫ਼ਾ. نمازی ਨਮਾਜ਼ ਪੜ੍ਹਨ ਵਾਲਾ. ਦੇਖੋ, ਨਿਵਾਜੀ ੧.

ਨਮਾਣਾ: ਦੇਖੋ, ਨਿਮਾਣਾ.

ਨਮਾਣੀ: ਦੇਖੋ, ਨਿਮਾਣੀ.

ਨਮਾਂਦਾਹ: ਫ਼ਾ. نماندہ ਨਾ ਰਿਹਾ.

ਨਮਾਨਰੋਆ: ਵਿ- ਨਵੀਨ ਅਤੇ ਅਰੋਗ. ਖ਼ੁਸ਼ ਅਤੇ ਤਨਦੁਰੁਸ੍ਤ. ਦੇਖੋ, ਨਵਾਨਿਰੋਆ.

ਨਮਾਨਾ, ਨਮਾਨੀ: ਦੇਖੋ, ਨਿਮਾਣਾ ਅਤੇ ਨਿਮਾਣੀ.

ਨਮਾਮਿ: ਮੈਂ ਨਮਸਕਾਰ ਕਰਦਾ ਹਾਂ.

ਨਮੀ: ਵਿ- ਨਵੀਨ. ਨਯੀ. ਨਵੀਂ। ੨. ਫ਼ਾ. نمی ਸੰਗਯਾ- ਤ਼ਰਾਵਤ. ਗਿੱਲ.

ਨਮੁਚਿ, ਨਮੁਚੀ: ਸੰ. ਨਮੁਚਿ. ਮਹਾਭਾਰਤ ਅਨੁਸਾਰ ਵਿਪ੍ਰਚਿੱਤਿ ਦਾ ਪੁਤ੍ਰ ਇੱਕ ਦਾਨਵ, ਜਿਸ ਨੂੰ ਇੰਦ੍ਰ ਨੇ ਪਹਿਲਾਂ ਅਭੈਦਾਨ ਦਿੱਤਾ, ਪਰ ਫੇਰ ਧੋਖਾ ਦੇਕੇ ਮਾਰਿਆ, ਜਿਸ ਤੋਂ ਬ੍ਰਹਮਾ ਦੀ ਆਗਯਾ ਨਾਲ ਇੰਦ੍ਰ ਨੂੰ ਪ੍ਰਾਯਸ਼੍ਚਿਤ ਕਰਨਾ ਪਿਆ. ਨਮੁਚਿ ਦਾ ਜਿਕਰ ਰਿਗਵੇਦ ਵਿੱਚ ਭੀ ਹੈ. "ਦਨਐਸਿਰ ਸੰਬਰ ਨਮੁਚੀ ਜੋਊ." (ਨਾਪ੍ਰ) ੨. ਅਸੁਰਰਾਜ ਸ਼ੁੰਭ ਦਾ ਤੀਜਾ ਭਾਈ, ਜੋ ਨਿਸ਼ੁੰਭ ਤੋਂ ਛੋਟਾ ਸੀ. ਵਾਮਨਪੁਰਾਣ ਵਿੱਚ ਕਥਾ ਹੈ ਕਿ ਇਹ ਕਸ਼ਯਪ ਦੇ ਵੀਰਜ ਤੋਂ ਦਨੁ ਦੇ ਗਰਭੋਂ ਪੈਦਾ ਹੋਇਆ ਸੀ. ਜਦ

---

[673] Seven times a day do I praise Thee.

ਇੰਦ੍ਰ ਨੇ ਨਮੁਚਿ ਨੂੰ ਮਾਰ ਦਿੱਤਾ, ਤਦ ਸ਼ੁੰਭ ਅਤੇ ਨਿਸ਼ੁੰਭ ਦੋਵੇਂ ਭਾਈ ਬਦਲਾ ਲੈਣ ਲਈ ਇੰਦ੍ਰ ਪੁਰ ਚੜ੍ਹੇ, ਅਤੇ ਸਾਰੇ ਦੇਵਤਿਆਂ ਨੂੰ ਜਿੱਤਕੇ ਸੁਰਗ ਦਾ ਰਾਜ ਸਾਂਭ ਲਿਆ. ਸ਼ੁੰਭ ਨੇ ਸੁਧੀਰ ਦੂਤ ਨੂੰ ਵਿੰਧ੍ਯ ਪਰਵਤ ਤੇ ਕਾਤ੍ਯਾਯਨੀ ਦੇਵੀ ਪਾਸ ਭੇਜਿਆ ਅਤੇ ਆਖਿਆ ਕਿ ਸਾਡੇ ਦੋਹਾਂ ਭਾਈਆਂ ਵਿੱਚੋਂ ਜਿਸ ਨੂੰ ਤੂੰ ਪਸੰਦ ਕਰੇਂ ਵਰਲੈ. ਦੇਵੀ ਨੇ ਉੱਤਰ ਦਿੱਤਾ ਕਿ ਮੈਂ ਜੰਗ ਕੀਤੇ ਬਿਨਾਂ ਨਹੀਂ ਵਰਦੀ. ਇਸ ਪੁਰ ਘੋਰ ਸੰਗ੍ਰਾਮ ਹੋਇਆ, ਜਿਸ ਵਿੱਚ ਧੂਮ੍ਰਲੋਚਨ, ਰਕਤਬੀਜ, ਚੰਡ, ਮੁੰਡ ਆਦਿ ਸਾਰੇ ਸਰਦਾਰ ਮਾਰੇ ਗਏ. ਅੰਤ ਨੂੰ ਦੁਰਗਾ ਨੇ ਸ਼ੁੰਭ ਅਤੇ ਨਿਸ਼ੁੰਭ ਨੂੰ ਭੀ ਮਾਰਿਆ. ਅਰ ਦੇਵਲੋਕ ਦਾ ਰਾਜ ਇੰਦ੍ਰ ਨੂੰ ਦਿੱਤਾ। ੩. ਕਾਮਦੇਵ. ਅਨੰਗ. ਮਨਮਥ.

ਨਮੂ: ਅ਼. نمُو ਵਧਣਾ. ਵ੍ਰਿੱਧੀ. ਵਾੱਧਾ।

ਨਮੂਜ: ਸੰਗਯਾ- ਉਰੂਜ. ਤ਼ਰੱਕ਼ੀ. ਵ੍ਰਿੱਧਿ। ੨. ਮਾਨ. ਪ੍ਰਤਿਸ਼੍ਠਾ. ਨਾਮਵਰੀ। ੩. ਅ਼. انمُوذج ਅਨਮੂਜਜ. ਨਮੂਨਾ.

ਨਮੂਦ: ਫ਼ਾ. نمُود ਵਿ- ਦਿਖਾਇਆ। ੨. ਕੀਤਾ। ੩. ਸੰਗਯਾ- ਦਿਖਾਵਾ। ੪. ਨਿਸ਼ਾਨ. ਚਿੰਨ੍ਹ. ਦੇਖੋ, ਨਮੂਦਨ.

ਨਮੂਦਸ਼: ਫ਼ਾ. نمُودش ਦਿਖਾਇਆ ਉਸ ਨੂੰ। ੨. ਕੀਤਾ ਉਸ ਨੂੰ.

ਨਮੂਦਹ: ਫ਼ਾ. نمُودہ ਕੀਤਾ। ੨. ਕੀਤਾ ਹੋਇਆ। ੩. ਦਿਖਾਇਆ। ੪. ਦਿਖਾਇਆ ਹੋਇਆ.

ਨਮੂਦਨ: ਫ਼ਾ. نمُودن ਕ੍ਰਿ- ਦਿਖਾਉਣਾ। ੨. ਕਰਨਾ.

ਨਮੂਦਾਰ: ਫ਼ਾ. نمُودار ਵਿ- ਜੋ ਪ੍ਰਗਟ ਹੋਇਆ ਹੈ. ਨੇਤ੍ਰਾਂ ਦਾ ਵਿਸ਼ਯ.

ਨਮੂਨਾ: ਫ਼ਾ. نمُونہ ਸੰਗਯਾ- ਵੰਨਗੀ। ੨. ਤੁਲ੍ਯਤਾ. ਸਮਾਨਤਾ। ੩. ਨਜੀਰ. ਮਿਸਾਲ. "ਬੇਸੁਬਹਾ ਜੋ ਬਿਨਾ ਨਮੂਨੇ." (ਨਾਪ੍ਰ)

ਨਮੇ: ਫ਼ਾ. نمے ਵ੍ਯ- ਨਹੀਂ. ਨਾ. ਨਿਸ਼ੇਧ.

ਨਮੋ: ਨਮਸਕਾਰ. "ਹਰਿਸੰਤਨ ਕਰਿ ਨਮੋ ਨਮੋ." (ਗਉ ਅਃ ਮਃ ੫)

ਨਮੋਸੀ: ਸੰਗਯਾ- ਨਿੰਦਾ. ਅਪਕੀਰਤਿ. ਦੇਖੋ, ਨਾਮੂਸ ੩.

ਨਮ੍ਰ: ਸੰ. ਵਿ- ਝੁਕਿਆ ਹੋਇਆ। ੨. ਵਿਨੀਤ. ਹਲੀਮ. ਹੌਮੈ ਰਹਿਤ.

ਨਮ੍ਰਤਾ: ਸੰ. ਸੰਗਯਾ- ਨੀਵੇਂ ਹੋਣ ਦਾ ਭਾਵ. ਝੁਕਾਉ। ੨. ਹਲੀਮੀ.

ਨਯ: ਸੰ. ਨਯ੍. ਧਾ- ਲੈ ਜਾਣਾ, ਪਹੁਚਣਾ, ਰਖ੍ਯਾ ਕਰਨਾ। ੨. ਸੰਗਯਾ- ਨੀਤਿ। ੩. ਇਨਸਾਫ. ਨ੍ਯਾਯ. "ਸਮਸ ਮਨਿੰਦ ਪ੍ਰਕਾਸ਼ ਨਯ, ਤਮ ਅਨਯ ਨਸਾਏ." (ਗੁਪ੍ਰਸੂ) ਨਯ (ਇਨਸਾਫ) ਦਾ ਪ੍ਰਕਾਸ਼ ਸੂਰਜ ਸਮਾਨ ਹੈ, ਜੋ ਅਨਯ (ਅਨੀਤਿਰੂਪ) ਅੰਧੇਰੇ ਨੂੰ ਦੂਰ ਕਰਦਾ ਹੈ। ੪. ਵਿਸ਼ਨੁ। ੫. ਨਦੀ. ਦੇਖੋ, ਨੈ.

ਨਯਗ੍ਰੋਧ: ਦੇਖੋ, ਨ੍ਯਗ੍ਰੋਧ.

ਨਯਣ: ਸੰ. ਨਯਨ. ਸੰਗਯਾ- ਨੇਤ੍ਰ. ਅੱਖ. "ਗੁਰੁ ਅਰਜੁਨ ਪਿਖਹੁ ਨਯਣ." (ਸਵੈਯੇ ਮਃ ੫. ਕੇ) ੨. ਲੈ ਜਾਣ ਦੀ ਕ੍ਰਿਯਾ.

ਨਯਣਿ: ਨੇਤ੍ਰੀਂ. ਨੇਤ੍ਰਾਂ ਨਾਲ. "ਨਯਣਿ ਗੁਰੁ ਅਮਰ ਪਿਖਿਜੈ." (ਸਵੈਯੇ ਮਃ ੩. ਕੇ)

ਨਯਨ: ਦੇਖੋ, ਨਯਣ.

ਨਯਨਛਦ: ਅੱਖ ਦਾ ਪੜਦਾ. ਨਯਨਪਟ. ਪਲਕ.

ਨਯਨਜਲ: ਅੰਝੂ. ਆਂਸੂ. ਹੰਝੂ. ਅਸ਼੍ਰੁ.

ਨਯਨੀ: ਸੰਗਯਾ- ਨਯ (ਨਦੀਆਂ) ਵਾਲੀ ਪ੍ਰਿਥਿਵੀ. (ਸਨਾਮਾ) ੨. ਨੇਤ੍ਰਾਂ ਕਰਕੇ. ਦੇਖੋ, ਨਯਣਿ, ਨੈਣੀ ਅਤੇ ਨੈਨੀ.

ਨਯਪਾਲ: ਵਿ- ਨਯ (ਨੀਤਿ) ਪਾਲਨ ਵਾਲਾ. ਨੀਤਿ ਪਾਲਕ। ੨. ਦੇਖੋ, ਨੇਪਾਲ.

ਨਯਰਜ਼ਦ: ਦੇਖੋ, ਨਿਯਰਜ਼ਦ.

ਨਯਾ: ਵਿ- ਨਵ. ਨਵੀਨ. ਨਵਾਂ.

ਨਯਾਇ: ਦੇਖੋ, ਨਜਾਯ.

ਨਯਾਸ: ਦੇਖੋ, ਨਜਾਸ.

ਨਯਾਜ, ਨਯਾਜੀ: ਦੇਖੋ, ਨਿਆਜ ਅਤੇ ਨਿਆਜੀ.

ਨਯਾਮ: ਫ਼ਾ. نیام ਸੰਗਯਾ- ਗਿਲਾਫ਼. ਕੋਸ਼. ਖੋਲ. ਹਿੰਦੀ ਅਤੇ ਪੰਜਾਬੀ ਵਿੱਚ ਇਸੇ ਦਾ ਰੂਪ "ਮਿਆਨ" ਹੋ ਗਿਆ ਹੈ. Sheath.

ਨਯਾਯ: ਦੇਖੋ, ਨਜਾਯ.

ਨਯਾਰਾ: ਦੇਖੋ, ਨਿਆਰਾ। ੨. ਨਯ (ਨਮ੍ਰਤਾ) ਵਾਲਾ. ਝੁਕਿਆ ਹੋਇਆ. "ਦ੍ਰੁਮੰ ਤਾਲ ਨਯਾਰੇ." (ਰਾਮਾਵ) ਤਾਲ ਬਿਰਛ ਝੁਕੇ ਹੋਏ.

ਨਯੰਤਾ: ਸੰ. नियन्तृ. ਸੰਗਯਾ- ਨਿਯਮ ਕ਼ਾਇਮ ਕਰਨ ਵਾਲਾ। ੨. ਪ੍ਰੇਰਣਵਾਲਾ. ਚਲਾਉਣ ਵਾਲਾ. "ਏਕ ਨਯੰਤਾ ਸਦਾ ਮਾਯ." (ਨਾਪ੍ਰ)

ਨਰ: ਸੰ. ਸੰਗਯਾ- ਪੁਰੁਸ਼. ਮਰਦ. ਮਨੁੱਖ. "ਨਰ ਤੇ ਸੁਰ ਹੋਇਜਾਤ ਨਿਮਖ ਮੈ." (ਗੌਂਡ ਨਾਮਦੇਵ) ੨. ਦੇਵਤਿਆਂ ਦੀ ਇੱਕ ਖਾਸ ਜਾਤਿ. "ਸੁਰਿ ਨਰ ਗਣ ਗੰਧਰਬੇ ਜਪਿਓ." (ਮਾਰੂ ਮਃ ੪) ੩. ਦਕ੍ਸ਼ ਪ੍ਰਜਾਪਤਿ ਦੀ ਕੰਨਯਾ "ਅਹਿੰਸਾ" ਦੇ ਗਰਭ ਤੋਂ ਧਰਮਰਾਜ ਦਾ ਪੁਤ੍ਰ, ਜੋ ਪੁਰਾਣਾਂ ਵਿਚ ਅੰਸ਼ਾਵਤਾਰ ਮੰਨਿਆ ਹੈ. ਇਹ ਨਾਰਾਯਣ ਦਾ ਵਡਾ ਭਾਈ ਸੀ. ਦੇਖੋ, ਨਰ ਨਾਰਾਯਣ। ੪. ਅਰਜੁਨ. ਇਸ ਨੂੰ ਨਰ ਦਾ ਅਵਤਾਰ ਲਿਖਿਆ ਹੈ. "ਨਰ ਅਵਤਾਰ ਭਯੋ ਅਰਜੁਨਾ." (ਨਰ ਨਾਰਾਯਣ) ੫. ਵਿਸ਼ਨੁ। ੬. ਸ਼ਿਵ। ੭. ਬ੍ਰਹਮਾ। ੮. ਕਰਤਾਰ. ਪਾਰਬ੍ਰਹਮ. "ਨਰ ਨਿਹਕੇਵਲ ਨਿਰਭਉ ਨਾਉ." (ਗਉ ਅਃ ਮਃ ੧) ੯. ਯੋਧਾ। ੧੦. ਪਤਿ. ਭਰਤਾ। ੧੧. ਰਾਮਕਪੁਰ। ੧੨. ਵਿ- ਉੱਦਮੀ. ਪੁਰੁਸ਼ਾਰਥੀ. "ਨਰ ਮਨੁਖਾਂ ਨੂੰ ਏਕੁ ਨਿਧਾਨਾ." (ਬਿਲਾ ਮਃ ੩) ੧੩. ਦੇਖੋ, ਦੋਹਰੇ ਦਾ ਰੂਪ ੧੨। ੧੪. ਫ਼ਾ. نر ਪੁਲਿੰਗ. ਮੁਜ਼ੱਕਰ। ੧੫. ਵਿ- ਦਿਲੇਰ. ਹਿੰਮਤੀ.

ਨਰਸਿੰਹ, ਨਰਸਿੰਘ: ਸੰ. नृसिंह. ਹਰਿਵੰਸ਼ ਆਦਿ ਗ੍ਰੰਥਾਂ ਅਨੁਸਾਰ ਇਹ ਵਿਸ਼ਨੁ ਦਾ ਚੌਥਾ ਅਵਤਾਰ ਹੈ, ਜਿਸ ਦਾ ਅੱਧਾ ਸ਼ਰੀਰ ਨ੍ਰਿ (ਆਦਮੀ) ਦਾ ਅਤੇ ਅੱਧਾ ਸਿੰਹ (ਸ਼ੇਰ) ਦਾ ਲਿਖਿਆ ਹੈ. ਕਥਾ ਹੈ ਕਿ ਸਤਯੁਗ ਵਿੱਚ ਹਿਰਣਜਕਸ਼ਿਪੁ ਨੇ ਤਪ ਕਰਕੇ ਬ੍ਰਹਮਾ ਤੋਂ ਇਹ ਵਰ ਲੈ ਲਿਆ ਕਿ ਮੈਂ ਦੇਵਤਾ ਦੈਤ ਗੰਧਰਵ ਨਾਗ ਮਨੁੱਖ ਆਦਿਕਾਂ ਤੋਂ ਨਾ ਮਾਰਿਆ ਜਾਵਾਂ. ਨਾ ਮੈਂ ਸ਼ਸਤ੍ਰ ਅਸਤ੍ਰ ਤੋਂ ਮਰਾਂ. ਨਾ ਦਿਨ ਅਰ ਰਾਤ ਵਿੱਚ ਮੇਰੀ ਮੌਤ ਹੋਵੇ, ਇਤਯਾਦਿ. ਇਹ ਵਰ ਪਾਕੇ ਹਿਰਣਜਕਸ਼ਿਪੁ ਵਡਾ ਨਿਰਭੈ ਹੋ ਗਿਆ ਅਰ ਦੇਵਲੋਕ ਖੋਹਕੇ ਦੇਵਤਿਆਂ ਨੂੰ ਭਾਰੀ ਦੁਖੀ ਕੀਤਾ.

ਭਾਗਵਤ ਵਿੱਚ ਪ੍ਰਸੰਗ ਹੈ ਕਿ ਇਸ ਨੇ ਆਪਣੇ ਪੁਤ੍ਰ ਪ੍ਰਹਲਾਦ ਨੂੰ ਜੋ ਵਿਸ਼ਨੁਭਗਤ ਸੀ ਬਹੁਤ ਸੰਤਾਪ ਦਿੱਤਾ. ਦੇਵਤਿਆਂ ਅਤੇ ਪ੍ਰਹਲਾਦ ਦੀ ਰਖ੍ਯਾ ਲਈ ਵਿਸ਼ਨੁ ਨੇ ਨ੍ਰਿਸਿੰਘ ਰੂਪ ਧਾਰਕੇ ਹਿਰਣਜਕਸ਼ਿਪੁ ਨੂੰ ਨੌਹਾਂ ਨਾਲ ਚੀਰ ਦਿੱਤਾ ਅਰ ਐਸੇ ਸਮੇਂ ਮਾਰਿਆ, ਜਦ ਨਾ ਦਿਨ ਸੀ ਨਾ ਰਾਤ, ਕਿੰਤੂ ਸੰਧ੍ਯਾ ਦਾ ਵੇਲਾ ਸੀ.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਹਰਨਾਖਸ (ਹਿਰਣ੍ਯਾਕ੍ਸ਼) ਦੇ ਮਾਰਨ ਲਈ ਨਰਸਿੰਘ ਅਵਤਾਰ ਹੋਇਆ ਹੈ ਅਤੇ ਪ੍ਰਹਲਾਦ

ਹਰਨਾਖਸ ਦਾ ਪੁਤ੍ਰ ਲਿਖਿਆ ਹੈ.[674] "ਹਰਨਾਖਸ ਦੁਸਟ ਹਰਿ ਮਾਰਿਆ ਪ੍ਰਹਲਾਦ ਤਰਾਇਆ." (ਆਸਾ ਛੰਤ ਮਃ ੪) "ਭਗਤਿ ਹੇਤ ਨਰਸਿੰਘ ਭੇਵ." (ਬਸੰ ਕਬੀਰ) "ਗਰਜੇ ਨਰਸਿੰਘ ਨਰਾਂਤਕਰੰ। ਦ੍ਰਿਗ ਰੱਤ ਕਿਯੇ ਮੁਖ ਸ੍ਰੋਣ ਭਰੰ," (ਨਰਸਿੰਘਾਵ) ਮੁਲਤਾਨ ਵਿੱਚ ਨ੍ਰਿਸਿੰਘ ਦਾ ਪ੍ਰਸਿੱਧ ਮੰਦਿਰ ਹੈ। ੨. ਸ੍ਰੇਸ਼੍ਠ ਪੁਰੁਸ਼. ਉੱਤਮ. ਮਨੁੱਖ। ੩. ਬਹਾਦੁਰ ਆਦਮੀ। ੪. ਕਰਤਾਰ. ਵਾਹਗੁਰੂ.

ਨਰਸਿੰਘਾ: ਸੰ. नलशृङ्ग. ਨਲਸ਼੍ਰਿੰਗ. ਸਿੰਗ ਦੇ ਆਕਾਰ ਦੀ ਇੱਕ ਤਾਂਬੇ ਪਿੱਤਲ ਆਦਿ ਦੀ ਨਲਕੀ, ਜਿਸ ਨੂੰ ਬਿਗਲ ਦੀ ਤਰਾਂ ਬਜਾਈਦਾ ਹੈ. ਇਸ ਦਾ ਦੂਜਾ ਨਾਮ ਗੋਮੁਖ ਭੀ ਹੈ.

ਨਰਸੀ: ਇਹ ਭਗਤ ਸੰਮਤ ੧੫੦੭ ਵਿੱਚ ਨਾਗਰ ਬ੍ਰਾਹਮਣ ਦੇ ਘਰ ਜੂਨਾਗੜ (ਬੰਬਈ ਦੇ ਇਲਾਕੇ) ਵਿੱਚ ਪੈਦਾ ਹੋਇਆ. ਏਸੇ ਨਰਸੀ ਦੀ ਹੁੰਦੀ ਸਾਵਲਸ਼ਾਹ ਨੇ ਦ੍ਵਾਰਿਕਾ ਵਿੱਚ ਤਾਰੀ ਸੀ. ਨਰਸੀ ਸੰਮਤ ੧੫੭੨ ਵਿੱਚ ਗੁਜ਼ਰਿਆ ਹੈ. ਦੇਖੋ, ਸਾਵਲਸ਼ਾਹ.

ਨਰਹ: ਸੰ. ਨਿਰੀਹ. ਵਿ- ਇੱਛਾ ਰਹਿਤ. ਕਾਮਨਾ ਤੋਂ ਬਿਨਾ. "ਨਰਹ ਨਿਹਕੇਵਲ ਰਵਰਹਿਆ ਤਿਹੁ ਲੋਈ." (ਸੂਹ ਛੰਤ ਮਃ ੧) ੨. ਸੰਗਯਾ- ਨਰ- ਹਯ ਦਾ ਸੰਖੇਪ. ਕਿੰਨਰ ਦੇਵਤਾ, ਜਿਨ੍ਹਾਂ ਦਾ ਧੜ ਆਦਮੀ ਦਾ ਅਤੇ ਮੂੰਹ ਘੋੜੇ ਦਾ ਹੈ.

ਨਰਹਨਰਿੰਦ: ਸੰਗਯਾ- ਨਰ ਹਯ (ਕਿੰਨਰ), ਉਨ੍ਹਾਂ ਦਾ ਰਾਜਾ ਕੁਬੇਰ. ਕਿੰਨਰਪਤਿ. "ਅਸਪਤਿ ਗਜਪਤਿ ਨਰਹਨਰਿੰਦ, ਨਾਮੇ ਕੇ ਸ੍ਵਾਮੀ." (ਤਿਲੰ ਨਾਮਦੇਵ) ਅਸ੍ਵਪਤਿ ਸੂਰਜ, ਗਜਪਤਿ ਇੰਦ੍ਰ, ਕਿੰਨਰਪਤਿ ਕੁਬੇਰ, ਇਨ੍ਹਾਂ ਸਭਨਾਂ ਦਾ ਸ੍ਵਾਮੀ ਨਾਮਦੇਵ ਦਾ ਮਾਲਿਕ ਹੈ.

ਨਰਹਨਰੁ: ਨਿਰੀਹ ਪੁਰੁਸ਼. ਬੇ ਪਰਵਾ। ੨. ਕਰਤਾਰ. ਪਾਰਬ੍ਰਹਮ. "ਨਰਕ ਨਿਵਾਰਣੁ ਨਰਹਨਰੁ." (ਓਅੰਕਾਰ) ੩. ਪੁਰੁਸ਼ਾਂ ਵਿੱਚੋਂ ਮਹਾਂ ਬਲੀ ਅਤੇ ਉੱਤਮ.

ਨਰਹਰ: ਸੰਗਯਾ- ਆਦਮੀਆਂ ਨੂੰ ਖੋਹਣ ਵਾਲਾ. ਠਗ. ਗਠ ਕਤਰਾ. "ਨਰਹਰ ਅਰੁ ਬਟਪਾਰ." (ਕਲਕੀ) ੨. ਨਰਹਰਿ. ਨ੍ਰਿਸਿੰਹ। ੩. ਕਰਤਾਰ. "ਨਰਹਰ ਨਾਮੁ ਨਰਹਰ ਨਿਹਕਾਮੁ." (ਗਉ ਮਃ ੧) "ਸਭ ਕਹਹੁ ਮੁਖਹੁ ਨਰ ਨਰਹਰੇ." (ਵਾਰ ਕਾਨ ਮਃ ੪)

ਨਰਹਰਿ, ਨਰਹਰੀ: ਦੇਖੋ, ਨਰਸਿੰਘ। ੨. ਪੁਰੁਸ਼ਾਂ ਵਿੱਚੋਂ ਉੱਤਮ। ੩. ਕਰਤਾਰ. ਪਾਰਬ੍ਰਹਮ। ੪. ਦੇਖੋ, ਨਵਨਾਮਕ.

ਨਰਹਰੀਐ: ਨਰਹਰਿ (ਕਰਤਾਰ) ਨੂੰ. "ਮੈ ਦਸੇ ਹਰਿ ਨਰਹਰੀਐ ਜੀਉ." (ਮਾਝ ਮਃ ੪)

ਨਰਹਿ: ਦੇਖੋ, ਅਸਪਤਿ ਅਤੇ ਨਰਹ.

ਨਰਕ: ਸੰ. ਸੰਗਯਾ- ਪੁਰਾਣਾਂ ਅਨੁਸਾਰ ਉਹ ਦੇਸ਼, ਜਿੱਥੇ ਪਾਪੀ ਜੀਵ ਬੁਰੇ ਕਰਮਾਂ ਦਾ ਫਲ ਭੋਗਣ ਲਈ ਜਾਂਦੇ ਹਨ. ਦੋਜ਼ਖ਼. ਜਹੱਨੁਮ. ਗ੍ਰੰਥਾਂ ਦੇ ਮਤਭੇਦ ਕਰਕੇ ਇਨ੍ਹਾਂ ਦੀ ਗਿਣਤੀ ਵੱਧ ਘੱਟ ਹੈ. ਮਨੁ ਨੇ ਇੱਕੀਹ ਨਰਕ ਇਹ ਲਿਖੇ ਹਨ:- ਤਾਮਿਸ੍ਰ, ਅੰਧਤਾਮਿਸ੍ਰ, ਰੌਰਵ, ਮਹਾਰੌਰਵ, ਨਰਕ, ਮਹਾਨਰਕ, ਕਾਲਸੂਤ੍ਰ, ਸੰਜੀਵਨ, ਮਹਾਵੀਚਿ, ਤਪਨ, ਸੰਪ੍ਰਤਾਪਨ, ਸੰਹਾਤ, ਸੰਕਾਕੋਲ, ਕੁਡਮਲ, ਪ੍ਰਤਿਮੂਰਤਿਕ, ਲੋਹਸ਼ੰਕੁ, ਰਿਜੀਸ਼, ਸ਼ਾਲਮਲੀ, ਵੈਤਰਣੀ, ਅਸਿਪਤ੍ਰਵਨ ਅਤੇ ਲੋਹਦਾਰਕ. ਦੇਖੋ, ਮਨੁ ਅਃ ੪. ਸ਼ਃ ੮੮, ੮੯, ੯੦. ਬ੍ਰਹਮਵੈਵਰਤ ਵਿੱਚ ੮੬ ਨਰਕਕੁੰਡ ਲਿਖੇ ਹਨ. ਦੇਖੋ, ਪ੍ਰਕ੍ਰਿਤਿ ਖੰਡ ਅਃ ੨੭. "ਕਵਨ ਨਰਕ ਕਿਆ ਸਰਗ ਬਿਚਾਰਾ ਸੰਤਨ ਦੋਊ ਰਾਦੇ." (ਰਾਮ ਕਬੀਰ) ੨. ਦੁਖ. ਕਲੇਸ਼। ੩. ਕੁਕਰਮ. ਨੀਚ ਕਰਮ. ਵਿਸ਼ਨੁਪੁਰਾਣ ਦੇ ਪਹਿਲੇ ਅੰਸ਼ ਦੇ ਛੀਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਸੁਕਰਮ ਸ੍ਵਰਗ, ਅਤੇ ਕੁਕਰਮ ਨਰਕ ਹੈ। ੪. ਇੱਕ ਦੈਤ. ਦੇਖੋ, ਭੌਮਾਸੁਰ.

---

[674] ਕਈ ਪੰਡਿਤ ਗਯਾਨੀ, ਹਰਨਾਖਸ ਸ਼ਬਦ ਨੂੰ ਵ੍ਯਾਕਰਣ ਅਨੁਸਾਰ ਤੋੜ ਮਰੋੜ ਕੇ ਹਿਰਣ੍ਯਕਸਿਪੁ ਸਿੱਧ ਕੀਤਾ ਕਰਦੇ ਹਨ. ਪਰ ਉਹ ਇਹ ਨਹੀਂ ਵੇਖਦੇ ਕਿ ਪੁਰਾਣਾਂ ਦੀਆਂ ਸਾਖੀਆਂ ਇੱਕ ਪ੍ਰਕਾਰ ਦੀਆਂ ਨਹੀਂ ਹਨ, ਆਪੋ ਵਿੱਚੀ ਅਨੇਕਾਂ ਦਾ ਵਿਰੋਧ ਹੈ, ਦੇਖੋ, ਨਰਮਦਾ ਸ਼ਬਦ ਵਿੱਚ ਮਤਭੇਦ ਅਰ ਗੁਰੂ ਸਾਹਿਬ ਦੇ ਸਮੇਂ ਤੋਂ ਪਹਿਲਾਂ ਦੇ ਭਗਤ ਅਤੇ ਕਵੀਆਂ ਨੇ ਨ੍ਰਿਸਿੰਹ ਦ੍ਵਾਰਾ ਹਰਨਾਖਸ ਦਾ ਹੀ ਮਾਰਿਆ ਜਾਣਾ ਲਿਖਿਆ ਹੈ.

**ਨਰਕਗਾਮੀ, ਨਰਕਪਾਤੀ:** ਵਿ- ਨਰਕ ਵਿੱਚ ਜਾਣ ਵਾਲਾ. ਨਰਕ ਵਿੱਚ ਡਿਗਣ ਵਾਲਾ. ਪਾਪੀ ਜੀਵ. "ਸੋ ਨਰਕਪਾਤੀ ਹੋਵਤ ਸੁਆਨ." (ਸੁਖਮਨੀ)

**ਨਰਕਾਸੁਰ:** ਦੇਖੋ, ਭੌਮਾਸੁਰ.

**ਨਰਕਾਂਤਕ:** ਨਰਕ ਦੈਤ ਨੂੰ ਮਾਰਨ ਵਾਲਾ, ਕ੍ਰਿਸ਼ਨ ਦੇਵ। ੨. ਵਾਹਗੁਰੂ ਮੰਤ੍ਰ, ਜਿਸ ਦੇ ਅਭ੍ਯਾਸ ਦ੍ਵਾਰਾ ਨਰਕ ਦਾ ਅੰਤ ਹੁੰਦਾ ਹੈ.

**ਨਰਕਿ:** ਨਰਕ ਵਿੱਚ. ਨਰਕ ਨੂੰ. "ਜੋ ਓਇ ਦਿਸਹਿ ਨਰਕਿ ਜਾਂਦੇ." (ਵਾਰ ਮਾਲ ਮਃ ੧)

**ਨਰਕੁ:** ਦੇਖੋ, ਨਰਕ.

**ਨਰਕੁਟ:** ਡਿੰਗ. ਨੱਕ. ਨਾਕ. ਨਕੌੜਾ.

**ਨਰਕੇਸਰੀ:** ਸੰਗਯਾ- ਨਰ (ਮਨੁੱਖ) ਅਤੇ ਕੇਸ਼ਰੀ (ਸਿੰਹ). ਨ੍ਰਿਸਿੰਘ. ਦੇਖੋ, ਨਰਸਿੰਘ। ੨. ਆਦਮੀਆਂ ਵਿੱਚੋਂ ਸ਼ੇਰ (ਬਹਾਦੁਰ).

**ਨਰਗਸ, ਨਰਗਿਸ:** ਫ਼ਾ. نرگس ਸੰਗਯਾ- ਇੱਕ ਸੁਗੰਧ ਵਾਲਾ ਚਿੱਟਾ ਫੁੱਲ, ਜਿਸ ਦੇ ਵਿਚਕਾਰ ਬਸੰਤੀ ਰੰਗ ਅੱਖ ਦੀ ਪੁਤਲੀ ਦੇ ਆਕਾਰ ਦਾ ਹੁੰਦਾ ਹੈ. ਕਵਿਜਨ ਇਸ ਫੁੱਲ ਦੀ ਉਪਮਾ ਨੇਤ੍ਰ ਨੂੰ ਦਿੰਦੇ ਹਨ. L. Narcissus. Ozoratimus. "ਖੜਗ ਬਾਢ ਜਨੁ ਧਰੋ ਪੁਹਪ ਨਰਗਸ ਤਟ ਕੋਹੈ?" (ਚਰਿਤ੍ਰ ੧੪੨) ਭਾਈ ਨੰਦਲਾਲ ਜੀ ਲਿਖਦੇ ਹਨ- "ਬੀਮਾਰ ਨਰਗਸੇਮ ਕਿ ਨਰਗਸ ਗੁਲਾਮ ਓਸ੍ਤ." (ਦੀਵਾਨ ਗੋਯਾ)

**ਨਰਜਾ:** ਪ੍ਰਾ. ਸੰਗਯਾ- ਤਰਾਜ਼ੂ. ਤੱਕੜੀ. ਤੁਲਾ. "ਲੈ ਨਰਜਾ ਮਨ ਤੋਲੈ ਦੇਵ." (ਬਿਲਾ ਕਬੀਰ) ੨. ਸੰ. ਨਰਕਨ੍ਯਾ. ਮਨੁੱਖ ਦੀ ਪੁਤ੍ਰੀ. (ਸਨਾਮਾ)

**ਨਰਣੀ:** ਸੰਗਯਾ- ਨਰਾਂ (ਮਨੁੱਖਾਂ) ਦਾ ਸਮੁਦਾਯ ਹੈ ਜਿਸ ਵਿੱਚ, ਸੈਨਾ. ਫੌਜ. (ਸਨਾਮਾ)

**ਨਰਤ:** ਸੰ. ਨਰ੍‍ਤੰ. ਸੰਗਯਾ- ਨਾਚ. ਨ੍ਰਿਤ੍ਯ.

**ਨਰਤਕ:** ਸੰ. ਨਰ੍‍ਤਕ. ਵਿ- ਨਚਣ ਵਾਲਾ। ੨. ਨਚਾਉਣ ਵਾਲਾ। ੩. ਸੰਗਯਾ- ਨਟ.

**ਨਰਦ:** ਫ਼ਾ. نرد ਸੰਗਯਾ- ਚੌਪੜ ਦਾ ਡਾਲਨਾ. ਗੋਟ। ੨. ਸੰ. ਨਰ੍‍ਦੰ. ਧਾ- ਗੱਜਣਾ, ਰੰਭਣਾ, ਹਰਕਤ ਕਰਨਾ, ਜਾਣਾ। ੩. ਸੰਗਯਾ- ਗਰਜ. ਗੱਜਣ ਦਾ ਭਾਵ। ੪. ਸ਼ੋਰ. ਰੌਲਾ। ੫. ਸ੍ਤੁਤਿ. ਤਾਰੀਫ਼। ੬. ਢੰਡੋਰਾ.

**ਨਰਦਕ:** ਸੰ. ਸੰਗਯਾ- ਬਾਂਗਰ ਦੇਸ਼. ਦੇਖੋ, ਬਾਂਗਰ. "ਨਰਦਕ ਦੇਸ ਬਿਖੈ ਗਮਨੰਤੇ." (ਗੁਪ੍ਰਸੂ)

**ਨਰਦੇਵ:** ਸੰ. ਸੰਗਯਾ- ਮਨੁੱਖਾਂ ਵਿੱਚੋਂ ਦੇਵਤਾਰੂਪ, ਸਾਧੁ. "ਸੁਰ ਪਵਿਤ੍ਰ ਨਰਦੇਵ ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ." (ਰਾਮ ਮਃ ੫) ੨. ਰਾਜਾ। ੩. ਬ੍ਰਾਹਮਣ. "ਕਹਾ ਭਇਓ ਨਰਦੇਵਾ ਧੋਖੇ." (ਗਉ ਕਬੀਰ) ਬ੍ਰਾਹਮਣਾਂ ਅੱਗੇ ਪ੍ਰਣਾਮ ਕਰਨ ਤੋਂ ਕੀ ਹੋਇਆ? ਦੇਖੋ, ਧੋਕਨਾ.

**ਨਰ ਨਰਹ:** ਦੇਖੋ ਨਰ ਅਤੇ ਨਰਹਨਰੁ। ੨. ਕਰਤਾਰ (ਬ੍ਰਹਮ) ਨੂੰ. "ਨਰ ਨਰਹ ਨਮਸਕਾਰੰ." (ਰਾਮ ਪੜਤਾਲ ਮਃ ੫)

**ਨਰਨਾਹ, ਨਰਨਾਹਿ, ਨਰਨਾਥ:** ਸੰਗਯਾ- ਨ੍ਰਿਨਾਥ. ਪੁਰੁਸ਼ਾਂ ਦਾ ਸ੍ਵਾਮੀ ਰਾਜਾ। ੨. ਕਰਤਾਰ.

**ਨਰਨਾਰਾਇਣ, ਨਰਨਾਰਾਯਣ:** ਦਕ੍ਸ਼ ਦੀ ਪੁਤ੍ਰੀ ਅਹਿੰਸਾ ਦੇ ਉਦਰ ਤੋਂ ਧਰਮਰਾਜ ਦੇ ਦੋ ਪੁਤ੍ਰ, ਜੋ ਪ੍ਰਸਿੱਧ ਰਿਖੀ ਹੋਏ ਹਨ. ਵਾਮਨਪੁਰਾਣ ਵਿੱਚ ਇਨ੍ਹਾਂ ਦੀ ਇੱਕ ਕਥਾ ਹੈ ਜੋ ਵਿਕ੍ਰਮੋਰਵਸ਼ੀਯ ਨਾਟਕ ਵਿੱਚ ਭੀ ਲਿਖੀ ਹੈ, ਕਿ ਨਰ ਨਾਰਾਯਣ ਦੀ ਤਪਸ੍ਯਾ ਦੇਖ ਕੇ ਦੇਵਤੇ ਭੀ ਹੈਰਾਨ ਹੋ ਗਏ, ਇਸ ਲਈ ਇੰਦ੍ਰ ਨੇ ਅਪਸਰਾ ਭੇਜੀਆਂ ਕਿ ਜਾਕੇ ਉਨ੍ਹਾਂ ਦਾ ਤਪ ਭੰਗ ਕਰਨ.

ਨਾਰਾਯਣ ਨੇ ਇੱਕ ਫੁੱਲ ਲੈਕੇ ਆਪਣੇ ਉਰੁ (ਪੱਟ) ਤੇ ਰੱਖਿਆ ਤਾਂ ਉਸ ਵਿੱਚੋਂ ਇੱਕ ਅਜੇਹੀ ਸੁੰਦਰ ਅਪਸਰਾ ਨਿਕਲੀ ਜੋ ਸ੍ਵਰਗੀਯ ਅਪਸਰਾ ਤੋਂ ਵਧੀਕ ਸੁੰਦਰ ਸੀ ਅਤੇ ਉਰੁ ਵਿੱਚੋਂ ਨਿਕਲਣੇ ਕਾਰਣ ਉਸ ਦਾ ਨਾਮ ਉਰਵਸੀ ਹੋਇਆ, ਉਸ ਨੂੰ ਵੇਖਕੇ ਇੰਦ੍ਰਲੋਕ ਦੀਆਂ ਸਾਰੀਆਂ ਅਪਸਰਾ ਸ਼ਰਮਿੰਦੀਆਂ ਹੋਕੇ ਮੁੜ ਦੇਵ ਲੋਕ ਨੂੰ ਚਲੀਆਂ ਗਈਆਂ. ਨਾਰਾਯਣ ਨੇ ਆਪਣੀ ਰਚੀ ਹੋਈ ਅਪਸਰਾ ਨੂੰ ਭੀ ਉਨ੍ਹਾਂ ਦੇ ਨਾਲ ਹੀ ਸੁਰਗ ਨੂੰ ਭੇਜ ਦਿੱਤਾ.

ਕਾਲਿਕਾਪੁਰਾਣ ਵਿੱਚ ਲੇਖ ਹੈ ਕਿ ਮਹਾਦੇਵ ਨੇ ਸ਼ਰਭ ਜੀਵ ਦਾ ਰੂਪ ਧਾਰਕੇ ਨਰਸਿੰਘ ਅਵਤਾਰ ਦੇ ਦੋ ਟੁਕੜੇ ਕਰ ਦਿੱਤੇ ਸਨ, ਨਰ ਹਿੱਸੇ ਦਾ ਨਰ ਰਿਖੀ ਅਤੇ ਸ਼ੇਰ ਵਾਲੇ ਭਾਗ ਦਾ ਨਾਰਾਯਣ ਰਿਖੀ ਬਣ ਗਿਆ. ਇਹ ਦੋਵੇਂ ਵਿਸ਼ਨੁ ਦੇ ਅੰਸ਼ਾਵਤਾਰ ਮੰਨੇ ਜਾਂਦੇ ਹਨ.

ਦੇਵੀਭਾਗਵਤ ਅਨੁਸਾਰ ਨਾਰਾਯਣ ਨੇ ਕ੍ਰਿਸ਼ਨ ਦਾ, ਅਤੇ ਨਰ ਨੇ ਅਰਜੁਨ ਦਾ ਦ੍ਵਾਪਰ ਵਿੱਚ ਅਵਤਾਰ ਧਾਰਿਆ। ੨. ਕਰਤਾਰ. ਪਾਰਬ੍ਰਹਮ. "ਨਰ ਨਾਰਾਇਣ ਅੰਤਰਜਾਮਿ." (ਗਉ ਮਃ ੧)

ਨਰਪਤਿ: ਸੰ. ਵਿ- ਪ੍ਰਜਾਪਤਿ. "ਨਰਪਤਿ ਰਾਜੇ ਰੰਗ ਰਸ ਮਾਣਹਿ." (ਸੂਹ ਮਃ ੪) ੨. ਸੰਗਯਾ- ਰਾਜਾ ਬਾਦਸ਼ਾਹ. "ਨਰਪਤਿ ਏਕੁ ਸਿੰਘਾਸਨਿ ਸੋਇਆ." (ਸੋਰ ਰਵਿਦਾਸ) ੩. ਕਰਤਾਰ. ਵਾਹਗੁਰੂ। ੪. ਕੁਬੇਰ. ਦੇਖੋ, ਨਰਵਾਹਨ

ਨਰਪਾਲ: ਸੰਗਯਾ- ਪੁਰੁਸ਼ਾਂ ਦੇ ਪਾਲਣ ਵਾਲਾ ਰਾਜਾ। ੨. ਕਰਤਾਰ.

ਨਰਪ੍ਰਾਣੀ: ਉੱਦਮੀ ਪੁਰੁਸ਼. ਹਿੰਮਤੀ ਆਦਮੀ. ਦੇਖੋ, ਨਰ ੧੨. "ਨਰਪ੍ਰਾਣੀ ਪ੍ਰੀਤਿ ਮਾਇਆ ਧਨ ਖਾਟੇ." (ਗਉ ਮਃ ੪)

ਨਰਬਦ: ਨਰ- ਅਵਦ. ਆਦਮੀ ਤੋਂ ਜੋ ਨਾ ਬਯਾਨ (ਬਿਆਨ) ਕੀਤਾ ਜਾ ਸਕੇ. ਇਨਸਾਨ ਦੀ ਕਥਨ- ਸ਼ਕਤਿ ਤੋਂ ਬਾਹਰ. "ਅਰਬਦ ਨਰਬਦ ਧੁੰਧੂਕਾਰਾ." (ਮਾਰੂ ਸੋਲਹੇ ਮਃ ੧) ਆਰਬਧ (ਆਰੰਭ) ਕਾਲ ਵਿੱਚ ਨਰ ਅਵਦ ਧੁੰਧੂਕਾਰ ਸੀ. ਭਾਵ- ਰਚਨਾ ਤੋਂ ਪਹਿਲਾਂ ਸੁੰਨਦਸ਼ਾ ਸੀ.

ਨਰਬਦਾ: ਦੇਖੋ, ਨਰਮਦਾ.

ਨਰਮ: ਫ਼ਾ. نرم ਵਿ- ਕੋਮਲ. ਮੁਲਾਇਮ। ੨. ਸੰ. ਨਰ੍‍ਮ. ਸੰਗਯਾ- ਖੇਲ (ਖੇਡ). ੩. ਹਾਸੀ। ੪. ਖ਼ੁਸ਼ੀ.

ਨਰਮਦਾ: ਸੰ. ਨਰ੍‍ਮਦਾ. ਨਰ੍‍ਮ (ਆਨੰਦ) ਦੇਣ ਵਾਲੀ ਇਕ ਨਦੀ, ਜੋ ਪੁਰਾਣਾਂ ਵਿੱਚ ਮੇਕਲ ਰਿਖੀ ਦੀ ਪੁਤ੍ਰੀ ਮੰਨੀ ਗਈ ਹੈ, ਇਸੇ ਕਾਰਣ ਇਸ ਨੂੰ ਮੇਕਲਾ ਅਥਵਾ ਮੈਕਲਕੰਨਜਾ ਭੀ ਆਖਦੇ ਹਨ. ਨਰਮਦਾ ਨੂੰ ਨਾਗਾਂ ਦੀ ਭੈਣ ਭੀ ਮੰਨਿਆ ਹੈ. ਏਸੇ ਨੇ ਗੰਧਰਵਾਂ ਦੇ ਮੁਕਾਬਲੇ ਵਿਚ ਨਾਗਾਂ ਦੀ ਸਹਾਇਤਾ ਲਈ ਪੁਰੁਕੁਤਸ ਨੂੰ ਲਿਆਂਦਾ ਸੀ, ਜਿਸ ਪੁਰ ਪ੍ਰਸੰਨ ਹੋਕੇ ਨਾਗਾਂ ਨੇ ਇਸ ਦਾ ਨਾਉਂ ਨਰਮਦਾ ਰੱਖ ਦਿੱਤਾ. ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ ਕਿ ਪੁਰੁਕੁਤਸ ਨਰਮਦਾ ਦਾ ਪੁਤ੍ਰ ਸੀ. ਮਤਸ੍ਯਪੁਰਾਣ ਵਿੱਚ ਇਸ ਦੇ ਪਤਿ ਦਾ ਨਾਉਂ ਦੁਸਹ ਲਿਖਿਆ ਹੈ. ਹਰਿਵੰਸ਼ ਵਿੱਚ ਇਸ ਨੂੰ ਪੁਰੁਕੁਤਸ ਦੀ ਇਸਤ੍ਰੀ ਬਣਾਇਆ ਹੈ ਅਤੇ ਇਸ ਦੇ ਨਾਉਂ "ਰੇਵਾ" ਅਤੇ "ਪੂਰਵਗੰਗਾ" ਭੀ ਕਹੇ ਹਨ. ਚੰਦ੍ਰਮਾ ਦੀ ਲੜਕੀ ਹੋਣ ਤੋਂ "ਇੰਦੁਜਾ" ਅਤੇ "ਸੋਮੋਦਭਵਾ" ਭੀ ਨਰਮਦਾ ਦੇ ਨਾਉਂ ਪੁਰਾਣਾਂ ਵਿੱਚ ਆਏ ਹਨ.

ਇਹ ਨਦੀ ਅਮਰਕੰਟਕ ਤੋਂ ਨਿਕਲਕੇ ਭੜੌਚ ਪਾਸ ਖੰਭਾਤ ਦੀ ਖਾਡੀ ਵਿੱਚ ਡਿਗਦੀ ਹੈ. ਇਸ ਦੀ ਸਾਰੀ ਲੰਬਾਈ ੮੦੧ ਮੀਲ ਹੈ. ਇਸ ਵਿੱਚੋਂ ਸ਼ਿਵਲਿੰਗ ਬਹੁਤ ਨਿਕਲਦੇ ਹਨ. ਦੇਖੋ, ਨਰਮਦੇਸ੍ਵਰ। ੨. ਕੌਸ਼ਿਕ ਦੀ ਇਸਤ੍ਰੀ. ਦੇਖੋ, ਕੌਸ਼ਿਕ ਅਤੇ ਮਾਂਡਵ.

ਨਰਮਦੇਸ, ਨਰਮਦੇਸ੍ਵਰ: ਸੰ. ਨਰ੍‍ਮਦੇਸ਼. ਨਰਮਦਾ ਦਾ ਅਸਥਾਪਨ ਕੀਤਾ ਕਾਸ਼ੀ ਵਿੱਚ ਸ਼ਿਵਲਿੰਗ. ਦੇਖੋ ਕਾਸ਼ੀ ਖੰਡ ਅਃ ੯੨। ੨. ਨਰਮਦਾ ਨਦੀ ਵਿੱਚੋਂ ਨਿਕਲਿਆ ਹੋਇਆ ਸ਼ਿਵਲਿੰਗ ਦੇ ਆਕਾਰ ਦਾ ਪੱਥਰ ਜੈਸੇ ਗੰਡਕੀ ਵਿੱਚੋਂ ਸ਼ਾਲਗ੍ਰਾਮ ਨਿਕਲਦੇ ਹਨ, ਤੈਸੇ ਨਰਮਦਾ ਵਿੱਚੋਂ ਸ਼ਿਵਲਿੰਗ.

ਨਰਮਨੁਖ: ਪੁਰੁਸ਼ਾਰਥੀ ਆਦਮੀ. ਦੇਖੋ, ਨਰ ੧੨.

ਨਰਮਾ: ਇੱਕ ਪ੍ਰਕਾਰ ਦੀ ਕਪਾਹ, ਜਿਸ ਦਾ ਸੂਤ ਬਹੁਤ ਬਰੀਕ ਅਤੇ ਕੋਮਲ ਹੁੰਦਾ ਹੈ। ੨. ਨਰਮੇ ਦੇ ਸੂਤ ਦਾ ਬੁਣਿਆ ਨਰਮ ਅਤੇ ਚਮਕੀਲਾ ਕਪੜਾ.

ਨਰਮੀ: ਫ਼ਾ. نرمی ਸੰਗਯਾ- ਕੋਮਲਤਾ. ਮ੍ਰਿਦੁਲਤਾ। ੨. ਨੰਮ੍ਰਤਾ. "ਮਾਅ਼ਨੀਯੇ ਨਰਮੀ ਗ਼ਰੀਬੀ ਆਮਦਹ." (ਜ਼ਿੰਦਗੀ)

ਨਰਮੇਧ: ਸੰ. ਸੰਗਯਾ- ਨ੍ਰਿਮੇਧ ਯਗ੍ਯ. ਪੁਰੁਸ਼ਮੇਧ. ਪੁਰਾਣੇ ਜ਼ਮਾਨੇ ਦਾ ਇੱਕ ਯਗ੍ਯ, ਜਿਸ ਵਿੱਚ ਆਦਮੀ ਦੇ ਮਾਸ ਦੀ ਆਹੁਤੀ ਦਿੱਤੀ ਜਾਂਦੀ ਸੀ. ਨਰਬਲਿ.[675] ਨਰਮੇਧ ਯਗ੍ਯ ਚੇਤ ਸੁਦੀ ੧੦. ਤੋਂ ਆਰੰਭ ਹੋਕੇ ੪੦ ਦਿਨਾਂ ਵਿੱਚ ਸਮਾਪਤ ਹੋਇਆ ਕਰਦਾ ਸੀ. ਵੈਦਿਕ ਸਮੇਂ ਵਿੱਚ ਆਦਮੀ ਦੀ ਕੁਰਬਾਨੀ ਬਿਨਾ ਸੰਕੋਚ ਹੁੰਦੀ ਸੀ ਦੇਖੋ, ਸੁਨਹਸ਼ੇਫ.

ਨਰਯਾਨ: ਉਹ ਯਾਨ (ਸਵਾਰੀ) ਜੋ ਆਦਮੀ ਕਰਕੇ ਉਠਾਈ ਅਥਵਾ ਖਿੱਚੀ ਜਾਵੇ, ਜੈਸੇ ਪਾਲਕੀ ਰਿਕਸ਼ਾ ਆਦਿ। ੨. ਕੁਬੇਰ ਦੇਵਤਾ. ਦੇਖੋ, ਨਰਵਾਹਨ.

ਨਰਲੋਕ: ਸੰਗਯਾ- ਮਨੁੱਖ ਲੋਕ. ਮਰ੍‍ਤ ਲੋਕ.

ਨਰਵਰ: ਵਿ- ਮਨੁੱਖਾਂ ਵਿਚੋਂ ਸ਼੍ਰੇਸ਼੍ਠ। ੨. ਸੰਗਯਾ- ਨਿਸ਼ਧ ਦੇਸ਼। ੩. ਨਲਪੁਰ. ਗਵਾਲੀਅਰ ਤੋਂ ੪੦ ਮੀਲ ਦੱਖਣ ਪਛਮ ਨਗਰ, ਜੋ ਕਿਸੇ ਸਮੇਂ ਰਾਜਾ ਨਲ ਦੀ ਰਾਜਧਾਨੀ ਸੀ. "ਨਰਵਰ ਕੋ ਰਾਜਾ ਬਡੋ." (ਚਰਿਤ੍ਰ ੧੬੧)

ਨਰਵਾਹਨ: ਸੰ. ਸੰਗਯਾ- ਕੁਬੇਰ, ਜਿਸ ਦੀ ਸਵਾਰੀ ਮਨੁੱਖ (ਅਥਵਾ ਨਰ ਜਾਤਿ ਦਾ ਦੇਵਤਾ) ਹੈ। ੨. ਉਹ ਸਵਾਰੀ, ਜਿਸ ਨੂੰ ਆਦਮੀ ਜੋਤਿਆ ਜਾਵੇ, ਪਾਲਕੀ ਝੰਪਾਨ ਆਦਿ. ਦੇਖੋ, ਨਰਯਾਨ.

ਨਰਵਿਰਤਿ: ਸੰ. निवृत्ति- ਨਿਵ੍ਰਿੱਤਿ. ਸੰਗਯਾ- ਪਦਾਰਥਾਂ ਤੋਂ ਮਨ ਦੇ ਹਟਣ ਦਾ ਭਾਵ. ਭੋਗਾਂ ਤੋਂ ਉਪਰਾਮਤਾ. "ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ." (ਸਿਧਗੋਸਟਿ) ੨. ਸੰ. निवृत्ति- ਨਿਵ੍ਰਿੱਤਿ. ਸੁਖ. ਸ਼ਾਂਤਿ. ੩. ਸੰ. निवृत्ति- ਨਿਵ੍ਰਿੱਤਿ. ਪੂਰਣਤਾ। ੪. ਬਦਚਲਨੀ। ੫. ਉਪਜੀਵਿਕਾ (ਰੋਜ਼ੀ) ਦਾ ਅਭਾਵ

ਨਰਵੈ: ਵਿ- ਨਰਵਰ. ਨਰਵਯੑ. ਆਦਮੀਆਂ ਵਿੱਚੋਂ ਉੱਤਮ. "ਕਹਿਤ ਕਬੀਰ ਸੁਨਹੁ ਨਰ ਨਰਵੈ." (ਪ੍ਰਭਾ ਕਬੀਰ)

ਨਰੜਨਾ: ਕ੍ਰਿ- ਨਿਪੀਡਨ ਕਰਨਾ. ਜਕੜਨਾ. ਘੁੱਟ ਕੇ ਬੰਨ੍ਹਣਾ.

ਨਰੜਾ: ਸੰਗਯਾ- ਗਾਜਰ ਆਦਿ ਕੰਦ ਦੇ ਅੰਦਰ ਦਾ ਸਖਤ ਕੀਲ, ਜਿਸਦੇ ਉੱਪਰ ਨਰਮ ਗੁੱਦ ਹੁੰਦੀ ਹੈ.

ਨਰਾਇਣ, ਨਰਾਇਨ: ਦੇਖੋ ਨਾਰਾਇਣ.

ਨਰਾਇਨਦਾਸ: ਦੇਖੋ, ਨਾਰਾਯਣਦਾਸ.

ਨਰਾਇਨਾ: ਦੇਖੋ, ਨਾਰਾਯਣਾ.

ਨਰਾਗਸ: ਦੇਖੋ, ਨਰਗਸ, "ਨਰਾਗਸ ਨੇ ਦੇਖਕੈ ਨਾਕ ਐਂਠਾ." (ਰਾਮਾਵ)

ਨਰਾਚ: ਦੇਖੋ, ਨਾਰਾਚ। ੨. ਇੱਕ ਛੰਦ. ਇਸ ਦਾ ਨਾਉਂ "ਨਾਗਰਾਜ", "ਪੰਚ ਚਾਮਰ" ਅਤੇ "ਵਿਚਿਤ੍ਰਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ ਸੋਲਾਂ ਅੱਖਰ. ਅੱਠ ਅੱਠ ਅੱਖਰਾਂ ਪੁਰ ਦੋ ਵਿਸ਼੍ਰਾਮ. ਅਥਵਾ ਪ੍ਰਤਿ ਚਰਣ, ਜ, ਰ, ਜ, ਰ, ਜ, ਗ. ।S।, S।S, ।S।, S।S, ।S।, S.

ਉਦਾਹਰਣ

ਅਗੰਜ ਆਦਿ ਦੇਵ ਹੈ, ਅਭੰਜ ਭੰਜ ਜਾਨਿਐ,

---

[675] ਦੇਖੋ, ਕੁਰਾਨ ਯਜੁਰਵੇਦ ਅਃ ੩੦ ਅਤੇ ੩੧.

ਅਭੂਤ ਭੂਤ ਹੈ ਸਦਾ, ਅਗੰਜ ਗੰਜ ਮਾਨਿਐ,

ਅਦੇਵ ਦੇਵ ਦੇਵ ਹੈ, ਸਦਾ ਅਭੇਵ ਨਾਥ ਹੈ,

ਸਮਸ੍ਤ ਸਿੱਧਿ ਬ੍ਰਿੱਧਿ ਦਾ, ਸਦੀਵ ਸਬੰ ਸਾਥ ਹੈ.

(ਅਕਾਲ)

ਨਰਾਚਨ: ਨਰ- ਅਚਨ. ਆਦਮੀ ਖਾਜਾਣ ਦੀ ਕ੍ਰਿਯਾ. ਮਨੁੱਖਾਂ ਨੂੰ ਭਕ੍ਸ਼ਣ ਕਰਨਾ। ੨. ਮਨੁੱਖਾਂ ਦਾ ਖਾੱਜਾ.

ਨਾਰਾਚਨੀ: ਆਦਮੀਖਾਣੀ. ਯੋਗਿਨੀ. ਪਿਸ਼ਾਚਨੀ. ਡਾਇਣ. ਡਾਕਿਨੀ.

ਨਰਾਜ: ਦੇਖੋ, ਨਾਰਾਜ। ੨. ਦੇਖੋ, ਨਰਾਚ ੨.

ਨਰਾਜ ਅਰਧ: ਇਹ ਛੰਦ ਨਗਸ੍ਵਰੂਪਿਣੀ ਅਥਵਾ ਪ੍ਰਮਾਣਿਕਾ ਦਾ ਵੀ ਰੂਪ ਹੈ, ਅਤੇ ਨਰਾਜ ਛੰਦ ਦਾ ਅੱਧਾ ਰੂਪ ਹੈ. ਅਰਥਾਤ ਲਘੁ ਗੁਰੁ ਕ੍ਰਮ ਨਾਲ ਪ੍ਰਤਿ ਚਰਣ ਅੱਠ ਅੱਖਰ. ਅਥਵਾ ਜ, ਰ, ਲ, ਗ. ।S।, S।S, ।, S.

ਉਦਾਹਰਣ-

ਸੁ ਧੂਮ ਧੂਮ ਧੂਮ ਹੀ,

ਕਰੰਤ ਸੈਨ ਭੂਮ ਹੀ,

ਬਿਅੰਤ ਧਜਾਨ ਧਜਾਵਹੀ,

ਦੁਰੰਤ ਠੌਰ ਪਾਵਹੀ.

(ਸੂਰਜਾਵ)

ਨਰਾਜਬ੍ਰਿੱਧ: ਲਘੁ ਨਰਾਜ ਦੇ ਮੁਕ਼ਾਬਲੇ "ਬ੍ਰਿੱਧ" ਪਦ ਹੈ. ਵਾਸਤਵ ਵਿੱਚ ਇਹ ਨਰਾਜ ਛੰਦ ਦਾ ਪੂਰਣ ਰੂਪ ਹੈ. ਦੇਖੋ, ਨਰਾਜ ਦਾ ਲੱਛਣ.

ਉਦਾਹਰਣ-

ਚਲੀ ਸੁਕੰਤ ਸੀਘ੍ਰ ਸੀ ਕ੍ਰਿਪਾਣ ਪਾਣਿ ਧਾਰਕੈ,

ਉਠੇ ਸੁਗ੍ਰਿੱਧ ਬ੍ਰਿੱਧ ਔਰ ਡਾਕਿਨੀ ਡਕਾਰਕੈ. ×××

(ਚੰਡੀ ੨)

(ਅ) ਕਈ ਕਵੀਆਂ ਨੇ "ਅਨੰਗਸ਼ੇਖਰ" ਛੰਦ ਨੂੰ "ਨਰਾਚ ਵ੍ਰਿੱਧ" ਅਥਵਾ "ਮਹਾਨਰਾਚ" ਲਿਖਿਆ ਹੈ. ਦੇਖੋ, ਅਨੰਗਸੇਖਰ.

ਨਰਾਜ ਲਘੁ: ਇਸ ਛੰਦ ਦਾ ਨਾਉਂ "ਸੁਧੀ" ਅਤੇ "ਹੋਹਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ ਚਾਰ ਅੱਖਰ. ਅਥਵਾ, ਜ, ਗ, ।S।, S.

ਉਦਾਹਰਣ-

ਜਲੇ ਹਰੀ। ਥਲੇ ਹਰੀ।

ਉਰੇ ਹਰੀ। ਬਨੇ ਹਰੀ ॥

(ਅਕਾਲ)

**ਨਰਾਂਤ, ਨਰਾਂਤਕ, ਨਰਾਂਤਕਰ:** ਵਿ- ਨਰ ਦਾ ਅੰਤ ਕਰਨ ਵਾਲਾ. ਮਨੁੱਖ ਮਾਰਨ ਮਾਲਾ। ੨. ਸੰਗਯਾ- ਰਾਵਣ ਦਾ ਇਕ ਪੁਤ੍ਰ ਜੋ ਅੰਗਦ ਨੇ ਮਾਰਿਆ.[676] "ਨਰਾਂਤ ਦੇਵਾਂਤ ਦੂਜੋ ਬਲੀ." (ਰਾਮਾਵ)

**ਨਰਾਧਮ:** ਅਧਮ- ਨਰ. ਨੀਚ ਪੁਰੁਸ਼. ਕਮੀਨਾ। ੨. ਆਦਮੀਆਂ ਵਿੱਚੋਂ ਨੀਚ.

**ਨਰਾਧਿਪ:** ਸੰ. ਸੰਗਯਾ- ਨਰ- ਅਧਿਪਤਿ. ਪੁਰੁਸ਼ਾਂ ਦਾ ਸ੍ਵਾਮੀ, ਰਾਜਾ। ੨. ਕੁਬੇਰ.

**ਨਰਾਧਿਪੀ:** ਦੇਖੋ, ਨਰਾਧਿਪ। ੨. ਕੁਬੇਰ. ਦੇਖੋ, ਨਰਵਾਹਨ ਅਤੇ ਗਜਾਧਿਪ.

**ਨਰਾਮੇਧ:** ਦੇਖੋ, ਨਰਮੇਧ.

**ਨਰਾਯਨਾ:** ਦੇਖੋ, ਦਾਦੂ.

**ਨਰਿਏਰ:** ਦੇਖੋ, ਨਲੀਏਰ.

**ਨਰਿਸ:** ਦੇਖੋ, ਨਰੇਸ. "ਇਸ਼ਕਤੰਬੋਲ ਨਰਿਸ ਤਹਿਂ ਕੋ ਹੈ." (ਚਰਿਤ੍ਰ ੩੫੩) ਉੱਥੋਂ ਦਾ ਰਾਜਾ ਹੈ.

**ਨਰਿੰਦ, ਨਰਿੰਦੁ:** ਦੇਖੋ, ਨਰੇਂਦ੍ਰ ਅਤੇ ਰਾਜਨਰਿੰਦੁ. "ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜਨਰਿੰਦੁ." (ਸ੍ਰੀ ਮਃ ੫)

**ਨਰਿਯਲ:** ਦੇਖੋ, ਨਲੀਏਰ ਅਤੇ ਨਾਰੀਅਲ.

**ਨਰੀ:** ਸੰਗਯਾ- ਨਾਰੀ. ਮਾਨੁਸ਼ੀ. "ਨਰੀ ਆਸੁਰੀ ਕਿੰਨ੍ਰਨੀ." (ਸਨਾਮਾ) ੨. ਦੇਖੋ, ਨਲੀ। ੨. ਫ਼ਾ. نری ਬੱਕਰੇ ਜਾਂ ਮੀਢੇ ਦੀ ਰੰਗੀ ਹੋਈ ਖੱਲ.

**ਨਰੀਆ:** ਦੇਖੋ, ਜਾਹਮਣ.

**ਨਰੀਛਣ:** ਦੇਖੋ, ਨਿਰੀਛਨ.

**ਨਰੁ:** ਦੇਖੋ, ਨਰ.

**ਨਰੁਜਾ:** ਦੇਖੋ, ਨਰਜਾ.

**ਨਰੂ:** ਦੇਖੋ, ਨਰ. "ਨਰੂ ਮਰੈ ਨਰੁ ਕਾਮਿ ਨ ਆਵੈ." (ਗੌਂਡ ਕਬੀਰ)

**ਨਰੇਸ:** ਸੰ. ਸੰਗਯਾ- ਨਰੇਸ਼. ਨਰ- ਈਸ਼. ਨਰਪਤਿ. ਰਾਜਾ.

**ਨਰੇਸ੍ਰਨਿ:** ਸੰਗਯਾ- ਨਰੇਸ਼੍ਵਰ (ਰਾਜਾ) ਦੀ ਅਨੀ. ਰਾਜਾ ਦੀ ਫੌਜ. (ਸਨਾਮਾ)

**ਨਰੇਂਦ੍ਰ:** ਸੰ. नरेन्द्र. ਸੰਗਯਾ- ਨਰ- ਇੰਦ੍ਰ. ਮਨੁੱਖਾਂ ਦਾ ਸ੍ਵਾਮੀ, ਰਾਜਾ। ੨. ਕੁਬੇਰ ਦੇਵਤਾ.

**ਨਰੇਂਦ੍ਰ ਸਿੰਘ:** ਮਹਾਰਾਜਾ ਕਰਮਸਿੰਘ ਪਟਿਆਲਾਪਤਿ ਦਾ ਸੁਪੁਤ੍ਰ ਅਤੇ ਪਟਿਆਲੇ ਦਾ ਮਹਾ ਪ੍ਰਤਾਪੀ ਮਹਾਰਾਜਾ, ਜਿਸ ਦਾ ਜਨਮ ਮੱਘਰ ਬਦੀ ੧੦. ਸੰਮਤ ੧੮੮੦ (੨੬ ਨਵੰਬਰ ਸਨ ੧੮੨੩) ਨੂੰ ਹੋਇਆ. ਇਹ ਧਰਮ ਅਤੇ ਨੀਤਿ ਦਾ ਪੁੰਜ ਤੇਈ ਵਰ੍ਹੇ ਦੀ ਉਮਰ ਵਿੱਚ ਮਾਘ ਬਦੀ ੬. ਸੰਮਤ ੧੯੦੨ (੧੮ ਜਨਵਰੀ ਸਨ ੧੮੪੬) ਨੂੰ ਰਾਜਸਿੰਘਾਸਨ ਤੇ ਬੈਠਾ ਅਤੇ ਰਾਜ ਦਾ ਪ੍ਰਬੰਧ ਬਹੁਤ ਉੱਤਮ ਰੀਤਿ ਨਾਲ ਕੀਤਾ. ਮਹਾਰਾਜਾ ਨਰੇਂਦ੍ਰਸਿੰਘ ਦਾ ਦਰਬਾਰ ਸੂਰਵੀਰ ਅਤੇ ਗੁਣਵਾਨਾਂ ਨਾਲ ਭਰਪੂਰ ਰਹਿੰਦਾ ਸੀ. ਸਨ ੧੮੫੭- ੫੮ ਦੇ ਗਦਰ ਸਮੇਂ ਮਹਾਰਾਜਾ ਨੇ ਆਪਣੇ ਤਾਈਂ ਸਰਕਾਰ ਅੰਗ੍ਰੇਜ਼ ਦਾ ਸੱਚਾ ਮਿਤ੍ਰ ਸਿੱਧ ਕੀਤਾ. ਗਵਰਨਮੈਂਟ ਬਰਤਾਨੀਆ ਨੇ ਭੀ ਮਹਾਰਾਜਾ ਦੀ ਪੂਰੀ ਕਦਰ ਕੀਤੀ ਅਤੇ ੧੮. ਜਨਵਰੀ ਸਨ ੧੮੬੦ ਨੂੰ

---

[676] ਰਾਮਾਯਣ ਵਿੱਚ ਨਰਾਂਤਕ ਦਾ ਮਰਨਾ ਦਧਿਯਲ ਵਾਨਰ ਦੇ ਹੱਥੋਂ ਲਿਖਿਆ ਹੈ.

ਅੰਬਾਲੇ ਦਰਬਾਰ ਕਰਕੇ ਲਾਰਡ ਕੈਨਿੰਗ (Lord Canning) ਨੇ ਸਰਕਾਰ ਵੱਲੋਂ ਮਹਾਰਾਜਾ ਦਾ ਧੰਨਵਾਦ ਕੀਤਾ ਅਤੇ ਨਾਰਨੌਲ ਦਾ ਇਲਾਕਾ ਦਿੱਤਾ. ੧. ਨਵੰਬਰ ਸਨ ੧੮੬੧ ਨੂੰ ਕੇ. ਸੀ. ਐਸ. ਆਈ. (K. C. S. I. ) ਦਾ ਖ਼ਿਤਾਬ ਮਿਲਿਆ ਅਤੇ ਗਵਰਨਰ ਜਨਰਲ ਦੀ ਕੌਂਸਲ ਦੀ ਮੈਂਬਰੀ ਪ੍ਰਾਪਤ ਹੋਈ।ਸਨ ੧੮੬੦ ਵਿੱਚ ਜੋ ਮੁਤਬੰਨਾ ਕਰਨ ਦਾ ਅਧਿਕਾਰ ਫੂਲਕੀਆਨ ਰਿਆਸਤਾਂ ਨੂੰ ਦਿੱਤਾ ਗਿਆ ਸੀ, ਉਸ ਦੀ ਸਨਦ ੫. ਮਾਰਚ ਸਨ ੧੮੬੨ ਨੂੰ ਮਿਲੀ. ਮਹਾਰਾਜਾ ਨਰੇਂਦ੍ਰ ਸਿੰਘ ਨੇ ਦੋ ਸਾਥੀ ਰਾਜਿਆਂ ਨੂੰ ਨਾਲ ਮਿਲਾਕੇ ਜੋ ਰਾਜਪ੍ਰਬੰਧ ਦੇ ਨਿਯਮ ਥਾਪੇ ਅਰ ਅੰਗ੍ਰੇਜ਼ੀ ਸਰਕਾਰ ਨਾਲ ਅਹਿਦੋ ਪੈਮਾਨ ਠਹਿਰਾਏ ਹਨ, ਉਨ੍ਹਾਂ ਤੋਂ ਆਪ ਦੀ ਪੂਰੀ ਬੁੱਧਿਮੱਤਾ (ਦਾਨਾਈ) ਅਤੇ ਦੂਰੰਦੇਸ਼ੀ ਪ੍ਰਗਟ ਹੁੰਦੀ ਹੈ. ਉਨਤਾਲੀ ਵਰ੍ਹੇ ਦੀ ਉਮਰ ਵਿਚ ੧੩. ਨਵੰਬਰ ਸਨ ੧੮੬੨ ਨੂੰ ਮਹਾਰਾਜ ਦਾ ਦੇਹਾਂਤ ਪਟਿਆਲੇ ਹੋਇਆ. ਦੇਖੋ, ਪਟਿਆਲਾ.

ਨਰੇਂਦ੍ਰ ਮੰਡਲ: (the Chamber of Princes) ਹਿੰਦੁਸਤਾਨ ਦੇ ਹੁਕਮਰਾਂ (Ruling Princes) ਰਾਜੇ ਮਹਾਰਾਜੇ ਨਵਾਬ ਆਦਿਕਾਂ ਦੀ ਮਾਨ ਯੋਗ ਸਭਾ, ਜੋ ਸਨ ੧੯੨੧ ਵਿਚ ਕਾਇਮ ਹੋਈ. ਇਸ ਦਾ ਹਰ ਸਾਲ ਦਿੱਲੀ ਇਜਲਾਸ ਹੁੰਦਾ ਹੈ, ਅਰ ਆਰੰਭਕ ਸਪੀਚ ਵਾਇਸਰਾਇ ਸਾਹਿਬ ਦੀ ਹੋਇਆ ਕਰਦੀ ਹੈ. ਇਸ ਮੰਡਲ ਦੇ ਪਹਿਲੇ ਚੈਨਸਲਰ (Chancelor) ਮਹਾਰਾਜਾ ਗੰਗਾਸਿੰਘ ਜੀ ਬੀਕਾਨੇਰ ਸਨ, ਹੁਣ ਮਹਾਰਾਜਾ ਭੂਪੇਂਦ੍ਰ ਸਿੰਘ ਸਾਹਿਬ ਪਟਿਆਲਾ ਹਨ.

ਨਰੇਂਦ੍ਰ ਸਿੰਘ ਦਾ ਮੁੱਖ ਮੰਤਵਜ ਹੈ ਕਿ ਗਵਰਨਮੇਂਟ ਨਾਲ ਜੋ ਰਿਆਸਤਾਂ ਦਾ ਸੰਬੰਧ ਸੰਧਿਪਤ੍ਰਾਂ (treaties) ਅਤੇ ਸਨਦਾਂ ਦ੍ਵਾਰਾ ਕਾਇਮ ਹੋਇਆ ਹੈ, ਉਸ ਦੀ ਪੂਰੀ ਪਾਲਨਾ ਹੋਵੇ, ਅਰ ਰਿਆਸਤਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ, ਅਰ ਸਮੇਂ ਅਨੁਸਾਰ ਰਿਆਸਤ ਦੇ ਹਰੇਕ ਸੀਗੇ ਦਾ ਸੁਧਾਰ ਹੁੰਦਾ ਰਹੇ.

ਨਰੇਰ, ਨਰੇਲ: ਸੰ. ਨਾਰਿਕੇਲ. ਸੰਗਯਾ- ਨਾਰਿਯਲ. ਖੋਪੇ ਦਾ ਫਲ. "ਕੂਦ ਕੂਦ ਕਰ ਪਰੀ ਨਰੇਰ ਨਚਾਯਕੈ." (ਚਰਿਤ੍ਰ ੧੯੫) ਚਿਤਾ ਦੀ ਅੱਗ ਵਿੱਚ ਸਤੀ ਹੋਣ ਲਈ ਹੱਥ ਵਿੱਚ ਨਾਰੀਅਲ ਨਚਾਕੇ ਕੁੱਦ ਪਈਆਂ. ਸਤੀਆਂ ਨਲੇਰ ਸੰਧੂਰ ਆਦਿ ਸਾਮਗ੍ਰੀ ਹਥ ਲੈਕੇ ਚਿਤਾ ਚੜ੍ਹਦੀਆਂ ਹਨ.

ਨਰੈਣਾ: ਦੇਖੋ, ਦਾਦੂ.

ਨਰੋਆ: ਵਿ- ਰੁਜ ਰਹਿਤ. ਨੀਰੋਗ. ਅਰੋਗ

ਨਰੋਸੁ: ਸੰਗਯਾ- ਨਰ- ਸ੍ਵ. ਆਦਮੀ ਦਾ ਸ੍ਵ (ਧਨ) ਸੰਪੱਤਿ. "ਕਬੀਰ ਨਿਰਗੁਣ ਨਾਮ ਨਰੋਸੁ." (ਗਉ ਕਬੀਰ) ਮਾਇਆ ਦੇ ਗੁਣਾਂ ਤੋਂ ਪਰੇ ਕਰਤਾਰ ਦਾ ਨਾਮ ਹੀ ਭਗਤਾਂ ਦਾ ਧਨ ਹੈ.

ਨਰੋਤਮ: ਵਿ- ਨਰੋੱਤਮ. ਪੁਰੁਸ਼ਾਂ ਵਿੱਚੋਂ ਉੱਤਮ। ੨. ਸੰਗਯਾ- ਕਰਤਾਰ. ਪਾਰਬ੍ਰਹਮ.

ਨਰੋਮਣਿ: ਵਿ- ਆਦਮੀਆਂ ਵਿੱਚੋਂ ਰਤਨ. ਚੁਣਿਆ. ਹੋਇਆ ਆਦਮੀ। ੨. ਸੰਗਯਾ- ਆ਼ਮਿਲ ਅਤੇ ਆ਼ਲਿਮ ਮਨੁੱਖ। ੩. ਬਾਦਸ਼ਾਹ ਅਤੇ ਰਾਜਾ.

ਨਰੰਕਾਰ, ਨਰੰਕਾਰੀ: ਦੇਖੋ, ਨਿਰੰਕਾਰ ਅਤੇ ਨਿਰੰਕਾਰੀ.

ਨਲ: ਸੰ. नल्. ਧਾ- ਸੁੰਘਣਾ, ਬੰਨ੍ਹਣਾ। ੨. ਸੰਗਯਾ- ਨਲਕਾ. ਦੇਖੋ, ਨਾਲ। ੩. ਅੰਡਕੋਸ਼ (ਫੋਤਿਆਂ) ਦੀ ਨਾੜੀ। ੪. ਫੋਤਾ. ਅੰਡਕੋਸ਼। ੫. ਸੰ. ਕਮਲ। ੬. ਰਾਮਚੰਦ੍ਰ ਜੀ ਦੀ ਸੈਨਾ ਦਾ ਇੱਕ ਬਾਂਦਰ, ਜੋ ਵਿਸ਼੍ਵਕਰਮਾ ਦਾ ਪੁਤ੍ਰ ਲਿਖਿਆ ਹੈ. ਇਸ ਨੇ ਸਮੁੰਦਰ ਦਾ ਪੁਲ ਬਣਾਉਣ ਵਿੱਚ ਵਡੀ ਸਹਾਇਤਾ ਦਿੱਤੀ ਸੀ। ੭. ਨਿਸ਼ਧ ਦੇਸ਼ ਦੇ ਚੰਦ੍ਰਵੰਸ਼ੀ ਰਾਜਾ ਬੀਰਸੇਨ ਦਾ ਪੁਤ੍ਰ, ਜਿਸ ਦਾ ਵਿਆਹ ਵਿਦਰਭਪਤੀ ਭੀਮ ਦੀ ਪੁਤ੍ਰੀ ਦਮਯੰਤੀ ਨਾਲ ਹੋਇਆ. ਨਲ ਨੂੰ ਉਸ ਦੇ ਛੋਟੇ ਭਾਈ ਪੁਸ਼ਕਰ ਨੇ ਜੂਏ ਵਿੱਚ ਜਿੱਤਕੇ ਘਰੋਂ ਕੱਢ ਦਿੱਤਾ ਸੀ. ਇਸ ਵਿਪਦਾ ਵਿੱਚ ਨਾਲ ਦਮਯੰਤੀ ਦਾ ਪ੍ਰੇਮ ਸੀਤਾ ਰਾਮ ਦੀ ਤਰਾਂ ਇੱਕ ਉਦਾਹਰਣਰੂਪ ਹੈ. ਅੰਤ ਨੂੰ ਨਲ ਨੇ ਫੇਰ ਜੂਏ ਵਿੱਚ ਜਿਤ ਪਾਕੇ ਪੁਸ਼ਕਰ ਤੋਂ ਆਪਣੀ ਸਾਰੀ ਸੰਪਦਾ ਵਾਪਿਸ ਲਈ. "ਨਲ ਰਾਜਾ ਦੱਖਨ ਇੱਕ ਰਹਿਈ। ਅਤਿ ਸੁੰਦਰ ਤਾਂਕੋ ਜਗ ਕਹਿਈ." (ਚਰਿਤ੍ਰ ੧੫੭)

ਨਲਕੀ: ਸੰ. ਨਲਕ. ਥੋਥੀ ਹੱਡੀ। ੨. ਥੋਥੀ ਹੱਡੀ ਦੀ ਸ਼ਕਲ ਦੀ ਧਾਤੁ ਅਥਵਾ ਕਾਨੇ ਆਦਿ ਦੀ ਪੋਰੀ.

ਨਲਕੂਬਰ: ਕੁਬੇਰ ਦਾ ਪੁਤ੍ਰ, ਜੋ ਆਪਣੇ ਭਾਈ ਮਣਿਗ੍ਰੀਵ ਨਾਲ ਮਿਲਕੇ ਸ਼ਰਾਬ ਪੀ ਰਿਹਾ ਅਤੇ ਨਿਰਲੱਜ ਹੋਕੇ ਇਸਤ੍ਰੀਆਂ ਨਾਲ ਵਿਲਾਸ ਕਰ ਰਿਹਾ ਸੀ, ਇਸ ਪੁਰ ਨਾਰਦ ਦੇ ਸ੍ਰਾਪ ਦਿੱਤਾ ਕਿ ਤੁਸੀਂ ਦੋਵੇਂ ਭਾਈ ਅਰਜੁਨ ਬਿਰਛ ਦਾ ਜੋੜਾ (ਯਮਲਾਰਜੁਨ) ਹੋਕੇ ਵ੍ਰਿਜਭੂਮੀ ਵਿੱਚ ਪੈਦਾ ਹੋਵੇ. ਇਨ੍ਹਾਂ ਬਿਰਛਾਂ ਨੂੰ ਕ੍ਰਿਸ਼ਨ ਜੀ ਨੇ ਉੱਖਲ ਫਸਾਕੇ ਪੁਟਿਆ ਅਰ ਸ੍ਰਾਪ ਤੋਂ ਛੁਟਕਾਰਾ ਦਿੱਤਾ. "ਨਲਕੂਬਰ ਘਾਯਲ ਕਿਯੇ ਅਤਿ ਜਿਯ ਕੋਪ ਬਢਾਇ." (ਕ੍ਰਿਸ਼ਨਾਵ) ਦੇਖੋ, ਜਮਲਾਰਜਨ.

ਨਲਣੀ: ਦੇਖੋ, ਨਲਿਨੀ.

ਨਲਣੀਧਰ: ਸੰਗਯਾ- ਨਲਿਨੀਧਰ. ਕਮਲ ਦੀ ਨਾਲ (ਨਲਿਨੀ), ਉਸ ਦੇ ਧਾਰਨ ਵਾਲਾ ਕਮਲ. "ਹਰਣੀਪਤਿ ਸੇ ਨਲਣੀਧਰ ਸੇ." (ਕਲਕੀ) ਨੇਤ੍ਰ ਮ੍ਰਿਗ ਜੇਹੇ ਅਤੇ ਕਮਲ ਜੈਸੇ.

ਨਲਨਿ, ਨਲਨੀ, ਨਲਿਨ, ਨਲਿਨੀ: ਸੰਗਯਾ- ਨਲਕੀ. ਨਾਲੀ। ੨. ਤੋਤਾ ਫਾਹੁਣ ਦਾ ਇੱਕ ਯੰਤ੍ਰ, ਜੋ ਬਾਂਸ ਦੀ ਨਾਲੀ (ਨਾਲਿਕਾ) ਤੋਂ ਬਣਦਾ ਹੈ. ਪਾਣੀ ਦੇ ਕੁੰਡ ਉੱਪਰ ਇੱਕ ਸਰੀ ਵਿੱਚ ਪਰੋਕੇ ਥੋਥੀ ਨਲਕੀ ਲਗਾਈ ਜਾਂਦੀ ਹੈ. ਜਦ ਤੋਤਾ ਉਸ ਪੁਰ ਬੈਠਦਾ ਹੈ ਤਦ ਨਲਕੀ ਫਿਰ ਜਾਂਦੀ ਹੈ ਅਤੇ ਤੋਤਾ ਸਿਰਪਰਣੇ ਪਾਣੀ ਪੁਰ ਲਟਕਣ ਲਗਦਾ ਹੈ. ਡੁੱਬਣ ਦਾ ਭੈ ਕਰਕੇ ਤੋਤਾ ਨਲਕੀ ਨਹੀਂ ਛੱਡਦਾ ਅਤੇ ਫੜਿਆ ਜਾਕੇ ਪਿੰਜਰੇ ਪਾਇਆ ਜਾਂਦਾ ਹੈ. "ਬਾਂਧਿਓ ਜਿਉ ਨਲਿਨੀ ਭ੍ਰਮਿ ਸੂਆ." (ਬਾਵਨ) ੩. ਸੰ. ਨਲਿਨੀ. ਕਮਲਿਨੀ. ਨੀਲੋਫਰ. ਭਮੂਲ। ੪. ਨਦੀ। ੫. ਨਲਿਨੀਨੰਦਨ ਦਾ ਸੰਖੇਪ. "ਹਾਰੀ ਧਨੇਸੁਰ ਕੀ ਨਲਿਨੀ ਛਬਿ, ਯੌਂ ਨਲਿਨੀ ਵਿਕਸੈਂ ਸੁਖਕਾਰੀ." (ਗੁਪ੍ਰਸੂ) ਕੁਬੇਰ ਦੇ ਬਾਗ (ਨਲਨੀ ਨੰਦਨ) ਦੀ ਸ਼ੋਭਾ ਹਾਰ ਗਈ ਹੈ, ਐਸੀਆਂ ਕਮਲਿਨੀਆਂ ਆਨੰਦ ਦੇਣ ਵਾਲੀਆਂ ਖਿੜ ਰਹੀਆਂ ਹਨ। ੬. ਕਮਲਾਂ ਦੀ ਵਾੜੀ.

ਨਲਿਨੀਨੰਦਨ: ਸੰ. ਸੰਗਯਾ- ਕੁਬੇਰ ਦਾ ਬਾਗ਼. ਦੇਖੋ, ਨਲਿਨੀ ੫। ੨. ਕੁਬੇਰ ਦਾ ਬਾਗ ਚੈਤ੍ਰਰਥਜ ਭੀ ਹੈ.

ਨਲੀ: ਸੰਗਯਾ- ਨਲਕੀ. ਨਾਲੀ। ੨. ਨਲਕੀ ਦੇ ਆਕਾਰ ਦੀ ਪਤਲੀ ਹੱਡੀ। ੩. ਪਿੰਜਣੀ ਦੀ ਹੱਡੀ। ੪. ਬੰਦੂਕ਼ ਦੀ ਨਾਲੀ। ੫. ਜੁਲਾਹੇ ਦੀ ਨਾਲੀ. "ਛੋਛੀ ਨਲੀ ਤੰਤੁ ਨਹੀ ਨਿਕਸੈ." (ਗਉ ਕਬੀਰ) ਇੱਥੇ ਨਲੀ ਤੋਂ ਭਾਵ ਪ੍ਰਾਣਾਂ ਦੇ ਆਉਣ ਜਾਣ ਦੀ ਸਾਹ ਰਗ (wind- pipe) ਹੈ। ੬. ਨੱਕ ਤੋਂ ਲਟਕਦੀ ਹੋਈ ਸੀਂਢ ਦੀ ਗਾੜ੍ਹੀ ਧਾਰਾ। ੭. ਦੇਖੋ, ਨਲਕੀ.

ਨਲੀਏਰ: ਸੰ. ਨਾਰਿਕੇਲ, ਅਤੇ ਨਾਲਿਕੇਰ. ਸੰਗਯਾ- ਖੋਪੇ ਦਾ ਬਿਰਛ Cocos nucifera । ੨. ਖੋਪੇ ਦਾ ਫਲ.

ਨਲੂਆ: ਸੰਗਯਾ- ਨਾਲੂਆ. ਨਾਭਿ ਦੀ ਨਾਲਿਕਾ। ੨. ਨਾਲਾ. ਪਾਣੀ ਦਾ ਛੋਟਾ ਪ੍ਰਵਾਹ.

ਨਲੂਛੀ: ਰਿਆਸਤ ਜੰਮੂ, ਜਿਲਾ ਤਸੀਲ ਅਤੇ ਥਾਣਾ ਮੁਜੱਫ਼ਰਾਬਾਦ ਵਿੱਚ ਇੱਕ ਪਿੰਡ, ਜੋ ਮੁਜੱਫ਼ਰਾਬਾਦ ਤੋਂ ਪੁਲੋਂ ਪਾਰ ਪੱਛਮ ਵੱਲ ਕਰੀਬ ਦੋ ਮੀਲ ਹੈ. ਰਾਵਲਪਿੰਡੀ ਤੋਂ ਮੁਜੱਫਰਾਬਾਦ ਤੀਕ ਤਾਂਗੇ ਮੋਟਰਾਂ ਜਾਂਦੇ ਹਨ. ਇਸ ਪਿੰਡ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ. ਸਤਿਗੁਰੂ ਇੱਥੇ ਕਸ਼ਮੀਰ ਨੂੰ ਕ੍ਰਿਤਾਰਥ ਕਰਨ ਵੇਲੇ ਆਕੇ ਵਿਰਾਜੇ ਹਨ. ਗੁਰੂ ਸਾਹਿਬ ਨੂੰ ਬਰਛਾ ਮਾਰਕੇ ਇਸ ਥਾਂ ਇੱਕ ਜਲ ਦਾ ਚਸ਼ਮਾ ਕੱਢਿਆ ਹੈ. ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦ੍ਵਾਰੇ ਦੇ ਨਾਲ ਤਿੰਨ ਹਜ਼ਾਰ ਦੀ ਜਾਗੀਰ ਲਗਾਈ ਸੀ, ਜੋ ਪੁਜਾਰੀ ਆਪਣੇ ਨਾਮ ਕਰਾਕੇ ਛਕ ਗਏ. ਪੁਜਾਰੀ ਸਿੰਘ ਹੈ. ਵੈਸਾਖੀ ਨੂੰ ਮੇਲਾ ਅਤੇ ਹਰ ਐਤਵਾਰ ਨੂੰ ਸਾਧਾਰਣ ਜੋੜ ਮੇਲਾ ਹੁੰਦਾ ਹੈ.

ਨਲੇਰ: ਦੇਖੋ, ਨਲੀਏਰ

ਨਲੈਨ: ਅ਼. نعلین ਨਅ਼ਲੈਨ. ਨਅ਼ਲ ਦਾ ਦ੍ਵਿਵਚਨ. ਪੈਰਾਂ ਦੀ ਰਖ੍ਯਾ ਦੇ ਜੋੜੇ. "ਪੈਰੀਂ ਨਲੈਨਾ ਦਸਤੀਂ ਦਸਤਾਨੇ." (ਪ੍ਰਾਪੰਪ੍ਰ)

ਨਲ੍ਯ: ਗੁਰੁਜਸ਼ ਕਰਤਾ ਇੱਕ ਭੱਟ. "ਨਲ੍ਯ ਕਵਿ ਪਾਰਸਪਰਸ ਕਚ ਕੰਚਨਾ ਹੁਇ." (ਸਵੈਯੇ ਮਃ ੪. ਕੇ)

ਨਵ: ਸੰ. ਸੰਗਯਾ- ਸਤੋਤ੍ਰ. ਉਸਤਤਿ। ੨. ਵਿ- ਨਵਾਂ. ਨਯਾ. ਨਵੀਨ। ੩. ਸੰ. नवन- ਨਵਨ. ਨੌ. ਇੱਕ ਘੱਟ ਦਸ. ਦੇਖੋ, ਪੰਚਤੀਨ ਨਵ ਚਾਰ.

ਨਵਸਾਤ: ਨੌ ਅਤੇ ਸੱਤ ਸੋਲਾਂ. ਦੇਖੋ, ਧੰਨਾ ਸਿੰਘ.

ਨਵਹਾਇਣ, ਨਵਹਾਣਿ: ਵਿ- ਹਾਯਨ (ਵਰ੍ਹਿਆਂ) ਵਿੱਚ ਜੋ ਨਵਾਂ ਹੋਵੇ. ਨੌ ਜਵਾਨ. "ਨਵਹਾਣਿ ਨਵ ਧਨ ਸਬਦਿ ਜਾਗੀ." (ਬਿਲਾ ਛੰਤ ਮਃ ੧)

ਨਵਕਾ: ਦੇਖੋ, ਨੌਕਾ. "ਨਵਕਾ ਸੇ ਰਥੀ." (ਚੰਡੀ ੨)

ਨਵਕੁਮਾਰੀ: ਨੌ ਦੇਵੀਆਂ. ਜਿਨ੍ਹਾਂ ਦੀ ਚੇਤ ਸੁਦੀ ੧. ਤੋਂ ੯. ਤੀਕ, ਹਿੰਦੂ ਪੂਜਾ ਕਰਦੇ ਹਨ. ਉਨ੍ਹਾਂ ਦੇ ਨਾਮ ਇਹ ਹਨ- ਕੁਮਾਰਿਕਾ, ਤ੍ਰਿਮੂਰਤਿ, ਕਲਜਾਣੀ, ਰੋਹਿਣੀ, ਕਾਲੀ, ਚੰਡਿਕਾ, ਸ਼ਾਂਭਵੀ, ਦੁਰਗਾ ਅਤੇ ਸੁਭਦ੍ਰਾ। ੨. ਦੇਖੋ, ਨਵ ਦੁਰਗਾ.

ਨਵਖੰਡ: ਪ੍ਰਿਥਿਵੀ ਦੇ ਨੌ ਵਿਭਾਗ. ਭਰਤ, ਇਲਾਵ੍ਰਿਤ, ਕਿੰਪੁਰੁਸ਼, ਭਦ੍ਰ, ਕੇਤੁਮਾਲ, ਹਰਿ, ਹਿਰਣ੍ਯ, ਰਮ੍ਯ ਅਤੇ ਕੁਸ਼. "ਨਵਾ ਖੰਡਾ ਵਿਚਿ ਜਾਣੀਐ." (ਜਪੁ) "ਨਵ ਖੰਡਨ ਕੋ ਰਾਜ ਕਮਾਵੈ." (ਟੋਡੀ ਮਃ ੫) ੨. ਸ਼ਰੀਰ ਦੇ ਨੌ ਜੋੜ. "ਸਾਠ ਸੂਤ ਨਵਖੰਡ." (ਗਉ ਕਬੀਰ) ਦੇਖੋ, ਗਜਨਵ.

ਨਵਗ੍ਰਹ, ਨਵਗ੍ਰਿਹ: ਜਜੋਤਿਸ਼ ਅਨੁਸਾਰ ਨੌ ਗ੍ਰਹ[677]. ਸੂਰਯ, (Sun) ਚੰਦ੍ਰਮਾ, (Moon) ਮੰਗਲ (Mars) ਬੁਧ, (Mercury) ਵ੍ਰਿਹਸਪਤਿ (Jupiter) ਸ਼ੁਕ੍ਰ (Venus), ਸ਼ਨੈਸ਼੍ਚਰ, (Saturn) ਰਾਹੁ, (Seizer) ਕੇਤੁ (the Zragon's tail). "ਨਵਗ੍ਰਹ ਕੋਟਿ ਠਾਢੇ ਦਰਬਾਰ." (ਭੈਰ ਅਃ ਕਬੀਰ)

ਨਵਘਰ: ਨੌ ਗੋਲਕ. ਸ਼ਰੀਰ ਦੇ ਨੌ ਦ੍ਵਾਰ। ੨. ਨੌ ਦ੍ਵਾਰਾਂ ਵਾਲਾ ਸ਼ਰੀਰ. ਦੇਹ. "ਨਵਘਰ ਥਾਪਿ ਮਹਲ ਘਰ ਊਚਉ." (ਤੁਖਾ ਬਾਰਹਮਾਹਾ) ਉੱਚੇ ਮਹਲ (ਦਸਮਦ੍ਵਾਰ) ਵਿੱਚ ਨਿਵਾਸ.

ਨਵ ਛਿਅ ਖਟ: ਨੌ ਵ੍ਯਾਕਰਣ, ਛੀ ਸ਼ਾਸਤ੍ਰ, ਵੇਦ ਦੇ ਛੀ ਅੰਗ. "ਨਵ ਛਿਅ ਖਟ ਬੋਲਹਿ ਮੁਖਆਗਰ." (ਧਨਾ ਮਃ ੪) "ਨਵ ਛਿਅ ਖਟ ਕਾ ਕਰੈ ਬੀਚਾਰ." (ਵਾਰ ਸਾਰ ਮਃ ੧)

ਨਵਟਾਂਕ, ਨਵਟੰਕ: ਨੌ ਟੰਕ. ਦੇਖੋ, ਟਾਂਕ ਅਤੇ ਟੰਕ.

ਨਵਤਨ, ਨਵਤਨੁ: ਸੰ. ਨੂਤਨ. ਵਿ- ਨਯਾ. ਨਵਾਂ. ਨਵੀਨ. "ਕਈ ਕੋਟਿ ਨਵਤਨ ਨਾਮ ਧਿਆਵਹਿ." (ਸੁਖਮਨੀ) ਪੁਰਾਣਕਥਾ ਹੈ ਕਿ ਸ਼ੇਸ਼ਨਾਗ ਨਿੱਤ ਨਵੇਂ ਨਾਮ ਕਰਤਾਰ ਦੇ ਲੈਂਦਾ ਹੈ। ੨. ਜਵਾਨ. ਜਰਾ ਰਹਿਤ. "ਗੁਣ ਨਿਧਾਨ ਨਵਤਨੁ ਸਦਾ." (ਸ੍ਰੀ ਮਃ ੫)

ਨਵਤੇਸ: ਸੰਗਜਾ- ਨੌਬਤ ਬਜਾਉਣ ਵਾਲਿਆਂ ਦਾ ਸਰਦਾਰ. ਨੌਬਤੀਆਂ ਦਾ ਈਸ਼. ਵਡਾ ਨਗਾਰਚੀ. "ਸੁਣ ਭਾਈ ਬਤੀਆਂ ਨਵਤੇਸਾ." (ਗੁਵਿ ੧੦)

ਨਵੱਤੀ: ਸੰ. ਨਵਤ੍ਵ. ਸੰਗਜਾ- ਨਵਾਂਪਨ. ਨਵੀਨਤਾ. "ਰੰਗ ਬਿਰੰਗ ਤਰੰਗ ਨਵੱਤੀ." (ਭਾਗੁ)

ਨਵਦੁਰਗਾ: ਨੌ ਦੇਵੀਆਂ. ਦੇਖੋ, ਨਵਕੁਮਾਰੀ। ੨. ਪੁਰਾਣਾਂ ਅਨੁਸਾਰ ਇੱਕ ਹੋਰ ਗਿਣਤੀ- ਸ਼ੈਲਪੁਤ੍ਰੀ, ਬ੍ਰਹਮਚਾਰਿਣੀ, ਚੰਦ੍ਰਘੰਟਾ, ਕੁਸ਼ਮਾਂਡਾ, ਸ੍ਕੰਦਮਾਤਾ, ਕਾਤਜਾਯਨੀ, ਕਾਲਰਾਤ੍ਰਿ, ਮਹਾ ਗੌਰੀ ਅਤੇ ਸਿੱਧਿਦਾ.

ਨਵ ਦ੍ਵਾਰ: ਸ਼ਰੀਰ ਦੇ ਨੌ ਦਰਵਾਜ਼ੇ. ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੁਖ, ਗੁਦਾ, ਲਿੰਗ ਅਥਵਾ ਭਗ.

ਨਵਦ੍ਵੀਪ: ਦੇਖੋ, ਨਦੀਆਂ.

ਨਵਧਾ: ਸੰ. ਕ੍ਰਿ- ਵਿ- ਨੌ ਪ੍ਰਕਾਰ ਸੇ. ਨੌ ਤਰਹਿ.

ਨਵਧਾਭਗਤਿ: ਸੰ. ਨਵਧਾ ਭਕ੍ਤਿ. ਸੰਗਜਾ- ਨੌ ਪ੍ਰਕਾਰ ਦੀ ਉਪਾਸਨਾ. ਨੌ ਪ੍ਰਕਾਰ ਦੀ ਸੇਵਾ. "ਨਵਧਾ ਭਗਤਿ ਰਿਦੇ ਅਤਿ

[677] ਪਸ਼੍ਚਿਮੀ ਲੋਕਾਂ ਨੇ ਸੱਤ ਹੀ ਗ੍ਰਹ ਮੰਨੇ ਹਨ, ਉਨ੍ਹਾਂ ਦੇ ਹਿਸਾਬ ਰਾਹੂ ਅਤੇ ਕੇਤੁ ਗ੍ਰਹ ਨਹੀਂ.

ਜਾਗੀ." (ਨਾਪ੍ਰ) "ਭਗਤਿ ਨਵੈ ਪ੍ਰਕਾਰਾ." (ਸ੍ਰੀ ਅਃ ਮਃ ੫) ਭਗਤਿ ਦੇ ਪ੍ਰਤਿਪਾਦਨ ਕਰਨ ਵਾਲੇ ਗ੍ਰੰਥਾਂ ਵਿੱਚ ਨੌ ਪ੍ਰਕਾਰ ਦੀ ਭਗਤਿ ਇਹ ਲਿਖੀ ਹੈ:-

(੧) ਸ਼੍ਰਵਣ, ਆਪਣੇ ਇਸ਼੍ਟਦੇਵ ਦਾ ਯਸ਼ ਸੁਣਨਾ.

"ਕੋਟਿ ਕਰਣ ਦੀਜਹਿ ਪ੍ਰਭੁ ਪ੍ਰੀਤਮ,

ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ,

ਸੁਣਿ ਸੁਣਿ ਇਹੁ ਮਨੁ ਨਿਰਮਲ ਹੋਵੈ

ਕਟੀਐ ਕਾਲ ਕੀ ਫਾਸੀ ਰਾਮ."

(ਸੂਹੀ ਛੰਤ ਮਃ ੫)

(੨) ਕੀਰਤੱਨ. ਗੁਣਾਂ ਦਾ ਕਥਨ. ਗੁਣਾਂ ਦਾ ਗਾਉਣਾ.

"ਲਾਖੁ ਜਿਹਵਾ ਦਿਹੁ ਮੇਰੇ ਪਿਆਰੇ,

ਮੁਖ ਹਰਿ ਆਰਾਧੇ ਮੇਰਾ ਰਾਮ."

(ਸੂਹੀ ਛੰਤ ਮਃ ੫)

"ਆਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ।

ਕਥਾ ਕੀਰਤਨ ਰਾਗ ਨਾਦ ਧੁਨਿ ਇਹ ਬਨਿਓ

ਸੁਆਉ." (ਬਿਲਾ ਮਃ ੫)

(੩) ਸਿਮਰਣ. ਯਾਦ ਕਰਨਾ. ਚਿਤ ਦ੍ਵਾਰਾ ਚਿਤੰਨ.

"ਹਰਿ ਹਰਿ ਕਬਹੁ ਨ ਮਨਹੁ ਬਿਸਾਰੇ।

ਈਹਾਂ ਊਹਾਂ ਸਰਬਸੁਖ ਦਾਤਾ ਸਗਲ ਘਟਾਂ ਪ੍ਰਤਿਪਾਰੇ ॥"

(ਗਉ ਮਃ ੫) "ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ." (ਵਾਰ ਗਉ ੨. ਮਃ ੫)

(੪) ਪਾਦਸੇਵਨ. ਚਰਣਸੇਵਾ.

"ਹਰਿਚਰਣ ਕਵਲ ਮਕਰੰਦ ਲੋਭਿਤ ਮਨੋ

ਅਨਦਿਨੋ ਮੋਹਿ ਆਹੀ ਪਿਆਸਾ." (ਸੋਹਿਲਾ)

"ਪੈ ਪਾਇ ਮਨਾਈ ਸੋਇ ਜੀਉ." (ਸ੍ਰੀ ਮਃ ੫)

(੫) ਅਰਚਨ. ਚੰਦਨ ਫੁੱਲ ਆਦਿ ਦੀ ਸਾਮਗ੍ਰੀ ਨਾਲ ਪੂਜਨ.

"ਤੇਰਾ ਨਾਮ ਕਰੀ ਚਨਣਾਠੀਆ

ਜੇ ਮਨੁ ਉਰਸਾ ਹੋਇ,

ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ."

(ਗੂਜ ਮਃ ੧)

"ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ

ਭਾਵਨ ਪਾਤੀ ਤ੍ਰਿਪਤਿ ਕਰੈ,

ਪੂਜਾ ਪ੍ਰਾਣ ਸੇਵਕੁ ਜੇ ਸੇਵੇ

ਇਨ ਬਿਧਿ ਸਾਹਿਬੁ ਰਵਤੁ ਰਹੈ."

(ਸੂਹੀ ਮਃ ੧)

(੬) ਵੰਦਨ. ਪ੍ਰਣਾਮ. ਨਮਸਕਾਰ

"ਪ੍ਰਭੁ ਜੀ, ਤੂੰ ਮੇਰੇ ਪ੍ਰਾਨਅਧਾਰੈ।

ਨਮਸਕਾਰ ਡੰਡਉਤਿ ਬੰਦਨਾ।

ਅਨਿਕ ਬਾਰ ਜਾਉਬਾਰੈ." (ਬਿਲਾ ਮਃ ੫)

(੭) ਸਖ੍ਯ. ਇਸ਼੍ਟ ਨਾਲ ਮਿਤ੍ਰਭਾਵ.

"ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤ।

ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤ." (ਗਉ ਮਃ ੫)

"ਸਜਣ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ."

(ਸਵਾ ਮਃ ੫)

(੮) ਦਾਸ੍ਯ. ਸੇਵਕ ਭਾਵ.

"ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ." (ਮਾਝ ਮਃ ੫)

"ਬੈਖਰੀਦ ਹਉ ਦਾਸਰੋ ਤੇਰਾ।

ਤੂ ਭਾਰੋ ਠਾਕੁਰ ਗੁਣੀ ਗਹੇਰਾ." (ਸੂਹੀ ਮਃ ੫)

(੯) ਆਤਮ ਨਿਵੇਦਨ. ਆਪਣਾ ਆਪ ਅਰਪਨ.

"ਤੁਧ ਆਗੈ ਅਰਦਾਸਿ ਹਮਾਰੀ

ਜੀਉ ਪਿੰਡੁ ਸਭ ਤੇਰਾ." (ਆਸਾ ਮਃ ੫)

"ਮਨੁ ਤਨੁ ਅਰਪਿ ਰਖਉ ਹਰਿ ਆਗੈ

ਸਰਬ ਜੀਆ ਕਾ ਹੈ ਪ੍ਰਤਿਪਾਲ."

(ਬਿਲਾ ਮਃ ੫)

ਨਵਨ: ਸੰਗ੍ਯਾ- ਨਮਨ. ਨਮਸਕਾਰ. ਪ੍ਰਣਾਮ। ੨. ਨਿਉਲਾ। ੩. ਨਿਮਾਣ (ਨਿਵਾਣ). ਨਸ਼ੇਬ. "ਨਵਨ ਗਵਨ ਜਲ." (ਭਾਗੁ ਕ)

ਨਵਨਾਇਕਾ: ਦੇਖੋ, ਨਾਇਕਾ ਦਾ ਫੁਟਨੋਟ.

ਨਵਨਾਥ: ਯੋਗੀਆਂ ਦੇ ਨੌ ਪ੍ਰਧਾਨ ਜੋਗੀ:-

ਆਦਨਾਥ, ਮਛੇਂਦ੍ਰਨਾਥ, ਉਦਯਨਾਥ, ਸੰਤੋਖਨਾਥ, ਕੰਥੜਨਾਥ, ਸਤਜਨਾਥ, ਅਚੰਭਨਾਥ, ਚੌਰੰਗੀਨਾਥ ਅਤੇ ਗੋਰਖਨਾਥ. "ਗੁਣ ਗਾਵਹਿ ਨਵ ਨਾਥ." (ਸਵੈਯੇ ਮਃ ੧. ਕੇ) ਯੋਗੀਆਂ ਦੀ ਦੂਜੀ ਸੰਪ੍ਰਦਾਯ ਅਨੁਸਾਰ- ਆਦਿਨਾਥ, ਸ਼ੈਲਨਾਥ, ਸੰਤੋਖਨਾਥ, ਅਚੰਭਨਾਥ, ਗਜਕੰਠਨਾਥ, ਪ੍ਰਜਾਨਾਥ, ਮਛੇਂਦ੍ਰਨਾਥ ਗੋਰਖਨਾਥ ਅਤੇ ਗਜਾਨਸ੍ਵਰੂਪੀਨਾਥ.

ਨਵਨਾਮਕ: ਇਸ ਛੰਦ ਦਾ ਨਾਮ "ਨਰਹਰਿ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਦੋ ਨਗਣ, ਦੋ ਲਘੁ. ।।।, ।।।, ।, ।.

ਉਦਾਹਰਣ-

ਤਰਭਰ ਪਰ ਸਰ। ਨਿਰਖਤ ਸੁਰ ਨਰ।

ਹਰਪੁਰ ਪੁਰ ਕਰ। ਨਿਰਖਤ ਬਰ ਨਰ।

(ਰਾਮਾਵ)

ਨਵਨਾਯਿਕਾ: ਦੇਖੋ, ਨਾਇਕਾ ਦਾ ਫੁਟਨੋਟ.

ਨਵਨਿਧਿ: ਦੇਖੋ, ਨਉ ਨਿਧਿ. "ਨਵ ਨਿਧਿ ਨਾਮ ਨਿਧਾਨ." (ਕਾਨ ਮਃ ੫)

ਨਵਨੀ, ਨਵਨੀਤ: ਸੰ. ਸੰਗਯਾ- ਨਵਾਂ ਕੱਢਿਆ ਹੋਇਆ ਮੱਖਣ. ਨੈਨੂ.

ਨਵਨੂਤ: ਵਿ- ਨਵੇਂ ਤੋਂ ਨਵਾਂ. ਅਤਿ ਨਵੀਨ। ੨. ਸੰਗਯਾ- ਮੱਖਣ. ਦੇਖੋ, ਨਵਨੀਤ. "ਤਬ ਸੁੰਦਰ ਨਵਨੂਤ ਨਿਕਾਲੇ." (ਨਾਪ੍ਰ)

ਨਵਪਦ: ਨਵਾਂ ਰੁਤਬਾ. ਨਵੀਨ ਪਦਵੀ.

ਨਵਪਦੀ: ਇਹ ਚੌਪਈ ਅਤੇ ਅੜਿੱਲ ਦਾ ਹੀ ਇੱਕ ਰੂਪ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਅੰਤ ਭਗਣ ऽ।।.

ਉਦਾਹਰਣ-

ਜਹਿਂ ਤਹਿਂ ਕਰਨ ਲਗੇ ਸਭ ਪਾਪਨ,

ਧਰਮ ਕਰਮ ਤਜਕਰ ਹਰਿਜਾਪਨ,

ਪਾਹਨ ਕਉ ਸੁ ਕਰਤ ਸਭਿ ਬੰਦਨ,

ਡਾਰਤ ਧੂਪ ਦੀਪ ਸਿਰ ਚੰਦਨ. (ਕਲਕੀ)

ਨਵਮ: ਵਿ- ਨੌਵਾਂ. ਨਹਮ.

ਨਵਮੀ: ਸੰਗਯਾ- ਚੰਦ੍ਰਮਾ ਦੇ ਦੋਹਾਂ ਪੱਖਾਂ ਦੀ ਨੌਮੀ ਤਿਥਿ.

ਨਵਮੁਨਿ: ਦੇਖੋ, ਨਉਮੁਨੀ.

ਨਵਰਸ: ਕਾਵ੍ਯ ਨੇ ਨੌ ਰਸ. "ਪ੍ਰਿਥਮ ਸ਼੍ਰਿੰਗਾਰ ਸੁ ਹਾਸ੍ਯ ਰਸ ਕਰੁਣਾ ਰੌਦ੍ਰ ਸੁਵੀਰ। ਭਯ ਬੀਭਤਸ ਬਖਾਨਿਯੇ ਅਦਭੁਤ ਸ਼ਾਂਤ ਸੁ ਧੀਰ." (ਰਸਿਕਾਪ੍ਰਿਯਾ) ਦੇਖੋ, ਰਸ। ੨. ਨਾਦੌਨ ਪਾਸ ਇੱਕ. ਪਹਾੜੀ ਟਿੱਬਾ. "ਤਿਨ ਕਠਗੜ੍ਹ ਨਵਰਸ ਪਰ ਬਾਂਧੋ." (ਵਿਚਿਤ੍ਰ)

ਨਵਰਤਨ: ਨੌ ਰਤਨ- ਮੋਤੀ, ਪੰਨਾ, ਮਾਣਿਕ, ਗੋਮੇਦ, ਹੀਰਾ, ਮੂੰਗਾ, ਲਹਸੁਨਿਯਾਂ, ਪੁਖਰਾਜ (ਪਦਮਰਾਗ) ਅਤੇ ਨੀਲਮ। ੨. ਰਾਜਾ ਵਿਕ੍ਰਮਾਦਿਤ੍ਯ ਦੀ ਸਭਾ ਦੇ ਕਲਪੇ ਹੋਏ ਨੌ ਵਿਦ੍ਵਾਨ ਜੋ ਰਤਨ ਰੂਪ ਸਨ- ਧਨ੍ਵੰਤਰਿ, ਕ੍ਸ਼ਪਣਕ, ਅਮਰਸਿੰਘ,

ਸ਼ੰਕੁ, ਵੇਤਾਲਭੱਟ, ਘਟਕਪੰਰ, ਕਾਲਿਦਾਸ, ਵਰਾਹਮਿਹਿਰ ਅਤੇ ਵਰਰੁਚਿ.[678]

ਨਵਰਤਨਾ: ਸੰਗਯਾ- ਭੁਜਬੰਦ, ਜਿਸ ਵਿੱਚ ਨੌ ਰਤਨ ਜੜੇ ਹੋਣ. ਦੇਖੋ, ਨਵਰਤਨ. "ਨਵਰਤਨੇ ਦਮਕਤ ਦੁਤਿ ਖਾਨ." (ਗੁਪ੍ਰਸੂ)

ਨਵ ਰਦ: ਨਵਾਂ ਦੰਦ, ਨਵੇਂ ਦੰਦ.

ਨਵਰਾਤ੍ਰ: ਸੰ. ਸੰਗਯਾ- ਅੱਸੂ ਸੁਦੀ ੧. ਤੋਂ ਲੈਕੇ ੯. ਤੀਕ ਨੌ ਰਾਤਾਂ, ਅਰ ਚੇਤ ਸੁਦੀ ੧. ਤੋਂ ੯. ਤੀਕ ਨੌ ਰਾਤਾਂ. ਦੁਰਗਾ ਦੇ ਉਪਾਸਕ ਇਨ੍ਹਾਂ ਦਿਨਾਂ ਵਿੱਚ ਦੇਵੀ ਦੇ ਨੌ ਸਰੂਪਾਂ ਦਾ ਪੂਜਨ ਕਰਦੇ ਹਨ. ਦੇਖੋ, ਨਵਕੁਮਾਰੀ ਅਤੇ ਨਵ ਦੁਰਗਾ. ਜਦ ਪੂਜਨ ਦੀ ਸਮਾਪਤੀ ਹੁੰਦੀ ਹੈ ਤਦ ਨੌ ਦੇਵੀਆਂ ਦੇ ਨਾਮਾਂ ਦੀਆਂ ਨੌ ਕੁਆਰੀਆਂ ਲੜਕੀਆਂ ਨੂੰ ਅੰਨ ਧਨ ਵਸਤ੍ਰ ਆਦਿ ਅਰਪਦੇ ਹਨ.

ਨਵਰੋਜ: ਦੇਖੋ, ਨੌ ਰੋਜ. "ਤਹਿਂ ਨਵਰੋਜ ਕਰੋ ਮਿਲ ਸੁੰਦਰ." (ਗੁਪ੍ਰਸੂ)

ਨਵਰੰਗ: ਵਿ- ਨਵਾਂ ਰੰਗ। ੨. ਨਵੇਂ ਰੰਗ ਵਾਲਾ ਨੌ ਜਵਾਨ. "ਨਵਰੰਗ ਲਾਲੁ ਸੇਜ ਰਾਵਣ ਆਇਆ." (ਸੂਹੀ ਮਃ ੫) ੩. ਨਵਾਂ ਨਾਟਕਅਸਥਾਨ. ਨਵੀਨ ਥੀਏਟਰ। ੪. ਸੰਗਯਾ- ਔਰੰਗਜ਼ੇਬ ਬਾਦਸ਼ਾਹ। ਹਿੰਦੀ ਦੇ ਕਵੀਆਂ ਨੇ ਇਹ ਨਾਮ ਬਹੁਤ ਵਰਤਿਆ ਹੈ.

ਨਵਰੰਗਰਾਇ: ਸੰਗਯਾ- ਔਰੰਗਜ਼ੇਬ ਬਾਦਸ਼ਾਹ।੨ ਬਸੰਤ ਰਿਤੁਰਾਜ. "ਮਦਨ ਕਿ ਨਵਰੰਗ ਰਾਇ?" (ਚਰਿਤ੍ਰ ੩੦)

ਨਵਰੰਗੜਾ, ਨਵਰੰਗੜੀਆ, ਨਵਰੰਗੀ: ਨਵੇਂ ਰੰਗ ਵਾਲਾ. ਨਵੀਨ ਖੇਡ ਖੇਡਣ ਵਾਲਾ. "ਹਰਿ ਹਰਿ ਨਵਰੰਗੜੀਆ." (ਵਡ ਮਃ ੪. ਘੋੜੀਆਂ)

ਨਵਲ: ਸੰ. ਵਿ- ਨਵਾਂ. ਨਯਾ. ਨਵੀਨ। ੨. ਨਿਰਮਲ। ੩. ਜਵਾਨ. ਯੁਵਾ। ੪. ਸੁੰਦਰ. "ਨਵਲ ਨਵਤਨ ਨਾਹੁ ਬਾਲਾ." (ਬਿਲਾ ਛੰਤ ਮਃ ੫)

ਨਵਲਾ: ਸੰਗਯਾ- ਨਵੇਂ ਫੁੱਲਾਂ ਦੀ ਛਟੀ. ਪਤਲੀ ਛੜੀ, ਜਿਸ ਦੇ ਚਾਰੇ ਪਾਸੇ ਫੁੱਲ ਗੁੰਦਕੇ ਲਗਾਏ ਹੋਣ.

"ਨਵਲਾ ਸੀ ਲਿਯੇ ਕਰਵਾਰ ਕਟਾਰੀ." (ਕ੍ਰਿਸ਼ਨਾਵ)

"ਨਵਲਾ ਹਥ ਗਹੀ ਚਪਲਾਵੈ." (ਗੁਪ੍ਰਸੂ)

੨. ਸੰ. ਨਵਯੌਵਨਾ. ਜੁਆਨ ਇਸਤ੍ਰੀ.

ਨਵਲਾਇਆ: ਨੁਲ੍ਹਾਇਆ. ਨੁਵਾਈਆ. ਸਨਾਨ ਕਰਵਾਇਆ. "ਗੁਰਿ ਅੰਮ੍ਰਿਤਸਰਿ ਨਵਲਾਇਆ." (ਸੂਹੀ ਮਃ ੪)

ਨਵਲੂ: ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰੇਮੀ ਸਿੱਖ, ਜੋ ਵਡਾ ਵਿਦ੍ਵਾਨ ਸੀ. ਇਸ ਦੀ ਕਥਾ ਸੁਣਨ ਦੂਰੋਂ ਦੂਰੋਂ ਸਿੱਖ ਆਇਆ ਕਰਦੇ ਸਨ. ਇਹ ਯੋਧਾ ਭੀ ਅਦੁਤੀ ਸੀ.

ਨਵਾ, ਨਵਾਂ: ਵਿ- ਨਵ. ਨਯਾ. ਨਵੀਨ (New)

ਨਵਾਸਾ: ਫ਼ਾ. نواسہ ਸੰਗਯਾ- ਦੋਹਤਾ. ਬੇਟੀ ਦਾ ਬੇਟਾ.

ਨਵਾਸੀਰ: ਨਾਸੂਰ ਦਾ ਬਹੁਵਚਨ. ਦੇਖੋ, ਨਾਸੂਰ ਅਤੇ ਭਗੰਦਰ.

---

[678] ਇਹ ਵਿਦ੍ਵਾਨ ਇੱਕ ਸਮੇਂ ਵਿੱਚ ਨਹੀਂ ਹੋਏ.

**ਨਵਾਹ:** ਅ਼. نواہ ਨਾਹ਼ੀਯਾ (ਕਿਨਾਰਾ) ਦਾ ਬਹੁ ਵਚਨ. ਆਸ ਪਾਸ ਦਾ ਦੇਸ਼.

**ਨਵਾਖ਼ਤਾਨ:** ਫ਼ਾ. نواختن ਕ੍ਰਿ- ਵਡਾ ਕਰਨਾ. ਇ਼ੱਜ਼ਤ ਦੇਣਾ.

**ਨਵਾਂ ਚੰਦ:** ਚੰਦ੍ਰਮਾ ਦੇ ਮਹੀਨੇ ਦਾ ਪਹਿਲਾ ਚੰਦ. ਚਾਨਣੇ ਪੱਖ ਦੀ ਦੂਜ ਦਾ ਚੰਦ। ੨. ਦੇਖੋ, ਨਵੇਂ ਚੰਦ ਦੀ ਰਾਮ ਰਾਮ.

**ਨਵਾਜ਼:** ਫ਼ਾ. نواز ਵਿ- ਨਵਾਜਿਸ਼ ਕਰਨ ਵਾਲਾ. ਵਡਿਆਉਣ ਵਾਲਾ. ਇਸ ਸ਼ਬਦ ਦਾ ਵਰਤਾਉ ਯੌਗਿਕ ਸ਼ਬਦਾਂ ਦੇ ਅੰਤ ਹੁੰਦਾ ਹੈ, ਜਿਵੇਂ- ਗ਼ਰੀਬਨਵਾਜ਼ ਆਦਿ। ੨. ਦੇਖੋ, ਨਮਾਜ਼.

**ਨਵਾਜ਼ਿਸ਼:** ਫ਼ਾ. نوازش ਸੰਗਯਾ- ਨਵਾਜ਼ਿਸ਼ ਕਰਨ ਦਾ ਭਾਵ. ਵਡਾ ਕਰਨ ਦੀ ਕ੍ਰਿਯਾ। ੨. ਮਿਹਰਬਾਨੀ. ਕ੍ਰਿਪਾ.

**ਨਵਾਦ:** ਫ਼ਾ. نواد ਸੰਗਯਾ- ਜ਼ਬਾਨ. ਬੋਲੀ. ਭਾਸ਼ਾ.

**ਨਵਾਦੀ:** ਵਿ- ਨਹੀਂ ਹੈ ਵਾਦ (ਚਰਚਾ) ਦੀ ਵਿਦ੍ਯਾ ਜਿਸ ਨੂੰ. ਅਵਿਦ੍ਯ. "ਨੀਚ ਨਵਾਦੀ ਜਾਨ." (ਗੁਵਿ ੬) ੨. ਬੋਲਣ ਵਾਲਾ. ਨੀਚਨਵਾਦੀ, ਬਦਜ਼ਬਾਨ. ਦੇਖੋ, ਨਵਾਦ.

**ਨਵਾਨਿਰੋਆ:** ਵਿ- ਨਵੀਨ ਅਤੇ ਅਰੋਗ. ਉਤਸਾਹ ਸਹਿਤ ਅਤੇ ਨੀਰੁਜ. "ਹਰਿਗੋਬਿੰਦ ਨਵਾਨਿਰੋਆ." (ਸੋਰ ਮਃ ੫)

**ਨਵਾਬ:** ਦੇਖੋ, ਨਬਾਬ.

**ਨਵਾਬੀ:** ਸੰਗਯਾ- ਨੱਯਾਬ ਦੀ ਪਦਵੀ। ੨. ਨੱਵਾਬ ਦਾ ਕਰਮ.

**ਨਵਾਂਬੁਦ:** ਨਵ- ਅੰਬੁਦ. ਨਵਾਂ ਬੱਦਲ. ਨਯਾ ਮੇਘ.

**ਨਵਾਰ:** ਫ਼ਾ. نوار ਸੰਗਯਾ- ਹ਼ਾਸ਼ੀਯਹ. ਮਗਜੀ। ੨. ਫੀਤਾ। ੩. ਵਿ- ਅਪਰਾਧ ਰਹਿਤ. ਬੇ ਕ਼ਸੂਰ.

**ਨਵਾਲਾ:** ਫ਼ਾ. نوالہ ਨਿਵਾਲਾ. ਸੰਗਯਾ- ਗ੍ਰਾਸ. ਬੁਰਕੀ. ਲੁਕ਼ਮਾ.

**ਨਵਾਲੇ ਪਯਾਲੇ ਦਾ ਯਾਰ:** ਖਾਨ ਪਾਨ ਦੀ ਮਿਤ੍ਰਤਾ ਵਾਲਾ। ੨. ਇੱਕਠਿਆਂ ਸ਼ਰਾਬ ਅਤੇ ਖਾਣਾ ਖਾਣ ਵਾਲਾ ਦੋਸ੍ਤ. "ਅਹੋ ਨਵਾਲੇ ਪਯਾਲੇ ਯਾਰ." (ਗੁਪ੍ਰਸੂ)

**ਨਵਿਸ਼ਤ:** ਫ਼ਾ. نوشت ਸੰਗਯਾ- ਲੇਖ. ਤਹ਼ਰੀਰ। ੨. ਵਿ- ਲਿਖਿਆ.

**ਨਵਿਸ਼ਤਹ:** ਫ਼ਾ. نوشتہ ਵਿ- ਲਿਖਿਆ ਹੋਇਆ। ੨. ਸੰਗਯਾ- ਲਿਖਤ. ਤਹ਼ਰੀਰ। ੩. ਕਰਮ ਲੇਖ. ਕਿਸਮਤ. ਤਕਦੀਰ.

**ਨਵਿਸ਼ਤਨ:** ਫ਼ਾ. نوشتن ਕ੍ਰਿ- ਲਿਖਣਾ. ਤਹ਼ਰੀਰ ਕਰਨਾ.

**ਨਵਿਸ਼ਤਾ:** ਦੇਖੋ ਨਵਿਸ਼ਤਹ.

**ਨਵਿਤ, ਨਵਿੱਤ:** ਸੰ. ਨਿਮਿੱਤ. ਸੰਗਯਾ- ਕਾਰਣ. ਹੇਤੁ. "ਵਿਤ ਨਵਿਤ ਭਰਮਿਓ ਬਹੁ ਭਾਤੀ." (ਮਾਰੂ ਮਃ ੫) "ਕਾਹੇ ਕੇ ਨਵਿੱਤ ਕੋ ਸਾਮਗ੍ਰੀ ਤੈਂ ਬਨਾਈ ਹੈ?" (ਕ੍ਰਿਸਨਾਵ)

**ਨਵੀਸ:** ਫ਼ਾ. نویس ਸੰਗਯਾ- ਲਿਖਣ ਵਾਲਾ. ਲੇਖਕ. ਇਸ ਸ਼ਬਦ ਦਾ ਵਰਤਾਉ ਯੌਗਿਕ ਸ਼ਬਦਾਂ ਦੇ ਅੰਤ ਹੁੰਦਾ ਹੈ, ਜਿਵੇਂ- ਅ਼ਰਜੀਨਵੀਸ, ਨਕ਼ਲਨਵੀਸ ਆਦਿ। ੨. ਨਵਸ਼ਿਤਨ ਦਾ ਅਮਰ. ਲਿਖ. ਤਹ਼ਰੀਰ ਕਰ.

**ਨਵੀਸਿੰਦ, ਨਵੀਸਿੰਦਹ:** ਫ਼ਾ. نویسندہ ਸੰਗਯਾ- ਲਿਖਾਰੀ. ਲੇਖਕ. ਮੁਨਸ਼ੀ. "ਮਿਲ ਨਵੀਸਿੰਦ ਸੋਂ ਬੈਸੇ." (ਨਾਪ੍ਰ)

**ਨਵੀਨ:** ਸੰ. ਵਿ- ਨਵਾਂ. ਨਯਾ। ੨. ਨਵੇਂ ਢੰਗ ਦਾ. ਅਪੂਰਵ। ੩. ਕਵਿ ਗੋਪਾਲਸਿੰਘ ਦੀ ਛਾਪ. ਦੇਖੋ, ਸੁਧਾਸਰ.

**ਨਵੇ:** ਵਿ- ਨੌਂ. ਨੌਂਹੀ. "ਨਵੇ ਛਿਦ੍ਰ ਅਪਵੀਤ." (ਗਉ ਥਿਤੀ ਮਃ ੫) ੨. ਨਵੀਨ. ਨਯੇ. ਨਵੇਂ. "ਅਗੈ ਜੀਉ ਨਵੇ." (ਵਾਰ

ਆਸਾ) ੩. ਦੇਖੋ, ਨਵੈ.

ਨਵੇਸੋਤ: ਨਵ- ਸ੍ਰੋਤ. ਨੌ ਚਸ਼ਮੇ. ਸ਼ਰੀਰ ਦੇ ਨੌ ਦ੍ਵਾਰ. "ਨਵੇ ਸੋਤ ਸਭਿ ਢਿਲਾ." (ਵਾਰ ਗਉ ਮਃ ੪)

ਨਵੇਕਲਾ: ਵਿ- ਨਿਰਾਲਾ. ਅਲਗ. ਵੱਖਰਾ.

ਨਵੇਂ ਚੰਦ ਦੀ ਰਾਮ ਰਾਮ: ਹਿੰਦੂਆਂ ਵਿੱਚ ਰੀਤਿ ਹੈ ਕਿ ਚਾਨਣੇ ਪੱਖ ਦੀ ਦੂਜ ਦਾ ਚੰਦ੍ਰਮਾ ਦੇਖਕੇ ਆਪੋ ਵਿੱਚੀਂ ਰਾਮ ਰਾਮ ਆਖਦੇ ਅਤੇ ਉਤਸਾਹ ਕਰਦੇ ਹਨ. ਇਹ ਤਯੋਹਾਰ ਬਾਈਬਲ ਵਿੱਚ ਭੀ ਮੰਨਿਆ ਗਿਆ ਹੈ, ਯਥਾ- "ਨਵੇਂ ਚੰਦ ਅਤੇ ਪੂਰਨਮਾਸੀ ਨੂੰ, ਜੋ ਸਾਡੇ ਤਯੋਹਾਰਾਂ ਦਾ ਦਿਨ ਹੈ, ਤੁਰੀ ਵਜਾਓ, ਇਹ ਇਸਰਾਈਲ ਵੰਸ਼ ਲਈ ਕ਼ਾਨੂਨ ਅਤੇ ਪਰਮੇਸ਼੍ਵਰ ਦੀ ਆਗਯਾ ਹੈ." ਦੇਖੋ, ਜ਼ੱਬੂਰ ਸਾਮ (Psalm) ੮੧, ਆਯਤ ੩. ਅਤੇ ੪.

ਨਵੇ ਛਿਦ੍ਰ: ਨੌ ਦ੍ਵਾਰ. ਨੌ ਗੋਲਕ. "ਨਉਮੀ ਨਵੇ ਛਿਦ੍ਰ ਅਪਵੀਤ." (ਗਉ ਥਿਤੀ ਮਃ ੫)

ਨਵੇਦ: ਦੇਖੋ, ਨਿਵੇਦਨ ਅਤੇ ਨੈਵੇਦ। ੨. ਫ਼ਾ. نوید ਸੰਗਯਾ- ਖ਼ੁਸ਼ਖ਼ਬਰੀ. ਮੰਗਲ ਸਮਾਚਾਰ.

ਨਵੇਲ, ਨਵੇਲੜਾ, ਨਵੇਲੜੀ, ਨਵੇਲਾ, ਨਵੇਲੀ: ਵਿ- ਨਵਲ. ਨਵਲਾ. ਨਵ. ਨਵੀਨ. ਜਵਾਨ. ਯੁਵਾ. ਤਰੁਣੀ. "ਨਾਨਕ ਮੁੰਧ ਨਵੇਲ ਸੁੰਦਰਿ." (ਬਿਲਾ ਛੰਤ ਮਃ ੧) "ਮੁੰਧ ਨਵੇਲੜੀਆ ਗੋਇਲਿ ਆਈ." (ਬਿਲਾ ਛੰਤ ਮਃ ੧) "ਓਹੁ ਨੇਹੁ ਨਵੇਲਾ ਅਪਨੇ ਪ੍ਰੀਤਮ ਸਿਉ ਲਾਗਿਰਹੈ." (ਆਸਾ ਮਃ ੫)

ਨਵੈ: ਦੇਖੋ, ਨਵ ੩। ੨. ਸੰ. ਨਵਕ. ਨੌਂ ਦਾ ਸਮੁਦਾਯ (ਇਕੱਠ) ੩. ਸੰ. ਨਵਤਿ. ਨੱਵੇ. ਦਸ ਘੱਟ ਸੌ- ੯੦. "ਨਵੈ ਕਾ ਸਿਹਜਾਸਣੀ." (ਵਾਰ ਮਾਝ ਮਃ ੧)

ਨਵੈ ਖੰਡ ਕੀ ਪ੍ਰਿਥਮੀ: ਦੇਖੋ, ਬਟੁਆ.

ਨਵੈ ਘਰ: ਨੌ ਘਰ. ਨੌ ਦ੍ਵਾਰ. ਸ਼ਰੀਰ ਦੇ ਨੌ ਗੋਲਕ "ਕਹਿਤ ਕਬੀਰ ਨਵੈ ਘਰ ਮੂਸੇ." (ਗਉ ਕਬੀਰ)

ਨਵੈ ਦਰ: ਦੇਖੋ, ਨਉ ਦਰਵਾਜ.

ਨਵੈ ਨਾਥ: ਦੇਖੋ, ਨਵਨਾਥ. "ਨਵੈਨਾਥ ਸੂਰਜ ਅਰੁਚੰਦਾ." (ਭੈਰ ਕਬੀਰ)

ਨਵੈ ਪ੍ਰਕਾਰਾ: ਦੇਖੋ, ਨਵਧਾ ਭਗਤਿ.

ਨਵੋਢਾ: ਸੰ. ਸੰਗਯਾ- ਨਵ- ਊਢਾ. ਨਵੀਂ ਵਿਆਹੀ ਵਹੁਟੀ. ਨਈਵਧੂ। ੨. ਕਾਵ੍ਯ ਅਨੁਸਾਰ ਉਹ ਨਵਯੌਵਨਾ ਨਾਇਕਾ, ਜੋ ਲੱਜਾ ਅਤੇ ਭੈ ਦੇ ਕਾਰਣ ਨਾਇਕ ਪਾਸ ਜਾਣਾ ਨਾ ਚਾਹੇ.

ਨਵੰਤ: ਨਵਕ. ਨੌਂ ਦਾ ਸਮੁਦਾਯ. "ਨਵੰਤ ਦ੍ਵਾਰੰ ਭੀ ਰਹਿਤੰ." (ਸਹਸ ਮਃ ੫) ਸ਼ਰੀਰ ਦੇ ਨੌਂ ਦਰਵਕਿਵਾੜ ਰਹਿਤ ਹਨ.

ਨਵੰਨਿਧਿ: ਦੇਖੋ, ਨਉਨਿਧਿ. "ਹਰਿ ਹਰਿ ਨਾਮ ਨਵੰਨਿਧਿ ਪਾਈ." (ਵਡ ਛੰਤ ਮਃ ੪)

ਨੜ, ਨੜਾ: ਸੰ. ਨਡ. ਸੰਗਯਾ- ਥੋਥਾ ਕਾਨਾ. ਥੋਥੀ ਬਾਂਸੀ. L. Arundinacea Falcata.

ਨੜਾਲੀ: ਜਿਲਾ ਰਾਵਲਪਿੰਡੀ, ਤਸੀਲ ਗੁੱਜਰਖਾਨ, ਥਾਣਾ ਜਾਤਲੀ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਦੌਲਤਾਲਾ ਤੋਂ ਛੀ ਮੀਲ ਦੱਖਣ ਪੱਛਮ ਹੈ. ਇਸ ਪਿੰਡ ਵਿੱਚ ਸ਼੍ਰੀਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇੱਥੇ ਭਾਈ ਹਰਬੰਸ ਜੀ ਤਪਾ ਗੁਰੂ ਜੀ ਦੇ ਸਿੱਖ ਸਨ. ਉਨ੍ਹਾਂ ਦਾ ਪ੍ਰੇਮ ਦੇਖਕੇ ਕਸ਼ਮੀਰ ਤੋਂ ਪੰਜਾਬ ਨੂੰ ਆਉਂਦੇ ਸਤਿਗੁਰੂ ਵਿਰਾਜੇ ਹਨ. ਇਹ ਗੁਰਦ੍ਵਾਰਾ ਪਹਿਲਾਂ ਤਪਾ ਹਰਬੰਸ ਜੀ ਦੇ ਨਾਮ ਤੇ ਪ੍ਰਸਿੱਧ ਸੀ. ਪਰ ਹੁਣ ਗੁਰੂ ਜੀ ਦਾ ਗੁਰਦ੍ਵਾਰਾ ਮਸ਼ਹੂਰ ਹੋ ਗਿਆ ਹੈ. ਦਾਲਾਨ ਬਹੁਤ ਸੁੰਦਰ ਬਣਿਆ ਹੋਇਆ ਹੈ, ਜਿੱਥੇ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ.

ਨੜਿੰਨਮੇ, ਨੜਿੰਨਵੇ: ਵਿ- ਨਵਨਵਤਿ. ਨੌ ਅਤੇ ਨੱਵੇ- ੯੯.

ਨੜੀ: ਸੰਗਯਾ- ਥੋਥੀ ਬਾਂਸੀ. ਦੇਖੋ, ਨੜਾ। ਇੱਕ ਬਗੁਲੇ ਜਾਤਿ ਦੀ ਵਡੀ ਗਰਦਨ ਅਤੇ ਚੁੰਜ ਵਾਲੀ ਚਿੜੀ, ਜੋ ਜਲਜੀਵ ਖਾਕੇ ਗੁਜ਼ਾਰਾ ਕਰਦੀ ਹੈ। ੩. ਹੁਕ਼ੇ ਦੀ ਨਲਕੀ.

ਨੜੀਮਾਰ: ਖ਼ਾ. ਸੰਗਯਾ- ਹੁੱਕੇ ਦੀ ਨੜੀ ਵਜਾਉਣ ਵਾਲਾ. ਹੁੱਕਾ ਪੀਣ ਵਾਲਾ.

ਨਾ: ਫ਼ਾ. نا ਵਯ- ਨਿਸ਼ੇਧ ਬੋਧਕ ਸ਼ਬਦ ਸੰ. ਨਹੀਂ. "ਨਾ ਓਇ ਜਨਮਹਿ ਨਾ ਮਰਹਿ." (ਸੂਹੀ ਅਃ ਮਃ ੩) ੨. ਸੰਗਯਾ- ਨਾਮ ਦਾ ਸੰਖੇਪ. "ਤਾਤੇ ਸੇਵੀਅਲੇ ਰਾਮ ਨਾ." (ਆਸਾ ਕਬੀਰ) ਰਾਮ ਨਾਮ ਭਜੋ। ੩. ਪੋਠੋਹਾਰ ਵਿੱਚ ਨਾ ਸ਼ਬਦ ਕਾ ਦਾ ਅਰਥ ਦਿੰਦਾ ਹੈ, ਜਿਵੇਂ- ਉਸ ਨਾ (ਉਸ ਦਾ).

ਨਾਉ: ਸੰ. ਨੌਕਾ. ਨਾਵ. ਕਿਸ਼ਤੀ. "ਭਵਜਲ ਬਿਖਮ ਡਰਾਉ, ਗੁਰੁ ਤਾਰੇ ਹਰਿਨਾਉ." (ਸ੍ਰੀ ਅਃ ਮਃ ੧) ੨. ਨਾਮ. "ਨਾਉ ਸੁਣਿ ਮਨੁ ਰਹਸੀਐ." (ਵਾਰ ਆਸਾ) ੩. ਸਨਾਨ. ਦੇਖੋ, ਨ੍ਹਾਉਣਾ. "ਅੰਤਰਿਗਤਿ ਤੀਰਥਿ ਮਲਿ ਨਾਉ." (ਜਪੁ) ੪. ਨਯਾਯ. ਇਨਸਾਫ. "ਨਾਉ ਕਰਤਾ ਕਾਦਰ ਕਰੈ." (ਵਾਰ ਰਾਮ ੩)

ਨਾਉਧਰੀਕ: ਨਾਮ ਨੂੰ, ਗੁਰੂਦ੍ਵਾਰਾ. ਧਾਰਨ ਵਾਲਾ. ਗੁਰਮੰਤ੍ਰ ਦਾ ਅਭ੍ਯਾਸੀ. "ਨਾਉਧਰੀਕ ਸਿੱਖ ਹੋਏ, ਗੁਰੂ ਗੁਰੂ ਲਗੇ ਜਪਣ." (ਜਸਾ) ੨. ਦੇਖੋ, ਨਾਮਧਰੀਕ.

ਨਾਊ: ਸੰਗਯਾ- ਨਾਈ. ਨਾਪਿਤ। ੨. ਨਾਉਂ. ਨਾਮ। ੩. ਗੁਰੂ ਅਰਜਨਦੇਵ ਦਾ ਇੱਕ ਸਿੱਖ, ਜੋ ਸੇਖੜ ਗੋਤ੍ਰ ਦਾ ਹੋਣ ਕਰਕੇ ਨਾਊ ਸੇਖੜ ਪ੍ਰਸਿੱਧ ਹੈ.

ਨਾਊ ਸੇਖੜ: ਦੇਖੋ, ਨਾਊ ੩.

ਨਾਓ: ਸੰਗਯਾ- ਨਾਮ. "ਜਿਨਿ ਦਿਤੜਾ ਨਾਓ." (ਤਿਲੰ ਮਃ ੪) ੨. ਨੌਕਾ. ਨਾਵ.

ਨਾਇ: ਨਾਮ. ਨਾਮ ਵਿੱਚ. "ਨਾਇ ਰਤੇ ਸੇ ਜਿਣਿਗਏ." (ਵਾਰ ਆਸਾ) ੨. ਨ੍ਹਾਕੇ. ਸਨਾਨ ਕਰਕੇ. "ਵਿਣੁ ਭਾਣੇ ਕੇ ਨਾਇ ਕਰੀ." (ਜਪੁ) ੩. ਨ੍ਹਾਤੇ ਤੋਂ ਸਨਾਨ ਕਰਨ ਪੁਰ. "ਨਾਇ ਨਿਵਾਜਾ ਨਾਤੈ ਪੂਜਾ." (ਵਾਰ ਮਾਝ ਮਃ ੧) ੪. ਫ਼ਾ. نائے ਨਾਯ. ਬੰਸਰੀ. "ਨਾਇ ਨਫੀਰੀ ਜਾਤ ਨ ਗਨੀ." (ਚੰਡੀ ੨) ੫. ਅ਼. نوع ਨੌਅ਼. ਪਯਾਸ. ਭਾਵ- ਹ਼ਿਰਸ. ਤ੍ਰਿਸ਼ਨਾ ਅਗਨਿ. "ਬੁਝੈ ਬਲੰਤੀ ਨਾਇ." (ਸ. ਕਬੀਰ) ੬. ਸੰ. ਨਾਯ. ਨੀਤਿ. "ਸਭ ਸੈਨ ਜੁਰੇ ਮੁਹਿ ਨਾਇ ਬਧੈਹੈ." (ਕ੍ਰਿਸਨਾਵ) ਸਭ ਦੇ ਸੰਮੁਖ ਵਧ ਕਰਨਾ ਨੀਤਿ ਹੈ.

ਨਾਂਇ: ਨਾਮ.

ਨਾਇਓ: ਨਾਮ. "ਸੁਨਤ ਤੁਹਾਰੋ ਨਾਇਓ." (ਸਾਰ ਮਃ ੫) ੨. ਨਾਮ ਦਾ। ੩. ਨਿਮਾਇਆ. ਨਿਵਾਇਆ. ਝੁਕਾਇਆ. ਨੰਮ੍ਰ ਕੀਤਾ.

ਨਾਇਐ: ਕ੍ਰਿ. ਵਿ- ਨ੍ਹਾਕੇ. ਨਹਾਕੇ. ਸਨਾਨ ਕਰਕੇ। ੨. ਨਾਉਣ ਤੋਂ. ਨਹਾਨੇ ਸੇ. "ਕਸਮਲ ਜਾਹਿ ਨਾਇਐ ਰਾਮਦਾਸ ਸਰ." (ਫੁਨਹੇ ਮਃ ੫) ੩. ਨਾਮ ਦ੍ਵਾਰਾ.

ਨਾਇਕ: ਸੰ. ਨਾਯਕ. ਸੰਗਯਾ- ਆਪਣੇ ਪਿੱਛੇ ਹੋਰਨਾਂ ਨੂੰ ਲਾਉਣ ਵਾਲਾ. ਨੇਤਾ. ਆਗੂ। ੨. ਸ੍ਵਾਮੀ. ਮਾਲਿਕ। ੩. ਵਣਜਾਰਿਆਂ ਦਾ ਸਰਦਾਰ ਸਾਰੇ ਵਣਜਾਰਿਆਂ ਨੂੰ ਆਪਣੇ ਪਿੱਛੇ ਤੋਰਨ ਵਾਲਾ. ਦੇਖੋ, ਲਬਾਣਾ ਅਤੇ ਨਾਇਕੁ ੨। ੪. ਕਾਵ੍ਯ ਅਨੁਸਾਰ ਸ਼੍ਰਿੰਗਾਰਰਸ ਦਾ ਆਧਾਰ ਰੂਪ ਯੁਵਾ ਪੁਰੁਸ਼, ਯਥਾ-

"ਸੁੰਦਰ ਗੁਣਮੰਦਿਰ ਯੁਵਾ ਯੁਵਤਿ ਵਿਲੋਕੈਂ ਜਾਂਹਿ।

ਕਵਿਤਾ ਰਾਗ ਰਸਗਯ ਜੋ ਨਾਯਕ ਕਹਿਯੇ ਤਾਂਹਿ."

(ਜਗਦਵਿਨੋਦ) "ਅਭਿਮਾਨੀ ਤਜਾਗੀ ਤਰੁਣ ਕੋਕਕਲਾਨ ਪ੍ਰਬੀਨ। ਭਬਜ ਕ੍ਸ਼ਮੀ ਸੁੰਦਰ ਧਨੀ ਸੁਚਿ ਰੁਚਿ ਸਦਾ ਕੁਲੀਨ." (ਰਸਿਕਪ੍ਰਿਯਾ)[679]

੫. ਕਿਸੇ ਕਾਵਜਚਰਿਤ੍ਰ ਅਥਵਾ ਨਾਟਕ ਦਾ ਪ੍ਰਧਾਨ ਪੁਰੁਸ਼. Hero ਜੈਸੇ ਰਾਮਾਇਣ ਦੇ ਨਾਇਕ ਸ਼੍ਰੀ ਰਾਮ.

ਨਾਇਕਾ, ਨਾਇਕਿ: ਸੰ. ਨਾਯਿਕਾ. ਸੰਗਜਾ- ਹੋਰਨਾਂ ਨੂੰ ਪਿੱਛੇ ਲਾਉਣ ਵਾਲੀ. ਜੋ ਅੱਗੇ ਹੋਕੇ ਚੱਲੇ। ੨. ਸ੍ਵਾਮਿਨੀ "ਘਰ ਕੀ ਨਾਇਕਿ ਘਰ ਵਾਸੁ ਨ ਦੇਵੈ." (ਆਸਾ ਮਃ ੫) "ਘਰੁ ਮੇਰਾ ਇਹ ਨਾਇਕਿ ਹਮਾਰੀ." (ਆਸਾ ਮਃ ੫) ੩. ਕਾਵਜ ਅਨੁਸਾਰ ਨਾਯਿਕਾ "ਉਪਜਤ ਜਾਂਹਿ ਵਿਲਕਕੈ ਚਿੱਤ ਬੀਚ ਰਸਭਾਵ। ਤਾਂਹਿ ਬਖਾਨਤ ਨਾਯਿਕਾ ਜੇ ਪ੍ਰਬੀਨ ਕਵਿਰਾਵ." (ਰਸਰਾਜ)[680] ੪. ਜੋ ਕਿਸੇ ਕਾਵਜਚਰਿਤ ਦੀ ਆਧਾਰ ਹੋਵੇ. Heroine. ਜੈਸੇ- ਸ੍ਵਯੰਵਰ ਕਥਾ ਦੀ ਨਾਯਿਕਾ ਜਾਨਕੀ. ਚੰਡੀਚਰਿਤ੍ਰ ਦੀ ਨਾਯਿਕਾ ਦੁਰਗਾ। ੫. ਦੁਰਗਾ. ਦੇਵੀ. ਸੰਸਕ੍ਰਿਤ ਗ੍ਰੰਥਾਂ ਵਿੱਚ ਅੱਠ ਨਾਇਕਾ ਲਿਖੀਆ ਹਨ:-

ਉਗ੍ਰਚੰਡਾ, ਪ੍ਰਚੰਡਾ, ਚੰਡੋਗ੍ਰਾ, ਚੰਡਨਾਯਿਕਾ, ਅਤਿਚੰਡਾ, ਚਾਮੁੰਡਾ, ਚੰਡਾ ਅਤੇ ਚੰਡਵਤੀ. ਦੇਖੋ, ਬ੍ਰਹ੍ਮਵੈਵਰਤ, ਪ੍ਰਕ੍ਰਿਤਿ ਖੰਡ, ਅਃ ੬੧.

ਕਾਵਜਗ੍ਰੰਥਾਂ ਵਿੱਚ ਇਹ ਅਸ਼੍ਟਨਾਯਿਕਾ ਹਨ:-

ਸ੍ਵਾਧੀਨਪਤਿਕਾ, ਉਤਕਲਾ, ਵਾਸਕਸੱਜਾ, ਅਭਿਸੰਧਿਤਾ, ਕਲਹਾਂਤਰਿਤਾ, ਖੰਡਿਤਾ, ਪ੍ਰੋਸ਼ਿਤਪ੍ਰੇਯਸੀ ਅਤੇ ਵਿਪ੍ਰਲਬਧਾ। ੬. ਸੰਬੋਧਨ. ਹੇ ਨਾਯਕ! "ਸਗਲ ਭਵਨ ਕੇ ਨਾਇਕਾ." (ਗਉ ਰਵਿਦਾਸ)

ਨਾਇਕੁ: ਦੇਖੋ, ਨਾਇਕ ੧. "ਤੂ ਨਾਇਕੁ ਸਗਲ ਭਉਣ." (ਵਾਰ ਮਾਰੂ ੨. ਮਃ ੫) ੨. ਦੇਖੋ, ਨਾਇਕ ੩. "ਨਾਇਕੁ ਏਕ ਬਨਜਾਰੇ ਪਾਂਚ." (ਬਸੰ ਕਬੀਰ) ਮਨ ਨਾਇਕ, ਪੰਜ ਵਿਕਾਰ ਵਣਜਾਰੇ.

ਨਾਇਣ, ਨਾਇਣੁ: ਕ੍ਰਿ- ਸਨਾਨ ਕਰਨਾ. ਨ੍ਹਾਉਣਾ. ਨਹਾਨਾ. "ਗਿਆਨ ਸਰਿ ਨਾਇਣ" (ਭੈਰ ਮਃ ੪) ੨. ਦੇਖੋ, ਨਾਇਨ ੨.

---

[679] ਕਾਵਜਗ੍ਰੰਥਾਂ ਵਿੱਚ ਨਾਇਕ ਦੇ ਤਿੰਨ ਭੇਦ ਹਨ:-
੧ ਪਤਿ, (ਧਰਮ ਅਨੁਸਾਰ ਇਸਤ੍ਰੀ ਵਿਆਹੁਣ ਵਾਲਾ).
੨ ਉਪਪਤਿ, (ਦੂਸਰੇ ਦੀ ਵਿਆਹੀ ਇਸਤ੍ਰੀ ਨਾਲ ਪ੍ਰੇਮ ਕਰਨ ਵਾਲਾ ਜਾਰ).
੩ ਵੈਸ਼ਿਕ, (ਵੈਸ਼੍ਯਾ-ਗਣਿਕਾ ਦਾ ਪ੍ਰੇਮ)
ਅੱਗੇ ਪਤਿ ਦੇ ਪੰਜ ਭੇਦ (ਅਨੁਕੂਲ-ਦਕ੍ਸ਼ਿਣ-ਧ੍ਰਿਸ਼੍ਟ-ਸ਼ਠ ਅਤੇ ਅਨਭਿਗਜ) ਦਿੱਤੇ ਹਨ ਅਰ ਉਪਪਤਿ ਦੇ ਦੋ ਭੇਦ (ਵਚਨ ਚਤੁਰ ਅਤੇ ਕ੍ਰਿਪਾ ਚਤੁਰ) ਲਿਖੇ ਹਨ.

[680] ਜਾਤਿ ਅਨੁਸਾਰ ਨਾਯਿਕਾ ਦੇ ਚਾਰ ਭੇਦ ਹਨ:-ਪਦਮਿਨੀ, ਚਿਤ੍ਰਿਨੀ, ਸ਼ੰਖਿਨੀ ਅਤੇ ਹਸ੍ਤਿਨੀ,
ਪ੍ਰਕ੍ਰਿਤਿ (ਸ੍ਵਭਾਵ) ਅਨੁਸਾਰ ਨਾਯਿਕਾ ਤਿੰਨ ਪ੍ਰਕਾਰ ਦੀ ਹੈ. ਅਰਥਾਤ-ਉੱਤਮਾ, ਮਧਜਮਾ ਅਤੇ ਅਧਮਾ.
ਜਿਵੇਂ ਕਾਵਜ ਵਿੱਚ ਨਾਯਿਕ ਦੇ ਤਿੰਨ ਭੇਦ ਲਿਖੇ ਹਨ, ਤਿਵੇਂ ਉਨ੍ਹਾਂ ਦੇ ਮੁਕ਼ਾਬਲੇ ਅਵਸਥਾ (ਹਾਲਤ-ਦਸ਼ਾ) ਅਨੁਸਾਰ ਨਾਯਿਕਾ ਦੇ ਭੀ ਤਿੰਨ ਭੇਦ ਕਵੀਆਂ ਨੇ ਇਹ ਮੰਨੇ ਹਨ-
੧ ਸ੍ਵਕੀਯਾ, (ਜੋ ਧਰਮ ਅਨੁਸਾਰ ਵਿਯਾਹੀ ਗਈ ਹੈ. ਇਸ ਦਾ ਨਾਯਿਕ 'ਪਤਿ' ਹੈ)
੨ ਪਰਕੀਯਾ, (ਪਰਾਈ ਇਸਤ੍ਰੀ, ਜਿਸ ਦਾ ਵਿਆਹ ਕਿਸੇ ਹੋਰ ਨਾਲ ਹੋਇਆ ਹੈ, ਪਰ ਹੋਰ ਨਾਲ ਪ੍ਰੇਮ ਰਖਦੀ ਹੈ, ਇਸ ਦਾ ਨਾਯਿਕ 'ਉਪਪਤਿ' ਹੈ).
੩ ਸਾਮਨਜਾ ਅਥਵਾ ਗਣਿਕਾ. (ਜੋ ਧਨ ਲੈਕੇ ਅਨੇਕ ਪੁਰਖਾਂ ਨਾਲ ਕੁਕਰਮ ਕਮਾਉਂਦੀ ਹੈ. ਇਸ ਦਾ ਨਾਯਿਕ 'ਵੈਸ਼ਿਕ' ਹੈ)
ਸ੍ਵਕੀਯਾ ਦੇ ਮੁਗਧਾ, ਮਧਜਾ ਅਤੇ ਪ੍ਰੌਢਾ ਆਦਿ ਭੇਦ, ਪਰਕਿਯਾ ਦੇ ਊਢਾ, ਅਨੂਢਾ, ਗੁਪਤਾ, ਵਿਦਗਧਾ, ਲਕ੍ਸ਼ਿਤਾ, ਕੁਲਟਾ, ਅਨੁਸ਼ਯਾਨਾ ਅਤੇ ਮੁਦਿਤਾ ਆਦਿ ਬਹੁਤ ਭੇਦ ਕਲਪੇ ਹਨ.
ਰਸਲੀਨ ਕਵਿ ਨੇ ਰਸ ਪ੍ਰਬੋਧ ਗ੍ਰੰਥ ਵਿੱਚ ੧੩੫੨, ਚਿਰਜੀਵੀ ਕਵਿ ਨੇ ਲਕ੍ਸ਼ਮੀਵਿਨੋਦ ਵਿੱਚ ੩੨੪੦, ਸਰਦਾਰ ਕਵਿ ਨੇ ਰਸਿਕਪ੍ਰਿਯਾ ਦੇ ਟੀਕੇ ਵਿੱਚ ੯੨੨੨ ਭੇਦ ਨਾਯਿਕਾ ਦੇ ਦਿੱਤੇ ਹਨ. ਕਾਵਜ ਦੇ ਪੰਡਿਤ ਬਾਬੂ ਜਗੰਨਾਥਪ੍ਰਸਾਦ (ਭਾਨੁ ਕਵਿ) ਨੇ ੪੭੯੮ ਭੇਦ ਮੰਨੇ ਹਨ.
ਅਸਲ ਵਿੱਚ ਇਹ ਸਾਰੇ ਭੇਦ ਕੇਵਲ ਕਵੀਆਂ ਦੀ ਲੀਲਾ ਹੈ. ਜੇ ਵਿਚਾਰ ਨਾਲ ਵੇਖੀਏ ਤਾਂ-ਪਦਮਿਨੀ, ਚਿਤ੍ਰਿਨੀ, ਸ਼ੰਖਿਨੀ, ਹ਼ਸ੍ਤਿਨੀ, ਉੱਤਮਾ, ਮਧਜਮਾ, ਅਧਮਾ, ਸ੍ਵਕੀਯਾ, ਪਰਕੀਯਾ ਅਤੇ ਸਾਮਾਨਜਾ, ਇਹ ਨੌ ਹੀ ਭੇਦ ਨਾਯਿਕਾ ਦੇ ਹਨ.

ਨਾਇਨ: ਦੇਖੋ, ਨਾਇਣੁ। ੨. ਨਾਈ ਦੀ ਇਸਤ੍ਰੀ. ਨਾਪਿਤੀ.

ਨਾਇਰਸੀਅੜਾ: ਨਾਮਰਸੀਆ. ਨਾਮ ਦਾ ਰਸ ਲੈਣ ਵਾਲਾ. ਦੇਖੋ, ਰਸੀਅੜਾ.

ਨਾਈ: ਸੰਗਜਾ- ਨਾਪਿਤ, ਨਹੁੰ ਲਾਹੁਣ ਅਤੇ ਭਾਂਡੇ ਮਾਂਜਣ ਆਦਿ ਸੇਵਾ ਕਰਨ ਵਾਲਾ. "ਨਾਈ ਉਧਰਿਆ ਸੈਨ ਸੈਵ." (ਬੰਸ ਅਃ ਮਃ ੫) ੨. ਵਿ- ਨਾਮ. "ਵਾਹੁ ਵਾਹੁ ਸਚੇ ਪਾਤਿਸ਼ਾਹ, ਤੂ ਸਚੀ ਨਾਈ." (ਵਾਰ ਰਾਮ ੧. ਮਃ ੩) ੩. ਨਾਮ ਕਰਕੇ. ਨਾਮ ਸੇ. ਨਾਮ ਦ੍ਵਾਰਾ. "ਤੀਰਥ ਅਠਸਠਿ ਮਜਨ ਨਾਈ." (ਮਲਾ ਮਃ ੪) ੪. ਨਾਮੋਂ ਮੇ. ਨਾਮ ਵਿੱਚ "ਜੂਠਿ ਨ ਅੰਨੀ ਜੂਠਿ ਨ ਨਾਈ." (ਵਾਰ ਸਾਰ ਮਃ ੧) ਨਾਮਾਂ ਦੀ ਅਪਵਿਤ੍ਰਤਾ ਹਿੰਦੂ ਧਰਮਸ਼ਾਸਤ੍ਰ ਵਿੱਚ ਮੰਨੀ ਹੈ. ਦੇਖੋ, ਮਨੁ ਅਃ ੩. ਸ਼: ੯। ੫. ਨਿਵਾਕੇ. ਝੁਕਾਕੇ. "ਤੁਰਕ ਮੂਏ ਸਿਰੁ ਨਾਈ." (ਸੋਰ ਕਬੀਰ) ੬. ਅ਼. ناعی ਨਾਈ਼. ਮੌਤ ਦਾ ਸੁਨੇਹਾ ਪੁਚਾਣ ਵਾਲਾ.

ਨਾਈਐ: ਨਹਾਈਐ. ਸਨਾਨ ਕਰੀਐ। ੨. ਨਾਮ ਹੈ. "ਟੇਕ ਤੇਰੋ ਇਕੁ ਨਾਈਐ." (ਬਿਲਾ ਮਃ ੫)

ਨਾਏ: ਨਹਾਏ. ਨ੍ਹਾਤੇ. "ਸਤਸੰਗਤਿ ਪਗ ਨਾਏ ਧੂਰਿ." (ਸਾਰ ਮਃ ੪) ਸਾਧੁਸੰਗਤਿ ਦੀ ਪਗਧੂਰਿ ਨ੍ਹਾਏ। ੨. ਨਾਮ ਸੋ. ਨਾਮ ਕਰਕੇ. "ਸਭ ਸੁਖ ਹਰਿ ਕੈ ਨਾਏ." (ਗਉ ਮਃ ੫) ੩. ਨੌਕੇ. ਨਾਏਂ. "ਨੌ ਨਾਏ ਏਕਾਸੀਹ." (ਭਾਗੁ) ੪. ਨਵਾਏ. ਝੁਕਾਏ.

ਨਾਸ: ਸੰ. नास्. ਧਾ- ਖਰਰਾਟਾ ਮਾਰਨਾ. ਸ੍ਵਾਸ (ਸਾਹ) ਨਾਲ ਖਰ ਖਰ ਸ਼ਬਦ ਕਰਨਾ। ੨. ਸੰਗਜਾ- ਨਾਸਾ. ਨੱਕ। ੩. ਸੰ. ਨਾਸ਼. ਵਿਨਾਸ਼. ਤਬਾਹੀ। ੪. ਜਦ ਨਾਸ਼ ਸ਼ਬਦ ਯੌਗਿਕ ਹੋਕੇ ਅੰਤ ਆਉਂਦਾ ਹੈ, ਤਦ ਨਾਸ਼ਕ ਅਰਥ ਦਿੰਦਾ ਹੈ, ਜਿਵੇਂ- "ਭੈ ਭੰਜਨ ਅਘ ਦੂਖਨਾਸ." (ਬਾਵਨ) "ਹੇ ਪਾਰਬ੍ਰਹਮ ਅਬਿਨਾਸੀ ਅਘਨਾਸ." (ਬਾਵਨ) ੫. ਅ਼. ناس ਆਦਮੀ. ਮਨੁੱਖ। ੬. ਫ਼ਰਿਸ਼ਤਾ। ੭. ਫ਼ਾ. ਨਾਸ਼. ਕੀਰਣੇ. ਵਿਲਾਪ.

ਨਾਸਕ: ਸੰ. ਵਿ- ਨਾਸ਼ਕ. ਬਰਬਾਦ ਕਰਨ ਵਾਲਾ। ੨. ਦੇਖੋ, ਨਾਸਿਕ.

ਨਾਸਕਾ: ਦੇਖੋ, ਨਾਸਿਕਾ.

ਨਾਸ਼ਤਾ: ਫ਼ਾ. ناشتا ਅਥਵਾ ناشتہ ਸੰਗਜਾ- ਖ਼ਾਲੀ ਪੇਟ। ੨. ਭਾਵ- ਸਵੇਰ ਵੇਲੇ ਦਾ ਅਲਪ ਅਹਾਰ. ਨਿਰਨੇ ਕਾਲਜੇ ਕੀਤਾ ਥੋੜਾ ਭੋਜਨ.

ਨਾਸਤਿ: ਸੰ. ਨਾਸ੍ਤਿ. ਨ- ਅਸ੍ਤਿ. ਨਹੀਂ ਹੈ. "ਦੁਤੀਆ ਨਾਸਤਿ, ਇਕੁ ਰਹਿਆ ਸਮਾਇ." (ਭੈਰ ਮਃ ੫) ੨. ਨਾ- ਹੋਂਦ. ਨ- ਅਸ੍ਤਿਤ੍ਵ. "ਆਸਤਿ ਨਾਸਤਿ ਏਕੋ ਨਾਉ." (ਵਾਰ ਰਾਮ ੧. ਮਃ ੧) ੩. ਨਾਸਤਿਕ ਦਾ ਸੰਖੇਪ.

ਨਾਸਤਿਕ: ਦੇਖੋ, ਨਾਸ੍ਤਿਕ.

ਨਾਸਨ: ਸੰ. ਨਾਸ਼ਨ. ਸੰਗਜਾ- ਨਸ਼੍ਟ ਕਰਨ ਦੀ ਕ੍ਰਿਯਾ. "ਨਾਸਨ ਭਾਜਨ ਥਾਕੇ." (ਧਨਾ ਮਃ ੫) ੨. ਦੇਖੋ, ਨਸਣਾ.

ਨਾਸਨੀ: ਸੰਗਜਾ- ਨਾਸ਼ ਕਰਨ ਵਾਲੀ, ਜ਼ਹਰ. ਵਿਸ਼. (ਸਨਾਮਾ)

ਨਾਸ਼ਪਾਤੀ: ਤੁ. ناشپاتی ਸੰਗਜਾ- ਨਾਖ. ਅੰ. L. Pyrus Communis. "ਨਾਸ਼ਪਾਤੀ ਖਾਤੀ ਤੇਬ ਨਾਸਪਾਤੀ ਖਾਤੀ ਹੈਂ." (ਭੂਸ਼ਣ)

ਨਾਸਪਾਲ: ਫ਼ਾ. ناسپال ਸੰਗਜਾ- ਅਨਾਰ ਦਾ ਛਿਲਕਾ. ਇਸ ਦੀ ਤਾਸੀਰ ਸਰਦ ਖ਼ੁਸ਼ਕ[681] ਅਤੇ ਕ਼ਾਬਿਜ ਹੈ. ਦੰਦਾਂ ਦੇ ਮਸੂੜਿਆਂ ਨੂੰ ਪੱਕਿਆਂ ਕਰਦਾ ਹੈ. ਸੋਜ ਹਟਾਉਂਦਾ ਹੈ. ਇਸ ਦੇ ਪਾਣੀ ਨਾਲ ਬਵਾਸੀਰ ਦੇ ਮੱਸੇ ਧੋਣ ਤੋਂ ਆਰਾਮ ਹੁੰਦਾ ਹੈ

ਨਾਸਵਾਨ, ਨਾਸਵੰਤ: ਵਿ- ਨਾਸ਼ ਹੋਣ ਵਾਲਾ. ਅਨਿਤ੍ਯ.

---

[681] ਯੂਨਾਨੀ ਮਿੱਠੇ ਅਨਾਰ ਦਾ ਛਿੱਲ ਸਰਦ ਤਰ, ਅਤੇ ਖੱਟੇ ਦਾ ਸਰਦ ਖ਼ੁਸ਼ਕ ਮੰਨਦੇ ਹਨ.

ਨਾਸਾ: ਸੰ. ਸੰਗਯਾ- ਨਾਸਿਕਾ. ਨੱਕ। ੨. ਨੱਕ ਦਾ ਛਿਦ੍ਰ (ਛੇਕ)

ਨਾਸਾਗ੍ਰ: ਸੰਗਯਾ- ਨੱਕ ਦੀ ਨੋਕ. ਨੱਕ ਦੀ ਕੂਮਲ.

ਨਾਸਾਬੂਰੁ: ਫ਼ਾ. ناصبُور ਨਾਸਬੂਰ. ਵਿ- ਜੋ ਸਾਬਿਰ ਨਹੀਂ. ਜਿਸ ਨੂੰ ਸਬਰ (ਸੰਤੋਖ) ਨਹੀਂ. ਬੇਸਬਰਾ "ਨਾਸਾਬੂਰੁ ਹੋਵੈ ਫਿਰਿ ਮੰਗੈ." (ਬੰਸ ਅਃ ਮਃ ੧)

ਨਾਸਿਹ: ਅ਼. ناصِح ਨਾਸਿਹ਼. ਵਿ- ਨਸੀਹਤ ਕਰਨ ਵਾਲਾ. ਦੇਖੋ, ਨਸਹ.

ਨਾਸਿਕ: ਸੰ. ਨਾਸਿਕਯ. ਵਿ- ਨੱਕ ਨਾਲ ਹੈ ਜਿਸ ਦਾ ਸੰਬੰਧ. ਨੱਕ ਵਿੱਚੋਂ ਉਤਪੰਨ ਹੋਇਆ। ੨. ਸੰਗਯਾ- ਅਸ਼੍ਵਿਨੀਕੁਮਾਰ ਦੇਵਤਾ, ਜੋ ਘੋੜੀ ਦੇ ਨੱਕ ਵਿੱਚੋਂ ਜੰਮੇ ਹਨ। ੩. ਦੱਖਣ ਦਾ ਇੱਕ ਦੇਸ਼। ੪. ਨਾਸਿਕ ਦੇਸ਼ ਵਿੱਚ ਬੰਬਈ ਦੇ ਹਾਤੇ ਇੱਕ ਨਗਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਹੈ. ਇਹ ਬੰਬਈ ਤੋਂ ੧੦੭ ਮੀਲ ਹੈ. ਇਸ ਪਾਸੋਂ ਗੋਦਾਵਰੀ ਨਦੀ ਨਿਕਲਦੀ ਹੈ. ਨਾਸਿਕ ਵਿੱਚ ਸ਼ਿਵ ਦਾ ਪ੍ਰਸਿੱਧ ਮੰਦਿਰ ਹੈ, ਜਿੱਥੇ ਕੁੰਭਮੇਲਾ ਵਡੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ. ਲਛਮਣ ਨੇ ਜਿਸ ਪੰਚਵਟੀ ਵਿੱਚ ਸੂਪਨਖਾ ਦਾ ਨੱਕ ਵੱਡਿਆ ਸੀ, ਉਹ ਨਾਸਿਕ ਦੇ ਨਾਲ ਹੀ ਗੋਦਾਵਰੀ ਦੇ ਖੱਬੇ ਪਾਸੇ ਹੈ.

ਨਾਸਿਕਾ: ਸੰ. ਸੰਗਯਾ- ਨੱਕ. ਨਾਕ.

ਨਾਸਿਕਯ: ਦੇਖੋ, ਨਾਸਿਕ.

ਨਾਸਿਯ: ਵਿ- ਨਾਸ਼ਕ. ਵਿਨਾਸ਼ ਕਰਤਾ. "ਸਰਬ ਨਾਸਿਯ ਹੈ." (ਜਾਪੁ) ੨. ਦੇਖੋ, ਨਾਸਯ.

ਨਾਸਿਰ: ਅ਼. ناصِر ਨਾਸਿਰ. ਸਹਾਇਕ.

ਨਾਸਿਰ ਅਲੀ: ਇਹ ਜਲੰਧਰ ਦਾ ਜਾਲਿਮ ਫੌਜਦਾਰ ਸੀ. ਇਸ ਨੇ ਸੰਮਤ ੧੮੧੪ ਵਿੱਚ ਕਰਾਤਰਪੁਰ ਦਾ ਥੰਮ੍ਹਸਾਹਿਬ ਸਾੜਿਆ ਅਤੇ ਸ਼ਹਿਰ ਨੂੰ ਅੱਗ ਲਾਈ.[682]

ਨਾਸਿਰੁੱਦੀਨ: ناصِرالدِین ਨਾਸਿਰੁੱਦੀਨ. ਵਿ- ਧਰਮ ਦਾ ਸਹਾਇਕ। ੨. ਸੰਗਯਾ- ਗੁਲਾਮ ਵੰਸ਼ੀ ਦਿੱਲੀ ਦਾ ਬਾਦਸ਼ਾਹ ਨਾਸਿਰੁੱਦੀਨ ਮਹਮੂਦ, ਜਿਸ ਨੇ ਸਨ ੧੨੪੬ ਤੋਂ ੧੨੬੬ ਤਕ ਰਾਜ ਕੀਤਾ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰਃ ੮। ੩. ਤੁਗ਼ਲਕ਼ ਵੰਸ਼ੀ ਦਿੱਲੀ ਦਾ ਬਾਦਸ਼ਾਹ, ਜੋ ਸਨ ੧੩੯੦ ਵਿੱਚ ਗੱਦੀ ਤੇ ਬੈਠਾ, ਅਤੇ ੯੪ ਤਕ ਰਾਜ ਕੀਤਾ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰ: ੧੯। ੪. ਨਾਸਿਰ ਅਲੀ ਨੂੰ ਭੀ ਕਈ ਥਾਈਂ ਨਾਸਿਰੁੱਦੀਨ ਲਿਖਿਆ ਹੈ. ਦੇਖੋ, ਨਾਸਿਰ ਅਲੀ.

ਨਾਸੀ: ਸੰ. नाशिन्. ਵਿ- ਨਾਸ਼ ਹੋਣ ਵਾਲਾ। ੨. ਨਠੀ. ਭੱਜੀ. ਦੇਖੋ, ਨਸਣਾ.

ਨਾਸੂਰ: ਅ਼. ناسُور ਅਥਵਾ ناصُور ਨਾਸੂਰ. ਸੰਗਯਾ- ਉਹ ਜ਼ਖ਼ਮ, ਜਿਸ ਵਿੱਚੋਂ ਸਦਾ ਪੀਪ ਵਹਿੰਦੀ ਰਹੇ. ਨਾੜੀਦ੍ਰਵ.

ਨਾਸ੍ਤਿ: ਸੰ. ਨ- ਅਸ੍ਤਿ. ਨਹੀਂ ਹੈ. "ਦਇਆ ਸੁਚਿ ਨਾਸ੍ਤਿ." (ਸਵੈਯੇ ਸ੍ਰੀ ਮੁਖਵਾਕ ਮਃ ੫)

ਨਾਸ੍ਤਿਕ: ਸੰ. ਸੰਗਯਾ- ਈਸ਼੍ਵਰ ਹੈ ਨਹੀਂ, ਇਹ ਮੰਨਣ ਵਾਲਾ. ਜੋ ਪਰਲੋਕ ਅਤੇ ਪਰਮੇਸ਼੍ਵਰ ਨੂੰ ਨਹੀਂ ਮੰਨਦਾ

ਨਾਸ੍ਤਿਕਤਾ: ਸੰਗਯਾ- ਨਾਸ੍ਤਿਕਪੁਣਾ (atheism).

ਨਾਸਯ: ਸੰ. ਵਿ- ਨਾਸਾ (ਨੱਕ) ਨਾਲ ਹੈ ਜਿਸ ਦਾ ਸੰਬੰਧ। ੨. ਨੱਕ ਵਿੱਚੋਂ ਉਤਪੰਨ (ਪੈਦਾ ਹੋਇਆ) ੩. ਸੰਗਯਾ- ਨੱਕ ਵਿੱਚ

---

[682] ਕਰਤਾਰਪੁਰ ਜੋ ਪ੍ਰਾਚੀਨ ਗੁਰੂ ਗ੍ਰੰਥਸਾਹਿਬ ਜੀ ਦੀ ਪੰਥ ਹੈ, ਉਸ ਦੇ ਆਦਿ ਅੰਤ ਲੱਗੇ ਹੋਰੇ ਪਤ੍ਰਿਆਂ ਤੇ ਕਈ ਪ੍ਰਸੰਗ ਸਮੇਂ ਸਮੇਂ ਸਿਰ ਲਿਖੇ ਗਏ ਹਨ, ਉਨ੍ਹਾਂ ਵਿੱਚੋਂ ਇੱਕ ਇਹ ਭੀ ਨੋਟ -"ਕਰਤਾਰਪੁਰ ਅੱਗ ਲੱਗੀ ਸੰਮਤ ੧੮੧੪."

ਪਾਈ ਹੋਈ ਰੱਸੀ. ਨੱਥ. ਨਕੇਲ। ੪. ਸੰ. ਨਾਸ਼ਜ. ਵਿ- ਨਾਸ਼ (ਬਰਬਾਦੀ) ਲਾਇਕ੍.

ਨਾਹ: ਸੰਗਯਾ- ਨਾਥ. ਸ੍ਵਾਮੀ. ਪਤਿ. (ਦੇਖੋ, ਨਹਨ). "ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ." (ਸੂਹੀ ਰਵਿਦਾਸ) ੨. ਵ੍ਯ- ਨਹੀਂ ਨਾ. "ਤਿਨ ਕੋ ਜਮ ਡਰ ਨਾਹ." (ਗੁਪ੍ਰਸੂ) ੩. ਸੰਗਯਾ- ਇਨਕਾਰ. ਨਨਕਾਰ. ਨਾਂਹ. "ਕਰੋ ਨਾਹ, ਕੈ ਅੰਗੀਕਾਰੋ." (ਸਲੋਹ)

ਨਾਂਹ: ਦੇਖੋ, ਨਾਹ ੩

ਨਾਹਕ: ਕ੍ਰਿ. ਵਿ- ਨਾ- ਹ਼ੱਕ. ਵ੍ਰਿਥਾ. ਬਿਨਾ ਪ੍ਰਯੋਜਨ. ਐਵੇਂ. "ਨਾਹਕ ਤੂ ਭਰਮੀ ਮਨ ਮੇ." (ਕ੍ਰਿਸਨਾਵ)

ਨਾਹਣ, ਨਾਹਨ: ਵ੍ਯ- ਨਹੀਂ. ਨਿਸ਼ੇਧ ਬੋਧਕ ਸ਼ਬਦ. "ਨਾਹਨ ਗਨ ਨਾਹਨਿ ਕਛ ਬਿਦਿਆ" (ਰਾਮ ਮਃ ੯) ੨. ਸੰਗਯਾ- ਪੰਜਾਬ ਦੀ ਇੱਕ ਪਹਾੜੀ ਰਿਆਸਤ, ਜੋ ਜਿਲੇ ਅੰਬਾਲੇ ਦੇ ਨਾਲ ਲਗਦੀ ਹੈ. ਇਸ ਨੂੰ ਸਰਮੌਰ ਭੀ ਆਖਦੇ ਹਨ. ਗੁਰੂ ਗੋਬਿੰਦ ਸਿੰਘ ਸਾਹਿਬ ਇੱਥੇ ਰਾਜਾ ਮੇਦਿਨੀਪ੍ਰਕਾਸ਼ ਦਾ ਪ੍ਰੇਮ ਵੇਖਕੇ ਕਈ ਦਿਨ ਪਾਂਵਟੇ ਤੋਂ ਆਕੇ ਵਿਰਾਜੇ ਹਨ. ਗੁਰਦ੍ਵਾਰਾ ਪਰੇਡ (parade) ਪਾਸ ਹੈ. ਰਿਆਸਤ ਵੱਲੋਂ ਧੂਪ ਦੀਪ ਲਈ ਪੰਦਰਾਂ ਰੁਪਯੇ ਸਾਲਾਨਾ ਮਿਲਦੇ ਹਨ. ਪੁਜਾਰੀ ਸਿੰਘ ਹੈ. ਰੇਲਵੇ ਸਟੇਸ਼ਨ ਬਰਾਰਾ ਤੋਂ ਨਾਹਨ ੩੭ ਮੀਲ ਉੱਤਰ ਹੈ. ਨਾਹਨ ਨਗਰ ਸਨ ੧੬੨੧ ਵਿੱਚ ਰਾਜਾ ਕਰਮਪ੍ਰਕਾਸ਼ ਨੇ ਵਸਾਇਆ ਹੈ. ਇਸ ਦੀ ਸਮੁੰਦਰ ਤੋਂ ਬਲੰਦੀ ੩੨੦੭ ਫੁਟ ਹੈ. ਦੇਖੋ, ਮੇਦਿਨੀਪ੍ਰਕਾਸ਼.

ਨਾਹਨਿ: ਦੇਖੋ, ਨਾਹਨ ੧.

ਨਾਹਰ: ਸੰਗਯਾ- (ਨ੍ਰਿ- ਹ੍ਰਿ) ਸ਼ੇਰ. ਸਿੰਘ। ੨. ਲਕੜਬਘਾ. ਵ੍ਯਾਘ੍ਰ. ਦੇਖੋ, ਸਿੰਘ। ੩. ਲੋਦੀ ਪਠਾਣਾਂ ਦੀ ਇੱਕ ਸ਼ਾਖ, ਜੋ ਵਿਸ਼ੇਸ਼ ਕਰਕੇ ਡੇਰਾ ਗ਼ਾਜ਼ੀਖ਼ਾਂ ਵਿੱਚ ਹੈ। ੪. ਨਾਹਰਖਾਂ ਦਾ ਸੰਖੇਪ. ਦੇਖੋ, ਨਾਹਰਖ਼ਾਨ.

ਨਾਹਰਸਿੰਘ: ਦਸ਼ਮੇਸ਼ ਦਾ ਸੈਨਾਨੀ, ਜੋ ਆਨੰਦਪੁਰ ਦੇ ਜੰਗ ਸਮੇਂ ਲੋਹਗੜ੍ਹ ਦੇ ਕਿਲੇ ਮਾਮੂਰ ਸੀ.

ਨਾਹਰਖ਼ਾਨ: ਨੁਸਰਤਖ਼ਾਨ ਅਤੇ ਵਲੀਮੁੰਹਮਦਖ਼ਾਨ ਦਾ ਭਾਈ ਮਲੇਰ ਦਾ ਪਠਾਣ, ਜੋ ਸਰਹਿੰਦ ਦੇ ਸੂਬੇ ਵਜ਼ੀਰਖ਼ਾਨ ਦੇ ਹੁਕਮ ਨਾਲ ਆਨੰਦਪੁਰ ਅਤੇ ਚਮਕੌਰ ਦੇ ਜੰਗਾਂ ਵਿੱਚ ਦਸ਼ਮੇਸ਼ ਨਾਲ ਲੜਿਆ. "ਚੁ ਦੀਦਮ ਕਿ ਨਾਹਰ ਬਯਾਮਦ ਬਜੰਗ." (ਜਫਰ)

ਨਾਹਰਨਖਾ: ਸੰਗਯਾ- ਸ਼ੇਰ ਦੇ ਨੌਹ ਜੇਹਾ ਹਥਿਆਰ. ਬਾਘਨਖਾ. ਇਹ ਕਮਰ ਵਿੱਚ ਪੇਟੀ ਨਾਲ ਰੱਖੀਦਾ ਹੈ. ਜਦ ਵੈਰੀ ਨਾਲ ਮੁਠਭੇੜ ਹੋਵੇ ਤਦ ਵਰਤੀਦਾ ਹੈ. ਦੇਖੋ, ਸਸਤ੍ਰ.

ਨਾਹਿ, ਨਾਂਹਿ: ਵ੍ਯ- ਨਹੀਂ. ਨਾ। ੨. ਸੰਗਯਾ- ਨਾਥ ਪਤਿ. "ਤਾਕੋ ਨਾਹਿ ਨਾਹਿ ਕਛੁ ਪਾਵੈ." (ਚਰਿਤ੍ਰ ੩੪) ੩. ਕ੍ਰਿ. ਵਿ- ਨ੍ਹਾਕੇ. ਸਨਾਨ ਕਰਕੇ. ਨ੍ਹਾਇ. "ਅਹਿਨਿਸਿ ਕਸਮਲ ਧੋਵਹਿ ਨਾਹਿ." (ਗਉ ਕਬੀਰ ਵਾਰ ੭)

ਨਾਹਿਤ: ਕ੍ਰਿ. ਵਿ- ਨਤਰੁ. ਨਹੀਂ ਤਾਂ. "ਨਾਹਿਤ ਪਾਹੀ ਪਾਹਿ." (ਵਾਰ ਮਾਝ ਮਃ ੧)

ਨਾਹਿਨ: ਦੇਖੋ, ਨਾਹਨ ੧. "ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ." (ਜੈਥ ਮਃ ੯)

ਨਾਹੀ: ਵ੍ਯ- ਨਾਂ. ਨਹੀਂ. "ਨਾਹੀ ਬਿਨ ਹਰਿਨਾਉ ਸਰਬਸਿਧਿ." (ਪ੍ਰਭਾ ਮਃ ੫) ੨. ਨ੍ਹਾਉਂਦਾ. ਸਨਾਨ ਕਰਦਾ. "ਬਾਹਰਿ ਕਾਹੇ ਨਾਹਿ?" (ਰਾਮ ਮਃ ੧) ੩. ਅ਼. ناہی ਵਰਜਣ ਵਾਲਾ. ਪ੍ਰਤਿਬੰਧਕ. "ਠਾਹੀ ਦੇਖਿ ਨ ਭਾਜੀਐ, ਪਰਮ ਸਿਆਨਪ ਏਹ." (ਗਉ ਬਾਵਨ ਕਬੀਰ) ਪ੍ਰਤਿਬੰਧਕਾਂ ਨੂੰ ਦੇਖਕੇ ਪਿੱਛੇ ਨਾ ਹਟੀਏ। ੪. ਡਿੰਗ. ਸੰਗਯਾ- ਨਾਭੀ. ਤੁੰਨ. ਧੁੰਨੀ.

ਨਾਹੁ: ਸੰਗਯਾ- ਨਾਥ. ਸ੍ਵਾਮੀ. "ਹਰਿ ਜੀਉ ਨਾਹੁ ਮਿਲਿਆ." (ਰਾਮ ਰੁਤੀ ਮਃ ੫)

ਨਾਕ: ਸੰ. ਸੰਗਯਾ- ਨ- ਅਕ. ਨਹੀਂ ਹੈ ਅਕ (ਦੁੱਖ) ਜਿਸ ਵਿੱਚ, ਸ੍ਵਰਗ। ੨. ਆਕਾਸ਼। ੩. ਸੰ. ਨਾਸਿਕਾ. ਨੱਕ. "ਨਾਕਹਿ ਬਿਨਾ, ਨਾ ਸੋਹੈ ਬਤੀਸਲਖਣਾ." (ਭੈਰ ਨਾਮਦੇਵ) ੪. ਸੰ. ਨਕ੍ਰ. ਨਾਕੂ. "ਨਾਕਹਿ ਤੇ ਪ੍ਰਭੁ ਰਾਖਲਯੋ ਹੈ." (ਕ੍ਰਿਸਨਾਵ) ਗਜ ਨੂੰ ਨਾਕੂ ਤੋਂ ਬਚਾ ਲਿਆ। ੫. ਫ਼ਾ. ناک ਨਾਕ. ਪ੍ਰਤ੍ਯ. ਭਰਿਆ ਹੋਇਆ. ਪੂਰਣ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ,

ਜਿਵੇਂ ਖ਼ੌਫ਼ਨਾਕ, ਗਮਨਾਕ ਆਦਿ.

ਨਾਕਸ: ਫ਼ਾ. ناکس ਵਿ- ਕਸ (ਮਨੁੱਖ) ਪਦਵੀ ਤੋਂ ਡਿਗਿਆ ਹੋਇਆ। ੨. ਕਾਇਰ. ਭੀਰੁ। ੩. ਅ਼. ਨਾਕਿਸ. ਕਮੀਨਾ। ੪. ਸ਼ਰਮ ਅਥਵਾ ਸ਼ੋਕ ਨਾਲ ਸਿਰ ਝੁਕਾਏ ਹੋਏ। ੫. ਦਖੋ, ਨਾਕਿਸ.

ਨਾਕਸਰ: ਨਾਕਸ੍ਵਰ. ਨਾਕਦਮ. ਨੱਕਜਿੰਦ. "ਆਵਤ ਜਾਤ ਨਾਕਸਰ ਹੋਈ." (ਗੌਂਡ ਕਬੀਰ)

ਨਾਕਹ: ਅ਼. ناکہ ਸੰਗਯਾ- ਊਟਨੀ. ਸ਼ੁਤਰ ਦੀ ਮਦੀਨ. ਉਸ਼੍ਟ੍ਰੀ.

ਨਾਕਚਰ: ਨਾਕ (ਆਕਾਸ਼) ਵਿੱਚ ਵਿਚਰਨ ਵਾਲਾ ਦੇਵਤਾ। ੨. ਸੂਰਜ। ੩. ਪੰਛੀ.

ਨਾਕਦਖ਼ੁਦਾ: ਫ਼ਾ. ناکدخدا ਜੋ ਨਹੀਂ ਕਦਖ਼ੁਦਾ (ਵਿਆਹਿਆ). ਕੁਆਰਾ. ਕੁਆਰੀ.

ਨਾਕਨਟੀ: ਸੰਗਯਾ- ਨਾਕ (ਸ੍ਵਰਗ) ਦੀ ਨਟਣੀ, ਅਪਸਰਾ.

ਨਾਕਨਦੀ: ਆਕਾਸ਼ਗੰਗਾ. ਮੰਦਾਕਿਨੀ.

ਨਾਕਨਾਥ: ਇੰਦ੍ਰ. ਦੇਖੋ, ਨਾਕਪਤਿ.

ਨਾਕਨਾਰੀ: ਅਪਸਰਾ.

ਨਾਕਪਤਿ: ਸੰਗਯਾ- ਨਾਕ (ਸ੍ਵਰਗ) ਦਾ ਪਤਿ ਇੰਦ੍ਰ. ਨਾਕੇਸ਼੍ਵਰ.

ਨਾਕਾ: ਸੰਗਯਾ- ਨੱਕਾ. ਪਹਾੜ ਦਾ ਦਰਾ. ਤੰਗ ਘਾਟੀ.

ਨਾਕਾਲਯ, ਨਾਕਾਲੇ, ਨਾਕਾਲੈ: ਸੰਗਯਾ- ਨਾਕ (ਸ੍ਵਰਗ) ਵਿੱਛ ਹੈ ਜਿਸ ਦਾ ਆਲਯ (ਘਰ), ਗੰਗਾ. (ਸਨਾਮਾ) ੨. ਆਕਾਸ਼ਗੰਗਾ. ਮੰਦਾਕਿਨੀ। ੩. ਦੇਵਤਾ. ਸੁਰ.

ਨਾਕਿਸ: ਅ਼. ناقص ਨਾਕ਼ਿਸ. ਵਿ- ਨਿਕੰਮਾ. ਖ਼ਰਾਬ। ੨. ਨਾਲਾਇਕ਼। ੩. ਅਧੂਰਾ. ਅਪੂਰਣ। ੪. ਦੇਖੋ, ਨਾਕਸ.

ਨਾਕੀ: ਸੰਗਯਾ- ਨੱਕੇ ਤੋੜਕੇ ਪਾਣੀ ਰਮਾਉਣ ਵਾਲਾ ਕ੍ਰਿਸਾਣ। ੨. ਨਕ੍ਰ. ਨਾਕੂ. "ਨਾਗਵੜਦੰਗ ਨਾਕੀ ਤਾਗੜਦੰਗ ਤਾਲੰ." (ਰਾਮਾਵ) ਜਿਵੇਂ ਨਾਕੂ ਤਾਲ ਵਿੱਚ। ੩. ਸੰ. नाकिन्. ਵਿ- ਨਾਕ (ਸ੍ਵਰਗ) ਨਾਲ ਹੈ ਜਿਸ ਦਾ ਸੰਬੰਧ। ੪. ਸੰਗਯਾ- ਦੇਵਤਾ.

ਨਾਕੁ: ਦੇਖੋ, ਨਾਕ। ੨. ਸੰ. ਵਰਮੀ. ਸਿਉਂਕ ਦਾ ਬਣਾਇਆ ਮਿੱਟੀ ਦਾ ਢੇਰ.

ਨਾਕੇਸ਼, ਨਾਕੇਸ਼੍ਵਰ: ਇੰਦ੍ਰ. ਦੇਖੋ, ਨਾਕਪਤਿ.

ਨਾਕੰਦ: ਫ਼ਾ. ناکند ਸੰਗਯਾ- ਅਲੇਲ ਵਛੇਰਾ, ਵਛੇਰੀ.

ਨਾਕ੍ਸ਼ਤ੍ਰਮਾਸ: ਦੇਖੋ, ਨਛਤ੍ਰੀ ਮਹੀਨਾ.

ਨਾਖ: ਸੰ. ਨਿਸ਼ੇਧ. ਖੰਡਨ. "ਨਹੀਂ ਵਾਕ ਨਾਖਾ." (ਗੁਪ੍ਰਸੂ) ੨. ਉਲੰਘਨ. "ਨਾਖ ਚਲੇ ਜਮਨਾ." (ਕ੍ਰਿਸਨਾਵ) ੩. ਫ਼ਾ. ناخ ਨਾਖ਼. ਨਾਭੀ। ੪. ਕਸ਼ਮੀਰ ਅਤੇ ਕਾਬੁਲ ਦੀ ਨਾਸ਼ਪਾਤੀ.

ਨਾਖ਼ਚ: ਇਹ ਨਾਚਖ ਦਾ ਰੂਪਾਂਤਰ ਹੈ. ਦੇਖੋ, ਨਾਚਖ਼.

ਨਾਖਤ: ਉਲੰਘਨ ਕਰਨਾ. ਲੰਘਦਾ ਹੋਇਆ. "ਨਾਖਤ ਦੇਸ ਨਦੀ ਪੁਰ ਸੁੰਦਰ." (ਗੁਵਿ ੧੦)

ਨਾਖਨਾ: ਕ੍ਰਿ- ਨਿਸ਼ੇਧ ਕਰਨਾ. ਖੰਡਨ ਕਰਨਾ. "ਬਡੋਂ ਕੀ ਸੀਖ ਨਾਖਤੇ ਨ ਸੇਵਾ ਬਿਕੈ ਗਾਖਤੇ." (ਗੁਪ੍ਰਸੂ) "ਨਿਜ ਨਿਜ ਧਰਮ ਨਰਨ ਸਭ ਨਾਖਾ." (ਨਾਪ੍ਰ) ੨. ਲੰਘਣਾ.

ਨਾਖਾ, ਨਾਖੀ: ਦੇਖੋ, ਨਾਖਨਾ.

ਨਾਖ਼ੁਨ, ਨਾਖ਼ੂਨ: ਫ਼ਾ. ناخُن ਸੰਗਯਾ- ਨਖ. ਨੌਹ.

ਨਾਗ: ਸੰ. ਸੰਗ੍ਯਾ- ਹਾਥੀ. ਹਸ੍ਤੀ. "ਆਰੂੜ ਤੇ ਅਸ੍ਵ ਰਥ ਨਾਗਹ." (ਸਹਸ ਮਃ ੫) "ਗੁਰੁਵਚ ਅੰਕੁਸ, ਨਾਗ ਮਨ." (ਨਾਪ੍ਰ) ੨. ਸਰਪ. ਸੱਪ. "ਪੱਛਿ ਪਸੁ ਨਗ ਨਾਗ ਨਰਾਧਿਪ." (ਅਕਾਲ) ੩. ਸ਼ਰੀਰ ਵਿੱਚ ਇੱਕ ਵਾਯੁ (ਪਵਨ), ਜਿਸ ਤੋਂ ਡਕਾਰ ਦਾ ਹੋਣਾ ਲਿਖਿਆ ਹੈ. "ਨਾਗ ਔਰ ਕੂਰਮ ਕ੍ਰਿਕਲ ਦੇਵਦੱਤ ਲਖੋ." (ਨਾਪ੍ਰ) ਦੇਖੋ, ਦਸਪ੍ਰਾਣ। ੪. ਕਦ੍ਰੂ ਤੋਂ ਕਸ਼ਯਪ ਦੀ ਸੰਤਾਨ, ਜਿਸ ਤੋਂ ਨਾਗਵੰਸ਼ ਚੱਲਿਆ ਹੈ. ਇਸ ਵੰਸ਼ ਦੇ ਹੀ ਰਾਜਿਆਂ ਦਾ ਜਨਮੇਜਯ ਨੇ ਨਾਸ਼ ਕੀਤਾ ਸੀ. ਇਤਿਹਾਸਵੇੱਤਾ ਆਖਦੇ ਹਨ ਕਿ ਸ਼ਕਵੰਸ਼ ਦੀ ਹੀ ਇੱਕ ਸਾਖ ਨਾਗਵੰਸ਼ ਹੈ. ਜਦ ਸਿੰਕਦਰ ਭਾਰਤ ਵਿੱਚ ਆਇਆ ਤਦ ਤਕ੍ਸ਼ਿਲਾ ਦਾ ਰਾਜਾ ਨਾਗਵੰਸ਼ੀ ਸੀ, ਜਿਸ ਨੇ ਵਡੇ ਵਡੇ ਸੱਪ ਪਾਲੇ ਹੋਏ ਸਨ ਅਰ ਉਨ੍ਹਾਂ ਦੀ ਨਿੱਤ ਪੂਜਾ ਹੁੰਦੀ ਸੀ। ੫. ਸੰਧੂਰ. ਸਿੰਦੂਰ। ੬. ਇੱਕ ਨਦੀ. ਦੇਖੋ, ਨਾਗਪੁਰ

ਨਾਂਗ: ਵਿ- ਨੰਗਾ. ਨਗ੍ਨ "ਨਾਂਗ ਸਿਧਾਰਹੁ." (ਸਵੈਯੇ ਸ੍ਰੀ ਮੁਖਵਾਕ ਮਃ ੫)

ਨਾਗਉਰੀ: ਦੇਖੋ, ਨਗੌਰੀ.

ਨਾਗਹਾਂ: ਫ਼ਾ. ناگہاں ਕ੍ਰਿ. ਵਿ- ਅਚਾਨਕ. ਅਕਸਮਾਤ.

ਨਾਗਕੁਲ, ਨਾਗਕੁਲੀ: ਨਾਗਵੰਸ਼. ਕਿਤਨੇ ਗ੍ਰੰਥਾਂ ਵਿੱਚ ੮. ਕਿਤਨਿਆਂ ਵਿੱਚ ੯. ਨਾਗਕੁਲਾਂ ਲਿਖੀਆਂ ਹਨ. ਵਰਾਹਪੁਰਾਣ ਵਿੱਚ ਲੇਖ ਹੈ ਕਿ ਜੋ ਕਸ਼ਯਪ ਤੋਂ ਪਹਿਲਾਂ ਮੁਖ ਨਾਗ ਉਪਜੇ, ਉਨ੍ਹਾਂ ਦੀ ਵੰਸ਼ ਦਾ ਨਾਮ ਨਾਗਕੁਲ ਹੋਇਆ. "ਜੁਰਜੋ ਅਸ੍ਰ ਕੁਲ ਨਾਗ ਅਪਾਰਾ." (ਸਲੋਹ) ਪੁਰਾਣਾਂ ਵਿੱਚ ਅੱਠ ਕੁਲ ਦੇ ਮੁਖੀਏ ਨਾਗ ਇਹ ਹਨ- ਅਨੰਤ, ਵਾਸੁਕਿ, ਕੰਬਲ, ਕਰਕੋਂਟ, ਪਦਮ, ਮਹਾਪਦਮ, ਸ਼ੰਖ ਅਤੇ ਕੁਲਿਕ. ਕਿਤਨਿਆਂ ਨੇ ਤਕ੍ਸ਼ਕ ਨੌਵਾਂ ਨਾਲ ਮਿਲਾਕੇ ਨੌ ਕੁਲ ਕਲਪੇ ਹਨ.

ਨਾਗਚੂੜ: ਸੰਗਯਾ- ਸ਼ਿਵ, ਜੋ ਚੂੜ (ਸਿਰ) ਪੁਰ ਸੱਪ ਰੱਖਦਾ ਹੈ. ਜਿਸਦੇ ਜੂੜੇ ਤੇ ਸਰਪ ਲਿਪਟੇ ਹਨ.

ਨਾਗਝਾੜ: ਡਿੰਗ. ਅਹਿਫੇਨ. ਅਫੀਮ. ਅਫਯੂਨ.

ਨਾਗਣੀ, ਨਾਗਨਿ: ਨਾਗ ਦੀ ਮਦੀਨ. ਸਰਪਣੀ. ਸੱਪਣ. ਨਾਗਿਨੀ. "ਨਾਗਨਿ ਹੋਵਾਂ ਧਰ ਵਸਾਂ." (ਗਉ ਮਃ ੧) ੨. ਬਰਛੀ। ੩. ਦੇਖੋ, ਨਾਗਨੀ ੨.

ਨਾਗਨੀ: ਸੱਪਣ. ਦੇਖੋ, ਨਾਗਨਿ. "ਮਾਇਆ ਹੋਈ ਨਾਗਨੀ." (ਵਾਰ ਗੂਜ ੧. ਮਃ ੩) ੨. ਨਾਗ (ਹਾਥੀਆਂ) ਦੀ ਸੈਨਾ. ਗਜਸੈਨਾ. (ਸਨਾਮਾ)

ਨਾਗਦਮਨੀ, ਨਾਗਦੌਨ: ਇੱਕ ਬੂਟੀ, ਜਿਸ ਨੂੰ ਨਾਗ ਦੀ ਵਿਸ਼ ਦੂਰ ਕਰਨ ਵਾਲੀ ਮੰਨਦੇ ਹਨ. L. Artemisia vulgaris. ਦੇਖੋ, ਭਰਨੀ.

ਨਾਗਨਾਥ, ਨਾਗਪਤਿ: ਸ਼ੇਸ਼ਨਾਗ। ੨. ਐਰਾਵਤ ਹਾਥੀ। ੩. ਉਹ ਰਾਜਾ, ਜਿਸ ਪਾਸ ਹਾਥੀ ਹਨ.

ਨਾਗਪਾਸ: ਸੰਗਯਾ- ਨਾਗਰੂਪ ਪਾਸ਼ (ਫਾਹੀ). ੨. ਵਰੁਣ ਦੇਵਤਾ ਦਾ ਸ਼ਸਤ੍ਰ, ਜਿਸ ਨਾਲ ਉਹ ਵੈਰੀਆਂ ਨੂੰ ਬੰਨ੍ਹ ਲੈਂਦਾ ਸੀ। ੩. ਪੁਰਾਣਾਂ ਅਨੁਸਾਰ ਇੱਕ ਮੰਤ੍ਰਕ੍ਰਿਯਾ ਜਿਸ ਨਾਲ ਵੈਰੀਆਂ ਨੂੰ ਸੱਪਾਂ ਦੀ ਫਾਹੀ ਨਾਲ ਬੰਨ੍ਹਿਆ ਜਾਂਦਾ ਸੀ. ਨਾਗਪਾਸ਼ ਤੋਂ ਬਚਣ ਲਈ ਗਰੁੜਮੰਤ੍ਰ ਜਪਿਆ ਜਾਂਦਾ ਸੀ.

ਨਾਗਪਿਤਣੀ ਇਸਣੀ: (ਸਨਾਮਾ) ਫ਼ੌਜ. ਸੈਨਾ. ਦੇਖੋ, ਸਰਪਤਾਤਣੀ ਇਸਣੀ.

ਨਾਗਪੁਰ: ਦੇਖੋ, ਹਸ੍ਤਿਨਾਪੁਰ। ੨. ਮੱਧਭਾਰਤ (C. P. ) ਦਾ ਪ੍ਰਧਾਨ ਨਗਰ ਜੋ ਗਵਰਨਰ ਦੀ ਰਾਜਧਾਨੀ ਹੈ. ਇਹ ਬੰਬਈ ਤੋਂ ਰੇਲ ਦੇ ਰਸਤੇ ੫੨੦, ਅਤੇ ਕਲਕੱਤੇ ਤੋਂ ੭੦੧ ਮੀਲ ਹੈ. ਨਾਗ ਨਦੀ ਤੇ ਵਸਣ ਕਾਰਣ ਇਸ ਦਾ ਨਾਉਂ ਨਾਗਪੁਰ ਹੋਇਆ

ਹੈ. ਇਹ ਨਗਰ ਈਸਵੀ ਅਠਾਰਵੀਂ ਸਦੀ ਵਿੱਚ ਗੋਂਡ ਰਾਜਾ ਬਖ਼ਤਬਲੰਦ ਨੇ ਆਬਾਦ ਕੀਤਾ ਹੈ. ਨਾਗਪੁਰ ਦੇ ਸੰਗਤਰੇ ਭਾਰਤ ਵਿੱਚ ਬਹੁਤ ਮਿੱਠੇ ਸਮਝੇ ਗਏ ਹਨ.

ਗੁਰੂ ਗੋਬਿੰਦ ਸਿੰਘ ਸਾਹਿਬ ਨੰਦੇੜ ਨੂੰ ਜਾਂਦੇ ਇੱਥੇ ਵਿਰਾਜੇ ਹਨ.

ਨਾਗਪੰਚਮੀ: ਸਾਉਣ ਸੁਦੀ ੫. ਇਸ ਦਿਨ ਹਿੰਦ ਨਾਗਾਂ ਦੀ ਪੂਜਾ ਕਰਦੇ ਹਨ. ਵਰਾਹਪੁਰਾਣ ਵਿੱਚ ਲੇਖ ਹੈ ਕਿ ਇਸ ਦਿਨ ਬ੍ਰਹਮਾਂ ਨੇ ਨਾਗਾਂ ਨੂੰ ਵਰ ਦਿੱਤਾ ਸੀ.

ਨਾਗਫਾਸ: ਦੇਖੋ, ਨਾਗਪਾਸ.

ਨਾਗਫੇਨ: ਅਫੀਮ. ਦੇਖੋ, ਅਹਿਫੇਨ ਅਤੇ ਪਾਰਬਤੀ ਬਲੱਭਾ.

ਨਾਗਬਾਨੀ: ਸੰਗਜਾ- ਨਾਗਭਾਸ਼ਾ. ਨਾਗਵੰਸ਼ੀ ਲੋਕਾਂ ਦੀ ਬੋਲੀ. ਦੇਖੋ, ਤਞਕ. "ਕਹੂੰ ਨਾਗ ਬਾਨੀ." (ਅਕਾਲ) ਦੇਖੋ, ਨਾਗਭਾਸਾ.

ਨਾਗਬੇਲਿ: ਸੰ. ਨਾਗਵੱਲੀ. ਸੰਗਜਾ- ਪਾਨਾਂ ਦੀ ਬੇਲ। ੨. ਭਾਈ ਸੰਤੋਖਸਿੰਘ ਨੇ ਪਾਨ ਨੂੰ ਭੀ ਨਾਗਬੇਲ ਲਿਖਿਆ ਹੈ. "ਨਾਗਬੇਲ ਨ੍ਰਿਪ ਕੀਨ ਅਗਾਰੇ. !" (ਗੁਪ੍ਰਸੂ)

ਨਾਗਬੰਸ: ਦੇਖੋ, ਨਾਗਕੁਲ.

ਨਾਗਬੰਸੀ: ਨਾਗਵੰਸ਼ ਵਿੱਚ ਹੋਣ ਵਾਲਾ। ੨. ਛੋਟੇ ਨਾਗਪੁਰ[683] ਦੇ ਇਲਾਕੇ ਰਹਿਣ ਵਾਲੀ ਇੱਕ ਜਾਤਿ, ਜੋ ਆਪਣੇ ਤਾਈਂ ਪੁੰਡਰੀਕ ਨਾਗ ਦੀ ਸੰਤਾਨ ਆਖਦੀ ਹੈ.

ਨਾਗਭਾਸਾ, ਨਾਗਭਾਖਾ: ਦੇਖੋ, ਨਾਗਬਾਨੀ. ਤਿੱਬਤੀ ਲੋਕ ਆਪਣੀ ਬੋਲੀ ਨੂੰ ਨਾਗ ਭਾਸ਼ਾ ਆਖਦੇ ਹਨ.

ਨਾਗਮਾਤਾ: ਸੰਗਜਾ- ਨਾਗਮੰਤ੍ਰ. ਸਰਪਮੰਤ੍ਰ। ੨. ਦੇਖੋ, ਨਾਗਮਾਤਾ.

ਨਾਗਮਣਿ: ਸੱਪ ਦੇ ਸਿਰ ਵਿੱਚ ਹੋਣਵਾਲੀ ਮਣਿ. ਦੇਖੋ, ਫਨਿਮਨਿ.

ਨਾਗਮਾਤਾ: ਨਾਗਾਂ ਦੀ ਮਾਤਾ, ਕਦ੍ਰੂ। ੨. ਸੁਰਸਾ। ੩. ਮਨਸਾ ਦੇਵੀ.

ਨਾਗਮੇਧ: ਸੰਗਜਾ- ਉਹ ਯਗਯ, ਜਿਸ ਵਿੱਚ ਨਾਗ (ਹਾਥੀ) ਦੀ ਕੁਰਬਾਨੀ ਕੀਤੀ ਜਾਵੇ. "ਨਾਗਮੇਧ ਖਟ ਯਗਯ ਕਰਾਏ." (ਰਾਮਾਵ) ੨. ਜਨਮੇਜਯ ਦਾ ਯਗਯ, ਜਿਸ ਵਿੱਚ ਨਾਗ (ਸੱਪ) ਹਵਨ ਕੀਤੇ ਗਏ ਸਨ.

ਨਾਗਰ: ਸੰ. ਵਿ- ਨਗਰ ਦਾ. ਸ਼ਹਰੀ. "ਨਾਗਜਰਨਾ ! ਮੇਰੀ ਜਾਤਿ ਬਿਖਿਆਤ ਚੰਮਾਰੰ." (ਮਲਾ ਰਵਿਦਾਸ) ੨. ਚਤੁਰ. ਸਭ੍ਯ. ਨਿਪੁਣ. "ਉਧਰੁ ਹਰਿ ਨਾਗਰ !" (ਸੂਹੀ ਅਃ ਮਃ ੫) ੩. ਸੰਗਜਾ- ਧਨ੍ਵੰਤਰਿ, ਜੋ ਮਹਾਨ ਚਤੁਰ ਹੈ. "ਕਲਪਤਰੁ ਸਿਖਰਿ ਸੁ ਨਾਗਰ ਨਦੀਚੇ ਨਾਥੰ." (ਧਨਾ ਤ੍ਰਿਲੋਚਨ) ੪. ਸੁੰਢ, ਸ਼ੁੰਠਿ। ੫. ਗੁਜਰਾਤੀ ਬ੍ਰਾਹਮਣਾਂ ਦੀ ਇੱਕ ਜਾਤਿ। ੬. ਨ- ਅਗ੍ਰ. ਵਿ- ਜੋ ਵਧੇ ਨਹੀਂ. "ਨਨ ਨਾਗਰੀ ਕੇ ਹ੍ਵੈ ਨਾਗਰ." (ਗੁਪ੍ਰਸੂ) ਸੁੰਦਰ ਇਸਤ੍ਰੀ ਦੇ ਨੇਤ੍ਰ ਵਧਕੇ ਨਹੀਂ ਹੋ ਸਕਦੇ, ਭਾਵ- ਘਟੀਆ ਹਨ। ੭. ਉੱਤਮ. ਸ਼੍ਰੇਸ਼੍ਠ ਬੋਧਕ ਭੀ ਨਾਗਰ ਸ਼ਬਦ ਆਇਆ ਹੈ. "ਟੂਟੀ ਨਾਗਰ ਲਜੁ." (ਸ. ਕਬੀਰ) ਉਮਰਰੂਪ ਉੱਤਮ ਰੱਸੀ ਟੁੱਟੀ.

ਨਾਗਰਕੋਟੀ: ਦੇਖੋ, ਨਾਗ੍ਰਕੋਟੀ.

ਨਾਗਰਬੇਲਿ: ਦੇਖੋ, ਨਾਗਬੇਲਿ.

ਨਾਗਰਮੋਥਾ: ਸੰ. ਨਗਰਮੁਸ੍ਤਾ. ਸੰਗਜਾ- ਇੱਕ ਪ੍ਰਕਾਰ ਦਾ ਘਾਹ ਜਿਸ ਦੀ ਜੜ ਵਿੱਚ ਸੁਗੰਧ ਵਾਲੀ ਗੱਠੀ ਹੁੰਦੀ ਹੈ. ਇਹ

---

[683] ਬੰਗਾਲ ਵਿੱਚ ਇਹ ਇੱਕ ਇਲਾਕਾ ਹੈ, ਜਿਸ ਦਾ ਪ੍ਰਧਾਨ ਨਗਰ ਰਾਂਚੀ ਹੈ. ਇਸ ਵਿੱਚ ੧੩. ਨਗਰ ਅਤੇ ੨੩੯੭੬ ਪਿੰਡ ਹਨ, ਆਬਾਦੀ ੪੬੨੮੭੯੨ ਹੈ.

ਗਰਮੀਆਂ ਵਿੱਚ ਬਹੁਤ ਫੈਲਦਾ ਹੈ. L. Cyperus- pertenuis.

ਨਾਗਰਾ: ਸੰ. ਨਾਗਰੀ. ਚਤੁਰ ਇਸਤ੍ਰੀ. "ਨਾਗਰਾ ਕੇ ਨੈਨ ਹੈਂ." (ਰਾਮਾਵ) ੨. ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਥਾਣਾ ਭਵਾਨੀਗੜ੍ਹ ਵਿੱਚ ਇੱਕ ਪਿੰਡ ਹੈ. ਇਸ ਵਿੱਚ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਅਸਥਾਨ ਹੈ. ਗੁਰੂ ਜੀ ਫੱਗੂਵਾਲੇ ਤੋਂ ਇੱਥੇ ਆਏ ਹਨ. ਕਿਸੇ ਸਮੇਂ ਇਹ ਗੁਰਦ੍ਵਾਰਾ ਪੱਕਾ ਸੀ, ਪਰ ਹੁਣ ਛੋਟੀ ਜਿਹੀ ਚਾਰ ਦਿਵਾਰੀ ਹੀ ਖੜੀ ਹੈ, ਹੋਰ ਸਭ ਢਹਿ ਗਿਆ ਹੈ. ਰੇਲਵੇ ਸਟੇਸ਼ਨ ਸੁਨਾਮ ਤੋਂ ਉੱਤਰ ਪੂਰਵ ੧੦. ਮੀਲ ਦੇ ਕਰੀਬ ਹੈ.

ਨਾਗਰਾਜ: ਸੰਗਯਾ- ਨਾਗਾਂ (ਸਰਪਾਂ) ਦਾ ਰਾਜਾ ਸ਼ੇਸ਼ਨਾਗ। ੨. ਨਾਗਾਂ (ਹਾਥੀਆਂ) ਦਾ ਰਾਜਾ, ਐਰਾਵਤ। ੩. ਦੇਖੋ, ਨਰਾਜ.

ਨਾਗਰਿ: ਸੰਗਯਾ- ਨਾਗ (ਹਾਥੀ) ਦਾ ਵੈਰੀ, ਸ਼ੇਰ. (ਸਨਾਮਾ) ੨. ਦੇਖੋ, ਨਾਗਰੀ.

ਨਾਗਰਿਪੁ: ਸੰਗਯਾ- ਸੱਪਾਂ ਦਾ ਵੈਰੀ. ਗਰੁੜ. "ਨਾਗ ਨਾਗਰਿਪੁ ਦੇਵ ਸਭ." (ਵਿਚਿਤ੍ਰ) ੨. ਜਨਮੇਜਯ। ੩. ਹਾਥੀਆਂ ਦਾ ਵੈਰੀ ਸ਼ੇਰ.

ਨਾਗਰੀ: ਸੰ. ਵਿ- ਸ਼ਹਰ ਦੀ. ਨਗਰ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਚਤੁਰ ਇਸਤ੍ਰੀ. "ਚੰਚਲ ਮਨੋ ਨਾਗਰੀ ਨੈਨ." (ਗੁਪ੍ਰਸੂ) ੩. ਨਾਗਰ (ਸ਼ਹਰੀ) ਲੋਕਾਂ ਦੀ ਬੋਲੀ ਅਤੇ ਲਿਖਤ ਦੇਖੋ, ਦੇਵਨਾਗਰੀ.

ਨਾਗਲੂ, ਨਾਂਗਲੂ: ਕਹਲੂਰ ਦੇ ਰਾਜਾ ਸੰਘਰਚੰਦ ਦੇ ਪੁਤ੍ਰ ਚੂਹਾਮੀਆਂ ਦੀ ਸੰਤਾਨ ਰਾਜਪੂਤ, ਜਿਨ੍ਹਾਂ ਨੂੰ ਨਗਲੂ ਭੀ ਆਖਦੇ ਹਨ. "ਚਲੇ ਨਾਗਲੂ ਪਾਂਗਲੂ ਵੇਦੜੋਲੰ." (ਵਿਚਿਤ੍ਰ)

ਨਾਗਲੋਕ: ਸੰ. ਸੰਗਯਾ- ਪਾਤਾਲ. ਨਾਗਾਂ ਦੇ ਰਹਿਣ ਦਾ ਦੇਸ਼.

ਨਾਗਵੰਸ਼: ਨਾਗ ਉਪਾਸਕ ਛਤ੍ਰੀਆਂ ਦੀ ਕੁਲ. ਦੇਖੋ, ਤਕ੍ਸ਼ਕ। ੨. ਦੇਖੋ, ਨਾਗਕੁਲ.

ਨਾਗੜਬੂਦੀ: ਨ- ਅਗ੍ਰ- ਬੁੱਧਿ. ਮੂਰਖ ਲੋਕਾਂ ਦਾ ਟੋਲਾ, ਜੋ ਅਖੀਰ ਨਤੀਜਾ ਸੋਚਣ ਦੀ ਸਮਝ ਨਹੀਂ ਰੱਖਦਾ। ੨. ਭਾਵ- ਕਮੀਨ ਲੋਕਾਂ ਦੀ ਜਮਾਤ. "ਔਰ ਨਾਗੜਬੂਦੀ ਦੀ ਕਜਾ ਗੱਲ." (ਪ੍ਰਾਪੰਪ੍ਰ)

ਨਾਂਗੜਾ, ਨਾਗਾ, ਨਾਂਗਾ: ਵਿ- ਨਗ੍ਨ. ਜਿਸ ਦੇ ਅੰਗ ਪੁਰ ਵਸਤ੍ਰ ਨਹੀਂ. "ਬਾਬਾ ਨਾਂਗੜਾ ਆਇਆ ਜਗ ਮਹਿ." (ਵਡ ਮਃ ੧. ਅਲਾਹਣੀ) ਬਾਹੁੜਿ ਜਾਸੀ ਨਾਗਾ."(ਸ੍ਰੀ ਮਃ ੧. ਪਹਰੇ) ੩. ਤੁ. ناغہ ਨਾਗ਼ਹ. ਸੰਗਯਾ- ਪ੍ਰਤਿਬੰਧ. ਰੁਕਾਵਟ। ੩. ਅਨੁਪਸਿਥਤਿ. ਨਾਮੌਜੂਦ ਹੋਣ ਦੀ ਹਾਲਤ. "ਅਹਿ ਨਿਸਿ ਏਕ ਅਗਿਆਨ ਸੁ ਨਾਗਾ." (ਸ੍ਰੀ ਬੇਣੀ) ੧. ਉਪਵਾਸ. ਭੋਜਨ ਬਿਨਾ.

ਨਾਗਾਂ: ਸਰਪਾਂ ਨੂੰ. "ਨਾਗਾਂ ਮਿਰਗਾਂ ਮਛੀਆਂ." (ਵਾਰ ਮਲਾ ਮਃ ੧)

ਨਾਗਾਹ: ਫ਼ਾ. ناگاہ ਕ੍ਰਿ- ਵਿ- ਅਚਾਨਕ. ਨਾਗਹਾਂ. ਅਕਸਮਾਤ.

ਨਗਾਂਤਕ: ਸੰ. ਸੰਗਯਾ- ਸਰਪ ਦਾ ਅੰਤ ਕਰਨ ਵਾਲਾ ਗਰੁੜ। ੨. ਮੋਰ। ੩. ਜਨਮੇਜਯ। ੪. ਨਾਗ (ਹਾਥੀ) ਦਾ ਅੰਤ ਕਰਨ ਵਾਲਾ, ਸ਼ੇਰ.

ਨਾਗਾਦਿ: ਸ਼ੇਸ਼ਨਾਗ ਆਦਿ. "ਨਾਗਾਦਿ ਭੁਯੰਗਮ." (ਸਵੈਯੇ ਮਃ ੧. ਕੇ)

ਨਾਗਾਪੱਤਨ, ਨਾਗਾਬੰਦਰ: ਹਕੀਕਤ ਰਾਹ ਮੁਕਾਮ ਸ਼ਿਭਨਾਭਿ ਰਾਜੇ ਕੀ ਅਤੇ ਗੁਰਨਾਨਕਪ੍ਰਕਾਸ਼ ਵਿੱਚ ਇਹ ਨਾਗਪੱਤਨ ਦਾ ਨਾਮ ਹੈ, ਜੋ ਮਦਰਾਸ ਦੇ ਇਲਾਕੇ ਤੰਜੌਰ ਦੇ ਜਿਲੇ ਵਿੱਚ ਪ੍ਰਸਿੱਧ ਬੰਦਰ ਹੈ. ਲੰਕਾ ਅਤੇ ਬਰਮਾ ਦੇ ਵਪਾਰ ਦਾ ਭਾਰੀ ਅੱਡਾ ਹੈ. ਇਹ ਡਚ (Dutch) ਗਵਰਨਮੇਂਟ ਤੋਂ ਅੰਗ੍ਰੇਜ਼ਾਂ ਨੇ ਸਨ ੧੭੮੧ ਵਿੱਚ ਲਿਆ ਸੀ.

ਨਾਗਾਰਿ: ਦੇਖੋ, ਨਾਗਰਿਪੁ.

ਨਾਗਨਿ, ਨਾਗਿਨੀ: ਨਾਗ ਦੀ ਮਦੀਨ. ਸਰਪਣੀ. ਸੱਪਣ। ੨. ਭਾਵ- ਮਾਇਆ.

ਨਾਗੀ: ਵਿ- ਨੰਗੀ. ਨਗ੍ਨ. "ਪ੍ਰਣਵਤ ਨਾਨਕ ਨਾਗੀ ਦਾਝੈ." (ਗਉ ਮਃ ੧) ਦੇਹ ਨੰਗੀ ਦਗਧ ਹੁੰਦੀ ਹੈ। ੨. ਨਾਗਾਂ ਦਜਾ ਅਤੇ ਲਿਆਕਤ ਸਮਝਕੇ ਕੰਮ ਨੂੰ ਹੱਥ ਪਾਉਣਾ ਚਾਹੀਏ। ੩. ਸੰ. ਨਾਗਿਨ. ਵਿ- ਸੱਪਾਂ ਵਾਲਾ। ੪. ਸੰਗਯਾ- ਸ਼ਿਵ.

ਨਾਗੁਨ: ਸੰ. ਨਿਰ੍ਗੁਣ. ਸਤ੍ਵ, ਰਜ ਅਤੇ ਤਮ, ਤੇਹਾਂ ਗੁਣਾਂ ਤੋਂ ਰਹਿਤ. ਨਿਰਗੁਣ ਬ੍ਰਹਮ. "ਨਾਗੁਨ ਤੇ ਪੁਨ ਸਾਗੁਨ ਤੇ ਗੁਰੁ ਕੇ ਮਤ ਮੇ ਵਡ ਨਾਮ ਪਛਾਨੋ." (ਨਾਪ੍ਰ) ਨਿਰਗੁਣ ਅਤੇ ਸਰਗੁਣ ਨਾਲੋਂ.

ਨਾਗੇ: ਨੰਗੇ. ਨਗ੍ਨ. "ਨਾਗੇ ਆਵਨੁ ਨਾਗੇ ਜਾਨਾ." (ਭੈਰ ਕਬੀਰ) ੨. ਨਾਂਗੇ. ਨਾਂਗਾ ਦਾ ਬਹੁਵਚਨ.

ਨਾਗੇਸ: ਨਾਗ- ਈਸ਼. ਸ਼ੇਸ਼ ਨਾਗ। ੨. ਐਰਾਵਤ ਹਾਥੀ। ੩. ਹਾਥੀਆਂ ਵਾਲਾ ਰਾਜਾ.

ਨਾਗੇ ਕੀ ਸਰਾਇ: ਦੇਖੋ, ਮਤੇ ਦੀ ਸਰਾਇ.

ਨਾਗੇਂਦ੍ਰ: ਨਾਗ- ਇੰਦ੍ਰ. ਸਰਪਾਂ ਦਾ ਰਾਜਾ ਸ਼ੇਸ਼ਨਾਗ। ੨. ਹਾਥੀਆਂ ਦਾ ਰਾਜਾ ਐਰਾਵਤ। ੩. ਹਾਥੀਆਂ ਦਾ ਮਾਲਿਕ ਅਮੀਰ.

ਨਾਗੌਰ, ਨਾਗੌਰੀ: ਦੇਖੋ, ਨਗੌਰ ਅਤੇ ਨਗੌਰੀ.

ਨਾਗ੍ਰਕੋਟੀ: ਸੰਗਯਾ- ਨਗਰਕੋਟ (ਕਾਂਗੜੇ) ਦੀ ਦੇਵੀ. ਜ੍ਵਾਲਾਮੁਖੀ. "ਨਮੋ ਨਾਗ੍ਰਕੋਟੀ." (ਚੰਡੀ ੨)

ਨਾਘਨ, ਨਾਂਘਨਾ: ਕ੍ਰਿ- ਉਲੰਘਨ. ਪਾਰ ਜਾਣਾ. "ਪੰਥ ਵਿਖਮ ਕੋ ਨਾਘਤ ਆਏ." (ਗੁਪ੍ਰਸੂ)

ਨਾਚ: ਸੰਗਯਾ- ਨ੍ਰਿਤ੍ਯ. ਪ੍ਰਾ. ਣਂਚ. "ਨਾਚ ਰੇ ਮਨ, ਗੁਰੂ ਕੈ ਆਗੈ." (ਗੂਜ ਅਃ ਮਃ ੩)

ਨਾਚਖ਼: ਫ਼ਾ. ناچخ ਸੰਗਯਾ- ਦੋ ਫਲਾਂ ਵਾਲਾ ਭਾਲਾ. ਜਿਸ ਦੇ ਫਲ ਦੀਆਂ ਦੋ ਨੋਕਾਂ ਹੋਣ. "ਨਾਚਖ ਬਨੈਟੀ ਜੰਗ ਦਾਰੁਨ." (ਸਲੋਹ) ੨. ਛੋਟਾ ਨੇਜ਼ਾ. ਦੇਖੋ, ਸਸਤ੍ਰ.

ਨਾਚਨ, ਨਾਚਨਾ, ਨਾਚਨੁ: ਕ੍ਰਿ- ਨ੍ਰਿਤ੍ਯ ਕਰਨੀ. ਲਯ ਤਾਰ ਨਾਲ ਸ਼ਰੀਰ ਦੇ ਅੰਗਾਂ ਦੀ ਹਰਕਤ ਕਰਨੀ। ੨. ਸੰਗਯਾ- ਖਿਲੌਨਾ. ਪੁਤਲੀ. "ਨਾਚਤ ਹੈ ਨਾਚਨ ਸੋ." (ਅਕਾਲ) ੩. ਨਟੀ. ਨ੍ਰਿਤ੍ਯ ਕਰਨ ਵਾਲੀ. ਭਾਵ- ਮਾਇਆ. "ਹਰਿ ਹਰਿ ਨਾਚੰਤੀ ਨਾਚਨਾ" (ਧਨਾ ਨਾਮਦੇਵ) ੪. ਨਚਾਰ. ਨ੍ਰਿਤ੍ਯ ਕਰਨ ਵਾਲਾ. "ਨਾਚਨੁ ਸੋਇ ਜੁ ਮਨੁ ਸਿਉ ਨਾਚੈ." (ਗੌਂਡ ਕਬੀਰ)

ਨਾਚਬ: ਸੰਗਯਾ- ਨ੍ਰਿਤ੍ਯ. ਨੱਚਣ ਦਾ ਭਾਵ. "ਭੂਪਤਿ ਕੋ ਨਾਚਬ ਸੁਖ ਆਯੋ." (ਗਜਾਨ)

ਨਾਚਾਰ: ਫ਼ਾ. ناچار ਵਿ- ਵਿਵਸ਼. ਲਾਚਾਰ. ਬਿਨਾ ਸਹਾਇਕ। ੨. ਦੇਖੋ, ਨਚਾਰ.

ਨਾਚੀਜ਼: ਫ਼ਾ. ناچیز ਵਿ- ਤੁੱਛ. ਅਦਨਾ। ੨. ਨਿਕੰਮਾ.

ਨਾਚੁਖ: ਦੇਖੋ, ਨਾਚਖ.

ਨਾਛਿੰਨਾ: ਸਿੰਧੀ. ਵਿ- ਅਖੰਡ. ਛੀਣਤਾ ਰਹਿਤ.

ਨਾਜ: ਦੇਖੋ, ਨਾਜੁ। ੨. ਫ਼ਾ. ناز ਨਾ. ਸੰਗਯਾ- ਲਾਡ. ਪਿਆਰ। ੩. ਹਾਵਭਾਵ. ਨਖ਼ਰਾ.

ਨਾਜ਼ਦਾਨ: ਫ਼ਾ. نازدان ਵਿ- ਲਾਡ ਪਿਆਰ ਜਾਣਨ ਵਾਲਾ। ੨. ਹਾਵ ਭਾਵ ਦਾ ਗਯਾਤਾ.

ਨਾਜ਼ਨੀ: ਫ਼ਾ. نازنین ਵਿ- ਲਾਡਲੀ। ੨. ਪ੍ਰਿਯਾ। ੩. ਮਨਭਾਵਨੀ (amiable).

ਨਾਜਮ: ਦੇਖੋ, ਨਾਜਿਮ.

ਨਾਜਰ, ਨਾਜਰੁ: ਅ਼. ناظر ਨਾਜਿਰ. ਵਿ- ਨਜਰ ਵਿੱਚ ਕਰਨ ਵਾਲਾ. ਦ੍ਰਸ਼੍ਟਾ. "ਸਦ ਹਜੂਰਿ ਹਾਜਰੁ ਹੈ ਨਾਜਰੁ." (ਮਾਰੂ ਮ ਮਃ

੫) ੨. ਸੰਗਜ੍ਞਾ- ਨਿਗਰਾਨੀ ਕਰਨ ਵਾਲਾ ਕਰਮਚਾਰੀ.

ਨਾਜ਼ਾਂ: ਫ਼ਾ. نازان ਵਿ- ਲਾਡ ਕਰਨ ਵਾਲਾ.

ਨਾਜਿਮ: ਅ਼. ناظم ਨਾਜਿਮ. ਵਿ- ਨਜਮ (ਇੰਤਜਾਮ) ਕਰਨ ਵਾਲਾ. ਪ੍ਰਬੰਧਕਰਤਾ। ੨. ਸੰਗਜ੍ਞਾ- ਜ਼ਿਲੇ ਅਥਵਾ ਦੇਸ਼ ਦਾ ਇੰਤਜਾਮ ਕਰਨ ਵਾਲਾ. ਅਹੁਦੇਦਾਰ। ੩. ਨਜਮ (ਛੰਦ) ਬਣਾਉਣ ਵਾਲਾ, ਕਵਿ.

ਨਾਜ਼ਿਲ: ਅ਼. نازل ਵਿ- ਉਤਰਿਆ. ਉਤਰਿਆ- ਹੋਇਆ। ੨. ਉਤਰਣ ਵਾਲਾ। ੩. ਘਟੀਆ.

ਨਾਜੁ: ਸੰਗਜ੍ਞਾ- ਅਨਾਜ. ਅੰਨ. "ਮਨ ਦਾਸ ਨਾਜੁ, ਟਕਾ ਚਾਰ ਗਾਂਠੀ." (ਸਾਰ ਕਬੀਰ) "ਨਾਨਾ ਬਿਧਿ ਕੋ ਨਾਜੁ." (ਸ. ਕਬੀਰ)

ਨਾਜ਼ੁਕ: ਫ਼ਾ. نازک ਵਿ- ਕੋਮਲ. ਮੁਲਾਇਮ। ੨. ਪਤਲਾ. ਮਹੀਨ। ੩. ਖ਼ਤ਼ਰਨਾਕ, ਜਿਵੇਂ- "ਜ਼ਮਾਨਾ ਵਡਾ ਨਾਜ਼ੁਕ ਹੈ."

ਨਾਟ: ਸੰ. ਸੰਗਜ੍ਞਾ- ਨ੍ਰਿਤ. ਨਾਚ। ੨. ਨਕ਼ਲ. ਸ੍ਵਾਂਗ. "ਸੁਖ ਨਾਹੀ ਪੇਖੇ ਨਿਰਤ ਨਾਏ." (ਭੈਰ ਮਃ ੫)

ਨਾਟਕ: ਸੰ. ਸੰਗਜ੍ਞਾ- ਪੁਰੁਸ਼, ਜੋ ਨਾਟ (ਸ੍ਵਾਂਗ) ਕਰੇ। ੨. ਹਾਵਭਾਵ ਲਿਬਾਸ ਅਤੇ ਵਾਣੀ ਨਾਲ ਜੋ ਕਿਸੇ ਘਟਨਾ ਨੂੰ ਪ੍ਰਤੱਖ ਕਰਕੇ ਦਿਖਾਵੇ। ੩. ਦ੍ਰਿਸ਼ ਕਾਵ੍ਯ. ਜਿਸ ਵਿੱਚ ਕਥਾ ਪ੍ਰਸੰਗ ਅਜੇਹੀ ਉੱਤਮ ਰੀਤਿ ਨਾਲ ਲਿਖੇ ਹੋਣ, ਜੋ ਅਖਾੜੇ ਵਿਚ ਨਟਾਂ ਦ੍ਵਾਰਾਂ ਚੰਗੀ ਤਰਾਂ ਦਿਖਾਏ ਜਾ ਸਕਣ। ੪. ਕਾਮਾਜ ਪਾਸ ਇੱਕ ਪਹਾੜ.

ਨਾਟਕਸ਼ਾਲਾ: ਸੰਗਜ੍ਞਾ- ਉਹ ਘਰ, ਜਿਸ ਵਿੱਚ ਨਾਟਕ ਖੇਡਿਆ ਜਾਵੇ. ਰੰਗਸ਼ਾਲਾ. ਰੰਗਭਵਨ. ਥੀਏਟਰ (theatre. )

ਨਾਟਕਾ: ਦੇਖੋ, ਨਾਟਿਕਾ.

ਨਾਟਨੀ: ਸੰਗਜ੍ਞਾ- ਨਾਟਕ ਕਰਨ ਵਾਲੀ ਦ੍ਰਿਸ਼੍ਯਕਾਵ੍ਯ ਦਿਖਾਉਣ ਵਾਲੀ ਨਟੀ (ਨਟਣੀ) "ਨਾਟਨੀ ਨ੍ਰਿਪਪਨਿ ਨ੍ਰਿਤਨਿ ਬਖਾਨੀਐ." (ਚਰਿਤ੍ਰ ੨੬੪)

ਨਾਟਾ: ਨਾਟ (ਨਾਚ) ਕੀਤਾ. ਨੱਚਿਆ. "ਬਿਨੁ ਰਸ ਰਾਤੇ ਮਨ ਬਹੁ ਨਾਟਾ." (ਗਉ ਅਃ ਮਃ ੧) ੨. ਨਟਗਿਆ. ਮੁਕਰਿਆ. ਮੁਨਕਿਰ ਹੋਇਆ। ੩. ਮਧਰਾ. ਛੋਟੇ ਕੱਦ ਦਾ. ਠਿੰਗਣਾ.

ਨਾਟਿਕ: ਦੇਖੋ, ਨਾਟਕ ੩. "ਨਟ ਨਾਟਿਕ ਆਖਾਰੇ ਗਾਇਆ." (ਗਉ ਮਃ ੫: ) ੨. ਸਾਂ. ਨਾਡਿਕਾ, ਨਾੜੀ, ਨਬਜ਼. "ਬੈਦਕ ਨਾਟਿਕ ਦੇਖਿ ਭੁਲਾਨੇ, ਮੈ ਹਿਰਦੈ ਮਨਿ ਤਨਿ ਪ੍ਰੇਮਪੀਰ ਲਗਈਆ." (ਬਿਲਾ ਅਃ ਮਃ ੪) ਪੀ ਮੇਰੇ ਦਿਲ ਆਂਦਰ ਹੈ, ਵੈਦ੍ਯ ਨਬਜ ਦੇਖ ਕੇ ਧੋਖਾ ਖਾ ਗਏ.

ਨਾਟਿਕਾ: ਨਾੜੀ. ਨਬਜ਼. ਦੇਖੋ ਨਾਟਿਕ ੨.

ਨਾਟੀ: ਵਿ- ਮਧਰੀ. ਪਸ੍ਤਕੱਦੀ. ਠਿਗਣੀ.

ਨਾਟੇ: ਦੇਖੋ, ਨਾਟ.

ਨਾਟ੍ਯ: ਸੰ. ਸੰਗਜ੍ਞਾ- ਨਟ ਦਾ ਕਰਮ। ੨. ਨ੍ਰਿਤ੍ਯ ਗੀਤ ਅਤੇ ਵਾਦ੍ਯ. ਨੱਚਣਾ, ਗਾਉਂਣਾ ਅਤੇ ਵਜਾਉਂਣਾ। ੩. ਨਕ਼ਲ, ਸ੍ਵਾਂਗ.

ਨਾਠਾ: ਨੱਠਿਆ. ਦੇਖੋ, ਨਠਣਾ. "ਛੁਟਕੈ ਨਾਹੀ ਨਾਠਾ." (ਮਾਰੂ ਮਃ ੫) ੨. ਨਸ਼੍ਟ ਹੋਇਆ.

ਨਾਠੀ: ਨੱਠੀ. ਦੌੜੀ. ਦੇਖੋ, ਨਠਣਾ। ੨. ਸਿੰਧੀ ਸੰਗਜ੍ਞਾ- ਜਵਾਈ. ਦਾਮਾਦ। ੩. ਭਾਵ- ਪਰਾਹੁਣਾ. "ਅਜਰਾਈਲੁ ਫਰੇਸਤਾ, ਕੈ ਘਰਿ ਨਾਠੀ ਅਜੁ ?" (ਸੰ. ਫਰੀਦ) ਅੱਜ ਕਿਸ ਘਰ ਦਾ ਪਰਾਹੁਣਾ ਹੋਵੇਗਾ?

ਨਾਠੀਅੜਾ, ਨਾਠੀਆ: ਵਿ- ਨਸ਼੍ਟ ਹੋਣ ਵਾਲਾ। ੨. ਸੰਗਜ੍ਞਾ- ਨੱਠਣ ਵਾਲਾ. ਹਰਕਾਰਾ।

੩. ਪਰਾਹੁਣਾ. ਮੇਹਮਾਨ. ਦੇਖੋਂ, ਨਾਠੀ ੨. ਅਤੇ ੩. "ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ." (ਸ੍ਰੀ ਮਃ ੧) ਚਾਰ

ਦਿਨ ਦੇ ਪਰਾਹੁਣੇ. "ਸਾਥ ਲਡੇ ਤਿਨ ਨਾਠੀਆ." (ਮਾਰੂ ਅਃ ਮਃ ੧)

ਨਾਠੂੰਗੜਾ: ਨੱਠਣ ਦਾ ਗੱਡਾ. ਉਹ ਗਡੀਰਾ, ਜਿਸ ਦੇ ਆਸਰੇ ਛੋਟੇ ਬੱਚੇ ਦੌੜਦੇ ਹਨ. "ਨਾਰਾਇਣ ਲਇਆ ਨਾਠੂੰਗੜਾ ਪੈਰ ਕਿਥੈ ਰਖੈ?" (ਗਉ ਵਾਰ ੧. ਮਃ ੫) ਕਰਤਾਰ ਨੇ ਜਿਸ ਬਾਲਕ (ਅਗਜਾਨੀ) ਦਾ ਸਹਾਰਾ ਲੈ ਲੀਤਾ, ਭਾਵ- ਖੋਹਲਿਆ, ਉਹ ਪੈਰ ਕਿੱਥੇ ਰਖੈ? ੨. ਧਾਵਨ. ਹਰਕਾਰਾ.

ਨਾਡਾ: ਪਟਿਆਲਾ ਰਾਜ ਵਿੱਚ ਤਸੀਲ ਰਾਜਪੁਰਾ, ਥਾਣਾ ਪੰਜੌਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਚੰਡੀਗੜ੍ਹ ਤੋਂ ਚਾਰ ਮੀਲ ਦੱਖਣ ਪੂਰਵ ਹੈ. ਇਸ ਪਿੰਡ ਕੋਲ ਦਸ਼ਮੇਸ਼ ਜੀ ਦਾ ਗੁਰਦੁਆਰਾ ਹੈ. ਗੁਰੂ ਜੀ ਪਾਉਂਟੇ ਸਾਹਿਬ ਵੱਲੋਂ ਆਨੰਦਪੁਰ ਜਾਂਦੇ ਵਿਰਾਜੇ ਹਨ. ਮੰਜੀ ਸਾਹਿਬ ਬਣਿਆ ਹੋਇਆ ਹੈ, ਸੇਵਾਦਾਰ ਕੋਈ ਨਹੀਂ.

ਨਾਤ: ਦੇਖੋ, ਨਾਤਾ. "ਬਚਨ ਨੇਹ ਕੇ ਨਾਤ." (ਚਰਿਤ੍ਰ ੨੧) ੨. ਨ੍ਹਾਉਂਦਾ. ਦੇਖੋ, ਨ੍ਹਾਤ.

ਨਾਤਰ, ਨਾਤਰੁ: ਨਹੀਂ ਤਾਂ. ਦੇਖੋ, ਨਤਰੁ, "ਨਾਤਰੁ ਖਰਾ ਰਿਸੈਹੈ ਰਾਇ." (ਗਉ ਕਬੀਰ)

ਨਾਤਵਾਂ: ਫ਼ਾ ناتواں ਨਾਤੁਵਾਂ. ਵਿ- ਦੁਰਬਲ. ਨਿਰਬਲ. ਕਮਜ਼ੋਰ.

ਨਾਤਾ: ਸੰਗਯਾ- ਰਿਸ਼ਤਾ. ਸੰਬੰਧ. "ਅਸਨ ਬਸਨ ਧਨ ਧਾਮ ਕਾਹੂੰ ਮੇ ਨ ਦੇਖਯੋ, ਜੈਸੋ ਗੁਰਸਿੱਖ ਸਾਧੁ- ਸੰਗਤਿ ਕੋ ਨਾਤਾ ਹੈ." (ਭਾਗੁ ਕ) ੨. ਸੰ. ਸ੍ਨਾਤ. ਵਿ- ਨਾਤਾ. "ਸਾਧੂਧੂਰੀ ਨਾਤਾ." (ਦੇਵ ਮਃ ੫) "ਨਾਤਾ ਧੋਤਾ ਥਾਇਇ ਨ ਪਾਈ." (ਮਾਝ ਅਃ ਮਃ ੩)

ਨਾਤਿਕ, ਨਾਤ਼ਿਕ਼: ਅ਼. ناطق ਵਿ- ਨੁਤ਼ਕ਼ (ਬੋਲਣ) ਵਾਲਾ. ਵਕ੍ਤਾ.

ਨਾਤਿਕ ਹੁਕਮ: ਉਹ ਆਗਯਾ, ਜੋ ਹਾਕਿਮ ਨੇ ਬੋਲ ਕੇ ਲਿਖਾਈ ਹੈ. ਕਿਸੇ ਮੁਕਦਮੇ ਦਾ ਅਦਾਲਤੀ ਵੱਲੋਂ ਕਥਨ ਕੀਤਾ ਫੈਸਿਲਾ.

ਨਾਤੀ: ਸੰ. ਸ੍ਨਾਤਾ. ਵਿ- ਨ੍ਹਾਤੀ ਹੋਈ. "ਨਾਤੀ ਧੋਤੀ ਸੰਬਹੀ." (ਸ. ਫਰੀਦ) ੨. ਸੰਗਯਾ- ਨਾਤਾ (ਸੰਬੰਧ) ਰੱਖਣ ਵਾਲਾ. ਰਿਸ਼ਤੇਦਾਰ. "ਨਾਤੀ ਸਭ ਨਿਜ ਨਿਕਟ ਬੁਲਾਏ." (ਗੁਪ੍ਰਸੂ) ੩. ਸੰ. ਨਪ੍ਰਿ ਨਪ੍ਤ. ਪੜੋਤੇ ਦਾ ਪੁੱਤ ਅਤੇ ਦੋਹਤੇ ਦਾ ਬੇਟਾ. "ਇਕੁ ਲਖ ਪੂਤ ਸਵਾ ਲਖੁ ਨਾਤੀ." (ਆਸਾ ਕਬੀਰ)

ਨਾਤ੍ਰਾ: ਸੰਬੰਧ. ਦੇਖੋ, ਨਾਤਾ ੧. "ਸੋ ਹਰਿ ਬੀਚ ਅਹੀਰਨ ਕੇ ਕਰਬੇਕਹੁ ਕੌਤਕ ਕੀਨ ਸੁ ਨਾਤ੍ਰਾ." (ਕ੍ਰਿਸਨਾਵ)

ਨਾਥ: ਸੰ. ਨਾਥ. ਧਾ- ਸ਼੍ਰੀਮਾਨ ਹੋਣਾ (ਵਿਭੂਤੀ ਵਾਲਾ ਹੋਣਾ), ਸ੍ਵਾਮੀ ਹੋਣਾ, ਸਹਾਇਤਾ ਚਾਹੁਣਾ। ੨. ਸੰਗਯਾ- ਸ੍ਵਾਮੀ. ਮਾਲਿਕ. "ਨਾਥ! ਕਛੂਅ ਨ ਜਾਨਉ." (ਜੈਤ ਰਵਿਦਾਸ) ੩. ਯੋਗੀਆਂ ਦੇ ਮਹੰਤਾਂ ਦੀ ਉਪਾਧਿ.[684] ਦੇਖੋ, ਨਵ ਨਾਥ। ੪. ਭਰਤਾ. ਪਤਿ। ੫. ਨੱਕ ਵਿੱਚ ਪਾਈ ਰੱਸੀ। ੬. ਇਸਤ੍ਰੀਆਂ ਦੇ ਨੱਕ ਦਾ ਗਹਿਣਾ, ਨੱਥ. "ਦੇਹਿ ਜਿਬਾਯਸ਼ ਪਰਕੈ ਨਾਥ." (ਗੁਪ੍ਰਸੂ)

ਨਾਥਣਹਾਰਾ: ਵਿ- ਨੱਥਣ ਵਾਲਾ. ਨਕੇਲ ਪਾਉਣ ਵਾਲਾ। ੨. ਕਾਬੂ ਕਰਨ ਵਾਲਾ. "ਤੂੰ ਨਾਥਾਂ ਨਾਥਣਹਾਰਾ." (ਮਲਾ ਮਃ ੧)

ਨਾਥਨਾ: ਕ੍ਰਿ- ਨੱਥਣਾ. ਨੱਕ ਵਿੱਚ ਛੇਕ ਕਰਕੇ ਨਕੇਲ ਪਾਉਣੀ। ੨. ਕ਼ਾਬੂ ਕਰਨਾ। ੩. ਨਿਯਮਾਂ ਦੀ ਪਾਬੰਦੀ ਵਿੱਚ ਬੰਨ੍ਹਣਾ.

ਨਾਥ ਪਰਾਣਾ: ਦੇਖੋ, ਪ੍ਰਾਣਨਾਥ. "ਸੇਵਕ ਠਾਕੁਰ ਨਾਥ ਪਰਾਣਾ." (ਸੂਹੀ ਛਾਂਤ ਮਃ ੫)

ਨਾਥੀ: ਸੰਗਯਾ- ਨਾਥਪਨ. ਪ੍ਰਭੁਤਾ. "ਆਪਿ ਨਾਥੁ ਨਾਥੀ ਸਭ ਜਾਕੀ." (ਜਪੁ) ੨. ਨਾਥ ਦੀ ਪਦਵੀ। ੩. ਸੰ. ਨਾਥਿਨ. ਵਿ-

---

[684] ਕਈ ਵਿਦ੍ਵਾਨ ਮਨੰਦੇ ਹਨ ਕਿ "ਨਾਥ" ਨਾਮਕ ਯੋਗੀਰਾਜ ਤੋਂ ਨਾਥ ਸੰਗਯਾ ਚੱਲੀ ਹੈ.

ਨਾਥ ਵਾਲਾ. ਜਿਸ ਦਾ ਕੋਈ ਸ੍ਵਾਮੀ ਅਤੇ ਸਹਾਇਕ ਹੈ। ੪. ਨਾਥੀ ਦਾ ਅਰਥ ਨੱਥੀ ਹੋਈ ਭੀ ਹੈ.

ਨਾਦ: (ਦੇਖੋ, ਨਦ ਧਾ). ਸੰ. ਸੰਗ੍ਯਾ- ਸ਼ਬਦ. ਧੁਨਿ. "ਨਾਦ ਕੁਰੰਕਹਿ ਬੇਧਿਆ." (ਵਾਰ ਜੈਤ) ਵਿਦ੍ਵਾਨਾਂ ਨੇ ਨਾਦ ਦੇ ਮੁੱਖ ਦੋ ਭੇਦ ਕੀਤੇ ਹਨ. ਇੱਕ ਧ੍ਵਨਿਰੂਪ, ਜੈਸੇ- ਘੰਟੇ ਨਗਾਰੇ ਆਦਿ ਦਾ ਸ਼ਬਦ. ਦੂਜਾ ਵਰਣ- ਰੂਪ, ਜੈਸੇ- ਮਨੁੱਖਾਂ ਦੀ ਬੋਲੀ. ਕਈਆਂ ਨੇ ਤਿੰਨ ਭੇਦ ਥਾਪੇ ਹਨ- ਇੱਕ ਪ੍ਰਾਣੀਭਵ, ਜੋ ਜਾਨਦਾਰ ਜੀਵਾਂ ਤੋਂ ਪੈਦਾ ਹੋਵੇ. ਦੂਜਾ ਅਪ੍ਰਾਣੀ ਭਵ, ਜੋ ਬੇਜਾਨ ਵਸਤੂਆਂ ਤੋਂ ਉਪਜੇ, ਜੈਸੇ ਵੀਣਾ ਆਦਿ ਦੀ ਧੁਨਿ. ਤੀਜਾ ਉਭਯ ਸੰਭਵ ਜੈਸੇ ਬਾਂਸੁਰੀ ਨਫੀਰੀ ਆਦਿ। ੨. ਯੋਗੀਆਂ ਦੇ ਸਿੰਙੀ ਆਦਿ ਸ਼ਬਦ. "ਘਟਿ ਘਟਿ ਵਾਜਹਿ ਨਾਦ." (ਜਪੁ) ੩. ਸੰਖ. "ਤਿਾਂਨ ਘਰ ਬ੍ਰਾਹਮਣ ਪੂਰਹਿ ਨਾਦ." (ਵਾਰ ਆਸਾ) ੪. ਸ੍ਵਰਵਿਦ੍ਯਾ. ਸੰਗੀਤ. "ਗੁਰਮੁਖਿ ਨਾਦ ਬੇਦ ਬੀਚਾਰੁ." (ਮਾਰੂ ਸੋਲਹੇ ਮਃ ੩) ੫. ਨਿਘੰਟੁ ਵਿੱਚ ਨਾਦ ਦਾ ਅਰਥ ਕੀਤਾ ਹੈ ਉਸਤਤਿ ਕਰਨ ਯੋਗ੍ਯ. ਜਿਸ ਦੀ ਉਸਤਤਿ ਕਰੀਏ ਉਹ ਨਾਦ ਹੈ। ੬. ਸੰਗੀਤ ਵਿੱਚ ਅਰਥ ਕੀਤਾ ਹੈ- ਨ (ਪ੍ਰਾਣ) ਦ (ਅਗਨਿ). ਸ਼ਰੀਰ ਦੀ ਅਗਨੀ ਦੇ ਸੰਜੋਗ ਤੋਂ ਜੋ ਸ੍ਵਰ ਉਪਜੇ, ਸੋ ਨਾਦ. ਇਸ ਨਾਦ ਦੇ ਤਿੰਨ ਅਸਥਾਨ ਹਨ- ਹ੍ਰਿਦਯ, ਕੰਠ ਅਤੇ ਮਸ੍ਤਕ. ਹ੍ਰਿਦਯ ਵਿੱਚ ਇਸਥਿਤ ਨਾਦ ਦੀ "ਮੰਦ੍ਰ" ਸੰਗ੍ਯਾ ਹੈ, ਕੰਠ ਵਿੱਚ ਨਾਦ ਦੀ "ਮਧ੍ਯਮ" ਸੰਗ੍ਯਾ ਹੈ ਅਤੇ ਮਸ੍ਤਕ ਵਿੱਚ ਇਸਥਿਤ ਨਾਦ "ਤਾਰ" ਹੈ। ੭. ਦੇਖੋ, ਅਨਹਤ ਨਾਦ.

ਨਾਦਉਨ: ਦੇਖੋ, ਨਾਦੌਨ.

ਨਾਦਸਤ: ਦੇਖੋ, ਸਤ ੧੪. ਅਤੇ ਚੰਦਸਤ.

ਨਾਦ ਕਵਿਤ: ਸੰਗੀਤ ਅਤੇ ਸਾਹਿਤ੍ਯ. ਰਾਗ ਅਤੇ ਕਾਵ੍ਯ. "ਤਹ ਹਰਿਜਸੁ ਗਾਵਹਿ ਨਾਦ ਕਵਿਤ." (ਧਨਾ ਮਃ ੫)

ਨਾਦਬਿੰਦੁ: ਸੰ. ਨਾਦਵਿੰਦੁ. ਯੋਗਮਤ ਅਨੁਸਾਰ ਨਾਦਵਿੰਦੁ ਦਾ ਅਰਥ ਹੈ- ਨਾਦ (ਧੁਨਿ) ਤੋਂ ਉਤਪੰਨ ਹੋਈ ਲਹਿਰ ਰੂਪ ਪ੍ਰਤਿਧ੍ਵਨਿ. ਦਸਮਦ੍ਵਾਰ ਵਿੱਚ ਜੋ ਅਨੇਕ ਪ੍ਰਕਾਰ ਦੇ ਨਾਦ ਹੁੰਦੇ ਹਨ, ਉਨ੍ਹਾਂ ਤੋਂ ਉਪਜੀ ਅਖੰਡ ਗੂੰਜ, ਜਿਸ ਦੇ ਆਨੰਦ ਵਿੱਚ ਯੋਗੀ ਮਗਨ ਰਹਿੰਦਾ ਹੈ.

ਗੁਰਮਤ ਅਨੁਸਾਰ ਨਾਦਬਿੰਦੁ ਦਾ ਅਰਥ ਹੈ ਗੁਰਉਪਦੇਸ਼ ਦਾ ਮਨ ਵਿੱਚ ਨਿਰੰਤਰ ਸਿਮਰਣ. "ਨਾਦਬਿੰਦੁ ਕੀ ਸੁਰਤਿ ਸਮਾਇ." (ਆਸਾ ਮਃ ੧) ੨. ਦੇਖੋ, ਨਾਦੀ ਬਿੰਦੀ। ੩. ਸੰਗੀਤ ਅਨੁਸਾਰ ਸ੍ਵਰ ਦਾ ਉੱਚ ਸ੍ਵਰ (ਟੀਪ) ਪੁਰ ਜਾਕੇ ਅਖੰਡ ਠਹਿਰਨਾ, ਨਾਦਵਿੰਦੁ ਹੈ। ੪. ਭਾਗਵਤ ਵੱਚ ਲਿਖਿਆ ਹੈ- ਸੱਚਿਦਾ ਨੰਦ ਪਰਮੇਸ਼੍ਵਰ ਤੋਂ ਸ਼ਕ੍ਤਿ, ਸ਼ਕ੍ਤਿ ਤੋਂ ਨਾਦ, ਨਾਦ ਤੋਂ ਵਿੰਦੁ (ਵੀਜਰੂਪ ਪ੍ਰਣਵ- ਓਅੰ) ਉਤਪੰਨ ਹੋਇਆ ਹੈ। ੫. ਇੱਕ ਉਪਨਿਸ਼ਦ.

ਨਾਦਬੇਦ: ਸੰਗੀਤ ਅਤੇ ਆਤਮਗ੍ਯਾਨ ਵਿਦ੍ਯਾ. "ਗੁਰਮੁਖਿ ਨਾਦ ਬੇਦ ਬੀਚਾਰ." (ਓਅੰਕਾਰ)

ਨਾਦਮ: ਦੇਖੋ, ਨਾਦਿਮ.

ਨਾਦਰ: ਦੇਖੋ ਨਾਦਿਰ.

ਨਾਦਰਸ਼ਾਹ: ਦੇਖੋ, ਨਾਦਿਰਸ਼ਾਹ.

ਨਾਦਵਣ: ਦੇਖੋ, ਨਾਦੌਨ.

ਨਾਦਵਿੰਦੁ: ਦੇਖੋ ਨਾਦਬਿੰਦੁ.

ਨਾਦਾਨ: ਫ਼ਾ. نادان ਵਿ- ਅਣਜਾਣ. ਅਗ੍ਯਾਨੀ.

ਨਾਦਿਨ: ਅਞਾਣ ਲਿਖਾਰੀ ਨੇ ਸ਼ਸਤ੍ਰ ਨਾਮ ਮਾਲਾ ਦੇ ੯੦੯ ਅਾਂਗ ਵਿੱਚ ਨਦਿਨੀ ਦੀ ਥਾਂ ਨਾਦਿਨ ਲਿਖਿਆ ਹੈ. ਨਦਿਨੀ (ਨਦ ਨਦੀਆਂ ਵਾਲੀ) ਪ੍ਰਿਥਿਵੀ ੨. ਸਾਂ. ਨਾਦ੍ਨਿ. ਵਿ- ਸ਼ੋਰ ਕਰਨ ਵਾਲਾ.

ਨਾਦਿਮ: ਅ਼. نادم ਵਿ- ਲੱਜਿਤ. ਸ਼ਰਮਿੰਦਾ. ਇਸ ਦਾ ਬਹੁਵਚਨ ਨਿੱਦਾਮ ਹੈ।

ਨਾਦਿਰ: ਅ. نادر ਵਿ- ਅਦਭੁਤ. ਅਣੋਖਾ.

ਨਾਦਿਰਸ਼ਾਹ: نادرشاہ ਨਾਦਿਰ (ਤਹਮਾਸਪ) ਕੁਲੀ ਖ਼ਾਨ. ਇਹ ਇਮਾਮਕੁਲੀ ਦਾ ਪੁੱਤ ਇੱਕ ਗ਼ਰੀਬ ਅਯਾਲੀ ਸੀ, ਜੋ ਖ਼ੁਰਾਸਾਨ ਅੰਦਰ ਸਨ ੧੬੮੭ ਵਿੱਚ ਪੈਦਾ ਹੋਇਆ, ਇਸ ਨੇ ਆਪਣੇ ਪਰਾਕ੍ਰਮ ਅਤੇ ਬੁੱਧਿਬਲ ਨਾਲ ਸਨ ੧੭੩੬ ਵਿੱਚ ਸਫ਼ਵੀ ਖ਼ਾਨਦਾਨ ਨੂੰ ਜਿੱਤ ਕੇ ਫ਼ਾਰਸ ਦਾ ਤਖ਼ਤ ਪ੍ਰਾਪਤ ਕੀਤਾ, ਫੇਰ ਕਾਬੁਲ ਕੰਧਾਰ ਨੂੰ ਜਿੱਤ ਕੇ ਸਨ ੧੭੩੯ (ਸੰਮਤ ੧੭੯੬) ਵਿੱਚ ਹਿੰਦੁਸਤਾਨ ਪੁਰ ਚੜ੍ਹਾਈ ਕੀਤੀ. ਕਰਨਾਲ ਦਾ ਜੰਗ ਜਿੱਤ ਕੇ ਮੁਲਕ ਨੂੰ ਲੁੱਟਦਾ ਮਾਰਦਾ ਦਿੱਲੀ ਪਹੁਚਿਆ. ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਟਾਕਰਾ ਕੀਤਾ, ਪਰ ਤੁਰਤ ਹਾਰ ਖਾਧੀ, ਅੰਤ ਨੂੰ ਨਾਦਿਰ ਨਾਲ ਸੁਲਾ ਕਰਕੇ ਘਰ ਲੈ ਆਇਆ. ਇੱਕ ਭੰਗੜ ਦਿਹਲਵੀ ਨੇ ਗੱਪ ਉਡਾ ਦਿੱਤੀ ਕਿ ਨਾਦਿਰ ਕਿਲੇ ਅੰਦਰ ਕ਼ਤਲ ਕੀਤਾ ਗਿਆ ਹੈ. ਇਸ ਪੁਰ ਦਿੱਲੀ ਦੇ ਲੋਕਾਂ ਨੇ ਕਈ ਸਿਪਾਹੀ ਨਾਦਿਰ ਦੇ ਮਾਰ ਦਿੱਤੇ. ਇਹ ਸੁਣ ਕੇ ਨਾਦਿਰ ਤਲਵਾਰ ਧੂਹ ਕੇ ਸੁਨਹਿਰੀ ਮਸੀਤ ਵਿੱਚ ਆ ਬੈਠਾ ਅਰ ਕਤਲਾਮ ਦਾ ਹੁਕਮ ਦਿੱਤਾ. ਨੌ ਘੰਟੇ ਦੀ ਕਤਲਾਮ ਵਿੱਚ ਕਈ ਹਜ਼ਾਰ ਆਦਮੀ ਵੱਢਿਆ ਗਿਆ.[685]ਵੱਡੇ ਯਤਨ ਨਾਲ ਨਾਦਿਰ ਦੀ ਤਲਵਾਰ ਮਿਆਨ ਕਰਵਾਈ, ਜਿਸ ਤੋਂ ਕਤਲਾਮ ਬੰਦ ਹੋਈ[686]

ਨਾਦਿਰ ਸ਼ਾਹ ਦਿੱਲੀ ਤੋਂ ਤਖ਼ਤ ਤਾਊਸ (ਮਯੂਰ- ਸਿੰਘਾਸਨ), ਕੋਹਨੂਰ ਹੀਰਾ ਅਤੇ ਅਨੰਤ ਮਾਲ ਲੈ ਕੇ ਈਰਾਨ ਨੂੰ ਰਵਾਨਾ ਹੋਇਆ, ਪਰ ਰਸਤੇ ਵਿੱਚ ਖ਼ਾਲਸੇ ਨੇ ਛਾਪੇ ਮਾਰ ਕੇ ਵੱਡਾ ਤੰਗ ਕੀਤਾ ਅਰ ਲੁੱਟ ਦਾ ਬਹੁਤ ਮਾਲ ਖੋਹਿਆ.

ਹਿੰਦ ਤੋਂ ਵਾਪਿਸ ਜਾਣ ਲੱਗਿਆਂ ਨਾਦਿਰ ਨੇ ਅਫਗਾਨਿਸਤਾਨ ਦਾ ਇਲਾਕਾ ਜੋ ਸਿੰਧ ਨਦ ਦੇ ਪੱਛਮ ਵੱਲ ਸੀ, ਈਰਾਨ ਨਾਲ ਮਿਲਾ ਲਿਆ.

ਨਾਦਿਰਸ਼ਾਹ ੨੦. ਜੂਨ ਸਨ ੧੭੪੭ (ਸਾਂਮਤ ੧੮੦੪) ਨੂੰ ਕੂਚਾਨ ਦੇ ਪਾਸ ਆਪਣੀ ਜਾਤੀ ਦੇ ਆਦਮੀ ਹੱਥੋਂ ਕੈਂਪ ਵਿੱਚ ਸੁੱਤਾ ਪਿਆ ਕ਼ਤਲ ਕੀਤਾ ਗਿਆ. ਨਾਦਿਰ ਸ਼ਾਹ ਦਾ ਮਕ਼ਬਰਾ ਮਸ਼ਹਦ ਵਿੱਚ ਹੈ.

ਨਾਦਿਰਸ਼ਾਹੀ: ਸੰਗਯਾ- ਨਾਦਿਰਸ਼ਾਹ ਜੇਹੀ ਅਤਯਾਚਾਰ ਕੀ ਕ੍ਰਿਯਾ. ਨਾਦਿਰ ਸ਼ਾਹ ਜੇਹੀ ਲੁੱਟ. ਧੱਕੇਬਾਜ਼ੀ, ਜ਼ੁਲਮ ਅਤੇ ਜਬਰ. ਦੇਖੋ, ਨਾਦਿਰਸ਼ਾਹ.

ਨਾਦਿਰ ਸੀਯਰ: ਅ. نادرسیر ਵਿ- ਅਣੋਖੇ ਸੁਭਾਉ ਵਾਲਾ. ਅਜ਼ੀਬ ਆ਼ਦਤਾਂ ਵਾਲਾ.

ਨਾਦੀ: ਸੰ. ਨਾਦਿਨ੍‌. ਵਿ- ਨਾਦ (ਧੁਨਿ) ਕਰਨ ਵਾਲਾ। ੨. ਸੰਗਯਾ- ਚੇਲਾ. ਸਿੱਖ. ਨਾਦ (ਉਪਦੇਸ਼) ਦ੍ਵਾਰਾ ਜਿਸ ਦਾ ਗੁਰੂ ਨਾਲ ਪੁਤ੍ਰ ਭਾਵ ਉਤਪੰਨ ਹੁੰਦਾ ਹੈ, "ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਣੈ ਲਿਖਾਇਆ." (ਸੋਰ ਕਬੀਰ) ਨਾਦੀ, ਬਿੰਦੀ, ਸ਼ਾਸਤ੍ਰਾਰਥਕਰਤਾ ਅਤੇ ਮੌਨੀ, ਸਭ ਜਮ ਦੇ ਰਜਿਸਟਰ ਵਿਚ ਲਿਖੇ ਗਏ। ੩. ਰਾਗ ਕਰਨ ਵਾਲਾ. ਰਾਗੀ. ਕੀਰਤਨੀਆ। ੪. ਅ਼. ਸਭਾ. ਮਜਲਿਸ.

ਨਾਂਦੀ: ਸੰ. ਸੰਗਯਾ- ਵਿਭੂਤੀ. ਸਮ੍ਰਿੱਧੀ। ੨. ਨਾਟਕ ਦੇ ਆਰੰਭ ਵੇਲੇ ਦਾ ਮੰਗਲ. ਨਾਟਕ ਸ਼ੁਰੂ ਕਰਨ ਵੇਲੇ ਜੋ ਉਸਤਤਿ ਗਾਈ ਜਾਵੇ, ਇਹ ਦੇਵਤਿਆਂ ਨੂੰ ਨੰਦ (ਆਨੰਦ) ਕਰਨ ਵਾਲੀ ਹੈ, ਇਸ ਲਈ ਨੰਦੀ ਸੰਗਯਾ ਹੈ, ਸੰਗੀਤ ਦੇ ਆਚਾਰਯ ਭਰਤਮੁਨਿ ਨੇ ਨਾਂਦੀ ਦੇ ਦਸ਼ ਪਦ ਵਿਧਾਨ ਕੀਤੇ ਹਨ। ੩. ਪ੍ਰਸੰਨਤਾ. ਖੁਸ਼ੀ.

ਨਾਦੀਆ: ਸੰ. ਨੰਦਿ. ਸੰਗਯਾ- ਸ਼ਿਵ ਦੀ ਸਵਾਰੀ ਦਾ ਬੈਲ. ਦੇਖੋ. ਕਾਮਧੇਨੁ.

ਨਾਦੀ ਬਿੰਦੀ, ਨਾਦੀ ਬੇਦੀ: ਚੇਲਾ ਅਤੇ ਸੰਤਾਨ. ਦੇਖੋ, ਨਾਦੀ ਅਤੇ ਬਿੰਦੀ ਸ਼ਬਦ.

ਨਾਂਦੀਮੁਖ: ਸੰ. ਸੰਗਯਾ- ਹਿੰਦੂਮਤ ਦੇ ਸ਼ਾਸਤ੍ਰਾਂ ਅਨੁਸਾਰ ਵ੍ਰਿੱਧੀ ਲਈ ਕੀਤਾ ਸ਼੍ਰਾੱਧਕਰਮ, ਜਿਸ ਦਾ ਨਾਮ "ਵ੍ਰਿੱਧਿ ਸ਼੍ਰਾੱਧ." ਭੀ

---

[685] ਕਈ ਲੇਖਕਾਂ ਨੇ ਡੇਢ ਲੱਖ ਆਦਮੀ ਮਾਰੇ ਜਾਣੇ ਲਿਖੇ ਹਨ, ਪਰ ਇਹ ਗੱਪ ਹੈ.

[686] ਇਸੇ ਘਟਨਾ ਤੋਂ "ਨਾਦਿਰਸ਼ਾਹ ਕਤਲਾਮ" ਕਹਾਵਤ ਬਣ ਗਈ ਹੈ.

ਹੈ. ਇਹ ਜਨਮ ਵਿਆਹ ਨਵੇਂ ਘਰ ਵਿੱਚ ਵਸਣ ਆਦਿ ਸਮਿਆਂ ਵਿੱਚ ਕੀਤਾ ਜਾਂਦਾ ਹੈ।[687] ੨. ਸਾਂਤਾਨ ਦੇ ਮੰਗਲ ਵਾਸਤੇ ਸ਼੍ਰਾੱਧਕਰਮ. ਭਾਈ ਸੰਤੋਖ ਸਿੰਘ ਨੇ ਇਸੇ ਦਾ ਨਾਮ ਨੰਦੀਮੁਖ ਲਿਖਿਆ ਹੈ- "ਨੰਦੀਮੁਖੰ ਸ਼੍ਰਾੱਧ ਕਰਵਾਯੋ। ਵੇਦਨ ਵ੍ਰਿਧਿ ਜਿਮਿ ਵਿਪ੍ਰ ਬਤਾਯੋ." (ਨਾਪ੍ਰ) ੩. ਖੂਹ ਦਾ ਢੱਕਣ.

ਨਾਦੇੜ: ਦੇਖੋ, ਅਬਿਚਲਨਗਰ.

ਨਾਦੌਣ, ਨਾਦੌਨ: ਕਾਂਗੜੇ ਦੇ ਜਿਲੇ ਹਮੀਰਪੁਰ ਦੀ ਤਸੀਲ, ਥਾਣਾ ਜ੍ਵਾਲਾਜੀ ਵਿੱਚ ਕਟੋਚ ਰਾਜਪੂਤਾਂ ਦੀ ਪੁਰਾਣੀ ਰਾਜਧਾਨੀ, ਜੋ ਕਾਂਗੜੇ ਤੋਂ ਦੱਖਣ ਪੂਰਵ ੨੦. ਮੀਲ ਵਿਪਾਸ਼ (ਬਿਆਸ) ਨਦੀ ਦੇ ਕਿਨਾਰੇ ਹੈ, ਨਾਦੌਨ ਤੋਂ ਪੱਛਮ ਵੱਲ ਵਿਪਾਸ਼ ਦੇ ਕਿਨਾਰੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਪੁਜਾਰੀ ਸਿੰਘ ਹੈ. ਰਿਆਸਤ ਨਾਭੇ ਵੱਲ ੬੦) ਰੁਪਯੇ ਸਾਲਾਨਾ ਗੁਜਾਰਾ ਹੈ. ਗੁਰੂ ਸਾਹਿਬ ਦੇ ਵੇਲੇ ਦੇ ਗੁਰਦ੍ਵਾਰੇ ਦੇ ਅਹਾਤੇ ਅੰਦਰ ਛੀ ਪਿੱਪਲ ਮੌਜੂਦ ਹਨ.

ਵਿਚਿਤ੍ਰ ਨਾਟਕ ਦੇ ਨੌਵੇਂ ਅਧਜਾਯ ਵਿੱਚ ਕਥਾ ਹੈ ਕਿ ਪਹਾੜੀ ਰਾਜਿਆਂ ਵੱਲੋਂ ਖ਼ਿਰਾਜ ਨਾ ਪੁੱਜਣ ਕਰਕੇ ਔਰੰਗਜ਼ੇਬ ਨੇ ਮੀਆਂ ਖ਼ਾਨ ਫੌਜਦਾਰ ਨੂੰ ਪਹਾੜ ਵੱਲ ਭੇਜਿਆ. ਮੀਆਂ ਖ਼ਾਨ ਆਪ ਜੰਮੂ ਵੱਲ ਗਿਆ ਤੇ ਉਸ ਨੇ ਆਪਣੇ ਭਤੀਜੇ ਅਲਫ਼ਖਾਨ ਨੂੰ ਨਾਦੌਣ ਵੱਲ ਭੇਜਿਆ, ਇਸ ਕਰਕੇ ਰਾਜੇ ਭੀਮਚੰਦ ਕਹਲੂਰੀਏ ਨੇ ਦਸ਼ਮੇਸ਼ ਤੋਂ ਸਹਾਇਤਾ ਮੰਗੀ, ਸੰਮਤ ੧੭੪੭ ਦੇ ਅੰਤ ਵਿੱਚ ਨਾਦੌਣ ਦਾ ਜੰਗ ਹੋਇਆ ਜਿਸ ਵਿੱਚ ਅਲਖ਼ਖਾਨ ਹਾਰ ਕੇ ਭੱਜ ਗਿਆ.

ਨਾਧਾ: ਦੇਖੋ ਨੱਧ.

ਨਾਨ: ਸੰ. ਸ੍ਨਾਨ. ਸਾਂਗਜਾ- ਗ਼ੁਸਲ. ਇਸਨਾਨ. "ਤੀਰਥ ਨਾਨ ਦਯਾ ਦਮ ਦਾਨ." (ਅਕਾਲ) ੨. ਵਿ- ਨਜ਼ੂਨ. ਘਟੀਆ. ਅਦਨਾ. "ਕਿਆ ਹਮ ਕਿਰਮ ਨਾਨ ਨਿਕ ਕੀਰੇ." (ਧਨਾ ਮਃ ੪) ੩. ਦੇਖੋ, ਨਨ੍ਹਾ। ੪. ਫ਼ਾ. نان ਰੋਟੀ.

ਨਾਨਕ: ਸ਼੍ਰੀ ਗੁਰੂ ਨਾਨਕ ਸ੍ਵਾਮੀ ਦਾ ਨਾਮ, ਜਿਸ ਦੀ ਵਜਾਖਜਾ ਵਿਦ੍ਵਾਨਾਂ ਨੇ ਕੀਤੀ ਹੈ-

ਨਹੀਂ ਹੈ ਅਨੇਕਤ੍ਵ ਜਿਸ ਵਿੱਚ (ਅਦ੍ਵੈਤ ਰੂਪ). ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਵਿੱਚ ਅਰਥ ਕੀਤਾ ਹੈ-

ਪ੍ਰਾਕ ਜੋ ਨਕਾਰ ਨਾ ਪ੍ਰਮਾਨ ਅਭਿਧਾਨ ਜਾਨ

ਤਾਹੂੰ ਤੇ ਅਕਾਰ ਲੇ ਅਨਕ ਪੁਨ ਤੀਨ ਹੈ,

ਦੂਸਰੇ ਨਕਾਰ ਤੇ ਨਿਕਾਰਕੈ ਅਕਾਰ ਇਕ

ਭਯੋ "ਅਨ ਅਕ" ਚਾਰ ਵਰਣ ਸੁ ਕੀਨ ਹੈ,

ਅਕ ਨਾਮ ਦੁੱਖ ਕੋ ਵਿਦਿਤ ਹੈ ਜਗਤ ਮਧਜ

ਜਾਹਿੰ ਨਰ ਨਹੀਂ ਦੁੱਖ ਸਦਾ ਸੁਖ ਲੀਨ ਹੈ,

ਐਸੇ ਇਹ ਨਾਨਕ ਕੇ ਨਾਮ ਕੋ ਅਰਥ ਚੀਨ

ਸੋਚਿਦ ਅਨੰਦ ਨਿਤ ਭਗਤ ਅਧੀਨ ਹੈ.[688]

ਦਖ, ਨਾਨਕ ਦੇਵ ਸਤਿਗੁਰੂ। ੨. ਸ਼੍ਰੀ ਗੁਰੂ ਨਾਨਕ ਦੇਵ ਦੇ ਨੌ ਰੂਪ- ਦੂਜੇ ਸਤਿਗੁਰੂ ਤੋਂ ਦਸ਼ਮ ਤੀਕ ਜਿਨ੍ਹਾਂ ਦੀ "ਨਾਨਕ" ਸੰਗਜਾ ਹੈ। ੩. ਵਿ- ਨਾਨਾ ਨਾਲ ਹੈ ਜਿਸ ਦਾ ਸੰਬੰਧ. ਨਾਨੇ ਦਾ। ੪. ਸੰਗਜਾ- ਨਾਨੇ ਦਾ ਵੰਸ਼. "ਨਾਨਕ ਦਾਦਕ ਨਾਉ ਨ ਕੋਈ."

---

[687] "कन्या पुत्र विवाहेपु प्रवेशे नव वेश्मन.
नान्दीमुखं पितृगणं पृजयते प्रयतो गृही."

[688] क (सुख) तद्धिथरुद्धम अक (दुख) न अकं विद्यते
यन्ध सोनकः नाऽपरः पुर्माश्चासो इत नानक।

(ਭਾਗੁ)

ਨਾਨਕਸਰ: ਨਾਨਕਿਆਣੇ ਦਾ ਉਹ ਤਾਲ, ਜੋ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਦੇ ਨਾਮ ਪੁਰ ਖੁਦਵਾਇਆ ਸੀ. ਇਸੇ ਥਾਂ ਛੀਵੇਂ ਸਤਿਗੁਰੂ ਨਾਨਕਿਆਣੇ ਦੀ ਯਾਤ੍ਰਾ ਸਮੇਂ ਵਿਰਾਜੇ ਹਨ। ੨. ਜਿਲਾ ਗੁਜਰਾਤ, ਤਸੀਲ ਖਾਰੀਆਂ ਦੇ ਡਿੰਗੇ ਪਿੰਡ ਵਿੱਚ ਆਬਾਦੀ ਤੋਂ ਉੱਤਰ ਪੱਛਮ ਗੁਰੂ ਨਾਨਕ ਦੇਵ ਦਾ ਅਸਥਾਨ, ਜਿਸ ਦੇ ਨਾਲ ਇੱਕ ਤਾਲ ਹੈ, ਗੁਰਦ੍ਵਾਰਾ ਛੋਟਾ ਜੇਹਾ ਬਣਿਆ ਹੋਇਆ ਹੈ, ਨਾਲ ਸੱਤ ਕਨਾਲ ਜ਼ਮੀਨ ਹੈ. ਉਦਾਸੀ ਸਾਧੁ ਪੁਜਾਰੀ ਹੈ, ਰੇਲਵੇ ਸਟੇਸ਼ਨ ਡਿੰਗੇ ਤੋਂ ਪੌਣ ਮੀਲ ਹੈ।

੩. ਜਿਲਾ ਮਾਂਟਗੁਮਰੀ, ਥਾਣਾ ਖਾਸ ਹੜੱਪਾ. ਹੜੱਪਾ ਨਗਰ ਤੋਂ ਪੌਣ ਮੀਲ ਦੱਖਣ ਗੁਰੂ ਨਾਨਕ ਦੇਵ ਦਾ ਅਸਥਾਨ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਬਹੁਤ ਹਨ. ਦਸ ਘੁਮਾਉਂ ਜ਼ਮੀਨ ਗੁਰਦ੍ਵਾਰੇ ਨਾਲ ਹੈ. ੧-੨-੩ ਚੇਤ ਨੂੰ ਮੇਲਾ ਹੁੰਦਾ ਹੈ. ਸਿੰਘ ਪੁਜਾਰੀ ਹਨ. ਰੇਲਵੇ ਸਟੇਸ਼ਨ ਹੜੱਪਾ ਤੋਂ ਸਾਢੇ ਤਿੰਨ ਮੀਲ ਪੱਛਮ ਹੈ।

੪. ਜਿਲਾ ਤਸੀਲ ਸਿਆਲਕੋਟ, ਥਾਣਾ ਸੰਭੜਿਆਲ ਦਾ ਪਿਾਂਡ ਸਾਹੋਵਾਲ ਹੈ, ਜੋ ਰੇਲਵੇ ਸਟੇਸ਼ਨ ਉੱਗੋਕੀ ਤੋਂ ਤਿੰਨ ਮੀਲ ਦੱਖਣ ਪੱਛਮ ਹੈ. ਇਸ ਤੋਂ ਚੜ੍ਹਦੇ ਵੱਲ ਦੋ ਫਰਲਾਂਗ ਦੇ ਕ਼ਰੀਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਸਿਆਲਕੋਟੋਂ ਇੱਥੇ ਆਏ ਅਤੇ ਸੱਤ ਦਿਨ ਵਿਰਾਜੇ. ਉਸ ਸਮੇਂ ਇੱਥੇ ਇੱਕ ਤਾਲ ੨੫ ਘੁਮਾਉਂ ਵਿੱਚ ਸੀ. ਇਹ ਗੁਰਦ੍ਵਾਰਾ ਭੀ ਉਸ ਦ ਵਿੱਚ ਹੀ ਹੈ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ਉਦਾਸੀ ਪੁਜਾਰੀ ਹੈ, ਇਸ ਗੁਰਦ੍ਵਾਰੇ ਨਾਲ ਜਾਗੀਰ ਜ਼ਮੀਨ ਕੁਝ ਨਹੀਂ ਹੈ।

੫. ਜਿਲਾ ਤਸੀਲ ਅਮ੍ਰਿਤਸਰ ਵਿੱਚ ਵੇਰਕਾ ਪਿੰਡ ਹੈ ਜੋ ਖ਼ਾਸ ਰੇਲਵੇ ਸਟੇਸ਼ਨ ਹੈ. ਇਸ ਗ੍ਰਾਮ ਤੋਂ ਲਹਿੰਦੇ ਵੱਲ ਪਾਸ ਹੀ ਸ਼੍ਰੀ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨਾਨਕਿਆਣੇ ਸਾਹਿਬ ਤੋਂ ਬਟਾਲੇ ਵੱਲ ਜਾਂਦੇ ਇੱਥੇ ਵਿਰਾਜੇ ਹਨ. ਦਰਬਾਰ ਦੇ ਪਾਸ ਚੜ੍ਹਦੇ ਵੱਲ ਇੱਕ ਨਿੱਕਾ ਜਿਹਾ ਤਾਲਾਬ ਹੈ. ਗੁਰਦ੍ਵਾਰਾ ਸੁੰਦਰ ਬਣਾਇਆ ਗਿਆ ਹੈ, ਜਿਸ ਦੀ ਸੇਵਾ ਭਾਈ ਵਰਿਆਮ ਸਿੰਘ ਪੁਜਾਰੀ ਨੇ ਸੰਗਤਾਂ ਪਾਸੋਂ ਕਰਾਈ ਹੈ. ਨਗਰ ਵਾਸੀ ਗੁਰਦ੍ਵਾਰੇ ਨਾਲ ਪ੍ਰੇਮ ਰਖਦੇ ਹਨ. ਨਿੱਤ ਕੀਰਤਨ ਹੁੰਦਾ ਹੈ, ਗੁਰਦ੍ਵਾਰੇ ਨਾਲ ਕੇਵਲ ਪੰਜ ਵਿੱਘੇ ਜ਼ਮੀਨ ਹੈ।

੬. ਜਿਲਾ ਜਲੰਧਰ, ਤਸੀਲ ਨਵਾਂਸ਼ਹਿਰ, ਥਾਣਾ ਬੰਗਾ ਵਿੱਚ ਪਿੰਡ ਹਕੀਮਪੁਰ ਹੈ, ਜੋ ਰੇਲਵੇ ਸਟੇਸ਼ਨ ਬੈਹਰਾਮ ਤੋਂ ਪੰਜ ਮੀਲ ਦੱਖਣ ਹੈ, ਹਕੀਮਪੁਰ ਤੋਂ ਉੱਤਰ ਵੱਲ ਦੋ ਫਰਲਾਂਗ ਦੇ ਕ਼ਰੀਬ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਕਰਤਾਰਪੁਰੋਂ ਕੀਰਤਪੁਰ ਵੱਲ ਜਾਂਦੇ ਇਇੱਥੇ ਕੁਝ ਦਿਨ ਨਿਵਾਸ ਕੀਤਾ. ਜਿਨ੍ਹਾਂ ਪਿੱਪਲਾਂ ਅਤੇ ਨਿੰਮਾਂ ਨਾਲ ਗੁਰੂ ਜੀ ਦੇ ਘੋੜੇ ਬੱਧੇ ਸਨ ਉਹ ਮੌਜੂਦ ਹਨ. ਦਰਬਾਰ ਸੁੰਦਰ ਬਣਿਆ ਹੋਇਆ ਹੈ, ਜਿਸ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਤੀ ਸੀ. ਪੁਜਾਰੀ ਸਿੰਘ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਦਰਬਾਰ ਤੋਂ ਚੜ੍ਹਦੇ ਵੱਲ ਪਾਸ ਹੀ ਇੱਕ ਸੁੰਦਰ ਤਾਲਾਬ ਹੈ. ਗੁਰਦ੍ਵਾਰੇ ਨਾਲ ਜ਼ਮੀਨ ਜਾਗੀਰ ਨਹੀਂ ਹੈ, ਕੇਵਲ ੪. ਘੁਮਾਉਂ ਦਾ ਅਹਾਤਾ ਹੈ. ਸੁਣਿਆ ਹੈ ਕਿ ਇੱਥੇ ਗੁਰੂ ਨਾਨਕ ਦੇਵ ਜੀ ਨੇ ਭੀ ਚਰਣ ਪਾਏ ਹਨ।

੭. ਜਿਲਾ ਫਿਰੋਜ਼ਪੁਰ, ਤਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲੇ ਦਾ ਇੱਕ ਪਿੰਡ ਤਖਤੂਪੁਰਾ ਹੈ, ਜੋ ਰੇਲਵੇ ਸਟੇਸ਼ਨ ਮੋਗੇ ਤੋਂ ੧੭. ਮੀਲ ਦੱਖਣ ਹੈ. ਇਸ ਤਖਤੂਪੁਰੇ ਤੋਂ ਪੂਰਵ, ਗੁਰ ਅਸਥਾਨ "ਨਾਨਕਸਰ" ਨਾਮ ਤੋਂ ਪ੍ਰਸਿੱਧ ਹੈ. ਇੱਥੇ ਤਿੰਨ ਗੁਰਦ੍ਵਾਰੇ ਹਨ-

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜਾ ਨੇ ਜਦ ਇੱਥੇ ਚਰਣ ਪਾਏ, ਤਾਂ ਗੁਰੂ ਜੀ ਨੂੰ ਯੋਗੀ ਗੋਪੀ ਚੰਦ, ਭਰਥਰ ਜੀ ਮਿਲੇ, ਜਿਨ੍ਹਾਂ ਕੀ ਪਾਸ ਹੀ ਧਰਮਸ਼ਾਲਾ ਹੈ, ਜਿੱਥੇ ਸਾਧੂ ਰਹਿੰਦੇ ਹਨ. ਦਰਬਾਰ ਸੁੰਦਰ ਪੱਕਾ ਬਣਿਆ ਹੋਇਆ ਹੈ. ਦਰਬਾਰ ਤੋਂ ਦੱਖਣ ਇੱਕ ਤਾਲਾਬ ਹੈ, ਜੋ ਗੁਰੂ ਜੀ ਦੇ ਸਮੇਂ ਛੋਟਾ ਜਿਹਾ ਛੱਪੜ ਸੀ।

(ਅ) ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ, ਜੋ ਪਹਿਲੇ ਗੁਰੂ ਜੀ ਦੇ ਅਸਥਾਨ ਤੋਂ ਪੱਛਮ ਵੱਲ ਨੇੜੇ ਹੀ ਹੈ. ਕੇਵਲ ਦਮਦਮਾ ਹੀ ਬਣਿਆ ਹੋਇਆ ਹੈ.

(ੲ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੰਗੜ ਵੱਲ ਜਾਂਦੇ ਇੱਥੇ ਠਹਿਰੇ. ਗੁਰੂ ਨਾਨਕ ਜੀ ਦੇ ਪਵਿਤ੍ਰ ਨਾਨਕਸਰ ਸਰੋਵਰ ਵਿੱਚ ਸਮੇਤ

ਘੋੜੇ ਦੇ ਇਸ਼ਨਾਨ ਕੀਤਾ. ਗੁਰਦ੍ਵਾਰਾ ਸੁੰਦਰ ਉੱਚਾ ਬਣਿਆ ਹੋਇਆ ਹੈ. ਪਾਸ ਹੀ ਰਹਾਇਸ਼ੀ ਮਕਾਨ ਹਨ. ਪੁਜਾਰੀ ਸਿੰਘ ਹੈ. ਲੋਂੜ੍ਹੀ ਅਤੇ ਵੈਸਾਖੀ ਨੂੰ ਮੇਲਾ ਹੁੰਦਾ ਹੈ. ੮੦ ਘੁਮਾਉਂ ਜ਼ਮੀਨ ਸਿੱਖ ਰਾਜ ਸਮੇਂ ਦੀ ਹੈ.

ਨਾਨਕਸ਼ਾਹੀ: ਸੰਗਜਾ- ਗੁਰੂ ਨਾਨਕ ਦੇਵ ਦਾ ਸਿੱਖ। ੨. ਸਨ ੧੭੬੫ ਵਿੱਚ ਸਰਦਾਰ ਜੱਸਾ ਸਿੰਘ ਆਦਿਕ ਮੁਖੀਏ ਸਿੰਘਾਂ ਦਾ ਅਮ੍ਰਿਤਸਰ ਦੀ ਟਕਸਾਲ ਵਿੱਚ ਗੁਰੂ ਨਾਨਕ ਦੇਵ ਦੇ ਨਾਮ ਪੁਰ ਚਲਾਇਆ ਰੁਪਯਾ. ਇਸੇ ਸਿੱਕੇ ਨੂੰ ਕੁਝ ਸ਼ਕਲ ਬਦਲਕੇ ਮਹਾਰਾਜਾ ਰਣਜੀਤ ਸਿੰਘ ਨੇ ਭੀ ਜਾਰੀ ਰੱਖਿਆ.[689] ਦੇਖੋ, ਸਿੱਕਾ.

ਨਾਨਕ ਚੰਦ੍ਰੋਦਯ: ਦੇਖੋ ਗੁਰੂ ਨਾਨਕ ਚੰਦ੍ਰੋਦਯ.

ਨਾਨਕਚੰਪਾ: ਇਹ ਸਦਾਬਹਾਰ ਬਿਰਛ ਹੈ, ਜਿਸ ਦੀ ਬਲੰਦੀ ੭੦ ਫੁਟ ਤੀਕ ਹੁੰਦੀ ਹੈ. ਇਸ ਦੇ ਸੁਗੰਧ ਵਾਲੇ ਫੁੱਲ ਲਗਦੇ ਹਨ. L. Pterospermum Aceirfolium.

ਨਾਨਕਛੱਕ: ਦੇਖੋ, ਛੱਕ.

ਨਾਨਕਝੇਰਾ: ਦੇਖੋ, ਬਿਦਰ.

ਨਾਨਕਦੇਵ ਸਤਿਗੁਰੂ: ਸਿੱਖ ਧਰਮ ਦੇ ਆਚਾਰਯ, ਅਗਜਾਨ ਅੰਧਕਾਰ ਦੇ ਵਿਨਾਸ਼ਕ ਸੂਰਯਰੂਪ ਜਗਤ ਗੁਰੂ ਨਾਨਕ ਦਾ ਜਨਮ ਵੈਸਾਖ ਸੁਦੀ ੩. (੨੦ ਵੈਸਾਖ) ਸੰਮਤ ੧੫੨੬ (੧੫ ਅਪ੍ਰੈਲ ਸਨ ੧੪੬੯) ਨੂੰ ਬੇਦੀ ਕਾਲੂ ਚੰਦ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਰਾਇਇ ਭੋਇ ਦੀ ਤਲਵੰਡੀ ਵਿੱਚ (ਜੋ ਹੁਣ ਨਾਨਕਿਆਣਾ ਪ੍ਰਸਿੱਧ ਹੈ) ਹੋਇਆ.[690]

ਸੰਮਤ ੧੫੩੨ ਵਿੱਚ ਗੋਪਾਲ ਪੰਡਿਤ ਪਾਸ ਹਿੰਦੀ, ਸੰਮਤ ੧੫੩੫ ਵਿੱਚ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਅਤੇ ਸੰਮਤ ੧੫੩੮ ਵਿੱਚ ਮੌਲਵੀ ਕੁਤਬੁੱਦੀਨ ਪਾਸ ਫਾਰਸੀ ਪੜ੍ਹਨ ਬੈਠਾਏ, ਪਰ ਇਨ੍ਹਾਂ ਤੇਹਾਂ ਉਸਤਾਦਾਂ ਨੂੰ ਆਪਣੇ ਆਤਮਿਕ ਬਲ ਨਾਲ ਸ਼ਾਗਿਰਦ ਬਣਾ ਕੇ ਸਮਝਾਇਆ ਕਿ ਵਿਦਜਾ ਦੇ ਤੱਤ ਜਾਣੇ ਬਿਨਾਂ ਪੜ੍ਹਿਆ ਹੋਇਆ ਆਦਮੀ ਭੀ ਮੂਰਖ ਹੈ. ਇਸੇ ਵਰ੍ਹੇ ਕਾਲੂ ਜੀ ਨੇ ਕ੍ਸ਼ਤ੍ਰੀਆਂ ਦੀ ਰੀਤਿ ਅਨੁਸਾਰ ਹਰਿਦਯਾਲ ਕੁਲਪੁਰੋਹਿਤ ਤੋਂ ਗੁਰੂ ਸਾਹਿਬ ਦੇ ਜਨੇਊ ਪਵਾਉਣ ਦਾ ਪ੍ਰਬੰਧ ਕੀਤਾ. ਜਦ ਪੁਰੋਹਿਤ ਨੇ ਜਨੇਊ ਲੈ ਕੇ ਮੰਤ੍ਰ ਉਪਦੇਸ਼ ਸਹਿਤ ਗੁਰੂ ਨਾਨਕ ਦੇਵ ਦੇ ਗਲ ਪਹਿਰਾਉਣਾ ਚਾਹਿਆ, ਤਦ ਸਤਿਗੁਰੂ ਨੇ ਜਨੇਊ ਨੂੰ ਜਾਤਿਬੰਧਨ ਜਾਣ ਕੇ ਪਹਿਰਣੋ ਇਨਕਾਰ ਕੀਤਾ ਅਰ- "ਦਇਆ ਕਪਾਹ ਸੰਤੋਖ ਸੂਤ" ਆਦਿ ਸ਼ਲੋਕ ਉਚਾਰੇ, ਜੋ ਵਾਰ ਆਸਾ ਵਿੱਚ ਹਨ.

ਗੁਰੂ ਸਾਹਿਬ ਦਾ ਮਨ ਸਦਾ ਕਰਤਾਰ ਦੇ ਚਿੰਤਨ ਵਿੱਚ ਲੀਨ ਰਹਿੰਦਾ ਸੀ ਅਰ ਵਿਹਾਰਾਂ ਵੱਲ ਧਜਾਨ ਨਹੀਂ ਦਿੰਦੇ ਸਨ. ਪਰ ਬਾਬਾ ਕਾਲੂ ਜੀ ਦੀ ਵੱਡੀ ਇੱਛਾ ਸੀ ਕਿ ਕਿਵੇਂ ਘਰ ਦੇ ਧੰਧਿਆ ਵਿੱਚ ਲੱਗਣ. ਇੱਕ ਵਾਰ ਪਿਤਾ ਨੇ ਕੁਝ ਰੁਪਯੇ ਦੇ ਕੇ ਆਪ ਨੂੰ ਸੌਦਾ ਕਰਨ ਭੇਜਿਆ, ਰਸਤੇ ਵਿੱਚ ਕਈ ਦਿਨ ਦੇ ਭੁੱਖੇ ਵਿਦ੍ਵਾਨ ਸਾਧੂ ਮਿਲੇ, ਸਾਰਾ ਧਨ ਉਨ੍ਹਾਂ ਦੇ ਖਾਨ- ਪਾਨ ਵਾਸਤੇ ਅਰਪ ਦਿੱਤਾ. ਜਦ ਘਰ ਆਏ ਤਦ ਪਿਤਾ ਜੀ ਨੇ ਬਹੁਤ ਤਾੜਨਾ ਕੀਤੀ. ਇਸ ਦਸ਼ਾ ਨੂੰ ਦੇਖ ਕੇ ਰਾਇ ਬੁਲਾਰ ਜੋ ਤਲਵੰਡੀ ਦਾ ਸਰਦਾਰ ਸੀ ਅਤੇ ਜਿਸ ਦਾ ਨਿਸ਼ਚਾ ਸੀ ਕਿ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਬੀਬੀ ਨਾਨਕੀ ਜੀ ਪਾਸ ਭੇਜ ਦਿੱਤਾ ਜਾਵੇ, ਤਾਕਿ ਗੁਰੂ ਜੀ ਦੀ ਸ਼ਾਂਤਿ ਵਿੱਚ ਵਿਘਨ ਨਾ ਪਵੇ. ਸੰਮਤ ੧੫੪੧ ਵਿੱਚ ਬੀਬੀ ਨਾਨਕੀ ਜੀ ਦਾ ਪਤੀ ਜੈਰਾਮ ਆਪ ਨੂੰ ਸੁਲਤਾਨਪੁਰ ਲੈ ਗਿਆ ਅਰ ਸਭ ਦੀ ਪ੍ਰੇਰਨਾ ਕਰਕੇ ਗੁਰੂ ਸਾਹਿਬ ਨੇ ਦੌਲਤ ਖਾਂ ਲੋਦੀ ਦਾ ਮੋਦੀਖਾਨਾ ਸੰਮਤ ੧੫੪੨ ਵਿੱਚ ਸਾਂਭਿਆ.

---

[689] ਮਹਾਰਾਜ ਰਣਜੀਤ ਸਿੰਘ ਨੇ ਪਹਿਲੇ ਪਹਿਲ ਨਾਨਕਸ਼ਾਹੀ ਰੁਪਜਾ ਸਨ ੧੮੦੦ ਵਿੱਚ ਆਪਣੀ ਵੱਲੋਂ ਟਕਸਾਲ ਵਿੱਚ ਤਿਆਰ ਕਰਵਾਇਆ ਸੀ.

[690] ਭਾਈ ਬਾਲੇ ਵਾਲੀ ਸਾਖੀ ਅਤੇ ਗੁਰੁ ਨਾਨਕਪ੍ਰਕਾਸ਼ ਵਿੱਚ ਜਨਮ ਕੱਤਕ ਸੁਦੀ ੧੫. ਦਾ ਲਿਖਿਆ ਹੈ. ਪੁਰਾਣੀਆਂ ਜਿਤਨੀਆਂ ਲਿਖਤ ਦੀਆਂ ਸਾਖੀਆਂ ਹਨ, ਉਨ੍ਹਾਂ ਵਿੱਚ ਵੈਸਾਖ ਸੁਦੀ ਵੈਸਾਖ ਸੁਦੀ ੩. ਹੈ . ਭਾਈ ਮਨੀ ਸਿੰਘ ਜੀ ਭੀ ਵੈਸਾਖ ਸੁਦੀ ੩. ਹੀ ਲਿਖਦੇ ਹਨ.
ਜਿਲਾ ਹਜਾਰਾ ਦੇ ਪਿੰਡ ਬਾਲਾਕੋਟ ਵਿੱਚ ਲਾਲਾ ਠਾਕੁਰਦਾਸ ਸੈਨੀ ਦੇ ਘਰ ਸੰਮਤ ੧੬੦੦ ਜੇਠ ੩. ਦੀ ਲਿਖੀ ਹੋਈ ਇੱਕ ਸਾਖੀ ਹੈ, ਉਸ ਵਿੱਚ ਸੰਮਤ ੧੫੨੬ ਵੈਸਾਖ ਸੁਦੀ ੫. ਨੂੰ ਸਤਿਗੁਰੂ ਦਾ ਜਨਮ ਹੋਣਾ ਲਿਖਿਆ ਹੈ.

੨੪ ਜੇਠ ਸੰਮਤ ੧੫੪੪ ਨੂੰ ਆਪ ਦਾ ਵਿਆਹ ਮੂਲ ਚੰਦ ਜੀ ਦੀ ਸੁਪੁਤ੍ਰੀ ਸੁਲਖਨੀ ਜੀ ਨਾਲ ਹੋਇਆ, ਜਿਸ ਤੋਂ ਬਾਬਾ ਸ਼੍ਰੀਚੰਦ ਜੀ ਅਤੇ ਲਖਮੀ ਦਾਸ ਜੀ ਜਨਮੇ.

ਰਾਜਯੋਗੀ ਗੁਰੂ ਨੇ ਵਿਚਾਰਿਆ ਕਿ ਘਰ ਬੈਠਕੇ ਉਪਦੇਸ਼ ਕਰਨ ਨਾਲ ਸੰਸਾਰ ਤੇ ਪੂਰਨ ਉਪਕਾਰ ਨਹੀਂ ਹੋ ਸਕਦਾ, ਇਸ ਲਈ ਫੁੱਟ ਈਰਖਾ ਵੈਰ ਨਾਲ ਸੜਦੀ ਹੋਈ ਲੁਕਾਈ ਨੂੰ ਅਮ੍ਰਿਤਨਾਮ ਦਾ ਛੱਟਾ ਦੇਣ ਵਾਸਤੇ ਸੰਮਤ ੧੫੫੪ ਵਿੱਚ ਮੋਦੀਖ਼ਾਨਾ ਤਜਾਗਕੇ ਦੇਸ਼ਾਟਨ ਆਰੰਭਿਆ, ਏਮਨਾਬਾਦ ਵਿੱਚ ਲਾਲੋ ਤਖਾਣ ਦੇ ਘਰ ਰਹਿਕੇ ਖਾਨ ਪਾਨ ਦੀ ਛੂਤ ਛਾਤ ਦਾ ਭਰਮ ਮਿਟਾਇਆ. ਹਰਿਦ੍ਵਾਰ ਜਾਕੇ ਪਿਤਰਾਂ ਨੂੰ ਜਲ ਦੇਣਾ ਅਵਿਦਜਾਕਰਮ ਸਿੱਧ ਕੀਤਾ. ਦਿੱਲੀ ਕਾਸ਼ੀ ਆਦਿਕ ਅਸਥਾਨਾਂ ਵਿੱਚ ਧਰਮ ਦਾ ਪ੍ਰਚਾਰ ਕਰਦੇ ਹੋਏ ਗਯਾ ਪਹੁਚੇ, ਜਿੱਥੇ ਪਿੰਡਦਾਨ ਆਦਿਕ ਕਰਮਾਂ ਨੂੰ ਖੰਡਨ ਕੀਤਾ, ਜਗੰ- ਨਾਥ ਪਹੁਚਕੇ ਕਰਤਾਰ ਦੀ ਸੱਚੀ ਆਰਤੀ ਦਾ ਉਪਦੇਸ਼ ਦਿੱਤਾ.

ਦੂਜੀ ਯਾਤ੍ਰਾ ਸੰਮਤ ੧੫੬੭ ਵਿੱਚ ਦੱਖਣ ਦੀ ਕੀਤੀ. ਅਰਬੁਦਗਿਰਿ (ਕੋਹਆਬੂ) ਸੇਤੁਬੰਦ ਰਾਮੇਸ਼੍ਵਰ ਸਿੰਹਲਦ੍ਵੀਪ ਆਦਿਕ ਅਸਥਾਨਾਂ ਵਿੱਚ ਕਰਤਾਰ ਦੀ ਭਗਤੀ ਦਾ ਪ੍ਰਚਾਰ ਕੀਤਾ.

ਤੀਜੀ ਯਾਤ੍ਰਾ ਸੰਮਤ ੧੫੭੧ ਵਿੱਚ ਅਰੰਭਕੇ ਸਰਮੌਰ ਗੜ੍ਹਵਾਲ ਹੇਮਕੁੰਟ ਗੋਰਖਪੁਰ ਸਿਕਿਮ ਭੂਟਾਨ ਤਿੱਬਤ ਆਦਿਕ ਵਿੱਚ ਵਾਹਗੁਰੂ ਦੀ ਅਨਨਜ ਉਪਾਸਨਾ ਦ੍ਰਿੜਾਈ.

ਚੌਥੀ ਯਾਤ੍ਰਾ ਸੰਮਤ ੧੫੭੫ ਵਿੱਚ ਪੱਛਮ ਦੀ ਕੀਤੀ, ਬਲੋਚਿਸਤਾਨ ਹੁੰਦੇ ਹੋਏ ਮੱਕੇ ਪਹੁਚੇ ਅਰ ਇੱਕ ਦਿਸ਼ਾ ਵੱਲ ਮੁਖ ਕਰਕੇ ਸਰਵਵਜਾਪੀ ਕਰਤਾਰ ਦੀ ਪ੍ਰਾਰਥਨਾ ਕਰਨੀ ਖੰਡਨ ਕੀਤੀ. ਰੂਮ ਬਗ਼ਦਾਦ ਈਰਾਨ ਦੀ ਸੈਰ ਕਰਦੇ ਹੋਏ ਕੰਧਾਰ ਕਾਬੁਲ ਵਿੱਚ ਸੱਤਨਾਮ ਦਾ ਉਪਦੇਸ਼ ਦਿੰਦੇ, ਹਸਨਅਬਦਾਲ ਨਿਵਾਸੀ ਵਲੀਕੰਧਾਰੀ ਦਾ ਅਭਿਮਾਨ ਦੂਰ ਕੀਤਾ.

ਸੰਮਤ ੧੫੭੯ ਵਿੱਚ ਕਰਤਾਰਪੁਰ (ਜਿਸ ਨੂੰ ਗੁਰੂ ਨਾਨਕਦੇਵ ਨੇ ਸੰਮਤ ੧੫੬੧ ਵਿੱਚ ਆਬਾਦ ਕੀਤਾ ਸੀ) ਵਿਰਾਜਕੇ ਗਜਾਨ ਅਤੇ ਭਗਤੀ ਦੇ ਸਦਾਵ੍ਰਤ ਨਾਲ ਅੰਨ ਦਾ ਲੰਗਰ ਸਭ ਲਈ ਜਾਰੀ ਕੀਤਾ.

ਇਸੇ ਵਰ੍ਹੇ ਕਰਤਾਰਪੁਰ ਵਿੱਚ ਗੁਰੂ ਸਾਹਿਬ ਦੇ ਮਾਤਾ ਪਿਤਾ ਦਾ ਦੇਹਾਂਤ ਹੋਇਆ. ਯੋਗਜ ਪੁਰੁਸ਼ ਹੀ ਆਚਾਰਯ ਪਦਵੀ ਦੇ ਅਧਿਕਾਰੀ ਹਨ. ਇਹ ਸਿੱਧ ਕਰਨ ਲਈ ਗੁਰੂ ਅੰਗਦ ਜੀ ਨੂੰ ਗੁਰੁਤਾ ਦੇਕੇ ੨੩ ਅੱਸੂ (ਸੁਦੀ ੧੦) ਸੰਮਤ ੧੫੯੬ (੨੨ ਸਿਤੰਬਰ ਸਨ ੧੫੩੯) ਨੂੰ ਜੋਤੀਜੋਤਿ ਸਮਾਏ. ਅੰਤਿਮ ਸੰਸਕਾਰ ਕਰਨ ਲਈ ਸਿੱਖ ਹਿੰਦੂ ਅਤੇ ਮੁਸਲਮਾਨਾਂ ਦਾ ਪਰਸਪਰ ਬਹੁਤ ਵਿਵਾਦ ਹੋਇਆ, ਕਯੋਂਕਿ ਇਹ ਸਭ ਜਗਤਗੁਰੂ ਨੂੰ ਕੇਵਲ ਆਪਣਾ ਹੀ ਗੁਰੂ ਪੀਰ ਮੰਨਦੇ ਸਨ, ਅੰਤ ਨੂੰ ਗੁਰੂ ਸਾਹਿਬ ਦਾ ਵਸਤ੍ਰ ਲੈਕੇ ਮੁਸਲਮਾਨਾਂ ਨੇ ਕ਼ਬਰ ਬਣਾਈ ਅਤੇ ਸਿੱਖਾਂ ਹਿੰਦੂਆਂ ਨੇ ਸੰਸਕਾਰ ਕੀਤਾ. ਗੁਰੂ ਨਾਨਕਦੇਵ ਦੇ ਇਸ ਪਵਿਤ੍ਰ ਧਾਮ ਦਾ ਨਾਮ "ਡੇਰਾ (ਦੇਹਰਾ) ਬਾਬਾ ਨਾਨਕ" ਹੈ. ਗੁਰੂ ਸਾਹਿਬ ਦੀ ਸਾਰੀ ਅਵਸਥਾ ੭੦ ਵਰ੍ਹੇ ੪. ਮਹੀਨੇ ਅਤੇ ੩. ਦਿਨ ਦੀ ਸੀ.

"ਤਿਨ ਕਉ ਕਿਆ ਉਪਦੇਸੀਐ ਜਿਨਿ ਗੁਰੁ ਨਾਨਕ ਦੇਉ?" (ਵਾਰ ਮਾਝ ਮਃ ੨)

"ਹਰਖ ਅਨੰਤ ਸੋਗ ਨਹੀ ਥੀਆ। ਸੋ ਘਰੁ ਗੁਰਿ ਨਾਨਕ ਕਉ ਦੀਆ." (ਗਉ ਮਃ ੫)

"ਗੁਰੁ ਨਾਨਕ ਜਾਕਉ ਭਇਆ ਦਇਆਲਾ। ਸੋ ਜਨੁ ਹੋਆ ਸਦਾ ਨਿਹਾਲਾ." (ਆਸਾ ਮਃ ੫)

"ਨਾਨਕ ਜਿਨ ਕਉ ਸਤਿਗੁਰ ਮਿਲਿਆ ਤਿਨ ਕਾ ਲੇਖਾ ਨਿਬੜਿਆ." (ਆਸਾ ਮਃ ੫)

"ਗੁਰੁ ਨਾਨਕ ਜਿਨਿ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ." (ਸੋਰ ਮਃ ੫)

"ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ, ਫਿਰਿ ਲੇਖਾ ਮੂਲਿ ਨ ਲਇਆ." (ਸੋਰ ਮਃ ੫)

"ਜੋ ਜੋ ਸਰਣਿ ਪਰਿਓ ਗੁਰੁ ਨਾਨਕ ਅਭੈਦਾਨ ਸੁਖ ਪਾਏ." (ਬਿਲਾ ਮਃ ੫) "ਚਾਰਿ ਬਰਨ ਚਾਰਿ ਆਸ੍ਰਮ ਹੈ, ਕੋਈ ਮਿਲੈ ਗੁਰੁ ਨਾਨਕ ਸੋ ਆਪਿ ਤਰੈ, ਕੁਲ ਸਗਲ ਤਰਾਧੋ." (ਕਾਨ ਪੜਤਾਲ ਮਃ ੪) "ਹਰਿ ਗੁਰੁ ਨਾਨਕ ਜਿਨਿ ਪਰਸਿਯਉ ਸਿ ਜਨਮ ਮਰਣ ਦੁੰਹਥੇ ਰਹਿਓ." (ਸਵੈਯੇ ਸ੍ਰੀ ਮੁਖਵਾਕ ਮਃ ੫)

ਨਾਨਕਪਿਆਉ: ਦੇਖੋ ਦਿੱਲੀ.

ਨਾਨਕਪੋਤ੍ਰਾ: ਬੇਦੀ ਸਾਹਿਬਜ਼ਾਦਾ। ੨. ਉਦਾਸੀ ਸਾਧੂ.

ਨਾਨਕਪੰਥੀ: ਸਤਿਗੁਰੂ ਨਾਨਕਦੇਵ ਦੇ ਦੱਸੇ ਰਾਹ ਤੁਰਨ ਵਾਲਾ, ਗੁਰਸਿੱਖ.

"ਨਾਨਕਪੰਥੀ ਜਿਨ ਕੋ ਨਾਮ,

ਵਾਹਗੁਰੂ ਜਪ ਰਹਿਤ ਅਕਾਮ,

ਸੋ ਯਮ ਕੋ ਨਹਿ" ਦੇਖਨਪੈਹੈਂ

ਸੁਖ ਸੋਂ ਗਤਿ ਪ੍ਰਾਪਤ ਤਿਨ ਹ੍ਵੈਹੈ." (ਨਾਪ੍ਰ)

ਗੁਰੂ ਨਾਨਕ ਪੰਥੀਆਂ ਦੇ ਭਾਵੇਂ ਬਹੁਤ ਫਿਰਕੇ ਇਸ ਵੇਲੇ ਵੇਖੇ ਜਾਂਦੇ ਹਨ, ਪਰ ਮੁੱਖ ਤਿੰਨ ਹੀ ਹਨ, ਅਰਥਾਤ- ਉਦਾਸੀ, ਸਹਜਧਾਰੀ ਅਤੇ ਸਿੰਘ (ਜਿਨ੍ਹਾਂ ਵਿੱਚ ਨਿਹੰਗ, ਨਿਰਮਲੇ, ਕੂਕੇ ਆਦਿਕ ਸ਼ਾਮਿਲ ਹਨ). ਪਾਠਕਾਂ ਦੇ ਗਜਾਨ ਲਈ ਇੱਥੇ ਨਾਨਕ- ਪੰਥੀਆਂ ਦਾ ਚਿਤ੍ਰ ਦਿੱਤਾ ਜਾਂਦਾ ਹੈ.

ਨਾਨਕਪ੍ਰਕਾਸ਼: ਭਾਈ ਸੰਤੋਖਸਿੰਘ ਜੀ ਕ੍ਰਿਤ ਸਤਿਗੁਰੂ ਨਾਨਕਦੇਵ ਦਾ ਛੰਦਬੱਧ ਇਤਿਹਾਸ, ਜੋ ਪੂਰਵਾਰਧ ਅਤੇ ਉੱਤਰਾਰਧ ਦੋ ਭਾਗਾਂ ਵਿੱਚ ਹੈ. ਇਸ ਦੇ ਸਾਰੇ ਅਧਜਾਯ ੧੩੦ ਹਨ. ਇਹ ਗ੍ਰੰਥ ਬੂੜੀਏ ਰਹਿਣ ਸਮੇ ਸੰਮਤ ੧੯੮੦ ਵਿੱਚ ਕਵਿ ਜੀ ਨੇ ਸਮਾਪਤ ਕੀਤਾ ਹੈ, ਯਥਾ-

"ਤਿੰਹ ਤੀਰ ਬੂੜੀਆ ਨਗਰ ਇਕ

ਕਵਿ ਨਿਕੇਤ ਲਖਿਯੇ ਤਹਾਂ,

ਕਰ ਗ੍ਰੰਥ ਸਮਾਪਤਿ ਕੋ ਭਲੇ

ਗੁਰੁਯਸ਼ ਜਿਸ ਮਹਿ ਸੁਠ ਮਹਾ.

ਏਕ ਆਂਕ ਅਰੁ ਅਸ੍ਰ ਕਰ

ਬਹੁਰ ਅਸ੍ਰ ਪਰ ਸੂਨ,

ਕਾਤਕ ਪੂਰਨਮਾ ਬਿਖੈ

ਭਯੋ ਗ੍ਰੰਥ ਬਿਨ ਊਨ."[691] (ਨਾਪ੍ਰ)

ਦੇਖੋ, ਸੰਤੋਖਸਿੰਘ.

ਨਾਨਕਬਾੜਾ: ਦੇਖੋ, ਸੇਹਵਾਨ.

ਨਾਨਕਮਤਾ: ਯੂ. ਪੀ. ਵਿੱਚ ਜਿਲਾ ਨੈਨੀਤਾਲ ਦੀ ਤਸੀਲ ਸਤਾਰਗੰਜ ਅੰਦਰ ਪੀਲੀਭੀਤ ਤੋਂ ੧੫. ਮੀਲ ਉੱਤਰ ਪੱਛਮ ਇਹ ਗੁਰਦ੍ਵਾਰਾ ਰੇਲਵੇ ਸਟੇਸ਼ਨ ਖਟੀਮਾ ਤੋਂ ੧੦. ਮੀਲ ਪੱਛਮ ਵੱਲ ਹੈ. ਪਹਿਲਾਂ ਇਸਦਾ ਨਾਮ ਗੋਰਖਪੰਥੀਆਂ ਦੇ ਰਹਿਣ ਕਰਕੇ. "ਗੋਰਖਮਤਾ" ਸੀ, ਪਰ ਜਦ ਤੋਂ ਸ਼੍ਰੀ ਗੁਰੂ ਨਾਨਕਦੇਵ ਨੇ ਗੋਰਖ ਦੇ ਚੇਲੇ ਝੰਗਰਨਾਥ ਭੰਗਰਨਾਥ ਆਦਿਕਾਂ ਨੂੰ ਸ਼ਬਦ ਨਾਲ ਜਿੱਤਕੇ ਗਜਾਨ ਦਿੱਤਾ, ਤਦ ਤੋਂ ਇਸ ਦਾ ਨਾਉਂ "ਨਾਨਕਮਤਾ" ਹੈ. ਇਹ ਜਗਾ ਹੁਣ ਜੰਗਲ ਸਮੇਤ ਉਦਾਸੀ ਸਾਧੂਆਂ ਪਾਸ ਹੈ.

---

[691] ਸੰਮਤ ੧੯੮੦, ਕੱਤਕ ਸੁਦੀ ੧੫.

ਅਲਮਸਤ ਜੀ ਦੀ ਸਹਾਇਤਾ ਲਈ ਛੀਵੇਂ ਸਤਿਗੁਰੁ ਭੀ ਇੱਥੇ ਪਧਾਰੇ ਹਨ. ਗੁਰੂ ਸਾਹਿਬ ਦਾ ਲਾਇਆ ਇੱਕ ਪਿੱਪਲ ਅਤੇ ਇੱਕ ਖੂਹ ਹੈ. ਗੁਰਦ੍ਵਾਰੇ ਨੂੰ ਪੰਜ ਹਜਾਰ ਰੁਪਯੇ ਦੀ ਜਾਗੀਰ ਹੈ ਅਰ ਮਹੰਤ ਅਲਮਸਤ ਜੀ ਦੀ ਪੱਧਤਿ ਦਾ ਉਦਾਸੀ ਹੈ.

ਨਾਨਕਾਨਾ: ਦੇਖੋ, ਨਾਨਕਿਆਨਾ.

ਨਾਨਕਿ: ਗੁਰੂ ਨਾਨਕਦੇਵ ਨੇ. "ਸਚੁ ਨਾਮੁ ਕਰਤਾਰੁ ਸੁ ਦ੍ਰਿੜ ਨਾਨਕਿ ਸੰਗ੍ਰਹਿਅਉ." (ਸਵੈਯੇ ਮਃ ੩. ਕੇ)

ਨਾਨਕਿਆਣਾ, ਨਾਨਕਿਆਨਾ: ਨਾਨਕ- ਅਯਨ. ਸ਼੍ਰੀ ਗੁਰੂ ਨਾਨਕ ਦੇਵ ਦਾ ਅਯਨ (ਘਰ). ਲਹੌਰੋਂ ੪੯ ਮੀਲ ਪੱਛਮ ਜਿਲਾ ਸ਼ੇਖ਼ੂਪੁਰਾ ਵਿੱਚ ਗੁਰੂ ਨਾਨਕ ਸ੍ਵਾਮੀ ਦੇ ਜਨਮ ਦਾ ਨਗਰ, ਜਿਸ ਦਾ ਪਹਿਲਾ ਨਾਉਂ ਰਾਇਪੁਰ ਫੇਰ ਤਲਵੰਡੀ ਰਾਇਭੋਇ ਦੀ ਹੋਇਆ. ਹੁਣ ਨਾਨਕਿਆਨਾ ਨਾਰਥ ਵੈਸਟ੍ਰਨ ਰੇਲਵੇ ਦਾ ਸਟੇਸ਼ਨ ਹੈ. ਇਸ ਪਵਿਤ੍ਰ ਨਗਰ ਵਿੱਚ ਸੰਮਤ ੧੫੨੬ ਵਿੱਚ ਸ਼੍ਰੀ ਗੁਰੂ ਨਾਨਕਦੇਵ ਨੇ ਅਵਤਾਰ ਧਾਰਿਆ ਹੈ. ਇਸ ਥਾਂ ਹੁਣ ਗੁਰਦ੍ਵਾਰਾ "ਜਨਮ ਅਸਥਾਨ" ਆ਼ਲੀਸ਼ਾਨ ਬਣਿਆ ਹੋਇਆ ਹੈ, ਪਾਸ ਰਹਿਣ ਲਈ ਸੁੰਦਰ ਮਕਾਨ ਹਨ. ਗੁਰਧਾਮ ਨਾਲ ਅਠਾਰਾਂ ਹਜ਼ਾਰ ਏਕੜ ਜ਼ਮੀਨ ਅਤੇ ਨੌ ਹਜ਼ਾਰ ਅੱਠ ਸੋ ਬਾਨਵੇ ਰੁਪਯੇ ਦੀ ਜਾਗੀਰ ਹੈ. ਕ਼ਰੀਬ ਵੀਹ ਹਜ਼ਾਰ ਸਾਲਾਨਾ ਪੂਜਾ ਦੀ ਆਮਦਨ ਹੈ. ਪਹਿਲਾਂ ਪੁਜਾਰੀ ਉਦਾਸੀ ਸੀ, ਸਨ ੧੯੨੧ ਤੋਂ ਸਿੰਘ ਸੇਵਾ ਕਰਦੇ ਹਨ. ਮੇਲਾ ਕੱਤਕ ਪੂਰਨਮਾਸੀ ਅਤੇ ਨਿਮਾਣੀ ਨੂੰ ਹੁੰਦਾ ਹੈ.

ਜਨਮਅਸਥਾਨ ਤੋਂ ਛੁੱਟ ਇਸ ਥਾਂ ਇਤਨੇ ਹੋਰ ਗੁਰਦ੍ਵਾਰੇ ਹਨ:-

(ੳ) ਕਿਆਰਾ ਸਾਹਿਬ. ਨਗਰ ਤੋਂ ਪੂਰਵ ਵੱਲ ਸਮੀਪ ਹੀ ਗੁਰੂ ਸਾਹਿਬ ਦਾ ਉਹ ਅਸਥਾਨ, ਜਿੱਥੇ ਗੁਰੂ ਜੀ ਨੇ ਪਸ਼ੂਆਂ ਦੀ ਖਾਧੀ ਪੈਲੀ ਹਰੀ ਕੀਤੀ. ਇਸ ਗੁਰਦ੍ਵਾਰੇ ਨਾਲ ੪੫ ਮੁਰੱਬੇ ਜ਼ਮੀਨ ਹੈ.

(ਅ) ਤੰਬੂ ਸਾਹਿਬ. ਕਸਬੇ ਤੋਂ ਉੱਤਰ ਵੱਲ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਉਹ ਗੁਰਦ੍ਵਾਰਾ ਹੈ, ਜਿੱਥੇ ਚੂਹੜਕਾਣੇ ਤੋਂ ਸੱਚਾਸੋਦਾ ਕਰਕੇ ਭਾਈ ਬਾਲਾ ਜੀ ਸਮੇਤ ਇੱਕ ਵਣ ਦੇ ਬਿਰਛ ਹੇਠ ਆਕੇ ਵਿਰਾਜੇ. ਗੁਰਦ੍ਵਾਰਾ ਗੁੰਬਜਦਾਰ ਸੁੰਦਰ ਬਣ ਰਿਹਾ ਹੈ ਇਸ ਦੀ ਸੇਵਾ ਇਕ ਪ੍ਰੇਮੀ ਸਰਦਾਰ ਵੱਲੋਂ ਹੋ ਰਹੀ ਹੈ.

(ੲ) ਪੱਟੀਸਾਹਿਬ, ਕਸਬੇ ਦੇ ਵਿੱਚ ਹੀ ਗੁਰਦ੍ਵਾਰਾ ਬਾਲਲੀਲ੍ਹਾ ਪਾਸ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਇੱਥੇ ਪਾਧੇ ਪਾਸ ਪੜ੍ਹਨ ਬੈਠਿਆਂ ਉਸ ਨੂੰ ਉਪਦੇਸ਼ ਦੇਕੇ ਆਪਣਾ ਸਿੱਖ ਬਣਾਇਆ ਸੀ. ਆਸਾ ਪੱਟੀ ਬਾਣੀ ਇੱਥੇ ਹੀ ਉਚਰੀ ਹੈ. ਪੁਜਾਰੀ ਸਿੰਘ ਹਨ.

(ਸ) ਬਾਲਲੀਲ੍ਹਾ. ਨਾਨਕਿਆਨਾ ਸਾਹਿਬ ਦੀ ਆਬਾਦੀ ਵਿੱਚ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ, ਜਿੱਥੇ ਛੋਟੀ ਉਮਰ ਵਿੱਚ ਖੇਡਦੇ ਸਨ. ਗੁਰਦ੍ਵਾਰੇ ਤੋਂ ਪੂਰਵ ਵੱਲ ਇੱਕ ਤਲਾਬ ਹੈ, ਜੋ ਗੁਰੂ ਸਾਹਿਬ ਦੇ ਨਾਮ ਪੁਰ ਰਾਇਬੁਲਾਰ ਨੇ ਖੁਦਵਾਇਆ ਸੀ, ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਪੁਜਾਰੀ ਸਿੰਘ ਹਨ. ਇਸ ਗੁਰਦ੍ਵਾਰੇ ਨਾਲ ੧੨੦ ਮੁਰੱਬੇ ਜ਼ਮੀਨ ਅਤੇ ੩੧ ਰੁਪਏ ਸਾਲਾਨਾ ਜਾਗੀਰ ਹੈ.

(ਹ) ਮਾਲ ਜੀ ਸਾਹਿਬ. ਨਾਨਕਿਆਨਾ ਸਾਹਿਬ ਦੇ ਵਿੱਚ ਹੀ ਸ਼੍ਰੀ ਗੁਰੂ ਜੀ ਦਾ ਉਹ ਅਸਥਾਨ, ਜਿੱਥੇ ਗਾਈਆਂ ਅਤੇ ਮੱਝੀਆਂ ਚਾਰਦੇ ਹੁੰਦੇ ਸਨ, ਅਰ ਮਾਲ ਬਿਰਛ ਦੀ ਛਾਇਆ ਸੂਰਜ ਦੇ ਢਲਣ ਤੋਂ ਭੀ ਗੁਰੂ ਸਾਹਿਬ ਦੇ ਮੁਖੋਂ ਨਹੀਂ ਟਲੀ ਸੀ. ਇਸੇ ਤਰਾਂ ਇੱਕ ਵਾਰ ਧੁੱਪ ਤੋਂ ਬਚਾਉਣ ਲਈ ਇੱਥੇ ਹੀ ਸਰਪ ਨੇ ਫਣ ਦੀ ਛਾਇਆ ਕੀਤੀ ਸੀ. ਇਹ ਗੁਰਦ੍ਵਾਰਾ ਪੈਲੀਆਂ ਵਿੱਚ ਬਣਾਇਆ ਗਿਆ ਹੈ. ੧੯੦ ਮੁਰੱਬੇ ਜ਼ਮੀਨ ਅਤੇ ੫੦ ਰੁਪਏ ਨਕ਼ਦ ਸਾਲਾਨਾ ਜਾਗੀਰ ਹੈ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਉਹ ਵਣ (ਮਾਲ) ਦਾ ਬਿਰਛ, ਜਿਸ ਤਲੇ ਗੁਰੂ ਜੀ ਵਿਰਾਜੇ ਸਨ, ਮੌਜੂਦ ਹੈ.

(ਕ) ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਅਸਥਾਨ. ਪੰਜਵੇਂ ਸਤਿਗੁਰੂ ਗੁਰੁਧਾਮਾਂ ਦੀ ਯਾਤ੍ਰਾ ਕਰਨ ਆਏ ਅਤੇ ਕਸ਼ਮੀਰ ਤੋਂ ਹਟਦੇ ਹੋਏ, ਗੁਰੂ ਹਰਿਗੋਬਿੰਦ ਸਾਹਿਬ ਨਾਨਕਿਆਨੇ ਸਾਹਿਬ ਦੇ ਦਰਸ਼ਨ ਲਈ ਜੇਠ ਸੁਦੀ ੧੧. ਨੂੰ ਇੱਥੇ ਪਧਾਰੇ ਹਨ. ਗੁਰੁਸਿੱਖਾਂ ਨੇ ਸਦਾ ਲਈ ਇਹ ਮੇਲਾ ਕ਼ਾਇਮ ਕਰਲਿਆ. ਇਸ ਅਸਥਾਨ ਨੂੰ ਤੇਰਾਂ ਘੁਮਾਉਂ ਜ਼ਮੀਨ ਮੁਆ਼ਫ਼ ਹੈ. ਜਿਸ ਵਣ ਦੇ ਬਿਰਛ ਹੇਠ ਗੁਰੂ ਸਾਹਿਬਾਨ ਵਿਰਾਜੇ ਹਨ, ਉਹ ਮੌਜੂਦ ਹੈ. ਪੁਜਾਰੀ ਸਿੰਘ ਸੇਵਾਦਾਰ ਹਨ.

੨. ਸੰਗਰੂਰ ਨਗਰ ਪਾਸ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ, ਜੋ ਪਿੰਡ ਮੁੱਗਲਵਾਲ ਤੋਂ ਇੱਕ ਮੀਲ ਪੱਛਮ ਉੱਤਰ ਹੈ. ਗੁਰੂ ਨਾਨਕਦੇਵ ਇੱਥੇ ੧੫. ਦਿਨ ਵਿਰਾਜੇ ਹਨ. ਗੁਰੂ ਹਰਿਗੋਬਿੰਦ ਸਾਹਿਬ ਨੇ ਭੀ ਇਸ ਥਾਂ ਚਰਣ ਪਾਏ ਹਨ. ਰਾਜਾ ਰਘੁਬੀਰਸਿੰਘ ਜੀਂਦਪਤਿ ਨੇ ਸੁੰਦਰ ਦਰਬਾਰ ਬਣਵਾਇਆ ਹੈ. ਪਾਸ ਹੀ ਸੁੰਦਰ ਤਾਲ ਹੈ. ਰਿਆਸਤ ਜੀਂਦ ਵੱਲੋਂ ਇੱਕ ਪਿੰਡ ਗੁਰਦ੍ਵਾਰੇ ਦੇ ਨਾਮ ਹੈ. ਸੋਲਾਂ ਰੁਪਯੇ ਨਕ਼ਦ ਰਿਆਸਤ ਜੀਂਦ ਵੱਲੋਂ ਅਤੇ ਸਾਢੇ ਬਾਰਾਂ ਰੁਪਯੇ ਰਿਆਸਤ ਨਾਭੇ ਤੋਂ ਹਨ. ਸਿੰਘ ਪੁਜਾਰੀ ਸੇਵਾਦਾਰ ਹੈ. ਰੇਲਵੇ ਸਟੇਸ਼ਨ ਸੰਗਰੂਰ ਤੋਂ ਦੋ ਮੀਲ ਉੱਤਰ ਪੂਰਵ ਨਾਭੇ ਵਾਲੀ ਪੁਰਾਨੀ ਸੜਕ ਪੁਰ ਇਹ ਅਸਥਾਨ ਹੈ.

੩. ਜਿਲਾ ਮਾਂਟਗੁਮਰੀ ਦੇ ਸ਼ਹਿਰ ਦੀਪਾਲਪੁਰ ਤੋਂ ਦੱਖਣ ਪੂਰਵ ਬਾਹਰ ਵਾਰ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਆਕੇ ਇੱਕ ਸੁੱਕੇ ਪਿੱਪਲ ਹੇਠਾਂ ਡੇਰਾ ਕੀਤਾ, ਜੋ ਹਰਾ ਹੋ ਗਿਆ ਅਤੇ ਇੱਥੇ ਪਾਸ ਹੀ ਨੂਰੀ (ਨੌਰੰਗਾ) ਨਾਮੇ ਕੋੜ੍ਹੀ ਨੂੰ, ਜਿਸ ਦੇ ਸ਼ਰੀਰ ਵਿੱਚੋਂ ਲਹੂ ਤੇ ਪਾਕ ਨਿਕਲਦੀ ਸੀ, ਅਰੋਗ ਕੀਤਾ. ਦਰਬਾਰ ਛੋਟਾ ਜਿਹਾ ਬਣਿਆ ਹੋਇਆ ਹੈ. ਪਾਸ ਗੁਰੂ ਜੀਦੇ ਸਮੇਂ ਦਾ ਪਿੱਪਲ ਮੌਜੂਦ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਇੱਕ ਜੁਦੇ ਕਮਰੇ ਵਿੱਚ ਹੁੰਦਾ ਹੈ. ਨੂਰੀ ਕ਼ੁਸ਼੍ਠੀ ਦੀ ਕ਼ਬਰ ਭੀ ਪਾਸ ਹੈ. ਇਸ ਗੁਰਦ੍ਵਾਰੇ ਨਾਲ ੨੫ ਘੁਮਾਉਂ ਜ਼ਮੀਨ ਪਿੰਡ "ਮਨਚਾਰੀਆਂ" ਵਿੱਚ ਕੰਬੋ ਸਿੰਘਾਂ ਵੱਲੋਂ ਅਤੇ ਇੱਕ ਘੁਮਾਉਂ ਇੱਥੇ ਹੈ. ਪੁਜਾਰੀ ਬੇਦੀ ਹੀਰਾਸਿੰਘ ਹੈ. ਕੱਤਕ ਪੂਰਨਮਾਸੀ ਨੂੰ ਮੇਲਾ ਹੁੰਦਾ ਹੈ.

ਇਸ ਸ਼ਹਿਰ ਵਿੱਚ ਭਾਈ ਨੱਥੂਰਾਮ ਦੀ ਸੰਤਾਨ ਵਿੱਚੋਂ ਭਾਈ ਹਜੂਰਾਸਿੰਘ ਸਹਜਧਾਰੀ ਸਿੱਖ ਦੇ ਘਰ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਬਖ਼ਸ਼ੀ ਹੋਈ ਮੰਜੀ ਹੈ. ਜੋ ਪੌਣੇ ਛੀ ਫੁਟ ਲੰਮੀ, ਤਿੰਨ ਫੁਟ ਚੌੜੀ ਅਤੇ ਸਵਾ ਫੁੱਟ ਉੱਚੀ ਹੈ. ਚਿੱਟੇ ਅਤੇ ਲਾਲ ਸੂਤ ਨਾਲ ਬੁਣੀ ਹੋਈ ਹੈ. ਕਾਲੀ ਲੱਕੜ ਦੀਆਂ ਬਾਹੀਆਂ ਅਤੇ ਰੰਗੀਲ ਪਾਵੇ ਹਨ. ਇੱਕ ਵੇਲਦਾਰ ਚਿਤ੍ਰੀ ਹੋਈ ਲੱਕੜ ਦੀ ਅਲਮਾਰੀ ਹੈ, ਜੋ ਬਹੁਤ ਪੁਰਾਣੀ ਹੈ. ਕਹਿ"ਦੇ ਹਨ ਕਿ ਇਹ ਅਲਮਾਰੀ ਦਸ਼ਮ ਪਾਤਸ਼ਾਹ ਜੀ ਨੇ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਸਮੇਤ ਭਾਈ ਨੱਥੂ ਨੂੰ ਬਖ਼ਸ਼ੀ ਸੀ. ਸੋ ਅਲਮਾਰੀ ਤਾਂ ਇੱਥੇ ਹੈ, ਪਰ ਗੁਰੂ ਗ੍ਰੰਥਸਾਹਿਬ ਜੀ ਨਹੀਂ ਹਨ. ਇਹ ਅਸਥਾਨ ਰੇਲਵੇ ਸਟੇਸ਼ਨ ਓਕਾੜਾ ਤੋਂ ੧੬. ਮੀਲ ਦੱਖਣ ਪੂਰਵ ਪੱਕੀ ਸੜਕ ਪੁਰ ਹੈ.

ਨਾਨਕੀ: ਦੇਖੋ, ਨਾਨਕੀ ਬੀਬੀ। ੨. ਦੇਖੋ, ਨਾਨਕੀ ਮਾਤਾ। ੩. ਸਰਦਾਰ ਸ਼ਾਮ ਸਿੰਘ ਅਟਾਰੀ ਦੇ ਰਈਸ ਦੀ ਸੁਪੁਤ੍ਰੀ, ਜਿਸ ਨਾਲ ਮਾਰਚ ਸਨ ੧੮੩੭ ਵਿੱਚ ਕੌਰ ਨੋਨਿਹਾਲਸਿੰਘ, ਮਹਾਰਾਜ ਰਣਜੀਤ ਸਿੰਘ ਦੇ ਪੋਤੇ, ਦੀ ਸ਼ਾਦੀ ਵਡੀ ਧੂਮਧਾਮ ਨਾਲ ਹੋਈ. ਨਾਨਕੀ ਦਾ ਦੇਹਾਂਤ ਨਵੰਬਰ ਸਨ ੧੮੫੬ ਵਿੱਚ ਹੋਇਆ. ਦੇਖੋ, ਅਟਾਰੀ ਅਤੇ ਨੋਨਿਹਾਲਸਿੰਘ.

ਨਾਨਕੀ ਬੀਬੀ: ਸ਼੍ਰੀ ਗੁਰੂ ਨਾਨਕਦੇਵ ਜੀ ਦੀ ਵਡੀ ਭੈਣ, ਜਿਸ ਦਾ ਜਨਮ ਸੰਮਤ ੧੫੨੧ ਵਿੱਚ ਹੋਇਆ, ਅਤੇ ਸੰਮਤ ੧੫੩੨ ਵਿੱਚ ਦੀਵਾਨ ਜੈਰਾਮ ਨਾਲ ਸੁਲਤਾਨਪੁਰ ਵਿਆਹੀ ਗਈ. ਇਹ ਸ਼੍ਰੀ ਗੁਰੂ ਨਾਨਕ ਦੇਵ ਦੇ ਧਰਮ ਨੂੰ ਧਾਰਣ ਵਾਲੀ ਸਭ ਤੋਂ ਪਹਿਲੀ ਸੀ.

ਨਾਨਕੀ ਮਾਤਾ: ਹਰਿਦੇਈ ਦੇ ਉਦਰ ਤੋਂ ਹਰੀਚੰਦ ਲੰਬ ਖਤ੍ਰੀ ਬਕਾਲੇ ਵਾਲੇ ਦੀ ਬੇਟੀ. ਜਿਸ ਦਾ ਵਿਆਹ ੮. ਵੈਸਾਖ ਸੰਮਤ ੧੬੭੦ ਨੂੰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਅੰਮ੍ਰਿਤਸਰ ਵਿੱਚ ਹੋਇਆ, ਜਿਸ ਤੋਂ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਨੌਮੇ ਸਤਿਗੁਰੂ ਜਨਮੇ. ਮਾਤਾ ਜੀ ਦਾ ਦੇਹਾਂਤ ਸੰਮਤ ੧੭੩੫ ਵਿੱਚ ਕੀਰਤਪੁਰ ਹੋਇਆ.

ਨਾਨਕੇ: ਨਾਨਾ ਨਾਲ ਸੰਬੰਧ ਰੱਖਣ ਵਾਲੇ ਸੰਬੰਧੀ। ੨. ਨਾਨੇ ਦੇ ਨਿਵਾਸ ਦਾ ਨਗਰ ਅਤੇ ਘਰ.

ਨਾਨਤੁ, ਨਾਨਤ੍ਵ: ਸੰ. ਨਾਨਤ੍ਵ, ਸੰਗਜਾ- ਅਨੇਕਤਾ. ਭਿੰਨਤਾ. ਭੇਦ. "ਸੋ ਨਾਨਤੁ ਪਰ ਫੁਰਨ ਕਰੈ ਨ. ××× ਜਿਹ ਨਾਨਤ੍ਵ ਪ੍ਰਤੀਤਿ ਕਰਾਈ." (ਗੁਪ੍ਰਸੂ)

ਨਾਨਨਿਕ: ਵਿ- ਨਨੇ ਤੋਂ ਨਨਾ (ਨਿੱਕਾ). ਅਤਿ ਲਘੁ. ਬਹੁਤ ਛੋਟਾ. "ਕਿਆ ਹਮ ਕਿਰਮ ਨਾਨਨਿਕ." (ਧਨਾ ਮਃ ੪)

ਨਾਨਬਾਈ: ਫ਼ਾ. نانبائی ਸੰਗਜਾ- ਰੋਟੀ ਪਕਾਉਣ ਵਾਲਾ. ਦੇਖੋ, ਨਾਨ ੪.

ਨਾਨਾ: ਸੰਗਜਾ- ਮਾਤਾ ਦਾ ਪਿਤਾ। ੨. ਵਿ- ਦੇਖੋ, ਨਨ੍ਹਾ ਅਤੇ ਨਾਨ੍ਹਾ. "ਹਮ ਨਾਨੇ ਨੀਚ, ਤੁਮੇ ਬਡ ਸਾਹਿਬ." (ਸਾਰ ਅਃ ਮਃ

੫) ੩. ਵ੍ਯ- ਨਹੀਂ ਨਹੀਂ "ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮਪੁਰਿ ਜਾਹਿ." (ਓਅੰਕਾਰ) ਨਾਸ੍ਤਿਕਤਾ ਵਾਲੇ ਛੁਟਕਾਰਾ ਨਹੀਂ ਪਾਉਣਗੇ। ੪. ਸੰ. ਵਿ- ਅਨੇਕ. ਬਹੁਤ. "ਨਾਨਾ ਰੂਪ ਜਿਉ ਸੁਆਂਗੀ ਦਿਖਾਵੈ." (ਸੁਖਮਨੀ) "ਨਾਨਾ ਪ੍ਰਕਾਰ ਜਿਨਿ ਜਗ ਕੀਓ." (ਸਵੈਯੇ ਮਃ ੪. ਕੇ) ੫. ਬਾਜੀਰਾਉ ਪੇਸ਼ਵਾ (੨) ਪੂਨਾਪਤਿ ਦਾ ਪਾਲਿਤ ਪੁਤ੍ਰ, ਜਿਸ ਦਾ ਪਜਾਰਾ ਨਾਮ ਨਾਨਾ (ਨਾਨਾ ਸਾਹਿਬ) ਸੀ. ਇਸ ਦਾ ਅਸਲ ਨਾਮ "ਜਨਾਰਦਨ ਭਾਨੁ ਜੀ". ਸੀ. ਲੋਕ ਇਸ ਨੂੰ ਧੁੰਧੂੰਪੰਤ ਭੀ ਆਖਦੇ ਹਨ. ਇਸ ਦਾ ਨਿਵਾਸ ਅਸਥਾਨ ਕਾਨਪੁਰ ਤੋਂ ਦਸ ਮੀਲ ਪੁਰ "ਬਿਠੂਰ" ਸੀ ੨੮ ਜਨਵਰੀ ਸਨ ੧੮੫੩ ਨੂੰ ਬਾਜੀਰਾਉ ਦਾ ਦੇਹਾਂਤ ਹੋਣ ਪੁਰ ਇਸ ਨੂੰ ਅੰਗ੍ਰੇਜ਼ਾਂ ਵੱਲੋਂ ਪੈਨਸ਼ਨ ਨਾ ਮਿਲੀ, ਜਿਸ ਤੋਂ ਇਹ ਵੈਰੀ ਬਣ ਗਿਆ, ਅਰ ੧੮੫੭ ਦੇ ਗ਼ਦਰ ਵਿੱਚ ਬਾਗ਼ੀਆਂ ਦਾ ਸਾਥੀ ਹੋਕੇ ਬਹੁਤ ਅੰਗ੍ਰੇਜ਼ ਮੇਮਾਂ ਅਤੇ ਬੱਚਿਆਂ ਦੀ ਜਾਨ ਲੈਣ ਦਾ ਕਾਰਣ ਬਣਿਆ. ਨਾਨਾ ਅਨੇਕ ਥਾਂ ਬਾਗੀਆਂ ਨਾਲ ਮਿਲਕੇ ਅੰਗ੍ਰੇਜ਼ਾਂ ਨਾਲ ਲੜਦਾ ਭਿੜਦਾ ਰਿਹਾ. ਨਾਨਾ ਦੇ ਫੜਨ ਦਾ ਬਹੁਤ ਜਤਨ ਕੀਤਾ ਗਿਆ, ਪਰ ਹੱਥ ਨਹੀਂ ਆਇਆ. ਖਿਆਲ ਕੀਤਾ ਜਾਂਦਾ ਹੈ ਕਿ ਨੇਪਾਲ ਦੇ ਜੰਗਲਾਂ ਵਿੱਚ ਇਸ ਦਾ ਦੇਹਾਂਤ ਹੋਇਆ.

ਨਾਨਾਸਾਹਿਬ: ਦੇਖੋ, ਨਾਨਾ ੫.

ਨਾਨਾਤ੍ਵ: ਦੇਖੋ, ਨਾਨਤੁ.

ਨਾਨੀ: ਸੰਗਯਾ- ਮਾਤਾ ਦੀ ਮਾਂ. "ਫੁਫੀ ਨਾਨੀ ਮਾਸੀਆਂ." (ਮਾਰੂ ਅਃ ਮਃ ੧) ੨. ਵਿ- ਨੰਨ੍ਹੀ. ਦੇਖੋ, ਨਾਨ੍ਹੀ.

ਨਾਨੂ: ਇੱਕ ਦਿਗਵਿਜਯੀ ਪੰਡਿਤ, ਜਿਸ ਨੇ ਕੁਰਖੇਤ੍ਰ ਪੁਰ ਚਰਚਾ ਵਿੱਚ ਹਾਰਕੇ ਗੁਰੂ ਨਾਨਕਦੇਵ ਦੀ ਸਿੱਖੀ ਧਾਰਣ ਕੀਤੀ। ੨. ਓਹਰੀ ਜਾਤਿ ਦਾ ਗੁਰੂ ਅਰਜਨ ਦੇਵ ਦਾ ਪਰਮ ਪ੍ਰੇਮੀ ਸਿੱਖ.

ਨਾਨੂਮੱਲ: ਸੁਨਾਮ ਦਾ ਅਗ੍ਰਵਾਲ ਬਾਣੀਆਂ. ਇਹ ਰਾਜਾ ਸਾਹਿਬਸਿੰਘ ਪਟਿਆਲਾਪਤਿ ਦਾ ਚਿਰ ਤੀਕ ਦੀਵਾਨ ਰਿਹਾ. ਇਸ ਦਾ ਦੇਹਾਂਤ ਕੱਤਕ ਬਦੀ ੧੦. ਸੰਮਤ ੧੮੪੮ ਨੂੰ ਹੋਇਆ.

ਨਾਨੇਹਾਲਾ: ਸੰਗਯਾ- ਨਨਿਹਾਲ. ਨਾਨੇ ਦਾ ਘਰ. ਨਾਨੇ ਦਾ ਪਰਿਵਾਰ.

ਨਾਨੋ: ਲਟਕਣ ਜਾਤਿ ਦਾ ਗੁਰੂ ਅਰਜਨ ਸਾਹਿਬ ਦਾ ਅਤਮਗ੍ਯਾਨੀ ਸਿੱਖ. ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿੱਚ ਰਹਿਕੇ ਵਡੀ ਵੀਰਤਾ ਦਿਖਾਈ। ੨. ਫ਼ਾ. نانو ਲੋਰੀ.

ਨਾਨ੍ਹਾ: ਵਿ- ਨ੍ਯੂਨ. ਛੋਟਾ. ਤੁੱਛ. ਨੰਨ੍ਹਾ. "ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ." (ਗੂਜ ਵਾਰ ੧. ਮਃ ੩) "ਹੁਕਮੇ ਨਾਨ੍ਹਾ ਵਡਾ ਥੀਵੈ." (ਵਾਰ ਰਾਮ ੨. ਮਃ ੫) ੨. ਦੇਖੋ, ਨਾਨਾ ੪.

ਨਾਨ੍ਹੀ: ਵਿ- ਨਨ੍ਹੀ. ਛੋਟੀ. "ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ." (ਮਲਾ ਅਃ ਮਃ ੧)

ਨਾਪ: ਸੰਗਯਾ- ਮਾਪ. ਪਰਿਮਾਣ. ਮਿਣਤੀ. ਕਿਸੇ ਵਸਤੁ ਦੀ ਲੰਬਾਈ, ਚੌੜਾਈ, ਉਚਾਈ, ਗਹਿਰਾਈ ਆਦਿ ਦਾ ਪਰਿਮਾਣ.

ਨਾਪਨਾ: ਕ੍ਰਿ- ਮਾਪਣਾ. ਮਿਣਨਾ.

ਨਾਪਾ: ਦੇਖੋ, ਨਾਫ਼ਹ.

ਨਾਪਾਕ, ਨਾਪਾਕੁ: ਫ਼ਾ. ناپاک ਵਿ- ਅਪਵਿਤ੍ਰ। ੨. ਮੈਲਾ "ਤੂ ਨਾਪਾਕੁ, ਪਾਕੁ ਨਹੀ ਸੂਝਿਆ." (ਪ੍ਰਭ ਕਬੀਰ) "ਸੁਲਹੀ ਹੋਇ ਮੂਆ ਨਾਪਾਕੁ." (ਬਿਲਾ ਮਃ ੫)

ਨਾਪਾਯਦਾਰ: ਫ਼ਾ. ناپایدار ਵਿ- ਜਿਸ ਦੇ ਠਹਿਰਣ ਲਈ ਪੈਰ ਨਹੀਂ. ਜੋ ਠਹਿਰ ਨਾ ਸਕੇ। ੨. ਭਾਵ- ਛਣਭੰਗੁਰ.

ਨਾਪਿਤ, ਨਾਪਿਤੀ: ਸੰ. ਸੰਗਯਾ- ਨਾਈ. ਨਊਆ. ਨਾਇਣ. ਨਾਈ ਦੀ ਇਸਤ੍ਰੀ.

ਨਾਪੈ: ਮਾਪਦਾ ਹੈ. ਦੇਖੋ, ਨਾਪਨਾ। ੨. ਨਾਪੈ ਨ੍ਹਾਈਏ. ਸਨਾਨ ਕਰੀਏ. "ਸੰਤਧੂੜੀ ਨਿਤ ਨਾਪੈ." (ਸੂਹੀ ਛੰਤ ਮਃ ੫)

ਨਾਫ਼: ਫ਼ਾ. ناف ਸੰਗਯਾ- ਨਾਭਿ. ਧੁੰਨੀ.

ਨਾਫ਼ਹ, ਨਾਫ਼ਾ: ਫ਼ਾ. نافہ ਸੰਗਯਾ- ਮ੍ਰਿਗਨਾਭਿ. ਕਸਤੂਰੀ ਵਾਲੇ ਮ੍ਰਿਗ ਦੀ ਨਾਭਿ ਦੀ ਥੈਲੀ, ਜਿਸ ਵਿੱਚ ਮ੍ਰਿਗਮਦ (ਕਸਤੂਰੀ) ਹੁੰਦੀ ਹੈ.

ਨਾਫਿਰੰ: ਦੇਖੋ, ਨਫੀਰੀ. "ਮ੍ਰਿਦੰਗ ਝਾਲ ਨਾਫਿਰੰ." (ਰਾਮਾਵ)

ਨਾਬਾਬ: ਦੇਖੋ, ਨਬਾਬ.

ਨਾਬਾਲਿਗ: ਫ਼ਾ. نابالغ ਵਿ- ਜੋ ਬਲੂਗ਼ਤ (ਜਵਾਨੀ) ਨੂੰ ਨਹੀਂ ਪਹੁਚਿਆ, ਜੋ ਪੂਰੀ ਯੁਵਾਅਵਸਥਾ ਨੂੰ ਪ੍ਰਾਪਤ ਨਹੀਂ ਹੋਇਆ.

ਨਾਬਿਰ: ਵਿ- ਇਨਕਾਰੀ. ਮੁਨਕਿਰ। ੨. ਵਿਰੋਧੀ.

ਨਾਬੀਨਾ: ਫ਼ਾ. نابینا ਸੰਗਯਾ- ਬੀਨਾਈ (ਦ੍ਰਿਸ਼੍ਟਿ) ਰਹਿਤ. ਅੰਨ੍ਹਾ. ਅੰਧ.

ਨਾਬੂਦ: ਫ਼ਾ. نابوُد ਵਿ- ਨਸ੍ਟ. ਹਸ੍ਤੀ ਰਹਿਤ. ਫ਼ਨਾ. ਬਰਬਾਦ.

ਨਾਭ: ਸੰ. ਨਭਯ. ਸੰਗਯਾ- ਪਹੀਏ ਦਾ ਮੱਧ ਅਸਥਾਨ, ਜਿਸ ਵਿੱਚ ਸਾਰੇ ਗਜ ਲਗੇ ਹੁੰਦੇ ਹਨ ਅਰ ਜਿਸ ਦੇ ਵਿਚਕਾਰਲੇ ਛੇਕ ਵਿੱਚ ਧੁਰ (ਲੱਠ) ਫਿਰਦੀ ਹੈ। ੨. ਦੇਖੋ, ਨਾਭਿ.

ਨਾਭਾ: ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ "ਮਿਸਲ ਫੂਲਕਿਆਨ" ਦੀ ਵਡੀ ਸ਼ਾਖ ਰਿਆਸਤ ਨਾਭਾ ਹੈ. ਬਾਬੇ ਫੂਲ ਦੇ ਵਡੇ ਸੁਪੁਤ੍ਰ ਚੋਧਰੀ ਤ੍ਰਿਲੋਕਸਿੰਘ ਦੇ ਵਡੇ ਪੁਤ੍ਰ ਗੁਰਦਿੱਤ ਸਿੰਘ ਤੋਂ ਨਾਭਾ ਵੰਸ਼ ਚੱਲਿਆ ਹੈ, ਇਸੇ ਲਈ ਨਾਭੇ ਨੂੰ "ਚੌਧਰੀ ਦਾ ਘਰ" ਆਖਦੇ ਹਨ.

ਚੌਧਰੀ ਗੁਰਦਿੱਤ ਸਿੰਘ ਨੇ ਆਪਣੀ ਭੁਜਾ ਦੇ ਜੋਰ ਕਈ ਇਲਾਕੇ ਮੱਲੇ ਅਤੇ ਕਈ ਪਿੰਡ ਆਬਾਦ ਕੀਤੇ ਅਰ ਆਪਣੇ ਪਾਸ ਰਾਜਸੀ ਠਾਟ ਬਣਾ ਲਿਆ. ਗੁਰਦਿੱਤ ਸਿੰਘ ਦਾ ਪੁਤ੍ਰ, ਸੂਰਤੀਆਸਿੰਘ ਸਨ. ੧੭੫੨ ਵਿੱਚ ਪਿਤਾ ਦੀ ਮੌਜੂਦਗੀ ਵਿੱਚ ਹੀ ਚਲਾਣਾ ਕਰਗਿਆ, ਇਸ ਲਈ ਚੌਧਰੀ ਗੁਰਦਿੱਤ ਸਿੰਘ ਦਾ ਸਨ ੧੭੫੪ ਵਿੱਚ ਦੇਹਾਂਤ ਹੋਣ ਪੁਰ ਇਸ ਦਾ ਪੋਤਾ (ਸੁਰਤੀਏਸਿੰਘ ਦਾ ਪੁਤ੍ਰ) ਹਮੀਰ ਸਿੰਘ ਰਾਜਦਾ ਮਾਲਿਕ ਹੋਇਆ.

ਹਮੀਰ ਸਿੰਘ

ਪ੍ਰਤਾਪੀ ਰਾਜੇ ਹਮੀਰਸਿੰਘ ਨੇ ਦਾਨੇ ਦਾ ਰਾਜ ਚੰਗੀ ਤਰ੍ਹਾਂ ਸਾਂਭਿਆ ਅਰ ਹੋਰ ਬਹੁਤ ਸਾਰਾ ਮੁਲਕ ਮੱਲਿਆ. ਕੱਤਕ ਸੰਮਤ ੧੮੧੨ (ਸਨ ੧੭੫੫) ਵਿੱਚ ਨਾਭਾ ਸ਼ਹਿਰ ਆਬਾਦ ਕੀਤਾ, ਜੋ ਰੇਲ ਦੇ ਰਸਤੇ ਰਾਜਪੁਰੇ ਤੋਂ ੩੨ ਅਤੇ ਪਟਿਆਲੇ ਤੋਂ ੧੬. ਮੀਲ ਪੱਛਮ ਹੈ.

ਸਨ ੧੭੬੩ ਵਿੱਚ ਆਪਣੇ ਭਾਈ ਰਈਸਾਂ ਨਾਲ ਮਿਲਕੇ ਬਹਾਦੁਰ ਹਮੀਰਸਿੰਘ ਨੇ ਜ਼ੈਨਖ਼ਾਂ ਸਰਹਿੰਦ ਦੇ ਸੂਬੇ ਨੂੰ ਜਿੱਤਕੇ ਅਮਲੋਹ ਦਾ ਇਲਾਕਾ ਆਪਣੇ ਰਾਜ ਨਾਲ ਮਿਲਾਇਆ ਅਤੇ ਆਪਣਾ ਸਿੱਕਾ ਚਲਾਇਆ. ਸਨ ੧੭੭੬ ਵਿੱਚ ਰੋੜੀ ਦੇ ਪਰਗਨੇ ਤੇ ਅਧਿਕਾਰ ਜਮਾਇਆ.

ਰਾਜਾ ਹਮੀਰ ਸਿੰਘ ਦਾ ਦੇਹਾਂਤ ਸਨ ੧੭੮੩ ਵਿੱਚ ਨਾਭੇ ਹੋਇਆ, ਇਸ ਦੀ ਸਮਾਧ ਕਿਲੇ ਦੇ ਪੂਰਬ ਵੱਲ ਦੇਖੀ ਜਾਂਦੀ ਹੈ.

ਰਾਜਾ ਜਸਵੰਤ ਸਿੰਘ

ਸਰਦਾਰ ਸੁਜਾਨ ਸਿੰਘ ਮਾਨਸ਼ਾਹੀਏ ਦੀ ਸੁਪੁਤ੍ਰੀ ਰਾਣੀ ਰਾਜਕੌਰ ਦੇ ਉਦਰ ਤੋਂ ਰਾਜਾ ਹਮੀਰਸਿੰਘ ਦੇ ਘਰ ਜਸਵੰਤਸਿੰਘ ਰਾਜਕੁਮਾਰ ਦਾ ਜਨਮ ਸਨ ੧੭੭੫ ਵਿੱਚ ਬਡਬਰ ਪਿੰਡ ਹੋਇਆ. ਸਨ ੧੭੮੩ ਵਿੱਚ ਪਿਤਾ ਦੇ ਦੇਹਾਂਤ ਹੋਣ ਪੁਰ ਅੱਠ ਵਰ੍ਹੇ ਦੀ ਉਮਰ ਵਿੱਚ ਨਾਭੇ ਦੀ ਗੱਦੀ ਤੇ ਬੈਠਾ. ਰਾਜ ਦਾ ਕੰਮ ਮਾਈ ਦੇਸੋ, (ਸਰਦਾਰ ਮੱਖਨ ਸਿੰਘ ਰੋੜੀ ਦੇ ਸਰਦਾਰ ਦੀ ਸੁਪਤ੍ਰੀ) ਰਾਜਾ ਹਮੀਰ ਸਿੰਘ ਦੀ ਵਿਧਵਾ ਅਤੇ ਰਾਜਾ ਜਸਵੰਤ ਸਿੰਘ ਦੀ ਮਤੇਈ ਨੇ ਬਹੁਤ ਉੱਤਮ ਰੀਤਿ ਨਾਲ ਚਲਾਇਆ,

ਅਤੇ ਰਾਜਾ ਜਸਵੰਤ ਸਿੰਘ ਦੀ ਸਿਖ਼ਯਾ ਦਾ ਯੋਗ ਪ੍ਰਬੰਧ ਕੀਤਾ.

ਸਨ ੧੭੯੦ ਵਿੱਚ ਮਾਈ ਦੇਸੋ ਦਾ ਦੇਹਾਂਤ ਹੋਣ ਪੁਰ ਰਾਜਾ ਜਸਵੰਤ ਸਿੰਘ ਨੇ ਰਾਜ ਦਾ ਕੰਮ ਆਪਣੇ ਹੱਥ ਲਿਆ, ਅਰ ਸਿਆਣੇ ਮੰਤ੍ਰੀਆਂ ਦੀ ਸਲਾਹ ਨਾਲ ਰਾਜ ਦਾ ਇੰਤਜਾਮ ਚੰਗਾ ਕੀਤਾ.

ਰਾਜਾ ਜਸਵੰਤ ਸਿੰਘ ਵਡਾ ਦੂਰੰਦੇਸ਼, ਪ੍ਰਜਾਪਾਲਕ ਧਰਮ ਦਾ ਪ੍ਰੇਮੀ ਅਤੇ ਵਿਦ੍ਵਾਨਾਂ ਦਾ ਆਸਰਾ ਸੀ. ਜੋ ਅੰਗ੍ਰੇਜ਼ੀ ਅਫਸਰ ਇਸ ਨੂੰ ਮਿਲੇ ਹਨ, ਸਭ ਨੇ ਇਸ ਦੀ ਪ੍ਰਸ਼ੰਸਾ ਕੀਤੀ ਹੈ.[692]

ਰਾਜਾ ਜਸਵੰਤ ਸਿੰਘ ਦੇ ਅਹਿਦ ਵਿੱਚ ੩. ਮਈ ਸਨ ੧੮੦੯ ਨੂੰ ਨਾਭਾ ਬ੍ਰਿਟਿਸ਼ ਰਖ੍ਯਾ ਅੰਦਰ ਆਇਆ. ਇਸ ਦੀ ਪ੍ਰਜਾ ਹੀ ਨਹੀਂ, ਬਲਕਿ ਪੜੋਸੀ ਲੋਕ ਭੀ ਇਸ ਦਾ ਦਿਲੋਂ ਸਨਮਾਨ ਕਰਦੇ ਸਨ.

੨੨ ਮਈ ਸਨ ੧੮੪੦ ਨੂੰ ਛਿਆਹਠ ਵਰ੍ਹੇ ਦੀ ਉਮਰ ਵਿੱਚ ਰਾਜਾ ਜਸਵੰਤ ਸਿੰਘ ਦਾ ਦੇਹਾਂਤ ਹੋਇਆ.[693] ਸ਼ਜਾਮ ਬਾਗ ਵਿੱਚ ਇਸ ਦੀ ਬਹੁਤ ਸੁੰਦਰ ਸੰਗਮਰਮਰ ਦੀ ਸਮਾਧ ਬਣੀ ਹੋਈ ਹੈ.

ਰਾਜਾ ਦੇਵੇਂਦ੍ਰ ਸਿੰਘ

ਸਰਦਾਰ ਹਰੀ ਸਿੰਘ ਜੋਧਪੁਰੀਏ[694] ਦੀ ਸੁਪੁਤ੍ਰੀ ਰਾਣੀ ਹਰ ਕੌਰ ਦੇ ਉਦਰੋਂ ਰਾਜਾ ਜਸਵੰਤ ਸਿੰਘ ਦੇ ਘਰ ਰਾਜ ਕੁਮਾਰ ਦੇਵੇਂਦ੍ਰ ਸਿੰਘ ਦਾ ਜਨਮ ੨੨ ਭਾਦੋਂ ਸੰਮਤ ੧੮੭੯ (ਸਨ ੧੮੨੨) ਨੂੰ ਹੋਇਆ. ਪਿਤਾ (ਜਸਵੰਤ ਸਿੰਘ) ਦੇ ਦੇਹਾਂਤ ਹੋਣ ਪੁਰ ੫. ਅਕਤੂਬਰ ਸਨ ੧੮੪੦ ਨੂੰ ਅਠਾਰਾਂ ਵਰ੍ਹੇ ਦੀ ਉਮਰ ਵਿੱਚ ਨਾਭੇ ਦੇ ਰਾਜ ਸਿੰਘਾਸਨ ਤੇ ਬੈਠਾ.[695] ਇਸ ਨੂੰ ਖ਼ੁਦਪਸੰਦ ਅਭਿਮਾਨੀ ਪੰਡਿਤ ਜਯ- ਗੋਪਾਲ ਕੌਲ ਵਾਲੇ ਆਚਾਰੀ ਦੀ ਸੰਗਤਿ ਦਾ ਅਜੇਹਾ ਅਸਰ ਹੋਇਆ ਕਿ ਇਹ ਪੜੋਸੀ ਰਾਜਿਆਂ ਨੂੰ ਨਫਰਤ ਕਰਨ ਲੱਗਾ ਅਤੇ ਅਹਿਲਕਾਰਾਂ ਨੂੰ ਥੋੜ੍ਹੇ ਥੋੜ੍ਹੇ ਕਸੂਰ ਬਦਲੇ ਬਹੁਤ ਜੁਰਮਾਨੇ ਹੋਣ ਲੱਗੇ, ਜਿਸ ਤੋਂ ਸਾਰੇ ਲੋਕ ਅੰਦਰੋਂ ਵੈਰੀ ਬਣ ਗਏ.

ਸਨ ੧੮੪੫ ਵਿੱਚ ਲਾਹੌਰ ਦਰਬਾਰ ਨਾਲ ਅੰਗ੍ਰੇਜਾਂ ਦੀ ਲੜਾਈ ਸਮੇ ਗਵਰਨਰ ਜਨਰਲ ਦੇ ਏਜੈਂਟ ਮੇਜਰ ਬ੍ਰਾਡਫੁਟ (Major Broadfoot) ਨੂੰ ਕਈ ਕਾਰਣਾਂ ਤੋਂ ਇਹ ਖਿਆਲ ਹੋ ਗਿਆ ਕਿ ਰਾਜਾ ਦੇਵੇਂਦ੍ਰ ਸਿੰਘ ਲਹੌਰ ਦਾ ਪੱਖੀ ਅਤੇ ਅੰਗ੍ਰੇਜੀ ਸਰਕਾਰ ਦਾ ਹਿਤੂ ਨਹੀਂ. ਉਸ ਸਮੇਂ ਦੀ ਨੀਤਿ ਅਨੁਸਾਰ ਇਹ ਫੈਸਲਾ ਹੋਇਆ ਕਿ ਰਿਆਸਤ ਨਾਭੇ ਦਾ ਚੌਥਾ ਹਿੱਸਾ ਜਬਤ ਕੀਤਾ ਜਾਵੇ* ਅਤੇ ਰਾਜੇ ਨੂੰ ਗੱਦੀਓਂ ਲਾਹਕੇ ਉਸ ਦਾ ਪੁਤ੍ਰ ਟਿੱਕਾ ਭਰਪੂਰਸਿੰਘ ਗੱਦੀ ਤੇ ਬੈਠਾਇਆ ਜਾਵੇ. ਇਸ ਅਨੁਸਾਰ ਸਨ ੧੮੪੬ ਵਿੱਚ ਰਾਜਾ ਦੇਵੇਂਦ੍ਰ ਸਿੰਘ ਨੂੰ ਪੰਜਾਹ ਹਜਾਰ ਰੁਪਯਾ ਸਾਲਾਨਾ ਪੈਨਸ਼ਨ ਦੇਕੇ ਮਥੁਰਾ ਭੇਜਿਆ ਗਿਆ. ਫੇਰ ੮. ਦਿਸੰਬਰ ਸਨ ੧੮੬੫ ਨੂੰ ਲਹੌਰ ਲੈ ਜਾ ਕੇ ਮਹਾਰਾਜਾ ਖੜਗਸਿੰਘ ਦੀ ਹਵੇਲੀ ਰੱਖਿਆ ਗਿਆ, ਜਿੱਥੇ ਨਵੰਬਰ ਸਨ ੧੮੬੫

---

692 Sir David Ochtel ony had formed a high opinion of the Raja's abilities; writing to Government, he observed. "Jaswant Singh is one of the principal Sirdars under our protection and by far superior in manner. managament and understanding to any of them I have yet seen" (The Rajas of the Punjab P. 386).

693 ਰਾਜਾ ਜਸਵੰਤ ਸਿੰਘ ਦੇ ਵਡੇ ਪੁਤ੍ਰ (ਵਲੀਅਹਿਦ) ਰਣਜੀਤ ਸਿੰਘ ਦਾ ਦੇਹਾਂਤ ਸਨ ੧੮੩੨ ਵਿੱਚ ਅਤੇ ਰਣਜੀਤ ਸਿੰਘ ਦੇ ਪੁਤ੍ਰ ਕੌਰ ਸੰਤੋਖਸਿੰਘ ਦਾ ਚਲਾਣਾ ਸਨ ੧੮੩੦ ਵਿੱਚ ਹੋਗਿਆ ਸੀ, ਇਸ ਲਈ ਰਾਜਾ ਜਸਵੰਤ ਸਿੰਘ ਦਾ ਛੋਟਾ ਪੁਤ੍ਰ ਦਵੇਂਦ੍ਰ ਸਿੰਘ ਗੱਦੀ ਤੇ ਬੈਠਾ.

694 (ਗ੍ਰੀਫਨ ਸਾਹਿਬ ਰਾਜਗਾਨ ਪੰਜਾਬ ਵਿੱਚ ਰਾਜਾ ਜਸਵੰਤ ਸਿੰਘ ਬਾਬਤ ਲਿਖਦਾ ਹੈ:-

The late Raja had been a faithful ally of the British Government. In 1804 he refused to assist. Holkar against the English- he gave assistance insupplies and carriage during the Ghurkha campaign of 1810. and in that of Bikaner in 1818 and during the northward march of the British army to Kabul in 1838. he advanced a loan of six lakhs of rupees to the Government.(P. 397)

695 ਇਹ ਜੋਧਪੁਰ ਪਟਿਆਲੇ ਰਾਜ ਅੰਦਰ ਭਟਿੰਡੇ ਪਾਸ ਹੈ.

ਵਿੱਚ ਉਸ ਦਾ ਦੇਹਾਂਤ ਹੋਇਆ. ਦੇਹ ਨਾਭੇ ਲਿਆਕੇ ਸਸਕਾਰੀ ਗਈ.

ਰਾਜਾ ਭਰਪੂਰਸਿੰਘ

ਸਰਦਾਰ ਵਜ਼ੀਰਸਿੰਘ ਰਈਸ ਰੰਗੜ ਨੰਗਲ (ਜਿਲਾ ਗੁਰਦਾਸਪੁਰ) ਦੀ ਸੁਪੁਤ੍ਰੀ ਰਾਣੀ ਮਾਨਕੌਰ ਦੇ ਉਦਰ ਤੋਂ ਰਾਜਾ ਦੇਵੇਂਦ੍ਰਸਿੰਘ ਨਾਭਾਪਤਿ ਦਾ ਵਡਾ ਸੁਪੁਤ੍ਰ, ਜਿਸ ਦਾ ਜਨਮ ਅੱਸੂ ਸੁਦੀ ੯. ਸੰਮਤ ੧੮੯੭ (ਸਨ ੧੮੪੦) ਨੂੰ ਹੋਇਆ. ਰਾਜਾ ਦੇਵੇਂਦ੍ਰਸਿੰਘ ਨੂੰ ਗੱਦੀਓਂ ਲਾਹਕੇ ਅੰਗ੍ਰੇਜ਼ ਸਰਕਾਰ ਨੇ ਜਨਵਰੀ ਸਨ ੧੮੪੭ ਵਿੱਚ ਇਸ ਨੂੰ ਰਾਜਸਿੰਘਾਸਨ ਤੇ ਬੈਠਾਇਆ. ਰਾਜਾ ਜਸਵੰਤਸਿੰਘ ਦੀ ਵਿਧਵਾ ਰਾਣੀ ਚੰਦਕੌਰ ਦੇ ਹੱਥ ਰਾਜ ਦੀ ਵਾਗ ਡੋਰ ਰਹੀ ਅਰ ਉਸ ਦੇ ਸਹਾਇਕ ਸਰਦਾਰ ਗੁਰਬਖ਼ਸ਼ਸਿੰਘ ਮਾਨਸਾਹੀਆ, ਸਰਦਾਰ ਫਤੇਹਸਿੰਘ ਗਿੱਲ ਅਤੇ ਲਾਲਾ ਬਹਾਲੀਮੱਲ ਕੌਂਸਲ ਦੇ ਮੈਂਬਰ ਥਾਪੇਗਏ. ਧਾਰਮਿਕ ਸਿਖਜਾ ਰਾਜਾ ਭਰਪੂਰ ਸਿੰਘ ਨੇ ਬਾਬਾ ਸਰੂਪਸਿੰਘ ਜੀ ਮਹੰਤ ਗੁਰਦ੍ਵਾਰਾ ਬਾਬਾ ਅਜਾਪਾਲ ਸਿੰਘ ਜੀ ਤੋਂ ਪ੍ਰਾਪਤ ਕੀਤੀ. ਇਹ ਗੁਰਬਾਣੀ ਦਾ ਪ੍ਰੇਮੀ ਅਤੇ ਪੱਕਾ ਨਿੱਤਨੇਮੀ ਸੀ.

ਇਸ ਮਨੋਹਰ ਸ਼ਕਲ ਦੇ ਰਾਜੇ ਨੇ ਛੋਟੀ ਉਮਰ ਵਿੱਚ ਹੀ ਅੰਗ੍ਰੇਜ਼ੀ ਸਰਕਾਰ, ਪੜੋਸੀ ਰਈਸ, ਰਿਆਸਤ ਦੇ ਅਹਿਲਕਾਰ ਅਤੇ ਪ੍ਰਜਾ ਦੇ ਦਿਲ ਉੱਪਰ ਆਪਣਾ ਸਨਮਾਨ ਬੈਠਾ ਦਿੱਤਾ ਸੀ. ਇਹ ਫਾਰਸੀ ਅੰਗ੍ਰੇਜ਼ੀ ਪੰਜਾਬੀ ਹਿੰਦੀ ਚੰਗੀ ਤਰ੍ਹਾਂ ਪੜ੍ਹ ਲਿਖ ਸਕਦਾ ਸੀ ਅਤੇ ਆਪਣੀ ਕਲਮ ਨਾਲ ਫੈਸਲੇ ਲਿਖਿਆ ਕਰਦਾ ਸੀ ਅਤੇ ਸਮੇਂ ਦੀ ਵੰਡ ਅਜੇਹੀ ਕਰ ਰੱਖੀ ਸੀ, ਜਿਸ ਤੋਂ ਧਰਮ ਅਤੇ ਰਿਆਸਤ ਦੇ ਕੰਮ ਉੱਤਮ ਰੀਤਿ ਨਾਲ ਨਿਭਦੇ ਰਹਿਣ, ਉਸ ਦੀ ਹਰ ਵੇਲੇ ਸਤਿਗੁਰੁ- ਦਿਆਲ ਅੱਗੇ ਅਰਦਾਸ ਸੀ ਕਿ ਮੈਥੋਂ ਆਪਣੇ ਫਰਜ ਚੰਗੀ ਤਰਾਂ ਪੂਰੇ ਹੋਣ ਅਤੇ ਮੈ ਹੋਰਨਾ ਲਈ ਸੁਖ ਦਾ ਕਾਰਣ ਹੋਵਾਂ.[696]

ਸਨ ੧੮੫੭ ਦੇ ਗਦਰ ਵੇਲੇ ਇਸ ਨੇ ਵਡੀ ਨਾਮਵਰੀ ਪਾਈ. ਆਪਣੀ ਉਮਰ ਤੋਂ ਵਧਕੇ ਦਿਲੇਰੀ ਅਤੇ ਪ੍ਰਬੰਧ ਦੀ ਸ਼ਕਤੀ ਵਿਖਾਈ. ਬਰਤਾਨੀਆ ਸਰਕਾਰ ਦੀ ਹਰ ਤਰਾਂ ਸਹਾਇਤਾ ਕਰਕੇ ਸੱਚੀ ਮਿਤ੍ਰਤਾ ਦਾ ਸਬੂਤ ਦਿੱਤਾ.[697]

---

[696] ਭਾਵੇਂ ਮੇਜਰ ਬ੍ਰਾਡਫੁਟ (ਜੰਗ ਵਿੱਚ ਮਰ ਜਾਣ ਕਰਕੇ) ਫੈਸਲੇ ਵੇਲੇ ਮੌਜੂਦ ਨਹੀਂ ਸੀ, ਪਰ ਉਸ ਦੀ ਰਪੋਟ ਅਤੇ ਨੋਟਾਂ ਤੇ ਪੂਰਾ ਭਰੋਸਾ ਕੀਤਾ ਗਿਆ ਜਬਤ ਹੋਏ ਇਲਾਕੇ ਵਿੱਚੋਂ ੭੧੨੨੪) ਰੁਪਯੇ ਸਲਾਨਾ ਆਮਦਨ ਦਾ ਮਹਾਰਾਜਾ ਪਟਿਆਲਾ ਅਤੇ ਰਾਜਾ ਸਾਹਿਬ ਫਰੀਦਕੋਟ ਨੂੰ ਅੱਧੋ ਵੰਡ ਕੇ ਦਿੱਤਾ ਗਿਆ, ਅਤੇ ੨੮੭੬੬) ਰੁਪਯੇ ਸਾਲਾਨਾ ਆਮਦਨ ਦਾ ਗਵਰਨਮੇਂਟ ਨੇ ਸਵਾਰ ਅਤੇ ਪੈਦਰ ਫੌਜ ਦੀ ਸੇਵਾ ਦੇ ਬਦਲੇ ਆਪਣੇ ਕਬਜੇ ਵਿੱਚ ਲੈ ਲਿਆ. ਮਹਾਰਾਜਾ ਹੀਰਾ ਸਿੰਘ ਜੀ ਦੇ ਜਤਨ ਨਾਲ ਇਹ ਅਠਾਈ ਹਜਾਰ ਦੇ ਇਲਾਕੇ ਦੀ ਵਾਪਿਸੀ ਦਾ ਹੁਕਮ ਗਵਰਨਮੇਂਟ ਵੱਲੋਂ ਹੋ ਚੁੱਕਾ ਸੀ, ਪਰ ਮਹਾਰਾਜਾ ਦੇ ਦੇਹਾਂਤ ਹੋਣ ਕਰਕੇ ਮੁਆਮਲਾ ਵਿੱਚੇ ਹੀ ਰਹਿ ਗਿਆ.

[697] Raja Bharpur Singh was a remarkable exception to what is unfortunately a very general rule. The excellence of his disposition and his natural intelligence were such as to enable him to resist the deteriorating influences which surrounded him, and he gave promise of being one of the most liberal Princes in Northern India. A taste for learning is rare among the Sikhs, but the Raja was of a studious disposition. He had thoroughly mastered the Indian vernaculars, and studied. Engish three or four hours a day, whenever the duties connected with the administration of his State allowed him leisure. The work of all departments he supervised himself. and a private memorandum, drawn up in English and containing rules for the disposition of his time, was a very remarkable document, showing how earnestly he was resolved to neglect no opportunity for self-improvement, and to govern for the good of his people. It concluded with these words :-

"In conclusion, I invoke a blessing from the Almighty, and from the Darbar Sri Satgur dial, to preserve me steadfast in the discharge of these my duties. and to take enable me to pass my life. that, under the Almighty's shadow & protection. I may live to His glory, & be a blessing to other." (The Rajas of the Punjab. p.432-33)

Raja Bharpur Singh attained his majority a few months after the breaking out of the mutiny of 1857. At this critical time he acted with the utmost loyalty and intelligence, and his services were as distinguished as those of the other Phulkian Chiefs. xxx

ਗਵਰਨਮੇਂਟ ਨੇ ਭੀ ਉਦਾਰ ਭਾਵ ਨਾਲ ਰਾਜਾ ਭਰਪੂਰਸਿੰਘ ਦਾ ਖਿਲਤ ਖਿਤਾਬ ਆਦਿ ਨਾਲ ਮਾਨ ਕੀਤਾ ਅਤੇ ਬਾਵਲ ਕਾਂਟੀ ਦਾ ਇਲਾਕਾ ਦਿੱਤਾ ਅਰ ਫੂਲਕੀਆਂ ਦੋ ਰਿਆਸਤਾਂ ਨਾਲ ਮਿਲਕੇ ਜੋ ਕਈ ਅਧਿਕਾਰ, (ਪ੍ਰਾਣਦੰਡ, ਮੁਤਬੰਨਾ ਕਰਨਾ, ਰਿਆਸਤ ਦੇ ਮੁਆਮਲਿਆਂ ਵਿੱਚ ਅੰਗ੍ਰੇਜ਼ੀ ਸਰਕਾਰ ਦਾ ਕਿਸੇ ਤਰਾਂ ਦਾ ਦਖ਼ਲ ਨਾ ਹੋਣਾ) ਸਰਕਾਰ ਤੋਂ ਮੰਗ ਰੱਖੇ ਸਨ, ਪ੍ਰਾਪਤ ਕੀਤੇ.[698]

੧੯ ਜਨਵਰੀ ਸਨ ੧੮੬੦ ਨੂੰ ਲਾਰਡ ਕੈਨਿੰਗ (Lord Canning) ਗਵਰਨਰ ਜਨਰਲ ਨੇ ਅੰਬਾਲੇ ਦਰਬਾਰ ਕਰਕੇ ਰਾਜਾ ਭਰਪੂਰਸਿੰਘ ਦਾ ਮਹਾਰਾਣੀ (Queen Victoria) ਵੱਲੋਂ ਸਹਾਇਤਾ ਅਤੇ ਮਿਤ੍ਰਭਾਵ ਬਾਬਤ ਧੰਨਵਾਦ ਕੀਤਾ.

ਰਾਜਾ ਭਰਪੂਰਸਿੰਘ ਉੱਤਮ ਚਿਤ੍ਰਕਾਰ ਅਤੇ ਕਾਵ੍ਯਵਿਦ੍ਯਾ ਦਾ ਬਹੁਤ ਪ੍ਰੇਮੀ ਸੀ. ਗ੍ਵਾਲ ਕਵਿ ਨੂੰ ਦਾਨ ਸਨਮਾਨ ਦੇਕੇ ਆਪਣੇ ਪਾਸ ਰੱਖਿਆ ਅਤੇ ਕਾਵ੍ਯਗ੍ਰੰਥ ਪੜ੍ਹੇ. ਗ੍ਵਾਲ ਕਵਿ ਨੇ ਰਾਜਾ ਸਾਹਿਬ ਦੇ ਨਾਮ ਦੀ ਵ੍ਯਾਖ੍ਯਾ ਇਉਂ ਕੀਤੀ ਹੈ:-

ਕਾਹੂੰ ਤੇ ਨ ਕਮ ਇਤਮਾਮ* ਹਰ ਕਾਮਨ ਮੇ

ਕਬਹੂ ਨ ਹੋਯ ਕਮ ਜਿਸ ਕੋ ਕਲਾਮ ਹੈ,

ਗ੍ਯਾਨ ਮੇ ਨ ਕਮ ਹਰਿਧ੍ਯਾਨ ਮੇ ਨ ਕਮ ਕਛੂੰ

ਦਾਨ ਮੇ ਨ ਕਮ ਔ ਨ ਕਮ ਧਨ ਧਾਮ ਹੈ,

ਗ੍ਵਾਲ ਕਵਿ ਤੇਜ ਮੇ ਪ੍ਰਤਾਪ ਮੇ ਨ ਕਮ ਕਯੋਂ ਹੂੰ

ਹੁਕਮ ਮੇ ਨ ਕਮ ਔ ਨ ਕਮ ਇੰਤਜਾਮ ਹੈ,

ਯਾਹੀ ਤੇ ਗਰੀਬ ਕੇ ਨਿਵਾਜ਼ ਗੁਰੁਦੇਵ ਜੂ ਨੈ

ਰਾਖਯੋ ਮਹਾਰਾਜ "ਭਰਪੂਰਸਿੰਘ" ਨਾਮ ਹੈ.

ਸਿਤੰਬਰ ਸਨ ੧੮੬੩ ਵਿੱਚ ਲਾਰਡ ਐਲਗਿਨ (Algin) ਨੇ ਰਾਜਾ ਭਰਪੂਰ ਸਿੰਘ ਨੂੰ ਗਵਰਨਰ ਜਨਰਲ ਦੀ ਕੌਂਸਲ ਦਾ ਮੈਂਬਰ ਥਾਪਿਆ, ਪਰ ਇਹ ਕਲਕੱਤੇ ਜਾਣ ਤੋਂ ਪਹਿਲਾਂ ਹੀ ਕੁਝ ਮਹੀਨੇ ਤਾਪ ਨਾਲ ਬਿਮਾਰ ਰਹਿਕੇ ੯. ਨਵੰਬਰ ਸਨ ੧੮੬੩ ਨੂੰ ਨਾਭੇ ਪਰਲੋਕ ਸਿਧਾਰਿਆ.

ਰਾਜਾ ਭਗਵਾਨਸਿੰਘ

---

Raja Bharpur Singh was anxious himself to march to Delhi at the head of his troops, as the Raja of Jind had done. This was not allowed. He was very young, and such service was more onerous than could be fairly asked from him. A Detachment, however, of his force, about 300 in number. did good services at Delhi under Sardar Didar Singh throughout the seige.

In addition to this, the Raja enlisted many hundred new troops, he furnished supplies and carriage, arrested mutineers marching through his State, and performed every service required of him with the utmost loyalty and good will. At a time when money was urgently wanted, he advanced to Government a loan of two and a half lakhs of rupees.(The Rajas of the Punjab, P.422-23)

In addition to these honours, there were conferred upon him those privileges which he, in common with his kinsmen of Patiala and Jind, ha asked from Government in their Paper of Requests in 1858 the power of life and death, the right of adoption, and the promise of non-interference of the British Government in the domestic affairs, of the family and the internal management of the state. (The Rajas of the Punjab P.424)

[698] ਇਹਤਿਮਾਮ-ਪ੍ਰਬੰਧ

ਮਾਈ ਮਾਨਕੌਰ ਦੇ ਉਦਰ ਤੋਂ ਰਾਜਾ ਦੇਵੇਂਦ੍ਰਸਿੰਘ ਨਾਭਾਪਤਿ ਦਾ ਛੋਟਾ ਪੁਤ੍ਰ ਅਤੇ ਰਾਜਾ ਭਰਪੂਰਸਿੰਘ ਦਾ ਛੋਟਾ ਭਾਈ. ਇਸ ਦਾ ਜਨਮ ਸਨ ੧੮੪੨ (ਮਘ੍ਰ ਵਦੀ ੧੩. ਸੰਮਤ ੧੮੯੯) ਵਿੱਚ ਹੋਇਆ. ਰਾਜਾ ਭਰਪੂਰਸਿੰਘ ਦੇ ਲਾਵਲਦ ਮਰਨ ਤੇ ਇਹ ੧੨. ਫਰਵਰੀ ਸਨ ੧੮੬੪ ਨੂੰ ਨਾਭੇ ਦੀ ਗੱਦੀ ਤੇ ਬੈਠਾ. ਇਹ ਬਹੁਤ ਨਰਮਦਿਲ ਅਤੇ ਆਰਾਮਪਸੰਦ ਸੀ. ਇਸ ਤੇ ਕੁਸੰਗੀਆਂ ਦਾ ਇਤਨਾ ਅਸਰ ਹੋਇਆ ਕਿ ਰਾਜਪ੍ਰਬੰਧ ਵੱਲ ਧਿਆਨ ਦੇਣ ਦਾ ਇਸ ਨੂੰ ਸਮਾ ਨਹੀਂ ਮਿਲਦਾ ਸੀ. ੩੧ ਮਈ ਸਨ ੧੮੭੧ ਨੂੰ ਤਪਦਿੱਕ ਰੋਗ ਨਾਲ ਰਾਜਾ ਭਗਵਾਨਸਿੰਘ ਦਾ ਦੇਹਾਂਤ ਨਾਭੇ ਹੋਇਆ.

ਮਹਾਰਾਜਾ ਸਰ ਹੀਰਾਸਿੰਘ

ਫੂਲਵੰਸ਼ੀ ਸਰਦਾਰ ਸੁੱਖਾਸਿੰਘ ਜੀ ਰਈਸ ਬਡਰੁੱਖਾਂ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ੬. ਪੋਹ ਸੰਮਤ ੧੯੦੦ (ਸਨ ੧੮੪੩) ਨੂੰ ਮਾਈ ਰਾਜਕੌਰ (ਸਰਦਾਰ ਬਾਸਾਵਾਸਿੰਘ ਜੀ ਬੋੜਾਵਾਲੀਏ ਦੀ ਸੁਪੁਤ੍ਰੀ) ਦੇ ਉਦਰ ਤੋਂ ਬੱਡਰੁਖੀਂ ਹੋਇਆ. ਰਾਜਾ ਭਗਵਾਨਸਿੰਘ ਨਾਭਾਪਤਿ ਦੇ ਔਲਾਦ ਨਾ ਹੋਣ ਕਾਰਣ ਇਹ ਭਾਦੋਂ ਸੁਦੀ ੧੦. ਸੰਮਤ ੧੯੨੮ (੧੦ ਅਗਸਤ ਸਨ ੧੮੭੧) ਨੂੰ ਨਾਭੇ ਦੀ ਰਾਜਗੱਦੀ ਤੇ ਬੈਠੇ.

ਮਹਾਰਾਜਾ ਹੀਰਾਸਿੰਘ ਨੇ ਜਿਸ ਯੋਗਜ ਰੀਤਿ ਨਾਲ ਰਾਜ ਦਾ ਪ੍ਰਬੰਧ ਕੀਤਾ ਅਤੇ ਪ੍ਰਜਾ ਨੂੰ ਸੁਖ ਦਿੱਤਾ, ਉਹ ਦੂਜੇ ਰਾਜਿਆਂ ਲਈ ਉਦਾਹਰਣ ਰੂਪ ਹੋਣਾ ਚਾਹੀਏ. ਆਪ ਦਾ ਵਿਦਯਾ ਨਾਲ ਅਪਾਰ ਪ੍ਰੇਮ ਸੀ. ਰਿਆਸਤ ਵਿੱਚ ਅਨੇਕ ਸਕੂਲ ਖੋਲ੍ਹੇ, ਵਿਦਯਾਰਥੀਆਂ ਨੂੰ ਬਹੁਤ ਵਜੀਫੇ ਦਿੱਤੇ, ਮਕਾਲਿਫ ਸਾਹਿਬ ਨੂੰ "ਸਿੱਖ ਰੀਲੀਜਨ" ਕਿਤਾਬ ਲਿਖਣ ਲਈ ਭਾਰੀ ਸਹਾਇਤਾ ਦਿੱਤੀ ਅਤੇ ਖਾਲਸਾ ਕਾਲਿਜ ਨੂੰ ਪੱਕੇ ਪੈਰੀਂ ਕਰਣ ਦਾ ਯਤਨ ਕੀਤਾ.

ਖਾਸ ਰਾਜਧਾਨੀ ਅਤੇ ਇਲਾਕੇ ਵਿੱਚ ਲੱਖਾਂ ਰੁਪਯੇ ਖਰਚ ਕੇ ਆਲੀਸ਼ਾਨ ਇਮਾਰਤਾਂ ਬਣਵਾਈਆਂ ਅਤੇ ਫੌਜ ਨੂੰ ਯੋਗਯ ਬਣਾਉਣ ਲਈ ਬੇਅੰਤ ਧਨ ਖਰਚਿਆ.

ਗਵਰਨਮੈਂਟ ਦੇ ਸਾਰੇ ਅਹੁਦੇਦਾਰ ਮਹਾਰਾਜਾ ਹੀਰਾਸਿੰਘ ਜੀ ਦੇ ਗੁਣ ਗਾਉਣ ਵਿੱਚ ਇੱਕਸੁਰ ਸਨ.[699]

ਮਹਾਰਾਜਾ ਹੀਰਾਸਿੰਘ ਜੀ ਦੇ ਜਾਤੀ ਖਰਚ ਬਹੁਤ ਹੀ ਘੱਟ ਸਨ, ਉਹ ਰਿਆਸਤ ਦੇ ਖਜਾਨੇ ਨੂੰ ਪ੍ਰਜਾ ਦੀ ਇਮਾਨਤ ਸਮਝਦੇ ਸਨ. ਇਨਸਾਫ ਲਈ ਨਿੱਤ ਸਮਾਂ ਦਿੰਦੇ ਅਤੇ ਉਨ੍ਹਾਂ ਦੇ ਦਰਬਾਰ ਵਿੱਚ ਬਿਨਾ ਰੋਕ ਟੋਕ ਹਰੇਕ ਆਦਮੀ ਪਹੁਚ ਸਕਦਾ ਸੀ.

ਆਪ ਦੇ ਘਰ ਮਹਾਰਾਣੀ ਸਾਹਿਬਾ ਪਰਮੇਸ਼੍ਵਰ ਕੌਰ ਰੱਲੇ ਵਾਲਿਆਂ ਦੇ ਉਦਰ ਤੋਂ ੭. ਮਾਘ ਸੰਮਤ ੧੮੮੩) (੧੮ ਜਨਵਰੀ ਸਨ ੧੮੮੩) ਨੂੰ ਬੀਬੀ ਰਿਪੁਦਮਨਕੌਰ ਜੀ,[700] ਅਤੇ ਮਹਾਰਾਣੀ ਸਾਹਿਬਾ ਜਸਮੇਰਕੌਰ ਲੋਂਗੋਵਾਲ ਵਾਲਿਆਂ ਦੇ ਉਦਰ ਤੋਂ ੨੨

---

[699] ੯ ਨਵੰਬਰ ਸਨ ੧੯੦੩ ਨੂੰ ਲਾਰਡ ਕਰਜ਼ਨ (Lord Curdon) ਵਾਇਸਰਾਏ ਹਿੰਦ ਨੇ ਜੋ ਰਿਆਸਤ ਦੇ ਖਾਣੇ ਪਿੱਛੋਂ ਨਾਭੇ ਸਪੀਚ ਦਿੱਤੀ, ਉਸ ਤੋਂ ਆਪ ਨੂੰ ਮਹਾਰਾਜਾ ਦੀ ਮਹਿਮਾ ਪ੍ਰਗਟ ਹੋਵੇਗੀ-

[700] There is no chief whose, hospitality, I receive with keener pleasure or whose health it is a greater satisfaction to me to propose, than His Hughness the Raja of Nabha. We recognise in him a ruler devoted to his sovereign, his religion, and his people; the three supereme objects of attachment for a worthy Prince. For 32 years he has presided over the fortune of the Nabha state, and has conducted the administration with equal ability and success; and at Delhi in January last we recall his chivalrous figure as he rode at the head of his troops. I selected him to represent the Sikh Princes of the Punjab at the coronation of His Majesty the King Emperor in England, and it was only illhealth that prevented him from carrying out this mission. Sometimes His Highness talks to me as he was growing old and would like to rest, but I always tell him in reply that he is younger than the Sovereign who bears on his shoulders not the burden of a single state, but the entire British Empire, and I add further that the Raja is indispensable to his people and his state. I hope.

ਫੱਗੁਣ ਸੰਮਤ ੧੯੩੯ (੪ ਮਾਰਚ ਸਨ ੧੮੮੩) ਨੂੰ ਟਿੱਕਾ ਰਿਪੁਦਮਨਸਿੰਘ ਜੀ ਪੈਦਾ ਹੋਏ.

ਮਹਾਰਾਜਾ ਹੀਰਾਸਿੰਘ ਜੀ ਨੇ ਸਨ ੧੮੭੯- ੮੦ ਦੇ ਅਫਗਾਨ ਜੰਗ ਵਿੱਚ, ਸਨ ੧੮੯੭ ਦੇ ਤੀਰਾਹ ਜੰਗ ਵਿੱਚ ਫੌਜ ਅਤੇ ਰੁਪਯੇ ਦੀ ਗਵਰਨਮੈਂਟ ਨੂੰ ਪੂਰੀ ਸਹਾਇਤਾ ਦਿੱਤੀ, ਸਨ ੧੮੮੭ ਵਿੱਚ ਆਪ ਦੀ ਸਲਾਮੀ ੧੧. ਤੋਪਾਂ ਤੋਂ ੧੩, ਅਤੇ ਸਨ ੧੮੯੮ ਵਿੱਚ ੧੫. ਤੋਪਾਂ ਦੀ ਹੋ ਗਈ.

ਸਨ ੧੮੭੯ ਵਿੱਚ (ਜੀ. ਸੀ. ਐਸ. ਆਈ. ), ਸਨ ੧੮੯੩ ਵਿੱਚ "ਰਾਜਾਏ ਰਾਜਗਾਨ" ਖਿਤਾਬ ਮਿਲਿਆ, ਸਨ ੧੯੦੩ ਵਿੱਚ ਜੀ. ਸੀ. ਆਈ. ਈ. ਅਤੇ ੧੪ ਫਿਰੋਜਪੁਰ ਸਿੱਖ ਪਲਟਨ (King George's own) ਦੇ ਕਰਨੈਲ ਹੋਏ.[701] ਸਨ ੧੯੧੧ ਦੇ ਦਿੱਲੀ ਦਰਬਾਰ ਵਿੱਚ ਮੌਰੂਸੀ "ਮਹਾਰਾਜਾ" ਪਦਵੀ ਮਿਲੀ.

੧੧ ਪੋਹ ਸੰਮਤ ੧੯੬੮ (੨੫ ਦਿਸੰਬਰ ਸਨ ੧੯੧੧) ਨੂੰ ਬੈਰਾੜਵੰਸ਼ ਸਰਮੌਰ ਮਹਾਰਾਜਾ ਸਰ ਹੀਰਾਸਿੰਘ ਰਾਜਰਿਖੀ ਦਾ ਦੇਹਾਂਤ ਨਾਭੇ ਹੋਇਆ.

ਮਹਾਰਾਜਾ ਰਿਪੁਦਮਨਸਿੰਘ

ਫੂਲਵੰਸ਼ ਦੇ ਰਤਨ ਮਹਾਰਾਜਾ ਸਰ ਹੀਰਾਸਿੰਘ ਸਾਹਿਬ ਨਾਭਾਪਤਿ ਦੇ ਘਰ ਸਰਦਾਰ ਅਣੋਖਸਿੰਘ ਲੌਂਗੋਵਾਲੀਏ ਦੀ ਸੁਪੁਤ੍ਰੀ ਰਾਣੀ ਜਸਮੇਰਕੌਰ ਦੇ ਉਦਰੋਂ ੨੨ ਫੱਗੁਣ ਸੰਮਤ ੧੯੩੯ (੪ ਮਾਰਚ ਸਨ ੧੮੮੩) ਨੂੰ ਟਿੱਕਾ ਰਿਪੁਦਮਨਸਿੰਘ ਜੀ ਦਾ ਜਨਮ ਨਾਭੇ ਹੋਇਆ. ਮਹਾਰਾਜਾ ਸਾਹਿਬ ਨੇ ਇਨ੍ਹਾਂ ਦੀ ਸਿਖਜ਼ਾ ਦਾ ਯੋਗ ਪ੍ਰਬੰਧ ਕਰਕੇ ਸਭ ਤਰ੍ਹਾਂ ਲਾਇਕ ਬਣਾਇਆ.

੨੯ ਜੇਠ ਸੰਮਤ ੧੯੫੮ ਨੂੰ ਸਰਦਾਰ ਗੁਰਦਿਆਲਸਿੰਘ ਮਾਨ ਦੀ ਸੁਪੁਤ੍ਰੀ ਬੀਬੀ ਜਗਦੀਸ਼ਕੌਰ[702] ਨਾਲ ਸ਼ਾਦੀ ਹੋਈ, ਜਿਸ ਦੀ ਕੁੱਖ ਤੋਂ ੨੩ ਅੱਸੂ ਸੰਮਤ ੧੯੬੪ (੮ ਅਕਤੂਬਰ ਸਨ ੧੯੦੭) ਨੂੰ ਬੀਬੀ ਅੰਮ੍ਰਿਤਕੌਰ ਦਾ ਜਨਮ ਹੋਇਆ, ਜਿਸ ਦੀ ਸ਼ਾਦੀ ਰਾਜਾ ਸਾਹਿਬ ਕਲਸੀਆ ਰਵਿਸ਼ੇਰ ਸਿੰਘ ਜੀ ਨਾਲ ੧੬. ਫਰਵਰੀ ਸਨ ੧੯੨੫ ਨੂੰ ਹੋਈ.

ਸਨ ੧੯੦੬ ਤੋਂ ੮. ਤਕ ਟਿੱਕਾ ਰਿਪੁਦਮਨ ਸਿੰਘ ਸਾਹਿਬ ਗਵਰਨਰ ਜਨਰਲ ਦੀ ਲੈਜਿਸਲੇਟਿਵ ਕੌਂਸਲ ਦੇ ਐਡੀਸ਼ਨਲ (aditional) ਮੈਂਬਰ ਰਹੇ. ਸਨ ੧੯੧੦ ਵਿੱਚ ਆਪ ਨੇ ਯੂਰਪ ਦੀ ਯਾਤ੍ਰਾ ਕੀਤੀ ਅਤੇ ੨੨ ਜੂਨ ੧੯੧੧ ਨੂੰ H. M. ਜਾਰਜ ਪੰਜਮ ਦੀ ਤਾਜਪੋਸ਼ੀ ਵੇਲੇ ਵੈਸ੍ਟਮਿਨਸਟਰ ਏਬੀ (Westminister Abbey) ਵਿੱਚ ਮੌਜੂਦ ਸੇ. ਇਨ੍ਹਾਂ ਦੇ ਵਿਦੇਸ਼ ਹੁੰਦਿਆਂ ਹੀ ਮਹਾਰਾਜਾ ਹੀਰਾਸਿੰਘ ਜੀ ਦਾ ਦੇਹਾਂਤ ਹੋਇਆ.

---

therefore, that for years to come they may continue to profit by his great experience and by his keen devotion to duty.

701 Since that time he was governed his estate with great energy & ability, while he has given repeated proofs of his unswerving loyalty and friendship to the sovereign power. In 1872, when trouble was raised by the Kukas, he at once despatched a force to quell the disterbance at the request of the Deputy Commissioner, & the Governor-General expressed his entire satisfaction at the conduct of the Nabha troops. Raja Hira Singh also sent a force of two guns, 200 cavalary and 500 infantry for service on the frontier during the Afghan War of 1879-80, and these troops did excellent service in the Kurram Valley throughout the first phase of the compaign. In recognition of this the Grand Cross of the Star of India was conserved on the Raja in 1879, and in 1893 he was given the title of Raja-i-Rajgan. His salute was raised to 13 guns as a personal distinction in 1887 and to 15 guns in 1898. At the Delhi Coronation Darbar in January 1903, he was invested with the Grand Cross of the Indian Empire and was also appointed Honourary Colonel of the 14th Sikhs. (Chiefs and families of note in the Punjab, by Col. C.F. Massy, P.414)

702 ਮਹਾਰਾਣੀ ਜਗਦੀਸ਼ ਕੌਰ ਦਾ ਜਨਮ ਹਾਸੂ ਸਦੀ ੭. ਸੰਮਤ ੧੯੪੧ (ਸਨ ੧੮੮੩) ਅਤੇ ਦੇਹਾਂਤ ੪. ਅਗਸਤ ਸਨ ੧੯੨੭ ਨੂੰ ਹੋਇਆ।

ਆਪ ੧੧. ਮਾਘ ਸੰਮਤ ੧੯੬੮ (੨੪ ਜਨਵਰੀ ਸਨ ੧੯੭੨) ਨੂੰ ਨਾਭੇ ਦੀ ਗੱਦੀ ਤੇ ਵਿਰਾਜੇ, ਅਰ ਗਵਰਨਮੇਂਟ ਬਰਤਾਨੀਆਂ ਵੱਲੋਂ ੨੦. ਦਿਸੰਬਰ ਸਨ ੧੯੧੨ ਨੂੰ ਮਸਨਦਨਸ਼ੀਨੀ ਦਾ ਖਿਲਤ ਮਿਲਿਆ. ਸਨ ੧੯੧੪ ਦੇ ਵਡੇ ਜੰਗ ਛਿੜਨ ਪੁਰ ਮਹਾਰਾਜਾ ਨੇ ਆਪਣੀ ਫੌਜ ਦੀ ਸੇਵਾ ਸਰਕਾਰ ਨੂੰ ਅਰਪਣ ਕੀਤੀ, ਜੋ ਉਸ ਵੇਲੇ ਤਾਂ ਨਹੀਂ ਲਈ ਗਈ, ਪਰ ਸਨ ੧੯੧੮ ਵਿੱਚ ਅਕਾਲ ਇਨਫੈਂਟਰੀ ਮੈਸੋਪੋਟੇਮੀਆਂ (Mesopotamia) ਭੇਜੀ ਗਈ, ਜਿਸ ਨੇ ਛੀ ਮਹੀਨੇ ਸਰਦਾਰ ਬਹਾਦੁਰ ਕਰਨੈਲ ਬਚਨ ਸਿੰਘ ਦੀ ਕਮਾਣ ਹੇਠ ਬਹੁਤ ਚੰਗਾ ਕੰਮ ਕੀਤਾ. ਮਹਾਰਾਜਾ ਸਾਹਿਬ ਨੇ ਸਨ ੧੯੧੭- ੧੮ ਵਿੱਚ ਕਈ ਲੱਖ ਰੁਪਯਾ ਜੰਗ ਦੀ ਸਹਾਇਤਾ ਲਈ ਅਨੇਕ ਫੰਡਾਂ ਵਿੱਚ ਦਿੱਤਾ. ਸਨ ੧੯੧੯ ਦੇ ਤੀਜੇ ਅਫਗ਼ਾਨ ਜੰਗ ਸਮੇਂ ਰਿਆਸਤ ਦੀ ਫੌਜ ਨੇ ਬਲੋਚਿਸਤਾਨ ਅਤੇ ਈਰਾਨ ਵਿੱਚ ਰਹਿਕੇ ਅੰਗ੍ਰੇਜ਼ੀ ਅਫਸਰਾਂ ਦੀ ਨਿਗਰਾਨੀ ਵਿੱਚ ਉੱਤਮ ਸੇਵਾ ਕੀਤੀ.

੧੦ ਅਕਤੂਬਰ ਸਨ ੧੯੧੮ ਨੂੰ ਮੇਜਰ ਸਰਦਾਰ ਪ੍ਰੇਮਸਿੰਘ ਰਾਇਪੁਰੀਏ ਦੀ ਸੁਪੁਤ੍ਰੀ ਸਰੋਜਨੀ ਦੇਵੀ ਨਾਲ ਸ਼ਾਦੀ ਹੋਈ, ਜਿਸ ਦੀ ਕੁੱਖ ਤੋਂ ੫. ਅੱਸੂ ਸੰਮਤ ੧੯੭੬ (੨੧ ਸਿਤੰਬਰ ਸਨ ੧੯੧੯) ਨੂੰ ਟਿੱਕਾ ਪ੍ਰਤਾਪ ਸਿੰਘ ਜੀ ਦਾ ਜਨਮ ਹੋਇਆ.

ਕਈ ਸ੍ਵਾਰਥੀ ਅਤੇ ਆਚਾਰ ਤੋਂ ਡਿਗੇ ਹੋਏ ਲੋਕ, ਜਿਨ੍ਹਾਂ ਨੂੰ ਰਿਆਸਤ ਨਾਲ ਕੋਈ ਪਿਆਰ ਨਹੀਂ ਸੀ ਅਰ ਜੋ ਅਸਲੋਂ ਮਹਾਰਾਜਾ ਦੇ ਹਿਤੂ ਨਹੀਂ ਸਨ, ਦੈਵਯੋਗ ਨਾਲ ਏਧਰੋਂ ਓਧਰੋਂ ਮਹਾਰਾਜਾ ਦੇ ਪਾਸ ਆ ਲੱਗੇ, ਜਿਸ ਤੋਂ ਕਈ ਭਦ੍ਰਪੁਰੁਸ਼ਾਂ ਦਾ ਅਪਮਾਨ ਹੋਇਆ ਅਤੇ ਰਿਆਸਤ ਪਟਿਆਲੇ ਨਾਲ ਵ੍ਰਿਥਾ ਅਨੇਕ ਝਗੜੇ ਛਿੜ ਪਏ. ਇਹ ਮੁਆਮਲਾ ਇੱਥੋਂ ਤਕ ਵਧਿਆ ਕਿ ਮਹਾਰਾਜਾ ਨੂੰ ੨੫ ਹਾੜ੍ਹ ਸੰਮਤ ੧੯੮੦ (੯ ਜੁਲਾਈ ਸਨ ੧੯੨੩) ਨੂੰ ਰਾਜ ਦਾ ਤਿਆਗ ਕਰਨਾ ਪਿਆ. ਰਿਆਸਤ ਤੋਂ ਤਿੰਨ ਲੱਖ ਰੁਪਯਾ ਸਾਲਾਨਾ ਮੁਕੱਰਰ ਹੋਕੇ ਦੇਹਰੇਦੂਨ ਰਹਿਣ ਦੀ ਗਵਰਨਮੇਂਟ ਵੱਲੋਂ ਆਗਯਾ ਹੋਈ. ਅਰ ਰਿਆਸਤ ਦੇ ਪ੍ਰਬੰਧ ਲਈ ਮਹਾਰਾਜਾ ਦੀ ਇੱਛਾ ਅਨੁਸਾਰ ਇੱਕ ਅੰਗ੍ਰੇਜ਼ ਐਡਮਿਨਿਸਟ੍ਰੇਟਰ (administrator)[703] ਥਾਪਿਆ ਗਿਆ.

੨੫ ਮਾਘ ਸੰਮਤ ੧੯੮੩ (੬ ਫਰਵਰੀ ਸਨ ੧੯੨੭) ਨੂੰ ਮਹਾਰਾਜਾ ਰਿਪੁਦਮਨਸਿੰਘ ਜੀ ਨੇ ਅਬਿਚਲਨਗਰ ਦੁਬਾਰਾ ਅੰਮ੍ਰਿਤ ਛਕਕੇ ਨਾਉਂ ਗੁਰੁਚਰਨ ਸਿੰਘ ਬਦਲਿਆ.

੧੯ ਫਰਵਰੀ ਸਨ ੧੯੨੮ ਨੂੰ ਸਰਕਾਰ ਵੱਲੋਂ ਇੱਕ ਐਲਾਨ ਨਿਕਲਿਆ ਕਿ ਮਹਾਰਾਜਾ ਰਿਪੁਦਮਨ ਸਿੰਘ (ਗੁਰੁਚਰਨਸਿੰਘ) ਨੂੰ ਜਿਨ੍ਹਾਂ ਸ਼ਰਤਾਂ ਤੇ ਰਿਆਸਤ ਤੋਂ ਕਿਨਾਰੇ ਹੋਣ ਦੀ ਪਰਵਾਨਗੀ ਦਿੱਤੀ ਗਈ ਸੀ, ਉਨ੍ਹਾਂ ਦੀ ਪਾਲਨਾ ਨਹੀਂ ਹੋਈ, ਇਸ ਲਈ ਗੁਜ਼ਾਰਾ ਤਿੰਨ ਲੱਖ ਦੀ ਥਾਂ ਇੱਕ ਲੱਖ ਵੀਹ ਹਜ਼ਾਰ ਰੁਪਯਾ ਸਾਲਾਨਾ ਕੀਤਾ ਜਾਵੇ ਅਤੇ ਮਹਾਰਾਜਾ ਦੀ ਪਦਵੀ ਜਬਤ ਕੀਤੀ ਜਾਵੇ ਅਰ ਮਦਰਾਸ ਦੇ ਇਲਾਕੇ ਕੋਡੇਕਾਨਲ[704] ਸਰਕਾਰੀ ਨਿਗਰਾਨੀ ਵਿੱਚ ਰੱਖਿਆ ਜਾਵੇ.

੨੩ ਫਰਵਰੀ ਸਨ ੧੯੨੮ ਨੂੰ ਗਵਰਨਰ ਜਨਰਲ ਦੇ ਏਜੈਂਟ ਨੇ ਦੇਹਰੇਦੂਨ ਪਹੁੰਚਕੇ ਟਿੱਕਾ ਪ੍ਰਤਾਪ ਸਿੰਘ ਜੀ ਨੂੰ ਮੁਰਾਸਲਾ ਦਿੱਤਾ, ਜਿਸ ਵਿੱਚ ਲਿਖਿਆ ਸੀ ਕਿ ਆਪ ਨੂੰ ਸ਼ਹਨਸ਼ਾਹ ਨੇ ਨਾਭੇ ਦਾ ਮਹਾਰਾਜਾ ਮੰਨ ਲਿਆ ਹੈ.

ਮਹਾਰਾਜਾ ਪ੍ਰਤਾਪ ਸਿੰਘ ਜੀ ਆਪਣੀ ਮਾਤਾ ਮਹਾਰਾਣੀ ਸਰੋਜਨੀ ਦੇਵੀ ਦੀ ਨਿਗਰਾਨੀ ਵਿੱਚ ਦੇਹਰੇਦੂਨ ਰਹਿੰਦੇ ਅਤੇ ਸਿਖਯਾ ਪਾ ਰਹੇ ਹਨ.

ਰਿਆਸਤ ਨਾਭੇ ਦਾ ਰਕਬਾ ੯੬੮ ਵਰਗ ਮੀਲ ਹੈ. ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਆਬਾਦੀ ੨੬੩, ੩੯੪ ਹੈ.

ਰਿਆਸਤ ਦਾ ਦਰਜਾ ਪੰਜਾਬ ਵਿੱਚ ਚੌਥਾ ਹੈ. ਵਾਇਸਰਾਏ ਦੇ ਦਰਬਾਰ ਵਿੱਚ ਨਾਭੇ ਦੀ ਨਿਸ਼ਸਤ ਜੀਂਦ ਤੋਂ ਹੇਠ ਹੈ, ਪਰ ਬਾਜ਼ਦੀਦ (return visit) ਜੀਂਦ ਤੋਂ ਪਹਿਲਾਂ ਹੁੰਦੀ ਹੈ ਅਰ ਸਲਾਮੀ ੧੩. ਤੋਪਾਂ ਦੀ ਹੈ. ਰਿਆਸਤ ਦੀ ਕੁੱਲ ਆਮਦਨ ੨੪੦੦੦੦੦ ਰੁਪਯਾ ਸਾਲਾਨਾ ਹੈ.

---

[703] Mr. J. Wilson Johnston ਐਡਮਿਨਿਸਟ੍ਰੇਟਰ ਮੁਕੱਰਿਰ ਹੋਇਆ, ਉਸ ਦੇ ਛੁੱਟੀ ਪੁਰ ਇੰਗਲੈਂਡ ਹੋਣ ਦੇ ਕਾਰਣ Mr. C.M.G. Ogilvie. ਓਗਿਲਵੀ ਕੁਝ ਮਹੀਨੇ ਕੰਮ ਕਰਦਾ ਰਿਹਾ

[704] ਇਹ ਪਹਾੜੀ ਰਮਣੀਕ ਥਾਂ (Kodaikanal) ਮਦਰਾਸ ਦੇ ਮਦੁਰਾ ਜਿਲੇ ਵਿੱਚ ਹੈ. ਇਸ ਦੀ ਸਮੁੰਦਰ ਤੋਂ ਬਲੰਦੀ ੭੦੦੦ ਫੁਟ ਹੈ. ਸੜਕ ਹੱਛੀ ਨਾ ਹੋਣ ਕਰਕੇ ਮੁਸਾਫਰਾਂ ਨੂੰ ਪਹੁਚਣ ਵਿੱਚ ਔਖ ਹੁੰਦਾ ਹੈ. ਇਹ ਪਹਾੜ ਰੇਲ ਤੋਂ ੩੩ ਮੀਲ ਦੀ ਵਿੱਥ ਤੇ ਹੈ.

ਨਾਭੇ ਸ਼ਹਿਰ ਵਿੱਚ ਇੱਕ ਹਾਈ ਸਕੂਲ, ਇੱਕ ਮਿਡਲ ਗਰਲ ਸਕੂਲ, ਇਲਾਕੇ ਵਿੱਚ ਛੀ ਮਿਡਲ ਸਕੂਲ, ਤੇਈਸ ਪ੍ਰਾਇਮਰੀ ਸਕੂਲ ਹਨ. ਨਾਭੇ ਸ਼ਹਿਰ ਵਿੱਚ ਇੱਕ ਬਹੁਤ ਸੁੰਦਰ ਸਿਵਲ ਹਾਸਪਿਟਲ ਅਤੇ ਇੱਕ ਫ਼ੌਜੀ ਹਸਪਤਾਲ ਹੈ. ਇਲਾਕੇ ਵਿੱਚ ਅੱਠ ਡਿਸਪੈਨਸਰੀਆਂ ਹਨ. ਫ਼ੌਜ- ਅਕਾਲ ਇਨਫੈਂਟਰੀ (Infantry) ੪੫੦, ਪੁਲਿਸ ੪੧੫ ਹੈ.

ਮਹਾਰਾਜਾ ਦਾ ਪੂਰਾ ਖ਼ਿਤਾਬ ਹੈ- ਹਿਜ਼ ਹਾਈਨੈਸ (His Highness) ਫ਼ਰਜ਼ੰਦੇ ਅਰਜਮੰਦ ਅ਼ਕ਼ੀਦਤ ਪੈਵੰਦ ਦੌਲਤੇ ਇੰਗਲਿਸ਼ੀਆ ਬੈਰਾੜਵੰਸ਼ ਸ਼ਰਮੌਰ[705] ਰਾਜਾਏ ਰਾਜਗਾਨ ਮਹਾਰਾਜਾ ਪ੍ਰਤਾਪ ਸਿੰਘ ਮਾਲਵੇਂਦ੍ਰ ਬਹਾਦੁਰ.

ਨਾਭੇ ਕਿਲੇ ਅੰਦਰ ਪੱਛੋਂ ਵੱਲ ਦੇ ਬੁਰਜ ਵਿੱਚ ਗੁਰਦ੍ਵਾਰਾ "ਸਿਰੋਪਾਉ" ਹੈ. ਇੱਥੇ ਗੁਰੂ ਸਾਹਿਬ ਦੀਆਂ ਇਤਨੀਆਂ ਵਸਤਾਂ ਹਨ:-

(ੳ) ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਚੋਲਾ, ਜੋ ਗੁਰੂ ਸਾਹਿਬ ਨੇ ਹੁਕਮਨਾਮੇ ਨਾਲ ਬਾਬਾ ਤਿਲੋਕ ਸਿੰਘ, ਰਾਮਸਿੰਘ ਜੀ ਨੂੰ ਕ੍ਰਿਪਾ ਕਰਕੇ ਭੇਜਿਆ. ਇਸ ਦੇ ਬਾਹਰ ਰੇਸ਼ਮੀ ਧਾਰੀਦਾਰ ਮਸਰੂ, ਅੰਦਰ ਮਲਾਗੀਰੀ ਰੇਸ਼ਮੀ ਵਸਤ੍ਰ ਹੈ.

(ਅ) ਦਸ਼ਮੇਸ਼ ਜੀ ਦਾ ਹੁਕਮਨਾਮਾ. ਇਹ ਅਸਲ ਹੁਕਮਨਾਮਾ ਪਟਿਆਲੇ ਹੈ, ਨਕਲ ਨਾਭੇ ਹੈ. ਹੁਕਮਨਾਮੇ ਦਾ ਪਾਠ ਦੇਖੋ, ਤਿਲੋਕ ਸਿੰਘ ਸ਼ਬਦ ਵਿੱਚ.

(ੲ) ਦਸਤਾਰ ਕਲਗੀਧਰ ਦੀ, ਜੋ ਸਤਿਗੁਰੂ ਨੇ ਭੰਗਾਣੀ ਦੇ ਜੰਗ ਪਿੱਛੋਂ ਸਾਈਂ ਬੁੱਧੂਸ਼ਾਹ ਸਢੌਰੇ ਵਾਲੇ ਨੂੰ ਬਖ਼ਸ਼ੀ.

(ਸ) ਦਸਤਾਰ ਨਾਲ ਕੰਘਾ, ਜਿਸ ਵਿੱਚ ਵਾਹੇ ਹੋਏ ਕੇਸ਼ ਹਨ.

(ਹ) ਦਸਤਾਰ ਨਾਲ ਕਰਦ, ਜੋ ਕਰੀਬ ਸਾਢੇ ਤਿੰਨ ਇੰਚ ਲੰਮੀ ਹੈ.

(ਕ) ਇਨ੍ਹਾਂ ਤਿੰਨ੍ਹਾਂ ਵਸਤਾਂ ਨਾਲ ਜੋ ਬੁੱਧੂਸ਼ਾਹ ਨੂੰ ਕਲਗੀਧਰ ਨੇ ਹੁਕਮਨਾਮਾ ਬਖ਼ਸ਼ਿਆ. * ਇਹ ਚਾਰੇ ਵਸਤਾਂ (ਨੰ: ੲ, ਸ, ਹ, ਕ) ਸਾਂਈਂ ਬੁੱਧੂਸ਼ਾਹ ਦੀ ਔਲਾਦ ਦਾ ਮਾਕੂਲ ਗੁਜ਼ਾਰਾ ਕਰਕੇ, ਮਹਾਰਾਜਾ ਭਰਪੂਰ ਸਿੰਘ ਜੀ ਨੇ ਲੈ ਲਈਆਂ ਸਨ.

(ਖ) ਕੋਰੜਾ ਗੁਰੂ ਹਰਗੋਬਿੰਦ ਸਾਹਿਬ ਦਾ, ਇਸ ਦੀ ਡੰਡੀ ਬੈਂਤ ਦੀ ਹੈ.

(ਗ) ਤੇਗਾ ਗੁਰੂ ਹਰਿਗੋਬਿੰਦ ਸਾਹਿਬ ਦਾ.

(ਘ) ਸ਼੍ਰੀ ਸਾਹਿਬ ਕਲਗੀਧਰ ਦਾ, ਜੋ ਸਤਿਗੁਰੂ ਨੇ ਤਿਲੋਕਸਿੰਘ ਜੀ ਨੂੰ ਅੰਮ੍ਰਿਤ ਛਕਾਉਣ ਸਮੇਂ ਸੰਮਤ ੧੭੬੩ ਵਿੱਚ ਦਮਦਮੇ ਬਖ਼ਸ਼ਿਆ. ਇਸ ਦੇ ਇੱਕ ਤਰਫ ਪਾਠ ਹੈ- "ਸ਼੍ਰੀ ਭਗੌਤੀ ਜੀ ਸਹਾਇ ਗੁਰੂ ਗੋਬਿੰਦ ਸਿੰਘ ਪਾਤਸ਼ਾਹੀ ਦਸ." ਦੂਜੀ ਤਰਫ ਹੈ- "ਪਾਤਸ਼ਾਹੀ ਦਸ."

(ਙ) ਸ਼੍ਰੀ ਸਾਹਿਬ ਦਸ਼ਮੇਸ਼ ਦਾ, ਜੋ ਬਡਰੁੱਖਿਆਂ ਤੋਂ ਮਹਾਰਾਜਾ ਹੀਰਾਸਿੰਘ ਜੀ ਆਪਣੇ ਨਾਲ ਨਾਭੇ ਲਿਆਏ, ਇਸ ਉੱਪਰ ਪਾਠ ਹੈ- "ਗੁਰੂ ਗੋਬਿੰਦਸਿੰਘ ਕੇ ਕਮਰ ਕੀ ਤਲਵਾਰ ਹੈਗੀ, ਬਧੇ ਦੇਗ ਤੇ, ਯਾ ਤੇਗ ਤੇ." ਕਬਜੇ ਪੁਰ ਪਾਠ ਹੈ- "ਗੁਰੂ ਨਾਨਕ ਸਰਬ ਸਿੱਖਾਂ ਨੂੰ ਸਹਾਇ."

(ਚ) ਤਲਵਾਰ ਕਲਗੀਧਰ ਦੀ, ਜੋ ਕਲ੍ਹਾਰਾਇ ਨੂੰ ਬਖ਼ਸ਼ੀ ਸੀ. ਇਹ ਕੋਟਲੇ ਵਾਲੇ ਨਵਾਬ ਸਾਹਿਬ ਦੇ ਜਰੀਏ ਮਹਾਰਾਜਾ ਜਸਵੰਤਸਿੰਘ ਨੂੰ ਮਿਲੀ. ਇਸ ਪੁਰ Genoa[706] ਲਿਖਿਆ ਹੈ.

(ਛ) ਖੰਜਰ ਗੁਰੂ ਗੋਬਿੰਦਸਿੰਘ ਜੀ ਦਾ, ਜੋ ਛੋਟੀ ਉਮਰ ਵਿੱਚ ਕਮਰ ਸਜਾਇਆ ਕਰਦੇ ਸਨ, ਇਸ ਪੁਰ ਪਾਠ ਹੈ-

"ਸੰਮਤ ੧੭੪੧ ਸਤਿ ਸ੍ਰੀ ਅਕਾਲ ਪੁਰਖ ਜੀ ਸਹਾਇ।

---

[705] ਸੰ. ਸ਼ਿਰਮੌਲਿ. ਸਿਰ ਦਾ ਮੁਕੁਟ. ਸਰਤਾਜ.

[706] Genoa (ਅਥਵਾ Genova) ਇਟਲੀ ਦਾ ਪ੍ਰਸਿੱਧ ਬੰਦਰ ਹੈ. ਇਸ ਵਿੱਚ ਪੁਰਾਣੇ ਸਮੇਂ ਆਲਾ ਦਰਜੇ ਦੀਆਂ ਤਲਵਾਰਾਂ ਬਣਦੀਆਂ ਸਨ. ਜਦ ਯੂਰਪ ਦੇ ਵਪਾਰੀ ਹਿੰਦੁਸਤਾਨ ਆਉਣ ਲੱਗੇ, ਤਦ ਇੱਥੋਂ ਦੀਆਂ ਤਲਵਾਰਾਂ ਸਾਡੇ ਦੇਸ਼ ਆਈਆਂ. ਹੁਣ ਇੱਥੇ ਰੇਸ਼ਮੀ ਵਸਤ੍ਰ ਉੱਤਮ ਬਣਦੇ ਹਨ.

ਤੁਹੀ ਖੜਗਧਾਰਾ ਤੁਹੀ ਬਾਢਵਾਰੀ।

ਤੁਹੀ ਤੀਰ ਤਰਵਾਰ ਕਾਤੀ ਕਟਾਰੀ।

ਹਲੱਬੀ ਜਨੱਬੀ ਮਗਰਬੀ ਤੁਹੀ ਹੈ।

ਨਿਹਾਰੋ ਜਹਾਂ ਆਪ ਠਾਢੀ ਵਹੀਂ ਹੈ।×××

(ਜ) ਦਸ਼ਮੇਸ਼ ਦੇ ਢਾਲੇ ਦੇ ਦੋ ਫੁੱਲ, ਜਿਨ੍ਹਾਂ ਪੁਰ ਦਸ ਅਵਤਾਰਾਂ ਦੀਆਂ ਤਸਵੀਰਾਂ ਹਨ.

(ਝ) ਕਲਗੀਧਰ ਦੇ ਤੀਰ ਦੀ ਮੁਖੀ. ਇਸ ਦਾ ਪ੍ਰਸੰਗ ਇਉਂ ਹੈ:-

ਦਸ਼ਮੇਸ਼ ਆਨੰਦਪੁਰ ਇੱਕ ਸਿੰਮਲ ਦੇ ਬਿਰਛ ਵਿੱਚ ਤੀਰਾਂ ਦਾ ਨਿਸ਼ਾਨਾ ਲਗਾਇਆ ਕਰਦੇ ਸਨ. ਉਹ ਬਿਰਛ ਕੁਝ ਵਰ੍ਹੇ ਵੀਤੇ ਹਨ ਕਿ ਸੁੱਕ ਕੇ ਡਿਗ ਪਿਆ. ਉਸ ਵਿੱਚੋਂ ਕਈ ਮੁਖੀਆਂ ਲੱਭੀਆਂ, ਇੱਕ ਮੁਖੀ ਕੇਸਗੜ੍ਹ ਦੇ ਪੁਜਾਰੀਸਿੰਘ ਨੇ ਬਾਬਾ ਨਾਰਾਯਣ ਸਿੰਘ ਜੀ ਮਹੰਤ ਡੇਰਾ ਬਾਬਾ ਅਜਾਪਾਲ ਸਿੰਘ ਸਾਹਿਬ ਨੂੰ ਦਿੱਤੀ, ਉਨ੍ਹਾਂ ਨੇ ਮਹਾਰਾਜਾ ਹੀਰਾਸਿੰਘ ਨੂੰ ਦਿੱਤੀ.

(ਞ) ਇੱਕ ਪੁਸਤਕ, ਜਿਸ ਵਿੱਚ ਚਰਿਤ੍ਰਾਂ ਦਾ ਪਾਠ ਹੈ. ਇਸ ਦੇ ਪਤ੍ਰੇ ੩੦੦ ਹਨ. ਭਾਈ ਤਾਰਾਸਿੰਘ ਕਵੀ ਨੇ ਦੱਸਿਆ ਹੈ ਕਿ ਇਹ ਕਲਗੀਧਰ ਦਾ ਲਿਖਿਆ ਹੋਇਆ ਹੈ. ਰਾਜਾ ਭਰਪੂਰ ਸਿੰਘ ਜੀ ਨੇ ਕਵੀ ਜੀ ਨੂੰ ਦੋ ਹਜਾਰ ਨਕਦ ਅਤੇ ਦੋ ਸੌ ਰੁਪਯੇ ਸਾਲਾਨਾ ਜਾਗੀਰ ਦੇਕੇ ਇਹ ਪੁਸਤਕ ਲੈ ਲਿਆ ਹੋਇਆ ਹੈ.

ਨਾਭੇ ਦੇ ਲਹੌਰਾਂ ਵਾਲੇ ਦਰਵਾਜੇ ਤੋਂ ਬਾਹਰ ਬਾਬਾ ਅਜਾਪਾਲਸਿੰਘ ਜੀ ਦਾ ਪਵਿਤ੍ਰ ਅਸਥਾਨ ਦਰਸ਼ਨ ਯੋਗ ਹੈ।

੨. ਇੱਕ ਪਿੰਡ, ਜੋ ਰਿਆਸਤ ਪਟਿਆਲਾ, ਤਸੀਲ ਰਾਜਪੁਰਾ, ਥਾਣਾ ਲਾਲੜੂ ਵਿੱਚ, ਰੇਲਵੇ ਸਟੇਸ਼ਨ ਘੱਗਰ ਤੋਂ ਚਾਰ ਮੀਲ ਪੱਛਮ ਹੈ. ਇਸ ਪਿੰਡ ਤੋਂ ਦੱਖਣ ਵੱਲ ਇੱਕ ਫਰਲਾਂਗ ਪੁਰ ਦਸ਼ਮੇਸ਼ ਜੀ ਦਾ ਚੋਆਸਾਹਿਬ ਗੁਰਦ੍ਵਾਰਾ ਹੈ. ਗੁਰੂ ਜੀ ਪਾਉਂਟੇ ਤੋਂ ਆਨੰਦਪੁਰ ਜਾਂਦੇ ਵਿਰਾਜੇ ਹਨ. ਗੁਰਦ੍ਵਾਰਾ ਦਰਖਤਾਂ ਦੇ ਘਣੇ ਜੰਗਲ ਵਿੱਚ ਬਣਿਆ ਹੋਇਆ ਹੈ. ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਸੀਸ ਦਿੱਲੀ ਤੋਂ ਆਨੰਦਪੁਰ ਨੂੰ ਲੈ ਜਾਂਦਾ ਸਿੱਖ ਇੱਥੇ ਕੁਝ ਸਮਾਂ ਠਹਿਰਿਆ ਸੀ. ੫੧ ਵਿੱਘੇ ਜ਼ਮੀਨ ਅਤੇ ੨੫ ਰੁਪਏ ਸਾਲਾਨਾ ਪਟਿਆਲੇ ਵੱਲੋਂ ਹਨ. ਪੁਜਾਰੀ ਸਿੰਘ ਹੈ।

੩. ਦੇਖੋ, ਨਾਭਾ ਜੀ.

ਨਾਭਾਗ: ਰਾਮਾਯਣ ਅਨੁਸਾਰ ਰਾਜਾ ਅਜ ਦਾ ਪਿਤਾ.

ਦੇਖੋ, ਰਾਮ ੩। ੨. ਭਾਗਹੀਨ. ਬਦਨਸੀਬ.

ਨਾਭਾਜੀ, ਨਾਭਾਦਾਸ: ਭਕੁਮਾਲਾ ਦਾ ਕਰਤਾ ਇੱਕ ਕਵਿ, ਜਿਸ ਦਾ ਜਨਮ ਡੂਮ ਵੰਸ਼ ਵਿੱਚ ਗਵਾਲੀਯਰ ਸ਼ਹਿਰ ਸੰਮਤ ੧੬੦੦ ਵਿੱਚ ਹੋਇਆ. ਇਸ ਦਾ ਅਸਲ ਨਾਮ ਨਾਰਾਯਣਦਾਸ ਹੈ. ਇਹ ਅਗ੍ਰਦਾਸ ਦਾ ਚੇਲਾ ਵੈਸ਼੍ਨਵ ਸਾਧੁ ਸੀ. ਇਸ ਨੇ ੧੦੮ ਛੱਪਯ ਛੰਦਾਂ ਦੀ ਭਗਤਮਾਲ ਸੰਮਤ ੧੬੪੨ ਅਤੇ ੧੬੮੦ ਦੇ ਵਿਚਕਾਰ ਬਣਾਈ ਹੈ, ਜਿਸ ਵਿੱਚ ਪ੍ਰਸਿੱਧ ਭਗਤਾਂ ਦੇ ਨਾਮ ਅਤੇ ਸੰਖੇਪ ਨਾਲ ਜੀਵਨ ਵ੍ਰਿੱਤਾਂਤ ਹੈ, ਪਰ ਐਤਿਹਾਸਿਕ ਨਜਰ ਨਾਲ ਇਹ ਪੋਥੀ ਕੁਝ ਭੀ ਮੁੱਲ ਨਹੀਂ ਰਖਦੀ. ਨਾਭਾ ਜੀ ਦੀ ਕਵਿਤਾ ਇਹ ਹੈ[707]:-

"ਸ਼ੰਕਰ ਸ਼ੁਕ ਸਨਕਾਦਿ ਕਪਿਲ ਨਾਰਦ ਹਨੁਮਾਨਾ,

ਵਿਸ਼੍ਵਕਸੇਨ ਪ੍ਰਹਲਾਦ ਬਲਿਰੁ[708] ਭੀਸ਼ਮ ਜਗ ਜਾਨਾ,

---

[707] ਨਾਭਾ ਜੀ ਦੀ ਭਗਤਮਾਲ ਤੇ ਪ੍ਰਿਯਦਾਸ, ਲਾਲਾ ਜੀ ਅਤੇ ਤੁਲਸੀ ਰਾਮ ਆਦਿਕ ਪ੍ਰੇਮੀਆਂ ਨੇ ਟੀਕੇ ਲਿਖੇ ਹਨ.

[708] ਬਲਿ-ਅਰੁ-

ਅਰਜੁਨ ਧ੍ਰੂਵ ਅੰਬਰੀਸ਼ ਵਿਭੀਸ਼ਣ ਮਹਿਮਾ ਭਾਰੀ,

ਅਨੁਰਾਗੀ ਅਕ੍ਰੂਰ ਸਦਾ ਉੱਧਵ ਅਧਿਕਾਰੀ,

ਭਗਵਤਭਗਤ ਉਛਿਸ਼੍ਟ ਕੀ ਕੀਰਤਿ ਕਹਿਤ ਸੁਜਾਨ,

ਹਰਿਪ੍ਰਸਾਦ ਰਸ ਸ੍ਵਾਦ ਕੇ ਭਕ੍ਤ ਇਤੇ ਪਰਧਾਨ."

ਨਾਭਿ: ਸੰ. ਸੰਗਯਾ- ਤੁੰਨ. ਨਾਫ਼. ਧੁੰਨੀ. "ਨਾਭਿ ਬਸਤ ਬ੍ਰਹਮੈ ਅੰਤੁ ਨ ਜਾਣਿਆ." (ਵਾਰ ਸਾਰ ਮਃ ੧) ੨. ਪਹੀਏ ਦੀ ਧੁਰ. ਨਾਭ. ਨਭਯ। ੩. ਕਸਤੂਰੀ। ੪. ਮਧ੍ਯ ਭਾਗ.

ਨਾਭਿਸੰਭਵ: ਵਿਸ਼ਨੁ ਦੀ ਤੁੰਨ ਤੋਂ ਪੈਦਾ ਹੋਣ ਵਾਲਾ ਬ੍ਰਹਮਾ.

ਨਾਭਿਕਮਲ: ਸੰਗਯਾ- ਉਹ ਕਮਲ, ਜੋ ਪੁਰਾਣਾਂ ਨੇ ਵਿਸ਼ਨੁ ਦੀ ਨਾਭਿ ਤੋਂ ਉਪਜਿਆ ਲਿਖਿਆ ਹੈ. "ਨਾਭਿਕਮਲ ਤੇ ਬ੍ਰਹਮਾ ਉਪਜੇ." (ਗੂਜ ਮਃ ੧) ੨. ਯੋਗੀਆਂ ਦਾ ਕਲਪਿਆ ਹੋਇਆ ਨਾਭਿ ਵਿੱਚ ਇੱਕ ਕਮਲ. ਦੇਖੋ, ਖਟ ਚਕ੍ਰ. "ਨਾਭਿਕਮਲ ਅਸਥੰਭ ਨ ਹੋਤੋ, ਤਾ ਪਵਨੁ ਕਵਨ ਘਰਿ ਰਹਿਤਾ?" (ਸਿਧ ਗੋਸਟਿ)

ਨਾਭੀ: ਦੇਖੋ, ਨਾਭਿ. ਨਾਭਿ ਅਤੇ ਨਾਭੀ ਦੋਵੇਂ ਸ਼ਬਦ ਇੱਕੋ ਅਰਥ ਰਖਦੇ ਹਨ.

ਨਾਮ: ਸੰ. ਨਾਮਨ੍. ਫ਼ਾ. نام ਦੇਖੋ, ਅੰ. name. ਸੰਗਯਾ- ਨਾਉਂ. ਸੰਗਯਾ. ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ. ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ. ਨਾਮ ਦੇ ਮੁੱਖ ਭੇਦ ਦੋ ਹਨ- ਇੱਕ ਵਸਤੂਵਾਚਕ, ਜੈਸੇ- ਮਨੁੱਖ ਬੈਲ ਪਹਾੜ ਆਦਿ. ਦੂਜਾ ਭਾਵ ਵਾਚਕ, ਜੈਸੇ- ਸੁੰਦਰਤਾ, ਕਠੋਰਤਾ, ਭਲਮਨਸਊ, ਭਰੱਪਣ ਆਦਿ. "ਨਾਮ ਕਾਮ ਬਿਹੀਨ ਪੇਖਤ ਧਾਮ ਹੂ ਨਹਿ ਜਾਹਿ." (ਜਾਪੁ) ੨. ਗੁਰਬਾਣੀ ਵਿੱਚ "ਨਾਮ" ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਭੀ ਹੈ,[709] ਯਥਾ- "ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ." (ਸੁਖਮਨੀ) ੩. ਸੰ. ਨਾਮ. ਵ੍ਯ- ਅੰਗੀਕਾਰ। ੪. ਸਮਰਣ. ਚੇਤਾ। ੫. ਪ੍ਰਸਿੱਧੀ. ਮਸ਼ਹੂਰੀ.

ਨਾਮ ਅਭ੍ਯਾਸ: ਨਾਮੀ ਵਿੱਚ ਪ੍ਰੇਮ ਕਰਕੇ ਉਸ ਦੇ ਨਾਮ ਦੇ ਤਾਤਪਰਯ ਨੂੰ ਚਿੰਤਨ ਕਰਦੇ ਹੋਏ ਚਿੱਤਵ੍ਰਿੱਤਿ ਨੂੰ ਬਾਰ ਬਾਰ ਜੋੜਨ ਦਾ ਅਭ੍ਯਾਸ ਕਰਨਾ. ਇਸ ਅਭ੍ਯਾਸ ਦੀ ਪਰਿਪੱਕ ਅਵਸਥਾ ਦਾ ਨਾਮ ਗੁਰਮਤ ਵਿੱਚ- "ਲਿਵ" ਅਤੇ ਉਸ ਤੋਂ ਪ੍ਰਾਪਤ ਹੋਏ ਆਨੰਦ ਨੂੰ "ਨਾਮਰਸ" ਲਿਖਿਆ ਹੈ.

ਨਾਮਸ਼: ਫ਼ਾ. نامش ਉਸ ਦਾ ਨਾਮ.

ਨਾਮਹ: ਫ਼ਾ. نامہ ਸੰਗਯਾ- ਖ਼ਤ, ਚਿੱਠੀ, ਪਤ੍ਰ।

੨. ਕਿਤਾਬ. ਪੁਸਤਕ.

ਨਾਮਕ: ਸੰ. ਵਿ- ਨਾਮ ਰੱਖਣ ਵਾਲਾ. "ਇੱਕ ਗੁਰਮੁਖ ਨਾਮਕ ਸਿੱਖ ਸਤਿਗੁਰੂ ਦੀ ਸੇਵਾ ਕਰਦਾ ਸੀ." (ਜਸਭਾਮ) ੨. ਨਾਮ ਕਰਕੇ ਪ੍ਰਸਿੱਧ. "ਹੋਇਗਏ ਤਨਮੈ ਕਛ ਨਾਮਕ." (ਕ੍ਰਿਸਨਾਂਵ)

ਨਾਮਕਰਣ: ਨਾਮ ਰੱਖਣਾ. ਸੰਤਾਨ ਦਾ ਨਾਉਂ ਰੱਖਣ ਦੀ ਰੀਤਿ. ਹਿੰਦੂਮਤ ਵਿੱਚ ਆਗਯਾ ਹੈ ਕਿ ਬੱਚੇ ਦੇ ਜਨਮ ਤੋਂ ਗ੍ਯਾਰਵੇਂ ਯਾ ਬਾਰਵੇਂ ਦਿਨ ਪਿਤਾ ਸੰਤਾਨ ਦਾ ਨਾਮ ਰੱਖੇ. ਬ੍ਰਾਹਮਣਨਾਮ ਦੇ ਅੰਤ ਸ਼ਰਮਾ, ਕ੍ਸ਼ਤ੍ਰਿਯ ਦੇ ਵਰਮਾ, ਵੈਸ਼੍ਯ ਦੇ ਗੁਪਤ ਅਤੇ ਸ਼ੂਦ੍ਰਨਾਮ ਦੇ ਅੰਤ ਦਾਸ ਸ਼ਬਦ ਹੋਣਾ ਜ਼ਰੂਰੀ ਹੈ.

---

[709] ਬਾਇਬਲ (Bible) ਵਿੱਚ ਇਸੇ ਨੂੰ Word ਲਿਖਿਆ ਹੈ.

ਗੁਰਸਿੱਖਾਂ ਵਿੱਚ ਕੋਈ ਦਿਨ ਨਿਯਤ ਨਹੀਂ, ਪਰ ੪੦ ਦਿਨ ਦੀ ਅਵਸਥਾ ਤੋਂ ਪਹਿਲਾਂ ਬਾਲਕ ਬਾਲਕੀ ਦਾ ਨਾਮ ਹੋਣਾ ਚਾਹੀਏ, ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਸ਼ਬਦ ਜੋ ਪ੍ਰਕਾਸ਼ ਕਰਨ ਤੋਂ ਆਵੇ, ਉਸ ਦਾ ਪਹਿਲਾ ਅੱਖਰ ਨਾਮ ਦੇ ਮੁੱਢ ਲਾਇਆ ਜਾਂਦਾ ਹੈ. ਜੇ ਅੰਮ੍ਰਿਤ ਸੰਸਕਾਰ ਹੋਵੇ, ਤਦ 'ਸਿੰਘ' ਸ਼ਬਦ ਨਾਮ ਦੇ ਅੰਤ ਹੋਣਾ ਜ਼ਰੂਰੀ ਹੈ.

ਨਾਮਕੀਰਤਨ: ਨਾਮ ਦਾ ਕੀਰਤੱਨ. ਨਾਮ ਦਾ ਉੱਚਾਰਣ. ਨਾਮਜਪ. ਨਾਮਗਾਇਨ.

ਨਾਮਕੋਸ਼: ਦੇਖੋ, ਅਮਰਕੋਸ਼.

ਨਾਮਤਤੁ, ਨਾਮਤਤ੍ਵ: ਨਾਮ ਦਾ ਸਿੱਧਾਂਤ, ਨਾਮ ਦਾ ਤਤ੍ਵ. ਨਾਮ ਦਾ ਭਾਵ (ਸਿੱਧਾਂਤ).

ਨਾਮਦਾਨ ਇਸਨਾਨ, ਨਾਮਦਾਨ ਸਨਾਨ: ਸਿੱਖ ਧਰਮ ਦੇ ਸਾਰੇ ਨਿਯਮ, "ਨਾਮ ਦਾਨ ਸਨਾਨ" ਦੇ ਅੰਦਰ ਇਸ ਤਰਾਂ ਸਮਾਏ ਹੋਏ ਹਨ, ਜਿਸ ਤਰਾਂ ਦੇ ਬੀਜ ਦੇ ਅੰਦਰ ਬਿਰਛ ਦਾ ਆਕਾਰ ਹੁੰਦਾ ਹੈ.

ਨਾਮ ਤੋਂ ਭਾਵ ਹੈ ਕਿ ਪਰਮਪਿਤਾ ਅਕਾਲ ਨੂੰ ਸ੍ਵਾਸ ਸ੍ਵਾਸ ਸਿਮਰਣ ਕਰਨਾ ਅਤੇ ਉਸਨੂੰ ਅੰਤਰਯਾਮੀ ਸਰਬਵ੍ਯਾਪੀ ਮੰਨਕੇ ਵਿਕਾਰਾਂ ਤੋਂ ਰੁਕਣਾ.

ਦਾਨ ਤੋਂ ਭਾਵ ਹੈ ਕਿ ਆਪਣੇ ਤਾਈਂ ਵਿਦ੍ਯਾ ਬਲ ਹੁਨਰ ਆਦਿਕ ਵਿੱਚ ਯੋਗ੍ਯ ਬਣਾਕੇ, ਆਪਣਾ ਨਿਰਬਾਹ ਸ੍ਵਤੰਤ੍ਰ ਕਰਨਾ ਅਤੇ ਹੋਰਨਾ ਦਾ ਪਾਲਨ ਕਰਨਾ ਅਰ ਕਿਸੇ ਅੱਗੇ ਹੱਥ ਨਾ ਪਸਾਰਨਾ, ਸਗੋਂ ਆਪਣਾ ਹੱਥ ਸਭ ਦੇ ਹੱਥ ਉੱਪਰ ਰੱਖਣਾ. ਸਤਿਗੁਰਾਂ ਦਾ ਬਚਨ ਹੈ- "ਬ੍ਰਹਮਗਿਆਨੀ ਸਭ ਊਪਰਿ ਹਾਥ" ਸੁਖਮਨੀ ਸਨਾਨ ਤੋਂ ਭਾਵ ਹੈ ਮਨ ਸਰੀਰ ਆਚਰਣ ਵਸਤ੍ਰ ਘਰ ਆਦਿਕ ਮਲੀਨਤਾ ਰਹਿਤ ਨਿਰਮਲ ਰੱਖਣੇ ਜਿਸ ਤੋਂ ਆਤਮਾ ਅਤੇ ਸ਼ਰੀਰ ਤਿੰਨ ਤਾਪਾਂ ਤੋਂ ਬਚੇ ਰਹਿਣ.

ਨਾਮਦਾਰ: ਫ਼ਾ. نامدار ਵਿ- ਨਾਮਵਰ. ਪ੍ਰਸਿੱਧ. ਨਾਮੀ.

ਨਾਮਦੇ, ਨਾਮਦੇਉ, ਨਾਮਦੇਅ, ਨਾਮਦੇਇ, ਨਾਮਦੇਵ: ਬੰਬਈ ਦੇ ਇਲਾ ਜਿਲਾਸਤਾਰਾ ਵਿੱਚ ਨਰਸੀਬਾਂਮਨੀ ਗ੍ਰਾਮ ਵਿੱਚ ਦਾਮਸ਼ੇਟੀ ਛੀਪੇ ਸ਼ਿਲ੍ਪਿਨ੍ ਦੇ ਘਰ ਗੋਨਾਬਾਈ ਦੇ ਉਦਰ ਤੋਂ ਸੰਮਤ ੧੩੨੮ ਵਿੱ ਨਾਮਦੇਵ ਜੀ ਦਾ ਜਨਮ ਹੋਇਆ ਇਨ੍ਹਾਂ ਦੀ ਸ਼ਾਦੀ ਗੋਬਿੰਦਸ਼ੇਟੀ ਦੀ ਬੇਟੀ ਰਾਜਾਬਾਈ ਨਾਲ ਹੋਈ ਜਿਸ ਤੋਂ ਚਾਰ ਪੁਤ੍ਰ ਨਾਰਾਯਣ ਮਹਾਦੇਵ ਗੋਵਿੰਦ ਵਿੱਠਲ ਅਤੇ ਇੱਕ ਬੇਟੀ ਲਿੰਬਾ ਬਾਈ ਉਪਜੇ ਨਾਮਦੇਵ ਜੀ ਦੀ ਪਹਿਲੀ ਅਵਸਥਾ ਸ਼ਿਵ ਅਤੇ ਵਿਸ਼ਨੁ ਦੀ ਪੂਜਾ ਵਿੱਚ ਵੀਤੀ ਪਰ ਵਿਸ਼ੋਬਾ ਖੇਚਰ ਅਤੇ ਗ੍ਯਾਨਦੇਵ ਆਦਿਕ ਗ੍ਯਾਨੀਆਂ ਦੀ ਸੰਗਤਿ ਨਾਲ ਇਨ੍ਹਾਂ ਨੂੰ ਆਤਮਗ੍ਯਾਨ ਦੀ ਪ੍ਰਾਪਤੀ ਹੋਈ ਨਾਮਦੇਵ ਜੀ ਦੀ ਉਮਰ ਦਾ ਵਡਾ ਹਿੱਸਾ ਪੰਡਰਪੁਰ ਪੁੰਡਰੀਪੁਰ ਵਿੱਚ ਜੋ ਜਿਲਾ ਸ਼ੋਲਾਪੁਰ ਵਿੱਚ ਹੈ ਵੀਤਿਆ ਅਤੇ ਉਸੇ ਥਾਂ ਸੰਮਤ ੧੪੦੮ ਵਿੱਚ ਦੇਹਾਂਤ ਹੋਇਆ ਦੇਖੋ, ਔਂਢੀ ਮਰਾਠੀ ਮਹਾਰਾਸ਼੍ਟ੍ਰ ਭਾਸ਼ਾ ਵਿੱਚ ਨਾਮਦੇਵ ਜੀ ਦੇ ਬਹੁਤ ਪਦ ਪਾਏ ਜਾਂਦੇ ਹਨ ਜੋ "ਅਭੰਗ" ਕਰਕੇ ਪ੍ਰਸਿੱਧ ਹਨ ਕਰਤਾਰ ਦੇ ਸਭ ਨਾਮਾਂ ਵਿੱਚੋਂ ਬਹੁਤ ਪ੍ਯਾਰਾ ਨਾਮ ਇਨ੍ਹਾਂ ਦੀ ਰਸਨਾ ਤੇ "ਵਿੱਠਲ" ਰਹਿੰਦਾ ਸੀ, ਜਿਸ ਦੀ ਵ੍ਯਾਖ੍ਯਾ "ਬੀਠਲ" ਸ਼ਬਦ ਪੁਰ ਕੀਤੀ ਗਈ ਹੈ.

ਦੇਸ਼ਾਟਨ ਕਰਦੇ ਹੋਏ ਇੱਕ ਬਾਰ ਇਹ ਮਹਾਤਮਾ ਪੰਜਾਬ ਵਿੱਚ ਭੀ ਪਧਾਰੇ ਹਨ, ਅਰ ਉਨ੍ਹਾਂ ਦੀ ਯਾਦਗਾਰ ਦੇ ਕਈ ਅਸਥਾਨ ਪਾਏ ਜਾਂਦੇ ਹਨ, ਜਿਨ੍ਹਾਂ ਵਿੱਚੋਂ ਸਿਰੋਮਣਿ ਘੁੰਮਣ (ਜਿਲਾ ਗੁਰਦਾਸਪੁਰ) ਵਿੱਚ ਹੈ, ਜੋ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਬਣਵਾਇਆ ਹੈ. ਉੱਥੇ ਹਰ ਸਾਲ ੨. ਮਾਘ ਨੂੰ ਭਾਰੀ ਮੇਲਾ ਹੁੰਦਾ ਹੈ. ਮੰਦਿਰ ਦੇ ਪੁਜਾਰੀ ਅਤੇ ਪ੍ਰਚਾਰਕਾਂ ਦੀ ਸੰਗ੍ਯਾ ਬਾਵੇ ਹੈ.

ਨਾਮਦੇਵ ਜੀ ਇੱਕ ਵਾਰ ਮੁਹੰਮਦ ਤੁਗ਼ਲਕ਼ ਮੁਤਅੱਸਬ ਦਿੱਲੀਪਤਿ ਦੇ ਪੰਜੇ ਵਿੱਚ ਭੀ ਫਸਗਏ ਸਨ, ਪਰ ਕਰਤਾਰ ਦੀ ਕ੍ਰਿਪਾ ਨਾਲ ਛੁਟਕਾਰਾ ਹੋਇਆ.

ਨਾਭਾ ਜੀ ਨੇ ਭਗਤਮਲ ਵਿੱਚ ਨਾਮਦੇਵ ਜੀ ਦਾ ਜੀਵਨ ਹੋਰ ਤਰਾਂ ਲਿਖਿਆ ਹੈ, ਪਰ ਮਹਾਰਾਸ਼ਟ੍ਰ ਦੇਸ਼ ਦੇ ਵਿਦ੍ਵਾਨਾਂ ਦਾ ਲੇਖ ਸਭ ਤੋਂ ਵਧਕੇ ਪ੍ਰਮਾਣ ਯੋਗ੍ਯ ਹੈ. ਨਾਮਦੇਵ ਜੀ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ.

"ਨਾਮਦੇਉ ਤ੍ਰਿਲੋਚਨ ਕਬੀਰ ਦਾਸਰੋ." (ਗੂਜ ਮਃ ੫)

"ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ." (ਸੂਹੀ ਮਃ ੪)

"ਨਾਮਦੇਇ ਸਿਮਰਨੁ ਕਰਿ ਜਾਨਾ." (ਬਿਲਾ ਨਾਮਦੇਵ)

"ਨਾਮਦੇਵ ਹਰਿਜੀਉ ਬਸਹਿ ਸੰਗਿ." (ਬਸੰ ਅਃ ਮਃ ੫)

ਨਾਮਧਰੀਕ: ਵਿ- ਕੇਵਲ ਕਹਿਣ ਨੂੰ ਨਾਮਮਾਤ੍ਰ. ਨਾਮ ਅਨੁਸਾਰ ਕਰਮ ਨਾ ਕਰਨ ਵਾਲਾ. ਨਾਮਧਾਰਕ। ੨. ਨਾਮ ਉਪਾਸਕ. ਨਾਮਾਭ੍ਯਾਸੀ. ਗੁਰਦੀਖ੍ਯਾ ਅਨੁਸਾਰ ਨਾਮਮੰਤ੍ਰ ਧਾਰਨ ਵਾਲਾ. ਦੇਖੋ, ਨਾਉਧਰੀਕ.

ਨਾਮਧਾਰੀ, ਨਾਮਧਾਰੀਆ: ਦੇਖੋ, ਨਾਮਧਰੀਕ, "ਨਾਮਧਾਰੀ ਸਰਨਿ ਤੇਰੀ." (ਕਲਿ ਮਃ ੫) ੨. ਸੰਗ੍ਯਾ- ਗੁਰੂ ਦ੍ਵਾਰਾ ਨਾਮਮੰਤ੍ਰ ਧਾਰਨ ਵਾਲਾ। ੩. ਦੇਖੋ, ਰਾਮਸਿੰਘ ੮.

ਨਾਮਧਾਰੀਕ: ਦੇਖੋ, ਨਾਮਧਰੀਕ. "ਨਾਮਧਾਰੀਕ ਝੂਠੇ ਸਭਿ ਸਾਕ." (ਗਉ ਮਃ ੫) "ਨਾਮਧਾਰੀਕ ਉਦਾਰੇ, ਭਗਤਹ ਸੰਸਾ ਕਉਨ ?" (ਆਸਾ ਛੰਤ ਮਃ ੫)

ਨਾਮਨਾ: ਸੰਗ੍ਯਾ- ਪ੍ਰਸਿੱਧੀ. ਮਹਿਮਾ. "ਨਾਮ ਕੀ ਨਾਮਨਾ ਸਪਤ ਦੀਪਾ." (ਮਲਾ ਰਵਿਦਾਸ)

ਨਾਮਬੁਰਦਸ਼ ਜ਼ਮਾਨ: ਫ਼ਾ. نام‌وُردش زماں ਜ਼ਮਾਨਾ ਉਸ ਦਾ ਨਾਮ ਲੈਂਦਾ ਹੈ. ਭਾਵ- ਆਪਣੇ ਸਮੇਂ ਵਿੱਚ ਪ੍ਰਸਿੱਧ.

ਨਾਮਰਸ: ਦੇਖੋ, ਨਾਮਅਭ੍ਯਾਸ.

ਨਾਮਰਸਿ: ਨਾਮ ਦੇ ਰਸ ਵਿੱਚ। ੨. ਨਾਮਰਸ ਦ੍ਵਾਰਾ. "ਨਾਮਰਸਿ ਜੋ ਜਨ ਤ੍ਰਿਪਤਾਨੇ." (ਸੁਖਮਨੀ)

ਨਾਮਰੂਪ: ਨਾਮ ਅਤੇ ਸ਼ਕਲ. ਭਾਵ- ਸੰਸਾਰ. ਜਗਤ.

ਨਾਮਲੇਵਾ: ਵਿ- ਨਾਉਂ ਲੈਣ ਵਾਲਾ. "ਉਸ ਦਾ ਕੋਈ ਨਾਮਲੇਵਾ ਨਾ ਰਹਿਆ." (ਜਸਾ)

ਨਾਮਵਰ: ਫ਼ਾ. نامور ਵਿ- ਪ੍ਰਸਿੱਧ. ਵਡੇ ਨਾਮ ਵਾਲਾ.

ਨਾਮਾ: ਸੰਗ੍ਯਾ- ਨਾਮ। ੨. ਵਹੀ ਉੱਪਲ ਲਿਖਿਆ ਕਿਸੇ ਦੇ ਨਾਉਂ ਹਿਸਾਬ। ੩. ਨਾਮਦੇਵ ਭਗਤ. "ਨਾਮਾ ਉਪ ਬਰੈ ਹਰਿ ਕੀ ਓਟ." (ਭੈਰ ਨਾਮਦੇਵ) ੪. ਫ਼ਾ. نامہ ਨਾਮਹ. ਖ਼ਤ਼. ਪਤ੍ਰ. ਚਿੱਠੀ।

ਨਾਮਾਬੰਸੀ: ਨਾਮਦੇਵ ਦੀ ਵੰਸ਼ ਵਿੱਚ ਹੋਣ ਵਾਲਾ। ੨. ਨਾਮਦੇਵ ਦਾ ਉਪਾਸਕ। ੩. ਸਾਰੇ ਛੀਂਬੇ ਆਪਣੇ ਤਾਈਂ ਨਾਮਾਬੰਸੀ ਅਖਾਉਣ ਵਿੱਚ ਸਨਮਾਨ ਸਮਝਦੇ ਹਨ.

ਨਾਮਾਭ੍ਯਾਸ: ਦੇਖੋ, ਨਾਮਅਭ੍ਯਾਸ.

ਨਾਮਿ: ਦੇਖੋ, ਨਾਮੀ ੩. "ਜੋ ਇਸੁ ਮਾਰੇ ਸੁ ਨਾਮਿ ਸਮਾਹਿ." (ਗਉ ਅਃ ਮਃ ੫) ਵਾਹਗੁਰੂ ਵਿੱਚ ਸਮਾਉਂਦਾ ਹੈ। ੨. ਨਾਮ ਕਰਕੇ. ਨਾਮ ਸੇ. "ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ." (ਆਸਾ ਮਃ ੫) ੩. ਨਾਮ ਵਿੱਚ. "ਨਾਮਿ ਰਤਾ ਸੋਈ ਨਿਰਬਾਣੁ." (ਆਸਾ ਮਃ ੫)

ਨਾਮੀ: ਸੰ. नामिन्. ਵਿ- ਨਾਮਵਾਲਾ। ੨. ਪ੍ਰਸਿੱਧ. ਵਿਖ੍ਯਾਤ। ੩. ਸੰਗ੍ਯਾ- ਕਰਤਾਰ. ਵਾਹਗੁਰੂ.

ਨਾਮੁ: ਦੇਖੋ, ਨਾਮ. "ਐਸਾ ਨਾਮੁ ਨਿਰੰਜਨੁ ਹੋਇ." (ਜਪੁ) ੨. ਪ੍ਰਸਿੱਧ, "ਨਾਨਕ ਨਾਮੁ ਨਾਮੁ ਜਪੁ ਜਾਪਿਆ." (ਬਾਵਨ)

ਨਾਮੂਸ: ਅ਼. نامُوٗس ਸੰਗ੍ਯਾ- ਇੱਜ਼ਤ। ੨. ਖ਼ੁਦਾਈ- ਧਰਮ. ਅਕਾਲੀ ਮਜਹਬ। ੩. ਸ਼ਰਮ. ਲੱਜਾ. ਨਮੋਸੀ ਅਥਵਾ ਨਾਮੋਸੀ ਸ਼ਬਦ ਇਸੇ ਤੋਂ ਬਣਿਆ ਹੈ.

ਨਾਮੇ: ਨਾਮ ਕਰਕੇ. ਨਾਮ ਦ੍ਵਾਰਾ. "ਨਾਮੇ ਸਗਲੇ ਕੁਲ ਉਧਰੇ." (ਗੌਂਡ ਮਃ ੫) ੨. ਨਾਮਦੇਵ ਨੇ. "ਨਾਮੇ ਸੋਈ ਸੇਵਿਆ." (ਗੌਂਡ

ਨਾਮਦੇਵ)

ਨਾਮੇਨਾਮਿ: ਕੇਵਲ ਨਾਮ ਹੀ ਨਾਮ ਮੇਂ, "ਨਾਮੇਨਾਮਿ ਰਹੇ ਬੈਰਾਗੀ." (ਸਿਧਗੋਸਟਿ)

ਨਾਮੋ: ਨਾਮ ਹੀ. ਕੇਵਲ ਨਾਮ. "ਨਾਮੋ ਗਿਆਨ, ਨਾਮ ਇਸ਼ਨਾਨ." (ਕਾਨ ਮਃ ੫)

ਨਾਮੈ: ਨ- ਆਮਯ (ਰੋਗ). ੨. ਨਾਮ ਦ੍ਵਾਰਾ। ੩. ਨਾਮ ਵਿੱਚ.

ਨਾਯ: ਨਿਵਾ (ਝੁਕਾ) ਕੇ. ਨੰਮ੍ਰ ਕਰਕੇ. "ਸੀਸ ਨਾਯ ਇਮ ਭਾਖੀ ਗਾਥਾ." (ਗੁਪ੍ਰਸੂ) ੨. ਸੰਗਜਾ- ਉਪਾਯ. ਜਤਨ। ੩. ਆਗੂ ਰਹਨੁਮਾ। ੪. ਨੀਤਿ। ੫. ਦੇਖੋ, ਨਾਇ.

ਨਾਂਯ: ਨਾਂਉ. ਨਾਮ.

ਨਾਯਕ: ਦੇਖੋ, ਨਾਇਕ। ੨. ਦੇਖੋ, ਬਹਿਰ ਤਵੀਲ.

ਨਾਯਕਾ: ਦੇਖੋ, ਨਾਇਕਾ।

ਨਾਯਦ: ਫ਼ਾ. نایَد ਨ- ਆਯਾਦ. ਨਹੀਂ ਆਉਂਦਾ. ਨਾ ਆਵੇ. ਨਾ ਆਵੇਗਾ.

ਨਾਯਬ: ਅ਼. نائِب ਸੰਗਜਾ- ਸਹਾਇਕ। ੨. ਪ੍ਰਤਿਨਿਧਿ. ਕਿਸੇ ਦੀ ਥਾਂ ਕੰਮ ਕਰਨ ਵਾਲਾ। ੩. ਮਾਤਹ਼ਿਤ.

ਨਾਯਿਕਾ: ਦੇਖੋ, ਨਾਇਕਾ.

ਨਾਰ: ਸੰਗਜਾ- ਨਾਲਾ. ਇਜਾਰਬੰਦ. "ਨਾਰ ਬੰਧੈਹੋਂ." (ਚਰਿਤ੍ਰ ੧੭) ੨. ਕ੍ਰਿ. ਵਿ- ਨਾਲ. ਸਾਥ. ਸੰਗ. "ਰਹੋਂ ਖਾਲਸੇ ਕੇ ਸਦ ਨਾਰ." (ਗੁਵਿ ੧੦) "ਕਿਤਕ ਪਯਾਦੇ ਗਮਨੇ ਨਾਰ." (ਗੁਪ੍ਰਸੂ) ੩. ਸੰ. ਸੰਗਯਾ- ਮਨੁੱਖਾਂ ਦੀ ਭੀੜ. ਨਰ ਸਮੁਦਾਯ। ੪. ਸੁੰਢ. ਸੋਂਠ। ੫. ਜਲ. ਪਾਨੀ. ਦੇਖੋ, ਨਾਰਾਯਣ। ੬. ਵਿ- ਨਰ (ਮਨੁੱਖ) ਨਾਲ ਹੈ ਜਿਸ ਦਾ ਸੰਬੰਧ. ਆਦਮੀ ਦਾ। ੭. ਪ੍ਰਾ. ਸੰਗਜਾ- ਗਰਦਨ. ਕੰਠ. ਗ੍ਰੀਵਾ. "ਲਯੋ ਗਹਿ ਨਾਰ ਧਰਾ ਪਰ ਮਾਰਜੋ." (ਚੰਡੀ ੧) "ਬਹੀ ਦੈਤ ਕੀ ਨਾਰ ਮੇ ਧਾਰ ਜਾਈ." (ਚਰਿਤ੍ਰ ੧੪੨) ੮. ਅ਼. نار ਅਗਨਿ. ਆਤਿਸ਼। ੯. ਨਰਕ। ੧੦. ਅਨਾਰ. ਦਾੜਿਮ. "ਨਾਰਿਯਲ ਨਾਰ ਨਾਰਗੀ ਰਾਜੈਂ" (ਚਰਿਤ੍ਰ ੧੫੬) ੧੧. ਸੰ. ਨਾਲ. ਨਲਕੀ. ਨਲੀ। ੧੨. ਨਾਰੀ (ਇਸਤ੍ਰੀ) ਲਈ ਭੀ ਨਾਰ ਸ਼ਬਦ ਵਰਤਿਆ ਹੈ. "ਕਹੂੰ ਜੋਗੀ ਜਤੀ ਬ੍ਰਹਮਚਾਰੀ ਨਰ ਕਹੂੰ ਨਾਰ ਹੋ." (ਅਕਾਲ)

ਨਾਰਸਿੰਘ: ਸੰਗਜਾ- ਨ੍ਰਿਸਿੰਹ ਰੂਪ ਧਾਰੀ ਵਿਸ਼ਨੁ. "ਨਾਰ ਸਿੰਘ ਬਉਧਾ ਤੁਹੀ." (ਸੁਨਾਮਾ) ੨. ਵਿ- ਨਰਸਿੰਘ ਨਾਲ ਹੈ ਜਿਸ ਦਾ ਸੰਬੰਧ ਨ੍ਰਿ ਸਿੰਘ ਦਾ.

ਨਾਰਕੀ: ਸੰ. नारकिन्. ਵਿ- ਨਰਕ ਭੋਗਣ ਵਾਲਾ. ਪਾਪੀ.

ਨਾਰਕੇਰ, ਨਾਰਕੇਲ: ਦੇਖੋ, ਨਲੀਏਰ.

ਨਾਰਗੀ: ਦੇਖੋ, ਨਾਰੰਗੀ.

ਨਾਰਜ: ਸੰਗਜਾ- ਨਾਰ (ਪਾਣੀ) ਤੋਂ ਜਨਮਿਆ ਕਮਲ. ਜਲਜ. "ਨਾਰਜ ਪਾਣਿ ਮੇਲ ਕਹਿ ਲਾਲੂ." (ਨਾਪ੍ਰ) ਹਸ੍ਤਕਮਲ ਜੋੜਕੇ ਲਾਲੂ ਆਖਦਾ ਹੈ। ੨. ਦੇਖੋ, ਨਾਰਿਜ.

ਨਾਰਦ: ਇੱਕ. ਰਿਖੀ ਜਿਸ ਨੇ ਰਿਗਵੇਦ ਦੇ ਕਈ ਮੰਤ੍ਰ ਰਚੇ ਹਨ. ਰਿਗਵੇਦ ਵਿੱਚ ਲਿਖਿਆ ਹੈ ਕਿ ਇਹ ਕਨ੍ਵ ਵੰਸ਼ ਵਿੱਚੋਂ ਸੀ. ਇੱਕ ਹੋਰ ਥਾਂ ਤੇ ਲਿਖਿਆ ਹੈ ਕਿ ਇਹ ਬ੍ਰਹਮਾ ਦੇ ਮਸਤਕ ਵਿੱਚੋਂ ਉਤਪੰਨ ਹੋਇਆ ਸੀ. ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਇਹ ਕਸ਼ਯਪ ਦਾ ਪੁਤ੍ਰ ਸੀ. ਮਹਾਭਾਰਤ ਅਤੇ ਹੋਰ ਕਈ ਪੁਰਾਣਾਂ ਵਿੱਚ ਲਿਖਿਆ ਹੈ ਕਿ ਨਾਰਦ ਨੇ ਦਕ੍ਸ਼ ਦੀ ਸ੍ਰਿਸ਼੍ਰਿਰਚਨਾ ਵਿੱਚ ਜਦ ਵਿਘਨ ਪਾਇਆ, ਤਦ ਦਕ੍ਸ਼ ਨੇ ਇਸ ਨੂੰ ਸਰਾਪ ਦੇ ਦਿੱਤਾ ਕਿ ਜਾਹ, ਤੂੰ ਫੇਰ ਕਿਸੇ ਇਸਤ੍ਰੀ ਦੇ ਉਦਰ ਵਿੱਚ ਪੈਕੇ

ਮੁੜ ਜਨਮ ਲੈ. ਇਸ ਪੁਰ ਬ੍ਰਹਮਾ ਨੇ ਦਕ੍ਸ਼ ਦੀਆਂ ਮਿੰਨਤਾਂ ਕੀਤੀਆਂ, ਤਾਂ ਦਕ੍ਸ਼ ਨੇ ਇਹ ਗੱਲ ਮੰਨ ਲਈ ਕਿ ਨਾਰਦ, ਬ੍ਰਹਮਾ ਅਤੇ ਦਕ੍ਸ਼ ਦੀ ਇੱਕ ਲੜਕੀ ਦੇ ਸੰਯੋਗ ਨਾਲ ਜਨਮ ਲਏ. ਏਸ ਲਈ ਏਸ ਨੂੰ "ਬ੍ਰਾਮ੍ਹ" ਅਤੇ "ਦੇਵਬ੍ਰਹਮਾ" ਆਖਦੇ ਹਨ. ਨਾਰਦ ਗੰਧਰਵ ਅਥਵਾ ਸ੍ਵਰਗੀਯ ਰਾਗੀਆਂ ਵਿੱਚ ਸਭ ਤੋਂ ਮੋਹਰੀ ਸੀ. ਇਹ ਇੱਕ ਵਾਰ ਪਾਤਾਲ ਵਿੱਚ ਭੀ ਗਿਆ, ਅਤੇ ਉੱਥੋਂ ਦਾ ਹਾਲ ਦੇਖਕੇ ਵਡਾ ਪ੍ਰਸੰਨ ਹੋਇਆ.

ਇਸ ਦਾ ਕ੍ਰਿਸ਼ਨ ਜੀ ਦੀ ਕਥਾ ਨਾਲ ਭੀ ਸੰਬੰਧ ਦਸਦੇ ਹਨ ਕਿ ਇਸ ਨੇ ਕੰਸ ਨੂੰ ਵਿਸ਼ਨੁ ਦਾ ਅਵਤਾਰ ਹੋਣਾ ਦੱਸਿਆ ਸੀ ਅਤੇ ਕੰਸ ਨੂੰ ਸਮਝਾਇਆ ਸੀ ਕਿ ਦੇਵਕੀ ਦੇ ਗਰਭ ਵਿੱਚੋਂ ਉਪਜੇ ਬਾਲਕ ਤੋਂ ਤੇਰਾ ਨਾਸ਼ ਹੋਵੇਗਾ, ਜਿਸ ਪੂਰ ਕੰਸ ਨੇ ਦੇਵਕੀ ਦੇ ਬਾਲਕ ਮਾਰੇ.

ਨਾਰਦ ਦੇ ਰਚੇਹੋਏ ਪੰਚਰਾਤ੍ਰ ਵਿੱਚ ਲਿਖਿਆ ਹੈ ਕਿ ਬ੍ਰਹਮਾ ਨੇ ਆਪਣੇ ਪੁਤ੍ਰ ਨਾਰਦ ਨੂੰ ਕਿਹਾ ਕਿ ਵਿਆਹ ਕਰ ਲਵੇ, ਪਰ ਨਾਰਦ ਨੇ ਕਿਹਾ ਕਿ ਮੇਰਾ ਪਿਤਾ ਝੂਠਾ ਗੁਰੂ ਹੈ ਅਤੇ ਕ੍ਰਿਸ਼ਨ ਦਾ ਉਪਾਸਕ ਹੋਣਾ ਹੀ ਸਿੱਧੀ ਦਾ ਕਾਰਣ ਹੈ. ਬ੍ਰਹਮਾ ਨੇ ਨਾਰਦ ਨੂੰ ਸਰਾਪ ਦੇ ਦਿੱਤਾ ਕਿ ਜਾਹ, ਤੂੰ ਹਰ ਵੇਲੇ ਭੋਗ ਬਿਲਾਸ ਵਿੱਚ ਲਗਾ ਰਹੇਂ ਅਤੇ ਇਸਤ੍ਰੀਆਂ ਦੇ ਅਧੀਨ ਹੋਵੇਂ. ਇਸ ਪੂਰ ਨਾਰਦ ਨੇ ਬ੍ਰਹਮਾ ਨੂੰ ਸਰਾਪ ਦੇ ਦਿੱਤਾ ਕਿ ਜਾਹ, ਤੂੰ ਆਪਣੀ ਪੁਤ੍ਰੀ ਨਾਲ ਰਮਣ ਕਰੇਂ ਅਤੇ ਲੋਕ ਤੇਰੀ ਪੂਜਾ ਨਾ ਕਰਨ. "ਨਾਰਦ ਮੁਨਿ ਜਨ ਸੁਕ ਬਿਆਸ." (ਗਉ ਥਿਤੀ ਮਃ ੫)

੨. ਨਾਰਦ ਦੀ ਬਾਬਤ ਇਹ ਭੀ ਪ੍ਰਸਿੱਧ ਹੈ ਕਿ ਓਹ ਏਧਰ ਓਧਰ ਦੂਤੀ ਲਾਕੇ ਝਗੜੇ ਖੜੇ ਕਰ ਦਿੰਦਾ ਹੈ, ਇਸ ਲਈ ਲੋਕ ਚੁਗ਼ਲ ਅਤੇ ਫ਼ਿਸਾਦੀ ਆਦਮੀ ਨੂੰ ਨਾਰਦ ਕਹਿਕੇ ਬੁਲਾਉਂਦੇ ਹਨ, "ਨਾਰਦ, ਕਰੇ ਖੁਆਰੀ." (ਬਸੰ ਅਃ ਮਃ ੧)

੩. ਮੱਕੇ ਦੀ ਗੋਸਟਿ ਵਿੱਚ ਲੇਖ ਹੈ ਕਿ ਨਾਰਦ ਨਾਮ ਸ਼ੈਤਾਨ ਦਾ ਹੈ, ਯਥਾ-

"ਨਾਰਦ ਸ਼ੈਤਾਨ ਕੇ ਹਵਾਲੇ, ਕਰੀਅਹਿੰਗੇ."

"ਨਾਰਦੁ ਨਾਚੈ ਕਾਲਿਕਾ ਭਾਉ." (ਆਸਾ ਮਃ ੧)

ਨਾਰਦਪੁਰਾਣ: ਦੇਖੋ, ਪੁਰਾਣ.

ਨਾਰਦਪੰਚਰਾਤ੍ਰ: ਨਾਰਦ ਦਾ ਲਿਖਿਆ ਗ੍ਰੰਥ, ਜਿਸ ਵਿੱਚ ਪੂਜਾ ਦੇ ਮੁੱਖ ਪੰਜ ਅੰਗ ਹਨ-

੧. ਅਭਿਗਮਨ- ਥਾਂ ਦਾ ਲੇਪਨ, ਧੋਣਾ ਅਤੇ ਦੇਵਤਾ ਨੂੰ ਆਵਾਹਨ ਕਰਨਾ.

੨. ਉਤਪਾਦਨ- ਫੁੱਲ. ਚੰਦਨ ਆਦਿ ਪੂਜਨ ਦੀ ਸਾਮਗ੍ਰੀ ਜਮਾ ਕਰਨੀ.

੩. ਇਜ੍ਯ- ਦੇਵਤਾ ਦੀ ਪੂਜਾ ਕਰਨੀ.

੪. ਸ੍ਵਾਧ੍ਯਾਯ- ਮੰਤ੍ਰਜਪ ਕਰਨਾ.

੫. ਯੋਗ- ਦੇਵਤੇ ਦੇ ਸ੍ਵਰੂਪ ਦਾ ਧ੍ਯਾਨ ਕਰਨਾ.

ਨਾਰਦਿ: ਨਾਰਦ ਨੇ. "ਨਾਰਦਿ ਕਹਿਆ ਸਿ ਪੂਜ ਕਰਾਂਹੀ." (ਵਾਰ ਬਿਹਾ ਮਃ ੧) ੨. ਦੇਖੋ, ਨਾਰਦੀ.

ਨਾਰਦੀ: ਸੰ ਨਾਰਦੀਯ. ਵਿ- ਨਾਰਦ ਸੰਬੰਧੀ. ਨਾਰਦ ਦਾ. ਨਾਰਦ ਦੀ ਦੱਸੀ ਹੋਈ ਭਗਤਿ ਅਤੇ ਕੀਰਤਨ ਵਿਧਿ. "ਨਾਰਦੀ ਨਰਹਰਿ ਜਾਣਿ ਹਦੂਰੇ." (ਰਾਮ ਮਃ ੫) ਕਰਤਾਰ ਨੂੰ ਸਰਵਵ੍ਯਾਪੀ ਜਾਣਨਾ ਹੀ ਨਾਰਦੀ ਨ੍ਰਿੱਤ੍ਯ ਅਤੇ ਭਗਤੀ ਹੈ.

ਨਾਰਨਾਗੀ: ਸੰਗ੍ਯਾ- ਨਾਰ (ਗਰਦਨ) ਵਿੱਚ ਨਾਗ ਪਹਿਰਨ ਵਾਲਾ, ਸ਼ਿਵ. "ਗਿਰਿਜਾ ਕੋ ਕਹ੍ਯੋ ਨਾਰਨਾਗੀ ਨੈ ਨਿਹਾਲ ਸਿੰਘ."

ਨਾਰਦੁ: ਦੇਖੋ, ਨਾਰਦ.

ਨਾਰਨੌਲ: ਰਾਜਾ ਪਟਿਆਲਾ ਦੀ ਮਹੇਂਦ੍ਰਗੜ੍ਹ ਨਜਾਮਤ ਦਾ ਪ੍ਰਧਾਨ ਨਗਰ, ਜੋ ਰਿਵਾੜੀ ਤੋਂ ੩੨ ਮੀਲ ਹੈ ਅਤੇ ਰਾਜਪੂਤਾਨਾ ਮਾਲਵਾ ਰੇਲ ਦੀ ਸ਼ਾਖ਼ ਰਿਵਾੜੀ ਫੁਲੇਰਾ ਲਾਈਨ ਪੁਰ ਹੈ. ਸੰਮਤ ੧੯੧੪ ਦੇ ਗ਼ਦਰ ਪਿੱਛੋਂ ਨਵਾਬ ਝੱਜਰ ਦੇ ਜ਼ਬਤ ਹੋਏ ਰਾਜ ਵਿੱਚੋਂ ਇਹ ਮਹਾਰਾਜਾ ਨਰੇਂਦ੍ਰ ਸਿੰਘ ਜੀ ਨੂੰ ਆਸ ਪਾਸ ਦੇ ਇਲਾਕੇ ਸਮੇਤ ਪ੍ਰਾਪਤ ਹੋਇਆ. ਮਹਾਭਾਰਤ ਵਿੱਚ ਇਸ ਪਰਗਨੇ ਦਾ ਨਾਮ "ਨਾਰਾਸ਼੍ਟ੍ਰ" ਲਿਖਿਆ ਹੈ. "ਨਾਰਨੌਲ ਕੇ ਦੇਸ ਮੇ ਬਿਜੈ ਸਿੰਘ ਇਕ ਨਾਥ." (ਚਰਿਤ੍ਰ ੧੨੪)

ਨਾਰਵਾ, ਨਹੁਰਵਾ: ਸੰ. ਸ੍ਨਾਯੁਕ੍ਰਿਮਿ. عِرق مدنی ਅਥਵਾ رشتہ ਇ਼ਰਕ਼ਮਦਨੀ ਜਾਂ ਰਿਸ਼ਤਾ. Deracunculus. (Guinea Worm). ਵੈਦਕ ਵਿੱਚ ਇਸ ਦੇ ਕਾਰਣ- ਖੱਟੇ ਤਿੱਖੇ ਤੇ ਗਰਮ ਪਦਾਰਥ ਖਾਣੇ, ਗੰਦੇ ਮੰਦੇ ਪਾਣੀ ਪੀਣੇ, ਟੋਭਿਆਂ ਵਿੱਚ ਨ੍ਹਾਉਣਾ, ਨੰਗੇ ਪੈਰੀਂ ਫਿਰਨਾ ਆਦਿ ਲਿਖੇ ਹਨ. ਨਾਰਵਾ ਇੱਕ ਪ੍ਰਕਾਰ ਦਾ ਲੰਮਾ ਕੀੜਾ ਹੈ, ਜੋ ਪਾਣੀ ਨਾਲ ਸ਼ਰੀਰ ਵਿੱਚ ਪ੍ਰਵੇਸ਼ ਕਰਦਾ ਹੈ ਅਤੇ ਅੰਦਰ ਬੱਚੇ ਦਿੰਦਾ ਹੈ. ਜਦ ਇਹ ਬਹੁਤ ਵਧ ਜਾਂਦਾ ਹੈ ਤਾਂ ਸ਼ਰੀਰ ਤੋਂ ਤੁਚਾ ਪਾੜਕੇ ਬਾਹਰ ਆਉਂਦਾ ਹੈ. ਪਹਿਲਾਂ ਅਚਾਨਕ ਹੀ ਸੋਜ ਹੋ ਜਾਂਦੀ ਹੈ. ਫੁਨਸੀ ਪੈਦਾ ਹੋਕੇ ਘਾਉ ਵਿੱਚੋਂ ਧਾਗੇ ਜੇਹਾ ਜੀਵ ਨਿਕਲਦਾ ਹੈ. ਜੇ ਇਹ ਸਾਰਾ ਬਾਹਰ ਆਜਾਵੇ ਤਾਂ ਆਰਾਮ ਹੋ ਜਾਂਦਾ ਹੈ, ਜੇ ਟੁੱਟ ਜਾਵੇ ਤਾਂ ਭਾਰੀ ਦੁਖ ਦਿੰਦਾ ਹੈ. ਬਲੀ (ਰਾਜਪੂਤਾਨੇ ਵੱਲ ਦੇ ਦੇਸ਼ਾਂ) ਵਿੱਚ ਇਹ ਰੋਗ ਬਹੁਤ ਹੁੰਦਾ ਹੈ. ਜੋ ਲੋਕ ਦਾਲ ਭਾਜੀ ਵਿੱਚ ਹਿੰਗ ਵਰਤਦੇ ਹਨ, ਉਨ੍ਹਾਂ ਨੂੰ ਨਾਰਵਾ ਦੁਖ ਨਹੀਂ ਦਿੰਦਾ. ਇਸ ਰੋਗ ਦੇ ਸਾਧਾਰਣ ਇਲਾਜ ਇਹ ਹਨ- ਭੁੰਨੇ ਜੌਂ ਦੇ ਆਟੇ ਨੂੰ ਲੱਸੀ ਵਿੱਚ ਰਿੰਨ੍ਹਕੇ ਲੁੱਪਰੀ ਬਣਾਕੇ ਬੰਨ੍ਹਣਾ. ਠੰਢੇ ਜਲ ਵਿੱਚ ਇੱਕ ਰੱਤੀ ਹਿੰਗ ਘੋਲਕੇ ਪੀਣੀ. ਕਿੱਕਰ ਦੇ ਬੀਜ ਜਲ ਵਿੱਚ ਪੀਸਕੇ ਲੇਪ ਕਰਨਾ. ਤਿੰਨ ਦਿਨ ਗਊ ਦਾ ਘੀ ਪੀਕੇ ਫੇਰ ਤਿੰਨ ਦਿਨ ਸੰਭਾਲੂ ਦੇ ਪੱਤਿਆਂ ਦਾ ਰਸ ਪੀਣਾ. ਅਸਗੰਧ ਨਾਲ ਪਕਾਇਆ ਘੀ ਵਰਤਣਾ. ਇਸ਼ਕਪੇਚੇ (ਕਾਲੇ ਦਾਣੇ) ਦੇ ਬੀਜ ਪਾਣੀ ਵਿੱਚ ਪੀਸਕੇ ਤਿਲਾਂ ਦੇ ਤੇਲ ਵਿੱਚ ਜੋਸ਼ ਦੇਕੇ ਗਰਮ ਗਰਮ ਨਾਰਵੇ ਤੇ ਬੰਨ੍ਹਣੇ, ਠੰਢੇ ਜਲ ਵਿੱਚ ਕੁਚਲਾ ਘਸਾਕੇ ਲੇਪ ਕਰਨਾ. ਮਿੱਠੇ ਤੇਲ ਨਾਲ ਚੋਪੜਕੇ ਅੱਕ ਦੇ ਪੱਤੇ ਜਾਂ ਧਤੂਰੇ ਦੇ ਪੱਤੇ ਬੰਨ੍ਹਣੇ.

ਨਾਰਾ: ਸੰਗਜਾ- ਨਾਲਾ. ਜਲ ਦਾ ਛੋਟਾ ਪ੍ਰਵਾਹ। ੨. ਇਜ਼ਾਰਬੰਦ. "ਨਾਰਾ ਕੋ ਹੋਛਾ ਘਨੋ." (ਚਰਿਤ੍ਰ ੧੯੪) ੩. ਅ਼. نعرہ ਨਅ਼ਰਹ. ਉੱਚਧੁਨਿ. ਲਲਕਾਰਾ. ਸਿੰਘ ਨਾਦ.

ਨਾਰਾਇਣ, ਨਾਰਾਇਣੁ, ਨਾਰਾਇਨ: ਦੇਖੋ, ਨਾਰਾਯਣ। ੨. ਕਰਤਾਰ, ਪਾਰਬ੍ਰਹਮ. "ਨਾਰਾਇਣ ਸਭ ਮਾਹਿ ਨਿਵਾਸ." (ਗੌਂਡ ਮਃ ੫) "ਨਾਰਾਇਣ ਨਰਹਰਿ ਦਇਆਲ." (ਰਾਮ ਮਃ ੫)

"ਨਾਰਾਇਣੁ ਸੁਪ੍ਰਸੰਨ ਹੋਏ." (ਬਸੰ ਨਾਮਦੇਵ)

"ਨਾਰਾਇਨ ਨਰਪਤਿ ਨਮਸਕਾਰੰ." (ਕਾਨ ਮਃ ੫)

੩. ਅ਼ਰਕ਼ਸਾਜ਼. ਨਾਰ (ਅ਼ਰਕ਼) ਸ਼ਰਬਤ ਆਦਿ ਦਵਾਈਆਂ ਬਣਾਉਣ ਵਾਲਾ. ਦੇਖੋ, ਨਾਰ ੫. "ਆਪੇ ਵੈਦੁ ਆਪਿ ਨਾਰਾਇਣੁ." (ਵਾਰ ਰਾਮ ੨. ਮਃ ੫) ਆਪ ਵੈਦ ਹੈ, ਆਪ ਦਵਾਸਾਜ਼ ਹੈ.

ਨਾਰਾਇਨਦਾਸ: ਦੇਖੋ, ਨਾਰਾਯਣਦਾਸ.

ਨਾਰਾਚ: ਸੰ. ਸੰਗਜਾ- ਉਹ ਤੀਰ, ਜਿਸ ਦੇ ਕਾਨੀ ਦੀ ਥਾਂ ਲੋਹੇ ਦੀ ਡੰਡੀ ਹੋਵੇ ਅਰ ਪੰਜ ਪੰਖ (ਖੰਭ) ਹੋਣ। ੨. ਇੱਕ ਛੰਦ. ਕਈ ਥਾਈਂ ਨਰਾਚ ਦੀ ਥਾਂ ਨਾਰਾਚ ਸਿਰਲੇਖ ਦੇਖੀਦਾ ਹੈ, ਪਰ ਨਾਰਾਚ ਛੰਦ ਜੁਦਾ ਹੈ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਦੋ ਨਗਣ ਅਤੇ ਚਾਰ ਰਗਣ. III, III SIS, SIS, SIS, SIS. ਨੌ ਨੌ ਅੱਖਰਾਂ ਪੁਰ ਵਿਸ਼੍ਰਾਮ. ਇਸ ਦਾ ਨਾਮ "ਮਹਾਮਾਲਿਕਾ" ਭੀ ਹੈ.

ਉਦਾਹਰਣ-

ਕਰਤ ਨਰ ਸਦਾ ਰੁਚੀ, ਧਰ੍ਮ ਕੇ ਕਰ੍ਮ ਪ੍ਰੇਮ ਸੇ,

ਜਗਤ ਮਹਿ ਸੁਖੀ ਰਹੈ, ਅੰਤ ਕੋ ਮੋਖ ਹ੍ਵੈ ਨੇਮ ਸੇ. ×××

ਨਾਰਾਜ: ਦੇਖੋ, ਨਰਾਚ ੨. ਫ਼ਾ. ناراض ਨਾਰਾਜ਼. ਵਿ- ਅਪ੍ਰਸੰਨ. ਨਾਖ਼ੁਸ਼.

ਨਾਰਾਂਤ: ਦੇਖੋ, ਨਰਾਂਤ.

ਨਾਰਾਯਣ: ਸੰ. ਨਰਾਂ (ਮਨੁੱਖਾਂ) ਦਾ ਸਮੁਦਾਯ ਨਾਰ, ਉਹ ਹੈ ਅਯਨ (ਘਰ) ਜਿਸ ਦਾ. ਅਰਥਾਤ ਸਭ ਨਰਾਂ ਵਿੱਚ ਨਿਵਾਸ ਕਰਤਾ। ੨. ਨਰ (ਕਰਤਾਰ) ਤੋਂ ਪੈਦਾ ਹੋਏ ਤੱਤ ਨਾਰ, ਉਹੀ ਹਨ ਘਰ ਜਿਸ ਦਾ ਅਰਥਾਤ ਤੱਤਾਂ ਵਿੱਚ ਵ੍ਯਾਪਕ ਰੂਪ.

नराजातानि तत्त्वानि नाराणीति विदुर्बुधाः

तान्येवायनं यस्य तेन नारायणः स्मृतः

(ਮਹਾਭਾਰਤ)

੩. ਨਰ (ਬ੍ਰਹਮ) ਦੇ ਪੁਤ੍ਰ ਜਲ ਹਨ ਨਾਰ, ਉਹ ਪੂਰਵਕਾਲ ਵਿੱਚ ਹਨ ਘਰ ਜਿਸ ਦਾ, ਉਹ ਨਾਰਾਯਣ.

आपो नारा इति प्रोक्ता आपोवै नरसूनवः

ता वद्स्पायनं पूर्वं तेन नारायणः स्मृतः

(ਮਨੂ)

੪. ਜਲਜੰਤੁ. ਪਾਣੀ ਵਿੱਚ ਰਹਿਣ ਵਾਲਾ ਜੀਵ. "ਨਾਰਾਯਣ ਕੱਛ ਮੱਛ ਤਿੰਦੂਆਂ ਕਹਿਤ ਸਭ." (ਅਕਾਲ ੫. ਦੇਖੋ, ਨਾਰਾਇਣ.

ਨਾਰਾਯਣਸਿੰਘ ਬਾਬਾ: ਇਹ ਮਹਾਤਮਾ ਬਾਬਾ ਸਰੂਪ ਸਿੰਘ ਸਾਹਿਬ ਦੇ ਪੋਤੇ, ਬਾਬਾ ਗੁਰਦਯਾਲੁ ਸਿੰਘ ਜੀ ਦੇ ਬੇਟੇ ਸਨ. ਇਨ੍ਹਾਂ ਦਾ ਜਨਮ ਸਾਉਣ ਸੁਦੀ ੧੦. ਸੰਮਤ ੧੮੯੮ ਨੂੰ ਪਿੰਡ ਪਿੱਥੋ ਨਾਭੇ ਦੇ ਇਲਾਕੇ ਵਿੱਚ ਹੋਇਆ. ਆਪ ਦਾਦਾ ਜੀ ਦੇ ਦੇਹਾਂਤ ਪਿੱਛੋਂ ਸੰਮਤ ੧੯੧੮ ਵਿੱਚ ਗੁਰਦ੍ਵਾਰਾ ਬਾਬਾ ਅਜਾਪਾਲ ਸਿੰਘ ਜੀ ਦੇ ਮਹੰਤ ਥਾਪੇ ਗਏ. ਇਸ ਅਧਿਕਾਰ ਨੂੰ ਪਾਕੇ ਆਪ ਨੇ ਜੋ ਗੁਰਮਤ ਦਾ ਪ੍ਰਚਾਰ ਕੀਤਾ ਸੋ ਸ਼ਲਾਘਾ ਯੋਗ ਹੈ. ਆਪ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅਮ੍ਰਿਤ ਛਕਾ ਅਤੇ ਗੁਰਬਾਣੀ ਕੰਠ ਕਰਾ ਨਾਮ ਦੇ ਰਸੀਏ ਬਣਾ ਗੁਰਮੁਖ ਪਦਵੀ ਦੇ ਅਧਿਕਾਰੀ ਕੀਤਾ.

ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਸਾਰਾ ਪਾਠ ਆਪ ਦੇ ਕੰਠਾਗ੍ਰ ਸੀ. ਹਰ ਮਹੀਨੇ ਚਾਰ ਪਾਠ ਆਪ ਨੇਮ ਨਾਲ ਕਰਦੇ ਸਨ. ਤਿੰਨ ਬਾਰ ਆਪ ਨੇ ਇਕੱਲਿਆਂ ਇੱਕ ਆਸਨ ਬੈਠਕੇ 'ਅਤਿ ਅਖੰਡ ਪਾਠ' ਕੀਤਾ. ਇੱਕ ਪਾਠ ਮਹਾਰਾਜਾ ਹੀਰਾਸਿੰਘ ਸਾਹਿਬ ਨਾਭਾਪਤੀ ਨੇ ਪ੍ਰੇਮ ਭਾਵ ਨਾਲ ਸੁਣਿਆ. ਮਹਾਰਾਜਾ ਨੇ ਪਾਠ ਦੇ ਭੋਗ ਤੇ ਜਾਗੀਰ ਦੇਣ ਦੀ ਇੱਛਾ ਪ੍ਰਗਟ ਕੀਤੀ, ਪਰ ਬਾਬਾ ਜੀ ਨੇ ਪਾਠ ਦੀ ਭੇਟਾ ਅੰਗੀਕਾਰ ਨਾ ਕੀਤੀ. ਜਦ ਪਾਠ ਸਮਾਪਤ ਕਰਕੇ ਬਾਬਾ ਜੀ ਪਾਲਕੀ ਵਿੱਚ ਬੈਠਕੇ ਡੇਰੇ ਨੂੰ ਜਾਣ ਲੱਗੇ, ਤਦ ਮਹਾਰਾਜਾ ਹੀਰਾ ਸਿੰਘ ਜੀ ਨੇ ਪਾਲਕੀ ਦੇ ਇੱਕ ਕਹਾਰ ਨੂੰ ਹਟਾਕੇ ਆਪਣੇ ਕੰਨ੍ਹੇ ਤੇ ਪਾਲਕੀ ਉਠਾਈ.

ਬਾਬਾ ਜੀ ਅੱਠ ਪਹਿਰ ਵਿੱਚ ਕੇਵਲ ਚਾਰ ਪੰਜ ਘੰਟੇ ਆਰਾਮ ਕਰਦੇ, ਬਾਕੀ ਸਾਰਾ ਸਮਾਂ ਨਾਮ- ਸਿਮਰਣ ਵਿੱਚ ਵਿਤਾਉਂਦੇ. ਆਪ ਦਾ ਅਤੁੱਟ ਲੰਗਰ ਸਭ ਲਈ ਹਰ ਵੇਲੇ ਵਰਤਦਾ ਰਹਿੰਦਾ. ਗੁਰਸਿੱਖਾਂ ਦੀ ਆਪਣੇ ਹੱਥੀਂ ਸੇਵਾ ਕਰਨੀ ਉਨ੍ਹਾਂ ਦਾ ਸਭ ਤੋਂ ਪਿਆਰਾ ਕਰਮ ਸੀ.

ਬਾਬਾ ਨਾਰਾਯਣ ਸਿੰਘ ਜੀ ਦਾ ਚਲਾਣਾ ੨੦. ਵੈਸਾਖ ਸੰਮਤ ੧੯੭੩ ਨੂੰ ਨਾਭੇ ਹੋਇਆ, ਇਨ੍ਹਾਂ ਦੀ ਥਾਂ ਇਨ੍ਹਾਂ ਦੇ ਛੋਟੇ ਸੁਪੁਤ੍ਰ ਬਾਬਾ ਬਿਸ਼ਨ ਸਿੰਘ ਜੀ ਮਹੰਤ ਪਦਵੀ ਤੇ ਸੁਸ਼ੋਭਿਤ ਹੋਏ.

ਬਾਬਾ ਨਾਰਾਯਣਸਿੰਘ ਜੀ ਦਾ ਵੰਸ਼ਬਿਰछ ਇਹ ਹੈ::-

ਬਾਬਾ ਨੌਧਸਿੰਘ ਜੀ

।

ਜਃ ਸੰਮਤ ੧੮੪੦ਬਾਬਾ ਸਰੂਪਸਿੰਘ ਜੀ ਦੇਃ ਸੰਮਤ ੧੯੧੮

|

ਜ਼ ੧੮੬੮ਬਾਬਾ ਗੁਰਦਯਾਲੁਸਿੰਘ ਜੀ ਦੇ਼ ੧੯੦੩

|

ਜ਼ ੧੮੯੮ਬਾਬਾ ਨਾਰਾਯਣਸਿੰਘ ਜੀ ਦੇ਼ ੧੯੭੩

|

| | |

ਜ਼ ੧੯੧੮ ਕਾਨ੍ਹਸਿੰਘ[710] ਜ਼ ੧੯੨੭ ਮੀਹਾਂਸਿੰਘਜ਼ ੧੯੩੦ ਮਹੰਤ ਬਿਸ਼ਨਸਿੰਘ ਜੀ[711]

| | |

ਜ਼ ੧੯੪੮ ਭਗਵੰਤਸਿੰਘ (ਹਰੀ ਜੀ) ਜ਼ ੧੯੫੫ ਬੀਬੀ ਭਗਵੰਤਕੌਰ ਜ਼ ੧੯੫੨ ਪ੍ਰਦੁਮਨਸਿੰਘ

| |

| ਨਾਨਕਸਿੰਘ

| | |

ਸੁਦਰਸ਼ਨਸਿੰਘ- ਮਹੇਂਦ੍ਰਸਿੰਘ- ਮੋਹਨ ਸਿੰਘ.

ਦੇਖੋ, ਅਜਾਪਾਲਸਿੰਘ ਬਾਬਾ ਅਤੇ ਸਰੂਪ ਸਿੰਘ ਬਾਬਾ। ੨ ਦੇਖੋ, ਨੈਣਾ ਸਿੰਘ

ਨਾਰਾਯਣਚੂਰਣ: ਦੇਖੋ, ਉਦਰਰੋਗ.

ਨਾਰਾਯਣਤੇਲ: ਅਸਗੰਧ, ਗੰਗੇਰਨ ਦੀ ਛਿੱਲ, ਬਿਲ ਦੀ ਗਿਰੂ, ਪਾਠਾ, ਕੰਡਿਆਰੀ ਵਡੀ ਅਤੇ ਛੋਟੀ, ਗੋਖਰੂ, ਅਤਿਬਲਾ, ਨਿੰਮ ਦੀ ਛਿੱਲ, ਪੁਨਰਨਵਾ, ਸਜੋਨਾਕ, ਪ੍ਰਸਾਰਿਣੀ, ਅਰਣੀ, ਇਹ ੧੩. ਦਵਾਈਆਂ ਦਵਾਈਆਂ ਅੱਧ- ਅੱਧ ਸੇਰ ਪੱਕੀਆਂ ਲੈਣੀਆਂ ਅਤੇ ਸਾਰੀਆਂ ਦਾ ਦਰੜਾ ਕਰਕੇ ਇੱਕ ਮਣ ਚੌਬੀ ਸੇਰ ਪੱਕੇ ਪਾਣੀ ਵਿੱਚ ਉਬਾਲਨਾ, ਜਦ ਚੌਥਾ ਹਿੱਸਾ ਪਾਣੀ ਰਹਿਜਾਵੇ, ਤਾਂ ਉਤਾਰ ਛਾਣਕੇ ਉਸ ਵਿੱਚ ਤਿਲਾਂ ਦਾ ਤੇਲ ਚਾਰ ਸੇਰ, ਸਤਾਵਰੀ ਦਾ ਰਸ ਚਾਰ ਸੇਰ ਅਤੇ ਗਊ ਦਾ ਦੁੱਧ ਅੱਠ ਸੇਰ ਮਿਲਾਉਣਾ. ਇਸ ਵਿੱਚ ਕੁਠ, ਇਲਾਇਚੀ, ਚਿੱਟਾ ਚੰਨਣ, ਮੂਰਬਾ, ਵਚ, ਜਟਾਮਾਸੀ, ਸੇਂਧਾ ਲੂਣ, ਅਸੰਗਧ, ਗੰਗੇਰਨ ਦੀ ਛਿੱਲ, ਰਾਇਸਨ, ਸੌਂਫ, ਦੇਵਦਾਰੁ, ਸਾਲਪਰਣੀ, ਪ੍ਰਿਸ੍ਰਪਰਣੀ, ਮਾਸਪਰਣੀ, ਮੁਦਗਪਰਣੀ, ਤਗਰ, ਇਨ੍ਹਾਂ ਸਤਾਰਾਂ ਦਵਾਈਆਂ ਦਾ ਨੁਗਦਾ ਕਰਕੇ ਮਿਲਾਉਣਾ ਅਤੇ ਤੇਲ ਨੂੰ ਮੱਠੀ ਆਂਚ ਤੇ ਪਕਾਉਣਾ. ਜਦ ਕੇਵਲ ਤੇਲ ਰਹਿਜਾਵੇ, ਤਦ ਉਤਾਰ ਛਾਣਕੇ ਬੋਤਲਾਂ ਵਿੱਚ ਪਾਲੈਣਾ. ਇਸ ਤੇਲ ਦੀ ਮਾਲਿਸ਼ ਕਰਨ ਤੋਂ ਜੋੜਾਂ ਦੇ ਦਰਦ, ਵਾਈ ਦੇ ਰੋਗ ਅਤੇ ਸੁਸਤੀ ਦੂਰ ਹੁੰਦੀ ਹੈ.

ਨਾਰਾਯਣਦਾਸ: ਸ਼੍ਰੀ ਗੁਰੂ ਅੰਗਦ ਸਾਹਿਬ ਦਾ ਇੱਕ ਪ੍ਰੇਮੀ ਸਿੱਖ। ੨. ਡੱਲਾ ਨਿਵਾਸੀ ਜੁਲਕਾ ਜਾਤਿ ਦਾ ਪ੍ਰੇਮੀ ਸਿੱਖ, ਜੋ ਮਾਤਾ ਦਾਮੋਦਰੀ ਜੀ ਦਾ ਪਿਤਾ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ ਸੀ. ਦੇਖੋ, ਦਾਮੋਦਰੀ ਮਾਤਾ। ੩. ਦੇਖੋ, ਨਿਰੀਕਾਰੀਏ.

ਨਾਰਾਯਣਾ: ਦੇਖੋ, ਦਾਦੂ.

ਨਾਰਾਯਣੀ: ਸੰ. ਸੰਗਯਾ- ਲਕ੍ਸ਼੍ਮੀ, ੨. ਗੰਗਾ। ੩. ਦੁਰਗਾ.

ਨਾਰਾਯਣੀਤੇਲ: ਦੇਖੋ, ਨਾਰਾਯਣਤੇਲ.

ਨਾਰਾਯਨਦਾਸ: ਦੇਖੋ, ਨਾਰਾਯਣਦਾਸ ੨.

---

[710] ਗੁਰੁਸ਼ਬਦ ਰਤਨਾਕਰ ਦਾ ਕਰਤਾ.

[711] ਬਾਬਾ ਅਜਾਪਾਲ ਸਿੰਘ ਜੀ ਦੇ ਗੁਰਦ੍ਵਾਰੇ ਦੇ ਮਹੰਤ.

ਨਾਰਿ: ਸੰ. ਨਾਲ. ਨਲਕੀ. "ਤੁਰੀ ਨਾਰਿ ਕੀ ਛੋਡੀ ਬਾਤਾ." (ਗੌਂਡ ਕਬੀਰ) ਬੁਰਛ (ਕੁੱਚ) ਅਤੇ ਨਾਲ ਦੀ ਗੱਲ ਹੀ ਛੱਡ ਦਿੱਤੀ ਹੈ. ਦੇਖੋ, ਤੁਰੀ। ੨. ਸੰ. ਨਾਡੀ. ਨਬਜ਼. ਨਾੜੀ "ਜਬ ਤਿਹ ਤ੍ਰਿਯ ਕੀ ਨਾਰਿ ਨਿਹਾਰੀ." (ਚਰਿਤ੍ਰ ੨੯੯) ੩. ਦੇਖੋ, ਨਾਰੀ. "ਸੰਗੀ ਜੋਗੀ ਨਾਰਿ ਲਪਟਾਣੀ." (ਮਾਰੂ ਸੋਲਹੇ ਮਃ ੫) ਇਸ ਥਾਂ ਯੋਗੀ ਤੋਂ ਭਾਵ ਜੀਵਾਤਮਾ ਹੈ ਅਤੇ ਨਾਰੀ ਤੋਂ ਭਾਵ ਦੇਹ ਹੈ। ੪. ਮਾਇਆ. "ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ." (ਰਾਮ ਮਃ ੧)

ਨਾਰਿਕੇਲ: ਦੇਖੋ, ਨਲੀਏਰ.

ਨਾਰਿਜ: ਸੰਗਯਾ- ਨਾੜੀ ਤੋਂ ਪੈਦਾ ਹੋਇਆ ਲਹੂ. ਖ਼ੂਨ। ੨. ਇਸਤ੍ਰੀ ਦੀ ਰਜ। ੩. ਇਸਤ੍ਰੀ ਦੀ ਰਜ ਜੇਹੇ ਰੰਗ ਵਾਲਾ ਲਾਲ ਸਮੁੰਦਰ. (ਸਨਾਮਾ)

ਨਾਰਿਜ ਈਸਰਾਸਤ੍ਰ: ਸੰਗਯਾ- ਲਾਲ ਸਮੁੰਦਰ ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਫਾਹੀ. ਪਾਸ਼. ਦੇਖੋ, ਨਾਰਿਜ ੩, "ਨਾਰਿਜ ਆਦਿ ਉਚਾਰਕੈ ਈਸਾਰਸਤ੍ਰ ਪਦ ਦੇਹੁਨ। ਨਾਮ ਸਕਲ ਸ੍ਰੀ ਪਾਸ ਕੇ ਚੀਨ ਚਤੁਰ ਚਿਤ ਲੇਹੁ." (ਸਨਾਮਾ)

ਨਾਰੀ: ਸੰ. ਨਾਡੀ. ਸੰਗਯਾ- ਰਗ. ਨਾੜੀ. "ਪਵਨ ਦ੍ਰਿੜ ਸੁਖਮਨ ਨਾਰੀ." (ਗਉ ਕਬੀਰ) ਦੇਖੋ, ਸੁਖਮਨਾ। ੨. ਸੰ. ਨਰ ਦੀ ਮਦੀਨ. ਇਸਤ੍ਰੀ. ਔਰਤ. "ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ." (ਵਾਰ ਮਾਝ ਮਃ ੧)

ਕਾਮਾਸ਼ਾਸਤ੍ਰ ਵਿੱਚ ਨਾਰੀ ਦੀਆਂ ਚਾਰ ਜਾਤੀਆਂ ਲਿਖੀਆਂ ਹਨ- ਪਦਮਿਨੀ, ਚਿਤ੍ਰਿਨੀ, ਸ਼ੰਖਿਨੀ ਅਤੇ ਹਸ੍ਤਿਨੀ. ਇਨ੍ਹਾਂ ਦੇ ਕ੍ਰਮ ਅਨੁਸਾਰ ਚਾਰ ਨਰ ਹਨ- ਸ਼ਸ਼ਕ, ਮ੍ਰਿਗ, ਵ੍ਰਿਸ਼ਭ ਅਤੇ ਅਸ਼੍ਵ. ਦੇਖੋ, ਪਦਮਿਨੀ ਆਦਿ ਸ਼ਬਦ ਅਤੇ ਪੁਰੁਸ਼ਜਾਤਿ.

ਉਮਰ ਦੇ ਲਿਹਾਜ ਨਾਲ ਨਾਰੀ ਦੇ ਚਾਰ ਭੇਦ ਹਨ- ਬਾਲਾ, ਤਰੁਣੀ, ਪ੍ਰੌਢਾ ਅਤੇ ਵ੍ਰਿੱਧਾ. ਸੋਲਾਂ ਵਰ੍ਹੇ ਤੀਕ ਦੀ ਬਾਲਾ, ਤੀਹ ਵਰ੍ਹੇ ਤੀਕ ਦੀ ਤਰੁਣੀ, ਪੰਜਾਹ ਤੀਕ ਦੀ ਪ੍ਰੌਢਾ ਅਤੇ ਇਸ ਤੋਂ ਅੱਗੇ ਵ੍ਰਿੱਧਾ ਹੈ.

ਬ੍ਰਹਮਵੈਵਰਤ ਵਿੱਚ ਤਿੰਨ ਪ੍ਰਕਾਰ ਦੀ ਨਾਰੀ ਲਿਖੀ ਹੈ- ਸਾਧ੍ਵੀ, ਭੋਗਜਾ ਅਤੇ ਕੁਲਟਾ, ਪਤਿ ਵਿੱਚ ਭਗਤੀ- ਭਾਵ ਰੱਖਕੇ ਸੇਵਾ ਕਰਨ ਅਤੇ ਕੇਵਲ ਸੰਤਾਨ ਦੇ ਮਨੋਰਥ ਨਾਲ ਪਤਿ ਦਾ ਸੰਗ ਕਰਨ ਵਾਲੀ ਸਾਧ੍ਵੀ ਹੈ. ਪਦਾਰਥਾਂ ਦੀ ਇੱਛਾ ਅਤੇ ਭੋਗਵਾਸਨਾ ਨਾਲ ਪਤਿ ਨੂੰ ਸੇਵਨ ਵਾਲੀ ਭੋਗਜਾ ਹੈ. ਕਪਟ ਅਰ ਲਾਲਚ ਨਾਲ ਪਤਿ ਦੀ ਸੇਵਾ ਕਰਨ ਵਾਲੀ ਅਤੇ ਕਾਮਵਸ਼ ਹੋਕੇ ਪਰਾਏ ਪੁਰਖਾਂ ਨਾਲ ਪ੍ਰੀਤਿ ਰੱਖਣ ਵਾਲੀ ਕੁਲਟਾ ਹੈ.

ਹਿੰਦੂਮਤ ਅਨੁਸਾਰ ਨਾਰੀ ਨੂੰ ਕਦੇ ਸੁਤੰਤ੍ਰਤਾ (ਆਜ਼ਾਦੀ) ਨਹੀਂ ਹੈ. ਦੇਖੋ, ਮਨੁਸਿਮ੍ਰਿਤਿ ਅਃ ੫, ਸ਼ਲੋਕ ੧੪੭- ੪੮ ਅਰ ਵੇਦਵਿਦਯਾ ਦਾ ਅਧਿਕਾਰ ਤਾਂ ਕੀ ਹੋਣੀ ਸੀ, ਇਸਤ੍ਰੀਆਂ ਦੇ ਸੰਸਕਾਰ ਭੀ ਵੇਦਮੰਤ੍ਰਾਂ ਨਾਲ ਕਰਨੇ ਵਰਜੇ ਹਨ, ਯਥਾ- "ਇਸਤ੍ਰੀਆਂ ਦੇ ਸੰਸਕਾਰ ਵੇਦਮੰਤ੍ਰਾਂ ਨਾਲ ਨਹੀਂ ਕਰੇ ਜਾਂਦੇ, ਇਹ ਧਰਮ ਦਾ ਫੈਸਲਾ ਹੈ. ਇਸਤ੍ਰੀਆਂ ਅਗਿਆਨਣਾਂ, ਵੇਦਮੰਤ੍ਰਾਂ ਦੇ ਅਧਿਕਾਰ ਤੋਂ ਵਾਂਜੀਆਂ ਅਤੇ ਝੂਠ ਦੀ ਮੂਰਤਿ ਹਨ." (ਮਨੁ ਅਃ ੯. ਸ਼ਃ ੧੮)

ਸਿੱਖਧਰਮ ਵਿੱਚ ਨਾਰੀ ਦੇ ਅਧਿਕਾਰ ਬਾਬਤ ਦੇਖੋ, ਆਸਾ ਮਃ ੫, ਸ਼ਬਦ ਨੰਃ ੩, ਵਾਰ ਆਸਾ ਦੀ ਪੌੜੀ ੧੯. ਦਾ ਸ਼ਲੋਕ "ਭੰਡਿ ਜੰਮੀਐ," ਅਤੇ ਵਾਰ ਭਾਈ ਗੁਰੁਦਾਸ ੫, ਪੌੜੀ ੧੬।

੩. ਨਾਰੀ ਦਾ ਖਾਸ ਚਿੰਨ੍ਹ. ਯੋਨਿ. ਭਗ. "ਤਗੁ ਨ ਇੰਦ੍ਰੀ ਤਗੁ ਨ ਨਾਰੀ." (ਵਾਰ ਆਸਾ) ੪. ਪ੍ਰਾਃ ਨਾਰ. ਗਰਦਨ. ਗ੍ਰੀਵਾ. "ਮੁਖ ਨਾਇ ਰਹੀ ਨ ਉਚਾਵਤ ਨਾਰੀ." (ਚਰਿਤ੍ਰ ੨੩੩) ੫. ਅ਼. ناری ਨਾਰ (ਅਗਨਿ) ਤੋਂ ਬਣਿਆ ਹੋਇਆ ਸ਼ੈਤਾਨ. "ਨਾਰੀ ਹੁਕਮ ਨ ਮੰਨਿਆ ਰਖਿਆ ਨਾਉਂ ਸ਼ੈਤਾਨ." (ਮਗੋ) ੬. ਵਿ- ਦੋਜ਼ਖ਼ੀ. ਨਾਰਕੀ। ੭. ਫ਼ਾ. ਸੰਗਯਾ- ਪੋਸ਼ਾਕ. ਪੋਸ਼ਿਸ਼.

ਨਾਰੀਅਲ, ਨਾਰੀਏਲ: ਦੇਖੋ, ਨਲੀਏਰ.

ਨਾਰੂ: ਦੇਖੋ, ਚਰਣਦਾਸੀਏ.

ਨਾਰੂਆ: ਦੇਖੋ, ਨਾਰਵਾ.

ਨਾਰੇ: ਕ੍ਰਿ. ਵਿ- ਨਾਲ ਹੀ. ਸਾਥ ਹੀ. "ਇਹ ਭੀ ਪਟਕੌਂ ਇਹ ਕੇ ਅਬ ਨਾਰੇ." (ਕ੍ਰਿਸਨਾਵ) ੨. ਨਾਰਾ (ਨਾਲਾ) ਦਾ ਬਹੁਵਚਨ.

ਨਾਰੰਗੀ, ਨਾਰੰਜੀ: ਸੰ. नागरङ्ग- ਨਾਗਰੰਗ. ਸੰਗਯਾ- ਨਾਗ. (ਸੰਧੂਰ) ਜੇਹਾ ਹੈ ਰੰਗ ਜਿਸ ਦਾ. ਸੰਗਤਰੇ ਦੀ ਇੱਕ ਜਾਤਿ, ਜੋ ਕੱਦ ਵਿੱਚ ਛੋਟੀ ਅਤੇ ਲਾਲੀ ਦੀ ਭਾਹ ਵਾਲੀ ਪੀਲੀ ਹੁੰਦੀ ਹੈ. ਦੇਖੋ, ਸੰਗਤਰਾ. "ਨਾਰੰਜੀ ਮੀਠਾ ਬਹੁ ਲਾਗੇ." (ਚਰਿਤ੍ਰ ੨੫੬)

ਨਾਲ: ਕ੍ਰਿ. ਵਿ- ਲਾਗੇ. ਕੋਲ। ੨. ਸਾਥ. ਸੰਗ. ਦੇਖੋ, ਨਾਲਿ। ੩. ਸੰ. ਸੰਗਯਾ- ਕਮਲ ਦੀ ਡੰਡੀ. ਦੇਖੋ, ਨਾਲਿਕੁਟੰਬ। ੪. ਨਲਕੀ. ਨਲੀ. "ਨਾਲ ਬਿਖੈ ਬਾਤ ਕੀਏ ਸੁਨੀਅਤ ਕਾਨ ਦੀਏ." (ਭਾਗੁ ਕ) ੫. ਬੰਦੂਕ ਦੀ ਨਾਲੀ. "ਛੁਟਕੰਤ ਨਾਲੰ." (ਕਲਕੀ) ੬. ਲਾਟਾ, ਅਗਨਿ ਦੀ ਸ਼ਿਖਾ, "ਉਠੈ ਨਾਲ ਅੱਗੰ." (ਵਰਾਹ) ੭. ਫ਼ਾ. نال ਕਾਨੀ (ਕਲਮ) ਘੜਨ ਵੇਲੇ ਨਲਕੀ ਵਿੱਚੋਂ ਜੋ ਸੂਤ ਨਿਕਲਦਾ ਹੈ।

੮. ਨਾਲੀਦਨ ਦਾ ਅਮਰ. ਰੋ. ਰੁਦਨ ਕਰ।

੯. ਅ਼. نعل ਜੋੜੇ ਅਥਵਾ ਘੋੜੇ ਦੇ ਸੁੰਮ ਹੇਠ ਲਾਇਆ ਲੋਹਾ, ਜੋ ਘਸਣ ਤੋਂ ਰਖ੍ਯਾ ਕਰਦਾ ਹੈ। ੧੦. ਜੁੱਤੀ. ਪਾਪੋਸ਼। ੧੧. ਤਲਵਾਰ ਦੇ ਮਿਆਨ (ਨਯਾਮ) ਦੀ ਠੋਕਰ, ਜੋ ਨੋਕ ਵੱਲ ਹੁੰਦੀ ਹੈ। ੧੨. ਖੂਹ ਦਾ ਚੱਕ, ਜਿਸ ਉੱਤੇ ਨਾਲੀ (ਮਹਲ) ਉਸਾਰਦੇ ਹਨ.

ਨਾਲਹੁ: ਕ੍ਰਿ. ਵਿ- ਸਾਥ ਸੇ. ਪਾਸੋਂ ਕੋਲੋਂ "ਮਨਮੁਖਾ ਨਾਲਹੁ ਤੁਟੀਆ ਭਲੀ." (ਵਾਰ ਬਿਹਾ ਮਃ ੩)

ਨਾਲਕੀ: ਸੰਗਯਾ- ਦੋਹਾਂ ਪਾਸਿਆਂ ਤੋਂ ਖੁਲੀ ਪਾਲਕੀ, ਜਿਸ ਉੱਪਰ ਕਮਾਣ ਦੀ ਸ਼ਕਲ ਦੀ ਮੇਹਰਾਬ ਹੋਵੇ.

ਨਾਲਕੇਰ, ਨਾਲਕੇਲ: ਦੇਖੋ, ਨਲੀਏਰ.

ਨਾਲਦ: ਫ਼ਾ. نالد ਰੋਂਦਾ. ਹੈ. ਰੋਵੇ. ਰੋਵੇਗਾ. ਇਸ ਦਾ ਮੂਲ ਨਾਲੀਦਨ ਹੈ.

ਨਾਲਬੰਦ: ਫ਼ਾ. نعلبند ਨਅ਼ਲਬੰਦ. ਸੰਗਯਾ- ਘੋੜੇ ਦੇ ਸੁੰਮ ਨੂੰ ਨਾਲ (ਨਅ਼ਲ) ਲਾਉਣ ਵਾਲਾ.

ਨਾਲਬੰਦੀ: ਸੰਗਯਾ- ਨਾਲ (ਨਅ਼ਲ) ਲਾਉਣ ਦੀ ਕ੍ਰਿਯਾ. ਘੋੜੇ ਦੇ ਨਾਲ ਲਾਉਣੇ। ੨. ਨਾਲ ਲਾਉਣ ਦੀ ਮਜ਼ਦੂਰੀ। ੩. ਇੱਕ ਪ੍ਰਕਾਰ ਦਾ ਟੈਕ੍ਸ. ਪੁਰਾਣੇ ਜ਼ਮਾਨੇ ਵਡੇ ਮਹਾਰਾਜੇ ਆਪਣੇ ਅਧੀਨ ਰਾਜਿਆਂ ਤੇ "ਨਾਲਬੰਦੀ" ਨਾਉਂ ਦਾ ਸਾਲਾਨਾ ਟੈਕ੍ਸ ਲਾਉਂਦੇ ਸਨ. ਇਸ ਦਾ ਭਾਵ ਇਹ ਸੀ ਕਿ ਅਸੀਂ ਬਹੁਤਾ ਧਨ ਨਹੀਂ ਲੈਂਦੇ, ਕੇਵਲ ਘੋੜਿਆਂ ਦੀ ਨਾਲਬੰਦੀ ਦਾ ਖ਼ਰਚ ਲੈਂਦੇ ਹਾਂ. "ਨਾਲਬੰਦੀ ਆਦਿ ਧਨ ਕਛੁ ਨ ਪਹੁਚਾਯੋ ਹੈ." (ਗੁਪ੍ਰਸੂ)

ਨਾਲਾ: ਸੰਗਯਾ- ਪਾਣੀ ਦਾ ਛੋਟਾ ਪ੍ਰਵਾਹ. "ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ." (ਵਾਰ ਬਿਲਾ ਮਃ ੪) ੨. ਇਜ਼ਾਰਬੰਦ।

੩. ਨਾਲੂਆ, "ਜਿ ਦਿਹ ਨਾਲਾ ਕਪਿਆ." (ਸ. ਫ਼ਰੀਦ)

੪. ਸਿੰਧੀ, ਨਾਮਾ। ੫. ਫ਼ਾ. نالہ ਰੋਣਾ. ਰੁਦਨ। ੬. ਫਰਿਆਦ ਕਰਨਾ.

ਨਾਲਾਂ: ਫ਼ਾ. نالاں ਵਿ- ਰੋਣਾ ਵਾਲਾ। ੨. ਰੋਂਦਾ ਹੋਇਆ। ੩. ਫਰਿਆਦੀ.

ਨਾਲਾਇਕ: ਦੇਖੋ, ਨਾਲਾਯਕ.

ਨਾਲਾਗੜ੍ਹ: ਦੇਖੋ, ਹੰਡੂਰ.

ਨਾਲਾਯਕ: ਵਿ- ਜੋ ਲਾਯਕ਼ (ਯੋਗ੍ਯ) ਨਹੀਂ (unfit).

ਨਾਲਿ: ਕ੍ਰਿ ਵਿ- ਸਾਥ, ਸੰਗ. "ਸਿਆਣਪਾ ਲਖ ਹੋਹਿ ਤ ਇਕੁ ਨ ਚਲੈ ਨਾਲਿ." (ਜਪੁ) "ਨਾਲਿ ਇਆਣੇ ਦੋਸਤੀ." (ਵਾਰ ਆਸਾ ਮਃ ੨)

੨. ਸੰ. ਨਾਲ. ਸੰਗਯਾ- ਨਲਕੀ. ਕਮਲ ਦੀ ਡੰਡੀ. ਦੇਖੋ, ਨਾਲਿਕੁਟੰਬ। ੩. ਨਦੀ. ਦੇਖੋ, ਅਖਲੀ ਊਡੀ.

ਨਾਲਿਸ਼: ਫ਼ਾ. نالش ਸੰਗਯਾ- ਫ਼ਰਿਆਦ। ੨. ਸ਼ਿਕਾਯਤ.

ਨਾਲਿਕ: ਸੰਗਯਾ- ਨਾਲੀ (ਕਾਨੀ) ਵਾਲਾ, ਤੀਰ. (ਸਨਾਮਾ)

ਨਾਲਿਕੁਟੰਬ: ਸੰਗਯਾ- ਕਮਲ ਦੀ ਨਾਲ ਹੈ ਜਿਸ ਦਾ ਕੁਟੁੰਬ (ਕੁਲ), ਬ੍ਰਹਮਾ. "ਨਾਲਿਕੁਟੰਬ ਸਾਥਿ ਵਰ- ਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ." (ਆਸਾ ਮਃ ੧) ਨਾਲਿਕੁਟੰਬ ਵਰਦਾਤਾ ਬ੍ਰਹਮਾ ਸਾਥਿ (ਸ੍ਵਾਰਥੀ) ਸ੍ਰਿਸਟਿ ਭਾਲਣ ਗਿਆ. ਪੁਰਾਣਕਥਾ ਹੈ ਕਿ ਬ੍ਰਹਮਾ ਨੂੰ ਖ਼ਿਆਲ ਹੋਇਆ ਕਿ ਮੈਂ ਕਿੱਥੋਂ ਪੈਦਾ ਹੋਇਆ ਹਾਂ. ਫੇਰ ਸੰਕਲਪ ਫੁਰਿਆ ਕਿ ਸ਼ਾਇਦ ਇਸ ਕਮਲ ਵਿੱਚੋਂ. ਫੇਰ ਵਿਚਾਰਿਆ ਕਿ ਇਹ ਤੁੱਛ ਕਮਲ ਮੈਨੂੰ ਕਿਸ ਤਰਾਂ ਪੈਦਾ ਕਰ ਸਕਦਾ ਹੈ. ਇਸ ਪੁਰ ਬ੍ਰਹਮਾ ਨੇ ਕਮਲ ਤੇ ਜੋਰ ਦੀ ਲੱਤ ਮਾਰੀ, ਜਿਸ ਤੋਂ ਉਸ ਦੀ ਨਾਲੀ ਵਿੱਚ ਸਿਰਪਰਣੇ ਧਸਗਿਆ ਅਤੇ ਅਨੇਕ ਯੁਗ ਤੀਕ ਵਿੱਚੇ ਫਿਰਦਾ ਰਿਹਾ. ਅੰਤ ਨੂੰ ਅਭਿਮਾਨ ਤਯਾਗ ਕੇ ਈਸ਼੍ਵਰ ਦੀ ਆਰਾਧਨਾ ਕੀਤੀ, ਤਾਂ ਕਮਲ ਉੱਪਰ ਪਹਿਲੇ ਵਾਂਝ ਆ ਵਿਰਾਜਿਆ.

ਨਾਲੀ: ਸੰਗਯਾ- ਪਾਣੀ ਵਹਿਣ ਦੀ ਖਾਲੀ।

੨. ਨਾਲ. ਨਲਕੀ। ੩. ਬੰਦੂਕ਼ ਦੀ ਨਾਲ. Barrel । ੪. ਬੰਦੂਕ਼. (ਸਨਾਮਾ)

ਨਾਲੀਅਰ, ਨਾਲੀਏਰ: ਦੇਖੋ, ਨਲੀਏਰ. "ਨਾਲੀਏਰ ਫਲੁ, ਸੇਂਬਰਿ ਪਾਕਾ." (ਰਾਮ ਕਬੀਰ) ਸੇਂਬਰ (ਸਿੰਮਲ) ਕੁਸੰਗ ਅਤੇ ਨਾਲੀਏਰ (ਨਾਰਿਕੇਲ) ਸਤਸੰਗ. ਪਾਮਰ ਲੋਕਾਂ ਦੇ ਭਾਣੇ ਨਰੇਲ ਦਾ ਫਲ ਸਿੰਮਲ ਨਾਲ ਪੱਕਾ ਹੈ.

ਨਾਲੀਦਨ: ਫ਼ਾ. نالیدن ਕ੍ਰਿ- ਰੋਣਾ. ਵਿਲਾਪ ਕਰਨਾ। ੨. ਫ਼ਰਿਆਦ ਕਰਨਾ.

ਨਾਲੇ: ਕ੍ਰਿ ਵਿ- ਸਾਥ. ਸੰਗ. "ਗਾਵਹਿ ਇੰਦ ਇੰਦਾ- ਸਣਿ ਬੈਠੇ ਦੇਵਤਿਆ ਦਰਿ ਨਾਲੇ." (ਜਪੁ)

੨. ਨਾਲ ਹੀ. ਸਾਥ ਹੀ. "ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ." (ਆਸਾ ਮਃ ੫)

੩. ਨਾਲਾ ਦਾ ਬਹੁ ਵਚਨ.

ਨਾਲੇ ਦਾ ਹੋਛਾ: ਵਿ- ਕਾਮੀ. ਵਿਭਚਾਰੀ. ਦੇਖੋ, ਨਾਰਾ ੨.

ਨਾਲੇ ਦਾ ਜਤੀ: ਵਿਭਚਾਰ ਦਾ ਤਯਾਗੀ, ਆਪਣੀ ਇਸਤ੍ਰੀ ਤੋਂ ਛੁੱਟ ਹੋਰ ਨੂੰ ਮਾਂ ਭੈਣ ਬੇਟੀ ਜਾਣਨ ਵਾਲਾ.

ਨਾਲੇ ਦਾ ਢਿੱਲਾ: ਵਿਭਚਾਰੀ, ਪਰਇਸਤ੍ਰੀਗਾਮੀ.

ਨਾਲੈਨ: ਦੇਖੋ. ਨਲੈਨ.

ਨਾਲੋਂ: ਕ੍ਰਿ. ਵਿ- ਸਾਥ ਤੋਂ. ਪਾਸੋਂ ਦੇਖੋ, ਨਾਲਹੁ.

ਨਾਵ: ਸੰਗਯਾ- ਨਾਮ. "ਅਸੰਖ ਨਾਵ ਅਸੰਖ ਥਾਵ." (ਜਪੁ) "ਨਾਵ ਜਿਨਾ ਸੁਲਤਾਨ ਖਾਨ." (ਸ੍ਰੀ ਮਃ ੧)

੨. ਸੰ. ਨੌਕਾ. ਜਹਾਜ਼. ਫ਼ਾ. ناو "ਭਵਸਾਗਰ ਨਾਵ ਹਰਿਸੇਵਾ." (ਸੂਹੀ ਛੰਤ ਮਃ ੫) ੩. ਜੈਕਾਰ ਧ੍ਵਨਿ. ਆਨੰਦ ਦੀ ਧੁਨਿ.

ਨਾਂਵ: ਸੰਗਯਾ- ਨਾਮ। ੨. ਨੌਕਾ. ਕਿਸ਼ਤੀ. "ਸਾਧ ਨਾਂਵ ਬੈਠਾਵਹੁ ਨਾਨਕ, ਭਵਸਾਗਰੁ ਪਾਰਿ ਉਤਾਰਾ." (ਸਾਰ ਮਃ ੫)

ਨਾਵਉ: ਦੇਖੋ, ਨਾਵਣ.

ਨਾਵਹੁ: ਨਾਮ ਸੇ. ਨਾਮ ਤੋਂ. "ਨਾਵਹੁ ਭੁਲਾ ਜਗੁ ਫਿਰੈ." (ਵਾਰ ਮਾਝ ਮਃ ੧) ੨. ਦੇਖੋ, ਨਾਵਣ.

ਨਾਵਕ: ਫ਼ਾ. ناوک ਥੋਥੀ ਨਲਕੀ. ਤੀਰ ਚਲਾਉਣ ਲਈ ਇੱਕ ਸਾਫ ਅਤੇ ਸਿੱਧੀ ਨਲਕੀ, ਜਿਸ ਵਿੱਚਦੀਂ ਤੀਰ ਬਹੁਤ ਸਿੱਧਾ ਜਾਂਦਾ, ਅਤੇ ਨਿਸ਼ਾਨੇ ਤੇ ਠੀਕ ਬੈਠਦਾ. "ਜਸ ਨਾਵਕ ਕੋ ਤੀਰ ਚਲਾਯੋ." (ਚਰਿਤ੍ਰ ੩੫੮) ੨. ਦੰਦੇਦਾਰ ਤੀਰ। ੩. ਹਲ ਦਾ ਫਾਲਾ। ੪. ਮੱਖੀ ਭਰਿੰਡ ਆਦਿ ਜ਼ਹਿਰੀਲੇ ਜੀਵਾਂ ਦਾ ਕੰਡਾ। ੪. ਦੇਖੋ, ਨਾਵਿਕ.

ਨਾਵਣ: ਕ੍ਰਿ- ਨ੍ਹਾਉਣਾ. ਸਨਾਨ ਕਰਨਾ. "ਨਾਵਹੁ ਧੋਵਹੁ ਤਿਲਕੁ ਚੜਾਵਹੁ." (ਰਾਮ ਅਃ ਮਃ ੧)

ਨਾਵਣਿ: ਨ੍ਹਾਉਣ ਲਈ. ਸਨਾਨ ਵਾਸਤੇ. "ਤੀਰਥਿ ਨਾਵਣਿ ਜਾਉ ਤੀਰਥੁ ਨਾਮੁ ਹੈ." (ਧਨਾ ਛੰਤ ਮਃ ੧)

ਨਾਵਣੀ: ਸੰਗਯਾ- ਨ੍ਹਾਉਣ (ਸਨਾਨ) ਦੀ ਕ੍ਰਿਯਾ. ਰਿਤੁ ਪਿੱਛੋਂ ਇਸਤ੍ਰੀਆਂ ਦਾ ਸਨਾਨ। ੨. ਰਜ. ਰਿਤੁ. ਦੇਖੋ, ਸਿਰਨਾਵਣੀ.

ਨਾਵਣੁ: ਦੇਖੋ, ਨਾਵਣ.

ਨਾਵਨ: ਦੇਖੋ, ਨਾਵਣ. "ਨਾਵਨ ਕਉ ਤੀਰਥ ਘਨੇ."

(ਗਉ) ਕਬੀਰ)

ਨਾਵਰਾ, ਨਾਵੜਾ: ਸੰਗਯਾ- ਨਾਮ. "ਫੈਲਰਹਯੋ ਦਸੋ ਦਿਸ, ਨਾਵਰਾ." (ਕ੍ਰਿਸਨਾਵ) "ਨਾਵੜਾ ਲਈਐ ਕਿਸੁ?" (ਸਵਾ ਮਃ ੩)

ਨਾਵਾ: ਨਾਵ (ਨੌਕਾ) ਦਾ ਬਹੁਵਚਨ. "ਦੁਇ ਅਖਰ ਦੁਇ ਨਾਵਾ." (ਬਸੰ ਮਃ ੧) ੨. ਵਿ- ਨਵਮ, ਨੌਮਾ. "ਨਾਵਾ ਖੰਡ ਸ਼ਰੀਰ." (ਵਾਰ ਮਾਝ ਮਃ ੨)

੩. ਨ੍ਹਾਵਾਂ ਸਨਾਨ ਕਰਾਂ. "ਤੀਰਥਿ ਨਾਵਾ ਜੇ ਤਿਸੁ ਭਾਵਾ." (ਜਪੁ) ੪. ਦੇਖੋ, ਨਾਮਾ.

ਨਾਂਵਾਂ: ਨਾਮਾਂ. ਨਾਮ. ਜਿਵੇਂ- ਉਸ ਦਾ ਨਾਂਵਾਂ ਕਿਤਾਬ ਤੇ ਚੜ੍ਹਿਆ ਹੋਇਆ ਹੈ। ੨. ਹਿਸਾਬ ਜਿਵੇਂ- ਮੈਂ ਉਸ ਦਾ ਨਾਂਵਾਂ ਚੰਗੀ ਤਰਾਂ ਵੇਖਲਿਆ ਹੈ.

ਨਾਵਾਰੇ: ਨ੍ਹਾਵ੍ਹਾਏ. ਨੁਲ੍ਹਾਏ। ੨. ਨ੍ਹਵਾਵੇ. ਸਨਾਨ ਕਰਕੇ. ਵੇ "ਹਰਿ ਅੰਮ੍ਰਿਤਸਰਿ ਨਾਵਾਰੇ." (ਨਟ ਅਃ ਮਃ ੪)

ਨਾਵਾਲਿ: ਕ੍ਰਿ ਵਿ- ਨ੍ਹਵਾਕੇ. ਸਨਾਨ ਕਰਾਕੇ. ਧੋਕੇ. "ਪੂਜ ਕਰੇ ਰਖੈ ਨਾਵਾਲਿ." (ਵਾਰ ਸਾਰ ਮਃ ੧)

ਨਾਵਾਲਿਅ: ਸਨਾਨ ਕਰਾਇਆ. ਨ੍ਹਵਾਲਿਆ. ਨੁਲ੍ਹਾਇਆ. "ਜਲਿ ਮਲਿ ਜਾਨੀ ਨਾਵਾਲਿਆ." (ਵਡ ਮਃ ੧. ਅਲਾਹਣੀ) ਜਲ ਨਾਲ ਮਲਕੇ ਜਾਂਵੀ (ਮੁਰਦਾ) ਨ੍ਹਵਾਇਆ.

ਨਾਵਿਕ: ਦੇਖੋ, ਨਾਵਕ। ੨. ਸੰ. ਸੰਗਯਾ- ਨਾਵ (ਨੌਕਾ) ਚਲਾਉਣ ਵਾਲਾ, ਮਲਾਹ. ਕੇਵਟ. ਕਣਕਧਾਰ.

ਨਾਵੈ: ਸਨਾਨ ਕਰਦਾ ਹੈ. ਨ੍ਹਾਉਂਦਾ ਹੈ. "ਹਰਿਨਾਮਿ ਨਾਵੈ ਸੋਈ ਜਨੁ ਨਿਰਮਲੁ." (ਸਾਰ ਅਃ ਮਃ ੩)

੨. ਨਾਮ. ਦੇਖੋ, ਨਾਵ ੧. "ਨਾਵੈ ਕਾ ਵਾਪਾਰੀ ਹੋਵੈ." (ਮਾਰੂ ਸੋਲਹੇ ਮਃ ੩) ੩. ਨਾਮ ਦਾ, ਦੇ. "ਹਉਮੈ ਨਾਵੈ ਨਾਲਿ ਵਿਰੋਧੁ ਹੈ." (ਵਡ ਮਃ ੩)

ਨਾੜਾ: ਸੰਗਯਾ- ਨਾੜੀਆਂ ਦਾ ਰੱਸਾ. ਚੰਮ ਦੀਆਂ ਵੱਧਰੀਆਂ ਦਾ ਵੱਟਿਆ ਹੋਇਆ ਰੱਸਾ। ੨. ਨਾਲਾ. ਇਜ਼ਾਰਬੰਦ.

ਨਾੜਿ, ਨਾੜਿਕਾ, ਨਾੜੀ: ਸੰ. ਨਾਡਿ- ਨਾਡਿਕਾ. ਸੰਗਯਾ- ਰਗ. Artery। ੨. ਨਬਜ। ੩. ਥੋਥੀ ਨਲਕੀ। ੪. ਨਾੜੀਆਂ (ਆਂਦਰਾਂ) ਦੀ ਵੱਟੀਹੋਈ ਰੱਸੀ. ਚਮੜੇ ਦੀ ਰੱਸੀ।

੫. ਛੀ ਕਣ (ਖਿਨ) ਭਰ ਸਮਾਂ, ਕਿਤਨਿਆਂ ਨੇ ਅੱਧਾ ਮੁਹੂਰਤ ਨਾੜੀ ਮੰਨਿਆ ਹੈ.

ਨਿ: ਸੰ. ਵਯ- ਇਹ ਇੱਕ ਉਪਸਰਗ ਹੈ, ਜੋ ਸ਼ਬਦਾਂ ਦੇ ਮੁੱਢ ਲਗਕੇ- ਵਿਸ਼ੇਸ਼, ਸਦੈਵ, ਨਿਸ਼ੇਧ, ਚੰਗੀ ਤਰਾਂ, ਅੰਦਰ ਆਦਿ ਅਨੇਕ ਅਰਥ ਪ੍ਰਗਟ ਕਰਦਾ ਹੈ, ਜਿਵੇਂ- ਨਿਗਮ, ਨਿਗ੍ਰਹ, ਨਿਦਸ਼ੰਨ, ਨਿਦੇਸ਼, ਨਿਆਣਾ, ਨਿਖਾਲਸ ਆਦਿ.

ਨਿਃ: ਦੇਖੋ, ਨਿਹ.

ਨਿਉ: ਸੰਗਯਾ- ਨੀਵ. ਬੁਨਿਯਾਦ. ਨਿਉਂ ਨੀਂਹ।

੨. ਕ੍ਰਿ. ਵਿ- ਨੰਮ੍ਰ ਹੋਕੇ. ਝੁਕਕੇ। ੩. ਯੌਂ. ਐਸੇ. ਇਸ ਤਰਹਿ. ਇਵੇਂ। ੪. ਨਿਉਣਾ ਦਾ ਅਮਰ. ਨੰਮ੍ਰ ਹੋ.

ਨਿਉਜਾ: ਦੇਖੋ, ਨੇਵਜਾ.

ਨਿਉਣਾ: ਕ੍ਰਿ- ਨਮਨ, ਝੁਕਣਾ, ਨਮਸਕਾਰ ਕਰਨੀ. ਨੰਮ੍ਰ ਹੋਣਾ.

ਨਿਉਤਾ, ਨਿਉਂਦਾ: ਸੰਗਯਾ- ਨਿਮੰਤ੍ਰਣ. "ਪਠਯੋ ਮ੍ਰਿਗਵਾ, ਕਹਿ" ਕੇਹਰਿ ਨਿਉਤਾ." (ਕ੍ਰਿਸਨਾਵ)

੨. ਸ਼ਾਦੀ ਆਦਿ ਸਮੇਂ ਵਿੱਚ ਬੁਲਾਏ ਹੋਏ ਸੰਬੰਧੀ ਅਤੇ ਮਿਤ੍ਰਾਂ ਵੱਲੋਂ ਦਿੱਤੀ ਹੋਈ ਰਕ਼ਮ.

ਨਿਉਰ: ਦੇਖੋ, ਨਿਵਲ.

ਨਿਉਰਾ: ਦੇਖੋ, ਨਿਉਲਾ.

ਨਿਉਲ: ਦੇਖੋ, ਨਿਉਲਾ ਅਤੇ ਨਿਵਲ.

ਨਿਉਲਾ: ਸੰਗਯਾ- ਨਕੁਲ. ਨੇਵਲਾ. Ishneumon.

ਨਿਉਲੀ: ਸੰ. ਨੌਲਿ. ਸੰਗਯਾ- ਇੱਕ ਯੋਗਕ੍ਰਿਯਾ, ਜਿਸ ਦਾ ਤਰੀਕਾ ਇਹ ਹੈ- ਦੋਵੇਂ ਕੰਨ੍ਹੇ ਨੀਵੇਂ ਕਰਕੇ ਪਿੱਠ ਦਾ ਵਲ ਕੱਢਕੇ ਸਿੱਧਾ ਬੈਠਣਾ, ਅਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ, ਖੱਬੇ, ਹੇਠ ਉੱਪਰ ਇਸ ਤਰਾਂ ਚਲਾਉਣਾ. ਜਿਵੇਂ ਮਟਕੇ ਵਿੱਚ ਮਧਾਣੀ ਨਾਲ ਦਹੀਂ ਫੇਰੀਦਾ. "ਨਿਉਲੀ ਕਰਮ ਕਰੈ ਬਹੁ ਆਸਨ." (ਸੁਖਮਨੀ) ੨. ਨਿਉਲੇ ਦੀ ਮਦੀਨ. ਨਕੁਲੀ.

ਨਿਉਲੀਕਰਮ: ਦੇਖੋ, ਨਿਉਲੀ ੧.

ਨਿਅਮਤ: ਦੇਖੋ, ਨਿਆਮਤ.

ਨਿਅਰ: ਵਜ- ਨਿਕਟ. ਪਾਸ. ਸਮੀਪ. ਦੇਖੋ, ਅੰ. near.

ਨਿਅਰਾਨਾ: ਕ੍ਰਿ- ਨੇੜੇ ਆਉਣਾ. ਸਮੀਪ ਪਹੁਚਣਾ।

੨. ਨੇੜੇ (ਪਾਸ) ਆਇਆ.

ਨਿਆਉ, ਨਿਆਂਉ, ਨਿਆਇ: ਸੰ. ਨ੍ਯਾਯ. ਸੰਗਯਾ- ਇਨਸਾਫ਼.

ਅ਼ਦਲ. ਨਿਆਂ. "ਤੇਰੈ ਘਰਿ ਸਦਾ ਸਦਾ ਹੈ ਨਿਆਉ." (ਆਸਾ ਮਃ ੫)

"ਰਾਜਸਿੰਘਾਸਨ ਸਜੰਦਨ ਬੈਠਕੇ ਸੂਰਨ ਕੋ ਨ੍ਰਿਪ ਨਿਆਉਂ ਚੁਕਾਯੋ." (ਕ੍ਰਿਸਨਾਵ) "ਕਹੂੰ ਨਿਆਇ ਰਾਜਵਿਭੂਤਿ." (ਅਕਾਲ)

ਨਿਆਈ: ਸੰ. न्यायिन. ਵਿ- ਨਿਆਂ ਕਰਨ ਵਾਲਾ. ਆਦਿਲ. "ਹਰਿ ਸਚਾ ਨਿਆਈ." (ਵਾਰ ਬਿਲਾ ਮਃ ੪) ੨. ਤੁਲ੍ਯ. ਸਮਾਨ. "ਪਸੁ ਕੀ ਨਿਆਈ ਸੋਇਓ." (ਸੋਰ ਮਃ ੯) ੩. ਫ਼ਾ. نیائی ਨ- ਆਈ. ਤੂ ਨਾ ਆਇਆ।

ਨਿਆਈਂ: ਸੰਗਯਾ- ਪਿੰਡ ਦੇ ਕੋਲ ਦੀ ਜ਼ਮੀਨ. ਗੋਇਰਾ। ੨. ਦੇਖੋ, ਨਿਆਈ ੨.

ਨਿਆਸ: ਦੇਖੋ, ਨ੍ਯਾਸ.

ਨਿਆਜ਼: ਫ਼ਾ. نیاز ਸੰਗਯਾ- ਲੋੜ. ਇੱਛਾ।

੨. ਸਾਧੂ ਅਥਵਾ ਦੇਵਤਾ ਦੀ ਭੇਟਾ ਪੂਜਾ. "ਕਰੋ ਕਬੂਲ ਨਿਆਜ ਘਨੇਰੀ." (ਗੁਪ੍ਰਸੂ) ੩. ਵਿਨਯ. ਪ੍ਰਾਰਥਨਾ, ਬੇਨਤੀ.

ਨਿਆਜੀ: ਵਿ- ਨਿਵਾਜ਼ ਅਰਪਣ ਵਾਲਾ. ਦੇਖੋ, ਨਿਆਜ਼। ੨. ਸੰਗਜਾ- ਨਸੀਰ ਗਿਲਜਈ ਪਠਾਣਾਂ ਦੀ ਇੱਕ ਜਾਤਿ. "ਲੋਂਦੀ ਸੁਰ ਨਿਆਜੀ ਚਲੇ." (ਚਰਿਤ੍ਰ ੨੯੭)

ਨਿਆਣਾ: ਵਿ- ਨਹੀਂ ਹੈ ਗਜਾਨ ਜਿਸ ਨੂੰ. ਅਗਜਾਨੀ. ਅਜਾਣ। ੨. ਸੰਗਜਾ- ਬਾਲਕ। ੩. ਦੁੱਧ ਚੋਣ ਵੇਲੇ ਪਸ਼ੂ ਦੇ ਪਿਛਲੇ ਪੈਰਾਂ ਵਿੱਚ ਪਾਈ ਹੋਈ ਰੱਸੀ. ਦੇਖੋ, ਨਹਨ.

ਨਿਆਫ਼ਤ: ਫ਼ਾ. نیافت ਨਾ- ਯਾਫ਼ਤ. ਨਾ ਪਾਇਆ. ਦੇਖੋ, ਯਾਫ਼ਤਨ.

ਨਿਆਮਤ, ਨਿਆਮਤਿ: ਅ਼. نعمت ਨਿਅ਼ਮਤ ਸੰਗਜਾ- ਬਖ਼ਸ਼ਿਸ਼, ਦੇਖੋ, ਵਲੀਨਿਆਮਤਿ। ੨. ਮਾਲ. ਧਨ। ੩. ਰੋਜ਼ੀ ਉਪਜੀਵਿਕਾ.

ਨਿਆਯਦ: ਦੇਖੋ. ਨਾਯਦ.

ਨਿਆਰਉ, ਨਿਆਰਾ: ਵਿ- ਅਲਗ, ਜੁਦਾ, ਵੱਖ, "ਹਰਖ ਸੋਗ ਤੇ ਰਹੈ ਨਿਆਰਉ." (ਸੋਰ ਮਃ ੯)

ਨਿਆਰੀਆ: ਸੰਗਯਾ- ਸੁਨਿਆਰ ਦੀ ਸੁਆਹ ਵਿੱਚੋਂ ਚਾਂਦੀ ਸੋਨਾ ਨਿਆਰਾ (ਵੱਖ) ਕਰਨ ਵਾਲਾ, ਡਾਵਲਾ,

ਨਿਆਵ: ਸੰਗਜਾ- ਨਜਾਯ, ਇਨਸਾਫ਼, ਨਿਆਂ, ਅ਼ਦਲ, "ਰਾਜੇ ਚੁਲੀ ਨਿਆਵ ਕੀ." (ਵਾਰ ਸਾਰ ਮਃ ੧)

ਨਿਅੰਤਾ: ਪ੍ਰੇਰਕ, ਦੇਖੋ, ਨਯੰਤਾ.

ਨਿਸ: ਸੰ, निश, ਧਾ- ਧਜਾਨਪਰਾਇਣ ਹੋਣਾ, ਸਮਾਧਿ ਲਾਉਣੀ। ੨. ਸੰਗਜਾ- ਰਾਤ੍ਰਿ. ਰਾਤ, ਦੇਖੋ, L. No). "ਨਿਸਦਿਨ ਸੁਨਿਕੈ ਪੁਰਾਨ, ਸਮਝਤ ਨਹਿ ਰੇ ਅਜਾਨ,"(ਜੈਜਾ ਮਃ ੯) ੩. ਦੇਖੋਂ, ਨਿਹ.

ਨਿਸ਼ਸਤ: ਫ਼ਾ. نشست ਸੰਗਜਾ- ਬੈਠਣ ਦਾ ਭਾਵ, ਬੈਠਕ

ਨਿਸ਼ਸਤਹ: ਫ਼ਾ. نشسته ਬੈਠਾ ਹੋਇਆ, ਸ੍ਥਿਤ, "ਦੋਨੋ ਚਸ਼ਮ ਕੁਸ਼ਾਦ ਨਿਸਸਤਹ ਸਾਮ੍ਹੇ." (ਨਾਪ੍ਰ)

ਨਿਸ਼ਸਤਨ: ਫ਼ਾ. نشستن ਕ੍ਰਿ- ਬੈਠਣਾ, ਸ੍ਥਿਤ ਹੋਣਾ.

ਨਿਸਕਚੀ: ਇਹ ਨਕਸ਼ਚੀਂ ਦਾ ਰੁਪੰਤਰ ਹੈ, ਖੋਜੀ, ਸੁਰਾਗ਼ ਲੈਣ ਵਾਲਾ, ਪੈੜੂ, ਦੇਖੋ, ਨਕਸ਼ਚੀਂ "ਤਬੈ ਸ਼ਾਹ ਨਿਸਕਚੀ ਦੁੜਾਏ." (ਪ੍ਰਾਪੰਪ੍ਰ)

ਨਿਸਕਪਟ: ਸੰ, निष्कपट, ਵਿ- ਕਪਟ ਰਹਿਤ, ਛਲ ਬਿਨਾ, ਸਰਲ.

ਨਿਸਕਰ: ਚੰਦ੍ਰਮਾ, ਦੇਖੋ, ਨਿਸਾਕਰ.

ਨਿਸਕਰਸ, ਨਿਸਕਰਖ: ਸੰ, निष्कर्ष, ਸੰਗਜਾ- ਨਿਚੋੜ, ਸਾਰ ਤੱਤ ! ੨. ਨਿਸ਼ਚਾ, ਯਕੀਨ, ਸ਼੍ਰੱਧਾ.

ਨਿਸਕਲ: ਸੰ, निष्कल, ਵਿ- ਚੇਸ਼੍ਟਾ ਰਹਿਤ, ਹਰਕਤ ਬਿਨਾ। ੨. ਸੰਗਜਾ- ਪਾਰਬ੍ਰਹਮ, ਕਰਤਾਰ।

੩. ਵ੍ਰਿੱਧ ਅਵਸਥਾ ਵਾਲਾ, ਜੋ ਤੁਰ ਫਿਰ ਨਹੀਂ ਸਕਦਾ, ਦੇਖੋ, ਸਿਹਜਾਸਣੀ। ੪. ਵਿ- ਕਲਾਹੀਨ.

ਨਿਸਕਲੰਕ: ਸੰ, निष्कलङ्क. ਵਿ- ਕਲੰਕ ਬਿਨਾ, ਨਿਰਦੋਸ਼.

ਨਿਸਕਾਮ: ਸੰ, निष्काम, ਵਿ- ਕਾਮਨਾ ਰਹਿਤ, ਇੱਛਾ ਬਿਨਾ।੨ ਕਾਮਨਾ ਬਿਨਾ ਕੀਤਾਹੋਇਆ ਕਰਮ.

ਨਿਸਕਾਮੀ: ਸੰ, निष्कामिन, ਵਿ- ਉਹ ਪੁਰਖ ਜਿਸ ਵਿੱਚ ਕਾਮਨਾ ਨਾ ਹੋਵੇ, ਇੱਛਾ ਰਹਿਤ.

ਨਿਸਕੰਟਕ: ਸੰ, निष्कणटक, ਵਿ- ਕੰਟਕ (ਵੈਰੀ) ਬਿਨਾ। ੨. ਕਲੇਸ਼ ਬਿਨਾ, ਦੁੱਖ ਰਹਿਤ.

ਨਿਸਕ੍ਰਮਣ: निष्क्रमणा, ਸੰਗਯਾ- ਬਾਹਰ ਜਾਣ ਦੀ ਕ੍ਰਿਯਾ, ਅੱਗੇ ਵਧਣਾ, ਨਿਕਲਣਾ.

ਨਿਸਕ੍ਰਿਤਿ: ਸੰ, निष्कृति, ਸੰਗਯਾ- ਛੁਟਕਾਰਾ, ਨਿਸ੍ਤਾਰ, ੨. ਪ੍ਰਾਯਸ਼੍ਚਿਤ, ਪਾਪ ਮਿਟਾਉਣ ਲਈ ਕੀਤਾ ਪੁੰਨਕਰਮ.

ਨਿਸਖਣ: ਵਿ- ਮੂਲੋਂ ਖਾਲੀ, ਬਿਲਕੁਲ ਖਾਲੀ, "ਮਹਿਲ ਨਿਸਖਣ ਰਹਿ ਗਏ." (ਸ. ਫਰੀਦ) ਦੇਖੋ, ਸਖਣਾ.

ਨਿਸਚਉ: ਦੇਖੋ, ਨਿਸਚਯ.

ਨਿਸਚਹਾ: ਵਿ- ਨਿਸ਼ਾਚਰਹਾ ਦਾ ਸੰਖੇਪ, ਰਾਖਸ ਮਾਰਨ ਵਾਲਾ,"ਤਿਮਰਰਿ ਬਲ ਵ੍ਰਿਤ ਨਿਸਚਹਾ ਕਹਿ ਸੁਤ ਬਹੁਰ ਉਚਰਾ। ਆਯੁਧੁਚਰ ਸ੍ਰੀ ਬਾਨ ਕੇ ਨਿਕਸਹਿਂ ਨਾਮ ਅਪਾਰ,"(ਸਨਾਮਾ) ਤੁਮ੍ਰ (ਦੈਤਯ) ਅਰਿ, ਬਲ ਅਤੇ ਵ੍ਰਿਤ੍ਰ ਨਿਸ਼ਾਚਰਹਾ ਇੰਦ੍ਰ, ਉਸ ਦਾ ਪੁਤ੍ਰ ਅਰਜੁਨ, ਉਸ ਦਾ ਸ਼ਸਤ੍ਰ ਤੀਰ.

ਨਿਸਚਯ: निश्चय, ਸੰਗਯਾ- ਯਕੀਨ, ਵਿਸ਼੍ਵਾਸ, ਭਰੋਸਾ।੨ ਬਿਨਾ ਸੰਸੇ ਗ੍ਯਾਨ। ੩. ਦ੍ਰਿੜ (ਪੱਕਾ) ਸੰਕਲਪ.

ਨਿਸਚਰ: ਦੇਖੋ, ਨਿਸਾਚਰ.

ਨਿਸਚਲ: ਸੰ, निश्चल, ਵਿ- ਅਚਲ, ਜੋ ਆਪਣੇ ਥਾਂ ਤੋਂ ਨਾ ਹਿੱਲੇ.

ਨਿਸਚਲਦਾਸ: ਦੇਖੋ, ਦਾਦੂ.

ਨਿਸਚਾ: ਦੇਖੋ, ਨਿਸਚਯ.

ਨਿਸਚਿਤ: ਸੰ, निश्चित, ਵਿ- ਨਿਰਣੇ ਕੀਤਾ ਹੋਇਆ। ੨. ਨਿਸ਼ਚੇ ਕੀਤਾ, "ਬਹੁਤ ਦੇਰ ਮਹਿ ਨਿਸਚਿਤ ਕਰਜੋ." (ਗੁਪ੍ਰਸੂ)

ਨਿਸਚਿੰਤ: ਸੰ, निश्चिन्त, ਵਿ- ਚਿੰਤਾ ਰਹਿਤ ਬੇਫ਼ਿਕਰ.

ਨਿਸਚੇ: ਕ੍ਰਿ ਵਿ- ਯਕੀਨਨ

ਨਿਸਚੌ: ਦੇਖੋ, ਨਿਸਚਯ। ੨. ਦੇਖੋ, ਨਿਹਚੌ.

ਨਿਸਟ: ਦੇਖੋ, ਨਸ਼੍ਟ। ੨. ਸੰ, नेष्ट, ਨ- ਇਸ਼੍ਟ, ਜੋ ਪ੍ਯਾਰਾ ਨਹੀਂ। ੩. ਦੇਖੋ, ਨਿਸ਼੍ਟ.

ਨਿਸਠੁਰ: ਸੰ. निष्ठुर, ਵਿ- ਕਰੜਾ, ਸਖ਼ਤ. ੨. ਦਯਾਰਹਿਤ, ਬੇਰਹ਼ਮ.

ਨਿਸਤਰਣ: ਸੰ, निस्तरणा, ਸੰਗਯਾ- ਪਾਰ ਜਾਣ ਦੀ ਕ੍ਰਿਯਾ, ਤਰਕੇ ਪਾਰ ਲੰਘਣ ਦਾ ਕਰਮ।੨ ਛੁਟਕਾਰਾ, ਮੋਕ੍ਸ਼, ਉੱਧਾਰ, "ਤਿਨਕੈ ਸੰਗਿ ਨਾਨਕ ਨਿਸਤਰੀਐ."

(ਜੈਤ ਮਃ ੫) "ਐਸੇ ਦੁਰਮਤਿ ਨਿਸਤਰੇ, ਤੂ ਕਿਉ ਨ ਤਰਹਿ ਰਵਿਦਾਸ?" (ਕੇਦਾ) "ਸਬਦਿ ਨਿਸਤਰੈ ਸੰਸਾਰਾ." (ਮਾਰੂ ਸੋਲਹੇ ਮਃ ੩)

ਨਿਸਤਰਿ: ਨਿਸ੍ਤਰਣ ਹੋਕੇ, "ਹ਼ਰਿ ਸਿਮਰਤ ਜਨ ਗਏ ਨਿਸਤਰਿ ਤਰੇ." (ਆਸਾ ਰਵਿਦਾਸ) ਕਰਤਾਰ ਨੂੰ ਸਿਮਰਦੇ ਹਰਿਜਨ, ਭਵਸਾਗਰ ਤਰਕੇ ਪਾਰ ਹੋ ਗਏ, ਦੇਖੋ, ਨਿਸਤਰਣ.

ਨਿਸਤਾਰ, ਨਿਸਤਾਰਾ: ਸੰ, निस्तार, ਸੰਗਯਾ- ਪਾਰ ਹੋਣ ਦਾ ਭਾਵ, ਤਰਕੇ ਪਾਰ ਹੋਣ ਦੀ ਕ੍ਰਿਯਾ। ੨. ਛੁਟਕਾਰਾ, ਉੱਧਾਰ, ਮੋਕ੍ਸ਼, "ਤੁਮਾਹੀ ਤੇ ਮੇਰੋ ਨਿਸਤਾਰ," (ਬਿਲਾ ਕਬੀਰ)"ਹਲਤਿ ਪਲਤਿ ਸਦਾ ਕਰੇ ਨਿਸਤਾਰਾ,"(ਵਾਰ ਵਡ ਮਃ ੪) ੩. ਜਹਾਜ਼, "ਗੁਰ ਕੇ ਚਰਨ ਜੀਅ ਕਾ ਨਿਸਤਾਰਾ। ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ." (ਧਨਾ ਮਃ ੫)

ਨਿਸਤਾਰੀ: ਵਿ- ਨਿਸ੍ਤਾਰਕ, ਪਾਰ ਕਰਨ ਵਾਲਾ, "ਉੱਧਾਰਕ, "ਹਰਿ ਹਰਿ ਨਿਸਤਾਰੀ." (ਵਾਰ ਗੂਜ ੧. ਮਃ ੩)

ਨਿਸੱਤਾ: ਵਿ- ਸੱਤਾ ਰਹਿਤ, ਅਸਾਰ, ਅਸਤਜ, "ਕੁਟੰਬ ਸਭ ਨਦੀਨਾਵਸੰਜੋਗ ਨਿਸੱਤਾ." (ਭਾਗੁ)

ਨਿਸਤ੍ਰਿੰਸ: ਸੰ, निस्त्रिश, ਸੰਗਜਾ- ਉਹ ਖੜਗ, ਜੋ ਤੀਹ ਉਂਗਲਾਂ ਤੋਂ ਲੰਬਾਈ ਵਿੱਚ ਵੱਧ ਹੋਵੇ। ੨. ਵਿ- ਦਯਾਰਹਿਤ, ਬੇਰਹ਼ਮ.

ਨਿਸਤ੍ਰਿੰਸਨੀ: ਸੰਗਜਾ- ਨਿਸਤ੍ਰਿੰਸ. (ਖੜਗ) ਧਾਰਨ ਵਾਲੀ, ਸੈਨਾ. (ਸਨਾਮਾ)

ਨਿਸਤ੍ਰੇ: ਨਿਸ੍ਤਰੇ, ਨਿਸ੍ਤਾਰ ਨੂੰ ਪ੍ਰਾਪਤ ਹੋਏ, ਪਾਰ ਹੋਏ, ਮੁਕ੍ਤ ਹੋ, ਦੇਖੋ, ਨਿਸਤਾਰ, "ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ." (ਮਾਰੂ ਸੋਹਲੇ ਮਃ ੫)

ਨਿਸਦਨ: ਸੰ, निषद्न, ਸੰਗਜਾ- ਬੈਠਣ ਦੀ ਕ੍ਰਿਯਾ। ੨. ਨਿਵਾਸ, ਰਹਾਇਸ਼, "ਸੁਬੁੱਧਿ ਨਿਸਦਨੀ." (ਰਾਮਾਵ)

ਨਿਸਦਿਨ: ਕ੍ਰਿ, ਵਿ- ਨਿਸ਼ਿਦਿਨ, ਰਾਤ ਦਿਨ, ਨਿਰੰਤਰ, ਸਦਾ, ਨਿਤ੍ਯ, "ਨਿਸਦਿਨ ਸੁਨਿਕੈ ਪੁਰਾਨ ਸਮਝਤ ਨਹਿ ਰੇ ਅਜਾਨ !"(ਜੈਜਾ ਮਃ੯)

ਨਿਸਧ: ਸੰ, ਨਿਸ਼ਧ, ਸੰਗਜਾ- ਕਮਾਊਂ ਦੇਸ਼ ਦਾ ਇੱਕ ਹਿੱਸਾ, ਕਿਸੇ ਸਮੇਂ ਇਹ ਰਾਜਾ ਨਲ (ਦਮਯੰਤੀ ਦੇ ਪਤਿ) ਦੇ ਅਧਿਕਾਰ ਵਿੱਚ ਸੀ.[712]

ਨਿਸ਼ਧਪਤਿ: ਰਾਜਾ ਨਲ, ਜੋ ਨਿਸ਼ਧ ਦੇਸ਼ ਦਾ ਸ੍ਵਾਮੀ ਸੀ.

ਨਿਸਨ: ਦੇਖੋ, ਨਿਸ੍ਵਨ.

ਨਿਸਨਾਇਕ, ਨਿਸਨਾਥ, ਨਿਸਨਾਯਕ: ਸੰਗਜਾ- ਨਿਸ਼ਾਨਾਥ, ਰਾਤ੍ਰਿ ਦਾ ਸ੍ਵਾਮੀ ਚੰਦ੍ਰਮਾ.

ਨਿਸਨਾਯਕ ਭਗਨੀ: ਸੰਗਜਾ- ਨਿਸ਼ਾ ਦਾ ਸ੍ਵਾਮੀ ਚੰਦ੍ਰਮਾ, ਉਸ ਦੀ ਭੈਣ ਚੰਦ੍ਰਭਾਗਾ ਨਦੀ. (ਸਨਾਮਾ)

ਨਿਸਪਤਿ: ਸੰਗਜਾ- ਨਿਸ਼ਾਪਤਿ, ਰਾਤ ਦਾ ਸ੍ਵਾਮੀ ਚੰਦ੍ਰਮਾ.

ਨਿਸਪੱਤਿ: ਸੰ, निष्पत्ति, ਸੰਗਜਾ- ਸਮਾਪਤੀ, ਅੰਤ। ੨. ਕਾਮਯਾਬੀ, ਸਿੱਧਿ। ੩. ਸਿੱਧਾਂਤ, ਨਿਚੋੜ। ੪. ਨਿਸ਼ਚਾ, ਯਕੀਨ.

ਨਿਸਪਲਕ: ਵਿ- ਪਲਕ ਝਮਕਣ ਤੋਂ ਬਿਨਾ, ਅੱਖ ਝਮਕਣ ਤੋਂ ਬਿਨਾ,"ਚਖੁ ਨਿਸਪਲਕ ਥਿਰਜੋਰਹਿ ਆਗੇ," (ਗੁਪ੍ਰਸੂ) ੨. ਸੰਗਜਾ- ਦੇਵਤਾ, ਜੋ ਅੱਖ ਨਹੀਂ ਝਮਕਦਾ.

ਨਿਸਪਾਪ: ਸੰ, निष्पाप, ਵਿ- ਪਾਪਰਹਿਤ, ਦੋਸ਼ ਰਹਿਤ.

ਨਿਸਪਾਲ, ਨਿਸਪਾਲਿਕਾ: ਸੰ, ਨਿਸ਼ਿਪਾਲ, ਇੱਕ ਛੰਦ, ਲੱਛਣ- ਚਾਰ ਚਰਣ, ਪ੍ਰਤਿ ਚਰਣ, ਭ, ਜ, ਸ, ਨ, ਰ, SI, IS, IIS, III, SIS.

ਉਦਾਹਰਣ-

ਧਾਇ ਭਟ ਆਇ ਰਿਸ ਖਾਇ ਅਸਿ ਝਾਰਹੀਂ,

ਸ਼ੋਰ ਕਰ ਜੋਰ ਸਰ ਤੋਰ ਅਰਿ ਡਾਰਹੀਂ,

---

[712] ਕਰਨਲ ਟਾਡ ਨੇ ਨਿਸਧ ਮਾਰਵਾਰ ਦਾ ਇਲਾਕਾ ਦੱਸਿਆ ਹੈ. ਕਈ ਵਿਦ੍ਵਾਨ ਖਿਆਲ ਕਰਦੇ ਹਨ ਕਿ ਵਰਤਮਾਨ ਨਰਵਰ ਸ਼ਬਦ ਨਲਪੁਰ ਤੋਂ ਵਿਗੜਕੇ ਬਣਿਆ ਹੈ, ਇਹ ਗਵਾਲੀਅਰ ਤੋਂ ਚਾਲੀ ਮੀਲ ਦੱਖਣ ਪੱਛਮ ਹੈ. ਦੇਖੋ, ਨਰਵਰ.

ਪ੍ਰਾਨ ਤਜ ਪੈ ਨ ਭਜ ਭੁਮਿਰਣ ਸੋਭਹੀਂ,

ਪੇਖ ਛਬਿ ਦੇਖ ਦੁਤਿ? ? ? ਲੋਭਹੀਂ. (ਕਲਕੀ)

ਨਿਸਪੰਦ: ਸੰ, निष्पन्द, ਵਿ- ਬਿਨਾ ਕੰਪ, ਅਡੋਲ, ਚੰਚਲਤਾ ਰਹਿਤ, "ਤੁਮੇਵ ਨਿਸਪੰਦ ਸਪੰਦਸ੍ਯ." (ਸਲੋਹ) ਤੂੰ ਹੀ ਅਡੋਲ ਅਤੇ ਚੰਚਲ ਹੈਂ.

ਨਿਸਪ੍ਰਯੋਜਨ: ਸੰ, निष्प्रयोजन, ਵਿ- ਬਿਨਾ ਮਤ਼ਲਬ, ਵਜਰਥ, ਨਿਰਰਥਕ.

ਨਿਸਪ੍ਰਿਹ, ਨਿਸਪ੍ਰੇਹ, ਨਿਸਪ੍ਰੇਹੀ: ਸੰ, निष्पृह, ਵਿ- ਇੱਛਾ ਰਹਿਤ, ਕਾਮਨਾ ਰਹਿਤ.

ਨਿਸਫ਼: ਅ਼. نصف ਨਿਸਫ਼, ਵਿ- ਅੱਧਾ, ਅਰਧ.

ਨਿਸਫਲ: ਸੰ, निष्फल, ਵਿ, ਫਲ ਰਹਿਤ, ਵਜਰਥ, ਬੇਫ਼ਾਇਦਾ। ੨. ਸੰਗਜਾ- ਧਾਨਾਂ ਦੀ ਪਰਾਲੀ। ੩. ਖੱਸੀ ਅੰਡਕੋਸ਼ ਰਹਿਤ.

ਨਿਸਬਤ: ਅ਼. نسبت ਸੰਗਜਾ- ਸੰਬੰਧ, ਤਅ਼ੱਲੁਕ਼। ੨. ਵਿਆਹ ਦਾ ਸੰਬੰਧ, ਮੰਗਣੀ। ੩. ਤੁਲਨਾ, ਤੁਲਜਤਾ, ਸਮਾਨਤਾ.

ਨਿਸਬਾਸਰ, ਨਿਸਬਾਸਰੁ: ਕ੍ਰਿ ਵਿ- ਨਿਸ਼ਿਵਾਸਰ, ਰਾਤਦਿਨ. ਸਦਾ, ਨਿਤਜ, ਨਿਸਬਾਸਰ ਬਿਖਿਅਨ ਕਉ ਧਾਵਤ." (ਸੋਰ ਮਃ੯)"ਨਿਸਬਾਸੁਰ ਭਜੁ ਤਾਹਿ ਮੀਤ." (ਬਸੰ ਮਃ ੯)

ਨਿਸਰਣ: ਸੰ, निःसरण, ਸੰਗਜਾ- ਅੱਗੇ ਵਧਣ ਦੀ ਕ੍ਰਿਯਾ, "ਸੰਘਰ ਨਿਸਰ ਆਏ ਭਟ ਜਿਤੇ." (ਸਲੋਹ) "ਨਿਸਰ ਚਲੇ ਸਾਯਕ ਜਨੁ ਛੂਟੇ." (ਰਾਮਾਵ) ੨. ਨਿਕਲਣ ਦਾ ਭਾਵ, ਨਿਕਾਸ। ੩. ਚੁਇਣਾ, ਟਪਕਣਾ,"ਕਰ ਮਹਿ ਅੰਮ੍ਰਿਤੁ ਆਨਿ ਨਿਸਾਰਿਓ." (ਆਸਾ ਮਃ੫)

ਨਿਸਰਾਟ: ਸੰਗਜਾ- ਨਿਸ਼ਾਨਾਥ, ਰਾਤ੍ਰੀ ਦਾ ਰਾਜਾ, ਚੰਦ੍ਰਮਾ, (ਸਨਾਮਾ)

ਨਿਸਰਾਟ ਭਗਨੀ: ਚੰਦ੍ਰਮਾ ਦੀ ਭੈਣ ਚੰਦ੍ਰਭਾਗਾ ਨਦੀ. (ਸਨਾਮਾ)

ਨਿਸਰਿ: ਸੰਗਜਾ- ਨਿਸ਼ਾ- ਅਰਿ, ਰਾਤ ਦਾ ਵੈਰੀ, ਸੂਰਜ, "ਦਿਵਕਰ ਦਿਨਪਤਿ ਨਿਸਰਿ ਭਨ."(ਸਨਾਮਾ)

ਨਿਸਰੁ: ਸੰ, ਨਿਸ੍ਰ, ਵਹਿਣਾ, ਟਪਕਣਾ, ਚੁਇਣਾ.

ਨਿਸਲ, ਨਿਸਲੁ: ਸੰ, निःशल्प, ਵਿ- ਬਿਨਾ ਘਾਵ। ੨. ਦੁੱਖ ਬਿਨਾ, ਕਲੇਸ਼ ਰਹਿਤ, ਬੇਫ਼ਿਕਰ, "ਸਉ ਨਿਸਲ ਜਨ ਟੰਗ ਧਰਿ,"(ਵਾਰ ਬਿਲਾ ਮਃ੪) "ਹੋਇ ਨਚਿੰਦ ਨਿਸਲੁ ਹੋਇ ਰਹੀਐ." (ਵਾਰ ਵਡ ਮਃ੪)

ਨਿਸਾ: ਸੰਗਜਾ- ਤਸੱਲੀ, ਸੰਤੋਖ, "ਤੁਮਰੀ ਨਿਸਾ ਹੋਇ ਹੈ ਤਬ ਹੀ," (ਨਾਪ੍ਰ) ੨. ਸੰ. ਨਿਸ਼ਾ, ਰਾਤ੍ਰਿ, "ਨਿਸਾ ਨਿਸਿਨਾਥ ਜਾਨੈ," (ਰਾਮਾਵ) ੨. ਅ਼. نساء ਇਸਤ੍ਰੀਆਂ, ਨਾਰੀਆਂ.

ਨਿਸਾਸ, ਨਿਸਾਸਾ: ਸੰ, निःश्वास, ਸੰਗਜਾ- ਬਾਹਰ ਨੂੰ ਸਾਹ ਕੱਢਣ ਦੀ ਕ੍ਰਿਯਾ। ੨. ਹਾਹੁਕਾ, ਉੱਭਾ ਸਾਹ, ਠੰਢਾ ਸ੍ਵਾਸ। ੩. ਦੇਖੋ, ਨਿਸਾਸੋ ੨.

ਨਿਸਾਸੋ: ਦੇਖੋ, ਨਿਸਾਸਾ। ੨. ਨਿਃ ਸੰਸ਼ਯ, ਵਿ- ਬਿਨਾ ਸ਼ੱਕ, "ਕਰਤ ਨਿਸਾਸੋ ਉਰ ਨਿਸਚੈ ਉਦਾਰ ਕੋ."(ਗੁਪ੍ਰਸੂ)

ਨਿਸ਼ਾਸ੍ਤਾ: ਫ਼ਾ. نشاسته ਨਸ਼ਾਸ੍ਤਹ, ਇਸ ਦਾ ਮੂਲ ਨਿਸ਼ਾਂਦਨ (ਬੈਠਾਉਣਾ) ਹ, ਕਣਕ ਦਾ ਗੁੱਦਾ ਪਾਣੀ ਦੇ ਥੱਲੇ ਬੈਠਾਕੇ ਬਣਾਇਆ ਹੋਇਆ ਬਾਰੀਕ ਮੈਦਾ, ਨਸ਼ਾਸਤੇ ਦੀਆਂ ਪਿੰਨੀਆਂ ਬਣਾਕੇ ਬਹੁਤ ਲੋਕ ਸਰਦੀਆਂ ਵਿੱਚ ਤਾਕਤ ਲਈ ਖਾਂਦੇ ਹਨ.

ਨਿਸਾਹੰਤ: ਸੰ, निशाहन्तृ, ਸੰਗਯਾ- ਰਾਤ ਦੇ ਨਾਸ਼ ਕਰਨ ਵਾਲਾ, ਸੂਰਜ. (ਸਨਾਮਾ)

ਨਿਸਾਂਕ: ਸੰ, नि:शङ्क- ਨਿਃ ਸ਼ੰਕ, ਵਿ- ਨਿਡਰ,"ਕਛੇ ਕਾਛਨੀ ਤੇ ਸਭੈ ਹੀ ਨਿਸਾਂਕੇ."(ਚਰਿਤ੍ਰ ੨)

ਨਿਸਾਕਰ: ਸੰਗਯਾ- ਨਿਸ਼ਾਕਰ, ਚੰਦ੍ਰਮਾ। ੨. ਦੇਖੋ, ਸਵੈਯੇ ਦਾ ਰੂਪ ੪.

ਨਿਸਾਗਮ: ਨਿਸ਼ਾ- ਆਗਮਨ, ਰਾਤ ਦਾ ਆਉਣਾ, ਰਾਤ ਪੈਣੀ। ੨. ਸੰਝ ਦਾ ਵੇਲਾ.

ਨਿਸਾਚਰ: ਸੰਗਯਾ- ਨਿਸ਼ਾਚਰ, ਰਾਤ ਨੂੰ ਵਿਚਰਣ ਵਾਲਾ, ਰਾਕ੍ਸ਼। ੨. ਗਿੱਦੜ। ੩. ਉੱਲੂ।੪ ਸਰਪ, ਸੱਪ। ੫. ਚਕਵਾ।੬ ਚੋਰ।੭ ਬਿੱਲਾ।੮ ਸ਼ਿਵ। ੯. ਚੰਦ੍ਰਮਾ. (ਸਨਾਮਾ)

ਨਿਸਾ ਚਰਮ: ਡਿੰਗ, ਸੰਗਯਾ- ਹਨੇਰਾ, ਅੰਧਕਾਰ.

ਨਿਸਾਚਰੀ: ਸੰਗਯਾ- ਨਿਸ਼ਾਚਰੀ, ਨਿਸਾਚਰ ਦਾ ਇਸਤ੍ਰੀ ਲਿੰਗ। ੨. ਰਾਤ ਨੂੰ ਫਿਰਨ ਵਾਲੀ ਰਾਖਸੀ। ੩. ਵਿਭਚਾਰ ਕਰਨ ਵਾਲੀ ਇਸਤ੍ਰੀ, ਕੁਲਟਾ.

ਨਿਸਾਚਾਰੀ: ਸੰ, निशाचारिन, ਵਿ- ਰਾਤ ਨੂੰ ਫਿਰਨ ਵਾਲਾ। ੨. ਸੰਗਯਾ- ਰਾਖਸ਼। ੩. ਸ਼ਿਵ। ੪. ਦੇਖੋ, ਨਿਸਾਚਰ.

ਨਿਸਾਜਲ: ਸੰਗਯਾ- ਨਿਸ਼ਾ ਦਾ ਪਾਣੀ, ਓਸ, ਸ਼ਬਨਮ, ਤ੍ਰੇਲ.

ਨਿਸਾਣ: ਦੇਖੋ, ਨਿਸ਼ਾਨ.

ਨਿਸਾਣੀ: ਚਿੰਨ੍ਹ, ਲੱਛਣ, ਦੇਖੋ, ਨਿਸ਼ਾਨੀ, "ਪਰਉਪਕਾਰ ਵਿਕਾਰ ਨਿਸਾਣੀ." (ਭਾਗੁ)

ਨਿਸ਼ਾਤ, ਨਿਸ਼ਾਤ੍: ਅ. نشاط ਸੰਗਯਾ- ਪ੍ਰਸੰਨਤਾ, ਖੁਸ਼ੀ। ੨. ਤਾਜ਼ਗੀ.

ਨਿਸ਼ਾਂਤ: ਸੰਗਯਾ- ਨਿਸ਼ਾ- ਅੰਤ, ਰਾਤ ਦੀ ਸਮਾਪਤੀ ਦਾ ਵੇਲਾ, ਭੁਨਸਾਰ, ਭੋਰ, ਤੜਕਾ। ੨. ਘਰ, ਨਿਵਾਸ ਦਾ ਅਸਥਾਨ। ੩. ਵਿ- ਬਹੁਤ ਹੀ ਸ਼ਾਂਤ.

ਨਿਸ਼ਾਦ: ਦੇਖੋ, ਨਿਖਾਦ.

ਨਿਸ਼ਾਂਦਨ: ਫ਼ਾ. نشاندن ਕ੍ਰਿ- ਬੈਠਾਉਣਾ, ਬੈਠਾਨਾ.

ਨਿਸ਼ਾਨ: ਫ਼ਾ. نشان ਸੰਗਯਾ- ਝੰਡਾ, ਧ੍ਵਜ, ਰਿਆਸਤਾਂ ਅਤੇ ਧਰਮਾਂ ਦੇ ਨਿਸ਼ਾਨ ਵੱਖ- ਵੱਖ ਹੋਇਆ ਕਰਦੇ ਹਨ, ਜਿਸ ਤੋਂ ਉਨ੍ਹਾਂ ਦੀ ਭਿੰਨਤਾ ਜਾਣੀ ਜਾਂਦੀ ਹੈ, ਸਿੰਘਾਂ (ਖਾਲਸੇ) ਦੇ ਨਿਸ਼ਾਨ ਦੇ ਸਿਰ ਖੜਗ (ਖੰਡੇ) ਦਾ ਚਿੰਨ੍ਹ ਹੋਇਆ ਕਰਦਾ ਹੈ ਅਤੇ ਫਰਹਰਾ ਬਸੰਤੀ ਰੰਗ ਦਾ ਹੁੰਦਾ ਹੈ। ੨. ਚਿੰਨ੍ਹ। ੩. ਲਕ੍ਸ਼ਣ (ਲੱਛਣ), ੪. ਸ਼ਾਹੀ ਫ਼ਰਮਾਨ। ੫. ਤਮਗ਼ਾ। ੬. ਸੰਗੀਤ ਅਨੁਸਾਰ ਲੰਮਾ ਨਗਾਰਾ, ਜਿਸ ਦਾ ਭਾਂਡਾ ਤਿੰਨ ਹੱਥ ਦਾ ਗਹਿਣਾ (ਡੂੰਘਾ) ਹੋਵੇ, ਪਰ ਹੁਣ ਨਿਸ਼ਾਨ ਸ਼ਬਦ ਨਗਾਰੇਮਾਤ੍ਰ ਵਾਸਤੇ ਵਰਤੀਦਾ ਹੈ, "ਲਘੁ ਨਿਸਾਨ ਅਰੁ ਬਜੀ ਨਫੀਰੀ," (ਗੁਪ੍ਰਸੂ) "ਬਜਯੋ ਨਿਸਾਨ ਇਹ ਜੰਬੁ ਦੀਪ,"(ਗ੍ਯਾਨ) ੭. ਸੰ. ਨਿਸ਼ਾਨ, ਤਿੱਖਾ (ਤੇਜ਼) ਕਰਨਾ.

ਨਿਸ਼ਾਨ ਸਾਹਿਬ: ਦੇਖੋ, ਝੰਡਾ ੧.

ਨਿਸ਼ਾਨਚੀ: ਸੰਗਯਾ- ਨਿਸ਼ਾਨ (ਝੰਡਾ) ਰੱਖਣ ਵਾਲਾ, ਨਿਸ਼ਾਨ ਬਰਦਾਰ.

ਨਿਸ਼ਾਨ ਵਾਲੀ ਮਿਸਲ: ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇੱਕ ਮਿਸਲ, ਜਿਸ ਦੇ ਜਥੇਦਾਰ ਸਰਦਾਰ ਸੰਗਤ ਸਿੰਘ, ਮੋਹਰ ਸਿੰਘ, ਦਸੋਂਧਾ ਸਿੰਘ, ਭੰਗਾ ਸਿੰਘ ਜਿਲਾ ਫ਼ਿਰੋਜ਼ਪੁਰ ਦੇ ਮਨਸੂਰਵਾਲ ਪਿੰਡ ਦੇ ਸ਼ੇਰਗਿੱਲ ਜੱਟ ਸਿੰਘ ਸਨ. ਜਦ ਕਿਧਰੇ ਖ਼ਾਲਸੇ ਦਾ ਧਰਮ ਯੁੱਧ ਹੁੰਦਾ, ਤਦ ਇਸ ਮਿਸਲ ਦੇ ਸਰਦਾਰ ਝੰਡੇ ਫੜ ਸਭ ਤੋਂ ਅੱਗੇ ਹੋ ਤੁਰਦੇ. ਇਸ ਲਈ ਇਸ ਮਿਸਲ

ਦਾ ਨਾਉਂ ਨਿਸ਼ਾਨ ਵਾਲੀ ਪੈ ਗਿਆ. ਇਸ ਦੀ ਰਾਜਧਾਨੀ ਅੰਬਾਲਾ ਸੀ. ਹੁਣ ਅੰਬਾਲੇ ਜਿਲੇ ਵਿੱਚ ਸ਼ਾਹਬਾਦੀਏ ਸਰਦਾਰ, ਲੁਧਿਆਨਾ ਜਿਲੇ ਦੇ ਲੱਧੜ ਸਰਦਾਰ, ਫ਼ਿਰੋਜ਼ਪੁਰ ਜਿਲੇ ਮਨਸੂਰਵਾਲੇ ਦੇ ਰਈਸ ਅਤੇ ਇ਼ਲਾਕ਼ੇ ਨਾਭੇ ਦੀ ਸੌਂਟੀ ਵਾਲੇ ਸਰਦਾਰ, ਇਸੇ ਮਿਸਲ ਵਿੱਚੋਂ ਹਨ.

ਨਿਸ਼ਾਨਾ: ਫ਼ਾ. نشانہ ਸੰਗਜਾ- ਲਕ੍ਸ਼ ਜਿਸ ਉੱਪਰ ਸ਼ਿਸ੍ਤ ਬੰਨ੍ਹਕੇ ਸ਼ਸਤ੍ਰ ਦਾ ਵਾਰ ਕੀਤਾ ਜਾਵੇ.

ਨਿਸ਼ਾਨਾਥ: ਰਾਤ ਦਾ ਸ੍ਵਾਮੀ, ਚੰਦ੍ਰਮਾ.

ਨਿਸਾਨੀ, ਨਿਸ਼ਾਨੀ: ਫ਼ਾ. نشانی ਨਸ਼ਾਨੀ, ਸੰਗਜਾ- ਚਿੰਨ੍ਹ. ਅ਼ਲਾਮਤ। ੨. ਹਸ੍ਤਾਕ੍ਸ਼ਰ, ਸਹੀ. "ਪਰੀ ਨਿਸਾਨੀ ਰਾਵਰ ਹਾਥ਼" (ਗੁਪ੍ਰਸੂ) ੩. ਇੱਕ ਛੰਦ, ਇਸਦਾ ਨਾਮ "ਉਪਮਾਨ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੦. ਪੁਰ, ਅੰਤ ਦੋ ਗੁਰੁ.

ਉਦਾਹਰਣ-

ਭਲੀ ਸੁਹਾਵੀ ਛਾਪਰੀ, ਜਾਮਹਿ ਗੁਨ ਗਾਏ,

ਕਿਤਹੀ ਕਾਮਿ ਨ ਧਉਲਹਰ, ਜਿਤੁ ਹਰਿ ਬਿਸਰਾਏ. (ਸੂਹੀ ਮ: ੫)

ਦੇਖੋ, ਪਉੜੀ ਦਾ ਭੇਦ ੧੧.

ਨਿਸਾਪਤਿ, ਨਿਸਾਮਣਿ: ਸੰਗਜਾ- ਨਿਸ਼ਾ (ਰਾਤ੍ਰਿ) ਦਾ ਸ੍ਵਾਮੀ- ਚੰਦ੍ਰਮਾ. ਰਾਤ ਨੂੰ ਸ਼ੋਭਾ ਦੇਣ ਵਾਲਾ.

ਨਿਸਾਰ: ਸੰਗਜਾ- ਜਲ ਦੇ ਨਿ: ਸਰਣ (ਨਿਕਲਣ) ਦਾ ਪਤਨਾਲਾ, ਖੂਹਾ ਦਾ ਪ੍ਰਨਾਲਾ, ਜਿਸ ਵਿੱਚ ਦੀਂ ਟਿੰਡਾਂ ਦਾ ਪਾਣੀ ਵਹਿੰਦਾਂ ਹੈ। ੨. ਸੰ. ਨਿ: ਸਾਰ, ਵਿ- ਸਾਰਰਹਿਤ, ਫੋਗ। ੩. ਅ਼. نثار ਨਿਸਾਰ, ਸੰਗਜਾ- ਨਸਰ (ਬਿਖੇਰਨ) ਦੀ ਕ੍ਰਿਯਾ, ਨਿਛਾਵਰ, ਸਰਕ਼ੁਰਬਾਨੀ, ਵਾਰਨਾ.

ਨਿਸਾਰਿਓ: ਦੇਖੋ, ਨਿਸਰਣ ਅਤੇ ਨਿਸਰੁ.

ਨਿਸਿ: ਸੰ, ਨਿਸ਼ਿ, ਸੰਗਜਾ- ਰਾਤ, ਰਜਨੀ, "ਅਹਿਨਿਸਿ ਜਪੀ ਸਦਾ ਸਾਲਾਹੀ." (ਸੂਹੀ ਛੰਦ ਮ: ੪) ੨. ਹਲਦੀ.

ਨਿਸਿਸ: ਨਿਸ਼ੇਸ਼, ਚੰਦ੍ਰਮਾ, ਦੇਖੋ, ਨਿਸੇਸ.

ਨਿਸਿਸਭਗਾ: ਸੰਗਜਾ- ਨਿਸ਼ੇਸ਼ (ਚੰਦ੍ਰਮਾ) ਦੀ ਭੈਣ, ਚੰਦ੍ਰਭਾਗਾ ਨਦੀ. (ਸਨਾਮਾ)

ਨਿਸਿਤ: ਸੰ, ਨਿਸ਼ਿਚ. ਵਿ- ਤਿੱਖਾ, ਤੇਜ਼। ੨. ਇੱਛਾ ਵਾਲਾ.

ਨਿਸਿਨਾਦ: ਸੰਗਜਾ- ਸ਼ਿਕਾਰੀ ਦਾ ਰਾਤ ਦੇ ਸਮੇਂ ਵਜਾਇਆ ਵਾਜਾ, ਅਹੇੜੀ ਦਾ ਘੰਟਾ, "ਜਿਉ ਕੁਰੰਕ ਨਿਸਿਨਾਦ ਬਾਲਹਾ." (ਧਨਾ ਨਾਮਦੇਵ)

ਨਿਸਿਪਾਲ, ਨਿਸਿਪਾਲਕ: ਸੰਗਜਾ- ਰਾਤ੍ਰਿ ਦੇ ਪਾਲਨ ਵਾਲਾ ਚੰਦ੍ਰਮਾ। ੨. ਦੇਖੋ, ਨਿਸਪਾਲ.

ਨਿਸ਼ਿਪੁਸ਼੍ਪੀ: ਦੇਖੋ, ਰਜਨੀਗੰਧਾ.

ਨਿਸਿਬਾਸੁਰ: ਰਾਤ ਦਿਨ, ਨਿਰੰਤਰ, ਦੇਖੋ, ਨਿਸ-

ਨਿਸਿਵਾਸਰ: ਬਾਸਰ, "ਨਿਸਿਬਾਸੁਰ ਜਪਿ ਨਾਨਕ ਦਾਸ."(ਗੌਂਡ ਮ: ੫)

ਨਿਸੀ: ਸੰਗਜਾ- ਨਿਸ਼ਿ, ਰਾਤ੍ਰਿ, ਰਾਤ, "ਸੂਹਾ ਰੰਗ ਸੁਪਨੇ ਨਿਸੀ,"(ਵਾਰ ਸੂਹੀ ਮ:੩) ਰਾਤ ਦੇ ਸੁਪਨੇ ਤੁੱਲ ਹੈ.

ਨਿਸੀਲ: ਵਿ- ਦੁ: ਸ਼ੀਲ, ਬਿਨਾ ਸ਼ੀਲ, ਬਦਚਲਨ। ੨. ਸ਼ਾਂਤ ਸੁਭਾਉ ਬਿਨਾ.

ਨਿਸੁਰ: ਸੰ, ਨਿਸ੍ਵਨ, ਸੰਗਯਾ- ਸ਼ਬਦ, ਧੁਨਿ, ਆਵਾਜ਼, "ਨਿਸੁਨ ਨਾਦ ਡਹਡੱਹ ਡਾਮਰੁ." (ਚਰਿਤ੍ਰ ੧)

ਨਿਸੁੰਭ: ਸੰ, निशुम्भ, ਕਸ਼ਯਪ ਦੇ ਵੀਰਯ ਤੋਂ ਦਨੁ ਦੇ ਉਦਰੋਂ, ਪੈਦਾ ਹੋਇਆ ਦਾਨਵ, ਇਹ ਸ਼ੁੰਭ ਦਾ ਛੋਟਾ ਭਾਈ ਸੀ, ਦੇਖੋ, ਨਮੁਚਿ ੨.

ਨਿਸੂਲ: ਦੇਖੋ, ਨਿਸਲ.

ਨਿਸੂਦਨ: ਸੰ, ਸੰਗਯਾ- ਮਾਰਨਾ, ਵਧ ਕਰਨਾ, ਨਾਸ਼, ਦੇਖੋ, ਸੂਦਨ। ੨. ਵਿ- ਜਦ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਤਦ ਮਾਰਨ ਵਾਲਾ (ਵਿਨਾਸ਼ਕ) ਅਰਥ ਦਿੰਦਾ ਹੈ, ਜਿਵੇਂ ਕੰਸਨਿਸੂਦਨ.

ਨਿਸੇਸ: ਸੰਗਯਾ- ਨਿਸ਼ਿ- ਈਸ਼, ਨਿਸ਼ੇਸ਼, ਰਾਤ੍ਰਿ ਦਾ ਸ੍ਵਾਮੀ ਚੰਦ੍ਰਮਾ.

ਨਿਸੇਸਾਨਨੀ: ਵਿ- ਨਿਸ਼ੇਸ਼ (ਚੰਦ੍ਰਮਾ) ਜੇਹਾ ਹੈ ਜਿਸ ਦਾ ਆਨਨ (ਮੁਖ), ਚੰਦ੍ਰਮੁਖੀ.

ਨਿਸੋਕ, ਨਿਸੋਗ: ਸੰ, ਨਿਃ ਸ਼ੋਕ, ਵਿ- ਸ਼ੋਕਰਹਿਤ, ਬਿਨਾ ਰੰਜ, ਖੁਸ਼, ਪ੍ਰਸੰਨ.

ਨਿਸੋਤ: ਵਿ- ਜੋ ਨਹੀਂ ਹੈ ਸੰਯੁਕ੍ਤ, ਬਿਨਾ ਮਿਲਾਵਟ, ਖ਼ਾਲਿਸ, ਜਿਵੇਂ- ਨਿਸੋਤ ਪਾਣੀ। ੨. ਨਿਸ੍ਰਿਤ, ਫੈਲਿਆ ਹੋਇਆ, ਚਸ਼ਮੇ ਤੋਂ ਤਾਜ਼ਾ ਨਿਕਲਿਆ। ੩. ਦੇਖੋ, ਨਿਸੋਥ.

ਨਿਸੋਥ: ਸੰ, त्रिवृत, ਤ੍ਰਿਵੀ, ਇੱਕ ਬੂਟੀ ਜੋ ਬਹੁਤ ਕਰਕੇ ਜੁਲਾਬ ਲਈ ਵਰਤੀਦੀ ਹੈ, ਇਸ ਦੀ ਤਾਸੀਰ ਗਰਮ ਖੁਸ਼ਕ ਹੈ, ਪੇਟ ਦੇ ਰੋਗ, ਕਿਰਮ, ਕਫ ਆਦਿ ਦੂਰ ਕਰਦੀ ਹੈ, ਸਟਕਾ (ਪਾਂਡੁ ਰੋਗ), ਸੰਗ੍ਰਹਣੀ, ਲਿੱਫ, ਤਾਪ ਮਿਟਾਉਂਦੀ ਹੈ, ਚਿੱਟੀ ਨਿਸੋਥ ਸਾਰੀਆਂ ਵਿੱਚੋਂ ਉੱਤਮ ਹੁੰਦੀ ਹੈ. L. Ipomoea Turpethum.

ਨਿਸੰਕ: ਸੰ, ਨਿਃ ਸ਼ੰਕ, ਵਿ- ਸ਼ੰਕਾ ਰਹਿਤ, ਨਿਡਰ, ਨਿਰਭਯ, "ਬਹੁਰਿ ਕਮਾਵਹਿ ਹੋਇ ਨਿਸੰਕ." (ਪ੍ਰਭਾ ਅਃ ਮਃ੫)

ਨਿਸੰਖ: ਵਿ- ਸ਼ੰਖ ਆਦਿ ਗਿਣਤੀ ਰਹਿਤ, ਬੇਸ਼ੁਮਾਰ, ਅਗਣਿਤ.

ਨਿਸੰਗ, ਨਿਸੰਗੁ, ਨਿਸੰਙ, ਨਿਸੰਙੁ: ਸੰ, ਨਿਃ ਸ਼ੰਕ, ਵਿ- ਸ਼ੰਕਾ ਰਹਿਤ, ਨਿਰਭਯ। ੨. ਨਿ: ਸੰਗ, ਬੇ ਲਾਗ, ਨਿਰਲੇਪ. "ਗੁਰਮੁਖਿ ਆਵੈ ਜਾਇ ਨਿਸੰਗੁ." (ਓਅੰਕਾਰ)"ਹਰਿ ਭੇਟਿਆ ਰਾਉ ਨਿਸੰਙੁ." (ਸੂਹੀ ਮਃ ੪)

ਨਿਸੰਤ: ਸੰਗਯਾ- ਸੂਰਜ, ਜੋ ਨਿਸ਼ਾ (ਰਾਤ੍ਰਿ) ਦਾ ਅੰਤ ਕਰਦਾ ਹੈ. "ਨਿਸੰਤ ਜੀਤ ਜੀਤ ਕੈ ਅਨੰਤ ਸੂਰਮਾ ਲਏ." (ਸੂਰਜਾਵ) ੨. ਦੇਖੋ, ਨਿਸ਼ਾਂਤ ੧.

ਨਿਸ਼੍ਕ: ਪੁਰਾਣੇ ਸਮੇਂ ਦਾ ਸੋਨੇ ਦਾ ਇੱਕ ਸਿੱਕਾ, ਜੋ ੧੬. ਮਾਸੇ ਦਾ ਹੋਇਆ ਕਰਦਾ ਸੀ. ਇਸ ਦਾ ਤੋਲ ਵੱਧ ਘੱਟ ਭੀ ਹੁੰਦਾ ਰਿਹਾ ਹੈ। ੨. ਦੇਖੋ, ਨਿਹਕ.

ਨਿਸ੍ਚਯ: ਦੇਖੋ, ਨਿਸਚਯ.

ਨਿਸ੍ਚਲ: ਦੇਖੋ, ਨਿਸਚਲ.

ਨਿਸ੍ਚਿਤ: ਦੇਖੋ, ਨਿਸਚਿਤ.

ਨਿਸ੍ਚਿੰਤ: ਦੇਖੋ, ਨਿਸਚਿੰਤ.

ਨਿਸ਼੍ਠ: ਵਿ- ਠਹਿਰਿਆ ਹੋਇਆ, ਸ੍ਥਿਤ। ੨. ਤਤਪਰ, ਲੱਗਿਆਹੋਇਆ.

ਨਿਸ਼੍ਠਾ: ਸੰਗਯਾ- ਠਹਿਰਾਉ, ਸਿਥਿਤ। ੨. ਨਿਸ਼੍ਚਯ. ਸ਼੍ਰੱਧਾ। ੩. ਮਨ ਦਾ ਲਗਾਉ.

ਨਿਸ਼੍ਠਤ: ਵਿ- ਨਿਸ਼੍ਠਾ ਯੁਕ੍ਤ, ਠਹਿਹਿਆ ਹੋਇਆ। ੨. ਨਿਸ਼ਚੇ ਵਾਲਾ, "ਅਜਰ ਜਰਨ ਨਿਸ੍ਠਤ ਬ੍ਰਹਮਗਯਾਨੀ." (ਗੁਪ੍ਰਸੂ)

ਨਿਸ਼੍ਠੁਰ: ਕਰੜਾ, ਦੇਖੋ, ਨਿਸਠੁਰ.

ਨਿਸ੍ਤਾਰ: ਦੇਖੋ, ਨਿਸਤਾਰ.

ਨਿਸ੍ਰੇਣੀ: ਸੰ, ਨਿਸ਼੍ਰੇਣੀ, ਸੰਗ੍ਯਾ- ਸੀਢੀ, ਪੌੜੀ।

ਨਿਸ੍ਰੇਨੀ: ਨਿਸ਼ਾਨੀ ਛੰਦ, ਦੇਖੋ, ਪਉੜੀ ਦਾ ਫੁਟਨੋਟ.

ਨਿਸ੍ਵਨ: ਦੇਖੋ ਨਿਸੁਨ.

ਨਿਹ: ਸੰ, ਨਿਸ੍, ਨਿਃ ਵ੍ਯ- ਇਹ ਨਿਸ਼ਧ ਅਤੇ ਵਿਸ਼ੇਸ਼ ਆਦਿ ਅਰਥਾਂ ਵਿੱਚ ਸ਼ਬਦ ਦੇ ਆਦਿ ਆਉਂਦਾ ਹੈ ਅਤੇ ਪੰਜਾਬੀ ਵਿੱਚ ਵਿਸਰਗਾਂ ਦੀ ਥਾਂ ਹਾਹਾ ਵਰਤਿਆ ਜਾਂਦਾ ਹੈ, ਦੇਖੋ, ਨਿਹਸੰਗ ਅਤੇ ਨਿਹਚਲ ਆਦਿ ਸ਼ਬਦ। ੨. ਫ਼ਾ. نہ ਨਹਿ, ਨਹੀਂ.

ਨਿਹਸਨੇਹ: ਵਿ- ਸਨੇਹ ਰਹਿਤ, ਬਿਨਾ, ਮੁਹੱਬਤ.

ਨਿਹਸਪੰਦ: ਦੇਖੋ, ਨਿਸਪੰਦ.

ਨਿਹਸਪ੍ਰਿਹ: ਦੇਖੋ, ਨਿਸਪ੍ਰਿਹ.

ਨਿਹਸਾਸਨ: ਵਿ- ਸ਼ਾਸਨ ਰਹਿਤ, ਦੰਡ ਬਿਨਾ। ੨. ਜਿਸ ਪੁਰ ਹੁਕੂਮਤ ਨਾ ਕੀਤੀ ਜਾ ਸਕੇ। ੩. ਦੇਖੋ, ਜਾਸਨਿ.

ਨਿਹਸਾਰ: ਦੇਖੋ, ਨਿਸਾਰ ੨.

ਨਿਹਸੰਸੇ: ਵਿ- ਸੰਸ਼ਯ ਰਹਿਤ. ਬਿਨਾ ਸ਼ੱਕ.

ਨਿਹਸੰਗ, ਨਿਹਸੰਗਾ: ਵਿ- ਨਿਃ ਸੰਗ. ਬੇਲਾਗ. "ਅਨਦ ਬਿਨੋਦੀ ਨਿਹਸੰਗਾ." (ਮਾਰੂ ਸੋਲਹੇ ਮਃ ੫)

ਨਿਹਸੰਦੇਹ: ਵਿ- ਬਿਨਾ ਸੰਸ਼ਯ. ਬਿਨਾ ਸ਼ੁਬਹ.

ਨਿਹਸ੍ਰਮ: ਵਿ- ਬਿਨਾ ਸ਼੍ਰਮ. ਥਕਾਣ ਰਹਿਤ. ਅਥੱਕ। ੨. ਬਿਨਾ ਮਿਹਨਤ.

ਨਿਹਸ੍ਰੇਣੀ: ਦੇਖੋ, ਨਿਸ੍ਰੇਣੀ.

ਨਿਹਸ੍ਵਾਰਥ: ਵਿ- ਖ਼ੁਦਗ਼ਰਜ਼ੀ ਬਿਨਾ.

ਨਿਹਕ: ਸੰ. ਨਿਸ਼੍ਕ. ਸੰਗ੍ਯਾ- ਜੜਾਊ ਗਹਿਣਾ। ੨. ਅਸ਼ਰਫੀ. ਦੀਨਾਰ। ੩. ਹੀਰਾ. "ਨਖਨ ਨਿਹਕ ਛਬਿਮੂਲ." (ਨਾਪ੍ਰ) "ਭਰਜੋ ਨਿਹਕ ਮੁਕਤਾ ਕੇ ਸਾਥਾ." (ਨਾਪ੍ਰ) ੪. ਸੋਨਾ। ੫. ਯੱਗ ਵਿੱਚ ਦੱਖਣਾ ਦੇਣ ਲਈ ਸੋਨੇ ਦਾ ਟੁਕੜਾ.[713]

ਨਿਹਕਪਟ: ਸੰ. ਨਿਸ਼੍ਕਪਟ. ਵਿ- ਬਿਨਾ ਛਲ. ਸਰਲ. "ਨਿਹਕਪਟ ਸੇਵਾ ਕੀਜੈ ਹਰਿ ਕੇਰੀ." (ਗੌਂਡ ਮਃ ੪)

ਨਿਹਕਰਮ, ਨਿਹਕਰਮਾ, ਨਿਹਕਰਮੀ: ਸੰ. ਨਿਸ਼੍ਕਰ੍ਮਨ. ਵਿ- ਜੋ ਕਰਮਾਂ ਵਿੱਚ ਲਿਪਤ ਨਾ ਹੋਵੇ. "ਕਰਮ ਕਰਤ ਹੋਵੈ ਨਿਹਕਰਮ." (ਸੁਖਮਨੀ) "ਹਉਮੈ ਕਰੈ ਨਿਹਕਰਮੀ ਨ ਹੋਵੈ." (ਮਾਝ ਅਃ ਮਃ ੩) ੨. ਨਿਕੰਮਾ। ਤੇ ਬਦਨਸੀਬ.

ਨਿਹਕਲਮਖ: ਸੰ. ਨਿਸ਼੍ਕਲ੍ਮਸ਼. ਵਿ- ਪਾਪਰਹਿਤ. ਨਿਰਦੋਸ਼.

ਨਿਹਕਲੰਕ, ਨਿਹਕਲੰਕੀ: ਸੰ. ਨਿਸ਼੍ਕਲਙ੍ਕ ਕਲੰਕ ਬਿਨਾ. ਦਾਗ਼ ਬਿਨਾ. ਨਿਰੰਜਨ। ੨. ਸੰਗ੍ਯਾ- ਕਲਕੀ ਅਵਤਾਰ. ਦੇਖੋ, ਕਲਕੀ.

---

[713] ਪੁਰਾਣੇ ਸਮੇ ਰਾਜੇ ਬ੍ਰਾਹਮਣਾਂ ਨੂੰ ਦੱਖਣਾ ਦੇਣ ਲਈ ਸੋਨੇ ਦੇ ਪਤ੍ਰੇ ਟੁਕੜੇ ਲੋੜ ਅਨੁਸਾਰ ਵਡੇ ਛੋਟੇ ਬਣਵਾ ਲੈਂਦੇ ਸਨ.

ਨਿਹਕਾਮ, ਨਿਹਕਾਮਾ, ਨਿਹਕਾਮੀ: ਸੰ. निष्काम. ਵਿ- ਕਾਮਨਾ ਰਹਿਤ. ਇੱਛਾ ਬਿਨਾ. "ਪ੍ਰਣਵੈ ਨਾਮਾ ਭਏ ਨਿਹਕਾਮਾ." (ਮਾਲੀ) "ਸੇਵਾ ਕਰਤ ਹੋਇ ਨਿਹਕਾਮੀ." (ਸੁਖਮਨੀ)

ਨਿਹਕਿੰਚਨ: ਸੰ. निष्किञ्चन. ਵਿ- ਕੰਗਾਲ. ਨਿਰਧਨ। ੨. ਸਰਵਤਯਾਗੀ. "ਨਿਹਕਿੰਚਿਨ ਨਿਹਕੇਵਲ ਕਹੀਐ." (ਮਾਰੂ ਸੋਲਹੇ ਮਃ ੫)

ਨਿਹਕੇਵਲ, ਨਿਹਕੇਵਲੁ: ਵਿ- ਦੂਜੇ ਦੀ ਸਹਾਇਤਾ ਬਿਨਾ। ੨. ਖ਼ਾਲਿਸ. ਸ਼ੁੱਧ। ੩. ਅਸੰਗ. ਨਿਰਲੇਪ. "ਆਸ ਅੰਦੇਸੇ ਤੇ ਨਿਹਕੇਵਲੁ." (ਵਾਰ ਆਸਾ) "ਦਰਸਨ ਦੇਖਿ ਭਈ ਨਿਹਕੇਵਲ." (ਸੂਹੀ ਛੰਤ ਮਃ ੧) ੪. ਸੰ. निश्कैवल्य- ਨਿਸ਼੍ਕੈਵਲਯ. ਨਿਸ਼ਚੇ ਕਰਕੇ ਕੇਵਲਪਨ ਵਾਲਾ. ਆਦਤੀ। ੫. ਪਰਮਸ਼ੁੱਧ.

ਨਿਹਕੰਟਕ: ਸੰ. निष्कण्टक. ਵਿ- ਨਿਰਵਿਘਨ। ੨. ਸਤ੍ਰ ਤੋਂ ਬਿਨਾ. "ਨਿਹਕੰਟਕ ਰਾਜੁ ਭੁੰਚਿ ਤੂੰ." (ਵਾਰ ਮਾਰੂ ੧. ਮਃ ੩)

ਨਿਹਕ੍ਰਮ: ਦੇਖੋ, ਨਿਹਕਰਮ। ੨. ਦੇਖੋ, ਨਿਸਕ੍ਰਮਣ.

ਨਿਹਕ੍ਰਾਂਤ: ਵਿ- ਕਾਂਤਿ (ਸ਼ੋਭਾ) ਬਿਨਾ। ੨. ਨਿਸ੍ਕ੍ਰਾਂਤ. ਨਿਕਲਿਆ ਹੋਇਆ. ਬਾਹਰ ਗਿਆ। ੩. ਹੱਦੋਂ ਟੱਪਿਆ.

ਨਿਹਚਉ: ਦੇਖੋ, ਨਿਸਚਯ. "ਗੁਰੁ ਪੂਰੇ ਤੇ ਇਹ ਨਿਹਚਉ ਪਾਈਐ." (ਗਉ ਥਿਤੀ ਮਃ ੫)

੨. ਕ੍ਰਿ. ਵਿ- ਬਿਨਾ ਸੰਸੇ. ਯਕ਼ੀਨਨ. "ਕਰਤਾ ਕਰੇ ਸੁ ਨਿਹਚਉ ਹੋਵੈ." (ਮਾਰੂ ਸੋਲਹੇ ਮਃ ੩)

ਨਿਹਚਲ: ਸੰ. निश्चल. ਵਿ- ਅਡੋਲ. ਅਚਲ. ਕ਼ਾਇਮ. "ਨਿਹਚਲ ਰਾਜ ਹੈ ਸਦਾ ਤਿਸ ਕੇਰਾ." (ਵਾਰ ਬਿਹਾ ਮਃ ੩) ੨. ਦੇਖੋ, ਨਿਹਚਲੁ ੨.

ਨਿਹਚਲਾਇਆ, ਨਿਹਚਲਾਧਾ: ਵਿ- ਨਿਸ਼੍ਚਲਤਾ ਵਾਲਾ. ਅਡੋਲ. ਅਚਲ. ਕ਼ਾਇਮ. "ਹਰਿਧਨ ਨਿਹਚਲਾਇਆ." (ਵਾਰ ਗੂਜ ੧. ਮਃ ੩) "ਇਕਿ ਸਾਥ ਬਚਨ ਨਿਹਚਲਾਧਾ." (ਸਾਰ ਮਃ ੫)

ਨਿਹਚਲੁ: ਦੇਖੋ, ਨਿਹਚਲ. "ਤੂੰ ਨਿਹਚਲੁ ਕਰਤਾ ਸੋਈ." (ਸੋਪੁਰਖੁ) ੨. ਅਤਿ ਚੰਚਲ. ਬਹੁਤ ਚਪਲ. "ਅਸਥਿਰੁ ਕਰੇ ਨਿਹਚਲੁ ਇਹੁ ਮਨੂਆ." (ਧਨਾ ਮਃ ੫) ਚਪਲ ਮਨ ਨੂੰ ਸਿਥਰ ਕਰੇ

ਨਿਹਚਾ: ਯਕੀਨ. ਭਰੋਸਾ. ਦੇਖੋ, ਨਿਸਚਯ.

ਨਿਹਚੇ: ਕ੍ਰਿ. ਵਿ- ਸਚਮੁਚ. ਠੀਕ. ਯਕ਼ੀਨਨ.

ਨਿਹਚੌ: ਕ੍ਰਿ. ਵਿ- ਬਿਨਾ ਸੰਸੇ. ਯਕੀਨਨ।

੨. ਨਿਸ਼ਚੇ ਨਾਲ. "ਕਹੁ ਨਾਨਕ ਨਿਹਚੌ ਧਿਆਵੈ." (ਵਾਰ ਆਸਾ)

ਨਿਹਟੇਵ: ਵਿ- ਖੋਟੀ ਬਾਣ ਤੋਂ ਬਿਨਾ. ਜਿਸ ਨੂੰ ਕੋਈ ਵ੍ਯਸਨ ਨਹੀਂ। ੨. ਰਸ ਦਾ ਤ੍ਯਾਗੀ. ਚਸਕੇ ਤੋਂ ਵਿਰਕਤ.

ਨਿਹਣ: ਸੰ. ਨਹਨ. ਸੰਗ੍ਯਾ- ਬੰਨ੍ਹਣ ਦੀ ਕ੍ਰਿਯਾ. ਬੰਧਨ. "ਸਚ ਕੂੜੈ ਲੈ ਨਿਹਣ ਬਹੰਦਾ." (ਭਾਗੁ) ਸੱਚ, ਝੂਠ ਨੂੰ ਬੰਨ੍ਹ ਕੇ ਬੈਠਾ ਲੈਂਦਾ ਹੈ.

ਨਿਹਤ: ਸੰ. ਵਿ- ਮਾਰਿਆ ਹੋਇਆ। ੨. ਪਛਾੜਿਆ. ਪਟਕਾਇਆ"ਨਿਹਤੇ ਪੰਜਿ ਜੁਆਨ ਮੈ." (ਸ੍ਰੀ ਮਃ ੫. ਪੈਪਾਇ) ਪੰਜੇ ਵਿਕਾਰ ਢਾਹ ਲਏ.

ਨਿਹਦ: ਫ਼ਾ. نہد ਰਖਦਾ ਹੈ.

ਨਿਹਨੱਦ: ਦੇਖੋ, ਨਨਾਦ. "ਨਾਗੜਦੀ ਨਾਦ ਨਿਹਨਦ." (ਰਾਮਾਵ) ੨. ਬਿਨਾ ਨਾਦ. ਧ੍ਵਨਿ ਰਹਿਤ.

ਨਿਹਪਗ: ਪੈਰ ਬਿਨਾ. ਪਾਦ ਰਹਿਤ। ੨. ਸੰ. ਜਿਞਪ੍ਰਜ੍ਞ- ਨਿਸ਼੍ਪ੍ਰਗਯ. ਮੂਰਖ. ਅਗ੍ਯਾਨੀ. ਭਾਵ- ਜਿਸ ਨੂੰ ਆਤਮ ਬੋਧ ਨਹੀਂ ਹੈ.

ਨਿਹਪਗਿ: ਨਿਸ਼੍ਪ੍ਰਗਯ ਲੋਕਾਂ (ਅਗ੍ਯਾਨੀਆਂ) ਦੀ. ਦੇਖੋ. ਨਿਹਪਗ ੨. "ਘਣੀ ਨਿਹਪਗਿ ਨਾਨਕਾ ਛਿੰਝ ਪਈ ਦਰਵਜਿ." (ਮਃ ੧. ਬੰਨੋ) ਯਮ ਦੇ ਦਰਵਾਜੇ ਅਗ੍ਯਾਨੀਆਂ ਦੀ ਬਹੁਤ ਛਿੰਝ ਪੈਂਦੀ ਹੈ.

ਨਿਹਫਲ, ਨਿਹਫਲੁ: ਦੇਖੋ, ਨਿਸਫਲ. "ਨਿਹਫਲ ਧਰਮ ਤਾਹਿ ਤੁਮ ਮਾਨੋ." (ਬਿਲਾ ਮਃ ੯)

"ਨਿਹਫਲੁ ਤਿਨਕਾ ਜੀਵਿਆ." (ਵਾਰ ਗੂਜ ੧. ਮਃ ੩) ੨. ਖੱਸੀ, ਜਿਸ ਦੇ ਫਲ (ਫ਼ੋਤੇ) ਨਹੀਂ.

ਨਿਹਭਾਗ, ਨਿਹਭਾਗੜੋ: ਵਿ- ਭਾਗ੍ਯ ਰਹਿਤ. ਅਭਾਗਾ. ਬਦਨਸੀਬ. "ਨਿਹਭਾਗੜੋ ਭਾਹਿ ਸੰਜੋਇਓ." (ਟੋਡੀ ਮਃ ੫)

ਨਿਹਮ: ਫ਼ਾ. نِہم ਮੈ ਰਖਦਾ ਹਾਂ. ਮੈ ਰੱਖਾਂ. ਮੈ ਰੱਖਾਂਗਾ. ਦੇਖੋ, ਨਿਹਾਦਨ.

ਨਿਹਮੇਵ: ਵਿ- ਅਹੰਤਾ ਰਹਿਤ. ਅਭਿਮਾਨ ਬਿਨਾ. ਹੌਮੈ ਦਾ ਤਜਾਗੀ.

ਨਿਹਲੀਆ: ਵਿ- ਨਿਹਾਲ ਹੋਇਆ. ਪੂਰਣਕਾਮ. ਦੇਖੋ, ਨਿਹਾਲ। ੨. ਨਿਹਾਰਿਆ. ਦੇਖਿਆ. "ਗਤਿ ਪਾਈ ਨਾਨਕ ਨਦਰਿ ਨਿਹਲੀਆ." (ਮਾਰੂ ਮਃ ੫)

ਨਿਹਾਂ: ਫ਼ਾ. نِہاں ਛਿਪਿਆ (ਲੁਕਿਆ) ਹੋਇਆ.

ਨਿਹਾਦ: ਫ਼ਾ. نِہاد ਵਿ- ਰੱਖਿਆ। ੨. ਸੰਗ੍ਯਾ- ਸ਼ਰੀਰ. ਜਿਸਮ। ੩. ਸੁਭਾਉ. ਖਸਲਤ.

ਨਿਹਾਦਨ: ਫ਼ਾ. نِہادن ਕ੍ਰਿ- ਰੱਖਣਾ. ਟਿਕਾਉਣਾ.

ਨਿਹਾਯਤ: ਅ਼. نِہایت ਵਿ- ਅਤਯੰਤ. ਬਹੁਤ ਜਾਦਾ.

ਨਿਹਾਰ: ਸੰਗ੍ਯਾ- ਨਿਗਾਹ. ਨਜ਼ਰ। ੨. ਭਾਵ- ਬਦਨਜ਼ਰ. "ਰਾਈ ਵਾਰਤ ਸਾਸ ਦਿਖ ਜਿਨ ਇਹ ਲਾਗ ਨਿਹਾਰ." (ਗੁਵਿ ੬) ੩. ਸੰ. ਨੀਹਾਰ. ਸ਼ਬਨਮ.

ਨਿਹਾਰਣ, ਨਿਹਾਰਨਾ: ਕ੍ਰਿ- ਨਿਭਾਲਨ. ਨਿਰੀਕ੍ਸ਼ਣ. ਦੇਖਣਾ. ਤੱਕਣਾ. "ਜਮ ਨਿਹਾਰੈ ਸਾਸਾ." (ਆਸਾ ਕਬੀਰ)

ਨਿਹਾਰੀ: ਦੇਖੀ. ਦੇਖੋ, ਨਿਹਾਰਨਾ। ੨. ਫ਼ਾ. نِہاری ਨਹਾਰੀ. ਸੰਗ੍ਯਾ- ਸਵੇਰ ਵੇਲੇ ਦਾ ਭੋਜਨ. ਹ਼ਾਜ਼ਰੀ.

ਨਿਹਾਲ: ਫ਼ਾ. نِہال ਵਿ- ਪੂਰਣਕਾਮ. ਕਾਮਯਾਬ. ਮੁਰਾਦਮੰਦ. "ਹਰਿ ਜਪਿ ਭਈ ਨਿਹਾਲ ਨਿਹਾਲ." (ਕਾਨ ਪੜਤਾਲ ਮਃ ੪) ੨. ਦੇਖੋ, ਨਿਹਾਰ ਅਤੇ ਨਿਹਾਰਨਾ. "ਸਾਲ ਤਮਾਲ ਬਡੇ ਜਹਿਂ ਬਜਾਲ ਨਿਹਾਲ ਤਨੈ ਕਛੁ ਨਾ ਡਰਪੈਹੋਂ" (ਚਰਿਤ੍ਰ ੯੧) ਉਨ੍ਹਾਂ ਨੂੰ ਦੇਖ ਕੇ ਜ਼ਰਾਭੀ ਨਹੀਂ ਡਰਾਂਗੀ.

ਨਿਹਾਲ ਸਿੰਘ: ਇਹ ਨਿਰਮਲ ਪੰਥ ਦੇ ਰਚਨ ਉੱਚ ਦਰਜੇ ਦੇ ਕਵੀ ਸਨ. ਆਪ ਦਾ ਨਿਵਾਸ ਲਾਹੌਰ ਚੂੰਨੀ ਮੰਡੀ ਵਿੱਚ ਬਾਬਾ ਖੁਦਾਸਿੰਘ ਜੀ ਦੀ ਧਰਮਸਾਲਾ ਪਾਸ ਗੋਬਿੰਦ ਕੁਟੀਆ ਵਿੱਚ ਸੀ. ਇਨ੍ਹਾਂ ਨੇ ਅਕਾਲ ਨਾਟਕ, ਨਿਰਮਲ ਪ੍ਰਭਾਕਰ ਅਤੇ ਸਿੱਖੀਪ੍ਰਭਾਕਰ ਆਦਿਕ ਅਨੇਕ ਉੱਤਮ ਗ੍ਰੰਥ ਲਿਖੇ ਹਨ. ਇਨ੍ਹਾਂ ਦੀ ਕਵਿਤਾ ਦੀ ਨਮੂਨਾ ਇਹ ਹੈ:-

ਕਬਿੱਤ

ਪ੍ਰਾਤ ਹੀ ਪਿਯੂਖ ਸਮੈਂ ਗਾਤ ਕੋ ਪੁਨੀਤ ਕੀਨ

ਚੀਤ ਕੋ ਨ ਜਾਨਦੇਤ ਨੈਕਹੂੰ ਵਿਕਾਰ ਮੈ,

ਆਸਨ ਕੋ ਸਾਧਕੈ ਅਰਾਧਕੈ ਅਗਾਧਮੰਤ੍ਰ

ਬਾਂਧਕੈ ਉਪਾਧਿ ਕੋ ਸਮਾਧਿ ਨਿਰਾਕਾਰ ਮੈ,

ਬਾਨੀ ਪ੍ਰਭੁ ਗ੍ਰੰਥ ਕੀ ਪ੍ਰਮੋਦ ਸੋਂ ਚਿਤਾਰੈ ਚਾਰੁ

ਕੰਜ ਜਯੋਂ ਅਲੇਪ ਹੈ ਸਦੀਵ ਜੋ ਵਿਹਾਰ ਮੈ,

ਨੰਮ੍ਰਤਾ ਉਦਾਰਤਾਈ ਭਾਵਨਾ ਅਕਾਲਪੰਥ

ਐਸੇ ਗੁਰਸਿੱਖ ਕੋ ਜੁਹਾਰੋਂ ਵਾਰ ਵਾਰ ਮੈ.

ਦੈਵੀਗੁਨ ਦੇਵ ਕੇ ਪ੍ਰਤਾਪ ਕੋ ਬਢਾਵੈ ਬੇਗ

ਸੁੰਭ ਸੇ ਪ੍ਰਮਾਦ ਕੋ ਬਿਦਾਰੈ ਸ਼ੰਭੁਦਾਰਾ[714] ਸੀ,

ਦਾਤੀ ਪਾਤਸ਼ਾਹੀ ਕੀ ਸੁਰਾਹੀ ਸੀ ਪਿਯੂਖ ਪੂਰੀ

ਤਾਂਬੋ ਚੀਤ ਸਜਾਹੀਕੋ ਇਲਾਹੀ ਖ਼ਾਕਪਾਰਾ ਸੀ,

ਤੀਨੋ ਤਾਪ ਸਾਪਨ ਕੇ ਝਾਪਨ ਕੋ ਜਾਪਨ ਸੀ

ਪਾਪਕਲਾ ਕਾਪਨ ਕੋ ਭਾਰੀ ਦਾਂਤ ਆਰਾ ਸੀ,

ਕਾਮ ਸੇ ਪ੍ਰਚੰਡ ਅਜਾਪੂਤਨ ਕੇ ਕਾਟਬੇ ਕੋ

ਸਿੱਖੀ ਜੋ ਅਕਾਲ ਕੀ ਸੋ ਤਿੱਖੀ ਤੇਗਧਾਰਾ ਸੀ.

੨. ਸਬਾਜਪੁਰ ਪਿੰਡ (ਜਿਲਾ ਅਮ੍ਰਿਤਸਰ) ਵਿੱਚ ਮੱਲ ਸਿੰਘ ਦੇ ਘਰ ਮਾਤਾ ਕੁਇਰਦੇਈ ਦੇ ਉਦਰ ਤੋਂ ਸੰਮਤ ੧੮੮੭ ਵਿੱਚ ਇਨ੍ਹਾਂ ਦਾ ਜਨਮ ਹੋਇਆ. ਛੋਟੀ ਉਮਰ ਵਿੱਚ ਹੀ ਮਾਤਾ ਦਾ ਦੇਹਾਂਤ ਹੋਜਾਣ ਤੋਂ ਨਾਨਾ ਸੁੱਖਾ ਸਿੰਘ ਅਤੇ ਨਾਨੀ ਕੁਇਰਾਂ ਨੇ ਅਮ੍ਰਿਤਸਰ ਵਿੱਚ ਨਿਹਾਲ ਸਿੰਘ ਜੀ ਦੀ ਪਾਲਨਾ ਕੀਤੀ. ਭਾਈ ਲਾਲ ਸਿੰਘ ਜੀ ਨਿਰਮਲੇ ਸਾਧੂ ਦੇ ਚਾਟੜੇ ਹੋਏ. ਗਯਾਨੀ ਰਾਮਸਿੰਘ ਜੀ ਤੋਂ ਕਾਵਜਗ੍ਰੰਥ ਪੜ੍ਹੇ. ਨਿਹਾਲ ਸਿੰਘ ਜੀ ਦੀ ਰਚਨਾ ਕਵੀਂਦ੍ਰਪ੍ਰਕਾਸ਼ ਗ੍ਰੰਥ[715] ਹੈ. ਇਨ੍ਹਾਂ ਦਾ ਦੇਹਾਂਤ ਸੰਮਤ ੧੯੪੩ ਵਿੱਚ ਹੋਇਆ. ਆਪ ਸੋਹਲਾਂ ਵਾਲੇ ਬੁੰਗੇ ਨਿਵਾਸ ਰੱਖਦੇ ਸਨ. ਇਨ੍ਹਾਂ ਦੀ ਕਵਿਤਾ ਇਹ ਹੈ–

ਉੱਜਲ ਭਈ ਹੈ ਬੁੱਧਿ ਪ੍ਰਭੁ ਗੁਨ ਗਾਵੈ ਸ਼ੁੱਧ

ਚੰਚਲਤਾ ਚਪਲਾ ਜਯੋਂ ਚਪਲ ਚਲੀ ਗਈ,

ਛੂਛੀ ਹਰਿਨਾਮ ਤੇ ਛਲੀਲੀ ਛਲਵੰਤਨ ਕੋ

ਐਸੀ ਪ੍ਰਾਕ ਮਤਿ ਹੁਤੀ ਛਿਨ ਸੋ ਛਲੀ ਗਈ,

ਗਯਾਨ ਕੀ ਅਗਨਿ ਕੇ ਪ੍ਰਭਾਵ ਕੈ ਨਿਹਾਲ ਸਿੰਘ

ਸੰਚਿਤ ਕਰਮਕ੍ਰਿਯਾ ਤ੍ਰਿਣ ਲੌਂ ਜਲੀ ਗਈ,

ਸਤਸੰਗ ਕੇ ਪ੍ਰਭਾਵ ਭਯੋ ਰਿਦਾ ਸ਼ੁੱਧ ਆਇ

ਸੁਧਾਸਰ ਨ੍ਹਾਇ ਪਾਂਤਿ ਪਾਪ ਕੀ ਦਲੀਗਈ.

---

[714] ਦੁਰਗਾ।

[715] ਇਹ ਗ੍ਰੰਥ ਸੋਹਲਾਂ ਵਾਲੇ ਬੁੰਗੇ ਗੁਲਾਮੀ ਮੌਜੂਦ ਹੈ, ਇਕ ਬੁੰਗਾ ਗੁਰੂ ਕੇ ਬਾਗ ਵਲ ਦੀ ਬਾਹੀ ਦੇ ਖੂੰਜੇ ਤੇ ਹੈ.

ਮੈਂਡਾ ਪ੍ਰਾਣਪਜਾਰਾ ਤੂੰ ਇਥਾਂਈਂ ਹੱਭ ਥਾਂਈਂ ਹਿੱਕੋ

ਤੈਂਡੇ ਪਾਸ ਬੇਨਤੀ ਮੈ ਥੀਵਾਂ ਸੰਤ ਦਾਸਰਾ,

ਸਾਥ ਵੰਞ ਵੰਞ ਵੈਂਦੇ ਡੇਖ ਡੇਖ ਡੁੰਮਣਾ ਮੈ

ਥੀਸੀ ਤਨੁ ਢੇਰੀ ਜੜੂੰ ਵੈਸੀ ਵੰਞ ਸਾਸਰਾ,

ਥੀਂਦਾ ਬਲਿਹਾਰੀ ਮੈ ਨਿਹਾਲ ਸਿੰਘ ਤੈਂ ਡੇਪਾਹ

ਅਰਜ ਕਰੇਂਦਾ ਤੂੰ ਸੁਣੇਦਾ ਨਿਸ ਬਾਸਰਾ,

ਤੈਥੀਂ ਲੋਕ ਮੰਗਦਾ ਨ ਸੰਗਦਾ ਤੂੰ ਮਾਤਾ ਪਿਤਾ

ਗੁਰੂ ਰਾਮਦਾਸ ਸਾਂਈਂ ਮੈਕੂੰ ਤੈਂਡਾ ਆਸਰਾ.

ਵੱਡੇ ਵੇਲੇ ਉੱਠ ਤੂੰ ਜਪੰਦਾ ਨਹੀਂ ਰੱਬ ਨਾਮ

ਵੇਲਾ ਛਲਜਾਸੀ ਅੰਤਕਾਲ ਪਛੁਤੀਸੇਂ ਤੂੰ,

ਥੀਸੀ ਵਿਰਲਾਪ ਤੈਂਡੇ ਸੱਥਰ ਦੇ ਆਸ ਪਾਸ

ਜਮੂਆ ਫੜੇਸੀ ਪ੍ਰੇਤ ਕਰਕੇ ਸਡੀਸੇਂ ਤੂੰ,

ਫਿਰਸੀ ਪਿਟੇਂਦੀ ਨਾਰਿ ਤੈਂਡੀ ਤੇ ਖੁਥੇਂਦੀ ਵਾਲ

ਹਾਇ ਹਾਇ ਹੋਸੀ ਭੌਂਦੂ ! ਕਬ ਲਗ ਜੀਸੇਂ ਤੂੰ?

ਆਖੇ ਲੱਗੁ ਮੈਂਡੇ ਅਤੇ ਸੰਤਾਂ ਦੀ ਸਰਣ ਵੰਞ

ਓੜਕ ਦੇ ਵੇਲੇ ਸ਼ਰਮਿੰਦਾ ਨਹੀਂ ਥੀਸੇਂ ਤੂੰ.

੩. ਪੋਠੋਹਾਰ ਵਿੱਚ ਸੈਯਦ ਪਿੰਡ ਦੇ ਵਸਨੀਕ ਮਹਲ ਸਿੰਘ ਦੇ ਘਰ ਮਾਈ ਬੱਸੀ ਦੇ ਉਦਰ ਤੋਂ ਨਿਹਾਲ ਸਿੰਘ ਜੀ ਦਾ ਜਨਮ ਅਮ੍ਰਿਤਸਰ ਵਿੱਚ ਹੋਇਆ.[716] ਠਾਕੁਰ ਦਯਾਲ ਸਿੰਘ ਜੀ ਤੋਂ ਅਮ੍ਰਿਤ ਛਕਿਆ. ਇਹ ਹਿੰਦੀ ਅਤੇ ਸੰਸਕ੍ਰਿਤ ਦੇ ਉੱਤਮ ਕਵਿ ਸਨ. ਨਿਜਾਮਾਬਾਦ ਨਿਵਾਸੀ ਬਾਬਾ ਸਾਧੂ ਸਿੰਘ ਜੀ ਦੀ ਪ੍ਰੇਰਣਾ ਕਰਕੇ ਇਨ੍ਹਾਂ ਨੇ ਜਾਪੁ ਸਾਹਿਬ ਦਾ ਟੀਕਾ "ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ" ਰਚਿਆ, ਜੋ ਸੰਮਤ ੧੯੨੯ ਵਿੱਚ ਸਮਾਪਤ ਹੋਇਆ।

੪. ਬੋਹਾ (ਜਿਲਾ ਰਾਵਲਪਿੰਡੀ) ਨਿਵਾਸੀ ਸੰਸਕ੍ਰਿਤ ਦੇ ਅਦੁਤੀ ਵਿਦ੍ਵਾਨ ਪੰਡਿਤ ਨਿਹਾਲ ਸਿੰਘ ਜੀ, ਜਿਨ੍ਹਾਂ ਨੇ ਜਪੁ ਸਾਹਿਬ ਦਾ ਸੰਸਕ੍ਰਿਤ ਭਾਸ਼ਾ ਵਿੱਚ "ਗੁਢਾਰਥਦੀਪਿਕਾ" ਟੀਕਾ ਲਿਖਿਆ ਹੈ।

੫. ਨਿਹਾਲ ਸਿੰਘ ਰਾਜਾ. ਦੇਖੋ, ਕਪੂਰਥਲਾ.

ਨਿਹਾਲ ਕੌਰ: ਦੇਖੋ, ਅਨੰਤੀ ਮਾਤਾ.

ਨਿਹਾਲਨ, ਨਿਹਾਲਨਾ: ਸੰ. ਨਿਭਾਲਨ. ਨਿਰੀਕ੍ਸ਼ਣ. ਦੇਖਣਾ. "ਸਜਣ ਮੁਖ ਅਨੂਪੁ ਅਠੇ ਪਹਰਿ ਨਿਹਾਲਸਾ." (ਵਾਰ ਮਾਰੂ ੨. ਮਃ ੫) "ਏਨੀ ਨੇਤ੍ਰੀ ਜਗਤੁ ਨਿਹਾਲਿਆ." (ਵਾਰ ਆਸਾ) "ਗੁਰਮੁਖਿ ਸੋਇ ਨਿਹਾਲੀਐ." (ਆਸਾ ਅਃ ਮਃ ੧)

---

[716] ਇਹ ਨਿਹਾਲ ਸਿੰਘ ਜੀ ਪਿੰਡ ਬੋਹੇ ਭੀ ਨਿਵਾਸ ਰਖਦੇ ਸਨ, ਇਸ ਲਈ ਇਨ੍ਹਾਂ ਨੂੰ ਭੀ ਬੋਹੇਵਾਲੇ ਠਾਕੁਰ ਨਿਹਾਲ ਸਿੰਘ ਆਖਦੇ ਹਨ. ਅਸਲੋਂ ਬੋਹੇਵਾਲੇ ਨਿਹਾਲ ਸਿੰਘ ਜੀ ਨੰ: ੪. ਹਨ.

ਨਿਹਾਲਾ: ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ, ਜੋ ਗੁਰੂ ਹਰਿਗੋਬਿੰਦ ਜੀ ਦੀ ਸੈਨਾ ਵਿੱਚ ਭਰਤੀ ਹੋਕੇ ਧਰਮ- ਯੁੱਧ ਕਰਦਾ ਰਿਹਾ। ੨. ਚਮਕੌਰ ਦਾ ਨੰਬਰਦਾਰ, ਜਿਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਕੀਤੀ. ਕਲਗੀਧਰ ਥਨੇਸਰ ਤੋਂ ਆਉਂਦੇ ਹੋਏ ਇਸ ਦੇ ਘਰ ਵਿਰਾਜੇ ਸਨ.

ਨਿਹਾਲੀ: ਦੇਖੀ. ਦੇਖੋ, ਨਿਹਾਲਨਾ। ੨. ਨਿਹਾਲੀਂ. ਦੇਖਾਂ. ਤੱਕਾਂ. "ਨੈਨ ਨਿਹਾਲੀ ਤਿਸੁ ਪੁਰਖੁ ਦਇਆਲੈ." (ਮਾਝ ਮਃ ੫) ੩. ਨਿਹਾਲ ਹੋਈ. ਦੇਖੋ, ਨਿਹਾਲ. "ਗੁਰਦਰਸਨ ਦੇਖਿ ਨਿਹਾਲੀ." (ਵਾਰ ਰਾਮ ੨. ਮਃ ੫) ੪. ਫ਼ਾ. نہالی ਸੰਗਯਾ- ਦੁਲਾਈ. ਤੋਸ਼ਕ. "ਇਕਿ ਨਿਹਾਲੀ ਪੈ ਸਵਨਿ." (ਵਾਰ ਆਸਾ)

ਨਿਹਾਲੂ: ਧੀਰ ਜਾਤਿ ਦਾ ਗੁਰੂ ਅਰਜਨਦੇਵ ਦਾ ਸਿੱਖ, ਇਸ ਨੇ ਗੁਰੂ ਹਰਗੋਬਿੰਦ ਸਾਹਿਬ ਦੀ ਭੀ ਸੇਵਾ ਕੀਤੀ ਅਤੇ ਅਮ੍ਰਿਤਸਰ ਦੇ ਜੰਗ ਵਿੱਚ ਵੀਰਤਾ ਦਿਖਾਈ।

੨. ਚੱਠਾ ਜਾਤਿ ਦਾ ਗੁਰੂ ਅਰਜਨਦੇਵ ਦਾ ਸਿੱਖ।

੩. ਕੋਹਲੀ ਜਾਤਿ ਦਾ ਸੁਲਤਾਨਪੁਰ ਨਿਵਾਸੀ ਗੁਰੂ ਅਰਜਨਦੇਵ ਦਾ ਸਿੱਖ।

੪. ਪਹਾੜੀਆ ਗੁਰੂ ਅਰਜਨਦੇਵ ਦਾ ਸਿੱਖ.

੫. ਸੇਠੀ ਜਾਤਿ ਦਾ ਗੁਰੂ ਅਰਜਨ ਦੇਵ ਦਾ ਸਿੱਖ।

੬. ਮਹਿਤਾ ਜਾਤਿ ਦਾ ਆਗਰਾ ਨਿਵਾਸੀ ਗੁਰੂ ਅਰਜਨਦੇਵ ਦਾ ਸਿੱਖ।

੭. ਪਟਨਾ ਨਿਵਾਸੀ ਨਿਵਲਾ ਦਾ ਭਾਈ ਗੁਰੂ ਅਰਜਨਦੇਵ ਦਾ ਸਿੱਖ. ਗੁਰੂ ਸਾਹਿਬ ਨੇ ਇਨ੍ਹਾਂ ਦੋਹਾਂ ਭਾਈਆਂ ਨੂੰ ਕੀਰਤਨ ਅਤੇ ਕਥਾ ਦ੍ਵਾਰਾ ਧਰਮਪ੍ਰਚਾਰ ਦਾ ਹੁਕਮ ਦਿੱਤਾ. ਇਹ ਐਸੇ ਪ੍ਰਚਾਰਕ ਹੋਏ ਕਿ ਜੋ ਇਨ੍ਹਾਂ ਦੀ ਕਥਾ ਸੁਣਦਾ, ਉਹ ਗੁਰੂ ਨਾਨਕ ਦੇਵ ਦਾ ਅਨੰਨ ਸਿੱਖ ਹੋਜਾਂਦਾ.

ਨਿਹਿਤ: ਸੰ. ਵਿ- ਢਕਿਆ ਹੋਇਆ। ੨. ਸ੍ਥਾਪਨ ਕੀਤਾ. ਰੱਖਿਆ.

ਨਿਹੁਰਨ, ਨਿਹੁਰਨਾ, ਨਿਹੁੜਨਾ: ਕ੍ਰਿ- ਸਿੰਧੀ. ਨਿਹੁੜਨਾ, ਝੁਕਣਾ. ਨੀਵਾਂ ਹੋਣਾ. "ਕਰ ਅਰਦਾਸ ਸੀਸ ਨਿਹੁਰਾਇ." (ਗੁਪ੍ਰਸੂ)

ਨਿਹੋਰਨ, ਨਿਹੋਰਨਾ: ਸੰ. ਮਨੋਹਾਰ. ਪ੍ਰਾਰਥਨਾ (ਬੇਨਤੀ) ਕਰਨੀ. "ਹਮ ਕਉ ਉਚਿਤ ਨਿਹੋਰਨ ਅਹੈ." (ਗੁਪ੍ਰਸੂ)

ਨਿਹੋਰਾ: ਸੰਗਯਾ- ਮਨੋਹਾਰ. ਪ੍ਰਾਰਥਨਾ. "ਅਨਿਕ ਭਾਂਤਿ ਤਿਸੁ ਕਰਉ ਨਿਹੋਰਾ." (ਗਉ ਮਃ ੫) ੨. ਇਹਸਾਨ. "ਜਉ ਤਨ ਕਾਸੀ ਤਜੈ ਕਬੀਰਾ, ਰਮਈਐ ਕਹਾ ਨਿਹੋਰਾ?" (ਧਨਾ ਕਬੀਰ) "ਬਿਨਸਿਓ ਸਗਲ ਨਿਹੋਰਾ." (ਗੂਜ ਮਃ ੫)

ਨਿਹੰਗ: ਫ਼ਾ. نہنگ ਸੰਗਯਾ- ਖੜਗ. ਤਲਵਾਰ. "ਬਾਹਤ ਨਿਹੰਗ। ਉੱਠਤ ਫੁਲਿੰਗ." (ਸਲੋਹ) ਤਲਵਾਰ ਦੇ ਪ੍ਰਹਾਰ ਤੋਂ ਵਿਸ੍ਫੁਲਿੰਗ (ਚਿੰਗਾੜੇ) ਨਿਕਲਦੇ ਹਨ। ੨. ਕਲਮ. ਲੇਖਨੀ। ੩. ਘੜਿਆਲ. ਮਗਰਮੱਛ. (मकर मत्स्य) ਨਾਕ੍ਰ. Alligator. "ਜਨੁਕ ਲਹਿਰ ਦਰਯਾਵ ਤੇ ਨਿਕਸਜੋ ਬਡੋ ਨਿਹੰਗ." (ਚਰਿਤ੍ਰ ੨੧੭) ੪. ਡਿੰਗ- ਘੋੜਾ. ਅਸ਼੍ਵ. ਤੁਰੰਗ. "ਬਿਚਰੇ ਨਿਹੰਗ। ਜੈਸੇ ਪਿਲੰਗ." (ਵਿਚਿਤ੍ਰ) ਚਿਤ੍ਰੇ ਵਾਂਙ ਛਾਲਾਂ ਮਾਰਦੇ ਘੋੜੇ ਵਿਚਰੇ। ੫. ਸੰ. नि:शङ्क ਨਿਹਸ਼ੰਕ. ਵਿ- ਜਿਸ ਨੂੰ ਮੌਤ ਦੀ ਚਿੰਤਾ ਨਹੀਂ. ਬਹਾਦੁਰ. ਦਿਲੇਰ. "ਨਿਰਭਉ ਹੋਇਓ ਭਇਆ ਨਿਹੰਗਾ." (ਆਸਾ ਮਃ ੫) "ਪਹਿਲਾ ਦਲਾਂ ਮਿਲੰਦਿਆਂ ਭੇੜ ਪਿਆ ਨਿਹੰਗਾ." (ਚੰਡੀ ੩) ੬. ਸੰ. नि: सङ्ग- ਨਿਹਸੰਗ. ਨਿਰਲੇਪ. ਆਤਮਗ੍ਯਾਨੀ. ਦੁੰਦ (ਦ੍ਵੰਦ੍ਵ) ਦਾ ਤਿਆਗੀ. "ਨਿਹੰਗ ਕਹਾਵੈ ਸੋ ਪੁਰਖ ਦੁਖ ਸੁਖ ਮੰਨੇ ਨ ਅੰਗ." (ਪ੍ਰਾਪੰਪ੍ਰ) "ਮੁੱਲਾ ਬ੍ਰਾਹਮਣ ਨਾ ਬੁਝੈ ਬੁਝੈ ਫਕਰ ਨਿਹੰਗ." (ਮਗੋ) ੭. ਸਿੰਘਾਂ ਦਾ ਇੱਕ ਫਿਰਕਾ, ਜੋ ਸੀਸ ਪੁਰ ਫਰਹਰੇ ਵਾਲਾ ਉੱਚਾ ਦਮਾਲਾ, ਚਕ੍ਰ, ਤੋੜਾ, ਖੰਡਾ, ਕ੍ਰਿਪਾਨ, ਗਜਗਾਹ ਆਦਿਕ ਸ਼ਸਤ੍ਰ ਅਰ ਨੀਲਾ ਬਾਣਾ ਪਹਿਨਦਾ ਹੈ, ਨਿਹੰਗ ਸਿੰਘ ਮਰਣ ਦੀ ਸ਼ੰਕਾ ਤਿਆਗਕੇ ਹਰਵੇਲੇ ਸ਼ਹੀਦੀ ਪਾਉਣ ਨੂੰ ਤਿਆਰ ਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਸ ਲਈ ਇਹ ਨਾਮ ਹੈ.

ਬਹੁਤ ਸਿੰਘਾਂ ਤੋਂ ਸੁਣੀਦਾ ਹੈ ਕਿ ਇੱਕ ਵਾਰ ਸਾਹਿਬਜ਼ਾਦਾ ਫਤੇ ਸਿੰਘ ਜੀ ਵਿਲਾਸ ਕਰਦੇਹੋਏ ਸੀਸ ਤੇ ਦਮਾਲਾ ਸਜਾਕੇ ਦਸ਼ਮੇਸ਼ ਦੇ ਹਜੂਰ ਆਏ, ਜਿਸ ਪੁਰ ਪਿਤਾ ਜੀ ਨੇ ਫਰਮਾਇਆ ਕਿ ਇਸ ਬਾਣੇ ਦਾ ਇੱਕ ਨਿਹੰਗਪੰਥ ਹੋਵੇਗਾ.

ਕਈ ਆਖਦੇ ਹਨ ਕਿ ਜਦ ਕਲਗੀਧਰ ਨੇ ਉੱਚ- ਪੀਰ ਵਾਲਾ ਨੀਲਾ ਬਾਣਾ ਅਗਨੀ ਵਿੱਚ ਸਾੜਿਆ, ਉਸ ਸਮੇਂ ਇੱਕ ਲੀਰ ਕਟਾਰ ਨਾਲ ਬੰਨ੍ਹੀ, ਜਿਸ ਤੋਂ ਨੀਲਾਂਬਰੀ ਸੰਪ੍ਰਦਾਯ ਚੱਲੀ, ਜੇਹਾ ਕਿ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ- (ਗੁਪ੍ਰਸੂ)

ਭਾਈ ਸੰਤੋਖ ਸਿੰਘ ਜੀ ਇਹ ਭੀ ਲਿਖਦੇ ਹਨ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਾਨ ਸਿੰਘ ਨੂੰ ਵਰ ਦਿੱਤਾ ਕਿ ਤੇਰਾ ਨਿਹੰਗ ਪੰਥ ਚੱਲੇਗਾ, ਯਥਾ-

"ਹੈ ਪ੍ਰਸੰਨ ਬਰ ਦੇਵਤ ਜੋਵੈ।

ਪੰਥ ਖਾਲਸੇ ਮੇ ਤਵ ਹੋਵੈ।

ਤੁਝ ਸਮ ਬੇਖ[717] ਸੁਭਾਉ ਬਿਸਾਲੀ।

ਨਾਮ ਨਿਹੰਗ ਅਨੇਕ ਅਕਾਲੀ." (ਗੁਪ੍ਰਸੂ)

ਬਹੁਤ ਨਿਹੰਗ ਸਿੰਘ ਇਹ ਭੀ ਆਖਦੇ ਹਨ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਸ੍ਵਾਮੀ ਨੇ ਸਿੰਘਾਂ ਦੇ ਸੀਸ ਦਮਾਲੇ ਦਾ ਫਂਰਹਰਾ ਨਿਸ਼ਾਨ ਦਾ ਚਿੰਨ੍ਹ ਥਾਪਿਆ, ਪਰ ਗੁਰੁਪੁਰ- ਨਿਵਾਸੀ ਵ੍ਰਿੱਧ ਵਿਵੇਕਾ ਸਿੰਘ ਦੀ ਅਮ੍ਰਿਤਸਰੀ ਦੇ ਕਥਨ ਅਨੁਸਾਰ ਬਾਬਾ ਨੈਣਾ ਸਿੰਘ (ਨਾਰਾਇਣ ਸਿੰਘ) ਨੇ ਸਭ ਤੋਂ ਪਹਿਲਾਂ ਫ਼ੌਜ ਦੇ ਨਿਸ਼ਾਨਚੀ ਦੇ ਸਿਰ ਉੱਪਰ ਦਮਾਲਾ ਸਜਾਕੇ ਨਿਸ਼ਾਨ ਦਾ ਫਰਹਰਾ ਝੁਲਾਇਆ, ਤਾਕਿ ਉਹ ਸਭ ਤੋਂ ਅੱਗੇ ਨਿਸ਼ਾਨ ਦੀ ਥਾਂ ਭੀ ਹੋਵੇ ਅਤੇ ਹੱਥ ਵੇਹਲੇ ਹੋਣ ਕਰਕੇ ਸ਼ਸਤ੍ਰ ਭੀ ਚਲਾ ਸਕੇ.

ਬਾਬਾ ਨੈਣਾ ਸਿੰਘ ਦਾ ਚਾਟੜਾ ਅਕਾਲੀ ਫੂਲਾ ਸਿੰਘ ਸਿੱਖ ਦਲ ਵਿੱਚ ਪ੍ਰਸਿੱਧ ਸੈਨਾਪਤੀ ਹੋਇਆ ਹੈ. ਨਿਹੰਗ ਸਿੰਘ ਅਕਾਲ ਦੇ ਉਪਾਸਕ ਅਤੇ ਅਕਾਲ ! ਅਕਾਲ ! ਜਪਦੇ ਹਨ, ਇਸ ਕਾਰਣ "ਅਕਾਲੀ" ਨਾਮ ਭੀ ਮਸ਼ਹੂਰ ਹੋ ਗਿਆ ਹੈ. ਦੇਖੋ, ਅਕਾਲੀ.

ਨਿਹਾਲ ਸਿੰਘ ਜੀ ਨਿਹੰਗਾਂ ਬਾਬਤ ਦਸ਼ਮੇਸ਼ ਦਾ ਫ਼ਰਮਾਨ ਲਿਖਦੇ ਹਨ-

ਧਰਮੰ ਦੇ ਧੁਰੰਧਰ ਉਦਾਰਤਾ ਕੇ ਧਾਰਾਧਰ

ਭੋਲੇ ਭਾਲ ਭ੍ਰਾਜਤੇ ਝਕੋਲ ਪ੍ਰੇਮ ਰੰਦ ਮੈ,

ਸਬੰਲੋਹ ਪਜਾਰੇ ਅਬੰ ਖਬੰ ਲੌ ਨ ਦਬੰ ਬੰਧ

ਨੈਕ ਹੂੰ ਨ ਗਬੰ ਪੁੰਨ ਪਬੰ ਯਾਕੇ ਸੰਗ ਮੈ,

ਸਾਜਕੈ ਸੁਬਾਨੋ ਸੂਰ ਗਾਜਕੈ ਮ੍ਰਿਗੇਂਦ੍ਰ ਭੂਰਿ

ਭਾਜਕੈ ਗਨੀਮ ਕੋ ਬਿਦਾਰੈਂ ਜੋਰ ਜੰਗ ਮੈ,

ਮੋਦ ਕੇ ਤਰੰਗ ਮੈ ਉਮੰਗ ਕੈ ਉਤੰਗ ਪੰਥ

ਲੋਕ ਦੰਗ ਕੈਬੇ ਕੋ ਸੁ ਕੀਨੇ ਏ ਨਿਹੰਗ ਮੈ.

ਨਿਹੰਗ ਸਿੰਘ: ਦੇਖੋ, ਨਿਹੰਗ ੭.

ਨਿਹੰਗ ਸਿੰਘਾਂ ਦੇ ਬੋੱਲੇ: ਦੇਖੋ, ਖ਼ਾਲਸੇ ਦੇ ਬੋੱਲੇ.

ਨਿਹੰਗਾਂ ਦੀ ਛਾਵਣੀ: ਦੇਖੋ, ਅਕਾਲੀਸਿੰਘਾਂ ਦੀ ਛਾਵਨੀ ਅਤੇ ਫੂਲਾਸਿੰਘ.

---

[717] ਇਸ ਤੋਂ ਜਾਣਦਾ ਹੈ ਕਿ ਮਾਨ ਸਿੰਘ ਜੀ ਪਹਿਲਾਂ ਹੀ ਨਿਹੰਗ ਵੇਸ਼ ਰਖਦੇ ਹਨ.

ਨਿਕ: ਵਿ- ਨਿੱਕਾ. ਛੋਟਾ. "ਹਮ ਨਿਕ ਕੀਰੇ." (ਨਟ ਅਃ ਮਃ ੪) ੨. ਅਨਿਕ (ਅਨੇਕ) ਦਾ ਸੰਖੇਪ. " ਸਾਸਤਰਸਿਮ੍ਰਿਤਿ ਜਾਨਤਥੋ ਨਿਕ." (ਚਰਿਤ੍ਰ ੩੧੪) ਜਾਣਦਾ ਸੀ ਅਨੇਕ। ੩. ਦੇਖੋ, ਨੀਕ.

ਨਿਕਸ: ਦੇਖੋ, ਨਿਕਸਨਾ। ੨. ਸੰ. निकष- ਨਿਕਸ਼. ਸੰਗਯਾ- ਕਸੌਟੀ. ਘਸਪੱਟੀ। ੩. ਡਿੰਗ. ਸ਼ਸਤ੍ਰ ਤਿੱਖਾ ਕਰਨ ਦਾ ਸੰਦ. ਸਾਣ.

ਨਿਕਸਨਾ: ਸੰ. ਨਿਸ਼੍ਕ੍ਰਮਣ. ਕ੍ਰਿ- ਬਾਹਰ ਆਉਣਾ. ਨਿਕਲਨਾ. "ਨਿਕਸੁ ਰੇ ਪੰਖੀ ਸਿਮਰੁ ਹਰਿ ਪੰਖ." (ਗਉ ਮਃ ੫)

ਨਿਕਸਿਜਾਤਉ: ਨਿਕਲ ਜਾਣ ਵਾਲਾ ਮਨ, ਜੋ ਅੰਦਰ ਨਹੀਂ ਟਿਕਦਾ, "ਨਿਕਸਿਜਾਤਉ ਰਹੈ ਅਸਥਿਰੁ." (ਗਉ ਛੰਤ ਮਃ ੧)

ਨਿਕਸਜੋਬ: ਨਿਕਸਜੋ- ਅਬ. ਹੁਣ ਨਿਕਲਿਆ. (ਨਰਸਿੰਘਾਵ)

ਨਿਕਟ: ਸੰ. ਵਿ- ਪਾਸ ਦਾ. ਨੇੜੇ ਦਾ. ਨਜ਼ਦੀਕੀ। ੨. ਕ੍ਰਿ. ਵਿ- ਪਾਸ. ਨੇੜੇ. ਕੋਲ.

ਨਿਕਟਵਰਤੀ: ਸੰ. निकटवर्त्तिन. ਵਿ- ਪਾਸ ਰਹਿਣ ਵਾਲਾ. ਹਾਜ਼ਿਰਬਾਸ਼.

ਨਿਕਟਾਨੀ: ਨਿਕਟ- ਆਨੀ. ਪਾਸ ਆਈ।

੨. ਨੇੜੇ ਹੁੰਦੀ. "ਜਰਾ ਮਰਾ ਹਰਿਜਨਹਿ ਨਹੀ ਨਿਕਟਾਨੀ." (ਟੋਡੀ ਮਃ ੫) ੩. ਪਾਸ (ਕੋਲ) ਲਿਆਂਦੀ.

ਨਿਕਟਿ: ਦੇਖੋ, ਨਿਕਟ ੨. "ਨਿਕਟਿ ਵਸੈ ਨਾਹੀ ਹਰਿ ਦੂਰਿ." (ਗਉ ਮਃ ੪)

ਨਿਕਟਿਵਰਤਨਿ: ਵਿ- ਪਾਸ ਰਹਿਣ ਵਾਲੀ.

"ਨਿਕਟਿਵਰਤਨਿ ਸਾ ਸਦਾ ਸੁਹਾਗਨਿ." (ਸਾਰ ਮਃ ੫) ਦੇਖੋ, ਨਿਕਟਵਰਤੀ.

ਨਿਕਟੀ: ਵਿ- ਸਮੀਪੀ. ਨਜ਼ਦੀਕੀ. "ਸੇਵਕ ਕਉ ਨਿਕਟੀ ਹੋਇ ਦਿਖਾਵੈ." (ਆਸਾ ਮਃ ੫)

ਨਿਕਥਾ, ਨਿਕੱਥਾ: ਨਿਕਲਦਾ. ਨਿਕਸਦਾ. "ਲੋਹੂ ਲਬੁ ਨਿਕਥਾ ਵੇਖੁ." (ਵਾਰ ਰਾਮ ੧. ਮਃ ੧) ੨. ਨਿਕਲਿਆ. "ਟੱਪ ਨਿਕੱਥਾ ਉੱਪਰ ਵਾੜਾ." (ਭਾਗੁ)

ਨਿਕਦਨ: ਨਾਸ਼ ਹੋਣ ਦਾ ਭਾਵ. ਦੇਖੋ, ਨਿਕੰਦਨ. "ਤਵ ਬੰਧਨ ਭਏ ਨਿਕਦਨਾ." (ਨਾਪ੍ਰ) ਤੇਰੇ ਬੰਧਨ ਨਸ਼੍ਰ ਹੋ ਗਏ.

ਨਿਕਮਾਨ: ਬਿਨਾ- ਕਮਾਣ (ਧਨੁਖ). ਧਨੁਸ਼ ਤੋਂ ਬਿਨਾ. "ਨਿਕਮਾਨ ਹੀ ਨੈਨ ਕੇ ਬਾਨ ਮਾਰੇ." (ਰਾਮਾਵ)

ਨਿਕਰ: ਸੰ. ਸੰਗਯਾ- ਸਮੂਹ. ਝੁੰਡ। ੨. ਧਨ. ਨਿਧਿ.

ਨਿਕਰਨਾ: ਦੇਖੋ, ਨਿਕਸਨਾ ਅਤੇ ਨਿਕਲਨਾ. "ਨਾਮ ਸਕਲ ਸ੍ਰੀ ਬਾਨ ਕੇ ਨਿਕਰਤਜਾਂਹਿ ਅਨੰਤ." (ਸਨਾਮਾ)

ਨਿਕਰਮਾ: ਸੰ. निष्कर्मा. ਵਿ- ਜੋ ਕੰਮ ਨਾ ਕਰੇ. ਆਲਸੀ। ੨. ਕਰਮਤਯਾਗੀ। ੩. ਕਰਮ (ਕ੍ਰਿਪਾ) ਤੋਂ ਵਾਂਜਿਆ.

ਨਿਕਲਸਨ: John Nicholson. ਇਸ ਦਾ ਜਨਮ ਆਯਰਲੈਂਡ (Ireland) ਵਿੱਚ ੧੧. ਦਿਸੰਬਰ ਸਨ ੧੮੨੨ ਨੂੰ ਹੋਇਆ. ਸਨ ੧੮੩੯ ਵਿੱਚ ਬੰਗਾਲ ਦੀ ਅੰਗ੍ਰੇਜ਼ੀ ਫੌਜ ਵਿੱਚ ਭਰਤੀ ਹੋਕੇ ਅਨੇਕ ਜੰਗਾਂ ਵਿੱਚ ਲੜਿਆ ਅਰ ਨੇਕਨਾਮੀ ਪਾਈ.

ਸਿੱਖਾਂ ਦੀ ਦੂਜੀ ਲੜਾਈ ਵੇਲੇ ਇਸ ਨੇ ਵਡੀ ਬਹਾਦੁਰੀ ਦਿਖਾਈ. ਕੁੱਝ ਚਿਰ ਕਸ਼ਮੀਰ ਦਾ ਪੋਲਿਟੀਕਲ ਅਫਸਰ ਅਤੇ ਸਿੰਧ ਸਾਗਰ ਦਾ ਹਾਕਿਮ ਰਿਹਾ. ਸਨ ੧੮੫੭ ਦੇ ਗਦਰ ਵੇਲੇ ਇਸ ਨੇ ਸਰਕਾਰ ਅੰਗ੍ਰੇਜ਼ੀ ਦੀ ਭਾਰੀ ਸੇਵਾ ਕੀਤੀ. ਸਿੱਖਾਂ ਦਾ ਮਨ

ਪ੍ਰਸੰਨ ਕਰਨ ਲਈ ਅਕਾਲ ਬੁੰਗੇ ਅੱਗੇ ਅਰਦਾਸ ਕਰਵਾਈ ਅਤੇ ਭੇਟਾ ਅਰਪੀ.[718] ਦਿੱਲੀ ਦੀ ਲੜਾਈ ਵਿੱਚ ਬਾਗੀਆਂ ਨੂੰ ਹਾਰ ਦਿੰਦਾ ਹੋਇਆ, ਇਹ ੨੩ ਸਿਤੰਬਰ ਸਨ ੧੮੫੭ ਨੂੰ ਜੰਗ ਕਰਦਾ ਮੋਇਆ. ਦਿੱਲੀ ਦੇ ਕਸ਼ਮੀਰੀ ਦਰਵਾਜ਼ੇ ਅੱਗੇ ਨਿਕਲਸਨ ਪਾਰਕ (ਬਾਗ) ਵਿੱਚ ਨਿਕਲਸਨ ਦਾ ਬੁਤ ਉਸ ਦੀ ਕੀਰਤਿ ਪ੍ਰਗਟ ਕਰ ਰਿਹਾ ਹੈ.

ਨਿਕਲਨਾ: ਕ੍ਰਿ- ਬਾਹਰ ਆਉਣਾ, ਦੇਖੋ, ਨਿਕਸਨਾ। ੨. ਪ੍ਰਗਟ ਹੋਣਾ. ਉਦਯ ਹੋਣਾ। ੩. ਵਿਚ ਦੀਂ ਗੁਜ਼ਰਨਾ। ੪. ਅਲਗ ਹੋਣਾ. ਵਿਛੁੜਨਾ। ੫. ਗੁਜ਼ਰਨਾ. ਵੀਤਣਾ। ੬. ਰੇਖਾ ਦਾ ਖੈਂਚੇ ਜਾਣਾ. ਚਿਤ੍ਰਿਤ ਹੋਣਾ. "ਤਿੰਨ ਮੁਖਿ ਟਿਕੇ ਨਿਕਲਹਿ." (ਸ੍ਰੀ ਮਃ ੫)

ਨਿਕਾ: ਦੇਖੋ, ਨਿੱਕਾ.

ਨਿਕਾਇ: ਦੇਖੋ, ਨਿਕਾਯ.

ਨਿਕਾਈ: ਦੇਖੋ, ਨਿਕਾਯ। ੨. ਨੇਕੀ. ਭਲਾਈ। ੩. ਨੀਕਾਪਨ. ਸੁੰਦਰਤਾ. ਖ਼ੂਬਸੂਰਤੀ. "ਤਬ ਜਾਨੋ ਤਾਹਿ ਨਿਕਾਈ." (ਗੁਪ੍ਰਸੂ)

ਨਿਕਾਸ: ਸੰ. निष्काश- ਨਿਸ਼੍ਕਾਸ਼. ਸੰਗਯਾ- ਜੋ ਬਹੁਤ ਸ਼ੋਭਾ ਦਿੰਦਾ ਹੈ (ਨਿਤਰਾਂ ਕਾਸ਼ਤੇ) ਮਕਾਨ ਦਾ ਛੱਜਾ ਵਰਾਂਡਾ ਆਦਿ। ੨. ਨਿਕਲਣ ਦਾ ਭਾਵ. ਨਿਕਸਣ ਦੀ ਕ੍ਰਿਯਾ। ੩. ਨਿਕਲਣ ਦਾ ਅਸਥਾਨ, ਜਿੱਥੋਂ ਕੋਈ ਵਸਤੂ ਨਿਕਲੇ.

ਨਿਕਾਸਨਾ: ਸੰ. निष्काशन- ਨਿਸ਼੍ਕਾਸ਼ਨ, ਕੱਢਣਾ. ਬਾਹਰ ਕਰਨਾ. ਨਿਕਾਲਨਾ.

ਨਿਕਾਹ, ਨਿਕਾਹ਼: ਅ਼. نِکاح ਸੰਗਯਾ- ਇਸਤ੍ਰੀ ਪੁਰਖ ਦਾ ਸੰਗ। ੨. ਮੁਸਲਮਾਨੀ ਰੀਤਿ ਅਨੁਸਾਰ ਵਿਆਹ. ਨਿਕਾਹ ਇੱਕ ਪਾਸਿਓਂ ਦਰਖ਼੍ਵਾਸਤ ਅਤੇ ਦੂਜੇ ਪਾਸਿਓਂ ਮਨਜੂਰੀ ਪੁਰ ਦ੍ਰਿੜ੍ਹ ਹੋ ਜਾਂਦਾ ਹੈ. ਦੋ ਗਵਾਹਾਂ ਦੇ ਸਾਮ੍ਹਣੇ, ਜੋ ਬਾਲਿਗ, ਸਮਝਵਾਲੇ ਅਤੇ ਮੁਸਲਮਾਨ ਹੋਣ, ਨਿਕਾਹ਼ ਪੱਕਾ ਹੋਣਾ ਚਾਹੀਏ. ਇਸ ਰਸਮ ਵਿੱਚ ਪਤੀ ਵੱਲੋਂ ਆਪਣੀ ਇਸਤ੍ਰੀ ਨੂੰ "ਮਹਰ" (ਇਸਤ੍ਰੀਧਨ) ਦੇਣ ਦੀ ਪ੍ਰਤਿਗਯਾ ਕੀਤੀ ਜਾਂਦੀ ਹੈ, ਜਿਸ ਦੀ ਤਾਦਾਦ ਲਾੜੀ ਦੇ ਰੂਪ ਗੁਣ ਕੁਲ ਅਤੇ ਲਾੜੇ ਦੀ ਹੈਸੀਯਤ ਦਾ ਧਯਾਨ ਰੱਖਕੇ ਹੋਇਆ ਕਰਦੀ ਹੈ. ਮਹਰ ਵੱਧ ਤੋਂ ਵੱਧ ਭਾਵੇਂ ਕਿਤਨਾ ਹੋਵੇ, ਪਰ ਦਸ ਦਿਰਹਮ ਤੋਂ ਘੱਟ ਨਹੀਂ ਹੋ ਸਕਦਾ.[719]

ਨਿਕਾਣ, ਨਿਕਾਣਾ, ਨਿਕਾਣੀ: ਵਿ- ਬਿਨਾ ਕਾਣ. ਨਯੂਨਤਾ ਰਹਿਤ। ੨. ਬਿਨਾ ਦਬਾਉ. ਨਿਰੰਕੁਸ਼. "ਜਮਕਾਲ ਤੇ ਭਏ ਨਿਕਾਣੇ." (ਧਨਾ ਮਃ ੫) "ਪ੍ਰਭੁ ਜੀ ਭਾਣੀ ਭਈ ਨਿਕਾਣੀ." (ਸੂਹੀ ਛੰਤ ਮਃ ੫)

ਨਿਕਾਬ: ਦੇਖੋ, ਨਕ਼ਾਬ। ੨. ਫ਼ਾ. نِکاب ਸੰਗਯਾ- ਦਸ੍ਤਾਨਾ. ਦਸ੍ਤਪੋਸ਼.

ਨਿਕਾਮ, ਨਿਕਾਮਾ: ਸੰ. ਨਿਕਾਮ. ਸੰਗਯਾ- ਇੱਛਾ। ੨. ਖ਼ੁਸ਼ੀ. ਪ੍ਰਸੰਨਤਾ। ੩. ਵਿ- ਇੱਛਾਵਾਨ। ੪. ਸੰ. ਨਿਸ਼੍ਕਾਮ. ਕਾਮਨਾ ਰਹਿਤ. "ਨਿਰਭੈ ਨਿਕਾਮ." (ਜਾਪੁ) ੫. ਦੇਖੋ, ਨਿਕੰਮਾ.

ਨਿਕਾਮੀ: ਵਿ- ਨਿਕੰਮੀ. ਵਯਰਥ. "ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ." (ਵਾਰ ਮਾਰੂ ੨. ਮਃ ੫) ੨. ਸੰ. निष्कामिन्. ਕਾਮਨਾ ਰਹਿਤ. ਇੱਛਾ ਦਾ ਤਯਾਗੀ.

ਨਿਕਾਯ: ਸੰ. ਸੰਗਯਾ- ਸਮੁਦਾਯ. ਝੁੰਡ. ਗਰੋਹ। ੨. ਸੈਨਾ. ਫ਼ੌਜ। ੩. ਘਰ. ਨਿਵਾਸ (ਰਹਿਣ) ਦਾ ਥਾਂ.

ਨਿਕਾਰ: ਦੇਖੋ, ਨਿਕਾਰਨਾ। ੨. ਨਿਰਾਕਾਰ ਦਾ ਸੰਖੇਪ. "ਕਿ ਨਿਕਾਰਸ." (ਗਯਾਨ) ਆਕਾਰ ਰਹਿਤ ਹੈ। ੩. ਸੰ. ਨਿਕਾਰ.

---

[718] ਉਸ ਵੇਲੇ ਦੇ ਸਿੰਘ ਇਸ ਨੂੰ "ਨਿਕਲ ਸਿੰਘ" ਸਦਦੇ ਸਨ.

[719] ਦਿਰਹਮ ਇੱਕ ਪੁਰਾਣਾ ਸਿੱਕਾ ਸੀ, ਜੋ ੨੪ ਰੱਤੀ ਚਾਂਦੀ ਦਾ ਹੋਇਆ ਕਰਦਾ.

ਸੰਗਜਾ- ਅਪਮਾਨ. ਨਿਰਾਦਰ। ੪. ਹਾਰ. ਪਰਾਭਵ.

ਨਿਕਾਰਨਾ, ਨਿਕਾਲਨਾ: ਕੱਢਣਾ. ਬਾਹਰ ਕਰਨਾ. ਦੇਖੋ, ਨਿਕਾਸਨਾ.

ਨਿਕਾਲਾ: ਸੰਗਜਾ- ਬਾਹਰ ਕਰਨ ਦਾ ਭਾਵ. ਕੱਢਣ ਦੀ ਕ੍ਰਿਯਾ। ੨. ਦੇਸ਼ ਤੋਂ ਬਾਹਰ ਕਰਨ ਦੀ ਕ੍ਰਿਯਾ.

ਨਿਕਾਲਿਅਨੁ: ਉਸ ਨੇ ਕੱਢੇ. "ਚਉਦਹ ਰਤਨ ਨਿਕਾਲਿਅਨੁ." (ਵਾਰ ਰਾਮ ੩)

ਨਿਕਿਸ਼੍ਰ: ਦੇਖੋ, ਨਿਕ੍ਰਿਸ਼੍ਰ.

ਨਿਕੀ: ਵਿ- ਛੋਟੀ. ਨੰਨ੍ਹੀ. "ਏਨੀ ਨਿਕੀ ਜੰਘੀਐ." (ਸ. ਫਰੀਦ) ੨. ਬਾਰੀਕ. "ਵਾਲਹੁ ਨਿਕੀ ਪੁਰਸਲਾਤ." (ਸ. ਫਰੀਦ)

ਨਿਕੁੰਜ: ਸੰ. ਸੰਗਜਾ- ਬੇਲਾਂ ਅਤੇ ਬਿਰਛਾਂ ਨਾਲ ਘਿਰੀ ਹੋਈ ਥਾਂ.

ਨਿਕੁਟੀ: ਵਿ- ਨਿਕਟੀ. ਸਮੀਪੀ. ਨਜ਼ਦੀਕੀ. ਕ਼ਰੀਬੀ ਰਿਸ਼ਤੇਦਾਰ. "ਨਿਕੁਟੀ ਦੇਹ ਦੇਖਿ ਧੁਨਿ ਉਪਜੈ." (ਸ੍ਰੀ ਬੇਣੀ) ਪਜਾਰ ਦੀ ਆਵਾਜ਼ ਮੂੰਹੋਂ ਨਿਕਲਦੀ ਹੈ। ੨. ਨਿੱਕੀ. ਛੋਟੀ.

ਨਿਕੁੰਭ: ਸੰ. ਨਿਕੁम्भ. ਸੰਗਜਾ- ਜਮਾਲ ਗੋਟਾ. ਦੇਖੋ, ਜਮਾਲਗੋਟਾ। ੨. ਕੁੰਭਕਰਣ ਦਾ ਇੱਕ ਪੁਤ੍ਰ ਜਿਸ ਨੂੰ ਹਨੂਮਾਨ ਨੇ ਮਾਰਿਆ। ੩. ਹਰਿਵੰਸ਼ ਅਨੁਸਾਰ ਇੱਕ ਦੈਤ, ਜਿਸ ਨੇ ਬ੍ਰਹਮਾ ਤੋਂ ਇਹ ਵਰ ਲਿਆ ਸੀ ਕਿ ਮੈ ਵਿਸ਼ਨੁ ਦੇ ਹੱਥੋਂ ਮਰਾਂ. ਇਹ ਸ਼ਤਪੁਰ ਦਾ ਰਾਜਾ ਸੀ ਅਤੇ ਕਈ ਜਾਦੂ ਟੂਣੇ ਜਾਣਦਾ ਸੀ, ਇਹ ਅਸਲ ਵਿੱਚ ਤਾਂ ਤਿੰਨ ਮੂੰਹਾਂ ਵਾਲਾ ਸੀ, ਪਰ ਇੱਕ ਦੇ ਅਨੇਕ ਭੀ ਬਣਾ ਸਕਦਾ ਸੀ. ਇਹ ਕ੍ਰਿਸ਼ਨ ਜੀ ਦੇ ਮਿਤ੍ਰ ਬ੍ਰਹਮਦੱਤ ਦੀ ਕੰਨਜਾ ਭਾਨੁਮਤੀ ਨੂੰ ਚੁੱਕ ਲਿਆਇਆ, ਤਾਂ ਬ੍ਰਹਮਦੱਤ ਇਸ ਨਾਲ ਲੜਿਆ ਅਤੇ ਕਈ ਰੂਪਾਂ ਵਿੱਚ ਇਸ ਦੀ ਸਮਾਪਤੀ ਕ੍ਰਿਸ਼ਨ ਜੀ ਨੇ ਹੀ ਕੀਤੀ, ਅਤੇ ਸ਼ਤਪੁਰ ਦਾ ਰਾਜ ਬ੍ਰਹਮਦੱਤ ਨੂੰ ਦਿੱਤਾ। ੪. ਪ੍ਰਹਲਾਦ ਦਾ ਇੱਕ ਪੁਤ੍ਰ.

ਨਿਕੁੰਭਲਾ, ਨਿਕੁੰਭਿਲਾ: ਸੰ. ਨਿਕੁम्भिला. ਸੰਗਜਾ- ਲੰਕਾ ਦੇ ਪੱਛਮ ਪਾਸੇ ਦੀ ਇੱਖ ਖ਼ਾਸ ਗੁਫਾ। ੨. ਨਿਕੁੰਭਿਲਾ ਗੁਫਾ ਵਿੱਚ ਅਸਥਾਪਨ ਕੀਤਾ ਇੱਕ ਦੇਵੀ (ਭਦ੍ਰ ਕਾਲੀ). ਇਸ ਦੀ ਪੂਜਾ ਕਰਕੇ ਮੇਘਨਾਦ ਯੁੱਧ ਜਿੱਤਣ ਦਾ ਵਰ ਪ੍ਰਾਪਤ ਕਰਦਾ ਸੀ. "ਥਲ ਗਜੋ ਨਿਕੁੰਭਲਾ ਹੋਮ ਕਰਨ." (ਰਾਮਾਵ)

ਨਿਕੂ: ਫ਼ਾ. نِکوُ[720] ਵਿ- ਨੇਕ. ਭਲਾ. ਹੱਛਾ. ਇਹ ਨੇਕ ਦਾ ਹੀ ਰੂਪਾਂਤਰ ਹੈ। ੨. ਸੁੰਦਰ। ੩. ਦੇਖੋ, ਨਿੱਕੂ.

ਨਿਕੇਤ: ਸੰ. ਸੰਗਜਾ- ਘਰ। ੨. ਸਥਾਨ. ਥਾਂ.

ਨਿਕੋਰ: ਸੰ. ਨਿਕਰ. ਸੰਗਜਾ- ਸਮੂਹ। ੨. ਰਾਸ਼ਿ. ਢੇਰ। ੩. ਵਿ- ਖ਼ਾਲਿਸ. ਨਿਰੋਲ. "ਸਪੈ ਦੁਧੁ ਪਿਆਈਐ ਅੰਦਰਿ ਵਿਸੁ ਨਿਕੋਰ." (ਸੂਹੀ ਅਃ ਮਃ ੩) ੪. ਮੂਲੋਂ ਕੋਰਾ. ਜਿਸ ਉੱਤੇ ਕੋਈ ਅਸਰ ਨਹੀਂ ਹੋਇਆ. ਦੇਖੋ, ਅਭਿਗਆਤਮ.

ਨਿਕੋਲ: ਦੇਖੋ, ਨਿਕੋਰ। ੨. ਨਕਲ ਕਰਨ ਵਾਲਾ. ਨੱਕਾਲ। ੩. ਬਹੁਤ ਕੋਲ (ਨੇੜੇ).

ਨਿਕੰਦ: ਦੇਖੋ, ਨਾਕੰਦ ਅਤੇ ਨਿਕੰਦਨ.

ਨਿਕੰਦਨ: ਸੰ. ਸੰਗਜਾ- ਨਾਸ਼ ਕਰਨ ਦੀ ਕ੍ਰਿਯਾ. ਵਿਨਾਸ਼. "ਹੋਵਹਿ ਵਿਘਨ ਨਿਕੰਦ." (ਪੰਪ੍ਰ)

ਨਿਕੰਮਾ: ਵਿ- ਨਕਾਰਾ. ਜੋ ਕੁਝ ਕੰਮ ਨਹੀਂ ਕਰਦਾ। ੨. ਦੇਖੋ, ਨਿਕਰਮਾ.

ਨਿੱਕਾ, ਨਿੱਕੀ, ਨਿੱਕੂ: ਵਿ- ਛੋਟਾ. ਛੋਟੀ। ੨. ਬਾਰੀਕ. ਸੂਖਮ.

---

[720] ਇਸ ਦਾ ਉਚਾਰਣ ਨਿਕੋ ਭੀ ਹੈ

ਨਿਕ੍ਰਿਸ਼੍ਟ: ਸੰ. ਵਿ- ਅਪਕ੍ਰਿਸ਼੍ਟ. ਨੀਚ. ਤੁੱਛ. ਅਦਨਾ. ਘਟੀਆ. ਬੁਰਾ.

ਨਿਖਉ: ਵਿ- ਬਿਨਾ- ਕ੍ਸ਼ਯ. ਨਾਸ਼ ਰਹਿਤ. ਦੇਖੋ, ਨਿਖਿਅਉ.

ਨਿਖਤ: ਦੇਖੋ ਨਕ੍ਸ਼ਤ੍ਰ.

ਨਿਖਤਪਤਿ: ਸੰਗਯਾ- ਚੰਦ੍ਰਮਾ, ਦੇਖੋ, ਨਕ੍ਸ਼ਤ੍ਰਪਤਿ. "ਲਜਤ ਲਖ ਕੋਟਿ ਨਿਖਤਪਤਿ." (ਗ੍ਯਾਨ)

ਨਿਖਤ੍ਰ: ਦੇਖੋ, ਨਕ੍ਸ਼ਤ੍ਰ.

ਨਿਖਦ੍ਯਾ: ਸੰ. ਨਿਸ਼ਦ੍ਯਾ. ਸੰਗ੍ਯਾ- ਜਿਸ ਉੱਤੇ ਬੈਠਿਆ ਜਾਵੇ. ਛੋਟੀ ਚਾਰਪਾਈ. ਮੰਜੀ। ੨. ਹੱਟ. ਦੁਕਾਨ, ਜਿਸ ਪੁਰ ਲੋਕ ਆਕੇ ਬੈਠਣ. "ਸੌਦਾ ਵਿਸੇਖ ਹੀ ਦੇਖ ਨਿਖਦ੍ਯਾ ਮੇਂ" (ਨਾਪ੍ਰ)

ਨਿਖਰਣਾ, ਨਿਖਰਨਾ: ਕ੍ਰਿ- ਨਿਕ੍ਸ਼ਰਣ. ਅਲਗ ਹੋਣਾ. ਟਪਕਣਾ. ਮੈਲ ਦਾ ਖਰਕੇ ਅਲਗ ਹੋਣਾ. ਸਾਫ ਹੋਣਾ। ੨. ਨਿਖੜਨਾ. ਜੁਦਾ ਹੋਣਾ. ਵਿਛੁੜਨਾ. "ਮਾਨ ਕੀਓ ਨਿਖਰੀ ਤਨ ਤੇ." (ਕ੍ਰਿਸਨਾਵ)

ਨਿਖਰਬ: ਸੰ. ਨਿਖਰ੍‍ਵ. ਸੰਗ੍ਯਾ- ਦਸ਼ ਖਰ੍‍ਵ, ੧੦੦੦੦੦੦੦੦੦੦੦੦। ੨. ਵਿ- ਬਾਂਉਨਾ. ਵਾਮਨ.

ਨਿਖਲ: ਦੇਖੋ, ਨਿਖਿਲ.

ਨਿਖਾਦ: ਸੰ. ਨਿਸ਼ਾਦ. ਸੰਗ੍ਯਾ- ਇੱਕ ਜੰਗਲੀ ਨੀਚ ਜਾਤਿ. ਵਿਸ਼ਨੁ ਪੁਰਾਣ ਵਿੱਚ ਕਥਾ ਹੈ ਕਿ ਰਾਜਾ ਵੇਣ ਦੀ ਲੋਥ ਨੂੰ ਰਿਖੀਆਂ ਨੇ ਮਸਲਿਆ, ਤਾਂ ਉਸ ਦੇ ਪੱਟ ਵਿੱਚੋਂ ਕਾਲਾ ਅਤੇ ਠੇਂਗਣਾ ਪੁਰਖ ਪ੍ਰਗਟਿਆ, ਰਿਖੀਆਂ ਨੇ ਉਸ ਨੂੰ ਆਖਿਆ ਨਿਸ਼ੀਦ (ਬੈਠਜਾ) ਜਿਸ ਤੋਂ ਨਿਸ਼ਾਦ ਸੰਗ੍ਯਾ ਹੋਈ, ਇਸੇ ਤੋਂ ਨਿਸ਼ਾਦ ਜਾਤਿ ਸੰਸਾਰ ਵਿੱਚ ਫੈਲੀ, ਦੇਖੋ, ਵੈਣ ੩। ੨. ਸ਼ੂਦ੍ਰਾ (ਸ਼ੂਦ੍ਰੀ) ਦੇ ਪੇਟ ਤੋਂ ਬ੍ਰਾਹਮਣ ਦਾ ਪੁਤ੍ਰ. ਦੇਖੋ, ਮਨੁਸਿਮ੍ਰਿਤਿ ਅਃ ੧੦. ਸ਼ਃ ੮। ੩. ਸੰਗੀਤ ਅਨੁਸਾਰ ਸੱਤਵਾਂ ਸ੍ਵਰਯ ਦੇਖੋ, ਸ੍ਵਰ.

ਨਿਖਾਲਸ, ਨਿਖਾਲਿਸ: ਵਿ- ਬਹੁਤ ਖ਼ਾਲਿਸ. ਵਿਸ਼ੁੱਧ. ਨਿਰੋਲ. ਅਤਯੰਤ ਨਿਰਮਲ. ਦੇਖੋ, ਨਿ. "ਤਬ ਖਾਲਸਾ ਤਾਹਿ ਨਿਖਾਲਸ ਜਾਨੈ." (ਸਵੈਯੇ ੩੩)

ਨਿਖਿਅਉ: ਵਿ- ਬਿਨਾ ਕ੍ਸ਼ਯ. ਅਕ੍ਸ਼ਯ. ਅਵਿਨਾਸ਼ੀ. "ਹੋਇ ਨਿਖਿਅਉ ਅਖੈਪਦੁ ਲਹੈ." (ਗਉ ਬਾਵਨ ਕਬੀਰ)

ਨਿਖਿੱਧ: ਸੰ. ਨਿਸ਼ਿਦ੍ਧ. ਵਿ- ਨਿਸ਼ੇਧ ਕੀਤਾ. ਵਰਜਿਆ ਹੋਇਆ। ੨. ਖੰਡਨ ਕੀਤਾ. ਰੱਦ ਕੀਤਾ। ੩. ਕਲੰਕਿਤ. ਦੋਸ਼ੀ.

ਨਿਖਿਲ: ਸੰ. ਵਿ- ਸੰਪੂਰਣ. ਸਭ. ਸਾਰਾ. ਤਮਾਮ. ਕੁੱਲ. "ਨਿਖਿਲ ਜਗਤਾਧਾਰ ਹੈ." (ਸਲੋਹ)

ਨਿਖੁਟਨਾ, ਨਿਖੁਟਨਾ: ਕ੍ਰਿ- ਮੁੱਕਣਾ. ਕਮ ਹੋਣਾ. ਘਟਣਾ. "ਇਹੁ ਧਨੁ ਅਖਟੁ ਨ ਨਿਖੁਟੈ ਨ ਜਾਇ." (ਧਨਾ ਮਃ ੩) "ਬਾਤੀ ਸੂਕੀ ਤੇਲੁ ਨਿਖੁਟਾ." (ਆਸਾ ਕਬੀਰ) "ਨਾਨਕ ਪਿੰਡ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ." (ਆਸਾ ਮਃ ੧)

ਨਿਖੇਧ: ਸੰ. ਨਿਸ਼ੇਧ. ਸੰਗ੍ਯਾ- ਖੰਡਨ। ੨. ਵਰਜਨ। ੩. ਰੁਕਾਵਟ.

ਨਿਖੇੜਨਾ: ਕ੍ਰਿ- ਵੱਖ ਕਰਨਾ Analysis.

ਨਿਖੋਟ: ਵਿ- ਬਿਨਾ ਖੋਟ। ੨. ਨਿਰਦੋਸ਼.

ਨਿਖੰਗ: ਸੰ. ਨਿਸ਼ਙ੍ਗ. ਸੰਗ੍ਯਾ- ਜਿਸ ਵਿੱਚ ਚੰਗੀ ਤਰਾਂ ਤੀਰ ਲਗਜਾਂਦੇ ਹਨ, ਭੱਥਾ. ਤੂਣੀਰ. ਤਰਕਸ਼. "ਤੂੰ ਨਿਖੰਗ ਅਰੁ ਬਾਨ." (ਸਨਾਮਾ)

ਨਿਖੰਗਬਾਸੀ: ਸੰਗ੍ਯਾ- ਤੀਰ, ਜੋ ਨਿਸ਼ੰਗ (ਭੱਥੇ) ਵਿੱਚ ਰਹਿੰਦਾ ਹੈ. (ਸਨਾਮਾ)

ਨਿਖੰਗੀ: ਸੰ. ਨਿਸ਼ਙ੍ਗਿਨ੍. ਵਿ- ਭੱਥਾ (ਨਿਸ਼ੰਗ) ਬੰਨ੍ਹਣ ਵਾਲਾ. ਤਰਕਸ਼ਬੰਦ.

ਨਿਖੰਜਨ: (ਸੰ. ਖੰਜ੍. ਧਾ- ਲੰਗੜਾਉਣਾ, ਨਿਕੰਮਾ ਹੋਣਾ) ਸੰਗਯਾ- ਵਿਸ਼ੇਸ਼ ਕਰਕੇ ਨਿਕੰਮਾ ਕਰਨਾ. ਰੱਦ ਕਰਨਾ. ਦੇਖੋ, ਨਿਖੰਜਨੋ.

ਨਿਖੰਜਨੁ, ਨਿਖੰਜਨੋ: ਦੇਖੋ, ਨਿਖੰਜਨ। ੨. ਵਿ- ਰੱਦ ਕਰਨ ਵਾਲਾ। ੩. ਅਸਮਰਥ ਕਰਦੇਣ ਵਾਲਾ. "ਭੈਭੰਜਨੁ ਅਤਿ ਪਾਪ ਨਿਖੰਜਨੁ." (ਰਾਮ ਅਃ ਮਃ ੩) "ਜਮਦੂਤ ਕਾਲਨਿਖੰਜਨੋ." (ਰਾਮ ਸਦੁ)

ਨਿਖੰਡ: ਸਿੰਧੀ. ਵਿ- ਅੱਧਾ। ੨. ਮੱਧ. ਵਿਚਕਾਰ.

ਨਿਖੰਡ ਅੱਧੀ ਰਾਤਿ: ਠੀਕ ਅੱਧੀ ਰਾਤ੍ਰਿ. "ਪਿੱਛੋਂ ਰਾਜਾ ਜਾਗਿਆ ਅੱਧੀ ਰਾਤਿ ਨਿਖੰਡ ਵਿਹਾਣੀ." (ਭਾਗੁ) ਦੇਖੋ, ਨਿਖੰਡ.

ਨਿਖੰਡਨ: ਸੰਗਯਾ- ਚੰਗੀ ਤਰਾਂ ਖੰਡਨ ਦੀ ਕ੍ਰਿਯਾ. ਪੂਰੀ ਤਰਦੀਦ। ੨. ਖੰਡ ਖੰਡ (ਟੂਕ ਟੂਕ) ਕਰਨ ਦੀ ਕ੍ਰਿਯਾ.

ਨਿਗਹ: ਫ਼ਾ. نگہ ਸੰਗਯਾ- ਨਿਗਾਹ. ਦ੍ਰਿਸ਼੍ਟਿ. ਨਜ਼ਰ.

ਨਿਗਹਬਾਂ, ਨਿਗਹਬਾਨ, ਨਿਗਹਾਰ: ਸੰਗਯਾ- ਨਿਗਾਹ ਵਿੱਚ ਰੱਖਣ ਵਾਲਾ. ਰਕ੍ਸ਼ਕ। ੨. ਪਹਿਰੂ. ਨਿਗਰਾਨੀ ਵਿੱਚ ਰੱਖਣ ਵਾਲਾ ਸਿਪਾਹੀ. "ਛੋਡਿ ਗਏ ਨਿਗਹਾਰ." (ਮਾਰੂ ਮਃ ੫) ਭਾਵ ਯਮਗਣਾਂ ਤੋਂ ਹੈ.

ਨਿਗਡ: ਸੰ. ਸੰਗਯਾ- ਸੰਗੁਲ. ਜ਼ੰਜੀਰ। ੨. ਬੇੜੀ. ਪਗਬੰਧਨ. "ਹੁਕਮ ਸ਼ਾਹ ਕੇ ਨਿਗਡ ਨਿਕਾਰੀ." (ਗੁਪ੍ਰਸੂ) ੩. ਹਾਥੀ ਦੇ ਪੈਰ ਦਾ ਸੰਗਲ.

ਨਿਗਤ, ਨਿਗਤਾ: ਵਿ- ਜਿਸ ਦੀ ਗਤਿ ਨਹੀਂ. ਅਪਗਤਿ ਨੂੰ ਪ੍ਰਾਪਤ ਹੋਇਆ. "ਨਿਧਰਿਆ ਧਰ, ਨਿਗਤਿਆ ਗਤਿ." (ਸਾਰ ਮਃ ੫)

ਨਿਗਤਿ: ਸੰਗਯਾ- ਦੁਰਗਤਿ. ਅਪਗਤਿ.

ਨਿਗਤਿਆਗਤਿ: ਵਿ- ਦੁਰਗਤਿ ਵਾਲਿਆਂ ਦੀ ਉੱਤਮ ਦਸ਼ਾ ਕਰਨ ਵਾਲਾ। ੨. ਸੰਗਯਾ- ਅਪਗਤਿ ਪ੍ਰਾਪਤਹੋਏ ਜੀਵਾਂ ਨੂੰ ਮੋਕ੍ਸ਼ ਦੇਣ ਵਾਲਾ, ਕਰਤਾਰ.

ਨਿਗਦ: ਸੰ. ਸੰਗਯਾ- ਕਥਨ, ਭਾਸ਼ਣ. ਉੱਚਾਰਣ। ੨. ਪੂਰਬੋਕ੍ਤ.

ਨਿਗਮ: ਸੰ. ਸੰਗਯਾ- ਵੇਦ ਦਾ ਮੰਤ੍ਰਭਾਗ. ਵੇਦ. "ਠਾਢਾ ਬ੍ਰਹਮਾ ਨਿਗਮ ਬੀਚਾਰੈ." (ਪ੍ਰਭਾ ਕਬੀਰ)

੨. ਰਸਤਾ. ਮਾਰਗ। ੩. ਬਾਜ਼ਾਰ। ੪. ਵਣਿਜ ਦਾ ਤਰੀਕਾ. ਵਪਾਰ ਦਾ ਢੰਗ। ੫. ਸੰ. ਨਿਮ੍ਨਗ ਦਾ ਰੂਪਾਂਤਰ. ਦਰਯਾ. ਨਦ. "ਜਾਕੇ ਨਿਗਮ ਦੂਧ ਕੇ ਨਾਟਾ। ਸੁਮੁੰਦ ਬਿਲੋਵਨ ਕਉ ਮਾਟਾ." (ਸੋਰ ਕਬੀਰ)

ਨਿਗਮਨ: ਸੰ. ਸੰਗਯਾ- ਨ੍ਯਾਯ ਮਤ ਅਨੁਸਾਰ ਵਾਕ ਦਾ ਨਤੀਜਾ ਸਿੱਧ ਕਰਨ ਵਾਲਾ ਵਾਕ. decoction.

ਨਿਗਮਬੋਧ: ਜਮੁਨਾ ਨਦੀ ਦਾ ਇੱਕ ਪ੍ਰਸਿੱਧ ਘਾਟ, ਜੋ ਦਿੱਲੀ ਪਾਸ ਹੈ। ੨. ਵੇਦਗ੍ਯਾਨ.

ਨਿਗਮਾਗਮ: ਨਿਗਮ (ਵੇਦ) ਅਤੇ ਆਗਮ (ਸ਼ਾਸਤ੍ਰ) ਵੇਦ ਸ਼ਾਸਤ੍ਰ। ੨. ਰਸਤਾ ਦੱਸਣ ਵਾਲਾ ਗ੍ਰੰਥ.

ਨਿਗਰ: ਸੰ. ਸੰਗਯਾ- ਭੋਜਨ। ੨. ਦੇਖੋ, ਨਿੱਗਰ। ੩. ਫ਼ਾ. نگر ਦੇਖੋ, ਅਵਿਲੋਕ। ੪. ਦੇਖਣ ਵਾਲਾ. ਦ੍ਰਸ਼੍ਟਾ.

ਨਿਗਰਣ: ਸੰ. ਸੰਗਯਾ- ਗਲ ਅੰਦਰ ਕਰਨਾ. ਨਿਗਲਣਾ. ਭਾਵ- ਭੋਜਨ ਛਕਣਾ.

ਨਿਗਰੀਸ੍ਤਨ: ਫ਼ਾ. نگریستن ਕ੍ਰਿ- ਦੇਖਣਾ.

ਨਿਗਲਨ, ਨਿਗਲਨਾ: ਦੇਖੋ, ਨਿਗਰਣ.

ਨਿਗੜ: ਦੇਖੋ, ਨਿਗਡ.

ਨਿਗਾਹ: ਦੇਖੋ, ਨਿਗਹ.

ਨਿਗਾਹਬਾਨ: ਦੇਖੋ, ਨਿਗਹਬਾਨ.

ਨਿਗਾਰ: ਫ਼ਾ. نگار ਸੰਗਯਾ- ਚਿੰਨ੍ਹ. ਨਕ਼ਸ਼। ੨. ਸ਼ੋਭਾ. ਸ਼੍ਰਿੰਗਾਰ। ੩. ਵਿ- ਪਸਾਰਾ। ੪. ਜਦ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ ਤਦ ਕਰਤਾ, ਵਾਲਾ ਆਦਿ ਅਰਥ ਦਿੰਦਾ ਹੈ, ਜਿਵੇਂ- ਨਾਮਹਨਿਗਾਰ (ਖ਼ਤ਼ ਲਿਖਣ ਵਾਲਾ).

ਨਿਗੁਸਾਈ: ਵਿ- ਜਿਸ ਦਾ ਕੋਈ ਗੋਸਾਈਂ (ਮਾਲਿਕ) ਨਹੀਂ, ਨਿਖਸਮਾ। ੨. ਨਾਸ੍ਤਿਕ। ੩. ਨਿਗੁਰਾ. "ਨਿਗੁਸਾਏ ਬਹਿਗਏ." (ਸ. ਕਬੀਰ)

ਨਿਗੁਣ, ਨਿਗੁਣਾ, ਨਿਗੁਣੀ, ਨਿਗੁਣੀਆ, ਨਿਗੁਨ: ਸੰ. ਨਿਰ੍‍ਗੁਣ. ਵਿ- ਸਤ ਰਜ ਤਮ ਮਾਇਆ ਦੇ ਗੁਣਾਂ ਤੋਂ ਰਹਿਤ. ਪਾਰ- ਬ੍ਰਹਮ। ੨. ਵਿਦਯਾ ਹੁਨਰ ਰਹਿਤ। ੩. ਸ਼ੁਭਕਰਮ ਰਹਿਤ. ਦੋਸ਼ੀ. ਪਾਪੀ. ਕਲੰਕੀ. "ਨਿਗੁਣਿਆ ਨੋ ਆਪੇ ਬਖਸਿਲਏ." (ਸੋਰ ਅਃ ਮਃ ੩) "ਮੁੰਧ ਇਆਣੀ ਭੋਲੀ ਨਿਗੁਣੀਆ ਜੀਉ." (ਗਉ ਛੰਤ ਮਃ ੩)

ਨਿਗੁਰਾ: ਵਿ- ਜਿਸ ਦਾ ਗੁਰੂ ਨਹੀਂ. ਮਨਮੁਖ। ੨. ਸਤਿਗੁਰੂ ਨਾਨਕਦੇਵ ਉੱਪਰ ਵਿਸ਼ਵਾਸ ਨਾ ਕਰਨ ਵਾਲਾ. "ਨਿਗੁਰੇ ਆਵਣ ਜਾਵਣਿਆ." (ਮਾਝ ਅਃ ਮਃ ੩)

ਨਿਗੂੰ: ਫ਼ਾ. نگوں ਵਿ- ਟੇਢਾ. ਵਿੰਗਾ। ੨. ਮੂਧਾ. ਉਲਟਾ.

ਨਿਗੋਸਾਈ, ਨਿਗੋਸਾਵਾ: ਦੇਖੋ, ਨਿਗਸਾਈ.

ਨਿਗੋਡਾ, ਨਿਗੋਡੀ: ਵਿ- ਨਿਗਡ (ਬੰਧਨ) ਵਿੱਚ ਫਸਿਆ, ਫਸੀ। ੨. ਸੰਗਯਾ- ਬੰਧਨ. ਫਾਹੀ. "ਛੂਟੈ ਕਹਾਂ ਨਿਗੋਡੀ ਜਾਗੀ." (ਚਰਿਤ੍ਰ ੫੭) ਇਸ ਥਾਂ ਪ੍ਰੇਮਬੰਧਨ ਤੋਂ ਭਾਵ ਹੈ.

ਨਿੱਗਰ: ਵਿ- ਜੋ ਅੰਦਰੋਂ ਥੋਥਾ ਨਹੀਂ, ਠੋਸ. solid । ੨. ਕਰੜਾ. ਸਖਤ। ੩. ਨਿ- ਗ੍ਰਹ.

ਨਿਗ੍ਰਹ: ਸੰ. ਸੰਗਯਾ- ਰੋਕਣ ਦਾ ਭਾਵ. ਰੋਕ। ੨. ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਰੱਖਣ ਦੀ ਕ੍ਰਿਯਾ. "ਪਾਚਉ ਇੰਦ੍ਰੀ ਨਿਗ੍ਰਹ ਕਰਈ." (ਗਉ ਬਾਵਨ ਕਬੀਰ) ੩. ਬੰਧਨ। ੪. ਦੰਡ, ਸਜ਼ਾ। ੫. ਰਾਜ ਦੀ ਹੱਦ. ਸੀਮਾਂ.

ਨਿਗ੍ਰਹਸ੍‍ਥਾਨ, ਨਿਗ੍ਰਹਕੋਟਿ: ਸੰਗਯਾ- ਪਕੜ ਦੀ ਥਾਂ, ਗਰਿਫ਼ਤ ਦੀ ਜਗਾ, ਨ੍ਯਾਯ ਅਨੁਸਾਰ ਚਰਚਾ ਕਰਦੇ ਜੇ ਇੱਕ ਪੱਖ ਦਾ ਆਦਮੀ ਕੋਈ ਅਜੇਹੀ ਬਾਤ ਕਹਿਦੇਵੇ, ਜੋ ਯੁਕ੍ਤਿ ਵਿਰੁੱਧ ਹੋਵੇ ਜਾਂ ਕਹਿਣ ਵਾਲੇ ਦੇ ਪੱਖ ਨੂੰ ਖੰਡਨ ਕਰਕੇ ਦੂਜੇ ਦੇ ਪੱਖ ਨੂੰ ਸਿੱਧ ਕਰਦੀ ਹੋਵੇ, ਤਦ ਪ੍ਰਤਿਪਕ੍ਸ਼ੀ ਝਟ ਉਸ ਗੱਲ ਨੂੰ ਮੁੱਖ ਰੱਖਕੇ ਬੋਲਣ ਵਾਲੇ ਦਾ ਮੂੰਹ ਬੰਦ ਕਰਦਿੰਦਾ ਹੈ.

ਨਿਗ੍ਰਹਿ: ਦੇਖੋ, ਨਿਗ੍ਰਹ.

ਨਿਗ੍ਰਹੀ: ਸੰ. निग्रहिन्. ਵਿ- ਰੋਕਣ ਵਾਲਾ। ੨. ਇੰਦ੍ਰੀਆਂ ਨੂੰ ਕਾਬੂ ਕਰਨ ਵਾਲਾ.

ਨਿਗ੍ਰਹੀਤ: ਵਿ- ਰੋਕਿਆਹੋਇਆ। ੨. ਫੜਿਆ ਹੋਇਆ.

ਨਿਗ੍ਰਹੁ: ਦੇਖੋ, ਨਿਗ੍ਰਹ. "ਹਠ ਨਿਗ੍ਰਹੁ ਕਰਿ ਕਾਇਆ ਛੀਜੈ." (ਰਾਮ ਅਃ ਮਃ ੧)

ਨਿਗ੍ਰੋਧ: ਦੇਖੋ, ਨ੍ਯਗ੍ਰੋਧ.

ਨਿਘਰਨਾ: ਕ੍ਰਿ- ਧਸਣਾ. ਗਡਣਾ. "ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ." (ਆਸਾ ਛੰਤ ਮਃ ੪)

ਨਿਘਰਾ: ਵਿ- ਘਰ (ਗ੍ਰਿਹ) ਰਹਿਤ. "ਨਿਘਰਿਆ, ਘਰਿ ਆਉ." (ਸ. ਫਰੀਦ) ੨. ਧਸਿਆ (ਗਡਿਆ) ਹੋਇਆ.

ਨਿਘਾਇ: ਦੇਖੋ, ਨਿਘਾਤ. "ਦਲ ਦਯੋ ਨਿਘਾਇ." (ਕ੍ਰਿਸਨਾਵ) ਸੈਨਾ ਫੱਟੜ (ਜ਼ਖਮੀ) ਕਰਦਿੱਤੀ.

ਨਿਘਾਤ: ਸੰ. ਸੰਗਯਾ- ਸੱਟ. ਚੋਟ। ੨. ਘਾਉ. ਜ਼ਖਮ. ਫੱਟ.

ਨਿਘੰਟੁ: ਸੰ. ਸੰਗਯਾ- ਕਸ਼ਯਪ ਦਾ ਰਚਿਆ ਹੋਇਆ ਵੇਦ ਦਾ ਕੋਸ਼, ਜਿਸ ਪੁਰ ਯਾਸ੍ਕਮੁਨਿ ਨੇ "ਨਿਰੁਕ੍ਤ" ਨਾਮਕ ਟੀਕਾ ਲਿਖਿਆ ਹੈ. ਇਹ ਬਹੁਤ ਪੁਰਾਣਾ ਗ੍ਰੰਥ ਹੈ. ਇਸ ਤੋਂ ਵੇਦ ਦੇ ਸ਼ਬਦਾਂ ਦਾ ਅਰਥ ਚੰਗੀ ਤਰਾਂ ਜਾਣਿਆ ਜਾਂਦਾ ਹੈ.

ਨਿੱਘ: ਸੰ. ਨਿਦਾਘ. ਸੰਗਯਾ- ਗਰਮੀ. ਤਪਤ. ਸੇਕ.

ਨਿੱਘਾ: ਵਿ- ਨਿੱਘ ਵਾਲਾ. ਦੇਖੋ, ਨਿੱਘ.

ਨਿਚਲ, ਨਿਚਲਾ: ਸੰ. ਨਿਸ਼੍ਚਲ. ਵਿ- ਅਚਲ. ਅਡੋਲ.

ਨਿਚਾਣ: ਸੰਗਯਾ- ਨੀਚ ਸਥਾਨ. ਨੰਮ੍ਰ ਸਥਾਨ. ਨੀਵਾਂ ਥਾਂ.

ਨਿਚਿੰਤ, ਨਿਚਿੰਦ, ਨਿਚਿੰਦਾ: ਦੇਖੋ, ਨਿਸਚਿੰਤ. "ਨਿੰਦਕ ਮਿਰਤਕ ਹੋਇ ੦ਗਏ ਤੁਮ ਹੋਹੁ ਨਿਚਿੰਦ." (ਬਿਲਾ ਮਃ ੫) "ਲੋਭ ਤਜਿ ਹੋਹੁ ਨਿਚਿੰਦਾ." (ਮਾਰੂ ਸੋਲਹੇ ਮਃ ੧)

ਨਿਚੀਜ: ਵਿ- ਨਾਚੀਜ਼. ਤੁੱਛ. ਅਦਨਾ. "ਨਿਚੀਜਿਆਂ ਚੀਜ ਕਰੇ ਮੇਰਾ ਗੋਬਿੰਦ." (ਸੋਰ ਮਃ ੫)

ਨਿਚੀਤ: ਵਿ- ਨਿਸ਼੍ਚਿੰਤ. ਬੇਫ਼ਿਕਰ. "ਆਜ ਹ੍ਵੈਕੈ ਨਿਚੀਤ." (ਰਾਮਾਵ)

ਨਿਚੁਰਨਾ, ਨਿਚੁੜਨਾ: ਕ੍ਰਿ- ਨਿ- ਚ੍ਯਵਨ. ਟਪਕਣਾ. ਚੁਇਣਾ. "ਨੈਨਨ ਪੈਡ ਚਲ੍ਯੋ ਨਿਚੁਰਕੈ." (ਕ੍ਰਿਸਨਾਵ) ਨੇਤ੍ਰਾਂ ਦੇ ਰਾਹ ਟਪਕ ਚੱਲਿਆ.

ਨਿਚੋਹ: ਸੰ. ਨਿਚਯ. ਸੰਗਯਾ- ਸਮੂਹ. ਸਮੁਦਾਯ. "ਦਯੋ ਬਿਧਨ ਰਸ ਯਾਹਿ ਨਿਚੋਹੈ." (ਕ੍ਰਿਸਨਾਵ)

ਨਿਚੋਰਨਾ: ਦੇਖੋ, ਨਿਚੁਰਨਾ ਅਤੇ ਨਿਚੋੜਨਾ.

ਨਿਚੋਲ: ਸੰ. ਸੰਗਯਾ- ਵਸਤ੍ਰ. ਪੋਸ਼ਾਕ. "ਲੀਨੇ ਰੁਚਿਰ ਨਿਚੋਲ." (ਨਾਪ੍ਰ) ੨. ਨੀਲਾ ਕਮਲ. "ਨੀਲ ਨਿਚੋਲ ਸੋ ਨੈਨ ਲਸੈਂ." (ਚਰਿਤ੍ਰ ੧੧੪)

ਨਿਚੋਲਨਾ, ਨਿਚੋਵਨਾ: ਕ੍ਰਿ- ਨਿ- ਚ੍ਯਵਨ. ਟਪਕਾਉਣਾ. ਵਸਤ੍ਰ ਆਦਿ ਨੂੰ ਦਬਾਕੇ ਪਾਣੀ ਚੁਆਉਣਾ. ਨਿਚੋੜਨਾ. "ਚੀਰ ਪਖਾਰਤ ਨਾਦ ਉਠਾਯ ਨਿਚੋਰਤ." (ਗੁਪ੍ਰਸੂ) "ਰਸ ਕਾਨ ਨਿਚੋਲੈ." (ਕ੍ਰਿਸਨਾਵ) "ਮੋਤਿਨ ਕੀ ਮਾਲ ਲੈ ਨਿਚੋਵਤੀ."

ਕਵਿ (੫੨) ਮੁਸੀਬਤ ਦੀ ਮਾਰੀ, ਤ੍ਰਿਖਾ ਬੁਝਾਉਣ ਲਈ ਮੋਤੀਆਂ ਦੀ ਮਾਲਾ ਨੂੰ ਨਿਚੋੜਦੀ ਹੈ ਕਿ ਇਸ ਵਿੱਚੋਂ ਜਲ ਚੋਵੇਗਾ.

ਨਿਚੋੜ: ਨਤੀਜਾ. ਸਿੱਧਾਂਤ. ਤਤ੍ਵ. ਸਾਰ. Conclusion.

ਨਿਚੋੜਨਾ: ਦੇਖੋ, ਨਿਚੋਲਨਾ.

ਨਿਚੰਦੁ: ਵਿ- ਨਿਸ਼੍ਚਿੰਤ. ਬੇਫ਼ਿਕਰ. "ਹਉਮੈ ਮਾਰਿ ਨਿਚੰਦੁ." (ਸ੍ਰੀ ਮਃ ੩)

ਨਿਛ: ਦੇਖੋ, ਨਿੱਛ.

ਨਿਛਤ੍ਰ: ਦੇਖੋ, ਨਕ੍ਸ਼ਤ੍ਰ। ੨. ਦੇਖੋ, ਨਿਛਤ੍ਰੀ.

ਨਿਛਤ੍ਰਾ, ਨਿਛਤ੍ਰੀ: ਵਿ- ਛਤ੍ਰ ਰਹਿਤ। ੨. ਕ੍ਸ਼ਤ੍ਰਿਯ ਬਿਨਾ. ਕ੍ਸ਼ਤ੍ਰਿਯ (ਛਤ੍ਰੀ) ਜਾਤਿ ਤੋਂ ਖਾਲੀ. "ਨਿਛਤ੍ਰਾ ਪ੍ਰਿਥੀ ਬਾਰ ਇੱਕੀਸ ਕਰ ਹੈ." (ਚਰਿਤ੍ਰ ੧) "ਇੱਕਿਸ ਬਾਰ ਨਿਛਤ੍ਰੀ ਧਰਨੀ." (ਨਾਪ੍ਰ) ਦੇਖੋ, ਪਰਸੁਰਾਮ.

ਨਿਛਾਵਰ: ਅ. نثاور ਨਿਸਾਰ. ਸੰਗਯਾ- ਵਾਰਣਾ. ਕੁਰਬਾਨੀ. ਸਿਰ ਉੱਪਰੋਂ ਵਾਰਕੇ ਕਿਸੇ ਵਸਤੂ ਦਾ ਵਿਖੇਰਨਾ.

ਨਿਛੋਟ: ਸੰਗਯਾ- ਛੁਟਕਾਰਾ. ਰਿਹਾਈ.

ਨਿੱਛ: ਸੰਗਯਾ- ਛਿੱਕਾ. ਛਿੱਕ. ਦੇਖੋ, ਛਿੱਕ.

ਨਿਜ: ਸੰ. ਵਿ- ਆਪਣਾ. ਸ੍ਵਕੀਯ, ਜੋ ਪਰਾਇਆ ਨਹੀਂ. "ਸੋਈ ਜਨੁ ਸੋਈ ਨਿਜਭਗਤਾ." (ਨਟ ਮਃ ੫) ੨. ਮੁੱਖ, ਪ੍ਰਧਾਨ. "ਤੂੰ ਨਿਜਪਤਿ ਹੈਂ ਦਾਤਾ." (ਧਨਾ ਮਃ ੩) ਦੇਖੋ, ਨਿਜਪਤਿ। ੩. ਖ਼ਾਸ. ਵਿਸ਼ੇਸ਼. "ਨਿਜਕਰਿ ਦੇਖਿਓ ਜਗਤੁ ਮੈ." (ਸਃ ਮਃ ੯)

ਨਿਜਸੁਖ: ਸੰਗਯਾ- ਆਤਮਾ ਆਨੰਦ."ਨਿਜਸੁਖ ਮਾਹਿ ਸਮਾਇਆ." (ਬਸੰ ਮਃ ੯)

ਨਿਜਕ: ਵਿ- ਨਜ਼ਦੀਕ ਦਾ ਸੰਖੇਪ.

ਨਿਜਕਰਿ: ਵਜ- ਖ਼ਾਸ ਕਰਕੇ, ਵਿਸ਼ੇਸ਼ ਕਰਕੇ. ਚੰਗੀ ਤਰਾਂ. ਬਖ਼ੂਬੀ. ਦੇਖੋ, ਨਿਜ ੩.

ਨਿਜਕਾਨਾ, ਨਿਜਕਾਨੀ: ਨਜ਼ਦੀਕ (ਨੇੜੇ) ਆਨਾ. ਪਾਸ ਆਇਆ, ਆਈ. ਦੇਖੋ, ਨਜਿਕਾਨਾ. "ਸਾਢਸਤੀ ਤਨਧਰ ਨਿਜਕਾਨੀ." (ਗੁਪ੍ਰਸੂ)

ਨਿਜਗਤਿ: ਸੰਗਯਾ- ਆਪਣੀ ਦਸ਼ਾ. ਆਪਣੀ ਹਾਲਤ। ੨. ਆਪਣੇ ਆਪ ਦੀ ਸਮਝ.

ਨਿਜਘਰ: ਆਪਣਾ ਘਰ। ੨. ਆਪਣੀ ਧਰਮਪਤਨੀ। ੩. ਆਤਮਸ੍ਵਰੂਪ.

ਨਿਜਘਰਿ: ਆਪਣੇ ਘਰ ਵਿੱਚ। ੨. ਆਤਮਸ੍ਵਰੂਪ ਵਿੱਚ. "ਜਿਨੀ ਸੁਣਿਕੈ ਮੰਨਿਆ ਤਿਨਾ ਨਿਜਘਰਿ ਵਾਸੁ." (ਸ੍ਰੀ ਮਃ ੩)

ਨਿਜਘਰੁ: ਦੇਖੋ, ਨਿਜਘਰ.

ਨਿਜਠਾਉ: ਆਪਣੀ ਇਸਥਿਤੀ ਦਾ ਠਿਕਾਣਾ. ਆਤਮਗਯਾਨ ਹੋਣ ਪੁਰ ਪਰਮਪਦ ਵਿੱਚ ਠਹਿਰਨ ਦਾ ਭਾਵ. "ਨਾਮ ਬਿਨਾ ਨਾਹੀ ਨਿਜਠਾਉ." (ਗਉ ਅਃ ਮਃ ੧)

ਨਿਜ਼ਦ: ਫ਼ਾ. نزد ਕ੍ਰਿ. ਵਿ- ਪਾਸ. ਨੇੜੇ. ਸਮੀਪ.

ਨਿਜਧਨ: ਆਪਣਾ ਧਨ. ਸ੍ਵਕੀਯ ਪਦਾਰਥ। ੨. ਖ਼ਾਸ ਧਨ. "ਨਿਜਧਨ ਗਿਆਨ ਭਗਤਿ ਗੁਰਿ ਦੀਨੀ." (ਗਉ ਕਬੀਰ)

ਨਿਜਪਤਿ: ਆਪਣਾ ਮਾਲਕ ਆਪ. ਭਾਵ- ਸ੍ਵਤੰਤ੍ਰ (independent), ਦੇਖੋ, ਨਿਜ ੧.

ਨਿਜਪਦ: ਆਪਣੀ ਪਦਵੀ. ਸ੍ਵ. ਅਧਿਕਾਰ। ੨. ਆਤਮਪਦ. ਤੁਰੀਯ (ਤੁਰੀਆ) ਪਦ. "ਨਿਜਪਦ ਊਪਰਿ ਲਾਗੋ ਧਿਆਨੁ." (ਭੈਰ ਕਬੀਰ)

ਨਿਜਭਗਤ: ਅਨੰਨ ਭਗਤ. "ਗੁਰੂ ਅਮਰਦਾਸ ਨਿਜਭਗਤ ਹੈ." (ਸਵੈਯੇ ਮਃ ੩. ਕੇ) ੨. ਖ਼ਾਸ ਭਗਤ.

ਨਿਜਭਗਤੀ: ਖ਼ਾਸ ਭਗਤੀ। ੨. ਅਨੰਨ ਭਗਤੀ. "ਨਿਜਭਗਤੀ ਸੀਲਵੰਤੀ ਨਾਰਿ." (ਆਸਾ ਮਃ ੫)

ਨਿਜਭਾਗੀ: ਵਿ- ਆਪਣੇ ਹਿੱਸੇ ਵਿੱਚ ਆਈਹੋਈ। ੨. ਸੰਗਯਾ- ਆਪਣੀ ਵਿਰਾਸਤ. "ਕੇਵਲ ਰਾਮਭਗਤਿ ਨਿਜਭਾਗੀ." (ਗਉ ਕਬੀਰ)

ਨਿਜਮਤ: ਸੰਗਯਾ- ਆਪਣਾ ਧਰਮ. ਸ੍ਵਕੀਯ ਧਰਮ। ੨. ਖ਼ਾਸ ਮਤ. ਵਿਸ਼ੇਸ਼ ਸਿੱਧਾਂਤ.

ਨਿਜਮਤਿ: ਆਪਣੀ ਰਾਇ (ਸੰਮਤਿ). "ਨਾਮੇ ਕੀ ਨਿਜਮਤਿ ਏਹ." (ਗੌਂਡ)

ਨਿਜਮਤੁ: ਦੇਖੋ, ਨਿਜਮਤ. "ਕਹੁ ਨਾਨਕ ਨਿਜਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ." (ਸੋਰ ਮਃ ੯)

ਨਿਜੜਾ: ਵਿ- ਜੜ (ਮੂਲ) ਰਹਿਤ. ਬਿਨਾ ਜੜ. ਨਿਰਮੂਲ.

ਨਿਜ਼ਾਅ, ਨਿਜ਼ਾਅ਼: ਅ਼. نزاع ਸੰਗਯਾ- ਝਗੜਾ. ਵਿਵਾਦ। ੨. ਫੁੱਟ. ਵਿਰੋਧ.

ਨਿਜਾਬਤ: ਅ਼. نجابت ਭਲਮਨਸਊ। ੨. ਬਜ਼ੁਰਗੀ.

ਨਿਜਾਬਤਖਾਨ: ਦੇਖੋ, ਨਜਾਬਤਖ਼ਾਨ.

ਨਿਜਾਮ: ਅ਼. نظام ਨਿਜ਼ਾਮ. ਸੰਗਯਾ- ਪ੍ਰਬੰਧ. ਇੰਤਜਾਮ। ੨. ਹੈਦਰਾਬਾਦ ਦੱਖਣ ਦੇ ਸ਼ਾਹ ਦੀ ਉਪਾਧਿ. ਹੈਦਰਾਬਾਦ ਦੀ ਰਿਆਸਤ ਚਿਨਕਲਿਚਖ਼ਾਨ ਨੇ ਕ਼ਾਇਮ ਕੀਤੀ, ਜੋ ਦਿੱਲੀ ਦੇ ਬਾਦਸ਼ਾਹ ਮੁਹੰਮਦਸ਼ਾਹ ਦਾ ਵਜ਼ੀਰ ਸੀ, ਅਤੇ ਰਾਜ੍ਯ (ਸਲਤਨਤ) ਦਾ ਪ੍ਰਬੰਧਕ ਹੋਣ ਕਰਕੇ ਇਸ ਦਾ ਖ਼ਿਤਾਬ ਨਿਜਾਮੁਲਮੁਲਕ ਸੀ. ਜਦ ਦਿੱਲੀ ਦੀ ਹੁਕੂਮਤ ਕਮਜ਼ੋਰ ਦੇਖੀ, ਤਦ ਨਿਜਾਮੁਲਮੁਲਕ ਨੇ ਸੰਮਤ ੧੭੭੮ ਵਿੱਚ ਆਪਣੀ ਜੁਦੀ ਰਿਆਸਤ ਕ਼ਾਇਮ ਕਰਲਈ, ਜੋ ਹੁਣ ਉਸ ਦੀ ਸੰਤਾਨ ਵਿੱਚ ਚਲੀਆਉਂਦੀ ਹੈ. ਅਬਿਚਲਨਗਰ (ਹਜ਼ੂਰਸਾਹਿਬ) ਪ੍ਰਸਿੱਧ ਗੁਰਦ੍ਵਾਰਾ ਨਿਜਾਮ ਰਾਜ੍ਯ ਵਿੱਚ ਹੈ.

ਨਿਜਾਮਾਬਾਦ: ਯੂ. ਪੀ. ਦੇ ਆਜਮਗੜ੍ਹ ਜਿਲੇ ਦਾ ਇੱਕ ਨਗਰ, ਜੋ ਤਮਸਾ ਨਦੀ ਦੇ ਕਿਨਾਰੇ ਹੈ. ਇਹ ਜੌਨਪੁਰ ਤੋਂ ਵੀਹ ਅਤੇ ਕਾਸ਼ੀ ਤੋਂ ਤੀਹ ਕੋਹ ਹੈ. ਸ਼੍ਰੀ ਗੁਰੂ ਨਾਨਕਦੇਵ ਇਸ ਥਾਂ ਪਧਾਰੇ ਹਨ, ਗੁਰਦ੍ਵਾਰਾ ਵਿਦ੍ਯਮਾਨ ਹੈ.

ਬਾਬਾ ਕ੍ਰਿਪਾ ਦਿਆਲ ਸਿੰਘ ਭੱਲੇ ਸਾਹਿਬਜ਼ਾਦੇ ਇੱਥੇ ਆਕੇ ਵਿਰਾਜੇ, ਉਨ੍ਹਾਂ ਨੇ ਗੁਰਮਤ ਦਾ ਵਡਾ ਪ੍ਰਚਾਰ ਕੀਤਾ, ਅਨੇਕਾਂ ਨੂੰ ਅੰਮ੍ਰਿਤ ਛਕਾਕੇ ਸੁਮਾਰਗ ਪਾਇਆ. ਇਨ੍ਹਾਂ ਦੇ ਸੁਪੁਤ੍ਰ ਬਾਬਾ ਸਾਧੂਸਿੰਘ ਜੀ ਵਡੀ ਕਰਣੀ ਵਾਲੇ ਨਾਮ ਦੇ ਰਸੀਏ ਹੋਏ ਹਨ. ਇਨ੍ਹਾਂ ਨੇ ਭੀ ਪਿਤਾ ਵਾਂਙ ਗੁਰਸਿੱਖੀ ਫੈਲਾਈ. ਦੇਖੋ, ਸੁਮੇਰ ਸਿੰਘ। ੨. ਇਸ ਨਾਉਂ ਦਾ ਇੱਕ ਨਗਰ ਰਿਆਸਤ ਹੈਦਰਾਬਾਦ ਦੱਖਣ ਦਾ ਭੀ ਪ੍ਰਸਿੱਧ ਹੈ.

ਨਿਜਾਮੁੱਦੀਨ ਔਲੀਆ: نظام الدین اولیا ਇਹ ਸ਼ੇਖ਼ ਫ਼ਰੀਦ ਜੀ ਦਾ ਚੇਲਾ ਪ੍ਰਸਿੱਧ ਫ਼ਕ਼ੀਰ ਸੀ. ਇਸ ਦਾ ਜਨਮ ਬਦਾਓਂ ਵਿੱਚ ਸਨ ੧੨੩੬ ਵਿੱਚ ਹੋਇਆ ਅਤੇ ਸਨ ੧੩੨੫ ਵਿੱਚ ਦਿੱਲੀ ਦੇਹਾਂਤ ਹੋਇਆ, ਜਿੱਥੇ ਇਸ ਦਾ ਮਕ਼ਬਰਾ ਬਹੁਤ ਪ੍ਰਸਿੱਧ ਅਤੇ ਮੁਸਲਮਾਨਾਂ ਦਾ ਯਾਤ੍ਰਾਅਸਥਾਨ ਹੈ. ਗੁਰੂ ਨਾਨਕਦੇਵ ਜਦ ਦਿੱਲੀ ਪਧਾਰੇ ਹਨ, ਤਦ ਇਸ ਦੇ ਜਾਨਸ਼ੀਨ ਦਰਵੇਸ਼ ਨਾਲ ਚਰਚਾ ਹੋਈ ਹੈ.

ਨਿਜਾਵਲ, ਨਿਜਾਵਲਿ: ਨਿਜ- ਆਵਲਿ. ਆਪਣੀ ਪੰਕਤਿ. ਆਪਣੀ ਸ਼੍ਰੇਣੀ (ਕ਼ਤਾਰ). "ਬਸਸਿ ਨਿਰਮਲ ਜਲ ਪਦਮ ਨਿਜਾਵਲ ਰੇ." (ਮਾਰੂ ਮਃ ੧)

ਨਿਜਿ: ਸੰ. ਵਿ- ਸ਼ੁੱਧ. ਨਿਰੋਲ. ਖ਼ਾਲਿਸ.

ਨਿਜੂਟ: ਸੰਗਯਾ- ਸਿਰ ਦੇ ਕੇਸਾਂ ਦਾ ਜੂੜਾ ੨. ਜਟਾ ਦੀ ਗੱਠ. "ਨਿਜੂਟੰ ਸੁਧਾਰੰ." (ਵਿਚਿਤ੍ਰ)

ਨਿਜੇਸ: ਨਿਜ- ਈਸ਼ ਆਪਣਾ ਸ੍ਵਾਮੀ। ੨. ਆਪਣਾ ਪਤਿ. ਭਰਤਾ.

ਨਿਜੰਤ੍ਰ: ਸੰ. नियन्तृ- ਨਿਯੰਤ੍ਰਿ. ਸੰਗਯਾ- ਨਿਯਮ ਕ਼ਾਇਮ ਕਰਨ ਵਾਲਾ। ੨. ਪ੍ਰੇਰਣ ਕਰਤਾ. ਪ੍ਰੇਰਕ। ੩. ਸਿਖ੍ਯਾ ਵਿੱਚ ਚਲਾਉਣ ਵਾਲਾ. "ਨਿਜੰਤ੍ਰ ਕੈਕੈ ਜਾਨੀਐ." (ਅਕਾਲ)

ਨਿੱਜ: ਵਿ- ਨਿਰਰਥਕ ਹੈ ਜਿਸ ਦਾ ਜਨਮ.

ਨਿਝੱਕ: ਵਿ- ਨਿਡਰ. ਜਿਸ ਨੂੰ ਝਕ (ਝਿਝਕ) ਨਹੀਂ ਹੈ. "ਝੁਕੇ ਨਿਝੱਕ." (ਚੰਡੀ ੨)

ਨਿਝਰ, ਨਿਝਰੁ: ਸੰ. ਨਿਝੰਰ. ਸੰਗਯਾ- ਪਾਣੀ ਦਾ ਝਰਨਾ. ਚਸ਼ਮਾ. ਜਲ ਦਾ ਸੋਤ, ਜਿਸ ਤੋਂ ਪਾਣੀ ਝਰਦਾ ਰਹਿੰਦਾ ਹੈ.

"ਨਿਝਰਧਾਰੁ ਚੁਐ ਅਤਿ ਨਿਰਮਲ." (ਰਾਮ ਕਬੀਰ) "ਨਿਝਰੁ ਝਰੈ ਸਹਜਧੁਨਿ ਲਾਗੈ." (ਸੂਹੀ ਮਃ ੧) ਯੋਗਮਤ ਅਨੁਸਾਰ ਦਸਮਦ੍ਵਾਰ ਤੋਂ ਅੰਮ੍ਰਿਤ ਵਰਸਦਾ ਹੈ. ਗੁਰਮਤ ਅਨੁਸਾਰ ਨਾਮ ਅਭ੍ਯਾਸ ਦ੍ਵਾਰਾ ਆਤਮਾਨੰਦ ਤੋਂ ਨਿਝਰ ਦਾ ਭਾਵ ਹੈ। ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇੱਕ ਸਿੱਖ, ਜੋ ਰੰਧਾਵਾ ਜਾਤਿ ਦਾ ਸੀ.

ਨਿਠੁਰ: ਕਠੋਰ. ਕਰੜਾ. ਦੇਖੋ, ਨਿਸਠੁਰ. "ਵਜ੍ਰ ਸਮਾਨ ਨਿਠੁਰ ਤਨ ਧਰਕੈ." (ਨਾਪ੍ਰ)

ਨਿਠੁਰਤਾ: ਸੰ. ਨਿਸ਼੍ਠੁਰਤਾ. ਸੰਗਯਾ- ਕਠੋਰਤਾ. ਸਖ਼ਤੀ। ੨. ਬੇਰਹ਼ਮੀ.

ਨਿਡਰ: ਸੰ. ਨਿਦੰਰ. ਵਿ- ਡਰ ਰਹਿਤ. ਬੇਖ਼ੌਫ਼. "ਨਿਡਰੇ ਕਉ ਕੈਸਾ ਡਰੁ?" (ਗਉ ਅਃ ਮਃ ੧)

ਨਿਡੀਯ: ਦੇਖੋ, ਨੀਡ.

ਨਿਢਾਲ: ਵਿ- ਬਿਨਾ ਪਨਾਹ. ਓਟ ਰਹਿਤ। ੨. ਬਲ ਰਹਿਤ. ਕਮਜ਼ੋਰ.

ਨਿਣਾਨ: ਦੇਖੋ, ਨਣਦ.

ਨਿਤ: ਸੰ. ਨਿਤ੍ਯ. ਵਿ- ਜੋ ਸਦਾ ਰਹੇ. ਜਿਸ ਦਾ ਕਦੇ ਨਾਸ਼ ਨਾ ਹੋਵੇ. ਅਵਿਨਾਸ਼ੀ। ੨. ਕ੍ਰਿ. ਵਿ- ਸਦਾ. ਹਮੇਸ਼. ਪ੍ਰਤਿਦਿਨ. "ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ." (ਪ੍ਰਭਾ ਮਃ ੫)

ਨਿੰਤ: ਦੇਖੋ, ਨਿਤ.

ਨਿਤਹਿਨਿਤ, ਨਿਤਨਿਤ, ਨਿਤਨਿਤਹਿ, ਨਿਤਨੀਤ, ਨਿਤਪ੍ਰਤ, ਨਿਤਪ੍ਰਤਹ, ਨਿਤਪ੍ਰਤਿ: ਕ੍ਰਿ. ਵਿ- ਨਿਤ੍ਯਪ੍ਰਤਿ. ਹਰਰੋਜ਼. ਹਮੇਸ਼ਹ. ਸਦਾ. "ਕਾਲ ਨਿਤਹਿਨਿਤ ਹੋਰੈ." (ਦੇਵ ਮਃ ੫) "ਨਿਤ- ਨਿਤ ਕਾਇਆ ਮਜਨੁ ਕੀਆ." (ਨਟ ਅਃ ਮਃ ੪) "ਫਿਰਨ ਮਿਟੇ ਨਿਤਨੀਤ." (ਬਾਵਨ) "ਰਮੰਤ ਗੁਣ ਗੋਬਿੰਦ ਨਿਤਪ੍ਰਤਹ." (ਸਹਸ ਮਃ ੫) "ਨਿਤਪ੍ਰਤਿ ਨਾਵਣੁ ਰਾਮਸਰਿ ਕੀਜੈ." (ਗਉ ਮਃ ੫)

ਨਿਤਰਣਾ, ਨਿਤਰਨਾ: ਕ੍ਰਿ- ਚੰਗੀ ਤਰਾਂ ਤਰਨਾ. ਪਾਰ ਹੋਣਾ। ੨. ਬਹੁਤੇ ਆਦਮੀਆਂ ਵਿੱਚੋਂ ਕਿਸੇ ਕੰਮ ਦੇ ਕਰਨ ਲਈ ਅੱਗੇ ਹੋਣਾ. "ਨਿਤਰੇ ਬੀਰ ਮਰਨ ਡਰ ਜਾਹਿ ਨ." (ਗੁਪ੍ਰਸੂ) ੩. ਪਰੀਖ੍ਯਾ ਵਿੱਚੋਂ ਪਾਰ ਹੋਣਾ.

ਨਿਤਰਾਂ: ਸੰ. नितराम्. ਵ੍ਯ- ਸਦਾ. ਹਮੇਸ਼ਹ.

ਨਿਤਾ: ਦੇਖੋ, ਕਲਸ ਦਾ ਰੂਪ ੩.

ਨਿਤਾਣਾ: ਵਿ- ਤਾਣ (ਬਲ) ਰਹਿਤ। ੨. ਜਿਸ ਦੀ ਕੋਈ ਤ੍ਰਾਣ (ਰਖ੍ਯਾ) ਨਹੀਂ ਕਰਦਾ.

ਨਿਤਾਂਤ: ਸੰ. ਵਿ- ਅਧਿਕ. ਬਹੁਤ। ੨. ਨਿਰਾ. ਨਿਪਟ. ਕੇਵਲ.

ਨਿਤਾਨੰਦ: ਦੇਖੋ, ਨਿਤ੍ਯਾਨੰਦ। ੨. ਵਟਾਲੇ ਦਾ ਇੱਕ ਪੰਡਿਤ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਕੇ ਪ੍ਰਚਾਰਕ ਬਣਿਆ.

ਨਿਤਾਪ੍ਰਤਿ: ਦੇਖੋ, ਨਿਤਪ੍ਰਤਿ. "ਵਰਤ ਨੇਮ ਨਿਤਾਪ੍ਰਤਿ ਪੂਜਾ." (ਬਿਲਾ ਮਃ ੩. ਵਾਰ ੭)

ਨਿਤਾਰਣਾ: ਕ੍ਰਿ- ਸੰ. ਨਿਸ੍ਤਾਰਣ. ਤਰਾਉਣਾ. ਤਾਰਨਾ। ੨. ਦਾਲ ਆਦਿ ਦਾ ਫੂਸ ਪਾਣੀ ਪੁਰ ਤਾਰਕੇ ਕੱਢਣਾ। ੩. ਸੱਚ ਝੂਠ ਦਾ ਨਿਬੇੜਾ ਕਰਨਾ.

ਨਿਤਾਰਾ: ਸੰਗਯਾ- ਨਿਤਾਰਨ ਦਾ ਭਾਵ. ਦੇਖੋ, ਨਿਤਾਰਣਾ. "ਸਾਚ ਝੂਠ ਤਬ ਕਰੈ ਨਿਤਾਰਾ." (ਗੁਪ੍ਰਸੂ)

ਨਿਤਿ: ਨਿਤ੍ਯ. ਦੇਖ, ਨਿਤ। ੨. ਨਿਤ੍ਯ ਹੀ. ਸਦੈਵ. "ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ." (ਧਨਾ ਛੰਤ ਮਃ ੫)

ਨਿਤੰਬ: ਸੰ. ਸੰਗਯਾ- ਕਾਮੀ ਜਨਾਂ ਤੋਂ ਕੀਤੀ ਗਈ ਹੈ ਇੱਛਾ ਜਿਸ ਦੀ, ਚਿੱਤੜ.

ਨਿੱਤ: ਦੇਖੋ, ਨਿਤ.

ਨਿੱਤਨੇਮ: ਦੇਖੋ, ਨਿਤਜਨੇਮ.

ਨਿਤਜ: ਦੇਖੋ, ਨਿਤ.

ਨਿਤਜਕਰਮ: ਸੰਗਜਾ- ਉਹ ਕਰਮ ਜੋ ਹਰਰੋਜ਼ ਕੀਤਾਜਾਵੇ. ਨਿਤਜ ਦੀ ਕ੍ਰਿਯਾ। ੨. ਧਰਮ ਅਨੁਸਾਰ ਨਿਤਜ ਕਰਨ ਯੋਗ਼ਜ ਕਰਮ, ਜੈਸੇ- ਸਨਾਨ ਜਪ ਆਦਿ.

ਨਿਤਜਨਿਯਮ, ਨਿਤਜਨੇਮ: ਸੰਗਜਾ- ਉਹ ਕਰਮ, ਜਿਸ ਦੇ ਨਿਤਜ ਕਰਨ ਦਾ ਨਿਯਮ ਹੈ। ੨. ਧਰਮ ਅਨੁਸਾਰ ਨਿਤਜ ਕਰਨ ਯੋਗਯ ਕਰਮ। ੩. ਨਿੱਤ ਲਈ ਥਾਪਿਆ ਹੋਇਆ ਨੇਮ.

ਨਿਤਜਪ੍ਰਤਹਿ, ਨਿਤਜਪ੍ਰਤਿ: ਦੇਖੋ, ਨਿਤਪ੍ਰਤਿ.

ਨਿਤਜਪ੍ਰਲਯ: ਦੇਖੋ, ਪ੍ਰਲਯ.

ਨਿਤਜਾਨੰਦ: ਦੇਖੋ, ਨਿਤਾਨੰਦ। ੨. ਨਿਤਜ ਰਹਿਣ ਵਾਲਾ ਆਨੰਦ. ਅਵਿਨਾਸ਼ੀ ਸੁਖ.

ਨਿਥਾਣਾ: ਦਖੋ, ਨਥਾਣਾ। ੨. ਜਿਲਾ ਫਿਰੋਜ਼ਪੁਰ ਵਿੱਚ ਇੱਕ ਮਸ਼ਹੂਰ ਪਿੰਡ, ਜੋ ਰੇਲਵੇ ਸਟੇਸ਼ਨ ਭੁੱਚੋ ਤੋਂ ਸੱਤ ਮੀਲ ਉੱਤਰ ਹੈ. ਇਸ ਪਿੰਡ ਦੇ ਵਿੱਚ ਹੀ ਢਾਬ ਦੇ ਕਿਨਾਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ. ਇੱਥੇ ਇੱਕ ਕਾਲੂਨਾਥ ਸਾਧੂ ਰਹਿੰਦਾ ਸੀ, ਜੋ ਗੁਰੂ ਜੀ ਦਾ ਪ੍ਰੇਮੀ ਅਤੇ ਨਾਮ ਜਪਣ ਵਾਲਾ ਸੀ. ਇਸ ਨੇ ਗੁਰੂਸਰ ਮੇਹਰਾਜ ਦੇ ਜੰਗ ਸਮੇਂ ਸਤਿਗੁਰੂ ਦੀ ਬਹੁਤ ਸੇਵਾ ਅਤੇ ਸਹਾਇਤਾ ਕੀਤੀ. ਜੰਗ ਫਤੇ ਹੋਣ ਪੁਰ ਗੁਰੂ ਜੀ ਨੂੰ ਇੱਥੇ ਲੈਆਇਆ ਅਤੇ ਪ੍ਰੇਮ ਨਾਲ ਸੇਵਾ ਕੀਤੀ. ਗੁਰਉਪਦੇਸ਼ ਦੇ ਪ੍ਰਭਾਵ ਨਾਲ ਪਰਮਗਤਿ ਦਾ ਅਧਿਕਾਰੀ ਬਣਿਆ. ਗੁਰਦੁਆਰਾ ਬਣਿਆਹੋਇਆ ਹੈ ਅਤੇ ੨੭ ਘੁਮਾਉਂ ਜ਼ਮੀਨ ਪਿੰਡ ਵੱਲੋਂ ਗੁਰਦੁਆਰੇ ਦੇ ਨਾਮ ਹੈ. ਚੇਤ੍ਰਚੋਦਸ ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ.

ਨਿਥਾਵ, ਨਿਥਾਵਾ: ਵਿ- ਜਿਸ ਦਾ ਕੋਈ ਠਿਕਾਣਾ ਨਹੀਂ. "ਨਿਥਾਵੇ ਕਉ ਤੁਮ ਥਾਨਿ ਬੈਠਾਵਹੁ." (ਭੈਰ ਮਃ ੫)

ਨਿੰਦ: ਸੰ. निन्द्. ਧਾ- ਧਿੱਕਾਰਨਾ, ਦੋਸ਼ ਲਾਉਣਾ, ਬਦਨਾਮੀ ਕਰਨੀ। ੨. ਸੰਗਜਾ- ਨਿੰਦਾ. ਗੁਣਾਂ ਵਿੱਚ ਦੋਸ਼ ਥਾਪਣ ਦੀ ਕ੍ਰਿਯਾ. "ਪਰਤ੍ਰਿਯ ਰਮਹਿ, ਬਕਹਿ ਸਾਧਨਿੰਦ." (ਗਉ ਥਿਤੀ ਮਃ ੫)

ਨਿੰਦਕ, ਨਿੰਦੁਕ: ਸੰਗਜਾ- ਨਿੰਦਾ ਕਰਨ ਵਾਲਾ. ਗੁਣਾਂ ਨੂੰ ਦੋਸ਼ ਕਹਿਣ ਵਾਲਾ. "ਨਿੰਦਕ ਕਉ ਫਿਟਕੇ ਸੰਸਾਰੁ। ਨਿੰਦਕ ਕਾ ਝੂਠਾ ਬਿਉਹਾਰ." (ਭੈਰ ਮਃ ੫) "ਨਿੰਦਕੁ ਗੁਰਕਿਰਪਾ ਤੇ ਹਾਟਿਓ." (ਟੋਡੀ ਮਃ ੫)

ਨਿੰਦਚਿੰਦ: ਨਿੰਦਾ ਦਾ ਚਿਤਵਨ. ਦੋਸ਼ ਆਰੋਪਣ ਦਾ ਖ਼ਿਆਲ ਨਿੰਦਚਿੰਦ ਕਉ ਬਹੁਤ ਉਸਾਹਿਉ." (ਆਸਾ ਮਃ ੫)

ਨਿੰਦਣਾ, ਨਿੰਦਨ: ਨਿੰਦਾ ਕਰਨ ਦੀ ਕ੍ਰਿਯਾ. ਨਿੰਦਉ ਨਾਹੀ ਕਾਹੂ ਬਾਤੈ." (ਸੋਰ ਮਃ੨)

ਨਿੰਦਨੀਯ: ਵਿ- ਨਿੰਦਾ ਯੋਗਜ. ਬਦਨਾਮੀ ਲਾਇਕ। ੨. ਬੁਰਾ.

ਨਿਦਰਸਨ: ਸੰ. ਨਿਦਸ਼ੰਨ. ਸੰਗਜਾ- ਉਦਾਹਰਣ. ਦ੍ਰਿਸ਼੍ਟਾਂਤ. ਮਿਸ਼ਾਲ. ਨਜੀਰ.

ਨਿਦਰਸਨਾ: ਸੰ. ਨਿਦਸ਼ੰਨਾ. (ਦਿਖਾਉਣਾ, ਉਦਾਹਰਣ ਰਚਕੇ ਦੱਸਣਾ) ਜਿਸ ਥਾਂ ਦੋ ਪ੍ਰਬੰਧਵਾਕਾਂ ਵਿੱਚ ਗੁਣ ਆਦਿਕ ਦੀ ਸਮਤਾ ਦਿਖਾਈ ਜਾਵੇ, ਸੌ "ਨਿਦਰਸ਼ਨਾ" ਅਲੰਕਾਰ ਹੈ. ਇਸ ਵਿੱਚ 'ਜੋ' 'ਸੋ' ਆਦਿਕ ਪਦਾਂ ਦਾ ਪ੍ਰਯੋਗ ਹੋਇਆਕਰਦਾ ਹੈ.

ਉਦਾਹਰਣ-

ਪ੍ਰਿਥੀ ਵਿੱਚ ਫਿਮਾ ਜੋ ਹੈ ਧੀਰਜ ਸੋ ਗੁਰੂ ਵਿੱਚ

ਸ਼ੀਤਲਤਾ ਚੰਦ ਦੀ ਜੋ ਸਾਂਤਿ ਸੋ ਹੈ ਗੁਰੂ ਦੀ. ××

ਗੁਰੂ ਦਾ ਪ੍ਰਤਾਪ ਜੋ ਹੈ ਰਵਿ ਵਿਖੇ ਤੇਜ ਸੇ ਹੈ

ਜਸ ਸਤਗੁਰੂ ਦਾ ਸੋ ਚੰਦਨ ਮੇ ਗੰਧ ਹੈ. ××

(ਅ) ਹੋਰ ਥਾਂ ਦੇ ਧਰਮ ਨੂੰ ਹੋਰ ਥਾਂ ਆਰੋਪਣਾ,

ਨਿਦਰਸ਼ਨਾ ਦਾ ਦੂਜਾ ਰੂਪ ਹੈ.

ਉਦਾਹਰਣ-

ਜਲ ਦੀ ਸੀਤਲਤਾਈ ਦੇਖੋ ਸੰਤਾਂ ਦੇ ਮਨ ਆਈ,

ਜਲਨ ਅੱਗ ਦੀ ਮਨਮੁੱਖਾਂ ਦੇ ਹਿਰਦੇ ਵਿੱਚ ਸਮਾਈ. ××

ਹੋਰ-

ਸ਼੍ਰੀ ਗੋਬਿੰਦਸਿੰਘ ਮਹਾਰਾਜ ਬਾਜਿ ਸੂਰਜ ਕੇ

ਲੀਨੋ ਬੇਗ ਤੇਰੇ ਬਰ ਬਲੀ ਬਾਜਿਰਾਜ ਖੋ,

ਸੂਰਜ ਪ੍ਰਤਾਪ ਲੀਨੋ ਤੁਮਤੇ ਟਾਹਲਸਿੰਘ

ਸੀਖਯੋ ਹੈ ਸੁਰਿੰਦ੍ਰ ਸਤ੍ਰੁ ਜੀਤਬੇ ਕੇ ਸਾਜ ਕੋ. ××(ਅਲੰਕਾਰ ਸਾਗਰਸੁਧਾ)

(ੲ) ਆਪਣੀ ਅਵਸਥਾ (ਕਰਣੀ ਦੀ ਦਸ਼ਾ) ਤੋਂ ਹੋਰਨਾ ਨੂੰ ਉਪਦੇਸ਼ ਕਰਨਾ, "ਨਿਦਰਸ਼ਨਾ" ਦਾ ਤੀਜਾ ਰੂਪ ਹੈ.

ਉਦਾਹਰਣ-

ਗੁਰੁ ਚਤੁਰਥ ਸ਼੍ਰੀਚੰਦ ਕੇ ਝਾਰ ਸਮਸੁ ਸੇ ਪਾਦ,

ਮਾਨਹਾਨਿ ਅਰੁ ਸੇਵ ਕੀ ਥਾਪਤ ਹੈਂ ਮਰਯਾਦ.

ਨਿਦਰਨਾ: ਕ੍ਰਿ- ਨਿਰਾਦਰ ਕਰਨਾ. ਤਿਰਸਕਾਰ ਕਰਨਾ. ਅਪਮਾਨ ਕਰਨਾ.

ਨਿਦਲਨ: ਸੰ. ਨਿਦੱਲਨ. ਸੰਗ੍ਯਾ- ਦਲਨ (ਚੂਰਣ ਕਰਨ) ਦਾ ਭਾਵ. ਕੁਚਲਨ ਦੀ ਕ੍ਰਿਯਾ. ਦੇਖੋ, ਪੰਚਾਹਰ.

ਨਿਦਾ: ਅ਼. ندا ਪੁਕਾਰਣ ਦੀ ਕ੍ਰਿਯਾ। ੨. ਸੰਬੋਧਨ। ੩. ਦੁਆ਼.

ਨਿੰਦਾ: ਸੰਗ੍ਯਾ- ਦੋਸ਼ ਕਹਿਣ ਦੀ ਕ੍ਰਿਯਾ. ਹਜਵ. ਗੁਣਾਂ ਵਿੱਚ ਦੋਸ਼ ਥਾਪਣ ਦਾ ਕਰਮ. ਦੇਖੋ, ਨਿੰਦ ਅਤੇ ਪਰਿਵਾਦ. "ਨਿੰਦਾ ਕਰਹਿ ਸਿਰਿ ਭਾਰ ਉਠਾਏ." (ਆਸਾ ਮਃ ੫) ੨. ਚੰਡੀ ਦੀ ਵਾਰ ਵਿੱਚ ਕਿਸੇ ਅਵਾਂਣ ਲਿਖਾਰੀ ਨੇ ਨੰਦਾ ਦੀ ਥਾਂ ਨਿੰਦਾ ਸ਼ਬਦ ਲਿਖਦਿੱਤਾ ਹੈ, ਦੇਖੋ. ਨੰਦਾ ੩.

ਨਿੰਦਾ ਉਸਤਤਿ: ਦੇਖੋ, ਉਸਤਤਿ ਨਿੰਦਾ। ੨. ਦੇਖੋ, ਨਿੰਦਾ ਵਜਾਜ ਸ੍ਤੁਤਿ.

ਨਿਦਾਈ: ਸੰਗ੍ਯਾ- ਖੇਤੀ ਵਿੱਚੋਂ ਨਿਕੰਮਾ ਘਾਹ ਕੱਢਣ ਦੀ ਕ੍ਰਿਯਾ. ਗੋਡੀ. "ਅਸ ਕਹਿ ਲਾਗਯੋ ਕਰਨ ਨਿਦਾਈ." (ਨਾਪ੍ਰ)

ਨਿੰਦਾਸ੍ਤੁਤਿ: ਦੇਖੋ, ਉਸਤਤਿ ਨਿੰਦਾ। ੨. ਦੇਖੋ, ਨਿੰਦਾ ਵਜਾਜ ਸ੍ਤੁਤਿ.

ਨਿਦਾਘ: ਸੰ. ਸੰਗ੍ਯਾ- ਧੁੱਪ. ਆਤਪ। ੨. ਗਰਮੀ। ੩. ਗਰਮ ਰੁੱਤ. ਗ੍ਰੀਖਮ. ਜੇਠ ਹਾੜ੍ਹ ਦੀ ਰੁੱਤ। ੪. ਮੁੜ੍ਹਕਾ. ਪਸੀਨਾ.

ਨਿੰਦਾ ਚਿੰਦਾ: ਨਿੰਦਾ ਦਾ ਚਿਤਵਨ. ਹਜਵ ਦਾ ਖ਼ਿਆਲ. "ਨਿੰਦਾ ਚਿੰਦਾ ਕਰਹਿ ਪਰਾਈ" (ਗਉ ਮਃ ੧)

ਨਿਦਾਨ: ਸੰ. ਸੰਗਯਾ- ਕਾਰਣ. ਸਬਬ। ੨. ਰੋਗ ਦਾ ਨਿਰਣਾ. ਰੋਗ ਦੀ ਪਰੀਖਯਾ। ੩. ਪਸ਼ੂ ਬੰਨ੍ਹਣ ਦੀ ਰੱਸੀ। ੪. ਅੰਤ. ਸਮਾਪਤਿ. ਖ਼ਾਤਿਮਾ। ੫. ਨਾਦਾਨ (ਬੇਸਮਝ) ਦੀ ਥਾਂ ਭੀ ਨਿਦਾਨ ਸ਼ਬਦ ਆਇਆ ਹੈ, ਜਿਵੇਂ- "ਕਹਿ ਰਵਿਦਾਸ ਨਿਦਾਨ ਦਿਵਾਨੇ!" (ਸੂਹੀ) "ਮਤ ਨਿਦਾਨ ਬਨ, ਮਤ ਨਿਦਾਨ ਕਰ, ਰਿਦਾ ਸ਼ੁੱਧ ਕਰ ਸਿਮਰੋ ਨਾਮ." (ਗੁਪ੍ਰਸੂ) ਮੂਰਖ ਨਾ ਬਣ, ਓੜਕ ਨਾ ਕਰ.

ਨਿਦਾਨਿ: ਆਖ਼ਿਰਕਾਰ. ਅੰਤ ਨੂੰ "ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ." (ਸ੍ਰੀ ਮਃ ੫) ਦੇਖੋ, ਨਿਦਾਨ ੪.

ਨਿੰਦਾ ਵਯਾਜ ਸ੍ਤੁਤਿ: ਨਿੰਦਾ ਦੇ ਬਹਾਨੇ ਤਅ਼ਰੀਫ਼. ਦੇਖੋ, ਵਯਾਜ ਸ੍ਤੁਤਿ.

ਨਿੰਦਿਆ: ਦੇਖੋ, ਨਿੰਦਾ. "ਉਸਤਤਿ ਨਿੰਦਿਆ ਨਾਹਿ ਜਿਹੀ." (ਸ. ਮਃ ੯)

ਨਿੰਦਿਤ: ਵਿ- ਜਿਸ ਦੀ ਨਿੰਦਾ ਕੀਤੀਗਈ ਹੈ. ਬਦਨਾਮ. ਨਿੰਦਿਆ ਹੋਇਆ.

ਨਿਦਿਧਯਾਸਨ: ਸੰ. ਸੰਗਯਾ- ਬਾਰਬਾਰ ਚਿੱਤਵ੍ਰਿੱਤਿ ਨੂੰ ਧਯਾਨ ਵਿੱਚ ਲਾਉਣ ਦੀ ਕ੍ਰਿਯਾ.

ਨਿੰਦੁ: ਸੰ. ਨਿੰਦਯ. ਵਿ- ਨਿੰਦਾ ਯੋਗਯ. ਨਿੰਦਨੀਯ. ਬੁਰਾ "ਜੋ ਅਨਿੰਦੁ ਨਿੰਦੁ ਕਰਿਛੋਡਿਓ." (ਗੂਜ ਮਃ ੫) ੨. ਸੰ. निन्दु. ਉਹ ਇਸਤ੍ਰੀ. ਜਿਸ ਦੀ ਔਲਾਦ ਜੰਮ ਜੰਮਕੇ ਮਰਦੀ ਰਹਿੰਦੀ ਹੈ.

ਨਿੰਦੁਬਿੰਦੁ: ਨਿੰਦਯਵਿੰਦੁ. ਅਪਵਿਤ੍ਰ ਬੂੰਦ. ਭਾਵਰਕਤ ਅਤੇ ਵੀਰਯ. "ਨਿੰਦੁਬਿੰਦੁ ਨਹੀ ਜੀਉ ਨ ਜਿੰਦੋ." (ਮਾਰੂ ਸੋਲਹੇ ਮਃ ੧)

ਨਿਦੇਸ: ਸੰ. ਨਿਦੇਸ਼. ਸੰਗਯਾ- ਆਗਯਾ. ਹੁਕਮ। ੨. ਕਥਨ. ਬਿਆਂਨ। ੩. ਪਾਸ. ਸਮੀਪਤਾ.

ਨਿਦੋਸ, ਨਿਦੋਸਾ: ਸੰ. ਨਿਦੋੱਸ਼. ਵਿ- ਕਲੰਕ ਰਹਿਤ। ੨. ਬੇਐ਼ਬ। ੩. ਨਿਰਪਰਾਧ. ਬੇਕ਼ੁੰਸੂਰ. "ਏਹੁ ਨਿਦੋਸਾ ਮਾਰੀਐ, ਹਮ ਦੋਸਾਂ ਦਾ ਕਿਆ ਹਾਲ?" (ਸ. ਫਰੀਦ)

ਨਿੰਦੋਪਮਾ: ਦੇਖੋ, ਵਯਾਜਸ੍ਤੁਤਿ। ੨. ਨਿੰਦਾ ਅਤੇ ਉਪਮਾ.

ਨਿੰਦਯ: ਦੇਖੋ, ਨਿੰਦੁ.

ਨਿਦ੍ਰਾ, ਨਿੰਦ੍ਰਾ: ਸੰਗਯਾ- ਨੀਂਦ[721] ਇਹ ਉਹ ਅਵਸਥਾ ਹੈ, ਜਦ ਦਿਮਾਗ ਅਤੇ ਅੰਤਹਕਰਣ ਥਕਕੇ, ਨਵੇਂਸਿਰਿਓਂ ਸ਼ਕਤਿ ਪ੍ਰਾਪਤ ਕਰਨ ਲਈ ਵਿਸ਼੍ਰਾਮ ਕਰਦੇ ਹਨ. ਦਿਮਾਗ ਵਿੱਚ ਲਹੂ ਕਮ ਪਹੁਚਣ ਤੋਂ ਨੀਂਦ ਆਉਂਦੀ ਹੈ. ਭੋਜਨ ਕਰਕੇ ਤੁਰਤ ਸੌਣਾ, ਗ੍ਰੀਖਮ ਰੁੱਤ ਤੋਂ ਬਿਨਾ ਦਿਨ ਨੂੰ ਸੋਣਾ, ਆਯੁਰਵੇਦ ਵਿੱਚ ਨਿੰਦਿਆ ਹੈ. ਜੁਆਨ ਅਤੇ ਅਰੋਗ ਲਈ ਸੱਤ ਘੰਟੇ ਸੌਣਾ ਪੂਰੀ ਨੀਂਦ ਹੈ. ਬੱਚਿਆਂ ਲਈ ਨੀਂਦ ਦਾ ਸਮਾ ਉਮਰ ਦੇ ਲਿਹਾਜ ਬਹੁਤਾ ਹੋਇਆ ਕਰਦਾ ਹੈ. "ਸਪਨੈ ਨਿਸਿ ਭੁਲੀਐ ਜਬ ਲਗ ਨਿਦ੍ਰਾ ਹੋਇ." (ਸ਼੍ਰੀ ਅਃ ਮਃ ੧) ੨. ਭਾਵ- ਅਵਿਦਯਾ। ੩. ਗ਼ਫ਼ਲਤ.

ਨਿਦ੍ਰਾਲ: ਸੰ. ਵਿ- ਉੱਘਾਇਆ. ਨੀਂਦ ਵਾਲਾ.

ਨਿਧਨ: ਸੰ. ਸੰਗਯਾ- ਨਾਸ਼, ਤਬਾਹੀ। ੨. ਮਰਣੀ. "ਤਿਨਰ ਨਿਧਨ ਨਹੁ ਕਹੀਐ." (ਸਵੈਯੇ ਮਃ ੩. ਕੇ) "ਜੇ ਲੈ ਸਸਤ੍ਰ ਸਾਮੁਹੇ ਗਏ। ਤਿਤੇ ਨਿਧਨ ਕਹੁ ਪ੍ਰਾਪਤ ਭਏ." (ਚੰਡੀ ੨) ੩. ਕੁਲ. ਖ਼ਾਨਦਾਨ. "ਜਿਮ ਜਿਮ ਬਿਰਤਾ ਰਹੈ ਸੁਭਾਊ। ਤਿਮ ਤਿਮ ਨਿਧਨ ਕਰੈ ਬਿਰਧਾਊ." (ਗੁਪ੍ਰਸੂ) ੪. ਸੰ. ਨਿਧੰਨ. ਵਿ- ਧਨ ਰਹਿਤ, ਕੰਗਾਲ. "ਨਿਧਨ ਸੁਨੈ ਧਨੀ ਹ੍ਵੈ ਜਾਵੈ." (ਸਲੋਹ) "ਨਿਧਨਿਆ ਧਨੁ." (ਮਾਰੂ ਮਃ ੧) ਨਿਧਨ ਭੀ ਸੰਸਕ੍ਰਿਤ ਨਿਰਧਨ ਲਈ ਸਹੀ ਹੈ.

ਨਿਧਨਾ: ਵਿ- ਨਿਧੰਨ. ਕੰਗਾਲ.

---

[721] ਯੋਗਦਰਸ਼ਨ ਵਿੱਚ ਲਿਖਿਆ ਹੈ-अभाव प्रत्ययालम्बना वृत्तिर्निद्रा (ਪਾਦ ੧, ਸੂਤ ੧੦) ਚਿੱਤ ਦੀਆਂ ਵ੍ਰਿੱਤੀਆਂ ਦੇ ਅਭਾਵ ਦਾ ਕਾਰਣ ਜੋ ਤਮੋਗੁਣ ਹੈ, ਉਸ ਨੂੰ ਵਿਸ਼ਯ ਕਰਨ ਵਾਲੀ ਵ੍ਰਿੱਤੀ ਦਾ ਨਾਮ ਨਿਦ੍ਰਾ ਹੈ.

ਨਿਧਰ: ਦੇਖੋ, ਨਿਧਰਾ.

ਨਿਧਰਕ: ਵਿ- ਨਿਧੜਕ. ਨਿਡਰ. "ਨਿਧਰਕ ਬਾਤ ਇਨ ਕਹੀ." (ਗੁਪ੍ਰਸੂ)

ਨਿਧਰਾ: ਵਿ- ਨਿਰਾਧਾਰ. ਆਧਾਰ (ਆਸ਼੍ਰਯ) ਰਹਿਤ. "ਨਿਧਰਿਆ ਧਰ ਏਕ ਨਾਮ ਨਿਰੰਜਨੋ." (ਧਨਾ ਛੰਤ ਮਃ ੫)

ਨਿਧੜਕ: ਵਿ- ਜਿਸ ਨੂੰ ਧੜਕਾ (ਖਟਕਾ) ਨਹੀਂ ਨਿਡਰ. ਬੇਖ਼ੌਫ਼। ੨. ਚਿੰਤਾ ਰਹਿਤ. ਬੇਫ਼ਿਕਰ.

ਨਿਧਾਨ: ਸੰ. ਸੰਗਯਾ- ਆਧਾਰ. ਆਸ਼੍ਰਯ (ਆਸਰਾ). ੨. ਸ੍ਥਾਪਨ, ਸ੍ਥਿਤਿ ਦਾ ਭਾਵ. "ਜਿਸੁ ਮਨਿ ਵਸੈ ਸੁ ਹੋਤ ਨਿਧਾਨ." (ਸੁਖਮਨੀ) ੩. ਨਿਧਿ. ਭੰਡਾਰ. "ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰਤਲ ਧਰਿਆ." (ਸੋਦਰੁ) ੪. ਉਹ ਅਸਥਾਨ, ਜਿੱਥੇ ਜਾਕੇ ਕੋਈ ਵਸਤੂ ਲੀਨ ਹੋ ਜਾਵੇ.

ਨਿਧਾਰ, ਨਿਧਾਰਾ: ਵਿ- ਨਿਰਾਧਾਰ, ਨਿਰਾਸ਼੍ਰਯ. "ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ." (ਬਾਵਨ)

ਨਿਧਿ: ਸੰ. ਸੰਗਯਾ- ਖ਼ਜ਼ਾਨਾ. ਕੋਸ਼. "ਨਿਧਿ ਨਾਮੁ ਨਾਨਕ ਮੋਰੈ." (ਆਸਾ ਪੜਤਾਲ ਮਃ ੫) ੨. ਦੱਬਿਆ- ਹੋਇਆ ਧਨ। ੩. ਕੁਬੇਰ ਦੇ ਨੌ ਰਤਨ. ਨੌ ਖ਼ਜ਼ਾਨੇ. ਦੇਖੋ, ਨਉ ਨਿਧਿ। ੪. ਨੌਂ ਗਿਣਤੀ ਦਾ ਬੋਧਕ, ਕਜੋਂ ਕਿ ਨਿਧਿ ਨੌ ਹਨ। ੫. ਸਮੁੰਦਰ। ੬. ਘਰ. ਨਿਵਾਸਸ੍ਥਾਨ. "ਗੁਣਨਿਧਿ ਗਾਇਆ." (ਆਸਾ ਛੰਤ ਮਃ ੫)

ਨਿਧਿਆਸਨ: ਦੇਖੋ, ਨਿਦਿਧ੍ਯਾਸਨ.

ਨਿਧਿਗੁਣ: ਦੇਖੋ, ਗੁਣਨਿਧਿ. "ਨਿਧਿਗੁਣ ਗਾਵਾ ਦੇਖਿ ਹਦੂਰਿ." (ਆਸਾ ਅਃ ਮਃ ੧)

ਨਿਧਿਛੀਰ: ਦੇਖੋ, ਕ੍ਸ਼ੀਰਨਿਧਿ.

ਨਿਧਿਜਲ: ਦੇਖੋ, ਜਲਨਿਧਿ.

ਨਿਧਿਨਾਮ, ਨਿਧਿਨਾਮੁ: ਨਾਮਰੂਪ ਨਿਧਿ (ਖ਼ਜ਼ਾਨਾ). ਨਾਮਧਨ. "ਨਿਧਿਨਾਮੁ ਨਾਨਕ ਮੋਰੈ." (ਆਸਾ ਪੜਤਾਲ ਮਃ ੫)

ਨਿਧਿਨਿਧਾਨ: ਵਿ- ਨਿਧਿ ਆਧਾਰ. ਧਨ ਸੰਪਦਾ ਦਾ ਆਸਰਾ. "ਨਿਧਿਨਿਧਾਨ ਹਰਿ ਅੰਮ੍ਰਿਤ ਪੂਰੇ." (ਬਾਵਨ)

ਨਿਧਿਪਤਿ, ਨਿਧੀਸ: ਸੰਗਯਾ- ਨਿਧੀਆਂ ਦਾ ਸ੍ਵਾਮੀ. ਨਿਧੀਆਂ ਦਾ ਈਸ਼. ਕੁਬੇਰ। ੨. ਪਾਰਬ੍ਰਹਮ. ਕਰਤਾਰ.

ਨਿੱਧਾ: ਬੀਬੀ ਨਾਨਕੀ ਜੀ ਦੇ ਪਤਿ ਜੈਰਾਮ ਜੀ ਦਾ ਪੁਰੋਹਿਤ, ਜੋ ਸੁਲਤਾਨਪੁਰ ਵਿੱਚ ਰਹਿੰਦਾ ਸੀ. ਇਹ ਗੁਰੂ ਨਾਨਕਦੇਵ ਦਾ ਸਿੱਖ ਹੋਕ ਆਤਮਗਜਾਨੀ ਹੋਇਆ.

ਨਿਧ੍ਯਾਸਨ: ਦੇਖੋ, ਨਿਦਿਧ੍ਯਾਸਨ. "ਕਰ ਨਿਧ੍ਯਾਸਨ ਅਨਦ ਸੁ ਠਾਨਹਿ." (ਨਾਪ੍ਰ)

ਨਿਨੱਦ: ਸੰ. ਨਿਨਦ. ਸੰਗਯਾ- ਸ਼ਬਦ. ਧੁਨਿ। ੨. ਗੂੰਜ. ਪ੍ਰਤਿਧ੍ਵਨਿ.

ਨਿਨਾਉ: ਵਿ- ਬਿਨਾ ਨਾਮ. ਜਿਸ ਦੀ ਪ੍ਰਸਿੱਧੀ (ਸ਼ੁਹਰਤ) ਨਹੀਂ। ੨. ਬਦਨਾਮ. "ਜਿਉ ਵੇਸੁਆਪੂਤ ਨਿਨਾਉ." (ਸ੍ਰੀ ਮਃ ੪. ਵਣਜਾਰਾ)

ਨਿਨਾਦ: ਦੇਖੋ, ਨਨਾਦ.

ਨਿਨਾਨ: ਨਣਾਨ. ਦੇਖੋ, ਨਣਦ. "ਸੁਨ ਤਨੁਜਾ, ਹੌਂ ਜਾਇਕੈ ਆਗੈ ਤੋਰ ਨਿਨਾਨ." (ਨਾਪ੍ਰ)

ਨਿਨਾਨਵੇ: ਵਿ- ਨਵ ਨਵਤਿ. ਨੱਵੇ ਅਤੇ ਨੌ. ਇੱਕ ਘੱਟ ਸੌ- ੯੯.

ਨਿਨਾਮ, ਨਿਨਾਵ: ਵਿ- ਬਿਨਾ ਨਾਮ. ਪ੍ਰਸਿੱਧ ਬਿਨਾ। ੨. ਬਦਨਾਮ. "ਸਾਕਤ ਬੇਸੁਆਪੂਤ ਨਿਨਾਮ." (ਗਉ ਅਃ ਮਃ ੫)

ਨਿਰਿੰਦ: ਵਿ- ਬਿਨਾ ਨਿੰਦਾ. ਅਨਿੰਦਯ.

ਨਿਨੰਦ: ਦੇਖੋ, ਨਿਨੱਦ। ੨. ਦੇਖੋ, ਨਿਨਿੰਦ. "ਨਿਨੰਦ ਗੇਂਦ ਬ੍ਰਿੰਦਯੰ." (ਗ੍ਯਾਨ) ਕਰਤਾਰ ਦੇ ਰਚੇ ਗੋਲਾਕਾਰ ਬ੍ਰਹਮਾਂਡ ਦੇ ਪਿੰਡ, ਅਨਿੰਦ੍ਯ ਹਨ। ੩. ਬਿਨਾ ਨੰਦ. ਪੁਤ੍ਰ ਰਹਿਤ. ਔਤ.

ਨਿਪ: ਸੰ. ਸੰਗ੍ਯਾ- ਘੜਾ. ਕਲਸ. ਕੁੰਭ.

ਨਿਪਜ: ਸੰਗ੍ਯਾ- ਨਿ- ਉਪਜ. ਪੈਦਾਵਾਰ। ੨. ਲਾਭ। ੩. ਸੰ. ਨਿਪ (ਕਲਸ਼) ਵਿੱਚੋਂ ਪੈਦਾ ਹੋਇਆ ਅਗਸਤ ਰਿਖੀ.

ਨਿਪਜਣਾ: ਕ੍ਰਿ- ਨਿ- ਉਪਜਣਾ. ਪੈਦਾ ਹੋਣਾ। ੨. ਵਧਣਾ. ਪੁਸ਼੍ਟ ਹੋਣਾ. "ਉਪਜੈ ਨਿਪਜੈ ਨਿਪਜਿ ਸਮਾਈ." (ਗਉ ਕਬੀਰ) ੩. ਤਿਆਰ ਹੋਣਾ.

ਨਿਪਜਿ: ਪੈਦਾਹੋਕੇ. ਦੇਖੋ, ਨਿਪਜਣਾ ੨.

ਨਿਪਟ: ਵ੍ਯ- ਨਿਰਾ. ਕੇਵਲ। ੨. ਸਰਾਸਰ. ਬਿਲਕੁਲ. "ਨਿਪਟ ਬਾਜੀ ਹਾਰਿ ਮੂਕਾ." (ਆਸਾ ਮਃ ੫) ੩. ਵਿ- ਬਿਨਾ ਪਟ. ਖੁਲ੍ਹਾ. ਪੜ੍ਹਦੇ ਬਿਨਾ.

ਨਿਪਤਨ: ਸੰ. ਸੰਗ੍ਯਾ- ਹੇਠਾਂ ਡਿਗਣ ਦਾ ਭਾਵ. ਗਿਰਉ। ੨. ਵਿਨਾਸ਼. ਤਬਾਹੀ।

ਨਿਪਰਸ: ਵਿ- ਨਾ- ਸ੍ਪ੍ਰਿਸ਼੍ਯ. ਨਾ ਛੁਹਣ ਯੋਗ੍ਯ. ਦੇਖੋ, ਪਰਸ.

ਨਿਪਾਤ: ਸੰ. ਸੰਗ੍ਯਾ- ਗਿਰਾਉ. ਪਤਨ। ੨. ਵਿਨਾਸ਼। ੩. ਮੌਤ। ੪. ਅਵ੍ਯਯ ਪਦ.

ਨਿਪਾਤਨ: ਸੰ. ਸੰਗ੍ਯਾ- ਪਾਤਨ (ਡੇਗਣ) ਦਾ ਕਰਮ। ੨. ਮਾਰਨ (ਵਧ ਕਰਨ) ਦੀ ਕ੍ਰਿਯਾ। ੩. ਨਾਸ਼। ੪. ਦੇਖੋ, ਨਿਪਤਨ. "ਮੁਨਿਰਾਜ, ਨਿਪਾਤਨ ਤ੍ਯੋਂ ਜਗ ਜਾਨੋ." (ਦੱਤਾਵ)

ਨਿਪਾਤੀ: ਸੰ. निपातिन. ਵਿ- ਡੇਗਣ ਵਾਲਾ। ੨. ਨਾਸ਼ ਕਰਤਾ. ਦੇਖੋ, ਸੈਲਨਿਪਾਤੀ.

ਨਿਪੀੜਨ: ਸੰ. ਨਿਪੀਡਨ. ਸੰਗ੍ਯਾ- ਦਬਾਉਣ ਦੀ ਕ੍ਰਿਯਾ। ੨. ਨਿਚੋੜਨ ਦਾ ਭਾਵ। ੩. ਦੁੱਖ ਦੇਣ ਦੀ ਕ੍ਰਿਯਾ.

ਨਿਪੁਣ, ਨਿਪੁਨ: ਸੰ. ਵਿ- ਜੋ ਚੰਗੀ ਤਰਾਂ ਗੁਣਾਂ ਨੂੰ ਪੁਣ (ਏਕਤ੍ਰ) ਕਰਦਾ ਹੈ. ਦੇਖੋ, ਪੁਣ ਧਾ. ਚਤੁਰ. ਪ੍ਰਵੀਣ. ਕਾਰਜ ਵਿੱਚ ਹੋਸ਼ਿਆਰ.

ਨਿਪੁਨਤਾ, ਨਿਪੁਨਤਾਈ: ਸੰ. ਸੰਗ੍ਯਾ- ਨਿਪੁਣਤ੍ਵ. ਚਤੁਰਤਾ. ਪ੍ਰਵੀਣਤਾ. ਕੁਸ਼ਲਤਾ.

ਨਿਪੂਤ, ਨਿਪੂਤਾ: ਵਿ- ਪੁਤ੍ਰ ਰਹਿਤ, ਅਪੁਤ੍ਰ. ਔਤ. ਨਿਸ਼ਪੁਤ੍ਰ. "ਜਬ ਕੀ ਮਾਲਾ ਲਈ ਨਿਪੂਤੇ." (ਬਿਲਾ ਕਬੀਰ) ੨. ਸੰ, ਨਿਪੂਤ. ਬਹੁਤ ਸਾਫ. ਅਤਿ ਪਵਿਤ੍ਰ.

ਨਿਪੰਗ, ਨਿਪੰਗੁ: ਸੰ. निष्पङ्क- ਨਿਸ਼੍ਪੰਕ. ਵਿ- ਚਿੱਕੜ ਬਿਨਾ।੨ ਨਿਰਮਲ, ਸਾਫ਼. "ਵਰਸੈ ਨੀਰੁ ਨਿਪੰਗੁ." (ਵਾਰ ਮਲਾ ਮਃ੩)

ਨਿਪੰਨ: ਨਿਪਜਣ ਦਾ ਸੰਖੇਪ. ਦੇਖੋ. ਨਿਪਜਣਾ.

ਨਿਪੰਨੇ: ਨਿਪਜੇ. ਪੈਦਾਹੋਏ. ਦੇਖੋ. ਨਿਪੰਨ. "ਮਾਤ ਪਿਤਾ ਕੀ ਰਕਤ ਨਿਪੰਨੇ." (ਵਾਰ ਮਲਾ ਮਃ੩)

ਨਿਫਲ: ਦੇਖੋ. ਨਿਸਫਲ. "ਜਾਕੀ ਸੇਵਾ ਨਿਫਲ ਨ ਹੋਵਤ." (ਗੂਜ ਮਃ ੫) ੨. ਮਸਾਲੇ (ਟੋਪੀ) ਦਾਰ ਬੰਦੂਕ਼ ਦਾ ਉਹ ਛਿਦ੍ਰ. ਜਿਸ ਵਿੱਚਦੀਂ ਬਾਰੂਦ ਨੂੰ ਅੱਗ ਪਹੁਚਦੀ ਹੈ. ਅੰ. Nipple.

ਨਿਫ਼ਾਕ, ਨਿਫ਼ਾਕ਼: ਅ਼. نفاق ਸੰਗ੍ਯਾ- ਕਪਟ. ਦਿਲ ਵਿੱਚ ਛਲ ਦੇ ਹੋਣ ਦਾ ਭਾਵ। ੨. ਵੈਰ, ਵਿਰੋਧ। ੩. ਫੁੱਟ, ਭੇਦ.

ਨਿਫਿਰ: ਦੇਖੋ. ਨਫੀਰੀ. "ਨਨੱਦ ਨਿਫਿਰੰ ਰਣੰ." (ਰਾਮਾਵ)

ਨਿਫੁੰਸਕ, ਨਿਫੂੰਸਕ: ਦੇਖੋ, ਨਪੁੰਸਕ.

ਨਿਫੇਨ: ਸੰ. ਸੰਗਯਾ- ਅਫੀਮ. ਅਹਿਫੇਨ.

ਨਿਫੋਟ: ਵਿ- ਨਿ- ਸ੍ਫੁਟ. ਸਾਫ਼. ਸਾਫ਼. ਸਪਸ਼੍ਟ.

ਨਿੰਬ: ਸੰ. ਸੰਗਯਾ- ਨਿੰਮ. ਨੀਮ. Melia Azadirachta. ਨਿੰਮ ਦਾ ਬਿਰਛ ਸੁੰਦਰ ਸੰਘਣੀ ਛਾਂ ਵਾਲਾ ਹੁੰਦਾ ਹੈ. ਇਸ ਦੀ ਲੱਕੜ ਇਮਾਰਤਾਂ ਵਿੱਚ ਵਰਤੀਦੀ ਹੈ. ਇਸ ਦੀ ਛਿੱਲ. ਫਲ. ਪੱਤੇ ਆਦਿ ਅਨੇਕ ਦਵਾਈਆਂ ਵਿੱਚ ਵਰਤੇ ਜਾਂਦੇ ਹਨ. ਦੇਖੋ. ਨਿੰਬਪੰਚਕ.

ਨਿਬਹਨ: ਸੰ. ਨਿਵਹਨ. ਸੰਗਯਾ- ਢੋਣ ਦੀ ਕ੍ਰਿਯਾ. ਲੈ ਆਉਣ. ਲੈ ਜਾਣ ਦਾ ਕਰਮ। ੨. ਨਿਭਣਾ. ਤੁਗਣਾ. "ਖਾਤ ਖਰਚਤ ਨਿਬਹਤ ਰਹੈ." (ਬਿਲਾ ਮਃ ੫) "ਕੋਊ ਨ ਨਿਬਹਿਓ ਸਾਥ." (ਸ. ਮਃ ੯) "ਨਿਬਹੀ ਨਾਮ ਕੀ ਸਚਖੇਪ." (ਸਾਰ ਮਃ ੫)

ਨਿਬਹੰਦੇ: ਪਹੁਚਦੇ। ੨. ਨਿਭਦੇ. ਪੁਗਦੇ.

ਨਿਬਗ: ਵਿ- ਅਤਿ ਉੱਜਲ. ਬਹੁਤ ਬੱਗਾ. "ਲੋਟੇ ਹਥਿ ਨਿਬਗ." (ਆਸਾ ਕਬੀਰ) ੨. ਨਵ ਗਤ. ਨਵਾਂ ਧਾਰਨ ਕੀਤਾ.

ਨਿਬਟਨਾ: ਸੰ. ਨਿਵੱਤੰਨ. ਕ੍ਰਿ- ਨਿਵ੍ਰਿੱਤ ਹੋਣਾ ਛੁੱਟੀ ਪਾਉਣਾ। ੨. ਸਮਾਪਤ ਹੋਣਾ. ੩. ਨਿਰਣਯ ਹੋਣਾ. ਤੁਯ ਹੋਣਾ। ੪. ਮੁਕਤ ਹੋਣਾ.

ਨਿਬੱਧ: ਸੰ. ਵਿ- ਬੰਨ੍ਹਿਆਹੋਇਆ. ਜਕੜਿਆ। ੨. ਗੁੰਦਿਆਹੋਇਆ। ੩. ਸੰਗਯਾ- ਸੰਗੀਤ ਅਨੁਸਾਰ ਉਹ ਸਾਜ (ਵਾਜਾ). ਜਿਸਦੇ ਸੁਰਾਂ ਦੀ ਵੰਡ ਲਈ ਧਾਤੁ ਜਾਂ ਤੰਦ ਦੇ ਬੰਦ ਬੱਧੇ ਹੋਣ. ਜੈਸੇ ਵੀਣਾ ਸਿਤਾਰ ਆਦਿ.

ਨਿੰਬਪੰਚਕ: ਨਿੰਮ ਦੀਆਂ ਪੰਜ ਚੀਜ਼ਾਂ ਦਾ ਇਕੱਠ. ਪੱਤੇ. ਛਿੱਲ. ਫੁੱਲ. ਫਲ ਅਤੇ ਜੜ. ਵੈਦਜਕ ਗ੍ਰੰਥਾਂ ਵਿੱਚ ਇਸ ਨੂੰ ਲਹੂ ਅਤੇ ਕਫ ਦੇ ਵਿਕਾਰ ਨਾਸ਼ ਕਰਨ ਵਾਲਾ ਮੰਨਿਆ ਹੈ.

ਨਿਬਰਨਾ: ਦੇਖੋ. ਨਿਬਟਨਾ. "ਸੋ ਕਬੀਰ ਰਾਮੈ ਹੁਇ ਨਿਬਰਿਓ." (ਭੈਰ ਕਬੀਰ) "ਸੋ ਸਲਿਤਾ ਗੰਗਾ ਹੁਇ ਨਿਬਰੀ." (ਭੈਰ ਕਬੀਰ)

ਨਿਬਲ: ਸੰ. ਨਿਬੰਲ. ਵ੍ਰਿ- ਕਮਜ਼ੋਰ. ਦੁਰਬਲ. "ਇੰਦ੍ਰੀ ਸਬਲ. ਨਿਬਲ ਬਿਬੇਕਬੁਧਿ." (ਸੋਰ ਰਵਿਦਾਸ)

ਨਿਬੜਨਾ: ਦੇਖੋ, ਨਿਬਟਨਾ. "ਤਿਨ ਕਾ ਲੇਖਾ ਨਿਬੜਿਆ." (ਆਸਾ ਪਟੀ ਮਃ ੩)

ਨਿਬਾਸਨ: ਵਿ- ਬਿਨਾ- ਵਾਸਨਾ. ਨਿਸ਼੍ਕਾਮ. ਇੱਛਾ ਰਹਿਤ. "ਬਾਸਨ ਮੇਟਿ ਨਿਬਾਸਨ ਹੋਈਐ." (ਮਾਰੂ ਸੋਲਹੇ ਮਃ ੫) ੨. ਭਾਂਡੇ (ਬਰਤਨ) ਬਿਨਾ। ੩. ਵਾਸਨ (ਵਸਤ) ਬਿਨਾ. ਵਸਨ ਰਹਿਤ.

ਨਿਬਾਹ: ਸੰ. ਨਿਵਾੱਹ. ਸੰਗਯਾ- ਕਿਸੇ ਕਾਰਯ ਦੇ ਨਿਰੰਤਰ ਚਲੇਰਹਿਣ ਦਾ ਭਾਵ. ਜਾਰੀ ਰਹਿਣ ਦੀ ਕ੍ਰਿਯਾ। ੨. ਗੁਜ਼ਾਰਾ। ੩. ਕੰਮ ਚਲਾਉਣ ਅਤੇ ਪੂਰਾ ਕਰਨ ਦਾ ਪ੍ਰਬੰਧ. "ਕਾਜ ਤੁਮਾਰੇ ਦੇਇ ਨਿਬਾਹਿ." (ਗਉ ਮਃ ੫)

ਨਿਬਾਹਨਾ, ਨਿਬਾਹੁਣਾ: ਕ੍ਰਿ- ਨਿਰਵਾਹ ਕਰਨਾ. ਦੇਖੋ. ਨਿਬਾਹ.

ਨਿਬਾਹੂ: ਵਿ- ਨਿਰਵਾਹ ਕਰਨ ਵਾਲਾ.

ਨਿੰਬਾਦਿਤਜ, ਨਿੰਬਾਰਕ: ਦੇਖੋ, ਬੈਸਨਵ.

ਨਿਬਾੜਾ: ਨਿਵਾਰਣ ਕੀਤਾ. ਵਰਜਿਆ. ਹਟਾਇਆ. ਦੇਖੋ. ਨਿਵਾੜਾ.

ਨਿਬਿਡ: ਦੇਖੋ, ਨਿਵਿੜ.

ਨਿੰਬੂ: ਸੰ. ਨਿੰਬੁਕ. ਸੰਗਯਾ- ਨੇਂਬੂ. L. Citrus Acida. (Lemon). ਕਾਗਜ਼ੀਨਿੰਬੂ ਸਭ ਤੋਂ ਉੱਤਮ ਹੈ. ਨਿੰਬੂ ਜਿਗਰ ਅਤੇ ਮੇਦੇ ਦੇ ਰੋਗ ਦੂਰ ਕਰਦਾ ਹੈ. ਭੁੱਖ ਲਾਂਉਂਦਾ ਹੈ. ਤ੍ਰਿਖਾ. ਸਿਰਪੀੜ. ਤਾਪ ਹਟਾਉਂਦਾ ਹੈ. ਗਰਮੀਆਂ ਵਿੱਚ ਇਸ ਦੀ ਸਿਕੰਜਬੀ ਬਹੁਤ ਗੁਣ ਕਰਦੀ ਹੈ. ਨਿੰਬੂ ਦਾ ਅਚਾਰ ਅਤੇ ਮੁਰੱਬਾ ਭੀ ਲਾਭਦਾਇਕ ਹੈ.

ਨਿੰਬੂਨਿਚੋੜ: ਦੇਖੋ, ਨੇਂਬੂਨਿਚੋੜ.

ਨਿਬੇਰ, ਨਿਬੇਰਾ, ਨਿਬੇੜਾ, ਨਿਬੇੜੁ: ਸੰ. ਨਿਵ੍ਰਿੱਤ ਕਰਨ ਦੀ ਕ੍ਰਿਯਾ. ਦੋ ਮਿਲੀ ਵਸਤਾਂ ਨੂੰ ਵੱਖ ਕਰਨ ਦਾ ਭਾਵ. ਨਯਾਯ. ਨਿਆਂ. ਇਨਸਾਫ਼। ੨. ਫੈਸਲਾ, "ਤਹਿ ਸਾਚ ਨਿਆਇ ਨਿਬੇਰਾ." (ਸੋਰ ਮਃ ੫) "ਅੰਤਿ ਸਚਨਿਬੇੜਾ ਰਾਮ." (ਵਡ ਛੰਤ ਮਃ ੩) "ਸਤਿਗੁਰੁ ਹਥਿ ਨਿਬੇੜੁ." (ਵਾਰ ਮਾਝ ਮਃ ੧) ੩. ਸਿੱਧਾਂਤ. ਨਿਚੋੜ. "ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ." (ਸਿਧਗੋਸਟਿ) ੪. ਸਮਾਪਤੀ. ਖਾਤਿਮਾ. "ਹਉਮੈ ਮਾਰਿ ਨਿਬੇਰੀ." (ਸਾਰ ਮਃ ੧) ੫ ਹਿਸਾਬ ਭੁਗਤਾਉਣ ਦੀ ਕ੍ਰਿਯਾ. "ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ." (ਸੋਰ ਕਬੀਰ)

ਨਿਬੰਧ: ਸੰ. ਸੰਗਯਾ- ਬੰਧਨ। ੨. ਉਹ ਵਯਾਖਯਾ. ਜਿਸ ਵਿੱਚ ਅਨੇਕ ਮਤਾਂ ਦੇ ਨਿਯਮ (ਨੇਮ) ਦਿਖਾਏ ਜਾਣ। ੩. ਗ੍ਰੰਥ। ੪. ਛੰਦਗ੍ਰੰਥ। ੫ ਵਿ- ਬਿਨਾ ਬੰਧਨ. ਆਜ਼ਾਦ. "ਬੰਦਨ ਕਰੈ ਨਿਬੰਧ ਹਨਐ." (ਗੁਪ੍ਰਸੂ)

ਨਿਭ: ਸੰ. (ਨਿ- ਭ) ਵਿ- ਸਮਾਨ. ਤੁਲਯ। ੨. ਰੌਸ਼ਨ.

ਨਿਭਣਾ: ਸੰ. ਨਿਰ੍ਵਹਣ. ਕ੍ਰਿ- ਨਿਰਵਾਹ ਕਰਨਾ. ਗੁਜ਼ਾਰਾ ਕਰਨਾ। ੨. ਨਿਰੰਤਰ ਜਾਰੀ ਰਹਿਣਾ. ਚਲੇ ਚਲਣਾ। ੩. ਪੁਗਣਾ. ਤੁਗਣਾ.

ਨਿਭਰਮ: ਵਿ- ਨਿਰ੍ਭ੍ਰਮ. ਬਿਨਾ ਭ੍ਰਮ. ਸੰਸੇ ਬਿਨਾ.

ਨਿਭਰਾਤ, ਨਿਭਰਾਂਤਿ, ਨਿਭਰਾਤੀ, ਨਿਭਰੰਤਾ: ਸੰ, निभृत, ਵਿ- ਖ਼ਾਮੋਸ਼. ਚੁਪਚਾਪ। ੨. ਛਿਪਣ ਵਾਲਾ. ਅਸ੍ਤ ਹੋਣਾ ਵਾਲਾ. "ਕਇਆਂਅਗਨਿ ਕਰੇ ਨਿਭਰਾਂਤਿ." (ਮਲਾ ਮਃ ੧) ਬੁਝਾਵੇ (ਸ਼ਾਂਤ ਕਰੇ). ੩. ਅਚਲ, ਨਿਸ਼੍ਚਲ."ਸਹਨਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ." (ਮਾਰੂ ਮਃ ੫) ੪. ਸੰ. निर्भ्रान्त. ਬਿਨਾ ਭ੍ਰਾਂਤਿ. ਮਿਥਯਾਗਯਾਨ ਰਹਿਤ. "ਜੀਅਹੁ ਰਹੈ ਨਿਭਰਾਤੀ." (ਮਾਰੂ ਮਃ ੧) "ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ." (ਮਾਰੂ ਅਃ ਮਃ ੧) ਅੰਦਰ ਵਿਸ਼ਿਆਂ ਦੀ ਜ਼ਹਿਰ ਹੈ, ਮੂਹੋਂ ਯਥਾਰਥਗਯਾਨ ਦੀਆਂ ਗੱਲਾਂ. "ਚੀਤਿ ਆਵੈ ਤਾਂ ਸਦ ਨਿਭਰੰਤ." (ਭੈਰ ਮਃ ੫)

ਨਿਭਵ, ਨਿਭਵਾ: ਵਿ- ਨਿਰ੍ਭਯ. ਨਿਡਰ. "ਜਿਨਾ ਭਉ ਤਿਨ ਨਾਹਿ ਭਉ. ਮੁਚ ਭਉ ਨਿਭਵਿਆਹ." (ਵਾਰ ਸੂਹੀ ਮਃ ੨) ਜਿਨ੍ਹਾਂ ਨੂੰ ਕਰਤਾਰ ਦਾ ਭੈ ਹੈ. ਉਨ੍ਹਾਂ ਨੂੰ ਕਿਸੇ ਦਾ ਭੈ ਨਹੀਂ. ਜੋ ਕਰਤਾਰ ਤੋਂ ਨਿਰਭੈ ਹੋਰਹੇ ਹਨ. ਉਨ੍ਹਾਂ ਨੂੰ ਵਡਾ ਖ਼ੌਫ ਹੈ.

ਨਿਭਾਉਣਾ: ਦੇਖੋ. ਨਿਬਾਹਨਾ.

ਨਿਭਾਗ, ਨਿਭਾਗੜੋ: ਵਿ- ਭਾਗਯਹੀਨ. ਅਭਾਗਾ. ਬਦਨਸੀਬ.

ਨਿਭ੍ਰਾਂਤ: ਦੇਖੋ. ਨਿਭਰਾਤ ੪.

ਨਿਭ੍ਰਿਤ: ਸੰ. निभृत. ਵਿ- ਰੱਖਿਆਹੋਇਆ। ੨. ਧਾਰਣ ਕੀਤਾ। ੩. ਨਿਸ਼ਚੇ ਕੀਤਾ। ੪. ਪੂਰਣ.

ਨਿਮ: ਸੰਗਯਾ- ਨੰਮ੍ਰਤਾ. ਨਮਨ. "ਨਮੋ ਨਿਮਰੂਪ ਨਿਰੰਜਨ." (ਗਯਾਨ) ੨. ਦੇਖੋ. ਨਿੰਬ। ੩. ਦੇਖੋ. ਨਿਮਿ। ੩. ਸੰ. ਕਿੱਲੀ. ਕੀਲਾ. ਖੂੰਟਾ.

ਨਿੰਮ: ਦੇਖੋ. ਨਿੰਬ ਅਤੇ ਨਿੰਮੁ.

**ਨਿਮਸਕਾਰ:** ਦੇਖੋ. ਨਮਸਕਾਰ.

**ਨਿਮਸਨ:** ਦੇਖੋ. ਨਿਵਸਨ. "ਘਘਾ ਘਟਿ ਘਟਿ ਨਿਮਸੈ ਸੋਈ." (ਗਉ ਬਾਵਨ ਕਬੀਰ) ਘਟ ਘਟ ਵਿੱਚ ਨਿਵਸੈ (ਨਿਵਾਸ ਕਰਦਾ ਹੈ).

**ਨਿਮਕ:** ਦੇਖੋ. ਨਮਕ। ੨. ਦੇਖੋ. ਨਿਮਖ.

**ਨਿਮਕਾ:** ਨਿਮਖ ਮਾਤ੍ਰ. "ਮਿਲੈ ਦਾਨ ਹਰਿ ਨਿਮਕਾ." (ਤੁਖਾ ਛੰਤ ਮਃ ੫)

**ਨਿਮਖ:** ਸੰ. ਨਿਮਿਸ਼. ਸੰਗਯਾ- ਉਤਨਾ ਵੇਲਾ. ਜੋ ਅੱਖ ਦੀ ਪਲਕ ਡੇਗਣ (ਝਮਕਣ) ਵਿੱਚ ਲਗਦਾ ਹੈ. ਨਿਮੇਸ਼ "ਨਿਮਖ ਨ ਬਿਸਰਉ ਮਨ ਤੇ ਹਰਿ ਹਰਿ." (ਗੂਜ ਮਃ ੫) ੨. ਨਿਮਖ ਸ਼ਬਦ ਜ਼ਰਾ (ਜ਼ਰੰ) ਵਾਸਤੇ ਭੀ ਆਇਆ ਹੈ. "ਨਿਮਖ ਨਿਮਖ ਕਰਿ ਸਰੀਰ ਕਟਾਵੈ." (ਸੁਖਮਨੀ)

**ਨਿਮਖਕ:** ਨਿਮਿਸ਼- ਇਕ ਏਕ ਨਿਮਖ. "ਮੂਸਨ ਨਿਮਖਕ ਪ੍ਰੇਮ ਪਰ ਵਾਰਿ ਵਾਰਿ ਦੇਉ ਸਰਬ." (ਚਉਬੋਲੇ ਮਃ ੫)

**ਨਿਮਖਫਾ, ਨਿਮਖਭਾ, ਨਿਮਖਾ, ਨਿਮਖਾਤੀ:** ਨਿਮਿਸ਼ ਭਰ. ਨਿਮੇਖ ਮਾਤ੍ਰ. "ਭਜੁ ਰਾਮਨਾਮ ਹਰਿ ਨਿਮਖਫਾ." (ਪ੍ਰਭਾ ਮਃ ੪) "ਮੁਖਿ ਦੇਵਹੁ ਹਰਿ ਨਿਮਖਾਤੀ." (ਧਨਾ ਮਃ ੪)

**ਨਿਮਖਿਕ:** ਦੇਖੋ. ਨਿਮਖਕ.

**ਨਿਮਖੇ:** ਨਿਮਿਸ਼ਮਾਤ੍ਰ ਮੇਂ. ਅੱਖ ਦੇ ਫੋਰ ਵਿੱਚ. "ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ." (ਨਟ ਮਃ ੪) ਨਿਮਖ ਵਿੱਚ ਬਾਲ (ਦਗਧ ਕਰ) ਦਿੱਤੇ.

**ਨਿਮਗਨ:** ਸੰ. ਨਿਮਗ੍ਨ. ਵਿ- ਡੁੱਬਿਆ ਹੋਇਆ। ੨. ਲੈ ਲੀਨ. ਤਨਮਯ. ਕਿਸੇ ਬਾਤ ਵਿੱਚ ਲਿਵਲੀਨ ਹੋਇਆ.

**ਨਿਮਘਾ:** ਸੰਗਯਾ- ਨਮਤਾ. ਨੰਮ੍ਰਤਾ. ਹਲੀਮੀ. "ਮੋ ਕਉ ਦੀਜੈ ਦਾਨੁ ਹਰਿ ਨਿਮਘਾ."(ਸੂਹੀ ਮਃ ੪)

**ਨਿਮੱਜਨ:** ਸੰ. ਸੰਗਯਾ- ਗ਼ੋਤਾ ਮਾਰਕੇ ਕੀਤਾਹੋਇਆ ਸਨਾਨ। ੨. ਡੁਬਕੀ. ਗ਼ੋਤ੍ਹਾ. ਟੁੱਬੀ.

**ਨਿੰਮਣ, ਨਿੰਮਣਾ:** ਸੰ. ਨਿਮੰਣ. ਸੰਗਯਾ- ਰਚਨਾ. ਬਨਾਵਟ। ੨. ਬਣਾਉਣ ਦਾ ਕੰਮ। ੩. ਗਰਭ ਵਿੱਚ ਬੱਚੇ ਦੀ ਰਚਨਾ. "ਰਕਤ ਬਿੰਦੁ ਕਰਿ ਨਿੰਮਿਆ." (ਵਾਰ ਜੈਤ)

**ਨਿਮਤ:** ਦੇਖੋ. ਨਿਮਿੱਤ. "ਨਿਮਤ ਨਾਮਦੇਉ ਦੂਧੁ ਪੀਆਇਆ." (ਆਸ ਰਵਿਦਾਸ) ੨. ਨਮਨਤਾ. ਨੰਮ੍ਰਤਾ. "ਨਿਮਤ ਥਲ ਜਲ ਪਹਿਚਾਨੀ." (ਭਾਗੁ)

**ਨਿਮਨ:** ਸੰ. ਨਿਮ੍ਨ. ਸੰਗਯਾ- ਨਿਵਾਣ. ਗਹਿਰਾਈ। ੨. ਵਿ- ਡੂੰਘਾ.

**ਨਿਮਨਗਾ:** ਸੰ. ਸੰਗਯਾ- ਨਿਮ੍ਨ (ਨੀਵੇਂ ਥਾਂ ਨੂੰ) ਜਾਣ ਵਾਲੀ. ਨਦੀ.

**ਨਿੰਮਰੀਭੂਤ:** ਵਿ- ਨਮ੍ਰਭੂਤ. ਝੁਕਿਆਹੋਇਆ. ਨਿਰ ਅਭਿਮਾਨ. "ਨਿੰਮਰੀਭੂਤ ਸਦੀਵ ਪਰਮ ਪਿਆਰ." (ਸਵੈਯੇ ਮਃ ੨. ਕੇ)

**ਨਿਮਲ, ਨਿਮਲੁ:** ਵਿ- ਨਿਮੰਲ. ਮੈਲ ਰਹਿਤ. ਸ਼ੁੱਧ ਉੱਜਲ. "ਨਾਨਕ ਕੁਲਿ ਨਿੰਮਲੁ ਅਵਤਰਜਉ." (ਸਵੈਯੇ ਮਃ ੩. ਕੇ)

**ਨਿਮਾਜ:** ਦੇਖੋ. ਨਮਾਜ.

**ਨਿਮਾਜੀ:** ਦੇਖੋ. ਨਮਾਜੀ.

**ਨਿਮਾਣ, ਨਿੰਮਾਣ:** ਵਿ- ਨਿਮਾੰਣ. ਅਭਿਮਾਨ ਰਹਿਤ. "ਗੁਰਮੁਖਿ ਨਿਮਾਣਾ ਹੋਹੁ." (ਆਸਾ ਛੰਤ ਮਃ ੩) ੨. ਜਿਸ ਦਾ ਕੋਈ

ਮਾਨ ਨਹੀਂ ਕਰਦਾ. ਤਿਰਸਕਾਰ ਕੀਤਾ ਹੋਇਆ. "ਨਿੰਮਾਣਿਆ ਹਰਿ ਮਾਣੁ ਹੈ." (ਬਿਲਾ ਛੰਤ ਮਃ ੪) ੩. ਸੰਗਯਾ- ਨਿਮ੍ਨ ਸਥਾਨ. ਨੀਵਾਂ ਥਾਂ. ਢਲਵਾਣ.

ਨਿਮਾਣਾ, ਨਿੰਮਾਣਾ: ਵਿ- ਨਿਮੰਾਨ. ਬਿਨਾ ਅਭਿਮਾਨ. ਦੇਖੋ. ਨਿਮਾਣ ੧। ੨. ਸੰਗਯਾ- ਕ੍ਸ਼ੀ. ਕੋੜ੍ਹੀ.

ਨਿਮਾਣੀ: ਵਿ- ਨੰਮ੍ਰਤਾ ਵਾਲੀ। ੨. ਜਿਸ ਦਾ ਕੋਈ ਮਾਨ ਨਹੀਂ ਕਰਦਾ,"ਨਿਮਾਣੀ ਨਿਤਾਣੀ ਹਰਿ ਬਿਨ ਕਿਉ ਪਾਵੈ ਸੁਖ ?" (ਤੁਖਾ ਬਾਰਹਮਾਹਾ) ੩. ਡੂੰਘੀ, ਨੀਵੀਂ. "ਗੋਰ ਨਿਮਾਣੀ ਸਡੁ ਕਰੇ." (ਸ. ਫਰੀਦ) ੪. ਸੰਗਯਾ- ਬਿਨਾ- ਪਾਣੀ. ਨਿਰਜਲਾ ਏਕਾਦਸ਼ੀ. ਜੇਠ ਸੁਦੀ ੧੧. ਦੇਖੋ. ਨਿਰਜਲਾ ਏਕਾਦਸ਼ੀ.

ਨਿਮਾਣੀ ਮਾਣੀਆ: ਵਿ- ਜਿਸ ਨੂੰ ਕੋਈ ਮਾਨ ਨਹੀਂ ਦਿੰਦਾ. ਉਸ ਨੂੰ ਮਾਨ ਦੇਣ ਵਾਲਾ."ਤੂੰ ਨਿਮਾਣੀ ਮਾਣੀਆ." (ਸੂਹੀ ਅਃ ਮਃ ੫)

ਨਿਮਾਨ, ਨਿਮਾਨਣੀ, ਨਿਮਾਨੜੀ, ਨਿਮਾਨਾ, ਨਿਮਾਨੀ, ਨਿਮਾਨੋ: ਦੇਖੋ, ਨਿਮਾਣ, ਨਿਮਾਣਾ ਅਤੇ ਨਿਮਾਣੀ. "ਨਿਮਾਨੇ ਕਉ ਗੁਰਿ ਕੀਨੋ ਮਾਨ." (ਆਸਾ ਮਃ ੫) "ਰਹਹਿ ਨਿਮਾਨਣੀਆਹ." (ਵਾਰ ਸ੍ਰੀ ਮਃ ੧)

ਨਿਮਿ: ਸੰ. ਸੰਗਯਾ- ਅੱਖ ਮੀਟਣ ਦੀ ਕ੍ਰਿਯਾ। ੨. ਉਤਨਾ ਸਮਾਂ, ਜਿਤਨੇ ਵਿੱਚ ਅੱਖ ਝਮਕੀਏ. ਨਿਮੇਸ਼। ੩. ਇੱਕ ਰਿਖੀ ਜੋ ਦੱਤਾਤ੍ਰੇਯ ਦਾ ਪੁਤ੍ਰ ਸੀ। ੪. ਰਾਜਾ ਇਕ੍ਵਾਕੁ ਦਾ ਇੱਕ ਪੁਤ੍ਰ, ਜਿਸ ਤੋਂ ਮਿਥਿਲਾ ਦਾ ਵਿਦੇਹ ਵੰਸ਼ ਚੱਲਿਆ. ਮਹਾਭਾਰਤ ਅਤੇ ਵਿਸ਼ਨੁ ਪੁਰਾਣ ਆਦਿ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਨਿਮਿ ਨੇ ਇੱਕ ਵਾਰ ਵਸ਼ਿਸ਼੍ਠ ਨੂੰ ਯੱਗ ਕਰਾਉਣ ਲਈ ਸੱਦਾ ਦਿੱਤਾ, ਪਰ ਵਸ਼ਿਸ਼੍ਠ ਨੇ ਇੰਦ੍ਰ ਦਾ ਯੱਗ ਕਰਾਉਣਾ ਪਹਿਲਾਂ ਮਨਜੂਰ ਕਰ ਲਿਆ ਸੀ, ਇਸ ਲਈ ਸ੍ਵਰਗ ਤੋਂ ਯੱਗ ਕਰਾਕੇ ਜਦ ਵਾਪਿਸ ਆਇਆ, ਤਦ ਦੇਖਿਆ ਕਿ ਨਿਮਿ ਗੌਤਮ ਤੋਂ ਯੱਗ ਕਰਵਾ ਰਿਹਾ ਹੈ. ਵਸ਼ਿਸ਼੍ਠ ਨੇ ਨਿਮਿ ਨੂੰ ਸ੍ਰਾਪ (ਸ਼ਾਪ) ਦਿੱਤਾ ਕਿ ਤੇਰਾ ਸ਼ਰੀਰ ਨਹੀਂ ਰਹੇਗਾ. ਨਿਮਿ ਨੇ ਭੀ ਵਸ਼ਿਸ਼੍ਠ ਨੂੰ ਸ੍ਰਾਪ ਦਿੱਤਾ ਕਿ ਤੇਰਾ ਭੀ ਸ਼ਰੀਰ ਛੁਟਜਾਵੇਗਾ. ਦੋਹਾਂ ਦਾ ਦੇਹਾਂਤ ਹੋਇਆ. ਵਸ਼ਿਸ਼੍ਠ ਦੇਹ ਛੱਡਕੇ ਮਿਤ੍ਰਾਵਰੁਣ ਦੇ ਵੀਰਯ ਦ੍ਵਾਰਾ ਫਿਰ ਉਤਪੰਨ ਹੋਇਆ, ਅਰ ਨਿਮਿ ਨੂੰ ਦੇਵਤਾ ਅਤੇ ਰਿਸ਼ੀਆਂ ਨੇ ਉਸੇ ਸ਼ਰੀਰ ਵਿੱਚ ਫੇਰ ਅਮਰ ਕਰਨਾ ਚਾਹਿਆ, ਪਰ ਨਿਮਿ ਨੇ ਮੁੜ ਮੁਰਦਾ ਦੇਹ ਵਿੱਚ ਪ੍ਰਵੇਸ਼ ਕਰਨਾ ਪਸੰਦ ਨਾ ਕੀਤਾ, ਇਸ ਪੁਰ ਦੇਵਤਿਆਂ ਨੇ ਨਿਮਿ ਨੂੰ ਅੱਖਾਂ ਦੀਆਂ ਪਲਕਾਂ ਵਿੱਚ ਨਿਵਾਸ ਦਿੱਤਾ.

ਨਿਮਿਖ: ਸੰ. ਨਿਮਿਸ਼. ਸੰਗਯਾ- ਅੱਖ ਦਾ ਪੜਦਾ. ਪਲਕ। ੨. ਉਤਨਾ ਵੇਲਾ, ਜਿਤਨੇ ਵਿੱਚ ਪਲਕ ਡਿਗੇ.

ਨਿਮਿਖਾਤੀ: ਦੇਖੋ, ਨਿਮਖਾਤੀ.

ਨਿਮਿਤ, ਨਿਮਿੱਤ: ਸੰਗਯਾ- ਕਾਰਣ. ਹੇਤੁ. ਸਬਬ। ੨. ਚਿੰਨ੍ਹ. ਨਿਸ਼ਾਨ। ੩. ਸ਼ਕੁਨ (ਸਗਨ).

ਨਿਮੀਲਨ: ਸੰ. ਸੰਗਯਾ- ਅੱਖਾਂ ਮੀਟਣ ਦੀ ਕ੍ਰਿਯਾ। ੨ਉਤਨਾ ਸਮਾਂ ਜਿਤਨੇ ਵਿੱਚ ਨੇਤ੍ਰ ਝਮਕੀਏ। ੩. ਮਰਣ. ਦੇਹ ਦਾ ਤਯਾਗ.

ਨਿਮੀਲਿਤ: ਵਿ- ਬੰਦ. ਢਕਿਆਹੋਇਆ। ੨. ਮਰਿਆਹੋਇਆ.

ਨਿੰਮੁ: ਦੇਖੋ, ਨਿੰਬ. "ਨਿੰਮੁ ਬਿਰਖ ਬਹੁ ਸੰਚੀਐ ਅੰਮ੍ਰਿਤ ਰਸੁ." (ਵਾਰ ਸਾਰ ਮਃ ੪)

ਨਿਮੁਣਿਆਦਾ, ਨਿਮੁਣਿਆਦੀ, ਨਿੰਮੁਨੀਆਦਾ: ਵਿ- ਬਿਨਾ ਬੁਨਿਯਾਦ. ਨਿਰਮੂਲ. ਭਾਵ- ਨਾਪਾਇਦਾਰ. ਅਨਸ੍ਥਿਰ. "ਨਾਮ ਵਿਹੂਣਿਆ ਨਿਮੁਣਿਆਈ ਦੇਹ." (ਵਾਰ ਮਾਰੂ ੨. ਮਃ ੫) "ਕੂੜਿ ਕਪਟਿ ਚੰਚਿ ਨਿੰਮੁਨੀਆਦਾ ਬਿਨਸਿਗਇਆ ਤਤਕਾਲੇ." (ਆਸਾ ਮਃ ੫) ਝੂਠ ਫ਼ਰੇਬ ਨਾਲ ਠਗਕੇ ਅਨਿਸ੍ਥਿਰ ਪ੍ਰਾਣੀ ਵਿਨਸ਼੍ਟ ਹੋਗਿਆ.

ਨਿਮੂਲ: ਦੇਖੋ, ਨਿਰਮੂਲ.

ਨਿਮੇਖ: ਸੰ. ਨਿਮੇਸ਼. ਦੇਖੋ, ਨਿਮਖ ੧. ਅਤੇ ਨਿਮਿਖ. "ਮੇਖੁਲੀ ਨਿਮੇਖ ਸੰਦੀ." (ਚਰਿਤ੍ਰ ੧੨) ਪਲਕਾਂਰੂਪ (ਨੇਤ੍ਰਾਂ ਦੀ) ਤੜਾਗੀ ਹੈ.

ਨਿਮੋਝਾਣਾ: ਵਿ- ਨੰਮ੍ਰ (ਨੀਵਾਂ) ਝਾਕਣ ਵਾਲਾ। ੨. ਭਾਵ- ਸ਼ਰਮਿੰਦਾ. ਲੱਜਿਤ.

ਨਿਮੋਰੀ, ਨਿਮੋਲੀ, ਨਿਮੌਰੀ: ਸੰਗਯਾ- ਨਿੰਮ (ਨਿੰਬ) ਦਾ ਫਲ. ਨਿਮੋਲੀ ਦਾ ਤੇਲ ਖਲੜੀ ਦੇ ਰੋਗ ਦੂਰ ਕਰਦਾ ਅਤੇ ਲਹੂ ਸਾਫ ਕਰਨ ਵਾਲਾ ਹੈ.

ਨਿਮੰਤ੍ਰਣ: ਸੰ. ਸੰਗਯਾ- ਨਿਉਂਦਾ ਦੇਣ ਦੀ ਕ੍ਰਿਯਾ. ਸੱਦਾ. ਨਿਉਂਦਾ.

ਨਿਮੰਤ੍ਰਿਤ: ਵਿ- ਨਿਉਂਦਿਆ ਹੋਇਆ. ਜਿਸਨੂੰ ਨਿਮੰਤ੍ਰਣ ਕੀਤਾਗਿਆ ਹੈ.

ਨਿਮ੍ਰਤਾ, ਨਿਮ੍ਰਿਤਾ: ਸੰ. ਨਮ੍ਰਤ੍ਵ. ਨਮ੍ਰਤਾ. ਸੰਗਯਾ- ਨੀਵਾਂ ਹੋਣ ਦਾ ਭਾਵ. ਹਲੀਮੀ. ਨਿਰਅਭਿਮਾਨਤਾ. "ਨੀਚ ਕੀਚ ਨਿਮ੍ਰਿਤ ਘਨੀ." (ਚਉਬੋਲੇ ਮਃ ੫) "ਸੰਨਾਹੰ ਤਨ ਨਿਮ੍ਰਿਤਾਹ." (ਸਹਸ ਮਃ ੫)

ਨਿਯਗ੍ਰੋਧ: ਦੇਖੋ, ਨਯਗ੍ਰੋਧ.

ਨਿਯਤ: ਸੰ. ਵਿ- ਨਿਯ ਦਾ ਬੱਧਾ। ੨. ਮਿਣਿਆ. ਤੋਲਿਆ। ੩. ਮੁਕ਼ੱਰਿਰ ਕੀਤਾ. ਠਹਿਰਾਇਆ। ੪. ਦੇਖੋ, ਨੀਯਤ.

ਨਿਯਮ: ਸੰ. ਸੰਗਯਾ- ਦਸ੍ਤੂਰ. ਕ਼ਾਇ਼ਦਾ। ੨. ਪ੍ਰਤਿਗਯਾ. ਪ੍ਰਣ। ੩. ਯੋਗ ਦਾ ਇੱਕ ਅੰਗ, ਅਰਥਾਤ- ਤਪ, ਸੰਤੋਖ, ਪਵਿਤ੍ਰਤਾ, ਵਿਦ੍ਯਾਅਭ੍ਯਾਸ, ਦਾਨ ਆਦਿ ਦਾ ਨਿਰੰਤਰ ਪਾਲਨ। ੪. ਫ਼ਾ. نیم ਮੈ ਨਹੀਂ ਹਾਂ.

ਨਿਯਰ: ਸਮੀਪ. ਨੇੜੇ. ਦੇਖੋ, ਨਿਅਰ.

ਨਿਯਰਜ਼ਦ: ਫ਼ਾ. نیرزد ਮੁੱਲ ਨਹੀਂ ਪਾਉਂਦਾ ਕ਼ੀਮਤ ਯੋਗ੍ਯ ਨਹੀਂ ਹੁੰਦਾ.

ਨਿਯਰਾਵਾ: ਨਿਯਰ (ਨੇੜੇ) ਆਵਾ. ਨਜ਼ਦੀਕ ਆਇਆ. "ਤਜਨ ਸੀਰ ਸਮਾ ਨਿਯਰਾਵਾ." (ਗੁਪ੍ਰਸੂ)

ਨਿਯਾਸ: ਦੇਖੋ, ਨ੍ਯਾਸ.

ਨਿਯਾਜ਼: ਦੇਖੋ, ਨਿਆਜ.

ਨਿਯਾਨ: ਸੰ. ਸੰਗਯਾ- ਪਹੁਚਣ ਦੀ ਕ੍ਰਿਯਾ। ੨. ਮਾਰਗ. ਰਸਤਾ. ਰਾਹ. "ਭੇਰਿਨਾਦ ਨਿਯਾਨ." (ਰਾਮਾਵ) ਰਾਹ ਵਿੱਚ ਭੇਰੀ ਦੀ ਧੁਨਿ.

ਨਿਯਾਬਤ: ਅ਼. نیابت ਨਾਯਬ ਦੀ ਪਦਵੀ.

ਨਿਯਾਮਕ: ਵਿ- ਨਿਯਮ (ਕ਼ਾਇ਼ਦਾ) ਬੰਨ੍ਹਣ ਵਾਲਾ। ੨. (ਇੰਤਜ਼ਾਮ) ਕਰਨ ਵਾਲਾ। ੩. ਪ੍ਰੇਰਨ ਵਾਲਾ. ਚਲਾਉਣ ਵਾਲਾ। ੪. ਸੰਗਯਾ- ਮਲਾਹ. ਕੇਵਟ। ੫ ਕਿਸੇ ਭੀ ਸਵਾਰੀ ਨੂੰ ਹੱਕਣ ਵਾਲਾ.

ਨਿਯੁਕਤ: ਸੰ. नियुक्त. ਵਿ- ਚੰਗੀ ਤਰਾਂ ਜੋੜਿਆ ਹੋਇਆ। ੨. ਪ੍ਰੇਰਿਆ ਹੋਇਆ। ੩. ਕਿਸੇ ਕੰਮ ਵਿੱਚ ਲਾਇਆ ਹੋਇਆ.

ਨਿਯੋਗ: ਸੰ. ਕਿਸੇ ਕੰਮ ਵਿੱਚ ਜੋੜਨ ਦੀ ਕ੍ਰਿਯਾ। ੨. ਆਗਯਾ. ਹੁਕਮ. "ਕਾਨਨ ਗਮਨਜੋ ਬਿਨਾ ਨਿਯੋਗੂ." (ਨਾਪ੍ਰ) ੩. ਹਿੰਦੂਆਂ ਦੀ ਇੱਕ ਪੁਰਾਣੀ ਰੀਤਿ, ਜਿਸ ਅਨੁਸਾਰ ਵਿਧਵਾ ਇਸਤ੍ਰੀ, ਅਥਵਾ ਜਿਸ ਦਾ ਪਤਿ ਸੰਤਾਨ ਪੈਦਾ ਕਰਨ ਲਾਇਕ ਨਾ ਹੋਵੇ, ਉਹ ਦੇਵਰ ਅਥਵਾ ਕਿਸੇ ਹੋਰ ਨਾਲ ਸੰਬੰਧ ਕਰਕੇ ਔਲਾਦ ਪੈਦਾ ਕ ਸਕਦੀ ਸੀ.[722] ਸਾਧੂ ਦਯਾਨੰਦ ਨੇ ਆਰਯਾਂ ਲਈ ਇਹ ਰੀਤਿ ਵਿਧਾਨ ਕੀਤੀ ਹੈ. ਸਿੱਖਧਰਮ ਅਨੁਸਾਰ ਇਹ ਨਿੰਦਿਤ ਰਸਮ ਹੈ.

ਨਿਯੋਗ੍ਰੋਧ: ਵਟ. ਬੋਹੜ. ਦੇਖੋ, ਨਯਗ੍ਰੋਧ. "ਬੈਠੇ ਗੁਰੂ ਵਿਰਾਜਹੀਂ ਨਿਯੋਗ੍ਰੋਧ ਕੀ ਛਾਇ." (ਗੁਪ੍ਰਸੂ)

---

[722] ਦੇਖੋ, ਮਨੁ, ਅਃ ੯, ਸ. ੫੯.

ਨਿਯੋਜਨ: (ਨਿ- ਯੁਜ) ਸੰ. ਸੰਗਯਾ- ਜੋੜਨ ਦਾ ਭਾਵ। ੨. ਸੰਬੰਧ। ੩. ਬੰਧਨ। ੪. ਘੋੜੇ ਬੈਲ ਆਦਿ ਨੂੰ ਰਥ ਗੱਡੀ ਆਦਿ ਨਾਲ ਜੋਤਣ ਦਾ ਭਾਵ.

ਨਿਯੰਤਾ: ਦੇਖੋ, ਨਯੰਤਾ। ੨. ਸੰ. नियन्तृ. ਵਿ- ਚੰਗੀ ਤਰਾਂ ਜੋਤਣ ਵਾਲਾ। ੩. ਘੋੜੇ ਰਥ ਆਦਿ ਨੂੰ ਹੱਕਣ ਵਾਲਾ.

ਨਿਰ: ਸੰ. निर. ਵਯ- ਬਿਨਾ ਦੇਖੋ, ਨਿਹ, ਨਿਰਗੁਣ ਅਤੇ ਨਿਰਜਨ ਆਦਿ ਸ਼ਬਦ.

ਨਿਰਸ: ਵਿ- ਰਸ ਬਿਨਾ. ਬੇਸੁਆਦ। ੨. ਰਸ ਦਾ ਤ੍ਯਾਗੀ."ਹੋਇ ਨਿਰਸ ਸੁਰਸ ਪਹਿਚਾਨਿਆ." (ਗਉ ਬਾਵਨ ਕਬੀਰ) ੩. ਰਸ (ਜਲ) ਬਿਨਾ. "ਨਿਰਸ ਮੇਘ ਹਨਐ ਗੇ ਨਿਜ ਦੇਸੂ." (ਨਾਪ੍ਰ) ੪. ਦੇਖੋ, ਨੀਰਸ.

ਨਿਰਸਤ੍ਰ: ਸੰ. ਨਿਰਸ੍ਤ੍ਰ. ਵਿ- ਅਸ੍ਤ੍ਰ ਰਹਿਤ. ਜਿਸ ਪਾਸ ਸ਼ਸਤ੍ਰ ਨਹੀਂ.

ਨਿਰਸਨ: ਸੰ. ਸੰਗਯਾ- ਮਾਰਨਾ. ਵਧ। ੨. ਹਟਾਉਣਾ. ਦੂਰ ਕਰਨਾ। ੩. ਫੈਂਕਣਾ. ਸਿੱਟਣਾ। ੪. ਨਿਕਲਣਾ। ੫ ਨਿਰ- ਅਸ਼ਨ. ਬਿਨਾ ਭੋਜਨ. ਨਿਰਾਹਾਰ.

ਨਿਰਸੰਸ: ਵਿ- ਬਿਨਾ ਸੰਸੇ. ਨਿਰਸੰਦੇਹ."ਭਵਸਾਗਰ ਕੋ ਨਿਰਸੰਸ ਤਰੋ." (ਨਾਪ੍ਰ) ੨. ਸੰ. नृशंस- ਨ੍ਰਿਸ਼ੰਸ. ਬੇਰਹ਼ਮ ਕ੍ਰੂਰ. ਨਿਰਦਯ.

ਨਿਰਸੰਕ: ਵਿ- ਬਿਨਾ ਸ਼ੰਕਾ. ਨਿਰਸੰਦੇਹ. ਨਿਃ ਸ਼ੰਕ.

ਨਿਰਸ੍ਤ: ਸੰ. ਵਿ- ਹਟਾਇਆਹੋਇਆ। ੨. ਤ੍ਯਾਗਿਆ. ਤਰਕ ਕੀਤਾ.

ਨਿਰਹਾਰ: ਦੇਖੋ, ਨਿਰਾਹਾਰ. "ਨਿਰਹਾਰਵਰੀਤ ਆਪਰਸਾ." (ਸ੍ਰੀ ਅਃ ਮਃ ੫)

ਨਿਰਹਾਰਵਰਤੀ: ਵਿ- ਨਿਰਹਾਰਵ੍ਰਤੀ. ਐਸਾ ਵ੍ਰਤ ਰੱਖਣ ਵਾਲਾ ਜੋ ਕਿਸੇ ਤਰਾਂ ਦਾ ਆਹਾਰ ਨਾ ਕਰੇ.

ਨਿਰਹਾਰੀ: ਵਿ- ਨਿਰਹਾਰ ਰਹਿਣ ਵਾਲਾ. ਆਹਾਰ (ਭੋਜਨ) ਦਾ ਤ੍ਯਾਗੀ."ਨਿਰਹਾਰੀ ਕੇਸਵ ਨਿਰਵੈਰਾ." (ਮਾਝ ਮਃ ੫)

ਨਿਰਹੰਕਾਰ: ਵਿ- ਹੰਕਾਰ ਬਿਨਾ. ਹਲੀਮ.

ਨਿਰਕਤ: ਸੰ. ਅਨੁਰਕ੍ਤ. ਵਿ- ਪ੍ਰੀਤਿਵਾਨ. ਆ਼ਸ਼ਕ਼। ੨. ਲੀਨ. ਧ੍ਯਾਨਪਰਾਇਣ."ਸਤ੍ਰ ਮੋ ਭਯੋ ਨਿਰਕਤ." (ਨਰਸਿੰਘਾਵ)

ਨਿਰਕ੍ਸ਼ਰ: ਵਿ- ਜੋ ਅਕ੍ਸ਼ਰ ਨਾ ਜਾਣੇ. ਅਣਪੜ੍ਹ. ਉੱਮੀ.

ਨਿਰਖ: ਦੇਖੋ, ਨਿਰਖਨਾ। ੨. ਫ਼ਾ. نرخ ਨਿਰਖ਼. ਸੰਗਯਾ- ਭਾਉ ਮੁੱਲ. ਸੰ. निर्सा । ੩. ਸੰ. ਨਿਰੀਕ੍ਸ਼੍ਯ. ਵਿ- ਦੇਖਣ ਯੋਗ੍ਯ."ਤਬ ਲੇ ਨਿਰਖਹਿ ਨਿਰਖ ਮਿਲਾਵਾ." (ਗਉ ਬਾਵਨ ਕਬੀਰ) ਤੱਕਣ ਵਾਲੇ (ਜਿਗ੍ਯਾਸੁ) ਨਾਲ ਕਰਤਾਰ (ਜਿਸ ਨੂੰ ਦੇਖਰਿਹਾ ਸੀ) ਮਿਲਾਇਆ.

ਨਿਰਖਣਾ, ਨਿਰਖਨਾ: ਸੰ. ਨਿਰੀਕ੍ਸ਼ਣ. ਦੇਖਣਾ. "ਨਿਰਖਉ ਤੁਮਰੀ ਓਰ." (ਧਨਾ ਮਃ ੫) ੨. ਵਿਚਾਰਨਾ. ਸੋਚਣਾ. ਧ੍ਯਾਨ ਕਰਨਾ. "ਨਿਰਖਤ ਨਿਰਖਤ ਜਬ ਜਾਇ ਪਾਵਾ."(ਗਉ ਬਾਵਨ ਕਬੀਰ)

ਨਿਰਖਿਤ: ਸੰ. ਨਿਰੀਕ੍ਸ਼ਤ. ਵਿ- ਦੇਖਿਆਹੋਇਆ। ੨ਜਾਂਚਿਆ. ਪੜਤਾਲਿਆ.

ਨਿਰਖੀ: ਦੇਖੀ. ਦੇਖੋ, ਨਿਰਖਨਾ। ੨. ਨੀਰ- ਕ੍ਸ਼ੀਣ ਹੋਈ. ਗੁਜ਼ਰੀ. ਵੀਤੀ. "ਨਿਰਖਤ ਨਿਰਖਤ ਰੈਨਿ ਸਭ ਨਿਰਖੀ." (ਕਲਿ ਅਃ ਮਃ ੪)

ਨਿਰੱਖਰ: ਦੇਖੋ, ਨਿਰਕ੍ਸ਼ਰ.

ਨਿਰਗਮ: ਵਿ- ਬਿਨਾ ਗ਼ਮ. ਸ਼ੋਕ ਰਹਿਤ। ੨. ਸੰ. ਨਿਰਗੰਮ. ਸੰਗਯਾ- ਬਾਹਰ ਆਉਣ ਦੀ ਕ੍ਰਿਯਾ. ਨਿਰਗੰਮਨ। ੩. ਨਿਗਮ ਦੀ

ਥਾਂ ਭੀ ਨਿਰਗਮ ਸ਼ਬਦ ਆਇਆ ਹੈ. "ਆਗਮ ਨਿਰਗਮ ਜੋਤਿਕ ਜਾਨਹਿ." (ਆਸਾ ਕਬੀਰ)

ਨਿਰਗੁਣ: ਸੰ. ਨਿਰ੍ਗੁਣ. ਵਿ- ਮਾਇਆ ਦੇ ਸਤ ਰਜ ਤਮ ਗੁਣ ਤੋਂ ਰਹਿਤ। ੨. ਸ਼ੁੱਧ ਬ੍ਰਹਮ. "ਨਿਰਗੁਣ ਰਾਮ ਤਿਨੀ ਬੂਝਿ ਲਹਿਆ." (ਆਸਾ ਪਟੀ ਮਃ ੩) ੩. ਬਿਨਾ ਸਿਫ਼ਤ. ਗੁਣਹੀਨ. ਖ਼ੂਬੀ ਤੋਂ ਬਿਨਾ. "ਨਿਰਗੁਣ ਨਿਸਤਾਰੇ." (ਆਸਾ ਮਃ ੫) ੪. ਕਮਜ਼ੋਰ. ਬਲ ਰਹਿਤ. "ਇਕ ਨਿਰਗੁਣ ਬੈਲ ਹਮਾਰ." (ਗਉ ਰਵਿਦਾਸ)

ਨਿਰਗੁਣਆਰ, ਨਿਰਗੁਣਆਰਾ, ਨਿਰਗੁਣਵੰਤ, ਨਿਰਗੁਣਵੰਤੜਾ, ਨਿਰਗੁਣਵੰਤੜੀ, ਨਿਰਗੁਣਵੰਤਾ: ਵਿ- ਗੁਣਹੀਨਤਾ ਵਾਲਾ. ਜਿਸ ਵਿੱਚ ਕੋਈ ਗੁਣ ਨਹੀਂ."ਨਿਰਗੁਣਵੰਤੜੀਏ ! ਗੁਣਵੰਤੜੀਏ ਪਿਰ ਦੇਖਿ ਹਦੂਰੇ." (ਵਡ ਛੰਤ ਮਃ ੩)

ਨਿਰਗੁਣਿ: ਗੁਣਰਹਿਤ (ਗੁਣਾਂ ਤੋਂ ਖ਼ਾਲੀ) ਨੂੰ. "ਨਾਨਕ ਨਿਰਗੁਣਿ ਗੁਣ ਕਰੇ" (ਜਪੁ) ੨. ਨਿਰਗੁਣ ਨੇ.

ਨਿਰਗੁਣਿਆਰਾ: ਦੇਖੋ, ਨਿਰਗੁਣਆਰਾ.

ਨਿਰਗੁਣਿਆਰੇ: ਨਿਰਗੁਣ ਵਿੱਚ. ਗੁਣਹੀਨ ਮੇਂ. "ਮੈ ਨਿਰਗੁਣਿਆਰੇ, ਕੋ ਗੁਣ ਨਾਹੀ." (ਮੁੰਦਾਵਣੀ ਮਃ ੫) ੨. ਨਿਰਗੁਣਿਆਰਾ ਦਾ ਬਹੁਵਚਨ.

ਨਿਰਗੁਨ: ਦੇਖੋ, ਨਿਰਗੁਣ ੧. "ਨਿਰਗੁਨ ਕਰਤਾ, ਸਰਗੁਨ ਕਰਤਾ." (ਗੌਂਡ ਮਃ ੫) ੨. ਦੇਖੋ, ਨਿਰਗੁਣ ੩. "ਨਿਰਗੁਨ ਨੀਚ ਅਨਾਥ ਅਪਰਾਧੀ." (ਸੋਰ ਮਃ ੫)

ਨਿਰਗੁਨੀਆਰ, ਨਿਰਗੁਨੀਆਰਾ: ਦੇਖੋ, ਨਿਰਗੁਣਿਆਰਾ. "ਹਮ ਨਿਰਗੁਨੀਆਰ ਨੀਚ ਅਜਾਨ." (ਸੁਖਮਨੀ)

ਨਿਰਗੰਧ: ਵਿ- ਬਿਨਾ ਗੰਧ (ਬੂ)."ਕਾਠ ਨਿਰਗੰਧ." (ਸ. ਕਬੀਰ)

ਨਿਰਘ: ਵਿ- ਅਘ (ਪਾਪ) ਬਿਨਾ। ੨. ਨਿਰਦੋਸ਼.

ਨਿਰਘਾਤ: ਸੰ. ਨਿਰ੍ਘਾਤ. ਸੰਗਯਾ- ਤੂਫ਼ਾਨ ਦੀ ਆਵਾਜ਼. ਪ੍ਰਬਲ ਅੰਧੇਰੀ ਤੋਂ ਉਪਜੀ ਧੁਨਿ। ੨. ਬਿਜਲੀ ਦੀ ਕੜਕ। ੩. ਚੋਟ (ਪ੍ਰਹਾਰ) ਤੋਂ ਪੈਦਾ ਹੋਇਆ ਸ਼ਬਦ. "ਉਠੈ ਸ਼ਬਦ ਨਿਰਘਾਤ ਆਘਾਤ ਬੀਰੰ." (ਜਨਮੇਜਯ) ੪. ਵਿਨਾਸ਼. ਤਬਾਹੀ। ੫ ਭੂਚਾਲ.

ਨਿਰਜਨ: ਵਿ- ਨਿਰ੍ਜਨ. ਜਨ ਰਹਿਤ. ਸੁੰਨਾ. ਗ਼ੈਰ ਆਬਾਦ। ੨. ਏਕਾਂਤ.

ਨਿਰਜਰ: ਸੰ. ਨਿਰ੍ਜਰ. ਵਿ- ਜਿਸ ਵਿੱਚ ਬੁਢਾਪਾ ਨਹੀਂ. ਜਰਾ ਰਹਿਤ। ੨. ਸੰਗਯਾ- ਦੇਵਤਾ। ੩. ਅੰਮ੍ਰਿਤ.

ਨਿਰਜਲ: ਵਿ- ਨਿਰ੍ਜਲ. ਜਲ ਬਿਨਾ। ੨. ਸੰਗਯਾ- ਉਹ ਥਾਂ ਜਿੱਥੇ ਪਾਣੀ ਨਾ ਹੋਵੇ.

ਨਿਰਜਲ ਏਕਾਦਸ਼ੀ, ਨਿਰਜਲਾ ਏਕਾਦਸ਼ੀ, ਨਿਰਜਲਾਕਾਦਸ਼ੀ: निर्जलैकादशी. ਜੇਠ ਸੁਦੀ ੧੧, ਜਿਸ ਦਿਨ ਹਿੰਦੂਮਤ ਦੇ ਗ੍ਰੰਥਾਂ ਵਿੱਚ ਸਨਾਨ ਅਤੇ ਪੀਣ ਵਾਸਤੇ ਜਲਦਾ ਤਿਆਗ ਲਿਖਿਆ ਹੈ. ਸੂਰਜ ਨਿਕਲਣ ਤੋਂ ਲੈਕੇ ਏਕਾਦਸ਼ੀ ਦਾ ਸਾਰਾ ਦਿਨ ਅਤੇ ਰਾਤ ਬਿਨਾ ਜਲ ਰਹਿਣਾ ਅਤੇ ਦੁਆਦਸੀ ਦੇ ਅੰਮ੍ਰਿਤ ਵੇਲੇ ਸਨਾਨ ਕਰਕੇ ਵਰਤ ਉਪਾਰਨਾ ਵਿਧਾਨ ਹੈ. (ਦੇਖੋ, ਹਰਿਭਕ੍ਤਿਵਿਲਾਸ). ਪਰ ਅੱਜ ਕੱਲ ਵੇਖਣ ਵਿੱਚ ਇਸ ਤੋਂ ਉਲਟ ਰੀਤੀ ਹੈ, ਕਿਸੇ ਕਵੀ ਦੇ ਹੇਠ ਲਿਖੇ ਛੰਦ ਤੋਂ ਆਪ ਨੂੰ ਨਿਰਜਲਾ ਏਕਾਦਸ਼ੀ ਦੇ ਦਿਨ ਖਾਣ ਪੀਣ ਦਾ ਹਾਲ ਪ੍ਰਗਟ ਹੋਵੇਗਾ.

ਅੰਬ ਸਵਾਸੌ ਚੂਸ ਆਠਸੌ ਆੜੂ ਖਾਏ।

ਖੀਰੇ ਕਈ ਹਜਾਰ ਕੱਕੜੀ ਖੇਤ ਮੁਕਾਏ।

ਦਹੀ ਕਟੋਰੇ ਚਾਰ ਘੜੇ ਦੋ ਰਸ ਕੇ ਪੀਏ।

ਲੱਡੂ ਪੇੜੇ ਅਧਿਕ ਖੂੰਬਚੇ ਖਾਲੀ ਕੀਏ।

ਇਹ ਭਾਂਤ ਦਿਵਸ ਵੀਤਤ ਭਯੋ ਵ੍ਰਤ ਨਿਰਜਲ ਏਕਾਦਸ਼ੀ।

ਰੈਨ ਸਬਰ ਕਰ ਸੋਰਹੋ, ਭੋਰ ਹੋਇਗੀ ਦ੍ਵਾਦਸੀ.

ਨਿਰਜਾਸ: ਸੰ. ਨਿਯੰਸ. ਸੰਗਜ੍ਞਾ- ਬਿਰਛ ਵਿੱਚੋਂ ਨਿਕਲਿਆ ਰਸ, ਜੋ ਗਾੜ੍ਹਾ ਹੋਕੇ ਗੂੰਦ ਬਣਜਾਂਦਾ ਹੈ। ੨. ਸਾਰ. ਨਿਚੋੜ। ੩. ਨਿਰਣਯ. "ਜਿਉ ਭਾਵੈ ਤਿਉ ਨਿਰਜਾਸ." (ਸ੍ਰੀ ਮਃ ੧)

ਨਿਰਜਾਸਿ: ਨਿਰਣੇ ਕਰਕੇ. ਵਿਚਾਰ ਕੇ. "ਮਨਿ ਵੇਖਹੁ ਨਿਰਜਾਸਿ."(ਵਾਰ ਸ੍ਰੀ ਮਃ ੪)

ਨਿਰਜਾਣ: ਸੰ. ਨਿਯੰਣ. ਸੰਗਜ੍ਞਾ- ਸਫਰ ਯਾਤ੍ਰਾ। ੨. ਮੋਕ੍ਸ਼. ਰਿਹਾਈ. ਛੁਟਕਾਰਾ। ੩. ਮਰਨਾ.

ਨਿਰਜੀਉ: ਸੰ. ਨਿਜੰਵ. ਵਿ- ਜੀਵ ਰਹਿਤ. ਬੇਜਾਨ. "ਸਰਜੀਉ ਕਾਟਹਿ ਨਿਰਜੀਉ ਪੂਜਹਿ." (ਗਉ ਕਬੀਰ)

ਨਿਰਜੀਤ: ਵਿ- ਜੋ ਜਿੱਤਿਆ ਨਹੀਂ ਜਾ ਸਕਦਾ. ਅਜੇਯ। ੨. ਭਾਈ ਗੁਰਦਾਸ ਜੀ ਨੇ ਨਿੰਜੀਵਿਤ ਦੀ ਥਾਂ ਭੀ ਨਿਰਜੀਤ ਸ਼ਬਦ ਵਰਤਿਆ ਹੈ, ਅਰਥਾਤ ਜੋ ਪੁਰੁਸ਼ਾਰਥ ਤਜਾਗਕੇ ਜੀਵਨਦਸਾ ਵਿੱਚ ਹੀ ਮੁਰਦਾ ਹੈ."ਜਾਣ ਡਰਾਵਾ ਖੇਤ ਵਿੱਚ ਨਿਰਜੀਤ ਪਰਾਣੀ." (ਭਾਗੁ) ੩. ਸੰ. ਨਿਜਿੰਤ. ਜਿੱਤਿਆਹੋਇਆ.

ਨਿਰਜੀਵ: ਦੇਖੋ, ਨਿਰਜੀਉ.

ਨਿਰਜੁਰ: ਸੰ. ਨਿਜ੍ਵੰਰ. ਵਿ- ਜ੍ਵਰ (ਤਾਪ) ਰਹਿਤ। ੨. ਅਰੋਗ। ੩. ਨਿਰਜਰ (ਦੇਵਤਾ) ਦੀ ਥਾਂ ਭੀ ਨਿਰਜੁਰ ਸ਼ਬਦ ਆਇਆ ਹੈ."ਨਿਰਜੁਰ ਜਜਹਿੰ ਅੰਜੁਲੀ ਜੋਰੀ." (ਨਾਪ੍ਰ) ਹੱਥ ਜੋੜਕੇ ਦੇਵਤੇ ਪੂਜਦੇ ਹਨ.

ਨਿਰਜੋਗ, ਨਿਰਜੋਗਾ: ਵਿ- ਨਿਯੋੰਗ. ਬਿਨਾ ਸੰਬੰਧ. ਨਿਰਲੇਪ. ਅਸੰਗ. "ਆਪਾਹਿ ਰਸਭੋਗਨ ਨਿਰਜੋਗ." (ਸੁਖਮਨੀ) "ਪਾਰਬ੍ਰਹਮ ਪੂਰਨ ਨਿਰਜੋਗ." (ਰਾਮ ਮਃ੫) "ਵਡੇ ਭਾਗਿ ਪਾਏ ਹਰਿ ਨਿਰਜੋਗਾ." (ਆਸਾ ਮਃ ੪) ੨. ਸੰਗਜ੍ਞਾ- ਅਲੰਕਾਰ. ਜੇਵਰ. ਗਹਿਣਾ। ੩. ਘੋੜੇ ਬੈਲ ਆਦਿ ਦੇ ਜੋਤਣ ਦਾ ਸਾਜ.

ਨਿਰਜੂਰ: ਦੇਖੋ, ਨਿਰਜੁਰ.

ਨਿਰਝਰ: ਦੇਖੋ, ਨਿਝਰ। ੨. ਸੰ. निर्झर. ਚਸ਼ਮਾ. Spring । ੩. ਸੂਰਜ ਦਾ ਘੋੜਾ। ੪. ਹਾਥੀ.

ਨਿਰਣਉ, ਨਿਰਣਯ, ਨਿਰਣਾ: ਸੰ. ਨਿਣੰਯ. ਸੰਗਜ੍ਞਾ- ਵਿਵੇਕ. ਵਿਚਾਰ. ਸਤਯ ਅਸਤਯ ਆਦਿ ਦਾ ਗਜ੍ਞਾਨ ਕਰਨ ਦੀ ਕ੍ਰਿਯਾ। ੨. ਫ਼ੈਸਲਾ. ਨਿਬੇੜਾ। ੩. ਨੀਰ- ਨਵ (ਨਯਾ). ਨਵੀਨ ਜਲ. ਨੌ ਨੀਰ. "ਖੇਤ ਮਿਆਲਾ ਉਚੀਆ ਘਰਉਚਾ ਨਿਰਣਉ." (ਵਾਰ ਗੁਜ ੧. ਮਃ ੩) ਜਿਸ ਖੇਤ ਦੀਆਂ ਵੱਟਾਂ ਉੱਚੀਆਂ ਹਨ, ਉਸ ਵਿੱਚ ਮੇਘ ਦਾ ਨਵੀਨ ਜਲ ਠਹਿਰਦਾ ਹੈ. ਭਾਵ- ਜਿਸ ਦੇ ਅੰਤਹਕਰਣ ਵਿੱਚ ਸ਼੍ਰੱਧਾ ਦਾ ਉੱਚਾ ਭਾਵ ਹੈ, ਉਸ ਅੰਦਰ ਗੁਰੂ ਦਾ ਉਪਦੇਸ਼ ਵਸਦਾ ਹੈ.

ਨਿਰਣੀਤ: ਸੰ. ਨਿਣੰਤਿ. ਨਿਰਣਯ ਕੀਤਾ ਹੋਇਆ. ਵਿਚਾਰਿਆਹੋਇਆ.

ਨਿਰਤ: ਸੰ. ਵਿ- ਤਤਪਰ. ਕਿਸੇ ਕੰਮ ਵਿੱਚ ਲੱਗਾ ਹੋਇਆ. ਲਿਵਲੀਨ। ੨. ਦੇਖੋ, ਨਿਰਤਿ ਅਤੇ ਨ੍ਰਿਤਯ.

ਨਿਰਤਕਾਰ: ਨ੍ਰਿਤਯ (ਨਾਚ) ਕਰਦਾ ਹੈ. "ਮੇਘ ਸਮੈ ਮੋਰ ਨਿਰਤਕਾਰ." (ਬਸੰ ਮਃ ੫) ੨. ਸੰਗਜ੍ਞਾ- ਨ੍ਰਿਤਯ ਕਰਨ ਵਾਲਾ. ਨਚਾਰ. ਨਤੰਕ.

ਨਿਰਤਿ: ਅਤਯੰਤ ਪ੍ਰੀਤਿ ਨਾਲ. "ਰਵੀਐ ਹਰਿ ਨਿਰਤਿ." (ਬਿਲਾ ਮਃ ੫) ਦੇਖੋ, ਨਿਰਤ। ੨. ਸੰ. ਨਿਰਤਿ. ਅਤਯੰਤ ਪ੍ਰੀਤਿ. ਅਖੰਡ ਮੁਹੱਬਤ।

੩. ਸੰ. नृत्य- ਨ੍ਰਿਤਯ. ਲਯ ਤਾਰ ਨਾਲ ਅੰਗਾਂ ਦੇ ਫੈਲਾਉਣ ਅਤੇ ਸੰਕੋਚਣ ਦੀ ਕ੍ਰਿਯਾ. ਨਾਚ. "ਨਿਰਤਿ ਕਰੇ ਬਹੁ ਵਾਜੇ ਵਜਾਏ." (ਆਸਾ ਮਃ ੩) ੪. ਨਿ- ਰਿਤਿ (ऋति). ਮੰਗਲਰੂਪ. ਕਲਯਾਨਰੂਪ। ੫ ਮਾਰਗ. ਖੋਜ."ਨਿਰਤਿ ਨੇ ਪਾਈਆ

ਗਣੀ ਸਹੰਸ." (ਰਾਮ ਮਃ ੧) ੬. ਅਨ੍ਰਿਤ (अनृत) ਦੀ ਥਾਂ ਭੀ ਨਿਰਤਿ ਸ਼ਬਦ ਆਇਆ ਹੈ. ਅਸਤ੍ਯ. ਮਿਥ੍ਯਾ. "ਸਤਿ ਨਿਰਤਿ ਬੂਝੈ ਜੇ ਕੋਇ." (ਸੁਖਮਨੀ) ਜੇ ਕੋਈ ਸਤ੍ਯ ਅਸਤ੍ਯ ਨੂੰ ਜਾਣੇ. ਦੇਖੋ, ਸਤਿ ਨਿਰਤਿ। ੭. ਨਿਰਣਯ ਕਰਨ ਦੀ ਕ੍ਰਿਯਾ. ਨਿਰਣੀਤ ਕਰਨ ਦਾ ਕਰਮ. "ਨਿਰਤਿ ਨ ਪਵੈ ਅਸੰਖ ਗੁਣ." (ਜੈਤ ਛੰਤ ਮਃ ੫)

੮. ਸੰ. निऋति. ਨਿਰ੍ਰਿੰਤਿ ਰ੍ਰਿਤਿ (ਘ੍ਰਿਣਾ- ਗਲਾਨਿ) ਰਹਿਤ। ੯. ਅਧਰਮ ਦੀ ਇਸਤ੍ਰੀ। ੧੦. ਵਿਪਦਾ. ਮੁਸੀਬਤ। ੧੧. ਮੌਤ। ੧੨. ਰਿਗਵੇਦ ਵਿੱਚ ਪਾਪ ਦੇ ਦੇਵਤਾ ਦਾ ਨਾਉਂ ਨਿਰ੍ਰਿੰਤਿ ਲਿਖਿਆ ਹੈ.

ਨਿਰਤਿਸਯ, ਨਿਰਤਿਸੈ: ਸੰ. ਨਿਰਤਿਸ਼ਯ. ਵਿ- ਜਿਸ ਤੋਂ ਹੋਰ ਅਤਿਸ਼ਯ (ਵਧਕੇ) ਨਾ ਹੋਵੇ, ਹੱਦ ਦਰਜੇ ਦਾ. ਬਹੁਤ ਵਧੀਆ। ੨. ਸੰਗ੍ਯਾ- ਪਾਰਬ੍ਰਹਮ. ਕਰਤਾਰ.

ਨਿਰਤਿਕਾਰੀ: ਸੰਗ੍ਯਾ- ਨ੍ਰਿਤ੍ਯ (ਨਾਚ) ਕਰਨ ਦੀ ਕ੍ਰਿਯਾ."ਏਹੁ ਨਿਰਤਿਕਾਰੀ ਜਨਮਿ ਨ ਆਵੈ." (ਰਾਮ ਮਃ ੫) ੨. ਨਰ੍ਤਕ (नर्त्तक). ਨ੍ਰਿਤ੍ਯ ਕਰਨ ਵਾਲਾ. ਨਚਾਰ. "ਰਾਮ ਕੋ ਨਿਰਤਿਕਾਰੀ." (ਰਾਮ ਮਃ ੫)

ਨਿਰਤਯ: ਸੰਗ੍ਯਾ- ਨ੍ਰਿਤ੍ਯ. ਨਾਚ."ਨਿਰਤ੍ਯੰ ਕਰੋਤਿ ਜਥਾ ਮਰਕਟਹ." (ਸਹਸ ਮਃ ੫)

ਨਿਰਤ੍ਯਯ: ਵਿ- ਜਿਸ ਦਾ ਅਤ੍ਯਯ (ਨਾਸ਼) ਨਹੀਂ. ਅਵਿਨਾਸ਼ੀ। ੨. ਸੰਗ੍ਯਾ- ਕਰਤਾਰ. ਵਾਹਿਗੁਰੂ.

ਨਿਰਦਇ, ਨਿਰਦਇਆ, ਨਿਰਦਈ: ਸੰ. ਨਿਰ੍ਦਯ. ਵਿ- ਦਯਾਹੀਨ. ਬੇਰਹ਼ਮ. "ਨਿਰਦਇਅ ਨਹੀਂ ਜੋਤਿ ਉਜਾਲਾ." (ਰਾਮ ਅਃ ਮਃ ੧)

ਨਿਰਦਲਨ: ਸੰ. ਨਿਰ੍ਦਲਨ. ਸੰਗ੍ਯਾ- ਚਕਨਾਚੂਰ ਕਰਨ ਦੀ ਕ੍ਰਿਯਾ. ਚੰਗੀ ਤਰਾਂ ਕੁਚਲਣ ਦਾ ਭਾਵ. "ਕਹੁ ਨਾਨਕ ਤਿਨਿ ਜਨਿ ਨਿਰਦਲਿਆ." (ਆਸਾ ਮਃ ੫)

ਨਿਰਦਾਵਾ: ਵਿ- ਦਾਵੇ ਤੋਂ ਬਿਨਾ ਮਮਤਾ ਰਹਿਤ. "ਨਿਰਦਾਵੈ ਰਹੈ ਨਿਸੰਕ." (ਸ. ਕਬੀਰ)

ਨਿਰਦਿਸ੍ਰ: ਸੰ. ਨਿਰ੍ਦਿਸ਼੍ਰ. ਵਿ- ਦੱਸਿਆ ਹੋਇਆ. ਨਿਰਣਯ ਕੀਤਾ। ੨. ਠਹਿਰਾਇਆ ਹੋਇਆ. ਮੁਕ਼ੱਰਰ ਕੀਤਾ.

ਨਿਰਦੇਸ: (ਨਿਰ- ਦਿਸ਼) ਸੰ. ਨਿਰ੍ਦੇਸ਼. ਸੰਗ੍ਯਾ- ਦੱਸਣ ਦੀ ਕ੍ਰਿਯਾ। ੨. ਆਗ੍ਯਾ. ਹੁਕਮ। ੩. ਬਿਨਾ ਕਿਸੇ ਖ਼ਾਸ ਦੇਸ਼ ਜਿਸ ਦਾ ਪੂਰਵ ਅਥਵਾ ਪੱਛਮ ਕੋਈ ਖ਼ਾਸ ਦੇਸ਼ ਨਹੀਂ "ਨਮਸ੍ਤੰ ਨ੍ਰਿਦੇਸੇ." (ਜਾਪੁ)

ਨਿਰਦੈ: ਦੇਖੋ, ਨਿਰਦਈ."ਨਿਰਦੈ ਜੰਤੁ ਤਿਸੁ ਦਇਆ ਨ ਪਾਈ." (ਸੂਹੀ ਮਃ ੫)

ਨਿਰਦੋਸ, ਨਿਰਦੋਖ: ਵਿ- ਨਿਰ੍ਦੋਸ਼. ਬੇਐ਼ਬ. ਵਿਕਾਰ ਰਹਿਤ। ੨. ਅਪਰਾਧ ਬਿਨਾ. ਬੇਕ਼ੁਸੂਰ.

ਨਿਰਦੰਭ: ਵਿ- ਨਿਰ੍ਦੰਭ. ਪਾਖੰਡ ਰਹਿਤ। ੨. ਅਭਿਮਾਨ ਬਿਨਾ.

ਨਿਰਧਨ: ਵਿ- ਨਿਰ੍ਧਨ. ਜਿਸ ਪਾਸ ਧਨ ਨਹੀਂ. ਕੰਗਾਲ."ਨਿਰਧਨ ਕਉ ਤੁਮ ਦੇਵਹੁ ਧਨਾ." (ਭੈਰ ਮਃ ੫)

ਨਿਰਧਾਤੁ: ਵਿ- ਧਾਤੁ ਬਿਨਾ. ਦੇਖੋ, ਧਾਤੁ.

ਨਿਰਧਾਰਣ: ਸੰਗ੍ਯਾ- ਨਿਧਾਰਣ. ਨਿਸ਼੍ਚੈ ਕਰਨ ਦਾ ਭਾਵ। ੨. ਗੁਣ, ਦੋਸ਼, ਸਤ੍ਯ ਅਸਤ੍ਯ ਆਦਿ ਦਾ ਵਿਚਾਰ.

ਨਿਰਧੂਤ: ਵਿ- ਨਿਰ੍ਧੂਤ. (ਨਿਰ- ਧੂਤ) ਕੰਬਾਇਆ ਹੋਇਆ. ਝਾੜਿਆ ਹੋਇਆ। ੨. ਸੰਬੰਧੀ ਅਤੇ ਮਿਤ੍ਰਾਂ ਦਾ ਤ੍ਯਾਗਿਆ ਹੋਇਆ। ੩. ਜਿਸ ਨੇ ਵਿਕਾਰ ਝਾੜਕੇ ਪਰੇ ਸਿੱਟ ਦਿੱਤੇ ਹਨ। ੪. ਸੰ. ਨਿਰ੍ਧੋਤ. ਚੰਗੀ ਤਰਾਂ ਧੋਤਾ ਹੋਇਆ. ਸਾਫ਼ ਕੀਤਾ। ੫ ਦੇਖੋ, ਨ੍ਰਿਧੂਤ.

ਨਿਰਨਉ, ਨਿਰਨਾ: ਦੇਖੋ, ਨਿਰਣਉ. "ਕਰਿ ਨਿਰਨਉ ਡੀਠ!" (ਵਾਰ ਜੈਤ) ੨. ਨਿਰੰਨ. ਨਿਰਨਾ ਕਾਲਜਾ. ਉਹ ਸਮਾਂ ਜਦ ਰਾਤ ਤੋਂ ਜਾਗਕੇ ਅਜੇ ਕੁਝ ਨਾ ਖਾਧਾ ਹੋਵੇ.

ਨਿਰਨਾਥ: ਵਿ- ਜਿਸਦਾ ਕੋਈ ਨਾਥ (ਸ੍ਵਾਮੀ) ਨਹੀਂ। ੨. ਸੰਗਜਾ- ਨ੍ਰਿਨਾਥ. ਮਨੁੱਖਾਂ ਦਾ ਸ੍ਵਾਮੀ. ਰਾਜਾ। ੩. ਕਰਤਾਰ.

ਨਿਰਪ: ਵਿ- ਆਪ (ਜਲ) ਰਹਿਤ. ਨਿਰਜਲ। ੨. ਸੰਗਜਾ- ਨ੍ਰਿ- ਪ ਨ੍ਰਿਪ. ਆਦਮੀਆਂ ਦਾ ਪਤਿ ਰਾਜਾ. "ਨਿਰਪ ਧਾਵਹਿ ਲੜਿ ਦੁਕ ਪਾਇਆ." (ਆਸਾ ਛੰਤ ਮਃ ੪)

ਨਿਰਪਰਾਧ: ਵਿ- ਅਪਰਾਧ ਰਹਿਤ. ਬਕ਼ੁਸੂਰ ਨਿਰਦੋਸ਼.

ਨਿਰਪਾਰ: ਦੇਖੋ, ਨ੍ਰਿਪਾਲ.

ਨਿਰਪੇਖ, ਨਿਰਪੇਛ: ਵਿ- ਨਿਰਪੇਕ੍ਸ਼. ਜਿਸ ਦਾ ਅਪੇਕ੍ਸ਼ਾ (ਇੱਛਾ) ਨਾ ਹੋਵੇ. ਅਚਾਹ। ੨. ਲਗਾਉ ਬਿਨਾ. ਅਲਗ. ਅਸੰਗ.

ਨਿਰਬਹੀਐ: ਪਹੁਚੀਏ. ਦੇਖੋ, ਨਿਰਬਾਹ, "ਬਿਨੁ ਗੁਰੁ ਪੰਥੁ ਨ ਸੂਝਈ. ਕਿਤੁ ਬਿਧਿ ਨਿਰਬਹੀਐ ?" (ਗਉ ਅਃ ਮਃ ੧)

ਨਿਰਬਲ: ਵਿ- ਨਿਬੱਲ ਕਮਜ਼ੋਰ. ਬਲਹੀਨ.

ਨਿਰਬਾਹ, ਨਿਰਬਾਹੁ: ਸੰ. ਨਿਰ੍‍ਵਾਹ. ਸੰਗਜਾ- ਸਰੰਜਾਮ. ਪ੍ਰਬੰਧ. ਇੰਤਜਾਮ। ੨. ਕਿਸੇ ਕਰਮ ਦਾ ਬਰਾਬਰ ਜਾਰੀ ਰਹਿਣ ਦਾ ਭਾਵ। ੩. ਪਾਲਨ. "ਅੰਤਿ ਕਰੈ ਨਿਰਬਾਹੁ." (ਸ. ਕਬੀਰ) ੪. ਜੀਵਿਕਾ. ਗੁਜ਼ਾਰਾ। ੫ ਪਹੁਚਣਾ. ਦੇਖੋ, ਨਿਰਬਹੀਐ.

ਨਿਰਬਾਣ: ਸੰ. ਨਿਰ੍‍ਵਾਣ. ਸੰਗਜਾ- ਮੋਕ੍ਸ਼. ਛੁਟਕਾਰਾ. ਰਿਹਾਈ। ੨. ਨਿਵ੍ਰਿੱਤਿ. ਹਟਣਾ। ੩. ਵਿਰਕ੍ਤ ਉਦਾਸੀ ਸਾਧੂ ਦੀ ਖ਼ਾਸ ਪਦਵੀ. ਦੇਖੋ, ਪ੍ਰੀਤਮਦਾਸ। ੪. ਵਿ- ਹਟਿਆਹੋਇਆ। ੫ ਸ਼ਾਂਤ। ੬. ਮੁਕ੍ਤ। ੭. ਥਕਿਆ ਹੋਇਆ। ੮. ਮੋਇਆ। ੯. ਦੇਖੋ, ਸਤਨਾਮੀ.

ਨਿਰਬਾਣਸਰ: ਅਮ੍ਰਿਤਸਰ ਜੀ ਦੇ ਦਿੱਲੀ ਦਰਵਾਜ਼ੇ ਨਿਰਬਾਣ ਅਖਾੜੇ ਦਾ ਤਾਲ.

ਨਿਰਬਾਣਪਦ: ਸੰਗਜਾ- ਤੁਰੀਯ (ਤੁਰੀਆ) ਪਦ. ਅਵਿਨਾਸ਼ੀ ਪਦ. "ਨਿਰਮਲ ਨਿਰਬਾਣਪਦ ਚੀਨਿਲੀਜੈ." (ਰਾਮ ਨਾਮਦੇਵ) "ਨਿਰਬਾਣਪਦ ਇਕ ਹਰਿ ਕੋ ਨਾਮ." (ਭੈਰ ਨਾਮਦੇਵ) ਦੇਖੋ, ਨਿਰਬਾਣ.

ਨਿਰਬਾਣੀ: ਵਿ- ਵਿਰਕ. ਤਜਾਗੀ. ਦੇਖੋ, ਨਿਰਬਾਣ. "ਆਪਿ ਨਿਰਬਾਣੀ ਆਪੇ ਭੋਗੀ." (ਭੈਰ ਮਃ ੫) ੨. ਸੰ. निवारणी. ਜੋ ਬੋਲਦਾ ਨਹੀਂ. ਗੁੰਗਾ.

ਨਿਰਬਾਣੀਪਦੁ: ਦੇਖੋ, ਨਿਰਬਾਮਪਦ."ਸਬਦਿ ਰਪੈ ਘਰੁ ਪਾਈਐ ਨਿਰਬਾਣੀਪਦੁ ਨੀਤਿ." (ਸ੍ਰੀ ਅਃ ਮਃ ੧)

ਨਿਰਬਾਤ: ਦੇਖੋ, ਨਿਰਵਾਤ.

ਨਿਰਬਾਦੀ: ਵਿ- ਵਾਦ (ਝਗੜਾ) ਨਾ ਕਰਨ ਵਾਲਾ। ੨. निर्वादिन- ਨਿਰ੍‍ਵਾਦੀ. ਅਪਵਾਦ (ਨਿੰਦਾ) ਕਰਨ ਵਾਲਾ.

ਨਿਰਬਾਧ: ਵਿ- ਬਿਨਾ ਵਾਧ (ਰੁਕਾਵਟ). ੨. ਵਿਘਨ ਰਹਿਤ। ੩. ਬਾਧਾ (ਪੀੜਾ) ਬਿਨਾ. ਦੁੱਖ ਰਹਿਤ.

ਨਿਰਬਾਨ, ਨਿਰਬਾਨਪਦ, ਨਿਰਬਾਨੁ: ਦੇਖੋ, ਨਿਰਬਾਣ ਅਤੇ ਨਿਰਬਾਣਪਦ. "ਪਾਵੈ ਪਦ ਨਿਰਬਾਨਾ." (ਰਾਮ ਮਃ ੯) "ਗ੍ਰਿਹਸਤ ਮਹਿ ਸੋਈ ਨਿਰਬਾਨੁ." (ਸੁਖਮਨੀ) ੨. ਨਿਰ੍‍ਵਾਣ. ਪ੍ਰਵਾਹ. ਵਹਾਉ. "ਸਲਿਲ ਨਿਰਬਾਨ ਹੈ." (ਭਾਗੁ ਕ)

ਨਿਰਬਿਕਾਰ: ਵਿ- ਨਿਵਿੰਕਾਰ. ਜਿਸ ਵਿੱਚ ਤਬਦੀਲੀ ਨਹੀਂ ਹੁੰਦੀ. ਇੱਕ ਹਾਲਤ ਵਿੱਚ ਰਹਿਣ ਵਾਲਾ। ੨. ਬੇਐਬ.

ਨਿਰਬਿਖ: ਵਿ- ਨਿਵਿੰਸ਼. ਬਿਨਾ ਜ਼ਹਿਰ। ੨. ਨਿਵਿੰਸ਼ਯ. ਇੰਦ੍ਰੀਆਂ ਕਰਕੇ ਜੋ ਗ੍ਰਹਿਣ ਨਾ ਹੋ ਸਕੇ."ਨਿਰਬਿਖ ਨਰਕਨਿਵਾਰੀ." (ਹਜਾਰੇ ੧੦) ੩. ਸ਼ਬਦ ਸਪਰਸ਼ ਆਦਿ ਵਿਸ਼ਿਆਂ ਦੇ ਅਸਰ ਤੋਂ ਰਹਿਤ.

ਨਿਰਬਿਖਈ: ਵਿ- ਵਿਸ਼ਿਆਂ ਦਾ ਤਜਾਗੀ. ਦੇਖੋ, ਨਿਰਬਿਖ ੨. "ਦਰਸਨ ਪੇਖਿ ਭਏ ਨਿਰਬਿਖ਼ਈ" (ਸਾਰ ਸੂਰਦਾਸ)

ਨਿਰਬਿਘਨ: ਵਿ- ਨਿਵਿੰਘ੍ਨ. ਬਿਨਾ ਰੁਕਾਵਟ। ੨. ਆਪੱਤਿ (ਆਫ਼ਤ) ਬਿਨਾ। ੩. ਦੁੱਖ (ਕਲੇਸ਼) ਬਿਨਾ. "ਨਿਰਬਿਘਨ ਹੋਇ

ਸਭ ਥਾਈਂ ਵੂਰੇ." (ਬਿਲਾ ਮਃ ੫)

ਨਿਰਬੇਦ: ਦੇਖੋ, ਨਿਰਵੇਦ.

ਨਿਰਬੋਧ: ਵਿ- ਨਿਬੋਁਧ. ਬੋਧ (ਗਜਾਨ) ਬਿਨਾ. ਅਜਾਨ.

ਨਿਰਬੰਧ: ਵਿ- ਬੰਧਨ ਬਿਨਾ. ਆਜ਼ਾਦ. "ਭਏ ਦੇਵ ਸਭ ਹੀ ਨਿਰਬੰਧ." (ਸਲੋਹ) ੨. ਨਿਬੰਁਧ. ਸੰਗਜਾ- ਹਠ. ਜਿਦ। ੩. ਪ੍ਰਾਰਥਨਾ ਅ਼ਰਜ। ੪. ਰੁਕਾਵਟ. ਵਿਘਨ। ੫ ਵਿ- ਬੰਨ੍ਹਿਆਹੋਇਆ. ਬੱਧਾ.

ਨਿਰਬੰਧੁ: ਵਿ- ਸਾਕ ਨਾਤੇ ਬਿਨਾ. ਜਿਸ ਦਾ ਕੋਈ ਸੰਬੰਧੀ ਨਹੀਂ.

ਨਿਰਭਉ, ਨਿਰਭਇ, ਨਿਰਭਏ, ਨਿਰਭਯ: ਵਿ- ਨਿਭੰਯ. ਡਰ ਰਹਿਤ. ਬੇਖ਼ੌਫ਼. ਨਿਡਰ."ਨਿਰਭਉ ਨਿਰਵੈਰੁ." (ਜਪੁ) "ਤਉ ਨਾਨਕ ਨਿਰਭਏ." (ਗਉ ਮਃ ੫) ਨਿਭੰਯ ਭਏ.

ਨਿਰਭਰ: ਨਿਭੰਰ. ਵਿ- ਚੰਗੀ ਤਰਾਂ ਭਰਿਆਹੋਇਆ. ਪੂਰਣ। ੨. ਮਿਲਿਆਹੋਇਆ। ੩. ਆਸ਼੍ਰਿਤ. ਆਸਰੇ ਲੱਗਾ। ੪. ਨਿਹਾਇਤ. ਅਤਿ.

ਨਿਰਭਵ: ਵਿ- ਭਵ (ਜਨਮ) ਰਹਿਤ। ੨. ਨਿਰਭਯ. ਬੇਖ਼ੌਫ਼. ਨਿਡਰ. "ਭੈ ਖੀਣੰਤ ਨਿਰਭਵਹ." (ਸਹਸ ਮਃ ੫)

ਨਿਰਭਾਰ: ਵਿ- ਬੋਝ ਬਿਨਾ. ਹੋਲਾ, ਹਲਕਾ. "ਤੇ ਨਰ ਭਵ ਉਤਾਰਿ ਕੀਏ ਨਿਰਭਾਰ." (ਸਵੈਯੇ ਮਃ ੨. ਕੇ) ਪਾਪਾਂ ਦੇ ਬੋਝ ਤੋ। ਹੌਲੇ ਕੀਤੇ.

ਨਿਰਭਿਮਾਨ: ਵਿ- ਅਭਿਮਾਨ (ਅਹੰਕਾਰ) ਰਹਿਤ. ਹਲੀਮ.

ਨਿਰਭੀਤ: ਵਿ- ਨਿੰਭੀਤ. ਭਯ ਬਿਨਾ. ਨਿਡਰ.

ਨਿਰਭੇਦ: ਸੰਗਜਾ- ਨਿਭੇਂਦ. ਭੇਦਨ ਕਰਕੇ (ਪਾੜਕੇ) ਬਾਹਰ ਆਉਣ ਦੀ ਕ੍ਰਿਯਾ। ੨. ਵਿ- ਅਖੰਡ. ਇੱਕ ਰਸ.

ਨਿਰਭੈ, ਨਿਰਭਜ: ਦੇਖੋ, ਨਿਰਭਯ. "ਨਿਰਭੈ ਹੋਇ ਭਜੀਐ ਭਗਵਾਨੁ." (ਸਾਰ ਨਾਮਦੇਵ) "ਬਿਚਰਤੇ ਨਿਰਭਜੰ ਸਤ੍ਰਸੈਨਾ." (ਸਹਸ ਮਃ ੫)

ਨਿਰਮਇਓ, ਨਿਰਮਏ, ਨਿਰਮਯ, ਨਿਰਮਯੇ: ਰਚਿਆ. ਰਚੇ. ਬਣਾਇਆ. ਬਣਾਏ. ਦੇਖੋ, ਨਿਰਮਾਣ. "ਤਹਿ ਨਿਰਮਾਈ ਸਰਬ ਰਿਖੀਕਾ." (ਨਾਪ੍ਰ) ਉਸ ਨੇ ਰਚੀਆਂ ਹਨ ਸਭ ਇੰਦ੍ਰੀਆਂ "ਬੋਹਿਥਉ ਬਿਧਾਤੈ ਨਿਰਮਯੋ." (ਸਵੈਯੇ ਮਃ ੩. ਕੇ)

ਨਿਰਮਰ: ਵਿ- ਮ੍ਰਿਤ੍ਯੁ ਰਹਿਤ. ਅਮਰ। ੨. ਨਿਮੰਲ. ਮੈਲ ਰਹਿਤ ਸਾਫ. ਉੱਜਲ.

ਨਿਰਮਰਿ: ਨਿਰਮਲਤਾ ਵਾਲਾ. ਧੁੰਧਲੇਪਨ ਤੋਂ ਰਹਿਤ. "ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ." (ਸਵੈਯੇ ਸ੍ਰੀ ਮੁਖਵਾਕ ਮਃ ੫)

ਨਿਰਮਲ, ਨਿਰਮਲੁ: ਵਿ- ਨਿਮੰਲ. ਮੈਲ ਰਹਿਤ. ਸ਼ੁੱਧ. "ਨਿਰਮਲ ਉਦਕ ਗੋਬਿੰਦ ਕਾ ਨਾਮ." (ਗਉ ਮਃ ੫) "ਨਿਰਮਲ ਤੇ, ਜੋ ਰਾਮਹਿ ਜਾਨ." (ਭੈਰ ਕਬੀਰ) ੨. ਸੰਗਜਾ- ਪਾਰਬ੍ਰਹਮ. ਕਰਤਾਰ. "ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ." (ਮਾਝ ਅਃ ਮਃ ੩) ੩. ਪ੍ਰਕਾਸ਼. ਉਜਾਲਾ. "ਕਿਉ ਕਰਿ ਨਿਰਮਲੁ, ਕਿਉ ਕਰਿ ਅੰਧਿਆਰਾ ?" (ਸਿਧਗੋਸਟਿ) ੪. ਵਿ- ਰੌਸ਼ਨ. ਦੇਖੋ, ਚਾਖੈ ੨.

ਨਿਰਮਲ ਸੋਭਾ: ਉੱਜਲ ਕੀਰਤਿ. ਸ਼ੁਭਗੁਣਾਂ ਦੇ ਪ੍ਰਭਾਵ ਕਰਕੇ ਉਪਜੀ ਯਥਾਰਥ ਸ਼ੋਭਾ, ਜਿਸ ਵਿੱਚ ਝੂਠ ਅਤੇ ਪਾਖੰਡ ਦਾ ਲੇਸ ਨਹੀਂ. "ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ." (ਸੁਖਮਨੀ) ਇਸ ਦੇ ਵਿਰੁੱਧ ਭਾਵੇਂ ਪਾਮਰ ਕੁਕਰਮੀ ਧਨੀ ਲੋਕਾਂ ਦੀ ਕਵਿ ਅਤੇ ਖ਼ੁਸ਼ਾਮਦੀ ਸ਼ੋਭਾ ਪਏ ਗਾਉਣ, ਪਰ ਉਹ ਨਿਰਮਲ ਸੋਭਾ ਨਹੀਂ.

**ਨਿਰਮਲ ਕਰਮ:** ਸੰਗ੍ਯਾ- ਕਲੰਕ ਰਹਿਤ ਕਰਮ. ਪਾਪ ਅਤੇ ਪਾਖੰਡ ਬਿਨਾ ਕਰਮ. "ਸਾਧ ਨਾਮ ਨਿਰਮਲ ਤਾਕੇ ਕਰਮ." (ਸੁਖਮਨੀ)

**ਨਿਰਮਲ ਕਰਮਾ:** ਵਿ- ਨਿਰਮਲ (ਸ਼ੁਭ) ਕਰਮ ਕਰਨ ਵਾਲਾ. ਦੇਖੋ, ਨਿਰਮਲ ਕਰਮ.

**ਨਿਰਮਲ ਗਿਆਨ:** ਸੰਗ੍ਯਾ- ਸ਼ੰਸ਼ਯ ਵਿਪਰਯੰਯ ਦੋਸ਼ ਰਹਤਿ ਆਤਮਗ੍ਯਾਨ. "ਮਮਤਾ ਤਨ ਤੇ ਭਾਗੀ, ਉਪਜਿਓ ਨਿਰਮਲ ਗਿਆਨ." (ਬਸੰ ਮਃ ੯)

**ਨਿਰਮਲਧਰਮ:** ਸੰਗ੍ਯਾ- ਸਿੱਖਧਰਮ. ਖ਼ਾਲਿਸਧਰਮ.

**ਨਿਰਮਲਪੰਥ:** ਸੰਗ੍ਯਾ- ਸਿੱਖ ਸੰਪ੍ਰਦਾਯ। ੨. ਖ਼ਾਲਿਸਪੰਥ."ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲਪੰਥ ਚਲਾਇਆ." (ਭਾਗੁ)

**ਨਿਰਮਲਪੰਥ ਪ੍ਰਦੀਪਕਾ:** ਭਾਈ ਗ੍ਯਾਨ ਸਿੰਘ ਕਰਤਾ ਪੰਥਪ੍ਰਕਾਸ਼ ਦੀ ਲਿਖੀ ਇੱਕ ਛੋਟੀ ਪੁਸ੍ਤਕ, ਜਿਸ ਵਿੱਚ ਨਿਰਮਲਾਪੰਥ ਦੇ ਬਣਨ ਦਾ ਇੱਕ ਵਿਸ੍ਤਾਰ ਨਾਲ ਹਾਲ ਲਿਖਿਆ ਹੈ. ਇਹ ਸੰਮਤ ੧੯੪੮ (ਸਨ ੧੮੯੧) ਵਿੱਚ ਬਣੀ ਅਤੇ ਮਤਬਾ ਗੁਰੂ ਗੋਬਿੰਦ ਸਿੰਘ ਸ਼ਹਰ ਸਿਆਲਕੋਟ ਵਿੱਚ ਛਪੀ.

**ਨਿਰਮਲਬੂੰਦ:** ਭਾਵ- ਗੁਰਦੀਖ੍ਯਾ. "ਨਿਰਮਪਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ." (ਸ. ਕਬੀਰ) ਆਕਾਸ਼ ਵਤ ਸਭ ਨੂੰ ਆਪਣੇ ਵਿੱਚ ਲੈ ਲੈਣ ਵਾਲਾ ਗੁਰੂ, ਉਨਾਸ ਦੀ ਸਿਖ੍ਯਾ ਅੰਤਹਕਰਣ ਰੂਪ ਪ੍ਰਿਥਿਵੀ ਵਿੱਚ ਮਿਲਾ ਲਈ.

**ਨਿਰਮਲਭੇਖ:** ਦੇਖੋ, ਨਿਰਮਲਪੰਥ. "ਨਿਰਮਲਭੇਖ ਅਪਾਰ ਤਾਸ ਬਿਨ ਅਵਰ ਨ ਕੋਈ." (ਸਵੈਯੇ ਮਃ ੫ ਕੇ) ੨. ਮੈਲ ਰਹਿਤ ਹੈ ਲਿਬਾਸ ਜਿਸ ਦਾ.

**ਨਿਰਮਲਾ:** ਵਿ- ਮੈਲ ਤੋਂ ਬਿਨਾ. ਦੇਖੋ, ਨਿਰਮਲ. "ਅਹਿਨਿਸਿ ਨਵਤਨ ਨਿਰਮਲਾ, ਮੈਲਾ ਕਬਹੂੰ ਨ ਹੋਇ." (ਵਾਰ ਸੂਹੀ ਮਃ ੧) ੨. ਅਵਿਦ੍ਯਾ ਮੈਲ ਰਹਿਤ. "ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ." (ਗਉ ਥਿਤੀ ਮਃ ੫) ੩. ਸੰਗ੍ਯਾ- ਨਿਰਮਲਧਰਮ (ਖ਼ਾਲਿਸਧਰਮ) ਧਾਰਣ ਵਾਲਾ. ਗੁਰੂ ਨਾਨਕਦੇਵ ਦਾ ਸਿੱਖ."ਸਬਦਿ ਰਤੇ ਸੇ ਨਿਰਮਲੇ." (ਸ੍ਰੀ ਮਃ ੩) ੪. ਦੇਖੋ, ਨਿਰਮਲੇ.

**ਨਿਰਮਲਾਇ:** ਵਿ- ਨਿਰਮਲਤਾ ਵਾਲਾ. ਬੈਸੰਤਰ ਅਲਿਪਤ ਸਦਾ ਨਿਰਮਲਾਇ." (ਮਾਰੂ ਮਃ ੫)

**ਨਿਰਮਲੀ:** ਵਿ- ਨਿਰਮਲਤਾ ਵਾਲੀ। ੨. ਉੱਤਮ. ਸ਼੍ਰੇਸ਼੍ਠ। ੩. ਸੰਗ੍ਯਾ- ਗੁਰੂ ਨਾਨਕਦੇਵ ਦਾ ਧਰਮ ਧਾਰਣ ਵਾਲੀ, ਸਿੱਖਣੀ.

**ਨਿਰਮਲੀਆ:** ਵਿ- ਨਿਰਮਲਤਾ ਵਾਲਾ. "ਅੰਮ੍ਰਿਤੁ ਨਾਮੁ ਸਦਾ ਨਿਰਮਲੀਆ." (ਮਾਝ ਮਃ ੫)

**ਨਿਰਮਲੀ ਹੂੰ ਨਿਰਮਲਾ:** (ਵਾਰ ਰਾਮ ੨. ਮਃ ੫) ਵਿ- ਨਿਰਮਲ ਤੋਂ ਨਿਰਮਲ. ਅਤਯੰਤ ਸ਼ੁੱਧ.

**ਨਿਰਮਲੁ:** ਦੇਖੋ, ਨਿਰਮਲ. "ਗੁਰ ਤੇ ਨਿਰਮਲੁ ਜਾਣੀਐ." (ਸ੍ਰੀ ਅਃ ਮਃ ੧)

**ਨਿਰਮਲੇ:** ਨਿਰਮਲਾ ਦਾ ਬਹੁਵਚਨ. ਦੇਖੋ, ਨਿਰਮਲਾ। ੨. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰਸਿੰਘ, ਸੋਭਾ ਸਿੰਘ) ਨੂੰ ਬ੍ਰਾਹਮਚਾਰੀ ਦੇ ਭੇਸ ਵਿੱਚ ਸੰਸਕ੍ਰਿਤ ਵਿਦ੍ਯਾ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਉਨ੍ਹਾਂ ਦੀ "ਨਿਰਮਲੇ" ਸੰਗ੍ਯਾ ਹੋਈ. ਇਨ੍ਹਾਂ ਪੰਜਾਂ ਦੇ ਚਾਟੜੇ ਜੋ ਨਿਰਮਲ ਵਸਤ੍ਰ ਪਹਿਰ ਸ਼ਾਂਤਚਿੱਤ ਰਹਿਕੇ ਵਿਦ੍ਯਾ ਅਰ ਨਾਮ ਦਾ ਅਭ੍ਯਾਸ, ਅਤੇ ਧਰਮਪ੍ਰਚਾਰ ਕਰਦੇ ਰਹੇ ਹਨ, ਉਹ ਸਭ ਨਿਰਮਲੇ ਸੱਦੇ ਜਾਂਦੇ ਹਨ. ਸਿੱਖਕੌਮ ਵਿੱਚ ਨਿਰਮਲੇ ਸਾਧੂ ਵਿਦ੍ਯਾ ਦੇ ਪ੍ਰੇਮੀ ਅਰ ਵਿਚਾਰ ਵਾਨ ਹਨ. ਦੇਖੋ, ਅਖਾੜਾ ਅਤੇ ਧਰਮਧੁਜਾ.

**ਨਿਰਮਾਇਲ, ਨਿਰਮਾਇਲੁ:** ਸੰ. ਨਿਰ੍‍ਮਾਲ੍ਯ. ਸੰਗ੍ਯਾ- ਦੇਵਤਾ ਪੁਰ ਚੜ੍ਹੀ ਹੋਈ ਵਸਤੁ. ਉਹ ਪਦਾਰਥ, ਜੋ ਦੇਵਤਾ ਨੂੰ ਅਰਪਨ ਕੀਤਾ ਗਿਆ ਹੋ."ਆਤਮ ਜਉ ਨਿਰਮਾਇਲੁ ਕੀਜੈ." (ਰਾਮ ਨਾਮਦੇਵ) ਜੇ ਆਪਣੇ ਤਾਈਂ ਦੇਵਤਾ ਦੇ ਅਰਪਣ ਕਰਦੇਈਏ।

੨. ਵਿ- ਜੋ ਕਿਸੇ ਪੁਰ ਮਾਯਲ (ਆਸਕ੍ਤ) ਨਹੀਂ. "ਪਿਰ ਨਿਰਮਾਇਲ ਸਦਾ ਸੁਖਦਾਤਾ." (ਵਡ ਮਃ ੩. ਅਲਾਹਣੀ) ੩. ਮੈਲ ਰਹਿਤ. ਨਿਰਮਲ. "ਜੋਗੀ ਜੁਗਤਿ ਨਾਮੁ ਨਿਰਮਾਇਲ ਤਾਕੈ ਮੈਲ ਨ ਰਾਤੀ." (ਮਾਰੂ ਮਃ ੧) "ਹਰਿ ਨਿਰਮਾਇਲ ਸੰਗੀ." (ਸਾਰ ਅਃ ਮਃ ੧)

ਨਿਰਮਾਈ: ਨਿਰਮਾਣ ਕੀਤੀ. ਰਚੀ. ਬਣਾਈ. ਦੇਖੋ, ਨਿਰਮਾਣ.

ਨਿਰਮਾਣ: (ਨਿਰ- ਮਾਣ) ਸੰ. ਨਿਮੑਾਣ. ਸੰਗਯਾ- ਰਚਣਾ. ਬਣਾਉਣਾ। ੨. ਰਚਣ ਦਾ ਕੰਮ. ਬਣਾਉਣ ਦੀ ਕ੍ਰਿਯਾ। ੩. ਮਿਣਨਾ। ੪. ਉਸਾਰਨਾ। ੫ ਦੇਖੋ, ਨਿਰਮਾਨ ੧.

ਨਿਰਮਾਨ: ਵਿ- ਮਾਨ ਰਹਿਤ. ਅਹੰਕਾਰ ਬਿਨਾ। ੨. ਦੇਖੋ, ਨਿਰਮਾਣ

ਨਿਰਮਾਲ: ਦੇਖੋ, ਨਿਰਮਾਇਲ। ੨. ਨਿਰਮਲ। ੩. ਜਿਸ ਨੂੰ ਮਾਲ (ਮਾਇਆ ਧਨ) ਨਾਲ ਪ੍ਯਾਰ ਨਹੀਂ. ਵਿਰਕ੍ਤ."ਤਿਸੁ ਜਨ ਕਉ ਉਪਦੇਸ ਨਿਰਮਾਲ ਕਾ." (ਮਾਰੂ ਸੋਲਹੇ ਮਃ ੫) ਪੂਰਣਤ੍ਯਾਗੀ ਗੁਰੂ ਦਾ ਉਪਦੇਸ਼ ਹੈ.

ਨਿਰਮਾਲ੍ਯ: ਦੇਖੋ, ਨਿਰਮਾਇਲ ੧.

ਨਿਰਮਿਤ: ਵਿ- ਨਿਮਿੰਤ. ਰਚਿਆਹੋਇਆ. ਬਣਾਇਆ. ਦੇਖੋ, ਨਿਰਮਾਣ.

ਨਿਰਮੂਲ: ਵਿ- ਨਿਮੂੰਲ. ਜੜ ਰਹਿਤ। ੨. ਜੜ ਤੋਂ ਪੁੱਟਿਆ ਹੋਇਆ.

ਨਿਰਮੋਹ: ਵਿ- ਨਿਮੋੰਹ. ਮਮਤਾ ਰਹਿਤ. ਜਿਸ ਨੂੰ ਸੰਸਾਰ ਦੇ ਪਦਾਰਥਾਂ ਨਾਲ ਪ੍ਯਾਰ ਨਹੀਂ।

੨. ਕੀਰਤਪੁਰ ਪਾਸ ਇੱਕ ਪਿੰਡ. ਦੇਖੋ, ਨਿਰਮੋਹਗੜ੍ਹ.

ਨਿਰਮੋਹਗੜ੍ਹ: ਜਿਲਾ ਅੰਬਾਲਾ, ਤਸੀਲ ਥਾਣਾ ਰੋਪੜ, ਦੇ ਪਿੰਡ ਹਰਦੋ ਨਮੋਹ ਪਾਸ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਣਾਇਆ ਦੁਰਗ, ਜੋ ਆਬਾਦੀ ਤੋਂ ਇੱਕ ਫਰਲਾਂਗ ਪੂਰਵ ਹੈ. ਸੰਮਤ ੧੭੫੭ ਵਿੱਚ ਇੱਕ ਸਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਆਨੰਦਪੁਰ ਦਾ ਮੋਹ ਛੱਡਕੇ ਏਥੇ ਇੱਕ ਟਿੱਬੀ ਪੁਰ ਆ ਵਿਰਾਜੇ, ਤਦ ਤੋਂ ਇਸ ਦਾ ਨਾਮ ਨਿਰਮੋਹਗੜ੍ਹ ਹੈ.

ਇੱਕ ਵੇਰ ਦਸ਼ਮੇਸ਼ ਨਿਰਮੋਹਗੜ੍ਹ ਪੁਰ ਦੀਵਾਨ ਸਜਾ ਰਹੇ ਸਨ, ਤਦ ਪਹਾੜੀ ਰਾਜਿਆਂ ਦੀ ਪ੍ਰੇਰਨਾ ਨਾਲ ਇੱਕ ਤੋਪਚੀ ਨੇ ਗੁਰੂਸਾਹਿਬ ਪੁਰ ਸ਼ਿਸਤ ਲੈਕੇ ਗੋਲਾ ਚਲਾਇਆ, ਜਿਸ ਨਾਲ ਰਾਮ ਸਿੰਘ ਚੌਰਬਰਦਾਰ ਉਡਗਿਆ. ਕਲਗੀਧਰ ਨੇ ਆਪਣੇ ਤੀਰ ਨਾਲ ਉਸ ਤੋਪਚੀ ਦੀ ਉਸੇ ਵੇਲੇ ਸਮਾਪਤੀ ਕੀਤੀ.[723] ਗੁਰਦ੍ਵਾਰਾ ਸਾਧਾਰਣ ਹਾਲਤ ਵਿੱਚ ਕੇਵਲ ਮੰਜੀਸਾਹਿਬ ਹੈ. ਨਾਲ ਜਾਗੀਰ ਜ਼ਮੀਨ ਕੁਝ ਨਹੀਂ. ਰੇਲਵੇ ਸਟੇਸ਼ਨ ਨਵਾਂ ਸ਼ਹਿਰ ਤੋਂ ੩੨ ਮੀਲ ਅਗਨਿ ਕੋਣ ਹੈ. ਰੋਪੜ ਦੇ ਰਸਤੇ ਨੇੜੇ ਹੈ ਕਜੋਂਕਿ ਇਹ ਅਸਥਾਨ ਕੀਰਤਪੁਰ ਪਾਸ ਹੈ. ਹੁਣ ਰੋਪੜ ਰੇਲਵੇ ਸਟੇਸ਼ਨ ਹੈ.

ਨਿਰਮੋਕ: ਸੰਗਯਾ- ਨਿਮੋੰਕ, ਤੁਚਾ. ਖੱਲ। ੨. ਸੱਪ ਦੀ ਕੁੰਜ। ੩. ਆਕਾਸ਼.

ਨਿਰਮੋਖ: ਸੰ. ਨਿਮੋੰਕ੍ਸ਼, ਸੰਗਯਾ- ਪੂਰਣ ਮੁਕ੍ਤਿ. ਬੰਧਨਾਂ ਦਾ ਪੂਰਾ ਅਭਾਵ। ੨. ਤ੍ਯਾਗ.

ਨਿਰਮੋਲ, ਨਿਰਮੋਲਕ, ਨਿਰਮੋਲਾ: ਵਿ- ਜਿਸ ਦਾ ਮੁੱਲ (ਮੂਲ੍ਯ) ਨਹੀਂ. ਅਮੂਲ੍ਯ. ਅਮੋਲ. "ਐਸਾ ਨਾਮਰਤਨ ਨਿਰਮੋਲਕ." (ਸੋਰ ਭੀਖਨ) "ਜਿਨਿ ਦੀਆ ਤੁਧੁ ਨੀਰੁ ਨਿਰਮੋਲਾ." (ਰਾਮ ਅਃ ਮਃ ੧)

ਨਿਰਯ: ਸੰ. ਸੰਗਯਾ- ਨਰਕ, ਦੋਜ਼ਖ਼. ਜਹੰਨੁਮ.

ਨਿਰਯਾਸ: ਦੇਖੋ, ਨਿਰਜਾਸ.

---

[723] ਤੋਪਚੀ ਦੀ ਕਬਰ ਨਿਰਮੋਹਗੜ੍ਹ ਤੋਂ ਡੇਢ ਮੀਲ ਤੇ ਹੈ.

ਨਿਰਰਥ: ਸੰ. ਨਿਰਥੰ. ਵਿ- ਜਿਸ ਪਾਸ ਅਥੰ (ਧਨ) ਨਹੀਂ ਕੰਗਾਲ। ੨. ਬਿਨਾ ਅਥੰ (ਪ੍ਰਯੋਜਨ) ਬੇਫ਼ਾਯਦਾ. ਵ੍ਰਿਥਾ.

ਨਿਰਰਥਕ: ਸੰ. ਨਿਰਥੰਕ. ਵਿ- ਜਿਸ ਤੋਂ ਅਥੰ (ਮਤਲਬ) ਨਿਕਲਗਿਆ ਹੈ. ਬਿਨਾ ਮਤਲਬ. ਨਿਸ਼੍ਪ੍ਰਯੋਜਨ. ਬੇਫ਼ਾਯਦਾ.

ਨਿਰਲਜ, ਨਿਰਲੱਜ, ਨਿਰਲਾਜ: ਵਿ- ਨਿਲੰੱਜ. ਲੱਜਾ (ਸ਼ਰਮ) ਰਹਿਤ. ਬੇਹਯਾ. "ਸਿਮਰਹਿ ਨਾਹੀ ਜੋਨਿਦੁਖ ਨਿਰਲਜੇ ਭਾਂਡ." (ਬਿਲਾ ਮਃ ੫)

ਨਿਰਲੇਪ, ਨਿਰਲੇਪਾ, ਨਿਰਲੇਪੀ: ਵਿ- ਨਿਲੇੰਪ. ਬਿਨਾ ਲੇਪ। ੨. ਰਾਗ ਦ੍ਵੇਸ਼ ਆਦਿ ਵਿਕਾਰਾਂ ਦਾ ਜਿਸ ਪੁਰ ਅਸਰ ਨਹੀਂ। ੩. ਜੋ ਕਿਸੇ ਵਿਸ਼ਯ ਵਿੱਚ ਆਸਕ੍ਤ ਨਹੀਂ.

"ਸੁਖ ਦੁਖ ਰਹਿਤ ਸਦਾ ਨਿਰਲੇਪੀ." (ਸੋਰ ਮਃ ੯)

ਨਿਰਲੋਭ: ਵਿ- ਨਿਲੋੰਭ. ਲਾਲਚ ਰਹਿਤ. ਸੰਤੋਖੀ.

ਨਿਰਲੰਬ, ਨਿਰਲੰਭ: ਦੇਖੋ, ਨਿਰਾਲੰਬ. "ਨਿਰਲੰਭ ਹੈ." (ਜਾਪੁ) ੨. ਨਿਰ- ਆਲੰਭ. ਆਲੰਭ (ਸਪਸ਼ੰ) ਬਿਨਾ। ੩. ਆਲੰਭ (ਹਿੰਸਾ) ਬਿਨਾ.

ਨਿਰਵਦਯ: ਸੰ. ਵਿ- ਨਿੰਦਾ ਰਹਿਤ. ਨਿਰਦੋਸ਼. ਅਨਿੰਦਯ.

ਨਿਰਵਧਿ: ਵਿ- ਅਵਧਿ (ਹ਼ੱਦ) ਬਿਨਾ. ਅਪਾਰ। ੨. ਕ੍ਰਿ. ਵਿ- ਸਦਾ. ਹਮੇਸ਼ਹ.

ਨਿਰਵਯਵ: ਵਿ- ਅਵਯਵ (ਅੰਗ) ਰਹਿਤ. ਨਿਰਾਕਾਰ.

ਨਿਰਵਰਈ: ਨਿਵਾਰਣ ਕਰਈ. ਦੂਰ ਕਰਦਾ ਹੈ. ਹਟਾਉਂਦਾ ਹੈ. ਦੇਖੋ, ਨਿਵਾਰਣ. "ਪਾਪ ਪੁੰਨ ਦੋਊ ਨਿਰਵਰਈ." (ਗਉ ਬਾਵਨ ਕਬੀਰ)

ਨਿਰਵਲੰਬ: ਵਿ- ਬਿਨਾ ਅਵਲੰਬ (ਆਸਰਾ). ਆਧਾਰ ਰਹਿਤ.

ਨਿਰਵਾ: ਕ੍ਰਿ. ਵਿ- ਨਜ਼ਦੀਕ. ਪਾਸ. ਸਮੀਪ. ਨੇੜੇ. "ਕੋਈ ਬੋਲੈ ਨਿਰਵਾ, ਕੋਈ ਬੋਲੈ ਦੂਰਿ." (ਟੋਡੀ ਨਾਮਦੇਵ)

ਨਿਰਵਾਸ: ਵਿ- ਵਾਸ (ਵਸਤ੍ਰ) ਰਹਿਤ. ਨੰਗਾ।

੨. ਸੰਗਯਾ- ਨਿਰ੍ਵਾਸ. ਵਿਦੇਸ਼ਯਾਤ੍ਰਾ। ੩. ਦੇਸ਼- ਨਿਕਾਲਾ.

ਨਿਰਵਾਹ: ਦੇਖੋ ਨਿਰਬਾਹ.

ਨਿਰਵਾਣ: ਦੇਖੋ, ਨਿਰਬਾਣ.

ਨਿਰਵਾਤ: ਵਿ- ਨਿਰ੍ਵਾਤ. ਜਿਸ ਥਾਂ ਵਾਤ (ਹਵਾ) ਨਾ ਲੱਗੇ. ਪਵਨ ਰਹਿਤ। ੨. ਚੰਚਲਤਾ ਰਹਿਤ. ਸਿਥਰ. ਕ਼ਾਇਮ.

ਨਿਰਵਾਦ: ਸੰਗਯਾ- ਨਿਰ੍ਵਾਦ. ਨਿੰਦਾ. ਅਪਵਾਦ। ੨. ਅਵਗਯਾ. ਬੇਅਦਬੀ। ੩. ਵਾਦ ਦਾ ਅਭਾਵ.

ਨਿਰਵਾਰਣ: ਸੰਗਯਾ- ਰੋਕਣ ਦੀ ਕ੍ਰਿਯਾ. ਹਟਾਉਣਾ. ਦੇਖੋ, ਨਿਵਾਰਣ.

ਨਿਰਵਾਰੀ: ਹਟਾਈ. ਵਰਜੀ। ੨. ਨਿਖੇੜੀ. ਵੱਖ ਕੀਤੀ. ਦੇਖੋ, ਨਿਵਾਰਣ. "ਨਾ ਨਿਰਵਾਰੀਜਾਇ." (ਸ. ਕਬੀਰ)

ਨਿਰਵਾਰੋ: ਹਟਾਓ. ਵਰਜੋ। ੨. ਸੰਗਯਾ- ਨਿਖੇੜਨ (ਅਲਗ ਕਰਨ) ਦਾ ਭਾਵ. "ਖੀਰ ਨੀਰ ਨਿਰਵਾਰੋ." (ਭਾਗੁ)

ਨਿਰਵਿਕਲਪ: ਸੰ. निर्विकल्प. ਵਿ- ਭੇਦਗਯਾਨ ਬਿਨਾ. ਅਨੇਕਤਾ ਦੇ ਖ਼ਿਆਲ ਤੋਂ ਰਹਿਤ। ੨. ਸੰਦੇਹ ਬਿਨਾ. ਨਿਸ਼੍ਚਿਤ.

ਨਿਰਵਿਕਲਪ ਸਮਾਧਿ: ਸੰਗਯਾ- ਉਹ ਸਮਾਧਿ, ਜਿਸ ਵਿੱਚ ਭੇਦਗਯਾਨ ਮਿਟਜਾਵੇ. ਜਿਸ ਸਮਾਧਿ ਵਿੱਚ ਗਯੇਯ ਅਤੇ ਗਯਾਤਾ ਦਾ ਭੇਦ ਦੂਰ ਹੋਵੇ। ੨. ਅਨੇਕਤਾ ਦਾ ਖ਼ਿਆਲ ਜਿਸ ਵਿੱਚ ਨਹੀਂ ਉਪਜਦਾ, ਐਸੀ ਸਮਾਧਿ.

ਨਿਰਵਿਕਾਰ: ਵਿ- ਨਿਵਿੰਕਾਰ. ਜਿਸ ਵਿੱਚ ਕੋਈ ਐ਼ਬ (ਦੋਸ਼) ਨਹੀਂ। ੨. ਜੋ ਬਦਲਦਾ ਨਹੀਂ. ਇੱਕ ਰਸ ਰਹਿਣ ਵਾਲਾ.

ਨਿਰਵਿਖ: ਦੇਖੋ, ਨਿਰਬਿਖ। ੨. ਸੰ. ਨਿਵਿੰਸ਼. ਵਸਿਆਹੋਇਆ.

ਨਿਰਵਿਰਤਿ, ਨਿਰਵਿਰਤੀ: ਸੰ. निवृत्ति- ਨਿਵ੍ਰਿੱਤਿ. ਸੰਗਯਾ- ਹਟਜਾਣ ਦੀ ਕ੍ਰਿਯਾ। ੨. ਉਦਾਸੀਨਤਾ. ਦੁਨੀਆ ਵੱਲੋਂ ਮਨ ਦੇ ਉਪਰਾਮ ਹੋਣ ਦਾ ਭਾਵ. "ਆਪਿ ਪਰਵਿਰਤਿ ਆਪਿ ਨਿਰਵਿਰਤਿ." (ਵਾਰ ਬਿਹਾ ਮਃ ੪)

ਨਿਰਵਿਵਾਦ: ਵਿ- ਨਿਵਿੰਵਾਦ. ਵਿਵਾਦ (ਝਗੜੇ) ਬਿਨਾ.

ਨਿਰਵੇਦ: (ਨਿਰ- ਵਿਦ) ਸੰ. ਸੰਗਯਾ- ਨਿਵੇਂਦ. ਵੈਰਾਗਯ. ਉਪਰਾਮਤਾ। ੨. ਅਪਮਾਨ। ੩. ਖੇਦ. ਦੁੱਖ। ੪. ਪਸ਼ਚਾਤਾਪ. ਪਛਤਾਵਾ.

ਨਿਰਵੈਰ, ਨਿਰਵੈਰੁ: ਵਿ- ਨਿਵੈਂਰ. ਵੈਰ (ਦੁਸ਼ਮਨੀ) ਰਹਿਤ. ਦ੍ਵੇਸ਼ ਬਿਨਾ. "ਨਿਰਭਉ ਨਿਰਵੈਰੁ." (ਜਪੁ) ੨. ਸੰਗਯਾ- ਕਰਤਾਰ. "ਬਸਿਓ ਨਿਰਵੈਰ ਰਿਦੰਤਰਿ." (ਸਵੈਯੇ ਮਃ ੧. ਕੇ) ੩. ਸਤਿਗੁਰੁ ਨਾਨਕਦੇਵ.

ਨਿਰਵ੍ਰਣ: ਦੇਖੋ, ਅਨਵ੍ਰਣ.

ਨਿਰਾ: ਵਿ- ਖ਼ਾਲਿਸ, ਸ਼ੁੱਧ। ੨. ਕੇਵਲ.

ਨਿਰਾਸ: ਵਿ- ਆਸ਼ਾਹੀਨ. ਨਿਰਾਸ਼. ਦੇਖੋ, ਨਿਰਾਸੀ. "ਨਿਰਾਸ ਆਸ ਕਰਣੰ." (ਸਹਸ ਮਃ ੫) ੨. ਸੰਗਯਾ- ਨਿਰਾਸਤਾ ਨਾਉੱਮੇਦੀ. "ਜਾਕੈ ਆਸ ਨਾਹੀ ਨਿਰਾਸ ਨਾਹੀ." (ਪ੍ਰਭਾ ਮਃ ੧) ੩. ਵਿ- ਨਿਰਾਸ਼ਤਾ ਕਰਨ ਵਾਲਾ. ਹਤਾਸ਼ ਕਰਤਾ. "ਹਰਿਧਨ ਰਾਸਿ, ਨਿਰਾਸ ਇਹ ਬਿਤੁ." (ਰਾਮ ਮਃ ੫) ੪. ਸੰ. निरास. ਸੰਗਯਾ- ਦੂਰ ਕਰਨਾ. ਖੰਡਨ. ਤਰਦੀਦ.

ਨਿਰਾਸਰੇ, ਨਿਰਾਸਰੈ: ਸੰ. ਨਿਰਾਸ਼੍ਰਯ. ਵਿ- ਆਧਾਰ ਬਿਨਾ. "ਨਮਸਤੰ ਨਿਰਾਸਰੇ." (ਜਾਪੁ)

ਨਿਰਾਸਾ: ਸੰਗਯਾ- ਨਿਰਾਸ਼ਾ, ਆਸ਼ਾ ਦਾ ਅਭਾਵ. ਨਾਉੱਮੇਦੀ। ੨. ਵਿ- ਦੇਖੋ, ਨਿਰਾਸੀ. "ਹੁਕਮੈ ਬੂਝੈ ਨਿਰਾਸਾ ਹੋਈ." (ਆਸਾ ਅਃ ਮਃ ੩) ੩. ਜਿਸ ਨੂੰ ਕੋਈ ਉੱਮੀਦ ਨਹੀਂ ਰਹੀ. "ਸੰਤ ਦਾ ਦੋਖੀ ਉਠਿ- ਚਲੈ ਨਿਰਾਸਾ." (ਸੁਖਮਨੀ)

ਨਿਰਾਸੀ: ਵਿ- ਨਿਰਾਸ਼. ਜਿਸ ਦੀ ਆਸ਼ਾ ਪੂਰੀ ਨਹੀਂ ਹੋਈ. ਹਤਾਸ਼। ੨. ਆਸ਼ਾ (ਤ੍ਰਿਸ਼ਨਾ) ਰਹਿਤ. ਉਦਾਸੀਨ.

ਨਿਰਾਸੋਰ, ਨਿਰਾਸ਼੍ਰਯ: ਦੇਖੋ, ਨਿਰਾਸਰੇ. "ਨਿਰਾਸੋਰ ਮਾਨੈ." (ਪਾਰਸਾਵ)

ਨਿਰਾਹਾਰ, ਨਿਰਾਹਾਰੀ: ਵਿ- ਆਹਾਰ (ਭੋਜਨ) ਰਹਿਤ. ਜਿਸ ਨੇ ਕੁਝ ਖਾਧਾ ਨਹੀਂ. ਭੋਜਨ ਦਾ ਤਯਾਗੀ। ੨. ਜੋ ਕੁਝ ਖਾਂਦਾ ਨਹੀਂ. "ਨਿਰਾਹਾਰ ਨਿਰਵੈਰ ਸੁਖਦਾਈ." (ਸੁਖਮਨੀ) "ਧਿਆਇ ਨਿਰੰਕਾਰ ਨਿਰਾਹਾਰੀ." (ਸਾਰ ਪੜਤਾਲ ਮਃ ੪)

ਨਿਰਾਕਰਣ: ਸੰ. ਸੰਗਯਾ- ਅਲਗ (ਵੱਖ) ਕਰਨ ਦੀ ਕ੍ਰਿਯਾ। ੨. ਖੰਡਨ. ਰੱਦ ਕਰਨਾ। ੩. ਹਟਾਉਣਾ. ਨਿਵਾਰਣ.

ਨਿਰਾਕਾਰ: ਵਿ- ਆਕਾਰ (ਸ਼ਕਲ) ਰਹਿਤ।

੨. ਸੰਗਯਾ- ਕਰਤਾਰ. ਪਾਰਬ੍ਰਹਮ। ੩. ਆਕਾਸ਼.

ਨਿਰਾਕਾਰੀ: ਦੇਖੋ, ਨਿਰੰਕਾਰੀ.

ਨਿਰਾਕੁਲ: ਸੰ. ਵਿ- ਜੋ ਘਬਰਾਇਆਹੋਇਆ ਨਹੀਂ. ਕ੍ਸ਼ੋਭ ਰਹਿਤ. ਸ਼ਾਂਤ. "ਅਤਿ ਵਯਾਕੁਲਬੁੱਧਿ ਨਿਰਾਕੁਲ ਹਨਐ ਲਖ ਲਾਗੈ ਹੈਂ ਘਾਇ ਸਰੀਰਨ ਕੇ." (ਕ੍ਰਿਸਨਾਵ) ਨਿਰਾਕੁਲ ਭੀ ਵਯਾਕੁਲ ਹੋਗਏ.

ਨਿਰਾਕੇ: ਨਿਰਾਕਰਣ ਕੀਤੇ. ਹਟਾਏ. ਦੇਖੋ, ਨਿਰਾਕਰਣ.

ਨਿਰਾਕ੍ਰਿਤਿ: ਸੰ. निराकृति. ਵਿ- ਆਕ੍ਰਿਤਿ (ਸ਼ਕਲ) ਰਹਿਤ. ਨਿਰਾਕਾਰ। ੨. ਸੰਗ੍ਯਾ- ਖੰਡਨ. ਤਰਦੀਦ.

ਨਿਰਾਗ੍ਰਹ: ਵਿ- ਆਗ੍ਰਹ (ਹਠ- ਜਿਦ) ਬਿਨਾ.

ਨਿਰਾਤ: ਨਿਅਰ- ਆਤ. ਨੇੜੇ ਆਉਂਦਾ। ੨. ਸੰ. ਨਿੰਣਤੀ. ਵਿ- ਨਿਰਣੇ ਕੀਤਾ, ਕੀਤੀ। ੩. ਵਿਚਾਰਿਆਅ ਵਿਚਾਰੀ. "ਨਹੀਂ ਤਦਪਿ ਤਾਸ ਸੋਭਾ ਨਿਰਾਤ." (ਦੱਤਾਵ)

ਨਿਰਾਤੰਕ: ਵਿ- ਆਤੰਕ (ਡਰ) ਬਿਨਾ। ੨. ਜੋ ਘਬਰਾਇਆਹੋਇਆ ਨਹੀਂ.

ਨਿਰਾਦਰ: ਸੰਗ੍ਯਾ- ਆਦਰ ਦਾ ਅਭਾਵ. ਅਪਮਾਨ.

ਨਿਰਾਧਾਰੁ: ਵਿ- ਆਸ਼੍ਰਯ ਬਿਨਾ. ਜਿਸ ਨੂੰ ਕੋਈ ਆਧਾਰ (ਸਹਾਰਾ) ਨਹੀਂ. "ਨਿਰਾਧਾਰ ਹੈ ਨ ਪਾਰਾ- ਵਾਰ." (ਅਕਾਲ) ੨. ਜੋ ਕਿਸੇ ਯੁਕ੍ਤਿ ਅਤੇ ਪ੍ਰਮਾਣ ਨਾਲ ਸਿੱਧ ਨਾ ਹੋਵੇ। ੩. ਨਿਰਤਾਰ ਦੀ ਥਾਂ ਨਿਰਾਧਾਰ ਸ਼ਬਦ ਭੀ ਆਇਆ ਹੈ- "ਮੋਖ ਤਤਬਿੰਦ ਮਹਿ" ਜਾਨ ਨਿਰਾਧਾਰ ਹੈ." (ਨਾਪ੍ਰ) ਤੱਤਵੇਤਾ ਵਿੱਚ ਬਿਨਾ ਸੰਸੇ ਮੋਕ੍ਸ਼ ਹੈ. ਦੇਖੋ, ਨਿਰਧਾਰਣ.

ਨਿਰਾਪਰਾਧ: ਦੇਖੋ, ਨਿਰਪਰਾਧ. "ਨਿਰਾਪਰਾਧ ਚਿਤਵਹਿ ਬੁਰਿਆਈ." (ਆਸਾ ਮਃ ੫)

ਨਿਰਾਫਲ: ਦੇਖੋ, ਨਿਸਫਲ. "ਜਾ ਪਤਿ ਲੇਖੈ ਨਾ ਪਵੈ, ਤਾਂ ਸਭ ਨਿਰਾਫਲ ਨਾਮ." (ਅਃ ਮਃ ੧)

ਨਿਰਾਮਯ: ਵਿ- ਆਮਯ (ਰੋਗ) ਬਿਨਾ. ਤਨਦੁਰੁਸ੍ਤ. ਨਰੋਆ.

ਨਿਰਾਮਿਖ: ਸੰ. ਨਿਰਮਿਸ਼. ਵਿ- ਆਮਿਖ (ਮਾਸ) ਬਿਨਾ. ਜਿਸ ਵਿੱਚ ਮਾਸ ਨਾ ਹੋਵੇ, ਜਿਵੇਂ- ਨਿਰਾਮਿਖ ਸ਼੍ਰਾਧ। ੨. ਜੋ ਮਾਸ ਨਾ ਖਾਵੇ.

ਨਿਰਾਯਾਸ: ਵਿ- ਬਿਨਾ ਆਯਾਸ (ਜਤਨ). ਨਿਰਯਤਨ.

ਨਿਰਾਯੁਧ: ਵਿ- ਆਯੁਧ (ਸ਼ਸਤ੍ਰ) ਰਹਿਤ. ਜਿਸ ਪਾਸ ਹਥਿਆਰ ਨਹੀਂ.

ਨਿਰਾਰ, ਨਿਰਾਰਉ: ਵਿ- ਨਿਰਾਲਾ. ਅਲਗ. "ਮੋਹਨ ਰਹਿਤ ਨਿਰਾਰ." (ਦੇਵ ਮਃ ੫)

ਨਿਰਾਰਥ, ਨਿਰਾਰਥਕ: ਦੇਖੋ, ਨਿਰਰਥ ਅਤੇ ਨਿਰਰਥਕ. "ਜਿਉ ਕਿਰਪਨ ਕੇ ਨਿਰਾਰਥ ਦਾਮ." (ਸੁਖਮਨੀ)

ਨਿਰਾਰਾ, ਨਿਰਾਰੀ, ਨਿਰਾਰੋ: ਵਿ- ਜੋ ਰਲਿਆਹੋਇਆ ਨਹੀਂ. ਨਿਰਾਲਾ, ਨਿਰਾਲੀ ਅਸੰਗ. ਅਲਗ. "ਬੇਦ ਕਤੇਬ ਤੇ ਰਹਿਤ ਨਿਰਾਰਾ." (ਗਉ ਕਬੀਰ) "ਸਭ ਹੂੰ ਤੇ ਪਿਆਰਾ ਪੁਰਖ ਨਿਰਾਰਾ." (ਆਸਾ ਛੰਤ ਮਃ ੫) ੨. ਵਿ- ਵਿਲਕ੍ਸ਼ਣ. ਅਜੀਬ. "ਤਿਨ ਕੀ ਕਥਾ ਨਿਰਾਰੀ." (ਬਿਲਾ ਕਬੀਰ) ੩. ਖ਼ਾਸ. "ਜਨ ਕੋ ਅੰਗ ਨਿਰਾਰੋ." (ਗੂਜ ਮਃ ੫)

ਨਿਰਾਲਸ, ਨਿਰਾਲਕ: ਸੰ. ਨਿਰਾਲਸ. ਵਿ- ਜਿਸ ਵਿੱਚ ਆਲਸ ਨਹੀਂ. ਫੁਰਤੀਲਾ. ਚੁਸ੍ਤ। ੨. ਸੰਗ੍ਯਾ- ਆਲਸ ਦਾ ਅਭਾਵ. ਉੱਦਮ ਚੁਸ੍ਤੀ। ੩. ਸੰਸਕ੍ਰਿਤ ਗ੍ਰੰਥਾਂ ਵਿੱਚ ਇੱਕ ਪ੍ਰਕਾਰ ਦੀ ਸਮੁੰਦਰੀ ਮੱਛੀ ਦਾ ਨਾਉਂ "ਨਿਰਾਲਕ" ਹੈ.

ਨਿਰਾਲਮ: ਵਿ- ਆਲਮ (ਸੰਸਾਰ) ਤੋਂ ਅਲਗ. ਦੁਨਿਯਾਂ ਤੋਂ ਕਿਨਾਰੇ. ਸੰਸਾਰ ਦੇ ਅਸਰ ਤੋਂ ਬਿਨਾ. "ਅਹਿਨਿਸਿ ਰਹੈ ਨਿਰਾਲਮੇ ਕਾਰ ਧੁਰ ਕੀ ਕਰਣੀ." (ਆਸਾ ਅਃ ਮਃ ੧) ੨. ਨਿਰਲੇਪ. "ਜੈਸੇ ਜਲ ਮਹਿ ਕਮਲ ਨਿਰਾਲਮ." (ਸਿਧਗੋਸਟਿ) ੩. ਦੇਖੋ, ਨਿਰਾਲੰਬ.

ਨਿਰਾਲਾ, ਨਿਰਾਲੀ: ਵਿ- ਭਿੰਨ ਪ੍ਰਕਾਰ ਦਾ. ਜੁਦਾ. ਜੁਦੀ. "ਭਗਤਾ ਕੀ ਚਾਲ ਨਿਰਾਲੀ." (ਅਨੰਦੁ) ੨. ਏਕਾਂਤ। ੩. ਵਿਲਕ੍ਸ਼ਣ. ਅਜੀਬ। ੪. ਜਿਸ ਦੇ ਮੁਕ਼ਾਬਲੇ ਦੂਜਾ ਨਹੀਂ. ਅਦ੍ਵਿਤੀਯ (ਅਦੁਤੀ).

ਨਿਰਾਲੰਬ: ਵਿ- ਆਲੰਬ (ਸਹਾਰੇ) ਬਿਨਾ. ਨਿਰਾਸ਼੍ਰਯ. "ਨਿਰਾਲੰਬ ਨਿਰਹਾਰ ਨਿਹਕੇਵਲ." (ਪ੍ਰਭਾ ਮਃ ੧)

ਨਿਰਾਵਨ: ਸੰਗਯਾ- ਨਿਖੇਰਨ (ਅਲਗ) ਕਰਨ ਦਾ ਭਾਵ। ੨. ਖੇਤ ਆਦਿ ਵਿੱਚੋਂ ਨਦੀਨ ਕੱਢਣ ਦੀ ਕ੍ਰਿਯਾ. ਗੁੱਡਣਾ। ੩. ਨੀਰ ਨਾਲ ਰੌਣੀ ਕਰਨੀ. ਪਾਣੀ ਦੇਣਾ.

ਨਿਰਾਵਯਵ: ਦੇਖੋ. ਨਿਰਵਯਵ.

ਨਿਰਾਵਰਣ: ਵਿ- ਆਵਰਣ (ਪੜਦੇ) ਰਹਿਤ. ਜੋ ਢਕਿਆਹੋਇਆ ਨਹੀਂ.

ਨਿਰਾਵਲੰਬ: ਵਿ- ਅਵਲੰਬ (ਆਸ਼੍ਰਯ) ਬਿਨਾ. ਨਿਰਾਧਾਰ. ਜੋ ਕਿਸੇ ਦੇ ਸਹਾਰੇ ਨਹੀਂ।

ਨਿਰਿੱਛ, ਨਿਰਿੱਛਿਤ: ਸੰ. निरिच्छ. ਵਿ- ਇੱਛਾ ਰਹਿਤ.

ਨਿਰੀ: ਨਿਰਾ ਦਾ ਇਸਤ੍ਰੀ ਲਿੰਗ. ਦੇਖੋ, ਨਿਰਾ। ੨. ਦੇਖੋ, ਨ੍ਰਿ.

ਨਿਰੀਹ: ਸੰ. ਵਿ- ਈਹਾ (ਇੱਛਾ) ਰਹਿਤ. ਚਾਹ ਬਿਨਾ। ੨. ਚੇਸ਼੍ਟਾ ਰਹਿਤ. ਬਿਨਾ ਹਰਕਤ। ੩. ਵਿਰਕ੍ਤ. "ਨਿਰੀਹੰ ਨ੍ਰਿਬਾਣੰ ਸਦਾ ਜੈ ਅਖੰਡੰ." (ਨਾਪ੍ਰ)

ਨਿਰੀਕਾਰ: ਦੇਖੋ, ਨਿਰਾਕਾਰ. "ਸੁਧ ਬੁਧ ਨਿਰੀਕਾਰ." (ਸਵੈਯੇ ਮਃ ੪. ਕੇ) ੨. ਨਿਕਲ ਗਿਆ ਹੈ ਈਕਾਰ (ਮਾਇਆ ਜਾਲ) ਜਿਸ ਵਿੱਚੋਂ

ਨਿਰੀਕਾਰੀਏ: ਖੇੜੀ ਪਿੰਡ ਦਾ (ਜੋ ਦਿੜ੍ਹਬੇ ਪਾਸ ਪਟਿਆਲਾ ਰਾਜ ਵਿੱਚ ਹੈ) ਰਹਿਣ ਵਾਲਾ ਬੈਰਾਗੀ ਸਾਧੂ ਨਾਰਾਯਣਦਾਸ ਸੀ, ਉਸ ਦਾ ਚੇਲਾ ਸਰਜੂਦਾਸ "ਸੱਤ ਨਿਰੀਕਾਰ"[724] ਸ਼ਬਦ ਜਪਿਆ ਕਰਦਾ ਸੀ, ਜਿਸ ਤੋਂ ਨਿਰੀਕਾਰੀਏ ਸ਼ਾਖ਼ ਚੱਲੀ. ਇਹ ਮਿਲਣ ਸਮੇਂ ਆਪੋ ਵਿੱਚੀ ਸੱਤ ਨਿਰੀਕਾਰ ਆਖਦੇ ਹਨ. ਸਰਜੂਦਾਸ ਦਾ ਦੇਹਾਂਤ ਸੰਮਤ ੧੯੯੯ ਵਿੱਚ ਪਟਿਆਲੇ ਹੋਇਆ ਹੈ. ਸਮਾਧੀ ਨਾਭੇ ਵਾਲੇ ਦਰਵਾਜੇ ਹੈ. ਜਿਸ ਨੂੰ ਰਿਆਸਤ ਵੱਲੋਂ ਖੇਤੀ ਪਿੰਡ ਜਾਗੀਰ ਹੈ. ਨਿਰੀਕਾਰੀਆਂ ਦੀ ਸਾਰੀ ਰੀਤਿ ਬੈਰਾਗੀਆਂ ਸਮਾਨ ਹੈ. ਲਿੰਗੋਟੀ ਲਾਲ ਰੰਗ ਦੀ ਰਖਦੇ ਹਨ ਅਰ ਆਖਦੇ ਹਨ ਕਿ ਸਾਡੇ ਵਡੇ ਨੂੰ ਹਨੂਮਾਨ ਜੀ ਨੇ ਇਹ ਬਖਸ਼ੀ ਹੈ। ੨. ਦੇਖੋ, ਨਿਰੰਕਾਰੀਏ.

ਨਿਰੀਕ੍ਸ਼ਣ, ਨਿਰੀਖਣ, ਨਿਰੀਛਨ: ਸੰਗਯਾ- ਨਿਰ- ਈਕ੍ਸ਼ਣ, ਦੇਖਣਾ. ਦਰ- ਸ਼ਨ। ੨. ਨਿਗਰਾਨੀ। ੩. ਦੇਖਣ ਦਾ ਢੰਗ. ਚਿਤਵਨ। ੪. ਨੇਤ੍ਰ. ਅੱਖ.

ਨਿਰੁਕਤ: ਸੰ. ਨਿਰੁਕ੍ਤ. ਵਿ- ਚੰਗੀ ਤਰਾਂ ਉਕ੍ਤ (ਆਖਿਆਹੋਇਆ). ੨. ਸੰਗਯਾ- ਵੇਦ ਦਾ ਇੱਕ ਅੰਗ, ਜਿਸ ਵਿੱਚ ਵੇਦ ਦੇ ਸ਼ਬਦਾਂ ਦੀ ਵ੍ਯਾਖ੍ਯਾ ਹੈ. ਇਸ ਵਿੱਚ ਸ਼ਬਦਾਂ ਦਾ ਅਰਥ ਉੱਤਮ ਰੀਤਿ ਨਾਲ ਕੀਤਾ ਗਿਆ ਹੈ. ਇਹ ਯਾਸ੍ਕ ਮੁਨਿ ਦਾ ਰਚਿਆ ਨਿਘੰਟੁ ਕੋਸ਼ ਤੇ ਵ੍ਯਾਖ੍ਯਾਰੂਪ ਗ੍ਰੰਥ ਹੈ, ਜਿਸ ਦੇ ੧੨. ਅਧ੍ਯਾਯ ਹਨ। ੩. ਨਿਰ- ਉਕ੍ਤ. ਵਿ- ਅਕਥਿਤ. ਜੋ ਕਹਿਆ ਨਹੀਂ ਗਿਆ. " ਨਿਰਕੁਤ ਸਰੂਪ ਹੈਂ. (ਜਾਪੁ)

ਨਿਰੁਕਤਿ: ਸੰ. ਨਿਰੁਕ੍ਤਿ. ਸੰਗਯਾ- ਉੱਤਮ ਰੀਤਿ ਨਾਲ ਕੀਤੀ ਹੋਈ ਵ੍ਯਾਖ੍ਯਾ। ੨. ਇੱਕ ਅਲੰਕਾਰ. ਜਿਸ ਰਚਨਾਂ ਵਿੱਚ ਨਾਮ ਦੇ ਅਰਥ ਪੁਰ ਚਮਤਕਾਰੀ ਯੁਕਤਿ ਵਰਣਨ ਕਰੀਏ, ਇਹ ਨਿਰੁਕ੍ਤਿ ਅਲੰਕਾਰ ਦਾ ਰੂਪ ਹੈ.

ਉਦਾਹਰਣ-

ਜਾਂਕੈ ਅਚਿੰਤ ਵਸੈ ਮਨਿ ਆਇ,

ਤਾਕਉ ਚਿੰਤਾ ਕਤਹੂ ਨਾਹਿ.

---

[724] ਇਹ "ਸਤ੍ਯ ਨਿਰਾਕਾਰ" ਦਾ ਰੂਪਾਂਤਰ ਹੈ.

(ਗਉ ਮਃ ੧)

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ,

ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅੰਨਿ.

(ਸੂਹੀ ਮਃ ੧)

ਬੱਗਾ ਨਾਮ ਬਗੁਲੇ ਦਾ ਹੈ, ਪਰ ਉਸ ਦਾ ਕੰਮ ਕਾਲਾ

ਹੈ, ਇਸ ਲਈ ਬੱਗਾ ਨਹੀਂ ਕਹਿਣਾ ਚਾਹੀਏ.

ਨਾਰਾਯਨ ਕੱਛ ਮੱਛ ਤਿੰਦੂਆ ਕਹਿਤ ਸਭ

ਕੌਲਨਾਭਿ ਕੌਲ ਜਿਹ ਤਾਲ ਮੇਂ ਰਹਤ ਹੈ,

ਗੋਪੀਨਾਥ ਗੂਜਰ ਗੋਪਾਲ ਸਭੈ ਧੇਨੁਚਾਰੀ

ਰਿਖੀਕੇਸ ਨਾਮ ਕੇ ਮਹੰਤ ਲਹੀਯਤ ਹੈ,

ਮਾਧਵ ਭਵਰ ਔ ਅਟੇਰੂ ਕੋ ਕਨ੍ਹੈਯਾ ਨਾਮ

ਕੰਸ ਕੇ ਵਧੈਯਾ ਯਮਦੂਤ ਕਹਿਯਤ ਹੈ,

ਮੂੜ ਰੂੜ ਪੀਟਤ ਨ ਗੂੜ੍ਹਤਾ ਕੋ ਭੇਦ ਪਾਵੈਂ

ਪੂਜਤ ਨ ਤਾਂਹਿ ਜਾਂਕੇ ਰਾਖੇ ਰਹਿਯਤ ਹੈ.

(ਅਕਾਲ)

ਮੋਹਿ ਨਿਥਾਵਾ ਇਨ ਕਹਯੋ ਸੋ ਸਾਚ ਬਖਾਨੀ,

ਜਬ ਲੌ ਆਤਮਰੂਪ ਕੋ ਮਨ ਲੇਇ ਨ ਜਾਨੀ,

ਥਾਉਂ ਪਾਇਕਰ ਥਿਰੈ ਨਹਿ ਤਬ ਲਗੌਂ ਨਿਥਾਵਾ,

ਭਟਕਤ ਮ੍ਰਿਗਤ੍ਰਿਸ਼ਨਾ ਵਿਖੈ ਕਿਤ ਸਾਂਤਿ ਨ ਪਾਵਾ.

(ਗੁਪ੍ਰਸੂ)

ਭਯੇ ਸਭਿਨ ਕੋ ਮੋਹਰੀ ਨਾਮ ਮੋਹਰੀ ਤੋਹਿ.

(ਗੁਪ੍ਰਸੂ)

ਆਖਯ ਭਾਗਭਰੀ ਸੁਭ ਤੇਰਾ

ਸਾਰਥ ਭਾਗਭਰੀ ਅਬ ਹੇਰਾ.

(ਗੁਪ੍ਰਸੂ)

ਤਾਂਹਿ ਬਾਨ ਬਾਨੀ ਇਨਹੁ ਛੇਦਤ ਲੱਛ ਅਪਾਰ,

ਨਾਮ ਦੋਇ ਇਕ ਕ੍ਰਿਯਾ ਜਿਨ ਸ਼੍ਰੀ ਅਰਜਨ ਸੁਖਕਾਰ.

(ਗੁਪ੍ਰਸੂ)

ਨਿਰੁਕ੍ਤ, ਨਿਰੁਕ੍ਤਿ: ਦੇਖੋ, ਨਿਰੁਕਤ ਅਤੇ ਨਿਰੁਕਤਿ.

ਨਿਰੁਜ: ਵਿ- ਰੁਜ (ਰੋਗ) ਰਹਿਤ. ਅਰੋਗ. ਨੀਰੋਗ. ਨੀਰੁਜ. ਤਨਦੁਰੁਸ੍ਤ. ਨਰੋਆ.

ਨਿਰੁੱਤਰ: ਵਿ- ਜਿਸ ਦਾ ਕੋਈ ਉੱਤਰ ਨਹੀਂ. ਲਾ- ਜਵਾਬ। ੨. ਜੋ ਜਵਾਬੀ ਉੱਤਰ ਨਾ ਦੇ ਸਕੇ. ਕ਼ਾਯਲ.

ਨਿਰੁੱਦਮ, ਨਿਰੁਦ੍ਯਮ: ਵਿ- ਉੱਦਮ (ਉਦ੍ਯੋਗ) ਰਹਿਤ. ਸੁਸਤ.

ਨਿਰੁੱਧ: ਸੰ. निरुद्ध. ਵਿ- ਰੋਕਿਆਹੋਇਆ. ਜੋ ਰੋਧ ਕੀਤਾਗਿਆ ਹੈ. ਡੱਕਿਆ ਹੋਇਆ। ੨. ਬੰਨ੍ਹਿਆਹੋਇਆ.

ਨਿਰੁਪਮ: ਵਿ- ਉਪਮਾ ਰਹਿਤ. ਜਿਸ ਦੇ ਤੁਲ੍ਯ ਦੂਜਾ ਨਹੀਂ ਬੇਨਜੀਰ ਬੇਜੋੜ.

ਨਿਰੂਪ: ਵਿ- ਬਿਨਾ ਰੂਪ. ਅਰੂਪ. "ਨਿਰੂਪੰ ਨ੍ਰਿਬਾਣੰ." (ਵਿਚਿਤ੍ਰ) ੨. ਸੰਗ੍ਯਾ- ਆਕਾਸ਼। ੩. ਸੰ. ਨਿਰੂਪ ਸ਼ਕਲ ਬਣਾਉਣ ਦੀ ਕ੍ਰਿਯਾ। ੪. ਖੋਜ. ਭਾਲ। ੫. ਵਿਚਾਰ. ਧ੍ਯਾਨ.

ਨਿਰੂਪਣ: ਸੰ. ਸੰਗ੍ਯਾ- ਅਜਿਹਾ ਕਥਨ, ਜਿਸ ਵਿੱਚ ਕਿਸੇ ਵਸਤੁ ਦਾ ਸਰੂਪ ਬੰਨ੍ਹਕੇ ਦਿਖਾਇਆ ਜਾਵੇ. ਪੂਰਾ ਨਿਰਣਾ ਕਰਕੇ ਕਥਨ ਕੀਤੀ ਵ੍ਯਾਖ੍ਯਾ।

Illustration.

ਨਿਰੂਪਮ: ਦੇਖੋ, ਨਿਰੁਪਮ.

ਨਿਰੈ: ਸੰਗ੍ਯਾ- ਨਰਕ. ਦੇਖੋ, ਨਿਰਯ. "ਨਰ ਘੋਰ ਨਿਰੈ ਮਰ ਸੋ ਪਰਹੀਂ." (ਨਾਪ੍ਰ)

ਨਿਰੋਆ: ਵਿ- ਨਿਰੁਜ, ਨੀਰੋਗ, ਅਰੋਗ. "ਸਭ ਰੋਗ ਮਿਟਾਏ ਨਵਾ ਨਿਰੋਆ." (ਸੂਹੀ ਮਃ ੫)

ਨਿਰੋਸ੍ਠ: ਦੇਖੋ, ਚਿਤ੍ਰ ਅਲੰਕਾਰ ਦਾ ਅੰਗ (ਅ)

ਨਿਰੋਗ: ਵਿ- ਅਰੋਜ. ਨੀਰੋਗ. ਨਰੋਆ.

ਨਿਰੋਧ: ਸੰ. ਸੰਗ੍ਯਾ- ਰੁਕਾਵਟ. ੨. ਬੰਧਨ। ੩. ਚਿੱਤ ਦੀ ਵ੍ਰਿੱਤਿ ਦਾ ਠਹਿਰਾਉ. "ਗੁਰਮਖਿ ਸਦਾ ਨਿਰੋਧ." (ਸ੍ਰੀ ਮਃ ੧)

ਨਿਰੋਧਕ: ਵਿ- ਰੋਕਣ ਵਾਲਾ. ਠਹਿਰਾਉਣ ਵਾਲਾ।

੨. ਮਨ ਨੂੰ ਏਰਾਗ੍ਰ ਕਰਨ ਵਾਲਾ.

ਨਿਰੋਧਨ: ਸੰ. ਸੰਗ੍ਯਾ- ਰੋਕਣ ਦਾ ਭਾਵ. ਠਹਿਰਾਉਣ ਦੀ ਕ੍ਰਿਯਾ.

ਨਿਰੋਧਰ, ਨਿਰੋਧਰਾ, ਨਿਰੋਧਰੁ: ਵਿ- ਨਿਰੋਧ (ਰੋਕਣ) ਵਾਲਾ।

੨. ਚਿੱਤ ਨੂੰ ਚੰਚਲਤਾ ਤੋਂ ਰੋਕਣ ਵਾਲਾ।

੩. निरूद्धार- ਨਿਰੁੱਧਾਰ. ਬੇਬਦਲ. ਜਿਸ ਦਾ ਅਸਰ ਹਟਾਇਆ ਨਹੀਂ ਜਾ ਸਕਦਾ. ਤੰਤ੍ਰਸ਼ਾਸਤ੍ਰ ਅਨੁਸਾਰ ਇੱਕ ਮੰਤ੍ਰ ਦੇ ਅਸਰ ਨੂੰ ਦੂਰ ਕਰਨ ਵਾਲਾ ਦੂਜਾ ਮੰਤ੍ਰ ਹੁੰਦਾ ਹੈ, ਜਿਵੇਂ- ਗ੍ਰਹਾਂ ਦੇ ਅਸਰ ਨੂੰ ਦੂਰ ਕਰਨ ਵਾਲੇ ਵੱਖ- ਵੱਖ ਮੰਤ੍ਰ ਹਨ, ਅਤੇ ਰੋਗ ਪੈਦਾ ਕਰਨ ਵਾਲੇ ਮੰਤ੍ਰਾਂ ਨੂੰ ਰੱਦ ਕਰਨ ਲਈ ਅਰੋਗਕਰਤਾ ਮੰਤ੍ਰ ਹਨ. ਜੋ ਮੰਤ੍ਰ ਕਿਸੇ ਮੰਤ੍ਰ ਦੇ ਅਸਰ ਨਾ ਬੇਅਸਰ ਨਹੀਂ ਹੁੰਦਾ, ਉਹ ਨਿਰੁੱਧਾਰ ਹੈ. "ਗੁਰਦੇਵਮੰਤ੍ਰ ਨਿਰੋਧਰਾ." (ਬਾਵਨ) "ਨਿਰਮਲ ਰੀਤਿ ਨਿਰੋਧਰ ਮੰਤ." (ਗਉ ਥਿਤੀ ਮਃ ੫) "ਏਕ ਸਬਦ ਰਾਮਨਾਮ ਨਿਰੋਧਰੁ." (ਓਅੰਕਾਰ)

ਨਿਰੋਲ: ਵਿ- ਨਿਰਾਲਾ. ਰਲਾਵਟ ਬਿਨਾ. ਖ਼ਾਲਿਸ.

ਨਿਰੋਵਾ: ਵਿ- ਨਿਰੁਜ. ਨੀਰੋਗ. ਅਰੋਗ. "ਰਹੈ ਨਿਰੋਵਾ ਸੁਖ ਸੋਂ ਬਯ[725] ਬਹੁ." (ਗੁਪ੍ਰਸੂ)

ਨਿਰੰਹਰਿ: ਦੇਖੋ. ਨਰਹਰਿ.

ਨਿਰੰਹਾਰ: ਦੇਖੋ, ਨਿਰਾਹਾਰ. "ਨਹ ਗਿਰਹ ਨਿਰੰਹਾਰੰ." (ਰਾਮ ਪੜਤਾਲ ਮਃ ੫)

ਨਿਰੰਕਾਰ: ਦੇਖੋ, ਨਿਰਾਕਾਰ. "ਨਿਰੰਕਾਰ ਆਕਾਰ ਆਪਿ." (ਸੁਖਮਨੀ) ੨. ਸੰਗਯਾ- ਪਾਰਬ੍ਰਹਮ, ਜਿਸ ਦਾ ਕੋਈ ਆਕਾਰ ਨਹੀਂ. "ਨਿਰੰਕਾਰ ਕੈ ਦੇਸਿ ਜਾਹਿ." (ਸੋਰ ਮਃ ੧)

ਨਿਰੰਕਾਰ ਕਾ ਦੇਸ: ਸਤਸੰਗ। ੨. ਗੁਰਮੁਖ ਦਾ ਅੰਤਹਕਰਣ। ੩. ਸਾਰਾ ਬ੍ਰਹਮਾਂਡ। ੪. ਤੁਰੀਆ ਪਦ. ਦੇਖੋ, ਨਿਰੰਕਾਰ ੨.

ਨਿਰੰਕਾਰੀ: ਵਿ- ਨਿਰੰਕਾਰ ਦਾ ਉਪਾਸਕ. "ਆਤਮ ਚੀਨਿ ਭਏ ਨਿਰੰਕਾਰੀ." (ਆਸਾ ਅਃ ਮਃ ੧)

੨. ਸੰਗਯਾ- ਗੁਰੂ ਨਾਨਕਦੇਵ। ੩. ਗੁਰੂ ਨਾਨਕਦੇਵ ਦਾ ਸਿੱਖ. "ਦੁਬਿਧਾ ਛੋਡਿ ਭਏ ਨਿਰੰਕਾਰੀ." (ਧਨਾ ਅਃ ਮਃ ੧) ੪. ਸਿੱਖਾਂ ਦਾ ਇੱਕ ਖ਼ਾਸ ਫ਼ਿਰਕ਼ਾ, ਜੋ ਭਾਈ ਦਿਆਲ ਜੀ ਤੋਂ ਚੱਲਿਆ. ਪਿਸ਼ੌਰ ਵਿੱਚ ਸਹਜਧਾਰੀ ਸਿੱਖ ਗੁਰਸਹਾਇ ਜੀ ਬਾਰ੍ਹੀ ਖਤ੍ਰੀ ਵਸਦੇ ਸਨ. ਉਨ੍ਹਾਂ ਦੇ ਘਰ ਰਾਮਸਹਾਇ ਪੁਤ੍ਰ ਹੋਇਆ, ਜਿਸ ਦੀ ਸ਼ਾਦੀ ਭਾਈ ਵਸਾਖਾ ਸਿੰਘ ਦਸ਼ਮੇਸ਼ ਦੇ ਖ਼ਜਾਨਚੀ ਦੀ ਸੁਪੁਤ੍ਰੀ ਲਾਡਿਕੀ ਨਾਲ ਹੋਈ. ਇਸ ਦੇ ਉਦਰ ਤੋਂ ੧੫. ਵੈਸਾਖ ਸੰਮਤ ੧੮੪੦ (ਸਨ ੧੭੮੩) ਨੂੰ ਭਾਈ ਦਿਆਲ ਜੀ ਦਾ ਜਨਮ ਹੋਇਆ.

ਤੀਹ ਵਰ੍ਹੇ ਦੀ ਉਮਰ ਵਿੱਚ ਭਾਈ ਦਿਆਲ ਜੀ ਦੀ ਮਾਤਾ ਚਲਾਣਾ ਕਰ ਗਈ ਅਰ ਦਿਆਲ ਜੀ ਆਪਣੇ ਮਾਮੇ ਮਿਲਖਾ ਸਿੰਘ ਪਾਸ ਰਾਵਲਪਿੰਡੀ ਬਹੁਤ ਰਹਿਣ ਲੱਗੇ. ਮਿਲਖਾ ਸਿੰਘ ਨੇ ਇਨ੍ਹਾਂ ਨੂੰ ਧਰਮ ਪ੍ਰਚਾਰ ਕਰਨ ਲਈ ਪ੍ਰੇਰਿਆ, ਜਿਸ ਵਿੱਚ ਵਡੀ ਸਫਲਤਾ ਹੋਈ.

ਦਿਆਲ ਜੀ ਦੀ ਭੇਰੇ ਵਿੱਚ ਮੂਲਾਦੇਈ ਨਾਲ ਸ਼ਾਦੀ ਹੋਈ, ਜਿਸ ਤੋਂ ਤਿੰਨ ਪੁਤ੍ਰ- ਦਰਬਾਰਾਸਿੰਘ, ਭਾਗ ਸਿੰਘ ਅਤੇ ਰੱਤਾ ਜੀ ਜਨਮੇ.

ਦਿਆਲ ਜੀ ਹਰ ਵੇਲੇ ਨਿਰੰਕਾਰ ਸ਼ਬਦ ਦਾ ਜਾਪ ਕਰਦੇ ਅਤੇ ਮੂਰਤੀ ਪੂਜਾ ਆਦਿ ਦੇ ਵਿਰੁੱਧ ਨਿਰਾਕਾਰ ਦੀ ਭਗਤੀ ਦ੍ਰਿੜ੍ਹਾਉਂਦੇ ਸਨ, ਇਸ ਲਈ "ਨਿਰੰਕਾਰੀ" ਸੰਗਯਾ ਹੋਈ, ਅਤੇ ਇਨ੍ਹਾਂ ਦੀ ਸੰਪ੍ਰਦਾਯ ਦੀ ਨਿਰੰਕਾਰੀਏ ਅੱਲ ਪਈ.

ਦਿਆਲ ਜੀ ਦਾ ਚਲਾਣਾ ੧੮. ਮਾਘ ਸੰਮਤ ੧੯੧੧ ਨੂੰ ਹੋਇਆ. ਰਾਵਲਪਿੰਡੀ ਵਿੱਚ ਨਿਰੰਕਾਰੀਆਂ ਦਾ ਗੁਰਦੁਆਰਾ ਬਹੁਤ ਸੁੰਦਰ ਬਣਿਆਹੋਇਆ ਹੈ, ਕਥਾ ਕੀਰਤਨ ਲੰਗਰ ਆਦਿਕ ਦਾ ਉੱਤਮ ਪ੍ਰਬੰਧ ਹੈ. ਇਸ ਵੇਲੇ ਗੁਰਦਿੱਤ ਸਿੰਘ ਜੀ ਮਹੰਤ ਹਨ।

੫. ਵਿ- ਨਿਰਾਕਾਰ ਦਾ, "ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮ ਧਿਆਵਣਿਆ." (ਮਾਝ ਅਃ ਮਃ ੩)

ਨਿਰੰਕਾਰੀਏ: ਦੇਖੋ, ਨਿਰੰਕਾਰੀ ੪.

ਨਿਰੰਕਾਰੁ: ਦੇਖੋ, ਨਿਰੰਕਾਰ. "ਨਿਰੰਕਾਰੁ ਅਛਲ ਅਡੋਲੋ." (ਮਾਰੂ ਸੋਲਹੇ ਮਃ ੫)

ਨਿਰੰਕੁਸ: ਵਿ- ਜਿਸ ਪੁਰ ਕਿਸੇ ਦਾ ਅੰਕੁਸ਼ (ਦਬਾਉ) ਨਹੀਂ ਸ੍ਵਤੰਤ੍ਰ। ੨. ਨਿਡਰ। ੩. ਬੇਅਦਬ.

ਨਿਰੰਕੇਰੈ: ਨਿਰਾਕਾਰ ਤਾਈਂ. ਨਿਰਾਕਾਰ ਨੂੰ. "ਮਾਨਿ ਏਕ ਨਿਰੰਕੇਰੈ." (ਕਾਨ ਮਃ ੫) ੨. ਨਿਰਾਕਾਰ ਦਾ.

ਨਿਰੰਕੇਰੋ: ਵਿ- ਨਿਰਾਕਾਰ ਦਾ.

---

[725] ਵਯ-ਉਮਰ.

ਨਿਰੰਜਨ, ਨਿਰੰਜਨਿ: ਵਿ- ਅੰਜਨ (ਕੱਜਲ) ਰਹਿਤ।

੨. ਦੋਸ਼ ਰਹਿਤ। ੩. ਮਾਇਆ ਤੋਂ ਨਿਰਮਲ. ਨਿਰਲੇਪ. "ਅੰਜਨ ਮਾਹਿ ਨਿਰੰਜਨਿ ਰਹੀਐ ਜੋਗਜੁਗਤਿ ਇਵ ਪਾਈਐ." (ਸੂਹੀ ਮਃ ੧) ੪. ਸੰਗਯਾ- ਪਾਰਬ੍ਰਹਮ. ਸ਼ੁੱਧ ਬ੍ਰਹਮ.

ਨਿਰੰਜਨੀ: ਵਿ- ਨਿਰੰਜਨ (ਕਰਤਾਰ) ਦਾ. ਅਕਾਲੀ. "ਝੁਲੇ ਸੁ ਛਤੁ ਨਿਰੰਜਨੀ." (ਵਾਰ ਰਾਮ ੩) ੨. ਦੇਖੋ. ਨਿਰੰਜਨੀਏ.

ਨਿਰੰਜਨੀਏ: ਜੰਡਿਆਲਾ ਨਿਵਾਸੀ ਹੰਦਾਲ (ਹਿੰਦਾਲ) ਜੱਟ ਸੰਮਤ ੧੬੩੦ ਵਿੱਚ ਸੁੱਖੀ ਦੇ ਗਰਭ ਤੋਂ ਗਾਜੀ ਦੇ ਘਰ ਜਨਮਿਆ, ਇਸ ਦੀ ਸ਼ਾਦੀ ਹਮਜੇ ਚਾਹਲ ਦੀ ਪੁਤ੍ਰੀ ਉੱਤਮੀ ਨਾਲ ਹੋਈ, ਜਿਸ ਤੋਂ ਬਿਧੀਚੰਦ ਪੁਤ੍ਰ ਪੈਦਾ ਹੋਇਆ. ਭਾਈ ਹੰਦਾਲ ਸ੍ਰੀ ਗੁਰੂ ਅਮਰਦਾਸ ਜੀ ਦਾ ਅਨੰਨ ਸਿੱਖ ਹੋਇਆ, ਜਿਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪਕੇ ਮੰਜੀ ਬਖਸ਼ੀ. ਇਹ ਸਤਿਗੁਰੂ ਦੇ ਲੰਗਰ ਦੀ ਸੇਵਾ ਪ੍ਰੇਮ ਨਾਲ ਕਰਦਾ ਰਿਹਾ ਹੈ. ਇਸ ਦੇ ਪਿੰਡ ਦਾ ਨਾਉਂ ਗੁਰੂ ਦਾ ਜੰਡਿਆਲਾ ਪ੍ਰਸਿੱਧ ਹੋਇਆ. ਹੰਦਾਲ ਹਰ ਵੇਲੇ "ਨਿਰੰਜਨ- ਨਿਰੰਜਨ" ਸ਼ਬਦ ਦਾ ਜਾਪ ਕੀਤਾ ਕਰਦਾ ਸੀ, ਇਸ ਕਾਰਣ ਉਸ ਦੀ ਸੰਪ੍ਰਦਾਯ ਦਾ ਨਾਮ, "ਨਿਰੰਜਨੀਏ" ਪੈ ਗਿਆ. ਹੰਦਾਲ ਦਾ ਦੇਹਾਂਤ ਸੰਮਤ ੧੭੦੫ ਵਿੱਚ ਹੋਇਆ.

ਹੰਦਾਲ ਦਾ ਪੁਤ੍ਰ ਬਿਧੀਚੰਦ ਕੁਕਰਮੀ ਸੀ. ਉਸ ਨੇ ਗੁਰੂ ਨਾਨਕਦੇਵ ਦੀ ਸਾਖੀ ਬਹੁਤ ਅਸ਼ੁੱਧ ਕਰਦਿੱਤੀ ਅਤੇ ਮਨਮੰਨੀਆਂ ਗੱਲਾਂ ਲਿਖਕੇ ਆਪਣੇ ਔਗੁਣਾਂ ਨੂੰ ਸਿੱਖੀ ਦਾ ਨਿਯਮ (ਉਸੂਲ) ਸਾਬਤ ਕਰਨ ਦਾ ਯਤਨ ਕੀਤਾ. ਕਈ ਹੰਦਾਲੀਏ ਮਹੰਤਾਂ ਨੇ ਸਿੱਖਾਂ ਦੇ ਵਿਰੁੱਧ ਲਹੌਰ ਦੇ ਜਾਲਿਮ ਹਾਕਿਮਾਂ ਨੂੰ ਅਯੋਗਯ ਸਹਾਇਤਾ ਦਿੱਤੀ.

ਨਿਰੰਜਨੁ: ਦੇਖੋ, ਨਿਰੰਜਨ. "ਐਸਾ ਨਾਮੁ ਨਿਰੰਜਨੁ ਹੋਇ." (ਜਪੁ)

ਨਿਰੰਤਰ: ਸੰ. निरन्तर. ਵਿ- ਬਿਨਾ ਅੰਤਰ (ਵਿੱਥ). ਇੱਕ ਰਸ. ਲਗਾਤਾਰ. "ਨਿਰੰਤਰ ਤੁਮਹਿ ਸਮਾਨੇ." (ਸੋਰ ਮਃ ੫) ੨. ਸੰ. ਨਿਰਾਂਤ੍ਰ. ਅੰਗ ਰਹਿਤ. ਨਿਰੰਗ.

ਨਿਰੰਤਰਿ: ਪੂਰੀ ਤਰਾਂ ਅੰਦਰ. ਦਿਲ ਵਿੱਚ. "ਸੇ ਛੂਟੇ ਮਹਾਜਾਲ ਤੇ ਜਿਸੁ ਗੁਰਸਬਦ ਨਿਰੰਤਰਿ." (ਆਸਾ ਮਃ ੫)

ਨਿਰੰਤਰੀ: ਵਿ- ਨਿਰੰਤਰਤਾ (नेरन्तर्य्य) ਦੀ. ਅਵਿੱਛੇਦ ਦੀ। ੨. ਨਿਰੰਤਰ (ਇੱਕ ਰਸ) ਵ੍ਯਾਪਕ ਕਰਤਾਰ ਦੀ. "ਘਟਿ ਘਟਿ ਜੋਤਿ ਨਿਰੰਤਰੀ." (ਸ੍ਰੀ ਮਃ ੧)

ਨਿਰੰਤੀ: ਵਿ- ਨਿਰੰਤਰਤਾ ਦੀ. ਅਭੇਤਾ ਦੀ. "ਪੂਛਉ ਬਾਤ ਨਿਰੰਤੀ." (ਮਾਰੂ ਮਃ ੧)

ਨਿਰੰਧ੍ਰ: ਦੇਖੋ, ਬ੍ਰਹਮਨਿਰੰਧ੍ਰ.

ਨਿਲਜ: ਦੇਖੋ, ਨਿਰਲੱਜ, "ਰੇ ਜੀਅ ਨਿਲਜ, ਲਾਜ ਤੋਹਿ ਨਾਹਿ." (ਗਉ ਕਬੀਰ)

ਨਿਲਯ: ਸੰ. ਸੰਗਯਾ- ਘਰ. ਨਿਵਾਸ ਅਸਥਾਨ.

ਨਿਲਾਜ: ਦੇਖੋ, ਨਿਰਲੱਜ.

ਨਿਲੇਟ: ਵਿ- ਚੰਗੀ ਤਰਾਂ ਲਿਟਿਆਹੋਇਆ. ਲੋਟਪੋਟ. "ਹਸਦਾ ਹਸਦਾ ਨਿਲੇਟ ਹੋਇਆ." (ਜਸਾ)

ਨਿਵ: ਦੇਖੋ, ਨਿਵਣੁ.

ਨਿਵਸਸਿ: ਨਿਉਂਦਾ (ਨੰਮ੍ਰ ਹੁੰਦਾ ਹੈ). ਝੁਕਦਾ ਹੈ. ਪ੍ਰਣਾਮ ਕਰਦਾ ਹੈ. ਨਮਸਕਾਰ ਕਰਦਾ ਹੈ, ਕਰਦੀ ਹੈ. "ਚੰਦ ਕੁਮੁਦਨੀ ਦੂਰਹੁ ਨਿਵਸਸਿ." (ਮਾਰੂ ਮਃ ੧) ੨. ਨਿਵੇਂਗਾ। ੩. ਨਿ- ਵਸਸਿ. ਨਿਵਾਸ ਕਰਦਾ (ਵਸਦਾ) ਹੈ.

ਨਿਵਸਨ: ਸੰ. ਸੰਗਯਾ- ਪਹਿਰਣ ਦਾ ਵਸਤ੍ਰ। ੨. ਗ੍ਰਾਮ. ਪਿੰਡ। ੩. ਘਰ.

ਨਿਵਛਾਵਰ: ਨਿਛਾਵਰ (ਨਜੋਛਾਵਰ) ਦੀ ਥਾਂ ਇਹ ਸ਼ਬਦ ਆਇਆ ਹੈ. "ਤਨ ਮਨ ਅਟਕਯੋ ਚਰਨ- ਕਮਲ ਸੋਂ, ਧਨ

ਨਿਵਛਾਵਰ ਦੇਤ." (ਕ੍ਰਿਸਨਾਵ)

ਨਿਵਡ: ਦੇਖੋ, ਨਿਵਿੜ.

ਨਿਵਣ, ਨਿਵਣੁ: ਝੁਕਣਾ. ਨੀਵੇਂ ਹੋਣਾ. ਦੇਖੋ, ਨਮਨ. "ਨਿਵਣੁ ਸੁ ਅਖਰੁ, ਖਵਣੁ ਗੁਣੁ." (ਸ. ਫਰੀਦ)

ਨਿਵਤਨ, ਨਿਵਤਾ: ਨਿਉਂਦਾ, ਨਜੋਤਾ. ਦੇਖੋ, ਨਿਮੰਤ੍ਰਣ. "ਨਿਵਤਾ ਕਹਿਦੀਨ ਚਹੂੰ ਵਰਨਾ." (ਗੁਪ੍ਰਸੂ)

ਨਿਵਰ: ਸੰ. ਵਿ- ਨਿਵਾਰਣ ਵਾਲਾ. ਹਟਾਉਣ ਵਾਲਾ. ਰੋਕਣ ਵਾਲਾ. ਦੇਖੋ, ਨਿਵਾਰਣ। ੨. ਪ੍ਰਾ. ਸਮੀਪ. ਨੇੜੇ. ਪਾਸ.

ਨਿਵਰਣ: ਦੇਖੋ, ਨਿਵਾਰਣ। ੨. ਬਿਨਾ ਵਰਣ.

ਨਿਵਰਤਨ: ਸੰ. निवर्त्तन. ਸੰਗਯਾ- ਹਟਾਉਣ (ਪਿੱਛੇ ਮੋੜਨ) ਦੀ ਕ੍ਰਿਯਾ। ੨. ਵਰਜਨ (ਵਰਜਣਾ). ੩. ਜ਼ਮੀਨ ਦੀ ਇੱਕ ਮਿਣਤੀ, ਜੋ ੨੧੦ ਹੱਥ ਚੌੜੀ ਅਤੇ ਇਤਨੀ ਹੀ ਲੰਮੀ ਹੁੰਦੀ ਹੈ.

ਨਿਵਰਨ: ਦੇਖੋ, ਨਿਵਾਰਣ. "ਨਿਵਰੇ ਦੂਤ ਦੁਸਟ ਬੈਰਾਈ." (ਬਿਲਾ ਮਃ ੫)

ਨਿਵਰਾਯੋ: ਨਿਵਾਰਣ ਕੀਤਾ. ਹਟਾਇਆ. "ਆਵਤ ਬਾਨਨ ਕੋ ਹਰਿ ਮਾਰਗ ਮੇ ਨਿਵਰਾਯੋ." (ਕ੍ਰਿਸਨਾਵ)

ਨਿਵਰੀ: ਨਿਵਾਰਣ ਹੋਈ. ਨਿਵ੍ਰਿੱਤ ਹੋਈ. "ਜਲਿ[726] ਨਿਵਰੀ ਗੁਰਿ ਬੂਝ ਬੁਝਾਈ." (ਗਉ ਅਃ ਮਃ ੧)

ਨਿਵਰੈ: ਹਟੈ. ਮਿਟੈ. ਦੇਖੋ, ਨਿਵਾਰਣ. "ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ." (ਗਉ ਥਿਤੀ ਮਃ ੫) ੨. ਨੇੜੇ. ਕੋਲੇ. ਦੇਖੋ, ਨਿਵਰ ੨. "ਨਿਵਰੈ ਦੂਰਿ, ਦੂਰਿ ਫੁਨਿ ਨਿਵਰੈ." (ਗਉ ਕਬੀਰ)

ਨਿਵਲ: ਸੰਗਯਾ- ਪਸ਼ੂ ਦੇ ਪੈਰੀਂ ਲਾਉਣ ਦਾ ਜਿੰਦਾ. ਇਹ ਵਿਸ਼ੇਸ਼ ਕਰਕੇ ਉੱਠ ਦੇ ਲਾਈਦਾ ਹੈ। ੨. ਤਾਲਾ. ਕੁਫਲ. "ਗੁਰੂ ਕੁੰਜੀ ਪਾਹੂ ਨਿਵਲ." (ਵਾਰ ਸਾਰ ਮਃ ੨) ਗੁਰੂ ਪਾਸ ਮਨ ਦਾ ਤਾਲਾ ਖੋਲ੍ਹਣ ਲਈ ਕੁੰਜੀ ਹੈ। ੩. ਦੇਖੋ, ਨਿਉਲੀ. "ਕਿਨ ਹੀ ਨਿਵਲ ਭੁਇਅੰਗਮ ਸਾਧੇ." (ਰਾਮ ਅਃ ਮਃ ੫) ਨੌਲੀ ਕਰਮ ਅਤੇ ਭੁਜੰਗਮਾ ਨਾੜੀ ਸਾਧਣ ਦਾ ਕਰਮ ਕੀਤਾ.

ਨਿਵਲਾ: ਦੇਖੋ, ਨਿਹਾਲੂ। ੨. ਦੇਖੋ, ਨਿਉਲਾ

ਨਿਵਲਾਦਿ ਕਰਮ: ਨਿਉਲੀ (ਨੌਲੀ) ਆਦਿ ਹਠਯੋਗ ਦੇ ਕਰਮ. ਦੇਖੋ, ਨਿਉਲੀ.

ਨਿਵਲਿ, ਨਿਵਲੀ: ਦੇਖੋ, ਨਿਉਲੀ. "ਨਿਵਲਿ ਭੁਅੰਗਮ ਸਾਧੇ." (ਸੋਰ ਅਃ ਮਃ ੫) "ਨਿਵਲੀਕਰਮ ਬਹੁਤ ਬਿਸਥਾਰ." (ਸਾਰ ਪੜਤਾਲ ਮਃ ੫)

ਨਿਵਲੀਕਰਮ: ਨਿਉਲੀ (ਨੌਲੀ) ਕਰਮ. ਦੇਖੋ, ਨਿਉਲੀ. "ਨਿਵਲੀਕਰਮ ਆਸਨ ਚਉਰਾਸੀਹ, ਇਨ ਮਹਿ ਸਾਂਤਿ ਨ ਆਵੈ ਜੀਉ." (ਮਾਝ ਮਃ ੫)

ਨਿਵੜ: ਦੇਖੋ, ਨਿਵਿੜ.

ਨਿਵਾਸ: ਸੰ. निवास्. ਧਾ- ਢਕਣਾ(ਆਛਾਦਨ ਕਰਨਾ), ਲਪੇਟਣਾ। ੨. ਸੰਗਯਾ- ਘਰ. ਰਹਿਣ ਦੀ ਥਾਂ। ੩. ਵਸਤ੍ਰ। ੪. ਰਹਾਇਸ਼. ਰਹਿਣ ਦਾ ਭਾਵ. "ਸਾਧ- ਸੰਗਿ ਪ੍ਰਭ ਦੇਹੁ ਨਿਵਾਸ." (ਸੁਖਮਨੀ) ੫. ਵਿਸ਼੍ਰਾਮ. ਟਿਕਾਉ. "ਮੀਨ ਨਿਵਾਸ ਉਪਜੈ ਜਲ ਹੀ ਤੇ." (ਮਲਾ ਅਃ ਮਃ ੧) ੬. ਸੰ. ਨਿਵੰਸ. ਬਾਹਰ ਕੱਢਣ ਦੀ ਕ੍ਰਿਯਾ. "ਨੀਚਰੁਖ ਤੇ ਊਚ ਭਏ ਹੈਂ ਗੰਧ ਸੁਗੰਧ ਨਿਵਾਸਾ." (ਆਸਾ ਰਵਿਦਾਸ) ਇਰੰਡ ਦੀ ਗੰਧ ਨਿਵੰਸ ਕਰਕੇ, ਚੰਦਨ ਦੀ ਸੁਗੰਧ ਸਹਿਤ ਹੋਏ ਹਾਂ.

---

[726] ਜਲਨ. ਜ੍ਵਾਲਾ.

**ਨਿਵਾਜ਼:** ਫ਼ਾ. نواز ਵਿ- ਨਵਾਜ਼ਿੰਦਹ. ਕ੍ਰਿਪਾ ਕਰਨ ਵਾਲਾ. ਇਸ ਦਾ ਵਰਤਾਉ ਯੌਗਿਕ ਸ਼ਬਦਾਂ ਦੇ ਅੰਤ ਹੁੰਦਾ ਹੈ. "ਗਰੀਬਨਿਵਾਜ ਦਿਨ ਰੈਨਿ ਧਿਆਇ." (ਭੈਰ ਮਃ ੫) ੨. ਦੇਖੋ, ਨਮਾਜ਼. "ਸਚ ਨਿਵਾਜ ਯਕੀਨ ਮੁਸਲਾ." (ਮਾਰੂ ਸੋਲਹੇ ਮਃ ੫)

**ਨਿਵਾਜਨਾ:** ਕ੍ਰਿ- ਵਡਾ ਕਰਨਾ. ਸਨਮਾਨ ਦੇਣਾ. ਦੇਖੋ, ਨਵਾਖ਼ਤਨ. "ਧ੍ਰੂ ਪ੍ਰਹਿਲਾਦ ਨਿਵਾਜਾ." (ਬਿਲਾ ਕਬੀਰ) "ਜਿਸਹਿ ਨਿਵਾਜੇ ਸੋ ਜਨ ਸੂਰਾ." (ਗਉ ਮਃ ੫)

**ਨਿਵਾਜ਼ਿਸ਼:** ਫ਼ਾ. نوازش ਸੰਗਜਾ- ਨਵਾਖ਼ਤਨ (ਵਡਾ ਕਰਨ) ਦਾ ਭਾਵ। ੨. ਕ੍ਰਿਪਾ. ਦਯਾ.

**ਨਿਵਾਜੀ:** ਨਮਾਜ਼ੀ. ਨਮਾਜ਼ ਪੜ੍ਹਨ ਵਾਲਾ. "ਜਿਉ ਝੁਕਪਉਨ ਨਿਵਾਜ਼ੀ." (ਚੰਡੀ ੩) ੨. ਦੇਖੋ, ਨਿਵਾਜਨਾ.

**ਨਿਵਾਣ:** ਦੇਖੋ, ਨਿਮਾਣ ੩.

**ਨਿਵਾਤ:** ਅ਼. نبات ਨਬਾਤ. ਸੰਗਜਾ- ਸਬਜ਼ੀ. ਸਾਗ ਭਾਜੀ। ੨. ਫ਼ਾ. ਮਿਸ਼ਰੀ. "ਸਕਰ ਖੰਡ ਨਿਵਾਤ ਗੁੜ." (ਸ. ਫਰੀਦ) ੩. ਸੰ. ਰਹਿਣ ਦਾ ਦਾ ਥਾਂ. ਘਰ। ੪. ਅਭੇਦਯ ਕਵਚ. ਉਹ ਸੰਜੋਆ ਜਿਸ ਨੂੰ ਸ਼ਸਤ੍ਰ ਨਾ ਛੇਦ ਸਕੇ। ੫. ਵਿ- ਨਿਰਵਾਤ. ਹਵਾ ਬਿਨਾ.

**ਨਿਵਾਤਕਵਚ:** ਵਿ- ਉਹ ਕਵਚ (ਸੰਜੋਆ), ਜੋ ਭੇਦਨ ਨਾ ਹੋ ਸਕੇ. ਅਭੇਦਯ ਜਿਰਹਿ। ੨. ਸੰਗਜਾ- ਹਿਰਨਯਕਸ਼ਿਪੁ ਦਾ ਪੋਤਾ ਅਤੇ ਸੰਹ੍ਰਾਦ ਦਾ ਪੁਤ੍ਰ। ੩. ਨਿਵਾਤਕਵਚ ਦੀ ਵੰਸ਼ ਵਿੱਚ ਹੋਣਵਾਲੇ ਤਿੰਨ ਕਰੋੜ ਦਾਨਵ, ਜੋ ਸਮੁੰਦਰ ਦੇ ਕਿਨਾਰੇ ਰਹਿੰਦੇ ਸਨ, ਅਤੇ ਵੈਰੀ ਤੋਂ ਆਪਣਾ ਬਚਾਉ ਕਰਨ ਲਈ ਸਮੁੰਦਰ ਵਿੱਚ ਲੁਕ ਜਾਂਦੇ ਸਨ.[727] ਇਨ੍ਹਾਂ ਨੂੰ ਇੰਦ੍ਰ ਦੇ ਆਖੇ ਅਰਜੁਨ ਨੇ ਮਾਰਿਆ.[728] "ਪ੍ਰਿਥਮ ਨਿਵਾਤਕਵਚ ਸਭ ਮਾਰੇ." (ਨਰਾਵ)

**ਨਿਵਾਨ:** ਸੰਗਜਾ- ਨਮਨਤਾ. ਝੁਕਾਉ। ੨. ਢਲਵਾਨ. ਗਹਿਰਾਈ."ਜਿਸ ਧਰਤੀ ਮਹਿ ਹੋਇ ਨਿਵਾਨ." (ਨਾਪ੍ਰ) ੩. ਨਮ੍ਰ- ਸ੍ਥਾਨ. ਨੀਵਾਂ ਥਾਂ.

**ਨਿਵਾਰ:** ਦੇਖੋ, ਨਿਵਾਰਣ। ੨. ਦੇਖੋ, ਨਵਾਰ. "ਕਾਹੂ ਪਲਘ ਨਿਵਾਰਾ." (ਆਸਾ ਕਬੀਰ)

**ਨਿਵਾਰਣ:** ਸੰ. ਸੰਗਜਾ- ਰੋਕਣ ਦੀ ਕ੍ਰਿਯਾ. ਵਰਜਨ। ੨. ਨਿਵ੍ਰਿੱਤਿ. ਛੁਟਕਾਰਾ.

**ਨਿਵਾਰਾ:** ਨਿਵਾਰਣ ਕੀਤਾ. ਹਟਾਇਆ। ੨. ਨਿਵਾਇਆ. ਨੀਵਾਂ (ਨੰਮ੍ਰ) ਕੀਤਾ. ਝੁਕਾਇਆ. "ਪਛਮ ਮੁਖ ਕਰ ਸੀਸ ਨਿਵਾਰਾ." (ਭਾਗੁ) ੩. ਨਵਾਰ ਦਾ. ਦੇਖੋ, ਨਿਵਾਰ ੨.

**ਨਿਵਾਰਿ:** ਨਿਵਾਰਣ ਕਰਕੇ. ਦੂਰ ਕਰਕੇ. ਮਿਟਾਕੇ. "ਆਪੁ ਨਿਵਾਰਿ ਹਰਿ ਹਰਿ ਜਪਉ."(ਰਾਮ ਥਿਤੀ ਮਃ ੫)

**ਨਿਵਾਰੀ:** ਦੂਰ ਕੀਤੀ. ਦੇਖੋ, ਨਿਵਾਰਣ। ੨. ਨਿਵਾਰਕ. ਨਿਵਾਰਣ ਕਰਤਾ."ਨਿਰਬਿਖ ਨਰਕਨਿਵਾਰੀ." (ਹਜਾਰੇ ੧੦)

**ਨਿਵਾਰਜਉ:** ਨਿਵਾਰਣ ਕਾਤਾ. ਵਰਜਿਆ. "ਸਬਦਿ ਹਉਮੈ ਨਿਵਾਰਜਉ." (ਸਵੈਯੇ ਮਃ ੫ ਕੇ)

**ਨਿਵਾਲਾ:** ਦੇਖੋ, ਨਿਵਾਲਾ.

**ਨਿਵਾੜਾ:** ਨਿਵਾਰਣ ਕੀਤਾ. ਹਟਾਇਆ."ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ." (ਵਾਰ ਮਾਰੂ ੨. ਮਃ ੫) ੨. ਨਿਬੇੜਿਆ.

---

[727] ਭਾਗਵਤ ਵਿੱਚ ਲਿਖਿਆ ਹੈ ਕਿ ਨਿਵਾਤਕਵਚ ਪਾਤਾਲ ਵਿੱਚ ਰਹਿੰਦੇ ਸਨ.

[728] ਦੇਖੋ, ਮਹਾਭਾਰਤ ਵਨ ਪਰਵ, ਅਃ ੧੬੮-੧੭੩.

ਨਿਵਿ: ਕ੍ਰਿ. ਵਿ- ਨਿਉਂਕੇ ਨੰਮ੍ਰ ਹੋਕੇ. ਝੁਕਕੇ. "ਤਿਸੁ ਨਿਵਿ ਨਿਵਿ ਲਗਾ ਪਾਇ ਜੀਉ."(ਸ੍ਰੀ ਮਃ ੫ ਪੈਪਾਇ)

ਨਿਵਿੜ: ਸੰ. निविड. ਵਿ- ਸੰਘਣਾ. ਘਣਾ. ਗਹਰਾ। ੨. ਮਿੱਡਾ. ਜਿਸ ਦਾ ਨੱਕ ਬੈਠਵਾਂ ਹੈ। ੩. ਛਿਦ੍ਰ (ਸੂਰਾਖ਼) ਰਹਿਤ. ਸੰਸਕ੍ਰਿਤ ਨਿਬਿਡ ਸ਼ਬਦ ਭੀ ਸਹੀ ਹੈ.

ਨਿਵੀੜੀ: ਵਿ- ਨਿਵਿੜਤਾ ਵਾਲੀ. ਨਿਰੰਤਰ. ਬਿਲਾ ਨਾਗਾ. ਦੇਖੋ, ਨਿਵਿੜ."ਮਾਣਿਕ ਮੋਤੀ ਚੋਗ ਨਿਵੀੜੀ." (ਭਾਗੁ)

ਨਿਵੇਸ: (ਨਿ- ਵਿਸ਼) ਸੰ. ਨਿਵੇਸ਼. ਸੰਗਜਾ- ਘਰ। ੨. ਖ਼ੇਮਾ। ੩. ਡੇਰਾ. ਰਹਾਇਸ਼. "ਸੁੰਦਰ ਸਦਨ ਨਿਵੇਸ ਦੇ, ਵਚ ਮਧੁਰ ਬਖਾਨੇ." (ਗੁਪ੍ਰਸੂ) ੪. ਪ੍ਰਵੇਸ਼. ਦਾਖਿਲਾ। ੫. ਵਿਆਹ. ਸ਼ਾਦੀ.

ਨਿਵੇਦਕ: ਵਿ- ਨਿਵੇਦਨ ਕਰਨ ਵਾਲਾ. ਪ੍ਰਾਰਥਨਾ ਕਰਨ ਵਾਲਾ। ੨. ਅਰਪਣ ਕਰਨ ਵਾਲਾ.

ਨਿਵੇਦਨ: ਸੰਗਜਾ- ਵਿਨਯ. ਪ੍ਰਾਰਥਨਾ। ੨. ਸਮਰਪਣ.

ਨਿਵੇਰਨਾ: ਦੇਖੋ, ਨਿਬੇੜਨਾ.

ਨਿਵੰਤ: ਨੰਮ੍ਰ ਹੋਵੰਤ. ਨਿਉਂਦਾ. "ਨਿਵੰਤ ਹੋਵੰਤ ਮਿਥਿਆ." (ਸਹਸ ਮਃ ੫)

ਨਿਵੰਦਾ: ਨੰਮ੍ਰ ਹੋਵੰਦਾ. ਨਿਉਂਦਾ. ਝੁਕਦਾ। ੨. ਗਹਿਰਾ. ਡੂੰਘਾ.

ਨਿਵੰਧਾ: ਵਿ- ਨਮਨਤਾ ਧਾਰਨ ਵਾਲਾ. ਨੰਮ੍ਰ। ੨. ਨੀਵਾਂ. ਡੂੰਘਾ. "ਹਥੁ ਨ ਅੰਬੜੇ ਤਿਤੁ ਨਿਵੰਧੈ ਤਾਲਿ." (ਵਾਰ ਸੂਹੀ ਮਃ ੧) ਹੱਥ ਵਿਚਾਰ ਬੁੱਧੀ, ਨੀਵਾਂ ਤਾਲ ਕੁਕਰਮਾਂ ਨਾਲ ਨੀਵਾਂਹੋਇਆ ਮਨ,

ਨਿਵ੍ਰਿੱਤ: ਸੰ. निवृत्ति. ਵਿ- ਹਟਿਆਹੋਇਆ। ੨. ਅਲਗਹੋਇਆ। ੩. ਵਿਰਕ੍ਤ.

ਨਿਵ੍ਰਿੱਤੀ: ਸੰ. निवृत्ति. ਸੰਗਜਾ- ਛੁਟਕਾਰਾ. ਰਿਹਾਈ। ੨. ਹਟਣ ਦਾ ਭਾਵ। ੩. ਉਪਰਾਮਤਾ. ਵਿਰਕ੍ਤਤਾ.

ਨੀ: ਵਜ- ਸੰਬੋਧਨ ਸ਼ਬਦ. ਖ਼ਾਸ ਕਰਕੇ ਇਸਤ੍ਰੀ ਲਈ ਵਰਤੀਦਾ ਹੈ। ੨. ਨਿਸ਼ੇਧ ਬੋਧਕ. ਨਹੀਂ "ਕਿਛ ਨੀ ਸੀ ਛੰਦਾ." (ਜੈਤ ਛੰਤ ਮਃ ੫) ਕੁਛ ਇੱਛਾ ਨਹੀਂ ਸੀ। ੩. ਪੰਜਾਬੀ ਵਿੱਚ ਨੀ ਸ਼ਬਦ ਹੈਨ ਦਾ ਅਰਥ ਭੀ ਦਿੰਦਾ ਹੈ, ਜੈਸੇ- "ਆਏਨੀ ਪ੍ਰੇਮੀ ਜਨ।" ੪. ਸੰ. ਧਾ- ਲੈਜਾਣਾ, ਪੁਚਾਉਂਣਾ, ਰਾਹ ਦਿਖਾਉਣਾ, ਖਿੱਚਣਾ, ਪਾਸ ਹੋਣਾ, ਨੀਵੇਂ ਹੋਣਾ, ਇੱਛਾ ਕਰਨਾ.

ਨੀਉ, ਨੀਉਂ: ਸੰਗਜਾ- ਬੁਨਿਯਾਦ. ਨੀਵ. ਨਿਉਂ. ਨੀਂਹ.

ਨੀਅਤ, ਨੀਅਤਿ: ਅ਼. نیّت ਨੀਯੱਤ. ਸੰਗਜਾ- ਚਿੱਤ ਦਾ ਸੰਕਲਪ. ਇਰਾਦਾ. "ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ." (ਵਾਰ ਵਡ ਮਃ ੧)

ਨੀਅਰ: ਕ੍ਰਿ. ਵਿ- ਨੇੜੇ ਨਜ਼ਦੀਕ. ਦੇਖੋ, ਅੰ. near. "ਏਕ ਮਾਰਗ ਦੂਰ ਹੈ, ਇਕ ਨੀਅਰ ਹੈ, ਸੁਨ ਰਾਮ!" (ਰਾਮਾਵ)

ਨੀਸਾਣ: ਦੇਖੋ, ਨਿਸਾਨ। ੨. ਅਖ਼ਰ. ਲੇਖ। ੩. ਸਹੀ. ਦਸੂਖ਼ਤ. "ਧਰਮੱ ਦਲਾਲ ਪਾਏ ਨੀਸਾਣ." (ਵਾਰ ਸੂਹੀ ਮਃ ੧) ੪. ਨਗਾਰਾ. ਧੌਂਸਾ."ਧੁਨਿ ਉਪਜੈ ਸ਼ਬਦ ਨੀਸਾਣ."(ਸ੍ਰੀ ਮਃ ੧) ੫ ਦੇਖੋ, ਨੀਸਾਣੁ ਅਤੇ ਨੀਸਾਨ.

ਨੀਸਾਣਿ: ਨਿਸ਼ਾਨ (ਝੰਡੇ) ਹੇਠ. "ਸਗਲ ਭਗਤ ਜਾਂਚੈ ਨੀਸਣਿ." (ਮਾਝ ਮਃ ੫) ੨. ਚਿੰਨ੍ਹ ਦ੍ਵਾਰਾ.

ਨੀਸਾਣੀ: ਚਿੰਨ੍ਹ. ਲੱਛਣ. ਦੇਖੋ, ਨਿਸਾਨੀ. "ਪ੍ਰਭ ਮਿਲਣੈ ਕੀ ਏਹੁ ਨੀਸਾਣੀ." (ਮਾਝ ਮਃ ੫) "ਇਹ ਨੀਸਾਣੀ ਸਾਧ ਕੀ ਜਿਸੁ ਭੇਟਤਿ ਤਰੀਐ." (ਗਉ ਵਾਰ ੨. ਮਃ ੫)

ਨੀਸਾਣੁ, ਨੀਸਾਨ: ਦੇਖੋ, ਨਿਸਾਨ। ੨. ਚਿੰਨ੍ਹ. ਸਹੀ."ਜਿਥੈ ਲੇਖਾ ਮੰਗੀਐ, ਤਿਥੈ ਹੋਇ ਸਚਾ ਨੀਸਾਣੁ." (ਸ੍ਰੀ ਮਃ ੧) ੩. ਨਗਾਰਾ. ਧੌਂਸਾ."ਬਾਜੈ ਸਬਦ ਨੀਸਾਣੁ." (ਵਾਰ ਮਲਾ ਮਃ ੧) "ਮਿਲਾਉ ਗੋਪਾਲ ਨੀਸਾਨ ਬਜਾਈ." (ਭੈਰ ਨਾਮਦੇਵ) ੪.

ਲੇਖ. ਲਿਖਤ. "ਤਪ ਕਾਗਦ ਤੇਰਾ ਨਾਮ ਨੀਸਾਨ." (ਮਲਾ ਮਃ ੧) "ਆਪੋ ਸਬਦ ਆਪੇ ਨਿਸਾਨ." (ਬਿਲਾ ਮਃ ੧) ੫ ਜਪੁ ਬਾਣੀ ਦਾ ਵਿਸ਼ੇਸ਼ਣ, ਕਯੋਂਕਿ ਇਹ ਧ੍ਵਜ (ਝੰਡਾ) ਰੂਪ ਪ੍ਰਧਾਨ ਹੈ. ਦੇਖੋ, ਗੁਰੂ ਗ੍ਰੰਥਸਾਹਿਬ ਦੇ ਤਤਕਰੇ ਵਿੱਚ ਪਾਠ- "ਜਪੁ ਨੀਸਾਣੁ."

ਨੀਸਾਨਾ: ਦੇਖੋ, ਨਿਸਾਨਾ। ੨. ਚਿੰਨ੍ਹ. ਲਛਣ. "ਪਸੂ ਭਏ, ਨਹੀ ਮਿਟੈ ਨੀਸਾਨਾ."(ਰਾਮ ਅਃ ਮਃ ੧) ੩. ਲਛ੍ਯ. ਜਿਸ ਨੂੰ ਤਕਾਕੇ ਵਾਰ ਕੀਤਾਜਾਵੇ."ਪਰਿਓ ਨੀਸਾਨੈ ਘਾਉ." (ਮਾਰੂ ਕਬੀਰ)

ਨੀਸਾਨੀ: ਦੇਖੋ, ਨਿਸਾਨੀ ਅਤੇ ਨੀਸਾਣੀ। ੨. ਚਿੰਨ੍ਹ. ਲਛਣ. "ਸੁਨਿ ਸਖੀਏ, ਪ੍ਰਭ ਮਿਲਣ ਨੀਸਾਨੀ." (ਸੂਹੀ ਮਃ ੫) ੩. ਦ੍ਰਿਸ਼੍ਟਾਂਤ. ਨਜੀਰ. "ਇਹ ਨੀਸਾਨੀ ਸੁਨਹੁ ਤੁਮ ਭਾਈ, ਜਿਉ ਕਾਲਰ ਭੀਤ ਗਿਰੀਐ." (ਬਿਲਾ ਮਃ ੫)

ਨੀਸਾਨੁ: ਦੇਖੋ, ਨਿਸਾਨ। ੨. ਨਗਾਰਾ. ਦੁੰਦੁਭਿ. "ਤੈ ਸਬਦ ਨੀਸਾਨੁ ਬਜਾਇਓ." (ਸਵੈਯੇ ਮਃ ੪. ਕੇ)

ਨੀਸੀ: ਨਹੀਂ ਥੀ. ਦੇਖੋ, ਨੀ ੨.

ਨੀਂਹ: ਨਿਉਂ ਬੁਨਿਆਦ (base).

ਨੀਹਣ, ਨੀਹਣੋ: ਸੰ. ਨਹਨ. ਸੰਗ੍ਯਾ- ਰੱਸੀ. ਗੁਣ. ਚਿੱਲਾ. ਜਿਹ. "ਸਬਰ ਮੱਝ ਕਮਾਣ ਏ ਸਬਰੁ ਕਾ ਨੀਹ." (ਸ. ਫਰੀਦ)

ਨੀਹਮ: ਦੇਖੋ, ਨੀਹੁਮ.

ਨੀਹਲ: ਸੰਗ੍ਯਾ- ਨੀਵਾਂ ਦੇਸ਼. ਨੰਮ੍ਰਸਥਲ। ੨. ਦਾਮਨੇ ਕੋਹ. ਪਹਾੜ ਦੀਆਂ ਜੜਾਂ ਪਾਸ ਦਾ ਦੇਸ਼. "ਨੀਹਲ ਪਹਾੜੀ ਦੁਆਬੇ ਮਾਹਿ." (ਪ੍ਰਾਪੰਪ੍ਰ)

ਨੀਹਾਰ: ਸੰ. ਸੰਗ੍ਯਾ- ਧੁੰਦ. "ਰਵਿ ਜਯੋਂ ਨਿਕਸ ਨੀਹਾਰਹਿਂ ਫੋਰੀ." (ਨਾਪ੍ਰ)

ਨੀਹਿ, ਨੀਹੁ, ਨੀਹੁਮ: ਸਿੰਧੀ. ਸੰਗ੍ਯਾ- ਸਨੇਹ. ਨੇਹ. ਪ੍ਯਾਰ. ਮੁਹੱਬਤ."ਗਾਲੀ ਹਰਿਨੀਹੁ ਨ ਹੋਇ." (ਟੋਡੀ ਮਃ ੫) "ਠਗਾ ਨੀਹੁਮ ਤ੍ਰੋੜਿ." (ਵਾਰ ਮਾਰੂ ੨. ਮਃ ੫) ੨. ਬੁਨਿਯਾਦ. ਨਿਉਂ. "ਮਰਗ ਸਵਾਈ ਨੀਹਿ. (ਸ. ਫਰੀਦ) ੩. ਨੀਹਿ. ਨੇਹ (ਪ੍ਯਾਰ) ਨਾਲ. "ਨੀਹਿ ਜਿ ਵਿਧਾ ਮੰਨੁ." (ਵਾਰ ਗਉ ੨. ਮਃ ੫)

ਨੀਹੁ: ਸਿੰਧੀ. ਸੰਗ੍ਯਾ- ਰੀਤਿ. ਰਸਮ ਰਿਵਾਜ.

ਨੀਕ: ਸੰ. ਨਿਕ੍ਤ. ਵਿ- ਸਾਫ. ਸ੍ਵੱਛ। ਚੰਗਾ. ਹੱਛਾ.

ਨੀਕਸ, ਨੀਕਸਿ, ਨੀਕਸੈ: ਦੇਖੋ, ਨਿਕਸਨਾ."ਹਉ ਬਲਿਹਾਰੀ ਤਿਨ੍ਹ ਕਉ ਪੈਸਿ ਜੁ ਨੀਕਸਿਜਾਹਿ." (ਸ. ਕਬੀਰ)

ਨੀਕਰ, ਨੀਕਰਿ, ਨੀਕਲ, ਨੀਕਲਿ: ਦੇਖੋ, ਨਿਕਲਨਾ। ੨. ਨਿਕਲਕੇ. "ਕਿਲਬਿਖ ਦੇਖ ਗਏ ਸਭ ਨੀਕਰਿ." (ਨਟ ਮਃ ੪) "ਦੁਰਮਤਿਮੈਲ ਗਈ ਸਭ ਨੀਕਲਿ." (ਰਾਮ ਮਃ ੪)

ਨੀਕਾ, ਨੀਕੀ: ਵਿ- ਚੰਗਾ. ਚੰਗੀ. ਭਲਾ. ਭਲੀ. ਦੇਖੋ, ਨੀਕ. "ਕਿਛੁ ਕੀਆ ਨ ਨੀਕਾ." (ਬਿਲਾ ਕਬੀਰ) ੨. ਨਿੱਕਾ. ਛੋਟਾ. ਨਿੱਕੀ. ਨੰਨ੍ਹੀ. "ਨੀਕੀ ਕੀਰੀ ਮਹਿ ਕਲ ਰਾਖੈ." (ਸੁਖਮਨੀ) ੩. ਉੱਤਮ. ਸ਼੍ਰੇਸ਼੍ਠ. "ਨੀਕੀ ਸਾਧਸੰਗਾਨੀ." (ਆਸਾ ਮਃ ੫) "ਸ੍ਰੀ ਅਰਜਨ ਸੁਤ ਤਿਨਹੁ ਕੋ ਗੁਨ ਗਨਤੇ ਨੀਕਾ." (ਗੁਪ੍ਰਸੂ) ੪. ਅਰੋਗ. ਰੁਜ ਰਹਿਤ. "ਕਬ ਦਰਸਨ ਨਿਜ ਦੇਹਿਂਗੇ ਕਰਹੈਂ ਪਦ ਨੀਕਾ." (ਗੁਪ੍ਰਸੂ) ਮੇਰੇ ਪੈਰ ਨੂੰ ਅਰੋਗ ਕਰਨਗੇ। ੫ ਸੰਗੀਤ ਅਨੁਸਾਰ ਰਾਗ ਤਾਲ ਲਯ ਨਾਲ ਉੱਤਮ ਨ੍ਰਿਤ੍ਯ ਕਰਨ ਵਾਲੀ ਨਾਇਕਾ "ਨੀਕੀ"ਕਹੀਜਾਂਦੀ ਹੈ.

ਨੀਕੇ: ਵਿ- ਨੀਕਾ ਦਾ ਬਹੁਵਚਨ. ਹੱਛੇ. ਉੱਤਮ. "ਨੀਕੇ ਸਾਚੇ ਕੇ ਵਾਪਾਰੀ." (ਮਾਰੂ ਸੋਲਹੇ ਮਃ ੧) ੨. ਨਿੱਕੇ. ਛੋਟੇ। ੩. ਕ੍ਰਿ. ਵਿ- ਚੰਗੀ ਤਰਾਂ."ਨੀਕੇ ਗੁਣ ਗਾਉ." (ਟੋਡੀ ਮਃ ੫)

ਨੀਂਗਰ: ਸੰਗਯਾ- ਬਾਲਕ. ਬੱਚਾ.

ਨੀਂਗਰੀ: ਬਾਲਕੀ. ਬੱਚੀ.

ਨੀਘਰ, ਨੀਘਰਿਆ, ਨੀਘਰੀਆ, ਨੀਘਰੁ: ਵਿ- ਗ੍ਰਿਹ ਰਹਿਤ. ਨਿਘਰਾ. ਜਿਸ ਦੇ ਰਹਿਣ ਲਈ ਠਿਕਾਣਾ ਨਹੀਂ. "ਨੀਘਰਿਆ ਘਰੁ ਪਾਇਆ ਰੇ." (ਆਸਾ ਮਃ ੫) "ਇਹੁ ਨੀਘਰੁ ਘਰੁ ਕਹੀ ਨ ਪਾਏ." (ਪ੍ਰਭਾ ਅਃ ਮਃ ੫) ੨. ਜਿਸਦੇ ਠਹਿਰਣ ਦਾ ਇੱਕ ਥਾਂ ਨਹੀਂ."ਮਾਇਆ ਮੋਹਣੀ ਨੀਘਰੀਆ ਜੀਉ." (ਗਉ ਛੰਤ ਮਃ ੧) ੩. ਨਿਘਰਿਆ (ਧਸਿਆ) ਹੋਇਆ. "ਨੀਘਰਿਆ ਨਿਤ ਭੋਗ ਰਸਨ ਮੇ." (ਸਲੋਹ)

ਨੀਚ: ਸੰ. नीच. ਧਾ- ਗ਼ੁਲਾਮੀ ਕਰਨਾ, ਦਾਸਪੁਣਾ ਅਖਤਿਆਰ ਕਰਨਾ। ੨. ਵਿ- ਜਾਤਿ ਗੁਣ ਅਥਵਾ ਕਰਮ ਵਿੱਚ ਨੀਵਾਂ. "ਨੀਚਕੁਲਾ ਜੋਲਾਹਰਾ." (ਆਸਾ ਧੰਨਾ) ੩. ਨੀਵਾਂ. ਨੰਮ੍ਰ. "ਨੀਚ ਗ੍ਰੀਵ ਬੈਠਜੋ ਇਕ ਥਾਨ." (ਗੁਪ੍ਰਸੂ) ੪. ਦੁਸ਼੍ਟ. ਪਾਮਰ. "ਨੀਚ ਸੇ ਨ ਪ੍ਰੀਤਿ ਕੀਜੋ." (ਹਨੂ) ੫ ਵਾਮਨ. ਬਾਉਨਾ.

ਨੀਚਨੀਚਾਇ: ਨੀਚ ਤੋਂ ਭੀ ਨੀਚਤਾ ਪਾਇ. "ਸੰਤ ਕੈ ਦੂਖਨ ਨੀਚਨੀਚਾਇ." (ਸੁਖਮਨੀ)

ਨੀਚਬਿਰਖ, ਨੀਚਰੂਖ: ਸੰਗਯਾ- ਨੀਚਵ੍ਰਿਕ. ਨੀਚ ਰੁਹ. ਇਰੰਡ. "ਹਮ ਨੀਚਬਿਰਖ, ਤੁਮ ਮੈਲਾਗਰ." (ਸਾਰ ਮਃ ੫) "ਨੀਚਰੂਖ ਤੇ ਊਚ ਭਏ ਹੈ." (ਆਸਾ ਰਵਿਦਾਸ)

ਨੀਚਲ: ਸੰ. ਨੀਚੁਲ. ਸੰਗਯਾ- ਹਿੰਜਲ ਬਿਰਛ. L. Barringtonia acutaugula । ੨. ਬੈਤ. ਵੇਤ੍ਰ.

ਨੀਚਾ: ਵਿ- ਨੀਵਾਂ। ੨. ਨੀਚਤਾ ਵਾਲਾ. ਦੇਖੋ, ਨੀਚ.

ਨੀਚਾਣ, ਨੀਚਾਨ: ਵਿ- ਨੀਚਤਾ ਵਾਲ."ਹਮ ਮੂਰਖ ਮੁਗਧ ਨੀਚਾਣ." (ਸੂਹੀ ਮਃ ੪) ੨. ਨੀਚਾ ਸ੍ਥਾਨ. ਨਿਵਾਣ.

ਨੀਚੁ: ਦੇਖੋ, ਨੀਚ. "ਨੀਚੁ ਅਨਾਥੁ ਅਜਾਨੁ." (ਬਿਲਾ ਮਃ ੫)

ਨੀਚੇ: ਕ੍ਰਿ. ਵਿ- ਹੇਠਾਂ. ਥੱਲੇ. ਨੀਚੇ ਕੀ ਓਰ.

ਨੀਜ਼: ਫ਼ਾ. نیز ਵਜ- ਭੀ. ਅਪਿ.

ਨੀਝ: ਸੰਗਯਾ- ਟਕ. ਨਜਰ ਦਾ ਗਡਾਉ. ਗਹੁ ਨਾਲ ਵੇਖਣ ਦਾ ਭਾਵ.

ਨੀਝਰ: ਦੇਖੋ, ਨਿਝਰ. "ਊਨਵ ਬਰਸੈ ਨੀਝਰ ਧਾਰਾ." (ਓਅੰਕਾਰ) ੨. ਨਿਝੰਰ (ਪਾਣੀ ਦੇ ਸੋਤ) ਵਾਂਙ ਅਖੰਡ ਧੁਨਿ. "ਲੋਭਲਹਰਿ ਅਤਿ ਨੀਝਰ ਬਾਜੈ." (ਬਸੰ ਨਾਮਦੇਵ)

ਨੀਠ, ਨੀਠਿ: ਵਿ- ਪ੍ਰਗਟ. ਪ੍ਰਤੱਖ. "ਮਾਨਹੁ ਕੂਰਮ ਪੀਠ ਪੈ ਨੀਠ ਭਏ ਹੈਂ ਸਹਸ੍ਰਫਨੀ ਫਨ ਠਾਢੇ." (ਚੰਡੀ ੧) ੨. ਕ੍ਰਿ. ਵਿ- ਅਨਿਸ਼੍ਰਿ. ਮਸੀਂ. ਜਯੋਂ ਤਯੋਂ ਕਰਕੇ. "ਨੀਠਿ ਨੀਠਿ ਮਨੁ ਕੀਆ ਧੀਰਆ." (ਗਉ ਬਾਵਨ ਕਬੀਰ)

ਨੀਡ: ਸੰ. ਸੰਗਯਾ- ਪੰਛੀ ਦਾ ਆਲਨਾ. "ਬਾਂਧ ਨੀਡ ਉਹ ਬਸੇ ਸੁਖਾਰੇ." (ਗੁਪ੍ਰਸੂ)

ਨੀਡਜ: ਸੰਗਯਾ- ਨੀਡ (ਆਲਨੇ) ਵਿੱਚ ਪੈਦਾ ਹੋਇਆ, ਪੰਛੀ. ਖਗ.

ਨੀਡਜ: ਦੇਖੋ, ਨੀਡ. "ਸਰਬ ਬਿਹੰਗਾ ਗਿਰਹਿੰ ਨੀਡਜ ਤੇ." (ਨਾਪ੍ਰ)

ਨੀਤ: ਸੰ. ਵਿ- ਲਿਆਂਦਾ ਹੋਇਆ. ਪੁਚਾਇਆ ਹੋਇਆ। ੨. ਗ੍ਰਹਣ ਕਤਾ. ਫੜਿਆ ਹੋਇਆ।

੩. ਪ੍ਰਾਪਤ ਹੋਇਆ। ੪. ਦੇਖੋ, ਨੀਅਤ.

ਉਂਚੋ ਕਰ ਕਰੈ ਤਾਂਹਿ ਉਂਚੋ ਕਰਤਾਰ ਕਰੈ

ਊਨੀ ਮਨ ਆਨੈ ਦੂਨੀ ਹੋਤ ਹਰਕਤ ਹੈ,

ਜਯੋਂ ਜਯੋਂ ਧਨ ਧਰੈ ਸੈਂਤੈ[729] ਤਯੋਂ ਤਯੋਂ ਬਿਧਿ ਖੋਰ ਖੈਂਚੈ

ਲਾਖ ਭਾਂਤਿ ਧਰੈ ਕੋਟਿ ਭਾਂਤਿ ਸਰਕਤ ਹੈ,

ਦੌਲਤ ਦੁਨੀ ਮੇ ਥਿਰ ਕਾਹੁ ਕੇ ਰਹੀ ਨ "ਕ੍ਸੇਮ"

ਪਾਛੇ ਨੇਕਨਾਮੀ ਬਦਨਾਮੀ ਖਰਕਤ ਹੈ,

ਰਾਜਾ ਹੋਯ ਰਾਯ ਹੋਯ ਸਾਹ ਉਮਰਾਯ ਹੋਯ

ਜੈਸੀ ਹੋਤ ਨੀਤ ਤੈਸੀ ਹੋਤ ਬਰਕਤ ਹੈ.

੫ ਨਿਤਯ. ਸਦੈਵ."ਨੀਤ ਨੀਤ ਘਰ ਬਾਂਧੀਅਹਿ, ਜੇ ਰਹਣਾ ਹੋਈ." (ਆਸਾ ਅਃ ਮਃ ੧)

ਨੀਤਾ: ਦੇਖੋ, ਨੀਤ ੫. "ਦੇਹ ਨ ਗੇਹ ਨ ਨੇਹ ਨ ਨੀਤਾ." (ਸਵੈਯੇ ਸ੍ਰੀ ਮੁਖਵਾਕ ਮਃ ੫) ਨਿਤਯ ਨਹੀਂ.

ਨੀਤਾਨੀਤ, ਨੀਤਾਨੀਤਾ: ਕ੍ਰਿ. ਵਿ- ਹਰ ਰੋਜ਼. ਸਦਾ. ਨਿਤਯ- ਪ੍ਰਤਿ. "ਸੋਭਾ ਨੀਤਾਨੀਤ." (ਸੋਰ ਮਃ ੫) "ਸਗਲ ਗੁਣ ਅਵਗੁਣ ਨ ਕੋਈ ਹੋਹਿ ਨੀਤਾ ਨੀਤਾ." (ਸੂਹੀ ਛੰਤ ਮਃ ੧)

ਨੀਤਿ: ਨਿਤਯ ਹੀ. ਹਰ ਰੋਜ਼. "ਰਵਿਦਾਸੁ ਢੰਵੰਤਾ ਢੋਰ ਨੀਤਿ." (ਆਸਾ ਧੰਨਾ) "ਦਾਤਨ ਨੀਤਿ ਕਰੇਇ" (ਤਨਾਮਾ) ੨. ਸੰ. ਸੰਗਯਾ- ਲੈ ਜਾਣ ਦੀ ਕ੍ਰਿਯਾ। ੩. ਉਹਾ ਰੀਤਿ, ਜਿਸ ਦ੍ਵਾਰਾ ਆਦਮੀ ਸੁਮਾਰਗ ਚਲ ਸਕੇ। ੪. ਧਰਮ ਅਤੇ ਸਮਾਜ ਦੇ ਚਲਾਉਣ ਦਾ ਨਿਯਮ। ੫ ਰਾਜਯਪ੍ਰਬੰਧ ਦੀ ਯੁਕ੍ਤਿ. ਰਿਆਸਤ ਦੇ ਇੰਤਜ਼ਾੱਮ ਦੀ ਰੀਤਿ.

ਨੀਤਿ ਹੀ ਤੇ ਧਰਮ ਧਰਮ ਹੀ ਤੇ ਸਭੈ ਸਿੱਧਿ

ਨੀਤਿ ਹੀ ਤੇ ਆਦਰ ਸਭਾਨ ਬੀਚ ਪਾਈਐ,

ਨੀਤਿ ਤੇ ਅਨੀਤਿ ਛੂਟੈ ਨੀਤਿ ਹੀ ਤੇ ਸੁਖ ਲੂਟੈ

ਨੀਤਿ ਲੀਯੇ ਬੋਲੈ ਭਲੋ ਬਕਤਾ ਕਹਾਈਐ,

ਨੀਤਿ ਹੀ ਤੇ ਰਾਜ ਰਾਜੈ ਨੀਤਿ ਹੀ ਤੇ ਪਾਤਸ਼ਾਹੀ

ਨੀਤਿ ਹੀ ਤੇ ਯਸ ਨਵਖੰਡ ਮਾਂਹਿ ਗਾਈਐ,

ਛੋਟਨ ਕੋ ਬਡੋ ਅਰੁ ਬਡੇ ਮਾਂਹਿ ਬਡੋ ਕਰੈ

ਤਾਂਤੇ ਸਭ ਹੀ ਕੋ ਰਾਜਨੀਤਿ ਹੀ ਸੁਨਾਈਐ. (ਦੇਵੀਦਾਸ)

ਨੀਤਿਸ਼ਾਸਤ੍ਰ: ਸੰਗਯਾ- ਉਹ ਸ਼ਾਸਤ੍ਰ, ਜਿਸ ਵਿੱਚ ਸਮਾਜ ਅਤੇ ਰਾਜ ਨੂੰ ਉੱਤਮ ਰੀਤਿ ਨਾਲ ਚਲਾਉਣ ਦੇ ਨਿਯਮ ਦੱਸੇ ਹੋਣ (The work on political ethics).

ਇਸ ਵੇਲੇ ਨੀਤਿਸ਼ਾਸਤ੍ਰ ਅਨੇਕ ਬੋਲੀਆਂ ਵਿੱਚ ਅਨੰਤ ਦੇਖੇ ਜਾਂਦੇ ਹਨ, ਪਰ ਪੁਰਾਣੇ ਨੀਤਿਸ਼ਾਸਤ੍ਰ ਇਹ ਪ੍ਰਧਾਨ ਹਨ- ਸ਼ੁਕ੍ਰਨੀਤਿ, ਚਾਣਿਕਯਨੀਤਿ, ਪੰਚਤੰਤ੍ਰ, ਯੁਧਿਸ਼੍ਠਰਨੀਤਿ ਅਤੇ ਵਿਦੁਰਨੀਤਿ.

ਨੀਤਿਗਯ: ਸੰ. नीतिज्ञ. ਵਿ- ਨੀਤਿ ਜਾਣਨ ਵਾਲਾ.

---

[729] ਸਮਾ ਕਰਦਾ ਹੈ.

**ਨੀਤਿਘੋਸ਼:** ਦੇਖੋ, ਬ੍ਰਿਹਸਪਤਿ.

**ਨੀਤਿ ਦੇ ਚਾਰ ਅੰਗ:** (੧) ਸਾਮ (ਸਾਮਨ). ਪਜਾਰੇ ਵਚਨਾਂ ਨਾਲ ਕ੍ਰੋਧ ਸ਼ਾਂਤ ਕਰਨਾ. (੨) ਦਾਨ, ਧਨ ਦੇਕੇ ਪ੍ਰਸੰਨ ਕਰਨਾ. (੩) ਦੰਡ. ਸ਼ਸਤ੍ਰ ਅਤੇ ਬਲ ਨਾਲ ਸਜ਼ਾ ਦੇਣੀ. (੪) ਭੇਦ. ਫੋਟਕ ਪਾਕੇ ਕਾਰਜ ਸਿੱਧ ਕਰਨਾ.

**ਨੀਦ, ਨੀਂਦ, ਨੀਦੜੀ, ਨੀਂਦ੍ਰਾ:** ਦੇਖੋ, ਨਿਦ੍ਰਾ. "ਨੀਦ ਭੂਖ ਸਭ ਪਰਹਰਿ ਤਿਆਗੀ." (ਆਸਾ ਛੰਤ ਮਃ ੪) "ਘਟੁ ਦੁਖ ਨੀਦੜੀਏ, ਪਰਸਉ ਸਦਾ ਪਗਾ." (ਬਿਹਾ ਛੰਤ ਮਃ ੫) ੨. ਭਾਵ- ਅਵਿਦਜਾ "ਆਵੈਗੀ ਨੀਦ ਕਹਾ ਲਗੁ ਸੋਵਉ." (ਮਲਾ ਰਵਿਦਾਸ)

**ਨੀਦ੍ਰਾਵਲਾ:** ਸੰ. ਨਿਦ੍ਰਾਲੁ. ਵਿ- ਨੀਂਦ ਵਾਲਾ. "ਜਿਨਾ ਨੈਣ ਨੀਦ੍ਰਾਵਾਲੇ." (ਸ. ਫਰੀਦ)

**ਨੀਧ:** ਨਿਧਿ. ਦੇਖੋ, ਜਲਨੀਧ.

**ਨੀਧਸ:** ਡਿੰਗ. ਸੰਗਜਾ- ਨਗਾਰੇ ਦੀ ਧੁਨਿ. ਧੌਂਸੇ ਦੀ ਧੁੰਕਾਰ.

**ਨੀਧਨ:** ਦੇਖੋ, ਨਿਰਧਨ. "ਨੀਧਨ ਕੋ ਧਨੁ ਨਾਮ ਪਿਆਰ." (ਪ੍ਰਭਾ ਮਃ ੧) ੨. ਦੇਖੋ, ਨਿਧਨ.

**ਨੀਧਰ:** ਦੇਖੋ, ਨਿਧਰਾ ਅਤੇ ਨਿਰਧਾਰ." ਨੀਧਰਿਆ ਸਤਿਗੁਰੁ ਧਰ ਤੇਰੀ." (ਗੌਂਡ ਮਃ ੫)

**ਨੀਧਰਿਆਧਰ:** ਵਿ- ਨਿਰਾਧਾਰਾਂ ਦਾ ਆਧਾਰ. ਨਿਆਸਰਿਆਂ ਦਾ ਆਸਰਾ. "ਨੀਧਰਿਆਧਰ ਪਨਹਿ ਖੁਦਾਇ." (ਭੈਰ ਮਃ ੫)

**ਨੀਪ:** ਸੰਗਜਾ- ਕਦੰਬ ਬਿਰਛ। ੨. ਬੰਧੂਕ ਬਿਰਛ। ੩. (ਨੀ- ਅਪ) ਨੀਵਾਂ ਦੇਸ਼. ਡੂੰਘਾ ਥਾਂ। ੪. ਪਹਾੜ ਦੀ ਜੜ. ਦਾਮਨੇ ਕੋਹ.

**ਨੀਂਬ, ਨੀਬਾ, ਨੀਬੁ, ਨੀਬੂ, ਨੀਂਬੁ:** ਦੇਖੋ, ਨਿੰਬ ਅਤੇ ਨਿੰਮੁ. "ਨੀਂਬੁ ਭਇਓ ਆਂਬੁ, ਆਂਬੁ ਭਇਓ ਨੀਬਾ." (ਰਾਮ ਕਬੀਰ) ਵਿਸ਼ਯ ਵਿਕਾਰ ਮਿੱਠੇ ਲਗਦੇ ਹਨ, ਅਤੇ ਦੈਵੀਗੁਣ ਕੌੜੇ ਹਨ. ਦੇਖੋ, ਨਿੰਬੂ.

**ਨੀਮ:** ਵਜ- ਨਿਸ਼ਧ. ਨਹੀਂ। ੨. ਸੰਗਜਾ- ਨਿਉਂ. ਬੁਨਿਆਦ। ੩. ਕਿਲਾ. ਗੜ੍ਹ. "ਨੀਮ ਗੁਆਲਿਅਰ ਵਿੱਚ ਰਹਿੰਦਾ ਸੀ." (ਭਗਤਾਵਲੀ) ੪. ਫ਼ਾ. نیم ਨਿੰਮ. ਨਿੰਬ। ੫ ਵਿ- ਅੱਧਾ. ਨਿਸਫ਼.

**ਨੀਮਖਾਰ:** ਦੇਖੋ, ਨੈਮਿਸ਼ਾਰਣਜ.

**ਨੀਮਚਾ:** ਫ਼ਾ. نیمچہ ਸੰਗਜਾ- ਛੋਟਾ ਖੰਡਾ.

**ਨੀਮ ਜੌ:** ਫ਼ਾ. ਅੱਧਾ ਜੋ ਭਾਵ- ਬਹੁਤ ਥੋੜਾ.

**ਨੀਮਾ:** ਵਿ- ਨੰਮ੍ਰ. ਨੀਵਾਂ। ੨. ਝੁਕਿਆ ਹੋਇਆ। ੩. ਫ਼ਾ. نیمہ ਸੰਗਜਾ- ਛੋਟਾ ਅੰਗਾ। ੫ ਵਿ- ਅੱਧਾ. ਅਧੰ.

**ਨੀਮਾਸ੍ਤੀਨ:** ਫ਼ਾ. نیم آستین ਸੰਗਜਾ- ਅੱਧੀ ਬਾਹਾਂ ਵਾਲੀ ਫਤੂਹੀ.

**ਨੀਮਿ:** ਨਹੀਂ. ਦੇਖੋ, ਨੀਮ ੧. "ਦਰੁ ਬੀਭਾ ਮੈ ਨੀਮਿ ਕੋ." (ਆਸਾ ਅਃ ਮਃ ੧)

**ਨੀਮੀ:** ਵਿ- ਨੰਮ੍ਰ. ਨੀਵੀਂ। ੨. ਮਧਰੀ। ੩. ਘੱਟਿਆ. ਨੀਚਕੁਲ ਦੀ। ੪. ਵਜ- ਨਿਸ਼ੇਧ. ਨਹੀਂ, "ਕੋ ਨੀਮੀ ਮੈਂਡਾ." (ਆਸਾ ਅਃ ਮਃ ੧) ਮੇਰਾ ਕੋਈ ਨਹੀਂ.

**ਨੀਯਤ:** ਦੇਖੋ, ਨੀਅਤ ਅਤੇ ਨੀਤ ੪.

**ਨੀਰ:** ਵਿ- ਪਾਸ. ਸਮੀਪ. "ਜਮੁ ਨਹੀ ਆਵੈ ਨੀਰ." (ਵਾਰ ਮਾਰੂ ੨. ਮਃ ੫) ਦੇਖੋ, ਨੀਅਰ। ੨. ਮੁਲ. ਸੰਗਜਾ- ਅੰਝੂ.

ਆਂਸੂ. ਹੰਝੂ। ੩. ਵਿਖੇਰਨਾ। ੪. ਵਰਤਾਉਣਾ. ਪਰੋਸਣਾ। ੫ ਸੰ. ਰਸ। ੬. ਜਲ. ਪਾਣੀ. "ਸ਼ਯਾਮਲ ਨੀਰ ਬਹੈ ਜਮਨਾ." (ਗੁਪ੍ਰਸੂ)

ਨੀਰਉ: ਕ੍ਰਿ. ਵਿ- ਨੇੜੇ. ਦੇਖੋ, ਨੀਅਰ. "ਨੀਰਉ ਪੇਖਿ ਪ੍ਰਭੁ ਕਉ." (ਜੈਤ ਮਃ ੫)

ਨੀਰਚਰ: ਦੇਖੋ, ਜਲਚਰ.

ਨੀਰਜ: ਸੰਗਯਾ- ਨੀਰ (ਪਾਣੀ) ਤੋਂ ਪੈਦਾ ਹੋਇਆ, ਕਮਲ। ੨. ਮੋਤੀ। ੩. ਮੱਛੀ। ੪. ਬਿਰਛ. (ਸਨਾਮਾ)

ਨੀਰਜਤ੍ਰਾਣ: ਸੰਗਯਾ- ਤਾਲ। ੨. ਸਮੁੰਦਰ. (ਸਨਾਮਾ)

ਨੀਰਤਰ: ਸੰਗਯਾ- ਪਾਣੀ ਪੁਰ ਤਰਨ ਵਾਲਾ, ਕਾਠ. (ਸਨਾਮਾ)

ਨੀਰਦ: ਸੰਗਯਾ- ਨੀਰ (ਪਾਣੀ) ਦੇਣ ਵਾਲਾ, ਮੇਘ. ਬੱਦਲ। ੨. ਵਿ- ਜਿਸ ਦੇ ਰਦ (ਦੰਦ) ਨਹੀਂ.

ਨੀਰਧ: ਸੰਗਯਾ- ਨੀਰਧਰ. ਬੱਦਲ. ਮੇਘ। ੨. ਦੇਖੋ, ਨੀਰਧਿ.

ਨੀਰਧਰ: ਦੇਖੋ, ਨੀਰਧ ੧.

ਨੀਰਧਰ ਧੁਨਿ: ਸੰਗਯਾ- ਨੀਰਧਰ (ਮੇਘ) ਧੁਨਿ (ਨਾਦ). ਰਾਵਣ ਦਾ ਪੁਤ੍ਰ ਮੇਘਨਾਦ. (ਸਨਾਮਾ)

ਨੀਰਧਰ ਧੁਨਿ ਤਾਤ ਅਰਿ: ਸੰਗਯਾ- ਮੇਘਨਾਦ ਦਾ ਪਿਤਾ ਰਾਵਣ, ਉਸ ਦਾ ਵੈਰੀ ਤੀਰ. (ਸਨਾਮਾ)

ਨੀਰਧਿ, ਨੀਰਧੀ: ਸੰਗਯਾ- ਜਲ ਧਾਰਣ ਵਾਲਾ ਸਮੁੰਦਰ. ਨੀਰਨਿਧਿ.

ਨੀਰਨ: ਸੰਗਯਾ- ਪਰੋਸਣਾ. ਵਰਤਾਉਣ ਦੀ ਕ੍ਰਿਯਾ. ਦੇਖੋ, ਨੀਰ ੪. "ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ." (ਸਾਰ ਮਃ ੫) "ਜੇ ਸਉ ਭੋਜਨ ਮੈ ਨੀਰੇ." (ਵਡ ਮਃ ੫) "ਜੇ ਸਉ ਅੰਮ੍ਰਿਤ ਨੀਰੀਐ." (ਸ੍ਰੀ ਅਃ ਮਃ ੩) ੨. ਨਦੀਨ ਕੱਢਣ ਦੀ ਕ੍ਰਿਯਾ. ਖੇਤੀ ਵਿੱਚੋਂ ਨਿਕੰਮਾ ਘਾਹ ਨਿਖੇਰਨਾ.

ਨੀਰਨਾਇਕ, ਨੀਰਨਾਥ, ਨੀਰਨਾਯਕ, ਨੀਰਨਾਯਿਕ: ਸੰਗਯਾ- ਜਲਪਤਿ. ਸਮੁੰਦਰ। ੨. ਵਰੁਣ ਦੇਵਤਾ.

ਨੀਰਨਿਧਿ: ਸੰਗਯਾ- ਸਮੁੰਦਰ. ਜਲਨਿਧਿ.

ਨੀਰਪਤਿ: ਜਲਪਤਿ. ਵਰੁਣ ਦੇਵਤਾ.

ਨੀਰਰਾਸਿ: ਸੰਗਯਾ- ਸਮੁੰਦਰ। ੨. ਪ੍ਰਿਥਿਵੀ. (ਸਨਾਮਾ)

ਨੀਰਾ: ਸੰਗਯਾ- ਤੂੜੀ ਭੋਹ ਆਦਿ ਪਸ਼ੂਆਂ ਦਾ ਚਾਰਾ। ੨. ਕ੍ਰਿ. ਵਿ- ਨੇੜੇ. ਪਾਸ. "ਦੂਰਿ ਬਤਾਵਤ ਪਾਇਓ ਨੀਰਾ." (ਗਉ ਥਿਤੀ ਕਬੀਰ) ੩. ਸੰਗਯਾ- ਸਮੀਪਤਾ। ੪. ਨੀਰ. ਜਲ. "ਮ੍ਰਿਗਤ੍ਰਿਸਨਾ ਕੋ ਹੇਰਹਿ ਨੀਰਾ। ਦੋਰਤ ਮ੍ਰਿਗ ਨਹਿ ਪਾਵਹਿ ਨੀਰਾ." (ਨਾਪ੍ਰ) ਮ੍ਰਿਗਤ੍ਰਿਸਨਾ ਦੇ ਪਾਣੀ ਦੀ, ਮ੍ਰਿਗ ਸਮੀਪਤਾ ਨਹੀਂ ਪਾਉਂਦਾ.

ਨੀਰਾਰਾ: ਵਿ- ਨਿਰਾਲਾ. ਅਲੱਗ। ੨. ਅਲੇਪ. ਅਸੰਗ.

ਨੀਰਾਲਯ: ਸੰਗਯਾ- ਨੀਰ (ਜਲ) ਦਾ ਆਲਯ (ਘਰ), ਸਮੁੰਦਰ.

ਨੀਰਾਲਯਨੀ: ਸੰਗਯਾ- ਜਲ ਸਮੁਦਾਯ ਨੂੰ ਧਾਰਣ ਵਾਲੀ, ਪ੍ਰਿਥਿਵੀ. (ਸਨਾਮਾ)

ਨੀਰਾਲਾ: ਦੇਖੋ, ਨਿਰਾਲਾ। ੨. ਦੇਖੋ, ਨੀਰਾਲਯ.

ਨੀਰਾਲੈ: ਦੇਖੋ, ਨੀਰਾਲਯ.

ਨੀਰਿ: ਪਾਣੀ ਨਾਲ. ਜਲ ਸੇ। ੨. ਪਾਣੀ ਉੱਤੇ. "ਪਾਹਣ ਨੀਰਿ ਤਰੇ." (ਬਾਵਨ)

ਨੀਰੀਐ: ਪਰੋਸੀਏ. ਦੇਖੋ, ਨੀਰਨ ੧.

ਨੀਰੁ: ਦੇਖੋ, ਨੀਰ ੬. "ਨੀਰੁ ਬਿਰੋਲੈ ਖਪਿ ਖਪਿ ਮਰਤਾ." (ਸੂਹੀ ਮਃ ੫)

ਨੀਰੇ: ਦੇਖੋ, ਨੀਰਨ ੧.

ਨੀਰੈ: ਪਰੋਸਦਾਹੈ. ਭੋਜਨ ਦਿੰਦਾ, ਦਿੰਦੀ ਹੈ."ਸਾਰ ਸਮਾਲਿ ਮਾਰਾ ਮੁਖਿ ਨੀਰੈ." (ਮਲਾ ਮਃ ੫) ਦੇਖੋ, ਨੀਰ ੪। ੨. ਨੇੜੇ (ਸਮੀਪ) ਹੁੰਦਾ. ਮੁਕਾਬਲਾ ਕਰਦਾ. ਤੁਲਜ ਹੁੰਦਾ."ਕਾਮਧੇਨ ਸੰਤਰੇਣੁ ਨ ਨੀਰੈ." (ਭਾਗੁ) ੩. ਜਲ ਸੇ. ਪਾਣੀਂ ਤੋਂ "ਜਿਉ ਮਛੁਲੀ ਬਿਨੁ ਨੀਰੈ ਬਿਨਸੈ." (ਸੋਰ ਮਃ ੪)

ਨੀਲ: ਸੰ. ਨੀਲ. ਧਾ- ਰੰਗਣਾ, ਨੀਲਾ ਰੰਗਾ ਲਾਉਣਾ। ੨. ਸੰਗਯਾ- ਇੱਕ ਪੌਧਾ ਜਿਸ ਵਿੱਚੋਂ ਨੀਲਾ ਰੰਗ ਨਿਕਲਦਾ ਹੈ. Indigo । ੩. ਨੀਲ ਪੌਧੇ ਵਿੱਚੋਂ ਕੱਢਿਆ ਹੋਇਆ ਰੰਗ। ੪. ਸੱਟ ਨਾਲ ਸ਼ਰੀਰ ਪੁਰ ਪਿਆ ਨੀਲਾ ਦਾਗ। ੫ ਕਲੰਕ. ਦਾਗ. ਧੱਬਾ। ੬. ਰਾਮਚੰਦ੍ਰ ਜੀ ਦੀ ਸੈਨਾ ਦਾ ਇੱਕ ਬਾਂਦਰ."ਜਾਮਵੰਤ ਸੁਖੇਨ ਨੀਲ." (ਰਾਮਾਵ) ੭. ਪੁਰਾਣਾਂ ਅਨੁਸਾਰ ਇਲਾਵ੍ਰਿਤ ਖੰਡ ਦਾ ਇੱਕ ਪਹਾੜ, ਜੋ ਰਮਜਕ ਵਸ਼ੰਦੀ ਹੱਦ ਪੁਰ ਹੈ। ੮. ਨੌ ਨਿਧੀਆਂ ਵਿੱਚੋਂ ਇੱਕ ਨਿਧਿ। ੯. ਨੀਲਮ ਮਣਿ। ੧੦. ਹਜ਼ਾਰ ਅਰਬ ਸੰਖਯਾ, ੧੦੦੦੦੦੦੦੦੦੦੦੦੦। ੧੧. ਵਿਸ਼. ਜ਼ਹਿਰ। ੧੨. ਵਟ. ਬਰੋਟਾ. ਬੋਹੜ। ੧੩. ਵਿ- ਨੀਲਾ. ਨੀਲੇ ਰੰਗ ਦਾ. "ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ." (ਵਾਰ ਆਸਾ) ੧੪. ਮਲੀਨ. ਘਸਮੈਲਾ. "ਨੀਲ ਅਨੀਲ ਅਗਨਿ ਇਕ ਠਾਈ." (ਗਉ ਅਃ ਮਃ ੧) ਮਲੀਨ ਅਤੇ ਸ਼ੁਭਵਾਸਨਾ ਰੂਪ ਅਗਨਿ. ਭਾਵ- ਤਾਮਸੀ ਅਤੇ ਰਜੋਗੁਣੀ ਕਰਮ ਕਰਨ ਦੀ ਵਾਸਨਾਰੂਪ ਅਗਨਿ। ੧੫. ਸੰਗਯਾ- ਇੱਕ ਛੰਦ. ਦੇਖੋ, ਬਿਸੇਖ। ੧੬. ਅ਼. نیل ਮਿਸਰ ਦਾ ਇੱਕ ਪ੍ਰਸਿੱਧ ਦਰਿਆ. ਦੇਖੋ, ਨੀਲਏਸ ਅਸਤ੍ਰ.

ਨੀਲਏਸ ਅਸਤ੍ਰ: ਸੰਗਯਾ- ਨੀਲ ਦਰਿਆ ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਫਾਹੀ. ਪਾਸ਼."ਨੀਲ ਆਦਿ ਸਬਦੁਚਰਕੈ ਏਸਰੁ ਅਸਤ੍ਰ ਬਖਾਨ."(ਸਨਾਮਾ)

ਨੀਲਕੰਠ: ਸੰ. ਸੰਗਯਾ- ਸ਼ਿਵ. ਮਹਾਭਾਰਤ ਵਿੱਚ ਕਥਾ ਹੈ ਕਿ ਜਿਸ ਵੇਲੇ ਸਮੁੰਦਰ ਰਿੜਕਣ ਤੋਂ ਜ਼ਹਿਰ (ਕਾਲਕੂਟ) ਨਿਕਲੀ, ਤਦ ਉਸ ਦੇ ਅਸਰ ਨਾਲ ਤਿੰਨੇ ਲੋਕ ਵਜਾਕੁਲ ਹੋਗਏ. ਬ੍ਰਹਮਾ ਦੇ ਕਹਿਣ ਪੁਰ ਸ਼ਿਵ ਕਾਲਕੂਟ ਪੀਗਏ, ਜਿਸ ਕਾਰਣ ਉਨ੍ਹਾਂ ਦਾ ਕੰਠ ਨੀਲਾ ਹੋਗਿਆ."ਨੀਲਕੰਠ ਨਰਹਰਿ ਨਾਰਾਯਣ." (ਹਜਾਰੇ ੧੦) ਹੇ ਅਕਾਲ! ਤੂਹੀ ਨੀਲਕੰਠ ਨ੍ਰਿਸਿੰਹ ਅਤੇ ਜਲਸ਼ਾਯੀ (ਵਿਸ਼ਨੁ) ਹੈਂ। ੨. ਮੋਰ। ੩. ਚਿੜਾ. ਚਟਕ। ੪. ਗਰੁੜ। ੫ ਇਸ ਨਾਮ ਦੇ ਕਈ ਸੰਸਕ੍ਰਿਤ ਦੇ ਪ੍ਰਸਿੱਧ ਵਿਦ੍ਵਾਨ ਹੋਏ ਹਨ.

ਨੀਲਗਊ, ਨੀਲਗਾਯ: ਸੰਗਯਾ- ਰੋਝ. ਗਵਯ.

ਨੀਲਗਿਰਿ: ਦੇਖੋ, ਨੀਲ ੭। ੨. ਮਦਰਾਸ ਦੇ ਇਲਾਕੇ ਇੱਕ ਜਿਲਾ, ਜਿਸ ਦਾ ਸਦਰ "ਉਤਕਮੰਡ" (Ootacamund) ਹੈ, ਜੋ ਬਹੁਤ ਰਮਣੀਕ ਪਹਾੜ ਹੈ. ਇਸਦੀ ਸਮੁੰਦਰ ਤੋਂ ਬਲੰਦੀ ੭੫੦੦ ਫੁਟ ਹੈ. ਇਹ ਮਦਰਾਸ ਤੋਂ ੩੫੬, ਬੰਬਈ ਤੋਂ ੧੦੫੩ ਅਤੇ ਕਲਕੱਤੇ ਤੋਂ ੧੩੭੪ ਮੀਲ ਹੈ. ਅਮੀਰ ਅਤੇ ਮਦਰਾਸਦੇ ਵਡੇ ਵਡੇ ਅਹੁਦੇਦਾਰ ਇੱਥੇ ਗਰਮੀ ਕਟਦੇ ਹਨ.

ਨੀਲਗ੍ਰੀਵ: ਦੇਖੋ, ਨੀਲਕੰਠ.

ਨੀਲਨਗ: ਦੇਖੋ, ਨੀਲਗਿਰਿ। ੨. ਦੇਖੋ, ਨੀਲ ੭. "ਮਣੀ ਨੀਲਨਗਜੰ. ਲਖੰ ਸੀਸ ਨਯਾਯੰ." (ਵਿਚਿਤ੍ਰ) ਅਕਾਲ ਦੀ ਸ਼ਜਾਮਤਾ ਨੂੰ ਦੇਖਕੇ ਨੀਲਮ ਮਣਿ ਅਤੇ ਨੀਲਗਿਰਿ ਸਿਰ ਝੁਕਾਉਂਦੇ ਹਨ.

ਨੀਲਬਸਨ: ਦੇਖੋ, ਨੀਲਵਸਨ.

ਨੀਲਮ, ਨੀਲਮਣਿ: ਨੀਲੇ ਰੰਗ ਦੀ ਇੱਕ ਮਣਿ, ਜਿਸ ਦੀ ਨੌ ਰਤਨਾਂ ਵਿੱਚ ਗਿਣਤੀ ਹੈ. sapphire.

ਨੀਲਵਸਨ: ਸੰਗਯਾ- ਨੀਲਾ ਵਸਤ੍ਰ। ੨. ਵਿ- ਨੀਲਾ ਵਸਤ੍ਰ ਪਹਿਰਨ ਵਾਲਾ. ਨੀਲਾਂਬਰ ਧਾਰੀ। ੩. ਸੰਗਯਾ- ਸ਼ਨਿ ਗ੍ਰਹ। ੪. ਕ੍ਰਿਸ਼ਨ ਜੀ ਦਾ ਵਡਾ ਭਾਈ ਬਲਰਾਮ."ਨੀਲਵਸਨ ਬਨਵਾਰੀ." (ਹਜਾਰੇ ੧੦) ਹੇ ਅਕਾਲ! ਤੂ ਹੀ ਬਲਰਾਮ ਅਤੇ ਵਨਮਾਲੀ ਹੈਂ। ੫ ਨਿਹੰਗ ਸਿੰਘ.

ਨੀਲਾ: ਵਿ- ਨੀਲੇ ਰੰਗ ਦਾ। ੨. ਸੰਗਯਾ- ਖੋਤਾ. ਗਧਾ."ਕਾਲਾ ਮੂੰਹ ਅਰ ਨੀਲੇ ਪੈਰ." (ਲੋਕੋ) ਕਾਲਾ ਮੂੰਹ ਅਤੇ ਗਧੇ ਦੀ ਸਵਾਰੀ.

ਨੀਲਾਥੋਥਾ: ਸੰ. ਨੀਲਤੁੱਥ. ਸੰਗਯਾ- ਤਾਂਬੇ ਦਾ ਇੱਕ ਖਾਰ, ਜੋ ਨੀਲੇ ਰੰਗ ਦਾ ਹੁੰਦਾ ਹੈ. ਤੂਤਿਆ।

ਨੀਲਾਬ: ਨੀਲ ਦਰਿਆ ਦਾ ਆਬ (ਜਲ). ੨. ਨੀਲਾ ਪਾਣੀ. ਸਾਫ਼ ਅਤੇ ਡੂੰਘਾ ਜਲ। ੩. ਅਟਕ ਦਰਿਆ. ਦੇਖੋ, ਸੁਰਖਾਬ.

ਨੀਲਾਂਬਰ: ਦੇਖੋ, ਨੀਲਵਸਨ.

ਨੀਲਾਂਬਰੀ: ਨੀਲੇ ਵਸਤ੍ਰ ਪਹਿਰਨ ਵਾਲਾ ਬਲਰਾਮ। ੨. ਨਿਹੰਗ ਸਿੰਘ.

ਨੀਲਾਮ: ਪੁਰਤ. ਲੀਲਾਮ. ਸੰਗਯਾ- ਬੋਲੀ ਬੋਲਕੇ ਵੇਚਣ ਦਾ ਢੰਗ. ਸਭ ਤੋਂ ਬੋਲੀ ਵਿੱਚ ਵਧਣ ਵਾਲੇ ਨੂੰ ਵਸਤੁ ਵੇਚਣ ਦੀ ਕ੍ਰਿਯਾ.

ਨੀਲਾਰੀ: ਸੰਗਯਾ- ਨੀਲਗਰ.

ਨੀਲੋਤਪਲ: ਸੰ. नीलोत्पल. ਸੰਗਯਾ- ਨੀਲੇ ਰੰਗ ਦਾ ਉਤਪਲ (ਕਮਲ). ੨. ਕੁਮੁਦ. ਨੀਲੋਫ਼ਰ.

ਨੀਲੋਫ਼ਰ: ਫ਼ਾ. نیلوفر ਦੇਖੋ, ਨੀਲੋਤਪਲ.

ਨੀਲੰਬਰ: ਨੀਲਾਂਬਰ. ਦੇਖੋ, ਨੀਲਵਸਨ.

ਨੀਵ: ਸੰਗਯਾ- ਨਿਉਂ. ਬੁਨਿਯਾਦ "ਜਿਨਿ ਅਬਿਚਲ ਨੀਵ ਰਖਾਈ." (ਸੂਹੀ ਛੰਤ ਮਃ ੫) "ਦੇ ਦੇ ਨੀਵ ਦਿਵਾਲ ਉਸਾਰੀ." (ਗਉ ਮਃ ੧) ੨. ਵਿ- ਨੀਵਾਂ. ਦੇਖੋ, ਪ੍ਰਾਵ੍ਰਿਤ.

ਨੀਵਾਂ: ਵਿ- ਨੰਮ੍ਰ. ਝੁਕਿਆ ਹੋਇਆ। ੨. ਨਿਰਅਭਿਮਾਨ. ਹਲੀਮ। ੩. ਡੂੰਘਾ.

ਨੀਵਿ: ਸੰ. ਸੰਗਯਾ- ਕਮਰ ਨੂੰ ਲਪੇਟੀ ਹੋਈ ਰੱਸੀ। ੨. ਇਸਤ੍ਰੀਆਂ ਦਾ ਨਾਲਾ. ਇਜ਼ਾਰਬੰਦ। ੩. ਧੋਤੀ. ਸਾੜ੍ਹੀ। ੪. ਮੂਲ ਧਨ. ਪੂੰਜੀ.

ਨੀਵੀ: ਦੇਖੋ, ਨੀਵਿ। ੨. ਵਿ- ਨੀਵੀਂ. ਨੰਮ੍ਰ। ੩. ਛੋਟੀ. ਤੁੱਛ. "ਹਮ ਨੀਵੀ ਪ੍ਰਭੁ ਅਤਿ ਊਚਾ." (ਸੂਹੀ ਛੰਤ ਮਃ ੩) ੪. ਬਾਂਉਂਨੀ.

ਨੁ: ਵਿ- ਨੌ. ਨਵ. "ਚਾਪ ਨੁ ਟੰਕ ਤੇ ਛੋਰਤ ਹੈਂ ਸਰ." (ਗੁਪ੍ਰਸੂ) ਨੌਂ ਟਾਂਕ ਦੀ ਕਮਾਣ ਤੋਂ ਤੀਰ ਛਡਦੇ ਹਨ। ੨. ਸੰ. ਧਾ- ਸ੍ਤੁਤਿ ਕਰਨਾ (ਪ੍ਰਸ਼ੰਸਾ ਕਰਨਾ).

ਨੁਸਖ਼ਾ: ਅ਼. نسخہ ਸੰਗਯਾ- ਲਿਖਿਆਹੋਇਆ ਕਾਗ਼ਜ। ੨. ਕਾਪੀ. ਪੁਸ੍ਤਕ ਦੀ ਪ੍ਰਤਿ। ੩. ਵੈਦ੍ਯ ਦਾ ਲਿਖਿਆਹੋਇਆ ਉਹ ਪਰਚਾ, ਜਿਸ ਉੱਪਰ ਦਵਾਈ ਅਤੇ ਉਸ ਦੇ ਵਰਤਣ ਦੀ ਵਿਧਿ ਹੋਵੇ. Prescription.

ਨੁਸਰਤ: ਅ਼. نصرت ਨੁਸਰਤ. ਕੁਮਕ. ਸਹਾਇਤਾ. "ਨੁਸਰਤ ਬੇ ਦਰੰਗ." ਦੇਖੋ, ਦੇਗ ਤੇਗ਼ ਫ਼ਤਹ.

ਨੁਸਰਤਖ਼ਾਨ: ਮਲੇਰੀ ਪਠਾਣ, ਜੋ ਨਾਹਰਖ਼ਾਨ ਦਾ ਭਾਈ ਸੀ. ਇਹ ਦੋਵੇਂ ਚਮਕੌਰ ਦੇ ਜੰਗ ਵਿੱਚ ਮੌਜੂਦ ਸੇ.

ਨੁਹ: ਦੇਖੋ, ਨੂਹ। ੨. ਦੇਖੋ, ਨੂੰਹ। ੩. ਫ਼ਾ. نہ ਨੌ. ਨਵ.

ਨੁਹਾਰ: ਦੇਖੋ, ਅਨੁਹਾਰ.

ਨੁਹੁਮ: ਫ਼ਾ. نُہُم ਨਵਮ. ਨੌਮਾਂ.

ਨੁਕਸ: ਅ਼. نقص ਨੁਕ਼ਸ. ਸੰਗਜਾ- ਦੋਸ਼. ਖ਼ਰਾਬੀ। ੨. ਕਸਰ. ਕਮੀ. ਘਾਟਾ.

ਨੁਕਸਾਨ: ਅ਼. نقصان ਨੁਕ਼ਸਾਨ. ਸੰਗਜਾ- ਹਾਨਿ. ਜ਼ਿਆਨ. ਕ੍ਸ਼ਤਿ। ੨. ਕਮੀ ਘਾਟਾ.

ਨੁਕਤਹ, ਨੁਕਤਾ: ਅ਼. نقطہ ਨੁਕ਼ਤ਼ਹ. ਸੰਗਜਾ- ਬਿੰਦੀ. ਸਿਰਫ਼. "ਇੱਕਤੁ ਨੁਕਤੈ ਹੋਇਜਾਇ ਮਹਰਮ ਮੁਜਰਮ ਖੈਰ ਖੁਆਰੀ." (ਭਾਗੁ)

੨. ਅ਼. نکتہ ਬਾਰੀਕ ਬਾਤ. ਉੱਤਮ ਉਕ੍ਤਿ. ਕਟਾਕ੍ਸ਼. "ਮੁਖ ਤੇ ਮੁਕਤਾ ਨੁਕਤਾ ਸਮ ਅੰਮ੍ਰਿਤ ਕਾਢਜੋ." (ਕ੍ਰਿਸਨਾਵ) ੩. ਸੰ. ਨਕ੍ਤਕ. ਪਰਨਾ."ਸਿਰ ਪਰੁ ਕਤਾ ਜੁਗਲ ਗਜ." (ਨਾਪ੍ਰ) ਦੋ ਗਜ ਦਾ ਸਾਫਾ.

ਨੁਕਤਾਚੀਂ: ਵਿ- ਬਾਰੀਕ ਬਾਤ ਚੁਗਣ (ਫੜਨ) ਵਾਲਾ. ਦੋਸ਼ ਦੇਖਣ ਵਾਲਾ. ਐਬਜੋ Caviller. । ੨. ਨੁਕਤਹਦਾਂ. ਨੁਕ਼ਸ਼ਨਚੀਂ Critic.

ਨੁਕਤਾਚੀਨੀ: ਫ਼ਾ. نکتہچینی ਸੰਗਜਾ- ਬਾਰੀਕ ਬਾਤ ਚੁਗਣੀ. Criticism । ੨. ਗੁਣ ਦੋਸ਼ ਦਾ ਵਿਚਾਰ. ਸਮਾਲੋਚਨਾ।੩ ਦੋਸ਼ ਦੇਖਣ ਦੀ ਕ੍ਰਿਯਾ ਛਿਦ੍ਰ ਢੂੰਡਣ ਦਾ ਕਰਮ.

ਨੁਕਤੀ: ਦੇਖੋ, ਨੁਗਦੀ.

ਨੁਕਰਾ, ਨੁਕ਼ਰਾ: ਅ਼. نقرہ ਸੰਗਜਾ- ਚਾਂਦੀ. ਰਜਤ। ੨. ਚਾਂਦੀਰੰਗਾ ਘੋੜਾ.

ਨੁਕਲ: ਅ਼. نقل ਨੁਕ਼ਲ. ਸੰਗਜਾ- ਸ਼ਰਾਬ ਪੀਣ ਪਿੱਛੋਂ ਮੂੰਹ ਦਾ ਸਵਾਦ ਸਵਾਰਣ ਲਈ ਮਾਸ ਆਦਿ ਜੋ ਵਸ੍ਤੁ ਖਾਧੀਜਾਵੇ. "ਕਰਜੋ ਪਾਨ ਮੁਖ ਨੁਕਲ ਮੰਗਾਇ." (ਗੁਪ੍ਰਸੂ) ੩. ਨਕੁਲ ਦੀ ਥਾਂ ਕਈ ਅਞਾਣ ਲਿਖਾਰੀਆਂ ਨੇ ਨੁਕਲ ਸ਼ਬਦ ਲਿਖਦਿੱਤਾ ਹੈ.

ਨੁਖਸਾਨ: ਦੇਖੋ, ਨੁਕਸਾਨ.

ਨੁਖਸਾਨੀ: ਨੁਕਸਾਨ ਉਠਾਉਣ ਵਾਲਾ. "ਹੋਇ ਨੁਖਸਾਨੀ ਅੰਝੂ ਰੋਵੈ." (ਭਾਗੁ)

ਨੁਖਾ: ਸੰ. ਸ੍ਨੁਸ਼ਾ. ਸੰਗਜਾ- ਪੁਤ੍ਰ ਦੀ ਵਹੁਟੀ, ਨੂੰਹ.

ਨੁਖ਼ਸ੍ਤ: ਫ਼ਾ. نخست ਕਿ. ਵਿ- ਪਹਿਲੇ. ਪ੍ਰਥਮ.

ਨੁਗਦਾ: ਸੰਗਜਾ- ਭੰਗ ਸਰਦਾਈ ਆਦਿ ਵਸਤਾਂ ਦਾ ਫੋਗ, ਜੋ ਛਾਣਨ ਵੇਲੇ ਪੋਣੇ ਵਿੱਚ ਰਹਿਜਾਂਦਾ ਹੈ. ਦੇਖੋ, ਨੁਗਦਾ ਮਾਰਨਾ.

ਨੁਗਦਾ ਮਾਰਨਾ: ਕ੍ਰਿ- ਭੰਗ ਛਾਣਕੇ ਜੋ ਨੁਗਦਾ ਪੋਣੇ ਵਿੱਚੋਂ ਨਿਕਲੇ, ਉਸ ਦੀ ਗੋਲੀ ਵੱਟਕੇ ਵੈਰੀ ਦਾ ਨਾਉਂ ਲੈਕੇ ਕਿਸੇ ਨਿਸ਼ਾਨੇ ਪੁਰ ਮਾਰਨੀ. ਭੰਗੜ ਆਖਿਆ ਕਰਦੇ ਹਨ- "ਆਇਆ ਨੁਗਦਾ, ਤੇਰੇ ਬਾਲ ਬੱਚੇ ਨੂੰ ਚੁਗਦਾ." ਆਦਿ. "ਸਤ੍ਰੁਨ ਕੇ ਸਿਰ ਨੁਗਦਾ ਮਾਰੈ." (ਗੁਪ੍ਰਸੂ)

ਨੁਗਦੀ: ਫ਼ਾ. نخودی ਨਖ਼ੁਦੀ. ਸੰਗਜਾ- ਨੁਕਤੀ. ਨਖ਼ੁਦ (ਛੋਲਿਆ) ਦੇ ਆਟੇ (ਬੇਸਣ) ਦੀ ਘੀ ਅਥਵਾ ਤੇਲ ਵਿੱਚ ਤਲੀ ਹੋਈ ਨਮਕੀਨ ਪਕੌੜੀ। ੨. ਖੰਡ ਵਿੱਚ ਪਾਗੀਹੋਈ ਮਿੱਠੀ ਨੁਗਦੀ. "ਨੁਗਦੀ ਅਰੁ ਸੇਵਕੀਆਂ ਚਿਰਵੇ." (ਕ੍ਰਿਸਨਾਵ)

ਨੁਚਾਰਾ: ਨ- ਉਚਾਰਾ. ਨਾ ਆਖਿਆ."ਪ੍ਰਾਨ ਤਜੇ ਤਿਨ ਪਾਨਿ ਨੁਚਾਰਾ." (ਰੁਦ੍ਰਾਵ) ਪਾਣੀ ਨਾ ਮੰਗਿਆ.

ਨੁਤ: ਸੰ. ਵਿ- ਪ੍ਰਸ਼ੰਸਿਤ. ਜਿਸ ਦੀ ਉਸਤਤਿ ਕੀਤੀ ਗਈ ਹੈ.

ਨੁਤਫ਼ਾ, ਨੁਤ਼ਫ਼ਾ: ਅ਼. نطفہ ਸੰਗਜਾ- ਵੀਰਜ. ਸ਼ੁਕ੍ਰ. "ਨੁਤਫਿਓ ਮਾਸ ਉਪਜਈ ਮਾਸਹੁ ਜੁੱਸੇ ਪਾਕ." (ਜਸਾ) ੨. ਔਲਾਦ.

ਸੰਤਾਨ.

ਨੁਤਿ: ਸੰ. ਸੰਗਯਾ- ਪ੍ਰਸ਼ੰਸਾ. ਤਅ਼ਰੀਫ. "ਸੁਨੀ ਨੁਤਿ ਗੌਰਤਾਤ." (ਨਾਪ੍ਰ) "ਨੁਤਿਹ ਬਖਾਨਤ ਆਨਦਕੰਦਾ." (ਨਾਪ੍ਰ) ੨. ਪ੍ਰਣਾਮ. ਬੰਦਨਾ. ਨਮਸਕਾਰ.

ਨੁਦ: ਸੰ. ਨੁਦ੍. ਧਾ. ਧਕੇਲਣਾ, ਹੱਕਣਾ, ਪ੍ਰੇਰਨਾ, ਅੱਗੇ ਵਧਣਾ.

ਨੁਦਯ, ਨੁਦੈ: ਨ- ਉਦਯ. ਵਿ- ਗੁਪਤ. ਲੋਪ। ੨. ਨਮੂਦਾਰ. ਪ੍ਰਗਟ. ਪੁੰਨ ਕੇ ਪੰਥਪ੍ਰਕਾਸ਼ ਨੁਦੈ ਭਯੇ." (ਸ਼ੇਖਰ) ਦੇਖੋ, ਨੁਦ ਧਾ.

ਨੁਮਾ: ਫ਼ਾ. نما ਦਿਖਾਉਣ ਦਾ ਭਾਵ। ੨. ਪ੍ਰਤਯਯ, ਜੋ ਸ਼ਬਦ ਦੇ ਅੰਤ ਲਗਕੇ ਵਾਲਾ (ਵਾਨ) ਅਰਥ ਪ੍ਰਗਟ ਕਰਦਾ ਹੈ. ਜਿਵੇਂ- ਰਹਨੁਮਾ.

ਨੁਮਾਇਸ਼, ਨੁਮਾਯਸ਼: ਫ਼ਾ. نمایش ਸੰਗਯਾ- ਪ੍ਰਦਰਸ਼ਨ. ਦਿਖਾਵਾ। ੨. ਆਡੰਬਰ। ੩. ਉਹ ਮੇਲਾ, ਜਿਸ ਵਿੱਚ ਅਦਭੁਤ ਚੀਜ਼ਾਂ ਦਿਖਾਈਆਂਜਾਣਤ. ਪ੍ਰਦਰਸ਼ਿਨੀ.

ਨੁਰਾਤੇ: ਦੇਖੋ, ਨਵਰਾਤ੍ਰ.

ਨੁਰੰਗਾ: ਔਰੰਗਜ਼ੇਬ ਪਾਤਸ਼ਾਹ."ਦਿੱਲੀਪੁਰ ਕੋ ਗਯੋ ਨੁਰੰਗਾ." (ਗੁਪ੍ਰਸੂ)

ਨੁਰੰਗਾਬਾਦ: ਦੇਖੋ, ਨੌਰਗਾਬਾਦ.

ਨੁਵਾਹ: ਦੇਖੋ, ਨਵਾਹ.

ਨੂ: ਨੂੰ. ਕਰਮ ਅਤੇ ਸੰਪ੍ਰਦਾਨ ਦਾ ਵਿਭਕ੍ਤਿ. ਪ੍ਰਤਯਯ. ਨੋ ਪ੍ਰਤਿ.

ਨੂਹ, ਨੂਹ਼: ਅ਼. نُوح ਵਿਲਾਪ. ਕੀਰਨੇ ਪਾਉਣ ਦੀ ਕ੍ਰਿਯਾ। ੨. ਇੱਕ ਪੈਗ਼ੰਬਰ Noah. ਇਸ ਦਾ ਜਿਕਰ ਬਾਈਬਲ ਅਤੇ ਕ਼ੁਰਾਨ ਵਿੱਚ ਕਈ ਥਾਈਂ ਆਇਆ ਹੈ. ਜਦ ਆਦਮ ਦੀ ਦਸਵੀਂ ਪੀੜ੍ਹੀ ਦੱਸਿਆਗਿਆ ਹੈ. ਜਦ ਇਸ ਦੀ ੫੦੦ ਵਰ੍ਹੇ ਦੀ ਉਮਰ ਹੋਈ, ਤਦ ਇਸ ਦੇ ਘਰ ਤਿੰਨ ਬੇਟੇ (ਸਾਮ, ਹ਼ਾਮ ਅਰ ਯਾਫ਼ਸ) ਪੈਦਾ ਹੋਏ. ਉਸ ਸਮੇਂ ਸੰਸਾਰ ਵਿੱਚ ਘੋਰ ਪਾਪ ਹੋ ਰਹੇ ਸਨ, ਖ਼ੁਦਾ ਨੇ ਸਾਰੀ ਪ੍ਰਿਥਿਵੀ ਗਰਕ ਕਰਦੇਣੀ ਚਾਹੀ, ਪਰ ਨੂਹ ਪੁਰ ਕ੍ਰਿਪਾ ਕਰਕੇ ਹੁਕਮ ਦਿੱਤਾ ਕਿ ਉਹ ਆਪਣੇ ਪਰਿਵਾਰ ਨੂੰ, ਅਤੇ ਪ੍ਰਿਥਿਵੀ ਦੇ ਹਰੇਕ ਜੀਵ ਦਾ ਜੋੜਾ ਲੈਕੇ ਕਿਸ਼ਤੀ ਵਿੱਚ ਪ੍ਰਵੇਸ਼ ਕਰੇ, ਅਰ ਜੋ ਉਸ ਦੀ ਕਿਸ਼ਤੀ ਵਿੱਚ ਹੋਣਗੇ, ਓਹ ਪ੍ਰਲੈ ਤੋਂ ਬਚਜਾਣਗੇ. ਨੂਹ ਨੇ ਖ਼ੁਦਾ ਦੇ ਹੁਕਮ ਅਨੁਸਾਰ ਤਿੰਨ ਸੌ ਹੱਥ ਦੀ ਲੰਮੀ, ਪੰਜਾਹ ਹੱਥ ਦੀ ਚੌੜੀ ਅਤੇ ਤੀਹ ਹੱਥ ਉੱਚੀ ਬੇੜੀ ਬਣਾਈ. ਉਸ ਵਿੱਚ ਖੁਰਾਕ ਦਾ ਸਾਮਾਨ ਰੱਖਕੇ ਅਤੇ ਆਪਣੇ ਕੁਟੰਬ ਅਰ ਹਰ ਨਸਲ ਦੇ ਜੀਵ ਜੰਤਾਂ ਦਾ ਜੋੜ ਲੈਕੇ ਪ੍ਰਵੇਸ਼ ਹੋ ਗਿਆ ਅਰ ਰਾਲ ਨਾਲ ਕਿਸ਼ਤੀ ਦਾ ਮੂੰਹ ਬੰਦ ਕਰਦਿੱਤਾ. ਜਦ ਇਹ ਕਾਰਜ ਹੋਲਿਆ, ਤਾਂ ੪੦ ਦਿਨ ਮੂਸਲਧਾਰ ਵਰਖਾ ਨਾਲ ਸਾਰੀ ਪ੍ਰਿਥਵੀ ਜਲ ਵਿੱਚ ਡੋਬੀਗਈ, ਅਰ ਪਹਾੜਾਂ ਦੀ ਚੋਟੀ ਤੋਂ ੧੫ ਹੱਥ ਪਾਣੀ ਉੱਚਾ ਚੜ੍ਹਗਿਆ. ਬਾਰਾਂ ਮਹੀਨੇ ਪਿੱਛੋਂ ਜ਼ਮੀਨ ਦਾ ਪਾਣੀ ਖੁਸ਼ਕ ਹੋਇਆ ਅਤੇ ਨੂਹ ਸਭ ਜੀਵਾਂ ਸਮੇਤ ਕਿਸ਼ਤੀ ਤੋਂ ਬਾਹਰ ਆਇਆ ਅਰ ਜੋ ਜੀਵ ਉਸ ਨਾਲ ਕਿਸ਼ਤੀ ਵਿੱਚ ਰਹੇ ਸਨ, ਉਨ੍ਹਾਂ ਦੀ ਨਸਲ ਸੰਸਾਰ ਵਿੱਚ ਫੈਲੀ. ਨੂਹ ਦੀ ਸਾਰੀ ਉਮਰ ਨੌਂ ਸੌ ਵਰ੍ਹੇ ਦੀ ਸੀ. ਨੂਹ ਸ਼ਬਦ "ਮਨੁ" ਦਾ ਹੀ ਰੁਪਾਂਤਰ ਹੈ. ਦੇਖੋ, ਮਨੁ। ੩. ਦੇਖੋ, ਨੂੰਹ.

ਨੂੰਹ: ਸੰਗਯਾ- ਸ੍ਨੁਸ਼ਾ. ਬੇਟੇ ਦੀ ਵਹੁਟੀ.

ਨੂਣ: ਸੰਗਯਾ- ਲਵਣ. ਲੂਣ. ਨਮਕ.

ਨੂਤ: ਸੰ. ਵਿ- ਸਲਾਹਿਆ ਹੋਇਆ. ਪ੍ਰਸੰਸ਼ਿਤ। ੨. ਨੂਤਨ ਦਾ ਸੰਖੇਪ. ਨਵਾਂ ਦੇਖੋ, ਨੂਤਨ.

ਨੂਤਨ, ਨੂਤਨੋ: ਸੰ. ਨੂਤਨ. ਵਿ- ਨਵਾਂ. ਨਵੀਨ. ਨਯਾ। ੨. ਤਾਜ਼ਾ. ਸੱਜਰਾ। ੩. ਅਣੋਖਾ. ਅਨੂਠਾ.

ਨੂਦ: ਸੰ. ਸੰਗਜਾ- ਸ਼ਹਤੂਤ ਦਾ ਬਿਰਛ ਅਤੇ ਫਲ.

ਨੂਨ: ਲੂਣ. ਦੇਖੋ, ਨੂਣ। ੨. ਘੱਟ. ਦੇਖੋ, ਨਜੂਨ.

ਨੂਨਤਾ: ਕਮੀ. ਘਾਟਾ. ਦੇਖੋ, ਨਜੂਨਤਾ. "ਪਹਿਰੇ ਬਿਨਾ ਨੂਨਤਾ ਜੋਊ." (ਨਾਪ੍ਰ)

ਨੂਪਰ, ਨੂਪੁਰ: ਸੰ. ਨੂਪੁਰ. ਸੰਗਜਾ- ਪੈਰਾਂ ਦਾ ਗਹਿਣਾ. ਝਾਂਜਰ.

ਨੂਰ: ਅ਼. نوُر ਸੰਗਜਾ- ਚਮਕ. ਉਜਾਲਾ. ਪ੍ਰਕਾਸ਼। ੨. ਕਰਤਾਰ ਦਾ ਚਮਤਕਾਰ. "ਏਕ ਨੂਰ ਤੇ ਸਭੁ ਜਗੁ ਉਪਜਿਆ." (ਪ੍ਰਭਾ ਕਬੀਰ) ੩. ਸ਼ੋਭਾ। ੪. ਕਰਤਾਰ ਦਾ ਇੱਕ ਨਾਮ. ਜਯੋਤਿਰੂਪ।

੫ ਪਾਕਦਾਮਨ ਇਸਤ੍ਰੀਆਂ. ਇਹ ਨਵਾਰ ਦਾ ਬਹੁਵਚਨ ਹੈ. "ਹੂਰ ਨੂਰ ਮੁਸਕ ਖੁਦਾਇਆ ਬੰਦਗੀ." (ਮਾਰੂ ਸੋਲਹੇ ਮਃ ੫) ਬਹਿਸ਼ਤ ਦੀਆਂ ਅਪਸਰਾ, ਪਵਿਤ੍ਰ ਇਸਤ੍ਰੀਆਂ ਅਤੇ ਸੁਗੰਧ ਆਦਿ ਪਦਾਰਥ, ਖੁਦਾ ਦੀ ਬੰਦਗੀ ਹੈ। ੬. ਨਾਰ (ਅਗਨਿ) ਦਾ ਬਹੁਵਚਨ.

ਨੂਰਸ਼ਾਹਿ: ਜਨਮਸਾਖੀ ਅਨੁਸਾਰ ਕਾਮਰੂਪ ਦੀ ਇੱਕ ਚੇਟਕੀ ਰਾਣੀ, ਜੋ ਮੰਤ੍ਰ ਯੰਤ੍ਰਾਂ ਦੇ ਅਭਜਾਸ ਵਿੱਚ ਉਮਰ ਗਵਾ ਰਹੀ ਸੀ.[730] ਸਤਿਗੁਰੂ ਨਾਨਕਦੇਵ ਨੇ ਇਸ ਨੂੰ ਸੁਮਾਰਗ ਪਾਇਆ.

ਨੂਰਜਹਾਂ: نوُرجہاں ਮਿਰਜ਼ਾ ਗ਼ਯਾਸ (ਇਤਮਾਦੁੱਦੌਲਾ) ਦੀ ਬੇਟੀ, ਜੋ ਸਨ ੧੫੯੧ ਵਿੱਚ ਜੰਮੀ. ਇਹ ਅਸਦਖ਼ਾਨ ਅਰ ਆਸਫਖ਼ਾਨ ਦੀ ਭੈਣ, ਅਤੇ ਜਹਾਂਗੀਰ ਦੀ ਪਰਮਪਿਆਰੀ ਬੇਗਮ ਸੀ. ਇਹ ਪਹਿਲਾਂ ਸ਼ੇਰਅਫ਼ਗਨਖ਼ਾਨ ਨੂੰ ਵਿਆਹੀਗਈ ਸੀ. ਜਹਾਂਗੀਰ ਨੇ ਉਸਨੂੰ ਮਰਵਾਕੇ ਸਨ ੧੬੧੧ ਵਿੱਚ ਆਪਣੀ ਬੇਗਮ ਬਣਾਈ ਅਰ ਮੇਹਰੁੱਨਿਸਾ ਦੀ ਥਾਂ ਨੂਰਜਹਾਂ ਨਾਉਂ ਰੱਖਿਆ. ਇਹ ਵਡੀ ਦਾਨਾ ਮਲਿਕਾ ਹੋਈ ਹੈ. ਰਾਜਪ੍ਰਬੰਧ ਵਿੱਚ ਆਪਣੇ ਪਤੀ ਦਾ ਹੱਥ ਵਟਾਂਦੀ ਰਹੀ. ਜਹਾਂਗੀਰ ਦੇ ਅਠਾਰਾਂ ਵਰ੍ਹੇ ਮਰਨ ਪਿੱਛੋਂ ਇਸਦਾ ਦੇਹਾਂਤ ਸਨ ੧੬੪੫ ਵਿੱਚ ਲਹੌਰ ਹੋਇਆ ਅਰ ਜਹਾਂਗੀਰ ਦੇ ਮਕ਼ਬਰੇ (ਸ਼ਾਹਦਰੇ) ਦਫ਼ਨ ਕੀਤੀ ਗਈ. ਦੇਖੋ, ਜਹਾਂਗੀਰ.

ਨੂਰਦੀਂ, ਨੂਰਦੀਨ: ਦੇਖੋ, ਤਰਨਤਾਰਨ.

ਨੂਰਪੁਰ: ਜਿਲਾ ਹੁਸ਼ਿਆਰਪੁਰ ਦਾ ਇੱਕ ਪਿੰਡ, ਜੋ ਥਾਣਾ ਨੂਰਪੁਰ ਦੇ ਪਾਸ ਹੈ. ਇੱਥੋਂ ਦੇ ਪੀਰਮੁਹੰਮਦ ਸੈਯਦ ਨੇ ਲੱਲ ਦੇ ਮਕਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬਾਬਤ ਸ਼ਹਾਦਤ ਦਿੱਤੀ ਸੀ ਕਿ ਇਹ ਕਹਾਣੀ ਵਾਲੇ ਪੀਰ ਹਨ. ਦਸ਼ਮੇਸ਼ ਨੇ ਇਸ ਨੂੰ ਹੁਕਮਨਾਮਾ ਬਖਸ਼ਿਆ, ਜੋ ਹੁਣ ਉਸਦੀ ਔਲਾਦ ਪਾਸ ਹੈ ਅਰ ਸਿੱਖ ਰਿਆਸਤਾਂ ਤੋਂ ਸਾਲਾਨਾ ਪੂਜਾ ਮਿਲਦੀ ਹੈ. "ਬਾੱਸੀ ਨੂਰਪੁਰੇ ਕੋ ਸੁਭਮਤਿ ਮਗ ਖੁਦਾਇ ਕੇ ਮਿਲਨ ਚਹੰਤ. " (ਗੁਪ੍ਰਸੂ) ਕਿਤਨਿਆਂ ਨ ਪੀਰਮੁਹੰਮਦ ਨੂੰ ਸਲੋਹ ਦਾ ਵਸਨੀਕ ਲਿਖਿਆ ਹੈ। ੨. ਦੇਖੋ, ਬਾਈਧਾਰ.

ਨੂਰਮਹਲ, ਨੂਰਮਹਿਲ: ਜਿਲਾ ਜਲੰਧਰ, ਤਸੀਲ ਫਲੌਰ ਦਾ ਇੱਕ ਪਿੰਡ, ਜਿੱਥੇ ਥਾਣਾ ਹੈ. ਰੇਲਵੇ ਸਟੇਸ਼ਨ ਨੂਰਮਹਿਲ ਤੋਂ ਡੇਢ ਮੀਲ ਉੱਤਰ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਾਈਂ ਫਤੇਸ਼ਾਹ ਦਾ ਪ੍ਰੇਮ ਦੇਖਕੇ ਸਤਿਗੁਰੂ ਇੱਥੇ ਠਹਿਰੇ ਹਨ. ਗੁਰੂ ਸਾਹਿਬ ਦੇ ਵਿਰਾਜਣ ਦੇ ਇੱਥੇ ਦੋ ਥਾਂ ਹਨ. ਫਤੇਸ਼ਾਹ ਦੇ ਮਕਬਰੇ ਪਾਸ ਛੀਂਬਿਆਂ ਦੀ ਧਰਮਸਾਲਾ ਪਾਸ ਮੰਜੀਸਾਹਿਬ ਬਣਿਆਹੋਇਆ ਹੈ, ਪੁਜਾਰੀ ਸਿੰਘ ਹੈ। ੨. ਦਸਮਦ੍ਵਾਰ। ੩. ਗਜਾਨ ਸਹਿਤ ਅੰਤਹਕਰਣ. "ਨੂਰਮਹਲ ਕੋ ਸੋਧਕੈ ਗੁਰੁਬਲ ਧਸੈ ਜੁ ਦਾਸ." (ਗੁਵਿ ੧੦) ੫. ਨੂਰਜਹਾਂ ਬੇਗਮ ਦੀ ਭੀ ਨੂਰਮਹਲ ਸੰਗਜਾ ਹੈ.

ਨੂਰਮਹਿਲ ਦੀ ਸਰਾਇ: ਦੇਖੋ, ਤਰਨਤਾਰਨ.

ਨੂਰ: ਦੇਖੋ, ਨੂਰ.

---

[730] ਉੱਥੋਂ ਦੀ ਸਰਦਾਰ ਨੂਰਸ਼ਾਹਿ ਨਾਮੇ ਔਰਤ ਹੈ ਸੀ. (ਜਸਾ)

ਨੇ: ਪ੍ਰਤ- ਸਕਰਮਕ ਭੂਤ ਕਾਲ ਦੀ ਕ੍ਰਿਯਾ ਦੇ ਕਰਤਾ ਦਾ ਚਿੰਨ੍ਹ. ਜਿਵੇਂ- "ਉਸ ਨੇ ਸਨਾਨ ਕਰਕੇ ਗੁਰਬਾਣੀ ਦਾ ਪਾਠ ਕੀਤਾ"। ੨. ਕ੍ਰਿਯਾਬੋਧਕ ਹਨ. ਹੈਨ. ਜੈਸੇ- "ਸੰਤ ਕਰਤਾਰ ਨਾਲ ਪਿਆਰ ਕਰਦੇਨੇ"।

੩. ਨਿਹ (ਨਿਸ) ਦੀ ਥਾਂ ਭੀ ਨੇ ਸ਼ਬਦ ਆਇਆ ਹੈ- "ਨੇਕਲੰਕੀ ਸਰੂਪੇ." (ਜਾਪੁ)

ਨੇਉਜਾ: ਦੇਖੋ, ਨੇਵਜਾ.

ਨੇਉਂਦਾ: ਦੇਖੋ, ਨਿਉਂਦਾ.

ਨੇਸ: ਫ਼ਾ. نیش ਨੇਸ਼. ਸੰਗਯਾ- ਡੰਗ. ਦੰਸ਼। ੨. ਜੰਗਲੀ ਜਾਨਵਰਾਂ ਦਾ ਤਿੱਖਾ ਦੰਦ, ਜਿਸ ਨਾਲ ਉਹ ਚੀਰਦੇ ਹਨ ਅਤੇ ਪਾੜਦੇ ਹਨ। ੩. ਨੇਸ੍ਤ نیست ਦੀ ਥਾਂ ਭੀ ਨੇਸ ਸ਼ਬਦ ਆਇਆ ਹੈ. "ਕਸਨੇਸ ਦਸਤੰਗੀਰ." (ਤਿਲੰ ਮਃ ੧)

ਨੇਸਟਾ: ਜਿਲਾ ਅਮ੍ਰਿਤਸਰ, ਥਾਣਾ ਘਰਿੰਡਾ ਵਿੱਚ ਅਟਾਰੀ ਰੇਲਵੇ ਸਟੇਸ਼ਨ ਤੋਂ ਦੱਖਣ ਵੱਲ ਇੱਕ ਮੀਲ ਦੀ ਕ਼ਰੀਬ ਇੱਕ ਪਿੱਡ ਹੈ. ਇਸ ਤੋਂ ਉੱਤਰ ਵੱਲ ਆਬਾਦੀ ਦੇ ਨਾਲ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਮੁਜੰਗ ਤੋਂ ਅਮ੍ਰਿਤਸਰ ਜਾਂਦੇ ਗੁਰੂ ਜੀ ਇੱਥੇ ਵਿਰਾਜੇ ਹਨ. ਗੁਰਦ੍ਵਾਰੇ ਦੀ ਹਾਲਤ ਬਹੁਤ ਢਿੱਲੀ ਹੈ, ਸੇਵਾਦਾਰ ਕੋਈ ਨਹੀਂ. ਗੁਰੂ ਜੀ ਦੇ ਸਮੇਂ ਦਾ ਪੁਰਾਣਾ ਖੂਹ, ਜਿਸ ਪਾਸ ਗੁਰੂ ਜੀ ਬੈਠੇ ਸਨ, ਮੌਜੂਦ ਹੈ। ੨. ਦੇਖੋ, ਨਿਸ਼੍ਠਾ.

ਨੇਸਤ: ਫ਼ਾ. نیست ਵਿ- ਜੋ ਨਹੀਂ ਹੈ. ਸੰ ਨਾਸ੍ਤਿ. ਨਹੀਂ ਹੈ.

ਨੇਸੁਕ: ਕ੍ਰਿ ਵਿ- ਥੋੜਾ. ਤਨਿਕ, ਨੈਕ ਸਾ.

ਨੇਸ਼੍ਠਾ: ਦੇਖੋ. ਨਿਸ਼੍ਠਾ.

ਨੇਸ਼੍ਠੀ: ਦੇਖੋ. ਨਿਸ਼੍ਠ। ੨. ਸੰ. ਨੈਸ਼੍ਠਿਕ. ਵਿ- ਨਿਸ਼੍ਠ (ਨਿਸ਼੍ਠੇ) ਵਾਲਾ। ੩. ਗਯਾਨ ਅਵਸਥਾ ਵਿੱਚ ਇਸਥਿਤ.

ਨੇਸ੍ਤੀ: ਫ਼ਾ. نیستی ਸੰਗਯਾ- ਨਾ ਹੋਣ ਦਾ ਭਾਵ। ੨. ਸੁਸਤੀ। ੩. ਬਰਬਾਦੀ. ਤਬਾਹੀ.

ਨੇਹ, ਨੇਂਹ: ਸੰਗਯਾ- ਸ੍ਨੇਹ. ਪਯਾਰ. ਮੁਹੱਬਤ। ੨. ਤੇਲ. "ਸਪਤ ਸੁਹਾਗਣਿ ਨੇਹ ਚੜਾਵੈਂ." (ਗੁਪ੍ਰਸੂ)

ਨੇਹ ਨਾਨਾਸ੍ਤਿ ਕਿੰਚਨ[731]: ਇਹ (ਇਸ ਬ੍ਰਹ੍ਮ ਵਿੱਚ) ਨਹੀਂ ਨਾਨਾ ਪਨ (ਅਨੇਕਤਾ) ਕੁਝ ਭੀ.

ਨੇਹਨਿਬਾਹਨ: ਸਨੇਹ (ਪ੍ਰੇਮ) ਦਾ ਇੱਕਰਸ ਨਿਰਵਾਹ ਕਰਨਾ. ਸਨੇਹ ਵਿੱਚ ਫ਼ਰਕ਼ ਨਾ ਆਉਣ ਦੇਣਾ.

ਸੀਖੇ ਰਸਰੀਤਿ ਸੀਖੇ ਪ੍ਰੀਤਿ ਕੇ ਪ੍ਰਕਾਰ ਸਬੈ

ਸੀਖੇ "ਕੇਸੋਰਾਯ" ਮਨ ਮਨ ਕੋ ਮਿਲਾਯਬੋ,

ਸੀਖੇ ਸੌਂਹੈਂ ਖਾਨ ਨਟ ਤਾਨ ਮੁਸਕਾਨ ਸੀਖੇ

ਸੀਖੇ ਸੈਨ ਬੈਨਨ ਮੇ ਹੱਸਯੋ ਹੱਸਾਯਬੋ,

ਸੀਖੇ ਚਾਹ ਚਾਹ ਸੋਂ ਜੁ ਚਾਹ ਉਪਜਾਯਬੇ ਕੀ

ਜੀਸੀ ਕੋਊ ਚਾਹੈ ਚਾਹ ਤੈਸੀ ਵਾਂਹ ਚਾਹਬੋ,

ਜਹਾਂ ਤਹਾਂ ਸੀਖੇ ਏਸੀ ਬਾਤੈਂ ਘਾਤੈਂ ਤਾਂਤੇ ਤਬ ਤਹਾਂ ਕਯੋ ਨ ਸੀਖਯੋ ਨੈਕ ਨੇਹ ਕੋ ਨਿਬਾਹਬੋ?

---

[731] मनसैवानु द्रष्टव्यं नेहनानास्ति किञ्चन.
(ਵ੍ਰਿਹਦਾਰਕਣਜਕ ਅਃ ੪, ਬ੍ਰਾਹਮਣ ੪, ਮੰਤ੍ਰ ੧੯) ਮਨ ਕਰਕੇ ਹੀ ਦੇਖਣ ਯੋਗਯ ਹੈ, ਨਹੀਂ ਇਸ (ਆਤਮਾ) ਵਿੱਚ ਨਾਨਾਪਨ (ਅਨੇਕਤਾ) ਜਰਾ ਭੀ.

ਗਾਹਬੋ ਸਾਗਰ ਕੋ ਨ ਕਛੂ ਫਿਰ

ਡਾਰਬੋ ਸਤ੍ਰ ਸਮੂਹ ਅਛੇਹ ਕੋ,

ਢਾਹਬੋ ਮੇਰੁ ਕੋ ਬਾਤ ਕਿਤੀ ਫਿਰ

ਪਾਵਕ ਬੀਚ ਉਮਾਹਬੋ ਦੇਹ ਕੋ,

ਤਜੋਂ ਕਵਿ ਗ੍ਵਾਲ ਵਿਸਾਹਬੋ ਦੁੱਖ

ਕਹਾਂ ਫਿਰ ਚਾਹਬੋ ਸਿੰਘ ਸਤੇਹ ਕੋ

ਬਾਹਬੋ ਤੇਗ ਕੋ ਹੈ ਸਹਿਜਾ ਸੁ

ਪਰੈ ਕਠਿਨਾ ਜੁ ਨਿਬਾਹਬੋ ਨੇਹ ਕੋ.

ਨੇਹੀ: ਸੰਗਯਾ- ਰੱਸੀ. ਦੇਖੋ ਨਹ੍ ਧਾ। ੨. ਅ਼. نہی ਨਹੀਂ ਮਥਨ (ਰਿੜਕਣ) ਦੀ ਕ੍ਰਿਯਾ। ੩. ਮੁਟਕਾ, ਜਿਸ ਵਿੱਚ ਦੁੱਧ ਰੱਖੀਦਾ ਹੈ. "ਜਿਨਿ ਬਾਸੁਕ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ." (ਵਾਰ ਰਾਮ ੩) ੪. ਅ਼. نُہی ਸੰਗਯਾ- ਦੂਰਅੰਦੇਸ਼ੀ. ਪੇਸ਼ਬੀਨੀ. ਆਕਬਤ ਅੰਦੇਸ਼ੀ. "ਰਣਿ ਰੂਤਉ ਨਰ ਨੇਹਿ ਕਰੈ." (ਗਉ ਬਾਵਨ ਕਬੀਰ) ੫. ਸੰ. स्नेहिन्. ਵਿ- ਸਨੇਹੀ. ਨੇਹ (ਸ੍ਨੇਹ) ਕਰਨ ਵਾਲਾ. "ਗੁਰਚਰਨ ਕੋ ਨੇਹੀ." (ਗੁਰੁਪਦ)

ਨੇਹੁ: ਸਿੰਧਿ. ਸੰਗਯਾ- ਸ੍ਨੇਹ. ਪਯਾਰ. "ਜਿਸੁ ਪਯਾਰੇ ਸਿਉ ਨੇਹੁ, ਤਿਸੁ ਆਗੈ ਮਰਿਚਲੀਐ." (ਵਾਰ ਸ੍ਰੀ ਮਃ ੨)

ਨੇਕ: ਫ਼ਾ. نیک ਵਿ- ਹੱਛਾ. ਭਲਾ. ਉੱਤਮ. "ਖੀਵੀ ਨੇਕ ਜਨ." (ਵਾਰ ਰਾਮ ੩) ੨. ਬਹੁਤ. ਅਧਿਕ। ੩. ਹਿੰਦੀ. ਕ੍ਰਿ. ਵਿ- ਤਨਿਕ. ਥੋੜਾ। ੪. ਵਿ- ਨ- ਏਕ. ਅਨੇਕ. "ਨਰ ਨਾਨਰਨ ਨੇਕ ਮਤੰ." (ਕਲਕੀ) ਮਨੁੱਖ ਅਤੇ ਇਸਤ੍ਰੀਆਂ ਦੇ ਅਨੇਕ ਮਤ। ੫. ਅਞਾਣ ਲਿਖਾਰੀ ਨੇ ੪੦੫ ਵੇਂ ਚਰਿਤ੍ਰ ਵਿੱਚ ਨਕ੍ਰ ਦੀ ਥਾਂ ਨੇਕ ਸ਼ਬਦ ਲਿਖਦਿੱਤਾ ਹੈ- "ਤਹਾਂ ਬ੍ਰਿੰਦ ਬਾਜੀ ਬਹੇ ਨੇਕ ਜੈਸੇ." ਅੰਗ ੧੭੧. ਘੋੜੇ ਮਗਰਮੱਛ ਜੇਹੇ.

ਨੇਕਖ਼ੂ: ਫ਼ਾ. ਹੱਛੇ ਸੁਭਾਉ ਵਾਲਾ.

ਨੇਕਚਲਨ: ਹੱਛੇ ਆਚਾਰ ਵਾਲਾ. ਸਦਾਚਾਰੀ.

ਨੇਕਨਾਮ: ਹੱਛੇ ਨਾਉਂ ਵਾਲਾ. ਭਾਵ- ਯਸ਼ ਵਾਲਾ.

ਨੇਕਬਖ਼ਤ: ਫ਼ਾ. نیک بخت ਵਿ- ਹੱਛੇ ਭਾਗ ਵਾਲਾ. ਖ਼ੁਸ਼ਨਸੀਬ.

ਨੇਕਲੰਕ, ਨੇਕਲੰਕੀ: ਵਿ- ਨਿਸ਼੍ਕਲੰਕ. ਦੋਸ਼ ਅਤੇ ਦਾਗ਼ ਤੋਂ ਬਿਨਾ. "ਕਲੰਕੰ ਬਿਨਾ, ਨੇਕਲੰਕੀ ਸਰੂਪੇ." (ਜਾਪੁ)

ਨੇਕਾ: ਜਿਲਾ ਲਾਹੌਰ ਤਸੀਲ ਕੁਸੂਰ ਦਾ ਇੱਕ ਪਿੰਡ, ਇੱਥੇ ਸ਼੍ਰੀ ਗੁਰੂ ਅਰਜਨਦੇਵ ਜੀ ਨੇ ਚਰਨ ਪਾਏ ਹਨ.

ਨੇਕੀ: ਫ਼ਾ. نیکی ਸੰਗਯਾ- ਭਲਾਈ। ੨. ਸੱਜਨਤਾ.

ਨੇਖ: ਸੰ. ਨਯਿਸ਼੍ਰਿ. ਵਿ- ਚੰਗੀ ਤਰਾਂ ਚਲਾਉਣ ਵਾਲਾ. ਉੱਤਮ ਪ੍ਰੇਰਕ. "ਬੀਰ ਬਹੁੜੇ ਨੇਖ." (ਰਾਮਾਵ)

ਨੇਖਾਸ: ਅ਼. نخّاس ਨੱਖ਼ਾਸ. ਸੰਗਯਾ- ਉਹ ਬਾਜ਼ਾਰ, ਜਿਸ ਵਿੱਚ ਪਸ਼ੂ ਅਤੇ ਗ਼ੁਲਾਮ ਵੇਚੇਜਾਣ. "ਕਿਉ ਨੇਖਾਸ ਬਿਕਾਈ?" (ਪ੍ਰਭਾ ਅਃ ਮਃ ੧) ਹਰੀਸ਼ਚੰਦ੍ਰ ਮੰਡੀ ਵਿੱਚ ਕਜੋਂ ਵਿਕਦਾ? ੨. ਬਰਦਹਫ਼ਰੋਸ਼.

ਨੇਗ: ਸੰਗਯਾ- ਲਾਗ. ਲਾਗੀਆਂ ਦਾ ਹ਼ੱਕ਼. ਵਿਆਹ ਆਦਿ ਸਮੇ ਸੇਵਾ ਕਰਨ ਵਾਲੇ ਸੇਵਕਾਂ ਦਾ ਇਨਾਮ. "ਆਯਕੈ ਨਿਕੇਤ ਲੀਨ ਬੇਦੀਕੁਲਕੇਤੁ ਨੇਗ." (ਨਾਪ੍ਰ)

ਨੇਗੀ: ਸੰਗਯਾ- ਲਾਗੀ. ਨੇਗ ਲੈਣ ਦਾ ਅਧਿਕਾਰੀ। ੨. ਕਾਂਗੜੇ ਜਿਲੇ ਵਿੱਚ ਨੇਗੀ ਦਾ ਅਰਥ ਹੈ ਮੁਖੀਆ. ਸਰਦਾਰ। ੩. ਡਿੰਗ. ਨਾਈ.

ਨੇਚਾ: ਫ਼ਾ. نیچہ ਨੈਚਾ. ਹੁੱਕੇ ਦੀ ਨੜੀ.

ਨੇਜਬਾਜ: ਫ਼ਾ. نیزہباز ਨੇਜ਼ਹਬਾਜ਼. ਸੰਗਯਾ- ਨੇਜ਼ਾ ਚਲਾਉਣ ਵਾਲਾ. "ਨੇਜਬਾਜ ਬਹੁ ਬੀਰ ਸੰਘਾਰੇ." (ਚਰਿਤ੍ਰ ੪੦੫)

ਨੇਜਾ: ਫ਼ਾ. نیزہ ਨੇਜ਼ਹ. ਸੰ. ਨੇਕ੍ਸ਼ਣ. ਸੰਗਯਾ- ਭਾਲਾ. ਬਰਛਾ. "ਨੇਜਾ ਨਾਮ ਨੀਸਾਣੁ." (ਸਵੈਯੇ ਮਃ ੫. ਕੇ) ੨. ਨਿਸ਼ਾਨ. ਝੰਡਾ। ੩. ਪੁਰਾਣੇ ਸਮੇਂ ਦਾ ਇੱਕ ਮਾਪ, ਜੋ ਸੱਤ ਹੱਥ (ਸਾਢੇ ਤਿੰਨ ਗਜ) ਹੋਇਆ ਕਰਦਾ ਸੀ, ਕਿਉਂਕਿ ਨੇਜਾ ਸ਼ਸਤ੍ਰ ਸੱਤ ਹੱਥ ਭਰ ਹੁੰਦਾ ਸੀ. "ਸੂਰਜ ਸਵਾ ਨੇਜੇ ਉੱਤੇ ਆਨ ਠਹਿਰੇ." (ਹੀਰ ਵਾਰਸਸ਼ਾਹ) ੪. ਚਿਲਗੋਜ਼ੇ (ਨੇਉਜੇ) ਨੂੰ ਭੀ ਬਹੁਤ ਲੋਕ ਨੇਜਾ ਆਖਦੇ ਹਨ. ਦੇਖੋ, ਨੇਵਜਾ.

ਨੇਜੈ: ਨੈਜ. ਨਦੀਜ. ਨੈ (ਗੰਗਾ ਨਦੀ) ਤੋਂ ਜਨਮਿਆ ਭੀਸ਼ਮਪਿਤਾਮਾ. "ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ." (ਮਲਾ ਨਾਮਦੇਵ) ੨. ਸੰ. ਨਯਜ. ਸੰਗਯਾ- ਨਾਯ (ਵਿਸ਼ਨੁ) ਤੋਂ ਜ (ਉਪਜਿਆ) ਬ੍ਰਹਮਾ, ਚਤੁਰਾਨਨ. ਇਸ ਦੀ ਉੱਤਪਤੀ ਵਿਸ਼ਨੁ ਦੀ ਨਾਭਿ ਤੋਂ ਪੈਦਾ ਹੋਏ ਕਮਲ ਵਿੱਚੋਂ ਹੈ.

ਨੇਤ: ਦੇਖੋ, ਨੇਤੁ ਅਤੇ ਨੇਤ੍ਰ। ੨. ਦੇਖੋ, ਨਿਤ੍ਯ. "ਕਰੀ ਮ੍ਰਿਗ ਨੇਤ ਹਰੈਂ" (ਰਾਮਾਵ) ਨਿੱਤ ਹਾਥੀ ਅਤੇ ਮ੍ਰਿਗ ਮਾਰਦੇ ਹਨ. "ਹਰਿ ਸਿਮਰਿ ਨਾਨਕ ਨੇਤ." (ਬਿਲਾ ਅਃ ਮਃ ੫) ੩. ਸੰ. ਨਿਯਤਿ. ਸੰਗਯਾ- ਕਰਤਾਰ ਦੀ ਠਹਿਰਾਈ ਬਾਤ. ਕਰਮਾਨੁਸਾਰ ਮੁਕੱਰਿਰ ਕੀਤੀ ਹੋਨਹਾਰ. "ਨੇਤ ਕਰਤਾਰ ਕੀ ਨ ਮਿਟੈ." (ਨਾਪ੍ਰ) ੪. ਦੇਖੋ, ਨੇਤਾ। ੫. ਦੇਖੋ, ਨੇਤਿ.

ਨੇਤ ਨੇਤ: ਨੇਤਿ ਨੇਤਿ. ਨ- ਇਤਿ, ਨ- ਇਤਿ. ਆਤਮਾ ਸ਼ਰੀਰ ਨਹੀਂ, ਪ੍ਰਾਣ ਨਹੀਂ, ਮਨ ਨਹੀਂ. ਭਾਵ- ਸਭ ਤੋਂ ਪਰੇ ਹੈ. "ਨੇਤ ਨੇਤ ਕਥੰਤਿ ਬੇਦਾ." (ਸਹਸ ਮਃ ੫)

ਨੇਤਰ: ਦੇਖੋ, ਨੇਤ੍ਰ। ੨. ਨ- ਇਤਰ. ਹੋਰ (ਅਨ੍ਯ) ਨਹੀਂ.

ਨੇਤਾ: ਸੰ. नेतृ- ਨੇਤ੍ਰਿ. ਵਿ- ਲੈਜਾਣ ਵਾਲਾ। ੨. ਚਲਾਉਣ ਵਾਲਾ. ਪ੍ਰੇਰਣ ਵਾਲਾ.

ਨੇਤਿ: ਨ- ਇਤਿ. ਅੰਤ ਨਹੀਂ। ੨. ਦੇਖੋ, ਨੇਤੀ ੨.

ਨੇਤਿ ਨੇਤਿ: ਦੇਖੋ, ਨੇਤ ਨੇਤ. "ਨੇਤਿ ਨੇਤਿ ਬਣ ਤ੍ਰਿਣ ਕਹਤ." (ਜਾਪੁ)

ਨੇਤੀ: ਸੰ. ਨੇਤ੍ਰੀ. ਸੰਗਯਾ- ਮਧਾਣੀ ਨੂੰ ਲਪੇਟੀਹੋਈ ਰੱਸੀ, ਜਿਸ ਨਾਲ ਮਧਾਣੀ ਘੁਮਾਈਜਾਂਦੀ ਹੈ. ਦੇਖੋ, ਨੇਤ੍ਰਾ। ੨. ਨੇਤਿ. ਹਠਯੋਗ ਦੀ ਇੱਕ ਕ੍ਰਿਯਾ. ਇੱਕ ਗਿੱਠ ਲੰਮਾ ਸੂਤ ਦਾ ਡੋਰਾ ਬਾਰੀਕ ਅਤੇ ਕੋਮਲ ਲੈਕੇ ਪ੍ਰਾਣਾਂ ਦੇ ਬਲ ਨੱਕ ਵਿੱਚ ਚੜ੍ਹਾਕੇ ਉਸ ਦਾ ਸਿਰਾ ਮੁਖ ਵਿੱਚਦੀਂ ਕੱਢਣਾ, ਦੋਵੇਂ ਸਿਰੇ ਡੋਰੇ ਦੇ ਫੜਕੇ ਨੱਕ ਅਤੇ ਕੰਠ ਦੀ ਸਫਾਈ ਕਰਨੀ.

ਨੇਤੀ ਧੋਤੀ: ਦੇਖੋ, ਧੋਤੀ ੩. ਅਤੇ ਨੇਤੀ ੨.

ਨੇਤੁ: ਨੇਤ੍ਰ. "ਧਨ ਓਹ ਮਸਤਕ, ਧਨੁ ਤੇਰੇ ਨੇਤੁ." (ਗਉ ਮਃ ੫) ੨. ਦੇਖੋ, ਨੇਤ.

ਨੇਤੈ: ਨਿਤ੍ਯ ਹੀ. "ਏਕੈ ਏਕੀ ਨੈਤੇ." (ਕਾਨ ਮਃ ੫)

ਨੇਤ੍ਰ: ਸੰਗਯਾ- ਜੋ ਪਦਾਰਥਾਂ ਵੱਲ ਮਨ ਦੀ ਵ੍ਰਿੱਤੀ ਲੈ ਜਾਵੇ. ਨਯਨ. ਅੱਖ. ਚਸ਼ਮ. ਚਕ੍ਸ਼ੁ. "ਨੇਤ੍ਰ ਪੁਨੀਤ ਪੇਖਤ ਹੀ ਦਰਸ." (ਗਉ ਮਃ ੫) ੨. ਮਧਾਣੀ ਨੂੰ ਲਪੇਟੀ ਰੱਸੀ। ੩. ਬਿਰਛ ਦੀ ਜੜ। ੪. ਨਾੜੀ. ਰਗ। ੫. ਰਥ। ੬. ਦੋ ਸੰਖ੍ਯਾ ਬੋਧਕ, ਕ੍ਯੋਂਕਿ ਨੇਤ੍ਰ ਦੋ ਹੁੰਦੇ ਹਨ.

ਨੇਤ੍ਰਉ: ਸੰਗਯਾ- ਨੇਤ੍ਰ. ਦੇਖੋ, ਨੇਤ੍ਰ ੨. "ਨੇਤ੍ਰਉ ਨੀਦ ਨ ਆਵੇ." (ਸੂਹੀ ਮਃ ੧) ਅਵਿਦ੍ਯਾਨੀਂਦ ਦਾ ਨਾ ਆਉਣਾ ਨੇਤ੍ਰਾ ਹੈ.

ਨੇਤ੍ਰਛਦ: ਸੰਗਯਾ- ਅੱਖ ਦਾ ਪੜਦਾ. ਪਪੋਟਾ.

ਨੇਤ੍ਰਜਲ: ਸੰਗਯਾ- ਅੰਬੁ. ਆਂਸੂ. ਹੰਝੂ. ਅਸ਼੍ਰੁ.

ਨੇਤ੍ਰਠੋਕਾ: ਖ਼ਾ. ਸੁਰਮਾ. ਅੰਜਨ.

ਨੇਤ੍ਰਤੁੰਗ: ਸੰਗਯਾ- ਦੁਰਗਾ ਦੇ ਨੇਤ੍ਰ ਜਿੱਥੇ ਸਤੀਰੂਪ ਵਿੱਚ ਡਿਗੇ ਹਨ, ਉਹ ਪਹਾੜ ਦਾ ਟਿੱਲਾ. "ਨੈਣਾਦੇਵੀ ਦਾ ਪਹਾੜ. "ਨੇਤ੍ਰਤੁੰਗ ਦੇ ਚਰਨ ਤਰ ਸਤਦ੍ਰਵ ਤੀਰ ਤਰੰਗ." (ਕ੍ਰਿਸਨਾਵ) ਦੇਖੋ, ਨੈਣਾਦੇਵੀ.

ਨੇਤ੍ਰਫੋਰੁ: ਸੰਗਯਾ- ਅੱਖ ਦਾ ਫੁਰਨਾ. ਨਿਮੇਸ਼. "ਹਰਨ ਭਰਨ ਜਾਕਾ ਨੇਤ੍ਰਫੋਰੁ." (ਸੁਖਮਨੀ)

ਨੇਤ੍ਰਰੰਜਨ: ਸੰਗਯਾ- ਨੇਤ੍ਰ ਰੰਗਣ ਦਾ ਰੰਗ. ਕੱਜਲ. ਸੁਰਮਾ.

ਨੇਤ੍ਰਾ: ਸੰ. ਨੇਤ੍ਰ. ਰੱਸੀ. "ਬੈਲ ਕਉ ਨੇਤ੍ਰਾ ਪਾਇ ਦੁਹਾਵੈ." (ਗਉ ਮਃ ੫) ੨. ਮਧਾਣੀ ਦੀ ਰੱਸੀ. "ਜਿਨਿ ਬਾਸਕੁ ਨੇਤ੍ਰੈ ਘਤਿਓ." (ਵਾਰ ਰਾਮ ੩)

"मन्थानं मन्दरं कृत्वा तथा नेत्रञ्च वासुकमि. "

(ਮਹਾਭਾਰਤ, ਪਰਵ ੨. ਅਃ ੧੮)

ਨੇਤ੍ਰਾਂਬੁ: ਸੰਗਯਾ- ਨੇਤ੍ਰ- ਅੰਬੁ. ਨੇਤ੍ਰਜਲ. ਹੰਝੂ. ਆਂਸੂ. ਅਸ਼੍ਰੁ.

ਨੇਤ੍ਰਿ: ਦੇਖੋ, ਨੇਤਾ.

ਨੇਤ੍ਰੀ: ਦੇਖੋ, ਨੇਤਾ। ੨. ਸੰ. नेत्री. ਸੰਗਯਾ- ਆਪਣੇ ਪਿੱਛੇ ਚਲਾਉਣ ਵਾਲੀ ਸਰਦਾਰਨੀ। ੩. ਲਕ੍ਸ਼ਮੀ। ੪. ਨਦੀ। ੫. ਨੇਤ੍ਰੀਂ. ਨੇਤ੍ਰੋਂ ਸੇ. ਨੇਤ੍ਰਾਂ ਨਾਲ. "ਨੇਤ੍ਰੀ ਸਤਿਗੁਰੁ ਪੇਖਣਾ." (ਵਾਰ ਗੂਜ ੨. ਮਃ ੫)

ਨੇਧਾਨੁ: ਦੇਖੋ, ਨਿਧਾਨ. "ਗੁਣਦਾਤਾ ਨੇਧਾਨੁ." (ਵਾਰ ਮਲਾ ਮਃ ੩)

ਨੇਪਥ: ਸੰ. ਨੇਪਥ੍ਯ. ਸੰਗਯਾ- ਵਸਤ੍ਰ ਭੂਸ਼ਣ ਆਦਿ ਵੇਸ਼। ੨. ਨਾਟਕ ਦੇ ਅਖਾੜੇ ਦਾ ਉਹ ਅਸਥਾਨ, ਜੋ ਪੜਦੇ ਦੇ ਅੰਦਰ ਹੁੰਦਾ ਹੈ। ੩. ਪੜਦਾ. ਕਨਾਤ.

ਨੇਪਰ: ਦੇਖੋ, ਨੂਪਰ.

ਨੇਪਾਲ: ਭਾਰਤ ਦੇ ਉੱਤਰ ਇੱਕ ਸ੍ਵਤੰਤ੍ਰ ਹਿੰਦੂ ਪਹਾੜੀ ਰਾਜ, ਜਿਸ ਦੇ ਉੱਤਰ ਤਿੱਬਤ, ਪੂਰਵ ਸਿਕਿਮ ਰਾਜਯ ਅਤੇ ਦਾਰਜਿਲਿੰਗ, ਦੱਖਣ ਬੰਗਾਲ ਦੇ ਯੂ. ਪੀ. ਦਾ ਇ਼ਲਾਕਾ. , ਪੱਛਮ ਕਮਾਊਁ ਅਤੇ ਕਾਲੀ ਨਦੀ ਹੈ. ਇਹ ਗ਼ੋਰਖਿਆਂ ਦੀ ਮਾਤ੍ਰਿਭੂਮਿ ਹੈ. ਇਸ ਦਾ ਰਕਬਾ ੫੪, ੦੦੦ ਵਰਗਮੀਲ ਅਤੇ ਆਬਾਦੀ ੫੦੦੦੦੦੦ ਹੈ. ਨੇਪਾਲ ਦੀ ਰਾਜਧਾਨੀ ਦਾ ਨਾਮ ਕਾਠਮਾਂਡੂ (Khatmandu) ਹੈ, ਜਿਸ ਦੀ ਸਮੁੰਦਰ ਤੋਂ ਬਲੰਦੀ ੨੬੪੬ ਫੁਟ ਹੈ.

ਨੇਫ਼ਾ: ਫ਼ਾ. نیفہ ਸੰਗਯਾ- ਪਜਾਮੇ ਆਦਿ ਵਸਤ੍ਰਾਂ ਵਿੱਚ ਨਾਲੇ (ਇਜ਼ਾਰਬੰਦ) ਪਾਉਣ ਦਾ ਥਾਂ.

ਨੇਬ: ਫ਼ਾ. نائب ਨਾਯਬ. ਸੰਗਯਾ- ਕਾਰਜ ਵਿੱਚ ਸਹਾਇਤਾ ਦੇਣਵਾਲਾ ਰਾਜੇ ਦਾ ਨਾਇਬ. ਮੰਤ੍ਰੀ. "ਕਾਮ ਨੇਬ ਸਦਿ ਪੁਛੀਐ." (ਵਾਰ ਆਸਾ) "ਕਿਆ ਲਸਕਰ ਕਿਆ ਨੇਬ ਖਵਾਸੀ." (ਵਾਰ ਮਾਝ ਮਃ ੧) ੨. ਪੰਜਾਬ ਵਿੱਚ ਨੇਬ ਸ਼ਬਦ ਕਲਾਲ ਵਾਸਤੇ ਵਰਤਦੇ ਹਨ ਅਰ ਇਸ ਦਾ ਮੂਲ ਨਯ- ਆਬ (ਨਲਕੀ ਨਾਲ ਪਾਣੀ ਖਿੱਚਣ ਵਾਲਾ) ਦਸਦੇ ਹਨ। ੩. ਚੋਬਦਾਰ ਲਈ ਭੀ ਨੇਬ ਸ਼ਬਦ ਆਉਂਦਾ ਹੈ. ਇਸ ਦਾ ਮੂਲ ਨਯ (ਲੈ ਜਾਣਾ) ਹੈ. ਚੋਬਦਾਰ ਅੱਗੇ ਹੋਕੇ ਆਪਣੇ ਪਿੱਛੇ ਲੋਕਾਂ ਨੂੰ ਰਾਜਸਭਾ ਵਿੱਚ ਲੈਜਾਂਦਾ ਹੈ.

ਨੇਬ ਖਬਾਸ: ਨਾਯਬ ਅਤੇ ਅਰਜਬੇਗੀ. ਚੋਬਦਾਰ ਅਤੇ ਅਰਜ਼ਗੁਜ਼ਾਰ. ਦੇਖੋ, ਖਵਾਸ.

ਨੇਬੀ: ਸੰਗਯਾ- ਨਾਯਬੀ. ਨਾਯਬ ਦਾ ਅਹੁਦਾ। ੨. ਚੋਬਦਾਰ. ਪੁਰੋਗਮ, ਲੈਜਾਣ ਵਾਲਾ ਕਰਮਚਾਰੀ. "ਨੇਬੀ ਮਹਤਾ ਸਗਲ ਬੁਲਾਏ." (ਚਰਿਤ੍ਰ ੩੨੬)

ਨੇਬੁ: ਦੇਖੋ, ਨੇਬ.

ਨੇਂਬੂ: ਦੇਖੋ, ਨਿੰਬੂ.

ਨੇਂਬੂਨਿਚੋੜ: ਆਪਣੇ ਪਾਸੋਂ ਕਿਸੇ ਦੇ ਖਾਣੇ ਵਿੱਚ ਨੇਂਬੂ ਦਾ ਰਸ ਨਿਚੋੜਕੇ ਖਾਣ ਲਈ ਬੈਠ ਜਾਣ ਵਾਲਾ. ਭਾਵ- ਥੋੜੀਜੇਹੀ ਸਾਂਝ ਕਰਕੇ ਬਹੁਤ ਲਾਭ ਉਠਾਉਣ ਵਾਲਾ. ਸ੍ਵਾਰਥੀ. ਦੇਖੋ, ਤੁਫੈਲ.

ਨੇਬੇਰਾ, ਨੇਬੇੜਾ: ਫੈਸਲਾ. ਦੇਖੋ, ਨਿਬੇੜਾ. "ਹਿੰਦੂ ਤੁਰਕ ਦੁਹਾ ਨੇਬੇਰਾ." (ਭੈਰ ਮਃ ੫) "ਹਾਥਿ ਤਿਸੈ ਕੇ ਨੇਬੇੜਾ." (ਮਾਰੂ ਸੋਲਹੇ ਮਃ ੫)

ਨੇਮ: ਸੰ. ਸੰਗਯਾ- ਕਾਲ. ਵੇਲਾ। ੨. ਖੰਡ. ਟੁਕੜਾ। ੩. ਦੀਵਾਰ. ਘੇਰਾ. ਅਹਾਤਾ. "ਖਟ ਨੇਮ ਕਰਿ ਕੋਠੜੀ ਬਾਂਧੀ." (ਗਉ ਕਬੀਰ) ਦੇਖੋ, ਖਟਅੰਗ ੧। ੪. ਦੇਖੋ, ਨਿਯਮ. "ਨੇਮ ਨਿਬਾਹਿਓ ਸਤਿਗੁਰੂ." (ਆਸਾ ਮਃ ੫)

ਨੇਮਖਾਰੰਨ, ਨੇਮਖ੍ਵਾਰਨ: ਦੇਖੋ, ਨੈਮਿਸ਼ਾਰਣ੍ਯ. "ਨੇਮਖ੍ਵਾਰਨ ਭੀਤਰ ਆਯੋ." (ਕ੍ਰਿਸਨਾਵ)

ਨੇਮਿ: ਸੰ. ਸੰਗਯਾ- ਪਹੀਏ ਦੀ ਪੁੱਠੀਆਂ ਦਾ ਘੇਰਾ, ਜਿਸ ਵਿੱਚ ਗਜ ਠੁਕੇਰਹਿੰਦੇ ਹਨ. ਨਾਭਿ ਪਹੀਏ ਦਾ ਮਧ੍ਯ ਹੈ ਅਤੇ ਨੇਮਿ ਬਾਹਰ ਦਾ ਦਾਇਰਾ ਹੈ। ੨. ਖੂਹ ਦੀ ਮਣ। ੩. ਖੂਹ ਦੀ ਮਣ ਤੇ ਰੱਖਿਆ ਕਾਠ ਗੋਲ ਖੜੌਂਜਾ.

ਨੇਮੀ: ਵਿ- ਨਿਯਮ ਧਾਰਨ ਵਾਲਾ। ੨. ਦੇਖੋ, ਨੇਮਿ ੧. "ਘੋਰੇ ਪੈਰ ਕੋ ਬਜੰਤੇ, ਨੇਮੀ ਸ਼ਬਦ ਉਠੰਤੇ." (ਗੁਪ੍ਰਸੂ) ੩. ਡਿੰਗ. ਚੰਦ੍ਰਮਾ.

ਨੇਰ: ਕ੍ਰਿ. ਵਿ- ਨੇੜੇ. ਕੋਲੇ. "ਸਾਧੂਸੰਗ ਕੈ ਨਾਹੀ ਨੇਰ." (ਗਉ ਮਃ ੧)

ਨੇਰਉ, ਨੇਰਾ: ਸੰਗਯਾ- ਨੇੜਾ. ਸਮੀਪਤਾ. "ਨੇਰਉ ਪਾਇਓ ਤਾਹ." (ਗਉ ਬਾਵਨ ਕਬੀਰ) ੨. ਕ੍ਰਿ. ਵਿ- ਕੋਲੇ. ਪਾਸ. "ਘਟਿ ਘਟਿ ਅੰਤਰਿ ਵਰਤੈ ਨੇਰਾ." (ਮਾਝ ਮਃ ੫) ੩. ਵਿ- ਨਿੱਕੈ. ਛੋਟਾ. "ਜਹ ਆਪਨ ਊਚ, ਅਪਨਆਪਿ ਨੇਰਾ." (ਸੁਖਮਨੀ)

ਨੇਰਿ, ਨੇਰੇ, ਨੇਰੈ: ਕ੍ਰਿ. ਵਿ- ਕੋਲੇ. ਨੇੜੇ. "ਕੋਟਿ ਬਿਘਨ ਨਹਿ ਆਵਹਿ ਨੇਰਿ." (ਰਾਮ ਮਃ ੫) "ਕਾਲ ਨੇਰੈ ਆਇਆ." (ਬਿਲਾ ਮਃ ੫)

ਨੇਵਜਾ: ਫ਼ਾ. چلغوزہ ਚਿਲਗ਼ੋਜ਼ਾ. ਨਿਉਜਾ. ਚੀਲ੍ਹ ਦੇ ਫਲ ਵਿੱਚੋਂ ਨਿਕਲਿਆ ਇੱਕ ਪ੍ਰਕਾਰ ਦਾ ਮੇਵਾ. Ediblepine. ਇਸ ਦੀ ਤਾਸੀਰ ਗਰਮ ਤਰ ਹੈ.

ਨੇਵਰ: ਘੋੜੇ ਦੇ ਗਿੱਟੇ ਵਿੱਚ ਹੋਇਆ ਜ਼ਖ਼ਮ, ਜੋ ਗਿੱਟੇ ਭਿੜਨ ਤੋਂ ਹੁੰਦਾ ਹੈ। ੨. ਸੰ. ਨੂਪੁਰ. ਸੰਗਯਾ- ਝਾਂਜਰ "ਪਗ ਨੇਵਰ ਛਨਕ ਛਨਹਰੀ." (ਗੌਂਡ ਕਬੀਰ)

ਨੇਵਲ: ਦੇਖੋ, ਨਿਉਲਾ.

ਨੇੜ, ਨੇੜਾ, ਨੇੜਿ, ਨੇੜੇ, ਨੇੜੈ: ਸੰਗਯਾ- ਸਮੀਪਤਾ. "ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ." (ਸੂਹੀ ਅਃ ਮਃ ੫) ਕ੍ਰਿ. ਵਿ- ਕੋਲੇ. ਪਾਸ. "ਨੇੜੈ ਦੇਖਉ ਪਾਰਬ੍ਰਹਮ." (ਵਾਰ ਗਉ ੨. ਮਃ ੫)

ਨੈ: ਪ੍ਰਤ੍ਯ. ਦੇਖੋ, ਨੇ. "ਇਕਨੈ ਭਾਂਡੇ ਸਾਜੀਐ." (ਸ੍ਰੀ ਅਃ ਮਃ ੧) ੨. ਸੰਗਯਾ- ਨਦੀ. ਦੇਖੋ, ਨਯ. "ਮੁਰਗਾਈ ਨੇ ਸਾਣੇ." (ਸਿਧਗੋਸਟਿ) "ਸੋਣ੍ਹੀ ਮੇਹੀਵਾਲ ਨੂੰ ਨੈ ਤਰਦੀ ਰਾਤੀ" (ਭਾਗੁ) ੩. ਫ਼ਾ. نَے ਨਲਕੀ. ਨਲੀ। ੪. ਬੰਸਰੀ. ਮੁਰਲੀ. "ਗੋਪੀ ਨੈ ਗੋਆਲੀਆ." (ਸ੍ਰੀ ਮਃ ੧. ਜੋਗੀ ਅੰਦਰਿ)

ਨੈਂ: ਦੇਖੋ, ਨੈ ੨। ੨. ਹਰੀਕੇਪੱਤਨ ਤੋਂ ਅੱਗੇ ਫਿਰੋਜਪੁਰ ਦੇ ਜਿਲੇ ਜੋ ਸਤਲੁਜ ਦੀ ਧਾਰਾ ਹੈ, ਉਸ ਦੀ ਖਾਸ ਕਰਕੇ ਨੈਂ ਸੰਗਯਾ ਹੈ. "ਨੈਂ ਲਗ ਕਰਹੈਂ ਰਾਜ ਤੁਹਾਰਾ." (ਗੁਪ੍ਰਸੂ)

ਨੈਸਕ: ਦੇਖੋ, ਨੇਸੁਕ. "ਨੈਸਕ ਮੋਰ ਗਏ ਅਨਤੈਂ" (ਚਰਿਤ੍ਰ ੧੨੯) ਮੇਰੇ ਥੋੜਾ ਚਿਰ ਹੋਰ ਥਾਂ ਜਾਣ ਕਰਕੇ। ੨. ਸੰ. ਨੈਸ਼ਿਕ. ਨਿਸ਼ਾ (ਰਾਤ੍ਰਿ) ਨਾਲ ਸੰਬੰਧ ਰੱਖਣ ਵਾਲਾ. ਰात ਦਾ.

ਨੈਸ਼ਕਰ: ਫ਼ਾ. نیشکر ਸੰਗਯਾ- ਮਿੱਠਾ ਕਾਨਾ. ਗੰਨਾ. ਪੋਂਡਾ.

ਨੈਸ਼ਧ: ਸੰ. ਵਿ- ਨਿਸ਼ਧ ਦੇਸ਼ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਰਾਜਾ ਨਲ, ਜੋ ਨਿਸ਼ਧ ਦਾ ਸ੍ਵਾਮੀ ਸੀ। ੩. ਸ਼੍ਰੀਹਰ੍ਸ਼ ਕਵਿ ਕ੍ਰਿਤ ਨਲੋਪਾਖ੍ਯਾਨ ਕਾਵ੍ਯ. ਦੇਖੋ, ਖਟਕਾਵ੍ਯ.

ਨੈਸਰਗਿਕ: ਸੰ. ਨੈਸਰਿੰਕ. ਵਿ- ਕੁਦਰਤੀ. ਸ੍ਵਭਾਵਿਕ. ਪ੍ਰਾਕ੍ਰਿਤਿਕ (Natural).

ਨੈਸਾਣ, ਨੈਸਾਨੁ: ਸੰਗਯਾ- ਨਿਸ੍ਵਨ (ਸ਼ਬਦ) ਕਰਨ ਵਾਲਾ, ਨਦ. ਦਰਿਆ. "ਲਖ ਸਾਇਰੁ ਨੈਸਾਣੁ ਬੂੰਦ ਸਮਾਵਣੇ." (ਭਾਗੁ) ੨. ਸਮੁੰਦਰ, ਜੋ ਤਰੰਗਾਂ ਨਾਲ ਗਰਜਦਾ ਹੈ. "ਉਦਰੁ ਨੈਸਾਣੁ ਨ ਭਰੀਐ ਕਬਹੂੰ." (ਭੈਰ ਮਃ ੩) "ਹੰਸੁ ਹੇਤੁ ਆਸਾ ਅਸਮਾਨੁ। ਤਿਸੁ ਵਿਚਿ ਭੂਖ ਬਹੁਤੁ ਨੈਸਾਨੁ." (ਗਉ ਮਃ ੧) ਹਿੰਸਾ ਮੋਹ ਲਾਲਚ ਅਤੇ ਅਭਿਮਾਨ.

ਨੈਸਿਕ: ਦੇਖੋ, ਨੈਸਕ ੨.

ਨੈਸੁੰਭ: ਦੇਖੋ, ਨਿਸੁੰਭ.

ਨੈਸ਼੍ਰਿਕ: ਸੰ. ਵਿ- ਨਿਸ਼੍ਠਾ (ਨਿਸ਼ਚੇ) ਵਾਲਾ. ਧਾਰਨਾ. ਵਾਲਾ.

ਨੈਸ਼੍ਰਿਕ ਬ੍ਰਹਮਚਾਰੀ: ਸਾਰੀ ਉਮਰ ਬ੍ਰਹਮਚਰਯ ਰੱਖਣ ਵਾਲਾ.

ਨੈਹਰ: ਸੰਗਯਾ- ਨਿਯੰਤਾ ਗ੍ਰਿਹ. ਪਿਤਾ ਦਾ ਘਰ. ਪਿਉਕਾ. "ਨੈਹਰ ਕੁਟੰਬ ਤਜ ਬਜਾਹੇ ਸਸੁਰਾਰ ਜਾਇ." (ਭਾਗੁ ਕ)

ਨੈਕ, ਨੈਕੁ: ਵਿ- ਤਨਿਕ. ਥੋੜਾ. "ਯਹ ਮਨ ਨੈਕ ਨ ਕਹਿਓ ਕਰੈ." (ਦੇਵ ਮਃ ੯) ੨. ਨ- ਏਕ. ਬਹੁਤ। ੩. ਨ- ਐਕ੍ਯ. ਫੁੱਟ. ਵਿਰੋਧ.

ਨੈਜਰਿਆ: ਅ਼. ਨਜੀਰ ਦਾ ਬਹੁਵਚਨ. نظائر ਨਜਾਯਰ. ਸੰਗਯਾ- ਦ੍ਰਿਸ਼੍ਟਾਂਤ. ਮਿਸਾਲ. ਦੇਖੋ, ਨਜੀਰ. "ਨਾਮੇ ਚੇ ਸੁਆਮੀ ਬੀਠਲੋ ਜਿਨ ਤੀ[732] ਨੈਜਰਿਆ." (ਗੂਜ ਨਾਮਦੇਵ) ਤਿੰਨ ਨਜੀਰਾਂ (ਮਿਸਾਲਾਂ)-

ੳ. ਆਵਤ ਕਿਨੈ ਨ ਪੇਖਿਓ, ਜਿਉ ਆਕਾਸੈ ਪੰਖੀਅਲੋ.

ਅ. ਜਿਉ ਜਲ ਮਾਝੈ ਮਾਛਲੋ.

ੲ. ਜਿਉ ਆਕਾਸੈ ਘੜੂਅਲੋ ਮ੍ਰਿਗਤ੍ਰਿਸਨਾ ਭਰਿਆ.

ਨੈਣ: ਸੰ. ਨਯਨ. ਸੰਗਯਾ- ਮਨ ਨੂੰ ਪਦਾਰਥਾਂ ਵੱਲ ਜੋ ਲੈ ਜਾਵੇ, ਨੇਤ੍ਰ. "ਨੈਣ ਨ ਦੇਖਹਿ ਸਾਧ, ਸਿ ਨੈਣ ਬਿਹਾਲਿਆ." (ਫੁਨਹੇ ਮਃ ੫) ੨. ਨਾਈ ਦੀ ਇਸਤ੍ਰੀ.

ਨੈਣਹਜਾਰ: ਡਿੰਗ. ਸੰਗਯਾ- ਹਜਾਰ ਨੇਤ੍ਰ ਰੱਖਣ ਵਾਲਾ ਇੰਦ੍ਰ.

ਨੈਣਭਾਰ: ਸੰਗਯਾ- ਨੇਤ੍ਰਭਰ. ਲਮਹਾ (ਲਹਮਾ). ਨਿਮੇਸ਼. ਅੱਖ ਦੇ ਝਮਕਣ ਦਾ ਵੇਲਾ. "ਗਛੇਣ ਨੈਣ- ਭਾਰੇਣ." (ਗਾਥਾ) ਨੇਤ੍ਰ

---

[732] ਤ੍ਰਯੀ. ਤਿੰਨ.

ਦੇ ਫੇਰ ਵਿੱਚ ਸਾਰੇ ਬ੍ਰਹਮਾਂਡ ਵਿੱਚ ਫਿਰਿਆਵੇ.

ਨੈਣਾਸਿੰਘ: ਇਹ ਧਰਮਵੀਰ ਸ਼ਹੀਦਾਂ ਦੀ ਮਿਸਲ ਦਾ ਰਤਨ ਸੀ. ਇਤਿਹਾਸ ਵਿੱਚ ਇਹ ਨਾਉਂ ਦੇਖਿਆ ਜਾਂਦਾ ਹੈ, ਅਸਲ ਨਾਉਂ ਨਾਰਾਯਣਸਿੰਘ ਹੈ. ਉੱਚੇ ਦਮਾਲੇ ਦੀ ਰੀਤਿ ਇਸੇ ਤੋਂ ਚੱਲੀ ਹੈ. ਦੇਖੋ, ਨਿਹੰਗ ਅਤੇ ਫੂਲਾ ਸਿੰਘ.

ਨੈਣਾਕੋਟ: ਇਹ ਕਸਬਾ ਜਿਲਾ ਗੁਰਦਾਸਪੁਰ, ਤਸੀਲ ਸ਼ਕਰਗੜ੍ਹ ਵਿੱਚ ਹੈ. ਇਸ ਤੋਂ ਪੂਰਵ ਇੱਕ ਫਰਲਾਂਗ ਦੇ ਕਰੀਬ ਬਾਬਾ ਬੁੱਢਾ ਜੀ ਦੀ ਵੰਸ਼ ਦੇ ਰਤਨ ਬਾਬਾ ਗੁਰਬਖ਼ਸ਼ਸਿੰਘ (ਰਾਮਕੁੰਵਰ) ਜੀ ਦਾ ਅਸਥਾਨ ਹੈ.

ਪਹਿਲਾਂ ਬਾਬਾ ਜੀ "ਰਾਮਦਾਸ" ਜਿਲਾ ਅਮ੍ਰਿਤਸਰ ਵਿੱਚ ਰਹਿੰਦੇ ਹੁੰਦੇ ਸਨ. ਜਦੋਂ ਆਪ ਦੀ ਅਵਸਥਾ ਵ੍ਰਿੱਧ ਹੋਗਈ, ਤਦ ਉੱਥੋਂ ਦੇ ਧਰਮਪ੍ਰਚਾਰ ਦੀ ਸੇਵਾ ਆਪਣੇ ਸੁਪੁਤ੍ਰ ਮੋਹਰਸਿੰਘ ਜੀ ਦੇ ਸਪੁਰਦ ਕਰਕੇ ਆਪ ਇੱਥੇ ਆਗਏ. ਇਹ ਨਗਰ ਚੌਧਰੀ ਨੈਣਸੁਖ ਨੇ ਵਸਾਇਆ ਸੀ. ਬਾਬਾ ਜੀ ਨੇ ਚੌਧਰੀ ਨੈਣਸੁਖ ਨੂੰ ਆਖਿਆ ਕਿ ਹੁਣ ਅਸੀਂ ਇੱਥੇ ਹੀ ਨਿਵਾਸ ਰੱਖਾਂਗੇ, ਤਾਂ ਚੌਧਰੀ ਨੈਣਸੁਖ ਨੇ ਬਾਬਾ ਜੀ ਨੂੰ "ਜੀ ਆਇਆਂ" ਕਹਿਕੇ ੧੯. ਘੁਮਾਉਂ ਜ਼ਮੀਨ ਬਾਬਾ ਜੀ ਦੇ ਸਪੁਰਦ ਕਰਕੇ ਗੁਰਦ੍ਵਾਰਾ ਬਣਵਾਦਿੱਤਾ. ਕੁਝ ਸਮਾਂ ਪਾਕੇ ਬਾਬਾ ਜੀ ਇੱਥੇ ਹੀ ਚਲਾਣਾ ਕਰਗਏ. ਦੇਹਰਾ ਸੁੰਦਰ ਸੁਨਹਿਰੀ ਕਲਸ ਵਾਲਾ ਬਣਿਆ ਹੋਇਆ ਹੈ, ਜਿਸ ਦੀ ਸੇਵਾ ਮਹਾਰਾਜਾ ਰਣਜੀਤਸਿੰਘ ਨੇ ਕਰਾਈ. ਲੰਗਰ ਵਾਸਤੇ ਹੇਠ ਲਿਖੇ ਪਿੰਡਾਂ ਤੋਂ ਜ਼ਮੀਨਾਂ ਹਨ:-

੧੦ ਘੁਮਾਉਂ ਪਿੰਡ ਲੱਲੂਚੱਕ.

੭. ਘੁਮਾਉਂ ਪਿੰਡ ਸਾਉਣਚੱਕ ਕੜਿਆਲ.

੧੨ ਘੁਮਾਉਂ ਪਿੰਡ ਸੁਲਤਾਨਪੁਰ.

੨. ਘੁਮਾਉਂ ਪਿੰਡ ਮਮੀਆਂ.

੨. ਘੁਮਾਉਂ ਪਿੰਡ ਭਗਵਾਲ.

੨. ਘੁਮਾਉਂ ਪਿੰਡ ਕੈਠੇਬ੍ਰਾਹਮਣਾਂ

੧੦ ਘੁਮਾਉਂ ਪਿੰਡ ਚੱਕਭੂਪਾ ਚੱਕਈਸ਼ਵਰ.

੫੨ ਘੁਮਾਉਂ ਪਿੰਡ ਮੰਜੂਆ.

੧੦ ਰੁਪਯੇ ਸਾਲਾਨਾ ਜਾਗੀਰ ਪਿੰਡ ਪਰਮਾਨੰਦ, ੯੦੦) ਰੁਪਯੇ ਸਾਲਾਨਾ ਜਾਗੀਰ ਮਹਾਰਾਜਾ ਰਣਜੀਤ ਸਿੰਘ ਜੀ ਦੀ ਦਿੱਤੀਹੋਈ ਹੈ. ਮਹੰਤ ਪ੍ਰੇਮਦਾਸ ਪੁਜਾਰੀ ਨੇ ਇੱਕ ਸੁੰਦਰ ਬਾਗ ਲਗਾਇਆ ਹੈ. ਸਨ ੧੯੨੨ ਤੋਂ ਇਸ ਥਾਂ ਦੀ ਸੇਵਾ, ਸਿੰਘ ਕਰਦੇ ਹਨ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਗੁਰਦਾਸਪੁਰ ਤੋਂ ੧੪. ਮੀਲ ਉੱਤਰ ਪੂਰਵ ਹੈ.

ਨੈਣਾਦੇਵੀ: ਆਨੰਦਪੁਰ ਤੋਂ ਸੱਤ ਕੋਹ ਉੱਤਰ ਵੱਲ ਇੱਕ ਪਹਾੜ ਦੀ ਚੋਟੀ ਤੇ ਦੁਰਗਾ ਦਾ ਅਸਥਾਨ ਅਤੇ ਇਸੇ ਨਾਮ ਦਾ ਪਿੰਡ ਹੈ. ਗੁਰੁਪ੍ਰਤਾਪਸੂਰਜ ਅਨੁਸਾਰ ਨੈਣੇ ਜੱਟ ਦੀ ਪ੍ਰਸਿੱਧ ਕੀਤੀ ਦੇਵੀ. ਪੁਰਾਣਾਂ ਅਨੁਸਾਰ ਉਹ ਥਾਂ, ਜਿੱਥੇ ਸਤੀ ਦੇ ਨਯਨ (ਨੇਤ੍ਰ) ਡਿਗੇ ਹਨ. ਦੇਖੋ, ਸਤੀ ੮. ਇਸ ਦੀ ਪੁਸ਼੍ਟੀ ਦਸਮਗ੍ਰੰਥ ਤੋਂ ਹੁੰਦੀਹੈ- "ਨੇਤ੍ਰਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ." (ਰਾਮਾਵ) ਨੈਣਾਦੇਵੀ ਗ੍ਰਾਮ ਤੋਂ ਉੱਤਰ ਪੂਰਵ ਗੁਰੂ ਗੋਬਿੰਦਸਿੰਘ ਸਾਹਿਬ ਦੇ ਵਿਰਾਜਣ ਦਾ ਅਸਥਾਨ ਹੈ. ਪੁਜਾਰੀ ਕੋਈ ਨਹੀਂ. ਇਹ ਥਾਂ ਰਿਆਸਤ ਬਿਲਾਸਪੁਰ ਵਿੱਚ ਹੈ ਅਤੇ ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੩੫ ਮੀਲ ਪੂਰਵ ਹੈ. ਹੁਣ ਰੋਪੜ ਰੇਲਵੇ ਸਟੇਸ਼ਨ ਤੋਂ ਨੇੜੇ ਹੈ. ਦੇਖੋ, ਭੈਰੋ.

ਨੈਣੀ: ਨੇਤ੍ਰਾਂ ਨਾਲ. ਨਯਨੋਂ ਸੇ. "ਹਰਿ ਪ੍ਰਭੁ ਡਿਠਾ ਨੈਣੀ ਜੀਉ." (ਗਉ ਮਃ ੪) ੨. ਕ੍ਰਿ. ਵਿ- ਜਾਹਰਾ. ਦੇਖਣਮਾਤ੍ਰ. "ਅੰਤਰ ਚਿੰਤਾ ਨੈਣੀ ਸੁਖੀ, ਮੂਲਿ ਨ ਉਤਰੈ ਭੁਖ." (ਵਾਰ ਗਉ ੨. ਮਃ ੫) ੩. ਵਿ- ਨੇਤ੍ਰਾਂ ਵਾਲਾ. ਸੁਜਾਖਾ.

ਨੈਣੂ: ਸੰਗਯਾ- ਨਵਨੀਤ. ਮੱਖਣ. "ਆਤਸੜੀ ਮੰਝਿ ਨੈਣੂ." (ਵਾਰ ਮਾਰੂ ੨. ਮਃ ੫) ਜਿਵੇਂ- ਅੱਗ ਵਿੱਚ ਮੱਖਣ। ੨. ਇੱਕ ਕਿਸਮ ਦਾ ਕਪੜਾ, ਜੋ ਚਿਕਨ ਜੇਹਾ ਹੁੰਦਾ ਹੈ। ੩. ਨਾਰਾਇਣ ਦਾ ਸੰਖੇਪ ਨਰੈਣੂ, ਨਰੈਮੂ ਦਾ ਸੰਖੇਪ ਨੈਣੂ.

ਨੈਨ: ਨੇਤ੍ਰ. ਦੇਖੋ, ਨਯਣ ਅਤੇ ਨੈਣ. "ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ." (ਸੋਹਿਲਾ)

ਨੈਨਸਲੋਨੀ: ਵਿ- ਲਾਵਨਜਤਾ ਸਹਿਤ ਨੇਤ੍ਰਾਂ ਵਾਲੀ. ਸੁਲੋਚਨਾ. "ਨੈਨਸਲੋਨੀ ਸੁੰਦਰਿ ਨਾਰਿ." (ਗਉ ਅਃ ਮਃ ੧)

ਨੈਨ ਦਿਖਾਲਨੁ: ਦੇਖੋ, ਅਧਮਚੰਡਾਲੀ ਅਤੇ ਮਾਲਿ ਦੁਲੀਚੇ.

ਨੈਨਨੰਦਨੀ: ਵਿ- ਨਯਨ (ਨੇਤ੍ਰਾਂ) ਨੂੰ ਆਨੰਦ ਦੇਣ ਵਾਲੀ. ਜਿਸ ਦੀ ਸ਼ੋਭਾ ਦੇਖਕੇ ਨੇਤ੍ਰ ਆਨੰਦ ਹੋਣ। ੨. ਸੰਗ੍ਯਾ- ਮਾਇਆ. "ਉਧਰਣੰ ਨੈਨਨੰਦਣੀ." (ਸਾਹਸ ਮਃ ੫)

ਨੈਨਾਹ: ਦੇਖੋ, ਰੰਕਾਈ.

ਨੈਨੀ: ਦੇਖੋ, ਨੈਣੀ. "ਨੈਨੀ ਹਰਿ ਹਰਿ ਲਾਗੀ ਤਾਰੀ." (ਮਲਾ ਮਃ ੪)

ਨੈਨੁ: ਮੱਖਣ. ਦੇਖੋ, ਨੈਣੂ. "ਨੀਰ ਬਿਲੋਵੈ ਅਤਿ ਸ੍ਰਮੁ ਪਾਵੈ, ਨੈਨੁ ਕੈਸੇ ਰੀਸੈ?" (ਸਾਰ ਮਃ ੫) ੨. ਨਯਨ. ਨੇਤ੍ਰ. "ਨੈਨੂ ਨਕਟੂ ਸ੍ਰਵਨੂ." (ਮਾਰੂ ਕਬੀਰ)

ਨੈਨੋੱਤਮ: ਸੰਗ੍ਯਾ- ਉੱਤਮ ਨੇਤ੍ਰਾਂ ਵਾਲਾ, ਮ੍ਰਿਗ. ਹਰਿਣ. (ਸਨਾਮਾ)

ਨੈਪਾਲ: ਵਿ- ਨਯ (ਨੀਤਿ) ਪਾਲਕ। ੨. ਨੇਪਾਲ ਦੇਸ਼ ਦਾ. ਦੇਖੋ, ਨੇਪਾਲ.

ਨੈਮਿਸ, ਨੈਮਿਸ਼ਾਰਣ੍ਯ, ਨੈਮਿਖਾਰ: ਯੂ. ਪੀ. ਦੇ ਸੀਤਾਪੁਰ ਜਿਲੇ ਵਿੱਚ ਇੱਕ ਤੀਰਥ, ਜਿੱਥੇ ਪੁਰਾਣੇ ਸਮੇਂ ਭਾਰੀ ਅਰਨ੍ਯ (ਜੰਗਲ) ਸੀ. ਵਰਾਹਪੁਰਾਣ ਵਿੱਚ ਲਿਖਿਆ ਹੈ ਕਿ ਇੱਥੇ ਗੌਰਮੁਖ ਨਾਮਕ ਰਿਖੀ ਨੇ ਅਸੁਰਾਂ ਦੀ ਭਾਰੀ ਸੈਨਾ ਨਿਮਿਸ਼ ਵਿੱਚ ਭਸਮ ਕਰਦਿੱਤੀ ਸੀ, ਜਿਸ ਤੋਂ ਨਾਮ ਨੈਮਿਸ਼ਾਰਣ੍ਯ ਹੋਇਆ. ਸ਼੍ਰੀ ਰਾਮਚੰਦ੍ਰ ਜੀ ਨੇ ਅਸ਼੍ਵਮੇਧ ਯਗ੍ਯ ਇਸੇ ਥਾਂ ਕੀਤਾ ਸੀ. ਦੇਖੋ, ਲੋਮ- ਹਰਖਣ.

ਨੈਮਿੱਤਿਕ ਕਰਮ: ਸੰਗ੍ਯਾ- ਕਿਸੇ ਨਿਮਿੱਤ (ਕਾਰਣ) ਕਰਕੇ ਜੋ ਕਰਮ ਕੀਤਾਜਾਵੇ ਅਰ ਜਿਸ ਦਾ ਨਿਤ੍ਯ ਕਰਨਾ ਜਰੂਰੀ ਨਹੀਂ. ਜਿਵੇਂ- ਗੁਰਪਰਬ, ਸੰਤਾਨ ਦੇ ਜਨਮ ਅਤੇ ਵਿਆਹ ਪੁਰ ਕੀਤੇ ਕਰਮ.

ਨੈਯਾ: ਵਿ- ਨਯੰਤਾ. ਪ੍ਰੇਰਕ। ੨. ਸੰਗ੍ਯਾ- ਨੌਕਾ. ਕਿਸ਼ਤੀ.

ਨੈਯਾਯਿਤਕ: ਵਿ- ਨ੍ਯਾਯ ਸ਼ਾਸਤ੍ਰ ਦਾ ਪੰਡਿਤ. ਨ੍ਯਾਯਵੇੱਤਾ.

ਨੈਰਤ, ਨੈਰਿਤ: ਸੰ. नैऋत. ਸੰਗ੍ਯਾ- ਦੱਖਣ ਪੱਛਮ ਕੋਣ ਦਾ ਸ੍ਵਾਮੀ ਇਕ ਰਾਖਸ, ਜੋ ਨਿਰਿਤਿ ਦਾ ਪੁਤ੍ਰ ਹੈ. ਜ੍ਯੋਤਿਸ਼ਗ੍ਰੰਥਾਂ ਵਿੱਚ ਰਾਹੁ ਨੂੰ ਨੈਰਿਤ ਦੱਸਿਆ ਹੈ.

ਨੈਰਿਤਿ, ਨੈਰਿਤੀ, ਨੈਰਿਤਿ, ਨੈਰਿਤੀ: ਸੰ. नैऋति. ਸੰਗ੍ਯਾ- ਦੱਖਣ ਪੱਛਮ ਦੀ ਕੋਣ, ਜਿਸ ਦਾ ਸ੍ਵਾਮੀ ਨੈਰਿਤ ਹੈ.

ਨੈਰੰਗ: ਫ਼ਾ. نیرنگ ਸੰਗ੍ਯਾ- ਧੋਖਾ. ਕਪਟ.

ਨੈਵਾਸ: ਦੇਖੋ, ਨਿਵਾਸ.

ਨੈਵੇਦ, ਨੈਵੇਦ੍ਯ: ਦੇਖੋ, ਨਈਬੇਦ. "ਠਾਕੁਰ ਕਉ ਨੈਵੇਦ ਕਰਉ." (ਆਸਾ ਨਾਮਦੇਵ)

ਨੋ: ਪ੍ਰਤ੍ਯ- ਕਰਮ ਅਤੇ ਸੰਪ੍ਰਦਾਨ ਦਾ ਵਿਭਕ੍ਤਿ ਪ੍ਰਤ੍ਯਯ. ਨੂੰ. ਕੋ. "ਜਿਸਨੋ ਬਖਸੇ ਸਿਫਤਿ ਸਾਲਾਹ." (ਜਪੁ) "ਤੁਧਨੋ ਛੋਡਿ ਜਾਈਐ ਪ੍ਰਭ ਕੈਂਧਰਿ?" (ਆਸਾ ਮਃ ੫) ੨. ਸੰ. ਕ੍ਰਿ. ਵਿ- ਕੋਈ ਨਹੀਂ। ੩. ਨਿਸ਼ੇਧ ਬੋਧਕ. ਦੇਖੋ, ਅੰ. No.

ਨੋਸ਼: ਫ਼ਾ. نوش ਨੋਸ਼ੀਦਨ (ਪੀਣ) ਦਾ ਅਮਰ. ਪੀ. ਪਾਨ ਕਰ। ੨. ਵਿ- ਪੀਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਸ਼ਰਾਬਨੋਸ਼। ੩. ਸੰਗ੍ਯਾ- ਸ਼ਹਿਦ. ਮਧੁ। ੪. ਜ਼ਹਿਰ ਦੂਰ ਕਰਨ ਦੀ ਦਵਾ.

ਨੋਸ਼ਦ: ਫ਼ਾ. نوشد ਪੀਂਦਾ ਹੈ. ਪੀਵੇ. ਪੀਵੇਗਾ. ਦੇਖੋ, ਨੋਸ਼ੀਦਨ.

ਨੋਸ਼ੀਦਨ: ਫ਼ਾ. نوشیدن ਕ੍ਰਿ- ਪੀਣਾ. ਪਾਨ ਕਰਨਾ.

ਨੋਕ: ਫ਼ਾ. نوک ਸੰਗਯਾ- ਤਿੱਖਾ ਸਿਰਾ. ਅਣੀ। ੨. ਜੁੱਤੀ ਆਦਿ ਦਾ ਤਿੱਖਾ ਸਿਰਾ. "ਇਕ ਪਗ ਪਨਹੀ ਨੋਕ ਬਡ." (ਨਾਪ੍ਰ)

ਨੋਕ ਚੋਕ: ਨੇਜ਼ੇ ਆਦਿ ਸ਼ਸਤ੍ਰ ਦੀ ਅਣੀ ਦੀ ਚੋਭ। ੨. ਤਰਕ. ਚੁਭਵੀਂ ਗੱਲ. "ਕਿਤ ਕਿਤ ਨੋਕ ਚੋਕ ਮਗ ਭਈ." (ਗੁਪ੍ਰਸੂ)

ਨੋਖਾ, ਨੋਖੋ: ਦੇਖੋ, ਅਣੋਖਾ. "ਨੋਖੋ ਨੇਹ ਨਿਗੋਡੋ ਲਾਗੋ." (ਚਰਿਤ੍ਰ ੨੦੬)

ਨੋਚਣਾ, ਨੋਚਨਾ: ਕ੍ਰਿ- ਲੁੰਚਨ. ਉਖੇੜਨਾ. ਨਹੁੰ ਦੰਦ ਚੁੰਜ ਆਦਿ ਨਾਲ ਖਿੱਚਣਾ ਪੱਟਣਾ ਅਥਵਾ ਚੂੰਡਣਾ.

ਨੋਦ, ਨੋਦਨਾ: ਸੰ. ਸੰਗਯਾ- ਪ੍ਰੇਰਣਾ. ਹੱਕਣਾ. ਚਲਾਉਣ ਦੀ ਕ੍ਰਿਯਾ. "ਚਵੈਂ ਕਿਕਾਨ ਕੁਦਾਂਯ ਸੁ ਨੌਦ." (ਗੁਪ੍ਰਸੂ) ਇਹ ਚੋਦਨਾ ਦਾ ਰੂਪਾਂਤਰ ਹੈ.

ਨੋਦਿਤ: ਵਿ- ਪ੍ਰੇਰਿਆਹੋਇਆ. "ਮੁਨਿ ਨੋਦਿਤ ਕਾਲ ਸਿਧਾਰ ਤਹਾਂ." (ਰਾਮਾਵ) ਦੇਖੋ, ਨੋਦਨਾ.

ਨੋਨ: ਸੰਗਯਾ- ਲਵਣ. ਲੂਣ. ਨਮਕ.

ਨੋਨਾ, ਨੋਨੀ: ਵਿ- ਨਮਕੀਨ. ਖਾਰਾ। ੨. ਲਾਵਨਜਤਾ ਵਾਲਾ, ਵਾਲੀ. ਸੁੰਦਰ. ਉੱਤਮ. "ਤਵ ਕੀਰਤਿ ਨੋਨੀ." (ਨਾਪ੍ਰ)

ਨੋਰਾ: ਸੰਗਯਾ- ਨਾਲਾ. ਜਲ ਦਾ ਪ੍ਰਵਾਹ. "ਤਾਂਤੇ ਨੋਰਾ ਨੋਰਾ ਭਰ ਚਲਤ." (ਭਾਗੁ ਕ)

ਨੌ: ਸੰ. ਨਵ. ਵਿ- ਨੌਂ. ਦੇਖੋ ਨਉਂ। ੨. ਫ਼ਾ. نو ਨਵਾਂ. ਨਯਾ. ਨਵੀਨ। ੩. ਬਹਾਦੁਰ.

ਨੌਸਾਬਾ: ਫ਼ਾ. نوشابہ ਨੌਸ਼ਾਬਹ. ਸੰਗਯਾ- ਅਮ੍ਰਿਤ. ਆਬੇਹ਼ਯਾਤ। ੨. ਬਾਦਸ਼ਾਹ ਬਰੂਅ਼ ਦੀ ਪੁਤ੍ਰੀ, ਜਿਸ ਨੂੰ ਸਿਕੰਦਰ ਮਿਲਿਆ ਸੀ. "ਨੌਸਾਬਾ ਇਸਤ੍ਰੀ ਦਾ ਕਿਲਾ ਸੀ." (ਜਸਭਾਮ)

ਨੌਸ਼ੀਰਵਾਂ, ਨੌਸ਼ੇਰਵਾਂ: ਫ਼ਾ. نوشیرواں ਨੌਸ਼ੀਰਵਾਂ. ਈਰਾਨ ਦਾ ਇੱਕ ਪ੍ਰਸਿੱਧ ਨਜਾਯਕਾਰੀ (ਆ਼ਦਿਲ) ਬਾਦਸ਼ਾਹ, ਜੋ ਕ਼ੁਬਾਦ ਦਾ ਪੁਤ੍ਰ ਅਤੇ ਅਗਨਿਪੂਜਕ ਸੀ. ਇਹ ਸਨ ੫੩੧ ਵਿੱਚ ਤਖ਼ਤ ਤੇ ਬੈਠਾ. ਨੌਸ਼ੀਰਵਾਂ ਨੇ ੪੮ ਵਰ੍ਹੇ ਵਡੇ ਤੇਜ ਪ੍ਰਤਾਪ ਨਾਲ ਰਾਜ ਕੀਤਾ. ਇਸੇ ਦੇ ਸਮੇਂ ਮੁਹੰਮਦ ਸਾਹਿਬ ਦਾ ਜਨਮ ਹੋਇਆ ਹੈ. "ਅਦਲ ਕੀਤਾ ਨੌਸ਼ੇਰਵਾਂ ਜਸ ਜਗ ਵਿਚ ਛਾਇਆ." (ਜੰਗਨਾਮਾ)

ਨੌਹਰ: ਹਿਸਾਰ ਤੋਂ ੫੯ ਮੀਲ ਪੱਛਮ, ਰਿਆਸਤ ਬੀਕਾਨੇਰ ਦੀ ਰੇਨੀ ਨਜਾਮਤ ਅਤੇ ਤਸੀਲ ਵਿੱਚ ਇੱਕ ਸ਼ਹਿਰ, ਜੋ ਬੀਕਾਨੇਰ ਤੋਂ ੧੨੯ ਮੀਲ ਉੱਤਰ ਪੂਰਵ ਅਤੇ ਸਰਸੇ ਤੋਂ ੨੫ ਮੀਲ ਦੱਖਣ ਪੱਛਮ ਹੈ. ਦੱਖਣ ਜਾਂਦੇ ਦਸ਼ਮੇਸ਼ ਇੱਥੇ ਵਿਰਾਜੇ ਹਨ. ਛੀਨਤਲਾਈ ਤੇ ਗੁਰਦ੍ਵਾਰਾ ਹੈ, ਪੁਜਾਰੀ ਜੋਗੀ ਸਾਧੂ ਹੈ.

ਨੌਕਰ: ਫ਼ਾ. نوکر ਸੰਗਯਾ- ਚਾਕਰ. ਤਨਖ਼੍ਵਾਹ ਲੈਣ ਵਾਲਾ, ਸੇਵਕ.

ਨੌਕਰੀ: ਸੰਗਯਾ- ਨੌਕਰ ਦਾ ਕੰਮ। ੨. ਨੌਕਰ ਦੀ ਤਨਖ਼੍ਵਾਹ.

ਨੌਕਾ: ਸੰ. ਸੰਗਯਾ- ਨਾਵ. ਕਿਸ਼ਤੀ. ਬੇੜੀ. ਭੋਜ ਰਚਿਤ. "ਯੁਕ੍ਤਿਕਲਪਤਰੁ" ਵਿੱਚ ਨੌਕਾ ਦੀ ਚੌੜਾਈ ਲੰਬਾਈ ਦੇ ਲਿਹ਼ਾਜ ਨਾਲ ਵੱਖ ਵੱਖ ਨਾਮ ਲਿਖੇ ਹਨ::-

| | | | |
|---|---|---|---|
| ੩੨ ਹੱਥ ਲੰਮੀ ਅਤੇ ੪. ਹੱਥ ਚੌੜੀ. ਨੌਕਾ, | | | ਦੀਘਿੰਕਾ. |
| ੪ | - | ੬ ਦੀ. | ਤਰਣੀ. |
| ੬੪ | - | ੮ ਦੀ, | ਲੋਲਾ. |

| | | | |
|---|---|---|---|
| ੮੦ | - | ੧੦ ਦੀ, | ਗਤ੍ਵਰਾ. |
| ੯੬ | - | ੧੨ ਦੀ, | ਗਾਮਿਨੀ. |
| ੧੧੨ | - | ੧੪ ਦੀ, | ਤਰਿ. |
| ੧੨੮ | - | ੧੬ ਦੀ, | ਜੰਗਲਾ. |
| ੧੪੪ | - | ੧੮ ਦੀ, | ਪ੍ਲਾਵਨੀ. |
| ੧੬੦ | - | ੨੦ ਦੀ, | ਧਾਰਿਣੀ. |
| ੧੭੬ | - | ੨੨ ਦੀ, | ਵੇਗਿਨੀ. |

ਨੌਕਾਦੰਡ: ਸੰਗ੍ਯਾ- ਚੱਪਾ. ਕਿਸ਼ਤੀ ਚਲਾਉਣ ਦਾ ਡੰਡਾ. ਵੰਝ. oar.

ਨੌਕੰਨਯਾ: ਦੇਖੋ, ਨਵ ਕੁਮਾਰੀ ਅਤੇ ਨਵ ਦੁਰਗਾ। ੨. ਤਾਂਤ੍ਰਿਕਾਂ ਦੇ ਨਿਸ਼ਚੇ ਅਨੁਸਾਰ- ਨਟਣੀ, ਕਲਾਲੀ, ਵੇਸ਼੍ਯਾ, ਧੋਬਣ, ਨਾਇਣ, ਬ੍ਰਾਹਮਣੀ, ਸ਼ੂਦ੍ਰਾ (ਸ਼ੂਦ੍ਰੀ), ਗਵਾਲਨ ਅਤੇ ਮਾਲਣ, ਇਹ ਨੌ ਕੰਨ੍ਯਾ ਹਨ.

ਨੌਖੰਡ: ਦੇਖੋ, ਨਵਖੰਡ

ਨੌਗ੍ਰਹਿ: ਦੇਖੋ, ਨਵ ਗ੍ਰਹ.

ਨੌਚੰਦ: ਨਵੀਨ ਚੰਦ੍ਰਮਾ. ਚਾਨਣੇ ਪੱਖ ਦੀ ਦੂਜ ਦਾ ਚੰਦ.

ਨੌਚੰਦਾ: ਵਿ- ਨਵੇਂ ਚੰਦ ਦਾ। ੨. ਚਾਨਣੇ ਪੱਖ ਦਾ ਉਹ ਵਾਰ, ਜੋ ਪਹਿਲਾਂ ਆਵੇ.

ਨੌਜਵਾਨ: ਫ਼ਾ. نوجوان ਵਿ- ਚੜ੍ਹਦੀ ਜੁਆਨੀ (ਯੌਵਨ) ਵਾਲਾ. ਤਰੁਣ.

ਨੌਥੇਹਾ: ਭਾਈ ਸੰਤੋਖਸਿੰਘ ਜੀ ਦੇ ਲੇਖ ਅਨੁਸਾਰ ਗੁਰੂ ਗੋਬਿੰਦਸਿੰਘ ਸਾਹਿਬ ਮਾਲਵੇ ਵਿੱਚ ਵਿਚਰਦੇ ਇੱਥੇ ਆਏ, ਪਰ ਇਸ ਥਾਂ ਦੇ ਵਸਨੀਕਾਂ ਨੇ ਸਤਿਗੁਰੂ ਨੂੰ ਡੇਰਾ ਕਰਨੋਂ ਵਰਜਿਆ. ਗੁਰੂ ਸਾਹਿਬ ਘੋੜੇ ਤੇ ਸਵਾਰ ਹੋਏ ਹੀ ਟਾਲ੍ਹੀਆਂ ਫੱਤੂ ਸੰਮੂਕੀਆਂ ਨੂੰ ਚਲੇਗਏ. "ਨੌਥੇਹੇ ਜਬ ਸ੍ਰੀ ਪ੍ਰਭੁ ਗਏ। ਤਹਿਂ ਕੇ ਨਰ ਗਣ ਆਵਤ ਭਏ। ਹਾਥ ਜੋਰ ਤਿਨ ਅਰਜ ਗੁਜਾਰੀ। ਆਪ ਚਮੂ ਹਜਰਤ ਕੀ ਮਾਰੀ। ਇਸ ਥਲ ਕੀ ਜੈ ਨਹੀ ਮੁਕਾਮੂ। ਉਤਰੋ ਜਾਇ ਆਗਲੇ ਗ੍ਰਾਮੂ." (ਗੁਪ੍ਰਸੂ)

ਨੌਦ: ਫ਼ਾ. نوَد ਨੂਦ. ਵਿ- ਪਜਾਰਾ ਪੁਤ੍ਰ। ੨. ਨਵਦ. ਨੱਵੇ. ਨਵਤਿ. ਦਸ ਘੱਟ ਸੌ- ੯੦.

ਨੌਦੁਆਰ: ਦੇਖੋ, ਨਉ ਦੁਆਰ ਅਤੇ ਨਵਦ੍ਵਾਰ.

ਨੌਧਾ: ਦੇਖੋ, ਨਵਧਾ। ੨. ਰਿਆਸਤ ਪਟਿਆਲੇ ਦਾ ਦਿਵਾਨ ਮਿੱਸਰ ਨੌਧਾ, ਜੋ ਰਾਜਾ ਸਾਹਿਬਸਿੰਘ ਅਤੇ ਰਾਣੀ ਸਾਹਿਬਾਂ ਆਸਕੌਰ ਦੀ ਅਮਲਦਾਰੀ ਵਿੱਚ ਰਾਜ ਦਾ ਉੱਤਮ ਪ੍ਰਬੰਧ ਕਰਦਾ ਰਿਹਾ.

ਨੌ ਨਾਗਕੁਲ: ਦੇਖੋ, ਨਾਗਕੁਲ.

ਨੌ ਨਾਥ: ਦੇਖੋ, ਨਵ ਨਾਥ.

ਨੌਨਿਹਾਲ: ਵਿ- ਆਨੰਦ ਦਾਇਕ ਨੌਜਵਾਨ। ੨. ਇਹ ਸ਼ਬਦ "ਬਰਖ਼ੁਰਦਾਰ" ਵਾਂਙ, ਪਜਾਰੇ ਪੁਤ੍ਰ ਲਈ ਸੰਗ੍ਯਾ ਕਰਕੇ ਵਰਤਿਆ ਜਾਂਦਾ ਹੈ.

ਨੌਨਿਹਾਲਸਿੰਘ: ਸਰਦਾਰ ਜੈਮਲਸਿੰਘ ਕਨ੍ਹੈਯਾ ਮਿਸਲ ਦੇ ਰਈਸ ਦੀ ਪੁਤ੍ਰੀ ਚੰਦਕੌਰ ਦੇ ਉਦਰ ਤੋਂ ਸ਼ਾਹਜ਼ਾਦਾ ਖੜਗਸਿੰਘ ਦਾ ਪੁਤ੍ਰ, ਜਿਸ ਦਾ ਜਨਮ ਫੱਗੁਣ ਸੰਮਤ ੧੮੭੭ (੧੧ ਫਰਵਰੀ ਸਨ ੧੮੨੦) ਨੂੰ ਲਾਹੌਰ ਹੋਇਆ. ਮਹਾਰਾਜਾ ਰਣਜੀਤਸਿੰਘ

ਜੀ ਇਸ ਰਾਜਕੁਮਾਰ ਨੂੰ ਮੁੱਢੋਂ ਹੀ ਬਹੁਤ ਪਯਾਰ ਕਰਦੇ ਸਨ. ਸਮੇਂ ਸਿਰ ਇਸ ਦੀ ਧਾਰਮਿਕ ਸਿਖ੍ਯਾ ਭਾਈ ਸੰਤਸਿੰਘ ਗ੍ਯਾਨੀ ਦੇ ਸਪੁਰਦ ਹੋਈ ਅਤੇ ਸ਼ਸਤ੍ਰ ਵਿਦ੍ਯਾ ਦੇ ਉਸਤਾਦ ਸਰਦਾਰ ਲਹਿਣਸਿੰਘ ਮਜੀਠੀਆ, ਸਰਦਾਰ ਹੀਰਸਿੰਘ ਨਲਵਾ ਅਤੇ ਜਨਰਲ ਵੈਂਤੂਰਾ ਥਾਪੇਗਏ.

ਸਰਦਾਰ ਸ਼ਾਮਸਿੰਘ ਰਈਸ ਅਟਾਰੀ ਦੀ ਸੁਪੁਤ੍ਰੀ ਨਾਨਕੀ ਨਾਲ ਕੌਰ ਨੌਨਿਹਾਲਸਿੰਘ ਦਾ ਵਿਆਹ ੨੩ ਫੱਗੁਣ ੧੮੯੩ (ਮਾਰਚ ਸਨ ੧੮੩੭) ਨੂੰ ਵਡੀ ਧੂਮਧਾਮ ਨਾਲ ਹੋਇਆ, ਜਿਸ ਵਿੱਚ ਪੰਜਾਬ ਦੇ ਸਾਰੇ ਰਾਜੇ ਮਹਾਰਾਜੇ ਅਤੇ ਗਵਰਨਮੇਂਟ ਇੰਡੀਆ ਦਾ ਪ੍ਰਤਿਨਿਧਿ ਸਰ ਹੈਨਰੀ ਫ਼ੇਨ (Sir Henry Fane) ਕਮਾਂਡਰਇਨ ਚੀਫ ਆਦਿ ਸ਼ਾਮਿਲ ਸਨ.

ਕੌਰ ਨੌਨਿਹਾਲਸਿੰਘ ਮਹਾਰਾਜਾ ਰਣਜੀਤਸਿੰਘ ਦੀ ਆਸ਼ਾ ਅਨੁਸਾਰ ਯੋਗ੍ਯ ਰਾਜਕੁਮਾਰ ਸਾਬਤ ਹੋਇਆ, ਇਸ ਨੇ ਦਾਦੇ ਦੇ ਹੁਕਮ ਨਾਲ ਕਈ ਇਲਾਕੇ ਸਿੱਖਰਾਜ ਨਾਲ ਮਿਲਾਏ, ਖ਼ਾਸ ਕਰਕੇ ੬. ਮਈ ਸਨ ੧੮੩੪ ਦੀ ਪਿਸ਼ੌਰ ਦੀ ਫਤੇ ਨੇ ਇਸ ਦਾ ਪਯਾਰ ਸਾਰੇ ਪੰਜਾਬ ਵਿੱਚ ਅਤੇ ਖ਼ਾਸ ਕਰਕੇ ਫ਼ੌਜ ਦੇ ਚਿੱਤ ਵਿੱਚ ਡੂੰਘਾ ਵਸਾ ਦਿੱਤਾ.

ਮਹਾਰਾਜਾ ਰਣਜੀਤਸਿੰਘ ਦੇ ਦੇਹਾਂਤ ਪਿੱਛੋਂ ਜਦ ਕੌਰ ਨੇ ਪਿਤਾ ਮਹਾਰਾਜਾ ਖੜਗਸਿੰਘ ਪੰਜਾਬ ਦੇ ਤਖ਼ਤ ਤੇ ਵਿਰਾਜੇ, ਤਦ ਉਨ੍ਹਾਂ ਪਾਸ ਸਰਦਾਰ ਚੇਤਸਿੰਘ ਦਾ ਦਖ਼ਲ ਵੇਖਕੇ ਅਤੇ ਕੌਰ ਸਾਹਿਬ ਦੀ ਚਤੁਰਾਈ ਅਤੇ ਰਾਜਨੀਤਿ ਨੂੰ ਵਿਚਾਰਕੇ ਰਾਜਾ ਧ੍ਯਾਨਸਿੰਘ ਡੋਗਰੇ ਨੇ ਈਰਖਾ ਦੀ ਅੱਗ ਵਿੱਚ ਸੜਕੇ ਅਤੇ ਸ੍ਵਾਰਥ ਨਾਲ ਅੰਨ੍ਹਿਆਂ ਹੋਕੇ ਪਿਤਾ ਪੁਤ੍ਰ ਵਿੱਚ ਫੋਟਕ ਪਾਉਣ ਵਿੱਚ ਵਡੀ ਸਫਲਤਾ ਪ੍ਰਾਪਤ ਕੀਤੀ. ਚੇਤਸਿੰਘ ਨੂੰ ਤਾਂ ਮਹਾਰਾਜਾ ਦੇ ਸਾਮ੍ਹਣੇ ਧ੍ਯਾਨਸਿੰਘ ਨੇ ਕਤਲ ਕੀਤਾ ਅਤੇ ਕੌਰ ਜੀ ਨੂੰ ਇਹ ਸਮਝਾਕੇ ਕਿ ਮਹਾਰਾਜਾ ਲਾਹੌਰ ਦਾ ਰਾਜ ਅੰਗ੍ਰੇਜ਼ਾਂ ਦੇ ਹਵਾਲੇ ਕਰਨਾ ਚਾਹੁੰਦੇ ਹਨ, ਪਿਤਾ ਦਾ ਜਾਨੀ ਦੁਸ਼ਮਨ ਬਣਾਦਿੱਤਾ.

ਕੌਰ ਨੌਨਿਹਾਲਸਿੰਘ ਨੇ ਆਪਣੇ ਪਿਤਾ ਨੂੰ ਨਜ਼ਰਬੰਦ ਰੱਖਕੇ ਰਾਜਕਾਜ ਆਪਣੇ ਹੱਥ ਲਿਆ. ੫. ਨਵੰਬਰ ਸਨ ੧੮੪੦ (੨੧ ਕੱਤਕ ਸੰਮਤ ੧੮੯੭) ਨੂੰ ਜਦਕਿ ਕੌਰ ਨੌਨਿਹਾਲਸਿੰਘ ਆਪਣੇ ਪਿਤਾ ਦਾ ਸਸਕਾਰ ਮਹਾਰਾਜਾ ਰਣਜੀਤਸਿੰਘ ਦੀ ਸਮਾਧ ਪਾਸ ਕਰਕੇ ਕਿਲੇ ਨੂੰ ਵਾਪਿਸ ਆਰਿਹਾ ਸੀ, ਤਦ ਸਮਾਧਾਂ ਨੂੰ ਵੜਦੇ ਜੋ ਖੱਬੇ ਪਾਸੇ ਦਰਵਾਜਾ ਹੈ ਉਸ ਦਾ ਉੱਤੋਂ ਪੜਦਾ ਅਜੇਹਾ ਡਿੱਗਾ ਜੋ ਕੌਰ ਦੀ ਮੌਤ ਦਾ ਕਾਰਣ ਹੋਇਆ. ਕਈ ਇਤਿਹਾਸਕਾਰਾਂ ਨੇ, ਅਤੇ ਕਰਨੈਲ ਅਲੈਗਜ਼ੈਂਡਰ ਗਾਡਨਰ ਨੇ ਜੋ ਅੱਖੀਂ ਵੇਖੇ ਹਾਲ ਲਿਖੇ ਹਨ, ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਕੌਰ ਨੌਨਿਹਾਲਸਿੰਘ ਖ਼ਾਸ ਬਜੋਂਤ ਕਰਕੇ ਮਾਰਿਆ ਗਿਆ.[733]

ਨੌਨਿਧ: ਆਗਰਾ ਨਿਵਾਸੀ ਭੰਡਾਰੀ ਖਤ੍ਰੀ. ਜੋ ਦਸ਼ਮੇਸ਼ ਦੇ ਆਗਰੇ ਪਧਾਰਣ ਸਮੇਂ ਹਾਜਿਰ ਹੋਇਆ ਅਤੇ ਸੇਵਾ ਕੀਤੀ. ਗੁਰੂ ਸਾਹਿਬ ਨੇ ਇਸ ਨੂੰ ਕੇਸ ਰੱਖਣ ਦਾ ਉਪਦੇਸ਼ ਦਿੱਤਾ.

ਨੌਨਿਧਿ: ਨਵਨਿਧਿ. ਦੇਖੋ, ਨਉ ਨਿਧਿ.

ਨੌਬਹਾਰ: ਫ਼ਾ. نَوبہار ਸੰਗ੍ਯਾ- ਨਵੀਂ ਰੁੱਤ, ਬਸੰਤ. ਰਿਤੁਰਾਜ.

ਨੌਬਤ: ਅ਼. نَوبت ਸੰਗ੍ਯਾ- ਵਡਾ ਨਗਾਰਾ। ੨. ਬਾਰੀ (ਵਾਰੀ). ੩. ਦਸ਼ਾ. ਹਾਲਤ। ੪. ਪਹਿਰਾ. ਚੌਕੀ। ੫. ਦਰਬਾਰੀ ਖ਼ੇਮਾ.

ਨੌਬਤਖ਼ਾਨਾ: ਸੰਗ੍ਯਾ- ਬਾਦਸ਼ਾਹਾਂ ਅਤੇ ਮਹਾਰਾਜਿਆਂ ਦੇ ਦਰਵਾਜ਼ੇ ਪੁਰ ਉਹ ਮਕਾਨ, ਜਿਸ ਵਿੱਚ ਨੌਬਤ ਅਤੇ ਨਫੀਰੀ ਬਜਾਈਜਾਂਦੀ ਹੈ. ਪੁਰਾਣੇ ਸਮੇਂ ਪੰਜ ਵੇਰ ਦਿਨ ਰਾਤ ਵਿੱਚ ਨੌਬਤ ਨਫੀਰੀ ਬਜਾਈ ਜਾਂਦੀ ਸੀ.

ਨੌਬਤੀ: ਨੌਬਤ ਵਜਾਉਣ ਵਾਲਾ। ੨. ਵਾਰੀ ਸਿਰ ਆਉਣ ਵਾਲਾ, ਜਿਵੇਂ- ਨੌਬਤੀ ਬੁਖ਼ਾਰ.

ਨੌਭਗਤੀ: ਦੇਖੋ, ਨਵਧਾ ਭਗਤਿ.

ਨੌਮਿ, ਨੌਮੀ: ਦੇਖੋ, ਨਉਮੀਅ ਤੇ ਨਵਮੀ.

---

[733] ਇਸ ਦੇ ਸੰਬੰਧ ਵਿੱਚ ਦੇਖੋ, ਬਾਬਾ ਪ੍ਰੇਮਸਿੰਘ ਹੋਤੀ ਨਿਵਾਸੀ ਦਾ ਲਿਖਿਆ "ਜੀਵਨ ਬ੍ਰਿਤਾਂਤ ਮਹਾਰਾਜਾ ਨੌਨਿਹਾਲਸਿੰਘ."

ਨੌਰਸ: ਦੇਖੋ, ਨਵ ਰਸ ਅਤੇ ਰਸ.

ਨੌਰਤਨ: ਦੇਖੋ, ਨਵਰਤਨ.

ਨੌਰਤੇ, ਨੌਰਾਤੇ: ਦੇਖੋ, ਨਵਰਾਤ੍ਰ. "ਇਸੀ ਪ੍ਰਕਾਰ ਨੌਰਤੇ ਪ੍ਰਪੂਜਤੇ ਸੁ ਆਯੁਧਾਨ." (ਗੁਪ੍ਰਸੂ)

ਨੌਰਿਖੀ: ਦੇਖੋ, ਨਉਮੁਨੀ.

ਨੌਰੋਜ਼: ਫ਼ਾ. نوروز ਨਵੇਂ ਸਾਲ ਦੇ ਚੜ੍ਹਨ ਦਾ ਦਿਨ। ੨. ਵਰ੍ਹੇ ਦੇ ਆਰੰਭ ਵਾਲੇ ਦਿਨ ਕੀਤਾ ਉਤਸਵ। ੩. ਖ਼ਾਸ ਕਰਕੇ ਪਾਰਸੀਆਂ ਦੇ ਨਵੇਂ ਸਾਲ ਦਾ ਦਿਨ, ਜੋ ਸੂਰਜ ਦੇਵਤਾ ਦੇ ਸਨਮਾਨ ਲਈ ਕੀਤਾਜਾਂਦਾ ਹੈ.

ਨੌਰੰਗ: ਦੇਖੋ, ਨਵਰੰਗ.

ਨੌਰੰਗਸਿੰਘ: ਗੁਰੂ ਗੋਬਿੰਦਸਿੰਘ ਸਾਹਿਬ ਦਾ ਹ਼ਜ਼ੂਰੀ ਸੇਵਕ, ਜੋ ਮਹਾਨ ਯੋਧਾ ਸੀ.

ਨੌਰੰਗਾ: ਦੇਖੋ, ਨਵਰੰਗੀ। ੨. ਦੇਖੋ, ਨੁਰੰਗਾ.

ਨੌਰੰਗਾਬਾਦ: ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ ਦਾ ਇੱਕ ਪ੍ਰਸਿੱਧ ਪਿੰਡ, ਜੋ ਬਾਬਾ ਬੀਰਸਿੰਘ ਜੀ ਦਾ ਨਿਵਾਸ ਅਸਥਾਨ ਸੀ. ਇਹ ਤਰਨਤਾਰਨ ਤੋਂ ਚਾਰ ਮੀਲ ਦੱਖਣ ਪੂਰਵ ਹੈ. ਗੁਰਦ੍ਵਾਰੇ ਦੀ ਕਈ ਪਿੰਡਾਂ ਵਿੱਚ ਜ਼ਮੀਨ ਅਤੇ ਮੁਆਫੀ ਹੈ. ੨੭ ਵੈਸਾਖ ਨੂੰ ਮੇਲਾ ਹੁੰਦਾ ਹੈ. ਦੇਖੋ, ਬੀਰਸਿੰਘ ਬਾਬਾ.

ਨੌਲਕੀ: ਦੇਖੋ, ਨਿਉਲੀ.

ਨੌਲੱਖਾ: ਵਿ- ਨੌ ਲੱਖ ਦੀ ਕੀਮਤ ਦਾ. ਨੌ ਲਕ੍ਸ਼ ਦੀ ਲਾਗਤ ਦਾ। ੨. ਸੰਗਯਾ- ਰਿਆਸਤ ਨਜਾਮਤ ਪਟਿਆਲਾ, ਤਸੀਲ ਸਰਹਿੰਦ, ਥਾਣਾ ਮੂਲੇਪੁਰ ਵਿੱਚ ਇੱਕ ਪਿੰਡ ਹੈ. ਇਸ ਦੀ ਵਸੋਂ ਦੇ ਨਾਲ ਹੀ ਉੱਤਰ ਵੱਲ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਇੱਥੇ ਇੱਕ ਵਣਜਾਰੇ ਨੇ ੯. ਮਨਸੂਰੀ ਟਕੇ ਗੁਰੂ ਜੀ ਦੀ ਭੇਂਟ ਕੀਤੇ, ਤਾਂ ਗੁਰੂ ਜੀ ਨੇ ਫ਼ਰਮਾਇਆ ਕਿ ਇਹ ਤਾਂ ਨੌ ਲੱਖ ਮੋਹਰ ਦੇ ਤੁੱਲ ਹਨ, ਤਦ ਤੋਂ ਇਸ ਥਾਂ ਦਾ ਨਾਮ ਨੌਲੱਖਾ ਪੈਗਿਆ, ਅਰ ਫੇਰ ਜੋ ਇਸ ਪਾਸ ਪਿੰਡ ਵਸਿਆ ਉਸ ਦੀ ਭੀ ਇਹ ਸੰਗਯਾ ਹੋਈ. ਨਿੱਕਾਜਿਹਾ ਮੰਜੀਸਾਹਿਬ ਹੈ, ਪਾਸ ਕੁਝ ਰਿਹਾਇਸ਼ੀ ਮਕਾਨ ਹਨ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਨਿਤ੍ਯ ਪ੍ਰਕਾਸ਼ ਹੁੰਦਾ ਹੈ. ਪੁਜਾਰੀ ਸਿੰਘ ਹੈ. ਗੁਰਦ੍ਵਾਰੇ ਨਾਲ ੧੦੦ ਵਿੱਘੇ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਸੱਤ ਮੀਲ ਪੱਛਮ ਕੱਚਾ ਰਸਤਾ ਹੈ.

ਨੌਲਿ, ਨੌਲੀ: ਦੇਖੋ, ਨਿਉਲੀ.

ਨੌ ਵ੍ਯਾਕਰਣ: ਐਂਦ੍ਰ, ਚਾਂਦ੍ਰ, ਕਾਂਸ਼ਕ੍ਰਿਤਸੁ, ਆਪਿਸ਼ਲਿ, ਸ਼ਾਕਟਾਯਨ, ਪਾਣਿਨੀਯ, ਆਮਰ, ਜੈਨੇਂਦ੍ਰ ਅਤੇ ਕਲਾਪ (ਕਾਤੰਤ੍ਰ). ਇਹ ਨੌ ਵ੍ਯਾਕਰਣ ਪ੍ਰਧਾਨ ਹਨ. ਅੱਠ ਵ੍ਯਾਕਰਣ ਬਾਬਤ ਦੇਖੋ, ਅਸਟ ਸਾਜਿ ਸਾਜਿ. "ਨੌ ਵਯਾਕਰਣੁ ਸਾਸਤ੍ਰ ਖਟ ਨਿਜ ਦ੍ਰਿੜ ਪੜ੍ਹੋ ਸੁਧਾਰ." (ਚਰਿਤ੍ਰ ੨੩੫)

ਨੰ: ਵ੍ਯ- ਨਿਸ਼ੇਧ ਬੋਧਕ. ਨ. ਨਹੀਂ. "ਸੁਖੇਣ ਬੈਣ ਰਤ ਨੰ." (ਗਾਥਾ) ਸੁਖਦਾਈ ਵਚਨਾਂ ਵਿੱਚ ਪ੍ਰੀਤਿ ਨਹੀਂ.

ਨੰਗ: ਵਿ- ਨਗਨ. ਨੰਗਾ. ਜਿਸ ਦੇ ਅੰਗ ਪੁਰ ਕੋਈ ਵਸਤ੍ਰ ਨਹੀਂ। ੨. ਕੰਗਾਲ। ੩. ਫ਼ਾ. ننگ ਸੰਗ੍ਯਾ- ਲੱਜਾ. ਸ਼ਰਮ। ੪. ਜੰਗ। ੫. ਦੋਸ਼. ਐ਼ਬ। ੬. ਇੱਜ਼ਤ.

ਨੰਗਨਾ: ਕ੍ਰਿ- ਨੰਗੇ ਹੋਣਾ. ਨਗ੍ਨ ਹੋਣਾ। ੨. ਸ਼ਰਮਿੰਦੇ ਹੋਣਾ. ਲੱਜਿਤ ਹੋਣਾ. ਦੇਖੋ ਨੰਗ ੩. "ਬਾਹੁੜਿ ਜੋਨਿ ਨ ਨੰਗਨਾ." (ਮਾਰੂ ਸੋਲਹੇ ਮਃ ੫)

ਨੰਗਨੰਗੀ: ਵਿ- नग्नाङ्गिन. ਨੰਗੇ ਅੰਗਾਂ ਵਾਲਾ. "ਇਕਿ ਨਗਨ ਫਿਰਹਿ ਨੰਗਨੰਗੀ." (ਗਉ ਮਃ ੪) ਇੱਕ ਨਾਂਗੇ, ਨੰਗ ਧੜੰਗੇ

ਫਿਰਦੇ ਹਨ.

ਨੰਗਲ: ਇੱਕ ਪਿੰਡ, ਜੋ ਰਿਆਸਤ ਫਰੀਦਕੋਟ ਵਿੱਚ ਰੇਲਵੇ ਸਟੇਸ਼ਨ ਫਰੀਦਕੋਟ ਤੋਂ ਪੂਰਵ ੬. ਮੀਲ ਹੈ. ਇਸ ਪਿੰਡ ਵਿੱਚ ਭਾਈ ਭਗਵਾਨਸਿੰਘ ਦੇ ਘਰ ਇਹ ਗੁਰਵਸਤਾਂ ਹਨ-

(੧) ਚੋਲਾ, ਜਿਸ ਦਾ ਰੰਗ ਗੂੜ੍ਹਾ ਸੁਰਮਈ ਹੈ ਅਰ ਕਪੜਾ ਬਹੁਤ ਨਰਮ ਹੈ.

(੨) ਦਸ਼ਮੇਸ਼ ਜੀ ਦੇ ਚਰਣਾਂ ਦੇ ਜੋੜੇ ਦੇ ਦੋਵੇਂ ਪੈਰ, ਜਿਨ੍ਹਾਂ ਦੀ ਲੰਬਾਈ ੯॥ ਇੰਚ, ਚੌੜਾਈ ਪੰਜੇ ਤੋਂ ੩. ਇੰਚ ਹੈ, ਹੇਠਲਾ ਤਲਾ ਚਮੜੇ ਦਾ, ਉੱਪਰੋਂ ਕਮਖ਼ਾਬ ਦਾ, ਅੰਦਰਲੇ ਪਾਸੇ ਹਰੇ ਰੰਗ ਦਾ ਰੇਸ਼ਮੀ ਕਪੜਾ ਹੈ, ਜਿਸ ਤੇ ਪਹਿਰਣ ਦੇ ਨਸ਼ਾਨ ਨਜ਼ਰ ਔਂਦੇ ਹਨ. ਜੋੜੇ ਦੇ ਇੱਕ ਪੈਰ ਨਾਲ ਪੀਲੇ ਰੰਗ ਦਾ ਰੇਸ਼ਮੀ ਧਾਗਾ ਸਰਦਾਰ ਹਰੀਸਿੰਘ ਜੀ ਨਲੂਏ ਦਾ ਬੱਧਾਹੋਇਆ ਹੈ, ਜਦ ਕਿ ਉਨ੍ਹਾਂ ਨੇ ਦਰਸ਼ਨ ਕੀਤਾ ਸੀ.

(੩) ਬਾਟਾ, ਜਿਸ ਦਾ ਤੋਲ ਇੱਕ ਸੇਰ ਹੈ. ਡੂੰਘਾ ਦੋ ਇੰਚ, ਚੌੜਾ ਉੱਪਰੋਂ ੮॥ ਥੱਲਿਓਂ ੭. ਇੰਚ ਹੈ. ਇਹ ਕਈ ਧਾਤਾਂ ਦੇ ਮੇਲ ਤੋਂ ਬਣਿਆ ਹੈ.

ਇਹ ਵਸਤਾਂ ਦਸ਼ਮੇਸ਼ ਜੀ ਨੇ ਆਪਣੇ ਸਿੱਖ ਭਾਈ ਲਾਲਚੰਦ ਨੂੰ ਬਖਸ਼ੀਆਂ ਜੋ ਪਹਿਲਾਂ ਬੂੜੀਏ (ਅੰਬਾਲੇ) ਦਾ ਵਸਨੀਕ ਅਰ ਹਲਵਾਈ ਦੀ ਦੁਕਾਨ ਕੀਤਾ ਕਰਦਾ ਸੀ. ਫੇਰ ਆਨੰਦਪੁਰ ਜਾਕੇ ਗੁਰੂ ਜੀ ਦੀ ਸੇਵਾ ਵਿੱਚ ਰਿਹਾ ਅਰ ਭੰਗਾਣੀ ਦੇ ਜੰਗ ਵਿੱਚ ਵੀਰਤਾ ਦਿਖਾਈ.

ਜਦੋਂ ਗੁਰੂ ਜੀ ਮੁਕਤਸਰ ਵੱਲ ਆਏ ਤਾਂ ਉਸ ਨੇ ਘਰ ਜਾਣ ਦੀ ਆਗਜ਼ਾ ਮੰਗੀ, ਗੁਰੂ ਜੀ ਨੇ ਪ੍ਰਸੰਨ ਹੋਕੇ ਇਹ ਵਸਤਾਂ ਬਖਸ਼ੀਆਂ.

ਲਾਲਚੰਦ ਜੀ ਗੁਰੂਜੀ ਪਾਸੋਂ ਵਿਦਾ ਹੋਕੇ ਕੋਟਕਪੂਰੇ ਰਹਿੰਦੇ ਰਹੇ. ਫੇਰ ਉਨ੍ਹਾਂ ਦੀ ਸੰਤਾਨ ਨੰਗਲ ਪਿੰਡ ਆ ਵਸੀ. ਹੁਣ ਨੌਮੀ ਪੀੜ੍ਹੀ ਭਾਈ ਭਗਵਾਨਸਿੰਘ ਹੈ. ਦੇਖ, ਲਾਲਚੰਦ ੩.

ਨੰਗਾ: ਵਿ- ਨਗ੍ਨ. ਜਿਸ ਦੇ ਅੰਗ ਤੇ ਵਸਤ੍ਰ ਨਹੀਂ. "ਨੰਗਾ ਦੋਜਕਿ ਚਾਲਿਆ." (ਵਾਰ ਆਸਾ)

ਨੰਗਾਸਣਾ: ਵਿ- ਨਗਨ ਆਸਣ ਵਾਲਾ. ਜਿਸ ਦੇ ਕਵਚ ਨਹੀਂ. "ਘਾਇਲ ਹੋਇ ਨੰਗਾਸਣਾ." (ਭਾਗੁ)

ਨੰਗੇ ਧੜ ਲੜਨਾ: ਕ੍ਰਿ- ਕਵਚ ਪਹਿਰੇ ਬਿਨਾ ਅਤੇ ਢਾਲ ਆਦਿ ਦੀ ਓਟ ਬਿਨਾ ਜੰਗ ਕਰਨਾ। ੨. ਕਿਸੇ ਵਡੇ ਕਾਰਯ ਨੂੰ ਸਾਮਰਥਜ ਨਾ ਹੋਣ ਪੁਰ ਭੀ ਦੂਜੇ ਦੀ ਸਹਾਇਤਾ ਬਿਨਾ ਕਰਨਾ.

ਨੰਢੜਾ, ਨੰਢੜੋ, ਨੰਢਾ, ਨੰਢੀ, ਨੰਢੇਰੜੋ, ਨੰਢੋ: ਮੁਲ. ਵਿ- ਛੋਟਾ. ਕੁਮਾਰ. ਦੇਖੋ, ਨਢੜਾ. ਭਾਵ- ਕਾਮਭਾਵ ਤੋਂ ਰਹਿਤ. "ਜੇ ਜਾਣਾ ਸਾਹੁ ਨੰਢੜਾ ਤਾਂ ਥੋੜਾ ਮਾਣ ਕਰੀ." (ਸ. ਫਰੀਦ) ੨. ਦੇਖੋ, ਨਵੋਢਾ. "ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ." (ਸ. ਫਰੀਦ)

ਨੰਦ: ਸੰ. नन्द्. ਧਾ- ਆਨੰਦ ਪ੍ਰਾਪਤ ਕਰਨਾ, ਸੁਖੀ ਹੋਣਾ, ਉਪਕਾਰ ਮੰਨਣਾ, ਵ੍ਰਿੱਧੀ ਪ੍ਰਾਪਤ ਕਰਨਾ, ਉਸਤਤਿ ਕਰਨਾ। ੨. ਸੰਗਜ਼ਾ- ਆਨੰਦ. "ਬਢਜੋ ਨੰਦ ਜੀ ਕੋ." (ਚਰਿਤ੍ਰ ੨੧੬) "ਜਗਤ ਭਗਤ ਦਾ ਨੰਦ." (ਨਾਪ੍ਰ) ਜਗਤ ਵਿਚ ਭਗਤਾਂ ਨੂੰ ਆਨੰਦ ਦਾਤਾ। ੩. ਪਾਰਬ੍ਰਹਮ. ਕਰਤਾਰ, ਜੋ ਆਨੰਦਰੂਪ ਹੈ। ੪. ਕੁਬੇਰ ਦੀ ਇੱਕ ਨਿਧਿ, ਜਿਸ ਦੀ ਗਿਣਤੀ 'ਨੌ ਨਿਧੀਆਂ' ਵਿੱਚ ਹੈ। ੫. ਵਿਸ਼ਨੁ। ੬. ਪੁਤ੍ਰ. "ਤੇਗਬਹਾਦੁਰ ਨੰਦ." (ਗੁਪ੍ਰਸੂ) ੭. ਵਰੀਯਸੀ ਦੇ ਪੇਟ ਤੋਂ ਪਰਜਨਜ ਦਾ ਪੁਤ੍ਰ, ਗੋਕੁਲ ਦੇ ਗੋਪਾਂ ਦਾ ਮੁਖੀਆ, ਯਸ਼ੋਦਾ ਦਾ ਪਤਿ, ਜੋ ਕ੍ਰਿਸ਼ਨ ਜੀ ਦੇ ਪਾਲਣ ਵਾਲਾ ਪਿਤਾ ਸੀ. "ਤੁਮ ਜੁ ਕਹਤ ਹਉ ਨੰਦ ਕੋ ਨੰਦਨੁ." (ਗਉ ਕਬੀਰ) ੮. ਵਿਸ਼ਨੁ ਦਾ ਇੱਕ ਨਿਕਟਵਰਤੀ ਸੇਵਕ. ਪਾਰਖਦ. "ਨੰਦਾਦਿਕ ਪ੍ਰਭੂ ਕਿੰਕਰ ਤੇਈ." (ਨਾਪ੍ਰ) ਦੇਖੋ, ਪਾਰਖਦ।

੯. ਮਹਾਤਮਾ ਬੁੱਧ ਦਾ ਮਤੇਰ ਭਾਈ। ੧੦. ਮਗਧ ਦਾ ਇੱਕ ਪ੍ਰਤਾਪੀ ਰਾਜਾ ਜਿਸ ਦਾ ਨਾਮ ਮਹਾਪਦਮ ਅਤੇ ਪਦਵੀ "ਨੰਦ"ਸੀ.

ਮਹਾਪਦਮ ਨੇ ਆਪਣੇ ਉੱਦਮ ਨਾਲ B. C.[734] ੪੧੩ ਵਿੱਚ ਨੰਦਰਾਜ ਕਾਇਮ ਕੀਤਾ. ਇਸ ਦੇ ਜਾਨਸ਼ੀਨ (ਉੱਤਰਾਧਿਕਾਰੀ) ਅੱਠ ਰਾਜਾ ਭੀ ਨੰਦ ਕਹਾਏ. ਨੰਦਵੰਸ਼ ਦਾ ਰਾਜ ੯੧ ਵਰ੍ਹੇ ਵਿੱਚ ਸਮਾਪਤ ਹੋਗਿਆ. ਦੇਖੋ, ਚੰਦ੍ਰਗੁਪਤ।

੧੧ ਨੌ ਸੰਖ੍ਯਾ ਬੋਧਕ, ਕਿਉਂਕਿ ਨੰਦ ਨਾਮ ਦੇ ਪ੍ਰਸਿੱਧ ਰਾਜੇ ਨੌ ਹੋਏ ਹਨ। ੧੨. ਡੱਡੂ, ਜੋ ਵਰਖਾ ਵਿੱਚ ਆਨੰਦ ਹੁੰਦਾ ਹੈ.

ਨੰਦਕ: ਸੰ नन्दक. ਵਿ- ਆਨੰਦ ਕਰਨ ਵਾਲਾ। ੨. ਸੰਗ੍ਯਾ- ਵਿਸ਼ਨੁ ਦਾ ਖੜਗ। ੩. ਡੱਡੂ. ਮੇਂਡਕ.

ਨੰਦਗ: ਦੇਖੋ, ਨੰਦਕ ੨. "ਧਨੁ ਸਾਰੰਗ ਨੰਦਗ ਖੱਗ ਭਣੰ." (ਸਮੁਦ੍ਰ ਮਥਨ)

ਨੰਦਗ੍ਰਾਮ: ਮਥੁਰਾ ਤੋਂ ਚੌਦਾਂ ਕੋਹ ਪੁਰ ਕ੍ਰਿਸ਼ਨ ਜੀ ਦੇ ਪਾਲਕ ਪਿਤਾ ਨੰਦ ਗੋਪ ਦੇ ਰਹਿਣ ਦਾ ਗ੍ਰਾਮ। ੨. ਦੇਖੋ, ਨੰਦਿਗ੍ਰਾਮ.

ਨੰਦਚੰਦ: ਡਰੋਲੀ ਨਿਵਾਸੀ ਉਮਰਸ਼ਾਹ ਦਾ ਪੋਤਾ, ਜੋ ਡਰੋਲੀ ਦੇ ਇਲਾਕੇ ਦਾ ਮਸੰਦ ਸੀ. ਗੁਰੂ ਗੋਬਿੰਦਸਿੰਘ ਸਾਹਿਬ ਨੇ ਇਸ ਨੂੰ ਆਪਣਾ ਦੀਵਾਨ ਅਤੇ ਸੈਨਾਨੀ ਥਾਪਿਆ. ਇਸ ਨੇ ਭੰਗਾਣੀ ਦੇ ਯੁੱਧ ਵਿੱਚ ਵਡੀ ਵੀਰਤਾ ਦਿਖਾਈ, ਜਿਸ ਦਾ ਜ਼ਿਕਰ ਵਿਚਿਤ੍ਰ ਨਾਟਕ ਦੇ ੮. ਵੇਂ ਅਧ੍ਯਾਯ ਵਿੱਚ ਹੈ, ਯਥਾ- "ਤਹਾਂ ਨੰਦਚੰਦੰ ਕਿਯੋ ਕੋਪ ਭਾਰੋ। ਲਗਾਈ ਬੱਰਛੀ ਕ੍ਰਿਪਾਣੰ ਸੰਭਾਰੋ। ਤੁਟੀ ਤੇਗ ਤ੍ਰਿੱਖੀ ਕਢੇ ਜੰਮਦੱਢੰ। ਹਠੀ ਰਾਖਿਯੰ ਲੱਜ ਬੰਸੰ ਸਨੱਢੰ."

ਇੱਕ ਵੇਰ ਉਦਾਸੀ ਸਾਧੂ ਗ੍ਰੰਥਸਾਹਿਬ ਲਿਖਕੇ ਕਲਗੀਧਰ ਦੇ ਦਸ੍ਤਖ਼ਤ ਲਈ ਆਨੰਦਪੁਰ ਲਿਆਏ.[735] ਨੰਦਚੰਦ ਨੇ ਇਹ ਕਾਪੀ ਘਰ ਰੱਖਲਈ ਅਰ ਉਦਾਸੀਆਂ ਨੂੰ ਵਾਪਿਸ ਦੇਣੋਂ ਇਨਕਾਰ ਕੀਤਾ. ਜਦ ਸਾਧਾਂ ਨੇ ਦਸ਼ਮੇਸ਼ ਪਾਸ ਸ਼ਕਾਇਤ ਕੀਤੀ, ਤਦ ਨੰਦਚੰਦ ਡਰਦਾ ਮਾਰਿਆ ਆਨੰਦਪੁਰੋਂ ਚੋਰੀ ਨੱਠਕੇ ਧੀਰਮੱਲ ਪਾਸ ਕਰਤਾਰਪੁਰ ਚਲਾਗਿਆ. ਉਸ ਨੇ ਦਸ਼ਮੇਸ਼ ਦਾ ਜਾਸੂਸ ਸਮਝਕੇ ਮਰਵਾਦਿੱਤਾ. ਨੰਦਚੰਦ ਦਾ ਸਸਕਾਰ ਕਾਲੇਸੰਙ੍ਹਾ ਹੋਇਆ.

ਉਦਾਸੀਆਂ ਤੋਂ ਖੋਹੀਹੋਈ ਗ੍ਰੰਥਸਾਹਿਬ ਜੀ ਦੀ ਬੀੜ ਹੁਣ ਡਰੋਲੀ ਵਿੱਚ ਹੈ.

ਨੰਦਜ: ਸੰਗ੍ਯਾ- ਨੰਦ ਦੇ ਪਾਲਿਤ ਪੁਤ੍ਰ ਕ੍ਰਿਸ਼ਨ ਜੀ। ੨. ਪੁਤ੍ਰ ਦਾ ਬੇਟਾ. ਪੋਤਾ.

ਨੰਦ ਦੇਸ: ਸੰਗ੍ਯਾ- ਮਗਧ ਦੇਸ਼, ਜਿੱਥੇ ਨੰਦਕੁਲ ਨੇ ਰਾਜ ਕੀਤਾ ਹੈ. ਦੇਖੋ ਨੰਦ ੧੦.

ਨੰਦਨ: ਸੰ. ਵਿ- ਆਨੰਦ ਦਾਇਕ. "ਨੰਦਨ ਜਗ ਬਾਨੀ ਪਗ ਬੰਦਨ." (ਨਾਪ੍ਰ) ੨. ਸੰਗ੍ਯਾ- ਪੁਤ੍ਰ. ਬੇਟਾ. "ਨੰਦਣ ਫੇਰੁ ਸੁਛੰਦ ਬਲੰਦ." (ਗੁਪ੍ਰਸੂ) ੩. ਇੰਦ੍ਰ ਦਾ ਬਾਗ਼ ਦੇਖੋ, ਦੇਵੋਦ੍ਯਾਨ। ੪. ਮੇਘ. ਬੱਦਲ। ੫. ਕੇਸਰ। ੬. ਚੰਦਨ। ੭. ਇੰਗਲੈਂਡ ਦੇ ਪ੍ਰਧਾਨ ਸ਼ਹਿਰ ਲੰਡਨ (London) ਨੂੰ ਅਨੇਕ ਪੰਜਾਬੀ ਨੰਦਨ ਆਖਦੇ ਹਨ.

ਨੰਦਨੀ: ਵਿ- ਆਨੰਦ ਦੇਣ ਵਾਲੀ. ਦੇਖੋ, ਨੈਨਨੰਦਨੀ। ੨. ਸੰ. ਨੰਦਿਨੀ. ਸੰਗ੍ਯਾ- ਪੁਤ੍ਰੀ. ਬੇਟੀ। ੩. ਉਮਾ. ਪਾਰਵਤੀ। ੪. ਗੰਗਾ। ੫ ਵਸ਼ਿਸ਼੍ਠ ਦੀ ਕਾਮਧੇਨੁ ਗਊ, ਜੋ ਸੁਰਭਿ ਦੀ ਪੁਤ੍ਰੀ ਸੀ. ਕਈ ਥਾਂ ਪਰਸ਼ੁਰਾਮ ਦੇ ਪਿਤਾ ਜਮਦਗਨਿ ਦੀ ਗਊ ਨੰਦਿਨੀ ਲਿਖੀ ਹੈ. "ਹੁਤੀ ਨੰਦਿਨੀ ਸਿੰਧੁਜਾ ਕੀ ਸੁਪੁਤ੍ਰੀ." (ਪਰਸੁਰਾਮਾਵ)

ਨੰਦਨੰਦਨ: ਸੰਗ੍ਯਾ- ਨੰਦ ਗੋਪ ਦਾ ਪੁਤ੍ਰ ਸ਼੍ਰੀ ਕ੍ਰਿਸ਼ਨ। ੨. ਬੇਟੇ ਦਾ ਬੇਟਾ, ਪੋਤਾ.

ਨੰਦਪੁਰ ਕਲੌੜ: ਦੇਖੋ, ਅਨੰਦਪੁਰ ੨. ਹੁਣ ਇਸ ਦਾ ਰੇਵਲੇ ਸਟੇਸ਼ਨ "ਬਸੀਪਠਾਣਾ" ਹੋਗਿਆ ਹੈ.

ਨੰਦਰ: ਸੰਗ੍ਯਾ- ਨਦਰ. ਨਜ਼ਰ. ਦ੍ਰਿਸ਼੍ਟਿ. "ਸ਼੍ਰੀ ਗੁਰੁ ਦੇਖਤ ਭੇ ਕਰ ਨੰਦਰ." (ਗੁਪ੍ਰਸੂ)

---

[734] Before Christ ਈਸਾ ਤੋਂ ਪਹਿਲਾਂ, ਭਾਵ-ਈਸਵੀ ਸਨ ਆਰੰਭ ਹੋਣ ਤੋਂ ਪਹਿਲਾਂ.

[735] ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਦਸ਼ਮੇਸ਼ ਜੀ ਦੇ ਵੇਲੇ ਤਕ ਜੋ ਕਾਪੀ ਸ਼੍ਰੀ ਗੁਰੂ ਗ੍ਰੰਥਸਾਹਿਬ ਦੀ ਕੀਤੀ ਜਾਂਦੀ ਹੈ, ਉਹ ਦਸ੍ਤਖ਼ਤਾਂ ਲਈ ਲਿਆਕੇ ਸਿੱਖ ਸਤਿਗੁਰਾਂ ਦੇ ਪੇਸ਼ ਕਰਦੇ.

**ਨੰਦ ਰਜਨੀਸ:** ਸੰਗਯਾ- ਰਜਨੀਸ਼ ਨੰਦ. ਰਾਤ੍ਰੀ ਦਾ ਸ੍ਵਾਮੀ ਚੰਦ੍ਰਮਾ, ਉਸ ਦਾ ਪੁਤ੍ਰ ਬੁਧ. "ਵਾਰ ਨੰਦਰਜਨੀਸ." (ਗੁਪ੍ਰਸੂ) ਬੁਧਵਾਰ.

**ਨੰਦਰਿ:** ਨਿਗਾਹ. ਦੇਖੋ, ਨੰਦਰ. "ਦੂਰੀ ਨਹੀਂ ਦੇਖੋ, ਕਰਿ ਨੰਦਰਿ." (ਮਾਰੂ ਸੋਲਹੇ ਮਃ ੧) ਵਿਚਾਰਦ੍ਰਿਸ਼੍ਟਿ ਕਰਕੇ ਦੇਖੋ। ੨. ਦੇਖੋ, ਕਰਣੰਦਰਿ.

**ਨੰਦਲਾਲ:** ਦੇਖੋ, ਮੀਹਾਂ। ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸੇਵਕ, ਜਿਸ ਦਾ ਦੂਜਾ ਨਾਮ ਸੋਹਣਾ ਹੈ. ਇਸ ਦਾ ਪਹਿਲਾ ਨਾਮ ਖ਼੍ਵਾਜਾ ਅਰਜਨੀ ਸੀ। ੩. ਦੇਖੋ, ਨੰਦਲਾਲ ਭਾਈ। ੪. ਪਿੰਡੀਲਾਲ ਦਾ ਭਾਈ ਇੱਕ ਬ੍ਰਾਹਮਣ, ਜੋ ਗੁਰੂ ਗੋਬਿੰਦਸਿੰਘ ਸਾਹਿਬ ਦਾ ਸਿੱਖ ਹੋਇਆ. ਦਸ਼ਮੇਸ਼ ਨੇ ਇਸ ਨੂੰ ਜਪੁ ਦੇ ਅਰਥ ਸਮਝਾਏ। ੫ ਨੰਦ ਦਾ ਪਜਾਰਾ ਪੁਤ੍ਰ ਕ੍ਰਿਸ਼ਨਦੇਵ.

**ਨੰਦਲਾਲ ਭਾਈ:** ਦੇਖੋ, ਸੋਹਣਾ ੩। ੨. ਮੁਨਸ਼ੀ ਛੱਜੂਰਾਮ ਆਂਗਿਰਸ ਖਤ੍ਰੀ, ਜੋ ਫ਼ਾਰਸੀ ਦਾ ਵਿਦ੍ਵਾਨ ਸੀ, ਸਨ ੧੬੩੦ ਵਿੱਚ ਹਿੰਦੁਸਤਾਨੋਂ ਗ਼ਜ਼ਨੀ ਵੱਲ ਗਿਆ ਅਰ ਆਪਣੀ ਯੋਗਯਤਾ ਦੇ ਬਲ ਉੱਥੋਂ ਦੇ ਹਾਕਿਮ ਦਾ ਮੀਰ ਮੁਨਸ਼ੀ ਹੋਗਿਆ. ਇੱਥੇ ਹੀ ਇਸ ਦੇ ਘਰ ਨੰਦਲਾਲ ਜੀ ਦਾ ਜਨਮ ਸਨ ੧੬੩੩ ਵਿੱਚ ਹੋਇਆ. ਪਿਤਾ ਨੇ ਇਨ੍ਹਾਂ ਦੀ ਤਾਲੀਮ ਦਾ ਯੋਗ੍ਯ ਪ੍ਰਬੰਧ ਕੀਤਾ, ਅਤੇ ੧੨. ਵਰ੍ਹੇ ਦੀ ਜਦ ਉਮਰ ਹੋਈ ਤਾਂ ਕੁਲਰੀਤਿ ਅਨੁਸਾਰ ਕੁਲਗੁਰੂ ਤੋਂ ਵੈਸ਼ਨਵ ਧਰਮ ਦੀ ਸਿਖ੍ਯਾ ਦਿਵਾਕੇ ਕੰਠੀ ਬੰਨ੍ਹਵਾਉਣ ਦੀ ਰਸਮ ਕਰਵਾਉਣੀ ਚਾਹੀ, ਪਰ ਵਿਚਾਰਸ਼ੀਲ ਨੰਦਲਾਲ ਜੀ ਨੇ ਪਿਤਾ ਅਤੇ ਕੁਲਗੁਰੂ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਮੈਂ ਆਪਣੀ ਤਸੱਲੀ ਕੀਤੇ ਬਿਨਾ ਕੋਈ ਧਰਮ ਨਹੀਂ ਧਾਰਨ ਕਰਾਂਗਾ.

ਸਨ ੧੬੫੨ ਵਿਚ ਪਿਤਾ ਦਾ ਦੇਹਾਂਤ ਹੋਣ ਪੁਰ ਨੰਦਲਾਲ ਜੀ ਉਦਾਸ ਹੋਕੇ ਗ਼ਜ਼ਨੀ ਤੋਂ ਚਲੇ ਆਏ ਅਤੇ ਮੁਲਤਾਨ ਦੇ ਦਿੱਲੀ ਦਰਵਾਜ਼ੇ ਘਰ ਬਣਾਕੇ ਰਹਿਣ ਲੱਗੇ. ਇਨ੍ਹਾਂ ਦੇ ਮਕਾਨ ਪਾਸ ਵਸੇ ਮਹੱਲੇ ਦਾ ਨਾਮ "ਆਗਾਪੁਰ" ਪ੍ਰਸਿੱਧ ਹੋਗਿਆ, ਕਿਉਂਕਿ ਨੰਦਲਾਲ ਜੀ ਦੇ ਸੇਵਕ ਅਤੇ ਸ਼ਾਗਿਰਦ ਇਨ੍ਹਾਂ ਨੂੰ ਆਗ਼ਾ (ਸ੍ਵਾਮੀ) ਕਹਿਕੇ ਬੁਲਾਇਆ ਕਰਦੇ ਸਨ.

ਇੱਥੇ ਹੀ ਇੱਕ ਸਿੱਖ ਘਰਾਣੇ ਦੀ ਪੁਤ੍ਰੀ ਨਾਲ ਆਪ ਦੀ ਸ਼ਾਦੀ ਹੋ ਗਈ, ਜਿਸ ਤੋਂ ਗੁਰਸਿੱਖੀ ਦੀ ਪ੍ਰੀਤਿ ਮਨ ਵਿੱਚ ਉਪਜੀ.

ਸਨ ੧੬੮੨ ਵਿੱਚ ਨੰਦਲਾਲ ਜੀ ਮੁਲਤਾਨੋਂ ਤੁਰਕੇ ਅਮ੍ਰਿਤਸਰ ਜੀ ਦਾ ਦਰਸ਼ਨ ਕਰਦੇ ਹੋਏ ਕਲਗੀਧਰ ਜੀ ਦੀ ਸੇਵਾ ਵਿੱਚ ਆਨੰਦਪੁਰ ਪੁੱਜੇ ਅਤੇ ਗੁਰਦਿਖ੍ਯਾ ਲੈਕੇ ਅਨੰਨ ਸਿੱਖ ਹੋਏ.

ਭਾਈ ਨੰਦਲਾਲ ਸਾਹਿਬ ਅ਼ਾਰਬੀ, ਫ਼ਾਰਸੀ ਅਤੇ ਰਿਆਜ਼ੀ ਦੇ ਪੂਰੇ ਪੰਡਿਤ ਅਤੇ ਵਡੀ ਚਮਤਕਾਰੀ ਬੁੱਧੀ ਰਖਦੇ ਸਨ. ਇਨ੍ਹਾਂ ਦਾ ਸ਼ਾਹਜ਼ਾਦਾ ਮੁਅ਼ੱਜ਼ਮ (ਬਹਾਦੁਰਸ਼ਾਹ) ਨਾਲ ਸਤਿਗੁਰਾਂ ਦੀ ਮਾਰਫ਼ਤ ਮਿਲਾਪ ਹੋਗਿਆ ਅਤੇ ਇਹ ਸ਼ਾਹਜ਼ਾਦੇ ਪਾਸ ਮੁਸਾਹਿਬ ਅਤੇ ਮੀਰਮੁਨਸ਼ੀ ਹੋਕੇ ਸਨ ੧੬੮੩ ਤੋਂ ਰਹਿਣ ਲੱਗੇ. ਇਨ੍ਹਾਂ ਦੀ ਉਸਤਤਿ ਮੁਅ਼ੱਜ਼ਮ ਤੋਂ ਅਤੇ ਅ਼ਾਲਿਮਾਂ ਦੀ ਸਭਾ ਵਿੱਚ ਕੁਰਾਨ ਦੀ ਇੱਕ ਆਯਤ ਦੇ ਚਮਤਕਾਰੀ ਅਰਥ ਸੁਣਕੇ ਬਾਦਸ਼ਾਹ ਔਰੰਗਜ਼ੇਬ ਨੇ ਇਨ੍ਹਾਂ ਨੂੰ ਮੁਸਲਮਾਨ ਕਰਨਾ ਚਾਹਿਆ, ਜਿਸ ਪੁਰ (ਮੁਅ਼ੱਜ਼ਮ) ਤੋਂ ਵਿਦਾ ਲੈਕੇ ਸਨ ੧੬੯੭ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਜਾ ਰਹੇ.

ਆਪ ਕਲਗੀਧਰ ਦੇ ਦਰਬਾਰ ਦਾ ਭੂਸ਼ਣ ਅਤੇ ਗੁਰਮੁਖਾਂ ਦੀ ਸ਼੍ਰੇਣੀ ਵਿੱਚ ਗਿਣੇਜਾਂਦੇ ਸਨ. ਦਸ਼ਮੇਸ਼ ਨੇ ਸਿੱਖਾਂ ਦੇ ਲੰਗਰ ਦੀ ਪਰੀਖਿਆ ਸਮੇਂ ਭਾਈ ਸਾਹਿਬ ਜੀ ਦੀ "ਸਿੱਖਸੇਵਾ " ਸਭ ਤੋਂ ਵਧਕੇ ਸਲਾਹੀ ਸੀ.[736]

ਸਤਿਗੁਰਾਂ ਦੇ ਆਨੰਦਪੁਰੋਂ ਜਾਣ ਪਿੱਛੋਂ ਭਾਈ ਸਾਹਿਬ ਜੀ ਮੁਲਤਾਨ ਵਿੱਚ ਆਪਣੇ ਘਰ ਜਾ ਰਹੇ, ਅਤੇ ਉੱਥੇ ਗੁਰਮਤ ਅਤੇ ਵਿਦ੍ਯਾ ਦਾ ਪ੍ਰਚਾਰ ਕਰਦੇ ਹੋਏ ਸਮਾ ਵਿਤਾਇਆ. ਇਨ੍ਹਾਂ ਦਾ ਦੇਹਾਂਤ ਸਨ ੧੭੦੫ ਵਿੱਚ ਹੋਇਆ.

ਭਾਈ ਨੰਦਲਾਲ ਜੀ ਦੇ ਦੋ ਸੁਪੁਤ੍ਰ ਸਨ, ਵਡਾ ਲਖਪਤਿਰਾਇ ਅਤੇ ਛੋਟਾ ਲੀਲਾਰਾਮ. ਲਖਪਤਿ ਦੇ ਸੰਤਾਨ ਨਹੀਂ ਹੋਈ. ਲੀਲਾਰਾਮ ਜੀ ਦੀ ਵੰਸ਼ ਚਲੀ, ਜੋ ਹੁਣ ਬਹਾਵਲਪੁਰ ਅਤੇ ਮੁਲਤਾਨ ਆਦਿਕ ਥਾਂਈਂ ਨਿਵਾਸ ਕਰਦੀ ਹੈ, ਜਿਸ ਵਿੱਚ ਸਹਜਧਾਰੀ ਅਤੇ ਅਮ੍ਰਿਤਧਾਰੀ ਗੁਰਮੁਖ ਸੱਜਨ ਪੰਥ ਦੇ ਰਤਨ ਹਨ, ਅਰ "ਭਾਈ" ਲਕ਼ਬ ਨਾਲ ਸੰਬੋਧਨ ਕੀਤੇ ਜਾਂਦੇ ਹਨ.

---

[736] "ਨੰਦਲਾਲ ਤੋਂ ਹਮਰੋ ਦਾਤਾ। ਭਗਤਿਭਾਵ ਸੰਤਨ ਮਨ ਭਾਤਾ। ਛੁਧਿਤ ਨ ਦੇਖ ਸਕੈ ਚਿਤ ਭਾਰੋ। ਦੇਗ ਕਰਤ ਮਮ ਸੋਇ ਪਿਆਰੋ।" (ਗੁਪ੍ਰਸੂ)

ਭਾਈ ਨੰਦਲਾਲ ਜੀ ਨੇ ਗੁਰੁਮਹਿਮਾਂ, ਭਗਤਿ ਅਤੇ ਗ੍ਯਾਨ ਵਿਸ਼ਯ ਪੁਰ ਇਹ ਪੁਸ੍ਤਕ ਲਿਖੇ ਹਨ-

੧. ਜ਼ਿੰਦਗੀਨਾਮਹ। ੨. ਤੌਸੀਫ਼ੋਸਨਾ। ੩. ਗੰਜਨਾਮਹ। ੪. ਜੋਤਵਿਕਾਸ਼। ੫. ਦੀਵਾਨਗੋਯਾ। ੬. ਇਨਸ਼ਾ ਦਸਤੂਰ। ੭. ਅਰਜ਼ੁਲ- ਇਲਫ਼ਾਜ। ੮. ਖ਼ਾਤਮਹ. ਭਾਈ ਨੰਦਲਾਲ ਜੀ ਦਾ ਤਖ਼ਲੁੱਸ (ਛਾਪ) "ਗੋਯਾ" ਹੈ.

ਨੰਦਵੰਸ਼: ਦੇਖੋ, ਨੰਦ ੧੦,

ਨੰਦਾ: ਸੰ. नन्दा. ਸੰਗ੍ਯਾ- ਨਣਦ. ਪਤੀ ਦੀ ਭੈਣ। ੨. ਏਕਮ, ਛਠ ਅਤੇ ਏਕਾਦਸ਼ੀ ਤਿਥਿ। ੩. ਦੁਰਗਾ. "ਕਰ ਨੰਦਾ ਖੜਗ ਉਠਾਇਕੈ. (ਚੰਡੀ ੩) ਦੇਖੋ, ਨਿੰਦਾ ੨। ੪. ਯੂ. ਪੀ. ਦੇ ਅਲਮੋਰਾ ਜਿਲੇ ਵਿੱਚ ਇੱਕ ਪਹਾੜ ਦੀ ਚੋਟੀ, ਜਿਸ ਦੀ ਉਚਾਈ ੨੫੬੬੧ ਫੁਟ ਹੈ. ਇਸ ਪੁਰ ਨੰਦਾ (ਦੁਰਗਾ) ਦਾ ਅਸਥਾਨ ਹੋਣ ਕਰਕੇ ਇਹ ਨਾਮ ਹੋਗਿਆ ਹੈ। ੫. ਸੁਦਨਾ ਜਾਤਿ ਦਾ ਗੁਰੂ ਅਮਰਦੇਵ ਜੀ ਦਾ ਸਿੱਖ। ੬. ਸੰਘੇੜਾ ਜਾਤਿ ਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ, ਜੋ ਆਤਮਗ੍ਯਾਨੀ ਅਤੇ ਮਹਾਨ ਯੋਧਾ ਸੀ. ਇਹ ਅਮ੍ਰਿਤਸਰ ਦੇ ਜੰਗ ਵਿੱਚ ਮਿਰਜ਼ਾਬੇਗ ਸਰਦਾਰ ਨੂੰ ਮਾਰਕੇ ਸ਼ਹੀਦ ਹੋਇਆ। ੭. ਦੇਖੋ, ਸ੍ਵਾਮੀ ਦਾਸ। ੮. ਦੇਖੋ, ਬਰਵਾ.

ਨੰਦਿ: ਸੰ. ਸੰਗ੍ਯਾ- ਆਨੰਦ। ੨. ਆਨੰਦਰੂਪ ਪਾਰਬ੍ਰਹਮ। ੩. ਸ਼ਿਵ ਦੀ ਸਵਾਰੀ ਦਾ ਬੈਲ। ੪. ਸ਼ਿਵ। ੫. ਮਿਤ੍ਰ.

ਨੰਦਿਗਾਂਵ, ਨੰਦਿਗ੍ਰਾਮ: ਅਯੋਧ੍ਯਾ ਤੋਂ ੪. ਕੋਹ ਪੁਰ ਇੱਕ ਪਿੰਡ, ਜਿੱਥੇ ਰਾਮਚੰਦ੍ਰ ਜੀ ਦੇ ਵਨਵਾਸ ਸਮੇਂ ਤਪਸ੍ਵੀ ਭੇਖ ਵਿੱਚ ਰਹਿਕੇ ਭਰਨ ਨੇ ਰਾਜਕਾਜ ਕੀਤਾ. ਦੇਖੋ, ਭਦਰਸਾ.

ਨੰਦਿਘੋਸ਼: ਸੰ. ਵਿ- ਜਿਸ ਦੀ ਘੋਸ਼ (ਧੁਨਿ) ਆਨੰਦ ਦੇਣ ਵਾਲੀ ਹੈ। ੨. ਸੰਗ੍ਯਾ- ਅਰਜੁਨ ਦਾ ਰਥ.

ਨੰਦਿਨੀ: ਦੇਖੋ, ਨੰਦਨੀ.

ਨੰਦੀ: ਦੇਖੋ, ਨੰਦਿ ਅਤੇ ਨਾਂਦੀਮੁਖ. "ਬਜਾਹ ਸਮੈ ਨੰਦੀ ਕਰੈ." (ਗੁਪ੍ਰਸੂ) ੨. ਸ਼ਿਵ ਦੀ ਸਵਾਰੀ ਦਾ ਬੈਲ. "ਅਮਿਤ ਬਾਣ ਨੰਦੀ ਕਹੁ ਮਾਰੇ." (ਰੁਦ੍ਰਾਵ) ੩. ਸ਼ਿਵ ਦੇ ਨਾਮ ਪੁਰ ਦਾਗ ਦੇਕੇ ਛੱਡਿਆਹੋਇਆ ਬੈਲ। ੪. ਵਿ- ਆਨੰਦੀ. ਖ਼ੁਸ਼.

ਨੰਦੀਮੁਖ: ਦੇਖੋ, ਨਾਂਦੀਮੁਖ. "ਨੰਦੀਮੁਖੰ ਸ਼੍ਰਾੱਧ ਕਰਵਾਯੋ." (ਨਾਪ੍ਰ)

ਨੰਦੇਰ, ਨੰਦੇੜ: ਦੇਖੋ, ਅਬਿਚਲਨਗਰ.

ਨੰਨਾ: ਨ ਅੱਖਰ."ਨੰਨਾ ਨਰਕ ਪਰਹਿੰ ਤੇ ਨਾਹੀ." (ਬਾਵਨ) ੨. ਨ ਦਾ ਉਚਾਰਣ. ਨਕਾਰ। ੩. ਵ੍ਯ- ਨਾ. ਨਹੀਂ. ਨਿਸ਼ੇਧ.

ਨੰਨਾਕਾਰ, ਨੰਨਾਕਾਰੁ: ਸੰਗ੍ਯਾ- ਇਨਕਾਰ, ਨਾ ਮਨਜ਼ੂਰੀ, ਅਸ੍ਵੀਕਾਰ. ਨੰਨਾਕਾਰ, ਨ ਕੋਈ ਕਰੇਈ (ਗਉ ਅਃ ਮਃ ੧)

ਨੰਨ੍ਹਾ: ਵਿ- ਛੋਟਾ ਨਜ਼ੂਨ.

ਨੰਬਰ: ਅੰ. Number. ਗਿਣਤੀ. ਸੰਖ੍ਯਾ. ਸ਼ੁਮਾਰ.

ਨੰਬਰਦਾਰ: ਵਿ- ਮਨੁੱਖਾਂ ਖੇਤਾਂ ਅਤੇ ਵਸਤਾਂ ਦਾ ਨੰਬਰ (ਸ਼ੁਮਾਰ) ਰੱਖਣ ਵਾਲਾ। ੨. ਸੰਗ੍ਯਾ- ਪਿੰਡ ਦਾ ਚੋਧਰੀ ਲੰਬਰਦਾਰ.

ਨੰਮ੍ਰ: ਵਿ- ਨੀਵਾਂ। ੨. ਝੁਕਿਆਹੋਇਆ। ੩. ਅਭਿਮਾਨ ਰਹਿਤ. ਹਲੀਮ.

ਨੰਮ੍ਰਤਾ: ਸੰਗ੍ਯਾ- ਨੀਵੇਂ ਹੋਣ ਦਾ ਭਾਵ. ਝੁਕਾਉ। ੨. ਹਲੀਮੀ.

ਨ੍ਹਾਉਣਾ: ਕ੍ਰਿ- ਸਨਾਨ ਕਰਨਾ.

ਨ੍ਹਾਤ: ਨ੍ਹਾਉਂਦਾ ਹੈ. ਸਨਾਨ ਕਰਦਾ ਹੈ। ੨. ਸ੍ਨਾਤ. ਨ੍ਹਾਤਾਹੋਇਆ. ਜਿਸ ਨੇ ਸਨਾਨ ਕੀਤਾ ਹੈ.

ਨ੍ਹਾਨ: ਸੰਗ੍ਯਾ- ਸ੍ਨਾਨ. "ਹਜਰਤ ਕੀਨਸ ਨ੍ਹਾਨ ਹਮਾਮ." (ਗੁਪ੍ਰਸੂ)

ਨ੍ਹਾਪੇ: ਨਹਾਈਏ. ਸਨਾਨ ਕਰੀਏ.

ਨ੍ਹਾਪੈ: ਨ੍ਹਾਉਣ ਤੋਂ. ਸਨਾਨ ਕਰਨੇ ਸੇ.

ਨਜਸ: ਸੰ. न्यस्. ਧਾ- ਫੈਂਕਣਾ (ਸਿੱਟਣਾ), ਤਜਾਗਣਾ, ਆਰੋਪਣਾ (ਜੋੜਨਾ).

ਨਜਸ੍ਤ: ਸੰ. ਵਿ- ਫੈਂਕਿਆ ਹੋਇਆ। ੨. ਤਿਆਗਿਆ ਹੋਇਆ। ੩. ਬੈਠਾ ਹੋਇਆ. ਦੇਖੋ, ਫ਼ਾ. نشستہ ਨਸ਼ਸ੍ਤਹ.

ਨਜਗ੍ਰੋਧ: ਸੰ. ਸੰਗਜਾ- ਬੜ. ਬੋਹੜ ਬਰੋਟਾ. ਵਟ.

ਨਜਾਸ: ਸੰ. ਸੰਗਜਾ- ਸਥਾਪਨ. ਰੱਖਣਾ। ੨. ਧਰੋਹਰ। ੩. ਅਰਪਣ। ੪. ਤਜਾਗ. ਸੰਨਜਾਸ। ੫. ਤੰਤ੍ਰਸ਼ਾਸਤ੍ਰ ਦੀ ਰੀਤਿ ਅਨੁਸਾਰ ਮੰਤ੍ਰ ਅਥਵਾ ਓਅੰ ਆਦਿ ਸ਼ਬਦ ਉੱਚਾਰਣ ਕਰਕੇ ਵਿਧਾਨ ਕੀਤੇ ਅੰਗਾਂ ਨੂੰ ਛੁਹਿਣਾ. ਦੇਖੋ, ਅੰਗਨਜਾਸ.

ਨਜਾਯ: ਸੰ. ਸੰਗਜਾ- ਯੋਗਜ ਬਾਤ. ਨੀਤਿ. ਇਨਸਾਫ਼। (ੳ) ਗੌਤਮ ਦਾ ਰਚਿਆ ਸ਼ਾਸਤ੍ਰ, ਜਿਸ ਦੀ ਦਰਸ਼ਨਾਂ ਵਿੱਚ ਗਿਣਤੀ ਹੈ. ਦੇਖੋ, ਖਟ ਸ਼ਾਸਤ੍ਰ.

(ੲ) ਪ੍ਰਤਿਗਜਾ, ਹੇਤੁ, ਉਦਾਹਰਣ, ਉਪਨਯ ਅਤੇ ਨਿਗਮਨ, ਇਨ੍ਹਾਂ ਪੰਜਾਂ ਅੰਗਾਂ ਵਾਲਾ ਵਾਕ.

(I) ਪਰਵਤ ਅਗਨਿ ਵਾਲਾ ਹੈ- ਪ੍ਰਤਿਗਜਾ.

(II) ਧੂੰਏਂ ਵਾਲਾ ਹੋਣ ਕਰਕੇ- ਹੇਤੁ.

(III) ਧੂੰਏਂ ਵਾਲਾ ਜਰੂਰ ਅੱਗ ਸਹਿਤ ਹੁੰਦਾ ਹੈ, ਜਿਸ ਤਰਾਂ ਰਸੋਈ ਘਰ- ਉਦਾਹਰਣ.

(IV) ਨੇਮ ਨਾਲ ਅੱਗ ਸਾਥ ਰਹਿਣ ਵਾਲੇ ਧੂੰਏਂ ਹੇਤੁ ਵਾਲਾ ਇਹ ਪਰਵਤ ਹੈ- ਉਪਨਯ.

(V) ਇਸ ਲਈ ਬਿਨਾ ਸੰਸੇ ਇਹ ਪਹਾੜ ਅੱਗ ਵਾਲਾ ਹੈ- ਨਿਗਮਨ.

(ਸ) ਦ੍ਰਿਸ਼੍ਟਾਂਤ ਵਾਕਜ. ਮਿਸਾਲ. ਕਹਾਵਤ. ਨਜਾਯਵਾਕਯ ਸਾਰੀਆਂ ਬੋਲੀਆਂ ਵਿੱਚ ਵਰਤੇਜਾਂਦੇ ਹਨ, ਅਰ ਇਹ ਅਨੰਤ ਹਨ. ਅਸੀਂ ਇੱਥੇ ਉਹ ਲਿਖਦੇ ਹਾਂ ਜੋ ਬਹੁਤ ਪ੍ਰਸਿੱਧ ਅਤੇ ਜਾਂਦਾ ਵਰਤੇ ਜਾਂਦੇ ਹਨ-

ਉਸ਼੍ਟ੍ਰ ਲਗੁੜ ਨਜਾਯ. ਉੱਠ ਉੱਤੇ ਲੱਦੀਆਂ ਲੱਕੜਾਂ ਵਿੱਚੋਂ ਇੱਕ ਡੰਡਾ ਲੈਕੇ ਜਿਵੇਂ ਉੱਠ ਨੂੰ ਸਿੱਧਾ ਕਰ ਲਈਦਾ ਹੈ. ਤਿਵੇਂ ਕਿਸੇ ਦੀ ਗੱਲ ਨੂੰ ਆਪਣੇ ਪੱਖ ਦੀ ਪੁਸ਼੍ਟੀ ਲਈ ਵਰਤੀਏ.

(੨) ਊਖਰ ਵਰਖਾ ਨਜਾਯ. ਜਿਵੇਂ ਕੱਲਰ ਵਿੱਚ ਮੀਂਹ ਕੁਝ ਫਲ ਨਹੀਂ ਦਿੰਦਾ, ਤਿਵੇਂ ਜਿਸ ਥਾਂ ਉਪਦੇਸ਼ ਆਦਿ ਦਾ ਕੁਝ ਅਸਰ ਨਾ ਹੋਵੇ.

(੩) ਅਗਨਿ ਧੂਮ ਨਜਾਯ. ਧੂੰਆਂ ਕਾਰਯ ਦੇਖਕੇ ਜਿਸ ਤਰਾਂ ਕਾਰਣਰੂਪ ਅਗਨਿ ਦਾ ਗਜਾਨ ਹੁੰਦਾ ਹੈ, ਇਸੇ ਤਰਾਂ ਕਾਰਯ ਦ੍ਵਾਰਾ ਕਾਰਣ ਜਾਣ ਲੈਣਾ.

(੪) ਅਰਣਜ ਰੋਦਨ ਨਜਾਯ. ਜੰਗਲ ਵਿੱਚ ਰੋਣਾ ਜੈਸੇ ਨਿਸ਼ਫਲ ਹੈ, ਉਸੇ ਤਰਾਂ ਜਿਸ ਥਾਂ ਕੋਈ ਗੱਲ ਸੁਣਨ ਵਾਲਾ ਨਾ ਹੋਵੇ ਅਤੇ ਵਜਾਖਜਾਨ ਕਰਤਾ ਵ੍ਰਿਥਾ ਸਿਰ ਖਪਾਵੇ.

(੫) ਅੰਧਗਜ ਨਜਾਯ. ਕਈ ਅੰਨ੍ਹਿਆਂ ਨੇ ਹਾਥੀ ਟੋਹਕੇ ਦੇਖਿਆ, ਪੂਛ ਟਟੋਲਣ ਵਾਲੇ ਨੇ ਹਾਥੀ ਰੱਸੇ ਜੇਹਾ, ਟੰਗ ਟਟੋਲਣ ਵਾਲੇ ਨੇ ਥਮਲੇ ਜੇਹਾ, ਕੰਨ ਸਪਰਸ਼ ਕਰਨ ਵਾਲੇ ਨੇ ਛੱਜ ਜੇਹਾ ਦੱਸਿਆ. ਇਸੇ ਤਰਾਂ ਜਿੱਥੇ ਬਾਤ ਦੀ ਅਸਲੀਯਤ ਜਾਣੇ ਬਿਨਾ ਲੋਕ ਆਪਣੀ ਅਟਕਲ ਨਾਲ ਕਲਪਣਾ ਕਰਨ, ਉੱਥੇ ਇਹ ਕਹਾਵਤ ਕਹੀ ਜਾਂਦੀ ਹੈ.

(੬) ਅੰਧ ਪਰੰਪਰਾ ਨਜਾਯ. ਬਿਨਾ ਸੋਚੇ, ਇੱਕ ਨੂੰ ਕੰਮ ਕਰਦੇ ਦੇਖਕੇ ਉਸੇ ਤਰਾਂ ਕਰਨ ਲਗਣਾ, ਵਿਚਾਰ ਬਿਨਾ ਪੁਰਾਣੀ ਲੀਹ ਤੇ ਤੁਰੇ ਜਾਣਾ.

(੭) ਅੰਧ ਪੰਗੁ ਨਜਾਯ. ਅੰਨ੍ਹਾ ਦੇਖ ਨਹੀਂ ਸਕਦਾ, ਪਿੰਗਲਾ ਚਲ ਨਹੀਂ ਸਕਦਾ, ਪਰ ਜੇ ਅੰਨ੍ਹਾ ਪਿੰਗਲੇ ਨੂੰ ਚੁੱਕ ਲਵੇ, ਤਦ ਜਿੱਥੇ ਚਾਹੁਣ ਪਹੁਚ ਸਕਦੇ ਹਨ. ਇਸੇ ਤਰਾਂ ਇੱਕ ਇੱਕ ਕਾਰਯ ਨੂੰ ਕਰਨ ਵਾਲੇ ਜਿੱਥੇ ਪਰਸਪਰ ਸਹਾਈ ਹੋਣ, ਉੱਥੇ ਇਹ ਨਜਾਯ ਵਰਤੀਦਾ ਹੈ.

(੮) ਏਕਾਕ੍ਸ਼ੀ ਤ੍ਰਿਣ ਨਜਾਯ. ਇੱਕ ਅੱਖੋਂ ਕਾਣਾ ਸੀ ਦੂਜੀ ਵਿੱਚ ਤਿਨਕਾ ਪੈਗਿਆ, ਇਸੇ ਤਰਾਂ ਪਹਿਲਾਂ ਹੀ ਕਿਸੇ ਗੱਲ ਵਿੱਚ ਕਮਜ਼ੋਰੀ ਹੋਵੇ, ਉੱਤੋਂ ਹੋਰ ਵਿਘਨ ਆ ਪਵੇ, ਤਦ ਉਸ ਮੌਕੇ ਇਹ ਕਹਾਵਤ ਵਰਤੀਦੀ ਹੈ.

(੯) ਸ਼ਮਸ਼੍ਰ ਕੰਟਕ ਨਜਾਯ. ਦਾੜੀ ਮੁੱਛ ਜੋ ਮੁਨਾਉਂਦੇ ਹਨ ਉਨ੍ਹਾਂ ਦੇ ਰੋਮ ਕੰਡੇ ਜੇਹੇ ਤਿੱਖੇ ਉਗਦੇ ਹਨ, ਅਜੇਹੇ ਲੋਕ ਜਦ ਬੱਚਿਆਂ ਨੂੰ ਪਜਾਰ ਨਾਲ ਚੁੰਮਦੇ ਹਨ ਤਦ ਕੰਡਿਆਂ ਤੋਂ ਦੁਖੇ ਹੋਏ ਬੱਚੇ ਰੋ ਉਠਦੇ ਹਨ. ਜੋ ਪਜਾਰ ਦਿਖਾਕੇ ਦੁਖ ਦੇਵੇ ਉਸ ਲਈ ਇਹ ਕਹਾਵਤ ਵਰਤੀਦੀ ਹੈ.

(੧੦) ਸਮੁਦ੍ਰ ਵਰਖਾ ਨਜਾਯ. ਜੈਸੇ ਸਮੁਦ੍ਰ ਵਿੱਚ ਮੀਂਹ ਉਪਕਾਰੀ ਨਹੀਂ ਦਿਸਦਾ, ਤੈਸੇ ਜਿਸ ਥਾਂ ਕਿਸੇ ਗੱਲ ਦੀ ਜਰੂਰਤ ਨਾ ਹੋਵੇ ਉਸ ਥਾਂ ਇਹ ਨਜਾਯ ਕਿਹਾ ਜਾਂਦਾ ਹੈ.

(੧੧) ਸਿੰਘਾਵਲੋਕਨ ਨਜਾਯ. ਜੈਸੇ ਸ਼ੇਰ ਸ਼ਿਕਾਰ ਨੂੰ ਮਾਰਕੇ ਜਦ ਅੱਗੇ ਵਧਦਾ ਹੈ, ਤਦ ਫਿਰ ਫਿਰ ਪਿੱਛੇ ਵੇਖਦਾ ਹੈ, ਤੈਸੇ ਕਿਸੇ ਬਾਤ ਪੁਰ ਬਾਰ ਬਾਰ ਧਜਾਨ ਦੇਣਾ.

(੧੨) ਸੁੰਦੋਪਸੁੰਦ ਨਜਾਯ. ਸੁੰਦ ਅਤੇ ਉਪਸੁੰਦ ਦੋਵੇਂ ਭਾਈ ਤਿਲੋਤੱਮਾ ਅਪਸਰਾ ਨੂੰ ਵਰਣਾ ਚਾਹੁੰਦੇ ਸਨ. ਤਿਲੋਤੱਮਾ ਨੇ ਆਖਿਆ ਕਿ ਜੋ ਦੋਹਾਂ ਵਿੱਚੋਂ ਬਲੀ ਸਾਬਤ ਹੋਵੇਗਾ ਮੈ ਉਸ ਨੂੰ ਵਰਾਂਗੀ. ਇਸ ਪੁਰ ਆਪੋ ਵਿੱਚੀ ਵਿੱਚੀ ਲੜਕੇ ਕਟ ਮੋਏ. ਇਸੇ ਤਰਾਂ ਪਰਸਪਰ ਦੀ ਫੁੱਟ ਨਾਲ ਜਿੱਥੇ ਦੋਹਾਂ ਧਿਰਾਂ ਨੂੰ ਹਾਨੀ ਪਹੁਚੇ, ਉਸ ਥਾਂ ਇਹ ਕਹਾਵਤ ਵਰਤੀਦੀ ਹੈ.

(੧੩) ਸੂਚੀ ਕਟਾਹ ਨਜਾਯ. ਲੁਹਾਰ ਨੂੰ ਇੱਕ ਨੇ ਕੜਾਹਾ ਬਣਾਉਣ ਲਈ ਆਖਿਆ, ਦੂਜੇ ਨੇ ਆਕੇ ਸੂਈ ਬਣਾਉਣ ਲਈ ਕਿਹਾ. ਲੁਹਾਰ ਨ ਪਹਿਲਾਂ ਸੂਈ ਬਣਾਕੇ ਫੇਰ ਕੜਾਹਾ ਬਣਾਉਣਾ ਆਰੰਭਿਆ. ਇਸੇ ਤਰਾਂ ਪਹਿਲੇ ਸਹਿਜ ਕੰਮ ਨੂੰ ਕਰਕੇ ਫੇਰ ਬੜੇ ਕੰਮ ਨੂੰ ਹੱਥ ਪਾਉਣਾ ਠੀਕ ਹੁੰਦਾ ਹੈ.

(੧੪) ਸ੍ਥਾਲੀ ਤੰਡੁਲ ਨਜਾਯ. ਵਲਟੋਹੀ ਵਿੱਚੋਂ ਇੱਕ ਚਾਉਲ ਦੇਖਣ ਤੋਂ ਜਿਵੇਂ ਸਾਰੀ ਦੇਗ ਦੇ ਰਿੱਝੇ ਚਾਉਲਾਂ ਦਾ ਪਤਾ ਲਗਦਾ ਹੈ, ਤਿਵੇਂ ਕਿਸੇ ਇੱਕ ਬਾਤ ਦੇ ਗਜਾਨ ਤੋਂ ਸਾਰਾ ਹਾਲ ਜਾਣਲੈਣਾ.

(੧੫) ਸ੍ਥੂਣਾ ਨਿਖਨਨ ਨਜਾਯ. ਜੈਸੇ ਥੰਮ੍ਹੀ ਨੂੰ ਗੱਡਣ ਵੇਲ ਦ੍ਰਿੜ੍ਹ ਕਰਣ ਲਈ ਤੋਕੇ ਬਾਰ ਬਾਰ ਹਿਲਾਕੇ ਦੇਖੀਦਾ ਹੈ, ਤੈਸੇ ਆਪਣੇ ਪੱਖ ਦੀ ਯੁਕਤੀ ਉਕਤੀ ਨਾਲ ਦ੍ਰਿੜ੍ਹਤਾ ਕਰਨੀ.

(੧੬) ਕਦਲੀ ਫਲ ਨਜਾਯ. ਕੇਲਾ ਕੱਟੇ ਤੋਂ ਹੀ ਜਾਦਾ ਫਲਦਾ ਹੈ, ਤੈਸੇ ਨੀਚ ਦੰਡ ਤੋਂ ਹੀ ਲਾਭ ਦਿੰਦਾ ਹੈ.

(੧੭) ਕਰ ਕੰਕਨ ਨਜਾਯ. ਕੰਕਨ ਕਹਿਣ ਤੋਂ ਹੀ ਕਰ (ਹੱਥ) ਦਾ ਗਹਿਣਾ ਜਾਣਿਆ ਜਾਂਦਾ ਹੈ, ਇਸ ਲਈ ਕਰ ਸ਼ਬਦ ਨਿਸ਼ਫਲ ਹੈ, ਪਰ ਐਸਾ ਬੋਲਿਆ- ਜਾਂਦਾ ਹੈ. ਇਸੇ ਤਰਾਂ ਜਿੱਥੇ ਬਾਤ ਨੂੰ ਸਪਸ਼੍ਟ ਕਰਨ ਲਈ ਕੁਝ ਵਾਧੂ ਸ਼ਬਦ ਕਹੀਏ, ਉਸ ਥਾਂ ਇਹ ਨਜਾਯ ਵਰਤੀਦਾ ਹੈ.

(੧੮) ਕਾਕਤਾਲੀਯ ਨਜਾਯ. ਤਾਲ ਬਿਰਛ ਪੁਰ ਕਾਉਂ ਬੈਠਾ ਸੀ, ਉਸ ਦੇ ਉਡਾਉਣ ਲਈ ਤਾਲੀ ਵਜਾਈ, ਜਿਸ ਤੋਂ ਕਾਉਂ ਉਡ ਗਿਆ ਅਰ ਕਾਉਂ ਦੇ ਉਡਮ ਦੀ ਹਰਕਤ ਤੋਂ ਜੋ ਬਹੁਤ ਪੱਕਾ ਫਲ ਸੀ, ਉਹ ਸ਼ਾਖਾ ਤੋਂ ਟੁੱਟਕੇ ਡਿਗ ਪਿਆ. ਐਸੇ ਹੀ ਭਾਵੇਂ ਦੋ ਗੱਲਾਂ ਦਾ ਪਰਸਪਰ ਸਿੱਧਾ ਸੰਬੰਧ ਨਾ ਹੋਵੇ, ਪਰ ਇੱਕ ਸਮੇਂ ਵਿੱਚ ਹੋਜਾਣ, ਤਦ ਇਹ ਕਹਾਵਤ ਵਰਤੀਦੀ ਹੈ.

(੧੯) ਕੂਪ ਮੰਡੂਕ ਨਜਾਯ. ਸਮੁੰਦਰ ਦਾ ਡੱਡੂ ਕਿਸੇ ਖੂਹ ਵਿੱਚ ਡਿੱਗ ਪਿਆ, ਖੂਹ ਦੇ ਡੱਡੂ ਨੇ ਪੁੱਛਿਆ ਤੇਰਾ ਸਮੁੰਦਰ ਕਿਤਨਾ ਵਡਾ ਹੈ, ਉਸ ਨੇ ਆਖਿਆ ਬਹੁਤ ਵਡਾ ਹੈ. ਕੂਏ ਦੇ ਡੱਡੂ ਨੇ ਕਿਹਾ ਕਿ ਕੀ ਇਸ ਖੂਹ ਜਿੰਨਾ ਹੈ? ਸਮੁੰਦਰ ਦੇ ਮੇਂਡਕ ਨੇ ਇਸ ਪਰ ਖੂਹ ਦੇ ਡੱਡੂ ਨੂੰ ਕਿਹਾ ਕਿੱਥੇ ਇਹ ਤੁੱਛ ਖੂਹ ਅਰ ਕਿੱਥੇ ਮਹਾਨ ਸਮੁੰਦਰ! ਇਸ ਪੁਰ ਖੂਹ ਦੇ ਡੱਡੂ ਨੇ ਕਿਹਾ ਕਿ ਤੂੰ ਝੂਠਾ ਹੈਂ, ਇਸ ਖੂਹ ਤੋਂ ਵਡਾ ਸਮੁੰਦਰ ਕਿਸ ਤਰਾਂ ਹੋ ਸਕਦਾ ਹੈ? ਇਸੇ ਤਰਾਂ ਜਿੱਥੇ ਥੋੜੇ ਗਜਾਨ ਵਾਲਾ ਵਡੇ ਗਜਾਨੀ ਦੀ

ਗੱਲ ਨਹੀਂ ਮੰਨਦਾ ਅਤੇ ਤਰਕ ਕਰਦਾ ਹੈ, ਉਸ ਥਾਂ ਇਹ ਕਹਾਵਤ ਆਖੀ ਜਾਂਦੀ ਹੈ.

(੨੦) ਕੈਮੁਤਿੱਕ ਨਜਾਯ. ਜਿਸ ਨੇ ਵਡਾ ਕੰਮ ਕਰ ਲਿਆ ਉਸ ਨੇ ਛੋਟਾ ਕਰਨ ਵਿੱਚ ਕੀ ਕਠਿਨਾਈ ਹੈ. ਐਸੀ ਕਹਾਵਤ ਜਿਸ ਥਾਂ ਆਖੀਏ, ਇਹ ਕੈਮੁਤਿੱਕ ਨਜਾਯ ਹੈ.

(੨੧) ਕੰਠ ਚਾਮੀਕਰ ਨਜਾਯ. ਕਿਸੇ ਦੇ ਗਲ ਗਹਿਣਾ ਹੋਵੇ, ਪਰ ਉਸ ਨੂੰ ਭ੍ਰਮ ਹੋਜਾਵੇ ਕਿ ਖੋਇਆ ਗਿਆ ਹੈ ਅਰ ਢੂੰਡਦਾ ਵਜਾਕੁਲ ਹੋਜਾਵੇ. ਇਸੇ ਤਰਾਂ ਵਸ੍ਤੁ ਦੇ ਪਾਸ ਹੋਣ ਪਰ ਜੋ ਅਗਜਾਨ ਕਰਕੇ ਨਾ ਹੋਣੀ ਸਮਝੇ, ਉਸ ਥਾਂ ਇਹ ਨਜਾਯ ਆਖੀਦਾ ਹੈ.

(੨੨) ਗੱਡੂਰਿ ਪ੍ਰਵਾਹ ਨਜਾਯ. ਦੇਖੋ, ਭੇਡਚਾਲ.

(੨੩) ਗੁੜ ਔਖਧ ਨਜਾਯ. ਕੌੜੀ ਦਵਾ ਬਾਲਕ ਨੂੰ ਗੁੜ ਦਾ ਲਾਲਚ ਦੇਕੇ ਪਿਆਈਦੀ ਹੈ, ਤੈਸੇ ਕਿਸੇ ਨੂੰ ਕਿਸੇ ਕੰਮ ਲਈ ਰੁਚਿ ਦਿਵਾਕੇ ਤਿਆਰ ਕਰਨਾ.

(੨੪) ਘਟ ਦੀਪਕ ਨਜਾਯ. ਘੜੇ ਦਾ ਦੀਵਾ ਅੰਦਰ ਹੀ ਰੌਸ਼ਨੀ ਕਰਦਾ ਹੈ, ਤੈਸੇ ਜੋ ਆਪਣਾ ਹੀ ਭਲਾ ਚਾਹੁੰਦਾ ਹੈ ਦੂਜੇ ਨੂੰ ਵਿਦਜਾ ਆਦਿ ਨਾਲ ਲਾਭ ਨਹੀਂ ਪਹੁਚਾਉਂਦਾ, ਉਸ ਲਈ ਇਹ ਕਹਾਵਤ ਹੈ.

(੨੫) ਘਣ ਅੱਖਰਨਜਾਯ, ਘੁਣਾਕ੍ਸ਼ਰ ਨਜਾਯ. ਜੈਸੇ ਲੱਕੜ ਦਾ ਕੀੜਾ (ਘੁਣਾ) ਲੱਕੜ ਨੂੰ ਖਾਂਦਾ ਹੈ ਤਾਂ ਉਸ ਤੋਂ ਕਦੇ ਕਦੇ ਅਚਾਨਕ ਅੱਖਰਾਂ ਦੀ ਸ਼ਕਲ ਬਣਜਾਂਦੀ ਹੈ. ਇਸੇ ਤਰਾਂ ਕੋਈ ਕੰਮ ਬਿਨਾ ਧਜਾਨ ਸੁਤੇ ਹੀ ਹੋਜਾਵੇ, ਉੱਥੇ ਇਹ ਦ੍ਰਿਸ਼੍ਟਾਂਤ ਵਰਤੀਦਾ ਹੈ.

(੨੬) ਜਲ ਤਰੰਗਨਜਾਯ. ਤਰੰਗ ਨਾਮ ਜੁਦਾ ਹੋਣ ਪੁਰ ਭੀ ਉਹ ਜਲ ਤੋਂ ਭਿੰਨ ਨਹੀਂ. ਐਸੇ ਹੀ ਅਭੇਦ ਪ੍ਰਗਟ ਕਰਨ ਲਈ ਇਹ ਨਜਾਯ ਵਰਤੀਦਾ ਹੈ.

(੨੭) ਜਲ ਤੂੰਬੀ ਨਜਾਯ. ਕਿਸੇ ਨੇ ਤੂੰਬੀ ਪਾਣੀ ਵਿੱਚ ਲੁਕੋਈ, ਉਹ ਝਟ ਉੱਪਰ ਆਗਈ. ਇਸੇ ਤਰਾਂ ਜੋ ਗੱਲ ਲੁੱਕ ਨਹੀਂ ਸਕਦੀ, ਉਸ ਦੇ ਲੁਕੋਣ ਦਾ ਯਤਨ ਕਰਨਾ.

(੨੮) ਤਿਲਤੰਡੁਲ ਨਜਾਯ. ਤਿਲ ਅਤੇ ਚਾਵਲ ਮਿਲਾਕੇ ਰੱਖਣ ਪੁਰ ਭੀ ਜੁਦੇ ਭਾਸਦੇ ਹਨ, ਤੈਸੇ ਅਨਮੇਲ ਪਦਾਰਥ ਕਦੇ ਅਭਿੰਨ ਨਹੀਂ ਹੋ ਸਕਦੇ.

(੨੯) ਦੇਹਲੀ ਦੀਪਕ ਨਜਾਯ. ਦੇਹਲੀ ਉੱਪਰ ਰੱਖਿਆ ਦੀਵਾ ਅਤੇ ਬਾਹਰ ਰੌਸ਼ਨੀ ਕਰਦਾ ਹੈ, ਤੈਸੇ ਇੱਕ ਬਾਤ ਦੋ ਗੁਣਾਂ ਨੂੰ ਪ੍ਰਗਟ ਕਰੇ ਅਥਵਾ ਇੱਕ ਸ਼ਬਦ ਦੋਹੀਂ ਪਾਸੀਂ ਅਰਥ ਸਿੱਧ ਕਰੇ, ਤਦ ਇਹ ਨਜਾਯ ਬੋਲੀਦਾ ਹੈ.

(੩੦) ਦੰਡ ਚਕ੍ਰ ਨਜਾਯ. ਜੈਸੇ ਘੜਾ ਬਣਾਉਣ ਲਈਂ ਚੱਕ ਡੰਡਾ ਆਦਿ ਅਨੇਕ ਸਾਮਾਨ ਸਹਾਇਕ ਹੁੰਦੇ ਹਨ, ਤੈਸੇ ਜੋ ਬਾਤ ਅਨੇਕ ਕਾਰਣਾਂ ਤੋਂ ਸਿੱਧ ਹੋਵੇ ਉੱਥੇ ਇਹ ਮਿਸਾਲ ਆਉਂਦੀ ਹੈ.

(੩੧) ਪਿਸ਼੍ਟ ਪੇਸ਼ਣ ਨਜਾਯ. ਪੀਠੇ ਨੂੰ ਪੀਹਣਾ. ਨਿਰਰਥਕ ਹੈ, ਤੈਸੇ ਕੀਤੇ ਹੋਏ ਕੰਮ ਨੂੰ ਫਿਰ ਕਰਨਾ ਨਿਸ਼ਫਲ ਹੈ. ਕਿਸੇ ਬਾਤ ਨੂੰ ਬਾਰ ਬਾਰ ਦੁਹਰਾਉਣਾ ਲਾਭਦਾਇਕ ਨਹੀਂ.

(੩੨) ਮੰਡੂਕ ਤੋਲਨ ਨਜਾਯ. ਕੋਈ ਬਾਣੀਆਂ ਡੱਡੂ ਨੂੰ ਸਾਮਾਨ ਵਾਲੇ ਪਲੜੇ ਵਿੱਚ ਰੱਖਕੇ ਵਸਤੂ ਤੋਲਦਾ ਸੀ ਤਾਕਿ ਵਸਤੁ ਘੱਟ ਦਿੱਤੀਜਾਵੇ. ਡੱਡੂ ਟੱਪਕੇ ਬਾਹਰ ਚਲਾਗਿਆ ਜਿਸ ਤੋਂ ਵਸਤੁ ਦਾ ਵਜਨ ਘਟ ਗਿਆ, ਇਸੇਤਰਾਂ ਛਲ ਨਾਲ ਕੀਤੀ ਬਾਤ ਪ੍ਰਗਟ ਹੋਜਾਂਦੀ ਹੈ.

ਅਥਵਾ- ਜੈਸੇ ਡੱਡੂ ਕੱਠੇ ਕਰਕੇ ਤੋਲੀਏ ਤਦ ਤੋਲੇ ਨਹੀਂ ਜਾਂਦੇ, ਕਯੋਂਕਿ ਉਹ ਨਿਚਲੇ ਹੋਕੇ ਨਹੀਂ ਬੈਠਦੇ. ਇੱਕ ਨੂੰ ਬੈਠਾਓ ਚਾਰ ਕੁੱਦਕੇ ਬਾਹਰ ਹੋ ਜਾਂਦੇ ਹਨ. ਇਸੇ ਤਰਾਂ ਆਪਮੁਹਾਰੀ ਮੂਰਖਮੰਡਲੀ ਤੋਂ ਕੋਈ ਕਾਰਯ ਸਿੱਧਾ ਨਹੀਂ ਹੁੰਦਾ.

(੩੩) ਮ੍ਰਿਗ ਕਸਤੂਰੀ ਨਜਾਯ. ਕਸਤੂਰੀ ਮ੍ਰਿਗ ਦੀ ਨਾਭਿ ਵਿੱਚ ਹੈ, ਪਰ ਭਾਲਦਾ ਹੈ ਜੰਗਲ ਵਿੱਚ. ਇਸੇ ਤਰਾਂ ਆਪਣੇ ਪਾਸ

ਹੁੰਦੇ ਆਨੰਦ ਨੂੰ ਹੋਰ ਥਾਂ ਮੰਨਣਾ.

(੩੪) ਰੱਜੂ ਸਰਪ ਨਜਾਯ. ਜਦ ਤੀਕ ਯਥਾਰਥ ਗਜਾਨ ਨਹੀਂ ਹੁੰਦਾ ਰੱਸੀ ਨੂੰ ਸੱਪ ਸਮਝਦਾ ਹੈ. ਇਸੇ ਤਰਾਂ ਬ੍ਰਹਮਗਜਾਨ ਬਿਨਾ ਦ੍ਰਿਸ਼ਜ ਜਗਤ ਨੂੰ ਸਤਜ ਜਾਣਦਾ ਹੈ. ਕਿਸੇ ਵਸ੍ਤੁ ਦੀ ਅਸਲੀਅਤ ਸਮਝੇ ਬਿਨਾ ਭ੍ਰਮ ਦੂਰ ਨਹੀਂ ਹੁੰਦਾ.

(੩੫) ਲੋਹ ਚੁੰਬਕ ਨਜਾਯ. ਲੋਹਾ ਜੜ੍ਹ ਹੋਣ ਪੁਰ ਭੀ ਚੁੰਬਕ ਦੇ ਖਿੱਚਣ ਤੋਂ ਉਸ ਪਾਸ ਜਾਂਦਾ ਹੈ, ਤੈਸੇ ਕ੍ਰਿਯਾ ਰਹਿਤ ਪੁਰੁਸ਼ ਪ੍ਰਕ੍ਰਿਤਿ ਦੇ ਸੰਯੋਗ ਕਰਕੇ ਚੇਸ਼੍ਟਾ ਕਰਦਾ ਹੈ. ਇਹ ਨਜਾਯ ਸਾਂਖਜ ਵਾਲੇ ਵਰਤਦੇ ਹਨ.

(੩੬) ਵਾਰਿਧਿ ਟਿੱਟਭ ਨਜਾਯ. ਕਹਾਵਤ ਹੈ ਕਿ ਸਮੁੰਦਰ ਨੇ ਇੱਕ ਵਰਾ ਟਟੀਹਰੀ ਦੇ ਆਂਡੇ ਡੋਬਲਏ. ਟਟੀਹਰੀ ਨੇ ਸਾਰੇ ਪੰਛੀਆਂ ਨੂੰ ਸਾਥ ਮਿਲਾਕੇ ਸਮੁੰਦਰ ਦੇ ਸੁਕਾਉਣ ਦਾ ਯਤਨ ਕੀਤਾ. ਅੰਤ ਨੂੰ ਗਰੁੜ ਦੀ ਸਹਾਇਤਾ ਨਾਲ ਸਮੁੰਦਰ ਨੂੰ ਲੱਜਿਤ ਕਰਕੇ ਆਂਡੇ ਹਾਸਿਲ ਕੀਤੇ. ਇਸ ਦਾ ਭਾਵ ਹੈ ਕਿ ਪੁਰੁਸ਼ਾਰਥ ਅਤੇ ਏਕਾ ਸਾਰੇ ਕੰਮ ਕਰ ਦਿੰਦਾ ਹੈ.

(੩੭) ਵਿਲ (ਵਿਲ੍ਵ) ਖਲ੍ਵਾਟ ਨਜਾਯ. ਧੁੱਪ ਨਾਲ ਵਜਾਕੁਲ ਹੋਇਆ ਗੰਜਾ ਆਰਾਮ ਲਈ ਬਿਲ ਦੇ ਬਿਰਛ ਹੇਠ ਗਿਆ. ਉਸ ਥਾਂ ਬਿਲ ਦਾ ਫਲ ਟੁੱਟਕੇ ਟੋਟਣ ਵਿੱਚ ਲੱਗਾ. ਜਿੱਥੇ ਸੁਖ ਦਾ ਸਾਧਨ ਕਰਦੇ ਦੁਖ ਖੜਾ ਹੋ ਜਾਵੇ, ਉਸ ਥਾਂ ਇਹ ਕਹਾਵਤ ਆਖੀਦੀ ਹੈ.

(੩੮) ਵੀਜਾਂਕੁਰ ਨਜਾਯ. ਵੀਜ ਤੋਂ ਅੰਕੁਰ ਹੈ ਜਾਂ ਅੰਕੁਰ ਤੋਂ ਵੀਜ. ਜੈਸੇ ਇਹ ਠੀਕ ਨਹੀਂ ਕਿਹਾ ਜਾ ਸਕਦਾ, ਤੈਸੇ ਦੋ ਸੰਬੰਧ ਵਸਤੂਆਂ ਦੇ ਨਿਤਜਪ੍ਰਵਾਹ ਦੇ ਦਿਸ਼੍ਟਾਂਤ ਵਿੱਚ ਵੇਦਾਂਤੀ ਇਹ ਨਜਾਯ ਵਰਤਦੇ ਹਨ। (ਹ) ਕ੍ਰਿ. ਵਿ- ਨਾਯ. ਨਿਵਾਕੇ. ਝੁਕਾਕੇ. ਨੀਵਾਂ ਕਰਕੇ. "ਮੁਖ ਨਜਾਯ ਖਿਸਾਯ ਚਲਜੋ." (ਕ੍ਰਿਸ਼ਨਾਵ)

ਨਜਾਯੀ: ਸੰ. न्यायिन. ਵਿ- ਨਜਾਯ (ਇਨਸਾਫ਼) ਕਰਨ ਵਾਲਾ. ਅ਼ਾਦਿਲ.

ਨਜਾਰ: ਸੰਗਜਾ- ਪਸ਼ੁ ਦਾ ਰਾਤਬ, ਜੋ ਨੀਰੇ ਅਤੇ ਅੰਨ ਆਦਿ ਦੇ ਮੇਲ ਤੋਂ ਬਣਦਾ ਹੈ.

ਨਜਾਰਾ: ਦੇਖੋ, ਨਿਆਰਾ.

ਨਜਾਰੀਆਂ: ਦੇਖੋ, ਨਿਆਰੀਆ.

ਨਜੂਨ: ਵਿ- ਕਮ. ਘੱਟ। ੨. ਪਾਪੀ. ਨੀਚ.

ਨਜੂਨਤਾ: ਸੰਗਜਾ- ਘਾਟਾ. ਕਮੀ. । ੨. ਨੀਚਪਨ.

ਨਜੂਨ ਰੂਪਕ: ਦੇਖੋ, ਰੂਪਕ (ੲ).

ਨਜੰਤਾ: ਦੇਖੋ, ਨਯੰਤਾ.

ਨ੍ਰਿ: ਸੰ. नृ. ਸੰਗਜਾ- ਨਰ. ਮਨੁੱਖ। ੨. ਨਿਰ ਦੀ ਥਾਂ ਭੀਨ੍ਰਿ ਬਦ ਆਇਆ ਹੈ, ਯਥਾ- "ਨਮਸਤੰ ਨ੍ਰਿਨਾਮੇ। ਨਮਸਤੰ ਨ੍ਰਿਕਾਮੇ।।" (ਜਾਪੁ)

ਨ੍ਰਿਸਿੰਘ: ਦੇਖੋ, ਨਰਸਿੰਘ.

ਨ੍ਰਿਸ਼ੰਸ: ਜੋ ਆਦਮੀਆਂ ਨੂੰ ਸ਼ੰਸਤਿ (ਮਾਰਦਾ) ਹੈ. ਦਯਾ ਬਿਨਾ. ਬੇ ਰਹਮ.

ਨ੍ਰਿਸ੍ਰੀਕ: ਜਿਸ ਦਾ ਸ਼ਰੀਕ ਕੋਈ ਨਹੀਂ."ਨ੍ਰਿਸ੍ਰੀਕ ਹੈ." (ਜਪੁ)

ਨ੍ਰਿਹਰਿ: ਦੇਖੋ, ਨਰਸਿੰਘ ਅਤੇ ਨਰਹਰਿ.

ਨ੍ਰਿਕ੍ਰੁੱਧ: ਵਿ- ਕ੍ਰੋਧ ਰਤਿ."ਫਿਰੈਂ ਸਰਬ ਨ੍ਰਿਕ੍ਰੁੱਧ." (ਗਜਾਨ)

ਨ੍ਰਿਖੇਧ: ਦੇਖੋ, ਨਿਖੇਧ."ਤੇ ਭਾਂਤ ਭਾਂਤ ਕੀਨੇ ਨ੍ਰਿਖੇਧ." (ਮਨੁਰਾਜ)

ਨ੍ਰਿਗ: ਸੰ. नृग. ਸੰਗਜ਼ਾ- ਮਹਾਭਾਰਤ ਅਨੁਸਾਰ ਇੱਕ ਦਾਨੀ ਰਾਜਾ. ਇਹ ਨਿਤਯ ਬਹੁਤ ਗਊਆਂ ਦਾਨ ਕਰਦਾ ਸੀ. ਇੱਕ ਦਿਨ ਦਾਨ ਕੀ ਗਊ ਰਾਜੇ ਦੀ ਗਊਆਂ ਵਿੱਚ ਆਮਿਲੀ. ਜੋ ਰਾਜੇ ਨੇ ਹੋਰ ਬ੍ਰਾਹਮਣ ਨੂੰ ਦੇ ਦਿੱਤੀ. ਇਤਨੇ ਵਿੱਚ ਉਹ ਬ੍ਰਾਹਮਣ ਆਇਆ ਜਿਸ ਨੂੰ ਉਹ ਗਾਂ ਪਹਿਲਾਂ ਮਿਲੀ ਸੀ. ਰਾਜੇ ਨੇ ਦੋਹਾਂ ਬਾਹਮਣਾਂ ਨੂੰ ਸਮਝੌਤੇ ਲਈ ਬਹੁਤ ਆਖਿਆ, ਪਰ ਕਿਸੇ ਨੇ ਨਾ ਮੰਨਿਆ. ਅੰਤ ਨੂੰ ਝਗੜਾਲੂ ਬ੍ਰਾਹਮਣ ਦੀ ਬਦਦੁਆ ਨਾਲ ਰਾਜੇ ਨੂੰ ਹਜ਼ਾਰ ਵਰ੍ਹੇ ਕਿਰਲਾ ਹੋਕੇ ਇੱਕ ਖੂਹ ਵਿੱਚ ਰਹਿਣਾਪਿਆ. ਕ੍ਰਿਸ਼ਨ ਜੀ ਨੇ ਇਸ ਨੂੰ ਮੁਕ੍ਤ ਕੀਤਾ. ਕ੍ਰਿਸਨਵਤਾਰ ਵਿੱਚ ਨ੍ਰਿਗ ਦੀ ਥਾਂ ਡਿਗ[737] ਲਿਖਿਆ ਹੈ. ਦੇਖੋ, ਡਿਗ ੨.

ਨ੍ਰਿਘਾਤ: ਵਿ- ਘਾਤ (ਵਧ) ਰਹਿਤ. ਅਵਿਨਾਸ਼ੀ. "ਨਮਸੂੰ ਨ੍ਰਿਘਾਤੇ." (ਜਾਪੁ) ੨. ਸੰਗਜ਼ਾ- ਨ੍ਰਿ (ਮਨੁੱਖ) ਦਾ ਘਾਤ (ਵਧ). ਆਦਮੀ ਦਾ ਖ਼ੂੰਨ. Homicide.

ਨ੍ਰਿਚੱਛ: ਵਿ- ਚਕ੍ਸ਼ੁ (ਨੇਤ੍ਰ) ਰਹਿਤ. ਅੰਧ. ਅੰਨ੍ਹਾ.

ਨ੍ਰਿਜਰ: ਦੇਖੋ, ਨਿਰਜਰ.

ਨ੍ਰਿਤ: ਸੰ. नृत. ਧਾ- ਨੱਚਣਾ। ੨. ਦੇਖੋ, ਨ੍ਰਿਤਯ.

ਨ੍ਰਿਤਨਿ: ਵਿ- ਨ੍ਰਿਤਯ ਕਰਨ ਵਾਲੀ. ਨਚਾਰ ਇਸਤ੍ਰੀ. (ਚਰਿਤ੍ਰ ੨੯੪)

ਨ੍ਰਿਤਾਂਤ: ਨ੍ਰਿਤਯ ਅੰਤ. ਨਾਚ ਦੀ ਸਮਾਪਤੀ। ੨. ਕ੍ਰਿ. ਵਿ- ਨਾਚ ਪਿੱਛੋਂ। ੩. ਦੇਖੋ, ਨਿਤਾਂਤ.

ਨ੍ਰਿਤਿ, ਨ੍ਰਿੱਤਿ: ਸੰ. ਨਾਚ. ਨ੍ਰਿਤਯ.

ਨ੍ਰਿੱਤਕਾ: ਸੰ. ਨਰੰਕੀ. ਸੰਗਜ਼ਾ- ਨਟੀ. ਨੱਚਣ ਵਾਲੀ ਇਸਤ੍ਰੀ. "ਨ੍ਰਿੱਤਕਾ ਕੇ ਪਾਵ ਹੈ."(ਰਾਮਾਵ)

ਨ੍ਰਿਤਯ: ਸੰਗਜ਼ਾ- ਲਯ ਤਾਰ ਨਾਲ ਅੰਗਾਂ ਦੀ ਹਰਕਤ, ਜਿਸ ਤੋਂ ਗੀਤ ਦੇ ਭਾਵ ਪ੍ਰਗਟ ਕੀਤੇ ਜਾਣ. ਨਾਚ. ਦੇਖੋ, ਤਾਂਡਵ.

ਨ੍ਰਿਦਾਇਕ: ਵਿ- ਨ੍ਰਿ (ਪੁਰੁਸ਼ਾਂ ਨੂੰ) ਦੇਣ ਵਾਲਾ. "ਨਾਮੋ ਨਾਥ ਨ੍ਰਿਦਾਇਕ." (ਗਯਾਨ)

ਨ੍ਰਿਦੇਸ: ਵਿ- ਬਿਨਾ ਦੇਸ਼. ਜਿਸ ਦਾ ਕੋਈ ਖ਼ਾਸ ਦੇਸ਼ ਨਹੀਂ "ਨਮਸਤੰ ਨ੍ਰਿਦੇਸੇ." (ਜਾਪੁ) ੨. ਸੰਗਜ਼ਾ- ਨ੍ਰਿ- ਦੇਸ਼. ਮਰਤਯ ਲੋਕ। ੩. ਦੇਖੋ, ਨਿਰਦੇਸ.

ਨ੍ਰਿਦੈ: ਦੇਖੋ, ਨਿਰਦਯ.

ਨ੍ਰਿਧਾਤ: ਵਿ- ਧਾਤੁ ਰਹਿਤ. ਜਿਸ ਦੇ ਸ਼ਰੀਰ ਵਿੱਚ ਰਸ ਰੁਧਿਰ ਆਦਿ ਧਾਤੁ ਨਹੀਂ. ਦੇਖੋ, ਧਾਤੁ. "ਨਮਸਤੰ ਨ੍ਰਿਧਾਤੇ." (ਜਾਪੁ)

ਨ੍ਰਿਧੂਤ: ਵਿ- ਅਚਲ. ਅਡੋਲ. ਦੇਖੋ, ਧੂਤ. "ਨਮਸਤੰ ਨ੍ਰਿਧੂਤੇ." (ਜਾਪੁ) ੨. ਦੇਖੋ, ਨਿਰਧੂਤ। ੩. ਸੰ. नृधूत. ਮਨੁੱਖ ਕਕੇ ਸੋਧਿਆ ਹੋਇਆ.

ਨ੍ਰਿਨਾਥ: ਵਿ- ਬਿਨਾ ਨਾਥ, ਜਿਸ ਦਾ ਕੋਈ ਸ੍ਵਾਮੀ ਨਹੀਂ। ੨. ਸੰਗਜ਼ਾ- नृनाथ. ਨ੍ਰਿਪਤਿ. ਨਰਪਤਿ. "ਨਮਸੂੰ ਨ੍ਰਿਨਾਥੇ." (ਜਾਪੁ)

ਨ੍ਰਿਪ: ਸੰ. नृप. ਸੰਗਜ਼ਾ- ਆਦਮੀਆਂ ਦਾ ਪਾਲਕ. ਰਾਜਾ. ਨਰਪਤਿ. "ਕੋਪ ਦੇਖ ਮੁਨੀਸ ਕੋ ਨ੍ਰਿਪ ਪੂਤ ਤਾਂ ਸੰਗ ਦੀਨ."

---

[737] ਇਹ ਅਜਾਣ ਲਿਖਾਰੀ ਦੀ ਕ੍ਰਿਪਾ ਦਾ ਫਲ ਹੈ.

(ਰਾਮਾਵ)

ਨ੍ਰਿਪਕੰਨਿਆ ਕੇ ਕਾਰਨੈ: ਦੇਖੋ, ਭੇਖਧਾਰੀ.

ਨ੍ਰਿਪਜਨ ਏਸਣਿ, ਨ੍ਰਿਪਜਨ ਏਸ੍ਰਣਿ: ਸੰਗਯਾ- ਨ੍ਰਿਪਜਨ (ਪ੍ਰਜਾ), ਉਸ ਦਾ ਈਸ਼ ਰਾਜਾ, ਉਸ ਦੀ ਸੈਨਾ. ਰਾਜਾ ਦੀ ਫ਼ੌਜ. (ਸਨਾਮਾ)

ਨ੍ਰਿਪਣੀ: ਸੰਗਯਾ- ਨ੍ਰਿਪ (ਰਾਜਾ) ਦੀ ਅਨੀ. ਰਾਜਾ ਦੀ ਫੌਜ. (ਸਨਾਮਾ) ੨. ਰਾਜਾ ਦੀ ਇਸਤ੍ਰੀ ਰਾਣੀ." ਨਟੀ ਨਾਟਕੀ ਨ੍ਰਿਪਣੀ." (ਚਰਿਤ੍ਰ ੨੬੪)

ਨ੍ਰਿਪਤਾ: ਸੰਗਯਾ- ਨ੍ਰਿਪਤ੍ਵ. ਰਾਜਪਨ. ਰਾਜਯ. "ਬੇਨ ਗਏ ਜਬ ਤੇ ਨ੍ਰਿਪਤਾ ਕਰ." (ਮਾਂਧਾਤਾ)

ਨ੍ਰਿਪਤਿ: ਸੰਗਯਾ- ਨਰਾਂ ਦਾ ਪਤਿ. ਪ੍ਰਜਾਪਤਿ. ਰਾਜਾ.

ਨ੍ਰਿਪਤਿ ਨਾਥ: ਸੰਗਯਾ- ਚਕ੍ਰਵਰਤੀ ਰਾਜਾ. ਸ਼ਹਨਸ਼ਾਹ. ਨ੍ਰਿਪਤਿਨਾਥ ਨਾਨਕ ਬਰ." (ਸਵੈਯੇ ਮਃ ੩. ਕੇ)

ਨ੍ਰਿਪਨੀ: ਦੇਖੋ, ਨ੍ਰਿਪਣੀ.

ਨ੍ਰਿਪਮੇਧ: ਸੰਗਯਾ- ਉਹ ਯਗ੍ਯ, ਜਿਸ ਵਿੱਚ ਰਾਜਾ ਦੀ ਬਲਿ ਦਿੱਤੀ ਜਾਵੇ। ੨. ਛਤ੍ਰੀ (ਕ੍ਸ਼ਤ੍ਰਿਯ) ਵਧ ਕਰਕੇ ਜਿਸ ਯਗ੍ਯ ਵਿੱਚ ਹਵਨ ਕੀਤਾਜਾਵੇ. ਦੇਖੋ, ਨ੍ਰਿਮੇਧ."ਲੱਛ ਜੋ ਨ੍ਰਿਪ ਮਾਰੀਐ ਤਬ ਹੋਤ ਹੈ ਨ੍ਰਿਮਮੇਧ." (ਪਾਰਸਾਵ) ੩. ਰਾਜਸੂਯ ਯਦਯ ਨੂੰ ਭੀ ਕਵੀਆਂ ਨੇ ਨ੍ਰਿਪਮੇਧ ਲਿਖਿਆ ਹੈ.

ਨ੍ਰਿਪਾਧਮ: ਵਿ- ਰਾਜਿਆਂ ਵਿੱਚੋਂ ਅਧਮ (ਨੀਚ). ਅਨਯਾਯੀ ਰਾਜਾ.

ਨ੍ਰਿਪਾਨ: ਸੰ. निरपायिन. ਵਿ- ਬੇਚੂਕ. ਬੇਖਤ਼ਾ. "ਅਭੇਦ ਨ੍ਰਿਪਾਨ ਸਭੈ ਪਚਹਾਰੇ." (ਅਕਾਲ) ੨. ਸੰ. नृपाण. ਆਦਮੀਆਂ ਨੂੰ ਜਲ ਆਦਿ ਪਿਆਉਣ ਵਾਲਾ। ੩. ਸੰਗਯਾ- ਨਿਰਪਗਣ. ਰਾਜਿਆਂ ਦਾ ਸਮੁਦਾਯ.

ਨ੍ਰਿਪਾਰ, ਨ੍ਰਿਪਾਲ: ਸੰਗਯਾ- ਨਰਾਂ ਦੇ ਪਾਲਣ ਵਾਲਾ, ਰਾਜਾ. ਪ੍ਰਜਾਪਾਲਕ.

ਨ੍ਰਿਪੇਸ: ਸੰਗਯਾ- ਨ੍ਰਿਪ ਈਸ. ਰਾਜਿਆਂ ਦਾ ਸ੍ਵਾਮੀ. ਮਹਾਰਾਜਾ. ਸ਼ਹਨਸ਼ਾਹ.

ਨ੍ਰਿਬਾਕ: ਵਿ- ਬਿਨਾ ਬਾਕ (ਡਰ). ਬੇਖ਼ੌਫ਼. ਨਿਡਰ. "ਨਮਸਤੰ ਨ੍ਰਿਬਾਕੇ." (ਜਾਪੁ) ੨. ਨਿਰ੍ਵਾਕ੍ਯ. ਮੌਨੀ। ੩. ਜਿਸ ਦੀ ਸੰਸਕ੍ਰਿਤ ਅ਼ਰਬੀ ਆਦਿ ਕੋਈ ਖ਼ਾਸ ਬਾਣੀ ਨਹੀਂ, ਪਾਰਬ੍ਰਹਮ.

ਨ੍ਰਿਬਾਣ: ਦੇਖੋ, ਨਿਰਬਾਣ.

ਨ੍ਰਿਬਾਧ: ਵਿ- ਬਿਨਾ ਬਾਧ (ਦੁੱਖ). ਕਲੇਸ਼ ਰਹਿਤ। ੨. ਦੇਖੋ, ਨਿਰਬਾਧ.

ਨ੍ਰਿਬਾਨ: ਦੇਖੋ, ਨਿਰਬਾਣ.

ਨ੍ਰਿਬਾਮ: ਵਿ- ਵਾਮ (ਹਾਨਿ) ਰਹਿਤ। ੨. ਕੁਟਿਲਤਾ ਰਹਿਤ। ੩. ਵਾਮਾ (ਮਾਇਆ) ਰਹਿਤ. ਨਿਰੰਜਨ. "ਨਮਸ੍ਹੂੰ ਨ੍ਰਿਬਾਮੇ." (ਜਾਪੁ)

ਨ੍ਰਿਬੂਝ: ਵਿ- ਜੋ ਸਮਝ ਵਿੱਚ ਨਹੀਂ ਆ ਸਕਦਾ. ਜੋ ਬੁੱਧਿ ਤੋਂ ਪਰੇ ਹੈ. ਨਮਸ੍ਹੂੰ ਨ੍ਰਿਬੂਝੇ." (ਜਾਪੁ) ੨. ਬੇਸਮਝ. ਅਗਯਾਨੀ.

ਨ੍ਰਿਭੰਗੀ: ਵਿ- ਬਿਨਾ ਭੰਗ (ਵਲ). ਸਰਲ।

ਨ੍ਰਿਮੇਧ: ਸੰਗਯਾ- ਪੁਰੁਸ਼ਮੇਧ. ਉਹ ਯਗ੍ਯ, ਜਿਸ ਵਿੱਚ (ਮਨੁੱਖ) ਦੀ ਬਲਿ ਦਿੱਤੀ ਜਾਵੇ. ਪੁਰਾਣੇ ਜ਼ਮਾਨੇ ਇਹ ਯਗ੍ਯ ਹੋਇਆ ਕਰਦੇ ਸਨ. ਦੇਖੋ, ਯਜੁਰ ਵੇਦ ਅਃ ੩੦.

ਨ੍ਰਿਲੰਭ: ਦੇਖੋ, ਨਿਰਾਲੰਬ. ਨ੍ਰਿਲੰਭ ਹੈ." (ਜਾਪੁ) ੨. ਸੰ. निर्लम्भ. ਜਿਸ ਦਾ ਪ੍ਰਾਪਤ ਹੋਣਾ ਕਠਿਨ ਹੈ. ਦੇਖੋ. ਲੰਭ

ਪ: ਪੰਜਾਬੀ ਵਰਣਮਾਲਾ ਦਾ ਛਬੀਹਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਹੋਠ ਹਨ। ੨. ਸੰ. ਸੰਗਯਾ- ਪਵਨ. ਹਵਾ। ੩. ਪੱਤਾ। ੪. ਆਂਡਾ। ੫. ਸਮਾਸ ਵਿੱਚ ਸ਼ਬਦ ਦੇ ਪਿੱਛੇ ਆਕੇ ਇਹ ਪੀਣ ਵਾਲਾ ਅਰਥ ਦਿੰਦਾ ਹੈ, ਜਿਵੇਂ- ਦ੍ਵਿਪ, ਪਾਦਪ, ਮਧੁਪ ਆਦਿ। ੬. ਰਖਯਾ ਕਰਨ ਵਾਲਾ, ਪਾਲਣ ਵਾਲਾ ਆਦਿਕ, ਜੈਸੇ- ਨ੍ਰਿਪ, ਭੂਪ ਆਦਿ। ੭. ਪੰਜਾਬੀ ਵਿੱਚ ਪ੍ਰ ਦੀ ਥਾਂ ਭੀ ਪ ਵਰਤੀਦਾ ਹੈ. ਦੇਖੋ, ਪਖਾਰਨ। ੮. ਸ਼ਬਦ ਦੇ ਅੰਤ ਲੱਗਕੇ ਇਹ ਭਾਵਵਾਚਕ ਸੰਗਯਾ ਭੀ ਬਣਾਉਂਦਾ ਹੈ, ਜੈਸੇ- ਸਿਆਣਪ, ਸੁਹਣੱਪ ਆਦਿ.

ਪਉ: ਸੰਗਯਾ- ਪਾਦ. ਪੈਰ. ਫ਼ਾ. ਪਾ ਅਤੇ ਪਾਯ। ੨. ਪਲ. ਕਣ. "ਜੇਠੋ ਪਉ ਪਉ ਲੂਹੈ." (ਵਾਰ ਰਾਮ ੨. ਮਃ ੫) ਪਲ ਪਲ ਵਿੱਚ ਜੇਠ ਸਾੜਦਾ ਹੈ. ਭਾਵ- ਧਰਮਰਾਜ ਸੰਤਾਪ ਦੇਂਦਾ ਹੈ। ੩. ਪਾਣੀ ਪੀਣ ਦਾ ਸਥਾਨ. ਪਿਆਉ. ਸੰ. ਪ੍ਰਪਾ। ੪. ਪ੍ਰਾਪਤਿ. "ਧਿਆਨੁ ਲਹੀਐ, ਪਉ ਮੁਕਿਹਿ." (ਸਵੈਯੇ ਮਃ ੩. ਕੇ) ਮੁਕ੍ਤਿ ਦੀ ਪ੍ਰਾਪਤਿ ਹੁੰਦੀ ਹੈ।[738] ੫. ਬਾਜ਼ੀ ਦਾ ਦਾਉ. ਦੇਖੋ ਪੌਬਾਰਾਂ। ੬. ਮੂਲ. ਕੇਸਰ। ੭. ਪੈਣਾ ਕ੍ਰਿਯਾ ਦਾ ਅਮਰ. ਪੈ. ਪੜ. " ਪਉ ਸਰਣਾਈ ਰਾਮਰਾਇ." (ਬਿਲਾ ਛੰਤ ਮਃ ੫) "ਪਉ ਸੰਤ ਸਰਣੀ ਲਾਗ ਚਰਣੀ." (ਸ੍ਰੀ ਮਃ ੫) ੮. ਕ੍ਰਿ. ਵਿ- ਉਤੇ. ਉੱਪਰ. "ਰਖਿ ਰਖਿ ਪੈਰ ਧਰੇ ਪਉ ਧਰਣਾ." (ਮਾਰੂ ਸੋਲਹੇ ਮਃ ੧)

ਪਉਸਟਣੀ: ਦੇਖੋ, ਪੌਸ੍ਟਨੀ.

ਪਉਸਨਿ: ਪੈਣਗੇ. ਪੈਣਗੀਆਂ. ਪੜੇਂਗੀ. "ਤਲਬਾਂ ਪਉਸਨਿ ਆਕੀਆਂ." (ਵਾਰ ਰਾਮ ਮਃ ੧)

ਪਉਸਾਹਿਬ: ਦੇਖੋ, ਦਿੱਲੀ ਦਾ ਅੰਗ ੧੧.

ਪਉਸੀ: ਪਵੇਗੀ. ਪੈਸੀ. "ਦਿਨ ਤੇ ਸਰਪਰ ਪਉਸੀ ਰਾਤਿ." (ਆਸਾ ਮਃ ੫)

ਪਉਛਕ: ਸੰ. ਪ੍ਰਕ੍ਸ਼ਯ. ਸੰਗਯਾ- ਵਿਨਾਸ਼. "ਪਉਛਕ ਸਾਰੀ." (ਭਾਗੁ) ਸਾਰੀ (ਬਾਜੀ) ਦਾ ਖ਼ਾਤਿਮਾ। ੨. ਸੰ. प्रोक्षक- ਪ੍ਰੋਕ੍ਸ਼ਕ. ਵਿ- ਛਿੜਕਣ ਵਾਲਾ.

ਪਉਡਰੀਕ: ਸੰ. पौण्ड्रक- ਪੌਂਡ੍ਰਕ. ਪੁੰਡ੍ਰ ਦੇਸ਼ (ਬਿਹਾਰ) ਦਾ ਇੱਕ ਰਾਜਾ, ਜੋ ਵਸੁਦੇਵ ਦਾ ਪੁਤ੍ਰ ਸੀ. ਇਸ ਦੀ ਮਾਤਾ ਦਾ ਨਾਮ ਸੁਤਨੁ ਸੀ. ਹਰਿਵੰਸ਼ ਵਿੱਚ ਲਿਖਿਆ ਹੈ ਕਿ ਪੌਂਡ੍ਰਕ ਮਹਾ ਅਭਿਮਾਨੀ ਸੀ, ਅਤੇ ਕ੍ਰਿਸ਼ਨ ਜੀ ਨੂੰ ਵਾਸੁਦੇਵ ਨਾਮ ਨਾਲ ਬੁਲਾਏ ਜਾਣ ਪੁਰ ਬਹੁਤ ਚਿੜ੍ਹਦਾ ਸੀ. ਉਹ ਆਖਦਾ ਸੀ ਕਿ ਕੇਵਲ ਮੈਂ ਹੀ ਵਾਸੁਦੇਵ ਸ਼ੰਖ ਚਕ੍ਰਧਾਰੀ ਹਾਂ, ਮੇਰੇ ਹੁੰਦੇ ਅਹੀਰ ਦੇ ਮੁੰਡੇ ਨੂੰ ਵਾਸੁਦੇਵ ਕਹਾਉਣ ਦਾ ਹੱਕ ਨਹੀਂ. ਇੱਕ ਵਾਰ ਪੌਂਡ੍ਰਕ ਬਹੁਤ ਸੈਨਾ ਲੈਕੇ ਦ੍ਵਾਰਾਵਤੀ ਪੁਰ ਕ੍ਰਿਸ਼ਨ ਜੀ ਨੂੰ ਜਿੱਤਣ ਲਈ ਚੜ੍ਹ ਆਇਆ ਅਤੇ ਜੰਗ ਵਿੱਚ ਕ੍ਰਿਸ਼ਨ ਜੀ ਦੇ ਹੱਥੋਂ ਮਾਰਿਆ ਗਿਆ. "ਪਉਡਰੀਕ ਕੀ ਇਕ ਕਥਾ ਸੋ ਮੈ ਕਹਿਤ ਸੁਨਾਇ." (ਕ੍ਰਿਸਨਾਵ)

ਪਉਢਣਾ, ਪਉਢਨਾ: ਕ੍ਰਿ- ਪ੍ਰਲੋਠਨ. ਲਿਟਣਾ, ਪਸਵਾੜੇ ਲੈਣੇ.

ਪਉਣ: ਸੰਗਯਾ- ਪਵਨ. ਹਵਾ. "ਪਉਣ ਪਾਣੀ ਧਰਤੀ ਆਕਾਸ." (ਤਿਲੰ ਮਃ ੪) ੨. ਪ੍ਰਾਣ. "ਪਉਣੈ ਪੁਛਹੁ ਜਾਇ." (ਵਾਰ ਗੂਜ ੧. ਮਃ ੩) ੩. ਪਾਦ ਊਨਤਾ. ਇੱਕ ਹਿੱਸੇ ਦੀ ਕਮੀ. ਚੌਥੇ ਹਿੱਸੇ ਦਾ ਘਾਟਾ.

ਪਉਣਸੁਮਾਰੀ: ਵਿ- ਸ੍ਵਾਸਾਂ ਦਾ ਸ਼ੁਮਾਰ ਕਰਨ ਵਾਲਾ. ਪ੍ਰਾਣਾਯਾਮ ਦਾ ਅਭ੍ਯਾਸੀ, ਜੋ ਓਅੰ ਮੰਤ੍ਰ ਨਾਲ ਜਪ ਦੀ ਗਿਣਤੀ ਸਹਿਤ ਪ੍ਰਾਣ ਅੰਦਰ ਕਰਦਾ, ਠਹਿਰਾਉਂਦਾ ਅਤੇ ਬਾਹਰ ਕਢਦਾ ਹੈ. "ਇਕਿ ਪਉਣਸੁਮਾਰੀ ਪਉਣ ਸੁਮਾਰਿ." (ਵਾਰ ਮਾਝ ਮਃ ੧)

ਪਉਣ ਕੀ ਬਾਣੀ: ਸੰਗਯਾ- ਹਵਾ ਦੀ ਸਾਂ ਸਾਂ ਧੁਨਿ. ਪਵਨ ਦੇ ਵੇਗ ਤੋਂ ਉਪਜੀ ਆਵਾਜ਼. "ਆਖਣ ਸੁਨਣਾ ਪਉਣ ਕੀ ਬਾਣੀ."

---

[738] ਅਥਵਾ-ਧਿਆਨ ਤੋਂ ਮੁਕਤਿ ਦਾ ਪਉ ਲਹੀਐ.

(ਸ੍ਰੀ ਮਃ ੧) ਉਪਦੇਸ਼ ਹਵਾ ਦੇ ਸ਼ੋਰ ਤੁੱਲ ਹੈ, ਭਾਵ- ਕੁਝ ਅਸਰ ਨਹੀਂ.

ਪਉਣ ਪਾਣੀ ਅਗਨੀ ਬਿਸਰਾਉ: (ਬਿਲਾ ਥਿਤੀ ਮਃ ੧) ਪਵਣ (ਸਤੋ ਗੁਣ) ਪਾਣੀ (ਰਜੋ ਗੁਣ) ਅਗਨੀ (ਤਮੋ ਗੁਣ) ਵਿਸਾਰ ਦਿੱਤੇ ਹਨ, ਅਰਥਾਤ- ਪੰਜ ਤੱਤਾਂ ਦੀ ਰਚੀ ਦੇਹ ਦਾ ਅਭਿਮਾਨ ਭੁਲਾਦਿੱਤਾ ਹੈ.

ਪਉਣ ਮਾਰਿ: ਸ੍ਵਾਸਾਂ ਨੂੰ ਕਾਬੂ ਕਰਕੇ, ਭਾਵ- ਸ੍ਵਾਸਾਂ ਦੀ ਚੰਚਲਤਾ ਰੋਕਕੇ ਅਤੇ ਉਨ੍ਹਾਂ ਨੂੰ ਨਾਮ ਦੇ ਅਭ੍ਯਾਸ ਵਿੱਚ ਲਾਕੇ. "ਪਉਣ ਮਾਰਿ ਮਨਿ ਜਪੁ ਕਰੇ." (ਵਾਰ ਸਾਰ ਮਃ ੧)

ਪਉਣਵਾਉ: ਦੇਖੋ, ਪਵਣ ਵਾਉ.

ਪਉਣਵੇਗ: ਵਿ- ਪਵਨ ਤੁੱਲ ਹੈ ਜਿਸ ਦੀ ਚਾਲ. ਭਾਵ- ਬਹੁਤ ਤੇਜ਼ ਜਾਣ ਵਾਲਾ, "ਸੋਇਨ ਸਾਖਤਿ ਪਉਣਵੇਗ." (ਵਾਰ ਸਾਰ ਮਃ ੪) ਸੋਨੇ ਦੀ ਸਾਖਤਾਂ ਵਾਲੇ ਚਾਲਾਕ ਘੋੜੇ.

ਪਉਣਾ: ਵਿ- ਪਾਦੂਨ. ਪਾਦੋਨ. ਇੱਕ ਚੌਥਾਈ ਘੱਟ. ਪੌਣਾ. "ਜਾਣੋ ਸਾਰਾ ਦੇਵ ਤਨ, ਪਉਣਾ ਮਾਨਸਦੇਹ". (ਗੁਪ੍ਰਸੂ)

ਪਉਣੁ: ਸੰਗ੍ਯਾ- ਪਵਨ. "ਕਿਤੀ ਵਗੈ ਪਉਣੁ." (ਸ. ਫਰੀਦ)

ਪਉਣੁ ਬਿੰਦੁ: ਦੇਖੋ, ਨਾਦ ਬਿੰਦੁ। ੨. ਦੇਖੋ ਬਿੰਦੁ.

ਪਉਤ: ਪਵਤ. ਪੈਂਦਾ. ਪੜਤਾ. "ਸੰਤਹ ਚਰਨ ਮਾਥਾ ਮੇਰੋ ਪਉਤ." (ਰਾਮ ਮਃ ੫) "ਪਾਪ ਬੰਧਨ ਨਿਤ ਪਉਤਜਾਹਿ." (ਬਸੰ ਅਃ ਮਃ ੫) ਪੈਂਦੇ ਜਾਂਦੇ ਹਨ.

ਪਉਦ: ਦੇਖੋ, ਪੌਦ.

ਪਉਦਾ: ਦੇਖੋ, ਪੌਦਾ। ੨. ਪੈਂਦਾ. ਪੜਤਾ. "ਹਰਿਰਸ ਟੁਲਿ ਟੁਲਿ ਪਉਦਾ ਜੀਉ." (ਮਾਝ ਮਃ ੪) ਡੁਲ੍ਹ ਡੁਲ੍ਹ ਪੈਂਦਾ ਹੈ.

ਪਉਦੀ: ਪੈਂਦੀ, ਪੜਤੀ, "ਪਉਦੀ ਜਾਇ ਪਰਾਲਿ." (ਵਾਰ ਸੂਹੀ ਮਃ ੧) ਇੱਥੇ ਪਰਾਲੀ ਤੋਂ ਭਾਵ ਮੰਦ ਸੰਸਕਾਰ ਹੈ. ਪਾਪਕ੍ਰਿਯਾ.

ਪਉਦੀਈ: ਪੈਂਦਿਆਂ ਨੂੰ. ਪੜਤੋਂ ਕੋ. "ਥਾਉ ਨ ਹੋਵੀ ਪਉਦੀਈ." (ਵਾਰ ਆਸਾ) ਪੌਲੇ ਪੈਂਦਿਆਂ ਨੂੰ ਥਾਉਂ ਨਹੀਂ ਹੋਵੇਗਾ.

ਪਉਦੇ: ਪਉਦਾ ਦਾ ਬਹੁਵਚਨ। ੨. ਪੈਂਦੇ, ਪੜਤੇ. "ਹਰਿ ਬਿਸਰਾਇਐ ਪਉਦੇ ਨਰਕਿ ਅੰਧਜਾਰ." (ਸਵਾ ਮਃ ੫)

ਪਉਧ: ਦੇਖੋ, ਪੌਧ.

ਪਉਨ: ਦੇਖੋ, ਪਉਣ ਅਤੇ ਪਵਨ.

ਪਉਨਸੁਤ, ਪਉਨਪੁਤ: ਹਨੂਮਾਨ ਅਤੇ ਭੀਮਸੇਨ. ਦੇਖੋ, ਪਵਨਪੂਤ.

ਪਉਨਾ: ਦੇਖੋ, ਪਉਣਾ. "ਕਾਰਜੁ ਸਾਢੇ ਤੀਨਿ ਹਥ, ਘਨੀ ਤ ਪਉਨੇ ਚਾਰਿ." (ਸ. ਕਬੀਰ) ਭਾਵ- ਬਹੁਤੀ ਲੰਮੀ ਕ਼ਬਰ ਹੋਵੇ, ਤਦ ਪੌਣੇ ਚਾਰ ਹੱਥ ਦੀ ਬਹੁਤ ਹੈ.

ਪਉਬਾਰਾਂ: ਦੇਖੋ, ਪੌਬਾਰਾਂ.

ਪਉਰਖ: ਦੇਖੋ, ਪੌਰਖ.

ਪਉਰਾਤਨ: ਸੰ. ਪੁਰਾਤਨ. ਵਿ- ਪੁਰਾਣਾ. ਪ੍ਰਾਚੀਨ। ੨. ਅਨਾਦਿ. ਦੇਖੋ, ਪਉਰਾਤਨ। ੩. ਸੰਗ੍ਯਾ- ਕਰਤਾਰ. ਪਾਰਬ੍ਰਹਮ.

ਪਉਲਾ: ਸੰਗ੍ਯਾ- ਪਾਯ (ਪੈਰ) ਨਾਲ ਲੱਗਿਆ ਰਹਿਣ ਵਾਲਾ, ਜੂਤਾ. ਜੋੜਾ. ਪਾਪੋਸ਼. "ਪਉਲੀ ਪਉਦੀ ਫਾਵਾ ਹੋਇਕੈ ਉਠਿ

ਘਰਿ ਆਇਆ." (ਵਾਰ ਗਉ ੧. ਮਃ ੪) ਪੌਲੀਂ ਪੈਂਦੀਂ। ੨. ਰੁਪਯੇ ਦਾ ਚੌਥਾ ਭਾਗ. ਏਕ ਪਾਦ. ਚੁਆਨੀ. ਪੋਲੀ. ਪਾਉਲੀ.

ਪਉਲੀ: ਦੇਖੋ, ਪਉਲਾ ੨। ੨. ਪਉਲੀਂ. ਦੇਖੋ, ਪਉਲਾ ੧.

ਪਉੜ: ਸੰਗ੍ਯਾ- ਘੋੜੇ ਦਾ ਪਾਯ. ਘੋੜੇ ਦਾ ਸੁੰਮ.

ਪਉੜਨਾ: ਦੇਖੋ, ਪਉਢਨਾ. "ਜਹ ਪਉੜੇ ਸ੍ਰੀ ਕਮਲਾਕੰਤ." (ਭੈਰ ਅਃ ਕਬੀਰ)

ਪਉੜਾ: ਸੰਗ੍ਯਾ- ਖ਼ਾ. ਪੌੜੀ. ਦੇਖੋ, ਚੌਥਾ ਪਉੜਾ। ੨. ਅਧਿਕਾਰ ਰੁਤਬਾ.

ਪਉੜੀ, ਪੌੜੀ: ਸੰਗ੍ਯਾ- ਪਾਯ (ਪੈਰ) ਰੱਖਣ ਦੀ ਥਾਂ. ਸੀਢੀ. ਜ਼ੀਨਾ. ਸੋਪਾਨ. ਨਿਃ ਸ਼੍ਰੇਣੀ. "ਬਿਨੁ ਪਉੜੀ ਗੜਿ ਕਿਉ ਚੜਉ?" (ਸ੍ਰੀ ਮਃ ੧) ਇੱਥੇ ਸਤਸੰਗ ਪੌੜੀ ਅਤੇ ਗੜ੍ਹ ਪਰਮਪਦ ਹੈ।

੨. ਪਦਵੀ. ਮੰਜ਼ਿਲ. "ਇਸੁ ਪਉੜੀ ਤੇ ਜੋ ਨਰੁ ਚੂਕੈ, ਸੋ ਆਇ ਜਾਇ ਦੁਖ ਪਾਇਦਾ." (ਮਾਰੂ ਸੋਲਹੇ ਮਃ ੫) ਇੱਥੇ ਪਉੜੀ ਤੋਂ ਭਾਵ ਮਨੁੱਖ ਦੇਹ ਹੈ।

੩. ਇੱਕ ਛੰਦ,[739] ਜਿਸ ਵਿੱਚ ਵਿਸ਼ੇਸ਼ ਕਰਕੇ ਯੁੱਧ ਦੀਆਂ ਵਾਰਾਂ ਰਚੀਆਂ ਜਾਂਦੀਆਂ ਹਨ. ਢਾਢੀ ਲੋਕ ਯੁੱਧ ਦਾ ਪ੍ਰਸੰਗ ਵਾਰਤਿਕ ਸੁਣਾਕੇ ਉਸ ਦਾ ਸਾਰ ਪੌੜੀ ਛੰਦ ਵਿੱਚ ਲੈ ਤਾਰ ਨਾਲ ਮ੍ਰਿਦੰਗ ਦੀ ਸਹਾਇਤਾ ਸਾਥ ਗਾਕੇ ਪ੍ਰਕਰਣ ਸਮਾਪਤ ਕਰਦੇ ਹਨ. "ਦੁਰਗਾਪਾਠ ਬਣਾਇਆ ਸਭੇ ਪਉੜੀਆਂ." (ਚੰਡੀ ੩)

ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਵਾਰਾਂ ਵਿੱਚ ਅਨੇਕ ਛੰਦ "ਪਉੜੀ" ਸਿਰਲੇਖ ਹੇਠ ਦੇਖੇ ਜਾਂਦੇ ਹਨ, ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਪਦ ਭੀ ਪਉੜੀ ਨਾਮ ਤੋਂ ਹੀ ਪ੍ਰਸਿੱਧ ਹਨ. ਇਹ ਛੰਦ ਸਮ ਅਤੇ ਵਿਖਮ ਦੋਵੇਂ ਪ੍ਰਕਾਰ ਦਾ ਦੇਖੀਦਾ ਹੈ.

ਗੁਰੂ ਅਰਜਨ ਦੇਵ ਜੀ ਨੇ ਨੌ ਵਾਰਾਂ ਤੇ ਨੌ ਧੁਨੀਆਂ ਪਉੜੀ ਦੀਆਂ ਰਾਗੀਆਂ ਦੇ ਗਾਉਣ ਲਈ ਠਹਿਰਾਈਆਂ ਹਨ. ਪਉੜੀ ਏਕ ਤਾਲ (ਯੱਕਾ), ਤਿੰਨ ਤਾਲ, ਪੰਜ ਤਾਲ (ਅਸਵਾਰੀ), ਢਾਈ ਤਾਲ (ਰੂਪਕ) ਵਿੱਚ ਗਾਈਆਂ ਜਾਂਦੀਆਂ ਹਨ. ਪਉੜੀ ਗਾਉਣ ਵੇਲੇ ਪਖਾਵਜ ਦੀ ਗਤ ਨਹੀਂ ਵਜਾਈ ਜਾਂਦੀ, ਕਿੰਤੂ ਸਾਥ ਵਜਾਈਦਾ ਹੈ, ਇਸੇ ਲਈ ਪਉੜੀ ਗਾਕੇ ਉਸ ਦਾ ਪਾਠ ਸੁਣਾਇਆ ਜਾਂਦਾ ਹੈ, ਜਿਸ ਤੋਂ ਸ਼੍ਰੋਤੇ ਸ਼ਬਦਾਂ ਦਾ ਅਰਥ ਸਮਝ ਸਕਣ. ਸ਼ੋਕ ਹੈ ਕਿ ਹੁਣ ਕੀਰਤਨ ਕਰਨ ਵਾਲੇ ਪਉੜੀਆਂ ਦੇ ਗਾਉਣ ਦੀ ਧਾਰਨਾ ਭੁਲਦੇ ਜਾਂਦੇ ਹਨ ਅਤੇ ਸਵੇਰ ਸੰਝ ਰਾਤ ਨੂੰ ਚੌਕੀ ਦਾ ਭੋਗ ਪਾਉਣ ਵੇਲੇ ਬਿਲਾਵਲ ਕਾਨੜੇ ਆਦਿ ਦੀਆਂ ਪੌੜੀਆਂ ਪੁਰਾਣੀ ਰੀਤਿ ਅਨੁਸਾਰ ਨਹੀਂ ਗਾਉਂਦੇ.

ਸਿੱਖਕਾਵ੍ਯ ਵਿੱਚ ਪਉੜੀ ਦੇ ਸਰੂਪ ਇਹ ਹਨ-

(੧) ਦੋਹਾ ਰੂਪ ਪਉੜੀ ੮. ਚਰਣ ਦੀ-

ਰੇ ਮਨ! ਬਿਨ ਹਰਿ ਜਹਿ ਰਹਉ,

ਤਹਿ ਤਹਿ ਬੰਧਨ ਪਾਹਿ

ਜਿਹ ਬਿਧਿ ਕਤਹੂ ਨ ਛੂਟੀਐ

ਸਾਕਤ ਤੇਊ[740] ਕਮਾਹਿ. ××× 

(ਬਾਵਨ)

(੨) ਚੌਪਈਰੂਪ ਪਉੜੀ ੮. ਚਰਣ ਦੀ-

---

[739] ਛੰਦਗ੍ਰੰਥਾਂ ਵਿੱਚ निः-श्रेणी (ਨਿਃ ਸ਼੍ਰੇਣੀ) ਛੰਦ ਜੋ ਹੈ, ਉਸੇ ਦਾ ਅਨੁਵਾਦ (ਭਰਸੂਮਾ) ਪੌੜੀ ਹੈ.

[740] ਛੰਦ ਦਾ ਵਾਲ ਲਈ ਉੱਚਚਤ ਤੇਊ ਹੈ.

ਭੱਭਾ ਭਰਮ ਮਿਟਾਵਹੁ ਅਪਨਾ,

ਇਆ ਸੰਸਾਰੁ ਸਗਲ ਹੈ ਸੁਪਨਾ,

ਭਰਮੇ ਸੁਰ ਨਰ ਦੇਵੀ ਦੇਵਾ,

ਭਰਮੇ ਸਿਧ ਸਾਧਿਕ ਬ੍ਰਹਮੇਵਾ. ×××

(ਬਾਵਨ)

(੩) ਹੰਸਗਤਿ ਛੰਦ ਦਾ ਰੂਪ ਪਉੜੀ ੮. ਚਰਣ ਦੀ- (ਦੇਖੋ, ਹੰਸਗਤਿ).

(੪)ਹੰਸਗਤਿ ਦਾ ਹੀ ਇੱਕ ਭੇਦ ਪਉੜੀ ੯. ਚਰਣ ਦੀ. ਪ੍ਰਤਿ ਚਰਣ ੨੦. ਮਾਤ੍ਰਾ. ਪਹਿਲਾ ਵਿਸ਼੍ਰਾਮ ੧੧. ਪੁਰ, ਦੂਜਾ ੯. ਪੁਰ, ਅੰਤ ਗੁਰੁ. ਤੁਕ ਦੇ ਮੱਧ ਅਰ ਅੰਤ ਅਨੁਪ੍ਰਾਸ ਮਿਲਵਾਂ-

ਗੁਰੁ ਚੇਲੇ ਰਹਿਰਾਸ, ਅਲਖ ਅਭੇਉ ਹੈ,

ਗੁਰੁ ਚੇਲੇ ਸ਼ਾਬਾਸ਼, ਨਾਨਕਦੇਉ ਹੈ. ×××

(ਭਾਗੁ ਵਾਰ ੩)

(੫) ਛੀ ਚਰਣ, ਪ੍ਰਤਿ ਚਰਣ ੨੧. ਮਾਤ੍ਰਾ. ਪਹਿਲਾ ਵਿਸ਼੍ਰਾਮ ੧੧. ਪੁਰ, ਦੂਜਾ ੧੦. ਪੁਰ, ਅੰਤ ਮਗਣ- SSS ਤੁਕ ਦੇ ਮੱਧ ਅਤੇ ਅੰਤ ਅਨੁਪ੍ਰਾਸ ਦਾ ਮੇਲ.

ਸਤਿਗੁਰੁ ਸੱਚਾ ਨਾਉਂ, ਗੁਰਮੁਖਿ ਜਾਨੀਐ,

ਸਾਧੁਸੰਗਤਿ ਸਚ ਥਾਉਂ, ਸ਼ਬਦ ਵਖਾਣੀਐ. ×××

(ਭਾਗੁ ਵਾਰ ੧੪)

(੬) ਅੱਠ ਚਰਣ. ਇਹ "ਚਾਂਦ੍ਰਾਯਣ" ਛੰਦ ਦਾ ਰੂਪ ਹੈ. ਪ੍ਰਤਿ ਚਰਣ ੨੧. ਮਾਤ੍ਰਾ. ਪਹਿਲਾ ਵਿਸ਼੍ਰਾਮ ੧੧. ਪੁਰ ਜਗਣਾਂਤ ।S।, "ਦੂਜਾ ੧੦. ਪੁਰ ਰਗਣਾਂਤ- S।S

ਸੱਚਹੁ ਪੌਣ ਉਪਾਇ, ਘਟੇਘਟਿ ਛਾਇਆ. ×××

(ਭਾਗੁ ਵਾਰ ੨੨)

(੭) ਅੱਠ ਚਰਣ. ਛੀ ਚਰਣਾਂ ਵਿੱਚ ੨੧. ਮਾਤ੍ਰਾ. ਪਹਿਲਾ ਵਿਸ਼੍ਰਾਮ ੧੧. ਪੁਰ, ਦੂਜਾ ੧੦. ਪੁਰ, ਅੰਤਿਮ ਦੋ ਤੁਕਾਂ ਦੀਆਂ ਸਤਾਈ ਸਤਾਈ ਮਾਤ੍ਰਾ. ਪਹਿਲਾ ਵਿਸ਼੍ਰਾਮ ੧੫. ਪੁਰ, ਦੂਜਾ ੧੨. ਪੁਰ, ਅੰਤ ਸਭ ਤੁਕਾਂ ਦੇ ਮਗਣ. SSS

ਅਕੁਲ ਨਿਰੰਜਨ ਪੁਰਖੁ, ਅਗਮ ਅਪਾਰੀਐ, ×××

ਸਭਸੈ ਦੇ ਦਾਤਾਰੁ, ਜੋਤ ਉਪਾਰੀਐ, ×××

ਪ੍ਰਭੁ ਜੀਉ ਤੁਧੁ ਧਿਆਏ ਸੋਇ,

ਜਿਸੁ ਭਾਗੁ ਮਥਾਰੀਐ,

ਤੇਰੀ ਗਤਿ ਮਿਤਿ ਲਖੀ ਨ ਜਾਇ,

ਹਉ ਤੁਧੁ ਬਲਿਹਾਰੀਐ. (ਵਾਰ ਗੂਜ ੨)

(੮) ਅੱਠ ਚਰਣ. ਪ੍ਰਤਿ ਚਰਣ ੨੧. ਮਾਤ੍ਰਾ, ਪਹਿਲਾ ਵਿਸ਼੍ਰਾਮ ੧੨. ਪੁਰ, ਅੰਤ ਦੋ ਗੁਰੁ, ਦੂਜਾ ੯. ਪੁਰ, ਅੰਤ ਲਘੁ ਗੁਰੁ. ਮੱਧ

ਅਨੁਪ੍ਰਾਸ ਦਾ ਮੇਲ. ਇਹ ਸ਼੍ਰੀਖੰਡ ਦਾ ਰੂਪ ਹੈ-

ਅਗਣਿਤ ਘੁਰੇ ਨਗਾਰੇ, ਦਲਾਂ ਭਿੜੰਦਿਆਂ,

ਪਾਏ ਮਹਖਲ ਭਾਲੇ, ਦੇਵਾਂ ਦਾਨਵਾਂ. ×××

(ਚੰਡੀ ੩)

(੯) ਅੱਠ ਚਰਣ. ਪ੍ਰਤਿ ਚਰਣ ੨੨ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੯. ਪੁਰ. ਇਹ ਪਉੜੀ "ਰਾਧਿਕਾ" ਛੰਦ ਦਾ ਰੂਪ ਹੈ-

ਇਕਿ ਭਸਮ ਚੜਾਵਹਿ ਅੰਗਿ, ਮੈਲੁ ਨ ਧੋਵਹੀ,

ਇਕਿ ਜਟਾ ਬਿਕਟ ਬਿਕਰਾਲ, ਕੁਲੁ ਘਰੁ ਖੋਵਹੀ.

(ਵਾਰ ਮਲਾ ਮਃ ੧)

(੧੦) ਛੀ ਚਰਣ. ਪ੍ਰਤਿ ਚਰਣ ੨੨ ਮਾਤ੍ਰਾ. ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੯. ਪੁਰ. ਅੰਤ ਗੁਰੁ ਲਘੁ-

ਜੇ ਖੁੱਬੀ ਬਿੰਡਾ ਬਹੈ, ਕਿਉ ਹੋਇ ਬਜਾਜ?

ਕੁੱਤੇ ਦੇ ਗਲ ਵਾਸਣੀ, ਨ ਸ਼ਰਾਫੀ ਸਾਜ. ×××

(ਭਾਗੁ ਵਾਰ ੩੬)

(੧੧) ਪੰਜ ਚਰਣ. ਪ੍ਰਤਿ ਚਰਣ ੨੩ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੦. ਪੁਰ, ਅੰਤ ਦੋ ਗੁਰੁ. ਇਹ ਦਟਪਟਾ ਅਤੇ ਨਿਸ਼ਾਨੀ ਛੰਦ ਦਾ ਰੂਪ ਹੈ-

ਲੈ ਫਾਹੇ ਰਾਤੀ ਤੁਰਹਿ, ਪ੍ਰਭੁ ਜਾਣੈ ਪ੍ਰਾਣੀ,

ਤਕਹਿ ਨਾਰਿ ਪਰਾਈਆ, ਲੁਕਿ ਅੰਦਰਿ ਠਾਣੀ. ×××

(ਵਾਰ ਗਉ ੧. ਮਃ ੫)

ਇਹੀ ਰੂਪ ਰਾਮਕਲੀ ਦੀ ਪਹਿਲੀ ਵਾਰ ਵਿੱਚ ਪਉੜੀ ਦਾ ਆਇਆ ਹੈ, ਯਥਾ-

ਸੱਚੈ ਤਖਤੁ ਰਚਾਇਆ, ਬੈਸਣ ਕਉ ਜਾਈ,

ਸਭੁਕਿਛੁ ਆਪੇਆਪਿ ਹੈ, ਗੁਰਸਬਦਿ ਸੁਣਾਈ. ×××

ਇਹੀ ਰੂਪ ਚੰਡੀ ਦੀ ਵਾਰ ਵਿੱਚ ਭੀ ਦੇਖੀਦਾ ਹੈ, ਯਥਾ-

ਦੇਖਨ ਚੰਡ ਪ੍ਰਚੰਡ ਨੂ, ਰਣ ਘੁਰੇ ਨਗਾਰੇ,

ਧਾਏ ਰਾਕਸ ਰੋਹਲੇ, ਚਉਗਿਰਦੋਂ ਭਾਰੇ. ×××

ਇੱਕ ਪ੍ਰੇਮੀ ਨੇ ਬਿਕ੍ਰਮੀ ਉੱਨੀਹਵੀਂ ਸਦੀ ਦੇ ਆਰੰਭ ਵਿੱਚ "ਗੁਰੂ ਗੋਬਿੰਦ ਸਿੰਘ ਜੀ ਦੀ ਵਾਰ" ਲਿਖੀ ਹੈ. ਉਸ ਵਿੱਚ ੭- ੮ ਅਤੇ ੯. ਚਰਨਾਂ ਦੀਆਂ ਪੌੜੀਆਂ ਇਸੇ ਵਜ਼ਨ ਦੀਆਂ ਹਨ, ਯਥਾ:-

ਜੇਬਨਸਾ[741] ਫਿਰ ਆਖਦੀ, ਇਕ ਸੁਖਨ ਸੁਣਾਯਾ,

[741] ਜ਼ੇਬੁੱਨਿਸਾ, ਔਰੰਗਜੇਬ ਦੀ ਪੁਤ੍ਰੀ.

ਜਦ ਦਾ ਬੈਠਾ ਤਖ਼ਤ ਤੇ, ਕੀ ਅਦਲ ਕਮਾਯਾ?

ਸ਼ਾਹਜਹਾਂ ਨੂੰ ਕੈਦ ਕਰ, ਦਾਰਾ ਮਰਵਾਯਾ,

ਤੇਗਬਹਾਦੁਰ ਨਾਲ ਭੀ, ਤੈਂ ਧੋਹ ਕਮਾਯਾ,

ਬੀਜਜਾ ਬੀਉ ਜੁ ਜ਼ਹਿਰ ਦਾ, ਫਲ ਖਾਣਾ ਆਯਾ,

ਅੱਗੈ ਲੇਖਾ ਮੰਗੀਐ, ਭਰ ਲੈਗੁ ਸਵਾਯਾ,

ਸ਼ਾਹ ਅਦਾਲਤ ਨਾ ਕਰੇ, ਫਿਰ ਦੋਜ਼ਖ਼ ਪਾਯਾ,

ਉਮਰਖਿਤਾਬ[742] ਅਦਾਲਤੀ, ਬੇਟਾ ਮਰਵਾਯਾ,

ਕੀਤਾ ਅਦਲ ਨੁਸ਼ੇਰਵਾਂ,[743] ਜਸ ਜਗ ਵਿੱਚ ਛਾਯਾ.

ਈਸਵੀ ਅਠਾਰ੍ਹਵੀਂ ਸਦੀ ਵਿੱਚ "ਨਿਜਾਬਤ" ਕਵੀ ਨੇ ਨਾਦਰਸ਼ਾਹ ਦੀ ਵਾਰ ਲਿਖੀ ਹੈ, ਉਸ ਵਿੱਚ ਭੀ ਇਸੇ ਵਜ਼ਨ ਦੀਆਂ ਬਹੁਤ ਪਉੜੀਆਂ ਹਨ, ਯਥਾ:-

ਗੁੱਸਾ[744] ਖਾਕੇ ਦੱਖਣੋ, ਕਲਰਾਣੀ ਜਾਗੀ,

ਅੱਗੇ ਨਾਦਰਸ਼ਾਹ ਦੇ, ਆਈ ਫਰਯਾਦੀ,

ਤੂ ਸੁਣ ਕਿਬਲਾ ਆਲਮ਼ੀ, ਫਰਯਾਦ ਅਸਾਡੀ. ×××

(੧੨) ਪੰਜ ਚਰਣ, ਪ੍ਰਤਿ ਚਰਣ ੨੪ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੧. ਪੁਰ, ਅੰਤ ਰਗਣ- ऽ।ऽ-

ਆਪੇ ਆਪਿ ਨਿਰੰਜਨਾ, ਜਿਨਿ ਆਪੁ ਉਪਾਇਆ,

ਆਪੇ ਖੇਲੁ ਰਚਾਇਓਨੁ, ਸਭੁ ਜਗਤੁ ਸਬਾਇਆ. ××

(ਵਾਰ ਸਾਰ ਮਃ ੪)

(੧੩) ਪੰਜ ਚਰਣ. ਪ੍ਰਤਿ ਚਰਣ ੨੪ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੧. ਪੁਰ, ਅੰਤ ਦੋ ਗੁਰੁ-

ਹਰਿ ਕਾ ਨਾਮੁ ਧਿਆਇਕੈ, ਹੋਹੁ ਹਰਿਆ ਭਾਈ, ××

ਨਾਨਕੁ ਸਿਮਰੈ ਏਕੁ ਨਾਮੁ, ਫਿਰਿ ਬਹੁਰ ਨ ਧਾਈ.

(ਵਾਰ ਬਸੰ)

(੧੪) ਅੱਠ ਚਰਣ, ਪ੍ਰਤਿ ਚਰਣ ੨੪ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੧. ਪੁਰ, ਅੰਤ ਗੁਰੁ ਲਘੁ-

ਹੇ ਅਚੁਤ ਹੇ ਪਾਰਬ੍ਰਹਮ, ਅਬਿਨਾਸੀ ਅਘਨਾਸ,

ਹੇ ਪੂਰਨ ਹੇ ਸਰਬਮੈ, ਦੁਖਭੰਜਨ ਗੁਣਤਾਸ. ×××

---

[742] ਦੇਖੋ, ਉਮਰਖਤਾਬ.

[743] ਦੇਖੋ, ਨੌਸ਼ੇਰਵਾਂ

(ਬਾਵਨ)

(੧੫) ਛੀ ਚਰਣ. ਪ੍ਰਤਿ ਚਰਣ ੨੫ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੨. ਪੁਰ ਅੰਤ ਦੋ ਗੁਰੁ. ਇਹ "ਮੁਕਤਾਮਣਿ" ਛੰਦ ਦਾ ਰੂਪ ਹੈ-

ਘੰਟ ਘੜਾਯਾ ਚੂਹਿਆਂ, ਗਲ ਬਿੱਲੀ ਪਾਈਐ,

ਮਤਾ ਪਕਾਯਾ ਮੱਖੀਆਂ, ਘਿਉ ਅੰਦਰ ਨ੍ਹਾਈਐ. ×××

(ਭਾਗੁ ਵਾਰ ੩੬)

(੧੬) ਚਾਰ ਚਰਣ. ਤਿੰਨ ਚਰਣਾਂ ਦੀਆਂ ੨੭ ਮਾਤ੍ਰਾ, ਪਹਿਲਾ ਵਿਸ਼੍ਰਾਮ ੧੩. ਪੁਰ, ਦੂਜਾ ੧੪. ਪੁਰ, ਅੰਤ ਦੋ ਗੁਰੁ. ਚੌਥੇ ਚਰਣ ਦੀਆਂ ੧੫. ਮਾਤ੍ਰਾ. ਅੰਤ ਦੋ ਗੁਰੁ-

ਸੁੰਭ ਨਿਸੁੰਭ ਅਲਾਇਆ, ਵਡ ਜੋਧੀਂ ਸੰਘਰ ਵਾਏ,

ਰੋਹ ਦਿਖਾਲੀ ਦਿੱਤੀਆ, ਵਰਿਆਮੀ ਤੁਰੇ ਨਚਾਏ.

ਦੇਉ ਦਾਨੋ ਲੁੱਝਣ ਆਏ.

(ਚੰਡੀ ੩)

(੧੭) ਅੱਠ ਚਰਣ, ਸੱਤ ਚਰਣ ੨੮ ਮਾਤ੍ਰਾ ਦੇ. ਪਹਿਲਾ ਵਿਸ਼੍ਰਾਮ ੧੩. ਮਾਤ੍ਰਾ ਪੁਰ, ਦੂਜਾ ੧੫. ਪੁਰ, ਅੰਤ ਗੁਰੁ. ਅੱਠਵੇਂ ਚਰਣ ਦੀਆਂ ੧੭. ਮਾਤ੍ਰਾ, ਅੰਤ ਗੁਰੁ-

ਸਾਧੂ ਸਤਜੁਗ ਬੀਤਿਆ, ਅਧਸੀਲੀ ਤ੍ਰੇਤਾ ਆਇਆ,

ਨੱਚੀ ਕੱਲ ਸਰੋਸਰੀ, ਕਲ ਨਾਰਦ ਡੌਰੂ ਵਾਇਆ,

ਪਾਸ ਦੁਗਾ ਦੇ ਇੰਦਰ ਆਇਆ.

(ਚੰਡੀ ੩)

(੧੮) ਬਾਰਾਂ ਚਰਣ, ਗਿਆਰਾਂ ਚਰਣ ੨੮ ਮਾਤ੍ਰਾ ਦੇ, ਵਿਸ਼੍ਰਾਮ ੧੩- ੧੫ ਪੁਰ, ਬਾਰ੍ਹਵਾਂ ਚਰਣ ੧੫. ਮਾਤ੍ਰਾ ਦਾ, ਅੰਤ ਸਭ ਦੇ ਰਗਣ- SIS.

ਬਡੇ ਬਡੇ ਚੁਣ ਸੂਰਮੇ, ਗਹਿ ਕੋਈ ਦਏ ਚਲਾਇਕੈ,

ਰਣ ਕਾਲੀ ਗੁੱਸਾ ਖਾਇਕੈ.

(ਚੰਡੀ ੩)

(੧੯) ਅੱਠ ਚਰਣ. ਸੱਤ ਚਰਣ ੨੯ ਮਾਤ੍ਰਾ ਦੇ, ੧੩- ੧੬ ਪੁਰ ਵਿਸ਼੍ਰਾਮ, ਅੰਤਿਮ ਚਰਣ ੧੬. ਮਾਤ੍ਰਾ ਦਾ, ਅੰਤ ਸਭ ਦੇ ਦੋ ਗੁਰੁ-

ਸੁਣੀ ਪੁਕਾਰ ਦਤਾਰ ਪ੍ਰਭੁ,

ਗੁਰੁ ਨਾਨਕ ਜਗ ਮਾਹਿ ਪਠਾਯਾ, ×××

ਕਲਿ ਤਾਰਣ ਗੁਰੁ ਨਾਨਕ ਆਯਾ.

(ਭਾਗੁ ਵਾਰ ੧)

(੨੦) ਪੰਜ ਚਰਣ. ਪ੍ਰਤਿ ਚਰਣ ੨੩ ਮਾਤ੍ਰਾ, ੧੪- ੯ ਪੁਰ ਵਿਸ਼੍ਰਾਮ, ਅੰਤ ਗੁਰੁ ਲਘੁ-

ਕੋਟਿ ਅਘਾ ਸਭਿ ਨਾਸ ਹੋਹਿ, ਸਿਮਰਤ ਹਰਿਨਾਉ,

ਮਨਚਿੰਦੇ ਫਲ ਪਾਈਅਹਿ, ਹਰਿ ਕੇ ਗੁਣ ਗਾਉ,

ਕਰਿ ਕਿਰਪਾ ਪ੍ਰਭੁ ਰਾਖਲੇਹੁ, ਨਾਨਕ ਬਲਿ ਜਾਉ.

(ਵਾਰ ਜੈਤ)

(੨੧) ਗਿਆਰਾਂ ਚਰਣ. ਪ੍ਰਤਿ ਚਰਣ ੨੩ ਮਾਤ੍ਰਾ, ੧੪- ੯ ਪੁਰ ਵਿਸ਼੍ਰਾਮ, ਤੁਕ ਦੇ ਮੱਧ ਦੋ ਗੁਰੁ ਅਤੇ ਅਨੁਪ੍ਰਾਸ ਦਾ ਮੇਲ, ਤੁਕਾਂਤ ਅਨਮੇਲ. ਇਹ ਸਿਰਖੰਡੀ (ਸ਼੍ਰੀਖੰਡ) ਦਾ ਰੂਪ ਹੈ-

ਧੱਗਾਂ ਸੂਲ ਬਜਾਈਆਂ, ਦਲਾਂ ਮੁਕਾਬਲਾ,

ਧੂਹ ਮਿਆਨੋਂ ਲਾਈਆਂ, ਜੁਆਨੀ ਸੂਰਮੀ. ×××

(ਚੰਡੀ ੩)

(੨੨) ਛੀ ਚਰਣ. ਪੰਜ ਚਰਣ ੩੦ ਮਾਤ੍ਰਾ ਦੇ, ੧੪- ੧੬ ਪੁਰ ਵਿਸ਼੍ਰਾਮ, ਅੰਤਿਮ ਚਰਣ ੧੬. ਮਾਤ੍ਰਾ ਦਾ, ਅੰਤ ਸਭ ਦੇ ਮਗਣ- *SSS*

ਦਾਨੁ ਮਹਿੰਡਾ ਤਲੀਖਾਕੁ,

ਜੇ ਮਿਲੈ ਤ ਮਸਤਕਿ ਲਾਈਐ,

ਕੂੜਾ ਲਾਲਚੁ ਛਡੀਐ

ਹੋਇ ਇਕਮਨਿ ਅਲਖੁ ਧਿਆਈਐ. ××

ਮਤਿ ਥੋੜੀ ਸੇਵ ਗਵਾਈਐ.

(ਵਾਰ ਆਸਾ ਮਃ ੧)

(੨੩) ਸੱਤ ਚਰਣ, ਦੋ ਚਰਣਾਂ ਦੀਆਂ ਤੀਹ ਤੀਹ ਮਾਤ੍ਰਾ, ੧੪- ੧੬ ਪੁਰ ਵਿਸ਼੍ਰਾਮ, ਅੰਤਿਮ ਤੁਕ ੧੬. ਮਾਤ੍ਰਾ ਦੀ. ਅੰਤ ਸਭ ਦੇ ਦੋ ਗੁਰੁ-

ਸਤਿਗੁਰੁ ਸੱਚਾ ਪਾਤਸ਼ਾਹ, ਪਤਸ਼ਾਹਾਂ ਪਤਸ਼ਾਹ ਜੁਹਾਰੀ,

ਸਾਧਸੰਗਤਿ ਸਚਖੰਡ ਹੈ, ਆਇ ਝਰੋਖੈ ਖੋਲੈ ਬਾਰੀ, ××

ਭਗਤਵਛਲ ਹੁਇ ਭਗਤਿਭੰਡਾਰੀ.

(ਭਾਗੁ ਵਾਰ ੧੧)

(੨੪) ਪੰਜ ਚਰਣ, ਪ੍ਰਤਿ ਚਰਣ ੨੫ ਮਾਤ੍ਰਾ, ੧੫- ੧੦ ਪੁਰ ਵਿਸ਼੍ਰਾਮ, ਅੰਤ ਦੋ ਗੁਰੁ.

ਇਹ ਪਉੜੀ "ਸੁਗੀਤਾ" ਛੰਦ ਦਾ ਰੂਪ ਹੈ-

ਤੂ ਕਰਤਾ ਆਪਿ ਅਭੁਲੁ ਹੈ, ਭੁਲਣ ਵਿਚਿ ਨਾਹੀ,

ਤੂ ਕਰਹਿ ਸੁ ਸਚੇ ਭਲਾ ਹੈ, ਗੁਰਸਬਦਿ ਬੁਝਾਈ. ××

(ਵਾਰ ਗਉ ੧. ਮਃ ੪)

(੨੫) ਛੀ ਚਰਣ, ਪੰਜ ਚਰਣਾਂ ਦੀਆਂ ਪੱਚੀ ਪੱਚੀ ਮਾਤ੍ਰਾ, ੧੫- ੧੦ ਪੁਰ ਵਿਸ਼੍ਰਾਮ, ਅੰਤਿਮ ਚਰਣ- ੨੪ ਮਾਤ੍ਰਾ ਦਾ, ੧੪- ੧੦ ਪੁਰ ਵਿਸ਼੍ਰਾਮ, ਅੰਤ ਸਭ ਦੇ ਦੋ ਗੁਰੁ-

ਹਰਿ ਸੱਚੇ ਤਖਤ ਰਚਾਇਆ, ਸਤਸੰਗਤਿ ਮੇਲਾ,

ਪੀਓ ਪਾਹੁਲ ਖੰਡਧਾਰ, ਹੁਇ ਜਨਮ ਸੁਹੇਲਾ, ××

ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ,

(ਗੁਰੁਦਾਸ ਕਵਿ)

(੨੬) ਪੰਜ ਚਰਣ, ਪ੍ਰਤਿ ਚਰਣ ੨੬ ਮਾਤ੍ਰਾ, ੧੫- ੧੧ ਪੁਰ ਵਿਸ਼੍ਰਾਮ, ਅੰਤ ਰਗਣ- ऽ।ऽ-

ਤੂ ਹਰਿ ਪ੍ਰਭੁ ਆਪਿ ਅਗੰਮੁ ਹੈ, ਸਭਿ ਤੁਧੁ ਉਪਾਇਆ,

ਤੂ ਆਪੇ ਆਪਿ ਵਰਤਦਾ, ਸਭੁ ਜਗਤੁ ਸਬਾਇਆ. ××

(ਵਾਰ ਬਿਲਾ ਮਃ ੪)

(੨੭) ਪੰਜ ਚਰਣ. ਤਿੰਨ ਚਰਣਾਂ ਦੀਆਂ ਇਕੱਤੀ ਇਕੱਤੀ ਮਾਤ੍ਰਾ, ੧੫- ੧੬ ਪੁਰ ਵਿਸ਼੍ਰਾਮ, ਅੰਤ ਦੇ ਦੋ ਚਰਣਾਂ ਦੀਆਂ ਚਾਲੀ ਚਾਲੀ ਮਾਤ੍ਰਾ, ੧੨- ੨੮ ਪੁਰ ਵਿਸ਼੍ਰਾਮ, ਅੰਤ ਸਭ ਦੇ ਮਗਣ- ऽऽऽ.

ਤੂ ਆਪੇ ਹੀ ਸਿਧ ਸਾਧਿ ਕੋ,

ਤੂ ਆਪੇ ਹੀ ਜੁਗ ਜੋਗੀਆ, ×××

ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ,

ਹਰਿ ਬੋਲਤ ਸਭਿ ਪਾਪ ਲਹੋਗੀਆ.

(ਵਾਰ ਕਾਨ ਮਃ ੪)

(੨੮) ਪੰਜ ਚਰਣ. ਪ੍ਰਤਿ ਚਰਣ ੩੧ ਮਾਤ੍ਰਾ, ੧੬- ੧੫ ਪੁਰ ਵਿਸ਼੍ਰਾਮ, ਅੰਤ ਰਗਣ- ऽ।ऽ. ਇਹ ਪਉੜੀ "ਬੀਰ" ਛੰਦ ਦਾ ਹੀ ਇੱਕ ਰੂਪ ਹੈ. ਇਸ ਵਿੱਚ ਗੁਰੁ ਲਘੁ ਦੀ ਥਾਂ ਰਗਣ ਹੈ-

ਪੰਚੇ ਸਬਦ ਵਜੇ ਮਤਿ ਗੁਰਮਤਿ,

ਵਡਭਾਗੀ ਅਨਹਦੁ ਵਜਿਆ. ×××

(ਵਾਰ ਕਾਨ ਮਃ ੪)

(੨੯) ਸੱਤ ਚਰਣ. ਛੀ ਚਰਣਾਂ ਦੀਆਂ ਬੱਤੀਹ ਬੱਤੀਹ ਮਾਤ੍ਰਾ, ੧੬- ੧੬ ਪੁਰ ਵਿਸ਼੍ਰਾਮ, ਅੰਤਿਮ ਚਰਣ ੧੬. ਮਾਤ੍ਰਾ ਦਾ, ਅੰਤ ਸਭ ਦੇ ਦੋ ਗੁਰੁ-

ਬਲਿਹਾਰੀ ਤਿੰਨ੍ਹਾ ਗੁਰਸਿੱਖਾਂ,

ਜਾਇ ਜਿਨ੍ਹਾਂ ਗੁਰਦਰਸ਼ਨ ਡਿੱਠਾ,

ਬਲਿਹਾਰੀ ਤਿੰਨ੍ਹਾ ਗੁਰਸਿੱਖਾਂ,

ਪੈਰੀ ਪੈ ਗੁਰਸਭਾ ਬਹਿੱਠਾ, ×××

ਗੁਰਮੁਖਿ ਮਿਲਿਆਂ ਪਾਪ ਪਣਿੱਠਾ.

(ਭਾਗੁ ਵਾਰ ੧੨)

(੩੦) ਪੰਜ ਚਰਣ, ਇਹ ਪਉੜੀ ਵਿਖਮ ਦੰਡਕ ਹੈ, ਪਹਿਲੇ ਚਰਣ ਦੀਆਂ ੪੬ ਮਾਤ੍ਰਾ, ਦੂਜੇ ਦੀਆਂ ੩੦, ਤੀਜੇ ਦੀਆਂ ੭੩, ਚੌਥੇ ਦੀਆਂ ੫੯, ਪੰਜਵੇਂ ਦੀਆਂ ੪੬, ਅੰਤ ਸਭ ਦੇ ਦੋ ਗੁਰੁ-

ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ

ਸਿਕਦਾਰ ਹਹਿ, ਤਿਤਨੇ ਸਭਿ ਹਰਿ ਕੇ ਕੀਏ,

ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ

ਸਭਿ ਹਰਿ ਕੇ ਅਰਥੀਏ,

ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰੁ ਕੈ ਵਲਿ ਹੈ

ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ,

ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ. ×××

(ਵਾਰ ਬਿਲਾ ਮਃ ੪)

ਪਊਆ: ਸੰਗਯਾ- ਪਾਦੁਕਾ. ਦੇਖੋ, ਖੜਾਊਂ। ੨. ਚੌਥਾ ਭਾਗ. ਚਤੁਰਥ ਪਾਦ। ੩. ਸੇਰ ਦਾ ਚੌਥਾ ਹਿੱਸਾ. ਪਾਈਆ. ਪਾਉ। ੪. ਘੰਟੇ ਦਾ ਚੌਥਾ ਭਾਗ, ੧੫. ਮਿਨਟ। ੫. ਅੱਠ ਔਂਸ (Ounce) ਅਰਥਾਤ ਚਾਰ ਛਟਾਂਕ ਦੀ ਬੋਤਲ.

ਪਊਰਾਣਕ: ਸੰ. ਪੌਰਾਣਿਕ. ਵਿ- ਪੁਰਾਣਵੇੱਤਾ. ਪੁਰਾਣਾਂ ਦਾ ਪੰਡਿਤ। ੨. ਪੁਰਾਣਾਂ ਨਾਲ ਹੈ ਜਿਸ ਦਾ ਸੰਬੰਧ. ਪੁਰਾਣ ਦਾ। ੩. ਪੁਰਾਣਾ. ਪ੍ਰਾਚੀਨ। ੪. ਸੰਗਯਾ- ਪੁਰਾਣਪਾਠੀ ਸੂਤ. ਦੇਖੋ, ਲੋਮਹਰਸ਼ਣ.

ਪਊਰਾਣਕ ਅਰਿ: (ਸਨਾਮਾ) ਸੰਗਯਾ- ਪੌਰਾਣਿਕ (ਲੋਮਹਰ਼ਸ਼ਣ) ਦਾ ਵੈਰੀ, ਬਲਭਦ੍ਰ, ਨਮਿਸ਼ਾਰਣ੍ਯ ਵਿੱਚ ਜਦ ਬਲਰਾਮ ਜੀ ਗਏ, ਤਦ ਤਅ਼ਜੀਮ ਨਾ ਦੇਣ ਦੇ ਅਪਰਾਧ ਵਿੱਚ ਉਨ੍ਹਾਂ ਨੇ ਲੋਮਹਰ਼ਸ਼ਣ ਨੂੰ ਮਾਰ ਦਿੱਤਾ ਸੀ.

ਪਊਰਾਤਨ: ਦੇਖੋ, ਪਉਰਾਤਨ. "ਪੁਰਖੁ ਪਊਰਾਤਨੁ ਸੁਣੀਐ." (ਸਵੈਯੇ ਸ੍ਰੀ ਮੁਖਵਾਕ ਮਃ ੫) ਪੁਰਾਤਨ ਪੁਰੁਸ਼- ਸਭ ਤੋਂ ਪਹਿਲਾ- ਆਦਿਪੁਰੁਸ਼. ਪੁਰਾਣਪੁਰੁਸ਼.

ਪਊਰਾਤਨ ਪੁਰਖ: ਦੇਖੋ, ਪਊਰਾਤਨ.

ਪਊਵਾ: ਦੇਖੋ, ਪਊਆ ੧. "ਰਾਜ ਸਮਾਜ ਦੀਓ ਪਊਵਾ ਪਰ." (ਰਾਮਾਵ) ਭਰਤ ਨੇ ਰਾਮ ਦੀ ਖੜਾਊਂ ਨੂੰ ਰਾਜ ਸਮਾਜ ਅਰਪਿਆ.

ਪਇ: ਸੰਗਯਾ- ਪਾਯ. ਪਾਦ. ਪੈਰ। ੨. ਸੰ. पयस् ਦੁੱਧ। ੩. ਜਲ। ੪. ਕ੍ਰਿ. ਵਿ- ਪੈਕੇ. ਪੜਕੇ। ੫. ਦੇਖੋ, ਪੈ.

ਪਇਓਈ: ਤੈਨੂੰ ਪਇਆ (ਪਿਆ) ਹੈ. "ਆਪੇ ਤਰਸੁ ਪਇਓਈ." (ਮੁੰਦਾਵਣੀ ਮਃ ੫)

ਪਇਆ: ਪਿਆ. ਪੜਾ. "ਪਇਆ ਕਿਰਤੁ ਨ ਮੇਟੈ ਕੋਇ." (ਸੁਖਮਨੀ) ਜੇਹਾ ਕਿਰਤ ਅਨੁਸਾਰ ਲੇਖ ਪੈਗਿਆ (ਲਿਖਿਆ ਗਿਆ) ਹੈ.

ਪਇਆਣ: ਸੰ. ਪ੍ਰਯਾਣ. ਸੰਗਯਾ- ਗਮਨ. ਯਾਤ੍ਰਾ. ਕੂਚ. ਰਵਾਨਗੀ. "ਸਭਨਾ ਏਹੁ ਪਇਆਣਾ." (ਵਡ ਮਃ ੧. ਅਲਾਹਣੀ) ੨. ਯੁੱਧ ਲਈ ਚੜ੍ਹਾਈ। ੩. ਆਰੰਭ. ਕਿਸੇ ਕੰਮ ਦੇ ਸ਼ੁਰੂ ਹੋਣ ਦੀ ਕ੍ਰਿਯਾ. "ਜੂਠਿ ਲਹੈ ਜੀਉ ਮਾਂਜੀਐ, ਮੋਖ ਪਇਆਣਾ

ਹੋਇ." (ਗੂਜ ਮਃ ੧)

ਪਇਆਣਾ: ਦੇਖੋ ਪਇਆਣ। ੨. ਪ੍ਰਯਾਣ ਹੋਇਆ. ਰਵਾਨਾ ਹੋਇਆ. ਚਲਾ ਗਿਆ.

ਪਇਆਣੇ: ਗਏ. ਦੇਖੋ, ਪਇਆਣਾ ੨. "ਦੁਖ ਦੂਰਿ ਪਇਆਣੇ." (ਮਾਝ ਮਃ ੫)

ਪਇਆਨਾ: ਦੇਖੋ, ਪਇਆਣਾ ੨. "ਜਹ ਅਨੰਦ, ਦੁਖ ਦੂਰਿ ਪਇਆਨਾ." (ਪ੍ਰਭਾ ਕਬੀਰ) ਦੁਖ ਦੂਰਿ ਹੋ ਗਿਆ.

ਪਇਆਰ: ਦੇਖੋ, ਪਯਾਰ। ੨. ਦੇਖੋ, ਪਾਤਾਲ. "ਬਿਨੁ ਗੁਰ ਪੂਛੇ ਜਾਇ ਪਇਆਰੀ." (ਗਉ ਅਃ ਮਃ ੧) ਰਾਜਾ ਬਲਿ, ਸ਼ੁਕ੍ਰ ਗੁਰੂ ਦੀ ਆਗਯਾ ਮੰਨੇ ਬਿਨਾ ਪਾਤਾਲ ਨੂੰ ਗਿਆ.

ਪਇਆਰੀ: ਪਾਤਾਲ ਨੂੰ. ਦੇਖੋ, ਪਇਆਰ.

ਪਇਆਰੁ: ਦੇਖੋ, ਪੈਆਰੁ.

ਪਇਆਲ: ਸੰ. ਪਾਤਾਲ. ਪ੍ਰਿਥਿਵੀ ਦੇ ਹੇਠ ਦਾ ਲੋਕ. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਸੱਤ ਪਾਤਾਲ ਮੰਨੇ ਹਨ. ਦੇਖੋ, ਸਪਤ ਪਾਤਾਲ. "ਤੂੰ ਦੀਪ ਲੋਅ ਪਇਆਲਿਆ." (ਸ੍ਰੀ ਮਃ ੫. ਪੈਪਾਇ) ੨. ਥੱਲਾ. ਹੇਠਲਾ ਭਾਗ. ਪਾਦਤਲ। ੩. ਕ੍ਰਿ. ਵਿ- ਹੇਠ. ਥੱਲੇ. "ਊਚਾ ਚੜੈ ਸੁ ਪਵੈ ਪਇਆਲਾ." (ਆਸਾ ਮਃ ੫)

ਪਇਆਲਭਗਤ: ਸੰਗਯਾ- ਪਾਤਾਲ ਨਿਵਾਸੀ ਭਗਤ, ਰਾਜਾ ਬਲਿ. ਦੇਖੋ, ਪਾਯਾਲਿਭਗਤ.

ਪਇਆਲਾ: ਦੇਖੋ, ਪਯਾਲਾ। ੨. ਦੇਖੋ, ਪਇਆਲ ੩.

ਪਇਆਲਿ: ਪਾਤਾਲ ਵਿੱਚ. "ਪਰਬਤਿ ਗੁਫਾ ਕਰੀ, ਕੈ ਪਾਣੀ ਪਇਆਲਿ." (ਵਾਰ ਮਾਝ ਮਃ ੧) ੨. ਪਾਤਾਲ ਤੋਂ. "ਸੰਚਿ ਪਇਆਲਿ ਗਗਨਸਰ ਭਰੈ." (ਰਤਨਮਾਲਾ ਬੰਨੋ) ਹੇਠੋਂ ਪ੍ਰਾਣ ਪੌਣ ਨੂੰ ਖਿੱਚਕੇ ਦਸਵੇਂ ਦ੍ਵਾਰ ਵਿੱਚ ਟਿਕਾਵੇ.

ਪਇਆਲੇ: ਪਾਤਾਲ ਮੇਂ, "ਮਛ ਪਇਆਲੇ." (ਜਪੁ) ੨. ਕ੍ਰਿ. ਵਿ- ਹਿਠਾਹਾਂ. ਨੀਚੇ. ਦੇਖੋ, ਪਇਆਲ ੩. "ਕਬਹੂ ਜੀਅੜਾ ਊਭਿ ਚੜਤ ਹੈ, ਕਬਹੂ ਜਾਇ ਪਇਆਲੇ." (ਰਾਮ ਮਃ ੧)

ਪਇਐ: ਕ੍ਰਿ. ਵਿ- ਪੈਣ ਤੋਂ. ਪੜਨੇ ਸੇ. ਭਾਵ- ਕਰਮ- ਲੇਖ ਲਿਖੇ ਜਾਣ ਕਰਕੇ. "ਪਇਐ ਕਿਰਤਿ ਨਚੈ ਸਭੁ ਕੋਇ." (ਵਾਰ ਆਸਾ)

ਪਇਅੰਪ, ਪਇਅੰਪਨ: ਸੰ. ਪ੍ਰਲਪਨ. ਸੰਗਯਾ- ਕਥਨ. ਕਹਿਣਾ. ਉੱਚਾਰਣ. "ਨਾਨਕ ਪਇਅੰਪੈ ਕਰਹੁ ਕਿਰਪਾ." (ਬਿਲਾ ਛੰਤ ਮਃ ੫) ੨. ਬਕ- ਬਾਦ ਕਰਨਾ. ਬਕਣਾ। ੩. ਸੰ. ਪਾਦਾਪੰਣ. ਚਰਣਾਂ ਪੁਰ ਭੇਟ ਦਾ ਚੜ੍ਹਾਉਣਾ। ੪. ਪੈਰ ਪਾਉਣਾ. ਪਧਾਰਨਾ.

ਪਇਅੰਪੈ: ਪ੍ਰਲਪਨ (ਕਥਨ) ਕਰਦਾ ਹੈ. ਦੇਖੋ, ਪਇਅੰਪਨ.

ਪਈ: ਪੜੀ. "ਜਗਾਤੀਆ ਮੋਹਣ ਮੁੰਦਣਿ ਪਈ." (ਤੁਖਾ ਛੰਤ ਮਃ੪) ਜਗਾਤੀਆਂ ਦੇ ਮੂੰਹ ਚੁੱਪ ਵਸਗਈ। ੨. ਦਾਖ਼ਿਲ ਹੋਈ. " ਸਭ ਭਾਗਿ ਸਤਿਗੁਰ ਪਿਛੈ ਪਈ." (ਤੁਖਾ ਛੰਤ ਮਃ੪)

ਪਈਅਸੁ: ਪੜੀ. ਪੈ ਗਈ ਹੈ. ਦੇਖੋ, ਪਈਸੁ.

ਪਈਆ: ਦੇਖੋ, ਪਹੀਆ. "ਧੂਰ ਉਠੀ ਰਥ ਪਈਅਨ ਛਾਯੋ" (ਕ੍ਰਿਸਨਾਵ) ੨. ਪਈ ਹੈ. ਪੜੀਂ ਹੈ. "ਸਰਣਿ ਪ੍ਰਭੂ ਤਿਸੁ ਪਾਛੇ ਪਈਆ." (ਬਿਲਾ ਅਃ ਮਃ੪)

ਪਈਸਾ: ਦੇਖੋ, ਪੈਸਾ.

**ਪਈਸਾਚ, ਪਈਸਾਚਾ, ਪਈਸਾਚੀ:** ਦੇਖੋ, ਪਿਸਾਚ, ਪਿਸਾਚੀ ਅਤੇ ਪੈਸਾਚ, ਪੈਸਾਚੀ.

**ਪਈਸੁ:** ਪੜੀ ਹੈ. "ਗਲਿ ਪਈਸੁ ਜਮ ਕੀ ਫਾਸ." (ਮਾਝ ਬਾਰਹਮਾਹਾ)

**ਪਈਹੈ:** ਪਾਵੇਗਾ. "ਰਹਿਨੁ ਨ ਕੋਊ ਪਈਹੈ ਰੇ." (ਬਿਲਾ ਕਬੀਰ)

**ਪਈਨਾ:** ਦੇਖੋ, ਪੈਨਾ.

**ਪਸ:** ਸੰ. ਪਸ਼੍ ਧਾ- ਦੇਖਣਾ, ਬੰਨ੍ਹਣਾ, ਸਪਰਸ਼ ਕਰਨਾ, ਹਿੱਲਣਾ। ੨. ਪਸ਼੍. ਧਾ- ਪੀੜਨਾ, ਪੀਹਣਾ। ੩. ਫ਼ਾ. پس ਵ੍ਯ- ਇਸ ਵਾਸਤੇ. ਇਸ ਕਾਰਣ। ੪. ਫਿਰ. ਪੁਨਹ। ੫. ਪਿੱਛੇ. ਬਾਦ। ੬. ਸੰਗ੍ਯਾ- ਢਾਹਾ (lanzslip) ੭. ਪੂਯ. ਰਾਧ. ਪੀਪ. ਦੇਖੋ, ਅੰ. pus.

**ਪਸਖ਼ੁਰਦਾ:** ਫ਼ਾ. پس خوردہ ਸੰਗ੍ਯਾ- ਖਾਣ ਪਿੱਛੋਂ ਬਚਿਆ ਪਦਾਰਥ. ਉੱਛਿਸ਼੍ਟ ਜੂਠ.

**ਪਸਗੀਬਤ, ਪਸਗੈਬਤ:** ਫ਼ਾ. پسغیبت ਪਸਗ਼ੈਬਤ. ਪਿੱਠ ਪਿੱਛੇ ਗ਼ੀਬਤ (ਨਿੰਦਾ) ਕਰਨੀ. " ਪਸਗੈਬਤ ਕਾ ਮੂੰਹ ਕਾਲਾ ਹੈ." (ਹ਼ਾਜਿਰਨਾਮਾ) ਦੇਖੋ, ਗੀਬਤ.

**ਪਸਚਮ:** ਸੰ. ਪਸ਼੍ਚਿਮ. ਵਿ- ਪਿਛਲਾ। ੨. ਸੰਗ੍ਯਾ- ਸੂਰਜ ਅਸ੍ਤ ਹੋਣ ਦੀ ਦਿਸ਼ਾ. ਪੱਛਮ. ਨਿਕਲਦੇ ਸੂਰਜ ਵੱਲ ਮੂੰਹ ਕਰਨ ਤੋਂ ਜੋ ਦਿਸ਼ਾ ਪਿੱਠ ਵੱਲ ਰਹਿੰਦੀ ਹੈ. "ਪਸਚਮ ਦੁਆਰੇ ਕੀ ਸਿਲ ਓੜ." (ਭੈਰ ਕਬੀਰ) ਇੱਥੇ ਭਾਵ ਕੰਗਰੋੜ ਅਤੇ ਗਿੱਚੀ ਦੇ ਪਾਸੇ ਤੋਂ ਹੈ.

**ਪਸਚਾਤ:** ਸੰ. ਪਸ਼੍ਚਾਤ. ਕ੍ਰਿ. ਵਿ- ਪਿੱਛੋਂ. ਬਾਦ. ਅਨੰਤਰ.

**ਪਸਚਾਤਾਪ:** ਸੰ. ਪਸ਼੍ਚਾਤਾੱਪ. ਸੰਗ੍ਯਾ- ਕੋਈ ਕੰਮ ਕਰਕੇ ਪਿੱਛੋਂ ਤਪਣ ਦੀ ਕ੍ਰਿਯਾ. ਪਛਤਾਵਾ.

**ਪਸਚਿਮ:** ਦੇਖੋ, ਪਸਚਮ.

**ਪਸਜਜੋ:** ਪਸੀਜਿਆ, ਪ੍ਰਸ੍ਵੇਦ ਸਹਿਤ ਹੋਇਆ. "ਭਰ ਅੰਕ ਪੁਲਕ ਤਨ ਪਸਜਜੋ." (ਰਾਮਾਵ) ੨. ਰੀਝਿਆ.

**ਪਸਟ:** ਸੰ. ਪ੍ਰਹ੍ਰਸ਼੍- ਪ੍ਰਹ੍ਰਿਸ਼੍ਟ. ਵਿ- ਪ੍ਰਸੰਨ. ਖ਼ੁਸ਼ ਹੋਇਆ. ਆਨੰਦਿਤ. "ਪਰਾ ਪਸਟਣੀ ਪਾਰਬਤੀ ਦੁਸਟਹਰਤਾ." (ਚੰਡੀ ੨) ਪ੍ਰਹ੍ਰਿਸ਼੍ਟ (ਪ੍ਰਸੰਨ) ਹੋਣ ਵਾਲੀ. ਰੀਝਣ ਵਾਲੀ.

**ਪਸਟਣੀ:** ਦੇਖੋ, ਪਸਟ.

**ਪਸਣ, ਪਸਣੁ:** ਕ੍ਰਿ- ਦੇਖਣਾ. ਦਰਸ਼ਨ ਕਰਨਾ. ਦੇਖੋ, ਪਸ਼ ਧਾ ਅਤੇ ਪਸ਼੍ਯ. "ਪ੍ਰੇਮ ਅਥਾਹ ਪਸਣ ਕੂ ਸਚਾ ਧਣੀ." (ਵਾਰ ਮਾਰੂ ੨. ਮਃ ੫)

**ਪਸਤ:** ਫ਼ਾ. پست ਵਿ- ਨੀਵਾਂ। ੨. ਦਬਿਆ ਹੋਇਆ। ੩. ਕਮੀਨਾ। ੪. ਸੰਗ੍ਯਾ- ਹਮਵਾਰ ਜ਼ਮੀਨ. ਸਮਭੂਮਿ.

**ਪਸਤਵੀ:** ਫ਼ਾ. پشتو ਪੁਸ਼ਤੋ. ਸੰਗ੍ਯਾ- ਅਫ਼ਗ਼ਾਨਿਸਤਾਨ ਦੀ ਭਾਸ਼ਾ. "ਪਹਲਵੀ ਪਸਤਵੀ ਸੰਸਕ੍ਰਿਤੀ ਹੋ." (ਅਕਾਲ)

**ਪਸਤਾ:** ਵਿ- ਪਸੁਕੱਦਾ. ਮਧਰਾ.

**ਪਸ਼ਤੋ:** ਫ਼ਾ. پشتو ਪੁਸ਼ਤੋ. ਸੰਗ੍ਯਾ- ਅਫ਼ਗਾਨਿਸਤਾਨ ਦੇ ਪਠਾਣਾਂ ਦੀ ਭਾਸ਼ਾ (ਬੋਲੀ).

**ਪਸਪਰਦਹ:** ਫ਼ਾ. پس پردہ ਕ੍ਰਿ. ਵਿ- ਪੜਦੇ ਪਿੱਛੇ. ਪੜਦੇ ਓਲ੍ਹੇ.

**ਪਸਪਾ:** ਫ਼ਾ. پسپا ਵਿ- ਪਿੱਛੇ ਹਟਿਆ ਹੋਇਆ. ਜਿਸ ਨੇ ਪਿੱਛੇ ਪੈਰ ਰੱਖਿਆ ਹੈ.

**ਪਸਮ:** ਫ਼ਾ. پشم ਪਸ਼ਮ. ਸੰਗਜਾ- ਭੇਡ ਬਕਰੀ ਆਦਿ ਦੇ ਰੋਮ. ਉੱਨ. ਰੋਮਾਵਲੀ.

**ਪਸਮਣ, ਪਸਮਨ:** ਸੰ. ਪ੍ਰਸ੍ਰਵਣ. ਸੰਗਜਾ- ਚੁਇਣਾ. ਟਪ- ਕਣਾ, "ਪੂਰਬ ਅਸਥਨ ਮੇ ਕੁਛ ਨਾਹੀ, ਪੁਨ ਪਯ ਪਸਮਤ ਧਾਰਾ." (ਨਾਪ੍ਰ) ਪਯਧਾਰਾ ਪ੍ਰਸਵਤਿ। ੨. ਪਯ (ਦੁੱਧ) ਦਾ ਸ੍ਰਵਣ (ਚੁਇਣਾ). ਪਯਸ੍ਰਵਣ। ੩. ਲੇਵੇ ਵਿੱਚੋਂ ਥਣਾਂ ਅੰਦਰ ਦੁੱਧ ਦੇ ਆਉਣ ਦਾ ਭਾਵ.

**ਪਸਮਾਉਣਾ:** ਕ੍ਰਿ- ਪੁਸ੍ਰਵਣ ਕਰਾਉਣਾ. ਟਪਕਾਉਣਾ. ਚੁਆਉਣਾ। ੨. ਗਊ ਮੈਂਹ ਆਦਿ ਪਸ਼ੂਆਂ ਨੂੰ ਪਯ ਸ੍ਰਵਣ (ਦੁੱਧ ਟਪਕਾਉਣ) ਲਈ ਤਿਆਰ ਕਰਨਾ.

**ਪਸ਼ਮੀਨਾ:** ਫ਼ਾ. پشمینہ ਪਸ਼ਮੀਨਹ. ਸੰਗਜਾ- ਪਸ਼ਮ (ਉੱਨ) ਦਾ ਵਸਤ੍ਰ. ਸਰਦ ਦੇਸ਼ ਦੀ ਭੇਡ ਆਦਿ ਦੀ ਕੋਮਲ ਉੱਨ ਤੋਂ ਬਣਿਆ ਕਪੜਾ.

**ਪਸ਼ੰਬਰ:** ਸੰਗਜਾ- ਪਸ਼ਮ (ਉੱਨ) ਅੰਬਰ (ਵਸਤ੍ਰ). ਪਸ਼ਮੀਨਹ. "ਪੋਸਿਸ ਅੰਗ ਪਟੰਬਰ ਅੰਬਰ, ਹੈ ਪਸਮੰਬਰ ਸੋਭ ਕਰੀ." (ਨਾਪ੍ਰ)

**ਪਸਰ:** ਸੰ. ਪ੍ਰਸਰ. ਸੰਗਜਾ- ਵਿਸ੍ਤਾਰ ਫੈਲਾਉ. "ਪਸਰਿਓ ਆਪਿ ਹੁਇ ਅਨਤਤਰੰਗ." (ਸੁਖਮਨੀ) ੨. ਦੇਖੋ, ਪ੍ਰਸਰ.

**ਪਸਰਈਆ:** ਵਿ- ਪ੍ਰਸਰ (ਫੈਲਾਉ) ਕਰੈਯਾ. ਵਿਸ੍ਤਾਰ ਕਰਤਾ. ਪਸਾਰਣ ਵਾਲਾ. "ਨਦਰੀ ਆਵੈ ਸਭ ਬ੍ਰਹਮ ਪਸਰਈਆ." (ਬਿਲਾ ਅਃ ਮਃ ੪) ੨. ਸੰਗਜਾ- ਪਸਾਰਾ, ਫੈਲਾਉ.

**ਪਸਰਣ:** ਸੰ. ਪ੍ਰਸਰਣ. ਸੰਗਜਾ- ਅੱਗੇ ਵਧਣਾ। ੨. ਫੈਲਾਉਣ ਦੀ ਕ੍ਰਿਯਾ. ਵਿਸ੍ਤਾਰ. ਫੈਲਾਉ. "ਪਸਰੀ ਕਿਰਣ ਜੋਤਿ ਉਜਿਆਲਾ." (ਮਾਰੂ ਸੋਲਹੇ ਮਃ ੧)

**ਪਸਰੂਰ:** ਜਿਲਾ ਸਿਆਲਕੋਟ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਸਿਆਲਕੋਟ ਤੋਂ ੧੮. ਮੀਲ ਦੱਖਣ ਹੈ. ਇਸ ਤੋਂ ਪੂਰਵ ਵੱਲ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਦਾ ਅਸਥਾਨ ਹੈ. ਜਿਸ ਨੂੰ ਹੁਣ "ਦਿਉਕਾ" ਆਖਦੇ ਹਨ. ਗੁਰੂ ਜੀ ਸਿਆਲਕੋਟ ਵੱਲੋਂ ਇੱਥੇ ਪਧਾਰੇ ਹਨ. ਉਸ ਵੇਲੇ ਇੱਥੇ ਡੇਕ ਨਾਮੀ ਨਦੀ ਵਗਦੀ ਸੀ, ਜੋ ਹੁਣ ਵਿੱਥ ਤੇ ਹੋ ਗਈ ਹੈ.

ਸਾਧਾਰਣ ਜਿਹਾ ਮੰਜੀਸਾਹਿਬ ਹੈ, ਜਿਸ ਦੀ ਝਾੜੂ ਆਦਿਕ ਦੀ ਸੇਵਾ ਭਾਈ ਮੋਹਨ ਸਿੰਘ ਜੀ ਕਰਦੇ ਹਨ. ਇਹ ਜ਼ਮੀਨ ਡਿਸਟ੍ਰਿਕਟ ਬੋਰਡ ਦੇ ਕਬਜੇ ਵਿੱਚ ਹੈ.

ਰੇਲਵੇ ਸਟੇਸ਼ਨ ਪਸਰੂਰ ਤੋਂ ਇਹ ਅਸਥਾਨ ਦੱਖਣ ਪੱਛਮ ਦੋ ਤਿੰਨ ਫਰਲਾਂਗ ਹੈ.

**ਪਸਲੀ:** ਸੰ. ਪਸ਼ੁੰਕਾ. ਸੰਗਜਾ- ਛਾਤੀ ਦੇ ਪਿੰਜਰ ਦੀ ਖ਼ਮਦਾਰ ਹੱਡੀ. ਵੱਖੀ ਦੀ ਹੱਡੀ. ਪਾਂਸੁਲੀ, " ਪਸਲੀ ਚੀਰਦੀਨ ਤਤਕਾਲਾ." (ਸਲੋਹ)

**ਪਸਵਾਜ:** ਦੇਖੋ, ਪਿਸਵਾਜ਼.

**ਪਸਵਾਰਾ, ਪਸਵਾੜਾ:** ਸੰਗਜਾ- ਪਾਸੇ (ਪਾਸ਼੍ਰੰ) ਨੂੰ ਆੜਾ (ਟੇਢਾ) ਕਰਨ ਦੀ ਕ੍ਰਿਯਾ, ਕਰਵਟ. "ਟੂਟੋ ਅਮਲ ਅਫੀਮਿਅਹਿਂ ਜਨੁ ਪਸਵਾਰੇ ਲੇਤ." (ਚਰਿਤ੍ਰ ੯੧)

**ਪਸਾ:** ਪਸਾਉ ਦਾ ਸੰਖੇਪ। ੨. ਪ੍ਰਾ. ਸੰਗਯਾ- ਪਸ਼ਾ. ਦਾੜ੍ਹੀ. ਸਮਸ਼੍ਰੁ.

**ਪਸਾਉ, ਪਸਾਇ:** ਸੰ. ਪ੍ਰਸਾਰ. ਸੰਗਜਾ- ਵਿਸ੍ਤਾਰ. ਫੈਲਾਉ. ਪਸਾਰਾ. "ਕੀਤਾ ਪਸਾਉ ਏਕੋ ਕਵਾਉ." (ਜਪੁ) ੨. ਪ੍ਰਚਾਰ. "ਢਾਢੀ ਕਰੇ ਪਸਾਉ ਸਬਦੁ ਵਜਾਇਆ." (ਵਾਰ ਮਾਝ ਮਃ ੧)

੩. ਸੰ. ਪ੍ਰਸਾਦ. ਕ੍ਰਿਪਾ. "ਜਿਸੁ ਪਸਾਇ ਗਤਿ ਅਗਮ ਜਾਣੀ."(ਸਵੈਯੇ ਮਃ ੩. ਕੇ) ਜਿਸ ਦੀ ਕ੍ਰਿਪਾ ਨਾਲ ਅਗਮਗਤਿ ਜਾਣੀ।

੪. ਨਿਰਮਲਤਾ. "ਗੁਰੁ ਤੁਠਾ ਕਰੇ ਪਸਾਉ." (ਸ੍ਰੀ ਮਃ੪) ੫. ਪ੍ਰਸੰਨਤਾ. "ਕਰੈ ਰੰਗਿ ਪਸਾਉ." (ਸ੍ਰੀ ਮਃ੧)

ਪਮਾਣ: ਦੇਖੋ, ਪਖਾਣ.

ਪਸਾਰਣ: ਸੰ. ਪ੍ਰਸਾਰਣ. ਸੰਗਯਾ- ਫੈਲਾਉਣ ਦੀ ਕ੍ਰਿਯਾ. ਵਿਸ੍ਤਾਰ ਕਰਨਾ। ੨. ਵਧਾਉਣਾ. ਅੱਗੇ ਨੂੰ ਫੈਲਾਉਣਾ. "ਮਾਂਗਹਿ ਹਾਥ ਪਸਾਰੀ." (ਗੂਜ ਅਃ ਮਃ ੪)

ਪਸਾਰਾ: ਦੇਖੋ, ਪਸਾਉ ੧. "ਆਤਮ ਪਸਾਰਾ ਕਰਣ- ਹਾਰਾ."(ਬਿਲਾ ਛੰਤ ਮਃ ੫)

ਪਸਾਰਿ: ਪ੍ਰਸਾਰਣ ਕਰਕੇ. ਫੈਲਾਕੇ. ਪਸਾਰਕੇ.

ਪਸਾਰੀ: ਫੈਲਾਈ. ਵਿਸ੍ਤਾਰੀ. ਦੇਖੋ, ਪਸਾਰਣ. "ਅਪਨੀ ਮਾਇਆ ਆਪਿ ਪਸਾਰੀ." (ਬਿਹਾ ਮਃ ੯) ੨. ਸੰ. प्रसारिन. ਵਿ- ਫੈਲਣ ਵਾਲਾ. ਵਯਾਪਕ. "ਛੁਟੈ ਹੋਇ ਪਸਾਰੀ." (ਗਉ ਕਬੀਰ ) ੩. ਦੇਖੋ, ਪਨਸਾਰੀ ਅਤੇ ਪਾਸਾਰੀ। ੪. ਦੇਖੋ, ਪਸਾਰਿ. "ਮਾਗਹਿ ਹਾਥ ਪਸਾਰੀ." (ਗੂਜ ਮਃ ੪)

ਪਸਾਵ: ਦੇਖੋ, ਪਸਾਉ। ੨. ਡਿੰਗ. ਸੰਗਯਾ- ਦਾਨ। ੩. ਦੇਖੋ, ਪ੍ਰਸ੍ਰਾਵ.

ਪਸਿੰਦ: ਦੇਖੋ, ਪਸੰਦ. "ਖਸਮ ਕੀ ਨਦਰਿ ਦਿਲਹਿ ਪਸਿੰਦੇ." (ਸ੍ਰੀ ਮਃ ੧)

ਪਸੀ: ਦੇਖਾਂ. ਦੇਖੋ, ਪਸ ੧. "ਕਦ ਪਸੀ ਦੀਦਾਰ?" (ਵਾਰ ਮਾਰੂ ੨. ਮਃ ੫) ਕਦ ਦਰਸ਼ਨ ਵੇਖਾਂ.

ਪਸੀਐ: ਦੇਖੀਐ. ਦੇਖੋ, ਪਸ ੧. "ਨਾਨਕ ਬਿਆ, ਨ ਪਸੀਐ." ( ਵਾਰ ਗੂਜ ੨. ਮਃ ੫) ਦੂਜਾ ਨਾ ਦੇਖੀਏ.

ਪਸੀਜਨਾ: ਕ੍ਰਿ- ਪ੍ਰਸ੍ਵੇਦ (ਪਸੀਨੇ) ਸਹਿਤ ਹੋਣਾ. ਪਘਰਨਾ। ੨. ਚਿੱਤ ਦਾ ਦ੍ਰਵਣਾ। ੩. ਰੀਝਣਾ.

ਪਸੀਨਾ: ਸੰਗਯਾ- ਪ੍ਰਸ੍ਵੇਦ. ਮੁੜ੍ਹਕਾ.

ਪਸੁ: ਸੰ. ਪਸ਼ੁ. ਸੰਗਯਾ- ਜੋ ਬੰਨ੍ਹਿਆ ਜਾਵੇ. ਦੇਖੋ, ਪਸ਼੍ ਧਾ. ਚਾਰ ਪੈਰਾਂ ਵਾਲਾ ਜੀਵ। ੨. ਪ੍ਰਾਣੀ। ੩. ਯਗ੍ਯ। ੪. ਪਸ਼ੁ ਜੇਹਾ ਮੂਰਖ. "ਪਸੁ ਆਪਨ ਹਉ ਹਉ ਕਰੈ." (ਬਾਵਨ)

ਪਸੁਈਸ, ਪਸੁਏਸ: ਦੇਖੋ, ਪਸੁਪਤਿ.

ਪਸੁਢੋਰ: ਸੰਗਯਾ- ਧੁਰਯ ਪਸ਼ੁ. ਜੋਤਣ ਲਾਇਕ ਪਸੂ. "ਬਿਨ ਬੂਝੇ ਪਸੁਢੋਰ." (ਬਾਵਨ)

ਪਸੁਪਤਾਰਿ: ਸੰਗਯਾ- ਪਸ਼ੁਪਤਿ (ਹਾਥੀ) ਦਾ ਅਰਿ (ਵੈਰੀ) ਸ਼ੇਰ. (ਸਨਾਮਾ), ੨. ਪਸ਼ੁ (ਨਾਦੀਏ) ਦਾ ਪਤਿ (ਸ਼ਿਵ), ਉਸ ਦਾ ਵੈਰੀ ਕਾਮ. "ਪਸੁਪਤਾਰਿ ਦੁਖ ਦੈ ਘਨੋ." (ਚਰਿਤ੍ਰ ੨੧)

ਪਸੁਪਤਿ: ਸੰਗਯਾ- ਪਸ਼ੁ (ਨਾਦੀਏ) ਦਾ ਸ੍ਵਾਮੀ ਸ਼ਿਵ। ੨. ਪਸ਼ੁ (ਪ੍ਰਾਣੀਆਂ) ਦਾ ਸ੍ਵਾਮੀ ਕਰਤਾਰ। ੩. ਪਸ਼ੁ (ਯਗ੍ਯ) ਦਾ ਸ੍ਵਾਮੀ ਅਗਨਿ। ੪. ਹਾਥੀ. (ਸਨਾਮਾ) ੫. ਸ਼ੇਰ. ਸਿੰਹ.

ਪਸੁਪਤਿਸੁਰਧਰ ਅਰਿ ਧੁਜ ਚਖੁ ਅਰਿ: (ਸਨਾਮਾ) ਸੰਗਯਾ- ਵਾਣ. ਤੀਰ. ਪਸ਼ੁਪਤੀਸ਼੍ਵਰ (ਪਸ਼ੂਆਂ ਦਾ ਪਤੀ ਨਾਦੀਆ) ਉਸ ਦੇ ਧਰ (ਰੱਖਣ ਵਾਲਾ ਸ਼ਿਵ) ਉਸ ਦਾ ਵੈਰੀ ਕਾਮ, ਉਸ ਦੀ ਧੁਜਾ ਵਿੱਚ ਹੋਣ ਵਾਲਾ ਮੱਛ, ਉਸ ਦੀ ਚਖੁ (ਚਕ੍ਸ਼ੁ- ਅੱਖ) ਦਾ ਵੈਰੀ ਤੀਰ. ਅਰਜੁਨ ਨੇ ਦ੍ਰੋਪਦੀ ਵਰਨ ਸਮੇਂ ਮੱਛ ਦੀ ਅੱਖ ਤੀਰ ਨਾਲ ਵਿੰਨ੍ਹੀ ਸੀ.

ਪਸੁਪਤੇਸ: ਸੰਗਯਾ- ਪਸ਼ੁਪਤਿ (ਹਾਥੀ), ਉਸ ਦਾ ਈਸ਼ ਸ਼ੇਰ. (ਸਨਾਮਾ) ੨. ਨਾਦੀਏ ਦਾ ਸ੍ਵਾਮੀ ਸ਼ਿਵ.

ਪਸੁਪਤੇਸ ਅਰਿ: ਸੰਗਯਾ- ਪਸ਼ੁਪਤੇਸ਼ (ਸ਼ੇਰ), ਉਸ ਦੀ ਵੈਰਣ ਬੰਦੂਕ. (ਸਨਾਮਾ) ੨. ਸ਼ਿਵ ਦਾ ਵੈਰੀ ਕਾਮਦੇਵ.

ਪਸੁਭਾਸ਼ਾ, ਪਸੁਭਾਖਾ: ਸੰਗਯਾ- ਪਸ਼ੂਆਂ ਦੀ ਬੋਲੀ, ਪ੍ਰਾਚੀਨ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਬਹੁਤ ਲੋਕ ਪਸ਼ੂਆਂ ਦੀ ਬੋਲੀ

ਸਮਝਦੇ ਅਤੇ ਉਨ੍ਹਾਂ ਨਾਲ ਗੱਲਾਂ ਕਰਦੇ ਸਨ. ਦੇਖੋ, ਵਾਲਮੀਕ ਰਾਮਾਯਣ ਕਾਂਡ ੨. ਅਃ ੩੫, ਅਤੇ ਕੁਰਾਨ ਸੂਰਤ ੨੭.

ਪਸੁਰਾਜ, ਪਸੁਰਾਟ: ਸੰਗਜਾ- ਪਸ਼ੂਆਂ ਦਾ ਰਾਜਾ ਸ਼ੇਰ। ੨. ਬੈਲਪਤਿ ਸ਼ਿਵ. "ਏਕ ਦਿਵਸ ਪਸੁਰਾਟ ਰਿਝਾਯੋ." (ਚਰਿਤ੍ਰ ੧੪੨) ੩. ਮਹਾ ਮੂਰਖ. ਮੂਰਖਰਾਜ.

ਪਸੁਰਿਯਾ: ਦੇਖੋ, ਪਸਲੀ. "ਟੂਕ ਟੂਕ ਹੈ ਸਭੈ ਪਸੁਰਿਯਾ ਜਾਯਹੈਂ."(ਚਰਿਤ੍ਰ ੨੨੮)

ਪਸੂ, ਪਸੂਆ: ਦੇਖੋ, ਪਸੁ. "ਪਸੂ ਮਿਲਹਿ ਚੰਗਿਆਇਆ, ਖੜੁ ਖਾਵਹਿ ਅੰਮ੍ਰਿਤੁ ਦੇਹਿ." (ਗੂਜ ਮਃ੧) ਖੜ (ਸੁੱਕਾ ਘਾਹ) ਖਾਕੇ ਅਮ੍ਰਿਤ (ਦੁੱਧ) ਦਿੰਦੇ ਹਨ.

ਪਸੂਆਕਰਮ: ਸੰਗਜਾ- ਪਰਉਪਕਾਰ ਬਿਨਾ, ਕੇਵਲ ਆਪਣਾ ਪੇਟ ਭਰਨ ਲਈ ਸ੍ਵਾਰਥ ਭਰੇ ਕਰਮ। ੨. ਗਿਆਨ ਵਿਚਾਰ ਰਹਿਤ ਕਰਮ. "ਪਸੂਆਕਰਮ ਕਰੈ ਨਹੀ ਬੂਝੈ."(ਭੈਰ ਮਃ ੩)

ਪਸੂਆਰਾ: ਵਿ- पशुहारिन्- ਪਸ਼ੁਹਾਰੀ. ਜੀਵਹਰਤਾ। ੨. ਸੰਗਜਾ- ਸ਼ਿਕਾਰੀ।੩ ਧੀਵਰ. ਮਾਹੀਗੀਰ. "ਜਿਉ ਮੀਨਾ ਹੇਰੈ ਪਸੂਆਰਾ." (ਗੌਂਡ ਨਾਮਦੇਵ)

ਪਸੇ: ਦੇਖੇ. ਦੇਖੋ, ਪਸ ੧. "ਪਸੇ ਕਿਉ ਦੀਦਾਰ?" (ਸ੍ਰੀ ਛੰਤ ਮਃ੫)

ਪਸੇਉ: ਸੰਗਜਾ- ਪ੍ਰਸ੍ਵੇਦ. ਪਸੀਨਾ. ਮੁੜ੍ਹਕਾ.

ਪਸੇਸ, ਪਸੇਸੁਰ, ਪਸੇਸ੍ਵਰ: ਸੰਗਜਾ- ਪਸ਼ੁ- ਈਸ਼. ਨੰਦਿਪਤਿ ਸ਼ਿਵ. "ਬਹੁ ਤੋਖ ਕੀਨ ਪਸੇਸ."(ਜਗਰਾਜ) ਸਿਵ ਨੂੰ ਤੋਸ਼ (ਪ੍ਰਸੰਨ ) ਕੀਤਾ. "ਸੇਸ ਸੁਰੇਸ ਦਿਨੇਸ ਪਸੇਸ੍ਵਰ." (ਗੁਵਿ ੧੦) ਪਸ਼ੂਆਂ ਦਾ ਸ੍ਵਾਮੀ ਸ਼ੇਰ. "ਨਾਥ ਕਹਜੋ ਜੁ ਪਸੇਸੁਰ ਕੋ, ਅਬ ਹੋਹੁ ਸੁਚੇਤ !" (ਗੁਵਿ ੧੦)

ਪਸੇਚ: ਫ਼ਾ. پسیچ ਸੰਗਜਾ- ਤਯਾਰੀ। ੨. ਸਫ਼ਰ ਦਾ ਸਾਮਾਨ.

ਪਸੇ ਪੁਸ਼ੁ: ਫ਼ਾ. پس پُشت ਕ੍ਰਿ. ਵਿ- ਪਿੱਠ ਪਿੱਛੇ.

ਪਸ਼ੇਮਾਨ: ਫ਼ਾ. پشیمان ਵਿ- ਪਸ਼ ੍ਚਾਤਾਪ ( ਪਛਤਾਵਾ) ਕਰਨ ਵਾਲਾ। ੨. ਸ਼ਰਮਿੰਦਾ. ਲੱਜਿਤ.

ਪਸ਼ੇਮਾਨੀ: ਫ਼ਾ. پشیمانی ਸੰਗਜਾ- ਪਸ਼ ੍ਚਾਤਾਪ. ਪਛਤਾਵਾ। ੨. ਸ਼ਰਮਿੰਦਗੀ.

ਪਸੇਵ: ਸੰਗਜਾ- ਪ੍ਰਸ੍ਵੇਦ. ਪਸੀਨਾ. "ਨਖ ਪਸੇਵ ਜਾਚੈ ਸੁਰਸਰੀ।." (ਮਲਾ ਨਾਮਦੇਵ) ਜਿਸ ਦੇ ਪੈਰਾਂ ਦੇ ਨੌਹਾਂ ਤੋਂ ਗੰਗਾ ਟਪਕੀ ਹੈ.

ਪਸੈ: ਦੇਖਦਾ ਹੈ. ਦੇਖੋ, ਪਸ ੧। ੨. ਪਵਸੈ. ਪਊਗਾ। ੩. ਪੈਂਦਾ ਹੈ. ਪੜਤਾ ਹੈ. "ਪੋਤੇ ਪਸੈ." (ਭਾਗੁ) ਖ਼ਜ਼ਾਨੇ ਪੈਂਦਾ ਹੈ.

ਪਸੋ ਪੇਸ਼: ਫ਼ਾ. ਸੰਗਜਾ- ਪਿੱਛਾ ਅੱਗਾ। ੨. ਭਾਵ ਸੋਚ ਵਿਚਾਰ। ੩. ਭਲਾ ਬੁਰਾ। ੪. ਹਾਨਿ ਲਾਭ.

ਪਸੰਦ: ਫ਼ਾ. پسند ਵਿ- ਮਨਭਾਉਂਦਾ. ਰੁਚਿ ਅਨੁਕੂਲ.

ਪਸੰਦੀਦਨ: ਫ਼ਾ. ਕ੍ਰਿ- ਪਸੰਦ ਕਰਨਾ.

ਪਸੰਦੀਦਾ: ਫ਼ਾ. پسندیده ਵਿ- ਪਸੰਦਕੀਤਾ. ਮਨਭਾਇਆ.

ਪਸੰਦੋ: ਵਿ- ਪਸੰਦ ਆਇਆ. ਮਨਭਾਇਆ। ੧. ਦੇਖਦਾ. ਦੇਖੋ, ਪਸ ੨. "ਨੈਣ ਪਸੰਦੋ ਸੋਇ, ਪੇਖਿ ਮੁਸਤਾਕ ਭਈ." (ਆਸਾ ਮਃ੫) ੩. ਦੇਖਕੇ. "ਪਿਰੀ ਪਸੰਦੋ ਹਰਿਓ ਥੀਓ." (ਵਾਰ ਮਾਰੂ ੨. ਮਃ੫)

ਪੱਸ: ਦੇਖੋ, ਪਸ਼ਜ

**ਪਸ੍ਹਮਿ:** ਪਚਿਮ (ਪੱਛਮ) ਵੱਲ. "ਉਲਟਿ ਗੰਗ ਪਸ੍ਹਮਿ ਧਰੀਆ." (ਸਵੈਯੇ ਮਃ ੩. ਕੇ) ਭਾਵ- ਉਲਟੀ ਰੀਤਿ ਹੋਈ ਕਿ ਗੁਰੂ ਚੇਲੇ ਅੱਗੇ ਝੁਕਿਆ.

**ਪਸ੍ਹਿਮ:** ਪੱਛਮ ਦਿਸ਼ਾ. ਪੱਛੋਂ. ਉਹ ਦਿਸ਼ਾ, ਜਿੱਧਰ ਸੂਰਜ ਅਸੁ ਹੁੰਦਾ ਹੈ. ਦੇਖੋ, ਪਸਚਮ.

**ਪਸੁ:** ਦੇਖੋ, ਪਸਤ.

**ਪਸ਼ਜ:** ਸੰ. ਦੇਖਣਾ. ਚੰਗੀ ਤਰਾਂ ਸਮਝਣਾ. ਦੇਖੋ, ਪਸ਼ ਧਾ.

**ਪਸ਼ਜਤੋਹਰ:** ਸੰ. ਸੰਗਯਾ- ਦੇਖਦੇ ਦੇਖਦੇ ਚੁਰਾਉਣ ਵਾਲਾ. ਗਠਕਤਰਾ। ੨. ਸੁਨਿਆਰ. ਸੋਨਾ ਘੜਨ ਵਾਲਾ.

**ਪਸ਼ਜਨ:** ਦੇਖਣਾ. ਦੇਖੋ, ਪਸ਼ ਧਾ. "ਲਖ ਅਚਰਜ ਪਸ਼ਜਨ. ਚਿਤ ਚਾਹੂ." (ਨਾਪ੍ਰ) ੨. ਦੇਖਦਾ ਹੋਇਆ.

**ਪਸ਼ਜੰਤੀ:** ਦੇਖੋ, ਚਾਰ ਬਾਣੀਆਂ। ੨. ਦੇਖੋ, ਪਸ਼ ਧਾ.

**ਪਸ੍ਰੇਸ:** ਸੰਗਜਾ- ਪਸ਼ੁ- ਈਸ਼. ਨੰਦਿਪਤਿ ਸ਼ਿਵ. "ਪਸ੍ਰੇਸ ਪੀਠ ਦਈ ਹੈ." (ਕ੍ਰਿਸਨਾਵ) ਸ਼ਿਵ ਨੇ ਜੰਗ ਵਿੱਚ ਪਿੱਠ ਦਿੱਤੀ। ੨. ਦੇਖੋ, ਪਸੁਪਤਿ.

**ਪਹ:** ਸੰਗਜਾ- ਪ੍ਰਾਤਹਕਾਲ. ਭੋਰ. ਤੜਕਾ. "ਚਿੜੀ ਚੁਹਕੀ ਪਹ ਫੁਟੀ."(ਵਾਰ ਗਉ ੨. ਮਃ ੫) ੨. ਪਥ. ਪਹਾ. ਮਾਰਗ। ੩. ਸਿੰਧੀ. ਦੁੱਖ. ਕਲੇਸ਼. "ਪਹ ਪਿਟਾਰੀ." (ਰਾਮਾਵ) ਦੁੱਖ ਦੀ ਪਿਟਾਰੀ.

**ਪਹਚਾਨ:** ਸੰਗਜਾ- ਪ੍ਰਤਿਗਜਾਨ. ਪਰਿਚਯ. ਜਾਨਕਾਰੀ. ਪਛਾਣ.

**ਪਹਣੀ:** ਦੇਖੋ, ਪਨਹੀ.

**ਪਹਤਿ:** ਸਿੰਧੀ. ਸੰਗਜਾ- ਦਾਲ. ਦੇਖੋ, ਪਹਿਤਿ। ੨. ਸੰ. ਪ੍ਰਹੁਤਿ. ਭੋਗ. ਬਲਿ.

**ਪਹਨ:** ਫ਼ਾ. پہن ਵਿ- ਚੌੜਾ.

**ਪਹਨਣਾ, ਪਹਨਨਾ:** ਕ੍ਰਿ- ਪਰਿਧਾਨ ਕਰਨਾ. ਓਢਣਾ. ਵਸਤ੍ਰ ਭੂਖਣ ਆਦਿ ਸ਼ਰੀਰ ਪੁਰ ਧਾਰਨ ਕਰਨਾ.

**ਪਹਨਾਉਣਾ, ਪਹਨਾਨਾ:** ਕ੍ਰਿ- ਪਰਿਧਾਨ ਕਰਾਉਣਾ. ਵਸਤ੍ਰ ਗਹਿਣੇ ਆਦਿ ਓਢਾਉਣੇ। ੨. ਸਰੋਪਾ (ਖਿਲਤ) ਪਹਿਰਾਉਣਾ. ਰਾਜਦਰਬਾਰ ਵਿੱਚ ਸਨਮਾਨ ਲਈ ਪੋਸ਼ਾਕ ਦਾ ਪਹਿਰਾਏ ਜਾਣਾ.

**ਪਹਨਾਮ:** ਸੰ. परिहृतनाम- ਪਰਿਹ੍ਰਿਤਨਾਮ. ਵਿ- ਬਦਨਾਮ। ੨. ਗੁਮਨਾਮ. "ਪ੍ਰਗਟ ਭਏ ਸੰਸਾਰ ਮਹਿ ਫਿਰਤੇ ਪਹਨਾਮ." (ਬਿਲਾ ਮਃ ੫) ਦੇਖੋ, ਫ਼ਾ. ਪਿਨਹਾਂ.

**ਪਹਨਾਮੀ:** ਸੰਗਜਾ- ਬਦਨਾਮੀ. ਦੇਖੋ, ਪਹਨਾਮ। ੨. ਸੰ. ਅਪਨ੍ਹੁਤਿ. ਲੁਕਾਉ. ਦੁਰਾਉ. "ਤਿਸ ਨਾਲ ਕਿਆ ਚਲੈ ਪਹਨਾਮੀ."(ਬਿਲਾ ਅਃ ਮਃ ੩) ੩. ਛਲ. ਕਪਟ. ਲੁਕਵੀਂਆਂ ਗੱਲਾਂ.

**ਪਹਨਾਵਾ:** ਸੰਗਜਾ- ਲਿਬਾਸ. ਪੋਸ਼ਾਕ। ੨. ਵਿ- ਪਹਰਾਉਣ (ਪਰਿਧਾਨ ਕਰਾਉਣ) ਵਾਲਾ.

**ਪਹਰ:** ਸੰ. ਪ੍ਰਹਰ. ਸੰਗਜਾ- ਦਿਨ ਰਾਤ ਦਾ ਅੱਠਵਾਂ ਭਾਗ. ਤਿੰਨ ਘੰਟੇ ਦਾ ਸਮਾ. "ਘੜੀਆ ਸਭੇ ਗੋਪੀਆ, ਪਹਰ ਕੰਨ੍ਹ ਗੋਪਾਲ."(ਵਾਰ ਆਸਾ)

**ਪਹਰਣਾ:** ਕ੍ਰਿ- ਪਰਿਧਾਨ ਕਰਨਾ. ਓਢਣਾ. ਵਸਤ੍ਰ ਭੂਖਣ ਆਦਿ ਦਾ ਸ਼ਰੀਰ ਪੁਰ ਧਾਰਨ ਕਰਨਾ.

**ਪਹਰਾ:** ਸੰਗਜਾ- ਪਹਰ (ਤਿੰਨ ਘੰਟੇ) ਪਿੱਛੋਂ ਬਦਲਨ ਵਾਲੀ ਚੌਕੀ. ਰਕ੍ਸ਼ਾ ਲਈ ਬੈਠਾਈ ਹੋਈ ਚੌਕੀ.

ਪਹਰਾਨਾ: ਕ੍ਰਿ- ਪਰਿਧਾਨ ਕਰਾਉਣਾ. ਓਢਾਉਣਾ। ੨. ਸਨਮਾਨ ਲਈ ਖਿਲਤ ਪਹਰਾਉਣਾ.

ਪਹਰਾਵਾ: ਦੇਖੋ, ਪਹਨਾਵਾ.

ਪਹਰੂ, ਪਹਰੂਅ, ਪਹਰੂਆ: ਸੰਗਜਾ- ਪਹਰਾ ਦੇਣ ਵਾਲਾ ਚੌਕੀਦਾਰ. ਰਛ੍ਯਕ. "ਊਠਤ ਬੈਠਤ ਹਰਿ ਸੰਗਿ ਪਹਰੂਆ." (ਗਉ ਮਃ ੫) ਦੇਖੋ, ਛਬ.

ਪਹਰੇ: ਦੇਖੋ, ਪਹਰਣਾ। ੨. ਪਹਰ (ਪ੍ਰਹਰ) ਪਰਥਾਇ ਉੱਚਾਰਣ ਕੀਤੀ ਸ੍ਰੀਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ, ਜਿਸ ਵਿੱਚ ਅਵਸਥਾ ਨੂੰ ਚਾਰ ਪਹਰਾਂ ਵਿੱਚ ਵੰਡਿਆ ਹੈ। ੩. ਕ੍ਰਿ. ਵਿ- ਹਰਵੇਲੇ. ਦਿਨ ਰਾਤ. "ਬਿਨੁ ਹਰਿਭਗਤਿ ਕਹਾ ਥਿਤਿ ਪਾਵੈ, ਫਿਰਤੋ ਪਹਰੇ ਪਹਰੇ." (ਗਉ ਮਃ ੫)

ਪਹਰੇਕ: ਪਹਰ (ਪ੍ਰਹਰ) ਇੱਕ. "ਪਹਰੇਕ ਲਾਗੀ ਜੰਗ ਬਾਜੀ." (ਸਲੋਹ)

ਪਹਰੇਕਿਕ ਲਉ: ਇੱਕ ਪਹਰ ਤੀਕ। ੨. ਇੱਕ ਪਹਰ ਬਾਦ, ਇੱਕ ਪਹਰ ਪਿੱਛੋਂ. "ਪਹਰੇਕਿਕ ਲਉ ਫਿਰ ਪ੍ਰਾਨ ਫਿਰੇ." (ਰਾਮਾਵ)

ਪਹਲ: ਸੰਗਜਾ- ਪਹਲੂ. ਕਿਨਾਰਾ। ੨. ਦੇਖੋ, ਪਹਿਲ.

ਪਹਲਵ: ਦੇਖੋ, ਪਲ੍ਹਵ.

ਪਹਲਵਾਨ: ਫ਼ਾ. پہلوان ਸੰਗਜਾ- ਸੂਰਵੀਰ. ਬਹਾਦੁਰ ਯੋਧਾ।੨ ਭਾਵ- ਕੁਸ਼ਤੀ ਲੜਨ ਵਾਲਾ, ਮੱਲ.

ਪਹਲਵੀ: ਦੇਖੋ, ਫਾਰਸੀ. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਇਸ ਦਾ ਮੂਲ "ਪਹ੍ਲਵੀ" ਮੰਨਿਆ ਹੈ. ਪਹ੍ਲਵ (ਈਰਾਨੀਆਂ) ਦੀ ਬੋਲੀ.

ਪਹਲੜਾ, ਪਹਲੜੀ, ਪਹਲਾ, ਪਹਲੀ: ਵਿ- ਪ੍ਰਥਮ. ਆਦਿ ਦਾ, ਦੀ. ਅੱਵਲ.

ਪਹਲੂ: ਫ਼ਾ. پہلو ਸੰਗਜਾ- ਬਗਲ ਅਤੇ ਕਮਰ ਦੇ ਮੱਧ ਦਾ ਭਾਗ. ਪਾਸ਼੍ਹੂੰ. ਪਾਸਾ.

ਪਹਲੌਠਾ: ਵਿ- ਪ੍ਰਥਮ ਜਨਮਿਆ. ਪਹਿਲਾ ਪੁਤ੍ਰ।੨ ਪਹਿਲਾਂ ਹੋਣ ਵਾਲਾ.

ਪਹਾ: ਪਿਆ. ਪੜਾ. "ਠਾਗਉਰੀ ਸਿਉ ਉਲਝਿ ਪਹਾ." (ਸਾਰ ਮਃ ੫) ਠਗਬਾਜੀ ਵਿੱਚ ਉਲਝ ਪਿਆ। ੨. ਸੰਗਜਾ- ਪਥ. ਮਾਰਗ. ਰਾਹ. ਜਿਵੇਂ- ਇਹ ਪਹਾ ਪਿੰਡ ਨੂੰ ਜਾਂਦਾ ਹੈ.

ਪਹਾਰ: ਸੰਗਜਾ- ਪਹਾੜ. ਪਰਵਤ. "ਗੁਨ ਕੋ ਪਹਾਰ ਹੈ." (ਅਕਾਲ) ੨. ਦੇਖੋ, ਪ੍ਰਹਾਰ। ੩. ਸੰ. ਪ੍ਰਸ੍ਤਾਰ. ਫੈਲਾਉ. ਵਿਸ੍ਤਾਰ.

ਪਹਾਰਾ: ਸੰਗਜਾ- ਪਹਾੜਾ. ਅੰਗ ਦੇ ਗੁਣਾ ਕਰਨ ਦੀ ਸੂਚੀ ਅਥਵਾ ਨਕਸ਼ਾ. ਗਣਿਤ ਦਾ ਕੋਠਾ. Table of multiplication। ੨. ਸੰ. ਪ੍ਰਸ੍ਤਾਰ. ਫੈਲਾਉ. ਵਿਸਤਾਰ। ੩. ਪ੍ਰਭਾਵ. ਸਾਮਰਥ੍ਯ. "ਨਾਨਕ ਪ੍ਰਗਟ ਪਹਾਰੇ." (ਸੋਰ ਮਃ ੫) "ਪ੍ਰਗਟ ਪਹਾਰਾ ਜਾਪਦਾ." (ਵਾਰ ਗਉ ੧. ਮਃ ੪) ੪. ਪ੍ਰਚਾਰ. ਚਲਨ। ੫. ਪ੍ਰਹਾਰ ਕਰਨ ਦਾ ਥਾਂ. ਲੁਹਾਰ ਸੁਨਿਆਰ ਆਦਿ ਦਾ ਕਾਰਖ਼ਾਨਾ, ਜਿਸ ਵਿੱਚ ਧਾਤੁ ਨੂੰ ਤਪਾਕੇ ਘਨ (ਹਥੌੜੇ) ਦੇ ਪ੍ਰਹਾਰ ਨਾਲ ਘੜੀਦਾ ਹੈ. ਦੇਖੋ, ਪਾਹਾਰਾ.

ਪਹਾੜ: ਪਰਵਤ। ੨. ਇੱਕ ਰਾਗਿਣੀ, ਜਿਸ ਨੂੰ ਪੁਲਿੰਗ ਪਹਾੜ ਭੀ ਆਖਦੇ ਹਨ. ਦੇਖੋ, ਪਹਾੜੀ ੨.

ਪਹਾੜਸਿੰਘ ਰਾਜਾ: ਚੜ੍ਹਤਸਿੰਘ ਬੈਰਾੜ ਦਾ ਪੁਤ੍ਰ, ਜੋ ਸਨ ੧੮੨੭ ਵਿੱਚ ਫਰੀਦਕੋਟ ਦੀ ਗੱਦੀ ਪੁਰ ਬੈਠਾ. ਇਸ ਨੂੰ ਬਰਤਾਨੀਆ ਗਵਰਨਮੈਂਟ ਵੱਲੋਂ ਸਿੱਖਾਂ ਦੀ ਦੂਜੀ ਲੜਾਈ ਦੇ ਅੰਤ ਨਵਾਂ ਇ਼ਲਾਕ਼ਾ ਅਤੇ ਰਾਜਾ ਪਦਵੀ ਮਿਲੀ, ਇਸ ਦਾ ਦੇਹਾਂਤ ਅਪ੍ਰੈਲ ਸਨ ੧੮੪੯ ਵਿੱਚ ਹੋਇਆ. ਦੇਖੋ, ਫਰੀਦਕੋਟ ਅਤੇ ਵਜੀਰ ਸਿੰਘ.

ਪਹਾੜਾ: ਦੇਖੋ, ਪਹਾਰਾ ੧.

**ਪਹਾੜੀ:** ਸੰਗਜਾ- ਛੋਟਾ ਪਰਵਤ। ੨. ਪਹਾੜ ਦੇ ਲੋਕਾਂ ਦੀ ਇੱਕ ਪਿਆਰੀ ਰਾਗਿਣੀ ਜੋ ਸੰਪੂਰਣ ਜਾਤਿ ਦੀ ਹੈ. ਇਸ ਵਿੱਚ ਨਿਸ਼ਾਦ ਕੋਮਲ ਅਤੇ ਸ਼ੁੱਧ ਦੋਵੇਂ ਹਨ. ਬਾਕੀ ਸਾਰੇ ਸੁਰ ਸ਼ੁੱਧ ਹਨ. ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ. ਇਸ ਨੂੰ ਲੋਕ ਝੰਝੋਟੀ ਭੀ ਆਖਦੇ ਹਨ. ਇਸ ਦੇ ਗਾਉਣ ਦਾ ਕੋਈ ਖਾਸ ਵੇਲਾ ਨਹੀਂ.

ਆਰੋਹੀ- ਧ ਸ਼ ਰ ਮ ਗ ਮ ਪ ਧ ਨ ਸ਼.

ਅਵਰੋਹੀ- ਸ਼ ਨਾ ਧ ਪ ਮ ਗ ਰ ਸ਼।

੩. ਪਹਾੜ ਦੀ ਭਾਸ਼ਾ (ਬੋੱਲੀ). ੪. ਪਹਾੜ ਦੇ ਵਸਨੀਕ। ੫. ਵਿ- ਪਹਾੜ ਨਾਲ ਸੰਬੰਧ ਰੱਖਣ ਵਾਲਾ. ਪਹਾੜ ਦਾ.

**ਪਹਾੜੀਆ:** ਸੰਗਜਾ- ਪਹਾੜ ਦਾ ਵਸਨੀਕ.

**ਪਹਾੜੀ ਰਾਜੇ:** ਦੇਖੋ, ਬਾਈ ਧਾਰ.

**ਪਹਿ:** ਦੇਖੋ, ਪਹ। ੨. ਵਜ- ਪਾਸ. ਕੋਲ. "ਜਿਸ ਮਾਨੁਖ ਪਹਿ ਕਰਉ ਬੇਨਤੀ." (ਗੂਜ ਮਃ ੫) "ਇਹੁ ਤਨੁ ਵੇਚੀ ਸੰਤ ਪਹਿ." (ਆਸਾ ਛੰਤ ਮਃ ੫) ੩. ਪ੍ਰਤਜ- ਤੇਂ. ਸੇ. ਤੋਂ. "ਤੋ ਪਹਿ ਦੁਗਣੀ ਮਜੂਰੀ ਦੈਹਉ."(ਸੋਰ ਨਾਮਦੇਵ) ਤੇਰੇ ਨਾਲੋਂ ਦੂਣੀ ਮਜ਼ਦੂਰੀ ਦੈਹੋਂ.

**ਪਹਿਤ, ਪਹਿਤਿ, ਪਹਿਤੀ:** ਦਾਲ. ਦੇਖੋ, ਪਹਤਿ. "ਭਾਤੁ ਪਹਿਤਿ ਅਰੁ ਲਾਪਸੀ." (ਆਸਾ ਕਬੀਰ) "ਆਪ ਪਹਿਤੀ ਮੇ ਡਾਰ ਖਾਤ ਨ ਬਸਾਰ ਹੈਂ." (ਚਰਿਤ੍ਰ ੨੬੬) ਅਜੇਹੇ ਕੰਜੂਸ ਕਿ ਦਾਲ ਵਿੱਚ ਹਲਦੀ ਨਹੀਂ ਪਾਉਂਦੇ.

**ਪਹਿਨਣਾ:** ਦੇਖੋ. ਪਹਨਣਾ.

**ਪਹਿਨਾਮ:** ਦੇਖੋ, ਪਹਨਾ।

**ਪਹਿਨਾਮੀ:** ਦੇਖੋ, ਪਹਨਾਮੀ. "ਲਖ ਠਗੀਆ ਪਹਿਨਾਮੀਆ."(ਵਾਰ ਆਸਾ)

**ਪਹਿਰ:** ਦੇਖੋ, ਪਹਰ.

**ਪਹਿਰਣਾ:** ਦੇਖੋ, ਪਹਰਣਾ. "ਬਸਤ੍ਰ ਨ ਪਹਿਰੈ ਅਹਿ ਨਿਸਿ ਕਹਿਰੈ." (ਵਾਰ ਆਸਾ)

**ਪਹਿਰਣੁ:** ਦੇਖੋ, ਪਹਰਣਾ। ੨. ਦੇਖੋ, ਪੈਰਾਹਨ. "ਪਹਿਰਣੁ ਪੈਰਧਿਆਨੁ." (ਸ੍ਰੀ ਮਃ ੧) ਕਰਤਾਰ ਦੇ ਪੈਰਾਂ ਦਾ ਧਿਆਨ ਪੈਰਾਹਨ ਹੈ।

**ਪਹਿਰਾ:** ਦੇਖੋ, ਪਹਰਾ.

**ਪਹਿਰਾਇਆ:** ਪਰਿਧਾਨ ਕਰਾਇਆ. ਪਹਿਨਾਇਆ. ਓਢਾਇਆ। ੨. ਸਨਮਾਨ ਦੀ ਪੋਸ਼ਾਕ ਨਾਲ ਪਹਿਨਾਇਆ. "ਪੂਰੈਗੁਰਿ ਪਹਿਰਾਇਆ."(ਸੋਰ ਮਃ ੫)

**ਪਹਿਰਾਨਾ:** ਦੇਖੋ, ਪਹਰਾਨਾ.

**ਪਹਿਰਾਵਾ:** ਦੇਖੋ, ਪਹਰਾਵਾ.

**ਪਹਿਰਿਆ ਕੈ ਘਰਿ ਗਾਵਣਾ:** (ਸ੍ਰੀ ਬੇਣੀ) ਜਿਸ ਸੂਰਪ੍ਰਸੁਾਰ ਦੇ ਨਿਯਮ ਅਨੁਸਾਰ "ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ!" ਸ਼ਬਦ ਗਾਈਦਾ ਹੈ, ਉਸੇ ਧਾਰਣਾ ਨਾਲ ਇਹ ਸ਼ਬਦ ਗਾਉਣਾ ਹੈ.

**ਪਹਿਰੇ:** ਦੇਖੋ ਪਹਰੇ.

**ਪਹਿਲ:** ਦੇਖੋ, ਪਹਲ। ੨. ਸੰਗਜਾ- ਆਰੰਭ। ੩. ਕ੍ਰਿ. ਵਿ- ਪਹਿਲਾਂ. ਅੱਵਲ. "ਪਹਿਲ ਪੁਰਸਾ ਬਿਰਾ." (ਧਨਾ ਨਾਮਦੇਵ)

ਜਿਗਯਾਸੂ ਨੂੰ ਪਹਿਲਾਂ ਵਿਰਾਗ ਚਾਹੀਏ.

ਪਹਿਲਸਿੰਘ: ਮੇਲੇ ਸੁਨਿਆਰ ਦਾ ਪੁੱਤ, ਜੋ ਸਰਹਿੰਦ ਰਹਿੰਦਾ ਸੀ. ਇੱਕ ਵਾਰ ਦਸ਼ਮੇਸ਼ ਦੀ ਸੇਵਾ ਵਿੱਚ ਆਨੰਦਪੁਰ ਇਹ ਹਾਜ਼ਿਰ ਹੋਇਆ ਅਤੇ ਕੁਝ ਸੋਨੇ ਦਾ ਸਾਮਾਨ ਇਸ ਨੂੰ ਬਣਾਉਣ ਲਈ ਦਿੱਤਾ ਗਿਆ, ਜਿਸ ਵਿੱਚੋਂ ਇਸ ਨੇ ਚੋਰੀ ਕੀਤੀ, ਸਤਿਗੁਰੂ ਨੇ ਇਸ ਨੂੰ ਉਪਦੇਸ਼ ਦੇਕੇ ਕੁਕਰਮ ਤੋਂ ਵਰਜਿਆ ਅਰ ਸੱਚਾ ਵਿਹਾਰ ਕਰਨ ਦੀ ਸਿਖ੍ਯਾ ਦਿੱਤੀ ਅਤੇ ਖੰਡੇ ਦਾ ਅਮ੍ਰਿਤ ਛਕਾਇਆ.

ਪਹਿਲ ਪੁਰੀਏ: ਪੁਰਾਣਪੁਰੁਸ਼ ਤੋਂ. ਆਦਿਪੁਰਖ ਸੇ। ੨. ਪੁਰੀ (ਲੋਕਰਚਨਾ) ਤੋਂ ਪਹਿਲਾਂ. "ਪਹਿਲ ਪੁਰੀਏ ਪੁੰਡਰਕ ਵਨਾ."(ਧਨਾ ਨਾਮਦੇਵ) ਕਮਲ (ਪੁੰਡਰੀਕ) ਬਣਿਆ.

ਪਹਿਲਰੀਆ: ਵਿ- ਪਹਿਲੀ. ਪ੍ਰਥਮ ਕਾਲ ਦੀ. "ਪ੍ਰੀਤਿ ਚੀਤਿ ਪਹਿਲਰੀਆ." (ਸਾਰ ਮਃ ੫)

ਪਹਿਲਵਾਨ, ਪਹਿਲਵਾਨੜਾ: ਦੇਖੋ ਪਹਲਵਾਨ. "ਹਉ ਗੋਸਾਈ ਦਾ ਪਹਿਲਵਾਨੜਾ." (ਸ੍ਰੀ ਮਃ ੫. ਪੈਪਾਇ)

ਪਹਿਲੜਾ, ਪਹਿਲੜੀ: ਵਿ- ਪ੍ਰਥਮ. ਪੂਰਵ ਕਾਲ ਦਾ, ਦੀ. ਪਹਿਲੀ. "ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ." (ਸੂਹੀ ਛੰਤ ਮਃ ੫)

ਪਹਿਲਾ: ਦੇਖੋ, ਪਹਲਾ। ੨. ਕ੍ਰਿ. ਵਿ- ਪਹਲੇ. ਪੇਸ਼ਤਰ. ਪਹਿਲਾਂ. "ਪਹਿਲਾ ਸੁਚਾ ਆਪਿ ਹੁਇ." (ਵਾਰ ਆਸਾ)

ਪਹਿਲਾਂ: ਕ੍ਰਿ. ਵਿ- ਪਹਿਲੇ. ਪੂਰਵ ਕਾਲ ਮੇਂ.

ਪਹਿਲਾਦ: ਦੇਖੋ, ਪ੍ਰਹਲਾਦ.

ਪਹਿਲਾਦਸਿੰਘ: ਦੇਖੋ, ਪ੍ਰਹਿਲਾਦਸਿੰਘ.

ਪਹਿਲਾ ਪੂਤੁ ਪਿਛੈਰੀ ਮਾਈ: ਆਸਾ ਰਾਗ ਵਿੱਚ ਕਬੀਰ ਜੀ ਦਾ ਸ਼ਬਦ ਹੈ-

੧. ਪਹਿਲਾ ਪੂਤੁ ਪਿਛੈਰੀ ਮਾਈ,

੨. ਗੁਰੁ ਲਾਗੋ ਚੇਲੇ ਕੀ ਪਾਈ, ×××

੩. ਦੇਖਤ ਸਿੰਘੁ ਚਰਾਵਤ ਗਾਈ,

੪. ਜਲ ਕੀ ਮਛੁਲੀ ਤਰਵਰਿ ਬਿਆਈ,

੫. ਦੇਖਤ ਕੁਤਰਾ ਲੈ ਗਈ ਬਿਲਾਈ,

੬. ਤਲੇ ਰੇ ਬੈਸਾ ਊਪਰਿ ਸੂਲਾ,

੭. ਤਿਸ ਕੈ ਪੇਡਿ ਲਗੇ ਫਲ ਫੂਲਾ,

੮. ਘੋਰੈ ਚਰਿ ਭੈਸ ਚਰਾਵਨ ਜਾਈ,

੯. ਬਾਹਰਿ ਬੈਲੁ ਗੋਨਿ ਘਰਿ ਆਈ. ×××

ਇਸ ਸ਼ਬਦ ਦਾ ਭਾਵ ਇਹ ਹੈ-

੧. ਬ੍ਰਹਮ ਦੀ ਅੰਸ਼ ਹੋਣ ਕਰਕੇ ਜੀਵਰੂਪ ਪੁਤ੍ਰ ਪਹਿਲਾਂ ਹੈ ਅਤੇ ਮਾਯਾ ਪਿੱਛੋਂ ਵਿਸ੍ਤਾਰ ਨੂੰ ਪ੍ਰਾਪਤ ਹੋਈ।

੨. ਜੀਵਾਤਮਾ ਗੁਰੂ ਹੈ, ਮਨ ਚੇਲੇ ਦੇ ਪਿੱਛੇ ਲਗਦਾ ਹੈ।

੩. ਸ਼ੇਰਰੂਪ ਜੀਵ ਨੂੰ ਗਾਇਰੂਪ ਇੰਦ੍ਰੀਆਂ ਪ੍ਰੇਰਦੀਆਂ ਹਨ।

੪. ਆਤਮਾਨੰਦ ਰੂਪ ਸਮੁੰਦਰ ਦਾ ਆਨੰਦ ਲੈਣ ਵਾਲੀ ਮੱਛੀਰੂਪ ਬੁੱਧੀ, ਦੇਹਾਭਿਮਾਨੀ ਰੂਪ ਬਿਰਛ ਪੁਰ ਸੰਕਲਪ ਪੈਦਾ ਕਰਦੀ ਹੈ।

੫. ਸ੍ਵਾਮਿਸੇਵਾਰੂਪ ਕੁੱਤੇ ਨੂੰ ਪਾਖੰਡਕ੍ਰਿਯਾਰੂਪ ਬਿੱਲੀ ਝਪਟਕੇ ਲੈ ਗਈ।

੬. ਸੰਸਾਰ ਬਿਰਛ, ਜਿਸ ਦੀਆਂ ਵੱਲੀਆਂ (ਰੇਬੈਸਾ) ਹੇਠ ਨੂੰ ਹਨ, ਉਸ ਦਾ ਮੂਲਰੂਪ ਬ੍ਰਹਮ ਉੱਪਰ ਹੈ।

੭. ਮਾਯਾ ਸੰਯੁਕ੍ਤ ਬ੍ਰਹਮ ਨੂੰ ਸਾਰੇ ਫੱਲ ਫੁੱਲ ਲਗੇ ਹਨ।

੮. ਪ੍ਰਾਣਰੂਪ ਘੋੜੇ ਪੁਰ ਸਵਾਰ ਹੋਕੇ ਅੰਤਹਕਰਣ, ਇੰਦ੍ਰੀਰੂਪ ਭੈਂਸਾਂ ਨੂੰ ਵਿਸ਼ਿਆਂ ਵਿੱਚ ਪ੍ਰਵਿ੍ਤ ਕਰਦਾ ਹੈ।

੯. ਪੁਰੁਸ਼ਾਰਥਰੂਪ ਬੈਲ ਅਜੇ ਬਾਹਰ ਹੈ, ਪਰ ਖੱਟੀ (ਕਮਾਈ) ਦੀ ਵਾਸਨਾਰੂਪ ਗੂਣ ਪਹਿਲਾਂ ਹੀ ਮਨ ਵਿੱਚ ਆਗਈ ਹੈ.

ਪਹਿਲੂ: ਦੇਖੋ, ਪਹਲੂ.

ਪਹਿਲੋਦੇ: ਕ੍ਰਿ. ਵਿ- ਪ੍ਰਥਮ ਕਾਲ ਮੇਂ, ਆਦਿ ਮੇਂ. ਪੇਸ਼ਤਰ. "ਪਹਿਲੋਦੇ ਤੈ ਰਿਜਕੁ ਸਮਾਹਾ। ਪਿਛੋਦੇ ਤੈ ਜੰਤ ਉਪਾਹਾ." (ਮਾਝ ਅਃ ਮਃ ੫)

ਪਹੀ: ਸੰਗਯਾ- ਛੋਟਾ ਪਹਾ. ਪਗਡੰਡੀ। ੨. ਪਾਹੀ. ਮਾਰਗ ਚੱਲਣ ਵਾਲਾ. ਪਾਂਥ. ਮੁਸਾਫ਼ਿਰ. "ਪਹੀ ਨ ਵੰਞੈ ਬਿਰਥੇੜਾ."(ਵਾਰ ਮਾਰੂ ੨. ਮਃ ੫) ੩. ਪੈਂਦੀ. ਪੜਤੀ. "ਕੁਦਰਤਿ ਕੀਮ ਨ ਪਹੀ."(ਦੇਵ ਮਃ ੫) ੪. ਡਿਗੀ. ਪਈ. "ਗੁਰਚਰਨ ਮਸਤਕੁ ਡਾਰਿ ਪਹੀ." (ਮਲਾ ਪੜਤਾਲ ਮਃ ੫) ੫. ਸਿੰਧੀ. ਪੈਗ਼ਾਮ ਲੈਜਾਣ ਵਾਲਾ.

ਪਹੀਆ: ਸੰਗਯਾ- ਗੱਡੇ ਰਥ ਆਦਿ ਦਾ ਚਕ੍ਰ। ੨. ਮੁਸਾਫ਼ਿਰ. ਰਾਹੀ. ਪਾਂਥ. "ਆਵਤ ਪਹੀਆ ਖੂਧੇ ਜਾਹਿ." (ਗੌਂਡ ਕਬੀਰ) ਰਾਹੀ ਆਏ ਭੁੱਖੇ ਜਾਂਦੇ ਹਨ. "ਪੂਰ ਭਰੇ ਪਹੀਆਹ." (ਮਾਰੂ ਅਃ ਮਃ ੧) ਮੁਸਾਫ਼ਿਰਾਂ ਦੇ ਪੂਰ ਭਰੇ ਹੋਏ ਹਨ.

ਪਹੁ: ਦੇਖੋ, ਪਹ ੧। ੨. ਵ੍ਯ- ਕੋਲੋਂ ਪਾਸੋਂ. "ਕਿਥਹੁ ਹਰਿ ਪਹੁ ਨਸੀਐ?" (ਗਉ ਮਃ ੪)

ਪਹੁਚ, ਪਹੁੰਚ: ਸੰਗਯਾ- ਗਮ੍ਯਤਾ. ਕਿਸੇ ਥਾਂ ਤਕ ਜਾਣ ਦਾ ਭਾਵ। ੨. ਸਾਮਰਥ੍ਯ. ਸ਼ਕਤਿ। ੩. ਪ੍ਰਵੇਸ਼. ਰਸਾਈ। ੪. ਪਹੁੰਚੀ ਦੀ ਥਾਂ ਭੀ ਪਹੁੰਚ ਸ਼ਬਦ ਆਇਆ ਹੈ. ਪਹੁੰਚੇ ਬੱਧਾ ਇਸਤ੍ਰੀਆਂ ਦਾ ਗਹਿਣਾ. "ਬੇਸਰ ਗਜਰਾਰੰ ਪਹੁੰਚ ਅਪਾਰੰ." (ਰਾਮਾਵ)

ਪਹੁਚਣਾ, ਪਹੁਚਣੁ, ਪਹੁੰਚਨ: ਕ੍ਰਿ- ਇੱਕ ਥਾਂ ਤੋਂ ਦੂਜੇ ਥਾਂ ਪੁੱਜਣਾ। ੨. ਤੁੱਲ ਹੋਣਾ. ਮੁਕਾਬਲੇ ਵਿੱਚ ਪੂਰਾ ਉਤਰਨਾ. "ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ." (ਗੂਜ ਵਾਰ ੨. ਮਃ ੫) "ਤਿਸੁ ਨਹੀਂ ਦੂਜਾ ਕੋ ਪਹੁਚਨਹਾਰਾ." (ਗਉ ਮਃ ੫)

ਪਹੁਚਾ, ਪਹੁੰਚਾ: ਸੰਗਯਾ- ਹੱਥ ਅਤੇ ਬਾਂਹ ਦਾ ਜੋੜ. ਕਲਾਈ. ਮਣਿਬੰਧ (wrist). ੨. ਵਿ- ਪੁੱਜਾ. ਪਹੁਚਿਆ.

ਪਹੁਚਾਉਣਾ, ਪਹੁੰਚਾਨਾ: ਕ੍ਰਿ- ਇੱਕ ਅਸਥਾਨ ਤੋਂ ਦੂਜੇ ਥਾਂ ਲੈ ਜਾਣਾ. ਨਿਯਤ ਸਥਾਨ ਪੁਰ ਪੁਚਾਣਾ.

ਪਹੁਚਿ: ਕ੍ਰਿ. ਵਿ- ਪਹੁੰਚਕੇ. ਮਨ ਦੇ ਸੰਕਲਪਾਂ ਨੂੰ ਪ੍ਰਾਪਤ ਕਰਕੇ. "ਰਜਿ ਨ ਕੋਈ ਜੀਵਿਆ, ਪਹੁਚਿ ਨ ਚਲਿਆ ਕੋਇ."(ਸਵਾ ਮਃ ੧)

ਪਹੁਚੀ, ਪਹੁੰਚੀ: ਸੰਗਯਾ- ਹੱਥ ਦੀ ਕਲਾਈ ਪੁਰ ਪਹਿਰਨ ਦਾ ਗਹਿਣਾ। ੨. ਪਹੁਚਾ ਦਾ ਇਸਤ੍ਰੀ ਲਿੰਗ.

ਪਹੁਤਣਾ, ਪਹੁਤਨਾ: ਕ੍ਰਿ- ਪ੍ਰਸ੍ਤੁਤ (ਹ਼ਾਜਿਰ) ਹੋਣਾ. ਇਹ ਪਹੁਚਣਾ ਦਾ ਹੀ ਰੂਪਾਂਤਰ ਹੈ. "ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ." (ਸ੍ਰੀ ਮਃ ੫) "ਮਹਲੁ ਨ ਪਾਵੈ, ਕਹਤੋ ਪਹੁਤਾ."(ਸੂਹੀ ਮਃ ੫) "ਅੰਤਿ ਦੁਖੁ ਪਹੁਤਾ ਆਇ." (ਮਃ ੩. ਵਾਰ ਸੋਰ)

ਪਹੁਤਾ: ਪੁੱਜਾ. ਪਹੁੰਚਿਆ. ਦੇਖੋ, ਪਹੁਤਨਾ.

ਪਹੁਨਾ: ਦੇਖੋ, ਪਰਾਹੁਣਾ.

ਪਹੁਨਾਈ: ਸੰਗਜ੍ਞਾ- ਪਰਾਹੁਣਾ (ਅਤਿਥਿ) ਹੋਣ ਦੀ ਕ੍ਰਿਯਾ। ੨. ਪਰਾਹੁਣੇ ਦੀ ਖਾਤ਼ਿਰ ਤਵਾਜਾ. ਮੇਹਮਾਨਦਾਰੀ. ਆਤਿਥ੍ਯ.

ਪਹੂਚਾ, ਪਹੂਤਾ: ਪਹੁੱਚਿਆ. ਪ੍ਰਾਪਤ ਹੋਇਆ. ਪੁੱਜਾ. "ਆਪਸਕਉ ਆਪਹਿ ਪਹੂਚਾ."(ਸੁਖਮਨੀ) "ਸੋ ਤੋ ਗਏ ਬਕੁੰਠ ਪਹੂਤੀ." (ਗੁਪ੍ਰਸੂ)

ਪਹੂੜੀ: ਵਿ- ਪ੍ਰਹੇਡੀ. ਵਿਸ਼ੇਸ਼ ਕਰਕੇ ਹੇਡ (ਕ੍ਰੋਧ) ਕਰਨ ਵਾਲੇ. ਕ੍ਰੋਧੀ. ਤਾਮਸੀ. "ਸਗਲ ਸਨੌਢੀ ਭਏ ਪਹੂੜੀ। ਜੇ ਗੁਰੁਨਿੰਦਾ ਕਰਹੈਂ ਕੂੜੀ." (ਗੁਪ੍ਰਸੂ)

ਪਹੇਲ: ਦੇਖੋ, ਪਹਿਲ ੧.

ਪਹੇਲੀ: ਦੇਖੋ, ਪ੍ਰਹੇਲਿਕਾ.

ਪਹੋਆ: ਜਿਲਾ ਕਰਨਾਲ ਦੀ ਕੈਥਲ ਤਸੀਲ ਵਿੱਚ ਥਨੇਸਰ ਤੋਂ ੧੬. ਮੀਲ ਪੱਛਮ ਕੁਰੁਕ੍ਸ਼ੇਤ੍ਰ (ਕੁਲਛੇਤ੍ਰ) ਅੰਤਰਗਤ ਤੀਰਥ, ਜਿਸ ਦਾ ਸੰਸਕ੍ਰਿਤ ਨਾਮ ਪ੍ਰਿਥੂਦਕ ( ਪ੍ਰਿਥੁ ਰਾਜਾ ਦਾ ਤਾਲ) ਹੈ. ਇੱਥੇ ਦੋ ਗੁਰਦ੍ਵਾਰੇ ਹਨ- ਸ਼ਹਿਰ ਤੋਂ ਉੱਤਰ ਪੂਰਵ ਇੱਕ ਫਰਲਾਂਗ ਦੇ ਕ਼ਰੀਬ ਜੰਮੂ ਦੇ ਸ਼ਿਵਾਲਯ ਪਾਸ ਉੱਚੀ ਥਾਂ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ਼੍ਰੀ ਗੁਰੂ ਤੇਗਬਹਾਦੁਰ ਜੀ ਅਤੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਇੱਕੋ ਗੁਰਦ੍ਵਾਰਾ ਹੈ. ਹੁਣ ਕੇਵਲ ਕੰਧਾਂ ਦਾ ਹੀ ਨਿਸ਼ਾਨ ਬਾਕੀ ਹੈ, ਹੋਰ ਇਮਾਰਤ ਢਹਿ ਗਈ ਹੈ. ਪਾਸ ਇੱਕ ਬਾਵਲੀ ਅਤੇ ਨਿੰਮ ਇਮਲੀ ਦੇ ਪੁਰਾਣੇ ਬਿਰਛ ਮੌਜੂਦ ਹਨ. ਕੋਈ ਸੇਵਾਦਾਰ ਨਾ ਹੋਣ ਕਰਕੇ ਬੇਅਦਬੀ ਹੋ ਰਹੀ ਹੈ.

(੨) ਸ਼ਹਿਰ ਵਿੱਚ ਸਰਸ੍ਵਤੀ ਤੀਰਥ ਦੇ ਕਿਨਾਰੇ ਸ਼੍ਰੀ ਗੁਰੂ ਨਾਨਕਦੇਵ, ਸ਼੍ਰੀ ਗੁਰੂ ਤੇਗਬਹਾਦੁਰ ਜੀ ਅਤੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਇੱਕੋ ਗੁਰਦ੍ਵਾਰਾ ਹੈ, ਜਿਸ ਦੀ ਸੇਵਾ ਭਾਈਸਾਹਿਬ ਉਦਯਸਿੰਘ ਜੀ ਕੈਥਲਪਤਿ ਨੇ ਕਰਾਈ. ੧੦੦ ਰੁਪਯੇ ਸਾਲਾਨਾ ਜਾਗੀਰ ਰਿਆਸਤ ਨਾਭੇ ਵੱਲੋਂ ਹੈ. ਚੇਤ ਚੋਦਸ ਅਤ ਕੱਤਕ ਦੀ ਪੂਰਣਮਾਸੀ ਨੂੰ ਮੇਲਾ ਹੁੰਦਾ ਹੈ.

ਰੇਲਵੇ ਸਟੇਸ਼ਨ ਕੁਰੁਕ੍ਸ਼ੇਤ੍ਰ ਤੋਂ ੧੮. ਮੀਲ ਪੱਛਮ ਵੱਲ ਹੈ ਅਤੇ ਪੱਕੀ ਸੜਕ ਗੁਰਦ੍ਵਾਰੇ ਜਾਂਦੀ ਹੈ.

ਪਹ੍ਲਵ: ਦੇਖੋ, ਪਲ੍ਲਵ.

ਪਕ: ਦੇਖੋ, ਪੱਕ.

ਪਕਣਾ, ਪਕਨਾ: ਕ੍ਰਿ- ਪਕ੍ਵ ਹੋਣਾ. ਕੱਚਾ ਨਾ ਰਹਿਣਾ। ੨. ਕਿਸੇ ਖ਼ਿਆਲ ਦਾ ਦ੍ਰਿੜ੍ਹ ਹੋਣਾ. ਸਿੱਧਾਂਤ ਨੂੰ ਪਹੁੱਚਣਾ। ੩. ਹੁਨਰ ਅਤੇ ਇ਼ਲਮ ਵਿੱਚ ਪੂਰਾ ਨਿਪੁਣ ਹੋਣਾ. ਤਾਕ ਹੋਣਾ.

ਪਕਰ: ਸੰਗਜ੍ਞਾ- ਪਕੜ. ਗਰਿਫ਼ਤ. ਦੇਖੋ, ਪਕੜਨਾ। ੨. ਚਿੰਤਾ. ਫ਼ਿਕਰ. "ਪਕਰ ਵਿਖੇ ਮਨ ਗੰਗ ਕੋ." (ਗੁਪ੍ਰਸੂ)

ਪਕਰਸਿ: ਪਕੜੇਗਾ. ਗ੍ਰਹਣ ਕਰੇਗਾ. ਫੜੂਗਾ.

ਪਕਰਨਾ: ਪ੍ਰਗ੍ਰਹਣ. ਫੜਨਾ.

ਪਕਰਾਈ: ਪਕੜਾਈ. ਗਹਾਈ. ਫੜਾਈ. "ਪ੍ਰਭੁ ਬਾਹ ਪਕਰਾਈ." (ਆਸਾ ਛੰਤ ਮਃ ੪) ੨. ਪਕੜ ਵਿੱਚ ਆਉਣ ਦੀ ਕ੍ਰਿਯਾ. ਫੜੇ ਜਾਣ ਦਾ ਭਾਵ.

ਪਕਰਾਨਾ: ਕ੍ਰਿ- ਫੜਾਉਂਣਾ. ਪ੍ਰਗ੍ਰਹਣ ਕਰਾਉਣਾ. "ਬਾਹ ਪ੍ਰਭੁ ਪਕਰਾਇ ਜੀਉ." (ਆਸਾ ਛੰਤ ਮਃ ੪)

ਪਕਰਿ: ਕ੍ਰਿ. ਵਿ- ਫੜਕੇ. "ਪਕਰਿ ਜੀਉ ਆਨਿਆ ਦੇਹ ਬਿਨਾਸੀ." ( ਪ੍ਰਭਾ ਕਬੀਰ)

ਪਕਰੀ: ਪਕੜੀ. ਗ੍ਰਹਣ ਕੀਤੀ. "ਨਾਨਕ ਓਟ ਪਕਰੀ ਪ੍ਰਭੁ ਸੁਆਮੀ." (ਗਉ ਮਃ ੫)

ਪਕਲੂਤ: ਦੇਖੋ, ਲੂਤਾ ੨.

ਪਕਵਾਨ: ਸੰਗਯਾ- ਪਕ੍ਵੱਨ. ਪਕ੍ਵ (ਪੱਕਾ) ਅੰਨ. ਰਿੱਝਿਆ ਹੋਇਆ ਅੰਨ। ੨. ਘੀ ਵਿੱਚ ਤਲੀ ਹੋਈ ਖਾਣ ਯੋਗ੍ਯ ਵਸਤੁ. ਦੇਖੋ, ਸਤ ਪਕਵਾਨੀ ਅਤੇ ਪੱਕੀ ਰਸੋਈ.

ਪਕੜ: ਦੇਖੋ, ਪਕਰ ਅਤੇ ਪਕੜਨਾ.

ਪਕੜਨਾ: ਕ੍ਰਿ- ਪ੍ਰਗ੍ਰਹਣ. ਗ੍ਰਹਣ ਕਰਨਾ. ਫੜਨਾ। ੨. ਦ੍ਰਿੜ੍ਹ ਨਿਸ਼ਚੇ ਕਰਨਾ. ਧਾਰਣ ਕਰਨਾ. "ਅਦ੍ਰਿਸਟੁ ਅਗੋਚਰ ਪਕੜਿਆ ਗੁਰਸਬਦੀ." (ਤੁਖਾ ਛੰਤ ਮਃ ੪)

ਪਕੜਿ: ਕ੍ਰਿ. ਵਿ- ਪਕੜਕੇ. ਫੜਕੇ. "ਪਕੜਿ ਚਲਾਇਨਿ ਦੂਤਜਮ." (ਮਾਝ ਬਾਰਹਮਾਹਾ)

ਪਕਾ: ਦੇਖੋ, ਪੱਕਾ ੪. "ਪਕੇ ਬੰਕ ਦੁਆਰ." (ਵਾਰ ਮਾਝ ਮਃ ੧)

ਪਕਾਉਣਾ: ਕ੍ਰਿ- ਪਕ੍ਵ ਕਰਨਾ. ਰਿੰਨ੍ਹਣਾ। ੨. ਫਲ ਆਦਿ ਨੂੰ ਕੱਚੀ ਹਾਲਤ ਤੋਂ ਪੱਕੀ ਵਿੱਚ ਲਿਆਉਣਾ। ੩. ਕਿਸੇ ਸਿੱਧਾਂਤ ਨੂੰ ਨਿਸ਼ਚੇ ਕਰਨਾ. ਦ੍ਰਿੜ ਸੰਕਲਪ ਧਾਰਨਾ. "ਬਹਿ ਮੰਦ ਪਕਾਇਆ. " ( ਵਾਰ ਸਾਰ ਮਃ ੪)

ਪਕਾਈ: ਪਕ੍ਵ ਕੀਤੀ. ਰਿੰਨ੍ਹੀ। ੨. ਸੰਗਯਾ- ਪੱਕਾ- ਪਨ. ਪਕਿਆਈ. ਦ੍ਰਿੜ੍ਹਤਾ. "ਕਚ ਪਕਾਈ ਓਥੈ ਪਾਇ." (ਜਪੁ) ਭਾਵ- ਊਰੇ ਅਥਵਾ ਪੂਰੇ ਹੋਣ ਦੀ ਪਰਖ.

ਪਕਾਰੋਗੀ: ਵਿ- ਅਸਾਧ੍ਯ ਰੋਗ ਨਾਲ ਗ੍ਰਸਿਆ ਹੋਇਆ। ੨. ਕੁਸ਼੍ਹੀ. ਕੋੜ੍ਹੀ. "ਜਿਉ ਪਕਾਰੋਗੀ ਵਿਲਲਾਇ." (ਧਨਾ ਮਃ ੧)

ਪਕੀਸਾਰੀ: ਪੱਕੀ ਨਰਦ, ਦੇਖੋ, ਪੱਕੀ ਸਾਰੀ. "ਆਪੇ ਧਰਿ ਦੇਖਹਿ ਕਚੀ ਪਕੀ ਸਾਰੀ." ( ਮਾਝ ਅਃ ਮਃ ੩)

ਪਕੌਰਾ, ਪਕੌਰੀ, ਪਕੌੜਾ, ਪਕੌੜੀ: ਸੰਗਯਾ- ਪਕ੍ਵ ਵਟਿਕਾ. ਘੀ ਵਿੱਚ ਤਲੀ- ਹੋਈ ਬੇਸਣ ਦੀ ਬੜੀ. "ਦਧਿ ਸੋਂ ਪਕੌਰੀ ਬਰੇ ਜੀਰਕ ਮਰਚ ਪਾਇ." (ਗੁਪ੍ਰਸੂ) "ਸੂਖਮ ਓਦਨ ਬਰੇ ਪਕੌਰੇ." (ਨਾਪ੍ਰ)

ਪਕੰਬਰ: ਦੇਖੋ, ਪੈਗੰਬਰ.

ਪੱਕ: ਸੰ. ਪਕ੍ਵ. ਵਿ- ਪੱਕਿਆ ਹੋਇਆ। ੨. ਦ੍ਰਿੜ੍ਹ ਨਿਸ਼ਚੇ ਕੀਤਾ.

ਪੱਕਰਣਾ: ਕ੍ਰਿ- ਉਪਕ੍ਰਿਤ ਕਰਨਾ. ਕ੍ਰਿਤਗ੍ਯ ਬਣਾਉਣਾ. ਮਸ਼ਕੂਰ ਕਰਨਾ। ੨. ਕਿਸੇ ਦੀ ਸਹਾਇਤਾ ਲਈ ਮੌਕੇ ਸਿਰ ਪੁੱਜਣਾ.

ਪੱਕਾ: ਵਿ- ਪਕ੍ਵ. ਕੱਚੀ ਦਸ਼ਾ ਤੋਂ ਪੱਕਣ ਦੀ ਹਾਲਤ ਨੂੰ ਪਹੁਚਿਆ। ੨. ਚੰਗੀ ਤਰਾਂ ਰਿੱਝਿਆ। ੩. ਪੂਰਣ ਅਭ੍ਯਾਸੀ। ੪. ਪੁਖ਼ਤਾ. ਚੂਨੇ ਆਦਿ ਮਸਾਲੇ ਨਾਲ ਚਿਣਿਆ ਹੋਇਆ। ੫. ਸੰਗਯਾ- ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਰਾਮਾ ਵਿੱਚ ਇੱਕ ਪਿੰਡ ਹੈ. ਇਸ ਤੋਂ ਦੱਖਣ ਪੂਰਵ ਵਸੋਂ ਦੇ ਨਾਲ ਹੀ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਤਲਵੰਡੀ ਨੂੰ ਜਾਂਦੇ ਗੁਰੂ ਜੀ ਤਿੰਨ ਦਿਨ ਇੱਥੇ ਵਿਰਾਜੇ ਹਨ. ਜਿਸ ਜੰਡ ਨਾਲ ਗੁਰੂ ਜੀ ਦਾ ਘੋੜਾ ਬੱਧਾ ਸੀ ਉਹ ਮੌਜੂਦ ਹੈ. ਮੰਦਿਰ ਬਣਿਆ ਹੋਇਆ ਹੈ. ਗੁਰਦ੍ਵਾਰੇ ਨਾਲ ੧੦੦ ਘੁਮਾਉਂ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਪੁਜਾਰੀ ਸਿੰਘ ਹਨ. ਰੇਲਵੇ ਸਟੇਸ਼ਨ ਸੰਗਤ (ਬੀ. ਬੀ. ਐਂਡ ਸੀ. ਆਈ. ਰੇਲਵੇ) ਤੋਂ ਚਾਰ ਮੀਲ ਦੱਖਣ ਹੈ.

ਪੱਕਾਸਾਹਿਬ: ਜਿਲਾ ਫ਼ਿਰੋਜ਼ਪੁਰ, ਤਸੀਲ ਮੋਗਾ, ਥਾਣਾ ਨਿਹਾਲਸਿੰਘ ਵਾਲੇ ਦਾ ਇੱਕ ਪਿੰਡ ਮਧੇਹ (ਅਥਵਾ ਮਧੇਇ) ਹੈ, ਜੋ ਰੇਲਵੇ ਸਟੇਸ਼ਨ ਮੋਗੇ ਤੋਂ ੧੬. ਮੀਲ ਦੱਖਣ ਹੈ. ਪਿੰਡ ( ਮਧੇਹ) ਤੋਂ ਦੱਖਣ ਵੱਲ ਦੋ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਤਖ਼ਤੂਪੁਰੇ ਤੋਂ ਦੀਨੇ ਵੱਲ ਜਾਂਦੇ ਇੱਥੇ ਵਿਰਾਜੇ ਹਨ. ਗੁਰੂ ਜੀ ਦੇ ਹੱਥ ਦਾ ਅੰਗੂਠਾ ਪੱਕਾ ਹੋਇਆ ਸੀ, ਉਸ ਦੀ ਪੱਟੀ ਸਤਿਗੁਰਾਂ ਨੇ ਇੱਥੇ ਬਦਲੀ, ਤਦੇ ਇਸ ਦਾ ਨਾਉਂ "ਪੱਕਾਸਾਹਿਬ" ਪ੍ਰਸਿੱਧ ਹੋਇਆ. ਦਰਬਾਰ ਉੱਚਾ ਸੁੰਦਰ ਬਣਿਆ ਹੋਇਆ ਹੈ, ਜਿਸ ਦੀ ਸੇਵਾ ਸੰਤ ਰੋਡੂਰਾਮ ਉਦਾਸੀ ਨੇ ਸੰਗਤਾਂ ਪਾਸੋਂ ਕਰਾਈ ਹੈ. ੧੬- ੧੭ ਘੁਮਾਉਂ ਜ਼ਮੀਨ ਨਗਰਵਾਸੀਆਂ ਵੱਲੋਂ ਹੈ.

ਪੱਕੀ: ਪੱਕਾ ਦਾ ਇਸਤ੍ਰੀ ਲਿੰਗ.

ਪੱਕੀਸਾਰੀ: ਚੌਪੜ ਦੀ ਉਹ ਨਰਦ, ਜੋ ਪੱਕ ਗਈ ਹੈ, ਵਿਚਕਾਰੋਂ ਚੱਲਕੇ ਬਿਆਲੀ ਘਰ ਟੱਪਕੇ ਨਰਦ ਪੱਕੀ ਹੋਣੀ ਸ਼ੁਰੂ ਹੁੰਦੀ ਹੈ. ਜਦ ਬਾਹਰਲੇ ਨਾਕੇ ਤੇ ਆਉਂਦੀ ਹੈ ਤਾਂ ਪੱਕੀ ਕਹੀਜਾਂਦੀ ਹੈ, ਜੇ ਇੱਥੋਂ ਤੀਕ ਨਰਦ ਨਾ ਮਰੇ, ਤਾਂ ਅੰਦਰ ਜਾਵੜਦੀ ਹੈ. ਦੇਖੋ, ਨਕਸ਼ੇ ਵਿੱਚ ਬਿੰਦੀਆਂ ਵਾਲੇ ਘਰ ਨਾਕੇ ਹਨ. "ਆਪੇ ਧਰਿ ਦੇਖਹਿ ਕਚੀ ਪਕੀ ਸਾਰੀ." ( ਮਾਝ ਅਃ ਮਃ ੩) "ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ." (ਵਾਰ ਆਸਾ) ਕੱਚੀ ਨਰਦ ਤੋਂ ਭਾਵ ਚੋਰਾਸੀ ਵਿੱਚ ਭ੍ਰਮਣ ਵਾਲਾ ਜੀਵ ਹੈ. ਪੱਕੀ ਤੋਂ ਭਾਵ ਗੁਰਸ਼ਰਣ ਵਿੱਚ ਆਕੇ ਗਜਾਨ ਨੂੰ ਪ੍ਰਾਪਤ ਹੋਇਆ ਆਤਮਗਜਾਨੀ ਹੈ, ਜਿਸ ਦਾ ਆਵਾਗੌਣ ਮਿਟਗਿਆ ਹੈ.

ਪੱਕੀਸੰਗਤਿ: ਪ੍ਰਯਾਗ ਵਿੱਚ ਗੁਰੂ ਤੇਗਬਹਾਦੁਰ ਸਾਹਿਬ ਜੀ ਦੇ ਵਿਰਾਜਣ ਦਾ ਪਵਿਤ੍ਰ ਅਸਥਾਨ. ਦੇਖੋ, ਪ੍ਰਯਾਗ ੪.

ਪੱਕੀ ਰਸੋਈ, ਪੱਕੀ ਰੋਟੀ: ਹਿੰਦੂਮਤ ਅਨੁਸਾਰ ਉਹ ਭੋਜਨ, ਜੋ ਘੀ, ਕੇਵਲ ਦੁੱਧ ਜਾਂ ਅਗਨਿ ਨਾਲ ਪਕਾਇਆ ਗਿਆ ਹੈ, ਜੈਸੇ- ਪੂਰੀ, ਕਚੌਰੀ, ਖੀਰ ਅਤੇ ਭੁੱਜੇ ਦਾਣੇ, ਅਥਵਾ ਭੁੱਭਲ ਵਿੱਚ ਪਕਾਏ ਆਲੂ ਆਦਿ.

ਪੱਕੇ ਪੌਬਾਰਾਂ: ਦੇਖੋ, ਪੌਬਾਰਾਂ.

ਪਕ੍ਵ: ਦੇਖੋ, ਪੱਕ ਅਤੇ ਪੱਕਾ.

ਪਕ੍ਵਾਸ਼ਯ: ਉਹ ਅਸਥਾਨ, ਜਿੱਥੇ ਗਿਜਾ ਪੱਕੇ (ਹਜਮ ਹੋਵੇ). ਦੇਖੋ, ਮੇਦਾ.

ਪਕ੍ਸ਼: ਸੰ. ਧਕ੍ਸ਼੍ ਧਾ- ਗ੍ਰਹਣ ਕਰਨਾ, ਇੱਕ ਤਰਫ ਹੋਣਾ, ਕਿਸੇ ਬਾਤ ਵਿੱਚ ਹਿੱਸਾ ਲੈਣਾ। ੨. ਸੰਗਜਾ- ਤ਼ਰਫ਼. ਓਰ। ੩. ਕਿਸੇ ਪ੍ਰਸੰਗ ਅਥਵਾ ਬਾਤ ਦਾ ਇੱਕ ਪਹਲੂ। ੪. ਸਾਥੀ. ਸਹਾਇਕ। ੫. ਪੰਖ. ਪਰ. ਖੰਭ। ੬. ਚੰਦ੍ਰਮਾ ਦੇ ਮਹੀਨੇ ਦਾ ਹਨੇਰਾ ਅਤੇ ਚਾਨਣਾ ਪੱਖ। ੭. ਘਰ. ਨਿਵਾਸ ਸਥਾਨ। ੮. ਸੂਰਜ। ੯. ਮੱਥੇ ਉੱਪਰ ਕੇਸਾਂ ਦੀ ਪੱਟੀ, ਜੋ ਖਾਸ ਕਰਕੇ ਇਸਤ੍ਰੀਆਂ ਸਿੰਗਾਰਦੀਆਂ ਹਨ।੧੦ ਦੋ ਸੰਖਜਾ ਬੋਧਕ, ਕਿਉਂਕਿ ਮਹੀਨੇ ਦੇ ਦੋ ਪਕ੍ਸ਼ ਹੁੰਦੇ ਹਨ। ੧੧. ਕੰਨ੍ਹਾ. ਮੋਢਾ। ੧੨. ਰਾਯ. ਸੰਮਤਿ। ੧੩. ਕੰਧ. ਦੀਵਾਰ। ੧੪. ਰਾਜੇ ਦੀ ਸਵਾਰੀ ਦਾ ਹਾਥੀ। ੧੫. ਸ਼ਰੀਰ ਦਾ ਅੰਗ। ੧੬. ਪੜੋਸ.

ਪਕ੍ਸ਼ਧਰ: ਸੰਗਜਾ- ਪੰਛੀ। ੨. ਚੰਦ੍ਰਮਾ। ੩. ਤੀਰ.

ਪਕ੍ਸ਼ਪਾਤ: ਸੰ. ਸੰਗਜਾ- ਤਰਫਦਾਰੀ ਯੋਗਜ ਅਯੋਗਜ ਵਿਚਾਰੇ ਬਿਨਾ ਕਿਸੇ ਦੇ ਪੱਖ ਵਿੱਚ ਹੋਣ ਦੀ ਕ੍ਰਿਯਾ.

ਪਕ੍ਸ਼ਾਘਾਤ: ਦੇਖੋ, ਅਧਰੰਗ.

ਪਕ੍ਸ਼ਿਰਾਜ: ਸੰਗਜਾ- ਪੰਛੀਆਂ ਦਾ ਰਾਜਾ ਗਰੁੜ। ੨. ਜਟਾਯੁ.

ਪਕ੍ਸ਼ੀ: ਸੰ. ਧਕ੍ਸ਼ਿਨ੍ ਵਿ- ਪੰਖਾਂ (ਫੰਘਾਂ) ਵਾਲਾ।੨ ਪਕ੍ਸ਼ ( ਤ਼ਰਫ਼ਦਾਰੀ) ਕਰਨ ਵਾਲਾ। ੩. ਸਹਾਇਕ। ੪. ਸੰਗਜਾ- ਪੱਛੀ. ਪਰਿੰਦ। ੫. ਤੀਰ.

ਪਖ: ਦੇਖੋ, ਪਕ੍ਸ਼। ੨. ਫ਼ਾ. پخ ਪਖ. ਪਹਲੂ. ਪਾਸਾ। ੩. ਵਿ- ਹੱਛਾ. ਚੰਗਾ। ੪. ਵਯ- ਵਾਹਵਾ. ਖ਼ੂਬ !

ਪਖਊਆ: ਸੰਗਜਾ- ਪੰਖ. ਪਕ੍ਸ਼. "ਮੋਰਪਖਊਅਨ ਕੋ ਧਰਕੈ."(ਕ੍ਰਿਸਨਾਵ) ਮੋਰ ਦੇ ਖੰਭ ਧਾਰਕੇ। ੨. ਪਕ੍ਸ਼ਧਰ. ਪੰਛੀ. ਪੰਖੇਰੂ.

ਪਖਈਆ: ਪ੍ਰਕਾਲਨ ਕਰਦਾ ਹਾਂ. ਧੋਂਦਾ ਹਾਂ. ਦੇਖੋ, ਪਖਾਲਨ. "ਸਾਧੂਚਰਨ ਪਖਈਆ." (ਬਿਲਾ ਅਃ ਮਃ ੪) ੨. ਵਿ- ਪ੍ਰਕ੍ਸ਼ਾਲਨ ਕਰੈਯਾ. ਧੋਣ ਵਾਲਾ.

ਪਖਰ: ਦੇਖੋ, ਪਾਖਰ ਅਤੇ ਪ੍ਰਖਰ.

ਪਖਰਾਰਾ, ਪਖਰਿਯਾ, ਪਖਰੀਆ, ਪਖਰੇਤ, ਪਖਰੈਤ: ਵਿ- ਪ੍ਰਖਰ(ਘੋੜੇ ਦਾ ਸਾਜ ਅਤੇ ਕਵਚ) ਧਾਰਨ ਵਾਲਾ. ਸਾਜ ਨਾਲ ਸਜੇਹੋਏ ਅਤੇ ਕਵਚ ਵਾਲੇ ਘੋੜੇ ਪੁਰ ਚੜ੍ਹਨ ਵਾਲਾ. ਘੋੜਚੜ੍ਹਾ ਯੋਧਾ "ਪਖਰਾਰੇ ਨਾਚਤ ਭਏ." (ਚਰਿਤ੍ਰ ੧੨੮) "ਚੁਨ ਚੁਨ

ਹਨੇ ਪਖਰੀਆ ਜੁਆਨਾ. "(ਵਿਚਿਤ੍ਰ)"ਚਲੇ ਪਖਰੇਤ ਸਿੰਗਾਰੀ." (ਗੁਰੁਸੋਭਾ) "ਬਡੇ ਈ ਬਨੈਤ ਬੀਰ ਸਭੈ ਪਖਰੈਤ."(ਕ੍ਰਿਸਨਾਵ) ੨. ਸੰਗਜਾ- ਪ੍ਰਖਰ ਵਾਲਾ (ਪਾਖਰ ਨਾਲ ਸਜਿਆ) ਘੋੜਾ ਅਥਵਾ ਹਾਥੀ।

ਪਖਲਾਵਨ: ਕ੍ਰਿ- ਪ੍ਰਕ੍ਸ਼ਾਲਨ ਕਰਾਉਣਾ. ਧੁਆਉਣਾ. "ਕਰ ਪਗ ਪਖਲਾਵਉ."(ਬਿਲਾ ਮਃ ੫)

ਪਖਵਾਰਾ, ਪਖਵਾੜਾ: ਸੰਗਜਾ- ਪਕ੍ਸ਼ ਭਰ. ਪੱਖ ਪ੍ਰਮਾਣ. ਚੰਦ੍ਰਮਾ ਦੀ ਪੰਦ੍ਰਾਂ ਤਿਥਾਂ ਹੋਣ ਜਿਸ ਵਿੱਚ, ਉਤਨਾ ਕਾਲ. "ਪਲ ਪਖਵਾੜਾ ਘੜੀ ਮਹੀਨਾ." (ਲੋਕੋ)

(fig.)

ਪਖਾ: ਸੰਗਜਾ- ਪਵਨ ਕ੍ਸ਼ੋਭਕ. ਪੰਖਾ. ਵਜਜਨ ."ਪਖਾ ਫੇਰੀ ਪਾਨੀ ਢੋਵਾ."(ਸੂਹੀ ਅਃ ਮਃ ੪) ੨. ਪੰਖ. ਪਕ੍ਸ਼ ਪਰ. "ਮੋਰਪਖਾ ਕੀ ਛਟਾ ਮਧੁ ਮੂਰਤਿ." (ਚਰਿਤ੍ਰ ੧੨)

ਪਖਾਉਜ: ਦੇਖੋ, ਪਖਾਵਜ.

ਪਖਾਣ, ਪਖਾਨ: ਸੰ. ਪਾਸ਼ਾਣ. ਸੰਗਜਾ- ਪੱਥਰ. "ਪਖਾਣ ਪੂਜਹੋਂ ਨਹੀਂ."(ਵਿਚਿਤ੍ਰ)

ਪਖਾਨਪੂਜਾ: ਪਾਸ਼ਾਣ (ਪੱਥਰ) ਦੀ ਪੂਜਾ. ਮੂਰਤਿ- ਪੂਜਨ. ਬੁਤਪਰਸ੍ਤੀ.

ਪਖਾਰ: ਦੇਖੋ, ਪਖਾਰਨ। ੨. ਸੰਗਜਾ- ਰੇਖਾ. ਲੀਕ. "ਬਡੇ ਪਖਾਰ ਗਾਤ ਪਰ ਪਰੇ। ਮਾਨਹੁ ਗਿਰਿ ਪਰ ਅਹਿ ਸਮਸਰੇ." (ਗੁਪ੍ਰਸੂ) ਸ਼ੇਰ (tiger) ਦੇ ਸਰੀਰ ਤੇ ਕਾਲੀ ਲੀਕਾਂ ਇਉਂ ਭਾਸਦੀਆਂ ਹਨ, ਜਾਣੀਓ ਪਹਾੜ ਤੇ ਕਾਲੇ ਸੱਪ ਹਨ। ੩. ਪਾਣੀ ਨਾਲ ਖਰਕੇ ਬਣਿਆ ਹੋਇਆ ਖਾਲ।੪ ਪਯਸ- ਖੱਲ. ਪਖਾਲ. ਪਾਣੀ ਦੀ ਵਡੀ ਮਸ਼ਕ (ਥੈਲੀ), ਜੋ ਭਰਕੇ ਪਸ਼ੂ ਉੱਪਰ ਲੱਦੀਦੀ ਹੈ. "ਇਕਿ ਦਿਨ ਜਲ ਪਖਾਰ ਕਉ ਲਾਦੇ ਬ੍ਰਿਖਭ ਅਗਾਰੀ ਕਰਤ ਪਯਾਨ." (ਗੁਪ੍ਰਸੂ)

ਪਖਾਰਨ: ਸੰ. ਪ੍ਰਕ੍ਸ਼ਾਲਨ. ਸੰਗਜਾ- ਜਲ ਨਾਲ ਚੰਗੀ ਤਰਾਂ ਕ੍ਸ਼ਾਲਨ (ਧੋਣ) ਦੀ ਕ੍ਰਿਯਾ. "ਕਰਿ ਸੰਗਿ ਸਾਧੂ ਚਰਨ ਪਖਾਰੈ."(ਆਸਾ ਮਃ ੫) "ਚਰਨ ਪਖਰਾਉ ਕਰਿ ਸੇਵਾ."(ਬਿਲਾ ਮਃ ੫)

ਪਖਾਰਿ: ਕ੍ਰਿ. ਵਿ- ਪ੍ਰਕ੍ਸ਼ਾਲਨ ਕਰਕੇ. ਧੋਕੇ. "ਚਰਨ ਪਖਾਰਿ ਕਹਾਂ ਗੁਣ ਤਾਸੁ." (ਧਨਾ ਮਃ ੫)

ਪਖਾਰੀ: ਦੇਖੋ, ਪਖਾਰਨ। ੨. ਪਕ੍ਸ਼- ਅਰੀ. ਪ੍ਰਤਿਪਕ੍ਸ਼ੀ. ਮੁਕਾਬਲਾ ਕਰਨ ਵਾਲਾ ਵੈਰੀ. "ਅਪਨੇ ਲਖਿ ਬਾਰ ਨਿਵਾਰ ਪਖਾਰੀ." (ਕ੍ਰਿਸਨਾਵ) ਅਪਨੇ ਬਾਲ ( ਬੱਚੇ) ਜਾਣਕੇ ਪ੍ਰਤਿਪਕ੍ਸ਼ੀ ਨਿਵਾਰੋ.

ਪਖਾਲ: ਦੇਖੋ, ਪਖਾਰ ੪.

ਪਖਾਲਨ: ਦੇਖੋ, ਪਖਾਰਨ. "ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ." (ਮਾਝ ਮਃ ੫)"ਸੋ ਪਾਖੰਡੀ ਜਿ ਕਾਇਆ ਪਖਾਲੇ."(ਵਾਰ ਰਾਮ ੧. ਮਃ ੧)

ਪਖਾਵਜ: ਸੰਗਜਾ- ਪਕ੍ਸ਼ਵਾਦਯ. ਜੋੜੀ ਤਬਲਾ. ਇਸ ਦਾ ਦਹਿਣਾ (ਸੱਜਾ) ਭਾਗ ਸਿਆਹੀ ਵਾਲਾ ਹੁੰਦਾ ਹੈ ਅਤੇ ਬਾਂਏਂ (ਖੱਬੇ) ਨੂੰ ਆਟਾ ਲਾਈਦਾ ਹੈ. ਇਹ ਸਾਜ ਲਯ ਤਾਰ ਠੀਕ ਰੱਖਣ ਵਾਸਤੇ ਵਰਤੀਦਾ ਹੈ. "ਫੀਲੁ ਰਬਾਬੀ ਬਲਦੁ ਪਖਾਵਜ."(ਆਸਾ ਕਬੀਰ) ਦੇਖੋ, ਫੀਲੁ.

ਪਖਾਵਜੀ: ਸੰਗਜਾ- ਪਖਾਵਜ ਵਜਾਉਣ ਵਾਲਾ. ਜੋੜੀ ਦਾ ਬਜੈਯਾ.

ਪਖਾਵਜੁ: ਦੇਖੋ, ਪਖਾਵਜ. "ਵਾਜਾ ਮਤਿ ਪਖਾਵਜੁ ਭਾਉ." (ਆਸਾ ਮਃ ੧)

ਪਖਿਆਨ: ਦੇਖੋ, ਪਖ੍ਯਾਨ.

ਪਖਿਆਰੀ: ਵਿ- ਪਕ੍ਸ਼ (ਪੱਟੀ) ਧਾਰਨ ਵਾਲੀ. ਵਾਲਾਂ ਦੀ ਪੱਟੀ ਮੱਥੇ ਪੁਰ ਸਿੰਗਾਰਨ ਵਾਲੀ. ਦੇਖੋ, ਪਕ੍ਸ਼ ੯. "ਕਰਿ ਸੀਗਾਰੁ ਬਹੈ

ਪਖਿਆਰੀ." (ਗੌਂਡ ਕਬੀਰ)

ਪਖੀ: ਦੇਖੋ, ਪਕ੍ਸ਼ੀ। ੨. ਦੇਖੋ, ਪੱਖੀ। ੩. ਦੇਖੋ, ਪੰਖੀ। ੪. ਪੰਖ. ਪਰ. ਦੇਖੋ, ਪਖੀਆਂ.

ਪਖੀਆਂ: ਪਕ੍ਸ਼. ਪਰ. ਪੰਖ. "ਟੂਟ ਖਗੇਸ ਗਈ ਪਖੀਆਂ."(ਚੰਡੀ ੧) ੨. ਫੁੱਲ ਦੀਆਂ ਪਾਂਖੁੜੀਆਂ. ਪੁਸ਼੍ਪਦਲ. "ਫੂਲ ਗੁਲਾਬ ਕੀ ਜਨੋਂ ਪਖੀਆਂ."(ਚੰਡੀ ੧)

ਪਖੀਜੈ: ਪ੍ਰਕ੍ਸ਼ਾਲਨ. ਕਰੀਜੈ. ਧੋਵੀਜੈ. "ਸਾਧੂਚਰਨ ਪਖੀਜੈ." ( ਕਲਿ ਅਃ ਮਃ ੪)

ਪਖੁ: ਦੇਖੋ, ਪਕ੍ਸ਼ ੪. "ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ."(ਆਸਾ ਮਃ ੪)

ਪਖੇ: ਪ੍ਰਕ੍ਸ਼ਾਲਨ ਕੀਤੇ. ਧੋਤੇ. "ਹਮ ਸਤਿਗੁਰ ਚਰਨ ਪਖੇ."(ਨਟ ਮਃ ੪)

ਪਖੇਰੂ: ਸੰਗਯਾ- ਪਕ੍ਸ਼ਧਾਰੀ. ਪੰਖਾਂ ਵਾਲਾ ਜੀਵ. ਪੰਛੀ. ਪਰਿੰਦ. ਦੇਖੋ, ਪੰਖੇਰੂ.

ਪਖੌਆ: ਦੇਖੋ, ਪਖਊਆ.

ਪਖੰਡ, ਪਖੰਡੀ: ਦੇਖੋ, ਪਾਖੰਡ ਅਤੇ ਪਾਖੰਡੀ.

ਪੱਖ: ਦੇਖੋ, ਪਕ੍ਸ਼.

ਪੱਖਰਾ, ਪੱਖਰੀ: ਵਿ- ਪ੍ਰਖਰ ਵਾਲਾ, ਵਾਲੀ. ਦੇਖੋ, ਪਖਰੀਆ.

ਪੱਖਾ: ਦੇਖੋ, ਪਖਾ.

ਪੱਖੀ: ਸੰਗਯਾ- ਛੋਟਾ ਪੰਖਾ। ੨. ਦੇਖੋ, ਪਕ੍ਸ਼ੀ.

ਪੱਖੋ, ਪੱਖੋਕੇ: ਜਿਲਾ ਗੁਰਦਾਸਪੁਰ ਵਿੱਚ ਡੇਰਾ (ਦੇਹਰਾ) ਨਾਨਕ ਤੋਂ ਤਿੰਨ ਕੋਹ ਤੇ, ਰਾਵੀ ਤੋਂ ਪਾਰ ਇੱਕ ਪਿੰਡ ਹੈ, ਜਿੱਥੇ ਬਾਬਾ ਮੂਲਚੰਦ ਚੋਣਾ ਖਤ੍ਰੀ ਗੁਰੂ ਨਾਨਕਦੇਵ ਜੀ ਦਾ ਸਹੁਰਾ, ਬਟਾਲੇ ਵਸਣ ਤੋਂ ਪਹਿਲਾਂ, ਰਹਿੰਦਾ ਸੀ. ਅਜਿੱਤਾ ਰੰਧਾਵਾ ਸਤਿਗੁਰੂ ਦਾ ਆਤਮਗ੍ਯਾਨੀ ਸਿੱਖ ਏਥੇ ਹੀ ਹੋਇਆ ਹੈ. ਦੇਖੋ, ਟਾਲ੍ਹੀਸਾਹਿਬ ਨੰਃ ੨.

ਪਖ੍ਯਾਨ: ਸੰ. ਉਪਾਖ੍ਯਾਨ. ਸੰਗਯਾ- ਕਥਾ. ਕਹਾਣੀ. "ਉਪਦੇਸੈਂ ਕਹਿ ਕਹਿ ਪਖ੍ਯਾਨ." (ਗੁਪ੍ਰਸੂ) ੨. ਕਥਾਪ੍ਰਸੰਗ ਵਿੱਚ ਆਈ ਹੋਰ ਕਥਾ. ਕਥਾ ਨਾਲ ਸੰਬੰਧਿਤ ਕਥਾ. ਦਸ਼ਮਗ੍ਰੰਥ ਵਿੱਚ ਅਞਾਣ ਲਿਖਾਰੀ ਨੇ "ਚਰਿਤ੍ਰੋਪਾਖ੍ਯਾਨ" ਦੀ ਥਾਂ "ਪਖ੍ਯਾਨ ਚਰਿਤ੍ਰ" ਪਦ ਲਿਖਦਿੱਤਾ ਹੈ.

ਪਗ: ਸੰਗਯਾ- ਪਦ. ਪੈਰ. "ਸੰਤਪਗ ਧੋਈਐ ਹਾਂ."(ਆਸਾ ਮਃ ੫) ੨. ਪੱਗ. ਪਗੜੀ. ਦਸਤਾਰ. "ਫਰੀਦਾ, ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇਜਾਇ."(ਸ. ਫਰੀਦ) ੩. ਡਗ. ਡਿੰਘ. ਇੱਕ ਪੈਰ ਉਠਾਕੇ ਦੂਜੇ ਥਾਂ ਰੱਖਣ ਦੇ ਅੰਦਰ ਦੀ ਵਿੱਥ. ਕਰਮ. "ਰਣ ਚੋਟ ਪਰੀ ਪਗ ਦੈ ਨ ਟਲੇ ਹੈਂ " (ਵਿਚਿਤ੍ਰ)

ਪਗਚਕਟੀ: ਦੇਖੋ, ਚਕਟੀ.

ਪਗਡੰਡੀ: ਸੰਗਯਾ- ਉਹ ਮਾਰਗ, ਜਿਸ ਵਿੱਚ ਪੈਦਲ ਤੁਰੀਏ. ਜਿਸ ਵਿੱਚ ਰਥ ਆਦਿ ਦਾ ਗੁਜ਼ਰ ਨਾ ਹੋਵੇ. ਦੰਡ (ਡੰਡੇ) ਜੇਹਾ ਸਿੱਧਾ ਰਾਹ.

ਪਗਨਾ: ਕ੍ਰਿ- ਮਿਸ਼ਰੀ ਆਦਿ ਦੇ ਗਾੜ੍ਹੇ ਰਸ ਵਿੱਚ ਲਪੇਟੇ (ਪਾਗੇ) ਜਾਣਾ। ੨. ਕਿਸੇ ਵਸ੍ਤੁ ਵਿੱਚ ਲੀਨ ਹੋਣਾ। ੩. ਪ੍ਰੇਮ ਵਿੱਚ ਡੁੱਬਣਾ.

ਪਗਪਾਹੁਲ: ਦੇਖੋ, ਚਰਣਾਮ੍ਰਿਤ. "ਪ੍ਰੇਮ ਵਿਨੈ ਸਨ ਬਾਨੀ ਸੁਨਕੈ। ਪਗਪਾਹੁਲ ਦੀਨੀ ਸਿਖ ਗੁਨਕੈ." (ਨਾਪ੍ਰ)

ਪਗਬੰਦਨ: ਸੰਗਜਾ- ਪਾਦ ਵੰਦਨ. ਚਰਨਾਂ ਪੁਰ ਪ੍ਰਣਾਮ (ਨਮਸਕਾਰ) ਕਰਨ ਦੀ ਕ੍ਰਿਯਾ.

ਪਗਰਉ: ਪਕੜੋ. ਗ੍ਰਹਣ ਕਰੋ। ੨. ਪਕਰਿਆ. ਪ੍ਰਗ੍ਰਹਣ (ਧਾਰਣ) ਕੀਤਾ. "ਪੰਚਾਂ ਤੇ ਏਕੁ ਛੂਟਾ, ਜਉ ਸਾਧੂ ਸੰਗ ਪਗਰਉ."(ਸਾਰ ਪੜਤਾਲ ਮਃ ੫) ੩. ਸੰਗਜਾ- ਪੈਰਚਾਲ.

ਪਗਰਿਯਾ, ਪਗਰੀ, ਪਗਰੀਆ: ਸੰਗਜਾ- ਪੱਗ. ਦਸਤਾਰ. ਪਗੜੀ. "ਵਸਤ੍ਰ ਪਗਰਿਯਾ ਲਾਲ ਯੁਤ." (ਚਰਿਤ੍ਰ ੩੯) "ਹਉ ਅਭਿਮਾਨਿ ਟੇਢਿ ਪਗਰੀ." (ਬਿਲਾ ਕਬੀਰ)

ਪਗਰੇਣੁ: ਸੰਗਜਾ- ਚਰਨਰਜ. ਚਰਨਧੂਲਿ. ਦੇਖੋ, ਪਗ ਅਤੇ ਰੇਣੁ.

ਪਗੜੀ: ਦੇਖੋ, ਪਗਰੀ.

ਪਗਾਹ: ਫ਼ਾ. پگاہ ਸੰਗਜਾ- ਪ੍ਰਾਤਹਕਾਲ. ਭੋਰ. ਤੜਕਾ. ਭੁਨਸਾਰ.

ਪਗਾਰ: ਸੰਗਜਾ- ਨਦੀ ਦਾ ਉਹ ਅਸਥਾਨ, ਜੋ ਪੈਰਾਂ ਕਰਕੇ ਲੰਘਿਆ ਜਾਵੇ. ਪਗਾਹਣ. "ਨਦੀ ਅਗਾਧ ਨੀਰ ਜਹਿ ਬਹੇ। ਹੋਇ ਪਗਾਰ ਤੋਹਿ ਕੋ ਲਹੇ."(ਗੁਪ੍ਰਸੂ) ੨. ਨਦੀ ਦੇ ਕਿਨਾਰੇ ਦੀ ਦਲਦਲ। ੩. ਸੰ. ਪ੍ਰਾਗਾਰ. ਮਹਲ. ਮੰਦਿਰ. ਦੇਖੋ, ਪਰਲ.

ਪਗਾਰਾ: ਦੇਖੋ, ਪਗਾਰ ੩. ਅਤੇ ਪਰਲ.

ਪਗਿ: ਪੈਰੀਂ. ਚਰਣੀਂ. "ਜਨ ਪਗਿ ਲਗਿ ਧਿਆਵਹੁ"(ਬਿਲਾ ਵਾਰ ੭. ਮਃ ੩)

ਪਗਿਯਾ: ਸੰਗਜਾ- ਪਗੜੀ. ਦਸਤਾਰ.

ਪਗੀ: ਕ੍ਰਿ. ਵਿ- ਪੈਰੀਂ. ਚਰਨੀਂ. "ਸੁਕ ਜਨਕਪਗੀ ਲਗਿ ਧਿਆਵੈਗੋ." (ਕਾਨ ਅਃ ਮਃ ੪) ੨. ਪਾਗੀ. ਲਪੇਟੀ। ੩. ਲੀਨ ਹੋਈ.

ਪਗੀਆ, ਪੱਗ: ਸੰਗਜਾ- ਦਸਤਾਰ. ਪਗੜੀ. "ਘੋਰ ਪਗੀਆ ਸਿਰ ਬਾਂਧੇ." (ਪਾਰਸਾਵ)

ਪੱਗ ਬਦਲਨੀ, ਪੱਗ ਵਟਾਉਣੀ: ਕ੍ਰਿ- ਗਾੜ੍ਹੀ ਮਿਤ੍ਰਤਾ ਕਰਨੀ. ਪੁਰਾਣੇ ਜ਼ਮਾਨੇ ਮਿਤ੍ਰ ਪਰਸਪਰ ਪੱਗ ਵਟਾਕੇ ਇਹ ਪ੍ਰਗਟ ਕਰਦੇ ਸਨ, ਕਿ ਅਸੀਂ ਇੱਕ ਦੂਜੇ ਦੀ ਪਤ ਦੇ ਸਾਂਝੀ ਹਾਂ.

ਪੱਗ ਵੱਟ ਮਿਤ੍ਰ: ਉਹ ਦੋਸ੍ਤ ਜਿਸ ਨੇ ਮਿਤ੍ਰ ਨਾਲ ਪੱਗ ਬਦਲੀ ਹੈ. ਦੇਖੋ, ਪੱਗ ਵਟਾਉਣੀ.

ਪੱਗਵੰਡ: ਸੰਗਜਾ- ਜਾਯਦਾਦ ਦੇ ਵੰਡਣ ਦਾ ਇੱਕ ਢੰਗ, ਜਿਸ ਵਿੱਚ ਘਰ ਦੇ ਮਰਦ ( ਪੱਗ ਬੰਨ੍ਹਣ ਵਾਲੇ) ਇੱਕੋ ਜੇਹਾ ਹਿੱਸਾ ਕਰਨ. ਮਤੇਰ ਅਥਵਾ ਵਡੇ ਛੋਟੇ ਭਾਈ ਆਦਿ ਨੂੰ ਵੱਧ ਘੱਟ ਹਿੱਸਾ ਨਾ ਦਿੱਤਾ ਜਾਵੇ. ਦੇਖੋ, ਚੂੰਡਾਵੰਡ.

ਪਘੂਲਾ: ਸੰ. ਪੰਕੇਰੁਹ. ਸੰਗਜਾ- ਕਮਲ. "ਪਘੂਲਾ ਕੇ ਮੂਲ ਬਿਖੈ ਜੈਸੇ ਜਲ ਪਾਨ ਕੀਜੈ." (ਭਾਗੁ ਕ) ਕਮਲਨਾਲਿ ਥਾਣੀ ਜਿਵੇਂ ਜਲ ਪਾਨ ਕਰੀਏ.

ਪਚ: ਸੰ. ਧਚ੍. ਧਾ- ਪਕਾਉਣਾ (ਰਿੰਨ੍ਹਣਾ).

ਪਚਏ: ਵਿ- ਪਾਂਚਵੇਂ. ਪੰਜਵੇਂ। ੨. ਪੰਚਮ (ਪੰਜਵੇਂ) ਕਰਕੇ. "ਪਚਏ ਹਨੁਵੰਤੰ ਲਖ." (ਰਾਮਾਵ) ਪਾਂਚਵੇਂ ਮੁਖ (ਰੁਖ਼) ਨਾਲ ਹਨੁਮਾਨ ਨੂੰ ਦੇਖਕੇ.

ਪਚਣਾ: ਕ੍ਰਿ. ਹਜਮ ਹੋਣਾ. ਦੇਖੋ, ਪਚ ਅਤੇ ਪਚਨਾ.

ਪਚਨ: ਸੰ. ਸੰਗਜਾ- ਪਕਾਉਣ ਦੀ ਕ੍ਰਿਯਾ। ੨. ਅਗਨਿ. ਅੱਗ.

ਪਚਨਾ: ਕ੍ਰਿ- ਰਿੱਝਣਾ. ਪੱਕਣਾ. ਉਬਲਨਾ। ੨. ਹਜਮ ਹੋਣਾ. ਦੇਖੋ, ਪਚਣਾ। ੩. ਨਾਸ਼ ਹੋਣਾ. "ਉਪਜੈ ਪਚੈ ਹਰਿ ਬੁਝੈ

ਨਾਹੀ."(ਮਾਝ ਅਃ ਮਃ ੩) "ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ." (ਨਟ ਅਃ ਮਃ ੪) ੪. ਕ੍ਰੋਧ ਈਰਖਾ ਨਾਲ ਰਿੱਝਣਾ. ਕੁੜ੍ਹਨਾ. ਸੜਨਾ. "ਪਚਿ ਪਚਿ ਬੂਡਹਿ ਕੂੜੁ ਕਮਾਵਹਿ." ( ਮਾਰੂ ਸੋਲਹੇ ਮਃ ੧) ੫. ਲੁਕਣਾ. ਗੁਪਤ ਰਹਿਣਾ. "ਕੀਨ ਮਹਾਂ ਅਘ ਪਚੈ ਸੁਨਾਹੀ." (ਗੁਪ੍ਰਸੂ)

ਪਚਪਨ: ਪੰਚ ਪੰਚਾਸ਼ਤ, ਪੰਜਾਹ ਉੱਪਰ ਪੰਜ, ਪਚਵੰਜਾ- ੫੫.

ਪਚਮਾਰ: ਵਿ- ਪੰਚਾਨਨ (ਸ਼ੇਰ) ਮਾਰ. ਸਿੰਹ ਨੂੰ ਮਾਰਨ ਵਾਲਾ. ਬਹਾਦੁਰ. "ਆਨ ਪਰਜੋ ਪਚਮਾਰ ਸਭਨ ਸੁਨਪਾਇਓ."(ਚਰਿਤ੍ਰ ੯੩)

ਪਚਵੰਜਾ: ਦੇਖੋ, ਪਚਪਨ.

ਪਚਾਉਣਾ: ਕ੍ਰਿ- ਹਜਮ ਕਰਨਾ। ੨. ਲੁਕੋਣਾ। ੩. ਨਾਸ਼ ਕਰਨਾ. ਦੇਖੋ, ਪਚ.

ਪਚਾਇੜ: ਵਿ- ਪੀੜਾ ਨਾਲ ਪਚਿਆ ਹੋਇਆ. ਰੋਗ ਕਰਕੇ ਸੁੱਕਿਆ. ਕ੍ਸ਼ੀਣ ਹੋਇਆ. "ਹੋਇ ਪਚਾਇੜ ਦੁੱਖ ਸਹੰਦਾ."(ਭਾਗੁ)

ਪਚਾਸ: ਸੰ. ਪੰਚਾਸ਼ਤ. ਵਿ- ਪੰਜਾਹ. ਸੌ ਦਾ ਅੱਧ- ੫੦.

ਪਚਾਸਾ: ਸੰ. ਪੰਚਾਸ਼ਿਕਾ. ਸੰਗਯਾ- ਪੰਜਾਹ ਛੰਦਾਂ ਦਾ ਸਮੁਦਾਯ ਹੈ ਜਿਸ ਵਿੱਚ, ਐਸਾ ਗ੍ਰੰਥ ਅਥਵਾ ਕੋਈ ਵਸਤੁ. ਦੇਖੋ, ਗੁਰੁਪਚਾਸਾ। ੨. ਪੰਜਾਹਾਂ ਦਾ ਗਰੋਹ. "ਖਿਨ ਵਿਸਰਹਿ ਤੂ ਸੁਆਮੀ, ਜਾਣਉ ਬਰਸ ਪਚਾਸਾ." ( ਸੋਰ ਮਃ ੩) ੩. ਮੰਤ੍ਰੀਸਭਾ. "ਮਤਾ ਨ ਕਰੈ ਪਚਾਸਾ."(ਸਾਰ ਮਃ ੫) ੪. ਸੰ. ਪੰਚਾਸਯ. ਵਿ- ਪੰਜ ਮੂੰਹਾਂ ਵਾਲਾ। ੫. ਸੰਗਯਾ- ਸ਼ਿਵ.

ਪਚਾਸੀ: ਸੰ. ਪੰਚਾਸ਼ੀਤਿ. ਵਿ- ਅੱਸੀ ਅਤੇ ਪੰਜ- ੮੫। ੨. ਕ੍ਰਿ. ਵਿ- ਪਚਾਸੀਆਂ ਵਿੱਚ, ਪਚਾਸੀਓਂ ਮੇ. "ਪਚਾਸੀ ਪਗੁ ਖਿਸੈ." (ਵਾਰ ਮਾਝ ਮਃ ੧)

ਪਚਾਹਾ: ਪਚ (ਨਾਸ਼) ਕੀਤਾ। ੨. ਵਿਨਾਸ਼ ਕਰਦਾ ਹੈ. "ਕਰਿ ਬਾਲਕਰੂਪ ਪਚਾਹਾ." ( ਸੋਰ ਮਃ ੪)

ਪਚਾਂਗ: ਦੇਖੋ, ਪੰਚਾਂਗ. "ਗਣਪਤਿ ਆਦਿ ਪਚਾਂਗ ਮਨਾਏ." (ਗੁਪ੍ਰਸੂ)

ਪਚਾਧ: ਸ਼ੰ. ਪਾਸ਼੍ਚਾਤਜ. ਵਿ- ਪੱਛਮੀ. ਪਸ਼੍ਚਿਮ ਦਿਸ਼ਾ ਦਾ। ੨. ਸੰਗਯਾ- ਰਾਵੀ ਸਤਲੁਜ ਸਿੰਧ ਦੇ ਕਿਨਾਰੇ ਦਾ ਦੇਸ਼. ਪੰਜਾਬ ਦਾ ਪੱਛਮੀ ਦੇਸ਼.

ਪਚਾਧਾ: ਸੰਗਯਾ- ਪਚਾਧ ਦੇ ਰਹਿਣ ਵਾਲਾ. ਪਚਾਧ ਦਾ ਵਸਨੀਕ. ਦੇਖੋ, ਪਚਾਧ। ੨. ਪਚਾਧ ਦੇਸ਼ ਦੇ ਨਾਮ ਤੋਂ ਹੀ ਇੱਕ ਜਾਤਿ ਜਿਸ ਦਾ ਨਿਕਾਸ ਰਾਜਪੂਤਾਂ ਵਿੱਚੋਂ ਹੈ.

ਪਚਾਨਵੇ: ਪੰਚਨਵਤਿ. ਨੱਵੇ ਉੱਪਰ ਪੰਜ- ੯੫.

ਪਚਾਨਾ: ਦੇਖੋ, ਪਚਾਉਣਾ। ੨. ਪਚਿਆ.

ਪਚਾਨੁ: ਵਿ- ਪਚਨਸ਼ੀਲ. ਪਚਣ ਵਾਲਾ. ਦੇਖੋ, ਪਚਨ. "ਗੁਰਨਿੰਦਾ ਪਚੈ ਪਚਾਨੁ." (ਸ੍ਰੀ ਮਃ ੧).

ਪਚਾਮ੍ਰਿਤ: ਦੇਖੋ, ਪੰਚਾਮ੍ਰਿਤ.

ਪਚਾਯਾ: ਹਜਮ ਕੀਤਾ। ੨. ਪਕਾਇਆ. ਦੇਖੋ, ਪਚ। ੩. ਸੰਗਯਾ- ਪਚਾਵਾ. ਇੱਟਾਂ ਪਕਾਉਣ ਦਾ ਭੱਠਾ. ਪੱਜਾਵਾ. "ਤਬ ਰਾਮੂ ਇਕ ਦਯੋ ਪਚਾਯਾ." (ਗੁਪ੍ਰਸੂ)

ਪਚਾਰ: ਸੰ. ਉਪਚਾਰ. ਸੰਗਯਾ- ਸੇਵਾ। ੨. ਇ਼ਲਾਜ। ੩. ਯਤਨ। ੪. ਸੰ. ਪ੍ਰਚਾਰ. ਵਿਸ੍ਤਾਰ। ੫. ਪ੍ਰੇਰਨਾ। ੬. ਰਿਵਾਜ.

ਚਲਨ। ੭. ਪ੍ਰਸਿੱਧੀ।

ਪਚਾਰਣੁ: ਸਿੰਧੀ. ਕ੍ਰਿ- ਜਿਕਰ ਕਰਨਾ. ਕਹਿਣਾ। ੨. ਵੰਗਾਰਨਾ. ਦੇਖੋ, ਪਚਾਰਨਾ ੨.

ਪਚਾਰਨਾ: ਕ੍ਰਿ- ਪ੍ਰਚਾਰ ਕਰਨਾ। ੨. ਲਲਕਾਰਨਾ. ਵੰਗਾਰਨਾ. ਦੇਖੋ, ਪਚਾਰਣੁ. "ਸੁਰ ਸੰਮੂਹ ਸੰਘਾਰੇ ਰਣਹਿ ਪਚਾਰਕੈ."(ਚੰਡੀ ੧)

ਪਚਾਰਾ: ਦੇਖੋ, ਪਚਾਰ ਅਤੇ ਲੋਕਪਚਾਰ.

ਪਚਾਰੀਐ, ਪਚਾਰੀਏ: ਪ੍ਰਚਾਰ ਕਰੀਦਾ ਹੈ। ੨. ਪ੍ਰਸਿੱਧ ਹੁੰਦਾ ਹੈ. ਦੇਖੋ, ਪਚਾਰ. "ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਏ."(ਵਾਰ ਆਸਾ) ੩. ਵੰਗਾਰੀਏ.

ਪਚਾਵਣ: ਕ੍ਰਿ- ਰਿੰਨ੍ਹਣਾ. ਗਾਲਣਾ। ੨. ਨਾਸ਼ ਕਰਨਾ. ਭਾਵ- ਜਿੱਤਣਾ. "ਪੰਚ ਦੂਤ ਸਬਦਿ ਪਚਾਵਣਿਆ". ( ਮਾਝ ਅਃ ਮਃ ੩) ੩. ਹਜਮ ਕਰਨਾ.

ਪਚਾਵਨ: ਦੇਖੋ, ਪਚਾਵਣ। ੨. ਵਿ- ਪਚਪਨ. ਪਚਵੰਜਾ. ਪੰਚ ਪੰਚਾਸ਼- ੫੫. "ਸੰਮਤ ਸਤ੍ਰਹਿ ਸਹਸ ਪਚਾਵਨ." (ਰਾਮਾਵ) ਵਿਕ੍ਰਮੀ ਸਾਲ ੧੭੫੫.

ਪਚਾਵਾ: ਸੰਗਯਾ- ਇੱਟਾਂ ਦੇ ਪਚ (ਪਕਾਉਣ) ਦਾ ਆਵਾ. ਭੱਠਾ. ਦੇਖੋ, ਪਜਾਵਾ. "ਲਾਇ ਪਚਾਵੇ ਲੇਹਿਂ ਪਕਾਈ." (ਗੁਪ੍ਰਸੂ)

ਪਚਿ: ਕ੍ਰਿ. ਵਿ- ਪਚਕੇ. ਦੇਖੋ, ਪਚ ਅਤੇ ਪਚਨਾ. "ਪਚਿ ਪਚਿ ਮੂਏ ਬਿਖੁ ਦੇਖਿ ਪਤੰਗਾ."(ਆਸਾ ਮਃ ੪) ੨. ਸੰ. ਪਕਾਉਣ ਦੀ ਕ੍ਰਿਯਾ। ੩. ਅਗਨਿ.

ਪਚੀ: ਵਿ- ਖਚਿਤ. ਲਿਵਲੀਨ. "ਜੇ ਨਰ ਪਚੀ ਅਧਿਕ ਸੰਸਾਰੀ." (ਗੁਪ੍ਰਸੂ) ੨. ਪਚੀਸ. ਪੰਝੀ.

ਪਚੀਸ, ਪਚੀਹ: ਸੰ. ਪੰਚਵਿੰਸ਼ਤਿ. ਵਿ- ਪੰਜ ਅਤੇ ਵੀਹ. ਪੱਚੀ. ਪੰਝੀ- ੨੫. "ਪਾਂਚ ਪਚੀਸ ਮੋਹ ਮਦ ਮਤਸਰ." (ਭੈਰ ਕਬੀਰ) ਪੰਜ ਕਾਮਾਦਿ ਅਤੇ ਸਾਂਖ੍ਯ ਮਤ ਦੇ ਪੱਚੀ ਤਤ੍ਵ. ਦੇਖੋ, ਖਟ ਸ਼ਾਸਤ੍ਰ। ੨. ਦੇਖੋ, ਪੰਚੀਕਰਣ.

ਪਚੇਊ: ਵਿ- ਪਕਾਉਣ ਵਾਲਾ. ਦੇਖੋ, ਪਚ। ੨. ਪ੍ਰਯੋਜਨਸਿੱਧੀ ਲਈ ਕਿਸੇ ਦੇ ਨਾਲ ਚੰਬੜਨ (ਚਿਮਟਨੇ) ਵਾਲਾ.

ਪਚੋਤਰ, ਪਚੋਤਰਾ: ਸੰਗਯਾ- ਪੰਚ- ਉੱਪਰ. ਪੰਜ ਵੱਧ. ਸੌ ਪਿੱਛੇ ਪੰਜ ਰੁਪਯੇ, ਜੋ ਮੁਆਮਲੇ ਨਾਲ ਵਸੂਲ ਹੁੰਦੇ ਅਰ ਨੰਬਰਦਾਰ ਨੂੰ ਖ਼ਿਦਮਤ ਦੇ ਹੱਕ ਵਿੱਚ ਮਿਲਦੇ ਹਨ.

ਪਚੰਦੇ: ਰਿੱਝਦੇ. ਸੜਦੇ. ਦੁੱਖ ਭੋਗਦੇ. ਦੇਖੋ, ਪਚ ਧਾ. "ਵੈਰ ਕਰਹਿ ਨਿਰਵੈਰ ਨਾਲਿ ਧਰਮਨਿਆਇ ਪਚੰਦੇ."(ਵਾਰ ਗਉ ੧. ਮਃ ੪)

ਪੱਚਰ: ਸੰਗਯਾ- ਪਾਰਸ਼੍ਵਚਰ. ਖਾਲੀ ਥਾਂ (ਵਿੱਥ) ਵਿੱਚ ਠੋਕੀ ਹੋਈ ਲੱਕੜ ਦੀ ਫੱਟੀ. ਫਾਨਾ। ੨. ਭਾਵ- ਰੁਕਾਵਟ. ਵਿਘਨ.

ਪੱਚੀ: ਦੇਖੋ, ਪਚੀਸ। ੨. ਵਿ- ਸ਼ਰਮਿੰਦਾ. ਲੱਜਿਤ. ਜਿਵੇਂ- ਉਹ ਵਡਾ ਪੱਚੀ ਹੋਇਆ.

ਪਚ੍ਯ: ਸੰ. ਵਿ- ਪਕਾਉਣ ਲਾਇਕ. ਦੇਖੋ, ਪਚ ਧਾ.

ਪਛ: ਦੇਖੋ, ਪਕ੍ਸ਼ ਅਤੇ ਪੱਛ। ੨. ਕਿਨਾਰਾ. "ਮੁਨਿਪਤਿ ਬੈਠ ਰਹਤ ਪਛ ਭਏ." (ਦੱਤਾਵ) ਕਿਨਾਰੇ ਬੈਠ ਰਹੇ।੩ ਕ੍ਰਿ. ਵਿ- ਪੀਛੇ. ਪਿੱਛੇ. "ਪਛ ਲਾਗਹੀਂ ਸਰਦਾਰ." (ਗ੍ਯਾਨ)

ਪਛਣਾ: ਕ੍ਰਿ- ਉਸਤਰੇ ਆਦਿ ਤੇਜ਼ ਸ਼ਸਤ੍ਰ ਨਾਲ ਖਲੜੀ ਕੱਟਣੀ. ਪੱਛ ਲਾਉਣਾ। ੨. ਸੰਗਯਾ- ਉਸਤਰਾ. ਪੱਛਣ ਦਾ ਸੰਦ.

ਪਛਤਹਿ: ਪਸ਼੍ਚਾਤਾਪ ਕਰਦਾ ਹੈ। ੨. ਕ੍ਰਿ. ਵਿ- ਪੀਛੇ ਸੇ. ਪਿੱਛੋਂ. ਦੇਖੋ, ਪਛੁਤਹਿ.

ਪਛਤਾਉਣਾ, ਪਛਤਾਨਾ: ਕ੍ਰਿ- ਪਸ਼੍ਚਾਤਾੱਪ ਕਰਨਾ. ਕੋਈ ਅਯੋਗ ਕੰਮ ਕਰਕੇ ਪਿੱਛੋਂ ਤਪਣਾ.

ਪਛਤਾਪ: ਸੰ. ਪਸ਼੍ਚਾਤਾਪ. ਸੰਗਯਾ- ਕੁਕਰਮ ਕਰਕੇ ਪਿੱਛੋਂ ਤਪਣ ਦੀ ਕ੍ਰਿਯਾ. ਪਛਤਾਵਾ. "ਛੋਡਿ ਜਾਇ ਬਿਖਿਆਰਸ, ਤਉ ਲਾਗੈ ਪਛਤਾਪ." (ਸਾਰ ਮਃ ੪)

ਪਛਤਾਪਿਆ: ਪਛਤਾਇਆ. ਪਸ਼੍ਚਾਤਾੱਪ ਕੀਤਾ. "ਖੋਇ ਗਿਆਨ ਪਛਤਾਪਿਆ." (ਬਿਹਾ ਛੰਤ ਮਃ ੫)

ਪਛਤਾਪੈ: ਪਸ਼੍ਚਾਤਾੱਪ ਕਰਦਾ ਹੈ. "ਦਿਨਪ੍ਰਤਿ ਕਰੈ ਕਰੈ ਪਛਤਾਪੈ." (ਧਨਾ ਮਃ ੫)

ਪਛਤਾਵਾ: ਦੇਖੋ, ਪਛਤਾਪ.

ਪਛਮ: ਦੇਖੋ, ਪਛਿਮ. "ਪਛਮ ਦੁਆਰੈ ਸੂਰਜ ਤਪੈ." (ਭੈਰ ਕਬੀਰ) ਭੁਜੰਗਮਾ ਵਿੱਚਦੀਂ ਪ੍ਰਾਣਾਂ ਦਾ ਸੰਚਾਰ ਕਰਨ ਤੋਂ ਗਰਮੀ ਪੈਦਾ ਹੁੰਦੀ ਹੈ.

ਪਛਮਨ: ਸੰ. ਧਕ੍ਸ਼੍ਮਨ ਸੰਗਯਾ- ਵਰੁਣੀ. ਅੱਖ ਦੀ ਪਲਕ. ਅੱਖ ਦੇ ਪਪੋਟੇ ਉੱਪਰਲੇ ਵਾਲ.

ਪਛਮੀ: ਵਿ- ਪਸ਼੍ਚਿਮੀ. ਪਸ਼੍ਚਿਮ ਦਿਸ਼ਾ ਦਾ. ਲਹਿੰਦੇ ਵੱਲ ਦਾ.

ਪਛਰਾ: ਸੰਗਯਾ- ਅਪਸਰਾ. ਹੂਰ. ਪਰੀ.

ਪਛਰਾਜ: ਦੇਖੋ, ਪਕ੍ਸ਼ਿਰਾਜ ਅਤੇ ਪਛਿਰਾਜ.

ਪਛੜਨਾ: ਕ੍ਰਿ- ਪਸ਼੍ਚਾਤ ਹੋਣਾ. ਪਿੱਛੇ ਰਹਿਜਾਣਾ.

ਪਛੜਾਇਦਾ: ਪਿੱਛੇ ਕਰਦਾ। ੨. ਪਛਾੜ ਦਿਵਾਉਂਦਾ, "ਪਾਪੀ ਨੂੰ ਪਛੜਾਇਦਾ." (ਭਾਗੁ)

ਪਛਾ: ਵਿ- ਪਿਛਲਾ. ਅੰਤਿਮ. ਅਖੀਰੀ. ਪਾਸ਼੍ਚਾਤਜ. "ਪਹਿਲੈ ਪਹਿਰੈ ਫੁਲੜਾ, ਫਲੁ ਭੀ ਪਛਾ ਰਾਤਿ." (ਸ. ਫਰੀਦ) ਭਾਵ- ਅਮ੍ਰਿਤ ਵੇਲੇ.

ਪਛਾਹ: ਸੰਗਯਾ- ਪਸ਼੍ਚਿਮ. ਪੱਛਮ. ਸੂਰਜ ਛਿਪਣ ਦੀ ਦਿਸ਼ਾ. "ਕਾਹੂ ਪਛਾਹ ਕੋ ਸੀਸ ਨਿਵਾਯੋ." (ਅਕਾਲ)

ਪਛਾਣ: ਦੇਖੋ, ਪਹਚਾਨ.

ਪਛਾਣਨਾ: ਕ੍ਰਿ- ਪਰਿਚਯ ਕਰਨਾ. ਜਾਣਨਾ। ੨. ਤਮੀਜ਼ ਕਰਨਾ.

ਪਛਾਣੂ: ਵਿ- ਪਹਚਾਨਨੇਵਾਲਾ. ਵਾਕ਼ਿਫ਼. "ਇਕੁ ਪਛਾਣੂ ਜੀਅ ਕਾ." (ਸ੍ਰੀ ਮਃ ੫)

ਪਛਾਣੰਦੋ: ਜਾਣਦਾ. ਪਹਚਾਣਦਾ. "ਮਰਣ ਪਛਾਣੰਦੋ ਕੋਇ." (ਵਾਰ ਮਾਰੂ ੨. ਮਃ ੫)

ਪਛਾਤਾ: ਪਹਚਾਨਿਆ. ਜਾਣਿਆ. "ਜਿਨਿ ਹੁਕਮੁ ਪਛਾਤਾ ਹਰੀ ਕੇਰਾ." (ਆਸਾ ਛੰਤ ਮਃ ੩)

ਪਛਾਨ, ਪਛਾਨੂ: ਦੇਖੋ, ਪਛਾਣ ਅਤੇ ਪਛਾਣੂ. "ਤੁਮਹਿ ਪਛਾਨੂ ਸਾਕ ਤੁਮਹਿ ਸੰਗਿ." (ਸਾਰ ਮਃ ੫)

ਪਛਾਰ: ਸੰਗਯਾ- ਪਛਾੜ. ਪਟਕਣ ਦਾ ਭਾਵ। ੨. ਅਚੇਤ (ਬੇਹੋਸ਼) ਹੋਕੇ ਡਿਗਣਾ. "ਗਿਰਯੋ ਅਵਨਿ ਪਰ ਖਾਇ ਪਛਾਰੇ." (ਨਾਪ੍ਰ)

ਪਛਾਰਨਾ: ਕ੍ਰਿ- ਪਛਾੜਨਾ. ਪਟਕਣਾ. ਜ਼ੋਰ ਨਾਲ ਡੇਗਣਾ.

ਪਛਾਰਾਤਿ: ਰਾਤ੍ਰਿ ਦੇ ਪਿਛਲੇ ਭਾਗ ਵਿੱਚ, ਅਮ੍ਰਿਤ ਵੇਲੇ. ਦੇਖੋ, ਪਛਾ.

ਪਛਾਵਰ: ਕ੍ਰਿ. ਵਿ- ਪਿੱਠ ਵੱਲ, ਪਿਛਲੇ ਪਾਸੇ. "ਅਸਿ ਲੈ ਤਬ ਕਾਨ੍ਹ ਪਛਾਵਰ ਝਾਰਯੋ." (ਕ੍ਰਿਸਨਾਵ)

ਪਛਾਵਾ: ਸੰਗਯਾ- ਪਿਛਲਾ ਪਾਸਾ। ੨. ਪੜਛਾਵਾਂ. ਪ੍ਰਤਿਛਾਯਾ. "ਜੇਤੇ ਮਾਇਆ ਰੰਗ, ਤੇਤ ਪਛਾਵਿਆ." (ਆਸਾ ਮਃ ੫)

ਪਛਾੜ: ਪਛਾੜਨ (ਪਟਕਾਉਣ) ਦਾ ਭਾਵ.

ਪਛਾੜਨਾ: ਦੇਖੋ, ਪਛਾਰਨਾ. "ਆਪ ਪਛਾੜਹਿ ਧਰਤੀ ਨਾਲਿ." (ਵਾਰ ਆਸਾ)

ਪਛਾੜਯਉ: ਪਛਾੜਿਆ. ਪਟਕਾਇਆ. "ਕਾਮ ਗਹਿ ਕੇਸ ਪਛਾੜਯਉ." (ਸਵੈਯੇ ਮਃ ੪. ਕੇ)

ਪਛਿ: ਦੇਖੋ, ਪਕ੍ਸ਼ੀ. "ਪਛਿਸੁਤ ਓਰਨ ਜਨੁਕ ਵਿਦਾਰੇ." (ਚਰਿਤ੍ਰ ੩੩੨) ਮਾਨੋ ਪੰਛੀਆਂ ਦੇ ਬੱਚੇ ਗੜਿਆਂ ਨੇ ਮਾਰਦਿੱਤੇ.

ਪਛਿਮ: ਸੰ. ਪਸ਼੍ਚਿਮ. ਸੰਗਯਾ- ਸੂਰਜ ਅਸ੍ਤ ਹੋਣ ਦੀ ਦਿਸ਼ਾ. ਪੱਛਮ. ਮਗ਼ਰਬ। ੨. ਯੋਗਮਤ ਅਨੁਸਾਰ ਖੱਬਾ ਸ੍ਵਰ. "ਪਛਿਮ ਫੇਰਿ ਚੜਾਵੈ ਸੂਰੁ." (ਰਾਮ ਬੇਣੀ) ਖੱਬੇ ਪਾਸਿਓਂ ਪਲਟਕੇ ਸੂਰਜ ਨਾੜੀ (ਸੱਜੇ ਸ੍ਵਰ) ਦ੍ਵਾਰਾ ਪ੍ਰਾਣ ਚੜ੍ਹਾਵੇ.

ਪਛਿਮਿ: ਪਸ਼੍ਚਿਮ ਮੇ. "ਪਛਿਮਿ ਅਲਹ ਮੁਕਾਮਾ." (ਪ੍ਰਭਾ ਕਬੀਰ) ਮੁਸਲਮਾਨਾਂ ਨੇ ਖ਼ੁਦਾ ਦਾ ਡੇਰਾ ਪੱਛੋਂ ਵਿੱਚ ਸਮਝ ਰੱਖਿਆ ਹੈ. ਕ਼ੁਰਾਨ ਦਾ. ਹੁਕਮ ਹੈ ਕਿ ਨਮਾਜ਼ ਵੇਲੇ ਮੁਖ ਕਾਬੇ ਵੱਲ ਕਰੋ. ਦੇਖੋ, ਸੂਰਤ ਬਕਰ, ਆਯਤ ੧੪੪ ਅਤੇ ੧੪੯.

ਪਛਿਰਾਜ: ਗਰੁੜ ਅਤੇ ਜਟਾਯੁ. ਦੇਖੋ, ਪਕ੍ਸ਼ਿਰਾਜ. "ਪਛਿਰਾਜ ਰਾਵਨ ਮਾਰਕੈ ਰਘੁਰਾਜ ਸੀਤਹਿ ਲੈਗਯੋ." (ਰਾਮਾਵ) ਜਟਾਯੁ ਨੂੰ ਮਾਰਕੇ.

ਪਛੁਤਹਿ: ਕ੍ਰਿ. ਵਿ- ਪਿੱਛੋਂ. ਪੀਛੇ ਸੇ. "ਪਛੁਤਹਿ ਪਛਤਾਇਆ." (ਵਾਰ ਸਾਰ ਮਃ ੪)

ਪਛੁਤਾਪ: ਦੇਖੋ. ਪਛਤਾਪ.

ਪਛੁਤਾਯਉ: ਸੰਗਯਾ- ਪਸ਼੍ਚਾਤਾੱਪ, "ਅਯੋਗ ਕਰਮ ਪਿੱਛੋਂ ਤਪਣ ਦੀ ਕ੍ਰਿਯਾ. "ਕਬਹੂ ਮਿਟਹੈ ਨਹੀਂ ਰੇ ਪਛੁਤਾਯਉ" (ਸਵੈਯੇ ਮਃ ੫. ਕੇ) ੨. ਪਛਤਾਇਆ.

ਪਛੇਲਾ: ਵਿ- ਪਿੱਛੇ ਰਹਿਣ ਵਾਲਾ. "ਬਾਸਵ ਸੋਂ ਕਬਹੂ ਨ ਪਛੇਲੇ." (ਚਰਿਤ੍ਰ ੧) ਜੰਗ ਵਿੱਚ ਇੰਦ੍ਰ ਤੋਂ ਭੀ ਪਿੱਛੇ ਨਹੀਂ ਰਹੇ। ੨. ਸੰਗਯਾ- ਪਸ਼੍ਚਿਮ ਨਿਵਾਸੀ ਲਹਿੰਦੇ ਦਾ। ੩. ਪਿਛਲਾ ਪਾਸਾ.

ਪਛੋਆ: ਵਿ- ਪਿਛਲਾ. ਅੰਤਿਮ। ੨. ਸੰਗਯਾ- ਪਿਛਲਾ ਪਾਸਾ. ਪਿਛਵਾੜਾ.

ਪਛੋਤਾਉ: ਦੇਖੋ, ਪਸਚਾਤਾਪ ਅਤੇ ਪਛਤਾਉ.

ਪਛੋਤਾਉਣਾ, ਪਛੋਤਾਵਣਾ: ਕ੍ਰਿ- ਦੇਖੋ, ਪਛਤਾਉਣਾ. "ਐਸ਼ਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ." (ਅਨੰਦੁ)

ਪਛੋਤਾਵਾ: ਦੇਖੋ, ਪਛਤਾਵਾ. "ਪਛੋਤਾਵਾ ਨਾ ਮਿਲੈ." (ਤਿਲੰ ਮਃ ੧)

ਪਛੋਰਨਾ: ਕ੍ਰਿ- ਪਛਾੜਨਾ. ਪਟਕਣਾ. "ਹਾਥ ਪਛੋਰਹਿ ਸਿਰ ਧਰਨਿ ਲਗਾਹਿ." (ਭੈਰ ਮਃ ੫)

ਪਛੋ ਰੇ ਤਾਣੀ: ਅਰੇ ! ਪਛਤਾਈ. "ਸਾ ਪਛੋ ਰੇ ਤਾਣੀ." (ਤਿਲੰ ਮਃ ੧) ਰੇ ! ਸਾ ਪਛੋਤਾਣੀ.

ਪਛੋੜਨਾ: ਕ੍ਰਿ- ਪਛਾੜਨਾ. ਪਟਕਾਉਣਾ. ਜ਼ੋਰ ਨਾਲ ਮਾਰਨਾ. "ਸਿਰ ਹਾਥ ਪਛੋੜੈ ਅੰਧਾ ਮੂੜ." (ਗਉ ਮਃ ੫)

ਪਛੋੜੀਐ: ਪਛਾੜੀਦਾ ਹੈ. ਪਟਕਾਇਆ ਜਾਂਦਾ ਹੈ. "ਕਾਪੜ ਜਿਵੈ ਪਛੋੜੀਐ." (ਵਾਰ ਮਾਰੂ ੧. ਮਃ ੩)

ਪਛੰਡਾ: ਸੰਗਯਾ- ਪਿਛਲੇ ਪੈਰਾਂ ਦਾ ਪ੍ਰਹਾਰ. ਦੁਲੱਤਾ. "ਹਟ ਤੁਰਤ ਪਛੰਡਾ ਮਾਰਦੀਨ." (ਗੁਪ੍ਰਸੂ)

ਪੱਛ: ਦੇਖੋ, ਪਕ੍ਸ਼। ੨. ਪੰਖ. ਪਰ. ਖੰਭ। ੩. ਤ਼ਰਫ਼ਦਾਰੀ. "ਉਡ ਪੱਛ ਗਏ ਪੈ ਨ ਪੱਛ ਤਜਯੋ." (ਰਾਮਾਵ) ਜਟਾਯੁ ਦੇ ਪੰਖ

(ਪਰ) ਰਾਵਣ ਦੇ ਸ਼ਸਤ੍ਰਾਂ ਨਾਲ ਉਡਗਏ, ਪਰ ਰਾਮ ਦਾ ਪੱਖ ਨਾ ਛੱਡਿਆ। ੪. ਪਕ੍ਸ਼ੀ. ਪਰਿੰਦ. "ਸ਼ੇਰ ਜਿਮ ਭੱਛ ਪਰ, ਬਾਜ ਜਿਸ ਪੱਛ ਪਰ," (ਨਾਪ੍ਰ) ੫. ਕੁਲ. ਵੰਸ਼. "ਦੁਹੂੰ ਪੱਛ ਭੀਤਰ ਉਜਿਆਰੀ." (ਚਰਿਤ੍ਰ ੧੬੧) ਪਿਤਾ ਅਤੇ ਸਹੁਰੇ ਦੀ ਕੁਲ ਵਿੱਚ ਯਸ਼ ਵਾਲੀ। ੬. ਛੁਰੀ ਆਦਿ ਨਾਲ ਤੁਚਾ (ਖਲੜੀ) ਪੁਰ ਲਾਇਆ ਘਾਉ, ਜੋ ਗਹਿਰਾ ਨਾ ਹੋਵੇ.

ਪੱਛਣਾ: ਦੇਖੇ, ਪਛਣਾ.

ਪੱਛਰਾ: ਸੰਗਯਾ- ਅਪਸਰਾ. ਪਰੀ. ਹੂਰ. ਦੇਖੋ, ਅਪਸਰਾ ਅਤੇ ਮੱਛਰਾ.

ਪੱਛਾਲ, ਪੱਛਾਲਾ: ਵਿ- ਪੱਛ (ਪੰਖਾਂ) ਵਾਲਾ. ਪਰਦਾਰ. "ਉਡੇ ਜਣੁ ਪੱਬੰ ਪੱਛਾਲੇ." (ਰਾਮਾਵ) ਮਾਨੋ ਪੰਖਾਂ ਵਾਲੇ ਪਹਾੜ ਉਡੇ.

ਪੱਛਿ: ਦੇਖੋ. ਪਕ੍ਸ਼ੀ। ੨. ਤੀਰ.

ਪੱਛਿਣੀ, ਪੱਛਿਨੀ: ਸੰਗਯਾ- ਪੱਛਿ (ਤੀਰ) ਧਾਰਨ ਵਾਲੀ ਸੈਨਾ. ਪਰਦਾਰ ਤੀਰਾਂ ਦੇ ਰੱਖਣ ਵਾਲੀ ਫ਼ੌਜ. (ਸਨਾਮਾ)

ਪੱਛੀ: ਦੇਖੋ, ਪਕ੍ਸ਼ੀ। ੨. ਤੀਰ। ੩. ਤੱਥਾ. ਦੱਥਾ. ਪੀੜੇਹੋਏ ਗੰਨੇ ਦਾ ਫੋਗ.

ਪੱਛੀ ਅੰਤਕ: ਸੰਗਯਾ- ਪਕ੍ਸ਼ੀ (ਪਰਿੰਦ) ਦਾ ਅੰਤ ਕਰਨ ਵਾਲਾ ਤੀਰ. (ਸਨਾਮਾ) ਪੁਰਾਣੇ ਜ਼ਮਾਨੇ ਤੀਰ ਨਾਲ ਸ਼ਿਕਾਰ ਖੇਡਿਆ ਜਾਂਦਾ ਸੀ। ੨. ਬਾਜ਼.

ਪਛੂ: ਸੰ. पच्छम् ਕ੍ਰਿ. ਵਿ- ਪਦਾਂ ਕਰਕੇ. "ਕਹੂੰ ਅਛ੍ਰ ਕੇ ਪਛ੍ਰ ਕੇ ਸਿੱਧ ਸਾਧੇ." (ਅਕਾਲ) ਕਿਤੇ ਅਕ੍ਸ਼ਰਾਂ ਅਤੇ ਪਦਾਂ ਕਰਕੇ ਵਿਦ੍ਵਾਨਾਂ ਤੋਂ ਸਿੱਧ ਕੀਤੇ ਗਏ ਹੋ। ੨. ਸੰ. पृच्छय- ਪ੍ਰਿਛ੍ਯ. ਵਿ- ਪੁੱਛਣ ਲਾਇਕ. ਪ੍ਰਸ਼ਨ ਕਰਨ ਯੋਗਯ। ੩. ਪਕ੍ਸ਼ਧਰ. ਪੰਛੀ.

ਪਛ੍ਰਾ: ਸੰਗਯਾ- ਦੇਖੋ, ਪੱਛਰਾ। ੨. ਦੇਖੋ. ਅਛ੍ਰਾ ੨.

ਪਜ: ਦੇਖੋ, ਪੱਜ.

ਪਜਮੁਰਦਾ: ਫ਼ਾ. پژمُردہ ਪਜ਼ਮੁਰਦਾ. ਵਿ- ਮੁਰਝਾਇਆ ਹੋਇਆ. ਕੁਮਲਾਇਆ.

ਪਜਾਮਾ: ਫ਼ਾ. پاجامہ ਪਾਜਾਮਹ. ਸੰਗਯਾ- ਪੈਰਾਂ ਉੱਪਰ ਦੀਂ ਪਹਿਰਿਆ ਵਸਤ੍ਰ. ਘੁਟੰਨਾ. ਸਲਵਾਰ.

ਪਜਾਰ: ਦੇਖੋ, ਪੈਜਾਰ.

ਪਜਾਰਨ: ਦੇਖੋ, ਪ੍ਰਜਾਰਣ.

ਪਜਾਵਾ: ਫ਼ਾ. پژاواہ -پزاوہ -پجاوا ਪਚਾਵਾ। ਪਜ਼ਾਵਾ- ਪਜ਼ਾਵਾ. ਸੰਗਯਾ- ਆਵਾ. ਇੱਟਾਂ ਪਕਾਉਣ ਦਾ ਭੱਠਾ.

ਪਜਿ: ਪੱਜ (ਬਹਾਨੇ) ਨਾਲ. "ਛੂਟਹੁਗੇ ਕਿਤੁ ਪਜਿ" (ਮਃ ੧. ਬੰਨੋ)

ਪਜੀਰ: ਫ਼ਾ. پذیر ਪਜੀਰ. ਪਜੀਰਫ਼ਤਨ ਦਾ ਅਮਰ. ਪਸੰਦ ਕਰ। ੨. ਵਿ- ਪਸੰਦ ਕੀਤਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ- ਦਿਲਪਜੀਰ.

ਪਜੀਰਫ਼ਤਨ: ਫ਼ਾ. پذیرفتن ਪਜੀਰਫ਼ਤਨ. ਕ੍ਰਿ- ਪਸੰਦ ਕਰਨਾ। ੨. ਕਬੂਲ ਕਰਨਾ.

ਪਜੂਤ, ਪਜੂਤਾ, ਪਜੂਤੀ: ਵਿ- ਪ੍ਰਯੁਕ੍ਤ. ਚੰਗੀ ਤਰਾਂ ਜੋੜਿਆ ਹੋਇਆ। ੨. ਕੰਮ ਵਿੱਚ ਲਿਆਂਦਾ ਹੋਇਆ। ੩. ਸਹਾਰਾ ਦੇਕੇ ਪ੍ਰੇਰਿਆ ਹੋਇਆ. "ਚਰਣੀ ਚਲੈ ਪਜੂਤਾ ਆਗੈ." (ਆਸਾ ਮਃ ੧) ੪. ਫੜਿਆ ਹੋਇਆ. "ਸਾਹ ਪਜੂਤਾ ਪਜੂਤੀ ਪ੍ਰਣਵਤ ਨਾਨਕ ਲੇਖਾ ਦੇਹ." (ਆਸਾ ਮਃ ੧) ੫. ਪ੍ਰਯੁਕ੍ਤਾ. ਪ੍ਰੇਰੀ ਹੋਈ। ੬. ਫੜੀ ਹੋਈ. "ਸੀਹ ਪਜੂਤੀ ਬੱਕਰੀ." (ਭਾਗੁ)

ਪਜੇਬ: ਦੇਖੋ, ਪਾਜੇਬ.

**ਪਜੋਹਸ਼:** ਫ਼ਾ. پژوہش ਪਜੋਹਸ਼. ਸੰਗਜਾ- ਖੋਜ. ਭਾਲ. ਤਲਾਸ਼. ਦੇਖੋ, ਪਜੋਹੀਦਨ.

**ਪਜੋਹੀਦਨ:** ਫ਼ਾ. پژوہیدن ਪਜੋਹੀਦਨ. ਕ੍ਰਿ ਖੋਜਣਾ. ਢੂੰਡ ਭਾਲ ਕਰਨੀ। ੨. ਨਿਰਣੇ ਕਰਨਾ.

**ਪੱਜ:** ਸੰਗਜਾ- ਵਜਾਜ. ਬਹਾਨਾ। ੨. ਸੰ. ਪੈਰ ਤੋਂ ਪੈਦਾ ਹੋਇਆ, ਸ਼ੂਦ੍ਰ.

**ਪਟ:** ਸੰ. ਧਟ੍. ਧਾ- ਲਪੇਟਣਾ, ਹਿੱਸੇ ਕਰਨਾ, ਚਮਕਣਾ, ਬੋਲਣਾ, ਜਾਣਾ, ਜੜ ਤੋਂ ਉਖੇੜਨਾ, ਚੀਰਨਾ। ੨. ਸੰਗਜਾ- ਵਸਤ੍ਰ। ੩. ਪਟੜਾ "ਲੈ ਪਟ ਕੋ ਪਟ ਸਾਥ ਪਛਾਰਜੋ." (ਚੰਡੀ ੧) ਕਪੜੇ ਨੂੰ ਪਟੜੇ ਨਾਲ ਪਛਾੜਿਆ। ੪. ਤਹਿ. ਪਰਤ. ਦਲ. "ਪ੍ਰਿਥਵੀ ਕੇ ਖਟ ਪਟ ਉਡਗਏ." (ਚਰਿਤ੍ਰ ੪੦੫) ੫. ਤਖ਼ਤਾ. ਕਿਵਾੜ. "ਭਰਮ ਪਟ ਖੁਲੇ." (ਧਨਾ ਮਃ ੩) ੬. ਪੜਦਾ. ਕਨਾਤ। ੭. ਪੱਟ. ਰੇਸ਼ਮ. "ਘਿਅ ਪਟ ਭਾਂਡਾ ਕਹੈ ਨ ਕੋਇ." (ਤਿਲੰ ਮਃ ੧) ੮. ਉਰੁ. ਰਾਨ। ੯. ਚੱਕੀ ਦਾ ਪੁੜ. "ਚਕੀਆ ਕੇ ਸੇ ਪਟ ਬਨੇ ਗਗਨ ਭੂਮਿ ਪੁਨ ਦੋਇ." (ਚਰਿਤ੍ਰ ੮੧) ੧੦. ਕ੍ਰਿ. ਵਿ- ਭੀਤਰ. ਅੰਦਰ. ਵਿੱਚ. "ਪੂਰ ਰਹਜੋ ਸਭ ਹੀ ਘਟ ਕੇ ਪਟ." (੩੩ ਸਵੈਯੇ)

**ਪਟਈ:** ਵਿ- ਪਟਾ (ਸਨਦ) ਰੱਖਣ ਵਾਲਾ.

**ਪਟਸ:** ਦੇਖੋ, ਪੋਟਿਸ.

**ਪਟਹ:** ਸੰ. ਸੰਗਜਾ- ਪਟ- ਹਨ. ਕਪੜੇ ਦੇ ਵੱਟਕੇ ਬਣਾਏ ਹੋਏ ਕਰੜੇ ਡੱਗੇ ਨਾਲ ਵਜਾਈਏ ਜਿਸ ਨੂੰ, ਐਸਾ ਨਗਾਰਾ। ੨. ਵਡਾ ਢੋਲ। ੩. ਘੋੜੇ ਪੁਰ ਰੱਖਿਆ ਹੋਇਆ ਨਗਾਰਾ। ੪. ਪ੍ਰਾ- ਗਤਕਾ। ੫. ਸੈਫ਼. ਦੇਖੋ, ਪੱਟਿਸ.

**ਪਟਹਾ:** ਸੰਗਜਾ- ਕੱਪੜੇ ਖੋਹਣ ਵਾਲਾ, ਬਾਟਪਾਰ। ੨. ਕਪੜੇ ਨਾਲ ਗਲ ਘੁੱਟਕੇ ਮਾਰਨ ਵਾਲਾ. "ਜੋ ਪਟਹਾ ਜਨ ਘਾਵਤ ਹੈ." (ਕ੍ਰਿਸ਼ਨਾਵ) ੩. ਵਸਤ੍ਰ ਨੂੰ ਪਟੜੇ ਪੁਰ ਮਾਰਨ ਵਾਲਾ, ਧੋਬੀ.

**ਪਟਹਿ:** ਦੇਖੋ, ਪਟਹ.

**ਪਟਕਣਾ:** ਕ੍ਰਿ- ਪਛਾੜਨਾ. ਜ਼ੋਰ ਨਾਲ ਪਾਤਨ (ਡੇਗਣਾ).

**ਪਟਕਾ:** ਸੰ. ਪੱਟਕ. ਸੰਗਯਾ- ਕਮਰਬੰਦ. ਲੱਕ ਬੰਨ੍ਹਣ ਦਾ ਸਾਫਾ। ੨. ਛੋਟਾ ਸਾਫਾ ਜਾਂ ਪਰਨਾ। ੩. ਖ਼ਾ. ਉਹ ਜੀਵ, ਜੋ ਤਲਵਾਰ ਦੇ ਇੱਕ ਝਟਕੇ ਨਾਲ ਨਾ ਵੱਢਿਆ ਜਾਵੇ, ਕਿੰਤੂ ਅਧਕੱਟਿਆ ਜ਼ਮੀਨ ਪੁਰ ਪਟਕਿਆ ਜਾਵੇ. ਪਟਕੇ ਦਾ ਮਾਸ ਖਾਣਾ ਨਿਸ਼ੇਧ ਕੀਤਾ ਗਿਆ ਹੈ.

**ਪਟਕਾਰ:** ਕਪੜਾ ਬਣਾਉਣ ਵਾਲਾ, ਜੁਲਾਹਾ। ੨. ਦਰਜੀ.

**ਪਟਕੁਟੀ:** ਖ਼ੇਮਾ. ਛੋਲਦਾਰੀ. ਪਾਲ.

**ਪਟਣ:** ਸੰ. ਪੱਟਨ ਅ. ਪੱਤਨ. ਸੰਗਯਾ- ਨਗਰ. ਸ਼ਹਰ. "ਹਟ ਪਟਣ ਬਿਜ ਮੰਦਰ ਭੰਨੈ." (ਗਉ ਮਃ ੧)

**ਪਟਣਾ:** ਦੇਖੋ, ਪਟਨਾ ਅਤੇ ਪੱਟਣਾ.

**ਪਟਣੁ:** ਦੇਖੋ, ਪਟਣ.

**ਪਟਤਰ:** ਸੰਗਯਾ- ਬਰਾਬਰੀ. ਸਮਤਾ। ੨. ਉਪਮਾ. ਮਿਸਾਲ। ੩. ਕ੍ਰਿ. ਵਿ- ਤੁੱਲ. ਸਮਾਨ.

**ਪਟਤਾਲ:** ਦੇਖੋ. ਪੜਤਾਲ

**ਪਟਨ:** ਦੇਖੋ, ਪਟਣ.

ਪਟਨਾ: ਸੰ. ਪਾਟਲਿਪੁਤ੍ਰ.[745] ਗੰਗਾ ਦੇ ਸੱਜੇ ਕਿਨਾਰੇ ਬਿਹਾਰ (ਮਗਧ) ਦੀ ਰਾਜਧਾਨੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਅਸਥਾਨ ਹੋਣ ਦਾ ਮਾਨ ਪ੍ਰਾਪਤ ਹੈ. ਪਟਨਾ ਈਸਵੀ ਸਨ ਤੋਂ ਪਹਿਲਾਂ ੩੨੧- ੧੮੪ ਦੇ ਵਿਚਾਕਰ ਮੌਰਯਵੰਸ਼ ਦੀ ਰਾਜਧਾਨੀ ਰਿਹਾ ਹੈ. ਚੰਦ੍ਰਗੁਪਤ ਦੇ ਵੇਲੇ ਪਟਨੇ ਦੀ ਆਬਾਦੀ ੯. ਮੀਲ ਲੰਮੀ ਅਤੇ ਡੇਢ ਮੀਲ ਚੌੜੀ ਸੀ. ਸ਼ਹਿਰ ਦੇ ਚਾਰੇ ਪਾਸੇ ਪੱਕੀ ਕੰਧ ਬਣੀ ਹੋਈ ਸੀ, ਜਿਸ ਦੇ ੫੭੦ ਬੁਰਜ ਅਤੇ ੬੪ ਦਰਵਾਜ਼ੇ ਸਨ. ਇਸ ਦੀ ਖਾਈ (ਖੰਦਕ) ਸੱਠ ਫੁੱਟ ਚੌੜੀ ਅਤੇ ਪੈਂਤਾਲੀ ਫੁਟ ਡੂੰਘੀ ਸੀ. ਦੇਖੋ, ਚੰਦ੍ਰਗੁਪਤ.

ਪਟਨੇ ਤੋਂ ਕਲਕੱਤਾ ੩੩੨ ਅਤੇ ਲਹੌਰ ੮੪੩ ਮੀਲ ਹੈ. ਪਿਛਲੀ ਮਰਦੁਮਸ਼ੁਮਾਰੀ ਅਨੁਸਾਰ ੧੫੩੭੩੯ ਆਬਾਦੀ ਹੈ. ਔਰੰਗਜ਼ੇਬ ਨੇ ਆਪਣੇ ਪੋਤੇ ਅਜ਼ੀਮ ਨੂੰ ਪਟਨੇ ਦਾ ਗਵਰਨਰ ਥਾਪਕੇ ਨਾਮ ਅਜ਼ੀਮਾਬਾਦ ਰੱਖਿਆ ਸੀ.

ਪਟਨਾ ਸਭ ਤੋਂ ਪਹਿਲਾਂ ਰਾਜਾ ਅਜਾਤਸ਼ਤ੍ਰੂ ਨੇ ਆਬਾਦ ਕੀਤਾ ਸੀ. ਜੈਸੇ ਪੁਰਾਣੀ ਦਿੱਲੀ ਦੇ ਖੰਡਹਰ ਨਵੀਂ ਦਿੱਲੀ ਤੋਂ ਵਿੱਥ ਤੇ ਹਨ, ਤੈਸੇ ਹੀ ਪਾਟਲੀਪੁਤ੍ਰ ਦੇ ਖੰਡਹਰ ਭੀ ਪਟਨੇ ਪਾਸ ਪਾਏ ਜਾਂਦੇ ਹਨ ਅਰ ਮਹਾਰਾਜਾ ਅਸ਼ੋਕ ਦੇ ਰਾਜਭਵਨ ਦੇ ਚਿੰਨ੍ਹ ਭੀ ਮਿਲਦੇ ਹਨ. ਸੰਸਕ੍ਰਿਤ ਗ੍ਰੰਥਾਂ ਵਿੱਚ ਪਟਨੇ ਦੇ ਨਾਮ ਕੁਸੁਮਪੁਰ- ਪਦਮਾਵਤੀ- ਪੁਸ਼੍ਪਪੁਰ ਭੀ ਹਨ.

ਪਟਨੇ ਵਿੱਚ ਇਤਨੇ ਗੁਰਦ੍ਵਾਰੇ ਹਨ:-

(੧) ਹਰਿਮੰਦਿਰ- ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਜਨਮਅਸਥਾਨ. ਇਹ ਖਾਲਸੇ ਦਾ ਦੂਜਾ ਤਖ਼ਤ ਹੈ. ਇਸ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਸਾਹਿਬ ਨੇ ਬਣਵਾਈ ਹੈ. ਫੇਰ ਅਨੇਕ ਪ੍ਰੇਮੀ ਸਿੱਖਾਂ ਨੇ ਸੰਗਮਰਮਰ ਲਗਵਾਇਆ ਹੈ ਅਰ ਹੁਣ ਲਗਵਾ ਰਹੇ ਹਨ. ਇੱਥੇ ਸਤਿਗੁਰੂ ਜੀ ਦੀਆਂ ਇਹ ਵਸਤਾਂ ਹਨ

ਪੰਘੂੜਾ ਸਾਹਿਬ, ਜਿਸ ਉੱਤੇ ਬਾਲਗੁਰੂ ਵਿਰਾਜਦੇ ਰਹੇ ਹਨ.

ਦਸ਼ਮੇਸ਼ ਦੇ ਚਾਰ ਤੀਰ.

ਇੱਕ ਛੋਟੀ ਤਲਵਾਰ.

ਇੱਕ ਛੋਟਾ ਖੰਡਾ.

ਇੱਕ ਛੋਟਾ ਕਟਾਰ.

ਕਲਗੀਧਰ ਦਾ ਕੰਘਾ ਚੰਦਨ ਦਾ.

ਦਸ਼ਮੇਸ਼ ਦੀਆਂ ਖੜਾਵਾਂ ਹਾਥੀਦੰਦ ਦੀਆਂ.

ਗੁਰੂ ਤੇਗਬਹਾਦੁਰ ਸਾਹਿਬ ਦੀਆਂ ਖੜਾਵਾਂ ਚੰਦਨ ਦੀਆਂ.

ਕਲਗੀਧਰ ਬਾਲ ਅਵਸਥਾ ਵਿੱਚ ਜੋ ਗੁਰਮੁਖੀ ਅੱਖਰ ਪੈਂਤੀ ਦੇ ਲਿਖਦੇ ਰਹੇ ਹਨ, ਉਹ ਭੀ ਕਾਗਜਾਂ ਉੱਤੇ ਚਿੰਨ੍ਹਿਤ ਹਨ.

ਹਰਿਮੰਦਿਰ ਦੀ ਆਮਦਨ:-

ਬਿਹਾਰ ਦੇ ਅਮੀਰ ਗੋਪਾਲ ਸਿੰਘ ਦੀ ਗੁਰਦ੍ਵਾਰੇ ਦੇ ਨਾਮ ਲਾਈ ੪੫੦ ਵਿੱਘੇ ਜਮੀਨ, ਜਿਸ ਦੀ ਆਮਦਨ ੧੦੦੦) ਰੁਪਯਾ ਸਾਲ ਹੈ.

ਗਵਰਨਮੈਂਟ ਤੋਂ ੩੧।- )॥ ਮਾਹਵਾਰ.

ਰਿਆਸਤ ਨਾਭੇ ਤੋਂ ੫੦੦) ਸਾਲਾਨਾ.

---

[745] ਪਾਟਲ ਵਿਰਛ (Bignonia suaveolens) ਇਸ ਨਾਮ ਦਾ ਮੂਲ ਹੈ.

ਰਿਆਸਤ ਜੀਂਦ ਤੋਂ ੪੭੦) ਸਾਲਾਨਾ

ਰਿਆਸਤ ਪਟਿਆਲੇ ਤੋਂ ਦੋ ਰੁਪਯੇ ਰੋਜ ਦੇ ਹਿਸਾਬ ੭੨੦) ਰੁਪਏ ਸਾਲਾਨਾ.

ਰਿਆਸਤ ਫਰੀਦਕੋਟ ਤੋਂ ੪੫੬।) ਸਾਲਾਨਾ.

ਪਟਨੇ ਦੇ ਮਹੱਲਾ ਰਾਨੀਪੁਰ ਦੀ ੨੨ ਵਿੱਘੇ ਜਮੀਨ ਤੋਂ ੧੬੦) ਸਾਲਾਨਾ.

ਮਹੱਲਾ ਰਕਾਬਗੰਜ ਦੀ ਜਮੀਨ ਤੋਂ ੪੪।) ਸਾਲਾਨਾ.

ਮਹੱਲਾ ਜੱਲਾ ਦੀ ਜਮੀਨ ਤੋਂ ੪੦) ਸਾਲਾਨਾ.

ਨਾਭੇ ਦੇ ਸੁਰਗਵਾਸੀ ਅਹਿਲਕਾਰ ਦੀਵਾਨ ਬਿਸਨਸਿੰਘ ਜੀ ਵੱਲੋਂ ੪੭) ਸਾਲਾਨਾ.

ਗੁਰੂ ਕੇ ਬਾਗ ਦੀ ਆਮਦਨ ੫੦) ਸਾਲਾਨਾ.

(੨) ਗੁਰੂ ਕਾ ਬਾਗ- ਇਹ ਪਟਨੇ ਦੀ ਕਬਰਿਸਤਾਨ ਪਾਸ ਕਾਜੀਆਂ ਦਾ ਬਾਗ ਸੀ, ਜਦ ਗੁਰੂ ਤੇਗਬਹਾਦੁਰ ਸਾਹਿਬ ਪਟਨੇ ਆਏ ਤਾਂ ਕਾਜੀ ਨੇ ਇਹ ਭੇਟਾ ਕੀਤਾ, ਇੱਥੇ ਮੰਜੀ ਸਾਹਿਬ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਵੈਸਾਖ ਸੁਦੀ ੫. ਨੂੰ ਮੇਲਾ ਲਗਦਾ ਹੈ.

(੩) ਗੋਬਿੰਦਘਾਟ- ਗੰਗਾ ਦੇ ਕਿਨਾਰੇ ਉਹ ਘਾਟ, ਜਿੱਥੇ ਦਸ਼ਮੇਸ਼ ਜੀ ਜਲਕ੍ਰੀੜਾ ਕਰਦੇ ਅਤੇ ਕਿਸ਼ਤੀਆਂ ਤੇ ਸਵਾਰ ਹੋਕੇ ਗੰਗਾ ਦੇ ਸੈਰ ਨੂੰ ਜਾਂਦੇ ਸਨ. ਗੁਰੂ ਗ੍ਰੰਥਸਾਹਿਬ ਜੀ ਦੇ ਪ੍ਰਕਾਸ਼ ਲਈ ਛੋਟਾ ਮਕਾਨ ਬਣਿਆ ਹੋਇਆ ਹੈ.

(੪) ਬੜੀ (ਵਡੀ) ਸੰਗਤ. ਗਊਘਾਟ ਮਹੱਲੇ ਵਿੱਚ ਇਹ ਜੈਤ (ਅਥਵਾ ਜੈਤਾਮੱਲ) ਸੇਠ ਦੀ ਹਵੇਲੀ ਦੀ ਥਾਂ ਹੈ. ਗੁਰੂ ਤੇਗਬਹਾਦੁਰ ਸਾਹਿਬ ਪਟਨੇ ਵਿੱਚ ਆਕੇ ਸਭ ਤੋਂ ਪਹਿਲਾਂ ਇੱਥੇ ਹੀ ਵਿਰਾਜੇ ਹਨ. ਜੈਤ ਸੇਠ ਨੇ ਪ੍ਰੇਮਭਾਵ ਨਾਲ ਸੇਵਾ ਕੀਤੀ, ਹੁਣ ਇਹ ਸੁੰਦਰ ਗੁਰਦ੍ਵਾਰਾ ਹੈ.

(੫) ਮੈਨੀ ਸੰਗਤ. ਇਸ ਦਾ ਨਾਮ ਛੋਟੀ ਸੰਗਤ ਭੀ ਹੈ. ਦੇਖੋ ਮੈਨੀ ਸੰਗਤਿ.

(੬) ਮੋਹਨਮਾਈ ਕੀ ਸੰਗਤਿ. ਇਹ ਵੱਡੀ ਧਰਮਾਤਮਾ ਮਾਈ ਸੀ. ਕਲਗੀਧਰ ਇਸ ਦਾ ਪ੍ਰੇਮ ਭਾਵ ਜਾਣਕੇ ਕਈ ਵਾਰ ਇਸ ਦੇ ਘਰ ਚਰਣ ਪਾਂਉਂਦੇ ਅਤੇ ਚਣਿਆਂ (ਛੋਲਿਆਂ) ਦੀਆਂ ਤਲੀਆਂ ਹੋਈਆਂ ਘੁੰਘਣੀਆਂ ਛਕਦੇ. ਇਹ ਥਾਂ ਗੈਰ ਆਬਾਦ ਹੈ. ਸਿੱਖਾਂ ਦੀ ਅਨਗਹਿਲੀ ਕਰਕੇ ਗੁਰਦ੍ਵਾਰਾ ਨਹੀਂ ਬਣਿਆ।

ਪਟਨੇ ਸਾਹਿਬ ਦੇ ਗੁਰਦ੍ਵਾਰੇ ਨੰਃ ੨, ੩, ੪. ਅਤੇ ੬. ਹਰਿਮੰਦਿਰ ਦੇ ਮਹੰਤ ਦੇ ਅਧੀਨ ਹਨ. ਨੰਃ ੫. ਦੇ ਸ੍ਵਤੰਤ੍ਰ ਪ੍ਰਬੰਧਕਰਤਾ ਨਿਰਮਲੇ ਸਿੰਘ ਹਨ.

ਪਟਨਾ ਸਾਹਿਬ: ਦੇਖੋ, ਪਟਨਾ.

ਪਟਨੀ: ਸੰਗਯਾ- ਨਿਸ਼ਾਨ ਦੇ ਪਟ (ਵਸਤ੍ਰ- ਫਰਹਰੇ) ਵਾਲੀ ਸੈਨਾ. ਪਤਾਕਾ ਵਾਲੀ. (ਸਨਾਮਾ)

ਪਟਬੀਜਨਾ: ਸੰਗਯਾ- ਜੋ ਪਟਤਰ (ਸਮਾਨ) ਹੈ ਬਿਜਲੀ ਦੇ. ਚਮਕਣ ਵਾਲਾ ਪਤੰਗਾ. ਖਦਯੋਤ. ਟਨਾਣਾ ਜਗਨੂ.

ਪਟਮੰਡਪ: ਸੰਗਯਾ- ਕਪੜੇ ਦਾ ਮਕਾਨ. ਖ਼ੇਮਾ. ਤੰਬੂ.

ਪਟਰਾਣੀ, ਪਟਰਾਨੀ: ਸੰ. पट्टराज्ञी- ਪੱਟਰਾਗਜੀ. ਸੰਗਯਾ- ਪੱਟ (ਤਖ਼ਤ) ਪੁਰ ਬੈਠਣ ਵਾਲੀ ਰਾਣੀ ਜੋ ਰਾਜੇ ਦੇ ਨਾਲ ਸਿੰਘਾਸਨ ਤੇ ਬੈਠਣ ਦਾ ਅਧਿਕਾਰ ਰਖਦੀ ਹੈ. "ਬਿਨਤੀ ਕਰੈ ਪਟਰਾਨੀ." (ਭੈਰ ਨਾਮਦੇਵ)

ਪਟਲ, ਪਟਲੁ: ਸੰ. ਪਟਲ. ਸੰਗਯਾ- ਛੱਪਰ. ਛੰਨ। ੨. ਪੜਦਾ. ਆਵਰਣ. "ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ." (ਬਿਲਾ ਮਃ ੫) "ਬਿਨ ਹਰਿਨਾਮ ਨ ਟੂਟਸਿ ਪਟਲ." (ਰਾਮ ਮਃ ੫. ) ੩. ਅੱਖ ਦਾ ਪੜਦਾ। ੪. ਪਟੜਾ. ਤਖ਼ਤਾ। ੫. ਗ੍ਰੰਥ ਦਾ

ਅਧ੍ਯਾਯ ਅਥਵਾ ਕਾਂਡ ਆਦਿ ਭਾਗ। ੬. ਤਿਲਕ. ਟੀਕਾ। ੭. ਸਮੂਹ. ਗਰੋਹ। ੮. ਤੰਤ੍ਰਸ਼ਾਸਤ੍ਰ ਦੇ ਮਤ ਅਨੁਸਾਰ ਮੰਤ੍ਰ ਦਾ ਆਵਰਣਰੂਪ ਮੰਤ੍ਰ. ਮੰਤ੍ਰ ਦਾ ਸੰਪੁਟ. ਜੈਸੇ "ਓਅੰ ਨਮঃ" ਨੂੰ ਕਿਸੇ ਮੰਤ੍ਰ ਦੇ ਆਦਿ ਅਤੇ ਅੰਤ ਦੇਈਏ. ਮੁੱਢ ਓਅੰ, ਅੰਤ ਨਮঃ। ੯. ਲਾਉ ਲਸ਼ਕਰ. ਮਾਯਾ ਅਤੇ ਸੰਸਾਰੀ ਸੰਗੀ. "ਗਹੁ ਪਾਰਬ੍ਰਹਮ ਸਰਨ ਹਿਰਦੈ ਕਮਲ ਚਰਨ. ਅਵਰ ਆਸ ਕਛੁ ਪਟਲੁ ਨ ਕੀਜੈ." (ਧਨਾ ਮঃ ੫)

ਪਟਲਿ: ਪਟਲ (ਪੜਦੇ) ਕਰਕੇ. "ਪਾਰਬ੍ਰਹਮ ਮਾਇਆ ਪਟਲਿ ਬਿਸਰਿਆ." ( ਬਿਲਾ ਮঃ ੫)

ਪਟਲੁ: ਦੇਖੋ, ਪਟਲ.

ਪਟਵਾ: ਦੇਖੋ, ਪਟੂਆ। ੨. ਪਟ (ਵਸਤ੍ਰ) ਸਮੁਦਾਯ. ਕਪੜੇ. "ਭਟਵਾਨ ਕੇ ਲਾਲ ਭਏ ਪਟਵਾ." (ਕ੍ਰਿਸਨਾਵ)

ਪਟਵਾਰੀ: ਸੰਗਯਾ- ਪਟ (ਵਸਤ੍ਰ) ਰੱਖਣ ਵਾਲੀ ਦਾਸੀ. ਕਪੜਾ ਪਹਿਰਾਉਣ ਵਾਲੀ। ੨. ਪਿੰਡ ਦਾ ਪੱਤੀਵਾਰ ਹਿਸਾਬ ਰੱਖਣ ਵਾਲਾ ਕਰਮਚਾਰੀ. "ਮੋਕਉ ਨੀਤਿ ਡਸੈ ਪਟਵਾਰੀ" (ਸੂਹੀ ਕਬੀਰ) ਇੱਥੇ ਪਟਵਾਰੀ ਤੋਂ ਭਾਵ ਚਿਤ੍ਰਗੁਪਤ ਹੈ.

ਪਟੜਾ: ਸੰਗਯਾ- ਪਟ (ਤਖ਼ਤਾ). ਕਾਠ ਦਾ ਚੌਰਸ ਪਾਵੇਦਾਰ ਤਖ਼ਤਾ, ਜਿਸ ਪੁਰ ਸਨਾਨ ਕਰੀਦਾ ਅਤੇ ਵਸਤ੍ਰ ਧੋਈਦੇ ਹਨ.

ਪਟੜੀ: ਸੰਗਯਾ- ਛੋਟਾ ਪਟੜਾ। ੨. ਪਟੜੇ ਜੇਹੀ ਸਾਫ ਸੜਕ, ਜੋ ਨਦੀ ਦੇ ਕਿਨਾਰੇ ਅਥਵਾ ਸ਼ਹਰ ਦੀ ਸੜਕ ਦੇ ਕਿਨਾਰੇ ਹੁੰਦੀ ਹੈ। ੩. ਤਖ਼ਤੀ. ਲਿਖਣ ਦੀ ਪੱਟੀ। ੪. ਪੱਟ (ਉਰੁ) ਦਾ ਉੱਪਰਲਾ ਭਾਗ. "ਪਟੜੀ ਪਰ ਖਗ ਠਾਨ." (ਗੁਵਿ ੬) ਖੱਗ (ਖੜਗ) ਪੱਟ ਦੇ ਉੱਪਰ ਰੱਖਿਆ.

ਪਟਾ: ਸੰਗਯਾ- ਪਟਹ. ਕਿਰਚ ਦੇ ਆਕਾਰ ਦੀ ਪਤਲੀ ਅਤੇ ਸਿੱਧੀ ਤਲਵਾਰ. "ਪਟਾ ਭ੍ਰਮਾਯੰ ਜਿਮ ਜਮ ਧਾਯੰ." (ਰਾਮਾਵ) "ਪਟਾ ਸੇ ਪਟੰਬਰ." (ਚਰਿਤ੍ਰ ੧੭੯) ੨. ਕਾਕਪਕ੍ਸ਼. ਕਾਉਂ ਦੇ ਖੰਭ ਜੇਹੇ ਬਣਾਏ ਹੋਏ ਸਿਰ ਦੇ ਕੇਸ਼। ੩. ਪੱਟਾ. ਸਨਦ. ਅਧਿਕਾਰਪਤ੍ਰ. "ਜਮ ਕੇ ਪਟੈ ਲਿਖਾਇਆ." (ਸੋਰ ਕਬੀਰ) ੪. ਕੁੱਤੇ ਆਦਿ ਦੇ ਗਲ ਪਹਿਰਾਈ ਕੁੰਡਲਾਕਾਰ ਪੱਟੀ।੫ ਠੇਕਾ.

ਪਟਾਕ: ਅਨੁ- ਡਿਗਣ ਅਥਵਾ ਕਿਸੇ ਵਸਤੁ ਦੇ ਪਾਟਣ ਤੋਂ ਹੋਇਆ ਸ਼ਬਦ.

ਪਟਾਕਾ: ਸੰਗਯਾ- ਪਟਾਕ ਸ਼ਬਦ। ੨. ਜਿਸ ਤੋਂ ਪਟਾਕ ਸ਼ਬਦ ਉਪਜੇ ਐਸੀ ਵਸਤੁ, ਜੈਸੇ- ਆਤਸ਼ਬਾਜ਼ੀ ਦਾ ਪਟਾਕਾ.

ਪਟਾਕ੍ਸ਼ੇਪ: ਪੜਦੇ ਦਾ ਡਿਗਣਾ. ਰੰਗਸ਼ਾਲਾ (ਥੀਏਟਰ) ਵਿੱਚ ਪ੍ਰਸੰਗ ਸਮਾਪਤ ਹੋਣ ਪਰ ਪੜਦੇ ਦਾ ਪਤਨ.

ਪਟਾਨਾ: ਕ੍ਰਿ- ਭਰਵਾਉਣਾ. ਅਟਵਾਉਣਾ। ੨. ਖੁਦਵਾਉਣਾ. ਪੁਟਵਾਉਣਾ।

ਪਟਿਆਲਾ: ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਫੂਲ ਮਿਸਲ ਦੀ ਪ੍ਰਧਾਨ ਸਿੱਖਰਿਆਸਤ ਦੀ ਰਾਜਧਾਨੀ ਦਾ ਨਗਰ, ਜਿਸ ਦੀ ਨਿਉਂ ਬਾਬਾ ਆਲਾ ਸਿੰਘ ਜੀ ਨੇ ਸੰਮਤ ੧੮੧੦ ਵਿੱਚ ਰੱਖੀ ਅਤੇ ਸੰਮਤ ੧੮੨੦ (ਸਨ ੧੭੬੩) ਵਿੱਚ ਪੱਕਾ ਕਿਲਾ ਬਣਾਕੇ ਸ਼ਹਿਰ ਆਬਾਦ ਕੀਤਾ. ਇਹ ਰਾਜਪੁਰੇ ਤੋਂ ਦੱਖਣ ਪੱਛਮ ੧੬. ਮੀਲ ਹੈ, ਅਰ ਰਾਜਪੁਰਾ ਭਟਿੰਡਾ ਸਮਾਸਟਾ ਰੇਲਵੇ ਲੈਨ ਦਾ, ਰਾਜਪੁਰੇ ਤੋਂ ਦੂਜਾ ਸਟੇਸ਼ਨ ਹੈ. ਪਿਛਲੀ ਮਰਦੁਮਸ਼ੁਮਾਰੀ ਅਨੁਸਾਰ ਆਬਾਦੀ ੪੬, ੯੭੪ ਹੈ.

ਪਟਿਆਲੇ ਦਾ ਦੀਵਾਨਖ਼ਾਨਾ, ਮੋਤੀਬਾਗ, ਬਾਰਾਂਦਰੀ ਦਾ ਮਹਿਲ ਅਤੇ ਬਾਗ, ਮਹੇਂਦ੍ਰ ਕਾਲਿਜ ਅਤੇ ਰਾਜੇਂਦ੍ਰ ਹਸਪਤਾਲ ਆਦਿਕ ਅਸਥਾਨ ਦੇਖਣ ਲਾਇਕ ਹਨ.

ਪਟਿਆਲਾ ਰਿਆਸਤ

ਭਾਵੇਂ ਬਾਬਾ ਫੂਲ ਦੇ ਸੁਪੁਤ੍ਰ ਬਾਬਾ ਰਾਮਸਿੰਘ ਜੀ ਨੇ ਆਪਣੇ ਵੱਡੇ ਭਾਈ ਤਿਲੋਕਸਿੰਘ ਤੋਂ ਵੱਖ ਹੋਕੇ ਕਈ ਪਿੰਡ ਆਪਣੇ ਕਬਜੇ ਕੀਤੇ ਰਾਜਸੀ ਠਾਟ ਬਣਾ ਲਿਆ ਸੀ, ਪਰ ਪਟਿਆਲਾ ਰਾਜ ਦਾ ਮੂਲ ਬਾਬਾ ਆਲਾ ਸਿੰਘ ਜੀ ਨੂੰ ਕਹਿਣਾ ਚਾਹੀਏ, ਇਸੇ ਲਈ ਰਿਆਸਤ ਪਟਿਆਲੇ ਨੂੰ "ਬਾਬੇ ਆਲਾ ਸਿੰਘ ਦਾ ਘਰ" ਆਖਦੇ ਹਨ.

ਬਾਬਾ ਆਲਾਸਿੰਘ

ਮਾਈ ਸਾਬੀ[746] ਦੇ ਉਦਰ ਤੋਂ ਬਾਬਾ ਰਾਮਸਿੰਘ ਜੀ ਦੇ ਘਰ ਰਾਜਾ ਆਲਾ ਸਿੰਘ ਜੀ ਦਾ ਜਨਮ ਸੰਮਤ ੧੭੪੮ ਵਿੱਚ ਫੂਲ ਨਗਰ ਹੋਇਆ.[747] ਇਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਆਪਣੇ ਸ਼ੁਭ ਗੁਣਾਂ ਦੇ ਬਲ, ਲੋਕਾਂ ਦੇ ਦਿਲਾਂ ਤੇ ਪਿਆਰ ਅਤੇ ਦਬਦਬਾ ਬੈਠਾ ਦਿੱਤਾ ਸੀ. ਇਹ ਪਿਤਾ ਰਾਮ ਸਿੰਘ ਜੀ ਦੇ ਰਾਜ ਦੀ ਦਿਨੋ ਦਿਨ ਉੱਨਤੀ ਕਰਨ ਲੱਗੇ, ਕਈ ਇਲਾਕੇ ਸ਼ਮਸ਼ੇਰ ਦੇ ਜ਼ੋਰ ਅਧੀਨ ਕੀਤੇ ਅਰ ਬਰਨਾਲਾ, ਭਦੌੜ, ਪਟਿਆਲਾ ਆਦਿ ਨਗਰ ਵਸਾਏ. ਸੰਮਤ ੧੮੨੦ (ਸਨ ੧੭੬੩) ਵਿੱਚ ਸਰਹਿੰਦ ਦੇ ਸੂਬੇ ਜੈਨਖ਼ਾਨ ਨੂੰ ਜਿੱਤ ਕੇ ਸਰਹਿੰਦ ਦਾ ਇਲਾਕਾ ਆਪਣੇ ਰਾਜ ਨਾਲ ਮਿਲਾਇਆ ਅਤੇ ਗੁਰਦੁਆਰਿਆਂ ਦੀ ਸੇਵਾ ਕੀਤੀ।

ਰਾਜਾ ਆਲਾਸਿੰਘ ਜੀ ਉਦਾਰ, ਸੂਰਵੀਰ, ਗੁਰਬਾਣੀ ਦੇ ਪ੍ਰੇਮੀ, ਵਰਤਾਕੇ ਛਕਣ ਵਾਲੇ, ਨਿਰਅਭਿਮਾਨ ਅਤੇ ਨੀਤਿਨਿਪੁਣ ਸੇ, ਇਨ੍ਹਾਂ ਦੀ ਰਾਣੀ ਭਤੇਕੌਰ[748] ਭੀ ਸਰਵਗੁਣ ਭਰਪੂਰ ਅਤੇ ਪਤੀ ਦੇ ਕੰਮਾਂ ਵਿੱਚ ਹੱਥ ਵਟਾਉਣ ਵਾਲੀ ਧਰਮਾਤਮਾ ਸੀ. ਇਹ ਆਪ ਲੰਗਰ ਵਰਤਾਇਆ ਕਰਦੀ ਅਤੇ ਅਨਾਥਾਂ ਦੀ ਪੁਤ੍ਰਾਂ ਵਾਂਙ ਪਾਲਨਾ ਕਰਦੀ ਸੀ.

੨੭ ਸਾਉਣ ਸੰਮਤ ੧੮੨੨ (੨੨ ਅਗਸਤ ਸਨ ੧੭੬੫) ਨੂੰ ਬਾਬਾ ਜੀ ਦਾ ਦੇਹਾਂਤ ਪਟਿਆਲੇ ਹੋਇਆ. ਇਨ੍ਹਾਂ ਦੀ ਸਮਾਧ ਤੇ ਲੰਗਰ ਜਾਰੀ ਹੈ ਅਤੇ ਕਥਾ ਕੀਰਤਨ ਦਾ ਉੱਤਮ ਪ੍ਰਬੰਧ ਹੈ. ਪੁਜਾਰੀ ਉਦਾਸੀ ਸਾਧੂ ਹਨ.

ਰਾਜਾ ਅਮਰਸਿੰਘ

ਰਾਣੀ ਹੁਕਮਾਂ ਦੇ ਉਦਰ ਤੋਂ ਬਾਬਾ ਆਲਾਸਿੰਘ ਜੀ ਦੇ ਵੱਡੇ ਸੁਪੁਤ੍ਰ ਸਰਦੂਲ ਸਿੰਘ ਦਾ ਪੁਤ੍ਰ, ਜਿਸ ਦਾ ਜਨਮ ਹਾੜ ਵਦੀ ੭. ਸੰਮਤ ੧੮੦੫ (ਸਨ ੧੭੪੮) ਨੂੰ ਹੋਇਆ. ਟਿੱਕਾ ਸਰਦੂਲ ਸਿੰਘ ਪਿਤਾ ਦੇ ਹੁੰਦੇ ਹੀ ਸਨ ੧੭੫੩ ਵਿੱਚ ਗੁਜ਼ਰ ਗਿਆ ਸੀ. ਇਸ ਲਈ ਦਾਦਾ ਜੀ ਦੇ ਦੇਹਾਂਤ ਹੋਣ ਪੁਰ ਸਨ ੧੭੬੫ (ਸੰਮਤ ੧੮੨੨) ਵਿੱਚ ਪਟਿਆਲੇ ਦੀ ਰਾਜਗੱਦੀ ਤੇ ਰਾਜਾ ਅਮਰਸਿੰਘ ਜੀ ਵਿਰਾਜੇ. ਪੰਥ ਦੇ ਪ੍ਰਸਿਧ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲਿਏ ਤੋਂ ਅਮ੍ਰਿਤ ਛਕਿਆ.[749] ਇਨ੍ਹਾਂ ਨੇ ਬਹੁਤ ਇਲਾਕੇ ਤਲਵਾਰ ਦੇ ਜ਼ੋਰ ਆਪਣੇ ਰਾਜ ਨਾਲ ਮਿਲਾਏ ਅਤੇ ਰਾਜਪ੍ਰਬੰਧ ਦੇ ਨਿਯਮ ਕਾਇਮ ਕੀਤੇ ਅਰ ਆਪਣਾ ਸਿੱਕਾ ਚਲਾਇਆ. ਸੰਮਤ ੧੮੨੪ (ਸਨ ੧੭੬੭) ਵਿੱਚ ਅਹਮਦਸ਼ਾਹ ਅਬਦਾਲੀ ਤੋਂ ਵੀਹ ਹਜ਼ਾਰ ਹਿੰਦੂ ਮਰਦ ਇਸਤ੍ਰੀਆਂ ਨੂੰ ਕੈਦੋਂ ਛੁਡਵਾਕੇ "ਬੰਦੀਛੋੜ" ਪਦਵੀ ਪ੍ਰਾਪਤ ਕੀਤੀ. ਸੰਮਤ ੧੮੨੮ ਵਿਚੱ ਭਟਿੰਡਾ ਫਤੇ ਕੀਤਾ. ਸੰਮਤ ੧੮੩੧ ਵਿੱਚ ਸੈਫਾਬਾਦ (ਬਹਾਦਰਗੜ੍ਹ) ਆਪਣੇ ਰਾਜ ਨਾਲ ਮਿਲਾਇਆ.

ਫੱਗੁਣ ਵਦੀ ੮. ਸੰਮਤ ੧੮੩੮ (ਫਰਵਰੀ ਸਨ ੧੭੮੪ ਨੂੰ ਤੇਤੀ ਵਰ੍ਹੇ ਦੀ ਉਮਰ ਵਿੱਚ ਜਲੋਦਰ ਰੋਗ ਨਾਲ ਰਾਜਾ ਅਮਰਸਿੰਘ ਜੀ ਦਾ ਦੇਹਾਂਤ ਹੋਇਆ.

ਰਾਜਾ ਸਾਹਿਬਸਿੰਘ

ਰਾਣੀ ਰਾਜਕੌਰ ਦੇ ਉਦਰੋਂ ਰਾਜਾ ਅਮਰਸਿੰਘ ਜੀ ਦੇ ਘਰ ਰਾਜਕੁਮਾਰ ਸਾਹਿਬ ਸਿੰਘ ਜੀ ਦਾ ਜਨਮ ਭਾਦੋਂ ਵਦੀ ੧੫. ਸੰਮਤ

---

[746] ਇਹ ਬੱਟਰ ਗੋਤ ਦੇ ਜਿਮੀਦਾਰ ਨਾਨੂ ਦੀ ਸੁਪੁਤ੍ਰੀ ਸੀ.

[747] ਖ਼ਲੀਫ਼ਾ ਮੁਹੰਮਦ ਹਸਨ ਕ੍ਰਿਤ ਤਵਾਰੀਖ ਪਟਿਆਲਾ ਵਿੱਚ ਸੰਮਤ ੧੭੫੩ (ਸਨ ੧੬੯੫) ਦਾ ਜਨਮ ਲਿਖਿਆ ਹੈ.

[748] ਕਈ ਇਤਿਹਾਸਲੇਖਕਾਂ ਨੇ ਫੱਤੋ ਨਾਮ ਲਿਖਿਆ ਹੈ. ਇਹ ਖਾਨੇ ਦੇ ਚੌਧਰੀ ਕਾਲੇ ਦੀ ਸੁਪੁਤ੍ਰੀ ਸੀ.

[749] Sardar Jassa Singh had given the young chief (Amar Signh) the pahul or baptism, always a bond of affection among the Sikhs, and there was more sincere friendship between them than had existed in the time of Ala Singh. (The Rajas of the Punjab, P. 31)

੧੮੩੦ (ਸਨ ੧੭੭੩) ਨੂੰ ਹੋਇਆ. ਛੀ ਵਰ੍ਹੇ ਦੀ ਉਮਰ ਵਿੱਚ ਰਾਜਸਿੰਘਾਸਨ ਤੇ ਵਿਰਾਜੇ. ਰਾਜਪ੍ਰਬੰਧ ਮਾਈ ਹੁਕਮਾਂ ਦਾਦੀ, ਅਤੇ ਦੀਵਾਨ ਨਾਨੂ ਮੱਲ ਦੇ ਹੱਥ ਰਿਹਾ. ਰਾਣੀ ਹੁਕਮਾਂ ਦਾ ਦੇਹਾਂਤ ਹੋਣ ਪਿੱਛੋਂ ਬੀਬੀ ਰਾਜੇਂਦ੍ਰ ਕੌਰ (ਰਾਜਾ ਅਮਰਸਿੰਘ ਜੀ ਦੀ ਭੂਆ, ਜੋ ਕੌਰ ਭੂਮੀਆਸਿੰਘ ਦੀ ਸੁਪੁਤ੍ਰੀ ਅਤੇ ਫਗਵਾੜੇ ਵਿਆਹੀ ਹੋਈ ਸੀ) ਨਾਨੂਮੱਲ ਨੂੰ ਪੂਰੀ ਸਹਾਇਤਾ ਦਿੰਦੀ ਰਹੀ.

ਸੰਮਤ ੧੮੪੪ (ਸਨ ੧੭੮੭) ਵਿੱਚ ਰਾਜਾ ਸਾਹਿਬਸਿੰਘ ਜੀ ਦੀ ਸ਼ਾਦੀ ਭੰਗੀਆਂ ਦੀ ਮਿਸਲ ਦੇ ਰਤਨ ਸਰਦਾਰ ਗੰਡਾ ਸਿੰਘ ਦੀ ਸੁਪੁਤ੍ਰੀ ਰਤਨ ਕੌਰ ਨਾਲ ਵਡੀ ਧੂਮ ਧਾਮ ਸਾਥ ਅਮ੍ਰਿਤਸਰ ਹੋਈ.

ਸਨ ੧੭੯੧ ਵਿੱਚ ਬੀਬੀ ਰਾਜੇਂਦ੍ਰ ਕੌਰ ਦਾ ਦੇਹਾਂਤ ਹੋਣ ਪਿੱਛੋਂ ਬੀਬੀ ਸਾਹਿਬ ਕੌਰ (ਰਾਜਾ ਜੀ ਦੀ ਵੱਡੀ ਭੈਣ, ਜਿਸ ਦੀ ਸ਼ਾਦੀ ਸਰਦਾਰ ਹਕੀਕਤ ਸਿੰਘ ਦੇ ਪੁਤ੍ਰ ਸਰਦਾਰ ਜੈਮਲ ਸਿੰਘ ਕਨ੍ਹੈਯਾ ਮਿਸਲ ਦੇ ਸਰਦਾਰ ਨਾਲ ਫਤੇਗੜ੍ਹ ਹੋਈ ਸੀ), ਰਿਆਸਤ ਦੇ ਇੰਤਜਾਮ ਵਿੱਚ ਬਹੁਤ ਹਿੱਸਾ ਲੈਂਦੀ ਰਹੀ. ਰਾਜਾ ਸਾਹਿਬਸਿੰਘ ਜੀ ਵਡੇ ਸਿੱਧੇ ਸਭਾਉ ਵਾਲੇ, ਲਾਈਲੱਗ ਅਤੇ ਨੀਤਿਵਿਦਯਾ ਤੋਂ ਅਞਾਣ ਸਨ. ਜੇ ਕਿਤੇ ਬੀਬੀ ਸਾਹਿਬ ਕੌਰ ਰਾਜ ਦੀ ਰਖ੍ਯਾ ਨਾ ਕਰਦੀ, ਤਾਂ ਬਿਨਾ ਸੰਸੇ ਪਟਿਆਲੇ ਤੇ ਅਨੇਕ ਆਫਤਾਂ ਆ ਪੈਂਦੀਆਂ. ਸਨ ੧੭੯੪ ਵਿੱਚ ਅਨੰਤਰਾਉ ਅਤੇ ਲਛਮਨਰਾਉ ਮਰਹਟੇ ਜਦ ਪਟਿਆਲੇ ਤੇ ਚੜ੍ਹ ਆਏ, ਤਾਂ ਮਰਦਾਨਪੁਰ ਦੇ ਮੈਦਾਨਜੰਗ ਵਿੱਚ ਸਿੱਖਾਂ ਦੇ ਪੈਰ ਹਿਲਦੇ ਦੇਖਕੇ ਬੀਬੀ ਸਾਹਿਬ ਕੌਰ ਰਥੋਂ ਉਤਰਕੇ ਤਲਵਾਰ ਧੂਹਕੇ ਘੋੜੇ ਤੇ ਚੜ੍ਹ ਬੈਠੀ ਅਤੇ ਫੌਜ ਦੀ ਆਗੂ ਬਣੀ, ਅਰ ਅੱਖ ਦੇ ਫੋਰ ਵਿੱਚ ਮੈਦਾਨ ਜਿੱਤਕੇ ਫਤੇ ਦਾ ਡੰਕਾ ਵਜਾਉਂਦੀ ਪਟਿਆਲੇ ਆਈ. ਸਨ ੧੭੯੬ ਵਿੱਚ ਨਾਹਨ ਰਾਜ ਅੰਦਰ ਜਦ ਅਸ਼ਾਂਤੀ ਫੈਲੀ, ਤਾਂ ਬੀਬੀ ਸਾਹਿਬ ਕੌਰ ਨੇ ਰਾਜੇ ਦੀ ਬੇਨਤੀ ਮੰਨਕੇ ਆਪਣੀ ਫੌਜ ਲੈਜਾਕੇ ਉੱਥੇ ਅਮਨ ਕਾਇਮ ਕੀਤਾ.

ਸਨ ੧੭੯੯ (ਸੰਮਤ ੧੮੫੬) ਵਿੱਚ ਬੀਬੀ ਸਾਹਿਬ ਕੌਰ ਦਾ ਦੇਹਾਂਤ ਹੋਣ ਪੁਰ ਰਾਣੀ ਆਸਕੌਰ (ਰਾਜਾ ਸਾਹਿਬ ਸਿੰਘ ਜੀ ਦੀ ਪਟਰਾਣੀ) ਰਾਜਕਾਜ ਚੰਗੀ ਤਰਾਂ ਚਲਾਉਂਦੀ ਰਹੀ.

ਰਾਜਾ ਸਾਹਿਬਸਿੰਘ ਜੀ ਦੇ ਵੇਲੇ ਹੀ ਦੂਰੰਦੇਸ਼ ਫੂਲਕੀਆਂ ਰਿਆਸਤਾਂ ਬ੍ਰਿਟਿਸ਼ਰਾਜ ਦੀ ਰਖ੍ਯਾ ਅੰਦਰ ਆਈਆਂ.[750]

ਚੇਤ ਵਦੀ ੯. ਸੰਮਤ ੧੮੬੯ (੨੬ ਮਾਰਚ ਸਨ ੧੮੧੩) ਨੂੰ ਰਾਜਾ ਸਾਹਿਬਸਿੰਘ ਜੀ ਦਾ ਦੇਹਾਂਤ ਪਟਿਆਲੇ ਹੋਇਆ.

ਮਹਾਰਾਜਾ ਕਰਮਸਿੰਘ

ਸਰਦਾਰ ਗੁਰਦਾਸਸਿੰਘ ਚੱਠੇ ਦੀ ਸੁਪੁਤ੍ਰੀ ਰਾਣੀ ਆਸਕੌਰ[751] ਦੇ ਉਦਰ ਤੋਂ ਰਾਜਾ ਸਾਹਿਬਸਿੰਘ ਜੀ ਦੇ ਘਰ ਮਹਾਰਾਜਾ ਕਰਮਸਿੰਘ ਜੀ ਦਾ ਜਨਮ ਅੱਸੂ ਸੁਦੀ ੫. ਸੰਮਤ ੧੮੫੫ (੧੬ ਅਕਤੂਬਰ ਸਨ ੧੭੯੮) ਨੂੰ ਹੋਇਆ.

ਹਾੜ੍ਹ ਸੁਦੀ ੨. ਸੰਮਤ ੧੮੭੦ (੩੦ ਜੂਨ ੧੮੧੩) ਨੂੰ ਪਟਿਆਲੇ ਦੇ ਰਾਜ ਸਿੰਘਾਸਨ ਤੇ ਵਿਰਾਜੇ. ਰਿਆਸਤ ਦਾ ਪ੍ਰਬੰਧ ਰਾਣੀ ਆਸਕੌਰ ਅਤੇ ਮਿੱਸਰ ਨੌਧੇ (ਨੌਨਿਧਿਰਾਇ) ਦੇ ਸੁਪੁਰਦ ਰਿਹਾ.

ਮਹਾਰਾਜੇ ਦੀ ਸ਼ਾਦੀ ਸਰਦਾਰ ਭੰਗਾਸਿੰਘ ਰਈਸ ਥਨੇਸਰ ਦੀ ਸੁਪੁਤ੍ਰੀ ਰੂਪਕੌਰ ਨਾਲ ਹੋਈ. ਸਨ ੧੮੧੦ ਵਿੱਚ ਮਹਾਰਾਜਾ ਪਦਵੀ ਮਿਲੀ. ਸਨ ੧੮੧੪ ਦੇ ਗੋਰਖਾ ਜੰਗ ਵਿੱਚ ਮਹਾਰਾਜਾ ਕਰਮਸਿੰਘ ਜੀ ਨੇ ਗਵਰਨਮੈਂਟ ਨੂੰ ਸਹਾਇਤਾ ਦਿੱਤੀ ਅਤੇ ਪਹਾੜ ਦਾ ਇਲਾਕਾ ਪ੍ਰਾਪਤ ਕੀਤਾ. ਮਾਈ ਆਸਕੌਰ ਨੇ ਸਨ ੧੮੧੮ ਵਿੱਚ ਪੁਤ੍ਰ ਦੇ ਹੱਥ ਰਾਜ ਕਾਜ ਦਾ ਭਾਰ ਦਿੱਤਾ, ਜਿਸ ਨੂੰ ਉਸ ਨੇ ਉੱਤਮ ਰੀਤਿ ਨਾਲ ਨਿਬਾਹਿਆ.

ਸਨ ੧੮੨੭ ਵਿੱਚ ਮਹਾਰਾਜਾ ਨੇ ਗਵਰਨਮੈਂਟ ਨੂੰ ੨੦. ਲੱਖ ਰੁਪਯਾ ਕਰਜ ਦਿੱਤਾ. ਸਨ ੧੮੪੫ ਦੇ ਸਿੱਖ ਜੰਗ ਸਮੇਂ ਸਰਕਾਰ ਦੀ ਸਹਾਇਤਾ ਕੀਤੀ. ਮਹਾਰਾਜਾ ਕਰਮਸਿੰਘ ਜੀ ਪੂਰਣ ਗੁਰਸਿੱਖ, ਸ਼ੂਰਵੀਰ, ਨਿਰਵਿਕਾਰ ਅਤੇ ਰਾਜ ਦਾ ਪ੍ਰਬੰਧ ਕਰਨ

---

[750] ਦੇਖੋ Mr. Metcalf ਦਾ ਮਹਾਰਾਜਾ ਰਣਜੀਤ ਸਿੰਘ ਨੂੰ ਭੇਜਿਆ ਨੋਟ ੧੨. ਦਿਸੰਬਰ ਸਨ ੧੮੦੮ ਦਾ.

[751] ਇਸ ਦੀ ਸ਼ਾਦੀ ਰਾਜਾ ਸਾਹਿਬ ਸਿੰਘ ਜੀ ਨਾਲ ਸਨ ੧੭੯੨ ਵਿੱਚ ਹੋਈ ਸੀ.

ਵਿੱਚ ਵਡੇ ਚਤੁਰ ਸਨ. ਇਨ੍ਹਾਂ ਨੇ ਆਪਣੀ ਰਿਆਸਤ ਅੰਦਰ ਜਿਤਨੇ ਗੁਰਦ੍ਵਾਰੇ ਸਨ ਸਾਰੇ ਪਕੇ ਬਣਵਾਏ ਅਤੇ ਉਨ੍ਹਾਂ ਨਾਲ ਜਾਗੀਰਾਂ ਲਾਈਆਂ.

ਮਹਾਰਾਜਾ ਦਾ ਦੇਹਾਂਤ ੨੩ ਦਿਸੰਬਰ ਸਨ ੧੮੪੫ (ਸੰਮਤ ੧੯੦੨) ਨੂੰ ਪਟਿਆਲੇ ਹੋਇਆ.

ਮਹਾਰਾਜ ਨਰੇਂਦ੍ਰਸਿੰਘ

ਮਹਾਰਾਜਾ ਕਰਮਸਿੰਘ ਸਾਹਿਬ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ਮੱਘਰ ਵਦੀ ੧੦. ਸੰਮਤ ੧੮੮੦ (੨੬ ਨਵੰਬਰ ਸਨ ੧੮੨੩) ਨੂੰ ਹੋਇਆ. ਆਪ ਤੇਈ ਵਰ੍ਹੇ ਦੀ ਉਮਰ ਵਿੱਚ ਮਾਘ ਵਦੀ ੬. ਸੰਮਤ ੧੯੦੨ (੧੮ ਜਨਵਰੀ ਸਨ ੧੮੪੬) ਨੂੰ ਪਟਿਆਲੇ ਦੇ ਤਖਤ ਤੇ ਵਿਰਾਜੇ ਅਤੇ ਰਾਜ ਦਾ ਪ੍ਰਬੰਧ ਬਹੁਤ ਯੋਗਯਤਾ ਨਾਲ ਕੀਤਾ. ਮਹਾਰਾਜਾ ਦਾ ਦਰਬਾਰ ਸੂਰਵੀਰ ਯੋਧਿਆਂ, ਪੰਡਿਤਾਂ, ਉੱਤਮ ਕਵੀਆਂ ਅਰ ਗਵੈਯਾਂ ਨਾਲ ਭਰਪੂਰ ਰਹਿੰਦਾ ਸੀ.

ਫਰਵਰੀ ਸਨ ੧੮੪੭ ਵਿੱਚ ਆਪ ਨੂੰ ਗਵਰਨਮੈਂਟ ਵੱਲੋਂ ਦਸ ਹਜ਼ਾਰ ਰੁਪਯੇ ਸਾਲਾਨਾ ਆਮਦਨ ਦਾ ਇਲਾਕਾ ਮਿਲਿਆ ਅਰ ਖਿਲਤ ੪੧ ਕਿਸ਼ਤੀ ਦਾ ਅਤੇ ਸਲਾਮੀ ਤੋਪਾਂ ਦੀ ਹੋਈ. ਸਿੱਖਜੰਗਾਂ ਵਿੱਚ ਗਵਰਨਮੈਂਟ ਨੂੰ ਸਹਾਇਤਾ ਦਿੱਤੀ ਅਤੇ ਨਵਾਂ ਇਲਾਕਾ ਪ੍ਰਾਪਤ ਕੀਤਾ.

ਸਨ ੧੮੫੭- ੫੮ (ਸੰਮਤ ੧੯੧੪) ਦੇ ਗਦਰ ਵੇਲੇ ਮਹਾਰਾਜਾ ਸਾਹਿਬ ਨੇ ਆਪਣੇ ਤਾਈਂ ਗਵਰਨਮੈਂਟ ਬਰਤਾਨੀਆਂ ਦਾ ਸੱਚਾ ਮਿਤ੍ਰ ਸਿੱਧ ਕੀਤਾ.[752]

ਸਨ ੧੮੫੮ ਵਿੱਚ ਧੋਲਪੁਰ, ਗਵਾਲੀਅਰ ਅਤੇ ਅਵਧ ਵਿੱਚ ਆਪਣੀ ਫੌਜ ਭੇਜਕੇ ਅਮਨ ਕਾਇਮ ਕੀਤਾ. ਸਰਕਾਰ ਅੰਗ੍ਰੇਜ਼ੀ ਨੇ ਮਹਾਰਾਜਾ ਸਾਹਿਬ ਦਾ ਉਪਕਾਰ ਮੰਨਕੇ ਨਵਾਬ ਝੱਜਰ ਦਾ ਜਬਤ ਕੀਤਾ ਇਲਾਕਾ ਨਾਰਨੌਲ, ਰਿਆਸਤ ਨੂੰ ਦਿੱਤਾ, ਅਰ ਮੁਤਬੰਨਾ ਕਰਨ, ਪ੍ਰਾਣਦੰਡ ਦੇਣ ਆਦਿਕ ਅਧਿਕਾਰ ਜੋ ਗਵਰਨਮੈਂਟ ਤੋਂ ਮੰਗ ਰੱਖੇ ਸਨ, ਉਹ ਪ੍ਰਾਪਤ ਹੋਏ.[753]

---

[752] : During the disturbances of 1857-58 no prince in India showed greater loyalty or rendered more conspicuous service to the British Government than the Maharaja of Patiala. He was the acknowledged head of the Sikhs, and his hesitation or disloyalty would have been attended with the most disastrous results, while his ability, character, and high position would have made him a most formidable leader against the Government. But following the honourable impulses of gratitude and loyalty, he unhesitatingly placed his whole power, resources, and influence at the absolute command of the English, and during the darkest and most doubtful days of the mutiny, he never for a moment wavered in his loyalty, but, on the contrary, redoubled his exertions when less sincere friends thought it politic to relax theirs. ×××

His support at such a crisis was worth a brigade of English troops to us and served more to tranquillise the people than a hundred official disclaimers would have done. ××

He also gave a loan of five lakhs of rupees to Government, and expressed his willingness to double this amount, but no more was required of him.

The Patiala contingent employed in the British cause during 1857, consisted of 8 guns, 2156 horse, 2846 infantry, with 156 officers, the most distinguished of whom were Sirdar Partab Singh and Syad Muhammad Hussain, who commanded the detatchment at Delhi, Kaur Dip Singh at Thanesar, Hira Singh and Hadra Singh at Ambala, Sirdar Karam Singh and Kahan Singh at Hissar, Sirdar Dal Singh and Fateh Singh at Hansi, and Sirdar Jiun Singh at Firodpur. (The Rajas of the Punjab, P. 213, 214, 216).

[753] The three Phulkian Chiefs accordingly, solicited, in 1858, that the power of life and death

੧੮ ਜਨਵਰੀ ਸਨ ੧੮੬੦ ਨੂੰ ਲਾਰਡ ਕੈਨਿੰਗ (Lord Canning) ਨੇ ਅੰਬਾਲੇ ਦਰਬਾਰ ਕਰਕੇ ਸਰਕਾਰ ਵੱਲੋਂ ਮਹਾਰਾਜ ਦਾ ਧੰਨਵਾਦ ਕੀਤਾ.

ਸਨ ੧੮੬੧ ਵਿੱਚ ਮਹਾਰਾਜਾ ਨੂੰ ਕੇ. ਸੀ. ਐਸ. ਆਈ. ਦਾ ਖਿਤਾਬ ਮਿਲਿਆ, ਅਰ ਜਨਵਰੀ ਸਨ ੧੮੬੨ ਦੀ ਕੌਂਸਲ ਦੇ ਇਜਲਾਸ ਵਿੱਚ ਮੈਂਬਰ ਹੋਕੇ ਕਲਕੱਤੇ ਬੈਠੇ.

ਆਪ ਨੇ ਗਵਰਨਮੈਂਟ ਨਾਲ ਜੋ ਰਾਜਪ੍ਰਬੰਧ ਦੇ ਸੰਬੰਧ ਵਿੱਚ ਅਹਿਦੋਪੈਮਾਨ ਥਾਪੇ ਹਨ, ਉਨ੍ਹਾਂ ਤੋਂ ਆਪ ਦੀ ਨੀਤਿਵਿਦਯਾ ਦਾ ਪੂਰਾ ਗਜਾਨ ਹੁੰਦਾ ਹੈ.

ਖਾਲਸਾਪੰਥ ਦੇ ਹਿਤ ਲਈ ਆਪਨੇ ਸੰਮਤ ੧੯੧੮ ਵਿੱਚ ਨਿਰਮਲੇਸਿੰਘਾਂ ਦਾ ਅਖਾੜਾ "ਧਰਮਧੁਜਾ", ਦੋ ਸਾਥੀ ਰਿਆਸਤਾਂ ਨਾਲ ਮਿਲਕੇ ਰਚਿਆ. ਗੁਰੂ ਤੇਗਬਹਾਦੁਰ ਸਾਹਿਬ ਦਾ ਸੁੰਦਰ ਗੁਰਦ੍ਵਾਰਾ, ਮੋਤੀਬਾਗ ਦੇ ਸਾਮ੍ਹਣੇ ਬਣਾਕੇ ਕਥਾਕੀਰਤਨ ਅਤੇ ਲੰਗਰ ਦੀ ਮਰਯਾਦਾ ਕਾਇਮ ਕੀਤੀ.

ਉਨਤਾਲੀ ਵਰ੍ਹੇ ਦੀ ਉਮਰ ਵਿੱਚ ੧੩. ਨਵੰਬਰ ਸਨ ੧੮੬੨ (ਸੰਮਤ ੧੯੧੯) ਨੂੰ ਆਪ ਦਾ ਦੇਹਾਂਤ ਪਟਿਆਲੇ ਹੋਇਆ.

ਫੂਲਕੀਆਂ ਰਿਆਸਤਾਂ ਵਿੱਚ ਇਹ ਪਹਿਲਾ ਸਮਾ ਸੀ, ਜਦ ਇੱਕ ਸਮੇਂ ਵਿੱਚ ਤਿੰਨੇ ਰਈਸ (ਮਹਾਰਾਜਾ ਨਰੇਂਦ੍ਰਸਿੰਘ ਜੀ, ਰਾਜਾ ਭਰਪੂਰਸਿੰਘ ਜੀ, ਰਾਜਾ ਸਰੂਪ ਸਿੰਘ ਜੀ) ਪੂਰੇ ਨੀਤਿਵੇੱਤਾ, ਪ੍ਰਜਾ ਦੇ ਪਿਆਰੇ ਅਤੇ ਹੋਰ ਰਾਜਿਆਂ ਲਈ ਉਦਾਹਣ੍ਰੂਪ ਹੋਏ, ਪਰ ਪ੍ਰਜਾ ਦੀ ਬਦਕਿਸਮਤੀ ਦੇ ਕਾਰਣ ਇਹ ਤਿੰਨੇ ਰਤਨ ਥੋੜੇ ਸਮੇ ਅੰਦਰ ਹੀ ਲੋਪ ਹੋ ਗਏ, ਜਿਸ ਤੋਂ ਫੇਰ ਅਜੇ ਤਕ ਉਹ ਸੁਭਾਗੀ ਸਮਾਂ ਨਹੀਂ ਆਇਆ.

ਭਾਈ ਸਾਹਿਬਸਿੰਘ ਜੀ (ਮ੍ਰਿਗਿੰਦ) ਸੰਗਰੂਰ ਨਿਵਾਸੀ ਨੇ ਇਨ੍ਹਾਂ ਤੇਹਾਂ ਮਹਾਰਾਜਿਆਂ ਬਾਬਤ ਲਿਖਿਆ ਹੈ-

ਕੈਧੋ ਦੇਵ ਤ੍ਰਈ ਧਰਾ ਏਕਮਈ ਹੋਤ ਦੇਖ

ਧਾਏ ਅਵਤਾਰ ਧਾਰ ਹੱਦ ਹਿੰਦਵਾਨ ਕੀ,

ਨ੍ਰਿਪਤਿ ਨਰੇਂਦ੍ਰਸਿੰਘ ਸ੍ਰੀਪਤਿ ਸਰੂਪਸਿੰਘ

ਭੂਪਤਿ ਭ੍ਰਪੁਰਸਿੰਘ ਅਵਧ ਨ੍ਰਿਧਾਨ ਕੀ,

---

might be again restored to them. During the mutiny, indeed, it had been restored, for, without it, they could never have maintained order in there territories, and they were then specially authorised to execute heinous offenders without reference to the Commissioner; and the Goverment, in 1858, granted them the right fully and absolutely, as they desired, considering that they might with safety be entrusted with the power. ×××

The second request of the Chiefs was, that in case of a minority in anyone of the three houses, a Council of Regency, formed of three of the old and trusted servants of the State, should be appointed by the British Agent and the other two Phulkian Chiefs, while, from this Council strangers and the relatives of the minor should be excluded. The Government agreed to this request.

The third and fourth clauses of the memorial of the chiefs asked for the right of adoption, in default of male issue, from among the members of the Phulkian family; and in case of the death of a chief without male issue and without having adopted an heir, that the two remaining Chiefs should have power to elect a successor from the same family.

(The Raja of the Punjab, p. 224, 225)

ਸੰਮਤ ਉਨੀ ਸੌ ਉੱਨੀਂ ਅਗਹਨ ਅਸਿਤ ਸਾਤੈ[754]

ਸ੍ਰੀ ਨਰੇਂਦ੍ਰਸਿੰਘ ਜੀ ਜੋ ਬੈਕੁੰਠ ਪਯਾਨ ਕੀ,

ਬੀਸੇ ਬਦੀ ਕਾਤਕ ਤ੍ਰਯੋਦਸ਼ੀ ਭੂਪੁਰਸਿੰਘ

ਮਾਘ ਬਦੀ ਤੀਜ ਸ੍ਰੀ ਸਰੂਪਸਿੰਘ ਯਾਨ[755]

ਕੀ, ਜਗ ਉਜਿਆਰੇ ਭੁਜਭਾਰੇ ਨੀਤਿ ਨੇਮ ਵਾਰੇ

ਤੀਨੋ ਤ੍ਰਈਵੇਦ ਕੇ ਨਿਤਾਂਤ ਭੇਦਵਾਰੇ ਹੈਂ,

ਦਾਨਾ ਦੀਨਬੰਧੁ ਦਯਾਸਿੰਧੁ ਹੈਂ ਉਦਾਰ ਦਾਨੀ

ਸਾਫ ਇਨਸਾਫ ਕੇ ਔਸਾਫ ਵਪੁ ਧਾਰੇ ਹੈਂ,

ਤੀਨਹੁ ਤ੍ਰਿਵਿਕ੍ਰਮ ਤ੍ਰਿਬੇਨੀ ਕੀ "ਮ੍ਰਿਗਿੰਦ" ਧਾਰਾ

ਤੀਨਹੂੰ ਭੁਵਨ ਜਸ ਪੂਰ ਬਿਸਤਾਰੇ ਹੈਂ,

ਅਰਸੇ ਖ਼ਫ਼ੀਫ਼ ਮੇ ਸ਼ਰੀਫ਼ ਯੇ ਰਈਸ ਤੀਨੋ

ਦੇਖੀਏ ! ਬੈਕੁੰਠ ਤਸ਼ਰੀਫ਼ ਲੇ ਪਧਾਰੇ ਹੈਂ.

ਮਹਾਰਾਜਾ ਮਹੇਂਦ੍ਰਸਿੰਘ

ਮਹਾਰਾਜਾ ਨਰੇਂਦ੍ਰਸਿੰਘ ਜੀ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ੧੬. ਸਿਤੰਬਰ ਸਨ ੧੮੫੨ (ਸੰਮਤ ੧੯੧੦) ਨੂੰ ਹੋਇਆ. ਪਿਤਾ ਦੇ ਦੇਹਾਂਤ ਹੋਣ ਪੁਰ ਦਸ ਵਰ੍ਹੇ ਚਾਰ ਮਹੀਨੇ ਦੀ ਉਮਰ ਵਿੱਚ, ਮਾਘ ਸੁਦੀ ੧੦. ਸੰਮਤ ੧੯੧੯ (੨੯ ਜਨਵਰੀ ਸਨ ੧੮੬੨) ਨੂੰ ਮਸਨਦਨਸ਼ੀਨ ਹੋਏ. ਆਪਦੀ ਨਾਬਾਲਗੀ ਦੀ ਹਾਲਤ ਵਿੱਚ ਕੌਂਸਲ (The council of Regency) ਨੇ ਰਾਜ ਦਾ ਪ੍ਰਬੰਧ ਕੀਤਾ[756] ਫਰਵਰੀ ਸਨ ੧੮੭੦ ਵਿੱਚ ਮਹਾਰਾਜਾ ਸਾਹਿਬ ਨੇ ਰਾਜਕਾਜ ਦੇ ਪੂਰੇ ਅਖਤਿਆਰ ਆਪਣੇ ਹੱਥ ਲਏ.

ਮਹਾਰਾਜਾ ਮਹੇਂਦ੍ਰਸਿੰਘ ਜੀ ਦੀ ਅਮਲਦਾਰੀ ਵਿੱਚ ਸਰਹਿੰਦ ਕਨਾਲ (Canal) ਰੋਪੜ ਤੋਂ ਕੱਢਣੀ ਤਜਵੀਜ਼ ਹੋਈ, ਜਿਸ ਤੇ ਇੱਕ ਕਰੋੜ ਤੇਈ ਲੱਖ ਰੁਪਯਾ ਰਿਆਸਤ ਦੇ ਹਿੱਸੇ ਦਾ ਖਰਚ ਹੋਇਆ.[757]

ਅੰਗ੍ਰੇਜ਼ੀਭਾਸ਼ਾ ਦੇ ਗਜਾਤਾ ਇਹ ਪਹਿਲੇ ਮਹਾਰਾਜਾ ਪਟਿਆਲਾ ਸਨ. ਆਪ ਨੂੰ ਵਿਦਯਾ ਨਾਲ ਅਪਾਰ ਪ੍ਰੇਮ ਸੀ. ਸਨ ੧੮੭੦ ਵਿੱਚ ਇਨ੍ਹਾਂ ਨੇ ਯੂਨੀਵਰਸਿਟੀ ਪੰਜਾਬ ਨੂੰ ੭੦੦੦੦) ਦਾਨ ਦਿੱਤਾ, ਸਨ ੧੮੭੧ ਵਿੱਚ ਗਵਰਨਮੈਂਟ ਵੱਲੋਂ ਆਪ ਨੂੰ ਜੀ. ਸੀ. ਐਸ. ਆਈ. ਦਾ ਖਿਤਾਬ ਮਿਲਿਆ. ਸਨ ੧੮੭੩ ਵਿੱਚ ਬੰਗਾਲ ਦੇ ਦੁਰਭਿੱਖਗ੍ਰਸੇ ਦੁਖੀਆਂ ਦੀ ਸਹਾਇਤਾ ਲਈ ਮਹਾਰਾਜਾ ਨੇ ਦਸ ਲੱਖ ਰੁਪਯਾ ਬਖਸ਼ਿਆ.

---

[754] ਅਗ੍ਰਹਾਯਣ (ਮੱਘਰ) ਬਦੀ ੭.

[755] ਸਵਾਰੀ, ਪਰਲੋਕਯਾਤ੍ਰਾ.

[756] ਇਸ ਕੌਂਸਲ ਦੇ ਮੈਂਬਰ ਸਰਦਾਰ ਜਗਦੀਸ਼ ਸਿੰਘ, ਬਖ਼ਸ਼ੀ ਉਦਯਸਿੰਘ ਅਤੇ ਰਹੀਮਬਖ਼ਸ਼ ਸਨ

[757] ਇਸ ਨਹਿਰ ਦੇ ਕੱਢਣ ਦੀ ਤਜਵੀਜ ਮਹਾਰਾਜ ਨਰੇਂਦ੍ਰਸਿੰਘ ਜੀ ਨੇ ਸਨ ੧੮੬੧ ਵਿੱਚ ਕੀਤੀ ਸੀ, ਅਤੇ ਉਨ੍ਹਾਂ ਦਾ ਖਿਆਲ ਸੀ ਕਿ ਇਹ ਨਹਿਰ ਪਟਿਆਲੇ ਦੇ ਹੀ ਖਰਚ ਨਾਲ ਬਣੇ ਅਰ ਸਾਰੇ ਇਲਾਕੇ ਨੂੰ ਸਰਸਬਜ਼ ਕਰੇ. ਦੇਖੋ, ਗ੍ਰਿਫ਼ਨ ਸਾਹਿਬ ਦੀ "ਪੰਜਾਬ ਰਾਜਾਜ਼" ਪੰਨਾ ੨੪੭.

ਇਹ ਨਹਿਰ ਸਨ ੧੮੮੨ ਵਿੱਚ ਲਾਰਡ ਰਿਪਨ ਦੇ ਸਮੇ ਮਹਾਰਾਜਾ ਰਾਜੇਂਦ੍ਰਸਿੰਘ ਜੀ ਦੇ ਅਹਿਦ ਵਿੱਚ ਖੋਲੀ ਗਈ ਹੈ. ਦੇਖੋ, ਸ਼ਤਦ੍ਰਵ ਸ਼ਬਦ.

੨੯ ਮਾਰਚ ਸਨ ੧੮੭੫ ਨੂੰ ਵਾਇਸਰਾਇ ਹਿੰਦ (Earl Northbrook) ਦੇ ਪਟਿਆਲੇ ਆਉਣ ਸਮੇਂ ਮਹਾਰਾਜ ਸਾਹਿਬ ਨੇ ਮਹੇਂਦ੍ਰਕਾਲਿਜ ਦੀ ਨਿਉਂ ਰੱਖੀ, ਜਿਸ ਵਿੱਚ ਸਭ ਨੂੰ ਮੁਫ਼ਤ ਵਿਦ੍ਯਾ ਮਿਲਦੀ ਹੈ.

ਮਹਾਰਾਜਾ ਮਹੇਂਦ੍ਰਸਿੰਘ ਜੀ ਕੱਦਾਵਰ, ਦਿਲੇਰ, ਚਤੁਰ ਅਤੇ ਵੱਡੇ ਸ਼ਹਸਵਾਰ ਸਨ. ਆਪ ਨੂੰ ਸ਼ਿਕਾਰ ਅਤੇ ਸੈਰ ਦਾ ਭਾਰੀ ਸ਼ੌਕ ਸੀ. ਸ਼ੋਕ ਹੈ ਕਿ ਆਪ ਦੀ ਉਮਰ ਵਿੱਚ ਬਰਕਤ ਨਾ ਹੋਈ. ੧੪. ਅਪ੍ਰੈਲ ਸਨ ੧੮੭੬ (ਸੰਮਤ ੧੯੩੩) ਨੂੰ ਆਪ ਦੀ ਅਕਾਲ- ਮ੍ਰਿਤ੍ਯੁ ਹੋਣ ਪੁਰ ਸਾਰੇ ਪੰਜਾਬ ਨੇ ਵਡਾ ਸ਼ੋਕ ਮਨਾਇਆ.

ਮਹਾਰਾਜਾ ਰਾਜੇਂਦ੍ਰਸਿੰਘ

ਮਹਾਰਾਜਾ ਮਹੇਂਦ੍ਰਸਿੰਘ ਜੀ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ਜੇਠ ਵਦੀ ੪. ਸੰਮਤ ੧੯੨੯ (੨੫ ਮਈ ਸਨ ੧੮੭੨) ਨੂੰ ਹੋਇਆ. ੬. ਜਨਵਰੀ ਸਨ ੧੮੭੭ ਨੂੰ ਰਾਜਸਿੰਘਾਸਨ ਤੇ ਵਿਰਾਜੇ. ਆਪ ਦੀ ਨਾਬਾਲਗੀ ਦੇ ਸਮੇਂ ਰਾਜ ਦਾ ਪ੍ਰਬੰਧ ਕੌਂਸਲ ਆਵ ਰੀਜੈਂਸੀ ਨੇ ਕੀਤਾ[758]. ਰਾਜਪੁਰਾ ਭਟਿੰਡਾ ਰੇਲਵੇ ਲੈਨ ਰਿਆਸਤ ਦੇ ਖ਼ਰਚ ਤੋਂ ਤਿਆਰ ਹੋਈ, ਜੋ ਸਨ ੧੮੮੯ ਵਿੱਚ ਖੋਲ੍ਹੀ ਗਈ.

ਸਨ ੧੮੭੯ ਦੇ ਕਾਬੁਲਜੰਗ ਵਿੱਚ ਫੌਜ ਭੇਜਕੇ ਮਹਾਰਾਜਾ ਸਾਹਿਬ ਨੇ ਸਰਕਾਰ ਅੰਗ੍ਰੇਜ਼ੀ ਨੂੰ ਪੂਰੀ ਸਹਾਇਤਾ ਦਿੱਤੀ.

ਮਹਾਰਾਜਾ ਸਾਹਿਬ ਨੇ ਸਨ ੧੮੯੦ ਵਿੱਚ ਰਾਜਪ੍ਰਬੰਧ ਦੇ ਪੂਰੇ ਅਖ਼ਤਿਆਰ ਆਪਣੇ ਹੱਥ ਲਏ, ੨੭ ਵੈਸਾਖ ਸੰਮਤ ੧੯੪੫ (ਸਨ ੧੮੮੮) ਨੂੰ ਆਪ ਦੀ ਸ਼ਾਦੀ ਸਰਦਾਰ ਕਿਸ਼ਨ ਸਿੰਘ ਰਈਸ ਚਕੇਰੀਆਂ ਦੀ ਸੁਪੁਤ੍ਰੀ ਨਾਲ ਵਡੀ ਧੂਮਧਾਮ ਨਾਲ ਹੋਈ, ਜਿਸ ਵਿੱਚ ਫੂਲਵੰਸ਼ੀ ਮਹਾਰਾਜੇ, ਵਾਇਸਰਾਇ ਹਿੰਦ ਅਤੇ ਲਾਟ ਸਾਹਿਬ ਪੰਜਾਬ ਸ਼ਾਮਿਲ ਸਨ.

ਸਨ ੧੮੯੭ ਦੇ ਤੀਰਾਹ ਜੰਗ ਵਿੱਚ ਪਟਿਆਲੇ ਦੀ ਫੌਜ ਨੇ ਸ਼ਲਾਘਾ ਯੋਗ੍ਯ ਕੰਮ ਕਰਕੇ ਸਰਕਾਰ ਤੋਂ ਧੰਨਵਾਦ ਪ੍ਰਾਪਤ ਕੀਤਾ.

ਸਨ ੧੮੯੮ ਵਿੱਚ ਆਪ ਨੂੰ ਜੀ. ਸੀ. ਐਸ. ਆਈ. ਦਾ ਖ਼ਿਤਾਬ ਮਿਲਿਆ.

ਅਠਾਈ ਵਰ੍ਹੇ ਦੀ ਉਮਰ ਵਿੱਚ ਆਪ ਦਾ ਦੇਹਾਂਤ ਨਵੰਬਰ ਸਨ ੧੯੦੦ ਵਿੱਚ ਹੋਇਆ.

ਮਹਾਰਾਜਾ ਰਾਜੇਂਦ੍ਰਸਿੰਘ ਸਾਹਿਬ ਉਦਾਰ, ਵਡੇ ਕ੍ਰਿਪਾਲੁ, ਦਿਲੇਰ ਅਤੇ ਪੋਲੋ ਕ੍ਰਿਕਟ ਆਦਿ ਖੇਡਾਂ ਦੇ ਪ੍ਰੇਮੀ ਸਨ.

ਮਹਾਰਾਜ ਭੂਪੇਂਦ੍ਰਸਿੰਘ

ਮਹਾਰਾਜਾ ਰਾਜੇਂਦ੍ਰਸਿੰਘ ਜੀ ਦੇ ਘਰ ਮਹਾਰਾਣੀ ਜਸਮੇਰਕੌਰ ਦੇ ਉਦਰ ਤੋਂ ੧੨. ਅਕਤੂਬਰ ਸਨ ੧੮੯੧ (ਅੱਸੂ ਸੁਦੀ ੧੦. ਸੰਮਤ ੧੯੪੮) ਨੂੰ ਆਪ ਦਾ ਜਨਮ ਹੋਇਆ. ਪਿਤਾ ਜੀ ਦਾ ਦੇਹਾਂਤ ਹੋਣ ਪੁਰ ਨਵੰਬਰ ਸਨ ੧੯੦੦ ਵਿੱਚ ਪਟਿਆਲੇ ਦੇ ਰਾਜਸਿੰਘਾਸਨ ਤੇ ਵਿਰਾਜੇ. ਆਪ ਦੀ ਨਾਬਾਲਗੀ ਦੇ ਸਮੇਂ ਕੌਂਸਲ ਆਵ ਰੀਜੈਂਸੀ ਦੇ ਹੱਥ ਰਿਆਸਤ ਦਾ ਪ੍ਰਬੰਧ ਰਿਹਾ, ਜਿਸ ਦੇ ਪ੍ਰਧਾਨ ਸਰਦਾਰ ਗੁਰਮੁਖਸਿੰਘ ਅਤੇ ਮੈਂਬਰ ਲਾਲਾ ਭਗਵਾਨਦਾਸ ਅਰ ਖ਼ਲੀਫ਼ਾ ਮੁਹੰਮਦਹੁਸੈਨ ਸਨ.

ਮਹਾਰਾਜਾ ਸਾਹਿਬ ਨੇ ਪ੍ਰਾਈਵੇਟ ਤਾਲੀਮ ਤੋਂ ਛੁੱਟ, ਐਚੀਸਨ ਕਾਲਿਜ ਲਾਹੌਰ ਵਿੱਚ ਬਾਕਾਇਦਾ ਵਿਦ੍ਯਾ ਪ੍ਰਾਪਤ ਕੀਤੀ.

੯. ਮਾਰਚ ਸਨ ੧੯੦੮ (੨੬ ਫੱਗੁਣ ੧੯੬੪) ਨੂੰ ਸਰਦਾਰ ਬਹਾਦੁਰ ਜਨਰਲ ਸਰਦਾਰ ਗੁਰਨਾਮ ਸਿੰਘ ਦੀ ਸੁਪੁਤ੍ਰੀ ਬਖ਼ਤਾਵਰ ਕੌਰ ਨਾਲ ਸ਼ਾਦੀ ਹੋਈ, ਜਿਸਦੀ ਕੁਖ ਤੋਂ ੭. ਜਨਵਰੀ, ੧੯੧੩ (੨੫ ਪੋਹ, ੧੯੬੯) ਨੂੰ ਟਿੱਕਾ ਯਾਦਵਇੰਦ੍ਰਸਿੰਘ ਜੀ ਜਨਮੇ.

ਸਨ ੧੯੦੮ ਦੇ ਮੋਹਮੰਦ ਅਤੇ ਜ਼ਕਾਖ਼ੇਲ ਦੀ ਅਸ਼ਾਂਤੀ ਸਮੇ ਸਰਹੱਦੀ ਜੰਗ ਵਿੱਚ ਮਹਾਰਾਜਾ ਨੇ ਸਰਕਾਰ ਨੂੰ ਸਭ ਤਰਾਂ ਸਹਾਇਤਾ ਦਿੱਤੀ.

੧. ਅਕਤੂਬਰ ਸਨ ੧੯੦੯ ਤੋਂ ਮਹਾਰਾਜਾ ਸਾਹਿਬ ਨੇ ਰਿਆਸਤ ਦਾ ਕੰਮ ਆਪਣੇ ਹੱਥ ਲਿਆ, ਜਿਸ ਦਾ ਐਲਾਨ ਲਾਰਡ ਮਿੰਟੋ

---

[758] ਇਸ ਕੌਂਸਲ ਦੇ ਪ੍ਰਧਾਨ ਸਰਦਾਰ ਸਰ ਦੇਵਾਸਿੰਘ, ਅਤੇ ਮੈਂਬਰ ਚੌਧਰੀ ਚੜ੍ਹਤਰਾਮ ਅਰ ਨਾਮਦਾਰਖ਼ਾਨ ਸਨ.

ਨੇ ੩. ਨਵੰਬਰ ਸਨ ੧੯੧੦ ਨੂੰ ਪਟਿਆਲੇ ਦੇ ਦਰਬਾਰ ਵਿੱਚ ਕੀਤਾ.

ਸਨ ੧੯੧੧ ਵਿੱਚ ਮਹਾਰਾਜਾ ਨੇ ਯੂਰਪ ਦੀ ਯਾਤ੍ਰਾ ਕੀਤੀ. ਦਿਸੰਬਰ ਸਨ ੧੯੧੧ ਦੇ ਸ਼ਾਹੀ ਦਰਬਾਰ ਦਿੱਲੀ ਵਿੱਚ ਆਪ ਸ਼ਾਮਿਲ ਹੋਏ ਅਤੇ ਸਰਕਾਰ ਵਲੋਂ ਜੀ. ਸੀ. ਆਈ. ਈ. (G. C. I. E) ਦਾ ਖਿਤਾਬ ਮਿਲਿਆ.

ਸਨ ੧੯੧੪ ਦੇ ਮਹਾਨਜੰਗ ਵਿੱਚ ਮਹਾਰਾਜਾ ਨੇ ਯੁੱਧਭੂਮੀ ਵਿੱਚ ਖੁਦ ਜਾਣ ਦਾ ਸੰਕਲਪ ਕੀਤਾ, ਪਰ ਸਖ਼ਤ ਬੀਮਾਰ ਹੋ ਜਾਣ ਦੇ ਕਾਰਣ ਡਾਕਟਰਾਂ ਨੇ ਅਦਨ ਤੋਂ ਵਾਪਿਸ ਕਰਦਿੱਤੇ. ਇਸ ਨਾਜ਼ੁਕ ਸਮੇਂ ਮਹਾਰਾਜਾ ਨੇ ਜੋ ਗਵਰਨਮੈਂਟ ਦੀ ਸਹਾਇਤਾ ਕੀਤੀ, ਉਹ ਸਨ ੧੮੫੭ ਦੇ ਗਦਰ ਦੀ ਸਹਾਇਤਾ ਤੋਂ ਘੱਟ ਨਹੀਂ ਸੀ. ਹਜਾਰਾਂ ਰੰਗਰੂਟ (Recruits) ਭਰਤੀ ਕੀਤੇ ਲੱਖਾਂ ਰੁਪਜਾ ਅਨੇਕ ਫੰਡਾਂ ਵਿੱਚ ਦਿੱਤਾ ਅਤੇ ਮਹਾਰਾਜਾ ਦੀ ਫੌਜ ਨੇ ਮਿਸਰ, ਮੈਸੋਪੋਟੇਮੀਆ ਅਤੇ ਬਲੋਚਿਸਤਾਨ ਆਦਿਕ ਅਸਥਾਨਾਂ ਵਿੱਚ ਬਹੁਤ ਸ਼ਲਾਘਾਯੋਗ ਕੰਮ ਕੀਤਾ.

ਸਨ ੧੯੧੭ ਵਿੱਚ ਮਹਾਰਾਜਾ ਸਾਹਿਬ ਅਤੇ ਉਨ੍ਹਾਂ ਦੇ ਜਾਨਸ਼ੀਨ ਹਮੇਸ਼ਾ ਲਈ ਵਾਇਸਰਾਇ ਦੇ ਦਰਬਾਰ ਵਿੱਚ ਨਜਰ ਪੇਸ਼ ਕਰਨ ਤੋਂ ਗਵਰਨਮੈਂਟ ਨੇ ਮੁਆਫ਼ ਕੀਤੇ.

੧. ਜਨਵਰੀ ਸਨ ੧੯੧੮ ਨੂੰ ਜੀ. ਬੀ. ਈ. (G. B. E. ) ਦਾ ਖਿਤਾਬ ਮਿਲਿਆ ਅਤੇ ਸਲਾਮੀ ੧੯. ਤੋਪਾਂ ਦੀ ਕੀਤੀ ਗਈ ਅਰ ਮੇਜਰ ਜਨਰਲ (Major General) ਦੀ ਪਦਵੀ ਮਿਲੀ.

ਇਸੇ ਸਾਲ (੧੯੧੮), ਇੰਪੀਰਅਲ ਵਾਰ ਕਾਨਫ੍ਰੈਂਸ (Imperial War Conference) ਵਿੱਚ ਹਿੰਦੁਸਤਾਨੀ ਰੂਲਿੰਗ ਪ੍ਰਿੰਸਜ਼ ਵੱਲੋਂ ਪ੍ਰਤਿਨਿਧਿ ਹੋਕੇ ਇੰਗਲੈਂਡ ਗਏ.

ਯੂਰਪਯਾਤ੍ਰਾ ਸਮੇਂ ਸਾਰੇ ਦੇਸ਼ਾਂ ਵਿੱਚ ਮਹਾਰਾਜਾ ਸਾਹਿਬ ਦਾ ਵਡਾ ਮਾਨ ਹੋਇਆ ਅਰ ਬਹੁਤ ਸਲਤਨਤਾਂ ਵੱਲੋਂ ਉੱਚ ਸਨਮਾਨ ਦੇ ਖ਼ਿਤਾਬ ਦਿੱਤੇ ਗਏ.[759]

ਸਨ ੧੯੧੯ ਦੇ ਅਫਗਾਨਜੰਗ ਵਿੱਚ ਮਹਾਰਾਜਾ ਸਾਹਿਬ ਖੁਦ ਸ਼ਾਮਿਲ ਹੋਏ. ੧. ਜਨਵਰੀ ੧੯੨੧ ਨੂੰ ਜੀ. ਸੀ. ਐਸ. ਆਈ. (G. C. S. I. ) ਦਾ ਖਿਤਾਬ ਮਿਲਿਆ. ੧੭. ਮਾਰਚ ਸਨ ੧੯੨੨ ਨੂੰ ਜੀ. ਸੀ. ਵੀ. ਓ. (G. C. V. O. ) ਹੋਏ ਅਤੇ ਬਾਦਸ਼ਾਹ (King) ਦੇ ਏ. ਡੀ. ਸੀ. ਬਾਪੇ ਗਏ. ਸਨ ੧੯੨੩ ਵਿੱਚ ੧੫. ਲੁਦਿਆਨਾ ਸਿੱਖ ਪਲਟਨ ਦੇ ਆਨਰੇਰੀ ਕਰਨੈਲ ਹੋਏ. ਜਨਵਰੀ ਸਨ ੧੯੨੬ ਤੋਂ ਮਹਾਰਾਜਾ ਭੂਪੇਂਦ੍ਰਸਿੰਘ ਸਾਹਿਬ ਨਰੇਂਦ੍ਰਮੰਡਲ (The Chamber of Princes) ਦੇ ਚਾਂਸਲਰ (Chancellor) ਹਨ.

ਮਹਾਰਾਜਾ ਸਾਹਿਬ ਦਾ ਪੂਰਾ ਖ਼ਿਤਾਬ ਹੈ:-

ਮੇਜਰ ਜਨਰਲ ਹਿਜ਼ ਹਾਈਨੈਸ ਫ਼ਰਜ਼ੰਦੇ ਖ਼ਾਸ ਦੌਲਤੇ ਇੰਗਲਿਸ਼ੀਆ ਮਨਸੂਰੇ ਜ਼ਮਾਨ ਅਮੀਰੁਲ ਉਮਰਾ ਮਹਾਰਾਜਾਧਿਰਾਜ ਰਾਜੇਸ਼੍ਵਰ ਸ੍ਰੀ ਮਹਾਰਾਜਾਏਰਾਜਗਾਨ ਸਰ ਭੂਪੇਂਦ੍ਰਸਿੰਘ ਮਹੇਂਦ੍ਰ ਬਹਾਦੁਰ, ਪਟਿਆਲਾਪਤਿ, (ਜੀ. ਸੀ. ਐਸ. ਆਈ. ) (ਜੀ. ਸੀ. ਆਈ. ) (ਜੀ. ਸੀ. ਵੀ ਓ. ) (ਜੀ. ਬੀ. ਈ. ) (ਏ. ਡੀ. ਸੀ. ) (ਐਫ਼. ਆਰ. ਜੀ. ਐਸ. ) (ਐਫ਼. ਜ਼ੈਡ. ਐਸ. ) (ਐਮ. ਆਰ. ਏ. ਐਸ. ) (ਐਮ. ਆਰ. ਐਸ. ਏ. ) (ਐਫ਼. ਆਰ. ਸੀ. ਆਈ. ) (ਐਫ਼. ਆਰ. ਐਚ. ਐਸ. )[760]

---

[759] ਬੈਲਜੀਅਮ ਵੱਲੋਂ-The Grand Cross of the Order of Leopold. ਫ਼੍ਰਾਂਸ ਵੱਲੋਂ- Grand officer of the Legion of Honour ਇਟਲੀ ਵੱਲੋਂ-The Order of the Crown of Italy ਮਿਸਰ ਵੱਲੋਂ-The Grand Cordon of the Order of Nile.

[760] Major General his Highness Fardand-i-khas Daulat-i-Inglishia Mansur-i-Zaman Amir-ul-Umra Maharaja-Dhiraj Rajeshwar Sri Maharaja-i-Rajgan Sir Bhupindar Singh Mahinder Bahadur, (G.C.S.I) (G.C.I.E ) (G.C.V.O.)( G.B.E.) (A.D.C) (F.R.G.S.) (F.Z.S) (M.R.A.S.) (M.R.S.A.) (F.R.C.I.) (F.R.H.S.) Ruler of Patiala State.

ਰਿਆਸਤ ਪਟਿਆਲੇ ਦਾ ਨੰਬਰ ਪੰਜਾਬ ਵਿੱਚ ਪਹਿਲਾ ਹੈ. ਇਸ ਦਾ ਰਕਬਾ ੫੪੧੨ ਵਰਗ ਮੀਲ ਹੈ. ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਜਨਸੰਖ੍ਯਾ ੧੪੯੯੭੩੯ ਹੈ ਅਰ ਸਾਲਾਨਾ ਆਮਦਨ ੧, ੨੨, ੭੩, ੭੧੯ ਰੁਪਯਾ ਹੈ.

ਰਿਆਸਤ ਵਿੱਚ ੧੪. ਸ਼ਹਿਰ ਅਤੇ ੩੫੮੦ ਪਿੰਡ ਹਨ.

ਫੌਜ ਇੰਪੀਰੀਅਲ ਸਰਵਿਸ- ਰਾਜੇਂਦ੍ਰ ਰਸਾਲਾ (Lancers) ੫੨੬ ਸਵਾਰ.

ਪਲਟਨ ਪਹਿਲੀ ਦੇ ੭੪੦ ਅਤੇ ਦੂਜੀ ਦੇ ੭੪੦ ਸਿਪਾਹੀ.

ਲੋਕਲ- ਰਸਾਲਾ ੧. ਅਤੇ ਪਲਟਨਾਂ ੨.

ਤੋਪਖਾਨਾ- ੮ ਤੋਪਾਂ, ਗੋਲੰਦਾਜ਼ ੧੫੦.

ਪੋਲੀਸ ਦੀ ਗਿਣਤੀ ੧੩੦੦ ਅਤੇ ਠਾਣੇ ੩੧ ਹਨ.

ਰਾਜਧਾਨੀ ਵਿੱਚ ਇੱਕ ਆਲੀਸ਼ਾਨ ਮਹੇਂਦ੍ਰ ਕਾਲਿਜ ਹੈ, ਜਿਸ ਵਿੱਚ ਬੀ. ਏ. ਤਕ ਬਿਨਾ ਫੀਸ ਵਿਦਯਾ ਦਿੱਤੀ ਜਾਂਦੀ ਹੈ. ਭੂਪੇਂਦ੍ਰ ਤਿੱਬੀਆ ਕਾਲਿਜ ਅਤੇ ਭੂਪੇਂਦ੍ਰ ਅਤੇ ਭੂਪੇਂਦ੍ਰ ਐਗ੍ਰੀਕਲਚਰਰਲ ਇਨਸ੍ਟੀਚਯੂਟ ਭੀ ਉੱਤਮ ਹਨ.

ਰਿਆਸਤ ਵਿੱਚ ੧੧. ਹਾਈ ਸਕੂਲ, ੩੦ ਮਿਡਲ ਸਕੂਲ, ੨੫੩ ਪ੍ਰਾਇਮਰੀ ਸਕੂਲ ਹਨ.

ਗਰਲਸਕੂਲ- ਇੱਕ ਹਾਈ, ਇੱਕ ਮਿਡਲ, ੪੪ ਪ੍ਰਾਇਮਰੀ ਹਨ.

ਰਾਜਧਾਨੀ ਵਿੱਚ ਰਾਜੇਂਦ੍ਰ ਹਸਪਤਾਲ, ਜਿਸ ਅੰਦਰ ੮੦ ਰੋਗੀ ਰਹਿ ਸਕਦੇ ਹਨ, ਲੇਡੀ ਡਫਰਿਨ ਜਨਾਨਾ ਹਸਪਤਾਲ, ਜਿਸ ਵਿੱਚ ੧੨. ਬਿਸਤਰ ਹਨ ਸ਼ਲਾਘਾ ਯੋਗਜ ਹਨ. ਇਲਾਕੇ ਵਿੱਚ ੯. ਹਸਪਤਾਲ ਅਤੇ ੨੮ ਡਿਸਪੈਨਸਰੀਆਂ ਹਨ.

ਪਟਿਆਲੇ ਦੇ ਕਿਲੇ ਅੰਦਰ "ਬਾਬਾ ਆਲਾ ਸਿੰਘ ਜੀ ਦੇ ਬੁਰਜ" ਵਿੱਚ ਇਹ ਗੁਰਵਸਤਾਂ ਹਨ:-

੧. ਹੁਕਮਨਾਮਾ ਦਸ਼ਮੇਸ਼ ਜੀ ਦਾ, ਇਸਦਾ ਪਾਠ ਤ੍ਰਿਲੋਕਸਿੰਘ ਸ਼ਬਦ ਵਿੱਚ ਦਿੱਤਾ ਗਿਆ ਹੈ.

੨. ਤੇਗਾ ਗੁਰੂ ਹਰਿਗੋਬਿੰਦ ਸਾਹਿਬ ਦਾ ਫ਼ੌਲਾਦੀ, ਜਿਸ ਦਾ ਤੋਲ ੧੨. ਸੇਰ ਪੱਕਾ ਹੈ.

੩. ਗੁਰੂ ਤੇਗਬਹਾਦੁਰ ਸਾਹਿਬ ਦਾ ਦੁਧਾਰਾ ਖੰਡਾ.

੪. ਦਸ਼ਮੇਸ਼ ਦੀ ਸ਼ਿਕਾਰਗਾਹ ਤਲਵਾਰ.

੫. ਸ਼੍ਰੀ ਸਾਹਿਬ ਕਲਗੀਧਰ ਜੀ ਦਾ, ਜਿਸ ਤੇ ਲਿਖਿਆ ਹੈ- ਅਕਾਲ ਸਹਾਇ ਗੁਰੂ ਗੋਬਿੰਦਸਿੰਘ, ਜੋ ਦਰਸ਼ਨ ਕਰੇਗਾ ਸੋ ਨਿਹਾਲ ਹੋਇਗਾ.

੬. ਦਸ਼ਮੇਸ ਦਾ ਦੋ ਫਾਂਕਾ ਤੀਰ, ਇਸ ਤੇ ਸੋਨੇ ਦੇ ਤਿੰਨ ਬੰਦ ਹਨ.

੭. ਦਸਮ ਗੁਰੂ ਜੀ ਦਾ ਬਰਛਾ, ਜਿਸ ਦਾ ਛੜ (ਦਸ੍ਤਾ) ਅਜੀਬ ਜੌਹਰਦਾਰ ਹੈ.

੮. ਕਲਗੀਧਰ ਜੀ ਦਾ ਸਫਾਜੰਗ.

੯. ਦਸ਼ਮੇਸ਼ ਜੀ ਦਾ ਗੁਟਕਾ, ਜਿਸ ਵਿੱਚ ਜਪੁਜੀ, ਰਹਿਰਾਸ- "ਸਰਨ ਪਰੇ ਕੀ ਰਾਖੋ ਸਰਮਾ- " ਤਕ, ਕੀਰਤਨਸੋਹਲਾ, ਗੁਰੂ ਤੇਗਬਹਾਦੁਰ ਜੀ ਦੇ ਸ਼ਬਦ ਅਤੇ ਸਲੋਕ, ਸਲੋਕ ਸਹਸਕਿਰਤੀ ਅਰ ਗਾਥਾ ਹੈ.

੧੦ ਕਲਗੀਧਰ ਜੀ ਦਾ ਸੁਨਹਿਰੀ ਸ਼ਿਕਾਰਗਾਹ ਕਟਾਰ.

੧੧ ਦਸ਼ਮੇਸ਼ ਦੇ ਪਊਏ, ਜੋ ਪਿੰਡੀਘੇਬ ਦੇ ਸੇਠ ਨੇ ਮਹਾਰਾਜਾ ਸਾਹਿਬ ਨੂੰ ਦਿੱਤੇ.

੧੨ ਦਸ਼ਮੇਸ਼ ਦਾ ਖੰਡਾ, ਜੋ ਭਾਈ ਸਾਹਿਬ ਬਾਗੜੀਆਂ ਨੇ ਮਹਾਰਾਜਾ ਨੂੰ ਦਿੱਤਾ.

ਪਟਿਸ: ਦੇਖੋ, ਪੱਟਿਸ.

ਪਟਿਯਾ: ਦੇਖੋ, ਪਟੀਆ ਅਤੇ ਪੱਟੀ.

ਪਟੀ: ਦੇਖੋ, ਪੱਟ ਅਤੇ ਪੱਟੀ। ੨. ਅੱਖਰ ਲਿਖਣ ਦੀ ਤਖ਼ਤੀ. "ਸਚੀ ਪਟੀ ਸਚੁ ਮਨਿ, ਪੜੀਐ ਸਬਦ ਸੁਸਾਰ." (ਓਅੰਕਾਰ) ੩. ਇੱਕ ਖਾਸ ਬਾਣੀ, ਜਿਸ ਵਿੱਚ ਵਰਣਮਾਲਾ ਦੇ ਕ੍ਰਮ ਅਨੁਸਾਰ ਸ਼ੁਭ ਉਪਦੇਸ਼ ਹੈ, ਯਥਾ- "ਸਸੈ ਸੋਇ ਸ੍ਰਿਸਟਿ ਜਿਨਿ ਸਾਜੀ." ××× (ਆਸਾ ਮਃ ੧) ੪. ਇਸਤ੍ਰੀਆਂ ਦੇ ਮਸਤਕ ਪੁਰ ਵਾਹਕੇ ਚਿਪਕਾਏ ਚਿਕਨੇ ਕੇਸ tress. "ਜਿਨ ਸਿਰਿ ਸੋਹਨਿ ਪਟੀਆਂ." (ਆਸਾ ਅਃ ਮਃ ੧)

ਪਟੀਆ: ਸੰਗਯਾ- ਤਖ਼ਤੀ. ਪੱਟੀ. "ਮੇਰੀ ਪਟੀਆ ਲਿਖਹੁ ਹਰਿਗੋਬਿੰਦ ਗੋਪਾਲਾ."(ਭੈਰ ਮਃ ੩)

ਪਟੀਆਲਾ: ਦੇਖੋ, ਪਟਿਆਲਾ.

ਪਟੀਯਸ੍: ਸੰ. ਵਿ- ਬਹੁਤ ਚਤੁਰ ਵਡਾ ਹੋਸ਼ਿਆਰ.

ਪਟੀਰ: ਸੰ. ਸੰਗਯਾ- ਚੰਦਨ. "ਬੀਰਨ ਕੇ ਤਨ ਚੀਰ ਪਟੀਰ ਸੇ." (ਚੰਡੀ ੧) "ਪੁਸਪ ਕਪੂਰ ਪਟੀਰ ਘਨੇਰਾ."(ਨਾਪ੍ਰ) ੨. ਕਾਮਦੇਵ। ੩. ਚਾਤਕ. ਪਪੀਹਾ। ੪. ਬੱਦਲ. ਮੇਘ। ੫. ਵੰਸ਼ਲੋਚਨ। ੬. ਉਦਰ, ਢਿੱਡ। ੭. ਕਪਿੱਥ. ਕੈਥ ਬਿਰਛ। ਬੋਹੜ. ਵਟ। ੯. ਚਾਲਨੀ. ਛਾਲਣੀ.

ਪਟੁ: ਸੰਗਯਾ- ਪੱਟ. ਰੇਸ਼ਮ। ੨. ਰੇਸ਼ਮੀ ਵਸਤ੍ਰ. "ਜਿਨ ਪਟੁ ਅੰਦਰਿ, ਬਾਹਰਿ ਗੁਦੜੁ." (ਵਾਰ ਆਸਾ) "ਹੰਢੈ ਉੰਨ ਕਤਾਇਦਾ, ਪੈਧਾ ਲੋੜੈ ਪਟੁ." (ਸ. ਫਰੀਦ) ੩. ਸੰਜੋਆ. ਕਵਚ. "ਅਭੈ ਪਟੁ ਰਿਪੁ ਮਧ ਤਿਹ." (ਸਵੈਯੇ ਮਃ ੩. ਕੇ) ੪. ਸੰ. ਪਟੁ. ਵਿ- ਚਤੁਰ. ਹੋਸ਼ਿਆਰ। ੫. ਨਿਪੁਣ. ਪ੍ਰਵੀਣ. ਤਾਕ। ੬. ਛਲੀਆ। ੭. ਰੋਗਰਹਿਤ. ਨਰੋਆ। ੮. ਤਿੱਖਾ। ੯. ਸੁੰਦਰ। ੧੦. ਸੰਗਯਾ- ਨਮਕ. ਲੂਣ। ੧੧. ਜੀਰਾ. ਜੀਰਕ। ੧੨. ਕਰੇਲਾ। ੧੩. ਚੀਨੀ ਕਪੂਰ.

ਪਟੁਕਾ: ਦੇਖੋ, ਪਟਕਾ.

ਪਟੁਤਾ: ਸੰ. ਸੰਗਯਾ- ਚਤੁਰਾਈ। ੨. ਹੋਸ਼ਿਆਰੀ। ੩. ਚਾਲਾਕੀ।

ਪਟੂਆ: ਸੰਗਯਾ- ਪੱਟ (ਰੇਸ਼ਮ) ਦਾ ਵਪਾਰ ਕਰਨ ਵਾਲਾ। ੨. ਪੱਟ ਦੀ ਵਸਤੂ ਬਣਾਉਣ ਵਾਲਾ. "ਸ਼ਾਹਜਹਾਂਪੁਰ ਮੇ ਹੁਤੀ ਇਕ ਪਟੂਆ ਕੀ ਨਾਰਿ." ( ਚਰਿਤ੍ਰ ੪੧) ੩. ਰੇਸ਼ਮ ਦਾ ਕੀੜਾ।

ਪਟੇਬਾਜ: ਸੰਗਯਾ- ਪਟਹ ਚਲਾਉਣ ਵਾਲਾ. ਸੈਫ ਅਰ ਗਤਕਾ ਫੇਰਨ ਵਾਲਾ. ਪਟੈਤ. ਪਟਹ ਦਾ ਖਿਲਾਰੀ. "ਪਢਨ ਪ੍ਰਕਾਰ ਦੋਇ ਕੋ ਜਾਨਹੁ। ਪਟੇਬਾਜ ਇਕ ਸੂਰ ਪ੍ਰਮਾਨਹੁ."(ਨਾਪ੍ਰ) ਸੂਰਮਾ ਕਰਨੀ ਕਰਦਾ ਹੈ, ਪਟੇਬਾਜ਼ ਕੇਵਲ ਖੇਡ ਦਿਖਾਂਉਂਦਾ ਹੈ.

ਪਟੇਬਾਜੀ: ਸੰਗਯਾ- ਪਟਹਬਾਜ਼ੀ. ਸੈਫ ਅਤੇ ਗਤਕਾ ਚਲਾਉਣ ਦੀ ਵਿਦਯਾ.

ਪਟੇਰ: ਸੰਗਯਾ- ਪੱਟੇਰਕ. ਪਾਣੀ ਦੇ ਕਿਨਾਰੇ ਹੋਣ ਵਾਲਾ ਇੱਕ ਘਾਹ, ਜਿਸ ਦੇ ਪੱਤੇ ਇੱਕ ਇੰਚ ਚੌੜੇ ਅਤੇ ਚਾਰ ਪੰਜ ਫੁਟ ਲੰਮੇ ਹੁੰਦੇ ਹਨ. ਜਿਨ੍ਹਾਂ ਤੋਂ ਨਰਮ ਚਟਾਈਆਂ ਬਣਦੀਆਂ ਹਨ. ਇਸ ਦੀ ਜੜ ਦਾ ਨਾਮ ਬਚ ਹੈ, ਜੋ ਅਨੇਕ ਰੋਗਾਂ ਦੇ ਦੂਰ ਕਰਨ ਲਈ ਵੈਦ ਵਰਤਦੇ ਹਨ. Typha Angustifolia.

ਪਟੇਲ: ਦੇਖੋ, ਪਟੇਰ। ੨. ਪਿੰਡ ਦਾ ਮੁਖੀਆ, ਨੰਬਰਦਾਰ. ਦੇਖੋ, ਪਟੈਲ। ੩. ਸੰ. ਪਟਲ. ਮੂੰਹ ਢਕਣ ਦਾ ਪੜਦਾ. ਲੋਹੇ ਦੀ ਜਾਲੀ, ਜੋ ਨੇਤ੍ਰ ਆਦਿ ਦੀ ਰਖਯਾ ਲਈ ਕਵਚ ਦੇ ਨਾਲ ਯੋਧੇ ਪਹਿਰਦੇ ਹਨ. "ਸਜ ਚਿਲਤਹਿ ਸੰਜ ਪਟੇਲ." (ਸਲੋਹ) "ਸੰਜ ਪਟੇਲਾ ਪਾਏ."(ਚੰਡੀ ੩)

ਪਟੇਲਾ: ਦੇਖੋ, ਪਟੇਲ ੩.

ਪਟੈ: ਦੇਖੋ, ਪਟਹ ਅਤੇ ਪਟਾ.

ਪਟੈਤ: ਦੇਖੋ, ਪਟੇਬਾਜ਼.

ਪਟੈਲ: ਸਿੰਧੀ. ਪਿੰਡ ਦਾ ਮੁਖੀਆ.

ਪਟੋਹਲੀ: ਦੇਖੋ, ਪਟੋਲੀ.

ਪਟੋਲ: ਸੰ. ਸੰਗਜਾ- ਇੱਕ ਪ੍ਰਕਾਰ ਦਾ ਰੇਸ਼ਮੀ ਵਸਤ੍ਰ, ਦੋ ਪੁਰਾਣੇ ਸਮੇਂ ਗੁਜਰਾਤ ਵਿੱਚ ਬਣਦਾ ਸੀ। ੨. ਜੰਗਲੀ ਪਰਵਲ ਦੀ ਬੇਲ, ਜਿਸ ਦੇ ਪੱਤੇ ਬੀਜ ਅਤੇ ਜੜ, ਵੈਦ ਅਨੇਕ ਰੋਗਾਂ ਵਿੱਚ ਵਰਤਦੇ ਹਨ. Trichosanthes Cucumerina.

ਪਟੋਲਾ: ਸੰਗਜਾ- ਰੇਸ਼ਮੀ ਵਸਤ੍ਰ. ਦੇਖੋ, ਪਟੋਲ ੧. "ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ." ( ਵਾਰ ਗੂਜ ੨. ਮਃ੫) "ਪਾੜਿ ਪਟੋਲਾ ਧਜ ਕਰੀ, ਕੰਬਲੜੀ ਪਹਿਰੇਉ." (ਸ. ਫਰੀਦ)

ਪਟੋਲੀ: ਸੰਗਜਾ- ਪੱਟ (ਰੇਸ਼ਮ ) ਦਾ ਵਪਾਰ ਅਤੇ ਕੰਮ ਕਰਨ ਵਾਲਾ. "ਲੱਖੂ ਰਹੈ ਪਟੋਲੀ ਤਾਂਹਿ ."(ਗੁਪ੍ਰਸੂ) ਦੇਖੋ, ਲੱਖੂ। ੨. ਪੱਟ ਦਾ ਕੰਮ ਕਰਨ ਤੋਂ ਹੀ ਇੱਕ ਜਾਤਿ ਪਟੋਲੀ ਹੋ ਗਈ ਹੈ। ੩. ਡਿੰਗ. ਪੱਲਾ. ਲੜ. ਦਾਮਨ.

ਪਟੰਤਰ, ਪਟੰਤਰਾ: ਤੁੱਲ. ਸਮਾਨ. ਦੇਖੋ, ਪਟਤਰ. "ਤਾਸੁ ਪਟੰਤਰ ਨਾ ਪੁਜੈ." (ਸ. ਕਬੀਰ)

੨. ਸਮਾਨਤਾ. ਮੁਕਾਬਲਾ. "ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹਿ."( ਮਃ ੨. ਵਾਰ ਸੂਹੀ)

ਪਟੰਬਰ: ਸੰਗਜਾ- ਪੱਟ- ਅੰਬਰ. ਰੇਸ਼ਮੀ ਵਸਤ੍ਰ. "ਪਹਿਰੇ ਪਟੰਬਰ ਕਰਿ ਅਡੰਬਰ." (ਸੂਹੀ ਛੰਤ ਮਃ ੧)

ਪਟੰਬ: . ਦੇਖੋ, ਕਰਪਟੰਬੁ.

ਪੱਟ: ਪੱਟਣਾ ਦਾ ਅਮਰ ਖੋਦ. ਪੁੱਟ। ੨. ਸੰਗਜਾ- ਉਰੁ. ਰਾਨ. ਗੋਡੇ ਤੋਂ ਉੱਪਰ ਅਤੇ ਲੱਕ ਤੋਂ ਹੇਠ ਲੱਤ ਦਾ ਮੋਟਾ ਭਾਗੁ। ੩. ਟੋਆ। ੪. ਤ੍ਰੇੜ. ਦਰਾਰ। ੫. ਵਿੱਥ। ੬. ਪਾਟ. ਦੋਹਾਂ ਕੰਢਿਆਂ ਦੇ ਮੱਧ ਦਰਿਆ ਦੀ ਚੌੜਾਈ। ੭. ਸੰ. ਪੱਟ. ਨਗਰ। ੮. ਮੁਲਕ। ੯. ਚੌਰਾਹਾ. ਚੁਰਸਤਾ। ੧੦. ਪਟੜਾ. ਤਖ਼ਤਾ। ੧੧. ਰਾਜਾ ਵੱਲੋਂ ਦਾਨ ਬਖ਼ਸ਼ਿਸ਼ ਆਦਿ ਦਾ ਲੇਖਪਤ੍ਰ. ਪੱਟਾ। ੧੨. ਢਾਲ। ੧੩. ਰਾਜਸਿੰਘਾਸਨ। ੧੪. ਓਢਣ ਦਾ ਵਸਤ੍ਰ। ੧੫. ਰੇਸ਼ਮ। ੧੬. ਉਹ ਪੱਥਰ, ਜਿਸ ਪੁਰ ਕੋਈ। ਵਸਤੁ ਪੀਠੀ ਜਾਵੇ.

ਪੱਟਣਾ: ਕ੍ਰਿ- ਉਤਪਾਟਨ. ਉਖੇੜਨਾ। ੨. ਖੋਦਣਾ। ਪੁੱਟਣਾ.

ਪੱਟਤਾਲ: ਦੇਖੋ, ਪੜਤਾਲ.

ਪੱਟਨ: ਸੰ. ਸੰਗਜਾ- ਨਗਰ. ਸ਼ਹਿਰ. ਪੱਤਨ. "ਪੂਰਬ ਪੱਟਨ ਉਪੱਟ ." (ਕਲਕੀ) ਪੂਰਵਦੇਸ਼ ਦੇ ਸ਼ਹਿਰ ਤਬਾਹ ਕਰਕੇ.

ਪੱਟਾ: ਸੰ. ਪੱਟ. ਸੰਗਜਾ- ਤਖਤੀ. ਪੱਟੀ। ੨. ਸਨਦ. ਅਧਿਕਾਰਪਤ੍ਰ। ੩. ਪਟਕਾ. ਕਮਰ ਆਦਿ ਅੰਗਾਂ ਪੁਰ ਬੰਨ੍ਹਣ ਦਾ ਵਸਤ੍ਰ। ੪. ਦੇਖੋ, ਪਟਹ.

ਪੱਟਿਸ: ਸੰ. ਪਟ੍ਰਿਸ਼. ਸੰਗਜਾ- ਲਚਕੀਲੇ ਅਸਪਾਤ ਤੋਂ ਬਣਿਆਂ ਇੱਕ ਪ੍ਰਕਾਰ ਦਾ ਖੰਡਾ, ਜਿਸ ਦੇ ਦੋਹੀਂ ਪਾਸੀਂ ਧਾਰ ਅਤੇ ਕ਼ਬਜੇ ਪੁਰ ਹੱਥ ਦੀ ਰਖਜਾ ਲਈ ਲੋਹੇ ਦੀ ਜਾਲੀ ਹੁੰਦੀ ਹੈ. ਪੁਰਾਣੇ ਗ੍ਰੰਥਾਂ ਵਿੱਚ ਉੱਤਮ ਪੱਟਿਸ ਚਾਰ ਹੱਥ ਲੰਮਾ, ਮਧਜਮ ਸਾਢੇ ਤਿੰਨ ਹੱਥ ਅਤੇ ਅਧਮ ਤਿੰਨ ਹੱਥ ਦਾ ਲਿਖਿਆ ਹੈ. "ਕਰੰ ਪੱਟਿਸੰ ਪਰਘ ਪਾਸੀ ਸੰਭਾਰੇ." (ਚੰਡੀ ੨) ੨. ਤਿੰਨ ਨੋਕਾਂ ਵਾਲਾ ਨੇਜ਼ਾ, ਜਿਸ ਦਾ ਛੜ ( ਦੰਡ) ਚਾਰ ਹੱਥ ਲੰਮਾਂ ਹੁੰਦਾ ਹੈ.

ਪੱਟੀ: ਸੰਗਜਾ- ਤਖਤੀ. ਫੱਟੀ, ਦੇਖੋ, ਪਟੀ।

੨. ਲੱਤ ਲੱਕ ਆਦਿ ਅੰਗਾਂ ਪੁਰ ਲਪੇਟਣ ਦਾ ਵਸਤ੍ਰ। ੩. ਜ਼ਖ਼ਮ ਅਤੇ ਫੋੜੇ ਆਦਿ ਪੁਰ ਬੰਨ੍ਹਣ ਦਾ ਕਪੜਾ। ੪. ਇੱਕ ਪ੍ਰਕਾਰ ਦਾ

ਉਂਨੀ ਵਸਤ੍ਰ, ਜਿਸ ਦਾ ਅਰਜ਼ ਛੋਟਾ ਹੁੰਦਾ ਹੈ, ਕਾਬੁਲ ਅਤੇ ਕਸ਼ਮੀਰ ਦੀ ਪੱਟੀ ਉੱਤਮ ਗਿਣੀ ਗਈ ਹੈ। ੫. ਪੜਦੇ ਦਾ ਵਸਤ੍ਰ ਕਨਾਤ ਆਦਿ. ਸੰ. ਅਪਟੀ। ੬. ਭਾਜ. ਦੌੜ। ੭. ਪਿੰਡ ਦੀ ਪੱਤੀ। ੮. ਲਹੌਰ ਜਿਲੇ ਕੁਸੂਰ ਤਸੀਲ ਦਾ ਇੱਕ ਨਗਰ, ਜੋ ਹੁਣ ਅਮ੍ਰਿਤਸਰ ਕੁਸੂਰ ਰੇਲਵੇ ਲੈਨ ਪੁਰ ਸਟੇਸ਼ਨ ਹੈ, ਦੇਖੋ, ਸੰਤਸਿੰਘ.

ਮਹਾਰਾਜਾ ਰਣਜੀਤਸਿੰਘ ਨੇ ਇੱਥੇ ਉੱਤਮ ਘੋੜਿਆਂ ਦੀ ਨਸਲ ਵਧਾਉਣ ਲਈ ਸਟਡ (Stuz) ਬਣਾਇਆ ਸੀ। ੯. ਦੇਖੋ, ਗੁਰੂਆਣਾ।

ਪੱਟੂ: ਸੰਗਯਾ- ਉਂਨੀ ਮੋਟਾ ਵਸਤ੍ਰ। ੨. ਵਿ- ਪੁੱਟਣ ਵਾਲਾ। ੩. ਘਰਖੋਊ.

ਪਠ: ਸੰ. ਧਠ੍. ਧਾ- ਸਿੱਖਣਾ, ਪੜ੍ਹਨਾ, ਗੰਥ੍ਰ ਰਚਣਾ.

ਪਠਨ: ਪ੍ਰਾ. ਕ੍ਰਿ- ਭੇਜਣਾ. ਦੇਖੋ, ਪ੍ਰਸਥਾਨ। ੨. ਸੰ. ਸੰਗਯਾ- ਪੜ੍ਹਨ ਦੀ ਕ੍ਰਿਯਾ. ਪੜ੍ਹਨਾ. ਪਾਠ ਕਰਨਾ. ਦੇਖੋ, ਪਠ.

ਪਠਨੀਯ: ਸੰ. ਵਿ- ਪੜ੍ਹਨ ਯੋਗਯ.

ਪਠਨੇਟਾ: ਸੰਗਯਾ- ਪਠਾਣ ਦਾ ਬੇਟਾ. ਪਠਾਣਵੰਸ਼ੀ. "ਕੌਚ ਕ੍ਰਿਪਾਨ ਕਸੇ ਪਠਨੇਟੇ " (ਚਰਿਤ੍ਰ ੨)

ਪਠਾਣ, ਪਠਾਨ: ਪਸ਼੍ਰਿਮ ਦੇਸ਼ ਵਿੱਚ ਹੈ ਜਿਸਦਾ ਸ੍ਥਾਨ. (ਸ੍ਥਾਨ). ਉੱਤਰ ਪੱਛਮ ਨਿਵਾਸੀ ਲੋਕ।

੨. ਦੇਖੋ, ਅਫ਼ਗਾਨ. "ਮੁਗਲ ਪਠਾਣਾ ਭਈ ਲੜਾਈ." (ਆਸਾ ਅਃ ਮਃ ੧)

ਪਠਾਨਕੋਟ: ਦੇਖੋ, ਪਥਾਨੀਆ.

ਪਠਾਨਾ, ਪਠਾਵਨ: ਕ੍ਰਿ- (ਪ੍ਰਸਥਾਨ) ਕਰਾਉਣਾ. ਭੇਜਣਾ.

ਪਠਿਤ: ਵਿ- ਭੇਜਿਆ ਹੋਇਆ। ੨. ਸੰ. ਪੜ੍ਹਿਆ ਹੋਇਆ। ੩. ਉੱਚਾਰਣ ਕੀਤਾ।

ਪਠੀਨ: ਮੱਛੀ. ਦੇਖੋ, ਪਾਠੀਨ. "ਨੀਰ ਬਿਰਨ ਪਠੀਨ ਅਧੀਨ." (ਨਾਪ੍ਰ)

ਪੱਠਾ: ਸੰਗਯਾ- ਘਾਹ ਦਾ ਪੱਤਾ। ੨. ਚਾਰਾ। ੩. ਸ਼ਰੀਰ ਦੇ ਉਹ ਨਸ, ਜੋ ਦਿਮਾਗ਼ ਨਾਲ ਸੰਬੰਧ ਰਖਦੇ ਹਨ, ਜਿਨ੍ਹਾਂ ਨਾਲ ਸਪਰਸ਼ਗਜਾਨ ਅਤੇ ਅੰਗਾਂ ਦੀ ਚੇਸ਼੍ਟਾ ਹੁੰਦੀ ਹੈ. ਸੰਵੇਦਨਸੂਤ੍ਰ. Sinew । ੪. ਬੱਚਾ। ੫. ਨੌਜੁਆਨ.

ਪੱਠੇਵਿੰਡ: ਦੇਖੋ ਡੇਹਰਾਸਾਹਿਬ.

ਪਡੀਆ, ਪੱਡੀਆ: ਸੰਗਯਾ- ਪੰਡਿਤ। ੨. ਪਾਂਡਾ. ਪੁਜਾਰੀ. ਤੀਰਥਪੁਰੋਹਿਤ. "ਪਡੀਆ ! ਕਵਨ ਕੁਮਤਿ ਤੁਮ ਲਾਗੇ ?" (ਮਾਰੂ ਕਬੀਰ)

ਪਢਨ: ਦੇਖੋ, ਪਠਨ ੨. "ਪਢੇ ਗੁਨੇ ਨਾਹੀ ਕਛੁ, ਬਉਰੇ !"(ਆਸਾ ਕਬੀਰ)

ਪਢਾਣਾ: ਜਿਲਾ ਤਸੀਲ ਲਹੌਰ, ਥਾਣਾ ਬਰਕੀ ਦਾ ਪਿੰਡ, ਜੋ ਰੇਲਵੇ ਸਟੇਸ਼ਨ ਅਟਾਰੀ ਤੋਂ ਸੱਤ ਮੀਲ ਦੱਖਣ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਲਹੌਰ ਵੱਲੋਂ ਅਮ੍ਰਿਤਸਰ ਜਾਂਦੇ ਇੱਥੇ ਚਰਨ ਪਾਏ ਹਨ. ਇੱਥੇ ਜਲ੍ਹਣ ਜੱਟ ਨਾਲ, ਜੋ ਇਸ ਇਲਾਕੇ ਦਾ ਪ੍ਰਸਿੱਧ ਜਿਮੀਂਦਾਰ ਭਗਤ ਸੀ, ਸਤਿਗੁਰੂ ਦੀ ਚਰਚਾ ਹੋਈ.

ਪਹਿਲਾਂ ਇਹ ਗੁਰਦ੍ਵਾਰਾ ਸਾਧਾਰਣ ਹਾਲਤ ਵਿੱਚ ਸੀ, ਇੱਥੋਂ ਦੇ ਸਰਦਾਰ ਅਤਰਸਿੰਘ ਜੀ ਨੇ ਗੁਰਦ੍ਵਾਰੇ ਦੀ ਸੇਵਾ ਆਰੰਭੀ ਅਤੇ ਪਿੰਡ ਦੀ ਸੰਗਤਿ ਨੇ ਉੱਦਮ ਕਰਕੇ ਸੁੰਦਰ ਦਰਬਾਰ ਬਣਾਇਆ ਹੈ. ਇੱਥੋਂ ਦੀ ਇੱਕ ਲੋਕਲ ਕਮੇਟੀ ਗੁਰਦ੍ਵਾਰੇ ਦਾ ਪ੍ਰਬੰਧ ਕਰਦੀ ਹੈ. ਜ਼ਮੀਨ ਜਾਗੀਰ ਕੁਝ ਨਹੀਂ, ਕੇਵਲ ਚੜ੍ਹਾਵੇ ਦੀ ਆਮਦਨ ਹੈ,

ਪਢਿਅਉ: ਪੜ੍ਹਿਆ. ਪਠਨ ਕੀਤਾ."ਤੈ ਪਢਿਅਉ ਇਕੁ, ਮਨਿ ਧਰਿਓ ਇਕੁ."(ਸਵੈਯੇ ਮਃ ੩. ਕੇ)

ਪਣ: ਸੰ. ਧਣ੍. ਧਾ- ਉਸਤਤਿ ਕਰਨਾ, ਖ਼ਰੀਦਣਾ, ਖੇਡਣਾ, ਜਿੱਤਣਾ. ਸੰਗਜ਼ਾ- ਸ਼ਰਤ਼ ਲਾਕੇ ਖੇਡੀ ਹੋਈ ਬਾਜ਼ੀ. ਜੂਆ."ਬਹੁਤੇ ਸੁਭਟ ਰਹੇ ਪਣ ਠੌਰ." (ਗੁਪ੍ਰਸੂ) ੨. ਪ੍ਰਤਿਗਜ਼ਾ. ਪ੍ਰਣ। ੩. ਮੁੱਲ. ਕੀਮਤ। ੪. ਸੌਦਾ. ਖਰੀਦਣ ਅਤੇ ਵੇਚਣ ਦੀ ਵਸਤੁ। ੫. ਵਪਾਰ। ੬. ਉਸਤਤਿ. ਦੇਖੋ, ਯੂ- Paean। ੭. ਪੁਰਾਣੇ ਸਮੇਂ ਦਾ ਇੱਕ ਸਿੱਕਾ, ਜੋ ਤਾਂਬੇ ਦਾ ਹੁੰਦਾ ਸੀ. ਇਸ ਦਾ ਤੋਲ ੧੧. ਅਥਵਾ ੨੦. ਮਾਸ਼ੇ ਦਾ ਹੋਇਆ ਕਰਦਾ. "ਤੀਨ ਤਾਂਬ੍ਰਪਣ ਮੋਲ ਸੁਨਾਯੋ." (ਨਾਪ੍ਰ) ੮. ਪ੍ਰਤਜ- ਇਸ ਨੂੰ ਸੰਗਜ਼ਾ ਅਤੇ ਵਿਸ਼ੇਸ਼ਣ ਦੇ ਅੰਤ ਲਗਾਕੇ ਭਾਵਵਾਚਕ ਸੰਗਜਾ ਬਣਾਈ ਦੀ ਹੈ, ਜੈਸੇ- ਅਗਜਾਨਪਣ, ਬਾਲਪਣ, ਤਿੱਖਾਪਣ ਆਦਿ. ਇਸੇ ਦਾ ਰੂਪਾਂਤਰ ਪੁਣਾ ਅਤੇ ਪਨ ਹੈ.

ਪਣਠ: ਸੰ. ਪੁਨਸ਼੍ਰ. ਵਿ- ਨਾਸ਼ ਹੋਇਆ.

ਪਣਵ: ਸੰ. ਸੰਗਜਾ- ਛੋਟਾ ਢੋਲ, ਤੰਬੂਰ ਜੋ ਪਣ (ਉਸਤਤਿ) ਦੇ ਗੀਤ ਨਾਲ ਵਜਾਇਆ ਜਾਵੇ. ਦੇਖੋ, ਪਣ.

ਪਣਿਠਾ: ਵਿ- ਪੁਨਸ਼੍ਰ. ਹੋਇਆ, ਦੇਖੋ, ਪਣਠ."ਅਵਗਣਿਆਰੇ ਪਾਪ ਪਣਿਠਾ."(ਭਾਗੁ)

ਪਣੀਆ: ਪਨਹੀ. ਜੁੱਤੀ. ਦੇਖੋ, ਪਨੀਆ ੩. . "ਨਾਨਕ ਪਣੀਆ ਪਹਿਰੈ ਸੋਇ." (ਮਲਾ ਮਃ ੧)

ਪਣੋ: ਤੰਬੂਰ. ਦੋਖੋ, ਪਣਵ. "ਪਣੋ ਢੋਲ ਬੱਜੇ."(ਪਰਸ- ਰਾਮਾਵ) ੨. ਪਣ ੮. ਦਾ ਰੂਪਾਂਤਰ.

ਪਣਜ: ਸੰ. ਵਿ- ਤਅਰੀਫ਼ ਯੋਗਜ. ਸਲਾਹੁਣ ਲਾਇਕ। ੨. ਖਰੀਦਣ ਅਤੇ ਵੇਚਣ ਯੋਗਜ. ਦੇਖੋ, . ਪਣ ਧਾ.

ਪਤ: ਸੰਗਜਾ- ਪ੍ਰਤਿਸ੍ਰਾ. ਮਾਨ. ਵਡਿਆਈ. ਇੱਜ਼ਤ. "ਦੁਹੁ ਲੋਕਨ ਮੇ ਪਤ ਕੋ ਖੋਵਹਿ." (ਗੁਪ੍ਰਸੂ) ੨. ਪਤ੍ਰ. ਪੱਤਾ. "ਪਤ ਪਰਾਪਤਿ ਛਾਵ ਘਣੀ." (ਬਸੰ ਮਃ ੧) ੩. ਪਾਤ੍ਰ, ਤੂੰਬਾ. "ਭਉ ਭਾਉ ਦੁਇ ਪਤ ਲਾਇ ਜੋਗੀ, ਇਹੁ ਸੰਰੀਰੁ ਕਰਿ ਡੰਡੀ. (ਰਾਮ ਅਃ ਮਃ ੩) ੪. ਦੇਖੋ, ਪਤਿ ਅਤੇ ਪਤੁ। ੫. ਸੰ. ਪਤ ਧਾ- ਸ੍ਵਾਮੀ ਹੋਣਾ, ਹੁਕੂਮਤ ਕਰਨਾ, ਉਡਣਾ, ਡਿਗਣਾ.

ਪਤਊਆ, ਪਤਊਵਾ: ਸੰਗਜਾ- ਪਤ੍ਰ. ਪੱਤਾ. "ਪਤਊਆ ਜਜੋਂ ਲਹਰ ਸੋਂ." (ਕ੍ਰਿਸਨਾਵ) ੨. ਪੱਤਿਆਂ ਦਾ ਝੋਂਪੜਾ. " ਨ੍ਰਿਪ ਬੈਠ ਪਤਊਵਨ ਬਾਂਧ ਜਹਾਂ." (ਰਾਮਾਵ) ੩. ਪੱਤੇ ਦਾ ਵਾਜਾ ਬਾਲਕ ਪੱਤੇ ਨੂੰ ਮੂੰਹ ਵਿੱਚ ਲੈ ਕੇ ਸੀਟੀ ਜੇਹੀ ਤਿੱਖੀ ਸੁਰ ਕਢਦੇ ਹਨ. ਦੇਖੋ, ਕ੍ਰਿਸਨਾਵਤਾਰ ਅਤੇ ਵਿਸ਼ਨੁਪੁਰਾਣ ਅੰਸ਼ ੫. ਅਃ ੬.

ਪਤਸਾਹੀ: ਦੇਖੋ, ਪਾਤਸਾਹੀ, "ਏਕੋ ਅਮਰ, ਏਕਾ ਪਤਸਾਹੀ." (ਮਾਰੂ ਸੋਲਹੇ ਮਃ ੩)

ਪਤਸਾਖ: ਸੰਗਜਾ- ਪ੍ਰਤਿਸ਼੍ਰਾ ਦੀ ਗਵਾਹੀ. "ਹਰਿਨਾਮ ਮਿਲੈ ਪਤਸਾਖ." (ਮਾਰੂ ਮਃ ੪) ੨. ਪਤ੍ਰ ਅਤੇ ਸ਼ਾਖਾ

ਪਤਗ: ਸੰ. ਉਡਕੇ ਜਾਣ ਵਾਲਾ ਜੀਵ. ਪੰਛੀ[761]। ੨. ਸੂਰਜ। ੩. ਤੀਰ.

ਪਤਝਾਰ: ਸੰਗਜਾ- ਪੱਤਿਆਂ ਦੇ ਝੜਨ ਦੀ ਕ੍ਰਿਯਾ। ੨. ਸ਼ਿਸ਼ਿਰ ਰੁੱਤ. ਖ਼ਿਜਾਂ ਦੀ ਮੌਸਮ. Autumn.

ਪਤਣ: ਸੰਗਜ਼ਾ- ਪੋਤ- ਸ੍ਥਾਨ. ਨਦੀ ਦੇ ਕਿਨਾਰੇ ਉਹ ਥਾਂ, ਜਿੱਥੇ ਨੌਕਾ ਆਕੇ ਠਹਿਰੇ. "ਪਤਣ ਕੂਕੇ ਪਾਤਣੀ." (ਮਾਰੂ ਅਃ ਮਃ ੧) ੨. ਪੈਰਾਂ ਨਾਲ ਤੀਣੰ ਕਰੀਏ (ਤਰੀਏ) ਜਿਸ ਨੂੰ ਨਦੀ ਵਿੱਚ ਪੈਰਾਂ ਦਾ ਗਾਹਣ. ਪਗਾਹਣ। ੩. ਦੇਖੋ, ਪੱਤਨ। ੪. ਦੇਖੋ, ਪਤਨ.

ਪਤਤ: ਦੇਖੋ, ਪਤਿਤ। ੨. ਸੰ. ਪਤਤ ਵਿ- ਉਡਦਾਹੋਇਆ.

ਪਤਤ੍ਰਿ, ਪਤਤ੍ਰੀ: ਸੰ. ਪਤਵਿਨ ਸੰਗਜਾ- ਪੰਖਧਾਰੀ ਜੀਵ. ਪੰਛੀ। ੨. ਤੀਰ. "ਅੰਗ ਪਤਤ੍ਰਿਨ ਬੇਧੇ." (ਸਲੋਹ)

ਪਤਨ: ਸੰ. ਪਤ ਧਾ ਡਿਗਣਾ, ਹੇਠ ਨੂੰ ਆਉਣਾ। ੨. ਸੰਗਜਾ- ਡਿਗਣ ਦਾ ਭਾਵ. ਗਿਰਨਾ. "ਜਿਉ ਦੀਪ ਪਤਨ ਪਤੰਗ." (ਬਿਲਾ ਅਃ ਮਃ ੫) "ਜੋ ਨਿੰਦੈ, ਤਿਸ ਕਾ ਪਤਨ ਹੋਇ." (ਗੌਂਡ ਮਃ ੫) ੩. ਅਧੋ ਗਤਿ. ਜ਼ਵਾਲ। ੪. ਪਾਪ। ੫. ਨਾਸ਼.

---

[761] ਇਸੇ ਤੋਂ ਪਤੰਗਾ ਸ਼ਬਦ ਬਣਿਆ ਹੈ.

ਮ੍ਰਿਤ੍ਯੁ.

ਪਤਨਾਲਾ: ਸੰਗਯਾ- ਛੱਤ ਦੇ ਪਾਣੀ ਪਤਨ (ਡਿਗਣ) ਦਾ ਨਾਲਾ. ਪਰਨਾਲਾ.

ਪਤਨੀ: ਸੰ. ਪਤ੍ਨੀ ਸੰਗਯਾ- ਭਾਰਯਾ. ਵਹੁਟੀ.

ਪਤਨੀਯ: ਵਿ- ਡਿਗਣ ਲਾਇਕ। ੨. ਸੰਗਯਾ- ਅਧੋਗਤਿ (ਹਿਠਾਹਾਂ) ਲੈ ਜਾਣ ਵਾਲਾ, ਪਾਪਕਰਮ.

ਪਤਰ: ਸੰ. ਪਾਤ੍ਰ. ਭਾਂਡਾ. ਬਰਤਨ। ੨. ਪਤ੍ਰ- ਪੱਤਾ.

ਪਤਰਣ: ਸੰ. ਪ੍ਰਤਰਣ. ਸੰਗਯਾ- ਤਰਨਾ. ਪਾਰ ਉਤਰਨਾ। ੨. ਵ੍ਰਿੱਧੀ (ਤਰੱਕੀ) ਨੂੰ ਪ੍ਰਾਪਤ ਹੋਣਾ.

ਪਤਰਾ: ਦੇਖੋ, ਪਤਲਾ। ੨. ਦੇਖੋ, ਪੱਤਰਾ.

ਪਤਰਿ: ਪਾਤ੍ਰ ਵਿੱਚ. ਬਰਤਨ ਮੇਂ. "ਇਕਤੁ ਪਤਰਿ ਭਰਿ ਉਰਕਟ ਕੁਰਕਟ." (ਆਸਾ ਕਬੀਰ) ਦੇਖੋ, ਉਰਕਟ.

ਪਤਰਿਆ: ਪ੍ਰਤੀਣੰ ਹੋਇਆ. ਪਾਰ ਉਤਰਿਆ। ੨. ਪਤ (ਇੱਜ਼ਤ) ਰਹਿਤ ਹੋਇਆ. ਪਤ ਉਤਰਿਆ. "ਕਵਨੁ ਕਵਨੁ ਨਹੀ ਪਤਰਿਆ ਤੁਮਰੀ ਪਰਤੀਤਿ?" (ਬਿਲਾ ਮਃ੫)

ਪਤਰਿਯਾ: ਵਿ- ਪਤਲਾ. ਪ੍ਰਤਨੁ. ਕ੍ਰਿਸ਼, ਜੋ ਮੋਟਾ ਨਹੀਂ। ੨. ਦੇਖੋ, ਪਤਰਿਆ.

ਪਤਰੀ: ਦੇਖੋ, ਪਤਲੀ. ੨. ਦੇਖੋ, ਪਤ੍ਰੀ.

ਪਤਰੀਐ: ਪ੍ਰਤਿਰ (ਵ੍ਰਿੱਧੀ- ਤਰੱਕ਼ੀ) ਸਹਿਤ ਹੋਈਐ। ੨. ਪ੍ਰਤਿਰਤਾ. ਉੰਨਤੀ. "ਨਾਨਕ ਮਿਠੈ ਪਤਰੀਐ ਵੇਖਹੁ ਲੋਕਾ, ਆਇ." (ਮਃ ੧. ਵਾਰ ਮਾਝ) ਮਿੱਠੇ ਨੂੰ ਉੰਨਤੀ ਪਾਉਣ ਲਈ ਕਿਤਨਾ ਦੁੱਖ ਝੱਲਣਾ ਪਿਆ ਹੈ. ਇਹ ਆਕੇ ਵੇਖੋ!

ਪਤਲ: ਦੇਖੋ, ਪਤਲਿ ਅਤੇ ਪੱਤਲ.

ਪਤਲਾ: ਸੰ. ਪ੍ਰਤਨੁ. ਵਿ- ਜੋ ਮੋਟਾ ਨਹੀਂ. ਜਿਸ ਦਾ ਘੇਰਾ ਜਾਂ ਚੌੜਾਈ ਘੱਟ ਹੈ। ੨. ਕਮਜ਼ੋਰ. ਨਿਰਬਲ। ੩. ਜੋ ਗਾੜ੍ਹਾ ਨਹੀਂ. ਛਿੱਦਾ.

ਪਤਲਿ: ਸੰਗਯਾ- ਪਤ੍ਰਸ੍ਥਾਲੀ. ਪੱਤਿਆਂ ਦੀ ਥਾਲੀ. ਪੱਤਲ. "ਪਿੰਡੁ ਪਤਲਿ ਕਿਰਿਆ ਦੀਵਾ." (ਰਾਮ ਸਦੁ) "ਪਿੰਡੁ ਪਤਲਿ ਮੇਰੀ ਕੇਸਉ ਕਿਰਿਆ." (ਆਸਾ ਮਃ ੧)

ਪਤਲੀ: ਪਤਲਾ ਦਾ ਇਸਤ੍ਰੀ ਲਿੰਗ. ਦੇਖੋ, ਪਤਲਾ। ੨. ਦੁਰਬਲ. ਕਮਜ਼ੋਰ. "ਇਕ ਆਪੀਨੈ ਪਤਲੀ, ਸਹਿ ਕੇਰੇ ਬੋਲਾ." (ਸੂਹੀ ਫਰੀਦ) ਇਕ ਤਾਂ ਇਸਤ੍ਰੀ ਸੁਭਾਵਿਕ ਕਮਜ਼ੋਰ, ਇਸ ਪੁਰ ਪਤੀ ਦੇ ਹੁਕਮ ਕਰੜੇ.

ਪਤਵਾਮਘ: ਮਗਧ ਦੇਸ਼ ਦਾ ਪਤਿ, ਜਰਾਸੰਧ. ਮਗਧਪਤਿ. "ਮਾਰਡਰਜੋ ਛਲ ਸੋਂ ਪਤਵਾਮਘ." (ਕ੍ਰਿਸਨਾਵ)

ਪਤਵਾਰ: ਸੰਗਯਾ- ਵਾਰਿਪਤ੍ਰ. ਨੌਕਾ ਦਾ ਤ੍ਰਿਕੋਣਾ ਤਖ਼ਤਾ, ਜੋ ਪਾਣੀ ਵਿੱਚ ਪਿਛਲੇ ਪਾਸੇ ਹੁੰਦਾ ਹੈ. ਇਸ ਦੇ ਘੁਮਾਉਣ ਤੋਂ ਕਿਸ਼ਤੀ ਸੱਜੇ ਖੱਬੇ ਘੁੰਮਦੀ ਹੈ. ਕਣੰ. ਪੋਤਵਾਰ ruzzer.

ਪਤਵੰਤਾ: ਵਿ- ਪ੍ਰਤਿਸ਼੍ਚ ਵਾਲਾ. ਇ਼ੱਜ਼ਤ ਵਾਲਾ.

ਪਤਾ: ਸੰ. ਪ੍ਰਤ੍ਯਯ ਸੰਗਯਾ- ਪ੍ਰਮਾਣ. ਸਬੂਤ। ੨. ਖੋਜ. ਭਾਲ। ੩. ਖ਼ਬਰ. ਸੁਧ। ੪. ਚਿੰਨ੍ਹ. ਨਿਸ਼ਾਨ। ੫. ਲਞਣ। ੬. ਦੇਖੋ, ਪੱਤਾ।

ਪਤਾਇ: ਦੇਖੋ, ਪਤਿਆਉਣਾ, ਅਤੇ ਪਤਜਾਇ.

ਪਤਾਸਾ: ਦੇਖੋ, ਬਤਾਸਾ.

ਪਤਾਕਨਿ, ਪਤਾਕਨੀ: ਸੰ. ਪਤਾਕਿਨੀ. ਸੰਗਯਾ- ਪਤਾਕਾ (ਨਿਸ਼ਾਨ) ਧਾਰਨ ਵਾਲੀ, ਸੈਨਾ. ਫ਼ੌਜ (ਸਨਾਮਾ)

ਪਤਾਕਾ: ਸੰ. ਸੰਗਯਾ- ਝੰਡਾ, ਨਿਸ਼ਾਨ, ਧ੍ਵਜ, ਧੁਜਾ। ੨. ਨਿਸ਼ਾਨ ਦਾ ਫਰਹਰਾ. ਧ੍ਵਜਪਟ.

ਪਤਾਕਿਨੀ: ਦੇਖੋ, ਪਤਾਕਨੀ.

ਪਤਾਰ: ਸੰਗਯਾ- ਪਾਤਾਲ, "ਸਪਤ ਪਤਾਰ ਕੇ ਤਰ." (ਅਕਾਲ) ੨. ਦੇਖੋ, ਪਤਾਰੇ। ੩. ਦੇਖੋ, ਪਤਵਾਰ। ੪. ਸੰ. ਪ੍ਰਤਾਰ ਛਲ. ਧੋਖਾ.

ਪਤਾਰੇ: ਪਤ- ਉਤਾਰੇ. "ਜੇ ਮਾ ਹੋਵੈ ਜਾਰਨੀ, ਕਿਉ ਪੁਤ ਪਤਾਰੇ?" (ਭਾਗੁ) ਪੁਤ੍ਰ ਮਾਤਾ ਨੂੰ ਕਿਉਂ ਬੇਇੱਜ਼ਤ ਕਰੇ? ੨. ਦੇਖੋ, ਪਤਾਰ ੪.

ਪਤਾਲ: ਦੇਖੋ, ਪਾਤਾਲ.

ਪਤਾਲਪੁਰੀ: ਦੇਖੋ, ਪਾਤਾਲਾਪੁਰੀ.

ਪਤਾਲਮੋਚਨੀ: ਖ਼ਾ. ਸੰਗਯਾ- ਕਸੀ. ਕਹੀ.

ਪਤਾਲੂ: ਸੰ. ਪਤਯਾਲੁ. ਵਿ- ਪਤਨਸ਼ੀਲ. ਲਟਕਦਾ ਹੋਇਆ। ੨. ਸੰਗਯਾ- ਫ਼ੋਤਾ. ਅੰਡਕੋਸ਼.

ਪਤਿ: ਸੰਗਯਾ- ਪ੍ਰਤਿਸ਼੍ਠਾ. ਮਾਨ. ਇੱਜ਼ਤ. "ਪਤਿ ਸੇਤੀ ਅਪੁਨੈ ਘਰਿ ਜਾਹੀ." (ਬਾਵਨ) "ਪਤਿ ਰਾਖੀ ਗੁਰ ਪਾਰਬ੍ਰਹਮ" (ਬਾਵਨ) ੨. ਪੰਕ੍ਤਿ. ਪਾਂਤਿ. ਖ਼ਾਨਦਾਨ. ਕੁਲ. ਗੋਤ੍ਰ. "ਨਾਮੇ ਹੀ ਜਤਿ ਪਤਿ." (ਸ੍ਰੀ ਮਃ ੪. ਵਣਜਾਰਾ) ਨਾਮ ਕਰਕੇ ਜਾਤਿ ਅਤੇ ਵੰਸ਼ ਹੈ। ੩. ਸੰਪੱਤਿ. ਸੰਪਦਾ. "ਜਾਤਿ ਨ ਪਤਿ ਨ ਆਦਰੋ." (ਵਾਰ ਜੈਤ) ੪. ਪੱਤਿ ਲਈ ਭੀ ਪਤਿ ਸ਼ਬਦ ਵਰਤਿਆ ਹੈ, ਦੇਖੋ, ਪੱਤਿ। ੫. ਪਤ੍ਰੀ (ਧਤ੍ਰਿਨ) ਬੂਟਾ. ਪੌਧਾ. "ਨਾਇ ਮੰਨਿਐ ਪਤਿ ਊਪਜੈ." (ਵਾਰ ਆਸਾ) ਕਪਾਹ ਦਾ ਬੂਟਾ ਉਗਦਾ ਹੈ। ੬. ਸੰ. ਪਤਿ. ਸ੍ਵਾਮੀ. ਆਕਾ. ਦੇਖੋ, ਪਤ ੫. "ਸਰਵ ਜਗਤਪਤਿ ਸੋਊ." (ਸਲੋਹ) ੭. ਭਰਤਾ. ਖ਼ਾਵੰਦ "ਪਤਿਸੇਵਕਿ ਕੀ ਸੇਵਾ ਸਫਲੀ। ਪਤਿ ਬਿਨ ਔਰ ਕਰੈ ਸਭ ਨਿਫਲੀ." (ਗੁਵਿ ੬) ਕਾਵ੍ਯਗ੍ਰੰਥਾਂ ਵਿੱਚ ਪਤਿ ਕਾ ਲਛਣ ਹੈ ਕਿ ਜੋ ਧਰਮਪਤਨੀ ਬਿਨਾ ਹੋਰ ਵੱਲ ਮਨ ਦਾ ਪ੍ਰੇਮ ਨਹੀਂ ਲਾਉਂਦਾ। ੮. ਸ਼੍ਰੀ ਗੁਰੂ ਗ੍ਰੰਥਸਾਹਿਬ ਦੀਆਂ ਪੁਰਾਣੀਆਂ ਲਿਖਤੀ ਬੀੜਾਂ ਦੇ ਤਤਕਰੇ ਵਿੱਚ ਪੰਨਾ ਸ਼ਬਦ ਦੀ ਥਾਂ ਪਤਿ ਵਰਤਿਆ ਹੈ ਜੋ ਪਤ੍ਰ ਦਾ ਰੂਪਾਂਤਰ ਹੈ.

ਪਤਿਆਉਣਾ, ਪਤਿਆਨਾ: ਕ੍ਰਿ- ਪ੍ਰਤ੍ਯਯ (ਭਰੋਸਾ) ਆਉਣਾ. ਵਿਸ਼੍ਵਾਸ ਹੋਣਾ, ਪ੍ਰਤੀਤ ਕਰਨਾ. ਏਤਬਾਰ ਕਰਨਾ.

ਪਤਿਆਰ, ਪਤਿਆਰਾ: ਸੰਗਯਾ- ਪ੍ਰਤ੍ਯਯਃ ਵਿਸ਼੍ਵਾਸ. ਏ਼ਤਬਾਰ.

ਪਤਿਸਸ: ਪਤਿਸ਼ਸਤ੍ਰ ਦਾ ਸੰਖੇਪ. "ਕੰਟ ਸ਼ਬਦ ਪ੍ਰਿਥਮੇ ਉਚਰ ਅਘਨ ਸ਼ਬਦ ਕਹੁ ਅੰਤ। ਪਤਿਸਸ ਭਾਖਹੁ ਪਾਂਸ ਕੇ ਨਿਕਸਹਿਂ ਨਾਮ ਅਨੰਤ." (ਸਨਾਮਾ) ਕੰਟਕਅਘ (ਪਾਪ ਨਾਸ਼ਨੀ) ਗੰਗਾ, ਉਸ ਦਾ ਪਤਿ ਵਰੁਣ, ਉਸ ਦਾ ਸ਼ਸਤ੍ਰ ਪਾਸ਼ (ਫਾਹੀ).

ਪਤਿਸਟ: ਸੰ. ਪਤਿਸ਼੍ਟ. ਵਿ- ਅਤਯੰਤ ਡਿਗਣ ਵਾਲਾ, ਪਤਨਸ਼ੀਲ.

ਪਤਿਸਟਾ: ਦੇਖੋ, ਪ੍ਰਤਿਸ਼੍ਠਾ.

ਪਤਿਸਟਿਆ: ਪਤਿਸ਼੍ਟ ਹੋਇਆ. ਡਿਗਿਆ. ਨਿਕਲਿਆ. ਦੇਖੋ, ਪਤਿਸਟ. "ਕਉੜਾ ਹੋਇ ਪਤਿ ਸਟਿਆ." (ਸੋਰ ਅਃ ਮਃ੫)

ਪਤਿਹਾਰ: ਸੰਗਯਾ- ਪਾਤੀ ਹਾਰ. ਚਿੱਠੀਰਸਾਂ। ੨. ਦੇਖੋ, ਪ੍ਰਤਿਹਾਰ। ੩. ਦੇਖੋ, ਪ੍ਰੇਤਹਾਰ.

**ਪਤਿ ਕੇ ਆਚਾਰ:** ਸੰਗਯਾ- ਪ੍ਰਤਿਸ਼੍ਠਾ ਵਧਾਉਣ ਦੇ ਕਰਮ. ਉਹ ਆਚਰਣ (ਕਰਣੀ), ਜਿਸ ਤੋਂ ਸਨਮਾਨ ਵਧੇ। ੨. ਪੰਕ੍ਤਿ (ਕੁਲ- ਖ਼ਾਨਦਾਨ) ਦੇ ਆਚਾਰ. ਵੰਸ਼ਰੀਤਿ. "ਜਾਤਿ ਰਹੇ ਪਤਿ ਕੇ ਆਚਾਰਾ." (ਗਉ ਅਃ ਮਃ ੧)

**ਪਤਿਗ੍ਰਹ, ਪ੍ਰਤਿਗ੍ਰਹਿ:** ਸੰ. ਪ੍ਰਤਿਗ੍ਰਹ. ਸੰਗਯਾ- ਗ੍ਰਹਣ. ਅੰਗੀਕਾਰ। ੨. ਦਾਨ ਲੈਣ ਦੀ ਕ੍ਰਿਯਾ. ਦਾਨ ਅੰਗੀਕਾਰ ਕਰਨਾ. "ਮਹਾ ਪਤਿਗ੍ਰਹ ਕਿਮ ਲੇ ਸਕਹੀ?" (ਗੁਪ੍ਰਸੂ) ਮਹਾਦਾਨ (ਗ੍ਰਹਣ ਆਦਿ ਦਾ ਦਾਨ) ਕਿਵੇਂ ਲੈ ਸਕਦੇ ਹਾਂ?

**ਪਤਿਤ:** ਵਿ- ਡਿਗਿਆ ਹੋਇਆ। ੨. ਧਰਮ ਕਰਮ ਤੋਂ ਡਿਗਿਆ. ਪਾਪੀ. "ਪਤਿਤ ਪਵਿਤ੍ਰ ਲਈਏ ਕਰਿ ਅਪੁਨੇ." (ਗੂਜ ਮਃ ੫) ੩. ਜਾਤਿ ਤੋਂ ਡਿਗਿਆ. ਸਮਾਜੋਂ ਖ਼ਾਰਿਜ (ਕੱਢਿਆ). "ਪਤਿਤਜਾਤਿ ਉਤਮ ਭਇਆ." (ਸੂਹੀ ਮਃ ੪)

**ਪਤਿਤਉਧਾਰਣ, ਪਤਿਤਉਧਾਰਨ:** ਵਿ- ਪਤਿਤ (ਪਾਪੀ- ਨੀਚ) ਦਾ ਉੱਧਾਰ ਕਰਨ ਵਾਲਾ. "ਪਤਿਤ- ਉਧਾਰਣ ਹਰਿ, ਬਿਰਦ ਤੁਮਾਰਾ." (ਬਿਲਾ ਛੰਤ ਮਃ ੫) ੨. ਸੰਗਯਾ- ਕਰਤਾਰ, ਜੋ ਪਾਪੀਆਂ ਦਾ ਨਿਸਤਾਰ ਕਰਦਾ ਹੈ. "ਪਤਿਤਉਧਾਰਨ ਭੈਹਰਨ. (ਸਃ ਮਃ ੯) ੩. ਗੁਰੂ ਨਾਨਕ ਦੇਵ.

**ਪਤਿਤਜਾਤਿ:** ਜਾਤਿਚਯੁਤ. ਦੇਖੋ, ਪਤਿਤ ੩.

**ਪਤਿਤਪਾਵਨ:** ਵਿ- ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ. "ਪਤਿਤਪਾਵਨ ਨਾਮ ਹਰੀ." (ਮਾਲੀ ਮਃ ੫) ੨. ਸੰਗਯਾ- ਕਰਤਾਰ. ਵਾਹਗੁਰੂ। ੩. ਗੁਰੂ ਨਾਨਕ ਦੇਵ। ੪. ਗਯਾਨੀ ਗਯਾਨਸਿੰਘ ਦਾ ਬਣਾਇਆ ਇੱਕ ਗ੍ਰੰਥ ਜਿਸ ਵਿੱਚ ਕੁਲ. ਜਾਤਿ ਅਤੇ ਧਰਮ ਤੋਂ ਡਿਗੇ ਹੋਏ ਮਨੁੱਖਾਂ ਨੂੰ ਪਵਿਤ੍ਰ ਕਰਨ ਦੀ ਵਿਧਿ ਲਿਖੀ ਹੈ. ਹਿੰਦੂਮਤ ਦੇ ਗ੍ਰੰਥਾਂ, ਸਿੱਖ ਧਰਮ ਦੇ ਪੁਸ੍ਤਕਾਂ ਅਤੇ ਇਤਿਹਾਸਾਂ ਤੋਂ ਸਾਬਤ ਕੀਤਾ ਹੈ ਕਿ ਪਤਿਤ ਨੂੰ ਪਵਿਤ੍ਰ ਕਰਨਾ ਉੱਤਮ ਰੀਤਿ ਹੈ. ਇਹ ਗ੍ਰੰਥ ਸੰਮਤ ੧੯੫੧ ਵਿੱਚ ਤਿਆਰ ਹੋਇਆ ਹੈ, ਯਥਾ- "ਮਨ ਸਰ ਗ੍ਰਹ ਸਸਿ ਪੂਨਿਓ, ਮਾਘ ਸੁਦੀ ਸਸਿ ਵਾਰ[762] ਗਯਾਨ ਸਿੰਘ ਪੁਸ੍ਤਕ ਰਚਯੋ ਪਤਿਤ ਸੁਧਾਰਨਵਾਰ।"

**ਪਤਿਦੇਵਤਾ:** ਵਿ- ਪਤਿ ਨੂੰ ਦੇਵਰੂਪ ਮੰਨਣ ਵਾਲੀ ਇਸਤ੍ਰੀ. ਪਤਿਵ੍ਰਤਾ. ਜੋ ਪਤਿ ਤੋਂ ਬਿਨਾ ਹੋਰ ਕਿਸੇ ਦੇਵਤਾ ਦੀ ਉਪਾਸਨਾ ਨਹੀਂ ਕਰਦੀ.

**ਪਤਿ ਨਾਗਨਿਨੀ:** ਸੰਗਯਾ- ਨਾਗ (ਸ਼ੇਸ਼) ਪਤਿ ਕ੍ਰਿਸ਼ਨ, ਉਸ ਦੀ (ਵਹੁਟੀ) ਯਮੁਨਾ. (ਸਨਾਮਾ)

**ਪਤਿਨੀ:** ਸੰਗਯਾ ਪੱਤਿ (ਪੈਦਲ) ਸਿਪਾਹੀਆਂ ਦੀ ਸੈਨਾ. ਪਿਆਦਾ ਫ਼ੌਜ. (ਸਨਾਮਾ) ੨. ਦੇਖੋ, ਪਤਨੀ.

**ਪਤਿ ਪਰਮੇਸਰੁ ਗਤਿ ਨਾਰਾਇਣੁ:** ਧਨੁ ਗੁਪਾਲ." (ਧਨਾ ਮਃ ੫) ਪਤਿ (ਪ੍ਰਤਿਸ਼੍ਠਾ) ਪਰਮੇਸ਼੍ਵਰ, ਗਤਿ (ਇ਼ਲਮ- ਵਿਦਯਾ) ਨਾਰਾਯਣ, ਗੋਪਾਲ ਧਨ. ਭਾਵ- ਵਾਹਗੁਰੂ ਦਾ ਨਾਮ ਸਰਵਸ੍ਵ ਹੈ.

**ਪਤਿਬ੍ਰਤ, ਪਤਿਬ੍ਰਤਾ:** ਦੇਖੋ, ਪਤਿਵ੍ਰਤ ਅਤੇ ਪਤਿਵ੍ਰਤਾ.

**ਪਤਿਮ੍ਰਿਗ ਅਰਿ:** ਮ੍ਰਿਗ ਦਾ ਪਤਿ ਸ਼ੇਰ, ਉਸ ਦੀ ਵੈਰਨ ਬੰਦੂਕ. (ਸਨਾਮਾ) ਦੇਖੋ, ਛੰਦ ਵਡਾ.

**ਪਤਿਯਾਨਾ:** ਦੇਖੋ, ਪਤਿਆਨਾ.

**ਪਤਿਯਾਰਾ:** ਦੇਖੋ, ਪਤਿਆਰਾ.

**ਪਤਿਵ੍ਰਤ:** ਸੰਗਯਾ ਪਤਿ ਦੀ ਅਨਨ੍ਯ ਭਗਤਿ. ਪਤਿ ਦੀ ਉਪਾਸਨਾ ਅਤੇ ਸੇਵਾ ਦਾ ਨਿਯਮ. ਪਤਿ ਵਿੱਚ ਹੀ ਪ੍ਰੇਮ ਧਾਰਨ ਦਾ ਪ੍ਰਣ.

---

[762] ਸਨ (੧), ਸ਼ਰ (੫), ਗ੍ਰਹ (੯), ਸਸਿ (੧). ਅਰਥਾਤ ੧੯੫੧. ਮਾਘ ਸੁਦੀ ੧੫. ਅਤੇ ਸੋਮਵਾਰ.

**ਪਤਿਵ੍ਰਤਾ:** ਵਿ- ਪਤਿ (ਭਰਤਾ) ਵਿੱਚ ਪੂਰੀ ਸ਼੍ਰੱਧਾ ਰੱਖਣ ਵਾਲੀ ਇਸਤ੍ਰੀ. ਉਹ ਪਤਨੀ. ਜਿਸ ਨੇ ਇਹ ਵ੍ਰਤ (ਨਿਯਮ) ਧਾਰਨ ਕੀਤਾ ਹੈ ਕਿ ਬਿਨਾ ਖਸਮ ਤੋਂ ਹੋਰ ਨਾਲ ਪ੍ਰੇਮ ਨਹੀਂ ਕਰਨਾ.

**ਪਤੀ:** ਸ੍ਵਾਮੀ ਦੇਖੋ, ਪਤਿ ੬. ਅਤੇ ੭. " ਕਿਨ ਬਿਧਿ ਪਾਵਉ ਪ੍ਰਾਨਪਤੀ?" (ਬਸੰ ਮਃ ੧) ੨. ਪਤ੍ਰੀ. ਤਿਥਿਪਤ੍ਰ, ਪੰਚਾਂਗਪਤ੍ਰ. "ਪਾਧੇ ਆਣਿ ਪਤੀ ਬਹਿ ਵਾਚਾਈਆ." (ਸੂਹੀ ਛੰਤ ਮਃ ੪) ੩. ਪਤ੍ਰਿਕਾ. ਚਿੱਠੀ। ੪. ਪੱਤਿ. ਪੈਦਲ ਫ਼ੌਜ. "ਰਥੀ ਗਜੀ ਹੋਈ ਪਤੀ ਅਪਾਰ ਸੈਨ ਭੱਜਹੈ." (ਪਾਰਸਾਵ)

**ਪਤਿਅਈ ਹੈ:** ਪਤੀਜਦਾ. ਪ੍ਰਤ੍ਯਯ (ਵਿਸ਼੍ਵਾਸ) ਸਹਿਤ ਹੁੰਦਾ. "ਕਹਨ ਕਹਾਵਨ ਨਹਿ ਪਤੀਅਈ ਹੈ." (ਗਉ ਕਬੀਰ)

**ਪਤੀਆ:** ਸੰਗਯਾ- ਪਤ੍ਰਿਕਾ. ਚਿੱਠੀ। ੨. ਪ੍ਰਤ੍ਯਯ. ਵਿਸ਼੍ਵਾਸ. ਏਤਬਾਰ. "ਨਾਮਦੇਵ ਕਾ ਪਤੀਆ ਜਾਇ." (ਭੈਰ ਨਾਮਦੇਵ) ੩. ਪਰਤਾਵਾ. ਪਰੀਕ੍ਸ਼ਾ. ਇਮਤਹ਼ਾਨ. "ਤੀਨਿ ਬਾਰ ਪਤੀਆ ਭਰਿਲੀਨਾ." (ਗੌਂਡ ਕਬੀਰ)

**ਪਤੀਆਉਣਾ:** ਦੇਖੋ, ਪਤਆਉਣਾ. "ਜਿਸਨੋ ਤੂੰ ਪਤੀਆਇਦਾ, ਸੋ ਸਣੁ ਤੁਝੈ ਅਨਿਤ." (ਸ੍ਰੀ ਮਃ ੫) "ਸਾਹ ਉਮਰਾਉ ਪਤੀਆਏ." (ਗੌਂਡ ਅਃ ਮਃ ੫)

**ਪਤੀਆਇ:** ਪਤੀਜਦਾ. ਪ੍ਰਤ੍ਯਯ (ਏਤ਼ਬਾਰ) ਕਰਦਾ. "ਕਹੇ ਨ ਕੋ ਪਤੀਆਇ." (ਸ. ਕਬੀਰ)

**ਪਤੀਆਗਾ:** ਪਤਿਆਗਿਆ. ਪਤੀਜਿਆ. ਪ੍ਰਤ੍ਯਯ (ਵਿਸ਼੍ਵਾਸ) ਸਹਿਤ ਹੋਇਆ. "ਗੁਰ ਪੂਛੇ ਮਨੁ ਪਤੀਆਗਾ." ( ਸੋਰ ਨਾਮਦੇਵ)

**ਪਤੀਆਨਾ:** ਪੰਤਜਿਆ। ੨. ਦੇਖੋ, ਪਤਿਆਉਣਾ.

**ਪਤੀਆਰ, ਪਤੀਆਰਾ, ਪਤੀਆਰੁ:** ਸੰਗਯਾ- ਪ੍ਰਤ੍ਯਯ, ਭਰੋਸਾ ਵਿਸ਼੍ਵਾਸ. ਏਤਬਾਰ, ਸ਼੍ਰੱਧਾ. "ਭਗਤਿ ਰਤੇ ਪਤੀਆਰਾ ਹੇ". (ਮਾਰੂ ਸੋਲਹੇ ਮਃ ੧) ੨. ਪਰੀਕ੍ਸ਼ਾ, ਪਰਤਾਵਾ, ਇਮਤਹ਼ਾਨ. "ਅਬ ਪਤੀਆਰੁ ਕਿਆ ਕੀਜੈ?" (ਧਨਾ ਰਵਿਦਾਸ) ੩. ਪਤ੍ਰੀ ਵਾਲਾ ਪੰਚਾਂਗਪਤ੍ਰ ਹੈ ਜਿਸ ਦੇ ਪਾਸ. ਜ੍ਯੋਤਿਸ਼ੀ. "ਜਹ ਆਪਨ ਆਪੁ ਆਪਿ ਪਤੀਆਰਾ। ਤਹ ਕਉਨੁ ਕਥੈ ਕਉਨੁ ਸੁਨਨੈ ਹਾਰਾ?" (ਸੁਖਮਨੀ)

**ਪਤੀਆਵਣ, ਪਤੀਆਵਣੁ:** ਦੇਖੋ, ਪਤਿਆਉਣਾ.

**ਪਤੀਐ:** ਪਤੀਜੀਏ। ੨. ਪਤੀਜਦਾ. ਪ੍ਰਤ੍ਯਯ (ਏਤਬਾਰ) ਕਰਦਾ. "ਝੂਠਿ ਨ ਪਤੀਐ ਪਰਚੈ ਸਾਚੈ." (ਗੌਂਡ ਕਬੀਰ)

**ਪਤੀਜਣਾ, ਪਤੀਜਨਾ:** ਵਿ- ਪ੍ਰਤ੍ਯਯ (ਏ਼ਤਬਾਰ) ਕਰਨਾ. ਵਿਸ਼੍ਵਾਸ ਕਰਨਾ. "ਹਠਿ ਨ ਪਤੀਜੈ ਨਾ ਬਹੁ ਭੇਖੈ." (ਧਨਾ ਅਃ ਮਃ੫)

**ਪਤੀਣ:** ਸੰ. ਪ੍ਰਤ੍ਨ. ਵਿ- ਪੁਰਾਣਾ। ੨. ਬੋਦਾ. ਕਮਜ਼ੋਰ. "ਅਖੀ ਦੇਖਿ ਪਤੀਣੀਆਂ, ਸੁਣਿ ਸੁਣਿ ਰੀਣੇ ਕੰਨ." (ਸ. ਫਰੀਦ) ੩. ਦੇਖੋ, ਪਤੀਜਨਾ.

**ਪਤੀਣਾ:** ਪਤੀਜਿਆ. ਦੇਖੋ, ਪਤੀਜਣਾ। ੨. ਸੰ. ਪ੍ਰਤਨੁ. ਵਿ- ਸੂਕ੍ਸ਼ਮ. ਬਾਰੀਕ। ੩. ਕ੍ਸ਼ੀਣ. ਦੁਬਲਾ.

**ਪਤੀਣੀ:** ਪਤੀਜੀ ਦੇਖੋ, ਪਤੀਜਣਾ। ੨. ਦੇਖੋ, ਪਤੀਣ.

**ਪਤੀਣੀਆਂ:** ਦੇਖੋ, ਪਤੀਣ.

**ਪਤੀਣੈ:** ਪਤੀਜਣ ਤੋਂ। ੨. ਰਿਝਾਉਣ ਤੋਂ "ਲੋਕਿ ਪਤੀਣੈ ਨਾ ਪਤਿ ਹੋਇ." (ਧਨਾ ਮਃ ੧)

**ਪਤੀਣੋਹਿ:** ਪਤੀਜਿਆ ਹੈ, ਏ਼ਤਬਾਰ ਕੀਤਾ ਹੈ. "ਤੂ ਅਜੇ ਨ ਪਤੀਣੋਹਿ." (ਸ. ਫਰੀਦ) ਦੇਖੋ, ਪਤੀਜਣਾ.

ਪਤੀਨ: ਦੇਖੋ, ਪਤੀਣ। ੨. ਸੰ. प्रत्ययिन्- ਪ੍ਰਤ੍ਯਯਿਨ੍ ਵਿ- ਵਿਸ਼੍ਵਾਸ ਯੋਗ੍ਯ. ਨਿਸ਼੍ਚੇ ਲਾਇਕ. "ਅਨਦ ਚਿਤਾ ਹਰਖੇ ਪਤੀਨ." (ਟੋਡੀ ਮਃ ੫) ਆਨੰਦ ਰੂਪ, ਚੇਤਨ ਰੂਪ, ਨਿਸ਼ਚੇ ਯੋਗ੍ਯ, ਪ੍ਰਸੰਨ ਹੋਏ.

ਪਤੀਨਾ: ਦੇਖੋ, ਪਤੀਣਾ, "ਮਨ ਕਠੋਰ ਅਜਹੂ ਨ ਪਤੀਨਾ." (ਗੌਂਡ ਕਬੀਰ)

ਪਤੀਨੀ: ਦੇਖੋ, ਪਤੀਣੀ. "ਸਚੇ ਸਬਦਿ ਪਤੀਨੀ." (ਵਾਰ ਰਾਮ ੧. ਮਃ ੩)

ਪਤੀਨੇ: ਪਤੀਜੇ. ਵਿਸ਼੍ਵਾਸ ਸਹਿਤ ਹੋਏ, "ਨਾਨਕ ਸਾਚਿ ਪਤੀਨੇ." (ਸੋਰ ਮਃ ੫)

ਪਤੀਲਸੋਜ਼: ਦੇਖੋ ਫ਼ਤੀਲਸੋਜ਼.

ਪਤੁ: ਦੇਖੋ, ਪਤ। ੨. ਪਾਤ੍ਰ. "ਪਤੁ ਵੀਚਾਰ ਗਿਆਨਮਤਿ ਡੰਡਾ." (ਆਸਾ ਮਃ ੧) ੩. ਪਤ੍ਰ. ਪੱਤਾ. "ਸਾਖਾ ਮੂਲ ਪਤੁ ਨਹੀ ਡਾਲੀ." (ਆਸਾ ਛੰਤ ਮਃ ੧)

ਪਤੂਆ: ਸੰਗ੍ਯਾ- ਪੱਤਾ. ਪਤ੍ਰ. ਪੱਤੇ. "ਪਤੂਆ ਸਭ ਆਪਨ ਹੀ ਉਡਜਾਵਹਿਗੇ." (ਕਲਕੀ) ੨. ਵਿ- ਪੱਤਿਆਂ ਦਾ ਬਣਿਆ ਹੋਇਆ.

ਪਤੋਹੂ: ਸੰਗ੍ਯਾ- ਪੁਤ੍ਰਵਧੂ. ਬੇਟੇ ਦੀ ਵਹੁਟੀ। ੨. ਪੌਤ੍ਰ (ਪੋਤੇ ਦੀ) ਇਸਤ੍ਰੀ.

ਪਤੌਆ: ਦੇਖੋ, ਪਤਊਆ.

ਪਤੌੜ: ਸੰਗ੍ਯਾ- ਪਤ੍ਰਵਟਿਕਾ. ਪੱਤੇ ਦਾ ਪਕੌੜਾ, ਬੇਸਣ ਵਿੱਚ ਲਪੇਟਕੇ ਤਲਿਆ ਹੋਇਆ ਗਾਗਟੀ ਪਾਲਕ ਆਦਿ ਦਾ ਪੱਤਾ.

ਪਤੰਗ: ਸੰ. ਵਿ- ਉਡਦਾ ਹੋਇਆ. ਉਡਣ ਵਾਲਾ। ੨. ਸੰਗ੍ਯਾ. ਪੰਛੀ. ਪਰਿੰਦ। ੩. ਭਮੱਕੜ, ਸ਼ਲਭ. ਪਰਵਾਨਾ. "ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ." (ਚਉਬੋਲੇ ਮਃ ੫) ੪. ਸੂਰਜ। ੫. ਫਿੰਡ. ਗੇਂਦ। ੬. ਸ਼ਰੀਰ. ਦੇਹ। ੭. ਨੌਕਾ. ਜਹਾਜ। ੮. ਅੱਗ ਦੀ ਚਿਨਗਾਰੀ, ਵਿਸਫੁਲਿੰਗ। ੯. ਤੀਰ। ੧੦. ਪੰਛੀ ਦੀ ਤਰਾਂ ਉਡਣ ਵਾਲੀ ਹੋਣ ਕਰਕੇ ਗੁੱਡੀ (ਚੰਗ) ਦਾ ਨਾਮ ਭੀ ਪਤੰਗ ਹੈ। ੧੧. ਦੇਖੋ, ਪਤੰਗੁ। ੧੨. ਸੰ. ਪਤ੍ਰੰਗ ਇੱਕ ਬਿਰਛ, ਜਿਸ ਦੀ ਲੱਕੜ ਵਿੱਚੋਂ ਉਬਾਲਕੇ ਲਾਲ ਰੰਗ ਕੱਢਿਆ ਜਾਂਦਾ ਹੈ. Caesalpina Sappan ਪਤੰਗ ਦਾ ਰੰਗ ਕੱਚਾ ਹੁੰਦਾ ਹੈ. "ਸਭ ਜਗ ਰੰਗ ਪਤੰਗ ਕੋ ਹਰਿ ਏਕੈ ਨਵਰੰਗ." (ਨੰਦਦਾਸ)

ਪਤੰਗਸੁਤ: ਪਤੰਗ (ਸੂਰਜ) ਦਾ ਪੁਤ੍ਰ ਕਰਣ। ੨. ਅਸ਼੍ਵਿਨੀਕੁਮਾਰ। ੩. ਯਮ। ੪. ਸੁਗ੍ਰੀਵ.

ਪਤੰਗਮ: ਸੰ. ਵਿ- ਜੋ ਪੰਖਾਂ ਨਾਲ ਜਾਂਦਾ ਹੈ. ਉਡਣ ਵਾਲਾ. "ਅਸਥਾਵਰ ਜੰਗਮ ਕੀਟ ਪਤੰਗਮ." (ਮਾਲੀ ਨਾਮਦੇਵ) ੨. ਸੰਗ੍ਯਾ- ਪੰਛੀ। ੩. ਭਮੱਕੜ. ਸ਼ਲਭ.

ਪਤੰਗਾ: ਸੰਗ੍ਯਾ- ਦੇਖੋ ਪਤੰਗ ੩. "ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ." (ਆਸਾ ਮਃ ੪) ੨. ਦੇਖੋ, ਪਤੰਗ ੮। ੩. ਨਿਘੰਟੁ ਵਿੱਚ ਘੋੜੇ ਦਾ ਨਾਮ ਪਤੰਗਾ ਲਿਖਿਆ ਹੈ.

ਪਤੰਗੀ: ਸੰਗੜਾ- ਛੋਟਾ ਪਤੰਗ, ਦੇਖੋ, ਪਤੰਗ ੧੦। ੨. ਵਿ- ਪਤੰਗ ਦਾ. ਦੇਖੋ, ਪਤੰਗ ੧੨. "ਪਤੰਗੀ ਸੁ ਰੰਗਾ ਚਲਯੋ ਸ੍ਰੋਣ ਅੰਗਾ." (ਗੁਪ੍ਰਸੂ) ਪਤੰਗ ਦੇ ਰੰਗ ਦਾ (ਲਾਲ) ਲਹੂ ਵਗਿਆ। ੩. ਸੰ. पतङ्गिन. ਸੰਗ੍ਯਾ- ਪੰਛੀ. ਖਗ.

ਪਤੰਗੁ: ਦੇਖੋ, ਪਤੰਗ। ੨. ਸੰ. ਪ੍ਰਤ੍ਯੰਗ. ਕ੍ਰਿ. ਵਿ- ਹਰੇਕ ਅੰਗ ਨੂੰ. ਭਾਵ- ਕਿਸੇ ਅੰਗ ਨੂੰ. "ਲਗੈ ਨ ਮੈਲੁ ਪਤੰਗੁ." (ਸ੍ਰੀ ਅਃ ਮਃ ੩) ੨. ਤਨੁਮਾਤ੍ਰ. ਜ਼ਰਾ.

ਪਤੰਚਿਕਾ: ਸੰ. पतञ्चिका ਸੰਗ੍ਯਾ- ਧਨੁਖ ਦਾ ਡੋਰਾ. ਚਿੱਲਾ. ਜਿਹ.

ਪਤੰਜਲਿ: ਸੰ. पतञ्जलि ਯੋਗਸੂਤ੍ਰ (ਪਾਤੰਜਲ ਦਰਸ਼ਨ) ਦਾ ਕਰਤਾ ਇੱਕ ਰਿਖੀ, ਜੋ ਪਤੰਜਲ ਦੀ ਕੁਲ ਵਿੱਚ ਹੋਇਆ। ੨.

ਇੱਕ ਪ੍ਰਸਿੱਧ ਮੁਨਿ. ਜਿਸ ਨੇ ਵਿਆਕਰਨ ਦੇ ਪਾਣਿਨੀਯ ਸੂਤ੍ਰਾਂ ਪੁਰ ਮਹਾਭਾਸ਼੍ਯ ਲਿਖਿਆ ਹੈ, ਇਸ ਦਾ ਜਨਮ ਗੋਣਿਕਾ ਦੇ ਉਦਰ ਤੋਂ ਗੋਨਰਦ (ਗੋਂਡਾ) ਵਿੱਚ ਹੋਇਆ. ਪੰਤਜਲਿ ਦਾ ਸਮਾਂ ਸਨ ਈਸਵੀ ਤੋਂ ੧੫੦ ਵਰ੍ਹੇ ਪਹਿਲਾਂ ਅਨੁਮਾਨ ਕੀਤਾ ਗਿਆ ਹੈ. ਸੰਸਕ੍ਰਿਤ ਦੇ ਕਈ ਕਵੀਆਂ ਨੇ ਇਹ ਲਿਖਿਆ ਹੈ ਕਿ ਪਤੰਜਲਿ ਪਾਣਿਨੀ ਦੀ ਅੰਜਲਿ (ਉਂਜਲ) ਵਿੱਚ ਛੋਟੇ ਸੱਪ ਦੇ ਆਕਾਰ ਆਸਮਾਨੋਂ ਪਤਨ ਹੋਇਆ, ਇਸ ਕਾਰਣ ਨਾਮ ਪਤੰਜਲਿ ਰੱਖਿਆ ਗਿਆ ਅਰ ਇਹ ਸ਼ੇਸ਼ਨਾਗ ਦਾ ਅਵਤਾਰ ਸੀ.

ਪਤੰਤਿ: ਡਿਗਦਾ ਹੈ. ਦੇਖੋ, ਪਤਨ. "ਪਤੰਤਿ ਮੋਹਕੂਪ." (ਸਹਸ ਮਃ ੫)

ਪਤੰਦਰ: ਪਤਿ- ਅੰਤਰ. ਹੋਰ ਪਤਿ, ਮੱਲੋ ਮੱਲੀ ਬਣਿਆ ਖਸਮ। ੨. ਜਾਰ. ਵਿਭਚਾਰੀ.

ਪੱਤ: ਸੰਗਯਾ- ਪਤ੍ਰ. ਪੱਤਾ.

ਪੱਤਕ: ਸੰਗਯਾ- ਪੰਕ੍ਤਿ. "ਸੁਭੰਤ ਦੰਤ ਪੱਤਕੰ." (ਗਯਾਨ) ਦੰਦਾਂ ਦੀ ਪੰਕ੍ਤਿ। ੨. ਦੇਖੋ, ਪੱਤਿਕਾ.

ਪੱਤਣ, ਪੱਤਨ: ਸੰ. ਸੰਗਯਾ- ਨਗਰ. ਸ਼ਹਿਰ. ਪੱਟਨ। ੨. ਪਾਣੀ ਦਾ ਕਿਨਾਰਾ। ੩. ਨਦੀ ਦਾ ਇਹ ਥਾਂ, ਜਿੱਥੋਂ ਦੀ ਪੈਰੀਂ ਪਾਰ ਹੋ ਜਾਈਏ, ਕਿਸ਼ਤੀ ਦੀ ਲੋੜ ਨਾ ਪਵੇ.

ਪੱਤਰਾ: ਸੰਗਯਾ- ਪਤ੍ਰ ਵਰਕ਼ਾ। ੨. ਕਾਗ਼ਜ ਜੇਹਾ ਪਤਲਾ ਧਾਤੁ ਦਾ ਪਤ੍ਰ.

ਪੱਤਲ, ਪੱਤਲਿ: ਸੰਗਯਾ- ਪਤ੍ਰਸਥਾਲੀ. ਦੇਖੋ, ਪਤਲਿ.

ਪੱਤਾ: ਸੰਗਯਾ- ਪਤ੍ਰ। ੨. ਭਾਈ ਗੁਰਦਾਸ ਜੀ ਨੇ ਆਪਤਯ (ਔਲਾਦ) ਦੀ ਥਾਂ ਭੀ ਪੱਤਾ ਸ਼ਬਦ ਵਰਤਿਆ ਹੈ. "ਪੜਨਾਨਾ ਪੜਨਾਨੀ ਪੱਤਾ." (ਭਾਗੁ)

ਪੱਤਿ: ਸੰ. ਸੰਗਯਾ- ਪੈਦਲ ਸਿਪਾਹੀ. ਪਯਾਦਾ "ਪੱਤਿ ਗਿਰੇ ਗਜ ਬਾਜਿ ਕਹੂੰ." (ਕ੍ਰਿਸ਼ਨਾਵ) "ਪੱਤਿ ਕਬੈ ਅਸਵਾਰ ਚਲਾਈ." (ਗੁਵਿ ੧੦) ੨. ਫ਼ੌਜ ਦੀ ਇੱਕ ਟੋਲੀ, ਜਿਸ ਵਿੱਚ ੧. ਰਥ, ੧. ਹਾਥੀ, ੩. ਘੋੜੇ ਅਤੇ ੫. ਪੈਦਲ ਹੋਣ. ਕਈਆਂ ਨੇ ਪੈਦਲਾਂ ਦੀ ਗਿਣਤੀ ੫੫ ਲਿਖੀ ਹੈ.

ਪੱਤਿਕ: ਸੰ. ਸੰਗਯਾ- ਫ਼ੌਜ ਦੀ ਇੱਕ ਖਾਸ ਗਿਣਤੀ, ਜਿਸ ਵਿੱਚ ੧੦. ਘੋੜੇ, ੧੦. ਹਾਥੀ, ੧੦. ਰਥ ਅਤੇ ੧੦੦ ਪੈਦਲ ਹੁੰਦੇ ਹਨ। ੨. ਪੱਤਿਕ ਸੈਨਾ ਦਾ ਸਰਦਾਰ। ੩. ਵਿ- ਪੈਦਲ ਚਲਣ ਵਾਲਾ, ਪਯਾਦਾ

ਪੱਤੀ: ਸੰਗਯਾ- ਪਤ੍ਰ. ਛੋਟਾ ਪੱਤਾ। ੨. ਕਮਾਦ ਆਦਿ ਦਾ ਸੁੱਕਿਆ ਹੋਇਆ ਪੱਤਾ। ੩. ਫੁੱਲ ਦੀ ਪਾਂਖੁੜੀ। ੪. ਹਿੱਸਾ. ਭਾਗ। ੫. ਜ਼ਮੀਨ ਦੀ ਵੰਡ.

ਪੱਤੀਦਾਰ: ਹਿੱਸੇਦਾਰ ਸਾਂਝੀ। ੨. ਪਿੰਡ ਦੀ ਪੱਤੀ ਦਾ ਮਾਲਿਕ.

ਪੱਤੋ: ਦੇਖੋ, ਚਤੌੜ ਅਤੇ ਅਕਬਰ।

੨. ਜਿਲਾ ਫਿਰੋਜ਼ਪੁਰ, ਤਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲੇ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮੋਗੇ ਤੋਂ ੧੬. ਮੀਲ ਦੱਖਣ ਹੈ. ਇਸ ਪਿੰਡ ਤੋਂ ਪੂਰਵ ਵੱਲ ਇੱਕ ਛੱਪੜ ਦੇ ਕਿਨਾਰੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਇਸ ਨੂੰ "ਗੁਰੂਸਰ" ਭੀ ਆਖਦੇ ਹਨ.

ਗੁਰੂ ਨਾਨਕ ਦੇਵ ਜੀ ਨੇ ਤਖਤੂਪੁਰੇ ਤੋਂ ਇੱਥੇ ਚਰਨ ਪਾਏ, ਫੇਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਖਤੂਪੁਰੇ ਤੋਂ ਡਰੋਲੀ ਜਾਂਦੇ ਇੱਥੇ ਪਧਾਰੇ, ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਨੇ ਤੋਂ ਸੈਰ ਸ਼ਿਕਾਰ ਲਈ ਏਧਰ ਆਏ ਹੋਏ ਠਹਿਰੇ. ਦਰਬਾਰ ਨਵਾਂ ਬਣ ਰਿਹਾ ਹੈ. ਇਸ ਪਿੰਡ ਵਿੱਚ ਭਾਈ ਵੀਰ ਸਿੰਘ ਜੀ ਦਾ ਡੇਰਾ ਹੈ. ਉਸ ਦੀ ਲੋਕ ਵਿਸ਼ੇਸ਼ ਸੇਵਾ ਕਰਦੇ ਹਨ. ਇਸ ਦਰਬਾਰ ਦੀ ਹਾਲਤ ਢਿੱਲੀ ਹੈ. ੧੦. ਘੁਮਾਉਂ ਜ਼ਮੀਨ ਗੁਰਦ੍ਵਾਰੇ ਨਾਲ ਹੈ. ਪੁਜਾਰੀ ਅਕਾਲੀ ਸਿੰਘ ਹੈ.

ਪਤਜਾਇ: ਪਤੀਜਦਾ. ਨਿਸ਼੍ਚਾ ਕਰਦਾ. ਦੇਖੋ, ਪਤੀਜਨਾ. "ਅਜੌ ਨ ਪਤਜਾਇ ਨਿਗਮ ਭਏ ਸਾਖੀ." (ਜੈਤ ਰਵਿਦਾਸ)

੨. ਪਰਤਿਆਕੇ. ਪਰਖਕੇ.

ਪਤ੍ਰ: ਸੰ. ਸੰਗਯਾ- ਬਿਰਛ ਤੋਂ ਪਤਨ (ਡਿਗਣ) ਵਾਲਾ, ਪੱਤਾ. ਦਲ. " ਪਤ੍ਰ ਭੁਰਜੇਣ ਝੜੀਐ ਨਹਿ ਜੜੀਅੰ ਪੇਡ." (ਗਾਥਾ) ੨. ਚਿੱਠੀ. ਖ਼ਤ਼. ਪੁਰਾਣੇ ਜ਼ਮਾਨੇ ਤਾੜ ਆਦਿ ਦੇ ਪੱਤਿਆਂ ਪੁਰ ਲਿਖਣ ਦਾ ਰਿਵਾਜ ਸੀ, ਇਸ ਕਰਕੇ ਚਿੱਠੀ ਅਤੇ ਪੱਤਰੇ ਦਾ ਨਾਮ ਪੱਤ੍ਰ ਹੋਗਿਆ. "ਪਠਜੋ ਪਤ੍ਰ ਕਾਸਿਦ ਕੇ ਹਾਥ." (ਗੁਪ੍ਰਸੂ) ੩. ਪੱਤੇ ਜੇਹਾ ਪਤਲਾ ਧਾਤੁ ਦਾ ਟੁਕੜਾ (ਚਾਦਰ). ੪. ਪੰਖ. ਪਕ੍ਸ਼. ਖੰਭ। ੫. ਸਵਾਰੀ. "ਛਤ੍ਰ ਨ ਪਤ੍ਰ ਨ". (ਸਵੈਯੇ ਸ਼੍ਰੀ ਮੁਖਵਾਕ ਮਃ੫) ਨਾ ਛਤ੍ਰ ਨਾ ਸਵਾਰੀ। ੬. ਤਲਵਾਰ ਦਾ ਫਲ. ਪਿੱਪਲਾ. ਅਸਿਪਤ੍ਰ। ੭. ਵਸਤ੍ਰ. "ਉਡਜੋ ਪੌਨ ਕੇ ਬੇਗ ਸੋਂ ਅਗ੍ਰ ਪਤ੍ਰੰ." (ਜਨਮੇਜਯ) ੮. ਮੋਰਛੜ. ਮੋਰ ਦੇ ਪੰਖਾਂ ਦਾ ਮੁੱਠਾ, ਜੋ ਰਾਜਿਆਂ ਦੇ ਸਿਰ ਪੁਰ ਚੌਰ ਦੀ ਤਰਾਂ ਫੇਰਿਆ- ਜਾਂਦਾ ਹੈ. "ਛਤ੍ਰ ਪਤ੍ਰ ਢਾਰੀਅੰ." (ਰਾਮਾਵ) ੯. ਪੰਛੀ. ਪੰਖੇਰੂ। ੧੦. ਤੀਰ। ੧੧. ਪਾਤ੍ਰ ਦੀ ਥਾਂ ਭੀ ਪਤ੍ਰ ਸ਼ਬਦ ਆਇਆ ਹੈ. "ਭਰੰਤ ਪਤ੍ਰ ਖੇਚਰੀ." (ਰਾਮਾਵ) ਜੋਗਨੀ ਲਹੂ ਦਾ ਪਾਤ੍ਰ ਭਰਦੀ ਹੈ. "ਪਤ੍ਰ ਕਾ ਕਰਹੁ ਬੀਚਾਰ." (ਰਾਮ ਕਬੀਰ) ਵਿਚਾਰ ਦਾ ਪਾਤ੍ਰ ਕਰੋ. ੧੦. ਫੁੱਲ ਦੀ ਪੰਖੜੀ petal. ਦੇਖੋ, ਸਤਪਤ੍ਰ.

ਪਤ੍ਰਹਾਰ: ਸੰਗਯਾ- ਚਿੱਠੀ ਲੈ ਜਾਣ ਵਾਲਾ. ਚਿੱਠੀਰਸਾਂ। ੨. ਦੂਤ. ਚਰ.

ਪਤ੍ਰਕਾ: ਦੇਖੋ, ਪਤ੍ਰਿਕਾ.

ਪਤ੍ਰਧਰ: ਵਿ- ਪੰਖ ਰੱਖਣ ਵਾਲਾ। ੨. ਸੰਗਯਾ- ਪੰਛੀ। ੩. ਤੀਰ। ੪. ਗਰੁੜ. "ਨਾਗਸੁਤਾ ਤਜਾਗ ਚਲ਼ੀ ਗ੍ਰਹਿ ਪਤ੍ਰਧਰੈ ਸੇ." (ਕ੍ਰਿਸਨਾਵ)

ਪਤ੍ਰਲ: ਸੰ. ਵਿ- ਪੱਤਿਆਂ ਵਾਲਾ ਪਤ੍ਰਾਵਲਾ.

ਪਤ੍ਰਵਾਹ: ਸੰ. ਸੰਗਯਾ- ਤੀਰ। ੨. ਪੰਛੀ। ੩. ਚਿੱਠੀਰਸਾਂ। ੪. ਹਵਾ. ਪੌਣ.

ਪਤ੍ਰਾ: ਦੇਖੋ, ਪਤ੍ਰ। ੨. ਪੰਨਾ, ਵਰਕਾ। ੩. ਧਾਤੁ ਦੀ ਪਤ੍ਰੇ ਜੇਹੀ ਪਤਲੀ ਚਾਦਰ। ੪. ਤਿਥਿਪਤ੍ਰ. ਜੰਤ੍ਰੀ.

ਪਤ੍ਰਾਲਾ: ਸੰ. ਪਤ੍ਰਲ. ਵਿ- ਪੱਤਿਆਂ ਵਾਲਾ। ੨. ਪੰਖਾਂ ਵਾਲਾ. "ਤਨ ਸੋਹੇ ਪਤ੍ਰੀ ਪਤ੍ਰਾਲੇ." (ਰਾਮਾਵ) ਪਤ੍ਰੀ (ਤੀਰ) ਸ਼ਰੀਰ ਵਿੱਚ ਗਡੇ, ਪਤ੍ਰਾਲੇ (ਪੰਖਾਂ ਵਾਲੇ) ਸੋਹੇ.

ਪਤ੍ਰਾਲੀ: ਪਤ੍ਰਾਵਲੀ, ਸੰਘਣੇ ਪੱਤਿਆਂ ਵਾਲੀ. ਦੇਖੋ, ਪਤ੍ਰਲ. "ਜਿਸ ਬਹੁਤੀ ਛਾਉ ਪਤ੍ਰਾਲੀ." (ਵਾਰ ਰਾਮ ੩)

ਪਤ੍ਰਿ: ਦੇਖੋ ਪਤ੍ਰੀ.

ਪਤ੍ਰਿਕਾ: ਸੰਗਯਾ- ਚਿੱਠੀ। ੨. ਛੋਟਾ ਰਿਸਾਲਾ ਅਥਵਾ ਅਖ਼ਬਾਰ.

ਪਤ੍ਰਿਣੀ: ਸੰਗਯਾ- ਪਤ੍ਰੀ (ਤੀਰ) ਵਾਲੀ ਸੈਨਾ. (ਸਨਾਮਾ)

ਪਤ੍ਰੀ: ਸੰਗਯਾ- ਚਿੱਠੀ. ਖ਼ਤ਼. ਪਤ੍ਰਿਕਾ। ੨. ਚਿੱਠੀ ਲੈ ਜਾਣ ਵਾਲਾ ਕ਼ਾਸਿਦ. ਦੂਤ. "ਪ੍ਰਿਥਮੇ ਮਤਾ ਜਿ ਪਤ੍ਰੀ ਚਲਾਵਉ." (ਆਸਾ ਮਃ ੫) ੩. ਤਿਥਿਪਤ੍ਰ. ਪੰਚਾਂਗਪਤ੍ਰ, ਜੰਤ੍ਰੀ. "ਮਨ ਕੀ ਪਤ੍ਰੀ ਵਾਚਣੀ." (ਵਾਰ ਮਾਰੂ ੧. ਮਃ ੩) ੪. ਜਨਮਪਤ੍ਰ. ਟੇਵਾ. ਕੁੰਡਲੀ. "ਕਿਤਿ ਵਿਧਿ ਪਤ੍ਰੀ ਲੀਜੈ, ਬਾਲਾ?" (ਨਾਪ੍ਰ) ਹੇ ਭਾਈ ਬਾਲਾ! ਗੁਰੂ ਨਾਨਕ ਦੇਵ ਜੀ ਦੀ ਪਤ੍ਰੀ ਕਿਵੇਂ ਲਈਏ? ੫. ਸੰ. पत्रिन. ਵਿ- ਪਤ੍ਰ (ਪੰਖਾਂ) ਵਾਲਾ। ੬. ਪੱਤਿਆਂ ਵਾਲਾ। ੭. ਸੰਗਯਾ- ਤੀਰ. "ਕਈ ਕੋਟਿ ਪਤ੍ਰੀ ਤਿਸੀ ਠੌਰ ਛੂਟੇ" (ਚਰਿਤ੍ਰ ੧੦੨) ੮. ਪੰਛੀ. ਪਕ੍ਸ਼ੀ। ੯. ਬਿਰਛ. "ਪਤ੍ਰੀ ਪਰ ਪਤ੍ਰੀ ਜੇ ਵਾਸਾ." (ਨਾਪ੍ਰ) ਬਿਰਛ ਪੁਰ ਜੋ ਪੰਛੀ ਵਸਦੇ ਹਨ। ੧੦. ਪੰਖੜੀਆਂ ਵਾਲਾ ਫੁੱਲ. ਕਮਲ। ੧੧. ਗੁਲਾਬ ਦਾ ਫੁੱਲ।

ਪਤ੍ਰਜਰਿ: ਸੰਗਯਾ- ਪਤ੍ਰੀ (ਬਿਰਛ) ਦਾ ਵੈਰੀ ਹਾਥੀ. (ਸਨਾਮਾ)

ਪਤ੍ਰਜਰਿ ਅਰਿ: ਸੰਗਯਾ- ਪਤ੍ਰੀ (ਬਿਰਛ) ਦਾ ਵੈਰੀ ਹਾਥੀ, ਉਸ ਦਾ ਵੈਰੀ ਸ਼ੇਰ. (ਸਨਾਮਾ)

ਪਤ੍ਰਜਰਿ ਅਰਿ ਅਰਿ: ਸੰਗਯਾ- ਪਤ੍ਰੀ (ਬਿਰਛ) ਦਾ ਵੈਰੀ ਹਾਥੀ, ਉਸ ਦਾ ਵੈਰੀ ਸ਼ੇਰ, ਉਸ ਦੀ ਵੈਰਣ ਬੰਦੂਕ. (ਸਨਾਮਾ)

ਪਤਜ੍ਰਰਿ ਅਰਿ ਧੁਨਿਨੀ: ਪਤ੍ਰੀ (ਬਿਰਛ) ਦਾ ਵੈਰੀ ਹਾਥੀ, ਉਸ ਦਾ ਵੈਰੀ ਸ਼ੇਰ. ਉਸ ਜੇਹਾ ਨਾਦ ਕਰਨ ਵਾਲੀ, ਬੰਦੂਕ (ਸਨਾਮਾ)

ਪਥ: ਸੰ. पथ्. ਧਾ- ਫੈਂਕਣਾ, ਜਾਣਾ, ਉਡਣਾ, ਭੇਜਣਾ। ੨. ਸੰਗਯਾ- ਰਸਤਾ, ਰਾਹ. ਮਾਰਗ. "ਚਾਲਹਿ ਪ੍ਰਭੁ- ਪਥਾ." (ਵਾਰ ਜੈਤ) ੩. ਰੀਤਿ. ਰਸਮ। ੪. ਪਥ੍ਯ. ਪਰਹੇਜ਼. ਦੇਖੋ, ਪਥ੍ਯ। ੫. ਪਾਰਥ. ਅਰਜੁਨ, ਜੋ ਪ੍ਰਿਥਾ (ਕੁੰਤੀ) ਦਾ ਪੁਤ੍ਰ ਸੀ, "ਕਯੋਂ ਪਥ ਕੋ ਰਥ ਹਾਂਕ ਧਯੋ ਜੂ?" (੩੩ ਸਵੈਯੇ)

ਪਥਕ: ਦੇਖੋ, ਪਥਿਕ.

ਪਥਣਾ, ਪਥਨਾ: ਕ੍ਰਿ- ਪ੍ਰਸਥਾਪਨ ਕਰਨਾ. ਥਾਪਣਾ। ੨. ਥਾਪੜਨਾ। ੩. ਗੋਬਰ ਆਦਿ ਨੂੰ ਥਾਪੜਕੇ ਗੋਲਾਕਾਰ ਕਰਨਾ। ੪. ਸੰਗਯਾ- ਪਾਂਡੂ ਆਦਿ ਦਾ ਥਾਪੜਕੇ ਬਣਾਇਆ ਹੋਇਆ ਪਿੰਨਾ (ਪਿੰਡ). ਪਾਥਣਾ.

ਪਥਰ: ਸੰ. ਪ੍ਰਸ੍ਤਰ. ਸੰਗਯਾ- ਪਾਸ਼ਾਣ. ਪਾਹਨ. "ਪਥਰ ਕੀ ਬੇੜੀ ਜੇ ਚੜੈ ਭਰਿ ਨਾਲਿ ਬੁਡਾਵੈ." (ਆਸਾ ਅਃ ਮਃ ੧)

ਪਥਰਸੈਲ: ਵਿ- ਸੈਲ (ਜਲਪ੍ਰਵਾਹ) ਵਿੱਚ ਰਹਿਣ ਵਾਲਾ ਪ੍ਰਸ੍ਤਰ (ਪੱਥਰ). ਦੇਖੋ, ਸੈਲ ੭.

ਪਥਰਕਲਾ: ਸੰਗਯਾ- ਉਹ ਬੰਦੂਕ, ਜਿਸ ਦੀ ਕਲਾ ਉੱਪਰ ਅੱਗ ਦੇਣ ਲਈ ਪਥਰੀ ਹੋਵੇ, ਤੋੜੇ ਦੀ ਥਾਂ ਪੱਥਰ ਨਾਲ ਜਿਸ ਨੂੰ ਅੱਗ ਦਿੱਤੀ ਜਾਵੇ, ਦੇਖੋ, ਇਸਤ੍ਰੀ ਅਤੇ ਚਕਮਕ.

ਪਥਰਾਉਣਾ, ਪਥਰਾਨਾ: ਕ੍ਰਿ ਪੱਥਰਾਂ ਨਾਲ ਮਾਰਨਾ, ਪੱਥਰ ਮਾਰਕੇ ਜਾਨ ਕੱਢਣੀ. ਮੁਸਲਮਾਨੀ ਸ਼ਰਾ ਅਨੁਸਾਰ ਇਹ ਸਜ਼ਾ ਉਸ ਵਿਭਚਾਰੀ ਨੂੰ ਦਿੱਤੀ ਜਾਂਦੀ ਸੀ, ਜੋ ਵਿਆਹਿਆ ਹੁੰਦਾ ਸੀ. ਐਸੇ ਹੀ ਵਿਭਚਾਰਿਣੀ ਵਿਵਾਹਿਤਾ ਇਸਤ੍ਰੀ ਨੂੰ ਭੀ. ਅ. رجم ਰਜਮ, ਦੇਖੋ. ਸੰਗਸਾਰ.

ਪਥਰੀ: ਸੰਗਯਾ- ਛੋਟਾ ਪ੍ਰਸ੍ਤਰ (ਪੱਥਰ). ੨. ਮਸਾਨੇ ਵਿੱਚ ਹੋਇਆ ਪੱਥਰ, ਜਿਸ ਤੋਂ ਪੇਸ਼ਾਬ ਆਉਣ ਵਿੱਚ ਰੁਕਾਵਟ ਅਤੇ ਦੁੱਖ ਹੁੰਦਾ ਹੈ, ਸੰ. अश्मरी ਅਸ਼ਮਰੀ Gravel "ਪਥਰੀ ਬਾਇਫਿਰੰਗ ਅੰਧਨੇਤ੍ਰਾ." (ਚਰਿਤ੍ਰ ੪੦੫) ਵੈਦਕ ਅਨੁਸਾਰ ਵਿਗੜੀ ਹੋਈ ਵਾਤ, ਮਸਾਨੇ ਅਤੇ ਗੁਰਦੇ ਵਿੱਚ ਮੂਤ੍ਰ ਤੇ ਵੀਰਜ ਰਲੇ ਹੋਏ ਪਿੱਤ ਅਤੇ ਕਫ ਨੂੰ ਸੁਕਾਕੇ, ਪੱਥਰ ਅਥਵਾ ਰੇਤ ਦੀ ਸ਼ਕਲ ਕਰ ਦਿੰਦੀ ਹੈ. ਜੋ ਲੋਕ ਖਾਣ ਪੀਣ ਦਾ ਪੱਥ ਨਹੀਂ ਰਖਦੇ, ਜਾਦਾ ਮਾਸ ਆਂਡੇ ਅਤੇ ਮਿਠਾਈਆਂ ਖਾਂਦੇ ਹਨ, ਬਹੁਤ ਸ਼ਰਾਬ ਪੀਂਦੇ ਹਨ, ਕਸਰਤ ਕੁਝ ਨਹੀਂ ਕਰਦੇ, ਉਨ੍ਹਾਂ ਨੂੰ ਇਹ ਰੋਗ ਲਗਦਾ ਹੈ ਜਦ ਪਥਰੀ ਬਣਨ ਲਗਦੀ ਹੈ ਤਾਂ ਮਸਾਨੇ ਵਿੱਚ ਅਫਾਰਾ ਅਤੇ ਪੇਸ਼ਾਬ ਵਿੱਚੋਂ ਬਕਰੇ ਦੇ ਮੂਤ੍ਰ ਜੇਹੀ ਗੰਧ ਆਉਂਦੀ ਹੈ. ਜਦ ਪਥਰੀ ਵਧ ਜਾਂਦੀ ਹੈ ਤਾਂ ਪੇਸ਼ਾਬ ਬੂੰਦ- ਬੂੰਦ ਆਉਂਦਾ ਹੈ, ਬਹੁਤ ਪੀੜ ਹੁੰਦੀ ਹੈ, ਕਦੇ ਪਥਰੀ ਕੰਕਰ ਹੋ ਕੇ ਪੇਸ਼ਾਬ ਦੀ ਧਾਰ ਨਾਲ ਨਿਕਲਦੀ ਹੈ. ਜੇ ਪਥਰੀ ਨਾਲ ਮਸਾਨਾ ਛਿੱਲਿਆ ਜਾਵੇ ਤਾਂ ਲਹੂ ਆਉਣ ਲਗਦਾ ਹੈ. ਪਥਰੀ ਗੁਰਦੇ ਵਿੱਚ ਭੀ ਹੋਇਆ ਕਰਦੀ ਹੈ.

ਇਸ ਰੋਗ ਦਾ ਉੱਤਮ ਇਲਾਜ ਇਹ ਹੈ ਕਿ ਸਿਆਣੇ ਡਾਕਟਰ ਤੋਂ ਚੀਰਾ ਦਿਵਾਕੇ ਪਥਰੀ ਕਢਵਾ ਦਿੱਤੀ ਜਾਵੇ.

ਅੱਗੇ ਲਿਖੀਆਂ ਦਵਾਈਆਂ ਵਰਤਣੀਆਂ ਭੀ ਬਹੁਤ ਲਾਭਦਾਇਕ ਹਨ-

(੧) ਕੁਰ੍ਹਾਸੱਕ ਪੀਹਕੇ ਦਹੀਂ ਵਿੱਚ ਮਿਲਾਕੇ ਖਾਣਾ.

(੨) ਪੇਠੇ ਦੇ ਰਸ ਵਿੱਚ ਜੌਂਖਾਰ ਅਤੇ ਗੁੜ ਮਿਲਾਕੇ ਖਾਣਾ.

(੩) ਕੁਲਥ ਕਾੜ੍ਹਕੇ ਜੌਂਖਾਰ ਪਾਕੇ ਚਾਇ ਵਾਂਗ ਪੀਣਾ.

(੪) ਭੱਖੜੇ ਦੇ ਬੀਜ ਪੀਹਕੇ ਸ਼ਹਿਦ ਵਿੱਚ ਮਿਲਾਕੇ ਬਕਰੀ ਦੇ ਦੁੱਧ ਨਾਲ ਖਾਣੇ.

(੫) ਸਿਲਾਜੀਤ ਭੇਡ ਦੇ ਦੁੱਧ ਨਾਲ ਛਕਣੀ.

(੬) ਕੁਸ਼ਤਾ ਸੰਗਯਹੂਦ ਬਕਰੀ ਦੇ ਦੁੱਧ ਨਾਲ ਖਾਣਾ.

(੭) ਸੁਹਾਂਜਣੇ ਦੀ ਜੜ ਦਾ ਕਾੜ੍ਹਾ ਪੀਣਾ.

(੮) ਪਖਾਣਭੇਦ, ਬਰਨਾ, ਭੱਖੜੇ ਦੇ ਬੀਜ, ਬ੍ਰਹਮੀ ਬੂਟੀ ਅਤੇ ਕਕੜੀ ਖੀਰੇ ਦੇ ਬੀਜਾਂ ਦਾ ਨੁਗਦਾ, ਇਹ ਸਭ ਕਾੜ੍ਹਕੇ ਸਿਲਾਜੀਤ ਅਤੇ ਗੁੜ ਮਿਲਾਕੇ ਛਕਣਾ.

ਪਥਰੀਆ: ਸੰਗ੍ਯਾ- ਸੰਗਤਰਾਸ਼. ਪੱਥਰ ਦਾ ਕੰਮ ਕਰਨ ਵਾਲਾ। ੨. ਇੱਕ ਖੱਤ੍ਰੀ ਜਾਤਿ.

ਪਥਰੀਲਾ: ਵਿ- ਪੱਥਰ ਸਹਿਤ. ਪਥਰੀ ਵਾਲਾ.

ਪਥਰੋਲੀ: ਸੰਗ੍ਯਾ- ਪੱਥਰ ਦਾ ਟੁਕੜਾ. ਪ੍ਰਸੂਰ ਸ਼ਿਲਾ.

ਪਥਾਨੀਆ: ਸੰਗ੍ਯਾ- ਰਾਜਪੂਤ ਗੋਤ੍ਰ. ਰਾਜਪੂਤਾਂ ਦੀ ਇੱਕ ਜਾਤਿ, ਜਿਸ ਨੇ ਪਥਾਨਕੋਟ (ਪਠਾਨਕੋਟ) ਵਸਾਕੇ ਆਪਣੀ ਰਾਜਧਾਨੀ ਕ਼ਾਇਮ ਕੀਤੀ ਸੀ. ਹੁਣ ਨੂਰਪੁਰ ਦੇ ਰਈਸ (ਜਿਲੇ ਕਾਂਗੜੇ ਵਿੱਚ) ਇਸ ਜਾਤਿ ਦੇ ਮੁਖੀਏ ਹਨ.

ਪਥਿਕ: ਸੰ. ਸੰਗ੍ਯਾ- ਰਾਹੀ, ਮੁਸਾਫ਼ਿਰ. "ਪਥਿਕ ਪਿਆਸ ਚਿਤ ਸਰੋਵਰ ਆਤਮਜਲ ਲੈਨ." (ਮਲਾ ਪੜਤਾਲ ਮਃ ੫) ਇੱਥੇ ਪਥਿਕ ਤੋਂ ਭਾਵ ਜਿਗ੍ਯਾਸੂ ਹੈ.

ਪਥਿਕਸ਼ਾਲਾ: ਸਰਾਯ, ਮੁਸਾਫਿਰਖਾਨਾ.

ਪਥੀਨਾ: ਸੰਗ੍ਯਾ- ਪਥ- ਆਈਨ. ਮਤ ਦੇ ਨਿਯਮ। ੨. ਪ੍ਰਥਾ. ਰੀਤਿ. ਮਰਯਾਦਾ. "ਹੋਮ ਜੱਗ ਜਗ ਥਾਪ ਪਥੀਨਾ." (ਭਾਗੁ) ੩. ਪਥ (ਰਾਹ) ਵਿੱਚ ਜਾਣ ਵਾਲਾ. ਰਾਹੀ.

ਪਥੁ: ਦੇਖੋ, ਪਥ। ੨. ਸੰ. ਪਥ੍ਯ ਸੰਗ੍ਯਾ- ਉਹ ਵਸਤੁ, ਜੋ ਰੋਗੀ ਨੂੰ ਗੁਣਕਾਰੀ ਹੋਵੇ. " ਗੁਰਿ ਅੰਮ੍ਰਿਤਨਾਮੁ ਪੀਆਲਿਆ ਜਨਮ ਮਰਣ ਕਾ ਪਥੁ." (ਸ੍ਰੀ ਮਃ ੫) ੩. ਪਰਹੇਜ਼, ਸੰਯਮ.

ਪਥੇਰਾ: ਸੰਗ੍ਯਾ- ਇੱਟਾਂ ਗੋਬਰ ਆਦਿ ਪੱਥਣ ਵਾਲਾ.

ਪੱਥ: ਦੇਖੋ, ਪਥੁ ੨. ਅਤੇ ਪਥ੍ਯ.

ਪੱਥਰ: ਦੇਖੋ, ਪਥਰ.

ਪੱਥੰ: ਪਾਥੰ (ਅਰਜੁਨ) ਨੇ. "ਹਨੰਯੋ ਤਾਂਹਿ ਪੱਥੰ, ਸਦੰ ਸੀਸ ਕਪੰਯੋ." (ਗ੍ਯਾਨ) ਉਸ ਨੂੰ ਪਾਥੰ ਨੇ ਮਾਰਿਆ ਅਤੇ ਸਦ੍ਯ (ਫ਼ੌਰਨ) ਸਿਰ ਕੱਪ ਲੀਤਾ.

ਪਥ੍ਯ: ਸੰ. ਵਿ- ਪਥ (ਰਸਤੇ) ਨਾਲ ਹੈ ਜਿਸ ਦਾ ਸੰਬੰਧ। ੨. ਸੁਖਦਾਈ. ਹਿਤਕਾਰੀ। ੩. ਸੰਗ੍ਯਾ- ਹਰੜ। ੪. ਹਿਤ. ਕਲ੍ਯਾਣ, ਭਲਾਈ। ੫. ਪਰਹੇਜ਼. ਸੰਯਮ। ੬. ਰੋਗੀ ਲਈ ਗੁਣ ਕਰਨ ਵਾਲੀ ਵਸਤੁ।

ਪਦ: ਸੰ. ਪਦ੍. ਧਾ- ਖੜਾ ਰਹਿਣਾ, ਜਾਣਾ, ਪ੍ਰਾਪਤ ਹੋਣਾ, ਮਿਲਣਾ, ਪੈਦਾ ਕਰਨਾ, ਤਰੱਕੀ ਪਾਉਣਾ, ਢੂੰਡਣਾ (ਖੋਜਣਾ). ੨. ਸੰਗ੍ਯਾ- ਪੈਰ. ਚਰਨ. "ਸਹਸ ਪਦ ਬਿਮਲ." (ਸੋਹਿਲਾ) ੩. ਚਰਨ ਦਾ ਚਿੰਨ੍ਹ. ਖੋਜ। ੪. ਦਰਜਾ. ਰੁਤਬਾ. "ਮਿਰਤਕ ਪਿੰਡਿ ਪਦ ਮਦ ਨਾ, ਅਹਿਨਿਸ ਏਕ ਅਗਿਆਨ ਸੁ ਨਾਗਾ." (ਸ੍ਰੀ ਬੇਣੀ) "ਖੋਜੈ ਪਦ ਨਿਰਬਾਨਾ." (ਗਉ ਮਃ ੯) ੫. ਸ਼ਬਦ "ਬਾ ਪਦ ਪ੍ਰਿਥਮ ਬਖਾਨਕੈ ਪੁਨ ਨਕਾਰ ਪਦ ਦੇਹੁ." (ਸਨਾਮਾ) ਬਾ ਸ਼ਬਦ ਪਿੱਛੋਂ ਨ ਦੇਣ ਤੋਂ ਬਾਨ (ਤੀਰ) ਬਣਿਆ। ੬. ਛੰਦ ਦਾ ਚਰਣ. ਤੁਕ ਅਥਵਾ ਤੁਕ ਦਾ ਹਿੱਸਾ। ੭. ਪਦ੍ਯ ਕਾਵ੍ਯ. ਛੰਦ. ਜੋ ਕਾਵ੍ਯ ਵਰਣ, ਗੁਣ, ਅਤੇ ਮਾਤ੍ਰਾ ਦੇ ਨਿਯਮ ਵਿੱਚ ਆਜਾਵੇ, ਉਸ ਦੀ ਪਦ ਸੰਗ੍ਯਾ ਹੈ. ਪਰ ਕਵੀਆਂ ਨੇ ਵਿਸ਼ਨੁਪਦ ਦੀ ਥਾਂ ਪਦ ਸ਼ਬਦ ਵਿਸ਼ੇਸ਼ ਵਰਤਿਆ ਹੈ. ਸੂਰਦਾਸ

ਆਦਿ ਪ੍ਰਸਿੱਧ ਭਗਤਾਂ ਦੇ ਛੰਦ, ਪਦ ਨਾਮ ਤੋਂ ਪ੍ਰਸਿੱਧ ਹਨ. ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਛੰਦ ਭੀ ਪਦ ਕਹੇ ਜਾਂਦੇ ਹਨ, ਜੈਸੇ- ਦੁਪਦਾ, ਚਉਪਦਾ, ਅੱਠ ਪਦਾਂ ਦਾ ਸਮੁਦਾਯ ਅਸਟਪਦੀ ਆਦਿ. ਦੇਖੋ, ਗੁਰੁਛੰਦ ਦਿਵਾਕਰ। ੮. ਪੁਰਾਣਾਂ ਅਨੁਸਾਰ ਦਾਨ ਦੇ ਅੰਗ- ਵਸਤ੍ਰ, ਗਹਿਣੇ, ਅੰਨ, ਪਾਤ੍ਰ ਆਦਿ ਸਾਮਾਨ. ਦੇਖੋ, ਤੇਰਹਿ ਪਦ। ੯. ਮੰਤ੍ਰ. ਜਪ. "ਸੋ ਪਦ ਰਵਹੁ ਜਿ ਬਹੁਰਿ ਨ ਰਵਨਾ." (ਗਉ ਕਬੀਰ) ੧੦. ਫ਼ਾ. ﻪﻓ ਰਕਾ. ਹ਼ਿਫ਼ਾਜਤ। ੧੧. ਵਿ- ਰਕ੍ਸ਼ਕ. ਮੁਹ਼ਾਫ਼ਿਜ। ੧੨. ਪ੍ਰਦ (ਦੇਣ ਵਾਲਾ) ਦੀ ਥਾਂ ਭੀ ਪਦ ਸ਼ਬਦ ਆਇਆ ਹੈ- "ਜੀਵਨ ਪਦ ਨਾਨਕ ਪ੍ਰਭੁ ਮੇਰਾ". (ਮਾਰੂ ਮਃ ੫) "ਸਗਲ ਸਿਧਿਪਦੰ." (ਗੂਜ ਜੈਦੇਵ) ਸਿੱਧਿਪ੍ਰਦ।

੧੩ ਸ਼ਸਤ੍ਰਨਾਮਮਾਲਾ ਵਿੱਚ ਪਿਤ ਸ਼ਬਦ ਦੀ ਥਾਂ ਅਜਾਣ ਲਿਖਾਰੀ ਨੇ ਕਈ ਥਾਂ ਪਦ ਸ਼ਬਦ ਲਿਖ ਦਿੱਤਾ ਹੈ. ਦੇਖੋ, ਅੰਗ ੨੩੧ ਅਤੇ ਵਿਸ਼ੇਸ਼ ਨਿਰਣਾ "ਰਿਪੁਸਮੁਦ੍ਰ ਪਿਤ" ਦੀ ਵ੍ਯਾਖ੍ਯਾ ਵਿੱਚ। ੧੪. ਵ੍ਯਾਕਰਣ ਅਨੁਸਾਰ ਕਰਤਾ ਕ੍ਰਿਯਾ ਕਰਮ ਵਾਚਕ ਸ਼ਬਦ.[763]

ਪਦਛੇਦ: ਸੰ. पदच्छेद, ਅਥਵਾ ਪਦਵਿੱਛੇਦ. ਸੰਗ੍ਯਾ ਕਿਸੇ ਵਾਕ੍ਯ ਦੇ ਸੰਧਿ ਅਤੇ ਸਮਾਸ ਵਾਲੇ ਪਦਾਂ ਨੂੰ ਅਰਥ ਸਪਸ਼੍ਟ ਕਰਨ ਲਈ ਜੁਦਾ ਕਰਨ ਦੀ ਕ੍ਰਿਯਾ. Parsing। ੨. ਪਦਾਂ ਨੂੰ ਨਿਖੇੜਕੇ ਲਿਖਣਾ, ਜਿਸ ਤੋਂ ਪਾਠਕ ਨੂੰ ਅਰਥ ਸਮਝਣ ਵਿੱਚ ਆਸਾਨੀ ਹੋਵੇ. ਪਦਵੰਡ. ਪੁਰਾਣੇ ਜ਼ਮਾਨੇ ਤੁਕ ਨੂੰ ਮਿਲਾਕੇ ਲਿਖਣ ਦਾ ਪ੍ਰਚਾਰ ਸੀ, ਜਿਸ ਦੇ ਦੋ ਕਾਰਣ ਸਨ- ਇੱਕ ਤਾਂ ਕਾਗਜ ਦੁਰਲਭ ਹੁੰਦਾ, ਦੂਜੇ ਲੋਕਾਂ ਨੂੰ ਵਿਦ੍ਯਾ ਦਾ ਪੂਰਣ ਅਭ੍ਯਾਸ ਸੀ. ਗ੍ਰੰਥ ਦਾ ਪਾਠ ਪੁਸ੍ਤਕ ਤੋਂ ਇਉਂ ਪੜ੍ਹਦੇ, ਜਿਵੇਂ ਕੰਠਾਗ੍ਰ ਪਾਠ ਹੋਵੇ. ਇਸ ਸਮੇਂ ਬਿਨਾ ਪਦਛੇਦ ਕੀਤੇ ਗ੍ਰੰਥ ਲਿਖਣਾ ਅਥਵਾ ਛਾਪਣਾ ਯੋਗ੍ਯ ਨਹੀਂ. ਕਿਉਂਕਿ ਥੋੜੇ ਅਭ੍ਯਾਸ ਵਾਲਾ ਅਰਥ ਦਾ ਅਨਰਥ ਕਰ ਦਿੰਦਾ ਹੈ. ਯਥਾ:-

"ਜਿਥੈਡਿਠਾਮਿਰਤਕੋਇਲਬਹਿਠੀਆਇ."

"ਗੁਰਮੁਖਿਹੋਇਤਪਾਈਐ."

"ਬੰਦੇਸੇਜਿਪਵਹਿਵਿਚਿਬੰਦੀ."

"ਨਾਮਵਿਹੂਣੇਕਿਆਗਣੀਜਿਨੁਹਰਿਗੁਰਦਰਸਨਹੋਇ." ਆਦਿ.

ਇਨ੍ਹਾਂ ਤੁਕਾਂ ਵਿੱਚ ਪਦਛੇਦ ਬਿਨਾ "ਕੋਇਲ"

"ਤਪਾਈਐ" "ਸੇਜਿ" "ਦਰਸਨ" ਪਾਠ ਪੜ੍ਹਿਆ ਜਾ ਸਕਦਾ ਹੈ.

ਪਦਜ: ਹਿੰਦੂਮਤ ਅਨੁਸਾਰ ਸ਼ੂਦ੍ਰ, ਜੋ ਪੈਰਾਂ ਤੋਂ ਪੈਦਾ ਹੋਇਆ ਹੈ. ਪਾਦਜ.

ਪਦਤ੍ਰਾਣ: ਸੰਗ੍ਯਾ- ਪੈਰਾਂ ਦੀ ਤ੍ਰਾਣ (ਰਖ੍ਯਾ) ਕਰਨ ਵਾਲਾ, ਜੁੱਤਾ। ੨. ਖੜਾਉਂ.

ਪਦਪਾਹੁਲ: ਸੰਗ੍ਯਾ- ਚਰਨਪਾਹੁਲ. ਦੇਖੋ, ਚਰਣਾਮ੍ਰਿਤ "ਪਦਪਾਹੁਲ ਦੈ ਸਿੱਖ ਕਰਜੋ ਹੈ." (ਗੁਪ੍ਰਸੂ)

ਪਦਪੰਕਜ: ਵਿ- ਕਮਲਰੂਪ ਚਰਨ. ਪੰਕਜ ਜੇਹੇ ਕੋਮਲ ਅਤੇ ਨਿਰਮਲ ਚਰਨ. "ਸੰਤਜਨਾ ਕੀ ਪਦਪੰਕਜ ਧੂਰਿ." (ਬਸੰ ਮਃ ੩)

ਪਦਮ: ਸੰ. पद्म. ਸੰਗ੍ਯਾ- ਕਮਲ Lotus (Nelumbium Speciosum). "ਪਦਮ ਨਿਜਾਵਲ ਜਲ ਰਸ ਸੰਗਤਿ." (ਮਾਰੂ ਮਃ ੧) ੨. ਇੱਕ ਸੋ ਨੀਲ ਪ੍ਰਮਾਣ ਗਿਣਤੀ, ੧੦੦੦੦੦੦੦੦੦੦੦੦੦੦੦[764] "ਪੈਂਤਾਲਿਸ ਪਦਮੰ ਅਸੁਰ ਸਜਜੋ ਕਟਕ ਚਤੁਰੰਗ." (ਚੰਡੀ ੧) ੩. ਸਾਮੁਦ੍ਰਿਕ ਅਨੁਸਾਰ ਚਰਣ ਦੇ ਤਲੇ (ਪਾਤਲੀ) ਅਤੇ ਹੱਥ ਦੀ ਤਲੀ ਦੀ ਇੱਕ ਰੇਖਾ,

---

[763] सुप् तिङ्न्तंपदम्. (ਪਾਣਿਨਿ)

[764] ਕਈ ਸੰਸਕ੍ਰਿਤ ਗ੍ਰੰਥਾਂ ਵਿੱਚ ਗਿਣਤੀ ਦਾ ਮਤਭੇਦ ਹੈ. ਦੇਖੋ, ਸੰਖ੍ਯਾ ਸ਼ਬਦ.

ਜੋ ਭਾਗ ਦਾ ਚਿੰਨ੍ਹ ਹੈ. ਦੇਖੋ, ਪਦਮੁ। ੪. ਵਿਸ਼ਨੁ ਦਾ ਇੱਕ ਸ਼ਸਤ੍ਰ, ਜੋ ਕਮਲ ਦੇ ਆਕਾਰ ਦਾ ਹੈ. ਇਹ ਗਦਾ ਅਤੇ ਗੁਰਜ ਦੀ ਤਰਾਂ ਵੈਰੀ ਉੱਪਰ ਚਲਾਇਆ ਜਾਂਦਾ ਹੈ. "ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ." (ਸਵੈਯੇ ਮਃ ੪. ਕੇ) ੫. ਹਾਥੀ ਦੀ ਸੁੰਡ ਉੱਪਰ ਦੇ ਡੱਬਖੜੱਬੇ ਦਾਗ਼। ੬. ਯੋਗਮਤ ਅਨੁਸਾਰ ਸ਼ਰੀਰ ਦੇ ਅੰਦਰ, ਰਿਦੇ ਮਸਤਕ ਆਦਿ ਸਥਾਨਾਂ ਵਿੱਚ ਕਈ ਕਈ ਪਾਂਖੁੜੀਆਂ ਦੀ ਗਿਣਤੀ ਦੇ ਕਮਲ. ਦੇਖੋ, ਖਟਚਕ੍ਰ। ੭. ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਨ, ਸ, ਲ, ਗ, ।।।, ।।ऽ, ।, ऽ

ਉਦਾਹਰਹਣ-

ਪ੍ਰਭੁ ਧਰਤ ਧਜਾਨ ਜੋ। ਸ਼ੁਭ ਲਹਿਤ ਗਜਾਨ ਸੋ. ××

(ਅ) ਕਈ ਕਵੀਆਂ ਨੇ ਕਮਲ ਛੰਦ ਦਾ ਹੀ ਨਾਮ ਪਦਮ ਲਿਖਿਆ ਹੈ. ਦੇਖੋ ਕਮਲ। ੮. ਸੱਪ ਦੇ ਫਣ ਉੱਪਰ ਸਫੇਦੀ ਮਾਇਲ ਦਾਗ਼। ੯. ਪਦਮਾਸਨ ਵਾਸਤੇ ਭੀ ਪਦਮ ਸ਼ਬਦ ਆਇਆ ਹੈ- "ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮ ਅਲੋਇ." (ਧਨਾ ਮਃ ੧) ਇਹ ਅਲੌਕਿਕ (ਅਣੋਖਾ) ਪਦਮਾਸਨ ਹੈ!

੧੦ ਇੱਕ ਪੌਧਾ, ਜਿਸ ਦਾ ਫਲ ਬੇਰ ਜੇਹਾ ਹੁੰਦਾ ਹੈ. ਕਸ਼ਮੀਰ ਵੱਲ ਇਸ ਨੂੰ ਗਲਾਸ ਆਖਦੇ ਹਨ. ਇਹ ਗਰਮ ਥਾਂ ਨਹੀਂ ਨਹੀਂ ਹੁੰਦਾ Cherry। ੧੧. ਪਦਮਾ (ਲਕ੍ਸ਼ਮੀ) ਵਾਸਤੇ ਭੀ ਪਦਮ ਸ਼ਬਦ ਆਇਆ ਹੈ. ਦੇਖੋ, ਪਦਮ ਕਵਲਾਸ ਪਤਿ.

**ਪਦਮ ਕਵਲਾਸ ਪਤਿ:** (ਮਲਾ ਰਵਿਦਾਸ) ਪਦਮਾਪਤਿ (ਵਿਸ਼ਨੁ) ਅਤੇ ਕੈਲਾਸਪਤਿ (ਸ਼ਿਵ). ਪਤਿ ਸ਼ਬਦ ਦਾ ਦੋਹਾਂ ਨਾਲ ਅਨ੍ਵਯ ਹੈ.

**ਪਦਮਗਰਭ, ਪਦਮਜ:** ਸੰਗਜਾ- ਪਦਮ (ਕਮਲ) ਤੋਂ ਪੈਦਾ ਹੋਇਆ, ਬ੍ਰਹਮਾ. ਕਮਲਯੋਨਿ.

**ਪਦਮਣੀ:** ਦੇਖੋ, ਪਦਮਿਨੀ.

**ਪਦਮਨਾਥ, ਪਦਮਨਾਭ, ਪਦਮਨਾਭਿ:** ਸੰਗਜਾ ਵਿਸ਼ਨੁ, ਜੋ ਕਮਲ ਦਾ ਸ੍ਵਾਮੀ ਹੈ. ਜਿਸ ਦੀ ਨਾਭਿ ਵਿੱਚ ਕਮਲ ਹੈ। ੨. ਕਮਲ ਦੇ ਆਕਾਰ ਦੀ ਹੈ ਨਾਭਿ ਜਿਸ ਦੀ, ਸ਼ਿਵ.

**ਪਦਮਨਿ, ਪਦਮਨੀ:** ਦੇਖੋ, ਪਦਮਿਨੀ। ੨. ਪਦਮੀ (ਹਾਥੀਂ) ਅਨੀ (ਸੈਨਾ). ਗਜਸੈਨਾ. ਹਾਥੀਆਂ ਦੀ ਫ਼ੌਜ (ਸਨਾਮਾ)

**ਪਦਮਬੰਧੁ:** ਸੂਰਜ, ਕਮਲ ਸੂਰਜ ਨੂੰ ਦੇਖਕੇ ਖਿੜਦਾ ਹੈ। ੨. ਭੌਰਾ, ਭ੍ਰਮਰ.

**ਪਦਮਭੂ, ਪਦਮਯੋਨਿ:** ਸੰਗਜਾ ਕਮਲ ਤੋਂ ਪੈਦਾ ਹੋਣ ਵਾਲਾ ਬ੍ਰਹਮਾ. ਪਦਮਗਰਭ.

**ਪਦਮਰਾਗ:** ਸੰ. ਸੰਗਜਾ- ਲਾਲ ਕਮਲ ਜੇਹੇ ਰੰਗ ਵਾਲਾ ਰਤਨ, ਮਾਣਿਕ. ਲਾਲ Ruby "ਪਦਮਰਾਗ ਕੇ ਆਸਨ ਜਹਿੰਵਾ." (ਨਾਪ੍ਰ)

**ਪਦਮਲੋਚਨ:** ਦੇਖੋ, ਕਮਲਨੈਨ ਅਤੇ ਪਦਮਾਕ੍ਸ਼.

**ਪਦਮਾ:** ਸੰ. ਸੰਗਜਾ- ਪਦਮ (ਕਮਲ) ਵਿੱਚ ਨਿਵਾਸ ਕਰਨ ਵਾਲੀ ਲਕ੍ਸ਼ਮੀ। ੨. ਕਲਕੀ ਅਵਤਾਰ ਦੀ ਇਸਤ੍ਰੀ.

**ਪਦਮਾਸਨ:** ਸੰਗਜਾ- ਯੋਗਮਤ ਅਨੁਸਾਰ ਕਮਲ ਦੇ ਆਕਾਰ ਦੀ ਇੱਕ ਬੈਠਕ. ਸੱਜਾ ਪੈਰ ਖੱਬੇ ਪੱਟ ਉੱਤੇ, ਅਰ ਖੱਬਾ ਪੈਰ ਸੱਜੇ ਪੱਟ ਉੱਪਰ ਰੱਖਕੇ, ਛਾਤੀ ਦਾ ਵਲ ਕੱਢਕੇ ਸਿੱਧੇ ਬੈਠਣਾ. ਸੱਜੀ ਬਾਂਹ ਪਿੱਠ ਪਿੱਛੋਂ ਦੀ ਲਿਆਕੇ ਸੱਜੇ ਪੈਰ ਦਾ ਅਤੇ ਖੱਬੀ ਨਾਲ ਖੱਬਾ ਅੰਗੂਠਾ ਫੜਨਾ. ਠੋਡੀ ਛਾਤੀ ਨਾਲ ਲਾਕੇ ਨੇਤ੍ਰਾਂ ਦੀ ਟਕ ਨੱਕ ਦੀ ਨੋਕ ਪੁਰ ਜਮਾਉਣੀ। ੨. ਬ੍ਰਹਮਾ, ਜੋ ਕਮਲ ਪੁਰ ਆਸਣ ਲਾ ਕੇ ਬੈਠਦਾ ਹੈ। ੨. ਪਦਮਾਸਨ ਲਗਾਕੇ ਬੈਠਣ ਵਾਲਾ। ੪. ਸ਼ਿਵ। ੫. ਸੂਰਜ.

**ਪਦਮਾਕਰ:** ਸੰਗਜਾ- ਉਹ ਝੀਲ, ਜਿਸ ਵਿੱਚ ਬਹੁਤ ਪਦਮ (ਕਮਲ) ਪੈਦਾ ਹੋਣ। ੨. ਹਿੰਦੀ ਦੀ ਇੱਕ ਪ੍ਰਸਿੱਧ ਕਵੀ ਜੋ ਬਾਂਦਾ (ਬੰਦੇਲਖੰਡ) ਵਿੱਚ ਸੰਮਤ ੧੮੧੦ ਵਿੱਚ ਮੋਹਨਲਾਲ ਭੱਟ ਦੇ ਘਰ ਪੈਦਾ ਹੋਇਆ. ਇਸ ਦੀ ਕਵਿਤਾ ਬਹੁਤ ਮਨੋਹਰ ਹੈ.

ਇਹ ਪਹਿਲਾਂ ਬਾਂਦਾ ਦੇ ਨਵਾਬ ਪਾਸ, ਫੇਰ ਰਘੁਨਾਥ ਰਾਵ ਪੇਸ਼ਵਾ ਦੇ ਦਰਬਾਰ ਵਿੱਚ ਰਿਹਾ, ਇਸ ਪਿੱਛੋਂ ਜਯਪੁਰਪਤਿ ਮਹਾਰਾਜਾ ਪ੍ਰਤਾਪ ਸਿੰਘ ਅਤੇ ਉਸ ਦੇ ਪੁਤ੍ਰ ਜਗਤ ਸਿੰਘ ਪਾਸ ਰਿਹਾ. ਇਸੇ ਥਾਂ "ਜਗਦਵਿਨੋਦ" ਗ੍ਰੰਥ ਬਣਾਇਆ, ਜਿਸ ਦਾ ਕਵੀਆਂ ਵਿੱਚ ਵਡਾ ਆਦਰ ਹੈ. ਵ੍ਰਿੱਧ ਅਵਸਥਾ ਵਿੱਚ ਪਦਮਾਕਰ ਨੇ ਕਾਨਪੁਰ ਗੰਗਾਸੇਵਨ ਕੀਤਾ ਪਰ "ਗੰਗਾਲਹਿਰੀ" ਨਾਮਕ ਸਤੋਤ੍ਰ ਰਚਿਆ, ਜਿਸ ਦਾ ਇੱਕ ਕਬਿੱਤ ਇਹ ਹੈ-

ਲੋਚਨ ਅਸਮ ਅੰਗ ਭਸਮ ਚਿਤਾ ਕੀ ਲਾਯ

ਤੀਨ ਲੋਕ ਨਾਯਕ ਸੁ ਕੈਸੇਕੈ ਠਹਰਤੋਂ?

ਕਹੈ ਪਦਮਾਕਰ ਵਿਲੋਕ ਇਮ ਢੰਗ ਜਾਂਕੇ

ਵੇਦਹੂੰ ਪੁਰਾਨ ਗਾਨ ਕੈਸੇ ਅਨੁਸਰਤੋਂ?

ਬਾਂਧੈ ਜਟਾਜੂਟ ਬੈਠ ਪਰਬਤਕੂਟ ਪਰ

ਮਹਾ ਕਾਲਕੂਟ ਕਹੋ ਕੈਸੇ ਕੰਠ ਕਰਤੋਂ?

ਪੀਐ ਨਿਤ ਭੰਗੈਂ ਰਹੈ ਪ੍ਰੇਤਨ ਕੇ ਸੰਗੈਂ

ਐਸੋ ਪੂਛਤੋ ਕੋ ਨੰਗੈਂ ਜੌ ਨ ਗੰਗੈਂ ਸੀਸ ਧਰਤੋਂ?

ਪਦਮਾਕਰ ਦਾ ਦੇਹਾਂਤ ਸੰਮਤ ੧੮੯੦ ਵਿੱਚ ਹੋਇਆ.

ਪਦਮਾਕ੍ਸ਼, ਪਦਮਾਛ: ਸੰਗਯਾ- ਪਦਮ (ਕਮਲ) ਜੇਹੇ ਹਨ ਜਿਸ ਦੇ ਨੇਤ੍ਰ. ਕਮਲਨੇਤ੍ਰ. ਵਿਸ਼ਨੁ। ੨. ਕੌਲਡੋਡਾ. ਕਮਲ ਦਾ ਬੀਜ ੩. ਵਿ- ਕਮਲ ਦੀ ਪੰਖੜੀ ਜੇਹੀਆਂ ਅੱਖਾਂ ਵਾਲਾ. "ਪਦਮਨਾਥ ਪਦਮਾਛ." (ਗਯਾਨ)

ਪਦਮਾਪਤ, ਪਦਮਾਪਤਿ: ਸੰਗਯਾ- ਪਦਮਾ (ਲਕ੍ਸ਼ਮੀ) ਦਾ ਪਤਿ. ਵਿਸ਼ਨੁ. "ਪਾਰ ਨ ਪਾਇ ਸਕੈ ਪਦਮਾਪਤ." (ਅਕਾਲ) ੨. ਕਰਤਾਰ, ਜੋ ਮਾਯਾਪਤਿ ਹੈ. "ਪਤ ਸਿਉ ਕਿਨ ਸ੍ਰੀ ਪਦਮਾਪਤਿ ਪਾਏ?" (ਅਕਾਲ)

ਪਦਮਾਲਯ, ਪਦਮਾਲੈ: ਸੰਗਯਾ- ਕਮਲ ਹੈ ਜਿਸ ਦਾ ਆਲਯ (ਘਰ) ਬ੍ਰਹਮਾ। ੨. ਪਦਮਾ (ਲਕ੍ਸ਼ਮੀ) ਦੇ ਨਿਵਾਸ ਦਾ ਅਸਥਾਨ, ਕਮਲ. "ਪਦਮਾਲੈ ਜਟਤੀ ਹੈ ਜੈਸੇ." (ਗੁਪ੍ਰਸੂ) ੩. ਪਦਮਾਲਯਾ, ਲਕ੍ਸ਼ਮੀ.

ਪਦਮਾਵਤੀ: ਸੰਗਯਾ- ਪਟਨਾ (ਪਾਟਲਿਪੁਤ੍ਰ) ਦਾ ਪੁਰਾਣਾ ਨਾਮ। ੨. ਉੱਜਯਿਨੀ ਦਾ ਪੁਰਾਣਾ ਨਾਉਂ। ੩. ਲਕ੍ਸ਼ਮੀ। ੪. ਦੇਖੋ, ਚਤੌੜਗੜ। ੫. ਇੱਕ ਛੰਦ. ਇਸ ਦਾ ਨਾਉਂ "ਚਤੁਰਪਦੀ" ਅਤੇ "ਚਵਪੈਯਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੩੦ ਮਾਤ੍ਰਾ. ਪਹਿਲਾ ਵਿਸ਼੍ਰਾਮ ੧੦. ਪੁਰ, ਦੂਜਾ ੮. ਪੁਰ, ਤੀਜਾ ੧੨. ਪੁਰ, ਅੰਤ ਸਗਣ ਅਤੇ ਗੁਰੁ, ।।ऽ, ऽ ਇਸ ਦੇ ਪਹਿਲੇ ਅਤੇ ਦੂਜੇ ਵਿਸ਼੍ਰਾਮ ਦਾ ਅਨੁਪ੍ਰਾਸ ਮਿਲੇ ਤਦ ਉੱਤਮ ਹੈ.

ਉਦਾਹਰਣ-

ਦਿਖਿਯਤ ਸਭ ਪਾਪੀ, ਨਹਿ ਹਰਿਜਾਪੀ.

ਤਦਪਿ ਮਹਾ ਰਿਸ ਠਾਨੈ,

ਹੈਂ ਅਤਿ ਬਿਭਚਾਰੀ, ਪਰਤ੍ਰਿਯ ਭਾਰੀ,

ਦੇਵ ਪਿਤਰ ਨਹਿ ਮਾਨੈ,

ਸੋ ਤਦਪਿ ਮਹਾਂ ਬਰ, ਕਹਿਤ ਧਰਮਧਰ,

ਪਾਪਕਰਮ ਅਧਿਕਾਰੀ,

ਧ੍ਰਿਗ ਧ੍ਰਿਗ ਸਭ ਆਖੈਂ, ਮੁਖ ਨਹਿ ਭਾਖੈਂ,

ਦੇਹਿਂ ਪ੍ਰਿਸ਼ਿ ਚਢ ਗਾਰੀ.

(ਕਲਕੀ)

(ਅ) ਛੰਦਗ੍ਰੰਥਾਂ ਵਿੱਚ ਪਦਮਾਵਤੀ ਦਾ ਇੱਕ ਹੋਰ ਰੂਪ ਭੀ ਹੈ ਕਿ- ਚਾਰ ਚਰਣ, ਪ੍ਰਤਿ ਚਰਣ ੩੨ ਮਾਤ੍ਰਾ, ਪਹਿਲਾ ਵਿਸ਼੍ਰਾਮ ੧੦. ਪੁਰ, ਦੂਜਾ ੮. ਪੁਰ, ਤੀਜਾ ੧੪. ਪੁਰ, ਅੰਤ ਦੋ ਗੁਰੁ. ਇਸ ਦਾ ਨਾਮ "ਕਮਲਾਵਤੀ" ਭੀ ਹੈ.

ਉਦਾਹਰਣ-

ਸਭ ਜਗ ਕੋ ਕਰਤਾ, ਜੀਵਨ ਭਰਤਾ,

ਜਿਹਿ ਪੂਜਤ ਮੁਨਿ ਜਨ ਸਾਰੇ,

ਤਿਸ ਤਜਾਗੀ ਸੇਵਾ, ਪੂਜੈਂ ਦੇਵਾ,

ਸਹੈਂ ਕਸ਼੍ਟ ਅਤਿਹ ਭਾਰੇ. ×××

੬. ਮਨਸਾਦੇਵੀ। ੭. ਜਯਦੇਵ ਦੀ ਇਸਤ੍ਰੀ। ੮. ਸੁਰਗ ਦੀ ਇੱਕ ਅਪਸਰਾ। ੯. ਰਾਜਾ ਯੁਧਿਸ਼੍ਰਿਰ ਦੀ ਇੱਕ ਰਾਣੀ.

ਪਦਮਿਨੀ: ਸੰਗਜਾ- ਛੋਟਾ ਕਮਲ ਭਮੂਲ. ਕਮਲਿਨੀ। ੨. ਪਦਮਾਵਤੀ ਦਾ ਨਾਮ ਭੀ ਪਦਮਿਨੀ ਲਿਖਿਆ ਹੈ. ਦੇਖੋ, ਚਤੌੜਗੜ। ੩. ਕਾਵਜਗ੍ਰੰਥਾਂ ਅਨੁਸਾਰ ਇਸਤ੍ਰੀ ਦੀ ਇੱਕ ਜਾਤਿ-

"ਸਹਜ ਸੁਗੰਧ ਸ੍ਵਰੂਪ ਸ਼ੁਭ ਪੁਨਜ ਪ੍ਰੇਮ ਸੁਖਦਾਨ,

ਤਨੁ ਤਨੁ ਭੋਜਨ ਰੋਸ ਰਤਿ ਨਿਦ੍ਰਾ ਮਾਨ ਬਖਾਨ,[765]

ਸਲਜ ਸੁਬੁੱਧਿ ਉਦਾਰ ਮ੍ਰਿਦੁ ਹਾਸ ਬਾਸ ਸੁਚਿ ਅੰਗ,

ਅਮਲ ਅਲੋਮ, ਅਨੰਗਭੁਵਿ ਪਦਮਿਨਿ ਹਾਟਕਰੰਗ."

(ਰਸਿਕਪ੍ਰਿਯਾ)

੪. ਲਕ੍ਸ਼ਮੀ, ਪਦਮਾ.

ਪਦਮੀ: ਸੰਗਜਾ- ਕਮਲਧਾਰੀ ਵਿਸ਼ਨੁ. ਦੇਖੋ ਪਦਮ ੪। ੨. ਹਾਥੀ। ੩. ਕਮਲਾਂ ਵਾਲਾ ਤਾਲ.

ਪਦਮੁ: ਪਦਮਰੇਖਾ. ਦੇਖੋ, ਪਦਮ ੩. "ਮੇਰੈ ਹਾਥਿ ਪਦਮੁ." (ਫੁਨਹੇ ਮਃ ੫)

ਪਦਮੈਤ੍ਰੀ: ਦੇਖੋ, ਅਨੁਪ੍ਰਾਸ.

ਪਦਮਜ਼ਰਿ: ਸੰਗਜਾ- ਪਦਮੀ (ਹਾਥੀ) ਦੀ ਵੈਰਣ ਬੰਦੂਕ਼. (ਸਨਾਮਾ) ੨. ਹਾਥੀ ਦਾ ਵੈਰੀ ਸ਼ੇਰ.

ਪਦਰ: ਫ਼ਾ. پدر ਪਦਰ ਅਥਵਾ ਪਿਦਰ. ਪਿਤਾ. ਸੰ. ਪਿਤ੍ਰਿ. ਅੰ father ਲੈਟਿਨ peter. ਪੁਰਤ padre. "ਜਨ ਪਿਸਰ ਪਦਰ ਬਿਰਾਦਰਾ." (ਤਿਲੰ ਮਃ ੧)

ਪਦਵੀ: ਸੰ. ਸੰਗਜਾ- ਰਾਹ. ਮਾਰਗ. "ਮੰਦ ਮੰਦ ਗਤਿ ਜਾਤੇ ਪਦਵੀ ਮੇ ਪਦਪੰਕਜ ਸੁੰਦਰ." (ਨਾਪ੍ਰ) ੨. ਪੱਧਤਿ. ਪਰਿਪਾਟੀ. ਤ਼ਰੀਕ਼ਾ। ੩. ਦਰਜਾ. ਉਹਦਾ ਰੁਤਬਾ. "ਤਿਨ ਕਉ ਪਦਵੀ ਉਚ ਭਈ." (ਸਵੈਯੇ ਮਃ ੪. ਕੇ) ੩. ਉਪਾਧਿ. ਖ਼ਿਤ਼ਾਬ

[765] ਜਿਸ ਦਾ ਤਨੁ (ਸ਼ਰੀਰ) ਤਨੁ ਸੂਖਮ ਹੈ. ਅਤੇ ਭੋਜਨ, ਕ੍ਰੋਧ, ਰਤਿ, ਨੀਂਦ, ਮਾਨ, ਤਨੁ (ਘੱਟ) ਹਨ.

(title) ਲਕ਼ਬ.

ਪਦਵੰਡ: ਦੇਖੋ, ਪਦਛੇਦ.

ਪਦਾ: ਦੇਖੋ, ਪਦ ੭. "ਗੂਜਰੀ ਜੈਦੇਵ ਜੀਉ ਕਾ ਪਦਾ."

ਪਦਾਇਸ਼: ਦੇਖੋ, ਪੈਦਾਯਸ਼। ੨. ਖੱਟੀ. ਕਮਾਈ. "ਮਹਾ ਪਦਾਇਸ ਧਨ ਕੀ ਮੇਰੇ." (ਗੁਪ੍ਰਸੂ)

ਪਦਾਂਤ: ਸੰਗਯਾ- ਪਦ ਦਾ ਅੰਤ. ਤੁਕਾਂਤ.

ਪਦਾਤਿ: ਸੰਗਯਾ- ਪੈਦਲ ਚਲਣ ਵਾਲਾ. ਪਿਆਦਾ. ਪੈਦਲਫ਼ੌਜ ਦਾ ਸਿਪਾਹੀ.

ਪਦਾਰਘ: ਪਦਾਘੰਰ. ਸੰਗਯਾ- ਪੈਰ ਧੋਣ ਲਈ ਦਿੱਤਾ ਹੋਇਆ ਪਾਣੀ. ਕਿਸੇ ਪੂਜ੍ਯ ਦੇ ਪੈਰ ਧੋਣ ਲਈ ਅਰਪਣ ਕੀਤਾ ਜਲ.

ਪਦਾਰਥ: ਸੰ. ਪਦਾਥੰਰ. ਸੰਗਯਾ- ਪਦ ਦਾ ਅਰਥ. ਤੁਕ ਅਤੇ ਸ਼ਬਦ ਦਾ ਭਾਵ। ੨. ਕਿਸੇ ਦਰਸ਼ਨ (ਸ਼ਾਸਤ੍ਰ) ਦਾ ਮੰਨਿਆ ਹੋਇਆ ਵਿਸ਼ਯ, ਜੈਸੇ ਵੈਸ਼ੇਸ਼ਿਕ ਦਰਸ਼ਨ ਅਨੁਸਾਰ ਦ੍ਰਵ੍ਯ. ਗੁਣ, ਕਰਮ, ਸਾਮਾਨ੍ਯ, ਵਿਸ਼ੇਸ਼ ਅਤੇ ਸਮਵਾਯ, ਇਹ ਛੀ ਪਦਾਰਥ ਹਨ. ਗੌਤਮ ਦੇ (ਨ੍ਯਾਯ) ਮਤ ਅਨੁਸਾਰ ਸੋਲਾਂ ਪਦਾਰਥ. ਦੇਖੋ, ਖਟਸ਼ਾਸਤ੍ਰ। ੩. ਪੁਰਾਣਾਂ ਅਨੁਸਾਰ ਧਰਮ, ਅਰਥ, ਕਾਮ ਅਤੇ ਮੋਕ੍ਸ਼। ੪. ਚੀਜ਼. ਵਸਤੁ। ੫. ਧਨ। ੬. ਸ਼੍ਰੀ ਗੁਰੂ ਰਾਮਦਾਸ ਜੀ ਦਾ ਇੱਕ ਪ੍ਰੇਮੀ ਸਿੱਖ.

ਪਦਾਰਥ ਵਿਦ੍ਯਾ: ਵਸਤੁਵਿਦ੍ਯਾ Natural philosophy

ਪਦਾਰਥੁ: ਦੇਖੋ, ਪਦਾਰਥ, "ਗਿਆਨ ਪਦਾਰਥੁ ਪਾਈਐ." (ਸ੍ਰੀ ਅਃ ਮਃ ੧) ੨. ਅਮੋਲਕ (ਅਮੂਲ੍ਯ) ਵਸਤੁ, "ਇਹੁ ਜਨਮ ਪਦਾਰਥੁ ਪਾਇਕੈ." (ਸ੍ਰੀ ਮਃ ੩)

ਪਦਾਰਥੁਧੇਨੁ: ਸਭ ਪਦਾਰਥ (ਵਸਤੁ) ਦੇਣ ਵਾਲੀ ਕਾਮਧੇਨੁ." "ਸੰਤਸਭਾ ਗੁਰ ਪਾਈਐ ਮੁਕਤਿ ਪਦਾਰਥੁਧੇਨੁ." (ਸ੍ਰੀ ਮਃ ੧)

ਪਦਾਰਵਿੰਦ: ਅਰਵਿੰਦ (ਕਮਲ) ਰੂਪ ਚਰਨ.

ਪਦਾਵ੍ਰਿੱਤਿ: ਦੇਖੋ, ਦੀਪਕ (ਸ).

ਪਦਿ: ਪਦ ਵਿੱਚ. "ਚਉਥੈ ਪਦਿ ਵਾਸਾ ਹੋਇਆ" (ਮਲਾ ਮਃ ੩) ੨. ਪੈਰ ਕਰਕੇ. ਪੈਰੀਂ। ੩. ਸੰ. ਜਾਣ ਲਾਇਕ.

ਪਦੀਦ: ਫ਼ਾ. پدید ਵਿ- ਜਾਹਿਰ. ਪ੍ਰਗਟ.

ਪਦੀਨਾ: ਦੇਖੋ, ਪੋਦੀਨਾ.

ਪਦੁ: ਦੇਖੋ, ਪਦ.

ਪਦੁਕ: ਸੰਗਯਾ- ਪੰਕ੍ਤਿ. "ਸੁਭੰਤ ਦੰਤ ਪਦੁਕੰ." (ਗ੍ਯਾਨ) ਦੰਦਾਂ ਦੀ ਪੰਕ੍ਤਿ. ਇਹ ਅਜਾਣ ਲਿਖਾਰੀ ਦਾ ਲਿਖਿਆ ਪਾਠ ਹੈ. ਸ਼ੁੱਧ ਪਾਠ ਪੱਤਕੰ ਹੈ. ਦੇਖੋ, ਪੱਤਕ.

ਪਦੇ: ਪਦ ਅਤੇ ਪਦਾ ਦਾ ਬਹੁਵਚਨ. ਦੇਖੋ, ਦੁਪਦੇ, ਚਉਪਦੇ ਆਦਿ.

ਪਦੋਦਕ: ਸੰਗਯਾ- ਪਦ- ਉਦਕ. ਉਹ ਉਦਕ (ਜਲ), ਜਿਸ ਨਾਲ ਪੈਰ ਧੋਤੇ ਗਏ ਹਨ. ਚਰਣੋਦਕ.

ਪੱਦ: ਸੰ. पद्. ਧਾ ਅਪਾਨਵਾਯੁ ਛੱਡਣੀ. (breaking winz) ੨. ਸੰਗਯਾ- ਗੋਜ਼. ਗੁਦਾ ਦੇ ਰਸਤੇ ਖ਼ਾਰਿਜ ਹੋਈ ਪੌਣ. "ਛਿੱਕ ਪੱਦ ਹਿਡਕੀ ਵਰਤਾਰਾ." (ਭਾਗੁ)

ਪਦ੍ਯ: ਸੰਗਯਾ- ਉਹ ਕਾਵ੍ਯ, ਜੋ ਛੰਦ ਦੇ ਨਿਯਮਾਂ ਅਨੁਸਾਰ ਹੋਵੇ. ਜਿਸ ਵਿੱਚ ਪਦ (ਛੰਦ ਦੇ ਚਰਣਾਂ) ਦਾ ਪ੍ਰਬੰਧ ਹੋਵੇ. ਨਜ਼ਮ।

੨. ਸ਼ੂਦ੍ਰ, ਜਿਸ ਦੀ ਉਤਪੱਤੀ ਪੈਰਾਂ ਤੋਂ ਪੁਰਾਣਾਂ ਨੇ ਮੰਨੀ ਹੈ। ੩. ਵਿ- ਪੈਰਾਂ ਨਾਲ ਹੈ ਜਿਸ ਦਾ ਸੰਬੰਧ.

ਪਦ੍ਰ: ਸੰ. ਸੰਗਜਾ- ਪਿੰਡ. ਗ੍ਰਾਮ। ੨. ਪਿੰਡ ਦਾ ਰਾਹ। ੩. ਪਿੰਡ ਦੀ ਗਲੀ. ਬੀਹੀ (ਵੀਥੀ).

ਪਧਤਿ: ਸੰ. पद्धति ਪੱਧਤਿ. ਸੰਗਜਾ- ਪੈਰਾਂ ਦਾ ਚਿੰਨ੍ਹ। ੨. ਰਾਹ- ਮਾਰਗ "ਇਹ ਪਧਤਿ ਤੇ ਮਤ ਚੂਕਹਿ, ਰੇ ਮਨ!" (ਸਵੇਯੇ ਮਃ ੫. ਕੇ) ੩. ਰੀਤਿ. ਰਿਵਾਜ. ਰਸਮ। ੪. ਧਰਮ ਦੇ ਸੰਸਕਾਰ ਅਤੇ ਨਿਯਮਾਂ ਦੀ ਪੋਥੀ। ੫. ਤ਼ਰੀਕ਼ਾ. ਢੰਗ.

ਪਧਰਾ, ਪਧਰੇ: ਵਿ- ਪੈਰ ਧਰਮ ਯੋਗਜ. ਹਮਵਾਰ ਅਤੇ ਸਾਫ ਪੱਧਰ. "ਨਾਨਕ ਪਾਧਰੁ ਪਧਰੋ". (ਵਾਰ ਗਉ ੨. ਮਃ ੫) ੨. ਦੇਖੋ, ਪਦ੍ਰ.

ਪਧਾਊ, ਪਧਾਣੂ: ਮੁ. ਪੰਧੇਰੂ. ਪੰਧ (ਪਥ) ਵਿੱਚ ਤੁਰਨ ਵਾਲਾ, ਰਾਹੀ, ਮੁਸਾਫ਼ਿਰ. "ਪੂਛਹੁ ਜਾਇ ਪਧਾਊਆਂ." (ਸ੍ਰੀ ਅਃ ਮਃ ੧) ਪਰਮਾਰਥ ਦੇ ਰਾਹੀਆਂ (ਜਿਗਯਾਸੂਆਂ ਨੂੰ ਪੁੱਛੋ. ਦੇਖੋ, ਪੰਧਾਣੂ.

ਪਧਾਰਣਾ, ਪਧਾਰਨਾ: ਕ੍ਰਿ- ਪਦ (ਪੈਰ) ਧਾਰਨਾ (ਰੱਖਣਾ). ਤੁਰਨਾ ਜਾਣਾ. ਗਮਨ ਕਰਨਾ। ੨. ਆਉਣਾ. ਪਹੁੰਚਣਾ.

ਪਧਿਸਟਕਾ, ਪਧਿਸ਼੍ਰਕਾ: ਦਸਮਗ੍ਰੰਥ ਵਿੱਚ ਇਸ ਛੰਦ ਦੇ ਦੋ ਸਰੂਪ ਹਨ- ਸੰਗੀਤ ਪਧਿਸਟਕਾ ਦਾ ਲੱਛਣ ਹੈ- ਚਾਰ ਚਰਣ. ਪ੍ਰਤਿ ਚਰਣ, ਰ, ਜ, ਤ, ਗ, ਲ. SIS, ISI, SSI, S, I ਦੇਖੋ, ਸੰਗੀਤ ਛੰਦ।। ੨. ਕਲਕੀ ਅਵਤਾਰ ਵਿੱਚ ਤੋਟਕ ਦਾ ਹੀ ਨਾਮਾਂਤਰ ਹੈ, ਯਥਾ-

"ਅਤਿ ਪਾਪਨ ਤੇ ਜਗ ਛਾਇ ਰਹ੍ਯੋ." ×××

ਪੱਧਰ: ਦੇਖੋ, ਪਧਰਾ.

ਪੱਧਰਿ, ਪੱਧਰੀ: ਦੇਖੋ, ਪਧਰਾ ਅਤੇ ਪਾਧੜੀ.

ਪਨ: ਸੰ. पन् ਧਾ- ਵਪਾਰ ਕਰਨਾ, ਉਸਤਤਿ ਕਰਨਾ, ਆਨੰਦ ਹੋਣਾ. ਦੇਖੋ, ਪਨਸਾਰੀ। ੨. ਦੇਖੋ, ਪਣ ੮. "ਬਾਰਹ ਬਰਸ ਬਾਲਪਨ ਬੀਤੇ." (ਆਸਾ ਕਬੀਰ) ੩. ਪ੍ਰਣ. ਪ੍ਰਤਿਗਜਾ. "ਪਨ ਪੂਰਨ ਕੀਨ." (ਗੁਪ੍ਰਸੂ)

ਪਨਸ: ਸੰ. ਸੰਗਜਾ- ਕਟਹਰ. ਕਟਲ Artocarpus Integrifolia "ਸਕਲ ਸਰੀਰ ਪਨਸਫਲ ਜੈਸਾ." (ਗੁਪ੍ਰਸੂ) ੨. ਰਾਮਾਯਣ ਅਨੁਸਾਰ ਸੁਗ੍ਰੀਵ ਦੀ ਸੈਨਾ ਦਾ ਇੱਕ ਬਾਂਦਰ.

ਪਨਸਾਰੀ: ਸੰ. पणयसारिन- ਪਨਜਸਾਰੀ. ਪਣਜ (ਵੇਚਣ ਦੀ ਵਸਤੁ) ਫੈਲਾਉਣ ਵਾਲਾ. ਸੌਦਾ ਲੈਣ ਦੇਣ ਵਾਲਾ ਵਪਾਰੀ। ੨. ਪਣਜਸ਼ਾਲਾ (ਹੱਟੀ) ਵਾਲਾ.

ਪਨਸਾਲ: ਸੰਗਜਾ- ਪਾਣੀ ਦੀ ਆਸਾਰ (ਧਾਰਾ). ੨. ਪਾਣੀ ਦੀ ਸ਼ਾਲਾ. ਉਹ ਥਾਂ ਜਿੱਥੇ ਪੀਣ ਨੂੰ ਪਾਣੀ ਮਿਲੇ। ੩. ਪਾਣੀ ਮਾਪਣ ਦਾ ਯੰਤ੍ਰ। ੪. ਪਾਣੀ ਮਿਣਨ ਦੀ ਕ੍ਰਿਯਾ.

ਪਨਹ: ਫ਼ਾ. پناہ ਪਨਾਹ ਸੰਗਜਾ- ਆਸਰਾ. ਓਟ. "ਤੇਰੀ ਪਨਹ ਖੁਦਾਇ!" (ਆਸਾ ਫਰੀਦ) ੨. ਬਚਾਉ. ਰਖਯਾ.

ਪਨਹਾਰੀ: ਸੰਗਜਾ- ਪਾਣੀ ਢੋਣ ਵਾਲੀ. ਪਾਣੀ ਲੈ ਜਾਣ ਵਾਲੀ.

ਪਨਹੀ: ਸੰ. ਉਪਾਨਹ ਅਥਵਾ ਪੱਨੱਧਾ (पन्नद्धा- ਪਦ੍ਨੱਧਾ) ਜੋ ਪੈਰ ਨਾਲ ਬੱਧੀ ਰਹੇ, ਸੰਗਜਾ- ਜੁੱਤੀ. "ਲੋਗ ਗਠਾਵੈ ਪਨਹੀ." (ਸੋਰ ਰਵਿਦਾਸ) ਪਨਹੀ ਤੋਂ ਭਾਵ ਦੇਹ ਹੈ.

ਪਨਕਤ, ਪਨਕਤਿ: ਸੰ. ਪੰਨਗਤਿ (पन्नगति) ਜ਼ਮੀਨ ਪੁਰ ਪੇਟਬਲ ਰਿੜ੍ਹਕੇ ਚਲਣ ਵਾਲਾ ਜੀਵ. ਦੇਖੋ, ਬ੍ਰਿਟਿਟਿ.

ਪਨਘਟ: ਸੰਗਜਾ- ਪਾਣੀ ਦਾ ਘਾਟ. ਨਦੀ ਅਤੇ ਤਾਲ ਦਾ ਉਹ ਅਸਥਾਨ, ਜਿੱਥੋਂ ਪਾਣੀ ਭਰਿਆ ਜਾਵੇ.

ਪਨਚ: ਸੰ. पतञ्चिका ਪਤੰਚਿਕਾ. ਸੰਗਯਾ- ਧਨੁੱਖ ਦਾ ਚਿੱਲਾ. ਪ੍ਰਤਯੰਚਾ. ਜਿਹ.

ਪਨਚ ਅਗ੍ਰਜ: ਸੰਗਯਾ- ਪਤੰਚਿਕਾ (ਚਿੱਲੇ) ਅੱਗੇ ਜੋੜਕੇ ਜੋ ਚਲਾਇਆ ਜਾਵੇ, ਤੀਰ. (ਸਨਾਮਾ)

ਪਨਚ ਅੰਤਕ: ਸੰਗਯਾ ਚਿੱਲੇ ਨੂੰ ਕੱਟਣ ਵਾਲਾ, ਅਰਧਚੰਦ੍ਰ ਤੀਰ. (ਸਨਾਮਾ) ੨. ਖੜਗ.

ਪਨਚ ਪ੍ਰਹਾਰਨਿ: ਸੰਗਯਾ- ਪਨਚ (ਚਿੱਲੇ) ਦ੍ਵਾਰਾ ਤੀਰ ਪ੍ਰਹਾਰ ਕਰਨ (ਫੈਂਕਣ) ਵਾਲੀ, ਧਨੁਖਧਾਰੀ ਸੈਨਾ. (ਸਨਾਮਾ) ੨. ਚਿੱਲੇ ਨੂੰ ਕੱਟਣ ਵਾਲੀ, ਤਲਵਾਰ.

ਪਨਵਾਰ: ਇੱਕ ਰਾਜਪੂਤ ਜਾਤਿ.

ਪਨਵਾਰਾ: ਵਿ- ਪਨਵਾਰ ਗੋਤ ਦਾ। ੨. ਸੰਗਯਾ- ਪੱਤਿਆਂ ਦਾ ਬਰਤਨ, ਪੱਤਲ ਡੂਨਾ ਆਦਿ, "ਆਗੇ ਸਭਕੇ ਧਰ ਪਨਵਾਰੇ। ਭਾਤ ਪਰੋਸਯੋ ਭਲੀ ਪ੍ਰਕਾਰੇ". (ਗੁਪ੍ਰਸੂ) ੩. ਪਾਨਾਂ ਦਾ ਬੀੜਾ. ਗਿਲੌਰੀ. ਪਰ੍‍ਣਵੀਟਿਕਾ. "ਪੁਨ ਪਨਵਾਰੇ ਕੀਨ ਚਬੀਨੋ." (ਨਾਪ੍ਰ)

ਪਨਾਹ: ਫ਼ਾ. پناہ ਸੰਗਯਾ ਰਖ੍ਯਾ ਪਾਉਣ ਦਾ ਥਾਉਂ. ਓਟ। ੨. ਤ੍ਰਾਣ. ਬਚਾਉ.

ਪਨਾਹਣ, ਪਨਾਹਣਿ: ਵਿ- ਪਨਾਹ ਦੇਣ ਵਾਲਾ, ਵਾਲੀ. ਰਕ੍ਸ਼ਕ. "ਸੰਤ ਪਨਾਹਣ."(ਅਕਾਲ)

ਪਨਾਰਾ, ਪਨਾਲਾ: ਸੰ, ਪ੍ਰਾਣ ਸੰਗਯਾ- ਪਾਣੀ ਦਾ ਨਾਲਾ. "ਬਹਿ ਸ੍ਰੋਣ ਚਲ੍ਯੋ ਜਨੁ ਕੋਟਿ ਪਨਾਰੇ." (ਚੰਡੀ ੧) ੨. ਛੱਤ ਦਾ ਪਾਣੀ ਵਹਿਣ ਦਾ ਨਾਲਾ। ੩. ਯਗ੍ਯਕੁੰਡ ਵਿੱਚ ਘੀ ਪਾਉਣ ਦਾ ਪਾਤ੍ਰ. ਜੋ ਨਲਕੀ ਦੇ ਆਕਾਰ ਦਾ ਹੁੰਦਾ ਹੈ.

ਪਨਿਹਾਰ, ਪਨਿਹਾਰਾ, ਪਨਿਹਾਰਿ, ਪਨਿਹਾਰੀ: ਵਿ- ਪਾਨੀਹਾਰ. ਜਲ ਢੋਣ ਵਾਲਾ, ਵਾਲੀ. "ਹਰਿ ਕਾ ਸੰਤ ਪਰਾਨ ਧਨ ਤਿਸ ਕਾ ਪਨਿਹਾਰਾ." (ਸੂਹੀ ਮਃ੫) "ਹਰਿਜਨ ਕੀ ਪਨਿਹਾਰਿ." (ਸ. ਕਬੀਰ) "ਅਵਰ ਜੋਨਿ ਤੇਰੀ ਪਨਿਹਾਰੀ." (ਆਸਾ ਮਃ ੫) ੨. ਸੰ. पण्यहारिन्- ਪਨ੍ਯਹਾਰੀ. ਵਿ- ਸੌਦਾ ਲੈ ਜਾਣ ਵਾਲਾ।

੩. ਸੌਦਾਗਰਾਂ ਦੀ ਟੋਲੀ. "ਜਿਹ ਪੈਡੇ ਲੂਟੀ ਪਨਿਹਾਰੀ। ਸੋ ਮਾਰਗ ਸੰਤਨ ਦੂਰਾਰੀ." (ਆਸਾ ਮਃ੫) ੪. ਸੌਦਾਗਰ। ੫. ਦੇਖੋ ਪੰਚ ਪਨਿਹਾਰੀ.

ਪਨੀ: ਪਨਹੀ ਦਾ ਸੰਖੇਪ. "ਪਨੀ ਪਾਮਰੀ ਤਜ ਭਜਯੋ." (ਚਰਿਤ੍ਰ ੨੧) ਜੁੱਤੀ ਅਤੇ ਫਰਗਲ ਤ੍ਯਾਗਕੇ ਨੱਠਾ.

ਪਨੀਆ: ਸੰਗਯਾ- ਪਾਣੀ. ਜਲ। ੨. ਵਿ- ਪਾਣੀ ਨਾਲ ਹੈ ਜਿਸ ਦਾ ਸੰਬੰਧ। ੩. ਸੰਗਯਾ- ਉਪਾਨਹ. ਪਨਹੀ. ਜੁਤਾ. ਪੱਨ੍ਹਾ. "ਪਨੀਆ ਛਾਦਨ ਨੀਕਾ." (ਧਨਾ ਧੰਨਾ)

ਪਨੀਰ: ਫ਼ਾ. پنیر ਸੰਗਯਾ- ਨੀਰ (ਜਲ) ਰਹਿਤ ਪਯ (ਦੁੱਧ). ਦੁੱਧ ਪਾੜਕੇ ਜਮਾਇਆ ਹੋਇਆ ਇੱਕ ਪਦਾਰਥ, ਜੋ ਖਟਾਈ ਸਹਿਤ ਹੁੰਦਾ ਹੈ। ੨. ਦਹੀਂ ਦਾ ਪਾਣੀ ਨਿਚੋੜ ਕੇ ਖਾਣ ਯੋਗ੍ਯ ਬਣਾਇਆ ਗਾੜ੍ਹਾ ਪਦਾਰਥ.

ਪਨੀਰੀ: ਸੰਗਯਾ- ਫੁੱਲਾਂ ਅਤੇ ਸਾਗ ਤਰਕਾਰੀ ਆਦਿ ਦੀ ਪੌਧ, ਜੋ ਦੂਜੀ ਥਾਂ ਲਾਉਣ ਲਈ ਸੰਘਣੀ ਬੀਜੀ- ਜਾਂਦੀ ਹੈ.

ਪਨੋ: ਢੋਲ. ਦੇਖੋ, ਪਣਵ. "ਕਹੂੰ ਬੇਨ ਬੀਨਾ ਪਨੋ ਔ ਨਗਾਰੇ." (ਚਰਿਤ੍ਰ ੪੦੫)

ਪੱਨੂ: ਇੱਕ ਜੱਟ ਗੋਤ, ਜਿਸ ਨੂੰ ਪੁੰਨੂੰ ਅਤੇ ਪੰਨੂੰ ਭੀ ਲਿਖਦੇ ਹਨ. ਮੁਗਲਾਂ ਦੇ ਰਾਜ ਵੇਲੇ ਪੱਨੂ ਗੋਤ ਦੇ ਜੱਟ ਮਾਝੇ ਵਿੱਚ ਪ੍ਰਸਿੱਧ ਚੌਧਰੀ ਹੋਏ ਹਨ. ਪੱਨੂ ਗੋਤ ਸੂਰਜਵੰਸੀ ਰਾਜਪੂਤਾਂ ਵਿੱਚੋਂ ਨਿਕਲਿਆ ਹੈ. ਦੇਖੋ, ਪੰਨੂ.

ਪਪੱਕ: ਪਵਨ ਵਤ ਗਤਿ ਕਰਕੇ. ਪੌਣ ਜੇਹੀ ਚਾਲ ਨਾਲ. "ਪਪੱਕ ਪੱਖਰੇ ਤੁਰੇ." (ਰਾਮਾਵ) ੨. ਦੇਖੋ, ਪ੍ਰਪਕ੍ਵ.

ਪਪਨਾ: ਸੰ. प्रपन्न ਪ੍ਰਪੰਨ ਵਿ- ਸ਼ਰਣਾਗਤ. "ਹਮ ਪਾਪੀ ਰਾਖੁ ਪਪਨਾ." (ਬਿਲਾ ਮਃ ੪)

ਪਪਾ: ਪੱਪਾ ਅੱਖਰ. "ਪਪਾ ਪਰਮਿਤਿ ਪਾਰ ਨ ਪਾਇਆ." (ਬਾਵਨ) ੨. ਪ. ਦਾ ਉੱਚਾਰਣ. ਪਕਾਰ.

ਪਪਾਤ: ਵਿ- ਪਤਨ ਹੋਇਆ. ਡਿਗਿਆ. " ਯੌਂ ਕਹਿ ਬਾਤ ਪਪਾਤ ਧਰਾ ਪਰ." (ਗੁਵਿ ੧੦)

ਪਪਿਹਰਾ, ਪਪੀਹਾ: ਸੰਗਯਾ- ਪੀਣ ਦੀ ਈਹਾ (ਇੱਛਾ) ਵਾਲਾ, ਚਾਤਕ. ਦੇਖੋ ਚਾਤਕ ਸ਼ਬਦ. "ਚਾਹ ਰਹੀ ਜਸ ਮੇਘ ਪਪਿਹਰਾ ਪਜਾਸਕੈ." (ਚਰਿਤ੍ਰ ੨੬੯)

ਪਪੀਤਾ: ਏਰੰਡ ਖਰਬੂਜਾ. Carica Papaya ਇਹ ਜਿਗਰ ਲਈ ਗੁਣਕਾਰੀ ਅਤੇ ਦ੍ਰਾਵਕ ਹੈ.

ਪਪੀਲਕਾ, ਪਪੀਲੀ: ਸੰ. ਪਿਪੀਲਿਕਾ. ਸੰਗਯਾ- ਕੀੜੀ. ਚੂਜੰਟੀ, "ਕਰਦਮੰ ਤਰੰਤ ਪਪੀਲਕਹ." "ਗਜ ਔਰ ਪਪੀਲੀ." (ਕ੍ਰਿਸਨਾਵ)

ਪਪੋਰਨਾ, ਪਪੋਲਨਾ: ਕ੍ਰਿ- ਪਾਲਨ ਪੋਸ਼ਣ ਕਰਨਾ. "ਰੇ ਨਰ! ਕਾਇ ਪਪੋਰਹੁ ਦੇਹੀ?" (ਸੋਰ ਮਃ ੫) "ਉਨਕੈ ਸੰਗਿ ਤੂ ਰਖੀ ਪਪੋਲਿ." (ਆਸਾ ਮਃ ੫) ਉਸ ਜੀਵਾਤਮਾ ਦੇ ਸੰਗ ਹੋਣ ਕਰਕੇ, ਹੇ ਦੇਹ! ਤੂੰ ਪਾਲਣ ਪੋਸ਼ਣ ਕਰਕੇ ਰੱਖੀ। ੨. ਕਿਸੇ ਵਸਤੁ ਨੂੰ ਮੂੰਹ ਵਿੱਚ ਰੱਖਕੇ ਬਿਨਾ ਦੰਦ ਦਾੜ੍ਹ ਲਾਏ, ਉਸ ਦਾ ਰਸ ਚੂਸਣਾ। ੩. ਭਾਵ ਸਮਝੇ ਅਤੇ ਅਮਲ ਕੀਤੇ ਬਿਨਾ ਸ਼ਬਦ ਦਾ ਪਾਠ ਕਰਨਾ "ਭਲਕੇ ਉਠਿ ਪਪੋਲੀਐ ਵਿਣ ਬੁਝੇ ਮੁਗਧ ਅਜਾਣਿ." (ਸ੍ਰੀ ਮਃ ੫)

ਪਪੋਲਿ: ਪਾਲਨ ਪੋਸ਼ਣ ਕਰਕੇ. ਦੇਖੋ, ਪਪੋਲਨਾ ੧। ੨. ਮੂੰਹ ਵਿੱਚ ਪਪੋਲਕੇ. ਦੇਖੋ, ਪਪੋਲ ੨.

ਪਬ: ਦੇਖੋ ਪੱਬ ੨. "ਧਾਏ ਪਬਾਂ ਜਿਵੇ ਹਣੇ." (ਚੰਡੀ ੩) ਪਹਾੜਾਂ ਜੇਹੇ ਰਾਖਸ਼ ਨੱਠਕੇ ਆਏ.

ਪਬਣ: ਦੇਖੋ, ਪਵਨ। ੨. ਦੇਖੋ, ਪਬਣਿ.

ਪਬਣਿ: ਸਿੰਧੀ, ਸੰਗਯਾ- ਭੰਮੂਲ. ਨੀਲੋਫਰ. ਸੰ. ਪਦਮਨਿ. "ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ." (ਸ੍ਰੀ ਮਃ ੧) "ਬਿਆ ਢਲਿ ਪਬਣਿ ਜਿਉ ਜੁੰਮਿਓ." (ਵਾਰ ਮਾਰੂ ੨. ਮਃ ੫) ਅਤੇ ਪਦਮਨਿ ਦੀ ਵਾਂਙ ਸੁੱਕਕੇ ਨਾਸ਼ ਹੋ ਗਿਆ. ਦੇਖੋ, ਜੁੰਮਣ ੩.

ਪਬਨ: ਦੇਖੋ, ਪਵਨ.

ਪਬਰ: ਸੰ. ਪ੍ਰਵਰ. ਵਿ- ਅਤਿ ਉੱਤਮ. ਵਡਾ ਸ਼੍ਰੇਸ਼੍ਠ. "ਪਵਰ ਤੂੰ ਹਰੀਆਵਲਾ ਕਵਲਾ ਕੰਚਨਵੰਨਿ." (ਸਵਾ ਮਃ ੧) ਹੇ ਸੋਨੇ ਰੰਗੇ ਕਮਲ! ਤੂੰ ਬਹੁਤ ਸ਼੍ਰੇਸ਼੍ਠ ਅਤੇ ਪ੍ਰਫੁੱਲਿਤ ਸੀ. ਕਮਲ ਤੋਂ ਭਾਵ ਸ਼ਰੀਰ ਹੈ.

ਪੱਬ: ਸੰਗਯਾ- ਪੈਰ ਦਾ ਅਗ੍ਰਭਾਗ। ੨. ਪਰਵਤ ਦਾ ਸੰਖੇਪ. ਪਹਾੜ. "ਮੇਚਕ ਪੱਬਨ ਸੇ ਜਿਨ ਕੇ ਤਨ." (ਚਰਿਤ੍ਰ ੧) ਕਾਲੇ ਪਹਾੜਾਂ ਜੇਹੇ ਜਿਸਮ.

ਪੱਬਯ: ਸੰਗਯਾ- ਪਰਵਤ. ਪਹਾੜ. ਦੇਖੋ, ਪਿਸਾਨ.

ਪੱਬਰਾਟ: ਸੰਗਯਾ- ਪਹਾੜਾਂ ਦਾ ਰਾਜਾ ਹਿਮਾਲਯ। ੨. ਸੁਮੇਰੁ। ੩. ਪਹਾੜੀ ਰਾਜਾ.

ਪੱਬਾਕਾਰ: ਵਿ- ਪਰਵਤ ਦੇ ਆਕਾਰ ਦਾ. "ਗਜਰਾਜ ਪੱਬਾਕਾਰ." (ਪਾਰਸਾਵ)

ਪੱਬਾਣੀ: ਸੰਗਯਾ- ਪਰਵਤ ਦੀ ਪੁਤ੍ਰੀ ਪਾਰਵਤੀ. "ਪਾਪਾ ਪਾਵਿਤ੍ਰੀ ਪੱਬਾਣੀ." (ਦੱਤਾਵ) ੨. ਵਿ- ਪਹਾੜਨ. ਪਹਾੜ ਦੀ.

ਪਬਜ: ਦੇਖੋ, ਪੱਬ.

ਪਬਜਭੇਦਨੀ ਈਸ ਸਸਤ੍ਰ: ਪਹਾੜਾਂ ਦੇ ਭੇਦਨ (ਪਾੜਨ) ਵਾਲੀ ਨਦੀ, ਉਸ ਦਾ ਸ੍ਵਾਮੀ ਵਰੁਣ, ਉਸ ਦਾ ਸ਼ਸਤ੍ਰ ਪਾਸ਼ (ਫਾਹੀ). (ਸਨਾਮਾ)

**ਪਮਾਰ:** ਦੇਖੋ, ਪ੍ਰਮਰ। ੨. ਦੇਖੋ, ਪਵਾਰ ੩. ਅਤੇ ੪.

**ਪਯ:** ਸੰ. ਪਯ੍. ਧਾ- ਜਾਣਾ, ਵਹਿਣਾ। ੨. ਸੰਗਯਾ- ਪਯਸ੍. ਦੁੱਧ। ੩. ਜਲ। ੪. ਵੀਰਯ। ੫. ਬਲ। ੬. ਪਦ (ਪਾਯ) ਲਈ ਭੀ ਪਯ ਸ਼ਬਦ ਆਇਆ ਹੈ- "ਹਥ ਲਗਹਿ ਗੁਰ ਅਮਰ ਪਯ." (ਸਵੈਯੇ ਮਃ ੩. ਕੇ)

**ਪਯਾਜ਼:** ਦੇਖੋ ਪਿਯਾਜ਼.

**ਪਯਾਨ:** ਸੰ. ਪ੍ਰਯਾਣ, ਸੰਗਯਾ- ਗਮਨ. ਪ੍ਰਸਥਾਨ. ਯਾਤ੍ਰਾ. ਰਵਾਨਗੀ.

**ਪਯਾਮ:** ਫ਼ਾ. پیام ਸੰਗਯਾ- ਸੁਨੇਹਾ। ੨. ਹਾਲ. ਵ੍ਰਿਤਾਂਤ.

**ਪਯਾਰ:** ਸੰਗਯਾ- ਪਾਤਾਲ. "ਜਾਨ ਪਯਾਰ ਗਯੋ ਤੁਰੰਗਮ." (ਪ੍ਰਿਥੁਰਾਜ) ੨. ਧਾਨਾ ਦਾ ਪਰਾਲ। ੩. ਪਿਆਰ. ਪ੍ਰੀਤਿ. ਸਨੇਹ। ੪. ਇੱਕ ਛੰਦ. ਇਹ ਆਨੰਦ ਛੰਦ ਦਾ ਦੂਜਾ ਭੇਦ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੧੪. ਅੱਖਰ, ਪਹਿਲਾ ਵਿਸ਼੍ਰਾਮ ਅੱਠ ਪੁਰ, ਦੂਜਾ ਛੀ ਪੁਰ, ਅੰਤ ਗੁਰੁ ਲਘੁ.

ਉਦਾਹਰਣ-

ਭੀਮਚੰਦ ਕਹੀ ਅਬ, ਸੁਨਿਯੇ ਜਨਾਬ,

ਨਾਕਿਸ ਅਕਲ ਕਹੋਂ, ਏਕ ਨੀਤਿ ਫਾਬ,

ਦੂਰ ਦੂਰ ਡੇਰ ਡਾਰ, ਘਾਟ ਬਾਟ ਰੋਕ,

ਠਹਿਰਿਯੇ ਛੋਰ ਸਬ, ਜੀਅਹੂੰ ਕੋ ਸ਼ੋਕ.

(ਗੁਰੁਪਦਪ੍ਰੇਮ ਪ੍ਰਕਾਸ਼)

**ਪਯਾਲ:** ਸੰਗਯਾ- ਪਾਤਾਲ। ੨. ਧਾਨਾਂ ਦਾ ਫੂਸ. ਪਰਾਲੀ.

**ਪਯਾਲਾ:** ਫ਼ਾ. پیاله ਪਯਾਲਹ. ਸੰਗਯਾ- ਕਟੋਰਾ. ਜਾਮ। ੨. ਪਾਤਾਲ ਦਾ ਰੂਪਾਂਤਰ. ਦੇਖੋ, ਪਯਾਲ. "ਜਿਨਿ ਆਕਾਸ ਕੁਲਹ ਸਿਰਿ ਕੀਨੀ, ਕਉਸੈ ਸਪਤ ਪਯਾਲਾ." (ਭੈਰ ਨਾਮਦੇਵ)

**ਪਯਾਲਿ:** ਪਾਤ਼ਾਲ ਵਿੱਚ. "ਜਲਿ ਬਲਿ ਗਗਨਿ ਪਯਾਲਿ ਪੂਰਿ ਰਹਿਆ." (ਸਵੈਯੇ ਮਃ ੪. ਕੇ)

**ਪਯੂਖ:** ਦੇਖੋ, ਪਿਊਖ ਅਤੇ ਪੀਯੂਸ.

**ਪਯੋਹਸ਼:** ਦੇਖੋ, ਪਜ਼ੋਹਸ਼.

**ਪਯੋਹਰ:** ਦੇਖੋ, ਪਯੋਧਰ.

**ਪਯੋਹੀਦਨ:** ਦੇਖੋ, ਪਜ਼ੋਹੀਦਨ.

**ਪਯੋਜ:** ਸੰਗਯਾ- ਪਯ (ਪਾਣੀ) ਤੋਂ ਜਨਮਿਆ ਕਮਲ. ਜਲਜ.

**ਪਯੋਦ:** ਸੰਗਯਾ- ਪਯ (ਜਲ) ਦੇਣ ਵਾਲਾ, ਬੱਦਲ. ਮੇਘ। ੨. ਦੁੱਧ ਦੇਣ ਵਾਲਾ ਜੀਵ.

**ਪਯੋਧਰ:** ਸੰਗਯਾ- ਪਯ (ਜਲ) ਦੇ ਧਾਰਨ ਵਾਲਾ ਮੇਘ. ਬੱਦਲ। ੨. ਤਲਾਉ। ੩. ਪਯ (ਦੁੱਧ) ਧਾਰਨ ਵਾਲਾ ਸ੍ਤਨ. ਕੁਚ. "ਜਾਂਕੇ ਸ਼ੁਭਤ੍ਰ ਪਯੋਧਰ ਪੀਨਾ." (ਨਾਪ੍ਰ) ੪. ਨਾਰਿਯਲ ਨਲੇਰ। ੫. ਪਰਵਤ. ਪਹਾੜ। ੬. ਦੇਖੋ, ਦੋਹਰੇ ਦਾ ਰੂਪ ੯.

**ਪਯੋਧਿ, ਪਯੋਨਿਧਿ:** ਸੰਗਯਾ- ਪਯ (ਪਾਣੀ) ਦੇ ਧਾਰਨ ਵਾਲਾ, ਸਮੁੰਦਰ. ਜਲਨਿਧਿ.

**ਪਯੰਪੈ:** ਡਿੰਗ. ਕਥਨ। ੨. ਵਚਨ. ਵਾਕ। ੩. ਦੇਖੋ, ਪਇਅੰਪੈ.

**ਪਰ:** ਵ੍ਯ- ਲੇਕਿਨ। ੨. ਪਸ਼ਚਾਤ. ਪੀਛੇ. ਪਰੰ। ੩. ਸੰ. ਵਿ- ਦੂਸਰਾ. ਅਨ੍ਯ। ੪. ਪਰਾਇਆ. ਦੂਸਰੇ ਦਾ. "ਪਰਧਨ ਪਰਤਨ ਪਰਤੀ ਨਿੰਦਾ." (ਆਸਾ ਮਃ ੫) ੫. ਭਿੰਨ. ਜੁਦਾ. ਵੱਖ। ੬. ਜੋ ਪਰੇ ਹੋਵੇ. ਦੂਰ। ੭. ਸ਼੍ਰੇਸ਼੍ਠ. ਉੱਤਮ। ੮. ਪ੍ਰਵ੍ਰਿੱਤ. ਕਾਰਜ ਪਰਾਇਣ। ੯. ਵੈਰੀ. ਦੁਸ਼ਮਨ। ੧੦. ਸ਼ਿਵ। ੧੧. ਮੋਕ੍ਸ਼. ਮੁਕਤਿ। ੧੨. ਸੰ. ਪਰੁਤ. ਕ੍ਰਿ. ਵਿ- ਪਿਛਲੇ ਵਰ੍ਹੇ. ਪਿਛਲੇਰੇ ਸਾਲ। ੧੩. ਪ੍ਰਤ੍ਯ- ਉੱਪਰ. ਉੱਤੇ. "ਊਪਰਿ ਗਗਨੁ, ਗਗਨੁ ਪਰ ਗੋਰਖੁ." (ਮਾਰੂ ਮਃ ੧) "ਸਤਿਗੁਰੁ ਪਰ ਕੇ ਵਸਤ੍ਰ ਪਖਾਰਹਿਂ." (ਨਾਪ੍ਰ) ਗੁਰੂ ਸਾਹਿਬ ਦੇ ਉੱਪਰ ਦੇ ਵਸਤ੍ਰ ਧੋਂਦੇ ਹਨ। ੧੪. ਪੜਨਾ ਕ੍ਰਿਯਾ ਦਾ ਅਮਰ. ਪੈ. ਪੜ. "ਗੁਰਚਰਨਨ ਪਰ ਮਾਂਗੋ ਖਿਮਾ." (ਗੁਪ੍ਰਸੂ) ੧੫. ਕ੍ਰਿ. ਵਿ- ਪੈਕੇ. ਪੜਕੇ. "ਨਮੋ ਕੀਨ ਪਰ ਦੰਡ ਸਮਾਨੇ." (ਨਾਪ੍ਰ) ੧੬. ਫ਼ਾ. پر ਸੰਗ੍ਯਾ- ਪੰਖ. ਪਕ੍ਸ਼. " ਨਾ ਪਰ ਪੰਖੀ ਤਾਹਿ." (ਵਾਰ ਬਿਹਾ ਮਃ ੩)

**ਪਰਉ:** ਪੜੋ. ਲਓ। ੨. ਪਰਿਓ ਪਇਆ "ਕਹੁ ਰਵਿਦਾਸ ਪਰਉ ਤੇਰੀ ਸਾਭਾ." (ਗਉ) ੩. ਪੜ੍ਹੋ. ਪਠਨ ਕਰੋ। ੪. ਪੜ੍ਹਉਂ. ਪੜ੍ਹਦਾ ਹਾਂ. "ਬਿਦਿਆ ਨ ਪਰਉ ਬਾਦੁ ਨਹੀ ਜਾਨਉ." (ਬਿਲਾ ਕਬੀਰ) ੫. ਪਰਸੋਂ. ਗੁਜ਼ਰੇ ਦਿਨ ਤੋਂ ਪਹਿਲੇ ਦਿਨ। ੬. ਆਉਣ ਵਾਲੇ ਦਿਨ ਤੋਂ ਅਗਲੇ ਦਿਨ. ਦੇਖੋ, ਪਰੋ ੨.

**ਪਰਉਪਕਾਰ:** ਸੰਗ੍ਯਾ- ਪਰੋਪਕਾਰ. ਦੂਸਰੇ ਦੇ ਭਲੇ ਦਾ ਕੰਮ. ਦੂਜੇ ਲਈ ਉਪਕਾਰ ਦੀ ਕ੍ਰਿਯਾ. "ਪਰਉਪਕਾਰ ਪੁੰਨ ਬਹੁ ਕੀਆ." (ਗਉ ਮਃ ੪) "ਮਿਥਿਆ ਤਨ, ਨਹੀ ਪਰਉਪਕਾਰਾ." (ਸੁਖਮਨੀ)

**ਪਰਉਪਕਾਰੀ:** परापकारिन्- ਪਰੋਪਕਾਰੀ. ਦੂਸਰੇ ਦਾ ਹਿਤ ਕਰਨ ਵਾਲਾ. "ਜਨ ਪਰਉਪਕਾਰੀ ਆਏ." (ਸੂਹੀ ਮਃ ੫)

**ਪਰਆਤਮਾ:** ਦੇਖੋ, ਪਰਾਤਮਾ। ੨. ਦੂਜੇ ਦਾ ਮਨ.

**ਪਰਈ:** ਪੜਈ. ਪੈਂਦਾ ਹੈ.

**ਪਰਈਆ:** ਵਿ- ਪੜੈਯਾ. ਪੈਣ ਵਾਲਾ। ੨. ਦੇਖੋ, ਪਰੈ ਪਰਈਆ। ੩. ਪਰਾਏ ਦੀ. ਦੂਸਰੇ ਦੀ. "ਜਾਣੈ ਕੋ ਪੀਰ ਪਰਈਆ?" (ਬਿਲਾ ਅਃ ਮਃ ੪)

**ਪਰਸ:** ਸੰ. ਸ੍ਪਰ੍ਸ਼. ਸੰਗ੍ਯਾ- ਛੂਹਣ ਦੀ ਕ੍ਰਿਯਾ. "ਪੁਹਪ ਸੁਗੰਧਾ ਪਰਸ ਮਾਨੁਖ੍ਯ ਦੇਹੰ ਮਲੀਣੰ." (ਗਾਥਾ) ੨. ਸੰ. ਪਰਸ਼ ਸ੍ਪਰ੍ਸ਼ਮਣਿ. ਪਾਰਸ. "ਪਰਮ ਪਰਸ ਗੁਰੁ ਭੇਟੀਐ." (ਗਉ ਰਵਿਦਾਸ) ੩. ਪਾਰ੍ਸ਼੍ਵ. ਪਾਸਾ. "ਬਾਮ ਪਰਸ ਤੇ ਝੂਠ ਬਨਾਵਾ." (ਪਾਰਸਾਵ) ਖੱਬੇ ਪਾਸਿਓਂ ਝੂਠ ਰਚਿਆ। ੪. ਦੇਖੋ, ਪਰਸੁ.

**ਪਰਸਣ:** ਸੰ. ਸ੍ਪਰ੍ਸ਼ਨ. ਸੰਗ੍ਯਾ- ਛੂਹਣ ਦੀ ਕ੍ਰਿਯਾ. ਛੂਨਾ ਛੋਹਣਾ.

**ਪਰਸਣਾ:** ਕ੍ਰਿ- ਸ੍ਪਰ੍ਸ਼ ਕਰਨਾ. ਛੁਹਣਾ। ੨. ਭੇਟਣਾ. ਮਿਲਣਾ. "ਜਿਨਿ ਪਰਸਿਆ ਗੁਰੁ ਸਤਿਗੁਰੁ ਪੂਰਾ." (ਤੁਖਾ ਛੰਤ ਮਃ ੪) "ਪਰਸਤ ਚਰਨ ਗਤਿ ਨਿਰਮਲ ਰੀਤਿ." (ਸੁਖਮਨੀ)

**ਪਰਸਣਿ:** ਸ੍ਪਰ੍ਸ਼ ਕਰਨ (ਛੁਹਣ) ਲਈ. "ਤਿਸੁ ਨਾਨਕ ਪਰਸਣਿ ਆਵੈ." (ਆਸਾ ਮਃ ੫)

**ਪਰਸਤ:** ਸਪਰਸ਼ ਕਰਦਾ। ੨. ਸਪਰਸ਼ ਕਰਨ ਤੋਂ. ਦੇਖੋ, ਪਰਸਣਾ। ੩. ਦੇਖੋ, ਪਰਸ੍ਤ.

**ਪਰਸਤਸ:** ਫ਼ਾ. پرستش ਪਰਸ੍ਤਿਸ਼. ਸੰਗ੍ਯਾ- ਪੂਜਨ. ਪੂਜਾ. ਇ਼ਬਾਦਤ.

**ਪਰਸਤਨ:** ਫ਼ਾ. پرشتن ਪਰਸ੍ਤਨ. ਕ੍ਰਿ- ਪੂਜਣਾ. ਪੂਜਾ ਕਰਨੀ. ਇ਼ਬਾਦਤ ਕਰਨੀ.

**ਪਰਸਨ, ਪਰਸਨੁ:** ਦੇਖੋ, ਪਰਸਣ। ੨. ਸੰ. ਪ੍ਰਸ਼੍ਨ. ਸਵਾਲ. ਪੁੱਛਣ ਦੀ ਕ੍ਰਿਯਾ, "ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ." (ਮਾਰੂ ਸੋਹਲੇ ਮਃ ੧) ੩. ਸੰ. ਪ੍ਰਸੱਨ. ਵਿ- ਖ਼ੁਸ਼ ਆਨੰਦੀ। ੪. ਕ੍ਰਿ. ਵਿ- ਪ੍ਰਸੱਨ ਹੋਕੇ. ਰੀਝਕੇ. "ਪਰਸਨ ਪਰਸ ਭਏ ਕੁਬਿਜਾ ਕਉ." (ਨਟ ਅਃ ਮਃ ੪)

ਪਰਸਨਾ: ਦੇਖੋ. ਪਰਸਣਾ.

ਪਰਸਨਿ: ਪ੍ਰਸੱਨਤਾ ਨਾਲ. ਰੀਝਕੇ. "ਪਰਸਨਿ ਪਰਸੁ ਭਏ ਸਾਧੂ ਜਨ, ਜਨੁ ਹਰਿ ਭਗਵਾਨੁ ਦਿਖੀਜੈ." (ਕਲਿ ਅਃ ਮਃ੪) ਪ੍ਰਸੱਨਤਾ ਨਾਲ ਸਾਧੁਜਨ ਭੇਟੇ, ਮਾਨੋ ਕਰਤਾਰ ਦਾ ਦਰਸ਼ਨ ਹੋ ਗਿਆ.

ਪਰਸਪਰ: ਕ੍ਰਿ. ਵਿ- ਪਰਸ੍‍ਪਰ. ਆਪੋਵਿੱਚੀ. ਆਪਸ ਮੇਂ. ੨. ਦੇਖੋ, ਅਨਜੋਨਜ। ੩. ਦੇਖੋ, ਪਾਰਸ ਪਰਸ ਪਰਾ.

ਪਰਸਰਾਮ, ਪਰਸਰਾਮੁ: ਇੱਕ ਵੈਦ੍ਯ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਕੇ ਦੀਨਾਂ ਦਾ ਇ਼ਲਾਜ ਕਰਦਾ ਅਤੇ ਧਰਮ ਪ੍ਰਚਾਰਕ ਸੀ। ੨. ਛੀਵੇਂ ਸਤਿਗੁਰੂ ਦੀ ਸੈਨਾ ਦਾ ਇੱਕ ਮਹਾਨ ਯੋਧਾ। ੩. ਇੱਕ ਵੈਰਾਗੀ ਸਾਧੂ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੇਵਕ ਹੋਇਆ, ਇਸ ਨੂੰ ਕਲਗੀਧਰ ਨੇ ਯੋਗਤਤ੍ਵ ਦਾ ਉਪਦੇਸ਼ ਦਿੱਤਾ।

੪. ਪਰਸ਼ੁਰਾਮ. ਕੁਹਾੜਾਧਾਰੀ ਰਾਮ. ਪੁਰਾਣਾਂ ਵਿੱਚ ਇਸ ਨੂੰ ਵਿਸ਼ਨੁ ਦਾ ਅਵਤਾਰ[766] ਮੰਨਿਆ ਹੈ. ਇਹ ਜਮਦਗਨਿ ਬ੍ਰਾਹਮਣ ਅਤੇ ਰੇਣੁਕਾ ਦਾ ਪੰਜਵਾਂ ਪੁਤ੍ਰ ਸੀ, ਅਤੇ ਮਾਤਾ ਦੇ ਕੁਸ਼ਿਕ ਵੰਸ਼ ਕਰਕੇ ਕੌਸ਼ਿਕ ਸੀ. ਤ੍ਰੇਤਾ ਯੁਗ ਦੇ ਆਰੰਭ ਵਿੱਚ ਇਸ ਨੇ ਛਤ੍ਰੀਆਂ ਦਾ ਨਾਸ਼ ਕੀਤਾ. ਇਸ ਦੀ ਕਥਾ ਮਹਾਭਾਰਤ ਅਤੇ ਪੁਰਾਣਾਂ ਤਥਾ ਰਾਮਾਯਣ ਵਿੱਚ ਵਿਸਤਾਰ ਨਾਲ ਹੈ.

ਮਹਾਭਾਰਤ ਵਿੱਚ ਲਿਖਿਆ ਹੈ ਕਿ ਇਸ ਨੇ ਕਰਣ ਨੂੰ ਅਸਤ੍ਰਵਿਦ੍ਯਾ ਸਿਖਾਈ ਅਤੇ ਭੀਸ਼ਮ ਨਾਲ ਇਸ ਦਾ ਯੁੱਧ ਹੋਇਆ. ਜਦੋਂ ਕੁਰੁਵੰਸ਼ੀਆਂ ਦੀ, ਸੰਗ੍ਰਾਮ ਪਿੱਛੋਂ ਪੰਚਾਇਤ ਬੈਠੀ, ਤਾਂ ਇਹ ਭੀ ਉਸ ਵਿੱਚ ਸੀ. ਪਰਸ਼ੁਰਾਮ ਰਾਮਚੰਦ੍ਰ ਜੀ ਤੋਂ ਪਹਿਲਾਂ ਜਨਮਿਆ ਹੈ, ਪਰ ਦੋਵੇਂ ਇਕ ਸਮੇਂ ਵਿੱਚ ਮੌਜੂਦ ਸਨ. ਮਹਾਭਾਰਤ ਵਿੱਚ ਲਿਖਿਆ ਹੈ ਕਿ ਰਾਮਚੰਦ੍ਰ ਜੀ ਨੇ ਪਰਸ਼ੁਰਾਮ ਨੂੰ ਮਾਰਕੇ ਬੇਹੋਸ਼ ਕਰ ਦਿੱਤਾ ਸੀ, ਪਰ ਰਾਮਾਯਣ ਵਿੱਚ ਦੱਸਿਆ ਹੈ ਕਿ ਪਰਸ਼ੁਰਾਮ ਸ਼ਿਵ ਦਾ ਉਪਾਸਕ ਸੀ ਅਤੇ ਜਦ ਰਾਮਚੰਦ੍ਰ ਜੀ ਨੇ ਮਿਥਿਲਾ ਵਿੱਚ ਸੀਤਾ ਵਰਣ ਸਮੇਂ ਸ਼ਿਵ ਦਾ ਧਨੁਖ ਤੋੜ ਦਿੱਤਾ, ਤਦ ਪਰਸ਼ੁਰਾਮ ਨੂੰ ਗੁੱਸਾ ਆਇਆ ਅਤੇ ਰਾਮ ਨੂੰ ਆਪਣਾ ਵੈਸ਼ਨਵ ਧਨੁਖ ਦੇਕੇ ਚਿੱਲਾ ਚੜ੍ਹਾਉਣ ਲਈ ਆਖਿਆ. ਸ੍ਰੀ ਰਾਮ ਨੇ ਨਿਰਯਤਨ ਹੀ ਕਮਾਨ ਚੜ੍ਹਾ ਦਿੱਤੀ, ਜਿਸ ਪੁਰ ਪਰਸ਼ੁਰਾਮ ਨੇ ਹਾਰ ਮੰਨੀ, ਪਰ ਰਾਮਚੰਦ੍ਰ ਜੀ ਨੇ ਜੋ ਚਿੱਲੇ ਵਿੱਚ ਤੀਰ ਜੋੜਲਿਆ ਸੀ, ਉਸ ਨੂੰ ਨਿਸਫਲ ਕਰਨਾ ਨਾ ਚਾਹਿਆ, ਇਸ ਲਈ ਪਰਸ਼ੁਰਾਮ ਦੀ ਆਕਾਸ਼ਗਤੀ ਉਸ ਤੀਰ ਨਾਲ ਨਾਸ਼ ਕਰ ਦਿੱਤੀ, ਯਥਾ- "ਨਭ ਕੀ ਗਤਿ ਤਾਂਹਿ ਹਤੀ ਸਰ ਸੋਂ." (ਰਾਮਾਵ) ਇਹ ਪ੍ਰਸੰਗ ਇਉਂ ਹੈ ਕਿ ਜਦ ਪ੍ਰਿਥਿਵੀ ਛਤ੍ਰੀਆਂ ਤੋਂ ਜਿੱਤਕੇ ਪਰਸ਼ੁਰਾਮ ਨੇ ਬ੍ਰਾਹਮਣਾਂ ਨੂੰ ਦੇ ਦਿੱਤੀ, ਤਾਂ ਉਸ ਦਿਨ ਤੋਂ ਦਾਨ ਕੀਤੀ ਹੋਈ ਪ੍ਰਿਥਿਵੀ ਪੁਰ ਰਾਤ ਦਾ ਵਸਣਾ ਪਰਸ਼ੁਰਾਮ ਨੇ ਛੱਡ ਦਿੱਤਾ ਸੀ. ਹਰੇਕ ਰਾਤ੍ਰੀ ਆਕਾਸ਼ ਵਿੱਚ ਨਿਵਾਸ ਕਰਦਾ ਸੀ.

ਪਰਸ਼ੁਰਾਮ ਨੇ ਛੋਟੀ ਅਵਸਥਾ ਵਿੱਚ ਹੀ ਜਾਕੇ ਸ਼ਿਵ ਦੀ ਸ਼ਾਗਿਰਦੀ ਕੀਤੀ. ਸ਼ਿਵ ਨੇ ਇਸ ਨੂੰ ਸ਼ਸਤ੍ਰ ਅਸਤ੍ਰ ਵਿਦ੍ਯਾ ਪੂਰਣ ਰੀਤੀ ਨਾਲ ਸਿਖਾਈ ਅਤੇ ਇੱਕ ਦਿਵ੍ਯ ਪਰਸ਼ੁ (ਕੁਹਾੜਾ) ਦਿੱਤਾ. ਜਿਸ ਤੋਂ ਇਸ ਦਾ ਨਾਮ ਪਰਸ਼ੁਰਾਮ ਹੋ ਗਿਆ. ਮਹਾਭਾਰਤ ਵਿੱਚ ਲਿਖਿਆ ਹੈ ਕਿ ਇਸ ਨੇ ਆਪਣੇ ਪਿਤਾ ਦੀ ਆਗ੍ਯਾ ਅਨੁਸਾਰ ਆਪਣੀ ਮਾਤਾ ਰੇਣੁਕਾ ਦਾ ਸਿਰ ਵੱਢ ਦਿੱਤਾ ਸੀ. ਪਰਸ਼ੁਰਾਮ ਦਾ ਛਤ੍ਰੀਆਂ ਨਾਲ ਬਹੁਤ ਯੁੱਧ ਹੋਇਆ ਅਤੇ ਇੱਕੀ ਵੇਰ ਇਸ ਨੇ ਪ੍ਰਿਥਿਵੀ ਤੋਂ ਸਾਰੇ ਛਤ੍ਰੀ ਮਾਰ ਮੁਕਾਏ ਅਤੇ ਪ੍ਰਿਥਿਵੀ ਬ੍ਰਾਹਮਣਾਂ ਨੂੰ ਦੇ ਦਿੱਤੀ. ਪਰਸ਼ੁਰਾਮ ਨੇ ਛਤ੍ਰੀਆਂ ਨੂੰ ਮਾਰਕੇ ਉਨ੍ਹਾਂ ਦੇ ਲਹੂ ਦੇ ਸਮੰਤ- ਪੰਚਕ ਨਾਮਕ ਪੰਜ ਵਡੇ ਤਾਲ ਭਰੇ. ਕਹਿੰਦੇ ਹਨ ਕਿ ਮਾਲਾਬਾਰ ਦੇਸ਼ ਪਰਸ਼ੁਰਾਮ ਨੇ ਹੀ ਵਸਾਇਆ ਹੈ. ਕਈ ਕਹਿੰਦੇ ਹਨ ਕਿ ਇਹ ਦੇਸ਼ ਵਰੁਣ ਨੇ ਇਸ ਨੂੰ ਦਿੱਤਾ ਸੀ. ਕਈ ਲਿਖਦੇ ਹਨ ਕਿ ਇਸ ਨੇ ਸਮੁੰਦਰ ਨੂੰ ਪਿੱਛੇ ਹਟਾਕੇ ਉਸ ਦੇ ਕਿਨਾਰੇ ਕਈ ਬਸਤੀਆਂ ਬਣਾਈਆਂ ਸਨ. ਛਤ੍ਰੀਆਂ ਨਾਲ ਪਰਸ਼ੁਰਾਮ ਦਾ ਵੈਰ ਹੋਣ ਦਾ ਕਾਰਣ ਇਹ ਸੀ ਕਿ ਹੈਹਯਵੰਸ਼ ਦੇ ਰਾਜਾ ਅਰਜੁਨ (ਕਾਰ੍ਤਵੀਰ੍ਯ ਸਹਸ੍ਰਬਾਹੁ) ਨੇ ਪਰਸ਼ੁਰਾਮ ਦੇ ਪਿਤਾ ਜਮਦਗਨਿ ਨੂੰ ਮਾਰ ਦਿੱਤਾ ਸੀ. "ਪਰਸ਼ੁਰਾਮ ਰੋਵੈ ਘਰਿ ਆਇਆ." (ਵਾਰ ਰਾਮ ੧. ਮਃ ੧) ਦੇਖੋ, ਸਹਸ੍ਰਬਾਹੁ, ਜਮਦਗਨਿ ਅਤੇ ਰੇਣੁਕਾ.

ਪਰਸਰਾਮੇਸੁਰ: ਪਰਸ਼ੁ (ਕੁਹਾੜਾਧਾਰੀ) ਰਾਮ ਅਵਤਾਰ. "ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ." (ਸਵੈਯੇ ਮਃ ੧. ਕੇ)

---

[766] ਮਤਸ੍ਯ ਪੁਰਾਣ ਅਨੁਸਾਰ ਪਰਸ਼ੁਰਾਮ ਵਿਸ਼ਨੁ ਦਾ ਛੇਵਾਂ, ਅਤੇ ਭਾਗਵਤ ਅਨੁਸਾਰ ਸੋਲਵਾਂ ਅਵਤਾਰ ਹੈ.

**ਪਰਸਾ:** ਖ਼ਾ. ਸੰਗਯਾ- ਜਲ. ਪਾਣੀ। ੨. ਪਰਸ਼ੁ. ਕੁਹਾੜਾ. ਟਾਕੂਆ.

**ਪਰਸਾਦ, ਪਰਸਾਦੁ:** ਦੇਖੋ, ਪ੍ਰਸਾਦ ੧. "ਗੁਰੁ ਪਰਸਾਦੁ ਕਰੇ ਨਾਮੁ ਦੇਵੈ." (ਮਾਝ ਅਃ ਮਃ ੪) "ਗੁਰੁ ਪੂਰਾ ਪੂਰਾ ਪਰਸਾਦ." (ਭੈਰ ਮਃ ੫) ੨. ਦੇਖੋ, ਪ੍ਰਸਾਦ ੨. " ਇਹੁ ਪਰਸਾਦ ਗੁਰੂ ਤੇ ਜਾਣੈ." (ਵਾਰ ਮਲਾ ਮਃ ੧) ੩. ਦੇਖੋ, ਪ੍ਰਸਾਦ ੩.

**ਪਰਸਾਦਨ:** ਸੰ. ਪ੍ਰਸਾਦਨ. ਸੰਗਯਾ- ਪ੍ਰਸੰਨ ਕਰਨਾ। ੨. ਅੰਨ. ਭੋਜਨ. "ਡੰਡਉਤ ਪਰਸਾਦਨ ਭੋਗਾ." (ਗਉ ਅਃ ਮਃ੫) ੩. ਵਿ- ਪ੍ਰਸੰਨ ਕਰਨ ਵਾਲਾ.

**ਪਰਸਾਦਾ:** ਖ਼ਾ ਸੰਗਯਾ- ਰੋਟੀ। ੨. ਦੇਖੋ, ਪ੍ਰਸਾਦ ੩.

**ਪਰਸਾਦਿ:** ਪ੍ਰਸਾਦ (ਕ੍ਰਿਪਾ) ਦ੍ਵਾਰਾ. ਮਿਹਰਬਾਨੀ ਸੇ. "ਪਰਸਾਦਿ ਨਾਨਕ ਗੁਰੂ ਅੰਗਦ." (ਸਦੁ) "ਗੁਰ ਪਰਸਾਦਿ ਅੰਮ੍ਰਿਤਰਸ ਚੀਨਿਆ." (ਸਾਰ ਮਃ ੪) ੨. ਦੇਖੋ, ਪ੍ਰਸਾਦਿ.

**ਪਰਸਾਦੀ:** ਸੰਗਯਾ- ਰੋਟੀ। ੨. ਦੇਵਤਾ ਦਾ ਭੋਗ. ਪ੍ਰਸਾਦ। ੩. ਸੰ. प्रसादिन ਪ੍ਰਸਾਦੀ. ਵਿ- ਪ੍ਰਸਾਦੀ. ਵਿ- ਕ੍ਰਿਪਾਲੁ. ਮਿਹਰਬਾਨ. "ਸਹਜੇ ਸਚੁ ਮਿਲਿਆ ਪਰਸਾਦੀ." (ਗਉ ਅਃ ਮਃ ੩) ੪. ਪ੍ਰਸਾਦ (ਕ੍ਰਿਪਾ) ਤੋਂ ਮਿਹਰਬਾਨੀ ਸੇ. "ਗੁਰਪਰਸਾਦੀ ਤੂੰ ਪਾਵਣਿਆ." (ਮਾਝ ਅਃ ਮਃ ੪) ੫. ਦੇਖੋ, ਪ੍ਰਸਾਦੀ.

**ਪਰਸਾਦੁ:** ਦੇਖੋ ਪਰਸਾਦ ਅਤੇ ਪ੍ਰਸਾਦ.

**ਪਰਸਾਦੇ:** ਪਰਸਾਦਾ ਦਾ ਬਹੁਵਚਨ। ੨. ਪ੍ਰਸਾਦ ਦ੍ਵਾਰਾ. ਕ੍ਰਿਪਾ ਨਾਲ. "ਸੁਖ ਪਾਇਆ ਸੰਤਨ ਕੈ ਪਰਸਾਦੈ." (ਸੋਰ ਮਃ ੫)

**ਪਰਸਿ:** ਸਪਰਸ਼ ਕਰਕੇ. ਛੁਹਕੇ. "ਕੰਚਨੁ ਤਨੁ ਹੋਇ ਪਰਸਿ ਪਾਰਸ ਕਉ." (ਸਵੈਯੇ ਮਃ ੪. ਕੇ)

**ਪਰਸਿਐ:** ਪਰਸਣ ਤੋਂ. "ਦਰਸਨਿ ਪਰਸਿਐ ਗੁਰੂ ਕੈ." (ਸਵੈਯੇ ਮਃ ੨. ਕੇ)

**ਪਰਸਿਧ:** ਸੰ. प्रसिद्ध- ਪ੍ਰਸਿੱਧ. ਵਿ- ਵਖ੍ਯਾਤ. ਮਸ਼ਹੂਰ. "ਤਿਹੁ ਰੇ ਲੋਕ ਪਰਸਿਧ ਕਬੀਰਾ." (ਮਲਾ ਰਵਿਦਾਸ)

**ਪਰਸੁ:** ਦੇਖੋ, ਪਰਸ ਅਤੇ ਪਰਸਨਿ। ੨. ਸੰ. ਪਰਸ਼ੁ ਅਥਵਾ ਪਸ਼ੁੰ. ਸੰਗਯਾ- ਕੁਹਾੜਾ. ਕੁਠਾਰ. "ਪਰਸੁ ਅਡੋਲੰ ਹਥਨਾਲੰ." (ਰਾਮਾਵ) "ਤੁਮ ਪੱਟਿਸ ਪਾਸੀ ਪਰਸੁ ਪਰਮ ਸਿੱਧਿ ਕੀ ਖਾਨ." (ਸਨਾਮਾ) ੩. ਸੰ. ਪ੍ਰੇਯਸ੍. ਵਿ- ਬਹੁਤ ਪਿਆਰਾ. "ਨਾਮੁ ਪਰਸੁ ਜਿਨਿ ਪਾਇਓ." (ਸਵੈਯੇ ਮਃ ੨. ਕੇ) ੪. ਸ੍ਪਸ਼ੰਮਣਿ. ਪਾਰਸ ਪਾਰਸੁ ਭੇਟਿ ਪਰਸੁ ਕਰਜਉ." (ਸਵੈਯੇ ਮਃ ੪. ਕੇ) ਸਤਿਗੁਰੁ ਪਾਰਸ ਨੇ ਛੁਹਕੇ ਪਾਰਸ ਹੀ ਕਰ ਦਿੱਤਾ।

**ਪਰਸੁਆਰਥ:** ਸੰਗਯਾ- ਪਰਉਪਕਾਰ. ਅਸਲ ਵਿੱਚ ਪਰਾਥੰ ਅਤੇ ਸ੍ਵਾਥੰ ਦੋ ਭਿੰਨ- ਭਿੰਨ ਪਦ ਹਨ, ਪਰ ਪੰਜਾਬੀ ਵਿੱਚ ਦੋਹਾਂ ਦੇ ਮੇਲ ਤੋਂ ਇਹ ਸ਼ਬਦ ਬਣ ਗਿਆ ਹੈ. ਜਿਸ ਦਾ ਅਰਥ ਹੈ ਪਰਉਪਕਾਰ ੨. ਦੂਜੇ ਦਾ ਅਤੇ ਆਪਣਾ ਕਾਰਯ. ਪਰਾਇਆ ਅਤੇ ਆਪਣਾ ਭਲਾ.

**ਪਰਸੁਧਰ:** ਸੰਗਯਾ- ਪਰਸ਼ੁ (ਕੁਹਾੜਾ) ਰੱਖਣ ਵਾਲਾ, ਪਰਸ਼ੁਰਾਮ। ੨. ਸਫਾਜੰਗ ਧਾਰੀ ਨਿਹੰਗਸਿੰਘ.

**ਪਰਸੁਰਾਮ:** ਦੇਖੋ, ਪਰਸਰਾਮ.

**ਪਰਸੂਤ:** ਸੰ. ਪ੍ਰਸੂਤ. ਵਿ- ਜਨਮਿਆ. ਪੈਦਾ ਹੋਇਆ. ਉਤਪੰਨ। ੨. ਪੈਦਾ ਕਰਨ ਵਾਲਾ.

**ਪਰਸੂਤਿ:** ਸੰ. ਪ੍ਰਸੂਤਿ. ਸੰਗਯਾ- ਉਤਪੱਤੀ. ਪੈਦਾਇਸ਼। ੨. ਜਣਨਾ. ਪ੍ਰਸਵ। ੩. ਕਾਰਣ. ਸਬਬ। ੪. ਔਲਾਦ. ਸੰਤਤਿ. "ਮਾਇਆ ਮਾਈ ਤ੍ਰੈਗੁਣ ਪਰਸੂਤਿ ਜਮਾਇਆ." (ਮਾਰੂ ਸੋਲਹੇ ਮਃ ੩)

**ਪਰਸੂਨ:** ਸੰਗਯਾ- ਫੁੱਲ. ਦੇਖੋ, ਪ੍ਰਸੂਨ. "ਸੈਲਨ ਕਾਨਨ ਸੋਂ ਧਰਨੀ ਪਰਸੂਨਹਿ ਜਯੋਂ ਜਿਨ ਸੀਸ ਉਠਾਈ". (ਨਾਪ੍ਰ) ਸ਼ੇਸ਼ਨਾਗ ਨੇ ਸਾਰੀ ਪ੍ਰਿਥਿਵੀ ਫੁੱਲ ਸਮਾਨ ਸਿਰ ਤੇ ਚੁੱਕੀ ਹੋਈ ਹੈ.

ਪਰਸੇਉ: ਸੰ. ਪ੍ਰਸ੍ਵੇਦ. ਸੰਗਯਾ- ਪਸੀਨਾ. ਮੁੜ੍ਹਕਾ.

ਪਰਸੋ: ਦੇਖੋ, ਪਰਸੁ ੨. "ਬਰਛੀ ਅਰੁ ਢਾਲ ਗਦਾ ਪਰਸੋ." (ਕਲਕੀ) ੨. ਦੇਖੋ, ਪਰਸੋਂ.

ਪਰਸੋਂ: ਸੰ. परश्वस्. ਕ੍ਰਿ. ਵਿ- ਆਉਣ ਵਾਲੇ ਦਿਨ ਤੋਂ ਅਗਲੇ ਦਿਨ। ੨. ਵੀਤ ਗਏ ਦਿਨ ਤੋਂ ਪਿਛਲੇ ਦਿਨ। ੩. ਪਰ- ਦਿਵਸ. ਸੰਗਯਾ- ਦੂਜਾ ਦਿਨ.

ਪਰਸੰਸਾ: ਦੇਖੋ, ਪ੍ਰਸੰਸਾ.

ਪਰਸੰਗੁ: ਦੇਖੋ, ਪ੍ਰਸੰਗ। ੨. ਸਿਲਸਿਲਾ. "ਆਵਾਗਵਨੁ ਹੋਤ ਹੈ ਫੁਨਿ ਫੁਨਿ, ਇਹੁ ਪਰਸੰਗੁ ਨ ਤੂਟੈ." (ਰਾਮ ਕਬੀਰ)

ਪਰਸੰਨ: ਦੇਖੋ, ਪ੍ਰਸੰਨ.

ਪਰਸੰਵੇਦ, ਪਰਸੰਵੇਦ੍ਯ: ਵਿ- ਦੂਸਰੇ ਕਰਕੇ ਚੰਗੀ ਤਰਾਂ ਜਾਣਨ ਯੋਗ੍ਯ.

ਪਰਸ੍ਤ: ਫ਼ਾ. پرست ਵਿ- ਪੂਜਕ. ਇਹ ਸ਼ਬਦ ਦੇ ਅੰਤ ਲਗਾਇਆ ਜਾਂਦਾ ਹੈ, ਜਿਵੇਂ- ਬੁਤਪਰਸ੍ਤ, ਖ਼ੁਦਾ- ਪਰਸ੍ਤ ਆਦਿ.

ਪਰਸ੍ਤ੍ਰੀ: ਪਰ- ਸ੍ਤ੍ਰੀ, ਦੂਜੇ ਦੀ ਵਹੁਟੀ. ਆਪਣੀ ਵਿਵਾਹਿਤਾ ਇਸਤ੍ਰੀ ਤੋਂ ਭਿੰਨ ਇਸਤ੍ਰੀ.

ਪਰਸ੍ਮੈਪਦ: ਸੰ. ਪਰਾਏ (ਦੂਸਰੇ) ਲਈ ਉੱਚਾਰਣ ਕੀਤਾ ਕ੍ਰਿਯਾਪਦ. ਇਸ ਦੇ ਵਿਰੁੱਧ ਆਪਣੇ ਲਈ ਉੱਚਾਰਣ ਕੀਤਾ ਕ੍ਰਿਯਾਪਦ ਆਤਮਨੇਪਦ ਹੈ. transitive ਅਤੇ intransitive.

ਪਰਸਿਜਉ: ਭੇਟਿਆ. ਦੇਖੋ, ਪਰਸਣ, "ਗੁਰੁ ਪਰਸਿਜਉ ਅਮਰ ਪ੍ਰਗਾਸੁ." (ਸਵੈਯੇ ਮਃ ੩. ਕੇ)

ਪਰਸ੍ਵ: ਪਰ (ਪਰਾਇਆ) ਸ੍ਵ (ਧਨ). ਪਰਧਨ.

ਪਰਹਰਣ, ਪਰਹਰਨ: ਸੰ. ਪਰਿਹਰਣ. ਸੰਗਯਾ- ਖੋਹਣ ਦੀ ਕ੍ਰਿਯਾ ਛੀਨਨਾ। ੨. ਤ੍ਯਾਗ. "ਕੁਲਖਣੀ ਪਰਹਰਿ ਛੋਡੀ ਭਤਾਰ." (ਵਾਰ ਗੂਜ ੧. ਮਃ੩) ੩. ਨਿਵਾਰਣ. ਹਟਾਉਣਾ. "ਜੈਸੇ ਜਲਧਿ ਬਾਰਿ ਪਰਹਰੈ." (ਚਰਿਤ੍ਰ ੨੯੭) ੪. ਦੇਖੋ, ਪ੍ਰਹਰਣ.

ਪਰਹਰਨਾ: ਕ੍ਰਿ- ਪਰਧਨ ਚੁਰਾਉਣਾ. "ਪਰਹਰਨਾ ਲੋਭ ਝੂਠ ਨਿੰਦ ਇਵ ਹੀ ਕਰਤ ਗੁਦਾਰੀ." (ਧਨਾ ਮਃ ੫) ੨. ਪ੍ਰਹਾਰ (ਵਾਰ) ਕਰਨਾ.

ਪਰਹਰਿ: ਪਰਿਹਰਣ ਕਰਕੇ. ਤ੍ਯਾਗਕੇ. "ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ." (ਸੋਰ ਮਃ ੧) "ਪਰਹਰਿ ਪਾਪੁ ਪਛਾਣੈ ਆਪ." (ਓਅੰਕਾਰ)

ਪਰਹਰੀਆ: ਵਿ- ਪਰਿਹਰਣ ਕਰੀਆ. ਪਰਧਨ ਚੁਰਾਉਣ ਵਾਲਾ। ੨. ਸੰਗਯਾ- ਪਰਾਈ ਵਸਤੁ ਦੇ ਚੁਰਾਉਣ ਦੀ ਕ੍ਰਿਯਾ. ਚੋਰੀ. ਡਕੈਤੀ. "ਕਾਮ ਕ੍ਰੋਧ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ." (ਸਾਰ ਮਃ ੫) ੩. ਵਿ- ਪ੍ਰਹਾਰ (ਵਾਰ) ਕਰਨ ਵਾਲਾ. ਮਾਰਨ ਵਾਲਾ.

ਪਰਹਰੁ: ਤ੍ਯਾਗੋ. ਛੱਡੋ. "ਪਰਹਰੁ ਲੋਭੁ ਅਰੁ ਲੋਕਾ ਚਾਰੁ." (ਗਉ ਕਬੀਰ) ੨. ਦੇਖੋ, ਪਰਹਰਿ.

ਪਰਹਾਰ: ਦੇਖੋ, ਪਰਿਹਾਰ। ੨. ਦੇਖੋ, ਪ੍ਰਹਾਰ। ੩. ਅਗਨਿ. ਦੇਖੋ, ਪਰਹਾਰਿ.

ਪਰਹਾਰਿ: ਅਗਨਿ ਦ੍ਵਾਰਾ. ਅੱਗ ਨਾਲ. "ਭ੍ਰਮਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ." (ਸਾਰ ਮਃ੫) ਰਾਮ ਨਾਮ ਰੂਪ ਅੱਗ ਨਾਲ ਭਸਮ ਹੋ ਗਏ.

ਪਰਹੇਜ਼: ਫ਼ਾ. پرہیز ਸੰਗਯਾ- ਰੁਕਣ ਦਾ ਭਾਵ. ਸੰਯਮ। ੨. ਬੁਰਾਈ ਤੋਂ ਦੂਰ ਰਹਿਣ ਦਾ ਨਿਯਮ। ੩. ਪੱਥ (ਪਥ੍ਯ).

ਪਰਹੇਜ਼ਗਾਰ: ਫ਼ਾ. پرہیزگار ਸੰਗਯਾ- ਸੰਜਮੀ. ਪੱਥ ਰੱਖਣ ਵਾਲਾ। ੨. ਦੋਸ਼ਾਂ ਤੋਂ ਦੂਰ ਰਹਿਣ ਵਾਲਾ. ਵਿਕਾਰਾਂ ਤੋਂ ਬਚਣ ਵਾਲਾ.

**ਪਰਹੇਜ਼ੀਦਨ:** ਫ਼ਾ. پرہیزیدن ਕ੍ਰਿ- ਰੁਕਣਾ. ਪਿੱਛੇ ਹਟਣਾ. ਵਿਸ਼ੇ ਵਿਕਾਰਾਂ ਤੋਂ ਬਚਣਾ.

**ਪਰਕਰ:** ਦੇਖੋ, ਪਰਿਕਰ.

**ਪਰਕਾਸ:** ਦੇਖੋ, ਪ੍ਰਕਾਸ.

**ਪਰਕਾਜ:** ਪਰਕਾਰ੍ਯ. ਪਰਾਇਆ ਕੰਮ.

**ਪਰਕਾਰ:** ਦੇਖੋ, ਪ੍ਰਕਾਰ. "ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ." (ਵਾਰ ਸਾਰ ਮਃ ੪)

**ਪਰਕਾਲਾ:** ਫ਼ਾ. پرکالہ ਸੰਗਯਾ- ਚਿੰਗਾੜਾ. ਵਿਸਫੁਲਿੰਗ.

**ਪਰਕਿਰਤ:** ਦੇਖੋ, ਪਰਕਿਰਤੀ.

**ਪਰਕਿਰਤਿ, ਪਰਕਿਰਤੀ:** ਸੰਗਯਾ- ਪਰਕ੍ਰਿਤ੍ਯ. ਪਰਾਇਆ ਕੰਮ. "ਸੂਦੁ ਵੈਸੁ ਪਰਕਿਰਤਿ ਕਮਾਵੈ." (ਗਉ ਮਃ ੪) ੨. ਦੇਖੋ, ਪ੍ਰਕ੍ਰਿਤਿ. "ਪਰਕਿਰਤਿ ਛੋਡੈ. ਤਤੁ ਪਛਾਣੈ." (ਭੈਰ ਮਃ ੩)

**ਪਰਕੀਆ, ਪਕਰੀਯਾ:** ਸੰਗਯਾ- ਪਤੀ ਨੂੰ ਛੱਡਕੇ ਦੂਜੇ ਨਾਲ ਪ੍ਰੀਤਿ ਰੱਖਣ ਵਾਲੀ ਇਸਤ੍ਰੀ. ਪਰਾਈ ਇਸਤ੍ਰੀ. ਕਾਵ੍ਯਗ੍ਰੰਥਾਂ ਵਿੱਚ ਪਰਕੀਯਾ ਦੇ ਮੁੱਖ ਦੋ ਭੇਦ ਹਨ-

ਊਢਾ, ਜੋ ਵਿਆਹੀ ਹੋਈ ਹੈ. ਅਨੂਢਾ, ਜਿਸ ਦਾ ਅਜੇ ਵਿਆਹ ਨਹੀਂ ਹੋਇਆ.

**ਪਰਕੰਮਿਆਂ:** ਦੇਖੋ ਪਰਿਕ੍ਰਮਾ.

**ਪਰਕ੍ਰਿਤਿ:** ਦੇਖੋ, ਪ੍ਰਕ੍ਰਿਤਿ. "ਪਰਮਦਭੁਤੰ ਪਰਕ੍ਰਿਤਿ ਪਰੰ." (ਗੂਜ ਜੈਦੇਵ)

**ਪਰਕ੍ਰਿਤਿਪਰ:** ਵਿ- ਜੋ ਪ੍ਰਕ੍ਰਿਤਿ ਤੋਂ ਪਰੇ ਹੈ. ਦੇਖੋ, ਪਰਕ੍ਰਿਤਿ ਅਤੇ ਪ੍ਰਕ੍ਰਿਤਿ.

**ਪਰਖ:** ਸੰਗਯਾ- ਚੰਗੀ ਤਰਾਂ ਦੇਖਣ ਦੀ ਕ੍ਰਿਯਾ. ਗੁਣ ਦੋਸ਼ ਦੀ ਪੜਤਾਲ. ਜਾਂਚ. ਦੇਖੋ, ਪਰੀਕ੍ਸ਼ਾ। ੨. ਗੁਣ ਦੋਸ਼ ਜਾਣਨ ਦੀ ਪਹਿਚਾਣ. ਵਿਵੇਕਸ਼ਕਤਿ.

**ਪਰਖਣਾ:** ਕ੍ਰਿ- ਪਰੀਕ੍ਸ਼ਣ. ਧ੍ਯਾਨ ਨਾਲ ਦੇਖਣਾ. ਜਾਚਣਾ. ਪੜਤਾਲਣਾ. ਗੁਣ ਦੋਸ਼ ਦਾ ਵਿਚਾਰ ਕਰਨਾ.

**ਪਰਖਤ:** ਪਰਖਦਾ ਹੈ. ਪਰੀਕ੍ਸ਼ਾ ਕਰਦਾ ਹੈ। ੨. ਦੇਖਦਾ ਹੈ. "ਗੁਰਮਤਿ ਸੱਤਿ ਕਰ ਪਰਖਤ ਅੰਧ ਹੈ." (ਭਾਗੁ ਕ)

**ਪਰਖਾ:** ਦੇਖੋ, ਪਰਿਖਾ। ੨. ਦੇਖੋ, ਪਰੁਖਾ। ੩. ਦੇਖੋ, ਪਰੀਕ੍ਸ਼ਾ. "ਨਹਿ ਪਰਖਾ ਤੁਮ ਕਰਤ ਹੋ, ਹਮ ਜਾਨਹਿ ਭੇਵਾ." (ਗੁਪ੍ਰਸੂ)

**ਪਰਖਾਉਣਾ:** ਕ੍ਰਿ- ਪਰੀਕ੍ਸ਼ਾ ਕਰਵਾਉਣਾ. ਜਾਚ ਕਰਾਉਣੀ.

**ਪਰਖ਼ਾਸ਼:** ਫ਼ਾ. پرخاش ਸੰਗਯਾ- ਯੁੱਧ. ਲੜਾਈ. ਝਗੜਾ। ੨. ਛੇੜ ਛਾੜ. ਨੋਕ ਚੋਕ.

**ਪਰਖਿ:** ਪਰਖ ਕੇ, ਪਰੀਕ੍ਸ਼ਾ ਕਰਕੇ. "ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ." (ਵਾਰੁ ਗੂਜ ੨. ਮਃ ੫)

**ਪਰਗਟ:** ਸੰ. ਪ੍ਰਕਟ. ਵਿ- ਜਾਹਿਰ. ਪ੍ਰਤ੍ਯਕ੍ਸ਼. "ਪਰਗਟ ਕੀਆ ਆਪਿ." (ਵਾਰ ਮਾਰੂ ੨. ਮਃ ੫) ੨. ਸਾਫ. ਨਿਰਮਲ. "ਮਤਿ ਮਲੀਣ ਪਰਗਟ ਭਈ." (ਗਉ ਮਃ ੩)

**ਪਰਗਟਨਾ:** ਕ੍ਰਿ- ਪ੍ਰਕਟ ਹੋਣਾ. ਜਾਹਿਰ ਹੋਣਾ. "ਆਪ ਹੀ ਗੁਪਤ ਆਪਿ ਪਰਗਟਨਾ." (ਬਿਲਾ ਮਃ ੫)

**ਪਰਗਟੜਾ:** ਵਿ- ਪ੍ਰਕਟ ਹੋਇਆ। ੨. ਸੰਗਯਾ- ਪ੍ਰਕਟਨ. ਪ੍ਰਗਟ (ਜਾਹਿਰ) ਹੋਣ ਦੀ ਕ੍ਰਿਯਾ. "ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ." (ਮਾਰੂ ਸੋਲਹੇ ਮਃ ੫)

ਪਰਗਟਾ: ਵਿ- ਪ੍ਰਕਟ ਹੋਇਆ. ਪ੍ਰਤ੍ਯਕ੍ਸ਼ ਹੋਇਆ. "ਗੁਰਮੁਖਾ ਨੋ ਪੰਥ ਪਰਗਟਾ." (ਸ੍ਰੀ ਮਃ ੫)

ਪਰਗਟੀਏਸਾ: ਈਸ਼੍ਵਰ (ਬ੍ਰਹਮ) ਦਾ ਸਾਕ੍ਸ਼ਾਤਕਾਰ ਹੋਇਆ ਹੈ. "ਸਚ ਪਰਗਟੀਏਸਾ". (ਵਾਰ ਰਾਮ ੧. ਮਃ ੩)

ਪਰਗਣਾ, ਪਰਗਨਾ: ਫ਼ਾ. پرگنہ ਪਰਗਨਹ. ਸੰਗ੍ਯਾ- ਜ਼ਮੀਨ ਦਾ ਉਹ ਹਿੱਸਾ, ਜਿਸ ਵਿੱਚ ਕਈ ਪਿੰਡ ਹੋਣ.

ਪਰਗੜ: ਵਿ- ਪ੍ਰਕਟ. ਜਾਹਿਰ. ਪ੍ਰਤ੍ਯਕ੍ਸ਼। ੨. ਪ੍ਰਗਾਢ. ਸੰਘਣਾ.

ਪਰਗੜੀਐ: ਪ੍ਰਕਟ (ਪ੍ਰਤ੍ਯਕ੍ਸ਼) ਕਰੀਐ. "ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ." (ਵਾਰ ਗਉ ੧. ਮਃ ੪)

੨. ਪ੍ਰਗਾਢ (ਦ੍ਰਿੜ੍ਹ) ਕਰੀਐ.

ਪਰਗਾਸ: ਸੰਗ੍ਯਾ- ਪ੍ਰਕਾਸ਼. ਚਮਕ. ਤੇਜ. ਦੀਪ੍ਤਿ। ੨. ਵਿਕਾਸ਼. ਖਿੜਨ ਦਾ ਭਾਵ.

ਪਰਗਾਸਿ: ਪ੍ਰਕਾਸ਼ ਨਾਲ। ੨. ਪ੍ਰਕਾਸ਼ ਵਿੱਚ। ੩. ਸੰ. प्रकाशिन- ਪ੍ਰਕਾਸ਼ੀ ਵਿ- ਪ੍ਰਕਾਸ਼ (ਦੀਪ੍ਤਿ) ਵਾਲਾ। ੪. ਸੰਗ੍ਯਾ- ਤੇਜਮਯ. ਜ੍ਯੋਤਿਰੂਪ. "ਮਿਲਿ ਜਨ ਨਾਨਕ ਨਾਮ ਪਰਗਾਸਿ." (ਸੋਦਰੁ)

ਪਰਗਾਸਿਆ: ਪ੍ਰਕਾਸ਼ਿਤ ਹੋਇਆ। ੨. ਪਰਿਗ੍ਰਸਿਆ. ਦੇਖੋ, ਬਿਬਲ.

ਪਰਗਾਸੁ: ਪ੍ਰਕਾਸ਼. ਦੇਖੋ, ਪਰਗਾਸ. "ਨਾਮ ਕਰੇ ਪਰਗਾਸੁ." (ਸ੍ਰੀ ਮਃ ੪)

ਪਰਗਾਝਾ: ਪ੍ਰਕਟ (ਜਾਹਿਰ) ਕੀਤਾ. "ਜਿਨਿ ਗੁਪਤ ਨਾਮ ਪਰਗਾਝਾ." (ਜੈਤ ਮਃ ੪) ੨. ਪਰਿਗ੍ਰਾਹ੍ਯ. ਗ੍ਰਹਣ ਕਰਨ ਯੋਗ੍ਯ.

ਪਰਗਾਮੀ: ਸੰ. पारगामिन- ਪਾਰਗਾਮੀ. ਵਿ- ਪਾਰ ਜਾਣ ਵਾਲਾ. "ਪਰਗਾਮੀ ਤਾਰਣ ਤਰਣ." (ਸਵੈਯੇ ਮਃ ੪. ਕੇ) ਤਾਰਣ ਲਈ ਪਾਰਗਾਮੀ ਜਹਾਜ਼ ਹੈ

ਪਰਗੰਦਾ: ਦੇਖੋ, ਪਰਾਗੰਦਾ.

ਪਰਗ੍ਰਹ, ਪਰਗ੍ਰਿਹ, ਪਰਗ੍ਰਿਹੁ: ਸੰ. परगृह. ਪਰਾਇਆ ਘਰ। ੨. ਭਾਵ- ਪਰਇਸਤ੍ਰੀ. "ਜੈਸਾ ਸੰਗ ਬਿਸੀਅਰ ਸਿਉ ਹੈ ਰੇ! ਤੈਸੇ ਹੀ ਇਹੁ ਪਰਗ੍ਰਿਹੁ." (ਆਸਾ ਮਃ ੫) "ਲੋਭਾਦਿ ਦ੍ਰਿਸਟਿ ਪਰਗ੍ਰਿਹੰ." (ਗੂਜ ਜੈਦੇਵ) ੩. ਦੇਖੋ, ਪਰਿਗ੍ਰਹ.

ਪਰਘ: ਸੰ. ਪਰਿਘ. ਸੰਗ੍ਯਾ- ਲੋਹੇ ਦਾ ਡੰਡਾ, ਜਿਸ ਨਾਲ ਅੰਦਰੋਂ ਕਿਵਾੜ ਬੰਦ ਕੀਤੇ ਜਾਂਦੇ ਹਨ। ੨. ਲੋਹੇ ਦੀ ਲੰਮੀ ਗਦਾ. ਲੋਹਮੁਸਲ. "ਪਰਘ ਭਸੁੰਡੀ ਤੋਮਰ ਸਕਤੀ." (ਨਾਪ੍ਰ) ਧਨੁਰਵੇਦ ਵਿੱਚ ਪਰਿਘ ਦੀ ਲੰਬਾਈ ਸਾਢੇ ਤਿੰਨ ਹੱਥ ਲਿਖੀ ਹੈ। ੩. ਤੀਰ। ੪. ਪਰਵਤ। ੫. ਵਜ੍ਰ। ੬. ਸੰਗੀਤ ਅਨੁਸਾਰ ਢੋਲ ਦੀ ਸ਼ਕਲ ਦਾ ਇੱਕ ਵਾਜਾ, ਜੋ ਬਾਂਸ ਦੀ ਫਾਚੜਾਂ ਨਾਲ ਵਜਾਈਦਾ ਹੈ। ੭. ਘੜਾ. ਕੁੰਭ। ੮. ਘਰ। ੯. ਵਿਘਨ. ਰੁਕਾਵਟ। ੧੦. ਸ਼ੇਸ਼ਨਾਗ। ੧੧. ਜਲ। ੧੨. ਚੰਦ੍ਰਮਾ। ੧੩. ਸੂਰਜ.

ਪਰਘਰ: ਦੇਖੋ, ਪਰਗ੍ਰਿਹ। ੨. ਆਪਣੇ ਇਸ਼੍ਟ ਤੋਂ ਛੁੱਟ ਹੋਰ ਦੇਵਤਾ ਦਾ ਮੰਦਿਰ ਅਥਵਾ ਪੰਥ. "ਆਨ ਮਨਉ, ਤਉ ਪਰਘਰ ਜਾਉ." (ਗਉ ਮਃ ੧)

ਪਰਘਰਿ: ਪਰਾਏ ਘਰ ਵਿੱਚ. ਪਰਾਏ ਦਰ ਤੇ. "ਤ੍ਰਿਸਨਾ ਰਾਚਿ ਨ ਪਰਘਰਿ ਜਾਵਾ." (ਸੋਰ ਅਃ ਮਃ ੧)

ਪਰਘਰੁ: ਦੇਖੋ, ਪਰਗ੍ਰਿਹ "ਪਰਘਰੁ ਜੋਹੈ ਹਾਣੇ ਹਾਣਿ." (ਸਿਧਗੋਸਟਿ)

ਪਰਚਉ: ਸੰਗ੍ਯਾ- ਪਰਿਚਯ. ਜਾਨਕਾਰੀ. ਗ੍ਯਾਨ. ਅਭਿਗ੍ਯਤਾ. "ਪਰਚਉ ਪ੍ਰਮਾਣੁ ਗੁਰ ਪਾਇਅਉ." (ਸਵੈਯੇ ਮਃ ੪. ਕੇ) ੨. ਸਬੂਤ. ਪ੍ਰਮਾਣ। ੩. ਸਿੱਧਿ (ਕਰਾਮਾਤ) ਦਾ ਚਮਤਕਾਰ. "ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ." (ਸਵੈਯੇ ਮਃ ੩. ਕੇ)

ਪਰਚਸੁ: ਫ਼ਾ. پارچہ ست ਪਾਰਚਹ- ਅਸ੍ਤ. ਵਸਤ੍ਰ (ਲਿਬਾਸ) ਹੈ। ੨. ਦੇਖੋ, ਪੁਰਚੁਸਤ.

**ਪਰਚਣਾ, ਪਰਚਨਾ:** ਕ੍ਰਿ- ਪਰਿਚਯ ਕਰਨਾ. ਜਾਣਨਾ. ਵਾਕ੍ਰਿਫ ਹੋਣਾ। ੨. ਅਭ੍ਯਾਸ ਕਰਨਾ.

**ਪਰਚਾ:** ਦੇਖੋ, ਪਰਚਉ ੧. "ਘਰ ਹੀ ਪਰਚਾ ਪਾਈਐ." (ਸੂਹੀ ਮਃ ੧) ੨. ਦੇਖੋ, ਪਰਚਉ ੩. "ਕੋਈ ਮੁਗਲ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ." (ਆਸਾ ਅਃ ਮਃ ੧) ੩. ਫ਼ਾ. پرچہ ਕਾਗ਼ਜ ਦਾ ਟੁਕੜਾ. ਚਿਟ। ੪. ਚਿੱਠੀ. ਰੁੱਕ਼ਾ.

**ਪਰਚਾਉਣਾ, ਪਰਚਾਇਣੁ:** ਕ੍ਰਿ- ਪਰਿਚਯ ਕਰਾਉਣਾ. ਹਿਲਾਉਣਾ. ਆਪਣੇ ਨਾਲ ਜਾਨ ਪਹਿਚਾਨ ਕਰਾਉਣੀ। ੨. ਬਹਿਲਾਉਣਾ। ੩. ਗ੍ਯਾਨ ਕਰਾਉਣਾ. "ਰਾਮਚੰਦਿ ਮਾਰਿਓ ਅਹਿ ਰਾਵਣੁ, ਭੇਦੁ ਬਭੀਖਣ. ਗੁਰਮੁਖਿ ਪਰਚਾਇਣੁ." (ਸਿਧਗੋਸਟਿ) ਕਰਤਾਰ ਨੇ ਅੰਹਕਾਰ ਰੂਪ ਰਾਵਣ ਨੂੰ ਗੁਰਮੁਖਰੂਪ ਵਿਭੀਸ਼ਣ ਦ੍ਵਾਰਾ ਗ੍ਯਾਨਤਤ੍ਵ ਦਾ ਭੇਦ ਕਰਵਾਕੇ ਮਾਰਿਆ.

**ਪਰਚਾ ਚਾਕ ਹੋਣਾ, ਪਰਚਾ ਚਾਕ ਕਰਨਾ:** ਪੁਲਿਸ (Police) ਦੇ ਸੰਕੇਤ ਵਿੱਚ ਅਪਰਾਧੀ ਉੱਤੇ ਕਾਨੂਨ ਦੀ ਦਫਾ ਲਾਕੇ ਰਜਿਸਟਰ ਤੋਂ ਅੱਧਾ ਪਰਚਾ ਪਾੜਕੇ ਮਿਸਲ ਨਾਲ ਨੱਥੀ ਕਰਨਾ.

**ਪਰਚਾਰ:** ਦੇਖੋ, ਪਰਿਚਾਰ। ੨. ਦੇਖੋ, ਪ੍ਰਚਾਰ.

**ਪਰਚਾਵਣੀ:** ਸੰਗ੍ਯਾ- ਪਰਿਚਯ ਕਰਾਉਣ ਦੀ ਕ੍ਰਿਯਾ। ੨. ਦਿਲ ਬਹਿਲਾਉਣ ਦਾ ਕਰਮ। ੩. ਸੰਬੰਧੀ ਮੋਏ ਤੋਂ ਸ਼ੋਕਾਤੁਰ ਦਾ ਚਿੱਤ ਪਰਚਾਉਣ ਦੀ ਕ੍ਰਿਯਾ. ਮਾਤਮਪੁਰਸੀ. "ਤਾਂ ਲੋਕ ਪਰਚਾਵਣੀ ਨੂੰ ਆਵਣ." (ਜਸਾ)

**ਪਰਚਾਵਾ:** ਵਿ- ਪਰਿਚਯ ਕਰਾਉਣ ਵਾਲਾ. ਦਿਲ ਬਹਿਲਾਉਣ ਵਾਲਾ। ੨. ਸੰਗ੍ਯਾ- ਪਰਿਚਯ ਦਾ ਭਾਵ. ਜਾਨਕਾਰੀ. ਵਾਕ਼ਫ਼ੀਯਤ। ੩. ਦਿਲ ਬਹਿਲਾਉਣ ਦਾ ਭਾਵ.

**ਪਰਚੀਨ:** ਸੰ. ਪ੍ਰਾਚੀਨ. ਵਿ- ਪੁਰਾਣਾ. ਪੁਰਾਤਨ. "ਦੀਨਾਧੀਨ ਪਰਚੀਨ ਲਗ." (ਭਾਗੁ ਕ) ਪ੍ਰਾਚੀਨ ਕਾਲ ਤੋਂ ਦੀਨ ਅਤੇ ਅਧੀਨ ਹਾਂ.

**ਪਰਚੂਨ:** ਸੰਗ੍ਯਾ- ਚੂਣੰ (ਆਟਾ) ਆਦਿ ਸਾਮਗ੍ਰੀ ਲੂਣ ਤੇਲ ਆਟਾ ਦਾਲ ਆਦਿ ਸਾਮਾਨ। ੨. ਭਾਵ- ਸ਼ੁਭਾਸ਼ੁਭ ਮਿਸ਼੍ਰਿਤ ਕਰਮ. "ਪੂਰਬਿ ਜਨਮਿ ਪਰਚੂਨ ਕਮਾਏ." (ਨਟ ਅਃ ਮਃ ੪)

**ਪਰਚੂਨੀਆ:** ਸੰਗ੍ਯਾ- ਪਰਚੂਨ ਦਾ ਵਪਾਰ ਕਰਨ ਵਾਲਾ ਖ਼ੁਰਦਫ਼ਰੋਸ਼- ਦੇਖੋ, ਪਰਚੂਨ.

**ਪਰਚੈ:** ਦੇਖੋ, ਪਰਚਉ. ਪਰਿਚਯ (ਅਭ੍ਯਾਸ) ਸੇ. "ਗੁਰਮੁਖਿ ਪਰਚੈ ਬੇਦਬੀਚਾਰੀ." (ਸਿਧਗੋਸਟਿ) ੨. ਪਰਿਚਯ (ਗ੍ਯਾਨ) ਦ੍ਵਾਰਾ. "ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ." (ਬਿਲਾ ਅਃ ਮਃ ੪)

**ਪਰਚੈ ਕੈ ਘਰਿ:** ਦੇਖੋ, ਅਰਚੈ ਕੈ ਘਰਿ.

**ਪਰਚੰਡ:** ਦੇਖੋ, ਪ੍ਰਚੰਡ.

**ਪਰਛਾਈ, ਪਰਛਾਂਹੀ, ਪਰਛਾਵਾਂ:** ਸੰਗ੍ਯਾ- ਪ੍ਰਤਿਛਾਯਾ. ਪ੍ਰਤਿਬਿੰਬ ਅ਼ਕਸ। ੨. ਪੜਛਾਵਾਂ। ੩. ਤੰਤ੍ਰਸ਼ਾਸਤ੍ਰ ਅਨੁਸਾਰ ਭੂਤ ਪ੍ਰੇਤ ਆਦਿ ਦਾ ਕਿਸੇ ਪ੍ਰਾਣੀ ਪੁਰ ਅਸਰ. "ਹੋਤ ਭਯੋ ਪਰਛਾਵਾਂ ਪ੍ਰੇਤੁ." (ਨਾਪ੍ਰ)

**ਪਰਛਿੰਨ, ਪਰਛੰਨ, ਪਰਛੰਨਾ:** ਸੰ. परिच्छन्न- ਪਰਿਛੰਨ. ਵਿ- ਢਕਿਆ ਹੋਇਆ. ਗੁਪਤ. "ਇਕਤੁ ਰੂਪਿ ਫਿਰਹਿ ਪਰਛੰਨਾ, ਕੋਇ ਨ ਕਿ ਸਹੀ ਜੇਹਾ." (ਸੋਰ ਮਃ ੧) "ਇਕੋ ਆਪਿ ਫਿਰੈ ਪਰਛੰਨਾ." (ਮਾਝ ਅਃ ਮਃ ੩) ੨. ਸੰ. परिच्छिन्न- ਪਰਿਛਿੰਨ ਅਲਗ ਕੀਤਾ ਹੋਇਆ। ੩. ਹੱਦ ਵਾਲਾ. ਸੀਮਾ ਯੁਕ੍ਤ। ੪. ਸੰ. प्रच्छन्न ਪ੍ਰਛੰਨ. ਢਕਿਆ ਹੋਇਆ। ੫. ਛਿਪਿਆ ਹੋਇਆ. ਲੁਕਿਆ ਹੋਇਆ. "ਮਨਮੁਖ ਸਚ ਰਹੈ ਪਰਛੰਨਾ." (ਭਾਗੁ)

**ਪਰਜ:** ਸੰਗ੍ਯਾ- ਪ੍ਰਜਾ. ਸੰਤਾਨ. ਔਲਾਦ. "ਸੂਤਕ ਪਰਜ ਬਿਗੋਈ." (ਗਉ ਕਬੀਰ) ੨. ਸੰ. ਵਿ- ਦੂਸਰੇ ਤੋਂ ਪੈਦਾ ਹੋਇਆ. ਪਰਜਾਤ ੩. ਸੰਗ੍ਯਾ- ਕੋਕਿਲ. ਕੋਇਲ. ਇਹ ਪ੍ਰਸਿੱਧ ਹੈ ਕਿ ਕੋਇਲ ਦੇ ਆਂਡੇ ਕਾਉਂ ਪਾਲਦਾ ਹੈ, ਇਸ ਕਾਰਣ ਪਰਜ ਸੰਗ੍ਯਾ ਹੈ। ੪. ਸੰ. ਪਰਾਜਿਕਾ. ਇੱਕ ਰਾਗਿਣੀ ਜੋ ਧਨਾਸ਼੍ਰੀ ਗਾਂਧਾਰ ਅਤੇ ਮਾਰੂ ਦੇ ਮੇਲ ਤੋਂ ਬਣਦੀ ਹੈ ਇਸ ਵਿੱਚ ਰਿਸ਼ਭ

ਅਤੇ ਧੈਵਤ ਕੋਮਲ ਅਰ ਮਧਜਮ ਤੀਵ੍ਰ ਲਗਦਾ ਹੈ, ਬਾਕੀ ਸੁਰ ਸ਼ੁੱਧ ਹਨ. ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਹੈ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਰ ਹੈ. ਰਾਤ ਦਾ ਦੂਜਾ ਪਹਰ ਭੀ ਇਸ ਦੇ ਗਾਉਣ ਦਾ ਸਮਾਂ ਹੈ. "ਮਾਰੂ ਔ ਪਰਜ ਔਰ ਕਾਨੜਾ ਕਲਜਾਨ ਸੁਭ." (ਕ੍ਰਿਸਨਾਵ)

ਪਰਜਨ: ਸੰਗਯਾ- ਓਪਰੇ ਆਦਮੀ. ਜੋ ਆਪਣੇ ਵੰਸ਼ ਅਤੇ ਪਿੰਡ ਦੇ ਨਹੀਂ "ਪੁਰਜਨ ਪਰਜਨ ਸਭ ਮਿਲੇ." (ਗੁਪ੍ਰਸੂ)

ਪਰਜਨਯ: ਵਿ- ਦੂਸਰੇ ਕਰਕੇ ਪੈਦਾ ਹੋਣ ਯੋਗਯ। ੨. ਸੰ. पर्जन्य- ਪਰ੍‍ਜੰਨ੍ਯ. ਸੰਗਯਾ- ਜੋ ਅਨੇਕ ਦੇਸਾਂ ਨੂੰ ਸੇਚਨ ਕਰੇ, ਬੱਦਲ. ਮੇਘ। ੩. ਮੇਘ ਦੀ ਗਰਜ। ੪. ਇੰਦ੍ਰ। ੫. ਵਿਸ਼ਨੁ.

ਪਰਜਰਨ: ਦੇਖੋ, ਪਰਜਲਨ.

ਪਰਜਰਿ: ਸੰਗਯਾ- ਪਰ (ਸ਼ਤ੍ਰੁ) ਦ੍ਵਾਰਾ ਪ੍ਰਾਪਤ ਹੋਇਆ ਸੰਤਾਪ. ਦੇਖੋ, ਅਸਜਰਿ.

ਪਰਜਲਨ: ਸੰਗਯਾ- ਪ੍ਰਜ੍ਵਲਨ. ਜਲਣ ਦੀ ਕ੍ਰਿਯਾ. ਮੱਚਣਾ.

ਪਰਜਾ: ਸੰਗਯਾ- ਪ੍ਰਜਾ ਰੈਯਤ. "ਕੂੜ ਰਾਜਾ ਕੂੜ ਪਰਜਾ." (ਵਾਰ ਆਸਾ) ੨. ਸ੍ਰਿਸ਼੍ਟਿ, ਲੋਕੀ. "ਤਿਨ ਕਉ ਪਰਜਾ ਪੂਜਣ ਆਈ." (ਵਾਰ ਗੂਜ ੧. ਮਃ ੩)

ਪਰਜਾਰਨ: ਦੇਖੋ, ਪਰਜਾਲਨਾ.

ਪਰਜਾਲਣਾ, ਪਰਜਾਲਨਾ: ਕ੍ਰਿ- ਪ੍ਰਜ੍ਵਲਨ. ਜਲਾਉਣਾ. ਮਚਾਉਣਾ. ਭਾਂਬੜ ਬਾਲਣਾ. "ਬ੍ਰਹਮਅਗਨਿ ਸਹਜੇ ਪਰਜਾਲੀ." (ਭੈਰ ਕਬੀਰ) ੨. ਸਾੜਨਾ. "ਭਰਮ ਮੋਹ ਪਰਜਾਲਣਾ." (ਮਾਰੂ ਸੋਲਹੇ ਮਃ ੫) "ਗੁਰ ਕੈ ਸਬਦਿ ਪਰਜਾਲੀਐ." (ਵਾਰ ਗੂਜ ੧. ਮਃ ੩)

ਪਰਜਾਲਿ: ਸੰ. ਪ੍ਰਜ੍ਵਲਿਤ ਕਰਨ ਦੀ ਸਾਮਗ੍ਰੀ. ਹਵਨ ਅਤੇ ਧੂਪ ਆਦਿ ਧੁਖਾਉਣ ਦੀ ਵਸਤੁ. "ਪੂਜਾ ਪ੍ਰੇਮ ਮਾਇਆ ਪਰਜਾਲਿ." (ਆਸਾ ਮਃ ੧) ੨. ਪ੍ਰਜ੍ਵਲਿਤ ਕਰਕੇ. ਮਚਾਕੇ। ੩. ਫੂਕਕੇ. ਸਾੜਕੇ.

ਪਰਜਾਲੇ: ਦਗਧ ਕੀਤੇ. ਸਾੜੇ. ਭਸਮ ਹੋਏ. ਦੇਖੋ, ਪਰਜਲਨ. "ਬਹੁ ਚਿੰਤਾ ਪਰਜਾਲੇ." (ਸ੍ਰੀ ਮਃ ੩)

ਪਰਜੁਆਲਿ: ਸੰਗਯਾ- ਪ੍ਰਜ੍ਵਾਲਾ. ਲਾਟਾ. ਅੱਗ ਦੀ ਸ਼ਿਖਾ। ੨. ਮੂਹੋਂ ਅੱਗ ਕੱਢਣ ਵਾਲੀ, ਬੰਦੂਕ. ਤੋਪ. "ਸੁਤਰਨਾਲ ਘੁੜਨਾਲ ਭਨ ਚੁਰਣਿ ਪੁਨ ਪਰਜੁਆਲਿ." (ਸਨਾਮਾ)

ਪਰਜੰਕ: ਸੰ. पर्यङ्क. ਪਯੰਕੰ. ਸੰਗਯਾ- ਪਲੰਘ. ਮੰਜਾ.

ਪਰਜੰਤ: ਸੰ. पर्यन्त- ਪਯੰਤੰ. ਕ੍ਰਿ. ਵਿ- ਤਕ. ਤੀਕ. ਤੋੜੀ. ਲੌ। ੨. ਸੰਗਯਾ- ਅੰਤਿਮ ਸੀਮਾ. ਅਖ਼ੀਰੀ ਹੱਦ. "ਪਰਮਾਣੋ ਪਰਜੰਤ ਆਕਾਸਹ." (ਗਾਥਾ) ਪਰਮਾਣੂ ਰੂਪ ਹੋਕੇ ਆਕਾਸ਼ ਦੀ ਹੱਦ ਤੀਕ ਗਮਨ ਕਰੇ.

ਪਰਜੰਨ: ਦੇਖੋ, ਪਰਜਨਯ.

ਪਰਟਿਆ: ਵਿ- ਪਰ- ਅਤਜਯ. ਅਤਜਯ (ਦੋਸ਼) ਤੋਂ ਪਰੇ। ੨. ਅਤਜਯ (ਵਿਨਾਸ਼) ਤੋਂ ਰਹਿਤ. "ਪਰੈ ਪਰਟਿਆ." (ਵਾਰ ਰਾਮ ੨. ਮਃ ੫) ਮਨ ਬਾਣੀ ਤੋਂ ਪਰੇ, ਦੋਸ਼ ਅਤੇ ਨਾਸ਼ ਤੋਂ ਬਿਨਾ ਹੈ.

ਪਰਣ: ਸੰ. परण ਧਾ- ਹਰਾ ਹੋਣਾ। ੨. ਸੰਗਯਾ- ਪੱਤਾ। ੩. ਪਾਨ। ੪. ਪੰਖ. ਖੰਭ। ੫. ਦੇਖੋ, ਪ੍ਰਣ। ੬. ਦੇਖੋ, ਪਰਨ ੨.

ਪਰਣਸਾਲਾ, ਪਰਣਕੁਟੀ: ਸੰਗਯਾ- ਪਣੰ (ਪੱਤੇ) ਦੀ ਸ਼ਾਲਾ. ਪੱਤਿਆਂ ਦਾ ਮਕਾਨ. ਪੱਤਿਆਂ ਦੀ ਕੁੱਲੀ.

ਪਰਣਚੀਰ: ਪੱਤਿਆਂ ਦੇ ਜਿਸ ਨੇ ਵਸਤ੍ਰ ਪਹਿਨੇ ਹਨ। ੨. ਪੱਤਿਆਂ ਦੇ ਵਸਤ੍ਰ.

**ਪਰਣਤ:** ਦੇਖੋ, ਪਰਿਣਤ.

**ਪਰਣਧਿ:** ਪੱਤੇ ਪਹਿਰਨ ਵਾਲਾ। ੨. ਤੀਰ. ਪੰਖਧਰ। ੩. ਪੰਛੀ.

**ਪਰਣਮ:** ਦੇਖੋ, ਪ੍ਰਣਾਮ. "ਪੂਜ ਪਾਇ ਪਰ ਪਰਣਮ ਕੀਨਾ." (ਨਾਪ੍ਰ)

**ਪਰਣਯ:** ਦੇਖੋ, ਪਰਿਣਯ.

**ਪਰਣਾ:** ਦੇਖੋ, ਪੜਨਾ। ੨. ਸੰਗਜਾ- ਰੁਮਾਲ. ਤੌਲੀਆ. ਉਪਰਨਾ। ੩. ਸੰ. ਪ੍ਰਣਯ. ਵਿਸ਼੍ਵਾਸ. ਭਰੋਸਾ। ੪. ਆਸਰਾ. ਆਧਾਰ. "ਅਗੋਚਰ ਸਾਹਿਬੋ ਜੀਆਂ ਕਾ ਪਰਣਾ." (ਵਾਰ ਗਉ ੨. ਮः ੫) ੫. ਦੇਖੋ, ਪਰਣੈ.

**ਪਰਣਾਇ:** ਪਰਿਣਯ (ਵਿਆਹ) ਕੇ. ਸ਼ਾਦੀ ਕਰਕੇ "ਜਿੰਦੁ ਵਹੁਟੀ ਮਰਣੁ ਵਰ, ਲੈ ਜਾਸੀ ਪਰਣਾਇ." (ਸ. ਫਰੀਦ) ਦੇਖੋ ਪਰਿਣਯ.

**ਪਰਣਾਇਣੁ:** ਸਿੰਧੀ, ਪਰਿਣਯ (ਵਿਆਹ) ਦਾ ਹੋਣਾ. ਸ਼ਾਦੀ ਕਰਨੀ.

**ਪਰਣਾਮ:** ਦੇਖੋ, ਪਰਿਣਾਮ। ੨. ਦੇਖੋ, ਪ੍ਰਣਾਮ। ੩. ਪ੍ਰਾਣਾਯਾਮ. ਸ੍ਵਾਸ ਦੇ ਅੰਦਰ ਆਉਣ ਜਾਣ ਦੀ ਗਤਿ ਨੂੰ ਆਪਣੇ ਵਸ਼ਿ ਕਰਨਾ. "ਨਾਸਾ ਮੂੰਦ ਕਰੈਂ ਪਰਣਾਮੰ." (ਵਿਚਿਤ੍ਰ)

**ਪਰਣੈ:** ਭਾਰ ਬਲ. "ਅਖੀਂ ਪਰਣੈ ਜੇ ਫਿਰਾਂ ਦੇਖਾਂ ਸਭ ਆਕਾਰੁ." (ਵਾਰ ਸਾਰ ਮः੧) ੨. ਸੰ. ਪਰਿਣਯ. ਸੰਗਜਾ- ਵਿਆਹ. ਸ਼ਾਦੀ. "ਮਰਣੈ ਪਰਣੈ ਮੰਨੀਐ." (ਭਾਗੁ) ੩. ਸੰ. ਪ੍ਰਣਯ. ਵਿਸ਼੍ਵਾਸ ਭਰੋਸਾ. "ਆਪੁ ਛਡਿ ਸਦਾ ਰਹੈ ਪਰਣੈ." (ਅਨੰਦੁ)

**ਪਰਣੰਮਣਾ:** ਕ੍ਰਿ- ਪਰਿਣਾਮ (ਰੂਪਾਂਤਰ) ਨੂੰ ਪ੍ਰਾਪਤ ਹੋਣਾ. ਬਦਲਣਾ.

**ਪਰਤ:** ਸੰਗਜਾ- ਤਹ. ਸੜ੍ਹ। ੨. ਵਿ- ਉਲਟ. ਵਿਪਰੀਤ. ਵਿਰੁੱਧ। ੩. ਪੜਤ. ਪੈਂਦਾ ਹੈ। ੪. ਪਲਤ. ਗਲ (ਢਲ) ਜਾਂਦਾ, ਜਾਂਦੀ. "ਕਾਚੀ ਗਾਗਰਿ ਨੀਰ ਪਰਤ ਹੈ." (ਸੋਰ ਕਬੀਰ) ੫. ਦੇਖੋ, ਪਰਤ੍ਰ.

**ਪਰਤਹ:** ਸੰ. परतः (परतस) ਵਯ- ਦੂਸਰੇ ਤੋਂ ਅਨਯ ਸੇ। ੨. ਪਿੱਛੇ। ੩. ਪਰੇ. ਅੱਗੇ.

**ਪਰਤਖ, ਪਰਤਖਿ, ਪਰਤਖ੍ਯ, ਪਰਤਛ, ਪਰਤਛਿ:** ਸੰ. ਪ੍ਰਤ੍ਯਕ੍ਸ਼. ਪ੍ਰਤਿ- ਅਕ੍ਸ਼ ਵਿ- ਅੱਖ ਦੇ ਸਾਮ੍ਹਣੇ. ਜਾਹਿਰ. "ਪਰਤਖਿ ਦੇਹ ਪਾਰ ਬ੍ਰਹਮ ਸੁਆਮੀ." (ਸਵੈਯੇ ਮः ੪. ਕੇ) "ਪਰਤਛਿ ਰਿਦੈ ਗੁਰੁ ਅਰਜਨ ਕੈ ਹਰਿ ਪੂਰਨ ਬ੍ਰਹਮ." (ਸਵੈਯੇ ਮः ੫. ਕੇ) "ਗੁਰੁ ਅਰਜਨ ਪਰਤਖ੍ਯ ਹਰਿ." (ਸਵੈਯੇ ਮः ੫. ਕੇ)

**ਪਰਤਣਾ:** ਕ੍ਰਿ- ਪਲਟਣਾ. ਲੌਟਣਾ. ਹਟਕੇ ਆਉਣਾ. ਮੁੜਨਾ। ੨. ਫੇਰਨਾ. ਘੁਮਾਉਣਾ. ਉਲਟਣਾ। ੩. ਮੱਕਰਨਾ. ਨਟਨਾ.

**ਪਰਤਨ:** ਪਰਾਇਆ ਤਨ. ਭਾਵ- ਪਰਇਸਤ੍ਰੀ. "ਪਰ ਧਨ ਪਰਤਨ ਪਰ ਕੀ ਨਿੰਦਾ." (ਧਨਾ ਮः੫) ੨. ਪਰਤਨਯ. ਪਰਾਇਆ ਪੁਤ੍ਰ. ਪਰਸੰਤਾਨ. "ਪਰਧਨ ਪਰਤਨ ਪਰਤੀ ਨਿੰਦਾ." (ਆਸਾ ਮः ੫)

**ਪਰਤਲਾ:** ਸੰਗਜਾ- ਚਮੜੇ ਅਥਵਾ ਰੇਸ਼ਮ ਜ਼ਰੀ ਆਦਿ ਦੀ ਪੱਟੀ, ਜੋ ਮੋਢੇ ਉੱਪਰਦੀਂ ਹੁੰਦੀ ਹੋਈ ਛਾਤੀ ਅਰ ਪਿੱਠ ਪਰਦੀਂ ਕਮਰ ਤਕ ਆਉਂਦੀ ਹੈ ਅਤੇ ਜਿਸ ਵਿੱਚ ਤਲਵਾਰ ਬੰਨ੍ਹੀ ਜਾਂਦੀ ਹੈ. ਗਾਤ੍ਰਾ.

**ਪਰਤਵਾ:** ਸੰਗਜਾ- ਪ੍ਰਤਿਬਿੰਬ. ਅ਼ਕਸ. "ਜੈਸੇ ਸੀਸੇ ਵਿੱਚ ਆਪਣੇ ਰੁਖ ਕਾ ਪਰਤਵਾ ਪਉਂਦਾ ਹੈ." (ਜਸਭਾਮ)

**ਪਰਤਾਪ:** ਸੰ. ਪ੍ਰਤਾਪ. ਸੰਗਜਾ- ਤੇਜ. ਇਕ਼ਬਾਲ. "ਪ੍ਰਗਟ ਭਇਆ ਪਰਤਾਪ ਪ੍ਰਭੁ ਭਾਈ." (ਸੋਰ ਅः ਮः੫) ੨. ਸੰ. प्रतापिन- ਪ੍ਰਤਾਪੀ. ਵਿ- ਤੇਜਵਾਨ. "ਅਲਖ ਅਭੇਵ ਪੁਰਖ ਪਰਤਾਪ." (ਸੁਖਮਨੀ) ੩. ਸੰ. ਪਰਿਤਾਪ. ਸੰਗਜਾ- ਅਤਯੰਤ ਜਲਨ. ਮਹਾਦੁੱਖ. "ਨਾਮ ਬਿਨ ਪਰਤਾਪਏ." (ਆਸਾ ਛੰਤ ਮः ੧) "ਪਰਤਾਪਹਿਗਾ ਪ੍ਰਾਣੀ" (ਰਾਮ ਮः ੧) ੪. ਚਿੱਤ ਦੀ ਤੀਵ੍ਰ ਇੱਛਾ. ਚਿੱਤ ਦੀ ਵ੍ਯਾਕੁਲ ਦਸ਼ਾ. "ਹਰਿ ਨਾਵੈ ਨੋ ਸਭੁਕੋ ਪਰਤਾਪਦਾ, ਵਿਣੁ ਭਾਗਾ ਪਾਇਆ ਨ ਜਾਇ" (ਮਲਾ ਅः

ਮ: ੩) "ਸਭ ਨਾਵੈ ਨੋ ਪਰਤਾਪਦਾ." (ਸ੍ਰੀ ਮ:੧ ਜੋਗੀ ਅੰਦਰਿ) ੫. ਦੇਖੋ, ਪਰਤਾਪੁ.

ਪਰਤਾਪਏ, ਪਰਤਾਪਹਿਗਾ: ਪਰਿਤਾਪ (ਮਹਾ ਦੁੱਖ) ਨੂੰ ਪ੍ਰਾਪਤ ਹੁੰਦਾ ਹੈ, ਦੁੱਖੀ ਹੋਵੇਗਾ. ਦੇਖੋ, ਪਰਤਾਪ ੩.

ਪਰਤਾਪਦਾ: ਬਹੁਤ ਲੋਚਦਾ. ਦੇਖੋ, ਪਰਤਾਪ ੪.

ਪਰਤਾਪੀ: ਸੰ. परतापिन. ਵਿ- ਵੈਰੀਆਂ ਨੂੰ ਤਪਾਉਣ ਵਾਲਾ। ੨. ਸੰ. परितापिन. ਦੁਖੀ. ਤਾਪ ਸਹਿਤ। ੩. ਦੁੱਖ ਦੇਣ ਵਾਲਾ. ਤਪਾਉਣ ਵਾਲਾ। ੪. ਸੰ. प्रतापिन- ਪ੍ਰਤਾਪੀ. ਤੇਜਵਾਨ. ਪ੍ਰਤਾਪਵਾਲਾ।

ਪਰਤਾਪੁ: ਸੰਗਜਾ- ਪਰਿਤਾਪ. ਸੰਤਾਪ. ਦਾਹ. "ਪਰਤਾਪੁ ਲਗਾ ਦੋਹਾਗਣੀ." (ਸ੍ਰੀ ਮ: ੧. ਜੋਗੀ ਅੰਦਰਿ) ੨. ਪ੍ਰਤਾਪ. ਅਗਨਿ. "ਕਿਉ ਲਾਗੀ ਨਿਵਰੈ ਪਰਤਾਪੁ?" (ਰਾਮ ਅ: ਮ: ੧) ੩. ਦੇਖੋ, ਪਰਤਾਪ.

ਪਰਤਾਪੈ: ਪਰਿਤਾਪ ਨੂੰ ਪ੍ਰਾਪਤ ਹੁੰਦਾ ਹੈ. ਜਲਦਾ ਹੈ। ੨. ਪਰਿਤਾਪ (ਮਹਾਕਲੇਸ਼) ਪਾਵੇਗਾ. "ਵੇਲਾ ਹਥਿ ਨ ਆਵੇ ਪਰਤਾਪੈ ਪਛਤਾਵੈਗੋ." (ਗੁਪ੍ਰਸੂ)

ਪਰਤਾਵਾ: ਸ਼ੰਗਜਾ- ਪਰੀਕ੍ਸ਼ਾ. ਇਮਤਹ਼ਾਨ. "ਕਿਮ ਪਰਤਾਵਾ ਲਿਹੁੰ, ਮਨ ਧਾਰੀ." (ਗੁਪ੍ਰਸੂ)

ਪਰਤਿਅ: ਪਰਸ੍ਤ੍ਰੀ. ਪਰਾਈ ਔਰਤ. ਪਰਨਾਰੀ.

ਪਰਤਿਪਾਲ: ਵਿ- ਪ੍ਰਤਿਪਾਲਕ. ਪਾਲਨ ਵਾਲਾ. ਪਰਵਰ. "ਪਰਤਿਪਾਲ ਪ੍ਰਭੁ ਕ੍ਰਿਪਾਲ ਕਵਨ ਗੁਨ ਗਨੀ?" (ਭੈਰ ਪੜਤਾਲ ਮ: ੫)

ਪਰਤੀ, ਪਰਤੀਅ: ਪਰਸ੍ਤ੍ਰੀ. ਪਰਾਈ ਔਰਤ.

ਪਰਤੀਖਨ: ਦੇਖੋ, ਪ੍ਰਤੀਖਨ.

ਪਰਤੀਤ: ਦੇਖੋ, ਪ੍ਰਤੀਤ.

ਪਰਤੀਤਿ: ਸੰ. ਪ੍ਰਤੀਤ. ਸੰਗਜਾ- ਨਿਸ਼੍ਚਯ. ਭਰੋਸਾ. ਯਕ਼ੀਨ. ਸ਼੍ਰੱਧਾ. "ਜਾਕੈ ਮਨਿ ਗੁਰ ਕੀ ਪਰਤੀਤਿ." (ਸੁਖਮਨੀ)

ਪਰਤੀਰ: ਪ੍ਰਾ. ਪ੍ਰਤੀਰ. ਸੰਗਜਾ- ਕੇਲੇ ਦੀ ਗੁੱਲੀ. ਮੋਟਾ ਛਿੱਲ ਉਤਾਰਕੇ ਕੇਲੇ ਦਾ ਸਾਫ ਕੀਤਾ ਗੋਲਾ. "ਜੰਘਵਾ ਪਰਤੀਰਨ ਸੀ ਦੁਤਿ ਗਾਈ." (ਕ੍ਰਿਸਨਾਵ) ੨. ਸੰ. ਪ੍ਰਤੀਰ. ਕਿਨਾਰਾ. ਤਟ. ਕੰਢਾ.

ਪਰਤੇ: ਲੌਟੇ. ਮੁੜੇ. ਹਟੇ। ੨. ਦੇਖੋ, ਪਰਤੈ.

ਪਰਤੈ: ਸੰ. ਪਰਤ: (परतस्) ਵ੍ਯ- ਦੂਸਰੇ ਦ੍ਵਾਰਾ. ਹੋਰ ਤੋਂ. ਅਨ੍ਯ ਸੇ. "ਸਤਿਗੁਰ ਨੋ ਮਿਲੇ ਸੁ ਹਰਿ ਮਿਲੇ, ਨਾਹੀ ਕਿਸੈ ਪਰਤੈ." (ਗਉ ਵਾਰ ੧. ਮ: ੪) ਹੋਰ ਕਿਸੇ ਦ੍ਵਾਰਾ ਕਰਤਾਰ ਨੂੰ ਨਹੀਂ ਮਿਲੇ.

ਪਰਤੰਤ੍ਰ: ਵਿ- ਪਰਾਧੀਨ. ਪਰਵਸ਼.

ਪਰਤ੍ਰ: ਸੰ. ਕ੍ਰਿ. ਵਿ- ਹੋਰ ਥਾਂ। ੨. ਦੂਜੇ ਵੇਲੇ। ੩. ਪਰਲੋਕ ਵਿੱਚ.

ਪਰਤ੍ਰਿਅ: ਪਰਸ੍ਤ੍ਰੀ. "ਪਰਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ." (ਫੁਨਹੇ ਮ: ੫)

ਪਰਤ੍ਰਿਣ: ਕਿਸੇ ਅਜਾਣ ਲਿਖਾਰੀ ਨੇ ਪਤਤ੍ਰਿਨ ਦੀ ਥਾਂ ਅਸ਼ੁੱਧ ਸ਼ਬਦ ਰਾਮਾਵਤਾਰ ਵਿੱਚ ਲਿਖ ਦਿੱਤਾ ਹੈ. "ਜਲਜੰਤੁ ਪਰਤ੍ਰਿਣ ਪਤ੍ਰ ਦਹੇ." ਸ਼ੁੱਧ ਪਾਠ ਇਉਂ ਹੈ- "ਪਤਤ੍ਰਿਨ ਪਤ੍ਰ ਦਹੇ." ਪਤਤ੍ਰਿ (ਪੰਛੀਆਂ) ਦੇ ਪੰਖ ਜਲ ਗਏ.

ਪਰਤ੍ਰਿਯ: ਦੇਖੋ, ਪਰਤ੍ਰਿਅ.

ਪਰਥਾਉ: ਸੰ. ਪ੍ਰਥਾ. ਸੰਗਜਾ- ਰੀਤਿ. ਚਾਲ. "ਵਿਣ ਗੁਰਸਬਦ ਜੁ ਮੰਨਣਾ ਊਰਾ ਪਰਥਾਉ." (ਭਾਗੁ) ਇਹ ਘਾਟੇ ਦੀ ਰੀਤਿ ਹੈ। ੨. ਪਰ ਸ੍ਥਾਨ. ਪਰਾਇਆ ਥਾਂ। ੩. ਦੇਖੋ, ਪਰਥਾਈ ੨.

ਪਰਥਾਇ: ਸੰਗਜਾ- ਪਰ- ਸ੍ਥਾਨ. ਪਰਲੋਕ. "ਕਿਉ ਰਹੀਐ ਚਲਣਾ ਪਰਥਾਇ." (ਮਾਰੂ ਸੋਲਹੇ ਮਃ ੧) "ਲਾਹਾ ਲੈ ਪਰਥਾਇ." (ਓਅੰਕਾਰ) ੨. ਸੰ. ਪ੍ਰਥਾ. ਰੀਤਿ. ਰਸਮ. "ਜਜਿ ਕਾਜਿ ਪਰਥਾਇ ਸੁਹਾਈ." (ਆਸਾ ਮਃ ੫) ੩. ਨਿਯਮ, ਪ੍ਰਥਾ. "ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ." (ਸੂਹੀ ਅਃ ਮਃ੩) ਬਚਨ ਕਿਸੇ ਨਿਯਮ ਨੂੰ ਲੈ ਕੇ ਹੁੰਦਾ ਹੈ.

ਪਰਥਾਈ: ਪਰਸ੍ਥਾਨ ਵਿੱਚ. ਪਰਾਏ ਥਾਂ। ੨. ਭਾਵ- ਕਰਤਾਰ ਤੋਂ ਛੁੱਟ ਹੋਰ ਦੇਵੀ ਦੇਵਤਾ ਦੇ ਦੁਆਰੇ. "ਮਾਨੁਖ ਪਰਥਾਈ ਲਜੀਵਦੋ." (ਵਾਰ ਮਾਰੂ ੨. ਮਃ ੫) ੩. ਪ੍ਰਥਾ (ਪ੍ਰਸਿੱਧੀ) ਵਾਸਤੇ. ਸ਼ੁਹਰਤ ਲਈ। ੪. ਜੋ ਸਭ ਸ੍ਥਾਨਾਂ ਤੋਂ ਪਰੇ (ਪਰਮਪਦ ਹੈ, ਉਸ ਵਿੱਚ. ਤੁਰੀਯ (ਤੁਰੀਆ) ਪਦਵੀ ਵਿੱਚ. "ਕਿਰਪਾ ਤੇ ਸੁਖ ਪਾਇਆ ਸਾਚੇ ਪਰਥਾਈ." (ਆਸਾ ਅਃ ਮਃ ੧)

ਪਰਥਾਏ: ਦੇਖੋ, ਪਰਥਾਇ। ੨. ਪ੍ਰਥਾ (ਪ੍ਰਸਿੱਧੀ) ਵਾਸਤੇ. "ਰਾਜੇ ਧਰਮ ਕਰਹਿ ਪਰਥਾਏ." (ਮਾਰੂ ਸੋਲਹੇ ਮਃ੧) ੩. ਪਰਸ੍ਥਾਨ (ਪਰਲੋਕ) ਵਾਸਤੇ. ਸ੍ਵਰਗਪ੍ਰਾਪਤੀ ਲਈ.

ਪਰਦ: ਦੇਖੋ, ਪੱਦ। ਦੇਖੋ, ਪ੍ਰਦ.

ਪਰਦਖਣਾ, ਪਰਦੱਛਨਾ: ਦੇਖੋ, ਪ੍ਰਦਕ੍ਸ਼ਿਣਾ. "ਗੁਰਮੁਖ ਮਾਰਗ ਚੱਲਣਾ ਪਰਦਖਣਾ ਪੂਰਨ ਪਰਤਾਪੈ."(ਭਾਗੁ) "ਸਫਲ ਚਰਨ ਪਰਦੱਛਨਾ ਕਰੋਈਐ." (ਭਾਗੁ ਕ)

ਪਰਦਾ: ਫ਼ਾ. پردہ ਪਰਦਹ. ਸੰਗਜਾ- ਆਵਰਣ. ਪੜਦਾ. "ਜਿਨਿ ਭ੍ਰਮਪਰਦਾ ਖੋਲਾ." (ਸੂਹੀ ਛੰਤ ਮਃ ੫) ੨. ਇਸਤ੍ਰੀਆਂ ਨੂੰ ਦੂਸਰਿਆਂ ਦੀ ਦ੍ਰਿਸ਼੍ਟਿ ਤੋਂ ਬਚਾਉਣ ਲਈ ਵਸਤ੍ਰ ਮਕਾਨ ਆਦਿ ਦੀ ਓਟ. ਵਾਲਮੀਕ ਕਾਂਡ ੬, ਅਃ ੧੧੬ ਵਿੱਚ ਰਾਮਚੰਦ੍ਰ ਜੀ ਨੇ ਵਿਭੀਸ਼ਣ ਨੂੰ ਆਖਿਆ ਕਿ ਹੇ ਰਾਕ੍ਸ਼ਸਰਾਜ ! ਇਸਤ੍ਰੀ ਦਾ ਉੱਤਮ ਆਚਰਣ ਹੀ ਸਭ ਤੋਂ ਵਧਕੇ ਪਰਦਾ ਹੈ, ਇਸ ਦੇ ਤੁੱਲ ਘਰ, ਵਸਤ੍ਰ, ਕਨਾਤ ਅਰ ਉੱਚੀ ਦੀਵਾਰ ਦਾ ਪਰਦਾ ਨਹੀਂ ਹੈ.

ਸਿੱਖਧਰਮ ਵਿੱਚ ਭੀ ਪਰਦੇ ਦਾ ਨਿਸ਼ੇਧ ਹੈ. ਦੇਖੋ, ਗੁਰੁਪ੍ਰਤਾਪ ਸੂਰਯ ਰਾਸਿ ੧, ਅਃ ੩੩। ੩. ਵੀਣਾ ਸਿਤਾਰ ਆਦਿ ਬਾਜਿਆਂ ਦਾ ਬੰਦ, ਜਿਸ ਤੋਂ ਸੁਰਾਂ ਦਾ ਵਿਭਾਗ ਹੁੰਦਾ ਹੈ.

ਪਰਦਾਖ਼ਤ: ਫ਼ਾ. پرداخت ਕੰਮ ਵਿੱਚ ਲੱਗਾ. ਤਤਪਰ ਹੋਇਆ। ੨. ਵੇਲ੍ਹਾ ਹੋਇਆ. ਦੇਖੋ, ਪਰਦਾਖ਼ਤਨ.

ਪਰਦਾਖ਼ਤਨ: ਫ਼ਾ. پرداختن ਕ੍ਰਿ- ਕੰਮ ਵਿੱਚ ਲੱਗਣਾ. ਮਸ਼ਗੂਲ ਹੋਣਾ. ਤਤਪਰ ਹੋਣਾ। ੨. ਵੇਲ੍ਹਾ ਹੋਣਾ. ਫਾਰਗ਼ ਹੋਣਾ.

ਪਰਦਾ ਪਾੜਨਾ: ਕ੍ਰਿ- ਪੜਦਾ ਪਾੜਨਾ. ਗੁਪਤ ਬਾਤ ਪ੍ਰਗਟ ਕਰਨੀ. ਕਿਸੇ ਦਾ ਭੇਤ ਜਾਹਿਰ ਕਰਨਾ. "ਬੀਚ ਕਚਹਿਰੀ ਪਰਦਾ ਪਾਰਾ." (ਗੁਪ੍ਰਸੂ)

ਪਰਦਾਰਾ: ਪਰਦਾਰ. ਪਰ ਇਸਤ੍ਰੀ "ਪਰਦਾਰਾ ਪਰਧਨੁ ਪਰਲੋਭਾ." (ਮਲਾ ਮਃ ੧)

ਪਰਦੁਖਨਿਵਾਰੁ: ਵਿ- ਪਰਦੁੱਖ ਨਿਵਾਰਕ. ਪਰਾਇਆ ਦੁੱਖ ਦੂਰ ਕਰਨ ਵਾਲਾ. "ਭਯਭੰਜਨੁ ਪਰਦੁਖਨਿਵਾਰੁ." (ਸਵੈਯੇ ਮਃ ੫. ਕੇ)

ਪਰਦੁਮਨ: ਦੇਖੋ, ਪ੍ਰਦ੍ਯੁਮ੍ਨ.

ਪਰਦੂਖਨਾ: ਪਰਨਿੰਦਾ. ਪਰਾਏ ਦੂਸ਼ਣ ਪ੍ਰਗਟ ਕਰਨ ਦੀ ਕ੍ਰਿਯਾ "ਕਈ ਕੋਟ ਪਰਦੂਖਨਾ ਕਰਹਿ." (ਸੁਖਮਨੀ)

ਪਰਦੇਸ਼: ਸੰਗਜਾ- ਪਰ (ਦੂਜਾ) ਦੇਸ਼. ਵਿਦੇਸ਼ "ਪਰਦੇਸ ਝਾਗਿ ਸਉਦੇ ਕਉ ਆਇਆ." (ਆਸਾ ਮਃ ੫) ੨. ਭਾਵ- ਪਰਲੋਕ। ੩. ਜਨਮਾਂਤਰ। ੪. ਦੇਖੋ, ਪ੍ਰਦੇਸ.

ਪਰਦੇਸੀ: ਵਿ- ਵਿਦੇਸ਼ੀ। ੨. ਭਾਵ- ਪਰਲੋਕ ਨਿਵਾਸੀ। ੩. ਉਪਰਾਮ. ਉਦਾਸੀਨ. "ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ." (ਸੂਹੀ ਛੰਤ ਮਃ ੧)

ਪਰਦੋ: ਦੇਖੋ, ਪਰਦਾ.

ਪਰਦੋਖ: ਸੰਙ. ਦੇਖੋ, ਪ੍ਰਦੋਖ. "ਕਰੈਂ ਬਿਚਾਰ ਪਿਖੋਂ ਪਰਦੋਖੁ." (ਨਾਪ੍ਰ) ੨. ਪਰ- ਦੋਸ਼. ਪਰਾਏ ਐਬ.

ਪਰਦ੍ਰਿਸਟਿ: ਸੰਗਯਾ- ਪਰਧਨ ਇਸਤ੍ਰੀ ਆਦਿ ਵੱਲ ਲੋਭਦ੍ਰਿਸ਼੍ਟਿ. "ਨੈਨਹੁ ਨੀਦ ਪਰਦ੍ਰਿਸਟਿ ਵਿਕਾਰ." (ਗਉ ਮਃ ੫)

ਪਰਦ੍ਰੋਹ: ਸੰਗਯਾ- ਪਰਾਏ ਨਾਲ ਵੈਰ. ਦੂਸਰੇ ਦਾ ਅਸ਼ੁਭ ਚਿਤਵਨ. ਪਰਦ੍ਵੇਸ਼. "ਪਰਦ੍ਰੋਹ ਕਰਤ ਬਿਕਾਰ ਨਿੰਦਾ." (ਸਾਰ ਮਃ ੫)

ਪਰਦ੍ਰੋਹੀ: ਵਿ- ਪਰਾਏ ਨਾਲ ਦ੍ਰੋਹ (ਵੈਰ) ਕਰਨ ਵਾਲਾ. ਦੂਸਰੇ ਦਾ ਅਸ਼ੁਭ ਚਿਤਵਨ ਵਾਲਾ.

ਪਰਧਨ: ਪਰਾਇਆ ਧਨ. ਓਹ ਧਨ, ਜੋ ਆਪਣਾ ਨਹੀਂ.

ਪਰਧਰਮ: ਆਪਣੇ ਧਰਮ ਤੋਂ ਭਿੰਨ ਦੂਜੇ ਦਾ ਧਰਮ. "स्वधर्मे निधनं श्रय: परधर्मो भयावह:" (ਗੀਤਾ ਅਃ ੩, ਸਃ ੩੫)

ਪਰਧਾਣੁ: ਵਿ- ਪ੍ਰਧਾਨ. ਸਭ ਤੋਂ ਉੱਚਾ. ਸ਼੍ਰੇਸ਼੍ਠ. ਉੱਤਮ "ਆਪੇ ਹੀ ਪਰਧਾਣੁ." (ਸੋਰ ਮਃ ੪)

ਪਰਧਾਨ: ਵਿ- ਪ੍ਰਧਾਨ. ਸਭ ਤੋਂ ਉੱਚਾ. ਸ਼੍ਰੇਸ਼੍ਠ. ਮੁਖੀਆ. ਦੇਖੋ, ਯੂ- ਪ੍ਰਤਾਨ. "ਜਿਨਿ ਮਨਿ ਵਸਿਆ ਪਾਰਬ੍ਰਹਮ ਸੇ ਪੂਰੇ ਪਰਧਾਨ." (ਸ੍ਰੀ ਮਃ ੫) ੨. ਫੂਲਵੰਸ਼ ਦੇ ਰਤਨ ਬਾਬਾ ਆਲਾ ਸਿੰਘ ਜੀ ਦੀ ਸੁਪੁਤ੍ਰੀ, ਜੋ ਟਿੱਕਾ ਸਰਦੂਲ ਸਿੰਘ ਤੋਂ ਛੋਟੀ ਸੀ. ਰਮਦਾਸ ਝੰਡੇ ਦੇ ਸਰਦਾਰ ਸ਼ਾਮ ਸਿੰਘ ਨਾਲ ਇਸ ਦੀ ਸ਼ਾਦੀ ਹੋਈ. ਇਹ ਵਡੀ ਧਰਮਾਤਮਾ ਅਤੇ ਵਿਦ੍ਵਾਨ ਸੀ. ਇਸ ਨੇ ਬਰਨਾਲੇ ਸੰਤ ਗਾਂਧਾ ਸਿੰਘ ਜੀ ਦੇ ਡੇਰੇ ਨੂੰ ਜਾਗੀਰ ਲਾਕੇ ਇਹ ਇੱਛਾ ਪ੍ਰਗਟ ਕੀਤੀ ਸੀ ਕਿ ਗੁਰਮਤ ਦੇ ਸੰਤਾਂ ਨੂੰ ਕਾਸ਼ੀ ਜਾਣ ਦੀ ਖੇਚਲ ਨਾ ਕਰਨੀ ਪਵੇ, ਇੱਥੇ ਹੀ ਸਭ ਵਿਦਯਾ ਪ੍ਰਾਪਤ ਕਰਕੇ ਪੰਥ ਅਤੇ ਦੇਸ਼ ਦਾ ਹਿੱਤ ਕਰਨ. ਬੀਬੀ ਜੀ ਦੀ ਲਾਈ ਜਾਗੀਰ ਹੁਣ ਬਰਾਬਰ ਜਾਰੀ ਹੈ, ਪਰ ਵਿਦਯਾ ਦੀ ਟਕਸਾਲ ਬਣਾਉਣ ਵੱਲ ਕਿਸੇ ਮਹੰਤ ਅਤੇ ਮਹਾਰਾਜੇ ਨੇ ਧਿਆਨ ਨਹੀਂ ਦਿੱਤਾ.

ਪਰਧਾਨਿ: ਪ੍ਰਧਾਨਤਾ ਵਾਲੀ. "ਤੂੰ ਸਤਵੰਤੀ ਤੂੰ ਪਰਧਾਨਿ." (ਆਸਾ ਮਃ ੫) ੨. ਪ੍ਰਧਾਨ ਨੇ.

ਪਰਧਾਨੁ: ਦੇਖੋ, ਪਰਧਾਨ. "ਸੋਈ ਨਾਮ ਪਰਧਾਨੁ." (ਸਵੈਯੇ ਮਃ ੩. ਕੇ)

ਪਰਧੁਨਿ: ਦੇਖੋ, ਸਬਦਿ ਪਰਧੁਨਿ ਧੁਨਿ ਅਰਿ.

ਪਰਨ: ਸੰਗਯਾ- ਪੜਨ (ਪੈਣ) ਦੀ ਕ੍ਰਿਯਾ। ੨. ਮ੍ਰਿਦੰਗ ਦੇ ਮੁੱਖ ਬੋਲ ਦਾ ਇੱਕ ਖੰਡ. ਪਰਨਾਂ ਵਿਸ਼ੇਸ਼ ਕਰਕੇ ਧ੍ਰੁਵਕ ਦੇ ਸਾਥ ਨਾਲ ਵਜਾਈਆਂ ਜਾਂਦੀਆਂ ਹੋਨ. ਉਦਾਹਰਣ ਲਈ ਦੇਖੋ, ਧਾਗਿਨਕਤ ਤਕ ਤਕ ਤਕਿ ਨਕਤਿਕ ਧਿੰਨੁ ਕਿਤਾ ਗਿਦੀ ਗਿਨਾ ਧਾ। ੩. ਪਰਨਾ. ਆਸਰਾ. "ਪਰਨ ਸਰਨ ਕਰ ਚਰਨ ਕੋ." (ਨਾਪ੍ਰ) ੪. ਦੇਖੋ, ਪ੍ਰਣ। ੫. ਸੰ. ਪਰਣੰ. ਪੱਤਾ। ੬. ਪੰਖ. ਪਰ.

ਪਰਨਾ: ਕ੍ਰਿ- ਪੜਨਾ. ਪੈਣਾ. "ਪਾਰਿ ਨ ਪਰਨਾ ਜਾਇ." (ਮਾਰੂ ਮਃ ੫) ੨. ਭਰੋਸਾ. ਆਸਰਾ. ਦੇਖੋ, ਪਰਣਾ ੩. ਅਤੇ ੪. "ਠਾਕੁਰ ਜੀਉ ਤੁਹਾਰੋ ਪਰਨਾ." (ਕਾਨ ਮਃ ੫) ੩. ਤੌਲੀਆ. ਰੁਮਾਲ. ਝਾੜਨ.

ਪਰਨਾਈ: ਪਰਿਣਯਨ ਕੀਤੀ. ਵਿਆਹੀ.

ਪਰਨਾਮ: ਦੇਖੋ. ਪ੍ਰਣਾਮ.

ਪਰਨਾਮੀ: ਦੇਖੋ, ਪ੍ਰਣਾਮੀ.

ਪਰਨਾਰ: ਦੇਖੋ, ਪਰਨਾਰੀ। ੨. ਦੇਖੋ, ਪ੍ਰਨਾਰ.

ਪਰਨਾਰਿ, ਪਰਨਾਰੀ: ਪਰਾਈ ਨਾਰੀ. ਪਰਾਈ ਔਰਤ. "ਪਰਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ." (ਚਰਿਤ੍ਰ ੨੧)

ਪਰਨਾਲਾ: ਸੰ. ਪ੍ਰਣਾਲ. ਸੰਗਯਾ- ਜਲ ਨਿਕਲਣ ਦਾ ਮਾਰਗ. ਮੋਰੀ। ੨. ਨਲਕਾ.

ਪਰਨਾਲੀ: ਸੰ. ਪ੍ਰਣਾਲੀ. ਸੰਗਯਾ- ਪਾਣੀ ਨਿਕਲਣ ਦੀ ਨਾਲੀ। ੨. ਦੇਖੋ, ਪ੍ਰਣਾਲੀ.

ਪਰਪ: ਸੰ. ਸੰਗਯਾ- ਘਰ. ਮਕਾਨ. "ਕਹਿ ਮਰਦਾਨਾ ਜਾਉਂ ਪਰਪ ਜਿਹਿਂ, ਮੁਝ ਪਿਖਿ ਨਰ ਯੌਂ ਪ੍ਰਾਹੀ." (ਨਾਪ੍ਰ) ਮੈਂ ਜਿਸ ਘਰ ਜਾਂਦਾ ਹਾਂ, ਮੈਨੂੰ ਵੇਖਕੇ ਲੋਕ ਇਉਂ ਆਖਦੇ ਹਨ. ਦੇਖੋ, ਪਰਪਾ.

ਪਰਪੱਕ: ਦੇਖੋ, ਪਰਿਪਕ੍ਵ.

ਪਰਪਚ: ਸੰ. ਪ੍ਰਪੰਚ. ਸੰਗਯਾ- ਪਾਖੰਡ. ਛਲ. ਆਡੰਬਰ. "ਪਰਪਚ ਧ੍ਰੋਹ ਮੋਹ ਮਿਟਨਾਈ." (ਬਾਵਨ)

ਪਰਪਟ: ਦੇਖੋ, ਪਾਪੜ.

ਪਰਪਾ: ਪਰਪ (ਘਰਾਂ) ਦੀਆਂ ਪੰਕਤੀਆਂ (ਕਤਾਰਾਂ) ਹਨ ਜਿਸ ਵਿੱਚ, ਬਾਜਾਰ. ਗਲੀ. ਕੂਚਾ. "ਪਰਪਾ ਚਲੀ ਪ੍ਰਕਾਸ ਛਬੀਲਾ." (ਨਾਪ੍ਰ) ਇਸਤ੍ਰੀਆਂ, ਜਿਨ੍ਹਾਂ ਦਾ ਸ਼ੋਭਾ ਵਾਲਾ ਪ੍ਰਕਾਸ਼ ਹੈ, ਗਲੀਆਂ ਵਿੱਚ ਚੱਲੀਆਂ. ਦੇਖੋ, ਪਰਿਪਾਂਚਲੀ। ੨. ਪਾਪੜ (ਪਪੰਟ) ਲਈ ਭੀ ਪਰਪਾ ਸ਼ਬਦ ਆਇਆ ਹੈ. "ਮੋਦਕ ਸਸਕੁਲਿ ਪਰਪਾ ਪੂਰੀ." (ਨਾਪ੍ਰ) ੩. ਦੇਖੋ, ਪ੍ਰਪਾ.

ਪਰਪਾਟੀ: ਦੇਖੋ, ਪਰਿਪਾਟੀ.

ਪਰਪਿਤਾਮਾ: ਸੰਗਯਾ- ਪਿਤਾਮਾਹ (ਦਾਦੇ) ਦਾ ਪਿਤਾ. ਪੜਦਾਦਾ. "ਪਿਤਾਮਾ ਪਰਪਿਤਾਮਾ ਸੁਜਨ ਕੁਟੰਬ ਸੁਤ." (ਭਾਗੁ ਕ)

ਪਰਪੀਰ, ਪਰਪੀੜ: ਪਰਦੁੱਖ. ਪਰਾਈ ਪੀੜ.

ਪਰਪੁਰਖ: ਪਤਿ ਤੋਂ ਭਿੰਨ ਹੋਰ ਪੁਰੁਸ਼. "ਜੈਸੀ ਪਰ- ਪੁਰਖਾ ਰਤ ਨਾਰੀ." (ਭੈਰ ਨਾਮਦੇਵ)

ਪਰਪੰਚ: ਸੰ. ਪ੍ਰਪੰਚ. ਸੰਗਯਾ- ਪੰਜ ਤੱਤਾਂ ਦਾ ਵਿਸ੍ਤਾਰ. ਸੰਸਾਰ. ਜਗਤ. "ਬਿਰਲੇ ਪਾਈਅਹਿ, ਜੋ ਨ ਰਚਹਿਂ ਪਰਪੰਚ." (ਗਉ ਥਿਤੀ ਮਃ ੫) ੨. ਛਲ. ਧੋਖਾ. "ਕਰਿ ਪਰਪੰਚ ਜਗਤ ਕੋ ਡਹਿਕੈ." (ਦੇਵ ਮਃ ੯)

ਪਰਪੰਚਬੇਣੁ: ਸੰ. ਵਿਪੰਚੀ ਵੀਣਾ. ਸੰਗਯਾ- ਸ੍ਵਰ ਨੂੰ ਵਿਸ੍ਤਾਰਣ ਵਾਲੀ ਵੀਣਾ। ੨. ਅਨਹਤ ਪੰਚਸ਼ਬਦ- ਰੂਪ ਵੀਣਾ. "ਪਰਪੰਚੁਬੇਣੁ ਤਹੀ ਮਨ ਰਾਖਿਆ." (ਰਾਮ ਅਃ ਮਃ ੧)

ਪਰਪੰਚੁ: ਦੇਖੋ, ਪਰਪੰਚ.

ਪਰਫੜੁ, ਪਰਫੁਲਿਤ, ਪਰਫੁੜਾ, ਪਰਫੂਲਤਾ, ਪਰਫੂਲਿਤ: ਸੰ. ਪ੍ਰਫੁੱਲ. ਵਿ- ਖਿੜਿਆ ਹੋਇਆ. ਵਿਕਾਸ਼ ਹੋਇਆ. ਪ੍ਰਫੁੱਲਿਤ। ੨. ਆਨੰਦ ਸਹਿਤ. ਪ੍ਰਸੰਨ "ਪਰਫੜੁ ਚਿਤ ਸਮਾਲਿ ਸੋਇ." (ਬਸੰ ਮਃ ੧) "ਜਿਉ ਉਦਿਆਨ ਕੁਸਮ ਪਰਫੁਲਿਤ." (ਗਉ ਕਬੀਰ) "ਸਾਧ ਕੈ ਸੰਗਿ ਸਦਾ ਪਰਫੁਲੈ." (ਸੁਖਮਨੀ) "ਸੰਤ ਸੰਗੇ ਮਨੁ ਪਰਫੜੈ." (ਮਲਾ ਪੜਤਾਲ ਮਃ ੫) "ਪਰਫੂਲਤਾ ਰਹੈ." (ਬਸੰ ਮਃ ੫) "ਆਤਮਜੋਤਿ ਭਈ ਪਰਫੂਲਿਤ." (ਸਾਰ ਮਃ ੪) ੩. ਪ੍ਰਤਿਫਲ. ਕਰਮ ਦਾ ਬਦਲਾ. "ਸਾਦ ਕੀਤੇ ਦੁਖ ਪਰਫੁੜੇ." (ਮਾਰੂ ਮਃ ੧)

ਪਰਬ: ਸੰ. पर्व् ਧਾ- ਭਰਨਾ, ਪੂਰਨ ਕਰਨਾ। ੨. ਸੰਗਯਾ- ਪਰ੍ਵ (पर्वन्). ਧਰਮ ਅਤੇ ਉਤਸਵ ਦਾ ਸਮਾ। ੩. ਉਤਸਵ, ਮੰਗਲ। ੪. ਭਾਗ. ਹਿੱਸਾ। ੫. ਗ੍ਰੰਥ ਦਾ ਭਾਗ. ਖੰਡ. ਜੈਸੇ- ਮਹਾਭਾਰਤ ਦੇ ਅਠਾਰਾਂ ਪਰਬ. "ਸੁਨੋ ਬਜਾਸ ਤੇ ਪਰਬ ਅਸਟੰ ਦਸਾਂਨੰ." (ਗ੍ਯਾਨ) ੬. ਸ਼ਰੀਰ ਦੇ ਜੋੜ. ਸੰਨ੍ਹ.

ਪਰਬਸ: ਵਿ- ਪਰਵਸ਼. ਜੋ ਪਰਾਏ ਵਸ਼ ਵਿੱਚ ਹੈ. ਪਰਾਧੀਨ.

ਊਨੋ ਭਲੋ ਸੁਪਥ ਕੁਪਥ ਕੋ ਨ ਦੂਨੋ ਭਲੋ

ਸੂਨੋ ਭਲੋ ਘਰ ਪੈ ਨ ਖਲ ਸਾਥ ਕਰਿਯੈ,

ਅਨਲ ਕੀ ਲਪਟ ਝਪਟ ਭਲੀ ਨਾਹਰ ਕੀ

ਕਪਟੀ ਕੇ ਕਪਟ ਤੇ ਦੂਰ ਹੀ ਸੇ ਡਰਿਯੈ,

ਯਹੈ ਕਵਿ "ਜੀਵਨ ਪਰਮ ਪੁਰਸਾਰਥ ਹੈ

ਪਰਘਰ ਬਸ ਫਿਰ ਰਸ ਸੋਂ ਨਿਕਰਿਯੈ,

ਹਾਰ ਮਾਨ ਲੀਜੈ ਪੈ ਨ ਬਾਦ ਕੀਜੇ ਨੀਚਨ ਸੋਂ

ਸਰਬਸ ਦੀਜੈ ਪੈ ਨ ਪਰਬਸ ਪਰਿਯੈ.

ਪਰਬਤ: ਸੰ. ਪਰ੍ਵਤ. ਸੰਗਜਾ- ਪਹਾੜ. "ਪਰਬਤ ਸੁਇਨਾ ਰੁਪਾ ਹੋਵਹਿ." (ਵਾਰ ਮਾਝ ਮਃ ੧) ੨. ਭਾਵ- ਅਭਿਮਾਨ ਹੌਮੈ, ਆਪਣੇ ਤਾਂਈਂ ਉੱਚਾ ਜਾਨਣਾ. "ਕੀਟੀ ਪਰਬਤ ਖਾਇਆ." (ਆਸਾ ਕਬੀਰ) ਕੀਟੀ ਤੋਂ ਭਾਵ ਨੰਮ੍ਰਤਾ ਹੈ। ੩. ਸੰਨਯਾਸੀਆਂ ਦੇ ਦਸ਼ ਭੇਦਾਂ ਵਿੱਚੋਂ ਇੱਕ ਭੇਦ. ਦੇਖੋ, ਦਸਨਾਮ ਸੰਨਯਾਸੀ.

ਪਰਬਤਾਰਿ: ਸੰ. पर्वतारि ਪਹਾੜ ਦਾ ਵੈਰੀ ਇੰਦ੍ਰ, ਜਿਸ ਨੇ ਵਜ੍ਰ ਨਾਲ ਪਹਾੜਾਂ ਦੇ ਸਿਰ ਚੂਰਣ ਕਰ ਦਿੱਤੇ ਸਨ.

ਪਰਬਤਿ, ਪਰਬਤੀ: ਵਿ- ਪਰ੍ਵਤ (ਪਹਾੜ) ਵਿੱਚ ਰਹਿਣ ਵਾਲਾ. ਪਹਾੜੀ. ਪਰ੍ਵਤੀਯ. "ਪਰਬਤਿ ਕਾਲਾ ਮੇਹਰਾ (ਭਾਗੁ) ਕਾਲਾ ਅਤੇ ਮੇਹਰਾ ਪਹਾੜੀ ਸਿੱਖ। ੨. ਸੰਗਜਾ- ਪਹਾੜੀਆ। ੩. ਪਰਵਤ ਵਿੱਚ. "ਬਨਿ ਤਿਨਿ ਪਰਬਤਿ ਹੈ ਪਾਰ- ਬ੍ਰਹਮ." (ਸੁਖਮਨੀ) "ਸੁਇਨੇ ਪਰਬਤਿ ਗੁਫਾ ਕਰੀ." (ਵਾਰ ਮਾਝ ਮਃ ੧)

ਪਰਬਲ: ਦੇਖੋ, ਪ੍ਰਬਲ.

ਪਰਬਾਦ: ਸੰ. ਪ੍ਰਵਾਦ. ਸੰਗਜਾ- ਝੂਠੀ ਬਦਨਾਮੀ. ਨਿੰਦਾ. "ਅਹੰਬੁਧਿ ਪਰਬਾਦ ਨੀਤ." (ਬਿਲਾ ਮਃ ੫)

ਪਰਬੀਣ, ਪਰਬੀਨ: ਸੰ. ਪ੍ਰਵੀਣ- ਵਿ- ਨਿਪੁਣ. ਚਤੁਰ। ੨. ਪੂਰਾ ਜਾਣਨ ਵਾਲਾ. ਪੂਰਣ ਗਯਾਨੀ "ਜਾਨਨਹਾਰ ਪ੍ਰਭੁ ਪਰਬੀਨ." (ਸੁਖਮਨੀ) " ਸੋ ਸਰਬਗੁਣ ਪਰਬੀਨਾ." (ਬਿਹਾ ਛੰਤ ਮਃ ੫) ਦੇਖੋ, ਪ੍ਰਵੀਣ.

ਪਰਬੋਧ: ਸੰ. ਪ੍ਰਬੋਧ. ਸੰਗਜਾ- ਜਾਗਣ ਦਾ ਭਾਵ. ਨੀਂਦ ਦਾ ਅਭਾਵ। ੨. ਗਯਾਨ ਅਵਸਥਾ. ਅਗਯਾਨ ਦਾ ਅਭਾਵ. "ਮਨੁ ਪਰਬੋਧਹੁ ਹਰਿ ਕੈ ਨਾਇ." (ਸੁਖਮਨੀ)

ਪਰਬੋਧਹੁ: ਪ੍ਰਬੁੱਧ ਕਰੋ. ਜਗਾਓ. ਗਯਾਨ ਸਹਿਤ ਕਰੋ. ਦੇਖੋ. ਪਰਬੋਧ ੨.

ਪਰਬੋਧਨ: ਸੰ. ਪ੍ਰਬੋਧਨ. ਸੰਗਜਾ- ਜਾਗਣਾ. ਜਾਗਰਣ. ਨੀਂਦ ਦਾ ਤਯਾਗ। ੨. ਯਥਾਰਥ ਗਯਾਨ. ਆਤਮਾ ਦੇ ਜਾਣਨ ਦੀ ਹਾਲਤ। ੩. ਬੋਧ (ਗਯਾਨ) ਕਰਾਉਣਾ. ਗਯਾਨ ਦੇਣਾ। ੪. ਪ੍ਰਸੰਨ ਕਰਨ ਦੀ ਕ੍ਰਿਯਾ. "ਚਲੁ ਚਲੁ ਸਖੀ, ਹਮ ਪ੍ਰਭੁ ਪਰਬੋਧਹ." (ਬਿਲਾ ਅਃ ਮਃ ੪) ੫. ਧੀਰਯ ਦੇਣਾ. ਤਸੱਲੀ ਦੇਣੀ.

ਪਰਬੋਧਿਆ: ਪ੍ਰਬੁੱਧ ਕੀਤਾ. ਜਗਾਇਆ. "ਗੁਰਿ ਤੁਨੈ ਮਨੁ ਪਰਬੋਧਿਆ." (ਸੂਹੀ ਮਃ ੪) ੨. ਦੇਖੋ, ਪਰਬੋਧਨ.

ਪਰਬੋਧੈ: ਪ੍ਰਬੁੱਧ ਕਰੇ. ਜਗਾਵੇ। ੨. ਪ੍ਰਬੋਧ (ਗਯਾਨ) ਸਹਿਤ ਕਰੇ. "ਪ੍ਰਿਥਮੈ ਮਨ ਪਰਬੋਧੈ ਅਪਣਾ, ਪਾਛੈ ਅਵਰੁ ਰੀਝਾਵੈ." (ਆਸਾ ਮਃ ੫) ੩. ਜਗਾਉਂਦਾ ਹੈ। ੪. ਗਯਾਨ ਦਿੰਦਾ ਹੈ.

ਪਰਬ੍ਰਹਮ, ਪਰਬ੍ਰਹ੍ਮ: ਸੰਗਯਾ- ਜਗਤ ਤੋਂ ਪਰੇ ਨਿਰਗੁਣ ਬ੍ਰਹਮ. ਉਪਾਧਿ ਰਹਿਤ ਵ੍ਯਾਪਕਰੂਪ ਵਾਹਗੁਰੂ. ਪਾਰਬ੍ਰਹਮ.

ਪਰਭ: ਦੇਖੋ, ਪ੍ਰਭੁ.

ਪਰਭਰਿ: ਸੰ. ਪ੍ਰਭର੍ਤ੍ਰ- ਪ੍ਰਭਰ੍ਤ੍ਰਿ. ਲਿਆਉਣ ਵਾਲਾ. ਢੋਣ ਵਾਲਾ. "ਮਾਟਨ ਮੋਂ ਧਰ ਪਰਭਰਿ ਦਈ." (ਚਰਿਤ੍ਰ ੧੨੫) ਮਿਠਾਈ ਮੱਟੀਆਂ ਵਿੱਚ ਰੱਖਕੇ ਲੈ ਜਾਣ ਵਾਲੇ ਆਦਮੀਆਂ ਦੇ ਸਪੁਰਦ ਕੀਤੀ.

ਪਰਭਵ: ਸੰ. ਸੰਗਯਾ- ਜਨਮਾਂਤਰ. ਦੂਸਰਾ ਜਨਮ। ੨. ਦੇਖੋ, ਪਰਾਭਵ। ੩. ਦੇਖੋ, ਪ੍ਰਭਵ।

ਪਰਭਵਣੁ: ਸੰ. ਪਰਿਭ੍ਰਮਣ. ਸੰਗਯਾ- ਭੌਂਦੇ ਫਿਰਨਾ. ਘੁੰਮਣਾ. "ਇਹੁ ਜੋਗ ਨ ਹੋਵੈ ਜੋਗੀ! ਜਿ ਕੁਟੰਬ ਛੋਡਿ ਪਰਭਵਣੁ ਕਰਹਿ." (ਰਾਮ ਮਃ ੩)

ਪਰਭਵਨ: ਪਰਾਇਆ ਘਰ. ਦੇਖੋ, ਪਰਗ੍ਰਿਹ। ੨. ਦੇਖੋ, ਪਰਭਵਣੁ.

ਪਰਭਾਸ: ਦੇਖੋ, ਪ੍ਰਭਾਸ. "ਜਾਇ ਸੁਤਾ ਪਰਭਾਸ ਵਿਚ ਗੋਡੇ ਉੱਤੇ ਪੈਰ ਪਸਾਰੇ." (ਭਾਗੁ)

ਪਰਭਾਤ: ਦੇਖੋ, ਪ੍ਰਭਾਤ.

ਪਰਭਾਤਿ: ਦੇਖੋ, ਪ੍ਰਭਾਤ. "ਰੈਣਿ ਗਈ ਫਿਰਿ ਹੋਇ ਪਰਭਾਤਿ." (ਆਸਾ ਮਃ ੫) ੨. ਪ੍ਰਭਾਤ ਕਾਲ ਮੇਂ. ਤੜਕੇ. "ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ." (ਸਵੈਯੇ ਮਃ ੪. ਕੇ)

ਪਰਭਾਤੇ: ਕ੍ਰਿ. ਵਿ- ਤੜਕੇ. ਅਮ੍ਰਿਤ ਵੇਲੇ. ਪ੍ਰਭਾਤ ਸਮੇ. "ਪਰਭਾਤੇ ਪ੍ਰਭਨਾਮੁ ਜਪਿ." (ਵਾਰ ਮਾਰੂ ੨. ਮਃ ੫)

ਪਰਮ: ਵਿ- ਅਤਯੰਤ. ਸਭ ਤੋਂ ਵਧਕੇ. "ਓਇ ਪਰਮ ਪੁਰਖ ਦੇਵਾਧਿਦੇਵ." (ਬਸੰ ਕਬੀਰ). ੨. ਪ੍ਰਧਾਨ. ਮੁਖ੍ਯ. "ਕਹੂੰ ਪੀਲ ਪਰਮੰ ਕਟੇ." (ਚੰਡੀ ੨) ੩. ਪਹਿਲਾ. ਆਦ੍ਯ। ੪. ਸੰਗਯਾ- ਕਰਤਾਰ. ਪਾਰਬ੍ਰਹਮ.

ਪਰਮਸਿੰਘ: ਦੇਖੋ, ਰੂਪਚੰਦ ਭਾਈ.

ਪਰਮਹੰਸ, ਪਰਮਹੰਸੁ: ਸੰਗਯਾ- ਪਰਬ੍ਰਹਮ. ਨਿਰਗੁਣ ਬ੍ਰਹਮ. "ਪਰਮਹੰਸੁ ਸਚ ਜੋਤਿ ਅਪਾਰ." (ਗਉ ਅਃ ਮਃ ੧) ੨. ਬ੍ਰਹਮਗ੍ਯਾਨੀ, ਜੋ ਸਤ੍ਯ ਅਸਤ੍ਯ ਦਾ ਨਿਰਣਾ ਕਰਦਾ ਹੈ. "ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮਹੰਸਹਿ ਰੀਤਿ." (ਗੂਜ ਅਃ ਮਃ ੫) ੩. ਹਿੰਦੂਮਤ ਦੇ ਗ੍ਰੰਥਾਂ ਅਨੁਸਾਰ ਚਾਰ ਪ੍ਰਕਾਰ ਦੇ ਸੰਨ੍ਯਾਸੀਆਂ ਵਿਚੋਂ ਇੱਕ ਭੇਦ. ਦੇਖੋ, ਸੰਨਿਆਸੀ.

ਪਰਮਗਤਿ: ਸੰਗਯਾ- ਉੱਤਮਗਤਿ. ਮੋਕ੍ਸ਼. ਮੁਕਤਿ. "ਜਿਤੁ ਮਿਲਿਐ ਪਰਮਗਤਿ ਪਾਈਐ." (ਸ੍ਰੀ ਮਃ ੧. ਜੋਗੀ ਅੰਦਰਿ) ੨. ਉੱਚੀ ਪਦਵੀ. "ਛਾਰ ਕੀ ਪੁਤ੍ਰੀ ਪਰਮਗਤਿ ਪਾਈ." (ਬਾਵਨ)

ਪਰਮਗੁਰਦੇਉ: ਸੰਗਯਾ- ਸਭ ਤੋਂ ਵਡਾ ਪੂਜ੍ਯ ਗੁਰੂ ਕਰਤਾਰ. ਵਾਹਗੁਰੂ. "ਭੇਟੈ ਤਾਸੁ ਪਰਮਗੁਰਦੇਉ." (ਰਾਮ ਬੇਣੀ) ੨. ਸ਼੍ਰੀ ਗੁਰੂ ਨਾਨਕ ਦੇਵ ਜੀ.

ਪਰਮਗੁਰੁ, ਪਰਮਗੁਰੂ: ਸੰਗਯਾ- ਪਾਰਬ੍ਰਹਮ. ਕਰਤਾਰ। ੨. ਗੁਰੂ ਨਾਨਕਦੇਵ. "ਗਾਵਉ ਗੁਨ ਪਰਮਗੁਰੂ ਸੁਖਸਾਗਰ." (ਸਵੈਯੇ ਮਃ ੧. ਕੇ) ੩. ਇਮਾਮ. ਦੇਖੋ, ਕਿਬਲਾ।

ਪਰਮਜੀਤ ਸਿੰਘ: ਰਿਆਸਤ ਕਪੂਰਥਲੇ ਦਾ ਵਲੀਅਹਿਦ. ਦੇਖੋ, ਕਪੂਰਥਲਾ.

ਪਰਮਤ: ਸੰਗਯਾ- ਦੂਸਰੇ ਦਾ ਮਜਹਬ. ਪਰਾਇਆ ਧਰਮ। ੨. ਦੂਸਰੇ ਦੀ ਰਾਇ. ਪਰਾਈ ਸਲਾਹ। ੩. ਦੇਖੋ, ਪ੍ਰਮੱਤ.

ਪਰਮਤੰਤ: ਪਰਮ ਤਤ੍ਵ. ਆਤਮਗ੍ਯਾਨ. ਆਤਮਵਿਦ੍ਯਾ. "ਪਰਮਤੰਤ ਮਹਿ ਜੋਗੰ." (ਆਸਾ ਮਃ ੧) ੨. ਪਾਰਬ੍ਰਹਮ. ਵਾਹਗੁਰੂ. "ਪਰਮਤੰਤ ਮਹਿ ਰੇਖ ਨ ਰੂਪ." (ਵਾਰ ਰਾਮ ੧. ਮਃ ੧)

ਪਰਮਦਭੁਤ: ਵਿ- ਪਰਮ- ਅਦਭੁਤ. ਅਤਜੰਤ ਆਸ਼ਚਰਯਰੂਪ. "ਪਰਮਦਭੁਤੰ ਪਰਕ੍ਰਿਤਿਪਰੰ." (ਗੂਜ ਜੈਦੇਵ)

ਪਰਮਧਾਮ: ਸੰਗਯਾ- ਵੈਕੁੰਠ। ੨. ਅਵਿਨਾਸ਼ੀ ਪਦ. ਸੱਚਖੰਡ। ੩. ਹਰਿਮੰਦਿਰ. ਅਮ੍ਰਿਤਸਰ ਦੇ ਮਧਯ ਗੁਰਧਾਮ। ੪. ਸਾਧੁਸੰਗ.

ਪਰਮਨਾ: ਉਹ ਇਸਤ੍ਰੀ, ਜੋ ਪਰਾਏ ਪੁਰੁਸ਼ ਵਿੱਚ ਮਨ ਲਾਉਂਦੀ ਹੈ. ਇਸੇ ਤਰਾਂ ਮਨੁੱਖ.

ਪਰਮਨੁ: ਦੂਜੇ ਦਾ ਦਿਲ. "ਜਿਉ ਮਨ ਦੇਖਹਿ ਪਰਮਨੁ ਤੈਸਾ" (ਪ੍ਰਭਾ ਅਃ ਮਃ ੧) ੨. ਜੋ ਮਨ ਤੋਂ ਪਰੇ ਹੈ. ਜਿਸ ਨੂੰ ਮਨ ਨਹੀਂ ਜਾਣ ਸਕਦਾ. "ਜੋ ਜਨ ਪਰਮਿਤਿ ਪਰਮਨੁ ਜਾਨਾ." (ਗਉ ਕਬੀਰ) ੩. ਪਰਮ- ਅਣੁ.

ਪਰਮਪਦ, ਪਰਮਪਦਵੀ, ਪਰਮਪਦੁ: ਸੰਗਯਾ- ਸਭ ਤੋਂ ਉੱਚੀ ਪਦਵੀ. ਵਡਾ ਰਤਬਾ. ਮੋਕ੍ਸ਼. ਤੁਰੀਯ (ਤੁਰੀਆ) ਪਦ. "ਗੁਰਪਰਸਾਦਿ ਪਰਮਪਦੁ ਪਾਇਆ." (ਸੋਦਰੁ).

ਪਰਮਪੁਰਸ, ਪਰਮਪੁਰਖ: ਸੰ. ਪਰਮਪੁਰੁਸ਼ ਸੰਗਯਾ- ਪਾਰਬ੍ਰਹਮ. ਵਾਹਗੁਰੂ. "ਪ੍ਰਾਨੀ! ਪਰਮਪੁਰਖ ਪਗ ਲਾਗੋ." (ਹਜਾਰੇ ੧੦)

ਪਰਮਰਿਖਿ: ਸੰ. ਪਰਮਸ਼ਿੰ. ਸੰਗਯਾ- ਸਭ ਤੋਂ ਉੱਤਮ ਰਿਖੀ. ਗੁਰਮੁਖ.

ਪਰਮਲ: ਪ੍ਰਾ. ਪਰਿਮਲ. ਕਈ ਖ਼ੁਸ਼ਬੂਦਾਰ ਪਦਾਰਥਾਂ ਨੂੰ ਮਲਕੇ (ਕੁੱਟਕੇ) ਬਣਾਈ ਹੋਈ ਸੁਗੰਧ. "ਰਸੁ ਪਰਮਲ ਕੀ ਵਾਸੁ." (ਸ੍ਰੀ ਮਃ ੧) ੨. ਉੱਤਮ ਗੰਧ ਭਾਵ- ਚੰਦਨ. "ਅਕਹੁ ਪਰਮਲ ਭਏ. (ਵਡ ਅਃ ਮਃ ੩) ੩. ਦੇਖੋ, ਪਰਮਲੁ। ੪. ਦੇਖੋ, ਪਰਿਮਲ.

ਪਰਮਲਾਦਿ: ਵਿ ਪਰਿਮਲ (ਉੱਤਮ ਸੁਗੰਧ) ਦਾ ਮੂਲ. ਜਿਸ ਤੋਂ ਖ਼ੁਸ਼ਬੂ ਪੈਦਾ ਹੁੰਦੀ ਹੈ.

"ਸਰਬੇ ਆਦਿ ਪਰਮਲਾਦਿ ਕਾਸਟ ਚੰਦਨ ਭੈਇਲਾ."

(ਪ੍ਰਭਾ ਨਾਮਦੇਵ) ਜੋ ਸਭ ਦੀ ਆਦਿ ਅਤੇ ਸੁਗੰਧ ਦੀ ਆਦਿ ਹੈ, ਉਸ ਦੇ ਸੰਗ ਤੋਂ, ਕਾਠ ਚੰਦਨ ਹੋ ਗਿਆ.

ਪਰਮਲੀਓ: ਵਿ- ਪਰਿਮਲ (ਸੁਗੰਧ) ਰੂਪ. ਖ਼ੁਸ਼ਬੂ ਫੈਲਾਉਣ ਵਾਲਾ. "ਪਰਮਲੀਓ ਬੈਠੋ ਰੀ ਆਈ." (ਗੂਜ ਨਾਮਦੇਵ) ਸੁਯਸ਼ ਰੂਪ ਸੁਗੰਧ ਦਾ ਨਿਵਾਸ ਪਾਰਬ੍ਰਹਮ, ਮੇਰੇ ਮਨ ਆ ਬੈਠਾ ਹੈ.

ਪਰਮਲੁ: ਸੰਗਯਾ- ਪਰਾਈ ਮਲ, ਭਾਵ- ਪਰਨਿੰਦਾ. "ਕਾਈ ਆਸ ਨ ਪੁੰਨੀਆ ਨਿਤ ਪਰਮਲੁ ਹਿਰਤੇ." (ਵਾਰ ਗਉ ੧. ਮਃ ੪) ੨. ਦੇਖੋ, ਪਰਮਲ.

ਪਰਮਾਣ: ਦੇਖੋ, ਪ੍ਰਮਾਣ.

ਪਰਮਾਣੁ: ਸੰ. ਸੰਗਯਾ- ਪਰਮ- ਅਣੁ. ਸਿੰਧੀ. ਪਰਮਾਣੋ. ਬਹੁਤ ਛੋਟਾ ਭਾਗ. ਪ੍ਰਿਥਿਵੀ ਜਲ ਆਦਿ ਪਦਾਰਥਾਂ ਦਾ ਉਹ ਬਾਰੀਕ ਜ਼ਰਰਾ, ਜਿਸ ਦਾ ਹਿੱਸਾ ਨਹੀਂ ਹੋ ਸਕਦਾ ਅਰ ਜੋ ਖਾਲੀ ਨੇਤ੍ਰਾਂ ਨਾਲ ਦੇਖਿਆ ਨਹੀਂ ਜਾ ਸਕਦਾ. Atom. ਵੈਸ਼ੇਸ਼ਿਕ ਮਤ ਅਨੁਸਾਰ ਪ੍ਰਿਥਿਵੀ ਜਲ ਅਗਨਿ ਅਤੇ ਪਵਨ ਦੇ ਪਰਮਾਣੁ ਜਦ ਇਕੱਠੇ ਹੁੰਦੇ ਹਨ, ਤਦ ਪਹਿਲਾਂ ਦੋ ਪਰਮਾਣੁ ਤੋਂ ਦ੍ਵ੍ਯਣੁਕ ਅਤੇ ਤਿੰਨ ਦ੍ਵ੍ਯਣੁਕ ਤੋਂ ਤ੍ਰਸਰੇਣੁ ਹੁੰਦਾ ਹੈ. ਇਸੇ ਤਰਾਂ ਪਰਮਾਣੂਆਂ ਦੇ ਸੰਘੱਟ ਤੋਂ ਜਗਤਰਚਨਾ ਹੋਇਆ ਕਰਦੀ ਹੈ. ਜਦ ਪਰਮਾਣੁ ਬਿਖਰ ਜਾਂਦੇ ਹਨ, ਤਦ ਸੰਸਾਰ ਦੀ ਪ੍ਰਲਯ ਹੁੰਦੀ ਹੈ. "ਪਰਮਾਣੋ ਪਰਜੰਤ ਆਕਾਸਹ." (ਗਾਥਾ)

ਵੈਸ਼ੇਸ਼ਿਕ ਅਰ ਨਜਾਯ ਵਾਲੇ ਜੋ ਉੱਪਰ ਲਿਖੀ ਰੀਤੀ ਅਨੁਸਾਰ ਪਰਮਾਣੂਆਂ ਤੋਂ ਜਗਤਰਚਨਾ ਮੰਨਦੇ ਹਨ, ਉਨ੍ਹਾਂ ਦੇ ਸਿੱਧਾਂਤ ਦਾ ਨਾਮ "ਪਰਮਾਣੁਵਾਦ" ਹੈ.

ਪਰਮਾਣੁਵਾਦ: ਦੇਖੋ, ਪਰਮਾਣੁ.

ਪਰਮਾਣੋ: ਦੇਖੋ, ਪਰਮਾਣੁ.

ਪਰਮਾਤਮਾ: ਸੰ. परमात्मन. ਸੰਗਯਾ- ਪਰਮ- ਆਤਮਾ. ਪਾਰਬ੍ਰਹਮ. ਵਾਹਗੁਰੂ.

ਪਰਮਾਤਾ: ਸੰਗਯਾ- ਮਤੇਈ। ੨. ਪੜਦਾਦੀ। ੩. ਨਾਨੀ. "ਨਹੀ ਨਨਸਾਰ ਮਾਤਾ ਪਰਮਾਤਾ ਬ੍ਰਿੱਧਮਾਤਾ." (ਭਾਗੁ ਕ) ੪. ਦੇਖੋ, ਪ੍ਰਮਾਤਾ.

ਪਰਮਾਦ: ਦੇਖੋ, ਪ੍ਰਮਾਦ. "ਗਾਏ ਗੁਨ ਗੋਬਿੰਦ, ਬਿਨਸਿਓ ਸਭ ਪਰਮਾਦ." (ਸਾਰ ਮਃ ੫) ੨. ਦੇਖੋ, ਪਰਮਾਦ.

ਪਰਮਾਦਿ, ਪਰਮਾਦੀ: ਵਿ- ਪਰਮ- ਆਦਿ. ਸਭ ਤੋਂ ਪਹਿਲਾ. ਸਭ ਦੀ ਜੜ. ਮੂਲਰੂਪ. "ਪਰਮਾਦਿ ਪੁਰਖ ਮਨੋਪਮੰ." (ਗੂਜ ਜੈਦੇਵ)

੨. ਪ੍ਰ- ਮਦ ਪ੍ਰੇਮ ਦੇ ਨਸ਼ੇ ਵਿੱਚ ਮੱਤਾ. ਆਨੰਦੀ. "ਬਿਸਮ ਬਿਨੋਦ ਰਹੇ ਪਰਮਾਦੀ." (ਪ੍ਰਭਾ ਅਃ ਮਃ ੧) ੩. ਦੇਖੋ, ਪ੍ਰਮਾਦੀ. "ਨਾਮ ਜਪਾਵਹੁ ਜੇ ਪਰਮਾਦੀ." (ਗੁਪ੍ਰਸੂ)

ਪਰਮਾਦੁ: ਦੇਖੋ, ਪ੍ਰਮਾਦ. "ਝੂਰਿ ਮਰੈ ਦੇਖੈ ਪਰਮਾਦੁ." (ਓਅੰਕਾਰ)

ਪਰਮਾਨ: ਦੇਖੋ, ਪ੍ਰਮਾਣ। ੨. ਵਿ- ਤੁਲ੍ਯ. ਸਮਾਨ. "ਭ੍ਰਿਕੁਟੀ ਕੁਟਿਲ ਧਨੁਖ ਪਰਮਾਨਾ." (ਗੁਪ੍ਰਸੂ)

ਪਰਮਾਨਾਦਿ, ਪਰਮਾਨਾਦੁ: ਪਰਮ- ਅਨਾਦਿ. "ਜਪਿ ਹਰਿ ਹਰਿ ਪਰਮਾਨਾਦੁ." (ਵਾਰ ਗਉ ੧. ਮਃ ੪) ੨. ਪਰਮ- ਆਨੰਦ.

ਪਰਮਾਨੰਦ: ਸੰਗਯਾ- ਪਰਮ- ਆਨੰਦ. ਮਹਾਨ ਆਨੰਦ. ਬ੍ਰਹਮਾਨੰਦ. ਆਤਮਾਨੰਦ. ਕਰਤਾਰ ਦੇ ਅਨੁਭਵ ਦਾ ਮਹਾਨ ਸੁਖ। ੨. ਆਨੰਦ ਸ੍ਵਰੂਪ ਬ੍ਰਹਮ. ਵਾਹਗੁਰੂ. "ਜੋ ਨ ਸੁਨਹਿ ਜਸ ਪਰਮਾਨੰਦਾ." (ਗਉ ਮਃ ੫) ਪਰਮਾਨੰਦ ਦਾ ਜਸ ਨਹੀਂ ਸੁਣਦੇ। ੩. ਬਾਰਸੀ (ਜਿਲਾ ਸ਼ੋਲਾਪੁਰ) ਦਾ ਵਸਨੀਕ ਇੱਕ ਭਗਤ, ਜੋ ਮਹਾ ਤ੍ਯਾਗੀ ਅਤੇ ਪ੍ਰੇਮੀ ਸੀ. ਇਹ ਆਪਣੇ ਬਹੁਤ ਪਦਾਂ ਵਿੱਚ ਛਾਪ "ਸਾਰੰਗ" ਲਿਖਦਾ ਹੈ, ਪਰ ਗੁਰੂ ਗ੍ਰੰਥਸਾਹਿਬ ਵਿਚ ਪਰਮਾਨੰਦ ਨਾਮ ਹੈ, ਜਿਵੇਂ- "ਪਰਮਾਨੰਦ ਸਾਧਸੰਗਤਿ ਮਿਲਿ." (ਸਾਰ) ਪਰਮਾਨੰਦ ਦੇ ਜਨਮ ਦਾ ਸਾਲ ਅਤੇ ਜੀਵਨਵ੍ਰਿੱਤਾਂਤ ਵਿਸ਼ੇਸ਼ ਮਾਲੂਮ ਨਹੀਂ ਹੈ। ੪. ਸੁਲਤਾਨਪੁਰ ਨਿਵਾਸੀ ਜੈਰਾਮ ਦਾ ਪਿਤਾ, ਬੀਬੀ ਨਾਨਕੀ ਜੀ ਦਾ ਸਹੁਰਾ.

ਪਰਮਾਨੰਦਾ: ਦੇਖੋ, ਪਰਮਾਨੰਦ ੨। ੨. ਸੰਬੋਧਨ. ਹੇ ਪਰਮਾਨੰਦ!

ਪਰਮਾਨੰਦੁ: ਦੇਖੋ, ਪਰਮਾਨੰਦ ੨. "ਮੇਰੇ ਪ੍ਰੀਤਮ ਰਾਮ ਹਰਿ ਪਰਮਾਨੰਦੁ ਬੈਰਾਗੀ." (ਮਲਾ ਪੜਤਾਲ ਮਃ ੪)

ਪਰਮਾਰ: ਵਿ- ਪਰ (ਵੈਰੀ) ਨੂੰ ਮਾਰਨ ਵਾਲਾ। ੨. ਸੰਗਯਾ- ਰਾਜਪੂਤਾਂ ਦੀ ਇੱਕ ਜਾਤਿ. ਦੇਖੋ, ਰਾਜਪੂਤ। ੩. ਸਿੰਧੀ. ਉਕ਼ਾਬ ਆਦਿ ਪੰਛੀ, ਜੋ ਹੋਰ ਪੰਛੀਆਂ ਨੂੰ ਮਾਰਕੇ ਨਿਰਵਾਹ ਕਰਦੇ ਹਨ.

ਪਰਮਾਰਥ: ਸੰਗਯਾ- ਪਰਮਾਰ੍‍ਥ. ਪਰਮ ਉੱਤਮ ਪਦਾਰ੍‍ਥ। ੨. ਸਾਰ ਵਸਤੁ। ੩. ਆਤਮਵਿਦ੍ਯਾ. "ਪਰਮਾਰਥ ਪਰਵੇਸ ਨਹੀਂ." (ਸੋਰ ਰਵਿਦਾਸ) ੪. ਮੋਕ੍ਸ਼. ਮੁਕਤਿ। ੫. ਵਾਕ੍ਯ ਦਾ ਭਾਵਾਰਥ. ਸਿੱਧਾਂਤ. ਨਿਚੋੜ. "ਅੱਗੇ ਇਸ ਦਾ ਪਰਮਾਰਥ." (ਜਸਭਾਮ)

ਪਰਮਾਰਥੀ: ਵਿ- परमार्थिन. ਆਤਮਵਿਦ੍ਯਾ ਦਾ ਖੋਜੀ. ਜਿਗ੍ਯਾਸੁ ਤਤ੍ਵ ਦੇ ਢੂੰਢਣ ਵਾਲਾ.

ਪਰਮਾਰੰਥ: ਦੇਖੋ, ਪਰਮਾਰਥ। ੨. ਦੇਖੋ, ਪਰਮਾਰਥੀ. "ਹਰਿਗੁਣ ਗਾਵਹਿ ਮਿਲਿ ਪਰਮਾਰੰਥ." (ਆਸਾ ਅਃ ਮਃ ੧)

ਪਰਮਾਵਧਿ: ਸੰਗਯਾ- ਪਰਮ- ਅਵਧਿ. ਪਰਲੀ ਹੱਦ. ਅੰਤ ਦਾ ਦਰਜਾ। ੨. ਪਰਮ ਅੰਤ. ਗ੍ਯਾਨ ਕਰਕੇ ਹੋਈ ਮੌਤ, ਜਿਸ ਤੋਂ ਫੇਰ ਮਰਣ ਨਹੀਂ ਹੁੰਦਾ.

ਪਰਮਿਤਿ: ਸੰ. ਪ੍ਰਮਿਤਿ. ਸੰਗਯਾ- ਉਹ ਯਥਾਰਥ ਗ੍ਯਾਨ, ਜੋ ਪ੍ਰਮਾਣ ਦ੍ਵਾਰਾ ਪ੍ਰਾਪਤ ਹੋਵੇ. ਪ੍ਰਮਾ "ਪਰਮਿਤਿ ਬਾਹਰਿ ਖਿੰਥਾ." (ਗਉ ਕਬੀਰ) ਪ੍ਰਮਾ ਦੀ ਖਿੰਥਾ ਬਾਹਰਿ (ਸ਼ਰੀਰ ਪੁਰ) ਓਢੀ ਹੈ। ੨. ਵਿ- ਪਰ- ਮਿਤਿ. ਜੋ ਮਿਤਿ (ਮਿਣਤੀ) ਤੋਂ ਪਰੇ ਹੈ. ਅਮਾਪ. "ਪਰਮਿਤਿ ਰੂਪ ਅਗੰਮ ਅਗੋਚਰ." (ਕਾਨ ਮਃ ੫) ੩. ਜੋ ਮਿਤਿ (ਪ੍ਰਮਾਣ) ਤੋਂ ਪਰੇ ਹੈ. ਅਤੋਲ। ੪. ਮਿਤਿ (ਵਿਕ੍ਸ਼ੇਪ) ਤੋਂ ਪਰੇ. ਕਲੇਸ਼ ਰਹਿਤ.

ਪਰਮਿਤਿਪਾਰੁ: ਵਿ- ਪ੍ਰਮਿਤਿ ਤੋਂ ਪਰੇ. ਪ੍ਰਮਾਣ ਦ੍ਵਾਰਾ ਪ੍ਰਾਪਤ ਹੋਏ ਗ੍ਯਾਨ ਤੋਂ ਪਰੇ। ੨. ਸੰਗਯਾ- ਪਾਰ- ਬ੍ਰਹਮ, ਜਿਸ ਨੂੰ ਮਨ ਬੁੱਧੀ ਨਹੀਂ ਲਖ ਸਕਦੇ. "ਪਪਾ, ਪਰਮਿਤਿਪਾਰੁ ਨ ਪਾਇਆ." (ਬਾਵਨ)

ਪਰਮਿਤ੍ਰ: ਸੰਗਯਾ- ਦੁਸ਼ਮਨ ਦਾ ਦੋਸ੍ਤ। ੨. ਜਾਹਰਾ ਮਿਤ੍ਰ. ਦਿਖਾਵੇ ਦਾ ਦੋਸ੍ਤ. "ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ, ਖਿਨ ਮਹਿ ਝੂਠੁ ਬਿਨਸਿ ਸਭ ਜਾਈ". (ਗੌਂਡ ਮਃ ੪)

ਪਰਮੁਦਾ: ਦੇਖੋ, ਪ੍ਰਮੁਦਾ। ੨. ਵਿ- ਆਨੰਦ ਦੇਣ ਵਾਲੀ. "ਬਰ ਪਰਮੁਦਾ ਅਪਵਰਗ." (ਨਾਪ੍ਰ) ਆਨੰਦ ਦਾਇਕ ਮੁਕ੍ਤਿ.

ਪਰਮੇਸ, ਪਰਮੇਸਰ, ਪਰਮੇਸਰੁ, ਪਰਮੇਸੁਰ: ਸੰਗਯਾ- ਪਰਮ- ਈਸ਼. ਪਰਮੇਸ਼. ਪਰਮ- ਈਸ਼੍ਵਰ. ਪਰਮੇਸ਼੍ਵਰ. ਸਭ ਤੋਂ ਵਡਾ ਸ੍ਵਾਮੀ. ਕਰਤਾਰ. ਪਾਰਬ੍ਰਹਮ. ਵਾਹਗੁਰੂ. "ਪਰਮੇਸਰ ਕਾ ਆਸਰਾ." (ਬਿਲਾ ਮਃ ੫) "ਅਪਰੰਪਰ ਪਾਰਬ੍ਰਹਮ ਪਰਮੇਸਰੁ." (ਸੋਰ ਮਃ ੧) "ਅਚੁਤ ਪਾਰਬ੍ਰਹਮ ਪਰਮੇਸੁਰ." (ਮਾਰੂ ਸੋਲਹੇ ਮਃ ੫)

ਪਰਮੇਸੁਰਿ: ਪਰਮੇਸ਼੍ਵਰ ਨੇ. "ਹਾਥ ਦੇਇ ਰਾਖੇ ਪਰਮੇਸੁਰਿ." (ਗੂਜ ਮਃ ੫)

ਪਰਮੇਸੁਰੀ: ਦੇਖੋ, ਪਰਮੇਸ਼੍ਵਰੀ.

ਪਰਮੇਸ਼੍ਵਰ: ਦੇਖੋ, ਪਰਮੇਸਰ. "ਆਪਿ ਪਰਮੇਸ਼੍ਵਰ ਭਾਯਉ." (ਸਵੈਯੇ ਮਃ ੫. ਕੇ)

ਪਰਮੇਸ਼੍ਵਰੀ: ਕਰਤਾਰ ਦੀ ਮਹਾਨ ਸ਼ਕਤਿ. ਮਹਾਮਾਯਾ। ੨. ਪੁਰਾਣਾਂ ਅਨੁਸਾਰ ਦੁਰਗਾ.

ਪਰਮੋਦ: ਦੇਖੋ, ਪ੍ਰਮੋਦ.

ਪਰਮੋਧ: ਦੇਖੋ, ਪ੍ਰਬੋਧ. "ਯਹੈ ਆਨ ਪਰਮੋਧ ਜਤਾਵੈ." (ਚਰਿਤ੍ਰ. ੧੫੦) ੨. ਦੇਖੋ, ਪ੍ਰਮੋਦ.

ਪਰਮੰ: ਸੰ. परमम्. ਵ੍ਯ- ਅੰਗੀਕਾਰ। ੨. ਆਗ੍ਯਾ.

ਪਰਯਸ੍ਤਾਪਨ੍ਹੁਤਿ: ਦੇਖੋ, ਅਪਨ੍ਹੁਤਿ (ਸ)

ਪਰਯਟਨ: ਸੰਗਯਾ- ਪਰ੍ਯਟਨ. ਘੁੰਮਣਾ. ਫਿਰਨਾ. ਭ੍ਰਮਣ.

ਪਰਯਵਸਾਨ: ਸੰ. ਪਰ੍ਯਵਸਾਨ. ਸੰਗਯਾ- ਅੰਤ. ਸਮਾਪਤਿ. ਖ਼ਾਤਿਮਾ। ੨. ਯਥਾਰਥ ਅਰਥ ਨਿਸ਼੍ਚੇ ਕਰਨ ਦੀ ਕ੍ਰਿਯਾ। ੩. ਸ਼ਾਮਿਲ ਹੋਣ ਦੀ ਕ੍ਰਿਯਾ. ਅੰਤਰਭਾਵ.

ਪਰਯਾਸ: ਸੰ. पर्यास्. ਸੰਗਯਾ- ਗਿਰਾਉ. ਡਿਗਣ ਦੀ ਕ੍ਰਿਯਾ। ੨. ਮਾਰਨਾ. ਵਧ। ੩. ਬਦਲਣ ਦਾ ਭਾਵ. ਪਰਿਵਰਤਨ। ੪. ਦੇਖੋ, ਪ੍ਰਯਾਸ.

ਪਰਯਾਣ: ਸੰ. पर्याण ਸੰਗਯਾ ਘੋੜੇ ਦੀ ਪਿੱਠ ਤੇ ਕਸੀ ਹੋਈ ਕਾਠੀ. ਚਾਰਜਾਮਾ. ਜੀਨ. ਦੇਖੋ, ਪਲਾਣ.

ਪਰਯਾਪਤ: ਸ਼ੰ. पर्याप्त. ਵਿ- ਪ੍ਰਾਪ੍ਤ. ਹਾਸਿਲ ਹੋਇਆ। ੨. ਸਮਾਪ੍ਤ ਕੀਤਾ। ੩. ਪੂਰਣ. ਮੁਕੰਮਲ.

ਪਰਯਾਯ: ਸੰ. ਪਰ੍ਯਾਯ. ਸੰਗਯਾ- ਸਮਾਨ ਅਰਥ ਵਾਚੀ ਸ਼ਬਦ. ਜੈਸੇ ਆਬ ਜਲ, ਅਗਨਿ ਆਤਿਸ਼, ਹਵਾ ਪਵਨ ਵਾਯੁ ਆਦਿ। ੨. ਅਵਸਰ. ਮੌਕਾ। ੩. ਕ੍ਰਮ. ਸਿਲਸਿਲਾ। ੪. ਇੱਕ ਅਰਥਾਲੰਕਾਰ. ਜਿੱਥੇ ਕ੍ਰਮ ਪੂਰਵਕ ਅਨੇਕ ਵਸਤਾਂ ਦਾ ਇੱਕ ਹੀ

ਆਸਰਾ ਵਰਣਨ ਕਰੀਏ, ਉੱਥੇ "ਪਰਯਾਯ" ਅਲੰਕਾਰ ਹੁੰਦਾ ਹੈ.

ਹੋਇ ਅਨੇਕੋ ਆਸ਼੍ਰਯ ਏਕ,

ਕ੍ਰਮ ਸੋਂ ਕਹਿਂ ਪਰਯਾਯ ਵਿਬੇਕ.

(ਗਰਬਗੰਜਨੀ)

ਉਦਾਹਰਣ-

ਹਉਮੈ ਤ੍ਰਿਸਨਾ ਸਭ ਅਗਨਿ ਬੁਝਈ,

ਬਿਨਸੇ ਕ੍ਰੋਧ ਖਿਮਾ ਗਹਿਲਈ.

(ਗਉ ਅਃ ਮਃ ੩)

ਦੁੱਖ ਬਿਨਸੇ ਸੁਖ ਕੀਓ ਬਿਸਰਾਮ." (ਗਉ ਕਬੀਰ)

ਕਟੁ ਬੋਲ ਗਏ ਬਸੇ ਮੀਠੇ ਬੈਨ ਰਸਨਾ ਮੇ

ਨੈਨ ਤਯਾਗ ਚਪਲਤਾ ਗਹੀ ਅਬ ਲਾਜ ਹੈ.

(ਅ) ਕਿਸੇ ਇੱਕ ਵਸਤੁ ਦਾ ਇੱਕ ਅਸਥਾਨ ਨੂੰ ਤਯਾਗਕੇ ਦੂਜੇ ਥਾਂ ਨਿਵਾਸ ਕਰਨਾ, ਐਸਾ ਕਥਨ ਪਰਯਾਯ ਦਾ ਦੂਜਾ ਰੂਪ ਹੈ.

ਇੱਕ ਥਾਂਉ ਨੂੰ ਛੱਡਕੇ ਦੂਜੇ ਥਾਂ ਠਹਿਰਾਯ,

ਇਸ ਨੂੰ ਭੀ ਕਵਿ ਆਖਦੇ ਭੇਦ ਇੱਕ ਪਰਯਾਯ.

ਉਦਹਾਰਣ

ਸੁਧਾ ਸੁਰਪੁਰਿ ਤਯਾਗ ਵਸਯੋ ਸੰਤਰਸਨਾ ਪੈ

ਵਿਖ ਸ਼ਿਵਕੰਠ ਤਯਾਗ ਨੀਚਜੀਭ ਪੈ ਵਸਯੋ.

ਪਰਯਾਯੋਕ੍ਤਿ: ਇੱਕੋ ਅਰਥ ਰੱਖਣ ਵਾਲੇ ਪਦਾਂ ਵਿੱਚ ਕਥਨ. "ਪਰਯਾਯੋਕ੍ਤਿ" ਅਲੰਕਾਰ ਹੈ.

ਪਰਯਾਯੋਕ੍ਤਿ ਹੈ ਬਿਧ ਦੋਇ।

ਰਚਨਾ ਸੋਂ ਜਹਿਂ ਬਚਨ ਜੁ ਹੋਇ।

ਦੁਤੀਓ ਛਲ ਕਰ ਸਾਧੈ ਕਾਜ।

ਯੌਂ ਲੱਛਨ ਭਾਖੈਂ ਕਵਿਰਾਜ.

(ਗਰਬਗੰਜਨੀ)

ਉਦਾਹਰਣ-

ਹੇ ਅਜੀਤਸਿੰਘ ! ਸਤ੍ਰੁ ਤੇ ਮੋਕੋ ਕਰੋ ਅਜੀਤ.

(ਅ) ਬਹਾਨੇ ਨਾਲ ਟੇਢਾ ਵਾਕ ਕਹਿਣਾ, ਜਿਸ ਤੋਂ ਆਪਣਾ ਮਨੋਰਥ ਸਿੱਧ ਹੋਵੇ. ਇਹ ਪਰਯਾਯੋਕ੍ਤਿ ਦਾ ਦੂਜਾ ਰੂਪ ਹੈ.

ਉਦਾਹਰਣ-

ਪਹਿਰ ਓਢਨੀ ਘਰ ਰਹੋ ਸੁਖ ਸੋਂ ਕਰ ਨਿਰਵਾਹ,

ਖੜਗ ਪਾਗ ਮੁਹਿ ਦੀਜਿਯੇ ਜਾਉਂ ਜੰਗ ਕੇ ਮਾਂਹ.

ਇਹ ਕਾਇਰ ਪਤੀ ਨੂੰ ਜੰਗ ਵਿੱਚ ਭੇਜਣ ਲਈ ਇਸਤ੍ਰੀ ਦਾ ਕਥਨ ਹੈ.

ਪਰਯਾਲੋਚਨ, ਪਰਯਾ ਲੋਚਨਾ: ਸੰ. पर्यालोचन. ਸੰਗਜਾ- ਚੰਗੀ ਤਰ੍ਹਾਂ ਦੇਖਣ ਦੀ ਕ੍ਰਿਯਾ. ਵਿਚਾਰਨਾ. ਸੋਚਣਾ. ਗੁਣ ਅਤੇ ਦੋਖਾਂ ਦੀ ਪੜਤਾਲ ਕਰਨ ਦੀ ਕ੍ਰਿਯਾ.

ਪਰਯੰਕ: ਸੰ. पर्यङ्क. ਸੰਗਜਾ- ਪਲੰਘ. ਮੰਜਾ.

ਪਰਯੰਤ: ਸੰ. पर्यन्त. ਕ੍ਰਿ. ਵਿ- ਤੀਕ. ਤੋੜੀ. ਲੌਂ। ੨. ਸੰਗਜਾ- ਅਖ਼ੀਰੀ ਹ਼ੱਦ। ੩. ਪੱਸਾ. ਬਗਲ.

ਪਰਰਾਂ: ਫ਼ਾ. پرّاں ਪੱਰਾਂ. ਵਿ- ਉਡਣ ਵਾਲਾ. ਉਡਾਰੂ. ਦੇਖੋ, ਪਰੀਦਨ ਅਤੇ ਪਰਾਨੀਦਨ. "ਕੀਨੇ ਖਤੰਗ ਪਰਰਾਂ." (ਰਾਮਾਵ) ਤੀਰਾਂ ਨੂੰ ਉਡਣ ਵਾਲੇ ਬਣਾ ਦਿੱਤਾ.

ਪਰਰੰਭਨ: ਦੇਖੋ, ਪਰਿਰੰਭਣ.

ਪਰਲ: ਸੱਤ ਹੱਥ ਲੰਮੇ ਰੱਸੇ ਵਿੱਚ ਜਿਤਨੀ ਚਰ੍ਹੀ ਆਦਿਕ ਵਸਤੂ ਲਪੇਟੀ ਜਾ ਸਕੇ। ੨. ਸੰ. पल्लि- ਪੱਲਿ. ਬਸਤੀ. ਆਬਾਦੀ. ਨਗਰ. "ਖਾਈ ਕੋਟੁ ਨ ਪਰਲ ਪਗਾਰਾ." (ਭੈਰ ਕਬੀਰ)[767] ਖਾਈ ਕੋਟ ਨ ਪੱਲਿ ਪ੍ਰਗਾਰਾ. ਨਾ ਖਾਈ ਹੈ, ਨਾ ਕੋਟ ਹੈ, ਨਾ ਸ਼ਹਰ ਦੀ ਬਸਤੀ ਹੈ. ਅਰ ਨਾ ਉਸ ਦੇ ਮਧ੍ਯ ਪ੍ਰਗਾਰ (ਮਹਲ) ਹੈ. ਪੁਰਾਣੇ ਜ਼ਮਾਨੇ ਵਿਚਕਾਰ ਰਾਮਮਹਲ, ਉਸ ਦੇ ਚਾਰੇ ਪਾਸੇ ਲੋਕਾਂ ਦੀ ਆਬਾਦੀ, ਉਸ ਦੇ ਆਲੇ ਦੁਆਲੇ ਕੋਟ, ਉਸ ਦੇ ਚੁਫੇਰੇ ਖਾਈ ਹੋਇਆ ਕਰਦੀ ਸੀ.

ਪਰਲਉ, ਪਰਲਇ: ਸੰ. ਪ੍ਰਲਯ. ਸੰਗਜਾ- ਲਯ (ਲੀਨ) ਹੋਣ ਦਾ ਭਾਵ ੨. ਜਗਤ ਦੇ ਲਯ ਹੋਣ ਦੀ ਦਸ਼ਾ. ਸੰਸਾਰ ਦਾ ਪ੍ਰਕ੍ਰਿਤਿ ਵਿੱਚ ਲੀਨ ਹੋਣਾ. "ਓਪਤਿ ਪਰਲਉ ਖਿਨ ਮਹਿ ਕਰਤਾ." (ਆਸਾ ਮਃ ੫) "ਉਤਪਤਿ ਪਰਲਉ ਸਬਦੇ ਹੋਵੈ." (ਮਾਝ ਅਃ ਮਃ ੩) ਦੇਖੋ, ਪ੍ਰਲਯ ੨। ੩. ਮੂਰਛਾ, ਗ਼ਸ਼.

ਪਰਲਾ: ਵਿ- ਦੂਸਰੀ ਤ਼ਰਫ਼ ਦਾ। ੨. ਪਾਰ ਦੀ ਤ਼ਰਫ਼ ਦਾ. ਉਰਲੇ ਦਾ ਵਿਰੁੱਧ। ੩. ਪੈਗਿਆ. ਪੜਾ. "ਭਉਜਲ ਪਾਰਿ ਪਰਲਾ." (ਰਾਮ ਮਃ ੫)

ਪਰਲੇ: ਪਰਲਾ ਦਾ ਬਹੁਵਚਨ। ੨. ਪ੍ਰਲਯ. ਤਿਰੋਭਾਵ. ਲੀਨ ਹੋਣ ਦੀ ਦਸ਼ਾ. "ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ, ਹਰਿ ਕੀਏ ਖਿਨਿ ਪਰਲੇ." (ਨਟ ਮਃ ੪) ਖਿਨ ਵਿੱਚ ਨਾਸ਼ ਕਰ ਦਿੱਤੇ.

ਪਰਲੈ, ਪਰਲੋ: ਦੇਖੋ, ਪਰਲਉ. "ਸਮਰਥ ਹੈ ਓਪਤਿ ਸਭ ਪਰਲੈ." (ਵਾਰ ਮਾਰੂ ੨. ਮਃ ੫) ਉਤਪੱਤਿ ਅਤੇ ਪ੍ਰਲਯ.

ਪਰਲੋਕ, ਪਰਲੋਗ: ਸੰਗਜਾ- ਪਰਾਏ ਲੋਕ, ਜੋ ਆਪਣੇ ਨਹੀਂ। ੨. ਸੰ. ਦੂਸਰਾ ਲੋਕ. ਉਹ ਅਸਥਾਨ, ਜੋ ਸ਼ਰੀਰ ਛੱਡਣ ਪਿੱਛੋਂ ਪ੍ਰਾਪਤ ਹੋਣ ਵਾਲਾ ਹੈ. ਸ੍ਵਰਗ ਵੈਕੁੰਠ ਬਹਿਸ਼੍ਤ ਆਦਿ. "ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ." (ਸਾਰ ਪਰਮਾਨੰਦ) "ਲੋਗ ਗਯੋ ਪਰਲੋਗ ਗਵਾਯੋ." (ਸਵੈਯੇ ੩੩) ੩. ਵਿ- ਜੋ ਸਭ ਲੋਕਾਂ ਤੋਂ ਪਰੇ ਹੈ, ਪਾਰਬ੍ਰਹਮ. "ਕੈਸੇ ਭੇਟੈ ਪਰਲੋਕ ਸੋ?" (ਅਕਾਲ)

ਪਰਲੋਭ: ਸੰਗਜਾ- ਪਰਾਈ ਵਸਤੁ ਦਾ ਲਾਲਚ। ੨. ਸੰ. ਪ੍ਰਲੋਭ. ਅਤਯੰਤ ਲਾਲਚ. "ਪਰਦਾਰਾ ਪਰਧਨ ਪਰਲੋਭਾ ਹਉਮੈ ਬਿਖੈ ਬਿਕਾਰ." (ਮਲਾ ਮਃ ੧)

ਪਰਲੌ: ਪ੍ਰਲਯ. ਦੇਖੋ ਪਰਲਉ. "ਉਪਤਿ ਪਰਲੌ ਏਕੈ ਨਿਮਖ." (ਸਵੈਯੇ ਸ੍ਰੀ ਮੁਖਵਾਕ ਮਃ ੫)

---

[767] ਪਰਲਪ ਗਾਰ ਪਾਠ ਅਸ਼ੁੱਧ ਹੈ.

ਪਰਵ: ਦੇਖੋ, ਪਰਬ.

ਪਰਵਸ, ਪਰਵਸਿ: ਸੰ. ਪਰਵਸ਼ ਅਤੇ ਪਰਵਸ਼੍ਯ. ਵਿ- ਜੋ ਪਰਾਏ ਵਸ਼ ਹੈ. ਪਰਾਧੀਨ. "ਓਹ ਪਰਵਸਿ ਭਇਓ ਬਿਚਾਰਾ." (ਧਨਾ ਮਃ ੫) ਦੇਖੋ, ਪਰਬਸ.

ਪਰਵਸੁ: ਸੰਗ੍ਯਾ- ਪਰਵਰਿਸ਼. ਪਾਲਨ. "ਆਜਜ ਕੀ ਪਰਵਸੁ ਕਰੀਜੈ." (ਨਾਪ੍ਰ) ੨. ਪਰ- ਵਸ੍ਤੁ. ਪਰਾਏ ਦੀ ਚੀਜ਼.

ਪਰਵਤ: ਦੇਖੋ, ਪਰਬਤ.

ਪਰਵਦਗਾਰ, ਪਰਵਦਗਾਰੁ, ਪਰਵਦਿਗਾਰ: ਦੇਖੋ, ਪਰਵਰਦਿਗਾਰ. "ਪਰਵਦਗਾਰ ਅਪਾਰ ਅਗਮ ਬੇਅੰਤ ਤੂੰ." (ਆਸਾ ਫਰੀਦ) "ਪਰਵਦਿਗਾਰੁ ਸਲਾਹੀਐ ਜਿਸ ਦੇ ਚਲਿਤ ਅਨੇਕ." (ਸ੍ਰੀ ਮਃ ੫) "ਨਾਉ ਪਰਵਦਿਗਾਰ ਦਾ." (ਵਾਰ ਗਉ ੨. ਮਃ ੫)

ਪਰਵਰ: ਫ਼ਾ. پرور ਵਿ- ਪਾਲਕ. ਪਾਲਣ ਵਾਲਾ. ਇਹ ਯੌਗਿਕ ਪਦਾਂ ਦੇ ਅੰਤ ਆਉਂਦਾ ਹੈ. ਜੈਸੇ- ਗ਼ਰੀਬਪਰਵਰ ਆਦਿ। ੨. ਦੇਖੋ, ਪ੍ਰਵਰ.

ਪਰਵਰਣੇ: ਵਿ- ਪਰਿਵਰ੍ਣਿਤ. ਚੰਗੀ ਤਰਾਂ ਕਥਨ ਕੀਤਾ ਹੋਇਆ. "ਦੇਵੀ ਦੇਵਾ ਦੇਹੁਰੇ ਪੁਜਾ ਪਰਵਰਣੇ." (ਭਾਗੁ)

ਪਰਵਰਦਨ: ਫ਼ਾ. پروردن ਕ੍ਰਿ- ਪਾਲਣਾ. ਪਰਵਰਿਸ਼ ਕਰਨੀ. ਪਰਵਰੀਦਨ.

ਪਰਵਰਦਾ: ਫ਼ਾ. پرورده ਪਰਵਰਦਹ. ਵਿ- ਪਾਲਿਆ ਹੋਇਆ. ਪਰਵਰਿਸ਼ ਕੀਤਾ.

ਪਰਵਰਦਿਗਾਰ: ਫ਼ਾ. پروردگار ਸੰਗ੍ਯਾ- ਪਾਲਣ ਵਾਲਾ ਕਰਤਾਰ. ਪ੍ਰਤਿਪਾਲਕ ਵਾਹਗੁਰੂ.

ਪਰਵਰਿਓ, ਪਰਵਰਿਅਉ, ਪਰਵਰਿਆ: ਵਿ- ਪਰਿਵਰ੍ਤਨ (ਰੂਪਾਂਤਰ) ਹੋਇਆ. ਦੂਜੀ ਸ਼ਕਲ ਵਿੱਚ ਹੋਇਆ. ਦੇਖੋ, ਪਰਵਰਿਯਉ। ੨. ਪਰਿਵਾਰਿਤ. ਘੇਰਿਆ ਹੋਇਆ. "ਓਸੁ ਅੰਤਰਿ ਨਾਮੁਨਿਧਾਨ ਹੈ, ਨਾਮੋ ਪਰਵਰਿਆ." (ਵਾਰ ਸ੍ਰੀ ਮਃ ੪) ੩. ਪਰਿਵ੍ਰਿਤ ਹੋਇਆ. ਢਕਿਆ. ਆਛਾਦਨ ਕੀਤਾ। ੪. ਪਰਵਰਿਸ਼ ਕੀਤਾ. ਪਾਲਨ ਕੀਤਾ.

ਪਰਵਰਿਸ਼: ਫ਼ਾ. پرورش ਸੰਗ੍ਯਾ- ਪਾਲਨ.

ਪਰਵਰਿਯਉ: ਦੇਖੋ, ਪਰਵਰਿਅਉ ੧. "ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ." (ਸਵੈਯੇ ਮਃ ੩. ਕੇ)

ਪਰਵਰੀਦਨ: ਦੇਖੋ, ਪਰਵਰਦਨ.

ਪਰਵੜਣੁ: ਸਿੰਧੀ. ਕ੍ਰਿ- ਸਮਝਣਾ। ੨. ਖੋਜ. ਨਿਰਣਾ ਕਰਨਾ.

ਪਰਵਾ: ਪ੍ਰਵਾਹ ਦਾ ਸੰਖੇਪ। ੨. ਪੜਵਾ. ਪ੍ਰਤਿਪਦਾ. ਏਕਮ ਤਿਥਿ. "ਪਰਵਾ ਪ੍ਰੀਤਮ ਕਰਹੁ ਬੀਚਾਰ." (ਗਉ ਥਿਤੀ ਕਬੀਰ) ੩. ਫ਼ਾ. پروا ਤ਼ਾਕ਼ਤ. ਸ਼ਕਤਿ। ੪. ਆਰਾਮ। ੫. ਸਬਰ. ਸੰਤੋਖ। ੬. ਤਵੱਜਹ. ਧ੍ਯਾਨ। ੭. ਲੋੜ. ਹਾਜਤ। ੮. ਡਰ। ੯. ਪਾਲਨ. ਪਰਵਰਿਸ਼.

ਪਰਵਾਹ: ਦੇਖੋ, ਪ੍ਰਵਾਹ "ਛੁਟਤ ਪਰਵਾਹ ਅਮਿਅ." (ਸਵੈਯੇ ਮਃ ੪. ਕੇ) ੨. ਦੇਖੋ, ਪਰਵਾ ੭. "ਪਰਵਾਹ ਨਾਹੀ ਕਿਸੈ ਕੇਰੀ." (ਵਾਰ ਆਸਾ) ੩. ਸੰ. पर्वाह. ਪਰਵ ਦਾ ਦਿਨ. ਤ੍ਯੋਹਾਰ.

ਪਰਵਾਜ਼: ਫ਼ਾ. پرواز ਸੰਗ੍ਯਾ- ਉਡਾਰੀ. ਸੰ. ਧ੍ਰਾਜ.

ਪਰਵਾਣ: ਦੇਖੋ, ਪਰਵਾਣ ਅਤੇ ਪ੍ਰਮਾਣ.

ਪਰਵਾਣਾ: ਸੰਗ੍ਯਾ- ਜਿਸ ਨਾਲ ਪਰਿਮਾਣ (ਤੋਲ) ਜਾਣਿਆ ਜਾਵੇ, ਵੱਟਾ. "ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ

ਤੋਲਿਆ ਜਾਪੈ" (ਵਾਰ ਆਸਾ) ੨. ਫ਼ਾ. پروانہ ਪਰਵਾਨਹ ਆਗਯਾਪਤ੍ਰ ਹੁਕਮਨਾਮਾ. "ਪਰਵਾਣਾ ਆਇਆ ਹੁਕਮਿ ਪਠਾਇਆ" (ਧਨਾ ਛੰਤ ਮਃ ੧) ੩. ਆਗਯਾ ਦਾ ਲੇਖ. "ਕਾਇਆ ਕਾਗਦੁ ਮਨ ਪਰਵਾਣਾ." (ਧਨਾ ਮਃ ੧) "ਜਿਨ੍ਹਾ ਧੁਰੇ ਪੈਯਾ ਪਰਵਾਣਾ." (ਮਃ ੧. ਵਾਰ ਰਾਮ ੧) ੪. ਪਤੰਗ. ਭਮੱਕੜ। ੫. ਸੰ. ਪ੍ਰਾਮਾਣਿਕ. ਵਿ- ਸ਼ਾਸ੍ਤ੍ਰ ਦਾ ਗਯਾਤਾ. ਵਿਦ੍ਵਾਨ. "ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ." (ਰਾਮ ਅਃ ਮਃ ੧)

ਪਰਵਾਣੀਕ: ਦੇਖੋ, ਪ੍ਰਾਮਾਣਿਕ.

ਪਰਵਾਣੁ: ਦੇਖੋ, ਪ੍ਰਮਾਣ। ੨. ਸੰਗਯਾ- ਜਿਸ ਨਾਲ ਪਰਿਮਾਣ (ਵਜ਼ਨ) ਜਾਣਿਆ ਜਾਵੇ, ਵੱਟਾ. "ਅਮੁਲੁ ਤੁਲੁ ਅਮੁਲੁ ਪਰਵਾਣੁ." (ਜਪੁ) ੩. ਵਿ- ਪ੍ਰਾਮਾਣਿਕ. ਮੰਨਣ ਯੋਗ੍ਯ. ਮਾਨਨੀਯ. "ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਨੀਐ." (ਆਸਾ ਮਃ ੫) "ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ." (ਵਾਰ ਆਸਾ)

੪. ਅੰਗੀਕਾਰ ਕੀਤਾ. ਮਕ਼ਬੂਲ. "ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ." (ਮਾਝ ਮਃ ੫) ੫. ਪ੍ਰਮਾਣ ਦ੍ਵਾਰਾ ਸਿੱਧ. ਭਾਵ- ਪ੍ਰਤ੍ਯਕ੍ਸ਼. ਜ਼ਾਹਿਰ. "ਆਪੇ ਹੀ ਗੁਪਤ ਵਰਤਦਾ ਪਿਆਰਾ, ਆਪੇ ਹੀ ਪਰਵਾਣੁ." (ਸੋਰ ਮਃ ੪)

ਪਰਵਾਣੋ: ਦੇਖੋ, ਪਰਵਾਣੁ ੪. "ਮਰਣ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ." (ਵਡ ਅਲਾਹਣੀਆਂ ਮਃ ੧)

ਪਰਵਾਦ: ਸੰ. ਸੰਗਯਾ- ਨਿੰਦਾ. ਅਪਵਾਦ। ੨. ਦੇਖੋ, ਪਰਿਵਾਦ.

ਪਰਵਾਨਗੀ: ਫ਼ਾ. پروانگی ਸੰਗਯਾ- ਮਨਜ਼ੂਰੀ. ਅਨੁਮਤਿ। ੨. ਆਗਯਾ. "ਗੁਰੁ ਕੀ ਲੈ ਪਰਵਾਨਗੀ." (ਗੁਪ੍ਰਸੂ)

ਪਰਵਾਨਾ: ਦੇਖੋ, ਪਰਵਾਣੁ ੪. "ਸਾਧ ਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ." (ਸਾਰ ਮਃ ੫) ੨. ਫ਼ਾ. پروانہ ਸੰਗਯਾ- ਆਗਯਾਪਤ੍ਰ. ਹੁਕਮਨਾਮਾ। ੩. ਭਮੱਕੜ. ਪਤੰਗਾ. ੪. ਸੰ. ਪ੍ਰਮਾਣਿਤ. ਵਿ- ਨਿਸ਼ਚੇ ਕੀਤਾ. ਸਤ੍ਯ ਠਹਿਰਾਇਆ. "ਮਤਿ ਪਤਿ ਪੂਰੀ ਪੂਰਾ ਪਰਵਾਨਾ. ਨਾ ਆਵੈ ਨਾ ਜਾਸੀ." (ਸੂਹੀ ਛੰਤ ਮਃ ੧)

ਪਰਵਾਨੀ: ਦੇਖੋ, ਪ੍ਰਾਮਾਣਿਕ। ੨. ਸੰਗਯਾ- ਪ੍ਰਤਿਮਾਨ. ਪ੍ਰਤਿਬਿੰਬ. ਪਰਛਾਹੀਂ. ਪਤਿਛਾਯਾ. "ਜੈਸੇ ਦਰਪਨ ਮਾਹਿ ਬਦਨ ਪਰਵਾਨੀ." (ਕਾਨ ਨਾਮਦੇਵ)

ਪਰਵਾਨੁ: ਦੇਖੋ, ਪਰਵਾਣੁ। ੨. ਪ੍ਰਮਾਣ. ਸਬੂਤ। ੩. ਨਤੀਜਾ. ਫਲ. "ਇਸ ਪਤੀਆ ਕਾ ਇਹੈ ਪਰਵਾਨੁ। ਸਾਚਿ ਸੀਲਿ ਚਾਲਹੁ ਸੁਲਿਤਾਨ." (ਭੈਰ ਨਾਮਦੇਵ)

ਪਰਵਾਰ: ਦੇਖੋ, ਪਰਿਵਾਰ. "ਮੰਨੈ ਪਰਵਾਰੈ ਸਾਧਾਰੁ." (ਜਪੁ)

ਪਰਵਾਲ: ਸੰ. ਪ੍ਰਵਾਲ. ਸੰਗਯਾ- ਮੂੰਗਾ.

ਪਰਵਾਲਾ: ਵਿਦ੍ਰੁਮ. "ਸੁਇਨੇ ਕਾ ਬਿਰਖ ਪਤ ਪਰਵਾਲਾ." (ਵਾਰ ਮਾਝ ਮਃ ੧) "ਨਾਮ ਨਿਧਾਨ ਹਰਿ ਵਣਜੀਐ ਹੀਰੇ ਪਰਵਾਲੇ." (ਵਾਰ ਗਉ ੧. ਮਃ ੪)

ਪਰਵਿਦਗਾਰ: ਦੇਖੋ, ਪਰਵਰਦਿਗਾਰ. "ਜਪਿਆ ਪਰਵਿਦਗਾਰ." (ਸ. ਕਬੀਰ)

ਪਰਵਿਰਤਿ, ਪਰਵਿਰਤੀ: ਸੰ. ਪ੍ਰਵ੍ਰਿਤਿ- ਪ੍ਰਵ੍ਰਿੱਤਿ. ਮਨ ਦੀ ਵਿਹਾਰ ਵੱਲ ਲਗਨ. "ਗੁਰਮੁਖਿ ਪਰਵਿਰਤਿ ਨਿਰਵਿਰਤਿ ਪਛਾਣੈ." (ਸਿਧਗੋਸਟਿ) ੨. ਪਰ- ਵ੍ਰਿੱਤਿ. ਦੂਜੇ ਦੀ ਰਸਮ ਰੀਤਿ. ਅਨ੍ਯਰੀਤਿ. "ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ। ਪਰਵਿਰਤਿ ਨ ਪੜਹੁ ਰਹੀ ਸਮਝਾਇ." (ਭੈਰ ਅਃ ਮਃ ੩) ੩. ਪਰਾਈ ਆਜੀਵਿਕਾ (ਰੋਜ਼ੀ). ੪. ਸੰ. ਪਰਿਵ੍ਰਿਤਿ- ਪਰਿਵ੍ਰਿੱਤਿ. ਵਾਪਿਸ (ਮੁੜ) ਆਉਣ ਦੀ ਕ੍ਰਿਯਾ.

ਪਰਵੇਸ਼: ਸੰਗਯਾ- ਪਰਾਇਆ. ਵੇਸ਼. ਸ੍ਵਾਂਗ. "ਨਟੂਆ ਭੇਖ ਦਿਖਾਵੈ ××× ਸੁਖਹਿ ਨਹੀ ਪਰਵੇਸਾ ਰੇ." (ਆਸਾ ਮਃ ੫) ੨. ਪ੍ਰਵੇਸ਼, ਪਹੁਚ. ਰਸਾਈ. ਦਖ਼ਲ. "ਪਰਮਾਰਥ ਪਰਵੇਸ ਨਹੀਂ." (ਸੋਰ ਰਵਿਦਾਸ) ੩. ਦੇਖੋ, ਪਰਿਵੇਸ.

**ਪਰਵੇਖ:** ਦੇਖੋ, ਪਰਵੇਸ। ੨. ਦੇਖੋ, ਪਰਿਵੇਖ. "ਚੰਦ ਮਨੋ ਪਰਵੇਖ ਪਰਜੋ ਹੈ." (ਚੰਡੀ ੧)

**ਪਰਵੇਲ, ਪਰਵੇਲਿ:** ਸੰਗਜਾ- ਪਰਾਈ ਵੇਲ (ਵੱਲਿ). ਭਾਵ- ਪਰਇਸਤ੍ਰੀ. "ਪਰਵੇਲਿ ਨ ਜੋਹਹਿ." (ਵਾਰੁ ਮਾਰੂ ੨. ਮਃ ੫) ੨. ਪ੍ਰਬਲਤਾ. "ਪੰਜ ਤੱਤ ਪਰਵੇਲ ਅੰਤ ਵਿਗੋਵਹੀ." (ਭਾਗੁ) ਪੰਜ ਵਿਕਾਰ ਅਤੇ ਵਿਸ਼ਿਆਂ ਦੀ ਪ੍ਰਬਲਤਾ.

**ਪਰਵੰਨਿਆ:** ਪਰਿ- ਵਣਿੰਤ. ਚੰਗੀ ਤਰਾਂ ਕਥਨ ਕੀਤਾ. ਬਖ਼ੂਬੀ ਸਮਝਾਇਆ. "ਭਲਾ ਬੁਰਾ ਪਰਵੰਨਿਆ." (ਭਾਗੁ) ੨. ਪ੍ਰਾਵੀਣਜ (ਪ੍ਰਵੀਣਤਾ) ਧਾਰਨ ਵਾਲਾ. ਚਤੁਰ. ਹੋਸ਼ਿਯਾਰ.

**ਪਰਾ:** ਸੰ. ਸੰਗਜਾ- ਚਾਰ ਪ੍ਰਕਾਰ ਦੀਆਂ ਵਾਣੀਆਂ ਵਿੱਚੋਂ ਪਹਿਲੀ ਵਾਣੀ. ਦੇਖੋ, ਚਾਰ ਬਾਣੀਆਂ। ੨. ਉਹ ਵਿਦਜਾ, ਜੋ ਸਭ ਤੋਂ ਪਰੇ ਵਸਤੁ ਦਾ ਗਜਾਨ ਕਰਾਵੇ. ਬ੍ਰਹਮਵਿਦਜਾ "अथ परा यया तदक्षर मधिगम्यते. " (ਸ਼੍ਰੁਤਿ) ੩. ਵਜ- ਛੁਟਕਾਰਾ। ੪. ਉਲਟਾਪਨ। ੫. ਸਾਮ੍ਹਣੇ. ਸੰਮੁਖ। ੬. ਤਜਾਗ। ੭. ਬਹਾਦੁਰੀ। ੮. ਅਨਾਦਰ। ੯. ਵਿ- ਸ਼੍ਰੇਸ਼੍ਠ. ਉੱਤਮ. "ਗੁਰਦੇਵ ਪਾਰਸ ਪਰਸ ਪਰਾ." (ਬਾਵਨ) ੧੦. ਪੜਾ. ਪਿਆ. "ਪਰਾ ਕਰੇਜੇ ਛੇਕ." (ਸ. ਕਬੀਰ) ੧੧. ਪਰਲਾ ਪਾਸਾ. ਪਰਾਰ. ਦੇਖੋ, ਉਰਾ। ੧੨. ਫ਼ਾ. پرہ ਪੱਰਹ. ਸਫ਼. ਕ਼ਤਾਰ. ਪੰਕ੍ਤਿ. "ਗਜ ਬਾਜਿਨ ਕੋ ਪਰਾ ਬੰਧਾਵਾ." (ਗੁਪ੍ਰਸੂ)

**ਪਰਾਉਠਾ:** ਸੰਗਜਾ- ਪ੍ਰਰਿਸ਼੍ਰ ਰੋਟਿਕਾ. ਕਈ ਤਹਿ ਤੋਂ ਟੁੱਟ ਜਾਣ ਵਾਲੀ ਰੋਟੀ. ਮੋਣ ਪਾਕੇ ਅਤੇ ਘੀ ਲਾਕੇ ਪਕਾਈ ਹੋਈ ਰੋਟੀ.

**ਪਰਾਇਓ, ਪਰਾਇਆ:** ਵਿ- ਓਪਰਾ. ਬੇਗਾਨਾ. "ਪਰਾਇਆ ਛਿਦ੍ਰੁ ਅਟਕਲੈ." (ਆਸਾ ਮਃ ੪) ੨. ਪਲਾਯਨ ਹੋਇਆ. ਪਲਾਇਆ. ਨੱਠਿਆ. "ਪਰਾਇਓ ਮਨ ਕਾ ਬਿਰਹਾ." (ਧਨਾ ਮਃ ੫) "ਦੁਖ ਦੂਰਿ ਪਰਾਇਆ." ( ਬਿਹਾ ਛੰਤ ਮਃ ੫)

**ਪਰਾਇਐ:** ਪਰਾਏ (ਬੇਗਾਨੇ) ਦੇ. "ਬਾਰਿ ਪਰਾਇਐ ਬੈਸਣਾ." (ਸ. ਫਰੀਦ)

**ਪਰਾਇਣ:** ਵਿ ਪਰਾਯਣ. ਤਤਪਰ. ਲੱਗਾ ਹੋਇਆ. ਪ੍ਰਵ੍ਰਿੱਤ. "ਜੈਸੀ ਮੂੜ ਕੁਟੰਬ ਪਰਾਇਣ" (ਭੈਰ ਨਾਮਦੇਵ) ੨. ਸੰਗਜਾ- ਆਧਾਰ. ਆਸ਼੍ਰਯ. "ਸਾਕਤ ਕੀ ਉਹ ਪਿੰਡ ਪਰਾਇਣ." (ਗੌਂਡ ਕਬੀਰ) ੩. ਦੇਖੋ, ਪਲਾਯਨ। ੪. ਦੇਖੋ, ਪਾਰਾਯਣ.

**ਪਰਾਇਣਾ:** ਕ੍ਰਿ- ਪੜਨਾ. ਪੈਣਾ. "ਜਿਸੁ ਭੇਟਤ ਪਾਰਿ ਪਰਾਇਣਾ." (ਮਾਰੂ ਸੋਲਹੇ ਮਃ ੫) ੧. ਪਲਾਯਨ ਕਰਨਾ. ਨੱਠਣਾ. "ਬਡੇ ਗੁਨ ਲੋਭ ਤੇ ਜਾਤ ਪਰਾਈ." (ਚੰਡੀ ੧) ੩. ਪਲਾਯਨ ਹੁੰਦੀ. ਨੱਠਦੀ. ਨੱਠਦੇ. "ਲੇਤ ਨਾਮ ਹੀ ਵਿਘਨ ਪਰਾਈ." (ਨਾਪ੍ਰ)

**ਪਰਾਇਨ:** ਦੇਖੋ. ਪਰਾਇਣ.

**ਪਰਾਈ:** ਵਿ- ਓਪਰੀ. ਦੂਸਰੇ ਦੀ. "ਪਰਾਈ ਅਮਾਣ ਕਿਉ ਰਖੀਐ?" (ਵਾਰ ਸਾਰ ਮਃ ੩) ੨. ਪਲਾਈ. ਦੇਖੋ, ਪਲਾਯਨ. "ਬਡੇ ਗੁਨ ਲੋਭ ਤੇ ਜਾਤ ਪਰਾਈ." (ਚੰਡੀ ੧)

**ਪਰਾਏ:** ਵਿ- ਓਪਰੇ. ਦੂਸਰੇ ਦੇ. ਜੋ ਆਪਣੇ ਨਹੀਂ। ੨. ਪਲਾਏ. ਨੱਠੇ. ਦੇਖੋ, ਪਲਾਯਨ. "ਪਯਾਦੇ ਪਰਾਏ." (ਚਰਿਤ੍ਰ ੧੨੫)

**ਪਰਾਸਚਿਤ:** ਦੇਖੋ, ਪਰਾਛਤ.

**ਪਰਾਸਰ:** ਸੰ. ਪਰਾਸ਼ਰ. ਵਿ- ਦੂਰ ਸੁੱਟਣ ਵਾਲਾ। ੨. ਸੰਗਜਾ- ਇੰਦ੍ਰ. ਨਿਰੁਕ੍ਤ ਵਿੱਚ ਲਿਖਿਆ ਹੈ ਕਿ ਇੰਦ੍ਰ ਦਾ ਨਾਮ ਇਸ ਲਈ ਪਰਾਸ਼ਰ ਹੈ ਕਿ ਉਹ ਰਾਖਸਾਂ ਨੂੰ ਮਾਰਕੇ ਦੂਰ ਸੁੱਟਦਾ ਹੈ। ੩. ਇੱਕ ਵੈਦਿਕ ਰਿਸ਼ੀ. ਜਿਸ ਨੇ ਰਿਗਵੇਦ ਦੇ ਕਈ ਮੰਤ੍ਰ ਰਚੇ ਹਨ. ਇਹ ਕਪਲ ਮੁਨਿ ਦਾ ਚੇਲਾ ਸੀ ਅਤੇ ਇਸ ਨੇ ਪੁਲਸੁਜ ਕੋਲੋਂ ਵਿਸ਼ਨੁਪੁਰਾਣ ਲੈਕੇ ਮੈਤ੍ਰੇਯ ਨੂੰ ਸਿਖਾਇਆ ਸੀ. ਇਸ ਨੇ ਧਰਮਸ਼ਾਸਤ੍ਰ ਭੀ ਲਿਖਿਆ ਹੈ. ਸਤਜਵਤੀ ਨਾਲ ਭੋਗ ਕਰਕੇ ਇਸ ਨੇ ਕ੍ਰਿਸ਼ਨ ਦ੍ਵੈ- ਪਾਯਨ (ਵਜਾਸ) ਪੈਦਾ ਕੀਤਾ. ਨਿਰੁਕ੍ਤ ਲਿਖਦਾ ਹੈ ਕਿ ਇਹ ਵਸ਼ਿਸ਼੍ਠ ਦਾ ਪੁਤ੍ਰ ਸੀ, ਪਰ ਮਹਾਭਾਰਤ ਤੇ ਵਿਸ਼ਨੁਪੁਰਾਣ ਵਿੱਚ ਇਸ ਨੂੰ ਅਦ੍ਰਿਸ਼ਜੰਤੀ ਦੇ ਉਦਰ ਤੋਂ ਸ਼ਕ੍ਤਿ ਰਿਖੀ ਦਾ ਪੁਤ੍ਰ ਅਤੇ ਵਸਿਸ਼੍ਠ ਦਾ ਪੋਤਾ ਦੱਸਿਆ ਹੈ. "ਅਤ੍ਰਿ ਪਰਾਸਰ ਨਾਰਦ ਸਾਰਦ ਬਜਾਸ ਤੇ ਆਦਿ ਜਿਤੇ ਮੁਨਿ ਭਾਏ." (ਦੱਤਾਵ)

ਪਰਾਸਾ: ਸੰਗਜਾ- ਪਰ- ਆਸ਼ਾ. ਪਰਾਈ ਆਸ.

ਪਰਾਸੁ: ਡਿੰਗ. ਜਿਸ ਦੇ ਅਸੁ (ਪ੍ਰਾਣ) ਨਿਕਲ ਗਏ ਹਨ (ਮੁਰਦਾ).

ਪਰਾਸ੍ਤ: ਸੰ. ਵਿ- ਜਿੱਤਿਆ ਹੋਇਆ. ਹਾਰਿਆ ਹੋਇਆ.

ਪਰਾਸ੍ਰਯ: ਸੰਗਜਾ- ਪਰ- ਆਸ਼੍ਰਯ, ਪਰਾਇਆ ਆਸਰਾ। ੨. ਪਰਾਧੀਨਤਾ। ੩. ਵਿ- ਪਰਾਧੀਨ. ਪਰਾਏ ਆਸਰੇ ਰਹਿਣ ਵਾਲਾ.

ਪਰਾਹਨ: ਦੇਖੋ. ਪਿਰਾਹਨ.

ਪਰਾਹੀ: ਪਲਾਯਨ ਹੁੰਦਾ ਹੈ. ਨੱਠਦਾ ਹੈ। ੨. ਭਾਵ- ਨਸ਼੍ਟ ਹੁੰਦਾ ਹੈ. ਬਿਗੜਦਾ ਹੈ. "ਜਿਂਹਕੇ ਪਰਸੇ ਪਰ ਲੋਕ ਪਰਾਹੀ." (ਵਿਚਿਤ੍ਰ)

ਪਰਾਹੁਣਾ, ਪਰਾਹੁਨਾ: ਸੰ. ਪ੍ਰਾਹੁਣ ਅਤੇ ਪ੍ਰਘੁਣ. ਸੰਗਜਾ- ਜੋ ਪ੍ਰਘੂਣੰ ਕਰਦਾ ਰਹੇ, ਅਰਥਾਤ ਵਿਚਰਣ ਵਾਲਾ, ਅਤਿਥਿ. ਮਿਹਮਾਨ. "ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ." (ਵਾਰ ਗਉ ੨. ਮਃ ੫) ਜੀਵ ਨੂੰ ਅਨੇਕ ਦੇਹਾਂ ਵਿੱਚ ਨਿਵਾਸ ਕਰਨ ਦੇ ਕਾਰਣ ਪਰਾਹੁਣਾ ਲਿਖਿਆ ਹੈ.

ਪਰਾਕ: ਸੰ. ਸੰਗਜਾ- ਖੜਗ. ਤਲਵਾਰ। ੨. ਮਨੁ ਅਤੇ ਸ਼ੰਖ ਸਿਮ੍ਰਿਤਿ ਵਿੱਚ ਬਾਰਾਂ ਦਿਨ ਦੇ ਵ੍ਰਤ ਦਾ ਨਾਮ ਪਰਾਕ ਹੈ। ੩. ਦੇਖੋ, ਪ੍ਰਾਕ.

ਪਰਾਕਉ, ਪਰਾਕੁਇ, ਪਰਾਕ੍ਰਮ: ਪਰਾਕ੍ਰਮ. ਸੰਗਜਾ- ਅੱਗੇ ਵਧਣ ਦਾ ਭਾਵ। ੨. ਹ਼ਮਲਾ. ਧਾਵਾ। ੩. ਬਲ. ਸ਼ਕਤਿ। ੪. ਪੁਰਸ਼ਾਰਥ. ਉੱਦਮ. "ਰਹੇ ਪਰਾਕਉ ਤਾਣਾ." (ਸ੍ਰੀ ਪਹਿਰੇ ਮਃ ੧) ਉੱਦਮ ਅਤੇ ਬਲ ਰਹਿਗਿਆ. "ਜੋਰਿ ਪਰਾਕੁਇ ਜੀਅਦੈ." (ਵਾਰ ਰਾਮ ੩)

ਪਰਾਕ੍ਰਮੀ: ਵਿ. पराक्रमिन्. ਬਲਵਾਨ।੨ ਉੱਦਮੀ. ਪਰੁਸ਼ਾਰਥੀ.

ਪਰਾਕ੍ਰਿਤ: ਸੰਗਜਾ- ਪਰ- ਕਿਰਤ. ਦੂਸਰੇ ਦੀ ਟਹਿਲ. ਦੂਜੇ ਦਾ ਕ੍ਰਿਤਜ. "ਸੂਦ੍ਰ ਸਬਦੰ ਪਰਾਕ੍ਰਿਤਹ." (ਵਾਰ ਆਸਾ) ੨. ਦੇਖੋ, ਪ੍ਰਾਕ੍ਰਿਤ.

ਪਰਾਖਹਿ, ਪਰਾਖਾ, ਪਰਾਖੈ: ਪਰੀਕ੍ਸ਼ਾ ਕਰਦਾ ਹੈ. ਪਰਖਦਾ ਹੈ. ਪਰਖਿਆ. "ਗੁਰਿ ਮਿਲਿਐ ਹੀਰੁ ਪਰਾਖਾ." (ਜੈਤ ਮਃ ੪) "ਆਪੇ ਦਾਨਾ ਸਚੁ ਪਰਾਖੈ." (ਮਾਰੂ ਸੋਲਹੇ ਮਃ ੧)

ਪਰਾਗ: ਸੰ. ਸੰਗਜਾ- ਫੁੱਲ ਦੀ ਬਰੀਕ ਅੰਦਰਲੀ ਤਰੀਆਂ ਉੱਪਰਦੀ ਮਿੱਠੀ ਰਜ (ਧੂੜੀ) Pollen. ਇਹ ਬਿਰਛ ਅਤੇ ਬੂਟਿਆਂ ਦੀ ਮਣੀ (ਵੀਰਯ) ਹੈ. ਭੌਰੇ, ਸ਼ਹਿਦ ਦੀਆਂ ਮੱਖੀਆਂ ਆਦਿ, ਅਥਵਾ ਹਵਾ, ਜਦ ਇਸ ਨੂੰ ਫੁੱਲ ਦੇ ਨਰ ਅਤੇ ਮਦੀਨ ਹਿੱਸੇ (Stamens anz Pistil) ਨਾਲ ਮਿਲਾਉਂਦੇ ਹਨ, ਤਦ ਫਲ ਅਤੇ ਬੀਜ ਦੀ ਉਤਪੱਤੀ ਹੁੰਦੀ ਹੈ. " ਪਾਂਸ਼ੁ ਪਰਾਗ ਸੀ ਸੋਹਤ ਸੁੰਦਰ." (ਨਾਪ੍ਰ) ੨. ਧੂਲਿ. ਰਜ. ਧੂੜ। ੩. ਚੰਦਨ ਕਪੂਰ ਆਦਿ ਦੇ ਚੂਰਣ ਦਾ ਵਟਣਾ। ੪. ਪ੍ਰਸਿੱਧੀ. ਸ਼ੁਹਰਤ। ੫. ਆਪਣੀ ਇੱਛਾ ਅਨੁਸਾਰ ਗਮਨ (ਵਿਚਰਣ) ਦਾ ਭਾਵ. ਪਰਤੰਤ੍ਰਤਾ ਦਾ ਅਭਾਵ. ਸ੍ਵਤੰਤ੍ਰਤਾ. "ਮਾਂਗਨਿ ਮਾਂਗ ਤ ਏਕਹਿ ਮਾਂਗ। ਨਾਨਕ ਜਾਤੇ ਪਰਹਿ ਪਰਾਗ." (ਬਾਵਨ) ਜਿਸ ਤੋਂ ਤੇਰੇ ਪੱਲੇ ਸ੍ਵਤੰਤ੍ਰਤਾ ਪਵੇ। ੬. ਪ੍ਰਯਾਗ ਤੀਰਥ ਲਈ ਭੀ ਪਰਾਗ ਸ਼ਬਦ ਕਵੀਆਂ ਨੇ ਵਰਤਿਆ ਹੈ.

ਪਰਾਗਕੇਸਰ: ਸੰਗਜਾ- ਫੁੱਲ ਦੇ ਵਿਚਕਾਰਲੇ ਪਤਲੇ ਲੰਮੇ ਸੂਤ, ਜਿਨ੍ਹਾਂ ਉੱਪਰ ਪਰਾਗ (ਮਿੱਠੀ ਰਜ) ਲਿਪਟੀ ਰਹਿੰਦੀ ਹੈ. ਇਹ ਫੁੱਲਾਂ ਦੀ ਜਨਨੇਂਦ੍ਰਿਯ ਹੈ. ਇਸੇ ਤੋਂ ਮਾਦਾ ਫੁੱਲ ਗਰਭ ਧਾਰਦੇ ਹਨ.

ਪਰਾਗਾ: ਜਿਲਾ ਜੇਹਲਮ ਦੇ ਕੜ੍ਹੀਆਲਾ ਪਿੰਡ ਦਾ ਵਸਨੀਕ ਛਿੱਬਰ ਬ੍ਰਾਹਮਣ, ਜੋ ਮਹਾਤਮਾ ਗੋਤਮ ਦਾ ਪੁਤ੍ਰ ਸੀ. ਇਸ ਨੇ

ਗੁਰਸਿੱਖੀ ਧਾਰਣ ਕਰਕੇ ਆਪਣਾ ਜੀਵਨ ਹੋਰਨਾ ਲਈ ਨਮੂਨਾ ਬਣਾਇਆ. ਭਾਈ ਪਰਾਗਾ ਗੁਰੂ ਹਰਿਗੋਬਿੰਦ ਸਾਹਿਬ ਦੇ ਧਰਮਜੰਗਾਂ ਵਿੱਚ ਸ਼ਰੀਕ ਹੋਇਆ, ਯਥਾ- "ਜੈਤ ਸੋ ਪਰਾਗਾ ਧੀਰ ਪੈੜਾ ਜੰਗ ਆਯੋ ਹੈ." (ਗੁਪ੍ਰਸੂ) ਇਸ ਆਤਮਗਜਾਨੀ ਅਤੇ ਧਰਮਵੀਰ ਮਹਾਤਮਾ ਦੇ ਚਾਰ ਪੁਤ੍ਰ ਹੋਏ- ਭਾਈ ਮਤੀ ਦਾਸ.[768] ਸਤੀਦਾਸ, ਜਤੀਦਾਸ ਅਤੇ ਸਖੀਦਾਸ. ਦੇਖੋ, ਮਤੀਦਾਸ.

ਪਰਾਗੰਦਾ: ਫ਼ਾ. پراگندہ ਵਿ- ਛਿੰਨ ਭਿੰਨ. ਖੇਰੂਖੇਰੂ. ਖਿੰਡਿਆ ਹੋਇਆ.

ਪਰਾਂਙਮੁਖ: ਸੰ. ਵਿ- ਵਿਮੁਖ. ਜਿਸ ਨੇ ਮੂੰਹ ਫੇਰਲਿਆ ਹੈ। ੨. ਭਗੌੜਾ। ੩. ਵਿਰੁੱਧ ਖ਼ਿਲਾਫ਼। ੪. ਪਿੱਠ ਵੱਲ ਮੂੰਹ ਕਰਕੇ ਜਾਣ ਵਾਲਾ.

ਪਰਾਚੀ: ਦੇਖੋ, ਪ੍ਰਾਚੀ.

ਪਰਾਛਤ, ਪਰਾਛਿਤ: ਸੰ. ਪ੍ਰਾਯਸ਼੍ਚਿੱਤ. ਸੰਗਯਾ- ਪਾਪ ਦੂਰ ਕਰਨ ਲਈ ਕੀਤਾ ਕਰਮ. ਪ੍ਰਾਯ. (ਤਪ) ਚਿੱਤ (ਨਿਸ਼੍ਚਯ). ਤਪ ਅਤੇ ਨਿਸ਼੍ਚਯ ਨਾਲ ਕੀਤਾ ਕਰਮ ਪ੍ਰਾਯਸ਼੍ਚਿੱਤ ਹੈ। ੨. ਗੁਰਬਾਣੀ ਵਿੱਚ ਪਾਪ (ਦੋਸ਼) ਲਈ ਭੀ ਪਰਾਛਤ ਸ਼ਬਦ ਆਉਂਦਾ ਹੈ. ਉਹ ਕਰਮ. ਜਿਸ ਲਈ ਪ੍ਰਾਯਸ਼੍ਚਿੱਤ ਕੀਤਾ ਜਾਵੇ. "ਸਗਲ ਪਰਾਛਤ ਲਾਥੇ." (ਸੋਰ ਮਃ ੫)

ਪਰਾਜਯ, ਪਰਾਜੈ: ਸੰਗਯਾ- ਹਾਰ. ਸ਼ਿਕਸ੍ਤ.

ਪਰਾਢੇ: ਪਰਲੇ ਢਾਹੇ. ਪਰਲੇ ਪਾਸੇ. ਪਾਰ. "ਭਉ ਦੁਤਰੁ ਤਾਰਿ ਪਰਾਢੇ." (ਗਉ ਮਃ ੪) ਦੁਸੁਰ ਭਵਸਾਗਰ ਤੋਂ ਤਾਰਕੇ ਦੂਜੇ ਢਾਹੇ ਪਹੁਚਾ ਦਿੱਤੇ.

ਪਰਾਣ: ਦੇਖੋ, ਪਿਰਾਣਿ ਅਤੇ ਪਿਰਾਣੁ। ੨. ਦੇਖੋ, ਪ੍ਰਾਣ.

ਪਰਾਣਾ: ਦੇਖੋ, ਜੈਦ ਪਰਾਣਾ ਅਤੇ ਪਿਰਾਣਾ.

ਪਰਾਣੀ: ਸੰਗਯਾ- ਪ੍ਰਾਣੀ. ਪ੍ਰਾਣਧਾਰੀ ਜੀਵ. "ਪੂਰੇ ਗੁਰ ਕੀ ਸੁਮਤਿ ਪਰਾਣੀ." (ਗਉ ਮਃ ੫) ੨. ਪਰਿਗਯਾਤ ਹੋਈ. ਪਰਿ-ਜਾਣੀ। ੩. ਪਸ਼ੂ ਪ੍ਰੇਰਣ ਲਈ ਜਿਸ ਸੋਟੀ ਦੇ ਸਿਰ ਪੁਰ ਲੋਹੇ ਦੀ ਅਣੀ ਲੱਗੀ ਹੋਵੇ. ਆਰਦਾਰ ਸੋਟੀ.

ਪਰਾਤ: ਸੰਗਯਾ- ਪਾਤ੍ਰ ਸ਼ਬਦ ਦਾ ਰੂਪਾਂਤਰ. ਚੌੜਾ ਚਪੇਤਲਾ ਬਰਤਨ. ਵਿਸ਼ੇਸ਼ ਕਰਕੇ ਇਹ ਆਟਾ ਗੁੰਨ੍ਹਣ ਦੇ ਕੰਮ ਆਉਂਦਾ ਹੈ। ੨. ਦੇਖੋ, ਪਰੈ ਪਰਾਤਿ। ੩. ਪ੍ਰਾਤ (प्रातर्) ਸਵੇਰਾ. ਪ੍ਰਭਾਤ। ੪. ਪਲਾਤ. ਪਲਾਯਨ ਹੁੰਦਾ. ਨਠਦਾ. "ਮਹਾਕਾਲ ਪਿਖ ਦੈਤ ਪਰਾਤ." (ਸਲੋਹ)

ਪਰਾਂਤ: ਕ੍ਰਿ ਵਿ- ਉਪਰਾਂਤ. ਪਿੱਛੋਂ. ਮਗਰੋਂ. "ਮਰੇ ਪਰਾਂਤ ਚੁਰੇਲ ਹ੍ਵੈ." (ਚਰਿਤ੍ਰ ੯੧) ਮਰਨ ਪਿੱਛੋਂ ਚੁੜੇਲ। ੨. ਸੰ. परान्त. ਮੌਤ. ਮ੍ਰਿਤ੍ਯੁ. ਪਰਮ ਅੰਤ. ਸਮਾਪ੍ਤੀ। ੩. ਮੋਕ੍ਸ਼.

ਪਰਾਤਉ: ਦੇਖੋ, ਪਰਾਤਾ.

ਪਰਾਤਮ, ਪਰਾਤਮਾ, ਪਰਾਤਮੁ: ਸੰ. परात्मन. ਸੰਗਯਾ- ਪਰਮਾਤਮਾ. ਪਾਰਬ੍ਰਹਮ. "ਆਤਮੁ ਚੀਨਿ ਪਰਾਤਮੁ ਚੀਨਹੁ." (ਮਾਰੂ ਸੋਲਹੇ ਮਃ ੧) "ਆਤਮਾ ਪਰਾਤਮਾ ਏਕੋ ਕਰੈ." (ਧਨਾ ਮਃ ੧) ਆਤਮਾ ਜੀਵ. ਪਰਾਤਮਾ ਬ੍ਰਹਮ.

ਪਰਾਤਾ: ਵਿ- ਪਰਿ- ਰਤ. ਅਤਯੰਤ ਪ੍ਰੀਤਿਵਾਨ ਹੋਇਆ. "ਨਾਨਕ ਗੁਰਚਰਣਿ ਪਰਾਤਾ." (ਸ੍ਰੀ ਅਃ ਮਃ ੫) ੨. ਲਾਲਚ ਵਿੱਚ ਫਸਿਆ. "ਜਿਉ ਕੁੰਡੀ ਮੀਨ ਪਰਾਤਾ." (ਮਾਰੂ ਸੋਲਹੇ ਮਃ ੧)

---

[768] ਸ੍ਰੀ ਗੁਰੂ ਤੇਗਬਹਾਦੁਰ ਸਾਹਿਬ ਜੀ ਦਾ ਦੀਵਾਨ, ਜੋ ਸਤਿਗੁਰਾਂ ਨਾਲ ਦਿੱਲੀ ਸ਼ਹੀਦ ਹੋਇਆ.

ਪਰਾਤਿ: ਕ੍ਰਿ. ਵਿ- ਪ੍ਰਾਤਃ ਸਵੇਰੇ. ਤੜਕੇ। ੨. ਪ੍ਰੀਤਿ ਸੇ. ਪ੍ਰੇਮ ਕਰਕੇ. "ਛਡਾਇਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ." (ਧਨਾ ਮਃ ੫)

ਪਰਾਤੀ: ਵਿ- ਪਰਿ- ਰਤ ਹੋਈ. ਪ੍ਰੇਮਵਾਨ ਹੋਈ. "ਗੁਰੁ ਪੂਰੇ ਕੀ ਓਟ ਪਰਾਤੀ." (ਮਾਰੂ ਸੋਲਹੇ ਮਃ ੧) ੨. ਪੜਤੀ. ਪੈਂਦੀ.

ਪਰਾਤੇ: ਪ੍ਰੇਮ ਨਾਲ ਧਾਰਣ ਕੀਤੇ. "ਤਿਨ ਸਾਧੂਚਰਣ ਲੈ ਰਿਦੈ ਪਰਾਤੇ." (ਮਾਰੂ ਸੋਲਹੇ ਮਃ ੫) ੨. ਪਰਤੇ. ਪੜਤੇ. ਪੈਂਦੇ. "ਤੇ ਤੇ ਪਾਰਿ ਪਰਾਤੇ." (ਗਉ ਮਃ ੫)

ਪਰਾਤੋ: ਦੇਖੋ, ਪਰਾਤਾ. "ਨਾਨਕ ਗੁਰਸਬਦਿ ਪਰਾਤੋ." (ਗਉ ਮਃ ੫)

ਪਰਾਂਦਾ: ਸੰਗਜਾ- ਪਰਿਬੰਧਨ. ਇਸਤ੍ਰੀਆਂ ਦੇ ਕੇਸ਼ ਬੰਨ੍ਹਣ ਦਾ ਡੋਰਾ.

ਪਰਾਧ: ਸੰਗਜਾ- ਅਪਰਾਧ. ਦੋਸ਼ੀ. ਗੁਨਾਹ. "ਕੋਟਿ ਪਰਾਧ ਮਿਟੈ ਤੇਰੀ ਸੇਵਾ." (ਦੇਵ ਮਃ ੫)

ਪਰਾਧੀ: ਵਿ ਅਪਰਾਧੀ (अपराधिन ) ਦੋਸ਼ੀ. ਗੁਨਹਗਾਰ. "ਕੋਟਿ ਪਰਾਧੀ ਤਰਿਆ ਰੇ." (ਸੋਰ ਮਃ ੫)

ਪਰਾਧੀਨ: ਵਿ- ਪਰਵਸ਼. ਜੋ ਦੂਸਰੇ ਦੇ ਅਧੀਨ ਹੈ.

ਪਰਾਨ: ਦੇਖੋ, ਪ੍ਰਾਣ। ੨. ਘੀ. ਘ੍ਰਿਤ. "ਅਗਨਿ ਮਾਹਿ ਹੋਮਤ ਪਰਾਨ." (ਸੁਖਮਨੀ) ੩. ਪ੍ਰਾਣੀ. ਜੀਵ. "ਨਿਰਭਉ ਭਏ ਪਰਾਨ." (ਆਸਾ ਛੰਤ ਮਃ ੫) ੪. ਪੜਾ. ਪਿਆ. "ਜਿਨਿ ਜਪਿਆ ਤੇ ਪਾਰਿ ਪਰਾਨ." (ਪ੍ਰਭਾ ਪੜਤਾਲ ਮਃ ੪) ੫. ਦੇਖੋ, ਪ੍ਰਯਾਣ। ੬. ਦੇਖੋ, ਪਰਾੱਨ। ੭. ਦੇਖੋ, ਪਰਾਨੈ.

ਪਰਾਨਹਾ: ਦੇਖੋ, ਪਰਾਨਿਹਾਂ। ੨. ਦੇਖੋ, ਪ੍ਰਾਣਹਾ.

ਪਰਾਨਥ: ਪੜਤਾ ਹੈ. ਪੈਂਦਾ ਹੈ. "ਜੋ ਸੁਨੈ ਸੋ ਪਾਰਿ ਪਰਾਨਥ." (ਮਾਰੂ ਮਃ ੫)

ਪਰਾਨਪਤਿ: ਸੰਗਜਾ- ਪ੍ਰਾਣਪਤਿ. ਆਤਮਾ। ੨. ਕਰਤਾਰ. ਵਾਹਗੁਰੂ.

ਪਰਾਨਾ: ਪਲਾਯਨ ਹੋਇਆ. ਨੱਠਿਆ. "ਦੁਖ ਦੂਰਿ ਪਰਾਨਾ." (ਮਾਝ ਮਃ ੫) ਦੂਰ ਜਾਪਿਆ। ੨. ਪੜਾ. ਪੈਗਿਆ. "ਸੁਆਮੀ ਸਿਮਰਤ ਪਾਰਿ ਪਰਾਨਾ." (ਧਨਾ ਮਃ ੫) ੩. ਪ੍ਰਯਾਣ. ਯਾਤ੍ਰਾ. "ਆਸ ਅੰਦੇਸਾ ਬੰਧਿ ਪਰਾਨਾ। ਮਹਲ ਨ ਪਾਵੈ ਫਿਰਤ ਬਿਗਾਨਾ." (ਸੂਹੀ ਅਃ ਮਃ ੫) ਆਸਾ ਅਤੇ ਅੰਦੇਸ਼ਾ ਜੀਵਨ ਦੀ ਪਰਮਾਰਥ ਯਾਤ੍ਰਾ ਵਿੱਚ ਪ੍ਰਤਿਬੰਧ (ਰੋਕ) ਹੈ। ੪. ਪਾਰੀ-ਯਾਨ. ਪਾਰੀ (ਸਮੁੰਦਰ) ਤਰਣ ਦੀ ਯਾਨ (ਸਵਾਰੀ), ਜਹਾਜ, "ਹਰਿ ਹਰਿ ਤਾਰਿ ਪਰਾਨਾ." (ਗੂਜ ਮਃ ੫)

ਪਰਾਨਿ: ਸੰਗਯਾ- ਪ੍ਰਾਣੀ. ਜੀਵ "ਬਾਲਕ ਬਿਰਧ ਨ ਸੁਰਤਿ ਪਰਾਨਿ." (ਆਸਾ ਅਃ ਮਃ ੧)

ਪਰਾਨਿਹਾਂ: ਪੈਗਿਆ ਹਾਂ. ਪੜਾ ਹੂੰ. "ਭੈ ਪਾਵਕ ਪਾਰਿ ਪਰਾਨਿਹਾਂ." (ਆਸਾ ਮਃ ੫)

ਪਰਾਨੀਦਨ: ਫ਼ਾ. پرانیدن ਕ੍ਰਿ- ਉਡਾਉਣਾ.

ਪਰਾਨੇ: ਪਲਾਯਨ ਹੋਏ. ਨੱਠੇ. ਜਿਨ੍ਹਾ ਨੇ ਪ੍ਰਯਾਣ ਕੀਤਾ ਹੈ। ੨. ਪਏ. ਪੜੇ. "ਤੇ ਭਵਜਲ ਤੇ ਪਾਰਿ ਪਰਾਨੇ." (ਗੁਪ੍ਰਸੂ) ੩. ਹੋਏ. ਭਏ. "ਕਵਚ ਭੇਦ ਸਰ ਪਾਰ ਪਰਾਨੇ." (ਸਲੋਹ)

ਪਰਾਨੈ: ਪ੍ਰਮਾਨੈ. ਪ੍ਰਮਾਣ (ਅਨੁਮਾਨ) ਕਰਦਾ ਹੈ. "ਜੋ ਹੋਵਨ ਸੋ ਦੂਰਿ ਪਰਾਨੈ." (ਸੁਖਮਨੀ)

ਪਰਾਨੋ: ਪਲਾਯਨ ਹੋਇਆ. ਨੱਠਿਆ। ੨. ਪਿਆ. ਪੜਾ। ੩. ਹੋਇਆ. ਭਇਆ. ਦੇਖੋ, ਪਰਾਨੇ.

ਪਰਾੱਨ: ਸੰਗਜਾ- परान्न. ਪਰਾਇਆ ਅੰਨ.

ਪਰਾਪਤਿ: ਦੇਖੋ, ਪ੍ਰਾਪ੍ਤਿ। ੨. ਵਿ- ਪਰ- ਆਪੱਤਿ. ਜੋ ਵਿਪਦਾ ਅਤੇ ਸਭ ਦੁੱਖਾਂ ਤੋਂ ਪਰੇ ਹੈ। ੩. ਸੰਗਯਾ- ਕਰਤਾਰ.

ਵਾਹਗੁਰੂ. "ਅਚਰਜ ਸੁਨਿਓ ਪਰਾਪਤਿ ਭੇਟੁਲੇ." (ਬਿਲਾ ਮਃ ੫)

ਪਰਾਪੂਰਬਲਾ: ਵਿ- ਬਹੁਤ ਪੂਰਵ ਕਾਲ ਦਾ. ਮੁੱਢ ਦਾ. ਆਦਿ ਕਾਲ ਦਾ. "ਸਤਿ ਨਾਮ ਤੇਰਾ ਪਰਾਪੂਰਬਲਾ." (ਮਾਰੂ ਸੋਲਹੇ ਮਃ ੫)

ਪਰਾਪੂਰਬਿ: ਕ੍ਰਿ. ਵਿ- ਬਹੁਤ ਪਹਿਲਾਂ ਤੋਂ. ਮੁੱਢ ਤੋਂ "ਪਰਾਪੂਰਬਿ ਜਿਸਹਿ ਲਿਖਿਆ." (ਸਾਰ ਮਃ ੫)

ਪਰਾਪੂਰਬੇਣ: ਮੁੱਢਲੇ ਕਰਕੇ. "ਦਾਨੰ ਪਰਾਪੂਰਬੇਣ ਭੁਚੰਤੇ ਮਹੀਪਤਹ." (ਸਹਸ ਮਃ ੫)

ਪਰਾਭਯ, ਪਰਾਭਵ: ਸੰਗਯਾ- ਪਰਾਭਵ. ਨਿਰਾਦਰ. ਤਿਰਸਕਾਰ. "ਇਛਸਿ ਜਮਾਦਿ ਪਰਾਭਯੰ." (ਗੂਜ ਜੈਦੇਵ) ੨. ਪਰਾਜਯ. ਹਾਰ। ੩. ਵਿਨਾਸ਼.

ਪਰਾਮਰਸ: (ਦੇਖੋ, ਮ੍ਰਿਸ਼ੑ ਧਾ) ਸੰ. ਪਾਰਮਸ਼ੰ. ਸੰਗਜਾ- ਵਿਚਾਰ. ਚਿੰਤਨ. ਧਜਾਨ। ੨. ਪਕੜਨਾ. ਫੜਨਾ। ੩. ਸਿਮ੍ਰਿਤਿ. ਯਾਦ. ਚੇਤਾ। ੪. ਯੁਕ੍ਤਿ. ਦਲੀਲ। ੫. ਸਲਾਹ. ਮਸ਼ਵਰਾ.

ਪਰਾਮੁਖ: ਦੇਖੋ, ਪਰਾਙਮੁਖ. "ਸਮੁਖ ਪਰਾਮੁਖ ਕਬਿ ਵਿਚਰੰਤੇ." (ਗੁਪ੍ਰਸੂ)

ਪਰਾਯਣ: ਦੇਖੋ, ਪਰਾਇਣ.

ਪਰਾਯਾ: ਦੇਖੋ, ਪਰਾਇਆ.

ਪਰਾਰ: ਸੰਗਜਾ- ਪਰਲਾ ਪਾਰ. ਉਰਾਰ ਦੇ ਵਿਰੁੱਧ। ੨. ਗੁਜ਼ਰਿਆ ਹੋਇਆ ਸਾਲ. ਪਰ- ਸਾਲ, ਦੇਖੋ, ਪਰਾਰਿ। ੩. ਦੇਖੋ, ਪਰਾਲ। ੪. ਦੇਖੋ, ਪਾਯਦਾਰ.

ਪਰਾਰਥ: ਸੰਗਜਾ- ਪਰ- ਅਥੰ. ਦੂਜੇ ਦਾ ਕੰਮ. ਦੂਸਰੇ ਦਾ ਉਪਕਾਰ। ੨. ਵਿ- ਪਰ- ਨਿਮਿੱਤ. ਜੋ ਦੂਸਰੇ ਵਾਸਤੇ ਹੋਵੇ.

ਪਰਾਰਧ: ਸੰ. परार्द्ध. ਸੰਗਜਾ- ਬ੍ਰਹਮਾ ਦੀ ਉਮਰ ਦਾ ਅੱਧਾ ਕਾਲ। ੨. ਇੱਕ ਗਿਣਤੀ ੧00000000000000000 ਏਕੇ ਉੱਪਰ ਸਤਾਰਾਂ ਬਿੰਦੀਆਂ। ੩. ਚੰਨਨ। ੪. ਕੇਸਰ.

ਪਰਾਰਾ: ਵਿ- ਪਰਾਲੀ (ਧਾਨਾਂ ਦੇ ਫੂਸ) ਦਾ. "ਕਾਹੂ ਗਰੀ ਗੋਦਰੀ ਨਾਹੀ, ਕਾਹੂ ਖਾਨ ਪਰਾਰਾ." (ਆਸਾ ਕਬੀਰ) ਕਿਸੇ ਦੇ ਸੜੀ ਹੋਈ ਗੋਦੜੀ ਭੀ ਨਹੀਂ, ਕਿਸੇ ਦਾ ਘਰ ਪਰਾਲੀ ਦਾ ਹੈ. ਅਰਥਾਤ ਫੂਸ ਦੀ ਝੁੱਗੀ ਵਿੱਚ ਰਹਿੰਦਾ ਹੈ. ਦੇਖੋ, ਪਰਾਲ.

ਪਰਾਰਿ: ਸੰ. ਵਜ- ਵੀਤੇ ਹੋਏ ਤੀਜੇ ਸਾਲ ਵਿੱਚ. ਪਰ ਸੰਵਤ ਤੋਂ ਪਿਛਲੇ ਵਰ੍ਹੇ ਵਿੱਚ.

ਪਰਾਰੇ: ਕ੍ਰਿ. ਵਿ- ਪਰਲੇ ਪਾਸੇ. ਪਰੇ. ਦੂਰ. "ਤਜ ਸਾਕਤ ਪਰੇ ਪਰਾਰੇ." (ਨਟ ਅਃ ਮਃ ੪) ੨. ਪਰੇ ਤੋਂ ਪਰੇ. ਭਾਵ- ਅਤਜੰਤ ਪਰੇ.

ਪਰਾਲ: ਸੰ. ਪਲਾਲ. ਸੰਗਜਾ- ਧਾਨਾਂ ਦਾ ਫੂਸ. ਪਰਾਲੀ। ੨. ਭਾਵ- ਫਲ ਰਹਿਤ. ਅਸਾਰ. "ਛੋਡਿ- ਜਾਹਿ ਸੇ ਕਰਹਿ ਪਰਾਲ." (ਧਨਾ ਮਃ ੫)

ਪਰਾਲਬਧ: ਸੰ. ਪ੍ਰਾਰਬਧ. ਸੰਗਜਾ- ਦੇਹ ਦੇ ਆਰੰਭ ਕਰਨ ਵਾਲਾ ਕਰਮ. ਜਿਸ ਕਰਮ ਦ੍ਵਾਰਾ ਦੇਹ ਦੀ ਪ੍ਰਾਪਤੀ ਹੋਈ ਹੈ.

ਪਰਾਲਿ, ਪਰਾਲੀ, ਪਰਾਲੁ: ਸੰਗਯਾ- ਦੇਖੋ, ਪਰਾਲ. "ਰੋਵਣ ਵਾਲੇ. ਜੇਤੜੇ ਸਭਿ ਬੰਨਹਿ ਪੰਡ ਪਰਾਲਿ." (ਸ੍ਰੀ ਮਃ ੧) "ਛਿਜੈ ਕਾਇਆ ਹੋਇ ਪਰਾਲੁ." (ਵਾਰ ਮਲਾ ਮਃ ੧) "ਮਨਮੁਖ ਥੀਏ ਪਰਾਲੀ." (ਵਾਰ ਰਾਮ ੩)

ਪਰਾਵਉ, ਪਰਾਵਹੁ: ਪਓ. ਪੜੋ. "ਭਵਸਾਗਰ ਤੇ ਪਾਰ ਪਰਾਵਹੁ." (ਗੁਪ੍ਰਸੂ) ੨. ਪ੍ਰਾਪਤ ਕਰੋ. ਪਾਓ. "ਅਉਗੁਣ ਛੋਡਹੁ ਗੁਣ ਕਰਹੁ. ਐਸੇ ਤਤੁ ਪਰਾਵਉ." (ਆਸਾ ਅਃ ਮਃ ੧) ੩. ਪਲਾਯਨ ਕਰੋ. ਨੱਠੋ. "ਸਭੈ ਜੰਗ ਤੇ ਅਬੈ ਪਰਾਵਹੁ." (ਸਲੋਹ)

ਪਰਾਵਨ: ਕ੍ਰਿ- ਪਲਾਯਨ. ਦੌੜਨਾ. "ਕਿਹ ਭਾਂਤ ਪਰਾਵਤ ਹੋਂ ਬਲ ਹਾਰੇ?" (ਕ੍ਰਿਸਨਾਵ) ੨. ਪੜਵਾਉਣਾ. "ਨਿਜ ਪਰਦ ਪਰਾਵਨ ਚਾਹੀ." (ਨਾਪ੍ਰ) ਆਪਣਾ ਪੜਦਾ ਪੜਵਾਉਣਾ ਚਾਹੁੰਦਾ ਹੈ.

ਪਰਾਵਰ: ਸੰ. ਵਿ- ਸਭ ਤੋਂ ਸ਼੍ਰੇਸ਼੍ਠ. ਅਤਿ ਉੱਤਮ. "ਪਰਮ ਪਰਾਵਰ ਨਾਥ." (ਨਾਪ੍ਰ) ੨. ਅਗਲਾ ਪਿਛਲਾ। ੩. ਊਚ ਨੀਚ. ਆਦਿ ਅੰਤ.

ਪਰਾਵੈ: ਪੜਤਾ ਹੈ. ਪੈਂਦਾ ਹੈ. "ਬਾਹਰਿ ਜਾਤਉ ਉਲਟਿ ਪਰਾਵੈ." (ਆਸਾ ਅਃ ਮਃ ੧) ੨. ਪਲਾਵੈ. ਪਲਾਯਨ ਹੁੰਦਾ (ਨੱਠਦਾ) ਹੈ.

ਪਰਾਵ੍ਰਿਜ: ਸੰ. ਸੰਗਜਾ- ਜਾਤਿ ਤੋਂ ਬਾਹਰ ਕੀਤਾ ਹੋਇਆ ਪੁਰੁਸ਼। ੨. ਜਿਸ ਨੇ ਤਪਬਲ ਨਾਲ ਪਾਪ ਬਾਹਰ ਕੱਢ ਦਿੱਤੇ ਹਨ, ਰਿਖੀ. ਮੁਨਿ.

ਪਰਿ: ਉਪ. ਇਹ ਸ਼ਬਦਾਂ ਦੇ ਆਦਿ ਲਗਕੇ ਅੱਗੇ- ਲਿਖੇ ਅਰਥਾਂ ਦੀ ਅਧਿਕਤਾ ਕਰਦਾ ਹੈ:-

ਚਾਰੇ ਪਾਸੇ. (ਚੁਫੇਰੇ), ਜੈਸੇ- ਪਰਿਕ੍ਰਮਾ.

੨. ਸੰਪੂਰਨ. ਰੀਤਿ ਕਰਕੇ. ਚੰਗੀ ਤਰਾਂ, ਜੈਸੇ- ਪਰਿਪੂਣੰ.

੩. ਅਤਿਸ਼ਯ. ਜੈਸੇ- ਪਰਿਚਪਲ.

੪. ਦੋਸ਼ ਕਥਨ. ਜੈਸੇ- ਪਰਿਵਾਦ.

੫. ਨਿਯਮ. ਕ੍ਰਮ. ਜੈਸੇ- ਪਰਿਛੇੱਦ ਆਦਿ.

੬. ਕ੍ਰਿ. ਵਿ- ਉੱਤੇ, ਉੱਪਰ. "ਹਾਟ ਪਰਿ ਆਲਾ." (ਰਾਮ ਬੇਣੀ) ਦੇਖੋ, ਊਪਰਿ ਹਾਟੁ.

ਪਰਿਆ: ਪੜਿਆ. ਪਿਆ. "ਜਾ ਆਹਰਿ ਹਰਿਜੀਉ ਪਰਿਆ." (ਸੋਦਰੁ)

ਪਰਿਆਇ: ਦੇਖੋ, ਪਰਯਾਯ.

ਪਰਿਸ਼ਿਸ਼੍ਟ: ਵਿ- ਬਾਕੀ. ਬਚਿਆ ਹੋਇਆ। ੨. ਸੰਗਯਾ- ਗ੍ਰੰਥ ਨਾਲ ਜੋੜਿਆ ਹੋਇਆ। ਜ਼ਮੀਮਾ. ਤਿਤਿੱਮਾ. Appenzix ਪਰਿਸ਼ਿਸ਼੍ਟ.

ਪਰਿਸ਼ੋਧਨ: ਸੰਗਜਾ- ਚੰਗੀ ਤਰ੍ਹਾਂ ਸ਼ੁੱਧ ਕਰ੍ਣ ਦੀ ਕ੍ਰਿਯਾ। ੨. ਕਰ ਦੀ ਬੇਬਾਕੀ.

ਪਰਿਸੰਖਜਾ: ਸੰਗਜਾ- ਗਿਣਤੀ. ਸ਼ੁਮਾਰ। ੨. ਇੱਕ ਅਰਥਾਲੰਕਾਰ. ਕਿਸੇ ਵਸਤੁ ਦਾ ਇੱਕ ਥਾਂ ਨਿਸ਼ੇਧ ਕਰਕੇ ਉਸ ਨੂੰ ਦੂਜੇ ਥਾਂ ਠਹਿਰਾਉਣਾ, "ਪਰਿਸੰਖਜਾ" ਅਲੰਕਾਰ ਹੈ.

ਇਕ ਬਲ ਵਰਜ ਦੁਤਿਯ ਬਲ ਮਾਹੀਂ,

ਕਛੁ ਠਹਿਰਾਯ ਪ੍ਰਸੰਖਜਾ ਗਾਈ. (ਗਰਬਗੰਜਨੀ)

ਉਦਾਹਰਣ-

ਘੋਰੇ ਹਾਥੀ ਚਿਤ੍ਰਨ ਕੇ ਰਹੇ ਚਿਤ੍ਰਸਾਰੀ ਮਾਝ

ਰਾਮ ਕੇ ਜਨਮ ਰਹਯੋ ਦਾਮ ਦਫਤਰ ਮੇ.

(ਰਘੁਨਾਥ ਕਵਿ)

ਸੂਰਤਾਈ ਆਂਧਰੇ ਮੇ ਦ੍ਰਿੜ੍ਹਤਾਈ ਪਾਹਨ ਮੇ,

ਨਾਸਿਕਾ ਚਨਾਨ ਮਧਜ ਨੌਨ ਰਹਯੋ ਹਾਟ ਮੇਂ,

ਧਮੰ ਰਹਜੋ ਪੋਥਿਨ ਵਡਾਈ ਰਹੀ ਕ੍ਰਿਕਨ ਮੇ,

ਬੰਧ ਪ੍ਰਪਾ ਪਾਤਨ ਮੇ ਪਾਨੀ ਰਹਯੋ ਘਾਟ ਮੇ,

ਯਹ ਕਲਿਕਾਲ ਨੇ ਬਿਹਾਲ ਕਿਯੋ ਸਭ ਜਗ

"ਨਾਯਕ" ਸੁ ਕਵਿ ਕੈਸੀ ਬਨੀ ਹੈ ਕੁਠਾਟ ਮੇ,

ਰਜ ਰਹੀ ਪੰਥਨ ਰਜਾਈ ਰਹੀ ਸ਼ੀਤਕਾਲ

ਰਾਜਾ ਭਯੋ ਨਾਈ ਅਰੁ ਰਾਈ ਗਈ ਭਾਟ ਮੇ.

(ਨਾਯਕ ਕਵਿ)

(ਅ) ਇੱਕ ਵਸਤੂ ਦਾ ਅਨੇਕ ਥਾਂ ਨਿਸ਼ੇਧ ਕਰਕੇ ਇੱਕ ਥਾਂ ਠਹਿਰਾਉਣਾ, "ਪਰਿਸੰਖਯਾ" ਦਾ ਦੂਜਾ ਰੂਪ ਹੈ.

ਉਦਾਹਰਣ-

ਸੁਖੁ ਨਾਹੀ ਬਹੁਤੈ ਧਨਿ ਖਾਟੇ,

ਸੁਖੁ ਨਾਹੀ ਪੇਖੇ ਨਿਰਤਿ ਨਾਟੇ,

ਸੁਖ ਨਾਹੀ ਬਹੁ ਦੇਸ਼ ਕਮਾਏ,

ਸਰਬ ਸੁਖਾ ਹਰਿਹਰਿ ਗੁਣਗਾਏ.

(ਭੈਰ ਮਃ ੫)

ਨਹ ਸੀਤਲੰ ਚੰਦ੍ਰਦੇਵਹ, ਨਹ ਸੀਤਲੰ ਬਾਵਨਚੰਦਨਹ,

ਨਹ ਸੀਤਲੰ ਸੀਤ ਰੁਤੇਣ, ਨਾਨਕ ਸੀਤਲੰ ਸਾਧ ਸ੍ਵਜਨਹ.

(ਸਹਸ ਮਃ ੫)

ਹੋਤ ਸੁਖ ਜਨ ਮੇ ਨ ਬਨ ਮੇ ਨ ਧਨ ਮੇ ਨ

ਜਪ ਮੇ ਨ ਤਪ ਮੇ ਨ ਤੀਰਥ ਮ ਨ੍ਹਾਇਯੇ,

ਭੋਗ ਮੇ ਨ ਜੋਗ ਮੇ ਸੰਜੋਗ ਮੇ ਵਿਜੋਗ ਮੇ ਨ

ਦੇਸ਼ ਔ ਵਿਦੇਸ਼ ਦਸ਼ੋਦਿਸ਼ਾ ਜੌ ਭ੍ਰਮਾਇਯੇ,

ਗਜਾਨ ਮੇ ਨ ਧਜਾਨ ਮੇ ਨ ਸਜਾਨ ਸਨਮਾਨ ਮੇ ਨ

ਮਾਨ ਅਪਮਾਨ ਮੇ ਨ ਪ੍ਰਭੁਤਾ ਬਢਾਇਯੇ,

ਸਾਧਨ ਸਮਾਧਿ ਵਜਾਧਿ ਜਾਨਿਯੇ ਟਹਲ ਸਿੰਘ

ਸੁਖ ਹੈ ਵਿਚਾਰ ਮੇਂ ਵਿਚਾਰੇ ਸੁਖ ਪਾਇਯੇ.

(ਅਲੰਕਾਰਸਾਗਰਸੁਧਾ)

ਪਰਿਸ਼੍ਰਮ: ਸੰ. ਸੰਗਜਾ- ਥਕਾਵਟ. ਥਕਾਣ। ੨. ਮਿਹ਼ਨਤ. ਮਸ਼ੱਕਤ.

**ਪਰਿਸ਼੍ਰਮੀ:** ਵਿ- ਮਿਹ਼ਨਤੀ. ਉੱਦਮੀ.

**ਪਰਿਸ੍ਰਵ:** ਸੰ. ਸੰਗਯਾ- ਚੁਇਣਾ. ਰਸਣਾ. ਟਪਕਣਾ। ੨. ਚਸ਼ਮਾ. ਝਰਨਾ। ੩. ਪਾਣੀ ਚੁਇਣ ਤੋਂ ਬਣਿਆ ਹੋਇਆ ਪ੍ਰਵਾਹ.

**ਪਰਿਹਰਣ:** ਸੰ. ਸੰਗ੍ਯਾ. ਖੋਹਣ ਦੀ ਕ੍ਰਿਯਾ. ਛੀਨਨਾ। ੨. ਤ੍ਯਾਗ. ਤਜਨਾ। ੩. ਨਿਵਾਰਣ. ਹਟਾਉਣਾ.

**ਪਰਿਹਰਨਾ:** ਕ੍ਰਿ. ਪਰਿਹਰਣ ਕਰਨਾ. ਤਜਾਗਣਾ। ੨. ਖੋਹਣਾ. ਖਸੋਟਨਾ। ੩. ਹਟਾਉਣਾ. ਨਿਵਾਰਣ ਕਰਨਾ. ਵਰਜਣਾ.

**ਪਰਿਹਾਂ:** ਦੇਖੋ, ਪੁਨਹਾ.

**ਪਰਿਹਾਸ:** ਸੰ. ਸੰਗਯਾ- ਹਾਸੀ ੧੨. ਮਖੌਲ. ਠੱਠਾ.

**ਪਰਿਹਾਰ:** ਸੰ. ਸੰਗਯਾ- ਦੋਸ਼ ਦੂਰ ਕਰਨ ਦੀ ਕ੍ਰਿਯਾ। ੨. ਤਜਾਗ। ੩. ਪਿੰਡ ਦੀ ਸ਼ਾਮਲਾਤ ਜ਼ਮੀਨ. ਗ੍ਰਾਮ ਦੇ ਪਾਸ ਦੀ ਉਹ ਭੂਮਿ, ਜਿਸ ਦੇ ਵਰਤਣ ਦਾ ਸਭ ਨੂੰ ਹੱਕ਼ ਹੈ। ੪. ਜੰਗ ਦੀ ਜਿੱਤ ਵਿੱਚ ਆਇਆ ਧਨ। ੫. ਖੰਡਨ. ਤਰਦੀਦ। ੬. ਅਵਗ੍ਯਾ. ਨਿਰਾਦਰ। ੭. ਰਾਜਪੂਤਾਂ ਦੀ ਇੱਕ ਜਾਤਿ, ਜਿਸ ਦਾ ਜ਼ਿਕਰ ਕਰਨਲ ਟਾਡ ਨੇ ਰਾਜਸ੍ਥਾਨ ਵਿੱਚ ਕੀਤਾ ਹੈ.

**ਪਰਿਕਰ:** ਸੰ. ਸੰਗਯਾ- ਪਰਿਵਾਰ. ਕੁਟੰਬ। ੨. ਪਲੰਘ. ਪਰ੍ਯੰਕ। ੩. ਨੌਕਰਾਂ ਦਾ ਸਮੁਦਾਯ। ੪. ਤਿਆਰੀ।

੫. ਕਮਰਬੰਦ। ੬. ਇੱਕ ਅਰਥਾਲੰਕਾਰ. ਵਿਸ਼ੇਸ਼ਣ ਨੂੰ ਸਾਰਥਕ ਕਹਿਕੇ ਵਿਸ਼ੇਸ਼੍ਯ ਦਾ ਕਥਨ "ਪਰਿਕਰ" ਅਲੰਕਾਰ ਹੈ.

ਜਹਾਂ ਵਿਸ਼ੇਸ਼ਣ ਸਾਭਿਪ੍ਰਾਯ,

ਪਰਿਕਰ ਭੂਸ਼ਣ ਸੋਇ ਗਨਾਯ. (ਗਰਬਗੰਜਨੀ)

ਉਦਾਹਰਣ-

ਅਗਿਆਨ ਅੰਧੇਰਾ ਮਿਟਿਗਇਆ

ਗੁਰ ਗਿਆਨੁ ਦੀਪਾਇਓ. (ਗਉ ਅਃ ਮਃ ੫) ਸਤਿਗੁਰੂ ਸੂਰਜ ਹਰਤ ਹੈ ਸਭ ਜਗ ਕੋ ਅੰਧਾਰ. ਕਲਪਤਰੋਵਰ ਜਗਤਗੁਰੁ ਮਨਵਾਂਛਿਤ ਫਲ ਦੇਤ. ਵਿਸ਼ੇਸ਼੍ਯ ਸਤਿਗੁਰੂ ਦੇ ਵਿਸ਼ੇਸ਼ਣ ਸੂਰਜ ਅਤੇ ਕਲਪਵ੍ਰਿਕ੍ਸ਼ ਸਾਰਥਕ ਹੋਏ, ਕਿਉਂਕਿ ਅੰਧਕਾਰ ਦੂਰਿ ਕਰਨਾ ਅਤੇ ਮਨਵਾਂਛਿਤ ਫਲ ਦੇਣਾ ਸਿੱਧ ਹੋਇਆ.

**ਪਰਿਕਰਾਂਕੁਰ:** (ਸਹਾਇਕ ਦਾ ਪੈਦਾ ਹੋਣਾ) ਵਿਸ਼ੇਸ਼੍ਯ ਦਾ ਗੂਢ ਅਭਿਪ੍ਰਾਯ ਨਾਲ ਕਥਨ "ਪਰਿਕਰਾਂਕੁਰ" ਅਲੰਕਾਰ ਹੈ.

ਸਾਭਿਪ੍ਰਾਯ ਵਿਸ਼ੇਸ਼੍ਯ ਸੋ ਪਰਿਕਰ ਅੰਕੁਰ ਮਾਨ,

ਵਰਣਤ ਬੁਧ ਅਨੁਮਾਨ ਕਰ ਗ੍ਰੰਥਨ ਕੋ ਮਤ ਜਾਨ।

(ਰਾਮਚੰਦ੍ਰਭੂਸ਼ਣ))

ਉਦਾਹਰਣ-

ਗੁਣੀ ਪੁਰਸ਼ ਸਭ ਨਰਨ ਕੋ ਅਪਨੇ ਵਸ਼ ਕਰਲੇਤ. ਇਸ ਥਾਂ ਗੁਣੀ ਵਿਸ਼ੇਸ਼ਣ ਦਾ ਗੂਢ ਅਭਿਪ੍ਰਾਯ ਹੈ ਕਿ ਗੁਣਰੂਪ ਗੁਣ (ਰੱਸੀ) ਨਾਲ ਕ਼ਾਬੂ ਕਰ ਲੈਂਦਾ ਹੈ.

**ਪਰਿਕ੍ਰਮ, ਪਰਿਕ੍ਰਮਾ:** ਸੰ. ਸੰਗਯਾ- ਚਾਰੇ ਪਾਸੇ ਫਿਰਨ ਦੀ ਕ੍ਰਿਯਾ. ਕਿਸੇ ਪੂਜ੍ਯ ਦੇਵਤਾ ਦੇ ਚੁਫੇਰੇ ਚੱਕਰ ਦੇਣਾ. "ਦੇਵਕੀਲਾਲ ਪਰਿਕ੍ਰਮ ਦੀਨੀ." (ਕ੍ਰਿਸਨਾਵ) ੨. ਮੰਦਿਰ ਦੇ ਚਾਰੇ ਪਾਸੇ ਪਰਿਕ੍ਰਮਾ ਲਈ ਬਣਿਆ ਮਾਰਗ. ਦੇਖੋ, ਪ੍ਰਦਕ੍ਸ਼ਿਣ.

**ਪਰਿਕ੍ਸ਼ਯ:** ਸੰ- ਸੰਗਯਾ- ਵਿਨਾਸ਼. ਤਬਾਹੀ। ੨. ਮਰਣ. ਪ੍ਰਾਣਤ੍ਯਾਗ.

**ਪਰਿਕ੍ਸ਼ਿਤ:** ਵਿ- ਚਾਰੇ ਪਾਸੇ ਫੈਲਿਆ ਹੋਇਆ. ਚੁਫੇਰਿਓਂ ਘੇਰਿਆ ਹੋਇਆ।

੨. ਸੰਗਯਾ- ਇੱਕ ਚੰਦ੍ਰਵੰਸ਼ੀ ਰਾਜਾ, ਜੋ ਉੱਤਰਾ ਦੇ ਉਦਰ ਤੋਂ ਅਭਿਮਨ੍ਯੁ ਦਾ ਪੁਤ੍ਰ, ਅਰਜੁਨ ਦਾ ਪੋਤਾ ਅਤੇ ਜਨਮੇਜਯ ਦਾ ਪਿਤਾ ਸੀ. ਅਸ਼੍ਵੱਥਾਮਾ ਨੇ ਇਸ ਨੂੰ ਗਰਭ ਵਿੱਚ ਹੀ ਮਾਰ ਦਿੱਤਾ ਸੀ, ਪਰ ਕ੍ਰਿਸ਼ਨ ਜੀ ਨੇ ਇਸ ਨੂੰ ਜੀਵਨ ਬਖਸ਼ਿਆ, ਇਸੇ ਕਾਰਣ ਨਾਮ ਪਰਿਕ੍ਸ਼ਿਤ ਹੋਇਆ.

ਜਦ ਯੁਧਿਸ਼੍ਠਿਰ ਰਾਜ ਤਯਾਗਕੇ ਹਿਮਾਲਯ ਨੂੰ ਗਿਆ, ਤਦ ਹਸ੍ਤਿਨਾਪੁਰ ਅਤੇ ਇੰਦ੍ਰਪ੍ਰਸਥ ਦਾ ਰਾਜਾ ਪਰਿਕ੍ਸ਼ਿਤ ਹੋਇਆ. ਇਸ ਦੀ ਮੌਤ ਸੱਪ ਦੇ ਡੰਗ ਨਾਲ ਹੋਈ ਸੀ, ਜਿਸ ਲਈ ਇਸ ਦੇ ਪੁਤ੍ਰ ਜਨਮੇਜਯ ਨੇ ਸਰਪਾਂ ਦਾ ਨਾਸ਼ ਕਰਨ ਲਈ ਸਰਪਮੇਧ ਯਗਯ ਕੀਤਾ ਸੀ।[769] ੩. ਦੇਖੋ, ਪਰੀਕ੍ਸ਼ਿਤ.

ਪਰਿਖਨ: ਸੰ. ਚਾਰੇ ਪਾਸੇ ਖੋਦਣ ਦੀ ਕ੍ਰਿਯਾ. ਦੇਖੋ, ਪਰਿਖਾ.

ਪਰਿਖਾ: ਸੰ. ਸੰਗਯਾ- ਖੰਦਕ. ਖਾਈ। ੨. ਕਿਲੇ ਦੇ ਚਾਰੇ ਪਾਸੇ ਡੂੰਘਾ ਟੋਆ, ਜਿਸ ਵਿੱਚ ਪਾਣੀ ਭਰਿਆ ਰਹੇ. ਪੁਰਾਣੇ ਜਮਾਨੇ ਵੈਰੀ ਨੂੰ ਰੋਕਣ ਲਈ ਇਹ ਪਰਿਖਾ ਬਣਾਈ ਜਾਂਦੀ ਸੀ, ਨੀਤਿਸ਼ਾਸਤ੍ਰ ਵਿੱਚ ਪਰਿਖਾ ਦੀ ਚੌੜਾਈ ਸੌ ਹੱਥ ਅਤੇ ਗਹਿਰਾਈ ਦਸ ਹੱਥ ਲਿਖੀ ਹੈ.

ਪਰਿਗਯਾ: ਸੰ. परिज्ञा. ਪ ਸੰਗਯਾ- ਸੂਖਮ ਗਯਾਨ।

੨. ਸੰਸ਼ਯ (ਸ਼ੱਕ) ਰਹਿਤ ਗਯਾਨ। ੩. ਦੇਖੋ, ਪ੍ਰਗਯਾ.

ਪਰਿਗਯਾਤ: ਸੰ. परिज्ञात्. ਵਿ- ਜਾਣਿਆ ਹੋਇਆ। ੨. ਬਿਨਾ ਸੰਸ਼ਯ ਜਾਣਿਆ ਹੋਇਆ.

ਪਰਿਗ੍ਰਹ: ਸੰ. ਸੰਗਯਾ- ਗ੍ਰਹਣ ਕਰਨਾ. ਲੈਣਾ। ੨. ਦਾਨ ਪ੍ਰਾਪਤ ਕਰਨਾ। ੩. ਧਨ ਸੰਗ੍ਰਹ। ੪. ਪਰਿਵਾਰ. ਕੁਟੰਬ। ੫. ਇਸਤ੍ਰੀਗ੍ਰਹਣ. ਵਿਆਹ ੬. ਕ੍ਰਿਪਾ. ਮਿਹਰਬਾਨੀ। ੭. ਕ਼ਸਮ. ਸੌਂਹ। ੮. ਹੱਥ. ਹਸ੍ਤ। ੯. ਫੌਜ ਦਾ ਪਿਛਲਾ ਭਾਗ.

ਪਰਿਘ: ਦੇਖੋ, ਪਰਘ.

ਪਰਿਚਯ: ਦੇਖੋ, ਪਰਚਾ.

ਪਰਿਚਰਯਾ: ਸੰ. ਪਰਿਚਰ੍ਯੰ. ਸੰਗਯਾ- ਸੇਵਾ। ੨. ਉਪਾਸਨਾ। ੩. ਤੀਮਾਰਦਾਰੀ. ਰੋਗੀ ਦੀ ਸੇਵਾ ਅਤੇ ਖ਼ਬਰਦਾਰੀ.

ਪਰਿਚਾਰ: ਸੰ. ਸੰਗਯਾ- ਸੇਵਾ. ਟਹਲ। ੨. ਦੇਖੋ, ਪ੍ਰਚਾਰ.

ਪਰਿਚਾਰਕ: ਸੰ. ਸੰਗਯਾ- ਸੇਵਕ. ਟਹਲੂਆ। ੨. ਦੇਖੋ, ਪ੍ਰਚਾਰਕ.

ਪਰਿਚਾਰਿਕਾ: ਸੰ. ਸੰਗਯਾ- ਦਾਸੀ. ਟਹਿਲਣ। ੨. ਦੇਖੋ ਪ੍ਰਚਾਰਿਕਾ.

ਪਰਿਚਿਤ: ਵਿ- ਜਾਣਿਆ ਹੋਇਆ. ਜਿਸ ਦਾ ਪਰਿਚਯ ਹੋਗਿਆ ਹੈ। ੨. ਇਕੱਠਾ ਕੀਤਾ ਹੋਇਆ. ਢੇਰ ਲਾਇਆ ਹੋਇਆ. ਚਿਣਿਆ ਹੋਇਆ.

ਪਰਿਛਦ: ਸੰ. परिच्छद. ਸੰਗਯਾ- ਢੱਕਣ। ੨. ਪੋਸ਼ਾਕ. ਵਸਤ੍ਰ। ੩. ਪਰਿਵਾਰ. ਕੁਟੰਬ.

ਪਰਿਛਾਂਹੀ: ਦੇਖੋ, ਪਰਛਾਂਹੀ.

ਪਰਿਛੇਦ: ਸੰ. परिच्छेद. ਸੰਗਯਾ- ਅਧ੍ਯਾਯ. ਬਾਬ। ੨. ਖੰਡ. ਟੁਕੜਾ. ਭਾਗ.

ਪਰਿਛੰਨ: ਦੇਖੋ, ਪਰਛਿੰਨ.

---

[769] ਕਈ ਵਿਦ੍ਵਾਨ ਲਿਖਦੇ ਹਨ ਕਿ ਨਾਗਵੰਸ਼ੀ ਤਕ੍ਸ਼ਕ ਜਾਤਿ ਨਾਲ ਜਨਮੇਜਯ ਦਾ ਜੰਗ ਹੋਇਆ ਸੀ, ਜਿਸ ਤੋਂ ਸਰਪਮੇਧ ਦੀ ਕਥਾ ਬਣੀ ਹੈ.

ਪਰਿਜਨ: ਸੰ. ਸੰਗਯਾ- ਪਰਿਵਾਰ ਦੇ ਆਸਰੇ ਰਹਿਣ ਵਾਲੇ ਲੋਕ. ਨੌਕਰ ਚਾਕਰ। ੨. ਕੁਟੰਬ ਦੇ ਲੋਕ.

ਪਰਿਣਤ: ਸੰ. ਵਿ- ਪਰਿ- ਨਤ. ਬਹੁਤ ਝੁਕਿਆ ਹੋਇਆ। ੨. ਪਰਿਣਾਮ ਨੂੰ ਪ੍ਰਾਪਤ ਹੋਇਆ. ਜਿਸ ਦੀ ਸ਼ਕਲ ਬਦਲਕੇ ਹੋਰ ਹੋ ਗਈ ਹੈ. ਜੈਸੇ- ਦੁੱਧ ਦਾ ਦਹੀਂ। ੩. ਪੱਕਿਆ ਹੋਇਆ। ੪. ਪਚਿਆ ਹੋਇਆ.

ਪਰਿਣਯ: ਸੰ. ਸੰਗਯਾ- ਪਰਿ- ਨੀ. ਵਿਆਹ. ਸ਼ਾਦੀ.

ਪਰਿਣਯਨ: ਸੰ. ਸੰਗਯਾ- ਵਿਆਹ ਕਰਨ ਦੀ ਕ੍ਰਿਯਾ. ਇਸਤ੍ਰੀਗ੍ਰਹਣ.

ਪਰਿਣਾਮ: ਸੰ. ਸੰਗਯਾ- ਬਦਲਣ ਦਾ ਭਾਵ. ਰੂਪਾਂਤਰ ਹੋਣਾ। ੨. ਨਤੀਜਾ. ਫਲ। ੩. ਇੱਕ ਅਰਥਾਲੰਕਾਰ. ਜੇ ਉਪਮੇਯ ਦਾ ਕਾਰਜ ਅਭੇਦਰੂਪ ਉਪਮਾਨ ਕਰੇ, ਤਦ "ਪਰਿਣਾਮ" ਅਲੰਕਾਰ ਹੁੰਦਾ ਹੈ.

ਹ੍ਵੈ ਉਪਮੇਯ ਸਰੂਪ ਜਹਿਂ, ਕ੍ਰਿਯਾਵਾਨ ਉਪਮਾਨ,

ਅਲੰਕਾਰ ਪਰਿਣਾਮ ਤਹਿਂ, ਸੁ ਕਵਿ ਕਰਤ ਵਾਖਜਾਨ।

ਉਦਾਹਰਣ- (ਅਲੰਕਾਰਸਾਗਰਸਧਾ)

ਨੈਨਕਮਲ ਨਿਰਖੈਂ ਗੁਰਸਿੱਖਨ.

ਇਸ ਥਾਂ ਨੇਤ੍ਰ ਉਪਮੇਯ ਹੈ ਕਮਲ ਉਪਮਾਨ ਹੈ, ਪਰ ਨਿਰਖਣਾ ਉਪਮੇਯ ਦਾ ਕੰਮ, ਕਮਲ ਉਪਮਾਨ ਕਰਦਾ ਹੈ.

ਪਰਿਣਾਮਵਾਦ: ਸੰ. ਸੰਗਯਾ- ਸਾਂਖ੍ਯ ਮਤ ਅਨੁਸਾਰ ਇਹ ਸਿੱਧਾਂਤ ਕਿ ਪ੍ਰਕ੍ਰਿਤਿ ਦੇ ਪਰਿਣਾਮ (ਰੂਪਾਂਤਰ ਹੋਣ) ਤੋਂ ਜਗਤ ਰਚਨਾ ਹੁੰਦੀ ਹੈ.

ਪਰਿਣਾਮੀ: ਵਿ- ਬਦਲਣ ਵਾਲਾ (परिणामिन्). ਜੋ ਇੱਕ ਹਾਲਤ ਵਿੱਚ ਨਾ ਰਹੇ.

ਪਰਿਣੀ: ਸੰਗਯਾ- ਪਰੀ (ਤੀਰ) ਵਾਲੀ ਸੈਨਾ. ਵਾਣ- ਵਰਖਾ ਕਰਨ ਵਾਲੀ ਫ਼ੌਜ. (ਸਨਾਮਾ)

ਪਰਿਤਾਪ: ਦੇਖੋ, ਪਰਤਾਪ. ੩

ਪਰਿਤੋਖ: ਸੰ. ਪਰਿਤੋਸ਼. ਸੰਗਯਾ- ਬਹੁਤ ਪ੍ਰਸੰਨਤਾ। ੨. ਸੰਤੋਸ਼. ਤ੍ਰਿਪ੍ਤਿ.

ਪਰਿਤਯਾਗ: ਸੰ. ਸੰਗਯਾ- ਚੰਗੀ ਤਰਾਂ ਛੱਡਣ ਦਾ ਭਾਵ ਤਯਾਗ.

ਪਰਿਤਯਾਗੀ: ਵਿ- ਛੱਡਣ ਵਾਲਾ. (परित्यागिन्) ਤਰਕ ਕਰਨ ਵਾਲਾ. ਛੱਡਣ ਵਾਲਾ.

ਪਰਿੰਦ, ਪਰਿੰਦਾ: ਫ਼ਾ. پرند ਪਖੀ. ਪੰਛੀ.

ਪਰਿਧਾਨ: ਸੰ. ਸੰਗਯਾ- ਉੱਪਰ ਧਾਰਣ ਕਰਨਾ. ਪਹਿਰਨਾ. ਵਸਤ੍ਰ ਓਢਣਾ.

ਪਰਿਧਿ: ਸੰ. ਸੰਗਯਾ- ਗੋਲ ਘੇਰੇ ਦੀ ਰੇਖਾ. ਦਾਯਰਾ। ੨. ਸੂਰਜ ਚੰਦ੍ਰਮਾ ਦਾ ਪਰਿਵੇਸ਼। ੩. ਚਾਰਦੀਵਾਰੀ। ੪. ਪੋਸ਼ਾਕ।

੫. ਯੱਗਕੰਡ ਦੇ ਆਸ ਪਾਸ ਗੱਡੀ ਹੋਈ ਬਿਰਛ ਦੀ ਟਾਹਣੀ। ੬. ਯੱਗਸਾਲਾ ਅਤੇ ਰਸੋਈ ਦੇ ਚੌਂਕੇ ਦੀ ਰੇਖਾ (ਲੀਕ) ੭. ਸਮੁੰਦਰ.

ਪਰਿਧੇਯ: ਸੰ. ਵਿ- ਪਹਿਰਣ ਯੋਗਯ। ੨. ਸੰਗਯਾ- ਵਸਤ੍ਰ ਪੋਸ਼ਾਕ.

ਪਰਿਪੱਕ, ਪਰਿਪਕ੍ਵ: ਸੰ. ਵਿ- ਚੰਗੀ ਤਰਾਂ ਪਕਿਆ (ਪਕ੍ਵ) ਹੋਇਆ। ੨. ਹਜਮ ਹੋਇਆ। ੩. ਵਿਦਯਾ ਆਦਿ ਵਿੱਚ ਪੱਕਾ. ਪੂਰਾ ਉਸ੍ਤਾਦ (ਤਾਕ)

ਪਰਿਪਾ: ਦੇਖੋ, ਪਰਪਾ। ੨. ਦੇਖੋ, ਪ੍ਰਪਾ.

ਪਰਿਪਾਕ: ਸੰ. ਸੰਗਯਾ- ਪੱਕਣ ਦਾ ਭਾਵ। ੨. ਪਚਣ ਦੀ ਕ੍ਰਿਯਾ. ਹਜ਼ਮ ਹੋਣਾ। ੩. ਪ੍ਰਵੀਣਤਾ. ਉਸ੍ਤਾਦੀ। ੪. ਕਰਮ ਦਾ ਫਲ. ਨਤੀਜਾ.

ਪਰਿਪਾਂਚਲੀ: ਸੰਗਯਾ- ਪ੍ਰਪਾਂਚਲਿਕਾ. ਬਿਜਲੀ. ਵਿਦ੍ਯੁਤ "ਪਰਿਪਾਂਚਲੀ ਪ੍ਰਕਾਸ਼ ਛਬੀਲਾ." (ਨਾਪ੍ਰ) ੨. ਇਸ ਦਾ ਪਾਠ ਗਯਾਨੀ ਇਉਂ ਭੀ ਕਰਦੇ ਹਨ- "ਪਰਪਾ ਚਲੀ ਪ੍ਰਕਾਸ ਛਬੀਲਾ." ਦੇਖੋ, ਪਰਪਾ ੧.

ਪਰਿਪਾਟੀ: ਸੰ. ਸੰਗਯਾ- ਕ੍ਰਮ. ਸਿਲਸਿਲਾ। ੨. ਰੀਤਿ. ਤਰੀਕ਼ਾ। ੩. ਨਿਯਮ.

ਪਰਿਪਾਲਨ: ਸੰਗਯਾ- ਚੰਗੀ ਤਰਾਂ ਪਾਲਣ ਦੀ ਕ੍ਰਿਯਾ। ੨. ਰੱਖ੍ਯਾ.

ਪਰਿਪੁਲਤ: ਸੰ. परिप्लुत. ਵਿ- ਚਾਰੇ ਪਾਸਿਓਂ ਜਲ ਨਾਲ ਘਿਰਿਆ ਹੋਇਆ. ਜਲ ਵਿੱਚ ਡੁੱਬਿਆ। ੨. ਗਿੱਲਾ, ਭਿੱਜਿਆ ਹੋਇਆ. ਤਰ. "ਜਲ ਪਰਿਪੁਲਤ ਵਿਲੋਚਨ ਕੀਨੇ." (ਗੁਪ੍ਰਸੂ)

ਪਰਿਪੂਰਣ: ਸੰ. ਵਿ- ਪਰਿਪੂਰ੍ਣ. ਚੰਗੀ ਤਰਾਂ ਭਰਿਆ ਹੋਇਆ। ੨. ਪੂਰਣ ਰੱਜਿਆ। ੩. ਪੂਰਾ (ਖ਼ਤਮ) ਕੀਤਾ ਹੋਇਆ। ੪. ਸਾਰੇ ਵ੍ਯਾਪਿਆ ਹੋਇਆ.

ਪਰਿਫੁੱਲ: ਸੰ. ਵਿ- ਚੰਗੀ ਤਰਾਂ ਖਿੜਿਆ ਹੋਇਆ.

ਪਰਿਭਗਨ: ਸੰ. ਵਿ- ਭਗ੍ਨ (ਭੱਜਿਆ) ਹੋਇਆ. ਟੁੱਟਿਆ ਫੁੱਟਿਆ। ੨. ਜਿਸ ਦਾ ਮਨ ਕਲੇਸ਼ ਨਾਲ ਚੂਰ ਚੂਰ ਹੈ.

ਪਰਿਭਵ: ਸੰ. ਸੰਗਯਾ- ਅਨਾਦਰ ਤਿਰਸਕਾਰ.

ਪਰਿਭਾਖਾ: ਸੰ. ਪਰਿਭਾਸ਼ਾ. ਸੰਗਯਾ. ਸੰਕੇਤ ਕੀਤੀ ਹੋਈ ਬੋਲੀ। ੨. ਐਸੀ ਵ੍ਯਾਖ੍ਯਾ, ਜਿਸ ਤੋਂ ਅਰਥ ਸਮਝਣ ਵਿੱਚ ਕੁਝ ਸੰਸਾ ਨਾ ਰਹੇ। ੩. ਨਿੰਦਾ. ਬਦਨਾਮੀ।

ਪਰਿਭੰਗ: ਦੇਖੋ, ਪਰਿਭਗਨ.

ਪਰਿਭ੍ਰਮਣ: ਦੇਖੋ, ਪਰਭਵਣੁ.

ਪਰਿਮਰਸ਼: ਸੰ. ਪਰਿਮਰ੍ਸ਼. ਸੰਗਯਾ- ਲਗਾਉ. ਸੰਬੰਧ। ੨. ਪੂਰਣ ਵਿਚਾਰ ਹੱਛੀ ਤਰਾਂ ਵਿਚਾਰਣ ਦੀ ਕ੍ਰਿਯਾ। ੩. ਦੇਖੋ, ਪੈਰਾਮਰਸ। ੪. ਸੰ. परिमर्ष- ਪਰਿਮਰ੍ਸ਼. ਈਰਖਾ. ਹਸਦ

ਪਰਿਮਰਦਨ: ਸੰਗਯਾ- ਚੰਗੀ ਤਰਾਂ ਮਰ੍ਦਨ ਕਰਨਾ. ਮਲਣਾ. ਮਸਲਣਾ

ਪਰਿਮਲ: ਦੇਖੋ, ਪਰਮਲ। ੨. ਵਟਣਾ। ੩. ਮੈਥੁਨ. ਇਸਤ੍ਰੀਸੰਗ ੪. ਪੰਡਿਤਾਂ ਦਾ ਸਮੁਦਾਯ.

ਪਰਿਮਾਣ: ਸੰ. ਸੰਗਯਾ- ਘੇਰਾ. ਚੌਹਾਂ ਪਾਸਿਆਂ ਦਾ ਵਿਸ੍ਤਾਰ। ੨. ਤੋਲ ਵਜਨ। ੩. ਮਿਣਤੀ. ਮਾਪ. ਨਾਪ। ੪. ਮੁੱਲ ਕੀਮਤ। ੫. ਗਿਣਤੀ. ਸੰਖ੍ਯਾ। ੬. ਕ਼ੱਦ. ਡੀਲ.

ਪਰਿਮਿਤਿ: ਸੰ. ਸੰਗਯਾ- ਮਾਪ. ਮਿਣਤੀ। ੨. ਤੋਲ। ੩. ਹੱਦ. ਸੀਮਾ.

ਪਰਿਰੰਭਣ, ਪਰਿਰੰਭਨ: ਸੰ. परिरम्भण. ਸੰਗਯਾ- ਗਲ ਨਾਲ ਲਾਉਣ ਦੀ ਕ੍ਰਿਯਾ. ਆਲਿੰਗਨ. "ਪਰਿਰੰਭਨ ਗਰ ਸੰਗ ਉਮੰਗਾ." (ਨਾਪ੍ਰ) ਦੇਖੋ, ਰੰਭ ਧਾ.

ਪਰਿਲਸਤ: ਵਿ- ਪਰਿਲਸਿਤ. ਚੰਗੀ ਤਰਾਂ ਪ੍ਰਕਾਸ਼ਿਤ. "ਮੁਖ ਮੰਡਲ ਪਰਿਲਸਤ ਜੋਤਿ." (ਗਯਾਨ)

ਪਰਿਵਰਜਨ: ਸੰ. ਸੰਗਯਾ- ਪੂਰਣ ਰੀਤਿ ਨਾਲ ਵਰ੍ਜਨ (ਹਟਾਉਣ) ਦੀ ਕ੍ਰਿਯਾ। ੨. ਤ੍ਯਾਗ. ਤਜਣਾ। ੩. ਮਾਰਨਾ. ਪ੍ਰਾਣ ਲੈਣ

ਦੀ ਕ੍ਰਿਯਾ।

ਪਰਿਵਰਤਨ: ਸੰ. ਸੰਗਯਾ- ਬਦਲ ਜਾਣ ਦੀ ਕ੍ਰਿਯਾ. ਰੂਪਾਂਤਰ ਹੋਣਾ। ੨. ਘੁਮਾਉ ਚੱਕਰ। ੩. ਅਦਲ ਬਦਲ। ੪. ਸਮੇ ਦਾ ਫੇਰ.

ਪਰਿਵਾਦ: ਸੰ. ਸੰਗਯਾ- ਨਿੰਦਾ. ਹਜਵ। ੨. ਕਿਸੇ ਦੇ ਵਾਸ੍ਤਵ ਦੋਸ਼ਾਂ ਨੂੰ ਪ੍ਰਗਟ ਕਰਨਾ। ਵਿਦ੍ਵਾਨਾ ਨੇ ਨਿੰਦਾ ਅਤੇ ਪਰਿਵਾਦ ਵਿੱਚ ਇਹ ਭੇਦ ਕੀਤਾ ਹੈ ਕਿ ਅਣਹੋਣੀ ਗੱਲ ਦੱਸਕੇ ਬਦਨਾਮੀ ਕਰਨੀ "ਨਿੰਦਾ ਹੈ" ਅਤੇ ਜੋ ਕਿਸੇ ਦੇ ਸੱਚੇ ਔਗੁਣ ਦੱਸਕੇ ਬਦਨਾਮੀ ਫੈਲਾਉਣੀ ਹੈ, ਇਹ "ਪਰਿਵਾਦ" ਹੈ। ੩. ਬੱਜੇ ਨੂੰ ਜ਼ਰਬ ਦੇਣ ਦਾ ਡੱਕਾ ਅਥਵਾ ਛੱਲਾ. ਮਿਜ਼ਰਾਬ (plectrum)

ਪਰਿਵਾਰ: ਸੰ. ਚਾਰੇ ਪਾਸਿਓਂ ਘੇਰਨ ਵਾਲਾ. ਪੜਦਾ. ਆਵਰਣ। ੨. ਤਲਵਾਰ ਆਦਿ ਦਾ ਕੋਸ਼. ਮਯਾਨ. ਨਯਾਮ। ੩. ਕਿਸੇ ਪੁਰੁਸ਼ ਨੂੰ ਘੇਰਨ ਵਾਲੇ ਸੰਬੰਧੀ. ਕੁਟੰਬ. ਟੱਬਰ। ੪. ਰਾਜੇ ਦੇ ਆਸ ਪਾਸ ਰਹਿਣ ਵਾਲੇ ਨੌਕਰ ਚਾਕਰ। ੫. ਚੰਦ੍ਰਮਾ ਸੂਰਜ ਦਾ ਪਰਿਵੇਸ਼.

ਪਰਿਵਾਰਿਤ: ਵਿ- ਘੇਰਿਆ ਹੋਇਆ. "ਪਰਿਵਾਰਿਤ ਬਹੁ ਜਹਿਂ ਕਹਾਂ." (ਗੁਪ੍ਰਸੂ)

ਪਰਿਵੇਸ, ਪਰਿਵੇਖ: ਸੰ. ਪਰਿਵੇਸ਼. ਸੰਗਯਾ- ਘੇਰਾ. ਦਾਯਰਾ। ੨. ਪਰੋਸਣਾ। ੩. ਸੂਰਜ ਚੰਦ੍ਰਮਾ ਦੇ ਚੁਫੇਰੇ ਗੋਲ ਮੰਡਲ, ਜੋ ਹਲਕੀ ਸਫ਼ੇਦ ਬਦਲੀ ਦੇ ਕਾਰਣ ਭਾਨ ਹੁੰਦਾ ਹੈ. Halo। ੪. ਸ਼ਹਰ ਦਾ ਕੋਟ.

ਪਰਿਵੇਦ: ਸੰ. ਸੰਗਯਾ- ਪੂਰਣ ਗਯਾਨ. ਬਿਨਾ ਭ੍ਰਮ- ਗਯਾਨ.

ਪਰਿਵ੍ਰਾਜਕ: ਸੰ. ਸੰਗਯਾ- ਪਰਿਵ੍ਰਜ (ਚਾਰੇ ਪਾਸੇ ਘੁੰਮਣ ਵਾਲਾ) ਸੰਨਯਾਸੀ. ਵਿਹੰਗਮਵ੍ਰਿੱਤਿ ਵਾਲਾ ਸਾਧੂ, ਜੋ ਇੱਕ ਥਾਂ ਨਹੀਂ ਠਹਿਰਦਾ, ਕਿੰਤੁ ਸਦਾ ਵਿਚਰਦਾ ਰਹਿੰਦਾ ਹੈ.

ਪਰਿਵ੍ਰਿੱਤਿ: ਸੰ. ਸੰਗਯਾ- ਘੁਮਾਉ. ਗਰਦਿਸ਼। ੨. ਅਦਲਾ ਬਦਲੀ. ਤਬਾਦਲਾ। ੩. ਇੱਕ ਅਰਥਾਲੰਕਾਰ. ਥੋੜੀ ਵਸਤੁ ਦੇਕੇ ਉਸ ਦੇ ਬਦਲੇ ਬਹੁਤ ਲੈਣਾ ਜਿਸ ਉਕਤਿ ਵਿੱਚ ਵਰਣਨ ਕਰੀਏ, ਇਹ "ਪਰਿਵ੍ਰਿੱਤਿ" ਅਲੰਕਾਰ ਹੈ. ਇਸ ਦਾ ਨਾਮ "ਵਿਨਿਮਯ" ਭੀ ਹੈ.

ਦੀਬੇ ਤਨਕਹਿਂ ਕੇ ਜਹਾਂ, ਮਿਲੈ ਬਿੱਤ ਬਹੁ ਆਜ,

ਪਰਿਵ੍ਰਿਤ ਭੂਸ਼ਣ ਤਾਹਿ ਕਹਿਂ ਜੇ ਪ੍ਰਬੀਨ ਕਵਿਰਾਜ.

(ਰਾਮਚੰਦ੍ਰਭੂਸ਼ਣ)

ਉਦਾਹਰਣ-

ਚਰਨਸਰਨ ਗੁਰੁ ਏਕ ਪੈਂਡਾ ਜਾਇ ਚਲ,

ਸਤਿਗੁਰੁ ਕੋਟਿ ਪੈਂਡਾ ਆਗੇਹੋਇ ਲੇਤ ਹੈਂ,

ਏਕ ਬਾਰ ਸਤਿਗੁਰੁ ਮੰਤ੍ਰ ਸਿਮਰਨ ਮਾਤ੍ਰ,

ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈਂ,

ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,

ਤਾਹਿਂ ਗੁਰੁ ਸਰਬ ਨਿਧਾਨ ਦਾਨ ਦੇਤ ਹੈਂ,

ਸਤਿਗੁਰੁ ਦਯਾਨਿਧਿ ਮਹਿਮਾ ਅਗਾਧਬੋਧ

ਨਮੋ ਨਮੋ ਨਮੋ ਨਮੋ ਨਤਿ ਨੇਤਿ ਨੇਤਿ ਹੈਂ. (ਭਾਗੁ ਕ)

ਬੰਦਨਾ ਕੋ ਲੇਤਹੀ ਅਬੰਦਤਾ ਕੋ ਦੇਤ ਤਿਹ,

ਪ੍ਰੀਤਿ ਲੇਤ ਦੇਤ ਹੈਂ ਪ੍ਰਤੀਤ ਸੁਖਸੇਤ ਹੈਂ,

ਭਾਉ ਉਰ ਲੇਤਹੀ ਪ੍ਰਭਾਉ ਬਡੋ ਦੇਤ ਆਪ

ਨਿਰਗੁਣ ਪਦ ਦੇਤ ਗਨ ਦੋਖ ਲੇਤ ਹੈਂ,

ਥੋਰੀਜੈਸੀ ਭੇਟ ਲੇਤ ਜਮ ਕੀ ਅਭੇਟ ਦੇਤ

ਸਤਿਗੁਰੁ ਨਾਨਕ ਜੀ ਕਰੁਣਾਨਿਕੇਤ ਹੈਂ,

ਹੰਤਾ ਲੇਤ ਦਾਸਨ ਕੀ ਬ੍ਰਹਮਗ੍ਯਾਨ ਦੇਤ ਤਿੰਹ

ਮਨ ਲੇਤ ਚਰਨ ਮੈ ਮੁਕਤਿ ਕੋ ਦੇਤ ਹੈਂ. (ਨਾਪ੍ਰ)

(ਅ) ਬਹੁਤ ਦੇਕੇ ਥੋੜਾ ਹਾਸਿਲ ਕਰਨਾ ਪਰਿਵ੍ਰਿੱਤਿ ਦਾ ਦੂਜਾ ਰੂਪ ਹੈ.

ਉਦਾਹਰਣ-

ਤੀਰਥੁ ਤਪੁ ਦਇਆ ਦਤੁ ਦਾਨੁ,

ਜੇ ਕੋ ਪਾਵੈ ਤਿਲ ਕਾ ਮਾਨੁ. (ਜਪੁ)

ਅਗਨਿ ਤਾਪਨਾ ਜਲ ਮਹਿ ਰਹਿਨੋ,

ਵ੍ਰਤ ਕਰਨੋ ਸੀਤੋਸ਼ਨ ਸਹਿਨੋ,

ਉਰਧ ਵਾਹੁ ਅਧੋ ਸਿਰ ਕਰਨਾ,

ਖਰੇ ਹੋਨ ਚਿਰ ਲੌ ਇਕਚਰਨਾ,

ਕਰਮ ਤਾਮਸੀ ਕਰਨ ਦੁਖਾਰੇ, ×××

ਇਨਿ ਮਿਹਨਤ ਬਡ, ਲਘੁ ਫਲ ਪਾਈ. (ਨਾਪ੍ਰ)

ਪਰੀ: ਪਈ. ਪੜੀ. "ਕਹੁ ਨਾਨਕ ਮੇਰੀ ਪੂਰੀ ਪਰੀ" (ਬਿਲਾ. ਮਃ ੫) ੨. ਪਰਾਂ (ਪੰਖਾਂ) ਵਾਲਾ. ਪਰਿੰਦਹ. ਪਕ੍ਸ਼ੀ. "ਕਿਸੂ ਪਰੀ ਕੇ ਪੰਖਨ ਲਜਾਯੋ." (ਗੁਵਿ ੧੦) ੩. ਪੜੀ. ਡਿਗੀ। ੪. ਡਿਗੀ ਹੋਈ. "ਪਰੀ ਮੁਦ੍ਰਿਕਾ ਪਾਈ." (ਚਰਿਤ੍ਰ ੬੪) ੫. ਫ਼ਾ. پری ਪਰਸੋਂ. ਆਉਣ ਵਾਲੇ ਦਿਨ ਤੋਂ ਅਗਲਾ ਦਿਨ। ੬. ਸੁੰਦਰ ਇਸਤ੍ਰੀ. "ਕੇਤੇ ਰਾਗ ਪਰੀ ਸਿਉ ਕਹੀਅਨਿ." (ਜਪੁ) ਇਸ ਥਾਂ ਪਰੀ ਤੋਂ ਭਾਵ ਰਾਗਿਣੀ ਹੈ। ੭. ਅਪਸਰਾ. ਹੂਰ.

ਪਰੀਸਹ, ਪਰੀਸਹਿ: ਪਰੋਸਦਾ ਹੈ. ਭੋਜਨ ਆਦਿ ਖਾਣ ਦੇ ਪਦਾਰਥ ਅੱਗੇ ਰੱਖਦਾ ਹੈ. ਦੇਖੋ, ਪਰੀਸਨ। ੨. ਵਰਤਾਉਂਦਾ ਹੈ, ਵੰਡਦਾ ਹੈ. "ਸੰਗਤਿ ਕੁਲ ਤਾਰੇ ਸਾਚੁ ਪਰੀਸਹਿ." (ਮਾਰੂ ਸੋਲਹੇ ਮਃ ੧) ੩. ਪੜੇਗਾ. ਪਊ. "ਕੈਸੇ ਪਾਰ ਪਰੀਸਹਿ." (ਸਲੋਹ) ੪. ਸੰ. परिषह. ਸਹਾਰਨ ਦੀ ਕ੍ਰਿਯਾ. ਬਰਦਾਸ਼੍ਤ.

ਪਰੀਸਨ: ਸੰ. ਪਰਿਵੇਸ਼ਣ. ਸੰਗ੍ਯਾ- ਭੋਜਨ ਪਰੋਸਣ ਦੀ ਕ੍ਰਿਯਾ.

ਪਰੀਹਣਾ: ਕ੍ਰਿ- ਪਰੋਸਣਾ. ਖਾਣ ਦੇ ਪਦਾਰਥ ਅੱਗੇ ਰੱਖਣੇ. ਦੇਖੋ, ਪਰੀਸਨ.

ਪਰੀਕ੍ਸ਼ਕ, ਪਰੀਕ੍ਸ਼, ਪਰੀਕ੍ਸ਼ਿਤ: ਸੰ. ਪਰਿ- ਈਕ੍ਸ਼. ਵਿ- ਚੰਗੀ ਤਰਾਂ ਦੇਖਣ ਵਾਲਾ. ਪਰੀਕ੍ਸ਼ਾ ਕਰਨ ਵਾਲਾ. ਪਰਖਣ ਵਾਲਾ.

ਇਮਤਹਾਨ ਲੈਣ ਵਾਲਾ। ੴ ਸੰਗਯਾ- ਪਰਖ. ਜਾਂਚ. ਇਮਤਹਾਨ। ੩. ਵਿ- ਚੰਗੀ ਤਰਾਂ ਦੇਖਿਆ ਹੋਇਆ. ਪਰਖਿਆ ਹੋਇਆ. ਜਾਂਚਿਆ. ਪੜਤਾਲਿਆ. ਜਿਸ ਦਾ ਇਮਤਹਾਨ ਕੀਤਾ ਗਿਆ ਹੈ. ੪. ਦੇਖੋ, ਪਰਿਕ੍ਸ਼ਿਤ.

ਪਰੀਖ: ਸੰਗਯਾ- ਪਰੀਕ੍ਸ਼ਾ. ਪਰਖ. ਇਮਤਹਾਨ। ੨. ਕ੍ਰਿ. ਵਿ- ਪਰਖਕੇ. "ਤਨੁ ਮਨੁ ਸੀਤਲੁ ਸਾਚੁ ਪਰੀਖ."(ਗਉ ਮਃ ੧)

ਪਰੀਖਤ: ਦੇਖੋ, ਪਰਿਕ੍ਸ਼ਿਤ ੨.

ਪਰੀਖਿਆ: ਦੇਖੋ ਪਰੀਕ੍ਸ਼ਾ. "ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ." (ਸੁਖਮਨੀ)

ਪਰੀਖਯਤ, ਪਰੀਖਯਤੁ: ਦੇਖੋ, ਪਰੀਕ੍ਸ਼ਿਤ ੨. "ਸੁਖਦੇਉ ਪਰੀਖਯਤੁ ਗੁਣ ਰਵੈ." (ਸਵੈਯੇ ਮਃ ੧. ਕੇ)

ਪਰੀਚੈ: ਸੰ. ਪਰਿਚਯ. ਸੰਗਯਾ- ਜਾਨਕਾਰੀ. ਗਯਾਨ. "ਗੁਰਮਤਿ ਹਰਿਨਾਮ ਪਰੀਚੈ." (ਮਾਝ ਮਃ ੪) ੨. ਪਰਿਚਯ ਕੀਜੈ.

ਪਰੀਛਤ: ਦੇਖੋ, ਪਰਿਕ੍ਸ਼ਿਤ ੨. "ਮਾਨਹੁ ਕਾਲ ਪਰੀਛਤ ਕਉ ਜਮਦੰਡ ਪ੍ਰਚੰਡ ਕਿਧੌਂ ਚਮਕਾਯੋ." (ਕ੍ਰਿਸਨਾਵ) "ਏਕ ਦਿਵਸ ਪਰੀਛਤਹਿਂ ਮਿਲ ਕਿਯੋ ਮੰਤ੍ਰ ਮਹਾਨ." (ਗਯਾਨ)

ਪਰੀਛਾ: ਦੇਖੋ ਪਰੀਕ੍ਸ਼ਾ। ੨. ਗੁਰੂ ਸਾਹਿਬ ਦਾ ਨਾਮ ਲੈਕੇ ਕਿਸੇ ਸਿੱਖ ਦੀ ਬਣਾਈ ਪੋਥੀ, ਜਿਸ ਵਿੱਚ ਡਾਲਣਾ ਸਿੱਟਕੇ ਅੱਖਰਾਂ ਦਾ ਜੋੜ ਕਰਕੇ ਸ਼ੁਭ ਅਸ਼ੁਭ ਫਲ ਦੱਸਣ ਵਾਲੀ ਤੁਕ ਕੱਢੀ ਜਾਂਦੀ ਹੈ.

ਪਰੀਛਿਆ: ਦੇਖੋ, ਪਰੀਕ੍ਸ਼ਾ ਅਤੇ ਪਰੀਛਾ ੨.

ਪਰੀਛਿਤ: ਦੇਖੋ, ਪਰੀਕ੍ਸ਼ਿਤ ੨. ਅਤੇ ਪਰੀਕ੍ਸ਼ਿਤ ੩.

ਪਰੀਠਾ: ਪਰੋਸਿਆ ਦੇਖੋ, ਪਰੀਸਨ। ੨. ਸੰ. ਪਰਿਤਿਸ਼੍ਠ. ਪਾਸ ਖੜਾ. ਪ੍ਰਤਯਕ੍ਸ਼. "ਹਰਿ ਅਗਮੁ ਅਗੋਚਰੁ ਪਾਰਬ੍ਰਹਮ ਹੈ ××× ਜਿਨ ਗੁਰਬਚਨ ਸੁਖਾਨੇ ਹੀਅਰੈ, ਤਿਨ ਆਗੈ ਆਣਿ ਪਰੀਠਾ." (ਗਉ ਮਃ ੪) ੩. ਸੰ. ਪਰਿਸ਼੍ਠਾ. ਅਦਲ ਬਦਲ. ਪਰਿਵਰਤੰਨ.

ਪਰੀਤ: ਦੇਖੋ, ਪਰੀਤਿ ਅਤੇ ਪ੍ਰੀਤਿ। ੨. ਸੰ. ਵਿ- ਘਿਰਿਆ ਹੋਇਆ। ੩. ਸੰ. परीत- ਪਰੀੱਤ. ਤੰਗ. ਭੀੜਾ.

ਪਰੀਤਮ: ਦੇਖੋ, ਪ੍ਰੀਤਮ.

ਪਰੀਤਿ: ਸੰ. ਫੁੱਲਾਂ ਦੇ ਰਸ ਤੋਂ ਬਣਿਆ ਸੁਰਮਾ. ਪੁਸ਼ਪਾਂਜਨ। ੨. ਦੇਖੋ, ਪ੍ਰੀਤਿ. "ਨਾਨਕ ਸਾਈ ਭਲੀ ਪਰੀਤਿ, ਜਿਤੁ ਸਾਹਿਬ ਸੇਤੀ ਪਤਿ ਰਹੈ." (ਮਃ ੧. ਵਾਰ ਵਡ)

ਪਰੀਤੈ: ਸੰ. ਪਰਿਤਃ (परितस्) ਵਯ- ਸਰਵ ਪ੍ਰਕਾਰ. ਸਭ ਤਰਾਂ. "ਪੁਰੋਹਿਤਾ ਪ੍ਰੀਤ ਪਰੀਤੈ ਵਿਰਤਿ ਮੰਗਾ- ਹੀਂ" (ਭਾਗੁ)

ਪਰੀਦਨ: ਫ਼ਾ. پریدن ਕ੍ਰਿ- ਉਡਣਾ. ਪਰਵਾਜ਼ ਕਰਨਾ.

ਪਰੀਧੇ: ਪਰੋਸੇ. ਦੇਖੋ, ਪ੍ਰੀਧੇ। ੨. ਪਰੋਸਣ ਵਾਲੇ। ੩. ਦੇਖੋ, ਪਰਿਧੇਯ.

ਪਰੀਬੰਦ: ਸੰਗਯਾ- ਇਸਤ੍ਰੀਆਂ ਦਾ ਘੁੰਘਰੂਦਾਰ ਭੁਜਬੰਦ.

ਪਰੀਰੁਖ਼ਸਾਰ: ਫ਼ਾ. ਵਿ- ਪਰੀ (ਅਪਸਰਾ) ਜੇਹਾ ਹੈ ਰੁਖ਼ਸਾਰ (ਚਿਹਰਾ) ਜਿਸ ਦਾ. ਦੇਖੋ, ਰੁਖ਼ਸਾਰ.

ਪਰੀਲਾ: ਵਿ- ਅਤਯੰਤ ਪਰੇ। ੨. ਪਰ- ਇਲਾ. ਵਾਣ ਦੀ ਸ਼ਕਤਿ ਤੋਂ ਪਰੇ. ਅਕਥਯ. "ਨਾਨਕ ਪਰੈ ਪਰੀਲਾ." (ਗੂਜ ਮਃ ੫)

ਪਰੀਵਾਂ: ਪਵਾਂ. ਪੜਾਂ. "ਹਰਿਰੰਗਿ ਪਾਰਿ ਪਰੀਵਾਂ." (ਮਾਝ ਮਃ ੫) ਹਰਿਪ੍ਰੇਮ ਨਾਲ ਭਵਸਾਗਰ ਤੋਂ ਪਾਰ ਹੋਵਾਂ.

ਪਰੁ: ਪੜ. ਪੈ "ਮਨ, ਸਰਨੀ ਪਰੁ ਠਾਕੁਰ ਪ੍ਰਭੁ ਤਾਂਕੈ." (ਸੁਖਮਨੀ) ੨. ਕ੍ਰਿ. ਵਿ- ਅਵਸ਼ਯ. ਜ਼ਰੂਰ. "ਜੋ ਪ੍ਰਭੁ ਕਹੈ ਸੋਈ ਪਰੁ

ਕੀਜੈ." (ਸੂਹੀ ਛੰਤ ਮਃ ੪) ੩. ਬਿਨਾ ਸੰਸ਼ਯ. ਨਿਃ ਸੰਦੇਹ. "ਜਾਕਾ ਕਾਰਜ ਸੋਈ ਪਰੁ ਜਾਣੈ." (ਗਉ ਮਃ ੩) ੪. ਦੇਖੋ, ਪਰ. ਪਰੰਤੁ. ਲੇਕਿਨ. "ਪੜਹਿ ਮਨਮੁਖ, ਪਰੁ ਬਿਧਿ ਨਹੀ ਜਾਣੈ." (ਮਾਰੂ ਸੋਲਹੇ ਮਃ ੧) ੫. ਸੰ. ਪਰੁ. ਸੰਗਯਾ- ਪਰਵਤ. ਪਹਾੜ। ੬. ਸਮੁੰਦਰ। ੭. ਸ੍ਵਰਗ। ੮. ਗ੍ਰੰਥਿ. ਗੱਠ.

ਪਰੁਸ: ਦੇਖੋ, ਪਰੋਸਣਾ. "ਸਪਦ ਪਰੁਸਗੇ ਸੰਗ ਉਮੰਗਾ." (ਨਾਪ੍ਰ) ਛੇਤੀ ਭੋਜਨ ਪਰੋਸ ਗਏ। ੨. ਦੇਖੋ, ਪਰੁਖ.

ਪਰੁਖ: ਸੰ. ਪਰੁਸ਼. ਵਿ- ਕਰੜਾ. ਸਖਤ. ਰੁੱਖਾ. "ਹੇਰਤ ਬੋਲਜੋ ਮੁਖ ਤੇ ਪਰੁਖਾ." (ਨਾਪ੍ਰ)

ਪਰੁਖਾ: ਦੇਖੋ, ਪਰੁਖ। ੨. ਸੰਗਯਾ- ਪਰੁਸ਼ਤਾ. ਕਠੋਰਤਾ. ਨਿਰਦਯਤਾ. ਬੇਰਹਮੀ. "ਈਰਖਾ ਪਰੁਖਾ ਛਰ ਆਮਰਖਾ." (ਨਾਪ੍ਰ) ਈਰਖਾ, ਨਿਰਦਯਤਾ, ਛਲ, ਕ੍ਰੋਧ। ੩. ਸੰ. ਪਰੁਸ਼ਾ. ਕਾਵ੍ਯਰਚਨਾ ਦੀ ਉਹ ਰੀਤਿ, ਜਿਸ ਵਿੱਚ ਟ ਠ ਡ ਢ ਣ ੜ ਅਤੇ ਦ੍ਵਿਤ੍ਵ ਅੱਖਰ ਬਹੁਤ ਹੋਣ. ਇਸ ਵਿੱਚ ਵੀਰ, ਰੌਦ੍ਰ ਅਤੇ ਭਯਾਨਕ ਰਸਾਂ ਦੀ ਰਚਨਾ ਉੱਤਮ ਹੁੰਦੀ ਹੈ, ਯਥਾ- "ਅਹਿਪ ਹਿਯ ਧੜਕ ਪਿਠ ਕਮਠ ਲੁਠ ਕੜਕ ਉਠ ਖੜਕ ਸੁਨ ਭੜਕ ਹਰ ਬ੍ਰਿਖਭ ਬੰਕਾ." (ਸਿੱਖੀਪ੍ਰਭਾਕਰ) "ਡਹ ਡਹਤ ਡਵਰ ਡਮੰਕਿਯੰ." (ਚੰਡੀ ੨) ੪. ਰਾਵੀ ਨਦੀ.

ਪਰੁਲੀ: ਵਿ- ਪ੍ਰਲਯ ਕਰਤਾ. ਵਿਨਾਸ਼ਕ. ਅੰਤਕ. "ਧਰਮਰਾਇ ਪਰੁਲੀ ਪ੍ਰਤਿਹਾਰ." (ਮਲਾ ਨਾਮਦੇਵ) ਦੇਖੋ, ਪ੍ਰਤਿਹਾਰ.

ਪਰੂਰਉ, ਪਰੂਰਵ, ਪਰੂਰਵਾ: ਸੰ. पुरुरवस्. ਬੁਧ ਦਾ ਪੁਤ੍ਰ ਅਤੇ ਚੰਦ੍ਰਮਾ ਦਾ ਪੋਤਾ, ਜੋ ਇਲਾ ਦੇ ਗਰਭ ਤੋਂ ਪੈਦਾ ਹੋਇਆ. ਇਹ ਪਹਿਲਾ ਚੰਦ੍ਰਵੰਸ਼ੀ ਰਾਜਾ ਸੀ. ਇਸ ਦੀ ਰਾਜਧਾਨੀ ਪ੍ਰਯਾਗ ਪਾਸ ਪ੍ਰਤਿਸ਼੍ਠਾਨਪੁਰ (ਝੂਸੀ) ਸੀ. ਇਹ ਸਦਾਚਾਰੀ ਅਤੇ ਈਸ਼੍ਵਰ ਦਾ ਉਪਾਸਕ ਹੋਇਆ ਹੈ. "ਦੂਰਬਾ ਪਰੂਰਉ ਅੰਗਰਉ." (ਸਵੈਯੇ ਮਃ ੧. ਕੇ) ਦੁਰਵਾਸਾ, ਪੁਰੂਰਵਾ, ਅਤੇ ਅੰਗਿਰਾ.

ਪਰੇ: ਕ੍ਰਿ. ਵਿ- ਦੂਰ. ਪਾਰ. ਪਰ। ੨. ਉਸ ਪਾਸੇ। ੩. ਬਾਦ. ਪੀਛੇ। ੪. ਪੜੇ. ਪਏ."ਜੇ ਸਤਿਗੁਰਿ ਸਰਣਿ ਪਰੇ." (ਵਾਰ ਰਾਮ ੨. ਮਃ ੫)

ਪਰੇਅ: ਵਿ- ਸਭ ਤੋਂ ਪਰੇ. ਮਨਵਾਣੀ ਤੋਂ ਪਰੇ. "ਪਰੇਅੰ ਪਵਿਤ੍ਰੰ." (ਵਿਚਿਤ੍ਰ) ੨. ਸੰ. ਪ੍ਰੇਯਸ. ਪਰਮਪ੍ਰਿਯ. ਬਹੁਤ ਪਿਆਰਾ.

ਪਰੇਸ: ਸੰ. ਪਰੇਸ਼. ਪਰ- ਈਸ਼. ਸੰਗਯਾ- ਬ੍ਰਹਮ. ਵਾਹਗੁਰੂ.

ਪਰੇਸਾਨ: ਫ਼ਾ. پریشان ਪਰੇਸ਼ਾਨ. ਵਿ- ਵ੍ਯਾਕੁਲ. ਹੈਰਾਨ. ਉਦਾਸ. "ਕਰ ਮਲਤ ਬਹੁ ਪਰੇਸਾਨ ਭੇ." (ਸਲੋਹ)

ਪਰੇਸਾਨੀ: ਫ਼ਾ. پریشانی ਪਰੇਸ਼ਾਨੀ. ਸੰਗਯਾ- ਵ੍ਯਾਕੁਲਤਾ. ਘਬਰਾਹਟ. ਹੈਰਾਨੀ. "ਨਾ ਫਿਰ ਪਰੇਸਾਨੀ ਮਾਹਿ." (ਤਿਲੰ ਕਬੀਰ)

ਪਰੇਕੈ: ਪਰ (ਪੜ) ਏਕੈ (ਇੱਕ ਦੀ). "ਸਰਣਿ ਪਰੇਕੈ" (ਮਾਰੂ ਸੋਲਹੇ ਮਃ ੧)

ਪਰੇਖਾ: ਸੰਗਯਾ- ਪਰੀਕ੍ਸ਼ਾ. ਇਮਤਹਾਨ. "ਇਲਮ ਪਰੇਖੇਂ ਨਰ." (ਨਾਪ੍ਰ)

ਪਰੇਜ: ਪਰਹੇਜ਼ ਦਾ ਸੰਖੇਪ.

ਪਰੇਟੇ: ਅਤਿ- ਪਰੇ. ਬਹੁਤ ਦੂਰ। ੨. ਪਲੇਟੇ. ਲਪੇਟੇ. "ਬਿਸਟਾ ਅਸਤਿ ਰਕਤ ਪਰੇਟੇ ਚਾਮ." (ਆਸਾ ਮਃ ੫)

ਪਰੇਤ, ਪਰੇਤੁ: ਸੰ. ਪ੍ਰੇਤ ਵਿ- ਰਵਾਨਾ ਹੋਇਆ। ੨. ਮੋਇਆ ਹੋਇਆ। ੩. ਸੰਗਯਾ- ਮੁਰਦਾ। ੪. ਭੂਤ- ਜਿੰਨ. "ਮਾਇਆਮੋਹੁ ਪਰੇਤੁ ਹੈ." (ਵਾਰ ਗੂਜ ੧. ਮਃ ੩) ੫. ਪ੍ਰੇਤਜ. ਪ੍ਰੇਤਪੁਣਾ. "ਖਿਨ ਮਹਿ ਬਿਨ- ਸਿਓ ਮਹਾ ਪਰੇਤ." (ਭੈਰ ਮਃ ੫)

ਪਰੇਥਨ: ਸੰਗਯਾ. ਪ੍ਰਗਥਨ. ਪਲੇਥਣ ਗੁੰਨ੍ਹੇ ਹੋਏ ਆਟੇ ਦੇ ਪੇੜੇ ਨੂੰ ਵੇਲਣ ਵੇਲੇ ਲਾਇਆ ਸੁੱਕਾ ਆਟਾ. ਪੜੇਥਣ. ਧੂੜਾ.

ਪਰੇ ਪਰਾਰੇ: ਕ੍ਰਿ. ਵਿ- ਦੂਰ ਅਤੇ ਪਰਲੇ ਕਿਨਾਰੇ. ਭਾਵ- ਬਹੁਤ ਵਿੱਥ ਪੁਰ.

ਪਰੇ ਪਰੀਲਾ: ਦੇਖੋ, ਪਰੀਲਾ.

ਪਰੇਮ: ਦੇਖੋ, ਪ੍ਰੇਮ.

ਪਰੇਯ: ਵਿ- ਮਨ ਵਾਣੀ ਤੋਂ ਪਰੇ. "ਪਰੇਯੰ ਪਵਿਤ੍ਰੰ." (ਵਿਚਿਤ੍ਰ)

ਪਰੇਰਣਾ: ਦੇਖੋ, ਪ੍ਰੇਰਣਾ.

ਪਰੇਰੇ, ਪਰੇਰੈ: ਕ੍ਰਿ ਵਿ- ਪਰੇਡੇ. ਦੂਰ. "ਮੁਖ ਦੇਖਤ ਅਘ ਜਾਹਿ ਪਰੇਰੇ." (ਸਵੈਯੇ ਮਃ ੪. ਕੇ) "ਕਸਮਲਾ ਮਿਟਿਜਾਹਿ ਪਰੇਰੈ." (ਕਾਨ ਮਃ ੫)

ਪਰੇਵਾ: ਸੰਗ਼ਯਾ- ਪਾਰਾਵਤ. ਕਬੂਤਰ। ੨. ਪਰੰਦ. ਪੰਛੀ। ੩. ਦੇਖੋ, ਪਰਵਾ.

ਪਰੇਵੈ: ਪੜਤਾ ਹੈ. ਪੈਂਦਾ (ਪੈਂਦੀ) ਹੈ. "ਜਤਨ ਕਰਉ ਉਰਝਾਇ ਪਰੇਵੈ." (ਆਸਾ ਮਃ ੫)

ਪਰੈ: ਪੜੈ। ੨. ਦੇਖੋ, ਪਰੇ.

ਪਰੈ ਪਰਈਆ: ਪਰੇ ਤੋਂ ਪਰੇ. ਮਨ ਵਾਣੀ ਆਦਿ ਤੋਂ ਪਰੇ. "ਹਰਿ ਪਾਰੁ ਨ ਪਾਵੈ ਪਰੈ ਪਰਈਆ." (ਬਿਲਾ ਅਃ ਮਃ ੪)

ਪਰੈ ਪਰਾਤਿ: ਸੰ. परातपर- ਪਰਾਤਪਰ. ਵਿ- ਜਿਸ ਤੋਂ ਪਰੇ ਹੋਰ ਨਾ ਹੋਵੇ. ਪਰੇ ਤੋਂ ਅਤਿ ਪਰੇ. "ਗੁਨ ਬੇਅੰਤ ××× ਕਹਨੁ ਨ ਜਾਈ ਪਰੈ ਪਰਾਤਿ." (ਦੇਵ ਮਃ ੫)

ਪਰੈ ਪਰਾਰੇ: ਦੇਖੋ, ਪਰੇ ਪਰਾਰੇ. "ਤਜਿ ਸਾਕਤ ਪਰੈ ਪਰਾਰੇ." (ਨਟ ਅਃ ਮਃ ੪)

ਪਰੋ: ਪੜੋ. ਪਓ। ੨. ਪਰਸੋਂ. ਆਉਣ ਵਾਲੇ ਦਿਨ ਤੋਂ ਅਗਲੇ ਦਿਨ. "ਪਰੋ, ਆਜੁ ਕੈ ਕਾਲ." (ਸਃ ਮਃ ੯) ਪਰਸੋਂ, ਅੱਜ ਜਾਂ ਕਲ੍ਹ.

ਪਰੋਇਆ: ਵਿ- ਪ੍ਰੋਤ. ਪਰੋੱਤਾ ਹੋਇਆ. "ਹਰਿ ਨਾਮ ਰਿਦੈ ਪਰੋਇਆ." (ਸੋਰ ਮਃ ੫)

ਪਰੋਸ: ਦੇਖੋ, ਪਰੋਸਨਾ। ੨. ਦੇਖੋ, ਪੜੋਸ.

ਪਰੋਸਨ: ਸੰਗ਼ਯਾ- ਪੜੋਸਨ. ਗਵਾਂਢ ਰਹਿਣ ਵਾਲੀ। ੨. ਪਰੋਸਣ ਦਾ ਭਾਵ. ਖਾਣ ਦੀ ਸਾਮਗ੍ਰੀ ਅੱਗੇ ਰੱਖਣ ਦੀ ਕ੍ਰਿਯਾ. ਦੇਖੋ, ਪਰੀਸਨ.

ਪਰੋਸਨਹਾਰਾ: ਸੰਗ਼ਯਾ- ਬਰਤਾਵਾ. ਭੋਜਨ ਅੱਗੇ ਰੱਖਣ ਵਾਲਾ. "ਪੇਖੇ ਬਿੰਜਨ ਪਰੋਸਨਹਾਰੈ." (ਕਾਨ ਮਃ ੫)

ਪਰੋਸਨਾ: ਕ੍ਰਿ- ਭੋਜਨ ਅੱਗੇ ਰੱਖਣਾ. ਪਰੀਹਣਾ.

ਪਰੋਸਾ: ਸੰਗ਼ਯਾ- ਪਰੋਸਣ ਵਾਲਾ। ੨. ਉਤਨੇ ਮਾਤ੍ਰ ਭੋਜਨ, ਜੋ ਇੱਕ ਆਦਮੀ ਦਾ ਆਹਾਰ ਹੋਵੇ. ਪੱਤਲ ਅਥਵਾ ਥਾਲੀ ਵਿੱਚ ਪਰੋਸਿਆ ਹੋਇਆ ਉਤਨਾ ਅੰਨ, ਜੋ ਇੱਕ ਆਦਮੀ ਲਈ ਰੱਖਿਆ ਅਥਵਾ ਭੇਜਿਆ ਜਾਵੇ.

ਪਰੋਸੀ: ਦੇਖੋ, ਪੜੋਸੀ.

ਪਰੋਹਤ: ਦੇਖੋ, ਪੁਰੋਹਿਤ.

ਪਰੋਕ੍ਸ਼, ਪਰੋਖ, ਪਰੋਛ: ਸੰ. परोक्ष. ਵਿ- ਜੋ ਅੱਖਾਂ ਤੋਂ ਪਰੇ ਹੈ. ਜੋ ਪ੍ਰਤ੍ਯਕ੍ਸ਼ ਨਹੀਂ. ਗੁਪਤ. ਲੁਕਿਆ ਹੋਇਆ। ੨. ਸੰਗ਼ਯਾ- ਗ਼ੈਰਹਾਜ਼ਰੀ. ਮੌਜੂਦਗੀ ਦਾ ਅਭਾਵ। ੩. ਗ੍ਯਾਨੀ. ਆਤਮਤਤ੍ਵ ਦੇ ਜਾਣਨ ਵਾਲਾ, ਜਿਸ ਨੂੰ ਪਰੋਕ੍ਸ਼ ਦਾ ਗ੍ਯਾਨ ਹੈ.

ਪਰੋਜਨ: ਦੇਖੋ, ਪ੍ਰਯੋਜਨ. "ਪੁਨ ਤਿੰਹ ਸੰਗ ਨ ਕਛੁ ਪਰੋਜਨ." (ਨਾਪ੍ਰ) ੨. ਫ਼ੀਰੋਜ਼ਿਆਂ ਨੂੰ. ਦੇਖੋ, ਪਰੋਜਾ.

ਪਰੋਜਾ: ਦੇਖੋ, ਫੀਰੋਜਾ. "ਚੀਰ ਪਰੋਜਨ ਰਚੇ ਸਰੋਜਾ." (ਨਾਪ੍ਰ) ਫ਼ੀਰੋਜ਼ੇ ਰਤਨ ਚੀਰਕੇ ਕਮਲ ਬਣਾਏ ਹਨ.

ਪਰੋਣਾ: ਕ੍ਰਿ- ਪ੍ਰੋਤ ਕਰਨਾ. ਵਿੰਨ੍ਹਣਾ। ੨. ਮਣਕੇ ਅਥਵਾ ਫੁੱਲ ਆਦਿ ਵਿੱਚਦੀਂ ਸੂਈ ਨਾਲ ਡੋਰਾ ਪਾਉਣਾ.

ਪਰੋਤ, ਪਰੋਤਾ: ਸੰ. ਪ੍ਰੋਤ. ਵਿ- ਵਿੰਨ੍ਹਿਆ ਹੋਇਆ। ੨. ਜੁੜਿਆ ਹੋਇਆ. "ਸਦ ਬੈਰਾਗੀ ਤਤੁ ਪਰੋਤਾ" (ਰਾਮ ਅਃ ਮਃ ੧) ੩. ਸੀੱਤਾ ਹੋਇਆ, "ਹਰਿ ਰਖਉ ਕੰਠਿ ਪਰੋਤ." (ਕੇਦਾ ਮਃ ੫)

ਪਰੋਪਕਾਰ: ਸੰਗਜਾ- ਪਰ- ਉਪਕਾਰ. ਦੂਜੇ ਦਾ ਭਲਾ. ਪਰਾਏ ਦਾ ਹਿਤ.

ਪਰੋਪਕਾਰੀ: परोपकारिन. ਸੰਗਜਾ- ਪਰ ਉਪਕਾਰ ਕਰਨ ਵਾਲਾ. ਪਰਾਇਆ ਹਿਤ ਕਰਨ ਵਾਲਾ.

ਪਰੋਬਾਲ: ਫ਼ਾ. ਪਰ (ਪੰਖ) ਅਤੇ ਲਾਲ (ਬਾਜ਼ੂ)

ਪਰੋਵਣਾ: ਦੇਖੋ, ਪਰੋਣਾ. "ਨਾਉਂ ××× ਮਨ ਮਾਹਿ ਪਰੋਵਣਾ." (ਵਾਰ ਗੂਜ ੨. ਮਃ ੫)

ਪਰੰ: ਸੰ. परम्. ਵਜ- ਅਨੰਤਰ. ਪਿੱਛੋਂ। ੨. ਕੇਵਲ ਫ਼ਕ਼ਤ਼। ੩. ਸੰਬੰਧ। ੪. ਦੇਖੋ, ਪਰਮ.

ਪਰੰਗ: ਉਪਰੰਗ ਦਾ ਸੰਖੇਪ. ਸੰਗਜਾ- ਪ੍ਰਧਾਨ ਰੰਗਾਂ ਦੇ ਮੇਲ ਤੋਂ ਬਣਿਆ ਹੋਇਆ ਰੰਗ. "ਰੰਗ ਪਰੰਗ ਅਨੇਕ ਨ ਜਾਪਨਿ ਕਰਤਬਾ." (ਵਾਰ ਰਾਮ ੨. ਮਃ ੫)

ਪਰੰਤਪ: ਸੰ. ਵਿ- ਵੈਰੀਆਂ ਨੂੰ ਤਪਾਉਣ ਵਾਲਾ। ਜਿਤੇਂਦ੍ਰਿਯ। ੩. ਸੰਗਜਾ- ਚਿੰਤਾਮਣਿ। ੪. ਅਰਜੁਨ.

ਪਰੰਤਿਆਗੀ: ਵਿ- ਪਰਮਤਿਆਗੀ। ੨. ਪਰਿਤਜਾਗੀ (परित्यागिन्). ਤਜਾਗ ਕਰਨ ਵਾਲਾ. "ਸਰਬ ਦੋਖ ਪਰੰਤਿਆਗੀ." (ਗਾਥਾ)

ਪਰੰਤੁ: ਸੰ. ਵਜ- ਪਰ. ਕਿੰਤੁ. ਲੇਕਿਨ. ਮਗਰ.

ਪਰੰਦ, ਪਰੰਦਾ: ਫ਼ਾ. پرند ਸੰਗਜਾ- ਪਖੀ. ਪੰਛੀ. ਦੇਖੋ, ਪਰਿੰਦਾ "ਪਰੰਦਏ ਨ ਗਿਰਾਹ ਜਰ." (ਵਾਰ ਮਾਝ ਮਃ ੧) ਪੰਛੀਆਂ ਦੀ ਗੱਠ ਧਨ ਨਹੀਂ ਹੈ.

ਪਰੰਪਰ: ਸੰ. ਸੰਗਜਾ- ਸਿਲਸਿਲਾ. ਇੱਕ ਪਿੱਛੋਂ ਦੂਜਾ, ਐਸਾ ਕ੍ਰਮ। ੨. ਵੰਸ਼। ੩. ਕਸਤੂਰੀ. ਮੁਸ਼ਕ.

ਪਰੰਪਰਾ: ਸੰ. ਸੰਗਜਾ- ਸਿਲਸਿਲਾ। ੨. ਪੁਰਾਣੀ ਚਲੀਆਉਂਦੀ ਪਰਿਪਾਟੀ.

ਪਰਿਜਉ: ਪੜਿਆ. ਪਿਆ. "ਪਰਿਜਉ ਜਾਚਕ ਇਕ ਸਰਨਾ." (ਸਵੈਯੇ ਮਃ ੫. ਕੇ)

ਪਰਜੋ: ਪਰੋਸੋ. ਪਲਿਆ ਪਲੋਸਿਆ. "ਪਰਜੋ ਪਰੋਸੋ ਸੁਤ ਗ੍ਰਹਿ ਦੈਹੈ. (ਚਰਿਤ੍ਰ ੧੨੪)

ਪਲ: ਸੰ. ਸੰਗਜਾ- ੨੪ ਸੈਕੰਡ (seconz) ਦਾ ਸਮਾ. "ਪਲ ਭੀਤਰਿ ਤਾਕਾ ਹੋਇ ਉਧਾਰ." (ਸੁਖਮਨੀ) ੨. ਮਾਸ. ਮਾਂਸ. "ਬਹੁ ਭੂਤ ਪਿਸਾਚਨ ਕਾਕਨ ਡਾਕਨਿ ਤੋਖ ਕਰੈ ਪਲ ਮੇ ਪਲ ਸੋਂ." (ਕ੍ਰਿਸਨਾਵ) ੩. ਚਾਰ ਤੋਲਾ ਭਰ ਵਜ਼ਨ। ੪. ਤਰਾਜ਼ੂ. ਤੁਲਾ। ੫. ਤਰਾਜ਼ੂ ਦਾ ਪਲੜਾ। ੬. ਅੱਖ ਦਾ ਪੜਦਾ, ਪਲਕ। ੭. ਮੂਰਖ.

ਪਲਸਾਰ: ਪਲ ਭਰ. ਪਲ ਮਾਤ੍ਰ। ੨. ਪਲ (ਮਾਸ) ਦਾ ਰਸ. ਸ਼ੋਰਵਾ. ਯਖ਼ਨੀ।

ਪਲਕ: ਸੰਗਜਾ- ਅੱਖ ਦਾ ਪੜਦਾ. ਪਪੋਟਾ. "ਮੁਖ ਡੇਖਾਊ ਪਲਕ ਛਡਿ." (ਵਾਰ ਜੈਤ) ੨. ਬਰਨੀ. ਅੱਖ ਦੇ ਪਪੋਟੇ ਦੀ ਰੋਮਾਵਲੀ. ਸੰ. ਪਕ੍ਸ਼ਮ। ੩. ਪਲ- ਇਕ. ਪਲਮਾਤ੍ਰ. "ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ." (ਵਾਰ ਜੈਤ)

ਪਲਕਾ: ਦੇਖੋ, ਪਲਕ ੧. "ਪਲਕਾ ਨ ਲਾਗੈ ਪ੍ਰਿਅਪ੍ਰੇਮ ਪਾਗੈ." (ਆਸਾ ਛੰਤ ਮਃ ੫) ੨. ਪਰਯੰਕ. ਪਲੰਘ. "ਪਲਕੈਂ ਨ ਲਗੈਂ ਪਲਕਾ ਪੈ ਪਰੇ." (ਚਰਿਤ੍ਰ ੧੯੦)

ਪਲਕਾਰਾ: ਸੰਗਯਾ- ਪਲਮਾਤ੍ਰ ਸਮਾਂ। ੨. ਅੱਖ ਝਮਕਣ ਦਾ ਵੇਲਾ. ਕਣ. ਅੱਖ ਦਾ ਫੋਰ.

ਪਲਕੀ: ਸੰਗਯਾ- ਛੋਟਾ ਮੰਜਾ. ਪੰਘੂੜੀ.

ਪਲੱਕ: ਸੰਗਯਾ- ਪਿਲੰਗ (ਚਿੱਤੇ) ਦੀ ਲਪਕ. ਚਿੱਤੇ ਵਾਂਙ ਛਾਲ ਮਾਰਨ (ਲਪਕਣ) ਦੀ ਕ੍ਰਿਯਾ. "ਰਣ ਮੋ ਰਣਧੀਰ ਪਲੱਕਹਿੰਗੇ." (ਕਲਕੀ)

ਪਲਘ: ਦੇਖੋ, ਪਲੰਘ.

ਪਲਚਨਾ: ਕ੍ਰਿ- ਪਲ- ਅਚਨ. ਮਾਸ ਚੂੰਡਣਾ। ੨. ਚਿਮਟਣਾ. ਚੰਬੜਨਾ। ੩. ਖਚਿਤ ਹੋਣਾ. ਲਿਵਲੀਨ ਹੋਣਾ. ਲੰਪਟ ਹੋਣਾ.

ਪਲਚਰ: ਸੰ. ਸੰਗਯਾ- ਪਲ (ਮਾਸ) ਚਰਣ (ਖਾਣ) ਵਾਲਾ. ਮਾਸ ਅਹਾਰੀ ਜੀਵ। ੨. ਰਾਖਸ.

ਪਲਚਾਈ: ਪਲਚਦਾ ਹੈ. ਲੰਪਟ ਹੁੰਦਾ ਹੈ. ਦੇਖੋ, ਪਲਚਨਾ. "ਹੇਤੇ ਪਲਚਾਈ." (ਵਡ ਛੰਤ ਮਃ ੩)

ਪਲਚਿ: ਕ੍ਰਿ. ਵਿ- ਲੰਪਟ ਹੋਕੇ. "ਪਲਚਿ. ਪਲਚਿ ਸਗਲੀ ਮੁਈ." (ਮਾਝ ਬਾਰਹਮਾਹਾ)

ਪਲਟਨ: ਅੰ. Platoon. ਸੰਗਯਾ- ਪੈਦਲ ਸੈਨਾ ਦਾ ਦਸ੍ਤਾ. "ਦੋ ਪਲਟਨ[770] ਪਹੁਚੈਂ ਇਸ ਕਾਲਾ." (ਗੁਪ੍ਰਸੂ) ਇਹ Battalion ਦਾ ਭੀ ਰੁਪਾਂਤਰ ਹੈ.

ਪਲਟਨਾ: ਕ੍ਰਿ- ਪਰਿਵਰਤਨ. ਉਲਟਣਾ. ਹੇਠ ਉੱਤੇ ਕਰਨਾ। ੨. ਬਦਲਣਾ। ੩. ਮੁੜਨਾ. ਲੌਟਣਾ। ੪. ਕਿਸੇ ਬਚਨ ਅਥਵਾ ਨਿਯਮ ਤੋਂ ਫਿਰ ਜਾਣਾ.

ਪਲਟਾ: ਸੰਗਯਾ- ਬਦਲਾ। ੨. ਪਲਟਣ ਦੀ ਕ੍ਰਿਯਾ। ੩. ਗਾਉਣ ਵੇਲੇ ਸ੍ਵਰਤਾਨ ਲੈਣੀ, ਉੱਚੇ ਸੁਰ ਤੀਕ ਜਾਕੇ ਫੇਰ ਯਥਾਕ੍ਰਮ ਹੇਠਲੇ ਸ੍ਵਰ ਵੱਲ ਪਲਟਣਾ। ੪. ਖੁਰਚਣਾ, ਜਿਸ ਨਾਲ ਤਵੇ ਉੱਪਰੋਂ ਰੋਟੀ ਪਲਟੀ ਜਾਵੇ.

ਪਲਟਿ: ਕ੍ਰਿ. ਵਿ- ਲੌਟਕੇ. ਪਰਤਕੇ. "ਕਈ ਪਲਟਿ ਸੂਰਜ ਸਿਜਦਾ ਕਰਾਇ." (ਅਕਾਲ)

ਸੂਰਜ ਦੇ ਚੜ੍ਹਨ ਦੀ ਦਿਸ਼ਾ (ਪੂਰਵ) ਤੋਂ ਮੁਖ ਪਲਟਕੇ (ਪੱਛਮ ਵੱਲ) ਸਿਜਦਾ ਕਰਦੇ ਹਨ. "ਪਲਟਿ ਭਈ ਸਭ ਖੇਹ." (ਸ. ਕਬੀਰ)

ਪਲਤ: ਪਰਤ੍ਰ. ਪਰਲੋਕ. "ਹਲਤ ਪਲਤ ਦੁਇ ਲੇਹੁ ਸਵਾਰ." (ਸੁਖਮਨੀ) ੨. ਦੇਖੋ, ਪਲਿਤ.

ਪਲਤਾ: ਖਤ੍ਰੀਆਂ ਦੀ ਇੱਕ ਜਾਤਿ. ਪਰਮਾਨੰਦ ਦਾ ਪੁਤ੍ਰ ਜੈਰਾਮ, ਬੀਬੀ ਨਾਨਕੀ ਜੀ ਦਾ ਪਤਿ ਇਸੇ ਗੋਤ ਦਾ ਸੀ। ੨. ਚਪਟਾ ਜਿਹਾ ਕਾਗਜ ਦਾ ਪੁਲੰਦਾ.

ਪਲਤਿ: ਪਰਤ੍ਰ (ਪਰਲੋਕ) ਵਿੱਚ. "ਹਲਤਿ ਪਲਤਿ ਸੁਖੁ ਪਾਇਦੇ." (ਸ੍ਰੀ ਮਃ ੩)

ਪਲਤੁ: ਸੰਗਯਾ- ਪਰਲੋਕ. "ਹਲਤੁ ਪਲਤੁ ਤਿਨੀ ਦੋਵੈ ਗਵਾਏ." (ਮਾਝ ਅਃ ਮਃ ੩) ਦੇਖੋ, ਪਲਤ ੧.

ਪਲਤੇ: ਦੇਖੋ, ਪਲਿਤ. "ਚਬੈ ਤਤਾ ਲੋਹ ਸਾਰ ਵਿਚਿ ਸੰਘੈ ਪਲਤੇ." (ਗਉ ਵਾਰ ੧. ਮਃ ੪)

ਪਲਥੀ: ਚੌਕੜੀ ਮਾਰਕੇ ਬੈਠਣ ਦੀ ਕ੍ਰਿਯਾ. ਗੋਡੇ ਸਮੇਟਕੇ ਚਿੱਤੜਾਂ ਭਾਰ ਬੈਠਣ ਦੀ ਮੁਦ੍ਰਾ.

ਪਲੱਥਾ: ਸੰਗਯਾ- ਹੱਥ ਪਲਟਣਾ ਦੀ ਕ੍ਰਿਯਾ. ਕਲਾਬਾਜ਼ੀ. ਗਤਕੇਬਾਜ਼ੀ. "ਪਲੱਥੇ ਖਿਲਾਰੀ। ਕਰੈਂ ਘਾਵ ਕਾਰੀ." (ਗੁਪ੍ਰਸੂ)

---

[770] ਭਾਈ ਸੰਤੋਖਸਿੰਘ ਜੀ ਵੇਲੇ ਅੰਗ੍ਰੇਜ਼ੀ ਅਤੇ ਫ੍ਰੈਂਚ ਸ਼ਬਦ ਹਿੰਦੂਸਤਾਨ ਵਿੱਚ ਬਹੁਤ ਪ੍ਰਵਿਰਤ ਹੋ ਗਏ ਸਨ.

**ਪਲਨਾ:** ਕ੍ਰਿ- ਪਰਵਰਿਸ਼ ਪਾਉਣਾ। ੨. ਗਲਣਾ. ਸੜਨਾ। ੩. ਪਲਿਤ (ਪੁਰਾਣਾ) ਹੋਣਾ। ੪. ਸੰਗਯਾ- ਝੂਲਾ. ਡੋਰੀ ਨਾਲ ਲਟਕਾਇਆ ਪਲੰਘ. ਪਾਲਣਾ. "ਪਲਨਾ ਪਰ ਪੌਢਾਵਈ." (ਨਾਪ੍ਰ)

**ਪਲਪੰਕ:** ਸੰਗਯਾ- ਪਲ (ਮਾਸ) ਦਾ ਪੰਕ (ਚਿੱਕੜ). "ਰਕਤ ਬਿੰਦੁ ਕਾ ਗਾਰਾ." ਵੀਰਯ ਅਤੇ ਰਕਤ ਤੋਂ ਬਣਿਆ ਪੰਕ, ਜਿਸ ਨਾਲ ਦੇਹ ਦੀ ਰਚਨਾ ਹੁੰਦੀ ਹੈ.

**ਪਲਪੰਕਜ:** ਸੰਗਯਾ- ਪਲਪੰਕ (ਰਕਤ ਬਿੰਦੁ ਦੇ ਗਾਰੇ) ਤੋਂ ਪੈਦਾ ਹੋਇਆ ਸ਼ਰੀਰ. ਦੇਹ. "ਪਲਪੰਕਜ ਮਹਿ ਕੋਟਿ ਉਧਾਰੇ." (ਧਨਾ ਅਃ ਮਃ ੧) "ਪਲ ਪੰਕਜ ਮਹਿ ਨਾਮ ਛਡਾਏ." (ਮਲਾ ਅਃ ਮਃ ੧) ਇਸ ਦੇਹ ਦੇ ਤਯਾਗ ਪਿੱਛੋਂ ਹੀ ਗਤਿ ਨਹੀਂ ਕਰਦਾ, ਕਿੰਤੂ ਸ਼ਰੀਰ ਹੁੰਦੇ ਹੀ ਮੁਕਤਿ ਦਿੰਦਾ ਹੈ. ਭਾਵ- ਜੀਵਨਮੁਕ੍ਤਦਸ਼ਾ ਨਾਮ ਤੋਂ ਪ੍ਰਾਪਤ ਹੁੰਦੀ ਹੈ। ੨. ਗਯਾਨੀ ਪਕੰਜ ਦਾ ਅਰਥ ਅੱਖ ਕਰਦੇ ਹਨ, ਕਿਉਂਕਿ ਨੇਤ੍ਰ ਨੂੰ ਕਮਲ ਦੀ ਉਪਮਾ ਦਿੱਤੀ ਜਾਂਦੀ ਹੈ. ਪਲਪੰਕਜ ਦਾ ਅਰਥ ਹੋਇਆ ਅੱਖ ਦਾ ਫੋਰਾ. ਨਿਮੇਸ਼. ਨਾਮ ਨਿਮੱਖ ਵਿੱਚ ਮੁਕ੍ਤਿ ਦਿੰਦਾ ਹੈ.

**ਪਲਫਾ:** ਪਲਭਰ. ਕ੍ਸ਼ਣਮਾਤ੍ਰ ਮੇਂ. "ਦੋਖ ਸਭ ਜਨ ਕੇ ਹਰਿ ਦੂਰਿ ਕੀਏ ਇਕ ਪਲਫਾ." (ਪ੍ਰਭਾ ਮਃ ੪)

**ਪਲਭਛ:** ਪਲ (ਮਾਸ) ਭਕ੍ਸ਼ਣ ਵਾਲਾ. ਦੇਖੋ, ਪਲਚਰ। ੨. ਸ਼ੇਰ.

**ਪਲਭਛ ਨਾਦਨਿ:** ਸੰਗਯਾ- ਪਲ (ਮਾਸ) ਖਾਣ ਵਾਲੇ ਜੀਵਾਂ ਦਾ ਸ਼ੋਰ ਮਚਾਉਣ ਵਾਲੀ ਸੈਨਾ. (ਸਨਾਮਾ) ਮਾਂਸਾਹਾਰੀ ਜੀਵ ਮਾਂਸ ਖਾਣ ਲਈ ਮੈਦਾਨੇਜੰਗ ਵਿੱਚ ਸ਼ੋਰ ਮਚਾਇਆ ਕਰਦੇ ਹਨ। ੨. ਪਲਭਛ (ਸ਼ੇਰ) ਜੇਹੀ ਗਰਜ ਕਰਨ ਵਾਲੀ ਬੰਦੂਕ. (ਸਨਾਮਾ)

**ਪਲਮ:** ਫ਼ਾ. پلم ਸੰਗਯਾ- ਮਿੱਟੀ- ਖ਼ਾਕ। ੨. ਜਖ਼ਮ ਦਾ ਥਾਂ ਸੜਕੇ ਮਿੱਟੀ ਤੁੱਲ ਮਰੁਦਾ ਹੋ ਜਾਣ ਦਾ ਇੱਕ ਰੋਗ. Gangrene.

**ਪਲਰ, ਪਲਰਿ, ਪਲਰੀ, ਪਲਰੁ:** ਸੰ. ਪਲਾਲ, ਸੰਗਯਾ- ਦਾਣੇ ਰਹਿਤ ਫੂਸ. ਧਾਨ ਆਦਿ ਅੰਨ ਝਾੜਨ ਪਿੱਛੋਂ ਜੋ ਤ੍ਰਿਣ ਬਾਕੀ ਰਹਿੰਦੇ ਹਨ. "ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ." (ਵਾਰ ਮਾਝ ਮਃ ੧) ੨. ਸੰ. ਪਲਲ. ਪੱਥਰ. "ਰਤਨ ਪਦਾਰਥੁ ਪਲਰਿ ਤਿਆਗੈ." (ਮਾਝ ਅਃ ਮਃ ੩) ਪੱਥਰ ਬਦਲੇ ਰਤਨ ਤਿਆਗੈ। ੩. ਚਿੱਕੜ. ਗਾਰਾ। ੪. ਸਿਵਾਰ. ਕਾਈ। ੫. ਮੈਲ. ਗੰਦਗੀ। ੬. ਦੁੱਧ। ੭. ਤਿਲਕੁੱਟ. ਭੁੱਗਾ। ੮. ਬਲ. ਤ਼ਾਕ਼ਤ। ੯. ਲਾਸ਼. ਲੋਥ। ੧੦. ਸਿੰਧੀ. ਵਰਖਾ ਦਾ ਜਲ। ੧੧. ਸੰ. ਪਲ੍ਵਲ. ਸਰੋਵਰ. ਤਾਲ. "ਸੁਖ ਪਲਰਿ ਤਿਆਗਿ ਮਹਾ ਦੁਖ ਪਾਵੈ." (ਮਾਰੂ ਸੋਲਹੇ ਮਃ ੩) "ਹਰਿ ਸੁਖਪਲਰਿਤਿਆਗਿਆ." (ਵਾਰ ਬਿਲਾ ਮਃ ੩) ੧੨. ਪਲ (ਤਰਾਜ਼ੂ) ਧਾਰੀ. ਪਲਰੀ. ਵਾਪਾਰੀ. "ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ। ਅਉਗੁਣ ਵਿਕਣਿ ਪਲਰੀ ਜਿਸ ਦੇਇ ਸੁ ਸਚੇ ਪਾਏ." (ਵਾਰ ਗਉ ੧. ਮਃ ੪) ਸਾਧੂ ਪਲਰੀ (ਵਪਾਰੀ), ਅਵਗੁਣ ਦਾ ਵਿਕ੍ਰਯਣ ਕਰਕੇ (ਭਾਵ ਔਗੁਣਾਂ ਦੇ ਬਦਲੇ) ਗੁਣ ਦਿੰਦੇ ਹਨ। ੧੩. ਪਲਰਨ. ਸੰ. ਪਰਿਹਰਣ. ਤਯਾਗ. "ਚੋਰੀ ਚੋਰ ਨ ਪਲਰਹਿਂ ਦੁਖ ਸਹਹਿਂ ਗਰਠੇ." (ਭਾਗੁ) ੧੪. ਕ੍ਰਿ. ਵਿ- ਪਰਿਹਰਣ ਕਰਕੇ. "ਦੁਖ ਪਲਰਿ ਹਰਿ ਨਾਮ ਵਸਾਏ." (ਮਲਾ ਅਃ ਮਃ ੩)

**ਪਲਲ:** ਦੇਖੋ, ਪਲਰ ੨। ੨. ਸੰ. ਮਾਸ। ੩. ਚਿੱਕੜ ਕੀਚ। ੪. ਤਿਲਾਂ ਦਾ ਚੂਰਨ. ਭੁੱਗਾ. ਤਿਲਕੁੱਟ। ੫. ਤਿਲ ਦਾ ਫੁੱਲ। ੬. ਪੱਥਰ। ੭. ਲੋਥ. ਲਾਸ਼। ੮. ਦੁੱਧ। ੯. ਬਲ. ਤ਼ਾਕ਼ਤ.

**ਪਲਵ:** ਦੇਖੋ, ਪ੍ਲਵ.

**ਪਲਵਲ:** ਗੁੜਗਾਉਂ ਜਿਲੇ ਦਾ ਪੰਜਾਬ ਵਿੱਚ ਇੱਕ ਨਗਰ, "ਪਲਵਲ ਕੋ ਰਾਜਾ ਰਹੈ." (ਚਰਿਤ੍ਰ ੧੯੯)

**ਪਲਵਾ:** ਪਲਮਾਤ੍ਰ. ਪਲਭਰ. "ਤਿੰਹ ਠੌਰ ਨਹੀਂ ਪਲਵਾ ਠਹਿਰੈਯੈ." (ਕ੍ਰਿਸਨਾਵ)

**ਪਲਵਾਨ:** ਵਿ- ਪਲ (ਮਾਂਸ) ਵਾਲਾ. ਮਾਂਸਲ. ਮੋਟਾ। ੨. ਦੇਖੋ, ਪਹਲਵਾਨ.

**ਪਲਵੈ:** ਪੱਲਵਿਤ ਹੋਵੈ. ਪੱਤਿਆਂ ਸਹਿਤ ਹੋਵੇ. ਲਹ- ਲਹਾਵੇ. ਹਰੀ ਭਰੀ ਹੋਵੇ. "ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ." (ਸ. ਫਰੀਦ) ਜਲ ਨਾਲ ਸੜੀ ਖੇਤੀ ਨੂੰ ਭਾਵੇਂ ਪਾਣੀ ਵਿੱਚ ਡੋਬੋ, ਪਰ ਹਰੀ ਭਰੀ ਨਹੀਂ ਹੁੰਦੀ. ਭਾਵ- ਸਤਸੰਗ ਵਿੱਚ ਰਹਿਕੇ ਜਿਨ੍ਹਾਂ ਦੇ ਮਨ ਵਿਕਾਰਾਂ ਨਾਲ ਦਗਧ ਹੋ ਗਏ ਹਨ. ਉਹ ਕਦੇ ਪ੍ਰਫੁੱਲਿਤ ਨਹੀਂ ਹੋ ਸਕਦੇ.

**ਪਲਵੰਗ, ਪਲਵੰਗਮ:** ਸੰ. ਧਲਵੰਗਮ. ਵਿ- ਪ੍ਲਵ (ਟਪੂਸੀ) ਮਾਰਕੇ ਗਮਨ ਕਰਨ ਵਾਲਾ। ੨. ਸੰਗਜਾ- ਡੱਡੂ। ੩. ਲੰਗੂਰ। ੪. ਬਾਂਦਰ. "ਪਲਵੰਗਮ ਗਨ ਕੂਦਤ ਆਏ." (ਗੁਪ੍ਰਸੂ) ੫. ਇੱਕ ਛੰਦ. ਲੱਛਣ- ਚਾਰ ਚਰਣ, ਪਤਿ ਚਰਣ ੨੧. ਮਾਤ੍ਰਾ, ਪਹਿਲਾ ਵਿਸ਼੍ਰਾਮ ੮. ਪੁਰ, ਦੂਜਾ ੧੩. ਪੁਰ, ਅੰਤ ਜਗਣ ਅਤੇ ਇੱਕ ਗੁਰੂ ।S।, S

ਉਦਾਹਰਣ-

ਸਮ ਦਮ ਉਪਰਿਤ, ਆਦਿ ਵਿਪਨ ਗਿਰਿਵਾਸ ਕੋ,

ਭਨਜੋ ਸੁ ਪ੍ਰਭੁ ਸੁਭ, ਸੰਤ ਧਰਉ ਤਜ ਆਸ ਕੋ,

ਰਾਜਯੋਗ ਭਲ, ਭਕ੍ਰਿ ਵਿਬੇਕ ਵਿਚਾਰ ਜੋ,

ਪ੍ਰਭੁਤਾ ਰਾਗ ਤ੍ਰਿਕਾਲ ਗਜਾਨ ਤਪ ਸਾਰ ਜੋ.

(ਸਿੱਖੀਪ੍ਰਭਾਕਰ)

(ਅ) ਪਲਵੰਗਮ ਦਾ ਇਹ ਸਰੂਪ ਭੀ ਹੈ ਕਿ ਸਾਰੇ ਚਰਣਾਂ ਦੇ ਆਦਿ ਗੁਰੁ ਹੋਵੇ. ਯਥਾ-

ਵਿਦਜਾ ਪੜ੍ਹਕੈ, ਮਨ ਅਭਿਮਾਨ ਨ ਧਾਰਿਯੇ,

ਔਰਨ ਕੇ ਹਿਤ, ਇਲਮ ਹੁਨਰ ਪਰਿਚਾਰਿਯੇ ×××

(ੲ) ਤੀਜਾ ਰੂਪ ਪ੍ਰਤਿ ਚਰਣ ੨੧. ਮਾਤ੍ਰਾ. ਪਹਿਲਾ ਵਿਸ਼੍ਰਾਮ ੧੧. ਪੁਰ, ਦੂਜਾ ੧੦. ਪੁਰ, ਅੰਤ ਗੁਰੁ.

ਉਦਾਹਰਣ-

ਜਿਸ ਕੀ ਬਾਣੀ ਨਹੀਂ, ਚਿੱਤ ਹਸੰਣ ਕਰੈ,

ਜਿਸ ਕੀ ਕ੍ਰਿਯਾਸ਼ਰੀਰ, ਨ ਮਨ ਕਸ਼ੰਣ ਕਰੈ,

ਜਿਸ ਕੋ ਜੀਵਨ ਜਗਤ, ਲੋਕਹਿਤ ਨਹੀਂ ਹੈ,

ਹਰਿਵ੍ਰਿਜੇਸ਼ ਲਿਹੁ ਜਾਨ, ਸੁ ਜਨ ਮ੍ਰਿਤ ਵਹੀ ਹੈ.

**ਪਲੜਾ:** ਸੰਗਜਾ- ਪਲ (ਤਰਾਜ਼ੂ) ਦਾ ਛਾਬਾ. ਪਟਲ.

**ਪਲਾ:** ਸੰਗਜਾ- ਪਲੜਾ. ਤਰਾਜ਼ੂ ਦਾ ਪਟਲ। ੨. ਪੱਲਾ. ਦਾਮਨ. ਦੇਖੋ, ਅੰ pall. ਓਟ ਗਹੀ ਸੰਤ ਪਲਾ" (ਧਨਾ ਮਃ ੫)

**ਪਲਾਉ:** ਸੰ. ਪ੍ਰਲਾਪ, ਸੰਗਜਾ- ਵਿਲਾਪ. ਰੋਣਾ। ੨. ਬਕਬਾਦ.

**ਪਲਾਊ, ਪਲਾਊਗਢ:** ਪਲਾਮਉ. ਛੋਟੇ ਨਾਗਪੁਰ ਦੇ ਇਲਾਕੇ ਅੰਦਰ ਇੱਕ ਜਿਲਾ, ਜੋ ਪਹਾੜੀਆਂ ਨਾਲ ਘਿਰਿਆ ਹੋਇਆ. ਪਨਾਹ ਦੀ ਥਾਂ ਮੰਨਿਆ ਗਿਆ ਸੀ. "ਏਕ ਪਲਾਊ ਦੇਸ ਸੁਨੀਜੈ." (ਚਰਿਤ੍ਰ ੧੩੨) "ਪਾਰਾ ਸੀ ਪਲਾਊਗਢ." (ਅਕਾਲ)

**ਪਲਾਇਣ, ਪਲਾਇਨ:** ਸੰ. ਪਲਾਯਨ. ਸੰਗਜਾ- ਭੱਜਣ ਦੀ ਕ੍ਰਿਯਾ. ਦੌੜਨਾ. ਨੱਠਣਾ. "ਸਗਲੇ ਦੂਖ ਪਲਾਇਣ." (ਟੋਡੀ ਮਃ ੫)

**ਪਲਾਸ:** ਸੰ. ਪਲਾਸ਼. ਵਿ- ਪਲ (ਮਾਂਸ) ਅਸ਼ਨ (ਖਾਣ) ਵਾਲਾ. ਮਾਂਸਾਹਾਰੀ। ੨. ਨਿਰਦਯ. ਬੇਰਹਮ। ੩. ਹਰਾ. ਸਬਜ਼। ੪.

ਸੰਗਯਾ- ਢੱਕ. ਕੇਸੂ ਦਾ ਬਿਰਛ. ਪਲਾਹ. Butia Fonzosa ਪਦਮਪੁਰਾਣ ਦੇ ਉੱਤਰ ਖੰਡ ਦੇ ਅਃ ੧੬੦ ਵਿੱਚ ਲਿਖਿਆ ਹੈ ਕਿ ਪਾਰਵਤੀ ਦੇ ਸ਼੍ਰਾਪ ਨਾਲ ਬ੍ਰਹਮਾ ਪਲਾਸ (ਢੱਕ) ਹੋਗਿਆ. ਇਸ ਲਈ ਪਲਾਸ ਬ੍ਰਹਮਾ ਰੂਪ ਹੈ. ਸ਼ਤਪਥ ਬ੍ਰਾਹਮਣ ਵਿੱਚ ਲਿਖਿਆ ਹੈ ਕਿ ਬ੍ਰਹਮਾ ਦੇ ਮਾਸ ਤੋਂ ਪਲਾਸ ਦੀ ਉਤਪੱਤਿ ਹੋਈ ਹੈ. ਪਲਾਸ ਦੇ ਫੁੱਲ (ਕੇਸੂ) ਰੰਗਣ ਦੇ ਕੰਮ ਆਉਂਦੇ ਹਨ. ਅਤੇ ਕਈ ਦਵਾਈਆਂ ਵਿੱਚ ਵਰਤੀਦੇ ਹਨ, ਢੱਕ ਦਾ ਗੂੰਦ ਅਨੇਕ ਰੋਗਾਂ ਦੇ ਦੂਰ ਕਰਨ ਲਈ ਵਰਤੀਦਾ ਹੈ। ੫. ਪੱਤਾ. "ਸੋ ਕੁਲ ਢਾਕ ਪਲਾਸ." (ਸ. ਕਬੀਰ) ਢੱਕ ਦਾ ਪੱਤਾ।

੬. ਫੁਲਾਂ ਦੀ ਪਾਂਖੁੜੀ. "ਬੰਦ ਤੇ ਪਲਾਸਾਖਜ." (ਸਲੋਹ) ਕਮਲਦਲ ਜੇਹੀ ਜਿਸ ਦੀ ਅੱਖਾਂ ਹਨ। ੭. ਰਾਕ੍ਸ਼ਸ, ਜੋ ਮਾਂਸ ਖਾਂਦਾ ਹੈ। ੮. ਸ਼ੇਰ ਆਦਿ ਮਾਂਸ ਖਾਣ ਵਾਲਾ ਜੀਵ.

ਪਲਾਸਾਕ੍ਸ਼, ਪਲਾਸਾਖਜ: ਕਮਲ ਦੇ ਪਲਾਸ (ਦਲ) ਜੇਹੀ ਅੱਖਾਂ ਵਾਲਾ. ਦੇਖੋ, ਪਲਾਸ ੬

ਪਲਾਸੀ: ਬੰਗਾਲ ਦੇ ਨਦੀਆ ਜਿਲੇ ਵਿੱਚ ਭਾਗੀਰਥੀ ਦੇ ਕਿਨਾਰੇ ਇੱਕ ਨਗਰ, ਜਿੱਥੇ ਕਲਾਈਵ (Clive) ਨੇ ਮੁਰਸ਼ਿਦਾਬਾਦ (ਬੰਗਾਲ) ਦੇ ਨਵਾਬ ਸਿਰਾਜੁੱਦੌਲਾ ਪੁਰ ੨੩ ਜੂਨ ਸਨ ੧੭੫੭ ਨੂੰ ਫਤੇ ਪਾਈ। ੨. ਸੰ. ਪਲਾਸ਼ਿਨ੍. ਪਲਾਸ਼ੀ. ਵਿ- ਪੱਤਿਆਂ ਵਾਲਾ। ੩. ਪਲ (ਮਾਂਸ) ਆਸ਼ੀ (ਖਾਣ ਵਾਲਾ). ੬. ਸੰਗਯਾ- ਮਾਂਸਾਹਾਰੀ ਜੀਵ। ੫. ਬਿਰਛ ਜੋ ਪੱਤੇ ਰੱਖਦਾ ਹੈ. "ਪੁਰਾਨੋ ਪਲਾਸੀ ਮਨੋ ਵਾਯੁ ਡਾਰਜੋ." (ਨਰਸਿੰਘਾਵ)

ਪਲਾਸੂਰ, ਪਲਾਸੌਰ: ਦੇਖੋ, ਤਰਨਤਾਰਨ.

ਪਲਾਹ: ਦੇਖੋ, ਪਲਾਸ ੪। ੨. ਸੰ. ਪ੍ਰਲਾਪ. ਬਕਬਾਦ. ਵਿਲਾਪ. ਦੇਖੋ, ਕਰਣਪਲਾਹ.

ਪਲਾਹ ਸਾਹਿਬ: ਦੇਖੋ, ਗੁਰਪਲਾਹ। ੨. ਖਾਲਸਾ ਕਾਲਿਜ ਅਮ੍ਰਿਤਸਰ ਤੋਂ ਡੇਢ ਮੀਲ ਉਤੱਰ ਪੱਛਮ ਇੱਕ ਗੁਰਦੁਆਰਾ, ਜਿੱਥੇ ਪਲਾਹ ਬਿਰਛ ਹੇਠ ਗੁਰੂ ਹਰਗੋਬਿੰਦ ਸਾਹਿਬ ਵਿਰਾਜੇ ਸਨ.

ਪਲਾਹਾਰ: ਪਲ (ਮਾਂਸ) ਆਹਾਰ (ਭੋਜਨ). ਮਾਂਸ ਭਕ੍ਸ਼ਣ। ੨. ਮਾਂਸ ਖਾਣ ਵਾਲਾ. ਮਾਂਸਾਹਾਰੀ.

ਪਲਾਹੀ: ਰਿਆਸਤ ਕਪੂਰਥਲਾ, ਤਸੀਲ ਥਾਣਾ ਫਗਵਾੜਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਫਗਵਾੜੇ ਤੋਂ ਤਿੰਨ ਮੀਲ ਉੱਤਰ ਹੈ. ਇਸ ਪਿੰਡ ਦੀ ਆਬਾਦੀ ਵਿੱਚ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ, ਜੋ ਚੰਗਾ ਬਣਿਆ ਹੋਇਆ ਹੈ. ਪਾਸ ਹੀ ਪੱਕੇ ਰਹਾਇਸ਼ੀ ਮਕਾਨ ਹਨ. ਇੱਕ ਕਮਰੇ ਵਿੱਚ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਗੁਰਦ੍ਵਾਰੇ ਨਾਲ ੧੪. ਘੁਮਾਉਂ ਜ਼ਮੀਨ ਰਿਆਸਤ ਵੱਲੋਂ ਹੈ. ਅਕਾਲੀ ਸਿੰਘ ਸੇਵਾਦਾਰ ਹਨ. ੨. ਦੇਖੋ, ਫਲਾਹੀ.

ਪਲਾਕ, ਪਲਾਕੀ: ਸੰ. ਪ੍ਲਵਨ. ਸੰਗਯਾ- ਟਪੂਸੀ. ਉਛਲਣ ਦੀ ਕ੍ਰਿਯਾ। ੨. ਕੁੰਦਕੇ ਘੋੜੇ ਆਦਿ ਪੁਰ ਚੜ੍ਹਨ ਦੀ ਕ੍ਰਿਯਾ.

ਪਲਾਖ: ਸੰ. ਪ੍ਲਕ੍ਸ਼. ਸੰਗਯਾ- ਪਿਲਖਨ. ਬੋਹੜ ਜੇਹਾ ਇੱਕ ਦਰਖ਼ਤ। ੨. ਪੁਰਾਣਾਂ ਅਨੁਸਾਰ ਪਿਲਖਨ ਦਰਖ਼ਤ ਵਾਲਾ ਇਕ ਦ੍ਵੀਪ. "ਪਲਾਖ ਦੀਪ ਮਹਿਂ ਬੈਠੋ ਜਾਇ." (ਨਾਪ੍ਰ) ਦੇਖੋ, ਪਿਲਖਨ.

ਪਲਾਚਨੀ: ਸੰਗਯਾ- ਪਲ (ਮਾਂਸ) ਅਚਨ (ਖਾਣ) ਵਾਲੀ, ਯੋਗਿਨੀ। ੨. ਕਾਲੀ ਦੇਵੀ. "ਪਲਾਚਨੀ ਚੁਰੈਲ ਭੂਤ." (ਪੰਪ੍ਰ)

ਪਲਾਣ: ਫ਼ਾ. پالان ਪਾਲਾਨ. ਸੰਗਯਾ- ਊਂਟ ਗਧੇ ਆਦਿ ਦੀ ਪਿੱਠ ਪਰ ਕਸੀ ਹੋਈ ਕਾਠੀ ਅਥਵਾ ਗੱਦੀ। ੨. ਦੇਖੋ, ਪਰਯਾਣ.

ਪਲਾਣੇ: ਵਿ- ਕਾਠੀ ਅਥਵਾ ਚਾਰਜਾਮਿਆਂ ਨਾਲ ਕਸੇ ਹੋਏ. ਪਾਲਾਨ ਸਹਿਤ ਹੋਏ. "ਤੁਰੇ ਪਲਾਣੇ ਪਉਣ ਵੇਗ." (ਵਾਰ ਆਸਾ)

ਪਲਾਤਾ: ਦੇਖੋ, ਪਰਤ੍ਰ ਅਤੇ ਪਲਤ. "ਸਵਰੇ ਹਲਤ ਪਲਾਤਾ." (ਮਾਰੂ ਮਃ ੫) ਲੋਕ ਪਰਲੋਕ ਸੌਰੇ.

ਪਲਾਧ: ਪਲ- ਅੱਧ. ਅੱਧ ਪਲ. "ਥਿਰ ਨਹਿ ਰਹਿਤ ਪਲਾਧ." (ਕਲਕੀ)

ਪਲਾਨ: ਦੇਖੋ, ਪਲਾਣ. "ਚੀਰ ਪਲਾਨ ਕਿਕਾਨ ਧਸੀ ਵਸੁਧਾ ਮਹਿ." (ਚੰਡੀ ੧) ਕਾਠੀ ਅਤੇ ਘੋੜੇ ਨੂੰ ਚੀਰ ਕੇ ਤਲਵਾਰ ਜ਼ਮੀਨ

ਵਿੱਚ ਧਸ ਗਈ। ੨. ਸੰ. ਪਲੱਨ. ਪਲ (ਮਾਂਸ) ਨਾਲ ਮਿਲਾਕੇ ਪਕਾਇਆ ਅੰਨ.

ਪਲਾਯਨ: ਸੰ. ਸੰਗ੍ਯਾ- ਭੱਜਣ ਦੀ ਕ੍ਰਿਯਾ. ਦੌੜਨਾ. ਨੱਠਣਾ.

ਪਲਾਲ: ਸੰ. ਸੰਗ੍ਯਾ- ਪਰਾਲ. ਧਾਨਾਂ ਦਾ ਫੂਸ। ੨. ਦਾਣੇ ਬਿਨਾ ਤ੍ਰਿਣ. ਭੋਹ ਤੂੜੀ ਆਦਿ। ੩. ਭਾਵ ਜਿਸ ਵਿੱਚ ਕੁਝ ਸਾਰ ਨਹੀਂ. ਥੋਥਾ. ਅਸਾਰ.

ਪਲਿਓ: ਦੇਖੋ, ਪਲਿਆ। ੨. ਪਾਲਿਓ. ਪਾਲਨ ਕੀਤਾ. "ਪਲਿਓ ਛਤ੍ਰ ਧਰਮੰ." (ਰਾਮਾਵ) ਛਤ੍ਰੀਧਰਮ ਪਾਲਿਆ.

ਪਲਿਆ: ਵਿ- ਪਰਵਰਿਸ਼ ਨੂੰ ਪ੍ਰਾਪਤ ਹੋਇਆ. ਪਾਲਨ ਹੋਇਆ। ੨. ਸੰ. ਪਲਿਤ. ਬੁੱਢਾ। ੩. ਪੱਕਿਆ ਹੋਇਆ। ੪. ਚਿੱਟੇ ਰੰਗ ਵਾਲਾ. "ਸਿਰ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ." (ਸ. ਫਰੀਦ)

ਪਲਿਕ: ਪਲ- ਇਕ.

ਪਲਿਤ: ਦੇਖੋ, ਪਲਿਆ ੨। ੨. ਸੰ. ਸੰਗ੍ਯਾ- ਤਾਪ. ਗਰਮੀ। ੩. ਚਿੱਕੜ. ਗਾਰਾ। ੪. ਗੁੱਗਲ। ੫. ਮਿਰਚ.

ਪਲਿਯੋ: ਦੇਖੋ, ਪਲਿਓ.

ਪਲੀ: ਪਲਤਿ ਹੋਈ. ਦੇਖੋ, ਪਲਿਆ ੨। ੨. ਸੰ. ਪਲਿਘ. ਤੇਲ ਘੀ ਆਦਿ ਕੱਢਣ ਦੀ ਕੜਛੀ.

ਪਲੀਆ: ਪੱਲੇ ਦਾਮਨ ਮੇਂ. "ਊਠਿ ਤਿਨਾਕੈ ਲਾਗੀ ਪਲੀਆ." (ਮਾਰੂ ਮਃ ੫)

ਪਲੀਤ: ਫ਼ਾ. پلید ਪਲੀਦ. ਵਿ- ਅਪਵਿਤ੍ਰ. ਨਾਪਾਕ। ੨. ਨੀਚ.

ਪਲੀਤਹ, ਪਲੀਤਾ: ਫ਼ਾ. پلیته ਪਲੀਤਹ. ਅ. فتیله ਫ਼ਤੀਲਹ. ਵੱਟੀ ਹੋਈ ਬੱਤੀ. ਦੀਵਾ ਮਚਾਉਣ ਦੀ ਬੱਤੀ। ੨. ਤੋਪ ਨੂੰ ਅੱਗ ਦੇਣ ਦਾ ਤੋੜਾ. "ਪ੍ਰੇਮ ਪਲੀਤਾ ਸੁਰਤ ਹਵਾਈ ਗੋਲਾ ਗਿਆਨ ਚਲਾਇਆ." (ਭੈਰ ਕਬੀਰ) ੩. ਭਾਵ- ਸ਼ਬਦ ਸਪਰਸ਼ ਆਦਿ ਵਿਸ਼ੇ, ਜੋ ਮਨ ਨੂੰ ਭੜਕਾਉਂਦੇ ਅਤੇ ਤ੍ਰਿਸ਼ਨਾ ਅਗਨਿ ਨੂੰ ਮਚਾਉਂਦੇ ਹਨ. "ਪਾਂਚ ਪਲੀਤਹ ਕਉ ਪਰਬੋਧੈ." (ਗੌਂਡ ਕਬੀਰ) ੪. ਤੋਪ ਅਤੇ ਬੰਦੂਕ ਦਾ ਉਹ ਛੇਕ, ਜਿਸ ਵਿੱਚਦੀਂ ਬਾਰੂਦ ਨੂੰ ਅੱਗ ਪਹੁੰਚਦੀ ਹੈ। ੫. ਤਾਂਤ੍ਰਿਕ ਲੋਕਾਂ ਦੇ ਮਤ ਅਨੁਸਾਰ ਇੱਕ ਵਸਤ੍ਰ ਦਾ ਡੋਰਾ, ਜਿਸ ਨੂੰ ਤੀਖਣ ਪਦਾਰਥ ਲਾਕੇ ਭੂਤ ਗ੍ਰਸੇ ਪ੍ਰਾਣੀ ਦੇ ਨੱਕ ਨੂੰ ਧੂੰਆਂ ਦਿੱਤਾ ਜਾਂਦਾ ਹੈ."ਝਾਰਤ ਮੰਤ੍ਰਨ ਸੰਗ ××× ਬਹੁਰੋ ਲੇਇ ਪਲੀਤਾ." (ਨਾਪ੍ਰ)

ਪਲੀਤੀ: ਵਿ- ਪਲੀਦਤਾ (ਅਪਵਿਤ੍ਰਤਾ) ਵਾਲਾ. ਨਾਪਾਕ. "ਮੂਤ ਪਲੀਤੀ ਕਪੜੁ ਹੋਇ. (ਜਪੁ) ੨. ਸੰਗ੍ਯਾ- ਪਲੀਦਤਾ. ਅਪਵਿਤ੍ਰਤਾ.

ਪਲੀਦ: ਦੇਖੋ, ਪਲੀਤ.

ਪਲੁਤ: ਦੇਖੋ, ਪ੍ਲੁਤ.

ਪਲੁੱਥ ਲੁੱਥ: ਲੋਥ ਉੱਪਰ ਲੋਥ. ਲਾਸ਼ ਪੁਰ ਲਾਸ਼. "ਪਲੁੱਥ ਲੁੱਥ ਬਿੱਥਰੀ." (ਰਾਮਾਵ)

ਪਲੂ: ਸੰਗ੍ਯਾ- ਪੱਲਾ. ਲੜ। ੨. ਸੰ. ਪੱਲਵ. ਪੱਤਾ। ੩. ਫੁੱਲ ਦੀ ਪਾਂਖੁੜੀ. "ਪਲੂ ਅਨਤ ਮੂਲ ਬਿਚਕਾਰ." (ਰਾਮ ਬੇਣੀ) ਇਹ ਯੋਗਮਤ ਅਨੁਸਾਰ ਕਲਪੇਹੋਏ ਦਸਮਦ੍ਵਾਰ ਦੇ ਕਮਲ ਦਾ ਵਰਣਨ ਹੈ, ਜਿਸ ਵਿੱਚ ਆਤਮਾ ਵਿਰਾਜਦਾ ਹੈ.

ਪਲੇ: ਦਾਮਨ ਮੇਂ. ਲੜ ਵਿੱਚ. ਪੱਲੇ. "ਉਧਰਹਿ ਲਾਗਿ ਪਲੇ." (ਸਾਰ ਮਃ ੫) ਸੰਤਾਂ ਦੇ ਲੜ ਲੱਗਕੇ। ੨. ਪਾਲਨ ਕੀਤੇ. ਪਾਲੇ. "ਸਰਬ ਠੌਰ ਸਬੋ ਉਠ ਧਰਮ ਪਲੇ." (ਦਿਲੀਪ)

ਪਲੇਸਣਾ: ਕ੍ਰਿ- ਸੇਕ ਦੇਣਾ. ਹਰੀ ਸੋਟੀ ਨੂੰ ਅੱਗ ਵਿੱਚ ਛਿੱਲ ਲਾਹੁਣ ਲਈ ਤਾਉਣਾ. ਸੰ. ਪ੍ਲੁਸ. ਤਪਾਉਣਾ. ਜਲਾਉਣਾ.

ਪਲੇਟਨਾ: ਕ੍ਰਿ- ਲਪੇਟਣਾ. ਘੇਰਨਾ. ਮੜ੍ਹਨਾ. "ਪਸੁ ਮਾਣਸ ਚੰਮਿ ਪਲੇਟੇ." (ਵਾਰ ਮਲਾ ਮਃ ੧) "ਗ੍ਰਿਹਸਤਿ ਕੁਟੰਬਿ ਪਲੇਟਿਆ." (ਸ੍ਰੀ ਅਃ ਮਃ ੫) ਦੇਖੋ, ਅੰ. Plait.

ਪਲੇਟਿ: ਘੇਰਕੇ. ਲਪੇਟਕੇ. "ਕੂੜ ਮੁਲੰਮਾ ਪਲੇਟਿ ਧਰੇਹੁ." (ਵਾਰ ਗਉ ੧. ਮਃ ੪)

ਪਲੇਥਨ: ਦੇਖੋ. ਪਰੇਥਨ.

ਪਲੈ: ਪੜੈ. ਪਵੈ. "ਲੋਭੀ ਕਾ ਜੀਉ ਟਲਪਲੈ." (ਸ੍ਰੀ ਮਃ ੧) ਟਲ ਪੈਂਦਾ ਹੈ। ੨. ਪਲਦਾ ਹੈ. ਦੇਖੋ, ਪਲਨਾ। ੩. ਲੜ ਵਿੱਚ. ਦੇਖੋ, ਪਲੇ ੧. "ਪਲੈ ਸਾਚੁ ਸਚੇ ਸਚਿਆਰਾ." (ਮਾਰੂ ਸੋਲਹੇ ਮਃ ੧)

ਪਲੋਆ: ਪਲਾਯਨ ਹੋਆ. ਨੱਠਿਆ. "ਤਾਰੇ ਛਪੇ ਅੰਧੇਰ ਪਲੋਆ." (ਭਾਗੁ) ੨. ਪ੍ਰਲਯ ਹੋਆ. ਮਿਟ ਗਿਆ.

ਪਲੋਇ: ਪਲਾਯਨ ਹੋਇ। ੨. ਪ੍ਰਲਯ ਹੋਇ. "ਤਾਰਕਾ ਲਖ ਪਲੋਇ." (ਸ੍ਰੀ ਅਃ ਮਃ ੧)

ਪਲੋਈ: ਪਲਾਯਨ ਹੋਈ. ਨੱਠੀ। ੨. ਪ੍ਰਲਯ ਹੋਈ. "ਨਿੰਮਹੁ ਚੰਦਨ ਬਿਰਖ ਪਲੋਈ." (ਭਾਗੁ) ਵਿਸ਼ੇਸ਼ ਕਰਕੇ ਲਯ ਹੁੰਦਾ ਹੈ. ਭਾਵ- ਅਭੇਦ ਹੁੰਦਾ ਹੈ.

ਪਲੋਸਣਾ, ਪਲੋਸਨਾ: ਕ੍ਰਿ- ਪ੍ਰ- ਲੋਠਨ. ਹਿਲਾਉਣਾ. ਕੰਬਾਉਣਾ। ੨. ਕੋਮਲਤਾ ਨਾਲ ਸਿਰਪੁਰ ਹੱਥ ਫੇਰਨਾ. "ਮੂਡ ਪਲੋਸਿ ਕਮਰ ਬਧਿ ਪੋਥੀ." (ਗੌਂਡ ਕਬੀਰ)

ਪਲੋਸਿ: ਪਲੋਸਕੇ. ਦੇਖੋ, ਪਲੋਸਨਾ.

ਪਲੋਟਨ, ਪਲੋਠਨ: ਸੰ. ਪ੍ਰੋਲਠਨ. ਸੰਗਯਾ- ਮੁੱਠੀ ਚਾਪੀ ਕਰਨੀ. "ਸਜਾਮ ਪਲੋਟਤ ਊਧਵ ਪਾਇ." (ਕ੍ਰਿਸਨਾਵ) ੨. ਹਿਲਾਉਣਾ। ੩. ਹੇਠ ਉੱਪਰ ਕਰਨ ਦੀ ਕ੍ਰਿਯਾ.

ਪਲੋਵੈ: ਪਲਾਯਨ ਹੋਵੈ। ੨. ਪ੍ਰਲਯ (ਲੀਨ) ਹੋਵੈ. "ਤੀਨ ਤਿਲੋਕ ਸਮਾਧਿ ਪਲੋਵੈ." (ਰਾਮ ਬੇਣੀ) ਤ੍ਰਿਕੁਟੀ ਅਤੇ ਤ੍ਰਿਲੋਕੀ ਸਮਾਧਿ ਵਿੱਚ ਲੈ ਹੋਵੈ.

ਪਲੰਹਾਰ: ਮਾਂਸਾਹਾਰੀ. ਦੇਖੋ, ਪਲਾਹਾਰ. "ਪਲੰਹਾਰ ਨੱਚੇ." (ਵਿਚਿਤ੍ਰ) ਮਾਂਸਾਹਾਰੀ ਜੀਵਨ ਨੱਚੇ.

ਪਲੰਗ: ਦੇਖੋ, ਪਲੰਘ। ੨. ਫ਼ਾ. پلنگ ਚਿੱਤਾ, ਚਿਤ੍ਰਕ. Leopard। ੩. ਲਕੜਬਘਾ. ਵਜਾਘ੍ਰ. Panther. ਦੇਖੋ, ਸਿੰਘ ਸ਼ਬਦ ਵਿੱਚ ਦਿੱਤੇ ਚਿਤ੍ਰ.

ਪਲੰਘ: ਸੰ. पल्यङ्क. ਪਲਜੰਕ. ਅਤੇ पर्यङ्क- ਪਰਯੰਕ. ਸੰਗਯਾ- ਮੰਜਾ. ਖਾਟ. "ਚੂੜਾ ਭੰਨੁ ਪਲੰਘ ਸਿਉ ਮੁੰਧੇ!" (ਵਡ ਮਃ ੧)

ਪਲੰਮ: ਸੰ. ਪ੍ਰਲੰਬ. ਵਿ- ਲਟਕਦਾ ਹੋਇਆ. "ਬਿਰਖ ਅਕਾਰ ਬਿਥਾਰਕਰ ਥਹੁ ਜਟਾ ਪਲੰਮੈ." (ਭਾਗੁ) ੨. ਦੇਖੋ, ਪਲਮ.

ਪਲ੍ਹਵ: ਸੰ. पल्हव ਅਥਵਾ पल्लव Parthians ਅਥਵਾ Persians. ਮਨੁ ਦੇ ਲੇਖ ਅਨੁਸਾਰ ਇਹ ਛਤ੍ਰੀ ਜਾਤਿ ਵਿੱਚੋਂ ਹਨ, ਪਰ ਇਹ ਛਤ੍ਰੀਆਂ ਤੋਂ ਛੇਕੇ ਗਏ ਸਨ. ਮਹਾਭਾਰਤ ਲਿਖਦਾ ਹੈ ਕਿ ਪਲ੍ਹਵ ਵਿਸ਼ਸ਼੍ਠ ਦੀ ਗਊ ਦੀ ਪੂਛ ਤੋਂ ਪੈਦਾ ਹੋਏ. ਭਾਰਤ ਵਿੱਚ ਕਿਸੇ ਸਮੇਂ ਇਸ ਜਾਤਿ ਦੀ ਰਾਜਧਾਨੀ ਕਾਂਚੀ ਸੀ. ਪਲ੍ਹਵਾਂ ਦਾ ਰਾਜ ਛੇਵੀਂ ਈਸਵੀ ਸਦੀ ਦੇ ਮੱਧ ਤੋਂ ਅੱਠਵੀਂ ਸਦੀ ਦੇ ਮੱਧ ਤਕ ਰਿਹਾ. ਇਨ੍ਹਾਂ ਦੇ ਅਧੀਨ ਅਰਕਾਟ, ਮਦਰਾਸ, ਤ੍ਰਿਚਨਾਪਲੀ ਅਤੇ ਤੰਜੌਰ ਆਦਿ ਸਨ। ੨. ਕਾਰੋਮੰਡਲ ਦੇ ਕਿਨਾਰੇ ਦਾ ਦੇਸ਼, ਜੋ ਮਦਰਾਸ ਦੇ ਇਲਾਕੇ ਹੈ.

ਪੱਲ: ਸੰ. ਸੰਖਯਾ- ਅੰਨ ਰੱਖਣ ਦਾ ਕੋਠਾ. ਬਖਾਰ। ੨. ਫਲਾਂ ਨੂੰ ਘਾਹ ਫੂਸ ਆਦਿ ਵਿੱਚ ਰੱਖਕੇ ਪਕਾਉਣ ਦੀ ਕ੍ਰਿਯਾ.

ਪੱਲਵ: ਸੰ. ਸੰਗਯਾ- ਪੱਤਾ। ੨. ਨਵਾਂ ਸ਼ਗੂਫ਼ਾ। ੩. ਕੰਕਨ. ਕੜਾ. ਕੰਗਣ। ੪. ਵਿਸ੍ਤਾਰ. ਫੈਲਾਉ। ੫. ਚਪਲਤਾ। ੬. ਬਲ ਸ਼ਕਤਿ। ੭. ਪਲ੍ਹਵ ਦੇਸ਼। ੮. ਪਲ੍ਹਵ ਦੇਸ਼ ਦੇ ਰਹਿਣ ਵਾਲਾ ਦੇਖੋ, ਪਲ੍ਹਵ। ੯. ਫੁੱਲ ਦੀ ਪੰਖੁੜੀ। ੧੦. ਹੱਥ ਦੀ ਅੰਗੁਲੀ.

"ਹਾਥ ਦ੍ਵੈ ਪਾਥੋਜ ਸਮ, ਪੱਲਵ ਸੇ ਪਲਵਨ, ਤਾਮੇ ਨਗ ਸੂਚੇ ਖਚ ਨਖਨ ਕੀ ਪੰਗਤੀ." (ਗੁਪ੍ਰਸੂ) ੧੧. ਕਿਨਾਰਾ. ਹਾਸ਼ੀਆ। ੧੨. ਸੰਸਕ੍ਰਿਤ ਗ੍ਰੰਥਾਂ ਵਿੱਚ ਪਲ੍ਹਵ ਲਈ ਭੀ ਪੱਲਵ ਸ਼ਬਦ ਹੈ. ਦੇਖੋ, ਪਲ੍ਹਵ.

ਪੱਲਾ: ਸੰਗਜਾ- ਲੜ. ਦਾਮਨ। ੨. ਕਿਵਾੜ ਦਾ ਤਖ਼ਤਾ.

ਪੱਲਾ ਫੜਨਾ, ਪੱਲੇ ਲੱਗਣਾ: ਕ੍ਰਿ- ਕਿਸੇ ਦਾ ਆਸਰਾ ਲੈਣਾ। ੨. ਪਤਿ ਧਾਰਨ ਕਰਨਾ.

ਪਵ: ਪੜ. ਪੈ. ਦੇਖੋ, ਪਵਈ। ੨. ਸੰ. ਸੰਗਜਾ- ਪਵਿਤ੍ਰਤਾ. ਸ਼ੁੱਧੀ। ੩. ਪਵਨ. ਵਾਯੁ। ੪. ਗੋਬਰ. ਗੋਹਾ। ੫. ਅਨਾਜ ਦੀ ਭੂਸੀ ਸਾਫ ਕਰਨ ਦੀ ਕ੍ਰਿਯਾ.

ਪਵਈ: ਪੈਂਦੀ. ਪੜਤੀ. "ਬਿਨੁ ਗੁਰ ਘਾਲ ਨ ਪਵਈ ਥਾਇ." (ਸਿਧਗੋਸਟਿ) ੨. ਪੀਵਈ. ਪਾਨ ਕਰਦਾ. "ਇਕੁ ਬੂੰਦ ਨ ਪਵਈ ਕੇਹ." (ਸ੍ਰੀ ਅਃ ਮਃ ੧) ਸ੍ਵਾਤਿ- ਬੂੰਦ ਬਿਨਾ ਇੱਕ ਬੂੰਦ ਨਹੀਂ ਪੀਂਦਾ.

ਪਵਈਆ: ਪਾਉਣ (ਪ੍ਰਾਪਤ ਕਰਨ) ਵਾਲਾ। ੨. ਪੜਨੇ (ਪੈਣ) ਵਾਲਾ। ੩. ਪ੍ਰਾਪਤ ਹੁੰਦਾ ਹੈ. ਪਾਉਂਦਾ ਹੈ. "ਸਤਿਗੁਰ ਸਰਣਿ ਪਵਈਆ." (ਬਿਲਾ ਅਃ ਮਃ ੪)

ਪਵਸਤ: ਸੰ. ਪਵਸ੍ਤ. ਆਕਾਸ਼ ਅਤੇ ਪ੍ਰਿਥਿਵੀ. ਦੇਖੋ, ਪਾਵਸ.

ਪਵਗ, ਪਵਗੇ: ਵਿ- ਪਾਵਨੋਂ ਮੇਂ ਅਗ੍ਰਜ. ਪਵਿਤ੍ਰਾਂ ਵਿੱਚੋਂ ਪ੍ਰਧਾਨ. "ਹਰਿ ਕੀਏ ਪਤਿਤ ਪਵਗੇ." (ਨਟ ਮਃ ੪)

ਪਵਣ: ਸੰ. ਪਵਨ. ਸੰਗਜਾ- ਵਾਯੁ. ਹਵਾ. "ਪਵਣ ਪਾਣੀ ਅਗਨੀ ਪਾਤਾਲ." (ਜਪੁ) ੨. ਦੇਖੋ, ਪਵਣੁ ਅਤੇ ਪਵਨ। ੩. ਦੇਖੋ, ਪਵਣਾ.

ਪਵਣ ਵਾਉ: ਸੰ. ਧਵਨ ਵਾਯੁ. ਪਵਿਤ੍ਰ ਕਰਨ ਵਾਲੀ ਪੌਣ. "ਭੈ ਵਿਚਿ ਪਵਣ ਵਹੈ ਸਦ ਵਾਉ." (ਵਾਰ ਆਸਾ) ਦੇਖੋ, ਵਾਯੁ.

ਪਵਣਾ: ਕ੍ਰਿ- ਪੜਨਾ. ਪੈਣਾ. "ਪੈਰੀਂ ਪਵਣਾ ਜਗਿ ਵਰਤਾਇਆ." (ਭਾਗੁ) ੨. ਡਿਗਣਾ. ਸਿੰਧੀ. ਪਵਣੁ.

ਪਵਣੁ: ਸੰਗਜਾ- ਪਵਨ. ਹਵਾ. "ਪਵਣੁ ਗੁਰੂ ਪਾਣੀ ਪਿਤਾ." (ਜਪੁ) "ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ." (ਆਸਾ ਮਃ ੧) ਕੰਨਾਂ ਵਿੱਚ ਪੌਣ ਦੀ ਲਹਿਰ, ਬਾਰੀਕ ਝਿੱਲੀ ਪੁਰ ਠੋਕਰ ਖਾਕੇ ਸ਼ਬਦ ਉਤਪੰਨ ਨਹੀਂ ਕਰਦੀ। ੨. ਦੇਖੋ, ਪਵਣਾ ੨.

ਪਵਣੁਉਡੰਤ: ਵਿ- ਵਾਯੁਵੇਗੀ. ਹਵਾ ਜੇਹੀ ਚਾਲ ਵਾਲਾ। ੨. ਸੰਗਜਾ- ਮਨ. ਅੰਤਹਕਰਣ. "ਕਾਮ ਕ੍ਰੋਧ ਵਸਿ ਕਰੈ ਪਵਣੁਉਡੰਤ ਨ ਧਾਵੈ." (ਸਵੈਯੇ ਮਃ ੩. ਕੇ)

ਪਵਣੈ ਪਾਣੀ ਜਾਣੈ ਜਾਤਿ: (ਮਲਾ ਮਃ ੧) ਪੌਣ ਪਾਣੀ ਦੀ ਜਾਤਿ ਨੂੰ ਜਾਣੇ. ਭਾਵ- ਜੈਸੇ ਇਹ ਸਭ ਨੂੰ ਸਪਰਸ਼ ਕਰਦੇ ਸੁਖ ਦਿੰਦੇ ਛੂਤ ਦਾ ਖ਼ਿਆਲ ਨਹੀਂ ਕਰਦੇ, ਤੈਸੇ ਸਭ ਲਈ ਸੁਖਦਾਈ ਹੋਵੇ.

ਪਵਦੇ: ਪੈਂਦੇ. ਪੜਤੇ. "ਝੜਿ ਝੜਿ ਪਵਦੇ ਕਚੇ ਬਿਰਹੀ." (ਸਵਾ ਮਃ ੫)

ਪਵਨ: ਸੰ. ਸੰਗਜਾ- ਹਵਾ. ਵਾਯੁ. ਜੋ ਪਵਿਤ੍ਰ ਕਰਦੀ ਹੈ. "ਪਵਨ ਬੁਲਾਰੇ ਮਾਇਆ ਦੇਇ." (ਬਿਲਾ ਮਃ ੫) ਦੇਖੋ, ਮਾਰੁਤ। ੨. ਸ੍ਵਾਸ। ੩. ਜਲ. "ਅਗਨਿ ਨ ਦਹੈ, ਪਵਨ ਨਹੀ ਮਗਨੈ." (ਗਉ ਕਬੀਰ) ੪. ਮਿੱਟੀ ਦੇ ਭਾਂਡੇ ਪਕਾਉਣ ਦਾ ਆਵਾ.

ਪਵਨ ਉਣੰਜਾ: ਦੇਖੋ, ਮਰੁਤ.

ਪਵਨ ਅਰੰਭੁ ਸਤਿਗੁਰ ਮਤਿ ਵੇਲਾ: (ਸਿਧ- ਗੋਸਟਿ) ਸ੍ਵਾਸ ਸ੍ਵਾਸ ਨਾਮਅਭਜਾਸ ਦਾ ਆਰੰਭ ਮੂਲ ਹੈ, ਗੁਰੂ ਦਾ ਮਿਲਾਪ ਗਜਾਨਮਤਿ ਪ੍ਰਾਪਤ ਕਰਨ ਦਾ ਵੇਲਾ ਹੈ. ਦੇਖੋ, ਮਤਿਵੇਲਾ.

ਪਵਨਸੁਤ: ਸੰਗਜ੍ਞਾ- ਪੌਣ ਦਾ ਪੁਤ੍ਰ ਹਨੂਮਾਨ। ੨. ਭੀਮਸੇਨ.

ਪਵਨਸੂਤੁ: ਸੰਗਜ੍ਞਾ- ਪ੍ਰਾਣ ਸੂਤ੍ਰ. ਸ੍ਵਾਸ ਸ੍ਵਾਸ ਨਾਮ ਨਾਲ ਸੰਬੰਧ. "ਪਵਨਸੂਤੁ ਸਭੁ ਨੀਕਾ ਕਰਿਆ ਸਤਿਗੁਰਿ ਸਬਦੁ ਵਿਚਾਰੇ." (ਨਟ ਅਃ ਮਃ ੪) ੨. ਪ੍ਰਾਣਾਯਾਮ ਦਾ ਅਭ੍ਯਾਸ.

ਪਵਨਕੁਮਾਰ, ਪਵਨਜ, ਪਵਨਤਨਯ, ਪਵਨਤਾਤ: ਸੰਗਜ੍ਞਾ- ਪਵਨ ਦਾ ਪੁਤ੍ਰ ਹਨੂਮਾਨ। ੨. ਭੀਮਸੇਨ.

ਪਵਨਤਾਤ ਸਸਿ: (ਗੁਵਿ ੧੦) ਰਾਜਾ ਭੀਮਚੰਦ. ਪਵਨਪੁਤ੍ਰ (ਭੀਮ). ਸਸਿ (ਚੰਦ). ਭਾਈ ਸੁੱਖਾਸਿੰਘ ਨੇ ਪਹੇਲੀ ਦੇ ਢੰਗ ਇਹ ਨਾਉਂ ਲਿਖਿਆ ਹੈ.

ਪਵਨਧਾਰ: ਵਿ- ਪ੍ਰਾਣਆਧਾਰ. ਪ੍ਰਾਣਾਂ ਦੇ ਆਸਰਾ ਰੂਪ। ੨. ਪ੍ਰਾਣਾਂ ਨੂੰ ਰੋਕਣ ਵਾਲਾ. ਪ੍ਰਾਣਾਯਾਮ ਕਰਨ ਵਾਲਾ। ੩. ਸੰਗਜ੍ਞਾ- ਪ੍ਰਾਣਾਂ ਦੇ ਧਾਰਨ (ਰੋਕਣ) ਦੀ ਕ੍ਰਿਯਾ. ਪ੍ਰਾਣਾਯਾਮ। ੪. ਪੌਣ ਦੇ ਆਧਾਰ ਰਹਿਣ ਦਾ ਵ੍ਰਤ. ਪਵਨਾਹਾਰ. "ਕਾਹੂੰ ਪਵਨਧਾਰ ਜਾਤ ਬਿਹਾਏ." (ਰਾਮ ਅਃ ਮਃ ੫)

ਪਵਨਨਿਵਾਸ: ਸੰਗਜ੍ਞਾ- ਆਕਾਸ਼। ੨. ਦਸ਼ਮਦ੍ਵਾਰ। ੩. ਪੌਣ ਦੇ ਠਹਿਰਨ ਦਾ ਭਾਵ। ੪. ਉਦਰ ਵਿੱਚ ਪਵਨ ਦਾ ਪ੍ਰਵੇਸ਼. "ਤਿਸੀ ਖਿਨੇ ਮਾਤਾ ਉਦਰ ਕੀਨੋ ਪਵਨ ਨਿਵਾਸ." (ਗੁਵਿ ੬) ਪੁਰਾਣਾਂ ਅਨੁਸਾਰ ਇਹ ਖ਼ਿਆਲ ਹੈ ਕਿ ਅਵਤਾਰ ਗਰਭ ਵਿੱਚ ਨਹੀਂ ਆਉਂਦਾ, ਕਿੰਤੂ ਮਾਤਾ ਦੇ ਉਦਰ ਵਿੱਚ ਪੌਣ ਦੇਵਤਾ ਪ੍ਰਵੇਸ਼ ਕਰਦਾ ਹੈ, ਜੋ ਗਰਭ ਦੇ ਸਮੇਂ ਤੀਕ ਪੇਟ ਵਿੱਚ ਰਹਿਕੇ ਐਸੀ ਸੂਰਤ ਕਰ ਦਿੰਦਾ ਹੈ ਕਿ ਜਿਸ ਤੋਂ ਲੋਕ ਜਾਣਨ ਕਿ ਮਾਤਾ ਨੂੰ ਗਰਭ ਹੈ. ਦਸਵੇਂ ਮਹੀਨੇ ਪਵਨ ਖ਼ਾਰਿਜ ਹੋ ਜਾਂਦੀ ਹੈ ਅਰ ਦੇਵਤਾ ਬਾਲਕ ਦੀ ਸ਼ਕਲ ਧਾਰਕੇ ਪ੍ਰਗਟ ਹੋ ਜਾਂਦਾ ਹੈ. "ਤਾਂ ਪੌਣ ਕੋ ਆਗਯਾ ਹੋਈ ਕਿ ਤੂੰ ਜਾਇਕੇ ਮਾਤਾ ਕੇ ਉਦਰ ਮੇਂ ਸੋਝੀ ਕਰ, ਜੋ ਉਸ ਕੋ ਪੁਤ੍ਰਭਾਉ ਮਲੂਮ ਹੋਵੇ." (ਜਸਭਾਮ) ਇਸ ਵਿਸ਼ਯ ਦੇਖੋ, ਬ੍ਰਹਮਾਂਡਪੁਰਾਣ ਅਃ ੧੯੨.

ਪਵਨਪਤ, ਪਵਨਪਤਿ: ਸੰਗਜ੍ਞਾ- ਪ੍ਰਾਣਾਂ ਦਾ ਪਤਿ ਆਤਮਾ। ੨. ਪ੍ਰਾਣਾਂ ਨੂੰ ਵਸ਼ ਕਰਨ ਵਾਲਾ ਯੋਗੀ. "ਪਵਨਪਤਿ ਉਨਮਨ ਰਹਿਨ ਖਰਾ." (ਰਾਮ ਕਬੀਰ)

ਪਵਨ ਪਿਆਲਾ: ਪ੍ਰਾਣਾਂ ਦਾ ਕੁੰਭਕ ਰੂਪ ਪਿਆਲਾ. "ਪਵਨ ਪਿਆਲਾ ਸਾਜਿਆ." (ਸ੍ਰੀ ਕਬੀਰ)

ਪਵਨਪੁਤ੍ਰ, ਪਵਨਸੁਤ: ਦੇਖੋ, ਪਵਨਸੁਤ ਅਤੇ ਪਵਨ ਕੁਮਾਰ.

ਪਵਨਪ੍ਰਵੇਸ਼: ਦੇਖੋ, ਪਵਨਨਿਵਾਸ ੪। ੨. ਤੰਤ੍ਰਸ਼ਾਸਤ੍ਰ ਅਨੁਸਾਰ ਭੂਤ ਪ੍ਰੇਤ ਆਦਿ ਦਾ ਕਿਸੇ ਦੇ ਸਰੀਰ ਵਿੱਚ ਦਾਖ਼ਿਲ ਹੋਣਾ.

ਪਵਨਾ: ਕ੍ਰਿ- ਪੜਨਾ. ਪੈਣਾ। ੨. ਪਵਨਰੂਪ. ਦੇਖੋ, ਪਵਨ. "ਆਪੇ ਪਾਵਕੁ ਆਪੇ ਪਵਨਾ." (ਗਉ ਕਬੀਰ)

ਪਵਨਿ: ਪੌਣ (ਹਵਾ) ਕਰਕੇ. ਪਵਨ ਸੇ. "ਪਵਨਿ ਅਫਾਰ ਤੋਰ ਚਾਮਰੋ." (ਸਾਰ ਮਃ ੫)

ਪਵਨੁ: ਦੇਖੋ, ਪਵਨ। ੨. ਪ੍ਰਾਣ. ਸ੍ਵਾਸ. "ਪਵਨੁ ਨ ਸਾਧਿਆ ਸਚੁ ਨ ਅਰਾਧਿਆ." (ਸਿਧਗੋਸਟਿ) "ਮਨੁ ਪਵਨੁ ਦੁਇ ਤੂੰਬਾ ਕਰੀ ਹੈ." (ਗਉ ਕਬੀਰ)

ਪਵਰ: ਦੇਖੋ, ਪੌਰ। ੨. ਦੇਖੋ, ਪ੍ਰਮਰ। ੩. ਦੇਖੋ, ਪ੍ਰਵਰ.

ਪਵਰਖ: ਪੌਰੁਸ਼. ਦੇਖੋ, ਪੌਰਖ.

ਪਵਰੀ: ਦੇਖੋ, ਪਉੜੀ ਅਤੇ ਪੌੜੀ. "ਪਵਰੀ ਪਾਕੀ ਪਰਮ ਬਨਾਵਹਿ." (ਗੁਪ੍ਰਸੂ)

ਪਵਲਿਰਯ: ਪੈਂਦੇ (ਪੜਤੇ) ਹਨ। ੨. ਰਯ (ਛੇਤੀ) ਪੈਂਦੇ ਹਨ. ਭਾਵ. ਤੇਜ਼ ਚਾਲ ਚਲਦੇ ਹਨ. "ਚਰਣ ਤਪਰ ਸਕਯਬ, ਚਰਣ ਗੁਰ ਅਮਰ ਪਵਲਿਰਯ." (ਸਵੈਯੇ ਮਃ ੩. ਕੇ) ਗੁਰੂ ਅਮਰਦੇਵ ਵੱਲ ਪੈਰ ਛੇਤੀ ਉਠਦੇ ਹਨ। ੩. ਰਾਹ ਪੈਂਦੇ ਹਨ. ਮਾਰਗ ਚਲਦੇ ਹਨ.

ਪਵੜੀ: ਦੇਖੋ, ਪਉੜੀ ਅਤੇ ਪੌੜੀ. "ਏਤੁ ਰਾਹਿ ਪਤਿ ਪਵੜੀਆ ਚੜੀਐ." (ਜਪੁ)

ਪਵਾਹੀ: ਵਿ- ਪਹੇ ਦੀ. ਮਾਰਗ ਦੀ. "ਖੀਉ ਪਵਾਹੀ?" (ਸ. ਫਰੀਦ) ਦੇਖੋ, ਪਵਿ ੫। ੨. ਦੇਖੋ, ਪ੍ਰਵਾਹੀ.

ਪਵਾਨ: ਸੰਗਯਾ- ਪਵਨ. ਵਾਯੁ. "ਰਾਜ ਰੰਕ ਕਉ ਲਾਗੈ ਤੁਲਿ ਪਵਾਨ." (ਸੁਖਮਨੀ) ੨. ਵਿ- ਪਾਵਨ. ਪਵਿਤ੍ਰ. "ਸਾਖੀਭੂਤ ਪਵਾਨ. (ਸਾਰ ਮਃ ੫)

ਪਵਾਰ: ਦੇਖੋ, ਪਰਮਾਰ। ੨. ਪ੍ਰਮਰ (ਯਮ) ਦੇ ਲੋਕ ਦੀ ਯਾਤ੍ਰਾ. ਲੋਕਪ੍ਰਸਿੱਧ ਕਥਾ ਹੈ ਕਿ ਯਮਦੂਤ ਕਿਸੇ ਪ੍ਰਾਣੀ ਨੂੰ ਯਮਲੋਕ ਲੈ ਜਾਂਦੇ ਹਨ, ਪਰ ਯਮ ਉਸ ਦੇ ਹਿਸਾਬ ਨੂੰ ਦੇਖਕੇ ਕਿ ਅਜੇ ਇਸ ਦੀ ਮੌਤ ਦਾ ਵੇਲਾ ਨਹੀਂ, ਫੇਰ ਮੋੜ ਦਿੰਦਾ ਹੈ ਅਰ ਮੁਰਦੇ ਵਿੱਚ ਪ੍ਰਾਣ ਆ ਜਾਂਦੇ ਹਨ. ਦੇਖੋ, ਪਵਾਰਿ.

ਪਵਾਰ ਜਾਣਾ: ਦੇਖੋ. ਪਵਾਰ ੨.

ਪਵਾਰਾ: ਦੇਖੋ, ਪਵਾੜਾ.

ਪਵਾਰਿ: ਪ੍ਰਮਰ (ਯਮ) ਲੋਕ ਮੇਂ. ਯਮ ਨਾਲ ਹੈ ਜਿਸ ਦਾ ਸੰਬੰਧ, ਉਸ ਲੋਕ ਵਿੱਚ. "ਅੱਖੀਂ ਮੀਟਿ ਪਵਾਰਿ ਗਇਆ." (ਵਾਰ ਮਾਝ ਮਃ ੧) ਦੇਖੋ, ਪਵਾਰ ੨.

ਪਵਾੜਾ: ਸੰਗਯਾ- ਸੰ. परिवृढ- ਪਰਿਵ੍ਰਿਢ. ਰਾਜਾ, ਜੋ ਸੈਨਾ ਅਤੇ ਪ੍ਰਜਾ ਨਾਲ ਘੇਰਿਆ ਰਹਿੰਦਾ ਹੈ. "ਰਣ ਮਹਿ ਜਿਤੇ ਪਵਾੜੇ." (ਆਸਾ ਮਃ ੫) ੨. ਪ੍ਰਮਰ (ਮੌਤ) ਦਾ ਅਖਾੜਾ. ਜੰਗ. ਯੁੱਧ। ੩. ਯੁੱਧਕਥਾ. "ਜੋ ਇਹ ਸੁਨੈ ਪਵਾੜਾ, ਤਿਸ ਜਨਮ ਨ ਬਾਰੰਬਾਰਾ." (ਸਲੋਹ) ੪. ਪੁਆੜਾ. ਝਗੜਾ. ਕਜੀਆ.

ਪਵਿ: ਸੰ. ਸੰਗਯਾ- ਬਿਜਲੀ। ੨. ਵਜ੍ਰ। ੩. ਵਾਕ੍ਯ. ਵਚਨ। ੪. ਥੋਹਰ। ੫. ਡਿੰਗ. ਮਾਰਗ. ਪਹਾ. ਰਸਤਾ.

ਪਵਿਤ: ਦੇਖੋ. ਪਵਿਤ੍ਰ. "ਪਤਿਤ ਪਵਿਤ ਭਏ ਰਾਮ ਕਹਤਹੀ." (ਟੋਡੀ ਨਾਮਦੇਵ)

ਪਵਿਤਪਾਵਨ, ਪਵਿਤਪੁਨੀਤ: ਵਿ- ਪਵਿਤ੍ਰਾਂ ਤੋਂ ਪਵਿਤ੍ਰ. ਅਤਿ ਪਵਿਤ੍ਰ. ਪਵਿਤ੍ਰ ਨੂੰ ਭੀ ਪਵਿਤ੍ਰਤਾ ਦੇਣ ਵਾਲਾ. "ਇਕ ਧੁਰਿ ਪਵਿਤਪਾਵਨ ਹਹਿ ਤਧੁ ਨਾਮੇ ਲਾਏ." (ਆਸਾ ਅਃ ਮਃ ੧) "ਸੰਤ ਭਲੇ ਸੰਜੋਗੀ ਇਸ ਜੁਗ ਮਹਿ ਪਵਿਤਪੁਨੀਤ. " (ਧਨਾ ਮਃ੫)

ਪਵਿਤੁ, ਪਵਿਤ੍ਰੁ: ਸੰ. ਪੰਵਿਤ੍ਰ. ਵਿ- ਨਿਰਮਲ. ਸ਼ੁੱਧ. "ਭਏ ਪਵਿਤੁ ਸਰੀਰ." (ਸ੍ਰੀ ਅਃ ਮਃ ੩) "ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ." (ਮਾਰੂ ਅਃ ਮਃ ੫) ੨. ਸੰਗਯਾ- ਵਰਖਾ. ਮੀਂਹ। ੩. ਜਲ। ੪. ਦੁੱਧ। ੫. ਘੀ। ੬. ਸ਼ਹਦ. ਮਧੁ। ੭. ਹਿੰਦੂਧਰਮਸ਼ਾਸਤ੍ਰ ਅਨੁਸਾਰ ਕੁਸ਼ਾ ਦਾ ਛੱਲਾ, ਜੋ ਸ਼੍ਰਾਧ ਆਦਿ ਕਰਮ ਕਰਨ ਵੇਲੇ ਪਹਿਰਿਆ ਜਾਂਦਾ ਹੈ, ਦੇਖੋ, ਪਵਿਤ੍ਰੀ.

ਪਵਿਤ੍ਰਤਾ: ਸੰਗਯਾ- ਸ਼ੁੱਧੀ. ਸਫਾਈ.

ਪਵਿਤ੍ਰਪਾਵਨ: ਦੇਖੋ, ਪਵਿਤਪਾਵਨ. "ਪਵਿਤ੍ਰਪਾਵਨ ਪੁਰਖ ਪਰਭੁ ਸੁਆਮੀ." (ਦੇਵ ਮਃ ੪)

ਪਵਿਤ੍ਰਾ, ਪਵਿਤ੍ਰੀ: ਦੇਖੋ, ਪਵਿਤ੍ਰ ੭. "ਕੁਸਾ ਪਵਿਤ੍ਰੇ ਅੰਗੁਰਨ ਪਾਏ." (ਗੁਪ੍ਰਸੂ) ਇਸ ਵਿਸ਼ਯ ਦੇਖੋ, ਸੰਵਰਤ ਸਿਮ੍ਰਿਤ, ਸ਼ਃ ੨੧੮ ਅਤੇ ਕਾਤ੍ਯਾਯਨ ਸਿਮ੍ਰਿਤਿ ਖੰਡ ੧੧, ਸ਼ਃ ੩.

ਪਵੀ: ਸੰਗਯਾ- ਇੰਦ੍ਰ, ਜੋ ਪਵਿ (ਵਜ੍ਰ) ਧਾਰਨ ਕਰਦਾ ਹੈ.

ਪਵੀਛ, ਪਵੀਛੇ: ਵਿ- ਪਵਿਤ੍ਰ. ਸ਼ੁੱਧ। ੨. ਪਵਿਤ੍ਰ ਹੋਏ. ਪਾਵਨ ਥੀਏ. "ਹਰਿ ਜਪਿਓ ਪਤਿਤ ਪਵੀਛੇ." (ਬਸੰ ਮਃ ੪)

ਪਵੀਜੈ: ਪੜੀਜੇ ਪਈਏ. "ਸਤਿਗੁਰਸਰਨਿ ਪਵੀਜੈ." (ਕਲਿ ਅਃ ਮਃ ੪)

**ਪਵੀਤ, ਪਵੀਤਾ:** ਵਿ- ਪਵਿਤ੍ਰ. ਸ਼ੁੱਧ. "ਨਾਮ ਲੈਤ ਤੇ ਸਗਲ ਪਵੀਤ." (ਭੈਰ ਮਃ ੫) "ਕਹੁ ਰੇ ਪੰਡੀਆ, ਕਵਨ ਪਵੀਤਾ?" (ਗਉ ਕਬੀਰ)

**ਪਵੀਧੇ:** ਪਏ. ਪੜੇ. "ਜਨ ਨਾਨਕ ਸਰਣਿ ਪਵੀਧੇ." (ਬਸੰ ਮਃ ੪) ੨. ਦੇਖੋ, ਪ੍ਰਵਿੱਧ.

**ਪਵੇਨ:** ਵਿ- ਪਾਵਨ. ਪਵਿਤ੍ਰ. "ਹਰਿ ਕੀਏ ਪਤਿਤ ਪਵੇਨ." (ਕਾਨ ਮਃ ੪)

**ਪਵੈ:** ਪੜੈ. "ਜਿਨ ਕੀ ਲੇਖੈ ਪਤਿ ਪਵੈ." (ਵਾਰ ਆਸਾ)

**ਪਵੰਗ, ਪਵੰਗਮ:** ਸੰਗਯਾ- ਘੋੜਾ, ਜੋ ਪਵਨ ਤੁੱਲ ਗਮਨ ਕਰਦਾ ਹੈ. "ਗਿਰਿ ਗਿਰਿ ਪਰੈਂ ਪਵੰਗ ਤੇ." (ਵਿਚਿਤ੍ਰ) "ਪਰਮ ਪਵੰਗਮ ਪਾਯੋ ਪੋਈਏ." (ਗੁਪ੍ਰਸੂ) ੨. ਦੇਖੋ, ਪਲਵੰਗਮ.

**ਪਵੰਗੀ:** ਸੰਗਯਾ- ਪਵੰਗ (ਘੋੜੇ) ਦਾ ਸਵਾਰ. ਘੁੜਚੜ੍ਹਾ. "ਪੈਰੇ ਧਾਰ ਪਵੰਗੀ ਫੌਜਾਂ ਚੀਰਕੈ." (ਕਲਕੀ)

**ਪਵੰਦੜੇ:** ਪੈਂਦੇ. "ਪਾਰਿ ਪਵੰਦੜੇ ਡਿਠ ਮੈ." (ਮਾਰੂ ਅਃ ਮਃ ੧)

**ਪਵੰਨਾ:** ਵਿ- ਪਾਵਨ. "ਹਰਿ ਕੀਏ ਪਤਿਤ ਪਵੰਨਾ." (ਬਿਲਾ ਮਃ ੪)

**ਪਵੰਨਿ:** ਪੈਂਦੇ ਹਨ."ਸਦੜੇ ਨਿਤ ਪਵੰਨਿ." (ਸੋਹਿਲਾ)

**ਪੜ:** ਦੇਖੋ, ਪਰ ਅਤੇ ਪੜਪੋਤਾ। ੨. ਦੇਖੋ, ਪੜਨਾ.

**ਪੜਉ:** ਪਓ. ਪੜੋ। ੨. ਪਠਨ ਕਰੋ. ਪੜ੍ਹੋ। ੩. ਪੜਉਂ. ਪੈਂਦਾ ਹਾਂ. "ਦੁਬਿਧਾ ਨ ਪੜਉ, ਹਰਿ ਬਿਨੁ ਅਵਰੁ ਨ ਪੂਜਉ." (ਸੋਰ ਅਃ ਮਃ ੧) ੪. ਪੜ੍ਹਉਂ. ਪੜ੍ਹਦਾ ਹਾਂ.

**ਪੜਈਐ:** ਪਠਨ ਕਰੀਐ. "ਹਰਿ ਨਿਤ ਪੜਈਐ." (ਗੌਂਡ ਮਃ ੪)

**ਪੜਛੱਤੀ:** ਸੰਗਯਾ- ਛੱਤ ਦੇ ਹੇਠ ਬਣਾਈ ਹੋਈ ਛੱਤ. ਟਾਂਡ. ਪ੍ਰਤਿ ਛਾਦਿਤ.

**ਪੜਛਾ:** ਸੰਗਯਾ- ਟੁਕੜਾ. ਖੰਡ। ੨. ਦੇਖੋ, ਪਾੜਛਾ.

**ਪੜਛਾਵਾਂ:** ਸੰਗਯਾ- ਪ੍ਰਤਿਛਾਯਾ. ਪ੍ਰਤਿਬਿੰਬ. ਅ਼ਕਸ। ੨. ਛਾਉਂ. ਸਾਯਾ.

**ਪੜਣਾ, ਪੜਣੁ:** ਦੇਖੋ, ਪਠਨ. "ਹਰਿ ਪੜਨਾ ਹਰਿ ਬੁਝਣਾ." (ਓਅੰਕਾਰ) ੨. ਪੈਣਾ. ਲੇਟਣਾ। ੩. ਗਿਰਨਾ. ਡਿਗਣਾ.

**ਪੜਤ:** ਦੇਖੋ, ਪਰਤ। ੨. ਪਠਨ ਕਰਤ. ਪੜ੍ਹਦਾ। ੩. ਕ੍ਰਿ. ਵਿ- ਪੜ੍ਹਦੇ. ਪਠਨ ਕਰਦੇ ਹੋਏ. "ਪੜਤ ਗੁਨਤ ਐਸੇ ਸਭ ਮਾਰੇ." (ਆਸਾ ਕਬੀਰ)

**ਪੜਤਾ:** ਪੈਂਦਾ। ੨. ਗਿਰਤਾ. ਡਿਗਦਾ। ੩. ਪਠਨ ਕਰਦਾ. ਪੜ੍ਹਦਾ. "ਕੋਈ ਪੜਤਾ ਸਹਸਾਕਿਰਤਾ." (ਰਾਮ ਮਃ ੪) ੪. ਦਰ. ਨਿਰਖ਼। ੫. ਖ਼ਰੀਦ ਪੁਰ ਪਿਆ ਖ਼ਰਚ. ਲਾਗਤ। ੬. ਮੁੱਲ ਦੀ ਔਸਤ, ਜਿਵੇਂ- ਦੋ ਰੁਪਯੇ ਇੱਕ ਜਿਲਦ ਦਾ ਪੜਤਾ ਪਿਆ.

**ਪੜਤਾਲ:** ਸੰਗਯਾ- ਜਾਂਚ. ਛਾਨ ਬੀਨ. ਦੇਖ ਭਾਲ। ੨. ਪੱਟਤਾਲ. ਚਾਰ ਤਾਲ ਦਾ ਭੇਦ. ਇਸ ਤਾਲ ਵਿੱਚ ਗਾਏ ਜਾਣ ਵਾਲੇ ਪਦਾਂ ਦੀ "ਪੜਤਾਲ" ਸੰਗਯਾ ਹੋ ਗਈ ਹੈ, ਭਾਵੇਂ ਉਹ ਕਿਸੇ ਧਾਰਨਾ ਦੇ ਹੋਣ. ਦੇਖੋ, ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਆਸਾ ਕਾਨੜੇ ਆਦਿਕ ਰਾਗਾਂ ਦੇ ਪੜਤਾਲ. ਸਰਬਲੋਹ ਵਿੱਚ ਅਨੇਕ ਛੰਦਾਂ ਦੇ ਆਦਿ "ਪੜਤਾਲ" ਲਿਖਿਆ ਹੈ. ਪੜਤਾਲ ਗਾਉਣ ਦੀਆਂ ਪੁਰਾਣੀਆਂ ਰੀਤਾਂ ਹੁਣ ਲੋਪ ਹੋ ਰਹੀਆਂ ਹਨ. ਸ਼੍ਰੀ ਗੁਰੂ ਅਰਜਨਦੇਵ ਦਾ ਸਿਖਾਇਆ ਸੰਗੀਤ ਸਿੱਖਾਂ ਨੇ ਅਨਗਹਿਲੀ ਕਰਕੇ ਭੁਲਾ ਦਿੱਤਾ ਹੈ. ਭਾਈ ਗੁਰਮੁਖ ਸਿੰਘ ਭਾਈ ਅਤਰਾ ਅਤੇ ਭਾਈ ਦਿੱਤੂ ਆਦਿਕ ਦੇ ਗਾਏ ਪੜਤਾਲ ਜੋ ਸਾਡੇ ਸੁਣਨ ਵਿੱਚ ਆਏ ਹਨ, ਹੁਣ ਉਹ ਕੇਵਲ ਸਿਮ੍ਰਿਤੀ ਵਿੱਚ ਰਹਿ ਗਏ ਹਨ.

ਪੜਤਿਆ: ਪੜਤੇ ਹਨ. ਪੈਂਦੇ. "ਜੋ ਗੁਰਚਰਨੀ ਸਿਖ ਪੜਤਿਆ." (ਵਾਰ ਸੋਰ ਮਃ ੪) ੨. ਪਠਨ ਕਰਦੇ (ਪੜ੍ਹਦੇ) ਹੋਇਆਂ। ੩. ਪੈਂਦੇ ਹੋਇਆਂ.

ਪੜਦਾ: ਦੇਖੋ, ਪਰਦਾ। ੨. ਪੈਂਦਾ. ਡਿਗਦਾ। ੩. ਪਠਨ ਕਰਦਾ. ਪੜ੍ਹਦਾ.

ਪੜਦਾਦਾ: ਸੰਗਯਾ- ਪਰਤਾਤ. ਪਿਤਾ ਦਾ ਪਿਤਾ.

ਪੜਨ: ਦੇਖੋ, ਪਠਨ। ੨. ਪੈਣ ਦੀ ਕ੍ਰਿਯਾ

ਪੜਨਸਾਲ, ਪੜਨਸਾਲਾ: ਸੰਗਯਾ- ਪਠਨਸ਼ਾਲਾ. ਪਾਠਸ਼ਾਲਾ "ਪ੍ਰਹਲਾਦ ਪਠਾਏ ਪੜਨਸਾਲ." (ਬਸੰ ਕਬੀਰ)

ਪੜਨਾ: ਕ੍ਰਿ- ਪੈਣਾ। ੨. ਡਿਗਣਾ। ੩. ਪਠਨ ਕਰਨਾ. ਪੜ੍ਹਨਾ। ੪. ਪ੍ਰਾਪਤ ਹੋਣਾ. "ਸਤਿਗੁਰ ਤੇ ਸਮਝ ਪੜੀ ਮਨਿ ਮਾਹੀ." (ਮਾਰੂ ਸੋਲਹੇ ਮਃ ੪)

ਪੜਨਾਉ, ਪੜਨਾਮ, ਪੜਨਾਵ: ਨਾਉਂ ਦੇ ਬਦਲੇ ਵਰਤੋਂ ਵਿੱਚ ਆਇਆ ਸ਼ਬਦ Pronoun. ਜੈਸੇ- "ਵਿਚਿਤ੍ਰ ਸਿੰਘ ਨੇ ਜਦ ਹਾਥੀ ਦਾ ਮੁਕਾਬਲਾ ਕਰਨ ਲਈ ਕਲਗੀਧਰ ਦਾ ਹੁਕਮ ਸੁਣਿਆ. ਤਦ ਉਹ ਬਡੇ ਉਤਸਾਹ ਨਾਲ ਜੰਗ ਵਿੱਚ ਜਾਣ ਨੂੰ ਤਿਆਰ ਹੋਇਆ." ਇੱਥੇ "ਉਹ" ਪੜਨਾਮ ਹੈ.

ਪੜਪੋਤਾ: ਸੰਗਯਾ- ਪਰਪੌਤ੍ਰ. ਪੁਤ੍ਰ ਦੇ ਪੁਤ੍ਰ ਦਾ ਪੁਤ੍ਰ. ਪੋਤੇ ਦਾ ਪੁਤ੍ਰ.

ਪੜਬੋ: ਕ੍ਰਿ- ਪਠਨ. ਪੜ੍ਹਨਾ. "ਮੈ ਜਾਨਿਓ ਪੜਬੋ ਭਲੋ." (ਸ. ਕਬੀਰ) ੨. ਪੈਣਾ. ਲੇਟਣਾ। ੩. ਡਿਗਣਾ. ਪਤਨ.

ਪੜਵਾ: ਸੰਗਯਾ- ਪ੍ਰਤਿਪਦਾ. ਚੰਦ੍ਰਮਾ ਦੇ ਹਰੇਕ ਪੱਖ ਦੀ ਪਹਿਲੀ ਤਿਥਿ. ਏਕਮ.

ਪੜਵਾਲ: ਸੰ. ਧਕ੍ਸਮਰੋਗ- ਪਕ੍ਸ਼ਮਰੋਗ. Trichiasis ਪਲਕਾਂ ਦੇ ਰੋਮ ਅੰਦਰ ਨੂੰ ਝੁਕਕੇ ਜੋ ਅੱਖਾਂ ਦੀ ਡੇਲੀ ਤੇ ਘਸਣ ਲੱਗਣ, ਤਾਂ ਅੱਖਾਂ ਲਾਲ ਹੋ ਜਾਂਦੀਆਂ ਹਨ, ਪਾਣੀ ਵਗਦਾ ਰਹਿੰਦਾ ਹੈ. ਇਸ ਦਾ ਸਭ ਤੋਂ ਉੱਤਮ ਇਲਾਜ ਹੈ ਕਿ ਸਿਆਣੇ ਡਾਕਟਰ ਤੋਂ ਪਲਕਬੰਦੀ ਕਰਵਾਈ ਜਾਵੇ, ਜਾਂ ਬਿਜਲੀ ਦੀ ਤਾਰ ਨਾਲ ਰੋਮਾਂ ਦੀਆਂ ਜੜਾਂ ਫੁਕਵਾ ਦਿੱਤੀਆਂ ਜਾਣ.

ਪੜਾਉ: ਸੰਗਯਾ- ਪੜਨ (ਪੈਣ) ਦਾ ਸਥਾਨ. ਵਿਸ਼੍ਰਾਮ ਦਾ ਅਸਥਾਨ. ਠਹਿਰਨ ਦਾ ਥਾਂ.

ਪੜਾਉਣਾ: ਕ੍ਰਿ- ਪਾਟਨ ਕਰਵਾਉਣਾ. ਚਿਰਵਾਉਣਾ. "ਰੋਵਹਿ ਰਾਜੇ ਕੰਨ ਪੜਾਇ." (ਵਾਰ ਰਾਮ ੧. ਮਃ ੧)

ਪੜਾਇ: ਪੜਵਾਕੇ. ਦੇਖੋ, ਪੜਾਉਣਾ.

ਪੜਾਵ: ਦੇਖੋ, ਪੜਾਉ. "ਦੁਹੀ ਪੜਾਵੀਂ ਦੁੱਖ ਵਿਹਾਵੈ." (ਭਾਗੁ) ਭਾਵ- ਲੋਕ ਪਰਲੋਕ ਵਿੱਚ। ੨. ਪਿਉਕੇ ਅਤੇ ਸਹੁਰੇ ਘਰ.

ਪੜਿ: ਪਠਨ ਕਰਕੇ. ਪੜ੍ਹਕੇ. "ਪੜਿ ਪੰਡਿਤ ਅਵਰਾ ਸਮਝਾਏ." (ਮਾਰੂ ਸੋਲਹੇ ਮਃ ੩) ੨. ਪਾਠਨ ਕਰਾਕੇ. ਪੜ੍ਹਾਕੇ. "ਪੜਿ ਸੂਆ ਗਨਕ ਉਧਾਰੇ." (ਨਟ ਅਃ ਮਃ ੪)

ਪੜਿਆ: ਪਠਿਤ. ਪੜਿਆ ਹੋਇਆ."ਪੜਿਆ ਅਨਪੜਿਆ ਪਰਮਗਤਿ ਪਾਵੈ." (ਗਉ ਮਃ ੫) ੨. ਪਿਆ. ਪੜਾ. "ਭੈ ਕਉ ਭਉ ਪੜਿਆ ਸਿਮਰਤ ਹਰਿਨਾਮ." (ਭੈਰ ਮਃ ੫)

ਪੜੀਐ: ਪਠਨ ਕਰੀਐ. ਪੜ੍ਹੀਐ. "ਪੜੀਐ ਗੁਨੀਐ ਨਾਮੁ ਸਭ ਸੁਨੀਐ." (ਰਾਮ ਰਵਿਦਾਸ) ੨. ਪਠਨ ਕਰੀਦਾ ਹੈ. ਗ੍ਰੰਥਾਂ ਦੇ ਪਾਠ ਤੋਂ ਜਾਣੀਦਾ ਹੈ. "ਤੁਧੁ ਜੇਹਾ ਤੁਹੈ ਪੜੀਐ." (ਵਾਰ ਗਉ ੧. ਮਃ ੪) ੩. ਪਈਏ. ਪੜੀਏ. "ਸਾਧੂਸਰਨੀ ਪੜੀਐ ਚਰਨੀ." (ਆਸਾ ਛੰਤ ਮਃ ੫)

ਪੜੀਵਦੈ: ਪੜਦਾ ਹੈ. ਪੱਲੇ ਪੈਂਦਾ ਹੈ. ਮਿਲਦਾ ਹੈ. ਦੇਖੋ, ਪਾਰੰਗਤ.

ਪੜੇ: ਪਠਨ ਕਰੇ. ਪੜ੍ਹੇ. "ਪੜੇ ਰੇ, ਸਗਲ ਬੇਦ, ਨਹਿ ਚੂਕੈ ਮਨਭੇਦ." (ਧਨਾ ਅਃ ਮਃ ੫) ੨. ਪਠਿਤ. ਪੜ੍ਹੇ ਹੋਏ. "ਆਖਹਿ ਪੜੇ ਕਰਹਿ ਵਖਿਆਣ." (ਜਪੁ)

ਪੜੇਥਣ: ਦੇਖੋ, ਪਰੇਥਨ.

ਪੜੇਪੜਿ: ਪੜ੍ਹ ਪੜ੍ਹਕੇ. ਨਿਰੰਤਰ ਪਠਨ ਕਰਕੇ. "ਕਬਿਤ ਪੜੇਪੜਿ ਕਬਿਤਾ ਮੂਏ." (ਸੋਰ ਕਬੀਰ)

ਪੜੈ: ਪੜ੍ਹੈ. ਪਠਨ ਕਰੈ. ਪੜ੍ਹਦਾ ਹੈ. "ਪੜੈ ਸੁਣਾਵੈ ਤਤੁ ਨ ਚੀਨੀ." (ਰਾਮ ਅਃ ਮਃ ੧) ੨. ਪੈਂਦਾ ਹੈ. ਪੜਤਾ ਹੈ.

ਪੜੋਸ: ਸੰ. ਪ੍ਰਤਿਵੇਸ਼. ਪਾਸ (ਸਮੀਪ) ਦਾ ਮਕਾਨ. ਗਵਾਂਢ.

ਪੜੋਸਣਿ, ਪੜੋਸਨੀ, ਪੜੋਸੀ: ਸੰ. प्रतिषशिन- ਪ੍ਰਤਿਵੇਸ਼ੀ (ਸਮੀਪਵਾਸ) ਕਰਨ ਵਾਲਾ ਗਵਾਂਢੀ, ਪ੍ਰਤਿਵੇਸ਼ਿਨੀ ਗੁਵਾਂਢਣ. "ਪੜੋਸਨਿ ਪੂਛਿਲੇ ਨਾਮਾ." (ਸੋਰ ਨਾਮਦੇਵ) ਦੇਖੋ, ਪਾੜ ਪੜੋਸਣਿ.

ਪੜੋਤਾ: ਸੰਗਯਾ- ਪਰਪੌਤ੍ਰ. ਪੋਤੇ ਦਾ ਪੁਤ੍ਰ. "ਪੁਤ ਪੋਤਾ ਪੜੋਤਾ ਨੱਤਾ." (ਭਾਗੁ)

ਪੜੰਤਉ: ਕ੍ਰਿ. ਵਿ- ਪੜਤਾ. ਡਿਗਦਾ. "ਨਰਕਿ ਪੜੰਤਉ ਕਿਉ ਰਹੈ?" (ਓਅੰਕਾਰ) ੨. ਪੜ੍ਹੰਤਾ. ਪਠਨ ਕਰੰਤਾ.

ਪੜੰਤਿਆ: ਪਠਨ ਕਰੰਤਿਆਂ. ਪੜ੍ਹਨ ਵਾਲਿਆਂ ਨੂੰ. "ਪੂਛਉ ਬੇਦਪੜੰਤਿਆ." (ਮਾਰੂ ਅਃ ਮਃ ੧)

ਪੜ੍ਹਨਾ: ਦੇਖੋ, ਪਠਨ ਅਤੇ ਪੜਨਾ.

ਪੜ੍ਹੈਯਾ: ਵਿ- ਪਠਨ ਕਰੈਯਾ. ਪੜ੍ਹਨ ਵਾਲਾ। ੨. ਪਠਿਤ ਪੰਡਿਤ. ਵਿਦ੍ਵਾਨ.

ਪਾ: ਸੰ. ਧਾ- ਪੀਣਾ. ਰਖ੍ਯਾ ਕਰਨਾ। ੨. ਸੰਗ੍ਯਾ- ਰਕ੍ਸ਼ਣ. ਰਖ੍ਯਾ। ੩. ਪਾਲਨ. ਪਰਵਰਿਸ਼। ੪. ਸੰ. ਪਾਦ ਦਾ ਸੰਖੇਪ. ਫ਼ਾ. پا ਪੈਰ. "ਗੁਣਵੰਤਿਆ ਪਾ ਛਾਰ." (ਵਾਰ ਆਸਾ) "ਤ੍ਰਾਹਿ ਤ੍ਰਾਹਿ ਤੁਅ ਪਾ ਸਰਣ." (ਸਵੈਯੇ ਮਃ ੩. ਕੇ) ੫. ਬੁਨਿਯਾਦ. ਨਿਉਂ. ਨੀਂਹ। ੬. ਪਾਦ. ਚੌਥਾ ਹਿੱਸਾ. ਪਾਈਆ. "ਬਾਬੇ ਨੇ ਪਾ ਦਾ ਵੱਟਾ ਵੇਖਿਆ." (ਭਗਤਾਵਲੀ) ੭. ਪਾਉਣਾ ਦਾ ਸੰਖੇਪ ਅਤੇ ਅਮਰ.

ਪਾਉ: ਸੰਗ੍ਯਾ- ਪਾਦ. ਪਾ. ਪੈਰ. ਚਰਨ. "ਪਰਸੀ ਗੁਰ ਕੇ ਪਾਉ." (ਮਾਝ ਮਃ ੫. ਦਿਨਰੈਣ) ੨. ਸੇਰ ਦਾ ਚੌਥਾ ਹਿੱਸਾ ਪਾਈਆ. "ਪਾਉ ਘੀਉ ਸੰਗਿ ਲੂਨਾ." (ਸੋਰ ਕਬੀਰ) ੩. ਪ੍ਰਾਪਤ ਕਰ ਹਾਸਿਲ ਕਰ. "ਗੁਰਪ੍ਰਸਾਦਿ ਨਾਨਕ ਸੁਖ ਪਾਉ." (ਸੁਖਮਨੀ) ੪. ਪਵਾਂ. ਪੜਾਂ. "ਸਾਧੁ ਤੇਰੇ ਕੀ ਚਰਨੀ ਪਾਉ." (ਸੁਖਮਨੀ)

ਪਾਂਉ: ਸੰਗ੍ਯਾ- ਪਾਦ. ਪਾ. ਚਰਣ। ੨. ਸੰ. पामा. ਪਾਮਾ. ਇੱਕ ਤੁਚਾ (ਚਮੜੀ) ਦੀ ਬੀਮਾਰੀ. ਇਸ ਨੂੰ ਚੰਬਲ ਅਤੇ ਦੱਦ ਦੂਰ ਕਰਨ ਵਾਲੀਆਂ ਦਵਾਈਆਂ ਹੀ ਗੁਣਕਾਰੀ ਹਨ. ਵੈਦਕ ਵਿੱਚ ਇਸ ਨੂੰ ਛੋਟੇ ਕੋੜ੍ਹਾਂ ਅੰਦਰ ਗਿਣਿਆ ਹੈ. ਇਸ ਦੇ ਭੀ ਦੱਦ ਵਾਂਙ ਸੂਖਮ ਕੀੜੇ ਹੁੰਦੇ ਹਨ. ਇਹ ਛੂਤ ਦਾ ਰੋਗ ਹੈ.

ਪਾਉਂਟਾ: ਦੇਖੋ, ਪਾਂਵਟਾ.

ਪਾਉਣਾ: ਕ੍ਰਿ- ਪ੍ਰਾਪਣ. ਪ੍ਰਾਪਤ ਕਰਨਾ. ਪਾਨਾ. "ਪਾਇਆ ਖਜਾਨਾ ਬਹੁਤ ਨਿਧਾਨਾ." (ਆਸਾ ਛੰਤ ਮਃ ੫) ੨. ਡਾਲਨਾ. ਅੰਦਰ ਕਰਨਾ। ੩. ਭੋਜਨ ਖਾਣਾ. ਖਾਣ ਯੋਗ੍ਯ ਪਦਾਰਥ ਨੂੰ ਮੇਦੇ ਵਿੱਚ ਪਾਉਣਾ. "ਖੀਰ ਸਮਾਨਿ ਸਾਗੁ ਮੈ ਪਾਇਆ." (ਮਾਰੂ ਕਬੀਰ)

ਪਾਉਂ ਪਸਾਰਨ: ਦੇਖੋ, ਪਾਵ- ਪਸਾਰਨ.

ਪਾਉਲਾ, ਪਾਉਲੀ: ਸੰਗ੍ਯਾ- ਰੁਪਯੇ ਦਾ ਪਾਦ (ਚੌਥਾ ਹਿੱਸਾ). ਚਾਰ ਆਨੇ ਦਾ ਸਿੱਕਾ. ਚੁਆਨੀ.

ਪਾਅੰਦਾਜ: ਫ਼ਾ. پانداز ਸੰਗਯਾ- ਫ਼ਰਸ਼ ਦੇ ਕਿਨਾਰੇ ਪੈਰ ਸਾਫ਼ ਕਰਨ ਦਾ ਤੱਪੜ. ਲਤਖੋਰਾ. "ਨਿਰਮਲ ਰਾਖਤ ਚਾਂਦਨੀ ਜੈਸੇ ਪਾਅੰਦਾਜ." (ਵ੍ਰਿੰਦ)

ਪਾਇ: ਸੰਗਯਾ- ਪਾਦ. ਪਾਈਆ। ੨. ਕ੍ਰਿ ਵਿ- ਪਾਕੇ. ਪ੍ਰਾਪਤ ਕਰਕੇ. "ਚਲੇ ਵਰ ਪਾਇ." (ਗੁਪ੍ਰਸੂ) "ਪਾਇ ਠਗਉਰੀ ਆਪਿ ਭੁਲਾਇਓ." (ਸਾਰ ਮਃ ੫) ੩. ਪੈਂਦਾ ਹੈ. ਪੜਤਾ ਹੈ. "ਜੋ ਪਾਥਰ ਕੀ ਪਾਈ ਪਾਇ." (ਭੈਰ ਕਬੀਰ) ੪. ਸੰ. ਪ੍ਰਾਯ. ਸਮਾਨ. ਤੁੱਲ. "ਤਿਲ ਤਿਲ ਪਾਇ ਰਥੀ ਕਟਡਾਰੇ." (ਪਾਰਸਾਵ) ੫. ਸੰ. ਪ੍ਰਾਯਃ ਵਿਸ਼ੇਸ਼ ਕਰਕੇ ਥੀ। ੬. ਲਗਪਗ. ਕਰੀਬ ਕਰੀਬ. "ਦਸ ਦਰੋਸ ਪਾਇ ਦਿੱਕੀ ਨਰੈਣ." (ਦੱਤਾਵ) ੭. ਫ਼ਾ. پای ਸੰਗਯਾ- ਪਾਦ. ਚਰਨ. "ਪਾਇ ਪਰਉ ਗੁਰ ਕੈ ਬਲਿਹਾਰੈ." (ਸੋਰ ਮਃ ੧) "ਪਾਇ ਗਹੇ ਜਬ ਤੇ ਤੁਮਰੇ." (ਰਾਮਾਵ) ੮. ਬੁਨਿਯਾਦ. ਨਿਉਂ "ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ." (ਵਾਰ ਮਾਝ ਮਃ ੧) ੯. ਦ੍ਰਿੜ੍ਹਤਾ. ਮਜਬੂਤ਼ੀ। ੧੦. ਸ਼ਕਤਿ. ਬਲ. "ਤੇਰਾ ਅੰਤੁ ਨ ਪਾਇਆ ਕਹਾ ਪਾਇ?" (ਬਸੰ ਮਃ ੧) ਮੇਰੀ ਕੀ ਸ਼ਕਤੀ ਹੈ?

੧੧ ਬਹਾਨਾ। ੧੨. ਹ਼ੱਦ. ਸੀਮਾ.

ਪਾਂਇ: ਸੰਗਯਾ- ਪਾਦ ਦੇਖੋ, ਪਾਇ ੭। ੨. ਸ਼ਕਤਿ. ਦੇਖੋ, ਪਾਇ ੧੦. "ਉਸ ਕੀ ਪਾਂਇ ਕਹਾਂ ਇਹ ਕਰੈ." (ਗੁਪ੍ਰਸੂ) ੩. ਬੁਨਿਯਾਦ. ਦੇਖੋ, ਪਾਇ ੮. "ਜੋਗ ਜੁਗਤਿ ਕੀ ਇਹੈ ਪਾਂਇ." (ਬਸੰ ਅਃ ਮਃ ੧)

ਪਾਇਓ, ਪਾਇਅੜਾ, ਪਾਇਆ: ਪ੍ਰਾਪਤ (ਹਾਸਿਲ) ਕੀਤਾ. "ਅਬ ਮੈ ਸੁਖ ਪਾਇਓ" (ਜੈਤ ਮਃ ੫) "ਹਰਿ ਪਾਇਅੜਾ ਬਡ ਭਾਗੀਈ." (ਗਉ ਮਃ ੪) "ਪਾਇਅੜੇ ਸਰਬ ਸੁਖਾ." (ਵਾਰ ਵਡ ਮਃ ੪) "ਪਾਇਆ ਨਿਹਚਲੁਥਾਨੁ." (ਵਾਰ ਗੂਜ ੨. ਮਃ ੫) ੨. ਭੋਜਨ ਛਕਿਆ, ਮੇਦੇ ਵਿੱਚ ਪਾਇਆ. "ਖੀਰ ਸਮਾਨਿ ਸਾਗੁ ਮੈ ਪਾਇਆ." (ਮਾਰੂ ਕਬੀਰ) ੩. ਪਹਿਨਾਇਆ. ਪਰਿਧਾਨ ਕਰਾਇਆ, "ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ." (ਵਾਰ ਗਉ ੧. ਮਃ ੪) ਵਿਮੁਖ ਨੇ ਵਿਮੁਖ ਨੂੰ ਪਹਿਰਾਇਆ। ੪. ਫ਼ਾ. پایا ਪਾਯਾ. ਹਸ੍ਤੀ. ਹੋਂਦ. "ਗੁਰਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ." (ਆਸਾ ਕਬੀਰ) ੫. ਦੇਖੋ, ਪਾਯਹ.

ਪਾਇਸ: ਦੇਖੋ, ਪਾਯਸ.

ਪਾਇਸੀ: ਪਾਵੇਗਾ. ਪ੍ਰਾਪਤ ਕਰੇਗਾ. "ਮਨਚਿੰਦਿਆ ਫਲੁ ਪਾਇਸੀ." (ਸਵਾ ਮਃ ੪)

ਪਾਇਕ: ਸੰ. ਪਾਦਾਤਿਕ. ਸੰਗਯਾ- ਪੈਦਲ ਸਿਪਾਹੀ. ਪਿਆਦਾ. ਫ਼ਾ. پیک ਪੈਕ। ੨. ਹਰਕਾਰਾ. ਚਰ. ਦੂਤ। ੩. ਦਾਸ. ਸੇਵਕ. "ਪੰਚ ਸਮਾਏ ਗੁਰਮਤਿ ਪਾਇਕ." (ਮਾਰੂ ਸੋਲਹੇ ਮਃ ੧) ੪. ਦੇਖੋ, ਪਾਯਕ.

ਪਾਇ ਕੁਹਾੜਾ ਮਾਰਨਾ: ਕ੍ਰਿ- ਆਪਣੀ ਹਾਨੀ ਆਪ ਕਰਨੀ. ਆਪਣੀ ਜੜ ਆਪ ਵੱਢਣੀ. "ਪਾਇ ਕੁਹਾੜਾ ਮਾਰਿਆ ਗਾਫਲ ਅਪਨੈ ਹਾਥਿ." (ਸ. ਕਬੀਰ)

ਪਾਇਖਾਨਾ: ਫ਼ਾ. پایخانہ ਪਾਯਖ਼ਾਨਹ. ਸੰਗਯਾ- ਪਾਈਂਨ (ਲੀਵੇਂ ਦਰਜੇ ਦਾ) ਖ਼ਨਾਹ (ਘੁਰ) ਮਲ ਤਿਜਾਗਣ ਦਾ ਅਸਥਾਨ.

ਪਾਇਗਾਹੇ: ਫ਼ਾ. پایگاہ ਪਾਯਗਾਹ. ਸੰਗਯਾ- ਮਹਿਲ ਦੀ ਡਿਹੁਡੀ. ਸਿੰਹਪੌਰ। ੨. ਸਰਾਇ। ੩. ਪੌੜੀ ਦਾ ਡੰਡਾ। ੪. ਅਧਿਕਾਰ. ਰੁਤਬਾ. "ਪਾਇਗਹੇ ਤੇਰੇ ਪਾਇਗਹੇ ਪਾਈਅਤ." (ਕਵਿ ੫੨) ਤੇਰੇ ਦਰਵਾਜ਼ੇ ਅਧਿਕਾਰ ਪਾਈਦਾ ਹੈ. ਭਾਵ- ਤੇਰੇ ਦਰ ਆਕੇ ਉੱਚੀ ਪਦਵੀ ਮਿਲਦੀ ਹੈ. ਅਥਵਾ- ਤੇਰੇ ਪੈਰ ਫੜਿਆਂ ਰੁਤਬਾ ਪਾਈਦਾ ਹੈ.

ਪਾਇਤਾ: ਪਾ ਦਿੱਤਾ. ਡਾਲ ਦੀਆ. "ਧਰਿ ਪਾਇਤਾ ਉਦਰੈ ਮਾਹਿ." (ਸ੍ਰੀ ਮਃ ੫. ਪਹਰੇ) ੨. ਸੰਗਯਾ- ਪੈਰਾਂ ਹੇਠ ਵਿਛਾਉਣ ਦਾ ਵਸਤ੍ਰ, ਜੋ ਆਏ ਮਿਹਮਾਨ ਦੇ ਸਨਮਾਨ ਲਈ ਘਰ ਅੱਗੇ ਵਿਛਾਇਆ ਜਾਵੇ. ਪਾਦਤ੍ਰਾਣ ਕਰਤਾ ਵਸਤ੍ਰ. "ਦੂਰ ਲੌ ਪਾਇਤੇ ਡਾਰੇ." (ਸਲੋਹ) ੩. ਤੰਤ੍ਰਸ਼ਾਸਤ੍ਰ ਅਨੁਸਾਰ ਪ੍ਰਸਥਾਨ ਦੇ ਮੁਹੂਰਤ ਸਮੇਂ ਆਪਣੀ ਥਾਂ, ਪੂਜਨ ਕਰਕੇ ਤੋਰਿਆ ਹੋਇਆ ਵਸਤ੍ਰ ਸ਼ਸਤ੍ਰ ਆਦਿ ਸਾਮਾਨ. ਜੋ ਲੋਕ ਕਿਸੇ ਕਾਰਣ, ਵੇਲੇ ਸਿਰ ਰਵਾਨਾ ਨਹੀਂ ਹੋ ਸਕਦੇ, ਉਹ ਆਪਣੀ ਥਾਂ "ਪਾਇਤਾ" ਰਵਾਨਾ

ਕਰਦੇ ਹਨ. "ਪੂਜ ਪਾਇਤਾ ਚੰਡ ਗਨੇਸਾ। ਰਿਪੁਦੇਸ਼ਨ ਪਰ ਚਢੇ ਨਰੇਸਾ." (ਨਾਪ੍ਰ) ਦੇਖੇ, ਪੈਤਰਾ ੨.

ਪਾਂਇਦ: ਸੰਗਯਾ- ਪਾਯ- ਦਾਮਨ. ਮੰਜੇ ਦੇ ਪੈਰਾਂ ਵੱਲ ਦੀ ਰੱਸੀ. "ਬੁਨਕੈ ਪਾਂਇਦ ਪਾਇ ਬਨਾਏ." (ਗੁਪ੍ਰਸੂ)

ਪਾਇਪੈ: ਕ੍ਰਿ. ਵਿ- ਪੈਰੀਂ ਪੈਕੇ। ੨. ਪੈਰ ਉੱਤੇ.

ਪਾਇਮਾਲ: ਦੇਖੋ, ਪਾਮਾਲ.

ਪਾਇਯਉ: ਪ੍ਰਾਪਤ ਕੀਤਾ. ਪਾਇਆ. "ਸਹਜਜੋਗ ਨਿਜ ਪਾਇਯਉ." (ਸਵੈਯੇ ਮਃ ੫. ਕੇ)

ਪਾਇਲ: ਸੰਗਯਾ- ਪਾਯ (ਪੈਰ) ਦਾ ਭੂਸ਼ਣ. ਜੋ ਪੈਰ ਨੂੰ ਅਲੰ (ਸ਼ੋਭਾ ਸਹਿਤ) ਕਰੇ. ਪਾਜ਼ੇਬ। ੨. ਮੋਰ ਦਾ ਪ੍ਰਸੰਨ ਹੋਕੇ ਪੰਖ ਫੈਲਾਉਣਾ। ੩. ਫਲਾਂ ਨੂੰ ਪਕਾਉਣ ਲਈ ਪੱਤੇ ਫੂਸ ਆਦਿ ਵਿੱਚ ਦੱਬਣ ਦੀ ਕ੍ਰਿਯਾ. ਸੰ. ਪੱਲ। ੪. ਆਨੰਦਪੁਰ ਤੋਂ ਦੋ ਕੋਹ ਪੱਛਮ ਇੱਕ ਪਿੰਡ, ਜਿੱਥੇ ਕਰਤਾਰਪੁਰ ਦੇ ਜੰਗ ਤੋਂ ਆਉਂਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਵਿਰਾਜੇ ਸਨ. ਗੁਰੂ ਸਾਹਿਬ ਦੀ ਸਵਾਰੀ ਦਾ ਸੁਹੇਲਾ ਘੋੜਾ ਜ਼ਖ਼ਮਾਂ ਦੇ ਕਾਰਣ ਇੱਥੇ ਮੋਇਆ ਹੈ. ਛੀਵੇਂ ਸਤਿਗੁਰੂ ਦਾ ਲਵਾਇਆ ਖੂਹ ਇੱਥੇ ਵਿਦਜਮਾਨ ਹੈ। ੫. ਰਿਆਸਤ ਪਟਿਆਲੇ ਦੀ ਤਸੀਲ ਰਾਜਪੁਰੇ ਦਾ ਇੱਕ ਨਗਰ. ਸਨ ੧੭੬੬ ਵਿੱਚ ਰਾਜਾ ਅਮਰਸਿੰਘ ਨੇ ਇਸ ਨੂੰ ਕੋਟਲੇ ਦੇ ਪਠਾਣਾਂ ਤੋਂ ਜਿੱਤ ਕੇ ਆਪਣੇ ਰਾਜ ਨਾਲ ਮਿਲਾਇਆ.

ਪਾਇ ਲਾਗਨ: ਕ੍ਰਿ- ਪੈਰੀਂ ਲੱਗਣਾ. ਚਰਨ ਸਪਰਸ਼ ਕਰਨੇ. ਪੈਰੀਂ ਪੈਣਾ.

ਪਾਈਂ: ਪ੍ਰਾਪਤ ਕੀਤੀ. ਹਾਸਿਲ ਕਰੀ. "ਪਾਈ ਨਵਨਿਧਿ ਹਰਿ ਕੈ ਨਾਇ." (ਓਅੰਕਾਰ) ੨. ਸੰਗਯਾ- ਅੰਨ ਮਿਣਨ ਦਾ ਪੈਮਾਨਾ, ਜੋ ੨੫ ਸੇਰ ਅਨਾਜ ਦਾ ਹੁੰਦਾ ਹੈ। ੩. ਪਨਘੜੀ ਦਾ ਪਿਆਲੀ. ਉਹ ਕਟੋਰੀ ਜਿਸ ਦੇ ਥੱਲੇ ਛੇਕ ਹੁੰਦਾ ਹੈ. ਇਹ ਭਰਕੇ ਡੁਬ ਜਾਂਦੀ ਹੈ. "ਮੁਹਲਤ ਪੁੰਨੀ ਪਾਈ ਭਰੀ." (ਵਡ ਅਲਾਹਣੀ ਮਃ ੧) ੪. ਪੈਸੇ ਦਾ ਤੀਜਾ ਹਿੱਸਾ। ੫. ਜੁਲਾਹੇ ਦੇ ਪੈਰਾਂ ਦੀ ਖੜਾਉਂ, ਜਿਸ ਨੂੰ ਪਹਿਨਕੇ ਖੱਡੀ ਵਿੱਚ ਬੈਠਦਾ ਹੈ. "ਪਾਈ ਜੋਰਿ ਬਾਤ ਇਕ ਕੀਨੀ." (ਆਸਾ ਕਬੀਰ) ਖੜਾਵਾਂ ਦੀ ਜੋੜੀ ਇਹ ਹੈ ਕਿ ਦ੍ਵੈਤ ਮਿਟਾਕੇ ਏਕਤਾ ਦੀ ਗੱਲ ਕੀਤੀ ਹੈ। ੬. ਕ੍ਰਿ. ਵਿ- ਪੈਰੀਂ. "ਜੋ ਪਾਥਰ ਕੀ ਪਾਈ ਪਾਇ." (ਭੈਰ ਕਬੀਰ) ੭. ਦੇਖੋ, ਪਾਯੀ.

ਪਾਯੀਂ: ਪੈਰੀਂ. ਦੇਖੋ, ਪਾਈ ੬. "ਗਤਿ ਹੋਵੈ ਸੰਤਹ ਲਗਿ ਪਾਈਂ." (ਆਸਾ ਮਃ ੫)

ਪਾਈਆ: ਪਾਈ ਹੈ. "ਜਿਨਿ ਠਗਉਲੀ ਪਾਈਆ." (ਅਨੰਦੁ) ੨. ਸੰਗਯਾ- ਸੇਰ ਦਾ ਪਾਦ. ਪਾ. ਪਾਉ.

ਪਾਈ ਜੋਰਿ: ਦੇਖੋ. ਪਾਈ ੫.

ਪਾਏ: ਪ੍ਰਾਪਤ ਕੀਤੇ. "ਪਾਏ ਮਨੋਰਥ ਸਭਿ." (ਵਾਰ ਗੂਜ ੨. ਮਃ ੫) ੨. ਛਕੇ. ਖਾਂਦਾ ਹੈ. "ਭੋਜਨੁ ਨਾਨਕਾ ਵਿਰਲਾ ਪਾਏ ਕੋਇ" (ਵਾਰ ਰਾਮ ੧. ਮਃ ੩) ੩. ਕ੍ਰਿ. ਵਿ- ਪੈਰੀਂ. "ਲਗਿ ਸਤਿਗੁਰ ਪਾਏ." (ਭੈਰ ਮਃ ੫) ੪. ਪਾਯਹ ਦਾ ਬਹੁਵਚਨ. ਖੰਭੇ. ਥਮਲੇ। ੫. ਧਰਮ ਦੇ ਚਰਣ. "ਚਾਰ ਪਦਾਰਥ ਚਾਰੇ ਪਾਏ." (ਬਿਲਾ ਮਃ ੪) ੬. ਪਾਵੇ. ਡਾਲੇ. ਪਾਉਂਦਾ ਹੈ. "ਜੇਹਾ ਅੰਦਰਿ ਪਾਏ ਤੇਹਾ ਵਰਤੈ." (ਮਾਝ ਮਃ ੩) ੭. ਪਾਦਿੱਤੇ. ਡਾਲ ਦੀਏ. "ਨਿੰਦਕ ਦੁਸ਼ਟ ਸਭ ਪੈਰੀ ਪਾਏ." (ਵਾਰ ਸ੍ਰੀ ਮਃ ੫)

ਪਾਸ: ਸੰ. ਪਾਸ਼੍ਵ. ਸੰਗਯਾ- ਬਗਲ. ਪਾਸਾ. "ਧੁਖਿ ਧੁਖਿ ਉਠਨਿਪਾਸ." (ਸ. ਫਰੀਦ) ੨. ਓਰ. ਤ਼ਰਫ਼। ੩. ਕ੍ਰਿ. ਵਿ- ਨੇੜੇ. ਸਮੀਪ. ਕੋਲ. "ਲੈ ਭੇਟਾ ਪਹੁਚਯੋ ਗੁਰੁ ਪਾਸ." (ਗੁਪ੍ਰਸੂ) ੪. ਸੰ. ਪਾਸ਼ ਸੰਗਯਾ- ਫਾਹੀ. ਫੰਦਾ. "ਪਾਸਨ ਪਾਸ ਲਏ ਅਰਿ ਕੇਤਕ." (ਚਰਿਤ੍ਰ ੧੨੮) ਫਾਹੀਆਂ ਨਾਲ ਕਿਤਨੇ ਵੈਰੀ ਫਾਹ ਲਏ.

ਧਨੁਰਵੇਦ ਵਿੱਚ ਪਾਸ਼ ਦੋ ਪ੍ਰਕਾਰ ਦਾ ਲਿਖਿਆ ਹੈ- ਇੱਕ ਪਸ਼ੂ ਫਾਹੁਣ ਦਾ, ਦੂਜਾ ਮਨੁੱਖਾਂ ਲਈ, ਪੁਰਾਣੇ ਸਮੇਂ ਇਹ ਜੰਗ ਦਾ ਸ਼ਸਤ੍ਰ ਸੀ. ਇਸ ਦੀ ਲੰਬਾਈ ਦਸ ਹੱਥ ਹੁੰਦੀ ਸੀ. ਸੂਤ, ਚੰਮ ਦੀ ਰੱਸੀ ਅਤੇ ਨਲੀਏਰ ਦੀ ਜੱਤ ਤੋਂ ਇਸ ਦੀ ਰਚਨਾ ਹੁੰਦੀ ਅਤੇ ਮੋਮ ਆਦਿ ਨਾਲ ਚਿਕਨਾ ਅਤੇ ਸਖਤ ਕਰ ਲੀਤਾ ਜਾਂਦਾ ਸੀ. ਪਾਸ਼ ਦੇ ਸਿਰੇ ਤੇ ਸਿਰਖਫਰਾਹੀ ਗੱਠ ਹੁੰਦੀ, ਜੋ ਦੁਸ਼ਮਨ

ਦੇ ਸਿਰ ਤੇ ਫੈਂਕੀ ਜਾਂਦੀ. ਜਦ ਗਲ ਵਿੱਚ ਪਾਸ਼ ਦਾ ਚੱਕਰ ਪੈ ਜਾਂਦਾ ਤਾਂ ਬਹੁਤ ਫੁਰਤੀ ਨਾਲ ਵੈਰੀ ਨੂੰ ਖਿੱਚ ਲਈਦਾ ਸੀ. ਖਿੱਚਣ ਤੋਂ ਪਾਸ਼ ਨਾਲ ਗਲ ਘੁੱਟਿਆ ਜਾਂਦਾ ਅਤੇ ਵੈਰੀ ਮਰ ਜਾਂਦਾ ਜਾਂ ਬੇਹੋਸ਼ ਹੋ ਜਾਂਦਾ। ੫. ਫ਼ਾ. پاش ਪਾਸ਼ ਫਟਣਾ. ਟੁਕੜੇ ਹੋਣਾ. ਬਿਖਰਨਾ। ੬. ਫ਼ਾ. پاس ਨਿਗਹਬਾਨੀ। ੭. ਰਖਯਾ। ੮. ੫. ਹਰ. ਤਿੰਨ ਘੰਟੇ ਦਾ ਸਮਾਂ.

ਪਾਸਸਕਤਨਨਿ: (ਸਨਾਮਾ ) ਪਾਸ਼ (ਫਾਹੀ) ਨੂੰ ਆਪਣੀ ਸ਼ਕਤਿ ਨਾਲ ਹਨਨ ਕਰਨ ਵਾਲੀ ਨਦੀ, ਵਿਪਾਸ਼ਾ. ਦੇਖੋ, ਬਿਆਸ ੨.

ਪਾਸਕ, ਪਾਸਖ, ਪਾਸਗ: ਸੰ. ਪਾਸੰਗ ਸੰਗਯਾ- ਪਾਸੇ ਜਾਣ ਵਾਲਾ. ਤਕੜੀ ਦੇ ਪਲੜਿਆਂ ਦਾ ਭਾਰ ਸਮਾਨ ਕਰਨ ਲਈ ਹਲਕੇ ਪਾਸੇ ਜਾਣ ਵਾਲਾ ਬੋਝ। ਫ਼ਾ. پاسنگ ਪਾਸੰਗ.

ਪਾਂਸਦ: ਫ਼ਾ. پانصد ਪਾਂਚ- ਸਦ. ਪਾਂਚ ਸੌ. ਪੰਚਸ਼ਤ.

ਪਾਸਦੁਆਸ: ਦੇਖੋ. ਪਾਸਿ ਦੁਆਸਿ.

ਪਾਸਧਰ: ਸੰਗਯਾ- ਪਾਸ਼ (ਫਾਹੀ) ਧਾਰਨ ਵਾਲਾ ਵਰੁਣ ਦੇਵਤਾ। ੨. ਵਾਟਪਾਰ. ਡਾਕੂ.

ਪਾਸਬਾਨ: ਫ਼ਾ. پاسبان ਸੰਗਯਾ- ਚੌਕੀਦਾਰ. ਪਹਰੇ ਵਾਲਾ. ਦੇਖੋ, ਪਾਸ ੬. ਅਤੇ ੭.

ਪਾਸਰਾ: ਸੰਗਯਾ- ਸਮੀਪਤਾ. ਦੇਖੋ, ਪਾਸ. "ਹਉ ਨਾ ਛੋਡਉ ਕੰਤ ਪਾਸਰਾ." (ਸੂਹੀ ਅਃ ਮਃ ੫) ੨. ਪਾਦਆਸ਼੍ਰਯ, ਚਰਣਾਂ ਦਾ ਸਹਾਰਾ.

ਪਾਸ਼ਵ: ਸੰ. ਵਿ- ਪਸ਼ੂ ਨਾਲ ਸੰਬੰਧ ਰੱਖਣ ਵਾਲਾ। ੨. ਪਸ਼ੂ ਜੇਹਾ.

ਪਾਸਵਰਤੀ: ਸੰ. पाश्ववर्त्तिन ਵਿ- ਨਿਕਟਵਰਤੀ. ਪਾਸ ਰਹਿਣ ਵਾਲਾ.

ਪਾਸਾ: ਸੰ. ਪਾਸ਼ਕ. ਸੰਗਯਾ- ਹਾਥੀ ਦੰਦ ਆਦਿ ਦੇ ਉਂਗਲ ਜਿੰਨੇ ਲੰਮੇ ਚਾਰ ਜਾਂ ਛੀ ਪਹਿਲੂ ਟੁਕੜੇ, ਜਿਨ੍ਹਾਂ ਪੁਰ ਚੋਪੜ (ਚੌਸਰ) ਖੇਡਣ ਲਈ ਬਿੰਦੀਆਂ ਦੇ ਚਿੰਨ੍ਹ ਬਣੇ ਹੁੰਦੇ ਹਨ. ਖਿਲਾਰੀ ਇਨ੍ਹਾਂ ਨੂੰ ਸਿੱਟਕੇ ਅਤੇ ਬਿੰਦੀਆਂ ਦਾ ਹਿਸਾਬ ਜੋੜਕੇ ਗੋਟੀਆਂ ਬਿਸਾਤ ਪੁਰ ਚਲਾਉਂਦੇ ਹਨ. ਅ਼. "ਕਬਹੁ ਨ ਹਾਰਹਿ ਢਾਲਿ ਜੁ ਜਾਣਹਿ ਪਾਸਾ." (ਸੂਹੀ ਕਬੀਰ) ੨. ਪਾਸ਼੍ਵ. ਬਗਲ। ੩. ਦਿਸ਼ਾ. ਓਰ। ੪. ਸ਼ੁੱਧ ਸੋਨੇ ਦਾ ਇੱਕ ਚੁਕੋਣਾ ਟੁਕੜਾ, ਜੋ ਤੋਲ ਵਿੱਚ ਛੱਬੀ ਤੋਲੇ ਅੱਠ ਮਾਸ਼ੇ ਦਾ ਹੁੰਦਾ ਹੈ। ੫. ਰਮਲ ਦਾ ਡ੍ਰਾਲਣਾ.

ਪਾਸਾ ਢਾਲਣਾ: ਕ੍ਰਿ- ਚੌਪੜ ਖੇਡਣਾ। ੨. ਬਾਜੀ ਖੇਡਣੀ. "ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ." (ਵਾਰ ਆਸਾ) ੩. ਖੇਲ ਰਚਨਾ. "ਕਰਿ ਕੁਦਰਤਿ ਪਾਸਾ ਢਾਲਿ ਜੀਉ." (ਸ੍ਰੀ ਮਃ ੧. ਜੋਗੀ ਅੰਦਰਿ) ੪. ਰਮਲ ਜਾਂ ਪਰੀਛੇ ਦਾ ਡਾਲਣਾ ਸਿੱਟਣਾ.

ਪਾਸਾਰ: ਦੇਖੋ, ਪਸਾਰੀ. "ਸਚੁਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ." (ਸਵਾ ਮਃ ੫) ੨. ਸੰ. ਪ੍ਰਸਾਰ. ਵਿਸ੍ਤਾਰ. "ਜਰ ਪਸਰੈ ਪਾਸਾਰੁ ਸੰਤ ਪਰਤਾਪਿ." (ਸੁਖਮਨੀ)

ਪਾਸਾਰਾ: ਸੰਗਯਾ- ਪ੍ਰਸਾਰ. ਵਿਸ੍ਤਾਰ. ਫੈਲਾਉ. "ਅੰਤਰਿ ਜੋਤਿ ਪਰਗਟ ਪਾਸਾਰਾ." (ਮਾਝ ਅਃ ਮਃ ੩) ੨. ਭਾਵ- ਵਪਾਰ. ਲੈਣ ਦੇਣ ਦਾ ਫੈਲਾਉ. "ਮਨਮੁਖ ਖੋਟੀ ਰਾਸਿ, ਖੋਟਾ ਪਾਸਾਰਾ." (ਮਾਝ ਅਃ ਮਃ ੩)

ਪਾਸਾਰੀ: ਦੇਖੋ, ਪਾਸਾਰ ਅਤੇ ਪਨਸਾਰੀ। ੨. ਜੌਹਰੀ. "ਆਪਹਿ ਰਤਨ ਜਵਾਹਰ ਮਾਨਿਕ ਆਪੇ ਹੈ ਪਾਸਾਰੀ." (ਕੇਦਾ ਕਬੀਰ)

ਪਾਸਾਰੁ: ਦੇਖੋ, ਪਾਸਾਰ ੨। ੨. ਪ੍ਰਸਾਰ (ਵਿਸ੍ਤਾਰ) ਵਾਲਾ. "ਆਪੇ ਸੂਖਮ ਭਾਲੀਐ, ਆਪੇ ਪਾਸਾਰੁ." (ਵਾਰ ਬਿਹਾ ਮਃ ੩)

ਪਾਸਿ: ਕ੍ਰਿ. ਵਿ- ਕੋਲ. ਸਮੀਪ. "ਬਿਨਉ ਕਰਉ ਗੁਰ ਪਾਸਿ." (ਸੋਦਰ) "ਬਹੀਐ ਪੜੀਆ ਪਾਸ." (ਮਃ ੨. ਵਾਰ ਮਾਝ) ੨.

ਕਿਨਾਰੇ. ਵੱਖ. "ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ." (ਨਟ ਮਃ ੪) "ਵਸਤੂ ਅੰਦਰਿ ਵਸਤੁ ਸਮਾਵੈ, ਦੂਜੀ ਹੋਵੈ ਪਾਸਿ." (ਵਾਰ ਆਸਾ) ੩. ਪਾਸ (ਫਾਂਸੀ) ਵਿੱਚ. "ਭਾਗਹੀਣ ਜਮਪਾਸਿ." (ਸੋਦਰੁ) ੪. ਸੰ. ਪਾਸ਼. ਸੰਗਯਾ- ਫਾਹੀ. ਫੰਦਾ. "ਨਾਰ ਕੰਠ ਗਰ ਗ੍ਰੀਵ ਭਨ ਗ੍ਰਹਤਾ ਬਹੁਰ ਬਖਾਨ। ਸਕਲ ਨਾਮ ਏ ਪਾਸਿ ਕੇ ਨਿਕਸਤ ਹੈਂ ਅਪ੍ਰਮਾਨ." (ਸਨਾਮਾ)

ਪਾਸ਼ਿਕ: ਸੰ. ਵਿ- ਪਾਸ਼ (ਫੰਦੇ) ਵਿੱਚ ਫਸਾਉਣ ਵਾਲਾ.

ਪਾਸਿ ਦੁਆਸਿ: ਕ੍ਰਿ. ਵਿ- ਆਲੇ ਦੁਆਲੇ. ਨੇੜੇ ਤੇੜੇ. "ਓਨਾ ਪਾਸਿ ਦੁਆਸਿ ਨ ਭਿਟੀਐ." (ਸ੍ਰੀ ਮਃ ੪) ੨. ਦੇਖੋ,

ਦੁਆਸਿ.

ਪਾਸਿਯ: ਸੰ. पाशय. . ਸੰਗਯਾ- ਬੰਧਨ. "ਸਰਬਪਾਸਿਯ ਹੈ." (ਜਾਪੁ) ਸਭ ਨੂੰ ਬੰਨ੍ਹਣ ਵਾਲਾ ਹੈ.

ਪਾਸੀ: ਪਾਵਸੀ. ਪਾਵੇਗਾ. "ਅੰਤੁ ਇਕੁ ਤਿਲੁ ਨਹੀ ਪਾਸੀ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਕ੍ਰਿ. ਵਿ- ਕੋਲ. ਸਮੀਪ. "ਠਾਕੁਰ, ਸਭਕਿਛੁ ਤੁਮ ਹੀ ਪਾਸੀ." (ਸਾਰ ਮਃ ੫) ੩. ਸੰਗਯਾ- ਫਾਂਸੀ. ਫੰਦਾ. ਦੇਖੋ, ਪਾਸ ੪। ੪. ਖਤ੍ਰੀਆਂ ਦੀ ਇੱਕ ਜਾਤਿ. "ਵੇਗਾ ਪਾਸੀ ਕਰਣੀ ਸਾਰੀ." (ਭਾਗੁ) ਇਸੇ ਜਾਤਿ ਦੇ ਖਤ੍ਰੀਆਂ ਦਾ ਵਸਾਇਆ ਅਮ੍ਰਿਤਸਰ ਵਿੱਚ ਪਾਸੀਆਂ ਦਾ ਚੌਕ ਗੁਰੂ ਅਰਜਨ ਸਾਹਿਬ ਦੇ ਸਮੇਂ ਤੋਂ ਪ੍ਰਸਿੱਧ ਹੈ। ੫. ਸੰ. पाशिन्- ਪਾਸ਼ੀ. ਫਾਹੀ ਵਾਲਾ. ਜਿਸ ਪਾਸ ਪਾਸ਼ ਹੈ। ੬. ਸੰ. पाषी. ਪੱਥਰ। ੭. ਨੇਜਾ. ਭਾਲਾ.

ਪਾਸੀਆਂ ਦਾ ਚੌਕ: ਦੇਖੋ, ਪਾਸੀ ੪. "ਚੌਕ ਪਾਸੀਆਂ ਕੋ ਜਹਿਂ ਚੀਨ." (ਗੁਪ੍ਰਸੂ)

ਪਾਸ਼ੀਦਨ: ਫ਼ਾ. پاشیدن ਕ੍ਰਿ- ਵਿਖੇਰਨਾ. ਖਿੰਡਾਉਣਾ। ੨. ਛਿੜਕਣਾ.

ਪਾਸੁ: ਦੇਖੋ, ਪਾਸ.

ਪਾਂਸੁ:[771] ਸੰ. ਸੰਗਯਾ- ਧੂਲਿ (ਧੂੜ). ਰਜ. "ਪਾਂਸੁ ਪਰਾਗ ਸੀ ਸੋਹਤ ਸੁੰਦਰ." (ਨਾਪ੍ਰ) ਚਰਣਰਜ ਫੁੱਲ ਦੀ ਪਰਾਗ ਜੇਹੀ ਹੈ। ੨. ਸੁੱਕਿਆ ਗੋਹਾ। ੩. ਇਸਤ੍ਰੀ ਦੀ ਰਜ.

ਪਾਸ਼ੁਪਤ: ਵਿ- ਪਸ਼ੁਪਤਿ (ਸ਼ਿਵ) ਨਾਲ ਸੰਬੰਧ ਰੱਖਣ ਵਾਲਾ। ੨. ਸੰਗਯਾ- ਸ਼ਿਵ ਉਪਾਸਕ. ਸ਼ੈਵ। ੩. ਤੰਤ੍ਰਸ਼ਾਸਤ੍ਰ, ਜੋ ਸ਼ਿਵ ਦਾ ਬਣਾਇਆ ਹੋਇਆ ਹੈ.

ਪਾਸੁਰੀ, ਪਾਂਸੁਰੀ, ਪਾਂਸੁਲੀ: ਸੰਗਯਾ- ਪਾਸ਼੍ਵ ਦੀ ਹੱਡੀ. ਦੇਖੋ, ਪਸਲੀ. "ਗਨ ਪਾਸੁਰੀਨ ਸਭ ਕਾਟਦੀਨ." (ਗੁਪ੍ਰਸੂ)

ਪਾਸੇ: ਕ੍ਰਿ. ਵਿ- ਕੋਲ. ਨੇੜੇ. ਸਮੀਪ. "ਸਰਬ ਚਿੰਤ ਤੁਧੁ ਪਾਸੇ." (ਬਿਲਾ ਮਃ ੧) ੨. ਪਾਸਾ ਦਾ ਬਹੁਵਚਨ.

ਪਾਸ਼ੋਯਾ: ਫ਼ਾ. پاشویہ ਪੈਰ ਧੋਣ ਦੀ ਕ੍ਰਿਯਾ. ਖਾਸ ਰੋਗਾਂ ਵਿੱਚ ਵੈਦਕ ਅਨੁਸਾਰ ਦਵਾਈ ਮਿਲੇ ਅਥਵਾ ਸਾਦੇ ਗਰਮ ਜਾਂ ਠੰਢੇ ਪਾਣੀ ਨਾਲ ਪੈਰ ਅਤੇ ਲੱਤਾਂ ਦਾ ਧੋਣਾ.

ਪਾਸੰਗ: ਦੇਖੋ, ਪਾਸਗ.

ਪਾਸੰਡ: ਦੇਖੋ, ਪਾਖੰਡ. "ਪਾਸੰਡ ਮਾਰਗ ਕ੍ਰਿਤ ਅੰਗਜੁ." (ਸਲੋਹ)

ਪਾਹ: ਪੜ. ਪੈ. "ਸਤਿਗੁਰੁ ਕੈ ਪਗਿ ਪਾਹ." (ਵਾਰ ਕਾਨ ਮਃ ੪) ੨. ਪਾਸ. ਸਮੀਪ. "ਗਮਨੇ ਗੁਰੁ ਪਾਹ." (ਗੁਵਿ ੧੦) ੩. ਕਪੜੇ ਨੂੰ ਉੱਤਮ ਰੰਗ ਚੜ੍ਹਾਉਣ ਲਈ ਫਟਕੜੀ ਆਦਿ ਦੀ ਦਿੱਤੀ ਪਾਣ. "ਨਾਨਕ ਪਾਹੈ ਬਾਹਰਾ ਕੋਰੇ ਰੰਗੁ ਨ ਸੋਇ." (ਵਾਰ ਆਸਾ) "ਇਹੁ ਤਨੁ ਮਾਇਆ ਪਾਹਿਆ." (ਤਿਲੰ ਮਃ ੧)

---

[771] ਪਾਂਸ਼ੁ ਸ਼ਬਦ ਭੀ ਸੰਸਕ੍ਰਿਤ ਹੈ.

ਪਾਹਣ: ਦੇਖੋ, ਪਾਹਣਾ ਅਤੇ ਪਾਹਣੁ.

ਪਾਹਣਾ: ਕ੍ਰਿ- ਪਾਹ ਚੜ੍ਹਾਉਣਾ. ਦੇਖੇ, ਪਾਹ ੩.

ਪਾਹਣੁ, ਪਾਹਨ: ਸੰ. ਪਾਸ਼ਾਣ. ਸਿੰਧੀ. ਪਾਹਣੁ. ਸੰਗਜਾ ਪੱਥਰ. "ਗਲ ਮਹਿ ਪਾਹਣੁ ਲੈ ਲਟਕਾਵੈ." (ਸੂਹੀ ਮਃ ੫) "ਜਿਸ ਪਾਹਨ ਕਉ ਪਾਤੀ ਤੋਰੈ. ਸੋ ਪਾਹਨ ਨਿਰਜੀਉ." (ਆਸਾ ਕਬੀਰ)

ਪਾਹਨਨਾਵ: ਪੱਥਰ ਦੀ ਨੌਕਾ। ੨. ਭਾਵ- ਅਗਜਾਨੀ ਗੁਰੂ ਅਤੇ ਉਸ ਦੀ ਸਿਖਜਾ.

ਪਾਹਰੂ, ਪਾਹਰੂਅ, ਪਾਹਰੂਆ: ਸੰਗਜਾ- ਪਹਰਾ ਦੇਣ ਵਾਲਾ. ਚੌਕੀਦਾਰ. ਰਖ਼ਕ ਸਿਪਾਹੀ. "ਪਾਹਰੂਅ ਰਾ ਛਬ ਚੋਰ ਨ ਲਾਗੈ." (ਆਸਾ ਮਃ ੧) ਦੇਖੋ, ਛਬ.

ਪਾਹਾ: ਦੇਖੋ, ਪਹਾ। ੨. ਪਾਸ. ਸਮੀਪ. ਕੋਲ. "ਹਰਿ ਸੰਤ ਨ ਪਾਹਾ." (ਬਿਲਾ ਛੰਤ ਮਃ ੫)

ਪਾਹਾਰਾ: ਦੇਖੋ, ਪਹਾਰਾ. "ਜਤੁ ਪਾਹਾਰਾ." (ਜਪੁ) "ਨਿੰਦਕ ਕਾ ਪਰਗਟ ਪਾਹਾਰਾ." (ਗੌਂਡ ਰਵਿਦਾਸ) "ਪਰਗਟ ਪਾਹਾਰੈ ਜਾਪਦਾ." (ਸ੍ਰੀ ਜੋਗੀਅੰਦਰਿ)

ਪਾਹਿ: ਪਾਸ. ਸਮੀਪ. "ਅੰਧੇ! ਤੂ ਬੈਠਾ ਕੰਧੀ ਪਾਹਿ." (ਸ੍ਰੀ ਮਃ ੫) "ਕਹੁ ਬੇਨੰਤੀ ਅਪਨੇ ਸਤਿਗੁਰ ਪਾਹਿ." (ਗਉ ਮਃ ੫) ੨. ਪਾਉਂਦਾ ਹੈ. ਪ੍ਰਾਪਤ ਕਰਦਾ ਹੈ. "ਸਿਮਰਤ ਨਾਮ ਮੁਕਤਿਫਲ ਪਾਹਿ." (ਗਉ ਮਃ ੫) ੩. ਤਤਪਰ ਹੋਣ ਦੀ ਕ੍ਰਿਯਾ. ਲਗਣਾ. "ਜੇ ਸਭਿ ਮਿਲਿਕੈ ਆਖਣਿ ਪਾਹਿ." (ਸੋਦਰੁ) ਸਾਰੇ ਮਿਲਕੇ ਕਹਿਣ ਲੱਗਣ। ੪. ਸੰ. ਵਯ- ਰਖ਼ਾ ਕਰੋ. ਬਚਾਓ. "ਸਮੰ ਪਾਹਿ ਮਮ ਪਾਹਿ ਤੂ ਸਰਣ ਆਏ." (ਸਲੋਹ)

ਪਾਹੀ: ਪਾਸ. ਕੋਲ. ਸਮੀਪ. "ਸੋ ਅੰਮਿਤ ਗੁਰ ਪਾਹੀ ਜੀਉ." (ਸੋਰ ਮਃ ੧) ੨. ਪਨਹੀ. ਜੂਤਾ. "ਨਾਹਿ ਤ ਪਾਹੀ ਪਾਹਿ." (ਵਾਰ ਮਾਝ ਮਃ ੧) ਨਹੀਂ ਤਾਂ ਪੌਲੇ ਪੈਂਦੇ ਹਨ। ੩. ਪਾਹ (ਮਾਰਗ) ਜਾਣ ਵਾਲਾ ਰਾਹੀ. ਪੰਥੀ। ੪. ਪ੍ਰਾਪ੍ਤਿ. "ਗੁਰਬਚਨੀ ਫਲ ਪਾਹੀ." (ਸੋਰ ਮਃ ੧) ੫. ਪਾਉਂਦਾ. ਪਾਉਂਦੇ, "ਕਣ ਬਿਨੁ ਗਾਹੁ ਕਿ ਪਾਹੀ?" (ਗੂਜ ਤ੍ਰਿਲੋਚਨ)

ਪਾਹੁ: ਦੇਖੋ, ਪਾਹ ੩. "ਸਰਮੁ ਪਾਹੁ ਤਨਿ ਹੋਇ." (ਵਾਰ ਆਸਾ) ੨. ਪੜ. ਪੈ. "ਗੁਰ ਕੀ ਚਰਣੀ ਪਾਹੁ." (ਸ੍ਰੀ ਮਃ ੫)

ਪਾਹੁਚਾ: ਸੰਗਜਾ- ਸੰਦੇਸਾ. ਸੁਨੇਹਾ. ਪੈਗ਼ਾਮ। ੨. ਪਹੁੰਚੇ ਨੂੰ ਬੰਨ੍ਹਣ ਯੋਗਜ ਮੰਗਲਸੂਤ੍ਰ, ਜੋ ਵਿਆਹ ਸਮੇਂ ਚਿੱਠੀ ਨਾਲ ਸੰਬੰਧੀਆਂ ਨੂੰ ਭੇਜਿਆ ਜਾਂਦਾ ਹੈ, ਜਿਸ ਨੂੰ ਵਿਆਹ ਦੀ ਗੰਢ ਆਖਦੇ ਹਨ. ਬਰਾਤ ਵਿੱਚ ਸ਼ਾਮਿਲ ਹੋਣ ਵਾਲੇ ਇਹ ਸੂਤ੍ਰ ਬੰਨ੍ਹਕੇ ਆਉਂਦੇ ਹਨ. ਇਹ ਪ੍ਰਾਚੀਨ ਰੀਤਿ ਸੀ, ਜੋ ਹੁਣ ਘੱਟ ਦੇਖੀ ਜਾਂਦੀ ਹੈ. "ਘਰਿ ਘਰਿ ਏਹੋ ਪਾਹੁਚਾ." (ਸੋਹਿਲਾ) ੩. ਦੇਖੋ, ਪਹੁਚਾ.

ਪਾਹੁਣ: ਸੰ. ਪ੍ਰਾਘੁਣ. ਸੰਗਜਾ- ਅਤਿਥਿ. ਮੇਹਮਾਨ. ਪ੍ਰਾਹਣ ਭੀ ਸੰਸਕ੍ਰਿਤ ਸ਼ਬਦ ਹੈ. ਪਾਲੀ- ਪਾਹੁਣੇਯ. ਦੇਖੋ, ਪਰਾਹੁਣਾ.

ਪਾਹੁਣਚਾਰੀ: ਸੰਗਜਾ- ਮੇਹਮਾਨ ਦੀ ਰੀਤਿ. ਪਰਾਹੁਣੇ ਵਾਂਙ ਆਚਰਣ। ੨. ਪਰਾਹੁਣੇ ਨਾਲ ਕੀਤਾ ਸੱਜਨਤਾ ਦਾ ਵਰਤਾਉ.

ਪਾਹੁਣਾ, ਪਾਹੁਣੀ, ਪਾਹੁਨ, ਪਾਹੁਨੜਾ, ਪਾਹੁਨਾ: ਦੇਖੋ, ਪਰਾਹੁਣਾ ਅਤੇ ਪਾਹੁਣਾ. "ਘਰਿ ਪਾਹੁਣੀ ਬਲ ਰਾਮ ਜੀਉ. " (ਸੂਹੀ ਛੰਤ ਮਃ ੧) "ਪਾਹੁਨੜੇ ਮੇਰੇ ਸੰਤ ਪਿਆਰੇ." (ਆਸਾ ਛੰਤ ਮਃ ੫)

ਪਾਹੁਰ, ਪਾਹੁਲ: ਸੰਗਜਾ- ਪਾਹ- ਜਲ. ਆਦਮੀ ਨੂੰ ਪਾਹ (ਪਾਣ) ਚੜ੍ਹਾਉਣ ਵਾਲਾ ਧਰਮਮੰਤ੍ਰ ਨਾਲ ਤਿਆਰ ਕੀਤਾ ਜਲ[772] "ਪਾਹੁਰ ਜਾਨ ਗ੍ਰਿਹਹਿ ਲੈ ਆਏ." (ਵਿਚਿਤ੍ਰ) ੨. ਖੰਡੇ ਦਾ ਅਮ੍ਰਿਤ. "ਪੀਓ ਪਾਹੁਲ ਖੰਡਧਾਰ." (ਗੁਰਦਾਸ ਕਵਿ)

---

[772] ਇਸ ਸ਼ਬਦ ਦਾ ਅਸਲ ਮੂਲ ਪਾਦਜਲ (ਚਰਨਾਮ੍ਰਿਤ) ਹੈ. ਭਾਵੇਂ ਖੰਡੇ ਦੇ ਅਮ੍ਰਿਤ ਨੂੰ ਪੁਰਾਣੀ ਪਰਿਪਾਟੀ ਅਨੁਸਾਰ ਪਾਹੁਲ ਆਖ ਦਿੰਦੇ ਹਨ, ਪਰ ਸਹੀ ਨਹੀਂ.

ਪਾਹੁਲੀਆ: ਜਿਸ ਨੇ ਪਾਹੁਲ ਪੀਤੀ ਹੈ। ੨. ਜਿਸ ਨੇ ਖੰਡੇ ਦਾ ਅਮ੍ਰਿਤ ਛਕਿਆ ਹੈ. ਅਮ੍ਰਿਤਧਾਰੀ ਸਿੰਘ.

ਪਾਹੂ: ਪਾਸ. ਸਮੀਪ. ਦੇਖੋ, ਨਿਵਲ। ੨. ਪਾਹੀ. ਰਾਹੀ। ੩. ਮੇਹਮਾਨ. "ਪਾਹੂ ਘਰਿ ਮੁਕਲਾਊ ਆਏ." (ਗਉ ਕਬੀਰ) ੪. ਸਿੰਧੀ. ਬਾਂਕਸੂਆ. ਅੰਕੁੜਾ। ੫. ਉਹ ਛੇਕ, ਜਿਸ ਵਿੱਚ ਬਕਸੂਆ ਲਗਾਇਆ ਜਾਵੇ। ੬. ਕ੍ਰਿ. ਵਿ- ਪਿੱਛੇ.

ਪਾਹੂਚਾ: ਪਹੁਚਿਆ. ਉੱਪੜਿਆ. ਅੱਪੜਿਆ. ਦੇਖੋ, ਪਹੂਚਾ। ੨. ਸੰਗਯਾ- ਗਮਜਤਾ. ਪਹੁੰਚ. ਰਸਾਈ. "ਕਹਿਤ ਜੇਤ ਪਾਹੂਚਾ." (ਸਾਰ ਅਃ ਮਃ ੫)

ਪਾਕ: ਸੰਗਜਾ- ਜ਼ਖ਼ਮ ਪੱਕਣ ਤੋਂ ਵਿੱਚੋਂ ਨਿਕਲੀ ਪੂੰ. ਰਾਧ. ਪਸ। ੨. ਸੰ. ਰਿੰਨ੍ਹਣ ਦੀ ਕ੍ਰਿਯਾ. ਪਕਾਉਣਾ. ੩. ਪੱਕਿਆ ਹੋਇਆ ਅੰਨ. ਰਸੋਈ. "ਸੋਚ ਪਾਕ ਹੋਤੀ." (ਗਉ ਅਃ ਮਃ ੫) ੪. ਇੱਕ ਦੈਤ, ਜਿਸ ਨੂੰ ਇੰਦ੍ਰ ਨੇ ਮਾਰਿਆ. ਦੇਖੋ, ਪਾਕਸਾਸਨ। ੫. ਵਿ- ਮੂਰਖ. ਦੇਖੋ, ਅਪਾਕ। ੬. ਫ਼ਾ. پاک ਪਵਿਤ੍ਰ. ਦੇਖੋ, ਪਾਕੁ। ੭. ਦੋਸ ਰਹਿਤ. ਬਿਨਾ ਕਲੰਕ। ੮. ਡਿੰਗ. ਬਾਲਕ. ਬੱਚਾ.

ਪਾਕਸਾਸਨ: ਸੰਗਜਾ- ਪਾਕ ਦੈਤ ਨੂੰ ਸ਼ਾਸਨ (ਤਾੜਨ) ਵਾਲਾ, ਇੰਦ੍ਰ. ਪਾਕਰਿਪੁ.

ਪਾਕਸਾਰ, ਪਾਕਸਾਲ, ਪਾਕਸਾਲਾ: ਸੰਗਜਾ- ਪਾਕ (ਪਕਾਉਣ) ਦੀ ਸ਼ਾਲਾ (ਘਰ), ਰਸੋਈਘਰ. ਲੰਗਰ. "ਅਪਰਸ ਕਰਤ ਪਾਕਸਾਰ." (ਸਾਰ ਪੜਤਾਲ ਮਃ ੪) "ਅਤਿ ਸੂਚੀ ਤੇਰੀ ਪਾਕਸਾਲ." (ਆਸਾ ਮਃ ੫)

ਪਾਕਨਾਮਾ: ਗੁਰੂ ਨਾਨਕਦੇਵ ਦੇ ਨਾਮ ਪੁਰ ਕਿਸੇ ਸਿੱਖ ਦੀ ਰਚਨਾ. ਜਿਸ ਦਾ ਦੂਜਾ ਨਾਮ "ਮੱਕੇ ਮਦੀਨੇ ਦੀ ਗੋਸਟਿ" ਹੈ. ਦੇਖੋ, ਮੱਕੇ ਦੀ ਗੋਸਟਿ.

ਪਾਕਪਟਨ: ਪਾਕਪੱਤਨ. ਪੰਜਾਬ ਦੇ ਜਿਲੇ ਮਾਂਟਗੁਮਰੀ (Montgomery) ਵਿੱਚ ਇੱਕ ਨਗਰ, ਜਿੱਥੇ ਮਹਾਤਮਾ ਫ਼ਰੀਦ ਜੀ ਰਹਿੰਦੇ ਸਨ. ਇਸ ਦਾ ਪੁਰਾਣਾ ਨਾਮ ਅਜੋਧਨ ਹੈ. ਸਤਿਗੁਰੂ ਨਾਨਕਦੇਵ ਜੀ ਇੱਥੇ ਪਧਾਰੇ ਹਨ. ਸ਼ਹਿਰ ਤੋਂ ਪੱਛਮ ਚਾਰ ਮੀਲ ਪੁਰ "ਨਾਨਕਸਰ" ਗੁਰਦ੍ਵਾਰਾ ਹੈ. ਰੇਲਵੇ ਸਟੇਸ਼ਨ ਖਾਸ ਪਾਕਪਟਨ ਹੈ. ਗੁਰਦ੍ਵਾਰੇ ਪਾਸ ਰਹਿਣ ਲਈ ਮਕਾਨ ਹਨ ਅਤੇ ਨਾਲ ਅੱਠ ਘੁਮਾਉਂ ਜ਼ਮੀਨ ਹੈ, ਪੁਜਾਰੀ ਸਿੰਘ ਹਨ. ਕੱਤਕ ਸੁਦੀ ਪੂਰਨਮਾਸੀ ਨੂੰ ਮੇਲਾ ਹੁੰਦਾ ਹੈ.

ਸ਼ਹਿਰ ਤੋਂ ਉੱਤਰ ਇੱਕ ਵੱਡਾ ਪ੍ਰਸਿੱਧ ਉਦਾਸੀ ਸਾਧੂਆਂ ਦਾ ਡੇਰਾ ਹੈ, ਜਿਸ ਨਾਲ ਹਜ਼ਾਰਾਂ ਘੁਮਾਉਂ ਜ਼ਮੀਨ ਹੈ. ਆਲੀਸ਼ਾਨ ਇ਼ਮਾਰਤਾਂ ਬਣੀਆਂ ਹੋਈਆਂ ਹਨ. ਲੰਗਰ ਦਾ ਪ੍ਰਬੰਧ ਉੱਤਮ ਹੈ. ਦੇਖੋ, ਫ਼ਰੀਦ.

ਪਾਕਬਾਜ਼: ਫ਼ਾ. پاکباز ਵਿ- ਪਰਹੇਜ਼ਗਾਰ. ਪਵਿਤ੍ਰਾਤਮਾ. ਧਰਮਾਤਮਾ.

ਪਾਕਰ: ਜੰਗਲੀ ਅੰਜੀਰ. ਦੇਖੋ, ਕੈਮਰੀ.

ਪਾਕਰਿਪੁ: ਪਾਕ ਦੈਤ ਦਾ ਵੈਰੀ. ਇੰਦ੍ਰ. ਦੇਖੋ, ਪਾਕਸਾਸਨ.

ਪਾਕਰੀ, ਪਾਕੜਿਆ, ਪਾਕੜੀ: ਪ੍ਰਾ. ਗ੍ਰਹਣ ਕੀਤੀ. ਪਕੜੀ ਵੱਤੀ, ਫੜਿਆ ਪਾਕੜਿਆ. "ਕਿਉਂ ਛੁਟੇ ਜਮ ਪਕੜਿਆ?" (ਆਸਾ ਪੱਟੀ ਮਃ ੩) "ਕੀਤੇ ਕਾਰਣਿ ਪਾਕੜੀ." (ਸ੍ਰੀ ਅਃ ਮਃ ੧)

ਪਾਕਾ: ਪਕ੍. ਪੱਕਿਆ. "ਕੇਲਾ ਪਾਕਾ ਝਾਰਿ." (ਰਾਮ ਕਬੀਰ) ਮੂਰਖਾਂ ਦੇ ਲੇਖੇ ਕੰਡੈਲੀ ਝਾੜੀ ਨਾਲ ਕੇਲਾ ਪੱਕਿਆ ਹੈ। ੨. ਪੁਖ਼ਤਾਕਾਰ. ਭਾਵ- ਤਜਰਬੇਕਾਰ ਅਤੇ ਪੂਰਣ ਵਿਦ੍ਵਾਨ. "ਪਾਕੇ ਸੇਤੀ ਖੇਲ." (ਸ. ਕਬੀਰ) ੩. ਅੰਗੂਠੇ ਜਾਂ ਉਂਗਲ ਦਾ ਫੋੜਾ.

ਪਾਕੀ: ਪਕ੍ਵ. ਪੱਕੀ. "ਕਾਚੀ ਪਾਕੀ ਬਾਢਿ ਪਰਾਨੀ." (ਆਸਾ ਮਃ ੫) ੨. ਫ਼ਾ. پاکی ਸੰਗਜਾ- ਪਵਿਤ੍ਰਤਾ ਸਫਾਈ.

ਪਾਕੀਜ਼ਹ: ਫ਼ਾ. پاکیزہ ਵਿ- ਪਵਿਤ੍ਰ. ਸ਼ੁੱਧ। ੨. ਨਿਰਦੋਸ਼.

**ਪਾਕੀਜ਼ਗੀ:** ਫ਼ਾ. پاکیزگی ਸੰਗਜਾ- ਪਵਿਤ੍ਰਤਾ। ੨. ਪਰਹੇਜ਼ਗਾਰੀ.

**ਪਾਕੀ ਨਾਈ ਪਾਕ:** ਵਿ- ਪਵਿਤ੍ਰ ਨਾਮਾਂ ਤੋਂ ਪਵਿਤ੍ਰ। ੨. ਪਵਿਤ੍ਰ ਕਹੇ ਜਾਣ ਵਾਲਿਆਂ ਤੋਂ ਪਵਿਤ੍ਰ. "ਪਾਕੀ ਨਾਈ ਪਾਕ ਥਾਇ ਸਚ ਪਰਵਦਿਗਾਰ." (ਸ੍ਰੀ ਅਃ ਮਃ ੧)

**ਪਾਕੁ:** ਦੇਖੋ, ਪਾਕ ੩. "ਤਾ ਹੋਆ ਪਾਕੁ ਪਵਿਤੁ." (ਵਾਰ ਆਸਾ) ਭੋਜਨ ਪਵਿਤ੍ਰ ਹੋਇਆ। ੨. ਦੇਖੋ, ਪਾਕ ੬. "ਤੂੰ ਨਾਪਾਕੁ ਪਾਕੁ ਨਹੀ ਸੂਝਿਆ." (ਪ੍ਰਭਾ ਕਬੀਰ) ਇੱਥੇ ਪਾਕ ਤੋਂ ਭਾਵ ਕਰਤਾਰ ਹੈ। ੩. ਸੰ. ਪਾਕ (ਰਸੋਈ) ਬਣਾਉਣ ਵਾਲਾ ਪਾਕੁ. ਲਾਂਗਰੀ.

**ਪਾਕੰਪਾਕ:** ਵਿ- ਪਵਿਤ੍ਰ ਤੋਂ ਪਵਿਤ੍ਰ. ਅਤਿ ਸ਼ੁੱਧ. "ਅਲਾਹ ਪਾਕੰਪਾਕ ਹੈ." (ਤਿਲੰ ਕਬੀਰ)

**ਪਾਖ:** ਸੰਗਜਾ- ਪਕ੍ਸ਼. ਤ਼ਰਫ਼. ਓਰ. "ਦੁਹੂ ਪਾਖ ਕਾ ਆਪਹਿ ਧਨੀ." (ਸੁਖਮਨੀ) ੨. ਸਹਾਇਤਾ. ਪੱਖ ਤ਼ਰਫ਼ਦਾਰੀ. "ਬੇਪਰਵਾਹ ਸਦਾ ਰੰਗਿ ਹਰਿ ਕੈ ਜਾਕੋ ਪਾਖੁ ਸੁਆਮੀ." (ਟੋਡੀ ਮਃ ੫) ੩. ਦੇਖੋ, ਪਕ੍ਸ਼ ਅਤੇ ਪੱਖ.

**ਪਾਂਖ:** ਸੰਗਜਾ- ਪਕ੍ਸ਼. ਪੰਖ. ਖੰਭ. "ਨਿਕਸੁ ਰੇ ਪੰਖੀ, ਸਿਮਰੁ ਹਰਿ ਪਾਂਖ." (ਗਉ ਮਃ ੫)

**ਪਾਖਣ:** ਸੰਗਜਾ- ਪਾਸ਼ਾਣ. ਪੱਥਰ. "ਦਇਆ ਹਮ ਪ੍ਰਭੁ ਬਾਰਹੁ, ਪਾਖਣ ਤਾਰਹੁ." (ਆਸਾ ਛੰਤ ਮਃ ੪)

**ਪਾਖਰ:** ਬਸ਼ਹਰ ਨਿਵਾਸੀ ਝੰਡੇ ਤਖਾਣ ਦਾ ਪਿਤਾ, ਜੋ ਪੁਤ੍ਰ ਸਮੇਤ ਗੁਰੂ ਨਾਨਕ ਸ੍ਵਾਮੀ ਦਾ ਸਿੱਖ ਹੋਕੇ ਧਰਮ- ਪ੍ਰਚਾਰਕ ਅਤੇ ਮਹਾਨ ਉਪਕਾਰੀ ਹੋਇਆ। ੨. ਸੰ. ਪ੍ਰੱਖਰ (प्रक्खर). ਹਾਥੀ ਘੋੜੇ ਦਾ ਜ਼ੰਜੀਰਦਾਰ ਹੋਹੇ ਦਾ ਝੁੱਲ, ਜਿਸ ਤੋਂ ਜੰਗ ਵਿੱਚ ਸ਼ਰੀਰ ਦੀ ਰਖਜਾ ਹੋਵੇ. "ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ." (ਸ੍ਰੀ ਅਃ ਮਃ ੧)

**ਪਾਖਰੇ:** ਪ੍ਰੱਖਰ ਨਾਲ ਸਜੇ ਹੋਏ. ਦੇਖੋ, ਪਾਖਰ ੨.

**ਪਾਖੜ, ਪਾਖੜਾ:** ਦੇਖੋ, ਪਾਖਰ ੨। ੨. ਉੱਠ ਦਾ ਪਲਾਣ. ਸ਼ੁਤਰ ਦੀ ਕਾਠੀ. ਸਿੰਧੀ- ਪਾਖੜੋ। ੩. ਪਗਬੰਧਨ. ਉਹ ਰੱਸਾ, ਜੋ ਪਸ਼ੂ ਨੂੰ ਖੜਾ ਕਰਨ ਲਈ ਪੈਰੀਂ ਬੱਧਾ ਜਾਵੇ.

**ਪਾਖਾ:** ਪਕ੍ਸ਼ ਮੇਂ. "ਹਮ ਪਰੇ ਭਾਗਿ ਤੁਮ ਪਾਖਾ." (ਜੈਤ ਮਃ ੪) ਅਸੀਂ ਭੱਜਕੇ ਆਪ ਦੇ ਪੱਖ ਵਿੱਚ ਆਏ ਹਾਂ। ੨. ਸੰਗਜਾ- ਪੰਖਾ. ਵਜਜਨ. "ਗੁਰੁ ਕਉ ਝੁਲਾਵਉ ਪਾਖਾ." (ਗਉ ਅਃ ਮਃ ੫)

**ਪਾਖਾਕ:** ਪਾ (ਪੈਰ) ਖਾਕ (ਧੂਲਿ). ਚਰਣਰਜ. "ਤੇਰੇ ਚਾਕਰਾ ਪਾਖਾਕ." (ਤਿਲੰ ਮਃ ੧)

**ਪਾਖਾਣ:** ਸੰ. ਪਾਸ਼ਾਣ. ਪੀਹ ਦੇਣ ਵਾਲਾ, ਪੱਥਰ. ਸ਼ਿਲਾ. "ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ." (ਸਾਰ ਮਃ ੫) ਦੇਖੋ, ਪਸ ੨। ੨. ਗੰਧਕ. ਗੰਧਰਕ.

**ਪਾਖਾਣਿ:** ਵਿ- ਪੱਥਰ ਨਾਲ ਸੰਬੰਧਿਤ. ਪੱਥਰ ਦਾ। ੨. ਪਥਰ ਵਿੱਚ. "ਪਾਖਾਣਿ ਕੀਟ ਗੁਪਤ ਹੋਇ ਰਹਿਤਾ." (ਆਸਾ ਧੰਨਾ)

**ਪਾਖਾਣੁ:** ਦੇਖੋ, ਪਾਖਾਣ. "ਜਿਉ ਪਾਖਾਣੁ ਨਾਵ ਚੜਿ ਤਰੈ." (ਸੁਖਮਨੀ) ੨. ਵਿ- ਪਾਸ਼ਾਣ ਜੇਹਾ ਕਠੋਰ. "ਮਿਲਿ ਸਾਧੂ ਪਾਖਾਣੁ ਹਰਿਓ ਮਨ ਮੂੜਾ." (ਜੈਤ ਮਃ ੪)

**ਪਾਖਾਨ:** ਪਾਸ਼ਾਣ. ਪੱਥਰ. "ਪਾਖਾਨ ਗਢਿਕੈ ਮੂਰਤਿ ਕੀਨੀ." (ਆਸਾ ਕਬੀਰ)

**ਪਾਖਾਨਾ:** ਦੇਖੋ, ਪਾਇਖਾਨਾ.

**ਪਾਖਿਆ:** ਪਕ੍ਸ਼ (ਤ਼ਰਫ਼ਦਾਰੀ) ਦ੍ਵਾਰਾ. ਪੱਖ ਨਾਲ. "ਨਾਨਕ ਭਏ ਨਿਹਾਲ ਪ੍ਰਭੁ ਕੀ ਪਾਖਿਆ." (ਵਾਰ ਵਡ ਮਃ ੪)

**ਪਾਖੀ:** ਪਕ੍ਸ਼ ਮੇਂ. ਪੱਖ ਵਿੱਚ. "ਸੰਤ ਪਰੇ ਗੋਬਿੰਦ ਕੀ ਪਾਖੀ." (ਸਾਰ ਮਃ ੫) ੨. ਸੰਗਜਾ- ਪੱਖੀ. ਛੋਟਾ ਪੰਖਾ.

ਪਾਖੁ: ਦੇਖੋ, ਪਾਖ ੨.

ਪਾਖੰਡ: ਸੰ. पाषण्ड- ਪਾਸ਼ੰਡ. ਸੰਗਯਾ- ਪਾ (ਰਖ੍ਯਾ ਕਰਨ ਵਾਲੇ ਦਾ) ਖੰਡਨ ਕਰਤਾ. ਦੁਰਾਚਾਰ ਤੋਂ ਬਚਾਉਣ ਵਾਲੇ ਪਾ (ਧਰਮ) ਨੂੰ ਜੋ ਖੰਡਨ ਕਰੇ. ਸਤ੍ਯਧਰਮ ਦਾ ਤ੍ਯਾਗੀ। ੨. ਝੂਠਾ ਆਡੰਬਰ ਰਚਣ ਵਾਲਾ। ੩. ਦਿਖਾਵਾ. ਦੰਭ. "ਪਾਖੰਡ ਕੀਨੇ ਜੋਗੁ ਨ ਪਾਈਐ." (ਮਾਰੂ ਸੋਲਹੇ ਮਃ ੧)

ਪਾਖੰਡਕਰਮ, ਪਾਖੰਡਧਰਮ: ਦਿਖਾਵੇ ਮਾਤ੍ਰ ਕਰਮ, ਸ਼੍ਰੱਧਾ ਬਿਨਾ। ਕੇਵਲ ਆਡੰਬਰ. "ਪਾਖੰਡਧਰਮ ਪ੍ਰੀਤਿ ਨਹੀ ਹਰਿ ਸਿਉ." (ਮਾਰੂ ਸੋਲਹੇ ਮਃ ੧) ਦੇਖੇ, ਪਾਖੰਡ.

ਪਾਖੰਡਿ: ਪਖੰਡ ਤੋਂ ਪਾਖਾਂਡ ਕਰਕੇ. "ਪਾਖੰਡਿ ਜਮਕਾਲੁ ਨ ਛੋਡਈ." (ਵਾਰ ਵਡ ਮਃ ੪)

ਪਾਖੰਡੀ: ਸੰ. पाषण्डिन. ਵਿ- ਜੋ ਰਖ੍ਯਾ ਕਰਨ ਵਾਲੇ ਦਾ ਖੰਡਨ ਕਰੇ। ੨. ਸੰਗ੍ਯਾ- ਦਿਖਾਵੇ ਦਾ ਧਰਮੀ। ੩. ਸਤ੍ਯਧਰਮ ਦਾ ਤ੍ਯਾਗੀ. ਝੂਠਾ ਮਤ ਮੰਨਣ ਵਾਲਾ। ੪. ਪਾਪਖੰਡੀ ਦਾ ਸੰਖੇਪ ਭੀ ਗੁਰਬਾਣੀ ਵਿੱਚ ਪਾਖੰਡੀ ਸ਼ਬਦ ਆਇਆ ਹੈ. "ਤਿਸੁ ਪਾਖੰਡੀ ਜਰਾ ਨ ਮਰਣਾ." (ਵਾਰ ਰਾਮ ੧. ਮਃ ੧)

ਪਾਖੰਤਣ: ਵਿ- ਪਕ੍ਸ਼ (ਪੰਖਾਂ) ਦਾ. "ਪਾਖੰਤਣ ਬਾਜ ਬਜਾਇਲਾ." (ਭੈਰ ਨਾਮਦੇਵ) ਪੰਖਾਂ (ਖੰਭਾਂ) ਦਾ ਵਾਜਾ ਵਜਾਉਂਦੇ ਹੋਏ। ੨. ਪਕ੍ਸ਼ (ਪਹਰ) ਦੇ ਅੰਤ ਦਾ ਵਾਜਾ, ਗ਼ਜ਼ਲ.

ਪਾਗ: ਸੰਗ੍ਯਾ- ਪੱਗ. ਪਗੜੀ. ਦਸ੍ਤਾਰ. "ਜਿਹਿ ਸਿਰਿ ਰਚਿ ਰਚਿ ਬਾਂਧਤ ਪਾਗ." (ਗਉ ਕਬੀਰ) ੨. ਦੇਖੋ, ਪਾਗਣਾ.

ਪਾਗਉ: ਲਪੇਟੋ. ਮਿਲਾਓ. ਦੇਖੋ, ਪਾਗਨਾ. "ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ." (ਬਿਲਾ ਮਃ ੫) ਅੱਗ ਵਿਚ ਸੁੱਟੋ.

ਪਾਗਣਾ, ਪਾਗਨਾ: ਕ੍ਰਿ- ਪਾਕ ਕਰਨਾ. ਪਕਾਉਣਾ। ੨. ਚਾਸ਼ਨੀ ਵਿੱਚ ਲਪੇਟਣਾ। ੨. ਭਾਵ ਕਿਸੇ ਵਿਸ਼ਯ ਵਿੱਚ ਮਗਨ ਹੋਣਾ. "ਹਰਿ ਕੇ ਰਸ ਪਾਗੋ." (ਹਜਾਰੇ ੧੦)

ਪਾਂਗਰਾ: ਪੰਗੁ. ਪਿੰਗਲਾ. ਪਾਦ ਰਹਿਤ.

ਪਾਗਲ: ਪ੍ਰਾ. ਵਿ- ਸਿਰੜਾ. ਵਿਕ੍ਸ਼ਿਪਤ. ਬਾਵਲਾ. ਵਿਸ਼੍ਵਕੋਸ਼ ਵਿੱਚ ਇਸ ਸ਼ਬਦ ਨੂੰ ਸੰਸਕ੍ਰਿਤ ਮੰਨਕੇ ਅਰਥ ਕੀਤਾ ਹੈ- ਪਾ ਰਕ੍ਸ਼ਣੰ ਤਸਮਾਤ੍ ਗਲਤਿ. ਅਰਥਾਤ ਜੋ ਆਪਣੀ ਰ੍ਰਖ੍ਯਾ ਕਰਨੋਂ ਰਹਿ ਗਿਆ ਹੈ. ਕਿਤਨਿਆਂ ਨੇ ਇਸ ਸ਼ਬਦ 'ਪਾ- ਬ ਗਿਲ' ਤੋਂ ਬਣਿਆ ਮੰਨਿਆ ਹੈ. ਅਰਥਾਤ ਜਿਸ ਦੇ ਪੈਰ ਮਿੱਟੀ ਨਾਲ ਲਿਬੜੇ ਰਹਿੰਦੇ ਹਨ.

ਪਾਂਗਲੂ: ਸੰਗ੍ਯਾ- ਪੰਗਵਾਲ. ਚੰਬੇ ਰਾਜ ਦੇ ਪਾਂਗੀ ਇ਼ਲਾਕ਼ੇ ਦੇ ਵਸਨੀਕ. ਦੇਖੋ, ਨਾਂਗਲੂ.

ਪਾਗਾ: ਪਾਗਿਆ. ਦੇਖੋ, ਪਾਗਨਾ ੩. "ਅਮਿਅ ਸਰੋਵਰਿ ਪਾਗਾ." (ਧਨਾ ਮਃ ੫) ੨. ਫ਼ਾ. پاگاہ ਪਾਗਾਹ. ਸੰਗ੍ਯਾ- ਪਗਡੰਡੀ। ੩. ਅਸਤਬਲ. ਅਸ਼੍ਵਸ਼ਾਲਾ. "ਜਲ ਕੇ ਅਸ਼੍ਵ ਅਸ਼੍ਵ ਇਕ ਜਾਯੋ। ਸੋ ਪਾਗਾ ਰਾਜਾ ਕੇ ਆਯੋ." (ਚਰਿਤ੍ਰ ੧੨੨) ਦਰਿਆਈ ਘੋੜੇ ਨੇ ਇੱਕ ਘੋੜਾ ਪੈਦਾ ਕੀਤਾ, ਜੋ ਰਾਜੇ ਦੇ ਤਬੇਲੇ ਆਇਆ.

ਪਾਗਿਓ: ਲਪੇਟਿਆ. ਮਗਨ ਹੋਇਆ. ਦੇਖੋ, ਪਾਗਨਾ। ੨. ਪਗੀਂ ਪੈ. ਪੈਰਾਂ ਉੱਪਰ "ਮਸਤਕ ਡਾਰਿ ਗੁਰ- ਪਾਗਿਓ." (ਗਉ ਮਃ ੫)

ਪਾਗੀ: ਲਪੇਟੀ. ਮਗਨ ਹੋਈ. ਦੇਖੋ, ਪਾਗਨਾ। ੨. ਪੈਰਾਂ ਦੀ. ਪਗੀਂ ਕੀ. "ਰੇਨ ਨਾਨਕ ਜਨਪਾਗੀ." (ਮਲਾ ਮਃ ੫) ੩. ਪੈਰਾਂ ਉੱਪਰ. ਪਗੀਂ. "ਮਸਤਕ ਆਨਿਧਰਿਓ ਪ੍ਰਭਪਾਗੀ." (ਕਾਨ ਮਃ ੫)

ਪਾਗੇ: ਲਪੇਟੇ. ਢਕੇ। ੨. ਪ੍ਰੇਮ ਵਿੱਚ ਮਗਨ ਹੋਏ. ਦੇਖੋ, ਪਾਗਨਾ. "ਰਹਿਨ ਨ ਪਾਵਉ ਬਿਨੁ ਪਗ ਪਾਗੇ." (ਸੂਹੀ ਮਃ ੫) ੨. ਪਗੀਂ ਮੇਂ. ਚਰਨਾਂ ਵਿੱਚ. "ਸਗਲ ਨਿਧਿ ਪ੍ਰਭਪਾਗੇ." (ਆਸਾ ਛੰਤ ਮਃ ੫)

ਪਾਗੋ, ਪਾਗੌ: ਦੇਖੋ, ਪਾਗਉ ਅਤੇ ਪਾਗਨਾ.

ਪਾਂਚ:[773] ਸੰ. पञ्चे- ਪੰਚ. ਵਿ- ਚਾਰ ਤੋਂ ਇੱਕ ਅਧਿਕ. ਪੰਜ. "ਪਾਂਚ ਤਤੁ ਕੋ ਤਨੁ ਰਚਿਓ." (ਸਃ ਮਃ ੯) ੨. ਸੰਗ੍ਯਾ- ਪੰਚ. ਪੈਂਚ. ਨੰਬਰਦਾਰ. ਦੇਖੋ, ਪਾਂਚਚੌਤਰਾ। ੩. ਪੰਨਾ. ਨਗੀਨਾ. "ਪਾਂਚ ਕਾਂਚ ਨਹਿ ਹੋਇ." (ਵਿੰਦ੍ਰ) ਕੱਚ ਪੰਨਾ ਨਹੀਂ ਹੋ ਸਕਦਾ। ੪. ਪਾਜ. ਮੁਲੰਮਾ. "ਰਾਖਤ ਸਾਚ ਪਾਂਚ ਉਘਰਾਈ." (ਗੁਪ੍ਰਸੂ) ੫. ਪੰਜ ਸੰਖ੍ਯਾ ਵਾਲੇ ਪਦਾਰਥ. ਦੇਖੋ, ਅਗਲੇ ਸ਼ਬਦ.

ਪਾਚਉ: ਪਾਂਚਉ. ਪੰਜੇ. ਪਾਂਚੋ. "ਜਿਹ ਮੁਖਿ ਪਾਚਉ ਅੰਮ੍ਰਿਤ ਖਾਏ." (ਗਉ ਕਬੀਰ) ਦੁੱਧ, ਦਹੀ, ਘੀ, ਖੰਡ, ਸ਼ਹਦ। ੨. ਪੰਜਾਂ ਨੂੰ. ਪਾਂਚੋਂ ਕੋ. ਭਾਵ- ਕਾਮਾਦਿ ਵਿਕਾਰਾਂ ਨੂੰ. "ਪਾਚਉ ਮੁਸਿ ਮੁਸਲਾ ਬਿਛਾਵੈ." (ਆਸਾ ਕਬੀਰ)

ਪਾਚਉ ਅੰਮ੍ਰਿਤ: ਦੇਖੋ, ਪਾਚਉ ੧. ਅਤੇ ਪੰਚਾਮ੍ਰਿਤ.

ਪਾਚਉ ਲਰਿਕਾ: ਪੰਜ ਲੜਕੇ. ਭਾਵ- ਕਾਮਾਦਿ ਵਿਕਾਰ. "ਪਾਚਉ ਲਰਿਕਾ ਜਾਰਿਕੈ ਰਹੈ ਰਾਮਲਿਵ ਲਾਗਿ." (ਸ. ਕਬੀਰ)

ਪਾਂਚ ਅੰਮ੍ਰਿਤ: ਦੇਖੋ, ਪਾਚਉ ੧. ਅਤੇ ਪੰਚਾਮ੍ਰਿਤ.

ਪਾਂਚ ਸਸਤ੍ਰ, ਪਾਂਚ ਹਥਿਆਰ: ਦੇਖੋ, ਪੰਜ ਸਸਤ੍ਰ ਅਤੇ ਪੰਜ ਹਥਿਆਰ. ਗੁਰੁਸੋਭਾ ਗ੍ਰੰਥ ਵਿੱਚ ਦਸ਼ਮੇਸ਼ ਦੇ ਹਜ਼ੂਰੀ ਕਵਿ ਸੈਨਾਪਤਿ ਲਿਖਦੇ ਹਨ-

ਮਾਰੇ ਸ਼ਮਸ਼ੇਰਨ ਕੇ ਲੋਥਨ ਪੈ ਲੋਬ ਡਾਰੀ

ਤੀਰਨ ਕੇ ਮਾਰੇ ਕਹੂੰ ਧੀਰਜ ਨ ਧਰਹੀਂ,

ਮਾਰੇ ਬੰਦੂਕਨ ਕੇ ਦੀਨੇ ਅਸਵਾਰ ਡਾਰ

ਨੇਜਨ ਕੇ ਮਾਰੇ ਨਰ ਧਰਨੀ ਪੈ ਪਰਹੀਂ,

ਮਾਰੇ ਜਮਧਾਰਨ ਕੇ ਜੀਵਨ ਕੇ ਨਾਹਿ ਮੂਲ

ਬਾਂਧੇ ਹਥਿਆਰ ਪਾਂਚ ਖਾਲਸਾ ਜੀ ਲਰਹੀਂ. ×××

ਅਰਥਾਤ- ਕ੍ਰਿਪਾਣ, ਤੀਰਕਮਾਨ, ਬੰਦੂਕ, ਨੇਜ਼ਾ ਅਤੇ ਕਟਾਰ.

ਪਾਚਕ: ਸੰ. ਸੰਗ੍ਯਾ- ਪਕਾਉਣ (ਪਚ- ਪਾਕ ਕਰਨ) ਵਾਲਾ, ਰਸੋਈਆ, ਲਾਂਗਰੀ। ੨. ਹਾਜ਼ਮੇ ਦਾ ਚੂਰਨ. ਉਹ ਵਸਤੂ, ਜੋ ਭੋਜਨ ਨੂੰ ਮੇਦੇ ਵਿੱਚ ਪਚਾ ਦੇਵੇ.

ਪਾਂਚਚੌਤਰਾ: ਪੰਚਾਯਤ (ਪੈਂਚਾਂ) ਦੇ ਬੈਠਣ ਦਾ ਚਬੂਤਰਾ. ਉਹ ਚੌਤਰਾ, ਜਿਸ ਪੁਰ ਪਿੰਡ ਦੇ ਇਨਸਾਫ ਲਈ ਚੌਧਰੀ ਬੈਠਣ. "ਪਾਂਚਚੌਤਰੋ ਛੋਰ ਚੌਧਰੀ ਆਇਓ." (ਚਰਿਤ੍ਰ ੧੫੬)

ਪਾਂਚਜਨ, ਪਾਂਚਜਨ੍ਯ: ਸੰਗ੍ਯਾ- ਪੰਚਜਨ ਦੈਤ੍ਯ ਦਾ ਸ਼ੰਖ (पाञ्चजन्य). ਭਾਗਵਤ ਅਨੁਸਾਰ ਕ੍ਰਿਸ਼ਨ ਜੀ ਦੇ ਗੁਰੂ ਸੰਦੀਪਨਿ ਦੇ ਪੁਤ੍ਰ ਨੂੰ ਪੰਚਜਨ ਦੈਤ ਸਮੁੰਦਰ ਵਿੱਚ ਲੈਗਿਆ ਸੀ. ਸੰਦੀਪਨਿ ਨੇ ਗੁਰੁਦਕ੍ਸ਼ਿਣਾ ਵਿੱਚ ਆਪਣਾ ਪੁਤ੍ਰ ਵਾਪਿਸ ਮੰਗਵਾ ਦੇਣ ਲਈ ਕ੍ਰਿਸ਼ਨ ਜੀ ਨੂੰ ਆਖਿਆ. ਇਸ ਪੁਰ ਕ੍ਰਿਸ਼ਨ ਜੀ ਨੇ ਸਮੁੰਦਰ ਵਿੱਚ ਜਾਕੇ ਪੰਚਜਨ ਨੂੰ ਮਾਰਕੇ ਉਸ ਦਾ ਸ਼ੰਖ ਅਤੇ ਗੁਰੁਪੁਤ੍ਰ ਲੈ ਆਂਦਾ, ਇਹ ਸ਼ੰਖ ਕ੍ਰਿਸ਼ਨ ਜੀ ਨੇ ਜੰਗ ਵਿੱਚ ਵਜਾਇਆ ਕਰਦੇ ਸਨ.

---

[773] ਪਾਂਚ, ਪੰਚ,ਪੰਜ ਇਹ ਤਿੰਨੇ ਸ਼ਬਦ ਇੱਕੋ ਅਰਥ ਰੁਖਦੇ ਹਨ, ਪਰ ਇਸ ਕੋਸ਼ ਵਿੱਚ ਅੱਖਰ ਅਤੇ ਮਾਤ੍ਰਾ ਕ੍ਰਮ ਨਾਲ ਵੱਖ ਵੱਖ ਇਸ ਲਈ ਲਿਖੇ ਹਨ ਕਿ ਮੂਲ ਪਾਠ ਵਿੱਚ ਜੁਦੇ ਜੁਦੇ ਹਨ. ਜਿਵੇਂ-"ਪਾਂਚ ਪਲੀਤਹ"-"ਪੰਚ ਸ਼ਬਦ"-"ਪੰਜ ਸ਼ਰੀਰ" ਆਦਿ.

ਵਿਸ਼ਨੁਪੁਰਾਣ ਅੰਸ਼ ੫. ਅਃ ੨੧. ਵਿੱਚ ਲਿਖਿਆ ਹੈ ਕਿ ਇਹ ਸ਼ੰਖ ਪੰਚਜਨ ਦੇ ਸ਼ਰੀਰ ਦੇ ਪਿੰਜਰ ਤੋਂ ਬਣਿਆ ਹੈ ਅਰਥਾਤ ਪੰਚਜਨ ਦਾ ਕਰੰਗ ਹੈ.

ਪਾਚਨ: ਸੰਗਯਾ- ਪਾਣ. ਦੇਖੋ, ਪਾਚਨੁ। ੨. ਸੰ. ਪਕਾਉਣ ਦੀ ਕ੍ਰਿਯਾ. ਪਕਾਉਣਾ। ੩. ਅੰਨ ਨੂੰ ਪਚਾਉਣ ਵਾਲੀ ਵਸਤੂ। ੪. ਖੱਟਾ ਰਸ। ੫. ਅਗਨਿ.

ਪਾਂਚ ਨਾਰਦ: ਪੰਜ ਗ੍ਯਾਨਇੰਦ੍ਰਿਯ, ਜੋ ਨਾਰਦ ਵਾਂਙ ਚੈਨ ਨਾਲ ਨਹੀਂ ਬੈਠਦੇ. ਮਹਾ ਚੰਚਲ. ਦੇਖੋ, ਨਾਰਦ. "ਪਾਂਚਨਾਰਦ ਕੈ ਸੰਗਿ ਬਿਧਿਵਾਰਿ." (ਗੌਂਡ ਕਬੀਰ) ਪੰਜ ਗ੍ਯਾਨਇੰਦ੍ਰੀਆਂ ਨਾਲ ਵਿਧੀ ਹੋਈ ਹੈ.

ਪਾਚਨੁ: ਸੰਗਯਾ- ਪਾਣ. ਤਾਣੀ ਦੇ ਤੰਦਾਂ ਨੂੰ ਲਾਉਣ ਦਾ ਮਾਵਾ. "ਪਾਚਨੁ ਸੇਰ ਅਢਾਈ." (ਗਉ ਕਬੀਰ) ਭਾਵ ਆਦਮੀ ਦੀ ਖ਼ੁਰਾਕ ਤੋਂ ਹੈ। ੨. ਦੇਖੋ, ਪਾਚਨ.

ਪਾਂਚ ਪਚੀਸ: ਦੇਖੋ, ਪਚੀਸ.

ਪਾਂਚ ਪਲੀਤਹ: ਪੰਜ ਪਲੀਤਹ (ਫ਼ਲੀਲਹ) ਵਿਕਾਰਾਂ ਨੂੰ ਮਚਾਉਣ ਵਾਲੇ (ਭੜਕਾਉਣ ਵਾਲੇ) ਪੰਜ ਵਿਸ਼ੇ. "ਪਾਂਚ ਪਲੀਤਹ ਕਉ ਪਰਬੋਧੈ." (ਗੌਂਡ ਕਬੀਰ) ੨. ਪੰਜ ਪਲੀਦ (ਅਪਵਿਤ੍ਰ) ਇੰਦ੍ਰਿਯ.

ਪਾਂਚ ਭੌਤਿਕ: पाञ्च भौतिक. ਵਿ- ਪੰਜ ਭੂਤਾਂ (ਤੱਤਾਂ) ਦਾ। ੨. ਸੰਗਯਾ- ਪੰਜ ਤੱਤਾਂ ਤੋਂ ਬਣਿਆ ਹੋਇਆ ਸ਼ਰੀਰ.

ਪਾਂਚ ਮਿਰਗ: ਕਾਮਾਦਿ ਪੰਜ ਵਿਕਾਰ, ਜੋ ਸੁਕ੍ਰਿਤ ਰੂਪ. ਖੇਤੀ ਨੂੰ ਖਾ ਜਾਂਦੇ ਹਨ. "ਪਾਂਚ ਮਿਰਗ ਬੇਧੇ ਸਿਵ ਕੀ ਬਾਨੀ." (ਭੈਰ ਮਃ ੫) ਦੇਖੋ, ਬਾਨੀ.

ਪਾਂਚਯਾਰੀ: ਪੰਜ ਪ੍ਯਾਰਿਆਂ ਦੀ ਮੰਡਲੀ। ੨. ਪੰਜ ਪ੍ਯਾਰਿਆਂ ਦੀ ਕਮੇਟੀ.

ਸ੍ਰੀ ਗੁਰੂ ਗੋਬਿੰਦ ਸਿੰਘ ਭਾਰੀ ਤੇਗਧਾਰੀ ਬੀਰ

ਛਤ੍ਰੀਕੌਮ ਸਾਰੀ ਕੀਨ ਬਾਜੀ ਜਾਨਦੀਨੀ ਹੈ,

ਬਾਂਕਰੋ ਛਬੀਲੋ ਪ੍ਯਾਰੋ ਤੀਸਰੋ ਸਜਾਯੋ ਪੰਥ

ਰਾਹ ਦੋਊ ਰੱਦਕੈ ਮ੍ਰਯਾਦ ਨੂਤ ਚੀਨੀ ਹੈ,

ਚਿਰੀ ਤੋਂ ਚਿਰਾਏ ਬਾਜ ਕੀਰੀ ਤੇਂ ਭਗਾਏ ਫੀਲ

ਮੀਰੀ ਔ ਫਕੀਰੀ ਪੀਰੀ ਤੀਨੋ ਧਾਰਲੀਨੀ ਹੈ,

ਅਨਾਚਾਰੀ ਸ਼ਾਹਨ ਕੀ ਪਾਤਸ਼ਾਹੀ ਦੀਨੀ ਗਾਰ

ਚਾਰਯਾਰੀ ਹੂੰ ਤੇਂ ਬਢ ਪਾਂਚਯਾਰੀ ਕੀਨੀ ਹੈ.

(ਨਿਹਾਲ ਸਿੰਘ)

ਪਾਂਚਲਰਕਾ: ਦੇਖੋ, ਪਾਚਉ ਲਰਿਕਾ.

ਪਾਚੜ: ਵਿ- ਪਚਾਊ. ਗੜੱਪੂ. ਪੇਟਦਾਸੀਆ. "ਪੰਮਾ ਪਾਚੜ ਲਾਖਜੋ ਪ੍ਰਬੀਨ." (ਗੁਪ੍ਰਸੂ)

ਪਾਚਾਧੇ: ਖਤ੍ਰੀਆਂ ਦੀ ਇੱਕ ਜਾਤਿ. "ਖਤ੍ਰੀ ਬਾਹਰੀ, ਪਾਚਾਧਿਆਂ, ਖੋਖਰਾਇਣ." (ਭਾਗੁ) ੨. ਦੇਖੋ, ਪਚਾਧਾ.

ਪਾਂਚਾਮਰ: ਪਾਂਚਜਨ੍ਯ ਸ਼ੰਖ, ਦੇਖੋ, ਪਾਂਚਜਨ੍ਯ. "ਪਾਚਾਮਰ ਲੈ ਨਾਦ ਅਧਿਕ ਕਿਯ." (ਕ੍ਰਿਸ਼ਨਾਵ)

**ਪਾਂਚਾਲ:** ਵਿ- ਪੰਚਾਲ ਦੇਸ਼ ਦਾ. ਦੇਖੋ, ਪੰਚਾਲ। ੨. ਤਖਾਣ, ਜੁਲਾਹਾ, ਨਾਈ, ਧੋਬੀ ਅਤੇ ਚਮਾਰ, ਇਨ੍ਹਾਂ ਪੰਜਾਂ ਦੀ ਜਮਾਤ.

**ਪਾਂਚਾਲੀ:** ਵਿ- ਪੰਚਾਲ ਦੇਸ਼ ਦੀ। ੨. ਸੰਗਜ੍ਞਾ- ਗੁੱਡੀ. ਕਪੜੇ ਦੀ ਪੁਤਲੀ। ੩. ਪੰਚਾਲ ਦੇਸ਼ ਦੇ ਰਾਜੇ ਦੀ ਪੁਤ੍ਰੀ ਦ੍ਰੋਪਦੀ. ਦੇਖੋ, ਪਚੰਾਲ ਅਤੇ ਪੰਚਾਲੀ। ੪. ਪੰਚਾਲ ਦੇਸ਼ ਦੀ ਬੋਲੀ.

**ਪਾਚੇ:** ਪਚੇ, ਰਿੱਝੇ. ਪੱਕੇ. "ਵਿਚਿ ਵਿਸਟਾ ਮਰਿ ਮਰਿ ਪਾਚੇ." (ਗਉ ਮਃ ੪)

**ਪਾਂਚੈਂ:** ਸੰਗਜ੍ਞਾ- ਚੰਦ੍ਰਮਾ ਦੇ ਪੱਖ ਦੀ ਪੰਚਮੀ ਤਿਥਿ. "ਪਾਂਚੈਂ ਪੰਚ ਤਤ ਬਿਸਥਾਰ." (ਗਉ ਥਿਤੀ ਕਬੀਰ)

**ਪਾਛ:** ਸੰਗਜ੍ਞਾ- ਪਕ੍ਸ਼. ਪੱਖ। ੨. ਪਿੱਛਾ. ਪਿਛਲਾ ਭਾਗ। ੩. ਵਿ- ਪਿਛਲਾ. ਪਿਛਲੀ. "ਗਈ ਵਯ ਪਾਛ ਅਕਾਰਥ." (ਨਾਪ੍ਰ) ੪. ਦੇਖੋ, ਪੱਛ ੬.

**ਪਾਛਲ, ਪਾਛਲਾ:** ਵਿ- ਪਿਛਲਾ.

**ਪਾਛੜ:** ਸੰਗਜ੍ਞਾ- ਪਿਛਲਾ ਪਾਸਾ। ੨. ਪਿੱਠ ਪਿੱਛੇ ਲਾਈ ਹੋਈ ਪੰਡ। ੩. ਵਿ- ਪਛੜ ਜਾਣ ਵਾਲਾ. ਪਿੱਛੇ ਰਹਿਣ ਵਾਲਾ.

**ਪਾਛਾਰ:** ਪਾਖ਼ਾਕ. ਦੇਖੋ, ਪਾ ਅਤੇ ਛਾਰ.

**ਪਾਛਾਵਾ:** ਸੰਗਜ੍ਞਾ- ਪ੍ਰਤਿਛਾਯਾ. ਪ੍ਰਤਿਬਿੰਬ। ੨. ਛਾਉਂ. ਸਾਯਾ। ੩. ਵਿ- ਪਿਛਲੱਗੂ. ਪਿੱਛੇ ਚੱਲਣ ਵਾਲਾ। ੪. ਪਿਛਲਾ.

**ਪਾਛੇ, ਪਾਛੈ:** ਕ੍ਰਿ. ਵਿ- ਪੀਛੇ. ਪਿੱਛੇ. "ਸਰਣਿ ਪ੍ਰਭੂ ਤਿਸੁ ਪਾਛੇ ਪਈਆ." (ਬਿਲਾ ਅਃ ਮਃ ੪) "ਅਗਲੇ ਮੁਏ ਸਿ ਪਾਛੈ ਪਰੇ." (ਗਉ ਮਃ ੫) ੨. ਭੂਤ ਕਾਲ ਮੇਂ. ਦੇਖੋ, ਆਗੈ ੩.

**ਪਾਛੰ:** ਪਿਛਲੇ ਨੂੰ. "ਪਾਛੰ ਕਰੋਤਿ ਅਗ੍ਰਣੀਵਹ." (ਸਹਸ ਮਃ ੫)

**ਪਾਜ:** ਸੰਗਜ੍ਞਾ- ਟਾਂਕਾ. ਗੱਠ। ੨. ਮੁਲੰਮਾ। ੩. ਭਾਵ- ਪਾਖੰਡ. ਦੰਭ। ੪. ਝੂਠ. "ਕਿਧੌਂ ਹਰਖ ਹਿਤ ਪਾਜ ਉਚਾਰੇ." (ਨਾਪ੍ਰ) ੫. ਪੋਲ. ਭੇਤ. "ਤਬ ਜਾਨਹੁਗੇ, ਜਬ ਉਘਰੈਗੋ ਪਾਜ." (ਗਉ ਕਬੀਰ)

**ਪਾਜਣਾ:** ਕ੍ਰਿ- ਗੱਠ ਲਾਉਣਾ. ਛਿਦ੍ਰ (ਛੇਕ) ਬੰਦ ਕਰਨਾ। ੨. ਲਪੇਟਣਾ. ਪਾਗਣਾ.

**ਪਾਜਾ:** ਦੇਖੋ, ਪੈਜਾ.

**ਪਾਜਾਮਾ:** ਦੇਖੋ, ਪਜਾਮਾ.

**ਪਾਜਿਆ:** ਗੱਠ ਲਾਇਆ। ੨. ਗਿਲਟ ਕੀਤਾ। ੩. ਲੇਪਨ ਕੀਤਾ. "ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ." (ਫੁਨਹੇ ਮਃ ੫)

**ਪਾਜੀ:** ਵਿ- ਪਾਜ ਵਾਲਾ. ਮੁਲੰਮਾ. "ਪਾਜੀ ਕੋ ਅਪਾਜੀ ਲਖ ਤਾਸੋਂ ਵਿਰਮਾਯੋ ਹੈ." (ਨਾਪ੍ਰ) ੨. ਫ਼ਾ. پاجی ਕਮੀਨਾ. ਨੀਚ. ਪਾਮਰ.

**ਪਾਜੁ:** ਦੇਖੋ, ਪਾਜ. "ਬੇਟਾ ਪਾਜੁ ਖੁਆਰ." (ਸ੍ਰੀ ਅਃ ਮਃ ੧) "ਮੁਲੰਮਾ ਪਾਜੁ ਲਹਿਜਾਇ." (ਵਾ ਗਉ ੧. ਮਃ ੪)

**ਪਾਜੇ:** ਦਿਖਾਵੇ. ਉੱਪਰਲੇ ਆਡੰਬਰ. "ਲਸ਼ਕਰ ਨੇਬ ਖਵਾਸੀ ਪਾਜੇ." (ਗਉ ਅਃ ਮਃ ੧) ੨. ਪਾਗੇ. ਮਗਨ ਹੋਏ. "ਮਾਇਆਮੋਹ ਪਾਜੇ." (ਬਿਲਾ ਮਃ ੩)

**ਪਾਜ਼ੇਬ:** ਫ਼ਾ. پازیب ਸੰਗਜ੍ਞਾ- ਪੈਰ ਨੂੰ ਜ਼ੇਬ (ਸ਼ੋਭਾ) ਦੇਣ ਵਾਲਾ ਭੂਸ਼ਣ. ਨੂਪੁਰ. ਬਾਂਕ.

**ਪਾਟ, ਪਾਟੁ:** ਸੰਗਜ੍ਞਾ- ਵਸਤ੍ਰ. ਪਟ. ਕਨਾਤ. ਪੜਦਾ. "ਪੇਖਿਓ ਲਾਲਨੁ ਪਾਟ ਬੀਚ ਖੋਏ." (ਟੋਡੀ ਮਃ ੫) ੨. ਪੱਟ. ਰੇਸ਼ਮ. "ਪਾਟ ਪਟੰਬਰ ਬਿਰਥਿਆ." (ਸੂਹੀ ਮਃ ੫) ੩. ਪਟ. ਕਪੜਾ. "ਪਾਟ ਕੋ ਪਾਟ ਧਰੇ ਪਿਯਰੋ." (ਕ੍ਰਿਸ਼ਨਾਵ) ੪. ਤਖ਼ਤਾ.

ਕਿਵਾੜ. ਪਟ। ੫. ਪੜਦਾ। ੬. ਰਾਜਸਿੰਘਾਸਨ. "ਰਾਜ ਪਾਟ ਦਸਰਥ ਕੋ ਦਯੋ." (ਵਿਚਿਤ੍ਰ) ੭. ਪੱਤਨ. ਨਗਰ. ਪੱਟਨ. "ਮਾਨੈ ਹਾਟੁ ਮਾਨੈ ਪਾਟੁ." (ਪ੍ਰਭਾ ਨਾਮਦੇਵ) ਮਨ ਹੀ, ਅਥਵਾ- ਮਨ ਵਿੱਚ ਹੀ ਹੱਟ ਅਤੇ ਬਾਜ਼ਾਰ। ੮. ਪੱਟ. ਉਰੁ. ਰਾਨ. "ਪਾਟ ਬਨੇ ਕਦਲੀਦਲ ਦ੍ਵੈ." (ਕ੍ਰਿਸ਼ਨਾਵ) ੯. ਦੇਖੋ, ਪਾਟਨਾ ਅਤੇ ਪਾਟਿ। ੧੦. ਪੇਟਾ, ਤਾਣੇ ਵਿੱਚ ਬੁਣੇ ਤੰਤੁ. ਦੇਖੋ, ਗਜਨਵ। ੧੧. ਸੰ. ਵਿੱਥ। ੧੨. ਦਰਿਆ ਦੇ ਦੋਹਾਂ ਕਿਨਾਰਿਆਂ ਦੇ ਵਿਚਾਕਰ ਦੀ ਵਿੱਥ.

ਪਾਟਸ: ਦੇਖੋ, ਪੱਟਿਸ.

ਪਾਟਕ: ਸੰਗਯਾ- ਫੁੱਟ. ਨਾਚਾਕੀ. ਵਿਰੋਧ. ਪਾਟ ਜਾਣ ਦੀ ਕ੍ਰਿਯਾ.

ਪਾਟਣਾ: ਕ੍ਰਿ- ਫਟਣਾ. ਤੇੜ ਖਾਣੀ. ਅਲਗ ਹੋਣਾ। ੨. ਦੇਖੋ, ਪਾਟਨਾ.

ਪਾਟਨ: ਸੰਗਯਾ- ਅੱਟਣਾ. ਭਰਨਾ. ਦੇਖੋ, ਪਾਟਿ। ੨. ਪੱਤਨ. ਨਗਰ. "ਪਾਟਨ ਤੇ ਊਜਰ ਭਲਾ." (ਸ. ਕਬੀਰ) ੩. ਸੰ. ਚੀਰਨਾ. ਪਾੜਨਾ. ੪. ਅਲਗ ਕਰਨਾ.

ਪਾਟਨਾ: ਕ੍ਰਿ- ਫਟਣਾ। ੨. ਅੱਟਣਾ. ਭਰਨਾ. ਨੀਵੇਂ ਥਾਂ ਨੂੰ ਭਰਕੇ ਸਮ ਕਰਨਾ. ਦੇਖੋ, ਪਾਟਿ। ੩. ਮਿਤ੍ਰ ਭਾਵ ਤਯਾਗਕੇ ਪਰਸਪਰ ਵਿਰੋਧੀ ਹੋਣਾ.

ਪਾਟਨਾਰਾ: ਪੱਟ ਦਾ ਨਾਲਾ. ਰੇਸ਼ਮੀ ਇਜਾਰਬੰਦ.

ਪਾਟ ਪਟੰਬਰ: ਪੱਟ ਅਤੇ ਪੱਟ ਦੇ ਵਸਤ੍ਰ. ਰੇਸ਼ਮੀ ਡੋਰੇ, ਨਾਲੇ, ਫੀਤੇ ਆਦਿ ਅਤੇ ਰੇਸ਼ਮੀ ਕਪੜੇ. "ਜਿਹ ਪ੍ਰਸਾਦਿ ਪਾਟਿ ਪਟੰਬਰ ਹੰਢਾਵਹਿ." (ਸੁਖਮਨੀ) ੨. ਸੂਤ ਆਦਿ ਦੇ ਪਟ (ਵਸਤ੍ਰ) ਅਤੇ ਪੱਟ (ਰੇਸ਼ਮ) ਦੇ ਕਪੜੇ.

ਪਾਟਲ: ਸੰ. ਸੰਗਯਾ- ਚਿੱਟਾ ਅਤੇ ਲਾਲ ਰੰਗ. ਗੁਲਾਬੀ ਰੰਗ। ੨. ਕਾਮਦੂਤੀ ਨਾਮਕ ਬਿਰਛ, ਜਿਸ ਦੇ ਪੱਤੇ ਬੇਲ ਜੇਹੇ ਹੁੰਦੇ ਹਨ. Bignonia Suaveolens ਇਸ ਦੀ ਛਿੱਲ ਦਾ ਕਾੜ੍ਹਾ ਮਰੋੜ, ਖੰਘ, ਅਤੇ ਤਾਪ ਨੂੰ ਹਟਾਉਂਦਾ ਹੈ। ੩. ਧਾਨਾਂ ਦੀ ਇੱਕ ਜਾਤਿ, ਜੋ ਵਰਖਾ ਰੁੱਤ ਵਿੱਚ ਪਕਦੀ ਹੈ.

ਪਾਟਲਾ: ਸੰਗਯਾ- ਸੋਨੇ ਦਾ ਵੱਡਾ ਪਾਸਾ, ਜੋ ਪੰਜ ਸੌ ਤੋਲੇ ਦਾ ਹੁੰਦਾ ਹੈ. ਪੰਜ ਸੌ ਤੋਲੇ ਦਾ ਸ਼ੁੱਧ ਸੋਨੇ ਦਾ ਟੁਕੜਾ.

ਪਾਟਲਿਪੁਤ੍ਰ: ਪਟਨਾ ਨਗਰ. ਪੁਰਾਣਾ ਪਾਟਲਿਪੁਤ੍ਰ ਵਰਤਮਾਨ ਪਟਨੇ ਤੋਂ ਢਾਈ ਮੀਲ ਪੂਰਵ ਗੰਗਾ ਦੇ ਕਿਨਾਰੇ ਸੀ, ਜਿਸ ਥਾਂ ਹੁਣ ਕੁਮ੍ਰਰਾਰ ਗ੍ਰਾਮ ਹੈ. ਦੇਖੋ, ਪਟਨਾ.

ਪਾਟਵ, ਪਾਟਵਤਾ: ਸੰ. ਸੰਗਯਾ- ਪਟੁਤਾ. ਚਤੁਰਾਈ. ਬੁੱਧਿ ਦੀ ਤੀਕ੍ਸ਼ਣਤਾ। ੨. ਅਰੋਗਜਤਾ. ਤਨਦੁਰੁਸ੍ਤੀ.

ਪਾਟਿ: ਕ੍ਰਿ. ਵਿ- ਅੱਟਕੇ. ਭਰਕੇ, ਦੇਖੋ, ਪਾਟਨਾ ੨. "ਪਾਟਿ ਬਾਗਿਗੰਧਰਾਜ ਕਉ." (ਰਾਮਾਵ) ੨. ਪਾਟਕੇ. ਫਟਕੇ.

ਪਾਟੀ: ਸੰਗਯਾ- ਪੱਟੀ ਤਖ਼ਤੀ. "ਲੈ ਪਾਟੀ ਪਾਧੇ ਕੈ ਆਇਆ." (ਭੈਰ ਅਃ ਮਃ ੩) ੨. ਮੰਜੇ ਦੀ ਬਾਹੀ. "ਪਾਟੀ ਚੋਟ ਗੋਡ ਪਰ ਲਾਗੀ." (ਗੁਪ੍ਰਸੂ) ੩. ਫਟੀ. ਦੇਖੋ, ਪਾਟਨਾ.

ਪਾਟੁ: ਪੱਟ. ਰੇਸ਼ਮ. ਦੇਖੋ, ਪਾਟ. "ਹਰਿ ਚੋਲੀ ਦੇਹ ਸਵਾਰੀ ××× ਪਾਟੁ ਲਗਾ ਅਧਿਕਾਈ." (ਵਾਰ ਸੋਰ ਮਃ ੪)

ਪਾਟੂ: ਵਿ- ਰੇਸ਼ਮੀ। ੨. ਸੰਗਯਾ- ਇਕ ਪ੍ਰਕਾਰ ਦਾ ਰੇਸ਼ਮੀ ਧਾਰੀਦਾਰ ਵਸਤ੍ਰ। ੩. ਦੇਖੋ, ਪੱਟੂ?

ਪਾਟੰਬਰ: ਦੇਖੋ, ਪਟੰਬਰ.

ਪਾਠ, ਪਾਠੁ: ਸੰ. ਸੰਗਯਾ- ਪੜ੍ਹਨ ਦੀ ਕ੍ਰਿਯਾ. ਪਠਨ. ਪੜ੍ਹਾਈ। ੨. ਸਬਕ਼ ਸੰਥਾ. "ਪਾਠ ਪੜਿਓ ਅਰੁ ਬੇਦ ਬੀਚਾਰਿਓ." (ਸੋਰ ਅਃ ਮਃ ੫) ੩. ਪੁਸਤੁਕ ਦਾ ਭਾਗ. ਅਧਜਾਯ। ੪. ਕਿਸੇ ਪੁਸ੍ਤਕ ਅਤਵਾ ਸਤੋਤ੍ਰ ਨੂੰ ਨਿਤਯ ਪੜ੍ਹਨ ਦੀ ਕ੍ਰਿਯਾ.

ਪਾਠਸ਼ਾਲਾ: ਸੰਗਯਾ- ਪਾਠ (ਪੜ੍ਹਨ) ਦੀ ਸ਼ਾਲਾ. ਉਹ ਮਕਾਨ, ਜਿੱਥੇ ਪੜ੍ਹਿਆ ਜਾਵੇ. ਮਦਰਸਾ. ਸਕੂਲ (School)

ਪਾਠਕ: ਸੰ. ਪੜ੍ਹਨ ਵਾਲਾ. ਵਾਚਣ ਵਾਲਾ, ਪਾਠੀਆ। ੨. ਪੜ੍ਹਾਉਣ ਵਾਲਾ, ਉਸਤਾਦ. ਅਧ੍ਯਾਪਕ। ੩. ਬ੍ਰਾਹਮਣਾਂ ਦੀ ਇੱਕ ਜਾਤਿ. "ਪਾਠਕ ਨਾਮ ਤਿਲੋਕਾ." (ਗੁਪ੍ਰਸੂ)

ਪਾਠਨ: ਸੰ. ਸੰਗਯਾ- ਪੜ੍ਹਾਉਣ ਦੀ ਕ੍ਰਿਯਾ. ਪੜ੍ਹਾਉਣਾ.

ਪਾਠਾ: ਸੰਗਯਾ- ਪੁਸ਼੍ਟ ਜਵਾਨ. ਪੱਠਾ, "ਪਾਠੇ ਤਰੁਨ ਪਖਰਿਯਾ ਪਰਖੇ." (ਚਰਿਤ੍ਰ ੧੪੨)

ਪਾਠਾਂਤਰ: ਸੰ. ਹੋਰ ਪਾਠ. ਭਿੰਨ ਪਾਠ. ਪਾਠ ਦਾ ਭੇਦ.

ਪਾਠਿਕਾ: ਸੰ. ਸੰਗਯਾ- ਪੜ੍ਹਾਉਣ ਵਾਲੀ. ਅਧ੍ਯਾਪਿਕਾ.

ਪਾਠੀ, ਪਾਠੀਆ: ਸੰ. ਧਾਠਿਨ੍. ਵਿ- ਪੜ੍ਹਨ ਵਾਲਾ। ੨. ਸੰਗਯਾ- ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਚੰਗਾ ਪਾਠ ਕਰਨਾ ਵਾਲਾ.

ਪਾਠੀਨ: ਸੰ. ਸੰਗਯਾ- ਇੱਕ ਪ੍ਰਕਾਰ ਦੀ ਮੱਛੀ. ਬੋਆਲ ਮੱਛੀ. Boalis.

ਪਾਠੁ: ਦੇਖੋ, ਪਾਠ.

ਪਾਠੰਗਾ: ਪਾਠ- ਅੰਗ. ਪਾਠ ਦਾ ਪ੍ਰਧਾਨ ਅੰਗ. ਪਾਠ ਦਾ ਉੱਦੇਸ਼. "ਹਰਿ ਪਾਇਓ ਪਾਠੰਗਾ." (ਸਾਰ ਮਃ ੫)

ਪਾਠ੍ਯ: ਸੰ. ਵਿ- ਪੜ੍ਹਨ ਯੋਗ੍ਯ. ਪੜ੍ਹਨ ਲਾਇਕ.

ਪਾਡਲ ਸਾਹਿਬ: ਰਿਆਸਤ ਮੰਡੀ ਦੀ ਰਾਜਧਾਨੀ (ਸ਼ਹਿਰ ਮੰਡੀ) ਤੋਂ ਦੱਖਣ ਵੱਲ ਅੱਧ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਗੋਬਿੰਦਸਿੰਘ ਜਾ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਜਦੋਂ ਰਵਾਲਸਰ ਦੇ ਪਹਾੜਾਂ ਵਿੱਚ ਸੈਰ ਲਈ ਆਏ. ਤਾਂ "ਮੰਡੀ" ਦਾ ਰਾਜਾ ਗੁਰੂ ਜੀ ਨੂੰ ਆਪਣੇ ਸ਼ਹਿਰ ਲੈ ਆਇਆ. ਗੁਰੂ ਜੀ ਨੇ ਤਾਂ ਇੱਥੇ ਡੇਰਾ ਕੀਤਾ ਅਤੇ ਮਾਤਾ ਜੀ ਰਾਜੇ ਦੇ ਮਹਿਲਾਂ ਵਿੱਚ ਠਹਿਰੇ. ਗੁਰਦ੍ਵਾਰਾ ਬਣਿਆ ਹੋਇਆ ਹੈ. ਪਾਸ ਰਹਿਣ ਲਈ ਮਕਾਨ ਹਨ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ.

ਇਸ ਗੁਰਦ੍ਵਾਰੇ ਨਾਲ ੮੫) ਸਾਲਾਨਾ ਜਾਗੀਰ ਸਰਦਾਰ ਲਹਿਣਾ ਸਿੰਘ ਮਜੀਠੀਏ ਦੇ ਸਮੇਂ ਤੋਂ ਹੈ, ਜੋ ਇਸੀ ਰਿਆਸਤ (ਮੰਡੀ) ਦੇ ਪਿੰਡ ਬਲ੍ਹ ਤੋਂ ਮਿਲਦੀ ਹੈ. ਇੱਥੇ ਗੁਰੂ ਜੀ ਦੀਆਂ ਇਹ ਵਸਤਾਂ ਹਨ-

(੧) ਬੰਦੂਕ ਤੋੜੇਦਾਰ, ਜਿਸ ਦੀ ਲੰਬਾਈ ਕੁੰਦੇ ਸਮੇਤ ੭. ਫੁਟ ੪. ਇੰਚ ਹੈ.

(੨) ਸਣ ਦੀ ਸੂਤਲੀ ਦਾ ਉਣਿਆ ਹੋਇਆ ਪਲੰਘ, ਜਿਸ ਦੀ ਲੰਬਾਈ ੬. ਫੁਟ ੨. ਇੰਚ ਅਤੇ ਚੌੜਾਈ ੩. ਫੁਟ ੧੦. ਇੰਚ, ਉੱਚਾਈ ੨. ਫੁਟ ਹੈ.

(੩) ਰਬਾਬ, ਜੋ ੪. ਫੁਟ ਲੰਮਾ ਹੈ.

ਇੱਥੋਂ ਦੇ ਮਹੰਤ ਹਰਕਰਨਦਾਸ ਜੀ ਉਦਾਸੀ ਹਨ. ਇਹ ਅਸਥਾਨ ਰੇਲਵੇ ਸਟੇਸ਼ਨ ਜੇਜੋਂ ਦੁਆਬਾ ਅਤੇ ਹੁਸ਼ਿਆਰਪੁਰ ਤੋਂ ੮੦-੮੫ ਮੀਲ ਉੱਤਰ ਪੂਰਵ ਹੈ.

ਪਾਂਡਵ: ਪਾਂਡੁ ਰਾਜਾ ਦਾ ਵੰਸ਼, ਪਾਂਡੁ ਦੀ ਔਲਾਦ. ਪਾਂਡਵਾਂ ਦੀ ਉਤਪੱਤੀ ਦਾ ਪ੍ਰਸੰਗ ਮਹਾਭਾਰਤ ਆਦਿ ਗ੍ਰੰਥਾਂ ਵਿੱਚ ਇਉਂ ਹੈ.:-

ਚੰਦ੍ਰਵੰਸ਼ੀ ਰਾਜਾ ਸ਼ਾਂਤਨੁ ਦਾ ਪੁਤ੍ਰ ਵਿਚਿਤ੍ਰਵੀਰਯ ਖਈ ਰੋਗ ਨਾਲ ਯੁਵਾ ਅਵਸ੍ਥਾ ਵਿੱਚ ਮਰ ਗਿਆ. ਉਸ ਦੀਆਂ ਦੋ ਇਸਤ੍ਰੀਆਂ ਅੰਬਿਕਾ ਅਤੇ ਅੰਬਾਲਿਕਾ ਬਿਨਾ ਔਲਾਦ ਵਿਧਵਾ ਰਹਿ ਗਈਆਂ. ਇਸ ਪਰ ਵਿਚਿਤ੍ਰਵੀਰਯ ਦੀ ਮਾਂ ਸਤ੍ਯਵਤੀ ਨੇ ਆਪਣੇ ਪਹਿਲੇ ਪੁਤ੍ਰ ਵ੍ਯਾਸ ਨੂੰ ਸੱਦਿਆ (ਜੋ ਸ਼ਾਂਤਨੁ ਨਾਲ ਵਿਆਹ ਹੋਣ ਤੋਂ ਪਹਿਲਾਂ ਪਰਾਸ਼ਰ ਰਿਖੀ ਦੇ ਵੀਰਯ ਦ੍ਵਾਰਾ ਸਤ੍ਯਵਤੀ ਦੇ ਉਦਰ ਤੋਂ ਪੈਦਾ ਹੋਇਆ ਸੀ). ਵ੍ਯਾਸ ਨੇ ਮਾਤਾ ਦੀ ਆਗ੍ਯਾ ਅਨੁਸਾਰ ਨਿਯੋਗ ਦੀ ਰੀਤੀ ਨਾਲ ਦੋਹਾਂ ਤੋਂ ਸੰਤਾਨ ਪੈਦਾ ਕੀਤੀ. ਅੰਬਿਕਾ ਨੇ ਵ੍ਯਾਸ ਦਾ ਰੂਪ ਦੇਖਕੇ ਨੇਤ੍ਰ ਮੀਚ ਲਏ, ਇਸ ਕਰਕੇ ਉਸ ਦੇ ਉਦਰ ਤੋਂ ਧ੍ਰਿਤਰਾਸ਼ਟ੍ਰ ਅੰਨ੍ਹਾ ਜਨਮਿਆ

ਅਤੇ ਅੰਬਾਲਿਕਾ ਦਾ ਮਾਰੇ ਡਰ ਦੇ ਮੂੰਹ ਪੀਲਾ ਹੋ ਹੋਗਿਆ, ਇਸ ਕਰਕੇ ਉਸਦੇ ਪਾਂਡੁ (ਪੀਲੇ ਰੰਗ ਵਾਲਾ) ਪੁਤ੍ਰ ਪੈਦਾ ਹੋਇਆ.

ਅੰਨ੍ਹਾ ਰਾਜਗੱਦੀ ਪੁਰ ਬੈਠ ਨਹੀਂ ਸਕਦਾ ਸੀ, ਇਸ ਲਈ ਪਾਂਡੁ ਰਾਜਾ ਹੋਇਆ. ਭੀਸ਼ਮਪਿਤਾਮਾ ਨੇ ਪਾਂਡੁ ਦਾ ਵਿਆਹ ਕੁੰਤੀ ਅਤੇ ਮਾਦ੍ਰੀ ਨਾਲ ਕੀਤਾ. ਇੱਕ ਵਾਰ ਸ਼ਿਕਾਰ ਕਰਦੇ ਹੋਏ ਪਾਂਡੁ ਨੇ ਕਿਮਿੰਦਯ ਰਿਖੀ ਨੂੰ, ਜੋ ਮ੍ਰਿਗ ਦਾ ਰੂਪ ਧਾਰਕੇ ਆਪਣੀ ਇਸਤ੍ਰੀ ਨਾਲ ਭੋਗ ਕਰ ਰਿਹਾ ਸੀ, ਤੀਰ ਨਾਲ ਮਾਰ ਦਿੱਤਾ. ਇਸ ਪੁਰ ਰਿਖੀ ਨੇ ਸ਼੍ਰਾਪ ਦਿੱਤਾ ਕਿ ਜਦ ਪਾਂਡੁ ਇਸਤ੍ਰੀਸੰਗ ਕਰੇਗਾ ਉਸੇ ਵੇਲੇ ਮਰ ਜਾਵੇਗਾ.

ਸ਼੍ਰਾਪ ਦੇ ਭੈ ਕਰਕੇ ਰਾਜੇ ਨੇ ਰਾਣੀਆਂ ਤੋਂ ਕਿਨਾਰੇ ਰਹਿਣਾ ਸੁਖਦਾਈ ਜਾਣਿਆ, ਪਰ ਪੁਤ੍ਰ ਬਿਨਾ ਵੰਸ਼ ਕਿਵੇਂ ਰਹੇਗੀ, ਇਹ ਚਿੰਤਾ ਭੀ ਦੁੱਖ ਦੇਣ ਲੱਗੀ. ਪਤੀ ਨੂੰ ਚਿੰਤਾਤੁਰ ਦੇਖਕੇ ਕੁੰਤ੍ਰੀ ਨੇ ਆਖਿਆ ਕਿ ਮੈਂ ਦੇਵਤਿਆਂ ਨੂੰ ਮੰਤ੍ਰਸ਼ਕਤਿ ਨਾਲ ਬੁਲਾਉਣ ਦੀ ਸਮਰਥ ਰਖਦੀ ਹਾਂ, ਇਸ ਲਈ ਆਪ ਫਿਕਰ ਨਾ ਕਰੋ. ਰਾਜੇ ਦੀ ਆਗਯਾ ਨਾਲ ਕੁੰਤੀ ਨੇ ਧਰਮ ਨੂੰ ਬੁਲਾਕੇ ਯੁਧਿਸ਼੍ਠਿਰ, ਪੌਣ ਤੋਂ ਭੀਮ ਅਤੇ ਇੰਦ੍ਰ ਤੋਂ ਅਰਜੁਨ ਪੈਦਾ ਕੀਤਾ, ਅਰ ਆਪਣੀ ਸੌਕਣ ਮਾਦ੍ਰੀ ਲਈ ਅਸ਼੍ਵਿਨੀ ਕੁਮਾਰ ਦੇਵਤਾ ਸੱਦੇ, ਜਿਨ੍ਹਾਂ ਤੋਂ ਨਕੁਲ ਅਤੇ ਸਹਦੇਵ ਪੈਦਾ ਹੋਏ. ਇਹ ਪੰਜੇ, ਪਾਂਡੁ ਦੇ ਖੇਤ੍ਰਜ ਪੁਤ੍ਰ ਪਾਂਡਵ ਨਾਮ ਤੋਂ ਪ੍ਰਸਿੱਧ ਹੋਏ. ਭੀਸ਼ਮਪਿਤਾਮਾ ਨੇ ਇਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਅਤੇ ਸ਼ਾਸਤ੍ਰ ਸ਼ਸਤ੍ਰ ਵਿਦਯਾ ਵਿੱਚ ਨਿਪੁਣ ਕੀਤੇ. ਭਾਵੇਂ ਪਾਂਡਵ ਭੀ ਕੁਰੁਵੰਸ਼ੀ ਹੋਣ ਕਰਕੇ ਕੌਰਵ ਸਨ, ਪਰ ਪਾਂਡੁ ਪ੍ਰਤਾਪੀ ਤੋਂ ਇਸ ਵੰਸ਼ ਦੀ ਵੱਖਰੀ ਸ਼ਾਖ ਹੋ ਗਈ ਅਰ ਧ੍ਰਿਤਰਾਸ਼੍ਟ੍ਰ ਦੀ ਔਲਾਦ ਕੌਰਵ ਨਾਮ ਤੋਂ ਹੀ ਪ੍ਰਸਿੱਧ ਰਹੀ. ਕੌਰਵਾਂ ਦੀ ਰਾਜਧਾਨੀ ਹਸ੍ਤਿਨਾਪੁਰ ਅਤੇ ਪਾਂਡਵਾਂ ਦੀ ਇੰਦ੍ਰਪ੍ਰਸ੍ਥ (ਦਿੱਲੀ) ਸੀ. "ਰੋਵਹਿ ਪਾਂਡਵ ਭਏ ਮਜੂਰ। ਜਿਨ ਕੈ ਸੁਆਮੀ ਰਹਿਤ ਹਜੂਰਿ." (ਵਾਰ ਰਾਮ ੧. ਮਃ ੧) ਜੂਆ ਖੇਡਣ ਪੁਰ ਰਾਜ ਖੋਕੇ ਵਿਰਾਟਪਤੀ ਦੇ ਘਰ ਮਜ਼ਦੂਰ ਹੋਕੇ ਪਾਂਡਵ ਰੋਏ, ਜਿਨ੍ਹਾਂ ਪਾਸ ਹਰ ਵੇਲੇ ਕ੍ਰਿਸ਼ਨਦੇਵ ਰਹਿੰਦੇ ਸਨ। ੨. ਜੇਹਲਮ ਨਦੀ ਕਿਨਾਰੇ ਦਾ ਦੇਸ਼। ੩. ਪੰਜ ਸੰਖਯਾ ਬੋਧਕ ਸ਼ਬਦ, ਕਿਉਂਕਿ ਪਾਂਡਵ ਪੰਜ ਸਨ.

ਪਾਂਡਵ ਨਗਰ, ਪਾਂਡਵ ਪੁਰੀ: ਦਿੱਲੀ.

ਪਾਡਾ, ਪਾਂਡਾ: ਪੰਡਿਤ. ਤੀਰਥਪੁਰੋਹਿਤ. ਪੰਡਾ. ਪੁਜਾਰੀ. "ਸੁਣਿ ਪਾਡੇ ! ਕਿਆ ਲਿਖਹੁ ਜੰਜਾਲਾ." (ਓਅੰਕਾਰ)

ਪਾਂਡਿਤ੍ਯ: ਸੰ. ਸੰਗ੍ਯਾ- ਪੰਡਿਤਾਈ. ਪੰਡਿਤ ਹੋਣ ਦਾ ਭਾਵ. ਵਿਦ੍ਵੱਤਾ.

ਪਾਂਡੀ: ਸੰਗ੍ਯਾ- ਪੰਡ ਚੁੱਕਣ ਵਾਲਾ. ਬੋਝਾ ਢੋਣ ਵਾਲਾ ਮਜੂਰ.

ਪਾਂਡੁ: ਸੰਗ੍ਯਾ- ਪੀਲਾ ਅਤੇ ਚਿੱਟਾ ਮਿਲਿਆ ਹੋਇਆ ਰੰਗ। ੨. ਪਾਂਡੁ ਰੰਗ ਦੀ ਚਿਕਣੀ ਅਤੇ ਸੁਗੰਧ ਵਾਲੀ ਮਿੱਟੀ, ਜਿਸ ਦਾ ਪੋਚਾ ਘਰਾਂ ਵਿੱਚ ਦਿੱਤਾ ਜਾਂਦਾ ਹੈ। ੩. ਇੱਕ ਚੰਦ੍ਰਵੰਸ਼ੀ ਰਾਜਾ, ਜਿਸ ਤੋਂ ਪਾਂਡਵ ਵੰਸ਼ ਚੱਲਿਆ. ਦੇਖੋ, ਪਾਂਡਵ। ੪. ਚਿੱਟਾ ਹਾਥੀ। ੫. ਇੱਕ ਰੋਗ. ਦੇਖੋ, ਸਟਕਾ ਅਤੇ ਪਾਂਡੁ ਰੋਗ.

ਪਾਂਡੁਰ: ਸੰ. ਸੰਗ੍ਯਾ- ਸਫੇਦੀ ਮਿਲਿਆ ਪੀਲਾ ਰੰਗ। ੨. ਚਿੱਟਾ ਰੰਗ। ੩. ਖੜੀਆ ਮਿੱਟੀ। ੪. ਚਿੱਟਾ ਕੋੜ੍ਹ. ਫੁਲਬਹਿਰੀ.

ਪਾਂਡੁ ਰੋਗ: ਦੇਖੋ, ਸਟਕਾ "ਪਾਂਡੁ ਰੋਗ ਪੀਨਸ ਕਟਿਦੇਸੀ." (ਚਰਿਤ੍ਰ ੪੦੫)

ਪਾਂਡੂ: ਦੇਖੋ, ਪਾਂਡੁ. ੨. ਡਿੰਗ. ਘੋੜੇ ਦਾ ਸਾਈਮ.

ਪਾਂਡੋ: ਦੇਖੋ, ਪਾਂਡਵ "ਪੰਜੇ ਪਾਂਡੋ ਦੇਖਦੇ." (ਭਾਗੁ) ੨. ਦੇਖੋ, ਪਾਂਡੁ ੨.

ਪਾਢਾ: ਦੇਖੋ, ਪਾੜ੍ਹਾ. "ਪਾਢੇ ਘੇਰ ਘੇਰ ਗੁਰੁ ਮਾਰੇ." (ਗੁਪ੍ਰਸੂ)

ਪਾਣ: ਸੰਗ੍ਯਾ- ਵਸਤ੍ਰ ਨੂੰ ਬੁਣਨ ਸਮੇਂ ਲਾਇਆ ਮਾਵਾ। ੨. ਲੋਹੇ ਨੂੰ ਗਰਮ ਕਰਕੇ ਪਾਣੀ ਵਿੱਚ ਬੁਝਾਕੇ ਕਰੜਾ ਕਰਨ ਦੀ ਕ੍ਰਿਯਾ। ੩. ਦੇਖੋ, ਪਾਨ. "ਕਰਜੋ ਮੱਦ ਪਾਣੰ." (ਰਾਮਾਵ) ੪. ਆਬ. ਚਮਕ. "ਸੱਚ ਪਾਣ ਸੱਚ ਮਾਨ ਮਹੱਤਾ." (ਭਾਗੁ) ੫. ਪਾਨ. ਪਾਣੀ. ਜਲ. "ਤਿਹ ਪਾਣ ਪਿਆਇ." (ਰਾਮਾਵ) ੬. ਦੇਖੋ, ਪਾਣੁ। ੭. ਸੰ. ਵਪਾਰ. ਲੈਣ ਦੇਣ। ੮. ਦਾਉ. ਬਾਜੀ।

੯. ਪ੍ਰਸ਼ੰਸਾ. ਤਅ਼ਰੀਫ਼.

ਪਾਣਪ: ਦੇਖੋ. ਪਾਨਪ ਅਤੇ ਪਾਨਿਪ.

ਪਾਣਾ: ਸੰਗਯਾ- ਖਲ ਜੌਂ ਦਾ ਆਟਾ ਆਦਿ ਮਿਲਾਕੇ ਪਸ਼ੂ ਦੇ ਪੀਣ ਯੋਗਯ ਬਣਾਇਆ ਪਦਾਰਥ। ੨. ਪਨਹੀ. ਜੁੱਤੀ. "ਪਾਣਾ ਲਹੈ ਸਜਾਇ." (ਵਾਰ ਆਸਾ) ੩. ਦੇਖੋ, ਪਾਉਣਾ.

ਪਾਣਿ: ਸੰ. ਸੰਗਯਾ- ਹੱਥ. ਕਰ। ੨. ਸਿੰਧੀ. ਸਰਵਖ਼ੁਦ. ਆਪ. "ਜੇ ਤੂ ਤਾਰੂ ਪਾਣਿ ਤਾਹੂ ਪੁਛੁ." (ਸਵਾ ਮਃ ੧) ਜੇ ਤੂੰ ਖ਼ੁਦ ਤਾਰੂ ਹੈਂ, ਤਾਂਭੀ ਦੂਜੇ ਤੋਂ ਪੁੱਛ. ਅਥਵਾ ਜੇ ਤੂੰ ਪਾਣੀ ਦਾ ਤਾਰੂ ਹੈਂ, ਤਦ ਭੀ ਪੁੱਛ। ੩. ਦੇਖੋ, ਪਾਣੀ.

ਪਾਣਿਗਤ: ਵਿ- ਹੱਥ ਆਇਆ. ਹੱਥ ਵਿੱਚ ਪ੍ਰਾਪਤ.

ਪਾਣੀ ਗ੍ਰਹਿਣ: ਸੰਗਯਾ- ਹੱਥ ਫੜਨ ਦੀ ਕ੍ਰਿਯਾ। ੨. ਵਿਆਹ. ਇਸਤ੍ਰੀ ਦਾ ਹੱਥ ਫੜਨਾ.

ਪਾਣਿਨਿ: ਪਣਿਨੀ ਮੁਨੀ ਦੀ ਵੰਸ਼ ਵਿੱਚ ਵ੍ਯਾਕਰਣ ਦਾ ਪ੍ਰਸਿੱਧ ਆਚਾਰਯ ਅਸ਼੍ਟਾਧ੍ਯਾਯੀ[774] ਦਾ ਕਰਤਾ ਇੱਕ ਮੁਨਿ, ਜੋ ਪੇਸ਼ਾਵਰ ਦੇ ਪਾਸ ਸਲਾਤ (ਸ਼ਲਾਤੁਰ) ਪਿੰਡ ਵਿੱਚ ਦਾਕ੍ਸ਼ੀ ਦੇ ਉਦਰੋਂ ਜਨਮਿਆ. ਇਹ ਦੇਵਲ ਦਾ ਪੋਤਾ ਸੀ. ਪਾਣਿਨੀ ਦੇ ਹੋਣ ਦਾ ਸਮਾਂ ਵਿਦ੍ਵਾਨਾਂ ਨੇ B. C. ੪੦੦ ਅਤੇ ੩੦੦ ਦੇ ਵਿੱਚ ਮੰਨਿਆ ਹੈ.

ਪਾਣਿਨੀਯ: ਪਾਣਿਨਿ ਦਾ ਚੇਲਾ। ੨. ਪਾਣਿਨਿ ਦਾ ਰਚਿਆ ਵ੍ਯਾਕਰਣ.

ਪਾਣਿਪ: ਆਬ. ਸ਼ੋਭਾ. ਦੇਖੋ, ਪਾਨਿਪ. "ਪਾਣਿਪ ਹਿੰਦਨ ਗੋਬਿੰਦ ਸਿੰਘ ਗੁਰੂ ਬਰਬੀਰ ਧਰੈਂ ਅਤਿ ਤ੍ਰਾਣ." (ਗੁਪ੍ਰਸੂ)

ਪਾਣੀ: ਸੰ. ਪਾਨੀਯ. ਸੰਗਯਾ- ਜਲ. "ਪਾਣੀ ਅੰਦਿਰ ਲੀਕ ਜਿਉ." (ਵਾਰ ਆਸਾ ਮਃ ੨) ੨. ਦੇਖੋ, ਪਾਣਿ.

ਪਾਣੀਹਾਰ, ਪਾਣੀਹਾਰੀਆ: ਪਾਣੀ ਢੋਣ ਵਾਲਾ. ਦੇਖੋ, ਪਾਨੀਹਾਰ. ਹਰ. "ਮੇਘਮਾਲਾ ਪਾਣੀਹਾਰੀਆ." (ਮਲਾ ਨਾਮਦੇਵ)

ਪਾਣੀ ਬਿਨਾ ਡੁੱਬਣਾ: ਕ੍ਰਿ- ਅਕਾਰਣ ਦੁੱਖ ਪਾਉਣਾ. "ਮਨਮੁਖਿ ਅੰਧ ਨ ਚੇਤਹੀ, ਡੂਬਿਮੁਏ ਬਿਨੁ ਪਾਣੀ." (ਸ੍ਰੀ ਮਃ ੩)

ਪਾਣੀਲਾਗ: ਦੇਖੋ, ਪਾਨੀਲਾਗ.

ਪਾਣੀ ਵਾਰਨਾ: ਕ੍ਰਿ- ਸਿਰ ਉੱਪਰਦੀਂ ਪਾਣੀ ਫੇਰਕੇ ਪੀਣਾ. ਭਾਵ ਇਸ ਦਾ ਇਹ ਹੁੰਦਾ ਹੈ ਕਿ ਪਾਣੀ ਵਾਰਨ ਵਾਲਾ ਆਪਣੇ ਪ੍ਯਾਰੇ ਸੰਬੰਧੀ ਪੁਰ ਆਉਣ ਵਾਲੀ ਵਿਪਦਾ ਨੂੰ ਆਪ ਗ੍ਰਹਣ ਕਰਨ ਦਾ ਭਾਵ ਪ੍ਰਗਟ ਕਰਦਾ ਹੈ. "ਉਪਰਹੁ ਪਾਣੀ ਵਾਰੀਐ." (ਆਸਾ ਅਃ ਮਃ ੧) "ਮਾਤਨ ਵਾਰ ਪਿਯੋ ਜਲ ਪਾਨੰ." (ਰਾਮਾਵ)

ਪਾਣੁ: ਦੇਖੋ, ਪਾਣ। ੨. ਦੇਖੋ, ਪੈਣਾ. "ਨਾ ਹਉ, ਨਾ ਮੈ ਜੂਨੀ ਪਾਣੁ." (ਵਾਰ ਮਲਾ ਮਃ ੧) "ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ." (ਵਾਰ ਸੂਹੀ ਮਃ ੧)

ਪਾਤ: ਸੰਗਯਾ- ਪਤ੍ਰ. ਪੱਤਾ. "ਜੈਸੇ ਬਨ ਹਰ ਪਾਤ." (ਸਾਰ ਕਬੀਰ) ੨. ਪੰਖ. ਪਕ੍ਸ਼. "ਭਾਂਭੀਰੀ ਕੇ ਪਾਤ ਪਾਰਦੋ." (ਸੋਰ ਮਃ ੫) ੩. ਪਾਵਤ (ਪਾਉਂਦਾ) ਦਾ ਸੰਖੇਪ. "ਤੈਸ ਕਰਮਫਲ ਪਾਤ." (ਗੁਪ੍ਰਸੂ) ੪. ਸੰ. ਡਿਗਣ ਦੀ ਕ੍ਰਿਯਾ. ਪਤਨ. "ਰਾਜ ਕਾਜ ਰਾਖਬੇ ਕੋ ਕਛੂ ਨਹਿ ਪਾਤ ਹੈ." (ਕ੍ਰਿਸ਼ਨਾਵ) ੫. ਚਰਚਾ ਵਿੱਚ ਪਕ੍ਸ਼ ਦਾ ਡਿਗਣਾ. ਹਾਰ ਹੋਣੀ. "ਉੱਤਰ ਦੇ, ਨਤੁ ਹ੍ਵੈਹੈ ਪਾਤ." (ਨਾਪ੍ਰ) ੬. ਪ੍ਰਹਾਰ. ਆਘਾਤ. "ਦੇਵੀ ਕਰਜੋ ਖੱਗ ਪਾਤੰ." (ਚੰਡੀ ੨) ੭. ਵਿ- ਰਕ੍ਸ਼ਕ. ਤ੍ਰਾਤਾ. "ਕੇਤੇ ਪਾਤ ਨਰਿੰਦ." (ਜਪੁ) ੮. ਫ਼ਾ. پات ਤਖ਼ਤ. ਰਾਜਸਿੰਘਾਸਨ.

ਪਾਂਤ: ਸੰਗਯਾ- ਪੰਕ੍ਤਿ. ਪਾਂਤਿ. ਕਤਾਰ.

---

[774] ਇਹ ੩੯੯੬ ਸੂਤ੍ਰਾਂ ਦੀ ਪੋਥੀ, ਸਾਰੇ ਵ੍ਯਾਕਰਣ ਗ੍ਰੰਥਾਂ ਤੋਂ ਉੱਤਮ ਹੈ. ਇਸੇ ਦੇ ਆਧਾਰ ਤੇ ਲਘੁਸਿੱਧਾਂਤ ਕੌਮੁਦੀ ਅਤੇ ਸਿਧਾਂਤ ਕੋਮੁਦੀ ਦੀ ਰਚਨਾ ਹੋਈ ਹੈ.

ਪਾਤਉ: ਸੰ. ਪਾਤ੍ਰ. ਨਾਟਕ ਦੇ ਨਾਇਕ ਨਾਇਕਾ ਆਦਿ. "ਦਸ ਪਾਤਉ ਪੰਚ ਸੰਗੀਤਾ." "(ਰਾਮ ਮਃ ੫) ਦਸ ਪਾਤ੍ਰ ਦਸ ਇੰਦ੍ਰਿਯ, ਅਤੇ ਪੰਜ ਗਵੈਯੇ ਬਜੈਯੇ ਰੂਪ ਰਸ ਆਦਿ ਪੰਜ ਵਿਸ਼ੇ.

ਪਾਤਸ਼ਾਹ: ਪਾਤ (ਸਿੰਘਾਸਨ) ਦਾ ਸ੍ਵਾਮੀ. ਪਾਦਸ਼ਾਹ. ਬਾਦਸ਼ਾਹ.

ਪਾਤਸ਼ਾਹੀ: ਪਾਦਸ਼ਾਹੀ. ਬਾਦਸ਼ਾਹੀ। ੨. ਸਿੱਖਮਤ ਅਨੁਸਾਰ ਗੁਰੁਤਾ. ਸਤਿਗੁਰੂ ਦੀ ਅ਼ਮਲਦਾਰੀ। ੩. ਸੱਚੀ ਬਾਦਸ਼ਾਹਤ ਵਾਲੇ ਦਸ਼ ਸਤਿਗੁਰੂ. ਜੈਸੇ- ਖਿਆਲ ਪਾਤਸ਼ਾਹੀ ੧੦. ਅਤੇ ਸ਼੍ਰੀ ਮੁਖਵਾਕ ਪਾਤਸ਼ਾਹੀ ੧੦. ਆਦਿ.

ਪਾਤਕ: ਸੰਗਜਾ- ਪਾਤ (ਡੇਗਣ) ਵਾਲਾ ਕਰਮ, ਜਿਸ ਤੋਂ ਪਤਿਤ ਹੋਈਦਾ ਹੈ. ਪਾਪ. ਗੁਨਾਹ। ੨. ਸਿੰਮ੍ਰਿਤੀਆਂ ਅਨੁਸਾਰ ਦਸ਼ ਪਾਪ ਕਰਮ, ਜਿਨ੍ਹਾਂ ਦੇ ਕਰਨ ਤੋਂ ਪਤਿਤ ਹੋਈਦਾ ਹੈ- ਚੋਰੀ, ਵੇਦ ਵਿਧੀ ਬਿਨਾ ਕੀਤੀ ਹਿੰਸਾ ਅਤੇ ਪਰਇਸਤ੍ਰੀਗਮਨ, ਇਹ- ਤਿੰਨ ਕਾਇਕ (ਸ਼ਾਰੀਰਿਕ) ਪਾਤਕ. ਕੌੜਾ ਬੋਲਣਾ, ਝੂਠ, ਚੁਗਲੀ ਅਤੇ ਬੇਮੇਲ ਬਕਬਾਦ, ਇਹ ਚਾਰ ਵਾਣੀ ਦੇ ਪਾਤਕ. ਦੂਜੇ ਦੇ ਧਨ ਮਾਲ ਲੈਣ ਦਾ ਖਿਆਲ, ਕਿਸੇ ਦਾ ਬੁਰਾ ਚਿਤਵਨਾ ਅਤੇ ਝੂਠਾ ਕਲੰਕ ਲਾਉਣ ਦੀ ਗੋਂਦ, ਇਹ ਤਿੰਨ ਮਾਨਸਿਕ ਪਾਪ. ਦੇਖੋ, ਪਾਪ ੪। ੩. ਹਿੰਦੂਮਤ ਦੇ ਧਰਮਸ਼ਾਸਤ੍ਰ ਅਨੁਸਾਰ ਪ੍ਰਾਣੀ ਦੇ ਮਰਨ ਪੁਰ ਹੋਈ ਅਪਵਿਤ੍ਰਤਾ. ਇਹ ਪਾਤਕ ਬ੍ਰਾਹਮਣ ਦੇ ੧੦. ਦਿਨ, ਕ੍ਸ਼ਤ੍ਰਿਯ ਦੇ ੧੨. ਦਿਨ, ਵੈਸ਼ਯ ਦੇ ੧੫. ਦਿਨ ਅਤੇ ਸ਼ੂਦ੍ਰ ਦੇ ੩੦ ਦਿਨ ਰਹਿੰਦਾ ਹੈ. ਕਈ ਸਿਮ੍ਰਿਤੀਆਂ ਨੇ ੧੨- ੧੩- ੧੭ ਅਤੇ ੩੦ ਦਿਨ ਯਥਾਕ੍ਰਮ ਲਿਖਿਆ ਹੈ। ੪. ਸਿੱਖ ਧਰਮ ਅਨੁਸਾਰ ਤਨਖਾਹ ਯੋਗ੍ਯ ਕਰਮ, ਅਰਥਾਤ- ਮੁੰਡਨ, ਵਿਭਚਾਰ, ਤਮਾਕੂ ਆਦਿ ਨਸ਼ਿਆਂ ਦਾ ਸੇਵਨ ਅਤੇ ਕੁੱਠਾ ਖਾਣਾ.

ਪਾਤਕੀ: ਸੰ. पातकिन्. ਵਿ- ਪਾਪ ਕਰਨ ਵਾਲਾ. ਪਾਤਕ ਕਰਮ ਦਾ ਕਰਤਾ.

ਪਾਤਣ: ਦੇਖੋ, ਪੱਤਣ। ੨. ਦੇਖੋ, ਪਾਤਣੁ.

ਪਾਤਣਿ, ਪਾਤਣੀ, ਪਾਤਣੁ, ਪਾਤਣੂ: ਸੰਗਜਾ- ਪੋਤਸ੍ਥਾਨ (ਕਿਸ਼ਤੀਆਂ ਦੇ ਅੱਡੇ) ਤੇ ਰਹਿਣ ਵਾਲਾ ਜਲ ਦੇ ਪ੍ਰਵਾਹ ਦਾ ਭੇਤੀਆ, ਜੋ ਮਲਾਹਾਂ ਨੂੰ ਰਹਿਨੁਮਾਈ ਕਰਦਾ ਹੈ. "ਖੜਾ ਪੁਕਾਰੈ ਪਾਤਣੀ." (ਸ. ਫਰੀਦ) ਇੱਥੇ ਪਾਤਣੀ ਗੁਰੂ ਹੈ. "ਆਪੇ ਪਤਣੁ ਪਾਤਣੀ ਪਿਆਰਾ." (ਸੋਰ ਮਃ ੪) ੨. ਮਲਾਹ. ਪੱਤਨ ਪੁਰ ਪਹੁਚਾਉਣ ਵਾਲਾ pilot. ਭਾਵ- ਸਤਿਗੁਰੂ. "ਜੇ ਪਾਤਣੁ ਰਹੈ ਸੁਚੇਤ." (ਸ. ਫ਼ਰੀਦ) ੩. ਪੱਤਨ ਪੁਰ ਮਹਿਸੂਲ ਲੈਣ ਵਾਲਾ.

ਪਾਤਨ: ਸੰ. ਸੰਗਜਾ- ਡੇਗਣ ਦੀ ਕ੍ਰਿਯਾ. ਹਿਠਾਹਾਂ ਸਿੱਟਣਾ.

ਪਾਤਰ: ਦੇਖੋ, ਪੱਤਲ। ੨. ਦੇਖੋ, ਪਾਤ੍ਰ। ੩. ਵਿ- ਪਤਲਾ. ਜੋ ਮੋਟਾ ਨਹੀਂ. "ਪਿਯ ਪਾਤਰ ਪਤਰੀ ਤ੍ਰਿਯਾ." (ਚਰਿਤ੍ਰ ੧੬੧)

ਪਾਤਰਾ: ਵਿ- ਪਤਲਾ. "ਮ੍ਰਿਦੁਲ ਪਾਤਰੇ ਬਹੁ ਕਰ ਧਰੇ." (ਗੁਪ੍ਰਸੂ)

ਪਾਤਰੋ: ਸੰਗਜਾ- ਪਤ੍ਰ, ਲੈਜਾਣ ਵਾਲਾ. ਪਤ੍ਰਹਾਰ. ਕਾਸਿਦ. ਦੇਖੋ, ਕੋਸਰੋ. "ਤਬ ਚਤੁਰ ਪਾਤਰੋ ਆਇਓ." (ਸੋਰ ਮਃ ੫) ੨. ਵਿ- ਪਤਲਾ.

ਪਾਤਲ: ਦੇਖੋ, ਪੱਤਲ। ੨. ਦੇਖੋ, ਪਾਤਰ। ੩. ਪੱਤਲ ਦੇ ਆਕਾਰ ਦਾ ਵੱਡਾ ਕੱਛੂ.

ਪਾਤਲੀ: ਸੰ. ਪਾਦਤਲ. ਪੈਰ ਦਾ ਹੇਠਲਾ ਭਾਗ.

ਪਾਤਾ: ਸੰਗਜਾ- ਪਤ੍ਰ. ਪੱਤਾ.

ਪਾਤਾਰ: ਦੇਖੋ, ਪਾਤਾਲ.

ਪਾਤਾਲ: ਸੰ. ਸੰਗਜਾ- ਪ੍ਰਿਥਿਵੀ ਦੇ ਹੇਠਲਾ ਲੋਕ। ੨. ਹੇਠਲੇ ਲੋਕਾਂ ਵਿੱਚੋਂ ਸੱਤਵਾਂ ਲੋਕ. "ਪਾਤਾਲ ਪੁਰੀਆ ਲੋਅ ਆਕਾਰਾ." (ਮਾਰੂ ਸੋਲਹੇ ਮਃ ੩) ਦੇਖੋ, ਸਪਤ ਪਾਤਾਲ। ੩. ਦੇਖੋ, ਸਵੈਯੇ ਦਾ ਰੂਪ ੨੭.

**ਪਾਤਾਲਗੰਗਾ:** ਦੇਖੋ, ਤ੍ਰਿਪਥਗਾ.

**ਪਾਤਾਲਪੁਰੀ:** ਕੀਰਤਪੁਰ ਦੇ ਪਾਸ ਸ਼ਤਦ੍ਰਵ ਦਰਿਆ ਦੇ ਕਿਨਾਰੇ ਹਰਿਗੋਬਿੰਦ ਸਾਹਿਬ ਦੇ ਜੋਤੀਜੋਤਿ ਸਮਾਉਣ ਦਾ ਅਸਥਾਨ. ਅਸਰਦਾਰ ਭੂਪਸਿੰਘ ਰੋਪੜ ਵਾਲੇ ਨੇ ਇਸ ਦੀ ਇਮਾਰਤ ਬਣਵਾਈ ਹੈ. ਦੇਖੋ, ਕੀਰਤਪੁਰ। ੨. ਖ਼ਾ. ਕਹੀ. ਕਸੀ. ਬਹੁਤ ਸਿੰਘ ਇਸ ਨੂੰ ਪਾਤਾਲਮੋਚਨੀ ਆਖਦੇ ਹਨ.

**ਪਾਤਾਲਮੋਚਨੀ:** ਦੇਖੋ, ਪਾਤਾਲਪੁਰੀ ੨.

**ਪਾਤਾਲਯੰਤ੍ਰ:** ਕਿਸੇ ਵਸਤੁ ਦਾ ਤੇਲ ਅਰਕ ਆਦਿ ਸਾਰ ਕੱਢਣ ਲਈ ਉਸ ਨੂੰ ਇੱਕ ਮੁਖਬੰਦ ਪਾਤ੍ਰ ਵਿੱਚ, ਜਿਸ ਦੇ ਹੇਠ ਛੇਕ ਹੁੰਦਾ ਹੈ, ਪਾਕੇ ਉਸ ਹੇਠ ਦੂਜਾ ਖਾਲੀ ਪਾਤ੍ਰ ਛੇਕ ਦੇ ਨਾਲ ਮਿਲਾਕੇ ਰੱਖੀਦਾ ਹੈ. ਇਹ ਦੋਵੇਂ ਪਾਤ੍ਰ ਡੂੰਘੇ ਟੋਏ ਵਿੱਚ ਧਰੀਦੇ ਹਨ ਅਰ ਉਸ ਟੋਏ ਦੇ ਉੱਪਰ ਗੋਹੇ ਆਦਿ ਦੀ ਅੱਗ ਮਚਾਈਦੀ ਹੈ. ਅਗਨਿ ਦੇ ਸੇਕ ਨਾਲ ਉੱਪਰਲੇ ਪਾਤ੍ਰ ਵਿੱਚੋਂ ਟਪਕਕੇ ਰਸ ਤੇਲ ਆਦਿ ਹੇਠਲੇ ਵਿੱਚ ਆ ਜਾਂਦਾ ਹੈ, ਜਿਸ ਦਾ ਸੇਵਨ ਵੈਦ ਦੀ ਸਿਖ੍ਯਾ ਅਨੁਸਾਰ ਕਰੀਦਾ ਹੈ.

**ਪਾਤਾਲੀ:** ਪਾਤਾਲੀਂ. ਪਾਤਾਲੋਂ ਮੇਂ. "ਪਾਤਾਲੀ ਆਕਾਸੀ ਸਖਨੀ." (ਆਸਾ ਮਃ ੫)

**ਪਾਤਿ:** ਸੰਗ੍ਯਾ- ਪ੍ਰਤਿਸ਼੍ਠਾ. ਮਾਨ. ਪਤ. "ਭਗਤਨ ਕੀ ਰਾਖੀ ਪਾਤਿ." (ਧਨਾ ਮਃ ੫) ੨. ਪੱਤਿ. ਪਿਆਦਾ. ਪੈਦਲ ਸਿਪਾਹੀ. "ਗਜ ਬਾਜਿ ਰਥਾਦਿਕ ਪਾਤਿ ਗਣੰ." (ਅਕਾਲ) ੩. ਪਾਂਤਿ. ਪੰਕ੍ਤਿ. ਕਤਾਰ। ੪. ਫ਼ਿਰਕ਼ਾ. ਗੋਤ੍ਰ. ਜਾਤਿ ਦੀ ਸ਼ਾਖ. "ਜਾਤਿ ਅਰੁ ਪਾਤਿ ਨਹਨ ਜਿਹ." (ਜਾਪੁ) ੫. ਖ਼ਾਨਦਾਨ. ਕੁਲ. "ਪ੍ਰਥਮੇ ਤੇਰੀ ਨੀਕੀ ਜਾਤਿ। ਦੁਤੀਆ ਤੇਰੀ ਮਨੀਐ ਪਾਤਿ." (ਆਸਾ ਮਃ ੫) ੬. ਸੰ. ਪ੍ਰਭੁ. ਸ੍ਵਾਮੀ.

**ਪਾਂਤਿ:** ਸੰਗ੍ਯਾ- ਪੰਕ੍ਤਿ. ਪੰਗਤ. ਸ਼੍ਰੇਣੀ। ੨. ਕੁਲ. ਗੋਤ੍ਰ. ਖ਼ਾਨਦਾਨ. "ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ." (ਸੋਰ ਰਵਿਦਾਸ)

**ਪਾਤਿਸਾਹ, ਪਾਤਿਸਾਹਿਬ, ਪਾਤਿਸਾਹਿਬੁ, ਪਾਤਿਸਾਹੁ:** ਦੇਖੋ, ਪਾਤਸਾਹ ਅਤੇ ਪਾਦਸ਼ਾਹ. "ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ." (ਵਾਰ ਆਸਾ) "ਪਾਤਿਸਾਹੁ ਛਤ੍ਰਸਿਰ ਸੋਊ." (ਬਾਵਨ) "ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ." (ਜਪੁ)

**ਪਾਤਿਕ:** ਦੇਖੋ, ਪਾਤਕ. "ਪਤਿਤ ਕੇ ਪਾਤਿਕ ਉਤਰਹਿ." (ਸਾਰ ਮਃ ੫)

**ਪਾਤੀ:** ਸੰਗ੍ਯਾ- ਪਤ੍ਰਿਕਾ. ਪਤ੍ਰੀ. ਚਿੱਠੀ."ਸ੍ਰੀ ਅਰਜਨ ਪਾਤੀ ਜੁ ਪਠਾਈ." (ਗੁਪ੍ਰਸੂ) ੨. ਪਤ੍ਰ. ਦਲ. ਪੱਤਾ. "ਪਾਤੀ ਤੋਰੈ ਮਾਲਿਨੀ." (ਆਸਾ ਕਬੀਰ) ੩. ਪੰਕ੍ਤਿ. ਪਾਂਤਿ. ਕੁਲ. ਗੋਤ੍ਰ. "ਤੂ ਜਾਤਿ ਮੇਰੀ ਪਾਤੀ." (ਰਾਮ ਮਃ ੫) ੪. ਪ੍ਰਤਿਸ਼੍ਠਾ. ਮਾਨ. ਇੱਜ਼ਤ. "ਨਾਨਕ ਹਰਿ ਰਾਖੀ ਪਾਤੀ." (ਧਨਾ ਮਃ ੫) ੫. ਪਤੀ. ਸ੍ਵਾਮੀ. "ਤੁਹੀਂ ਨਿਰੰਜਨੁ ਕਮਲਾਪਾਤੀ." (ਧਨਾ ਸੈਣ) ਕਮਲਾ (ਲਕ੍ਸ਼ਮੀ) ਪਤਿ। ੬. ਸੰ. ਵਿ- ਡਿਗਣ ਵਾਲਾ. (पातिन). "ਸੋ ਨਰਕਪਾਤੀ ਹੋਵਤ ਸੁਆਨੁ." (ਸੁਖਮਨੀ) ੭. ਪਾਤੀਂ. ਪਾਤ੍ਰਾਂ ਨੇ. ਅਧਿਕਾਰੀਆਂ ਨੇ. "ਹਰਿ ਜਪਿਓ ਉਤਮ ਪਾਤੀ." (ਧਨਾ ਮਃ ੪) ੮. ਸੰ. पात्रिन्- ਪਾਤ੍ਰੀ. ਪਾਤ੍ਰ ਵਾਲਾ. "ਮੌਨਿ ਭਇਓ ਕਰਪਾਤੀ ਰਹਿਓ." (ਸੋਰ ਅਃ ਮਃ ੫) ਦੇਖੋ, ਕਰਪਾਤੀ.

**ਪਾਤੀਧਾਨੁ:** ਪਤ੍ਰ ਅਤੇ ਅੱਛਤ. ਤੁਲਸੀਦਲ ਵਿਲ੍ਵਪਤ੍ਰ ਆਦਿ ਅਤੇ ਪੂਜਾ ਯੋਗ੍ਯ ਸਾਬਤ ਚਾਵਲ. "ਪ੍ਰਾਪਤਿ ਪਾਤੀਧਾਨੁ." (ਪ੍ਰਭਾ ਮਃ ੧)

**ਪਾਤੰਜਲ ਦਸ਼ੰਨ:** ਸੰਗ੍ਯਾ- ਪਤੰਜਲਿ ਦਾ ਰਚਿਆ ਯੋਗਦਰਸ਼ਨ. ਦੇਖੋ, ਯੋਗ ਸ਼ਾਸਤ੍ਰ ਅਤੇ ਪਤੰਜਲਿ.

**ਪਾਤ੍ਰ:** ਸੰ. ਸੰਗ੍ਯਾ- ਜਿਸ ਵਿੱਚ ਪੀਤਾ ਜਾਵੇ. ਭਾਂਡਾ. ਬਰਤਨ। ੨. ਅਧਿਕਾਰੀ. ਕਿਸੇ ਵਸਤੁ ਦੇ ਪਾਉਣ ਯੋਗ੍ਯ ਪੁਰੁਸ਼।

੩. ਨਾਟਕ ਦੇ ਨਾਇਕ ਨਾਇਕਾ ਆਦਿ। ੪. ਨਾਟਕ ਖੇਡਣ ਵਾਲੇ ਮਨੁੱਖ. ਨਟ। ੫. ਰਾਜਮੰਤ੍ਰੀ। ੬. ਇੱਕ ਤੋਲ, ਜੋ ਚਾਰ ਸੇਰ ਬਰਾਬਰ ਹੈ। ੭. ਪੱਤਾ. ਪਤ੍ਰ.

**ਪਾਥ:** ਸੰ. ਪਥ. ਸੰਗ੍ਯਾ- ਮਾਰਗ. ਰਸਤਾ. "ਨਹ ਨਿਬਹਤ ਜਮ ਕੈ ਪਾਥ." (ਕੇਦਾ ਮਃ ੫) "ਮਿਲਿ ਸਾਧੂ ਪਾਥ." (ਕਾਨ ਮਃ

੪) ਦੇਖ, ਅੰ. Path। ੨. ਸੰ. ਪ੍ਰਸੁਰ. ਪੱਥਰ. "ਰਾਖਿਲੇਹੁ ਹਮ ਪਾਪੀ ਪਾਥ." (ਕਾਨ ਮਃ ੪) ੩. ਸੰ. ਪਾਥ (पाथस) ਜਲ. "ਹਰਿ ਨਾਮ ਅੰਮ੍ਰਿਤਪਾਥ." (ਮਾਰੂ ਮਃ ੫) ਹਰਿਨਾਮ ਅਮ੍ਰਿਤਜਲ ਹੈ। ੪. ਸੂਰਜ। ੫. ਅਗਨਿ। ੬. ਪਵਨ. ਹਵਾ। ੭. ਅੰਨ। ੮. ਆਕਾਸ਼.

ਪਾਂਥ: ਸੰ. ਸੰਗਯਾ- ਪਥ (ਮਾਰਗ) ਚਲਣ ਵਾਲਾ ਰਾਹੀ. ਮੁਸਾਫ਼ਿਰ. "ਜਮ ਮਾਰਗ ਕੈ ਸੰਗੀ ਪਾਂਥ." (ਭੈਰ ਮਃ ੫)

ਪਾਥਣਾ, ਪਾਥਨਾ: ਕ੍ਰਿ- ਪ੍ਰ- ਸਥਾਪਨ ਕਿਸੇ ਵਸਤੁ ਨੂੰ ਥਾਪੜ ਕੇ ਬਨਾਉਣਾ, ਜੈਸੇ ਇੱਟ ਆਦਿ ਨੂੰ ਪੱਥਣਾ। ੨. ਸੰਗਯਾ- ਪੱਥਕੇ ਬਾਣਇਆ ਹੋਇਆ ਪਿੰਡ. ਜੈਸੇ ਪਾਂਡੂ ਗੋਬਰ ਆਦਿ ਦਾ ਪਾਥਣਾ.

ਪਾਥਨਾਥ, ਪਾਥਪਤਿ: ਸੰਗਯਾ- ਜਲ ਦਾ ਸ੍ਵਾਮੀ ਵਰੁਣ। ੨. ਸਮੁੰਦਰ.

ਪਾਥਰ, ਪਾਥਰੁ: ਸੰਗਯਾ- ਪ੍ਰਸੁਰ. ਪੱਥਰ. "ਜੋ ਪਾਥਰ ਕਉ ਕਹਤੇ ਦੇਵ." (ਭੈਰ ਕਬੀਰ ਮਃ ੫) ੨. ਜੜ੍ਹਮਤਿ. ਮੂਰਖ। ੩. ਪਾਪੀ. ਕੁਕਰਮਾਂ ਦੇ ਬੋਝ ਨਾਲ ਭਾਰੀ. "ਪਾਥਰ ਡੂਬਦਾ ਕਾਢਿਲੀਆ." (ਵਡ ਅਃ ਮਃ ੩)

ਪਾਥੀ: ਸੰਗਯਾ- ਪੱਥਕੇ ਬਣਾਇਆ ਗੋਹੇ ਦਾ ਪਿੰਡ. ਗੋਬਰ ਦਾ ਉਪਲਾ। ੨. ਪਾਂਥ, ਰਾਹੀ. ਮੁਸਾਫ਼ਿਰ.

ਪਾਥੋਜ: ਸੰ. ਸੰਗਯਾ- ਪਾਥ (ਪਾਣੀ) ਤੋਂ ਪੈਦਾ ਹੋਇਆ, ਕਮਲ. ਜਲਜ. "ਹਾਥ ਦ੍ਵੈ ਪਾਥੋਜ ਸਮ." (ਗੁਪ੍ਰਸੂ)

ਪਾਥੋਦ: ਸੰ. ਸੰਗਯਾ- ਪਾਥ (ਜਲ) ਦੇਣ ਵਾਲਾ, ਬੱਦਲ. ਮੇਘ.

ਪਾਥੋਧਿ: ਸੰ. ਸੰਗਯਾ- ਪਾਥ (ਜਲ) ਧਾਰਨ ਵਾਲਾ. ਸਮੁੰਦਰ.

ਪਾਦ: ਦੇਖੋ, ਪੱਦ. "ਪਾਦ ਮਾਰ ਕਰ ਉਚ ਸੁਨਾਵਾ." (ਪੰਪ੍ਰ) ੨. ਸੰਗਯਾ- ਪੈਰ. ਚਰਣ. "ਧਰਯੋ ਪਾਦ ਪੈ ਸੀਸ." (ਗੁਪ੍ਰਸੂ) ੩. ਛੰਦ ਦੀ ਤੁਕ ਦਾ ਹਿੱਸਾ ਅਥਵਾ ਛੰਦ ਦਾ ਚੌਥਾ ਭਾਗ. ਪਦ। ੪. ਕਿਸੇ ਵਸ੍ਤੁ ਦਾ ਚੌਥਾ ਭਾਗ, ਜੈਸੇ ਸੇਰ ਭਰ ਤੋਲ ਦਾ ਪਾਈਆ ਅਤੇ ਰੁਪਯੇ ਦੀ ਚੁਆਨੀ। ੫. ਬਿਰਛ ਦੀ ਜੜ. ਮੂਲ. ਦੇਖੋ, ਪਾਦਪ। ੬. ਕਿਰਣ. ਰਸ਼ਿਮ। ੭. ਚਾਲ. ਗਤਿ. ਗਮਨ। ੮. ਸ਼ਿਵ। ੯. ਫ਼ਾ. پاد ਤਖ਼ਤ. ਰਾਜਸਿੰਘਾਸਨ.

ਪਾਦਸ਼ਾਹ: ਫ਼ਾ. پادشاہ ਪਾਦ (ਤਖ਼ਤ) ਸ਼ਾਹ (ਪਤਿ) ਸਿੰਘਾਸਨ ਦਾ ਮਾਲਿਕ. ਮਾਹਾਰਾਜਾਧਿਰਾਜ.

ਪਾਦਕ: ਸੰ. ਵਿ- ਚਲਣ ਵਾਲਾ. ਜੋ ਤੇਜ਼ ਚਾਲ ਚੱਲੇ.

ਪਾਦਕਾ: ਦੇਖੋ, ਪਾਦੁਕਾ.

ਪਾਦਗ੍ਰਹਣ: ਸੰਗਯਾ- ਪੈਰ ਫੜਨ ਦੀ ਕ੍ਰਿਯਾ। ੨. ਪੈਰ ਛੁਹਕੇ ਪ੍ਰਣਾਮ ਕਰਨਾ। ੩. ਕਿਸੇ ਦੀ ਸ਼ਰਣ ਲੈਣੀ.

ਪਾਦਜ: ਸੰ. ਸੰਗਯਾ- ਪੈਰਾਂ ਤੋਂ ਜਨਮਿਆ, ਸ਼ੂਦ੍ਰ. ਦੇਖੋ, ਬਾਹੁਜ.

ਪਾਦਜਲ: ਪੈਰਾਂ ਦਾ ਪਾਣੀ, ਜਿਸ ਵਿੱਚ ਪੈਰ ਧੋਤੇ ਗਏ ਹਨ। ੨. ਚਰਣਾਮ੍ਰਿਤ.

ਪਾਦਤ੍ਰ, ਪਾਦਤ੍ਰਾਣ: ਸੰਗਯਾ- ਪੈਰ ਦੀ ਤ੍ਰਾਣ (ਰਖ੍ਯਾ) ਕਰਨ ਵਾਲਾ, ਜੁੱਤਾ. ਪਨਹੀ। ੨. ਖੜਾਉਂ.

ਪਾਦਪ: ਸੰ. ਸੰਗਯਾ- ਪਾਦ (ਪੈਰ- ਜੜ) ਨਾਲ ਪੀਣ ਵਾਲਾ, ਬਿਰਛ. ਵ੍ਰਿਕ੍ਸ਼ ਆਪਣੇ ਤਣੇ ਨਾਲ ਰਸ ਪੀਂਦੇ ਹਨ. "ਪਾਦਪ ਦਲ ਸੁੰਦਰ." (ਨਾਪ੍ਰ)

ਪਾਦਪੂਰਣ: ਸੰਗਯਾ- ਛੰਦ ਦੇ ਚਰਣ ਨੂੰ ਪੂਰਾ ਕਰਨਾ। ੨. ਸਮਸ੍ਯਾ ਪੂਰਤੀ। ੩. ਉਹ ਅੱਖਰ ਅਥਵਾ ਸ਼ਬਦ, ਜੋ ਕੇਵਲ ਛੰਦ ਦਾ ਵਜ਼ਨ ਠੀਕ ਰੱਖਣ ਲਈ ਪਦ ਵਿੱਚ ਜੋੜਿਆ ਜਾਵੇ.

ਪਾ ਦਰ ਹਵਾ: ਫ਼ਾ. پادرہوا ਵਿ- ਹਵਾ ਤੇ ਪੈਰ ਰੱਖਣ ਵਾਲਾ. ਭਾਵ- ਬਹੁਤ ਛੇਤੀ ਜਾਣ ਵਾਲਾ.

ਪਾਦਰਥ: ਸੰਗ੍ਯਾ- ਪਊਏ. ਖੜਾਉਂ.

ਪਾਦਰੀ: ਪੁਰਤ Padre ਪਾਦ੍ਰੇ. ਇਸ ਦਾ ਮੂਲ ਲੈਟਿਨ Pater (ਪਿਤਾ) ਹੈ. ਈਸਾਈ ਧਰਮ ਦਾ ਪੁਰੋਹਿਤ. ਹਿੰਦੁਸਤਾਨ ਵਿੱਚ ਸਭ ਤੋਂ ਪਹਿਲਾ ਪਾਦਰੀ William Carey ੧੧. ਨਵੰਬਰ ਸਨ ੧੭੯੩ ਨੂੰ ਮਾਲਵੇ ਆਬਾਦ ਹੋਇਆ, ਜਿਸ ਨੇ ਬੰਗਾਲੀ ਸੰਸਕ੍ਰਿਤ ਆਦਿਕ ਬੋਲੀਆਂ ਸਿੱਖਕੇ ਅੰਜੀਲ ਦਾ ਪ੍ਰਚਾਰ ਕੀਤਾ.

ਪਾਦਾਸ਼: ਫ਼ਾ. پاداش ਸੰਗ੍ਯਾ- ਬਦਲਾ. ਪਲਟਾ। ੨. ਦੰਡ. ਸਜ਼ਾ.

ਪਾਦਾਕੁਲਕ: ਦੇਖੋ, ਅਤਿਮਾਲਤੀ.

ਪਾਦਾਰਘ: ਸੰ. ਪਾਦਯਘਯੰ. ਸੰਗ੍ਯਾ- ਪੈਰ ਧੋਣ ਲਈ ਦਿੱਤਾ ਜਲ.

ਪਾਦਾਤਿ, ਪਾਦਾਤਿਕ: ਸੰ. ਸੰਗ੍ਯਾ- ਪਿਆਦਾ. ਪੈਦਲ ਸਿਪਾਹੀ.

ਪਾਦੁਕਾ: ਸੰ. ਸੰਗ੍ਯਾ- ਜੁੱਤੀ. ਜੋੜਾ. ਪਨਹੀ। ੨. ਖੜਾਉਂ. ਪਊਏ.

ਪਾਦੋਦਕ: ਸੰ. ਸੰਗ੍ਯਾ- ਪਾਦ- ਉਦਕ੍ ਪੈਰਾਂ ਦਾ ਜਲ. ਉਹ ਪਾਣੀ, ਜਿਸ ਨਾਲ ਦੇਵਤਾ ਅਥਵਾ ਪੂਜ੍ਯ. ਪੁਰੁਸ਼ ਦੇ ਪੈਰ ਧੋਤੇ ਗਏ ਹਨ.

ਪਾਧਰ, ਪਾਧਰੁ: ਸੰ. ਪਦ੍ਰ. ਪਿੰਡ. ਗ੍ਰਾਮ. "ਜਿਤੁ ਮਿਲਿ ਹਰਿ ਪਾਧਰ ਬਾਟ." (ਕਾਨ ਪੜਤਾਲ ਮਃ ੪) ਜਿਸ ਦੇ ਮਿਲਣ ਤੋਂ ਹਰਿ ਦੇ ਨਗਰ ਦਾ ਰਾਹ ਮਿਲੇ। "ਰਾਹ ਪਾਧਰੁ ਗੁਰੁ ਦਸੈ." (ਸੂਹੀ ਛੰਤ ਮਃ ੧) ੨. ਸੰ. ਪਦ੍ਰ. ਰਸਤਾ. ਮਾਰਗ. "ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ." (ਵਾਰ ਮਾਰੂ ੧. ਮਃ ੧) "ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ?" (ਸੂਹੀ ਛੰਤ ਮਃ ੧) ੩. ਰਾਹ ਪਾਉਣ ਵਾਲਾ. ਰਹਨੁਮਾ. ਸੁਮਾਰਗ ਦੱਸਣ ਵਾਲਾ. "ਪਾਧਰੁ ਹਰਿ ਪ੍ਰਭੁ ਕੇਰਾ." (ਟੋਡੀ ਮਃ ੪) ੪. ਪਧਰਾ. ਹਮਵਾਰ। ੫. ਡਿੰਗ. ਤਲਵਾਰ.

ਪਾਧਰੀ: ਦੇਖੋ, ਪਾਧੜੀ। ੨. ਰਾਹੀ. ਪਾਂਧੀ.

ਪਾਧਰੁ: ਦੇਖੋ, ਪਾਧਰ.

ਪਾਧੜੀ: ਇੱਕ ਛੰਦ. ਲੰਛਣ- ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਅੱਠ ਅੱਠ ਮਾਤ੍ਰਾ ਪੁਰ ਦੋ ਵਿਸ਼੍ਰਾਮ, ਅੰਤ ਜਗਣ ।S।.

ਉਦਾਹਰਣ-

ਅਨਭੂਤ ਤੇਜ, ਅਨਛਿੱਜ ਗਾਤ,

ਕਰਾਤ ਸਦੀਵ, ਹਰਤਾ ਅਨਾਸ. ××× 

(ਅਕਾਲ)

ਪਾਧੜੀ ਅਰਧ: ਲੱਛਣ- ਚਾਰ ਚਰਣ, ਪ੍ਰਤਿ ਚਰਣ ਪਹਿਲਾਂ ਦੋ ਗੁਰੁ, ਅੰਤ ਜਗਣ, ਅਥਵਾ ਚਾਰ ਮਾਤਰਾ ਪਿੱਛੋਂ ਜਗਣ. ਇਹ ਮਧੁਭਾਰ ਛੰਦ ਦਾ ਹੀ ਰੂਪਾਂਤਰ ਹੈ. S, S, ।S।.

ਉਦਾਹਰਣ-

ਸੋਭੰਤ ਸੂਰ। ਲੋਭੰਤ ਹੂਰ।

ਅਛ੍ਰੀ ਅਪਾਰ। ਰਿੱਝੀ ਸੁਧਾਰ।।

(ਅਜਰਾਜ)

**ਪਾਧਾ:** ਸੰ. ਉਪਾਧ੍ਯਾਯ. ਸੰਗ੍ਯਾ- ਪੜ੍ਹਾਉਣ ਵਾਲਾ. ਅਧ੍ਯਾਪਕ. "ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ." (ਓਅੰਕਾਰ) "ਆਪੇ ਚਾਟਸਾਲ ਆਪਿ ਹੈ ਪਾਧਾ." (ਵਾਰ ਬਿਹਾ ਮਃ ੪)

**ਪਾਧਾਣੂ:** ਸਿੰਧੀ. ਸੰਗ੍ਯਾ- ਪੰਧ (ਪੰਥ) ਜਾਣ ਵਾਲਾ ਰਾਹੀ. ਪਾਂਥ. "ਪਾਧਾਣੂ ਸੰਸਾਰ." (ਜੈਤ ਛੰਤ ਮਃ ੫)

**ਪਾਧਾ ਨਾ ਪੁੱਛਣਾ:** ਕ੍ਰਿ- ਪਾਧੇ (ਪੰਡਿਤ) ਤੋਂ ਲਗਨ ਮੁਹੂਰਤ ਆਦਿ ਪੁੱਛੇ ਬਿਨਾ ਹੀ ਕੰਮ ਕਰ ਲੈਣਾ. "ਨਹਿ ਪੂਛੋ ਪਾਧਾ ਚਲ ਪਰੀਐ." (ਗੁਪ੍ਰਸੂ)

**ਪਾਂਧੀ:** ਸੰਗ੍ਯਾ- ਪੰਧ (ਰਾਹ) ਜਾਣ ਵਾਲਾ ਰਾਹੀ. ਪਾਂਥ.

**ਪਾਨ:** ਸੰਗ੍ਯਾ- ਪਾਣ. ਆਬ. ਚਮਕ. ਭੜਕ। ੨. ਆਗ੍ਯਾ. "ਦੀਜੈ ਪਾਨੰ." (ਰਾਮਾਵ) ੩. ਪਾਣਿ. ਹੱਥ. "ਖਾਨ ਪਾਨ ਕਰ ਪਾਨ ਪਖਾਰੇ." (ਗੁਪ੍ਰਸੂ) ੪. ਪਾਯਨ. ਪੈਰੀਂ."ਸਬੈ ਪਾਨ ਲਾਗੇ ਤਜਜੋ ਗਰਬ ਭਾਰੀ." (ਦੱਤਾਵ) ੫. ਪਰਾਯਣ. ਤਤਪਰ. "ਇਕ ਪਾਨ ਜਾਨ ਉਦਾਸ." (ਦੱਤਾਵ) ਇੱਕ ਪਰਾਯਣ ਹੋਇਆ। ੬. ਪ੍ਰਾਣ. ਸ੍ਵਾਸ. "ਪਾਨ ਤਜੇ ਤੁਮ ਤਾਹਿਤ ਪ੍ਰੀਤਮ, ਪਾਨ ਤਜੇ ਤੁਮਰੇ ਹਿਤ ਪਜਾਰੀ." (ਚਰਿਤ੍ਰ ੩੬੭) ੭. ਪਰ੍‍ਣ. ਪੱਤਾ. ਪਤ੍ਰ. "ਪੌਨ ਬਹੈ ਦ੍ਰੁਮ ਪਾਨ ਨਿਹਾਰੇ." (ਕਲਕੀ) ੮. ਨਾਗਰਬੇਲਿ ਦਾ ਪੱਤਾ. ਤਾਂਬੂਲ. ਫ਼ਾ. پان "ਪਾਨ ਸੁਪਾਰੀ ਖਾਤੀਆ." (ਤਿਲੰ ਮਃ ੪) ੯. ਸੰ. ਪੀਣ ਦੀ ਕ੍ਰਿਯਾ. ਪੀਣਾ. "ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ." (ਗਉ ਥਿਤੀ ਮਃ ੫) ੧੦. ਜਲ. "ਮਿਥਿਆ ਭੋਜਨ ਪਾਨ." (ਸਾਰ ਮਃ ੫) "ਨ ਪਾਨ ਫੇਰ ਜਾਚਤੇ ਨ ਪ੍ਰਾਨ ਦੇਹ ਧਾਰਤੇ." (ਗੁਪ੍ਰਸੂ) ੧੧. ਸ਼ਰਾਬ. "ਪਾਨ ਡਰਾਇ ਕਸੁੰਭੜੋ ਰੂਰੋ." (ਚਰਿਤ੍ਰ ੧੧੧) ਦੇਖੋ, ਕਸੁੰਭੜਾ। ੧੨. ਅੰਮ੍ਰਿਤ. "ਹਰੋਂ ਆਜ ਪਾਨੰ." (ਰਾਮਾਵ) ਅੱਜ ਇੰਦ੍ਰ ਤੋਂ ਅਮ੍ਰਿਤ ਖੋਹ ਸਕਦਾ ਹਾਂ। ੧੩. ਪੀਣ ਦਾ ਪਾਤ੍ਰ। ੧੪. ਕੂਲ੍ਹ. ਨਹਰ। ੧੫. ਰਕ੍ਸ਼ਾ. ਰਖ੍ਯਾ। ੧੬. ਪੌ. ਪ੍ਰਪਾ. ਜਿਸ ਥਾਂ ਪਾਣੀ ਪਿਆਇਆ ਜਾਵੇ। ੧੭. ਜਯ. ਫ਼ਤੇ. ਜਿੱਤ।

**ਪਾਨਹਾਰ:** ਸੰਗ੍ਯਾ- ਪਾਣੀ ਢੋਣ ਵਾਲਾ. ਕਹਾਰ. "ਕਈ ਕੋਟਿ ਇੰਦ੍ਰ ਜਿਹ ਪਾਨਹਾਰ." (ਅਕਾਲ)

**ਪਾਨਹੀ:** ਜੁੱਤੀ. ਦੇਖੋ, ਪਨਹੀ. "ਤਾਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮ." (ਸ. ਕਬੀਰ)

**ਪਾਨਗੋਸ਼੍ਠੀ:** ਸੰ. ਸੰਗ੍ਯਾ- ਸ਼ਰਾਬ ਪੀਣ ਵਾਲਿਆਂ ਦੀ ਮਜਲਿਸ. Bacchanalia । ੨. ਭੈਰਵੀਚਕ੍ਰ.

**ਪਾਨਦ:** ਵਿ- ਪ੍ਰਾਣਦ. ਪ੍ਰਾਣ ਦੇਣ ਵਾਲਾ. "ਪਾਨਦ ਬੋਲਹਿਂ ਬਾਨੀ." (ਨਾਪ੍ਰ) ੨. ਪਾਨ (ਤਾਂਬੂਲ) ਦੇਣ ਵਾਲਾ। ੩. ਦੇਖੋ, ਪਾਨ ਅਤੇ ਦ.

**ਪਾਨਦਾਨ:** ਸੰਗ੍ਯਾ- ਪਾਨ ਰੱਖਣ ਦਾ ਪਾਤ੍ਰ. ਪਾਨਾਂ ਦਾ ਡੱਬਾ.

**ਪਾਨ ਦੇਣਾ:** ਕ੍ਰਿ- ਯੁੱਧ ਵਿੱਚ ਜਾਣ ਲੱਗੇ ਯੋਧੇ ਨੂੰ ਖਾਣ ਲਈ ਪਾਨ ਦੇਣਾ. ਦੇਖੋ, ਪਾਨ ਮੰਗਣਾ ਅਤੇ ਬੀੜਾ ਚੁੱਕਣਾ.

**ਪਾਨਧ:** ਸੰਗ੍ਯਾ- ਪਾਨ (ਜਲ) ਧਾਰਨ ਵਾਲਾ, ਸਮੁੰਦਰ (ਸਨਾਮਾ)

**ਪਾਨਨੁਚਾਰਾ:** ਪਾਨ- ਨ- ਉਚਾਰਾ. ਪਾਨ (ਪਾਣੀ) ਸ਼ਬਦ ਮੁਖ ਤੋਂ. ਨਾ ਉਚਾਰਿਆ. ਪਾਣੀ ਨਾ ਮੰਗਿਆ "ਪ੍ਰਾਨ ਤਜੇ ਤਿਨ ਪਾਨਨੁਚਾਰਾ." (ਰੁ ਤ੍ਰਾਵ)

**ਪਾਨਪ:** ਸੰ. ਵਿ- ਸ਼ਰਾਬ ਪੀਣ ਵਾਲਾ। ੨. ਧਾਰਮਿਕ ਮਦਰਾ (ਸੋਮਰਸ) ਪੀਣ ਵਾਲਾ। ੩. ਪਾਨ ਪਾਤ੍ਰ ਦਾ ਸੰਖੇਪ. ਪੀਣ ਦਾ ਬਰਤਨ. "ਕਈ ਇੰਦ੍ਰ ਪਾਨਪਹਾਰ." (ਬ੍ਰਹਮਾਵ) ਜਲ ਪਿਲਾਉਣ ਲਈ ਸੁਰਾਹੀ ਬਰਦਾਰ.

**ਪਾਨਪਾਨ:** ਪਾਤ੍ਰ ਅਤੇ ਪੀਣ ਯੋਗ੍ਯ ਪਦਾਰਥ. ਦੇਖੋ, ਪਾਨ। ੨. ਵਿ- ਪੀਣ ਯੋਗ੍ਯ ਪਦਾਰਥਾਂ ਵਿੱਚੋਂ ਸਾਰਰੂਪ. "ਨਮੋ ਪਾਨਪਾਨੇ." (ਜਾਪੁ)

**ਪਾਨਭੋਗ:** ਪਾਣਿਭੋਗ. ਹਸ੍ਤਮੈਥੁਨ. ਹੱਥਾਂ ਦਾ ਸੰਯੋਗ. ਦੋਹਾਂ ਹੱਥਾਂ ਨੂੰ ਪਰਸਪਰ ਮਥਨ ਦੀ ਕ੍ਰਿਯਾ. "ਕਰ ਬਾਮ ਮਾਤ੍ਰਿ ਸਮਾਨ। ਕਰ ਦੱਛਨਾਤ੍ਰਿ ਪ੍ਰਮਾਨ। ਕਿਯ ਪਾਨਭੋਗ ਬਿਚਾਰ। ਤਬ ਭਏ ਦੱਤ ਕੁਮਾਰ." (ਦੱਤਾਵ) ਖੱਬਾ ਹੱਥ ਮਾਤਾ ਰੂਪ ਹੋਇਆ ਅਤੇ

ਸੱਜਾ ਅਤ੍ਰਿ ਰਿਖੀ ਦਾ ਰੂਪ ਹੋਇਆ, ਦੋਹਾਂ ਦੇ ਮਿਲਾਪ ਤੋਂ ਦੱਤਾਤ੍ਰੇਯ ਦੀ ਉਤਪੱਤੀ ਹੋਈ.

ਪਾਨ ਮੰਗਣਾ: ਕ੍ਰਿ- ਯੁੱਧ ਵਿੱਚ ਜਾਣ ਲਈ ਤਿਆਰ ਹੋਣਾ. ਪਾਨ ਦਾ ਬੀੜਾ ਮੰਗਕੇ ਲੈਣਾ. "ਆਹਵਸਿੰਘ ਬਲੀ ਹੁਤੋ ਮਾਂਗ ਲਿਯੇ ਤਿਨ ਪਾਨ." (ਕ੍ਰਿਸ਼ਨਾਵ) ਦੇਖੋ, ਬੀੜਾ ਚੁੱਕਣਾ.

ਪਾਨਾ: ਦੇਖੋ, ਪਾਉਣਾ। ੨. ਪਾਨ ਕੀਤਾ. ਪੀਤਾ.

ਪਾਨਾਵਾੜੀ: ਨਾਗਬੇਲਿ ਦੀ ਬਗੀਚੀ. ਨਾਗਵੱਲੀ ਦੀ ਵਾੜੀ. "ਪਾਨਾਵਾੜੀ ਹੋਇ ਘਰਿ ਖਰ ਸਾਰ ਨ ਜਾਣੈ." (ਤਿਲੰ ਮਃ ੧)

ਪਾਨਿ: ਦੇਖੋ, ਪਾਣੀ ਅਤੇ ਪਾਨੀ.

ਪਾਨਿਗ੍ਰਹਣ: ਦੇਖੋ, ਪਾਣਿਗ੍ਰਹਣ.

ਪਾਨਿਨਿ: ਸੰਗਯਾ- ਪਾਣੀ (ਜਲ) ਧਾਰਨ ਵਾਲੀ ਪ੍ਰਿਥਿਵੀ (ਸਨਾਮਾ) ੨. ਦੇਖੋ, ਪਾਣਿਨਿ.

ਪਾਨਿਪ: ਸੰਗਯਾ- ਪਾਣ. ਚਮਕ. ਸ਼ੋਭਾ. "ਪ੍ਰਾਨ ਔਰ ਪਾਨਿਪ ਧਨ ਰਾਜਾ." (ਚਰਿਤ੍ਰ ੪੦੫) ੨. ਪਾਣੀ. ਜਲ.

ਪਾਨੀ: ਸੰ. ਪਾਨੀਯ. ਪੀਣ ਯੋਗ ਪਦਾਰਥ. ਜਲ. "ਪਾਨੀ ਮਾਹਿ ਦੇਖੁ ਮੁਖ ਜੈਸਾ." (ਕਾਨ ਨਾਮਦੇਵ) ੨. ਸ਼ਰਾਬ. ਮਦਯ. "ਇਕਤੁ ਪਤਰਿ ਭਰਿ ਪਾਨੀ." (ਆਸਾ ਕਬੀਰ) ੩. ਭਾਵ- ਮਾਤਾ ਦੀ ਰਜ. "ਪਾਨੀ ਮੈਲਾ ਮਾਟੀ ਗੋਰੀ." (ਗਉ ਕਬੀਰ) ਇੱਥੇ ਮੈਲਾ ਅਤੇ ਗੋਰੀ ਸ਼ਬਦ ਰਜ ਅਤੇ ਮਣੀ ਦੇ ਰੰਗ ਤੋਂ ਹੈ। ੪. ਆਬ. ਚਮਕ.

ਪਾਨੀਹਾਰ: ਸੰਗਯਾ- ਪਾਣੀ ਢੋਣ ਵਾਲਾ, ਕਹਾਰ. ਭਾਵ- ਦਾਸ. "ਰਾਮਭਗਤ ਕੇ ਪਾਨੀਹਾਰ." (ਗੌਂਡ ਮਃ ੫)

ਪਾਨੀਦੇਵਾ: ਪਾਣੀ ਦੇਣ ਵਾਲਾ. ਹਿੰਦੂਮਤ ਅਨੁਸਾਰ ਮੋਏ ਪਿਤਰਾਂ ਨੂੰ ਪਾਣੀ ਦੇਣ ਵਾਲਾ ਪੁਤ੍ਰ ਪੋਤਾ ਆਦਿ ਸੰਬੰਧੀ. "ਪਾਨੀਦੇਵਾ ਰਹਜੋ ਨ ਕੋਈ." (ਗੁਪ੍ਰਸੂ)

ਪਾਨੀਪਤ: ਪੰਜਾਬ ਦੇ ਜਿਲਾ ਕਰਨਾਲ ਵਿੱਚ ਇੱਕ ਨਗਰ, ਜਿਸ ਦੇ ਮੈਦਾਨ ਵਿੱਚ ਬਾਬਰ ਨੇ ਇਬਰਾਹੀਮ ਲੋਦੀ ਨੂੰ ਸਨ ੧੫੨੬ ਵਿੱਚ ਜਿੱਤਕੇ ਦਿੱਲੀ ਦਾ ਸਿੰਘਾਸਨ ਮੱਲਿਆ. ਇਸ ਨਗਰ ਦੇ ਆਸ ਪਾਸ ਦੀ ਜ਼ਮੀਨ ਵਿਦੇਸ਼ੀ ਅਤੇ ਭਾਰਤ ਦੇ ਪ੍ਰਸਿੱਧ ਰਾਜਿਆਂ ਦੀ ਜੰਗਭੂਮਿ ਰਹੀ ਹੈ. ਇੱਥੇ ਹੀ ਸਨ ੧੭੬੧ ਵਿੱਚ ਅਹਮਦਸ਼ਾਹ ਅਬਦਾਲੀ ਨੇ ਮਰਹਟਿਆਂ ਦਾ ਸਰਵਨਾਸ਼ਾ ਕੀਤਾ ਸੀ. ਸਤਿਗੁਰੂ ਨਾਨਕ ਦੇਵ ਭੀ ਇਸ ਥਾਂ ਪਧਾਰੇ ਹਨ, ਅਰ ਸ਼ੇਖ਼ ਤਾਹਰ ਨਾਲ (ਜਿਸ ਨੂੰ ਜਨਮਸਾਖੀ ਵਿੱਚ ਟਟੀਹਰੀ ਸ਼ੇਖ ਲਿਖਿਆ ਹੈ) ਚਰਚਾ ਹੋਈ ਹੈ. ਸ਼ੇਖ਼ ਤਾਹਰ ਅਬੂ ਅ਼ਲੀ ਕ਼ਲੰਦਰ ਦੀ ਸੰਪ੍ਰਦਾਯ ਦਾ ਸਾਧੂ ਸੀ. ਦੇਖੋ, ਸ਼ੇਖ਼ ਸ਼ਰਫ਼.

ਪਾਨੀ ਭਰਨਾ: ਭਾਵ- ਅਧੀਨ ਹੋਕੇ ਸੇਵਾ ਕਰਨੀ. ਹੁਕਮ ਸਿਰ ਮੰਨਣਾ ਅਰ ਅਪਮਾਨ ਪ੍ਰਗਟ ਕਰਨ ਵਾਲੀ ਸੇਵਾ ਭੀ ਕਰਨ ਵਿੱਚ ਸੰਕੋਚ ਨਾ ਕਰਨਾ. "ਪਾਨੀ ਸਕਤਿ ਭਰੀਜੈ." (ਕਲਿ ਅਃ ਮਃ ੪) ਸ਼ਕਤਿ (ਮਾਯਾ) ਪਾਣੀ ਭਰਦੀ ਹੈ.

ਪਾਨੀਲਾਗ: ਵਿਦੇਸ਼ ਦੇ ਪਾਣੀ ਦਾ ਸਿਹਤ ਪੁਰ ਬੁਰਾ ਅਸਰ। ੨. ਪਾਣੀ ਦ੍ਵਾਰਾ ਕਿਸੇ ਰੋਗ ਦਾ ਲਗਣਾ। ੩. ਵਿਦੇਸ਼ ਦੇ ਜਲ ਦਾ ਸੁਭਾਵ ਪੁਰ ਅਸਰ.

ਪਾਨੋ: ਸੰ. ਪਾਨੀਯ. ਸੰਗਯਾ- ਜਲ. ਪਾਣੀ. "ਤੁਮਰੋ ਦੂਧ. ਬਿਦਰ ਕਉ ਪਾਨੋ." (ਮਾਰੂ ਕਬੀਰ)

ਪਾਪ, ਪਾਪੁ: ਸੰ. ਧਾਧ. ਸੰਗਯਾ- ਜਿਸ ਤੋਂ ਆਪਣੇ ਆਪ ਨੂੰ ਬਚਾਈਏ, ਅਜੇਹਾ ਕਰਮ. ਦੋਸ਼. ਗੁਨਾਹ. ਕੁਕਰਮ. "ਪਰਹਰਿ ਪਾਪੁ ਪਛਾਣੈ ਆਪ." (ਓਅੰਕਾਰ) ੨. ਵਿ- ਪਾਪੀ। ੩. ਨੀਚ। ੪. ਅਸ਼ੁਭ. ਅਮੰਗਲ.

ਮਹਾਭਾਰਤ ਵਿੱਚ ਦਸ ਮਹਾ ਪਾਪ ਲਿਖੇ ਹਨ- ਹਿੰਸਾ, ਚੋਰੀ. ਪਰਇਸਤ੍ਰੀਗਮਨ, ਝੂਠ, ਕੌੜਾ ਬੋਲ, ਚੁਗਲੀ. ਵਾਇਦੇਖਿਲਾਫੀ, ਬੁਰਾ ਚਿਤਵਣਾ, ਬੇਰਹਮੀ, ਪੁੰਨ ਦਾਨ ਆਦਿ ਕਰਕੇ ਉਸ ਦੇ ਫਲ ਦੀ ਕਾਮਨਾ ਕਰਨੀ.

ਮਨੁ ਸਿਮ੍ਰਿਤਿ ਦੇ ੧੧. ਵੇਂ ਅਧ੍ਯਾਯ ਦੇ ਸ਼ਲੋਕ ੫੪ ਵਿੱਚ ਪੰਜ ਮਹਾ ਪਾਪ ਲਿਖੇ ਹਨ- ਬ੍ਰਹਮਹਤ੍ਯਾ, ਸ਼ਰਾਬ ਪੀਣੀ, ਚੋਰੀ, ਗੁਰੂ ਦੀ ਇਸਤ੍ਰੀ ਭੋਗਣੀ, ਇਨ੍ਹਾਂ ਪਾਪੀਆਂ ਦੇ ਨਾਲ ਮੇਲ ਕਰਨਾ. ਦੇਖੋ, ਪਾਤਕ ੨.

ਗੁਰਮਤ ਵਿੱਚ ਕਰਤਾਰ ਤੋਂ ਵਿਮੁਖਤਾ, ਉੱਦਮ ਦਾ ਤਿਆਗ, ਅਤੇ ਦਿਲ ਦੁਖਾਉਣਾ, ਤਿੰਨ ਉਗ੍ਰ ਪਾਪ ਹਨ. ਰਹਿਤਨਾਮਿਆਂ ਵਿੱਚ ਮੁੰਡਨ, ਵਿਭਚਾਰ, ਤਮਾਕੂ ਦਾ ਸੇਵਨ ਅਤੇ ਕੁੱਠਾ ਖਾਣਾ ਚਾਰ ਮਹਾ ਪਾਪ ਹਨ.

ਬਾਈਬਲ ਵਿੱਚ ਸੱਤ ਪਾਪ ਲਿਖੇ ਹਨ- ਅਭਿਮਾਨ, ਵਿਭਚਾਰ, ਈਰਖਾ, ਕ੍ਰੋਧ, ਲੋਭ, ਜੀਭਰਸ (ਪੇਟਦਾਸੀਆ ਹੋਣਾ) ਅਤੇ ਆਲਸ. ਦੇਖੋ, ਸੱਤ ਕੁਕਰਮ.

ਪਾਪਹਰ, ਪਪਹਾ: ਵਿ- ਪਾਪ ਨਾਸ਼ ਕਰਤਾ. ਪਾਪ ਵਿਨਾਸ਼ਕ। ੨. ਸੰਗ੍ਯਾ- ਕਰਤਾਰ ਨਾਮ.

ਪਾਪਖੰਡਨ: ਵਿ- ਪਾਪ ਨਾਸ਼ ਕਰਤਾ."ਪਾਪਖੰਡਨ ਪ੍ਰਭੁ ਤੇਰੋ ਨਾਮ." (ਰਾਮ ਮਃ ੫) ੨. ਸੰਗ੍ਯਾ- ਸਿੱਖ- ਧਰਮ.

ਪਾਪਗਰਹ: ਸੰ. ਪਾਪਗ੍ਰਹ. ਸੰਗ੍ਯਾ- ਜ੍ਯੋਤਿਸ਼ ਅਨੁਸਾਰ ਸੂਰਜ, ਮੰਗਲ, ਸ਼ਨਿ, ਰਾਹੁ ਅਤੇ ਕੇਤੁ. ਅਥਵਾ ਇਨ੍ਹਾਂ ਗ੍ਰਹਾਂ ਨਾਲ ਮਿਲਿਆ ਹੋਇਆ ਬੁਧ. "ਪਾਪ ਗਰਹ ਦੁਇ ਰਾਹੂ." (ਵਾਰ ਮਾਝ ਮਃ ੧)

ਪਾਪਗੇ: ਵਿ- ਪਾਪਗ੍ਰਸਿਤ. ਪਾਪ ਦੇ ਗਹੇ (ਗ੍ਰਸੇ) ਹੋਏ. "ਹਮ ਰਾਖਹੁ ਵਡ ਪਾਪਗੇ." (ਨਟ ਮਃ ੪)

ਪਾਪਗ੍ਰਹ: ਦੇਖੋ, ਪਾਪਗਰਹ.

ਪਾਪਣ, ਪਾਪਣਿ: ਵਿ- ਪਾਪ ਕਰਨ ਵਾਲੀ. "ਆਈ ਪਾਪਣਿ ਪੂਤਨਾ." (ਭਾਗੁ)

ਪਾਪਨਾਸਨੀਸ ਅਸਤ੍ਰ: ਸੰਗ੍ਯਾ- ਪਾਪਨਾਸ਼ਨੀ ਗੰਗਾ, ਉਸ ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਫਾਸੀ. ਪਾਸ਼ (ਸਨਾਮਾ)

ਪਾਪਨਾਰੀ: ਸੰਗ੍ਯਾ- ਵੇਸ਼੍ਯਾ। ੨. ਵਿਭਚਾਰ ਕਰਨ ਵਾਲੀ ਇਸਤ੍ਰੀ. ਕੁਲਟਾ. ਦੇਖੋ, ਧਰਮਨਾਰੀ.

ਪਾਪਬਿਨਾਸਨੁ: ਵਿ- ਪਾਪ ਵਿਨਾਸ਼ ਕਰਤਾ। ੨. ਸੰਗ੍ਯਾ- ਵਾਹਗੁਰੂ. "ਪਾਪਬਿਨਾਸਨੁ ਸੇਵਿਆ." (ਮਾਝ ਅਃ ਮਃ ੫) ੩. ਕਰਤਾਰ ਦਾ ਨਾਮ.

ਪਾਪਰ: ਦੇਖੋ, ਪਾਪੜ.

ਪਾਪਰਤ: ਵਿ- ਪਾਪ ਵਿੱਚ ਹੈ ਜਿਸ ਦਾ ਪ੍ਰੇਮ. "ਪਾਪ ਰਤ ਕਰਝਾਰ." (ਸਾਰ ਮਃ ੫)

ਪਾਪੜ: ਸੰ. ਪਪੰਟ. ਸੰਗ੍ਯਾ- ਇੱਕ ਪ੍ਰਕਾਰ ਦੀ ਪਤਲੀ ਚਪਾਤੀ, ਜੋ ਮਾਂਹ ਮੂੰਗੀ ਆਦਿ ਦੀ ਕਰੜੀ ਪੀਠੀ ਤੋਂ ਵੇਲਕੇ ਤਿਆਰ ਕਰੀਦੀ ਹੈ. ਇਸ ਵਿੱਚ ਮਿਰਚ ਮਸਾਲੇ ਮਿਲੇ ਹੁੰਦੇ ਹਨ. ਕੋਲਿਆਂ ਦੇ ਸੇਕ ਨਾਲ ਰਾੜ੍ਹਕੇ ਜਾਂ ਘੀ ਆਦਿ ਵਿੱਚ ਤਲਕੇ ਇਸ ਨੂੰ ਖਾਧਾ ਜਾਂਦਾ ਹੈ. ਪਾਪੜ ਖਾਣੇ ਮੇਦੇ ਲਈ ਹਾਨਿਕਾਰਕ ਹਨ.

ਪਾਪੜਾ: ਸੰਗ੍ਯਾ- ਪਾਪ. ਦੋਸ਼. ਗੁਨਾਹ. "ਪਾਪੜਿਆ ਪਛਾੜਿ." (ਵਾਰ ਗੂਜ ੨. ਮਃ ੫) ੨. ਦੇਖੋ, ਪਿੱਤ- ਪਾਪੜਾ.

ਪਾਪੜਿਆਂ: ਪਾਪਾਂ ਨੂੰ. ਦੇਖੋ, ਪਾਪੜਾ.

ਪਾਪਾਕ੍ਰਾਂਤ: ਵਿ- ਪਾਪ- ਆਕ੍ਰਾਂਤ. ਪਾਪ ਨਾਲ ਦਬਾਇਆ ਹੋਇਆ. "ਪਾਪਾਕ੍ਰਾਂਤ ਧਰਾ ਭਈ." (ਕਲਕੀ) ਪਾਪਾਂ ਨਾਲ ਜ਼ਮੀਨ ਦਬਾਊ ਹੋ ਗਈ। ੨. ਪਾਪ ਕਰਕੇ ਘਿਰਿਆ ਹੋਇਆ.

ਪਾਪਾਤਮਾ: ਸੰ. पापात्मन्. ਵਿ- ਦੁਸ਼੍ਟਾਤਮਾ. ਜਿਸ ਦਾ ਮਨ ਸਦਾ ਪਾਪ ਵਿੱਚ ਰਹੇ. "ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ!" (ਸਹਸ ਮਃ ੫)

ਪਾਪਿ: ਪਾਪ ਕਰਕੇ. ਪਾਪ ਸੇ. "ਪਾਪਿ ਲਦੇ ਪਾਪੇ ਪਾਸਾਰਾ." (ਓਅੰਕਾਰ)

ਪਾਪਿਸਟ: ਸੰ. ਪਾਪਿਸ਼੍ਟ. ਵਿ- ਮਹਾ ਪਾਪੀ. ਜੋ ਸਦਾ ਪਾਪ ਕਰੇ. "ਤਿਨ ਦਾ ਦਰਸਨ ਨਾ ਕਰਹੁ ਪਾਪਿਸਟ ਹਤਿਆਰੀ." (ਵਾਰ ਸੋਰ ਮਃ ੪) "ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ." (ਬਿਲਾ ਮਃ ੫) ਪਾਪੀ ਸ਼ਰੀਰ ਨੂੰ ਮਿਲਕੇ ਉੱਤਮ ਪਦਾਰਥ ਦੁਰਗੰਧ ਵਾਲੇ ਹੋ ਗਏ.

ਪਾਪੀ: ਸੰ. ਧਾਪਿਨ੍. ਵਿ- ਪਾਪ ਕਰਨ ਵਾਲਾ. ਦੋਸ਼ੀ. ਪਾਤਕੀ. ਅਘੀ. "ਪਾਪੀ ਹਿਐ ਮੈ ਕਾਮ ਬਸਾਇ." (ਬਸੰ ਮਃ ੯)

ਪਾਪੇ: ਪਾਪ ਦਾ ਹੀ. "ਪਾਪੇ ਪਾਸਾਰਾ." (ਓਅੰਕਾਰ)

ਪਾਪੋਸ਼: ਫ਼ਾ. پاپوش ਸੰਗਜਾ. ਪੈਰਾਂ ਦਾ ਗਿਲਾਫ. ਪੈਰੀਂ ਪਹਿਰਣ ਦੀ ਜੁੱਤੀ. ਪਨਹੀ.

ਪਾਬੰਦ: ਫ਼ਾ. پابند ਵਿ- ਪਗਬੰਧਨ ਸਹਿਤ. ਬੰਨ੍ਹਿਆ ਹੋਇਆ। ੨. ਕਿਸੇ ਨਿਯਮ ਅਥਵਾ ਆਗਜਾ ਦੇ ਅਦੀਨ। ੩. ਸੰਗਜਾ- ਕੈਦੀ.

ਪਾਬੰਦੀ: ਫ਼ਾ. پابندی ਸੰਗਜਾ- ਅਦੀਨਤਾ. ਪਾਬੰਦ ਹੋਣ ਦਾ ਭਾਵ। ੨. ਨਿਯਮ ਅਤਵਾ ਆਗਜਾ ਪਾਲਨ ਲਈ ਅਧੀਨਤਾ.

ਪਾਮ: ਸੰਗਜਾ- ਪਾਦ. ਪਾਂਵ. ਪੈਰ. ਚਰਣ. "ਤਰੇ ਤਾਪ ਧੂਮੰ ਕਰੈਂ ਪਾਮ ਉੱਚੰ." (ਦੱਤਾਵ) ਸਿਰ ਤਲੇ ਅੱਗ ਅਤੇ ਪੈਰ ਉੱਚੇ ਕਰਕੇ। ੨. ਦੇਖੋ, ਪਾਉਂ ੨.

ਪਾਮਰ: ਸੰ. ਪਾ- ਮਰ. ਵਿ- ਰਖਜਾ ਕਰਨ ਵਾਲੇ ਨੂੰ ਜੋ ਮਾਰ ਦੇਵੇ। ੨. ਕਮੀਨਾ. ਪਾਜੀ. ਦੁਸ਼੍ਟ। ੩. ਧਰਮ ਦਾ ਵੈਰੀ। ੪. ਪਾਮ (ਪਾਉਂ) ਰੋਗ ਵਾਲਾ.

ਪਾਮਰਿ, ਪਾਮਰੀ: ਸੰਗਜਾ- ਫਰਗਲ. ਸੰ. ਪ੍ਰਾਵਿਤ੍ਰ. ਸਰਦੀ ਸਮੇਂ ਪਹਿਰਨ ਦਾ ਵਡਾ ਚੋਲਾ. "ਸ਼ਜਾਮਸੇਤ ਨੀਲੀ ਲਾਲ ਜ਼ਰਦ ਸਬਜ਼ ਰੰਗ, ਗੁਰੂ ਜੀ ਗੁਬਿੰਦ ਐਸੀ ਮੌਜ ਦੇਤ ਪਾਮਰੀ." (ਮੰਗਲ ਕਵਿ) ੨. ਸੰ. ਪਾਮ- ਅਰਿ. ਪਾਂਉਂ ਰੋਗ ਦੀ ਵੈਰਣ ਗੰਧਕ.

ਪਾਮਾ: ਦੇਖੋ, ਪਾਉਂ। ੨.

ਪਾਮਾਲ: ਫ਼ਾ. پامال ਵਿ- ਪੈਰਾਂ ਨਾਲ ਮਲਿਆ ਹੋਇਆ. ਪਦਦਲਿਤ। ੨. ਤਬਾਹ. ਬਰਬਾਦ.

ਪਾਯ: ਕ੍ਰਿ ਵਿ- ਪਾਕੇ. ਪ੍ਰਾਪਤ ਕਰਕੇ। ੨. ਫ਼ਾ. پائے ਸੰਗਜਾ- ਪੈਰ. ਪਾਦ. ਚਰਣ।੩ ਸੰ. ਵਿ- ਪੀਣ ਯੋਗਜ. ਪੀਨੇ ਲਾਇਕ੍। ੪. ਸੰਗਜਾ- ਜਲ.

ਪਾਯਉ: ਪ੍ਰਾਪਤ ਕੀਤਾ. ਪਾਇਆ. "ਪਾਯਉ ਨਾਮ ਨਿਵਾਸ." (ਸਵੈਯੇ ਮਃ ੩. ਕੇ)

ਪਾਯਸ: ਸੰਗਜਾ- ਪਯ (ਦੁੱਧ) ਦਾ ਬਣਿਆ ਹੋਇਆ ਪਦਾਰਥ। ੨. ਖੀਰ। ੩. ਖੋਆ.

ਪਾਯਹ: ਫ਼ਾ. پایہ ਸੰਗਜਾ- ਪਾਵਾ. ਚੌਕੀ ਮੰਜੇ ਆਦਿ ਦਾ ਪੈਰ। ੨. ਖੰਭਾ. ਥਮਲਾ। ੩. ਪਦ. ਦਰਜਾ. ਪਦਵੀ। ੪. ਪੌੜੀ. ਸੀਢੀ.

ਪਾਯਕ: ਦੇਖੋ, ਪਾਇਕ.

ਪਾਯਤਖ਼ਤ: ਫ਼ਾ. ਪਾਯਹ- ਤਖ਼ਤ. ਰਾਜਧਾਨੀ. ਦਾਰੁਲ. ਖ਼ਿਲਾਫ਼ਤ.

ਪਾਯਦਾਰ: ਫ਼ਾ. پائیدار ਵਿ- ਦ੍ਰਿੜ੍ਹ ਪੈਰ ਰੱਖਣ ਵਾਲਾ। ੨. ਮਜਬੂਤ. ਚਿਰਤੀਕ ਰਹਿਣ ਵਾਲਾ.

ਪਾਯਦਾਰੀ: ਫ਼ਾ. پائیداری ਸੰਗਜਾ- ਮਜਬੂਤੀ. ਦ੍ਰਿੜ੍ਹਤਾ.

ਪਾਯਾ: ਦੇਖੋ, ਪਾਯਹ.

ਪਾਯਾਲ: ਦੇਖੋ, ਪਾਤਾਲ.

ਪਾਯਾਲਿਭਗਤ: ਸੰਗਯਾ- ਪਾਤਾਲ ਵਿੱਚ ਰਹਿਣ ਵਾਲਾ ਭਗਤ. ਪਾਤਾਲ ਨਿਵਾਸੀ ਭਗਤ, ਰਾਜਾ ਬਲਿ. "ਗੁਣ ਗਾਵਹਿ ਪਾਯਾਲਿਭਗਤ." (ਸਵੈਯੇ ਮਃ ੧. ਕੇ) ੨. ਸ਼ੇਸ਼ਨਾਗ.

ਪਾਯਿਕ: ਦੇਖੋ, ਪਾਇਕ.

ਪਾਯੀ: ਸੰ. पायिन्. ਵਿ- ਪੀਣ ਵਾਲਾ। ੨. ਦੇਖੋ, ਪਾਈ.

ਪਾਯੁ: ਸੰ. ਰਕ੍ਸ਼ਕ. ਪਹਰੇ ਵਾਲਾ. ਚੌਕੀਦਾਰ। ੨. ਗੁਦਾ, ਮੂਲਦ੍ਵਾਰ.

ਪਾਯੰਦਾਜ: ਦੇਖੋ, ਪਾਅੰਦਾਜ਼.

ਪਾਰ: ਸੰਗਯਾ- ਪਾੜ. ਸੰਨ੍ਹ. ਨਕ਼ਬ. "ਇਸ ਕੋ ਪਾਰ ਦਯੋ ਦਰਸਾਵੈ." (ਗੁਪ੍ਰਸੂ) ੨. ਸੰ. पार्. ਧਾ- ਸਮਾਪਤ ਕਰਨਾ, ਪੂਰਾ ਕਰਨਾ। ੩. ਸੰਗਯਾ- ਦੂਜਾ ਕਿਨਾਰਾ. ਪਰਲਾ ਕਿਨਾਰਾ. ਅਪਰ ਤਟ. "ਪਾਰ ਪਰੇ ਜਗਸਾਗਰ ਤੇ." (ਗੁਪ੍ਰਸੂ) ੪. ਅੰਤ. ਹੱਦ. "ਪਾਰ ਨ ਪਾਇ ਸਕੈ ਪਦਮਾਪਤਿ." (ਅਕਾਲ) ੫. ਕ੍ਰਿ. ਵਿ- ਪਰਲੇ ਪਾਸੇ. ਦੂਜੀ ਵੱਲ। ੬. ਦੇਖੋ, ਪਾਰਿ. ਪਾੜਕੇ. "ਉਰ ਤੇ ਪਰਦਾ ਭ੍ਰਮ ਕੋ ਸਭ ਪਾਰ." (ਗੁਪ੍ਰਸੂ) ੭. ਫ਼ਾ. پار ਪਿਛਲਾ ਸਾਲ. ਵੀਤਿਆ ਵਰ੍ਹਾ। ੮. ਫ਼ਾ. پارہ ਪਾਰਹ. ਖੰਡ ਟੁਕੜਾ. ਟੂਕ. "ਸਿਰ ਕਰਵਤ ਸਹਿ ਤਰੁ ਪਾਰ ਪਾਰ ਹੈ." (ਭਾਗੁ ਕ) ਪਾਰਹ ਪਾਰਹ ਹੁੰਦਾ ਹੈ.

ਪਾਰਸ: ਸੰ. ਸੰਗਯਾ- ਫ਼ਾਰਸ ਦੇਸ਼. Persia ਪਾਰਸਜ ਫ਼ਾ. پارس ਈਰਾਨ. ਹਿੰਦੁਸਤਾਨ ਦੇ ਲਹਿੰਦੇ ਵੱਲ ਸੇਂਟ੍ਰਲ ਏਸ਼ੀਆ ਦਾ ਦੇਸ਼, ਜੋ ਟਰਕੀ Turkey ਬਲੋਚਿਸਤਾਨ ਅਤੇ ਅਫਗਾਨਿਸਤਾਨ ਕਰਕੇ ਘਿਰਿਆ ਹੋਇਆ ਹੈ. ਇਸ ਦਾ ਰਕਬਾ ੬੨੮, ੦੦੦ ਵਰਗ ਮੀਲ ਹੈ. ਆਬਾਦੀ ਇੱਕ ਕਰੋੜ 10 millions ਅਨੁਮਾਨ ਕੀਤੀ ਗਈ ਹੈ. ਰਾਜਧਾਨੀ Teheran ਹੈ. ਰਾਜ ਦਾ ਪ੍ਰਬੰਧ ਦੇਸ਼ ਦੀ ਚੁਣੀ ਹੋਈ ਮੰਡਲੀ (ਮਜਲਿਸ) ਦੇ ਹੱਥ ਹੈ. ਸ਼ਾਹ ਦਾ ਨਾਮ ਰਿਜ਼ਾਖ਼ਾਨ ਪਹਲਵੀ ਹੈ, ਜੋ ੧੬. ਦਿਸੰਬਰ ਸਨ ੧੯੨੫ ਤੋਂ ਤਖ਼ਤ ਤੇ ਬੈਠਾ ਹੈ. ੨. ਸੰ. ਸ੍ਪਰਸ਼ੰ. ਇੱਕ ਕਲਪਿਤ ਪੱਥਰ, ਜਿਸ ਦੇ ਛੁਹਣ ਤੋਂ ਲੋਹੇ ਦਾ ਸੋਨਾ ਹੋਣਾ ਮੰਨਿਆ ਜਾਂਦਾ ਹੈ. ਸ੍ਪਰਸ਼ੰ ਮਣਿ. Philosopher's stone "ਲੋਹਾ ਹਿਰਨ ਹੋਵੇ ਸੰਗਿ ਪਾਰਸ" (ਕਾਨ ਮਃ ੪) ੩. ਪਾਰਸਨਾਥ. (ਪਾਸ਼੍ਵੰਨਾਥ) ਦਾ ਸੰਖੇਪ. "ਪਾਰਸ ਕਰ ਡੰਡੌਤ ਘਰ ਆਏ." (ਪਾਰਸਾਵ)

ਪਾਰਸ਼ਦ: ਦੇਖੋ, ਪਾਰਖਦ.

ਪਾਰਸਨਾਥ: ਸੰ. ਪਾਸ਼੍ਵੰਨਾਥ. ਇਕ੍ਸ਼੍ਵਾਕੁਵੰਸ਼ੀ ਰਾਜਾ ਅਸ਼੍ਵਸੇਨ ਵਾਰਾਣਸੀਪਤਿ ਦਾ, ਵਾਮਾ ਰਾਣੀ ਦੇ ਉਦਰੋਂ ਪੈਦਾ ਹੋਇਆ ਪੁਤ੍ਰ. ਵਾਮਾਦੇਵੀ ਨੇ ਗਰਭ ਸਮੇਂ ਇੱਕ ਵਾਰ ਆਪਣੇ ਪਾਸ਼੍ਵੰ (ਕੋਲ) ਸਰਪ ਦੇਖਿਆ ਅਤੇ ਬਾਲਕ ਦੇ ਸ਼ਰੀਰ ਪੁਰ ਸਰਪ ਦਾ ਚਿੰਨ੍ਹ ਸੀ, ਇਸ ਲਈ ਨਾਮ ਪਾਸ਼੍ਵੰਨਾਥ ਰੱਖਿਆ. ਇਸ ਦਾ ਵਿਆਹ ਕੁਸ਼ਸ੍ਥਾਨ ਦੇ ਰਾਜਾ ਪ੍ਰਸੇਨਜਿਤ ਦੀ ਪੁਤ੍ਰੀ ਪ੍ਰਭਾਵਤੀ ਨਾਲ ਹੋਇਆ. ਇਹ ਵਡਾ ਪ੍ਰਤਾਪੀ ਅਤੇ ਉਦਾਰਾਤਮਾ ਹੋਇਆ ਹੈ. ਇੱਕ ਵਾਰ ਜੀਵ ਹਿੰਸਾ ਤੋਂ ਗਿਲਾਨੀ ਹੋਣ ਪੁਰ ਇਹ ਜੈਨ ਧਰਮੀ ਹੋ ਗਿਆ ਅਰ ਤਪ ਦੇ ਬਲ ਨਾਲ ਤੇਈਹਵਾਂ ਤੀਰਥੰਕਰ ਬਣਿਆ. ਦੇਖੋ, ਤੀਰਥੰਕਰ.

ਪਾਰਸਨਾਥ ਦਾ ਜਨਮ ਪੋਹ ਬਦੀ ੧੦. ਅਤੇ ਦੇਹਾਂਤ ਸਾਵਣ ਸੁਦੀ ਅਸ਼੍ਟਮੀ ਨੂੰ ਹੋਇਆ ਸੀ. ਇਸ ਦਾ ਸਮਾਂ ਵਿਦ੍ਵਾਨਾਂ ਨੇ ਸਨ ਈਸਵੀ ਤੋਂ ੫੯੯ ਵਰ੍ਹੇ ਪਹਿਲਾਂ ਮੰਨਿਆ ਹੈ। ੨. ਬੰਗਾਲ ਦੇ ਹਜ਼ਾਰੀਬਾਗ ਜਿਲੇ ਵਿੱਚ ਇੱਕ ਪਹਾੜੀ ਅਤੇ ਉਸ ਦਾ ਪ੍ਰਸਿੱਧ ਜੈਨ ਮੰਦਿਰ, ਜਿੱਥੇ ਪਾਰਸਨਾਥ ਨੇ, ਸ਼ਰੀਰ ਤਿਆਗਿਆ ਹੈ। ੩. ਦਸ਼ਮਗ੍ਰੰਥ ਵਿੱਚ ਪਾਰਸਨਾਥ ਨੂੰ ਸ਼ਿਵ ਦਾ ਅਵਤਾਰ ਲਿਖਿਆ ਹੈ, ਇਸ ਨੇ ਦੱਤਾਤ੍ਰੇਯ ਦਾ ਮਤ ਦੂਰ ਕਰਕੇ ਆਪਣਾ ਮਤ ਜਗਤ ਵਿੱਚ ਚਲਾਇਆ. "ਪਾਰਸਨਾਥ ਬਡੋ ਰਣ ਪਾਰਜੋ। ਆਪਨ ਪ੍ਰਚੁਰ ਜਗਤ ਮਤ ਕੀਨਾ, ਦੇਵਦੱਤ ਕੋ ਟਾਰਜੋ." (ਪਾਰਸਾਵ)

ਪਾਰਸ ਪਰਸਪਰਾ: (ਬਾਵਨ) ਗੁਰੁ ਰੂਪ ਪਾਰਸ ਛੁਹਕੇ ਪਰਸਪਰ ਪਾਰਸਭਾਵ ਕਰ ਦੇਂਦਾ ਹੈ. ਅਰਥਾਤ ਪਾਰਸ ਲੋਹੇ ਨੂੰ ਸੋਨਾ ਕਰਦਾ ਹੈ, ਪਰ ਪਾਰਸ ਨਹੀਂ ਬਣਾਉਂਦਾ, ਪਰ ਗੁਰੂ ਆਪਣੇ ਤੁੱਲ ਕਰਦਾ ਹੈ.

ਪਾਰਸਭਾਗ: ਭਾਈ ਅੱਡਨਸ਼ਾਹ ਕ੍ਰਿਤ, ਇਮਾਮ ਗਜ਼ਾਲੀ ਦੀ "ਕੀਮੀਆ ਸਅ਼ਦਤ" ਕਿਤਾਬ ਦਾ ਉਲਥਾ, ਜਿਸ ਵਿੱਚ ਉੱਤਮ ਸਿਖ੍ਯਾ ਹੈ.

ਪਾਰਸਾ: ਫ਼ਾ. پرسا ਵਿ- ਪਾਪ ਤੋਂ ਬਚਣ ਵਾਲਾ. ਪਰਹੇਜ਼ਗਾਰ. ਪਵਿਤ੍ਰਾਤਮਾ। ੨. ਜਿਤੇਂਦ੍ਰਿਯ.

ਪਾਰਸੀ: ਵਿ- ਪਾਰਸ (ਫ਼ਾਰਸ) ਦੇਸ਼ ਦਾ. ਸੰ. ਪਾਰਸੀਕ। ੨. ਸੰਗ੍ਯਾ- ਪਾਰਸ ਦੇਸ਼ ਦੀ ਭਾਸ਼ਾ (ਬੋਲੀ- ਫਾਰਸੀ). ੩. ਪਾਰਸ ਦੇਸ਼ ਦਾ ਵਸਨੀਕ। ੪. ਅਸੁਰਮਯ (ਜ਼ਰਦੁਸ਼੍ਤ ਅਥਵਾ ਜ਼ਰਦੁਸ੍ਤ) ਪੈਗ਼ੰਬਰ ਦਾ ਮਤ ਧਾਰਨ ਵਾਲਾ. ਪਾਰਸੀਲੋਕ ਅਗਨਿਪੂਜਕ ਹਨ. ਇਨ੍ਹਾਂ ਦੇ ਮੰਦਿਰਾਂ ਵਿੱਚ ਅਗਨੀ ਬੁਝਣ ਨਹੀਂ ਦਿੱਤੀ ਜਾਂਦੀ. ਅਗਨਿ ਨੂੰ ਪਵਿਤ੍ਰ ਰੱਖਣ ਲਈ ਇਹ ਹੁੱਕਾ ਚੁਰਟ ਆਦਿਕ ਨਹੀਂ ਵਰਤਦੇ ਅਤੇ ਮੁਰਦੇ ਜਲਾਉਂਦੇ ਨਹੀਂ. ਲੋਥ ਨੂੰ ਇੱਕ ਗਹਿਰੇ ਅਹਾਤੇ (ਦਖਮੇ) ਵਿੱਚ ਰੱਖ ਦਿੰਦੇ ਹਨ, ਜਿੱਥੋਂ ਮਾਂਸਾਹਾਰੀ ਪੰਛੀ ਖਾ ਜਾਂਦੇ ਹਨ, ਪਾਰਸੀਆਂ ਦਾ ਧਰਮ ਪੁਸਤਕ ਜ਼ੰਦ ਹੈ, ਜਿਸ ਦਾ ਟੀਕਾ ਸਹਿਤ ਨਾਮ "ਜ਼ੰਦ ਅਵਸਥਾ" ਹੈ. ਭਾਰਤ ਵਿੱਚ ਪਾਰਸੀ ਸਭ ਤੋਂ ਪਹਿਲਾਂ ਸਨ ੭੩੫ ਵਿੱਚ ਖ਼ੁਰਾਸਾਨ ਤੋਂ ਆਕੇ ਸੰਜਾਨ (ਜਿਲਾ ਥਾਨਾ- ਇਲਾਕਾ ਬੰਬਈ) ਵਿੱਚ ਆਬਾਦ ਹੋਏ ਹਨ. ਹੁਣ ਇਹ ਜਾਤਿ ਸਾਰੇ ਭਾਰਤ ਵਿੱਚ ਫੈਲ ਗਈ ਹੈ ਅਤੇ ਵਪਾਰ ਵਿੱਚ ਵਡੀ ਨਿਪੁਣ ਹੈ.

ਪਾਰਸੁਤੀ: ਸੰ. ਪਰਿਸ਼੍ਰੁਤਿ. ਸੰਗ੍ਯਾ- ਉਸਤਤਿ. ਤਅ਼ਰੀਫ਼.

ਪਾਰਹ: ਫ਼ਾ. پارہ ਸੰਗ੍ਯਾ- ਖੰਡ. ਟੁਕੜਾ. ਭਾਗ. ਹਿੱਸਾ.

ਪਾਰਕ: ਵਿ- ਪਾਲਕ. ਪਾਲਣ ਵਾਲਾ। ੨. ਪਾਲਿਆ ਹੋਇਆ. ਪਾਲਨ ਕੀਤਾ. ਪਾਲਿਤ. "ਲੈ ਪਾਰਕ ਕਰ ਪਾਲਿਓ." (ਚਰਿਤ੍ਰ ੫੭) ੩. ਸੰ. ਸੰਗ੍ਯਾ- ਪਾਰ ਕਰਨ ਵਾਲਾ, ਮਲਾਹ। ੪. ਉੱਧਾਰ ਕਰਨ ਵਾਲਾ ਜਹਾਜ। ੫. ਸੁਵਰਣ. ਸੋਨਾ। ੬. ਵਿ- ਪਾਰਕਰਤਾ.

ਪਾਰਖਦ: ਸੰ. ਪਾਰ੍ਸ਼ਦ. ਸੰਗ੍ਯਾ- ਜੋ (ਪਰਿਸ਼ਦ) ਚਾਰੇ ਪਾਸੇ ਬੈਠਦਾ ਹੈ. ਸਭਾ ਵਿੱਚ ਬੈਠਣ ਵਾਲਾ. ਸਭਾਸਦ. ਦਰਬਾਰੀ। ੨. ਵਿਸ਼ਨੁ ਦੇ ਦਰਬਾਰੀ, ਜਿਨ੍ਹਾਂ ਦੇ ਨਾਮ ਨਾਭਾ ਜੀ ਨੇ ਭਗਤਮਾਲ ਵਿੱਚ ਇਹ ਲਿਖੇ ਹਨ- ਵਿਸ਼੍ਵਕਸੇਨ ਜਯ ਵਿਜਯ ਪ੍ਰਬਲ ਬਲ ਮੰਗਲਕਾਰੀ, ਨੰਦ ਸੁਨੰਦ ਸੁਭਦ੍ਰ ਭਦ੍ਰ ਜਗ ਆਮਯਹਾਰੀ, ਚੰਡ ਪ੍ਰਚੰਡ ਵਿਨੀਤ ਕੁਮੁਦ ਕੁਮੁਦਾਕ੍ਸ਼ ਕ੍ਰਿਪਾਲਯ, ਸ਼ੀਲ ਸੁਸ਼ੀਲ ਸੁਸ਼ੇਣ ਭਾਵ ਭਕ੍ਤਨ ਪ੍ਰਤਿਪਾਲਯ, ਲਕ੍ਸ਼ਮੀਪਤਿ ਪ੍ਰੀਣਨ ਬ੍ਰਵੀਣ ਭਜਨਾਨੰਦ ਭਕ੍ਤਾਨਿਹਦ. ਮੋ ਚਿੱਤ ਵ੍ਰਿੱਤਿ ਨਿਤ ਤਹਿ" ਰਹੋ.

ਜਹਿੱ ਨਾਰਾਯਣ ਪਾਰਖਦ.

ਇਨ੍ਹਾਂ ਪਾਰਖਦਾਂ ਵਿੱਚੋਂ ਅੱਠ ਮੁਖੀਏ ਹਨ- ਜਯ, ਵਿਜਯ, ਬਲ, ਸੁਬਲ, ਨੰਦ, ਸੁਨੰਦ, ਭਦ੍ਰ ਅਤੇ ਸੁਭਦ੍ਰ.

ਪਾਰਖਾ: ਸੰਗ੍ਯਾ- ਪਰੀਕ੍ਸ਼ਾ. ਪਰਖ. ਇਮਤਹਾਨ. "ਨ੍ਰਿਪ ਕੋ ਖੋਜ ਪਾਰਖਾ ਧਰਤੇ" (ਗੁਪ੍ਰਸੂ) ੨. ਦੇਖੋ, ਪਰਿਖਾ.

ਪਾਰਖੀ, ਪਾਰਖੁ, ਪਾਰਖੂ: ਪਰੀਕ੍ਸ਼ਕ. ਪੁਰਖਣ ਵਾਲਾ. "ਪਾਰਖੀਆ ਥਾਵਹੁ ਲਇਓ ਪਰਖਾਇ." (ਵਾਰ ਸਾਰ ਮਃ ੩) "ਅੰਧੇ ਕਾ ਨਾਉ ਪਾਰਖੂ." (ਗਉ ਅਃ ਮਃ ੧)

ਪਾਰਗ: ਸੰ. ਵਿ- ਪਾਰ ਜਾਣ ਵਾਲਾ। ੨. ਪੂਰਾ ਗਜਾਤਾ. "ਵੇਦ ਪਾਰਗੇ ਵਿਪ੍ਰ ਸੁਕਰਮੀ." (ਗੁਪ੍ਰਸੂ)

ਪਾਰਗਰਾਮਨੋ, ਪਾਰਗਾਮੀ, ਪਾਰਗਿਰਾਮੀ: पारगामिन. ਵਿ- ਪਾਰ ਜਾਣੇ ਵਾਲਾ. ਸੰਸਾਰ ਸਾਗਰ ਤੋਂ ਤਰਕੇ ਲੰਘਣ ਵਾਲਾ. "ਗੁਰੁ ਬੋਹਿਥੁ ਪਾਰਗਰਾਮਨੋ." (ਗਉ ਮਃ ੫) "ਜਿ ਕਮਾਵੈ ਸੁ ਪਾਰਗਰਾਮੀ." (ਗਉ ਮਃ ੫) "ਤਾਰਣਤਰਣ ਪਾਰਗਾਮੀ." "ਪਾਹਣਨਾਵ ਨ ਪਾਰਗਿਰਾਮੀ." (ਸੂਹੀ ਮਃ ੫)

ਪਾਰਚ, ਪਾਰਚਾ: ਫ਼ਾ. پارچہ ਸੰਗ੍ਯਾ- ਟੁਕੜਾ. ਖੰਡ। ੨. ਕਪੜਾ. ਵਸਤ੍ਰ. "ਮਿਥਿਆ ਮੋਹ ਬੰਧਹਿ ਨਿਤ ਪਾਰਚ." (ਸੂਹੀ ਮਃ ੫) ਰੋਜ਼ ਕਮਰ ਬੰਨ੍ਹਦਾ ਹੈ.

ਪਾਰਜਾਤ, ਪਾਰਜਾਤੁ: ਸੰ. ਪਾਰਿਜਾਤ. ਸੰਗ੍ਯਾ- ਪਾਰਿ (ਸਮੁੰਦਰ) ਤੋਂ ਪੈਦਾ ਹੋਇਆ ਦੇਵਤਿਆਂ ਦਾ ਇੱਕ ਬਿਰਛ.

ਪੁਰਾਣਕਥਾ ਹੈ ਕਿ ਸਮੁੰਦਰ ਰਿੜਕਣ ਸਮੇਂ ਏਹ ਦਰਖਤ ਨਿਕਲਿਆ ਅਤੇ ਇੰਦ੍ਰ ਨੂੰ ਦਿੱਤਾ ਗਿਆ. ਇੰਦ੍ਰ ਦੀ ਇਸਤ੍ਰੀ "ਸ਼ਚੀ" ਇਸ ਨੂੰ ਵਡਾ ਪਸੰਦ ਕਰਦੀ ਸੀ. ਜਦ ਕ੍ਰਿਸ਼ਨ ਜੀ ਇੰਦ੍ਰ ਨੂੰ ਮਿਲਣ ਲਈ ਸ੍ਵਰਗਲੋਕ ਗਏ, ਤਾਂ ਉਨ੍ਹਾਂ ਦੀ ਰਾਣੀ ਸਤਜਭਾਮਾ ਨੇ ਪਤਿ ਨੂੰ ਪਾਰਿਜਾਤ ਦ੍ਵਾਰਿਕਾ ਲੈ ਜਾਣ ਲਈ ਪ੍ਰੇਰਿਆ, ਜਿਸ ਤੋਂ ਇੰਦ੍ਰ ਅਤੇ ਕ੍ਰਿਸ਼ਨ ਜੀ ਦਾ ਘੋਰ ਯੁੱਧ ਹੋਇਆ. ਅੰਤ ਨੂੰ ਇੰਦ੍ਰ ਹਾਰ ਗਿਆ ਅਤੇ ਕ੍ਰਿਸ਼ਨ ਜੀ ਨੇ ਪਾਰਿਜਾਤ ਸਤਜਭਾਮਾ ਦੇ ਵੇਹੜੇ ਵਿੱਚ ਲਿਆਕੇ ਲਾ ਦਿੱਤਾ. ਕ੍ਰਿਸ਼ਨ ਜੀ ਦੇ ਦੇਹਾਂਤ ਪਿੱਛੋਂ ਇਹ ਬਿਰਛ ਆਪ ਹੀ ਇੰਦ੍ਰਲੋਕ ਨੂੰ ਚਲਾ ਗਿਆ. ਦੇਖੋ, ਸੁਰਤਰੁ. "ਪਾਰਜਾਤੁ ਗੋਪੀ ਲੈ ਆਇਆ." (ਵਾਰ ਆਸਾ) ਪਾਰਜਾਤੁ ਇਹ ਹਰਿ ਕੋ ਨਾਮ." (ਸੁਖਮਨੀ) ੨. ਮੂੰਗਾ। ੩. ਤੂੰਬਾ। ੪. ਭਾਵ- ਪਾਰਬ੍ਰਹਮ. ਕਰਤਾਰ. "ਪਾਰਜਾਤੁ ਘਰਿ ਆਗਨਿ ਮੇਰੈ." (ਗੁਜੂ ਅਃ ਮਃ ੧)

ਪਾਰਣ: ਸੰ. ਸੰਗਯਾ- ਵ੍ਰਤ ਪਿੱਛੋਂ ਉਹ ਭੋਜਨ, ਜੋ ਪਹਿਲਾਂ ਕੀਤਾ ਜਾਵੇ। ੨. ਵ੍ਰਤ ਦੀ ਸਮਾਪਤਿ ਦਾ ਕਰਮ। ੩. ਤ੍ਰਿਪਤ ਕਰਨ ਦੀ ਕ੍ਰਿਯਾ. ਰਜਾਉਣਾ। ੪. ਸਮਾਪਤਿ. ਖ਼ਾਤਿਮਾ। ੫. ਬੱਦਲ. ਮੇਘ। ੬. ਦੇਖੋ, ਪਾਰਣਾ। ੭. ਸੰ. ਪਾਣੰ. ਵਿ- ਪਣੰ (ਪੱਤੇ) ਦਾ ਬਣਿਆ ਹੋਇਆ.

ਪਾਰਣਾ: ਆਸਰਾ. ਦੇਖੋ, ਪਰਣਾ. "ਸਭਸੈ ਤੇਰਾ ਪਾਰਣਾ." (ਮਾਰੂ ਸੋਲਹੇ ਮਃ ੫) "ਮੀਤ ਹੀਤ ਧਨੁ ਨਹ ਪਾਰਣਾ." (ਭੈਰ ਮਃ ੫) ੨. ਪਾੜਨਾ. ਚੀਰਨਾ। ੩. ਪਾਲਣਾ. ਪਰਵਰਿਸ਼ ਕਰਨਾ.

ਪਾਰਥ, ਪਾਰਥਉ: ਸੰ. ਪਾਥੰ. ਸੰਗਯਾ- ਪ੍ਰਿਥਾ (ਕੁੰਤੀ) ਦਾ ਪੁਤ੍ਰ ਅਰਜੁਨ. "ਗੁਰੂ ਅਰਜਨ ਪੁਰਖ ਪ੍ਰਮਾਣ ਪਾਰਥਉ ਚਾਲੈ ਨਹੀਂ." (ਸਵੈਯੇ ਮਃ ੫. ਕੇ) ਗੁਰੂ ਅਰਜਨਦੇਵ ਯੋਧਾ, ਅਰਜੁਨ ਵਾਂਙ ਜੰਗ ਤੋਂ ਨਹੀਂ ਚਲਦੇ। ੨. ਯੁਧਿਸ਼੍ਠਿਰ ਅਤੇ ਭੀਮ ਭੀ ਪ੍ਰਿਥਾ (ਕੁੰਤੀ) ਦੇ ਪੁਤ੍ਰ ਹੋਣ ਤੋਂ ਪਾਥੰ ਕਹੇ ਜਾਂਦੇ ਹਨ, ਪਰ ਪ੍ਰਸਿੱਧ ਨਾਮ ਅਰਜੁਨ ਦਾ ਹੀ ਹੈ। ੩. ਪ੍ਰਿਥਿਵੀਪਤਿ ਰਾਜਾ.

ਪਾਰਥਿਵ: ਸੰ. ਪਾਥਿੰਵ. ਵਿ- ਪ੍ਰਿਥਿਵੀ ਨਾਲ ਸੰਬੰਧ ਰੱਖਣ ਵਾਲਾ. ਪ੍ਰਿਥਿਵੀ ਦਾ। ੨. ਸੰਗਯਾ- ਰਾਜਾ. ਪ੍ਰਿਥਿਵੀਪਤਿ। ੩. ਮਿੱਟੀ ਦਾ ਭਾਂਡਾ। ੪. ਮੰਗਲ ਗ੍ਰਹ. ਭੌਮ. ਪ੍ਰਿਥਿਵੀ ਦਾ ਪੁਤ੍ਰ ਹੋਣ ਕਾਰਣ ਇਹ ਸੰਗਯਾ ਹੈ.

ਪਾਰਥਿਵੀ: ਸੰ. ਪਾਥਿੰਵੀ. ਸੰਗਯਾ- ਪ੍ਰਿਥਿਵੀ ਤੋਂ ਪੈਦਾ ਹੋਈ ਸੀਤਾ.

ਪਾਰਦ: ਸੰ. ਸੰਗਯਾ- ਦੁੱਖਾਂ ਤੋਂ ਪਾਰ ਦੇਣ ਵਾਲਾ. ਜਿਸ ਦੇ ਅਸਰ ਨਾਲ ਰੋਗਾਂ ਨੂੰ ਲੰਘ ਜਾਈਦਾ ਹੈ, ਪਾਰਾ. "ਮਨ ਮੂਖਕ ਬਿਲ ਬਾਸਨਾ ਪਕਰੈ ਕੌਨ ਉਪਾਯ? ਪਾਰਦ ਸ੍ਰੀ ਗੁਰੁ ਪ੍ਰੇਮ ਪਗ ਪਜਾਵੋ ਹੈ ਥਿਰ ਜਾਯ." (ਨਾਪ੍ਰ) ਪਾਰਾ ਪੀਕੇ ਚੂਹਾ ਅਚੰਚਲ ਹੋ ਜਾਂਦਾ ਹੈ.

ਭਾਵਪ੍ਰਕਾਸ਼ ਵਿੱਚ ਲਿਖਿਆ ਹੈ ਕਿ ਪਾਰੇ ਦੀ ਉਤਪੱਤੀ ਸ਼ਿਵ ਦੇ ਵੀਰਯ ਤੋਂ ਹੋਈ ਹੈ, ਇਸੇ ਲਈ ਨਾਉਂ ਸ਼ਿਵਵੀਜ, ਰੁਦ੍ਰਜ ਆਦਿ ਹਨ. ਪਾਰਦ (ਪਾਖ) ਅਨੇਕ ਰੋਗਾਂ ਵਿੱਚ ਵਰਤਿਆ ਜਾਂਦਾ ਹੈ. ਇਸ ਤੋਂ ਅਨੇਕ ਕੁਸ਼ਤੇ ਬਣਾਕੇ ਵੈਦ ਹਕੀਮ ਰੋਗਨਾਸ਼ ਅਤੇ ਬਲ ਦੇ ਵਧਾਉਣ ਲਈ ਦਿੰਦੇ ਹਨ. Hyzrargyrum ਅੰ. Mercury ੨. ਵਿ- ਪਾਰ ਦੇਣ ਵਾਲਾ. ਪਾਰ ਕਰਤਾ। ੩. ਫ਼ਾ. ਸੰਗਯਾ- ਚਿੱਚੜ.

ਪਾਰਦਰਸੀ: ਸੰ. ਪਾਰਦ੍ਰਸ਼ਿਨ. ਅਖ਼ੀਰ ਨਤੀਜਾ ਦੇਖਣ ਵਾਲਾ. ਦੂਰੰਦੇਸ਼.

ਪਾਰਦੇ: ਦੇਖੋ, ਪਾਰਦ। ੨. ਦੇਖੋ, ਪਰਦਾ. "ਹੋਇ ਕ੍ਰਿਪਾਲੁ ਗੁਰ ਲਾਹਿ ਪਾਰਦੇ." (ਸਾਰ ਮਃ ੫)

ਪਾਰਧੀ: ਸੰ. ਸੰਗਯਾ- ਪਰਿਧਾਨ (ਓਟ) ਵਿੱਚ ਸ਼ਿਕਾਰ ਖੇਡਣ ਵਾਲਾ. ਟੱਟੀ ਦੀ ਆਡ ਲੈ ਕੇ ਜੀਵ ਮਾਰਨ ਵਾਲਾ ਸ਼ਿਕਾਰੀ. "ਕਹੂੰ ਪਾਰਧੀ ਜਨੋਂ ਧਰੇ ਬਾਨ ਰਾਜੇ." (ਵਿਚਿਤ੍ਰ) ੨. ਹਿੰਦੂ ਧਰਮਸ਼ਾਸਤ੍ਰ ਅਨੁਸਾਰ ਸ਼ੂਦ੍ਰਾ ਇਸਤ੍ਰੀ ਤੋਂ ਬ੍ਰਾਹਮਣ ਦਾ ਪੁਤ੍ਰ. ਦੇਖੋ, ਔਸ਼ਨਸੀ ਸਿਮ੍ਰਿਤਿ ਸ਼ਃ ੩੬.

ਪਾਰਨ: ਸੰਗਯਾ- ਪਾਲਨ. ਪਰਵਰਿਸ਼. "ਅਬ ਲੌ ਤੁਮ ਪਾਰਨ ਕੀਨੇ." (ਗੁਪ੍ਰਸੂ) ੨. ਦੇਖੋ, ਪਾਰਣ.

ਪਾਰਨਾ: ਕ੍ਰਿ- ਪਾਲਣਾ. ਪਰਵਰਿਸ਼ ਕਰਨਾ। ੨. ਪਾੜਨਾ. ਚੀਰਨਾ। ੩. ਉਤਪਾਟਨ ਕਰਨਾ. ਉਖੇੜਨਾ. "ਰੋਇ ਕਰ ਪੀਟ

ਸਿਰ ਕੇਸ ਕੋ ਪਾਰਤੀ." (ਗੁਵਿ ੧੦) ੪. ਪਾੜ ਦੇਣਾ. ਸੰਨ੍ਹ ਲਾਉਣੀ. "ਅਪਰ ਥਾਨ ਕੋ ਪਾਰਨ ਕਰੌਂ." (ਗੁਪ੍ਰਸੂ) ੫. ਕੁਸ਼ਤੀ ਅਥਵਾ ਜੰਗ ਵਿੱਚ ਡੇਗਣਾ. "ਜਬ ਭੂਪ ਇਤੋ ਰਣ ਪਾਰਤ ਭਯੋ." (ਕ੍ਰਿਸਨਾਵ) ੬. ਦੇਖੋ, ਪਾਰਣ.

ਪਾਰ ਪਰਾਨਾ: ਪਾਰ ਪਿਆ. ਪਾਰ ਹੋਇਆ. ੨. ਕ੍ਰਿ- ਪਾਰ ਪੈਣਾ.

ਪਾਰ ਪਾਰ: ਪਾਰਹ ਪਾਰਹ. ਟੂਕ ਟੂਕ. ਖੰਡ ਖੰਡ. ਦੇਖੋ, ਪਾਰ ੮.

ਪਾਰ ਬਸਾਉਣਾ: ਦੇਖੋ, ਪਾਰ ਵਸਾਉਣਾ.

ਪਾਰਬਤੀ: ਦੇਖੋ, ਪਾਰਵਤੀ। ੨. ਪਾਰ੍ਵੰਤੀਯ. ਪਹਾੜੀਆ. "ਪਾਰਬਤੀ ਪਰਮਦੇਸੀ ਪਛੇਲੇ." (ਦੱਤਾਵ)

ਪਾਰਬਤੀਸ: ਸੰਗਯਾ- ਪਾਰ੍ਵੰਤੀ- ਈਸ਼. ਪਾਰ੍ਵੰਤੀ ਦਾ ਪਤਿ, ਸ਼ਿਵ.

ਪਾਰਬਤੀਸ ਅਰਿ: ਸੰਗਯਾ- ਪਾਰ੍ਵੰਤੀਸ਼ (ਸ਼ਿਵ) ਦਾ ਵੈਰੀ ਕਾਮ. "ਪਾਰਬਤੀਸ ਅਰਿ ਕੋ ਅਵਤਾਰਾ." (ਚਰਿਤ੍ਰ ੩੪੬) ਕਾਮ ਦਾ ਅਵਤਾਰ.

ਪਾਰਬਤੀਪਤਿ: ਦੇਖੋ, ਪਾਰਬਤੀਸ.

ਪਾਰਬਤੀਪਤਿ ਬੱਲਭਾ: ਸੰਗਯਾ- ਸ਼ਿਵ ਦੀ ਪਯਾਰੀ ਭੰਗ. "ਪਾਰਬਤੀਪਤਿ ਬੱਲਭਾ ਨਾਗਫੇਨ ਕੋ ਖਾਇ." (ਗੁਵਿ ੧੦) ੨. ਉਮਾ. ਗਿਰਿਜਾ.

ਪਾਰਬ੍ਰਹਮ: ਦੇਖੋ, ਪਰਬ੍ਰਹਮ. "ਪਾਰਬ੍ਰਹਮ ਅਪਰੰਪਰ ਸੁਆਮੀ." (ਗਉ ਮਃ ੫)

ਪਾਰਭਾ: ਪਾਰ ਭਇਆ. ਪਾਰ ਹੋਇਆ.

ਪਾਰਮਲੋ: ਵਿ- ਮਲੀਨਤਾ ਤੋਂ ਪਰੇ. ਸ਼ੁੱਧ. ਨਿਰਮਲ. "ਮਲੈ ਨ ਲਾਛੈ ਪਾਰਮਲੋ." (ਗੂਜ ਨਾਮਦੇਵ)

ਪਾਰਮਾਰਥਿਕ: ਵਿ- ਪਾਰਮਾਥਿੰਕ. ਪਰਮਾਥੰ ਸੰਬੰਧੀ. ਪਰਲੋਕਸੁਖ ਨਾਲ ਹੈ ਜਿਸ ਦਾ ਸੰਬੰਧ। ੨. ਵਾਸ੍ਤਵ (ਅਸਲ) ਵਿੱਚ ਹੋਣ ਵਾਲਾ. ਸਦਾ ਜਯੋਂ ਕਾ ਤਯੋਂ ਰਹਿਣ ਵਾਲਾ.

ਪਾਰਲਾ: ਵਿ- ਪਰਲੇ ਪਾਰ ਦਾ. ਹੱਦ (ਸੀਮਾ) ਦਾ. "ਪਾਰਲਾ ਉਰਾਰਲਾ ਨ ਤੇਰਾ ਅੰਤ ਮਿਲੇ ਜਰਾ." (ਸੋਲਹ)

ਪਾਰਲੀਮੈਂਟ: ਅੰ. Parliament. ਸੰਗਯਾ- ਇੰਗਲਿਸਤਾਨ ਦੇ ਲੋਕਾਂ ਦੀ ਕੌਮੀ ਅਤੇ ਕਾਨੂਨ ਘੜਨ ਵਾਲੀ ਸਭਾ. ਦੇਸ਼ ਦੇ ਪ੍ਰਤਿਨਿਧੀਆਂ ਦੀ ਮਜਲਿਸ.

ਪਾਰਲੌਕਿਕ: ਵਿ- ਪਰਲੋਕ ਸੰਬੰਧੀ। ੨. ਦੂਸਰੇ ਲੋਕ ਵਿੱਚ ਫਲ ਦੇਣ ਵਾਲਾ.

ਪਾਰ ਵਸਾਉਣਾ: ਕ੍ਰਿ- ਹੱਦੋਂ ਪਰੇ ਵਾਹ ਲਾਉਣੀ. ਪੂਰਾ ਵਸ਼ ਲਾਉਣਾ. ਸਾਰਾ ਬਲ ਖਰਚਣਾ. "ਲੋਭੀ ਕਾ ਵੇਸਾਹੁ ਨ ਕੀਜੈ, ਜੇ ਕਾ ਪਾਰਵਸਾਇ." (ਸਵਾ ਮਃ ੩)

ਪਾਰਵਣ: ਸੰ. ਵਿ- ਪਾਰ੍ਵੰਣ. ਪਰ੍ਵੰ (ਤਯੋਹਾਰ) ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਉਹ ਕਰਮ, ਜੋ ਪਰ੍ਵੰ ਦੇ ਦਿਨ ਕੀਤਾ ਜਾਵੇ.

ਪਾਰਵਤੀ: ਸੰਗਯਾ- ਪਾਰ੍ਵੰਤੀ. ਹਿਮਾਲਯ ਪਰ੍ਵੰਤ ਦੀ ਪੁਤ੍ਰੀ ਉਮਾ, ਜੋ ਸ਼ਿਵ ਨੂੰ ਵਿਆਹੀ ਗਈ। ੨. ਨਿਘਟੁ ਅਨੁਸਾਰ ਨਦੀ, ਜੋ ਪਹਾੜ ਤੋਂ ਉਪਜਦੀ ਹੈ.

ਪਾਰਾ: ਸੰਗਯਾ- ਪਰਲਾ ਪਾਰ. ਅੰਤ. "ਜੋਗੀ ਖੋਜਤ ਹਾਰੇ, ਪਾਇਓ ਨਹਿ ਤਿਹ ਪਾਰਾ." (ਜੈਤ ਮਃ ੯) ੨. ਪਾਲਾ. ਸੀਤ. "ਪਾਰਾ ਪਰੈ ਜਗਤ ਅਧਿਕਾਈ." (ਗੁਪ੍ਰਸੂ) ੩. ਵਿ- ਪਾਰ ਦਾ. "ਅੰਤ ਨ ਪਾਰਾ ਕੀਮਤਿ ਨਹੀ ਪਾਈ." (ਮਾਰੂ ਸੋਲਹੇ ਮਃ

੩) ਤੇਰੇ ਪਾਰ ਦਾ ਅੰਤ ਨਹੀਂ। ੪. ਪਾਇਆ. "ਦੇਸ ਕਹੂੰ ਰਹੈ ਨ ਪਾਰਾ." (ਰਘੁਰਾਜ) ਦੇਸ਼ ਵਿੱਚ ਕਿਤੇ ਰਹਿਣਾ ਨਾ ਪਾਇਆ। ੫. ਪਾਰਦ. ਸੀਮਾਬ. "ਐਸੇ ਉਡੀ ਬਾਰਾ ਜੈਸੇ ਪਾਰਾ ਉਡ ਜਾਤ ਹੈ." (ਕ੍ਰਿਸਨਾਵ) ਬਾਲਾ ਪਾਰੇ ਵਾਂਙ ਉਡ ਗਈ. ਦੇਖੋ, ਪਾਰਦ। ੬. ਫ਼ਾ. پارہ ਪਾਰਹ. ਟੁਕੜਾ. ਖੰਡ। ੭. ਅਧ੍ਯਾਯ. ਬਾਬ.

ਪਾਰਾਇਣ, ਪਾਰਾਯਣ: ਸੰ. ਸੰਗ੍ਯਾ- ਸਮਾਪਤਿ. ਭੋਗ। ੨. ਸਮਾਂ ਬੰਨ੍ਹਕੇ ਕਿਸੇ ਗ੍ਰੰਥ ਦਾ ਆਦਿ ਤੋਂ ਅੰਤ ਤੀਕ ਕੀਤਾ ਪਾਠ.

ਪਾਰਾਵਤ: ਸੰ. ਵਿ- ਦੂਰ ਤੋਂ ਆਇਆ ਹੋਇਆ। ੨. ਵਿਦੇਸ਼ੀ। ੩. ਸੰਗ੍ਯਾ- ਕਬੂਤਰ। ੪. ਬਾਂਦਰ। ੫. ਪਹਾੜ.

ਪਾਰਾਵਾਰ: ਸੰ. ਸੰਗ੍ਯਾ- ਪਾਰਵਾਰ. ਪਰਲਾ ਅਤੇ ਉਰਲਾ ਕਿਨਾਰਾ. ਹੱਦ. ਸੀਮਾ. "ਨਾਨਕ ਅੰਤ ਨ ਜਾਪਨੀ ਹਰਿ ਤਾਕੇ ਪਾਰਾਵਾਰ." (ਵਾਰ ਆਸਾ) ੨. ਪਰਲੋਕ ਅਤੇ ਇਹ ਲੋਕ। ੩. ਸਮੁੰਦਰ. "ਪਾਰਾਵਾਰ ਲਗ ਫੈਲੀ ਜੀਤ ਸ਼ਮਸ਼ੇਰ ਕੀ." (ਕਵਿ ੫੨)

ਪਾਰਿ: ਕ੍ਰਿ. ਵਿ- ਪਰਲੇ ਪਾਸੇ. "ਪਾਰਿ ਉਤਰਿਜਾਹਿ ਇਕ ਖਿਨਾ." (ਬਸੰ ਮਃ ੩) ੨. ਪਾਲਕੇ. ਪਾਲਨ ਕਰਕੇ। ੩. ਪਾੜਕੇ.

ਪਾਰਿਓ, ਪਾਰਿਆ: ਪਾਲਨ ਕੀਤਾ। ੨. ਪਾੜਿਆ। ੩. ਪੜਿਓ. ਪੜਾ. ਪਿਆ. "ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ." (ਜੈਤ ਰਵਿਦਾਸ)

ਪਾਰਿਜਾਤ: ਦੇਖੋ, ਪਾਰਜਾਤ.

ਪਾਰਿਤੋਖਕ: ਪਾਰਿਤੋਸ਼ਿਕ. ਵਿ- ਪਰਿਤੋਸ਼ (ਆਨੰਦ) ਕਰਨ ਵਾਲਾ। ੨. ਸੰਗ੍ਯਾ- ਉਹ ਵਸਤੁ ਜੋ ਕਿਸੇ ਨੂੰ ਖ਼ੁਸ਼ ਕਰਨ ਲਈ ਦਿੱਤੀ ਜਾਵੇ. ਇਨਾਮ. ਭੇਟਾ.

ਪਾਰਿਪਰਾਨ, ਪਾਰਿਪਰਾਨਾ, ਪਾਰਿ ਪਰੀਵਾਂ: ਪਾਰ ਹੋਇਆ. ਪਾਰ ਉਤਰਿਆ. "ਜਿਨਿ ਜਪਿਆ ਤੇ ਪਾਰਿਪਰਾਨ." (ਪ੍ਰਭਾ ਪੜਤਾਲ ਮਃ ੪) "ਸਿਮਰਤ ਪਾਰਿਪਰਾਨਾ." (ਧਨਾ ਅਃ ਮਃ ੫) ਪਾਰਪਵਾਂ. "ਹਰਿ ਰੰਗਿ ਪਾਰਿ ਪਰੀਵਾਂ ਜੀਉ." (ਮਾਝ ਮਃ੫)

ਪਾਰੀ: ਪਾਲਨ ਕੀਤੀ. ਪਾਲੀ. "ਹੀਤੁ ਚੀਤੁ ਦੇ ਲੇ ਲੇ ਪਾਰੀ." (ਸਵੈਯੇ ਸ੍ਰੀ ਮੁਖਵਾਕ ਮਃ ੫) "ਮਨਹੁ ਬੁਲਾਈ ਕਿਨ ਗੋ ਪਾਰੀ." (ਨਾਪ੍ਰ) ਪਾਲੀ ਹੋਈ ਗਊ। ੨. ਪਾੜੀ. ਚੀਰੀ। ੩. ਉਖੇੜੀ. ਪੁੱਟੀ। ੪. ਵਾਰੀ. ਅਵਸਰ। ੫. ਸੰਗ੍ਯਾ- ਸਮੁੰਦਰ। ੬. ਹਾਥੀ ਦੇ ਪੈਰ ਦੀ ਰੱਸੀ। ੭. ਫ਼ਾ. ਫਲ

ਪਾਰੀਆ: ਪ੍ਰਾਪਤ ਕੀਤਾ. ਪਾਇਆ. "ਅੰਤੁ ਨ ਪਾਰੀਆ." (ਗਉ ਅਃ ਮਃ ੫)

ਪਾਰੀਅੰ: ਪੜੀਅੰ. ਪਿਆ. ਪੜਾ. "ਨ੍ਰਿਪੇਸ ਪਾਇ ਪਾਰੀਅੰ." (ਰਾਮਾਵ) ਪੈਰੀਂ ਪਿਆ.

ਪਾਰੁ: ਦੇਖੋ, ਪਾਰ. "ਪਾਰੁ ਕੈਸੇ ਪਾਇਬੋ ਰੇ." (ਗਉ ਰਵਿਦਾਸ) ੨. ਸੰ. ਸੂਰਜ। ੩. ਅਗਨਿ.

ਪਾਰੈ: ਪਾਲੈ. ਪਾਲਦਾ ਹੈ. "ਜਿਉ ਜਾਨਹਿ ਤਿਉ ਪਾਰੈ." (ਸਾਰ ਮਃ ੫)

ਪਾਰੋ: ਪਾਲਾ. ਸ਼ੀਤ। ੨. ਦੇਖੋ, ਪਾਰੋ ਭਾਈ। ੩. ਪਾਲਨ ਕਰੋ. ਪਾਲੇ.

ਪਾਰੋਸੀ: ਪ੍ਰਤਿਵਾਸੀ. ਪੜੋਸੀ. ਹਮਸਾਯਹ. "ਪਾਰੋਸੀ ਕੇ ਜੋ ਹੂਆ. ਤੂ ਅਪਨੇ ਭੀ ਜਾਨ." (ਸ. ਕਬੀਰ)

ਪਾਰੋ ਪਰਮਹੰਸ, ਪਾਰੋ ਭਾਈ: ਡੱਲਾ ਨਿਵਾਸੀ ਜੁਲਕਾ ਖਤ੍ਰੀ, ਜੋ ਗੁਰੂ ਅੰਗਦਦੇਵ ਜੀ ਦਾ ਸਿੱਖ ਹੋਇਆ ਅਤੇ ਸ਼੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ "ਪਰਮਹੰਸ" ਪਦਵੀ ਪ੍ਰਾਪਤ ਕੀਤੀ. ਤੀਜੇ ਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪਕੇ ਮੰਜੀ ਬਖਸ਼ੀ. ਗੁਰੂ ਹਰਿਗੋਬਿੰਦ ਸਾਹਿਬ ਦਾ ਸਹੁਰਾ ਨਾਰਾਯਣਦਾਸ ਇਸੇ ਦੀ ਵੰਸ਼ ਵਿੱਚੋਂ ਸੀ.

ਸਭ ਤੋਂ ਪਹਿਲਾਂ ਵੈਸਾਖੀ ਦਾ ਮੇਲਾ ਭਾਈ ਪਾਰੋ ਨੇ ਗੁਰੂ ਅਮਰਦਾਸ ਜੀ ਦੀ ਆਗ੍ਯਾ ਲੈ ਕੇ ਠਹਿਰਾਇਆ. ਇਸ ਤੋਂ ਪਹਿਲਾਂ

ਕੋਈ ਖਾਸ ਮੇਲਾ ਨਹੀਂ ਸੀ. "ਪਾਰੋ ਜੁਲਕਾ ਪਰਮਹੰਸ ਪੂਰੇ ਸਤਿਗੁਰੂ ਕਿਰਪਾਧਾਰੀ." (ਭਾਗੁ)

ਪਾਰੰਗਤ: ਸੰ. ਵਿ- ਪਾਰ ਗਿਆ ਹੋਇਆ. ਪਾਰ ਪਹੁਚਿਆ. "ਨਾਨਕ ਸੋ ਪਾਰੰਗਤ ਹੋਇ." (ਰਾਮ ਮਃ ੧) ੨. ਪੂਰਾ ਵਿਦ੍ਵਾਨ. ਜਿਸ ਨੇ ਵਿਦ੍ਯਾ ਦਾ ਪਾਰ ਪਾਇਆ ਹੈ.

ਪਾਰੰਗਤਿ: ਸੰਗ੍ਯਾ- ਪਰਮਗਤਿ. ਮੋਕ੍ਸ਼. "ਪਾਰੰਗਤਿ ਦਾਨ ਪੜੀਵਦੈ." (ਵਾਰ ਰਾਮ ੩) ਮੁਕਤਿਦਾਨ ਗੁਰੂ ਦੇ ਦਰ ਤੋਂ ਪੈਂਦਾ (ਮਿਲਦਾ) ਹੈ। ੨. ਪਾਰ ਪਹੁਚਣਾ. ਪਾਰ ਪੁੱਜਣਾ ਦਾ ਭਾਵ.

ਪਾਲ: ਸੰਗ੍ਯਾ- ਪੱਲਾ. ਦਾਮਨ. "ਨਾਨਕ ਬਾਂਧਿਓ ਪਾਲ." (ਧਨਾ ਮਃ ੫) "ਜਗਤ ਉਧਾਰਨ ਸਾਧੁ ਪ੍ਰਭੁ ਤਿਨ ਲਾਗੋ ਪਾਲ." (ਬਿਲਾ ਮਃ ੫) ੨. ਨੌਕਾ ਦਾ ਬਾਦਬਾਨ. ਜਹਾਜ਼ ਦਾ ਉਹ ਵਸਤ੍ਰ, ਜੋ ਹਵਾ ਦੇ ਰੁਖ ਤਾਣਿਆ ਜਾਂਦਾ ਹੈ, ਜਿਸ ਦੇ ਸਹਾਰੇ ਚਾਲ ਤੇਜ਼ ਹੁੰਦੀ ਹੈ. "ਉਧਰੇ ਭ੍ਰਮ ਮੋਹ ਸਾਗਰ ਲਗਿ ਸੰਤਨਾ ਪਗ ਪਾਲ." (ਕੇਦਾ ਮਃ ੫) ਦੇਖੋ, ਅੰ Pall। ੩. ਪਲਨਾ. ਝੂਲਾ. "ਦਿਯੋ ਏਕ ਪਾਲੰ ਸੁਬਾਲੰ ਰਿਖੀਸੰ." (ਰਾਮਾਵ) ੪. ਪੱਤੇ ਫੂਸ ਆਦਿ ਵਿੱਚ ਪਕਾਉਣ ਲਈ ਫਲਾਂ ਨੂੰ ਰੱਖਣ ਦੀ ਕ੍ਰਿਯਾ. ਸੰ. ਪੱਲ. "ਅੰਬ ਪਾਲ ਦਾ, ਖਰਬੂਜਾ ਡਾਲ ਦਾ." (ਲੋਕੋ) ੫. ਛੋਟਾ ਤੰਬੂ। ੬. ਸ਼੍ਰੇਣੀ. ਕਤਾਰ। ੭. ਪਾਣੀ ਦਾ ਬੰਨ੍ਹ. ਵੱਟ। ੮. ਸੰ. ਧਾਲ. ਧਾ- ਪਾਲਨ ਕਰਨਾ, ਰਖ੍ਯਾ ਕਰਨੀ। ੯. ਵਿ- ਪਾਲਕ. ਪਾਲਣ ਵਾਲਾ. ਰਕ੍ਸ਼ਕ. "ਤੂ ਅਪਰੰਪਰ ਸਰਬ ਪਾਲ." (ਬਸੰ ਮਃ ੧) "ਜਿਉ ਰਾਖੈ ਮਹਤਾਰੀ ਬਾਲਕ ਕਉ ਤੈਸੇ ਹੀ ਪ੍ਰਭੁ ਪਾਲ." (ਧਨਾ ਮਃ ੫) ੧੦. ਇੱਕ ਜੱਟ ਗੋਤ। ੧੧. ਇੱਕ ਪਹਾੜੀ ਜਾਤਿ। ੧੨. ਇੱਕ ਰਾਜਵੰਸ਼, ਜਿਸ ਦੇ ੧੮. ਰਾਜਿਆਂ ਨੇ ਸਨ ੮੧੫ ਤੋਂ ੧੨੦੦ ਤਕ ਬੰਗਾਲ ਅਤੇ ਮਗਧ ਵਿੱਚ ਰਾਜ ਕੀਤਾ.

ਪਾਲਕ: ਸੰਗ੍ਯਾ- ਇੱਕ ਪ੍ਰਕਾਰ ਦਾ ਸਾਗ. ਚੂਕ. ਸੰ. ਪਾਲੰਕ. Spinach। ੨. ਸੰ. ਵਿ- ਪਾਲਣ ਵਾਲਾ। ੩. ਸੰਗ੍ਯਾ- ਘੋੜੇ ਦਾ ਸਾਈਸ. ਘੁੜਵਾਲ। ੪. ਪਾਲਿਤ ਪੁਤ੍ਰ. ਦੱਤਕ ਪੁਤ੍ਰ. ਪਾਲਿਆ ਹੋਇਆ (ਗੋਦੀ ਲਿਆ) ਲੜਕਾ। ੫. ਕਰਤਾਰ. ਵਾਹਗੁਰੂ.

ਪਾਲਕਾ: ਸੰਬੋਧਨ. ਹੇ ਪਾਲਕ! ੨. ਪਾਲਨ ਕਰਤਾ. "ਬਹੁ ਪਰਕਾਰੀ ਪਾਲਕਾ!" (ਮਾਰੂ ਸੋਲਹੇ ਮਃ ੫)

ਪਾਲਕੀ: ਸੰਗ੍ਯਾ- ਪਲ੍ਯੰਕ (ਮੰਜੇ) ਪੁਰ ਛੱਤ ਪਾਕੇ ਬਣਾਈ ਇੱਕ ਪ੍ਰਕਾਰ ਦੀ ਡੋਲੀ. ਜਿਸ ਨੂੰ ਕਹਾਰ ਕੰਨ੍ਹਿਆਂ ਪੁਰ ਚੁਕਦੇ ਹਨ. ਇਸੇ ਤੋਂ ਪੁਰਤਗਾਲਾਂ ਨੇ Palanquin ਸ਼ਬਦ ਬਣਾ ਲਿਆ ਹੈ.

ਪਾਲਨ: ਸੰ. ਸੰਗ੍ਯਾ- ਪਰਵਰਿਸ਼. ਰਕ੍ਸ਼ਣ. "ਪਾਲਹਿ ਅਕਿਰਤਘਨਾ." (ਬਿਹਾ ਛੰਤ ਮਃ ੫) "ਪਾਲੇ ਬਾਲਕ ਵਾਂਗਿ." (ਵਾਰ ਰਾਮ ੨. ਮਃ ੫) ੨. ਹਿੰ. ਪਲਨਾ. ਪਲਨਾ. ਝੂਲਾ. "ਬਾਲਕ ਪਾਲਨ ਪਉਢੀਅਲੇ." (ਰਾਮ ਨਾਮ ਦੇਵ)

ਪਾਲਨਾ: ਕ੍ਰਿ- ਪਰਵਰਿਸ਼ ਕਰਨਾ. ਰਕ੍ਸ਼ਾ ਕਰਨੀ। ੨. ਸੰਗ੍ਯਾ- ਪਾਲਨਾ. ਝੂਲਾ.

ਪਾਲਨੀਯ: ਸੰ. ਵਿ- ਪਾਲਨ ਯੋਗ੍ਯ.

ਪਾਲੜਾ: ਸੰਗ੍ਯਾ- ਤਰਾਜ਼ੂ (ਤੱਕੜੀ) ਦਾ ਪੱਲਾ. ਛਾਬਾ.

ਪਾਲਾ: ਪਾਲਨ ਕੀਤਾ. ਪਾਲਿਆ. "ਮਾਤਗਰਭ ਮਹਿ ਤੁਮਹੀ ਪਾਲਾ." (ਮਾਝ ਅਃ ਮਃ ੫) ੨. ਪੱਲਾ. ਲੜ. "ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ." (ਪ੍ਰਭਾ ਅਃ ਮਃ ੫) ੩. ਸੰ. ਪ੍ਰਾਲੇਯ. ਸੰਗ੍ਯਾ- ਹਿਮ. ਬਰਫ਼। ੪. ਸਰਦੀ. ਠੰਢ. "ਪਾਲਾ ਕਕਰੁ ਵਰਫ ਬਰਸੈ." (ਸੂਹੀ ਅਃ ਮਃ ੪) ਦੇਖੋ, ਪਾਲਾਕਕਰੁ.

ਪਾਲਾਕਕਰੁ: ਸੰਗ੍ਯਾ- ਪ੍ਰਾਲੇਯਕਕੰਰ. ਬਰਫ ਦਾ ਓਲਾ. ਗੜਾ. ਹਿਮਉਪਲ. "ਪਾਲਾਕਕਰੁ ਵਰਫ ਬਰਸੈ." (ਸੂਹੀ ਅਃ ਮਃ ੪)

ਪਾ ਲਾਗਨ: ਪੈਰ ਛੁਹਣ ਦੀ ਕ੍ਰਿਯਾ. ਚਰਨ ਸਪਰਸ਼ ਕਰਨੇ. "ਪਾ ਲਾਗਨ ਕਹੀਓ." (ਗੁਪ੍ਰਸੂ)

ਪਾਲਾਗਲ: ਦੇਖੋ, ਪੈਦਲ ੨

ਪਾਲਾ ਤਾਊ: ਸੰਗਯਾ- ਸ਼ੀਤਜ੍ਵਰ. ਕਾਂਬੇ ਦਾ ਤਾਪ. Malarial fever. ਦੇਖੋ, ਤਾਪ (ਏ). ੨. ਪਾਲਾ ਅਤੇ ਤਾਪ (ਗਰਮੀ). ਸਰਦੀ ਗਰਮੀ. "ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਣ ਗਾਇ." (ਆਸਾ ਮਃ ੫) ੩. ਪਾਲਾ ਅਤੇ ਤ੍ਰਾਊਨ. ਦੇਖੋ, ਤ੍ਰਾਊਨ.

ਪਾਲਿ: ਕ੍ਰਿ. ਵਿ- ਪਾਲਨ ਕਰਕੇ. ਪਾਲਕੇ. "ਸੋ ਪ੍ਰਭੁ ਸਿਮਰੀਐ ਇਸੁ ਦੇਹੀ ਕਉ ਪਾਲਿ." (ਵਾਰ ਬਿਹਾ ਮਃ ੫) ੨. ਸੰ. ਸੰਗਯਾ- ਪੰਕ੍ਤਿ. ਕਤਾਰ। ੩. ਵੱਟ. ਬੰਧ "ਸੂਕੇ ਸਰਵਰ ਪਾਲਿ ਬੰਧਾਵੈ." (ਆਸਾ ਕਬੀਰ). ੪. ਹੱਦ. ਸੀਮਾ। ੫. ਪੁਲ। ੬. ਪੜਦਾ. ਟੱਟੀ. "ਕੂੜੈ ਕੀ ਪਾਲਿ ਵਿਚਹੁ ਨਿਕਲੈ." (ਗਉ ਮਃ ੩) "ਕਿਵ ਕੂੜੈ ਤੁਟੈ ਪਾਲਿ?" (ਜਪੁ) ੭. ਤਲਵਾਰ ਦੀ ਧਾਰ। ੮. ਦਾੜ੍ਹੀ ਵਾਲੀ ਇਸਤ੍ਰੀ। ੯. ਅੰਕ. ਚਿੰਨ੍ਹ. ਨਿਸ਼ਾਨ। ੧੦. ਪੰਜਾਬੀ ਵਿੱਚ ਪਾਲਣਾ ਕ੍ਰਿਯਾ ਦਾ ਅਮਰ ਭੀ ਪਾਲਿ ਹੈ. ਪਾਲਨ ਕਰ.

ਪਾਲਿਓ, ਪਾਲਿਆ: ਪਾਲਨ ਕੀਤਾ. ਪਰਵਰਿਸ਼ ਕਰਿਆ.

ਪਾਲਿ ਸਮੁਹਾ: ਵਿ- ਪਾਲਿ (ਰੋਕ) ਹੈ ਜਿਸ ਦੇ ਸੰਮੁਖ. "ਪਾਲਿ ਸਮੁਹਾ ਸਰਵਰੁ ਭਰਾ, ਪੀ ਨ ਸਕੈ ਕੋਈ ਨੀਰੁ." (ਸ. ਕਬੀਰ) ਹਰਿਨਾਮ ਜਲ, ਅਤੇ ਹੌਮੈ ਦੀ ਸਾਮ੍ਹਣੇ ਵੱਟ। ੨. ਕੰਢੇ ਤੀਕ. ਲਬਾਲਬ.

ਪਾਲੀ: ਪਾਲਨ ਕੀਤੀ. "ਅਨਿਕ ਜਤਨ ਕਰਿ ਕਾਇਆ ਪਾਲੀ." (ਗਉ ਕਬੀਰ) ੨. ਕ੍ਰਿ. ਵਿ- ਪੱਲੇ. ਲੜ. "ਲਾਵੈ ਆਪਨ ਪਾਲੀ." (ਧਨਾ ਮਃ ੪) ਆਪਣੇ ਲੜ ਲਾਵੈ। ੩. ਸੰਗਯਾ- ਮਗਧ ਦੇਸ਼ ਦੀ ਪੁਰਾਣੀ ਪ੍ਰਾਕ੍ਰਿਤ ਭਾਸ਼ਾ, ਜਿਸ ਦਾ ਜਨਮ ਸੰਸਕ੍ਰਿਤ ਤੋਂ ਹੋਇਆ, ਇਸ ਦਾ ਪ੍ਰਚਾਰ ਹੁਣ ਲੰਕਾ Ceylon ਵਿੱਚ ਕੁਝ ਪਾਇਆ ਜਾਂਦਾ ਹੈ. ਬੌੱਧ ਧਰਮ ਦੇ ਬਹੁਤ ਗ੍ਰੰਥ ਇਸ ਭਾਸ਼ਾ ਵਿੱਚ ਲਿਖੇ ਹੋਏ ਹਨ. ਪਾਲੀ ਦਾ ਕੋਸ਼ R. C. Chilzers ਦਾ ਬਣਾਇਆ ਉੱਤਮ ਹੈ। ੪. ਸੰ. ਪਾਲਿਨ ਵਿ- ਪਾਲਨ ਕਰਤਾ. ਪਰਵਰਿਸ਼ ਕਰਨ ਵਾਲਾ। ੫. ਸੰਗਯਾ- ਪਸ਼ੂਆਂ ਦਾ ਰਾਖਾ.

ਪਾਲੀਟਿਕ੍ਸ: ਅੰ. Politics ਰਾਜਸ਼ਾਸਨ ਵਿਦ੍ਯਾ. ਨੀਤਿਸ਼ਾਸਤ੍ਰ.

ਪਾਲੁ: ਸੰਗਯਾ- ਪਲੰਗ. ਸੇਜਾ. ਦੇਖੋ, ਕੂਰਮਾ.

ਪਾਲੂ: ਵਿ- ਪਾਲਿਆ ਹੋਇਆ. ਪਾਲਿਤ. ਪਾਲਤੂ.

ਪਾਲੇ: ਪਾਲਦਾ ਹੈ. "ਪਾਲੇ ਬਾਲਕ ਵਾਗਿ ਦੇਕੈ ਆਪਿ ਕਰ." (ਵਾਰ ਰਾਮ ੨. ਮਃ ੫) ੨. ਕ੍ਰਿ. ਵਿ- ਪੱਲੇ (ਝੋਲੀ) ਵਿੱਚ.

ਪਾਲੈ: ਪਾਲਨ ਕਰਦਾ ਹੈ. "ਸੋ ਉਦਾਸੀ, ਜੋ ਪਾਲੈ ਉਦਾਸ." (ਵਾਰ ਰਾਮ ੧. ਮਃ ੧) ੨. ਕ੍ਰਿ. ਵਿ- ਪੱਲੇ. "ਨਾਮ ਧਨੁ ਜਿਸੁ ਜਨ ਕੈ ਪਾਲੈ." (ਧਨਾ ਮਃ ੫)

ਪਾਲ੍ਯ: ਵਿ- ਪਾਲਨ ਯੋਗ੍ਯ. ਪਰਵਰਿਸ਼ ਲਾਇਕ.

ਪਾਵ: ਸੰਗਯਾ- ਪਾਦ. ਪੈਰ. ਪਾਯ. "ਸਿਰੁ ਨਾਨਕ ਲੋਕਾ ਪਾਵ ਹੈ." (ਬਸੰ ਮਃ ੧) ੨. ਸੇਰ ਆਦਿ ਦਾ ਚੌਥਾ ਭਾਗ. ਪਾਉ। ੩. ਸੰ. ਪਵਨਯੰਤ੍ਰ. ਹਵਾਈ ਵਾਜਾ ਅਥਵਾ ਕਲ.

ਪਾਵਉ: ਪ੍ਰਾਪਤ ਕਰੋ. ਪਾਓ। ੨. ਪਾਵਉਂ. ਪਾਵਾਂ. ਪ੍ਰਾਪਤ ਕਰਾਂ. "ਪਾਵਉ ਦਾਨੁ ਸਦਾ ਦਰਸੁ ਪੇਖਾ." (ਗੌਂਡ ਮਃ ੫)

ਪਾਵਸ: ਸੰ. ਪਵਸ੍ਤ. ਆਕਾਸ਼ ਅਤੇ ਪ੍ਰਿਥਿਵੀ. "ਤਹ ਪਾਵਸ ਸਿੰਧੁ ਧੂਪ ਨਹੀਂ ਛਹੀਆ." (ਗਉ ਕਬੀਰ) ਓਥੇ ਖ਼ੁਸ਼ਕੀ ਅਤੇ ਤਰੀ (ਅਥਵਾ ਉਚਾਣ ਅਤੇ ਨਿਵਾਣ), ਧੁੱਪ ਅਤੇ ਛਾਂਉਂ ਨਹੀਂ. ਜੋ ਲੋਕ ਪਾਵਸ ਦਾ ਅਰਥ ਇੱਥੇ ਵਰਖਾ ਰੁੱਤ ਕਰਦੇ ਹਨ ਉਹ ਸ਼ਬਦ ਦਾ ਭਾਵ ਨਹੀਂ ਜਾਣਦੇ, ਕਿਉਂਕਿ ਇਸ ਸ਼ਬਦ ਵਿੱਚ ਦੁੰਦ (ਦ੍ਵੰਦ੍ਵ) ਪਦਾਰਥ ਗਿਣੇ ਹਨ. ਦੇਖੋ, ਸੁੰਨ ੯। ੨. ਸੰ. प्रावृष- ਪ੍ਰਾਵ੍ਰਿਸ਼. ਵਰਖਾ (ਸਾਉਣ ਭਾਦੋਂ ਦੀ) ਰੁੱਤ. ਬਰਸਾਤ. "ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ." (ਸ੍ਰੀ ਬੇਣੀ)

ਪਾਵਸਿ: ਪਾਵੇਗਾ। ੨. ਪ੍ਰਾਪਤ ਕਰਦਾ. "ਜਾਕੈ ਨਾਮਿ ਸੁਨਿਐ ਜਮੁ ਛੋਡੈ, ਤਾਂਕੀ ਸਰਣਿ ਨ ਪਾਵਸਿ ਰੇ." (ਮਾਰੂ ਮਃ ੫)

੩. ਦੇਖੋ, ਪਾਵਸ ੨. "ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ." (ਸ੍ਰੀ ਬੇਣੀ) ਬਰਸਾਤ ਵਿੱਚ ਕਮਲ ਕੁਮਲਾ ਜਾਂਦਾ ਹੈ.

ਪਾਵਸੁ: ਦੇਖੋ, ਪਾਵਸ.

ਪਾਵਹ, ਪਾਵਹਿ: ਪ੍ਰਾਪਤ ਕਰਦਾ ਹੈ. ਪਾਉਂਦਾ ਹੈ. "ਪੜਿ ਪੜਿ ਪਾਵਹਿ ਮਾਨੁ." (ਜਪੁ).

ਪਾਵਹੀ: ਪ੍ਰਾਪਤ ਕਰਦਾ ਹੈ। ੨. ਧਾਰਦਾ. ਲਿਆਉਂਦਾ. "ਕਿਸ ਹੀ ਚਿਤਿ ਨ ਪਾਵਹੀ." (ਸ੍ਰੀ ਮਃ ੫) ਕਿਸੇ ਨੂੰ ਦਿਲ ਵਿੱਚ ਨਹੀਂ ਲਿਆਉਂਦਾ, ਭਾਵ- ਕਿਸੇ ਦੀ ਪਰਵਾ ਨਹੀਂ ਕਰਦਾ.

ਪਾਵਕ: ਸੰ. ਸੰਗਯਾ- ਜੋ ਪਵਿਤ੍ਰ ਕਰੇ, ਅਗਿਨਿ. ਅੱਗ. "ਜਿਹ ਪਾਵਕ ਸੁਰ ਨਰ ਹੈਂ ਜਾਰੇ." (ਗਉ ਕਬੀਰ) ੨. ਬਿਜਲੀ ਦੀ ਆਂਚ। ੩. ਭਲਾਵੇ ਦਾ ਬਿਰਛ.

ਪਾਵਕਤੋਅ: ਸੰਗਯਾ- ਤੋਯ- ਅਗਨਿ. ਜਲਾਗ੍ਨੀ. ਬੜਵਾ ਅਗਨਿ. "ਪਾਵਕਤੋਅ ਅਸਾਧ ਘੋਰੰ." (ਸਹਸ ਮਃ ੫)

ਪਾਵਕਬਾਣ: ਦੇਖੋ, ਅਗਨਿਬਾਣ. "ਪਾਵਕਬਾਣ ਬਹੇ ਨ ਜਲੇ ਹੈਂ." (ਵਿਚਿਤ੍ਰ)

ਪਾਵਕਬੇਖ: ਅਗਨਿਵੇਸ਼. ਅੱਗ ਦੀ ਸ਼ਕਲ. ਭਾਵ- ਕ੍ਰੋਧ ਨਾਲ ਲਾਲ ਹੋਇਆ. "ਰਿਸ ਕੇ ਸੰਗ ਪਾਵਕ ਬੇਖ ਭਏ ਹੈਂ." (ਕ੍ਰਿਸਨਾਵ)

ਪਾਵਕਮਣਿ: ਆਤਸ਼ੀ ਸ਼ੀਸ਼ਾ.

ਪਾਵਕੁ: ਦੇਖੋ, ਪਾਵਕ ੧. " ਪਾਣੀ ਪਾਵਕੁ ਤਿਨ ਹੀ ਕੀਆ." (ਸੋਪੁਰਖੁ)

ਪਾਵਟਾ, ਪਾਂਵਟਾ: ਸੰਗਯਾ- ਪੈਰ ਅਟਕਾਇਆ ਜਾਵੇ ਜਿਸ ਵਿੱਚ, ਰਕਾਬ. ਪਾਂਵੜਾ। ੨. ਜੋੜਾ. ਜੁੱਤਾ। ੩. ਮਕਾਨ ਅੱਗੇ ਵਿਛਾਇਆ ਉਹ ਫ਼ਰਸ਼, ਜਿਸ ਪੁਰ ਸਨਮਾਨ ਯੋਗਯ ਪਰਾਹੁਣਾ ਪੈਰ ਰੱਖਕੇ ਆਵੇ. ਪਾਂਵੜਾ. "ਬੀਥਿਨ ਮੇ ਪਾਂਵਟੇ ਪਰਤ ਜਾਤ" (ਰਘੁਨਾਥ) ੪. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਜਾ ਨਾਹਨ ਤੋਂ ਕਿਆਰ ਦੂਨ ਵਿੱਚ ਜ਼ਮੀਨ ਲੈਕੇ ਸੰਮਤ ੧੭੪੨ ਵਿੱਚ ਜਮਨਾ ਦੇ ਕਿਨਾਰੇ ਇੱਕ ਕਿਲਾ ਬਣਾਇਆ, ਜਿਸ ਦਾ ਨਾਮ ਪਾਂਵਟਾ ਰੱਖਿਆ. ਭੰਗਾਣੀ ਦਾ ਜੰਗ ਇਸ ਕਿਲੇ ਵਿੱਚ ਰਹਿਣ ਸਮੇਂ ਹੀ ਹੋਇਆ ਸੀ, ਜਿਸ ਦਾ ਜਿਕਰ ਵਿਚਿਤ੍ਰ ਨਾਟਕ ਦੇ ਅੱਠਵੇਂ ਅਧ੍ਯਾਯ ਵਿੱਚ ਹੈ. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

"ਪਾਵ ਟਿਕਯੋ ਸਤਗੁਰੂ ਕੋ ਆਨਦਪੁਰ ਤੇ ਆਇ।

ਨਾਮ ਧਰਯੋ ਇਸ ਪਾਂਵਟਾ ਸਭ ਦੇਸਨ ਪ੍ਰਗਟਾਇ।।

(ਗੁਪ੍ਰਸੂ)

ਭਾਗਵਤ ਦੇ ਦਸਮ ਸਕੰਧ ਦਾ ਅਨੁਵਾਦ ਭੀ ਪਾਵਟੇ ਰਹਿਣ ਸਮੇਂ ਹੋਇਆ ਹੈ, ਯਥਾ-

"ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ,

ਅਵਰ ਵਾਸਨਾ ਨਾਹਿ ਪ੍ਰਭੁ ਧਰਮਜੁੱਧ ਕੇ ਚਾਇ,

ਸਤ੍ਰੈ ਸੈ ਪੈਤਾਲਿ ਮੇ ਸਾਵਨ ਸੁਦਿ ਤਿਥਿ ਦੀਪ,

ਨਗਰ ਪਾਂਵਟਾ ਸੁਭ ਕਰਨ ਸੁਮਨਾ ਬਹੈ ਸਮੀਪ."

(ਕ੍ਰਿਸਨਾਵ ੨੩੯੦)[775]

ਪਾਂਵਟੇ ਦੇ ਆਸ ਪਾਸ ਸਤਿਗੁਰ ਦੇ ਵਿਰਾਜਣ ਦੇ ਚਾਰ ਅਸਥਾਨ ਹੋਰ ਭੀ ਹਨ, ਪਰ ਵਡਾ ਗੁਰਦ੍ਵਾਰਾ ਇੱਕੋ ਹੈ. ਇਸ ਨੂੰ ੧੨੫ ਰੁਪਯੇ ਸਾਲਾਨਾ ਰਿਆਸਤ ਪਟਿਆਲੇ ਤੋਂ, ੧੧੧ ਰੁਪਯੇ ਰਿਆਸਤ ਨਾਹਨ ਤੋਂ, ੨੫ ਰੁਪਯੇ ਰਿਆਸਤ ਬੂੜੀਏ ਤੋਂ, ੧੮. ਰੁਪਯੇ ਨਾਭੇ ਤੋ, ੭੨ ਰੁਪਯੇ ਰਿਆਸਤ ਕਲਸੀਆ ਤੋਂ, ੧੦. ਰੁਪਯੇ ਸਰਦਾਰ ਭਰੋਲੀ ਤੋਂ ਮਿਲਦੇ ਹਨ, ਅਰ ਚਾਰ ਸੌ ਪੱਚੀ ਵਿੱਘੇ ਜ਼ਮੀਨ ਰਿਆਸਤ ਨਾਹਨ ਵੱਲੋਂ ਮੁਆਫ ਹੈ. ਇੱਥੇ ਕਲਗੀਧਰ ਦੀ ਇੱਕ ਤਲਵਾਰ ਸੀ, ਜੋ ਹੁਣ ਰਾਜਾ ਸਾਹਿਬ ਨਾਹਨ ਪਾਸ ਹੈ. ਵੈਸਾਖੀ ਨੂੰ ਗੁਰਦ੍ਵਾਰੇ ਮੇਲਾ ਹੁੰਦਾ ਹੈ. ਇਹ ਅਸਥਾਨ ਰਿਆਸਤ ਨਾਹਨ, ਤਸੀਲ ਪਾਂਵਟਾ, ਥਾਣਾ ਮਾਜਰਾ ਵਿੱਚ ਹੈ. ਰੇਲਵੇ ਸਟੇਸ਼ਨ ਜਗਾਧਰੀ ਤੋਂ ੩੦ ਮੀਲ ਉੱਤਰ ਪੂਰਵ ਹੈ.

ਪਾਵਣਾ: ਕ੍ਰਿ- ਪ੍ਰਾਪਣ. ਪ੍ਰਾਪਤ ਕਰਨਾ. ਪਾਉਣਾ.

ਪਾਵਣਿਆ: ਵਿ- ਪ੍ਰਾਪਤ ਕਰਨ ਵਾਲਾ। ੨. ਪ੍ਰਾਪਤ ਕਰਦਾ ਹੈ। ੩. ਪਾਉਣ ਵਾਲਾ. "ਗੁਰਮੁਖਿ ਸੋਝੀ ਪਾਵਣਿਆ." (ਮਾਝ ਅਃ ਮਃ ੩)

ਪਾਵਤ: ਪ੍ਰਾਪਤ ਕਰਦਾ ਹੈ ੨. ਪੈਂਦਾ. ਪੜਤਾ. "ਫੂਲਿ ਫੂਲਿ ਕਿਆ ਪਾਵਤ ਹੇ?" (ਬਿਲਾ ਮਃ ੫)

ਪਾਂਵਦ: ਸੰਗਯਾ- ਪੈਰਾਂ ਵੱਲ ਦਾ ਬੰਧਨ. ਮੰਜੇ ਦੀ ਦਾਮਨ (ਦਾਉਣ). ੨. ਪਾਂਇੰਦ ਦਾ ਪਾਸਾ. "ਪਾਂਵਦ ਬੈਠ ਮੂਕਿਯਨ ਮਾਰੈ." (ਚਰਿਤ੍ਰ ੨੯੪)

ਪਾਵਨ, ਪਾਵਨੁ: ਕ੍ਰਿ- ਪਾਉਣਾ. ਡਾਲਨਾ. "ਨਿਜ ਪਾਵਨ ਕੋ ਕਰੀਅਹਿ ਪਾਵਨ। ਜਿਸ ਤੇ ਹੋਇ ਸਦਨ ਮਮ ਪਾਵਨ." (ਗੁਪ੍ਰਸੂ) ਆਪਣੇ ਪੈਰਾਂ ਨੂੰ ਮੇਰੇ ਘਰ ਵਿੱਚ ਪਾਓ, ਜਿਸ ਤੋਂ ਉਹ ਪਵਿਤ੍ਰ ਹੋ ਜਾਵੇ। ੨. ਪੈਰਾਂ ਨੂੰ. ਚਰਣਾਂ ਨੂੰ. ਦੇਖੋ, ਪਾਵ. "ਪੁਨ ਧੋਵਹਿ ਪਾਵਨ." (ਗੁਪ੍ਰਸੂ) ੩. ਪੈਰਾਂ ਨਾਲ. ਪੈਰੋਂ ਸੇ. "ਪਾਵਨ ਧਾਵਨ ਸੁਆਮੀ ਸੁਖਪੰਥਾ." (ਕਾਨ ਮਃ ੫) ੪. ਪੈਂਦਾ ਹੈ. ਪੜਤਾ ਹੈ. "ਕੋ ਰੋਵੈ, ਕੋ ਹਸਿ ਹਸਿ ਪਾਵਨੁ." (ਆਸਾ ਮਃ ੫) ੫. ਸੰ. ਪ੍ਰਧਨ- ਪ੍ਰਪੰਨ. ਵਿ- ਸ਼ਰਣਾਗਤ. ਸ਼ਰਨ ਆਇਆ. "ਗੋਤਮ ਨਾਰਿ ਅਹਲਿਆ ਤਾਰੀ, ਪਾਵਨ ਕੇਤਕ ਤਾਰੀਅਲੇ." (ਮਾਲੀ ਨਾਮਦੇਵ) ੬. ਸੰ. ਪਵਿਤ੍ਰ ਕਰਨ ਵਾਲਾ. "ਪਾਵਨ ਨਾਮ ਜਗਤ ਮੈ ਹਰਿ ਕੋ." (ਗਉ ਮਃ ੯) ੭. ਪਵਿਤ੍ਰ. ਸ਼ੁੱਧ. "ਪਾਵਨ ਚਰਨ ਪਖਾਰਨ ਕਰੇ." (ਗੁਪ੍ਰਸੂ) ੮. ਪੌਣਾਹਾਰੀ। ੯. ਸੰਗਯਾ- ਅਗਨਿ। ੧੦. ਜਲ. ੧੧. ਚੰਦਨ.

ਪਾਵਨਾ: ਦੇਖੋ, ਪਾਉਣਾ ਅਤੇ ਪਾਵਣਾ.

ਪਾਵਨੁ: ਦੇਖੋ, ਪਾਵਨ.

ਪਾਵ ਪਸਾਰਨ: ਸੰਗਯਾ- ਪਾਦ ਪ੍ਰਸਾਰਣ. ਪੈਰ ਫੈਲਾਉਣ ਦੀ ਕ੍ਰਿਯਾ। ੨. ਪੈਰ ਜਮਾਉਣਾ. ਆਪਣੇ ਆਪ ਨੂੰ ਨਿੱਤ ਇਸਥਿਤ ਮੰਨਣਾ। ੩. ਆਪਣਾ ਅਧਿਕਾਰ (ਕਬਜਾ) ਵਧਾਉਣਾ. "ਥਿਰ ਕੋਊ ਨਹੀ, ਕਾਇ ਪਸਾਰਹੁ ਪਾਵ?" (ਬਾਵਨ)

ਪਾਵਰ: ਸੰਗਯਾ- ਪ੍ਰਪਾ. ਪਉ. ਪਾਣੀ ਪੀਣ ਦਾ ਅਸਥਾਨ. "ਸਰਬ ਤੀਰਯ ਪਰ ਪਾਵਰ ਬਾਂਧਾ." (ਰਘੁਰਾਜ) ੨. ਦੇਖੋ, ਪਾਂਵਰਿ। ੩. ਪਾਮਰ ਦੀ ਥਾਂ ਭੀ ਪਾਵਰ ਸ਼ਬਦ ਆਇਆ ਹੈ. "ਹੇ ਮਨ ਮੋਹਨ ਸੁੰਦਰ ਸਾਵਰ। ਮੈ ਮਲੀਨ ਪਾਮਰ ਤੇ ਪਾਵਰ." (ਗੁਪ੍ਰਸੂ) ੪. ਸੰ. ਪਾਵਰ. ਨਰਦ ਅਥਵਾ ਡਾਲਣਾ, ਜਿਸ ਪੁਰ ਚਿੰਨ੍ਹ (ਨਿਸ਼ਾਨ) ਲੱਗੇ ਹੋਣ. ਅਕ੍ਸ਼.

ਪਾਵਰਿ, ਪਾਂਵਰੀ: ਸੰਗਯਾ- ਪਊਏ. ਖੜਾਉਂ. ਪਾਦੁਕਾ, ਜੋ ਪੈਰ ਵਿੱਚ ਧਾਰਣ ਕੀਤੀ ਜਾਵੇ.

ਪਾਵਲਾ: ਦੇਖੋ, ਪਾਉਲਾ.

---

[775] ਭਾਈ ਗਯਾਨ ਸਿੰਘ ਆਦਿਕ ਲੇਖਕਾਂ ਨੇ ਭੰਗਾਣੀ ਦੇ ਜੰਗ ਦਾ ਸਾਲ ੧੭੪੩ ਲਿਖਿਆ ਹੈ, ਪਰ ਇਹ ਸਹੀ ਨਹੀਂ. ਜੰਗ ਪਿੱਛੋਂ ਦਸ਼ਮੇਸ਼ ਨੇ ਪਾਂਵਟੇ ਰਹਿਕੇ ਕੋਈ ਕਾਵ੍ਯਰਚਨਾ ਨਹੀਂ ਕੀਤੀ, ਸਗੋਂ ਤੁਰੰਤ ਹੀ ਡੇਰਾ ਕੂਚ ਕਰ ਦਿੱਤਾ ਸੀ. ਭੰਗਾਣੀ ਦਾ ਜੰਗ ਸੰਮਤ ੧੭੪੬ ਵਿੱਚ ਹੋਇਆ ਹੈ.

**ਪਾਵੜਾ, ਪਾਂਵੜਾ:** ਜਿਸ ਵਿੱਚ ਪੈਰ ਅੜਾਇਆ ਜਾਵੇ, ਰਕਾਬ. ਦੇਖੋ, ਪਾਵਟਾ ੧. "ਸਹਜ ਕੈ ਪਾਵੜੈ ਪਗੁ ਧਰਿਲੀਜੈ." (ਗਉ ਕਬੀਰ) ੨. ਦੇਖੋ, ਪਾਂਵਟਾ ੩.

**ਪਾਵਾ:** ਸੰਗਯਾ- ਮੰਜੇ ਚੌਕੀ ਆਦਿ ਦਾ ਪਾਦ. ਪਾਯਹ. "ਹੁਤੋ ਹੀਨ ਚੌਕੀ ਇਕ ਪਾਵਾ." (ਗੁਪ੍ਰਸੂ) ੨. ਪ੍ਰਾਪਤ ਕੀਤਾ. "ਸਾਚੁ ਮਿਲੈ ਸੁਖ ਪਾਵਾ." (ਮਾਰੂ ਸੋਲਹੇ ਮਃ ੧) ੩. ਪਾਵਾਂ. ਪ੍ਰਾਪਤ ਕਰਾਂ.

**ਪਾਵਾਧੇ, ਪਾਵਾਂਧੇ:** ਕ੍ਸ਼ਤ੍ਰੀਆਂ ਦੀ ਇੱਕ ਜਾਤਿ. "ਪਾਵਾਂਧੇ ਪਾਚਾਧਿਆਂ." (ਭਾਗੁ)

**ਪਾਵਾੜਾ:** ਜੰਗ ਦੇਖੋ, ਪਵਾੜਾ. "ਜਿਤਾ ਪਾਵਾੜਾ." (ਵਾਰ ਮਾਰੂ ੨. ਮਃ ੫)

**ਪਾਵਿਤ੍ਰ:** ਸੰ. ਪਾਵਿਤ੍ਰਯ. ਸੰਗਯਾ- ਪਵਿਤ੍ਰਤਾ, "ਕਿ ਪਾਵਿਤ੍ਰ ਕਰਮੰ. (ਦੱਤਾਵ)

**ਪਾਵੈ:** ਪ੍ਰਾਪ੍ਤ ਕਰਦਾ ਹੈ. ਪਾਉਂਦਾ ਹੈ। ੨. ਕ੍ਰਿ. ਵਿ- ਪੈਰੀਂ ਚਰਨੀਂ. "ਲਗਿ ਸਤਿਗੁਰਿ ਪਾਵੈ." (ਆਸਾ ਮਃ ੫)

**ਪਾਵੰਗ:** ਦੇਖੋ, ਪਵੰਗ। ੨. ਪਵੰਗ (ਘੋੜੇ) ਨਾਲ ਹੈ ਜਿਸ ਦਾ ਸੰਬੰਧ.

**ਪਾੜ:** ਸੰਗਯਾ- ਸੰਨ੍ਹ ਨਕਬ. ਸੰਧਿ। ੨. ਵਿੱਥ. ਪਾਟ। ੩. ਪਾਰ। ੪. ਖੂਹ ਦੀ ਚਿਣਾਈ ਲਈ ਪੱਟਿਆ ਟੋਆ.

**ਪਾੜਛਾ:** ਪਯ (ਜਲ) ਰੱਛਕ. ਪਾਰਚਾ. ਕੂਏ ਪੁਰ ਰੱਖਿਆ ਉਹ ਪਾਤ੍ਰ, ਜਿਸ ਵਿੱਚ ਟਿੰਡਾਂ ਤੋਂ ਪਾਣੀ ਪਹਿਲਾਂ ਡਿਗਦਾ ਅਤੇ ਫੇਰ ਨਸਾਰ ਵਿੱਚ ਪਹੁਚਦਾ ਹੈ। ੨. ਲੱਕੜ ਜਾਂ ਹੋਰ ਕਰੜੀ ਚੀਜ਼ ਨਾਲੋਂ ਕੁਹਾੜੇ ਆਦਿ ਨਾਲ ਲਾਹਿਆ ਹੋਇਆ ਟੋਟਾ, ਜਿਵੇਂ- ਉਸ ਨੇ ਮਾਰ ਮਾਰਕੇ ਪਾੜਛੇ ਲਾਹ ਦਿੱਤੇ.

**ਪਾੜਨਾ:** ਕ੍ਰਿ- ਚੀਰਨਾ. ਫਾੜਨਾ। ੨. ਭਿੰਨ ਕਰਦਾ. ਜੁਦਾ ਕਰਨਾ। ੩. ਵਿਰੋਧ ਪਾਉਣਾ. ਸੰ. ਪਾਟਨ। ੪. ਖੋਹਣਾ. ਲੁੱਟਣਾ.

**ਪਾੜ ਪੜੋਸਣਿ:** ਪਾਟ ਪ੍ਰਤਿਵਾਸਿਨੀ, ਦੂਜੇ ਮਹੱਲੇ ਜਾਂ ਉਸੇ ਮਹੱਲੇ ਵਿੱਚ ਵਿੱਥ ਪੁਰ ਵਸਣ ਵਾਲੀ. "ਪਾੜ ਪੜੋਸਣਿ ਪੂਛਿਲੇ ਨਾਮਾ." (ਸੋਰ ਨਾਮਦੇਵ)

**ਪਾੜਾ:** ਸੰਗਯਾ- ਭੇਦ. ਵਿਰੋਧ। ੨. ਵਿੱਥ। ੩. ਦਰਿਆ ਦੇ ਦੋਹਾਂ ਕਿਨਾਰਿਆਂ ਦੇ ਮੱਧ ਦੀ ਵਿੱਥ. ਪਾਟ.

**ਪਾੜਿ:** ਪਾੜਕੇ. "ਪਾੜਿ ਪਟੋਲਾ ਧਜ ਕਰੀ." (ਸ. ਫਰੀਦ)

**ਪਾੜੀਬਾਟ:** ਸੰਗਯਾ- ਵਾਟਪਾਰ. ਰਾਹ ਖੋਹਣ ਵਾਲਾ. ਡਾਕੂ. "ਪੰਡਿਤ ਪਾੜੀਬਾਟ." (ਸ. ਕਬੀਰ)

**ਪਾੜ੍ਹਾ:** ਸੰਗਯਾ- ਇੱਕ ਪ੍ਰਕਾਰ ਦਾ ਮ੍ਰਿਗ. ਜੋ ਭੂਰੇ ਰੰਗ ਦਾ ਦੋ ਫੁੱਟ ਉੱਚਾ ਹੁੰਦਾ ਹੈ. Hog- zeer "ਕੇਤਕ ਪਾੜ੍ਹੇ ਸੂਕਰ ਮਾਰੇ." (ਗੁਪ੍ਰਸੂ) ਪਾੜ੍ਹੇ ਦੇ ਮਾਸ ਵਿੱਚ ਸੁਫ ਬਹੁਤ ਘੱਟ ਹੁੰਦਾ ਹੈ। ੨. ਵਿ- ਪੜ੍ਹਾਕੂ. ਪੜ੍ਹਨ (ਪਠਨ) ਵਾਲਾ.

**ਪਿਉ:** ਸੰਗਯਾ- ਪ੍ਰਿਯ. ਪਿਤਾ. "ਪਿਉ ਦੇ ਨਾਹਿ ਪਿਆਰ ਤੁੱਲਿ." (ਭਾਗੁ) ੨. ਪਤਿ. ਸ੍ਵਾਮੀ. ਆਕ਼ਾ

**ਪਿਉਕਾ:** ਸੰਗਯਾ- ਪਿਤਾ ਦਾ ਉਕਸ੍ (ਘਰ). ਪਿਤਾ- ਗ੍ਰਿਹ. ਬਾਪ ਦਾ ਘਰ.

**ਪਿਉਂਦ:** ਫ਼ਾ. پیوند ਪੈਵੰਦ. ਸੰ. ਪਿਬ੍ਦ. ਸੰਗਯਾ- ਜੋੜ ਲਾਉਣ ਦੀ ਕ੍ਰਿਯਾ। ੨. ਇੱਕ ਬੂਟੇ ਦਾ ਦੂਜੇ ਦੀ ਸ਼ਾਖ ਪੁਰ ਛੱਲਾ ਅੱਖ ਆਦਿ ਦਾ ਚੜ੍ਹਾਉਣਾ. ਦੇਖੋ, ਪੈਵਸ੍ਤ.

**ਪਿਉਂਦੀ:** ਵਿ- ਪੈਵੰਦੀ. ਜਿਸ ਨੂੰ ਜੋੜ ਲਾਇਆ ਗਿਆ ਹੈ. Graftez

**ਪਿਊਸ, ਪਿਊਖ:** ਸੰ. ਪੀਯੂਸ਼ ਸੰਗਯਾ- ਦੇਵਤਿਆਂ ਦ੍ਵਾਰਾ ਪੀਣ ਯੋਗ ਪਦਾਰਥ. ਅਮ੍ਰਿਤ. ਸੁਧਾ. "ਹੁਤੀ ਜੁ ਪਿਆਸ ਪਿਊਸ ਪਿਵੰਨ ਕੀ." (ਸਵੈਯੇ ਮਃ ੪. ਕੇ) "ਕਤ ਹੂ ਪਿਊਖ ਹਨਐਕੈ ਪਵਿਤ ਪਿਵਾਵਤ ਹੋ." (ਅਕਾਲ) ੨. ਸੋਮਰਸ. ਇੱਕ ਬੂਟੀ ਦਾ ਨਸ਼ੀਲਾ ਰਸ, ਜਿਸ ਦਾ ਜ਼ਿਕਰ ਵੇਦਾਂ ਵਿੱਚ ਆਉਂਦਾ ਹੈ। ੩. ਨਵੀਂ ਸੂਈ ਗਊ ਦਾ ਸੱਤ ਦਿਨਾਂ ਤੀਕ ਚੋਇਆ ਦੁੱਧ.

Colostrum। ੪. ਦੁੱਧ ਦੀ ਮਲਾਈ.

ਪਿਓ: ਪਿਤਾ ਦੇਖੋ, ਪਿਉ. "ਕਾਢਿ ਖੜਗ ਕੋ ਪਿਓ ਰਿਸਾਇ." (ਬਸੰ ਕਬੀਰ)

ਪਿਅ: ਪ੍ਰਿਯ, ਪਤਿ. ਭਰਤਾ। ੨. ਕ੍ਰਿ. ਵਿ- ਪੀਕੇ. ਪਾਨ ਕਰਕੇ.

ਪਿਅਰਵਾ: ਪ੍ਰੁ. ਸੰ. ਪ੍ਰਿਯਵਰ ਵਿ- ਪਿਆਰਾ. "ਸਮਰ ਸੁਯੰਵਰ ਕਰਕੈ ਪਰਮ ਪਿਅਰਵਰਿ ਪਾਂਊ." (ਪਾਰਸਾਵ) ੨. ਪੀਲੇ ਰੰਗਾ। ੩. ਸੰਗਯਾ- ਪਤਿ. ਭਰਤਾ.

ਪਿਆਰਾ: ਵਿ- ਪ੍ਰਿਯ. ਪਿਆਰਾ। ੨. ਪੀਤ. ਪੀਲਾ.

ਪਿਅਰਾਨੀ: ਪੀਲੀ ਹੋ ਗਈ। ੨. ਪ੍ਰਿਯ (ਪਜਾਰੇ) ਦੀ। ੩. ਪੀੜ ਸਹਿਤ ਹੋਈ.

ਪਿਆਉ: ਸੰਗਯਾ- ਪ੍ਰਪਾ. ਪਉ. ਉਹ ਥਾਂ, ਜਿੱਥੇ ਪਾਣੀ ਪਿਆਇਆ ਜਾਵੇ.

ਪਿਆਇ: ਪਿਲਾਕੇ. ਪਾਨ ਕਰਾਕੇ.

ਪਿਆਸ: ਸੰ. ਪਿਪਾਸਾ. ਸੰਗਯਾ- ਪੀਣ ਦੀ ਇੱਛਾ. ਤ੍ਰਿਖਾ. "ਪਿਆਸ ਨ ਜਾਇ ਹੋਰਤੁ ਕਿਤੈ." (ਅਨੰਦੁ) ੨. ਰੁਚੀ. ਚਾਹ. "ਜਿਨ ਹਰਿ ਹਰਿ ਸਰਧਾ ਹਰਿਪਿਆਸ." (ਸੋਦਰੁ) ੩. ਵਿ- ਪਿਪਾਸ. ਪਿਆਸਾ. ਤ੍ਰਿਖਾਤੁਰ. "ਫਿਰਤ ਪਿਆਸ ਜਿਉ ਤਲ ਬਿਨੁ ਮੀਨਾ." (ਸੂਹੀ ਅਃ ਮਃ ੫)

ਪਿਆਸਾ, ਪਿਆਸੀ: ਵਿ- ਪਿਪਾਸਾ ਵਾਲਾ, ਵਾਲੀ. ਤ੍ਰਿਖਾਤੁਰ. "ਦਰਸਨਪਿਆਸੀ ਦਿਨਸੁ ਰਾਤਿ." (ਜੈਤ ਛੰਤ ਮਃ ੫) ੨. ਪਿਆਵੇਗਾ. ਪਾਨ ਕਰਾਉ. "ਸੋ ਪੀਐ ਜਿਸੁ ਰਾਮੁ ਪਿਆਸੀ." (ਸਾਰ ਪੜਤਾਲ ਮਃ ੪)

ਪਿਆਕ, ਪਿਆਕੂ: ਵਿ- ਪੀਣ ਵਾਲਾ ੨. ਸ਼ਰਾਬ ਪੀਣ ਵਾਲਾ.

ਪਿਆਜ: ਦੇਖੋ, ਪਜਾਜ.

ਪਿਆਣ: ਦੇਖੋ, ਪਯਾਣ ਅਤੇ ਪ੍ਰਯਾਣ.

ਪਿਆਦਾ: ਫ਼ਾ. پیادہ ਪਯਾਦਹ. ਸੰਗਯਾ- ਪੈਦਲ. ਸੰ. ਪਦਾਤਿ. ਪੈਦਲ ਸਿਪਾਹੀ। ੨. ਅਫੀਮੀਆਂ ਦੇ ਸੰਕੇਤ ਵਿੱਚ ਅਫੀਮ ਦਾ ਛੋਟਾ ਮਾਵਾ, ਜੋ ਮੁਕੱਰਰ ਵੇਲੇ ਦੀ ਅਫ਼ੀਮ ਖਾਣ ਪਿੱਛੋਂ ਖਾਧਾਜਾਵੇ. ਭਾਵ ਇਹ ਹੁੰਦਾ ਹੈ ਕਿ ਪਯਾਦੇ ਦੀ ਤਰਾਂ ਜਾਕੇ ਅਮਲ (ਨਸ਼ੇ) ਨੂੰ ਸੱਦ ਲਿਆਵੇ. ਅਫੀਮੀਆਂ ਦੀ ਬੋਲੀ ਵਿੱਚ ਇਸ ਦਾ ਨਾਮ "ਪਿਆਦਾ ਦੌੜਾਉਣਾ" ਹੈ। ੩. ਸ਼ਤਰੰਜ ਦਾ ਛੋਟਾ ਮੋਹਰਾ.

ਪਿਆਦਾ ਦੌੜਾਉਣਾ: ਕ੍ਰਿ- ਦੇਖੋ, ਪਿਆਦਾ ੨.

ਪਿਆਨ: ਦੇਖੋ, ਪਯਾਨ.

ਪਿਆਰ: ਸੰਗਯਾ- ਪ੍ਰੇਮ. ਮੁਹੱਬਤ. ਪਜਾਰ. ਪ੍ਰਿਯਤਾ.

ਪਿਆਰੜਾ, ਪਿਆਰਾ: ਵਿ- ਪ੍ਰਿਯ. ਪ੍ਰਿਯਤਰ. ਪਜਾਰ ਵਾਲਾ. "ਜੇ ਕਰ ਗਹਹਿ ਪਿਆਰੜੇ!" (ਵਾਰ ਗਉ ੨. ਮਃ ੫) "ਪਿਆਰੇ! ਤੂ ਮੇਰੋ ਸੁਖਦਾਤਾ." (ਸੋਰ ਮਃ ੫) ਦੇਖੋ, ਪਜਾਰਾ। ੨. ਭਾਈ ਪਿਆਰਾ ਰੰਧਾਵਾ, ਜਿਸ ਨੂੰ ਸੁਪਾਤ੍ਰ ਜਾਣਕੇ ਬਾਬਾ ਬੁੱਢਾ ਜੀ ਨੇ ਗਵਾਲੀਅਰ ਗੁਰੂ ਹਰਿਗੋਬਿੰਦ ਜੀ ਪਾਸ ਜਾਣ ਸਮੇਂ ਹਰਿਮੰਦਰ ਦੀ ਸੇਵਾ ਸੌਂਪੀ. ਇਸ ਦੀ ਵੰਸ਼ ਵਿੱਚ ਕਈ ਸੱਜਨ ਅਰਦਾਸੀਏ ਦੀ ਸੇਵਾ ਕਰਦੇ ਆਏ ਹਨ.

ਪਿਆਰਾ ਭਾਈ: ਦੇਖੋ, ਪਿਆਰਾ ੨.

ਪਿਆਰਿਹੁ, ਪਿਆਰਿਹੋ: ਸੰਬੋਧਨ. ਪਿਆਰੇ ਲੋਕੋ! ਐ ਪ੍ਰਿਯਜਨੋ! "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ." (ਅਨੰਦੁ)

ਪਿਆਰੀ: ਵਿ- ਪ੍ਰਿਯਾ. ਪਿਆਰੀ ਲੱਗਣ ਵਾਲੀ. "ਸੰਗਤਿ ਸਾਧ ਪਿਆਰੀ." (ਸੋਰ ਮਃ ੫) ੨. ਸੰਗਜ੍ਞਾ- ਪ੍ਰਿਯਤਾ. ਮੁਹੱਬਤ. "ਹਰਿ ਦੀਜੈ ਨਾਮ ਪਿਆਰੀ ਜੀਉ." ( ਸੋਰ ਮਃ ੧) ੩. ਪਿਆਰੇ ਦਾ. ਪ੍ਰਿਯ ਦਾ. "ਅੰਮ੍ਰਿਤਰਸ ਪੀਵਹੁ ਪ੍ਰਭੁ ਪਿਆਰੀ." (ਗਉ ਮਃ ੫)

ਪਿਆਰੇ: ਮਿਲਾਵੇ. ਪਾਨ ਕਰਾਵੇ। ੨. ਸੰਬੋਧਨ. ਹੇ ਪ੍ਰਿਯ "ਪਿਆਰੇ, ਇਨਬਿਧਿ ਮਿਲਣੁ ਨ ਜਾਈ." (ਸੋਰ ਅਃ ਮਃ ੫) ੩. ਪਿਆਰਾ ਦਾ ਬਹੁਵਚਨ.

ਪਿਆਰੈ: ਪਿਲਾਉਂਦਾ ਹੈ. ਪਾਨ ਕਰਾਉਂਦਾ ਹੈ. "ਤੁਝਹਿ ਪਿਆਰੈ ਦੂਧ." (ਸੁਖਮਨੀ)

ਪਿਆਰੋ: ਦੇਖੋ, ਪਿਆਰਾ. "ਮਿਲਤ ਪਿਆਰੋ ਪ੍ਰਾਨਨਾਥ ਕਵਨ ਭਗਤਿ ਤੇ?" (ਮਲਾ ਰਵਿਦਾਸ) ੨. ਪਿਲਾਓ. ਪਾਨ ਕਰਾਓ.

ਪਿਆਲ: ਸੰਗਜ੍ਞਾ- ਪਾਤਾਲ। ੨. ਪਯਾਲਾ. "ਸੁਰਤਿ ਪਿਆਲ ਸੁਧਾਰਸ ਅੰਮ੍ਰਿਤੁ." (ਰਾਮ ਕਬੀਰ) ੩. ਦੇਖੋ, ਪਿਆਲਣਾ.

ਪਿਆਲਣਾ: ਕ੍ਰਿ- ਪਿਲਾਨਾ. ਪਾਨ ਕਰਾਉਣਾ.

ਪਿਆਲਾ: ਫ਼ਾ. پیالہ ਪਯਾਲਹ. ਸੰਗਜ੍ਞਾ- ਕਟੋਰਾ. ਪਾਤ੍ਰ. "ਇਹੁ ਪਿਰਮਪਿਆਲਾ ਖਸਮ ਕਾ." (ਵਾਰ ਰਾਮ ੧. ਮਃ ੩) ੨. ਤੋੜੇਦਾਰ ਅਤੇ ਪਥਰਕਲਾ ਬੰਦੂਕ ਦਾ, ਪਿਆਲੇ ਦੀ ਸ਼ਕਲ ਦਾ, ਉਹ ਅਸਥਾਨ, ਜਿਸ ਵਿੱਚ ਬਾਰੂਦ ਰੱਖੀਦਾ ਹੈ, ਜੋ ਤੋੜੇ ਦੀ ਅਗਨਿ ਅਥਵਾ ਪਥਰੀ ਦੇ ਚਿੰਗਾੜੇ ਤੋਂ ਮੱਚ ਉਠਦਾ ਹੈ. ਪਿਆਲੇ ਦੀ ਅੱਗ ਛੋਟੇ ਛੇਕ ਵਿੱਚਦੀਂ ਬੰਦੂਕ ਦੀ ਕੋਠੀ ਵਿੱਚ ਪਹੁਚਦੀ ਹੈ। ੩. ਵਿ- ਪਿਲਾਉਣ ਵਾਲਾ. ਪਾਨ ਕਰਾਉਣ ਵਾਲਾ. "ਪੰਜ ਪਿਆਲੇ ਪੰਜ ਪੀਰ, ਛਠਵਾਂ ਪੀਰ ਬੈਠਾ ਗੁਰੁਭਾਰੀ." (ਭਾਗੁ) ਅਮ੍ਰਿਤ ਪਿਲਾਉਣ ਵਾਲੇ ਪੰਜ ਗੁਰੂ.

ਪਿਆਲਾ ਚਰ ਜਾਣਾ: ਕ੍ਰਿ- ਬੰਦੂਕ ਦੇ ਪਿਆਲੇ ਦੀ ਬਾਰੂਦ ਦਾ ਬਿਨਾ ਕੋਠੀ ਨੂੰ ਅੱਗ ਦਿੱਤੇ ਮੱਚਜਾਣਾ. ਦੇਖੋ, ਪਿਆਲਾ ੨.

ਪਿਆਲਿ: ਪਾਤਾਲ ਮੇਂ। ੨. ਪਿਲਾਕੇ. ਪਾਨ ਕਰਾਕੇ.

ਪਿਈਨੀ: ਵਿ- ਪੈਨੀ. ਤਿੱਖੀ। ੨. ਬਾਰੀਕ. ਸੁਖਮ. "ਖੰਨਿਅਹੁ ਤਿਖੀ ਬਹੁਤ ਪਿਈਨੀ." (ਸੂਹੀ ਫਰੀਦ)

ਪਿਸ: ਸੰ. पिश. ਧਾ- ਟੁਕੜੇ ਕਰਨਾ. ਚੀਰਨਾ, ਤਿਆਰ ਕਰਨਾ। ੨. पिष. ਧਾ- ਪੀਹਣਾ, ਚੂਰਨ ਕਰਨਾ.

ਪਿਸਟ: ਸੰ. ਪਿਸ਼੍ਟ. ਵਿ- ਪੀਠਾ ਹੋਇਆ। ੨. ਪਿਸ਼੍ਟਿ ਸੰਗਜ੍ਞਾ- ਪੀਠੀ. ਮਾਂਹ ਮੂੰਗੀ ਆਦਿ ਦੀ ਭਿੱਜੀ ਹੋਈ ਦਾਲ ਨੂੰ ਸਿਲ ਵੱਟੇ ਪੁਰ ਪੀਹਕੇ ਬਣਾਇਆ ਚੂਰਣ। ੩. ਪ੍ਰਿਸ਼੍ਟਿ. ਪਿੱਠ. ਪੀਠ. "ਕੋਈ ਧਰਤ ਜਾਇ ਲੈ ਪਿਸਟ ਪਾਨ." (ਦੱਤਾਵ) ਕੋਈ ਪਦਮਾਸਨ ਦੀ ਸਾਧਨਾ ਕਰਦਾ ਹੋਇਆ ਪਿੱਠ ਪਿੱਛੋਂਦੀ ਹੱਥ ਲੈ ਜਾਕੇ ਰਖਦਾ ਹੈ.

ਪਿਸਟਲ: ਅੰ. Pistol. ਸੰਗਜ੍ਞਾ- ਪਿਸਤੋਲ. ਤਮੰਚਾ. "ਜੰਬੂਆ ਪਿਸਟਲ ਹਥਨਾਲ ਜਬਰ." (ਸਲੋਹ)

ਪਿਸਟਿ: ਦੇਖੋ, ਪਿਸਟ ੨. ਅਤੇ ੩.

ਪਿਸਤਾ: ਵਿ- ਪਸੁਕੱਦਾ. ਮਧਰਾ. ਨਾਟਾ. "ਕੂਕਰ ਥੋ ਪਿਸਤਾ ਕਹਿਂ ਜਾਂਹੀ." (ਗੁਪ੍ਰਸੂ) ੨. ਫ਼ਾ. پستہ ਪਿਸ੍ਤਹ. Pistachio nut. ਸੰਗਜ੍ਞਾ- ਇੱਕ ਮੇਵਾ, ਜੋ ਇਰਾਕ. ਖ਼ੁਰਾਸਾਨ, ਆਦਿ ਅਸਥਾਨਾਂ ਵਿੱਚ ਪੈਦਾ ਹੁੰਦਾ ਹੈ. ਬਾਦਾਮ ਦੀ ਤਰਾਂ ਇਹ ਭੀ ਕਰੜੇ ਛਿੱਲ ਅੰਦਰ ਹੁੰਦਾ ਹੈ, ਅਰ ਗ਼ਿਰੂ ਦਾ ਰੰਗ ਸਬਜੀ ਦੀ ਭਾਹ ਵਾਲਾ ਹੋਇਆ ਕਰਦਾ ਹੈ. ਪਿਸ੍ਤਾ ਮਿਠਾਈਆਂ ਅਤੇ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਇਸ ਦੀ ਤਾਸੀਰ ਗਰਮ ਤਰ ਹੈ. "ਦਾਖ ਬਦਾਮ ਗਿਰੀ ਪਿਸਤਾ." (ਨਾਪ੍ਰ)

ਪਿਸਤਾਸਨੀ: ਦੇਖੋ, ਪਿਸਿਤਾਸਨੀ.

ਪਿਸਤਾਨ: ਸੰ. ਪਯਸ੍ਥਾਨ. ਫ਼ਾ. پستان ਸੰਗਜ੍ਞਾ- ਚੂਚੀ. ਕੁਚ (ਸ੍ਤਨ) ਦੀ ਡੋਡੀ। ੨. ਥਣ. ਮੰਮਾ.

ਪਿਸਤੌਲ: ਦੇਖੋ, ਪਿਸਟਲ.

ਪਿਸਨ: ਸੰ. ਪਿਸ਼ੁਨ, ਸੰਗਜਾ- ਟੁਕੜੇ ਕਰਨ ਵਾਲਾ (ਪਾੜਨ ਵਾਲਾ) ਚੁਗਲ. ਦੇਖੋ, ਪਿਸ. "ਦੁਰਬਚਨ ਭੇਦ ਭਰਮੰ ਸਾਕਤ ਪਿਸਨੰ ਤ ਸੁਰਜਨਹ." (ਸਹਸ ਮਃ ੫) ੨. ਨਾਰਦ। ੩. ਕਾਉਂ। ੪. ਚਿੱਚੜ. "ਪਿਸਨ ਪ੍ਰੀਤਿ ਜਿਉ ਰੇ." (ਮਾਰੂ ਮਃ ੧)

ਪਿਸਨਤਾ: ਸੰਗਜਾ- ਪਿਸ਼ੁਨਤਾ. ਚੁਗਲੀ ਕਰਨ ਦੀ ਵਾਦੀ। ੨. ਦੁਸ਼੍ਟਤਾ. ਨੀਚਤਾ. ਦੇਖੋ, ਪਿਸਨ.

ਪਿਸਰ: ਫ਼ਾ. پسر ਸੰਗਜਾ- ਪੁਤ੍ਰ. ਬੇਟਾ. "ਪਿਸਰ ਪਦਰ ਬਿਰਾਦਰਾ." (ਤਿਲੰ ਮਃ ੧)

ਪਿਸਰਾਂ: ਫ਼ਾ. ਪਿਸਰ (ਪੁਤ੍ਰ) ਦਾ ਬਹੁਵਚਨ. ਬੇਟੇ.

ਪਿਸਵਾਜ: ਫ਼ਾ. پیشواز ਪੇਸ਼ਵਾਜ਼. ਸੰਗਜਾ- ਇਸਤ੍ਰੀਆਂ ਦਾ ਗੌਨ। ੨. ਕੁੜਤੀ ਨਾਲ ਸੀਤਾ ਹੋਇਆ ਬਹੁਤ ਕਲੀਆਂ ਦਾ ਘੱਗਰਾ. ਇਹ ਖ਼ਾਸ ਕਰਕੇ ਨੱਚਣ ਵਾਲੀਆਂ ਇਸਤ੍ਰੀਆਂ ਦਾ ਪਹਿਰਾਵਾ ਹੈ.

ਪਿਸਾਇ: ਪਿਸਵਾਕੇ. ਪਿਹਾਕੇ.

ਪਿਸਾਈ: ਸੰਗਜਾ- ਪੀਹਣ ਦੀ ਕ੍ਰਿਯਾ। ੨. ਪੀਹਣ ਦੀ ਮਜ਼ਦੂਰੀ.

ਪਿਸਾਚ: ਸੰਗਜਾ- ਜੋ ਪਿਸ਼ਿਤ (ਮਾਸ) ਅਚ (ਖੰਦਾ) ਹੈ. ਪਿਸ਼ਾਚ. ਮਾਂਸਾਹਾਰੀ ਜੀਵ। ੨. ਦੇਵਤਿਆਂ ਦੀ ਇੱਕ ਜਾਤਿ, ਜੋ ਯਕ੍ਸ਼ਾਂ ਤੋਂ ਘਟੀਆ ਹੈ. "ਕਈ ਕੋਟਿ ਜਖ੍ਯ ਕਿੰਨਰ ਪਿਸਾਚ." (ਸੁਖਮਨੀ) ੩. ਭੂਤ. ਪ੍ਰੇਤ। ੪. ਪੰਜਾਬ ਵਿੱਚ ਰਹਿਣ ਵਾਲੀ ਇੱਕ ਪੁਰਾਤਨ ਕ਼ੌਮ.

ਪਿਸਾਚੀ: ਪਿਸਾਚ ਦਾ ਇਸਤ੍ਰੀ ਲਿੰਗ. ਰਾਖਸੀ.

ਪਿਸਾਨ: ਸੰਗਜਾ- ਚੂਰਨ. ਆਟਾ. "ਪੱਬਯ ਪਿਸਾਨ ਹੁਇ." (ਕਲਕੀ) ਪਰਵਤ ਚੂਰਨ ਹੁੰਦੇ ਹਨ.

ਪਿਸਾਬ: ਦੇਖੋ, ਪੇਸ਼ਾਬ.

ਪਿਸਿਤ: ਸੰ. ਪਿਸ਼ਿਤ. ਸੰਗਜਾ- ਮਾਂਸ. ਗੋਸ੍ਤ.

ਪਿਸ਼ਿਤਾਸ਼ਨ: ਸੰਗਜਾ- ਪਿਸ਼ਿਤ (ਮਾਂਸ) ਅਸ਼ਨ (ਖਾਣ) ਵਾਲਾ, ਰਾਖਸ। ੨. ਮਾਂਸਾਹਾਰੀ ਜੀਵ.

ਪਿਸ਼ਿਤਾਸ਼ਨੀ: ਸੰਗਜਾ- ਰਾਖਸੀ. ਜੋ ਪਿਸ਼ਿਤ (ਮਾਂਸ਼) ਖਾਂਦੀ ਹੈ. "ਪਿਸਿਤਾਸ਼ਨੀ ਆਸ ਦੁਖਦਾਈ." (ਗੁਪ੍ਰਸੂ) ੨. ਵਿ- ਮਾਂਸ ਖਾਣ ਵਾਲੀ.

ਪਿਸੁਨ: ਦੇਖੋ, ਪਿਸਨ.

ਪਿਸੇਮਾਨ: ਦੇਖੋ, ਪਸ਼ੇਮਾਨ.

ਪਿਸੌਰ: ਦੇਖੋ, ਪੇਸ਼ਾਵਰ.

ਪਿਸੰਗ: ਸੰ. पिशङ्ग- ਪਿਸ਼ਾਂਗ. ਸੰਗਜਾ- ਸੁਰਖੀਮਾਇਲ ਭੂਰਾ ਰੰਗ.

ਪਿੱਸੂ: ਸੰਗਜਾ- ਇੱਕ ਉਡਣ ਵਾਲਾ ਭੂਰਾ ਛੋਟਾ ਜੀਵ, ਜੋ ਕਟੂਏ ਮੱਛਰ ਵਾਂਗ ਲਹੂ ਪੀਂਦਾ ਹੈ. ਇਹ ਵਿਸ਼ੇਸ਼ ਕਰਕੇ ਨਮਦਾਰ ਅਤੇ ਠੰਢੇ ਥਾਵਾਂ ਵਿੱਚ ਹੁੰਦਾ ਹੈ. ਕੈਕ. ਬਰਗ਼ੁਸ਼. Flea.

ਪਿੱਸੂ ਪੈਣੇ: ਕ੍ਰਿ- ਤਲਮੱਛੀ ਲਗਣੀ. ਬੇਚੈਨੀ ਹੋਣੀ. ਜਿਵੇਂ- ਪਿੱਸੂਆਂ ਦੇ ਕੱਟਣ ਤੋਂ ਤੜਫੀਦਾ ਹੈ, ਤਿਵੇਂ ਵਜਾਕੁਲ ਹੋਣਾ.

ਪਿਸ਼੍ਟ: ਦੇਖੋ, ਪਿਸਟ.

ਪਿਹਤ: ਦੇਖੋ, ਪਹਿਤੀ। ਦੇਖੋ, ਪਿਹਿਤ.

ਪਿਹਿਤ: ਸੰ. ਵਿ- ਢਕਿਆ ਹੋਇਆ. ਛਿਪਿਆ ਹੋਇਆ। ੨. ਸੰਗਯਾ- ਕਾਵਯ ਦਾ ਇੱਕ ਅਰਥਾਲੰਕਾਰ. ਕਿਸੇ ਦੇ ਮਨ ਦੀ ਗੁਪਤ ਗੱਲ ਅਥਵਾ ਕਿਸੇ ਦੇ ਗੁਪਤ ਕਰਮ ਨੂੰ ਮੁਖ ਤੋਂ ਕੁਝ ਨਾ ਆਖਕੇ, ਕਿਸੇ ਹਰਕਤ ਨਾਲ ਜਾਹਰ ਕਰਨਾ "ਪਿਹਿਤ" ਅਲੰਕਾਰ ਹੈ.

ਪਰ ਕੇ ਮਨ ਕੀ ਜਾਨ ਗਤਿ ਤਾਂਕੋ ਦੇਤ ਜਨਾਯ,

ਕਛੂ ਕ੍ਰਿਯਾ ਕਰ ਕਹਿਤ ਹੈਂ ਪਿਹਿਤ ਤਾਹਿਂ ਕਵਿਰਾਯ.

(ਸ਼ਿਵਰਾਜ ਭੂਸਣ)

ਉਦਾਹਰਣ-

ਪਿਖ ਮਸੰਦ ਬੈਠੇ ਸਭਾ ਕਲਗੀਧਰ ਹਸਦੀਨ,

ਅਰੁ ਤਿਨ ਓਰ ਨਿਹਾਰ ਧਨ ਖੀਸੇ ਡਾਰਨਕੀਨ.

ਮਸੰਦਾਂ ਦਾ ਗੁਪਤ ਕਰਮ ਦਸ਼ਮੇਸ਼ ਨੇ ਕ੍ਰਿਯਾ ਦ੍ਵਾਰਾ ਪ੍ਰਗਟ ਕੀਤਾ.

ਜੋਗਾ ਸਿੰਘ ਨੇ ਆਇ ਜਬ ਚਰਬੰਦਨਾ ਕੀਨ,

ਹਸ ਕਲਗੀਧਰ ਨੇ ਤੁਰਤ ਆਸਾ ਨਿਜ ਕਰ ਲੀਨ.

ਹੁਸ਼ਿਆਰਪੁਰ ਵਿੱਚ ਕਲਗੀਧਰ ਨੇ ਚੋਬਦਾਰ ਦਾ ਰੂਪ ਧਾਰਕੇ ਭਾਈ ਜੋਗਾ ਸਿੰਘ ਨੂੰ ਇੱਕ ਵੇਸ਼ਯਾ ਦੇ ਘਰ ਪ੍ਰਵੇਸ਼ ਹੋਣੋ ਬਚਾਇਆ ਸੀ.

ਪਿਕ: ਸੰ. ਵਿ- ਜੋ ਮਿੱਠਾ ਸ਼ਬਦ ਕਰੇ. "ਬੋਲਤ ਹੈਂ ਪਿਕ ਕੋਕਲ ਮੋਰ." (ਕ੍ਰਿਸਨਾਵ) ੨. ਸੰਗਯਾ- ਕੋਕਿਲ. ਕੋਇਲ.

ਪਿਕਪ੍ਰਿਯ: ਸੰਗਯਾ- ਅੰਬ, ਜੋ ਕੋਕਿਲ ਨੂੰ ਪਿਆਰਾ ਹੈ। ੨. ਵਸੰਤ ਦਾ ਸਮਾਂ. ਬਹਾਰ.

ਪਿਕਬਯਨੀ, ਪਿਕਬੈਣੀ, ਪਿਕਬੈਨੀ: ਵਿ- ਪਿਕ (ਕੋਕਿਲ) ਜੇਹੀ ਹੈ ਜਿਸ ਦੀ ਬਾਣੀ. ਕੋਕਿਲ ਜੇਹੇ ਮਿੱਠੇ ਵਾਕ ਬੋਲਣ ਵਾਲੀ. "ਰੂਪਰਾਸਿ ਸੁੰਦਰ ਪਿਕਬੈਣੀ." (ਰਾਮਾਵ)

ਪਿਕਾਬਰ, ਪਿਕਾਂਬਰ: ਫ਼ਾ. پیغمبر ਪੈਗ਼ੰਬਰ. ਸੰਗਯਾ- ਪੈਗ਼ਾਮ (ਸੁਨੇਹਾ) ਲੈ ਜਾਣ ਵਾਲਾ. ਜੋ ਈਸ਼੍ਵਰ ਦਾ ਹੁਕਮ ਲੋਕਾਂ ਪਾਸ ਲਿਆਵੇ. "ਪੀਰ ਪਿਕਾਬਰ ਸੇਖ." (ਵਾਰ ਗੂਜ ੨. ਮਃ ੫)

ਪਿਕਾਂਬ੍ਰ, ਪਿਕੰਬਰ: ਦੇਖੋ, ਪਿਕਾਂਬਰ. "ਪੀਰ ਔ ਪਿਕਾਂਬ੍ਰ ਕੇਤੇ." (ਅਕਾਲ)

ਪਿਖਣ: ਪ੍ਰੇਕ੍ਸ਼ਣ. ਦੇਖੋ, ਪੇਖਣ.

ਪਿਖਾਪਿਖੀ: ਸੰਗਯਾ- ਦੇਖਾਦੇਖੀ. ਇੱਕ ਨੂੰ ਕਰਦੇ ਦੇਖ ਕੇ ਆਪ ਭੀ ਉਸੇ ਤਰਾਂ ਕਰਨ ਦੀ ਕ੍ਰਿਯਾ. ਭੇਡਚਾਲ. "ਪਿਖਾਪਿਖੀ ਤਿਸ ਢਿਗ ਚਲ ਜਾਵੈਂ." (ਗੁਪ੍ਰਸੂ)

ਪਿਖਿ: ਪਿਖ (ਦੇਖ) ਕੇ. "ਪਿਖਿ ਦਰਸਨ ਗੁਰਸਿਖਹ." (ਸਵੈਯੇ ਮਃ ੩. ਕੇ)

ਪਿਖਿਜੈ, ਪਿਖੀਜੈ: ਪ੍ਰੇਕ੍ਸ਼ਣ (ਦੇਖਣਾ) ਕਰਿੱਜੈ. ਦੇਖੀਏ. "ਨਯਣ ਗੁਰੂ ਅਮਰ ਪਿਖਿਜੈ." (ਸਵੈਯੇ ਮਃ ੩. ਕੇ)

ਪਿਖੰਦੋ: ਦੇਖੋ, ਪੇਖੰਦੋ.

ਪਿੰਗ: ਸੰ. ਪਿਙ੍ਗ. ਵਿ- ਪਿਲੱਤਣ ਦੀ ਝਲਕ ਸਹਿਤ ਭੂਰਾ। ੨. ਭੂਰਾ ਅਤੇ ਲਾਲ. ਤਾਮੜਾ. "ਨਹੇ ਪਿੰਗ ਬਾਜੀ ਰਥੰ ਜੇਨ ਸੋਭੈਂ." (ਰਾਮਾਵ) ੩. ਸੰਗ੍ਯਾ- ਝੋਟਾ. ਭੈਂਸਾ। ੪. ਚੂਹਾ। ੫. ਹੜਤਾਲ। ੬. ਵਿ- ਸੰ. ਪਙ੍ਗੁ- ਪੰਗੁ. ਲੰਗੜਾ. ਲੰਞਾ. "ਪਿੰਗ ਗਿਰਨ ਚਢਜਾਇ." (ਵਿਚਿਤ੍ਰ) ੭. ਦੇਖੋ, ਪੰਗੁ.

ਪਿੰਗਲ: ਸੰ. ਵਿ- ਪੀਲਾ. ਪੀਤ। ੨. ਭੂਰਾ ਅਤੇ ਲਾਲ. ਤਾਮੜਾ। ੩. ਸੰਗ੍ਯਾ- ਇੱਕ ਮੁਨਿ, ਜੋ ਛੰਦਸ਼ਾਸਤ੍ਰ ਦਾ ਆਚਾਰਯ ਹੋਇਆ ਹੈ. ਛੰਦਸੂਤ੍ਰ ਪਹਿਲਾਂ ਇਸੇ ਵਿਦ੍ਵਾਨ ਨੇ ਰਚੇ ਹਨ. ਇਸ ਦਾ ਸਮਾਂ ਸਨ ਈਸਵੀ ਤੋਂ ਦੋ ਸੌ ਵਰ੍ਹੇ ਪਹਿਲਾਂ ਮੰਨਿਆ ਹੈ। ੪. ਪਿੰਗਲ ਮੁਨਿ ਦਾ ਰਚਿਆ ਛੰਦਸ਼ਾਸਤ੍ਰ। ੫. ਬਾਂਦਰ। ੬. ਅਗਨਿ। ੭. ਪਿੱਤਲ ਧਾਤੁ। ੮. ਹੜਤਾਲ। ੯. ਉੱਲੂ. ਉਲੂਕ। ੧੦. ਖਸ. ਉਸ਼ੀਰ.

ਪਿੰਗਲਸਾਰ: ਦੇਖੋ, ਗਿਰਿਧਾਰੀਲਾਲ.

ਪਿੰਗਲਾ: ਵਿ- ਲੰਞਾ. ਪਾਦ ਰਹਿਤ. ਦੇਖੋ, ਪਿੰਗ ੬। ੨. ਦੇਖੋ, ਪਿੰਗੁਲਾ। ੩. ਸੰ. ਪਿਙ੍ਗਲਾ. ਹਠਯੋਗ ਦੇ ਮਤ ਅਨੁਸਾਰ ਤਿੰਨ ਪ੍ਰਧਾਨ ਨਾੜੀਆਂ ਵਿੱਚੋਂ ਇੱਕ, ਜੋ ਸ਼ਰੀਰ ਦੇ ਸੱਜੇ ਪਾਸੇ ਹੈ. ਇਸ ਦਾ ਨਾਮ ਸੂਰਯਨਾੜੀ ਭੀ ਹੈ. "ਇੜਾ ਪਿੰਗਲਾ ਸੁਖਮਨ ਬੰਦੇ." (ਗਉ ਕਬੀਰ) ੪. ਲਕ੍ਸ਼ਮੀ। ੫. ਦੁਰਗਾ. "ਜਪੈ ਹਿੰਗੁਲਾ ਪਿੰਗਲਾ." (ਪਾਰਸਾਵ) ੬. ਇੱਕ ਵੇਸ਼੍ਯਾ, ਜਿਸ ਦੀ ਕਥਾ ਭਾਗਵਤ ਦੇ ਗਿਆਰਵੇਂ ਸਕੰਧ ਦੇ ਅੱਠਵੇਂ ਅਧ੍ਯਾਯ ਵਿੱਚ ਇਉਂ ਹੈ-

ਵਿਦੇਹ ਨਗਰ (ਜਨਕਪੁਰੀ) ਵਿੱਚ ਇੱਕ ਵੇਸ਼੍ਯਾ ਰਹਿੰਦੀ ਸੀ, ਜਿਸ ਦਾ ਨਾਮ ਪਿੰਗਲਾ ਸੀ. ਉਸ ਨੇ ਇੱਕ ਦਿਨ ਇੱਕ ਧਨੀ ਸੁੰਦਰ ਜਵਾਨ ਦੇਖਿਆ ਅਰ ਕਾਮ ਨਾਲ ਵ੍ਯਾਕੁਲ ਹੋ ਉਠੀ, ਪਰ ਉਹ ਉਸ ਪਾਸ ਨਾ ਆਇਆ, ਜਿਸ ਤੋਂ ਸਾਰੀ ਰਾਤ ਬੇਚੈਨੀ ਵਿੱਚ ਵੀਤੀ. ਅੰਤ ਨੂੰ ਉਸ ਦੇ ਮਨ ਵੈਰਾਗ ਹੋਇਆ ਕਿ ਜੇ ਅਜੇਹਾ ਪ੍ਰੇਮ ਮੈਂ ਈਸ਼੍ਵਰ ਵਿੱਚ ਲਾਉਂਦੀ, ਤਦ ਕੇਹਾ ਉੱਤਮ ਫਲ ਹੁੰਦਾ. ਇਸ ਪੁਰ ਉਹ ਕਰਤਾਰ ਦੇ ਸਿਮਰਨ ਵਿੱਚ ਲੱਗਕੇ ਮੁਕ੍ਤਿ ਨੂੰ ਪ੍ਰਾਪ੍ਤ ਹੋਈ. ਸਾਂਖ੍ਯਸੂਤ੍ਰਾਂ ਵਿੱਚ ਇਸ ਦਾ ਜਿਕਰ ਆਇਆ ਹੈ- "ਨਿਰਾਸ਼ਃ ਸੁਖੀ ਪਿੰਗਲਾ ਵਤ੍." ਦੇਖੋ, ਗਨਕਾ। ੭. ਰਾਜਾ ਭਰਥਰਿ (ਹਰਿਭਰਤ੍ਰਿ) ਦੀ ਰਾਣੀ। ੮. ਟਾਲ੍ਹੀ. ਸ਼ੀਸ਼ਮ.

ਪਿੰਗਲਾਛ਼ੀ: ਵਿ- ਪਿੰਗਲ (ਭੂਰੀਆਂ) ਅੱਖਾਂ ਵਾਲੀ. ਪਿੰਗਲਾਕ੍ਸ਼ੀ.

ਪਿੰਗੜਾ: ਤਾਮੜਾ। ੨. ਦੁਰਗਾ. ਦੇਖੋ, ਪਿੰਗਲ. ੫.

ਪਿੰਗਾ: ਸੰ. ਸੰਗ੍ਯਾ- ਚੰਡੀ. ਭਵਾਨੀ. ਦੁਰਗਾ। ੨. ਹਲਦੀ। ੩. ਹਿੰਗ.

ਪਿੰਗਾਛ: ਸੰ. ਪਿੰਗਾਕ੍ਸ਼. ਵਿ- ਕਬਰੀਆਂ ਅੱਖਾਂ ਵਾਲਾ। ੨. ਸੰਗ੍ਯਾ- ਸ਼ਿਵ। ੩. ਇੱਕ ਦੈਤ, ਜਿਸ ਨੂੰ ਦੁਰਗਾ ਨੇ ਮਾਰਿਆ. "ਬਿੜਾਲਾਛ ਮਾਰੇ ਸੁ ਪਿੰਗਾਛ ਧਾਏ." (ਚੰਡੀ ੨)

ਪਿੰਗਾਛੀ: ਵਿ- ਪਿੰਗ (ਭੂਰੀਆਂ) ਅੱਖਾਂ ਵਾਲੀ। ੨. ਸੰਗ੍ਯਾ- ਦੁਰਗਾ.

ਪਿੰਗੀ: ਵਿ- ਜਿਸ ਦਾ ਪਿੰਗ (ਤਾਮੜਾ) ਰੰਗ ਹੈ. ਦੇਖੋ. ਪਿੰਗ.

ਪਿੰਗੁ: ਦੇਖੋ, ਪਿੰਗ ਅਤੇ ਪੰਗੁ.

ਪਿੰਗੁਰੀਆ: ਵਿ- ਪਿੰਗੁਲਾ. ਪੰਗੁ. ਚਰਣ ਰਹਿਤ. "ਆਰਤ ਦੁਆਰਿ ਰਟਤ ਪਿੰਗੁਰੀਆ." (ਗਉ ਮਃ ੫)

ਪਿੰਗੁਲ: ਵਿ- ਪੰਗੁ. ਪਾਦ ਰਹਿਤ. "ਪਾਵਹੁ ਤੇ ਪਿੰਗੁਲ ਭਇਆ." (ਸ. ਕਬੀਰ) ੨. ਦੇਖੋ, ਪਿੰਗਲ। ੩. ਦੇਖੋ, ਪਿੰਗਲਾ. ੭. "ਜੋ ਕਛੁ ਪਿੰਗੁਲ ਕਹ੍ਯੋ ਮਾਨ ਸੋਈ ਲਯੋ." (ਚਰਿਤ੍ਰ ੨੦੯) ਜੋ ਪਿੰਗਲਾ ਨੇ ਆਖਿਆ.

ਪਿੰਗੁਲਾ: ਦੇਖੋ, ਪਿੰਗਲਾ ੩. "ਸੁਖਮਨਾ ਇੜਾ ਪਿੰਗੁਲਾ ਬੂਝੈ." (ਸਿਧਗੋਸਟਿ) ੨. ਦੇਖੋ, ਪਿੰਗਲਾ ੬. "ਅਜਾਮਲ ਪਿੰਗੁਲਾ ਲੁਭਤ." (ਕੇਦਾ ਰਵਿਦਾਸ)

ਪਿੰਗੁਲੀਆ: ਵਿ- ਪਿੰਗ ਵਰਣ ਵਾਲੀ. ਪਿੰਗਲ ਰੰਗ ਦੀ. ਦੇਖੋ, ਪਿੰਗ ਅਤੇ ਪਿੰਗਲ. "ਮਾਤਾ ਪਿੰਗੁਲੀਆ." (ਪਾਰਸਾਵ)

ਪਿਘਲਨਾ: ਕ੍ਰਿ- ਪ੍ਰ- ਗਲਨ. ਚੰਗੀ ਤਰਾਂ ਗਲਣਾ. ਸੇਕ ਨਾਲ ਕਰੜੇ ਪਦਾਰਥ ਦਾ ਪਾਣੀ ਵਾਂਙ ਪਤਲੇ ਹੋਣਾ। ੨. ਚਿੱਤ ਦ੍ਰਵਣਾ. ਰੀਝਣਾ.

ਪਿਚ: ਵਿ- ਪਿੱਲਾ. ਜੋ ਚੰਗੀ ਤਰਾਂ ਪੱਕਿਆ ਨਹੀਂ। ੨. ਦੇਖੋ, ਪਿਚੁ.

ਪਿਚਕ: ਦੇਖੋ, ਪਿਚਕਣਾ। ੨. ਦੇਖੋ, ਪੇਚਕ. "ਸ਼੍ਰੀ ਅਰਜਨ ਜਗ ਰਵਿ ਦਿਪਤ ਖਲ ਪਿਚਕ ਨ ਜਾਨਯੋ." (ਗੁਪ੍ਰਸੂ) ਉੱਲੂਆਂ ਨੇ ਸੂਰਜ ਨਾ ਜਾਣਿਆ.

ਪਿਚਕਣਾ, ਪਿਚਕਨਾ: ਕ੍ਰਿ- ਪਿੱਚ (ਦਬ) ਜਾਣਾ. ਸੰਕੋਚ ਨੂੰ ਪ੍ਰਾਪ੍ਤ ਹੋਣਾ. ਸੁਕੜਨਾ. ਦੇਖੋ, ਪਿੱਚ.

ਪਿਚਕਾਰੀ: ਸੰਗਯਾ- ਬਾਂਸ ਜਾਂ ਧਾਤੁ ਦੀ ਨਲਕੀ. ਜਿਸ ਵਿੱਚ ਹਵਾਯਾਰਜੀ ਨਿਯਮ Suction. ਅਨੁਸਾਰ ਜਲ ਚੜ੍ਹ ਜਾਂਦਾ ਅਤੇ ਦਬਾਉ ਪੈਣ ਪੁਰ ਜ਼ੋਰ ਨਾਲ ਬਾਹਰ ਨਿਕਲਦਾ ਹੈ. "ਹਥ ਨਾਲ ਬੰਦੂਕ ਛੁਟੈ ਪਿਚਕਾਰੀ." (ਕ੍ਰਿਸਨਾਵ)

ਪਿਚਵਯ: ਡਿੰਗ. ਕਪਾਸ. ਕਪਾਹ. ਦੇਖੋ, ਪਿਚੁ.

ਪਿਚੁ: ਸੰ. ਸੰਗ੍ਯਾ- ਰੂੰ. ਤੂਲ। ੨. ਕੁਸ਼੍ਟ ਰੋਗ. ਕੋੜ੍ਹ। ੩. ਦੋ ਤੋਲਾ ਭਰ ਤੋਲ। ੪. ਭੈਰਵ. ਭੈਰੋਂ.

ਪਿਚੁਮਦੰ, ਪਿਚੁਮੰਦ: ਸੰਗ੍ਯਾ- ਪਿਚੁ (ਕੋੜ੍ਹ) ਨੂੰ ਨਾਸ਼ ਕਰਨ ਵਾਲਾ ਨਿੰਮ.

ਪਿੱਚ: ਸੰ. ਪਿਞ. ਧਾ- ਕਤਰਨਾ. ਚੀਰਨਾ, ਦਬਾਉਂਣਾ.

ਪਿਛ: ਕ੍ਰਿ ਵਿ- ਪੀਛੇ. ਪਿੱਛੇ. "ਪਿਛ ਪਗ ਧਾਰਾ." (ਨਾਪ੍ਰ) ੨. ਦੇਖੋ, ਪਿੱਛ। ੩. ਸੰ. ਪਿਛ. ਧਾ- ਦਬਾਉਣਾ, ਨਿਚੋੜਨਾ.

ਪਿਛਉਡੀ: ਦੇਖੋ, ਪਿਛੰਉਡੀ। ੨. ਪਿੱਠ ਪਿੱਛੇ ਲਾਈ ਹੋਈ ਡੱਗੀ.

ਪਿਛਉਰੀ: ਸੰਗ੍ਯਾ- ਈੜੀ ਦੀ ਲਘੁ ਮਾਤ੍ਰਾ. ਸਿਆਰੀ ਿ.

ਪਿਛਹੁ: ਕ੍ਰਿ. ਵਿ- ਪਿੱਛੋਂ- ਪੀਛੇ ਸੇ। ੨. ਪਿਛਲੇ ਪਾਸਿਓਂ.

ਪਿਛਹੁ ਰਾਤੀ: ਕ੍ਰਿ. ਵਿ- ਪਿਛਲੀ ਰਾਤ੍ਰੀ ਵਿੱਚ ਰਾਤ ਦੇ ਪਿਛਲੇ ਭਾਗ (ਅੰਮ੍ਰਿਤ ਵੇਲੇ). "ਪਿਛਹੁ ਰਾਤੀ ਸਦੜਾ ਨਾਮ ਖਸਮ ਕਾ ਲੇਹੁ." (ਮਾਰੂ ਮਃ ੧)

ਪਿਛਲ: ਵਿ- ਪਿਛਲਾ. ਪਿਛਲੀ. "ਪਿਛਲ ਰਾਤਿ ਨ ਜਾਗਿਓਹਿ." (ਸ. ਫਰੀਦ) ੨. ਦੇਖੋ, ਪਿੱਛਲ.

ਪਿਛਲਗ: ਸੰ. ਪ੍ਰਿਸ਼੍ਠਾਨੁਗ. ਵਿ- ਪਿੱਛੇ ਲੱਗਣ ਵਾਲਾ. ਅਨੁਗਾਮੀ। ੨. ਸੰਗ੍ਯਾ- ਉਹ ਪੁਤ੍ਰ, ਜੋ ਬਿਧਵਾ ਇਸਤ੍ਰੀ ਦੇ ਪਹਿਲੇ ਪਤਿ ਤੋਂ ਹੈ ਅਰ ਉਸ ਦੇ ਨਾਲ ਦੂਸਰੇ ਪਤਿ ਦੇ ਘਰ ਆਇਆ ਹੈ.

ਪਿਛਲਰਾਤਿ: ਕ੍ਰਿ. ਵਿ- ਰਾਤ੍ਰੀ ਦੇ ਪਿਛਲੇ ਹਿੱਸੇ ਵਿੱਚ ਅੰਮ੍ਰਿਤ ਵੇਲੇ। ੨. ਸੰਗ੍ਯਾ- ਅੰਮ੍ਰਿਤਵੇਲਾ.

ਪਿਛਲਾ, ਪਿਛਲੀ: ਵਿ- ਪਿੱਛੇ ਦਾ. ਪਿੱਛੇ ਦੀ. ਪਾਸ਼੍ਚਾਤਯ. "ਪਿਛਲੇ ਅਉਗੁਣ ਬਖਸਿਲਏ ਪ੍ਰਭੁ." (ਸੋਰ ਮਃ ੫)

ਪਿਛਵਾਇ: ਕ੍ਰਿ. ਵਿ- ਪਿਛਲੇ ਪਾਸੇ. ਪਿਛਲੀ ਤਰਫ. "ਪਿਛਵਾਇ ਹਟਯੋ ਇਕ ਪੈਰ ਨਹੀ." (ਗੁਪ੍ਰਸੂ)

ਪਿਛਵਾਰਲਾ, ਪਿਛਵਾਰਾ, ਪਿਛਵਾੜਾ: ਸੰਗ੍ਯਾ- ਪਿਛਲਾ ਪਾਸਾ "ਪੰਡੀਅਨ ਕਉ ਪਿਛਵਾਰਲਾ." (ਮਲਾ ਨਾਮਦੇਵ)

ਪਿਛਾ: ਸੰਗ੍ਯਾ- ਪਿਛਲਾ ਪਾਸਾ. ਪਿੱਠ। ੨. ਵੀਤਿਆ ਹੋਇਆ ਸਮਾਂ. "ਪਿਛਾ ਰਹਿਆ ਦੂਰਿ." (ਸ. ਫਰੀਦ) ੩. ਦੇਖੋ, ਪਿੱਛਾ.

ਪਿਛਾਰਾਤਿ: ਦੇਖੋ, ਪਛਾਰਾਤਿ ਅਤੇ ਪਿਛਲਰਾਤਿ.

ਪਿਛਾਰੀ, ਪਿਛਾੜੀ: ਕ੍ਰਿ ਵਿ- ਪਿਛਲੇ ਪਾਸੇ. ਪਿਛਲੇ ਓਰ। ੨. ਸੰਗਜਾ- ਘੋੜੇ ਦੇ ਪਿਛਲੇ ਪੈਰਾਂ ਦਾ ਬੰਧਨ. "ਚਰਨ ਪਿਛਾਰੀ ਤੁਰਤ ਛੁਰਾਈ." (ਗੁਪ੍ਰਸੂ)

ਪਿਛੂਆ: ਵਿ- ਪਿਛਲਾ। ੨. ਸੰਗਜਾ- ਪਿਛਵਾੜਾ. ਪਿਛਲਾ ਪਾਸਾ.

ਪਿਛੇ, ਪਿਛੇਰੇ, ਪਿਛੈ: ਕ੍ਰਿ. ਵਿ- ਪਿੱਛੋਂ. ਪੀਛੇ ਸੇ. "ਪਿਛੈ ਪਤਲਿ ਸਦਿਹੁ ਕਾਵ." (ਵਾਰ ਮਾਝ ਮਃ ੧) ਮੋਏ ਪਿੱਛੋਂ ਪੱਤਲ ਮਣਸਦੇ ਅਤੇ ਕਾਵਾਂ ਨੂੰ ਬੁਲਾਉਂਦੇ ਹਨ. "ਤਨ ਬਿਨਸੇ ਪੁਨ ਰਹੋ ਪਿਛੇਰੇ." (ਗੁਪ੍ਰਸੂ) ੨. ਪਿਛਲੀ ਓਰ. ਪਿਛਲੀ ਤਰਫ.

ਪਿਛੈਰੀ: ਵਿ- ਪਾਸ੍ਚਾਤਜ. ਪਿੱਛੋਂ ਹੋਣ ਵਾਲੀ. ਪਿੱਛੋਂ. "ਪਹਿਲਾ ਪੂਤ ਪਿਛੈਰੀ ਮਾਈ." (ਆਸਾ ਕਬੀਰ) ਦੇਖੋ, ਪਹਿਲਾ ਪੂਤ.

ਪਿਛੋਂ, ਪਿਛੋਂਦੇ: ਕ੍ਰਿ. ਵਿ- ਪੀਛੇ ਸੇ. ਬਾਦ ਅਜ਼ਾਂ. ਦੇਖੋ, ਪਹਿਲੋਂਦੇ.

ਪਿਛੋਰ: ਸੰਗਜਾ- ਪਿਛਲੀ ਓਰ. ਪਿਛਲਾ ਪਾਸਾ। ੨. ਕ੍ਰਿ. ਵਿ- ਪਿੱਛੇ. "ਪੌਨ ਗੌਨ ਕੋ ਕਰਤ ਪਿਛੋਰੈਂ." (ਗੁਪ੍ਰਸੂ)

ਪਿਛੋਰਿਕਾ: ਸੰਗਜਾ- ਸਿਆਰੀ. ਈੜੀ ਦੀ ਹ੍ਰਸ੍ਵ ਮਾਤ੍ਰਾ। ੨. ਓਢਨੀ. ਚਾਦਰ. "ਪੀਤ ਪਿਛੋਰਿਕਾ ਰਣਧੀਰ ਚਾਰੋਂ ਬੀਰ." (ਰਾਮਾਵ)

ਪਿਛੋਰ: ਦੇਖੋ, ਪਿਛੋਰ.

ਪਿਛੌਰੀ: ਦੇਖੋ, ਪਿਛੋਰਿਕਾ ੨. "ਸਿਰ ਕੀ ਗਿਰਗੀ ਸੁ ਪਿਛੌਰੀ." (ਕ੍ਰਿਸਨਾਵ)

ਪਿਛੰਉਡੀ: ਵਿ- ਘਟੀਆ. ਕਮ ਦਰਜੇ ਦੀ. ਤੁੱਛ. "ਤੇਰੀ ਪੈਜ ਪਿਛੰਉਡੀ ਹੋਇਲਾ." (ਆਸ ਨਾਮਦੇਵ)

ਪਿੱਛ: ਸੰ. ਪਿਚ੍ਛ. ਸੰਗਜਾ- ਅੰਨ ਨੂੰ ਨਿਚੋੜਕੇ ਕੱਢਿਆ ਰਸ. ਦੇਖੋ, ਪਿਛ ਧਾ। ੨. ਪਸ਼ੂ ਦੀ ਉਹ ਪੂਛ, ਜਿਸ ਪੁਰ ਬਾਲ ਹੋਣ। ੩. ਮੋਰ ਦੀ ਪੂਛ। ੪. ਹਰੇਕ ਪੰਛੀ ਦੀ ਪੂਛ। ੪. ਮੋਰ ਦੀ ਚੋਟੀ. ਕਲਗੀ। ੫. ਦੇਖੋ, ਪਿੱਛਾ ੪.

ਪਿੱਛਲ: ਵਿ- ਪਿਛਲਾ। ੨. ਸੰ. ਚਿਕਣਾ. ਜਿਸ ਉੱਪਰੋਂ ਪੈਰ ਫਿਸਲ ਜਾਵੇ। ੩. ਸੰਗਜਾ- ਅਮਰਬੇਲ. ਅਕਾਸਬੇਲ। ੪. ਟਾਲ੍ਹੀ (ਸ਼ੀਸ਼ਮ) ਦਾ ਬਿਰਛ.

ਪਿੱਛਾ: ਵਿ- ਪਿਛਲਾ ਪਾਸਾ। ੨. ਸੰਗਜਾ- ਵੀਤਿਆ ਸਮਾਂ. ਭੂਤ ਕਾਲ। ੩. ਸੰ. ਪਿਚ੍ਛਾ. ਸੁਪਾਰੀ। ੪. ਚਾਉਲਾਂ ਦੀ ਪਿੱਛ. ਮਾਂਡ। ੫. ਟਾਲ੍ਹੀ. ਸ਼ੀਸ਼ਮ। ੬. ਨਾਰੰਗੀ ਦਾ ਪੇਡ.

ਪਿੱਛੋਂ: ਦੇਖੋ, ਪਿਛਹੁ.

ਪਿੰਜ: ਸੰ. ਪਿਞ੍ਜ. ਧਾ- ਚਮਕੀਲਾ ਕਰਨਾ, ਛੁਹਿਣਾ, ਛਣ ਛਣ ਸ਼ਬਦ ਕਰਨਾ, ਦੁੱਖ ਦੇਣਾ, ਤਾੜਨਾ,[776] ਤਪਾਉਣਾ.

ਪਿੰਜਣ, ਪਿੰਜਣਾ: ਦੇਖੋ, ਪਿੰਜ, ਪਿੰਜਨ ਅਤੇ ਪਿੰਜਨਾ.

ਪਿੰਜਣੀ: ਪਿੰਜਣ ਦਾ ਧਨੁਖ। ੨. ਕਪਾਹ ਤਾੜਨ ਦੀ ਸੋਟੀ। ੩. ਪਿੰਡਿਕਾ. ਖੁੱਚ ਤੋਂ ਹੇਠ ਲੱਤ ਦਾ ਮਾਂਸਲ ਭਾਗ.

ਪਿੰਜਨ: ਸੰ. ਪਿਞ੍ਜਨ. ਸੰਗਜਾ- ਪੀਂਜੇ ਦਾ ਉਹ ਧਨੁਖ, ਜਿਸ ਨਾਲ ਰੂੰ ਨੂੰ ਤਾੜਦਾ ਹੈ. ਤਾੜਾ. ਦੇਖੋ, ਪਿੰਜ.

ਪਿੰਜਨਾ: ਕ੍ਰਿ- ਰੂੰ ਨੂੰ ਤਾੜਨਾ. ਧਨੁਖੀ ਨਾਲ ਰੂੰ ਸਾਫ ਕਰਨੀ. ਦੇਖੋ, ਪਿੰਜ ਅਤੇ ਪਿੰਜਨ.

ਪਿੰਜਰ, ਪਿੰਜਰਾ: ਸੰ. ਪਿਞ੍ਜਰ. ਵਿ- ਪੀਲਾ. ਜ਼ਰਦ। ੨. ਸੰ. ਪਿਞ੍ਜਰ. ਪੰਜਰ. ਸੰਗਜਾ- ਪੰਛੀ ਦੇ ਰੱਖਣ ਦਾ ਪਿੰਜਰਾ. "ਤੂੰ

---

[776] ਇਸ ਤੋਂ ਪਿੰਜਣਾ ਸ਼ਬਦ ਬਣਿਆ ਹੈ. ਜਿਸ ਦਾ ਅਰਥ ਹੈ ਰੂੰ ਨੂੰ ਤਾੜਨਾ.

ਪਿੰਜਰੁ ਹਉ ਸੁਅਟਾ ਤੋਰ." (ਗਉ ਕਬੀਰ) ੩. ਦੇਹ ਦਾ ਢਾਂਚਾ. ਹੱਡੀਆਂ ਦਾ ਕਰੰਗ Skelton. "ਕਾਗਾ! ਚੂੰਡਿ ਨ ਪਿੰਜਰਾ." (ਸ. ਫਰੀਦ) ੪. ਭਾਵ- ਦੇਹ. ਸ਼ਰੀਰ. "ਜਿਸ ਪਿੰਜਰ ਮੈ ਬਿਰਹਾ ਨਹੀ, ਸੋ ਪਿੰਜਰੁ ਲੈ ਜਾਰਿ." (ਵਾਰ ਸ੍ਰੀ ਮਃ ੨)

ਪਿੰਜਰਿ: ਪਿੰਜਰੇ ਵਿੱਚ. "ਪਿੰਜਰਿ ਪੰਖੀ ਬੰਧਿਆ ਕੋਇ." (ਬਿਲਾ ਮਃ ੧. ਥਿਤੀ) ੨. ਦੇਹ ਵਿੱਚ.

ਪਿੰਜਰੁ: ਦੇਖੋ, ਪਿੰਜਰ.

ਪਿੰਜਾ: ਦੇਖੋ, ਪੇਂਜਾ। ੨. ਸੰ. पिञ्जा. ਰੂੰ. ਤੂਲ। ੩. ਹਲਦੀ.

ਪਿੰਜਾਉਣਾ: ਕ੍ਰਿ- ਪਿੰਜਨ (ਤਾੜੇ) ਨਾਲ ਰੂੰ ਨੂੰ ਸਾਫ ਕਰਵਾਉਣਾ. ਦੇਖੋ, ਪਿੰਜ ਅਤੇ ਪਿੰਜਨ.

ਪਿਜੈ: ਪੀਜੈ. ਪਾਨ ਕਰੀਜੈ. "ਸਚੁ ਰਸਨਾ ਅੰਮ੍ਰਿਤੁ ਪਿਜੈ." (ਵਾਰ ਗਉ ੧. ਮਃ ੪)

ਪਿੰਵ: ਦੇਖੋ, ਪਿੰਜ.

ਪਿੰਵਣੁ: ਦੇਖੋ, ਪਿੰਜਨ ਅਤੇ ਪਿੰਜਨਾ.

ਪਿੰਵਾਉਣਾ: ਦੇਖੋ, ਪਿੰਜਾਉਣਾ. "ਵੇਲਿ ਪਿੰਵਾਇ ਵੁਣਾਇਆ." (ਵਾਰ ਰਾਮ ੧. ਮਃ ੧)

ਪਿਟ: ਸੰ. पिट्. ਧਾ- ਸ਼ਬਦ ਕਰਨਾ, ਢੇਰ ਲਾਉਣਾ. ਦੇਖੋ, ਪਿਟਣਾ.

ਪਿਟਕ: ਸੰ. ਸੰਗਯਾ- ਪਿਟਾਰ. ਪਿਟਾਰੀ। ੨. ਫੋੜਾ। ੩. ਗ੍ਰੰਥ ਦਾ ਕਾਂਡ. ਬਾਬ. ਖਾਸ ਕਰਕੇ ਬੌੱਧ ਗ੍ਰੰਥ, ਜਿਨ੍ਹਾਂ ਦੀ ਇਹ ਸੰਗਯਾ ਪਿਟਾਰ ਵਿੱਚ ਰੱਖਣ ਤੋਂ ਹੋਈ. ਜਿਸ ਵੇਲੇ ਜਿਲਦ ਬੰਨ੍ਹਣ ਦਾ ਪ੍ਰਚਾਰ ਨਹੀਂ ਸੀ, ਤਦ ਖੁਲ੍ਹੇ ਪੱਤਰਿਆਂ ਦੀਆਂ ਪੋਥੀਆਂ ਪਿਟਾਰਾਂ ਵਿੱਚ ਰੱਖੀਆਂ ਜਾਂਦੀਆਂ ਸਨ. ਦੇਖੋ, ਤ੍ਰਿਪਿਟਕ.

ਪਿਟਣਾ, ਪਿਟਨਾ: ਕ੍ਰਿ- ਸ਼ਰੀਰ ਨੂੰ ਤਾੜਨਾ. ਪੀਟਨਾ। ੨. ਸਿਆਪਾ ਕਰਨਾ. ਦੇਖੋ, ਪਿਟ। ੩. ਸੰਗਯਾ- ਝਗੜਾ. ਬਖੇੜਾ. ਕਲੇਸ਼। ੪. ਸਿਆਪਾ.

ਪਿਟਨਿ: ਪਿਟਦੀਆਂ ਹਨ. "ਗਲ੍ਹਾਂ ਪਿਟਨਿ ਸਿਰੁ ਖੋਹੇਨਿ." (ਸਵਾ ਮਃ ੧)

ਪਿਟਾਰ, ਪਿਟਾਰਾ, ਪਿਟਾਰੀ, ਪਿਟਿਆਰੀ: ਸੰਗਯਾ- ਪਿਟਕ. ਪਿਟਕਾ ਬਾਂਸ ਬੈਤ ਆਦਿ ਦਾ ਸੰਦੂਕ ਡੱਬਾ ਆਦਿ.

ਪਿਟਿਹੁ: ਪਿਟਦੇ ਹੋ. "ਧੰਧਾ ਪਿਟਿਹੁ ਭਾਈ ਹੋ! ਤੁਮ ਕੂੜੁ ਕਮਾਵਹੁ." (ਆਸਾ ਅਃ ਮਃ ੧)

ਪਿਟੌਰਾ: ਦੇਖੋ, ਪਿਟਾਰਾ.

ਪਿਠ: ਸੰਗਯਾ- ਪਿਠਿ. ਪ੍ਰਿਸ਼੍ਠ (पृष्ट) ੨. ਦੇਖੋ, ਪ੍ਰਿਸ਼੍ਠ.

ਪਿਠਰ: ਸੰ. ਸੰਗਯਾ- ਮਧਾਣੀ। ੨. ਟੋਕਣੀ. ਵਲਟੋਹੀ. ਦੇਗ.

ਪਿਠਰੀ: ਸੰ. ਸੰਗਯਾ- ਦੇਗਚੀ. ਵਲਟੋਹੀ.

ਪਿਠਿ: ਸੰਗਯਾ- ਪ੍ਰਿਸ਼੍ਠਿ. ਪੀਠ. ਪਿੱਠ. "ਅਹੰਕਾਰੀਆ ਨਿੰਦਕਾ ਪਿਠਿ ਦੇਇ." (ਆਸਾ ਛੰਤ ਮਃ ੪)

ਪਿੱਠ: ਦੇਖੋ, ਪਿਠ.

ਪਿੱਠਾ: ਸੰਗਯਾ- ਪ੍ਰਿਸ਼੍ਠਭਾਗ. ਪਿੱਠ। ੨. ਪ੍ਰਤਿਛਾਯਾ. ਅਕਸ. "ਦਰਪਣ ਰੂਪ ਜਿਵੇਹੀ ਪਿੱਠਾ." (ਭਾਗੁ)

ਪਿਡ, ਪਿੰਡ: ਸੰ. पिण्ड्. ਧਾ- ਢੇਰ ਕਰਨਾ, ਇਕੱਠਾ ਕਰਨਾ, ਗੋਲਾ ਵੱਟਣਾ। ੨. ਸੰਗਯਾ- ਆਟੇ ਆਦਿ ਨੂੰ ਕੱਠਾ ਕਰਕੇ

ਬਣਾਇਆ ਹੋਇਆ ਪਿੰਨਾ. ਗੋਲਾ। ੩. ਪਿਤਰਾਂ ਨਿਮਿੱਤ ਅਰਪੇਹੋਏ ਜੌਂ ਦੇ ਆਟੇ ਆਦਿ ਦੇ ਪਿੰਨ. "ਪਿੰਡ ਪਤਲਿ ਮੇਰੀ ਕੇਸਉ ਕਿਰਿਆ." (ਆਸਾ ਮਃ ੧) ੪. ਦੇਹ. ਸ਼ਰੀਰ. "ਮਿਲਿ ਮਾਤਾ ਪਿਤਾ ਪਿੰਡ ਕਮਾਇਆ." (ਮਾਰੂ ਮਃ ੧) "ਜਿਨਿ ਏਵਡੁ ਪਿਡ ਠਿਣਿਕਿਓਨੁ." (ਵਾਰ ਰਾਮ ੩) ਦੇਖੋ, ਠਿਣਿਕਿਓਨੁ। ੫. ਗੋਲਾਕਾਰ ਬ੍ਰਹਮਾਂਡ। ੬. ਗ੍ਰਾਮ. ਗਾਂਵ. "ਹਉ ਹੋਆ ਮਾਹਰੁ ਪਿੰਡ ਦਾ." (ਸ੍ਰੀ ਮਃ ੫. ਪੈਪਾਇ) ਇੱਥੇ ਭਾਵ ਸ਼ਰੀਰ ਤੋਂ ਹੈ। ੭. ਢੇਰ. ਸਮੁਦਾਯ। ੮. ਭੋਜਨ. ਆਹਾਰ.

ਪਿੰਡ ਅਹੀਰਾਂ: ਅਹੀਰਾਂ (ਗਵਾਲਿਆਂ) ਦਾ ਪਿੰਡ. ਅਹੀਰ ਵਰਖਾ ਰੁੱਤ ਵਿੱਚ ਪਸ਼ੂ ਚਾਰਨ ਲਈ ਜਿੱਥੇ ਜਾਂਦੇ ਹਨ, ਉੱਥੇ ਥੋੜੇ ਸਮੇਂ ਲਈ ਫੂਸ ਪੱਤੇ ਦੇ ਘਰ ਬਣਾਕੇ ਆਬਾਦੀ ਕਰ ਲੈਂਦੇ ਹਨ। ੨. ਭਾਵ- ਜਗਤ. ਸੰਸਾਰ। ੩. ਭਾਈ ਗੁਰਦਾਸ ਜੀ ਨੇ ਉੱਪਰਲੇ ਦ੍ਰਿਸ਼੍ਰਾਂਤ ਤੋਂ ਮਮਤਾ ਰਹਿਤ ਵਿਹੰਗਮਵ੍ਰਿੱਤਿ ਵਾਲੇ ਗੁਰਮੁਖਾਂ ਦਾ ਸਮਾਜ ਅਹੀਰਾਂ ਦਾ ਪਿੰਡ ਲਿਖਿਆ ਹੈ. "ਸਤਿਗੁਰ ਸਾਂਗ ਵਰੱਤਦਾ ਪਿੰਡ ਵਸਾਇਆ ਫੇਰ ਅਹੀਰਾਂ." (ਵਾਰ ੨੬)

ਪਿੰਡ ਪਰਾਇਣ, ਪਿੰਡ ਪਰਾਯਣ: ਵਿ- ਜੋ ਪਿੰਡ (ਦੇਹ) ਵਿੱਚ ਤਤਪਰ ਹੈ. ਦੇਹ ਆਸਕ੍ਤ। ੨. ਸੰਗਜਾ- ਪਿੰਡ (ਸ਼ਰੀਰ) ਅਤੇ ਪ੍ਰਾਯਣ ਜੀਵਨ ਅਵਸਥਾ. ਜਿਸਮ ਅਤੇ ਜਾਨ. "ਸਾਕਤ ਕੀ ਓਹ ਪਿੰਡ ਪਰਾਇਣਿ." (ਗੌਂਡ ਕਬੀਰ) ਦੇਖੋ, ਪ੍ਰਾਯਣ.

ਪਿੰਡਰੀ: ਸੰ. ਪਿੰਡਿਕਾ. ਸੰਗਜਾ- ਪਿੰਜਣੀ. ਪਿੰਨਣੀ. ਗੋਡੇ ਤੋਂ ਹੇਠ ਅਤੇ ਗਿੱਟੇ ਤੋਂ ਉੱਪਰ ਦਾ ਲੱਤ ਦਾ ਮੋਟਾ ਪਿਛਲਾ ਭਾਗ. "ਕਰ ਪਰਸੇ ਪਿੰਡਰੀ ਜਬ ਦੇਖੀ." (ਨਾਪ੍ਰ).

ਪਿੰਡਾ: ਸੰਗਜਾ- ਸ਼ਰੀਰ ਜਿਸਮ. ਦੇਖੋ, ਪਿੰਡ ੪.

"ਬਹਿਨਿ ਜਿ ਪਿੰਡਾ ਧੋਇ." (ਵਾਰ ਆਸਾ)

੨. ਸੰ. ਪਿण्डा. ਅਸਪਾਤ ਲੋਹਾ। ੩. ਹਲਦੀ। ੪. ਕਸਤੂਰੀ.

ਪਿੰਡੀ: ਵਿ- ਪਿੰਡ (ਸ਼ਰੀਰ) ਵਾਲਾ, ਦੇਖੋ, ਅਚੇਤਪਿੰਡੀ। ੨. ਸੰ. ਪਿण्डी. ਸੰਗਜਾ ਪਿੰਨੀ. ਛੋਟਾ ਗੋਲਾ। ੩. ਪਹੀਏ ਦੀ ਪਿੰਜਣੀ. ਨੇਮਿ। ੪. ਘੀਆ ਕੱਦੂ। ੫. ਯਗਜ ਅਥਵਾ ਧਰਮਮੰਦਿਰ ਦੀ ਵੇਦੀ, ਜਿਸ ਪੁਰ ਬਲੀਦਾਨ ਕੀਤਾ ਜਾਂਦਾ ਹੈ। ੬. ਸੂਤ ਦਾ ਪਿੰਨਾ। ੭. ਦੇਖੋ, ਪਿੰਡਰੀ। ੮. ਰਾਵਲਪਿੰਡੀ ਦਾ ਸੰਖੇਪ ਨਾਮ.

ਪਿੰਡੀਲਾਲ: ਦੇਖੋ, ਨੰਦਲਾਲ.

ਪਿੰਡੁ: ਦੇਖੋ, ਪਿੰਡ.

ਪਿੰਡੇ: ਪਿੰਡ (ਸ਼ਰੀਰ) ਵਿੱਚ ਦੇਖੋ, ਬ੍ਰਹਮੰਡੇ.

ਪਿਤ: ਸੰਗਜਾ- ਪਿਤਾ. ਤਾਤ. ਬਾਪ. "ਪਿਤ ਸੁਤੋ ਸਗਲ ਕਾਲਤ੍ਰ ਮਾਤਾ." (ਸ੍ਰੀ ਮਃ ੧) ੨. ਦੇਖੋ, ਪਿੱਤ. "ਕਾਢਿ ਕੁਠਾਰੁ ਪਿਤ ਬਾਤ ਹੰਤਾ." (ਟੋਡੀ ਮਃ ੫)

ਪਿਤਪਾਰਥ: ਸੰਗਜਾ- ਪਾਥੰ (ਅਰਜੁਨ) ਦਾ ਪਿਤਾ, ਇੰਦ੍ਰ (ਸਨਾਮਾ)

ਪਿਤਰ: ਸੰਗਜਾ- ਪਿਤ੍ਰਿ. ਪਿਤਾ. ਪਦਰ. ਬਾਪ. "ਮਾਤਰ ਪਿਤਰ ਤਿਅਗਿਕੈ." (ਸਾਰ ਪੜਤਾਲ ਮਃ ੫) ੨. ਸੰ. ਪਿਤૃ- ਪਿਤ੍ਰਿ. ਮੋਏ ਹੋਏ ਬਾਪ ਦਾਦਾ ਆਦਿ ਬਜ਼ੁਰਗ. "ਐਸੇ ਪਿਤਰ ਤੁਮਾਰੇ ਕਹੀਅਹਿ, ਆਪ ਨ ਕਹਿ ਆਨ ਲੇਹੀ." (ਗਉ ਕਬੀਰ ) ੩. ਵਡੇ ਵਡੇਰੇ. ਬਾਪ ਦਾਦਾ ਮਾਤਾ ਦਾਦੀ ਆਦਿ. "ਜੀਵਤ ਪਿਤਰ ਨ ਮਾਨੈ ਕੋਊ, ਮੂਏ ਸਰਾਧ ਕਰਾਈ." (ਗਉ ਕਬੀਰ)

ਪਿਤਰਕਰਮ: ਸੰਗਜਾ- ਪਿਤ੍ਰਿਕਰਮ. ਪਿਤਰਾਂ ਨਿਮਿੱਤ ਸ਼੍ਰਾੱਧ ਆਦਿ ਕਰਮ. "ਪਿਤਰਕਰਮ ਕਰ ਭਰਮ ਭੁਲਾਯਾ" (ਭਾਗੁ)

ਪਿਤਰਤੀਰਥ: ਦੇਖੋ, ਪਿਤ੍ਰਿਤੀਰਥ.

**ਪਿਤਰਪੱਖ, ਪਿਤਰਪੱਛ:** ਸੰਗਯਾ- ਪ੍ਰਿਤ੍ਰਿਪਕ੍ਸ਼. ਅੱਸੂ ਦਾ ਹਨੇਰਾ ਪੱਖ. ਹਿੰਦੂਮਤ ਦੇ ਧਰਮਗ੍ਰੰਥਾਂ ਅਨੁਸਾਰ ਇਹ ਪਕ੍ਸ਼ ਪਿਤਰਾਂ ਨੂੰ ਬਹੁਤ ਪਿਆਰਾ ਹੈ, ਅਤੇ ਪਿੰਡ ਆਦਿ ਵਸ੍ਤੁ ਗ੍ਰਹਣ ਕਰਨ ਲਈ ਪਿਤ੍ਰਿਲੋਕ ਤੋਂ ਸਾਰੇ ਪਿਤਰ ਇਸ ਲੋਕ ਵਿੱਚ ਆਜਾਂਦੇ ਹਨ. "ਪਿਤਰਨ ਪੱਛ ਪਹੂਚਾ ਆਈ." (ਚਰਿਤ੍ਰ ੪੦) ੨. ਪਿਤਾ ਦਾ ਕੁਲ. ਪਿਤਾ ਦੀ ਵੰਸ਼ ਦੇ ਸੰਬੰਧੀ.

**ਪਿਤਰਰਾਜ:** ਸੰਗਯਾ- ਪਿਤ੍ਰਿਰਾਜ. ਧਰਮਰਾਜ.

**ਪਿਤਰਲੋਕ:** ਸੰਗਯਾ- ਪ੍ਰਿਤ੍ਰਲੋਕ. ਪਿਤਰਾਂ ਦੇ ਰਹਿਣ ਦਾ ਲੋਕ. ਹਿੰਦੂਮਤ ਦੇ ਗ੍ਰੰਥਾਂ ਵਿੱਚ ਚੰਦ੍ਰਮਾ ਤੋਂ ਉੱਪਰ ਪਿਤ੍ਰਿਲੋਕ ਲਿਖਿਆ ਹੈ.

**ਪਿਤਰੀ:** ਸੰ. ਪਿਤ੍ਰਿ. ਧਿਤ੍ਰ. ਦੇਖੋ, ਪਿਤਰ ੨। ੨. ਪਿਤਰਾਂ ਨੂੰ. ਪਿਤਰੀਂ. "ਘਰ ਮੁਹਿ ਪਿਤਰੀ ਦੇਇ." (ਵਾਰ ਆਸਾ)

**ਪਿਤਲ:** ਦੇਖੋ, ਪਿੱਤਲ.

**ਪਿਤਾ:** ਸੰਗਯਾ- ਜੋ ਰਖ੍ਯਾ ਕਰੇ, ਬਾਪ. ਪਿਤ੍ਰਿ. ਜਨਕ. "ਪਿਤਾ ਕਾ ਜਨਮ ਕਿਆ ਜਾਨੈ ਪੂਤ?" (ਸੁਖਮਨੀ)

**ਪਿਤਾਜਾਤਿ:** ਸੰਗਯਾ- ਬਾਪ ਦੀ ਜਾਤਿ. ਭਾਵ- ਪਿਤਾ- ਰੂਪ. "ਪਿਤਾਜਾਤਿ ਤਾ ਹੋਈਐ, ਗੁਰੁ ਤੁਠਾ ਕਰੈ ਪਸਾਉ." (ਸ੍ਰੀ ਮঃ ੪. ਵਣਜਾਰਾ) ਜਿਵੇਂ ਕਰਤਾਰ ਦੀ ਕੋਈ ਜਾਤਿ ਨਹੀਂ, ਤਿਵੇਂ ਵਰਨ ਜਾਤਿ ਦੇ ਅਭਿਮਾਨ ਤੋਂ ਰਹਿਤ ਹੋਣਾ, ਪਿਤਾਜਾਤਿ ਹੋਣਾ ਹੈ। ੨. ਗੁਰੁਵੰਸ਼ ਵਿੱਚ ਮਿਲਣਾ, ਗੁਰੂਪੁਤ੍ਰ ਹੋਣਾ.

**ਪਿਤਾਨੁਜ:** ਸੰਗਯਾ- ਪਿਤਾ ਦਾ ਅਨੁਜ (ਛੋਟਾ ਭਾਈ), ਚਾਚਾ. "ਪਿਤਾ ਪਿਤਾਨੁਜ ਔਰ ਜਿ ਗ੍ਯਾਤੀ." (ਨਾਪ੍ਰ)

**ਪਿਤਾਪੁਰਖੀ:** ਸੰਗਯਾ- ਪਿਤਾ ਪਿਤਾਮਾ ਦੀ ਰੀਤਿ. ਕੁਲ ਦੀ ਪੁਰਾਣੀ ਮਰਯਾਦਾ.

**ਪਿਤਾਪੂਤ:** ਬ੍ਰਹਮ ਅਤੇ ਜੀਵ. "ਪਿਤਾ ਪੂਤ ਏਕੈ ਰੰਗਿ ਲੀਨੇ." (ਭੈਰ ਮঃ ੫)

**ਪਿਤਾਮਹ:** ਸੰ. ਸੰਗਯਾ- ਪਿਤਾ ਦਾ ਪਿਤਾ. ਦਾਦਾ। ੨. ਬ੍ਰਹਮਾ। ੩. ਭੀਸ਼ਮ.

**ਪਿਤਾਮਹੀ:** ਸੰ. ਸੰਗਯਾ- ਦਾਦੀ.

**ਪਿਤਾਮਾ:** ਦੇਖੋ, ਪਿਤਾਮਹ. "ਪਿਤ ਪਿਤਾਮਾ ਪਰ- ਪਿਤਾਮਾ." (ਭਾਗੁ ਕ)

**ਪਿਤੀਏਰ:** ਵਿ- ਦਾਦਕ. ਪਿਤਾ ਸੰਬੰਧੀ. ਪਿਤਾ ਦੀ ਕੁਲ ਦੇ.

**ਪਿਤੁ:** ਦੇਖੋ, ਪਿਤ। ੨. ਦੇਖੋ, ਪਿੱਤ। ੩. ਸੰ. ਪਿਤੁ. ਸੰਗਯਾ- ਗਿਜਾ. ਖਾਨ ਪਾਨ। ੪. ਪਿਸ਼ਿਤ (ਮਾਸ) ਦੀ ਥਾਂ ਭੀ ਪਿਤੁ ਸ਼ਬਦ ਆਇਆ ਹੈ. "ਰਤੁ ਪਿਤੁ ਕੁਤਿਹੋ ਚਟਿਜਾਹੁ." (ਵਾਰ ਮਲਾ ਮঃ ੧) ਪ੍ਰਜਾ ਦਾ ਰਕ੍ਤ ਅਤੇ ਪਿਸ਼ਿਤ, ਚਾਕਰਰੂਪ ਕੁੱਤੇ ਚੱਟਮ ਕਰ ਜਾਂਦੇ ਹਨ.

**ਪਿੱਤ:** ਸੰ. ਧਿਤ. صفرا ਸਫ਼ਰਾ. Bile. ਪਿੱਤ ਸ਼ਰੀਰ ਦੀ ਗਰਮੀ ਰੂਪ ਹੈ. ਇਹ ਆਪਣੀ ਅਸਲੀ ਹਾਲਤ ਵਿੱਚ ਸ਼ਰੀਰ ਦੀ ਰਖ੍ਯਾ, ਅਤੇ ਵਿਗੜਿਆ ਹੋਇਆ ਅਨੇਕ ਰੋਗ ਉਤਪੰਨ ਕਰਦਾ ਹੈ. ਪਿੱਤ ਪਤਲਾ (ਦ੍ਰਵ) ਪਦਾਰਥ ਹੈ, ਜਿਸ ਦਾ ਪੀਲਾ ਰੰਗ ਹੈ. ਇਹ ਸ਼ਰੀਰ ਤੋਂ ਮੈਲ ਅਤੇ ਲਹੂ ਦੀ ਜਹਿਰ ਖਾਰਜ ਕਰਦਾ ਹੈ. ਵੈਦਕ ਵਾਲਿਆਂ ਨੇ ਪਿੱਤ ਦੇ ਪੰਜ ਰੂਪ ਲਿਖੇ ਹਨ-

(ੳ) ਆਲੋਚਕ- ਨੇਤ੍ਰਾਂ ਵਿੱਚ ਨਿਵਾਸ ਕਰਦਾ ਹੈ. ਅੱਖਾਂ ਵਿੱਚ ਇਸੇ ਦੀ ਚਮਕ ਹੈ. ਇਹ ਰੂਪ ਨੂੰ ਗ੍ਰਹਣ ਕਰਦਾ ਹੈ.

(ਅ) ਰੰਜਕ- ਜਿਗਰ ਵਿੱਚ ਰਹਿੰਦਾ ਹੈ. ਭੋਜਨ ਦਾ ਰਸ, ਜੋ ਲਹੂ ਬਣਨ ਲਈ ਆਉਂਦਾ ਹੈ. ਉਸ ਦਾ ਖ਼ੂਨ ਬਣਾਉਂਦਾ ਹੈ.

(ੲ) ਸਾਧਕ- ਹਿਰਦੇ ਵਿੱਚ ਰਹਿੰਦਾ ਹੈ. ਇਹ ਬੁੱਧਿ, ਸਿਮ੍ਰਿਤਿ ਆਦਿ ਨੂੰ ਵਧਾਉਂਦਾ ਹੈ.

(ਸ) ਪਾਚਕ- ਇਹ ਮੇਦੇ ਅਤੇ ਅੰਤੜੀ ਵਿੱਚ ਰਹਿੰਦਾ ਹੈ. ਇਹ ਗਿਜਾ ਪਚਾਉਂਦਾ, ਮੈਲ ਖਾਰਿਜ ਕਰਦਾ ਹੈ, ਰਸ ਮਲ ਮੂਤ੍ਰ ਅਤੇ

ਦੋਸ਼ਾਂ ਨੂੰ ਨਿਖੇੜਦਾ ਹੈ, ਜਠਰਾਗਨਿ ਦੇ ਬਲ ਨੂੰ ਵਧਾਉਂਦਾ ਹੈ.

(ਹ) ਭ੍ਰਾਜਕ- ਇਹ ਤੁਚਾ (ਖਲੜੀ) ਵਿੱਚ ਰਹਿੰਦਾ ਹੈ. ਸ਼ਰੀਰ ਦੀ ਸ਼ੋਭਾ ਅਤੇ ਚਮਕ ਨੂੰ ਵਧਾਉਂਦਾ ਹੈ. ਪਿੱਤ ਦੇ ਵਿਗਾੜ ਨਾਲ ਸਮੇਂ ਤੋਂ ਪਹਿਲਾਂ ਵਾਲ ਚਿੱਟੇ ਹੋ ਜਾਂਦੇ ਹਨ, ਨੇਤ੍ਰ ਲਾਲ ਪੀਲੇ, ਮੂਤ੍ਰ ਬਹੁਤ ਪੀਲਾ, ਮੂੰਹ ਦਾ ਸੁਆਦ ਖੱਟਾ, ਭਸ ਡਕਾਰ, ਕ੍ਰੋਧ, ਦਾਹ, ਅੱਖਾਂ ਅੱਗੇ ਹਨੇਰਾ, ਸ਼ਰੀਰ ਦਾ ਤਪਣਾ, ਬਦਬੂਦਾਰ ਪਸੀਨਾ ਆਉਣਾ ਆਦਿਕ ਚਾਲੀ ਰੋਗ ਹੁੰਦੇ ਹਨ.

ਪਿੱਤ ਦੇ ਸ਼ਾਂਤ ਕਰਨ ਲਈ ਉਸਨਤਾਪ ਅਤੇ ਯਰਕਾਨ ਵਿੱਚ ਦੱਸੇ ਉਪਾਉ ਕਰਨੇ ਲਾਭਦਾਇਕ ਹਨ.

ਸਾਧਾਰਣ ਇਲਾਜ ਹੈ ਕਿ ਅੰਤੜੀ ਦੀ ਸਫਾਈ ਕਰਨੀ, ਦੁੱਧ ਚਾਉਲ ਆਦਿਕ ਪਦਾਰਥ ਖਾਣੇ ਪੀਣੇ, ਗੋਕੇ ਦੁੱਧ ਵਿੱਚ ਮਿਸ਼ਰੀ ਪਾਕੇ ਈਸਬਗੋਲ ਦਾ ਸਤ ਛੀ ਮਾਸ਼ੇ ਲੈਣਾ, ਚੰਦਨ ਅਨਾਰ ਆਦਿ ਦੇ ਸ਼ਰਬਤ ਵਰਤਣੇ, ਸਰਦ ਤਰ ਫਲ ਖਾਣੇ, ਨਿਰਮਲ ਸੀਤਲ ਜਲ ਨਾਲ ਸਨਾਨ ਕਰਨਾ, ਵਟਣਾ ਮਲਕੇ ਮੈਲ ਦੂਰ ਕਰਨੀ ਆਦਿ. "ਬਾਇ ਪਿੱਤ ਕਰ ਉਪਜਤ ਭਏ." (ਚਰਿਤ੍ਰ ੪੦੫) ੨. ਪਿੱਤ ਦੇ ਵਿਕਾਰ ਨਾਲ ਗਰਮੀ ਦੀ ਰੁੱਤ ਵਿੱਚ ਤੁਚਾ ਤੇ ਨਿਕਲੀਆਂ ਬਰੀਕ ਫੁਨਸੀਆਂ ਭੀ "ਪਿੱਤ" ਆਖੀਦੀਆਂ ਹਨ. ਇਹ ਵਟਣੇ ਚੰਦਨ ਆਦਿ ਦੇ ਲੇਪ ਤੋਂ ਅਰ ਸੁਗੰਧ ਵਾਲੇ ਸਬੂਣ ਨਾਲ ਸਨਾਨ ਕਰਨ ਤੋਂ ਦੂਰ ਹੋ ਜਾਂਦੀਆਂ ਹਨ। ੩. ਕ੍ਰੋਧ. ਤਾਮਸੀ ਸੁਭਾਉ.

ਪਿੱਤਜੁਰ, ਪਿੱਤਜ੍ਵਰ: ਦੇਖੋ, ਉਸਨਤਾਪ ਅਤੇ ਯਰਕ਼ਾਨ.

ਪਿੱਤਪਾਪੜਾ: ਸੰਗਜਾ- ਪਿੱਤਦੋਸ਼ ਨਾਸ਼ਕ ਪਪੰਟ. ਸ਼ਾਹਤਰਾ. L. Fumaria Officinalis. ਇਹ ਸਰਦੀ ਦੀ ਮੌਸਮ ਪੰਜਾਬ ਵਿੱਚ ਸਭ ਥਾਂ ਹੁੰਦਾ ਹੈ. ਬੂਟਾ ਇੱਕ ਫੁਟ ਉੱਚਾ ਹੋਇਆ ਕਰਦਾ ਹੈ. ਸਵਾਦ ਕੌੜਾ ਅਤੇ ਬਕਬਕਾ ਹੈ. ਲਾਲ ਫੁੱਲ ਵਾਲਾ ਨੀਲੇ ਫੁੱਲ ਵਾਲੇ ਤੋਂ ਜਾਦਾ ਗੁਣਕਾਰੀ ਹੈ. ਵੈਦਕ ਵਿੱਚ ਇਸ ਦੀ ਤਾਸੀਰ ਸਰਦ ਖੁਸਕ ਹੈ ਅਤੇ ਲਹੂ ਦੇ ਵਿਕਾਰਾਂ ਨੂੰ ਦੂਰ ਕਰਨ ਵਾਲਾ ਮੰਨਿਆ ਹੈ.

ਪਿੱਤਲ: ਸੰ. ਪਿੱਤ (ਸਫਰਾ) ਦੀ ਜਿਸ ਵਿੱਚ ਅਧਿਕਤਾ ਹੈ। ੨. ਸੰਗਜਾ- ਪੀਤਲ ਧਾਤੁ. ਦੇਖੋ, ਪੀਤਲੋਹ। ੩. ਹੜਤਾਲ। ੪. ਭੋਜਪਤ੍ਰ.

ਪਿੱਤਵਾਤ: ਪਿੱਤ (ਸਫਰਾ) ਅਤੇ ਵਾਤ (ਸੌਦਾ) ਮਿਲੇ ਹੋਏ. ਜਿਵੇਂ ਅੱਗ ਤੇ ਤੱਤਾ ਕੀਤਾ ਹੋਇਆ ਜਲ ਪਿੰਡੇ ਨੂੰ ਸਾੜਦਾ ਅਤੇ ਅੱਗ ਨੂੰ ਬੁਝਾ ਦਿੰਦਾ ਹੈ. ਤਿਵੇਂ ਪਿੱਤ ਵਾਤ ਮਿਲੇ ਹੋਏ ਸ਼ਰੀਰ ਵਿੱਚ ਉਪਦ੍ਰਵਾਂ ਦਾ ਕਾਰਣ ਹੁੰਦੇ ਹਨ. ਦੇਖੋ, ਪਿੱਤ ਅਤੇ ਬਾਇ ਸ਼ਬਦ.

ਪਿੱਤਾ: ਸੰ. ਪਿੱਤਾਸ਼ਯ. ਸੰਗਜਾ- ਪਿੱਤ ਦੀ ਥੈਲੀ. ਇਹ ਜਿਗਰ ਦੇ ਹੇਠ ਪਿੱਛੇ ਵੱਲ ਹੁੰਦਾ ਹੈ। ੨. ਭਾਵ- ਜਿਗਰ ਅਤੇ ਮਨ. "ਸਾਧੁਸੰਗਤਿ ਮਿਲ ਪੀੜਨ ਪਿੱਤਾ." (ਭਾਗੁ) ੩. ਦੇਖੋ, ਪਿੱਤ। ੪. ਕ੍ਰੋਧ। ੫. ਜੋਸ਼। ੬. ਹੌਸਲਾ.

ਪਿੱਤਾਸ਼ਯ: ਪਿੱਤ ਦਾ ਅਸਥਾਨ. ਦੇਖੋ, ਪਿੱਤਾ ੧. ਅਤੇ ਜਿਗਰ.

ਪਿੱਤਾ ਪੀੜਨਾ, ਪਿੱਤਾ ਮਾਰਨਾ: ਜਿਗਰ (ਅਰਥਾਤ ਮਨ) ਨੂੰ ਦਬਾਉਣਾ. ਭਾਵ- ਵਸ਼ ਕਰਨਾ. ਦੇਖੋ, ਪਿੱਤਾ। ੨. ਤਾਮਸੀ ਸੁਭਾਉ ਨੂੰ ਦਬਾਉਣਾ.

ਪਿੱਤੀ: ਵਿ- ਪਿੱਤ ਵਾਲਾ. ਜਿਸ ਦੇ ਪਿੱਤ (ਸਫ਼ਰਾ) ਦੀ ਅਧਿਕਤਾ ਹੈ. "ਪਿੱਤੀ ਸਹਿਤ ਵਿਕਾਰਨ ਜੇ ਨਰ ਵਿਸ਼ਯ ਲਗੈ ਅਤਿਸਾਰ ਮਹਾਨ." (ਗੁਪ੍ਰਸੂ) ੨. ਸੰਗਜਾ- ਰਕਤਵਿਕਾਰ ਕਰਕੇ ਸ਼ਰੀਰ ਪੁਰ ਨਿਕਲੀ ਧਫੜੀ. ਰਕਤਪਿੱਤੀ। ੩. ਦੇਖੋ, ਪਿੱਤ ੨.

ਪਿਤ੍ਰਿ: ਦੇਖੋ, ਪਿਤਰ ਅਤੇ ਪਿਤਾ.

ਪਿਤ੍ਰਿਤੀਰਥ: ਉਹ ਤੀਰਥ, ਜਿਸ ਤੇ ਜਾਕੇ ਪਿਤਰਾਂ ਵਾਸਤੇ ਪਿੰਡਦਾਨ ਆਦਿ ਸ਼੍ਰਾੱਧਕ੍ਰਿਯਾ ਕੀਤੀ ਜਾਵੇ. ਮਤਸਜਪੁਰਾਣ ਦੇ ਸ਼੍ਰਾੱਧਕਲਪ ਦੇ ਬਾਈਹਵੇਂ ਅਧਜਾਯ ਵਿੱਚ ਗਯਾ ਕਾਸ਼ੀ ਪ੍ਰਯਾਗ ਆਦਿ ੨੨੨ ਪਿਤ੍ਰਿਤੀਰਥ ਲਿਖੇ ਹਨ.

ਪਿਤ੍ਰਿਮੇਧ: ਸੰ. ਸੰਗਜਾ- ਪਿਤਾ ਦਾ ਦਾਹਕਰਮ. ਰਾਮਾਯਣ ਦੇ ਛੀਵੇਂ ਕਾਂਡ ਦੇ ਅః ੧੧੪ ਵਿੱਚ ਇਸ ਦੀ ਵਿਧੀ ਇਉਂ ਹੈ- ਦੱਖਣ ਪੂਰਵ ਦੀ ਕੋਣ ਵਿੱਚ ਵੇਦੀ ਰਚਕੇ ਅਗਨਿ ਸਥਾਪਨ ਕਰਨੀ. ਉਸ ਪੁਰ ਪਿਤਾ ਦਾ ਸਰੀਰ ਰੱਖਕੇ ਘੀ ਦਹੀਂ ਪਾਉਣਾ. ਮੁਰਦੇ ਦੇ ਕੰਨ੍ਹੇ ਪੁਰ ਸਰੋਆ (ਘੀ ਪਾਉਣ ਦੀ ਕੜਛੀ), ਪੈਰਾਂ ਉੱਪਰ ਗੱਡਾ, ਜੰਘਾਂ ਤੇ ਉੱਖਲ ਅਤੇ ਮੂਸਲ ਰੱਖਣਾ, ਅਰ ਪਸੂ ਦੀ ਕੁਰਬਾਨੀ ਕਰਕੇ ਦਾਹ ਕ੍ਰਿਯਾ ਕਰਨੀ.

ਪਿਤ੍ਰਿਯਾਣ: ਦੇਖੋ, ਦੇਵਯਾਣ.

ਪਿਥੌਰਾ: ਇਹ ਪ੍ਰਿਥੀਰਾਜ ਦਾ ਹੀ ਨਾਉਂ ਹੈ. ਦੇਖੋ, ਪ੍ਰਿਥੀਰਾਜ.

ਪਿਦਰ: ਦੇਖੋ, ਪਦਰ.

ਪਿੰਦਾਸ਼ਤਨ: ਫ਼ਾ. پنداشتن ਕ੍ਰਿ- ਪਛਾਣਨਾ. ਮਾਲੂਮ ਕਰਨਾ। ੨. ਮੰਨਣਾ. ਅੰਗੀਕਾਰ ਕਰਨਾ.

ਪਿੰਦਾਰ: ਫ਼ਾ. پندار ਜਾਣ ਲੈ. ਸਮਝ ਲੈ। ੨. ਘਮੰਡ. ਅਹੰਕਾਰ.

ਪਿੱਦਾ, ਪਿੱਦੀ: ਸੰ. ਪਿਦ੍ਵ. ਸੰਗਜਾ- ਇੱਕ ਛੋਟੇ ਕੱਦ ਦੀ ਚਿੜੀ.

ਪਿੰਧ: ਸੰ. ਆਪਧਿ. ਸੰਗਜਾ- ਪਾਣੀ ਦਾ ਪਾਤ੍ਰ.

ਪਿੰਧਿ, ਪਿੰਧੀ: ਗਡਵਾ. ਘੜਾ. ਟਿੰਡ. "ਪਿੰਧੀ ਮਹਿ ਸਾਗਰਾ." (ਧਨਾ ਨਾਮਦੇਵ) ਟਿੰਡਾਂ ਵਿੱਚ ਪਾਣੀ.

ਪਿੰਨ: ਦੇਖੋ, ਪਿੰਡ.

ਪਿਨਹਾਂ: ਫ਼ਾ. پنہاں ਵਿ- ਪੋਸ਼ੀਦਾ. ਲੁਕਿਆ ਹੋਇਆ.

ਪਿਨਣਾ, ਪਿੰਨਣਾ: ਸੰਗਜਾ- ਪਿੰਡ- ਹਰਣ. ਪਿਤਰਾਂ. ਨਿਮਿੱਤ ਮਣਸੇ ਪਿੰਡ ਆਦਿ ਪਦਾਰਥਾਂ ਦੇ ਲੈ ਜਾਣ ਦੀ ਕ੍ਰਿਯਾ, ਭਾਵ- ਮੰਗਕੇ ਗੁਜਾਰਾ ਕਰਨਾ. "ਪਿਨਣੇ ਦਰਿ ਕੇਤੜੇ." (ਸਵਾ ਮਃ ੫) "ਜੱਟ ਪਿੰਨੇ ਤਾਂ ਕੰਧ ਥੀਂ ਘਿੰਨੇ." (ਗੁਪ੍ਰਸੁ) ਜੇ ਜੱਟ ਮੰਗੇ ਤਦ ਕੰਧ ਤੋਂ ਭੀ ਲੈ ਲਵੇ.

ਪਿੰਨਣੁ: ਸਿੰਧੀ. ਕ੍ਰਿ- ਮੰਗਣਾ. ਦੇਖੋ, ਪਿੰਨਣਾ.

ਪਿਨੱਧ: ਸੰ. ਵਿ- ਬੰਨ੍ਹਿਆ ਹੋਇਆ, ਕਸਿਆ ਹੋਇਆ। ੨. ਢਕਿਆ ਹੋਇਆ.

ਪਿੰਨਾ: ਦੇਖੋ, ਪਿੰਡ। ੨. ਦੇਖੋ, ਪਿੰਡੀ ੬.

ਪਿਨਾਕ: ਸੰ. ਰਖਜਾ ਕਰਨ ਵਾਲਾ ਧਨੁਖ. ਸ਼ਿਵ ਦਾ ਧਨੁਖ। ੨. ਤ੍ਰਿਸੂਲ। ੩. ਗਰਦ ਦੀ ਵਰਖਾ. ਅਸਮਾਨੋਂ ਘੱਟਾ ਡਿਗਣਾ.

ਪਿਨਾਕਪਾਣੀ, ਪਿਨਾਕੀ: ਸੰਗਜਾ- ਪਿਨਾਕ ਨਾਮਕ ਧਨੁਖ ਹੈ ਜਿਸ ਦੇ ਹੱਥ ਵਿੱਚ. ਪਿਨਾਕਧਾਰੀ. (ਪਿਨਾਕਿਨ੍) ਸ਼ਿਵ. "ਪਿਨਾਕਪਾਨਿ ਤੇ ਹਨੇ." (ਰੁਦ੍ਰਾਵ)

ਪਿਨਾਕੀ ਅਰਿ ਧੁਜ ਨੇਤ੍ਰ ਅਰਿ: ਸੰਗਜਾ- ਪਿਨਾਕੀ (ਸ਼ਿਵ) ਦਾ ਵੈਰੀ ਕਾਮ, ਉਸ ਦੀ ਧੁਜਾ ਵਿੱਚ ਵਿਰਾਜਣ ਵਾਲੀ ਮੱਛੀ, ਉਸ ਦੇ ਨੇਤ੍ਰ ਦਾ ਵੈਰੀ ਅਰਜੁਨ. (ਸਨਾਮਾ) ਦ੍ਰੌਪਦੀ ਵਰਣ ਸਮੇਂ ਅਰਜੁਨ ਨੇ ਮੱਛਯੰਤ੍ਰ ਵਿੰਨ੍ਹਿਆ ਸੀ.

ਪਿੰਨੀ: ਵਿ- ਪਿੰਜੀ ਹੋਈ. ਦੇਖੋ, ਪਿੰਜਣਾ। ੨. ਮੰਗੀ ਹੋਈ. ਦੇਖੋ, ਪਿੰਨਣਾ। ੩. ਸੰਗਜਾ- ਵੱਟਿਆ ਹੋਇਆ ਗੋਲਾ. ਪਿੰਡ. ਦੇਖੋ, ਪਿੰਡੀ.

ਪਿਪਲ: ਸੰ. ਪਿੱਪਲ, ਸੰਗਜਾ- ਪੀਪਲ ਬਿਰਛ. ਅਸ਼੍ਵੱਥ. Ficus religiosa। ੨. ਜਲ.

ਪਿਪਲਪਤ੍ਰਾ, ਪਿਪਲਵਤ੍ਰਾ: ਸੰਗਜਾ- ਪਿੱਪਲ ਦੇ ਪੱਤੇ ਦੇ ਆਕਾਰ ਦਾ ਗਹਿਣਾ. ਨੱਥ ਮਛਲੀ ਆਦਿ ਦਾ ਬੁਲਾਕ.

**ਪਿਪਲਾ:** ਸੰਗਜਾ- ਤਲਵਾਰ ਦਾ ਸਿਰਾ, ਜੋ ਪਿੱਪਲ ਪੱਤੇ ਦੀ ਨੋਕ ਜੇਹਾ ਹੁੰਦਾ ਹੈ. ਖੜਗ ਦੀ ਨੋਕ. "ਪਿਪਲਾ ਖਗ ਅਗ੍ਰ ਸ਼ਰੀਰ ਛੁਹੇ." (ਗੁਪ੍ਰਸੂ)

**ਪਿਪਲਾਦ:** ਦੇਖੋ, ਪਿੱਪਲਾਦ.

**ਪਿਪਲੀ:** ਸੰਗਜਾ- ਵਰੁਣੀ. ਅੱਖ ਦੀ ਪਲਕ। ੨. ਛੋਟੇ ਪੱਤੇ ਦਾ ਪਿੱਪਲ. ਮਦੀਨ ਪਿੱਪਲ। ੩. ਸੰ. ਪਿੱਪਲੀ. ਮਘਪਿੱਪਲ. Piper Longum.

**ਪਿਪਲੀ ਸਾਹਿਬ:** ਦੇਖੋ, ਅਮ੍ਰਿਤਸਰ.

**ਪਿਪਾਸਾ:** ਸੰ. ਸੰਗਜਾ- ਪਾਣੀ ਦੀ ਆਸਾ (ਇੱਛਾ). ੨. ਤ੍ਰਿਖਾ. ਪਿਆਸ। ੨. ਲਾਲਚ. ਤਮਾ.

**ਪਿਪਾਸੁ, ਪਿਪੀਸ਼ੁ:** ਵਿ- ਪਾਣੀ ਦੀ ਇੱਛਾ ਵਾਲਾ. ਪਿਆਸਾ.

**ਪਿਪੀਲ, ਪਿਪੀਲਕ, ਪਿਪੀਲਿਕਾ:** ਸੰ. ਸੰਗਜਾ- ਕੀੜਾ. ਕੀੜੀ. ਚਿਉਂਟਾ. ਚਿਉਂਟੀ.

**ਪਿੱਪਲ:** ਦੇਖੋ, ਪਿਪਲ ੨. ਨੰਗਾ. ਨਾਂਗਾ.

**ਪਿੱਪਲਾਦ:** ਇੱਕ ਰਿਖੀ, ਜੋ ਅਥਰਵੰਵੇਦ ਦੀ ਇੱਕ ਸ਼ਾਖ ਦਾ ਪ੍ਰਚਾਰਕ ਹੈ. ਦੇਖੋ, ਸਕੰਦ ਪੁਰਾਣ, ਨਾਗਰਖੰਡ ਅਧ੍ਯਾਯ ੧੬੪.

**ਪਿੱਪਲਾਯਨ:** ਇੱਕ ਰਾਜਾ, ਜੋ ਰਿਸ਼ਭਦੇਵ ਦਾ ਪੁਤ੍ਰ ਅਤੇ ਰਾਜਰਿਖਿ ਭਰਤ ਦਾ ਭਾਈ ਸੀ. ਇਸ ਦਾ ਜਿਕਰ ਭਾਗਵਤ ਵਿੱਚ ਆਉਂਦਾ ਹੈ.

**ਪਿਯ:** ਪ੍ਰਿਯ. ਪਤਿ. ਪਿਆਰਾ.

**ਪਿਯਤ:** ਪੀਂਦੇ ਹੋਏ. ਪੀਂਦੇ, ਪਾਨਕਰਤ. "ਪਿਯਤ ਨ ਤ੍ਰਿਪਤੇ ਲੋਚਨ ਡੋਨੇ." (ਨਾਪ੍ਰ)

**ਪਿਯਰਾ:** ਵਿ- ਪੀਲਾ. ਜ਼ਰਦ। ੨. ਸੰਗਜਾ- ਪਤਿ. ਪ੍ਰਿਯ ੩. ਪੀੜਾ. ਦਰਦ.

**ਪਿਯਰਾਤ:** ਪੀੜਾ ਕਰਤ. ਪੀੜ ਦਿੰਦਾ. "ਖਟਕਤ ਹਿਯ ਕੇ ਮਾਂਝ ਸਦਾ ਪਿਯਰਾਤ ਹੈ." (ਚਰਿਤ੍ਰ ੨੪੯)

**ਪਿਯਰਾਨੀ:** ਪੀਲੀ ਹੋ ਗਈ. "ਪ੍ਰਾਚੀ ਪਿਯਰਾਨੀ ਚਾਰੁ ਚਟਿਕਾ ਚੁਹਾਨੀ." (ਨਾਪ੍ਰ) ੨. ਪੀੜ ਸਹਿਤ ਹੋਈ. ਦੁਖਣ ਲੱਗੀ.

**ਪਿਯਾ:** ਪ੍ਰਿਯ. ਪਿਆਰਾ। ੨. ਪਤਿ. ਭਰਤਾ.

**ਪਿਯਾਜ਼:** ਫ਼ਾ. پیاز ਸੰਗਜਾ- ਗਠਾ. ਗੰਢਾ. ਖ਼ਾ. ਰੁੱਪਾ.

**ਪਿਯੂ:** ਪਿਤਾ. ਪਿਉ. "ਪਿਯੂ ਦਾਦੇ ਜੇਵਿਹਾ." (ਵਾਰ ਰਾਮ ੩)

**ਪਿਯੂਖ:** ਦੇਖੋ, ਪਿਊਖ.

**ਪਿਰ:** ਵਿ- ਪ੍ਰਿਯ. ਪਿਆਰਾ. "ਸੀਗਾਰੁ ਕਰੇ ਪਿਰ ਖਸਮੁ ਨ ਭਾਵੈ." (ਮਾਰੂ ਸੋਲਹੇ ਮਃ ੩) ੨. ਸੰਗਜਾ- ਪਤਿ. ਭਰਤਾ. "ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ?" (ਮਾਰੂ ਸੋਲਹੇ ਮਃ ੧) ੩. ਪਿੜ. ਅਖਾੜਾ. "ਮੱਲਹਿ ਕੀ ਪਿਰ ਸੋਭ ਧਰੇ." (ਕ੍ਰਿਸਨਾਵ)

**ਪਿਰਹੜੀ:** ਸੰਗਜਾ- ਪ੍ਰਿਯਤਾ. ਪ੍ਰੀਤਿ "ਕਰਿ ਸਾਂਈ ਸਿਉ ਪਿਰਹੜੀ." (ਸ. ਫਰੀਦ) "ਸੇਈ ਧੰਨੁ, ਜਿਨਾ ਪਿਰਹੜੀ ਸਚ ਸਿਉ." (ਵਾਰ ਜੈਤ)

**ਪਿਰਘਾ:** ਵਿ- ਪ੍ਰਿਯ- ਅਘੰਜ. ਪੂਜਣ ਯੋਗਜ ਪਿਆਰਾ. "ਭਜਿ ਰਾਮ ਨਾਮ ਅਤਿ ਪਿਰਘਾ." (ਸੂਹੀ ਮਃ ੪)

ਪਿਰਥਮ: ਸੰ. ਪ੍ਰਥਮ. ਵਿ- ਪਹਿਲਾ.

ਪਿਰਥਮੀ, ਪਿਰਥਵੀ: ਸੰਗਯਾ- ਪ੍ਰਿਥਿਵੀ (पृथिवी) ਫੈਲਣ ਵਾਲੀ. ਵੱਡੇ ਵਿਸ੍ਤਾਰ ਵਾਲੀ ਜ਼ਮੀਨ. ਭੂਮਿ. "ਛਤ੍ਰ ਸਿੰਘਾਸਨੁ ਪਿਰਥਮੀ ਗੁਰੁ ਅਰਜਨ ਕਉ ਦੇ ਆਇਉ." (ਸਵੈਯੇ ਮਃ ੫. ਕੇ) ੨. ਦੇਖੋ, ਪ੍ਰਿਥੁ ੫.

ਪਿਰਮ: ਸੰਗਯਾ- ਪ੍ਰੇਮ. "ਪਿਰਮ ਪਿਆਲਾ ਖਸਮ ਕਾ." (ਵਾਰ ਰਾਮ ੧. ਮਃ ੩)

ਪਿਰਮਲੁ: ਸੁਗੰਧ. ਦੇਖੋ, ਪਰਮਲ. "ਪ੍ਰੇਮ ਪਿਰਮਲੁ ਤਨਿ ਲਾਵਣਾ." (ਆਸਾ ਅਃ ਮਃ ੩) ੨. ਵਟਣਾ.

ਪਿਰਮੁ: ਦੇਖੋ, ਪਿਰਮ. "ਪਿਰਮੁ ਨ ਪਾਇਆ ਜਾਇ." (ਸ੍ਰੀ ਮਃ ੩)

ਪਿਰਾ: ਸੰਬੋਧਨ. ਹੇ ਪ੍ਰਿਯ! ੨. ਹੇ ਪਤਿ. "ਦੂਰਿ ਨ ਜਾਹਿ ਪਿਰਾ ਜੀਉ." (ਗਉ ਛੰਤ ਮਃ ੩)

ਪਿਰਾਹਨੁ: ਫ਼ਾ. پیراہن ਪੈਰਾਹਨ. ਸੰਗਯਾ- ਚੋਲਾ. ਕੁੜਤਾ. "ਅਗਨਿ ਪਿਰਾਹਨੁ." (ਸਿਧਗੋਸਟਿ) ਭਾਵ- ਤਾਮਸੀ ਲਿਬਾਸ.

ਪਿਰਾਗ: ਦੇਖੋ, ਪਰਾਗ। ੨. ਦੇਖੋ, ਪ੍ਰਯਾਗ. "ਧੂੜਿ ਪੁਨੀਤ ਸਾਧੂ ਲਖ ਕੋਟਿ ਪਿਰਾਂਗੇ." (ਵਾਰ ਗਉ ੨. ਮਃ ੫)

ਪਿਰਾਗਾ: ਦੇਖੋ, ਪਰਾਗਾ.

ਪਿਰਾਗੁ: ਦੇਖੋ, ਪ੍ਰਯਾਗ. "ਬੇਣੀ ਸੰਗਮੁ ਤਹਿ ਪਿਰਾਗੁ." (ਰਾਮ ਬੇਣੀ) ਇੜਾ ਪਿੰਗਲਾ ਸੁਖਮਨਾ ਦਾ ਤ੍ਰਿਬੇਣੀ ਸੰਗਮਰੂਪ ਪ੍ਰਯਾਗ.

ਪਿਰਾਣਾ: ਸਤਿਗੁਰੂ ਨਾਨਕ ਦੇਵ ਦਾ ਇੱਕ ਪ੍ਰੇਮੀ ਸਿੱਖ। ੨. ਸ੍ਰੀ ਗੁਰੂ ਅਰਜਨ ਦੇਵ ਦਾ ਅਨਨ੍ਯ ਸੇਵਕ ਆਤਮਗ੍ਯਾਨੀ ਅਤੇ ਪਰਉਪਕਾਰੀ ਸਿੱਖ. ਇਹ ਛੀਵੇਂ ਸਤਿਗੁਰਾਂ ਦੇ ਸਮੇਂ ਧਰਮਜੰਗਾਂ ਵਿੱਚ ਭੀ ਵੀਰਤਾ ਦਿਖਾਉਂਦਾ ਰਿਹਾ ਹੈ ਅਰ ਗਵਾਲੀਅਰ ਦੇ ਕਿਲੇ ਸਤਿਗੁਰਾਂ ਦੀ ਸੇਵਾ ਵਿੱਚ ਹਾਜਿਰ ਰਿਹਾ। ੩. ਦੇਖੋ, ਜੈਦ ਪਰਾਣਾ.

ਪਿਰਾਣਿ, ਪਿਰਾਣੁ: ਸੰਗਯਾ- ਪ੍ਰਾਣੀ. ਜੀਵ. "ਥੈਂ ਭਾਵੈ ਦਰੁ ਲਹਸਿ ਪਿਰਾਣਿ." (ਮਲਾ ਅਃ ਮਃ ੧) ੨. ਸੰ. ਪ੍ਰਗ੍ਯਾਨ (प्रज्ञान). ਬੋਧ. ਸਮਝ. "ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰ ਮਾਣਿ." (ਵਾਰ ਮਾਰੂ ੧. ਮਃ ੧) ੩. ਸੰ. ਪ੍ਰਯਾਣ. ਗਮਨ. ਜਾਣਾ. "ਰਕਤ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ." (ਸ੍ਰੀ ਅਃ ਮਃ ੧)

ਪਿਰਾਤ: ਦੇਖੋ, ਪ੍ਰਯਾਤ। ੨. ਪੀੜਾ ਕਰਤ. ਪੀੜ ਕਰਦਾ ਹੈ.

ਪਿਰਾਤੀ: ਦੇਖੋ, ਪਰਾਤੀ। ੨. ਪ੍ਰਿਯ (ਪ੍ਯਾਰੇ) ਨਾਲ ਰਤ (ਪ੍ਰੇਮ ਸਹਿਤ) ਹੋਈ.

ਪਿਰਾਨੀ: ਪ੍ਰਯਾਣ (ਗਮਨ) ਕਰ ਗਈ. ਚਲੀ ਗਈ। ੨. ਪੀੜਾ- ਆਨੀ. ਦੁਖਣਲੱਗੀ. "ਕਾਗ ਉਡਾਵਤ ਭੁਜਾ ਪਿਰਾਨੀ." (ਸੂਹੀ ਕਬੀਰ) ਦੇਖੋ, ਕਾਂਉ ਉਡਾਉਣਾ। ੩. ਪ੍ਰਿਯ- ਆਨੀ. "ਉਪਮਾਂ ਕਬਿ ਸ੍ਯਾਮ ਪਿਰਾਨੀ." (ਕ੍ਰਿਸਨਾਵ) ਪਿਆਰੀ ਉਪਮਾਂ ਲਿਆਂਦੀ. ਉੱਤਮ ਉਪਮਾਂ ਫੁਰੀ.

ਪਿਰੀ: ਪ੍ਰਿਯ. ਪਿਆਰਾ। ੨. ਪਤਿ। ੩. ਪਿਆਰੇ ਦਾ. "ਅੰਤਰ ਪਿਰੀ ਪਿਆਰੁ." (ਤੁਖਾ ਛੰਤ ਮਃ ੪)

ਪਿਰੀਆ: ਪ੍ਰਿਯ. ਪਿਆਰਾ. "ਮੂ ਪਿਰੀਆ ਸਉ. ਨੇਹੁ." (ਸਵਾ ਮਃ ੪) ੨. ਪ੍ਰਿਯਾ. ਪਿਆਰੀ.

ਪਿਰੀਏ: ਹੇ ਪ੍ਰਿਯ! ਹੇ ਪਿਆਰੇ! "ਜਿਥੈ ਪਿਰੀਏ ਨਾਨਕ ਜੀ! ਤੂ ਵੁਠਿਆ." (ਵਾਰ ਮਾਰੂ ੨. ਮਃ ੫) ੨. ਹੇ ਪ੍ਰਿਯਾ! ਹੇ ਪਿਆਰੀ! .

ਪਿਰੰਨਿ: ਪਿਆਰੇ ਕੰਨੀ. ਪਿਆਰੇ ਵੱਲ. "ਲਾਈ ਪ੍ਰੀਤਿ ਪਿਰੰਨਿ." (ਵਾਰ ਗੂਜ ੧. ਮਃ ੪)

ਪਿਰੰਮ, ਪਿਰੰਮੁ: ਸੰਗਯਾ- ਪ੍ਰੇਮ. "ਜਿਸੁ ਲਾਗੀ ਪ੍ਰੀਤਿ ਪਿਰੰਮ ਕੀ." (ਆਸਾ ਛੰਤ ਮਃ ੪) ੨. ਦੇਖੋ, ਪ੍ਰਯਾਮ। ੩. ਵਿ-

ਪ੍ਰਿਯਤਮ. ਅਤਿ ਪਿਆਰਾ. "ਮੇਰੇ ਮਨਿ ਤਨਿ ਪ੍ਰੇਮ ਪਿਰੰਮ ਕਾ." (ਵਡ ਮਃ ੫)

ਪਿਲਕਨ, ਪਿਲਖਨ: ਸੰਗਯਾ- ਬੋਹੜ ਦੀ ਕਿਸਮ ਦਾ ਇੱਕ ਬਿਰਛ. ਦੇਖੋ, ਪ੍ਲਕ੍ਸ਼। ੨. ਪਿਲਖਨ ਬਿਰਛ ਦੇ ਨਾਮ ਤੋਂ ਇੱਕ ਦ੍ਵੀਪ. "ਤਰੁ ਪਿਲਖਨ ਤੇ ਨਾਮ ਸਦਾਇ." (ਨਾਪ੍ਰ)

ਪਿਲਚਣਾ, ਪਿਲਚਨਾ: ਕ੍ਰਿ- ਲਿਪਟਣਾ। ੨. ਤਤਪਰ ਹੋਣਾ. ਲੀਨ ਹੋਣਾ.

ਪਿਲਛੀ, ਪਿਲਜੀ: ਸੰਗਯਾ- ਰੇਤਲੀ ਜ਼ਮੀਨ ਵਿੱਚ ਹੋਣ ਵਾਲਾ ਇੱਕ ਘਾਸ। ੨. ਤੂਤ ਦੀਆਂ ਛਟੀਆਂ ਜੇਹਾ ਇੱਕ ਬੂਟਾ, ਜੋ ਨਦੀਆਂ ਦੇ ਕਿਨਾਰੇ ਹੁੰਦਾ ਹੈ, ਜਿਸ ਦੀਆਂ ਟੋਕਰੀਆਂ ਬਣਦੀਆਂ ਹਨ.

ਪਿਲਪਿਲਾ: ਵਿ- ਇਤਨਾ ਨਰਮ, ਜਿਸ ਦੇ ਦੱਬਣ ਤੋਂ ਅੰਦਰ ਦਾ ਰਸ ਬਾਹਰ ਨਿਕਲਣ ਲੱਗੇ. ਅੰਦਰੋਂ ਨਰਮ. "ਅੰਗ ਪਿਲਪਿਲ ਕਰੰਤ." (ਗੁਪ੍ਰਸੂ)

ਪਿਲਾਉਣਾ, ਪਿਲਾਨਾ: ਕ੍ਰਿ- ਪਾਨ ਕਰਾਉਣਾ.

ਪਿਲੰਗ: ਦੇਖੋ, ਪਲੰਗ.

ਪਿਲੰਗੀਛਾਲ: ਵਿ- ਪਲੰਗ (ਚਿੱਤੇ) ਜੇਹੀ ਕੁਦਾੜੀ "ਪਿਲੰਗੀਛਾਲਾਂ ਪਾਈਆਂ." (ਕਲਕੀ)

ਪਿੱਲਾ: ਸੰਗਯਾ- ਕੁੱਤੇ ਦਾ ਬੱਚਾ। ੨. ਵਿ- ਮਿੱਟੀ ਦਾ ਅਧਪੱਕਾ ਭਾਂਡਾ ਆਦਿ.

ਪਿਵ: ਸੰ. ਧਾ- ਸਿੰਜਣਾ, ਗਿੱਲਾ ਕਰਨਾ, ਸੇਵਾ ਕਰਨਾ.

ਪਿਵੀਜੈ: ਪਾਨ ਕਰੀਜੈ. ਪੀਵੀਏ.

ਪਿਵੰਨਿ: ਪਾਨ ਕਰੰਨਿ. ਪੀਂਦੇ ਹਨ.

ਪਿੜ: ਸੰਗਯਾ- ਖਲਹਾਨ ਗਾਹੁਣ ਦੀ ਥਾਂ। ੨. ਅਖਾੜਾ. ਬਾਜੀ ਪਾਉਣ ਦਾ ਅਸਥਾਨ "ਮਾਇਆ ਕਾਰਣਿ ਪਿੜਬੰਧਿ ਨਾਚੈ." (ਮਾਝ ਅਃ ਮਃ ੩) ੩. ਬਾਜ਼ੀ. ਖੇਡ. "ਬਿਨ ਨਾਵੈ ਪਿੜ ਕਾਚੀ." (ਵਡ ਅਲਾਹਣੀ ਮਃ ੧) "ਆਪੇ ਪਾਸਾ ਆਪੇ ਸਾਰੀ, ਆਪੇ ਪਿੜਬਾਂਧੀ." (ਮਾਰੂ ਸੋਲਹੇ ਮਃ ੧) ੪. ਜੰਗਭੂਮਿ। ੫. ਜੰਗ, ਲੜਾਈ. "ਸੈ ਵਰਿਆਂ ਕੀ ਪਿੜ ਬਧੀ." (ਵਾਰ ਮਾਝ ਮਃ ੧) "ਏਕ ਵਿਸਾਰੇ ਤਾਂ ਪਿੜ ਹਾਰੇ." (ਮਾਰੂ ਸੋਲਹੇ ਮਃ ੧)

ਪਿੜਾਈ: ਸੰਗਯਾ- ਪਿਟਕਾ. ਪਿਟਾਰੀ. "ਸਪੁ ਪਿੜਾਈ ਪਾਈਐ." (ਮਾਰੂ ਅਃ ਮਃ ੧) ੨. ਪੀੜਨ ਕੀ ਕ੍ਰਿਯਾ। ੩. ਪੀੜਨ ਦੀ ਮਜ਼ਦੂਰੀ.

ਪਿੜਾਨੀ: ਪਿੜ- ਰਾਨੀ. ਜੰਗ ਦੀ ਦੇਵੀ. ਕਾਲੀ। ੨. ਮ੍ਰਿੜਾਨੀ ਦੀ ਥਾਂ ਭੀ ਕਈ ਅਜਾਣ ਲਿਖਾਰੀਆਂ ਨੇ ਇਹ ਸ਼ਬਦ ਲਿਖਿਆ ਹੈ. ਦੇਖੋ, ਮ੍ਰਿੜ ਅਤੇ ਮ੍ਰਿੜਾਨੀ.

ਪਿੜੁ: ਦੇਖੋ, ਪਿੜ.

ਪੀ: ਸੰ. ਧਾ- ਪੀਣਾ. ਫੁੱਲਣਾ, ਵਧਣਾ। ੨. ਕ੍ਰਿ. ਵਿ- ਪੀਕੇ. ਪਾਨ ਕਰਕੇ. "ਪੀ ਅੰਮ੍ਰਿਤੁ ਤ੍ਰਿਪਤਾਸਿਆ." (ਬਿਲਾ ਮਃ ੫) ੩. ਸੰਗਯਾ- ਪ੍ਰਿਯ ਪਤੀ. "ਸਾਧ ਸੰਗਿ ਨਾਨਕ ਪੀ ਕੀ ਰੇ." (ਆਸਾ ਮਃ ੫) ਪਤੀ ਦੀ ਕਥਾ ਸਾਧੁਸੰਗ ਦ੍ਵਾਰਾ। ੪. ਅਪਿ (ਪੁਨਃ) ਬੋਧਕ ਭੀ ਪੀ ਸ਼ਬਦ ਹੋਇਆ ਕਰਦਾ ਹੈ. ਭਾਗੁਰਿ ਰਿਖੀ ਦੇ ਵ੍ਯਾਕਰਣ ਵਿੱਚ ਅਪਿ ਕੇ ਅਕਾਰ ਦਾ ਲੋਪ ਹੋ ਜਾਂਦਾ ਹੈ.

ਪੀਉ: ਕ੍ਰਿ. ਵਿ- ਪੀਕੇ. ਪਾਨ ਕਰਕੇ. "ਬਿਖੈ ਠਗਉਰੀ ਪੀਉ." (ਸਾਰ ਮਃ ੫) ੨. ਸੰਗਯਾ- ਪ੍ਰਿਯ, ਪਤਿ. ਭਰਤਾ. "ਨਾ ਜਾਨਾ ਕਿਆ ਕਰਸੀ ਪੀਉ." (ਸੂਹੀ ਕਬੀਰ) "ਸਰਬ ਸੁਖਾਨਿਧਿ ਪੀਉ." (ਬਿਲਾ ਛੰਤ ਮਃ ੫) ੩. ਵਿ- ਪ੍ਰਿਯ. ਪਿਆਰਾ.

"ਭਗਤ ਆਰਾਧਹਿੰ ਜਪਤੇ ਪੀਉ ਪੀਉ." (ਆਸਾ ਮਃ ੫) ੪. ਪੀਣ ਦਾ ਅਮਰ. ਪਾਨ ਕਰ. ਪੀ. "ਰਾਮ ਨਾਮ ਰਸ ਪੀਉ" (ਸ. ਕਬੀਰ)

ਪੀਉਣ: ਕ੍ਰਿ- ਪਾਨ ਕਰਨਾ. ਪੀਣਾ.

ਪੀਊ: ਸੰਗਜਾ- ਪਿਤਾ. ਬਾਪ. "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ." (ਗਉ ਮਃ ੫) ੨. ਵਿ- ਪਿਤਾ ਦਾ. "ਮਾਊ ਪੀਊ ਕਿਰਤੁ ਗਵਾਇਨਿ." (ਵਾਰ ਮਾਝ ਮਃ ੧) ਮਾਂ ਬਾਪ ਦਾ ਕੀਤਾ। (ਕ੍ਰਿਤ) ਖੋਂਦਿੰਦੇ ਹਨ, ਭਾਵ- ਕ੍ਰਿਤਘਨ ਹੁੰਦੇ ਹਨ। ੩. ਪਾਨ ਕਰੇਗਾ. ਪੀਏਗਾ.

ਪੀਊਖ: ਦੇਖੋ, ਪਿਊਖ ਅਤੇ ਪੀਯੂਸ.

ਪੀਓ: ਪਾਨ ਕਰੋ. "ਪੀਓ ਅੰਮ੍ਰਿਤਨਾਮੁ ਅਮੋਲਕ." (ਸਾਰ ਮਃ ੫) ੨. ਪਾਨ ਕੀਤਾ. ਪੀਤਾ. "ਪੀਓ ਮਦਰੋ ਧਨ ਮਤਵੰਤਾ." (ਸੂਹੀ ਮਃ ੫)

ਪੀਓਈਐ: ਪੀਤਾ ਜਾਂਦਾ ਹੈ. ਪਾਨ ਕਰੀਦਾ ਹੈ. "ਇਨ ਬਿਧਿ ਅੰਮ੍ਰਿਤ ਪੀਓਈਐ." (ਗਉ ਕਬੀਰ)

ਪੀਅ: ਸੰਗਜਾ- ਪਤਿ। ੨. ਵਿ- ਪ੍ਰਿਯ. ਪਿਆਰਾ। ੩. ਪੀਯੂਸ (ਅੰਮ੍ਰਿਤ) ਦੀ ਥਾਂ ਭੀ ਪਿਅ ਸ਼ਬਦ ਆਇਆ ਹੈ. "ਅਧਰਾ ਪੀਅ ਸੇ." (ਕ੍ਰਿਸਨਾਵ)

ਪੀਅਹਿ: ਪੀਵੇਂ ਪਾਨ ਕਰੇਂ "ਪੀਅਹਿ ਤ ਪਾਣੀ ਆਣੀ ਮੀਰਾ !" (ਮਾਰੂ ਮਃ ੧) ਜੇ ਤੂੰ ਪਾਣੀ ਪੀਵੇਂ। ੨. ਪੀਅਹਿੰ. ਪੀਂਦੇ ਹਨ.

ਪੀਅਣ: ਕ੍ਰਿ- ਪੀਣਾ. ਪਾਨ ਕਰਨਾ. "ਖਾਣ ਪੀਅਣ ਕੀ ਧਾਤੁ." (ਵਾਰ ਮਾਝ ਮਃ ੧)

ਪੀਅਣੀ: ਸੰਗਜਾ- ਨਦੀ, ਜਿਸ ਤੋਂ ਜਲ ਪੀਤਾ ਜਾਵੇ. (ਸਨਾਮਾ)

ਪੀਅਣੀਨ: ਸੰਗਜਾ- ਪੀਅਣੀ (ਨਦੀ) ਵਾਲੀ ਪ੍ਰਿਥਿਵੀ. (ਸਨਾਮਾ)

ਪੀਅਰ: ਵਿ- ਪੀਲਾ. "ਪੀਅਰ ਸਿਤ ਬਰਣ ਮੁਖ." (ਪਾਰਸਾਵ)

ਪੀਅਰਾ: ਪੀਲਾ. ਦੇਖੋ, ਪੀਅਰ। ੨. ਪ੍ਰਿਯ. ਪਿਆਰਾ.

ਪੀਅਰੀ: ਵਿ- ਪੀਲੀ. ਪੀਤ. ਜ਼ਰਦ. "ਹਰਦੀ ਪੀਅਰੀ." (ਸ. ਕਬੀਰ)

ਪੀਅਲਾ: ਵਿ- ਪੀਲਾ. ਜ਼ਰਦ. ਦੇਖੋ, ਬਗਾ.

ਪੀਆ: ਸੰਗਜਾ- ਪਤਿ. ਭਰਤਾ। ੨. ਪ੍ਰਿਯਾ. ਪਿਆਰੀ। ੩. ਪੀਤਾ. ਪਾਨ ਕੀਤਾ.

ਪੀਆਲਿਆ: ਪਾਨ ਕਰਾਇਆ. "ਗੁਰਿ ਅੰਮ੍ਰਿਤਨਾਮੁ ਪੀਆਲਿਆ." (ਸ੍ਰੀ ਮਃ ੫)

ਪੀਏਉ: ਪੀਂਦਾ ਹੈ. "ਜੇ ਪੂਰਬਿ ਹੋਵੈ ਲਿਖਿਆ, ਤਾ ਅੰਮ੍ਰਿਤ ਸਹਜਿ ਪੀਏਉ." (ਸੂਹੀ ਅਃ ਮਃ ੪) ੨. ਪੇਯ. ਪੀਣ ਯੋਗ੍ਯ.

ਪੀਸ: ਸੰਗਜਾ- ਪੀਹਣ. ਪੀਹਣ ਲਈ ਸਾਫ ਕੀਤਾ ਅੰਨ. ਪੇਸ਼ਜ. "ਪੀਸ ਜਿਮ ਪੀਸੇ ਗਏ ਦਾਨਵ ਅਪਾਰ ਜੰਗ." (ਸਲੋਹ) ੨. ਦੇਖੋ, ਪੀਸਣਾ.

ਪੀਸਣਾ: ਕ੍ਰਿ- ਪੀਹਣਾ. ਚੂਰਨ ਕਰਨਾ. ਸੰ. ਪਿਚ੍. ਧਾ- ਪੀਸਨਾ। ੨. ਸੰ. ਪੇਸ਼ਣ. ਪੀਹਣ ਦੀ ਕ੍ਰਿਯਾ. "ਪੀਸਉ ਚਰਨ ਪਖਾਰਿ ਆਪੁ ਤਿਆਗੀਐ." (ਆਸਾ ਛੰਤ ਮਃ ੫)

ਪੀਸਣੁ: ਦੇਖੋ, ਪੀਸਣਾ। ੨. ਸੰਗਜਾ- ਪੀਸਣ ਯੋਗ੍ਯ ਅੰਨ. ਪੇਸ਼ਜ. "ਹਰਿਜਨ ਕੈ ਪੀਸਣੁ ਪੀਸਿ ਕਮਾਵਾ." (ਸੂਹੀ ਮਃ ੫) ੩. ਪੀਹਣ ਦਾ ਵੱਟਾ, ਜੋ ਸਿਲਾ ਉੱਪਰ ਰੱਖੀ ਵਸਤੁ ਨੂੰ ਪੀਂਹਦਾ ਹੈ. "ਸਿਲਾ ਸੰਤੋਖ ਪੀਸਣੁ ਹਥਿ ਦਾਨੁ." (ਮਲਾ ਮਃ ੧)

ਪੀਸਤ: ਪੀਂਹਦੇ ਹੋਏ, "ਪੀਸਤ ਪੀਸਤ ਚਾਬਿਆ." (ਸ. ਕਬੀਰ) ੨. ਪੇਸ਼ਣ ਕਰਦਾ (ਪੀਂਹਦਾ) ਹੈ.

ਪੀਸਨ, ਪੀਸਨਾ: ਦੇਖੋ, ਪੀਸਣਾ ਅਤੇ ਪੀਸਣੁ. "ਪੀਸ ਪੀਸਿ ਓਢਿ ਕਾਮਰੀ." (ਸੂਹੀ ਮਃ ੫)

ਪੀਸਿ: ਪੀਸਕੇ. ਪੀਹਕੇ. ਦੇਖੋ, ਪੀਸਣਾ.

ਪੀਹਣ, ਪੀਹਣਾ, ਪੀਹਣੁ: ਦੇਖੋ, ਪੀਸਣਾ ਅਤੇ ਪੀਸਣੁ.

ਪੀਹਰ: ਸੰਗਯਾ- ਪਿਤ੍ਰਿਗ੍ਰਿਹ. ਪਿਤਾ ਦਾ ਘਰ. ਪੇਉਕਾ. "ਸਾਹੁਰ ਪੀਹਰ ਪੱਲਰੈ." (ਭਾਗੁ)

ਪੀਕ: ਸੰਗਯਾ- ਪਾਨ ਦੇ ਰਸ ਨਾਲ ਮਿਲਿਆ ਥੁੱਕ. ਸੰ. ਪ੍ਰਕ੍ਸ਼ਿਵ. "ਗਰੇ ਮੇ ਤੰਬੋਰ ਕੀ ਪੀਕ ਨਵੀਨੀ." (ਚੰਡੀ ੧) ੨. ਬਹੁਤ ਬਾਰੀਕ ਰਜ. ਧੂਲਿ। ੩. ਸਿੰਧੀ. ਇਸਥਿਤੀ. ਪੂਰਣ ਵਿਸ਼੍ਰਾਮ। ੪. ਪੀਤਾ. ਪਾਨ ਕੀਤਾ. "ਗਾਵਤ ਸੁਨਤ ਦੋਊ ਭਏ ਮੁਕਤੇ ਜਿਨ੍ਹਾ ਗੁਰਮੁਖਿ ਖਿਨੁ ਹਰਿ ਪੀਕ." (ਪ੍ਰਭਾ ਮਃ ੪) ੫. ਇੱਕ ਪਾਸਿਓਂ ਚੌੜੇ ਮੂੰਹ ਦੀ ਨਲਕੀ, ਜਿਸ ਨਾਲ ਅਰਕ ਆਦਿ ਪਦਾਰਥ ਤੰਗ ਮੂੰਹ ਦੇ ਭਾਂਡੇ ਵਿੱਚ ਪਾਈਂਦੇ ਹਨ. Funnel.

ਪੀਕਦਾਨ, ਪੀਕਦਾਨੀ: ਸੰ. ਪ੍ਰਕ੍ਸ਼ਿਵਧਾਨ. ਸੰਗਯਾ- ਪੀਕ ਥੁੱਕਣ ਦਾ ਭਾਂਡਾ.

ਪੀਂਘ: ਸੰ. ਪ੍ਰਙਖਾ ਪ੍ਰੇਂਖਾ. ਸੰਗਯਾ- ਝੂਲਾ. ਬਿਰਛ ਜਾਂ ਛੱਤ ਨਾਲ ਝੂਟਣ ਲਈ ਲਟਕਾਈ ਰੱਸੀ.

ਪੀਂਘਣਾ: ਕ੍ਰਿ- ਪੀਂਘ ਝੂਟਣਾ. ਸੰ. ਪ੍ਰੇਂਖਣ. "ਟੁੱਟੀ ਪੀਂਘੇ ਪੀਂਘੀਐ ਪੈ ਟੋਏ ਮਰੀਐ." (ਭਾਗੁ)

ਪੀਚਨ: ਪਾਨ ਕਰੀਚਨ. ਪੀਤੇ ਜਾਂਦੇ ਹਨ. "ਲਖ ਲਖ ਅੰਮ੍ਰਿਤ ਪੀਚਨ." (ਭਾਗੁ)

ਪੀਚੈ: ਪਾਨ ਕਰੀਜੈ. ਪੀਵੀਏ. "ਹਰਿਰਸ ਪੀਚੈ ਜੀਉ." (ਮਾਝ ਮਃ ੪)

ਪੀਛਾ: ਦੇਖੋ, ਪਿੱਛਾ.

ਪੀਛੇ, ਪੀਛੈ: ਕ੍ਰਿ. ਵਿ- ਪਿੱਛੋਂ। ੨. ਪਿੱਛੇ. "ਪੀਛੈ ਲਾਗਿਚਲੀ ਉਠਿ ਕਉਲਾ." (ਗਉ ਅਃ ਮਃ ੫)

ਪੀਜਈ: ਪੀਣਾ ਚਾਹੀਏ। ੨. ਪਾਨ ਕਰੀਏ. ਪੀਵੀਏ. "ਨਾਮ ਸੰਸਾਰਿ ਅੰਮ੍ਰਿਤ ਪੀਜਈ." (ਵਾਰ ਮਲਾ ਮਃ ੧)

ਪੀਂਜਾ: ਸੰਗਯਾ- ਪੇਂਜਾ. ਰੂੰ ਪਿੰਜਣ ਵਾਲਾ. ਦੇਖੋ, ਪਿੰਜ ਅਤੇ ਪਿੰਜਣਾ.

ਪੀਜੈ: ਪਾਨ ਕਰੀਜੈ. "ਤਤੁ ਨਿਜਘਰਿ ਬੈਠਿਆ ਪੀਜੈ." (ਅਃ ਮਃ ੪)

ਪੀਂਝੂ: ਸੰਗਯਾ- ਪੇਂਝੂ. ਕਰੀਰ ਦਾ ਪੱਕਾ ਫਲ.

ਪੀਟਨਾ: ਕ੍ਰਿ- ਤਾੜਨਾ. ਕੁੱਟਣਾ.

ਪੀਠ: ਸੰਗਯਾ- ਪ੍ਰਿਸ਼੍ਠਿ. ਪਿੱਠ. "ਪੀਠ ਰਿਪੁ ਕੋ ਨਹਿ ਦੀਨੀ" (ਗੁਪ੍ਰਸੂ) ੨. ਸੰ. ਚੌਕੀ. ਕੁਰਸੀ. ਮੂੜ੍ਹਾ. ਤਖਤ। ੩. ਮੰਤ੍ਰਸਿੱਧੀ ਵਾਸਤੇ ਦੇਵਤਾ ਦਾ ਅਸਥਾਨ। ੪. ਉਹ ਥਾਂ, ਜਿੱਥੇ ਸਤੀ ਦੇਵੀ ਦੇ ਅੰਗ ਡਿਗੇ ਹਨ. ਦੇਖੋ, ਸਤੀ ੮, ਜ੍ਵਾਲਾਦੇਵੀ ਅਰ ਨੈਣਾਦੇਵੀ.

ਪੀਠਸ੍ਥਾਨ: ਸੰਗਯਾ- ਤੰਤ੍ਰਸ਼ਾਸਤ੍ਰ ਅਨੁਸਾਰ ਉਹ ਥਾਂ, ਜਿੱਥੇ ਜਿੱਥੇ ਸਤੀ ਦੇਵੀ ਦੇ ਅੰਗ ਡਿੱਗੇ. ਕਾਮਾਖ੍ਯਾ, ਜ੍ਵਾਲਾਮੁਖੀ, ਨੈਣਾਦੇਵੀ ਆਦਿ.

ਪੀਠਣਾ: ਕ੍ਰਿ- ਪੀਸਨਾ. ਪੇਸ਼ਣ. ਪੀਹਣਾ. ਚੂਰਨ ਕਰਨਾ.

ਪੀਠਾ: ਪੀਸਿਆ. ਪੇਸ਼ਣ ਕੀਤਾ. "ਜਿਨ ਕਾਮ ਕ੍ਰੋਧ ਲੋਭ ਪੀਠਾ." (ਮਾਝ ਮਃ ੫)

**ਪੀਠਿ:** ਕ੍ਰਿ ਵਿ- ਪੀਹਕੇ। ੨. ਪਿੱਠ ਉੱਤੇ. "ਸੋਟਾ ਤੇਰੀ ਪਰੈ ਪੀਠਿ." (ਬਸੰ ਕਬੀਰ) ੩. ਸੰਗਯਾ- ਪ੍ਰਿਸ਼੍ਠ. ਪਿੱਠ.

**ਪੀਠਿਕਾ:** ਸੰ. ਪੀੜ੍ਹੀ। ੨. ਸਤੂਨ (ਥਮ੍ਹਲੇ) ਹੇਠ ਦੀ ਕੁਰਸੀ.

**ਪੀਠੀ:** ਸੰ. ਪਿਸ਼੍ਟੀ. ਸੰਗਯਾ- ਮਾਂਹ ਮੂੰਠੀ ਆਦਿ ਦੀ ਦਾਲ, ਭਿਉਂਕੇ ਸਿਲ ਵੱਟੇ ਨਾਲ ਰਗੜੀ ਹੋਈ.

**ਪੀਠੇ:** ਕ੍ਰਿ. ਵਿ- ਪਿੱਠ ਉੱਤੇ. ਪਿੱਛੇ. "ਜਨਮ ਮਰਨ ਬਾਹੁਰਿ ਨਹੀਂ ਪੀਠੇ." (ਟੋਡੀ ਮਃ ੫) ੨. ਪੀਸੇ. ਚੂਰਨ ਕੀਤੇ.

**ਪੀਡਣ, ਪੀਡਨ:** ਦੇਖੋ, ਪੀੜਨ.

**ਪੀਡੀ:** ਸਿੰਧੀ. ਵਿ- ਦ੍ਰਿਢ. ਮਜਬੂਤ. ਕਰੜੀ. "ਜੇ ਜਾਣਾ ਲੜੁ ਛਿਜਣਾ, ਪੀਡੀ ਪਾਈ ਗੰਢਿ." (ਸ. ਫਰੀਦ) ਦੇਖੋ, ਪੀੜਨ.

**ਪੀਢਾ, ਪੀਢੀ:** ਪੀਠ. ਪੀਠਿਕਾ. ਦੇਖੋ, ਪੀੜ੍ਹਾ ਅਤੇ ਪੀੜ੍ਹੀ.

**ਪੀਣ:** ਦੇਖੋ, ਪੀਣਾ। ੨. ਦੇਖੋ, ਪੀਨ. "ਕ੍ਰੋਧ ਪੀਣ ਮਾਨੀਐ." (ਕਲਕੀ) ਕ੍ਰੋਧ ਨਾਲ ਭਰਿਆ ਹੋਇਆ.

**ਪੀਣਾ:** ਕ੍ਰਿ- ਪਾਨ ਕਰਨਾ.

**ਪੀਤ:** ਸੰ. ਵਿ- ਪੀਲਾ. ਜ਼ਰਦ. "ਪੀਤ ਬਸਨ." (ਸਵੈਯੇ ਮਃ ੪. ਕੇ) ੨. ਪੀਤਾ ਹੋਇਆ. ਪਾਨ ਕੀਤਾ. "ਕਹੂੰ ਜੋਗਿਨੀ ਪੀਤ ਲੋਹੂ." (ਚਰਿਤ੍ਰ ੧੦੨) ੩. ਸੰਗਯਾ- ਹਰਤਾਲ. "ਪੀਤ ਪੀਤੰਬਰ ਤ੍ਰਿਭਵਣ ਧਣੀ." (ਮਾਰੂ ਸੋਲਹੇ ਮਃ ੫) ਹਰਤਾਲ ਜੇਹੇ ਪੀਲੇ ਵਸਤ੍ਰ। ੪. ਪੁਖਰਾਜ ਰਤਨ। ੫. ਪ੍ਰੀਤਿ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ- "ਪਾਸ ਸੀ ਪੀਤ." (ਚਰਿਤ੍ਰ ੧੯੦) ਫਾਹੀ ਜੇਹੀ ਪ੍ਰੀਤਿ.

**ਪੀਤਜ੍ਵਰ:** ਦੇਖੋ, ਉਸਨਤਾਪ ਅਤੇ ਯਰਕਾਨ.

**ਪੀਤਮ:** ਦੇਖੋ, ਪ੍ਰਿਯਤਮ.

**ਪੀਤਮਣਿ:** ਸੰਗਯਾ- ਪੁਖਰਾਜ ਰਤਨ.

**ਪੀਤਲ, ਪੀਤਲੋਹ:** ਦੇਖੋ, ਪਿੱਤਲ ੨.

**ਪੀਤਾ:** ਪਾਨ ਕੀਤਾ। ੨. ਸੰ. ਸੰਗਯਾ- ਹਲਦੀ। ੩. ਬਸੰਤੀ ਚਮੇਲੀ। ੪. ਪੀਲਾ ਕੇਲਾ। ੫. ਅਮਰਬੇਲ। ੬. ਵਿ- ਪੀਲੇ ਰੰਗ ਵਾਲੀ.

**ਪੀਤਾਬਧਿ:** ਸੰ. पीताब्धि. ਸੰਗਯਾ ਪੀ ਲੀਤਾ ਹੈ ਅਬਧਿ (ਸਮੁੰਦਰ) ਜਿਸ ਨੇ, ਅਗਸ੍ਤ੍ਯ ਮੁਨਿ. ਦੇਖੋ, ਅਗਸਤ.

**ਪੀਤਾਂਬਰ:** ਸੰਗਯਾ ਪੀਲੇ ਰੰਗ ਦਾ ਵਸਤ੍ਰ। ੨. ਕ੍ਰਿਸ਼ਨ ਜੀ, ਜੋ ਪੀਲੇ ਵਸਤ੍ਰ ਪਹਿਨਦੇ ਸਨ। ੩. ਕਰਤਾਰ। ੪. ਵਿ- ਪੀਲੇ ਵਸਤ੍ਰ ਵਾਲਾ.

**ਪੀਤਿ:** ਪ੍ਰੀਤਿ ਦੇ ਥਾਂ ਇਹ ਸ਼ਬਦ ਆਇਆ ਹੈ. "ਜਾਨੈ ਨ ਹਰਿ ਕੀ ਪੀਤਿ." (ਸਲੋਹ) ੨. ਸੰ. ਰਖ੍ਯਾ (ਰਕ੍ਸ਼ਾ). ੩. ਘੋੜਾ। ੪. ਗਤਿ. ਚਾਲ.

**ਪੀਤੀ:** ਪਾਨ ਕੀਤੀ। ੨. ਸੰਗਯਾ- ਪ੍ਰੀਤਿ.

**ਪੀਤੰਬਰ:** ਦੇਖੋ, ਪੀਤਾਂਬਰ.

**ਪੀਤੰਬਰ ਪੀਰ:** ਸੰਗਯਾ- ਪੀਲੇ ਵਸਤ੍ਰ ਧਾਰਨ ਵਾਲਾ ਗੁਰੂ. ਕ੍ਰਿਸ਼ਨਦੇਵ. "ਜਹਾ ਬਸਹਿ ਪੀਤੰਬਰ ਪੀਰ." (ਆਸਾ ਕਬੀਰ) ੨. ਸ੍ਵਾਮੀ ਰਾਮਾਨੰਦ.

ਪੀਤੰਬਰੁ: ਦੇਖੋ, ਪੀਤਾਂਬਰ ੩. "ਪੀਤੰਬਰੁ ਵਾਕੇ ਰਿਦੈ ਬਸੈ." (ਗੂਜ (ਤ੍ਰਿਲੋਚਨ)

ਪੀਨ: ਸੰਗਯਾ- ਕਸੀ, ਕੁਹਾੜੇ ਦਾ ਉਹ ਛੇਕ, ਜਿਸ ਵਿੱਚ ਦਸ੍ਤਾ ਠੋਕਿਆ ਹੁੰਦਾ ਹੈ। ੨. ਸੰ. ਵਿ- ਮੋਟਾ. ਸਥੂਲ. "ਮਿਨ ਕਰ ਜਿਤੋ ਕਹਜੋ ਪਰਿਮਾਨ। ਤਿਤੋ ਰਾਖ ਕਰ ਪੀਨ ਮਹਾਨ." (ਗੁਪ੍ਰਸੂ) ੩. ਵ੍ਰਿੱਧੀ ਨੂੰ ਪ੍ਰਾਪਤ ਹੋਇਆ. "ਸ੍ਰੀ ਅਰਜਨ ਜੀ ਗੁਰੂ ਭਏ ਪਰਉਪਕਾਰੀ ਪੀਨ." (ਗੁਪ੍ਰਸੂ) ੪. ਭਰਿਆ ਹੋਇਆ. ਪੂਰਣ. "ਪੁੰਨ ਹੀਨ ਤਨ ਪਾਪਨ ਪੀਨ." (ਨਾਪ੍ਰ) ੫. ਪਾਨੀਯ (ਜਲ) ਦੀ ਥਾਂ ਭੀ ਪੀਨ ਸ਼ਬਦ ਆਇਆ ਹੈ. "ਮੀਨ ਹੀਨ ਬਿਨ ਪੀਨ." (ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ)

ਪੀਨਸ: ਸੰਗਯਾ- ਪਾਲਕੀ. ਸੁਖਅਸਵਾਰੀ. ਸੰ. ਉਪਾਨਸ। ੨. ਸੰ. ਜੋ ਪੀਨ (ਮੋਟੇ) ਨੂੰ ਭੀ ਨਾਸ਼ ਕਰ ਦੇਵੇ,[777] ਪੁਰਾਣੀ ਰੇਜਸ਼. ਇਸ ਤੋਂ ਨੱਕ ਦੀ ਸੁੰਘਣਸ਼ਕਤਿ ਜਾਂਦੀ ਰਹਿੰਦੀ ਹੈ. ਦੇਖੋ, ਨਜਲਾ. "ਪਾਂਡੁਰੋਗ ਪੀਨਸ ਕਟਿਦੇਸੀ." (ਚਰਿਤ੍ਰ ੪੦੫) "ਪੀਨਸ ਵਾਰੇ ਜੌ ਤਜਜੋ ਸ਼ੋਰਾ ਜਾਨ ਕਪੂਰ." (ਵ੍ਰਿੰਦ)

ਪੀਨਕ: ਫ਼ਾ. پینک ਪੀਨਕੀ, ਅਥਵਾ ਪੀਨਗੀ. ਸੰਗਯਾ- ਟੂਲ. ਊਂਘ ਦਾ ਝੂਟਾ.

ਪੀਨਾ: ਦੇਖੋ, ਪੀਣਾ.

ਪੀਪ: ਸੰਗਯਾ- ਪੂਯ. ਰਾਧ. ਪੱਕੇ ਜ਼ਖਮ ਵਿੱਚੋਂ ਨਿਕਲਿਆ ਮਵਾਦ. ਪਸ। ੨. ਪਿੱਪਲ ਬਿਰਛ. "ਸੰਗਤਿ ਸੰਤ ਸੰਗਿ ਲਗਿ ਊਚੇ. ਜਿਉ ਪਪਿ ਪਲਾਸ ਖਾਇਲੀਜੈ." (ਕਲਿ ਅਃ ਮਃ ੪) ਜਿਵੇਂ ਪਲਾਸ ਵਿੱਚ ਉਗਿਆ ਪਿੱਪਲ ਪਲਾਸ ਨੂੰ ਨਿਗਲ ਜਾਂਦਾ ਹੈ, ਤਿਵੇਂ ਨੀਚੇ ਪੁਰਖਾਂ ਨੂੰ ਜਦ ਸਤਿਸੰਗ ਮਿਲਦਾ ਹੈ, ਤਦ ਉਨ੍ਹਾਂ ਦੀ ਪਹਿਲੀ ਹਸ੍ਤੀ ਲੋਪ ਹੋ ਜਾਂਦੀ ਹੈ.

ਪੀਪਰ, ਪਿਪਲ: ਪਿੱਪਲ. ਅਸ਼੍ਵੱਥ. ਦੇਖੋ, ਪਿਪਲ.

ਪੀਪਾ: ਸੰਗਯਾ- ਢੋਲ ਦੇ ਆਕਾਰ ਦਾ ਕਾਠ ਅਥਵਾ ਧਾਤੁ ਦਾ ਬਰਤਨ. Cask. ੨. ਇੱਕ ਮਹਾਪੁਰਖ, ਜੋ ਗਗਰੌਨ ਦਾ ਸਰਦਾਰ ਸੀ.[778] ਇਸ ਦਾ ਜਨਮ ਸੰਮਤ ੧੪੮੩ ਵਿੱਚ ਹੋਇਆ. ਪੀਪਾ ਪਹਿਲਾਂ ਦੁਰਗਾ ਦਾ ਭਗਤ ਸੀ ਫੇਰ ਰਾਮਾਨੰਦ ਜੀ ਦਾ ਚੇਲਾ ਹੋ ਕੇ ਵੈਰਾਗਦਸ਼ਾ ਵਿੱਚ ਆਪਣੀ ਇਸਤ੍ਰੀ ਸੀਤਾ ਸਮੇਤ ਘਰ ਤਿਆਗਕੇ ਦੇਸ਼ਾਟਨ ਕਰਕੇ ਅਵਸਥਾ ਵਿਤਾਈ। ਇਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦੇਖੀ ਜਾਂਦੀ ਹੈ. "ਪੀਪਾ ਪ੍ਰਣਵੈ ਪਰਮ ਤਤੁ ਹੈ." (ਧਨਾ ਪੀਪਾ)

ਪੀਪਾਨ, ਪੀਪਾਨਾ: ਸੰ. ਪ੍ਰਧਾਨ. ਪੀਣਾ. ਪਾਨ ਕਰਨਾ। ੨. ਪ੍ਰਪਾਨ. ਕੀਤਾ. ਪੀਤਾ. "ਨਾਮਅੰਮ੍ਰਿਤ ਪੀਪਾਨਾ ਹੇ." (ਮਾਰੂ ਸੋਲਹੇ ਮਃ ੫)

ਪੀਯ: ਪ੍ਰਿਯ. ਪਿਆਰਾ। ੨. ਪਤਿ. ਭਰਤਾ। ੩. ਸੰ. पीय्. ਧਾ ਦੋਸ਼ ਲਾਉਣਾ, ਖ਼ੁਸ਼ ਕਰਨਾ.

ਪੀਯਰਾ: ਪ੍ਰਿਯ. ਪਿਆਰਾ। ੨. ਪੀਲਾ. ਜ਼ਰਦ.

ਪੀਯਰੀ: ਪੀਲੀ. ਜ਼ਰਦ. "ਪੀਯਰੀ ਪਰੀ ਨ ਕਿਸ ਦਿਸ ਹੇਰਤ." (ਗੁਪ੍ਰਸੂ)

ਪੀਯੂਸ, ਪੀਯੂਖ: ਅੰਮ੍ਰਿਤ। ੨. ਦੁੱਧ. ਦੇਖੋ. ਪਿਊਸ.

ਪੀਰ: ਸੰਗਯਾ- ਪੀੜ. ਸੰ. ਪੀੜਾ. "ਸਤਿਗੁਰ ਭੇਟੈ ਤਾ ਉਤਰੈ ਪੀਰ." (ਆਸਾ ਮਃ ੩) ੨. ਵਿਪੱਤਿ. ਵਿਪਦਾ. "ਨੰਗ ਭੁਖ ਕੀ ਪੀਰ." (ਸ੍ਰੀ ਅਃ ਮਃ ੫) ੩. ਵਿ- ਪੀਲਾ. ਪੀਯਰਾ. ਪੀਤ. "ਬਦਨ ਬਰਨ ਹੈ ਆਵਤ ਪੀਰ." (ਗੁਪ੍ਰਸੂ) ੪. ਕ੍ਰਿ. ਵਿ- ਪੀੜਕੇ. ਪੀਡਨ ਕਰਕੇ. "ਕੋਲੂ ਪੀਰ ਦੀਪ ਦਿਪਤ ਅੰਧਾਰ ਮੇ" (ਭਾਗੁ ਕ) ਕੋਲ੍ਹੂ ਪੀੜਕੇ ਤੇਲ ਕੱਢੀਦਾ ਹੈ, ਜਿਸ ਤੋਂ ਦੀਵਾ

---

[777] पीनं-स्थूलमपि स्यति नाशयनि.

[778] ਗਗਰੌਨ ਕੋਟੇ ਤੋਂ ੪੫ ਮੀਲ ਦੱਖਣ ਪੂਰਬ ਹੈ.

ਪ੍ਰਕਾਸ਼ ਕਰਦਾ ਹੈ. ੫. ਫ਼ਾ. پیر ਵਿ- ਬੁੱਢਾ. ਵ੍ਰਿੱਧ. ਕਮਜ਼ੋਰ. "ਹਮ ਪੀਰ ਮੋਰੋ ਹਮਜ਼ ਪੀਲਤਨ." (ਜਫਰ) ੬. ਸੰਗਯਾ- ਬਜ਼ੁਰਗ। ੭. ਧਰਮ ਦਾ ਆਚਾਰਯ ਗੁਰੂ. "ਪੀਰ ਪੈਕਾਬਰ ਅਉਲੀਏ." (ਵਾਰ ਮਾਰੂ ੨. ਮਃ ੫)

ਪੀਰਜ਼ਾਦਾ: ਫ਼ਾ. پیرزاده ਸੰਗਯਾ- ਪੀਰ ਦਾ ਪੁਤ੍ਰ. ਗੁਰਪੁਤ੍ਰ.

ਪੀਰਤਨੁ: ਸੰਗਯਾ- ਪੀਤਤ੍ਵ. ਪੀਲੱਤਣ. ਪੀਲਾਪਨ. "ਹਰਦੀ ਪੀਰਤਨੁ ਹਰੈ." (ਸ. ਕਬੀਰ)

ਪੀਰਪਰਸ੍ਤ: ਫ਼ਾ. پیرپرست ਵਿ- ਪੀਰਪੂਜਕ. ਗੁਰਭਕ੍ਤ.

ਪੀਰਮੁਹੰਮਦ: ਦੇਖੋ, ਨੂਰਪੁਰ.

ਪੀਰਾ: ਸੰਗਯਾ- ਪੀੜਾ. ਦਰਦ. "ਪੀਰਾ ਦੀ ਤਨ ਹਾਥ ਪ੍ਰਹਾਰੇ." (ਨਾਪ੍ਰ) ੨. ਵਿ- ਪੀਲਾ ਜ਼ਰਦ.

ਪੀਰਾਨਪੀਰ: ਵਿ- ਪੀਰਾਂ ਦਾ ਪੀਰ. ਗੁਰੂਆਂ ਦਾ ਗੁਰੂ। ੨. ਸੰਗਯਾ- ਗੁਰੂ ਨਾਨਕ ਦੇਵ.

ਪੀਰਿਤ: ਦੇਖੋ, ਪੀੜਿਤ.

ਪੀਰੀ: ਵਿ- ਪੀਲੀ. ਪੀਤ। ੨. ਸੰਗਯਾ- ਪੀਲਾਪਨ. ਜ਼ਰਦੀ. "ਪੀਰੀ ਪਰਰਹੀ ਮੁਖ ਪਰ ਜਾਂਕੇ." (ਨਾਪ੍ਰ) ੩. ਪੀੜ੍ਹੀ. ਪੰਘੂੜਾ. ਪੀਠਿਕਾ. "ਯਾਹੀ ਚੜ੍ਹ ਪੀਰੀ ਪਰ." (ਚਰਿਤ੍ਰ ੨੩੪) ੪. ਪੀਰ ਦਾ ਕਰਮ. ਗੁਰਤਾ. "ਮੀਰੀ ਪੀਰੀ ਧਾਰਨ ਕਰੀ." (ਗੁਪ੍ਰਸੂ)

ਪੀਰੂ: ਸਰਦਾਰ ਰਤਨ ਸਿੰਘ ਨੇ ਪੰਥ ਪ੍ਰਕਾਸ਼ ਵਿੱਚ ਇਹ ਨਾਮ ਪੇਰੋਂ ਦਾ ਲਿਖਿਆ ਹੈ. "ਪੀਰੂ ਮਨਸੂਬੋ ਠਹਿਰਾਯੋ." (ਪ੍ਰਾਪੰਪ੍ਰ) ਦੇਖੋ, ਪੇਰੋਂ.

ਪੀਲ: ਫ਼ਾ. پیل ਸੰਗਯਾ- ਹਾਥੀ. ਸੰ. ਪੀਲੁ. "ਪੀਲਰਾਜ ਫਿਰੇ ਕਹੂੰ ਰਣ." (ਚੰਡੀ ੨) ੨. ਸ਼ਤਰੰਜ ਦੀ ਖੇਡ ਦਾ ਇੱਕ ਮੋਹਰਾ.

ਪੀਲ ਅਫ਼ਗਨ: ਫ਼ਾ. پیل افگن ਵਿ- ਹਾਥੀ ਨੂੰ ਡੇਗਣ (ਪਛਾੜਨ) ਵਾਲਾ.

ਪੀਲਸੋਜ਼: ਦੇਖੋ, ਫ਼ਤੀਲਸੋਜ.

ਪੀਲਕੁ: ਸੰਗਯਾ- ਪੀਲ (ਹਾਥੀ) ਨੂੰ ਪ੍ਰੇਰਣ ਕਰਤਾ. ਹਥਵਾਨ. ਮਹਾਵਤ. "ਮਨ ਕੁੰਚਰੁ ਪੀਲਕੁ ਗੁਰੂ." (ਵਾਰ ਗੂਜ ੧. ਮਃ ੩)

ਪੀਲਤਨ: ਫ਼ਾ. پیلتن ਵਿ- ਹਾਥੀ ਜੇਹਾ ਹੈ ਜਿਸ ਦਾ ਸ਼ਰੀਰ। ਸੰਗਯਾ- ਰਸ੍ਤਮ ਪਹਿਲਵਾਨ.

ਪੀਲਪਾ, ਪੀਲਪਾਉ, ਪੀਲਪਾਵ: ਫ਼ਾ. پیلپا ਹਾਥੀ ਜੇਹਾ ਪੈਰ ਹੋ ਜਾਣ ਦਾ ਇੱਕ ਰੋਗ. ਦੇਖੋ, ਫੀਲਪਾਵ.

ਪੀਲ ਮਰਦਾਂ: ਫ਼ਾ. پیل مرداں ਵਿ- ਬਹਾਦੁਰ ਆਦਮੀ ਆਦਮੀਆਂ ਵਿੱਚੋਂ ਹਾਥੀ (ਬਲਵਾਨ ਅਤੇ ਕੱਦਾਵਰ).

ਪੀਲਰਾਜ: ਸੰਗਯਾ- ਗਜਰਾਜ. ਰਾਜੇ ਦੀ ਸਵਾਰੀ ਦਾ ਵਡਾ ਹਾਥੀ। ੨. ਐਰਾਵਤ. ਇੰਦ੍ਰ ਦੀ ਸਵਾਰੀ ਦਾ ਹਾਥੀ.

ਪੀਲਵਾਨ: ਸੰਗਯਾ- ਹਾਥੀਵਾਨ. ਹਾਥੀ ਹੱਕਣ ਵਾਲਾ. ਮਹਾਵਤ.

ਪੀਲਾ: ਵਿ- ਪੀਤ. ਜਰਦ.

ਪੀਲਾਉਣਾ: ਕ੍ਰਿ- ਪਾਨ ਕਰਾਉਣਾ. ਪਿਲਾਨਾ. ਪਿਆਂਉਣਾ.

ਪੀਲਾਵਾ: ਸੰਗਯਾ- ਸਾਕੀ. ਪਿਆਉਣ ਵਾਲਾ. "ਪੀਲਾਵਾ ਹੰਕਾਰ." (ਵਾਰ ਬਿਹਾ ਮਰਦਾਨਾ)

ਪੀਲੀ ਕੋਠੀ: ਪ੍ਰਯਾਗ ਵਿੱਚ ਨਿਰਮਲੇ ਸਿੰਘਾਂ ਦੇ ਅਖਾੜੇ "ਧਰਮਧੁਜਾ" ਦਾ ਅਸਥਾਨ.

ਪੀਲੀਭੀਤ: ਯੂ. ਪੀ. ਰੁਹੇਲਖੰਡ ਵਿੱਚ ਇੱਕ ਨਗਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਹੈ. ਇਸ ਦਾ ਰੇਲਵੇ ਸਟੇਸ਼ਨ ਲਖਨਊ-

ਸੀਤਾਪੁਰ- ਬਰੇਲੀ ਲਾਈਨ ਪੁਰ ਹੈ.

ਪੀਲੁ: ਸੰ. ਸੰਗਯਾ- ਹਾਥੀ। ੨. ਜਾਲ (ਬਣ) ਦਾ ਬਿਰਛ, ਅਤੇ ਉਸ ਦਾ ਫਲ. (Careya arborea). ੩. ਫੁੱਲ। ੪. ਬਾਣ. ਤੀਰ। ੫. ਛੋਲਿਆਂ ਦਾ ਸਾਗ। ੬. ਕੀੜਾ, ਜੋ ਫਲਾਂ ਵਿੱਚ ਹੁੰਦਾ ਹੈ। ੭. ਅਖਰੋਟ ਦਾ ਬਿਰਛ। ੮. ਹੱਥ ਦੀ ਹਥੇਲੀ.

ਪੀਲੂ: ਦੇਖੋ, ਪੀਲੁ ੨.

ਪੀਲੇਦਮਾਂ: ਫ਼ਾ. پیلِ دماں ਵਿ- ਮਸ੍ਤ ਹਾਥੀ। ੨. ਕ੍ਰੋਧ ਨਾਲ ਭਰਿਆ ਹਾਥੀ.

ਪੀਲੋ: ਦੇਖੋ, ਕਾਨ੍ਹਾ। ੨. ਸੰਪੂਰਣ ਜਾਤਿ ਦੀ ਇੱਕ ਰਾਗਿਣੀ, ਜਿਸ ਵਿੱਚ ਸ਼ੜਜ ਰਿਸ਼ਭ ਮੱਧਮ ਪੰਚਮ ਨਿਸ਼ਾਦ ਸ਼ੁੱਧ ਹਨ, ਗਾਂਧਾਰ ਅਤੇ ਧੈਵਤ ਕੋਮਲ ਹਨ. ਗ੍ਰਹਸੁਰ ਰਿਸ਼ਭ, ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਹੈ. ਧੈਵਤ ਦੁਰਬਲ ਹੋਕੇ ਲਗਦਾ ਹੈ. ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਰ ਹੈ.

ਆਰੋਹੀ- ਸ਼ ਰ ਗਾ ਮ ਪ ਧਾ ਨ ਸ਼.

ਅਵਰੋਹੀ- ਸ਼ ਨ ਧਾ ਪ ਮ ਗਾ ਰ ਸ਼.

ਪੀਵ: ਪਾਨ. ਪੀਣਾ. ਦੇਖੋ, ਪੀ. "ਪੀਵਿਰਹੇ ਜਲ ਨਿਖੁਟਤ ਨਾਹੀ." (ਗਉ ਕਬੀਰ) ੨. ਪਤਿ. ਭਰਤਾ. ਪਿਯ. ਪ੍ਰਿਯ. "ਮੋਸੋਂ ਆਇ ਜੈਸੇ ਤੁਮ ਪੀਵ ਪੀਵ ਕਹਤੇ, ਤੈਸੇ ਮੋਰੇ ਪ੍ਰਾਨਪਯਾਰੇ ਜੂ ਸੋਂ ਪਯਾਰੀ ਪਯਾਰੀ ਕਹੀਓ." (ਦੇਵ)

ਪੀਵਉ: ਪਾਨ ਕਰੋ ਪੀਓ.

ਪੀਵਸਿ: ਪੀਂਦਾ. ਪਾਨ ਕਰਦਾ. "ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ." (ਗਉ ਕਬੀਰ) ੨. ਪੀਵੇਗਾ.

ਪੀਵਹੁ: ਪਾਨ ਕਰੋ. ਪੀਓ.

ਪੀਵਤ: ਕ੍ਰਿ. ਵਿ- ਪਾਨ ਕਰਤ. ਪੀਂਦਾ। ੨. ਪੀਣਸਾਰ. "ਪੀਵਤ ਹੀ ਪਰਵਾਣ ਭਇਆ." (ਆਸਾ ਮਃ ੧)

ਪੀਵਨਾ: ਕ੍ਰਿ- ਪਾਨ ਕਰਨਾ. ਪੀਣਆ. "ਪੀਵਨਾ ਜਿਤੁ ਮਨ ਅਘਾਵੈ." (ਮਾਰੂ ਅਃ ਮਃ ੫)

ਪੀਵਾ: ਪੀਵਾਂ. ਪਾਨ ਕਰਾਂ. "ਗੁਰਮੁਖਿ ਅੰਮ੍ਰਿਤ ਪੀਵਾ." (ਮਾਝ ਮਃ ੫)

ਪੀੜ: ਸੰ. ਧੀੜ੍. ਧਾ- ਦੁੱਖ ਦੇਣਾ. ਨਚੋੜੇ ਜਾਣਾ. ਦਬਾਉਣਾ। ੨. ਸੰਗਯਾ- ਪੀੜਾ. ਦੁੱਖ. "ਹਰਿਸੇਵਕ ਨਾਹੀ ਜਮਪੀੜ." (ਬਿਲਾ ਮਃ ੫) ੩. ਦੇਖੋ, ਪੀੜਨ। ੪. ਮਰੋੜ. ਖ਼ਮ. ਮੁਰਝਾਕੇ ਮੁੜਨ ਦਾ ਭਾਵ. "ਹਰਿ ਹਰਿ ਕਰਹਿ ਸਿ ਸੂਕਹਿ ਨਾਹੀ, ਨਾਨਕ ਪੀੜ ਨ ਖਾਹਿ ਜੀਉ." (ਆਸਾ ਛੰਤ ਮਃ ੧)

ਪੀੜਨ: ਸੰ. ਪੀਡਨ. ਸੰਗਯਾ- ਦਬਾਉਣ ਦੀ ਕ੍ਰਿਯਾ। ੨. ਦੁੱਖ ਦੇਣਾ. ਦੇਖੋ, ਪੀੜ ੧। ੩. ਕਸਣਾ. ਘੁੱਟਣਾ। ੪. ਖੋਤੇ ਸ਼ੁਤਰ ਆਦਿ ਦਾ ਪਲਾਣਾ ਕਸਣਾ. ਦੇਖੋ, ਪੀੜਿ ੨.

ਪੀੜਾ: ਸੰਗਯਾ- ਦੁੱਖ. ਕਲੇਸ਼. ਦਰਦ. "ਚਿੰਤਾਰੋਗ ਗਈ ਹਉਪੀੜਾ." (ਮਾਝ ਮਃ ੫)

ਪੀੜਿ: ਕ੍ਰਿ. ਵਿ- ਪੀੜਕੇ. ਦਬਾਕੇ. "ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ." (ਵਾਰ ਆਸਾ) ੨. ਕਸਕੇ. "ਪੀੜਿ ਪਲਾਨ ਬਘੰਬਰ ਲਾਹਯੋ." (ਗੁਪ੍ਰਸੂ) ਪਲਾਣਾ ਪੀੜਕੇ ਸ਼ੇਰ ਦੀ ਖੱਲ ਉੱਤੋਂ ਉਤਾਰਲਈ.

ਪੀੜਿਤ: ਵਿ- ਪੀੜਾ ਸਹਿਤ. ਦੁਖੀ। ੨. ਦਬਾਇਆ ਹੋਇਆ.

ਪੀੜੀ: ਪੀੜਨ ਕੀਤੀ. ਦਬਾਈ। ੨. ਦੇਖੋ, ਪੀਡੀ। ੩. ਵੰਸ਼ਾਵਲੀ. ਦੇਖੋ, ਪੀੜ੍ਹੀ ੨. "ਵਧੀ ਵੇਲਿ ਬਹੁ ਪੀੜੀ ਚਾਲੀ." (ਆਸਾ ਮਃ ੫)

ਪੀੜੇ: ਪੀੜਦਾ ਹੈ। ੨. ਪੀੜਨ ਕਰੇ। ੩. ਕਸੇ. ਤਿਆਰ ਕੀਤੇ. ਜੋਤੇ. "ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ." (ਮਾਰੂ ਮਃ ੧)

ਪੀੜ੍ਹਾ: ਸੰਗਜ੍ਞਾ- ਪੀਠ ਮੂੜ੍ਹਾ. ਛੋਟਾ ਮੰਜਾ. "ਪੀੜ੍ਹਾ ਸੁੰਦਰ ਸਦਨ ਡਸਾਵਾ." (ਨਾਪ੍ਰ)

ਪੀੜ੍ਹੀ: ਸੰਗਜ੍ਞਾ- ਪੀਠਿਕਾ. ਛੋਟਾ ਪੀੜ੍ਹਾ। ੨. ਵੰਸ਼ ਦਾ ਸਿਲਸਿਲਾ. ਵੰਸ਼ਾਵਲੀ. "ਚੱਲੀ ਪੀੜ੍ਹੀ ਸੋਢੀਆਂ." (ਭਾਗੁ) ਦੇਖੋ, ਪੀੜੀ ੩.

ਪੁੰ: ਸੰ. ਪੁਸ੍. ਪੁਰਖ (ਪੁਰੁਸ਼). ੨. ਪੁਲਿੰਗ.

ਪੁਆਤ: ਦੇਖੋ, ਪੁਆਧ। ੨. ਇੱਕ ਪਿੰਡ, ਜੋ ਜਿਲਾ ਲੁਦਿਆਨਾ, ਤਸੀਲ ਸਮਰਾਲਾ, ਥਾਣਾ ਮਾਛੀਵਾੜਾ ਵਿੱਚ ਰੋਪੜ ਵਾਲੀ ਨਹਿਰ ਦੇ ਉੱਤਰੀ ਕੰਢੇ, ਰੇਲਵੇ ਸਟੇਸ਼ਨ ਦੁਰਾਹੇ ਤੋਂ ਪੰਦਰਾਂ ਕੁ ਮੀਲ ਹੈ. ਚਮਕੌਰ ਵੱਲੋਂ ਆਉਂਦੇ ਦਸ਼ਮੇਸ਼ ਜੀ ਨੇ ਇੱਥੇ ਚਰਨ ਪਾਏ ਹਨ, ਪਰ ਗੁਰਦ੍ਵਾਰਾ ਕਿਸੇ ਪ੍ਰੇਮੀ ਨੇ ਨਹੀਂ ਬਣਾਇਆ. ਪੁਆਤ ਵਿੱਚ ਮੁਸਲਮਾਨ ਰੰਘੜ ਵਸਦੇ ਹਨ, ਕੁਝ ਸੈਣੀ ਹਨ.

ਪੁਆਧ: ਪਹਾੜ ਦੇ ਪੈਰਾਂ ਪਾਸ ਦਾ ਦੇਸ਼. ਦਾਮਨੇ ਕੋਹ। ੨. ਉਹ ਦੇਸ਼, ਜੋ ਖੂਹ ਦੇ ਪਾਣੀ ਨਾਲ ਸਿੰਜਿਆ ਜਾਵੇ। ੩. ਜਿਲੇ ਅੰਬਾਲੇ ਦੇ ਆਸ ਪਾਸ ਦਾ ਦੇਸ਼.

ਪੁਆਧੜਾ: ਵਿ- ਪੁਆਧ ਦੇ ਰਹਿਣ ਵਾਲਾ। ੨. ਇੱਕ ਪਿੰਡ, ਜੋ ਜਿਲਾ ਜਲੰਧਰ, ਤਸੀਲ ਫਿਲੌਰ, ਥਾਣਾ ਨੂਰਮਹਿਲ ਵਿੱਚ ਰੇਲਵੇ ਸਟੇਸ਼ਨ ਬਿਲਗਾ ਤੋਂ ਦੋ ਮੀਲ ਹੈ. ਇੱਥੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਚਰਨ ਪਾਏ ਹਨ. ਪਿੰਡ ਵਿੱਚ ਧਰਮਸਾਲਾ ਹੈ. ਨਾਲ ਸੱਤ ਅੱਠ ਘੁਮਾਉਂ ਜ਼ਮੀਨ ਹੈ. ਪੁਜਾਰੀ ਸਿੰਘ ਹੈ.

ਪੁਆਰ: ਰਾਜਪੂਤ ਜਾਤਿ. ਇਹ ਪ੍ਰਮਾਰ ਸ਼ਬਦ ਦਾ ਹੀ ਰੂਪਾਂਤਰ ਹੈ.

ਪੁਆੜਾ: ਦੇਖੋ, ਪਵਾੜਾ ੨. ਅਤੇ ੩.

ਪੁਐ, ਪੁਅੰਤ: ਪਰੋਂਦਾ (ਗੁੰਥਨ ਕਰਦਾ) ਹੈ. ਗੁੰਦਦਾ ਹੈ. "ਪੂਐ ਰੁੰਡਮਾਲੰ." (ਵਿਚਿਤ੍ਰ) "ਪੁਅੰਤ ਪਾਰਬਤੀ ਸਿਰੰ." (ਰਾਮਾਵ)

ਪੁਸ: ਦੇਖੋ, ਪੋਸਣ.

ਪੁੰਸ: ਸੰ. ਪੁੰਸ. ਪੁਰਖ (ਪੁਰੁਸ਼). ੨. ਆਤਮਾ.

ਪੁਸਕਰ: ਸੰ. ਪੁਸ਼੍ਕਰ. ਸੰਗਜ੍ਞਾ- ਰਾਜਪੂਤਾਨੇ ਵਿੱਚ ਅਜਮੇਰ ਤੋਂ ਤਿੰਨ ਕੋਹ ਪੁਰ ਇੱਕ ਕੁਦਰਤੀ ਝੀਲ, ਜੋ ਹਿੰਦੂਆਂ ਦਾ ਪ੍ਰਸਿੱਧ ਤੀਰਥ ਹੈ. ਪੁਰਾਣਕਥਾ ਹੈ ਕਿ ਇੱਥੇ ਬ੍ਰਹਮਾ ਨੇ ਯਗਜ ਕੀਤਾ ਸੀ. ਪੁਸ਼ਕਰ ਦੇ ਕਿਨਾਰੇ ਬ੍ਰਹਮਾ ਦਾ ਮੰਦਿਰ ਹੈ. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੱਖਣ ਨੂੰ ਜਾਂਦੇ ਇੱਥੇ ਪਧਾਰੇ ਹਨ. ਖਾਲਸੇ ਦਾ ਸੁੰਦਰ ਰੂਪ ਦੇਖਕੇ ਤੀਰਥਪੁਰੋਹਿਤ ਚੇਤਨ ਨੇ ਗੁਰੂ ਸਾਹਿਬ ਦੀ ਸੇਵਾ ਵਿੱਚ ਪ੍ਰਸ਼ਨ ਕੀਤਾ-

"ਸੰਗ ਆਪ ਕੇ ਕੇਸਨਧਾਰੀ,

ਕਜਇਨ ਕੀ ਦਿਹੁ ਜਾਤਿ ਉਚਾਰੀ?

ਸੁਨਕਰ ਗੁਰੁ ਫਰਮਾਵਨ ਕੀਆ,

ਭਯੋ ਖਾਲਸਾ ਜਗ ਮੇ ਤੀਆ,

ਹਿੰਦੂ ਤੁਰਕ ਦੁਹੁਨ ਤੇ ਨਜਾਰੋ,

ਸ੍ਰੀ ਅਕਾਲ ਕੋ ਦਾਸ ਵਿਚਾਰੋ."

(ਗੁਪ੍ਰਸੂ)

ਤੀਰਥ ਦੇ ਕਿਨਾਰੇ ਜਿੱਥੇ ਦਸ਼ਮੇਸ਼ ਦਾ ਗੁਰਦ੍ਵਾਰਾ ਹੈ. ਉਸ ਦਾ ਨਾਮ "ਗੋਬਿੰਦਘਾਟ" ਹੈ। ੨. ਪਾਣੀ. ਜਲ। ੩. ਨੀਲਾ ਕਮਲ। ੪. ਤਾਲ. ਤਲਾਉ। ੫. ਆਕਾਸ਼। ੬. ਸੱਤ ਦ੍ਵੀਪਾਂ ਵਿੱਚੋਂ ਇੱਕ ਦ੍ਵੀਪ. "ਆਵਾ ਪੁਸਕਰ ਦੀਪ ਅਗਾਰੀ." (ਨਾਪ੍ਰ) ੭. ਪੁਸਕਰ ਦੀਪ ਦਾ ਇੱਕ ਪਰਵਤ। ੮. ਢੋਲ ਮ੍ਰਿਦੰਗ ਆਦਿ ਵਾਜਿਆਂ ਦਾ ਮੁਖ (ਮੂੰਹ). ੯. ਸਰਪ। ੧੦. ਹਾਥੀ ਦੀ ਸੁੰਡ ਦਾ ਅਗਲਾ ਭਾਗ। ੧੧. ਤੁਰ੍ਰੀ. ਤੁਰਮ। ੧੨. ਤੀਰ. ਬਾਣ। ੧੩. ਯੁੱਧ. ਜੰਗ। ੧੪. ਬੱਦਲ. ਮੇਘ। ੧੫. ਸਾਰਸ ਪੰਛੀ। ੧੬. ਰਾਜਾ ਨਲ ਦਾ ਭਾਈ, ਜੋ ਜੂਆ ਖੇਡਣ ਵਿੱਚ ਨਿਪੁਣ ਸੀ। ੧੭. ਵਰੁਣ ਦਾ ਪੁਤ੍ਰ। ੧੮. ਭਰਤ ਦਾ ਪੁਤ੍ਰ, ਰਾਮਚੰਦ੍ਰ ਜੀ ਦਾ ਭਤੀਜਾ, ਜੋ ਗੰਧਾਰ ਦਾ ਰਾਜਾ ਸੀ। ੧੯. ਦੇਖੋ, ਪੁਖਕਰ.

ਪੁਸਕਰਨਾਭ: ਪੁਸ਼ਕਰ (ਕਮਲ) ਹੈ ਜਿਸ ਨਾਭਿ (ਧੁੰਨੀ) ਵਿੱਚ, ਵਿਸ਼ਨੁ.

ਪੁਸਕਰਾਕ੍ਸ਼: ਕਮਲਨੇਤ੍ਰ, ਵਿਸ਼ਨੁ। ੨. ਵਿ- ਕੌਲ ਦੀ ਪੰਖੜੀ ਜੇਹੀ ਅੱਖਾਂ ਵਾਲਾ.

ਪੁੰਸਚਲੀ: ਸੰ. ਪੁੰਸ਼੍ਚਲੀ. ਸੰਗ੍ਯਾ- ਜੋ ਆਪਣੇ ਪੁਰਖ (ਪਤਿ) ਪਾਸੋਂ ਹੋਰ ਪਾਸ ਜਾਵੇ. ਵਿਭਚਾਰ ਕਰਨ ਵਾਲੀ ਇਸਤ੍ਰੀ। ੨. ਵੇਸ਼੍ਯਾ.

ਪੁਸਟ: ਦੇਖੋ, ਪੁਸ਼੍ਟ.

ਪੁਸਤ: ਸੰ. ਪੁਸ੍ਤ. ਧਾ- ਬੰਨ੍ਹਣਾ, ਕੱਠਾ ਕਰਨਾ। ੨. ਵਿ- ਲਿਖਿਆ ਹੋਇਆ। ੩. ਢਕਿਆ ਹੋਇਆ। ੪. ਫ਼ਾ پشت ਪੁਸ਼੍ਤ. ਸੰਗ੍ਯਾ- ਪਿੱਠ. ਪੀਠ। ੫. ਪੀੜ੍ਹੀ. ਵੰਸ਼ਾਵਲੀ. "ਪੁਸਤਨ ਲਗੌਂ ਰਬਾਬੀ ਥੀਵੇ." (ਗੁਪ੍ਰਸੂ) ੬. ਪੁਸ਼੍ਤਕ (ਦੁਲੱਤਾ) ਦਾ ਸੰਖੇਪ. "ਹਤੇ ਕਸਾ ਬਹੁ ਪੁਸਤੇ ਨਿਕਾਰੇ." (ਗੁਪ੍ਰਸੂ) ਬਹੁਤ ਕੋਰੜੇ ਮਾਰੇ, ਘੋੜੇ ਨੇ ਦੁਲੱਤੇ ਕੱਢੇ (ਚਲਾਏ).

ਪੁਸਤਕ: ਸੰ. ਪੁਸ੍ਤਕ. ਸੰਗ੍ਯਾ- ਪੋਥੀ. "ਪੁਸਤਕ ਪਾਠ ਬਿਆਕਰਨ ਵਖਾਣੈ." (ਭੈਰ ਮਃ ੧) ਦੇਖੋ, ਪੁਸਤ ੨। ੨. ਫ਼ਾ. پشتک ਪੁਸ਼੍ਤਕ. ਦੁਲੱਤਾ। ੩. ਸਦਰੀ. ਬਾਸਕਟ। ੪. ਘੋੜੇ ਅਤੇ ਗਧੇ ਦੇ ਪੈਰ ਦਾ ਇੱਕ ਰੋਗ.

ਪੁਸਤਕਾਗਾਰ, ਪੁਸਤਕਾਲਯ: ਸੰਗ੍ਯਾ- ਪੁਸ੍ਤਕ- ਆਗਾਰ. ਪੁਸ੍ਤਕ- ਆਲਯ. ਪੋਥੀਆਂ ਦੇ ਰੱਖਣ ਦਾ ਘਰ. ਕੁਤੁਬਖ਼ਾਨਾ. Library.

ਪੁਸਤਾ: ਫ਼ਾ. پشته ਪੁਸ਼੍ਤਹ. ਸੰਗ੍ਯਾ- ਟਿੱਲਾ. ਢੇਰ। ੨. ਮਕਾਨ ਦੀ ਕੰਧ ਦੀ ਦ੍ਰਿੜ੍ਹਤਾ ਲਈ ਉਸਾਰਿਆ ਬੰਧ.

ਪੁਸਤੀਨ: ਦੇਖੋ, ਪੋਸਤੀਨ. "ਗੁਰੁ ਊਪਰ ਥੀ ਤਬ ਪੁਸਤੀਨ." (ਨਾਪ੍ਰ) "ਕਾਨ੍ਹ ਤਬੈ ਪੁਸਤੀਨ ਹ੍ਵੈ ਆਪ ਉਤਾਰਡਰਜੋ ਸਭ ਗੋਪਿਨ ਜਾਡਾ." (ਕ੍ਰਿਸਨਾਵ)

ਪੁਸਤੈਨੀ: ਫ਼ਾ. پشتینی ਪੁਸ਼੍ਤੈਨੀ. ਵਿ- ਜੋ ਕਈ ਪੁਸ਼੍ਤ (ਪੀੜ੍ਹੀ) ਤੋਂ ਚਲਾ ਆਵੇ.

ਪੁਸਪ: ਸੰ. ਪੁਸ਼੍ਪ. ਸੰਗ੍ਯਾ- ਫੁੱਲ। ੨. ਇਸ੍ਤ੍ਰੀ ਦੀ ਰਜ। ੩. ਵਿਕਾਸ਼. ਖਿੜਨ ਦਾ ਭਾਵ ੪. ਲੌਂਗ. ਲਵੰਗ। ੫. ਕੁਬੇਰ ਦਾ ਵਿਮਾਨ ਪੁਸ਼੍ਪਕ। ੬. ਰਸੌਂਤ.

ਪੁਸਪਕ: ਸੰ. ਪੁਸ਼੍ਪਕ. ਸੰਗ੍ਯਾ- ਫੁੱਲ। ੨. ਜੜਾਊ ਕੜਾ। ੩. ਪਿੱਤਲ। ੪. ਕੋਡੀਆਲਾ ਸੱਪ. ਸ਼ੰਖਚੂੜ। ੫. ਇੱਕ ਪਰਵਤ। ੬. ਕੁਬੇਰ ਦਾ ਵਿਮਾਨ, ਜਿਸ ਦਾ ਜਿਕਰ ਰਾਮਾਯਣ ਆਦਿ ਗ੍ਰੰਥਾਂ ਵਿੱਚ ਹੈ. ਕੁਬੇਰ ਨੇ ਬ੍ਰਹਮਾ ਕੋਲੋਂ ਵਰ ਮੰਗਕੇ ਇਹ ਵਿਮਾਨ ਲਿਆ ਸੀ, ਪਰ ਕੁਬੇਰ ਪਾਸੋਂ ਰਾਵਣ ਖੋਹ ਲੈ ਗਿਆ ਅਤੇ ਚਿਰ ਤਕ ਵਰਤਦਾ ਰਿਹਾ. ਜਦ ਰਾਮਚੰਦ੍ਰ ਜੀ ਨੇ ਰਾਵਣ ਨੂੰ ਮਾਰ ਲਿਆ, ਤਾਂ ਉਹ ਲਛਮਣ ਸੀਤਾ ਅਤੇ ਹੋਰ ਸੈਨਾ ਨੂੰ ਇਸ ਵਿੱਚ ਬੈਠਾਕੇ ਆਕਾਸ਼ ਦੇ ਮਾਰਗ ਅਯੋਧ੍ਯਾ ਪਹੁੰਚੇ ਅਤੇ ਪੁਸ਼ਪਕ ਕੁਬੇਰ ਨੂੰ ਵਾਪਿਸ ਦੇ ਦਿੱਤਾ. ਇਸ ਵਿਮਾਨ ਦਾ ਨਾਮ "ਰਤਨਵਰ੍ਸ਼ੰਕ" ਭੀ ਹੈ. ਦੇਖੋ, ਪੁਹਪਕ.

ਪੁਸਪਕੇਤੁ, ਪੁਸਪਚਾਪ, ਪੁਸਪਧਨ੍ਵਾ: ਸੰਗ੍ਯਾ- ਪੁਸ਼੍ਪਕੇਤੁ- ਪੁਸ਼੍ਪ ਧਨ੍ਵਨ. ਪੁਸ਼੍ਪਾਂ (ਫੁੱਲਾਂ) ਦਾ ਝੰਡਾ ਅਤੇ ਧਨੁਖ ਰੱਖਣ ਵਾਲਾ, ਕਾਮ. ਮਨਮਥ. ਮਨੋਜ.

**ਪੁਸਪਰਸ:** ਸੰਗਯਾ- ਫੁੱਲ ਦੀ ਮਿਠਾਸ. ਮਕਰੰਦ.

**ਪੁਸਪਵਾਣ:** ਪੁਸ਼੍ਪ (ਫੁੱਲਾਂ) ਦਾ ਵਾਣ (ਤੀਰ) ਰੱਖਣ ਵਾਲਾ, ਕਾਮਦੇਵ. ਦੇਖੋ, ਪੰਚਸਰ.

**ਪੁਸਾਕ:** ਦੇਖੋ, ਪੋਸ਼ਾਕ.

**ਪੁਸ੍ਰਿ:** ਸੰ. ਪੁਸ਼੍ਟ. ਵਿ- ਪਾਲਿਆ ਹੋਇਆ। ੨. ਮੋਟਾ। ੩. ਦ੍ਰਿੜ੍ਹ. ਮਜ਼ਬੂਤ। ੪. ਅਭਿਮਾਨੀ. "ਦੁਸਟ- ਦੰਡਣ ਪੁਸ੍ਰਿਖੰਡਣ." (ਅਕਾਲ) ੫. ਸੰਗਯਾ- ਵਿਸ਼ਨੁ.

**ਪੁਸ਼੍ਰਿ:** ਸੰ. ਸੰਗਯਾ- ਪੋਸ਼ਣ (ਪਾਲਣ) ਦੀ ਕ੍ਰਿਯਾ। ੨. ਮੋਟਾਪਨ. ਮੁਟਿਆਈ। ੩. ਵ੍ਰਿੱਧਿ. ਤਰੱਕੀ। ੪. ਦ੍ਰਿੜ੍ਹਤਾ. ਮਜਬੂਤੀ। ੫. ਤਾਈਦ. ਕਿਸੇ ਬਾਤ ਦਾ ਸਮਥੰਨ. Corroboration। ੬. ਧਰਮਰਾਜ ਦੀ ਇੱਕ ਇਸਤ੍ਰੀ। ੭. ਇੱਕ ਯੋਗਿਨੀ.

**ਪੁਸ਼੍ਰੀ:** ਦੇਖੋ, ਪੁਸ਼੍ਰਿ। ੨. ਵਿ- ਪੁਸ਼੍ਰਿ ਕਰਨ ਵਾਲੀ. ਪਾਲਣ ਵਾਲੀ. "ਪਰਮ ਈਸ੍ਵਰੀ ਪੁਸ੍ਰੀ." (ਗੁਪ੍ਰਸੂ)

**ਪੁਹਕਰ:** ਦੇਖੋ, ਪੁਸਕਰ। ੨. ਦੇਖੋ, ਪੁਖਰਾਜ. "ਪੁਹਕਰ ਔ ਬਿਰਜੇ ਚੁਨਕੈ." (ਕ੍ਰਿਸਨਾਵ) ਪੁਖਰਾਜ ਅਤੇ ਫ਼ਿਰੋਜ਼ੇ ਚੁਣਕੇ। ੩. ਪੁਸ਼੍ਕਰ ਨਲ ਰਾਜਾ ਦਾ ਭਾਈ. "ਧਰ ਪੁਹਕਰ ਕੋ ਰੂਪ ਤਹਾਂ ਕਲਿਯੁਗ ਗਯੋ." (ਚਰਿਤ੍ਰ ੧੫੭)

**ਪੁਹਪ:** ਸੰ. ਪੁਸ਼੍ਪ. ਸੰਗਯਾ- ਫੁੱਲ. "ਪੁਹਪ ਮਧਿ ਜਿਉ ਬਾਸੁ ਬਸਤੁ ਹੈ." (ਧਨਾ ਮਃ ੯) ੨. ਪੁਸ਼੍ਪਕ ਵਿਮਾਨ. ਦੇਖੋ, ਪੁਸਪ ੫. "ਤਬੈ ਪੁਹਪ ਪੈਕੈ। ਚੜ੍ਹੇ ਜੁੱਧ ਜੈਕੈ." (ਰਾਮਾਵ)

**ਪੁਹਪਕ:** ਦੇਖੋ. ਪੁਸਪਕ ੬. "ਪੁਹਪਕ ਬਿਬਾਨ ਬੈਠੇ." (ਰਾਮਾਵ)

**ਪੁਹਪਧਨੁਖ, ਪੁਹਪਧੰਨਿਆ, ਪੁਹਪਧੰਨ੍ਵੀ:** ਦੇਖੋ, ਪੁਸਪਧਨ੍ਵਾ. ਕਾਮ. ਮਨਮਥ। ੨. ਗਜਾਨਪ੍ਰਬੋਧ ਵਿੱਚ ਕਾਮ ਦੀ ਇਸਤ੍ਰੀ ਰਤਿ ਲਈ ਪਹੁਪਧੰਨਿਆ ਸ਼ਬਦ ਆਇਆ ਹੈ, ਅਰਥਾਤ ਪੁਸ਼੍ਪਧਨ੍ਵੀ ਦੀ. "ਕਿਧੌਂ ਪੁਹਪਧੰਨਿਆ."

**ਪੁਹਪਰਾਜ:** ਸੰਗਯਾ- ਪੁਸ਼੍ਪਰਾਜ. ਫੁੱਲਾਂ ਦਾ ਰਾਜਾ ਗੁਲਾਬ। ੨. ਕਮਲ। ੩. ਵਸੰਤ। ੪. ਕਾਮ। ੫. ਬ੍ਰਹਮਾ, ਜੋ ਕੌਲ ਫੁੱਲ ਤੇ ਵਿਰਾਜਦਾ ਹੈ.

**ਪੁਹਪਾਵਲਿ:** ਸੰਗਯਾ- ਪੁਸ਼੍ਪਾਵਲਿ. ਫੁੱਲਾਂ ਦੀ ਸ਼੍ਰੇਣੀ. ਫੁੱਲਾਂ ਦੀ ਕਤਾਰ. ਫੁੱਲਾਂ ਦੀ ਮਾਲਾ। ੨. ਫੁੱਲਾਂ ਦੀ ਵਰਖਾ.

**ਪੁਹਮਿ, ਪੁਹਮੀ:** ਸੰਗਯਾ- ਭੂਮਿ. ਪੁਹੁਮੀ. ਪ੍ਰਿਥਿਵੀ. "ਪੁਹਮਿ- ਪਾਤਕ ਬਿਨਾਸਹਿ." (ਸਵੈਯੇ ਮਃ ੩. ਕੇ)

**ਪੁਹਾਰਾ:** ਦੇਖੋ, ਫ਼ੱਵਾਰਾ.

**ਪੁਕਰਣਾ:** ਦੇਖੋ, ਪੱਕਰਣਾ.

**ਪੁਕਰੋਰੈ:** ਉਪਕਾਰੀ ਸਿੱਧ ਹੁੰਦਾ ਹੈ. ਦੇਖੋ, ਪੱਕਰਣਾ. "ਹਰਿ ਕੋ ਨਾਮ ਅੰਤਿ ਪੁਕਰੋਰੈ." (ਕਾਨ ਮਃ ੫)

**ਪੁਕਾਰ:** ਸੰਗਯਾ- ਪ੍ਰਕ੍ਰੋਸ਼. ਸੱਦ. ਗੁਹਾਰ. ਚਾਂਗ. "ਮਤ ਤੂੰ ਕਰਹਿ ਪੁਕਾਰ." (ਸ੍ਰੀ ਮਃ ੩) ੨. ਨਾਲਿਸ਼. ਫ਼ਰਿਆਦ. "ਅਬਜਨ ਊਪਰਿ ਕੋ ਨ ਪੁਕਾਰੈ." (ਸਾਰ ਮਃ ੫)

**ਪੁਕਾਰਣਿ:** ਪੁਕਾਰਣ ਵਾਸਤੇ. "ਮੁਕਤਿ ਅਨੰਤ ਪੁਕਾਰਣਿ ਜਾਈ." (ਗਉ ਕਬੀਰ) ਬੇਅੰਤ ਮੁਕਤੀਆਂ ਹਾਕਾਂ ਮਾਰਦੀਆਂ ਹਨ, ਕਿ ਸਾਨੂੰ ਅੰਗੀਕਾਰ ਕਰੋ.

**ਪੁਕਾਰਨਾ:** ਕ੍ਰਿ- ਪ੍ਰਕ੍ਰੋਸ਼ਨ. ਚਿੱਲਾਉਣਾ। ੨. ਸੱਦ ਮਾਰਨੀ. ਚਾਂਗ ਮਾਰਨੀ। ੩. ਫ਼ਰਿਆਦੀ ਹੋਣਾ.

**ਪੁਕਾਰਿ:** ਪੁਕਾਰਕੇ. ਢੰਡੋਰਾ ਦੇਕੇ. "ਕਹਤ ਕਬੀਰ ਹਉ ਕਹਉ ਪੁਕਾਰਿ." (ਭੈਰਉ)

**ਪੁਖ:** ਸੰ. ਪੁਸ਼ਜ. ਸੰਗਯਾ- ਜੋ ਕਾਰਜ ਨੂੰ ਪੁਸ਼੍ਰਿ ਕਰੇ. ਸਤਾਈ ਨਛਤ੍ਰਾਂ ਵਿੱਚੋਂ ਅੱਠਵਾਂ ਨਛਤ੍ਰ (ਨਕ੍ਸ਼ਤ੍ਰ).

ਪੁੰਖ: ਸੰ. ਪੁङ्ख. ਸੰਗਯਾ- ਤੀਰ ਦਾ ਉਹ ਭਾਗ, ਜਿੱਥੇ ਪੰਖ (ਖੰਭ) ਜੜੇ ਹੁੰਦੇ ਹਨ. ਬਾਗੜ ਦੇ ਪਾਸ ਦਾ ਹਿੱਸਾ.

ਪੁਖਕਰ: ਦੇਖੋ, ਪੁਸਕਰ. "ਪੁਖਕਰ ਭਰੇ ਪੁਖਕਰ ਪੁਖਕਰ ਜਜੋਂ, ਪੇਖ ਕਰ ਸਸੀਕਰ ਕਰੈ ਦੁਤਿ ਹੀਨ ਹੈ। ਪੁਖਕਰ ਹੀਨ ਦਿਨਕਰ ਕਰੈ ਛੀਨ।" (ਨਾਪ੍ਰ) ਪੁਸ਼੍ਕਰ (ਜਲ) ਨਾਲ ਭਰੇ ਤਾਲਾਂ ਵਿੱਚ ਜਿਵੇਂ ਕਮਲ ਹੁੰਦੇ ਹਨ, ਉਹ ਚੰਦ੍ਰਮਾ ਦੀਆਂ ਕਿਰਨਾਂ ਦੇਖਕੇ ਸ਼ੋਭਾਹੀਨ ਹੋ ਜਾਂਦੇ ਹਨ। ਜਦ ਜਲ ਸੁੱਕ ਜਾਂਦਾ ਹੈ ਤਦ ਸੂਰਜ ਉਨ੍ਹਾਂ ਨੂੰ ਸੁਕਾ ਦਿੰਦਾ ਹੈ. ਦੇਖੋ, ਪੁਸਕਰ.

ਪੁਖ਼ਤਾ: ਫ਼ਾ. پخته ਵਿ- ਪੱਕਾ। ੨. ਨਿਪੁਣ. ਗੁਣਾਂ ਵਿੱਚ ਪੂਰਨ। ੩. ਤਜਰਬੇਕਾਰ. ਪੁਖ਼ਤਾਕਾਰ.

ਪੁਖਤਾਕਾਰ: ਦੇਖੋ, ਪੁਖਤਾ ੩.

ਪੁਖਰਾ: ਦੇਖੋ, ਪੁਖਰਾਜ। ੨. ਪੁਸ਼੍ਕਰ. ਤਲਾਉ. ਟੋਭਾ.

ਪੁਖਰਾਜ: ਸੰ. ਪੁਸ਼੍ਪਰਾਗ. ਸੰਗਯਾ- ਇੱਕ ਰਤਨ, ਜੋ ਨੌ ਰਤਨਾਂ ਵਿੱਚ ਗਿਣਿਆ ਜਾਂਦਾ ਹੈ. Topad.

ਪੁੰਖੀ, ਪੁੱਖੀ: ਸੰਗਯਾ- ਪੁੰਖ ਵਾਲਾ, ਤੀਰ. ਦੇਖੋ, ਪੁੰਖ. "ਛੁਟੈ ਸ੍ਵਰਣਪੁੱਖੀ." (ਕਲਕੀ)

ਪੁਗਣਾ: ਕ੍ਰਿ- ਪ੍ਰਗਮਨ ਕਰਨਾ. ਪਹੁਚਣਾ. ਪੁੱਜਣਾ। ੨. ਕਿਸੇ ਕਾਰਜ ਦਾ ਅਖੰਡ ਚੱਲੀ ਜਾਣਾ. ਬਿਨਾ ਵਿਘਨ ਨਿਭਣਾ.

ਪੁੰਗਵ: ਸੰ. ਸੰਗਯਾ- ਪੁੰ (ਨਰ) ਗਵ (ਬੈਲ). ਢੱਟਾ. ਸਾਂਡ। ੨. ਸ਼ਬਦ ਦੇ ਅੰਤ ਇਹ ਵਿਸ਼ੇਸ਼ਣ ਹੋਕੇ ਉੱਤਮ (ਸ਼੍ਰੇਸ਼੍ਠ) ਅਰਥ ਦਿੰਦਾ ਹੈ, ਜਿਵੇਂ- ਨਰ ਪੁੰਗਵ. ਪੁਰਖਾਂ ਵਿੱਚੋਂ ਉੱਤਮ.

ਪੁਗਾਉਣਾ: ਕ੍ਰਿ- ਨਿਬਾਹੁਣਾ. ਦੇਖੋ, ਪੁਗਣਾ. "ਵੈਰ ਪੁਗਾਇ ਮਹਾਂ ਰਿਪੁ ਮਾਰੇ." (ਗੁਪ੍ਰਸੂ)

ਪੁੰਗੀਫਲ: ਦੇਖੋ, ਪੂਗਫਲ.

ਪੁਚਕਾਰਨਾ: ਕ੍ਰਿ- ਅਨੁ- ਪੁਚ ਪੁਚ ਸ਼ਬਦ ਕਰਨਾ. ਪਿਆਰ ਪ੍ਰਗਟ ਕਰਨਾ. ਬਾਲਕ ਅਤੇ ਪਸ਼ੂ ਨੂੰ ਬੁਲਾਉਣ ਲਈ ਹੋਠਾਂ ਤੋਂ ਪੁਚਕਾਰੀ ਮਾਰਨੀ.

ਪੁਚਾਉਣਾ: ਦੇਖੋ, ਪਹੁਚਾਨਾ.

ਪੁਚਾਰਨਾ: ਕ੍ਰਿ- ਗਿੱਲੇ ਵਸਤ੍ਰ ਨਾਲ ਕਿਸੇ ਵਸਤੂ ਨੂੰ ਪੋਚਣਾ। ੨. ਪੁਚ ਪੁਚ ਸ਼ਬਦ ਨਾਲ ਬੁਲਾਉਣਾ. ਪ੍ਰੇਮ ਪ੍ਰਗਟ ਕਰਨ ਲਈ ਹੋਠਾਂ ਤੋਂ ਚੁੰਮਣ ਦੀ ਧੁਨੀ ਕਰਨੀ. "ਜਿਉ ਕਾਪੁਰਖ ਪੁਚਾਰੈ ਨਾਰੀ." (ਗਉ ਮਃ ੫) ੩. ਝੂਠੀ ਵਡਿਆਈ ਅਤੇ ਖੁਸ਼ਾਮਦ ਕਰਨੀ.

ਪੁਛ: ਸੰ. ਪ੍ਰਿੱਛਾ- ਪ੍ਰਿੱਛਾ. ਸੰਗਯਾ- ਸਵਾਲ. ਪ੍ਰਸ਼ਨ. "ਆਗੈ ਪੁਛ ਨ ਹੋਵਈ." (ਸੂਹੀ ਮਃ ੧) ੨. ਦੇਖੋ, ਪੁੱਛ.

ਪੁੰਛ: ਸੰ. ਪੁच्छ- ਪੁੱਛ. ਸੰਗਯਾ- ਪੂਛ. ਦੁਮ। ੨. ਕਿਸੇ ਵਸਤੁ ਦਾ ਪਿਛਲਾ ਭਾਗ. ਪਿੱਛਾ.

ਪੁਛਣਾ: ਸੰ. ਪ੍ਰच्छ- ਪ੍ਰੱਛ. ਧਾ- ਪੁੱਛਣਾ, ਸਵਾਲ ਕਰਨਾ। ੨. ਸੰਗਯਾ- ਪ੍ਰਸ਼ਨ ਕਰਨਾ. ਪੂਛਨਾ. "ਪੁਛਹੁ ਜਾਇ ਸਿਆਨਿਆ." (ਸੋਰ ਮਃ ੧)

ਪੁਛਿ: ਕ੍ਰਿ. ਵਿ- ਪੁੱਛਕੇ. "ਪੁਛਿ ਨ ਸਾਜੇ ਪੁਛਿ ਨਾ ਢਾਹੇ." (ਸ੍ਰੀ ਅਃ ਮਃ ੧)

ਪੁੱਛ: ਦੇਖੋ, ਪੁਛ। ੨. ਪੂਛ. ਦੁਮ. ਦੇਖੋ, ਪੁੰਛ ੧. "ਪੁੱਛ ਸਟਕਾਰੀ." (ਗੁਪ੍ਰਸੂ) ੩. ਪ੍ਰੋਛਣ (ਧੌਣ) ਦੀ ਥਾਂ ਭੀ ਪੁੱਛ ਸ਼ਬਦ ਆਇਆ ਹੈ. "ਮੁਖੰ ਪੁੱਛਲਜੋ ਕੁੰਭਕਾਨੰ ਕਰੂਰੰ." (ਰਾਮਾਵ) ਕ੍ਰੋਧੀ ਕੁੰਭਕਾਨ ਨੇ ਪਾਣੀ ਨਾਲ ਮੂੰਹ ਧੋਲੀਤਾ.

ਪੁੱਛਕੰਟਕ: ਸੰ. ਸੰਗਯਾ- ਪੂਛ ਵਿੱਚ ਹੈ ਜਿਸ ਦੇ ਕੰਡਾ, ਠੂਹਾਂ. ਬਿੱਛੂ.

ਪੁੰਜ: ਸੰ. ਸੰਗਯਾ- ਜੋ ਪੁਰਖ ਨੂੰ ਆਪਣੀ ਉੱਨਤੀ ਨਾਲ ਜਿੱਤ ਲਵੋ, ਢੇਰ. ਸਮੁਦਾਯ. ਰਾਸ਼ਿ. "ਅਘ ਪੁੰਜ ਤਰੰਗ ਨਿਵਾਰਨ

ਕਉ." (ਸਵੈਯੇ ਮਃ ੪. ਕੇ)

ਪੁਜਣਾ, ਪੁਜਨਾ: ਕ੍ਰਿ- ਪਹੁਚਣਾ. ਦੇਖੋ, ਪੁਗਣਾ। ੨. ਖ਼ਤਮ ਹੋਣਾ. "ਪੁਜਿ ਦਿਵਸ ਆਏ ਲਿਖੇ ਮਾਏ." (ਜੈਤ ਛੰਤ ਮਃ ੫) ੩. ਤੁੱਲ ਹੋਣਾ. ਬਰਾਬਰ ਹੋਣਾ. "ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ." (ਸ੍ਰੀ ਮਃ ੫) "ਪੁਜਹਿ ਨ ਰਤਨ ਕਰੋੜ." (ਸ. ਕਬੀਰ) ੪. ਪੂਜਯ ਹੋਣਾ। ੫. ਪੂਰਨ ਹੋਣਾ. ਦੇਖੋ, ਪੂਜੈ.

ਪੁਜਾਉਣਾ: ਕ੍ਰਿ- ਪੂਜਾ ਕਰਾਉਣਾ। ੨. ਪਹੁਚਾਉਣਾ। ੩. ਨਿਬਾਹਣਾ.

ਪੁਜਾਇਣ: ਵਿ- ਪੂਰਨ ਕਰਤਾ. "ਸਿਮਰ ਸੁਆਮੀ ਸਗਲ ਆਸ ਪੁਜਾਇਣ." (ਆਸਾ ਛੰਤ ਮਃ ੫)

ਪੁਜਾਈ: ਪੂਜਨ ਕਰਾਈ। ੨. ਪੂਰਨ ਕੀਤੀ. "ਸਗਲ ਇਛ ਪੁਜਾਈ." (ਸੋਰ ਮਃ ੫) ੨. ਸੰਗਯਾ- ਪੂਜਨ ਦੀ ਕ੍ਰਿਯਾ.

ਪੁਜਾਹਾ: ਵਿ- ਪਹੁਚਾਉਣ ਵਾਲਾ। ੨. ਪੂਜਕ। ੩. ਪੁੰਜ (ਸਮੁਦਾਯ) ਹੀ. ਸਾਰੇ ਹੀ. "ਸਭਿ ਤੀਰਥ ਵਰਤ ਜਗ ਪੁੰਨ ਤੁਲਾਹਾ। ਹਰਿ ਨਾਮ ਨ ਪੁਜਹਿ ਪੁਜਾਹਾ." (ਜੈਤ ਮਃ ੪)

ਪੁਜਾਮੀ: ਵਿ- ਪੂਰਣ ਕਰਤਾ. "ਸਭ ਇਛ ਪੁਜਾਮੀ." (ਬਿਲਾ ਛੰਤ ਮਃ ੫)

ਪੁਜਾਰਾ: ਵਿ- ਪੂਜਾ ਕਰਨ ਵਾਲਾ. ਪੂਜਕ। ੨. ਪੂਜਾ- ਅਰ੍ਹ (अर्ह). ਪੂਜਾ ਯੋਗਯ.

ਪੁਜਾਰਿਆ: ਪੂਜਕ ਦੀ. ਉਪਾਸਕ ਦੀ. "ਪੂਰਨ ਇਛ ਪੁਜਾਰਿਆ." (ਬਿਲਾ ਮਃ ੫)

ਪੁਜਾਰੀ: ਸੰਗਯਾ- ਪੂਜਾਕਾਰੀ. ਪੂਜਾ ਕਰਨ ਵਾਲਾ.

ਪੁਜੇਹਾਂ: ਪੂਜਦਾ ਹਾਂ। ੨. ਪਹੁਚਦਾ ਹਾਂ.

ਪੁਜੈ: ਪਹੁਚਦਾ ਹੈ। ੨. ਪੂਰਨ ਹੋਵੈ. ਦੇਖੋ, ਪੁਜਣਾ ੫.

ਪੁਜੰਦੇ: ਪਹੁਚਦੇ. "ਸਾਧਸੰਗਤਿ ਗੁਰਸਿਖ ਪੁਜੰਦੈ." (ਭਾਗੁ) ੨. ਪੂਜਦੇ. ਉਪਾਸਦੇ। ੩. ਸੇਵਨ ਕਰਦੇ.

ਪੁਟ: ਸੰਗਯਾ- ਪੁੱਠ. ਪਾਹ। ੨. ਸੰ. पुट्. ਧਾ- ਲਪੇਟਣਾ ਢਕਣਾ। ੩. ਸੰਗਯਾ- ਢੱਕਣ. ਆਛਾਦਨ। ੪. ਡੂਨਾ. ਦੋਨਾ। ੫. ਕਟੋਰਾ. ਪਾਤ੍ਰ। ੬. ਆਸਣ. ਵਿਛਾਉਣ ਦਾ ਵਸਤ੍ਰ. "ਬੈਸਹਿਂ ਪੁਟ ਪਟ ਬਿਮਲ ਬਿਛਾਏ." (ਨਾਪ੍ਰ) ੬. ਖੀਸਾ. ਦੇਖੋ, ਅੰ. Pocket.

ਪੁਟਕ: ਸੰ. ਸੰਗਯਾ- ਕਮਲ। ੨. ਉਂਜਲ. ਬੁੱਕ। ੩. ਖੀਸਾ. ਜੇਬ. ਦੇਖੋ, ਅੰ. Pocket.

ਪੁਟਿਕਾ: ਸੰ. ਸੰਗਯਾ- ਪੁੜੀ.

ਪੁੱਟਣਾ: ਕ੍ਰਿ- ਉਤਪਾਦਨ ਕਰਨਾ. ਉਖੇੜਨਾ। ੨. ਸੰ. ਪੁੱਟ੍. ਧਾ- ਛੋਟਾ ਹੋਣਾ, ਕਮ (ਘੱਟ) ਹੋਣਾ.

ਪੁਠਕੰਡਾ: ਸੰਗਯਾ- ਉਲਟੇ ਕੰਡਿਆਂ ਵਾਲਾ ਇੱਕ ਪੌਧਾ, ਜਿਸ ਦੀ ਭਸਮ ਖਾਂਸੀ ਹਟਾਉਂਦੀ ਹੈ. L. Amarantaceae

ਪੁੱਠ: ਸੰਗਯਾ- ਪਾਹ. ਪੁਟ. ਪਾਣ। ੨. ਪ੍ਰਿਸ਼੍ਠ. ਪਿੱਠ। ੩. ਪਿਛਲਾ ਪਾਸਾ. ਸਿੱਧ ਤੋਂ ਉਲਟ.

ਪੁੱਠਾ: ਵਿ- ਉਲਟਾ. ਵਿਪਰੀਤ। ੨. ਸੰਗਯਾ- ਘੋੜੇ ਦੀ ਪਿੱਠ ਦਾ ਪਿਛਲਾ ਭਾਗ, ਜੋ ਪਿਛਲੀ ਲੱਤਾਂ ਦੇ ਉੱਪਰ ਹੁੰਦਾ ਹੈ. "ਪੁੱਠੇ ਬਡੇ ਪੁੱਛ ਸਟਕਾਰੀ." (ਗੁਪ੍ਰਸੂ)

ਪੁਡ: ਸੰ. पुड. ਧਾ- ਢਕਣਾ (ਆਛਾਦਨ ਕਰਨਾ), ਪੀਹਣਾ, ਨਿਸ਼ਾਨ ਕਰਨਾ। ੨. ਸੰਗਯਾ- ਆਕਾਸ. "ਉਡਸ ਤੁਯੰ, ਪੁਡਸ ਤੁਯੰ." (ਗਯਾਨ) ਤੂੰ ਉਡੁ (ਤਾਰਾ- ਨਛਤ੍ਰ) ਹੈਂ, ਤੂੰ ਆਕਾਸ਼ਰੂਪ ਹੈਂ.

ਪੁੰਡਰ: ਸੰ. ਪਾਂਡੁਰ. ਵਿ- ਪਿਲੱਤਣ ਦੀ ਝਲਕ ਨਾਲ ਚਿੱਟਾ। ੨. ਸਫ਼ੇਦ. ਚਿੱਟਾ. "ਪੁੰਡਰ ਕੇਸ ਕੁਸਮ ਤੇ ਧਉਲੇ." (ਸ੍ਰੀ ਬੇਣੀ) "ਕੇਸ ਪੁੰਡਰ ਜਬ ਹੁਏ." (ਆਸਾ ਪਟੀ ਮਃ ੧)

ਪੁੰਡਰਕ, ਪੁੰਡਰੀਕ: ਸੰ. पुण्डरीक. ਸੰਗਯਾ- ਖੰਡਨ ਕਰਨ ਵਾਲਾ ਦਿੱਗਜ ਹਾਥੀ, ਜੋ ਅਗਨਿ ਕੋਣ (ਦੱਖਣ ਪੂਰਵ) ਵਿੱਚ ਹੈ। ੨. ਸ਼ੇਰ. ਸਿੰਘ। ੩. ਚਿੱਟਾ ਕਮਲ. "ਪਹਿਲ ਪੁਰੀਏ ਪੁੰਡਰਕ ਵਨਾ." (ਧਨਾ ਨਾਮਦੇਵ) ੪. ਰੇਸ਼ਮ ਦਾ ਕੀੜਾ। ੫. ਕਮੰਡਲੁ। ੬. ਚਿੱਟੀ ਗੁੱਦ ਵਾਲਾ (ਸਫ਼ੇਦਾ) ਅੰਬ। ੭. ਚਿੱਟੇ ਰੰਗ ਦਾ ਹਾਥੀ। ੮. ਪੋਂਡਾ, ਗੰਨਾ. ੯. ਚੀਨੀ. ਖੰਡ। ੧੦. ਇੱਕ ਨਾਗ। ੧੧. ਚਿੱਟੇ ਰੰਗ ਦਾ ਸੱਪ। ੧੨. ਫੁਲਵਹਿਰੀ. ਸਫੇਦ ਕੋੜ੍ਹ। ੧੩. ਅਗਨਿ। ੧੪. ਤੀਰ। ੧੫. ਆਕਾਸ਼। ੧੬. ਚਿੱਟਾ ਰੰਗ.

ਪੁੰਡਰੀਕਨਾਦਨਿ: ਸੰਗਯਾ- ਪੁੰਡਰੀਕ (ਸ਼ੇਰ) ਜੇਹਾ ਸ਼ਬਦ ਕਰਨ ਵਾਲੀ ਸੈਨਾ. ਸਿੰਘਨਾਦ ਕਰਨ ਵਾਲੀ ਫੌਜ. (ਸਨਾਮਾ) ੨. ਬੰਦੂਕ. (ਸਨਾਮਾ)

ਪੁੰਡਰੀਕਾਕ੍ਸ਼: ਸੰਗਯਾ- ਪੁੰਡਰੀਕ (ਕਮਲ) ਵਰਗੀਆਂ ਅੱਖਾਂ ਵਾਲਾ, ਵਿਸ਼ਨੁ। ੨. ਵਿ- ਕਮਲ ਜੇਹੀਆਂ ਅੱਖਾਂ ਵਾਲਾ. ਜਿਸ ਦੇ ਨੇਤ੍ਰ ਕਮਲਦਲ ਤੁੱਲ ਹੋਣ.

ਪੁੰਡ੍ਰ: ਸੰ. पुण्ड. ਸੰਗਯਾ- ਪੋਂਡਾ. ਮੋਟਾ ਇੱਖ (ਕਮਾਦ). ੨. ਤਿਲਕ. ਟਿੱਕਾ. ਦੇਖੋ, ਉਰਧਪੁੰਡ੍ਰ। ੩. ਰਾਜਾ ਬਲਿ ਦਾ ਇੱਕ ਪੁਤ੍ਰ ਅਤੇ ਉਸੇ ਨਾਮ ਤੋਂ ਪ੍ਰਸਿੱਧ ਹੋਇਆ ਦੇਸ਼. ਜੋ ਬਿਹਾਰ ਦਾ ਇੱਕ ਭਾਗ ਹੈ.

ਪੁਣ: ਸੰ. पुण. ਧਾ- ਪਵਿਤ੍ਰ ਹੋਣਾ. ਵ੍ਰਿੱਧਿ (ਤਰੱਕੀ) ਕਰਨਾ. ਜਮਾ ਕਰਨਾ.

ਪੁਣਛ: ਰਿਆਸਤ ਕਸ਼ਮੀਰ ਦੇ ਅੰਤਰਗਤ ਇੱਕ ਪਹਾੜੀ ਰਿਆਸਤ ਅਤੇ ਉਸ ਦਾ ਪ੍ਰਧਾਨ ਨਗਰ, ਜਿੱਥੇ ਮਹਾਰਾਜਾ ਰਣਜੀਤ ਸਿੰਘ ਦੇ ਸੇਵਕ ਰਾਜਾ ਧਯਾਨ ਸਿੰਘ ਡੋਗਰੇ ਦੀ ਔਲਾਦ ਰਾਜ ਕਰਦੀ ਹੈ. ਪੁਣਛ ਦੀ ਸਮੁੰਦਰ ਤੋਂ ਉਚਾਈ ੩੩੦੦ ਫੁਟ ਹੈ. ਦੇਖੋ, ਧਯਾਨ ਸਿੰਘ.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪ੍ਰੇਮੀ ਆ਼ਮਿਲ ਸਿੱਖ ਭਾਈ ਫੇਰੂ ਸਿੰਘ ਨੂੰ ਕਸ਼ਮੀਰ ਦੇ ਇਲਾਕੇ ਸਿੱਖ ਧਰਮ ਦੇ ਪ੍ਰਚਾਰ ਲਈ ਭੇਜਿਆ, ਜਿਸ ਨੇ ਬਹੁਤ ਸਿੰਘ ਸਜਾਏ ਅਰ ਗੁਰਮਤ ਦੇ ਨਿਯਮ ਦ੍ਰਿੜ੍ਹਾਏ. ਇਨ੍ਹਾਂ ਦੇ ਚਾਟੜਿਆਂ (ਭਾਈ ਪੰਜਾਬਸਿੰਘ ਜੀ, ਭਾਈ ਰੋਚਾਸਿੰਘ ਜੀ)[779] ਨੇ ਭੀ ਉੱਤਮ ਪ੍ਰਚਾਰ ਕੀਤਾ. ਭਾਈ ਰੋਚਾਸਿੰਘ ਜੀ ਦੇ ਚਾਟੜੇ ਭਾਈ ਮੇਲਾਸਿੰਘ ਜੀ ਨੇ ਪੁਣਛ ਤੋਂ ਚੜ੍ਹਦੇ ਵੱਲ ਤਿੰਨਕੁ ਮੀਲ ਨਗਾਲੀ ਪਿੰਡ ਵਿੱਚ ਡੇਰਾ ਬਣਾਕੇ ਕਸ਼ਮੀਰ ਦੇ ਇਲਾਕੇ ਵਿੱਚ ਗੁਰਮਤ ਦੇ ਪ੍ਰਚਾਰ ਕਾ ਕੰਮ ਅਰੰਭਿਆ ਅਤੇ ਵਡੀ ਸਫਲਤਾ ਹੋਈ.

ਮੇਲਾ ਸਿੰਘ ਜੀ ਦਾ ਜਨਮ ਕੋਟੇਹੜੀ ਪਿੰਡ (ਪੁਣਛਰਾਜ) ਅੰਦਰ ਫੱਗੁਣ ਸੰਮਤ ੧੯੪੦ ਵਿੱਚ ਅਤੇ ਦੇਹਾਂਤ ੨੨ ਕੱਤਕ ਸੰਮਤ ੧੯੭੧ ਨੂੰ ਹੋਇਆ ਹੈ.

ਨਗਾਲੀ ਦੇ ਡੇਰੇ ਨੂੰ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਜਾਗੀਰ ਦਿੱਤੀ, ਫੇਰ ਅੱਠ ਪਿੰਡ ਰਾਜਾ ਗੁਲਾਬ ਸਿੰਘ ਨੇ ਅਰਪੇ.

ਇਸ ਵੇਲੇ ਭਾਈ ਮੰਗਲ ਸਿੰਘ ਜੀ ਮਹੰਤ ਹਨ ਅਤੇ ਗੁਰਮਤ ਦਾ ਪ੍ਰਚਾਰ ਕਰ ਰਹੇ ਹਨ.

ਪੁਣਨਾ: ਸੰ. पुणना. ਧਾ- ਪਵਿਤ੍ਰ ਹੋਣਾ, ਸ਼ੁੱਧ ਹੋਣਾ, ਛਾਣਨਾ, ਸਾਫ ਕਰਨਾ। ੨. ਸੰਗਯਾ- ਨਯਾਯ ਦਾ ਨਿਰਣਾ. ਇਨਸਾਫ ਕਰਨਾ. "ਸਾਹਿਬ ਕੇ ਦਰਿ ਹਛਾ ਪੁਣੀਐ." (ਮਃ ੧. ਬੰਨੋ) ੩. ਮਾਝੇ ਅਤੇ ਪੋਠੋਹਾਰ ਵਿੱਚ ਪੁਣਨਾ ਦਾ ਅਰਥ ਗਾਲਾਂ ਕੱਢਣੀਆਂ ਭੀ ਹੈ, ਜਿਵੇਂ- ਮਾਵਾਂ ਧੀਆਂ ਨੂੰ ਪੁਣਨਾ ਚੰਗਾ ਨਹੀਂ. (ਲੋਕੋ)

---

[779] ਭਾਈ ਰੋਚਾਸਿੰਘ ਜੀ ਜਿਲੇ ਹਜਾਰੇ ਦੇ ਕੌਸਾ ਪਿੰਡ ਵਿੱਚ ਸੰਮਤ ੧੭੪੫ ਵਿੱਚ ਜਨਮੇ. ਇਨ੍ਹਾਂ ਨੇ ਪੋਠੋਹਾਰ ਕਸ਼ਮੀਰ ਆਦਿਕ ਇਲਾਕਿਆਂ ਵਿੱਚ ਗੁਰਸਿੱਖੀ ਦਾ ਉੱਤਮ ਪ੍ਰਚਾਰ ਕੀਤਾ.

ਪੁਣੇਦੇ: ਕ੍ਰਿ. ਵਿ- ਛਾਣਦੇ. "ਹਭ ਭਸੁ ਪੁਣੇਦੇ ਵਤਨਿ." (ਵਾਰ ਰਾਮ ੨. ਮਃ ੫) ਸਾਰੇ ਖ਼ਾਕ ਛਾਣਦੇ ਪਏ ਫਿਰਨ.

ਪੁਤ: ਸੰਗਯਾ- ਪੁਤ੍ਰ. ਬੇਟਾ. ਸੁਤ. "ਪੁਤ ਭਾਈ ਭਾਤੀਜੇ ਰੋਵਹਿ." (ਵਡ ਅਲਾਹਣੀ) ਮਃ ੧) ੨. ਸੰ. ਨਰਕ. ਦੇਖੋ, ਪੁਤ੍ਰ.

ਪੁਤਹਾਰੀ: ਹਾਰੀ- ਪੁਤ੍ਰ. ਹਾਰੀ (ਮਨਭਾਵਨ) ਪੁਤ੍ਰ. ਮਨੋਹਰ ਸੰਤਾਨ. "ਜਿਨਿ ਦੀਏ ਭ੍ਰਾਤ ਪੁਤਹਾਰੀ." (ਰਾਮ ਅਃ ਮਃ ੫) ੨. ਪੁਤ੍ਰਹਾਰੀ (पुत्रहारिन्) ਖਿਲਾਵਾ. ਬੇਟੇ ਨੂੰ ਬਾਹਰ ਹਵਾਖੋਰੀ ਅਤੇ ਖਿਡਾਉਣ ਲਈ ਲੈ ਜਾਣ ਵਾਲਾ, ਦਾਇਆ.

ਪੁਤਨਾ: ਦੇਖੋ, ਪੂਤਨਾ.

ਪੁਤਰ: ਦੇਖੋ, ਪੁਤ੍ਰ.

ਪੁਤਰਾ, ਪੁਤਰੀ: ਸੰ. ਪੁੱਤਲ ਅਤੇ ਪੁੱਤਲਿਕਾ. ਸੰਗਯਾ- ਗੁੱਡੀ. ਪੂਤਲੀ। ੨. ਭਾਵ- ਸ਼ਰੀਰ, "ਮਾਟੀ ਕੋ ਪੁਤਰਾ ਕੈਸੇ ਨਚਤ ਹੈ!" (ਆਸਾ ਕਬੀਰ) "ਪੰਚ ਤਤੁ ਕਰਿ ਪੁਤਰਾ ਕੀਨਾ." (ਰਾਮ ਮਃ ੫) "ਪੁਤਰੀ ਤੇਰੀ ਬਿਧਿਕਰਿ ਥਾਟੀ." (ਆਸਾ ਮਃ ੫) ੩. ਅੱਖ ਦੀ ਧੀਰੀ (Pupil). "ਨੈਨਨ ਕੀ ਪੁਤਰੀ ਦੋਊ ਹਾਰੀ." (ਕ੍ਰਿਸਨਾਵ)

ਪੁਤਰੇਲਾ: ਗੋਦੀ ਲਿਆ ਹੋਇਆ ਪੁਤ੍ਰ. ਪਾਲਿਤ ਪੁਤ੍ਰ

ਪੁਤਲਾ, ਪੁਤਲੀ: ਦੇਖੋ, ਪੁਤਰਾ- ਪੁਤਰੀ.

ਪੁਤੀਂ: ਪੁਤੀਂ. ਪੁਤ੍ਰਾਂ ਕਰਕੇ. ਪੁਤ੍ਰੋਂ ਸੇ. "ਪੁਤੀਂ ਗੰਢੁ ਪਵੈ ਸੰਸਾਰਿ." (ਵਾਰ ਮਾਝ ਮਃ ੧)

ਪੁਤੁ, ਪੁੱਤ, ਪੁਤ੍ਰ: ਸੰ. ਸੰਗਯਾ- ਜੋ ਪੁੰ ਨਾਮਕ ਨਰਕ ਤੋਂ ਬਚਾਵੇ, ਬੇਟਾ. ਸੁਤ. ਦੇਖੋ, ਵਿਸਨੁਪੁਰਾਣ ਅੰਸ਼ ੧. ਅਃ ੧੩. ਅਤੇ ਮਨੁਸਿਮ੍ਰਿਤਿ ਅਃ ੯. ਸ਼ਃ ੧੩੮[780] "ਪੁਤੁਕਲਤੁ ਕੁਟੰਬ ਹੈ." (ਸਵਾ ਮਃ ੪) "ਪੁਤ੍ਰ ਮਿਤ੍ਰ ਬਿਲਾਸ ਬਨਿਤਾ." (ਮਾਰੂ ਮਃ ੫)

ਪੁਤ੍ਰ ਕਲਤ੍ਰ: ਪੁਤ੍ਰ ਅਤੇ ਇਸਤ੍ਰੀ। ੨. ਪੁਤ੍ਰ ਦੀ ਕਲਤ੍ਰ (ਵਹੁਟੀ), ਨੂੰਹ. "ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ." (ਸੋਰ ਮਃ ੫)

ਪੁਤ੍ਰਵੰਤੀ: ਵਿ- ਪੁਤ੍ਰਵਤੀ. ਬੇਟੇ ਵਾਲੀ. "ਪੁਤ੍ਰਵੰਤੀ ਸੀਲਵੰਤਿ ਸੁਹਾਗਣਿ." (ਮਾਝ ਮਃ ੫)

ਪੁਤ੍ਰਾ: ਦੇਖੋ, ਪੁਤਰਾ.

ਪੁਤ੍ਰਿਕਾ: ਸੰਗਯਾ- ਪੁਤ੍ਰੀ. ਬੇਟੀ। ੨. ਹਿੰਦੂ ਧਰਮ ਸ਼ਾਸਤ੍ਰ ਅਨੁਸਾਰ ਉਹ ਲੜਕੀ, ਜਿਸ ਦੀ ਸ਼ਾਦੀ ਸਮੇਂ ਉਸ ਦਾ ਪਿਤਾ ਇਹ ਵਚਨ ਲੈ ਲਵੇ ਕਿ ਜੋ ਕਨਯਾ ਦੇ ਪੁਤ੍ਰ ਹੋਊ ਉਹ ਨਾਨੇ ਦਾ ਪੁਤ੍ਰ ਸਮਝਿਆ ਜਾਊ। ੩. ਪੁੱਤਲਿਕਾ. ਪੁਤਲੀ. "ਚਿਤ੍ਰ ਕੀ ਪੁਤ੍ਰਿਕਾ ਹੈ." (ਰਾਮਾਵ) "ਜਨੁਕ ਕਨਕ ਕੀ ਪੁਤ੍ਰਿਕਾ." (ਚਰਿਤ੍ਰ ੯੬)

ਪੁਤ੍ਰੀ: ਸੰਗਯਾ- ਬੇਟੀ. ਸੁਤਾ. "ਸਾਈ ਪੁਤ੍ਰੀ ਜਜਮਾਨ ਕੀ." (ਆਸਾ ਪਟੀ ਮਃ ੩) ੨. ਪੁੱਤਲਿਕਾ. ਪੁਤਲੀ. "ਕਿ ਸੋਵਰਣ ਪੁਤ੍ਰੀ." (ਦੱਤਾਵ) ਮਾਨੋ ਸੋਨੇ ਦੀ ਪੁਤਲੀ ਹੈ। ੩. ਅੱਖ ਦੀ ਧੀਰੀ। ੪. ਪੁਤ੍ਰੀ. ʼ ਪੁਤ੍ਰਾਂ ਨੇ. "ਪੁਤ੍ਰੀ ਕਉਲੁ ਨ ਪਾਲਿਓ." (ਵਾਰ ਰਾਮ ੩)

ਪੁਦਗਲ: ਸੰ. ਪੁਦ੍ਗਲ. ਸੰਗਯਾ- ਪਰਮਾਣੁ। ੨. ਆਤਮਾ। ੩. ਬੌੱਧਮਤ ਅਨੁਸਾਰ ਦੇਹ. ਸ਼ਰੀਰ। ੪. ਜੈਨਮਤ ਅਨੁਸਾਰ ਸਪਰਸ਼, ਰਸ ਅਤੇ ਵਰਣ (ਰੰਗ) ਵਾਲਾ ਜੜ੍ਹ ਪਦਾਰਥ.

ਪੁਦੀਨਾ: ਦੇਖੋ, ਪੋਦੀਨਾ.

---

੧ "पुन्नामने नरकाद् यस्मात् पितरं त्रायते सुतः, तस्मात पुत्र इति प्रोक्तः"

ਪੁਨ: ਸੰ. ਪੁਨਃ (पुनर) ਵਯ- ਫੇਰ. ਦੂਸਰੀ ਵਾਰ। ੨. ਉਪਰਾਂਤ. ਅਨੰਤਰ. "ਪੁਨ ਰਾਛਸ ਕਾ ਕਾਟਾ ਸੀਸਾ." (ਚਰਿਤ੍ਰ ੪੦੫) ੩. ਸੰ. ਪੁਨਯ (पुण्य) ਪਵਿਤ੍ਰ ਕਰਮ. "ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ." (ਵਾਰ ਜੈਤ) ੪. ਸੰ. ਪੁਨ. ਪਵਿਤ੍ਰ ਕਰਨਾ.

ਪੁੰਨ: ਸੰ. पुण्य ਵਿ- ਪਵਿਤ੍ਰ. ਭਲਾ. ਨੇਕ. "ਹਰਿਰਸ ਚਾਖਿਆ ਸੇ ਪੁੰਨ ਪਰਾਣੀ." (ਵਾਰ ਗੂਜ ੧. ਮਃ ੩) ੨. ਸੰਗਯਾ- ਸ਼ੁਭ ਕਰਮ. ਪਵਿਤ੍ਰ ਫਲ ਦੇਣ ਵਾਲਾ ਕਰਮ. ਸੁਕ੍ਰਿਤ. "ਪੁੰਨ ਪਾਪ ਸਭੁ ਬੇਦ ਦ੍ਰਿੜਾਇਆ." (ਮਾਰੂ ਸੋਲਹੇ ਮਃ ੩) ਪਾਪ ਤੋਂ ਭਾਵ ਹਿੰਸਾ ਹੈ.

ਪੁਨਹ: ਦੇਖੋ, ਪੁਨ ੧. "ਪੁਨਹ ਪੁਨਹ ਨਮਸਕਾਰ." (ਟੋਡੀ ਮਃ ੫)

ਪੁਨਹਚਰਣ, ਪੁਨਹਚਰਨ, ਪੁਨਹਚਾਰ: ਸੰ. ਪੁਰਸ਼੍ਚਰਣ. ਸੰਗਯਾ- ਕਿਸੇ ਕਾਰਜ ਦੀ ਸਿੱਧੀ ਲਈ ਪਹਿਲਾਂ ਉਪਾਉ ਸੋਚਣ ਦੀ ਕ੍ਰਿਯਾ। ੨. ਜਪਪਾਠ ਦਾ ਪ੍ਰਯੋਗ. ਮੰਤ੍ਰਸਿੱਧੀ ਲਈ ਜਪ. ਤੰਤ੍ਰਸ਼ਾਸਤ੍ਰ ਵਿੱਚ ਪੁਰਸ਼੍ਚਰਣ ਦੇ ਪੰਜ ਅੰਗ ਲਿਖੇ ਹਨ-

ਜਪ, ਹੋਮ, ਤਰਪਣ, ਅਭਿਖੇਕ ਅਤੇ ਬ੍ਰਾਹਮਣਭੋਜਨ.

"ਅਨਿਕ ਪੁਨਹਚਰਨ ਕਰਤ ਨਹੀ ਤਰੈ." (ਸੁਖਮਨੀ)

"ਮੰਤ੍ਰ ਤੰਤ੍ਰ ਅਉਖਧੁ ਪੁਨਹਚਾਰ." (ਗਉ ਮਃ ੫)

"ਉਧਰੰ ਨਾਮ ਪੁਨਹਚਾਰ." (ਭੈਰ ਮਃ ੫)

ਪੁਨਹ ਪੁਨਹ: ਪੌਨ. ਪੁਨਿਕ. ਫਿਰ ਫਿਰ. ਬਾਰ ਬਾਰ. ਹਟਹਟਕੇ. ਦੇਖੋ, ਪੁਨਹ.

ਪੁਨਹਾ: ਇਸ ਛੰਦ ਦਾ ਨਾਮ "ਹਰਿਹਾਂ", "ਚਾਂਦ੍ਰਾਯਣ", "ਪਰਿਹਾਂ" ਅਤੇ "ਫੁਨਹਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੧. ਮਾਤ੍ਰਾ, ਪਹਿਲਾ ਵਿਸ਼੍ਰਾਮ ੧੧. ਪੁਰ, ਜਗਣਾਂਤ, ਦੂਜਾ ੧੦. ਪੁਰ ਰਗਣਾਂਤ.

ਉਦਾਹਰਣ-

ਧਾਵਉ ਦਸਾ ਅਨੇਕ, ਪ੍ਰੇਮਪ੍ਰਭੁ ਕਾਰਣੇ,

ਪੰਚ ਸਤਾਵਹਿ ਦੂਤ, ਕਵਨਬਿਧਿ ਮਾਰਣੇ? ××

(ਫੁਨਹੇ ਮਃ ੫)

ਇਸ ਛੰਦ ਦੇ ਅੰਤਿਮ ਚਰਣ ਦੇ ਆਦਿ ਹੇ! ਹਰਹਾਂ! ਹੋ! ਫਰੀਦਾ! ਬਜੀਦਾ! ਆਦਿਕ ਸੰਬੋਧਨ ਅਤੇ ਨਾਮ ਕਵਿ ਦੀ ਇੱਛਾ ਅਨੁਸਾਰ ਲਗਾਏ ਜਾ ਸਕਦੇ ਹਨ, ਅਰ ਉਹ ਮਾਤ੍ਰਾ ਦੀ ਸੰਖਯਾ ਤੋਂ ਬਾਹਰ ਹੁੰਦੇ ਹਨ.

(ਅ) ਕਈ ਕਵੀਆਂ ਨੇ ਵਿਚਕਾਰ ਜਗਣ ਦਾ ਹੋਣਾ ਜਰੂਰੀ ਨਹੀਂ ਸਮਝਿਆ, ਕੇਵਲ ਅੰਤ ਰਗਣ ਹੀ ਮੰਨਿਆ ਹੈ, ਯਥਾ-

ਆਯਸ ਅਬ ਜੌ ਹੋਇ, ਗ੍ਰੰਥ ਤਉ ਮੈ ਰਚੋਂ,

ਰਤਨ ਪ੍ਰਮੁਦ ਕਰ ਬਚਨ, ਚੀਨ ਤਾਂ ਮੇ ਗਚੋਂ,

ਭਾਖਾ ਸੁਭ ਸਭ ਕਰਹੋਂ, ਧਰਹੋਂ ਕ੍ਰਿੱਤ ਮੈ,

ਅਦਭੁਤ ਕਥਾ ਅਪਾਰ, ਸਮਝ ਕਰ ਚਿੱਤ ਮੇਂ.

(ਚੰਡੀ ੧)

ਭਾਂਡਾ ਧੋਵੈ ਕਉਣ, ਜਿ ਕੱਚਾ ਸਾਜਿਆ,

ਧਾਤੁ ਪੰਜਿ ਰਲਾਇ, ਕੂੜਾ ਪਾਜਿਆ. ××

(ਸਵਾ ਮਃ ੧)

ਪੁਨਚ, ਪੁਨਛ: ਦੇਖੋ, ਪੁਣਛ.

ਪੁੰਨਦਾਨ: ਪੁਨ੍ਯ (पुण्य) ਦਾਨ. ਪਵਿਤ੍ਰ ਦਾਨ. ਉੱਤਮ ਦਾਨ. ਸੁਪ੍ਰਾਤ੍ਰ ਵਿੱਚ ਦਿੱਤਾ ਦਾਨ. "ਪੁੰਨਦਾਨ ਕਾ ਕਰੈ ਸਰੀਰ." (ਵਾਰ ਰਾਮ ੧. ਮਃ ੧)

ਪੁੰਨ ਪਰਾਣੀ: ਪੁਨ੍ਯ (ਪਵਿਤ੍ਰ) ਜੀਵ. ਪਵਿਤ੍ਰਾਤਮਾ ਪ੍ਰਾਣੀ. "ਤੇ ਪੁੰਨ ਪਰਾਣੀ." (ਵਾਰ ਗੂਜ ੧. ਮਃ ੩)

ਪੁਨਰ: ਦੇਖੋ, ਪੁਨ ੧

ਪੁਨਰਪਿ: ਸੰ. ਕ੍ਰਿ. ਵਿ- ਪੁਨਃ ਅਪਿ. ਫਿਰ ਭੀ। ੨. ਫਿਰ ਕਦੀ. "ਪੁਨਰਪਿ ਜਨਮ ਨ ਆਹੀ." (ਗਉ ਮਃ ੩) "ਪੁਨਰਪਿ ਗਰਭਿ ਨ ਪਾਵਨਾ." (ਮਾਰੂ ਅਃ ਮਃ ੫)

ਪੁਨਰਭਵ: ਸੰ. ਪੁਨਰ੍ਭਵ. ਸੰਗ੍ਯਾ- ਫੇਰ ਜਨਮ. ਦੇਹ ਤ੍ਯਾਗ ਪਿੱਛੋਂ ਫੇਰ ਜਨਮ ਧਾਰਣ। ੨. ਨੌਂਹ. ਨਾਖ਼ੁਨ, ਜੋ ਕੱਟਣ ਪਿੱਛੋਂ ਫੇਰ ਪੈਦਾ ਹੋ ਜਾਂਦੇ ਹਨ.

ਪੁਨਰਭੂ: ਸੰ. ਸੰਗ੍ਯਾ- ਨਖ (ਨਾਖ਼ੁਨ), ਜੋ ਕੱਟਣ ਪਿੱਛੋਂ ਫੇਰ ਜੰਮ ਪੈਂਦੇ ਹਨ. "ਦਿਪਹਿਂ ਪੁਨਰਭੂ ਮਾਣਿਕ ਜੈਸੇ." (ਗੁਪ੍ਰਸੂ) ੨. ਹਿੰਦੂਮਤ ਦੇ ਧਰਮ ਗ੍ਰੰਥਾਂ ਅਨੁਸਾਰ ਉਹ ਇਸਤ੍ਰੀ, ਜਿਸ ਦਾ ਪਤੀ ਨਾਲ ਦੂਜੀ ਵਾਰ ਵਿਆਹ ਹੋਵੇ। ੩. ਉਹ ਇਸਤ੍ਰੀ, ਜਿਸ ਦਾ ਵਿਧਵਾ ਹੋਣ ਪੁਰ ਵਿਆਹ ਕੀਤਾ ਜਾਵੇ। ੪. ਉਹ ਇਸਤ੍ਰੀ, ਜਿਸ ਦਾ ਵਿਧਵਾ ਹੋਣ ਪੁਰ ਚਾਲ ਚਲਨ ਵਿਗੜ ਗਿਆ ਹੈ, ਪਰ ਉਸ ਨੂੰ ਨੇਕ ਬਣਾਉਣ ਲਈ ਵਿਆਹ ਕਰ ਦਿੱਤਾ ਜਾਵੇ.[781]

ਪੁਨਰਵਿਵਾਹ: ਪਤਿ ਮਰਨ ਪੁਰ ਇਸਤ੍ਰੀ ਦਾ, ਅਤੇ ਇਸਤ੍ਰੀ ਮਰਨ ਪੁਰ ਪਤਿ ਦਾ ਦੂਜੀ ਵਾਰ ਵਿਆਹ. ਹਿੰਦੂਮਤ ਦੇ ਧਰਮਸ਼ਾਸਤ੍ਰਾਂ ਵਿੱਚ ਵਿਧਵਾ ਵਿਵਾਹ ਦੀ ਆਗ੍ਯਾ ਅਤੇ ਨਿਸ਼ੇਧ ਦੇ ਵਾਕ ਦੇਖੇ ਜਾਂਦੇ ਹਨ.[782] ਅਰ ਬਹੁਤ ਜਾਤਾਂ ਵਿਧਵਾਵਿਵਾਹ ਦੇ ਵਿਰੁੱਧ ਹਨ. ਸਿੱਖ ਧਰਮ ਵਿੱਚ ਪੁਨਰਵਿਵਾਹ ਦੀ ਪੂਰੀ ਆਗ੍ਯਾ ਹੈ. ਦੇਖੋ, ਅਪਰਸੰਯੋਗ.

ਪੁਨਰਾਗਮਨ, ਪੁਨਰਾਵਰਤ: ਸੰਗ੍ਯਾ- ਫੇਰ ਆਉਣ ਦੀ ਕ੍ਰਿਯਾ. ਫਿਰ ਆਵਰ੍ਤ (ਮੁੜਨਾ). ੨. ਦੇਹ ਤ੍ਯਾਗਕੇ ਦੂਜੇ ਸ਼ਰੀਰ ਵਿੱਚ ਫੇਰ ਆਉਣਾ. ਪੁਨਰਜਨਮ. "ਪੁਨਰਾਵਰਤ ਨਹੀਂ ਜਿਤੁ ਹੋਇ." (ਗੁਪ੍ਰਸੂ)

ਪੁਨਰਾਵਰਤੀ: ਸੰ. पुनरावर्त्तिन. ਵਿ- ਫੇਰ ਮੁੜਕੇ ਆਉਣ ਵਾਲਾ। ੨. ਪੁਨਰਜਨਮ ਧਾਰਨ ਵਾਲਾ.

ਪੁਨਰਾਵ੍ਰਿਤੀ: ਸੰ. पुनरावृत्ति. ਸੰਗ੍ਯਾ- ਫਿਰ ਮੁੜਕੇ ਆਉਣ ਦੀ ਕ੍ਰਿਯਾ। ੨. ਕੀਤੇ ਹੋਏ ਕੰਮ ਨੂੰ ਫਿਰ ਦੁਹਰਾਉਣਾ। ੩. ਪੜ੍ਹੇਹੋਏ ਪਾਠ ਦਾ ਫੇਰ ਵਿਚਾਰ ਕਰਨਾ. ਪੁਨਹ ਪੁਨਹ ਅਭ੍ਯਾਸ ਕਰਨਾ। ੪. ਇੱਕ ਦੇਹ ਨੂੰ ਛੱਡਕੇ ਦੂਜੀ ਵਿੱਚ ਆਉਣ ਦਾ

---

[781] ਦੇਖੋ, ਮਿਤਾਕਰਾ.

[782] नष्टे मृते प्रव्रजिते कलीवे च पतिते पतौ। पञ्चस्वापत्सु नारीणां पतिरन्यां विधीयते ॥ (ਪਰਾਸ਼ਰ ਅਤੇ ਨਾਰਦਸਿਮ੍ਰਿਤਿ)
ਪਤੀ ਗੁੰਮ ਹੋਣ ਤੋਂ, ਮਰਨ ਤੋਂ, ਸੰਣ੍ਯਾਸੀ ਹੋਣ ਤੋਂ, ਨਪੁੰਸਕ ਹੋਣ ਤੋਂ, ਜਾਤਿ ਤੋਂ ਪਤਿਤ ਹੋਣ ਪੁਰ, ਇਸਤ੍ਰੀ ਨੂੰ ਦੂਜਾ ਖਸਮ ਕਰਨ ਯੋਗ੍ਯ ਹੈ.
स्त्रीणामुद्वाह एकोवै वेदोक्त पावनो विधिः (ਵ੍ਰਿਹਤ ਪਰਾਸ਼ਰ ਸੰਹਿਤਾ ਅਃ ੪)
न विवाहविधायवुक्तं विधवावेदनं पुनः (ਮਨੁ ਅਃ ੯, ਸ਼ ੬੫)
न द्वितीयश्च साध्वीनां कचिद्भर्त्तोपदिश्यते. (ਮਨੁ ਅਃ ੫, ਸ੍ਰਃ ੧੬੨)
ਭਾਵ-ਇਸਤ੍ਰੀਆਂ ਦਾ ਇੱਕ ਵਾਰ ਹੀ ਵਿਆਹ ਹੈ. ਵਿਆਹਵਿਧੀ ਵਿੱਚ ਵਿਧਵਾ ਦਾ ਦੁਬਾਰਾ ਵਿਆਹ ਨਹੀਂ ਕਿਹਾ, ਦੂਜਾ ਖਸਮ ਇਸਤ੍ਰੀਆਂ ਲਈ ਕਿਤੇ ਨਹੀਂ ਦੱਸਿਆ.

ਭਾਵ.

ਪੁਨਰੁਕਤ: ਸੰ. ਧੁਨਰੁਕ੍ਤ. ਪੁਨঃ (ਫਿਰ) ਉਕ੍ਤ (ਕਿਹਾ ਹੋਇਆ). ਦੁਬਾਰਾ ਕਿਹਾ ਹੋਇਆ ਵਾਕ.

ਪੁਨਰੁਕਤ ਵਦਾਭਾਸ: ਪੁਨਰੁਕ੍ਤਿ- ਵਤ ਆਭਾਸ. (ਪਦਾਂ ਵਿੱਚ ਪੁਨਰੁਕ੍ਤਿ ਦੀ ਝਲਕ). ਇਹ ਸ਼ਬਦਾਲੰਕਾਰ ਹੈ. ਇਸ ਦਾ ਲੱਛਣ ਹੈ ਕਿ ਵਾਕ ਵਿੱਚ ਪੁਨਰੁਕ੍ਤਿ ਭਾਸੇ, ਪਰ ਵਾਸਤਵ ਵਿੱਚ ਪੁਨਰਕ੍ਤਿ ਨਾ ਹੋਵੇ.

ਭਾਸਤ ਹੈ ਪੁਨਰੁਕ੍ਤਿ ਸੋ. ਨਹਿ ਨਿਦਾਨ ਪੁਨਰੁਕ੍ਤਿ, ਵਦਾਭਾਸ ਪੁਨਰੁਕ੍ਤ ਸੋ, ਭੂਸ਼ਣ ਵਰਣਤ ਯੁਕ੍ਤਿ. (ਸ਼ਿਵਰਾਜ ਭੂਸ਼ਣ)

ਉਦਾਹਰਣ-

ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ.

(ਜਪੁ)

ਇਸ ਥਾਂ ਕੀਰਤਿ ਦਾ ਅਰਥ ਚਰਚਾ ਅਰ ਸ਼ੁਹਰਤ ਹੈ, ਇਸ ਲਈ ਪੁਨਰੁਕ੍ਤਿ ਨਹੀਂ.

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ.

(ਅਨੰਦੁ)

ਇਸ ਤੁਕ ਵਿੱਚ ਸੰਸਾਰ ਪਦ ਕ੍ਸ਼ਣਭੰਗੁਰ ਬੋਧਕ ਹੈ, ਅਰਥਾਤ ਨਾਪਾਇਦਾਰ ਅਰਥ ਰਖਦਾ ਹੈ. ਵਿਸ਼੍ਵ ਸ਼ਬਦ ਦਾ ਅਰਥ ਤਮਾਮ ਭੀ ਹੈ.

ਖਟੁਕਰਮ ਕੁਲ ਸੰਜੁਕਤੁ ਹੈ ਹਰਿਭਗਤਿ ਹਿਰਦੈ ਨਾਹਿ,

ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ.

(ਕੇਦਾ ਰਵਿਦਾਸ)

ਇੱਥੇ ਸਮਾਨ ਪਦ ਦਾ ਅਰਥ ਹੈ ਸ- ਉਸ ਨੂੰ, ਮਾਨ ਜਾਣੋ.

ਜਲਜ ਕਮਲ ਕਰ ਸੋਭਿਤ ਤਾਲ.

ਇਸ ਤੁਕ ਵਿੱਚ ਕਮਲ ਦਾ ਅਰਥ ਜਲ ਹੈ, ਇਸ ਲਈ ਪੁਨਰੁਕ੍ਤਿ ਨਹੀਂ, ਪਰ ਉੱਪਰ ਲਿਖੇ ਸਭ ਵਾਕਾਂ ਵਿੱਚ ਪੁਨਰੁਕ੍ਤਿ ਦੀ ਝਲਕ ਭਾਸਦੀ ਹੈ.

ਪੁਨਰੁਕਤਿ: ਸੰਗਯਾ- ਪੁਨঃ ਉਕ੍ਤਿ. ਕਹੇ ਹੋਏ ਵਾਕ ਨੂੰ ਫੇਰ ਕਹਿਣਾ. ਕਾਵ੍ਯ ਗ੍ਰੰਥਾਂ ਵਿੱਚ ਇਹ ਇੱਕ ਦੋਸ਼ ਹੈ. ਦੇਖੋ, ਕਾਵ੍ਯਦੋਸ਼.

ਪੁੰਨਵਾਨ: ਧੁਣ੍ਯਵਾਨ. ਵਿ- ਪੁਨ੍ਯ ਕਰਨ ਵਾਲਾ. ਧਰਮਾਤਮਾ.

ਪੁੰਨੜੀ: ਪੂਰਣ ਹੋਈ. ਪੁੱਜੀ. "ਮੁਹਲਤਿ ਪੁੰਨੜੀਆ, ਕਿਤੁ ਕੂੜਿ ਲੋਭਾਇਆ?" (ਆਸਾ ਛੰਤ ਮঃ ੫)

ਪੁੰਨਾਗ: ਸੰ. ਧੁਨ੍ਨਾਗ. ਸੰਗਯਾ- ਇੱਕ ਪ੍ਰਕਾਰ ਦਾ ਚੰਪਕ, ਜੋ ਵਿਸ਼ੇਸ਼ ਕਰਕੇ ਮਦਰਾਸ ਦੇ ਇਲਾਕੇ ਸਮੁੰਦਰ ਕਿਨਾਰੇ ਬਹੁਤ ਪਾਇਆ ਜਾਂਦਾ ਹੈ. ਇਸ ਦੇ ਫੁੱਲਾਂ ਦੀ ਤਰੀਆਂ ਨੂੰ ਪੁਨਾਂਗਕੇਸਰ ਸਦਦੇ ਹਨ. ਵੈਦਕ ਵਿੱਚ ਇਸ ਦੀ ਤਾਸੀਰ ਸਰਦ ਤਰ ਹੈ. ਤੁੰਗ. ਦੇਵਵੱਲਭ. L. Rottleria tinctoria। ੨. ਜਾਯਫਲ। ੩. ਚਿੱਟਾ ਕਮਲ। ੪. ਵਿ- ਪੁਰਖਾਂ ਵਿੱਚੋਂ ਸ਼੍ਰੇਸ਼੍ਠ.

ਪੁਨਿ: ਵ੍ਯ- ਭੇਰ. ਦੋਬਾਰਾ. ਤਿਸ ਪਿੱਛੋਂ. "ਪੁਨਿ ਦੈਤਰਾਜ ਵਚ ਭਾਖੇ." (ਸਲੋਹ)

ਪੁੰਨਿਆ: ਪੂਰਣ ਹੋਇਆ. ਪੁੱਜਿਆ. "ਬਿਰਧ ਭਏ ਦਿਨ ਪੁੰਨਿਆ." (ਧਨਾ ਛੰਤ ਮঃ ੧) ੨. ਪੁੰਨਾਂ ਕਰਕੇ. ਪੁੰਨਾਂ ਦੇ ਪ੍ਰਭੁ

ਨਾਲ. "ਚਿਰ ਜੀਵਨ ਬਡ ਪੁੰਨਿਆ." (ਰਾਮ ਮ: ੫. ਬੰਨੋ) ੩. ਸੰਗਯਾ- ਪੂਰ੍ਣਿਮਾ. ਪੂਰਨਮਾਸੀ.

ਪੁੰਨਿਆਤਮਾ: ਸੰ. पुण्यात्मन. ਵਿ- ਜਿਸ ਦਾ ਮਨ ਪਵਿਤ੍ਰਕਰਮ ਵਿੱਚ ਹੈ. ਧਰਮਾਤਮਾ. "ਪ੍ਰਭੁ ਪੁੰਨਿਆਤਮੈ ਕੀਨੇ ਧਰਮਾ." (ਪ੍ਰਭਾਵ ਅ: ਮ: ੫)

ਪੁਨਿੰਦਾ: ਫ਼ਾ. پناہندہ ਪਨਾਹੰਦਾ. ਵਿ- ਪਨਾਹਦਿਹੰਦਾ. ਆਸਰਾ ਦੇਣ ਵਾਲਾ. "ਪਾਲਕ ਪੁਨਿੰਦਾ." (ਗਜਾਨ) ੨. ਪੁਣਨ (ਛਾਣਨ) ਵਾਲਾ.

ਪੁਨੀ, ਪੁੰਨੀ: ਪੂਰ੍ਣ ਹੋਈ. "ਮਿਟਿਗਈ ਚਿੰਤ, ਪੁਨੀ ਮਨ ਆਸਾ." (ਗਉ ਮ: ੫) "ਮੁਹਲਤਿ ਪੁੰਨੀ ਚਲਣਾ." (ਸ੍ਰੀ ਮ: ੫) ੨. ਪੁੰਨਾਂ ਕਰਕੇ. "ਪਾਈਐ ਵਡ ਪੁਨੀ ਮੇਰੇ ਮਨਾ." (ਆਸਾ ਮ: ੫) ੩. ਪੁਨਜਵਾਨ. "ਪੁੰਨੀ ਪਾਪੀ ਆਖਣੁ ਨਾਹਿ." (ਜਪੁ)

ਪੁੰਨੀਆ: ਪੂਰਣ ਹੋਈ. "ਸਗਲ ਇਛਾ ਪੁੰਨੀਆ." (ਬਸੰ ਮ: ੫)

ਪੁਨੀਐ, ਪੁਨੀਹਾ: ਪੂਰਣ ਹੁੰਦੀ ਹੈ. "ਜਿਹ ਪ੍ਰਸਾਦਿ ਇਛ ਪੁਨੀਐ." (ਸੂਹੀ ਛੰਤ ਮ: ੫)

ਪੁਨੀਤ, ਪੁੰਨੀਤ: ਸੰ. ਪੁਨੀਤ. ਵਿ- ਪਵਿਤ੍ਰ ਕੀਤਾ ਹੋਇਆ. ਪਵਿਤ੍ਰ. "ਸੁਣਤੇ ਪੁਨੀਤ ਕਿਹਤੇ ਪਵਿਤ." (ਅਨੰਦੁ) "ਪੇਖਤ ਹੀ ਪੁੰਨੀਤ ਹੋਈ." (ਸ. ਕਬੀਰ)

ਪੁਨੁ: ਦੇਖੋ, ਪੁਨ ੧। ੨. ਦੇਖੋ, ਪੁਨ ੩. "ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ." (ਸੋਹਿਲਾ)

ਪੁੰਨੂ: ਸੂਰਜਵੰਸ਼ੀ ਰਾਜਪੂਤਾਂ ਵਿੱਚੋਂ ਨਿਕਲਿਆ ਇੱਕ ਜੱਟ ਗੋਤ੍ਰ. ਦੇਖੋ, ਪੱਨੂ ਅਤੇ ਪੰਨੂ। ੨. ਦੇਖੋ, ਸੱਸੀ.

ਪੁੰਨੇ: ਪੂਰਣ ਹੋਏ. ਵੀਤੇ. ਗੁਜ਼ਰੇ. "ਆਏ ਦੂਰ ਵਿੰਦ ਦਿਨ ਪੁੰਨੇ." (ਗੁਪ੍ਰਸੂ)

ਪੁਨਯ: ਸੰ. पुण्य. ਸੰਗਯਾ- ਪਵਿਤ੍ਰਕਰਮ. ਸੁਕ੍ਰਿਤ। ੨. ਵਿ- ਪਵਿਤ੍ਰ.

ਪੁਨਯਦਾਨ: ਪਵਿਤ੍ਰ ਦਾਨ. ਉੱਤਮ ਦਾਨ. ਦੇਖੋ, ਪੁੰਨ ਦਾਨ.

ਪੁਨਯਾਤਮਾ: ਸੰ. पुण्यात्मन. ਵਿ- ਪਵਿਤ੍ਰ ਮਨ ਵਾਲਾ। ੨. ਦਾਨ ਪੁੰਨ ਕਰਨ ਵਾਲਾ.

ਪੁਬ: ਸੰ. ਪੂਰ੍ਵੰ ਕ੍ਰਿ. ਵਿ- ਪਹਿਲੇ. ਪੇਸ਼ਤਰ. "ਪੁਬ ਜਿਨਹੁ ਸੇਵਾ ਕਰੀਆ." (ਸਵੈਯੇ ਮ: ੪. ਕੇ) ੨. ਸੰਗਯਾ- ਪੂਰ੍ਵ ਦਿਸ਼ਾ. ਦੇਖੋ, ਪੁਬਿ.

ਪੁਬਲੀ: ਵਿ- ਪੂਰ੍ਵ ਕਾਲ ਦੀ ਪਹਿਲੀ. "ਪ੍ਰੀਤਿ ਪੁਬਲੀ ਨ ਹੁਟਹਿ." (ਸਵੈਯੇ ਮ: ੪. ਕੇ)

ਪੁਬਿ: ਸੰਗਯਾ- ਪੂਰ੍ਵ ਦਿਸ਼ਾ ਵਿੱਚ. "ਪੁਬਿ ਅਰੁ ਪਸ੍ਚਮਿ." (ਸਵੈਯੇ ਮ: ੩. ਕੇ) ਦੇਖੋ, ਉਤਰਿ.

ਪੁਮ, ਪੁਮਾਨ: ਸੰ. पुमस ਅਤੇ पुमान. ਸੰਗਯਾ- ਪੁਰਖ. ਮਰਦ. ਨਰ.

ਪੁਰ: ਸੰਗਯਾ- ਪੁਲ. ਦੇਖੋ, ਪੁਰਸਲਾਤ। ੨. ਦੋ ਗਜ਼ ਦਾ ਮਾਪ. ਚਾਰ ਹੱਥ ਪ੍ਰਮਾਣ। ੩. ਪੁੜ. ਪੁਟ. "ਦੁਇ ਪੁਰ ਜੋਰਿ ਰਸਾਈ ਭਾਠੀ." (ਰਾਮ ਕਬੀਰ) "ਦੂਹੂੰ ਪੁਰਨ ਮੇ ਆਇਕੈ ਸਾਬਤ ਗਯਾ ਨ ਕੋਇ." (ਚਰਿਤ੍ਰ ੯੧) ੪. ਸੰ. ਨਗਰ. ਸ਼ਹਿਰ. "ਪੁਰ ਮਹਿ ਕਿਯੋ ਪਯਾਨ." (ਨਾਪ੍ਰ) ੫. ਘਰ ਰਹਿਣ ਦਾ ਅਸਥਾਨ। ੬. ਅਟਾਰੀ। ੭. ਲੋਕ. ਭੁਵਨ। ੮. ਦੇਹ. ਸ਼ਰੀਰ। ੯. ਕਿਲਾ. ਦੁਰਗ। ੧੦. ਫ਼ਾ. پُر ਵਿ- ਪੂਰ੍ਣ. ਭਰਿਆ ਹੋਇਆ. "ਨਾਨਕ ਪੁਰ ਦਰ ਬੇਪਰਵਾਹ." (ਵਾਰ ਸੂਹੀ ਮ: ੧) ੧੧. ਪੂਰਾ. ਮੁਕੰਮਲ। ੧੨. ਪੰਜਾਬੀ ਵਿੱਚ ਉੱਪਰ (ਊਪਰ) ਦਾ ਸੰਖੇਪ ਪੁਰ ਹੈ.

ਪੁਰਇਨ: ਸੰਗਯਾ- ਪਦਮਨਿ. ਕਮੂਲ. ਨੀਲੋਫ਼ਰ। ੨. ਚੌਪੱਤੀ. ਦੇਖੋ, ਪੁਰਵਿਨ, ਪੁਰਾਇਨਿ, ਅਤੇ ਪੁਰੈਨ.

ਪੁਰਈਆ: ਦੇਖੋ, ਪੂਰਈਆ.

ਪੁਰਏ: ਪਰੋਏ. ਪ੍ਰੋਤੇ. ਵਿੰਨ੍ਹੇ. "ਪੁਰਏ ਇਨ ਸੀਂਗਨ ਸਾਥੇ." (ਕ੍ਰਿਸਨਾਵ) ਸਿੰਗਾਂ ਨਾਲ ਵਿੰਨ੍ਹੇ.

ਪੁਰਸ: ਦੇਖੋ, ਪੁਰਖੁ। ੨. ਸੰ. ਪੁਰਸ੍. ਪੁਰ ਕ੍ਰਿ. ਵਿ- ਸਾਮ੍ਹਣੇ. ਸੰਮੁਖ। ੨. ਪਹਿਲੇ. ਪਹਿਲਾਂ.

ਪੁਰਸਸ: ਦੇਖੋ, ਪੁਰਸਿਸ਼.

ਪੁਰਸਸਿੰਘ: ਸੰ. ਪੁਰੁਸ਼ ਸਿੰਹ. ਵਿ- ਪੁਰਖਾਂ ਵਿੱਚੋਂ ਪ੍ਰਧਾਨ ਸ਼੍ਰੇਸ਼੍ਰ ਮਨੁੱਖ। ੨. ਜਵਾਂਮਰਦ. ਸੂਰਵੀਰ.

ਪੁਰਸਕਾਰ: ਸੰ. ਪੁਰਸ੍ਕਾਰ. ਸੰਗਯਾ- ਅੱਗੇ ਕਰਨ ਦੀ ਕ੍ਰਿਯਾ। ੨. ਆਦਰ. ਸਨਮਾਨ। ੩. ਉਪਹਾਰ. ਇਨਾਮ। ੪. ਸੰ. ਪੁਰੁਸ਼ਕਾਰ. ਉੱਦਮ. ਪੌਰਖ. ਪੁਰੁਸ਼ਾਰਥ.

ਪੁਰਸਰਾਤ, ਪੁਰਸਲਾਤ: ਸੰਗਯਾ- ਪੁਲ- ਸਿਰਾਤ. ਨਰਕ (ਦੋਜ਼ਖ਼) ਦਾ ਸਿਰਾਤ ਨਾਮਕ ਪੁਲ. ਦੇਖੋ, ਸਿਰਾਤ. "ਪੁਰਸਲਾਤ ਕਾ ਪੰਥੁ ਦੁਹੇਲਾ." (ਸੂਹੀ ਰਵਿਦਾਸ) "ਵਾਲਹੁ ਨਿਕੀ ਪੁਰਸਲਾਤ." (ਸ. ਫਰੀਦ)

ਪੁਰਸਾਈ: ਸੰ. ਪੁਰੁਸ਼ਤ੍ਵ. ਸੰਗਯਾ- ਮਰਦਾਨਗੀ. "ਖਸਮੈ ਸਾ ਪੁਰਸਾਈ." (ਆਸਾ ਮਃ ੧) ੨. ਦੇਖੋ, ਪੁਰਸਿਸ਼.

ਪੁਰਸਾਰ: ਸੰਗਯਾ- ਵੰਸ਼ ਪਰੰਪਰਾ. ਪੀੜ੍ਹੀ ਪੁਸ਼੍ਤ. "ਲੈਗੇ ਵੇ ਪੁਰਸਾਰਨ ਖੱਟ." (ਪ੍ਰਾਪੰਪ੍ਰ)

ਪੁਰਸਾਰਥ: ਸੰ. ਪੁਰੁਸ਼ਾਰਥ. ਸੰਗਯਾ- ਪੁਰੁਸ਼ (ਆਦਮੀ) ਦੇ ਉੱਦਮ ਦਾ ਵਿਸ਼ਯ, ਜਿਸ ਲਈ ਉਸ ਨੂੰ ਯਤਨ ਕਰਨਾ ਚਾਹੀਏ। ੨. ਪਰਾਕ੍ਰਮ. ਬਲ. ੩. ਉੱਦਮ.

ਪੁਰਸਾਵਾ: ਵਿ- ਪੁਰਖ ਦਾ. ਮਰਦਾਨਾ. "ਪੁਰਸਾਵਾ ਵੇਸ." (ਭਾਗੁ)

ਪੁਰਸਿਸ਼: ਫ਼ਾ. پرسش ਸੰਗਯਾ- ਪ੍ਰਸ਼ਨ. ਪੁੱਛ ਗਿੱਛ.

ਪੁਰਸੀ: ਫ਼ਾ. پرسی ਤੂੰ ਪੁੱਛਦਾ ਹੈਂ. ਤੂੰ ਪੁੱਛੇਂ. ਤੂੰ ਪੁੱਛੇਂਗਾ. ਦੇਖੋ, ਪੁਰਸੀਦਿਨ.

ਪੁਰਸੀਸ: ਦੇਖੋ, ਪੁਰਸਿਸ਼. (ਕੋਧ) ੧

ਪੁਰਸੀਦਨ: ਫ਼ਾ. پرسیدن ਕ੍ਰਿ- ਪੁੱਛਣਾ. ਪ੍ਰਸ਼ਨ ਕਰਨਾ.

ਪੁਰਸੋਤਮ: ਸੰ. ਪੁਰੁਸ਼ੱਤਮ ਵਿ- ਪੁਰਖਾਂ ਵਿੱਚੋਂ ਉੱਤਮ। ੨. ਸੰਗਯਾ- ਕਰਤਾਰ. ਵਾਹਗੁਰੂ। ੩. ਸ੍ਰੀ ਗੁਰੂ ਨਾਨਕ ਦੇਵ। ੪. ਪ੍ਰਧਾਨ ਆਦਮੀ. ਮੁਖੀਆ। ੫. ਵਿਸ਼ਨੁ। ੬. ਜਗੰਨਾਥ.

ਪੁਰਸੋਤਮਪੁਰੀ: ਪੁਰੁਸ਼ੋਂਤਮ (ਜਗੰਨਾਥ) ਦੀ ਪੁਰੀ. ਜਗੰਨਾਥ ਦੇ ਮੰਦਿਰ ਪਾਸ ਜੋ ਆਬਾਦੀ ਹੈ. ਇਹ ਉਸ ਦੀ ਸੰਗਯਾ ਹੈ. ਪਰ ਹੁਣ ਸੰਖੇਪ ਨਾਮ ਪੁਰੀ ਰਹਿ ਗਿਆ ਹੈ. ਦੇਖੋ. ਜਗੰਨਾਥ.

ਪੁਰਸ੍ਹਰਣ, ਪੁਰਹਚਰਣ: ਦੇਖੋ, ਪੁਨਹਚਰਣ.

ਪੁਰਹੀਰਾਂ: ਦੇਖੋ, ਜਾਹਿਰਾਜਹੂਰ.

ਪੁਰਹੂਤ: ਸੰ. ਪੁਰੁਹੂਤ. ਸੰਗਯਾ- ਜਿਸ ਦੇ ਬਹੁਤ ਨਾਮ ਹੋਣ. ਜੋ ਬਹੁਤ ਨਾਮਾਂ ਤੋਂ ਹੂਤ ਬੁਲਾਇਆ ਜਾਵੇ ਇੰਦ੍ਰ. ਦੇਵਰਾਜ.

ਪੁਰਖ: ਦੇਖੋ, ਪੁਰਖੁ। ੨. ਆਦਮੀ. ਮਨੁੱਖ। ੩. ਪਤਿ. ਭਰਤਾ. "ਕਵਨ ਪੁਰਖ ਕੀ ਜੋਈ." (ਆਸਾ ਕਬੀਰ)

ਪੁਰਖਈਆ: ਵਿ ਪੌਰੁਸ਼ ਰਖੈਯਾ ਪਰਾਕ੍ਰਮੀ. "ਹਉ ਬਲਿ ਬਲਿ ਸਤਿਗੁਰ ਸਤਿਪੁਰਖਈਆ." (ਬਿਲਾ ਅਃ ਮਃ ੪)

ਪੁਰਖੱਤ: ਸੰ. ਪੁਰਸ਼ਤ੍ਵ. ਸੰਗਯਾ- ਮਰਦਾਨਗੀ. "ਲਖਜੋ ਤੁਮ ਤੇ ਪੁਰਖੱਤ ਰਹਜੋ." (ਕ੍ਰਿਸਨਾਵ)

ਪੁਰਖਪਤਿ: ਵਿ- ਪੁਰੁਸ਼ਪਤਿ. ਮਨੁੱਖਾਂ ਦਾ ਸ੍ਵਾਮੀ. ਸਭ ਪੁਰਖਾਂ ਵਿੱਚੋਂ ਪ੍ਰਧਾਨ। ੨. ਸੰਗਯਾ- ਕਰਤਾਰ. "ਸਾਧੂ ਪੁਰਖੁ

ਪੁਰਖਪਤਿ ਪਾਇਆ ਅਗਿਆਨੁ ਅੰਧੇਰੁ ਗਵਾਇਆ." (ਬਸੰ ਮਃ ੪) ਦੇਖੋ, ਪੁਰਖੁ ੯.

ਪੁਰਖਪ੍ਰਾਣੀ: ਵਿ- ਪੁਰਸ਼ ਪ੍ਰਾਣੀ. ਬਹਾਦੁਰ ਆਦਮੀ. ਉਦਯੋਗੀ ਮਨੁੱਖ. "ਓਇ ਪੁਰਖਪ੍ਰਾਣੀ ਧੰਨ ਜਨ ਹਹਿ." (ਵਾਰ ਗਉ ੧. ਮਃ ੪)

ਪੁਰਖ਼ਰਾਸ਼: ਫ਼ਾ. پرخراش ਵਿ- ਦੁਖਦਾਇਕ. ਦਿਲ ਨੂੰ ਛਿੱਲਣ ਵਾਲਾ।

ਪੁਰਖਾਰਥ, ਪੁਰਖਾਰਥੁ: ਦੇਖੋ, ਪੁਰਸਾਰਥ, "ਨਾਨਕ ਕੈ ਮਨਿ ਇਹੁ ਪੁਰਖਾਰਥੁ." (ਭੈਰ ਮਃ ੫)

ਪੁਰਖਿ: ਪੁਰਖ ਨੇ. "ਕਰਤੈਪੁਰਖਿ ਤਾਲੁ ਦਿਵਾਇਆ." (ਸੋਰ ਮਃ ੫) ਕਤਾਪੁਰਖ (ਕਰਤਾਰ) ਨੇ.

ਪੁਰਖੁ: ਸੰ. ਪੁਰੁਸ਼. ਸੰਗਯਾ- ਮਨੁੱਖ. ਆਦਮੀ, ਜੋ ਪੁਰ ਵਿੱਚ ਸੌਂਦਾ (ਨਿਵਾਸ ਕਰਦਾ) ਹੈ."ਨਾਰੀ ਤੇ ਜੋ ਪੁਰਖੁ ਕਰਾਵੈ, ਪੁਰਖਨ ਤੇ ਜੋ ਨਾਰੀ." (ਸਾਰ ਕਬੀਰ) ੨. ਪਤਿ. ਭਰਤਾ. "ਜਿਉ ਪੁਰਖੈ ਘਰਿ ਭਗਤੀ ਨਾਰਿ ਹੈ." (ਸਵਾ ਮਃ ੩) ੩. ਪੂਰਣਰੂਪ ਕਰਤਾਰ. ਸਰਵਵਯਾਪੀ ਪਾਰਬ੍ਰਹਮ. "ਸਤਿ ਨਾਮੁ ਕਰਤਾ ਪੁਰਖੁ." (ਜਪੁ) ੪. ਜੀਵਾਤਮਾ. "ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ." (ਸੋਰ ਮਃ ੪) ੫. ਸੂਰਜ। ੬. ਪਾਰਾ। ੭. ਨਰ. ਪੁਰੁਸ਼ਤ੍ਵ ਦੇ ਲੱਛਣਾਂ ਵਾਲਾ. "ਬਿਨੁ ਪਿਰ ਪੁਰਖੁ ਨ ਜਾਣਈ." (ਸ੍ਰੀ ਅਃ ਮਃ ੧) ੮. ਸਾਂਖਯਮਤ ਅਨੁਸਾਰ ਪ੍ਰਕ੍ਰਿਤਿ ਤੋਂ ਭਿੰਨ ਇੱਕ ਪਦਾਰਥ, ਜੋ ਇੱਕ ਰਸ ਰਹਿਣ ਵਾਲਾ, ਅਕਰਤਾ ਅਤੇ ਅਸੰਗ ਹੈ। ੯. ਰਿਗਵੇਦ ਅਨੁਸਾਰ ਈਸ਼੍ਵਰ, ਜੋ ਜਗਤ ਰਚਨਾ ਕਰਦਾ ਹੈ. ਰਿਗਵੇਦ ਦੇ 'ਪੁਰੁਸ਼ਸੂਕ੍ਤ' ਵਿੱਚ ਲਿਖਿਆ ਹੈ ਕਿ ਇਸ ਦੇ ੧੦੦੦ ਸਿਰ, ੧੦੦੦ ਅੱਖਾਂ ਅਤੇ ੧੦੦੦ ਪੈਰ ਹਨ. ਸਾਰੀ ਪ੍ਰਿਥਿਵੀ ਦੇ ਚੁਫੇਰੇ ਲਪੇਟਣ ਪੁਰ ਇਹ ੧੦. ਉਂਗਲ ਵਧ ਰਿਹਾ ਸੀ. ਇਸ ਸਾਰੀ ਪ੍ਰਿਥਿਵੀ ਤੇ ਜੋ ਕੁਝ ਹੋ ਚੁੱਕਾ ਹੈ ਅਤੇ ਜੋ ਕੁਛ ਅੱਗੋਂ ਹੋਵੇਗਾ, ਉਹ ਸਭ ਪੁਰਖੁ ਹੀ ਹੈ. ਸਾਰੀ ਉਤਪੱਤੀ ਇਸ ਦਾ ਭਾਗ ਹੈ, ਅਤੇ ਇਸ ਦਾ ਭਾਗ ਉਹ ਚੀਜਾਂ ਹਨ, ਜੇਹੜੀਆਂ ਕਿ ਆਕਾਸ਼ ਵਿੱਚ ਹਨ ਅਤੇ ਅਮਰ ਹਨ. ਜਦ ਇਹ ਪੁਰਖ ਖੜਾ ਹੋਇਆ ਤਾਂ ਏਸ ਦਾ ਭਾਗ ਆਕਾਸ਼ ਤੋਂ ਭੀ ਉੱਪਰ ਲੰਘ ਗਿਆ, ਜਦ ਦੇਵਤਿਆਂ ਨੇ "ਪੁਰਸ਼ ਯਗਯ" ਕੀਤਾ ਤਦ ਬਸੰਤ ਰੁੱਤ ਦਾ ਘੀ, ਗ੍ਰੀਖਮ ਦੀਆਂ ਲੱਕੜਾਂ ਹੋਈਆਂ ਅਤੇ ਸ਼ਿਸ਼ਿਰ ਦਾ ਹਵਨ ਕੀਤਾ ਤਾਂ ਇਹ ਯਗਯ ਵਿੱਚੋਂ ਵੇਦ ਅਤੇ ਪਸ਼ੁ ਪੰਛੀ ਉਪਜੇ, ਜਦ ਦੇਵਤਿਆਂ ਨੇ ਪੁਰੁਸ ਦੀ ਵੰਡ ਕੀਤੀ ਤਾਂ ਇਸ ਦਾ ਮੁਖ ਬ੍ਰਾਹਮਣ, ਭੁਜਾ ਛਤ੍ਰੀ, ਪੱਟ ਵੈਸ਼੍ਯ ਅਤੇ ਪੈਰ ਸ਼ੂਦ੍ਰ ਬਣੇ. ਇਸ ਦੇ ਮਨ ਵਿੱਚੋਂ ਪ੍ਰਾਤਹਕਾਲ ਦਾ ਸਮਾਂ, ਅੱਖਾਂ ਵਿੱਚੋਂ ਸੂਰਜ, ਮੂੰਹ ਵਿੱਚੋਂ ਇੰਦ੍ਰ ਅਤੇ ਅਗਨਿ, ਸ੍ਵਾਸ ਵਿੱਚੋਂ ਵਾਯੁ, ਸਿਰ ਵਿੱਚੋਂ ਆਕਾਸ਼, ਪੈਰਾਂ ਵਿੱਚੋਂ ਧਰਤੀ ਅਤੇ ਕੰਨਾਂ ਵਿੱਚੋਂ ਚਾਰ ਦਿਸ਼ਾ ਪ੍ਰਗਟ ਹੋਈਆਂ. "ਜਹ ਨਿਰਮਲ ਪੁਰਖੁ ਪੁਰਖਪਤਿ ਹੋਤਾ." (ਸੁਖਮਨੀ) ੧੦. ਵ੍ਯਾਕਰਣ ਅਨੁਸਾਰ ਉੱਤਮ ਮਧ੍ਯਮ ਅਤੇ ਅਨ੍ਯਪੁਰਖ. Person ਜੈਸੇ- "ਮੈ ਤੈਨੂ ਅਨੇਕ ਵਾਰ ਸਮਝਾਇਆ ਹੈ ਕਿ ਤੂੰ ਕਦੇ ਉਸ ਦੀ ਸੰਗਤਿ ਨਾ ਕਰੀਂ" ਇਸ ਵਾਕ ਵਿੱਚ ਮੈਂ ਉੱਤਮ ਪੁਰਖੁ, first person ਹੈ, ਤੂੰ ਮੱਧਮ ਪੁਰਖ seconz person ਹੈ, ਉਹ ਅਨ੍ਯਪੁਰਖ third person ਹੈ.

ਪੁਰਖੋਤਮ: ਦੇਖੋ, ਪੁਰਸੋਤਮ. "ਪੁਰਖੋਤਮ ਅਪਾਰ ਪਰੇ." (ਸਵੈਯੇ ਮਃ ੪. ਕੇ)

ਪੁਰਗਗਨ: ਦੇਖੋ, ਗਗਨਪੁਰਿ.

ਪੁਰਚੁਸਤ: پرچست ਵਿ- ਸ੍ਫੁਰਤੀ ਨਾਲ ਪੂਰਣ. "ਪੁਰਚੁਸਤ ਜਾਂ ਜਿਗਰ ਰਾ." (ਰਾਮਾਵ) ਮਨ ਅਤੇ ਜੀਵਨ ਨੂੰ ਚੇਤਨਸੱਤਾ ਦੇਣ ਵਾਲਾ। ੨. ਦੇਖੋ, ਪਰਚਸਤ.

ਪੁਰਜਨ: ਨਗਰ ਦੇ ਲੋਕ. ਨਾਗਰ.

ਪੁਰਜਾ: ਫ਼ਾ. پرزہ ਪੁਰਜ਼ਹ. ਸੰਗਯਾ- ਟੁਕੜਾ ਖੰਡ. "ਪੁਰਜਾ ਪੁਰਜਾ ਕਟਿ ਮਰੈ." (ਮਾਰੂ ਕਬੀਰ)

ਪੁਰਟ: ਸੰ. ਸੰਗਯਾ- ਜੋ ਅੱਗੇ ਅਟਨ ਕਰੇ. ਧਾਤਾਂ ਵਿੱਚੋਂ ਪ੍ਰਧਾਨ. ਸੋਨਾ. ਸੁਵਰਣ. "ਹੀਰੇ ਜਟਿਤ ਪੁਰਟ ਕੇ ਪਾਵੇ." (ਗੁਪ੍ਰਸੂ)

ਪੁਰਤਗਾਲ: پرتگال Portugal ਯੂਰਪ ਦੇ ਅੰਦਰ ਇੱਕ ਦੇਸ਼ ਜੋ ਅਟਲਾਂਟਿਕ ਸਮੁੰਦਰ ਦੇ ਕਿਨਾਰੇ ਹੈ. ਇਸ ਦੀ ਹੱਦ ਸਪੇਨ ਨਾਲ ਲੱਗਦੀ ਹੈ. ਇਸ ਦਾ ਰਕਬਾ ੩੪੨੫੪ ਵਰਗਮੀਲ ਅਤੇ ਜਨਸੰਖ੍ਯਾ ਪੰਜਾਹ ਲੱਖ ਤੋਂ ਕੁਝ ਵੱਧ ਹੈ.

ਇਸ ਦੇਸ਼ ਦੇ ਵਸਨੀਕ (ਪੁਰਤਗਾਲੀ Portugelera) ਹੀ ਸਾਰੇ ਫਰੰਗੀਆਂ ਤੋਂ ਪਹਿਲਾਂ ਹਿੰਦੁਸਤਾਨ ਪੁੱਜੇ ਸਨ. ਸਭ ਤੋਂ ਪਹਿਲਾਂ ਭਾਰਤ ਦੀ ਜਮੀਨ ਤੇ ਪੈਰ ਰੱਖਣ ਵਾਲਾ Vascoza Gama ਸੀ, ਜਿਸ ਦਾ ਜਹਾਜ San Gabrie ਮਈ ਸਨ ੧੪੯੮ ਨੂੰ ਮਾਲਾਬਾਰ ਦੇ ਕਾਲੀਕਟ ਮੰਦਰ ਤੇ ਪੁੱਜਾ ਸੀ. ਸਨ ੧੫੦੦ ਵਿੱਚ ਪੁਰਤਗਾਲ ਨੇ ਗੋਆ ਮੱਲਿਆ ਅਤੇ ਭਾਰਤ ਨਾਲ ਵਪਾਰ ਸੰਬੰਧ ਜੋੜਿਆ.

ਪੁਰਤਗਾਲੀ: ਵਿ- ਪੁਰਤਗਾਲ ਨਾਲ ਸੰਬੰਧ ਰੱਖਣ ਵਾਲਾ. ਪੁਰਤਗਾਲ ਦਾ ਵਸਨੀਕ. ਦੇਖੋ, ਪੁਰਤਗਾਲ.

ਪੁਰਧਨੀ: ਕ੍ਸ਼ਤ੍ਰਿਯ ਜਾਤਿ. ਖਤ੍ਰੀਆਂ ਦਾ ਇੱਕ ਗੋਤ.

ਪੁਰਬ: ਸੰ. ਪੂਰ੍ਵ. ਵਿ- ਪਹਿਲਾਂ। ੨. ਸੰ. ਪਰ੍ਵ. ਸੰਗਜਾ- ਉਤਸਵ. ਤਜੋਹਾਰ. "ਬਾਬਾ ਆਇਆ ਤੀਰਥ, ਤੀਰਥ ਪੁਰਬ ਸਭੈ ਫਿਰ ਦੇਖੇ." (ਭਾਗੁ) ੩. ਦੇਖੋ, ਪੁਰਬੁ.

ਪੁਰਬਾਇਆ: ਪਰ੍ਵ ਆਇਆ. "ਨਾਮ ਲੇਤ ਸਗਲੇ ਪੁਰਬਾਇਆ." (ਭੈਰ ਮਃ ੫) ਸਾਰੇ ਪਰ੍ਵਾਂ ਦੀ ਪ੍ਰਾਪਤੀ ਹੋ ਗਈ. ਸਭ ਤੀਰਥਪਰ੍ਵਾਂ ਦੇ ਫਲ ਪਾਲਏ.

ਪੁਰਬਾਣਿਆ: ਵਿ- ਪਰ੍ਵ ਸੰਬੰਧੀ. ਪਰ੍ਵ ਦਾ. "ਨਾਵਣ ਪੁਰਬਾਣਿਆ." (ਵਾਰ ਮਲਾ ਮਃ ੧)

ਪੁਰਬਿ: ਪੂਰ੍ਵ ਕਾਲ ਮੇਂ. ਪਹਿਲਾਂ. "ਜੇਹਾ ਪੁਰਬਿ ਕਿਨੈ ਬੋਇਆ." (ਵਾਰ ਗਉ ੧. ਮਃ ੪)

ਪੁਰਬੀ: ਸੰਗਜਾ- ਪਰ੍ਵ ਕਾਲ. ਪਰ੍ਵ ਦਾ ਸਮਾਂ. "ਪੂਰਬੀ ਨਾਵੈ." (ਬਸੰ ਮਃ ੧)

ਪੁਰਬੁ: ਦੇਖੋ, ਪੁਰਬ। ੨. ਮਰਾ- ਪਰਣਤਾ। ੩. ਗੁਣ. ਸਿਫਤ. "ਏਕ ਪੁਰਬੁ ਮੈ ਤੇਰਾ ਦੇਖਿਆ, ਤੂ ਸਭਨਾ ਮਾਹਿ ਰਵੰਤਾ." (ਸੋਰ ਮਃ ੧)

ਪੁਰਯਸ਼੍ਟਕ: ਦੇਖੋ, ਪੁਰਿਸਟਕਾ.

ਪੁਰਵਨ: ਦੇਖੋ, ਪੁਰਇਨ। ੨. ਪੂਰਣ ਕਰਨਾ. "ਪੁਰਵਕ ਕੋ ਮਨਭਾਵਨਾ" (ਗੁਪ੍ਰਸੂ) ੩. ਭਰਨਾ. ਅੱਟਣਾ.

ਪੁਰਵਾ: ਸੰਗਜਾ- ਪੂਰ੍ਵ ਦੀ ਵਾਯੁ. ਪੁਰੇ ਦੀ ਹਵਾ। ੨. ਪੁਰ. ਪਿੰਡ. "ਬਾਂਧੇ ਦੁਇ ਪੁਰਵਾ." (ਵਿਚਿਤ੍ਰ)

ਪੁਰਵਾਉਣਾ: ਕ੍ਰਿ- ਪੂਰ੍ਣ ਕਰਾਉਣਾ। ੨. ਭਰਵਾਉਣਾ. ਅਟਾਉਣਾ.

ਪੁਰਵਾਈ: ਸੰਗਜਾ- ਪੂਰ੍ਵ ਦੀ ਪਾਵਨ. ਪੁਰੇ ਦੀ ਹਵਾ। ੨. ਭਰਵਾਈ. ਪੂਰਣ ਕਰਾਈ। ੩. ਭਰਵਾਈ (ਅਟਵਾਈ) ਦੀ ਮਜ਼ਦੂਰੀ.

ਪੁਰਵਾਸੀ: ਨਗਰ ਨਿਵਾਸੀ. ਸ਼ਹਰ ਦੇ ਬਾਸ਼ਿੰਦੇ.

ਪੁਰਵਿਨ: ਦੇਖੋ, ਪੁਰ ਇਨ ਅਤੇ ਪੁਰਾਇਨਿ. "ਜੈਸੇ ਪੁਰਵਿਨ ਪਾਤ." (ਬਿਲਾ ਕਬੀਰ)

ਪੁਰਵੀ: ਦੇਖੋ, ਪੁਰਬੀ। ੨. ਪੂਰਣ ਹੋਈ. "ਮਨੋ ਪ੍ਰਤੀਖਤ ਪੁਰਵੀ ਚਾਹਨ." (ਗੁਪ੍ਰਸੂ)

ਪੁਰਾ: ਸੰਗਜਾ- ਪੂਰ੍ਵ ਦੀ ਵਾਯੁ। ੨. ਪੂਰ੍ਵ ਦਿਸ਼ਾ। ੩. ਪੁਰ. ਨਗਰ। ੪. ਸੰ. ਕ੍ਰਿ. ਵਿ- ਪਹਿਲਾਂ. ਪ੍ਰਥਮ. "ਖਾਨ ਪੁਰਾ ਹਰਿਨਾਮ ਉਚਾਰਾ." (ਨਾਪ੍ਰ) ਭੋਜਨ ਖਾਣ ਤੋਂ ਪਹਿਲਾਂ। ੫. ਵਿ- ਪੁਰਾਣਾ ਪਹਿਲਾ.

ਪੁਰਾਇਨਿ: ਸੰਗਜਾ- ਪੁਰਇਨ. ਚੌਪੱਤੀ. ਜਲ ਉੱਪਰ ਫੈਲਣ ਵਾਲੀ ਇੱਕ ਸਬਜ਼ੀ. "ਜਲ ਪੁਰਾਇਨਿ ਰਸ ਕਮਲ ਪਰੀਖ." (ਗਉ ਮਃ ੧) ਜਲ ਉੱਪਰ ਚੌਪੱਤੀ ਅਤੇ ਰਸ (ਜਲ) ਵਿੱਚ ਕਮਲ ਤੁੱਲ ਨਿਰਲੇਪ.

ਪੁਰਾਈ: ਪੂਰ੍ਣ ਕੀਤੀ. "ਮਨ ਕੀ ਆਸ ਪੁਰਾਈ." (ਵਾਰ ਵਡ ਮਃ ੪) ੨. ਭਰਵਾਈ. ਪੂਰ੍ਣ ਕਰਵਾਈ.

**ਪੁਰਾਣ:** ਸੰ. ਵਿ- ਪੁਰਾਣਾ. ਪ੍ਰਾਚੀਨ। ੨. ਸੰਗ੍ਯਾ- ਰੁਦ੍ਰ ਸ਼ਿਵ। ੩. ਪ੍ਰਾਚੀਨ ਪ੍ਰਸੰਗ ਅਤੇ ਇਤਿਹਾਸ. "ਪੋਥੀ ਪੁਰਾਣ ਕਮਾਈਐ." (ਸ੍ਰੀ ਮਃ ੧) ੪. ਰਿਖੀ ਵ੍ਯਾਸ ਅਥਵਾ ਉਸ ਦੇ ਨਾਉਂ ਤੋਂ ਹੋਰ ਵਿਦ੍ਵਾਨਾਂ ਦੇ ਰਚੇ ਹੋਏ ਇਤਿਹਾਸ ਨਾਲ ਮਿਲੇ ਧਰਮ ਗ੍ਰੰਥ, ਜਿਨ੍ਹਾਂ ਦੀ ਗਿਣਤੀ ਅਠਾਰਾਂ ਹੈ ਅਤੇ ਸ਼ਲੋਕਾਂ ਦੀ ਗਿਣਤੀ ਚਾਰ ਲੱਖ ਹੈ, ਵਿਸ਼ਨੁ ਅਤੇ ਬ੍ਰਹਮਾਂਡ ਪੁਰਾਣ ਵਿੱਚ ਪੁਰਾਣ ਦਾ ਲੱਛਣ ਇਹ ਕੀਤਾ ਹੈ-

"सर्गश्च प्रतिसर्गश्च वंशो मन्वन्तराणिच।

वंशानुचरितं चैव, पुराणं पञ्च लक्षणम् ॥ "

ਜਗਤ ਦੀ ਉਤਪੱਤੀ, ਪ੍ਰਲੈ, ਦੇਵਤਾ ਅਤੇ ਪਿਤਰਾਂ ਦੀ ਵੰਸ਼ਾਵਲੀ, ਮਨੁ ਦੇ ਰਾਜ ਦਾ ਸਮਾਂ ਅਤੇ ਉਸ ਦਾ ਹਾਲ, ਸੂਰਜ ਅਤੇ ਚੰਦ੍ਰਵੰਸ਼ ਦੀ ਕਥਾ, ਜਿਸ ਵਿੱਚ ਇਹ ਪੰਜ ਪ੍ਰਸੰਗ ਹੋਣ, ਉਹ ਪੁਰਾਣ ਹੈ.

ਪੁਰਾਣਾਂ ਦੀ ਗਿਣਤੀ ਅਠਾਰਾਂ ਹੈ, ਯਥਾ- ਵਿਸ਼ਨੁ ਪੁਰਾਣ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨਿ, ਬ੍ਰਹ- ਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੂਰਮ, ਮਤਸ੍ਯ ਗਰੁੜ, ਬ੍ਰਹਮਾਂਡ ਅਤੇ ਭਵਿਸ਼੍ਯ ਪੁਰਾਣ.

ਇਨ੍ਹਾਂ ਪ੍ਰਧਾਨ ਅਠਾਰਾਂ ਪੁਰਾਣਾਂ ਤੋਂ ਵੱਖ, ਅਠਾਰਾਂ ਉਪਪੁਰਾਣ ਭੀ ਹਨ-

ਸਨਤਕੁਮਾਰ ਪੁਰਾਣ, ਨਾਰਸਿੰਹ, ਨਾਰਦੀਯ, ਦੇਵੀ ਭਾਗਵਤ, ਦੁਰਵਾਸਾ, ਕਪਿਲ, ਮਾਨਵ, ਔਸ਼ਨਸ, ਵਰੁਣ, ਕਾਲਿਕਾ, ਸ਼ਾਂਬ, ਨੰਦਾ, ਸੌਰ ਪਾਰਾਸ਼ਰ, ਆਦਿਤ੍ਯ, ਮਾਹੇਸ਼੍ਵਰ, ਭਾਗੰਵ ਅਤੇ ਵਾਸ਼ਿਸ਼੍ਠ।[783] ੫. ਅਠਾਰਾਂ ਸੰਖ੍ਯਾ ਬੋਧਕ, ਕਿਉਂਕਿ ਪੁਰਾਣ ਨਾਉਂ ਦੇ ਗ੍ਰੰਥ ੧੮. ਹਨ.

**ਪੁਰਾਣਪੁਰਖ:** ਸੰ. ਪੁਰਾਣਪੁਰਸ਼. ਸੰਗ੍ਯਾ- ਕਰਤਾਰ. ਪਾਰਬ੍ਰਹਮ, ਸਰਵਵ੍ਯਾਪੀ ਅਨਾਦਿ ਵਾਹਗੁਰੂ. ਦੇਖੋ, ਪਉਰਾਤਨ.

**ਪੁਰਾਣਾ:** ਵਿ ਪ੍ਰਾਚੀਨ. ਪੂਰਵਕਾਲ ਦਾ। ੨. ਬੋੱਦਾ. ਕਮਜ਼ੋਰ. "ਹੋਇ ਪੁਰਾਣਾ ਸੁਟੀਐ." (ਵਾਰ ਆਸਾ) ਉਚੁ ਪੁਰਾਣਾ ਨਾ ਥੀਐ." (ਵਾਰ ਸਾਰ ਮਃ ੩)

**ਪੁਰਾਣੀ:** ਪੁਰਾਣਾ ਦਾ ਇਸਤ੍ਰੀ ਲਿੰਗ। ੨. ਪੁਰਾਣਾਂ ਨੇ. "ਜਸੁ ਵੇਦ ਪੁਰਾਣੀ ਗਾਇਆ." (ਸੂਹੀ ਛੰਤ ਮਃ ੫) ੩. ਪੁਰਾਣੋਂ ਮੇਂ. ਪੁਰਾਣਾਂ ਵਿੱਚ. "ਮਾਸੁ ਪੁਰਾਣੀ ਮਾਸੁ ਕਤੇਬੀ." (ਵਾਰ ਮਲਾ ਮਃ ੧)

**ਪੁਰਾਣੁ:** ਦੇਖੋ, ਪੁਰਾਣ.

**ਪੁਰਾਤਨ:** ਸੰ. ਵਿ- ਪ੍ਰਾਚੀਨ. ਪੁਰਾਣਾ. "ਜੋ ਜੋ ਤਰਿਓ ਪੁਰਾਤਨ ਨਵਤਨ, ਭਗਤਿਭਾਇ ਹਰਿ ਦੇਵਾ." (ਸਾਰ ਮਃ ੫) ੨. ਸੰਗ੍ਯਾ- ਕਰਤਾਰ. ਪਾਰਬ੍ਰਹਮ.

**ਪੁਰਾਧਿਪ:** ਸੰਗ੍ਯਾ- ਪੁਰ- ਅਧਿਪ. ਨਗਰ ਦਾ ਸ੍ਵਾਮੀ.

**ਪੁਰਾਨ:** ਦੇਖੋ, ਪੁਰਾਣ ੧. "ਤਿਨ ਧੁਰਿ ਮਸਤਕਿ ਭਾਗ ਪੁਰਾਨ ਜੀਉ." (ਆਸਾ ਛੰਤ ਮਃ ੪) ੨. ਦੇਖੋ, ਪੁਰਾਣ ੩. ਅਤੇ ਸਹਸਾਕਿਰਤਾ.

**ਪੁਰਾਨਪੁਰਖ:** ਦੇਖੋ, ਪੁਰਾਣਪੁਰਖ. "ਪੁਰਖਪੁਰਾਨ ਸੇ ਪੁਰਾਨਨ ਮੇ ਗਾਈਅਤ." (ਹੰਸਰਾਮ)

**ਪੁਰਾਨਾ:** ਦੇਖੋ, ਪੁਰਾਣਾ.

**ਪੁਰਾਬ:** ਪੁਰ- ਆਬ. "ਪੁਰਾਬ ਖਾਸ ਕੂਜੈ." (ਵਾਰ ਮਲਾ ਮਃ ੧) ਦੇਹਰੂਪ ਕੱਚਾ ਮਟਕਾ, ਪ੍ਰਾਣਰੂਪ ਆਬ (ਜਲ) ਨਾਲ ਪੁਰ

---

[783] ਕਈ ਗ੍ਰੰਥਾਂ ਵਿੱਚ ਨਾਵਾਂ ਦਾ ਫਰਕ ਹੈ, ਦੇਖੋ, ਉਪਪੁਰਾਣ।

(ਪੂਰਿਤ) ਹੈ.

ਪੁਰਾਰਾਤਿ, ਪੁਰਾਰਿ, ਪੁਰਾਰੀ: ਸੰਗਯਾ- ਪੁਰ ਦਾ ਵੈਰੀ ਸ਼ਿਵ. ਦੇਖੋ, ਤ੍ਰਿਪੁਰਾਰਿ. "ਜਪਹਿਂ ਨਾਮ ਜਿੰਹ ਸੰਤ ਪੁਰਾਰੀ." (ਨਾਪ੍ਰ) ਸਨਤਕੁਮਾਰ ਅਤੇ ਸ਼ਿਵ. ਦੇਖੋ, ਸੰਤ ੫.

ਪੁਰਿ: ਸੰ. ਸੰਗਯਾ- ਪੁਰੀ. ਨਗਰੀ। ੨. ਸ਼ਰੀਰ. ਦੇਹ। ੩. ਨਦੀ.

ਪੁਰਿਸ੍ਰਕਾ: ਸੰ. ਪੁਰ੍ਯਸ਼੍ਟਕ- ਪੁਰ੍ਯੰਸ਼੍ਰਕ. ੧. ਪੰਜ ਤੱਤ, ੨. ਦਸ ਇੰਦ੍ਰਿਯ, ੩. ਮਨ, ੪. ਬੁੱਧਿ, ੫. ਵਾਸਨਾ, ੬. ਕਰਮ, ੭. ਪ੍ਰਾਣ ਅਤੇ ੮. ਅਵਿਦਯਾ, ਇਨ੍ਹਾਂ ਅੱਠਾਂ ਦਾ ਇਕੱਠ ਪੁਰ੍ਯੰਸ਼੍ਰਕ ਹੈ. ਇਹ ਲਿੰਗਸ਼ਰੀਰ ਦਾ ਹੀ ਨਾਮਾਂਤਰ ਹੈ.[784] "ਜੀਆਂ ਦੀ ਪੁਰਿਸ੍ਰਕਾ ਵਸਦੀ ਹੈ." (ਜਸਭਾਮ)

ਪੁਰਿੰਦ੍ਰ: ਦੇਖੋ, ਪੁਰੰਦਰ.

ਪੁਰੀ: ਸੰ. ਸੰਗਯਾ- ਜੋ ਆਦਮੀਆਂ ਦੀ ਆਬਾਦੀ ਅਤੇ ਧਨ ਸੰਪਦਾ ਵਿੱਚ ਵਧੀ ਹੋਈ ਹੈ. ਨਗਰੀ. ਸ਼ਹਰ. "ਕਰੋ ਬਸਾਵਨ ਸੁੰਦਰ ਪੁਰੀ." (ਗੁਪ੍ਰਸੂ) ੨. ਭਾਵ- ਸ੍ਵਰਗ ਲੋਕ. ਦੇਵਪੁਰੀ. "ਪਾਤਾਲ ਪੁਰੀ ਜੈਕਾਰਧੁਨੀ." (ਸਵੈਯੇ ਮਃ ੧. ਕੇ) "ਪਾਤਾਲ ਅਤੇ ਆਕਾਸ਼ ਲੋਕ ਵਿੱਚ ਜੈਕਾਰ ਧੁਨਿ. ੩. ਦਸ਼ ਭੇਦ ਸੰਨਯਾਸੀਆਂ ਵਿੱਚੋਂ ਇੱਕ ਜਮਾਤ, ਜਿਸ ਦੇ ਨਾਮ ਅੰਤ ਪੁਰੀ ਸ਼ਬਦ ਲਗਦਾ ਹੈ. "ਪੁਰ ਜਾਸ ਸਿੱਖ ਕੀਨੇ ਅਪਾਰ। ਪੁਰੀ ਨਾਮ ਤੌਨ ਜਾਨੋ ਵਿਚਾਰ." (ਦੱਤਾਵ) ਦੇਖੋ, ਦਸ ਨਾਮ ਸੰਨਯਾਸੀ। ੪. ਪੁਰੁਸ਼ੋੱਤਮਪੁਰੀ ਦਾ ਸੰਖੇਪ, ਉੜੀਸੇ ਵਿੱਚ ਪੁਰੀ ਨਾਮ ਤੋਂ ਪ੍ਰਸਿੱਧ ਨਗਰੀ. ਦੇਖੋ, ਜਗੰਨਾਥ। ੫. ਦੇਖੋ, ਪੁੜੀ. ਪੁਟਿਕਾ. "ਪੁਰੀ ਏਕ ਦੀਨੀ ਤਿਨ ਪਾਨੇ." (ਨਾਪ੍ਰ) ੬. ਪਾਨਾਂ ਦੀ ਬੀੜੀ. ਗਿਲੌਰੀ. "ਪਾਨ ਖਾਇਕਰ ਪੁਰੀ ਬਨਾਈ." (ਚਰਿਤ੍ਰ ੬੬) ੭. ਪੂਰਣ ਹੋਈ. "ਨਾਹਿ ਪੁਰੀ ਮਨ ਭਾਵਨਾ." (ਗੁਪ੍ਰਸੂ) ੮. ਪੂਰਿਤ ਹੋਈ. ਭਰੀ ਹੋਈ. "ਗੁਰੁਕੀਰਤਿ ਸੇ ਹੈ ਪੁਰੀ." (ਗੁਪ੍ਰਸੂ) ੯. ਖਤ੍ਰੀਆਂ ਦੀ ਇੱਕ ਜਾਤਿ ਜੋ ਛੀ ਜਾਤਾਂ ਵਿੱਚ ਗਿਣੀਦੀ ਹੈ. ਦੇਖੋ, ਖਤ੍ਰੀ ਸ਼ਬਦ. "ਘੰਮੂ ਪੁਰੀ ਗੁਰੂ ਕਾ ਪਿਆਰਾ." (ਭਾਗੁ) ੧੦. ਅੰਤੜੀ. ਆਦਿ। ੧੧. ਦੇਹ. ਸ਼ਰੀਰ। ੧੨. ਨਦੀ.

ਪੁਰੀਆ: ਸ਼੍ਰੀ ਗੁਰੂ ਅਰਜਨ ਦੇਵ ਦਾ ਪ੍ਰੇਮੀ ਸਿੱਖ, ਜੋ ਚੂਹੜ ਦਾ ਭਾਈ ਸੀ. ਦੇਖੋ, ਚੂਹੜ। ੨. ਪੁਰੀ ਦਾ ਬਹੁ ਵਚਨ. ਪੁਰੀਆਂ, "ਪੁਰੀਆ ਖੰਡਾ ਸਿਰਿ ਕਰੇ." (ਵਾਰ ਸਾਰ ਮਃ ੧) ੩. ਪੁੜੀਆ. ਪੁੜੀ. ਪੁਟਿਕਾ."ਧੁਰਿ ਸਕੇਲ ਕੇ ਪੁਰੀਆ ਬਾਂਧੀ ਦੇਹ." (ਸ. ਕਬੀਰ) ੪. ਜੁਲਾਹੇ ਦੀ ਨਲਕੀ. "ਛੂਟੇ ਕੂੰਡੇ ਭੀਗੈ ਪੁਰੀਆ." (ਗਉ ਕਬੀਰ) ਦੇਖੋ, ਗਜ ਨਵ। ੫. ਵਿ- ਪੂਰੀ. ਮੁਕੰਮਲ. "ਪੁਰੀਆ ਏਕ ਤਨਾਈ." (ਗਉ ਕਬੀਰ) ਦੇਖੋ, ਗਜ ਨਵ। ੬. ਸੰ. ਪੂਰ੍ਯ- ਪੂਰ੍ਯੰ. ਭਰਣ ਯੋਗਯ. ਭਰਨੇ ਲਾਇਕ. "ਜੇ ਬੰਨਾ ਪੁਰੀਆ ਭਾਰ." (ਜਪੁ) ਮੇਦਾ ਆਦਿਕ ਸ਼ਰੀਰ ਦੇ ਅੰਗ ਜੋ ਪੂਰਨ ਕਰਨ ਯੋਗ ਹਨ, ਜੇ ਉਨ੍ਹਾਂ ਦੇ ਭਰਨ ਦਾ ਭਾਰ (ਜਿੰਮੇਵਾਰੀ) ਬੰਨ੍ਹ ਲਈਏ. ਭਾਵ- ਰੋਕ ਲਈਏ. ਦੇਖੋ, ਭੁਖਿਆ.

ਪੁਰੀਈ: ਪੁਰੀਓਂ ਮੇ. ਪੁਰੀਆਂ ਵਿੱਚ. "ਪੁਰੀਈ ਤ੍ਰਿਭਵਣ ਤਾੜੀ ਲਾਈ ਹੇ." (ਮਾਰੂ ਸੋਲਹੇ ਮਃ ੧)

ਪੁਰੀਏ: ਦੇਖੋ, ਪਹਿਲ ਪੁਰੀਏ.

ਪੁਰੀਸਰ: ਸੰਗਯਾ- ਪੁਰ- ਈਸ਼੍ਵਰ. ਨਗਰਪਤਿ। ੨. ਸਾਰੇ ਪੁਰਾਂ ਦਾ ਸ੍ਵਾਮੀ ਕਰਤਾਰ.

ਪੁਰੀਖ: ਸੰ. ਪੁਰੀਸ਼. ਸੰਗਯਾ- ਵਿਸ਼੍ਟਾ. ਮਲ. ਗੰਦਗੀ. "ਮੂਤ੍ਰ ਪੁਰੀਖ ਦਾਸ ਲੇ ਊਚੇ." (ਗੁਪ੍ਰਸੂ) ੨. ਜਲ. ਪਾਣੀ.

ਪੁਰੀਤਤ, ਪੁਰੀਤਤੀ: ਸੰ. ਪੁਰੀਤਤ੍. ਸੰਗਯਾ- ਜੋ ਪੁਰੀ (ਦੇਹ) ਨੂੰ ਤਣੇ (ਫੈਲਾਵੇ) ਅੰਤੜੀ. ਆਂਦ। ੨. ਇੱਕ ਸੂਖਮ ਨਾੜੀ,

---

[784] ਦੇਖੋ, ਸਨੰਦਨ ਸਿਮ੍ਰਿਤਿ-

भूतेन्द्रिय मनो बुद्धि वासना कर्म वायवः।
अविद्या चाष्टकं प्रोक्तं पुयष्टमृषि सत्तमैः॥

ਜਿਸ ਵਿੱਚ ਸੁਖੁ ਪਤੀ ਸਮੇਂ ਮਨ ਦਾ ਪ੍ਰਵੇਸ਼ ਮੰਨਿਆ ਹੈ। ੩. ਦਿਲ ਦੀ ਬਾਰੀਕ ਝਿੱਲੀ (pericardium).

ਪੁਰੁ: ਦੇਖੋ, ਪੁਰ ੧੧. "ਚਾਲੀਸੀ ਪੁਰੁ ਹੋਇ." (ਵਾਰ ਮਾਝ ਮਃ ੧) ੨. ਦੇਖੋ, ਪੁਰ ੧੦. "ਤੂ ਪੁਰੁ ਸਾਗਰ ਮਾਣਕ ਹੀਰ." (ਆਸਾ ਅਃ ਮਃ ੧) ੩. ਸੰ. ਦੇਵ ਲੋਕ। ੪. ਸ਼ਰੀਰ. ਦੇਹ। ੫. ਫੁੱਲ ਦਾ ਪਰਾਗ। ੬. ਚੰਦ੍ਰਵੰਸ਼ੀ ਰਾਜਾ, ਜੋ ਸ਼ਰਮਿਸ਼੍ਠਾ ਦੇ ਉਦਰ ਤੋਂ ਯਯਾਤਿ ਦਾ ਪੁਤ੍ਰ ਸੀ. ਇਹ ਪਿਤਾ ਦਾ ਵਡਾ ਭਗਤ ਅਤੇ ਪ੍ਰਤਾਪੀ ਰਾਜਾ ਹੋਇਆ ਹੈ. ਇਸੇ ਦੀ ਵੰਸ਼ ਵਿੱਚ ਕੁਰੁ ਹੋਇਆ, ਜਿਸ ਤੋਂ ਕੌਰਵ ਵੰਸ਼ ਚੱਲਿਆ। ੭. ਜੇਹਲਮ ਅਤੇ ਚਨਾਬ ਦੇ ਮੱਧ ਦੇ ਇਲਾਕੇ ਦਾ ਇੱਕ ਰਾਜਾ, ਜੋ ਸਨ B. C. ੩੨੬ ਵਿੱਚ ਸਿਕੰਦਰ ਨਾਲ ਜੇਹਲਮ ਪਾਸ ਲੜਿਆ ਅਤੇ ਹਾਰ ਖਾਧੀ. ਇਸ ਨੂੰ ਯੂਨਾਨੀ ਇਤਿਹਾਸਕਾਰਾਂ ਨੇ Porus ਲਿਖਿਆ ਹੈ.

ਪੁਰੁਸ, ਪੁਰੁਖ: ਦੇਖੋ, ਪੁਰਖੁ.

ਪੁਰੁਖਜਾਤਿ: ਕਾਮਸ਼ਾਸਤ੍ਰ ਅਨੁਸਾਰ ਪਦਮਿਨੀ ਚਿਤ੍ਰਿਨੀ ਸ਼ੰਖਿਨੀ ਅਤੇ ਹਸ੍ਤਿਨੀ ਇਸਤ੍ਰੀ ਜਾਤਿ ਵਾਂਙ ਪੁਰਖ ਦੇ ਚਾਰ ਭੇਦ- ਸ਼ਸ਼ਕ, ਮ੍ਰਿਗ, ਵ੍ਰਿਸ਼ (ਵ੍ਰਿਸ਼ਭ) ਅਤੇ ਵਾਜੀ (ਤੁਰੰਗ)

(ੳ) ਜਿਸ ਦਾ ਸ਼ਰੀਰ ਸੁਡੌਲ, ਨੇਤ੍ਰ ਮ੍ਰਿਗ ਜੇਹੇ, ਚੇਹਰਾ ਖਿੜਿਆ ਹੋਇਆ, ਰੰਗ ਗੋਰਾ, ਚੌੜਾ ਮੱਥਾ, ਦੰਦ ਉੱਜਲ ਅਤੇ ਵਿਰਲੇ, ਕੇਸ਼ ਕੋਮਲ, ਨੱਕ ਤਿੱਖਾ ਅਤੇ ਲੰਮੀਆਂ ਬਾਹਾਂ ਹਨ. ਜੋ ਚਤੁਰ, ਉੱਦਮੀ, ਧਰਮੀ, ਉਪਕਾਰੀ, ਭੋਗ ਦੀ ਘੱਟ ਇੱਛਾ ਰੱਖਣ ਵਾਲਾ, ਸਤਜਵਕਤਾ ਹੈ, ਉਹ "ਸ਼ਸ਼ਕ" ਹੈ. ਇਸ ਨਾਲ ਪਦਮਿਨੀ ਜਾਤਿ ਦੀ ਇਸਤ੍ਰੀ ਦਾ ਸੰਬੰਧ ਹੋਣਾ ਚਾਹੀਏ.

(ਅ) ਸੁੰਦਰ, ਚਪਲ, ਮਿਹਨਤੀ, ਤੁਰਨ ਵਿੱਚ ਚਾਲਾਕ, ਹਾਸਰਸ ਨਾਚ ਗਾਯਨ ਅਤੇ ਦਿਖਾਵੇ (ਆਡੰਬਰ) ਦਾ ਪ੍ਰੇਮੀ, ਆਮਦਨ ਤੋਂ ਜਾਦਾ ਖਰਚ ਕਰਨ ਵਾਲਾ, ਬਹੁਤ ਮਿਤ੍ਰ ਵਧਾਉਣ ਵਾਲਾ, "ਮ੍ਰਿਗ" ਪੁਰਖ ਹੈ. ਇਸ ਨਾਲ ਚਿਤ੍ਰਿਨੀ ਇਸਤ੍ਰੀ ਦਾ ਸੰਬੰਧ ਹੋਣਾ ਯੋਗਜ ਹੈ.

(ੲ) ਸਿਰ ਵਡਾ, ਨੇਤ੍ਰ ਔਸਤ ਦਰਜੇ ਦੇ, ਮੱਥਾ ਅੰਦਰ ਨੂੰ ਝੁਕਿਆ ਹੋਇਆ, ਵਾਲ ਮੋਟੇ ਅਤੇ ਰੁੱਖੇ, ਬਲਵਾਨ, ਕੰਮ ਕਰਦਾ ਨਾ ਥੱਕਣ ਵਾਲਾ, ਨੱਕ ਚੌੜਾ, ਕੰਨਾਂ ਤੇ ਰੋਮ, ਦੰਦ ਸੰਘਣੇ, ਭੋਗ ਦੀ ਬਹੁਤੀ ਇੱਛਾ ਵਾਲਾ "ਵ੍ਰਿਖਭ" ਪੁਰਭ ਹੈ. ਇਸ ਨਾਲ ਸੰਖਿਨੀ ਜਾਤਿ ਦੀ ਇਸਤ੍ਰੀ ਦਾ ਮੇਲ ਹੈ.

(ਸ) ਵਾਜੀ (ਅਸ਼੍ਵ ਅਥਵਾ ਤੁਰੰਗ) ਪੁਰਖ ਉਹ ਹੈ, ਜੋ ਬਹੁਤ ਘਮੰਡੀ, ਲੜਾਕਾ, ਫਰੇਬੀ ਅਤੇ ਸ੍ਵਾਰਥੀ ਹੈ. ਜਿਸ ਦਾ ਸ਼ਰੀਰ ਸੁਡੌਲ ਨਹੀਂ, ਅੰਗ ਮੋਟੇ ਰੋਮਾਂ ਨਾਲ ਢਕੇ ਹੋਏ ਹਨ, ਕਾਮ ਦੇ ਅਧੀਨ ਹੈ, ਧਨ ਦਾ ਪ੍ਰੇਮੀ, ਮਿਹਨਤ ਤੋਂ ਕੰਨੀ ਕਤਰਾਉਣ ਵਾਲਾ, ਵਚਨ ਦੀ ਪਾਲਣਾ ਨਾ ਕਰਨ ਵਾਲਾ, ਹਠੀਆ, ਮਲੀਨ ਰਹਿਣ ਵਾਲਾ, ਦਯਾ ਤੋਂ ਖਾਲੀ ਹੈ. ਇਸ ਨਾਲ "ਹਸਤਿਨੀ" ਜਾਤਿ ਦੀ ਇਸਤ੍ਰੀ ਦਾ ਸੰਬੰਧ ਹੋਣਾ ਠੀਕ ਹੈ.

ਪੁਰੁਖਤ੍ਵ: ਦੇਖੋ, ਪੁਰਖੱਤ.

ਪੁਰੁਖਮੇਧ: ਦੇਖੋ, ਨਰਮੇਧ.

ਪੁਰੂਰਵਾ: ਦੇਖੋ, ਪਰੂਰਉ.

ਪੁਰੇਜਾ: ਦੇਖੋ, ਪੁਰਜਾ. "ਤੇਊ ਕਾਲ ਕੀਨੇ ਪੁਰੇਜੇ ਪੁਰੇਜੰ." (ਵਿਚਿਤ੍ਰ) ਟੁਕੜੇ ਟੁਕੜੇ ਕੀਤੇ.

ਪੁਰੈਨ: ਦੇਖੋ, ਪੁਰਇਨ ਅਤੇ ਪੁਰਾਇਨਿ. "ਜੈਸੇ ਪੁਰੈਨ ਪਾਤ ਰਹੈ ਜਲਸਮੀਪ." (ਬਿਲਾ ਰਵਿਦਾਸ)

ਪੁਰੋਹਿਤ: ਸੰ. ਸੰਗਯਾ- ਯਗਯਾਦਿ ਧਾਰਮਿਕ ਕੰਮਾਂ ਵਿੱਚ ਆਗੂ ਕੀਤਾ ਹੋਇਆ ਪੁਰਖ. ਹਿੰਦੂਆਂ ਦੇ ਸੰਸਕਾਰ ਆਦਿ ਕਰਮ ਕਰਾਉਣ ਵਾਲਾ ਬ੍ਰਾਹਮਣ. ਚਾਣਿਕ੍ਯ ਨੇ ਪੁਰੋਹਿਤ ਦਾ ਲੱਛਣ ਕੀਤਾ ਹੈ-

"वेद् वेदाङ्ग तत्वज्ञो जप होम परायणः

आशीर्वाद् वचो युक्त एव राजपुरोहित:"

**ਪੁਰੋਗ, ਪੁਰੋਗਮ, ਪੁਰੋਗਾਮੀ:** ਸੰ. पुरोगामिन. ਵਿ- ਅੱਗੇ ਜਾਣ ਵਾਲਾ। ੨. ਸੰਗਯਾ- ਚੋਬਦਾਰ. ਚਪਰਾਸੀ।

੩. ਪ੍ਰਧਾਨ. ਮੁਖੀਆ. ਪੇਸ਼ਵਾ, ਆਗੂ। ੪. ਦੇਵਤਿਆਂ ਦੇ ਅੜਦਲੀ ਗਣ.

**ਪੁਰੋਡਾਸ਼:** ਸੰ. ਉਹ ਬਲਿ ਅਥਵਾ ਅੰਨ, ਜੋ ਯੱਗ ਵਿੱਚ ਦੇਵਤਾ ਨੂੰ ਪਹਿਲਾਂ ਦਿੱਤਾ ਜਾਵੇ। ੨. ਮਾਸ ਅੰਨ ਆਦਿ ਪਦਾਰਥ, ਜੋ ਹਵਨ ਕੀਤੇ ਜਾਣ।[785] ੩. ਆਦਮੀ ਦੀ ਖੋਪਰੀ ਵਿੱਚ ਪਕਾਈ ਜੌਂ ਦੇ ਆਟੇ ਦੀ ਟਿੱਕੀ, ਜੋ ਯਗਜ ਵਿੱਚ ਦੇਵਤਿਆਂ ਨੂੰ ਹਵਨ ਦ੍ਵਾਰਾ ਅਰਪਨ ਕੀਤੀ ਜਾਂਦੀ ਸੀ। ੪. ਸੋਮਰਸ.

**ਪੁਰੋਧਾ:** ਸੰ. पुरोधस. ਸੰਗਯਾ- ਪੁਰੋਹਿਤ। ੨. ਪੁਰੋਹਿਤਾਈ.

**ਪੁਰੰਜਨ:** ਸੰ. पुरञ्जन. ਸੰਗਯਾ- ਜੋ ਆਪਣੇ ਕਰਮਾਂ ਅਨੁਸਾਰ ਪੁਰ (ਦੇਹ) ਰਚਦਾ ਹੈ, ਜੀਵਾਤਮਾ. ਜੀਵ. "ਪਿਰਮਪਿਆਲੇ ਸਾਦ ਪਰਮ ਪੁਰੰਜਨੋ." (ਭਾਗੁ) ਦੇਖੋ, ਭਾਗਵਤ ਸਕੰਧ ੪, ਅਧਯਾਯ ੨੫ ਤੋਂ ੨੯। ੨. ਦੇਖੋ, ਪੁਰਜਨ। ੩. ਡਿੰਗ. ਵਰੁਣ ਦੇਵਤਾ. ਸੰ. ਪਰੰਜਨ.

**ਪੁਰੰਜਯ:** ਸੰ. ਵਿ- ਪੁਰ ਨੂੰ ਜਿੱਤਣ ਵਾਲਾ। ੨. ਸੰਗਯਾ- ਦੈਤਾਂ ਦੀ ਪੁਰੀ ਨੂੰ ਜਿੱਤਣ ਵਾਲਾ ਵਿਕੁਕ੍ਸ਼ੀ ਦਾ ਪੁਤ੍ਰ ਇੱਕ ਸੂਰਜ ਵੰਸ਼ੀ ਰਾਜਾ. ਵਿਸ਼ਨੁਪੁਰਾਣ ਅਤੇ ਭਾਗਵਤ ਵਿੱਚ ਕਥਾ ਹੈ ਕਿ ਦੈਤਾਂ ਤੋਂ ਹਾਰਕੇ ਦੇਵਤੇ ਵਿਸ਼ਨੁ ਪਾਸ ਪੁੱਜੇ ਅਤੇ ਸਹਾਇਤਾ ਮੰਗੀ, ਭਗਵਾਨ ਨੇ ਆਖਿਆ ਕਿ ਮੈਂ ਪੁਰੰਜਯ ਦੇ ਸ਼ਰੀਰ ਵਿੱਚ ਪ੍ਰਵੇਸ਼ ਹੋਕੇ ਦੈਤਾਂ ਨੂੰ ਮਾਰਾਂਗਾ.

ਦੇਵਤਿਆਂ ਦੀ ਬੇਨਤੀ ਮੰਨਕੇ ਪੁਰੰਜਯ ਜੰਗ ਲਈ ਤਿਆਰ ਹੋਇਆ ਅਤੇ ਇੰਦ੍ਰ ਨੂੰ ਬੈਲ ਬਣਾਕੇ ਉਸ ਤੇ ਅਸਵਾਰੀ ਕੀਤੀ ਅਰ ਦੈਤਾਂ ਨੂੰ ਵਡੀ ਹਾਰ ਦਿੱਤੀ. ਬੈਲ ਦੀ ਕਕੁਦ (ਢੱਟ) ਤੇ ਬੈਠਣ ਕਰਕੇ ਪੁਰੰਜਯ ਦਾ ਨਾਉਂ "ਕਕੁਤਸ੍ਥ" ਭੀ ਹੋਇਆ.

**ਪੁਰੰਦਰ:** ਸੰ. ਸੰਗਯਾ- ਜੋ ਦੈਤਾਂ ਦੇ ਪੁਰ ਤੋੜ ਦਿੰਦਾ ਹੈ. ਇੰਦ੍ਰ. "ਪਾਇ ਵਿਜੈ ਕੋ ਅਧਿਕ ਪੁਰੰਦਰ." (ਨਾਪ੍ਰ) ੨. ਵਿਸ਼ਨੁ। ੩. ਚੋਰ, ਜੋ ਨਗਰਾਂ ਵਿੱਚ ਪਾੜ ਦਿੰਦਾ ਹੈ। ੪. ਇੰਦ੍ਰ ਦਾ ਪੁਤ੍ਰ ਅਰਜੁਨ ਭੀ ਇੱਕ ਥਾਂ ਪੁਰੰਦਰ ਨਾਉਂ ਤੋਂ ਲਿਖਿਆ ਗਿਆ ਹੈ. ਪੌਰੰਦਰ. ਪੁਰੰਦਰ ਦਾ ਪੁਤ੍ਰ. "ਆਯਸ ਮਾਨ ਪੁਰੰਦਰ ਕੋ." (ਕ੍ਰਿਸਨਾਵ)

**ਪੁਰੰਦਰਚਾਪ:** ਦੇਖੋ, ਇੰਦ੍ਰਧਨੁਖ.

**ਪੁਰੰਦਰੀ:** ਸੰ. ਪੁਰੰਧ੍ਰੀ. ਸੰਗਯਾ- ਪਤਿ ਪੁਤ੍ਰ ਕਨ੍ਯਾ ਆਦਿ ਨਾਲ ਪੂਰੀ (ਭਰੀਹੋਈ) ਇਸਤ੍ਰੀ. ਪਰਿਵਾਰ ਵਾਲੀ ਇਸਤ੍ਰੀ. "ਰਾਜਕੁਆਰਿ ਪੁਰੰਦਰੀਏ." (ਰਾਮ ਨਾਮਦੇਵ) ਜਿਵੇਂ- ਪਾਣੀ ਲੈਣ ਆਈ ਰਾਜਕੁਮਾਰੀ ਦੀ ਪੁਰੰਧ੍ਰੀ. ਹਿੰਦੂਮਤ ਵਿੱਚ ਵਿਧਵਾ ਅਤੇ ਸੰਤਾਨ ਰਹਿਤ ਇਸਤ੍ਰੀ ਰਣਵਾਸ ਵਿੱਚ ਰੱਖਣੀ ਵਰਜਿਤ ਹੈ.

**ਪੁਰੰਧ੍ਰੀ:** ਦੇਖੋ, ਪੁਰੰਦਰੀ.

**ਪੁਲ:** ਸੰ. पुल्. ਧਾ- ਉੱਚਾ ਹੋਣਾ, ਵਡਾ ਹੋਣਾ। ੨. ਸੰਗਯਾ- ਨਦੀ ਆਦਿ ਤੋਂ ਪਾਰ ਜਾਣ ਦਾ ਰਾਹ, ਜੋ ਪਾਣੀ ਤੋਂ ਉੱਚਾ ਬਣਾਇਆ ਜਾਂਦਾ ਹੈ.

**ਪੁਲਸਤ, ਪੁਲਸਤ੍ਯ:** ਸੰ. पुलसत्य. ਸੰਗਯਾ- ਇੱਕ ਰਿਖੀ, ਜਿਸ ਦੀ ਗਿਣਤੀ ਸੱਤ ਰਿਖੀਆਂ ਵਿੱਚ ਹੈ. ਇਹ ਬ੍ਰਹਮਾ ਦਾ ਪੁਤ੍ਰ, ਵਿਸ਼੍ਰਵਾ ਦਾ ਪਿਤਾ ਅਤੇ ਕੁਵੇਰ ਤਥਾ ਰਾਵਣ ਦਾ ਦਾਦਾ ਸੀ, "ਅਗਸਤ ਪੁਲਸਤ ਬਸਿਸਟ ਤੇ ਆਦਿ, ਨ ਜਾਨਪਰੇ ਕਿਹ ਦੇਸ ਸਿਧਾਏ." (ਦੱਤਾਵ)

**ਪੁਲਸਰਾਤ, ਪੁਲਸਿਰਾਤ:** ਦੇਖੋ, ਸਿਰਾਤ ਅਤੇ ਪੁਰਸਲਾਤ.

---

[785] वभ्रवुहिं पुरोडाशआ भक्ष्याणां मृग पक्षिणाम्. (ਮਨੁ, ਅਃ ੫, ਸ਼ਃ ੨੩)

ਪੁਲਹ: ਸੰ. ਸੰਗਜਾ- ਇੱਕ ਰਿਖੀ, ਜੋ ਬ੍ਰਹਮਾ ਦਾ ਮਾਨਸ ਪੁਤ੍ਰ ਲਿਖਿਆ ਹੈ. ਇਸ ਦੀ ਸੱਤ ਰਿਖੀਆਂ ਅਤੇ ਪ੍ਰਜਾ ਪਤੀਆਂ ਵਿੱਚ ਗਿਣਤੀ ਹੈ.

ਪੁਲਕ, ਪੁਲਕਾਵਲਿ: ਸੰ. ਸੰਗਜਾ- ਰੋਮਾਂਚ. ਪ੍ਰੇਮ ਆਨੰਦ ਆਦਿ ਦੇ ਅਸਰ ਨਾਲ ਰੋਮਾਂ ਦਾ ਖੜੇ ਹੋਣਾ. "ਪੁਲਕਯੋ ਪਰਮ ਪ੍ਰੇਮ ਸੇ ਮਨੂਆ." (ਨਾਪ੍ਰ) "ਭਰੇ ਪ੍ਰੇਮ ਪੁਲਕਾਵਲਿ ਹੋਈ." (ਗੁਪ੍ਰਸੂ)

ਪੁਲਕਿਤ: ਸੰ. ਵਿ- ਰੋਮਾਂਚਿਤ. ਜਿਸ ਦੇ ਰੋਮ ਖੜੇ ਹੋ ਗਏ ਹਨ.

ਪੁਲਤ: ਸੰ. ਪ੍ਰਲੁਤ. ਸੰਗਜਾ- ਘੋੜੇ ਦੀ ਇੱਕ ਚਾਲ. ਪੋਈਆ। ੨. ਸ੍ਵਰ ਦਾ ਇੱਕ ਭੇਦ, ਜਿਸ ਦੀਆਂ ਮਾਤ੍ਰਾ ਤਿੰਨ ਹੁੰਦੀਆਂ ਹਨ. ਗੁਰੁ (ਦੀਰਘ) ਤੋਂ ਲੰਮਾ ਜਿਸ ਦਾ ਉੱਚਾਰਣ ਹੈ। ੩. ਵਿ- ਤਰਾਬੋਰ. "ਸ੍ਰੋਣਤ ਪੁਲਤ ਤਬੈ ਉਠ ਧਾਈ." (ਗੁਵਿ ੧੦) ਲਹੂ ਵਿੱਚ ਲਿਬੜੀ ਹੋਈ.

ਪੁਲਨ: ਦੇਖੋ, ਪੁਲਿਨ.

ਪੁਲਾਉ: ਸੰ. ਪੁਲਾਕ ਫ਼ਾ. پلاؤ ਸੰਗਜਾ- ਘੀ ਵਿੱਚ ਭੁੰਨੇ ਅਤੇ ਪਕਾਏ ਮਿੱਠੇ ਜਾਂ ਸਲੂਣੇ ਚਾਉਲਾਂ ਦਾ ਭੋਜਨ। ੨. ਘੀਭੁੰਨੇ ਮਾਸ ਵਿੱਚ ਰਿੱਧੇ ਚਾਉਲ.

ਪੁਲਾਕ: ਦੇਖੋ, ਪਲਾਕ। ੨. ਦੇਖੋ, ਪੁਲਾਉ.

ਪੁਲਾਦ: ਦੇਖੋ, ਫੌਲਾਦ.

ਪੁਲਾਵ: ਦੇਖੋ, ਪੁਲਾਉ.

ਪੁਲਾੜ: ਸੰਗਜਾ- ਪੋਲ. ਥੋਥ. ਸ਼ੁਨਯ. space. Vacuum.

ਪੁਲਿੰਗ, ਪੁਲਿੰਗ: ਸੰ. ਧੁਲਿਙ੍ਗ. ਪੁਰੁਸ਼ (ਪੁਰਖ) ਦਾ ਚਿੰਨ੍ਹ (ਲਿੰਗ). ੨. ਵ੍ਯਾਕਰਣ ਅਨੁਸਾਰ ਪੁਰਖ ਵਾਚਕ ਸ਼ਬਦ. Masculine genzer.

ਪੁਲਿੰਦਾ: ਸੰਗਜਾ- ਕਪੜੇ ਕਾਗਜ ਆਦਿ ਦਾ ਲਪੇਟਿਆ ਹੋਇਆ ਗੱਠਾ. ਸੰ. ਪੂਲ। ੨. ਮਹਾਭਾਰਤ ਅਨੁਸਾਰ ਇੱਕ ਨਦੀ, ਜਿਸ ਦਾ ਸੰਗਮ ਤਪਤੀ ਨਾਲ ਹੁੰਦਾ ਹੈ। ੩. ਬੁੰਦੇਲਖੰਡ ਦੇ ਪੱਛਮੀ ਹਿੱਸੇ ਅਤੇ ਜਿਲੇ ਸਾਗਰ ਦਾ ਪੁਰਾਣਾ ਨਾਮ.

ਪੁਲਿਨ: ਸੰ. ਸੰਗਜਾ- ਨਦੀ ਦਾ ਕਿਨਾਰਾ। ੨. ਨਦੀ ਦੇ ਪ੍ਰਵਾਹ ਨਾਲ ਰੇਤੇ ਦੀ ਬਣੀ ਹੋਈ ਵੱਟ। ੩. ਨਦੀ ਦੇ ਵਿਚਕਾਰ ਖ਼ੁਸ਼ਕ ਥਾਂ, ਜੋ ਜਲ ਦੇ ਪ੍ਰਵਾਹ ਨਾਲ ਉੱਚਾ ਬਣ ਗਿਆ ਹੈ. "ਸੁੰਦਰ ਪੁਲਿਨ ਸਥਾਨ ਜਿਸੀ ਕੇ." (ਗੁਪ੍ਰਸੂ)

ਪੁਲੋਮਨ: ਸੰ. ਧੁਲੋਮਨ੍. ਸੰਗਜਾ- ਇਹ ਇੰਦ੍ਰ ਦਾ ਸਹੁਰਾ ਸ਼ਚੀ ਦਾ ਪਿਤਾ ਸੀ. "ਸਕੁਨਿ ਪਲੋਮਨ ਅਤਿ ਬਲ ਜਾਂਕਾ." (ਨਾਪ੍ਰ)

ਪੁਲੋਮਾ: ਵੈਸ਼੍ਵਾਨਰ ਦੈਤ ਦੀ ਪੁਤ੍ਰੀ, ਜੋ ਭ੍ਰਿਗ ਰਿਖੀ ਦੀ ਇਸਤ੍ਰੀ ਅਤੇ ਚਯਵਨ ਦੀ ਮਾਤਾ ਸੀ। ੨. ਦੇਖੋ, ਪੁਲੋਮਨ.

ਪੁਲੰਦਾ: ਦੇਖੋ, ਪੁਲਿੰਦਾ.

ਪੁੱਲੇ: ਪ੍ਰਲੁਤ ਕਰੇ. ਟਪਾਏ. ਪੇਲੇ. "ਕਿ ਪਾਵੰਗ ਪੁੱਲੇ." (ਪਾਰਸਾਵ) ਪਵੰਗ (ਘੋੜੇ) ਕੁਦਾਏ. ਦੇਖੋ, ਪੁਲਤ.

ਪੁੜ: ਸੰਗਜਾ- ਪੁਟ. ਪੜਦਾ। ੨. ਤਹਿ. ਸਿਤਾ (ਸਿਤਹ). ੩. ਚੱਕੀ ਦਾ ਹੇਠ ਉੱਪਰਲਾ ਪੱਥਰ. "ਦੁਇ ਪੁੜ ਚਕੀ ਜੋੜਿਕੈ ਪੀਸਣ ਆਇ ਬਹਿਠ." (ਵਾਰ ਮਾਝ ਮ: ੧) ੪. ਹੇਠਲੇ ਅਤੇ ਉੱਪਰਲੇ ਲੋਕ. ਜ਼ਮੀਨ ਅਤੇ ਆਸਮਾਨ. ਦੇਖੋ, ਪੁੜਿ.

ਪੁੜਪੁੜੀ: ਸੰਗਜਾ- ਕੰਨ ਅਤੇ ਮੱਥੇ ਦੇ ਵਿਚਕਾਰ ਦੀ ਥਾਂ. ਕਨਪਟੀ.

ਪੁੜਾ: ਸੰਗਜਾ- ਪੁਟ. ਆਵਰਣ. ਪੜਦਾ. ਕਾਗਜ ਪੱਤਾ ਆਦਿ ਲਪੇਟਕੇ ਸੰਪੁਟ ਆਕਾਰ ਕੀਤਾ ਹੋਇਆ। ੨. ਮ੍ਰਿਦੰਗ ਤਬਲੇ

ਦਾ ਚਰਮਪੁਟ। ੩. ਪਸ਼ੂ ਦੀ ਪਿੱਠ ਪੁਰ ਆਰ ਦੀ ਚੋਭ ਨਾਲ ਹੋਇਆ ਗੋਲ ਚਿੰਨ੍ਹ.

ਪੁੜਿ: ਪੁੜ ਅਥਵਾ ਪੁੜਾਂ ਨੂੰ. "ਦੁਇ ਪੁੜਿ ਜੋੜਿ ਵਿਛੋੜਿਅਨ." (ਵਡ ਅਲਾਹਣੀ ਮਃ ੧) ਦੇਖੋ, ਪੁੜ ੪.

ਪੁੜੀ: ਸੰਗਯਾ- ਪੁਟਿਕਾ. ਛੋਟਾ ਪੁੜਾ. ਦੇਖੋ, ਪੁੜਾ ੧.

ਪੁੜੁ: ਦੇਖੋ, ਪੁੜ.

ਪੂ, ਪੂੰ: ਦੇਖੋ, ਪੂਯ। ੨. ਸੰ. ਪੂ. ਧਾ- ਪਵਿਤ੍ਰ ਕਰਨਾ, ਸਾਫ ਕਰਨਾ, ਚਮਕਾਉਣਾ.

ਪੂਅਰ, ਪੂੰਅਰ: ਸੰ. ਪੇਰੁ. ਸੰਗਯਾ- ਅਗਨਿ. "ਅੰਤਰਿ ਅਗਨਿ ਨ ਗੁਰ ਬਿਨੁ ਬੂਝੈ, ਬਾਹਰਿ ਪੂਅਰ ਤਾਪੈ." (ਮਾਰੂ ਅਃ ਮਃ ੧) "ਪੂੰਅਰ ਤਾਪ ਗੇਰੀ ਕੇ ਬਸਤ੍ਰਾ." (ਪ੍ਰਭਾ ਅਃ ਮਃ ੫) ੨. ਰਾਜਪੂਤ ਜਾਤਿ. ਦੇਖੋ, ਪੱਵਾਰ ਅਤੇ ਪ੍ਰਵਰ. "ਪੂਅਰ ਗਉੜ ਪਵਾਰ ਲੱਖ." (ਭਾਗੁ)

ਪੂਆਰੇ: ਫ਼ੱਵਾਰੇ. ਜਲਯੰਤ. "ਬਾਰ ਸਿਬਾਲ ਤੇ ਸੇਖ ਪੂਆਰੇ." (ਕ੍ਰਿਸਨਾਵ) ਸਿਰ ਦੇ ਵਾਲ ਸਿਵਾਲ ਜੇਹੇ ਅਤੇ ਸ਼ਿਖਾ ਫ਼ੱਵਾਰੇ ਤੁੱਲ.

ਪੂਸ: ਸੰ. ਪੋਸ਼. ਸੰਗਯਾ- ਪੋਹ ਦਾ ਮਹੀਨਾ। ੨. ਸੰ. ਪੂਸ਼. ਸ਼ਹਤੂਤ ਦਾ ਬਿਰਛ.

ਪੂਕਾਰ: ਦੇਖੋ, ਪੁਕਾਰ. "ਮਤ ਤੂ ਕਰਹਿ ਪੂਕਾਰ." (ਸ੍ਰੀ ਮਃ ੩)

ਪੂਕਾਰਨ: ਦੇਖੋ, ਪੁਕਾਰਨਾ. "ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸੁਰ ਤਾਕਉ ਮਾਰੈ." (ਸਾਰ ਮਃ ੫) ਜੋ ਸਤਿਗੁਰੂ ਦੇ ਵਿਰੁੱਧ ਰਾਜਦਰਬਾਰ ਵਿੱਚ ਪੁਕਾਰਣ ਲਈ ਉੱਦਮ ਕਰਦਾ ਹੈ.

ਪੂਕਾਰੰਤਾ: ਪੁਕਾਰ ਕਰੰਤਾ. "ਪੂਕਾਰੰਤਾ ਆਜਾਣੰਤਾ." (ਵਾਰ ਸਾਰ ਮਃ ੧) ਲੋਕਾਂ ਨੂੰ ਸੁਣਾਉਂਦਾ ਹੈ, ਪਰ ਆਪ ਸਮਝਦਾ ਨਹੀਂ।

ਪੂਖ: ਦੇਖੋ, ਪੁਖ। ੨. ਦੇਖੋ, ਪੋਖ.

ਪੂਖਨ: ਸੰ. ਪੂਸ਼ਨ (ਧੂਸ਼ਨ). ਸੰਗਯਾ- ਜੋ ਪੁਸ਼ਟ ਕਰੇ, ਸੂਰਜ. "ਪੂਖਨ ਪੁਨਹਿ ਪ੍ਰਕਾਸ਼ਿਤ ਭਯੋ. (ਨਾਪ੍ਰ) ੨. ਵਿ- ਪੋਸ਼ਣ (ਪਾਲਣ) ਵਾਲਾ. "ਭ੍ਰਿਤਪੂਖਨ ਹੈ." (ਕਲਕੀ) ਦਾਸਾਂ ਦੇ ਪਾਲਣ ਵਾਲਾ ਹੈ.

ਪੂਖਾ: ਸੰ. ਪੂਸ਼ਾ. ਸੰਗਯਾ- ਪ੍ਰਿਥਿਵੀ। ੨. ਸੱਜੇ ਕੰਨ ਦੀ ਇੱਕ ਨਾੜੀ.

ਪੂਗ: ਸੰ. ਸੰਗਯਾ- ਸੁਪਾਰੀ ਦਾ ਬਿਰਛ Areca Catechu (Betel- nut tree) ੨. ਸੁਪਾਰੀ. ਪੂਗਫਲ. ਛਾਲੀ. ਜਿਸ ਨਾਲ ਮੂੰਹ ਸਾਫ ਕਰੀਏ ਉਹ ਪੂਗ ਹੈ. "ਗਨ ਪੂਗ ਨਾਲਿਯਰ ਸੋ ਚੜ੍ਹਾਇ." (ਗੁਪ੍ਰਸੂ) ੩. ਸ਼ਹਤੂਤ ਦਾ ਫਲ। ੪. ਸਮੂਹ. ਸਮੁਦਾਯ. ਢੇਰ। ੫. ਪੰਚਾਇਤੀ ਸਭਾ.

ਪੂੰਗ: ਮੁਲ ਸੰਗਯਾ- ਟਿੱਡ (ਆਹਣ) ਦਾ ਬੱਚਾ। ੨. ਮੱਛੀ ਦਾ ਬੱਚਾ। ੩. ਦੇਖੋ, ਪੂਗ.

ਪੂਗਫਲ: ਸੰਗਯਾ- ਪੂਗ ਬਿਰਛ ਦਾ ਫਲ. ਸੁਪਾਰੀ. Areca nut. (betel- nut)

ਪੂੰਗਰਾ, ਪੂੰਗੜਾ: ਪਯ ਗ੍ਰਾਹਕ. ਦੁੱਧ ਪੀਣ ਵਾਲਾ ਬੱਚਾ। ੨. ਪੁੰਗਾਤ੍ਰਜ. ਪੁਤ੍ਰ. ਬੇਟਾ. "ਕਬੀਰ ਪੂੰਗਰਾ ਰਾਮ ਅਲਹ ਕਾ." (ਪ੍ਰਭਾ ਕਬੀਰ) "ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ." (ਭੈਰ ਨਾਮਦੇਵ) ੩. ਦੇਖੋ, ਪੁੰਗਵ.

ਪੂਗੀ, ਪੂਗੀਫਲ: ਦੇਖੋ, ਪੂਗ ਅਤੇ ਪੂਗਫਲ.

ਪੂਛ: ਸੰਗਯਾ- ਪ੍ਰਸ਼ਨ. ਸਵਾਲ. ਦੇਖੋ, ਪੁਛਣਾ. "ਨਾਨਕ ਬਖਸੇ ਪੂਛ ਨ ਹੋਇ." (ਆਸਾ ਮਃ ੧) "ਸਾਚੀ ਦਰਗਹਿ ਪੂਛ ਨ

ਹੋਇ." (ਬਿਲਾ ਅਃ ਮਃ ੧) ੨. ਪੁੱਛ. ਦੁੰਮ. ਦੇਖੋ, ਪੁੰਛ.

ਪੂੰਛ: ਦੇਖੋ, ਪੁੰਛ। ੨. ਡਿੰਗ. ਸ਼ਕਤਿ. ਬਲ. ਸਮਰਥ.

ਪੂਛਟ, ਪੂੰਛਟ: ਸੰਗਯਾ- ਪੁੰਛ. ਦੁੰਮ. ਪੂਛ. "ਤੇਰੀ ਪੂੰਛਟ ਊਪਰਿ ਝਮਕ ਬਾਲ." (ਬਸੰ ਕਬੀਰ)

ਪੂਛਣਾ, ਪੂਛਨਾ: ਦੇਖੋ, ਪੁਛਣਾ. "ਪੂਛਉ ਬੇਦਪੜੰਤਿਆ." (ਮਾਰੂ ਅਃ ਮਃ ੧) "ਪੂਛਹੁ ਜਾਇ ਸਿਆਣਿਆਂ." (ਵਾਰ ਮਾਰੂ ੧. ਮਃ ੧)

ਪੂਛਲ: ਵਿ- ਪੁੱਛਲ. ਦੁੰਮ ਵਾਲਾ। ੨. ਵਡੀ ਦੁੰਮ ਵਾਲਾ.

ਪੂਛਿ: ਕ੍ਰਿ. ਵਿ- ਪੁੱਛਕੇ. ਪੂਛਕਰ. "ਮੈ ਆਪਣਾ ਗੁਰੁ ਪੂਛਿ ਦੇਖਿਆ." (ਸ੍ਰੀ ਮਃ ੧)

ਪੂਜ: ਸੰ. पूज्. ਧਾ- ਪੂਜਾ ਕਰਨਾ, ਆਦਰ ਕਰਨਾ। ੨. ਸੰਗਯਾ- ਪੂਜਾ. "ਬਿਨੁ ਨਾਵੈ ਪੂਜ ਨ ਹੋਇ." (ਗੂਜ ਮਃ ੧) ੩. ਵਿ- ਪੂਜ੍ਯ. ਪੂਜਣ ਯੋਗ੍ਯ. "ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ." (ਆਸਾ ਛੰਤ ਮਃ ੪) "ਸਰਬ ਪੂਜ ਚਰਨ ਗੁਰੁ ਸੇਉ." (ਗੌਂਡ ਮਃ ੫) ੪. ਸੰਗਯਾ- ਜੈਨ ਮਤ ਦਾ ਸਾਧੂ, ਜਿਸ ਨੂੰ ਜੈਨੀ ਗ੍ਰਿਹਸਥੀ ਪੂਜ੍ਯ ਮੰਨਦੇ ਹਨ। ੫. ਦੇਖੋ, ਪੁਜਣਾ. "ਪੂਜ ਅਰਧ ਦਿਸਾਨ." (ਪ੍ਰਿਥੁਰਾਜ) ੬. ਫ਼ਾ. پُوز ਪੂਜ਼. ਪਸ਼ੂ ਦੀ ਥੁਥਨੀ. ਵਧੀ ਹੋਈ ਬੂਥੀ.

ਪੂਜਸਿ: ਪੂਜਦਾ ਹੈ. ਪੂਜਨ ਕਰਦਾ. "ਸਿਲ ਪੂਜਸਿ ਬਗੁਲਸਮਾਧੰ." (ਵਾਰ ਆਸਾ) ੨. ਪੁਜਦਾ. ਪਹੁਚਦਾ. ਤੁੱਲ ਹੁੰਦਾ. "ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ." (ਸੁਖਮਨੀ)

ਪੂਜਹਿ: ਪੂਜਨ ਕਰਦਾ ਹੈ। ੨. ਪੂਜਹਿਂ. ਪੂਜਦੇ ਹਨ. "ਨਿਰਜੀਉ ਪੂਜਹਿ ਮੜ੍ਹਾ ਸਰੇਵਹਿ." (ਮਲਾ ਮਃ ੪) ੩. ਪੁਜਦਾ ਹੈ. ਪਹੁੰਚਦਾ ਹੈ. ਤੁੱਲ ਹੁੰਦਾ ਹੈ.

ਪੂਜਹੁ: ਪੂਜਨ ਕਰੋ. "ਪੂਜਹੁ ਗੁਰ ਕੇ ਪੈਰ." (ਵਾਰ ਗੂਜ ੨. ਮਃ ੫)

ਪੂਜਕ: ਵਿ- ਪੂਜਾ ਕਰਨ ਵਾਲਾ। ੨. ਸੰਗਯਾ- ਪੁਜਾਰੀ.

ਪੂਜਣਾ: ਕ੍ਰਿ- ਪੂਜਨ ਕਰਨਾ. ਦੇਖੋ, ਪੂਜ ੧. ਅਤੇ ਖੋੜਸੋਪਚਾਰ। ੨. ਪੁੱਜਣਾ. ਪਹੁਚਣਾ। ੩. ਤੁੱਲ ਹੋਣਾ. ਬਰਾਬਰ ਹੋਣਾ। ੪. ਪੂਰਾ ਹੋਣਾ. "ਪੂਜਤ ਪਾਵ ਨ ਪੂਜਤ ਕਾਮਾ." (ਗੁਪ੍ਰਸੂ)

ਪੂਜਨ: ਸੰ. ਸੰਗਯਾ- ਪੂਜਣ ਦੀ ਕ੍ਰਿਯਾ. ਅਰਚਨ. "ਪੂਜਨ ਚਾਲੀ ਬ੍ਰਹਮਠਾਇ." (ਬਸੰ ਰਾਮਾਨੰਦ)

ਪੂਜਨੀਕ, ਪੂਜਨੀਯ: ਵਿ- ਪੂਜਣ ਯੋਗ੍ਯ. ਸਨਮਾਨ ਯੋਗ੍ਯ. ਅਚੰਨ ਯੋਗ੍ਯ.

ਪੂਜਰੀ: ਵਿ- ਪੂਜ੍ਯਤਰ. ਅਤ੍ਯੰਤ ਪੂਜਣ ਯੋਗ੍ਯ. "ਗਾਵੈਂ ਕਾਨ ਪੂਜਰੀ." (ਕ੍ਰਿਸਨਾਵ)

ਪੂਜਾ: ਸੰਗਯਾ- ਪੂਜਨ (ਅਚੰਨ) ਦੀ ਕ੍ਰਿਯਾ. ਸਨਮਾਨ. ਸੇਵਾ. "ਅਚੁਤ ਪੂਜਾ ਜੋਗ ਗੋਪਾਲ." (ਬਿਲਾ ਮਃ ੫)

੨. ਵ੍ਯੰਗ- ਤਾੜਨਾ. ਮਾਰ ਕੁਟਾਈ. "ਏਕ ਗਦਾ ਉਨ ਕਰ ਮੇ ਧਰੀ। ਸਭ ਭੂਪਨ ਕੀ ਪੂਜਾ ਕਰੀ." (ਕ੍ਰਿਸਨਾਵ)

ਪੂਜਾਚਾਰ: ਸੰਗਯਾ- ਪੂਜਨ- ਆਚਾਰ. ਪੂਜਨਕ੍ਰਿਯਾ. "ਦੁਆਪਰਿ ਪੂਜਾਚਾਰ." (ਗਉ ਰਵਿਦਾਸ)

ਪੂਜਾਰਾ: ਵਿ- ਪੂਜਣ ਵਾਲਾ। ੨. ਪੂਜਾਹੰ (पूजार्ह) ਪੂਜਾ ਯੋਗ੍ਯ.

ਪੂਜਾਰਿਆ: ਪੂਜਨ ਕੀਤਾ. "ਪ੍ਰਭ ਨਾਨਕ ਚਰਨ ਪੂਜਾਰਿਆ." (ਬਸੰ ਮਃ ੫)

ਪੂਜਾਰੀ: ਸੰਗਯਾ- ਪੂਜਨ ਵਾਲਾ. ਪੁਜਾਰੀ. "ਕੋਟਿ ਪੂਜਾਰੀ ਕਰਤੇ ਪੂਜਾ." (ਭੈਰ ਅਃ ਮਃ ੫) ੨. ਵਿ- ਪੂਜਕ. "ਏਕ ਨਾਮ ਕੋ ਥੀਓ ਪੂਜਾਰੀ." (ਗਉ ਮਃ ੫) ੩. ਪੂਜਨ- ਅਹੰ (अर्ह). ਪੂਜਣ ਯੋਗ੍ਯ. "ਠਾਕੁਰ ਕਾ ਸੇਵਕ ਸਦਾ ਪੂਜਾਰੀ." (ਸੁਖਮਨੀ)

ਪੂਜਾਰੇ: ਪੂਜਨ ਕੀਤੇ. "ਈਹਾ ਊਹਾਂ ਚਰਨ ਪੂਜਾਰੇ." (ਪ੍ਰਭਾ ਮਃ ੫)

ਪੂਜਿ: ਕ੍ਰਿ. ਵਿ- ਪੂਜਕੇ. ਪੂਜਨ ਕਰਕੇ. "ਬੁਤ ਪੂਜਿ ਪੂਜਿ ਹਿੰਦੂ ਮੂਏ." (ਸੋਰ ਕਬੀਰ)

ਪੂਜਿਤ: ਵਿ- ਜਿਸ ਦੀ ਪੂਜਾ ਕੀਤੀ ਗਈ ਹੈ. ਅਚਿੰਤ.

ਪੂਜੀ: ਪੁੱਜੀ. ਪਹੁਚੀ। ੨. ਪੂਰੀ ਹੋਈ। ੩. ਸੰਗਯਾ- ਦੇਖੋ, ਪੂੰਜੀ। ੪. ਘੋੜੇ ਦੇ ਪੂਜ਼ (ਮੂੰਹ) ਦਾ ਬੰਧਨ, ਜੋ ਨੱਕ ਉੱਪਰਦੀ ਹੋਕੇ ਗਲ ਹੇਠ ਆਉਂਦਾ ਹੈ. ਦੇਖੋ, ਪੂਜ ੬.

ਪੂੰਜੀ: ਸੰਗਯਾ- ਧਨਪੁੰਜ. ਰਾਸ਼ਿ. ਮੂੜੀ. Capital. "ਸਉਦੇ ਕਉ ਧਾਵੈ ਬਿਨ ਪੂੰਜੀ." (ਗਉ ਮਃ ੫) ੨. ਭਾਵ- ਸੰਚਿਤ ਕਰਮ. "ਪੂੰਜੀ ਮਾਰ ਪਵੈ ਨਿਤ ਮੁਗਦਰ." (ਬਸੰ ਅਃ ਮਃ ੧)

ਪੂਜੈ: ਪੂਜਨ ਕਰਦਾ ਹੈ। ੨. ਤੁੱਲ ਹੁੰਦਾ ਹੈ. ਪੁਜਦਾ ਹੈ. "ਰਾਮਨਾਮ ਸਰਿ ਅਵਰੁ ਨ ਪੂਜੈ." (ਰਾਮ ਅਃ ਮਃ ੧) ੩. ਖ਼ਤਮ ਹੋਵੇ. ਪੁੱਜੇ. "ਜਿਸ ਕੀ ਪੂਜੈ ਅਉਧ." (ਫੁਨਹੇ ਮਃ ੫) ੪. ਪੂਰਣ ਹੋਵੈ. "ਤਾ ਕੀ ਆਸ ਨ ਪੂਜੈ ਕਾਇ." (ਗਉ ਮਃ ੫)

ਪੂਜ੍ਯ: ਵਿ- ਪੂਜਣ ਯੋਗ੍ਯ. ਸਨਮਾਨ ਯੋਗ੍ਯ.

ਪੂਜ੍ਯਪਾਦ: ਜਿਸ ਦੇ ਪੈਰ ਪੂਜਣ ਯੋਗ੍ਯ ਹਨ.

ਪੂੰਝਣਾ, ਪੂੰਝਨਾ: ਸੰ. ਪ੍ਰੋਂਛਨ. प्रोञ्छन. ਸੰਗਯਾ- ਪੂੰਝਣ ਦੀ ਕ੍ਰਿਯਾ. ਗਿੱਲੀ ਵਸਤੂ ਜਾਂ ਧੂੜ ਆਦਿ ਨੂੰ ਵਸਤ੍ਰ ਆਦਿ ਫੇਰਕੇ ਉਠਾਉਣਾ. ਸਾਫ ਕਰਨਾ.

ਪੂਟ: ਦੇਖੋ, ਪੱਟਣਾ, "ਪੂਟਲਯੋ ਨਗ ਕੋਪ ਹਥਾ." (ਕ੍ਰਿਸਨਾਵ) ਕ੍ਰੋਧ ਨਾਲ ਪਹਾੜ ਪੁੱਟਕੇ ਹੱਥ ਪੁਰ ਰੱਖਿਆ.

ਪੂਠਾ, ਪੂਠੋ: ਉਲਟਾ. ਦੇਖੋ, ਪੁੱਠਾ ੧.

ਪੂਣ: ਦੇਖੋ, ਪੂਣੀ ੨.

ਪੂਣੀ: ਸੰ. पञ्जि- ਪੰਜਿ. ਸੰਗਯਾ- ਕੱਤਣ ਵਾਸਤੇ ਰੂੰ ਦੀ ਬਣਾਈ ਹੋਈ ਬੱਤੀ. ਤੂਲਨਾਲਿਕਾ। ੨. ਸੰ. पृण. ਧਾ- ਏਕਤ੍ਰ ਕਰਨਾ. ਬਟੋਰਨਾ.

ਪੂਤ: ਸੰਗਯਾ- ਪੁਤ੍ਰ. "ਧੀਆ ਪੂਤ ਸੰਜੋਗੁ." (ਸ੍ਰੀ ਅਃ ਮਃ ੧) "ਕਾਹੇ ਪੂਤ ਝਗਰਤ ਹਉ ਸੰਗਿ ਬਾਪ." (ਸਾਰ ਮਃ ੪) ੨. ਚੇਲਾ. ਨਾਦੀ ਪੁਤ੍ਰ. "ਗੋਰਖ ਪੂਤ ਲੁਹਾਰੀਪਾ ਬੋਲੈ." (ਸਿਧਗੋਸਟਿ) ੩. ਸੰ. ਵਿ- ਪਵਿਤ੍ਰ. "ਤਗੁ ਨ ਤੂਟਸਿ ਪੂਤ." (ਵਾਰ ਆਸਾ) ੪. ਸਾਫ। ੫. ਸੰਗਯਾ- ਸਤ੍ਯ. ਸੱਚ। ੬. ਕੁਸ਼ਾ. ਦੱਭ। ੭. ਸ਼ੰਖ। ੮. ਪਲਾਸ਼. ਢੱਕ.

ਪੂਤਨਾ: ਸੰ. ਸੰਗਯਾ- ਮੇਦੇ ਨੂੰ ਪੂਤ (ਪਵਿਤ੍ਰ) ਕਰਨ ਵਾਲੀ ਹਰੜ. ਹਰੀਤਕੀ। ੨. ਬਲਿ ਦੀ ਪੁਤ੍ਰੀ, ਵਕਾਸੁਰ ਅਤੇ ਅਘਾਸੁਰ ਦੀ ਭੈਣ, ਜੋ ਕੰਸ ਦੀ ਪ੍ਰੇਰੀ ਹੋਈ ਦਾਈ ਬਣਕੇ ਨੰਦ ਦੇ ਘਰ ਕ੍ਰਿਸ਼ਨ ਜੀ ਨੂੰ ਮਾਰਨ ਗਈ ਸੀ. ਇਸ ਨੇ ਮੰਮਿਆਂ ਪੁਰ ਵਿਹੁ ਲਾਕੇ ਕ੍ਰਿਸ਼ਨ ਜੀ ਨੂੰ ਦੁੱਧ ਚੁੰਘਾਕੇ ਮਾਰਨ ਦੀ ਵਿਓਂਤ ਗੁੰਦੀ ਸੀ, ਪਰ ਕ੍ਰਿਸ਼ਨ ਦੇਵ ਨੇ ਇਸ ਦਾ ਲਹੂ ਚੂਸਕੇ ਪ੍ਰਾਣ ਕੱਢ ਦਿੱਤੇ. ਦੇਖੋ, ਭਾਗਵਤ ਸਕੰਧ ੧੦. ਅਃ ੬. "ਆਈ ਪਾਪਨਿ ਪੂਤਨਾ ਦੁਹੀਂ ਥਣੀ ਵਿਹੁ ਲਾਇ ਵਹੇਲੀ." (ਭਾਗੁ) "ਜਾਂਕੋ ਮਨ ਪੂਤ ਨਾ ਲਖ੍ਯੋ ਗੁਰੂ ਸੁਪੂਤ ਨਾ ਜਿਸੀ ਕੋ ਪੀਰ ਪੂਤ ਨਾ ਸੰਘਾਰੀ ਸਮ ਪੂਤਨਾ." (ਗੁਪ੍ਰਸੂ) ਜਿਸ ਦਾ ਮਨ ਪੂਤ (ਪਵਿਤ੍ਰ) ਨਹੀਂ, ਜਿਸ ਨੇ ਗੁਰੂ ਸਾਹਿਬ ਦੇ ਸੁਪੁਤ੍ਰ ਨੂੰ ਨਾ ਜਾਣਿਆ ਅਰ ਜਿਸ ਨੂੰ ਪੁੱਤ ਦੀ ਪੀੜ ਨਹੀਂ, ਉਸ ਨੂੰ ਪੂਤਨਾ ਵਾਂਙ ਗੁਰੂ ਹਰਿਗੋਬਿੰਦ ਜੀ ਨੇ ਮਾਰਿਆ। ੩. ਦੇਖੋ, ਪੂਦਨਾ.

ਪੂਤਨਾਸੂਦਨ, ਪੂਤਨਾਰਿ: ਸੰਗਯਾ- ਪੂਤਨਾ ਦੇ ਨਾਸ਼ ਕਰਨ ਵਾਲੇ ਕ੍ਰਿਸ਼ਨਦੇਵ.

ਪੂਤਰਾ: ਪੁਤਲਾ. "ਮਾਟੀ ਕੇ ਹਮ ਪੂਤਰੇ." (ਸ. ਕਬੀਰ)

ਪੂਤਰੀ: ਪੁਤਲੀ. ਪੁੱਤਲਿਕਾ। ੨. ਅੱਖ ਦੀ ਧੀਰੀ. "ਸੋ ਹਰਿ ਨੈਨਹੁ ਕੀ ਪੂਤਰੀ." (ਗੌਂਡ ਨਾਮਦੇਵ)

ਪੂਤਲਾ, ਪੂਤਲੀ: ਦੇਖੋ ਪੁਤਲਾ, ਪੁਤਲੀ.

ਪੂਤਾਤਮਾ: ਸੰ. पूतात्मन. ਵਿ- ਪੂਤ (ਪਵਿਤ੍ਰ) ਮਨ ਵਾਲਾ. ਜਿਸ ਦਾ ਦਿਲ ਪਾਕ ਹੈ.

ਪੂਤਿ: ਪੁਤ੍ਰ ਨੇ. "ਪੂਤਿ ਬਾਪੁ ਖੇਲਾਇਆ." (ਬਸੰ ਕਬੀਰ) ਦੇਖੋ, ਜੋਇ ਖਸਮ. "ਪੂਤਿ ਪਿਤਾ ਇਕੁ ਜਾਇਆ." (ਸੋਰ ਕਬੀਰ) ਜੀਵ ਨੇ ਗਜਾਨ ਪੁਤ੍ਰ ਪੈਦਾ ਕੀਤਾ ਹੈ। ੨. ਸੰ. ਸੰਗਯਾ- ਪਵਿਤ੍ਰਤਾ. ਸ਼ੁੱਧੀ। ੩. ਦੁਰਗੰਧ. ਬਦਬੂ। ੪. ਮੁਸ਼ਕਬਿਲਾਈ.

ਪੂਤਿ ਪਿਤਾ ਇਕੁ ਜਾਇਆ: ਦੇਖੋ, ਪੂਤਿ.

ਪੂਤਿ ਬਾਪੁ ਖੇਲਾਇਆ: ਦੇਖੋ, ਜੋਇ ਖਸਮ.

ਪੂਤੀ: ਪੁਤ੍ਰੀ. ਬੇਟੀ. "ਸੋਹਾਗਨਿ ਕਿਰਪਨ ਕੀ ਪੂਤੀ." (ਗੌਂਡ ਕਬੀਰ) ਸੋਹਾਗਨਿ (ਮਾਇਆ) ਕ੍ਰਿਪਣ ਦੀ ਪੁਤ੍ਰੀ ਹੈ, ਜਿਸ ਨੂੰ ਭੋਗ ਨਹੀਂ ਸਕਦਾ.

ਪੂਤੁ: ਦੇਖੋ. ਪੁਤ੍ਰ.

ਪੂਦਨਾ: ਇੱਕ ਪੰਛੀ, ਜੋ ਭਾਰਤ ਦੇ ਉੱਤਰ ਵੱਲ ਪਾਇਆ ਜਾਂਦਾ ਹੈ. ਇਸ ਦਾ ਰੰਗ ਭੂਰਾ, ਕੱਦ ਸੱਤ ਅੱਠ ਇੰਚ ਹੁੰਦਾ ਹੈ. ਇਹ ਜ਼ਮੀਨ ਪੁਰ ਆਲੁਣਾ ਬਣਾਕੇ ਰਹਿੰਦਾ ਹੈ. ਇਸ ਦੀ ਆਵਾਜ਼ "ਤੁਹੀ- ਤੁਹੀ" ਸ਼ਬਦ ਦਾ ਅਨੁਕਰਣ ਹੈ. "ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ." (ਅਕਾਲ) ੨. ਦੇਖੋ, ਪੋਦੀਨਾ.

ਪੂਨਉ: ਦੇਖੋ, ਪੂਨਿਉ.

ਪੂਨਾ: ਬੰਬਈ ਦੇ ਇਲਾਕੇ ਇੱਕ ਪ੍ਰਸਿੱਧ ਨਗਰ. ਇੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਦੇੜ ਨੂੰ ਜਾਂਦੇ ਪਧਾਰੇ ਹਨ. ਇਹ ਬੰਬਈ ਤੋਂ ੧੧੯ ਮੀਲ ਹੈ. ਇਸ ਦੀ ਆਬਾਦੀ ੧੭੬, ੬੭੧ ਹੈ.

ਪੂਨਿਉ, ਪੂਨਿਓ, ਪੂਨਿਆ: ਸੰ. ਪੂਣਿੰਮਾ. ਸੰਗਯਾ- ਪੂਰਨਮਾਸ਼ੀ. ਚੰਦ੍ਰਮਾ ਦੇ ਚਾਨਣੇ ਪੱਖ ਦੀ ਪੰਦਰਵੀਂ ਤਿਥਿ. "ਪੂਨਿਉ ਪੂਰਾ ਚੰਦ ਅਕਾਸ." (ਗਉ ਬਿਤੀ ਕਬੀਰ) ਦੇਖੋ, ਰਾਕਾ.

ਪੂਨੀ: ਦੇਖੋ, ਪੂਣੀ.

ਪੂਨੀਆਂ: ਇੱਕ ਜੱਟ ਜਾਤਿ (ਗੋਤ੍ਰ).

ਪੂਨੋ, ਪੂਨਯੋ: ਦੇਖੋ, ਪੂਨਿਉ.

ਪੂਪ: ਸੰ. ਸੰਗਯਾ- ਪੂੜਾ. ਅਪੂਪ. ਮਾਲਪੂੜਾ ਪਕਵਾਨ. "ਪੂਪ ਪੂਰਿਕਾ ਬਹੁਰ ਤਿਹਾਵਲ." (ਨਾਪ੍ਰ)

ਪੂਪਨਾ: ਸੰਗਯਾ- ਪੂਪ (ਪੂੜਿਆਂ) ਪੁਰ ਆਉਣ ਵਾਲਾ. ਜਿੱਥੇ ਪੂੜਾ ਪੱਕੇ, ਉੱਥੇ ਪਹੁਚਣ ਵਾਲਾ, ਪੇਟਦਾਸੀਆ। ੨. ਮੰਗਤਾ.

ਪੂੰਬਾ: ਸੰਗਯਾ- ਪੰਬਹ. ਪੰਬਾ. ਰੂਈ ਦਾ ਫੰਬਾ, ਜੋ ਤਾੜੇ ਨਾਲ ਧੁਣਕਣ ਸਮੇਂ ਹਵਾ ਵਿੱਚ ਉਡਦਾ ਹੈ. "ਦਾਨਵ ਮਾਨ ਗਯੋ ਉਡ ਪੂੰਬੇ." (ਚੰਡੀ ੧)

ਪੂਯ: ਸੰ. पूय्. ਧਾ- ਗੰਦਾ ਹੋਣਾ, ਸੜਨਾ, ਦੁਰਗੰਧਿਤ ਹੋਣਾ। ੨. ਸੰਗਯਾ- ਪੀਪ. ਪੂੰ. ਰਾਧ. ਪਸ.

ਪੂਰ: ਸੰਗਯਾ- ਨੌਕਾ ਵਿੱਚ ਬੈਠੇ. ਮੁਸਾਫਿਰਾਂ ਦਾ ਟੋਲਾ. ਉਤਨੇ ਯਾਤ੍ਰੀ, ਜੋ ਇੱਕ ਵਾਰ ਬੇੜੀ ਵਿੱਚ ਬੈਠ ਸਕਣ. "ਭੈ ਵਿਚਿ ਆਵਹਿ ਜਾਵਹਿ ਪੂਰ." (ਵਾਰ ਆਸਾ) ੨. ਪ੍ਰਿਥਿਵੀ. ਭੂਮਿ. "ਪੂਰ ਫਟੀ ਛੁਟ ਧੂਰਜਟੀ ਜਟ." (ਕਲਕੀ) ਜ਼ਮੀਨ ਪਾਟਗਈ, ਸ਼ਿਵ ਦੀਆਂ ਜਟਾਂ ਖੁਲ੍ਹ ਗਈਆਂ। ੩. ਪੂਰ੍ਣ. ਵਿ- ਪੂਰਾ. "ਗੁਰਮੁਖਿ ਪੂਰ ਗਿਆਨੀ." (ਸਾਰ ਮਃ ੫) ੪.

ਵਜਾਪਕ. "ਜਲਿ ਥਲਿ ਪੂਰ ਸੋਇ." (ਜੈਤ ਛੰਤ ਮਃ ੫) ੫. ਸੰ. ਸੰਗਜਾ- ਜਲ ਦਾ ਚੜ੍ਹਾਉ। ੬. ਜ਼ਖ਼ਮ ਦਾ ਭਰਨਾ.

ਪੂਰਉ: ਵਿ- ਪੂਰਾ. ਪੂਰਣ. "ਪੂਰਉਪੁਰਖ ਰਿਦੈ ਹਰਿ ਸਿਮਰਤ." (ਸਵੈਯੇ ਮਃ ੫. ਕੇ)

ਪੂਰਈਆ: ਪੂਰਦਾ ਹੈ. "ਰਖਿ ਰਖਿ ਚਰਣ ਹਰਿ ਤਾਲ ਪੂਰਈਆ." (ਬਿਲਾ ਅਃ ਮਃ ੪) ੨. ਵਿ- ਪੂਰ੍ਣ ਕਰੈਯਾ.

ਪੂਰਕ: ਸੰ. ਵਿ- ਪੂਰਾ ਕਰਨ ਵਾਲਾ। ੨. ਪੂਰਣ ਕਰਤਾ. ਭਰਣ ਪੋਖਣ ਕਰਤਾ. "ਸਗਲ ਪੂਰਕ ਪ੍ਰਭੁ ਧਨੀ." (ਆਸਾ ਮਃ ੫) ੩. ਸੰਗਜਾ- ਪ੍ਰਾਣਾਯਾਮ ਦਾ ਪ੍ਰਿਥਮ ਅੰਗ. ਓਅੰ ਜਪ ਨਾਲ ਸ੍ਵਾਸ ਅੰਦਰ ਲੈ ਜਾਣੇ. "ਰੇਚਕ ਪੂਰਕ ਕੁੰਭ ਕਰੈ." (ਪ੍ਰਭਾ ਅਃ ਮਃ ੧)

ਪੂਰਕਰੰਮਾ: ਵਿ- ਪੂਰੇ ਕਰਮਾਂ ਵਾਲਾ. ਖ਼ੁਸ਼ਨਸੀਬ. "ਸੋ ਪੂਰਕਰੰਮਾ ਨਾ ਛਿਨਾ." (ਮਾਰੂ ਸੋਲਹੇ ਮਃ ੫)

ਪੂਰਕੁ: ਦੇਖੋ, ਪੂਰਕ. ੧. "ਜੈਸੀ ਭੂਖ ਤੈਸੀ ਕਾ ਪੂਰਕੁ." (ਸੋਰ ਮਃ ੫)

ਪੂਰਗਿਆਨ: ਵਿ- ਪੂਰਣ ਗਜਾਨ "ਭਾਣੈ ਪੂਰ ਗਿਆਨਾ ਜੀਉ. (ਮਾਝ ਮਃ ੫)

ਪੂਰਣ: ਸੰ. पूर्ण. ਧਾ- ਏਕਤ੍ਰ ਕਰਨਾ, ਢੇਰ ਕਰਨਾ। ੨. ਸੰਗਜਾ- ਕਰਤਾਰ. ਪਾਰਬ੍ਰਹਮ। ੩. ਜਲ। ੪. ਵਿ- ਪੂਰਾ. ਮੁਕੰਮਲ। ੫. ਭਰਿਆ ਹੋਇਆ. ਪੂਰਿਤ. "ਪੂਰਣ ਹੋਈ ਆਸ." (ਵਾਰ ਸੋਰ ਮਃ ੪)

ਪੂਰਣਕਾਮ: ਵਿ- ਜਿਸ ਦੀ ਕਾਮਨਾ ਪੂਰਣ ਹੋ ਗਈ ਹੈ.

ਪੂਰਣਦੇਇ: ਪੂਰਣਦੇਵ. ਪਾਰਬ੍ਰਹਮ। ੨. ਪੂਰਣਤਾ ਦਿੰਦਾ ਹੈ. ਭਰਦਾ ਹੈ. ਦੇਖੋ, ਪੂਰਣੁਦੇਇ.

ਪੂਰਣਾਵਤਾਰ: ਪੂਰ੍ਣ- ਅਵਤਾਰ. ਉਹ ਅਵਤਾਰ. ਜੋ ਸਾਰੀ ਕਲਾ ਕਰਕੇ ਪੂਰਣ ਹੈ, ਜੈਸੇ ਗੁਰੂ ਨਾਨਕ ਦੇਵ.

ਪੂਰਣਿਮਾ: ਦੇਖੋ, ਪੂਨਿਉ.

ਪੂਰਣੁ: ਦੇਖੋ, ਪੂਰਣ.

ਪੂਰਣੁ ਦੇਇ: ਦੇਖੋ, ਪੂਰਣ ਦੇਇ ੨. "ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ." (ਵਾਰ ਆਸਾ)

ਪੂਰਣੋਪਮਾ: ਦੇਖੋ, ਉਪਮਾ (ੳ).

ਪੂਰਤ: ਸੰ. पूर्त. ਸੰਗਜਾ- ਪਾਲਣ. ਪਰਵਰਿਸ਼। ੨. ਖੋਦਣ ਅਤੇ ਚਿਣਨ ਦਾ ਕੰਮ। ੩. ਤਾਲ ਖੂਹ ਆਦਿ ਦੇ ਰਚਣ ਦੀ ਕ੍ਰਿਯਾ। ੪. ਵਿ- ਪੂਰਤਿ. ਭਰਿਆ ਹੋਇਆ.

ਪੂਰਤਿ: ਸੰ. ਪੂਰ੍ਤਿ. ਸੰਗਜਾ- ਕਿਸੇ ਕੰਮ ਦੀ ਸਮਾਪਤਿ। ੨. ਪੂਰਣਤਾ। ੩. ਭਰਨ ਦੀ ਕ੍ਰਿਯਾ.

ਪੂਰਨ: ਦੇਖੋ, ਪੂਰਣ. "ਪੂਰਨ ਆਸ ਕਰੀ ਖਿਨ ਭੀਤਰਿ." (ਮਾਝ ਮਃ ੫) ੨. ਸੰਗਜਾ- ਸ਼ਾਲਿਵਾਹਨਕੋਟ (ਸਿਆਲਕੋਟ) ਦੇ ਪ੍ਰਤਾਪੀ ਰਾਜੇ ਸ਼ਾਲਿਵਾਹਨ ਦਾ ਪੁਤ੍ਰ ਅਤੇ ਰਸਾਲੂ ਦਾ ਭਾਈ, ਜੋ ਰਾਜ ਦੀ ਇੱਛਾ ਤਿਆਗ ਕੇ ਯੋਗੀ ਹੋ ਗਿਆ ਸੀ. ਸਿਆਲਕੋਟ ਤੋਂ ਚਾਰ ਮੀਲ ਉੱਤਰ ਪੂਰਨ ਦਾ ਖੂਹ ਹੈ, ਜਿਸ ਵਿੱਚ ਮਤੇਈ ਦੀ ਚਲਾਕੀ ਨਾਲ ਪੂਰਨ ਸੁੱਟਿਆ ਗਿਆ ਸੀ ਅਰ ਉਸ ਵਿੱਚੋਂ ਗੋਰਖਨਾਥ ਨੇ ਆਕੇ ਕੱਢਿਆ ਸੀ. ਗੋਰਖਨਾਥ ਦੇ ਬੈਠਣ ਦਾ ਟਿੱਬਾ ਭੀ ਖੂਹ ਦੇ ਪਾਸ ਹੀ ਹੈ. ਸੰਤਾਨ ਦੀ ਇੱਛਾ ਵਾਲੀਆਂ ਅਨੇਕ ਜਾਤੀ ਦੀਆਂ ਇਸਤ੍ਰੀਆਂ ਪੂਰਨ ਦੇ ਖੂਹ ਤੇ ਆਕੇ ਇਸਨਾਨ ਕਰਦੀਆਂ ਹਨ. ਏਥੋਂ ਦੇ ਪੁਜਾਰੀ ਜੋਗੀ ਹਨ. ਸ਼ਹਿਰ ਸਿਆਲਕੋਟ ਵਿੱਚ ਪੂਰਨ ਦਾ ਭੋਰਾ ਭੀ ਹੈ, ਜਿਸ ਵਿੱਚ ਜੋਤਿਸ਼ੀਆਂ ਦੇ ਆਖੇ ਉਹ ਬਾਲ ਅਵਸਥਾ ਵਿੱਚ ਰੱਖਿਆ ਗਿਆ ਸੀ.

ਪੂਰਨਆਸਨੀ: ਆਸਾ ਪੂਰਕ. "ਪ੍ਰਭ ਪੂਰਨਆਸਨੀ, ਮੇਰੇ ਮਨਾ." (ਆਸਾ ਮਃ ੫) ੨. ਸੰ. पूर्ण आसन्न. ਪੂਰ੍ਣ ਆਸੰਨ.

ਬਹੁਤ ਪਾਸ. ਹਾਜਰ ਹਜੂਰ.

ਪੂਰਨਕਾਮ: ਦੇਖੋ, ਪੂਰਣਕਾਮ. "ਪੂਰਨਕਾਮ ਮਿਲੇ ਗੁਰਦੇਵ." (ਭੈਰ ਮਃ ੫)

ਪੂਰਨ ਦਾ ਖੂਹ: ਦੇਖੋ, ਪੂਰਨ ੨.

ਪੂਰਨਪਦ: ਪੂਰਣਪਦਵੀ. ਆਤਮਗ੍ਯਾਨ ਦ੍ਵਾਰਾ ਤੁਰੀਯ ਪਦ. "ਹਰਿ ਸਿਮਰਤ ਪੂਰਨਪਦ ਪਾਇਆ." (ਗਉ ਮਃ ੫)

ਪੂਰਨਪੁਰਖ: ਪੂਰ੍ਣਪੁਰਸ਼. ਸਰਵਵ੍ਯਾਪਕ ਕਰਤਾਰ. "ਪੂਰਨਪੁਰਖ ਅਚੁਤ ਅਬਿਨਾਸੀ." (ਸੂਹੀ ਛੰਤ ਮਃ ੫) ੨. ਸਤਿਗੁਰੂ ਨਾਨਕ ਦੇਵ.

ਪੂਰਨ ਪ੍ਰਜੰਕ: ਪੂਰ੍ਣ- ਪਰ੍‍ਯੰਕ. ਭਾਰਯਾ (ਵਹੁਟੀ) ਸਹਿਤ ਸੇਜਾ. "ਕਹੂੰ ਪੂਰਨ ਪ੍ਰਜੰਕ." (ਅਕਾਲ)

ਪੂਰਨ ਭੋ: ਪੂਰਾ ਭਇਆ. ਦੇਖੋ, ਭੋ.

ਪੂਰਨਮਾ, ਪੂਰਨਮਾਸੀ: ਦੇਖੋ, ਪੂਨਿਉ. "ਪੂਰਨਮਾ ਪੂਰਨ ਪ੍ਰਭੁ ਏਕ." (ਗਉ ਥਿਤੀ ਮਃ ੫)

ਪੂਰਨ ਰਾਜਜੋਗ: ਪੂਰ੍ਣ ਰਾਜ ਅਤੇ ਪੂਰ੍ਣ ਯੋਗ. ਵਿਹਾਰ ਅਤੇ ਪਰਮਾਰ੍‍ਥ ਵਿੱਚ ਕਮਾਲ. "ਪੂਰਾ ਤਪੁ ਪੂਰਨ ਰਾਜਜੋਗੁ." (ਗਉ ਮਃ ੫) ਦੇਖੋ, ਰਾਜਜੋਗ.

ਪੂਰਨ ਵਾਕ: ਵਚਨ ਦੀ ਸਫਲਤਾ, ਜੋ ਵਾਕ ਕਹਿਆ ਹੈ, ਉਸ ਦੀ ਪੂਰਣਤਾ. "ਜਨ ਕਾ ਕੀਨੋ ਪੂਰਨ ਵਾਕ." (ਬਿਲਾ ਮਃ ੫) ੨. ਗੁਰਵਾਕ, ਜਿਸ ਵਿੱਚ ਕੋਈ ਕਮੀ ਨਹੀਂ। ੩. ਵ੍ਯਾਕਰਣ ਅਨੁਸਾਰ ਉਹ ਵਾਕ, ਜਿਸ ਵਿੱਚ ਕਰਤਾ ਕਰਮ ਅਤੇ ਕ੍ਰਿਯਾ ਸ਼ਬਦ ਹਨ.

ਪੂਰਬ: ਵਿ- ਪੂਰਵ. ਪਹਿਲਾ. ਪ੍ਰਥਮ. "ਪੂਰਬ ਜਨਮ ਕੇ ਮਿਲੇ ਸੰਜੋਗੀ." (ਜੈਤ ਮਃ ੫) ੨. ਸੰਗ੍ਯਾ- ਪੂਰਵ ਦਿਸ਼ਾ। ੩. ਦੇਖੋ, ਪੂਰਵ.

ਪੂਰਬਕ: ਦੇਖੋ, ਪੂਰਵਕ.

ਪੂਰਬਜ: ਦੇਖੋ, ਪੂਰਵਜ.

ਪੂਰਬਜਨਮ: ਸੰ. पूर्वजन्मन्. ਸੰਗ੍ਯਾ- ਵਰਤਮਾਨ ਤੋਂ ਪਹਿਲਾ ਜਨਮ. ਪਿਛਲਾ ਜਨਮ. "ਪੂਰਬਜਨਮ ਕੇ ਮਿਲੇ ਸੰਜੋਗੀ." (ਜੈਤ ਮਃ ੫)

ਪੂਰਬਣਾ: ਪੂਰਣਿਮਾ. ਪੂਰਨਮਾਸੀ. ਦੇਖੋ, ਪੂਨਿਉ.

ਪੂਰਬਰੂਪ: ਪੂਰਵ (ਪਹਿਲਾ) ਰੂਪ. ਪਹਿਲੀ ਸ਼ਕਲ। ੨. ਕਾਵ੍ਯ ਦਾ ਇੱਕ ਅਰਥਾਲੰਕਾਰ. ਸੰਗਤਿ ਦਾ ਗੁਣ ਲੈ ਕੇ ਤਿਆਗਣਾ ਅਰ ਪਹਿਲੇ ਜੇਹਾ ਹੀ ਰਹਿਣਾ, "ਪੂਰਬਰੂਪ" ਦਾ ਲੱਛਣ ਹੈ.

ਪ੍ਰਥਮ ਸੰਗਗੁਣ ਗ੍ਰਹਿਣ ਕਰ ਫਿਰ ਧਾਰਤ ਨਿਜ ਰੰਗ. (ਰਾਮਚੰਦ੍ਰ ਭੂਸ਼ਣ) ਭਾਵ ਇਹ ਹੈ ਕਿ ਜਿਤਨਾ ਕਾਲ ਸੰਗਤਿ ਰਹੇ ਉਤਨਾ ਚਿਰ ਉਸ ਦੇ ਗੁਣ ਧਾਰਣ ਕਰਨੇ ਅਰ ਸੰਗਤਿ ਤੋਂ ਅਲਗ ਹੋ ਕੇ ਆਪਣੀ ਅਸਲੀਯਤ ਪੁਰ ਆਜਾਣਾ.

ਉਦਾਹਰਣ-

ਬਾਜੀਗਰਿ ਜੈਸੇ ਬਾਜੀ ਪਾਈ,

ਨਾਨਾ ਰੂਪ ਭੇਖ ਦਿਖਲਾਈ,

ਸਾਂਗੁ ਉਤਾਰਿ ਥੰਮਿਓ ਪਾਸਾਰਾ,

ਤਬ ਏਕੋ ਏਕੰਕਾਰਾ, ×××

ਬੀਜੁ ਬੀਜਿ ਦੇਖਿਓ ਬਹੁ ਪਰਕਾਰਾ,

ਫਲ ਪਾਕੇ ਤੇ ਏਕੰਕਾਰਾ.

(ਸੂਹੀ ਮਃ ੫)

ਕਬੀਰਾ ਧੂਰਿ ਸਕੇਲਿਕੈ ਪੁਰੀਆ ਬਾਂਧੀ ਦੇਹ,

ਦਿਵਸ ਚਾਰਿ ਕੋ ਪੇਖਨਾ ਅੰਤ ਖੇਹ ਕੀ ਖੇਹ.

(ਸ. ਕਬੀਰ)

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ,

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ.

(ਜਾਪੁ)

ਫਟਕ ਮਨਿੰਦ ਹੁਤੀ ਮਤਿ ਕਾਚੀ,

ਢਿਗ ਸਤਸੰਗ ਰੰਗ ਸ਼ੁਭ ਰਾਚੀ,

ਵਿਛਰਯੋ ਜਬੈ ਤਬਾ ਰਹਿਗਇਊ,

ਯਥਾ ਪ੍ਰਿਥਮ ਮੂਰਖਮਤਿ ਭਇਊ.

(ਗੁਪ੍ਰਸੂ)

ਪੂਰਬਲਾ: ਵਿ- ਪੂਰਵ ਕਾਲਿਕ. ਪਹਿਲੇ ਸਮੇਂ ਦਾ. "ਪੂਰਬਲਾ ਅੰਕੁਰ ਜਾਗਿਆ." (ਸੋਰ ਮਃ ੫) ਦੇਖੋ, ਪਰਾ ਪੂਰਬਲਾ.

ਪੂਰਬਲੋ: ਦੇਖੋ, ਪੂਰਬਲਾ. "ਪੂਰਬਲੋ ਕ੍ਰਿਤ ਕਰਮ ਨ ਮਿਟੈ." (ਧਨਾ ਤ੍ਰਿਲੋਚਨ)

ਪੂਰਬਾਣੀ, ਪੂਰਬਾਣੈ: ਦੇਖੋ, ਜੋਧੈ ਵੀਰੈ ਅਤੇ ਧੁਨੀ (ਕ)

ਪੂਰਬਾਪਰ: ਕ੍ਰਿ ਵਿ- ਪੂਵੰ- ਅਪਰ. ਪੂਰਵਾਪਰ. ਅੱਗੇ ਪਿੱਛੇ। ੨. ਵਿ- ਅਗਲਾ ਅਤੇ ਪਿਛਲਾ। ੩. ਪੂਰਵ ਅਤੇ ਪਸ਼੍ਚਿਮ ਦਾ.

ਪੂਰਬਾਰਧ: ਪੂਵੰ- ਅਧੰ. ਸੰਗਯਾ- ਪਹਿਲਾ ਅੱਧਾ. ਉੱਤਰਾਧੰ ਤੋਂ ਪਹਿਲਾ ਭਾਗ.

ਪੂਰਬਿ: ਪੂਰਵ ਕਾਲ ਵਿੱਚ। ੨. ਪੂਰਵ ਤੋਂ. "ਜੇ ਹੋਵੈ ਪੂਰਬਿ ਲਿਖਿਆ." (ਵਾਰ ਆਸਾ)

ਪੂਰਬਿ ਲਿਖਣਹ: ਪੂਰਵ ਲਿਖੇ ਅਨੁਸਾਰ. ਪੂਰਵ ਕਰਮਾਂ ਦੇ ਫਲ ਅਨੁਸਾਰ. "ਲਭਣੰ ਸਾਧ ਸੰਗੇਣ ਨਾਨਕ ਹਰਿ ਪੂਰਬਿ ਲਿਖਣਹ." (ਗਾਥਾ)

ਪੂਰਬਿ ਲਿਖਿਆ: ਪੂਰਵ ਲਿਖਿਤ. ਪਹਿਲਾ ਲਿਖਿਆ ਹੋਇਆ. ਕਲਮਾਨੁਸਾਰ ਪ੍ਰਾਰਬਧਲੇਖ. "ਪੂਰਬਿ ਲਿਖਿਆ ਪਾਇਆ." (ਸੋਰ ਮਃ ੫)

ਪੂਰਬੀ: ਵਿ- ਪੂਰਵ ਦਿਸ਼ਾ ਨਾਲ ਸੰਬੰਧ ਰੱਖਣ ਵਾਲਾ। ੨. ਸੰਗਯਾ- ਪੂਰਵ ਦਾ ਵਸਨੀਕ. "ਪੂਰਬੀ ਨ ਪਾਰ ਪਾਵੈਂ." (ਅਕਾਲ) ੩. ਸੰਪੂਰਣ ਜਾਤਿ ਕੀ ਇੱਕ ਰਾਗਿਣੀ. ਇਸ ਵਿੱਚ ਦੋਵੇਂ ਧੈਵਤ ਲੱਗ ਜਾਂਦੇ ਹਨ. ਰਿਸ਼ਭ ਧੈਵਤ ਕੋਮਲ, ਮੱਧਮ ਤੀਵ੍ਰ, ਸ਼ੜਜ ਗਾਂਧਾਰ ਪੰਚਮ ਅਤੇ ਨਿਸ਼ਾਦ ਸ਼ੁੱਧ ਹਨ. ਅਵਰੋਹੀ ਵਿੱਚ ਸ਼ੁੱਧ ਮੱਧਮ ਭੀ ਲੱਗ ਜਾਂਦਾ ਹੈ. ਵਾਦੀ ਗਾਂਧਾਰ ਅਤੇ ਧੈਵਤ ਸੰਵਾਦੀ

ਹੈ. ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਰ ਹੈ.

ਆਰੋਹੀ- ਸ਼ ਰਾ ਮੀ ਪ ਧਾ ਨ ਸ਼.

ਅਵਰੋਹੀ- ਸ਼ ਨ ਧਾ ਪ ਮ ਗ ਰਾ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗਉੜੀ ਨਾਲ ਮਿਲਾਕੇ ਇਹ ਰਾਗਿਣੀ ਲਿਖੀ ਹੈ.

ਪੂਰਬੀਆ: ਸੰਗਯਾ- ਪੂਰਵ ਦਿਸ਼ਾ ਦਾ ਵਸਨੀਕ। ੨. ਯੂ. ਪੀ. ਦੇ ਇਲਾਕੇ ਦਾ.

ਪੂਰਬੋਕਤ: ਦੇਖੋ, ਪੂਰਵੋਕ੍ਤ.

ਪੂਰਭੰਡਾਰੀਆ: ਵਿ- ਪੂਰਣ ਭੰਡਾਰ ਵਾਲਾ. ਜਿਸ ਦਾ ਮਾਲਗੁਦਾਮ ਭਰਿਆ ਰਹਿੰਦਾ ਹੈ. "ਹਰਿ ਪੂਰਭੰਡਾਰੀਆ." (ਗਉ ਅਃ ਮਃ ੫)

ਪੂਰਵ: ਦੇਖੋ, ਪੂਰਬ.

ਪੂਰਵਕ: ਸੰ. ਪੂਵੰਕ. ਵਿ- ਪਹਿਲਾ. ਪੂਵੰ ਕਾਲ ਦਾ। ੨. ਸੰਗਯਾ- ਵਡੇ ਵਡੇਰੇ. ਬਾਪ ਦਾਦਾ ਆਦਿ। ੩. ਕ੍ਰਿ. ਵਿ- ਨਾਲ. ਸਾਥ. ਸਹਿਤ. ਇਸ ਦਾ ਪ੍ਰਯੋਗ ਸ਼ਬਦ ਦੇ ਅੰਤ ਹੁੰਦਾ ਹੈ, ਜਿਵੇਂ ਵਿਚਾਰ ਪੂਰਵਕ ਉੱਤਰ ਦੇਣਾ, ਧ੍ਯਾਨ ਪੂਰਵਕ ਕਥਾ ਸੁਣਨਾ ਆਦਿ.

ਪੂਰਵਜ: ਸੰਗਯਾ- ਜੋ ਪੂਰਵ (ਪਹਿਲਾਂ) ਜਨਮਿਆ ਹੈ, ਵਡਾ ਭਾਈ। ੨. ਬਾਪ ਦਾਦਾ ਆਦਿ ਵਡੇਰੇ। ੩. ਵਿ- ਜੋ ਪਹਿਲਾਂ ਜਨਮਿਆ ਹੋਵੇ.

ਪੂਰਵ ਪਕ੍ਸ਼, ਪੂਰਵ ਪੱਖ: ਸੰਗਯਾ- ਚੰਦ੍ਰਮਾ ਦੇ ਮਹੀਨੇ ਦਾ ਹਨੇਰਾ ਪੱਖ। ੨. ਕਿਸੇ ਚਰਚਾ ਦਾ ਪਹਿਲਾ ਪੱਖ. ਪ੍ਰਸ਼ਨ. ਕਿਸੇ ਵਿਸ਼ੇ ਪੁਰ ਬਾਤ ਕਰਨ ਲਈ ਉਠਾਈ ਬਾਤ. ਜਵਾਬ ਵਿੱਚ ਜੋ ਕਥਨ ਹੁੰਦਾ ਹੈ ਉਹ ਉੱਤਰ ਪੱਖ ਕਹਿਆ ਜਾਂਦਾ ਹੈ। ੩. ਮੁੱਦਈ ਦਾ ਦਾਵਾ.

ਪੂਰਵਭਾਸ਼ੀ: ਸੰ. पूर्वभाषिन्. ਵਿ- ਪਹਿਲਾਂ ਬੋਲਣ ਵਾਲਾ, ਭਾਵ- ਮਿਲਣ ਆਏ ਨੂੰ ਆਪ ਪਹਿਲਾਂ ਸ਼ਿਸ਼੍ਟਾਚਾਰ ਦੀ ਗੱਲ ਕਰਨ ਵਾਲਾ.

ਪੂਰਵ ਮੀਮਾਂਸਾ: ਸੰਗਯਾ- ਪ੍ਰਥਮ ਵਿਚਾਰ। ੨. ਕਰਮਕਾਂਡ ਸੰਬੰਧੀ ਸ਼ਾਸਤ੍ਰ. ਜੈਮਿਨਿ ਮੁਨਿ ਦਾ ਰਚਿਆ ਕਰਮਾਂ ਦੀ ਵਿਧੀ ਦੱਸਣ ਵਾਲਾ ਦਰਸ਼ਨ.

ਪੂਰਵਾਪਰ: ਦੇਖੋ, ਪੂਰਬਾਪਰ.

ਪੂਰਵੋਕ੍ਤ: ਪੂਰਵ (ਪਹਿਲਾਂ) ਉਕ੍ਤ (ਕਹਿਆ). ਵਿ- ਪਹਿਲੇ ਕਹਿਆ ਹੋਇਆ. ਜਿਸ ਦਾ ਜਿਕਰ ਪਹਿਲਾਂ ਆਚੁੱਕਿਆ ਹੈ.

ਪੂਰਾ: ਵਿ- ਪੂਰਣ. "ਪੂਰਾ ਸਤਿਗੁਰੁ ਜੇ ਮਿਲੈ." (ਸ੍ਰੀ ਮਃ ੫) ੨. ਸੰਗਯਾ- ਜਲ ਦਾ ਕੀੜਾ. ਕੂਰਾ। ੩. ਸ਼੍ਰੀ ਗੁਰੂ ਰਾਮਦਾਸ ਜੀ ਦਾ ਇੱਕ ਪ੍ਰੇਮੀ ਸਿੱਖ.

ਪੂਰਾਇਸਨਾਨੁ: ਪੂਰਣ ਸਨਾਨ. ਬਾਹਰ ਅਤੇ ਅੰਦਰ ਦੀ ਸਫਾਈ. ਤਨ ਅਤੇ ਮਨ ਦੀ ਨਿਰਮਲਤਾ. "ਪੂਰਾ ਮਾਰਗੁ ਪੂਰਾ ਇਸਨਾਨੁ." (ਗਉ ਮਃ ੫)

ਪੂਰਾਈ: ਪੂਰਣ ਕਰਾਈ. ਭਰਵਾਈ। ੨. ਪੂਰਣ ਕੀਤੀ। ੩. ਪੂਰਣਤਾ.

ਪੂਰਾ ਗੁਰ, ਪੂਰਾ ਗੁਰੁ: ਵਿ- ਪੂਰਣ ਗੁਰੂ. ਆਤਮਗ੍ਯਾਨੀ ਅਤੇ ਵਿਦ੍ਵਾਨ ਧਰਮਉਪਦੇਸ਼ਕ। ੨. ਸੰਗਯਾ- ਸਤਿਗੁਰੂ ਨਾਨਕ ਦੇਵ, "ਪੂਰਾ ਗੁਰੁ ਅਖ੍ਯਉ ਜਾਕਾ ਮੰਤ੍ਰ." (ਸੁਖਮਨੀ)

ਪੂਰਾਨ: ਪੂਰਣ ਹੋਇਆ. ਵ੍ਯਾਪਕ. "ਕੀਟ ਹਸਤਿ ਸਗਲ ਪੂਰਾਨ." (ਗੌਂਡ ਮਃ ੫)

ਪੂਰਾਪੁਰਖੁ: ਸੰਗ੍ਯਾ- ਪੂਰਣਪੁਰਸ਼. ਸਤਿਗੁਰੂ ਨਾਨਕ ਦੇਵ. "ਪੂਰਾਪੁਰਖੁ ਪਾਇਆ ਵਡਭਾਗੀ." (ਸੂਹੀ ਛੰਤ ਮਃ ੪) ੨. ਕਰਤਾਰ.

ਪੂਰਾਮਾਰਗੁ: ਵਿ- ਉਹ ਰਾਹ, ਜਿਸ ਵਿੱਚ ਪੈਕੇ ਭੁਲੇਖਾ ਨਾ ਲੱਗੇ। ੨. ਸੰਗ੍ਯਾ- ਸਿੱਖਪੰਥ. ਗੁਰੂ ਨਾਨਕ ਦੇਵ ਦਾ ਦੱਸਿਆ ਰਾਹ. ਸਿੱਖ ਮਾਰਗ. "ਪੂਰਾਮਾਰਗੁ ਪੂਰਾ ਇਸਨਾਨੁ." (ਗਉ ਮਃ ੫)

ਪੂਰਾ ਲੋਕੀਕ: ਪੂਰ੍ਣ ਲੋਕਿਕ. ਵਿ- ਪੂਰਣ ਪ੍ਰਸਿੱਧ. ਲੋਕਾਂ ਵਿੱਚ ਚੰਗੀ ਤਰਾਂ ਜਾਣਿਆ ਹੋਇਆ।

੨. ਦੁਨੀਆਵੀ ਵਿਹਾਰਾਂ ਵਿੱਚ ਪੂਰਣ. "ਪੂਰੀ ਸੋਭਾ ਪੂਰਾ ਲੋਕੀਕ." (ਗਉ ਮਃ ੫)

ਪੂਰਾ ਵੇਸਾਹੁ: ਪੂਰਣ ਵਿਸ਼੍ਵਾਸ. ਪੂਰੀ ਸ਼੍ਰੱਧਾ। ੨. ਪੂਰਣ ਵ੍ਯਾਪਾਰ. ਪੂਰਾ ਵਣਿਜ. ਦੇਖੋ, ਵੇਸਾਹਨ.

ਪੂਰਿ: ਕ੍ਰਿ. ਵਿ- ਪੂਰਣ ਕਰਕੇ. ਭਰਕੇ। ੨. ਵਿ- ਪੂਰਣ. ਸੰਪੂਰਣ. "ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ." (ਆਸਾ ਛੰਤ ਮਃ ੫) ੩. ਵ੍ਯਾਪਕ. "ਪੂਰਿ ਰਹਿਓ ਸਰਬਤ੍ਰ ਮੈ." (ਵਾਰ ਜੈਤ)

ਪੂਰਿਅੜੀ: ਪੂਰਣ ਕੀਤੀ. "ਨਾਨਕ ਪੂਰਿਅੜੀ ਮਨ ਆਸਾ." (ਗਉ ਮਃ ੪)

ਪੂਰਿਆ: ਪੂਰਣ ਕੀਤਾ। ੨. ਵ੍ਯਾਪਿਆ। ੩. ਹਠਯੋਗ ਦੇ ਮਤ ਅਨੁਸਾਰ ਸ੍ਵਾਸਾਂ ਨੂੰ ਓਅੰਜਪ ਨਾਲ ਅੰਦਰ ਪੂਰਿਆ (ਭਰਿਆ). "ਨਾਦ ਸਤ ਪੂਰਿਆ." (ਮਾਰੂ ਜੈਦੇਵ)

ਪੂਰਿਕਾ: ਸੰਗ੍ਯਾ- ਪੂਪਲਾ. ਪੂਰੀ. ਘੀ ਵਿੱਚ ਤਲੀਹੋਈ ਰੋਟੀ. ਦੇਖੋ, ਪੂਰੀ ੪. ਅਤੇ ਪੂਪ.

ਪੂਰਿਤ: ਵਿ- ਭਰਿਆ ਹੋਇਆ. ਤ੍ਰਿਪਤ.

ਪੂਰਿਨ: ਕਿਸੇ ਅਜਾਣ ਲਿਖਾਰੀ ਨੇ ਸ਼ਸ਼ਤ੍ਰਨਾਮਮਾਲਾ ਦੇ *੨੨੨* ਅੰਗ ਵਿੱਚ "ਧੂਰਿਨ" ਦੀ ਥਾਂ ਇਹ ਸ਼ਬਦ ਲਿਖਿਆ ਹੈ. ਧੂਰਿ (ਰਜ) ਵਾਲੀ ਪ੍ਰਿਥਿਵੀ.

ਪੂਰੀ: ਪੂਰਣ ਕੀਤੀ. "ਪੂਰੀ ਆਸਾ ਜੀ ਮਨਸਾ ਮੇਰੇ ਰਾਮ." (ਵਡ ਛੰਤ ਮਃ ੫) ੨. ਪੂਰਣ. ਨ੍ਯੂਨਤਾ ਰਹਿਤ. "ਪੂਰੀ ਹੋਈ ਕਰਾਮਾਤਿ." (ਵਾਰ ਰਾਮ ੩) ੩. ਸੰਗ੍ਯਾ- ਤਸੱਲੀ. "ਭਨਤਿ ਨਾਨਕ ਮੇਰੀ ਪੂਰੀ ਪਰੀ." (ਗਉ ਮਃ ੫) ੪. ਘੀ ਵਿੱਚ ਤਲੀ ਰੋਟੀ. ਪੂਰਿਕਾ. ਪੂਰੀ. ਸੰ. ਪੂਪਲਾ। ੫. ਮ੍ਰਿਦੰਗ ਢੋਲ ਆਦਿ ਦੇ ਮੂੰਹ ਤੇ ਮੜ੍ਹਿਆ ਹੋਇਆ ਗੋਲ ਚਮੜਾ.

ਪੂਰੀਅਲੇ: ਪੂਰਣ ਹੋਇਆ ਹੋਇਆ ਹੈ. ਵ੍ਯਾਪਕ ਹੋ ਰਿਹਾ ਹੈ. "ਸਪਤ ਲੋਕ ਸਾਮਾਨਿ ਪੂਰੀਅਲੇ." (ਮਲਾ ਨਾਮਦੇਵ) ਸਮਾਨਭਾਵ ਕਰਕੇ ਪੂਰਣ ਹੋ ਰਿਹਾ ਹੈ.

ਪੂਰੀਨਾ: ਪੂਰਣਕਰਤਾ. ਭਰਨ ਵਾਲਾ. "ਨੀਚ ਤੇ ਊਚ, ਊਨ ਪੂਰੀਨਾ." (ਬਿਲਾ ਮਃ ੫)

ਪੂਰੀਪੈਣੀ: ਕ੍ਰਿ- ਪੂਰਣਤਾ ਹੋਣੀ. ਕੰਮ ਸਿਰੇ ਚੜ੍ਹਨਾ. ਪੂਰੀ ਤਸੱਲੀ ਹੋਣੀ. "ਸਤਿਗੁਰਿ ਮਿਲਿਐ ਪੂਰੀਪਈ." (ਵਾਰ ਸੋਰ ਮਃ ੩)

ਪੂਰੀ ਰਾਸਿ: ਉਹ ਰਾਸਿ (ਪੂੰਜੀ), ਜੋ ਕਦੇ ਨਾ ਘਟੇ. ਭਾਵ- ਸ਼ੁਭਗੁਣਾਂ ਦਾ ਸਮੁਦਾਯ.

ਪੂਰੁ: ਦੇਖੋ, ਪੂਰ ੧. "ਦੁਬਿਧਾ ਡੋਬੇ ਪੂਰੁ." (ਸ੍ਰੀ ਮਃ ੧)

ਪੂਰੇਵ: ਪੂਰਣ ਕਰਦਾ ਹੈ. "ਮਨਸਾ ਸਭ ਪੂਰੇਵ." (ਸ੍ਰੀ ਮਃ ੫)

ਪੂਰੈ: ਪੂਰਣ ਕਰਦਾ ਹੈ. ਭਰਦਾ ਹੈ। ੨. ਪੂਰਣ (ਪੂਰੇ) ਨੇ. "ਗੁਰਿ ਪੂਰੈ ਕੀਤੀ ਪੂਰੀ." (ਸੋਰ ਮਃ ੫)

ਪੂਰੋ: ਸ੍ਰੀ ਗੁਰੂ ਅਮਰਦੇਵ ਜੀ ਦਾ ਇੱਕ ਪਰੋਪਕਾਰੀ ਸਿੱਖ। ੨. ਵਿ- ਪੂਰਣ. ਜਿਸ ਵਿੱਚ ਕਮੀ ਨਹੀਂ.

ਪੂਰੋਪੂਰਾ: ਵਿ- ਅਤਿ ਪੂਰਣ. ਆਕਾਸ਼ ਆਦਿ ਵ੍ਯਾਪਕ ਪਦਾਰਥਾਂ ਤੋਂ ਭੀ ਵਧਕੇ ਪੂਰਣ। ੨. ਜਿਸ ਵਿੱਚ ਕਿਸੇ ਤਰਾਂ ਦੀ ਨ੍ਯੂਨਤਾ ਨਹੀਂ. "ਪੂਰੋਪੂਰਾ ਆਖੀਐ." (ਸ੍ਰੀ ਮਃ ੧)

ਪੂਲ, ਪੂਲਕ, ਪੂਲਾ: ਸੰ. ਪੂਲ੍. ਧਾ- ਢੇਰ ਕਰਨਾ, ਬਟੋਰਨਾ (ਇਕੱਠਾ ਕਰਨਾ) ੨. ਸੰਗ੍ਯਾ- ਘਾਹ ਆਦਿ ਦਾ ਬੰਨ੍ਹਿਆ ਗੱਠਾ. ਮੁੱਠਾ. "ਕੇਸ ਜਲੇ ਜੈਸੇ ਘਾਸ ਦਾ ਪੂਲਾ." (ਗੌਂਡ ਕਬੀਰ) ੩. ਸੰ. ਪੂਲਜ. ਸੰਗ੍ਯਾ- ਥੋਥਾ ਦਾਣਾ. ਭਾਵ- ਅਸਾਰ ਕਰਮ. ਉਹ ਕਰਮ, ਜਿਸ ਤੋਂ ਕਿਸੇ ਫਲ ਦੀ ਪ੍ਰਾਪਤੀ ਨਹੀਂ. "ਹਰਿ ਕੇ ਭਜਨ ਬਿਨੁ ਬਿਰਥਾ ਪੂਲੁ." (ਭੈਰ ਮਃ ੫)

ਪੂਲਾਦ: ਫ਼ਾ. پولاد ਸੰਗ੍ਯਾ- ਫੌਲਾਦ. ਜੌਹਰਦਾਰ ਲੋਹਾ। ੨. ਤੂਰਾਨ ਦਾ ਇੱਕ ਪਹਿਲਵਾਨ। ੩. ਕੁਤਕਾ. ਮੁਤਹਿਰਾ. ਸਲੋਤਰ.

ਪੂਲੀ, ਪੂਲੁ: ਦੇਖੋ, ਪੂਲ, ਪੂਲਾ.

ਪੂਲ੍ਹਾ: ਦੇਖੋ, ਤਾਰੂ ਸਿੰਘ.

ਪੂੜਾ: ਸੰਗ੍ਯਾ- ਪੂਪ. ਮਾਲਪੂੜਾ ਪਕਵਾਨ. ਮਿੱਠੇ ਨਾਲ ਗਾੜ੍ਹੇ ਘੁਲੇ ਹੋਏ ਆਟੇ ਦੀ ਘਿਉ ਜਾਂ ਤੇਲ ਵਿੱਚ ਤਲੀ ਹੋਈ ਨਰਮ ਰੋਟੀ.

ਪੂੜੀ: ਦੇਖੋ, ਪੂਰੀ ੪.

ਪੇਉ: ਸੰਗ੍ਯਾ- ਪਿਤਾ. ਪਿਉ. ਬਾਪ। ੨. ਸੰ. ਪੇਯ. ਵਿ- ਪੀਣ ਯੋਗ੍ਯ. "ਏਹੁ ਮਹਾਰਸ ਪੇਉ ਰੇ." (ਰਾਮ ਕਬੀਰ) ੩. ਪਾਨ ਕਰ. ਪੀ. "ਗੁਰਮੁਖਿ ਅੰਮ੍ਰਿਤ ਪੇਉ." (ਸ੍ਰੀ ਮਃ ੧)

ਪੇਉਕਾ: ਸੰਗ੍ਯਾ- ਪਿਤਾ ਓਕਸ੍. ਪਿਤਾਗ੍ਰਿਹ. ਬਾਪ ਦਾ ਘਰ। ੨. ਪਿਤਾ ਦਾ ਵੰਸ਼.

ਪੇਊਖ: ਦੇਖੋ, ਪੀਯੂਖ.

ਪੇਈਅੜਾ, ਪੇਈਆ: ਸੰਗ੍ਯਾ- ਪਿਤਾ ਦਾ ਘਰ. ਪਿਤਾ ਦਾ ਕੁਲ. ਭਾਵ ਇਹ ਲੋਕ. "ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ." (ਸ੍ਰੀ ਮਃ ੫) "ਨਿਤ ਨ ਪੇਈਆ ਹੋਇ." (ਸ੍ਰੀ ਮਃ ੧) "ਨਾਨਕ ਸੁਤੀ ਪੇਈਐ." (ਸ੍ਰੀ ਮਃ ੧) ਭਾਵ- ਇਸ ਲੋਕ ਵਿੱਚ.

ਪੇਸ: ਸੰਗ੍ਯਾ- ਵਸ਼. ਜ਼ੋਰ. ਬਲ. "ਪੂਰਬ ਕਰੇ ਉਪਾਯ ਜੋ ਕੋ ਪੇਸ ਨ ਜਾਵੈ." (ਗੁਪ੍ਰਸੂ) ੨. ਸੰ. ਪੇਸ਼. ਸ਼ਿੰਗਾਰ. ਸ਼ਿੰਗਾਰ. "ਕੇਸ ਪੇਸ ਸੋਂ ਜੁਟ ਉਪਾਰਯੋ." (ਚਰਿਤ੍ਰ ੫੩) ੩. ਫ਼ਾ. پیش ਕ੍ਰਿ. ਵਿ- ਸਾਮ੍ਹਣੇ. ਸੰਮੁਖ. ਅੱਗੇ. "ਯਕ ਅਰਜ ਗੁਫਤਮ ਪੇਸਿ ਤੋ." (ਤਿਲੰ ਮਃ ੧) ੪. ਸੰਗ੍ਯਾ- ਕੁੜਤੇ ਆਦਿ ਵਸਤ੍ਰ ਦਾ ਅਗਲਾ ਭਾਗ। ੫. ਸੰ. ਪੇਸ੍. ਧਾ- ਮਸਲਣਾ, ਰਗੜਨਾ, ਯਤਨ ਕਰਨਾ.

ਪੇਸ਼ ਆਮਦ: ਫ਼ਾ. پیش آمد ਸਾਮ੍ਹਣੇ ਆਇਆ.

ਪੇਸ਼ਕਸ਼: ਫ਼ਾ. پیشکش ਸੰਗ੍ਯਾ- ਜੋ ਪੇਸ਼ (ਸਾਮ੍ਹਣੇ) ਵਿਛਾਇਆ ਜਾਵੇ. ਖਿਲਤ. ਸੌਗਾਤ. ਤੋਹਫ਼ਾ.

ਪੇਸ਼ਕਬਜ: ਫ਼ਾ. پیش قبض ਪੇਸ਼ਕ਼ਬਜ. ਸੰਗ੍ਯਾ- ਜਿਸ ਦਾ ਕਬਜਾ ਪੇਟੀ ਵਿੱਚ ਸਾਮ੍ਹਣੇ ਹੋਵੇ. ਕਰਦ ਦੇ ਆਕਾਰ ਦਾ ਇੱਕ ਸ਼ਸਤ੍ਰ.

ਪੇਸ਼ਕਾਰ: ਫ਼ਾ. پیشکار ਸੰਗ੍ਯਾ- ਕਿਸੇ ਅਧਿਕਾਰੀ ਦੇ ਪੇਸ਼ (ਅੱਗੇ) ਮਿਸਲ ਅਰਜੀ ਆਦਿ ਕਰਨ ਵਾਲਾ ਮੁਨਸ਼ੀ. ਸਰਿਸ਼੍ਤੇਦਾਰ.

ਪੇਸ਼ਗਾਹ: ਫ਼ਾ. پیشگاه ਸੰਗ੍ਯਾ- ਘਰ ਦੇ ਸਾਮ੍ਹਣੇ ਦੀ ਥਾਂ. ਵੇੜ੍ਹਾ. ਸਹਨ। ੨. ਬਾਦਸ਼ਾਹ ਦੀ ਦਰਗਾਹ.

ਪੇਸ਼ਗੀ: ਫ਼ਾ. پیشگی ਸੰਗਜਾ- ਕਿਸੇ ਕਾਰਜ ਦੇ ਕਰਾਉਣ ਲਈ ਪਹਿਲਾਂ ਦਿੱਤੀ ਰਕਮ. ਅਗਾਊ ਦਿੱਤਾ ਧਨ.

ਪੇਸ਼ਣ: ਸੰ. ਪੀਹਣਾ. ਚੂਰਨ ਕਰਨਾ. ਦੇਖੋ, ਪੇਸ ੫.

ਪੇਸ਼ਣੀ: ਸੰਗਜਾ- ਚੱਕੀ ਪੀਹਣ ਦਾ ਯੰਤ੍ਰ. ਦੇਖੋ, ਪੇਸ ੫.

ਪੇਸ਼ਤਰ: ਫ਼ਾ. پیشتر ਕ੍ਰਿ. ਵਿ- ਪਹਿਲਾਂ. ਪੂਰਵ. ਸਮੇਂ ਤੋਂ ਪਹਿਲਾਂ.

ਪੇਸ਼ਦਸ੍ਤੀ: ਫ਼ਾ. پیشدستی ਸੰਗਜਾ- ਅੱਗੇ ਹੱਥ ਵਧਾਉਣ ਦੀ ਕ੍ਰਿਯਾ। ੨. ਜ਼ਜਾਦਤੀ. ਵਧੀਕੀ। ੩. ਦਿਲੇਰੀ.

ਪੇਸ਼ਨੀ: ਸੰਗਜਾ- ਪੇਸ਼ਾ ਕਮਾਉਣ ਵਾਲੀ, ਵੇਸ਼ਜਾ. (ਚਰਿਤ੍ਰ ੧੪੮)

ਪੇਸ਼ਬੰਦੀ: ਫ਼ਾ. پیشبندی ਸੰਗਜਾ- ਪਹਿਲਾਂ ਕੀਤੀ ਹੋਈ ਬਚਾਉ ਦੀ ਜੁਗਤਿ.

ਪੇਸ਼ਰਉ, ਪੇਸ਼ਰੌ: ਫ਼ਾ. پیشرو ਸੰਗਜਾ- ਆਗੂ. ਅੱਗੇ ਜਾਣ ਵਾਲਾ.

ਪੇਸ਼ਵਾ: ਫ਼ਾ. پیشوا ਸੰਗਜਾ- ਆਗੂ. ਪ੍ਰਧਾਨ. ਮੁਖੀਆ। ੨. ਪ੍ਰਧਾਨ ਮੰਤਰੀ. ਇਹ ਪਦਵੀ ਖ਼ਾਸ ਕਰਕੇ ਮਰਹਟਾ ਰਾਜ ਦੇ ਮੁੱਖਕਰਮਚਾਰੀ ਬਾਲਾ ਜੀ ਰਾਉ ਵਿਸ਼੍ਵਨਾਥ ਨੂੰ, ਜੋ ਬ੍ਰਾਹਮਣਵੰਸ਼ ਵਿੱਚ ਨੀਤਿ ਅਤੇ ਬਾਹਦੁਰੀ ਦਾ ਪੁੰਜ ਸੀ, ਪ੍ਰਾਪਤ ਹੋਈ. ਇਸ ਦਾ ਪੁਤ੍ਰ ਬਾਜੀਰਾਉ (੧) ਸਨ ੧੭੨੦ ਵਿੱਚ ਪੇਸ਼ਵਾ ਹੋਇਆ. ਪੇਸ਼ਵਾ ਵੰਸ਼ ਦਾ ਪੂਨੇ ਵਿੱਚ ਇੱਕ ਸਦੀ ਰਾਜ ਰਿਹਾ. ਬਾਜੀਰਾਉ (੨) ਦੇ ਸਮੇਂ ਸਨ ੧੮੧੮ ਵਿੱਚ ਰਾਜ ਦੀ ਸਮਾਪਤੀ ਹੋਈ. ਬਾਜੀਰਾਉ ਦੀ ਅੰਗ੍ਰੇਜ਼ਾਂ ਨੇ ਪੈਨਸ਼ਨ ਮੁਕੱਰਰ ਕਰ ਦਿੱਤੀ. ਇਸ ਦੀ ਮੌਤ ਸਨ ੧੮੫੨ ਵਿੱਚ ਹੋਈ. ਦੇਖੋ, ਨਾਨਾ ੫.

ਪੇਸ਼ਵਾਈ: ਫ਼ਾ. پیشوائی ਸੰਗਜਾ- ਅਗਵਾਨੀ. ਕਿਸੇ ਮਾਨਯੋਗਜ ਨੂੰ ਅੱਗੇ ਵਧਕੇ ਲੈਣ ਦੀ ਕ੍ਰਿਯਾ.

ਪੇਸ਼ਾ: ਫ਼ਾ. پیشہ ਪੇਸ਼ਹ. ਸੰਗਜਾ- ਕਸਬ. ਕਿੱਤਾ. ਕਾਰਜ। ੨. ਜੀਵਿਕਾ ਦੀ ਕਿਰਤ। ੩. ਵਿਭਚਾਰ ਦੀ ਕਿਰਤ ਲਈ ਭੀ ਪੇਸ਼ਾ ਸ਼ਬਦ ਬਹੁਤ ਲੋਕ ਵਰਤ ਲੈਂਦੇ ਹਨ.

ਪੇਸ਼ਾਨੀ: ਫ਼ਾ. پیشانی ਸੰਗਜਾ- ਮੱਥਾ. ਮਸ੍ਤਕ। ੨. ਅੱਗੇ ਦਾ ਹਿੱਸਾ.

ਪੇਸ਼ਾਬ: ਫ਼ਾ. پیشاب ਸੰਗਜਾ- ਮੂਤ੍ਰ. ਮੂਤ. ਸੰ- ਪ੍ਰਸ੍ਰਾਵ ਜਾਂ ਪਯਸ੍ਰਾਵ.

ਪੇਸ਼ਾਵਰ: ਫ਼ਾ. پیشاور ਸੰਗਜਾ- ਪੇਸ਼ਾ (ਕਿੱਤਾ) ਕਰਨ ਵਾਲਾ. ਪੇਸ਼ਹਵਰ। ੨. ਪੱਛਮ ਉੱਤਰੀ ਸਰਹੱਦ ਪੁਰ ਇੱਕ ਪ੍ਰਸਿੱਧ ਨਗਰ ਪੇਸ਼ਾਵਰ, ਜਿਸ ਦਾ ਸੰਸਾਕ੍ਰਿਤ ਨਾਮ ਪੁਰੁਸ਼ਪੁਰ ਹੈ. ਇਹ ਗੰਧਾਰ ਦੇਸ ਦੀ ਰਾਜਧਾਨੀ ਸੀ. ਇੱਥੇ ਸਨ ੧੨੦ ਤੋਂ ੧੬੨ ਤਕ ਕਨਿਸ਼ਕ ਨੇ ਰਾਜ ਕੀਤਾ. ਸਨ ੯੯੧ ਦੇ ਕਰੀਬ ਸੁਬਕਤਗੀਨ ਨੇ ਜੈਪਾਲ ਤੋਂ ਪੇਸ਼ਾਵਰ ਖੋਹਕੇ ਆਪਣੇ ਰਾਜ ਨਾਲ ਮਿਲਾਇਆ. ਮਹਾਰਾਜਾ ਰਣਜੀਤ ਸਿੰਘ ਨੇ ਸਨ ੧੮੧੭ (੪ ਮੱਘਰ ਸੰਮਤ ੧੮੭੫) ਵਿੱਚ ਇਸ ਤੇ ਆਪਣਾ ਅਧਿਕਾਰ ਕਾਇਮ ਕੀਤਾ, ਪਰ ੬. ਮਈ ਸਨ ੧੮੩੪ ਨੂੰ ਕੌਰ ਨੌਨਿਹਾਲ ਸਿੰਘ ਨੇ ਪੂਰੀ ਤਰਾਂ ਪੇਸ਼ਾਵਰ ਨੂੰ ਸਿੱਖਰਾਜ ਨਾਲ ਮਿਲਾਇਆ ਅਰ ਬਾਲਾ ਹਿਸਾਰ ਕਿਲੇ ਤੇ ਖਾਲਸਾ ਸਲਤਨਤ ਦਾ ਨਿਸ਼ਾਨ ਝੁਲਾਕੇ ਨਾਮ ਸੁਮੇਰਗੜ੍ਹ ਰੱਖਿਆ.

ਪੇਸ਼ਾਵਰ ਵਿੱਚ ਭਾਈ ਜੋਗਾ ਸਿੰਘ ਦਾ ਗੁਰਦ੍ਵਾਰਾ ਬਹੁਤ ਉੱਘਾ ਹੈ, ਜਿੱਥੇ ਕਥਾ ਕੀਰਤਨ ਹੁੰਦਾ ਹੈ.

ਪੇਸ਼ਾਵਰ ਉੱਤਰ ਪੱਛਮੀ ਹੱਦ ਦੇ ਇਲਾਕੇ ਦੀ ਰਾਜਧਾਨੀ ਹੈ, ਜਿੱਥੇ ਚੀਫ ਕਮਿਸ਼ਨਰ ਏ. ਜੀ. ਜੀ. ਰਹਿੰਦਾ ਹੈ, ਅਰ ਵਡੀ ਛਾਉਣੀ ਹੈ. ਇਸ ਦੀ ਆਬਾਦੀ ੯੩, ੮੯੪ ਹੈ. ਪੇਸ਼ਾਵਰ ਲਹੌਰ ਤੋਂ ੨੮੮ ਅਤੇ ਬੰਬਈ ਤੋਂ ੧੫੯੪ ਮੀਲ ਹੈ.

ਪੇਸ਼ਿ: ਸੰ. ਸੰਗਜਾ- ਆਂਡਾ। ੨. ਮਾਸ ਦਾ ਟੁਕੜਾ. ਬੋਟੀ। ੩. ਗਰਭ ਦੀ ਝਿੱਲੀ, ਜਿਸ ਵਿੱਚ ਬੱਚਾ ਲਿਪਟਿਆ ਰਹਿੰਦਾ ਹੈ.

ਪੇਸਿ ਤੌ: ਤੇਰੇ ਅੱਗੇ. ਦੇਖੋ, ਪੇਸ.

ਪੇਸ਼ੀ: ਦੇਖੋ, ਪੇਸ਼ਿ। ੨. ਫ਼ਾ. پیشی ਹਾਕਿਮ ਦੇ ਸਾਮ੍ਹਣੇ ਪੇਸ਼ ਹੋਣ ਦੀ ਕ੍ਰਿਯਾ। ੩. ਸੰ. ਵਜ੍ਰ। ੪. ਮਾਹਾਂ ਦੀ ਦਾਲ। ੫. ਤਲਵਾਰ

ਦਾ ਮਿਆਨ। ੬. ਢੋਲ.

ਪੇਸ਼ੀਨ: ਫ਼ਾ. پیشین ਵਿ- ਪ੍ਰਾਚੀਨ। ੨. ਸੰਗਯਾ- ਸਵੇਰ ਅਤੇ ਦੁਪਹਰ ਦੇ ਮੱਧ ਦਾ ਵੇਲਾ.

ਪੇਸ਼ੀਨਹ: ਫ਼ਾ. پیشینہ ਕ੍ਰਿ. ਵਿ- ਪਹਿਲਾ. ਪੁਰਾਣਾ.

ਪੇਸ਼ੀਨਗੋਈ: ਫ਼ਾ. پیشین گوئی ਸੰਗਯਾ- ਭਵਿਸ਼੍ਯ ਕਥਨ. ਅੱਗੋਂ ਹੋਣ ਵਾਲੀ ਘਟਨਾ ਦਾ ਕਹਿਣਾ.

ਪੇਹਜ: ਸੰ. ਪੇਯ. ਪੀਣ ਯੋਗ੍ਯ ਪਦਾਰਥ, ਦੁੱਧ ਆਦਿ.

ਪੇਹਨੁ: ਫ਼ਾ. پیراہن ਪੈਰਾਹਨ. ਸੰਗਯਾ- ਜਾਮਾ. ਚੋਲਾ. "ਛਪਨ ਕੋਟਿ ਕਾ ਪੇਹਨੁ ਤੇਰਾ." (ਭੈਰ ਨਾਮਦੇਵ)

ਪੇਕਾ: ਦੇਖੋ, ਪੇਉਕਾ.

ਪੇਕਾਂਬਰ: ਦੇਖੋ, ਪੈਗੰਬਰ. "ਪੀਰ ਪੈਕਾਂਬਰ ਸਾਲਿਕ ਸਾਦਿਕ." (ਆਸਾ ਮਃ ੧)

ਪੇਖਣ, ਪੇਖਨ: ਸੰ. ਪ੍ਰੇਕ੍ਸ਼ਣ. ਸੰਗਯਾ- ਦੇਖਣ ਦੀ ਕ੍ਰਿਯਾ. ਅਵਲੋਕਨ. "ਪੇਖਨ ਕਉ ਨੇਤ੍ਰ, ਸੁਨਨ ਕਉ ਕਰਨਾ." (ਰਾਮ ਅਃ ਮਃ ੫)

ਪੇਖਨਾ: ਕ੍ਰਿ- ਪ੍ਰੇਕ੍ਸ਼ਣ. ਦੇਖਣਾ. ਨਿਹਾਰਨਾ. "ਪੇਖਿਓ ਲਾਲਨ ਪਾਟ ਬੀਚਿ ਖੋਏ." (ਟੋਡੀ ਮਃ ੫) ੨. ਵਿਚਾਰਨਾ. ਸੋਚਣਾ. "ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ, ਸਰਬ ਢੰਢੋਲਿ." (ਸੁਖਮਨੀ) ੩. ਸੰਗਯਾ- ਤਮਾਸ਼ਾ. ਖੇਲ. "ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ." (ਸਃ ਮਃ ੯) ੪. ਨਜਾਰਾ. ਦ੍ਰਿਸ਼੍ਯ.

ਪੇਖਾਗਿਓ: ਅਗ੍ਯ- ਪ੍ਰੇਕ੍ਸ਼ਣ ਕੀਤਾ, ਪ੍ਰਤੱਖ ਦੇਖਿਆ। ੨. ਪ੍ਰਤੱਖ ਦੇਖਾਂ, "ਨਿਮਖ ਦਰਸ ਪੇਖਾਗਿਓ." (ਸਾਰ ਮਃ ੫)

ਪੇਖਾਰਉ: ਦਿਖਾਵਾਂ. ਪ੍ਰੇਕ੍ਸ਼ਣ ਕਰਾਵਾਂ. "ਕਹ ਪੇਖਾਰਉ ਹਉ ਕਰਿ" ਚਤੁਰਾਈ." (ਦੇਵ ਮਃ ੫)

ਪੇਖਾਰੀਆ: ਪ੍ਰੇਕ੍ਸ਼ਣ ਕਰਤਾ. ਦ੍ਰਸ਼੍ਟਾ. ਦੇਖਣ ਵਾਲਾ.

ਪੇਖਿ: ਕ੍ਰਿ. ਵਿ- ਦੇਖਕੇ. ਪ੍ਰੇਕ੍ਸ਼ਣ ਕਰਕੇ. "ਪੇਖਿ ਦਰਸਨੁ ਨਾਨਕ ਬਿਗਸੇ." (ਸੂਹੀ ਛੰਤ ਮਃ ੫)

ਪੇਖੁ: ਪ੍ਰੇਕ੍ਸ਼ਣ ਕਰ. ਦੇਖ. "ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ." (ਆਸਾ ਛੰਤ ਮਃ ੫)

ਪੇਖੰਤ, ਪੇਖੰਤੁ: ਕ੍ਰਿ. ਵਿ- ਪੇਖਦੇ (ਦੇਖਦੇ). ਦੇਖਦੇ ਹੀ. ਦੇਖਣ ਸਾਰ. "ਮ੍ਰਿਗੀ ਪੇਖੰਤ ਬਧਕ." (ਸਹਸ ਮਃ ੫) "ਪੇਖੰਤੇ ਤਜਾਗੰ ਕਰੋਤਿ." (ਸਹਸ ਮਃ ੫)

ਪੇਖੰਦੜਾ, ਪੇਖੰਦੜੋ, ਪੇਖੰਦੋ: ਵਿ- ਦੇਖਣ (ਪ੍ਰੇਕ੍ਸ਼ਣ) ਵਾਲਾ, "ਪੇਖੰਦੜੋ ਕੀ ਭੁਲ ਤੁੰਮਾ ਦਿਸਮੁ ਸੋਹਣਾ." (ਵਾਰ ਜੈਤ)

ਪੇਚ: ਫ਼ਾ. پیچ ਸੰਗਯਾ- ਘੁਮਾਉ. ਵਲ. ਵੱਟ। ੨. ਉਲਝਣ। ੩. ਛਲ. ਕਪਟ। ੪. ਪਗੜੀ ਕਰਮਬੰਦ ਆਦਿ ਦਾ ਲਪੇਟ.

ਪੇਚਕ: ਸੰ. ਸੰਗਯਾ- ਉੱਲੂ. ਘੂਕ। ੨. ਹਾਥੀ ਦੀ ਪੂਛ। ੩. ਜੂੰ. ਯੂਕਾ। ੪. ਬੱਦਲ. ਮੇਘ। ੫. ਪਲੰਗ. ਚਾਰਪਾਈ। ੬. ਫ਼ਾ. پیچک ਤਾਗੇ ਦੀ ਗੋਲੀ, ਜਿਸ ਪੁਰ ਸੂਤ ਜਾਂ ਰੇਸ਼ਮ ਦੇ ਤੰਦ ਦਾ ਪੇਚ ਲਪੇਟਿਆ ਹੁੰਦਾ ਹੈ.

ਪੇਚਤਾਬ: ਫ਼ਾ. پیچ و تاب ਸੰਗਯਾ- ਕ੍ਰੋਧ ਦੇ ਕਾਰਣ ਪੇਚ ਖਾਣ ਦੀ ਕ੍ਰਿਯਾ. ਗੁੱਸੇ ਵਿੱਚ ਮਰੋੜੇ ਲੈਣੇ.

ਪੇਚਾ: ਫ਼ਾ. پیچہ ਸੰਗਯਾ ਛੋਟੀ ਪਗੜੀ। ੨. ਦਸਤਾਰ. ਸਿਰ ਪੁਰ ਲਪੇਟਣ ਦਾ ਵਸਤ੍ਰ। ੩. ਸਿਰ ਦਾ ਇੱਕ ਭੂਸ਼ਣ। ੪. ਪਤੰਗ ਦੇ ਖਿਡਾਰੀ ਦਾ, ਦੂਜੇ ਦੀ ਪਤੰਗਡੋਰ ਵਿੱਚ ਆਪਣੀ ਡੋਰ ਦਾ ਪਾਇਆ ਪੇਚ.

ਪੇਚਿਸ਼: ਫ਼ਾ. پیچش ਸੰ. प्रवाहिका- ਪ੍ਰਵਾਹਿਕਾ ਅਥਵਾ मुररातिसार- ਮੁਰਰਾਤਿਸਾਰ. Dysentery. ਲੀਹ. ਇਸ ਦੇ

ਕਾਰਣ ਹਨ- ਮੈਲਾ ਪਾਣੀ ਦੁੱਧ ਪੀਣਾ, ਸੜੇ ਫਲ ਅੰਨ ਮਾਸ ਖਾਣੇ ਖਾਣ ਵਾਲੀ ਚੀਜਾਂ ਤੇ ਮੱਖੀਆਂ ਦਾ ਬੈਠਣਾ, ਬਹੁਤ ਖਾਣਾ, ਬਿਨਾ ਭੁੱਖ ਖਾਣਾ, ਮਲ ਨੂੰ ਰੋਕ ਰੱਖਣਾ, ਬਹੁਤ ਪਾਣੀ ਪੀਣਾ, ਤਿੱਖੇ ਗਰਮ ਪਦਾਰਥ ਖਾਣੇ ਪੀਣੇ ਆਦਿ.

ਇਸ ਦੇ ਲੱਛਣ ਹਨ- ਮਰੋੜ ਨਾਲ ਦਸਤ ਆਉਣੇ, ਅਣਪਚਿਆ ਅੰਨ ਆਂਉਂ ਨਾਲ ਖਾਰਿਜ ਹੋਣਾ, ਆਂਤ ਦਾ ਬੋਲਣਾ, ਅੰਤੜੀ ਤੋਂ ਲਹੂ ਆਉਣਾ, ਥੋੜਾ ਥੋੜਾ ਤਾਪ ਹੋਣਾਂ, ਕਦੇ ਕਬਜ ਹੋਣੀ, ਰਾਤ ਨੂੰ ਪਸੀਨਾ ਆਉਣਾ ਆਦਿ.

ਇਸ ਦੇ ਇਲਾਜ ਹਨ-

(੧) ਥੋੜਾ ਇਰੰਡੀ ਦਾ ਤੇਲ ਦੁੱਧ ਵਿੱਚ ਪੀਣਾ.

(੨) ਬਿਲ ਦਾ ਗੁੱਦਾ ਉਬਾਲਕੇ ਚਾਇ ਵਾਂਙ ਪੀਣਾ.

(੩) ਕੁੜਾ ਛਾਲ, ਅਤੀਸ, ਮੋਥਾ, ਬਾਲਛੜ, ਲੋਧ, ਚੰਨਣ ਦਾ ਬੂਰ, ਬਹੇੜਾ, ਅਨਾਰਦਾਣਾ, ਪਲਾਹਜੜੀ, ਇਨ੍ਹਾਂ ਦਾ ਕਾੜ੍ਹਾ ਸ਼ਹਿਦ ਮਿਲਾਕੇ ਪੀਣਾ.

(੪) ਈਸਬਗੋਲ ਦਾ ਬੁਰਾਦਾ ਸ਼ਰਬਤ ਅੰਜਵਾਰ ਨਾਲ ਫੱਕਣਾ.

(੫) ਡੇਢ ਤੋਲਾ ਈਸਬਗੋਲ ਬਦਾਮਰੋਗਨ ਨਾਲ ਝੱਸਕੇ ਦੋ ਤੋਲੇ ਸ਼ਰਬਤ ਬਨਫ਼ਸ਼ਾ ਨਾਲ ਫੱਕਣੀ.

(੬) ਸੌਂਫ ਅਤੇ ਜੰਗਹਰੜਾਂ ਨੂੰ ਘੀ ਵਿੱਚ ਭੁੰਨਕੇ ਉਨ੍ਹਾਂ ਨੂੰ ਬਰੀਕ ਪੀਹਕੇ ਬਰਾਬਰ ਦੀ ਖੰਡ ਮਿਲਾਕੇ ਸਵੇਰੇ ਅਤੇ ਸੰਝ ਛੀ ਛੀ ਮਾਸ਼ੇ ਦੀ ਫੱਕੀ ਲੈਣੀ.

ਪੇਚੀਦਨ: ਫ਼ਾ. پیچیدن ਕ੍ਰਿ- ਲਪੇਟਣਾ. ਵੱਟ ਦੇਣਾ. ਵੱਟ ਖਾਣਾ. ਲਿਪਟਣਾ.

ਪੇਚੀਦਾ: ਫ਼ਾ. پیچیدہ ਵਿ- ਪੇਚਦਾਰ. ਉਲਝਾਉ ਵਾਲਾ.

ਪੇਛਣ, ਪੇਛਨ: ਦੇਖੋ, ਪੇਖਨ ਅਤੇ ਪ੍ਰੇਖਣ. "ਪ੍ਰਣਪੇਛਣ ਹੈ." (ਕਲਕੀ) ਪ੍ਰਤਿਗਜਾ ਵੱਲ ਹੈ ਜਿਸ ਦੀ ਨਿਗਾਹ. ਭਾਵ- ਪ੍ਰਣ ਪੂਰਣ ਕਰਨ ਦਾ ਹੈ ਧਿਆਨ ਜਿਸ ਨੂੰ.

ਪੇਂਜਾ: ਸੰਗਯਾ- ਰੂੰ ਪਿੰਜਣ ਵਾਲਾ. ਦੇਖੋ, ਪਿੰਜਣਾ.

ਪੇਜ਼ੀਦਨ: ਫ਼ਾ. پیزیدن ਕ੍ਰਿ- ਛਾਣਨਾ. ਪੁਣਨਾ.

ਪੇਂਜੂਖਾ: ਸੰ. ਪੇਞ੍ਜੁਸ਼ਾ. ਸੰਗਯਾ- ਕੰਨ ਦੀ ਮੋਮ. ਕਰਣਮਲ.

ਪੇਂਝੂ: ਸੰਗਯਾ- ਕਰੀਰ ਦਾ ਪੱਕਾ ਫਲ. ਪੀਂਝੂ.

ਪੇਞਾ: ਦੇਖੋ, ਪੇਂਜਾ ਅਤੇ ਪਿੰਜਣਾ.

ਪੇਟ: ਸੰ. ਸੰਗਯਾ- ਚਪੇੜ. ਧੱਫਾ। ੨. ਸੰ. ਪੇਟਕ. ਪਿਟਾਰਾ. ਥੈਲਾ। ੩. ਉਦਰ. ਢਿੱਡ. ਪੇਟਕ (ਪਿਟਾਰ) ਦੀ ਸ਼ਕਲ ਹੋਣ ਕਰਕੇ ਇਹ ਸੰਗਯਾ ਹੈ. "ਘਰ ਮੂਸਿ ਬਿਰਾਨੋ ਪੇਟ ਭਰੈ ਅਪਰਾਧੀ." (ਸਾਰ ਪਰਮਾਨੰਦ) "ਜਉ ਇਹ ਪੇਟ ਨ ਕਾਹੂੰ ਹੋਤਾ। ਰਾਉ ਰੰਕ ਕਾਹੂੰ ਕੋ ਕਹਿਤਾ?" (ਵਿਚਿਤ੍ਰ) ੪. ਗਰਭ. ਢਿੱਡ. ਹਮਲ.

ਪੇਟ ਛੁਟਨਾ: ਕ੍ਰਿ- ਦਸਤ ਲੱਗਣੇ. "ਭੱਛਤ ਬਰੀ ਪੇਟ ਤਿੰਹ ਛੂਟਾ." (ਚਰਿਤ੍ਰ ੨੯੧) ਵੱਟੀ ਖਾਂਦੇ ਹੀ ਦਸਤ ਲੱਗੇ.

ਪੇਟਲ: ਵਡੇ ਪੇਟ ਵਾਲਾ. ਢਿੱਡਲ. ਗੋਗੜ ਵਾਲਾ.

ਪੇਟਾ: ਸੰਗਯਾ- ਤਾਣੇ ਦੇ ਤਿਰਛੇ ਤੰਦ. "ਸੂਤ ਇੱਕ ਜਿਉ ਤਾਣਾ ਪੇਟਾ." (ਭਾਗੁ) ੨. ਮੱਧ ਭਾਗ. ਵਿਚਾਲਾ। ੩. ਤਫਸੀਲ. ਵਿਉਰਾ। ੪. ਘੇਰਾ। ੫. ਨਦੀ ਦਾ ਪਾਟ. ਦੋਹਾਂ ਕਿਨਾਰਿਆਂ ਦੇ ਵਿਚਕਾਰ ਦੀ ਵਿੱਥ.

ਪੇਟਾਰ: ਦੇਖੋ, ਪਿਟਾਰਾ.

ਪੇਟਾਰਥੀ: ਪੇਟ ਭਰਨਾ ਹੀ ਜਿਮ ਦਾ ਪ੍ਰਯੋਜਨ ਹੈ. ਪੇਟਦਾਸੀਆ. ਖਾਊ. ਪੇਟੂ.

ਪੇਟਿਕਾ: ਸੰ. ਸੰਗਜਾ- ਪੇਟੀ. ਪਿਟਾਰੀ. ਸੰਦੂਕਚੀ.

ਪੇਟੀ: ਸੰਗਜਾ- ਦੇਖੋ, ਪੇਟਿਕਾ। ੨. ਪੇਟ ਪੁਰ ਬੰਨ੍ਹਣ ਦਾ ਚੌੜਾ ਤਸਮਾ ਅਥਵਾ ਵਸਤ੍ਰ। ੩. ਛਾਤੀ ਅਤੇ ਪੇਟ ਦੇ ਮੱਧ ਦਾ ਅਸਥਾਨ। ੪. ਡਿੰਗ. ਰਸਦ. ਪੇਟ ਭਰਨ ਦੀ ਸਾਮਗ੍ਰੀ.

ਪੇਟੂ: ਦੇਖੋ, ਪੇਟਾਰਥੀ.

ਪੇਠਾ: ਸੰਗਜਾ- ਵੱਡਾ ਕੱਦੂ, ਕੁਸ਼੍ਮਾਂਡ. Pumpkin. ਇਸ ਦੇ ਪ੍ਰਸਿੱਧ ਦੋ ਭੇਦ ਹਨ- ਇੱਕ ਅੰਦਰੋਂ ਪੀਲਾ ਹੁੰਦਾ ਹੈ, ਜਿਸ ਨੂੰ ਹਲਵਾ ਕੱਦੂ ਆਖਦੇ ਹਨ. ਦੂਜਾ ਅੰਦਰੋਂ ਚਿੱਟਾ, ਜਿਸ ਦੀਆਂ ਵੜੀਆਂ ਅਤੇ ਪੇਠੇ ਦੀ ਮਿਠਾਈ ਬਣਦੀ ਹੈ.

ਪੇਡ: ਸੰਗਜਾ- ਬਿਰਛ, ਜੋ ਸ਼ਾਖਾ ਕਰਕੇ ਪਰਿ- ਵ੍ਰਿਢ (ਘੇਰਿਆ ਹੋਇਆ) ਹੈ. "ਪੇਡ ਪਾਤ ਆਪਨ ਤੇ ਜਲੈ." (ਵਿਚਿਤ੍ਰ) ੨. ਮੂਲ. ਮੁੱਢ. ਆਰੰਭ. "ਜੈਸੀ ਉਪਜੀ ਪੇਡ ਤੇ, ਜਉ ਤੈਸੀ ਨਿਬਹੈ. ਓੜਿ." (ਸ. ਕਬੀਰ) ੩. ਦੇਖੋ, ਪੇਡਿ.

ਪੇਡ ਸੰਪਤਾ: ਦੇਖੋ, ਸੰਪਤਾ ੨.

ਪੇਡ ਥਾਨਿ: ਸੰਗਜਾ- ਮੂਲ ਅਸਥਾਨ. ਜੜ. ਮੁੱਢ. "ਪਾਇਓ ਪੇਡ ਥਾਨਿਹਾਂ." (ਆਸਾ ਮਃ ੫)

ਪੇਡਾ: ਦੇਖੋ, ਪੇਡ। ੨. ਬਿਰਛ ਦਾ ਧੜ. ਮੂਲਕਾਂਡ. "ਡਾਲਾ ਸਿਉ ਪੇਡਾ ਗਟਕਾਵਹਿ." (ਆਸਾ ਕਬੀਰ)

ਪੇਡਿ: ਮੂਲ ਤੋਂ. ਮੁੱਢੋਂ. ਆਦਿਕਾਲ ਸੇ. "ਪੇਡਿ ਲਗੀ ਹੈ. ਜੀਅੜਾ ਚਾਲਣਹਾਰੋ." (ਆਸਾ ਮਃ ੧)

ਪੇਡੁ: ਦੇਖੋ, ਪੇਡ. "ਤੂੰ ਪੇਡੁ ਸਾਖ ਤੇਰੀ ਫੂਲੀ." (ਮਾਝ ਮਃ ੫)

ਪੇਡੂ: ਸੰਗਜਾ- ਨਾਭੀ ਅਤੇ ਲਿੰਗ ਦੇ ਮੱਧ ਦਾ ਥਾਂ.

ਪੇਂਡੂ: ਪਿੰਡ ਦੇ ਰਹਿਣ ਵਾਲਾ. ਦਿਹਾਤੀ. ਗ੍ਰਾਮੀਨ.

ਪੇਤੀ: ਵਿ- ਪਿੱਤ (ਸਫਰਾ) ਦੀ ਅਧਿਕਤਾ ਵਾਲਾ. ਪਿੱਤੀ ਸੁਭਾਉ ਵਾਲਾ. "ਜੇ ਸੁਭਾਉ ਤਨ ਪੇਤੀ ਹੋਇ." (ਗੁਪ੍ਰਸੂ)

ਪੇਯ: ਸੰ. ਵਿ- ਪੀਣ ਯੋਗ੍ਯ। ੨. ਸੰਗਜਾ- ਪੀਣ ਯੋਗ੍ਯ ਪਦਾਰਥ ਦੁੱਧ ਸ਼ਰਬਤ ਆਦਿ।

ਪੇਯਾ: ਦੇਖੋ, ਪੇਈਆ.

ਪੇਯੂਖ: ਦੇਖੋ, ਪਿਊਖ.

ਪੇਰਣ, ਪੇਰਨ: ਫ਼ਾ. پیراہن ਪੈਰਾਹਨ. ਚੋਲਾ. ਜਾਮਾ. ਲਿਬਾਸ. "ਇਕਨਾ ਪੇਰਣ ਸਿਰ ਖੁਰ ਪਾਟੇ." (ਆਸਾ ਅਃ ਮਃ ੧) ਇਕਨਾ ਦੇ ਵਸਤ੍ਰ ਸਿਰ ਤੋਂ ਪੈਰਾਂ ਤੀਕ ਸਾਰੇ ਫਟ ਗਏ.

ਪੇਰੁ: ਸੰਗਜਾ- ਪੈਰ. ਚਰਨ. ਪਾਦ. "ਆਵਸੀ ਗਾਫਲ ਫਾਹੀ ਪੇਰੁ." (ਵਾਰ ਗੂਜ ੨. ਮਃ ੫) "ਜਾਮਿ ਖਿਸੰਦੋ ਪੇਰੁ." (ਵਾਰ ਮਾਰੂ ੨. ਮਃ ੫) ੨. ਸੰ. ਸਮੁੰਦਰ। ੩. ਸੂਰਜ। ੪. ਅਗਨਿ. ੫. ਵਿ- ਰਕ੍ਸ਼ਕ. ਰਾਖਾ। ੬. ਪਿਆਸਾ. ਤ੍ਰਿਖਾਤੁਰ.

ਪੇਰੂ, ਪੇਰੋਂ: General Pierre Perron ਇਹ ਫ੍ਰੈਂਚ (ਫ੍ਰਾਂਸੀਸੀ ) ਮਲਾਹ ਸੀ. ਹਿੰਦੁਸਤਾਨ ਵਿੱਚ ਸਨ ੧੭੮੦ ਵਿੱਚ ਆਇਆ ਅਤੇ ਡਿਬੋਈਂ ਦੇ ਅਧੀਨ ਸੇਧੀਆ ਦੀ ਫੌਜ ਵਿੱਚ ਅਹੁਦੇਦਾਰ ਬਣਿਆ. ਜਨਰਲ ਲੇਕ ਨੇ ਸੇਂਧੀਆ ਦੀ ਫੌਜ ਨੂੰ, ਜੋ ਪੇਰੋਂ ਦੀ ਕਮਾਨ ਵਿੱਚ ਸੀ, ਸਨ ੧੮੦੩ ਵਿੱਚ ਭਾਰੀ ਸ਼ਿਕਸ੍ਤ ਦਿੱਤੀ.

ਡਿਬੋਈਂ ਦੇ ਹਿੰਦੁਸਤਾਨ ਤੋਂ ਜਾਣ ਪਿੱਛੋਂ ਇਹ ਮਰਹੱਟਾ ਫੌਜ ਦਾ ਮੁਖੀ ਸਰਦਾਰ ਹੋਇਆ. ਦੇਖੋ, ਢਬਾਈ. ਸਰਦਾਰ ਰਤਨ ਸਿੰਘ ਨੇ ਪੰਥਪ੍ਰਕਾਸ਼ ਵਿੱਚ ਇਸ ਦਾ ਨਾਮ ਪੀਰੂ ਲਿਖਿਆ ਹੈ. ਦੇਖੋ, ਪੀਰੂ.

ਪੇਲ: ਸੰ. ਪੇਲ੍. ਧਾ- ਜਾਣਾ, ਚਲਣਾ, ਹਿੱਲਣਾ.

ਪੇਲਕ: ਵਿ- ਪੇਲਨ (ਧਕੇਲਨ) ਵਾਲਾ, ਦੇਖੋ, ਪੇਲਨ। ੨. ਸੰ. ਸੰਗਯਾ- ਅੰਡਕੋਸ਼. ਫੋਤਾ.

ਪੇਲਨ: ਸੰਗਯਾ- ਹਿਲਾਉਣ ਦੀ ਕ੍ਰਿਯਾ. ਧਕੇਲਨ. ਦੇਖੋ, ਪੇਲ ਧਾ. "ਕਾਲੁ ਨ ਸਾਕੈ ਪੇਲ." (ਆਸਾ ਮਃ ੧) ੨. ਪ੍ਰੇਰਣਾ. "ਹਰਿ ਲਾਵਹੁ ਮਨੂਆ ਪੇਲਿ." (ਆਸਾ ਮਃ ੪) ੩. ਹਟਾਉਣਾ. ਰੱਦ ਕਰਨਾ. "ਪੇਲ ਦੇਹੁ ਤੌ ਸੁਮਤਿ ਪ੍ਰਬੀਨਾ." (ਨਾਪ੍ਰ) ੪. ਪੀੜਨਾ. "ਕਾਚੀ ਸਰਸਉ ਪੇਲਿਕੈ ਨਾ ਖਲ ਭਈ ਨ ਤੇਲੁ." (ਸ. ਕਬੀਰ)

ਪੇਲਿ: ਪੇਲ (ਪ੍ਰੇਰ) ਕੇ. ਧਕੇਲਕੇ। ੨. ਦਬਾਕੇ. ਪੀੜਕੇ. ਦੇਖੋ, ਪੇਲਨ.

ਪੇਵਕੜਾ: ਸੰਗਯਾ- ਪਿਉ ਦਾ ਘਰ. ਪਿਤਾਗ੍ਰਿਹ. "ਪੇਵਕੜੈ ਧਨੁ ਖਰੀ ਇਆਣੀ। ਤਿਸੁ ਸਹ ਕੀ ਮੈ ਸਾਰ ਨ ਜਾਣੀ." (ਆਸਾ ਮਃ ੧)

ਪੇੜਾ: ਸੰਗਯਾ- ਪਿੰਡ. ਪਿੰਨਾ। ੨. ਰੋਟੀ ਪਕਾਉਣ ਦਾ ਲੋਈਆ। ੩. ਦੁੱਧ ਦੇ ਖੋਏ ਦਾ ਪਿੰਡ. ਖੋਏ ਦੀ ਇੱਕ ਮਿਠਾਈ.

ਪੇੜੈ: ਪਿੰਡ (ਪਿੰਨੇ) ਵਿੱਚ. "ਪੇੜੈ ਪਈ ਕੁਮ੍ਹਿਆਰ." (ਵਾਰ ਆਸਾ) ੨. ਪੱਲੇ. ਪਾਤ੍ਰ ਵਿੱਚ. "ਜੋ ਫਿਰਿ ਮਿਠਾ ਪੇੜੈ ਪਾਇ." (ਵਾਰ ਸਾਰ ਮਃ ੧)

ਪੈ: ਕ੍ਰਿ. ਵਿ- ਪੈਕੇ. ਪੜਕੇ. "ਪੈ ਪਾਇ ਮਨਾਈ ਸੋਈ." (ਸ੍ਰੀ ਮਃ ੫) ੨. ਵ੍ਯ- ਪਰ. ਪਰੰਤੁ. ਲੇਕਿਨ. "ਡੂਬਾ ਥਾ, ਪੈ ਉਬਰਿਓ." (ਸ. ਕਬੀਰ) "ਸੇਜ ਏਕ, ਪੈ ਮਿਲਣ ਦੁਹੇਰਾ." (ਆਸਾ ਕਬੀਰ) ੩. ਪਾਸ. ਸਮੀਪ. "ਭੇਜਯੋ ਤਬ ਤਾਂ ਪੈ ਇਕ ਦਾਸ." (ਗੁਪ੍ਰਸੂ) ੪. ਉੱਪਰ. "ਚਢੇ ਅਸ੍ਵ ਪੈ ਕ੍ਰਿਪਾ ਨਿਧਾਨ." (ਗੁਪ੍ਰਸੂ) ੫. ਪ੍ਰਤ੍ਯ- ਕਰਣ ਬੋਧਕ ਵਿਭਕ੍ਤਿ. ਤੋਂ. ਸੇ. "ਮੰਦਲ ਨ ਬਾਜੈ ਨਟ ਪੈ ਸੂਤਾ." (ਆਸਾ ਕਬੀਰ) ੬. ਸੰ. ਪਯਸ੍. ਸੰਗਯਾ- ਦੁੱਧ. "ਪੈ ਮੇ ਜਿਮ ਘ੍ਰਿਤ." (ਨਾਪ੍ਰ) ੭. ਜਲ. ਪਾਣੀ. "ਕਈ ਕਰਤ ਸਾਕ ਪੈ ਪਤ੍ਰ ਭੱਛ." (ਅਕਾਲ) ੮. ਫ਼ਾ. پے ਪੈਰ. ਚਰਨ. "ਮਕਾ ਮਿਹਰ ਰੋਜਾ ਪੈਖਾਕਾ." (ਮਾਰੂ ਸੋਲਹੇ ਮਃ ੫) ੯. ਪੱਠਾ. ਨਸ. "ਗਾਢੇ ਜੁਗ ਗੌਸ਼ੇ ਬਡੇ ਪੈ ਬਹੁ ਲਪਟਾਏ." (ਗੁਪ੍ਰਸੂ) ਧਨੁਖ ਨੂੰ ਨਸਾਂ (ਪੱਠੇ) ਦੇ ਬੰਧਨ ਜਾਦਾ ਦ੍ਰਿੜ੍ਹ ਕਰ ਦਿੰਦੇ ਹਨ। ੧੦. ਖੋਜ. ਸੁਰਾਗ. ਪੈੜ। ੧੧. ਵਾਰ. ਦਫ਼ਹ। ੧੨. ਵ੍ਯ- ਵਾਸਤੇ. ਲਈ.

ਪੈਓਹਰ: ਸੰ. ਪਯੋਧਰ. ਪਯਸ੍ (ਦੁੱਧ) ਦੇ ਧਾਰਨ ਵਾਲਾ, ਸ੍ਤਨ. ਥਣ. ਕੁਚ. ਮੰਮਾ.

ਪੈਓਹਰੀ: ਪਯੋਧਰੀ. ਵਿ- ਪਯੋਧਰਾਂ ਵਾਲੀ. ਦੇਖੋ, ਪੈਓਹਰ. "ਉਤੰਗੀ ਪੈਓਹਰੀ, ਗਹਿ ਰੀ ਗੰਭੀਰੀ." (ਸਵਾ ਮਃ ੧) ਰੀ (ਹੇ) ਉਤੰਗ (ਉੱਚੇ) ਪਯੋਧਰਾਂ ਵਾਲੀ (ਨਵਯੋਵਨਾ), ਗੰਭੀਰਤਾ (ਨੰਮ੍ਰਤਾ) ਗਹਿ (ਗ੍ਰਹਣ ਕਰ). ਭਾਵ- ਜੋਬਨ ਦੇ ਮਾਨ ਵਿੱਚ ਨਾ ਆਕੜ.

ਪੈਅਸ: ਸੰ. ਪਯਸ੍. ਸੰਗਯਾ- ਪੁਰਖ ਦਾ ਵੀਰਜ. ਮਣੀ. "ਪੈਅਸ ਤੁਯੰ, ਤ੍ਰੈਅਸ ਤੁਯੰ. (ਗ੍ਯਾਨ) ਪੁਰਖ ਦਾ ਵੀਰਜ ਤੂੰ ਹੈਂ, ਉਸ ਦੇ ਧਾਰਣ ਵਾਲੀ ਇਸਤ੍ਰੀ ਤੂੰ ਹੈ. ਅਥਵਾ- ਵੀਰਜ ਅਤੇ ਰਿਤੁ ਤੂੰ ਹੈ। ੨. ਦੇਖੋ, ਪੈ ੬. ਅਤੇ ੭.

ਪੈਆਰੁ: ਦੇਖੋ, ਪਯਾਰ। ੨. ਦੇਖੋ, ਪਾਤਾਲ। ੩. ਪਰਾਲੀ. ਪਲਾਲ. ਧਾਨਾਂ ਦਾ ਫੂਸ. "ਕਬਹੂ ਖਾਣ ਸੁਪੇਦੀ ਸੁਵਾਵੈ। ਕਬਹੂ ਭੂਮਿ ਪੈਆਰੁ ਨ ਪਾਵੈ." (ਭੈਰ ਨਾਮਦੇਵ)

ਪੈਅੰਪੈ: ਦੇਖੋ, ਪਇਅੰਪੈ.

ਪੈਸਕਾਰ: ਸੰ. ਪੁਰਸ੍ਕਾਰ. ਸੰਗਯਾ- ਇਨਾਮ. ਬਖ਼ਸ਼ਿਸ਼. "ਧੰਨੁ ਸੁ ਤੇਰਾ ਥਾਨੁ ਹੈ. ਸਚੁ ਤੇਰਾ ਪੈਸਕਾਰਿਆ." (ਵਾਰ ਰਾਮ ੩) ੨. ਦੇਖੋ, ਪੇਸ਼ਕਾਰ। ੩. ਭਾਵ- ਗੁਰੂ. ਸੰਤ.

**ਪੈਂਸਠ:** ਪੰਚ ਸ਼ਸ਼੍ਟਿ. ਸੱਠ ਉੱਪਰ ਪੰਜ- ੬੫.

**ਪੈਸਨ:** ਸੰ. ਪ੍ਰਵੇਸ਼ਨ. ਸੰਗਜਾ- ਅੰਦਰ ਜਾਣ ਦੀ ਕ੍ਰਿਯਾ. ਘੁਸਣਾ. ਪੈਠਣਾ। ੨. ਪੈਣਗੇ.

**ਪੈਸਾ:** ਸੰਗਜਾ- ਆਨੇ ਦਾ ਪਾਦ. ਰੁਪਯੇ ਦਾ ਚੌਸਠਵਾਂ ਹਿੱਸਾ. ਤਿੰਨ ਪਾਈ ਦਾ ਸਿੱਕਾ। ੨. ਭਾਵ- ਰੁਪਯਾ. ਮਾਲ ਧਨ. ਜੈਸੇ- "ਉਸ ਪਾਸ ਬਹੁਤ ਪੈਸਾ ਹੈ." (ਲੋਕੋ) ੩. ਤਾਂਬੇ ਦਾ ਸਿੱਕਾ. "ਤਿਉ ਕੰਚਨੁ ਅਰੁ ਪੈਸਾ." (ਗਉ ਮਃ ੯) ਅਸ਼ਰਫ਼ੀ ਅਤੇ ਪੈਸਾ ਤੁੱਲ ਹੈ.

**ਪੈਸਿ:** ਪ੍ਰਵੇਸ਼ ਹੋਕੇ. ਦਾਖ਼ਲ ਹੋਕੇ, "ਪੈਸਿ ਜੁ ਨੀਕਸਿ ਜਾਹਿ." (ਸ. ਕਬੀਰ)

**ਪੈਂਸੀ:** ਸੰਗਜਾ- ਪੰਜ ਸੌ ਤੰਦਾਂ (ਤਾਗਿਆਂ) ਦਾ ਵਸਤ੍ਰ. ਜਿਸ ਦੀ ਤਾਣੀ ਵਿੱਚ ਸੂਤ ਦੀ ਪੰਜ ਸੌ ਤਾਰ ਹੋਵੇ. ਖੱਦਰ ਦੀ ਕਿਸਮ ਦਾ ਇੱਕ ਵਸਤ੍ਰ.

**ਪੈਸੀਲੇ:** ਪ੍ਰਵੇਸ਼ ਹੋਇਆ ਹੈ. "ਪੈਸੀਲੇ ਗਗਨ ਮਝਾਰੰ." (ਰਾਮ ਕਬੀਰ) ਦਸ਼ਮਦ੍ਵਾਰ ਵਿੱਚ ਇਸਥਿਤੀ ਹੋਈ ਹੈ। ੨. ਪ੍ਰਵੇਸ਼ (ਦਾਖ਼ਿਲ) ਹੋਈਏ.

**ਪੈਸੇਰੀ:** ਸੰਗਜਾ- ਪੰਸੇਰੀ. ਪੰਜ ਸੇਰ ਭਰ ਤੋਲ। ੨. ਪੰਜ ਸੇਰ ਤੋਲ ਦਾ ਵੱਟਾ।

**ਪੈਹਨ:** ਪਰਿਧਾਨ. ਪਹਿਰਨਾ। ੨. ਦੇਖੋ, ਪਿਰਾਹਨੁ। ੩. ਦੇਖੋ, ਪਹਨ.

**ਪੈਹਮਾਨ:** ਫ਼ਾ. پیہمان ਸੰਗਜਾ- ਇਕਰਾਰ ਕਰਨਾ. ਅਹਦ. ਪ੍ਰਣ.

**ਪੈਹੈ:** ਪਾਵੇਗਾ. "ਤਿਨ ਕੋ ਕਸ ਨ ਦੇਖਨਪੈਹੈ." (ਵਿਚਿਤ੍ਰ) ਦੁੱਖ ਦੇਖਣਾ ਨਹੀਂ ਪਊ.

**ਪੈਕ:** ਫ਼ਾ. پیک ਸੰ. ਪਾਦਾਤਿਕ. ਸੰਗਜਾ- ਪੈਦਲ ਸਿਪਾਹੀ. "ਭੈ ਤਪ ਭਾਉ ਜੁ ਪੈਕ ਦਲ ਰਾਜਤ ਸਤ- ਗੁਰੁ ਰਾਮ." (ਗੁਪ੍ਰਸੂ) ਕਰਤਾਰ ਦਾ ਭੈ, ਤਪਸਾ, ਭਾਵ, ਇਹ ਪੈਦਲ ਸੈਨਾ ਹੈ.

**ਪੈਕਰ:** ਫ਼ਾ. پیکر ਸੰਗਜਾ- ਸ਼ਹਿਰ ਚਿਹਰਾ। ੨. ਸੰਚਾ (ਸੱਚਾ). ੩. ਦੇਖੋ, ਪੈਖੜ.

**ਪੈਕੜ:** ਦੇਖੋ, ਪੈਖੜ.

**ਪੈਕਾਨ:** ਫ਼ਾ. پیکان ਸੰਗਜਾ- ਤੀਰ ਅਥਵਾ ਬਰਛੀ ਦਾ ਫਲ। ੨. ਤੀਰ। ੩. ਭੱਥਾ. ਤਰਕਸ਼.

**ਪੈਕਾਨੈ:** ਫ਼ਾ. پیکانی ਪੈਕਾਨੀ. ਸੰਗਜਾ- ਮਾਣਿਕ. ਰਤਨ. "ਤਾਕਉ ਸੁਮਤਿ ਦੇਇ ਪੈਕਾਨੈ." (ਕਲਿ ਮਃ ੪) ਰਤਨਰੂਪ ਸਿਖ੍ਯਾ. ਭਾਵ- ਅਮੋਲਕ ਸਿਖ੍ਯਾ.

**ਪੈਕਾਬਰ, ਪੈਕਾਂਬਰ:** ਦੇਖੋ, ਪੈਗ਼ੰਬਰ. "ਪੀਰ ਪੈਕਾਬਰ ਅਉਲੀਏ." (ਵਾਰ ਮਾਰੂ ੨. ਮਃ ੫) "ਪੀਰ ਪੈਕਾਂਬਰ ਸੇਖ." (ਰਾਮ ਮਃ ੫)

**ਪੈਕਾਮ:** ਸੰਗਜਾ- ਦੇਖੋ, ਪੈਕਾਨ ੨. "ਪਿਰਮ ਪੈਕਾਮ ਨ ਨਿਕਲੈ." (ਸਵਾ ਮਃ ੧) ਪ੍ਰੇਮ ਦਾ ਤੀਰ ਲਗਿਆ ਨਹੀਂ ਨਿਕਲਦਾ। ੨. ਦੇਖੋ, ਪੈਗਾਮ.

**ਪੈਕਾਮਰ:** ਦੇਖੋ, ਪੈਗ਼ੰਬਰ. "ਪੀਰ ਪੈਕਾਮਾਰ ਸਾਲਿਕ ਸਾਦਿਕ." (ਸ੍ਰੀ ਮਃ ੧)

**ਪੈਕਾਰ, ਪੈਕਾਰੁ:** ਫ਼ਾ. پیکار ਸੰਗਜਾ- ਇਰਾਦਾ. ਸੰਕਲਪ. ਖ਼ਿਆਲ. "ਨਿਰਮਲ ਸਾਚਿ ਰਤਾ ਪੈਕਾਰੁ." (ਆਸਾ ਅਃ ਮਃ ੧) ੨. ਜੰਗ. ਯੁੱਧ। ੩. ਪੈਰੋਕਾਰ ਦਾ ਸੰਖੇਪ, ਅਰਥਾਤ- ਕੰਮ ਵਿੱਚ ਤਤਪਰ। ੪. ਪੁਰਾਣੇ ਜ਼ਮਾਨੇ ਟਕਸਾਲ ਵਿੱਚ ਕੰਮ ਕਰਨ ਵਾਲਾ ਉਹ ਆਦਮੀ, ਜੋ ਸੁਨਿਆਰਿਆਂ ਤੋਂ ਸੁਆਹ ਖਰੀਦਕੇ ਉਸ ਵਿੱਚੋਂ ਸੁਇਨਾ ਚਾਂਦੀ ਨਿਖਾਰਿਆ ਕਰਦਾ. ਨਿਆਰੀਆ.

**ਪੈਕੰਬਰ:** ਦੇਖੋ, ਪੈਗ਼ੰਬਰ.

**ਪੈਖਰ, ਪੈਖਰੁ, ਪੈਖੜੁ:** ਸੰਗਜਾ- ਪੈਰ ਜਕੜਨ ਦਾ ਬੰਧਨ. ਉਹ ਬੰਧਨ. ਜੋ ਪੈਰਾਂ ਵਿੱਚ ਪਾਇਆ ਜਾਵੇ. "ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ." (ਗਉ ਮਃ ੫) "ਖਰ ਕਾ ਪੈਖਰੁ ਤਉ ਛੁਟੈ." (ਬਿਲਾ ਮਃ ੫)

੨. ਬੰਧਨ. "ਹਉਮੈ ਪੈਖੜੁ ਤੇਰੇ ਮਨੈ ਮਾਹਿ." (ਬਸੰ ਅਃ ਮਃ ੧) ੩. ਦੇਖੋ, ਪਾਖੜ.

**ਪੈਖਾਕ, ਪੈਖਾਕੁ:** ਸੰਗਜਾ- ਪਾਖ਼ਾਕ. ਚਰਣਰਜ. ਪੈਰਾਂ ਦੀ ਧੂੜਿ. "ਹੋਇ ਪੈਖਾਕ ਫਕੀਰ ਮੁਸਾਫਿਰੁ." (ਮਾਰੂ ਸੋਹਲੇ ਮਃ ੫)

**ਪੈਗ:** ਸੰਗਜਾ- ਪਗ. ਡਿੰਘ. ਕਰਮ. "ਪੈਗ ਅਢਾਈ ਭੂਮਿ ਦੇ ਕਹੀ." (ਵਾਮਨਾਵ) "ਅਠਾਰਹਿ ਪੈਗ ਪੈ ਜਾਇ ਪਰਜੋ ਹੈ." (ਕ੍ਰਿਸਨਾਵ)

**ਪੈਗਲਾ:** ਸੰਗਜਾ- ਪਯਗਲਿਤ. ਸ਼ਬਨਮ. ਓਸ. ਤ੍ਰੇਲ. "ਮੇਘ ਭੀ ਨਹੀਂ ਵਰਸਦੇ ਅਤੇ ਪੈਗਲਾ ਭੀ ਨਹੀਂ ਪੈਂਦਾ." (ਜਸਭਾਸ)

**ਪੈਗਾਂਬਰ:** ਦੇਖੋ, ਪੈਗ਼ੰਬਰ.

**ਪੈਗ਼ਾਮ:** ਫ਼ਾ. پیغام ਸੰਗਜਾ- ਸੁਨੇਹਾ. ਸੰਦੇਸਾ.

**ਪੈਗਾਮਰ:** ਦੇਖੋ, ਪੈਗ਼ੰਬਰ.

**ਪੈਗ਼ੰਬਰ:** ਫ਼ਾ. پیغمبر ਪੈਗ਼ਾਮ (ਸੁਨੇਹਾ) ਬਰ (ਲੈ ਜਾਣ ਵਾਲਾ). ਜੋ ਈਸ਼੍ਵਰ ਦਾ ਸੰਦੇਸਾ ਲੋਕਾਂ ਪਾਸ ਲਿਆਵੇ, ਐਸਾ ਧਰਮ ਦਾ ਆਚਾਰਯ. ਨਬੀ.

**ਪੈਗੰਬਰੀ:** ਸੰਗਜਾ- ਪੈਗ਼ੰਬਰ ਦੀ ਪਦਵੀ। ੨. ਪੈਗ਼ੰਬਰ ਦਾ ਕੰਮ.

**ਪੈਂਚ:** ਸੰਗਜਾ- ਪੰਚ. ਪ੍ਰਧਾਨ ਪੁਰਖ। ੨. ਨੰਬਰਦਾਰ. ਚੌਧਰੀ.

**ਪੈਜ:** ਸਿੰਧੀ. ਸੰਗਜਾ- ਪ੍ਰਤਿਸ਼੍ਠਾ. ਮਾਨ. ਇੱਜ਼ਤ. "ਜਨ ਕੀ ਪੈਜ ਸਵਾਰੀ ਆਪਿ." (ਗੂਜ ਮਃ ੫) "ਜਨ ਕੀ ਪੈਜ ਬਢਾਈ." (ਮਾਰੂ ਮਃ ੯) ੨. ਨਾਮਵਰੀ. "ਅੰਦਰਹੁ ਝੂਠੇ, ਪੈਜ ਬਾਹਰਿ." (ਵਾਰ ਆਸਾ) ੩. ਪ੍ਰਤਿਗਜਾ. ਪ੍ਰਣ. "ਪੁਨ ਤੇਰੇ ਵਾਕਨ ਕੋ ਧਿਕ ਧਿਕ, ਕਰਨ ਪੈਜ ਕੋ ਧਿਕ ਧਿਕ ਹੋਇ." (ਗੁਪ੍ਰਸੂ) ੪. ਪਾਦਜ. ਪੈਰਾਂ ਤੋਂ ਜੰਮਿਆ ਸ਼ੂਦ੍ਰ। ੫. ਪੈ (ਦੁੱਧ) ਤੋਂ ਉਪਜਿਆ ਮੱਖਣ। ੬. ਪੈ (ਜਲ) ਤੋਂ ਜਨਮਿਆ, ਕਮਲ.

**ਪੈਜਨੀ, ਪੈਂਜਨੀ:** ਪਦਰੰਜਨੀ. ਨੂਪੁਰ. ਝਾਂਝਰ.

**ਪੈਜਵਾਰ:** ਵਿ- ਇੱਜ਼ਤ (ਪ੍ਰਤਿਸ਼੍ਠਾ) ਵਾਲਾ। ੨. ਪ੍ਰਤਿਗਜਾਪਾਲਕ.

**ਪੈਜਾ:** ਸੰਗਜਾ- ਜੰਗਲੀ ਚੈਰੀ, ਇਹ ਬਿਰਸ ਠੰਢੇ ਪਹਾੜਾਂ ਪੁਰ ਹੁੰਦਾ ਹੈ. ਦੇਖੋ, ਗਲਾਸ ੩.

**ਪੈਜ਼ਾਰ:** ਫ਼ਾ. پیزار ਸੰਗਜਾ- ਪਦਤ੍ਰਾਣ. ਜੁੱਤੀ.

**ਪੈਝਣਾ, ਪੈਝਣੁ:** ਕ੍ਰਿ- ਪਰਿਧਾਨ ਕਰਨਾ. ਪਹਿਰਨਾ. ਓਢਣਾ।੨ ਪਹਿਰਾਏ ਜਾਣਾ.

**ਪੈਝੈ:** ਪਰਿਧਾਨ ਕਰੀਜੈ. ਪਹਿਰੀਏ. "ਖਾਜੈ ਪੈਝੈ ਰਲੀ ਕਰੀਜੈ." (ਮਾਰੂ ਸੋਲਹੇ ਮਃ ੧) ੨. ਪਹਿਰਾਇਆ ਜਾਵੇ. ਪਰਿਧਾਨ ਕਰਾਇਆ ਜਾਏ. "ਮਿਤੁ ਪੈਝੈ ਮਿਤੁ ਬਿਗਸੈ." (ਸਦੁ)

**ਪੈਠ:** ਸੰਗਜਾ- ਪ੍ਰਵੇਸ਼. ਦਖਲ। ੨. ਗਤਿ. ਗਮਜਤਾ. ਪਹੁਚ.

**ਪੈਠਨ:** ਸੰਗਜਾ- ਪ੍ਰਵਿਸ਼੍ਟ ਹੋਣ ਦਾ ਭਾਵ. ਘੁਸਣਾ. ਧਸਣਾ. ਦਾਖ਼ਿਲ ਹੋਣਾ.

**ਪੈਠਿ:** ਕ੍ਰਿ. ਵਿ- ਪ੍ਰਵਿਸ਼੍ਟ ਹੋਕੇ. ਪੈਠਕੇ. ਦਾਖ਼ਿਲ ਹੋਕਰ.

**ਪੈਠੀ:** ਵਿ- ਪ੍ਰਵਿਸ਼੍ਟ. ਪ੍ਰਵੇਸ਼ ਹੋਈ. "ਸਰਪਨੀ ਨਿਰਮਲਜਲਿ ਪੈਠੀ." (ਆਸਾ ਕਬੀਰ) ਸਰਪਨੀ ਮਾਇਆ, ਨਿਰਮਲਜਲ ਸ਼ੁੱਧ ਅੰਤਹਕਰਣ.

**ਪੈਡ, ਪੈਂਡ:** ਸੰਗ੍ਯਾ- ਪਦ. ਪੈਰ. "ਪੈਡੇ ਪੈਂਡ ਨ ਪਾਵਤ ਭਈ." (ਚਰਿਤ੍ਰ ੧੭੩) ਰਸਤੇ ਵਿੱਚ ਇੱਕ ਪੈਰ ਨਾ ਪਾਇਆ। ੨. ਕਰਮ. ਡਿੰਘ.

**ਪੈਡਾ, ਪੈਂਡਾ:** ਸੰਗ੍ਯਾ- ਮਾਰਗ. ਪੰਧ. ਪਦ (ਪੈਰ) ਰੱਖੀਏ ਜਿਸ ਵਿੱਚ. "ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ." (ਕੇਦਾ ਕਬੀਰ) ੨. ਡਿੰਘ. ਕਰਮ. ਪਦ ਦ੍ਵਿ. ਦੋ ਵਾਰ ਪੈਰ ਰੱਖਣ ਵਿੱਚ ਜਿਤਨੀ ਲੰਬਾਈ ਹੁੰਦੀ ਹੈ. ਡੇਢ ਗਜ਼ ਭਰ. "ਚਰਣ ਸਰਣ ਗੁਰੁ ਏਕ ਪੈਡਾ ਜਾਇ ਚਲ." (ਭਾਗੁ ਕ)

**ਪੈਡੀ:** ਦੇਖੋ, ਹਰਿਗੀਤਿਕਾ ਦਾ ਰੂਪ (ਅ).

**ਪੈਡੁ:** ਦੇਖੋ, ਪੈਡ.

**ਪੈਂਡੇਖਾਂ:** ਦੇਖੋ, ਪੈਂਦਾਖ਼ਾਨ.

**ਪੈਡੇ ਬਿਨੁਬਾਟ:** ਦੇਖੋ, ਜੋਇ ਖਸਮ.

**ਪੈਡੇ:** ਮਾਰਗ ਮੇਂ. ਰਾਜ ਵਿੱਚ. "ਜਿਹ ਪੈਡੈ ਲੂਟੀ ਪਨਿਹਾਰੀ." (ਆਸਾ ਮਃ ੫)

**ਪੈਂਡੋਈ:** ਸੰਗ੍ਯਾ- ਪੈਂਡੇ (ਮਾਰਗ) ਜਾਣ ਵਾਲਾ. ਰਾਹੀ. "ਕੋਈ ਪੈਂਡੋਈ ਹਮਾਰੀ ਓਰ ਆਵਤਾ ਹੈ." (ਜਸਭਾਸ)

**ਪੈਣਾ:** ਕ੍ਰਿ- ਪ੍ਰਵੇਸ਼ ਕਰਨਾ। ੨. ਪੜਨਾ. ਲੇਟਣਾ। ੩. ਡਿਗਣਾ.

**ਪੈਤਰਾ:** ਸੰਗ੍ਯਾ- ਪਦਾਂਤਰ. ਪੈਰ ਬਦਲਣ ਦੀ ਕ੍ਰਿਯਾ. ਪਟੇਬਾਜ਼ੀ ਦੇ ਕਾਇਦੇ ਅਨੁਸਾਰ ਪੈਰਾਂ ਦਾ ਬਦਲਕੇ ਰੱਖਣਾ। ੨. ਹਿੰਦੂਰੀਤਿ ਅਨੁਸਾਰ ਪ੍ਰਸਥਾਨ ਦੀ ਇੱਕ ਰਸਮ. ਥਾਪੇ ਹੋਏ ਮੁਹੂਰਤ ਪੁਰ ਜੋ ਕੂਚ ਨਹੀਂ ਕਰ ਸਕਦਾ, ਉਹ ਆਪਣੀ ਤਲਵਾਰ ਪਟਕਾ ਆਦਿ ਕੋਈ ਵਸਤੁ ਠੀਕ ਮੁਹੂਰਤ ਪੁਰ ਕਿਸੇ ਹੱਥ ਤੋਰ ਦਿੰਦਾ ਹੈ. ਇਸ ਨੂੰ ਪੈਤਰਾ ਸੱਦੀਦਾ ਹੈ. ਇਸ ਦਾ ਮੂਲ਼ ਸੰਸਕ੍ਰਿਤ "ਪਦੇਤਰ" ਹੈ. ਦੇਖੋ, ਪਾਇਤਾ ੩.

**ਪੈਤਾਲ:** ਪੈਂਤਾਲੀਆ ਸਾਲ. "ਸਤ੍ਰਹਸੈ ਪੈਤਾਲ ਮੈ ਕੀਨੀ ਕਥਾ ਸੁਧਾਰ." (ਕ੍ਰਿਸਨਾਵ) ਸੰਮਤ ਸਤਾਰਾ ਸੈ ਪੈਂਤਾਲੀਏ (੧੭੪੫) ਵਿੱਚ ਕ੍ਰਿਸਨਾਵਤਾਰ ਦੀ ਰਚਨਾ ਕੀਤੀ.

**ਪੈਂਤਾਲੀ:** ਦੇਖੋ, ਪੰਤਾਲੀ.

**ਪੈਂਤੀ:** ਸੰ. ਪੰਚਤ੍ਰਿੰਸ਼ਤ. ਤੀਹ ਅਰ ਪੰਜ- ੩੫। ੨. ਪੰਜਾਬੀ ਦੀ ਵਰਣਮਾਲਾ, ਜਿਸ ਦੇ ਪੈਂਤੀ ਅੱਖਰ ਹਨ.

ੳ ਅ ੲ ਸ ਹ

ਕ ਖ ਗ ਘ ਙ

ਚ ਛ ਜ ਝ ਞ

ਟ ਠ ਡ ਢ ਣ

ਤ ਥ ਦ ਧ ਨ

ਪ ਫ ਬ ਭ ਮ

ਯ ਰ ਲ ਵ ੜ.

ਪੈਤੀਸ: ਦੇਖੋ, ਪੈਂਤੀ ੧। ੨. ਦੇਖੋ, ਤੀਸ ਇਕੁ ਅਰੁ ਪੰਜ.

ਪੈਂਤੀਸਅੱਖਰੀ: ਪੈਂਤੀ ਅੱਖਰਾਂ ਦੀ ਵਰਣਮਾਲਾ। ੨. ਪੈਂਤੀਸ ਅੱਖਰਾਂ ਦੀ ਵਯਾਖਯਾਰੂਪ ਰਚਨਾ, ਜੋ ਕਿਸੇ ਪ੍ਰੇਮੀ ਸਿੱਖ ਨੇ ਗੁਰੂ ਨਾਨਕ ਦੇਵ ਜੀ ਦੇ ਨਾਂ ਤੋਂ ਰਚੀ ਹੈ.[786]

ਓਅੰਕਾਰ ਸਰਬਪਰਕਾਸੀ,

ਆਤਮ ਸੁੱਧ ਅਕ੍ਰੈ ਅਵਿਨਾਸੀ,

ਈਸ ਜੀਵ ਮੇ ਭੇਦ ਨ ਜਾਨੋ,

ਸਾਧ ਚੋਰ ਸਭਿ ਬ੍ਰਹਮ ਪਛਾਨੋ,

ਹਸਤੀ ਚੀਟੀ ਤ੍ਰਿਣ ਲੌ ਆਦੰ,

ਏਕ ਅਖੰਡਿਤ ਵਸੈ ਅਨਾਦੰ. ×××

੩. ਉਹ ਕਾਵਯ, ਜਿਸ ਦੇ ਆਦਿ ਅਥਵਾ ਅੰਤ ਪੈਤੀਸ ਅੱਖਰ ਯਥਾਕ੍ਰਮ ਰੱਖੇ ਜਾਣ, ਜੈਸੇ- ਦਸਮਗ੍ਰੰਥ ਦੇ ਕ੍ਰਿਸਨਾਵਤਾਰ ਵਿੱਚ ਸਵੈਯੇ ਛੰਦਾਂ ਦੇ ਅੰਤ ਪੈਂਤੀ ਲਿਖੀ ਹੈ, ਯਥਾ-

ਕੌਤਕ ਏਕ ਵਿਚਾਰ ਜਦੂਪਤਿ

ਸੂਰਤ ਏਕ ਧਰੀ ਗਿਰਿ ਬਾਂਕੀ, ×××

ਹੋਇਰਹੇ ਵਿਸਮੈ ਸਭ ਗੋਪ

ਸੁਨੀ ਹਰਿ ਕੇ ਮੁਖ ਤੇ ਜਬ ਸਾਖੀ ×××

ਔਰ ਗਈ ਸੁਧ ਭੂਲ ਸਭੋ

ਇਕ ਕਾਨ੍ਹਹਿਂ ਕੇ ਰਸ ਮੇ ਅਨੁਰਾਗੇ ×××

ਕਾਨ੍ਹ ਕਹੀ ਸਭ ਕੋ ਹਸਕੈ

ਮਿਲ ਧਾਮ ਚਲੋ ਜੋਊ ਹੈ ਹਰਤਾਅਜ ×××

ਭੂਸੁਤ ਸੋਂ ਲਰਕੈ ਜਿਨਹੂ

ਨਵਸਾਤ ਛਡਾਇਲਈ ਬਰਮੰਞਾ. ×××

ਗਯਾਨ ਪ੍ਰਬੋਧ ਵਿੱਚ ਛੰਦਾਂ ਦੇ ਆਦਿ ਪੈਂਤੀ ਲਿਖੀ ਹੈ, ਯਥਾ-

ਵਿਅਸ੍ਤਾ ਕ੍ਰਿਪਾਰੰ। ਖਿਪਸ੍ਤ੍ਵਾ ਅਖੰਡੰ।

ਗਤਸ੍ਤ੍ਵਾ ਅਗੰਡੰ। ਘਤਸ੍ਤ੍ਵਾ ਘਰਾਨੰ।

ਙ੍ਰਿਅਸ੍ਤ੍ਵਾ ਙ੍ਰਿਹਾਲੰ।। ××× ਆਦਿ.

---

[786] ਤੰਤ੍ਰਸ਼ਾਸਤ੍ਰ ਮੰਨਣ ਵਾਲੇ ਕਈ ਸਿੱਖ ਪੂਰਨਮਾਸੀ ਨੂੰ ਵ੍ਰਤ ਰੱਖਕੇ, ਪੈਂਤੀਸ ਅੱਖਰੀ ਦਾ ਪਾਠ ਖ਼ਾਸ ਖ਼ਾਸ ਗਿਣਤੀ ਦਾ, ਖ਼ਾਸ ਖ਼ਾਸ ਦਿਸ਼ਾ ਵੱਲ ਮੂੰਹ ਕਰਕੇ ਕਰਦੇ ਹਨ, ਪਰ ਇਹ ਰੀਤਿ ਗੁਰਮਤ ਅਨੁਸਾਰ ਨਹੀਂ ਹੈ.

ਪੈਤੀਸ ਨ ਖੀਣਉ: ਦੇਖੋ, ਤੀਸ ਇਕੁ.

ਪੈਤੀਹ: ਦੇਖੋ, ਪੈਂਤੀ ੧

ਪੈਥਾਨ: ਦੇਖੋ, ਸਾਲਿਬਾਹਨ.

ਪੈਦਲ: ਸੰਗਯਾ- ਪਦਚਰ. ਪਾਦਾਤਿਕ. ਪਯਾਦਹ ਸਿਪਾਹੀ. Pezestrain ੨. ਸੰਸਕ੍ਰਿਤ ਵਿੱਚ. "ਪਾਲਾਗਲ" ਸ਼ਬਦ ਦੂਤ (ਹਰਕਾਰਾ) ਅਰਥ ਬੋਧਕ ਭੀ ਹੈ.

ਪੈਦਾ: ਫ਼ਾ. پیدا ਵਿ- ਉਤਪੰਨ. ਜਨਮਿਆ ਹੋਇਆ। ੨. ਹਾਸਿਲ. ਪ੍ਰਾਪਤ.

ਪੈਦਾਇਸ, ਪੈਦਾਇਸਿ: ਫ਼ਾ. پیدائش ਪੈਦਾਯਸ਼. ਸੰਗਯਾ ਉੱਤਪਤੀ. ਰਚਨਾ. "ਆਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ." (ਤਿਲੰ ਮਃ ੫)

ਪੈਂਦਾਖ਼ਾਨ: پیندہ خان ਪਾਯੰਦਾਖ਼ਾਨ. ਇਹ ਫ਼ਤਹਖ਼ਾਨ ਦਾ ਪੁਤ੍ਰ ਆਲਮਪੁਰ ਪਿੰਡ ਦਾ ਪਠਾਣ ਸੀ, ਜਿਸ ਦੇ ਨਾਨਕੇ ਕਰਤਾਰਪੁਰ ਪਾਸ ਵਡੇਮੀਰ ਪਿੰਡ ਸਨ. ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਕੱਦਾਵਰ ਅਤੇ ਬਲਵਾਨ ਜਾਣਕੇ ਨੌਕਰ ਰੱਖਿਆ ਅਰ ਸ਼ਸਤ੍ਰ ਵਿਦਯਾ ਸਿਖਾਕੇ ਆਪਣੀ ਫੌਜ ਦਾ ਸਰਦਾਰ ਥਾਪਿਆ. ਪੈਂਦੇਖ਼ਾਨ ਆਪਣੇ ਦਾਮਾਦ ਆਸਮਾਨਖ਼ਾਨ ਦੀ ਪ੍ਰੇਰਣਾ ਨਾਲ ਸੰਮਤ ੧੬੯੧ ਵਿੱਚ ਸ਼ਾਹੀ ਸੈਨਾ ਗੁਰੂ ਸਾਹਿਬ ਉੱਪਰ ਚੜ੍ਹਾ ਲਿਆਇਆ. ਕਰਤਾਰਪੁਰ ਦੇ ਰਣਖੇਤ ਵਿੱਚ ਗੁਰੂ ਸਾਹਿਬ ਦੇ ਹੱਥੋਂ ਇਸ ਦੀ ਮੌਤ ਹੋਈ. ਜਿਸ ਖੜਗ ਨਾਲ ਇਸ ਦਾ ਸ਼ਰੀਰ ਦੋ ਖੰਡ ਹੋਇਆ, ਉਹ ਹੁਣ ਕਰਤਾਰਪੁਰ ਹੈ, ਜਿਸ ਦਾ ਵਜ਼ਨ ਛੀ ਸੇਰ ਪੱਕਾ ਹੈ। ੨. ਔਰੰਗਜ਼ੇਬ ਦੀ ਫੌਜ ਦਾ ਇੱਕ ਅਹੁਦੇਦਾਰ, ਜੋ ਆਨੰਦਪੁਰ ਦੇ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੱਥੋਂ ਖੜਗ ਨਾਲ ਮੋਇਆ.

ਪੈਦਾਯਸ਼: ਦੇਖੋ, ਪੈਦਾਇਸ.

ਪੈਦਾਵਾਰ: ਫ਼ਾ. پیداوار ਸੰਗਯਾ- ਉਪਜ.

ਪੈਧਨ: ਸੰ. ਪਰਿਧਾਨ. ਸੰਗਯਾ- ਪਹਿਰਨਾ. ਓਢਣਾ। ੨. ਦੇਖੋ, ਪ੍ਰਵੇਸ਼ਨ.

ਪੈਧਾ: ਵਿ- ਪਰਿਧ੍ਰਿਤ. ਪਹਿਰਿਆ. "ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ." (ਵਾਰ ਸੋਰ ਮਃ ੪)

ਪੈਧਿ: ਕ੍ਰਿ. ਵਿ- ਪਰਿਧਾਨ ਕਰਕੇ. ਪਹਿਰਕੇ.

ਪੈਧੈ: ਪਰਿਧਾਨ ਕਰਨੇ ਸੇ. ਪਹਿਰਣ ਤੋਂ "ਕਿਆ ਪੈਧੈ ਹੋਇ?" (ਵਾਰ ਮਾਝ ਮਃ ੧)

ਪੈਨਣਾ, ਪੈਨਣੁ: ਕ੍ਰਿ- ਪਰਿਧਾਨ ਕਰਨਾ. ਪਹਿਰਨਾ. ਓਢਣਾ. "ਪੈਨਣਾ ਰਖ ਪਤਿ ਪਰਮੇਸੁਰ." (ਮਾਰੂ ਅਃ ਮਃ ੫) "ਪੈਨਣੁ ਖਾਣਾ ਚੀਤਿ ਨ ਪਾਈ." (ਪ੍ਰਭਾ ਮਃ ੧)

ਪੈਨਾ: ਵਿ- ਤਿੱਖਾ. ਤੇਜ਼. ਅਜਿਹਾ ਤਿੱਖਾ, ਜੋ ਪ੍ਰਵੇਸ਼ ਕਰ ਜਾਵੇ.

ਪੈਨਾਇਆ: ਪਰਿਧਾਨ ਕਰਾਇਆ. ਪਹਿਰਾਇਆ। ੨. ਖ਼ਿਲਤ (ਸਰੋਪਾ) ਪਹਿਨਾਇਆ. "ਹਰਿ ਦਾਤੈ ਹਰਿਨਾਮੁ ਜਪਾਇਆ, ਨਾਨਕ ਪੈਨਾਇਆ." (ਵਾਰ ਸ੍ਰੀ ਮਃ ੪)

ਪੈਨੀ: ਵਿ- ਤਿੱਖੀ. ਦੇਖੋ, ਪੈਨਾ. "ਪਰਨਾਰੀ ਸੋ ਨੇਹ ਛੁਰੀ ਪੈਨੀ ਕਰ ਜਾਨਹੁ." (ਚਰਿਤ੍ਰ ੨੧)

ਪੈਨ੍ਹਾਵਣੀ: ਸੰਗਯਾ- ਪਰਿਧਾਨ ਕਰਨ ਦਾ ਵਸਤ੍ਰ. ਪੋਸ਼ਾਕ.

ਪੈਨ੍ਹਾਵਣੁ: ਕ੍ਰਿ- ਪਰਿਧਾਨ ਕਰਾਉਣਾ. ਪਹਿਰਾਉਣਾ.

ਪੈਪੁਰਖਾ: ਪੂਰਵ ਪੁਰੁਸ਼. ਪਿਤ੍ਰਿਗਣ. ਵਡੇ ਵਡੇਰੇ. "ਦੈ ਜਲ, ਪੈਪੁਰਖਾ ਰਿਝਵਾਏ." (ਕ੍ਰਿਸਨਾਵ)

ਪੈਮਾਂ ਸ਼ਿਕਨ: ਫ਼ਾ. پیماں شکن ਵਿ- ਅ਼ਹਦ ਤੋੜਨ ਵਾਲਾ. ਪ੍ਰਤਿਗ੍ਯਾ ਭੰਗ ਕਰਤਾ. ਬੇਵਫ਼ਾ.

ਪੈਮਾਨ: ਫ਼ਾ. پیمان ਸੰਗ੍ਯਾ- ਵਚਨ. ਕੌਲ। ੨. ਪ੍ਰਤਿਗ੍ਯਾ. ਇਕਰਾਰ.

ਪੈਮਾਨਾ: ਫ਼ਾ. پیمانہ ਸੰਗ੍ਯਾ- ਮਾਪਣ ਦਾ ਪਾਤ੍ਰ ਅਥਵਾ ਦੰਡ. ਉਹ ਵਸਤੁ. ਜਿਸ ਨਾਲ ਕਿਸੇ ਪਦਾਰਥ ਨੂੰ ਮਿਣਿਆ ਜਾਵੇ.

ਪੈਮਾਯਸ਼: ਫ਼ਾ. پیمازش ਸੰਗ੍ਯਾ- ਮਿਣਤੀ. ਮਾਪ.

ਪੈਮਾਲ: ਦੇਖੋ, ਪਾਮਾਲ.

ਪੈਮੂਦਹ: ਫ਼ਾ. پیمُودہ ਵਿ- ਮਿਣਿਆ ਹੋਇਆ. ਦੇਖੋ, ਪੈਮੂਦਨ.

ਪੈਮੂਦਨ: ਫ਼ਾ. پیمُودن ਕ੍ਰਿ- ਪੈਮਾਯਸ਼ (ਮਿਣਤੀ) ਕਰਨੀ. ਮਿਣਨਾ.

ਪੈਯਾ: ਪਿਆ. ਪੜਾ. "ਜਿਨਾ ਧੁਰੇ ਪੈਯਾ ਪਰਵਾਣਾ." (ਵਾਰ ਰਾਮ ੧. ਮਃ ੧) ੨. ਪੜਨੇ (ਪੈਣ) ਵਾਲਾ.

ਪੈਰ: ਸੰਗ੍ਯਾ- ਪਦ. ਚਰਨ. "ਪੈਰ ਧੋਵਾਂ ਪਖਾ ਫੇਰਦਾ." (ਸ੍ਰੀ ਮਃ ੫) ੨. ਸ਼ੂਦ੍ਰ, ਜਿਸ ਦੀ ਚਰਣਾਂ ਤੋਂ ਉਤਪੱਤੀ ਮੰਨੀ ਹੈ. ਪਾਦਜ. "ਉਲਟਾ ਖੇਲ ਪਿਰੰਮ ਦਾ ਪੈਰਾਂ ਉੱਪਰ ਸੀਸ ਨਿਵਾਯਾ." (ਭਾਗੁ) ਬ੍ਰਾਹਮਣ ਸ਼ੂਦ੍ਰ ਅੱਗੇ ਝੁਕਾਇਆ। ੩. ਵਿ- ਪਰਲਾ. ਦੂਸਰਾ ਕਿਨਾਰਾ. "ਪਾਯੋ ਨਾ ਜਾਇ ਜਿਹ ਪੈਰ ਪਾਰ." (ਅਕਾਲ) ੪. ਵਿਸਤੀਰਣ. "ਪੈਰ ਪਰਾਗ ਰਹੀ ਹੈ ਬੈਸਾਖ." (ਕ੍ਰਿਸਨਾਵ)

ਪੈਰਉਆ: ਵਿ- ਪ੍ਰਵੇਸ਼ ਕਰਨ ਵਾਲਾ. ਪ੍ਲਵਨ ਕਰਤਾ. ਤਰਾਕੂ. ਨਦੀ ਨੂੰ ਤਰਕੇ ਪਾਰ ਹੋਣ ਵਾਲਾ.

ਪੈਰਕਾਰੀ: ਸੰਗ੍ਯਾ- ਪੌੜੀ. ਸੀਢੀ. "ਜੈਸੇ ਨਰ ਪੈਰ ਪੈਰਕਾਰੀ ਪੈ ਧਰਤ ਹੈ." (ਕ੍ਰਿਸਨਾਵ)

ਪੈਰ ਕੁਹਾੜਾ ਮਾਰਨਾ: ਦੇਖੋ, ਪਾਇ ਕੁਹਾੜਾ ਮਾਰਨਾ.

ਪੈਰਣ, ਪੈਰਨਾ: ਕ੍ਰਿ- ਪਯ (ਜਲ) ਤਰਣ. ਪ੍ਲਵਨ ਕਰਨਾ. ਪਾਣੀ ਵਿੱਚ ਤਰਨਾ. "ਪੈਰਨ ਪਾਰ ਨ ਪਾਵਹਿ ਬਾਹੂ." (ਨਾਪ੍ਰ) "ਪੈਰੇ ਸਮਰ ਸਮੁਦ੍ਰ ਬਹੁ ਮਹਾਰਥੀ ਬਲ ਧਾਮ." (ਕ੍ਰਿਸਨਾਵ) ਜਿਸ ਨੇ ਬਹੁਤ ਯੁੱਧਰੂਪ ਸਮੁੰਦਰ ਤਰੇ ਹਨ, ਭਾਵ- ਜਿਸ ਨੇ ਅਨੇਕ ਜੰਗ ਫਤੇ ਕੀਤੇ ਹਨ। ੨. ਪ੍ਰਵੇਸ਼ ਕਰਨਾ. ਪੈਠਣਾ.

ਪੈਰਵੀ: ਫ਼ਾ. پیروی ਸੰਗ੍ਯਾ- ਅਨੁਸਰਣ. ਕਿਸੇ ਦੇ ਪੈਰ ਪਿੱਛੇ ਤੁਰਨ ਦੀ ਕ੍ਰਿਯਾ। ੨. ਆਗ੍ਯਾਪਾਲਨ.

ਪੈਰੀ: ਕ੍ਰਿ. ਵਿ- ਪੈਰੀਂ. ਚਰਣਾਂ ਦ੍ਵਾਰਾ. "ਪੈਰੀ ਚਲੈ, ਹਥੀ ਕਰਣਾ." (ਵਾਰ ਮਾਝ ਮਃ ੧)

ਪੈਰੀ ਪਵਣਾ, ਪੈਰੀਂ ਪਵਣੁ, ਪੈਰੀਂ ਪੈਣਾ: ਕ੍ਰਿ- ਪੈਰਾਂ ਉੱਪਰ ਡਿਗਣਾ. ਚਰਣਾਂ. ਪੁਰ ਸਿਰ ਰੱਖ ਕੇ ਮੱਥਾ ਟੇਕਣਾ. "ਪੈਰੀਂ ਪਵਣੁ ਨ ਛੋਡੀਐ ਕਲੀਕਾਲ ਰਹਿਰਾਸ ਕਰੇਹੀ।" (ਭਾਗੁ) "ਪੈਰੀ ਪਵਣਾ ਜਗ ਵਰਤਾਯਾ." (ਭਾਗੁ) ਇਸ ਰੀਤਿ ਤੋਂ ਸਤਿਗੁਰੂ ਦਾ ਭਾਵ, ਅਭਿਮਾਨ ਤ੍ਯਾਗਕੇ ਨੰਮ੍ਰਤਾ ਧਾਰਣ ਤੋਂ ਹੈ.

ਪੈਰੀਵਾਜਾ: ਸੰਗ੍ਯਾ- ਪੈਰਾਂ ਨਾਲ ਬੱਧਾ ਵਾਜਾ, ਘੁੰਗਰੂ. ਨੱਚਣ ਵਾਲੇ, ਪੈਰਾਂ ਨੂੰ ਘੰਗਰੂ ਬੰਨ੍ਹ ਲੈਂਦੇ ਹਨ, ਜਿਸ ਤੋਂ ਲੈ ਤਾਰ ਵਿੱਚ ਸਹਾਇਤਾ ਹੁੰਦੀ ਹੈ. "ਪੈਰੀਵਾਜਾ ਸਦਾ ਨਿਹਾਲ." (ਆਸਾ ਮਃ ੧)

ਪੈਰੇ: ਦੇਖੋ, ਪੈਰਣ.

ਪੈਰੋ: ਫ਼ਾ. پیرو ਵਿ- ਪਿੱਛੇ ਚੱਲਣ ਵਾਲਾ. ਅਨੁਚਰ.

ਪੈਰੋਕਾਰ: ਫ਼ਾ. پیروکار ਵਿ- ਪੈਰਵੀ ਕਰਨ ਵਾਲਾ। ੨. ਆਗ੍ਯਾਪਾਲਕ.

**ਪੈਲ:** ਵਿ- ਪਰਲਾ. ਦੂਸਰਾ. ਦੂਜੀ ਵੱਲ ਦਾ. "ਛੇਦਕੈ ਪੈਲ ਪਾਰੇ ਪਧਾਰਜੋ." (ਵਿਚਿਤ੍ਰ) ਵਿੰਨ੍ਹਕੇ ਪਰਲੇ ਪਾਸੇ ਚਲਾ ਗਿਆ। ੨. ਦੇਖੋ, ਪਾਇਲ.

**ਪੈਲਾਂ ਪਾਉਣੀਆਂ:** ਜਿਵੇਂ ਮੋਰ ਖੰਭ ਫੈਲਾ ਕੇ ਨੱਚਦਾ ਹੈ, ਤਿਵੇਂ ਕਿਸੇ ਨੂੰ ਖ਼ੁਸ਼ ਕਰਨ ਲਈ ਹਰਕਤ ਕਰਨੀ। ੨. ਭਾਵ- ਮਿੰਨਤ ਅਤੇ ਖ਼ੁਸ਼ਾਮਦ ਕਰਨੀ।

**ਪੈਲੀ:** ਵਿ- ਪੱਲਵ ਰੱਖਣ ਵਾਲੀ, ਖੇਤੀ। ੨. ਦਾਣੇ ਮਿਣਨ ਦਾ ਭਾਂਡਾ. ਸੰ. ਪੱਲਿਕਾ.

**ਪੈਵਸ੍ਤਨ:** ਫ਼ਾ. پیوستن ਕ੍ਰਿ- ਮਿਲਾਉਣਾ. ਮਿਲਣਾ. ਜੋੜਨਾ. ਗੱਠਣਾ.

**ਪੈਵਸ੍ਤਾ:** ਫ਼ਾ. پیوستہ ਵਿ- ਮਿਲਿਆ ਹੋਇਆ. ਜੁੜਿਆ ਹੋਇਆ। ੨. ਹਮੇਸ਼ਹ. ਨਿਤਯ.

**ਪੈਵੰਦ:** ਫ਼ਾ. پیوند ਸੰਗ੍ਯਾ- ਜੋੜ. ਗੱਠ। ੨. ਮਿਲਣ ਦਾ ਭਾਵ। ੩. ਦੇਖੋ, ਪਿਉਂਦ.

**ਪੈੜ:** ਸੰਗ੍ਯਾ- ਪਦਚਿੰਨ੍ਹ. ਪੈਰ ਦਾ ਨਿਸ਼ਾਨ. ਖੋਜ। ੨. ਖੂਹ ਦੇ ਪਾਸ ਉਹ ਥਾਂ, ਜਿੱਥੋਂ ਦੀ ਜਲ ਖਿੱਚਣ ਵਾਲੇ ਪਸ਼ੂ ਆਉਂਦੇ ਜਾਂਦੇ ਹਨ.

**ਪੈੜਾ:** ਮੋਖਾ ਜਾਤਿ ਦਾ ਪ੍ਰੇਮੀ, ਜੋ ਗੁਰੂ ਨਾਨਕ ਦੇਵ ਦਾ ਸਿੱਖ ਸੀ. ਇਹ ਗੁਰੂ ਅੰਗਦਦੇਵ ਦੀ ਸੇਵਾ ਵਿੱਚ ਭੀ ਹਾਜ਼ਿਰ ਰਿਹਾ. ਕਈ ਲੇਖਕਾਂ ਨੇ ਪਹਿਲੀ ਜਨਮਸਾਖੀ ਦਾ ਲਿਖਾਰੀ ਇਸੇ ਨੂੰ ਮੰਨਿਆ ਹੈ। ੨. ਛੱਜਲ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋਇਆ. ਇਹ ਸੰਗਲਾਦੀਪ ਤੋਂ ਪ੍ਰਾਣਸੰਗਲੀ ਦੀ ਪੋਥੀ ਲਿਆਇਆ ਸੀ. ਦੇਖੋ, ਰਾਹ ਹਕੀਕਤ। ੩. ਚੰਡਾਲੀਆ ਜਾਤਿ ਦਾ ਗੁਰੂ ਅਰਜਨ ਦੇਵ ਦਾ ਅਨੰਨ ਸਿੱਖ. ਇਹ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿੱਚ ਰਹਿਕੇ ਧਰਮਜੰਗਾਂ ਵਿੱਚ ਹਿੱਸਾ ਲੈਂਦਾ ਰਿਹਾ। ੪. ਕਾਠੀ ਨਾਲ ਬੱਧਾ ਤਸਮਾ, ਜਿਸ ਨਾਲ ਰਕਾਬ ਹੁੰਦੀ ਹੈ. ਪੈਰ ਅੜਾਉਣ ਦਾ ਸਾਧਨ। ੫. ਹਿਸਾਬ ਦਾ ਕੋਠਾ. "ਬੂਝਜੋ ਪਢਯੋ ਕੈਸੇ ਪੈੜਾ?" (ਨਾਪ੍ਰ) ੬. ਇਸਤ੍ਰੀਆਂ ਦਾ ਇੱਕ ਰੋਗ. ਸੰ. ਪ੍ਰਦਰ- ਪ੍ਰਦਰ. كثرت الطمث ਕਸ੍ਰਤੁਲਤ਼ਮਸ Menorrhagia ਸੁਭਾਵ ਅਤੇ ਮੌਸਮ ਵਿਰੁੱਧ ਪਦਾਰਥ ਖਾਣ, ਜਾਦਾ ਘੋੜੇ ਆਦਿ ਦੀ ਅਸਵਾਰੀ ਕਰਨ, ਸ਼ਰਾਬ ਆਦਿ ਨਸ਼ਿਆਂ ਦੇ ਵਰਤਣ, ਗਰਭ ਦੇ ਗਿਰਨ, ਅਤੀ ਮੈਥੁਨ ਕਰਨ, ਬਹੁਤ ਪੈਦਲ ਫਿਰਨ, ਬਹੁਤ ਭਾਰ ਚੁੱਕਣ, ਅਤਿ ਸ਼ੋਕ ਕਰਨ ਆਦਿ ਤੋਂ ਇਸਤ੍ਰੀਆਂ ਦੀ ਯੋਨਿ ਤੋਂ ਲਹੂ ਵਗਦਾ ਰਹਿੰਦਾ ਹੈ. ਅਤੇ ਮਹੀਨੇ ਦੇ ਰਿਤੁਧਾਮ ਵਿੱਚ ਫਰਕ ਆ ਜਾਂਦਾ ਹੈ.

ਇਸ ਦਾ ਸਾਧਾਰਣ ਇਲਾਜ ਹੈ- ਸੰਚਰ ਲੂਣ, ਚਿੱਟਾ ਜੀਰਾ, ਮੁਲੱਠੀ, ਨੀਲੋਫਰ, ਸਮਾਨ ਪੀਸਕੇ ਸ਼ਹਿਦ ਵਿੱਚ ਮਿਲਾਕੇ ਚਾਉਲਾਂ ਦੇ ਧੋਣ ਨਾਲ ਪੀਣਾ, ਤ੍ਰਿਫਲਾ, ਸੁੰਢ, ਦੇਵਦਾਰੁ, ਹਲਦੀ, ਲੋਧ, ਇਨ੍ਹਾਂ ਦਾ ਕਾੜ੍ਹਾ ਸ਼ਹਿਦ ਮਿਲਾਕੇ ਪੀਣਾ. ਮੰਜੇ ਦਾ ਪੁਰਾਣਾ ਬਾਣ ਫੂਕਕੇ ਉਸ ਨਾਲ ਸਮਾਨ ਤੋਲ ਦੀ ਖੰਡ ਮਿਲਾਕੇ ਪਾਣੀ ਨਾਲ ਸਵੇਰ ਵੇਲੇ ਡੇਢ ਤੋਲਾ ਨਿੱਤ ਫੱਕਣਾ.

**ਪੈੜੀ:** ਦੇਖੋ, ਹਰਿਗੀਤਿਕਾ ਦਾ ਰੂਪ (ਅ).

**ਪੋਇਆ:** ਵਿ- ਪ੍ਰੋਤ. ਪਰੋਇਆ.

**ਪੋਈ:** ਪਰੋਈ. ਦੇਖੋ, ਪੋਇਆ। ੨. ਸੰਗ੍ਯਾ- ਪ੍ਰਾਪਤੀ. "ਸਤਸੰਗ ਪੋਈ ਹੈ." (ਭਾਗੁ ਕ)

**ਪੋਈਆ:** ਫ਼ਾ. پوئیہ ਪੋਯਹ. ਸੰਗ੍ਯਾ- ਘੋੜੇ ਦਾ ਹਲਕਾ ਲਾਰਾ. ਸੰ. ਪ੍ਲੁਤ. ਦੇਖੋ, ਪਵੰਗਮ। ੨. ਹਰਕਾਰਾ. ਚਰ. ਦੂਤ.

**ਪੋਈਐ:** ਪਰੋਈਏ। ੨. ਗਮਨ ਕਰੀਏ. ਚੱਲੀਏ. ਦੇਖੋ, ਪੋਈਦਨ. "ਚਰਨ ਪਰਦੱਖਲਾਕੈ ਪੋਈਐ." (ਭਾਗੁ ਕ)

**ਪੋਈਦਨ:** ਫ਼ਾ. پوئیدن ਕ੍ਰਿ- ਦੌੜਨਾ. ਨੱਠਣਾ। ੨. ਢੂੰਡਣਾ. ਖੋਜਣਾ.

**ਪੋਸ਼:** ਫ਼ਾ. پوش ਪੋਸ਼ ਸੰਗ੍ਯਾ- ਗਿਲਾਫ਼ ਉਛਾੜ. ਆਵਰਣ. "ਚਮਰਪੋਸ਼ ਕਾ ਮੰਦਰ ਤੇਰਾ." (ਭੈਰ ਰਵਿਦਾਸ) ਚਰਮਪੋਸ਼ ਦਾ ਮੰਦਰ ਦੇਹ ਹੈ। ੨. ਕਵਚ. ਸੰਜੋ. ਜਿਰਹ। ੩. ਖੱਲ. ਤੁਚਾ. "ਸਿਰ ਪਗ ਸਗਲ ਪੋਸ ਉਤਰਾਇ." (ਗੁਪ੍ਰਸੂ) ਸਿਰ ਤੋਂ ਪੈਰਾਂ

ਤੀਕ ਦੀ ਸਾਰੀ ਖਲੜੀ ਉਤਰਵਾਕੇ। ੪. ਵਿ- ਢਕਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ ਸਰਪੋਸ਼, ਸਫੇਦਪੋਸ਼ ਆਦਿ। ੫. ਸੰ. ਪੋਸ਼. ਪੋਸ਼ਣ. ਪਾਲਨ. "ਪਾਲ ਪੋਸ ਕਰ ਤਾਹਿਂ." (ਚਰਿਤ੍ਰ ੧੫) ਦੇਖੋ, ਪੋਸਣ। ੬. ਪਸੋ ਪੇਸ਼ ਦਾ ਸੰਖੇਪ ਪੋਸ਼ ਸ਼ਬਦ ਹੋ ਗਿਆ ਹੈ, ਜੋ ਚਪਰਾਸੀ ਕੋਚਮੈਨ ਆਦਿ ਰਾਹ ਵਿੱਚੋਂ ਲੋਕਾਂ ਨੂੰ ਅੱਗੇ ਪਿੱਛੇ ਕਰਨ ਲਈ ਬੋਲਦੇ ਹਨ.

ਪੋਸਸ: ਫ਼ਾ. پوشش ਪੋਸ਼ਿਸ਼. ਸੰਗਯਾ- ਪੋਸ਼ਾਕ. "ਜਤੋਂ ਅਧਿਪਤਿ ਇਕ ਪੋਸਸ ਤਜਕੈ." (ਨਾਪ੍ਰ)

ਪੋਸਣ: ਸੰ. ਪੋਸ਼ਣ. ਸੰਗਯਾ- ਪਾਲਨ. ਪਰਵਰਿਸ਼. (ਸੰ. ਪੁਸ਼੍. ਧਾ ਪਾਲਨ ਕਰਨਾ). ੨. ਵ੍ਰਿੱਧਿ. ਬਢਤੀ। ੩. ਪੁਸ਼੍ਰਿ। ੪. ਸਹਾਇਤਾ.

ਪੋਸਤ: ਫ਼ਾ. پوست ਪੋਸ੍ਤ. ਸੰਗਯਾ- ਛਿਲਕਾ। ੨. ਅਫੀਮ ਦੇ ਡੋਡੇ ਦਾ ਛਿੱਲ. ਦੇਖੋ, ਪੋਸਤ ਪੀਣਾ। ੩. ਤੁਚਾ. ਖੱਲ। ੪. ਅਫੀਮ ਦਾ ਬੂਟਾ.

ਪੋਸਤ ਪੀਣਾ: ਕ੍ਰਿ- ਅਫੀਮ ਦੇ ਡੋਡੇ ਦੀ ਛਿੱਲ ਪਾਣੀ ਵਿੱਚ ਭਿਉਂਕੇ ਅਤੇ ਮਲਕੇ ਪੀਣੀ. ਪੋਸਤ ਦਾ ਨਸ਼ਾ ਪੱਠੇ ਸੁਸਤ ਕਰ ਦਿੰਦਾ ਅਤੇ ਸਰੀਰ ਦੇ ਬਲ ਨੂੰ ਨਾਸ਼ ਕਰਦਾ ਹੈ.[787]

ਪੋਸਤਿਯਾ, ਪੋਸਤੀ: ਪੋਸਤ ਪੀਣ ਵਾਲਾ. ਅਫੀਮ ਦੇ ਡੋਡੇ ਮਲਕੇ ਪੀਣ ਵਾਲਾ ਅਮਲੀ. ਪੋਸਤੀ ਪਾਣੀ ਤੋਂ ਡਰਦੇ ਅਤੇ ਬਹੁਤ ਆਲਸੀ ਹੁੰਦੇ ਹਨ.

ਪੋਸਤੀਂ, ਪੋਸਤੀਨ: ਫ਼ਾ. پوستین ਸੰਗਯਾ- ਪੋਸ੍ਤ (ਖੱਲ) ਦੀ ਕੁੜਤੀ. ਚਮੜੇ ਦਾ ਕੋਟ. "ਕੁਹਨ ਪੋਸਤੀਂ ਤਨ ਧਰੇ." (ਚਰਿਤ੍ਰ ੨੧੭)

ਪੋਸਨ, ਪੋਸਨਾ: ਦੇਖੋ, ਪੋਸਣ.

ਪੋਸਾ: ਪੋਸ਼ਣ ਕੀਤਾ. ਤ੍ਰਿਪਤ ਕੀਤਾ. "ਸਤਗੁਰੁ ਕੋ ਅਚਾਯਕੈ ਪੋਸਾ." (ਗੁਪ੍ਰਸੂ)

ਪੋਸ਼ਾਕ: ਫ਼ਾ. پوشاک ਸੰਗਯਾ- ਪਹਿਰਣ ਦੇ ਵਸਤ੍ਰ. ਪਹਿਨਾਵਾ. ਲਿਬਾਸ.

ਪੋਸ਼ਿਸ਼: ਦੇਖੋ, ਪੋਸਸ.

ਪੋਸ਼ੀਦਨ: ਫ਼ਾ. پوشیدن ਕ੍ਰਿ- ਪਹਿਰਨਾ। ੨. ਛੁਪਾਉਣਾ. ਢਕਣਾ.

ਪੋਸ਼ੀਦਾ: ਫ਼ਾ. پوشیدہ ਵਿ- ਗੁਪਤ. ਛਿਪਿਆ ਹੋਇਆ.

ਪੋਸ਼ਯ: ਸੰ. ਵਿ- ਪਾਲਣ (ਪਰਵਰਿਸ਼) ਯੋਗ੍ਯ.

ਪੋਹ: ਸੰਗਯਾ- ਹਿਮ ਰਿਤੁ ਦਾ ਮਹੀਨਾ. ਦੇਖੋ, ਪੋਖ। ੨. ਦੇਖੋ, ਪੋਹਣਾ.

ਪੋਹਣ: ਸੰ. ਪ੍ਰਵਹਣ. ਸੰਗਯਾ- ਸਵਾਰੀ. ਯਾਨ। ੨. ਦੇਖੋ, ਪੋਹਣਾ.

ਪੋਹਣਾ, ਪੋਹਨਾ: ਕ੍ਰਿ- ਪ੍ਰਵੇਸ਼. ਹੋਣਾ. ਘੁਸਣਾ। ੨. ਅਸਰ ਹੋਣਾ. "ਪੋਹਤ ਨਾਹੀ ਪੰਚ ਬਟਵਾਰੇ." (ਸੂਹੀ ਮਃ ੫) "ਸੁਣਿਐ ਪੋਹਿ ਨ ਸਕੈ ਕਾਲੁ." (ਜਪੁ) "ਦੈਤ ਦੋਊ ਨ ਪੋਹੈ." (ਭੈਰ ਮਃ ੫) ੩. ਦੁੱਖ ਦੇਣਾ. "ਤਿਸ ਨੋ ਪੋਹੇ ਕਵਣੁ ਜਿਸ ਵਲਿ ਨਿਰੰਕਾਰ." (ਵਾਰ ਗੂਜ ੨. ਮਃ ੫)

ਪੋਹਲੀ: ਸੰਗਯਾ- ਡੋਡੀ. ਫੁੱਲ ਦੇ ਉੱਪਰ ਦਾ ਪੜਦਾ. "ਪੋਹਲੀਓਂ ਸਿਰ ਕੱਢਕੈ ਫੁੱਲ ਕੁਸੁੰਭ ਚਲੁੰਭ ਖਿਲਾਰੇ." (ਭਾਗੁ)

---

[787] ਬਰਨੀਅਰ ਲਿਖਦਾ ਹੈ ਕਿ ਮੁਗ਼ਲਰਾਜ ਸਮੇਂ ਕਈ ਅਮੀਰ ਕੈਦੀਆਂ ਨੂੰ ਨਾਕਾਰਾ ਕਰਨ ਲਈ ਹੁਕਮਨ ਪੋਸਤ ਪਿਆਇਆ ਜਾਂਦਾ ਸੀ. ਦਾਰਾਸ਼ਕੋਹ ਦੇ ਪੁੱਤ ਨੇ ਔਰੰਗਜ਼ੇਬ ਅੱਗੋਂ ਬਹੁਤ ਤਰਲੇ ਕੀਤੇ ਸਨ ਤਾਕਿ ਉਸ ਨੂੰ ਪੋਸਤ ਪੀਣ ਤੋਂ ਬਰੀ ਕੀਤਾ ਜਾਵੇ.

ਪੋਹੇ: ਪੂਰ. ਪਸ਼ੂ। ੨. ਦੇਖੋ, ਪੋਹਣਾ ੨. ਅਤੇ ੩.

ਪੋਹੰਤਿ: ਵਜਾਪਦਾ. ਅਸਰ ਕਰਦਾ. "ਨਹਿ ਪੋਹੰਤਿ ਸੰਸਾਰ ਦੁਖਨਹ." (ਸਹਸ ਮਃ ੫) ਦੇਖੋ, ਪੋਹਣਾ.

ਪੋਖ: ਸੰ. ਪੌਸ਼. ਪੁਸ਼ਯ ਨਛਤ੍ਰ ਵਾਲੀ ਪੂਰਣਮਾਸੀ ਜਿਸ ਮਹੀਨੇ ਵਿੱਚ ਹੋਵੇ. ਪੋਹ ਮਹੀਨਾ। ੨. ਦੇਖੋ, ਪੋਸ ੫.

ਪੋਖਕ: ਵਿ- ਪੋਸ਼ਕ. ਪੋਸ਼ਣ (ਪਾਲਣ) ਵਾਲਾ.

ਪੋਖਣ, ਪੋਖਨ: ਦੇਖੋ, ਪੋਸਣ. "ਭਰਣ ਪੋਖਣ ਸੰਗਿ ਅਉਧ ਬਿਹਾਣੀ." (ਸੂਹੀ ਮਃ ੫)

ਪੋਖਰ, ਪੋਖਰਾ: ਸੰ. ਪੁਸ਼੍ਕਰ. ਸੰਗਯਾ- ਤਾਲ. ਟੋਭਾ. "ਊਖਰ ਪੋਖਰ ਸਭ ਭਰੇ." (ਗੁਪ੍ਰਸੂ) "ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ." (ਗਉ ਅਃ ਮਃ ੧)

ਪੋਖਰਿ: ਤਾਲ ਅਥਵਾ ਛਪੜੀ ਵਿੱਚ. "ਪੋਖਰਿ ਪੋਖਰਿ ਢੂਢਤੇ." (ਸ. ਕਬੀਰ)

ਪੋਖਰੁ: ਦੇਖੋ, ਪੋਖਰ.

ਪੋਖਿ: ਪੌਸ਼ ਮਹੀਨੇ ਵਿੱਚ. ਦੇਖੋ, ਪੋਖ. "ਪੋਖਿ ਤੁਖਾਰੁ ਨ ਵਿਆਪਈ." (ਮਾਝ ਬਾਰਹਮਾਹਾ) ੨. ਪੋਸ਼ਣ ਕਰਕੇ. ਪਾਲਕੇ। ੩. ਦੇਖੋ, ਸੋਮਸਰੁ.

ਪੋਖਿਓ, ਪੋਖਿਆ: ਪੋਸ਼ਣ ਕੀਤਾ. ਪਾਲਿਆ. ਭਰਿਆ. ਪੂਰਿਆ. "ਕਰਿ ਪਰਪੰਚ ਉਦਰ ਨਿਜ ਪੋਖਿਓ." (ਸੋਰ ਮਃ ੯)

ਪੋਖੁ: ਪੋਹ ਦਾ ਮਹੀਨਾ. ਦੇਖੋ, ਪੋਖ. "ਪੋਖੁ ਸੋਹੰਦਾ ਸਰਬ ਸੁਖ." (ਮਾਝ ਬਾਰਹਮਾਹਾ)

ਪੋਖੈ: ਪੋਸ਼ਣ ਕਰਦਾ ਹੈ. ਪੁਸ਼੍ਟ ਕਰਦਾ ਹੈ. "ਸਰ ਭਰਿ ਸੋਖੈ ਭੀ ਭਰਿ ਪੋਖੈ." (ਓਅੰਕਾਰ)

ਪੋਗਾ: ਸੰਗਯਾ- ਪੋਆ. ਸ਼ਗੂਫਾ. ਨਵਾਂ ਨਿਕਲਿਆ ਪੱਤਾ। ੨. ਤਰਕ. ਹੁੱਜਤ.

ਪੋਗੰਡ: ਸੰ. ਸੰਗਯਾ- ਪੰਜ ਤੋਂ ਦਸ ਵਰ੍ਹੇ ਦੀ ਉਮਰ ਦਾ ਬੱਚਾ। ੨. ਵਿ- ਬਿਗੜੇ ਹੋਏ ਅੰਗਾਂ ਵਾਲਾ.

ਪੋਚ: ਸੰਗਯਾ- ਲੇਪ. ਲਗਾਉ. "ਨਾ ਕਛੁ ਪੋਚ ਮਾਟੀ ਕੇ ਭਾਂਡੇ, ਨਾ ਕਛੁ ਪੋਚ ਕੁੰਭਾਰੈ." (ਪ੍ਰਭਾ ਕਬੀਰ) ੨. ਦੰਭ. ਦਿਖਾਵਾ. "ਪਰਉਪਕਾਰ ਨਿਤ ਚਿਤਵਤੇ ਨਾਹੀ ਕਛੁ ਪੋਚ." (ਬਿਲਾ ਮਃ ੫) ੩. ਫ਼ਾ. پوچ ਵਿ- ਤੁੱਛ. ਕਮੀਨਾ. ਨੀਚ. "ਮੇਰੀ ਸੰਗਤਿ ਪੋਚ ਸੋਚ ਦਿਨਰਾਤੀ." (ਗਉ ਰਵਿਦਾਸ) "ਮਾਨੁਖਾ ਅਵਤਾਰ ਦੁਰਲਭ ਤਿਹੀ ਸੰਗਤਿ ਪੋਚ." (ਆਸਾ ਰਵਿਦਾਸ)

ਪੋਚਨ: ਸੰਗਯਾ- ਪ੍ਰੋਕ੍ਸ਼ਣ. ਪਾਣੀ ਛਿੜਕਣਾ। ੨. ਲੇਪਨ. ਲਿੱਪਣਾ.

ਪੋਚਨਹਾਰਾ, ਪੋਚਨਹਾਰੀ: ਪੋਚਾ ਦੇਣ ਵਾਲਾ, ਵਾਲੀ। ੨. ਭੱਠੀ ਪੁਰ ਚੜ੍ਹੇ ਬਰਤਨ ਨੂੰ ਠੰਢੇ ਪਾਣੀ ਦਾ ਪੋਚਾ ਦੇਣ ਵਾਲੀ. "ਸੁਖਮਨ ਪੋਚਨਹਾਰੀ." (ਰਾਮ ਕਬੀਰ) ਠੰਢਾ ਪੋਚਾ ਇਸ ਲਈ ਦੇਈਦਾ ਹੈ ਕਿ ਭਾਫ ਸੜ ਨਾ ਜਾਵੇ. ਦਸ਼ਮਦ੍ਵਾਰ ਪ੍ਰਾਣ ਚੜ੍ਹਾਉਣ ਸਮੇਂ ਜੋ ਗਰਮੀ ਉਤਪੰਨ ਹੁੰਦੀ ਹੈ, ਉਸ ਨੂੰ ਸਾਂਤ ਕਰਨ ਵਾਲੀ ਸੁਖਮਨਾ

ਪੋਚਨਾ: ਕ੍ਰਿ- ਪੋਚਾ ਦੇਣਾ. ਦੇਖੋ, ਪੋਚਨ.

ਪੋਚਾ: ਸੰਗਯਾ- ਲੇਪਣ. ਦੇਖੋ, ਪੋਚਨ। ੨. ਲੇਪ. ਲਗਾਉ. "ਨਾ ਉਸ ਲੇਪੁ, ਨ ਹਮ ਕਉ ਪੋਚਾ." (ਆਸਾ ਮਃ ੫) ੩. ਭਾਫ ਠੰਢੀ ਰੱਖਣ ਲਈ ਅਰਕ ਕੱਢਣ ਵੇਲੇ ਬਰਤਨ ਨੂੰ ਠੰਢੇ ਪਾਣੀ ਦਾ ਪੋਚਾ. "ਉਹੀ ਭਾਠੀ ਉਹੀ ਪੋਚਾ." (ਗਉ ਮਃ ੫)

ਪੋਚਾਰਣੁ: ਸਿੰਧੀ. ਕ੍ਰਿ- ਖ਼ਬਰਦਾਰੀ ਕਰਨੀ. ਨਿਗਹਬਾਨੀ ਕਰਨੀ. ਸੰਭਾਲ ਕਰਨੀ.

ਪੋਚਾਰਿ: ਕ੍ਰਿ. ਵਿ- ਪੋਚਕੇ. ਮਾਂਜ ਕੂਚਕੇ. "ਰਖਹਿ ਪੋਚਾਰਿ ਮਾਟੀ ਕਾ ਭਾਂਡਾ." (ਸੂਹੀ ਮਃ ੫) ਭਾਵ ਦੇਹ ਤੋਂ ਹੈ। ੨. ਦੇਖੋ, ਪੋਚਾਰਣੁ.

ਪੋਂਛਨ: ਸੰ. ਪ੍ਰੋਸਛਨ੍- ਪ੍ਰੋਂਛਨ. ਪੂੰਝਣਾ.

ਪੋਜ਼ਸ਼: ਫ਼ਾ. پوزش ਉਜ਼ਰ ਕਰਨ ਦੀ ਕ੍ਰਿਯਾ। ੨. ਤੋਬਾ ਕਰਨਾ. ਖਿਮਾ ਮੰਗਣ ਦਾ ਭਾਵ.

ਪੋਟ, ਪੋਟਲਾ, ਪੋਟਲੀ: ਸੰ. ਪੋਟਲ. ਸੰਗਯਾ- ਗਠੜੀ. ਪੋਟਲਿਕਾ. ਪੰਡ. "ਜਉ ਲਉ ਪੋਟ ਉਠਾਈ ਚਲਿਆਉ ਤਉ ਲਉ ਡਾਨ ਭਰੇ." (ਗਉ ਮਃ ੫) "ਬੰਨਿ ਉਠਾਈ ਪੋਟਲੀ." (ਸ. ਫਰੀਦ)

ਪੋਟਾ: ਸੰਗਯਾ- ਪੁਟ. ਪੜਦਾ. ਥੈਲੀ. ਪੇਟ ਦੀ ਥੈਲੀ. ਮੇਦਾ। ੨. ਅੰਗੁਲੀ ਦਾ ਸਿਰਾ. ਫੁੱਲ.

ਪੋਠੋਹਾਰ, ਪੋਠੋਵਾਰ: ਸੰਗਯਾ- ਦਰਿਆ ਜੇਹਲਮ ਅਤੇ ਸਿੰਧ ਦੇ ਮੱਧ ਦਾ ਇਲਾਕਾ, ਜਿਸ ਦਾ ਬਹੁਤਾ ਭਾਗ ਜਿਲਾ ਰਾਵਲਪਿੰਡੀ ਵਿੱਚ ਹੈ. "ਧੰਨੀ ਘੇਬ ਕਿ ਪੋਠੋਹਾਰ." (ਗੁਪ੍ਰਸੂ)

ਪੋਂਡਾ: ਸੰ. ਪੁੰਡ੍ਰ. ਸੰਗਯਾ- ਮੋਟਾ ਕਮਦ. ਪੋਨਾ.

ਪੋਣਾ: ਸੰਗਯਾ- ਪੁਣਨ ਦਾ ਰੁਮਾਲ, ਜਿਸ ਨਾਲ ਦੁੱਧ ਸਰਦਾਈ ਆਦਿ ਛਾਣੀਦੇ ਹਨ। ੨. ਤਲਾਉ ਦੇ ਕਿਨਾਰੇ ਪੜਦੇਦਾਰ ਸਨਾਨ ਦਾ ਥਾਂ, ਜਿਸ ਵਿੱਚ ਛੋਟੇ ਛੇਕਾਂ ਵਿੱਚਦੀਂ ਝਰਕੇ ਪਾਣੀ ਜਾਂਦਾ ਹੈ. ਦੇਖੋ, ਪੁਣਨਾ.

ਪੋਤ: ਸੰ. ਸੰਗਯਾ- ਪਸ਼ੁ ਪੰਛੀ ਦਾ ਛੋਟਾ ਬੱਚਾ। ੨. ਨਿਉਂ. ਬੁਨਿਆਦ। ੩. ਕਪੜਾ. ਵਸਤ੍ਰ। ੪. ਨੌਕਾ. ਜਹਾਜ. ਦੇਖੋ, ਪੋਤੁ। ੫. ਸੰ. ਪ੍ਰੋਤ. ਵਿ- ਪਰੋਇਆ ਹੋਇਆ. ਦੇਖੋ, ਪੋਤਿ। ੬. ਸੰਗਯਾ- ਪੇਟਾ. ਤਾਣੇ ਵਿੱਚ ਬੁਣੇ ਹੋਏ ਤੰਦ। ੭. ਪੌਧਾ.

ਪੋਤਹ: ਦੇਖੋ, ਪੋਤਾ ੧.

ਪੋਤਕ: ਸੰ. ਸੰਗਯਾ- ਇੱਕ ਪ੍ਰਕਾਰ ਦਾ ਸਾਗ। ੨. ਹਾਥੀ ਦਾ ਬੱਚਾ। ੩. ਪੰਛੀ ਦਾ ਬੱਚਾ. "ਪੋਤਕ ਕਪੋਤ ਸਾਰਕਾਨ ਤੇ ਸੁਹਾਯੋ ਹੈ." (ਗੁਪ੍ਰਸੂ)

ਪੋਤਤਟ: ਸੰ. ਜਹਾਜ ਠਹਿਰਨ ਦਾ ਕਿਨਾਰਾ. ਬੰਦਰ. ਦੇਖੋ, ਅੰ. Port.

ਪੋਤਦਾਰੀ: ਸੰਗਯਾ- ਪੋਤਹਦਾਰੀ. ਖ਼ਜ਼ਾਨਚੀਪੁਣਾ. ਭਾਵ- ਮੁਨੀਮੀ. "ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖ ਨ ਲਾਗੈ." (ਬਸੰ ਮਃ ੫)

ਪੋਤਵਾਹ: ਸੰ. ਜਹਾਜ਼ ਚਲਾਉਣ ਵਾਲਾ. ਨੌਕਾ ਦਾ ਪ੍ਰੇਰਕ. Pilot.

ਪੋਤੜਾ: ਸੰ. ਪ੍ਲੋਤ. ਸੰਗਯਾ- ਕਪੜਾ. ਚੀਥੜਾ. ਵਸਤ੍ਰ ਦਾ ਟੁਕੜਾ। ੨. ਪੋਤ- ਪਟ. ਪੋਤ (ਬਾਲਕ) ਦੇ ਹੇਠ ਵਿਛਾਉਣ ਦਾ ਪਟ (ਵਸਤ੍ਰ)

ਪੋਤਾ: ਸੰਗਯਾ- ਫ਼ਾ پوتہ ਪੋਤਹ. ਖ਼ਜ਼ਾਨਾ. "ਦਇਆ ਕਾ ਪੋਤਾ." (ਰਾਮ ਮਃ ੫) "ਖੋਟੇ ਪੋਤੇ ਨਾ ਪਵਹਿ." (ਸ੍ਰੀ ਮਃ ੧) ੨. ਸੰ. ਪੋਤ. ਜਹਾਜ. "ਪ੍ਰਾਪਤਿ ਪੋਤਾ ਕਰਮ ਪਸਾਉ." (ਰਾਮ ਮਃ ੧) ੩. ਸੰ. ਪੌਤ੍ਰ. ਪੁਤ੍ਰ ਦਾ ਪੁਤ੍ਰ. "ਪਿਯੂ ਦਾਦੇ ਜੇਵੇਹਿਆ ਪੋਤਾ ਪਰ- ਵਾਣੁ." (ਵਾਰ ਰਾਮ ੩)

ਜੇ ਸ਼ਰਣਾਗਤ ਕੇ ਪ੍ਰਤਿਪਾਲਕ

ਭੌਜਲ ਤਾਰਨ ਕੋ ਪਦ ਪੋਤਾ,

ਵਾਕ ਬਲੀ ਸ਼ਿਕਰੇ ਸਮ ਜੋ ਹੁਇ

ਦੋਸ਼ ਨਸੈਂ ਸਮੁਦਾਯ ਕਪੋਤਾ,

ਸੇਵਕ ਕੇ ਪ੍ਰਿਯ ਦੇਵਨਦੇਵ

ਅਭੇਵ ਸਦਾ ਗੁਨ ਗਜਾਨਹਿ ਪੋਤਾ,

ਸੋ ਅਬ ਜਾਹਰ ਰੂਪ ਅਨੂਪ

ਭਯੋ ਗੁਰੁ ਸ੍ਰੀ ਹਰਿਗੋਬਿੰਦ ਪੋਤਾ.

(ਗੁਪ੍ਰਸੂ)

ਪੋਤਾਲ: ਪਤਾਲੂ. ਫ਼ੋਤਾ. (ਮਃ ੧. ਬੰਨੋ)

ਪੋਤਿ: ਪੋਤੇ ਵਿੱਚ. ਵਸਤ੍ਰ ਦੇ ਪੇਟੇ ਵਿੱਚ. ਦੇਖੋ, ਓਤਿ ਪੋਤਿ ਅਤੇ ਪੋਤ ੬। ੨. ਖਜਾਨੇ ਵਿੱਚ.

ਪੋਤੀ: ਸੰਗਜਾ- ਪੌਤ੍ਰੀ. ਪੁਤ੍ਰ ਦੀ ਪੁਤ੍ਰੀ.

ਪੋਤੁ: ਸੰਗਜਾ- ਜਹਾਜ਼. ਦੇਖੋ, ਪੋਤ ੪. "ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ." (ਬਿਹਾ ਛੰਤ ਮਃ ੪) ੨. ਦੇਖੋ, ਪੋਤਿਬੋਹਿਥ.

ਪੋਤੁਬੋਹਿਥ: ਸੰ. ਪ੍ਰਤੂਰ੍ਣ ਵਹਿਤ੍ਰ- ਪ੍ਰਤੂਤੰ ਵਹਿਤ੍ਰ. ਤੇਜ਼ ਚਾਲ ਵਾਲਾ ਜਹਾਜ਼. ਛੇਤੀ ਪਾਰ ਕਰਨ ਵਾਲਾ ਜਲ ਯਾਨ. "ਹਰਿ ਹਰਿ ਨਾਮ ਪੋਤੁਬੋਹਿਥਾ, ਖੇਵਟੁ ਸਬਦੁ ਗੁਰੁ ਪਾਰਿਲੰਘਈਆ." (ਬਿਲਾ ਅਃ ਮਃ ੪) ਹਰਿਨਾਮ ਤੇਜ਼ ਜਹਾਜ਼ ਹੈ, ਖੇਵਟ (ਕੈਵਰਤ) ਗੁਰੁਉਪਦੇਸ਼ ਹੈ, ਜੋ ਸੰਸਾਰਸਾਗਰ ਤੋਂ ਪਾਰ ਲੰਘਾਉਂਦਾ ਹੈ.

ਪੋਤੇਦਾਰ: ਸੰਗਜਾ- ਪੋਤਹਦਾਰ. ਖ਼ਜ਼ਾਨਚੀ. "ਸਿਫਤ ਜਿਨਾ ਕਉ ਬਖਸੀਐ ਸੇਈ ਪੋਤੇਦਾਰ." (ਵਾਰ ਸਾਰ ਮਃ ੨) ੨. ਜਹਾਜ਼ ਚਲਾਉਣ ਵਾਲਾ. ਦੇਖੋ, ਪੋਤਵਾਹ.

ਪੋਤ੍ਰ, ਪੋਤ੍ਰਾ, ਪੋਤ੍ਰੀ: ਦੇਖੋ, ਪੋਤਾ ਅਤੇ ਪੋਤੀ। ੨. ਦੇਖੋ, ਪੌਤ੍ਰ ਅਤੇ ਪੌਤ੍ਰੀ.

ਪੋਥ: ਵਿ- ਪ੍ਰੋਤ. ਪਰੋਤਾ. ਵਿੰਨ੍ਹਿਆ। ੨. ਵਿਛਿਆ. ਫੈਲਿਆ. "ਲੋਥ ਪੋਥ ਭਈ ਮਹਾਂ." (ਗੁਪ੍ਰਸੂ) ੩. ਵਡੀ ਪੋਥੀ. ਦੇਖੋ, ਪੋਥਾ.

ਪੋਥਾ: ਵਡਾ ਪੁਸੁਕ. ਆਕਾਰ ਵਿੱਚ ਵਡਾ ਗ੍ਰੰਥ. ਪੋਥ ਅਤੇ ਪੋਥਾ ਸ਼ਬਦ ਨਫ਼ਰਤ ਨਾਲ ਵਰਤੇ ਜਾਂਦੇ ਹਨ.

ਪੋਥੀ: ਸੰਗਜਾ- ਪੁਸੁਕ. ਕਿਤਾਬ. ਗ੍ਰੰਥ। ੨. ਸ਼੍ਰੀ ਗੁਰੂ ਗ੍ਰੰਥ ਸਾਹਿਬ.[788] "ਪੋਥੀ ਪਰਮੇਸਰ ਕਾ ਥਾਨ." (ਸਾਰ ਮਃ ੫)

ਪੋਦੀਨਾ: ਫ਼ਾ. پۇدِینہ ਪੋਦੀਨਹ. ਸੰ. ਪੂਤਨੀ ਅਤੇ ਮਰੀਚ. ਇੱਕ ਛੋਟਾ ਪੌਧਾ, ਜਿਸ ਦੇ ਪੱਤਿਆਂ ਦੀ ਚਟਣੀ ਬਣਦੀ, ਤੇਲ ਅਤੇ ਅਰਕ ਕੱਢਿਆ ਜਾਂਦਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਪੋਦੀਨਾ ਭੁੱਖ ਵਧਾਉਂਦਾ, ਹਿਚਕੀ ਹਟਾਉਂਦਾ ਹੈ. ਪੇਸ਼ਾਬ ਅਤੇ ਪਸੀਨਾ ਕਢਦਾ ਹੈ. ਮੂਰਛਾ ਵਿੱਚ ਸੁੰਘਾਇਆ ਗੁਣਕਾਰੀ ਹੈ. ਇਹ ਅਜੀਰਣ ਨਾਸ਼ਕ ਅਤੇ ਵਮਨ ਆਦਿ ਰੋਗਾਂ ਨੂੰ ਦੂਰ ਕਰਨ ਵਾਲਾ ਹੈ. Menthus Arvensis.

ਪੋਨਾ: ਕ੍ਰਿ- ਪਰੋਣਾ। ੨. ਗੁੰਨ੍ਹਣਾ। ੩. ਦੇਖੋ, ਪੋਂਡਾ.

ਪੋਪਲ: ਵਿ- ਥੋਥਾ. ਖਾਲੀ। ੨. ਕੰਗਾਲ. ਨਿਰਧਨ। ੩. ਫ਼ਾ. پۇپل ਪੂਪਲ. ਸੰਗਜਾ- ਸੁਪਾਰੀ. ਅ਼- ਫ਼ੋਫਲ. ਸੰ. ਪੂਗਫਲ. ਦੇਖੋ, ਫੋਫਲ.

ਪੋਪਲੀ: ਸੰਗਜਾ- ਹਵਾਭਰੀ ਮਸ਼ਕ. ਸਨਾਈ. ਦੇਖੋ, ਭਰਨਾਲ। ੨. ਅਰੋੜਿਆਂ ਦੀ ਇੱਕ ਜਾਤਿ.

ਪੋਮਚਾ: ਸੰਗਜਾ- ਪੁਰਾਣਾ ਪਾਰਚਾ. ਪਾਟਿਆ ਹੋਇਆ ਕਪੜਾ. ਚੀਥੜਾ। ੨. ਪ੍ਰੋਂਛਨਚੈਲ. ਪੂੰਝਣ ਦਾ ਪਰਨਾ. ਝਾੜਨ.

---

[788] ਕਰਤਾਰਪੁਰ ਵਾਲੇ ਸ਼੍ਰੀਗੁਰੂ ਗ੍ਰੰਥਸਾਹਿਬ ਜੀ ਦੇ ਤਤਕਰੇ ਵਿੱਚ "ਪੋਥੀ" ਸ਼ਬਦ ਸਾਰੇ ਪਰਮਗ੍ਰੰਥ ਲਈ ਵਰਤਿਆ ਹੈ.

**ਪੋਯੋ:** ਪਰੋਇਆ. ਵਿੰਨ੍ਹਿਆ. "ਚੰਦੂ ਦੁਖ ਪੋਯੋ." (ਗੁਪ੍ਰਸੂ)

**ਪੋਰ:** ਸੰਗਯਾ- ਉਂਗਲ ਦੀ ਗੱਠ। ੨. ਬਾਂਸ ਆਦਿ ਦੀ ਪੋਰੀ। ੩. ਬਾਂਸ ਦਾ ਲੰਮਾ ਥੋਥਾ ਡੰਡਾ, ਜਿਸ ਵਿੱਚਦੀਂ ਕਿਰਸਾਣ ਦਾਣੇ ਬੀਜਦਾ ਹੈ.

**ਪੋਰਾ:** ਸੰਗਯਾ- ਲੱਕੜ ਦਾ ਗੋਲ ਤੱਛਿਆ ਚੀਰਿਆ ਟੁਕੜਾ। ੨. ਬਿਰਛ ਦਾ ਧੜ.

**ਪੋਰੀ:** ਦੇਖੋ, ਪੋਰ ੧. ਅਤੇ ੨. "ਸੰਗ ਅੰਗੁਸ੍ਟ ਅੰਗੁਰਿਨ ਪੋਰੀ." (ਗੁਪ੍ਰਸੂ) ੨. ਨਲਕੀ. ਪੋਲਰਾ. "ਕੰਚਨ ਪੋਰੀ ਸ੍ਰਿੰਗਨ ਪਾਏ." (ਗੁਪ੍ਰਸੂ)

**ਪੋਲ:** ਸੰਗਯਾ- ਥੋਥ. ਪੁਲਾੜ। ੨. ਖੋਖਲਾਪਨ। ੩. ਛਿਪਿਆ ਹੋਇਆ ਦੋਸ਼.

**ਪੋਲਾ:** ਵਿ- ਥੋਥਾ. ਖਾਲੀ.

**ਪੋਲਾਦ:** ਦੇਖੋ, ਪੂਲਾਦ ਅਤੇ ਫ਼ੌਲਾਦ.

**ਪੋਲਿਟੀਕਲ:** ਅੰ. Political. ਵਿ- ਰਾਜਨੀਤਿ ਸੰਬੰਧੀ. ਦੇਸ਼ ਦੇ ਪ੍ਰਬੰਧ (ਸਿਯਾਸਤ) ਮੁਤੱਲਿਕ. ਰਿਆਸਤੀ.

**ਪੋਵਨ:** ਸੰਗਯਾ- ਪਰੋਣ ਅਤੇ ਗੁੰਨ੍ਹਣ ਦੀ ਕ੍ਰਿਯਾ.

**ਪੋੜਨਾ:** ਕ੍ਰਿ- ਪ੍ਰਵੇਸ਼ ਕਰਨਾ. ਗੱਡਣਾ. ਚੁਭੋਣਾ. "ਪਾਵੇ ਵਿੱਚ ਸੂਈ ਪੋੜ ਆਵੇ." (ਭਗਤਾਵਲੀ)

**ਪੌ:** ਦੇਖੋ, ਪਉ.

**ਪੌਸ੍ਟਨੀ:** ਪੁਸ਼੍ਟਿ ਕਰਨ ਵਾਲੀ. ਪੁਸ਼੍ਟਿ ਕਾਰਿਣੀ. "ਪਰਾ ਪੌਸ੍ਟਨੀ ਪਾਰਬਤੀ." (ਚੰਡੀ ੨)

**ਪੌਖ:** ਦੇਖੋ, ਪੋਖ.

**ਪੌਗੰਡ:** ਬਚਪਨ. ਪੰਜ ਤੋਂ ਦਸ਼ ਵਰ੍ਹੇ ਤੀਕ ਦੀ ਅਵਸਥਾ ਦੇਖੋ, ਪੋਗੰਡ.

**ਪੌਂਟਾ ਸਾਹਿਬ:** ਦੇਖੋ, ਪਾਂਵਟਾ.

**ਪੌਂਡਰੀਕ:** ਦੇਖੋ, ਪਉਂਡਰੀਕ। ੨. ਸੰ. ਵਿ- ਪੁੰਡਰੀਕ (ਕਮਲ) ਤੋਂ ਬਣਿਆ ਹੋਇਆ. ਦੇਖੋ ਪੁੰਡਰੀਕ.

**ਪੌਂਡ੍ਰ:** ਵਿ- ਪੁੰਡ੍ਰ ਦੇਸ਼ ਦਾ. ਦੇਖੋ, ਪੁੰਡ੍ਰ ੩.

**ਪੌਂਡ੍ਰਕ:** ਦੇਖੋ, ਪਉਡਰੀਕ.

**ਪੌਢਣਾ, ਪੌਢਨਾ:** ਦੇਖੋ, ਪਉਢਨਾ.

**ਪੌਣ:** ਦੇਖੋ, ਪਉਣ.

**ਪੌਣ ਵਾਉ:** ਦੇਖੋ, ਪਵਣ ਵਾਉ.

**ਪੌਤ੍ਰ, ਪੌਤ੍ਰੀ:** ਪੁਤ੍ਰ ਦਾ ਪੁਤ੍ਰ ਅਤੇ ਪੁਤ੍ਰ ਦੀ ਪੁਤ੍ਰੀ. ਪੋਤਾ, ਪੋਤੀ.

**ਪੌਦ:** ਸੰਗਯਾ- ਪਨੀਰੀ. ਛੋਟੇ ਪੌਧਿਆਂ ਦਾ ਸਮੁਦਾਯ.

**ਪੌਦਾ:** ਸੰਗਯਾ- ਪੌਧਾ. ਬੂਟਾ.

**ਪੌਧ, ਪੌਧਾ:** ਸੰ. ਪੋਤ ਦੇਖੋ, ਪੌਦ ਅਤੇ ਪੌਦਾ.

ਪੌਨ: ਦੇਖੋ, ਪਉਣ.

ਪੌਨਜ ਨੀਰਧਿ ਤਾਤ: ਸੰਗਯਾ- ਪੌਣ ਦਾ ਪੁਤ੍ਰ ਭੀਮ, ਨੀਰਧਿ (ਸਮੁੰਦਰ) ਦਾ ਬੇਟਾ ਚੰਦ. ਭਾਵ- ਭੀਮਚੰਦ. (ਗੁਵਿ ੧੦) ਭਾਈ ਸੁੱਖਾ ਸਿੰਘ ਨੇ ਬੁਝਾਰਤ ਦੇ ਢੰਗ ਭੀਮਚੰਦ ਦਾ ਇਹ ਨਾਮ ਲਿਖਿਆ ਹੈ.

ਪੌਨਰਭਵ: ਸੰ. पौनर्भव. ਪੁਨਰਭੂ ਦੀ ਸੰਤਾਨ. ਪਤੀ ਦੀ ਛੱਡੀ ਹੋਈ ਅਥਵਾ ਵਿਧਵਾ ਜੋ ਦੂਜੇ ਪਤੀ ਤੋਂ ਔਲਾਦ ਪੈਦਾ ਕਰਦੀ ਹੈ. ਉਹ ਪੌਨਰ ਭਵ ਕਹਾਉਂਦੀ ਹੈ.[789] ਦੇਖੋ, ਪੁਨਰਭੂ ੩. ਅਤੇ ੪.

ਪੌਬਾਰਾ: ਚੌਪੜ ਦੇ ਤਿੰਨ ਡਾਲਣੇ ਸਿੱਟਣ ਤੋਂ ਜੇ ਦੋ ਡਾਲਣੇ ਛੀ ਛੀ ਦੇ ਚਿੰਨ੍ਹ ਵਾਲੇ ਅਤੇ ਤੀਜਾ ਇੱਕ ਚਿੰਨ੍ਹ ਵਾਲਾ ਪਵੇ, ਤਦ ਪੱਕੇ ਪੌਬਾਰਾਂ, ਜੇ ਇੱਕ ਡਾਲਣੇ ਦੇ ਛੀ, ਦੂਜੇ ਦੇ ਪੰਜ ਅਤੇ ਤੀਜੇ ਦਾ ਇੱਕ ਚਿੰਨ੍ਹ ਆਵੇ, ਤਦ ਕੱਚੇ ਪੌਬਾਰਾਂ ਹੁੰਦੇ ਹਨ. ਪੌਬਾਰਾਂ ਪੈਣੇ ਬਾਜੀ ਦੀ ਜਿੱਤ ਹੈ.::-

(fig.)

"ਚਲੇ ਤੇ ਜੀਤ ਜਗ ਬਾਜੀ, ਪੜੇ ਹੈਂ ਪੱਕੇ ਪੌਬਾਰਾਂ." (ਸਲੋਹ)

ਪੌਰ: ਸੰਗਯਾ- ਪੁਰ (ਨਗਰ) ਦਾ ਦ੍ਵਾਰ (ਦਰਵਾਜ਼ਾ). ੨. ਵਿ- ਪੁਰ ਨਾਲ ਸੰਬੰਧ ਰੱਖਣ ਵਾਲਾ. ਨਾਗਰ. ਸ਼ਹਰੀ। ੩. ਸੁੰਮ. ਦੇਖੋ, ਪੌੜ. "ਅਵਨੀ ਬਜਤ ਪਰਤ ਜਬ ਪੌਰ." (ਗੁਪ੍ਰਸੂ)

ਪੌਰਕ: ਸੰ. ਸ਼ਹਰ ਦੇ ਪਾਸ ਦਾ ਬਾਗ. ਦੇਖੋ, ਅੰ. Park.

ਪੌਰਖ: ਸੰ. ਪੌਰੁਸ਼. ਸੰਗਯਾ- ਪੁਰੁਸ਼ਤ੍ਵ. ਮਰਦਊ. ਮਰਦਾਨਗੀ। ੨. ਬਹਾਦੁਰੀ। ੩. ਉੱਦਮ।

ਪੌਰਾਣ: ਵਿ- ਪੁਰਾਣ ਦਾ. ਪੁਰਾਣ ਸੰਬੰਧੀ.

ਪੌਰਾਣਿਕ: ਵਿ- ਪੁਰਾਣਪਾਠੀ। ੨. ਪੁਰਾਣ ਦਾ. ਦੇਖੋ, ਪਊਰਾਣਿਕ.

ਪੌਰੀ: ਸੰਗਯਾ- ਪੁਰ ਦੇ ਦਰਵਾਜ਼ੇ ਦਾ ਰਖਵਾਲਾ. ਡਿਹੁਡੀ ਬਰਦਾਰ। ੨. ਦੇਖੋ, ਪੌੜੀ.

ਪੌਲਾ: ਦੇਖੋ, ਪਉਲਾ.

ਪੌਲਾਦ: ਫ਼ਾ. پوٗلاد ਸੰਗਯਾ ਫ਼ੌਲਾਦ. ਆਲਾ ਕਿਸਮ ਦਾ ਜੌਹਰਦਾਰ ਲੋਹਾ, ਜਿਸ ਦੀ ਉੱਤਮ ਤਲਵਾਰ ਬਣਦੀ ਹੈ.

ਪੌੜ: ਸੰਗਯਾ- ਘੋੜੇ ਦਾ ਪੈਰ. ਸੁੰਮ। ੨. ਚੌੜੀ ਪੌੜੀ. ਖੁਲ੍ਹਾ ਜ਼ੀਨਾ। ੩. ਦਰਸ਼ਨੀ ਡਿਹੁਢੀ ਅੱਗੇ ਬੈਠਣ ਦੀ ਚੌਕੀ, ਜੋ ਦੋਹੀਂ ਪਾਸੀਂ ਹੁੰਦੀ ਹੈ.

ਪੌੜਾ: ਖ਼ਾ. ਪੌੜੀ. ਗੁਰਦ੍ਵਾਰੇ ਅੱਗੇ ਦਾ ਜ਼ੀਨਾ। ੨. ਤਲਾਉ ਦੀ ਪੌੜੀ। ੩. ਪਦਵੀ. ਰੁਤਬਾ. ਅਧਿਕਾਰ.

ਪੌੜੀ: ਸੰਗਯਾ- ਜ਼ੀਨਾ. ਸੀਢੀ। ੨. ਯੂ. ਪੀ. ਦੇ ਇਲਾਕੇ ਇੱਕ ਤਸੀਲ ਅਤੇ ਉਸ ਦਾ ਪ੍ਰਧਾਨ ਨਗਰ। ੩. ਇੱਕ ਛੰਦ. ਦੇਖੋ, ਪਉੜੀ ੩.

ਪੰਸਾਰੀ: ਦੇਖੋ, ਪਨਸਾਰੀ.

ਪੰਸੇਰੀ: ਪੰਜ ਸੇਰ ਦਾ ਵੱਟਾ। ੨. ਪੰਜ ਸੇਰ ਪ੍ਰਮਾਣ ਵਸਤੁ.

---

[789] या पत्या वा परित्यक्ता विधवा वा स्वयेच्छया।
उत्पादयेत्पुनर्भूत्वा स पौनर्भव उच्यते ॥ (ਮਨੁ ਅਃ ੯, ਸਃ ੧੭੫)

ਪੰਕ: ਵਿ- ਪਾਨਕ. ਪੀਣ ਵਾਲਾ। ੨. ਸੰਗਯਾ- ਫੁੱਲ ਦਾ ਮਧੁ ਪੀਣ ਵਾਲਾ ਭੌਰਾ. "ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ." (ਫੁਨਹੇ ਮਃ ੫) ਮਹਾ ਮਦ ਵਿੱਚ ਗੁੰਫਿਤ (ਮੱਤੇ) ਭੌਰੇ ਪੰਕਜ ਵਿੱਚ ਫਾਥੇ। ੩. ਰਜ. ਧੂਲਿ. "ਤਿਨਕੀ ਪੰਕ ਪਾਈਐ ਵਡਭਾਗੀ." (ਮਾਲੀ ਮਃ ੪) "ਤਿਨ ਕੀ ਪੰਕ ਹੋਵੈ ਜੇ ਨਾਨਕ." (ਗਉ ਮਃ ੧) ੪. ਪੰਖ. ਖੰਭ. ਦੇਖੋ, ਪੰਕੁ। ੫. ਪੰਕਜ ਦਾ ਸੰਖੇਪ. "ਉਰਧ ਪੰਕ ਲੈ ਸੂਧਾ ਕਰੈ." (ਗਉ ਕਬੀਰ ਵਾਰ ੭) ੬. ਸੰ. ਪ੍ਰङ्क. ਚਿੱਕੜ. ਗਾਰਾ. ਕੀਚ। ੭. ਲੇਪ। ੮. ਪਾਪ. ਗੁਨਾਹ. ਐਬ.

ਪੰਕਜ: ਵਿ- ਪੰਕ (ਚਿੱਕੜ) ਤੋਂ ਉਪਜਿਆ। ੨. ਪੰਕ (ਪਾਪ) ਤੋਂ ਪੈਦਾ ਹੋਇਆ। ੩. ਸੰਗਯਾ- ਪਾਪ ਤੋਂ ਉਤਪੰਨ ਹੋਇਆ ਦੁੱਖ. "ਭ੍ਰਮ ਕੀ ਕੂਈ, ਤ੍ਰਿਸਨਾ ਰਸ, ਪੰਕਜ ਅਤਿ ਤੀਖਣ ਮੋਹ ਕੀ ਫਾਸ." (ਗਉ ਮਃ ੫) ਭ੍ਰਮਰੂਪ ਖੂਹੀ ਤ੍ਰਿਸਨਾਰੂਪ ਰਸ (ਜਲ) ਮੋਹਰੂਪ ਵਿਨਾਸ਼ਕ ਫਾਸੀ ਤੋਂ ਅਤਿ ਦੁੱਖ ਹੈ. ਦੇਖੋ, ਤੀਖਣ। ੪. ਪੰਕ (ਚਿੱਕੜ) ਵਾਸਤੇ ਭੀ ਪੰਕਜ ਸ਼ਬਦ ਵਰਤਿਆ ਹੈ. "ਪੰਕਜ ਮੋਹ ਨਿਘਰਤੁ ਹੈ ਪ੍ਰਾਨੀ." (ਕਾਨ ਅਃ ਮਃ ੪) ੫. ਸੰ. ਕਮਲ ਜੋ ਪੰਕ (ਗਾਰੇ) ਤੋਂ ਪੈਦਾ ਹੁੰਦਾ ਹੈ. "ਪੰਕਜ ਫਾਥੇ ਪੰਕ." (ਫੁਨਹੇ ਮਃ ੫) ੬. ਘੜਾ. ਕੁੰਭ। ੭. ਸਾਰਸ ਪੰਛੀ.

ਪੰਕਜਸੁਤ, ਪੰਕਜਤਨਯ, ਪੰਕਜਪੂਤ: ਸੰਗਯਾ- ਕਮਲ ਦਾ ਪੁਤ੍ਰ, ਬ੍ਰਹਮਾ.

ਪੰਕਜਬਾਟਿਕਾ, ਪੰਕਜਵਾਟਿਕਾ: ਸੰਗਯਾ- ਕਮਲਾਂ ਦੀ ਵਾੜੀ। ੨. ਦਸਮਗ੍ਰੰਥ ਵਿੱਚ ਇਹ "ਮੋਦਕ" ਛੰਦ ਦਾ ਹੀ ਨਾਮਾਂਤਰ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਚਾਰ ਭਗਣ, SII, SII, SII, SII.

ਉਦਾਹਰਣ-

ਸੈਨ ਜੁਝੇ ਨ੍ਰਿਪ ਭਜੋ ਅਤਿ ਆਕੁਲ,

ਧਾਵਤ ਭਜੋ ਸਮੁਹੇ ਅਤਿ ਵਯਾਕੁਲ,

ਸੰਨਧ ਹਨਐ ਚਿਤ ਮੇ ਅਤਿ ਕ੍ਰੁੱਧਿਤ,

ਆਵਤ ਭਜੋ ਰਿਸ ਕੈ ਕਰ ਯੁੱਧਿਤ. (ਕਲਕੀ)

(ਅ) ਛੰਦਗ੍ਰੰਥਾਂ ਵਿੱਚ ਪੰਕਜਵਾਟਿਕਾ ਦਾ ਰੂਪ ਹੈ- ਚਾਰ ਚਰਣ, ਪ੍ਰਤਿ ਚਰਣ, ਭ, ਨ, ਜ, ਜ, ਲ,

SII, III, ISI, ISI, I.

ਉਦਾਹਰਣ-

ਰਾਮ ਚਲਤ ਨ੍ਰਿਪ ਕੇ ਯੁਗ ਲੋਚਨ,

ਬਾਰਿ ਭਰਤ ਭਯ ਵਾਰਿਦ ਰੋਚਨ. ×××

(ਰਾਮਚੰਦ੍ਰਿਕਾ)

ਪੰਕਜਾਸਨ: ਸੰਗਯਾ- ਪੰਕਜ- ਆਸਨ. ਕਮਲ ਪੁਰ ਹੈ ਜਿਸ ਦਾ ਆਸਣ, ਬ੍ਰਹਮਾ.

ਪੰਕਤੀ: ਦੇਖੋ, ਪੰਕ੍ਤਿ,

ਪੰਕਨਿਧਿ: ਸੰਗਯਾ- ਚਿੱਕੜ ਦਾ ਖ਼ਜ਼ਾਨਾ, ਸਮੁੰਦਰ.

ਪੰਕਰੁਹ: ਸੰਗਯਾ- ਪੰਕ (ਚਿੱਕੜ) ਤੋਂ ਰੁਹ (ਪੈਦਾ ਹੋਇਆ), ਪੰਕਜ. ਕਮਲ। ੨. ਵਿ- ਗਾਰੇ ਵਿੱਚੋਂ ਪੈਦਾ ਹੋਣ ਵਾਲਾ.

ਪੰਕੁ: ਦੇਖੋ, ਪੰਕ। ੨. ਖੰਭ. ਪੰਖ. ਪਰ ਦੇਖੋ, ਪੰਖ. "ਜਿਉ ਮੁਰਗਾਈ ਪੰਕੁ ਨ ਭੀਜੈ." (ਕਲਿ ਅਃ ਮਃ ੪)

ਪੰਕੇਰੁਹ: ਦੇਖੋ, ਪੰਕਰੁਹ.

ਪੰਕ੍ਤਿ: ਸੰਗਯਾ- ਸ਼੍ਰੇਣੀ. ਕਤਾਰ। ੨. ਸਤਰ। ੩. ਗੋਤ੍ਰ. ਕੁਲ. ਵੰਸ਼। ੪. ਦੇਖੋ, ਉਛਾਲ.

ਪੰਖ: ਸੰਗਯਾ- ਖੰਭ. ਪਰ. "ਪੰਖ ਤੁਟੇ ਫਾਹੀ ਪੜੀ." (ਓਅੰਕਾਰ) ੨. ਪੰਛੀ ਦੀ ਥਾਂ ਭੀ ਪੰਖ ਸ਼ਬਦ ਵਰਤਿਆ ਹੈ. ਚਿੜੀ. ਬੁਲਬੁਲ. "ਫਰੀਦਾ, ਪੰਖ ਪਰਾਹੁਣੀ, ਦੁਨੀ ਸੁਹਾਵਾ ਬਾਗ." (ਸ. ਫਰੀਦ) ਭਾਵ ਰੂਹ ਤੋਂ ਹੈ.

ਪੰਖਣੂ, ਪੰਖਣੂੰ: ਸੰਗਯਾ- ਪੰਛੀ (ਪਕ੍ਸ਼ਿਨ੍. ) ਪੰਖਧਰ. "ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ." (ਸ੍ਰੀ ਅਃ ਮਃ ੧) ੨. ਪਕ੍ਸ਼- ਅਨੁ. ਜਿਸ ਦਾ ਜੋੜਾ ਨਾ ਹੋਵੇ. ਨਪੁੰਸਕ. "ਨਾਰਿ ਨ ਪੁਰਖ ਨ ਪੰਖਣੂ." (ਮਾਰੂ ਅਃ ਮਃ ੧) ੩. ਸੰ. ਪਕ੍ਸ਼੍ਣੁ- ਪਕ੍ਣੁ. ਪਕਾਉਣ (ਰਿੰਨ੍ਹਣ) ਵਾਲਾ. ਪਾਚਕ.

ਪੰਖਰੀ: ਸੰਗਯਾ- ਪੰਖੜੀ. ਪਾਂਖੁੜੀ. ਫੁੱਲ ਦਾ ਦਲ. "ਖਿਰਜੋ ਸਰੋਜ ਚਿੱਤ ਬਹੁ ਭਾਂਤੀ। ਇੱਛਾ ਪੰਖਰੀ ਜਿੰਹ ਬਿਗਸਾਤੀ." (ਨਾਪ੍ਰ)

ਪੰਖਾ: ਸੰਗਯਾ- ਪਵਨ ਵਿੱਚ ਕ੍ਸ਼ੋਭ ਕਰਨ ਦਾ ਯੰਤ੍ਰ. ਪੱਖਾ. ਵਜਜਨ.

ਪੰਖਿ, ਪੰਖੀ, ਪੰਖੀਅਲੋ, ਪੰਖੀਆ: ਸੰਗਯਾ- ਪਕ੍ਸ਼ਿਨ੍. ਪੰਖਧਾਰੀ. ਪੰਛੀ. ਪਰੰਦ. ਪਰਾਂ (ਫੰਘਾਂ) ਨਾਲ ਉਡਣ ਵਾਲਾ ਜੀਵ. "ਬਿਰਖ ਬਸੇਰੇ ਪੰਖਿ ਕੋ." (ਗਉ ਕਬੀਰ) "ਕਬੀਰ ਮਨ ਪੰਖੀ ਭਇਓ." (ਸਲੋਕ) "ਜਿਉ ਆਕਾਸੈ ਪੰਖੀਅਲੋ." (ਗੂਜ ਨਾਮ ਦੇਵ) ੨. ਭਾਵ- ਜੀਵਾਤਮਾ "ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ." (ਸੋਰ ਰਵਿਦਾਸ) ੩. ਪੱਖੀ. ਵਜਜਨ. "ਪੰਖੀ ਭਉਦੀਆ ਲੈਨਿ ਨ ਸਾਹ." (ਵਾਰ ਆਸਾ)

ਪੰਖੀ ਪੰਚ: ਪੰਜ ਗ੍ਯਾਨਇੰਦ੍ਰਿਯ. "ਤਰਵਰਿ ਪੰਖੀ ਪੰਚ." (ਓਅੰਕਾਰ)

ਪੰਖੀਰਾਇ: ਵਿ- ਪੰਛੀਆਂ ਦਾ ਰਾਜਾ. "ਪੰਖੀਰਾਇ ਗਰੁੜ" (ਧਨਾ ਤ੍ਰਿਲੋਚਨ) ੨. ਸੰਗਯਾ- ਗਰੁੜ.

ਪੰਖੁਰੀ, ਪੰਖੁੜੀ: ਸੰਗਯਾ- ਫੁੱਲ ਦੀ ਪੱਤੀ. ਦਲ. ਪਾਂਖੁਰੀ. "ਅਲਿ ਪੰਖੁਰੀ ਕਮਲ ਕਰ." (ਚਰਿਤ੍ਰ ੩੧੪)

ਪੰਖੇਰੂ: ਸੰਗਯਾ- ਪੰਖਧਰ. ਪੰਛੀ. ਪਰੰਦ. ਦੇਖੋ, ਦੁਇ ਪੰਖੇਰੂ.

ਪੰਗ: ਸੰਗਯਾ- ਪੰਕ. ਚਿੱਕੜ. ਦੇਖੋ, ਨਿਪੰਗ। ੨. ਸੰ. ਪਙ੍ਕ ਭਮੱਕੜ. ਪਰਵਾਨਾ. ਪਤੰਗਾ। ੩. ਸੰ. ਪਙ੍ਗੁ. ਪੰਗੁ. ਵਿ- ਪਿੰਗਲਾ. ਲੰਙਾ. ਪਾਦਹੀਨ. "ਗੁਰਮੁਖ ਪੰਥੀ ਪੰਗ ਬਾਰਹਿ ਖੇਲਿਆ." (ਭਾਗੁ) ਯੋਗੀਆਂ ਦੇ ਬਾਰਾਂ ਮਾਰਗਾਂ ਵਿੱਚ ਚੱਲਣ ਲਈ ਗੁਰੂ ਦਾ ਸਿੱਖ ਪਿੰਗਲਾ ਹੈ. "ਕੁਚ ਬੋਝਨ ਕਰ ਡਗਮਗਾਤ ਤ੍ਰਿਯ ਚਲ ਨ ਸਕਤ ਭੀ ਪੰਗ." (ਸਲੋਹ) ੪. ਦੇਖੋ, ਪੰਗਾ.

ਪੰਗਤ, ਪੰਗਤਿ, ਪੰਗਤੀ: ਦੇਖੋ, ਪੰਕ੍ਤਿ.

ਪੰਗਾ: ਸੰਗਯਾ- ਲੱਕੜ ਦਾ ਟੁਕੜਾ. ਖੁੰਘੀ. ਫ਼ਾ. پنگ ਪੰਗ.

ਪੰਗਾ ਲੈਣਾ: ਕ੍ਰਿ- ਛੇੜਖਾਨੀ ਕਰਨੀ. ਦੇਖੋ, ਪੰਗਾ. "ਪਰਘਰ ਜਾਇ ਨ ਲਈਐ ਪੰਗਾ." (ਭਾਗੁ)

ਪੰਗੀ: ਡਿੰਗ. ਕੀਰਤਿ. ਨੇਕਨਾਮੀ.

ਪੰਗੁ: ਵਿ- ਪਿੰਗਲਾ. ਦੇਖੋ, ਪੰਗ ੩. "ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ." (ਬਸੰ ਰਾਮਨੰਦ) ਦੇਖੋ, ਮਨੁ.

ਪੰਘੁਰਾ, ਪੰਘੂੜਾ: ਛੋਟਾ ਪਰ੍ਯੰਕ. ਛੋਟਾ ਮੰਜਾ.

ਪੰਙ, ਪੰਙੁ: ਦੇਖੋ, ਪੰਕ. "ਸਭ ਲਾਥੇ ਕਿਲ ਵਿਖ ਪੰਙੁ."(ਸੂਹੀ ਮਃ ੪) ਚਿੱਕੜ ਰੂਪ ਪਾਪ ਲੱਥੇ। ੨. ਦੇਖੋ, ਪੰਗੁ.

**ਪੰਚ:**[790] ਸੰ. ਧਾਨ੍ਚ. ਧਾ- ਪ੍ਰਸਿੱਧ ਕਰਨਾ, ਫੈਲਾਉਣਾ (ਪਸਾਰਨਾ) ੨. ਪਞ੍ਚਨ. ਵਿ- ਪਾਂਚ. ਚਾਰ ਉੱਪਰ ਇੱਕ- ੫। ੩. ਸੰਗਯਾ- ਪੰਜ ਅਥਵਾ ਜਾਦਾ ਮਨੁੱਖਾਂ ਦਾ ਸਮੁਦਾਯ। ੪. ਚੌਧਰੀ. ਨੰਬਰਦਾਰ, ਜੋ ਪੰਜਾਂ ਵਿੱਚ ਸਰਕਰਦਾ ਹੈ, "ਮਿਲਿ ਪੰਚਹੁ ਨਹੀ ਸਹਸਾ ਚੁਕਾਇਆ." (ਸੋਰ ਮਃ ੫) ੫. ਸਾਧੁਜਨ. ਗੁਰਮੁਖ.

"ਪੰਚ ਮਿਲੇ ਸੁਖ ਪਾਇਆ." (ਸੂਹੀ ਛੰਤ ਮਃ ੧)

"ਪੰਚ ਪਰਵਾਨ ਪੰਚ ਪਰਧਾਨੁ." (ਜਪੁ) ੬. ਸਿੱਖ ਧਰਮ ਅਨੁਸਾਰ ਪੰਜ ਪਜਾਰੇ. ਰਹਿਣੀ ਦੇ ਪੂਰੇ ਪੰਜ ਗੁਰਸਿੱਖ.

"ਗੁਰਘਰ ਕੀ ਮਰਯਾਦਾ ਪੰਚਹੁੰ,

ਪੰਚਹੁੰ ਪਾਹੁਲ ਪੂਰਬ ਪੀਨ।

ਹੁਇ ਤਨਖਾਹੀ ਬਖਸ਼ਹਿਂ ਪੰਚਹੁੰ,

ਪਾਹੁਲ ਦੇਂ ਮਿਲ ਪੰਚ ਪ੍ਰਬੀਨ।

ਲਖਹੁ ਪੰਚ ਕੀ ਬਡ ਬਡਿਆਈ,

ਪੰਚ ਕਰਹਿਂ ਸੋ ਨਿਫਲ ਨ ਚੀਨ." (ਗੁਪ੍ਰਸੂ)

੭. ਪੰਜ ਗਿਣਤੀ ਵਾਲੇ ਪਦਾਰਥ. ਕਾਮਾਦਿ ਪੰਚ ਵਿਕਾਰ. "ਤਉ ਪੰਚ ਪ੍ਰਗਟ ਸੰਤਾਪੈ." (ਸ੍ਰੀ ਬੇਣੀ) "ਪੰਚ ਮਨਾਏ, ਪੰਚ ਰੁਸਾਏ, ਪੰਚ ਵਸਾਏ, ਪੰਚ ਗਵਾਏ." (ਆਸਾ ਅਃ ਮਃ ੫)

ਸਤਜ, ਸੰਤੋਖ, ਦਯਾ, ਧਰਮ ਅਤੇ ਧੀਰਯ ਮਨਾਏ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੁਸਾਏ, ਪੰਜ ਤੱਤਾਂ ਦੇ ਗੁਣ ਛਿਮਾ ਆਦਿ ਵਸਾਏ, ਪੰਜ ਵਿਸ਼ੇ ਸ਼ਬਦ ਆਦਿ ਗਵਾਏ। ੮. ਪਨਚ (ਧਨੁਖ) ਅਤੇ ਪ੍ਰਤਜੰਚਾ (ਚਿੱਲੇ) ਦੀ ਥਾਂ ਭੀ ਪੰਚ ਸ਼ਬਦ ਆਇਆ ਹੈ, ਦੇਖੋ, ਅਰਪੰਚ.

**ਪੰਚਅਕ੍ਰ, ਪੰਚਅਖਰ:** ਵ ਸਤਿਨਾਮੁ[791] "ਪੰਚ ਅਖਰ ਉਪਕਾਰ ਨਾਮ ਸਮਾਲਿਆ." (ਭਾਗੁ)

**ਪੰਚ ਅਗਨਿ ਘਟ ਭੀਤਰਿ ਜਾਰੈ:** (ਰਤਨਮਾਲਾ ਬੰਨੋ) ਕਾਮ ਕ੍ਰੋਧ ਲੋਭ ਮੋਹ ਹੰਕਾਰ ਦੇ ਸਾੜਨ ਲਈ, ਜਤ ਸ਼ਾਂਤਿ ਸੰਤੋਖ ਵਿਰਾਗ ਅਤੇ ਨਿੰਮ੍ਰਤਾ ਰੂਪ ਪੰਜ ਅਗਨੀਆਂ ਆਪਣੇ ਅੰਦਰ ਮਚਾਵੇ.

**ਪੰਚ ਅੰਗ:** ਦੇਖੋ, ਪੰਚਾਂਗ.

**ਪੰਚ ਅੰਨ:** ਚਾਉਲ, ਮੂੰਗੀ, ਤਿਲ, ਜੌ, ਮਾਂਹ.

**ਪੰਚ ਸਖੀ:** ਵਿਕਾਰਾਂ ਤੋਂ ਹਟਕੇ ਸੁਮਾਰਗ ਪਈਆਂ ਪੰਜ ਗਯਾਨਇੰਦ੍ਰੀਆਂ. "ਪੰਚ ਸਖੀ ਮਿਲਿ ਮੰਗਲ ਗਾਇਆ." (ਆਸਾ ਮਃ ੫)

**ਪੰਚ ਸਖੇ:** ਪੰਚ ਪਜਾਰੇ. ਗੁਰਮਤ ਧਾਰੀ ਪੰਜ ਸਿੱਖ. "ਗੁਰਮਤਿ ਪੰਚ ਸਖੇ ਗੁਰਭਾਈ." (ਮਾਰੂ ਸੋਲਹੇ ਮਃ ੧)

**ਪੰਚ ਸਨਾਨ:** ਦੋ ਹੱਥ, ਦੋ ਪੈਰ ਅਤੇ ਮੂੰਹ ਦਾ ਧੋਣਾ. ਖ਼ਾ- ਪੰਜਸਨਾਨਾ। ੨. ਪਾਰਾਸ਼ਰ ਸਿਮ੍ਰਿਤੀ ਅਃ ੧੨. ਸ਼ਃ ੯- ੧੦ ਵਿੱਚ ਇਹ ਪੰਜ ਸਨਾਨ ਹਨ-

---

[790] ਗੁਰਬਾਣੀ ਵਿੱਚ ਪੰਚ ਅਤੇ ਪੰਜ ਦੋਵੇਂ ਸ਼ਬਦ ਇੱਕੋ ਅਰਥ ਰੱਖਦੇ ਹਨ. ਪਰ ਇਸ ਕੋਸ਼ ਵਿੱਚ ਵੱਖ ਵੱਖ ਇਸ ਲਈ ਦਿਖਾਏ ਹਨ ਕਿ ਮੂਲ ਵਿੱਚ ਦੋਵੇਂ ਜੁਦੇ ਜੁਦੇ ਹਨ. ਪਾਠਕਾਂ ਨੂੰ ਜੋ ਸ਼ਬਦ ਪੰਚ ਵਿੱਚ ਨਾ ਮਿਲੇ. ਉਹ ਪੰਜ ਵਿੱਚ ਦੇਖਣਾ ਚਾਹੀਏ.

[791] ਵ ਦੋ ਅੱਖਰ ਨਹੀਂ, ਜਿਵੇਂ ਵੇਦ ਵਿੱਚ (ਤੋਂ) ਇੱਕ ਅੱਖਰ ਹੈ. ਤਿਵੇਂ ਗੁਰਮਤ ਵਿੱਚ ੧. ੳ ਇੱਕੋ ਅੱਖਰ ਹੈ.

ੳ. ਆਗਨੇਯ (ਭਸਮ ਨਾਲ ਸ਼ਰੀਰ ਦੀ ਸ਼ੁੱਧੀ),

ਅ. ਵਾਰੁਣ (ਜਲ ਨਾਲ ਸਫਾਈ),

ੲ. ਬ੍ਰਹਮ (ਵੇਦਮੰਤ੍ਰਾਂ ਨਾਲ ਪਵਿਤ੍ਰਤਾ),

ਸ. ਵਾਯਵ੍ਯ (ਪੌਣ ਨਾਲ ਸ਼ੁੱਧੀ)

ਹ. ਦਿਵ੍ਯ (ਮੀਂਹ ਪੈਂਦੇ ਧੁੱਪ ਵਿੱਚ ਸਨਾਨ).

ਪੰਚ ਸ਼ਬਦ: ਪੰਜ ਵਾਜਿਆਂ ਦੇ ਸ਼ਬਦ. ਪੰਜ ਵਾਜੇ ਇਹ ਹਨ-

ੳ. ਤਤ (तत्) ਤਾਰ ਅਤੇ ਤੰਦ ਦੇ ਵਾਜੇ. ਸਿਤਾਰ ਰਬਾਬ ਆਦਿ.

ਅ. ਵ੍ਰਿਤ (वृत) ਚੰਮ ਨਾਲ ਮੜ੍ਹੇ ਹੋਏ ਵਾਜੇ. ਮ੍ਰਿਦੰਗ ਢੋਲਕ ਆਦਿ.

ੲ. ਘਨ. ਧਾਤੁ ਦੇ ਘੰਟਾ ਛੈਣੇ ਆਦਿ.

ਸ. ਨਾਦ. ਘੜਾ ਆਦਿ, ਜਿਨ੍ਹਾਂ ਦੇ ਪੁਲਾੜ ਵਿੱਚੋਂ ਹੱਥ ਦੇ ਪ੍ਰਹਾਰ ਨਾਲ ਸੁਰ ਕੱਢੀਦਾ ਹੈ.

ਹ. ਸੁਖਿਰ (सुषिर) ਫੂਕ ਨਾਲ ਵਜਾਉਣ ਵਾਲੇ ਵਾਜੇ. ਨਫੀਰੀ, ਮੁਰਲੀ ਆਦਿ. "ਤਤ ਬਿਤ ਘਨ ਸੁਖਰਸ ਸਭ ਬਾਜੋਂ। ਸੁਨ ਮਨ ਰਾਗੰ ਗੁਨਿਗਨ ਲਾਜੈਂ." (ਅਜਰਾਜ) ੨. ਯੋਗੀਆਂ ਦੇ ਕਲਪੇ ਹੋਏ ਦਸਮ ਦ੍ਵਾਰ ਦੇ ਪੰਚ ਸ਼ਬਦ-

ਸੰਖ, ਮ੍ਰਿਦੰਗ, ਕਿੰਗੁਰੀ, ਮੁਰਲੀ ਅਤੇ ਵੀਣਾ ਦੀ ਧੁਨਿ। ੩. ਹਠਯੋਗਪ੍ਰਦੀਪਿਕਾ ਅਨੁਸਾਰ- ਭ੍ਰਮਰਗੁੰਜਾਰ, ਹਵਾ ਭਰੀ ਨਲਕੀ ਦੀ ਧੁਨਿ ਜੇਹਾ ਸ਼ਬਦ, ਘੰਟਾ- ਧੁਨਿ, ਸਮੁਦ੍ਰਗਰਜਨ ਅਤੇ ਮੇਘ ਦੀ ਗਰਜ. "ਪੰਚ ਸਬਦ ਤਹਿ ਪੂਰਨ ਨਾਦ." (ਰਾਮ ਮਃ ੫) ੪. ਪੁਰਾਣਾਂ ਅਨੁਸਾਰ ਪੰਚ ਸ਼ਬਦ- ਵੇਦਧ੍ਵਨਿ, ਬੰਦੀਜਨਧ੍ਵਨਿ, ਜਯਧ੍ਵਨਿ, ਸ਼ੰਖਧ੍ਵਨਿ ਅਤੇ ਨਿਸ਼ਾਨਧ੍ਵਨਿ। ੫. ਪੁਰਾਣਾਂ ਅਨੁਸਾਰ ਪੰਜ ਵਾਜਿਆਂ ਦਾ ਸ਼ਬਦ, ਜੋ ਰਾਜੇ ਦੇ ਅੱਗੇ ਵੱਜਣਾ ਵਿਧਾਨ ਹੈ- ਸਿੰਗ, ਡਫ, ਸ਼ੰਖ, ਭੇਰੀ ਅਤੇ ਜਯਘੰਟਾ.

ਪੰਚਸਬਦੀ: ਵਿ- ਜਿਸ ਦੇ ਸਦਾ ਅਖੰਡ ਪੰਜ ਸ਼ਬਦ ਵਜਦੇ ਹਨ। ੨. ਸੰਗ੍ਯਾ- ਅਭ੍ਯਾਸੀ, ਗੁਰਮੁਖ ਪੁਰਖ. "ਵੀਵਾਹ ਹੋਆ ਸੋਭ ਸੇਤੀ ਪੰਚਸਬਦੀ ਆਇਆ." (ਸੂਹੀ ਛੰਤ ਮਃ ੧)

ਪੰਚ ਸਰ: ਪੰਜ ਸਰੋਵਰ. ਪਰਮ ਪਵਿਤ੍ਰ ਪੰਜ ਤਾਲ- ਅੰਮ੍ਰਿਤਸਰ, ਸੰਤੋਖਸਰ, ਰਾਮਸਰ, ਕੌਲਸਰ ਅਤੇ ਵਿਵੇਕਸਰ, ਦੇਖੋ, ਅੰਮ੍ਰਿਤਸਰ। ੨. ਸੰ. ਪੰਚ ਸ਼ਰ. ਦੇਖੋ, ਪੰਚਸਾਯਕ.

ਪੰਚ ਸਾਖ: ਪੰਜ ਸ਼ਾਖਾ (ਉਂਗਲੀਆਂ) ਰੱਖਣ ਵਾਲਾ ਹੱਥ.

ਪੰਚਸਾਯਕ: ਸੰਗ੍ਯਾ- ਕਾਮ ਦੇ ਪੰਜ ਸਾਯਕ (ਤੀਰ)- ਦ੍ਰਵਣ, ਸ਼ੋਸ਼ਣ, ਤਾਪਨ, ਮੋਹਨ ਅਤੇ ਉਨਮਾਦਨ. ਦੇਖੋ, ਪੰਚ ਬਾਣ। ੨. ਪੰਜ ਤੀਰ ਰੱਖਣ ਵਾਲਾ ਕਾਮ. ਮਨਮਥ. ਅਨੰਗ. ਪੰਚਸ਼ਰ.

ਪੰਚ ਸਿਕਦਾਰ: ਪੰਜ ਸਿੱਕਹਦਾਰ. ਪੰਜ ਹੁਕੂਮਤ ਕਰਨ ਵਾਲੇ ਕਾਮਾਦਿ ਵਿਕਾਰ. "ਏਕੁ ਕੋਟੁ ਪੰਚ ਸਿਕਦਾਰਾ." (ਸੂਹੀ ਕਬੀਰ) ਕੋਟ ਤੋਂ ਭਾਵ ਸ਼ਰੀਰ ਹੈ.

ਪੰਚ ਸਿੰਘ: ਕਾਮਾਦਿ ਹਿੰਸਕ ਵਿਕਾਰ. "ਪੰਚ ਸਿੰਘ ਰਾਖੇ ਪ੍ਰਭ ਮਾਰਿ." (ਰਾਮ ਮਃ ੫)

ਪੰਚ ਸੂਰਬੀਰ: ਕਾਮਾਦਿ ਪੰਜ ਬਹਾਦੁਰ ਯੋਧਾ, ਜੋ ਸਭ ਨੂੰ ਜੈ ਕਰਦੇ ਹਨ. "ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ?" (ਆਸਾ ਮਃ ੫)

ਪੰਚਸੈਲ: ਸੰ. पञ्चशैल. ਪੁਰਾਣਾਂ ਅਨੁਸਾਰ ਸੁਮੇਰੁ ਦੇ ਦੱਖਣ ਵੱਲ ਇੱਕ ਪਰਵਤ ਹੈ, ਜੋ ਦੇਵਤਿਆਂ ਦਾ ਭੋਗ ਅਸਥਾਨ ਹੈ. ਇੱਥੇ ਸਭ ਤਰਾਂ ਦੇ ਭੋਗ ਵਿਲਾਸਾਂ ਦੀ ਪ੍ਰਾਪਤੀ ਹੁੰਦੀ ਹੈ. ਦੇਖੋ, ਮਾਰਕੰਡੇਯ ਪੁਰਾਣ ਅਃ ੫੫. "ਜੋ ਜੀਵਨਮਰਨਾ ਜਾਨੈ। ਸੋ ਪੰਚਸੈਲ

ਸੁਖ ਮਾਨੈ." (ਸੋਰ ਕਬੀਰ) ਗੁਰਮਤ ਵਿੱਚ ਜੀਵਤ ਮਰਨਾ, ਪੰਚਸ਼ੈਲ ਸੁਖ ਹੈ.

ਪੰਚਸੰਗੀਤਾ: ਪੰਜ ਸੰਗੀਤ ਵਿਦਯਾ ਦੇ ਗਯਾਤਾ. ਪੰਜ ਰਾਗੀ, ਭਾਵ- ਸ਼ਬਦ ਸਪਰਸ਼ ਆਦਿ ਵਿਸ਼ਯ. "ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ." (ਰਾਮ ਮਃ ੫)

ਪੰਚਸੰਗੁ: ਪੰਜ ਕਾਮਾਦਿਕਾਂ ਦਾ ਸਾਥ। ੨. ਪੰਜ ਸਾਥ ਰਹਿਣ ਵਾਲੇ ਸੰਗੀ. "ਪੰਚ ਸੰਗੁ ਗੁਰੁ ਤੇ ਛੁਟੇ." (ਬਿਲਾ ਮਃ ੫)

ਪੰਚ ਹਿੰਸਾ: ਹਿੰਦੂਧਰਮ ਸ਼ਾਸਤ੍ਰ ਅਨੁਸਾਰ ਗ੍ਰਿਹਸਥੀ ਰੋਜ ਪੰਜ ਹਿੰਸਾ ਕਰਦਾ ਹੈ, ਅਰਥਾਤ ਪੰਜ ਕਰਮਾਂ ਤੋਂ ਜੀਵ ਮਰਦੇ ਹਨ- ਉੱਖਲੀ ਵਿੱਚ ਅੰਨ ਕੁੱਟਣਾ, ਚੁਲ੍ਹਾ ਤਪਾਉਣਾ, ਚੱਕੀ ਪੀਹਣੀ, ਝਾੜੂ ਦੇਣਾ, ਅਤੇ ਜਲ ਦਾ ਘੜਾ ਭਰਨਾ. ਇਨ੍ਹਾਂ ਦਾ ਪਾਪ ਪੰਜ ਯਗਯ ਕਰਨ ਤੋਂ ਦੂਰ ਹੁੰਦਾ ਹੈ. ਦੇਖੋ, ਪਾਰਾਸ਼ਰ ਸਿਮ੍ਰਿਤੀ ਅਃ ੨. ਸ਼ਃ ੧੩, ੧੪, ੧੫. ਦੇਖੋ, ਯਗਯ.

ਪੰਚਕ: ਸੰਗਯਾ- ਪੰਜ ਦਾ ਸਮੂਹ. ਪੰਜ ਵਸਤਾਂ ਦਾ ਇਕੱਠ। ੨. ਪੰਜ ਨਛਤ੍ਰਾਂ ਦਾ ਸਮੁਦਾਯ- ਧਨਿਸ਼੍ਠਾ, ਸ਼ਤਭਿਖਾ, ਪੂਰਵਾਭਾਦ੍ਰਪਦ, ਉੱਤਰਾਭਾਦ੍ਰਪਦ ਅਤੇ ਰੇਵਤੀ, ਇਹ ਪੰਜ ਨਛਤ੍ਰ, ਜਿਨ੍ਹਾਂ ਵਿੱਚ ਕਿਸੇ ਨਵੇਂ ਕਾਰਜ ਦਾ ਕਰਨਾ ਫਲਿਤ ਜਯੋਤਿਸ਼ ਅਨੁਸਾਰ ਵਰਜਿਤ ਹੈ.

ਪੰਚ ਕਕਾਰ: ਦੇਖੋ, ਪੰਜ ਕਕਾਰ.

ਪੰਚਕਕਾਰੀ: ਦੇਖੋ, ਪੰਜਕਕਾਰੀ.

ਪੰਚਕਣਾ: ਦੇਖੋ, ਪੰਚਕ ੨.

ਪੰਚਕਲਿਆਣ, ਪੰਚਕਲਿਆਨ: ਪੰਜ ਕਲਯਾਣ (ਮੰਗਲ) ਕਾਰਕ ਚਿੰਨ੍ਹ। ੨. ਪੰਜ ਸ਼ੁਭ ਚਿੰਨ੍ਹਾਂ ਵਾਲਾ ਘੋੜਾ, ਜਿਸ ਨੂੰ ਰਾਜਪੂਤ ਬਹੁਤ ਉੱਤਮ ਜਾਣਦੇ ਹਨ. ਕੈਲਾ, ਤੇਲੀਆ ਕੁਮੈਤ ਅਤੇ ਮੁਸ਼ਕੀ ਘੋੜਾ, ਜਿਸ ਦੇ ਚਾਰੇ ਸੁੰਮ ਅਤੇ ਮੱਥਾ ਚਿੱਟਾ ਹੋਵੇ, ਉਹ ਪੰਚ ਕਲਿਆਨ ਹੈ.

ਪੰਚ ਕਲੇਸ: ਦੇਖੋ, ਕਲੇਸ ੫.

ਪੰਚਕਲਯਾਣ: ਦੇਖੋ, ਪੰਚ ਕਲਿਆਣ.

ਪੰਚ ਕਵਰ, ਪੰਚ ਕਵਲ: ਪੰਚ ਕਵਲ (ਗ੍ਰਾਸ). ਪੰਜ ਬੁਰਕੀਆਂ. ਹਿੰਦੂਮਤ ਦੀਆਂ ਸਿਮ੍ਰਿਤੀਆਂ ਅਨੁਸਾਰ ਖਾਣ ਵੇਲੇ ਪੰਜ ਬੁਰਕੀਆਂ ਪਹਿਲਾਂ ਕੱਢਕੇ ਖਾਣਾ ਚਾਹੀਏ. ਇਨ੍ਹਾਂ ਪੰਜ ਬੁਰਕੀਆਂ ਦੇ ਅੰਨ ਦਾ ਅਧਿਕਾਰ- ਕੁੱਤੇ, ਪਤਿਤ, ਕੋੜ੍ਹੀ, ਰੋਗੀ ਅਤੇ ਕਾਉਂ ਦਾ ਹੈ.

ਪੰਚਕਾਵਲੀ: ਦੇਖੋ, ਸਰਸੀ ਦਾ ਰੂਪ (ਅ).

ਪੰਚ ਕੋਸ਼: ਪੰਜ ਪੜਦੇ. ਉਪਨਿਸ਼ਦ ਅਨੁਸਾਰ ਆਤਮਾ ਦੇ ਪੰਜ ਆਵਰਣ-

ਅੰਨਮਯ ਕੋਸ਼, ਸ੍ਥੂਲ ਸ਼ਰੀਰ.

ਪ੍ਰਾਣਮਯ ਕੋਸ਼, ਪੰਜ ਕਰਮਇੰਦ੍ਰਿਯ ਅਤੇ ਪ੍ਰਾਣ.

ਮਨੋਮਯ ਕੋਸ਼, ਪੰਜ ਗਯਾਨਇੰਦ੍ਰਿਯ ਅਤੇ ਮਨ.

ਵਿਗਯਾਨਮਯ ਕੋਸ਼, ਪੰਜ ਗਯਾਨਇੰਦ੍ਰਿਯ ਸਹਿਤ ਬੁੱਧਿ,

ਆਨੰਦਮਯ ਕੋਸ਼, ਅਹੰਕਾਰਾਤਮਕ ਅਵਿਦਯਾ.

ਪੰਚ ਕ੍ਰਿਸਾਨਵਾ: ਪੰਚ ਕ੍ਰਿਸ਼ਿਕਾਰ. ਪੰਜ ਕਾਸ਼ਤਕਾਰ. ਪੰਜ ਗਯਾਨਇੰਦ੍ਰਿਯ. "ਪੰਚ ਕ੍ਰਿਸਾਨਵਾ ਭਾਗਿਗਏ, ਲੈ ਬਾਂਧਿਓ ਜੀਉ

ਦਰਬਾਰੀ." (ਮਾਰੂ ਕਬੀਰ)

ਪੰਚ ਖਤੰਗ: ਦੇਖੋ, ਪੰਚ ਸਰ ੨. ਅਤੇ ਪੰਚ ਸਾਯਕ.

ਪੰਚ ਖਤੰਗ ਅਰਾਤੀ: ਪੰਜ ਤੀਰਾਂ ਵਾਲਾ ਕਾਮ, ਉਸ ਦਾ ਵੈਰੀ ਸ਼ਿਵ. ਦੇਖੋ, ਆਤਮਭੂ.

ਪੰਚ ਖਾਲਸਾ ਦੀਵਾਨ: ਪੰਜ ਗੁਰਮੁਖ ਸਿੰਘਾਂ ਦਾ ਦਰਬਾਰ। ੨. ਪ੍ਰਧਾਨ ਸਿੰਘਾਂ ਦਾ ਜਥਾ। ੩. ਦੇਖੋ, ਪੰਚਖੰਡ.

ਪੰਚਖੰਡ: ਸਾਧੁਸਮਾਜ ਦਾ ਅਸਥਾਨ। ੨. ਪੰਜ ਪਿਆਰਿਆਂ ਦਾ ਮੰਡਲ। ੩. ਪੰਚਾਯਤ ਦੇ ਬੈਠਣ ਦਾ ਥਾਂ। ੪. ਪਟਿਆਲਾ ਰਾਜ ਦੀ ਨਜਾਮਤ ਸੁਨਾਮ ਤਸੀਲ ਧੂਰੀ ਵਿੱਚ ਭਸੌੜ ਪਿੰਡ ਦੇ ਪਾਸ ਇੱਕ ਅਸਥਾਨ. ਆਖਿਆ ਜਾਂਦਾ ਹੈ. ਕਿ ਸਤਿਗੁਰੂ ਨਾਨਕ ਦੇਵ ਸੁਨਾਮ ਸੰਗਰੂਰ ਵੱਲੋਂ ਹਟਦੇ ਹੋਏ ਇਸ ਥਾਂ ਵਿਰਾਜੇ ਹਨ. ਇੱਥੇ "ਪੰਚ ਖਾਲਸਾਂ ਦੀਵਾਨ" ਨਾਮ ਦਾ ਇੱਕ ਖ਼ਾਸ ਸਮਾਜ ਹੈ.

ਭਸੌੜ ਨਿਵਾਸੀ ਭਾਈ ਬਸਾਵਾ ਸਿੰਘ ਜੀ ਦੇ ਉੱਦਮ ਨਾਲ ਸੰਮਤ ੧੯੫੦ ਵਿੱਚ ਸ਼੍ਰੀ ਗੁਰੂ ਸਿੰਘ ਸਭਾ ਭਸੌੜ ਕਾਇਮ ਹੋਈ, ਜਿਸ ਦੇ ਪ੍ਰਧਾਨ ਭਾਈ ਬਸਾਵਾ ਸਿੰਘ ਜੀ ਅਤੇ ਮੰਤ੍ਰੀ (ਸਕੱਤਰ) ਬਾਬੂ ਤੇਜਾ ਸਿੰਘ ਜੀ ਥਾਪੇ ਗਏ. ਸੰਮਤ ੧੯੬੨ ਵਿੱਚ "ਪੰਚ ਖ਼ਾਲਸਾ ਦੀਵਾਨ" ਦੀ ਰਚਨਾ ਹੋਈ.

ਪੰਚ ਗਵਾਏ: ਦੇਖੋ, ਪੰਚ ੭.

ਪੰਚ ਗਵਜ: ਗਊ ਦੇ ਸ਼ਰੀਰ ਤੋਂ ਪੈਦਾ ਹੋਏ ਪੰਜ ਪਦਾਰਥ। ੨. ਗਊ ਦੇ ਸ਼ਰੀਰ ਤੋਂ ਉਪਜੀਆਂ ਪੰਜ ਵਸਤਾਂ ਦਾ ਮਿਲਾਕੇ ਬਣਾਇਆ ਇੱਕ ਪਦਾਰਥ, ਜਿਸ ਨੂੰ ਹਿੰਦੂਮਤ ਵਿੱਚ ਵਡਾ ਪਵਿਤ੍ਰ ਮੰਨਿਆ ਗਿਆ ਹੈ. ਸੂਤਕ ਪਾਤਕ ਦੀ ਸਮਾਪਤੀ, ਪਤਿਤਾਂ ਦੀ ਸ਼ੁੱਧੀ, ਕੂਏ ਤਾਲ ਆਦਿ ਦੇ ਅਪਵਿਤ੍ਰ ਜਲ ਦੀ ਪਵਿਤ੍ਰਤਾ ਇਸੇ ਦ੍ਵਾਰਾ ਕਰਦੇ ਹਨ. ਇਸ ਦੇ ਬਣਾਉਣ ਦੀ ਵਿਧਿ ਇਹ ਹੈ- ਕਾਲੀ ਗਊ ਦਾ ਮੂਤ੍ਰ ਇੱਕ ਹਿੱਸਾ, ਚਿੱਟੀ ਗਊ ਦਾ ਗੋਬਰ ਦੋ ਹਿੱਸੇ, ਕਪਿਲਾਂ ਗਾਂ ਦਾ ਘੀ ਚਾਰ ਹਿੱਸੇ, ਤਾਂਬੇਰੰਗੀ ਗਾਂ ਦਾ ਦੁੱਧ ਅੱਠ ਹਿੱਸੇ ਅਤੇ ਲਾਲ ਗਊ ਦਾ ਦਹੀਂ ਭੀ ਅੱਠ ਹਿੱਸੇ, ਇਨ੍ਹਾਂ ਪੰਜਾਂ ਵਸਤਾਂ ਨੂੰ ਕੁਸ਼ਾ ਦੇ ਪਾਣੀ ਨਾਲ ਮਿਲਾ ਅਤੇ ਰਿੜਕਕੇ ਪੰਚਗਵਜ ਬਣਦਾ ਹੈ.

ਵਰੁਣ ਦੇਵਤਾ ਮੂਤ੍ਰ ਵਿੱਚ, ਅਗਨਿ ਗੋਬਰ ਵਿੱਚ, ਪਵਨ ਦਹੀਂ ਵਿੱਚ, ਚੰਦ੍ਰਮਾ ਦੁੱਧ ਵਿੱਚ ਅਤੇ ਸੂਰਜ ਘੀ ਵਿੱਚ ਵਸਦਾ ਹੈ. ਦੇਖੋ, ਪਾਰਾਸ਼ਰ ਸਿਮਿਤਿ ਅਃ ੧, ਸਃ ੨. ਤੋਂ ੪੦.

ਪੰਚ ਗੁਣ: ਪੰਜ ਤੱਤਾਂ ਦੇ ਪੰਜ ਗੁਣ. ਆਕਾਸ਼ ਦਾ ਸ਼ਬਦ, ਪਵਨ ਦਾ ਸਪਰਸ਼, ਅਗਨਿ ਦਾ ਰੂਪ, ਜਲ ਦਾ ਰਸ ਅਤੇ ਪ੍ਰਿਥਿਵੀ ਦਾ ਗੰਧ। ੨. ਦੇਖੋ, ਤੱਤਾਂ ਦੇ ਗੁਣ.

ਪੰਚ ਚਾਮਰ: ਦੇਖੋ, ਨਰਾਜ.

ਪੰਚ ਚੇਲੇ: ਪੰਜ ਗਜਾਨਇੰਦ੍ਰਿਯ, ਜੋ ਚੇਲੇ ਵਾਂਙ ਆਗਜਾਕਾਰੀ ਹੋ ਜਾਣ. "ਪੰਚ ਚੇਲੇ ਵਸਿ ਕੀਜਹਿ, ਰਾਵਲ!" (ਗਉ ਮਃ ੧)

ਪੰਚ ਚੋਰ: ਪੰਜ ਵਿਕਾਰ ਜੋ ਸ਼ੁਭ ਗੁਣਾਂ ਨੂੰ ਚੁਰਾ ਲੈਂਦੇ ਹਨ. "ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮ ਕ੍ਰੋਧ ਲੋਭ ਮੋਹ ਅਹੰਕਾਰਾ." (ਸੋਰ ਮਃ ੩)

ਪੰਚ ਚੰਡਾਲ: ਕਾਮਾਦਿ ਪੰਜ ਤਾਮਸੀ ਵਿਕਾਰ. "ਪੰਚ ਚੰਡਾਲ ਨਾਲੇ ਲੈ ਆਇਆ." (ਪ੍ਰਭਾ ਅਃ ਮਃ ੫)

ਪੰਚਜਨ: ਸਾਧੁਜਨ. ਗੁਰਮੁਖ. "ਪੰਚਜਨਾ ਮਿਲਿ ਮੰਗਲ ਗਾਇਆ." (ਗਉ ਮਃ ੫) ੨. ਕਾਮਾਦਿ ਪੰਜ ਵਿਕਾਰ. "ਪੰਚਜਨਾ ਗੁਰਿ ਵਸਿਗਤਿ ਆਣੇ." (ਸਾਰ ਮਃ ੪) ੩. ਸੰ. पञ्चजन. ਪੰਜ ਤੱਤਾਂ ਤੋਂ ਉਪਜਿਆ ਸ਼ਰੀਰ. ਦੇਹ। ੪. ਮਨੁੱਖ. "ਪੰਚਜਨਾ ਸਿਉ ਬਾਤ ਬਤਊਆ." (ਰਾਮ ਨਾਮਦੇਵ) ੫. ਪੁਰਾਣਾਂ ਅਨੁਸਾਰ- ਮਨੁੱਖ, ਗੰਧਰਵ, ਅਪਸਰਾ, ਨਾਗ ਅਤੇ ਪਿਤਰ। ੬. ਨਿਰੁਕ੍ਤ ਅਨੁਸਾਰ- ਗੰਧਰਵ, ਪਿਤਰ, ਦੇਵਤਾ, ਅਸੁਰ ਅਤੇ ਰਾਖਸ। ੭. ਇੱਕ ਦੈਤ, ਜਿਸ ਦੇ ਸ਼ੰਖ ਦਾ ਨਾਮ ਪਾਂਚਜਨਜ ਹੈ.

ਦੇਖੋ, ਪਾਂਚਜਨ੍ਯ. "ਜਨਪੰਚ ਸੁਨਾਮਯ ਸੰਖ ਸੁਭੰ." (ਸਮੁਦ੍ਰਮਥਨ)

**ਪੰਚਜਨੀ:** ਸੰ. ਸੰਗ੍ਯਾ- ਪੰਚਾਇਤ. ਪੰਚਸਭਾ. ਪੈਂਚਾਂ ਦੀ ਮੰਡਲੀ.

**ਪੰਚਜਨੀਨ:** ਸੰ. ਸੰਗ੍ਯਾ- ਭੰਡ. ਮਸਖ਼ਰਾ। ੨. ਨਟ.

**ਪੰਚਜਨ੍ਯ:** ਦੇਖੋ, ਪਾਂਚਜਨ੍ਯ.

**ਪੰਚ ਜਲ:** ਖੂਹ, ਨਦੀ, ਤਾਲ, ਵਰਖਾ ਅਤੇ ਸਮੁੰਦਰ ਦੇ ਪਾਣੀ, ਜਿਨ੍ਹਾਂ ਨਾਲ ਰਾਜਤਿਲਕ ਸਮੇਂ ਰਾਜੇ ਲਈ ਇਸਨਾਨ ਕਰਨਾ ਹਿੰਦੂਮਤ ਦੇ ਗ੍ਰੰਥਾਂ ਨੇ ਵਿਧਾਨ ਕੀਤਾ ਹੈ.

**ਪੰਚ ਜੋਗੀ:** ਪੰਜ ਸ਼ਾਕਤ. ਭੈਰਵੀਚਕ੍ਰ ਵਿੱਚ ਬੈਠੇ ਪੰਜ ਵਾਮਮਾਰਗੀ. "ਆਸਿ ਪਾਸਿ ਪੰਚ ਜੋਗੀਆ ਬੈਠੇ, ਬੀਚਿ ਨਕਟਦੇ ਰਾਨੀ." (ਆਸਾ ਕਬੀਰ)

**ਪੰਚਜੰਨ:** ਦੇਖੋ, ਪਾਂਚਜਨ੍ਯ.

**ਪੰਚ ਤਸਕਰ:** ਪੰਜ ਚੋਰ. ਪੰਜ ਗ੍ਯਾਨਇੰਦ੍ਰਿਯ. "ਪੰਚ ਤਸਕਰ ਧਾਵਤ ਰਾਖੇ." (ਪ੍ਰਭਾ ਮਃ ੧) ੨. ਕਾਮਾਦਿ ਵਿਕਾਰ.

**ਪੰਚ ਤਤੁ, ਪੰਚ ਤੱਤ, ਪੰਚ ਤਤ੍ਵ:** ਪ੍ਰਿਥਿਵੀ. ਜਲ, ਪਾਵਨ, ਅਗਨਿ ਅਤੇ ਆਕਾਸ਼ "ਪੰਚ ਤਤ ਕਾ ਰਚਨ ਰਚਾਨਾ।" (ਮਾਰੂ ਸੋਲਹੇ ਮਃ ੫) ੨. ਤੰਤ੍ਰਸ਼ਾਸਤ੍ਰ ਅਨੁਸਾਰ ਤਤ੍ਵ (ਸਾਰ) ਰੂਪ ਪੰਜ ਪਦਾਰਥ-

"मद्यं मासं तथा मत्स्यो मुद्रा मैथुन मेवच।

पञ्च तत्व मिदं प्रोक्त देवि! निर्वाण हेनवे॥"

ਦੇਖੋ, ਪੰਚ ਮਕਾਰ.

**ਪੰਚ ਤਨਮਾਤ੍ਰ:** ਸਾਂਖ੍ਯਮਤ ਅਨੁਸਾਰ ਸ੍ਥੂਲ ਪੰਚ ਭੂਤਾਂ ਦਾ ਆਦਿ ਅਤੇ ਬਿਨਾ ਮਿਲਾਵਟ ਸੂਖਮਰੂਪ- ਸ਼ਬਦ ਸਪਰਸ਼, ਰੂਪ, ਰਸ ਅਤੇ ਗੰਧ. ਦੇਖੋ, ਤਨਮਾਤ੍ਰ.

**ਪੰਚ ਤਪ:** ਪੰਚਾਤਾਪ. ਚਾਰ ਅੱਗ ਦੀਆਂ ਧੂਣੀਆਂ ਅਤੇ ਪੰਜਵਾਂ ਸੂਰਜ, ਇਨ੍ਹਾਂ ਪੰਜਾਂ ਨਾਲ ਸ਼ਰੀਰ ਨੂੰ ਤਪਾਉਣ ਰੂਪ ਕਰਮ. ਦੇਖੋ, ਹਾਰਤਿ ਸਿਮਿਤਿ ਅਃ ੫, ਸ਼ਃ ੭.

**ਪੰਚ ਤਰੁ:** ਦੇਵਤਿਆਂ ਦੇ ਪੰਚ ਬਿਰਛ. ਦੇਖੋ, ਸੁਰਤਰੁ.

**ਪੰਚ ਤੀਨਿ ਨਵ ਚਾਰਿ:** (ਆਸਾ ਅਃ ਮਃ ੧) ਪੰਜ ਤਨਮਾਤ੍ਰਾ, ਤਿੰਨ ਗੁਣ, ਨੌ ਦ੍ਵਾਰ ਅਤੇ ਚਾਰ ਅੰਤਹਕਰਣ। ੨. ਪੰਜ ਤਤ੍ਵ, ਤਿੰਨ ਲੋਕ, ਨਵ ਖੰਡ, ਚਾਰ ਦਿਸ਼ਾ.

**ਪੰਚਤੰਤ੍ਰ:** ਵਿਸ਼ਨੁਸ਼ਰਮਾ ਨਾਮਕ ਵਿਦ੍ਵਾਨ ਦਾ ਈਸਵੀ ਤੀਜੀ ਸਦੀ ਵਿੱਚ ਰਚਿਆ ਮਨੋਹਰ ਨੀਤਿਸ਼ਾਸਤ੍ਰ, ਜਿਸ ਦੇ ਪੰਜ ਖੰਡ ਹਨ- ਮਿਤ੍ਰਭੇਦ, ਮਿਤ੍ਰਸੰਪ੍ਰਾਪਤਿ, ਕਾਕੋਲੂਕੀਯ (ਜਿਸ ਵਿੱਚ ਕਾਉਂ ਅਤੇ ਉੱਲੂ ਦਾ ਪ੍ਰਸੰਗ ਹੈ) ਲਬਧਪ੍ਰਣਾਸ਼ ਅਤੇ ਅਪਰੀਕ੍ਸ਼ਿਤਕਾਰਕ.

ਸਭ ਤੋਂ ਪਹਿਲਾਂ ਸੰਸਕ੍ਰਿਤ ਭਾਸ਼ਾ ਵਿੱਚੋਂ ਪੰਚਤੰਤ੍ਰ ਦਾ ਅਨੁਵਾਦ ਬਾਦਸ਼ਾਹ ਨੌਸ਼ੀਰਵਾਂ ਨੇ ਪਹਲਵੀ ਭਾਸ਼ਾ ਵਿੱਚ ਕਰਵਾਇਆ. ਸਨ ੭੫੦ ਵਿੱਚ ਅਬਦੁੱਲਾ ਨੇ ਅਰਬੀ ਵਿੱਚ ਤਰਜੁਮਾ ਕੀਤਾ. ਪੰਚਤੰਤ੍ਰ ਦਾ ਅਨੁਵਾਦ ਸਨ ੧੧੦੦ ਵਿੱਚ ਇਬਰਾਨੀ ਵਿੱਚ, ਸਨ ੧੨੫੧ ਵਿੱਚ ਸਪੇਨ ਭਾਸ਼ਾ ਵਿੱਚ ਹੋਇਆ ਅਤੇ ਸਨ ੧੪੮੦ ਵਿੱਚ ਲੈਟਿਨ ਅਰ ਸਨ ੧੫੭੦ ਵਿੱਚ ਅੰਗ੍ਰੇਜ਼ੀ ਵਿੱਚ ਛਪਿਆ. ਦੇਖੋ, ਅੱਬੁਲਫਜਲ.

ਮਹਾਰਾਜਾ ਰਣਜੀਤ ਸਿੰਘ ਦੇ ਕਵਿ ਬੁਧ ਸਿੰਘ ਨੇ ਪੰਚਤੰਤ੍ਰ ਦਾ ਤਰਜੁਮਾ ਵ੍ਰਿਜਭਾਸ਼ਾ ਮਿਲੀ ਪੰਜਾਬੀ ਵਿੱਚ ਸੰਮਤ ੧੮੬੮ ਵਿੱਚ

ਕੀਤਾ ਹੈ, ਜਿਸ ਦਾ ਨਾਮ "ਬੁੱਧਿਵਾਰਧਿ" ਹੈ. ਮਹਾਰਾਜਾ ਦੇ ਪੁਸ੍ਤਕਾਲਯ ਦੀ ਇਸ ਗ੍ਰੰਥ ਦੀ ਇੱਕ ਬਹੁਤ ਸੁੰਦਰ ਕਾਪੀ ਅਸੀਂ ਇੰਡੀਆ ਆਫਿਸ ਲੰਡਨ ਵਿੱਚ ਵੇਖੀ ਹੈ. ਦੇਖੋ, ਤਨਸੁਖ ਅਤੇ ਬੁੱਧਿਵਾਰਧਿ.

ਪੰਚਤ੍ਵ: ਸੰ. ਸੰਗਯਾ- ਪੰਜ ਦਾ ਭਾਵ। ੨. ਸ਼ਰੀਰ ਨੂੰ ਰਚਣ ਵਾਲੇ ਪੰਜ ਤੱਤਾਂ ਦੇ ਖਿੰਡ ਜਾਣ ਦਾ ਭਾਵ- ਮ੍ਰਿਤ੍ਯੁ. ਦੇਹਪਾਤ.

ਪੰਚਦਕਾਰ: ਪੰਜ ਦੱਦੇ. "ਦੇਸ਼ ਦੁਰਗ ਦਲ ਦਰਬਰੁ ਦਾਨ। ਪੰਚਦਕਾਰੀ ਭੂਪ ਪ੍ਰਧਾਨ." (ਗੁਪ੍ਰਸੂ)

ਪੰਚਦਕਾਰੀ: ਪੰਜ ਦੱਦਿਆਂ ਵਾਲਾ. ਦੇਖੋ, ਪੰਚਦਕਾਰ.

ਪੰਚ ਦਾਸ: ਪੰਜ ਮਾਹੀਗੀਰ. ਪਾਂਚ ਫੰਧਕ। ੨. ਪੰਜ ਦਸ੍ਯੁ (ਡਾਕੂ). ਪੰਜ ਰਾਖਸ. "ਪੰਚ ਦਾਸ ਤੀਨਿ ਦੋਖੀ ਏਕ ਮਨ ਅਨਾਥ." (ਕੇਦਾ ਮਃ ੫) ਭਾਵ- ਪੰਜ ਕਾਮਾਦਿ ਅਤੇ ਤਿੰਨ ਗੁਣ. ਦੇਖੋ, ਦਾਸ ੯.

ਪੰਚ ਦੂਤ: ਪੰਜ ਜਾਸੂਸ. ਭਾਵ- ਕਾਮਾਦਿ ਅਥਵਾ ਸ਼ਬਦ ਆਦਿ. "ਪੰਚ ਦੂਤ ਤੁਧੁ ਵਸਿ ਕੀਤੇ." (ਅਨੰਦੁ) "ਪੰਚ ਦੂਤ ਸਬਦਿ ਪਚਾਵਣਿਆ." (ਮਾਝ ਅਃ ਮਃ ੩)

ਪੰਚ ਦੇਵ, ਪੰਚ ਦੇਵਤਾ: ਹਿੰਦੂਮਤ ਅਨੁਸਾਰ ਪੰਜ ਪੂਜ੍ਯ ਦੇਵਤਾ- ਸੂਰਜ, ਗਣੇਸ਼, ਦੁਰਗਾ, ਰੁਦ੍ਰ ਅਤੇ ਵਿਸ਼ਨੁ.

ਪੰਚ ਦੋਖ: ਪੰਚ ਦੋਸ਼. ਸ਼ਬਦ ਆਦਿ ਪੰਜ ਵਿਸ਼ਯ. "ਇੰਦ੍ਰੀਜਿਤ ਪੰਚ ਦੋਖ ਤੇ ਰਹਤ." (ਸੁਖਮਨੀ) "ਪੰਚ ਦੋਖ ਅਰ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ." (ਟੋਡੀ ਮਃ ੫)

ਪੰਚ ਧਾਤੁ, ਪੰਚ ਧਾਤੂ: ਪੰਜ ਵਿਸ਼ਯ ਦੇਖੋ, ਧਾਤੁ ਅਤੇ ਧਾਤੂ. "ਗੁਰ ਕੈ ਸਬਦਿ ਮਰਹਿ ਪੰਚ ਧਾਤੂ." (ਮਾਰੂ ਸੋਲਹੇ ਮਃ ੫) ੨. ਪੰਜ ਤੱਤ. "ਜਬ ਚੂਕੇ ਪੰਚ ਧਾਤੁ ਕੀ ਰਚਨਾ." (ਮਾਰੂ ਕਬੀਰ)

ਪੰਚਨਖ: ਸੰ. ਸੰਗਯਾ- ਪੰਜ ਨੌਹਾਂ ਵਾਲਾ ਜੀਵ. ਵਾਲਮੀਕ ਦੇ ਚੌਥੇ ਕਾਂਡ ਦੇ ਸਤਾਰਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਪੰਚਨਖ ਜੀਵਾਂ ਵਿੱਚੋਂ ਪੰਜ ਖਾਣ ਲਾਇਕ ਹਨ- ਗੈਂਡਾ, ਸੇਹ, ਗੋਹ, ਸਹਾ ਅਤੇ ਕੱਛੂ. ਮਨੁ ਨੇ ਭੀ ਇਸ ਦੀ ਤਾਈਦ ਕੀਤੀ ਹੈ. ਦੇਖੋ, ਮਨੁ ਸਿਮ੍ਰਿਤਿ ਅਃ ੫, ਸ਼ਃ ੧੮

ਪੰਚਨਦ: ਪੰਜ ਦਰਿਆ- ਸ਼ਤਦ੍ਰਵ, ਵਿਪਾਸ਼, ਐਰਾਵਤੀ, ਚੰਦ੍ਰਭਾਗਾ ਅਤੇ ਵਿਤਸਤਾ (ਜੇਹਲਮ) ੨. ਪੰਜ ਨਦਾਂ ਵਾਲਾ ਦੇਸ਼. ਪੰਜਾਬ। ੩. ਸਿੰਧੁ ਦੇ ਸੰਗਮ ਤੋਂ ੪੪ ਮੀਲ ਉੱਪਰ ਵੱਲ ਇੱਕ ਥਾਂ, ਜਿੱਥੇ ਸ਼ਤਦ੍ਰਵ, ਵਿਪਾਸ਼, ਰਾਵੀ (ਐਰਾਵਤੀ), ਚਨਾਬ (ਚੰਦ੍ਰਭਾਗਾ) ਅਤੇ ਜੇਹਲਮ (ਵਿਤਸਤਾ) ਇਕੱਠੇ ਹੁੰਦੇ ਹਨ.

ਪੰਚ ਪਹਰੂਆ: ਪੰਜ ਗ੍ਯਾਨਇੰਦ੍ਰਿਯ. "ਪੰਚ ਪਹਰੂਆ ਦਰ ਮਹਿ ਰਹਿਤੇ ਤਿਨ ਕਾ ਨਹਿ ਪਤੀਆਰਾ." (ਗਉ ਕਬੀਰ)

ਪੰਚਪਦਾ: ਪੰਚਪਾਦ. ਪੰਜ ਪਦਾਂ ਵਾਲਾ ਸ਼ਬਦ. ਦੇਖੋ, ਰਾਗ ਗੂਜਰੀ ਵਿੱਚ. "ਪ੍ਰਥਮੈ ਗਰਭ ਮਾਤਾ ਕੈ ਵਾਸਾ." ਸ਼ਬਦ.

ਪੰਚ ਪਨਿਹਾਰੀ: ਪੰਜ ਗ੍ਯਾਨ ਇੰਦ੍ਰੀਆਂ. ਦੇਖੋ, ਕੂਅਟਾ.

ਪੰਚ ਪਰਵਾਣ, ਪੰਚ ਪਰਵਾਨ: ਦੇਖੋ, ਪੰਚ। ੨. ਗੁਰਮੁਖਾਂ ਦੇ ਪ੍ਰਮਾਣ ਕੀਤੇ ਪੰਜ ਸ਼ੁਭ ਗੁਣ- "ਸਤ੍ਯ ਔ ਸੰਤੋਖ ਦਯਾ ਧਰਮ ਅਰਥ ਮੇਲ, ਪੰਚ ਪਰਵਾਨ ਕੀਏ ਗੁਰਮਤ ਸਾਜ ਹੈਂ. (ਭਾਗੁ ਕ) ੩. ਮੁਖੀਆਂ ਦੀ ਮਜਲਿਸ. ਪੰਚਾਇਤ. "ਪੰਚ ਪਰਵਾਨ ਮੇ ਪ੍ਰਤਿਸਟਾ ਘਟਾਵਈ." (ਭਾਗੁ ਕ)

ਪੰਚ ਪਾਤਕ, ਪੰਚ ਪਾਪ: ਪੰਜ ਮਹਾ ਪਾਪ- ਆਤਮਵੇੱਤਾ ਦਾ ਵਧ, ਸ਼ਰਾਬਖੋਰੀ, ਚੋਰੀ, ਵਿਭਚਾਰ ਅਤੇ ਕ੍ਰਿਤਘਨਤਾ। ੨. ਦੇਖੋ, ਚਾਰ ਕਿਲਵਿਖ ਅਤੇ ਮਹਾਪਾਪ.

ਪੰਚ ਪਿਤਾ: ਜਨਮਦਾਤਾ ਬਾਪ, ਸਹੁਰਾ, ਰਾਜਾ, ਵਿਦ੍ਯਾ ਦੇਣ ਵਾਲਾ ਅਤੇ ਪਾਲਣ ਵਾਲਾ.

ਪੰਚ ਪੀਰੀਆ: ਸੁਲਤਾਨ, ਮੀਰਾਂ, ਗੁੱਗਾ, ਬੀਬੜੀਆਂ ਅਤੇ ਸੀਤਲਾ ਨੂੰ ਪੂਜਣ ਵਾਲਾ। ੨. ਵਿਸ਼ਨੁ, ਸੂਰਜ, ਸ਼ਿਵ, ਗਣੇਸ਼ ਅਤੇ

ਦੁਰਗਾ ਨੂੰ ਮੰਨਣ ਵਾਲਾ.

**ਪੰਚ ਪੂਤ:** ਪੰਜ ਤੱਤ. "ਪੰਚ ਪੂਤ ਜਣੇ ਇਕ ਮਾਇ." (ਗੌਂਡ ਮਃ ੫) ੨. ਪੰਜ ਪ੍ਰਕਾਰ ਦੇ ਪੁਤ੍ਰ- ਬੇਟਾ, ਚੇਲਾ, ਜਵਾਈ, ਸੇਵਕ ਅਤੇ ਅਭ੍ਯਾਗਤ.

**ਪੰਚ ਪੰਖੀ:** ਪੰਜ ਗ੍ਯਾਨਇੰਦ੍ਰਿਯ, "ਪੰਖੀ ਪੰਚ ਉਡਰਿ ਨਹੀ ਧਾਵਹਿ." (ਮਾਰੂ ਸੋਲਹੇ ਮਃ ੧)

**ਪੰਚ ਪ੍ਰਕਾਰ ਦੀ ਸਿੱਖੀ:** ਧੰਧੇ ਕੀ ਇਕ, ਦੇਖਾਦੇਖੀ,

ਹਿਰਸੀ ਤ੍ਰੈ. ਸਿਦਕੀ ਅਵਰੇਖੀ।

ਪੰਚਮ ਅਹੈ ਭਾਵ ਕੀ ਭਲੇ.

ਪ੍ਰਥਮਾ ਇਮ ਜਿਮ ਭਾਈ ਚਲੇ,

ਸਭਿ ਸਗੁਰੇ ਮੁਝ ਨਿਗੁਰਾ ਕਹੈਂ,

ਲੇ ਸਿੱਖੀ "ਧੰਧੇ" ਕੀ ਅਹੈ।

ਕੋਇਕ ਸਿੱਖ ਬਨ੍ਯੋ ਕਿੰਹ ਦੇਖਾ,

ਸਦਨ ਪਦਾਰਥ ਭਲੇ ਬਿਸ਼ੇਖਾ,

ਲੋਭ ਪਦਾਰਥ ਕੋ ਮਨ ਭਯੋ,

ਗੁਰੁ ਕੋ ਸਿੱਖ ਹੋਇ ਸੋ ਗਯੋ।

ਇਹ ਸਿੱਖੀ ਹੈ "ਦੇਖਾਦੇਖੀ",

ਰਹੀ ਪਦਾਰਥ ਚਾਹ ਵਿਸੇਖੀ,

ਤੀਜੀ "ਹਿਰਸੀ" ਸਿੱਖੀ ਜਾਨੋ,

ਬਹੁਤ ਜੁ ਕਰਹਿਂ, ਕਰਣ ਸੋ ਠਾਨੋ,

ਸੋਝੀ ਕੁਝ ਨ ਆਪ ਕੋ ਆਈ,

ਨਹੀਂ ਸੀਖ ਲੇ ਗੁਰਮਤਿ ਪਾਈ।

ਚਤੁਰਥ ਸਿੱਖੀ "ਸਿਦਕੀ" ਹੋਇ,

ਗੁਰ ਬਿਨ ਅਪਰ ਨ ਮਾਨਹਿ ਕੋਇ,

ਜੀਵਣ ਮਰਣ ਬਿਖੈ ਗੁਰੁ ਸ਼ਰਣੀ,

ਤਜਹਿ ਨ ਜਿਮ ਪ੍ਰਵਾਹ ਮੈ ਤਰਣੀ।

ਪੰਚਮ "ਸਿੱਖੀ ਭਾਵ" ਉਪਾਈ,

ਲਖ ਗੁਰੁਮਹਿਮਾ ਪਰ ਸ਼ਰਣਾਈ,

ਨਿਸ਼ ਦਿਨ ਗੁਰੁਮੂਰਤਿ ਉਰਧਾਰੀ,

ਕਰਹਿ ਭਾਵ ਸਭ ਸਿੱਖ ਮਝਾਰੀ।

(ਗੁਪ੍ਰਸੁ)

**ਪੰਚ ਪ੍ਰਾਣ:** ਅਸਥਾਨ ਭੇਦ ਕਰਕੇ ਸ੍ਵਾਸਾਂ ਦੇ ਪੰਜ ਭੇਦ- ਪ੍ਰਾਣ, ਅਪਾਨ, ਸਮਾਨ, ਵ੍ਯਾਨ ਅਤੇ ਉਦਾਨ. ਦੇਖੋ, ਦਸ ਪ੍ਰਾਣ.

**ਪੰਚ ਬਜਿਤ੍ਰ:** ਪੰਚ ਵਾਦਿਤ੍ਰ. ਪੰਜ ਵਾਜੇ. "ਪੰਚ ਬਜਿਤ੍ਰ ਕਰੇ ਸੰਤੋਖਾ." (ਰਾਮ ਮਃ ੫) ਦੇਖੋ, ਪੰਚ ਸ਼ਬਦ.

**ਪੰਚ ਬਟਵਾਰੇ:** ਪੰਜ ਵਾਟਪਾਰ. ਪੰਜ ਡਾਕੂ. "ਪੰਚ ਬਟਵਾਰੇ, ਸੇ ਮੀਤ ਕਰਿ ਮਾਨਹਿ." (ਰਾਮ ਮਃ ੫) ਭਾਵ- ਗ੍ਯਾਨਇੰਦ੍ਰਿਯ.

**ਪੰਚਬਟੀ:** ਦੇਖੋ, ਪੰਚਵਟੀ.

**ਪੰਚ ਬਾਣ:** ਕਾਮ ਦੇ ਪੰਜ ਤੀਰ[792]। ੨. ਪੰਜ ਤੀਰਾਂ ਵਾਲਾ ਕਾਮ. ਦੇਖੋ, ਪੰਚਸਾਯਕ। ੩. ਕਾਮਾਦਿਕ ਪੰਜ ਵਿਕਾਰਾਂ ਨੂੰ ਜਿੱਤਣ ਵਾਲੇ ਪੰਜ ਤੀਰ- ਯਤ, ਸ਼ਾਂਤਿ, ਸੰਤੋਖ, ਵੈਰਾਗ ਅਤੇ ਨਮ੍ਰਤਾ. "ਪੰਚ ਬਾਣ ਲੇ ਜਮ ਕਉ ਮਾਰੈ." (ਮਾਰੂ ਸੋਲਹੇ ਮਃ ੧) ੪. ਕਾਵ੍ਯ- ਗ੍ਰੰਥਾਂ ਵਿੱਚ ਲਿਖੇ ਕਾਮ ਦੇ ਪੰਜ ਪੁਸ਼ਪਵਾਣ- ਪਦਮ, ਅਸ਼ੋਕ, ਸਿਰੀਸ਼, ਆਮ੍ਰ ਅਤੇ ਉਤਪਲ.

**ਪੰਚ ਬਿਕਾਰ:** ਕਾਮਾਦਿ ਪੰਜ. "ਪੰਚ ਬਿਕਾਰ ਮਨ ਮਹਿ ਬਸੇ." (ਥਿਤੀ ਗਉ ਮਃ ੫)

**ਪੰਚ ਬਿਖਾਦੀ:** ਪੰਚ ਵਿਸ਼ਾਦੀ (विषादिन्) ਪੰਜ ਫਿਸਾਦੀ. ਉਪਦ੍ਰਵੀ. ਕਾਮਾਦਿ ਪੰਜ. "ਪੰਚ ਬਿਖਾਦੀ ਏਕ ਗਰੀਬਾ, ਰਾਖਹੁ ਰਾਖਨਹਾਰੇ." (ਗਉ ਮਃ ੫)

**ਪੰਚ ਬੈਲ:** ਪੰਚ ਪ੍ਰਾਣ. "ਪੰਚ ਬੈਲ ਗਡੀਆ ਦੇਹ ਧਾਰੀ." (ਰਾਮ ਮਃ ੧) ੨. ਪੰਜ ਗ੍ਯਾਨਇੰਦ੍ਰਿਯ.

**ਪੰਚ ਭਰਤਾਰੀ:** ਪੰਜ ਪਤੀਆਂ ਵਾਲੀ ਦ੍ਰੋਪਦੀ.

**ਪੰਚਭੂ, ਪੰਚਭੂਆਤਮਾ:** पञ्च भृतात्मन्- ਪੰਚਭੂਤਾਤਮਾ. ਪੰਚ ਭੂਤਾਂ ਦੀ ਸੂਖਮ ਸਤ੍ਵ ਅੰਸ਼ ਤੋਂ ਬਣਿਆ ਅੰਤਹਕਰਣ. ਮਨ. "ਬਚਨ ਗੁਰ ਰਿਦਿ ਧਰਹੁ ਪੰਚਭੂ ਬਸਿ ਕਰਹੁ." (ਸਵੈਯੇ ਮਃ ੪. ਕੇ)

"ਪੰਚਭੂਆਤਮਾ ਵਸਿ ਕਰਹਿ, ਤਾ ਤੀਰਥਿ ਕਰਹਿ ਨਿਵਾਸ" (ਗੂਜ ਮਃ ੩) ੨. ਪੰਜ ਤੱਤਾਂ ਦੇ ਖਿਮਾ ਆਦਿ ਪੰਜ ਗੁਣ. "ਪੰਚਭੂ ਟੋਪੀ." (ਸਿਧਗੋਸਟਿ) ਦੇਖੋ, ਪੰਜ ਤੱਤਾਂ ਦੇ ਗੁਣ.

**ਪੰਚ ਭੂਤ:** ਪੰਜ ਤੱਤ। ੨. ਪੰਜ ਭੂਤਨੇ ਕਾਮਾਦਿ.

"ਪੰਚਮੀ ਪੰਚ ਭੂਤ ਬੇਤਾਲਾ।" (ਬਿਲਾ ਥਿਤੀ ਮਃ ੧)

"ਪੰਚ ਭੂਤ ਸਬਲ ਹੈ ਦੇਹੀ." (ਨਟ ਅਃ ਮਃ ੪)

**ਪੰਚਭੂਤਾਤਮਾ:** ਦੇਖੋ, ਪੰਚਭੂਆਤਮਾ.

**ਪੰਚਭੂਨਾਇਕ:** ਪੰਜ ਤੱਤਾਂ ਦਾ ਸ੍ਵਾਮੀ, ਕਰਤਾਰ. "ਪੰਚਭੂਨਾਇਕੋ ਆਪਿ ਸਿਰੰਦਾ." (ਸੂਹੀ ਛੰਤ ਮਃ ੧)

**ਪੰਚ ਭ੍ਰਮ:** ਦੇਖੋ, ਭਰਮ ੫।

**ਪੰਚਮ:** ਸੰ. ਵਿ- ਪੰਜਵਾਂ. ਪਾਂਚਵਾਂ। ੨. ਸੁੰਦਰ। ੩. ਚਤੁਰ। ੪. ਸੰਗ੍ਯਾ- ਸੱਤਸੁਰਾਂ ਵਿੱਚੋਂ ਪੰਜਵਾਂ ਸੁਰ। ੫. ਨੀਚ ਜਾਤਿ, ਜਿਸ ਨੂੰ ਛੁਹਣਾ ਹਿੰਦੂ ਪਾਪ ਸਮਝਦੇ ਹਨ। ੬. ਚਾਰ ਵਰਣਾਂ ਤੋਂ ਬਾਹਰ ਕੋਈ ਜਾਤਿ.

**ਪੰਚ ਮਕਾਰ:** ਪੰਜ ਮੰਮੇ. ਦੇਖੋ, ਪੰਚ ਤਤ੍ਵ। ੨. ਕਈ ਗ੍ਰੰਥਾਂ ਨੇ ਪੰਚ ਮਕਾਰ ਇਹ ਲਿਖੇ ਹਨ- ਮਦਿਰਾ, ਮਾਂਸ, ਮੈਥੁਨ, ਮਾਇਆ ਅਤੇ ਮੁਦ੍ਰਾ. ਭੁੱਜੇ ਹੋਏ ਚਿੜਵੇ ਚਣੇ ਅਤੇ ਕਣਕ ਦਾ ਬੇਰੜਾ "ਮੁਦ੍ਰਾ" ਅਖਾਉਂਦਾ ਹੈ, ਜੋ ਵਾਮਮਾਰਗੀਆਂ ਦਾ ਨੁਕਲ ਹੈ. ਦੇਖੋ,

---

[792] ਮੋਹਨ ਤਾਪਨ ਵਸ਼ਿਕਰਨ ਉਨਮਾਦਨ ਉੱਚਾਟ। ਪਾਂਚ ਬਦ ਸਲਮਲ ਕੇ ਗੇ ਵਿਰਹਨਿ ਤਲੁ ਕਾਣ।।" (ਹਨੂ) ਦੇਖੇ, ਪੰਚਮਾਸਯ.

ਵਾਮਮਾਰਗ.

**ਪੰਚ ਮਜਮੀ:** ਪੰਜਾਂ ਦਾ ਮਜਮੂਅ਼ਹ. ਪੰਜਾਂ ਦਾ ਵਜੂਦ. ਪੰਜ ਵਿਕਾਰਾਂ ਦੀ ਸਾਕ੍ਸ਼ਾਤ ਸ਼ਕਲ. "ਪੰਚ ਮਜਮੀ ਜੋ ਪੰਚਨ ਰਾਖੈ." (ਭੈਰ ਮਃ ੫)

**ਪੰਚ ਮਨਾਏ:** ਦੇਖੋ, ਪੰਚ ੭.

**ਪੰਚ ਮਰਦ:** ਪੰਜ ਪ੍ਰਬਲ ਯੋਧੇ, ਕਾਮਾਦਿ. "ਪੰਚ ਮਰਦ ਸਿਦਕ ਲੇ ਬਾਂਧਹੁ." (ਮਾਰੂ ਸੋਲਹੇ ਮਃ ੫) ੨. ਪੰਜ ਸ਼ੂਰਵੀਰ ਪਜਾਰੇ, ਜਿਨ੍ਹਾਂ ਨੇ ਦਸ਼ਮੇਸ਼ ਨੂੰ ਸੀਸ ਅਰਪੇ.

**ਪੰਚ ਮਾਤਾ:** ਜਨਮ ਦੇਣ ਵਾਲੀ ਜਨਨੀ, ਗੁਰੂ ਦੀ ਇਸਤ੍ਰੀ, ਸੱਸ, ਰਾਜੇ ਦੀ ਰਾਣੀ ਅਤੇ ਦੁੱਧ ਚੰਘਾਉਣ ਵਾਲੀ ਦਾਈ.

**ਪੰਚ ਮਾਰ:** ਪੰਚਾਨਨ (ਸ਼ੇਰ) ਮਾਰਕ ਦਾ ਸੰਖੇਪ. ਸ਼ੇਰ ਮਾਰਣ ਵਾਲਾ। ੨. ਦੇਖੋ, ਪੰਚ ਮਾਰਿ.

**ਪੰਚ ਮਾਰਿ:** ਕ੍ਰਿ. ਵਿ- ਪੰਜ ਕਾਮਾਦਿ ਮਾਰਕੇ (ਜਿੱਤਕੇ). "ਪੰਚ ਮਾਰਿ ਸੁਖ ਪਾਇਆ." (ਪ੍ਰਭਾ ਮਃ ੧)

**ਪੰਚਮਿ, ਪੰਚਮੀ:** ਚੰਦ੍ਰਮਾ ਦੇ ਚਾਨਣੇ ਅਤੇ ਹਨੇਰੇ ਪੱਖ ਦੀ ਪੰਜਵੀਂ ਤਿਥਿ. "ਪੰਚਮਿ ਪੰਚ ਪ੍ਰਧਾਨ ਤੇ." (ਗਉ ਥਿਤੀ ਮਃ ੫) "ਪੰਚਮੀ ਪੰਚ ਭੂਤ ਬੇਤਾਲ." (ਬਿਲਾ ਥਿਤੀ ਮਃ ੧) ੨. ਦ੍ਰੌਪਦੀ। ੩. ਵ੍ਯਾਕਰਣ ਅਨੁਸਾਰ ਅਪਾਦਾਨ ਕਾਰਕ.

**ਪੰਚਮੁਖ:** ਪੰਜ ਮੂਹਾਂ ਵਾਲਾ, ਸ਼ਿਵ। ੨. ਸਿੰਘ. ਸ਼ੇਰ. ਜਿਸ ਦਾ ਮੂੰਹ ਪੰਚ (ਵਿਸਤਾਰ) ਵਾਲਾ ਹੈ.

**ਪੰਚ ਮੇਲ:** ਦੇਖੋ, ਪੰਜ ਮੇਲ.

**ਪੰਚ ਯਗ੍ਯ:** ਗ੍ਰਿਹਸਥੀਆਂ ਲਈ ਹਿੰਦੂਮਤ ਦੇ ਸ਼ਾਸਤ੍ਰਾਂ ਦੇ ਵਿਧਾਨ ਕੀਤੇ ਪੰਜ ਯਗ੍ਯ-

ਦੈਵ ਯਗ੍ਯ (ਹੋਮ)

ਭੂਤ ਯਗ੍ਯ (ਜੀਵਾਂ ਨੂੰ ਬਲਿ ਦੇਣੀ).

ਪਿਤ੍ਰਿ ਯਗ੍ਯ (ਤਰਪਣ ਸ਼੍ਰਾੱਧ)

ਬ੍ਰਹਮ ਯਗ੍ਯ (ਵੇਦ ਦਾ ਪੜ੍ਹਨਾ ਪੜ੍ਹਾਉਣਾ)

ਨਰ ਯਗ੍ਯ (ਅਤਿਥਿ ਪੂਜਨ). ਦੇਖੋ, ਮਨੁ ਅਃ ੩, ਸ਼ਃ ੭੦.

ਅਤ੍ਰਿ ਸਿਮ੍ਰਿਤਿ ਵਿੱਚ ਰਾਜਾ ਦੇ ਪੰਜ ਯਗ੍ਯ ਇਹ ਲਿਖੇ ਹਨ-

ਦੁਸ਼੍ਟਾਂ ਨੂੰ ਦਬਾਉਣਾ, ਉੱਤਮਾਂ ਨੂੰ ਪਾਲਣਾ, ਨ੍ਯਾਯ ਅਨੁਸਾਰ ਧਨ ਜਮਾ ਕਰਨਾ, ਇਨਸਾਫ ਵਿੱਚ ਕਿਸੇ ਦਾ ਪੱਖ ਪਾਤ ਨਾ ਕਰਨਾ, ਰਾਜ ਦੀ ਤਰੱਕੀ ਅਤੇ ਰਖ੍ਯਾ ਕਰਨੀ. (ਸ਼ਲੋਕ ੨੮)

**ਪੰਚ ਰਤਨ:** ਸੁਵਰਣ, ਹੀਰਾ, ਨੀਲਮ, ਲਾਲ ਅਤੇ ਮੋਤੀ। ੨. ਕਿਤਨਿਆਂ ਦੇ ਮਤ ਅਨੁਸਾਰ- ਸੋਨਾ, ਤਾਂਬਾ, ਚਾਂਦੀ, ਮੋਤੀ ਅਤੇ ਮੂੰਗਾ. ਮੋਏ ਪ੍ਰਾਣੀ ਦੇ ਮੂੰਹ ਪੰਜ ਰਤਨ ਪਾਉਣੇ ਹਿੰਦੂਮਤ ਵਿੱਚ ਉੱਤਮ ਕਰਮ ਹੈ।੩ "ਤੁਲਸੀ ਯਾ ਸੰਸਾਰ ਮੇ ਪਾਂਚ ਰਤਨ ਹੈਂ ਸਾਰ। ਸਾਧੁ ਮਿਲਨ ਔ ਹਰਿਭਜਨ ਦਯਾ ਦਾਨ ਉਪਕਾਰ."

**ਪੰਚਰਾਸੀ:** ਵਿ- ਪੰਜ ਗ੍ਯਾਨਇੰਦ੍ਰਿਯ ਜਿਸ ਨੇ ਰਾਸ (ਠੀਕ) ਕੀਤੇ ਹਨ. ਜੋ ਇਨ੍ਹਾਂ ਨੂੰ ਕੁਮਾਰਗ ਨਹੀਂ ਪੈਣ ਦਿੰਦਾ. "ਜਾਂ ਪੰਚਰਾਸੀ, ਤਾਂ ਤੀਰਥਵਾਸੀ." (ਆਸਾ ਮਃ ੧)

**ਪੰਚਰਾਤ੍ਰ:** ਇੱਕ ਵੈਦਿਕ ਯਗ੍ਯ, ਜੋ ਪੰਜ ਰਾਤਾਂ ਵਿੱਚ ਪੂਰਾ ਹੁੰਦਾ ਹੈ। ੨. ਵੈਸ਼ਨਵ ਧਰਮ ਦਾ ਇੱਕ ਪ੍ਰਸਿੱਧ ਗ੍ਰੰਥ, ਜਿਸ ਵਿੱਚ

ਪੰਜ ਪੂਜਨ ਦੇ ਅੰਗਾਂ ਦਾ ਗਿਆਨ ਹੈ.[793]

ਅਭਿਗਮਨ (ਅਸਥਾਨ ਦਾ ਲਿੱਪਣਾ, ਧੋਣਾ ਅਤੇ ਦੇਵਤਾ ਨੂੰ ਆਵਾਹਨ ਦੇ ਪ੍ਰਕਾਰ).

ਉਪਾਦਾਨ (ਸੁਗੰਧ ਧੂਪ ਫੁੱਲ ਆਦਿ ਸਾਮਗ੍ਰੀ ਜਮਾ ਕਰਨੀ).

ਇਜਜ (ਦੇਵਤਾ ਦੀ ਪੂਜਾ).

ਸ੍ਵਾਧ੍ਯਾਯ (ਮਨਭਾਵਨਾ ਨਾਲ ਮੰਤ੍ਰਜਪ).

ਯੋਗ (ਦੇਵਤਾ ਦੇ ਸਰੂਪ ਦਾ ਧ੍ਯਾਨ).

ਪੰਚ ਰੁਸਾਏ: ਦੇਖੋ, ਪੰਚ ੭.

ਪੰਚ ਲੋਕ: ਪ੍ਰਧਾਨ ਲੋਕ. ਚੌਧਰੀ. "ਪੰਚ ਲੋਕ ਸਭ ਹਸਣਿ ਲਗੇ." (ਵਾਰ ਗਉ ੧. ਮਃ ੪) ੨. ਸਾਧੁਜਨ. "ਪੰਚ ਲੋਕ ਵਸਹਿ ਪਰਧਾਨਾ." (ਮਾਰੂ ਸੋਲਹੇ ਮਃ ੧)

ਪੰਚ ਵਸਾਏ: ਦੇਖੋ, ਪੰਚ ੭.

ਪੰਚਵਕਤ੍ਰ: ਦੇਖੋ, ਪੰਚਮੁਖ.

ਪੰਚਵਟੀ: ਪੰਜ ਬਿਰਛਾਂ ਵਾਲੀ ਥਾਂ. ਜਿੱਥੇ ਪੰਜ ਬੋਹੜ ਜਾਂ ਹੋਰ ਬਿਰਛ ਹੋਣ। ੨. ਗੋਦਾਵਰੀ ਨਦੀ ਦੇ ਕਿਨਾਰੇ ਨਾਸਿਕ ਪਾਸ ਦੰਡਕ ਬਣ ਵਿੱਚ ਇੱਕ ਖ਼ਾਸ ਥਾਂ, ਜਿੱਥੇ ਰਾਮਚੰਦ੍ਰ ਜੀ ਸੀਤਾ ਲਛਮਣ ਸਮੇਤ ਵਨਵਾਸ ਸਮੇਂ ਰਹੇ ਸਨ. ਪਿੱਪਲ, ਬਿੱਲ, ਬੜ, ਆਉਲਾ ਅਤੇ ਅਸ਼ੋਕ ਇਹ ਪੰਜ ਬਿਰਛ ਹੋਣ ਤੋਂ ਨਾਮ ਪੰਚਵਟੀ ਹੋਇਆ. ਰਾਮਾਯਣ ਦੇ ਟੀਕੇ ਵਿੱਚ ਲਿਖਿਆ ਹੈ ਕਿ ਸ਼ਿਵਵਟ, ਸਿੱਧਵਟ, ਸਨਤਕੁਮਾਰਵਟ, ਬ੍ਰਹਮਵਟ ਅਤੇ ਰਿਸ਼ਿਵਟ ਇਹ ਪੰਜ ਵਟ (ਬੋਹੜ) ਹੋਣ ਕਾਰਣ ਪੰਚਵਟੀ ਨਾਮ ਹੋਇਆ. "ਰਾਮ ਵਿਰਾਜਤ ਪੰਚਵਟੀ." (ਹਨੂ)

ਪੰਚਵਦਨ: ਸ਼ਿਵ. ਦੇਖੋ, ਪੰਚਮੁਖ। ੨. ਦੇਖੋ, ਪੰਚਾਨਨ.

ਪੰਚਵੱਲਭਾ: ਪੰਜ ਪਾਂਡਵਾਂ ਦੀ ਪਤ੍ਯਾਰੀ ਦ੍ਰੌਪਦੀ.

ਪੰਚਵਾਣ: ਦੇਖੋ, ਪੰਚਸਰ ੨, ਪੰਚਸਾਯਕ ਅਤੇ ਪੰਚ ਬਾਣ.

ਪੰਚਵਾਦਿਤ੍ਰ: ਦੇਖੋ, ਪੰਚ ਸ਼ਬਦ,

ਪੰਚਵ੍ਰਿਕ੍ਸ਼: ਦੇਖੋ, ਸੁਰਤਰੁ.

ਪੰਚਾਇਣ, ਪੰਚਾਇਣੁ: ਪੰਚਾਯਤਨ. ਪੰਜਾਂ ਦਾ ਸਮੂਹ. ਪੰਜਾਂ ਦਾ ਇਕੱਠ। ੨. ਪੰਜ ਤੱਤਾਂ ਦਾ ਸਮੂਹ, ਸ਼ਰੀਰ ਦੇਹ। ੩. ਚਾਰ ਅੰਤਹਕਰਣ ਅਤੇ ਜੀਵਾਤਮਾ। ੪. ਪੰਜ ਗ੍ਯਾਨਇੰਦ੍ਰਿਯ. "ਤਸ- ਕਰ ਮਾਰਿ ਵਸੀ ਪੰਚਾਇਣਿ." (ਸੂਹੀ ਛੰਤ ਮਃ ੧) ਕਾਮਾਦਿ ਚੋਰ ਮਾਰਕੇ ਵਸ਼ ਕੀਤਾ ਹੈ ਸ਼ਬਦਾਦਿ ਵਿਸ਼ਿਆਂ ਦਾ ਸਮੂਹ। ੫. ਪੰਚਾਂ ਦੀ ਸਭਾ. ਪੰਚਾਇਤ. "ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣੁ ਰਤੁ." (ਮਾਰੂ ਮਃ ੧) ੬. ਪੰਜਾਂ ਦਾ ਸਰੂਪ. ਪੰਜਾਂ ਦਾ ਮਜਮੂਅਹ. "ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ." (ਵਾਰ ਰਾਮ ੩)

ਪੰਚਾਇਤ: ਪੰਚਾਯਤਨ. ਪੰਜ ਪ੍ਰਧਾਨ ਪੁਰਖਾਂ ਦਾ ਸਮੂਹ.

---

[793] ਰਾਤ੍ਰ ਦਾ ਅਰਥ ਗਿਆਨਵਾਕ ਹੈ, ਜਿਸ ਤੋਂ ਪੰਜ ਪ੍ਰਕਾਰ ਦਾ ਗਿਆਨ ਮਿਲੇ, ਉਹ ਪੰਚਰਾਤ੍ਰ, ਨਾਰਦਪੰਚਰਾਤ੍ਰ ਤੋਂ ਭਿਨ ੨੫ ਪੰਚਰਾਤ੍ਰ, ਹੋਰੂ ਗ੍ਰੰਥ ਹਨ.

ਪੰਚਾਇਤੀ: ਦੇਖੋ, ਪੰਚਾਯਤੀ.

ਪੰਚਾਸਾ: ਦੇਖੋ, ਪਚਾਸਾ ਅਤੇ ਕੋਟਪੰਚਾਸਾ.

ਪੰਚਾਸ੍ਯ: ਪੰਜ ਹਨ ਆਸ੍ਯ (ਮੁਖ) ਜਿਸ ਦੇ. ਦੇਖੋ, ਪੰਚਾਨਨ.

ਪੰਚਾਹਰੁ: ਪੰਜ ਗ੍ਯਾਨਇੰਦ੍ਰੀਆਂ ਨੂੰ ਵਿਸ਼ਿਆਂ ਵੱਲ ਆਹਰਣ (ਲੈ ਜਾਣ) ਵਾਲਾ ਅੰਤਹਕਰਣ. "ਪੰਚਾਹਰੁ ਨਿਦਲਿਅਉ." (ਸਵੈਯੇ ਮਃ ੫. ਕੇ)

ਪੰਚਾਕਾਰੀ: ਵਿ- ਪੰਜ ਤੱਤਾਂ ਦੇ ਕਰਨ ਵਾਲਾ। ੨. ਸੰਗ੍ਯਾ- ਮੰਤ੍ਰੀਸਭਾ. "ਆਪੇ ਰਾਜਨੁ ਪੰਚਾਕਾਰੀ." (ਮਾਰੂ ਸੋਲਹੇ ਮਃ ੧) ੩. ਵਿ- ਪੰਚ- ਆਕਾਰੀ. ਪੰਜਰੂਪ ਧਾਰਨ ਵਾਲਾ. ਪੰਚਦੇਵ ਰੂਪ. ਦੇਖੋ, ਪੰਚਦੇਵ.

ਪੰਚਾਂਗ: ਪੰਚ- ਅੰਗ. ਤਿਥਿਪਤ੍ਰ. ਜਿਸ ਵਿੱਚ ਤਿਥਿ, ਵਾਰ, ਨਛਤ੍ਰ, ਯੋਗ ਅਤੇ ਕਰਣ ਇਹ ਪੰਜ ਅੰਗ ਹੋਣ। ੨. ਇੱਕ ਧੂਪ, ਜਿਸ ਵਿੱਚ- ਚੰਦਨ, ਅਗੁਰ, ਕਪੂਰ, ਕੇਸਰ ਅਤੇ ਗੁੱਗਲ ਹੋਵੇ। ੩. ਵੈਦ੍ਯਕ ਅਨੁਸਾਰ ਬਿਰਛ ਦੇ ਪੰਜ ਅੰਗ- ਜੜ ਸ਼ਾਖਾ, ਪੱਤਾ, ਫੁੱਲ ਅਤੇ ਫਲ। ੪. ਤੰਤ੍ਰਸ਼ਾਸਤ੍ਰ ਦੇ ਵਿਧਾਨ ਕੀਤੇ ਪੰਜ ਅੰਗ- ਜਪ, ਹੋਮ, ਤਰਪਣ, ਅਭਿਸ਼ੇਕ ਅਤੇ ਬ੍ਰਾਹਮਣ ਭੋਜਨ। ੫. ਨੀਤਿ ਦੇ ਪੰਜ ਅੰਗ- ਸਹਾਯ, ਸਾਧਨ ਦੇ ਉਪਾਯ, ਦੇਸ਼ ਕਾਲ ਦਾ ਗ੍ਯਾਨ, ਵਿਪਦਾ ਦੂਰ ਕਰਨ ਦਾ ਯਤਨ ਅਤੇ ਕਾਰ੍ਯ ਸਿੱਧਿ। ੬. ਕੱਛੂ, ਜਿਸ ਦੇ ਪ੍ਰਧਾਨ ਪੰਜ ਅੰਗ (ਸਿਰ, ਚਾਰ ਪੈਰ) ਹਨ। ੭. ਸ਼ਰੀਰ (ਦੇਹ), ਹੱਥ, ਪੈਰ ਅਤੇ ਸਿਰ ਜਿਸ ਦੇ ਪੰਜ ਅੰਗ ਹਨ.

ਪੰਚਾਗਨਿ: ਦੇਖੋ, ਪੰਚ ਤਪ। ੨. ਵੇਦ ਦੇ ਬ੍ਰਾਹਮਣਾਂ ਵਿੱਚ ਦੱਸੇ ਅਗਨਿ ਦੇ ਪੰਜ ਭੇਦ-

(ੳ) ਅਨ੍ਵਾਹਾਰ੍ਯ ਪਚਨ (ਦਕ੍ਸ਼ਿਣਾਗ੍ਨਿ, ਜਿਸ ਨਾਲ ਹਰ ਮਹੀਨੇ ਦੀ ਅਮਾਵਸ ਨੂੰ ਸ਼੍ਰੱਧਕਰਮ ਕਰੀਦਾ ਹੈ. ਰਿਗਵੇਦ ਦੀ ਵਿਧਿ ਨਾਲ ਅਸਥਾਪਨ ਕੀਤੀ ਅਗਨਿ).

(ਅ) ਗਾਰ੍ਹੰਪਤ੍ਯ (ਗ੍ਰਿਹਸਥੀ ਦੇ ਅਗਨਿਹੋਤ੍ਰ ਆਦਿ ਨਿਤ੍ਯਕਰਮ ਅਤੇ ਯਗ੍ਯ ਦੇ ਪਾਤ੍ਰਾਂ ਨੂੰ ਤਪਾਕੇ ਸ਼ੁੱਧ ਕਰਨ ਵਾਲੀ ਅਗਨਿ).

(ੲ) ਆਹਵਨੀਯ (ਗਾਰ੍ਹੰਪਤ੍ਯ ਅਗਨਿ ਵਿੱਚੋਂ ਮੰਤ੍ਰਵਿਧੀ ਨਾਲ ਲੈ ਕੇ ਯਗ੍ਯਮੰਡਪ ਦੇ ਪੂਰਵ ਵੱਲ ਅਸਥਾਪਨ ਕੀਤੀ ਅਗਨਿ, ਜਿਸ ਵਿੱਚ ਆਹੁਤੀ ਦਿੱਤੀ ਜਾਂਦੀ ਹੈ).

(ਸ) ਆਵਸਥ੍ਯ (ਲੌਕਿਕਾਗ੍ਨਿ. ਘਰ ਦੇ ਭੋਜਨ ਆਦਿ ਪਕਾਉਣ ਦੀ ਅੱਗ)

(ਹ) ਸਭ੍ਯ (ਘਰ ਆਏ ਰਿਖੀ ਅਤੇ ਅਭ੍ਯਾਗਤਾਂ ਦੇ ਸੇਕਣ ਲਈ ਮਚਾਈ ਹੋਈ ਅਗਨਿ. )

੩. ਵਿ- ਪੰਜ ਅਗਨੀਆਂ ਵਾਲਾ। ੪. ਪੰਜ ਅਗਨੀਆਂ ਦੀ ਉਪਾਸਨਾ ਕਰਨ ਵਾਲਾ.

ਪੰਚਾਂਗੁਲ: ਸੰ. ਇਰੰਡ. ਏਰੰਡ, ਜਿਸ ਦੇ ਪੱਤੇ ਹੱਥ ਦੇ ਪੰਜੇ ਜੇਹੇ ਹਨ.

ਪੰਚਾਂਗੁਲਾਂ: ਪੰਜ ਉਂਗਲਾਂ. "ਫੇਰ ਦਿਖਾਇ ਪੰਚਾਂਗੁਲਾਂ" (ਭਾਗੁ)

ਪੰਚਾਨਨ: ਪੰਜ ਹਨ ਜਿਸ ਦੇ ਆਨਨ (ਮੁਖ), ਸ਼ਿਵ। ੨. ਸ਼ੇਰ. ਪੰਚ (ਵਿਸ੍ਤਾਰ) ਵਾਲਾ ਹੈ ਆਨਨ (ਮੁਖ) ਜਿਸ ਦਾ. ਅਥਵਾ- ਚਾਰ ਪੰਜੇ ਅਤੇ ਮੂੰਹ, ਇਹ ਪੰਜ ਹਨ ਆਨਨ ਜਿਸ ਦੇ। ੩. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੪੮ ਮਾਤ੍ਰਾ, ਬਾਰਾਂ ਬਾਰਾਂ ਮਾਤ੍ਰਾ ਪੁਰ ਚਾਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

ਕਵਲਨੈਨ ਮਧੁਰ ਬੈਨ, ਕੋਟਿ ਸੈਨ ਸੰਗ ਸੋਭ,

ਕਹਿਤ ਮਾ ਜਸੋਦ ਜਿਸਹਿ, ਦਹੀ ਭਾਤ ਖਾਹਿ ਜੀਉ,

ਸੱਤਿ ਸਾਚੁ ਸ੍ਰੀਨਿਵਾਸ, ਆਦਿ ਪੁਰਖ ਸਦਾ ਤੁਹੀ,

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ.

(ਸਵੈਯੇ ਮਃ ੪. ਕੇ)

ਪੰਚਾਨਨ ਘੋਖਨਿ: ਪੰਚਾਨਨ (ਸ਼ੇਰ) ਜੇਹੀ ਘੋਸ਼ (ਧੁਨਿ) ਕਰਨ ਵਾਲੀ ਬੰਦੂਕ. (ਸਨਾਮਾ)

ਪੰਚਾਪਸਰ: ਪਞ੍ਚਾਪ੍ਸਰ. ਦੱਖਣ ਦਾ ਇੱਕ ਤਾਲ, ਜਿਸ ਦੇ ਕਿਨਾਰੇ ਮਾਂਡਕਣਿੰ ਰਿਖਿ ਨੇ ਤਪ ਕੀਤਾ ਅਤੇ ਇੰਦ੍ਰ ਨੇ ਉਸ ਦਾ ਤਪ ਭੰਗ ਕਰਨ ਲਈ ਪੰਜ ਅਪਸਰਾਂ ਭੇਜੀਆਂ. ਰਾਮਚੰਦ੍ਰ ਜੀ ਬਨਵਾਸ ਸਮੇਂ ਇਸ ਤਾਲ ਦੇ ਕਿਨਾਰੇ ਕੁਝ ਕਾਲ ਰਹੇ ਹਨ। ੨. ਦੇਖੋ, ਪੰਪਾਸਰ.

ਪੰਚਾਮ੍ਰਿਤ: ਪਞ੍ਚਾਮृਤ. ਕੜਾਹ ਪ੍ਰਸਾਦ. ਭਾਈ ਗੁਰਦਾਸ ਜੀ ਲਿਖਦੇ ਹਨ- "ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ।" ੨. ਸਿਮ੍ਰਿਤੀਆਂ ਅਨੁਸਾਰ- ਦੁੱਧ, ਦਹੀਂ, ਘੀ, ਖੰਡ ਅਤੇ ਸ਼ਹਦ. "ਜਿਹ ਮੁਖਿ ਪਾਚਉ ਅੰਮ੍ਰਿਤ ਖਾਏ." (ਗਉ ਕਬੀਰ) ੩. ਵੈਦਜਕ ਅਨੁਸਾਰ- ਗਿਲੋਯ, ਗੋਖਰੂ, ਮੁਸ਼ਲੀ, ਗੋਰਖਮੁੰਡੀ ਅਤੇ ਸ਼ਤਾਵਰੀ.

ਪੰਚਾਯਤ: ਦੇਖੋ, ਪੰਚਾਇਤ.

ਪੰਚਾਯਤੀ: ਵਿ- ਪੰਚਾਯਤਨ ਦਾ. ਪ੍ਰਧਾਨ ਪੰਚਜਨ ਦਾ ਹੈ ਸੰਬੰਧ ਜਿਸ ਨਾਲ. ਜੈਸੇ- ਪੰਚਾਯਤੀ ਅਖਾੜਾ.

ਪੰਚਾਯਤੀ ਅਖਾੜਾ: ਦੇਖੋ, ਅਖਾੜਾ ੪.

ਪੰਚਾਲ: ਸੰ. ਪਞ੍ਚਾਲ. ਮਹਾਭਾਰਤ ਤੋਂ ਪਤਾ ਲੱਗਦਾ ਹੈ ਕਿ ਇਹ ਦੇਸ਼ ਉਰਧ ਦੁਆਬ ਵੱਲ ਸੀ. ਗੁਰੁਪ੍ਰਤਾਪ ਸੂਰਯ ਤੋਂ ਭੀ ਇਸ ਦੀ ਤਾਈਦ ਹੁੰਦੀ ਹੈ, ਯਥਾ- "ਦੇਸ ਪੰਚਾਲ ਰਸਾਲ ਸਨਾਤਨ ਤੀਰਥ ਰਾਜ ਸੁਧਾਸਰ ਜਾਨਾ." ਕਈ ਆਖਦੇ ਹਨ ਇਸ ਦੇ ਨਾਲ ਹਸਤਿਨਾਪੁਰ (ਮੇਰਟ ਦਾ ਜਿਲਾ) ਭੀ ਲੱਗਦਾ ਸੀ. ਮਨੁ ਪੰਚਾਲ ਦੇਸ ਕਨੌਜ ਪਾਸ ਦਸਦਾ ਹੈ. ਵਿਲਸਨ (Wilson) ਲਿਖਦਾ ਹੈ ਕਿ ਉੱਤਰ ਪੱਛਮ ਵੱਲ ਦੇਹਲੀ ਤੋਂ ਲੈ ਕੇ ਚੰਬਲ ਨਦੀ ਤਕ ਦੇਸ਼ ਦਾ ਨਾਮ ਪੰਚਾਲ ਹੈ. ਗੰਗਾ ਨਦੀ ਨਾਲ ਇਸ ਦੇ ਦੋ ਭਾਗ ਹੋ ਗਏ ਸਨ. ਉੱਤਰੀ ਪੰਚਾਲ ਅਤੇ ਦੱਖਣੀ ਪੰਚਾਲ. ਕਨਿੰਗਮ (Cunningham) ਲਿਖਦਾ ਹੈ ਕਿ ਉੱਤਰੀ ਪੰਚਾਲ ਰੁਹੇਲਖੰਡ ਸੀ ਅਤੇ ਦੱਖਣੀ ਪੰਚਾਲ ਗੰਗਾ ਜਮਨਾ ਦਾ ਦੁਆਬ ਸੀ. ਰੁਹਲੇਖੰਡ ਅਥਵਾ ਉੱਤਰੀ ਪੰਚਾਲ ਦੀ ਰਾਜਧਾਨੀ "ਅਹਿਛਤ੍ਰ" ਸੀ, ਜਿਸ ਦੇ ਖੰਡਰਾਤ ਰਾਮਨਗਰ ਦੇ ਪਾਸ ਹਨ, ਅਤੇ ਦੱਖਣੀ ਦੀ ਰਾਜਧਾਨੀ "ਕਾਂਪਿਲਜ" ਪੁਰਾਣੀ ਗੰਗਾ ਦੇ ਪਾਸ ਬਦਾਉਂ ਅਤੇ ਫ਼ਰੁੱਖ਼ਾਬਾਦ ਦੇ ਮੱਧ ਸੀ.

ਵਿਸ਼ਨੁਪੁਰਾਣ ਅੰਸ਼ ੪. ਅਃ ੧੯. ਵਿੱਚ ਲੇਖ ਹੈ ਕਿ ਭਰਤਵੰਸ਼ੀ ਰਾਜਾ ਹਰਯਸ਼੍ਵ ਦੇ ਪੰਜ ਪੁਤ੍ਰਾਂ (ਮੁਦਗਣ, ਸ੍ਰਿੰਜਯ, ਵ੍ਰਿਹਦਿਸ਼ੁ, ਪ੍ਰਵੀਰ, ਕਾਂਪਿਲਜ) ਦਾ ਦੇਸ਼ ਹੋਣ ਕਰਕੇ ਪੰਚਾਲ ਸੰਗਜਾ ਹੋਈ.

ਪੰਚਾਲਬਾਰਾ, ਪੰਚਾਲਬਾਰੀ, ਪੰਚਾਲਬਾਲਾ: ਪੰਚਾਲ ਦੇਸ਼ ਦੀ ਬਾਲਾ (ਕੰਨਜਾ) ਦ੍ਰੌਪਦੀ. "ਕਿ ਪੰਚਾਲਬਾਰੀ." (ਦੱਤਾਵ)

ਪੰਚਾਲਿ, ਪੰਚਾਲਿਕਾ, ਪੰਚਾਲੀ: ਸੰ. ਪਾਂਚਾਲਿਕਾ ਅਤੇ ਪਾਂਚਾਲੀ. ਪੰਚਾਲ ਦੇਸ਼ ਦੀ ਦ੍ਰੋਪਦੀ. ਪੰਚਾਲਪਤਿ ਦ੍ਰੁਪਦ ਦੀ ਪੁਤ੍ਰੀ. "ਪੰਚਾਲੀ ਕਉ ਰਾਜਸੋਭਾ ਮਹਿ ਰਾਮਨਾਮ ਸੁਧ ਆਈ." (ਮਾਰੂ ਮਃ ੯)

ਪੰਚਾਵਸਥਾ: ਉਮਰ ਦੇ ਪੰਜ ਭੇਦ. ਬਾਲਜ, ਕੌਮਾਰ, ਪੌਗੰਡ, ਯੁਵਾ ਅਤੇ ਵ੍ਰਿੱਧ.

ਪੰਚੀ: ਵਿ- ਪੰਜ ਗੁਣਾ.

ਪੰਚੀਕਰਣ: ਵੇਦਾਂਤਮਤ ਅਨੁਸਾਰ ਪੰਜ ਤੱਤਾਂ ਦੀ ਵੰਡ. ਪੁਰਾਣੇ ਗ੍ਰੰਥਾਂ ਵਿੱਚ ਪੰਚੀਕਰਣ ਕਈ ਪ੍ਰਕਾਰ ਲਿਖਿਆ ਹੈ, ਪਰ ਬਹੁਤਿਆਂ ਦਾ ਮਤ ਹੈ ਕਿ ਆਰੰਭ ਵਿੱਚ ਇੱਕ ਇੱਕ ਤੱਤ ਦੇ ਦੋ ਦੋ ਹਿੱਸੇ ਕੀਤੇ ਗਏ. ਇੱਕ ਹਿੱਸਾ ਸਾਬਤ ਰਿਹਾ ਅਰ ਦੂਜੇ

ਭਾਗ ਦੇ ਚਾਰ ਟੁਕੜੇ ਬਣਾਏ ਗਏ, ਇਸ ਤਰਾਂ ਪੰਜ ਭਾਗ ਹੋਏ. ਫੇਰ ਇਨ੍ਹਾਂ ਭਾਗਾਂ ਨੂੰ ਦੂਜੇ ਤੱਤਾਂ ਦੇ ਭਾਗਾਂ ਨਾਲ ਮਿਲਾ ਦਿੱਤਾ ਤਾਕਿ ਆਪੋ ਵਿੱਚੀ ਸਾਰੇ ਤੱਤ ਮਿਲਕੇ ਰਚਨਾ ਕਰਨ ਵਿੱਚ ਸਹਾਇਕ ਹੋਣ. "ਪੰਚੀਕਰਣ ਪੰਚ ਤਤੁ ਜੋਈ। ਅੰਤਹਕਰਣ ਉਪਾਏ ਸੋਈ।।" (ਨਾਪ੍ਰ)

ਪੰਚੀਕ੍ਰਿਤ: ਵਿ- ਪੰਜ ਹਿੱਸਿਆਂ ਵਿੱਚ ਕੀਤਾ ਹੋਇਆ. ਦੇਖੋ, ਪੰਚੀਕਰਣ.

ਪੰਚੇ ਰੁੰਨੇ ਦੁਖ ਭਰੇ: (ਸ੍ਰੀ ਮਃ ੧) ਮਾਤਾ, ਪਿਤਾ, ਭ੍ਰਾਤਾ, ਇਸਤ੍ਰੀ, ਪੁਤ੍ਰ। ੨. ਪੰਜ ਗ੍ਯਾਨਇੰਦ੍ਰਿਯ.

ਪੰਛੀ: ਸੰਗ੍ਯਾ- ਪਕ੍ਸ਼ੀ (ਪਕ੍ਸ਼ਿਨ੍). ਪੱਖਾਂ ਵਾਲਾ ਜੀਵ. ਪੰਖੇਰੂ.

ਪੰਜ:[794] ਫ਼ਾ. پنج ਵਿ- ਪੰਚ. ਪਾਂਚ। ੨. ਸੰਗ੍ਯਾ- ਪੰਜ ਸੰਖ੍ਯਾ ਬੋਧਕ ਪਦਾਰਥ, ਜੈਸੇ- ਪੰਜ ਤੱਤ ਆਦਿ. "ਤੀਹ ਕਰਿ ਰਾਖੇ ਪੰਜ ਕਰਿ ਸਾਥੀ." (ਸ੍ਰੀ ਮਃ ੧) ਇੱਥੇ ਤੀਸ ਰੋਜ਼ੇ ਅਤੇ ਪੰਜ ਨਮਾਜ਼ਾਂ ਤੋਂ ਭਾਵ ਹੈ.

ਪੰਜ ਐਬ: ਚੋਰੀ, ਵਿਭਚਾਰ, ਜੂਆ, ਸ਼ਰਾਬਖੋਰੀ ਅਤੇ ਝੂਠ। ੨. ਕਿਤਨਿਆਂ ਦੇ ਖਿਆਲ ਅਨੁਸਾਰ ਮਾਸ ਖਾਣਾ, ਸ਼ਰਾਬ ਪੀਣੀ, ਜੂਆ ਖੇਡਣਾ, ਵਿਭਚਾਰ ਕਰਨਾ ਅਤੇ ਚੋਰੀ.

ਪੰਜ ਸਸਤ੍ਰ: ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੰਜ ਪਜਾਰੇ ਸ਼ਸਤ੍ਰ, ਜਿਨ੍ਹਾਂ ਨੂੰ ਨਿੱਤ ਪਹਿਰਦੇ ਸਨ- ਕ੍ਰਿਪਾਣ (ਖੜਗ), ਧਨੁਖ, ਬੰਦੂਕ, ਕਟਾਰ ਅਤੇ ਚਕ੍ਰ। ੨. ਦੇਖੋ, ਪਾਂਚ ਹਥਿਆਰ ਅਤੇ ਪੰਜ ਹਥਿਆਰ.

ਪੰਜ ਸਤਿ ਨਉ ਲਗਾ ਰੱਖਣ: (ਰਤਨਮਾਲਾ ਬੰਨੋ) ਪ੍ਰਾਣਾਯਾਮ ਦਾ ਅਭ੍ਯਾਸ ਕਰਦਾ ਹੋਇਆ ਜੋ ਪੰਜ ਸ੍ਵਾਸ, ਸੱਤ ਸ੍ਵਾਸ, ਨੌ ਸ੍ਵਾਸ ਸ਼ਨੇ ਸ਼ਨੇ ਠਹਿਰਾਉਣ ਲੱਗਾ ਹੈ। ੨. ਪੰਜ ਗੁਣ (ਸੰਤੋਖ, ਦਾਨ, ਦਯਾ, ਪ੍ਰਸੰਨਤਾ, ਨਿੰਮ੍ਰਤਾ). ਸੱਤ (ਪੰਜ ਗ੍ਯਾਨਇੰਦ੍ਰੀਆਂ ਮਨ ਅਤੇ ਬੁਧਿ), ਨੌ ਪ੍ਰਕਾਰ ਦੀ ਭਗਤੀ ਜੋ ਗੁਰੂ ਦੇ ਉਪਦੇਸ਼ ਅਨੁਸਾਰ ਰੱਖਣ ਲੱਗਾ ਹੈ.

ਪੰਜ ਸਨਾਨਾ: ਖ਼ਾ ਦੇਖੋ, ਪੰਚ ਸਨਾਨ.

ਪੰਜ ਸਰੀਕ: ਕਾਮਾਦਿ ਪੰਜ ਵਿਕਾਰ, ਜੋ ਦੇਹ ਰੂਪ ਪਿੰਡ ਵਿੱਚ ਆਪਣੀ ਸ਼ਰਾਕਤ ਦਸਦੇ ਹਨ-

"ਬੰਨਿ ਆਂਦੇ ਪੰਜ ਸਰੀਕ ਜੀਉ." (ਸ੍ਰੀ ਮਃ ੫. ਪੈਪਾਇ)

ਪੰਜ ਹਥਿਆਰ: ਪ੍ਰਾਚੀਨ ਸਿੰਘਾਂ ਦੇ ਪੰਜ ਸ਼ਸਤ੍ਰ- ਕ੍ਰਿਪਾਣ, ਕਮਾਣ, ਬੰਦੂਕ, ਕਟਾਰ ਅਤੇ ਬਰਛਾ. ਦੇਖੋ, ਪਾਂਚ ਹਥਿਆਰ.

ਪੰਜ ਕਕਾਰ, ਪੰਜ ਕਕਾਰੀ, ਪੰਜ ਕੱਕੇ: ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿਘਾਂ ਦੇ ਪੰਜ ਧਰਮ ਚਿੰਨ੍ਹ, ਜਿਨ੍ਹਾਂ ਦਾ ਨਾਮ ਕੱਕੇ ਅੱਖਰ ਤੋਂ ਆਰੰਭ ਹੁੰਦਾ ਹੈ- ਕੇਸ, ਕ੍ਰਿਪਾਣ, ਕੱਛ, ਕੰਘਾ ਅਤੇ ਕੜਾ. ਦੇਖੋ, ਤ੍ਰੈਮੁਦ੍ਰਾ। ੨. ਪੰਜ ਕੱਕੇ ਜੋ ਧਾਰਨ ਕਰਦਾ ਹੈ, ਉਹ ਪੰਜ ਕਕਾਰੀ ਕਹਾਉਂਦਾ ਹੈ.

ਪੰਜ ਕੱਪੜੇ: ਦੇਖੋ, ਪੰਜ ਵਸਤ੍ਰ.

ਪੰਜ ਕਲੇਸ: ਦੇਖੋ, ਕਲੇਸ ਅਤੇ ਪੰਚ ਕਲੇਸ.

ਪੰਜ ਕਿਰਸਾਣ: ਪੰਜ ਕਾਮਾਦਿ ਵਿਕਾਸ, ਜੋ ਸ਼ਰੀਰ ਰੂਪ ਪਿੰਡੇ ਵਿੱਚ ਕਾਸ਼ਤਕਾਰ ਹਨ. "ਪੰਜ ਕਿਰਸਾਣ ਮੁਜੇਰੇ ਮਿਹਡਿਆ." (ਸ੍ਰੀ ਮਃ ੫. ਪੈਪਾਇ)

ਪੰਜ ਕੁਕਰਮ: ਝੂਠ, ਨਿੰਦਾ, ਚੁਗਲੀ, ਪਰਾਈ ਵਸਤੁ ਦਾ ਗ੍ਰਹਣ ਅਤੇ ਕ੍ਰਿਤਘਨਤਾ.

ਪੰਜ ਕੇਦਾਰ: ਦੇਖੋ, ਕੇਦਾਰ.

---

[794] ਦੇਖੋ, "ਪੰਚ" ਦਾ ਫੁਟਨੋਟ.

ਪੰਜਖਤੰਗ ਅਰਾਤੀ: ਦੇਖੋ, ਪੰਚਖਤੰਗ ਅਰਾਤੀ.

ਪੰਜੱਖਾ: ਖ਼ਾ ਕਾਣਾ. ਲਖਨੇਤ੍ਰਾ.

ਪੰਜਗ੍ਰੰਥੀ: ਉਹ ਪੋਥੀ, ਜਿਸ ਵਿੱਚ- ਜਪੁ, ਸੋਦਰੁ, ਸੋਹਿਲਾ, ਆਸਾ ਦੀ ਵਾਰ ਅਤੇ ਅਨੰਦੁ ਹੋਵੇ. ਹੁਣ ਸੁਖਮਨੀ ਆਦਿ ਕਈ ਬਾਣੀਆਂ ਪੰਜ ਗ੍ਰੰਥੀ ਵਿੱਚ ਹੋਇਆ ਕਰਦੀਆਂ ਹਨ। ੨. ਜਪੁ, ਜਾਪੁ, ਸਵੈਯੇ, ਰਹਿਰਾਸ ਅਤੇ ਸੋਹਿਲਾ ਜਿਸ ਪੋਥੀ ਵਿੱਚ ਹੋਵੇ। ੩. ਜਾਪੁ, ਅਕਾਲ ਉਸਤਤਿ, ਵਿਚਿਤ੍ਰ ਨਾਟਕ, ਗਜਾਨ ਪ੍ਰਬੋਧ ਅਤੇ ਤੇਤੀਹ ਸਵੈਯੇ ਜਿਸ ਪੋਥੀ ਵਿੱਚ ਹੋਣ.

ਪੰਜ ਜਥੇ: ਪੰਜ ਯੂਥ. ਪੰਜ ਟੋਲੇ. ਦੇਖੋ, ਤਰੁਣ ਦਲ.

ਪੰਜ ਠਗ: "ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ" (ਵਾਰ ਮਲਾ ਮਃ ੧)

ਪੰਜ ਤਖਤ: ਅਕਾਲਬੁੰਗਾ, ਪਟਨਾ ਸਾਹਿਬ, ਕੇਸਗੜ੍ਹ, ਅਬਿਚਲਨਗਰ ਅਤੇ ਸ੍ਰੀ ਗੁਰੂ ਗ੍ਰੰਥਸਾਹਿਬ ਦੇ ਹਜੂਰ ਖਾਲਸਾਦੀਵਾਨ.

ਪੰਜ ਦੱਦੇ: ਦੇਖੋ, ਪੰਚ ਦਕਾਰ.

ਪੰਜ ਧਾਮ: ਦੇਖੋ, ਧਾਮ ੪.

ਪੰਜ ਨਿਮਾਜਾਂ, ਪੰਜ ਨਿਵਾਜਾਂ: ਦੇਖੋ, ਨਮਾਜ਼. "ਪੰਜ ਨਿਵਾਜਾਂ ਵਖਤ ਪੰਜ, ਪੰਜਾਂ ਪੰਜੇ ਨਾਉ." (ਵਾਰ ਮਾਝ ਮਃ ੧) ਸ੍ਰੀ ਗੁਰੂ ਨਾਨਕ ਦੇਵ ਨੇ ਉੱਤਮ ਪੰਜ ਨਮਾਜਾਂ ਇਹ ਦੱਸੀਆਂ ਹਨ- ਸਤਜ, ਹਲਾਲਖੋਰੀ, ਖ਼ੈਰਾਤ, ਨੀਯਤ ਸਾਫ ਅਤੇ ਖ਼ੁਦਾ ਦੀ ਸਿਫ਼ਤ. "ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ। ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।।" (ਵਾਰ ਮਾਝ ਮਃ ੧)

ਪੰਜ ਨੂਣ: ਦੇਖੋ, ਪੰਜ ਲੂਣ.

ਪੰਜ ਪਿਆਰੇ, ਪੰਜ ਪਜਾਰੇ: ਗੁਰਘਰ ਵਿੱਚ ਮੁੱਢ ਤੋਂ ਹੀ ਪੰਜ ਗੁਰਮੁਖਾਂ ਦੀ ਪ੍ਰਧਾਨਤਾ ਚਲੀ ਆਈ ਹੈ, ਜੇਹਾਕਿ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੇ ਵਾਕ ਤੋਂ ਪ੍ਰਸਿੱਧ ਹੈ. "ਪੰਚ ਪਰਵਾਣ ਪੰਚ ਪਰਧਾਨ." (ਜਪੁ) "ਗੁਰਮਤਿ ਪੰਚ ਸਖੇ ਗੁਰਭਾਈ." (ਮਾਰੂ ਸੋਲਹੇ ਮਃ ੧) "ਪੰਚ ਮਿਲੇ ਪਰਪੰਚ ਤਜ ××× ਸਾਧਸੰਗਤਿ ਸੋਹਨਿ ਗੁਰਭਾਈ." (ਭਾਗੁ) "ਸਬਦ ਸੁਰਤ ਲਿਵ ਗੁਰ ਸਿਖ ਸੰਧਿ ਮਿਲੇ ਪੰਚ ਪਰਪੰਚ ਮਿਟੇ ਪੰਚ ਪਰਧਾਨ ਹੈਂ" (ਭਾਗੁ ਕ) "ਗੁਰੁਘਰ ਕੀ ਮਰਜਾਦਾ ਪੰਚਹੁ." (ਗੁਪ੍ਰਸੂ)

ਗੁਰੂ ਨਾਨਕ ਦੇਵ ਤੋਂ ਲੈ ਕੇ ਪੰਜ ਪਜਾਰੇ ਚੁਣੇ ਜਾਂਦੇ ਰਹੇ ਹਨ, ਪਰ ਇਤਿਹਾਸ ਵਿੱਚ ਸਾਰਿਆਂ ਦੇ ਨਾਮ ਨਹੀਂ ਲਿਖੇ, ਕੇਵਲ ਥੋੜੇ ਨਾਮ ਦਿੱਤੇ ਹਨ, ਜੇਹਾ ਕਿ- ਗੁਰੂ ਅਰਜਨਦੇਵ ਦੇ ਪੰਜ ਪਜਾਰੇ- ਬਿਧੀਚੰਦ, ਜੇਠਾ, ਲੰਗਾਹ, ਪਿਰਾਣਾ ਅਤੇ ਭਾਈ ਪੈੜਾ. ਸ੍ਰੀ ਗੁਰੂ ਤੇਗਬਹਾਦੁਰ ਸਾਹਿਬ ਦੇ ਆਤਮਗਜਾਨੀ ਪੰਜ ਪਜਾਰੇ- ਦੀਵਾਨ ਮਤੀਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਊਦਾ ਅਤੇ ਜੈਤਾ।

੨. ਖ਼ਾਸ ਕਰਕੇ ਭਾਈ ਦਯਾ ਸਿੰਘ ਜੀ, ਧਰਮ ਸਿੰਘ ਜੀ, ਮੁਹਕਮ ਸਿੰਘ ਜੀ, ਸਾਹਿਬ ਸਿੰਘ ਜੀ ਅਤੇ ਹਿੰਮਤ ਸਿੰਘ ਜੀ. ਇਹ ਪੰਜ ਮਹਾਪੁਰਖ "ਪਜਾਰੇ" ਇਸ ਲਈ ਕਹੇ ਜਾਂਦੇ ਹਨ ਕਿ ੧. ਵੈਸਾਖ ਸੰਮਤ ੧੭੫੬ ਨੂੰ ਕੇਸ਼ਗੜ੍ਹ ਦੇ ਦੀਵਾਨ ਵਿੱਚ ਜਦ ਦਸ਼ਮੇਸ਼ ਨੇ ਨੰਗੀ ਤਲਵਾਰ ਧੂਹਕੇ ਫਰਮਾਇਆ ਕਿ ਜੋ ਪ੍ਰੇਮੀ ਸਿੱਖ ਹੈ ਉਹ ਮੈਨੂੰ ਸੀਸ ਅਰਪਣ ਕਰੇ, ਕਜੋਂਕਿ ਇਸ ਵੇਲੇ ਕੁਰਬਾਨੀ ਦੀ ਜ਼ਰੂਰਤ ਹੈ, ਤਦ ਸਭ ਤੋਂ ਪਹਿਲਾਂ ਇਨ੍ਹਾਂ ਪੰਜਾਂ ਨੇ ਸੀਸ ਅਰਪਣ ਕੀਤੇ. ਪਰਮਪਿਤਾ ਨੇ ਇਨ੍ਹਾਂ ਨੂੰ ਛਾਤੀ ਨਾਲ ਲਾਕੇ "ਪਜਾਰਾ" ਕਹਿਕੇ ਸੰਬੋਧਨ ਕੀਤਾ ਅਰ ਅਮ੍ਰਿਤ ਛਕਾਕੇ ਖਾਲਸਾਪੰਥ ਦੀ ਨਿਉਂ ਰੱਖੀ.

ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਆਗਜਾ ਸੀ ਕਿ ਦੀਵਾਨ ਵਿੱਚ ਜੋ ਪ੍ਰਸਾਦ ਵਰਤੇ, ਉਹ ਸਭ ਸਿੱਖਾਂ ਤੋਂ ਪਹਿਲਾਂ ਇਨ੍ਹਾਂ ਪੰਜਾਂ ਨੂੰ ਦਿੱਤਾ ਜਾਇਆ ਕਰੇ. ਉਸ ਰੀਤਿ ਦੀ ਨਕਲ ਹੁਣ ਤੀਕ ਕੜਾਹਪ੍ਰਸਾਦ ਵਰਤਣ ਸਮੇਂ ਦੇਖੀ ਜਾਂਦੀ ਹੈ.

ਅਫਸੋਸ ਹੈ ਕਿ ਇਨ੍ਹਾਂ ਮਹਾਨ ਪਰੋਪਕਾਰੀ ਗੁਰਮੁਖਾਂ ਦਾ ਸਹੀ ਜੀਵਨ ਸਾਨੂੰ ਜਤਨ ਕਰਨ ਤੇ ਭੀ ਪ੍ਰਾਪਤ ਨਹੀਂ ਹੋਇਆ, ਜੋ ਕੁਝ

ਲਿਖਿਆ ਮਿਲਿਆ ਹੈ ਉਸ ਨਾਲ ਸਾਡੀ ਪੂਰੀ ਸੰਮਤੀ ਨਹੀਂ, ਪਰ ਪਾਠਕਾਂ ਦੇ ਗਯਾਨ ਅਤੇ ਵਿਚਾਰ ਹਿਤ ਪੇਸ਼ ਕਰਦੇ ਹਾਂ- ਭਾਈ ਠਾਕੁਰ ਸਿੰਘ ਜੀ ਗਯਾਨੀ "ਗੁਰਦੁਆਰੇ ਦਰਸ਼ਨ" ਵਿੱਚ ਇਉਂ ਲਿਖਦੇ ਹਨ-

(੧) ਡੱਲਾ ਨਿਵਾਸੀ ਭਾਈ ਪਾਰੋ ਖਤ੍ਰੀ ਦੀ ਕੁਲ ਵਿੱਚ ਸੁੱਧੇ ਦੇ ਘਰ ਮਾਈ ਦਿਆਲੀ ਦੀ ਕੁੱਖ ਤੋਂ ਸੰਮਤ ੧੭੧੯ ਭਾਦੋਂ ਪ੍ਰਵਿਸ਼੍ਟ ੧੧. ਨੂੰ ਦਯਾ ਸਿੰਘ ਜੀ ਦਾ ਜਨਮ ਲਾਹੌਰ ਹੋਇਆ. ਇਨ੍ਹਾਂ ਦਾ ਪਿਤਾ ਗੁਰੂ ਤੇਗ ਬਹਾਦੁਰ ਸਾਹਿਬ ਦਾ ਸੇਵਕ ਸੀ. ਦਯਾ ਸਿੰਘ ਜੀ ਸੰਮਤ ੧੭੩੪ ਵਿੱਚ ਆਨੰਦਪੁਰ ਆਕੇ ਕਲਗੀਧਰ ਦੀ ਸੇਵਾ ਕਰਨ ਲੱਗੇ. ੧. ਵੈਸਾਖ ਸੰਮਤ ੧੭੫੬ ਨੂੰ ਸੀਸ ਭੇਟ ਕਰਕੇ ਅੰਮ੍ਰਿਤ ਛਕਿਆ.

ਸੰਮਤ ੧੭੬੨ ਵਿੱਚ ਲੋਹਗੜ੍ਹ (ਦੀਨੇ) ਤੋਂ ਜਫਰਨਾਮਾ ਲੈ ਕੇ ਔਰੰਗਜ਼ੇਬ ਪਾਸ ਦੱਖਣ ਗਏ. ਸੰਮਤ ੧੭੬੫ ਅੱਸੂ ੧੧. ਨੂੰ ਅਬਿਚਲਨਗਰ ਪਰਲੋਕ ਸਿਧਾਰੇ. ਦਯਾ ਸਿੰਘ ਜੀ ਦਾ ਪਰਿਵਾਰ ਮਾਤਾ ਸੁੰਦਰੀ ਜੀ ਨਾਲ ਦਿੱਲੀ ਰਿਹਾ, ਜਦ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਜੀ ਦੇ ਗ੍ਰੰਥੀ ਹੋਏ, ਤਦ ਉਹ ਭੀ ਅਮ੍ਰਿਤਸਰ ਜੀ ਆ ਗਿਆ. ਇਸ ਵੰਸ਼ ਵਿੱਚੋਂ ਪੁਜਾਰੀ ਜਵਾਹਰ ਸਿੰਘ ਜੀ ਹਨ.

(੨) ਪਿੰਡ ਜਟਵਾੜਾ (ਜਿਲਾ ਸਹਾਰਨਪੁਰ) ਵਿੱਚ ਸੰਤਰਾਮ ਜੱਟ ਦੇ ਘਰ ਮਾਤਾ ਜੱਸੀ (ਜਾਂ ਸਾਵੋ) ਦੀ ਕੁੱਖ ਤੋਂ ਸੰਮਤ ੧੭੨੪ ਕੱਤਕ ੭. ਨੂੰ ਧਰਮ ਸਿੰਘ ਜੀ ਦਾ ਜਨਮ ਹੋਇਆ. ਸੰਮਤ ੧੭੩੫ ਵਿੱਚ ਕਲਗੀਧਰ ਦੀ ਸ਼ਰਣ ਆਏ. ਵੈਸਾਖੀ ਸੰਮਤ ੧੭੫੬ ਨੂੰ ਸੀਸ ਭੇਟ ਕਰਕੇ ਸਿੰਘ ਸਜੇ. ੮. ਪੋਹ ਸੰਮਤ ੧੭੬੧ ਨੂੰ ਚਮਕੌਰ ਸ਼ਹੀਦ ਹੋਏ. ਇਨ੍ਹਾਂ ਦੀ ਵੰਸ਼ ਵਿੱਚੋਂ ਸਰਦਾਰ ਨੌਧ ਸਿੰਘ ਜੀ ਰਾਜਾ ਸਾਹਿਬ ਕਲਸੀਆਂ ਦੇ ਰਸਾਲਦਾਰ ਰਹੇ ਹਨ.

(੩) ਨੰਗਲਸ਼ਹੀਦਾਂ (ਜਿਲਾ ਹੁਸ਼ਿਆਰਪੁਰ) ਵਿੱਚ ਤੁਲਸੀ (ਜਾਂ ਚਮਨਰਾਮ) ਨਾਈ ਦੇ ਘਰ ਮਾਤਾ ਬਿਸਨਦੇਈ ਦੀ ਕੁੱਖ ਤੋਂ ੪. ਹਾੜ੍ਹ ਸੰਮਤ ੧੭੨੨ ਨੂੰ ਸਾਹਿਬ ਸਿੰਘ ਜੀ ਦਾ ਜਨਮ ਹੋਇਆ. ਸੰਮਤ ੧੭੩੯ ਵਿੱਚ ਆਨੰਦਪੁਰ ਆਕੇ ਸਤਿਗੁਰੂ ਦੀ ਸ਼ਰਣ ਰਹੇ. ਸੰਮਤ ੧੭੫੬ ਵਿੱਚ ਸੀਸ ਭੇਟ ਕਰਕੇ ਸਿੰਘ ਸਜੇ. ੮. ਪੋਹ ਸੰਮਤ ੧੭੬੧ ਨੂੰ ਚਮਕੌਰ ਸ਼ਹੀਦ ਹੋਏ. ਇਨ੍ਹਾਂ ਦੀ ਸੰਤਾਨ ਦੇ ਲੋਕ ਨੰਗਲਸ਼ਹੀਦਾਂ ਵਿੱਚ ਵਸਦੇ ਹਨ.

(੪) ਪਿੰਡ ਸੰਗਤਪੁਰਾ (ਰਾਜ ਪਟਿਆਲਾ) ਵਿੱਚ ਜੋਤੀਰਾਮ ਝਿਉਰ ਦੇ ਘਰ ਮਾਈ ਰਾਮੋ ਦੀ ਕੁੱਖ ਤੋਂ ੫. ਮਾਘ ਸੰਮਤ ੧੭੧੯ ਨੂੰ ਹਿੰਮਤ ਸਿੰਘ ਜੀ ਜਨਮੇ. ਸੰਮਤ ੧੭੩੫ ਵਿੱਚ ਕਲਗੀਧਰ ਦੀ ਸਰਣ ਆਏ. ਸੰਮਤ ੧੭੫੬ ਵਿੱਚ ਸੀਸ ਭੇਟ ਕਰਕੇ ਸਿੰਘ ਸਜੇ. ੮. ਪੋਹ ਸੰਮਤ ੧੭੬੧ ਨੂੰ ਚਮਕੌਰ ਸ਼ਹੀਦ ਹੋਏ. ਇਨ੍ਹਾਂ ਦੇ ਸੰਤਾਨ ਨਹੀਂ ਹੋਈ.

(੫) ਬੂੜੀਏ ਪਿੰਡ ਵਿੱਚ ਤੀਰਥਰਾਮ ਛੀਂਬੇ ਦੇ ਘਰ ਮਾਤਾ ਸੁਖਦੇਵੀ ਦੀ ਕੁੱਖ ਤੋਂ ੨੨ ਜੇਠ ਸੰਮਤ ੧੭੩੩ ਨੂੰ ਮੁਹਕਮ ਸਿੰਘ ਜੀ ਦਾ ਜਨਮ ਹੋਇਆ. ਸੰਮਤ ੧੭੪੨ ਵਿੱਚ ਆਨੰਦਪੁਰ ਨਿਵਾਸ ਕੀਤਾ. ਵੈਸਾਖੀ ਸੰਮਤ ੧੭੫੬ ਨੂੰ ਸੀਸ ਭੇਟ ਕਰਕੇ ਸਿੰਘ ਸਜੇ. ੮. ਪੋਹ ਸੰਮਤ ੧੭੬੧ ਨੂੰ ਚਮਕੌਰ ਸ਼ਹੀਦ ਹੋਏ. ਕਵਿਰਾਜ ਭਾਈ ਸੰਤੋਖ ਸਿੰਘ ਜੀ ਕਰਤਾ. ਗੁਰੁ ਪ੍ਰਤਾਪ ਸੂਰਯ ਇਨ੍ਹਾਂ ਦੀ ਹੀ ਵੰਸ਼ ਵਿੱਚੋਂ ਸਨ.

ਬਾਬਾ ਬੁੱਢਾ ਜੀ ਦੇ ਜੀਵਨਚਰਿਤ੍ਰ ਵਿੱਚ ਭਾਈ ਮੰਗਲ ਸਿੰਘ ਜੀ ਲਿਖਦੇ ਹਨ-

(ੳ) ਲਹੌਰ ਨਿਵਾਸੀ ਸੁੱਧੇ ਖਤ੍ਰੀ ਦੇ ਘਰ ਮਾਤਾ ਦਿਆਲੀ ਤੋਂ ਸੰਮਤ ੧੭੨੬ ਵਿੱਚ ਦਯਾਰਾਮ ਜਨਮਿਆ, ਸੰਮਤ ੧੭੫੬ ਵਿੱਚ ਦਸ਼ਮੇਸ਼ ਤੋਂ ਅਮ੍ਰਿਤ ਛਕਕੇ ਸਿੰਘ ਪਦ ਧਾਰਣ ਕੀਤਾ. ਸੰਮਤ ੧੭੬੫ ਵਿੱਚ ਆਪ ਦਾ ਦੇਹਾਂਤ ਗੋਦਾਵਰੀ ਦੇ ਕਿਨਾਰੇ ਅਬਿਚਲਨਗਰ ਹੋਇਆ. ਆਪ ਪੰਜ ਪਿਆਰਿਆਂ ਦੇ ਜਥੇਦਾਰ ਸਨ.

(ਅ) ਹਸਤਨਾਪੁਰ ਨਿਵਾਸੀ ਸੰਤਰਾਮ ਜੱਟ ਦੇ ਘਰ ਮਾਤਾ ਸਾਭੋ ਦੇ ਉਦਰ ਤੋਂ ਸੰਮਤ ੧੭੨੩ ਵਿੱਚ ਧਰਮਦਾਸ ਜੀ ਦਾ ਜਨਮ ਹੋਇਆ. ਸੰਮਤ ੧੭੫੬ ਵਿੱਚ ਦਸ਼ਮੇਸ਼ ਤੋਂ ਅਮ੍ਰਿਤ ਛਕਕੇ ਸਿੰਘ ਸਜੇ, ਸੰਮਤ ੧੭੬੫ ਵਿੱਚ ਹਜੂਰ ਸਾਹਿਬ ਇਨ੍ਹਾਂ ਦਾ ਦੇਹਾਂਤ ਹੋਇਆ.

(ੲ) ਦ੍ਵਾਰਿਕਾ ਨਿਵਾਸੀ ਤੀਰਥਚੰਦ ਛੀਂਬੇ ਦੇ ਘਰ ਮਾਤਾ ਦੇਵਾਂਬਾਈ ਦੇ ਉਦਰ ਤੋਂ ਸੰਮਤ ੧੭੨੦ ਵਿੱਚ ਮੁਹਕਮਚੰਦ ਜੀ ਜਨਮੇ. ਸੰਮਤ ੧੭੫੬ ਵਿੱਚ ਦਸ਼ਮੇਸ਼ ਤੋਂ ਅੰਮ੍ਰਿਤ ਛਕਕੇ ਖਾਲਸਾ ਸਜੇ. ਸੰਮਤ ੧੭੬੧ ਵਿੱਚ ਚਮਕੌਰ ਦੇ ਧਰਮਯੁੱਧ ਵਿੱਚ ਸ਼ਹੀਦ

ਹੋਏ.

(ਸ) ਬਿਦੁਰ ਨਿਵਾਸੀ ਚਮਨੇ ਨਾਈ ਦੇ ਘਰ ਸੋਨਾਬਾਈ ਦੇ ਉਦਰ ਤੋਂ ਸੰਮਤ ੧੭੧੯ ਵਿੱਚ ਸਾਹਿ ਬਚੰਦ ਜੀ ਦਾ ਜਨਮ ਹੋਇਆ. ਸੰਮਤ ੧੭੫੬ ਵਿੱਚ ਦਸ਼ਮੇਸ਼ ਤੋਂ ਅਮ੍ਰਿਤ ਛਕਕੇ ਸਿੰਘ ਪਦ ਧਾਰਨ ਕੀਤਾ. ਸੰਮਤ ੧੭੬੧ ਦੇ ਧਰਮਯੁੱਧ ਵਿੱਚ ਚਮਕੌਰ ਸਾਹਿਬ ਸ਼ਹੀਦ ਹੋਏ. ਇਨ੍ਹਾਂ ਨੇ ਅਮ੍ਰਿਤ ਛਕਣ ਤੋਂ ਪਹਿਲਾਂ ਭੀ ਧਰਮਯੁੱਧਾਂ ਵਿੱਚ ਹਿੱਸਾ ਲਿਆ ਹੈ. ਭੰਗਾਣੀ ਦੇ ਜੰਗ ਵਿੱਚ ਆਪ ਨੇ ਵਡੀ ਵੀਰਤਾ ਦਿਖਾਈ, ਜਿਸ ਦਾ ਜਿਕਰ ਵਿਚਿਤ੍ਰਨਾਟਕ ਦੇ ਅੱਠਵੇਂ ਅਧ੍ਯਾਯ ਵਿੱਚ ਦੇਖੀਦਾ ਹੈ.

(ਹ) ਪੁਰੀ (ਜਗੰਨਾਥ) ਨਿਵਾਸੀ ਗੁਲਜਾਰੀ ਝੀਵਰ ਦੇ ਘਰ ਧੰਨੋ ਦੇ ਉਦਰ ਤੋਂ ਸੰਮਤ ੧੭੧੮ ਵਿੱਚ ਹਿੰਮਤ ਜੀ ਦਾ ਜਨਮ ਹੋਇਆ. ਸੰਮਤ ੧੭੫੬ ਵਿੱਚ ਦਸ਼ਮੇਸ਼ ਤੋਂ ਅਮ੍ਰਿਤ ਪਾਨ ਕਰਕੇ ਸਿੰਘ ਸਜੇ. ਸੰਮਤ ੧੭੬੧ ਦੇ ਧਰਮਯੁੱਧ ਵਿੱਚ ਚਮਕੌਰ ਸ਼ਹੀਦ ਹੋਏ[795]। ੩. ਉਹ ਪੰਜ ਗੁਰਮੁਖ ਸਿੰਘ, ਜਿਨ੍ਹਾਂ ਨੂੰ ਕਲਗੀਧਰ ਨੇ ਚਮਕੌਰ ਦੀ ਗੜ੍ਹੀ ਛੱਡਣ ਸਮੇਂ ਗੁਰਤਾ ਅਰਪੀ- ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ, ਸੰਗਤ ਸਿੰਘ ਅਤੇ ਸੰਤਸਿੰਘ.

ਪੰਜ ਪ੍ਰਸਾਦ: ਖ਼ਾਲਸਾਮਤ ਦੇ ਮੰਨੇ ਹੋਏ ਪੰਜ ਨੈਵੇਦ੍ਯ, ਜੋ ਅਕਾਲ ਨੂੰ ਅਰਪਣ ਕਰਕੇ ਦੀਵਾਨ ਵਿੱਚ ਵਰਤਾਉਣ ਯੋਗ੍ਯ ਹਨ- ਕੜਾਹਪ੍ਰਸਾਦ, ਪਤਾਸੇ, ਗੁੜ, ਫਲ ਅਤੇ ਮਖਾਣੇ (ਲਾਚੀਦਾਣਾ).

ਪੰਜ ਪ੍ਰਕਾਰ ਦਾ ਭ੍ਰਮ: ਦੇਖੋ, ਭਰਮ ੫

ਪੰਜ ਪ੍ਰਕਾਰ ਦੇ ਭੋਜਨ: ਦੇਖੋ, ਭੋਜਨ.

ਪੰਜ ਬਾਣੀਆਂ: ਜਪੁ, ਜਾਪੁ, ਅਕਾਲ ਉਸਤਤਿ ਦੇ "ਸ੍ਰਾਵਗ" ਆਦਿ ੧੦. ਸਵੈਯੇ, ਰਹਿਰਾਸ ਅਤੇ ਸੋਹਲਾ, ਜਿਨ੍ਹਾਂ ਦਾ ਨਿਤ੍ਯਨਿਯਮ ਖ਼ਾਲਸੇ ਲਈ ਜ਼ਰੂਰੀ ਹੈ। ੨. ਉੱਪਰ ਲਿਖੀਆਂ ਬਾਣੀਆਂ ਦੇ ਅੰਦਰ ਆਈਆਂ ਪੰਜ ਬਾਣੀਆਂ, ਜਿਨ੍ਹਾਂ ਦਾ ਅਮ੍ਰਿਤ ਤਿਆਰ ਕਰਨ ਸਮੇਂ ਪਾਠ ਕੀਤਾ ਜਾਂਦਾ ਹੈ- ਜਪੁ, ਜਾਪੁ, ਚੌਪਈ, ਸਵੈਯੇ, ਅਨੰਦੁ.

ਪੰਜਭੀਤਿ, ਪੰਜਭੀਤੀ: ਪੰਜ ਡਰ, ਪੰਜ ਭਯ-

"ਏਸੁ ਕਲੀਓਂ ਪੰਜਭੀਤੀਓਂ ਕਿਉਕਰਿ ਰਖਾਂ ਪਤਿ?

(ੳ) ਜੇ ਬੋਲਾਂ ਤਾਂ ਆਖੀਐ ਬੜਬੜ ਕਰੇ ਬਹੁਤੁ,

(ਅ) ਚੁਪ ਕਰਾਂ ਤਾਂ ਆਖੀਐ ਇਤੁ ਘਟਿ ਨਾਹੀ ਮਤਿ,

(ੲ) ਜੇ ਬਹਿਰਹਾਂ ਤਾਂ ਆਖੀਐ ਬੈਠਾ ਸਥਰੁ ਘਤਿ,

(ਸ) ਉਠਿਜਾਈ ਤਾਂ ਆਖੀਐ ਛਾਰੁ ਗਇਆ ਸਿਰਿ ਘਤਿ,

(ਹ) ਜੇ ਕਰਿ ਨਿਵਾ ਤਾਂ ਆਖੀਐ ਡਰਦਾ ਕਰੈ ਭਗਤਿ.

(ਮਃ ੧. ਬੰਨੋ),

ਪੰਜ ਭੂ, ਪੰਜ ਭੂਤ: ਦੇਖੋ, ਪੰਚਭੂ ਅਤੇ ਪੰਚ ਭੂਤ.

ਪੰਜਮ: ਫ਼ਾ. پنجم ਵਿ- ਪੰਚਮ. ਪਾਂਚਵਾਂ. ਦੇਖੋ, ਪੰਚਮ.

ਪੰਜਮਾਰ: ਦੇਖੋ, ਪੰਜਮਾਰ। ੨. ਪੰਜ ਵਿਕਾਰਾਂ ਨੂੰ ਜਿੱਤਣ ਵਾਲਾ. "ਹੋਆ ਪੰਚਾਇਣ ਪੰਜਮਾਰ." (ਭਾਗੁ)

---

[795] ਕਈ ਲੇਖਕਾਂ ਨੇ ਪੰਜ ਪਿਆਰਿਆਂ ਦਾ ਪੂਰਵ ਜਨਮ ਲਊ, ਧੰਨਾ, ਨਾਮਦੇਵ, ਸੈਣ ਅਤੇ ਜਰਵੰਧਕ ਕਲਪਿਆ ਹੈ ਜੋ ਕੇਵਲ ਗੱਪ ਹੈ. ਕਵੀਆਂ ਨੂੰ ਲਿਖਣ ਲੱਗਿਆਂ ਇਹ ਧ੍ਯਾਨ ਭੀ ਨਹੀਂ ਰਿਹਾ ਕਿ ਖਤ੍ਰੀ ਦਾ ਆਤਮਾ ਮੁੜ ਖਤ੍ਰੀ ਦੇਹ ਵਿੱਚ ਅਤੇ ਨਾਈ ਦਾ ਨਾਈ ਵੰਸ਼ ਵਿੱਚ ਆਦਿ, ਕਿਸ ਨਿਯਮ ਅਨੁਸਾਰ ਆ ਸਕਦਾ ਹੈ.

**ਪੰਜਮੁਕਤੇ:** ਜਾਤ ਪਾਤਿ ਦੇ ਬੰਧਨ ਤੋਂ ਛੁਟੇ ਧਰਮ ਵੀਰ ਪੰਜ ਸਿੰਘ, ਜਿਨ੍ਹਾਂ ਨੇ ਪੰਜ ਪਜਾਰਿਆਂ ਪਿੱਛੋਂ ੧. ਵੈਸਾਖ ਸੰਮਤ ੧੭੫੬ ਨੂੰ ਕਲਗੀਧਰ ਤੋਂ ਅਮ੍ਰਿਤ ਛਕਿਆ- ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸਰ ਸਿੰਘ, ਫਤੇ ਸਿੰਘ.

**ਪੰਜ ਮੇਲ:** ਪੰਜ ਤਿਆਗਣ ਯੋਗ ਸਮਾਜ. ਮੀਣੇ, ਮਸੰਦ, ਧੀਰਮੱਲੀਏ, ਰਾਮਰਈਏ, ਸਿਰਗੁੰਮ.[796] ਜਦ ਇਹ ਖੰਡੇ ਦਾ ਅਮ੍ਰਿਤ ਛਕਣ, ਤਦ ਖ਼ਾਲਸੇ ਦੇ ਪਜਾਰੇ ਗੁਰਭਾਈ ਹਨ.

**ਪੰਜ ਯਾਰ:** ਦੇਖੋ, ਪੰਜ ਪਜਾਰੇ.

**ਪੰਜ ਯਾਰੀ:** ਦੇਖੋ, ਪਾਂਚਯਾਰੀ.

**ਪੰਜਰ:** ਸੰਗਯਾ- ਦੇਹ ਦੀਆਂ ਹੱਡੀਆਂ ਦਾ ਢਾਂਚਾ। ੨. ਪਿੰਜਰਾ. "ਸਾਗੜਦੀ ਸੰਜ ਪੰਜਰੇ." (ਰਾਮਾਵ) ਕਵਚਾਂ ਦੇ ਸ਼ਰੀਰ ਪੁਰ ਪਿੰਜਰੇ ਬਣ ਰਹੇ ਹਨ.

**ਪੰਜ ਰਤਨਾ:** ਦੇਖੋ, ਪੰਚਰਤਨ। ੨. ਖਾ. ਗਾਜਰ, ਮੂਲੀ, ਸ਼ਲਜਮ, ਬੈਂਗਣ ਅਤੇ ਕੱਦੂ ਪੰਜ ਮਿਲਾਕੇ ਰਿੱਧਾ ਸਲੂਣਾ.

**ਪੰਜ ਲੂਣ:** ਸਮੁੰਦਰੀ, ਸੌਂਚਰ, ਬਿੜ, ਸੇਂਧਾ ਅਤੇ ਸਾਂਭਰ.

**ਪੰਜ ਵਸਤ੍ਰ:** ਪੁਰਾਣੇ ਸਭ੍ਯ ਪੁਰਖਾਂ ਦੇ ਪੰਜ ਕਪੜੇ- ਦਸਤਾਰ, ਤਣੀਦਾਰ ਕੁੜਤੀ (ਅੰਗਾ), ਕੱਛ, ਕਮਰਕਸਾ ਅਤੇ ਹੱਥ ਮੂੰਹ ਸਾਫ ਕਰਨ ਦਾ ਸਾਫਾ। ੨. ਦੋ ਕੱਛਾਂ, ਦਸਤਾਰ, ਚਾਦਰਾ ਅਤੇ ਕੱਛ ਬਦਲਣ ਦਾ ਸਾਫਾ, ਇਹ ਪੰਜ ਵਸਤ੍ਰ ਭੀ ਪੁਰਾਣੇ ਸਿੰਘ ਗਿਣਿਆ ਕਰਦੇ ਸਨ.

**ਪੰਜ ਵਖਤ:** ਨਮਾਜ਼ ਦੇ ਪੰਜ ਵੇਲੇ. ਦੇਖੋ, ਨਮਾਜ਼. "ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ." (ਸ. ਫਰੀਦ)

**ਪੰਜਵਾ, ਪੰਜਵਾਂ:** ਵਿ- ਪੰਚਮ. ਪਾਂਚਵਾਂ. "ਪੰਜਵਾ ਪਾਇਆ ਘਿਰਤੁ." (ਵਾਰ ਆਸਾ) ੨. ਸੰਗਯਾ- ਖ਼ਾ. ਘੀ. ਘ੍ਰਿਤ. ਆਸਾ ਦੀ ਵਾਰ ਵਿੱਚ ਇਸ ਦਾ ਨੰਬਰ ਪੰਜਵਾਂ ਹੋਣ ਕਰਕੇ ਇਹ ਰੂਢੀ ਨਾਮ ਕਲਪਿਆ ਗਿਆ ਹੈ.

**ਪੰਜ ਵਾਜੇ:** ਦੇਖੋ, ਪੰਚ ਸ਼ਬਦ.

**ਪੰਜਾ:** ਫ਼ਾ. پنجہ ਸੰ. ਪੰਚਕ. ਸੰਗਯਾ- ਪੰਜ ਦਾ ਸਮੁਦਾਯ। ੨. ਜੁੱਤੀ ਦਾ ਅਗਲਾ ਭਾਗ, ਜਿਸ ਵਿੱਚ ਪੈਰ ਦਾ ਅੰਗੂਠਾ ਅਤੇ ਉਂਗਲਾਂ ਹੁੰਦੀਆਂ ਹਨ। ੩. ਹੱਥ ਦੀ ਹਥੇਲੀ, ਪੰਜ ਉਂਗਲਾਂ ਸਮੇਤ। ੪. ਦਸਤਾਨਾ. "ਪਹਿਰੇ ਪੰਜੰ." (ਰਾਮਾਵ) ੫. ਹੱਥ ਦੀਆਂ ਪੰਜ ਉਂਗਲਾਂ ਦਾ ਮੁਹਰ ਵਾਂਗ ਕਾਗਜ ਪੁਰ ਲਾਇਆ ਛਾਪਾ. ਇਸ ਦਾ ਰਿਵਾਜ ਹਜਰਤ ਮੁਹੰਮਦ ਤੋਂ ਜਾਰੀ ਹੋਇਆ. ਅਨਪੜ ਹੋਣ ਕਾਰਣ ਉਹ ਲਿਖਤ ਹੇਠ ਪੰਜਾ ਲਾਇਆ ਕਰਦੇ ਸਨ. ਦਿੱਲੀ ਦੇ ਬਾਦਸ਼ਾਹ ਜਹਾਂਗੀਰ ਆਦਿ ਵਿਦ੍ਵਾਨ ਹੋਣ ਪੁਰ ਭੀ ਕਾਗਜਾਂ ਪੁਰ ਪੰਜਾ ਲਾਇਆ ਕਰਦੇ ਸਨ. ਕਈ ਸਨਦਾਂ ਪੁਰ ਮਨਜੂਰ ਸ਼ਬਦ ਲਿਖਕੇ ਹੇਠ ਦਸ੍ਤਖਤ ਦੀ ਥਾਂ ਪੰਜਾ ਲਾ ਦਿੰਦੇ ਸਨ. ਕਰਨਲ ਟਾਡ ਨੇ ਰਾਜਸ੍ਥਾਨ ਵਿੱਚ ਇਸ ਦਾ ਜਿਕਰ ਕੀਤਾ ਹੈ। ੬. ਪੰਜੇ ਦੇ ਆਕਾਰ ਦਾ ਇੱਕ ਲੋਹੇ ਦਾ ਸ਼ਸਤ੍ਰ, ਜਿਸ ਨੂੰ ਨਿਹੰਗ ਸਿੰਘ ਦੁਮਾਲੇ ਤੇ ਪਹਿਰਦੇ ਹਨ। ੭. ਦੇਖੋ, ਪੰਜਾ ਸਾਹਿਬ.

**ਪੰਜਾਸਾਹਿਬ:** ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਹਸਨ ਅਬਦਾਲ ਗ੍ਰਾਮ ਪਾਸ ਇੱਕ ਸਿਲਾ ਪੁਰ ਲੱਗਿਆ ਹੋਇਆ ਹੱਥ ਦਾ ਚਿੰਨ੍ਹ, ਜਿੱਥੇ ਹੁਣ ਪ੍ਰਸਿੱਧ ਗੁਰਦ੍ਵਾਰਾ ਹੈ. ਪੰਜਾਸਾਹਿਬ ਦੇ ਪਾਸ ਜਲ ਦਾ ਚਸ਼ਮਾ ਹੈ, ਜਿਸ ਦਾ ਬਹੁਤ ਨਿਰਮਲ ਜਲ ਛੋਟੇ ਤਾਲ ਵਿੱਚ ਜਮਾ ਹੋਕੇ ਵਹਿੰਦਾ ਰਹਿੰਦਾ ਹੈ. ਸੰਗਤਿ ਨੇ ਖੋਜ ਕਰਕੇ ਨਿਸ਼ਚਾ ਕੀਤਾ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਇੱਥੇ ੧. ਸਾਵਣ ਨੂੰ ਪਧਾਰੇ ਹਨ ਅਤੇ ਇਸੇ ਦਿਨ ਪੰਜਾ ਲੱਗਾ ਹੈ.

ਰੇਲਵੇ ਸਟੇਸ਼ਨ ਹਸਨਅਬਦਾਲ ਤੋਂ ਇਹ ਗੁਰਅਸਥਾਨ ਅੱਧ ਮੀਲ ਦੱਖਣ ਪੱਛਮ ਹੈ. ਗੁਰਦ੍ਵਾਰੇ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਰਪੀ ਪੰਜ ਸੌ ਰੁਪਯਾ ਸਾਲਾਨਾ ਜਾਗੀਰ ਹੈ. ਕੁਝ ਜ਼ਮੀਨ ਗੁਰਦ੍ਵਾਰੇ ਨਾਲ ਹੈ, ਪਨਚੱਕੀਆਂ ਦੀ ਭੀ ਆਮਦਨ ਹੈ. ਸਨ

---

[796] ਦੇਖੋ ਸਿਰਗੁੰਮ.

੧੯੨੦ ਦੇ ਅੰਤ ਇਸ ਪਵਿਤ੍ਰ ਗੁਰਧਾਮ ਦੇ ਪ੍ਰਬੰਧ ਦਾ ਸੁਧਾਰ ਹੋਇਆ, ਹੁਣ ਗੁਰਸਿੱਖਾਂ ਦੀ ਕਮੇਟੀ ਗੁਰਦ੍ਵਾਰੇ ਦਾ ਉੱਤਮ ਪ੍ਰਬੰਧ ਕਰ ਰਹੀ ਹੈ, ਜਾਤ੍ਰੀਆਂ ਦੇ ਆਰਾਮ ਅਤੇ ਲੰਗਰ ਦਾ ਚੰਗਾ ਇੰਤਜਾਮ ਹੈ. ਬਹੁਤ ਇਮਾਰਤ ਬਣ ਗਈ ਹੈ ਅਤੇ ਦਿਨੋ ਦਿਨ ਹੋਰ ਬਣਦੀ ਜਾਂਦੀ ਹੈ. ਪੇਸ਼ਾਵਰ ਦੀ ਸੰਗਤ ਨੇ ਇੱਕ ਸੁੰਦਰ ਸਰਾਇ ਬਣਵਾ ਦਿੱਤੀ ਹੈ.

ਮਹਾਰਾਜਾ ਨਾਭਾ ਨੇ ਪ੍ਰਸਿੱਧ ਕਵਿ ਗ੍ਵਾਲ ਨੇ ਪੰਜਾਸਾਹਿਬ ਬਾਬਤ ਲਿਖਿਆ ਹੈ.

"ਪਵੰਤ ਪੈ ਪਾਨੀ ਕੀ ਜਲੂਸ ਕੋ ਜਗੈਯਾ ਪੀਰ

ਵਾਂਕੀ ਕਰਾਮਾਤ ਖੈਂਚ ਦਾਬ ਕੋ ਸ਼ਿਕੰਜਾ ਹੈ,

ਸਿੱਖਨ ਕੇ ਪਾਲਬੇ ਕੋ ਵਿਸ਼੍ਨੁ ਪਾਣਿ ਪਦਮ ਜੈਸੋ

ਦਾਰਿਦ ਦੁਖਨ ਕੋ ਤ੍ਰਿਸੂਲਿ ਸਮ ਗੰਜਾ ਹੈ,

ਗ੍ਵਾਲ ਕਵਿ ਅਰਜ ਕਰੈਯਨ ਕੀ ਪੂਰੇ ਗਜ਼ੰ

ਤੁਰਕਨ ਤੇਜ ਤੂਲ ਤੁੰਗਨ ਕੋ ਭੰਜਾ ਹੈ,

ਗਿਰਿ ਕੋ ਗਿਰਤ ਥਾਂਭਲਿਯੋ ਸੋ ਪ੍ਰਤੱਖ ਅਜੌਂ

ਦੇਖੋ ! ਸ੍ਵਛ ਐਸੋ ਗੁਰੁ ਨਾਨਕ ਕੋ ਪੰਜਾ ਹੈ.

੨. ਹੁਣ ਹਸਨਅਬਦਾਲ ਦਾ ਨਾਮ ਭੀ ਪੰਜਾਸਾਹਿਬ ਪ੍ਰਸਿੱਧ ਹੋ ਗਿਆ ਹੈ, ਭਾਵੇਂ ਬਹੁਤ ਲੋਕ ਹਸਨਅਬਦਾਲ ਭੀ ਆਖਦੇ ਹਨ. ਹਸਨਅਬਦਾਲ ਰਾਵਲਪਿੰਡੀ ਤੋਂ ੨੯ ਮੀਲ ਹੈ. ਦੇਖੋ, ਹਸਨਅਬਦਾਲ.

ਪੰਜਾਂਗੁਲਾਂ: ਦੇਖੋ, ਪੰਚਾਂਗੁਲਾਂ.

ਪੰਜਾਬ: ਪੰਜ ਨਦ. ਪੰਜ- ਆਬ. ਪੰਜ ਜਲਧਾਰਾ ਜਿਸ ਦੇਸ਼ ਵਿੱਚ ਵਹਿੰਦੀਆਂ ਹਨ- ਵਿਤਸ੍ਤਾ (ਜੇਹਲਮ), ਚੰਦ੍ਰਭਾਗਾ (ਚਨਾਬ), ਐਰਾਵਤੀ (ਰਾਵੀ), ਵਿਪਾਸ਼ (ਬਿਆਸ), ਸ਼ਤਦ੍ਰਵ (ਸਤਲੁਜ).

ਪੰਜਾਬ ਵਿੱਚ ੩੨ ਅੰਗ੍ਰੇਜ਼ੀ ਜਿਲੇ ਅਤੇ ੪੩ ਦੇਸੀ ਰਿਆਸਤਾਂ ਹਨ, ਜਿਨ੍ਹਾਂ ਵਿੱਚੋਂ ਏ. ਜੀ. ਜੀ. (Agent to the Governor General) ਨਾਲ ਤੇਰਾਂ- (ਪਟਿਆਲਾ, ਬਹਾਵਲਪੁਰ, ਜੀਂਦ, ਨਾਭਾ, ਕਪੂਰਥਲਾ, ਮੰਡੀ, ਸਰਮੌਰ, ਬਿਲਾਸਪੁਰ, ਮਲੇਰ- ਕੋਟਲਾ, ਫਰੀਦਕੋਟ, ਚੰਬਾ, ਸੁਕੇਤ ਅਤੇ ਲੁਹਾਰੂ) ਨੀਤਿਸੰਬੰਧ ਰਖਦੀਆਂ ਹਨ. ਅੰਬਾਲੇ ਦੇ ਕਮਿਸ਼ਨਰ ਦ੍ਵਾਰਾ ਪੰਜਾਬ ਗਵਰਨਮੈਂਟ ਨਾਲ ਤਿੰਨ (ਪਟੌਦੀ, ਦੁਜਾਨਾ ਅਤੇ ਕਲਸੀਆ) ਸੰਬੰਧਿਤ ਹਨ. ਸੁਪਰਨਡੈਂਟ ਹਿਲ ਸਟੇਟਸ ਸਿਮਲਾ (Superintenzent Hill States Simla) ਦੀ ਰਾਹੀਂ ਪੰਜਾਬ ਦੇ ਗਵਰਨਰ ਨਾਲ ਸਤਾਈ ਰਿਆਸਤਾਂ (ਬੁਸ਼ਹਿਰ, ਨਾਲਾਗੜ੍ਹ (ਅਥਵਾ ਹਿੰਡੂਰ) ਕਯੋਂਥਲ, ਬਾਘਲ, ਬਘਾਟ, ਜੁੱਬਲ, ਕੁਮ੍ਹਾਰਸੈਨ, ਭੱਜੀ, ਮੈਲੋਗ, ਬਲਸਨ, ਧਾਮੀ, ਕੁਠਾਰ, ਕੁਨਿਹਾਰ, ਮਾਂਗਲ, ਬਿਜਾ, ਦਾਰਕੋਟੀ, ਤਿਰੋਚ, ਸਾਂਗਰੀ, ਕਨੇਤੀ, ਡੈਲਠਾ. ਕੋਟੀ ਥੇਓਗ, ਮਧਾਨ, ਘੁੰਡ, ਰਤੇਸ਼, ਹਾਂਵੀਗਢ ਅਤੇ ਢਾਡੀ) ਪੋਲਿਟਿਕਲ

(Political) ਸੰਬੰਧ ਰਖਦੀਆਂ ਹਨ.

ਪੰਜਾਬ ਦਾ ਕੁੱਲ ਰਕਬਾ (area) ੧੩੬੯੦੫ ਵਰਗ ਮੀਲ ਹੈ. ਜਿਸ ਵਿੱਚੋਂ ਰਿਆਸਤਾਂ ਦਾ ੩੭੦੫੯ ਵਰਗ ਮੀਲ ਹੈ.

ਪੰਜਾਬ ਦੀ ਕੁੱਲ ਆਬਾਦੀ ੨੫੧੦੧੦੬੦ ਹੈ, ਜਿਸ ਵਿੱਚੋਂ ਰਿਆਸਤਾਂ ਦੀ ੪, ੪੧੬, ੦੩੬ ਹੈ. ਜਾਤਿ ਅਤੇ ਮਤ ਭੇਦ ਅਨੁਸਾਰ ਜਨਸੰਖ੍ਯਾ ਇਉਂ ਹੈ-

ਮੁਸਲਮਾਨ ੧੨, ੯੫੫, ੧੪੧.

ਹਿੰਦੂ ੯, ੧੨੫, ੨੦੨.

ਸਿੱਖ ੩, ੧੧੦, ੦੬੦.[797]

ਈਸਾਈ ੩੪੬, ੨੫੯.

ਜੈਂਨੀ ੪੬, ੦੧੯

ਬੌੱਧ ੫, ੬੧੮.

ਪਾਰਸੀ ੫੯੮.

ਯਹੂਦੀ ੩੬.

ਇਹ ਦੇਸ਼, ਸਿੱਖਰਾਜ ਦੇ ਛਿੰਨ ਭਿੰਨ ਹੋਣ ਪੁਰ ੨੯ ਮਾਰਚ ਸਨ ੧੮੪੯ ਨੂੰ ਅੰਗ੍ਰੇਜ਼ਾਂ ਦੇ ਕਬਜੇ ਆਇਆ. ਇਸ ਦਾ ਅਸਲ ਹਾਲ ਜਾਣਨ ਲਈ ਦੇਖੋ, J. D. Cunningham ਦਾ ਸਿੱਖ ਇਤਿਹਾਸ ਅਤੇ ਮੇਜਰ Evans Bell ਕ੍ਰਿਤ Annexation of the Punjab.

ਪੰਜਾਬ ਕੌਰ: ਬਾਬਾ ਰਾਮਰਾਇ ਜੀ ਦੀ ਧਰਮਪਤਨੀ, ਜਿਸ ਨੇ ਰਾਮਰਾਇ ਜੀ ਦੇ ਦੇਹਾਂਤ ਪੁਰ ਮਸੰਦਾਂ ਤੋਂ ਤੰਗ ਆਕੇ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਚਾਹੀ ਸੀ. ਦਸ਼ਮੇਸ਼ ਨੇ ਦੇਹਰੇਦੂਨ ਪਹੁਚਕੇ ਇਸ ਦੇ ਘਰ ਦਾ ਸਭ ਯੋਗ ਇੰਤਜਾਮ ਕੀਤਾ. ਮਾਤਾ ਜੀ ਦਾ ਦੇਹਾਂਤ ਵੈਸਾਖ ਸੁਦੀ ੪. ਸੰਮਤ ੧੭੯੮ ਨੂੰ ਹੋਇਆ. ਸਮਾਧੀ ਦੇਹਰੇਦੂਨ ਵਿਦਮਾਨ ਹੈ.

ਪੰਜਾਬੀ: ਪੰਜਾਬ ਦਾ ਵਸਨੀਕ। ੨. ਪੰਜਾਬ ਦੀ ਭਾਸ਼ਾ, ਜਿਸ ਨੂੰ ਪੰਜਾਬ ਦੇ ਵਸਨੀਕ ਬੋਲਦੇ ਹਨ। ੩. ਪੰਜਾਬ ਨਾਲ ਸੰਬੰਧਿਤ. ਪੰਜਾਬ ਦਾ, ਦੀ। ੪. ਗੁਰਮੁਖੀ ਲਿਪੀ (ਲਿਖਤ) ਜਿਸ ਵਿੱਚ ਪੰਜਾਬ ਦੀ ਬੋਲੀ ਉੱਤਮ ਲਿਖੀ ਜਾਂਦੀ ਹੈ.

ਪੰਜਾਲੀ: ਪੰਜ ਅਰਲੀਆਂ ਦਾ ਯੰਤ੍ਰ. ਜੋ ਹਲ ਗੱਡਾ ਆਦਿ ਜੋਤਣ ਸਮੇਂ ਬੈਲਾਂ ਦੇ ਗਲ ਪਾਈਦਾ ਹੈ.

ਪੰਜਾਂ ਵਿੱਚ ਪਰਮੇਸੁਰ: ਭਾਵ- ਪੰਜ ਗੁਰਮੁਖਾਂ ਦੀ ਆਗਯਾ ਈਸ਼੍ਵਰ ਦਾ ਹੁਕਮ ਸਮਝਣਾ ਚਾਹੀਏ.

ਬਾਣਿ ਮੇ ਸ਼ਾਰਦ ਕਾਠ ਹੁਤਾਸ਼ਨ

ਤਾਰ ਕੇ ਯੰਤ੍ਰ ਮੇ ਰਾਗ ਕਲੋਲੈਂ,

ਸਾਧਨ ਮਾਹਿ ਜਥੋਂ ਸਿੱਧਿ ਬਸੈ

ਹਰਿ ਸਾਧੁਨ ਸੰਗਤਿ ਮੇ ਨਿਤ ਡੋਲੈਂ.

ਮੈਨ ਮੇ ਜੀਵ ਜਥੋਂ ਧੇਨੁ ਮੇ "ਅੰਮ੍ਰਿਤ"

ਤਥੋਂ ਦਧਿ ਮੇ ਘ੍ਰਿਤ ਪਾਇਯੇ ਛੋਲੈਂ,

ਫੂਲ ਮੇ ਗੰਧ ਮਹਾਨਦ ਕੰਚਨ

ਪੰਚਨ ਮੇ ਪਰਮੇਸ਼੍ਵਰ ਬੋਲੈਂ.

ਦੇਖੋ, ਪੰਚ.

ਪੰਜੀਹ: ਪੰਚ ਵਿੰਸ਼ਤਿ. ਪੰਝੀ. ਪੱਚੀ- ੨੫.

---

[797] ਸਿੱਖਾਂ ਦੀ ਗਿਣਤੀ ਸਹੀ ਨਹੀਂ ਹੈ. ਕਿਉਂਕਿ ਸਹਜ-ਧਾਰੀ ਸਿੱਖ ਇਸ ਵਿੱਚ ਸ਼ਾਮਿਲ ਨਹੀਂ, ਅਤੇ ਬਹੁਤ ਕੇਸ਼ਧਾਰੀਆਂ ਨੂੰ ਭੀ ਹਿੰਦੂਆਂ ਵਿੱਚ ਹੀ ਸ਼ੁਮਾਰ ਕੀਤਾ ਗਿਆ ਹੈ, ਇਸ ਲਈ ਤਾਦਾਦ ਇਸ ਨਾਲੋਂ ਬਹੁਤ ਜਾਦਾ ਹੈ.

ਪੰਜੀਹੇ: ਭਾਵ- ਰੁਪਯੇ. ਪੁਰਾਣੇ ਸਮੇਂ ਪੱਚੀ ਪੱਚੀ ਦੀ ਢੇਰੀ ਲਾਕੇ ਰੁਪਯੇ ਗਿਣਨ ਦਾ ਰਿਵਾਜ ਸੀ. "ਜੇ ਪੰਜੀਹੇ ਹੋਂਦੇ ਹੈਨ, ਤਾਂ ਰੋਜਗਾਰ ਕਰਦੇ ਹਨ." (ਜਸਾ)

ਪੰਜੀਰੀ, ਪੰਜੀਰੁ: ਘੀ ਵਿੱਚ ਆਟਾ ਭੁੰਨਕੇ ਖੰਡ ਅਤੇ ਜੀਰਕ (ਜੀਰਾ) ਮਿਲਾਕੇ ਬਣਾਇਆ ਇੱਕ ਖਾਣ ਵਾਲਾ ਪਦਾਰਥ. ਪੰਜੀਰੀ ਵਿੱਚ ਧਨੀਆ ਸੁੰਢ ਆਦਿ ਭੀ ਮਿਲਾਏ ਜਾਂਦੇ ਹਨ. ਬਹੁਤ ਲੋਕ ਅਨੇਕ ਮੇਵੇ ਭੀ ਪਾਉਂਦੇ ਹਨ. ਪੁਰਾਣਾ ਸੰਸਕ੍ਰਿਤ ਨਾਮ "ਪੰਚ ਜੀਰਕ" ਹੈ. ਜੀਰਾ ਸੌਂਫ ਆਦਿ ਪੰਜ ਪਦਾਰਥ ਮਿਲਾਏ ਜਾਂਦੇ ਸਨ. "ਕਰਿ ਪੰਜੀਰੁ ਖਵਾਇਓ ਚੋਰ." (ਭੈਰ ਮਃ ੫)

ਪੰਜੇ ਐਬ ਸ਼ਰਈ: ਪੰਜ ਐਬ ਹੋਣ ਪੁਰ ਭੀ ਆਪਣੇ ਤਾਈਂ ਸ਼ਰਾ ਦਾ ਪਾਬੰਦ ਮੰਨਣਵਾਲਾ. ਦੇਖੋ, ਪੰਜ ਐਬ.

ਪੰਜੇਬ: ਦੇਖੋ, ਪਾਜੇਬ.

ਪੰਜੋਖਰਾ: ਜਿਲਾ, ਤਸੀਲ, ਥਾਣਾ ਅੰਬਾਲਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਛੀ ਮੀਲ ਪੂਰਵ ਪੱਕੀ ਸੜਕ ਪੁਰ ਹੈ. ਇਸ ਪਿੰਡ ਤੋਂ ਇੱਕ ਫਰਲਾਂਗ ਉੱਤਰ ਪੂਰਵ ਅੱਠਵੇਂ ਸਤਿਗੁਰੂ ਦਾ ਗੁਰਦ੍ਵਾਰਾ ਹੈ. ਗੁਰੂ ਹਰਿਕ੍ਰਿਸ਼ਨ ਸਾਹਿਬ ਜਦ ਦਿੱਲੀ ਨੂੰ ਜਾ ਰਹੇ ਸਨ. ਤਾਂ ਇਸ ਥਾਂ ਵਿਰਾਜੇ. ਕ੍ਰਿਸ਼ਨ ਲਾਲ ਪੰਡਿਤ ਨੇ ਸਤਿਗੁਰਾਂ ਤੋਂ ਗੀਤਾ ਦੇ ਅਰਥ ਪੁੱਛੇ, ਇਸ ਪੁਰ ਗੁਰੂ ਸਾਹਿਬ ਨੇ ਇੱਕ ਮੂਰਖਰਾਜ ਛੱਜੂ ਝੀਵਰ ਤੋਂ ਗੀਤਾ ਦੇ ਚਮਤਕਾਰੀ ਅਰਥ ਸੁਣਵਾਏ. ਸ਼ਕਤਿ ਦੇਖਕੇ ਪੰਡਿਤ ਨੇ ਗੁਰਸਿੱਖੀ ਧਾਰਣ ਕੀਤੀ.

ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਹਨ. ਦੋ ਸੌ ਵਿੱਘੇ ਜ਼ਮੀਨ ਸਿੱਖ ਰਾਜ ਸਮੇਂ ਦੀ ਹੈ. ਪੁਜਾਰੀ ਸਿੰਘ ਹੈ. ਪਹਿਲੀ ਫੱਗੁਣ ਨੂੰ ਮੇਲਾ ਹੁੰਦਾ ਹੈ.

ਪੰਜੌਰ: ਸੰ. पञ्चपुर- ਪੰਚਪੁਰ. ਰਿਆਸਤ ਪਟਿਆਲਾ ਦੀ ਨਜ਼ਾਮਤ ਪਟਿਆਲਾ, ਤਸੀਲ ਕੰਡਾਘਾਟ ਵਿੱਚ ਕਾਲਕਾ ਦੇ ਪਾਸ ਇੱਕ ਪਿੰਡ, ਜਿੱਥੇ ਫਿਰੋਜਸ਼ਾਹ ਤੁਗਲਕ ਦਾ ਉੱਚੇ ਨੀਵੇਂ ਦਰਜੇ ਰੱਖਕੇ ਬਣਾਇਆ ਹੋਇਆ ਸੁੰਦਰ ਬਾਗ ਹੈ.[798] ਇੱਥੇ ਧਾਰਾਤੀਰਥ ਪਾਸ ਸ਼੍ਰੀ ਗੁਰੂ ਨਾਨਕ ਦੇਵ ਦਾ ਗੁਰਦ੍ਵਾਰਾ ਹੈ. ਇਸ ਦੀ ਇਮਾਰਤ ਮਹਾਰਾਜ ਕਰਮ ਸਿੰਘ ਜੀ ਨੇ ਬਣਵਾਈ ਹੈ, ਗੁਰਦ੍ਵਾਰੇ ਨਾਲ ੮੯ ਵਿੱਘੇ ਜ਼ਮੀਨ ਅਤੇ ੫੧ ਰੁਪਯੇ ਨਕਦ ਰਿਆਸਤ ਪਟਿਆਲਾ ਤੋਂ ਸਾਲਾਨਾ ਮਿਲਦੇ ਹਨ. ਪੁਜਾਰੀ ਉਦਾਸੀ ਹੈ. ਵੈਸਾਖ ਸੁਦੀ ੩. ਨੂੰ ਮੇਲਾ ਹੁੰਦਾ ਹੈ.

ਪੰਝੀ: ਪੰਚਵਿੰਸ਼ਤਿ. ਪਚੀਸ. ਵੀਹ ਅਤੇ ਪੰਜ- ੨੫.

ਪੰਞ, ਪੰਞੁ: ਪੰਚ. ਪ੍ਰਧਾਨ. "ਸਰਣਾਗਤਿ ਸਾਧੂ ਪੰਞੁ."(ਬਸੰ ਮਃ ੪)

ਪੰਡ: ਸੰ. पण्ड. ਧਾ- ਇਕੱਠਾ ਕਰਨਾ, ਢੇਰ ਕਰਨਾ। ੨. ਸੰਗਜਾ- ਗਠੜੀ. ਪੋਟ. "ਤਿਹਾ ਗੁਣਾ ਕੀ ਪੰਡ ਉਤਾਰੈ." (ਮਲਾ ਮਃ ੩) ੩. ਦੋ ਗਜ਼ ਚੌੜੇ ਅਤੇ ਤਿੰਨ ਗਜ਼ ਲੰਮੇ ਵਸਤ੍ਰ ਵਿੱਚ ਜਿਤਨਾ ਨੀਰਾ ਆਦਿ ਪਦਾਰਥ ਬੰਨ੍ਹਿਆ ਜਾ ਸਕੇ, ਉਤਨਾ ਪ੍ਰਮਾਣ. ਤਿੰਨ ਮਣ ਕੱਚਾ ਬੋਝ (ਇੱਕ ਮਣ ਸਾਢੇ ਬਾਰਾਂ ਸੇਰ ਪੱਕਾ). ੩. ਸੰ. ਹੀਜੜਾ. ਨਪੁੰਸਕ। ੪. ਰਾਜਾ ਪਾਂਡੁ, ਜੋ ਪਾਂਡਵਾ ਦਾ ਵਡੇਰਾ ਸੀ. "ਪੰਡ ਰਾਜ ਜਹਿਂ ਜੋਗ ਕਮਾਵਾ." (ਵਿਚਿਤ੍ਰ)

ਪੰਡਤ, ਪੰਡਤਾਈ: ਦੇਖੋ, ਪੰਡਿਤ ਅਤੇ ਪੰਡਿਤਾਈ.

ਪੰਡਰਪੁਰ, ਪੰਢਰਪੁਰ: ਬੰਬਈ ਦੇ ਇਲਾਕੇ ਜਿਲਾ ਸ਼ੋਲਾਪੁਰ ਵਿੱਚ ਭੀਮਾ ਨਦੀ ਦੇ ਦੱਖਣੀ ਕਿਨਾਰੇ ਇੱਕ ਨਗਰ, ਜਿੱਥੇ ਵਿਠੋਵਾ (ਵਿਸ਼ਨੁ) ਦਾ ਪ੍ਰਸਿੱਧ ਮੰਦਿਰ ਹੈ. ਦੇਖੋ, ਨਾਮਦੇਵ.

---

[798] ਕਈ ਲੇਖਕਾਂ ਨੇ ਲਿਖਿਆ ਹੈ ਕਿ ਇਹ ਬਾਗ ਔਰੰਗਜ਼ੇਬ ਦੇ ਵਡੇ ਅਮੀਰ ਅਹਿਲਕਾਰ ਫ਼ਿਦਾਈਖ਼ਾਨ ਨੇ ਆਪਣੀ ਜਾਗੀਰ ਅੰਦਰ ਸਨ ੧੦੭੧ ਹਿਜਰੀ ਵਿੱਚ ਬਣਵਇਆ ਸੀ.

ਪੰਡਾ: ਸੰ. ਸੰਗਯਾ- ਗਯਾਨ. ਬੁੱਧਿ। ੨. ਵਿਚਾਰ। ੩. ਸ਼ਾਸਤ੍ਰਗਯਾਨ। ੪. ਸੰ. ਪੰਡਿਤ. ਵਿਦ੍ਵਾਨ ਇਸੇ ਤੋਂ ਤੀਰਥਪੁਰੋਹਿਤਾਂ ਦਾ ਨਾਮ ਪੰਡਾ ਅਥਵਾ ਪਾਂਡਾ ਹੋਗਿਆ ਹੈ.

ਪੰਡਾਵਤ, ਪੰਡਿਤ: ਸੰ. ਵਿ- ਵਿਦ੍ਵਾਨ. ਗਯਾਨੀ. "ਬਿਨੁ ਬਿਦਿਆ ਕਹਾ ਕੋਈ ਪੰਡਿਤ" (ਭੈਰ ਮਃ ੫) ੨. ਸੰਗਯਾ- ਵਿਦਯਾ ਵਿੱਚ ਨਿਪੁਣ ਪੁਰਖ. "ਪੰਡਿਤ, ਦੇਖਹੁ ਰਿਦੈ ਬੀਚਾਰਿ." (ਗਉ ਕਬੀਰ) ੩. ਵ੍ਯਾਸਸਿਮ੍ਰਿਤਿ ਦਾ ਲੇਖ ਹੈ- "इन्द्रियाणां जयं शूरा धर्मं चरति पण्डित:" (ਅਧ੍ਯਾਯ ੪, ਸ਼ ੬੦) ਜੋ ਇੰਦ੍ਰੀਆਂ ਜਿੱਤਦਾ ਹੈ, ਧਰਮ ਆਚਰਣ ਕਰਦਾ ਹੈ. ਉਹ ਪੰਡਿਤ ਹੈ. ਦੇਖੋ, ਪੰਡਿਤੁ.

ਪੰਡਿਤਾ: ਵਿਦ੍ਵਾਨ ਇਸਤ੍ਰੀ. ਵਿਦੁਸ਼ੀ.

ਪੰਡਿਤਾਈ: ਪੰਡਿਤਪਨ. ਪਾਂਡਿਤ੍ਯ. ਵਿਦ੍ਵੱਤਾ.

ਪੰਡਿਤੁ: ਦੇਖੋ, ਪੰਡਿਤ. "ਪੰਡਿਤੁ ਵੇਦ ਪੁਕਾਰਾ." (ਸ੍ਰੀ ਅਃ ਮਃ ੫) ੨. ਗੁਰਮਤ ਅਨੁਸਾਰ ਪੰਡਿਤ "ਸੋ ਪੰਡਿਤੁ ਜੋ ਮਨ ਪਰਬੋਧੈ." (ਸੁਖਮਨੀ) "ਤਤੁ ਪਛਾਣੈ ਸੋ ਪੰਡਿਤੁ ਹੋਈ." (ਮਾਝ ਅਃ ਮਃ ੩) ੩. ਪੰਡਇਤ੍. ਪੰਡ ਸਿੱਟ ਦੇਣ ਵਾਲਾ. "ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ." (ਮਲਾ ਮਃ ੩)

ਪੰਡੀਆ: ਪੰਡਿਤ. ਪਾਂਡਾ ਤੀਰਥਪੁਰੋਹਿਤ. "ਅਚਰਜ ਏਕੁ ਸੁਨਹੁ, ਰੇ ਪੰਡੀਆ !" (ਸ੍ਰੀ ਕਬੀਰ)

ਪੰਡੁ: ਵਿ- ਪੀਲਾ. ਜ਼ਰਦ, "ਕਰ ਹੇਰ ਕੁਵੰਡਹਿਂ ਤੁੰਡਹਿ ਪੰਡੁ ਭਗੇ." (ਨਾਪ੍ਰ) ਪੀਲਾ ਮੂੰਹ ਕਰਕੇ ਨੱਠੇ।

੨. ਸੰਗਯਾ- ਰਾਜਾ ਪਾਂਡੁ. ਦੇਖੋ, ਪਾਂਡਵ.

ਪੰਡੁਸੁਤ, ਪੰਡੁਵੰਸ਼: ਦੇਖੋ, ਪਾਂਡਵ.

ਪੰਡੈ: ਪੰਡ ਵਿੱਚ. ਪੋਟ ਮੇਂ. "ਸਾਗਰ ਪੰਡੈ ਪਾਇਆ." (ਬਸੰ ਮਃ ੫) ਆਕਰਸ਼ਣਸ਼ਕਤਿ ਨਾਲ ਸਮੁੰਦਰ ਨੂੰ ਗੋਲਾਕਾਰ ਕਰ ਰੱਖਿਆ ਹੈ.

ਪੰਡ੍ਵਨ: ਪਾਂਡਵਨ. "ਉਤੈ ਕਥਾ ਪੰਡ੍ਵਨ ਪੈ ਗਈ." (ਚਰਿਤ੍ਰ ੧੩੭)

ਪੰਤ: ਦੇਖੋ, ਪੰਤਿ.

ਪੰਤਾਲੀ: ਪੰਚ ਚਤ੍ਵਾਰਿੰਸ਼ਤ. ਚਾਲੀ ਉੱਪਰ ਪੰਜ- ੪੫.

ਪੰਤਿ, ਪੰਤੀ: ਸੰਗਯਾ- ਪੰਕ੍ਤਿ. ਸ਼੍ਰੇਣੀ. ਕਤਾਰ. "ਬਗ ਪੰਤਿ ਲਸੈ ਜਨੁ ਦੰਤ ਗਟਾ." (ਚੰਡੀ ੧) "ਦੰਤਿ ਪੰਤੀ ਅਨੰਤੰ" (ਰਾਮਾਵ) ਹਾਥੀਆਂ ਦੀਆਂ ਅਨੰਤ ਕਤਾਰਾਂ. "ਲਸੈ ਦੰਤ ਪੰਤੰ." (ਪਾਰਸਾਵ) ਦੰਦਾਂ ਦੀ ਪੰਕ੍ਤਿ.

ਪੰਥ: ਸੰ. पन्थ्. ਧਾ- ਜਾਣਾ, ਫਿਰਨਾ। ੨. ਸੰਗਯਾ- ਮਾਰਗ. ਰਸਤਾ (पन्थन्) "ਜੇ ਜੇ ਪੰਥ ਤਵਨ ਕੇ ਪਰੇ." (ਵਿਚਿਤ੍ਰ) ੩. ਪਰਮਾਤਮਾ ਦੀ ਪ੍ਰਾਪਤੀ ਦਾ ਰਾਹ. ਧਰਮ. ਮਜਹਬ. "ਗੁਰਮੁਖ ਪੰਥ ਨਿਰੋਲ, ਨ ਰਲੈ ਰਲਾਈਐ." (ਭਾਗੁ) ੪. ਮਰਾ. ਮੰਤ੍ਰੀ. ਵਜੀਰ.

ਪੰਥਪ੍ਰਕਾਸ: ਪੰਥ ਦੇ ਇਤਿਹਾਸ ਦਾ ਇੱਕ ਪੁਸਤਕ, ਜੋ ਸਰਦਾਰ ਰਤਨ ਸਿੰਘ ਭੜੀ ਨਿਵਾਸੀ ਨੇ ਰਚਿਆ, ਇਸ ਦੀ ਭੂਮਿਕਾ ਇਉਂ ਹੈ-

ਸਰ ਡੇਵਿਡ ਆਕਟਰ ਲੋਨੀ (Sir Daviz Ochterlony) ਦੀ ਪ੍ਰੇਰਣਾ ਕਰਕੇ ਕਪਤਾਨ ਮਰੇ (Captain Murray) ਨੇ ਜੋ ਖ਼ਾਲਸਾ ਪੰਥ ਦੇ ਹਾਲ ਸਰਦਾਰ ਰਤਨ ਸਿੰਘ ਤੋਂ ਸੰਮਤ ੧੮੯੬ ਵਿੱਚ ਲੁਧਿਆਣੇ ਦੇ ਮਕਾਮ ਲਿਖੇ, ਓਹੀ ਛੰਦਰਚਨਾ

ਵਿੱਚ ਰਤਨ ਸਿੰਘ ਜੀ ਨੇ ਗੁਰ ਸਿੱਖਾਂ ਲਈ ਪੁਸੁਕ ਦੇ ਆਕਾਰ ਸੰਮਤ ੧੯੯੮[799] ਵਿੱਚ ਪ੍ਰਗਟ ਕੀਤੇ, ਰਤਨ ਸਿੰਘ ਜੀ ਸਰਦਾਰ ਮਤਾਬ ਸਿੰਘ ਮੀਰਾਂਕੋਟੀਏ ਭੰਗੂ ਦੇ ਪੋਤੇ, ਸਰਦਾਰ ਰਾਇ ਸਿੰਘ ਦੇ ਪੁਤ੍ਰ ਤਥਾ ਸਰਦਾਰ ਸ਼ਿਆਮ ਸਿੰਘ ਜੀ ਕਰੋੜੀਆ ਦੇ ਦੋਹਤੇ ਸਨ. ਰਤਨ ਸਿੰਘ ਜੀ ਦਾ ਦੇਹਾਂਤ ਸੰਮਤ ੧੯੦੩ (ਸਨ ੧੮੪੬) ਵਿੱਚ ਹੋਇਆ ਹੈ, ਇਨ੍ਹਾਂ ਦੀ ਉਲਾਦ ਹੁਣ ਲੁਧਿਆਨੇ ਦੀ ਤਸੀਲ ਸਮਰਾਲੇ ਵਿੱਚ ਭੜੀ ਪਿੰਡ ਰਹਿੰਦੀ ਹੈ। ੨. ਸਰਦਾਰ ਰਤਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੀ ਕਵਿਤਾ ਛੰਦਸ਼ਾਸਤ੍ਰ ਦੇ ਨਿਯਮਾਂ ਅਨੁਸਾਰ ਨਾ ਦੇਖਕੇ, ਲੌਂਗੋਵਾਲ ਨਿਵਾਸੀ ਗਜਾਨੀ ਗਜਾਨ ਸਿੰਘ ਜੀ ਨੇ ਉਸ ਵਿੱਚ ਬਹੁਤ ਪ੍ਰਸੰਗ ਹੋਰ ਮਿਲਾਕੇ ਸੰਮਤ ੧੯੨੪ ਵਿੱਚ ਨਵਾਂ ਪੰਥ ਪ੍ਰਕਾਸ਼ ਰਚਿਆ, ਜਿਸ ਦੀ ਪਹਿਲੀ ਐਡੀਸ਼ਨ ੧੯੩੭ ਵਿੱਚ ਛਪੀ ਹੈ. ਕਵਿ ਨਿਹਾਲ ਸਿੰਘ ਜੀ ਲਹੌਰ ਨਿਵਾਸੀ ਦੀ ਬਹੁਤ ਕਵਿਤਾ ਨਾਉਂ ਬਦਲਕੇ ਇਸ ਗ੍ਰੰਥ ਵਿੱਚ ਲਿਖੀ ਗਈ ਹੈ.

ਪੰਥਾ: ਮਾਰਗ ਰਾਹ. ਦੇਖੋ, ਪੰਥ. "ਸਤ ਕਾ ਪੰਥਾ ਥਾਟਿਓ" (ਟੋਡੀ ਮਃ ੫) ੨. ਪਹਾ- ਸਤੀ. ਮੋਏ ਪਤਿ ਨਾਲ ਸੜਨ ਵਾਲੀ ਇਸਤ੍ਰੀ. "ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰ." (ਸਵਾ ਮਃ ੫) ਚਿਤਾ ਵਿੱਚ ਜਲਨਾ ਭੁੱਲ ਹੈ, ਵਿਰਹਿ ਦੀ ਚੋਟ ਮਰਨ੍ਹਾ ਸੱਚਾ ਸਤੀਪਨ ਹੈ.

ਪੰਥਿ: ਪੰਥ ਵਿੱਚ. "ਪੰਥਿ ਸੁਹੇਲੈ ਜਾਵਹੁ." (ਵਡ ਅਲਾਹਣੀ ਮਃ ੧) ੨. ਦੇਖੋ, ਪੰਥੀ ਅਤੇ ਮਾਰਗਿ ਪੰਥਿ.

ਪੰਥੀ: ਧਨ੍ਥਿਨ. ਰਾਹ ਜਾਣ ਵਾਲਾ, ਰਾਹੀ. "ਪੰਥੀ ਕਉ ਦੁਖ ਦੇਇ." (ਸ. ਕਬੀਰ)

ਪੰਥੁ: ਦੇਖੋ, ਪੰਥ ੨. "ਪੰਥੁ ਨਿਹਾਰੈ ਕਾਮਨੀ." (ਗਉ ਕਬੀਰ) ੨. ਸੰ. ਪਾਂਥ. ਰਾਹੀ. ਮੁਸਾਫਿਰ। ੩. ਕਿਸੇ ਮਜਹਬ ਦੇ ਰਾਹ ਤੁਰਨ ਵਾਲਾ. "ਮੰਨੈ ਮਗੁ ਨ ਚਲੈ ਪੰਥੁ." (ਜਪੁ) ਕਰਤਾਰ ਦੇ ਨਾਮ ਨੂੰ ਮੰਨਣ ਵਾਲਾ ਅਨੇਕ ਮਜ਼ਹਬਾਂ ਦੇ ਰਾਹ ਤੁਰਨ ਵਾਲਿਆਂ ਦੇ ਮਾਰਗ ਨਹੀਂ ਚਲਦਾ, ਭਾਵ- ਭੇਡਚਾਲੀਆ ਨਹੀਂ ਹੁੰਦਾ. ਉਸ ਦਾ ਕੇਵਲ "ਧਰਮ ਸੇਤੀ ਸਨਬੰਧੁ" ਹੈ.

ਪੰਦ: ਦੇਖੋ, ਪੰਦਿ.

ਪੰਦਰਸ: ਚੰਦ੍ਰਮਾਂ ਦੀ ਪੰਦਰਵੀਂ ਤਿਥਿ. ਅਮਾਵਸ ਅਤੇ ਪੂਰਣਮਾਸੀ ਖਾਸ ਕਰਕੇ ਪੂਰਣਮਾਸੀ, ਕਿਉਂਕਿ ਉਹ ੧੫. ਅੰਗ ਨਾਲ ਲਿਖੀ ਜਾਂਦੀ ਹੈ.

ਪੰਦਰਾਂ: ਪੰਚਦਸ਼ ਪੰਦ੍ਰਾਂ- ੧੫.

ਪੰਦਿ: ਫ਼ਾ. ﭘﻨﺪ ਪੰਦ. ਸੰਗਜਾ- ਉਪਦੇਸ਼. ਸਿਖ੍ਯਾ. ਨਸੀਹਤ. "ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ." (ਵਾਰ ਸ੍ਰੀ ਮਃ ੧) ੨. ਨਿਯਮ. ਉਸੂਲ। ੩. ਰੀਤਿ. ਮਰਯਾਦਾ.

ਪੰਦੀ: ਵਿ- ਪੰਦ (ਸਿਖ੍ਯਾ) ਦੇਣ ਵਾਲਾ। ੨. ਸੰਗਜਾ- ਉਪਦੇਸ਼ਕ ਪ੍ਰਚਾਰਕ. "ਦੁਇ ਪੰਦੀ ਦੁਇ ਰਾਹ ਚਲਾਏ." (ਮਾਰੂ ਸੋਹਲੇ ਮਃ ੧) ਈਸ਼੍ਵਰਵਾਦੀ ਅਤੇ ਨਾਸ੍ਤਿਕ, ਅਥਵਾ ਪ੍ਰਕ੍ਰਿਤਿ ਅਤੇ ਬ੍ਰਹਮ ਦੇ ਉਪਾਸਕ.

ਪੰਦ੍ਰਹ, ਪੰਦ੍ਰਹਿ, ਪੰਦ੍ਰਾਂ: ਪੰਚਦਸ਼. ਪੰਦਰਾਂ. "ਪੰਦ੍ਰਹ ਥਿਤੀ ਤੈ ਸਤਵਾਰ."(ਬਿਲਾ ਮਃ ੩. ਵਾਰ ੭)

ਪੰਧ: ਮੁਲ- ਪੰਥ. ਮਾਰਗ. ਰਸ੍ਤਾ. "ਪਾਵ ਜੁਲਾਈ ਪੰਧ ਤਉ." (ਸੂਹੀ ਅਃ ਮਃ ੧) ੨. ਵਿੱਥ.

ਪੰਧ ਸਿਰ: ਮਾਰਗ ਦਾ ਸਿਰਾ. ਉਹ ਥਾਂ ਜਿੱਥੋਂ ਰਸਤਾ ਅਲਗ ਹੁੰਦਾ ਹੈ. ਰਾਹ ਦਾ ਮੁੱਢ.

ਪੰਧ ਸਿਰਿ: ਮਾਰਗ ਦੇ ਸਿਰੇ ਤੋਂ. ਦੇਖੋ, ਪੰਧ ਸਿਰ. "ਜਿਸਹਿ ਭੁਲਾਈ ਪੰਧ ਸਿਰਿ, ਤਿਸਹਿ ਦਿਖਾਵੈ ਕਉਣ." (ਵਾਰ ਰਾਮ ੧. ਮਃ ੧)

ਪੰਧਰਪੁਰ: ਦੇਖੋ, ਪੰਡਰਪੁਰ.

---

[799] "ਬਿਕ੍ਰਮ ਬਸੁ ਗ੍ਰਹ ਅਹਿ ਸਸੀ ਬੀਤਤ ਭਏ ਸੁਸਾਲ। ਪਾਠਕ ਸ੍ਰੋਤੇ ਨਿੱਤ ਹੀ ਹੋਇ ਨਿਹਾਲ ਨਿਹਾਲ।" (ਪ੍ਰਾਪੰਪ੍ਰ)

ਪੰਧਾਊ, ਪੰਧਆ, ਪੰਧਾਣੂ, ਪੰਧੀ: ਪੰਧ (ਪਥ) ਜਾਣਵਾਲਾ. ਪਾਂਥ. ਰਾਹੀ. ਮੁਸਾਫਿਰ। ੨. ਭਾਵ- ਜੀਵਾਤਮਾ, ਜੋ ਚੌਰਾਸੀ ਦੇ ਚਕ੍ਰ ਵਿੱਚ ਫਿਰਦਾ ਹੈ. "ਇਸੁ ਪੰਧਾਣੂ ਘਰ ਘਣੇ." (ਵਾਰ ਮਾਰੂ ੨. ਮਃ ੫)

ਪੰਧੀਆ: ਰਾਹੀ, ਪਾਂਥ. ਪੰਧ ਜਾਣ ਵਾਲਾ। ੨. ਰਾਹ. ਮਾਰਗ. ਸੜਕ. "ਕਥੜੀਆ ਸੰਤਾਹ, ਤੇ ਸੁਖਾਊ ਪੰਧੀਆ." (ਵਾਰ ਮਾਰੂ ੨. ਮਃ ੫)

ਪੰਧੇਰ: ਦੇਖੋ, ਭੰਦੇਰ.

ਪੰਧੇਰੂ: ਪੰਧ (ਮਾਰਗ) ਜਾਣ ਵਾਲਾ, ਰਾਹੀ। ੨. ਭਾਵ- ਜੀਵਾਤਮਾ.

ਪੰਨ: ਸੰ. पन्न. ਵਿ- ਡਿਗਿਆ ਹੋਇਆ। ੨. ਸੰਗਯਾ- ਨੀਵਾਂ ਮੂੰਹ ਕਰਕੇ ਚਲਣਾ.

ਪੰਨਗ: पन्नग. ਪੱਨ- ਗ. ਜੋ ਮੂੰਹ ਡੇਗਕੇ ਚਲਦਾ ਹੈ. ਜੋ ਪੈਰਾਂ ਨਾਲ ਨਹੀਂ ਚਲਦਾ. ਸੱਪ. ਸਾਂਪ. "ਬਾਰਕ ਮਰਜੋ ਤ ਪੰਨਗ ਖਾਯਾ." (ਨਾਪ੍ਰ)

ਪੰਨਗਾਰਿ: ਪੰਨਗ (ਸੱਪ) ਦਾ ਵੈਰੀ, ਗਰੁੜ। ੨. ਲਮਢੀਂਗ। ੩. ਨਿਉਲਾ। ੪. ਝਾਹਾ। ੫. ਮੋਰ.

ਪੰਨਗੀ: ਪੰਨਗ (ਸੱਪ) ਦੀ ਮਦੀਨ. ਸੱਪਣ. ਸਾਂਪਨੀ। ੨. ਨਾਗਕਨ੍ਯਾ.

ਪੰਨਾ: ਸੰਗਯਾ- ਪਤ੍ਰ. ਵਰਕ। ੨. ਵਹੀ ਦਾ ਪਤਾ। ੩. ਫ਼ਿਰੋਜ਼ੇ ਦੀ ਜਾਤਿ ਦਾ ਇੱਕ ਰਤਨ Emeralz. "ਰਾਜਤ ਬੀਚ ਪੰਨਾ ਨਗ ਖਾਨਨ." (ਕ੍ਰਿਸਨਾਵ) ੪. ਜੁੱਤੀ ਦਾ ਪੰਜਾ. ਪੱਬ ਦਾ ਉੱਪਰਲਾ ਭਾਗ। ੫. ਸੇਂਟ੍ਰਲ ਇੰਡੀਆ ਵਿੱਚ ਬੁੰਦੇਲਾ ਰਾਜਪੂਤਾਂ ਦੀ ਇੱਕ ਰਿਆਸਤ। ੬. ਚਤੌੜਪਤਿ ਰਾਣਾ ਉਦਯ ਸਿੰਘ ਦੀ ਦਾਈ, ਜਿਸ ਨੇ ਬਾਲਕ ਉਦਯ ਸਿੰਘ ਦੀ ਜਾਨ ਬਚਾਉਣ ਵਾਸਤੇ ਆਪਣੇ ਬੱਚੇ ਦੀ ਜਾਨ ਦਿੱਤੀ ਸੀ.

ਪੰਨਿਆ: ਦੇਖੋ, ਪੰਨਜਾ.

ਪੰਨੂ: ਇੱਕ ਜੱਟ ਜਾਤਿ, ਜੋ ਰਾਜਪੂਤਾਂ ਵਿੱਚੋਂ ਹੈ. ਦੇਖੋ, ਪੱਨੂ. ਭਾਈ ਲਾਲਾ, ਜੋ ਭਾਈ ਬਾਲੇ ਨਾਲ ਮਿਲਕੇ ਤਲਵੰਡੀ ਤੋਂ ਜਨਮਪਤ੍ਰੀ ਲੈਣ ਬਾਬਾ ਕਾਲੂ ਜੀ ਪਾਸ ਗਿਆ ਸੀ, ਇਸੇ ਗੋਤ੍ਰ ਦਾ ਸੀ.

ਪੰਨੇ ਪਾਉਣਾ, ਪੰਨੈ ਪਾਉਣਾ: ਕ੍ਰਿ ਹਿਸਾਬ ਵਿੱਚ ਦਰਜ ਕਰਨਾ. ਰਜਿਸਟਰ ਪੁਰ ਚੜ੍ਹਾਣਾ. "ਤਿਨ੍ਹ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ." (ਵਾਰ ਬਿਲਾ ਮਃ ੩) "ਮੇਲਿਅਨੁ ਸਤਗੁਰਿ ਪੰਨੈ ਪਾਇ." (ਸ੍ਰੀ ਮਃ ੩)

ਪੰਨਜਾ: ਪੰਨਗਕਨ੍ਯਾ. ਨਾਗਕਨ੍ਯਾ. "ਕਹੂ ਸ੍ਰਿਸ੍ਰਿ ਕੀ ਪ੍ਰਿਸ੍ਰਿ ਕੀ ਰਿਸ੍ਰਿ ਪੰਨਜਾ" (ਅਕਾਲ) ਪ੍ਰਿਥਿਵੀ ਦੀ ਪ੍ਰਿਸ਼੍ਰਿ (ਪਾਤਾਲ) ਦੀ ਉੱਤਮ ਨਾਗਕਨ੍ਯਾ.

ਪੰਪਾ: ਇੱਕ ਨਦੀ, ਜੋ ਰਿਸ਼੍ਯਮੂਕ ਪਹਾੜ ਤੋਂ ਨਿਕਲਕੇ ਤੁੰਗਭਦ੍ਰਾ ਵਿੱਚ ਡਿੱਗਦੀ ਹੈ.

ਪੰਪਾਸਰ: ਪੰਪਾ ਨਦੀ ਦੇ ਕਿਨਾਰੇ ਦੀ ਇੱਕ ਝੀਲ, ਜਿਸ ਦੇ ਕੰਢੇ ਕੁਟੀ ਬਣਾਕੇ ਰਾਮਚੰਦ੍ਰ ਜੀ ਦੀ ਉਪਾਸਨਾ ਕਰਨ ਵਾਲੀ ਸ਼ਵਰੀ (ਭੀਲਣੀ) ਰਿਹਾ ਕਰਦੀ ਸੀ। ੨. ਦੇਖੋ, ਪੰਚਾਪਸਰ.

ਪੰਮਾ: ਰਾਜਾ ਭੀਮਚੰਦ ਕਹਲੂਰੀ ਦਾ ਪ੍ਰਰੋਹਿਤ ਪਰਮਾਨੰਦ, ਜੋ ਵਕਾਲਤ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਪਾਸ ਰਾਜਾ ਵੱਲੋਂ ਆਨੰਦਪੁਰ ਆਇਆ ਕਰਦਾ ਸੀ. ਇਹ ਵਡਾ ਕਪਟੀ, ਝੂਠਾ ਅਤੇ ਸ੍ਵਾਰਥੀ ਸੀ. ਇਸ ਦਾ ਖ਼ਿਆਲ ਸੀ ਕਿ ਜੇ ਰਾਜਾ ਦਸ਼ਮੇਸ਼ ਦਾ ਸੇਵਕ ਹੋ ਗਿਆ ਤਦ ਪੁਰੋਹਿਤੀ ਜਾਂਦੀਰਹੂ. ਪਹਾੜੀ ਰਾਜਿਆਂ ਨਾਲ ਸਤਿਗੁਰੂ ਦੇ ਜੰਗਾਂ ਦਾ ਇਹੀ ਪਰਮਾਨੰਦ ਕਾਰਣ ਸੀ. ਸਿੱਖਾਂ ਨੇ ਇਸ ਦਾ ਨਾਮ ਅਨਾਦਰ ਬੋਧਕ "ਪੰਮਾ" ਰੱਖ ਲਿਆ. ਇਸੇ ਤੋਂ ਖਾਲਸੇ ਨੇ ਬ੍ਰਾਹਮਣ ਮਾਤ੍ਰ ਨੂੰ ਪੰਮਾ ਆਖਣਾ ਆਰੰਭ ਦਿੱਤਾ ਹੈ. ੨. ਪਾਮਰ.

ਪੰਮੂ: ਪੁਰੀ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਯੋਧਾ ਸਿੱਖ ਸੀ. ਦੇਖੋ, ਪੁਰੀ ੯.

ਪਯਾਸ: ਦੇਖੋ, ਪਿਆਸ.

ਪਯਾਜ਼: ਫ਼ਾ. پیاز ਸੰਗਯਾ- ਗਠਾ. ਰੁੱਪਾ. ਸੰ. ਪਲਾਂਡੁ.

ਪਯਾਦਾ: ਦੇਖੋ, ਪਿਆਦਾ.

ਪਯਾਰ: ਦੇਖੋ, ਪਿਆਰ.

ਪਯਾਰਾ: ਪ੍ਰਿਯ. ਪ੍ਰਿਯਤਾ ਧਾਰਨ ਵਾਲਾ. ਮਿਤ੍ਰ

ਜਾਨੈ ਰਾਗ ਰਾਗਿਨੀ ਕਬਿੱਤ ਰਸ ਦੋਹਾ ਛੰਦ

ਜਪ ਤਪ ਤੇਗ ਤਯਾਗ ਹੋਵੈ ਦ੍ਰਿਢ ਤਨ ਕਾ,

"ਮਹਬੂਬ" ਉਰਝ ਨ ਦੇਖ ਸਕੈ ਮਿਤ੍ਰਨ ਕੀ

ਚਿਤ੍ਰ ਹਰ ਭਾਂਤ ਮੇ ਰਿਚੈਯਾ ਨੁਕਤਨ ਕਾ,

ਜਾਂ ਸੇ ਜੋ ਕਬੂਲੈ ਸੋ ਨ ਭੂਲੈ, ਭੂਲੇ ਮਾਫ ਕਰੈ

ਸਾਫਦਿਲ ਆਕਿਲ ਖਿਲੰਯਾ ਹਰਫਨ ਕਾ,

ਨੇਕੀ ਸੇ ਨ ਨਯਾਰਾ ਰਹੈ ਬਦੀ ਸੇ ਕਿਨਾਰਾ ਗਹੈ

ਏਸਾ ਮਿਲੈ ਪਯਾਰਾ ਤੋ ਗੁਜਾਰਾ ਚਲੈ ਮਨ ਕਾ.

੨. ਪਯਾਲਹ. ਪਯਾਲਾ. "ਮਦਿਰਾ ਕੇ ਸੇ ਪਯਾਰੇ." (ਚਰਿਤ੍ਰ ੨੨੦) ਨੇਤ੍ਰ ਮਾਨੋ ਮਦਿਰਾ ਦੇ ਪਯਾਲੇ (ਜਾਮ) ਹਨ.

ਪਯਾਲਾ: ਦੇਖੋ, ਪਿਆਲਾ.

ਪ੍ਰ: ਸੰ. ਵ੍ਯ- ਇਹ ਸ਼ਬਦਾਂ ਦੇ ਨਾਲ ਮਿਲਕੇ- ਆਰੰਭ, ਗਤਿ, ਅਤਿ, ਪ੍ਰਸਿੱਧੀ, ਆਦਿ ਅਰਥ ਦਿੰਦਾ ਹੈ, ਜਿਵੇਂ- ਪ੍ਰਚੰਡ, ਪ੍ਰਬੋਧ, ਪ੍ਰਭਾਵ ਆਦਿ.

ਪ੍ਰਉਢ: ਦੇਖੋ, ਪ੍ਰੌਢ.

ਪ੍ਰਓਘ: ਦੇਖੋ, ਪ੍ਰਯੋਗ.

ਪ੍ਰਸ਼ਸ੍ਤ: ਪ੍ਰ- ਸ਼ਸ੍ਤ. ਵਿ- ਵਡਿਆਇਆ ਹੋਇਆ. ਜਿਸ ਦੀ ਪ੍ਰਸ਼ੰਸਾ ਕੀਤੀ ਗਈ ਹੈ। ੨. ਉੱਤਮ. ਸ਼੍ਰੇਸ਼੍ਠ.

ਪ੍ਰਸਕ੍ਤ: ਵਿ- ਲਗਿਆ ਹੋਇਆ. ਜੋ ਨਿਰੰਤਰ ਜੁੜਿਆ ਰਹੇ। ੨. ਆਸਕ੍ਤ. ਆਸ਼ਕ.

ਪ੍ਰਸਥਾਨ: ਦੇਖੋ, ਪ੍ਰਸ੍ਥਾਨ. "ਸਨੇ ਸਨੇ ਪ੍ਰਸਥਾਨ." (ਨਾਪ੍ਰ)

ਪ੍ਰਸਨ: ਦੇਖੋ, ਪ੍ਰਸ਼੍ਨ.

ਪ੍ਰਸਨੋਤਰ: ਦੇਖੋ, ਪ੍ਰਸ਼੍ਨੋੱਤਰ.

ਪ੍ਰਸਰ: ਸੰ. ਸੰਗਯਾ- ਫੈਲਾਉ ਵਿਸ੍ਤਾਰ। ੨. ਅੱਗੇ ਵਧਣਾ। ੩. ਯੁੱਧ. ਜੰਗ.

ਪ੍ਰਸਰਣ: ਸੰ. ਸੰਗਯਾ- ਅੱਗੇ ਵਧਣ ਦਾ ਭਾਵ। ੨. ਫੈਲਣ ਦੀ ਕ੍ਰਿਯਾ. ਵਿਸ੍ਤਾਰ। ੩. ਉਤਪੱਤਿ। ੪. ਫੌਜ ਦਾ ਕੂਚ ਅਤੇ ਹੱਲਾ.

ਪ੍ਰਸਵ: ਸੰ. ਸੰਗਯਾ- ਜਣਨਾ. ਪ੍ਰਸੂਤਿ। ੨. ਜਨਮ. ਉਤਪੱਤਿ। ੩. ਸੰਤਾਨ. ਔਲਾਦ। ੪. ਫਲ। ੫. ਵ੍ਰਿੱਧਿ. ਤਰੱਕੀ.

ਪ੍ਰਸ਼ਾਸਕ: ਸੰ. ਸੰਗਯਾ- ਸ਼ਾਸਨ (ਹੁਕੂਮਤ) ਕਰਨ ਵਾਲਾ. ਹਾਕਿਮ. ਆਗਯਾ ਕਰਨ ਵਾਲਾ.

ਪ੍ਰਸ਼ਾਸਨ: ਸੰ. ਸੰਗਯਾ- ਹੁਕੂਮਤ। ੨. ਆਗਯਾ ਦੇਣੀ. ਹੁਕਮ ਕਰਨਾ.

ਪ੍ਰਸ਼ਾਂਤ: ਸੰ. ਵਿ- ਠਹਿਰਿਆ ਹੋਇਆ. ਕਾਇਮ. ਚੰਚਲਤਾ ਰਹਿਤ। ੨. ਸ਼ਾਂਤਮਨ.

ਪ੍ਰਸਾਦ: ਸੰਗਯਾ- ਖ਼ੁਸ਼ੀ. ਪ੍ਰਸੰਨਤਾ. "ਉਰ ਹਨਐ ਪ੍ਰਸਾਦ ਤਤਕਾਲਾ." (ਗੁਪ੍ਰਸੂ) ੨. ਸ੍ਵੱਛਤਾ. ਨਿਰਮਲਤਾ। ੩. ਅਰੋਗਤਾ।

੪. ਦੇਵਤਾ ਨੂੰ ਅਰਪਿਆ ਹੋਇਆ ਖਾਣ ਯੋਗਯ ਪਦਾਰਥ. ਨੈਵੇਦਯ. "ਜੇ ਓਹ ਅਨਿਕ ਪ੍ਰਸਾਦ ਕਰਾਵੈ." (ਗੌਂਡ ਰਵਿਦਾਸ) "ਵਰਤਾਇ ਪ੍ਰਸਾਦ ਵਿਸਾਲਾ." (ਗੁਪ੍ਰਸੂ) ੫. ਕਾਵ੍ਯ ਦਾ ਇੱਕ ਗੁਣ. ਪਦਾਂ ਦੀ ਜੜਤੀ ਸੁੰਦਰ ਅਤੇ ਅਰਥ ਦਾ ਸਪਸ਼੍ਟ ਹੋਣਾ। ੬. ਕ੍ਰਿਪਾ. ਅਨੁਗ੍ਰਹ। ੭. ਖ਼ਾ. ਭੋਜਨ. ਰਸੋਈ। ੮. ਦੇਖੋ, ਪ੍ਰਾਸਾਦ.

ਪ੍ਰਸਾਦਿ: ਕ੍ਰਿ. ਵਿ- ਕ੍ਰਿਪਾ ਕਰਕੇ. ਮਿਹਰਬਾਨੀ ਸੇ. "ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ." (ਸੁਖਮਨੀ) ੨. ਸੰ. प्रसादिन्. ਵਿ- ਕ੍ਰਿਪਾ ਕਰਨ ਵਾਲਾ. ਕਰੀਮ.

ਪ੍ਰਸਾਦੀ: ਰੋਟੀ। ੨. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇੱਕ ਅਦਭੁਤ ਹਾਥੀ, ਜੋ ਆਸਾਮ ਦੇ ਰਾਜਾ ਰਤਨ ਰਾਇ ਨੇ ਅਰਪਿਆ ਸੀ. ਇਸ ਹਾਥੀ ਦੇ ਮੱਥੇ ਪੁਰ ਪ੍ਰਸਾਦੀ (ਰੋਟੀ) ਦੇ ਆਕਾਰ ਦਾ ਚਿੱਟਾ ਚੰਦ ਸੀ ਅਰ ਉਸੇ ਤੋਂ ਦੋ ਉਂਗਲ ਦੀ ਚੌੜੀ ਸਫੇਦ ਲੀਕ ਨਿਕਲਕੇ ਸੁੰਡ ਦੀ ਨੋਕ ਤਕ ਅਤੇ ਐਸੀ ਹੀ ਇੱਕ ਰੇਖਾ ਪਿੱਠ ਪੁਰਦੀਂ ਹੁੰਦੀ ਹੋਈ ਪੂਛ ਦੇ ਸਿਰੇ ਤੀਕ ਪਹੁਚੀ ਸੀ. ਇਹ ਗੁਰੂਸਾਹਿਬ ਪੁਰ ਚੌਰ ਕਰਦਾ, ਗੰਗਾਸਾਗਰ ਨਾਲ ਚਰਨ ਧੁਆਕੇ ਰੁਮਾਲ ਨਾਲ ਸਾਫ ਕਰਦਾ, ਮਸਾਲ ਲੈ ਕੇ ਅੱਗੇ ਚਲਦਾ ਅਤੇ ਚਲਾਏ ਹੋਏ ਤੀਰ ਚੁਗ ਲੈ ਆਉਂਦਾ ਸੀ। ੩. ਦੇਖੋ, ਪ੍ਰਸਾਦਿ ੨.

ਪ੍ਰਸਾਦੁ: ਦੇਖੋ, ਪ੍ਰਸਾਦ ੧. ਅਤੇ ੬. "ਕਰਿ ਪ੍ਰਸਾਦੁ ਗੁਰਦੇਵ." (ਸੁਖਮਨੀ)

ਪ੍ਰਸਾਧਨ: ਸੰ. ਸੰਗਯਾ- ਪ੍ਰ- ਸਾਧਨ. ਯਤਨ. ਉਪਾਉ। ੨. ਅਲੰਕਾਰ ਸ਼੍ਰਿੰਗਾਰ. "ਵਿਸ੍ਵ ਪ੍ਰਸਾਧੰ." (ਗ੍ਯਾਨ) ੩. ਵੇਸ਼. ਭੇਸ. ਭੇਖ.

ਪ੍ਰਸਾਰਣ: ਸੰ. ਸੰਗਯਾ- ਫੈਲਾਉਣ ਦੀ ਕ੍ਰਿਯਾ, ਵਿਸ੍ਤਾਰ.

ਪ੍ਰਸਾਰਿਣੀ: ਪਟਸਨ ਅਥਵਾ ਗੰਧਾਲੀ ਬੂਟੀ, ਜੋ ਗਰਮਖ਼ੁਸ਼ਕ ਹੈ. ਇਹ ਕਫ ਨਾਸ਼ ਕਰਨ ਵਾਲੀ, ਬਲਦਾਇਕ ਅਤੇ ਲਹੂ ਦੇ ਵਿਕਾਰਾਂ ਨੂੰ ਦੂਰ ਕਰਦੀ ਹੈ. Hesmizeisnus- inzicus.

ਪ੍ਰਸਾਰਿਣੀ ਤੇਲ: प्रसारिणी तेल. ਪ੍ਰਸਾਰਿਣੀ ਦਾ ਤੇਲ, ਜਿਸ ਦੇ ਬਣਾਉਣ ਦੀ ਜੁਗਤਿ ਇਹ ਹੈ- ਚਾਰ ਸੌ ਤੋਲਾ ਪ੍ਰਸਾਰਿਣੀ ਦਵਾਈ ਨੂੰ ਇੱਕ ਦ੍ਰੋਣ (ਬੱਤੀ ਸੇਰ ਕੱਚੇ) ਪਾਣੀ ਵਿੱਚ ਕਾੜ੍ਹੇ, ਜਦ ਚੌਥਾ ਹਿੱਸਾ ਪਾਣੀ ਰਹਿ ਜਾਵੇ, ਤਾਂ ਉਸ ਨੂੰ ਉਤਾਰਕੇ ਛਾਣ ਲਵੇ. ਕਾੜ੍ਹੇ ਦੇ ਤੋਲ ਬਰਾਬਰ ਤੇਲ ਦਹੀਂ ਅਤੇ ਕਾਂਜੀ ਮਿਲਾਵੇ. ਤੇਲ ਤੋਂ ਚੌਗੁਣਾ ਗਊ ਦਾ ਦੁੱਧ ਪਾਵੇ. ਇਹ ਸਭ ਚੀਜਾਂ ਕੜਾਹੀ ਵਿੱਚ ਪਾਕੇ ਇਨ੍ਹਾਂ ਵਿੱਚ ਹੇਠ ਲਿਖੀਆਂ ਦਵਾਈਆਂ ਦਾ ਨੁਗਦਾ ਬਣਾਕੇ ਸੁੱਟੇ-

ਮੁਲੱਠੀ, ਪਿੱਪਲਾ ਮੂਲ, ਚਿੱਤੇ ਦੀ ਛਿੱਲ, ਸੇਂਧਾ ਲੂਣ, ਬਚ, ਪ੍ਰਸਾਰਿਣੀ, ਦੇਵਦਾਰੁ, ਰਾਇਸਨ, ਗਜ ਪਿੱਪਲ, ਭਲਾਵੇ, ਸੌਂਫ, ਜਟਾਮਾਸੀ, ਇਹ ਬਾਰਾਂ ਦਵਾਈਆਂ ਇੱਕੋ ਤੋਲ ਦੀਆਂ, ਤੇਲ ਤੋਂ ਅੱਠਵੇਂ ਹਿੱਸੇ ਹੋਣ. ਜਦ ਤੇਲਮਾਤ੍ਰ ਪੱਕਕੇ ਰਹਿਜਾਵੇ, ਤਾਂ ਉਸ ਨੂੰ ਛਾਣਕੇ ਸ਼ੀਸ਼ੇ ਵਿੱਚ ਪਾਵੇ. ਇਸ ਦੀ ਮਾਲਿਸ਼ ਕਰਨ ਤੋਂ ਵਾਤ ਅਤੇ ਕਫ਼ ਦੇ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ. ਝੋਲਾ, ਲਕਵਾ, ਧੁਣਖਵਾਉ ਆਦਿ ਰੋਗਾਂ ਵਿੱਚ ਇਹ ਤੇਲ ਬਹੁਤ ਗੁਣਕਾਰੀ ਹੈ.

ਪ੍ਰਸਿੱਖ: ਸੰ. प्रशिष्य. ਚੇਲੇ ਦਾ ਚੇਲਾ. ਪੜਸਿੱਖ.

ਪ੍ਰਸਿਜ: ਸੰ. ਪ੍ਰਸ੍ਵਿਦ ਵਿ- ਰੀਝਿਆ. ਪਸੀਜਿਆ. "ਸਮਸਤੰ ਪ੍ਰਸਿੱਜੇ." (ਜਾਪੁ)

ਪ੍ਰਸਿੱਧ: ਸੰ. ਪ੍ਰਸਿਦ੍ਧ. ਵਿ- ਵਿਖਜਾਤ. ਮਸ਼ਹੂਰ। ੨. ਭੂਸ਼ਿਤ. ਸ਼੍ਰਿੰਗਾਰਿਆ ਹੋਇਆ। ੩. ਦੇਖੋ, ਕੁਲਕ ਦਾ ਰੂਪ (ੲ).

ਪ੍ਰਸਿੱਧਿ, ਪ੍ਰਸਿੱਧੀ: ਸੰ. ਪ੍ਰਸਿਦ੍ਧਿ. ਸੰਗਜਾ- ਮਸ਼ਹੂਰੀ ਖ਼ਜਾਤਿ.

ਪ੍ਰਸੀਜਨ, ਪ੍ਰਸੀਦਨ: ਪ੍ਰਸ੍ਵੇਦ (ਪਸੀਨੇ) ਸਹਿਤ ਹੋਣਾ। ੨. ਪ੍ਰਸਾਦਵਾਨ ਹੋਣਾ, ਰੀਝਣਾ, ਪਸੀਜਣਾ. "ਲੀਨੇ ਬਿਨਾ ਨਹਿ ਨੈਕ ਪ੍ਰਸੀਜੈ." (੩੩ ਸਵੈਯੇ) "ਗੁਰੂ ਪ੍ਰਸੀਦੇ ਬਾਲੇ ਪਰ ਤਬ." (ਨਾਪ੍ਰ)

ਪ੍ਰਸੀਨਾ: ਸੰਗਜਾ- ਪ੍ਰਸ੍ਵੇਦ. ਮੁੜ੍ਹਕਾ. ਪਸੀਨਾ। ੨. ਵਿ- ਪ੍ਰਸੰਨ. ਖ਼ੁਸ਼. "ਪ੍ਰਭੁ ਭਏ ਪ੍ਰਸੀਨਾ." (ਬਿਲਾ ਮਃ ੫)

ਪ੍ਰਸੁਪ੍ਤ: ਵਿ- ਚੰਗੀ ਤਰਾਂ ਸੁੱਤਾ ਹੋਇਆ. ਘੂਕ ਸੁੱਤਾ.

ਪ੍ਰਸੁਕ: ਵਿ- ਪ੍ਰ (ਬਹੁਤ) ਸੁੰਕਦੀ ਹੋਈ. ਸੀਟੀ ਵਾਂਙ ਜਿਸ ਵਿੱਚੋਂ ਧੁਨੀ ਹੁੰਦੀ ਹੈ. "ਪ੍ਰਸੁਕ ਗੋਰਿ ਖਰ ਸੀਸ ਕਾਨ." (ਗੁਵਿ ੧੦) ਗਧੇ ਦੇ ਸਿਰ ਅਤੇ ਕੰਨਾਂ ਉੱਪਰਦੀਂ ਗੋਲੀਆਂ ਸੁੰਕਦੀਆਂ ਜਾਂਦੀਆਂ ਹਨ.

ਪ੍ਰਸੂਤ: ਵਿ- ਉਤਪੰਨ. ਪੈਦਾ. ਜਾਤ. ਪ੍ਰਸਵ ਹੋਇਆ. ਸੂਇਆ.

ਪ੍ਰਸੂਤਾ: ਵਿ- ਸੂਈ ਹੋਈ. ਜਿਸ ਨੇ ਬੱਚਾ ਜਣਿਆ ਹੈ.

ਪ੍ਰਸੂਨ: ਵਿ- ਪੈਦਾ ਹੋਇਆ. ਉਤਪੰਨ। ੨. ਸੰਗਜਾ- ਫੁੱਲ। ੩. ਫਲ। ੪. ਪੁਤ੍ਰ. ਸੰਤਾਨ.

ਪ੍ਰਸੇਤ, ਪ੍ਰਸੇਦ: ਸੰ. ਪ੍ਰਸ੍ਵੇਦ. ਪਸੀਨਾ. ਮੁੜ੍ਹਕਾ. "ਮਹਾਕਾਲ ਕੇ ਭਯੋ ਪ੍ਰਸੇਤਾ." (ਚਰਿਤ੍ਰ ੪੦੫)

ਪ੍ਰਸੇਨ: ਦੇਖੋ, ਸਜਮੰਤਕ.

ਪ੍ਰਸੇਵ: ਸੰਗਜਾ- ਪ੍ਰਸ੍ਵੇਦ. ਪਸੀਨਾ. ਮੁੜ੍ਹਕਾ। ੨. ਵਿ- ਪ੍ਰਸ੍ਰਵ ਹੋਈ. ਟਪਕੀ. ਚੁਈ. ਰਸੀ. "ਨਖ ਪ੍ਰਸੇਵ ਜਾਂਚੈ ਸੁਰਸੁਰੀ." (ਮਲਾ ਨਾਮਦੇਵ) ਜਿਸ ਦੇ ਨੌਹਾਂ ਤੋਂ ਗੰਗਾ ਟਪਕੀ ਹੈ। ੩. ਸੰ. ਪ੍ਰਸੇਵ. ਸੰਗਜਾ- ਬੀਨ ਦਾ ਤੂੰਬਾ। ੪. ਥੈਲਾ.

ਪ੍ਰਸੋਖਣ: ਸੰ. ਪ੍ਰਸ਼ੋਸ਼ਣ. ਸੰਗਜਾ- ਚੰਗੀ ਤਰਾਂ ਸੁਕਾਉਣਾ. ਖ਼ੁਸ਼ਕ ਕਰਨਾ। ੨. ਸਜਾਹੀਚੱਟ (blotting- paper)

ਪ੍ਰਸੰਸਾ: ਪ੍ਰ- ਸ਼ੰਸ. ਸੰਗਜਾ- ਪ੍ਰਸ਼ੰਸਾ. ਉਸਤਤਿ. ਤਅ਼ਰੀਫ.

ਪ੍ਰਸੰਖਜਾ: ਸੰ. ਸੰਗਜਾ- ਜੋੜ. ਮੀਜ਼ਾਨ। ੨. ਸ਼ੁਮਾਰ। ੩. ਦੇਖੋ, ਯਥਾਸੰਖਜ.

ਪ੍ਰਸੰਗ: ਸੰਗਜਾ- ਕਥਾ ਕਹਾਣੀ। ੨. ਸੰਬੰਧ. ਲਗਾਉ। ੩. ਲਗਨ. ਪ੍ਰੀਤਿ। ੪. ਇਸਤ੍ਰੀ ਪੁਰਖ ਦਾ ਸੰਜੋਗ. ਮੈਥੁਨ। ੫. ਕਾਰਣ. ਸਬਬ.

ਪ੍ਰਸੰਨ: ਪ੍ਰਸਨ੍ਨ. ਵਿ- ਖ਼ੁਸ਼. ਆਨੰਦ ਸਹਿਤ। ੨. ਨਿਰਮਲ. ਸ੍ਵੱਛ। ੩. ਸੰਗਜਾ- ਮਹਾਦੇਵ. ਸ਼ਿਵ.

ਪ੍ਰਸੰਨਤਾ: ਸੰਗਜਾ- ਖ਼ੁਸ਼ੀ. ਆਨੰਦ.

ਪ੍ਰਸੰਨਮੁਖ: ਵਿ- ਜਿਸ ਦਾ ਚਿਹਰਾ ਖਿੜਿਆ ਰਹਿੰਦਾ ਹੈ. ਹੱਸਮੁਖ। ੨. ਸੰਗਜਾ- ਸ਼੍ਰੀ ਗੁਰੂ ਨਾਨਕ ਦੇਵ.

ਪ੍ਰਸੁਰ: ਦੇਖੋ, ਪਥਰ.

ਪ੍ਰਸ੍ਤਾਰ: ਸੰ. ਪ੍ਰ- ਸ੍ਤ੍ਰਿ. ਸੰਗਜਾ- ਫੈਲਾਉ. ਵਿਸ੍ਤਾਰ। ੨. ਪੱਤਿਆਂ ਦੀ ਸੇਜਾ। ੩. ਛੰਦਸ਼ਾਸਤ੍ਰ ਦਾ ਇੱਕ ਪ੍ਰਤਜਯ, ਜਿਸ ਤੋਂ ਅੱਖਰ ਅਤੇ ਮਾਤ੍ਰਾ ਦਾ ਫੈਲਾਉ ਕਰਕੇ ਛੰਦਾਂ ਦੇ ਅਨੇਕ ਰੂਪ ਜਾਣੇ ਜਾਂਦੇ ਅਰ ਨਵੇਂ ਕਲਪ ਲਈਦੇ ਹਨ।੪ ਪੌੜੀ. ਸੀਢੀ। ੫. ਅਧਿਕਤਾ. ਵ੍ਰਿੱਧਿ. ਤਰੱਕੀ.

ਪ੍ਰਸ੍ਤਾਵ: ਸੰ. ਪ੍ਰ- ਸ੍ਤੁ. ਪ੍ਰ- ਸ੍ਤਵ. ਸੰਗਜਾ- ਦਿਲਚਲਪ ਬਾਤ। ੨. ਪ੍ਰਸੰਗ. ਜਿਕਰ. "ਸ੍ਰੀ ਨਾਨਕ ਪ੍ਰਸ੍ਤਾਵ ਚਿਤਾਰਾ." (ਗੁਪ੍ਰਸੂ)

੩. ਭੂਮਿਕਾ. ਦੀਬਾਚਾ. ਮੁਖਬੰਧ.

ਪ੍ਰਸ੍ਤਾਵਨਾ: ਸੰ. ਸੰਗ੍ਯਾ- ਕਿਸੇ ਪ੍ਰਸੰਗ ਨੂੰ ਆਰੰਭ ਕਰਨ ਤੋਂ ਪਹਿਲਾਂ ਕਹੀ ਹੋਈ ਬਾਤ. ਤਮਹੀਦ। ੨. ਆਰੰਭ.

ਪ੍ਰਸ੍ਤੁਤ: ਸੰ. ਵਿ- ਜਿਸ ਦੀ ਉਸਤਤਿ ਕੀਤੀ ਗਈ ਹੈ। ੨. ਕਥਨ ਕੀਤਾ ਹੋਇਆ. ਜਿਸ ਦੀ ਚਰਚਾ ਛੇੜੀ ਗਈ ਹੈ। ੩. ਉਪਸ੍ਥਿਤ. ਹਾਜਿਰ। ੪. ਤਿਆਰ.

ਪ੍ਰਸ੍ਤੁਤਾਂਕੁਰ: (ਵਰਤਮਾਨ ਨੂੰ ਸੰਬੋਧਨ ਕਰਕੇ ਬੀਜ ਰੂਪ ਵਾਕ) ਕਿਸੇ ਨੂੰ ਸੰਬੋਧਨ ਕਰਕੇ ਉਲਾਂਭੇ ਨਾਲ ਗੂਢ ਭਾਵ ਵਾਲਾ ਕਥਨ "ਪ੍ਰਸ੍ਤੁਤਾਂਕੁਰ" ਅਲੰਕਾਰ ਹੈ.

ਦੂਜੀ ਪ੍ਰਸ੍ਤੁਤਿ ਕੇ ਜਹਾਂ ਪ੍ਰਸ੍ਤੁਤਿ ਬੀਚ ਪ੍ਰਭਾਵ,

ਪ੍ਰਸ੍ਤੁਤਿਅੰਕੁਰ ਜਾਨੀਯੇ ਅਲੰਕਾਰ ਕਵਿਰਾਵ.

(ਰਾਮਚੰਦ੍ਰਭੂਸ਼ਣ)

ਉਦਾਹਰਣ-

ਤਵ ਗੁਨ ਕਹਾਂ ਜਗਤਗੁਰਾ, ਜਉ ਕਰਮ ਨ ਨਾਸੈ?

ਸਿੰਘਸਰਨ ਕਤ ਜਾਈਐ ਜਉ ਜੰਬੁਕ ਗ੍ਰਾਸੈ?

(ਬਿਲਾ ਸਧਨਾ)

ਕਜੋਂ ਮਿਸ਼ਰੀ ਕੋ ਤਜਾਗਕੈ ਚੋਰੀ ਕੋ ਗੁੜ ਖਾਤ?

ਅਰਥਾਤ ਸੁੰਦਰ ਧਰਮਪਤਨੀ ਨੂੰ ਤਜਾਗਕੇ ਤੂੰ ਕਿਉਂ

ਕੁਰੂਪਾ ਪਰਇਸਤ੍ਰੀਆਂ ਪਿੱਛੇ ਚੋਰੀਂ ਭਟਕਦਾ ਹੈਂ.

ਪ੍ਰਸ੍ਥ: ਸੰ. ਸੰਗ੍ਯਾ- ਸਾਫ ਮੈਦਾਨ, ਜੋ ਪਹਾੜ ਦੇ ਸਿਰ ਪੁਰ ਹੋਵੇ। ੨. ਮੈਦਾਨ. ਸਮਭੂਮਿ। ੩. ਪਹਾੜ ਦਾ ਉੱਚਾ ਕਿਨਾਰਾ. "ਚਹੁ ਦਿਸ ਕੇ ਪ੍ਰਸਥਾਨ ਪ੍ਰਸਥਾਨੇ." (ਗੁਪ੍ਰਸੂ) ੪. ਵਿਸ੍ਤਾਰ. ਫੈਲਾਉ। ੫. ਉਭਰਿਆ ਹੋਇਆ ਥਾਂ। ੬. ਪੁਰਾਣੇ ਸਮੇਂ ਦਾ ਇੱਕ ਮਾਪ ਅਤੇ ਤੋਲ. ਅਠਤਾਲੀ ਮੁੱਠੀ ਭਰ ਲੰਬਾਈ ਅਤੇ ਦੋ ਸੇਰ ਭਰ ਵਜਨ.

ਪ੍ਰਸ੍ਥਾਨ: ਸੰ. ਸੰਗ੍ਯਾ- ਗਮਨ. ਕੂਚ. ਰਵਾਨਗੀ। ੨. ਪਾਇਤਾ. ਜੋਤਿਸ਼ੀ ਦੇ ਦੱਸੇ ਮੁਹੂਰਤ ਪੁਰ ਜੋ ਕੂਚ ਨਾ ਕਰ ਸਕੇ, ਉਹ ਆਪਣੀ ਥਾਂ ਸ਼ਸਤ੍ਰ ਵਸਤ੍ਰ ਆਦਿ ਸਾਮਾਨ ਰਵਾਨਾ ਕਰਦਾ ਹੈ, ਇਸ ਦੀ ਭੀ ਪ੍ਰਸ੍ਥਾਨ ਸੰਗ੍ਯਾ ਹੈ. ਦੇਖੋ, ਪਾਇਤਾ ੩.

ਪ੍ਰਸ਼੍ਨ: ਸੰ. ਸੰਗ੍ਯਾ- ਸਵਾਲ. ਪੁੱਛ. ਜਿਗ੍ਯਾਸਾ। ੨. ਅਥਰਵੇਦ ਦੀ ਇਕ ਉਪਨਿਸ਼ਦ, ਜਿਸ ਵਿਚ ਛੀ ਪ੍ਰਸ਼੍ਨ ਹਨ, ਇਸ ਦੇ ਕੁੱਲ ੬੭ ਮੰਤ੍ਰ ਹਨ.

ਪ੍ਰਸ਼੍ਨੋਤਰ: ਸੰ. ਸੰਗ੍ਯਾ- ਪ੍ਰਸ਼੍ਨ ਅਤੇ ਉੱਤਰ. ਸਵਾਲ ਅਤੇ ਜਵਾਬ। ੨. ਜਿਸ ਰਚਨਾ ਵਿੱਚ ਪ੍ਰਸ਼੍ਨ ਅਤੇ ਉੱਤਰ ਦਾ ਕ੍ਰਮ ਹੋਵ, ਉਸ ਥਾਂ "ਪ੍ਰਸ਼੍ਨੋੱਤਰ"ਅਲੰਕਾਰ ਹੁੰਦਾ ਹੈ.

ਕੋਊ ਬੂਝੈ ਬਾਤ ਕੋ ਕੋਊ ਉੱਤਰ ਦੇਤ,

ਪ੍ਰਸ਼ਨੋੱਤਰ ਤਾਂਕੋ ਕਹਿਤ ਭੂਸ਼ਣ ਸੁਕਵਿ ਸੁਚੇਤ.

(ਸ਼ਿਵਰਾਜ ਭੂਸ਼ਣ)

ਇਸ ਦਾ ਨਾਮ ਕੇਵਲ "ਉੱਤਰ" ਭੀ ਹੈ.

ਉਦਾਹਰਣ-

ਜਾਇ ਪੁਛਹੁ ਸੋਹਾਗਣੀ, ਤੁਸੀ ਰਾਵਿਆ ਕਿਨੀ ਗੁਣੀ?

ਸਹਜਿ ਸੰਤੋਖਿ ਸੀਗਾਰੀਆ, ਮਿਠਾ ਬੋਲਣੀ.

(ਸ੍ਰੀ ਮਃ ੧)

ਸਤਿਸੰਗਤਿ ਕੈਸੀ ਜਾਣੀਐ?

ਜਿਥੈ ਇਕੋ ਨਾਮੁ ਵਖਾਣੀਐ. ×××

ਦੋਹਾਗੁਣੀ ਕਿਆ ਨੀਸਾਣੀਆ?

ਖਸਮਹੁ ਘੁਥੀਆ ਫਿਰਹਿ ਨਿਮਾਣੀਆ.

(ਸ੍ਰੀ ਮਃ ੧. ਜੋਗੀ ਅੰਦਰਿ)

ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ?

ਕਨਕ ਕਟਕ ਜਲ ਤਰੰਗ ਜੈਸਾ.

(ਸ੍ਰੀ ਰਵਿਦਾਸ)

ਨਾਨਕ, ਸੋਹਾਗਣਿ ਕਾ ਕਿਆ ਚਿਹਨੁ ਹੈ?

ਅੰਦਰਿ ਸਚੁ, ਮੁਖੁ ਉਜਲਾ, ਖਸਮੈ ਮਾਹਿ ਸਮਾਹਿ.

(ਵਾਰ ਸੂਹੀ ਮਃ ੩)

ਆਹ ਹਨੂ! ਕਹਿ ਸ੍ਰੀ ਰਘੁਬੀਰ,

ਕਛੂ ਸੁਧ ਹੈ ਸਿਯ ਕੀ ਛਿਤਿ ਮਾਹੀ?

ਹੈ ਪ੍ਰਭੁ ਲੰਕ ਕਲੰਕ ਬਿਨਾ, ਸੁ

ਬਸੈ ਤਹਿਂ ਰਾਵਨਬਾਗ ਕਿ ਛਾਹੀ.

ਜੀਵਤ ਹੈ? ਕਹਿਬੇ ਕੁਇ ਨਾਥ

ਸੁ ਕਯੋਂ ਨ ਮਰੀ ਹਮ ਤੇ ਬਿਛੁਰਾਹੀ?

ਪ੍ਰਾਨ ਬਸੈ ਪਦ ਪੰਕਜ ਮੇ

ਯਮ ਆਵਤ ਹੈ, ਪਰ ਪਾਵਤ ਨਾਹੀ.

(ਹਨੂ)

(ਅ) ਦੇਖੋ, ਅਰਥ ਚਿਤ੍ਰ.

**ਪ੍ਰਸ੍ਰਵਣ:** ਸੰ. ਸੰਗਯਾ- ਜਲ ਆਦਿ ਦਾ ਚੁਇਣਾ. ਟਪਕਣਾ। ੨. ਸੋਤਾ. ਚਸ਼ਮਾ. ਝਰਨਾ। ੩. ਪਸੀਨਾ. ਮੁੜ੍ਹਕਾ। ੪. ਦੁੱਧ, ਜੋ ਥਣਾਂ ਵਿੱਚੋਂ ਚੋਇਆ ਹੈ.

**ਪ੍ਰਸ੍ਰਾਵ:** ਸੰ. ਪ੍ਰ- ਸ੍ਰੁ ਸੰਗਯਾ- ਵਹਾਉ। ੨. ਪਾਣੀ ਦਾ ਵਹਾਉ. ਨਦੀ. ਨਾਲਾ। ੩. ਪਸੀਨਾ ਚੁਇਣ ਦਾ ਭਾਵ। ੪. ਪੇਸ਼ਾਬ. ਮੂਤ੍ਰ.

ਪ੍ਰਸ੍ਵੇਦ: ਸੰ. ਸੰਗਯਾ- ਪਸੀਨਾ. ਮੁੜ੍ਹਕਾ.

ਪ੍ਰਹਸਤ, ਪ੍ਰਹਸ੍ਤ: ਪ੍ਰਹਸਿਤ, ਵਿ- ਹਸਦਾ ਹੋਇਆ। ੨. ਪ੍ਰਹਸ੍ਤ ਲੰਮੇ ਹੱਥ ਵਾਲਾ। ੩. ਸੰਗਯਾ- ਥੱਪੜ. ਚਪੇੜ। ੪. ਰਾਵਣ ਦਾ ਇੱਕ ਮੰਤ੍ਰੀ ਅਤੇ ਸੈਨਾਨੀ, ਜੋ ਅਕੰਪਨ ਦਾ ਭਾਈ ਸੀ. "ਪ੍ਰਹਸਤ ਤੇ ਇਹ ਭਾਂਤ ਮੰਤ੍ਰ ਬਿਚਾਰਿਓ." (ਰਾਮਾਵ)

ਪ੍ਰਹਰਸ, ਪ੍ਰਹਰਖ: ਸੰ. ਪ੍ਰਹਸ਼ੰ. ਸੰਗਯਾ- ਆਨੰਦ. ਖ਼ੁਸ਼ੀ. ਬਹੁਤ ਪ੍ਰਸੰਨਤਾ.

ਪ੍ਰਹਰਖਣ: ਸੰ. ਪ੍ਰਹਸ਼ੰਣ. ਸੰਗਯਾ- ਆਨੰਦ. ਅਤਿ ਪ੍ਰਸੰਨਤਾ. "ਪ੍ਰਸ੍ਰਿ ਪ੍ਰਹਰਖਣ ਦੁਸ੍ਰਿ ਮਥੇ." (ਅਕਾਲ) ੨. ਮਨਵਾਂਛਿਤ ਤੋਂ ਜਾਦਾ ਪ੍ਰਾਪ੍ਤੀ ਹੋਣੀ, ਐਸਾ ਵਰਣਨ "ਪ੍ਰਹਰਸ਼ਣ" ਅਲੰਕਾਰ ਹੈ.

ਜਹਿਂ ਇੱਛਾ ਤੇ ਫਲ ਅਧਿਕਾਈ,

ਕੋ ਪਾਵੈ, ਪਰਹਰਸ਼ਣ ਗਾਈ.

(ਗਰਬਗੰਜਨੀ)

ਉਦਾਹਰਣ-

ਅਜਾਮਲੁ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ

ਕਰਿ ਨਾਰਾਇਣ ਬੋਲਾਰੇ,

ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ

ਜਮਕੰਕਰ ਮਾਰਿ ਬਿਦਾਰੇ.

(ਨਟ ਅਃ ਮਃ ੪)

ਡੱਲੇ ਨੇ ਮਾਂਗੀ ਜਬ ਬਰਖਾ,

ਗੁਰੂ ਕ੍ਰਿਪਾ ਤੇ ਤਬ ਜਲ ਵਰਖਾ.

ਤਿਸੀ ਸਮੇ ਦੀਨੋ ਯਹਿ ਵਰ ਹੈ,

ਸਤਦ੍ਰਵ ਮਰੁਥਲ ਸੇਚਨ ਕਰ ਹੈ.

(ਅ) ਕਿਸੀ ਵਸਤੁ ਦੀ ਪ੍ਰਾਪਤੀ ਲਈ ਕੋਈ ਉਪਾਉ ਸੋਚਣਾ, ਪਰ ਉਸ ਨੂੰ ਅਮਲ ਵਿੱਚ ਲਿਆਂਦੇ ਬਿਨਾ ਹੀ ਵਾਂਛਿਤ ਵਸਤੁ ਦੀ ਪ੍ਰਾਪਤੀ ਹੋ ਜਾਣੀ 'ਪ੍ਰਹਰਸ਼ਣ' ਦਾ ਦੂਜਾ ਭੇਦ ਹੈ. "ਮਨ ਜਾਂਕੀ ਇੱਛਾ ਕਰੈ ਮਿਲੈ ਵਸਤੁ ਸੋ ਆਯ" (ਰਾਮਚੰਦ੍ਰ ਭੂਸ਼ਣ)

ਉਦਾਹਰਣ-

ਧਨ ਉਪਜਾਵਨ ਕਾਰਨੇ ਚਿਤਵੈ ਅਨਿਕ ਉਪਾਯ,

ਅਕਸਮਾਤ ਨਿਊਂ ਖੋਦਤੇ ਦਬਜੋ ਖਜਾਨਾ ਪਾਯ.

ਪ੍ਰਹਰਣ: ਸੰ. ਸੰਗਯਾ- ਖੋਹਣਾ. ਛੀਨਣਾ। ੨. ਪ੍ਰਹਾਰ. ਸ਼ਸਤ੍ਰ ਦਾ ਵਾਰ। ੩. ਸ਼ਸਤ੍ਰ। ੪. ਯੁੱਧ। ੫. ਇਸਤ੍ਰੀਆਂ ਦੀ ਸਵਾਰੀ ਦਾ ਪਰਦੇਦਾਰ ਰਥ ਝੰਪਾਨ ਆਦਿ.

ਪ੍ਰਹਰਤਾ: ਸੰ. प्रहर्तृ. ਵਿ- ਪ੍ਰਹਾਰ ਕਰਤਾ "ਜਗਤ ਪ੍ਰਹਰਤਾ ਸਭ ਜਗ ਭਰਤਾ." (ਗ੍ਯਾਨ) ੨. ਯੋਧਾ.

ਪ੍ਰਹਲਾਦ: ਸੰ. प्रल्हाद- ਪ੍ਰਲ੍ਹਾਦ ਇਹ ਸ਼ਬਦ प्रहाद- ਪ੍ਰਹ੍ਰਾਦ ਭੀ ਹੈ. ਹਿਰਨਯਕਸ਼ਿਪ ਦਾ ਪੁਤ੍ਰ ਅਤੇ ਬਲਿ ਦਾ ਪਿਤਾ. ਪੁਰਾਣਕਥਾ ਹੈ ਕਿ ਹਿਰਨਯਕਸ਼ਿਪ ਨੇ ਦੇਵਤਿਆਂ ਨਾਲ ਯੁੱਧ ਕਰਕੇ ਸੂਰਗਲੋਕ ਇੰਦ੍ਰ ਕੋਲੋਂ ਲੈਲਿਆ ਸੀ. ਇਸ ਦਾ ਪੁਤ੍ਰ

ਪ੍ਰਹਲਾਦ ਛੋਟੀ ਅਵਸਥਾ ਵਿੱਚ ਹੀ ਵਿਸ਼ਨੁ ਦਾ ਉਪਾਸਕ ਬਣ ਗਿਆ। ਉਸ ਦਾ ਪਿਤਾ ਬਹੁਤ ਗੁੱਸੇ ਹੋਇਆ ਅਤੇ ਪ੍ਰਹਲਾਦ ਨੂੰ ਮਾਰਨ ਦਾ ਹੁਕਮ ਦਿੱਤਾ, ਪਰ ਦੈਤਾਂ ਦੇ ਅਸਤ੍ਰ ਸਰਪਾਂ ਦੇ ਢੰਗ ਹਾਥੀਆ ਲਾਟਾਂ ਆਦਿਕ ਦਾ ਪ੍ਰਹਲਾਦ ਪੁਰ ਕੁਝ ਅਸਰ ਨਾ ਹੋਇਆ, ਪਰ ਹਿਰਨਜਕਸ਼ਿਪੁ ਨੂੰ ਦੰਡ ਦੇਣ ਲਈ ਵਿਸ਼ਨੁ ਨੇ ਨਰਸਿੰਹ ਅਵਤਾਰ ਧਾਰਿਆ.

ਪਿਤਾ ਦੇ ਪਰਲੋਕ ਜਾਣ ਪਿੱਛੋਂ ਪ੍ਰਹਲਾਦ ਦੈਤਾਂ ਦਾ ਰਾਜਾ ਬਣਿਆ ਅਤੇ ਪਾਤਾਲ ਵਿੱਚ ਰਹਿਣ ਲੱਗਾ. ਪਦਮਪੁਰਾਣ ਵਿੱਚ ਲਿਖਿਆ ਹੈ ਕਿ ਇਹ ਇੰਦ੍ਰਪਦਵੀ ਨੂੰ ਪ੍ਰਾਪਤ ਹੋਇਆ ਅਤੇ ਅੰਤ ਵਿੱਚ ਵਿਸ਼ਨੁਰੂਪ ਹੀ ਹੋ ਗਿਆ. ਭਾਰਤ ਦੇ ਭਗਤਾਂ ਦੀ ਰਚਨਾ ਅਤੇ ਸਿੱਖ ਧਰਮਗ੍ਰੰਥਾਂ ਵਿੱਚ ਪ੍ਰਹਲਾਦ ਦਾ ਪਿਤਾ ਹਰਨਾਖਸ ਲਿਖਿਆ ਹੈ. "ਪ੍ਰਹਲਾਦ ਕਾ ਰਾਖਾ ਹੋਇਆ ਰਘੁਰਾਇ." (ਭੈਰ ਮਃ ੩) "ਦੈਤਪੁਤ੍ਰ ਪ੍ਰਹਲਾਦ." (ਭੈਰ ਮਃ ੩) "ਪ੍ਰਹਲਾਦ ਭਗਤ ਲੀਨੋਵਤਾਰ." (ਨਰ ਸਿੰਘਾਵ) ੨. ਆਨੰਦ. ਖ਼ੁਸ਼ੀ. "ਦੇਨ ਪ੍ਰਹਲਾਦ ਪ੍ਰਹਲਾਦ ਕੋ." (ਗੁਪ੍ਰਸੂ)

ਪ੍ਰਹਲਾਦਸਿੰਘ: ਰਹਿਤਨਾਮੇ ਦਾ ਕਰਤਾ ਇੱਕ ਸਿੰਘ. ਇਸ ਦੇ ਰਹਿਤਨਾਮੇ ਦਾ ਆਰੰਭ ਇਸ ਦੋਹੇ ਤੋਂ ਹੁੰਦਾ ਹੈ- "ਅਬਚਲਨਗਰ ਬੈਠੇ ਗੁਰੂ ਮਨ ਮਹਿ ਕੀਆ ਬਿਚਾਰ, ਬੋਲਿਆ ਪੂਰਾ ਸਤਿਗੁਰੂ ਮੂਰਿਤ ਸ੍ਰੀ ਕਰਤਾਰ." ਅਰ ਰਹਿਤਨਾਮਾ ਬਣਨ ਦਾ ਸਾਲ ਦੱਸਿਆ ਹੈ-

"ਸੰਮਤ ਸਤ੍ਰਹਿ ਸੈ ਭਏ ਬਰਖ ਬਵੰਜਾ ਨਿਹਾਰ,

ਮਾਘ ਵਦੀ ਤਿਥਿ ਪੰਚਮੀ ਵੀਰਵਾਰ ਸੁਭ ਵਾਰ,"

ਇਸ ਨੇ ਇਹ ਖਿਆਲ ਨਹੀਂ ਕੀਤਾ ਕਿ ਸੰਮਤ ੧੭੫੨ ਵਿੱਚ ਗੁਰੂ ਸਾਹਿਬ ਅਬਿਚਲਨਗਰ ਨਹੀਂ ਪਧਾਰੇ ਅਰ ਨਾ ਉਸ ਵੇਲੇ ਖਾਲਸੇ ਦੀ ਰਚਨਾ ਸੀ.

ਇਸੇ ਰਹਿਤਨਾਮੇ ਦੇ ਇਹ ਵਾਕ ਹਨ-

"ਅਕਾਲਪੁਰਖ ਕੇ ਹੁਕਮ ਤੇ ਪ੍ਰਗਟ ਚਲਾਯੋ ਪੰਥ,

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ."

ਗੁਰੂ ਖਾਲਸਾ ਮਾਨੀਓ ਪ੍ਰਗਟ ਗੁਰੂ ਕੀ ਦੇਹ." ×××

ਪ੍ਰਹਲਾਦੁ: ਦੇਖੋ, ਪ੍ਰਹਲਾਦ.

ਪ੍ਰਹਾਸ: ਸੰ. ਸੰਗਯਾ- ਅੱਟਹਾਸ. ਜ਼ੋਰ ਦਾ ਹਾਸਾ। ੨. ਸ਼ਿਵ। ੩. ਨਟ। ੪. ਭੰਡ. ਮਖ਼ੌਲੀਆ.

ਪ੍ਰਹਾਸਨ, ਪ੍ਰਹਾਸੀ: ਸੰ. प्रहासिन- ਵਿ- ਉੱਚਾ ਹੱਸਣ ਵਾਲਾ ਅੱਟਹਾਸ ਕਰਨ ਵਾਲਾ. "ਦਾਮਨੀ ਪ੍ਰਹਾਸਨ." (ਅਕਾਲ)

ਪ੍ਰਹਾਰ: ਸੰਗਯਾ- ਵਾਰ. ਆਘਾਤ. ਚੋਟ. ਸੱਟ.

ਪ੍ਰਹਾਰੀ: प्रहारिन. ਵਿ- ਪ੍ਰਹਾਰ ਕਰਨ ਵਾਲਾ. ਮਾਰਨ ਵਾਲਾ। ੨. ਸ਼ਸਤ੍ਰ ਆਦਿ ਚਲਾਉਣ ਵਾਲਾ। ੩. ਵਿਨਾਸ਼ਕ.

ਪ੍ਰਹਿਲਾਦ: ਦੇਖੋ, ਪ੍ਰਹਲਾਦ. "ਮਾਤਾ ਉਪਦੇਸੈ, ਪ੍ਰਹਿਲਾਦ ਪਿਆਰੇ." (ਭੈਰ ਮਃ ੩)

ਪ੍ਰਹਿਲਾਦ ਸਿੰਘ: ਦੇਖੋ, ਪ੍ਰਹਲਾਦ ਸਿੰਘ.

ਪ੍ਰਹਿਲਾਦੁ: ਦੇਖੋ, ਪ੍ਰਹਲਾਦ. "ਪ੍ਰਹਿਲਾਦੁ ਕਹੈ, ਸੁਣਹੁ ਮੇਰੀ ਮਾਇ." (ਭੈਰ ਮਃ ੩)

ਪ੍ਰਹੀਰੰਤ: ਪ੍ਰਹਾਰੰਤ. ਪ੍ਰਹਾਰ ਕਰੰਤ. "ਪ੍ਰਹੀਰੰਤ ਤੀਰੰ." (ਕਲਕੀ)

ਪ੍ਰਹੇਲਿਕਾ: ਪਹੇਲੀ. ਬੁਝਾਰਤ. ਇਹ ਉਭਯਾਲੰਕਾਰ ਹੈ. ਅਰਥਪਹੇਲੀ ਦਾ ਸ੍ਵਰੂਪ ਦੇਖੋ, ਅਲੰਕਾਰ "ਚਿਤ੍ਰ" ਦੇ ਅੰਗ ੬. ਵਿੱਚ.

ਵਰਣਪ੍ਰਹੇਲਿਕਾ ਅਜਿਹੀ ਬੁਝਾਰਤ ਹੈ, ਜਿਸ ਦੇ ਪ੍ਰਸ਼ਨਾਂ ਦਾ ਉੱਤਰ ਅੱਖਰਾਂ ਵਿੱਚੋਂ ਹੀ ਪ੍ਰਗਟ ਹੁੰਦਾ ਹੈ. ਇਸ ਦੇ ਹੀ ਅੰਤਰਗਤ ਅੰਤਰਲਾਪਿਕਾ ਅਤੇ ਵਹਿਰਲਾਪਿਕਾ ਆਦਿਕ ਭੇਦ ਹਨ. ਇਸ ਦੇ ਕਈ ਉਦਾਹਰਣ ਅੱਗੇ ਦਿਖਾਉਂਦੇ ਹਾਂ-

ਉਦਾਹਰਣ-

(ੳ) ਕਿਸ ਤੇ ਪਸ਼ੁ ਜਤੋਂ ਪੇਟ ਭਰ

ਲੇਟਤ ਹੋਇ ਨਿਸੰਗ?

ਬੁੱਧੀ ਵਿਦਜਾ ਵਿਦਾ ਕਰ

ਮਾਨ ਮ੍ਰਯਾਦਾ ਭੰਗ?

ਇਸ ਪ੍ਰਸ਼ਨ ਦਾ ਉੱਤਰ "ਭੰਗ" ਹੈ.

ਅ)ਨਿਰਮਲ ਕੇ ਵਹ ਆਦਿ ਮੇ

ਰਹਿਤੋ. ਬੀਚ ਬਿਹੰਗ,

ਜੰਗ ਅੰਤ ਮੇ ਪੇਖਿਯਤ

ਬੂਝ ਪ੍ਰਸ਼ਨ ਪ੍ਰਸੰਗ,

ਉੱਤਰ "ਨਿਹੰਗ"

ੲ)ਸੰਭੁ ਕਹਾਂ ਬਿਖ ਪਰਤ?

ਜਨਮ ਦੁਰਲੱਭ ਕਵਨ ਕਹਿ?

ਪ੍ਰਜਾ ਭੂਪ ਕਹਿਂ ਦੇਤ?

ਦਾਨ ਮੇ ਚਹਤ ਕਵਨ ਨਹਿ?

ਕਾ ਕਰ ਸੋਭਤ ਬਾਮ?

ਦਯਾ ਨਹਿ ਕਾ ਪਰ ਚਹਿਯੇ?

ਮੰਗਲ ਮੇ ਧੁਨਿ ਕਵਨ?

ਕਵਨ ਪ੍ਰਭੁ ਪੂਜ ਜਿ ਲਹਿਯੇ?

ਕਵਨ ਗਜਾਨ ਵਿਗਜਾਨ ਦਾ?

ਵੇਦਿਵੰਸ਼ ਕੋ ਧਰਮਧੁਰ?

ਸਸਿਜਹਰੀ ਉੱਤਰ ਦਯੋ

"ਨਾਨਕ ਦੇਵ ਅਭੇਦ ਗੁਰ."

(ਭਾਈ ਬੁਧ ਸਿੰਘ)

ਇਸ ਛੱਪਯ ਦੇ ਦਸ ਪ੍ਰਸ਼ਨਾਂ ਦਾ ਉੱਤਰ "ਨਾਨਕ ਦੇਵ ਅਭੇਵ ਗੁਰ" ਵਾਕਯ ਵਿੱਚ ਯਥਾ ਕ੍ਰਮ ਇਉਂ ਹੈ- ਨਾਰ, ਨਰ, ਕਰ, ਦੇਰ, ਵਰ, ਅਰ, ਭੇਰ, ਵਰ, ਗੁਰ ਅਤੇ ਨਾਨਕ ਦੇਵ ਅਭੇਵ ਗੁਰ ਹੈ.

ਸ)ਕੰਜ ਲਸੈ ਕਿਹ ਮੱਧ?

ਸੁਭਟ ਹਰਖਤ ਕਿਹ ਕੈ ਨਿਧ?

ਸਤ੍ਰ ਡਰੈ ਕਿਹ ਦੇਖ?

ਕੌਨ ਹਰਿਪ੍ਰਿਯਾ ਸਰਬ ਸਿਧ?

ਕੋ ਭੂਖਨ ਰਮਣੀਨ?

ਕਹਾਂ ਗਾਵਨ ਮਨਭਾਵਨ?

ਜੂਪਕਾਰ ਕੋ ਸਾਰ?

ਕੌਨ ਹਯ ਰਾਮ ਬਧਾਵਨ?

ਕਹਿਂ ਮੁਨਿ ਗ੍ਰਹਿ? ਕੋ ਸ਼ੁਭ ਜਨਮ ਜਗ?

ਜਗ ਕਿ ਭਾਖ ਅੰਮ੍ਰਿਤ ਸੁ ਕਵਿ?

ਦਸਸੀਸ ਹਰਨ ਸ੍ਰੀ ਰਾਮ ਕਰ

ਸੋਭਤ ਹੈ "ਸਰ ਨਬਲ ਛਬ"

(ਕਵਿ ਅਮ੍ਰਿਤਰਾਯ)

ਇਸ ਛੱਪਯ ਦੇ ਬਾਰਾਂ ਪ੍ਰਸ਼ਨਾਂ ਦਾ ਉੱਤਰ "ਸਰ ਨਬਲ ਛਬ" ਪਦ ਵਿੱਚ ਗਤਾਗਤ ਰੀਤਿ ਨਾਲ ਇਉਂ ਹੈ- ਸਰ, ਰਨ, ਬਲ, ਲਛ, ਛਬ, ਬਛ, ਛਲ, ਲਬ, ਬਨ, ਨਰ, ਰਸ ਅਤੇ ਸਰ ਨਬਲ ਛਬ.

ਹ)ਮੋ ਮਦ ਕਾ ਛਰ ਲੋਹ ਦਗਾ ਮਲ

ਸੰਭ ਕਬੀ ਉਰ ਮਾਹਿ ਨ ਧਾਰੋ,

ਰਾਹ ਅਬੋ ਸਖਿ ਦੈ ਮਰ ਜੰਧਮ

ਮਾਵ ਸਦਾ ਉਰ ਤੇ ਨਹਿ ਟਾਰੋ,

ਸਾਗੁ ਭਵੇ ਸੁ ਸਪੰਚ ਇਨੀ ਤਰ

ਜੋ ਦਨ ਦਾ ਥਲ ਨੇਤ ਸੰਭਾਰੇ,

ਜੋ ਇਨ ਤੇ ਹਰਿ ਨਾਹਿ ਮਿਲੇ

ਤਬ ਜਾਮਨ ਸਿੰਘ ਗੁਲਾਬ ਤਿਹਾਰੋ.

(ਭਾਵਰਸਾਮ੍ਰਿਤ)

ਇਸ ਸਵੈਯੇ ਦੀ ਪਦਯੋਜਨਾ ਇਉਂ ਹੈ-

ਮੋਹ, ਮਦ, ਦਗਾ, ਕਾਮ, ਛਲ, ਰਸ

ਲੋਭ, ਕਬੀ ਉਰ ਮਾਹਿ ਨ ਧਾਰੋ,

ਰਾਮ, ਹਰ, ਅਜ, ਬੋਧ, ਸਮ, ਖਿਮਾ,

ਦੈਵ, ਸਦਾ ਉਰ ਤੇ ਨਹਿ ਟਾਰੋ,

ਸਾਂਤ, ਗੁਰ, ਭਜ, ਵੇਦ, ਸੁਨ, ਸਦ,

ਪੰਥ, ਚਲ, ਇਨੇ ਨੀਤ ਸੰਭਾਰੋ.

ਕ)ਇਸਤ੍ਰੀ ਕੋ ਪ੍ਰਿਯ ਕਵਨ?

ਜਨਮ ਉੱਤਮ ਕੋ ਕਹਿਯੇ?

ਨ੍ਰਿਪਹਿ ਪ੍ਰਜਾ ਕਯਾ ਦੇਤ?

ਮਾਨ ਕਾ ਕਰ ਜਗ ਲਹਿਯੇ?

ਕਵਨ ਨੇਤ੍ਰ ਕੋ ਵਿਸ਼ਯ?

ਦੇਹ ਚੈਤਨ ਕਿਹਕਰ ਹੈ?

ਜਗਤਾਰਕ ਹੈ ਕਵਨ?

ਪਰਮਗੁਰ ਆਦਿ ਅਛਰ ਹੈ?

ਇਹ ਵਹਿਰਲਾਪਿਕਾ ਹੈ, ਉੱਤਰ ਇਉਂ ਹਨ- ਨਾਹਿ, ਨਰ, ਕਰ, ਗੁਣ, ਰੂਪ, ਜੀਵ. ਅੰਤਿਮ ਪ੍ਰਸ਼ਨ ਜੋ ਹੈ ਕਿ ਜਗਤਾਰਕ ਪਰਮਗੁਰ ਕਵਨ ਹੈ? ਇਸ ਦਾ ਉੱਤਰ ਦਿੱਤਾ ਹੈ ਕਿ ਉੱਤਰ ਦੇ ਪਦਾਂ ਦਾ ਆਦਿ ਅੱਖਰ ਹੈ. ਆਦਿ ਦੇ ਅੱਖਰ ਲੈਣ ਤੋਂ ਉੱਤਰ ਬਣਦਾ ਹੈ. "ਨਾਨਕ ਗੁਰੂ ਜੀ."

ਪ੍ਰਕਟ: ਸੰ. ਵਿ- ਪ੍ਰਗਟ ਜੋ ਪ੍ਰਤੱਖ ਹੋਵੇ. ਜਾਹਿਰ। ੨. ਸਪਸ਼੍ਟ. ਸਾਫ.

ਪ੍ਰਕਰਖਣ: ਸੰ. ਪ੍ਰ- ਕਸ਼ਣ. ਸੰਗਯਾ- ਅਧਿਕਤਾ। ੨. ਖਿੱਚਣ ਦੀ ਕ੍ਰਿਯਾ. ਘਸੀਟਣਾ. "ਦੁਸਟ ਪ੍ਰਕਰਖਣ." (ਅਕਾਲ)

ਪ੍ਰਕਰਣ: ਸੰ. ਸੰਗਯਾ- ਪ੍ਰਸੰਗ ਕਥਾ। ੨. ਗ੍ਰੰਥ ਦਾ ਭਾਗ. ਬਾਬ। ੩. ਉਤਪੰਨ ਕਰਨਾ. "ਜਗਤ ਪ੍ਰਕਰਣੰ." (ਗਯਾਨ)

ਪ੍ਰਕਾਸ਼: ਸੰ. ਸੰਗਯਾ- ਚਮਕ. ਤੇਜ. ਜ੍ਯੋਤਿ। ੨. ਪ੍ਰਗਟ ਹੋਣ ਦੀ ਕ੍ਰਿਯਾ. "ਤਹੀ ਪ੍ਰਕਾਸ ਹਮਾਰਾ ਭਯੋ," (ਵਿਚਿਤ੍ਰ) ੩. ਧੁੱਪ. ਆਤਪ। ੪. ਪ੍ਰਸਿੱਧਿ। ੫. ਗ੍ਯਾਨ। ੬. ਪ੍ਰਹਾਸ ਹਾਸੀ। ੭. ਕਾਂਸੀ ਧਾਤੁ। ੮. ਵਿਸ੍ਤਾਰ. ਫੈਲਾਉ। ੯. ਸ਼ਿਵ। ੧੦. ਗ੍ਰੰਥ ਦਾ ਕਾਂਡ. ਬਾਬ.

ਪ੍ਰਕਾਸੀ: प्रकाशिन. ਵਿ- ਪ੍ਰਕਾਸ਼ਣ ਵਾਲਾ.

ਪ੍ਰਕਾਂਡ: ਸੰ. प्रकाण्ड. ਸੰਗਯਾ- ਮੋਟਾ ਟਾਹਣਾ. "ਗਹੇ ਪ੍ਰਕਾਂਡ ਸਜੋਰ ਹਿਲਾਏ." (ਨਾਪ੍ਰ) ੨. ਸ਼ਾਖ. ਟਹਣੀ। ੩. ਬਿਰਛ ਦਾ ਧੜ. ਪੋਰਾ। ੪. ਵਿ- ਵਿਸ੍ਤਾਰ ਵਾਲਾ.

ਪ੍ਰਕਾਰ: ਸੰ. ਸੰਗਯਾ- ਤਰਹ. ਭਾਂਤਿ "ਅਨਿਕ ਪ੍ਰਕਾਰ ਕੀਓ ਬਖ੍ਯਾਨ" (ਸੁਖਮਨੀ) ੨. ਭੇਦ. ਕਿਸਮ। ੩. ਸਮਾਨਤਾ. ਬਰਾਬਰੀ। ੪. ਸੰ. ਪ੍ਰਾਕਾਰ ਕਿਲਾ. ਕੋਟ. "ਤੁਮ ਹੀ ਦੀਏ ਅਨਿਕ ਪ੍ਰਕਾਰਾ, ਤੁਮ ਹੀ ਦੀਏ ਮਾਨ." (ਸਾਰ ਮਃ ੫)

ਪ੍ਰਕੀਰਣ: ਸੰ. ਪ੍ਰਕੀਰ੍ਣ. ਵਿ- ਖਿੰਡਿਆ ਹੋਇਆ. ਫੈਲਿਆ ਹੋਇਆ। ੨. ਮਿਲਿਆ ਹੋਇਆ। ੩. ਅਨੇਕ ਤਰਹਿ ਦਾ। ੪. ਸੰਗਯਾ- ਪ੍ਰਕਰਣ. ਅਧ੍ਯਾਯ। ੫. ਪਾਗਲ. ਸਿਰੜਾ। ੬. ਫੁਟਕਲ ਕਵਿਤਾ। ੭. ਚੌਰ. ਚਾਮਰ। ੮. ਵਿਸ੍ਤਾਰ। ੯. ਘੋੜਾ. ਤੁਰੰਗਮ.

ਪ੍ਰਕੀਰਤਿ: ਸੰ. प्रकीर्त्ति ਸੰਗਯਾ- ਪ੍ਰਸਿੱਧੀ। ੨. ਢੰਡੋਰਾ.

ਪ੍ਰਕੰਪ: ਸੰ. ਸੰਗਜਾ- ਕਾਂਬਾ. ਜੋਰ ਨਾਲ ਕੰਬਣ ਦੀ ਕ੍ਰਿਯਾ। ੨. ਹਲੂਣਾ. ਥਰਥਰਾਹਟ.

ਪ੍ਰਕੰਪਨ: ਸੰ. ਸੰਗਜਾ- ਜ਼ੋਰ ਨਾਲ ਕੰਬਾਉਣ ਦੀ ਕ੍ਰਿਯਾ। ੨. ਹਵਾ. ਵਾਯੁ। ੩. ਰਾਵਣ ਦਾ ਇੱਕ ਮੰਤ੍ਰੀ.

ਪ੍ਰਕ੍ਰਿਤ: ਸੰ. प्रकृत ਵਿ- ਆਰੰਭ ਕੀਤਾ ਹੋਇਆ। ੨. ਪ੍ਰਕਰਣ (ਪ੍ਰਸੰਗ) ਵਿੱਚ ਆਇਆ। ੩. ਰਚਿਆ ਹੋਇਆ। ੪. ਕੁਦਰਤੀ ਸ੍ਵਾਭਾਵਿਕ.

ਪ੍ਰਕ੍ਰਿਤਿ: ਸੰ. प्रकृति. ਸੰਗਜਾ- ਸ੍ਵਭਾਵ. ਮਿਜਾਜ। ੨. ਤਾਸੀਰ। ੩. ਸਾਂਖ੍ਯਮਤ ਅਨੁਸਾਰ ਜਗਤ ਦਾ ਮੂਲਰੂਪ ਬੀਜ, ਜਿਸ ਦਾ ਪਰਿਣਾਮ ਸਾਰਾ ਜਗਤ ਹੈ. ਪ੍ਰਕ੍ਰਿਤਿ ਤੋਂ ਹੀ ਮਹੱਤਤ੍ਵ ਤਨ੍ਮਾਤ੍ਰ ਆਦਿ ਉਪਜੀ ਵਿਸ੍ਤਾਰ ਵਾਲਾ ਜਗਤ ਬਣਦਾ ਹੈ ਅਰ ਪ੍ਰਕ੍ਰਿਤਿ ਵਿੱਚ ਹੀ ਲੈ ਹੋ ਜਾਂਦਾ ਹੈ। ੪. ਤੱਤਾਂ ਦੀ ਅੰਸ਼, ਤੱਤਾਂ ਦੇ ਅਸਰ ਤੋਂ ਪੈਦਾ ਹੋਏ ਗੁਣ.

"ਏਕ ਏਕ ਤੱਤ ਤਾਂਕੀ ਪੰਚ ਹੈਂ ਪ੍ਰਕ੍ਰਿਤਿ ਭਈ,

ਲੋਭ ਮੋਹ ਅਹੰ ਦੁਖ ਪ੍ਰੀਤਿ ਨਭ ਜਾਨਿਯੇ,

ਬਲ ਕੋ ਕਰਨ ਅਰੁ ਧਾਵਨ ਪਸਾਰਨ,

ਸੰਕੋਚ ਦੇਹ ਬਧੈ ਸੁ ਸਮੀਰ ਪਹਿਚਾਨਿਯੇ,

ਨੀਂਦ ਓਜ ਕਾਂਤਿ ਭੂਖ ਪਯਾਸ ਹੋਇ ਆਲਸ ਜੋ

ਅਗਨਿ ਕੇ ਤੱਤ ਕੀ ਪ੍ਰਕ੍ਰਿਤਿ ਏ ਪ੍ਰਮਾਨਿਯੇ,

ਰਕਤ ਪਸੀਨਾ ਪਿੱਤ ਕ੍ਫ ਬਿੰਦੁ ਨੀਰ ਹੂੰ ਕੀ

ਚਾਮ ਹਾਡ ਮਾਸ ਨਾੜੀ ਰੋਮ ਛਿਤਿ ਭਾਨਿਯੇ"

(ਨਾਪ੍ਰ)

੫. ਮਾਇਆ. "ਪਰਮਦਭੁਤੰ ਪ੍ਰਕ੍ਰਿਤਿਪਰੰ." (ਗੂਜ ਜੈਦੇਵ) ੬. ਅਗ੍ਯਾਨ। ੭. ਪਰਮਾਤਮਾ। ੮. ਮਨ ਦੇ ਲੇਖ ਅਨੁਸਾਰ ਰਾਜ ਦੇ ਸੱਤ ਅੰਗ ਪ੍ਰਕ੍ਰਿਤਿ ਹਨ- ਸ੍ਵਾਮੀ (ਰਾਜਾ), ਮੰਤ੍ਰੀ, ਦੇਸ਼ (ਇਲਾਕਾ), ਦੁਰਗ (ਕਿਲਾ), ਖਜਾਨਾ, ਦੰਡ (ਚਤੁਰੰਗਿਨੀ ਫੌਜ), ਮਿਤ੍ਰ. ਦੇਖੋ, ਅਃ ੯, ਸ਼ਃ ੨੯੪।[800] ੯. ਸ਼ਕਤਿ. ਤਾਕਤ। ੧੦. ਸ਼ਬਦ ਦਾ ਮੂਲ. ਧਾਤੁ। ੧੧. ਭਗ. ਯੋਨਿ। ੧੨. ਲਿੰਗ.

ਪ੍ਰਕ੍ਰਿਤਿਪਰ: ਵਿ- ਜੋ ਪ੍ਰਕ੍ਰਿਤਿ ਤੋਂ ਪਰੇ ਹੈ. ਸ਼ੁੱਧ ਬ੍ਰਹਮ. ਦੇਖੋ, ਪ੍ਰਕ੍ਰਿਤਿ ੫.

ਪ੍ਰਕ੍ਰਿਯਾ: ਸੰ. ਸੰਗਜਾ- ਯੁਕ੍ਤਿ. ਤਰੀਕਾ। ੨. ਪ੍ਰਕਰਣ. ਪ੍ਰਸੰਗ "ਕਹੂੰ ਪ੍ਰਕ੍ਰਿਯਾ ਕਾਸਿਕਾ[801] ਸਰਬ ਮੱਥੈਂ" (ਅਜੈ ਸਿੰਘ) ੩. ਵ੍ਯਾਕਰਣ ਦਾ ਇੱਕ ਪ੍ਰਬੰਧ.

ਪ੍ਰਕਾਲਨ: ਸੰ. ਸੰਗਜਾ ਚੰਗੀ ਤਰਾਂ ਕਾਲਨ (ਧੋਣ) ਦੀ ਕ੍ਰਿਯਾ, ਸਾਫ ਕਰਨਾ.

ਪ੍ਰਖਰ: ਸੰ. ਵਿ- ਬਹੁਤ ਤਿੱਖਾ। ਪ੍ਰਚੰਡ. ਕ੍ਰੋਧੀ। ੩. ਸੰਗਜਾ- ਖੱਚਰ। ੪. ਕੁੱਤਾ। ੫. ਦੇਖੋ ਪਾਖਰ।

ਪ੍ਰਖਰੇ: ਪ੍ਰਖਰ (ਖੱਚਰ) ਦਾ ਬਹੁ ਵਚਨ. ਦੇਖੋ, ਪ੍ਰਖਰ ੩। ੨. ਪਾਖਰ ਸਹਿਤ ਸਜੇ ਹੋਏ. "ਪ੍ਰਖਰੇ ਪਾਵੰਗੰ." (ਰਾਮਾਵ) ਦੇਖੋ, ਪਾਖਰ.

ਪ੍ਰਖ੍ਯਾਤ: ਸੰ. ਵਿ- ਜੋ ਬਹੁਤ ਖ੍ਯਾਤ (ਪ੍ਰਸਿੱਧ) ਹੈ. ਮਸ਼ਹੂਰ.

---

[800] ਸ਼ੁਕ੍ਰਨੀਤਿ ਵਿੱਚ ਰਾਜਾ ਸਿਰ, ਮੰਤ੍ਰਾਂ ਨੇਤ੍ਰ. ਮਿਤ੍ਰ ਕੰਨ. ਕੋਸ਼ ਮੁਖ, ਸੈਨਾ ਭੁਜਾ. ਦੁਰਗ ਹੱਥ, ਜਨਪਦ। (ਦੇਸ਼) ਨੂੰ ਪੈਰ ਲਿਖਿਆ ਹੈ. ਸੱਤ ਪ੍ਰਕ੍ਰਿਤਿ ਕਰਕੇ "ਸਪਤਗਰਾਜ੍ਯ" ਹੋਇਆ ਕਰਦਾ ਹੈ.

[801] ਕਾਸ਼ਿਕਾ ਨਾਮਕ ਵ੍ਯਾਕਰਣ ਗ੍ਰੰਥ

ਪ੍ਰਖਜਾਤਿ: ਸੰਗਜਾ- ਪ੍ਰਸਿੱਧ. ਮਸ਼ਹੂਰੀ.

ਪ੍ਰਗਟ: ਦੇਖੋ, ਪ੍ਰਕਟ "ਪ੍ਰਗਟ ਕੀਨੇ ਪ੍ਰਭ ਕਰਣੇਹਾਰੇ." (ਧਨਾ ਮਃ ੫)

ਪ੍ਰਗਟਣਾ, ਪ੍ਰਗਟਨਾ: ਕ੍ਰਿ- ਪ੍ਰਕਟ (ਜਾਹਿਰ) ਹੋਣਾ. ਪ੍ਰਕਟਨ.

ਪ੍ਰਗਟੀਨਾ: ਵਿ- ਪ੍ਰਗਟ ਹੋਇਆ. ਪ੍ਰਤੱਖ ਹੋਇਆ। ੨. ਪ੍ਰਸਿੱਧ ਹੋਇਆ. "ਜੈ ਜੈਕਾਰੁ ਜਗਤਿ ਪ੍ਰਗਟੀਨਾ." (ਬਿਲਾ ਮਃ ੫)

ਪ੍ਰਗਟੁ: ਦੇਖੋ, ਪ੍ਰਕਟ. "ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ." (ਸੁਖਮਨੀ) "ਗੁਰ ਮਿਲਿਐ ਇਕੁ ਪ੍ਰਗਟੁ ਹੋਇ." (ਬਸੰ ਮਃ ੪)

ਪ੍ਰਗਲਭ: ਸੰ. प्रगल्भ ਵਿ- ਜੋ ਬਹੁਤ ਗਲ੍ਭ (ਉਤਸਾਹੀ) ਹੈ। ੨. ਚਤੁਰ। ੩. ਹਾਜਿਰਜਵਾਬ। ੪. ਨਿਰਭੈ. ਨਿਡਰ। ੫. ਗੰਭੀਰ.

ਪ੍ਰਗਾਸੁ: ਦੇਖੋ, ਪ੍ਰਕਾਸ਼. "ਘਟਿ ਘਟਿ ਮਉਲਿਆ ਆਤਮਪ੍ਰਗਾਸ." (ਬਸੰ ਕਬੀਰ) "ਗੁਰਸਬਦਿ ਪ੍ਰਗਾਸਿਆ." (ਗਉ ਕਬੀਰ)

ਪ੍ਰਗਾੜ੍ਹਾ: ਦੇਖੋ, ਪਰਗਾੜ੍ਹਾ.

ਪ੍ਰਗਾਢ: ਵਿ- ਬਹੁਤ ਗਾੜ੍ਹਾ. ਸੰਘਣਾ। ੨. ਅਤਿ ਕਠੋਰ. ਬਹੁਤ ਕਰੜਾ.

ਪ੍ਰਗਿਆ: ਦੇਖੋ, ਪ੍ਰਗ੍ਯਾ.

ਪ੍ਰਗਿੰਦਾ: प्रज्ञातृ ਵਿ- ਪ੍ਰਗ੍ਯਾਤਾ. ਚੰਗੀ ਤਰਾਂ ਜਾਣਨ ਵਾਲਾ. "ਪਾਰਸੀ ਪ੍ਰਗਿੰਦਾ" (ਗ੍ਯਾਨ) ੨. ਦੇਖੋ, ਪਰਾਗੰਦਾ.

ਪ੍ਰਗ੍ਯ: प्रज्ञ ਵਿ- ਚੰਗੀ ਤਰਾਂ ਜਾਣਨ ਵਾਲਾ। ੨. ਚਤੁਰ. ਦਾਨਾ.

ਪ੍ਰਗ੍ਯਾ: ਸੰ. प्रज्ञा ਸੰਗਜਾ- ਜਾਣਨ ਦੀ ਸ਼ਕਤਿ. ਬੁੱਧਿ. ਸਮਝ। ੨. ਸਰਸ੍ਵਤੀ। ੩. ਵਿਵੇਕਸ਼ਕਤਿ. ਜ਼ਮੀਰ. Conscience.

ਪ੍ਰਗ੍ਯਾਚਕ੍ਸ਼ੁ: ਸੰ, प्रज्ञाचक्षुस ਸੰਗਜਾ- ਬੁੱਧਿਰੂਪ ਨੇਤ੍ਰਾਂ ਵਾਲਾ. ਭਾਵ- ਅੰਨ੍ਹਾ, ਜੋ ਬੁੱਧਿ ਨਾਲ ਹੀ ਸਭ ਪਦਾਰਥ ਵੇਖਦਾ ਹੈ। ੨. ਗ੍ਯਾਨਰੂਪ ਨੇਤ੍ਰਾਂ ਵਾਲਾ ਪੂਰਣ ਵਿਦ੍ਵਾਨ। ੩. ਧ੍ਰਿਤਰਾਸ਼੍ਟ੍ਰ.

ਪ੍ਰਗ੍ਯਾਤ: प्रज्ञात ਵਿ- ਚੰਗੀ ਤਰਾਂ ਜਾਣਿਆ ਹੋਇਆ। ੨. ਪ੍ਰਸਿੱਧ. ਮਸ਼ਹੂਰ.

ਪ੍ਰਗ੍ਯਾਨ: प्रज्ञान ਸੰਗਜਾ- ਯਥਾਰਥ ਗ੍ਯਾਨ. ਬਿਨਾ ਸੰਸੇ ਗ੍ਯਾਨ.

ਪ੍ਰਗ੍ਯਾਵੰਤ: ਵਿ- ਪ੍ਰਗ੍ਯਾ (ਤੀਕ੍ਸ਼ਣ ਬੁੱਧਿ) ਵਾਲਾ. ਹੋਸ਼ਿਆਰ.

ਪ੍ਰਘ: ਦੇਖੋ, ਪਰਘ "ਤਬ ਹੀ ਕੁਪਿਓ ਇਨ ਪੈ ਧਰਤਾ ਪ੍ਰਘ." (ਕ੍ਰਿਸਨਾਵ) ਪਰਿਘ (ਵਜ੍ਰ) ਰੱਖਣ ਵਾਲਾ ਇੰਦ੍ਰ ਕੋਪਿਆ.

ਪ੍ਰਚਰਜਾ: ਦੇਖੋ ਪਰਿਚਰਯਾ. "ਭੂਤ ਪ੍ਰਚਰਜਾ ਹੇਤ ਉਮੰਗਾ." (ਨਾਪ੍ਰ) ਭੂਤਸੇਵਨ ਲਈ ਉਮੰਗਵਾਨ ਹੋਇਆ। ੨. ਦੇਖੋ, ਪ੍ਰਚਰਯਾ.

ਪ੍ਰਚਰਯਾ: ਸੰ. प्रचर्या ਸੰਗਜਾ- ਕਾਰਯ. ਕ੍ਰਿਯਾ। ੨. ਪੈਰਵੀ। ੩. ਤਦਬੀਰ ਦਾ ਅਮਲ ਵਿੱਚ ਲਿਆਉਣਾ.

ਪ੍ਰਚਾਰ: ਸੰਗਜਾ- ਕਿਸੇ ਕਾਰਜ ਦੇ ਚਲਾਉਣ ਅਤੇ ਫੈਲਾਉਣ ਦੀ ਕ੍ਰਿਯਾ। ੨. ਚਲਨ. ਰਿਵਾਜ। ੩. ਪ੍ਰਸਿੱਧਿ. ਸ਼ੁਹਰਤ.

ਪ੍ਰਚਾਰਕ, ਪ੍ਰਚਾਰਿਕਾ: ਫੈਲਾਉਣ ਵਾਲਾ, ਕਿਸੇ ਗੱਲ ਦਾ ਪ੍ਰਚਾਰ ਕਰਨ ਵਾਲਾ. ਵਿਦ੍ਯਾ ਜਾਂ ਧਰਮ ਆਦਿ ਫੈਲਾਉਣ ਵਾਲਾ. ਕਿਸੇ ਗੱਲ ਦਾ ਪ੍ਰਚਾਰ ਕਰਨ ਵਾਲੀ. ਉਪਦੇਸ਼ਿਕਾ

ਪ੍ਰਚੁਰ: ਸੰ. ਵਿ- ਅਧਿਕ ਬਹੁਤ. "ਆਪਨ ਪ੍ਰਚੁਰ ਜਗਤ ਮਤ ਕੀਨਾ." (ਪਾਰਸਾਵ) ੨. ਸੰਗਯਾ ਚੁਰਾਉਣ ਵਾਲਾ, ਚੋਰ.

ਪ੍ਰਚੇਤਾ: ਸੰ. प्रचेतस्. ਵਿ- ਅੱਛੇ ਦਿਲ ਵਾਲਾ. ਨੇਕ ਦਿਲ। ੨. ਸੰਗਯਾ- ਇੱਕ ਪੁਰਾਣਾ ਰਿਖੀ, ਜਿਸ ਦੀ ਪ੍ਰਜਾਪਤੀਆਂ ਵਿੱਚ ਗਿਣਤੀ ਹੈ। ੩. ਵਰੁਣ ਦੇਵਤਾ. ਜਲਪਤਿ.

ਪ੍ਰਚੰਡ, ਪ੍ਰਚੰਡੁ: प्रचण्ड. ਵਿ- ਬਹੁਤ ਚੰਡ (ਤਿੱਖਾ). ੨. ਵਡਾ ਕ੍ਰੋਧੀ। ੩. ਪ੍ਰਤਾਪੀ। ੪. ਸੰਗਯਾ- ਅਗਨਿ. "ਗੁਰ ਗਿਆਨੁ ਪ੍ਰਚੰਡੁ ਬਲਾਇਆ." (ਸ੍ਰੀ ਛੰਤ ਮਃ ੪) ੫. ਸੂਰਜ. "ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ." (ਮਾਰੂ ਅਃ ਮਃ ੫)

ਪ੍ਰਛ: ਸੰ. प्रच्छ. ਧਾ- ਪੁੱਛਣਾ (ਸਵਾਲ ਕਰਨਾ).

ਪ੍ਰਛਸਤੁਆਪ੍ਰਜਾਪੰ: (ਗ੍ਯਾਨ) ਪ੍ਰਛ (ਜਿਗ੍ਯਾਸਾ) ਤੋਂ ਤੂੰ ਪਯਾਂਪ੍ਤ (ਪ੍ਰਾਪਤ) ਹੈਂ.

ਪ੍ਰਛਿੰਨ: ਸੰ. प्रछन्न. ਪ੍ਰਛੰਨ. ਵਿ- ਚੰਗੀ ਤਰਾਂ ਢਕਿਆ ਹੋਇਆ. ਗੁਪਤ. ਛਿਪਿਆ ਹੋਇਆ. "ਆਪ ਪ੍ਰਛਿੰਨ ਖੁਦਾਇ ਹੋਂ." (ਨਾਪ੍ਰ) "ਅਹੋਂ ਪ੍ਰਛਿੰਨ, ਨ ਪਰਹੁ ਲਖਾਇ." (ਨਾਪ੍ਰ) ੨. ਪ੍ਰ- ਛਿੰਨ. ਚੰਗੀ ਤਰਾਂ ਕੱਟਿਆ ਹੋਇਆ. ਕੱਟਕੇ ਵੱਖ ਕੀਤਾ ਹੋਇਆ.

ਪ੍ਰਛੇਦਨ: ਸੰ. प्रच्छेदन. ਸੰਗਯਾ- ਕੱਟਣਾ ਚੰਗੀ ਤਰਾਂ ਵੱਢਣਾ। ੨. ਜੁਦਾ ਕਰਨਾ.

ਪ੍ਰਛੰਨ: ਦੇਖੋ, ਪ੍ਰਛਿੰਨ.

ਪ੍ਰੱਛਾਦਨ: ਸੰ. प्रच्छादन. ਸੰਗਯਾ- ਢਕਣ (ਛੁਪਾਉਣ) ਦੀ ਕ੍ਰਿਯਾ। ੨. ਚਾਦਰ. ਓਢਣ ਦਾ ਵਸਤ੍ਰ। ੩. ਅੱਖ ਦੀ ਪਲਕ.

ਪ੍ਰਜਲਪਨ: ਸੰ. प्रजल्पन. ਸੰਗਯਾ- ਬਹੁਤ ਜਲਪਨ (ਬੋਲਣ) ਦੀ ਕ੍ਰਿਯਾ. ਬਕਬਾਦ। ੨. ਬਾਤਚੀਤ. ਚਰਚਾ ਦੇਖੋ, ਜਲਪ.

ਪ੍ਰਜਾ: ਸੰਗਯਾ- ਔਲਾਦ. ਸੰਤਾਨ। ੨. ਉਤਪੱਤਿ. ਪੈਦਾਇਸ਼। ੩. ਰੈਯਤ. ਕਿਸੇ ਰਾਜਾ ਦੇ ਰਾਜ ਵਿੱਚ ਰਹਿਣ ਵਾਲੇ ਉਹ ਲੋਕ, ਜੋ ਕਰ (ਮਹਿਸੂਲ) ਦਿੰਦੇ ਹਨ.

ਪ੍ਰਜਾਨਾਥ, ਪ੍ਰਜਾਪਤਿ: ਸੰਗਯਾ- ਰੈਯਤ ਦਾ ਸ੍ਵਾਮੀ ਰਾਜਾ। ੨. ਸ੍ਰਿਸ਼੍ਟਿ ਦਾ ਮਾਲਿਕ ਕਰਤਾਰ। ੩. ਪਿਤਾ। ੪. ਪ੍ਰਜਾ ਦੇ ਰਚਣ ਵਾਲੇ ਦੇਵਤੇ ਅਤੇ ਰਿਖਿ. ਇਨ੍ਹਾਂ ਦੀ ਗਿਣਤੀ ਆਨ੍ਹਿਕਤੰਤ੍ਰ ਅਨੁਸਾਰ ਦਸ ਹੈ- ਮਰੀਚਿ, ਅਤ੍ਰਿ, ਅੰਗਿਰਾ, ਪੁਲਸਤ੍ਯ, ਪੁਲਹ, ਕ੍ਰਤੁ, ਪ੍ਰਚੇਤਾ, ਵਸ਼ਿਸ਼੍ਠ, ਭ੍ਰਿਗੁ, ਨਾਰਦ.

ਮਹਾਭਾਰਤ ਦੇ ਮੋਕ੍ਸ਼ਧਰਮ ਵਿੱਚ ਇੱਕੀ ਪ੍ਰਜਾਪਤਿ ਲਿਖੇ ਹਨ-

ਬ੍ਰਹਮਾ, ਸ੍ਥਾਣੁ, ਮਨੁ, ਦਕ੍ਸ਼, ਭ੍ਰਿਗ, ਧਰਮ, ਯਮਰਾਜ, ਮਰੀਚਿ, ਅੰਗਿਰਾ, ਅਤ੍ਰਿ, ਪੁਲਸਤ੍ਯ, ਪੁਲਹ, ਕ੍ਰਤੁ, ਵਸ਼ਿਸ਼੍ਠ, ਪਰਮੇਸ਼੍ਠੀ, ਵਿਵਸ੍ਵਤ, ਸੋਮ, ਕਰ੍ਦਮ, ਕ੍ਰੋਧ, ਅਰ੍ਵਾਕ ਅਤੇ ਕ੍ਰੀਤ। ੫. ਇੰਦ੍ਰ. ਦੇਵਰਾਜ। ੬. ਸੂਰਜ। ੭. ਅਗਨਿ। ੮. ਲੋਕ ਕੁਮ੍ਹਿਆਰ (ਕੁੰਭਕਾਰ) ਨੂੰ ਭੀ "ਪ੍ਰਜਾਪਤਿ" ਆਖਦੇ ਹਨ.

ਪ੍ਰਜਾਰਣ: ਸੰਗਯਾ- ਚੰਗੀ ਤਰਾਂ ਜਲਾਉਣ ਦੀ ਕ੍ਰਿਯਾ. ਭਸਮ ਕਰਨਾ.

ਪ੍ਰਜੁਗਤ: ਸੰ. ਪ੍ਰਯੁਕ੍ਤ. ਵਿ- ਜੁੜਿਆ ਹੋਇਆ. ਲਗ੍ਨ. ਸੰਬੰਧਿਤ. "ਪ੍ਰਜੁਗਤ ਅਨੂਪ ਹੈ." (ਜਾਪੁ)

ਪ੍ਰਜੁਲ: ਪ੍ਰਜ੍ਵਲਿਤ ਦਾ ਸੰਖੇਪ. "ਜ੍ਵਾਲ ਘਣੰ ਪ੍ਰਜੁਲੰ." (ਵਿਚਿਤ੍ਰ)

ਪ੍ਰਜੇਸ, ਪ੍ਰਜੇਸ਼੍ਵਰ: ਸੰਗਯਾ- ਪ੍ਰਜਾ- ਈਸ਼, ਪ੍ਰਜਾਪਤਿ। ੨. ਕਰਤਾਰ। ੩. ਰਾਜਾ.

ਪ੍ਰਜੋਗ: ਦੇਖੋ, ਪ੍ਰਯੋਗ.

ਪ੍ਰਜੰਸਨ: ਸੰ. ਪ੍ਰਜਾਸਨਿ. ਵਿ- ਸੰਤਾਨ ਦਾਇਕ. "ਪ੍ਰਜੰਸਨ, ਜਗਤ ਬਿਧੁੰਸਨ." (ਅਕਾਲ)

ਪ੍ਰਜੰਕ: ਸੰ. ਪਰ੍‍ਯੰਕ. ਸੰਗ੍ਯਾ- ਪਲੰਗ. ਮੰਜਾ. ਖਾਟ. ਦੇਖੋ, ਪੂਰਨ ਪ੍ਰਜੰਕ.

ਪ੍ਰਜ੍ਵਲਨ: ਸੰ. ਸੰਗ੍ਯਾ- ਚੰਗੀ ਤਰਾਂ ਜ੍ਵਲਨ (ਮੱਚਣ) ਦੀ ਕ੍ਰਿਯਾ.

ਪ੍ਰਜ੍ਵਲਿਤ: ਵਿ- ਪ੍ਰਚੰਡਤੇਜ ਨਾਲ ਮਚਦਾ ਹੋਇਆ. ਦਹਕਦਾ ਹੋਇਆ.

ਪ੍ਰਡੁੱਲ: ਵਿ- ਪ੍ਰਡੋਲਿਤ. ਵਿਚਰਦਾ. ਫਿਰਦਾ. "ਸੋਭਾ ਬਸੰਤ ਜਹਿ ਤਹਿ ਪ੍ਰਫੁੱਲ." (ਅਕਾਲ) ਜਹਾਂ ਜਹਾਂ ਸ਼ੋਭਾ ਵਿਚਰਦੀ ਹੈ (ਫੈਲੀ ਹੋਈ ਹੈ).

ਪ੍ਰਣ: ਸੰ. ਸੰਗ੍ਯਾ- ਪ੍ਰਤਿਗ੍ਯਾ। ੨. ਕਸਮ. ਸੌਗੰਦ। ੩. ਵਿ- ਪੁਰਾਣਾ. ਪ੍ਰਾਚੀਨ.

ਪ੍ਰਣਤ: ਸੰ. ਵਿ- ਪ੍ਰ- ਨਤ ਚੰਗੀ ਤਰਾਂ ਝੁਕਿਆ ਹੋਇਆ. ਨੰਮ੍ਰ। ੨. ਸੰਗ੍ਯਾ- ਪ੍ਰਣਾਮ ਕਰਨ ਵਾਲਾ ਪੁਰਖ. ਦਾਸ। ੩. ਭਗਤ. ਉਪਾਸਕ.

ਪ੍ਰਣਤਪਾਲ: ਵਿ- ਦੀਨਰਕ੍ਸ਼ਕ। ੨. ਦਾਸਾਂ ਦੀ ਪਾਲਨਾ ਕਰਨ ਵਾਲਾ. ਦੇਖੋ, ਪ੍ਰਣਤ.

ਪ੍ਰਣਤਿ: ਸੰ. ਸੰਗ੍ਯਾ- ਪ੍ਰਣਾਮ. ਨਮਸਕਾਰ। ੨. ਬੇਨਤੀ. ਵਿਨਯ. "ਪ੍ਰਣਤਿ ਹਮਾਰੀ ਮੀਤ, ਕਹਾ ਸੁਨਲੀਜਿਯੈ." (ਚਰਿਤ੍ਰ ੪੦੨)

ਪ੍ਰਣਮਨ: ਸੰ. ਸੰਗ੍ਯਾ- ਝੁਕਣ ਦਾ ਭਾਵ. ਪ੍ਰਣਾਮ. ਨਮਸਕਾਰ.

ਪ੍ਰਣਯ: ਸੰ. ਸੰਗ੍ਯਾ- ਪ੍ਰੀਤਿ ਨਾਲ ਕੀਤੀ ਪ੍ਰਾਰਥਨਾ। ੨. ਪ੍ਰੇਮ। ੩. ਸ਼੍ਰੱਧਾ. ਭਰੋਸਾ। ੪. ਆਗੂ. ਪੇਸ਼ਵਾ। ੫. ਮੋਕ੍ਸ਼. ਨਿਰਵਾਣ.

ਪ੍ਰਣਵ: ਸੰ. ਸੰਗ੍ਯਾ- ਜਿਸ ਦ੍ਵਾਰਾ ਬਹੁਤ ਸਤੁਤਿ ਕੀਤੀ ਜਾਵੇ. ਓਅੰ (ਤੋਂ) ਜੋ ਸਭ ਸ੍ਤੋਤ੍ਰਾਂ ਦੇ ਆਦਿ ਪੜ੍ਹੀਦਾ ਹੈ। ੨. ਪਰਮੇਸ਼੍ਵਰ। ੩. ਦੇਖੋ, ਪ੍ਰਣਮਨ. "ਪ੍ਰਣਵੋ ਆਦਿ ਏਕੰਕਾਰਾ." (ਅਕਾਲ)

ਪ੍ਰਣਵਤਿ: ਸੰ. प्रणयवन्त. ਵਿ- ਸ਼੍ਰੱਧਾਵਾਨ. "ਪ੍ਰਣਵਤਿ ਨਾਨਕ ਤਿਨ ਕੀ ਸਰਣਾ." (ਸੋਪੁਰਖੁ) ੨. ਪ੍ਰਨਮਤਿ. ਨਮਸਕਾਰ (ਪ੍ਰਣਾਮ) ਕਰਦਾ ਹੈ.

ਪ੍ਰਣਵੈ: ਪ੍ਰਣਮਨ ਕਰਦਾ ਹੈ. ਨਮਸਕਾਰ ਕਰਦਾ ਹੈ. "ਪ੍ਰਣਵੈ ਨਾਮਾ." (ਮਾਲੀ ਨਾਮਦੇਵ)

ਪ੍ਰਣਾਸਨ: ਸੰਗ੍ਯਾ- ਪ੍ਰਣਾਸ਼ ਕਰਨ ਦੀ ਕ੍ਰਿਯਾ. ਲੈ ਕਰਨਾ. "ਜਗਤ ਪ੍ਰਣਾਸੀ ਤੁਯ ਸਰਣੰ." (ਗ੍ਯਾਨ)

ਪ੍ਰਣਾਸੀ: ਵਿ. प्रणाशिन्. ਸੰਘਾਰ ਕਰਨ ਵਾਲਾ. ਵਿਨਾਸ਼ਕ. ਦੇਖੋ, ਪ੍ਰਣਾਸਨ.

ਪ੍ਰਣਾਮ: ਸੰਗ੍ਯਾ- ਚੰਗੀ ਤਰਾਂ ਝੁਕਣ ਦੀ ਕ੍ਰਿਯਾ. ਨਮਸਕਾਰ। ੨. ਦੇਖੋ, ਪਰਿਣਾਮ.

ਪ੍ਰਣਾਮ ਪਾਨ ਪੱਢੀਯੰ: (ਚੰਡੀ ੨) ਮੱਥਾ ਟੇਕ ਅਤੇ ਹੱਥ ਜੋੜਕੇ ਸ੍ਤੋਤ੍ਰ ਪੜ੍ਹਿਆ.

ਪ੍ਰਣਾਮਵਾਦ: ਦੇਖੋ, ਪਰਿਣਾਮਵਾਦ.

ਪ੍ਰਣਾਮੀ: ਸੰ. प्रणामिन. ਵਿ- ਪ੍ਰਣਾਮ (ਨਮਸਕਾਰ) ਕਰਨ ਵਾਲਾ। ੨. ਇੱਕ ਮਤ, ਜੋ ਦੇਵਚੰਦ੍ਰ ਨੇ ਚਲਾਇਆ ਹੈ. ਸੰਮਤ ੧੬੩੯ ਵਿੱਚ ਅਮਰਕੋਟ (ਸਿੰਧ) ਵਿੱਚ ਮਨੂਮਹਿਤਾ ਦੇ ਘਰ ਦੇਵਚੰਦ੍ਰ ਦਾ ਜਨਮ ਹੋਇਆ. ਇਹ ਭੁਜ ਨਿਵਾਸੀ ਹਰਿਦਾਸ ਦਾ ਚੇਲਾ ਹੋਕੇ "ਪ੍ਰਣਾਮ- ਪ੍ਰਣਾਮ" ਸ਼ਬਦ ਜਪਣ ਲੱਗਾ. ਇਹ ਵੇਦ ਕੁਰਾਨ ਨੂੰ ਸਮਾਨ ਜਾਣਦਾ ਅਤੇ ਹਿੰਦੂ ਮੁਸਲਮਾਨਾਂ ਨੂੰ ਪ੍ਰੇਮਭਾਵ ਨਾਲ ਉਪਦੇਸ਼ ਦਿੰਦਾ ਸੀ. ਜਾਮਨਗਰ ਪੰਨਾ ਸਤਾਰਾ ਆਦਿ ਨਗਰਾਂ ਵਿੱਚ ਦੇਵਚੰਦ੍ਰ ਦੇ ਅਨੇਕ ਚੇਲੇ ਹੋ ਗਏ, ਜੋ "ਪ੍ਰਣਾਮੀ" ਨਾਮ ਤੋਂ ਪ੍ਰਸਿੱਧ ਹੋਏ. ਇਹ ਲੋਕ ਆਪਣੇ ਧਰਮਗ੍ਰੰਥ ਦੀ ਪੂਜਾ ਆਰਤੀ ਕਰਦੇ ਹਨ ਅਤੇ ਮੱਥੇ ਤੇ ਕੇਸਰ ਦੀ

ਬਿੰਦੀ ਲਾਉਂਦੇ ਹਨ. ਦੇਵਚੰਦ੍ਰ ਦਾ ਦੇਹਾਂਤ ਸੰਮਤ ੧੭੫੧ ਵਿੱਚ ਪੰਨੇ ਹੋਇਆ, ਜਿੱਥੇ ਉਸ ਦੀ ਸਮਾਧ ਹੈ। ੩. ਦੇਖੋ, ਪਰਿਣਾਮੀ.

ਪ੍ਰਣਾਲਿਕਾ, ਪ੍ਰਣਾਲੀ: ਸੰ. ਸੰਗਯਾ- ਪਾਣੀ ਨਿਕਲਣ ਦੀ ਨਾਲੀ। ੨. ਬੰਦੂਕ ਦੀ ਨਾਲੀ। ੩. ਰੀਤਿ. ਰਸਮ। ੪. ਢੰਗ. ਤਰੀਕਾ। ੫. ਵੰਸ਼ ਦਾ ਸਿਲਸਿਲਾ. ਪੀੜ੍ਹੀ.

ਪ੍ਰਣਿਧਾਨ: ਸੰ. ਸੰਗ੍ਯਾ- ਯਤਨ. ਕੋਸ਼ਿਸ਼। ੨. ਖ਼ਯਾਲ ਦਾ ਇੱਕ ਥਾਂ ਪੁਰ ਰੱਖਣਾ. ਸਮਾਧਿ। ੩. ਅਤਯੰਤ ਪ੍ਰੇਮ ਨਾਲ ਕੀਤੀ ਉਪਾਸਨਾ.

ਪ੍ਰਣੀਤ: ਸੰ. ਵਿ- ਬਦਲਿਆ ਹੋਇਆ। ੨. ਰਚਿਆ ਹੋਇਆ. ਬਣਾਇਆ ਹੋਇਆ। ੩. ਸੁਧਾਰਿਆ ਹੋਇਆ। ੪. ਭੇਜਿਆ ਹੋਇਆ.

ਪ੍ਰਣੋ: ਦੇਖੋ, ਪਣਵ. "ਪ੍ਰਣੋ ਸੰਖ ਭੇਰੀ." (ਚਰਿਤ੍ਰ ੪੦੫)

ਪ੍ਰਤ: ਦੇਖੋ, ਪ੍ਰਤਿ.

ਪ੍ਰਤਖ, ਪ੍ਰਤਖਿ, ਪ੍ਰਤਖ੍ਯ: ਸੰ. ਪ੍ਰਤ੍ਯਕ੍ਸ਼. ਵਿ- ਅੱਖ ਦੇ ਸਾਮ੍ਹਣੇ. ਜਾਹਿਰ. ਪ੍ਰਕਟ. ਪਰਗਟ. "ਤੀਨਿ ਦੇਵ ਪ੍ਰਤਖਿ ਤੋਰਹਿ." (ਆਸਾ ਕਬੀਰ)

ਪ੍ਰਤਗਿਆ, ਪ੍ਰਤਗ੍ਯਾ: ਦੇਖੋ, ਪ੍ਰਤਿਗ੍ਯਾ। ੨. ਸ਼੍ਰੱਧਾ. ਦ੍ਰਿੜ੍ਹ ਨਿਸ਼੍ਚਾ. "ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ." (ਟੋਡੀ ਨਾਮਦੇਵ) ੩. ਪਰੀਕ੍ਸ਼ਾ. ਇਮਤਹਾਨ. "ਆਏ ਸਤਗੁਰੁ ਲੇਨ ਪ੍ਰਤਗ੍ਯਾ." (ਗੁਪ੍ਰਸੂ)

ਪ੍ਰਤਛ, ਪ੍ਰਤਛਿ: ਦੇਖੋ, ਪ੍ਰਤਖ ਅਤੇ ਪ੍ਰਤ੍ਯਕ੍ਸ਼. "ਕੇਤਕ ਪ੍ਰਤਛ ਹੁਇ ਪਚਾਇ ਖਾਇਜਾਹਿੰਗੇ." (ਅਕਾਲ)

ਪ੍ਰਤਨਾ: ਦੇਖੋ, ਪ੍ਰਿਤਨਾ. "ਕੋਪ ਭਰੀ ਜਦਵੀ ਪ੍ਰਤਨਾ." (ਕ੍ਰਿਸਨਾਵ) ਯਾਦਵਾਂ ਦੀ ਪ੍ਰਿਤਨਾ (ਫ਼ੌਜ) ਕ੍ਰੋਧ ਭਰੀ.

ਪ੍ਰਤਨਾਂਤਕ: ਸੰਗ੍ਯਾ- ਪ੍ਰਿਤਨਾ (ਫ਼ੌਜ) ਦਾ ਅੰਤ ਕਰਨ ਵਾਲੀ, ਫਾਸੀ. ਪਾਸ਼. (ਸਨਾਮਾ)

ਪ੍ਰਤਨਾਪਤਿ: ਸੰਗ੍ਯਾ- ਪ੍ਰਿਤਨ (ਫ਼ੌਜ) ਦਾ ਸਰਦਾਰ। ੨. ਰਾਜਾ. (ਸਨਾਮਾ)

ਪ੍ਰਤਪਾਨੀ: ਸੰ. प्रतिपन्न. ਪ੍ਰਤਿਪੰਨ. ਵਿ- ਆਪਣਾਇਆ ਹੋਇਆ. ਆਪਣਾ ਕੀਤਾ. ਸ੍ਵੀਕ੍ਰਿਤ. "ਸਰਬ ਜੀਅ ਕੀਏ ਪ੍ਰਤਪਾਨੀ." (ਮਲਾ ਅঃ ਮঃ ੧) ੨. ਪ੍ਰਤ੍ਯੁਤਪੰਨ. ਫਿਰ ਪੈਦਾ ਹੋਇਆ। ੩. ਪ੍ਰਤਿਪਾਲਨ ਦਾ ਭੀ ਰੂਪ ਪ੍ਰਤਪਾਨੀ ਹੋ ਸਕਦਾ ਹੈ.

ਪ੍ਰਤਮਾ: ਦੇਖੋ, ਪ੍ਰਤਿਮਾ.

ਪ੍ਰਤਰਦਨ: ਸੰ. ਪ੍ਰਤਰ੍‍ਦਨ. ਸੰਗ੍ਯਾ- ਤਾੜਨ ਦੀ ਕ੍ਰਿਯਾ. ਤਾੜਨਾ। ੨. ਤਾੜਨ ਵਾਲਾ ਪੁਰਖ। ੩. ਕਾਸ਼ੀ ਦਾ ਇੱਕ ਰਾਜਾ, ਜੋ ਦਿਵੋਦਾਸ ਦਾ ਪੁਤ੍ਰ ਸੀ. ਇਸ ਦੀ ਇਸਤ੍ਰੀ ਮੰਦਾਲਸਾ ਵਡੀ ਪੰਡਿਤਾ ਅਤੇ ਕਰਨੀ ਵਾਲੀ ਸੀ। ੪. ਵਿਸ਼ਨੁ.

ਪ੍ਰਤਾਪ: ਸੰ. ਸੰਗ੍ਯਾ- ਅਤ੍ਯੰਤ ਤਾਪ. ਉਗ੍ਰ ਤੇਜ। ੨. ਪ੍ਰਭਾਵ. ਇਕਬਾਲ। ੩. ਵੀਰਤਾ ਬਹਾਦੁਰੀ। ੪. ਉਦਯਪੁਰਪਤਿ ਰਾਣਾ ਉਦਯਸਿੰਘ ਦਾ ਪ੍ਰਤਾਪੀ ਪੁਤ੍ਰ ਰਾਣਾ ਪ੍ਰਤਾਪ ਸਿੰਘ, ਜੋ ਸਨ ੧੫੭੨ ਵਿੱਚ ਉਦਯਪੁਰ ਦੀ ਗੱਦੀ ਤੇ ਬੈਠਾ. ਇਹ ਸੱਚਾ ਦੇਸ਼ਭਗਤ ਅਤੇ ਰਾਜਪੂਤ ਵੰਸ਼ ਦੀ ਲਾਜ ਰੱਖਣ ਵਾਲਾ ਸੀ.

ਪ੍ਰਤਾਪ ਸਿੰਘ: ਦੇਖੋ, ਪ੍ਰਤਾਪ ੪। ੨. ਦੇਖੋ, ਨਾਭਾ ਅਤੇ ਫੂਲਵੰਸ਼.

ਪ੍ਰਤਾਪਵਾਨ: ਵਿ- ਪ੍ਰਤਾਪ ਵਾਲਾ. ਤੇਜਸ੍ਵੀ. ਇਕਬਾਲਮੰਦ.

ਪ੍ਰਤਾਪਿ: ਪ੍ਰਤਾਪ ਦ੍ਵਾਰਾ. "ਸੰਤ ਪ੍ਰਤਾਪਿ ਭਰਮ ਸਭ ਨਾਸੇ," (ਸਾਰ ਮਃ ੫) ੨. ਦੇਖੋ, ਪ੍ਰਤਾਪੀ.

ਪ੍ਰਤਾਪੀ: ਵਿ- ਪ੍ਰਤਾਪਿਨ੍. ਪ੍ਰਤਾਪਵਾਨ.

ਪ੍ਰਤਾਪੁ: ਦੇਖੋ, ਪ੍ਰਤਾਪ. "ਜਿਹ ਪ੍ਰਸਾਦਿ ਤੇਰਾ ਪ੍ਰਤਾਪੁ." (ਸੁਖਮਨੀ)

ਪ੍ਰਤਾਪੂ: ਇੱਕ ਪ੍ਰੇਮੀ ਖਤ੍ਰੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਕੇ ਗਜਾਨ ਨੂੰ ਪ੍ਰਾਪਤ ਹੋਇਆ.

ਪ੍ਰਤਾਰਕ: ਸੰਗਜਾ- ਪ੍ਰਤਾਰਣ (ਠੱਗੀ) ਕਰਨ ਵਾਲਾ. ਠਗ. ਵੰਚਕ। ੨. ਪ੍ਰ- ਤਾਰਕ. ਚੰਗੀ ਤਰਾਂ ਤਾਰਣ ਵਾਲਾ.

ਪ੍ਰਤਾਰਣ: ਸੰ. ਸੰਗਜਾ- ਠੱਗੀ. ਵੰਚਣਾ. ਵੰਚਨ.

ਪ੍ਰਤਿ: ਸੰ. ਵਜ- ਨੂੰ. ਕੋ. ਤਾਈਂ। ੨. ਵਿਰੁੱਧ. ਉਲਟ। ੩. ਫਿਰ. ਪੁਨਹ। ੪. ਬਦਲੇ ਵਿੱਚ। ੫. ਹਰ. ਹਰ ਇੱਕ. "ਪ੍ਰਤਿ ਵਾਸਰ ਸੈਨ ਵਧਾਵਤ ਹੈਂ" (ਗੁਪ੍ਰਸੂ) ੬. ਸਮਾਨ. ਤੁੱਲ। ੭. ਸਾਮ੍ਹਣੇ. ਮੁਕਾਬਲੇ ਵਿੱਚ। ੮. ਓਰ. ਤਰਫ। ੯. ਸੰਗਜਾ- ਨਕਲ. ਕਾਪੀ (copy).

ਪ੍ਰਤਿਉੱਤਰ: ਸੰ. प्रत्युत्तर- ਸੰਗਜਾ ਉੱਤਰ. ਮਿਲਣ ਪੁਰ ਦਿੱਤਾ ਉੱਤਰ. ਜਵਾਬ ਦਾ ਜਵਾਬ.

ਪ੍ਰਤਿਉਪਕਾਰ: ਸੰਗਜਾ- ਪ੍ਰਤਜੁਪਕਾਰ. ਉਪਕਾਰ ਦੇ ਬਦਲੇ ਭਲਿਆਈ.

ਪ੍ਰਤਿਅੰਗ: ਸੰ. प्रत्यङ्ग. ਸੰਗਜਾ- ਅੰਗ ਦਾ ਛੋਟਾ ਅੰਗ. ਜਿਵੇਂ- ਹੱਥ ਅੰਗ ਹੈ, ਅੰਗੁਲਾਂ ਪ੍ਰਤਜੰਗ ਹਨ। ੨. ਕ੍ਰਿ. ਵਿ- ਅੰਗ ਪ੍ਰਤਿ. ਹਰ ਇਕ ਅੰਗ. "ਬਾਹਨ ਕੋ ਪ੍ਰਤਿਅੰਗ ਪ੍ਰਹਾਰਜੋ." (ਕ੍ਰਿਸਨਾਵ)

ਪ੍ਰਤਿਸਟਾ: ਦੇਖੋ, ਪ੍ਰਤਿਸ਼੍ਠਾ.

ਪ੍ਰਤਿਸੇਧ: ਸੰ. ਪ੍ਰਤਿਸ਼ੇਧ. ਸੰਗਜਾ- ਨਿਸ਼ੇਧ. ਵਰਜਨ. ਹਟਾਉਣ ਦੀ ਕ੍ਰਿਯਾ। ੨. ਕਿਸੇ ਵਸਤੁ ਦੇ ਵਾਸਤਵ ਰੂਪ ਦਾ ਨਿਸ਼ੇਧ ਕਰਕੇ ਉਸ ਵਿੱਚ ਹੋਰ ਸੰਭਾਵਨਾ (ਅਟਕਲ) ਕਰਨੀ, "ਪ੍ਰਤਿਸ਼ੇਧ" ਅਲੰਕਾਰ ਦਾ ਰੂਪ ਹੈ.

"ਜਹਾਂ ਪ੍ਰਸਿੱਧ ਨਿਸ਼ੇਧ ਕਰ ਅਨ ਕੀਰਤਨੁ ਪਰਕਾਸ,

ਤਹਾਂ ਕਹਿਤ ਪ੍ਰਤਿਸ਼ੇਧ ਹੈ ਕਵਿਜਨ ਬੁੱਧਿਵਿਲਾਸ,

(ਲਲਿਤਲਲਾਮ)

ਉਦਾਹਰਣ-

ਜਿਨ੍ਹਾਂ ਸਤਿਗੁਰੁ ਪੁਰਖੁ ਨ ਸੇਵਿਓ,

ਸਬਦਿ ਨ ਕੀਤੋ ਵੀਚਾਰੁ,

ਓਇ ਮਾਣਸ ਜੂਨਿ ਨ ਆਖੀਅਨਿ,

ਪਸੂ ਢੋਰ ਗਾਵਾਰ.

(ਸਵਾ ਮਃ ੩)

ਗੁਨਖਾਨੀ ਗੁਨਬੈਨ ਉਚਾਰੇ,

ਨਹੀ ਪੰਕ ਸੇ ਭਰਿਓ ਭਾਰੇ,

ਦੀਨ ਦੁਨੀ ਕਾ ਛਤ੍ਰ ਸੁ ਦੀਓ,

ਅਪਰ ਨ ਇਹ ਜਮ ਜਗੋ ਮੇ ਬੀਓ.

(ਨਾਪ੍ਰ)

(ਅ) ਕਿਸੇ ਵਸਤੁ ਦਾ ਨਿਸ਼ੇਧ ਕਰਕੇ ਉਸ ਦੀ ਹੋਰ ਥਾਂ ਸੰਭਾਵਨਾ ਕਰਨੀ, ਪ੍ਰਤਿਸ਼ੇਧ ਦਾ ਦੂਜਾ ਰੂਪ ਹੈ.

ਉਦਾਹਰਣ-

ਦੇਵਤਰੋਵਰ ਹੈ ਨ ਇਹੈ

ਹਰਿਰਾਇ ਗੁਰੂ ਕਰ ਦੇਵਤਰੋਵਰ,

ਸੋ ਸੁਰਧੇਨੁ ਨਹੀ ਮਨ ਜਾਨਿਯ,

ਸੇਵਗੁਰੂ ਸੁਰਧੇਨੁ ਲਹੈ ਨਰ,

ਹੈ ਨ ਚਿੰਤਾਮਣਿ ਬੂਝ ਜਿ ਦੇਖਿਯ,

ਸ੍ਰੀ ਗੁਰੁ ਕੇ ਨਖ ਚਿੰਤਮਣੀ ਬਰ,

ਸੋ ਨ ਸੁਧਾ ਮਧੁਰਾਇਤ ਕੋ ਧਰ,

ਗਜਾਨਗਿਰਾ ਗੁਰੁ ਕੀ ਮਧੁਰੀ ਤਰ. (ਗੁਪ੍ਰਸੂ),

**ਪ੍ਰਤਿਸ਼੍ਠਾ:** ਸੰ. ਸੰਗਯਾ- ਠਹਿਰਨ ਦਾ ਭਾਵ. ਠਹਿਰਾਉ। ੨. ਸਥਾਪਨ ਦੀ ਕ੍ਰਿਯਾ. ਥਾਪਣਾ। ੩. ਪ੍ਰਿਥਿਵੀ। ੪. ਮਾਨ. ਇੱਜਤ. ਸਤਕਾਰ। ੫. ਯਗ੍ਯ ਆਦਿ ਕਰਮਾਂ ਦੀ ਸਮਾਪਤੀ। ੬. ਸਹਾਰਾ. ਆਸਰਾ.

**ਪ੍ਰਤਿਸ਼੍ਠਾਨ:** ਪ੍ਰਯਾਗ ਦਾ ਪੁਰਾਣਾ ਨਾਮ। ੨. ਦੇਖੋ, ਸਾਲਿਬਾਹਨ.

**ਪ੍ਰਤਿਸ੍ਵਰ:** ਸਰੰਗੀ, ਤਾਊਸ, ਸਿਤਾਰ ਆਦਿ ਵਾਜੇ ਦੀ ਤਰਬ ਦੀ ਧੁਨਿ। ੨. ਇੱਕ ਸਪਤਕ ਦੇ ਮੁਕਾਬਲੇ, ਦੂਜੀ ਸਪਤਕ ਦਾ ਉਹੀ ਸੁਰ। ੩. ਗੂੰਜ. ਪ੍ਰਤਿਧ੍ਵਨਿ.

**ਪ੍ਰਤਿਹਤ:** ਸੰ. ਵਿ- ਮਾਰਿਆ ਹੋਇਆ। ੨. ਹਟਾਇਆ ਹੋਇਆ। ੩. ਨਿਰਾਸ਼। ੪. ਡੇਗਿਆ ਹੋਇਆ.

**ਪ੍ਰਤਿਹਾਰ:** ਸੰ. ਸੰਗਯਾ- ਆਘਾਤ, ਪ੍ਰਹਾਰ. ਸੱਟ। ੨. ਸ਼ਬਦ ਦੇ ਉੱਚਾਰਣ ਲਈ ਜੀਭ ਦਾ ਦੰਦਾਂ ਨਾਲ ਟਕਰਾਉਣਾ। ੩. ਦ੍ਵਾਰਪਾਲ (ਦਰਵਾਨ), ਜੋ ਅਨਧਿਕਾਰੀ ਨੂੰ ਅੰਦਰ ਵੜਨੋ ਵਰਜਦਾ ਹੈ. "ਧਰਮ ਰਾਇ ਪਰੁਲੀ ਪ੍ਰਤਿਹਾਰ." (ਮਲਾ ਨਾਮਦੇਵ) "ਧਰਮ ਕੋਟਿ ਜਾਕੈ ਪ੍ਰਤਿਹਾਰ." (ਭੈਰ ਅਃ ਕਬੀਰ) ੪. ਚੋਬਦਾਰ. ਨਕੀਬ. "ਛਪਨ ਕੋਟਿ ਜਾਕੈ ਪ੍ਰਤਿਹਾਰ." (ਭੈਰ ਅਃ ਕਬੀਰ) ੫. ਬਾਜੀਗਰ.

**ਪ੍ਰਤਿਹਿੰਸਾ:** ਖ਼ੂਨ ਦੇ ਬਦਲੇ ਕੀਤੀ ਹੋਈ ਹਿੰਸਾ.

**ਪ੍ਰਤਿਕਾਰ:** ਸੰ. ਸੰਗਯਾ- ਪ੍ਰਤੀਕਾਰ. ਕਾਰਜ ਦੇ ਬਦਲੇ ਕਾਰਜ. ਬਦਲਾ. ਪਲਟਾ। ੨. ਇਲਾਜ.

**ਪ੍ਰਤਿਕੂਲ:** ਸੰ. ਵਿ- ਜੋ ਅਨੁਕੂਲ ਨਹੀਂ ਖ਼ਿਲਾਫ਼. ਵਿਰੁੱਧ। ੨. ਸੰਗਯਾ- ਸ਼ਤ੍ਰ. ਵੈਰੀ. "ਜਾਸ ਵਿਲੋਕ ਦਬਤ ਪ੍ਰਤਿਕੂਲੰ." (ਨਾਪ੍ਰ)

**ਪ੍ਰਤਿਗਯਾ:** ਸੰ. ਸੰਗਯਾ- ਕਿਸੇ ਕਾਰਜ ਦੇ ਕਰਨ ਅਥਵਾ ਨਾ ਕਰਨ ਲਈ ਵਚਨ ਦੇਣਾ. ਪ੍ਰਣ ਕਰਨਾ। ੨. ਕਸਮ. ਸੌਗੰਦ। ੩. ਪ੍ਰਣ ਸਹਿਤ ਕਥਨ ਕਿ ਮੈਂ ਇਹ ਕਰਮ ਜਰੂਰ ਕਰਾਂਗਾ, ਅਥਵਾ ਜੇ ਐਸਾ ਨਾ ਕਰਾਂ, ਤਦ ਐਸਾ ਐਸਾ ××× ਸਿੱਧ ਹੋਵਾਂਗਾ. ਅਥਵਾ ਜੇ ਐਸਾ ਭੀ ਹੋਵੇ ਤਦ ਐਸਾ ਨਹੀਂ ਹੋ ਸਕੇਗਾ, ਇਤਯਾਦਿਕ ਵਰਣਨ ਜਿਸ ਕਾਵ੍ਯ ਵਿੱਚ ਹੋਵੇ, ਉੱਥੇ

"ਪ੍ਰਤਿਗਯਾ" ਅਲੰਕਾਰ ਹੁੰਦਾ ਹੈ.

ਪ੍ਰਣ ਅਥਵਾ ਸੌਗੰਦ ਕੋ ਵਰਣਨ ਰਚਨਾ ਮਾਹਿ,
ਰੂਪ ਪ੍ਰਤਿਗਯਾ ਕੋ ਇਹੀ ਕਹੈਂ ਕਾਵ੍ਯ ਅਵਗਾਹਿ.

ਉਦਾਹਰਣ-

ਯੌਂ ਸੁਨਕੈ ਬਤਿਯਾਂ ਤਿਹ ਕੀ
ਹਰਿ ਕੋਪ ਕਹ੍ਯੋ ਹਮ ਯੁੱਧ ਕਰੈਂਗੇ,
ਬਾਨ ਕਮਾਨ ਗਦਾ ਗਹਿਕੈ
ਦੁਊ ਭ੍ਰਾਤ ਸਬੈ ਅਰਿ ਸੈਨ ਹਰੈਂਗੇ,
ਸੂਰ ਸਿਵਾਦਿਕ ਤੇ ਨ ਭਜੈਂ
ਹਨਹੈਂ ਤੁਮ ਕੋ, ਨਹਿਂ ਜੂਝ ਮਰੈਂਗੇ,
ਮੇਰੁ ਹਲੈ ਸੁਕ ਹੈ ਨਿਧਿਵਾਰਿ
ਤਊ ਰਨ ਕੀ ਛਿਤਿ ਤੇ ਨ ਟਰੈਂਗੇ.
(ਕ੍ਰਿਸਨਾਵ)

ਪਸ਼੍ਚਿਮ ਸੂਰ ਚੜ੍ਹੈ ਕਬਹੂੰ
ਅਰ ਗੰਗ ਬਹੀ ਉਲਟੀ ਜਿਯ ਆਵੈ,
ਜੇਠ ਕੇ ਮਾਸ ਤੁਸ਼ਾਰ ਪਰੈ
ਬਨ ਔਰ ਬਸੰਤਸਮੀਰ ਜਰਾਵੈ,
ਲੋਕ ਹਲੈ ਧ੍ਰੂਅ ਕੋ ਜਲ ਕੋ ਥਲ ਹਨਐ
ਥਲ ਕੋ ਕਬ ਹਨਐ ਜਲ ਜਾਵੈ,
ਕੰਚਨ ਕੋ ਨਗ ਪੰਖਨ ਧਾਰ ਉਡੈ,
ਖੜਗੇਸ ਨ ਪੀਠ ਦਿਖਾਵੈ.
(ਕ੍ਰਿਸਨਾਵ)

ਰਵਿ ਅਸ੍ਤ ਤੇ ਪੂਰਬ ਜਬੈ,
ਜੇ ਨ ਲੋਹਗੜ੍ਹ ਤੋੜੋਂ ਤਬੈ,
ਤੌ ਨਿਜ ਪਿਤ ਤੇ ਜਨਮ੍ਯੋ ਨਾਹੀਂ
ਮੁਖ ਨ ਦਿਖਾਵਹੁਁ ਰਾਜਨ ਮਾਹੀਂ. (ਗੁਪ੍ਰਸੂ)

੪. ਨ੍ਯਾਯ ਵਿੱਚ ਪੰਚਾਵਯਵ ਦਾ ਪਹਿਲਾ ਵਾਕ੍ਯ.

ਪ੍ਰਤਿਗ੍ਯਾ ਪਾਲਨ: ਦੇਖੋ, ਬਚਨ ਪਾਲਨ.

ਪ੍ਰਤਿਗ੍ਰਹ: ਸੰ. ਸੰਗਜਾ- ਗ੍ਰਹਣ. ਸ੍ਵੀਕਾਰ. ਅੰਗੀਕਾਰ। ੨. ਗ੍ਰਹਣ ਕਰਨ ਦੀ ਕ੍ਰਿਯਾ। ੩. ਪਾਣਿਗ੍ਰਹਣ. ਵਿਆਹ। ੪. ਦਾਨ ਦਾ ਲੈਣਾ. ਦਾਨ ਅੰਗੀਕਾਰ ਕਰਨਾ। ੫. ਉਗਾਲਦਾਨ. ਪੀਕਦਾਨੀ.

ਪ੍ਰਤਿੰਚਾ: ਸੰ. ਪਤੰਚਿਕਾ. ਸੰਗਜਾ- ਧਨੁਖ ਦੀ ਡੋਰੀ. ਚਿੱਲਾ. ਜ਼ਿਹ.

ਪ੍ਰਤਿਦਿਨ, ਪ੍ਰਤਿਧੁਨਿ, ਪ੍ਰਤਿਧੁਨੀ: ਕ੍ਰਿ. ਵਿ- ਹਰ ਰੋਜ. ਨਿਤਜ. ਸੰ. ਸੰਗਜਾ- ਪ੍ਰਤਿਧ੍ਵਨਿ. ਕਿਸੇ ਧਨਨਿ (ਆਵਾਜ) ਤੋਂ ਪੈਦਾ ਹੋਈ ਗੂੰਜ.

ਪ੍ਰਤਿਨਾਦ: ਪ੍ਰਤਿ ਸ਼ਬਦ. echo.

ਪ੍ਰਤਿਨਿਧਿ: ਸੰ. ਸੰਗਜਾ- ਤੁਲਜ ਰੂਪ ਕਰਕੇ ਜੋ ਸਥਾਪਨ ਕੀਤਾ ਗਿਆ ਹੈ. ਕਾਯਮਮੁਕਾਮ। ੨. ਰਾਜਦੂਤ. Ambassador। ੩. ਪ੍ਰਤਿਮਾ। ੪. ਡਿੰਗ- ਪ੍ਰਤਿਬਿੰਬ. ਅਕਸ.

ਪ੍ਰਤਿਪਕ੍ਸ਼, ਪ੍ਰਤਿਪੱਖ, ਪ੍ਰਤਿਪੱਛ: ਸੰਗਜਾ- ਮੁਕਾਬਲੇ ਦੀ ਤਰਫ. ਵਿਰੁੱਧ ਪੱਖ। ੨. ਵੈਰੀ. ਦੁਸ਼ਮਨ। ੩. ਉੱਤਰ ਦੇਣ ਵਾਲਾ. ਸਵਾਲ ਕਰਨ ਵਾਲੇ ਦੇ ਵਿਰੁੱਧ ਉੱਦਰਦਾਤਾ ਪੁਰਖ। ੪. ਬਰਾਬਰੀ. ਸਮਾਨਤਾ.

ਪ੍ਰਤਿਪੱਤਿ: ਸੰ. ਸੰਗਜਾ- ਪ੍ਰਾਪਤਿ। ੨. ਗਜਾਨ। ੩. ਅਨੁਮਾਨ। ੪. ਦਾਨ। ੫. ਨਿਰਣਾ। ੬. ਆਦਰ। ੭. ਨਿਸ਼ਚਾ.

ਪ੍ਰਤਿਪਦਾ: ਸੰਗਜਾ- ਚੰਦ੍ਰਮਾ ਦੇ ਪੱਖ ਨੂੰ ਆਰੰਭ ਕਰਨ ਵਾਲੀ ਤਿਥਿ, ਪੜਵਾ. ਏਕਮ. "ਭਾਦੋਂ ਸੁਦੀ ਪ੍ਰਤਿਪਦਾ ਦਿਨ ਕੋ। ਗੁਰੁਤਾ ਦੀਨ ਤਿਲਕ ਅਰਜਨ ਕੋ ॥ " (ਗੁਪ੍ਰਸੂ)

ਪ੍ਰਤਿਪਲਘਾ, ਪ੍ਰਤਿਪਲੀਆ: ਵਿ- ਪ੍ਰਤਿਪਾਲਨ ਕਰਤਾ. "ਸਰਣਾ- ਗਤਿ ਪੁਰਖ ਪ੍ਰਤਿਪਲਘਾ." (ਮਾਰੂ ਮਃ ੫) "ਜੀਅ ਜੰਤੁ ਸਗਲੇ ਪ੍ਰਤਿਪਲੀਆ." (ਮਾਰੂ ਮਃ ੫)

ਪ੍ਰਤਿਪਾਦਕ: ਸੰ. ਸੰਗਜਾ- ਚੰਗੀ ਤਰਾਂ ਸਮਝਾਕੇ ਕਹਿਣ ਵਾਲਾ। ੨. ਨਿਰਵਾਹ ਕਰਨ ਵਾਲਾ.

ਪ੍ਰਤਿਪਾਦਨ: ਸੰ. ਸੰਗਜਾ- ਹੱਛੀ ਤਰਾਂ ਸਮਝਾਉਣਾ। ੨. ਪ੍ਰਮਾਣ. ਸਬੂਤ। ੩. ਦਾਨ। ੪. ਇਨਾਮ.

ਪ੍ਰਤਿਪਾਦਜ: ਸੰ. ਵਿ- ਨਿਰੂਪਣ ਕਰਨ ਯੋਗਜ. ਬਿਆਨ ਕਰਨ ਲਾਯਕ. ਸਮਝਾਉਣ ਯੋਗਜ। ੨. ਦੇਣ ਯੋਗਜ.

ਪ੍ਰਤਿਪਾਰਕ: ਪ੍ਰਤਿਪਾਲਕ. ਪਾਲਣ ਵਾਲਾ.

ਪ੍ਰਤਿਪਾਰਨ: ਸੰਗਜਾ- ਪ੍ਰਤਿਪਾਲਣ ਦੀ ਕ੍ਰਿਯਾ. ਪਰਵਰਿਸ਼. "ਹਮ ਬਾਰਿਕ ਪ੍ਰਤਿਪਾਰੇ ਤੁਮਰੇ." (ਕਲਿ ਮਃ ੪) "ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ." (ਗਉ ਮਃ ੫)

ਪ੍ਰਤਿਪਾਲ: ਪ੍ਰਤਿਪਾਲਕ ਦਾ ਸੰਖੇਪ. "ਸਰਬ ਜੀਆ ਕਾ ਹੈ ਪ੍ਰਤਿਪਾਲ." (ਬਿਲਾ ਮਃ ੫)

ਪ੍ਰਤਿਪਾਲਕ: ਸੰ. ਸੰਗਜਾ- ਪਾਲਣ ਪੋਖਣ ਕਰਤਾ। ੨. ਰਖਜਾ ਕਰਨ ਵਾਲਾ। ੩. ਰਾਜਾ। ੪. ਕਰਤਾਰ.

ਪ੍ਰਤਿਪਾਲਨ: ਸੰ. ਸੰਗਜਾ- ਪਾਲਣ ਦੀ ਕ੍ਰਿਯਾ। ੨. ਰਖਜਾ ਕਰਨ ਦਾ ਭਾਵ. "ਪ੍ਰਤਿਪਾਲੈ ਨਿਤ ਸਾਰ ਸਮਾਲੈ." (ਸੋਰ ਮਃ ੫) ੩. ਨਿਰਵਾਹ. ਨਿਬਾਹੁਣ ਦਾ ਕਰਮ. ਜੈਸੇ- ਪ੍ਰਤਿਗਜਾ ਪ੍ਰਤਿਪਾਲਨ.

ਪ੍ਰਤਿਪਾਲਾ, ਪ੍ਰਤਿਪਾਲਿ, ਪ੍ਰਤਿਪਾਲੀ: ਪ੍ਰਤਿਪਾਲਕ. "ਤੂ ਸਭਨਾ ਕੇ ਪ੍ਰਤਿਪਾਲਾ ਜੀਉ." (ਮਾਝ ਮਃ ੫) "ਵਿਸਾਰਿਆ ਜਗਤਪਿਤਾ ਪ੍ਰਤਿਪਾਲਿ" (ਸ੍ਰੀ ਮਃ ੩) "ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ." (ਭੈਰ ਮਃ ੪)

ਪ੍ਰਤਿਪੰਨ: ਸੰ. ਪ੍ਰਤਿਪਨ੍ਨ. ਵਿ- ਜਾਣਿਆ ਹੋਇਆ। ੨. ਮੰਨਿਆ ਹੋਇਆ। ੩. ਸਰਵ ਅੰਗਾਂ ਕਰਕੇ ਪੂਰਣ. "ਜਿਮ ਸਭ ਛਿਤਿ ਕੋ ਨ੍ਰਿਪ ਪ੍ਰਤਿਪੰਨ." (ਗੁਪ੍ਰਸੂ) ਰਾਜ ਦੇ ਸਾਰੇ ਅੰਗਾਂ ਵਾਲਾ.

**ਪ੍ਰਤਿਬਿੰਬ:** ਸੰਗਯਾ- ਪ੍ਰਤਿਛਾਇਆ. ਅਕਸ. ਪੜਛਾਵਾਂ। ੨. ਚਿਤ੍ਰ. ਤਸਵੀਰ। ੩. ਦਰਪਣ. ਸ਼ੀਸ਼ਾ.

**ਪ੍ਰਤਿਬੰਧ:** ਸੰਗਯਾ- ਰੁਕਾਵਟ. ਵਿਘਨ. "ਤਿੰਹ ਪ੍ਰਤਿਬੰਧ ਸੰਕਲਪ ਉਠਾਵਨ." (ਨਾਪ੍ਰ) ੨. ਬੰਦੋਬਸ੍ਤ. ਪ੍ਰਬੰਧ.

**ਪ੍ਰਤਿਬੰਧਕ:** ਸੰਗਯਾ- ਵਿਘਨ ਪਾਉਣ ਵਾਲਾ. ਰੋਕਣ ਵਾਲਾ। ੨. ਵ੍ਰਿਕ੍ਸ਼. ਦਰਖ਼ਤ.

**ਪ੍ਰਤਿਭਟ:** ਸੰਗਯਾ- ਮੁਕਾਬਲੇ ਦਾ ਸੂਰਮਾ. ਬਰਾਬਰ ਦਾ ਯੋਧਾ। ੨. ਸ਼ਤ੍ਰੁ. ਵੈਰੀ.

**ਪ੍ਰਤਿਭਾ:** ਸੰਗਯਾ- ਮਨ ਦਾ ਪ੍ਰਕਾਸ਼। ੨. ਸੂਕ੍ਸ਼ਮ ਬੁੱਧਿ. ਨਵੀਨ ਯੁਕਤਿ ਸੋਚਣ ਵਾਲੀ ਸਮਝ। ੩. ਚਮਕ. ਦੀਪ੍ਤਿ.

**ਪ੍ਰਤਿਭਾਸ:** ਚਮਕ. ਪ੍ਰਕਾਸ਼। ੨. ਭ੍ਰਮ. ਧੋਖਾ.

**ਪ੍ਰਤਿਭਿਗ੍ਯਾ:** ਸੰ. प्रत्यभिज्ञा. । ਸੰਗਯਾ- ਪੂਰਵਗ੍ਯਾਨ, ਜੋ ਕਿਸੇ ਵਸਤੁ ਨੂੰ ਦੇਖਕੇ ਫੇਰ ਮਨ ਵਿੱਚ ਉਪਜੇ. ਸਿਮ੍ਰਿਤੀ ਦੀ ਸਹਾਇਤਾ ਨਾਲ ਹੋਣ ਵਾਲਾ ਗ੍ਯਾਨ। ੨. ਅਭੇਦਗ੍ਯਾਨ. ਜੀਵ ਈਸ਼੍ਵਰ ਦੇ ਇੱਕ ਜਾਣਨ ਦਾ ਗ੍ਯਾਨ.

**ਪ੍ਰਤਿਭੂ:** ਸੰ. ਸੰਗਯਾ- ਜਮਾਨਤ ਦੇਣ ਵਾਲਾ. ਜਾਮਿਨ। ੨. ਕਾਯਮੁਕਾਮ.

**ਪ੍ਰਤਿਮਾ:** ਸੰਗਯਾ- ਕਿਸੇ ਵਸਤੁ ਦੇ ਸਮਾਨ ਬਣਾਈ ਸ਼ਕਲ. ਮੂਰਤਿ. ਤਸਵੀਰ। ੨. ਨਕਲ. ਕਾਪੀ। ੩. ਪ੍ਰਤਿਬਿੰਬ. ਛਾਇਆ.

**ਪ੍ਰਤਿਮਾਸ:** ਕ੍ਰਿ. ਵਿ- ਹਰ ਮਹੀਨੇ.

**ਪ੍ਰਤਿਮਾਨ:** ਸੰਗਯਾ- ਪ੍ਰਤਿਬਿੰਬ. ਪੜਛਾਂਵਾਂ. ਪਰਛਾਂਹੀ। ੨. ਸਮਾਨਤਾ. ਬਰਾਬਰੀ। ੩. ਦ੍ਰਿਸ਼੍ਟਾਂਤ. ਉਦਾਹਰਣ. "ਅਜੈ ਪ੍ਰਤਿਮਾਨ ਪ੍ਰਭਾਧਰ." (ਪਾਰਸਾਵ) "ਪ੍ਰਤਿਮਾਨ ਨ ਨਰ ਕਹੂੰ ਦੇਖਪਰੈ." (ਕਲਕੀ)

**ਪ੍ਰਤਿਲੋਮ:** ਵਿ- ਉਲਟਾ. ਵਿਪਰੀਤ. ਜੋ ਹੇਠੋਂ ਉੱਪਰ ਨੂੰ ਜਾਵੇ। ੨. ਸੰਗਯਾ- ਇੱਕ ਪਾਠ, ਜੋ ਉਲਟਾ ਕਰੀਏ. ਜੈਸੇ- ਰਾਮ ਨੂੰ ਮਰਾ ਜਪੀਏ। ੩. ਨੀਚ. ਕਮੀਨਾ. ਦੇਖੋ ਦਸਅਠ ਵਰਨ.

**ਪ੍ਰਤਿਲੋਮਜ:** ਦੇਖੋ, ਦਸਅਠ ਵਰਨ.

**ਪ੍ਰਤਿਵਸ੍ਤੂਪਮਾ:** (ਅੱਡ ਅੱਡ ਵਸਤਾਂ ਦੀ ਸਮਤਾ). ਉਪਮਾਨ ਅਤੇ ਉਪਮੇਯ ਵਾਕਾਂ ਦਾ ਇੱਕ ਹੀ ਸਾਧਾਰਣ ਧਰਮ, ਇੱਕੋ ਅਰਥ ਰੱਖਣ ਵਾਲੇ, ਜੁਦੇ ਜੁਦੇ ਪਦਾਂ ਦ੍ਵਾਰਾ ਵਰਣਨ ਕਰਨਾ. "ਪ੍ਰਤਿਸ੍ਤੂਪਮਾ" ਅਲੰਕਾਰ ਹੈ.

ਪਦ ਸਮੂਹ ਜੁਗ ਧਰਮ ਜਹਿਂ ਭਿੰਨ ਪਦਨ ਸੋਂ ਏਕ,

ਪਰਗਟ ਪ੍ਰਤਿਵਸ੍ਤੂਪਮਾ ਤਹਿਂ ਕਵਿ ਕਹਤ ਅਨੇਕ.

(ਲਲਿਤਲਲਾਮ)

ਉਦਾਹਰਣ-

ਲਸਤ ਸੂਰ ਮਧ੍ਯਾਨ ਜਯੋਂ,

ਤਯੋਂ ਦੀਪਤ ਗੁਰੁ ਸਭਾ ਮਹਿ.

ਸੂਰਜ ਅਤੇ ਗੁਰੂ ਦਾ ਪ੍ਰਕਾਸ਼ਨਰੂਪ ਧਰਮ, ਲਸਤ ਅਤੇ ਦੀਪਤ ਸਮਾਨ ਅਰਥ ਵਾਲੇ ਸ਼ਬਦਾਂ ਨਾਲ ਕਥਨ ਕੀਤਾ.

**ਪ੍ਰਤਿਵਾਦ:** ਸੰਗਯਾ- ਕਿਸੇ ਬਾਤ ਅਥਵਾ ਸਿੱਧਾਂਤ ਦੇ ਵਿਰੁੱਧ ਕਹੀ ਹੋਈ ਬਾਤ, ਖੰਡਨ. ਤਰਦੀਦ। ੨. ਉੱਤਰ. ਜਵਾਬ.

**ਪ੍ਰਤਿਵਾਦੀ:** ਵਿ- प्रतिवादिन्. ਪ੍ਰਤਿਵਾਦ (ਖੰਡਨ) ਕਰਨ ਵਾਲਾ। ੨. ਸੰਗਯਾ- ਪ੍ਰਤਿਪੱਖੀ. ਜੋ ਵਾਦੀ ਦੀ ਬਾਤ ਦਾ ਉੱਤਰ ਦੇਵੇ.

ਪ੍ਰਤੀ: ਦੇਖੋ, ਪ੍ਰਤਿ.

ਪ੍ਰਤੀਕ: ਵਿ- ਪ੍ਰਤਿਕੂਲ. ਵਿਰੁੱਧ। ੨. ਉਲਟਾ. ਜੋ ਹੇਠੋਂ ਉੱਪਰ ਨੂੰ ਗਿਆ ਹੋਵੇ। ੩. ਸੰਗਯਾ- ਪਤਾ. ਨਿਸ਼ਾਨ। ੪. ਅੰਗ। ੫. ਮੁਖ। ੬. ਰੂਪ. ਸੂਰਤ। ੭. ਪ੍ਰਤਿਮਾ. ਮੂਰਤਿ.

ਪ੍ਰਤੀਕਾਰ: ਦੇਖੋ, ਪ੍ਰਤਿਕਾਰ.

ਪ੍ਰਤੀਕੋਪਾਸਨਾ: ਕਿਸੇ ਵਸਤੂ ਵਿੱਚ ਵਿਆਪਕ ਬ੍ਰਹਮ ਦੀ ਭਾਵਨਾ ਕਰਕੇ, ਅਰ ਉਸ ਨੂੰ ਬ੍ਰਹਮਰੂਪ ਜਾਣਕੇ ਹੀ ਉਪਾਸਨਾ ਕਰਨ ਦਾ ਭਾਵ. ਕਿਸੇ ਮੂਰਤਿ ਅਥਵਾ ਵਸਤੁ ਵਿੱਚ ਪਰਮਾਤਮਾ ਦੀ ਕਲਪਨਾ ਕਰਕੇ ਪੂਜਾ ਕਰਨੀ.

ਪ੍ਰਤੀਕ੍ਸ਼ਣ: ਸੰਗਯਾ- ਅੱਗੇ ਪਿੱਛੇ ਦੇਖਣ ਦੀ ਕ੍ਰਿਯਾ। ੨. ਉਡੀਕਣ ਦਾ ਭਾਵ. ਪ੍ਰਤੀਕ੍ਸ਼ਾ ਕਰਨ ਦੀ ਕ੍ਰਿਯਾ। ੩. ਕ੍ਰਿਪਾਦ੍ਰਿਸ਼੍ਟੀ.

ਪ੍ਰਤੀਕ੍ਸ਼ਾ: ਅੱਖ ਨਾਲ ਟਕ ਲਾਕੇ ਉਡੀਕਣਾ. ਆਉਣ ਵਾਲੇ ਦਾ ਰਾਹ ਤੱਕਣਾ। ੨. ਉਡੀਕ.

ਪ੍ਰਤੀਖਨ, ਪ੍ਰਤੀਖਨਾ: ਦੇਖੋ, ਪ੍ਰਤੀਕ੍ਸ਼ਣ. "ਕਰਤ ਪ੍ਰਤੀਖਨ ਕੋ ਚਲ ਆਈ." (ਗੁਪ੍ਰਸੂ) "ਸਭ ਪ੍ਰਤੀਖਨਾ ਤੇਰੀ ਧਰੇ." (ਗੁਪ੍ਰਸੂ)

ਪ੍ਰਤੀਚੀ: ਸੰਗਯਾ- ਜੋ ਪ੍ਰਤਿ ਦਿਨ (ਹਰ ਰੋਜ਼) ਸੂਰਜ ਨੂੰ ਆਪਣੀ ਵੱਲ ਖਿੱਚਦੀ ਹੈ. ਪਸ਼੍ਚਿਮ ਦਿਸ਼ਾ. ਪੱਛਮ.

ਪ੍ਰਤੀਛਨ: ਦੇਖੋ, ਪ੍ਰਤੀਕ੍ਸ਼ਣ.

ਪ੍ਰਤੀਤ: ਸੰ. ਵਿ- ਪ੍ਰਸਿੱਧ. ਮਸ਼ਹੂਰ। ੨. ਜਾਣਿਆ ਹੋਇਆ। ੩. ਪ੍ਰਸੰਨ. ਖ਼ੁਸ਼.

ਪ੍ਰਤੀਤਿ: ਸੰ. ਸੰਗਯਾ- ਗ੍ਯਾਨ. ਇਲਮ। ੨. ਯਕੀਨ. ਦ੍ਰਿੜ੍ਹ ਨਿਸ਼ਚਾ. "ਪ੍ਰਤੀਤਿ ਹੀਐ ਆਈ." (ਸਵੈਯੇ ਮਃ ੪. ਕੇ)

ਕਥਾ ਮੇ ਨ ਕੰਥਾ ਮੇ ਨ ਤੀਰਥ ਕੇ ਪੰਥਾ ਮੇ ਨ

ਪੋਥੀ ਮੇ ਨ ਪਾਥ ਮੇ ਨ ਸਾਥ ਕੀ ਬਸੀਤ ਮੇ,

ਜਟਾ ਮੇ ਨ ਮੁੰਡਨ ਤਿਲਕ ਤਿਰਪੁੰਡਨ ਮੇ,

ਨਦੀ ਕੂਪ ਕੁੰਡਨ ਅਨ੍ਹਾਨ ਦਾਨ ਰੀਤ ਮੇ,

ਪਾਠ ਮਠ ਮੰਡਲ ਨ ਕੁੰਡਲ ਕਮੰਡਲ ਮੇ

ਮਾਯਾ ਦੇਹ ਮੇ ਨ ਦੇਵ ਦੇਹੁਰਾ ਮਸੀਤ ਮੇ,

ਆਪ ਹੀ ਅਪਾਰ ਪਾਰਾਵਾਰ ਪ੍ਰਭ ਪੂਰ ਰਹ੍ਯੋ

ਪਾਈਐ ਪ੍ਰਗਟ ਪਰਮੇਸ਼੍ਵਰ ਪ੍ਰਤੀਤਿ ਮੇ.

੩. ਪ੍ਰਸਿੱਧਿ। ੪. ਆਨੰਦ. ਪ੍ਰਸੰਨਤਾ। ੫. ਆਦਰ. ਸਨਮਾਨ.

ਪ੍ਰਤੀਪ: ਸੰ. ਵਿ- ਉਲਟਾ. ਪ੍ਰਤਿਕੂਲ। ੨. ਸੰਗਯਾ- ਆਸ਼ਾ ਦੇ ਵਿਰੁੱਧ ਫਲ। ੩. ਉਪਮਾਨ ਨੂੰ ਉਪਮੇਯ ਮੰਨਣਾ, ਅਰਥਾਤ ਉਪਮਾਨ ਵਿੱਚ ਉਪਮੇਯ ਦੀ ਕਲਪਣਾ ਕਰਨੀ. "ਪ੍ਰਤੀਪ" ਅਲੰਕਾਰ ਹੈ.

ਜਹਿ ਪ੍ਰਸਿੱਧ ਉਪਮਾਨ ਕੋ ਕਰ ਵਰਣਤ ਉਪਮੇਯ,

ਤਹਿ ਪ੍ਰਤੀਪ ਭੂਸ਼ਣ ਕਹਿਤ ਭੂਸ਼ਣ ਕਵਿਤਾਪ੍ਰੇਯ.

(ਸ਼ਿਵਰਾਜਭੂਸ਼ਣ)

ਉਦਾਹਰਣ-

ਅਮਲ ਅਕਾਸ ਮਾਸ ਕਾਤਕ ਕੀ ਚੰਦ੍ਰਿਕਾ ਹੈ

ਪ੍ਰਗਟ ਪ੍ਰਕਾਸੈ ਜੈਸੋ ਯਸ਼ ਦਸ਼ਮੇਸ਼ ਕੋ.

ਕੀਰਤਿ ਉਪਮੇਯ ਹੈ, ਚਾਂਦਨੀ ਉਪਮਾਨ ਹੈ, ਪਰ ਇੱਥੇ ਯਸ਼ ਨੂੰ ਉਪਮਾਨ ਅਤੇ ਚਾਂਦਨੀ ਨੂੰ ਉਪਮੇਯ ਵਰਣਨ ਕੀਤਾ ਹੈ, ਇਸ ਲਈ ਪ੍ਰਤੀਪ ਹੈ.

ਅ) ਉਪਮੇਯ ਦਾ ਉਪਮਾਨ ਕਰਕੇ ਨਿਰਾਦਰ ਹੋਵੇ, ਇਹ ਪ੍ਰਤੀਪ ਦਾ ਦੂਜਾ ਰੂਪ ਹੈ.

ਉਦਾਹਰਣ-

ਕਹਾਂ ਕਰਤ ਅਤਿ ਗਰਬ ਤੂੰ ਸ੍ਰੀ ਦਸ਼ਮੇਸ਼ ਕ੍ਰਿਪਾਨ?

ਨਹ ਤੋ ਸੇ ਘਟ ਕਾਲ ਅਰੁ ਅੰਤਕ ਪ੍ਰਲਯ ਕ੍ਰਿਸਾਨ.

ਇਸ ਥਾਂ ਦਸ਼ਮੇਸ਼ ਦੀ ਕ੍ਰਿਪਾਨ ਉਪਮੇਯ ਦਾ, ਕਾਲ ਅਰ ਪ੍ਰਲਯਅਗਨਿ ਉਪਮਾਨ ਤੋਂ ਨਿਰਾਦਰ ਹੋਇਆ.

ੲ) ਉਪਮਾਨ ਦਾ ਉਪਮੇਯ ਤੋਂ ਨਿਰਾਦਰ ਹੋਵੇ, ਇਹ ਪ੍ਰਤੀਪ ਦਾ ਤੀਜਾ ਰੂਪ ਹੈ.

ਉਦਾਹਰਣ-

ਸਤਗੁਰੁ ਕਾਮਨਾ ਕੇ ਪੂਰਨ ਕਰਨਹਾਰ

ਤਾਂਕੇ ਸਮ ਕਹਾਂ ਸੁਰਤਰੁ ਤੁੱਛ ਗਨਿਯੇ?

ਕਲਪਵ੍ਰਿਕ੍ਸ਼ ਉਪਮਾਨ ਦਾ, ਸਤਗੁਰੂ ਉਪਮੇਯ ਤੋਂ ਨਿਰਾਦਰ ਹੋਇਆ.

ਸ) ਉਪਮਾਨ ਨੂੰ ਉਪਮੇਯ ਦੇ ਮੁਕਾਬਲੇ ਘੱਟ ਮੰਨਿਆ ਜਾਵੇ, ਅਰਥਾਤ ਸਮਤਾ ਲਾਇਕ ਨਾ ਠਹਿਰਾਈਏ, ਤਦ ਪ੍ਰਤੀਪ ਦਾ ਚੌਥਾ ਰੂਪ ਹੈ.

ਉਦਾਹਰਣ-

ਦੋਊ ਕਰ ਜੋਰਕਰ ਬੰਦਤ ਗੋਬਿੰਦ ਸਿੰਘ,

ਦੇਤ ਹੈਂ ਅਨੰਦ ਸੁਖਕੰਦ ਅਘਮੰਦ ਹੀ,

ਸਜਾਲ ਤੇ ਮ੍ਰਿਗਿੰਦ ਪਟਬੀਜਨੇ ਦਿਨਿੰਦ ਕਰੇ,

ਕੀਟ ਤੇ ਗਜਿੰਦ ਪੰਥ ਦਯੋ ਗਤਿਵੰਦ ਹੀ,

ਮਸ਼ਕ ਖਗਿੰਦ ਜਿਨ ਕਾਕ ਤੇ ਮਰਾਲ ਵ੍ਰਿੰਦ,

ਰੰਕ ਤੇ ਨਰਿੰਦ ਕਰੇ ਬੰਦਤ ਮੁਕੰਦ ਹੀ,

ਸੁੰਦਰ ਮੁਖਾਰਵਿੰਦ ਸੋਹਤ ਸੰਤੋਖ ਸਿੰਘ

ਹੀਨ ਜੇ ਕਲੰਕ ਤੋ ਸਮਾਨ ਹੋਤ ਚੰਦ ਹੀ

(ਨਾਪ੍ਰ)

ਹ) ਉਪਮੇਯ ਦੇ ਮੁਕਾਬਲੇ ਉਪਮਾਨ ਨੂੰ ਅਤਿ ਤੁੱਛ ਮੰਨਕੇ ਉਸ ਦੀ ਸਮਤਾ ਦੇਣੀ ਅਯੋਗ ਠਹਿਰਾਈ ਜਾਵੇ, ਇਹ ਪ੍ਰਤੀਪ ਦਾ ਪੰਜਵਾਂ ਰੂਪ ਹੈ.

ਉਦਾਹਰਣ-

ਪੁਖਕਰ ਭਰੇ ਪੁਖਕਰ ਪੁਖਕਰ ਜਜੋਂ,

ਪੇਖਕਰ ਸਸੀ ਕਰ ਕਰੈ ਦੁਤਿ ਹੀਨ ਹੈ,

ਪੁਖਕਰ ਹੀਨ ਦਿਨਕਰ ਕਰੈ ਛੀਨ ਤਿਸ,

ਖਰਧਾਰੀ ਦੇਹ ਪਰ ਯਾਂਤੇ ਸੋ ਮਲੀਨ ਹੈ,

ਸੁਖਮਾ ਨਿਹਾਰ ਭੌਰ ਦਾਹਤ ਅਪਾਰ ਆਨ,

ਜਾਰਤ ਤੁਖਾਰ ਐਸੇ ਔਗੁਨ ਅਧੀਨ ਹੈ,

ਸਤਗੁਰੁ ਰਾਮਦਾਸ ਚਰਨ ਮੁਕਤਿ ਦੇਤ

ਉਪਮਾ ਕਮਲ ਕੀ ਨ ਬਨੈ ਵਿਧਿਹੀਨ ਹੈ.

(ਨਾਪ੍ਰ)

ਪ੍ਰਤੀਰ: ਸੰ. ਸੰਗਜਾ- ਕਿਨਾਰਾ. ਤਟ. ਕੰਢਾ.

ਪ੍ਰਤੁਸ਼੍ਰ: ਵਿ- ਅਤਜੰਤ ਤੁਸ਼੍ਰ (ਪ੍ਰਸੰਨ) ਬਹੁਤ ਖ਼ੁਸ਼.

ਪ੍ਰਤੈ: ਦੇਖੋ, ਪ੍ਰਤਜਯ.

ਪ੍ਰਤੋਸ, ਪ੍ਰਤੋਖ: ਸੰਗਜਾ- ਪ੍ਰਤੋਸ਼. ਪਰਿਤੋਸ਼. ਪੂਰਣ. ਪ੍ਰਸੰਨਦਾ. ਸੰਤੋਖ.

ਪ੍ਰਤੋਲੀ: ਸੰਗਜਾ- ਸ਼ਹਰ ਦੇ ਵਿੱਚ ਦਾ ਚੌੜਾ ਰਾਹ. "ਚਾਰ ਪ੍ਰਤੋਲੀ ਰਚੀਐ." (ਗੁਪ੍ਰਸੂ) ੨. ਬਾਜਾਰ ਦੀ ਗਲੀ। ੩. ਸ਼ਹਰ ਵੱਲ ਦਾ ਕਿਲੇ ਦਾ ਦਰਵਾਜਾ.

ਪ੍ਰਤੰਗ: ਦੇਖੋ, ਪ੍ਰਤਜੰਗ. "ਕਟਗੇ ਭਟ ਅੰਗ ਪਤੰਗਾ." (ਕ੍ਰਿਸਨਾਵ)

ਪ੍ਰਤੰਚ, ਪ੍ਰਤੰਚਾ: ਪਤੰਚਿਕਾ. ਧਨੁਖ ਦੀ ਡੋਰੀ. ਦੇਖੋ, ਪ੍ਰਤਿੰਚਾ.

ਪ੍ਰਤਜਹ: ਕ੍ਰਿ. ਵਿ- ਪ੍ਰਤਿ- ਅਹ (अहन्. ) ਪ੍ਰਤਿ ਦਿਨ. ਹਰ ਰੋਜ਼. ਨਿਤਜ.

ਪ੍ਰਤਜਕ੍: ਕ੍ਰਿ. ਵਿ- ਪਿੱਛੇ. ਬਾਦ। ੨. ਪੀਸ਼੍ਰਮ.

ਪ੍ਰਤਜਕ ਚੇਤਨ: ਸੰਗਜਾ- ਯੋਗਮਤ ਅਨੁਸਾਰ ਆਤਮ ਗਜਾਨੀ ਪੁਰਖ। ੨. ਅੰਤਰਾਤਮਾ. ਜੀਵਾਤਮਾ। ੩. ਪਰਮੇਸ਼੍ਵਰ.

ਪ੍ਰਤਜਕ੍ਸ਼: ਪ੍ਰਤਿ- ਅਕ੍ਸ਼਼. ਜੋ ਅੱਖ ਦੇ ਸਾਮ੍ਹਣੇ ਹੋਵੇ. ਦੇਖੋ, ਪ੍ਰਤਖ.

ਪ੍ਰਤਜਕ੍ਸ਼ ਦਰਸ਼ਨ: ਕਾਵਜ ਅਨੁਸਾਰ ਚਾਰ ਦਰਸ਼ਨਾਂ. ਵਿੱਚੋਂ ਇੱਕ ਦਰਸ਼ਨ. ਪ੍ਰੀਤਮ ਨੂੰ ਨੇਤ੍ਰਾਂ ਦ੍ਵਾਰਾ ਸੰਮੁਖ ਦੇਖਣਾ. ਦੇਖੋ, ਦਰਸ਼ਨ.

ਪ੍ਰਤਜਨੀਕ: ਸੰਗਜਾ- ਵਿਰੋਧੀ. ਮੁਕਾਬਲਾ ਕਰਨ ਵਾਲਾ। ੨. ਵਿਘਨ। ੩. ਪ੍ਰਬਲ ਵੈਰੀ ਪੁਰ ਕੁਝ ਵਸ਼ ਨਾ ਚਲੇ, ਪਰ ਉਸ ਦੇ ਪੱਖੀ ਨੂੰ ਦੁੱਖ ਦੇਣ ਦਾ ਜਤਨ ਕਰਨਾ. ਪ੍ਰਤਜਨੀਕ ਅਲੰਕਾਰ ਹੈ.

ਜਹਿਂ ਜੋਰਾਵਰ ਸ਼ਤ੍ਰੂ ਕੋ ਪਕ੍ਸ਼ੀ ਪੈ ਕਰ ਜੋਰ,

ਪ੍ਰਤਜਨੀਕ ਤਾਂ ਸੋਂ ਕਹੈਂ ਭੂਸ਼ਣ ਬੁੱਧਿਅਮੋਰ.

(ਸ਼ਿਵਰਾਜਭੂਸ਼ਣ)

ਉਦਾਹਰਣ-

ਵਰਮੀ ਮਾਰੀ ਸਾਪੁ ਨ ਮਰਈ, ਨਾਮ ਨ ਸੁਨਈ ਡੱਰਾ.

(ਆਸਾ ਮਃ ੫)

ਤਵ ਬਲ ਇਹਾਂ ਨ ਪਰ ਸਕੇ ਬਰਵਾ ਹਨਾ ਰਿਸਾਇ,

ਸਾਲਨ ਰਸ ਜਿਮ ਬਾਨੀਓ ਰੋਰਨ ਖਾਤ ਬਨਾਇ.

(ਵਿਚਿਤ੍ਰ)

ਸੱਤਨ ਸੋਂ ਵਸ਼ ਨਾ ਚਲ੍ਯੋ ਰਮਾ ਵਿਚਾਰਨ ਕੀਨ,

ਕਵਿ ਕੋਵਿਦ ਹਿਯ ਧਰਤ ਜੇ ਤਿਨ ਕੋ ਦਾਰਿਦ ਦੀਨ.

(ਅਲੰਕਾਰਸਾਗਰਸੁਧਾ)

ਵਿਦ੍ਯਾ ਸੌਕਣ ਨਾਲ ਤਾਂ ਲਕ੍ਸ਼ਮੀ ਦਾ ਕੁਝ ਜੋਰ ਨਾ ਚੱਲਿਆ, ਪਰ ਵਿਦ੍ਯਾ ਦੇ ਪ੍ਰੇਮੀ ਕਵਿ ਪੰਡਿਤਾਂ ਨੂੰ ਨਿਰਧਨ ਕਰ ਦਿੱਤਾ.

ਪ੍ਰਤ੍ਯਯ: ਸੰ. ਸੰਗ੍ਯਾ- ਵਿਸ਼੍ਵਾਸ. ਯਕੀਨ। ੨. ਪ੍ਰਮਾਣ. ਸਬੂਤ। ੩. ਵਿਚਾਰ। ੪. ਕਾਰਣ. ਹੇਤੁ। ੫. ਵ੍ਯਾਖ੍ਯਾ। ੬. ਜ਼ਰੂਰਤ। ੭. ਚਿੰਨ੍ਹ. ਨਿਸ਼ਾਨ। ੮. ਨਿਰਣਾ. ਫੈਸਲਾ। ੯. ਸੰਮਤਿ. ਰਾਇ। ੧੦. ਸਹਾਇਕ। ੧੧. ਛੰਦਸ਼ਾਸਤ੍ਰ ਅਨੁਸਾਰ ਛੰਦਾਂ ਦੇ ਭੇਦ ਅਤੇ ਗਿਣਤੀ ਜਾਣਨ ਦੀ ਰੀਤਿ. ਇਨ੍ਹਾਂ ਦੀ ਗਿਣਤੀ ਅੱਠ ਹੈ- ਪ੍ਰਸ੍ਤਾਰ, ਸੰਖ੍ਯਾ, ਸੂਚੀ, ਨਸ਼੍ਟ, ਉਦਿਸ਼੍ਟ, ਮੇਰੁ, ਪਤਾਕਾ ਅਤੇ ਮਰਕਟੀ। ੧੨. ਵ੍ਯਾਕਰਣ ਅਨੁਸਾਰ ਉਹ ਅੱਖਰ ਅਥਵਾ ਸ਼ਬਦ, ਜੋ ਮੂਲ ਸ਼ਬਦ ਦੇ ਅੰਤ ਲਗਕੇ ਅਰਥ ਵਿੱਚ ਵਿਸ਼ੇਸ਼ਤਾ ਕਰਦਾ ਹੈ ਅਤੇ ਸੰਗ੍ਯਾ ਤੋਂ ਵਿਸ਼ੇਸ਼ਣ ਅਥਵਾ ਵਿਸ਼ੇਸ਼ਣ ਤੋਂ ਸੰਗ੍ਯਾ ਬਣਾ ਦਿੰਦਾ ਹੈ. ਜੈਸੇ- ਸੀਤ ਦੇ ਅੰਤ ਲ ਪ੍ਰਤ੍ਯਯ ਲੱਗਕੇ ਸੀਤਲ, ਮੂਰਖ ਦੇ ਅੰਤ ਤਾ ਲੱਗਕੇ ਮੂਰਖਤਾ ਆਦਿ.

ਪ੍ਰਤ੍ਯਵਾਯ: ਸੰ. ਸੰਗ੍ਯਾ- ਉਹ ਪਾਪ, ਜੋ ਧਾਰਮਿਕ ਨਿਤ੍ਯਕਰਮ ਦੇ ਨਾ ਕਰਨ ਤੋਂ ਹੁੰਦਾ ਹੈ। ੨. ਉਲਟ ਫੇਰ. ਭਾਰੀ ਪਰਿਵਰਤਨ.

ਪ੍ਰਤ੍ਯਾਹਾਰ: ਸੰ. ਸੰਗ੍ਯਾ- ਪਿੱਛੇ ਖਿੱਚਣ ਦੀ ਕ੍ਰਿਯਾ. ਰੋਕਕੇ ਪਿੱਛੇ ਮੋੜਨਾ। ੨. ਯੋਗ ਦੇ ਅੱਠ ਅੰਗਾਂ ਵਿੱਚੋਂ ਇੱਕ ਅੰਗ, ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਰੋਕਕੇ ਸ਼ਾਂਤ ਕਰਨਾ. ਇੰਦ੍ਰਿਯਨਿਗ੍ਰਹ Abstraction.

ਪ੍ਰਤ੍ਯਾਗਮਨ: ਪ੍ਰਤਿ- ਆਗਮਨ. ਫਿਰ (ਹਟਕੇ) ਆਉਣ ਦੀ ਕ੍ਰਿਯਾ. ਪੁਨਰਾਗਮਨ.

ਪ੍ਰਤ੍ਯੁਤ: ਸੰ. ਸੰਗ੍ਯਾ- ਵਿਪਰੀਤਭਾਵ. ਉਲਟਾ ਖਿਆਲ। ੨. ਵ੍ਯ- ਬਲਕਿ. ਸਗੋਂ। ੩. ਇਸ ਦੇ ਵਿਰੁੱਧ. ਇਸ ਤੋਂ ਉਲਟ.

ਪ੍ਰਤ੍ਯੁੱਤਰ: ਦੇਖੋ, ਪ੍ਰਤਿਉੱਤਰ.

ਪ੍ਰਤ੍ਯੂਹ: ਸੰ. ਸੰਗ੍ਯਾ- ਵਿਘਨ. ਵਾਧਾ. ਰੁਕਾਵਟ. "ਭਯੋ ਨ ਕੋ ਪ੍ਰਤ੍ਯੂਹ." (ਗੁਪ੍ਰਸੂ)

ਪ੍ਰਤ੍ਯੇਕ: ਸੰ. ਵਿ- ਹਰ ਯਕ. ਹਰ ਏਕ.

ਪ੍ਰਤ੍ਯੰਗ: ਪ੍ਰਤਿ- ਅੰਗ. ਹਰੇਕ ਅੰਗ.

ਪ੍ਰਤ੍ਯੰਚ, ਪ੍ਰਤ੍ਯੰਚਾ: ਸੰਗ੍ਯਾ- ਪਤੰਚਿਕਾ. ਧਨੁਖ ਦੀ ਡੋਰੀ. ਚਿੱਲਾ.

ਪ੍ਰਥ: ਸੰ. ਪ੍ਰਥ੍ ਧਾ- ਫੈਲਾਉਣਾ (ਵਿਸ੍ਤਾਰ ਕਰਨਾ), ਵਡਾ ਹੋਣਾ.

ਪ੍ਰਥਮ: ਵਿ- ਪਹਿਲਾ। ੨. ਮੁੱਖ. ਪ੍ਰਧਾਨ। ੩. ਸ਼੍ਰੇਸ਼੍ਠ. ਉੱਤਮ। ੪. ਕ੍ਰਿ. ਵਿ- ਪਹਿਲੇ. "ਪ੍ਰਥਮ ਆਏ ਕੁਲਖੇਤਿ." (ਤੁਖਾ ਛੰਤ ਮਃ ੪) ਪਹਿਲਾਂ ਕੁਰੁਕ੍ਸ਼ੇਤ੍ਰ ਪਹੁਚੇ.

ਪ੍ਰਥਮਾ: ਸੰਗਜਾ- ਪਹਿਲੀ ਵਿਭਕ੍ਤਿ. ਕਰਤਾ ਕਾਰਕ। ੨. ਏਕਮ ਤਿਥਿ। ੩. ਤੰਤ੍ਰਸ਼ਾਸਤ੍ਰ ਅਨੁਸਾਰ ਪ੍ਰਥਮਾ ਨਾਮ ਸ਼ਰਾਬ ਦਾ ਹੈ, ਕਿਉਂਕਿ ਸਾਰੀ ਵਸਤਾਂ ਤੋਂ ਪਹਿਲਾਂ ਇਸ ਦੀ ਲੋੜ ਪੈਂਦੀ ਹੈ.

ਪ੍ਰਥਾ: ਸੰ. ਸੰਗਜਾ- ਰੀਤਿ. ਚਾਲ. ਰਿਵਾਜ। ੨. ਖ੍ਯਾਤਿ. ਪ੍ਰਸਿੱਧੀ. ਮਸ਼ਹੂਰੀ.

ਪ੍ਰਥੀਸ: ਦੇਖੋ, ਪ੍ਰਿਥੀਸ.

ਪ੍ਰਦ: ਵਿ- ਦੇਣ ਵਾਲਾ. ਦਾਤਾ. ਇਸ ਸ਼ਬਦ ਦਾ ਪ੍ਰਯੋਗ ਦੂਜੇ ਸ਼ਬਦਾਂ ਦੇ ਅੰਤ ਹੋਇਆ ਕਰਦਾ ਹੈ, ਜਿਵੇਂ- ਸਿੱਧਿਪ੍ਰਦ, ਸੁਖਪ੍ਰਦ, ਮੋਕ੍ਸ਼ਪ੍ਰਦ ਆਦਿ.

ਪ੍ਰਦਕ੍ਸ਼ਿਣ: ਸੰਗਜਾ- ਦੇਵਤਾ ਨੂੰ ਦਕ੍ਸ਼ਿਣ (ਸੱਜੇ) ਰੱਖਕੇ ਚਾਰੇ ਪਾਸੇ ਫਿਰਨ ਦੀ ਕ੍ਰਿਯਾ. ਪਰਿਕ੍ਰਮਾ. ਪਰਕੰਮਿਆ. ਹਿੰਦੂਮਤ ਦੇ ਧਰਮਗ੍ਰੰਥਾਂ ਅਨੁਸਾਰ ਦੇਵੀ ਦੀ ਇੱਕ, ਸੂਰਜ ਦੀ ੭, ਅਗਨਿ ਦੀ ੭, ਗਣੇਸ਼ ਦੀ ੩, ਵਿਸ਼ਨੁ ਦੀ ੪. ਅਤੇ ਸ਼ਿਵ ਦੀ ਅੱਧੀ ਪਰਿਕ੍ਰਮਾ ਹੈ.[802] ਗੁਰਮਤ ਵਿੱਚ ਇੱਕ ਅਥਵਾ ਪੰਜ ਪਰਿਕ੍ਰਮਾ ਦੀ ਰੀਤਿ ਹੈ।[803] ੨. ਵਿ- ਯੋਗ੍ਯ. ਸਮਰਥ. ਲਾਇਕ.

ਪ੍ਰਦੀਕ੍ਸ਼ਣਾ, ਪ੍ਰਦੱਖਨਾ: ਦੇਖੋ, ਪ੍ਰਦਕ੍ਸ਼ਿਣ.

ਪ੍ਰਦਗਧ: ਵਿ- ਚੰਗੀ ਤਰਾਂ ਦਗਧ (ਜਲਿਆ) ਹੋਇਆ.

ਪ੍ਰਦੱਛਨ, ਪ੍ਰਦੱਛਨਾ: ਦੇਖੋ, ਪ੍ਰਦਕ੍ਸ਼ਿਣ। ੨. ਵਿ- ਪ੍ਰਦਕ੍ਸ਼ਿਣਿਤ. ਜਿਸ ਦੀ ਪਰਿਕ੍ਰਮਾ ਕੀਤੀ ਗਈ ਹੈ. "ਸਾਧੁ ਪ੍ਰਦੱਛਨ." (ਅਕਾਲ)

ਪ੍ਰਦਰਸ਼ਨ: ਸੰਗਜਾ- ਪ੍ਰਦਸ਼ੰਨ. ਦਿਖਾਉਣ ਦੀ ਕ੍ਰਿਯਾ ਦਿਖਾਉਣਾ. ਪ੍ਰਕਟ ਕਰਨਾ.

ਪ੍ਰਦਰਸ਼ਨੀ: ਸੰ. प्रदर्शनी. ਦੇਖੋ, ਨੁਮਾਯਸ਼.

ਪ੍ਰਦਾਨ: ਸੰਗਜਾ- ਦੇਣ ਦੀ ਕ੍ਰਿਯਾ। ੨. ਵਿਆਹ. ਸ਼ਾਦੀ। ੩. ਅੰਕੁਸ਼.

ਪ੍ਰਦਾਯਕ: ਵਿ- ਦੇਣ ਵਾਲਾ। ੨. ਸੰਗਜਾ- ਦਾਤਾ ਪੁਰਖ। ੩. ਕਰਤਾਰ.

ਪ੍ਰਦਿਸ਼੍ਟ: ਵਿ- ਦਿਖਾਇਆ ਹੋਇਆ. ਉਪਦੇਸ਼ ਕੀਤਾ.

ਪ੍ਰਦੀਪ: ਸੰਗਜਾ- ਰੌਸ਼ਨੀ ਕਰਨ ਦੀ ਵਸਤੁ. ਦੀਵਾ। ੨. ਰੌਸ਼ਨੀ. ਪ੍ਰਕਾਸ਼.

ਪ੍ਰਦੀਪਨ: ਸੰਗਜਾ- ਪ੍ਰਕਾਸ਼ ਕਰਨ ਦੀ ਕ੍ਰਿਯਾ. ਚਮਕਾਉਣਾ.

ਪ੍ਰਦੁਮਨ: ਦੇਖੋ, ਪ੍ਰਦ੍ਯੁਮਨ.

ਪ੍ਰਦੇਸ, ਪ੍ਰਦੇਸੁ: ਪਰ- ਦੇਸ਼. ਦੂਸਰਾ ਦੇਸ਼. ਵਿਦੇਸ਼। ੨. ਦੂਜਾ ਥਾਂ. "ਤਨ ਸੁਗੰਧ ਢੂਢੈ ਪ੍ਰਦੇਸ." (ਬਸੰ ਰਵਿਦਾਸੁ) ੩. ਸੰ.

---

[802] एकं देव्यां रवौ सप्त त्रीणि कुर्याद्विनायके।
चत्वारि केशवे कुर्यात् शिवे चार्द्ध प्रदक्षिणम्॥ (ਕਰਮ ਲੋਚਨ)

[803] ਭਾਈ ਸੰਤੋਖਸਿੰਘ ਜੀ ਨੇ ਅਨੇਕ ਥਾਂ ਲਿਖਿਆ ਹੈ ਕਿ ਗੁਰੁਤਾ ਅਰਪਨ ਸਮੇਂ ਸਤਿਗੁਰਾਂ ਨੇ ਤਿੰਨ ਪਰਕੰਮਿਆ ਕੀਤੀਆਂ. ਯਥਾ-"ਭੀਨ ਪ੍ਰਚਲਨ ਕੋ ਤਬ ਦੀਨ." (ਗੁਪ੍ਰਸੂ ਰਾਸਿ ੨. ਅਃ ੨੨) "ਭੀਲ ਪਰਿਕ੍ਰਮ ਕਰ ਤਿਹ ਸਮੇ." (ਗੁਪ੍ਰਸੂ ਰਾਸਿ ੧੦. ਅਃ ੨੭)

ਪ੍ਰਦੇਸ਼. ਦੇਸ਼ ਦੇ ਅੰਦਰ ਦੂਜਾ ਦੇਸ਼. ਜੈਸੇ ਪੰਜਾਬ ਵਿੱਚ ਦੁਆਬਾ, ਮਾਝਾ, ਮਾਲਵਾ ਆਦਿ। ੪. ਅੰਗ। ੫. ਅਸਥਾਨ। ੬. ਦੀਵਾਰ. ਕੰਧ। ੭. ਸੰਗਯਾ. ਨਾਮ.

ਪ੍ਰਦੇਸ਼੍ਟਾ: ਸੰ. ਪ੍ਰਦੇਸ਼੍ਟ. ਦਿਖਾਉਣ ਵਾਲਾ. ਦੱਸਣ ਵਾਲਾ। ੨. ਉਪਦੇਸ਼ ਦਾਤਾ। ੩. ਵਿਚਾਰ ਕਰਤਾ.

ਪ੍ਰਦੋਸ, ਪ੍ਰਦੋਖ: ਸੰ. ਪ੍ਰਦੋਸ਼. ਸੰਗਯਾ- ਭਾਰੀ ਦੋਸ਼ (ਪਾਪ). ਵਡਾ ਗੁਨਾਹ। ੨. ਉਹ ਹਨੇਰਾ, ਜੋ ਸੰਧਿਆ ਵੇਲੇ ਹੁੰਦਾ ਹੈ। ੩. ਸੰਧਯਾਕਾਲ. ਸੂਰਜ ਦੇ ਛਿਪਣ ਦਾ ਵੇਲਾ.

ਪ੍ਰਦੰਤ: ਦੇਖੋ, ਦਾੜ੍ਹਵੀ। ੨. ਪ੍ਰਦਾਤਾ (ਪ੍ਰਦਾਤ੍ਰਿ). ਦੇਣ ਵਾਲਾ। ੩. ਪ੍ਰਦੱਤ ਦਿੱਤਾ ਹੋਇਆ.

ਪ੍ਰਦ੍ਯੁਮਨ, ਪ੍ਰਦ੍ਯੁਮ: ਵਿ- ਬਹੁਤ ਹੋਵੇ ਦ੍ਯੁਮ੍ਨ (ਬਲ) ਜਿਸ ਵਿੱਚ. ਮਹਾ ਬਲੀ। ੨. ਸੰਗਯਾ- ਕਾਮ. ਅਨੰਗ, ਜੋ ਬਲਵਾਨਾਂ ਨੂੰ ਭੀ ਜਿੱਤ ਲੈਂਦਾ ਹੈ। ੩. ਕ੍ਰਿਸ਼ਨ ਜੀ ਦਾ ਪੁਤ੍ਰ, ਜੋ ਰੁਕਮਿਣੀ ਦੇ ਉਦਰ ਤੋਂ ਜਨਮਿਆ. ਜਦ ਇਹ ਛੀ ਦਿਨਾਂ ਦਾ ਹੋਇਆ, ਤਦ ਇਸ ਨੂੰ ਸੰਬਰ ਦੈਤ ਚੁਰਾਕੇ ਲੈ ਗਿਆ ਅਤੇ ਸਮੁੰਦਰ ਵਿੱਚ ਸਿੱਟ ਦਿੱਤਾ, ਉੱਥੇ ਇੱਕ ਮੱਛੀ ਇਸ ਨੂੰ ਨਿਗਲ ਗਈ. ਮਾਹੀਗੀਰ ਨੇ ਉਹ ਮੱਛੀ ਫੜ ਲਿਆਂਦੀ ਅਤੇ ਸੰਬਰ ਦੈਤ ਦੇ ਲੰਗਰਖਾਨੇ ਦੇ ਦਿੱਤੀ. ਜਦ ਮੱਛੀ ਦਾ ਪੇਟ ਚਾਕ ਕੀਤਾ ਤਾਂ ਵਿੱਚੋਂ ਇੱਕ ਸੁੰਦਰ ਬਾਲਕ ਨਿਕਲਿਆ, ਜਿਸ ਨੂੰ ਸੰਬਰ ਦੀ ਦਾਸੀ ਮਾਯਾਵਤੀ ਨੇ ਆਪਣੇ ਪਾਸ ਰੱਖਿਆ. ਨਾਰਦ ਰਿਖੀ ਨੇ ਮਾਯਾਵਤੀ ਨੂੰ ਦੱਸ ਦਿੱਤਾ ਕਿ ਇਹ ਬਾਲਕ ਕੌਣ ਹੈ, ਇਸ ਕਰਕੇ ਗੋੱਲੀ ਨੇ ਬਾਲਕ ਦੀ ਪੂਰੀ ਪੂਰੀ ਰਖਵਾਲੀ ਕੀਤੀ. ਜਦ ਇਹ ਜੁਆਨ ਹੋਇਆ ਤਾਂ ਮਾਯਾਵਤੀ ਇਸ ਪੁਰ ਮੋਹਿਤ ਹੋ ਗਈ ਅਤੇ ਇਸ ਨੂੰ ਸੰਬਰ ਦਾ ਸਾਰਾ ਹਾਲ ਸੁਣਾਇਆ. ਇਸ ਪੁਰ ਪ੍ਰਦ੍ਯੁਮਨ ਨੇ ਸੰਬਰ ਨਾਲ ਘੋਰ ਯੁੱਧ ਕੀਤਾ ਅਤੇ ਉਸ ਨੂੰ ਮਾਰਕੇ ਮਾਯਾਵਤੀ ਦੇ ਨਾਲ ਹਵਾ ਵਿੱਚ ਉਡਕੇ ਆਪਣੇ ਪਿਤਾ ਦੇ ਮਹਿਲਾਂ ਵਿੱਚ ਦ੍ਵਾਰਿਕਾ ਜਾ ਪੁੱਜਾ. ਹਰਿਵੰਸ਼ ਆਦਿਕ ਗ੍ਰੰਥਾਂ ਦਾ ਮਤ ਹੈ ਕਿ ਕਾਮਦੇਵ ਹੀ ਪ੍ਰਦ੍ਯੁਮਨ ਰੂਪ ਧਾਰਕੇ ਜਨਮਿਆ ਸੀ.

ਪ੍ਰਧਨ: ਸੰ. ਸੰਗਯਾ- ਜੰਗ. ਲੜਾਈ. ਯੁੱਧ.

ਪ੍ਰਧਰਖਣ: ਸੰ. ਪ੍ਰਧਰ੍ਸ਼ਣ. ਸੰਗਯਾ- ਚੰਗੀ ਤਰਾਂ ਧਮਕਾਉਣ ਦੀ ਕ੍ਰਿਯਾ. ਦਬਾਉਣਾ. ਡਾਟਣਾ. ਤਾੜਨਾ. "ਦੁਸਟ ਪ੍ਰਧਰਖਣ." (ਅਕਾਲ)

ਪ੍ਰਧਾਨ: ਸੰਗਯਾ- ਸਾਂਖ੍ਯਮਤ ਅਨੁਸਾਰ ਸਤ੍ਵ ਰਜ ਤਮ ਰੂਪ ਪ੍ਰਕ੍ਰਿਤਿ, ਜੋ ਜਗਤ ਦਾ ਉਪਾਦਾਨ ਕਾਰਣ ਹੈ। ੨. ਈਸ਼੍ਵਰ. ਪਰਮਾਤਮਾ। ੩. ਰਾਜਾ ਦਾ ਵਜੀਰ। ੪. ਫ਼ੌਜ ਦਾ ਵਡਾ ਸਰਦਾਰ। ੫. ਪਟਿਆਲਾਪਤਿ ਬਾਬਾ ਆਲਾ ਸਿੰਘ ਜੀ ਦੀ ਸੁਪੁਤ੍ਰੀ, ਜੋ ਸਾਰੇ ਸ਼ੁਭ ਗੁਣਾਂ ਨਾਲ ਭਰਪੂਰ ਸੀ. ਦੇਖੋ, ਪਰਧਾਨ ੨। ੬. ਵਿ- ਮੁੱਖ. ਖਾਸ। ੭. ਸ਼੍ਰੇਸ਼੍ਠ. ਉੱਤਮ.

ਪ੍ਰਧਾਨਪੁਰਖੁ: ਸੰਗਯਾ- ਪ੍ਰਧਾਨਪੁਰੁਸ਼. ਸਭ ਤੋਂ ਸਿਰੋਮਣਿ ਪੁਰਖ। ੨. ਕਰਤਾਰ. "ਪ੍ਰਧਾਨਪੁਰਖੁ ਪ੍ਰਗਟੁ ਸਭ ਲੋਇ." (ਸੁਖਮਨੀ) ੩. ਪ੍ਰਕ੍ਰਿਤਿ ਅਤੇ ਬ੍ਰਹਮ.

ਪ੍ਰਧਾਨਿਯ: ਵਿ- ਪ੍ਰਧਾਨਤਾ ਵਾਲਾ. "ਸਦੈਵੰ ਪ੍ਰਧਾਨਿਯ." (ਜਾਪੁ) ੨. ਸੰ. ਪ੍ਰਧ੍ਯਾਨ. ਸੰਗਯਾ- ਵਿਚਾਰ. ਵਿਵੇਕ.

ਪ੍ਰਧਾਨੁ: ਦੇਖੋ, ਪ੍ਰਧਾਨ ੬. "ਸਗਲ ਪੁਰਖ ਮਹਿ ਪੁਰਖ ਪ੍ਰਧਾਨੁ." (ਸੁਖਮਨੀ)

ਪ੍ਰਧੀ: ਸੂਖਮ ਬੁੱਧਿ. ਪ੍ਰਧਾਨ ਮਤਿ। ੨. ਹੱਛੀ ਸਮਝ ਵਾਲਾ.

ਪ੍ਰਧ੍ਵੰਸ: ਸੰ. ਸੰਗਯਾ- ਵਿਨਾਸ਼. ਨਾਸ਼. ਤਬਾਹੀ.

ਪ੍ਰਧ੍ਵੰਸਕ: ਕ੍ਰਿ- ਵਿਨਾਸ਼ ਕਰਨ ਵਾਲਾ.

ਪ੍ਰਧ੍ਵੰਸਾਭਾਵ: ਦੇਖੋ, ਅਭਾਵ.

ਪ੍ਰਨ: ਦੇਖੋ, ਪ੍ਰਣ.

ਪ੍ਰਨਾਸਨ: ਦੇਖੋ, ਪ੍ਰਣਾਸਨ. "ਦਹਨ ਅਘ ਪਾਪ ਪ੍ਰਨਾਸਨ." (ਸਵੈਯੇ ਮਃ ੨. ਕੇ)

ਪ੍ਰਨਾਸਨਕਾਰੀ: ਵਿ- ਪ੍ਰਣਾਸ਼ (ਵਿਨਾਸ਼) ਕਰਨ ਵਾਲਾ. "ਨਸ਼੍ਰਕਰਤਾ. "ਕੁਕ੍ਰਿਤ ਪ੍ਰਨਾਸਨਕਾਰੀ." (ਹਜਾਰੇ ੧੦)

ਪ੍ਰਨਾਰ: ਸੰ. ਪ੍ਰਣਾਲ. ਸੰਗਯਾ- ਪਨਾਲਾ. "ਚਤੁਰ ਕੋਸ ਬਨਾਯ ਕੁੰਡ, ਸਹਸ੍ਰ ਲਾਇ ਪ੍ਰਨਾਰ." (ਜਨਮੇਜਯ)

ਪ੍ਰਨਾਲੀ: ਦੇਖੋ, ਪ੍ਰਣਾਲੀ.

ਪ੍ਰਪੱਕ: ਵਿ- ਪਰਿਪਕ੍ਵ. ਚੰਗੀ ਤਰਾਂ ਪੱਕਾ ਹੋਇਆ। ੨. ਪੁਖ਼ਤਾ. ਦ੍ਰਿੜ੍ਹ. ਨਿਸ਼ਚਯ ਸਹਿਤ. "ਕਿਯੇ ਪ੍ਰਪੱਕ ਭੂਪ ਮਨ ਸੋਊ." (ਨਾਪ੍ਰ)

ਪ੍ਰਪਾ: ਸੰ. ਸੰਗਯਾ- ਪਾਣੀ ਪੀਣ ਦਾ ਥਾਉਂ. ਪਉ। ੨. ਖੂਹ. ਬਾਵਲੀ. "ਕਹਿ ਮਰਦਾਨਾ ਜਾਂਉਂ ਪ੍ਰਪਾ ਜਹਿਂ." (ਨਾਪ੍ਰ)

ਪ੍ਰਪੰਚ: प्रपञ्च. ਦੇਖੋ, ਪਰਪੰਚ.

ਪ੍ਰਪੰਚੀ: प्रपञ्चिन. ਵਿ- ਪ੍ਰਪੰਚ (ਛਲ) ਰਚਣ ਵਾਲਾ. ਆਡੰਬਰ ਕਰਨ ਵਾਲਾ.

ਪ੍ਰਪੰਨ: ਸੰ. प्रपन्न. ਵਿ- ਪ੍ਰਾਪਤ. ਆਇਆ ਹੋਇਆ। ੨. ਸ਼ਰਣਾਗਤ.

ਪ੍ਰਫੁਲਿਤ, ਪ੍ਰਫੁੱਲ: ਸੰ. प्रफुल्ल. ਵਿ- ਖਿੜਿਆ ਹੋਇਆ। ੨. ਪ੍ਰਸੰਨ. ਖ਼ੁਸ਼.

ਪ੍ਰਬਰਖਣ: ਸੰ. प्रवर्षण. ਸੰਗਯਾ ਮੀਂਹ ਵਰਸਣ ਦਾ ਭਾਵ. ਵਰਖਾ. "ਸਰਧਾਰ ਪ੍ਰਬਰਖਣ." (ਅਕਾਲ) ੨. ਕਿਸ਼੍ਕਿੰਧਾ ਪਾਸ ਇੱਕ ਪਹਾੜ, ਜਿਸ ਪੁਰ ਰਾਮਚੰਦ੍ਰ ਜੀ ਕੁਝ ਕਾਲ ਠਹਿਰੇ ਸਨ.

ਪ੍ਰਬਲ: ਵਿ- ਬਹੁਤ ਬਲ ਵਾਲਾ. ਜ਼ੋਰਾਵਰ.

ਪ੍ਰਬਾਹ: ਦੇਖੋ, ਪ੍ਰਵਾਹ.

ਪ੍ਰਬਾਹਣ: ਦੇਖੋ, ਪ੍ਰਵਾਹਣ.

ਪ੍ਰਬਾਦ: ਸੰ. ਪ੍ਰਵਾਦ. ਸੰਗਯਾ- ਪਰਸਪਰ ਬਾਤ ਚੀਤ। ੨. ਸ਼ੁਹਰਤ. ਚਰਚਾ "ਸੁਨ ਪ੍ਰਬਾਦ ਕੋ ਬਚਨ ਬਖਾਨਾ." (ਨਾਪ੍ਰ) ੩. ਨਿੰਦਾ. ਬਦਨਾਮੀ.

ਪ੍ਰਬੀਨ: ਸੰ. ਪ੍ਰ- ਵੀਣ. ਪ੍ਰਵੀਣ. ਵਿ- ਜੋ ਵੀਣਾ ਨਾਲ ਚੰਗੀ ਤਰਾਂ ਗਾਵੇ. ਗਾਉਣ ਵਜਾਉਣ ਵਿੱਚ ਪੂਰਾ ਨਿਪੁਣ। ੨. ਚਤੁਰ. ਦਾਨਾ। ੩. ਨਿਪੁਣ. ਗੁਣ ਵਿੱਚ ਪੂਰਣ.

ਪ੍ਰਬੁੱਧ: ਸੰ. ਵਿ- ਜਾਗਿਆ ਹੋਇਆ. ਹੋਸ਼ ਵਿੱਚ ਆਇਆ ਹੋਇਆ। ੨. ਗਿਆਨੀ. ਪੰਡਿਤ। ੩. ਪ੍ਰਫੁੱਲ. ਖਿੜਿਆ ਹੋਇਆ.

ਪ੍ਰਬੋਧ: ਸੰਗਯਾ- ਜਾਗਣ ਦਾ ਭਾਵ। ੨. ਪੂਰਣ ਗਿਆਨ। ੩. ਤਸੱਲੀ. ਦਿਲਾਸਾ.

ਪ੍ਰਬੋਧ ਚੰਦ੍ਰ ਨਾਟਕ: ਦੇਖੋ, ਪ੍ਰਬੋਧ ਚੰਦ੍ਰੋਦਯ.

ਪ੍ਰਬੋਧ ਚੰਦ੍ਰੋਦਯ: ਕ੍ਰਿਸ਼ਨ ਮਿਸ਼੍ਰ ਪੰਡਿਤ ਦਾ ਰਚਿਆ ਨਾਟਕ, ਜਿਸ ਵਿੱਚ ਮੋਹ ਵਿਵੇਕ ਦਾ ਯੁੱਧ ਵਰਣਨ ਹੈ. ਚੇਦਿ ਦੇ ਚੰਦੇਲ ਰਾਜਪੂਤ ਕ੍ਰਿਤਵਰਮਾ ਦੀ ਆਗਯਾ ਨਾਲ, ਜਿਸ ਨੇ ਸਨ ੧੦੪੯ ਤੋਂ ੧੧੦੦. ਤੀਕ ਰਾਜ ਕੀਤਾ, ਇਹ ਗ੍ਰੰਥ ਸਨ ੧੦੬੫ ਵਿੱਚ ਕਵੀ ਨੇ ਬਣਾਇਆ ਹੈ. ਪੰਡਿਤ ਗੁਲਾਬ ਸਿੰਘ ਜੀ ਨੇ ਇਸ ਦਾ ਛੰਦਬੱਧ ਹਿੰਦੀ ਅਨੁਵਾਦ ਸੰਮਤ ੧੮੪੯ ਵਿੱਚ ਕੀਤਾ ਹੈ. ਇਸ ਦਾ ਪ੍ਰਸਿੱਧ ਨਾਮ ਪ੍ਰਬੋਧਚੰਦ੍ਰ ਨਾਟਕ ਹੈ.

ਪ੍ਰਬੰਧ: ਸੰ. ਸੰਗਯਾ- ਦ੍ਰਿੜ੍ਹ ਬੰਧਨ। ੨. ਰੱਸੀ. ਡੋਰੀ। ੩. ਇੰਤਜਾਮ. ਬੰਦੋਬਸ੍ਤ। ੪. ਪਰਸਪਰ ਸੰਬੰਧ। ੫. ਐਸੀ ਕਾਵ੍ਯਰਚਨਾ, ਜਿਸ ਦੇ ਪ੍ਰਸੰਗਾਂ ਦਾ ਸਿਲਸਿਲਾ ਉੱਤਮ ਰੀਤਿ ਨਾਲ ਹੋਵੇ.

**ਪ੍ਰਭ:** ਦੇਖੋ, ਪ੍ਰਭੁ. "ਪ੍ਰਭ ਆਏ ਸਰਣਾ ਭਉ ਨਹੀ ਕਰਣਾ." (ਮਾਰੂ ਸੋਲਹੇ ਮਃ ੫)

**ਪ੍ਰਭਣ:** ਡਿੰਗ. ਪਰਾਕ੍ਰਮ ਬਲ। ੨. ਹਿੰਮਤ. ਉੱਦਮ.

**ਪ੍ਰਭਣੀ:** ਸੰਗਯਾ- ਪ੍ਰਭੁ (ਰਾਜਾ) ਦੀ ਅਨੀਕਿਨੀ (ਸੈਨਾ). ਰਾਜਾ ਦੀ ਫੌਜ. (ਸਨਾਮਾ)

**ਪ੍ਰਭਤਾ:** ਸੰਗਯਾ- ਪ੍ਰਭੁਤਾ ਪ੍ਰਭੁਤ੍ਵ ਵਡਾਈ ਬਜ਼ੁਰਗੀ। ੨. ਸਾਹਿਬੀ. ਮਾਲਿਕਪਨ. "ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ." (ਧਨਾ ਮਃ ੯) ੩. ਹੁਕੂਮਤ.

**ਪ੍ਰਭਵ:** ਸੰ. ਸੰਗਯਾ- ਪਰਾਕ੍ਰਮ. ਬਲ। ੨. ਜਨਮ। ੩. ਸੰਸਾਰ. ਜਗਤ। ੪. ਵਿਸ਼ਨੁ.

**ਪ੍ਰਭਵਣ, ਪ੍ਰਭਵਨੁ:** ਸੰ. ਪਰਿਭ੍ਰਮਣ. ਸੰਗਯਾ- ਘੁੰਮਣਾ, ਫਿਰਨਾ. "ਪ੍ਰਭਵਨੁ ਕਰੈ ਬੂਝੈ ਨਹਿ ਤ੍ਰਿਸਨਾ." (ਬਿਲਾ ਅਃ ਮਃ ੪) ੨. ਸੰ. ਪ੍ਰਭਵਨ. ਉਤਪੱਤਿ। ੩. ਉਤਪੱਤਿ ਦਾ ਅਸਥਾਨ। ੪. ਮੂਲ. ਜੜ.

**ਪ੍ਰਭਾ:** ਸੰਗਯਾ- ਸ਼ੋਭਾ। ੨. ਚਮਕ. ਪ੍ਰਕਾਸ਼। ੩. ਕੁਬੇਰ ਦੀ ਪੁਰੀ. ਅਲਕਾ। ੪. ਸੂਰਜ ਦੀ ਇੱਕ ਇਸਤ੍ਰੀ। ੫. ਦੁਰਗਾ.

**ਪ੍ਰਭਾਉ:** ਸੰ. ਪ੍ਰਭਾਵ. ਸੰਗਯਾ- ਅਸਰ. "ਨਜਾਰੇ ਨਜਾਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ." (ਅਕਾਲ) ੨. ਦੇਖੋ, ਪ੍ਰਭਾਵ.

**ਪ੍ਰਭਾਸ:** ਸੰ. ਪ੍ਰ- ਭਾਸ ਵਿ- ਪੂਰਣ ਪ੍ਰਭਾ ਸਹਿਤ. ਪ੍ਰਕਾਸ਼ਮਾਨ. ਚਮਤਕਾਰੀ. "ਕਥਾਣ ਕੱਥੋਂ ਪ੍ਰਭਾਸ." (ਬ੍ਰਹਮਾਵ) ੨. ਸੰਗਯਾ- ਪ੍ਰਕਾਸ਼. ਜ੍ਯੋਤਿ। ੩. ਦੱਖਣ ਵਿੱਚ ਦ੍ਵਾਰਾਵਤੀ ਪਾਸ ਸਮੁੰਦਰ ਦੇ ਕਿਨਾਰੇ ਇੱਕ ਅਸਥਾਨ, ਜਿਸ ਦਾ ਨਾਮ ਸੋਮਤੀਰਥ ਭੀ ਹੈ. ਇੱਥੇ ਯਾਦਵਵੰਸ਼ ਦੀ ਕ੍ਰਿਸ਼ਨ ਜੀ ਸਹਿਤ ਸਮਾਪਤੀ ਹੋਈ. ਦੇਖੋ, ਸੋਮਨਾਥ ਅਤੇ ਪਰਭਾਸ। ੪. ਇੱਕ ਵਸੁ ਦੇਵਤਾ. ਦੇਖੋ, ਅਸਟ ਸਾਖੀ। ੫. ਸੰ. ਪ੍ਰਭਾਸ਼ਾ. ਕਥਨ. ਉਪਦੇਸ਼.

**ਪ੍ਰਭਾਕਰ:** ਸੰਗਯਾ- ਪ੍ਰਭਾ (ਪ੍ਰਕਾਸ਼) ਕਰਨ ਵਾਲਾ, ਸੂਰਜ। ੨. ਚੰਦ੍ਰਮਾ। ੩. ਅਗਨਿ। ੪. ਸਮੁੰਦਰ.

**ਪ੍ਰਭਾਕਾਲ:** ਸੰਗਯਾ- ਦੁਪਹਰ ਦਾ ਵੇਲਾ, ਜਦ ਸੂਰਜ ਪੂਰੇ ਪ੍ਰਕਾਸ਼ ਸਹਿਤ ਹੁੰਦਾ ਹੈ. "ਪ੍ਰਭਕਾਲ ਮਾਨੋ ਸਭੈ ਰਸਮਿ ਭਾਨੰ." (ਪਾਰਸਾਵ)

**ਪ੍ਰਭਾਕੀਟ:** ਚਮਕਣ ਵਾਲਾ ਕੀੜਾ. ਜੁਗਨੂੰ. ਖਦ੍ਯੋਤ.

**ਪ੍ਰਭਾਖਿਤ:** ਵਿ- ਪ੍ਰਭਾਸ਼ਿਤ. ਕਥਨ ਕੀਤਾ. ਆਖਿਆ. ਭਾਖਣ (ਕਥਨ) ਕੀਤਾ। ੨. ਸੰਗਯਾ- ਵਯਾਖ੍ਯਾ. ਬਿਆਨ.

**ਪ੍ਰਭਾਤ:** ਸੰਗਯਾ- ਉਹ ਸਮਾਂ, ਜਦ ਪ੍ਰਭਾ ਰੌਸ਼ਨੀ) ਉਗਦੀ ਹੈ. ਭੋਰ. ਤੜਕਾ. ਸਵੇਰਾ.

**ਪ੍ਰਭਾਤੀ:** ਸੰ. ਸੰਗਯਾ- ਦਾਤਣ, ਜੋ ਸਵੇਰੇ ਉਠਕੇ ਕੀਤੀ ਜਾਂਦੀ ਹੈ। ੨. ਇੱਕ ਰਾਗਿਣੀ, ਜੋ ਭੈਰਵ ਠਾਟ ਦੀ ਸੰਪੂਰਣ ਜਾਤਿ ਦੀ ਹੈ. ਇਸ ਵਿਚ ਸ਼ੜਜ ਗਾਂਧਾਰ ਮੱਧਮ ਪੰਚਮ ਵਾਦੀ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਅਤੇ ਧੈਵਤ ਕੋਮਲ ਹਨ. ਮੱਧਮ ਵਾਦੀ ਅਤੇ ਸ਼ੜਜ ਸੰਵਾਦੀ, ਗ੍ਰਹ ਸੁਰ ਮੱਧਮ ਹੈ. ਇਸ ਦੇ ਗਾਉਣ ਦਾ ਸਮਾਂ ਅਮ੍ਰਿਤਵੇਲਾ ਹੈ.

ਆਰੋਹੀ- ਸ਼ ਰਾ ਗ ਮ ਪ ਧਾ ਨ ਸ਼.

ਆਵਰੋਹੀ- ਸ਼ ਨ ਧਾ ਪ ਮ ਗ ਰਾ ਸ਼.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਭਾਤੀ ਦਾ ਤੀਹਵਾਂ ਨੰਬਰ ਹੈ.

**ਪ੍ਰਭਾਧਰਨਿ:** ਸੰਗਯਾ- ਸੈਨਾ. (ਸਨਾਮਾ) ੨. ਬਿਜਲੀ.

**ਪ੍ਰਭਾਮਣਿ:** ਸੰਗਯਾ- ਸੂਰਜ.

**ਪ੍ਰਭਾਵ:** ਸੰਗਯਾ- ਪ੍ਰਗਟ ਹੋਣ ਦੀ ਕ੍ਰਿਯਾ. ਪ੍ਰਾਦੁਰਭਾਵ। ੨. ਸਮਰਥ, ਸ਼ਕਤਿ। ੩. ਅਸਰ। ੪. ਮਹਿਮਾ. ਮਹਾਤਮ। ੫. ਰੋਬ.

ਦਬਦਬਾ। ੬. ਸੂਰਜ ਦਾ ਇੱਕ ਪੁਤ੍ਰ, ਜੋ ਪ੍ਰਭਾ ਦੇ ਗਰਭ ਤੋਂ ਪੈਦਾ ਹੋਇਆ।

ਪ੍ਰਭਿ: ਪ੍ਰਭੁ ਨੇ. ਸ੍ਵਾਮੀ ਨੇ. "ਪ੍ਰਭਿ ਆਪੇ ਪੈਜ ਰਖਾਈ." (ਸੋਰ ਮਃ ੫)

ਪ੍ਰਭੁ: ਪ੍ਰ- ਭੂ. ਸੰਗ੍ਯਾ- ਸ੍ਵਾਮੀ. ਮਾਲਿਕ. "ਪ੍ਰਭੁ ਅਪਨਾ ਸਦਾ ਧਿਆਇਆ." (ਸੋਰ ਮਃ ੫) ੨. ਕਰਤਾਰ। ੩. ਪਾਰਾ। ੪. ਪਤਿ. ਭਰਤਾ.

ਪ੍ਰਭੁਸੰਤ: ਕਰਤਾਰ ਦੇ ਦਾਸ਼. ਸ਼ਾਂਤਮਨ ਸਾਧੁ, ਜੋ ਕੇਵਲ ਕਰਦਾਰ ਦੇ ਉਪਾਸਕ ਹਨ.

ਪ੍ਰਭੁਗਤਿ: ਸੰ. ਪ੍ਰਭੂਤਿ. ਸੰਗ੍ਯਾ- ਉਤਪੱਤੀ। ੨. ਸ਼ਕਤਿ। ੩. ਅਧਿਕਤਾ. ਜ਼ਿਆਦਤੀ. "ਪ੍ਰਭੁ ਗਤਿ ਪ੍ਰਭਾ ਹੈ." (ਜਾਪੁ) ੪. ਸੰ. ਪ੍ਰਭੋਕ੍ਤ੍ਰ. ਪ੍ਰਭੋਕ੍ਤਿ. ਭੋਗਣ ਵਾਲਾ। ੫. ਆਪਣੇ ਅਧੀਨ ਰੱਖਣ ਵਾਲਾ.

ਪ੍ਰਭੁਤਾ, ਪ੍ਰਭੁਤ੍ਵ: ਦੇਖੋ, ਪ੍ਰਭਤਾ.

ਪ੍ਰਭੁਲੋਗ: ਸ੍ਵਾਮੀ (ਕਰਤਾਰ) ਦੇ ਲੋਕ ਸਾਧੁਜਨ.

ਪ੍ਰਭੂ: ਦੇਖੋ, ਪ੍ਰਭੁ. "ਪ੍ਰਭੂ ਹਮਾਰਾ ਸਾਰੇ ਸੁਆਰਥ." (ਭੈਰ ਮਃ ੫)

ਪ੍ਰਭੂਤ: ਸੰ. ਵਿ- ਜੋ ਚੰਗੀ ਤਰਾਂ ਹੋਇਆ ਹੋਵੇ। ੨. ਪੈਦਾ ਹੋਇਆ. ਉਤਪੰਨ। ੩. ਬਹੁਤ. ਅਧਿਕ.

ਪ੍ਰਭੂਤਿ: ਸੰ. ਸੰਗ੍ਯਾ- ਉਤਪੱਤਿ. ਪੈਦਾਇਸ਼। ੨. ਸ਼ਕਤਿ. ਤਾਕਤ। ੩. ਅਧਿਕਤਾ.

ਪ੍ਰਭੇਦ: ਸੰ. ਸੰਗ੍ਯਾ- ਭੇਦ. ਜੁਦਾਇਗੀ. ਵਿਭਿੰਨਤਾ। ੨. ਭੰਨਕੇ (ਭੇਦਨ ਕਰਕੇ) ਨਿਕਲਣ ਦੀ ਕ੍ਰਿਯਾ.

ਪ੍ਰਭੇਦਨ: ਸੰ. ਸੰਗ੍ਯਾ- ਵਿੰਨ੍ਹਣਾ. ਪਰੋਣਾ। ੨. ਪਾੜਨਾ. ਚੀਰਨਾ। ੩. ਅਲਗ ਕਰਨਾ.

ਪ੍ਰਭੋਗੀ: ਪ੍ਰਭੋਕ੍ਤਿ ਚੰਗੀ ਤਰਾਂ ਭੋਗਣ ਵਾਲਾ. "ਨਮਸ੍ਤੁੰ ਪ੍ਰਭੋਗੇ." (ਜਾਪੁ)

ਪ੍ਰਭੰਗੀ: ਸੰ. ਪ੍ਰਭਞ੍ਜਿਨ. ਵਿ- ਤੋੜਨਵਾਲਾ। ੨. ਵਿਨਾਸ਼ਕ. ਨਾਸ਼ ਕਰਤਾ. "ਪ੍ਰਭੰਗੀ ਪ੍ਰਮਾਥੇ." (ਜਾਪੁ) ਪ੍ਰਮਾਥੀਆਂ (ਦੁਖਦਾਈਆਂ) ਨੂੰ ਨਾਸ਼ ਕਰਨ ਵਾਲਾ.

ਪ੍ਰਭੰਜਨ: ਸੰ. ਪ੍ਰਭਞ੍ਜਨ. ਸੰਗ੍ਯਾ- ਚੰਗੀ ਤਰਾਂ ਤੋੜਨ ਦੀ ਕ੍ਰਿਯਾ। ੨. ਪ੍ਰਚੰਡ ਹਨੇਰੀ। ੩. (ਵਾਯੁ). ਹਵਾ. ਜੋ ਬਿਰਛਾਂ ਨੂੰ ਤੋੜਦੀ ਹੈ.

ਪ੍ਰਭੰਜਨਸੁਤ, ਪ੍ਰਭੰਜਨਤਾਤ, ਪ੍ਰਭੰਜਨਨੰਦਨ: ਪ੍ਰਭੰਜਨ (ਵਾਯੁ) ਦਾ ਪੁਤ੍ਰ ਹਨੂਮਾਨ। ੨. ਭੀਮਸੇਨ.

ਪ੍ਰਭੰਜਨਿ, ਪ੍ਰਭੰਜਨੀ: ਦੇਖੋ, ਪ੍ਰਭੰਜਨ ੩.

ਪ੍ਰਭ੍ਰਿਤਿ: ਸੰ. ਪ੍ਰਭृਤਿ. ਵ੍ਯ- ਇਤ੍ਯਾਦਿ. ਵਗੈਰਹ.

ਪ੍ਰਮੱਤ: ਸੰ. ਵਿ- ਬਹੁਤ ਮਤਵਾਲਾ. ਨਸ਼ੇ ਵਿੱਚ ਚੂਰ। ੨. ਪਾਗਲ. ਸਿਰੜਾ.

ਪ੍ਰਮਥਨ: ਸੰਗ੍ਯਾ- ਚੰਗੀ ਤਰਾਂ ਰਿੜਕਣਾ। ੨. ਮਲਣਾ. ਚੂਰਣ ਕਰਨਾ। ੩. ਅਪਮਾਨ. ਹਤਕ.

ਪ੍ਰਮਦ: ਸੰ. ਸੰਗ੍ਯਾ- ਮਤਵਾਲਾਪਨ। ੨. ਆਨੰਦ. ਖ਼ੁਸ਼ੀ। ੩. ਧਤੂਰੇ ਦਾ ਫਲ। ੪. ਵਿ- ਮਤਵਾਲਾ

ਪ੍ਰਮਦਾ: ਸੰਗ੍ਯਾ- ਕਾਮਮਦ ਨਾਲ ਪੂਰਿਤ ਇਸਤ੍ਰੀ. ਨਵਯੋਵਨਾ.

ਪ੍ਰਮਦਾ ਬਨ: ਪ੍ਰਮਦਾ (ਇਸਤ੍ਰੀਆਂ) ਦੇ ਵਿਚਰਣ ਦਾ ਵਨ (ਬਾਗ) ਜਨਾਨਖਾਨੇ ਨਾਲ ਲਗਦਾ ਬਾਗ.

**ਪ੍ਰਮਰ:** ਦੇਖੋ, ਪਰਮਾਰ ਅਤੇ ਰਾਜਪੂਤ.

**ਪ੍ਰਮਰਦਨ:** ਸੰ. ਪ੍ਰਮਦੰਨ. ਸੰਗਯਾ- ਚੰਗੀ ਤਰਾਂ ਮਲ ਦੇਣ ਦੀ ਕ੍ਰਿਯਾ. ਦਲਣਾ। ੨. ਨਸ਼੍ਟ ਕਰਨਾ.

**ਪ੍ਰਮਾ:** ਸੰ. ਸੰਗਯਾ- ਯਥਾਰਥ ਗਿਆਨ. ਸ਼ੁੱਧ ਗਿਆਨ. ਭ੍ਰਮ ਰਹਿਤ ਬੋਧ। ੨. ਨਿਉਂ. ਬੁਨਿਆਦ। ੩. ਮਾਪ. ਮਿਣਤੀ.

**ਪ੍ਰਮਾਣ:** ਸੰਗਯਾ- ਪ੍ਰ- ਮਾਣ. ਤੋਲ. ਵਜ਼ਨ. ਦੇਖੋ, ਤੋਲ। ੨. ਮਾਪ. ਮਿਣਤੀ. ਦੇਖੋ, ਮਿਣਤੀ। ੩. ਕਾਰਣ. ਹੇਤੁ. ਸਬਬ। ੪. ਮਰਯਾਦਾ। ੫. ਗਿਆਨੇਂਦ੍ਰਿਯ। ੩. ਤਰਾਜ਼ੂ. ਤੁਲਾ। ੭. ਦੂਰੀ. ਫਾਸਿਲਾ। ੮. ਬ੍ਰਹਮ. ਕਰਤਾਰ। ੯. ਸਤਯਵਕਤਾ ਪੁਰਖ। ੧੦. ਪ੍ਰਾਮਾਣਿਕ ਧਰਮਗ੍ਰੰਥ। ੧੧. ਪ੍ਰਮਾ (ਯਥਾਰਥ) ਗਿਆਨ ਦਾ ਸਾਧਨ ਰੂਪ ਸਬੂਤ.

ਮਤਭੇਦ ਕਰਕੇ ਪ੍ਰਮਾਣਾਂ ਦੀ ਗਿਣਤੀ ਵੱਧ ਘੱਟ ਹੈ, ਪਰ ਕਾਵਯਗ੍ਰੰਥਾਂ ਵਿੱਚ ਅੱਠ ਪ੍ਰਮਾਣ ਮੰਨੇ ਹਨ- ਪ੍ਰਤਯਕ੍ਸ਼, ਅਨੁਮਾਨ, ਉਪਮਾਨ, ਸ਼ਬਦ, ਅਰਥਾਪੱਤਿ, ਅਨੁਪਲਬਧਿ, ਸੰਭਵ ਅਤੇ ਐਤਿਹ੍ਯ.

(ੳ) ਅੰਤਹਕਰਣ ਦੇ ਸੰਯੋਗ ਨਾਲ ਨੇਤ੍ਰਾਦਿਕ ਗਿਆਨ ਇੰਦ੍ਰੀਆਂ ਦ੍ਵਾਰਾ ਹੋਇਆ ਗਿਆਨ 'ਪ੍ਰਤਯਕ' ਹੈ.

ਇੰਦ੍ਰਿਯ ਅਰੁ ਮਨ ਯੇ ਜਹਾਂ

ਵਿਸ਼ਯ ਆਪਨੋ ਪਾਇ,

ਗ੍ਯਾਨ ਕਰੇਂ ਪ੍ਰਤਯਕ੍ਸ਼ ਤਹਿਂ

ਕਹਿ ਗੁਲਾਬ ਕਵਿਰਾਇ.

(ਲਲਿਤ ਕੌਮੁਦੀ)

ਉਦਾਹਰਣ-

ਕੁਦਰਤਿ ਦਿਸੈ ਕੁਦਰਤਿ ਸੁਣੀਐ

ਕੁਦਰਤਿ ਭਉ ਸੁਖਸਾਰ,

ਕੁਦਰਤਿ ਪਾਤਾਲੀ ਆਕਾਸੀ

ਕੁਦਰਤਿ ਸਰਬ ਆਕਾਰ.

(ਵਾਰ ਆਸਾ ਮਃ ੧)

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠ.

(ਵਾਰ ਰਾਮ ੨. ਮਃ ੫)

ਸੰਤਨ ਕੀ ਸੁਣਿ ਸਾਚੀ ਸਾਖੀ,

ਸੋ ਬੋਲਹਿ ਜੋ ਪੇਖਹਿ ਆਖੀ.

(ਰਾਮ ਮਃ ੫)

(ਅ) ਕਾਰਣ ਦ੍ਵਾਰਾ ਕਾਰਯ ਦਾ ਗਿਆਨ "ਅਨੁਮਾਨ" ਪ੍ਰਮਾਣ ਹੈ.

ਕਾਰਣ ਕੇ ਜਾਨੇ ਜਹਾਂ ਕਾਰਯ ਜਾਨ੍ਯੋਜਾਇ,

ਹੈ ਅਨੁਮਾਨ ਅਲੰਕ੍ਰਿਤੀ ਕਵਿ ਗੁਲਾਬ ਕੇ ਭਾਇ.

(ਲਲਿਤ ਕੌਮੁਦੀ)

ਉਦਾਹਰਣ-

ਧੂਮ ਤੇ ਆਗ ਰਹੈ ਨ ਦੁਰੀ ਜਿਮ,

ਤਜੋਂ ਛਲ ਤੇ ਤੁਮ ਕੋ ਲਖਪਾਯੋ.

(ਕ੍ਰਿਸਨਾਵ)

(ੲ) ਕਿਸੇ ਪ੍ਰਸਿੱਧ ਵਸਤੂ ਨੂੰ ਜਾਣਕੇ ਉਸ ਦੇ ਤੁਲਜ ਕਿਸੇ ਅਣਦੇਖੀ ਵਸਤੂ ਨੂੰ ਜਾਣਨਾ "ਉਪਮਾਨ" ਪ੍ਰਮਾਣ ਹੈ.

ਉਪਮਾ ਕੀ ਸਾਦ੍ਰਿਸ਼ਜ ਤੇਂ ਬਿਨ ਦੇਖਜੋ ਉਪਮੇਯ,

ਜਾਨਪਰੈ ਉਪਮਾਨ ਸੋ ਅਲੰਕਾਰ ਹੈ ਗੇਯ.

(ਲਲਿਤ ਕੌਮੁਦੀ)

ਉਦਾਹਰਣ-

ਗਾਂ ਜੇਹਾ ਰੋਝ, ਬਘਿਆੜ ਹੁੰਦਾ ਕੁੱਤੇ ਜੇਹਾ,

ਬਿੱਲੀ ਜਿਹਾ ਬਾਘ ਇੱਲ ਜੇਹਾ ਹੁੰਦਾ ਬਾਜ ਹੈ.

(ਸ)ਧਰਮਗ੍ਰੰਥ ਅਥਵਾ ਲੋਕਪ੍ਰਮਾਣ ਵਾਕਜ "ਸ਼ਬਦ ਪ੍ਰਮਾਣ" ਹੈ.

ਜਹਾਂ ਸ਼ਾਸਤ੍ਰ ਅਰ ਲੋਕ ਕੋ ਬਚਨ ਪ੍ਰਮਾਣ ਬਖਾਨ,

ਸੋਊ ਸ਼ਬਦ ਪ੍ਰਮਾਣ ਹੈ ਭਾਖਤ ਸੁਕਵਿ ਸੁਜਾਨ.

(ਲਲਿਤ ਕੌਮੁਦੀ)

ਉਦਾਹਰਣ-

ਸੁਣਿਆ ਮੰਨਿਆ ਮਨਿ ਕੀਤਾ ਭਾਉ,

ਅੰਤਰਗਤਿ ਤੀਰਥਿ ਮਲਿ ਨਾਉ.

ਜਿਨੀ ਨਾਮੁ ਧਿਆਇਆ ਗਏ, ਮਸਕਤਿ ਘਾਲਿ,

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ.

(ਜਪੁ)

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ !

ਹਰਿ ਕਰਤਾ ਆਪਿ ਮੁਹਹੁ ਕਢਾਏ.

(ਵਾਰ ਗਉ ੧. ਮਃ ੪)

(ਹ) ਇੱਕ ਬਾਤ ਵਜਰਥ ਹੋਈ ਆਪਣੀ ਸਿੱਧੀ ਲਈ ਦੂਜੀ ਦੀ ਕਲਪਣਾ ਕਰਾਵੇ, ਇਹ "ਅਰਥਾਪੱਤਿ" ਪ੍ਰਮਾਣ ਹੈ.

ਜਹਾਂ ਵਜਥੰ ਭੇ ਅਰਥ ਕੋ ਔਰ ਜੋਗ ਸੇ ਥਾਪ,

ਅਰਥਾਪੱਤਿ ਅਲੰਕ੍ਰਿਤੀ ਭਾਖਤ ਸੁਕਵਿ ਸਦਾਪ,

(ਲਲਿਤ ਕੌਮੁਦੀ)

ਉਦਾਹਰਣ-

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ,

ਤਿਸ ਦਾ ਨਫਰੁ ਕਿਥਹੁ ਰਜਿ ਖਾਏ?

ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ,

ਅਣਹੋਂਦੀ ਕਿਥਹੁ ਪਾਏ?

(ਵਾਰ ਗਉ ੧. ਮਃ ੪)

(ਕ) ਕਿਸੇ ਪ੍ਰਮਾਣ ਦ੍ਵਾਰਾ ਜਿੱਥੇ ਵਸ੍ਤੁ ਪ੍ਰਤੀਤ ਨਾ ਹੋਵੇ, ਇਹ "ਅਨੁਪਲਬਧਿ" ਹੈ.

ਜਾਨ ਪਰੈ ਨਹਿ ਵਸ੍ਤੁ ਕਛੁ ਅਨੁਪਲਬਧਿ ਹੈ ਸੋਯ.

(ਲਲਿਤ ਕੌਮੁਦੀ)

ਉਦਾਹਰਣ-

ਨਾਰਾਇਣ ਨਿੰਦਸਿ ਕਾਇ ਭੂਲੀ ਗਾਵਾਰੀ।

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ, ×××

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰਗੇਹਣਿ,

ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ.

(ਧਨਾ ਤ੍ਰਿਲੋਚਨ)

ਸਾਤੋ ਅਕਾਸ ਸਾਤੋ ਪਤਾਰ,

ਬਿਥਰਯੋ ਅਦ੍ਰਿਸਟ ਜਿਹ ਕਰਮਜਾਰ.

(ਅਕਾਲ)

(ਖ) ਜਿਸ ਥਾਂ ਕਿਸੇ ਗੱਲ ਦਾ ਹੋਣਾ ਮੁਮਕਿਨ ਠਹਿਰਾਇਆ ਜਾਵੇ ਇਹ "ਸੰਭਵ" ਪ੍ਰਮਾਣ ਹੈ.

ਜਹਿ ਸੰਭਵ ਹਨਐ ਵਸ੍ਤੁ ਕੋ, ਸੰਭਵ ਨਾਮ ਸੁ ਹੋਯ.

(ਲਲਿਤ ਕੌਮੁਦੀ)

ਉਦਾਹਰਣ-

ਚਾਰ ਜਨੇ ਚਾਰਹੁ ਦਿਸ਼ਾ ਤੇ ਚਾਰ ਕੋਨੇ ਗਹਿ,

ਮੇਰੁ ਕੋ ਹਲਾਯਕੈ ਉਖਾਰੈਂ, ਤੋ ਉਖਰਜਾਯ.

(ਠਾਕੁਰ ਕਵਿ)

(ਗ) ਜਿਸ ਕਥਨ ਦੇ ਵਕਤਾ ਦਾ ਪਤਾ ਨਹੀਂ, ਪਰ ਪਰੰਪਰਾ ਗੱਲ ਚੱਲੀ ਆਉਂਦੀ ਹੈ, ਏਹ "ਐਤਿਹਯ" ਪ੍ਰਮਾਣ ਹੈ.

ਪਰੰਪਰਾ ਕਹਨਾਵਤ ਜੋਈ,

ਤਿਹ ਏਤਿਹਜ ਕਹਿਤ ਸਬਕੋਈ.

(ਸਰਬ ਗੰਜਨੀ)

ਉਦਾਹਰਣ-

ਭਗਤ ਹੇਤਿ ਮਾਰਿਓ ਹਰਨਾਖਸੁ

ਨਰਸਿੰਘ ਰੂਪ ਹੋਇ ਦੇਹ ਧਰਿਓ,

ਨਾਮਾ ਕਹੈ ਭਗਤਿ ਬਸਿ ਕੇਸਵ

ਅਜਹੂੰ ਬਲਿਕੇ ਦੁਆਰ ਖਰੋ.

(ਮਾਰੂ ਨਾਮਦੇਵ)

ਨ੍ਰਿਪਕੰਨਿਆ ਕੇ ਕਾਰਨੈ ਇਕ ਭਇਆ ਭੇਖਧਾਰੀ,

ਕਾਮਾਰਥੀ ਸੁਆਰਥੀ ਵਾਕੀ ਪੈਜ ਸਵਾਰੀ.

(ਬਿਲਾ ਸਧਨਾ)

੧੨ ਵਿ- ਤੁੱਲ. ਸਮਾਨ. "ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ." (ਸਵੈਯੇ ਮਃ ੪. ਕੇ) ਗੁਰੂ ਅਮਰਦਾਸ ਜੀ ਦੇ ਤੁਲ੍ਯ ਹੀ ਆਪ ਨੂੰ ਵਿਧਾਤਾ ਨੇ ਰਚਿਆ ਹੈ। ੧੩. ਵ੍ਯ- ਤੀਕ. ਤੋੜੀ. ਪਰਯੰਤ.

ਪ੍ਰਮਾਣਕਾ, ਪ੍ਰਮਾਣਿਕਾ: ਇਸ ਛੰਦ ਦਾ ਨਾਮ "ਨਗਸ੍ਵਰੂਪਿਣੀ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ ਅਠ ਅੱਖਰ, ਅਥਵਾ- ਜ, ਰ, ਲ, ਗ, ISI, SIS, I, S.

ਉਦਾਹਰਣ-

ਨ ਦੇਵ ਦਾਨਵਾ ਨਰਾ। ਨ ਸਿੱਧ ਸਾਧਿਕਾ ਧਰਾ।

ਕਲਾ ਧਰੈ ਹਿਰੈ ਸੁਈ।। ×××

(ਵਾਰ ਮਾਝ ਮਃ ੧)

ਅਨੰਦਕੰਦ ਰੂਪ ਹੋ। ਬਲੰਦ ਭੂਪ ਭੂਪ ਹੋ।

ਨ ਆਦਿ ਅੰਤ ਤੋਹਿ ਕੋ। ਸਮਾਨ ਆਨ ਹੋਹਿ ਕੋ?

(ਗੁਪ੍ਰਸੂ)

ਪ੍ਰਮਾਣੁ: ਦੇਖੋ, ਪਰਮਾਣੁ.

ਪ੍ਰਮਾਤਾ: ਸੰ. प्रमातृ. ਸੰਗ੍ਯਾ- ਪ੍ਰਮਾਣ ਦ੍ਵਾਰਾ ਪ੍ਰਮੇਯ ਦੇ ਗ੍ਯਾਨ ਨੂੰ ਪ੍ਰਾਪਤ ਕਰਨ ਵਾਲਾ। ੨. ਗਿਆਨ ਦਾ ਕਰਤਾ ਚੇਤਨ ਪੁਰਖ। ੩. ਵਿਸ਼ਯ ਤੋਂ ਭਿੰਨ ਵਿਸ਼ਯੀ. ਦ੍ਰਸ਼੍ਟਾ. ਸਾਖੀ.

ਪ੍ਰਮਾਥ: ਸੰ. ਸੰਗ੍ਯਾ- ਮਥਨ ਦਾ ਭਾਵ. ਰਿੜਕਣਾ। ੨. ਕੁਚਲਣਾ. ਦਲਣਾ। ੩. ਦੁੱਖ ਦੇਣਾ। ੪. ਨਾਸ਼ ਕਰਨਾ. "ਪਖੰਡੰ ਪ੍ਰਮਾਥੰ." (ਨਾਪ੍ਰ)

ਪ੍ਰਮਾਥੀ: ਸੰ. प्रमाथिन्. ਵਿ- ਮਥਣ ਵਾਲਾ। ੨. ਦੁਖਦਾਈ. ਦੇਖੋ, ਪ੍ਰਭੰਗੀ। ੩. ਨਾਸ਼ ਕਰਨ ਵਾਲਾ.

ਪ੍ਰਮਾਦ: ਪ੍ਰ- ਮਾਦ. ਸੰਗਜਾ- ਨਸ਼ੇ ਦੀ ਖ਼ੁਮਾਰੀ। ੨. ਭੁੱਲ ਵਾਲਾ। ੩. ਬੇਪਰਵਾਹੀ। ੪. ਪਾਗਲਪਨ.

ਪ੍ਰਮਾਦੀ: ਸੰ. ਪ੍ਰਮਾਦਿਨ. ਵਿ- ਨਸ਼ਈ। ੨. ਭੁੱਲ ਕਰਨ ਵਾਲਾ। ੩. ਸੰਗਜਾ- ਪਾਗਲ. ਸਿਰੜਾ.

ਪ੍ਰਮਾਨ: ਦੇਖੋ, ਪ੍ਰਮਾਣ.

ਪ੍ਰਮਾਨਿਕਾ: ਦੇਖੋ, ਪ੍ਰਮਾਣਿਕਾ.

ਪ੍ਰਮਿਤ: ਵਿ- ਮਿਣਿਆ ਹੋਇਆ. ਤੋਲਿਆ ਹੋਇਆ। ੨. ਜਾਣਿਆ ਹੋਇਆ. ਸਮਝਿਆ ਹੋਇਆ.

ਪ੍ਰਮਿਤਿ: ਸੰਗਜਾ- ਪ੍ਰਮਾਣ ਦ੍ਵਾਰਾ ਪ੍ਰਾਪਤ ਹੋਇਆ ਯਥਾਰਥ ਗਿਆਨ. ਪ੍ਰਮਾ। ੨. ਮਿਣਤੀ। ੩. ਤੋਲ.

ਪ੍ਰਮੁਦ: ਵਿ- ਆਨੰਦਿਤ. ਪ੍ਰਸੰਨ। ੨. ਸੰਗਜਾ- ਮਹਾਨ ਅਨੰਦ. "ਪ੍ਰਮੁਦ ਕਰਨ ਸਭ ਭੈਹਰਨ." (ਚੰਡੀ ੧)

ਪ੍ਰਮੁਦਾ: ਵਿ- ਆਨੰਦ ਸਹਿਤ ਇਸਤ੍ਰੀ.

ਪ੍ਰਮੇਹ: جریان ਜਰੀਆਨ. Spermatorrhoea. ਇਸ ਰੋਗ ਦਾ ਲੱਛਣ ਹੈ- ਪੇਸ਼ਾਬ ਮਿਕਦਾਰ ਤੋਂ ਵਧਕੇ ਆਉਣਾ ਅਤੇ ਗੰਧਲਾ ਹੋਣਾ, ਧਾਤੁ ਗਿਰਨੀ ਆਦਿਕ. ਜੇ ਪ੍ਰਮੇਹ ਦਾ ਇਲਾਜ ਛੇਤੀ ਨਾ ਕੀਤਾ ਜਾਵੇ. ਤਾਂ ਮਧੁ ਪ੍ਰਮੇਹ ذیابیطس Diabetes ਹੋਣ ਦਾ ਡਰ ਹੁੰਦਾ ਹੈ.

ਪ੍ਰਮੇਹ ਦੇ ਕਾਰਣ ਹਨ- ਬਹੁਤ ਬੈਠਕ, ਬਹੁਤ ਸੌਣਾ, ਬਹੁਤ ਦਹੀਂ ਖਾਣੀ, ਸ਼ੱਕਰ ਗੁੜ ਦਾ ਸੇਵਨ, ਅਤੀ ਮੈਥੁਨ, ਸ਼ਰਾਬ ਬਹੁਤੀ ਪੀਣੀ, ਚਟਣੀ ਅਚਾਰ ਖਾਣਾ, ਤਿੱਖੇ ਅਤੇ ਕਫ ਵਧਾਉਣ ਵਾਲੇ ਭੋਜਨ ਕਰਨੇ ਆਦਿ.

ਪ੍ਰਮੇਹ ਦੇ ਸਾਧਾਰਣ ਇਲਾਜ ਹਨ- ਗਿਲੋ ਜਾਂ ਆਉਲਿਆਂ ਦਾ ਰਸ ਸ਼ਹਿਦ ਪਾਕੇ ਪੀਣਾ. ਸਿਲਾਜੀਤ ਅਥਵਾ ਕੁਸ਼ਤਾ ਫੌਲਾਦ ਸ਼ਹਿਦ ਵਿੱਚ ਮਿਲਾਕੇ ਚੱਟਣਾ. ਆਉਲੇ ਦੇ ਰਸ ਨਾਲ ਹਲਦੀ ਦਾ ਚੂਰਨ ਫੱਕਣਾ. ਇਮਲੀ ਦੇ ਬੀਜ ਭੁੰਨਕੇ ਉਨ੍ਹਾਂ ਦੀ ਛਿੱਲ ਲਾਹਕੇ ਬਰੀਕ ਕੁੱਟਕੇ, ਮਾਹਾਂ ਦੀ ਧੋਤੀ ਭੁੰਨੀ ਦਾਲ ਅਤੇ ਖੰਡ ਸਮਾਨ ਤੋਲ ਦੇ ਲੈ ਕੇ ਸਭ ਦਾ ਚੂਰਣ ਕਰਕੇ ਨਿੱਤ ਬੱਕਰੀ ਦੇ ਦੁੱਧ ਨਾਲ ਡੇਢ ਤੋਲਾ ਫੱਕਣਾ. ਕਿੱਕਰ ਦੇ ਕੱਚੇ ਤੁੱਕੇ ਸੁਕੇ ਪੀਹਕੇ ਬਰਾਬਰ ਦੀ ਖੰਡ ਮਿਲਾਕੇ ਗਊ ਦੇ ਦੁੱਧ ਨਾਲ ਨਿੱਤ ਇੱਕ ਤੋਲਾ ਫੱਕੀ ਲੈਣੀ.

ਪ੍ਰਮੇਹ ਹੋਣ ਸਾਰ ਸਿਆਣੇ ਡਾਕਟਰ ਤੋਂ ਮੂਤ੍ਰ ਦੀ ਪਰੀਖ੍ਯਾ ਕਰਾਉਣੀ ਚਾਹੀਏ ਅਰ ਬਿਨਾ ਢਿੱਲ ਇਲਾਜ ਹੋਣਾ ਯੋਗ੍ਯ ਹੈ. "ਚਿਣਗ ਪ੍ਰਮੇਹ ਭਗਿੰਦ੍ਰ ਦੁਖੁਤ੍ਰਾ." (ਚਰਿਤ੍ਰ ੪੦੫)

ਪ੍ਰਮੇਯ: ਵਿ- ਜੋ ਪ੍ਰਮਾਣ ਦਾ ਵਿਸ਼ਯ ਹੋਵੇ। ੨. ਜਿਸ ਦਾ ਤੋਲ ਮਾਪ ਦੱਸਿਆ ਜਾ ਸਕੇ.

ਪ੍ਰਮੇਵ: ਦੇਖੋ, ਪ੍ਰਮੇਯ। ੨. ਦੇਖੋ, ਪ੍ਰਮੇਹ.

ਪ੍ਰਮੋਦ: ਸੰਗਜਾ- ਅਤ੍ਯੰਤ ਆਨੰਦ. ਪ੍ਰਸੰਨਤਾ.

ਪ੍ਰਮੋਦਕ: ਵਿ- ਆਨੰਦ ਦੇਣ ਵਾਲਾ ਖ਼ੁਸ਼ ਕਰਨ ਵਾਲਾ। ੨. ਸੰਗਜਾ- ਦੇਖੋ, ਕਕੁਭਾ.

ਪ੍ਰਮੋਧ: ਦੇਖੋ, ਪ੍ਰਬੋਧ ਅਤੇ ਪ੍ਰਮੋਦ.

ਪ੍ਰਯਤਨ: ਸੰਗਜਾ- ਪ੍ਰਯਤ੍ਨ. ਪੂਰਾ ਯਤਨ. ਪੂਰੀ ਕੋਸ਼ਿਸ਼.

ਪ੍ਰਯਾ: ਦੇਖੋ, ਪਰਯਾਯ.

ਪ੍ਰਯਾਸ: ਸੰਗਜਾ- ਯਤਨ. ਕੋਸ਼ਿਸ਼. "ਪ੍ਰਯਾਸ ਤੇ ਈਸ਼੍ਵਰ ਪਾਵੈਂ." (ਨਾਪ੍ਰ) "ਬਹੁ ਕੀਨ ਪ੍ਰਯਾਸ ਭਏ ਸਭ ਬਾਦ." (ਨਾਪ੍ਰ)

ਪ੍ਰਯਾਗ: ਸੰ. ਸੰਗਜਾ- ਜਿਸ ਤੋਂ ਚੰਗਾ ਯਗ੍ਯ ਹੋਵੇ, ਘੋੜਾ। ੨. ਉੱਤਮ ਯਗ੍ਯ। ੩. ਯਗ੍ਯ ਦਾ ਅਸਥਾਨ। ੪. ਯੂ. ਪੀ. ਵਿੱਚ

ਗੰਗਾ ਜਮੁਨਾ ਦੇ ਸੰਗਮ ਦਾ ਇੱਕ ਪ੍ਰਸਿੱਧ ਤੀਰਥ, ਜਿੱਥੇ ਸਰਸ੍ਵਤੀ ਨਦੀ ਦਾ ਗੁਪਤ ਸੰਗਮ ਮੰਨਿਆ ਜਾਂਦਾ ਹੈ. ਪੁਰਾਣਾਂ ਅਨੁਸਾਰ ਜਦ ਸ਼ੰਖਾਸੁਰ ਪਾਸੋਂ ਵਿਸ਼ਨੁ ਨੇ ਵੇਦ ਵਾਪਿਸ ਲਿਆਕੇ ਬ੍ਰਹਮਾ ਨੂੰ ਦਿੱਤੇ, ਤਦ ਉਸ ਨੇ ਦਸ ਅਸ਼੍ਵਮੇਧ ਯਗਜ ਇੱਥੇ ਕੀਤੇ, ਜਿਸ ਤੋਂ ਨਾਮ "ਪ੍ਰਯਾਗ" ਹੋ ਗਿਆ। ੫. ਪ੍ਰਯਾਗ ਤੀਰਥ ਤੋਂ ਸ਼ਹਰ ਦਾ ਨਾਮ ਭੀ ਪ੍ਰਯਾਗ ਹੋਇਆ ਹੈ, ਜੋ ਹੁਣ ਅਲਾਹਾਬਾਦ ਕਰਕੇ ਪ੍ਰਸਿੱਧ ਹੈ.[804] ਪ੍ਰਯਾਗ ਵਿੱਚ ਇੱਕ ਅਖ਼ਯਵਟ ਸੀ, ਜਿਸ ਤੋਂ ਡਿਗਕੇ ਮਰਨਾ ਹਿੰਦੂ ਮੁਕਤਿ ਦਾ ਸਾਧਨ ਜਾਣਦੇ ਸਨ. ਬਾਦਸ਼ਾਹ ਜਹਾਂਗੀਰ ਨੇ ਇਹ ਬੋਹੜ ਕਟਵਾ ਦਿੱਤਾ ਸੀ.[805] ਇਸ ਨਗਰ ਦੇ ਮਹੱਲਾ ਅਹਿਯਾਪੁਰ ਵਿੱਚ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਗੁਰਦ੍ਵਾਰਾ "ਪੱਕੀ ਸੰਗਤਿ" ਨਾਮ ਤੋਂ ਪ੍ਰਸਿੱਧ ਹੈ, ਜਿਸ ਦਾ ਪ੍ਰਬੰਧ ਨਿਰਮਲੇ ਸੰਤਾਂ ਦਾ ਅਖਾੜਾ ਕਰਦਾ ਹੈ.

"ਤਹੀਂ ਪ੍ਰਕਾਸ ਹਮਾਰਾ ਭਯੋ." ਵਿਚਿਤ੍ਰ ਨਾਟਕ ਦੇ ਇਸ ਵਾਕ ਅਨੁਸਾਰ ਦਸ਼ਮੇਸ਼, ਮਾਤਾ ਦੇ ਗਰਭ ਵਿੱਚ ਇਸੇ ਥਾਂ ਵਿਰਾਜੇ ਹਨ.

ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਭੀ ਪਟਨੇ ਤੋਂ ਪੰਜਾਬ ਨੂੰ ਆਉਂਦੇ ਹੋਏ ਪ੍ਰਯਾਗ ਪਧਾਰੇ ਹਨ. ਪ੍ਰਯਾਗ ਲਹੌਰ ਤੋਂ ੬੯੭, ਕਲਕੱਤੇ ਤੋਂ ੫੬੦ ਅਤੇ ਬੰਬਈ ਤੋਂ ੮੪੪ ਮੀਲ ਹੈ. ਆਬਾਦੀ ੧੫੫, ੯੭੦ ਹੈ.

**ਪ੍ਰਯਾਣ:** ਸੰ. ਸੰਗ੍ਯਾ- ਗਮਨ. ਕੂਚ. ਯਾਤ੍ਰਾ। ੨. ਯੁੱਧ ਲਈ ਚੜ੍ਹਾਈ। ੩. ਕਾਰਜ ਦਾ ਆਰੰਭ.

**ਪ੍ਰਯਾਤ:** ਵਿ- ਗਤ. ਗਿਆ "ਚਮੂ ਸੰਗ ਉਮਰਾਵ ਪ੍ਰਯਾਤ." (ਗੁਪ੍ਰਸੂ) ੨. ਮੋਇਆ ਹੋਇਆ। ੩. ਬਹੁਤ ਚਲਣ ਵਾਲਾ.

**ਪ੍ਰਯਾਮ:** ਸੰਗ੍ਯਾ- ਲੰਬਾਈ. ਦੀਰਘਤਾ। ੨. ਸੰਯਮ। ੩. ਮਹਿੰਗਾਈ.

**ਪ੍ਰਯੁਕ੍ਤ:** ਵਿ- ਚੰਗੀ ਤਰਾਂ ਜੋੜਿਆ ਹੋਇਆ। ੨. ਚੰਗੀ ਤਰਾਂ ਮਿਲਿਆ ਹੋਇਆ.

**ਪ੍ਰਯੋਗ:** ਸੰਗ੍ਯਾ- ਕਿਸੇ ਕੰਮ ਵਿੱਚ ਜੁੜਨ ਦੀ ਕ੍ਰਿਯਾ. ਕੰਮ ਵਿੱਚ ਲਗਣਾ। ੨. ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰ ਸਿੱਧ ਕਰਨ ਦਾ ਯਤਨ। ੩. ਨਾਟਕ ਦਾ ਖੇਡ। ੪. ਰੋਗੀ ਲਈ ਦਵਾਈ ਦੇਣ ਦੀ ਕ੍ਰਿਯਾ. ਉਪਚਾਰ. ਇਲਾਜ। ੫. ਦ੍ਰਿਸ਼੍ਟਾਂਤ. ਮਿਸਾਲ। ੬. ਘੋੜਾ, ਜੋ ਰਥ ਆਦਿ ਵਿੱਚ ਜੋੜਿਆ ਜਾਂਦਾ ਹੈ। ੭. ਵਰਤਣਾ. ਇਸਤਅ਼ਮਾਲ.

**ਪ੍ਰਯੋਘ:** ਦੇਖੋ, ਪ੍ਰਯੋਗ. "ਸਰ ਓਘ ਪ੍ਰਯੋਘ ਚਲਾਵਹਿੰਗੇ." (ਕਲਕੀ) ਤੀਰਾਂ ਦਾ ਸਮੁਦਾਯ ਪ੍ਰਯੋਗ ਕਰਕੇ (ਚਿੱਲੇ ਵਿੱਚ ਜੋੜਕੇ) ਚਲਾਵਹਿੰਗੇ। ੨. ਦੇਖੋ, ਪਰਿਘ. "ਲੋਹ ਮੂਸਲ ਪ੍ਰਯੋਘੰ." (ਵਿਚਿਤ੍ਰ)

**ਪ੍ਰਯੋਜਨ:** ਸੰਗ੍ਯਾ- ਉਹ ਕਾਰਜ, ਜਿਸ ਵਿੱਚ ਚਿੱਤ ਦਾ ਲਗਾਉ ਹੋਵੇ. ਮਤਲਬ. ਗਰਜ.

**ਪ੍ਰਯੰਕ:** ਦੇਖੋ, ਪਰਯੰਕ.

**ਪ੍ਰਯੰਤ:** ਦੇਖੋ, ਪਰਯੰਤ.

**ਪ੍ਰਲਯ:** ਸੰਗ੍ਯਾ- ਚੰਗੀ ਤਰਾਂ ਲੀਨ ਹੋਣਾ. ਲੈ ਨੂੰ ਪ੍ਰਾਪਤ ਹੋਣਾ। ੨. ਪੁਰਾਣਾਂ ਵਿੱਚ ਪ੍ਰਲਯ ਦਾ ਅਰਥ ਹੈ ਸੰਸਾਰ ਦਾ ਲੀਨ ਹੋਣਾ. ਵਿਸ਼ਨੁਪੁਰਾਣ ਦੇ ਅੰਸ਼ ੧. ਅਃ ੭. ਵਿੱਚ ਲੇਖ ਹੈ ਕਿ ਜੀਵਾਂ ਦੇ ਨਿਤ੍ਯ ਮਰਨ ਦਾ ਨਾਮ ਨਿਤ੍ਯਪ੍ਰਲਯ, ਬ੍ਰਹਮਾ ਦੇ ਸੌਣ ਪੁਰ ਨੈਮਿੱਤਿਕਪ੍ਰਲਯ, ਬ੍ਰਹਮਾ ਦੇ ਮਰਨ ਪੁਰ ਪ੍ਰਾਕ੍ਰਿਤਕ ਪ੍ਰਲਯ, ਗ੍ਯਾਨ ਦ੍ਵਾਰਾ ਆਤਮ ਵਿੱਚ ਲੀਨ ਹੋਣ ਤੋਂ ਆਤ੍ਯੰਤਿਕ ਪ੍ਰਲਯ ਹੁੰਦੀ ਹੈ.[806] ਬਾਈਬਲ ਅਨੁਸਾਰ ਹੁਣ ਕਦੇ ਪ੍ਰਲਯ ਨਹੀਂ ਹੋਵੇਗੀ. ਦੇਖੋ, ਇੰਦ੍ਰਧਨੁਖ। ੩. ਕਾਵ੍ਯ ਅਨੁਸਾਰ ਇੱਕ ਸਾਤ੍ਵਿਕ

---

[804] ਇਹ ਨਾਮ ਅਕਬਰ ਨੇ ਰੱਖਿਆ ਸੀ. ਮੁਗਲਰਾਜ ਵੇਲੇ ਪ੍ਰਯਾਗ ਸੂਬੇ ਦੀ ਰਾਜਧਾਨੀ ਸੀ. ਹੁਣ ਭੀ ਇਹ ਗਵਰਨਰ ਦੇ ਨਿਵਾਸ ਦਾ ਥਾਂ ਹੈ.

[805] ਕਿਲੇ ਅੰਦਰ ਇੱਕ ਅਖੈਵਟ ਦੱਸਕੇ ਪੰਡੇ ਹੁਣ ਭੀ ਪੂਜਾ ਲੈਂਦੇ ਹਨ.

[806] ਕੂਰਮ ਪੁਰਾਣ ਦੇ ੪੨ ਵੇਂ ਅਧ੍ਯਾਯ ਵਿੱਚ ਭੀ ਚਾਰ ਪ੍ਰਕਾਰ ਦੀ ਪ੍ਰਲਯ ਲਿਖੀ ਹੈ-
"नित्यं नैमित्तिकं चैव प्राकृतात्यन्तिकौ तथा."

ਭਾਵ, ਅਰਥਾਤ ਕਿਸੇ ਵਸਤੂ ਵਿੱਚ ਤਦਰੂਪ ਹੋਣ ਤੋਂ ਸਿਮ੍ਰਿਤੀ ਦਾ ਅਭਾਵ ਹੋਕੇ ਮੂਰਛਾਦਸ਼ਾ ਨੂੰ ਪ੍ਰਾਪਤ ਹੋਣਾ.

ਪ੍ਰਲਯਘਨ: ਪ੍ਰਲਯ ਕਾਲ ਦਾ ਬੱਦਲ, ਜੋ ਪੁਰਾਣਾਂ ਅਨੁਸਾਰ ਮੂਸਲਧਾਰ ਵਰਖਾ ਕਰਕੇ ਸਾਰੀ ਸ੍ਰਿਸ਼੍ਟਿ ਨੂੰ ਡੋਬ ਦਿੰਦਾ ਹੈ.

ਪ੍ਰਲਵ: ਸੰ. ਸੰਗਯਾ- ਹੱਛੀ ਤਰਾਂ ਕੱਟਣ ਦੀ ਕ੍ਰਿਯਾ. "ਕਰ ਦਨੁਜ ਪ੍ਰਲਵ ਸੰਤਨ ਉਧਾਰ." (ਰੁਦ੍ਰਾਵ) ੨. ਟੁਕੜਾ. ਧੱਜੀ.

ਪ੍ਰਲਾਪ: ਪ੍ਰ- ਲਪ. ਸੰਗਯਾ- ਬਕਬਾਦ. ਨਿਰਰਥਕ ਬੋਲਣਾ। ੨. ਕਥਨ। ੩. ਬੀਮਾਰੀ ਵਿੱਚ ਪਾਗਲਾਂ ਦੀ ਤਰਾਂ ਬੋਲਣ ਦੀ ਕ੍ਰਿਯਾ. ਵਿਯੋਗਦਸ਼ਾ ਵਿੱਚ ਭੀ ਪ੍ਰਲਾਪ ਹੋਇਆ ਕਰਦਾ ਹੈ.

ਪ੍ਰਲੀਨ: ਵਿ- ਚੰਗੀ ਤਰਾਂ ਲੈ ਹੋਇਆ. ਸਮਾਇਆ ਹੋਇਆ.

ਪ੍ਰਲੈ: ਦੇਖੋ, ਪ੍ਰਲਯ.

ਪ੍ਰਲੋਠਨ: ਦੇਖੋ, ਪਲੋਠਨ.

ਪ੍ਰਲੰਬ: ਸੰ. प्रलम्ब. ਵਿ- ਹੇਠਾਂ ਨੂੰ ਲਟਕਦਾ ਹੋਇਆ। ੨. ਲੰਮਾ। ੩. ਢਿੱਲਾ. ਸੁਸਤ। ੪. ਸੰਗਯਾ- ਸ਼ਾਖਾ. ਟਾਹਣੀ। ੫. ਸ੍ਤਨ. ਕੁਚ। ੬. ਛਾਤੀ ਪੁਰ ਲਟਕਦਾ ਹੋਇਆ ਹਾਰ। ੭. ਭਾਗਵਤ ਅਨੁਸਾਰ ਇੱਕ ਦੈਤ, ਜੋ ਬਲਰਾਮ ਅਤੇ ਕ੍ਰਿਸ਼ਨ ਜੀ ਨਾਲ ਗੋਪ ਦੀ ਸ਼ਕਲ ਬਣਾਕੇ ਖੇਲਣ ਲੱਗਿਆ ਅਤੇ ਬਲਰਾਮ ਨੂੰ ਮਾਰਨ ਦੀ ਇੱਛਾ ਨਾਲ ਲੈ ਕੇ ਨੱਠਾ, ਅਰ ਬਲਰਾਮ ਦੇ ਹੱਥੋਂ ਮਾਰਿਆ ਗਿਆ. ਦੇਖੋ, ਭਾਗਵਤ ਸਕੰਧ ੧੦. ਅਃ ੧੮.

"ਦੈਤ ਪ੍ਰਲੰਬ ਬਡੋ ਕਪਟੀ

ਤਬ ਬਾਲਕ ਰੂਪ ਧਰਯੋ ਨ ਜਨਾਯੋ।

ਕੰਧ ਚਢਾਯ ਹਲੀ ਕੋ ਉਡਯੋ

ਤਿਨ ਮੂਕਨ ਸੋਂ ਧਰ ਮਾਰ ਗਿਰਾਯੋ।।

(ਕ੍ਰਿਸਨਾਵ)

ਪ੍ਰਲੰਬਘਨ, ਪ੍ਰਲੰਬਾਰਿ: ਪ੍ਰਲੰਬ ਦੈਤ ਦੇ ਮਾਰਨ ਵਾਲਾ. ਬਲਰਾਮ.

ਪ੍ਰਵਣ: ਸੰ. ਸੰਗਯਾ- ਚੌਰਾਹਾ, ਚੁਰਸਤਾ। ੨. ਉਦਰ. ਪੇਟ। ੩. ਢਲਵਾਨ. ਉਤਾਰ। ੪. ਵਿ- ਝੁਕਿਆ ਹੋਇਆ। ੫. ਨਮ੍ਰ. ਵਿਨੀਤ। ੬. ਉਦਾਰ। ੭. ਅਨੁਕੂਲ। ੮. ਆਸਕ੍ਤ. ਆਸਕ. "ਕਲਿ ਕੀਰਤਿਹਰਿ ਪ੍ਰਵਣੇ." (ਨਟ ਮਃ ੪)

ਪ੍ਰਵਤਸਯਤ ਪਤਿਕਾ, ਪ੍ਰਵਤਸਯਤ ਪ੍ਰੇਯਸੀ: ਕਾਵ੍ਯ ਅਨੁਸਾਰ ਉਹ ਨਾਯਿਕਾ, ਜਿਸ ਤਾ ਪਤਿ ਵਿਦੇਸ਼ ਜਾਣ ਨੂੰ ਤਿਆਰ ਹੋਵੇ.

ਪ੍ਰਵਰ: ਵਿ- ਬਹੁਤ ਸ਼੍ਰੇਸ਼੍ਠ। ੨. ਸੰਗਯਾ- ਔਲਾਦ. ਸੰਤਾਨ। ੩. ਅਗਰੁ ਦੀ ਲੱਕੜ.

ਪ੍ਰਵਰਤਕ: ਸੰ. ਪ੍ਰਵਤੰਕੱ. ਸੰਗਯਾ- ਕਿਸੇ ਕਾਰਜ ਨੂੰ ਚਲਾਉਣ ਵਾਲਾ। ੨. ਆਰੰਭ ਕਰਨ ਵਾਲਾ। ੩. ਕੰਮ ਵਿੱਚ ਲਾਉਣ ਵਾਲਾ.

ਪ੍ਰਵਾਸ: ਸੰ. ਪ੍ਰ- ਵਸ. ਸੰਗਯਾ- ਵਿਦੇਸ਼ ਦਾ ਨਿਵਾਸ। ੨. ਵਿਦੇਸ਼. ਪਰਦੇਸ਼। ੩. ਸੰ. ਪਰਿਵਾਸ. ਰਹਾਇਸ਼. ਨਿਵਾਸ. "ਪ੍ਰਿਥੀਉਲ ਪ੍ਰਵਾਸ ਹੈ." (ਜਾਪੁ)

ਪ੍ਰਵਾਸਨ: ਸੰ. ਸੰਗਯਾ- ਦੇਸ਼ਨਿਕਾਲਾ. ਨਗਰ ਅਥਵਾ ਦੇਸ਼ ਤੋਂ ਬਾਹਰ ਕੱਢਣ ਦੀ ਕ੍ਰਿਯਾ.

ਪ੍ਰਵਾਹ: ਸੰ. ਪ੍ਰ- ਵਹ. ਸੰਗਯਾ- ਜਲ ਦਾ ਵਹਾਉ. ਪਾਣੀ ਦੀ ਗਤਿ। ੨. ਜਲ ਦੀ ਧਾਰਾ। ੩. ਕਾਰਜ ਦਾ ਜਾਰੀ ਰਹਿਣਾ। ੪.

ਹੱਛੀ ਸਵਾਰੀ. ਘੋੜਾ ਆਦਿ ਉੱਤਮ ਵਾਹਨ. "ਕੇਸਰੀ ਪ੍ਰਵਾਹੇ." (ਅਕਾਲ) ਸ਼ੇਰ ਦੀ ਸਵਾਰੀ.

ਪ੍ਰਵਾਹਸਰਿ: ਸੰਗਯਾ- ਨਿਰੰਤਰ ਵਹਿਣ ਵਾਲੀ ਨਦੀ. ਅਖੰਡਧਾਰਾ. "ਅੰਮ੍ਰਿਤ ਪ੍ਰਵਾਹਸਰਿ ਅਤੁਲ ਭੰਡਾਰ ਭਰਿ." (ਸਵੈਯੇ ਸ੍ਰੀ ਮੁਖਵਾਕ ਮਃ ੫)

ਪ੍ਰਵਾਹੀ: ਸੰ. प्रवाहिन. ਵਿ- ਵਹਾਉ ਵਾਲਾ. ਵਹਿਣ ਵਾਲਾ.

ਪ੍ਰਵਾਣ: ਸੰਗਯਾ- ਮਨਜੂਰ. ਅੰਗੀਕਾਰ. ਕਬੂਲ। ੨. ਦੇਖੋ, ਪ੍ਰਮਾਣ.

ਪ੍ਰਵਾਦ: ਦੇਖੋ, ਪ੍ਰਬਾਦ.

ਪ੍ਰਵਾਨ: ਦੇਖੋ, ਪ੍ਰਮਾਨ. "ਅਤੁਲ ਪ੍ਰਵਾਨੇ." (ਅਕਾਲ) ਅਤੁਲ ਪ੍ਰਮਾਨੇ.

ਪ੍ਰਵਾਨਾ: ਦੇਖੋ, ਪਰਵਾਨਾ.

ਪ੍ਰਵਾਰ: ਦੇਖੋ, ਪਰਿਵਾਰ.

ਪ੍ਰਵਾਲ: ਮੂੰਗਾ. ਦੇਖੋ, ਪਰਵਾਲ। ੨. ਡਿੰਗ ਵੀਣਾ ਦੀ ਡੰਡੀ, ਜਿਸ ਉੱਤੇ ਸੁਰਾਂ ਦੇ ਬੰਦ ਜੜੇ ਹੁੰਦੇ ਹਨ। ੩. ਪੜਵਾਲ. ਅੱਖਾਂ ਦੀ ਪਲਕਾਂ ਦੇ ਰੋਮ, ਜੋ ਝੁਕਕੇ ਨੇਤ੍ਰਾਂ ਦੀ ਡੇਲੀ ਨੂੰ ਦੁੱਖ ਦੇਣ. ਅੱਖ ਵੱਲ ਪੜੇ ਹੋਏ ਪਲਕ ਦੇ ਵਾਲ. "ਧੁੰਧ ਜਾਲ ਪ੍ਰਵਾਲ ਖਾਂਸੀ." (ਸਲੋਹ) ਦੇਖੋ, ਪੜਵਾਲ.

ਪ੍ਰਵਾਲਬਿੰਦ੍ਰੁਮ: ਮੂੰਗੇ ਦਾ ਪਿੰਡ. ਸਮੁੰਦਰ ਵਿੱਚ ਇੱਕ ਪ੍ਰਕਾਰ ਦੀ ਜਾਤਿ ਦੇ ਕੀੜੇ (Coeletenrata) ਦੀ ਰਚਨਾ. "ਲਾਲ ਜਾਲ ਪ੍ਰਵਾਲ ਬਿੰਦ੍ਰੁਮ" (ਪਾਰਸਾਵ) ਦੇਖੋ, ਵਿਦ੍ਰੁਮ.

ਪ੍ਰਵਿਸ਼੍ਟ: ਵਿ- ਪ੍ਰਵੇਸ਼ ਹੋਇਆ. ਪੈਠਾ. ਘੁਸਿਆ ਹੋਇਆ.

ਪ੍ਰਵਿੱਧ: ਵਿ- ਚੰਗੀ ਤਰਾਂ ਵਿੰਨ੍ਹਿਆ ਹੋਇਆ. ਪਰੋਇਆ ਹੋਇਆ.

ਪ੍ਰਵੀਣ, ਪ੍ਰਵੀਨ: ਦੇਖੋ, ਪ੍ਰਬੀਨ.

ਪ੍ਰਵੇਸ਼, ਪ੍ਰਵੇਸ਼ਨ: ਪ੍ਰ- ਵਿਸ਼. ਸੰਗਯਾ- ਅੰਦਰ ਨਿਵੇਸ਼ (ਦਖ਼ਲ). "ਸਤਿ ਤੇ ਜਨ ਜਾਕੈ ਰਿਦੈ ਪ੍ਰਵੇਸ਼." (ਸੁਖਮਨੀ) ੨. ਗਤਿ. ਪਹੁੱਚ.

ਪ੍ਰਵੇਖ: ਦੇਖੋ, ਪਰਿਵੇਖ. "ਜੈਸੇ ਦੇਹ ਪ੍ਰਾਨ ਕੋ ਪ੍ਰਵੇਖ ਸਸਿ ਭਾਨੁ ਕੋ." (ਕ੍ਰਿਸਨਾਵ)

ਪ੍ਰਵ੍ਰਜਨ: ਸੰ. ਸੰਗਯਾ- ਬਾਹਰ ਜਾਣ ਦੀ ਕ੍ਰਿਯਾ. ਘਰ ਬਾਰ ਛੱਡਕੇ ਜੰਗਲ ਨੂੰ ਜਾਣਾ.

ਪ੍ਰਵ੍ਰਿੱਤਿ, ਪ੍ਰਵਿੱਤੀ: ਦੇਖੋ, ਪਰਵਿਰਤਿ.

ਪ੍ਰਾ: ਧਾ- ਭਰਨਾ, ਅਧਿਕ ਕਰਨਾ। ੨. ਪ੍ਰ ਦਾ ਵ੍ਰਿੱਧੀ ਸਹਿਤ ਰੂਪ, ਜੋ ਯੌਗਿਕ ਸ਼ਬਦਾਂ ਵਿੱਚ ਸੰਬੰਧ ਪ੍ਰਗਟ ਕਰਦਾ ਹੈ- ਜੈਸੇ ਪ੍ਰਕ੍ਰਿਤਿ- ਪ੍ਰਾਕ੍ਰਿਤ, ਪ੍ਰਗਜਾ- ਪ੍ਰਾਗਜ, ਪ੍ਰਜਾਪਤ- ਪ੍ਰਜਾਪਤ, ਪ੍ਰਥਮ- ਪ੍ਰਾਥਮ ਆਦਿ.

ਪ੍ਰਾਇ: ਦੇਖੋ, ਪ੍ਰਾਯ.

ਪ੍ਰਾਸ: ਸੰ. प्राश्. ਖਾਣਾ. ਨਿਗਲਣਾ। ੨. ਸੰਗਯਾ- ਭੋਜਨ। ੩. ਵਾਦ ਵਿਵਾਦ. ਬਹਸ ਮੁਬਾਹਸਾ. "ਨ ਤ੍ਰਾਸੰ ਨ ਪ੍ਰਾਸੰ." (ਅਕਾਲ) ੪. ਸੰ. प्रास. ਨੇਜਾ. ਭਾਲਾ. "ਪ੍ਰਾਸ ਸੋ ਪ੍ਰਾਤ, ਪਟਾ ਸੇ ਪਟੰਬਰ." (ਚਰਿਤ੍ਰ ੧੯੦)

ਪ੍ਰਾਸ਼ਨ: ਸੰ. ਸੰਗਯਾ- ਚੱਖਣ ਦੀ ਕ੍ਰਿਯਾ। ੨. ਖਾਣਾ. ਭੋਜਨ. "ਅਨੰਤ ਨਜਾਸ ਪ੍ਰਾਸਨੰ." (ਗਜਾਨ) ਅਨੇਕ ਭੋਜਨ ਦਾ ਤਿਆਗ ਕਰਦੇ ਹਨ। ੩. ਸੰ. ਪ੍ਰਾਸਨ. ਸਿੱਟਣਾ. ਫੈਂਕਣਾ.

ਪ੍ਰਾਸਾਦ: ਸੰਗਯਾ- ਰਾਜਮੰਦਿਰ। ੨. ਦੇਵਤਾ ਦਾ ਬਹੁਤ ਵਡਾ ਮੰਦਿਰ.

ਪ੍ਰਾਸੁ: ਦੇਖੋ, ਪਰਾਸੁ.

ਪ੍ਰਾਹ: ਸੰ. ਕਹਿਆ. ਆਖਿਆ. "ਪਾਸ ਬਸਾਇਕੈ ਸਾਦਰ ਪ੍ਰਾਹੀ." (ਨਾਪ੍ਰ)

ਪ੍ਰਾਹੁਣਾ: ਦੇਖੋ, ਪਰਾਹੁਨਾ ਅਤੇ ਪ੍ਰਾਘੁਣ.

ਪ੍ਰਾਕ: ਸੰ. ਪ੍ਰਾਕ੍. ਵਿ- ਪਹਿਲਾ। ੨. ਸੰਗਯਾ- ਪੂਰਵ। ੩. ਕ੍ਰਿ. ਵਿ- ਪਹਿਲੇ. ਪਹਿਲਾਂ. "ਬਹੁ ਔਗੁਨ ਕੀਨੇ ਇਨ ਪ੍ਰਾਕ." (ਨਾਪ੍ਰ)

ਪ੍ਰਾਕਾਗਮ, ਪ੍ਰਾਕਾਗਾਮੀ: ਪ੍ਰਾਕ- ਆਗਮ. ਪ੍ਰਾਕ- ਆਗਾਮੀ. ਪਹਿਲਾਂ ਆਉਣਾ. ਪਹਿਲੋਂ ਆਉਣ ਵਾਲਾ.

ਪ੍ਰਾਕ੍ਰਿਤ: ਸੰ. ਪ੍ਰਕ੍ਰਤ. ਵਿ- ਸ੍ਵਾਭਾਵਿਕ. ਕੁਦਰਤੀ। ੨. ਸੰਸਾਰੀ. ਲੌਕਿਕ। ੩. ਸਾਧਾਰਣ. ਮਾਮੂਲੀ। ੪. ਸੰਗਯਾ- ਸਮੇਂ ਦੇ ਫੇਰ ਅਤੇ ਅਨੇਕ ਭਾਖਾ ਬੋਲਣ ਵਾਲੇ ਲੋਕਾਂ ਦੇ ਮੇਲ ਮਿਲਾਪ ਤੋਂ ਸ੍ਵਾਭਾਵਿਕ ਬਣੀ ਹੋਈ ਇੱਕ ਬੋਲੀ. ਇਹ ਅਸਲ ਸੰਸਕ੍ਰਿਤ ਤੋਂ ਵਿਗੜੀ ਹੋਈ ਭਾਸ਼ਾ ਹੈ, ਜੋ ਪੁਰਾਣੇ ਸਮੇਂ ਨਾਟਕਾਂ ਵਿੱਚ ਬਹੁਤ ਵਰਤੀ ਜਾਂਦੀ ਸੀ.

ਭਾਸ਼ਾ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਰਾਜੇ, ਅਹਿਲਕਾਰ, ਪੰਡਿਤ ਅਤੇ ਪਿੰਡਾਂ ਦੇ ਗਵਾਰ, ਅਰ ਨੀਚ ਜਾਤਿ ਦੇ ਲੋਕ ਜਦ ਪਰਸਪਰ ਬਾਤਚੀਤ ਕਰਦੇ ਸਨ, ਤਦ ਇੱਕ ਮਿਸ਼੍ਰਿਤ ਭਾਸ਼ਾ ਸੁਭਾਵਿਕ ਹੀ ਬਣ ਗਈ.

ਭਾਵੇਂ ਹਿੰਦੀ ਉਰਦੂ ਬੰਗਾਲੀ ਪੰਜਾਬੀ ਆਦਿ ਸਭ ਪ੍ਰਾਕ੍ਰਿਤ ਭਾਸ਼ਾ ਹਨ, ਪਰ ਖਾਸ ਕਰਕੇ ਉਸ ਬੋਲੀ ਦੀ ਪ੍ਰਾਕ੍ਰਿਤ ਸੰਗਯਾ ਹੋਈ, ਜੋ ਸੰਸਕ੍ਰਿਤ ਬੋਲਣ ਦੇ ਜ਼ਮਾਨੇ ਤੋਂ ਪਿੱਛੋਂ ਮਿਲੀ ਹੋਈ ਭਾਸ਼ਾ ਸੀ.

ਪ੍ਰਾਕ੍ਰਿਤ ਵਿੱਚ ਅ ਆ ਇ ਈ ਤ ਊ ਏ ਓ ਇਹ ਅੱਠ ਸ੍ਵਰ ਅਤੇ ਕ ਖ ਗ ਘ, ਚ ਛ ਜ ਝ, ਟ ਠ ਡ ਢ ਣ, ਤ ਥ ਦ ਧ, ਧ ਫ ਬ ਭ ਮ, ਯ ਰ ਲ ਵ ਸ ਹ ਇਹ ੨੮ ਵਜੰਜਨ ਹਨ.

ਦੇਖੋ, ਸਹਸਕਿਰਤ ਅਤੇ ਗਾਥਾ.

ਪ੍ਰਾਕ੍ਰਿਯਾ: ਦੇਖੋ, ਪ੍ਰਕ੍ਰਿਯਾ.

ਪ੍ਰਾਗ: ਦੇਖੋ, ਪ੍ਰਾਕ। ੨. ਦੇਖੋ, ਪ੍ਰਾਗਯ। ੩. ਦੇਖੋ, ਪ੍ਰਯਾਗ. "ਪ੍ਰਾਗ ਇਸਨਾਨੇ." (ਗੌਂਡ ਨਾਮਦੇਵ)

ਪ੍ਰਾਗਜੋਤਿ: ਜਯੋਤਿਸ਼- ਪ੍ਰਗਯ. ਜਯੋਤਿਸ਼ਵਿਦਯਾ ਦਾ ਉੱਤਮ ਗਯਾਤਾ. "ਦਿਜ ਪ੍ਰਾਗਜੋਤਿ ਬੁਲਾਇ." (ਗਯਾਨ)

ਪ੍ਰਾਗਜਯੋਤਿਸਪੁਰ: ਪ੍ਰਾਗਜਯੋਤਿਸ਼ (ਕਾਮਰੂਪ) ਦੀ ਰਾਜਧਾਨੀ ਦਾ ਨਗਰ, ਜਿਸ ਦਾ ਨਾਮ ਹੁਣ ਗੋਹਾਟੀ ਹੈ. ਇਹ ਕਿਸੇ ਵੇਲੇ ਨਰਕਾਸੁਰ ਦੀ ਰਾਜਧਾਨੀ ਸੀ. ਇਹ ਨਗਰ ਰਾਮਚੰਦ੍ਰ ਜੀ ਦੇ ਪੋਤ੍ਰੇ (ਕੁਸ਼ ਦੇ ਬੇਟੇ) ਅਮੂ ਰਤਰਾਜ ਨੇ ਵਸਾਇਆ ਸੀ.

ਪ੍ਰਾਗਭਾਵ: ਪ੍ਰਾਕ੍- ਅਭਾਵ. ਦੇਖੋ, ਅਭਾਵ.

ਪ੍ਰਾਗਾਰ: ਸੰ. ਸੰਗਯਾ- ਮਹਲ. ਆਲੀਸ਼ਾਨ ਮਕਾਨ.

ਪ੍ਰਾਗਿ: ਪ੍ਰਯਾਗ ਤੀਰਥ ਤੇ. "ਮਕਰ ਪ੍ਰਾਗਿ ਦਾਨੁ ਬਹੁ ਕੀਆ." (ਮਾਲੀ ਮਃ ੪)

ਪ੍ਰਾਗਯ: ਸੰ. ਪ੍ਰਾਗ੍ਯ. ਵਿ- ਬਹੁਤ ਜਾਣਨ ਵਾਲਾ, ਗਿਆਨੀ. ਵਿਦ੍ਵਾਨ. ਪੰਡਿਤ। ੨. ਸੰਗਯਾ- ਸੰਸਕ੍ਰਿਤ ਦੀ ਇੱਕ ਪਰੀਖਯਾ (ਇਮਤਹਾਨ). ੩. ਜੀਵਾਤਮਾ। ੪. ਕਲਕੀ ਅਵਤਾਰ ਦਾ ਵਡਾ ਭਾਈ। ੫. ਸੁਖੁਪਤਿ ਅਵਸਥਾ ਦਾ ਅਭਿਮਾਨੀ ਜੀਵਾਤਮਾ.

ਪ੍ਰਾਘੁਣ: ਸੰ. ਪ੍ਰ- ਘੂਣੰ. ਜੋ ਫਿਰਦਾ ਰਿਹੇ. ਵਿਚਰਣ ਵਾਲਾ। ੨. ਸੰਗਯਾ- ਪਰਾਹੁਣਾ. ਮਿਹਮਾਨ. ਅਤਿਥਿ.

ਪ੍ਰਾਚ: ਸੰ. ਪ੍ਰਾਚ੍. ਪਹਿਲਾ ਸਮਾਂ ਅਤੇ ਦੇਸ਼.

ਪ੍ਰਾਚੀ: ਸੰਗਜਾ- ਪੂਰਵ ਦਿਸ਼ਾ.

ਪ੍ਰਾਚੀਨ: ਵਿ- ਪੂਰਵ ਦਿਸ਼ਾ ਦਾ. ਪੂਰਬੀਆ। ੨. ਪੁਰਾਣਾ.

ਪ੍ਰਾਛਤ, ਪ੍ਰਾਛਿਤ: ਦੇਖੋ, ਪਰਾਛਤ. "ਪ੍ਰਾਛਤ ਸੰਤ ਸੰਗਿ ਬਿਨਾਸ." (ਰਾਮ ਅਃ ਮਃ ੫)

ਪ੍ਰਾਜੀ: ਸੰਗਜਾ- ਪਰਾਜਯ. ਹਾਰ. "ਚਿਤੰ ਪਾਗੜਦੰ ਪ੍ਰਾਜੀ." (ਰਾਮਾਵ) ਰਾਮਚੰਦ੍ਰ ਜੀ ਦੇ ਮਨ ਵਿੱਚ ਹਾਰਨ ਦੀ ਚਿੰਤਾ ਹੋਈ.

ਪ੍ਰਾਣ: ਸੰ. ਸੰਗਜਾ- ਸ੍ਵਾਸ. ਦਮ. "ਪ੍ਰਾਣ ਮਨ ਤਨ ਜੀਅ ਦਾਤਾ." (ਗਉ ਛੰਤ ਮਃ ੫) ੨. ਵਿਦ੍ਵਾਨਾਂ ਨੇ ਪ੍ਰਾਣ ਦੇ ਦਸ ਭੇਦ ਮੰਨੇ ਹਨ. ਦੇਖੋ, ਦਸ ਪ੍ਰਾਣ। ੩. ਜੀਵਨ। ੪. ਮਨ. ਚਿੱਤ. "ਜਿਸ ਸੰਗਿ ਲਾਗੇ ਪ੍ਰਾਣ." (ਫੁਨਹੇ ਮਃ ੫) ੫. ਬਲ. ਸ਼ਕਤਿ। ੬. ਬ੍ਰਹਮ. ਪਰਮਾਤਮਾ.

ਪ੍ਰਾਣਅਧਾਰ: ਸੰਗਜਾ- ਜੀਵਾਤਮਾ। ੨. ਪ੍ਰਾਣ ਜੇਹਾ ਪਿਆਰਾ. ਅਤਿ ਪ੍ਰਿਯ। ੩. ਪਤਿ. ਭਰਤਾ.

ਪ੍ਰਾਣਸਖਾ, ਪ੍ਰਾਣਸਖਾਈ: ਪ੍ਰਾਣ ਜੇਹਾ ਪਿਆਰਾ ਮਿਤ੍ਰ। ੨. ਜੀਵਨ ਭਰ ਦਾ ਸੰਗੀ ਮਿਤ੍ਰ. ਜੋ ਅੰਤ ਤੋੜੀ ਪ੍ਰੇਮ ਨਿਬਾਹੇ.

ਪ੍ਰਾਣਸੰਗਲੀ, ਪ੍ਰਾਣਸੰਗੁਲੀ: ਸੰ. प्राण श्रृंङखला- ਸੰ. ਪ੍ਰਾਣ ਸ਼੍ਰਿੰਖਲਾ. ਹਠਯੋਗ ਅਨੁਸਾਰ ਪ੍ਰਾਣਾਯਾਮ ਦੱਸਣ ਵਾਲੀ ਇੱਕ ਪੋਥੀ,

ਪ੍ਰਾਣਸੰਗੁਲੀ: ਜਿਸ ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਦੱਸਿਆ ਜਾਂਦਾ ਹੈ. ਗੁਰੁਪ੍ਰਤਾਪਸੂਰਯ ਅਨੁਸਾਰ ਗੁਰੂ ਅਰਜਨ ਸਾਹਿਬ ਨੇ ਇਹ ਪੋਥੀ ਜਲਪ੍ਰਵਾਹ ਕਰ ਦਿੱਤੀ. ਇਸ ਤੋਂ ਸਿੱਧ ਹੈ ਕਿ ਉਹ ਜਗਤਗੁਰੂ ਦੀ ਰਚਨਾ ਨਹੀਂ ਸੀ.[807] ਹੁਣ ਭੀ ਇਸੇ ਨਾਉਂ ਦੀ ਇੱਕ ਪੋਥੀ ਦੇਖੀ ਜਾਂਦੀ ਹੈ, ਜਿਸ ਦੀ ਰਚਨਾ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਗੁਰੂ ਸਾਹਿਬ ਦੀ ਰਚਨਾ ਨਹੀਂ ਹੈ.

ਪ੍ਰਾਣਹਾ: ਸੰਗਜਾ- ਪ੍ਰਾਣ ਨਾਸ਼ ਕਰਨ ਵਾਲਾ ਯਮ। ੨. ਠਗ. (ਸਨਾਮਾ)

ਪ੍ਰਾਣਦ, ਪ੍ਰਾਣਦੱਤ, ਪ੍ਰਾਣਦਾਤਾ: ਸੰਗਜਾ- ਪ੍ਰਾਣ ਦੇਣ ਵਾਲਾ ਅੰਮ੍ਰਿਤ. (ਸਨਾਮਾ) ੨. ਖਾਲਸਾਧਰਮ ਦਾ ਅੰਮ੍ਰਿਤਜਲ. "ਪ੍ਰਾਣਦ ਤੁਮ ਕੋ ਗੁਰੁ ਦੀਨਾ." (ਗੁਵਿ ੧੦)

ਪ੍ਰਾਣਨਾਥ, ਪ੍ਰਾਣਪਤਿ: ਪ੍ਰਾਣਾਂ ਦਾ ਸ੍ਵਾਮੀ ਜੀਵਾਤਮਾ। ੨. ਸ੍ਵਾਮੀ. ਭਰਤਾ. ਪਤਿ। ੩. ਕਰਤਾਰ. ਵਾਹਗੁਰੂ. "ਹੇ ਪ੍ਰਾਣਨਾਥ ਗੋਬਿੰਦਹ." (ਸਹਸ ਮਃ ੫) ਦੇਖੋ, ਪ੍ਰਾਨਪਤਿ.

ਪ੍ਰਾਣ ਪ੍ਰਤਿਸ਼੍ਠਾ: ਹਿੰਦੂਮਤ ਦੇ ਗ੍ਰੰਥਾਂ ਅਨੁਸਾਰ ਕਿਸੇ ਧਾਤੁ ਪੱਥਰ ਆਦਿ ਦੀ ਦੇਵਮੂਰਤਿ ਬਣਾਕੇ ਉਸ ਵਿੱਚ ਮੰਤ੍ਰਾਂ ਨਾਲ ਪ੍ਰਾਣ ਆਰੋਪਣ ਕਰਨ ਦੀ ਕ੍ਰਿਯਾ. ਪ੍ਰਾਣ ਪ੍ਰਤਿਸ਼੍ਠਾ ਪਿੱਛੋਂ ਹੀ ਮੂਰਤਿ ਪੂਜਾ ਯੋਗਜ ਸਮਝੀ ਜਾਂਦੀ ਹੈ.

ਪ੍ਰਾਣਪ੍ਰਿਯ: ਵਿ- ਪ੍ਰਾਣਾਂ ਜੇਹਾ ਪਿਆਰਾ. ਪ੍ਰਿਯਤਮ। ੨. ਸੰਗਜਾ- ਭਰਤਾ. ਪਤਿ.

ਪ੍ਰਾਣਬਾਇ: ਪ੍ਰਾਣ ਵਾਯੁ. ਦੇਖੋ, ਦਸ ਪ੍ਰਾਣ ਅਤੇ ਪੰਚ ਪ੍ਰਾਣ. ਪ੍ਰਾਣ ਵਾਯੁ ਦਾ ਨਿਵਾਸ ਹਿਰਦੇ ਸਿਰ ਛਾਤੀ ਕੰਠ ਮੁਖ ਕੰਨ ਅਤੇ ਨੱਕ ਵਿੱਚ ਮੰਨਿਆ ਹੈ. ਇਸ ਦੇ ਕਰਮ ਹਨ- ਥੁੱਕਣਾ, ਛਿੱਕਣਾ, ਡਕਾਰ ਲੈਣਾ, ਸਾਹ ਅੰਦਰ ਬਾਹਰ ਆਉਣਾ ਜਾਣਾ, ਅਹਾਰ ਗ੍ਰਹਣ ਕਰਨਾ.

ਜਦ ਪ੍ਰਾਣ ਵਾਯੁ, ਵਿਰੁੱਧ ਖਾਣ ਪੀਣ, ਭੁੱਖ ਤੇਹ ਸਹਾਰਣ, ਅਤੀ ਮੈਥੁਨ ਕਰਨ, ਉਨੀਂਦੇ ਰਹਿਣ, ਚਿੰਤਾ ਸ਼ੋਕ ਭੈ ਵਿੱਚ ਗਲਤਾਨ ਹੋਣ, ਜੁਲਾਬ ਆਦਿਕਾਂ ਦੇ ਵਿਗੜਨ ਕਰਕੇ ਵਿਕਾਰੀ ਹੋ ਜਾਵੇ, ਤਦ ਸਿਰ ਦਰਦ ਨੱਕ ਵਿੱਚ ਪੀੜ, ਅੱਖਾਂ ਦਾ ਅਕੜਾਉ, ਜੁਬਾਨ ਵਿੱਚ ਤੁਤਲਾਉ, ਦਮਕਸ਼ੀ, ਘੁਕੀ, ਕੰਠ ਦਾ ਰੁਕਣਾ ਆਦਿਕ ਅਨੇਕ ਰੋਗ ਹੋ ਜਾਂਦੇ ਹਨ.

ਪ੍ਰਾਣਵਾਯੁ ਦੇ ਦੋਸ਼ ਦੂਰ ਕਰਨ ਲਈ- ਅਦਰਕ, ਲਸਨ ਆਦਿ ਦਾ ਸੇਵਨ, ਘਿਉ, ਬਦਾਮਰੋਗਨ, ਦੁੱਧ ਮੱਖਣ, ਮਾਸ ਦਾ

---

[807] ਦੇਖੋ, ਗੁਪ੍ਰਸੂ ਦੇ ਅਃ ੩੨

ਸ਼ੋਰਵਾ, ਕੜਾਹ ਅੰਡੇ ਆਦਿ ਖਾਣੇ, ਪਸੀਨਾ ਕੱਢਣਾ, ਲਾਭਦਾਇਕ ਹੈ. ਸਾਲਪਰਣੀ ਘੋਟਕੇ ਨੁਗਦਾ ਬਣਾਕੇ ਉਸ ਨੂੰ ਦੁੱਧ ਵਿੱਚ ਉਬਾਲਕੇ ਪੀਣਾ, ਅਥਵਾ ਅਸਗੰਧ ਬਹੇੜੇ ਦੀ ਛਿੱਲ ਦੋ ਦੋ ਮਾਸ਼ੇ ਪੀਹਕੇ ਬਰੋਬਰ ਦਾ ਗੁੜ ਮਿਲਾਕੇ ਦਿਨ ਵਿੱਚ ਦੋ ਵਾਰ ਦੁੱਧ ਨਾਲ ਖਾਣਾ, ਪ੍ਰਾਣਵਾਯੁ ਦੇ ਵਿਕਾਰ ਦੂਰ ਕਰਦਾ ਹੈ "ਪ੍ਰਾਣਬਾਇ ਆਪਾਨਬਾਇ ਭਨ." (ਚਰਿਤ੍ਰ ੪੦੫)

ਪ੍ਰਾਣਮੁਖ: ਦੇਖੋ, ਪ੍ਰਾਨਮੁਖ.

ਪ੍ਰਾਣਯਾਤ੍ਰਾ: ਸੰਗਯਾ- ਸ੍ਵਾਸਾਂ ਦਾ ਆਉਣਾ ਜਾਣਾ। ੨. ਉਹ ਵ੍ਯਾਪਾਰ, ਜਿਸ ਦ੍ਵਾਰਾ ਜ਼ਿੰਦਗੀ ਬਣੀ ਰਹੇ. ਸ਼ਰੀਰ ਦਾ ਨਿਰਵਾਹ। ੩. ਜ਼ਿੰਦਗੀ ਵਿਤਾਉਣੀ.

ਪ੍ਰਾਣਾਂਤਕ: ਵਿ- ਜਾਨ ਲੈਣ ਵਾਲਾ। ੨. ਸੰਗਯਾ- ਯਮ। ੩. ਠਗ. (ਸਨਾਮਾ)

ਪ੍ਰਾਣਾਯਾਮ: ਯੋਗ ਦਾ ਚੌਥਾ ਅੰਗ. ਯੋਗਸੂਤ੍ਰ ਵਿੱਚ ਸ੍ਵਾਸ ਦੇ ਅੰਦਰ ਬਾਹਰ ਆਉਣ ਦੀ ਚਾਲ ਨੂੰ ਆਪਣੇ ਵਸ਼ ਕਰਨਾ ਪ੍ਰਾਣਾਯਾਮ ਹੈ.[808] ਅਤ੍ਰਿ ਰਿਖੀ ਲਿਖਦਾ ਹੈ ਕਿ ਪ੍ਰਾਣ ਰੋਕਕੇ- "ਓਅੰ ਭੁਰ੍ ਭੁਵਃ ਸ੍ਵਃ" ਸਹਿਤ ਤਿੰਨ ਵਾਰ ਗਾਇਤ੍ਰੀ ਦਾ ਜਪ ਕਰਨਾ. ਪ੍ਰਾਣਾਯਾਮ ਹੈ.

ਪ੍ਰਾਣਿ, ਪ੍ਰਾਣੀ: ਵਿ- ਪ੍ਰਾਣਧਾਰੀ (प्राणिन्) ਜਿਸ ਵਿੱਚ ਪ੍ਰਾਣ ਹੋਣਾ। ੨. ਸੰਗਯਾ- ਜੀਵ. ਜੰਤੁ। ੩. ਮਨੁੱਖ. "ਪ੍ਰਾਣੀ, ਤੂੰ ਆਇਆ ਲਾਹਾ ਲੈਣ." (ਸ੍ਰੀ ਮਃ ੫)

ਪ੍ਰਾਤ: ਸੰਗਯਾ- (प्रातर्) ਪ੍ਰਭਾਤ. ਸਵੇਰਾ. "ਸੰਧਿਆ ਪ੍ਰਾਤ ਇਸਨਾਨ ਕਰਾਹੀ." (ਗਉ ਕਬੀਰ) ੨. ਦੇਖੋ, ਪਰਾਤ ੧. "ਆਨਹੁ ਘਰ ਤੇ ਪ੍ਰਾਤ ਮਹਾਨਾ ××× ਤਿਸ ਮੇ ਸਿੱਖਨ ਚਰਨ ਪਖਾਰੇ." (ਗੁਪ੍ਰਸੂ) ੩. ਵਿ- ਪ੍ਰਾਪ੍ਤ ਦੀ ਥਾਂ ਭੀ ਪ੍ਰਾਤ ਸ਼ਬਦ ਆਇਆ ਹੈ. "ਮਨੋ ਰਵਿ ਅਸ੍ਤ ਕੋ ਪ੍ਰਾਤ ਭਯੋ ਹੈ." (ਕ੍ਰਿਸਨਾਵ)

ਪ੍ਰਾਂਤ: ਸੰ. प्रान्त. ਸੰਗਯਾ- ਹਾਸ਼ੀਆ। ੨. ਪਿਛਲੀ (ਅਖ਼ੀਰੀ) ਹੱਦ। ੩. ਇਲਾਕਾ. ਪਰਗਨਾ। ੪. ਨੱਕ. ਸਿਰਾ। ੫. ਦਿਸ਼ਾ. ਤਰਫ.

ਪ੍ਰਾਤਹਕਾਲ, ਪ੍ਰਾਤਕਾਲ: ਸੰਗਯਾ- ਪ੍ਰਾਤਃ ਕਾਲ. ਸੂਰਜ ਦੇ ਉਦਯ ਹੋਣ ਤੋਂ ਪਹਿਲਾ ਵੇਲਾ. ਭੋਰ. "ਪ੍ਰਾਤਹਕਾਲ ਲਾਗਉ ਜਨਚਰਨੀ." (ਦੇਵ ਮਃ ੫)

ਪ੍ਰਾਤਨਾਥ: ਸੰਗਯਾ- ਪ੍ਰਭਾਤ ਦਾ ਸ੍ਵਾਮੀ ਸੂਰਜ.

ਪ੍ਰਾਤਮਾ: ਦੇਖੋ, ਪਰਮਾਤਮਾ। ੨. ਸੰ. परात्मन्. ਪਰਾਤਮਾ. ਪਾਰਬ੍ਰਹਮ। ੩. ਜੀਵਾਤਮਾ. "ਪ੍ਰਾਤਮਾ ਪਾਰਬ੍ਰਹਮ ਕਾ ਰੂਪ." (ਗੋਂਡ ਮਃ ੫)

ਪ੍ਰਾਤਿਭਾਸਿਕ: ਸੰ. ਵਿ- ਜੋ ਅਸਲ ਵਿੱਚ ਨਾ ਹੋਵੇ. ਪਰ ਭ੍ਰਮ ਦੇ ਕਾਰਣ ਭਾਸੇ, ਜੈਸੇ ਰੱਸੀ ਵਿੱਚ ਸੱਪ.

ਪ੍ਰਾਦੁਰ: ਸੰ. ਪ੍ਰਾ- ਦੁਸ੍. ਦਰਵਾਜਿਓਂ ਬਾਹਰ. ਭਾਵ- ਸਾਮ੍ਹਣੇ. ਜਾਹਿਰ.

ਪ੍ਰਾਦੁਰ੍ ਭਾਵ: ਸੰ. ਪ੍ਰਾਦੁਰਭੰਵ. ਸੰਗਯਾ- ਪ੍ਰਗਟ ਹੋਣ ਦਾ ਭਾਵ. ਜਾਹਿਰ ਹੋਣ ਦੀ ਕ੍ਰਿਯਾ। ੨. ਉਤਪੱਤਿ.

ਪ੍ਰਾਨ: ਦੇਖੋ, ਪ੍ਰਾਣ। ੨. ਪ੍ਰਾਣੀ. ਜੀਵ. "ਪ੍ਰਾਨ ਤਰਨ ਕਾ ਇਹੈ ਸੁਆਉ." (ਸੁਖਮਨੀ) ੩. ਜੀਵਨ. ਜ਼ਿੰਦਗੀ. "ਕਰਹੁ ਪ੍ਰਾਨ ਨਿਜ ਕੋ ਕਲਜਾਨ." (ਨਾਪ੍ਰ)

ਪ੍ਰਾਨਅਧਾਰ: ਦੇਖੋ, ਪ੍ਰਾਣਅਧਾਰ. "ਪ੍ਰਾਨਅਧਾਰ ਨਾਨਕ ਹਿਤ ਚੀਤ." (ਗੋਂਡ ਮਃ ੫)

---

[808] श्याम प्रश्वानयोगीति विच्छेदः प्राणायामः (ਸੰਗਦਰਸ਼ਨ ੨-੪੯)

**ਪ੍ਰਾਨਸਖਾ, ਪ੍ਰਾਨਸਖਾਈ:** ਦੇਖੋ, ਪ੍ਰਾਣਸਖਾ. "ਗੁਰਮਤਿ ਨਾਮੁ ਮੇਰਾ ਪ੍ਰਾਨਸਖਾਈ." (ਸੋਦਰੁ)

**ਪ੍ਰਾਨਸਾਇ, ਪ੍ਰਾਨਸਾਈ:** ਪ੍ਰਾਣਪਤਿ. ਪ੍ਰਾਣਾਂ ਦਾ ਸ੍ਵਾਮੀ. "ਸੁਖ ਦਾਤਾ ਹਰਿ ਪ੍ਰਾਨਸਾਇ." (ਸਾਰ ਮਃ ੫)

**ਪ੍ਰਾਨ ਗਤਿ:** ਪ੍ਰਾਣੀ- ਗਤਿ. "ਸਿਮਰਤ ਨਾਮੁ ਪ੍ਰਾਨ ਗਤਿ ਪਾਵੈ." (ਸਾਰ ਮਃ ੫) ੨. ਪਰਮਗਤਿ. ਕੈ. ਵਲਜ ਮੋਕ੍ਸ਼। ੩. ਪ੍ਰਾਣ (ਸ੍ਵਾਸ) ਦੀ ਅੰਦਰ ਬਾਹਰ ਆਉਣ ਜਾਣ ਦੀ ਚਾਲ.

**ਪ੍ਰਾਨਨਾਥ, ਪ੍ਰਾਨਪਤਿ:** ਦੇਖੋ, ਪ੍ਰਾਣਪਤਿ. "ਪ੍ਰਾਨਪਤਿ ਤਿਆਗਿ ਆਨ ਤੂ ਰਚਿਆ." (ਸੋਰ ਮਃ ੫)

**ਪ੍ਰਾਨਪੂਜਾ:** ਸੰਗਜਾ- ਖਾਨ ਪਾਨ ਆਦਿ, ਜਿਸ ਤੋਂ ਪ੍ਰਾਣ ਕਾਇਮ ਰਹਿਣ। ੨. ਜੀਵਨ ਸਮਰਪਨ. ਜ਼ਿੰਦਗੀ ਭੇਟਾ ਕਰਨੀ. "ਸਤਗੁਰੁ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿੱਖ." (ਭਾਗੁ ਕ)

**ਪ੍ਰਾਨਮੁਖ:** ਸੰ. ਪ੍ਰਾਣਮੁਸ਼- ਪ੍ਰਾਣਮੁਸ਼. ਦੇਖੋ, ਮੁਸ਼੍ ਧਾ. ਸੰਗਜਾ- ਪ੍ਰਾਣਹਰਤਾ. ਯਮਦੂਤ। ੨. ਜੱਲਾਦ. "ਠਗਦਿਸਟਿ ਬਗਾਲਿਵ ਲਾਗਾ। ਦੇਖਿ ਬੈਸਨੋ ਪ੍ਰਾਨਮੁਖ ਭਾਗਾ." (ਪ੍ਰਭਾ ਬੇਣੀ) ਪਾਖੰਡੀ ਘਾਤਕ ਵੈਸ਼ਨਵ ਨੂੰ ਦੇਖਕੇ, ਜੱਲਾਦ ਸ਼ਰਮਿੰਦਾ ਹੋਕੇ ਭੱਜ ਗਿਆ।

**ਪ੍ਰਾਨਿ, ਪ੍ਰਾਨੀ:** ਦੇਖੋ, ਪ੍ਰਾਣੀ. "ਪ੍ਰਾਨੀ ਕਛੂ ਨ ਚੇਤਈ." (ਸਃ ਮਃ ੯)

**ਪ੍ਰਾਪਕ:** ਸੰ. ਵਿ- ਪਾਉਣ ਵਾਲਾ. ਪ੍ਰਾਪਤ ਕਰਨ ਵਾਲਾ। ੨. ਪ੍ਰਾਪਤ ਹੋਣ ਵਾਲਾ.

**ਪ੍ਰਾਪਣ:** ਸੰ. ਸੰਗਜਾ- ਪ੍ਰਾਪ੍ਤਿ. ਮਿਲਣ। ੨. ਪ੍ਰੇਰਣ.

**ਪ੍ਰਾਪਣਿਕ:** ਸੰ. ਸੰਗਜਾ- ਦੁਕਾਨ. ਹੱਟ. ਜਿੱਥੋਂ ਸੌਦਾ ਮਿਲੇ। ੨. ਸੌਦਾ ਵੇਚਣ ਵਾਲਾ.

**ਪ੍ਰਾਪਣੀਯ:** ਵਿ- ਮਿਲਣ ਯੋਗਜ. ਜੋ ਪ੍ਰਾਪਤ ਹੋਣ ਲਾਇਕ ਹੋਵੇ.

**ਪ੍ਰਾਪਤ:** ਪ੍ਰ- ਆਪ੍- ਕ੍ਤ. ਵਿ- ਪ੍ਰਾਪ੍ਤ. ਮਿਲਿਆ. ਹਾਸਿਲ. ਪਾਇਆ.

**ਪ੍ਰਾਪਤਵਜ:** ਵਿ- ਪ੍ਰਾਪ੍ਤਵਜ. ਪ੍ਰਾਪ੍ਤ ਹੋਣ ਯੋਗਜ.

**ਪ੍ਰਾਪਤਿ, ਪ੍ਰਾਪਤੀ:** ਸੰਗਜਾ- ਪ੍ਰਾਪ੍ਤਿ. ਮਿਲਣ ਦਾ ਭਾਵ. ਮਿਲਣਾ. ਹਾਸਿਲ ਹੋਣਾ। ੨. ਪਹੁੰਚ. ਗਮਜਤਾ। ੩. ਲਾਭ. "ਪ੍ਰਾਪਤਿ ਪੋਤਾ ਕਰਮ ਪਸਾਉ." (ਰਾਮ ਮਃ੧) ੪. ਆਮਦਨ. ਆਯ.

**ਪ੍ਰਾਪਜ:** ਸੰ. ਵਿ- ਪ੍ਰਾਪਤ ਕਰਨ ਯੋਗਜ. ਪਾਉਣ ਲਾਇਕ.

**ਪ੍ਰਾਬ੍ਰਿਤ:** ਦੇਖੋ, ਪ੍ਰਾਵ੍ਰਿਤ.

**ਪ੍ਰਾਮਾਣਿਕ:** ਵਿ- ਜੋ ਪ੍ਰਮਾਣ ਤੋਂ ਸਿੱਧ ਹੋਵੇ। ੨. ਮੰਨਣ ਯੋਗਜ। ੩. ਠੀਕ. ਸਤਜ. ਯਥਾਰਥ। ੪. ਸੰਗਜਾ ਮੰਨਿਆ ਹੋਇਆ ਵਪਾਰੀ.

**ਪ੍ਰਾਯ:** ਸੰ. ਵਿ- ਸਮਾਨ. ਤੁੱਲ ਬਰਾਬਰ. "ਤਿਲ ਤਿਲ ਪ੍ਰਾਯ ਸਕਲ ਕਰਡਾਰੇ." (ਚਰਿਤ੍ਰ ੪੦੫) ੨. ਸੰਗਜਾ- ਮ੍ਰਿਤ੍ਯੁ. ਮੌਤ। ੩. ਅਵਸਥਾ. ਉਮਰ.

**ਪ੍ਰਾਯਃ:** ਸੰ. ਪ੍ਰਾਯਸ੍. ਵਜ- ਅਕਸਰ। ੨. ਲਗਪਗ. ਕਰੀਬ ਕਰੀਬ। ੩. ਅਧਿਕਤਾ ਨਾਲ.

**ਪ੍ਰਾਯਸਚਿਤ:** ਦੇਖੋ, ਪ੍ਰਾਛਤ.

**ਪ੍ਰਾਯਣ:** ਸੰ. ਸੰਗਜਾ- ਇੱਕ ਥਾਂ ਤੋਂ ਦੂਜੇ ਥਾਂ ਜਾਣਾ। ੨. ਆਰੰਭ (ਸ਼ੁਰੂ) ਵਿੱਚ ਕੀਤਾ ਕਰਮ.

ਪ੍ਰਾਰਥਨਾ: ਸੰ. ਪ੍ਰ- ਅਥੰਨ. ਪ੍ਰਾਂਥੰਨਾ, ਸੰਗ੍ਯਾ- ਬਹੁਤ ਚਾਹੁਣ ਦਾ ਭਾਵ. ਮੰਗਣਾ। ੨. ਵਿਨਯ. ਬੇਨਤੀ।

ਪ੍ਰਾਰਥੀ: ਸੰ. प्रार्थिन ਵਿ- ਚਾਹੁਣ ਵਾਲਾ. ਮੰਗਣ ਵਾਲਾ। ੨. ਬੇਨਤੀ (ਵਿਨਯ) ਕਰਨ ਵਾਲਾ.

ਪ੍ਰਾਰਬਧ: ਸੰ. ਪ੍ਰ- ਆ- ਰਭੑ. ਪ੍ਰਾਰਬ੍ਧ. ਸੰਗ੍ਯਾ- ਦੇਹ ਦੇ ਆਰੰਭ ਕਰਨ ਵਾਲਾ ਕਰਮ। ੨. ਭਾਗ੍ਯ. ਕਿਸਮਤ। ੩. ਵਿ- ਆਰੰਭ ਕੀਤਾ ਹੋਇਆ.

ਪ੍ਰਾਰੰਭ: ਸੰਗ੍ਯਾ- ਪ੍ਰ- ਆਰੰਭ. ਸ਼ੁਰੂ. ਆਦਿ.

ਪ੍ਰਾਰੰਭਣ: ਸੰਗ੍ਯਾ- ਆਰੰਭ ਕਰਨ ਦੀ ਕ੍ਰਿਯਾ. ਸ਼ੁਰੂ ਕਰਨਾ.

ਪ੍ਰਾਵ੍ਰਿਸ਼: ਦੇਖੋ, ਪਾਵਸ.

ਪ੍ਰਾਵ੍ਰਿਤ: ਸੰ. प्रावृत. ਸੰਗ੍ਯਾ- ਸ਼ਰੀਰ ਨੂੰ ਚੰਗੀ ਤਰਾਂ ਆਵ੍ਰਿਤ (ਢਕਣ) ਵਾਲਾ ਵਸਤ੍ਰ. ਜਾਮਾ. ਚੋਲਾ. "ਗਰ ਪ੍ਰਾਵ੍ਰਿਤ ਨੀਵ ਮਨੋਗ ਬਨਯੋ." (ਨਾਪ੍ਰ) ਗਲ ਵਿੱਚ ਨੀਵਾਂ ਚੋਲਾ ਸੁੰਦਰ ਹੈ.

ਪ੍ਰਿ: ਸੰ. पृ. ਧਾ- ਰਖ੍ਯਾ ਕਰਨਾ. ਕਾਰਜ ਪਰਾਇਣ ਹੋਣਾ.

ਪ੍ਰਿਉ, ਪ੍ਰਿਅ: ਸੰ. ਪ੍ਰਿਯ. ਵਿ- ਪ੍ਯਾਰਾ. "ਹੁਣ ਕਦਿ ਮਿਲੀਐ ਪ੍ਰਿਅ ਤੁਧ ਭਗਵੰਤਾ!" (ਮਾਝ ਮਃ ੫) ੨. ਸੰਗ੍ਯਾ- ਪਤਿ. ਭਰਤਾ. "ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ." (ਗਉ ਮਃ ੫) "ਏਕੋ ਪ੍ਰਿਅ ਸਖੀਆ ਸਭ ਪ੍ਰਿਅ ਕੀ." (ਦੇਵ ਮਃ ੪) ੩. ਦੇਖੋ, ਪ੍ਰੇਯ.

ਪ੍ਰਿਆ: ਸੰ. ਪ੍ਰਿਯਾ. ਵਿ- ਪਿਆਰੀ।੨ ਭਾਵ- ਲਕ੍ਸ਼ਮੀ. "ਪ੍ਰਿਆ ਸਹਿਤ ਕੰਠ ਮਾਲ." (ਸਵੈਯੇ ਮਃ ੪. ਕੇ) ੩. ਦੇਖੋ, ਪ੍ਰਿਯਾ ੫.

ਪ੍ਰਿਸ਼ਟ, ਪ੍ਰਿਸ਼੍ਟ: ਸੰ. पृष्ट. ਵਿ- ਪੁੱਛਿਆ ਹੋਇਆ. ਜਿਸ ਬਾਬਤ ਪ੍ਰਸ਼ਨ ਕੀਤਾ ਗਿਆ ਹੈ। ੨. ਚਾਹਿਆ ਹੋਇਆ. ਮੰਗਿਆ ਹੋਇਆ। ੩. ਦੇਖੋ, ਪ੍ਰਿਸ਼੍ਠ.

ਪ੍ਰਿਸ਼੍ਟਿ: ਸੰਗ੍ਯਾ- ਪੁੱਛਣ ਦੀ ਕ੍ਰਿਯਾ. ਸਵਾਲ। ੨. ਪਿਛਲਾ ਭਾਗ. ਪਿੱਠ.

ਪ੍ਰਿਸ਼੍ਠ: ਸੰਗ੍ਯਾ- ਪੀਠ. ਪਿੱਠ। ੨. ਪਤ੍ਰੇ ਦਾ ਪਾਸਾ. ਸਫ਼ਹ (Page)

ਪ੍ਰਿਤਨਾ: ਸੰ. पृतना. ਸੰਗ੍ਯਾ- ਸੈਨਾ. ਫ਼ੌਜ। ੨. ਫ਼ੌਜ ਦੀ ਖ਼ਾਸ ਗਿਣਤੀ- ਹਾਥੀ ੨੪੩, ਰਥ ੨੪੩, ਘੁੜਸਵਾਰ ੭੨੯ ਅਤੇ ਪੈਦਲ ੧੨੧੫। ੩. ਸੰਗ੍ਰਾਮ. ਜੰਗ। ੪. ਮਨੁੱਖ. ਆਦਮੀ.

ਪ੍ਰਿਤਪਾਰਕ: ਦੇਖੋ, ਪ੍ਰਤਿਪਾਲਕ.

ਪ੍ਰਿਤਮਾ: ਦੇਖੋ, ਪ੍ਰਤਿਮਾ.

ਪ੍ਰਿਤਮਾਨ: ਦੇਖੋ, ਪ੍ਰਤਿਮਾਨ. "ਪ੍ਰਿਤਮਾਨ ਨ ਨਰ ਕਹੂੰ ਦੇਖਪਰੈ." (ਕਲਕੀ) ਮੁਕਾਬਲੇ ਦਾ ਆਦਮੀ ਦਿਖਾਈ ਨਹੀਂ ਦਿੰਦਾ.

ਪ੍ਰਿਤਾ: ਸੰਗ੍ਯਾ- ਪ੍ਰਤਿਮਾ. ਮੂਰਤਿ. "ਕਿ ਸ੍ਵਰਣੀ ਪ੍ਰਿਤਾ ਹੈ." (ਦੱਤਾਵ)

ਪ੍ਰਿਥ: ਸੰ. पृथ्. ਧਾ- ਫੈਲਣਾ, ਅਧਿਕ ਹੋਣਾ, ਪੋਸ਼ਣ (ਪਾਲਨ) ਕਰਨਾ। ੨. ਸੰਗ੍ਯਾ- ਹਥੇਲੀ. ਕਰਤਲ.

ਪ੍ਰਿਥਕ: ਸੰ. पृथक. ਵਿ- ਜੁਦਾ. ਭਿੰਨ. ਅਲਗ. "ਪ੍ਰਿਥਕ ਪ੍ਰਿਥਕ ਹੌਂ ਭਾਖੋਂ ਸਭ ਹੀ." (ਨਾਪ੍ਰ)

ਪ੍ਰਿਥਮ: ਦੇਖੋ, ਪ੍ਰਥਮ। ੨. ਕ੍ਰਿ. ਵਿ- ਪਹਿਲਾਂ "ਪ੍ਰਿਥਮ ਭਗੌਤੀ ਸਿਮਰਕੈ." (ਚੰਡੀ ੩)

ਪ੍ਰਿਥਮਾ: ਦੇਖੋ, ਪ੍ਰਥਮਾ. "ਹਾੜ ਬਦੀ ਪ੍ਰਿਥਮਾ ਸੁਖਦਾਵਨ." (ਰਾਮਾਵ) ਹਾੜ੍ਹ ਦੇ ਹਨੇਰੇ ਪੱਖ ਦੀ ਏਕਮ.

ਪ੍ਰਿਥਮਿ, ਪ੍ਰਿਥਮੀ: ਸੰ. ਪ੍ਰਿਥਿਵੀ- ਪ੍ਰਿਥਵੀ. ਫੈਲ ਜਾਣ ਵਾਲੀ, ਭੂਮਿ ਧਰਾ. ਦੇਖੋ, ਪ੍ਰਿਥ. ਪੁਰਾਣਕਥਾ ਹੈ ਕਿ ਪ੍ਰਿਥੁ ਰਾਜਾ ਦ੍ਵਾਰਾ ਰਕ੍ਸ਼ਿਤ ਹੋਣ ਤੋਂ ਪ੍ਰਿਥਿਵੀ ਸੰਗ੍ਯਾ ਹੋਈ. "ਦਾੜਾ ਅਗ੍ਰੇ ਪ੍ਰਿਥਮਿ ਧਰਾਇਣ." (ਮਾਰੂ ਸੋਲਹੇ ਮਃ ੫) "ਅਪੁ ਤੇਜੁ ਬਾਇ ਪ੍ਰਿਥਮੀ ਅਕਾਸਾ." (ਗਉ ਕਬੀਰ)

ਪ੍ਰਿਥਮੇ, ਪ੍ਰਿਥਮੈ: ਕ੍ਰਿ. ਵਿ- ਪਹਿਲੋਂ. "ਪ੍ਰਿਥਮੇ ਵਸਿਆ ਸਤ ਕਾ ਖੇੜਾ." (ਰਾਮ ਮਃ ੫) "ਖੰਡਾ ਪ੍ਰਿਥਮੈ ਸਾਜਿਕੈ." (ਚੰਡੀ ੩)

ਪ੍ਰਿਥਵੀ: ਦੇਖੋ, ਪ੍ਰਿਥਮੀ ਅਤੇ ਪ੍ਰਿਥਿਵੀ.

ਪ੍ਰਿਥਵੀ ਬਿੰਦ ਪੰਚਾਨਨ: (ਗੁਵਿ ੧੦) ਪ੍ਰਿਥਵੀ (ਗੋ) ਬਿੰਦ ਪੰਚਾਨਨ (ਸਿੰਘ) ਪਹੇਲੀ ਦੇ ਢੰਗ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਭਾਈ ਸੁੱਖਾ ਸਿੰਘ ਨੇ ਲਿਖਿਆ ਹੈ.

ਪ੍ਰਿਥਾ: ਖੇਡਾ ਜਾਤਿ ਦਾ ਖਤ੍ਰੀ, ਜੋ ਗੁਰੂ ਨਾਨਕ ਦੇਵ ਦਾ ਸਿੱਖ ਹੋਕੇ ਪਰੋਪਕਾਰੀ ਅਤੇ ਆਤਮਗ੍ਯਾਨੀ ਹੋਇਆ। ੨. ਸੰ. ਪ੍ਰਿਥਾ. ਕੁੰਤਿਭੋਜ ਦੀ ਕੰਨ੍ਯਾ ਕੁੰਤੀ, ਜੋ ਯੁਧਿਸ਼੍ਠਿਰ, ਭੀਮ ਅਤੇ ਅਰਜੁਨ ਦੀ ਮਾਤਾ ਸੀ। ੩. ਦੇਖੋ, ਪ੍ਰਥਾ.

ਪ੍ਰਿਥਿ: ਸੰ. ਸੰਗ੍ਯਾ- ਜ਼ਮੀਨ, ਜੋ ਵਿਸ੍ਤਾਰ ਵਾਲੀ ਹੈ. ਦੇਖੋ, ਪ੍ਰਿਥ.

ਪ੍ਰਿਥਿਜ: ਸੰਗ੍ਯਾ- ਘਾਹ ਅਤੇ ਬਿਰਛ, ਜੋ ਜ਼ਮੀਨ ਤੋਂ ਉਪਜੇ ਹਨ. (ਸਨਾਮਾ)

ਪ੍ਰਿਥਿਜ ਚਰ ਅਰਿ ਅਰਿ: ਘਾਹ ਦੇ ਚਰਨ ਵਾਲਾ ਮ੍ਰਿਗ, ਉਸ ਦਾ ਵੈਰੀ ਸ਼ੇਰ, ਉਸ ਦੀ ਵੈਰਨ ਬੰਦੂਕ. (ਸਨਾਮਾ)

ਪ੍ਰਿਥਿਵੀ: ਸੰ. ਸੰਗ੍ਯਾ- ਜੋ ਵਿਸ੍ਤਾਰ ਨੂੰ ਪ੍ਰਾਪਤ ਹੋਵੇ, ਜ਼ਮੀਨ. ਭੂਮਿ. ਧਰਾ. ਦੇਖੋ, ਪ੍ਰਿਥਵੀ.

ਪ੍ਰਿਥਿਵੀਸ਼੍ਵਰ, ਪ੍ਰਿਥਿਵੀਨਾਥ, ਪ੍ਰਿਥਿਵੀਪਤਿ, ਪ੍ਰਿਥਿਵੀਪਾਲ: ਸੰਗ੍ਯਾ- ਭੂਪ. ਭੂਪਤਿ. ਰਾਜਾ. ਬਾਦਸ਼ਾਹ। ੨. ਜ਼ਿਮੀਦਾਰ। ੩. ਕਰਤਾਰ.

ਪ੍ਰਿਥਿਵੀਰਾਜ: ਦੇਖੋ, ਸ਼ਹਾਬੁੱਦੀਨ ਅਤੇ ਪ੍ਰਿਥੀਰਾਜ.

ਪ੍ਰਿਥੀ: ਦੇਖੋ, ਪ੍ਰਿਥਿ.

ਪ੍ਰਿਥੀਉਲ ਪ੍ਰਵਾਸ: (ਜਾਪੁ) ਪ੍ਰਿਥਿਵੀ ਵਿੱਚ ਪਰਿਵਾਸ ਕਰਤਾ. ਬ੍ਰਹਮਾਂਡ ਅੰਦਰ ਵ੍ਯਾਪਕ.

ਪ੍ਰਿਥੀਆ: ਦੇਖੋ, ਪ੍ਰਿਥੀਚੰਦ.

ਪ੍ਰਿਥੀਸ, ਪ੍ਰਿਥੀਸੁਰ: ਸੰਗ੍ਯਾ- ਪ੍ਰਿਥਿਵੀਸ਼, ਪ੍ਰਿਥਿਵੀ ਦਾ ਈਸ਼੍ਵਰ ਰਾਜਾ. ਬਾਦਸ਼ਾਹ। ੨. ਜ਼ਿਮੀਦਾਰ। ੩. ਕਰਤਾਰ. ਪਾਰਬ੍ਰਹਮ. "ਪ੍ਰਿਥੀਸੈ." (ਜਾਪੁ)

ਪ੍ਰਿਥੀਚੰਦ: ਸ਼੍ਰੀ ਗੁਰੂ ਰਾਮਦਾਸ ਜੀ ਦਾ ਵਡਾ ਪੁਤ੍ਰ, ਜੋ ਸੰਮਤ ੧੬੧੫ ਵਿੱਚ ਜਨਮਿਆ. ਇਸ ਦਾ ਦੇਹਾਂਤ ਸੰਮਤ ੧੬੭੫ ਵਿੱਚ ਹੋਇਆ ਹੈ. ਇਸ ਦੀ ਔਲਾਦ ਦੇ ਸੋਢੀ ਛੋਟੇ ਮੇਲ ਦੇ ਕਹੇ ਜਾਂਦੇ ਹਨ. ਦੇਖੋ, ਮੀਣਾ। ੨. ਡਢਵਾਲਾਂ ਦਾ ਪਹਾੜੀ ਸਰਦਾਰ, ਜੋ ਪਹਾੜੀ ਰਾਜਿਆਂ ਨਾਲ ਮਿਲਕੇ ਨਾਦੌਨ ਦੇ ਜੰਗ ਵਿੱਚ ਲੜਿਆ ਦੇਖੋ, ਵਿਚਿਤ੍ਰ ਨਾਟਕ ਅਃ ੯.

ਪ੍ਰਿਥੀਜ: ਦੇਖੋ, ਪ੍ਰਿਥਿਜ (ਸਨਾਮਾ)

ਪ੍ਰਿਥੀਨਾਥ, ਪ੍ਰਿਥੀਪਤਿ, ਪ੍ਰਿਥੀਪਾਲਕ: ਪ੍ਰਿਥਿਵੀ ਦਾ ਸ੍ਵਾਮੀ ਅਤੇ ਪਾਲਣ ਵਾਲਾ, ਰਾਜਾ. ਬਾਦਸ਼ਾਹ। ੨. ਕਰਤਾਰ.

ਪ੍ਰਿਥੀਮੱਲ: ਸਹਗਲ ਗੋਤ ਦਾ ਖਤ੍ਰੀ, ਜੋ ਗੁਰੂ ਨਾਨਕ ਦੇਵ ਦਾ ਸਿੱਖ ਹੋਕੇ ਗੁਰਮੁਖ ਪਦਵੀ ਦਾ ਅਧਿਕਾਰੀ ਹੋਇਆ। ੨. ਭੱਲਾ ਜਾਤਿ ਦਾ ਖਤ੍ਰੀ, ਜੋ ਗੁਰੂ ਅਮਰਦੇਵ ਦਾ ਸਿੱਖ ਹੋਕੇ ਜਾਤਿ ਅਭਿਮਾਨ ਦਾ ਤਿਆਗੀ ਹੋਇਆ। ੩. ਬੁਰਹਾਨਪੁਰ ਨਿਵਾਸੀ, ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ.

ਪ੍ਰਿਥੀਰਾਜ: ਪ੍ਰਿਥ੍ਵੀਰਾਜ. ਚੌਹਾਨ ਵੰਸ਼ ਦਾ ਅੰਤਿਮ ਹਿੰਦੂ ਰਾਜਾ. ਜੋ ਕਮਲਾ ਦੇ ਗਰਭ ਤੋਂ ਸੋਮੇਸ਼੍ਵਰ ਦਾ ਪੁਤ੍ਰ ਅਤੇ ਅਜਮੇਰ ਦਿੱਲੀ ਆਦਿ ਦਾ ਸ੍ਵਾਮੀ ਸੀ. ਇਸ ਨੂੰ ਸੰਮਤ ੧੨੫੦ (ਸਨ ੧੧੯੨) ਵਿੱਚ ਸ਼ਹਾਬੁੱਦੀਨ ਨੇ ਕਰਨਾਲ ਦੇ ਜੰਗ ਵਿੱਚ ਜਿੱਤਕੇ ਹਿੰਦੂਰਾਜ ਦੀ ਸਮਾਪਤੀ ਕੀਤੀ. ਦੇਖੋ, ਸ਼ਹਾਬੁੱਦੀਨ. ਕਵਿ ਚੰਦ ਨੇ "ਪ੍ਰਿਥੀਰਾਜਰਾਯਸੋ" ਗ੍ਰੰਥ ਵਿੱਚ ਚੋਹਾਨ ਵੰਸ਼ ਦਾ ਇਤਿਹਾਸ ਵਿਸ੍ਤਾਰ ਨਾਲ ਲਿਖਿਆ ਹੈ.

ਪ੍ਰਿਥੀਰਾਜਰਾਯਸੋ: ਦੇਖੋ, ਚੰਦ ਅਤੇ ਪ੍ਰਿਥੀਰਾਜ.

ਪ੍ਰਿਥੀਰਾਟ: ਸੰਗਯਾ- ਬਿਰਛ. (ਸਨਾਮਾ) ੨. ਰਾਜਾ. (ਸਨਾਮਾ)

ਪ੍ਰਿਥੀਰਾਟਨੀ: ਸੰਗਯਾ- ਪ੍ਰਿਥੀਰਾਟ (ਬਿਰਛ) ਨੂੰ ਧਾਰਣ ਵਾਲੀ, ਪ੍ਰਿਥਿਵੀ. (ਸਨਾਮਾ) ੨. ਪ੍ਰਿਥੀਰਾਟ (ਰਾਜਾ) ਦੀ ਸੈਨਾ. (ਸਨਾਮਾ)

ਪ੍ਰਿਥੁ: ਸੰ. ਧਥੁ. ਵਿ- ਚੌੜਾ. ਵਿਸ੍ਤਾਰ ਵਾਲਾ. "ਪ੍ਰਿਥੁ ਨਿਤੰਬ ਜਿਨ ਕੀ ਛਬਿ ਕੋ ਨਾ." (ਨਾਪ੍ਰ) ੨. ਵਡਾ. ਮਹਾਨ। ੩. ਚਤੁਰ. ਪ੍ਰਵੀਣ। ੪. ਅਗਿਣਤ. ਅਸੰਖ੍ਯ। ੫. ਸੰਗਯਾ- ਵੇਣ ਦਾ ਪੁਤ੍ਰ ਇੱਕ ਰਾਜਾ, ਜਿਸ ਦਾ ਹਾਲ ਰਿਗਵੇਦ ਵਿੱਚ ਦੇਖੀਦਾ ਹੈ. ਪ੍ਰਿਥੁ ਇੱਕ ਵੇਦਮੰਤ੍ਰ ਦਾ ਕਰਤਾ ਭੀ ਹੈ. ਅਥਰਵ ਵੇਦ ਵਿੱਚ ਲਿਖਿਆ ਹੈ ਕਿ ਮਨੁ ਵੈਵਸ੍ਵਤ ਇਸ ਦਾ ਵਡੇਰਾ ਸੀ ਅਤੇ ਪ੍ਰਿਥਿਵੀ ਇਸ ਦਾ ਭਾਂਡਾ ਸੀ. ਸ਼ਤਪਥ ਬ੍ਰਾਹਮਣ ਵਿੱਚ ਲਿਖਿਆ ਹੈ ਕਿ ਸਭ ਤੋਂ ਪਹਿਲਾ ਰਾਜਾ ਪ੍ਰਿਥੁ ਹੋਇਆ. ਪੁਰਾਣਾ ਵਿੱਚ ਦੱਸਿਆ ਹੈ ਕਿ ਪ੍ਰਿਥੁ ਵੇਣ ਦਾ ਪੁਤ੍ਰ ਅਤੇ ਅੰਗ ਦਾ ਪੋਤਾ ਸੀ ਅਰ ਇਸ ਦੇ ਨਾਮ ਤੋਂ ਧਰਤੀ ਦੀ ਪ੍ਰਿਥਵੀ ਸੰਗਯਾ ਹੋਈ. ਵਿਸ਼ਨੁ ਪੁਰਾਣ ਵਿੱਚ ਲਿਖਿਆ ਹੈ ਕਿ ਰਿਖੀਆਂ ਨੇ ਵੇਣ ਨੂੰ ਪ੍ਰਿਥਿਵੀ ਦਾ ਰਾਜਾ ਬਣਾਇਆ, ਪਰ ਉਹ ਵਡਾ ਅਧਰਮੀ ਸੀ, ਉਸ ਨੇ ਪੂਜਾ ਹਵਨ ਆਦਿ ਬੰਦ ਕਰ ਦਿੱਤੇ. ਧਰਮ ਦੀ ਹਾਨਿ ਹੁੰਦੀ ਦੇਖਕੇ ਪਵਿਤ੍ਰ ਰਿਖੀਆਂ ਨੇ ਕੁਸ਼ਾ ਦੇ ਤੀਲੇ ਮਾਰ ਮਾਰਕੇ ਵੇਣ ਨੂੰ ਮਾਰ ਦਿੱਤਾ. ਜਦ ਕੋਈ ਰਾਜਾ ਨਾ ਰਿਹਾ, ਤਾਂ ਲੁੱਟ ਮਾਰ ਹੋਣ ਲੱਗੀ. ਇਸ ਪੁਰ ਰਿਖੀਆਂ ਨੇ ਏਕਤ੍ਰ ਹੋਕੇ ਮੋਏ ਹੋਏ ਰਾਜੇ ਦਾ ਪੱਟ ਮਲਣਾ ਆਰੰਭ ਕੀਤਾ, ਤਾਂ ਉਸ ਵਿੱਚੋਂ ਇੱਕ ਛੋਟੇ ਜੇਹੇ ਆਕਾਰ ਦਾ ਆਦਮੀ ਨਿਕਲਿਆ, ਜਿਸ ਦਾ ਮੂੰਹ ਚੌੜਾ ਰੰਗ ਕਾਲਾ ਅਤੇ ਸ਼ਕਲ ਭਿਆਨਕ ਸੀ, ਜਿਸ ਤੋਂ ਨਿਸ਼ਾਦ ਜਾਤਿ ਪ੍ਰਗਟ ਹੋਈ ਫੇਰ ਰਿਖੀਆਂ ਨੇ ਉਸ ਦਾ ਸੱਜਾ ਪੱਟ ਮਲਣਾ ਆਰੰਭ ਕੀਤਾ, ਤਾਂ ਉਸ ਵਿੱਚੋਂ ਪ੍ਰਿਥੁ ਜਨਮਿਆ. ਇਹ ਬਾਲਕ ਅਗਨਿ ਸਮਾਨ ਚਮਕਦਾ ਸੀ. ਇਸ ਦੇ ਉਤਪੰਨ ਹੋਣ ਨਾਲ ਸਭ ਪ੍ਰਸੰਨ ਹੋਏ ਅਤੇ ਵੇਣ ਨਰਕ ਵਿੱਚੋਂ ਨਿਕਲਕੇ ਸ੍ਵਰਗ ਵਿੱਚ ਜਾ ਪੁੱਜਾ. ਜਦ ਪ੍ਰਿਥੁ ਨੇ ਸਾਰਾ ਰਾਜ ਭਾਗ ਸਾਂਭਲਿਆ, ਤਾਂ ਵੇਖਿਆ ਕਿ ਪ੍ਰਿਥਿਵੀ ਜੰਗਲਾਂ ਅਤੇ ਪਹਾੜਾਂ ਨਾਲ ਭਰੀ ਪਈ ਹੈ. ਇਸ ਨੇ ਜੰਗਲ ਸਾਫ ਕੀਤੇ ਅਤੇ ਆਪਣੀ ਕਮਾਣ ਨਾਲ ਪਰਵਤਾਂ ਨੂੰ ਧਕੇਲਕੇ ਕਿਨਾਰੇ ਕੀਤਾ. ਜਿਸ ਤੋਂ ਜ਼ਮੀਨ ਖੇਤੀ ਲਈ ਸਾਫ ਹੋਈ. "ਮਾਨੋ ਮਹਾ ਪ੍ਰਿਥੁ ਲੈਕੇ ਕਮਾਨ ਸੁ ਭੂਧਰ ਭੂਮਿ ਤੇ ਨਜਾਰੇ ਕਰੇ ਹੈਂ." (ਚੰਡੀ ੧) ੬. ਮਹਾਦੇਵ. ਸ਼ਿਵ। ੭. ਅਗਨਿ। ੮. ਵਿਸ਼ਨੁ.

ਪ੍ਰਿਥੁਲ: ਸੰ. ਵਿ- ਭਾਰੀ. ਵਡਾ. ਵਿਸ੍ਤਾਰ ਸਹਿਤ. "ਪ੍ਰਿਥੁਲ ਨਿਤੰਬ ਪੀਤ ਕਟਿ ਧੋਤੀ." (ਨਾਪ੍ਰ) ੨. ਬਹੁਤ ਅਧਿਕ.

ਪ੍ਰਿਥੂਦਕ, ਪ੍ਰਿਥੋਦਕ: ਸੰ. ਧਥੁਦਕ. ਸੰਗਯਾ- ਪਹੋਆ ਤੀਰਥ. ਸਰਸ੍ਵਤੀ ਨਦੀ ਦੇ ਸੱਜੇ ਪਾਸੇ ਇਹ ਤੀਰਥ ਹੈ. ਜਿਸ ਬਾਬਤ ਪੁਰਾਣਕਥਾ ਹੈ ਕਿ ਰਾਜਾ ਪ੍ਰਿਥੁ ਨੇ ਆਪਣੇ ਪਿਤਾ ਵੇਣ ਦੇ ਮਰਨ ਪੁਰ ਇਸ ਥਾਂ ਉਸ ਦੀ ਅੰਤਿਮਕ੍ਰਿਯਾ ਕੀਤੀ ਅਤੇ ੧੨. ਦਿਨ ਅਭ੍ਯਾਗਤਾਂ ਨੂੰ ਉਦਕ (ਜਲ) ਪਿਆਇਆ. "ਜਹਾਂ ਪ੍ਰਿਥੋਦਕ ਤੀਰਥ ਹੇਰਾ." (ਗੁਪ੍ਰਸੂ) ਦੇਖੋ, ਪਹੋਆ.

ਪ੍ਰਿਥ੍ਵੀ: ਸੰ. ਪ੍ਰਿਥੁਤ੍ਵ (ਵਿਸ੍ਤਾਰ) ਗੁਣ ਵਾਲੀ, ਜ਼ਮੀਨ. ਭੂਮਿ. ਧਰਾ. ਪ੍ਰਿਥਿਵੀ.

ਪ੍ਰਿਮ: ਦੇਖੋ, ਪ੍ਰੇਮ. "ਹਰਿ ਲਾਗੈ ਪਿਆਰਾ ਪ੍ਰਿਮ ਕਾ." (ਸੋਰ ਮਃ ੪)

ਪ੍ਰਿਯ: ਸੰ. ਵਿ- ਪਿਆਰਾ। ੨. ਸੰਗਯਾ- ਪਤਿ. ਭਰਤਾ। ੩. ਹਿਤ. ਭਲਾਈ। ੪. ਜਮਾਈ. ਦਾਮਾਦ। ੫. ਖਡਾਨਨ. ਕਾਰ੍ਤਿਕੇਯ.

ਪ੍ਰਿਯਤਮ: ਵਿ- ਬਹੁਤ ਹੀ ਪਜਾਰਾ. ਸਭ ਤੋਂ ਵਧਕੇ ਪਜਾਰਾ. ਪ੍ਰੀਤਮ। ੨. ਸੰਗਯਾ- ਪਤਿ. ਭਰਤਾ। ੩. ਸੱਚਾ ਮਿਤ੍ਰ.

ਪ੍ਰਿਯਦਰਸਨ: ਵਿ- ਜਿਸ ਦਾ ਦਰਸ਼ਨ ਪਯਾਰਾ ਲੱਗੇ। ੨. ਸੰਗਯਾ- ਖਿਰਨੀ ਦਾ ਬਿਰਛ। ੩. ਗੁਰੂ ਨਾਨਕ ਦੇਵ ਜੀ.

ਪ੍ਰਿਯਭਗਤਾ: ਪਤਿਵ੍ਰਤਾ. ਪਤਿਭਕ੍ਤਾ. "ਪ੍ਰਿਯਭਗਤਾ ਠਾਢੀ ਏਕੰਗੀ." (ਦੱਤਾਵ)

ਪ੍ਰਿਯਭਾਖੀ, ਪ੍ਰਿਯਵਾਦੀ: प्रियभाषिन्- प्रियवादिन. ਵਿ- ਪਿਆਰੇ ਵਚਨ ਕਹਿਣ ਵਾਲਾ. ਮਿੱਠਾ ਬੋਲਣ ਵਾਲਾ। ੨. ਸੰਗਯਾ- ਗੁਰੂ ਨਾਨਕ ਦੇਵ.

ਪ੍ਰਿਯਾ: ਵਿ- ਪਿਆਰੀ। ੨. ਸੰਗਯਾ- ਭਾਰਯਾ. ਜੋਰੂ. ਵਹੁਟੀ। ੩. ਚਮੇਲੀ। ੪. ਇਲਾਯਚੀ। ੫. ਇੱਕ ਛੰਦ, ਜਿਸ ਦਾ ਨਾਮ "ਅੜੂਹਾ" ਅਤੇ "ਸੰਯੁਤਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸ, ਜ, ਜ, ਗ. ||S, |S|, |S|, S.

ਉਦਾਹਰਣ-

ਦੁਖ ਦੂੰਦ ਹੈਂ ਸੁਖਕੰਦ ਜੀ।

ਨਹਿ ਬੰਦ ਹੈਂ ਜਗਬੰਦ ਜੀ।

ਨਹਿ ਬੇਦਬਾਕ ਪ੍ਰਮਾਨ ਹੈਂ।

ਮਤ ਭਿੰਨ ਭਿੰਨ ਬਖਾਨ ਹੈਂ।।

(ਕਲਕੀ)

(ਅ) ਦੂਜਾ ਰੂਪ- ਪ੍ਰਤਿ ਚਰਣ ਇੱਕ ਰਗਣ- S|S

ਉਦਾਹਰਣ-

ਹੇ ਪ੍ਰਭੂ। ਹੇ ਵਿਭੂ। ਪ੍ਰਾਨ ਤੂ। ਮਾਨ ਤੂ।।

ਪ੍ਰਿਯਾਲ: ਇੱਕ ਬਿਰਛ, ਜਿਸ ਦਾ ਫਲ ਚਿਰੌਂਜੀ ਮੇਵਾ ਹੈ. Buchanania Latifolia.

ਪ੍ਰੀ: ਸੰ. प्री. ਧਾ- ਪੂਰਣ ਕਰਨਾ, ਪਾਲਣਾ, ਦੇਣਾ, ਪ੍ਰਸੰਨ ਕਰਨਾ। ੨. ਸੰਗਯਾ- ਪ੍ਰੀਤਿ. ਪ੍ਰੇਮ। ੩. ਚਮਕ। ੪. ਇੱਛਾ। ੫. ਤ੍ਰਿਪਤਿ.

ਪ੍ਰੀਹਾ: ਸੰ. स्पृहा. ਸਿਪ੍ਰਹਾ. ਸੰਗਯਾ- ਇੱਛਾ. ਰੁਚੀ. ਚਾਹ. "ਕਛੂ ਦਰਬ ਨ ਪ੍ਰੀਹਾ ਮੇਰੇ." (ਨਾਪ੍ਰ)

ਪ੍ਰੀਛਤ: ਦੇਖੋ, ਪਰਿਕ੍ਸ਼ਿਤ। ੨. ਦੇਖੋ, ਪਰੀਕ੍ਸ਼ਿਤ.

ਪ੍ਰੀਣਨ: ਸੰ. ਸੰਗਯਾ- ਤ੍ਰਿਪਤ ਕਰਨ ਦੀ ਕ੍ਰਿਯਾ. ਦੇਖੋ, ਪਰੀਹਣਾ.

ਪ੍ਰੀਤ: ਸੰ. ਵਿ- ਪ੍ਰੀਤਿਯੁਕ੍ਤ। ੨. ਖ਼ੁਸ਼. ਪ੍ਰਸੰਨ.

ਪ੍ਰੀਤਮ: ਦੇਖੋ, ਪ੍ਰਿਯਤਮ. "ਪ੍ਰੀਤਮ, ਜਾਨਿਲੇਹੁ ਮਨ ਮਾਹੀ." (ਸੋਰ ਮਃ ੯) "ਪ੍ਰੀਤਮ ਮੋਹਿ ਲਾਗੈ ਨਾਉ." (ਆਸਾ ਮਃ ੫)

ਪ੍ਰੀਤਮਣੀ: ਸੰਗਯਾ- ਪ੍ਰੀਤਮ (ਮਿਤ੍ਰ) ਦੀ ਅਨੀ (ਸੈਨਾ). ਮਿਤ੍ਰਸੈਨਾ. (ਸਨਾਮਾ)

ਪ੍ਰੀਤਮਦਾਸ: ਇੱਕ ਮਹਾਤਮਾ ਉਦਾਸੀ ਸਾਧੂ, ਜੋ ਸੰਗਤਦਾਸ ਜੀ ਦਾ ਸੰਮਤ ੧੯੨੦ ਵਿੱਚ ਚੇਲਾ ਹੋਇਆ. ਇਸ ਨੂੰ "ਨਿਰਬਾਣ" ਪਦਵੀ ਅਤੇ ਵਿਭੂਤ (ਭਸਮ) ਦਾ ਗੋਲਾ ਮਹਾਤਮਾ ਬਨਖੰਡੀ ਜੀ ਨੇ ਦਿੱਤਾ. ਪ੍ਰੀਤਮਦਾਸ ਜਦ ਧਰਮਪ੍ਰਚਾਰ ਕਰਦਾ ਹੈਦਰਾਬਾਦ ਦੱਖਣ ਪਹੁੰਚਿਆ, ਤਦ ਦੀਵਾਨ ਚੰਦੂਲਾਲ ਦਾ ਚਾਚਾ ਨਾਨਕਚੰਦ ਇਸ ਦਾ ਸੇਵਕ ਹੋ ਗਿਆ. ਪ੍ਰੀਤਮਦਾਸ ਨੇ ਇੱਛਾ ਪ੍ਰਗਟ ਕੀਤੀ ਕਿ ਤੀਰਥਾਂ ਪੁਰ ਗੁਰੂ ਨਾਨਕਪੰਥੀ ਸਾਧੂਆਂ ਦੇ ਖਾਨ ਪਾਨ ਦਾ ਯੋਗ ਪ੍ਰਬੰਧ ਹੋਣਾ ਚਾਹੀਏ. ਇਸ ਪੁਰ ਨਾਨਕਚੰਦ ਨੇ ਬਹੁਤ ਰੁਪਯਾ ਦਿੱਤਾ, ਜਿਸ ਨੂੰ ਪਰੋਪਕਾਰੀ ਪ੍ਰੀਤਮਦਾਸ ਨੇ ਪ੍ਰਯਾਗ ਵਿੱਚ ਲਿਆਕੇ ਭੇਖ

ਦੇ ਸਪੁਰਦ ਕੀਤਾ ਅਰ ਸੰਮਤ ੧੯੩੬ ਵਿੱਚ ਪੰਚਾਇਤੀ ਅਖਾੜਾ ਕਾਇਮ ਕੀਤਾ.

ਸੰਮਤ ੧੯੩੮ ਵਿੱਚ ਰਾਵੀ ਤੋਂ ਨਹਿਰ (ਹਸਲੀ) ਲਿਆਕੇ ਅਮ੍ਰਿਤਸਰੋਵਰ ਵਿੱਚ ਜਲ ਪਾਉਣ ਦੀ ਸੇਵਾ ਪ੍ਰੀਤਮਦਾਸ ਅਤੇ ਸੰਗਤਦਾਸ ਜੀ ਨੇ ਪਰਮ ਉੱਤਮ ਕੀਤੀ.

ਪ੍ਰੀਤਮਦਾਸ ਜੀ ਦਾ ਜਨਮ ਹੁਸ਼ਿਆਰਪੁਰ ਸੰਮਤ ੧੮੦੯ ਵਿੱਚ ਅਤੇ ਦੇਹਾਂਤ ਅਮ੍ਰਿਤਸਰ ਵਿੱਚ ਸੰਮਤ ੧੯੮੮ ਵਿੱਚ ਹੋਇਆ. ਸੰਗੁਲਵਾਲਾ ਅਖਾੜਾ ਇਸ ਸੰਤ ਦਾ ਪ੍ਰਸਿੱਧ ਅਸਥਾਨ ਅੰਮ੍ਰਿਤਸਰ ਵਿੱਚ ਹੈ.

ਪ੍ਰੀਤਮ ਪ੍ਰਾਨ: ਵਿ- ਪ੍ਰਾਣ ਜੇਹਾ ਪ੍ਰਿਯਤਮ। ੨. ਪ੍ਰਾਣਾਂ ਤੋਂ ਵਧਕੇ ਪਿਆਰਾ। ੩. ਪ੍ਰੀਤਮ- ਪਰਾਯਣ. ਪ੍ਰਿਯਤਮ ਵਿੱਚ ਤਨਮਯ. "ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ, ਦੂਤ ਮੁਏ ਬਿਖੁ ਖਾਈ." (ਸਾਰ ਅਃ ਮਃ ੧)

ਪ੍ਰੀਤਿ: ਸੰਗਯਾ- ਪਯਾਰ. ਪ੍ਰੇਮ. ਮੁਹੱਬਤ. "ਜਗਤ ਮੈ ਝੂਠੀ ਦੇਖੀ ਪ੍ਰੀਤਿ." (ਦੇਵ ਮਃ ੯) ੨. ਤ੍ਰਿਪਤਿ। ੩. ਪ੍ਰਸੰਨਤਾ. ਖ਼ੁਸ਼ੀ. "ਮੀਨੇ ਪ੍ਰੀਤਿ ਭਈ ਜਲਿ ਨਾਇ." (ਗਉ ਮਃ ੪) ੪. ਕਾਮ ਦੀ ਇਸਤ੍ਰੀ, ਜੋ ਰਤਿ ਦੀ ਸੌਕਣ ਹੈ.

ਪ੍ਰੀਤਿਕਰ: ਵਿ- ਪ੍ਰਸੰਨਤਾ ਕਰਨ ਵਾਲਾ। ੨. ਪ੍ਰੇਮ ਕਰਨ ਵਾਲਾ.

ਪ੍ਰੀਤੀ: ਦੇਖੋ, ਪ੍ਰੀਤਿ.

ਪ੍ਰੀਧੇ: ਦੇਖੋ, ਪਰੀਧੇ. "ਉਪਦੇਸਿ ਗੁਰੂ ਹਰਿ ਪ੍ਰੀਧੇ." (ਬਸੰ ਮਃ ੪)

ਪ੍ਰੇ: ਸੰ. ਅੱਗੇ ਵਧਣਾ, ਜਾਣਾ, ਰਵਾਨਾ ਹੋਣਾ.

ਪ੍ਰੇਉ: ਦੇਖੋ, ਪ੍ਰਿਯ. "ਘਟਿ ਘਟਿ ਰਾਵੈ ਸਰਬਪ੍ਰੇਉ." (ਬਸੰ ਮਃ ੧)

ਪ੍ਰੇਕ੍ਸ਼ਣ, ਪ੍ਰੇਖਣ: ਸੰ. ਪ੍ਰੋਸ਼ਣ. ਸੰਗਯਾ- ਪ੍ਰੇਰਨਾ। ੨. ਭੇਜਣਾ. ਸੰ. ਪ੍ਰੇਧ. ਧਾ- ਜਾਣਾ, ਭੇਜਣਾ। ੩. ਸੰ. ਪ੍ਰੇਕ੍ਸ਼ਣ. ਦੇਖਣਾ. (ਪ੍ਰ- ਈਕ੍ਸ਼ਣ).

ਪ੍ਰੇਤ: ਸੰ. ਵਿ- ਰਵਾਨਾ ਹੋਇਆ. ਗਿਆ ਹੋਇਆ। ੨. ਸੰਗਯਾ- ਮੁਰਦਾ. ਮੋਇਆ ਹੋਇਆ ਪ੍ਰਾਣੀ। ੩. ਪੁਰਾਣਾਂ ਅਨੁਸਾਰ ਉਹ ਕਲਪਿਤ ਸ਼ਰੀਰ, ਜੋ ਮਰਣ ਪਿੱਛੋਂ ਜੀਵ ਨੂੰ ਪਿੰਡਦਾਨ ਆਦਿ ਤੋਂ ਪ੍ਰਾਪਤ ਹੁੰਦਾ ਹੈ। ੪. ਨਰਕ ਵਿੱਚ ਰਹਿਣ ਵਾਲਾ ਜੀਵ। ੫. ਪਿਸ਼ਾਚਾਂ ਦੀ ਇੱਕ ਜਾਤਿ, ਜਿਸ ਦੀ ਸ਼ਕਲ ਬਹੁਤ ਡਰਾਵਣੀ ਹੈ. ਭੂਤ.

ਪ੍ਰੇਤਸ਼ਿਲਾ: ਗਯਾ ਵਿੱਚ ਇੱਕ ਪੱਥਰ, ਜਿਸ ਪੁਰ ਮੋਏ ਪ੍ਰਾਣੀਆਂ ਨਿਮਿੱਤ ਪਿੰਡਦਾਨ ਹੁੰਦਾ ਹੈ.

ਪ੍ਰੇਤਹਾਰ: ਸੰਗਯਾ- ਮੁਰਦਾ ਚੁੱਕਣ ਵਾਲਾ, ਕਾਨ੍ਹੀ.

ਪ੍ਰੇਤਕਰਮ, ਪ੍ਰੇਤਕ੍ਰਿਯਾ: ਸੰਗਯਾ- ਹਿੰਦੂਮਤ ਅਨੁਸਾਰ ਮੁਰਦੇ ਦਾ ਦਾਹ ਅਤੇ ਪਿੰਡਦਾਨ ਆਦਿ ਸਪਿੰਡੀ ਤਕ ਦਾ ਕਰਮ.

ਪ੍ਰੇਤਗੇਹ: ਮੁਰਦਿਆਂ ਦਾ ਗ੍ਰਿਹ (ਘਰ). ਸ਼ਮਸ਼ਾਨ ਭੂਮਿ। ੨. ਪੁਰਾਣਾਂ ਅਨੁਸਾਰ ਪ੍ਰੇਤਲੋਕ.

ਪ੍ਰੇਤਤਹ: ਸੰਗਯਾ- ਪ੍ਰੇਤਤ੍ਵ. ਪ੍ਰੇਤਤਾ. ਪ੍ਰੇਤਪੁਣਾ. "ਹਰਿ ਬਿਸਰਤ ਤੇ ਪ੍ਰੇਤਤਹ." (ਵਾਰ ਜੈਤ)

ਪ੍ਰੇਤਨਾਥ, ਪ੍ਰੇਤਪਤਿ: ਸੰਗਯਾ- ਪ੍ਰੇਤਾਂ ਦਾ ਸ੍ਵਾਮੀ, ਯਮਰਾਜ.

ਪ੍ਰੇਤਪਿੰਜਰ, ਪ੍ਰੇਤਪਿੰਡ: ਸੰਗਯਾ- ਪ੍ਰੇਤ ਦਾ ਪੰਜਰ (ਢਾਂਚਾ). ਪ੍ਰੇਤਦੇਹ. ਪ੍ਰੇਤਸ਼ਰੀਰ. ਦੇਖੋ, ਪ੍ਰੇਤ. "ਪ੍ਰੇਤਪਿੰਜਰ ਮਹਿ ਕਾਸਟੁ ਭਇਆ." (ਰਾਮ ਅਃ ਮਃ ੧)

ਪ੍ਰੇਤਪੁਰ, ਪ੍ਰੇਤਲੋਕ: ਸੰਗਯਾ- ਪ੍ਰੇਤਾਂ ਦਾ ਦੇਸ਼. ਯਮਪੁਰ. ਧਰਮ ਰਾਜ ਦੀ ਪੁਰੀ "ਸੰਯਮਨੀ."

ਪ੍ਰੇਮ: ਸੰ. ਪ੍ਰੇਮਨ. ਸੰਗਯਾ- ਪਿਆਰ ਦਾ ਭਾਵ. ਸਨੇਹ. "ਪ੍ਰੇਮ ਕੇ ਸਰ ਲਾਗੇ ਤਨ ਭੀਤਰਿ." (ਸੋਰ ਮਃ ੪) "ਸਾਚ ਕਹੋਂ ਸੁਨਲੇਹੁ

ਸਬੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਯੋ." (ਅਕਾਲ) ੨. ਵਾਯੁ. ਪਵਨ.

ਪ੍ਰੇਮਸੁਮਾਰਗ: ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੋਂ ਕਿਸੇ ਪ੍ਰੇਮੀ ਦਾ ਰਚਿਆ ਇੱਕ ਰਹਿਤਗ੍ਰੰਥ, ਜੋ ਵਾਰਤਿਕ ਹੈ. ਦੇਖੋ, ਗੁਰੁਮਤਸੁਧਾਕਰ.

ਪ੍ਰੇਮਕੋਰ: ਰਾਜਾ ਸਾਹਿਬ ਸਿੰਘ ਪਟਿਆਲਾਪਤਿ ਦੀ, ਰਾਣੀ ਆਸਕੌਰ ਦੇ ਪੇਟੋਂ, ਛੋਟੀ ਸੁਪੁਤ੍ਰੀ. ਜਿਸ ਦੀ ਸ਼ਾਦੀ ਸਰਦਾਰ ਖੜਗ ਸਿੰਘ ਰਈਸ ਸ਼ਾਹਬਾਦ ਨਾਲ ਹੋਈ। ੨. ਸਰਦਾਰ ਹਰੀਸਿੰਘ ਲੱਧੇਵਾਲੇ (ਗੁੱਜਰਾਂਵਾਲਾ) ਦੇ ਨੰਬਰਦਾਰ ਦੀ ਪੁਤ੍ਰੀ, ਜਿਸ ਦੀ ਸ਼ਾਦੀ ਮਹਾਰਾਜਕੁਮਾਰ ਸ਼ੇਰ ਸਿੰਘ ਨਾਲ ਸਨ ੧੯੨੨ ਵਿੱਚ ਹੋਈ. ਸਨ ੧੯੩੧ ਵਿੱਚ ਇਸ ਦੀ ਕੁੱਖ ਤੋਂ ਕੌਰ ਪ੍ਰਤਾਪਸਿੰਘ ਜਨਮਿਆ, ਜਿਸ ਨੂੰ ਲਹਿਣਾ ਸਿੰਘ ਸੰਧਾਵਾਲੀਏ ਨੇ ੧੫. ਸਿਤੰਬਰ ਸਨ ੧੯੪੩ ਨੂੰ ਵਡੀ ਬੇਰਹਿਮੀ ਨਾਲ ਕਤਲ ਕੀਤਾ.[809]

ਪ੍ਰੇਮਗਰਵਿਤਾ: ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ ਆਪਣੇ ਪਤਿ ਦੇ ਪ੍ਰੇਮ ਦਾ ਅਹੰਕਾਰ ਰੱਖਦੀ ਹੈ.

ਪ੍ਰੇਮਜਲ: ਸੰਗਯਾ- ਪ੍ਰੇਮ ਕਰਕੇ ਪੈਦਾ ਹੋਇਆ ਜਲ, ਅੰਝੂ. ਅਸ਼੍ਰ। ੨. ਪਸੀਨਾ (ਮੁੜ੍ਹਕਾ), ਜੋ ਪ੍ਰੇਮ ਦੀ ਉਮੰਗ ਵਿੱਚੋਂ ਆਵੇ.

ਪ੍ਰੇਮਪਾਤ੍ਰ: ਸੰਗਯਾ- ਪ੍ਰੇਮ ਦਾ ਅਧਿਕਾਰੀ। ੨. ਮਾਸ਼ੂਕ.

ਪ੍ਰੇਮਪਿਟਾਰੀ: ਦੇਖੋ, ਦੀਵਾਨਗੋਯਾ.

ਪ੍ਰੇਮਪੁਲਕ: ਸੰਗਯਾ- ਪ੍ਰੇਮ ਦੇ ਕਾਰਣ ਰੋਮਾਂ ਦੇ ਖੜੇ ਹੋਣ ਦਾ ਭਾਵ, ਰੋਮਾਂਚ.

ਪ੍ਰੇਮਪੰਥ: ਪ੍ਰੇਮ ਦਾ ਰਸਤਾ (ਰਾਹ).

ਅਤਿ ਛੀਨ ਮ੍ਰਿਨਾਲ ਕੀ ਤਾਰਹੁਁ ਤੇ
ਤਿਹ ਉਪਰਿ ਪਾਯ ਦੈ ਆਵਨੋ ਹੈ,
ਸੁਈ ਬੇਧ ਕੇ ਬੇਧ ਸੋ ਕੀਨ ਤਹਾਂ
ਪਰਤੀਤ ਕੋ ਟਾਂਡੋ ਲਦਾਵਨੋ ਹੈ,
ਕਵਿ "ਬੋਧ" ਅਨੀ ਘਨੀ ਨੇਜਉਁ ਕੀ
ਚਢ ਤਾਂਪੈ ਨ ਚਿੱਤ ਚਲਾਵਨੋ ਹੈ,
ਯਹ ਪ੍ਰੇਮ ਕੋ ਪੰਥ ਕਰਾਰ ਹੈ ਰੇ
ਤਲਵਾਰ ਕੀ ਧਾਰ ਪੈ ਧਾਵਨੋ ਹੈ.

ਪ੍ਰੇਮ ਪ੍ਰੀਤਿ: ਆਨੰਦ ਅਤੇ ਪਿਆਰ. "ਪ੍ਰੇਮ ਪ੍ਰੀਤਿ ਸਦਾ ਧਿਆਈਐ." (ਮਾਝ ਅਃ ਮਃ ੩)

ਪ੍ਰੇਮ ਫੁਲਵਾੜੀ: ਦੇਖੋ, ਦੀਵਾਨਗੋਯਾ.

ਪ੍ਰੇਮਭਗਤਿ: ਸੰਗਯਾ- ਪ੍ਰੇਮ ਸਹਿਤ ਕੀਤੀ ਭਕ੍ਤਿ (ਉਪਾਸਨਾ). ੨. ਪ੍ਰੇਮ ਸੇਵਾ, "ਪ੍ਰੇਮ ਭਗਤਿ ਕਰਿ ਸਹਜਿ ਸਮਾਇ." (ਧਨਾ ਅਃ ਮਃ ੧)

ਪ੍ਰੇਮ ਵਿੱਚ ਨੇਮ ਨਹੀਂ: ਪ੍ਰੇਮ ਦੀ ਅਧਿਕਤਾ ਵਿੱਚ ਸਾਰੇ ਨਿਯਮ ਭੁੱਲ ਜਾਂਦੇ ਹਨ.

---

[809] ਉਸੇ ਦਿਨ, ਜਦ ਅਜੀਤਸਿੰਘ ਨੇ ਮਹਾਰਾਜ ਸ਼ੇਰਸਿੰਘ ਨੂੰ ਮਾਰਿਆ.

ਨੀਰ ਬਿਨਾ ਮੀਨ ਦੁਖੀ ਕ੍ਸ਼ੀਰ ਬਿਨਾ ਸਿਸੁ ਜੈਸੇ
ਪੀਰ ਜਾਂਕੇ ਦਾਰੂ ਬਿਨ ਕੈਸੇ ਰਹਯੋਜਾਤ ਹੈ,
ਚਾਤਕ ਜਯੋਂ ਸ੍ਵਾਤਿਬੁੰਦ ਚੰਦ ਕੋ ਚਕੋਰ ਜੈਸੇ
ਚੰਦਨ ਕੀ ਚਾਹ ਕਰ ਫਣੀ ਅਕੁਲਾਤ ਹੈ,
ਅਧਨ ਜਯੋਂ ਧਨ ਚਾਹੈ ਕਾਮਿਨੀ ਕੋ ਕਾਮੀ ਚਾਹੈ
ਏਸੀ ਜਾਂਕੇ ਚਾਹ ਤਾਂਕੋ ਕਛੁ ਨ ਸੁਹਾਤ ਹੈ,
ਪ੍ਰੇਮ ਕੋ ਪ੍ਰਭਾਵ ਏਸੋ ਪ੍ਰੇਮ ਤਹਾਂ ਨੇਮ ਕੈਸੋ?
'ਸੁੰਦਰ' ਕਹਿਤ ਯਹਿ ਪ੍ਰੇਮ ਹੀ ਕੀ ਬਾਤ ਹੈ.

ਪ੍ਰੇਮਾ: ਦੇਖੋ, ਮਥੋ ਮੁਰਾਰੀ। ੨. ਤਲਵੰਡੀ (ਜੋ ਗੋਇੰਦ ਵਾਲ ਪਾਸ ਹੈ) ਉਸ ਦਾ ਵਸਨੀਕ ਖਤ੍ਰੀ, ਜੋ ਲੰਗੜਾ ਸੀ. ਇਹ ਗੁਰੂ ਅਮਰਦੇਵ ਦਾ ਸਿੱਖ ਹੋ ਕੇ ਆਤਮਗਜਾਨੀ ਹੋਇਆ. ਇਹ ਪ੍ਰੇਮ ਨਾਲ ਰੋਜ ਆਪਣੇ ਘਰੋਂ ਗੁਰੂਸਾਹਿਬ ਲਈ ਦਹੀਂ ਲੈਕੇ ਜਾਇਆ ਕਰਦਾ ਸੀ. ਗੁਰੁਕ੍ਰਿਪਾ ਨਾਲ ਇਹ ਅਰੋਗ ਹੋ ਗਿਆ। ੩. ਦੇਖੋ, ਸਧਾਰ ੨.

ਪ੍ਰੇਮੀ: ਵਿ- ਪ੍ਰੇਮਿਨ੍. ਪ੍ਰੇਮ ਕਰਨ ਵਾਲਾ ਅਨੁਰਾਗੀ। ੨. ਆਸਕ੍ਤ. ਆਸ਼ਿਕ.

ਪ੍ਰੇਯ: ਸੰ. ਪ੍ਰੇਯਸ੍. ਵਿ- ਅਤਿ ਪਿਆਰਾ.

ਪ੍ਰੇਯਸੀ: ਸੰ. ਵਿ- ਅਤਿ ਪਿਆਰੀ.

ਪ੍ਰੇਰ: ਸੰ. ਚਲਾਉਣਾ. ਧਕੇਲਣਾ.

ਪ੍ਰੇਰਕ: ਸੰ. ਵਿ- ਪ੍ਰੇਰਨ ਕਰਨ ਵਾਲਾ. ਚਲਾਉਣ ਵਾਲਾ। ੨. ਕਿਸੇ ਕਾਰਜ ਵਿੱਚ ਲਾਉਣ ਵਾਲਾ.

ਪ੍ਰੇਰਣਾ: ਸੰ. ਸੰਗਯਾ- ਕਾਰਜ ਵਿੱਚ ਲਾਉਣ ਦੀ ਕ੍ਰਿਯਾ. "ਜਿਉ ਪ੍ਰੇਰੇ ਤਿਉ ਕਰਨਾ." (ਬਿਲਾ ਮਃ ੪) ੨. ਧਕੇਲਣਾ। ੩. ਭੜਕਾਉਣਾ. "ਉਰਝਿ ਰਹਿਓ ਇੰਦ੍ਰੀਰਸ ਪ੍ਰੇਰਿਓ." (ਬਿਲਾ ਮਃ ੫)

ਪ੍ਰੈਸ: ਅੰ. Press. ਦੇਖੋ, ਛਾਪਾ.

ਪ੍ਰੋਸ਼ਿਤ: ਸੰ. ਵਿ- ਪ੍ਰਵਾਸੀ. ਵਿਦੇਸ਼ ਗਿਆ। ੨. ਮੋਇਆ. ਗੁਜ਼ਰਿਆ.

ਪ੍ਰੋਸ਼ਿਤਪਤਿਕਾ: ਸੰਗਯਾ- ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ ਪਤਿ ਦੇ ਵਿਦੇਸ਼ ਜਾਣ ਪੁਰ ਵਿਯੋਗ ਨਾਲ ਦੁਖੀ ਹੋਵੇ.

ਪ੍ਰੋਹਤ: ਦੇਖੋ, ਪੁਰੋਹਿਤ.

ਪ੍ਰੋਕ੍ਤ: ਸੰ. ਵਿ- ਪ੍ਰ- ਉਕ੍ਤ. ਚੰਗੀ ਤਰਾਂ ਆਖਿਆ ਹੋਇਆ। ਬਖੂਬੀ ਬਿਆਨ ਕੀਤਾ। ੨. ਕਥਿਤ. ਕਿਹਾ ਹੋਇਆ.

ਪ੍ਰੋਕ੍ਸ਼: ਪ੍ਰ- ਉਕ੍ਸ਼ ਛਿੜਕ ੨. ਪ੍ਰੋਕ੍ਸ਼ਣ ਛਿਣ. ਕਣ ਦੀ ਕ੍ਰਿਯਾ। ੩. ਮੰਤ੍ਰਿਤਜਲ ਨਾਲ ਯਗ੍ਯ ਦੇ ਪਸ਼ੂ ਅਥਵਾ ਅਸਥਾਨ ਨੂੰ ਛਿੱਟਾ ਦੇਣਾ.

ਪ੍ਰੋਖ: ਸੰ. ਪਰੋਕ੍ਸ਼. ਵਿ- ਅੱਖ ਤੋਂ ਪਰੇ. ਗੁਪਤ. "ਦੀਨਾਨਾਥ ਪ੍ਰੋਖ ਪ੍ਰਤਿਪਾਲਾ." (ਨਾਪ੍ਰ) ੨. ਦੇਖੋ, ਪ੍ਰੋਕ੍ਸ਼.

ਪ੍ਰੋਖਿਤ, ਪ੍ਰੋਖਿਤਪਤਿਕਾ: ਦੇਖੋ, ਪ੍ਰੋਸ਼ਿਤ ਅਤੇ ਪ੍ਰੋਸ਼ਿਤਪਤਿਕਾ.

ਪ੍ਰੋਛ: ਦੇਖੋ, ਪ੍ਰੋਕ੍ਸ਼ ਅਤੇ ਪ੍ਰੋਖ.

ਪ੍ਰੋਛਨ: ਸੰ. ਪ੍ਰੋਕ੍ਸ਼ਣ. ਸੰਗ੍ਯਾ- ਪਾਣੀ ਛਿੜਕਣ ਦੀ ਕ੍ਰਿਯਾ. ਛਿੜਕਾਉ। ੨. ਯਗ੍ਯ ਵਿੱਚ ਜੀਵ ਦੀ ਬਲਿ ਦੇਣ ਤੋਂ ਪਹਿਲਾਂ, ਪਸ਼ੂ ਪੁਰ ਪਾਣੀ ਛਿੜਕਣਾ। ੩. ਸੰ. ਪ੍ਰੋਂਛਨ (ਪ੍ਰੋਚ੍ਛਨ. ). ਪੂੰਝਣਾ. ਪੋਂਛਨਾ. "ਪ੍ਰੋਛਤ ਭੇ ਦ੍ਰਿਗ ਨੀਰ ਬਹਾਏ." (ਗੁਵਿ ੬)

ਪ੍ਰੋਛਪਾਲ: ਪਰੋਕ੍ਸ਼ ਪਾਲਕ. "ਪ੍ਰੋਛ ਪਾਲੰ." (ਜਾਪੁ) ਦੇਖੋ, ਪਰੋਖ.

ਪ੍ਰੋਤ: ਸੰ. ਪ੍ਰ- ਉਤ. ਵਿ- ਪਰੋਤਾਹੋਇਆ. ਸੀੱਤਾ ਹੋਇਆ। ੨. ਮਿਲਿਆ ਹੋਇਆ। ੩. ਸੰਗ੍ਯਾ- ਵਸਤ੍ਰ.

ਪ੍ਰੋਧਾ: ਪੁਰੋਹਿਤ. ਦੇਖੋ, ਪੁਰੋਧਾ. "ਸੁਭ ਗੁਨ ਸਭ ਇਸ ਮੇ ਕਹਿ ਪ੍ਰੋਧਾ." (ਨਾਪ੍ਰ)

ਪ੍ਰੌਢ: ਸੰ. ਪ੍ਰ- ਊਢ. ਵਿ- ਚੰਗੀ ਤਰਾਂ ਵਧਿਆ ਹੋਇਆ। ੨. ਪੱਕਾ ਆਦਮੀ, ਜਿਸ ਦੀ ਜਵਾਨੀ ਢਲ ਚੱਲੀ ਹੈ। ੩. ਦ੍ਰਿੜ੍ਹ. ਮਜਬੂਤ। ੪. ਗੰਭੀਰ। ੫. ਚਤੁਰ. ਨਿਪੁਣ.

ਪ੍ਰੌਢਤਾ, ਪ੍ਰੌਢਤ੍ਵ: ਸੰ. ਸੰਗ੍ਯਾ- ਪ੍ਰੌਢ ਹੋਣ ਦਾ ਭਾਵ. ਦੇਖੋ, ਪ੍ਰੌਢ.

ਪ੍ਰੌਢਾ: ਸੰਗ੍ਯਾ- ਢਲਵੀਂ ਜਵਾਨੀ ਵਾਲੀ ਇਸਤ੍ਰੀ। ੨. ਕਾਵ੍ਯ ਅਨੁਸਾਰ ਕਾਮਕਲਾ ਵਿੱਚ ਨਿਪੁਣ ਨਾਯਿਕਾ.

ਪ੍ਰੌਢਾ ਅਧੀਰਾ: ਕਾਵ੍ਯ ਅਨੁਸਾਰ ਉਹ ਨਾਯ਼ਿਕਾ, ਜੋ ਆਪਣੇ ਨਾਯਕ ਦੇ ਸ਼ਰੀਰ ਪੁਰ ਪਰਇਸਤ੍ਰੀ ਵਿਲਾਸ ਦੇ ਚਿੰਨ੍ਹ ਦੇਖਕੇ ਪ੍ਰਗਟ ਕੋਪ ਦਿਖਾਵੇ, ਧੀਰਯ ਨਾਲ ਚਿੱਤ ਦੇ ਭਾਵ ਨੂੰ ਲੁਕੋ ਨਾ ਸਕੇ.

ਪ੍ਰੌਢਾ ਧੀਰਾ: ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ ਨਾਯਕ ਦੇ ਪਰਇਸਤ੍ਰੀ ਵਿਲਾਸ ਦੇ ਚਿੰਨ੍ਹ ਦੇਖਕੇ ਪ੍ਰਗਟ ਕੋਪ ਨਾ ਕਰੇ, ਕਿੰਤੁ ਵ੍ਯੰਗ ਨਾਲ ਕੋਪ ਜਣਾਵੇ.

ਪ੍ਰੌਢਾ ਧੀਰਾਧੀਰਾ: ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ ਨਾਯਕ ਦੇ ਪਰਇਸਤ੍ਰੀ ਗਮਨ ਦੇ ਚਿੰਨ੍ਹ ਦੇਖਕੇ ਕੁਝ ਕ੍ਰੋਧ ਨਾਲ ਪ੍ਰਗਟ ਭਾਵ ਜਣਾਵੇ ਅਰ ਕੁਝ ਵ੍ਯੰਗ ਨਾਲ ਕੋਪ ਪ੍ਰਗਟ ਕਰੇ.

ਪ੍ਰੌਢੋਕ੍ਤਿ: (ਅਧਿਕ ਉਕ੍ਤਿ) ਅਕਾਰਣ ਨੂੰ ਕਾਰਣ ਕਥਨ ਕਰਨਾ "ਪ੍ਰੌਢੋਕ੍ਤਿ" ਅਲੰਕਾਰ ਹੈ.

ਜਹਿ ਉਤਕਰ੍ਸ਼ ਅਹੇਤੁ ਕੋ ਵਰਣਤ ਹੈਂ ਕਰ ਹੇਤੁ,

ਪ੍ਰੌਢੋਕ੍ਤੀ ਤਾਂ ਸੋ ਕਹਿਤ ਭੂਸ਼ਣ ਕਵਿਕੁਲਕੇਤੁ.

(ਸ਼ਿਵਰਾਜ ਭੂਸ਼ਣ)

ਉਦਾਹਰਣ-

ਝੂਠੇ ਕੋ ਨਾਹੀ ਪਤਿ ਨਾਉਂ,

ਕਬਹੁ ਨ ਸੂਚਾ ਕਾਲਾ ਕਾਉ.

(ਬਿਲਾ ਥਿਤੀ ਮਃ ੧)

ਕਾਲਾ ਕਾਉਂ ਹੀ ਅਪਵਿਤ੍ਰਤਾ ਦਾ ਕਾਰਣ ਨਹੀਂ.

ਪੋਖਰ ਨੀਰ ਵਿਰੋਲੀਐ ਮਾਖਨ ਨਹੀ ਰੀਸੈ.

(ਗਾਉ ਅਃ ਮਃ ੧)

ਜੇ ਖੂਹ ਦਾ ਪਾਣੀ ਰਿੜਕੀਏ ਤਦ ਭੀ ਮੱਖਣ ਨਹੀਂ ਨਿਕਲੇਗਾ.

ਸਾਧੁਨ ਕੇ ਉੱਜਲ ਰਿਦਯ ਜਯੋਂ ਹਿਮ ਹਿਮਵਤ ਸ੍ਵੇਤ.

ਹਿਮਾਲੇ ਦੀ ਬਰਫ ਹੀ ਚਿੱਟੀ ਨਹੀਂ, ਕਿੰਤੂ ਹੋਰ ਬਰਫ ਭੀ ਚਿੱਟੀ ਹੁੰਦੀ ਹੈ.

ਕਾਰੇ ਪਾਹਨ ਸਾਰਖੇ ਦੁਰਜਨ ਚਿੱਤ ਕਠੋਰ.

(ਅਲੰਕਾਰ ਸਾਗਰਸੁਧਾ)

ਭੂਰਾ ਪੱਥਰ ਭੀ ਨਰਮ ਨਹੀਂ ਹੁੰਦਾ, ਇਸ ਵਾਸਤੇ ਕਾਲਾ ਪੱਥਰ ਕਠੋਰਤਾ ਲਈ ਅਕਾਰਣ ਹੈ.

ਪ੍ਲਕ੍ਸ਼: ਸੰ. ਸੰਗਯਾ- ਪਿਲਖਨ. ਪਾਕਰ. Ficus Infectoria. ਦੇਖੋ, ਪਲਾਖ.

ਪ੍ਲਵ: ਸੰ. ਟਪੂਸੀ। ੨. ਗੋਤਾ. ਟੁੱਬੀ। ੩. ਤਰਣਾ. ਤਾਰੀ। ੪. ਟਪੂਸੀ ਮਾਰਕੇ ਤੁਰਨ ਵਾਲਾ ਜੀਵ। ੫. ਡੱਡੂ। ੬. ਬਾਂਦਰ। ੭. ਮੁਰਗਾ.

ਪ੍ਲਵਗ: ਵਿ- ਜੋ ਪ੍ਲਵ (ਟਪੂਸੀ) ਮਾਰਕੇ ਤੁਰੇ। ੨. ਸੰਗਯਾ- ਡੱਡੂ. ਮੇਂਡਕ.

ਪ੍ਲਵੰਗਮ: ਪ੍ਲਵ (ਟਪੂਸੀ) ਮਾਰਕੇ ਗਮਨ ਕਰਨ ਵਾਲਾ. ਬਾਂਦਰ. ਲੰਗੂਰ. ਦੇਖੋ, ਪਲਵੰਗਮ.

ਪ੍ਲਾਵ: ਸੰ. ਸੰਗਯਾ- ਗੋਤਾ. ਟੁੱਬੀ। ੨. ਸੰਪੂਰਣਤਾ.

ਪ੍ਲੀਹਾ: ਸੰ. प्लीहन्. ਸੰਗਯਾ- ਤਿੱਲੀ। ੨. ਤਿੱਲੀ ਵਧ ਜਾਣ ਦਾ ਰੋਗ. ਦੇਖੋ, ਲਿੱਫ.

ਪ੍ਲੁਤ: ਸੰ. ਵਿ- ਤਰਿਆ ਹੋਇਆ. ਨ੍ਹਾਤਾ ਹੋਇਆ। ੨. ਕੁੱਦਿਆ ਹੋਇਆ। ੩. ਸੰਗਯਾ- ਘੋੜੇ ਦੀ ਇੱਕ ਚਾਲ. ਪੋਈਆ। ੪. ਤਿੰਨ ਮਾਤ੍ਰਾ ਦਾ ਸ੍ਵਰ. ਦੀਰਘ ਤੋਂ ਭੀ ਜਿਸ ਦੀ ਲੰਮੀ ਆਵਾਜ਼ ਹੈ। ੫. ਟਪੂਸੀ. ਛਾਲ। ੬. ਤਿੰਨ ਮਾਤ੍ਰਾ ਦਾ ਤਾਲ। ੭. ਵੀਣਾ ਦੇ ਇੱਕ ਬੰਦ ਪੁਰ ਅੰਗੁਲੀ ਰੱਖਕੇ ਮੀਂਡ (ਖੈਂਚ) ਨਾਲ ਤਿੰਨ ਜਾਂ ਵੱਧ ਸ੍ਵਰ ਪ੍ਰਗਟ ਕਰਨ ਦੀ ਕ੍ਰਿਯਾ.

ਫ: ਪੰਜਾਬੀ ਵਰਣਮਾਲਾ ਦਾ ਸਤਾਈਹਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਹੋਠ ਹੈ. ਪੰਜਾਬੀ ਵਿੱਚ ਫੱਫਾ, ਪ- ਬ- ਭ ਦੀ ਥਾਂ ਭੀ ਕਈ ਵਾਰ ਬਦਲ ਜਾਂਦਾ ਹੈ ਅਤੇ ਇਸ ਤੋਂ ਪਹਿਲਾਂ ਆਇਆ ਸੱਸਾ ਕਦੇ ਕਦੇ ਗਿਰ ਜਾਂਦਾ ਹੈ, ਜੈਸੇ ਪਾਸ਼ ਦੀ ਥਾਂ ਫਾਸ, ਬੰਧ ਦੀ ਥਾਂ ਫੰਧ, ਦੰਭ ਦੀ ਥਾਂ ਡੰਫ ਅਤੇ ਸਫੁਰਣ ਦੀ ਥਾਂ ਫੁਰਣਾ ਆਦਿ। ੨. ਸੰ. ਸੰਗਯਾ- ਵਿਸ੍ਤਾਰ. ਫੈਲਾਉ। ੩. ਰੁੱਖਾ ਵਚਨ। ੪. ਫੁਕਾਰਾ. ਫੁਤਕਾਰ। ੫. ਅਵਾਸੀ (ਉਬਾਸੀ). ਜੰਭਾਈ। ੬. ਫਲ. ਨਤੀਜਾ। ੭. ਝੱਖੜ. ਅੰਧੇਰੀ.

ਫਉਜ: ਅ਼. فوج ਫ਼ੌਜ. ਸੰਗਯਾ- ਸੇਨਾ. ਲਸ਼ਕਰ. "ਮੁਹਕਮ ਫਉਜ ਹਠਲੀ ਰੇ." (ਆਸਾ ਮਃ ੫) ਦ੍ਰਿਢ ਹਠੀਲੀ ਫ਼ੌਜ.

ਫਉਤ: ਦੇਖੋ, ਫੌਤ.

ਫਸਣਾ: ਕ੍ਰਿ- ਪਾਸ਼ (ਫਾਹੀ) ਵਿੱਚ ਪੈਣਾ. ਬੰਧਨ ਮੇਂ ਪੜਨਾ। ੨. ਅਟਕਣਾ. ਉਲਝਣਾ.

ਫਸਤ: ਦੇਖੋ, ਫਸਦ.

ਫਸਤਾ: ਸੰਗਯਾ- ਪਾਸ਼. ਫਾਹੀ. ਫੰਧਾ। ੨. ਝਗੜਾ. ਬਖੇੜਾ। ੩. ਸਿੰਧੀ. ਫਸਤੋ. ਵ੍ਰਿਥਾ ਬਕਬਾਦ.

ਫਸਤਾ ਵੱਢਣਾ: ਕ੍ਰਿ- ਫਾਹਾ ਕੱਟਣਾ. ਬੰਧਨ ਦੂਰ ਕਰਨਾ। ੩. ਝਗੜਾ ਮੁਕਾਉਣਾ.

ਫਸਦ: ਅ਼. فصد ਫ਼ਸਦ. ਸੰਗਯਾ- ਨਸ਼ਤਰ ਨਾਲ ਨਸ (ਨਾੜੀ) ਨੂੰ ਛੇਦਕੇ ਸ਼ਰੀਰ ਦਾ ਵਿਕਾਰੀ ਲਹੂ ਕੱਢਣ ਦੀ ਕ੍ਰਿਯਾ. (Phlebotomy. )

ਫਸਨਾ: ਦੇਖੋ, ਫਸਣਾ.

ਫਸਲ, ਫਸਲਿ: ਅ਼. فصل ਫ਼ਸਲ. ਸੰਗਯਾ- ਰੁੱਤ. ਮੌਸਮ। ੨. ਸਮਾਂ. ਵੇਲਾ। ੩. ਦੱਖਿਣਾਯਨ ਅਤੇ ਉੱਤਰਾਯਣ ਵਿੱਚ ਹੋਣ ਵਾਲੀ ਖੇਤੀ. ਹਾੜੀ (ਰੱਬੀ) ਅਤੇ ਸਾਉਣੀ (ਖ਼ਰੀਫ਼) "ਫਸਲਿ ਅਹਾੜੀ ਏਕੁ ਨਾਮੁ." (ਵਾਰ ਮਲਾ ਮਃ ੧) ੪. ਕ੍ਰਿ. ਵਿ-

ਫਸਲ ਦੇ ਸਮੇ.

ਫਸਲੀ: ਵਿ- ਫ਼ਸਲ (ਰੁੱਤ) ਨਾਲ ਹੈ ਜਿਸ ਦਾ ਸੰਬੰਧ. ਮੌਸਮੀ। ੨. ਸੰਗ੍ਯਾ- ਇੱਕ ਪ੍ਰਕਾਰ ਦਾ ਸੰਮਤ (ਸੰਵਤ) ਜਿਸ ਦਾ ਹਿਸਾਬ ਹਾੜ੍ਹੀ ਸਾਂਉਣੀ ਦੀ ਫਸਲ ਅਨੁਸਾਰ ਰੱਖਿਆ ਜਾਂਦਾ ਹੈ. ਕਿਤਨਿਆਂ ਦੇ ਕਥਨ ਅਨੁਸਾਰ ਇਹ ਬਾਦਸ਼ਾਹ ਅਕਬਰ ਨੇ ਸਨ ੯੬੩ ਹਿਜਰੀ (A. D. ੧੫੫੬) ਵਿੱਚ ਚਲਾਇਆ ਸੀ. ਇਹ ਜੁਲਾਈ ਵਿੱਚ ਸ਼ੁਰੂ ਹੁੰਦਾ ਹੈ.

ਫਸਲੀ ਬਟੇਰਾ: ਭਾਵ- ਸ੍ਵਾਰਥੀ. ਖ਼ੁਦਗ਼ਰਜ. ਜਿਵੇਂ ਫਸਲ ਦੇ ਮੌਕੇ ਬਟੇਰ ਦਾਣੇ ਚੁਗਣ ਆਉਂਦਾ ਹੈ, ਇਸੇ ਤਰਾਂ ਆਪਣਾ ਮਤਲਬ ਸਿੱਧ ਕਰਨ ਲਈ ਪਹੁਚਣ ਵਾਲਾ.

ਫਸਾਉਣਾ: ਕ੍ਰਿ- ਪਾਸ਼ (ਫਾਹੀ) ਵਿੱਚ ਫਾਹੁਣਾ। ੨. ਕਾਬੂ ਕਰਨਾ. ਵਸ਼ ਵਿੱਚ ਲਿਆਉਣਾ.

ਫਸਾਹਤ: ਅ਼. فصاحت ਫ਼ਸਾਹ਼ਤ. ਸਫਾਈ ਨਾਲ ਬੋਲਣਾ, ਖ਼ੁਸ਼ਗੋਈ. Eloquence

ਫ਼ਸਾਦ: ਅ਼. فساد ਸੰਗ੍ਯਾ- ਵਿਗਾੜ. ਵਿਕਾਰ. ਖ਼ਰਾਬੀ। ੨. ਉਪਦ੍ਰਵ. ਵਿਦ੍ਰੋਹ। ੩. ਝਗੜਾ.

ਫ਼ਸਾਦੀ: ਅ਼. فسادی ਵਿ- ਫ਼ਸਾਦ (ਉਪਦ੍ਰਵ) ਕਰਨ ਵਾਲਾ। ੨. ਝਗੜਾਲੂ. ਦੰਗਈ.

ਫ਼ਸਾਨਹ: ਫ਼ਾ. فسانہ ਸੰਗ੍ਯਾ- ਕਹਾਣੀ. ਕਥਾ. ਕਿੱਸਾ। ੨. ਮਕਰ. ਫਰੇਬ. ਕਪਟ.

ਫਸੀਹ, ਫਸੀਹ਼: ਅ਼. فصیح ਫ਼ਸੀਹ਼. ਵਿ- ਸਾਫ ਅਤੇ ਸਹੀ ਬੋਲਣ ਵਾਲਾ. Eloquent.

ਫਸੀਲ: ਅ਼. فسیل ਫ਼ਸੀਲ. ਸੰਗ੍ਯਾ- ਸ਼ਹਰਪਨਾਹ. ਨਗਰ ਦੇ ਇਰਦ ਗਿਰਦ ਰਖ੍ਯਾ ਲਈ ਬਣਾਇਆ ਕੋਟ.

ਫ਼ਹਮ: ਅ਼. فہم ਸੰਗ੍ਯਾ- ਗਿਆਨ. ਸਮਝ. ਵਿਚਾਰ ਬੁੱਧਿ.

ਫ਼ਹਮਾਯਸ਼: ਫ਼ਾ. فہمایش ਸੰਗ੍ਯਾ- ਸਿਖ੍ਯਾ. ਨਸੀਹਤ। ੨. ਹੁਕਮ. ਆਗ੍ਯਾ.

ਫ਼ਹਮੀਦਨ: ਫ਼ਾ. فہمیدن ਕ੍ਰਿ- ਸਮਝਣਾ. ਵਿਚਾਰਨਾ.

ਫ਼ਹਮੀਦਾ: ਫ਼ਾ. فہمیدہ ਫ਼ਹਮੀਦਹ. ਵਿ- ਸਮਝ ਵਾਲਾ. ਸਮਝਿਆ ਹੋਇਆ. ਬੁੱਧਿਮਾਨ.

ਫ਼ਹਮੀਦਾ ਏਮ: ਫ਼ਾ. فہمیدہایم ਅਸੀਂ ਸਮਝਿਆ ਹੋਇਆ ਹੈ. ਦੇਖੋ, ਫ਼ਹਮੀਦਨ.

ਫਹਰਨਾ: ਕ੍ਰਿ- ਹਵਾ ਵਿੱਚ ਲਹਰਨਾ. "ਧ੍ਰੂੰਮ ਧੁਜਾ ਫਹਰੰਤ ਸਦਾ." (ਸਵੈਯੇ ਮਃ ੪. ਕੇ)

ਫਹਰਾਉਣਾ, ਫਹਰਾਨਾ: ਕ੍ਰਿ- ਹਵਾ ਵਿੱਚ ਉਡਾਉਣਾ. ਫਹਰਨ ਦੀ ਕ੍ਰਿਯਾ ਕਰਵਾਉਣੀ. ਫਰਹਰਾ ਲਹਰਾਉਣਾ. "ਚਲੇ ਧੁਜਾ ਫਹਰਾਵਤ ਹੇ." (ਸਲੋਹ)

ਫਹਾ: ਸੰਗ੍ਯਾ- ਫੋਹਾ. ਰੂੰ ਅਥਵਾ ਵਸਤ੍ਰ ਦੀ ਟਾਕੀ, ਜੋ ਫੋੜੇ ਆਦਿ ਪੁਰ ਲਾਈ ਜਾਵੇ। ੨. ਫੰਬਾ.

ਫਹਿਮ: ਦੇਖੋ, ਫਹਮ.

ਫਹਿਰਾਉਣਾ: ਦੇਖੋ, ਫਹਰਾਉਣਾ.

ਫਹੀ: ਸੰਗ੍ਯਾ- ਫਾਹੀ. ਪਾਸ਼. ਫਾਂਸੀ। ੨. ਵਿ- ਫਸਾਉਣ ਵਾਲੀ. "ਭੀੜੀ ਗਲੀ ਫਹੀ." (ਵਾਰ ਰਾਮ ੧. ਮਃ ੧) ੩. ਕ੍ਰਿ. ਵਿ- ਫਾਂਹੁੰਦੀ. ਫਸਾਂਉਦੀ. "ਜਮ ਕੀ ਭੀਰ ਨ ਫਹੀ." (ਸਾਰ ਮਃ ੫)

ਫਹੀਮ: ਅ਼. فہیم ਵਿ- ਫ਼ਹਮ (ਬੁੱਧਿ) ਵਾਲਾ. ਦਾਨਾ. ਗਿਆਨੀ. "ਕਿ ਪਰਮੰ ਫਹੀਮੈ." (ਜਾਪੁ)

ਫਕ: ਸੰ. ਫਕੑਕੑ. ਧਾ- ਹੌਲੀ ਹੌਲੀ ਜਾਣਾ, ਰੀਂਗਣਾ, ਚੋਰੀ ਕਰਨਾ, ਬਦਚਲਨੀ ਕਰਨੀ. ਦੇਖੋ, ਫਾਕੈ। ੨. ਅ਼. فک ਫ਼ੱਕ. ,

ਛੱਡਣਾ। ੩. ਆਜ਼ਾਦ ਕਰਨਾ। ੪. ਹੇਠਲਾ ਅਤੇ ਉੱਪਰਲਾ ਜਬਾੜਾ। ੫. ਬੱਚੇ ਦੇ ਮੂੰਹ ਵਿੱਚ ਦਵਾ ਪਾਉਣ ਦੀ ਕ੍ਰਿਯਾ। ੬. ਪੰਜਾਬੀ ਵਿੱਚ ਤੂੜੀ ਆਦਿ ਨੀਰੇ ਦੀ ਧੂੜ ਨੂੰ ਭੀ ਫੱਕ ਆਖਦੇ ਹਨ। ੭. ਫੱਕਣਾ ਕ੍ਰਿਯਾ ਦਾ ਅਮਰ। ੮. ਅ਼ਰਬੀ. ਫ਼ੱਕ਼ ਸ਼ਬਦ ਖੋਲ੍ਹਣਾ, ਪਾੜਨਾ, ਫਿੱਸਣਾ ਆਦਿ ਤੋਂ ਇਸ ਦਾ ਭਾਵਾਰਥ ਪੀਲਾ ਅਤੇ ਬਦਰੰਗ ਭੀ ਹੋ ਗਿਆ ਹੈ, ਜਿਵੇਂ- ਉਸ ਦਾ ਚੇਹਰਾ ਫ਼ੱਕ਼ ਹੋਗਿਆ. (ਲੋਕੋ)

ਫਕਣਾ: ਕ੍ਰਿ- ਮੂੰਹ ਫੈਲਾਕੇ ਕਣ ਖਾਣਾ. ਦਾਣੇ ਆਦਿ ਪਦਾਰਥਾਂ ਦਾ ਫੱਕਾ ਮਾਰਨਾ.

ਫਕਤ: ਅ਼. فقط ਫ਼ਕ਼ਤ਼. ਵਜ- ਕੇਵਲ. ਸਿਰਫ. ਮਾਤ੍ਰ। ੨. ਬੱਸ. ਅਲੰ.

ਫਕਰ: ਅ਼. فقر ਫ਼ਕ਼ਰ. ਸੰਗਯਾ- ਨਿਰਧਨਤਾ। ੨. ਫਕੀਰੀ. ਸੰਨ੍ਯਾਸ.

ਫਕਰਦੇਸ: ਸੰਗਯਾ- ਸਾਧੁਸਮਾਗਮ. ਸੰਤਸਭਾ. "ਫਕਰਦੇਸ ਕਿਉਂ ਮਿਲੈ ਦਮੈ ਤੇ." (ਭਾਗੁ) ਦੰਮਾਂ (ਰੁਪਯਾਂ) ਨਾਲ ਸਾਧੁਸਮਾਗਮ ਕਿਸ ਤਰਾਂ ਮਿਲ ਸਕਦਾ ਹੈ?

ਫਕਰੁ: ਦੇਖੋ, ਫਕਰੁ ੨. "ਫਕਰੁ ਕਰੇ ਹੋਰ ਜਾਤਿ ਗਵਾਏ." (ਵਾਰ ਸਾਰ ਮਃ ੧) "ਕਰਿ ਫਕਰੁ ਦਾਇਮ." (ਤਿਲੰ ਕਬੀਰ)

ਫਕੜ, ਫਕੜੁ: ਦੇਖੋ, ਫਕਰ। ੨. ਵਿ- ਫੋਕੜ. ਅਸਾਰ. ਫਲ ਰਹਿਤ. "ਫਕੜ ਜਾਤੀ ਫਕੜੁ ਨਾਉ." (ਵਾਰ ਸ੍ਰੀ ਮਃ ੧) ੩. ਕੁਕਰਮੀ. ਅਨਾਚਾਰੀ. ਦੇਖੋ, ਫਕ। ੪. ਸੰਗਯਾ- ਕੁਬੋਲ. ਬਕਵਾਸ.

ਫਕੜਿ: ਫੋਕੜ ਵਿੱਚ ਅਸਾਰ ਕਰਮ ਵਿੱਚ "ਲੋਕਾ, ਮਤ ਕੋ ਫਕੜਿ ਪਾਇ." (ਆਸਾ ਮਃ ੧) ੨. ਦੇਖੋ, ਫਕੜੀ.

ਫਕੜੀ: ਸਿੰਧੀ. ਫਕਿੜੀ. ਸੰਗਯਾ- ਭੰਡੀ. ਬਦਨਾਮੀ ਦੀ ਡੌਂਡੀ. "ਓਸੁ ਪਿਛੈ ਵਜੋ ਫਕੜੀ." (ਵਾਰ ਸੋਰ ਮਃ ੪) ੨. ਵਿ- ਬਦਚਲਨ. ਕੁਕਰਮੀ. ਦੇਖੋ, ਫਕ ੧.

ਫਕੜੁ: ਦੇਖੋ, ਫਕਰ ੨. "ਹੈਨਿ ਵਿਰਲੇ ਨਾਹੀ ਘਣੇ ਫੈਲਫਕੜੁ ਸੰਸਾਰੁ." (ਸਵਾ ਮਃ ੧) ਜੋ ਫੇਲ (ਅ਼ਮਲ) ਕਰਕੇ ਫਕੀਰ ਹਨ, ਉਹ ਵਿਰਲੇ ਹਨ। ੨. ਵਿ- ਫੋਕੜ. ਅਸਾਰ. "ਫਕੜੁ ਪਿਟੇ ਅੰਧੁ." (ਵਾਰ ਮਲਾ ਮਃ ੧)

ਫਕਾ: ਸੰਗਯਾ- ਦਾਣੇ ਆਦਿ ਵਸਤੁ ਦਾ ਉਤਨਾ ਪ੍ਰਮਾਣ, ਜੋ ਇੱਕ ਵਾਰ ਮੂੰਹ ਵਿੱਚ ਪਾਇਆ ਜਾ ਸਕੇ। ੨. ਫੱਕਣ ਦੀ ਵਸਤੁ. ਦੇਖੋ, ਫਕਣਾ। ੩. ਅ਼. فاقہ ਫ਼ਾਕ਼ਹ. ਫ਼ਾਕ਼ਾ. ਨਿਰਾਹਾਰ ਰਹਿਣ ਦਾ ਭਾਵ. "ਇਕਿ ਖਾਵਹਿ ਬਖਸ ਤੋਟਿ ਨਾ ਆਵੈ, ਇਕਨਾ ਫਕਾ ਪਾਇਆ ਜੀਉ." (ਗਉ ਮਃ ੪)

ਫਕੀਰ: ਅ਼. فقیر ਫ਼ਕ਼ੀਰ. ਸੰਗਯਾ- ਨਿਰਧਨ. ਕੰਗਾਲ. "ਜਿਨ ਕੈ ਪਲੈ ਧਨ ਵਸੈ ਤਿਨ ਕਾ ਨਾਉ ਫਕੀਰ." (ਵਾਰ ਮਲਾ ਮਃ ੧) ੨. ਦਰਵੇਸ਼. ਸਾਧੂ. ਪੂਰਣ ਤਿਆਗੀ. "ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ." (ਮਾਰੂ ਅਃ ਮਃ ੧)

ਕਾਹੇ ਕੋ ਤੂ ਘਰ ਛੋਡਾ ਕਾਹੇ ਕੋ ਘਰਨਿ ਛੋਡੀ?

ਕਾਹੇ ਕੋ ਇੱਜਤ ਖੋਈ ਦੁਰਬੇਸ਼ ਬਾਨੇ ਕੀ?

ਕਾਹੇ ਕੋ ਤੂ ਨੰਗਾ ਹੂਆ ਕਾਹੇ ਕੋ ਬਿਭੂਤਿ ਲਾਈ?

ਕਾਨੇ ਸੀਖ ਦਈ ਤੁਝੇ ਜੰਗਲ ਮੇ ਜਾਨੇ ਕੀ?

ਆਦਤ ਕੋ ਛੋੜਦੇਤਾ ਪਰੇਸ਼ਾਨ ਮਤ ਹੋਤਾ?

ਸੀਖ ਸੁਨ ਲੇਤਾ ਤੂ "ਚਤੁਰਸਿੰਘ" ਰਾਨੇ ਕੀ,

ਗੋਸ਼ਾ ਜਾਇ ਏਕ ਲੇਤਾ ਖਾਨੇ ਕੋ ਖੁਦਾਇ ਦੇਤਾ

ਜਾਤੀ ਮਿਟ ਚਿੰਤਾ ਰੇ ਫ਼ਕ਼ੀਰ ਖਾਨੇ ਦਾਨੇ ਕੀ.

ਜਲ ਹਿਮ ਮਾਹਿ ਦੇਖੀ ਆਗ ਕੀ ਲਪਟ ਕਹਾਂ?
ਸਾਧੁ ਕੇ ਕਪਟ ਕਹਾਂ ਭਯ ਕਹਾਂ ਬੀਰ ਕੇ?
ਖਲਨ ਕੇ ਗਯਾਨ ਚਿਤ ਚਪਲ ਕੇ ਧਯਾਨ ਕਹਾਂ?
ਆਤੁਰੀ ਸਿੰਘਾਨ ਕਹਾਂ ਬਚਨ ਅਧੀਰ ਕੇ?
"ਚੰਦਨ" ਕਹਿਤ ਧਨ ਕਾਜ ਲਾਜ ਛੋਡ ਹਿਯੇ?
ਲਾਲਚ ਸਮਾਤ ਕਹਾਂ ਕਾਂਹੂੰ ਮਤਿਧੀਰ ਕੇ?
ਮੂਢਤਾ ਮੇ ਰਸ ਕਹਾਂ ਸੂਮਤਾ ਮੇ ਜਸ ਕਹਾਂ?
ਜੋਗੀ ਬਾਮਬਸ ਕਹਾਂ ਫਿਕਰ ਫਕੀਰ ਕੇ?

ਫਕੀਰੀ: ਸੰਗਯਾ- ਨਿਰਧਨਤਾ. ਕੰਗਾਲੀ। ੨. ਦਰਵੇਸ਼ੀ. ਸਾਧੁਪਨ.

ਜਬ ਲੌ ਹੈ ਪਰਾ ਖ਼੍ਵਾਬ ਗਫਲ਼ ਕਾ ਆਂਖੋਂ ਪਰ
ਲੱਜਤ ਤਭੀ ਲੌ ਬਾਦਸ਼ਾਹੀ ਔ ਵਜ਼ੀਰੀ ਹੈ,
ਕਿਸੀ ਵਕ੍ਤ ਚੌਂਕ ਜਾਵੈ ਭੂਲ ਪਰਦਾ ਉਠਾਵੈ
ਰੰਗ ਲਾਲ ਨਜ਼ਰਾਵੈ ਛੂਟੈ ਦਿਲਗੀਰੀ ਹੈ,
"ਜੈ" ਕਹੈ ਜਹਾਂਨ ਬੀਚ ਨਿਗਹਸ਼ਾਨ ਫੀਕੀ ਕਛੁ
ਭਾਵਤ ਨ ਨੀਕੀ ਧੁਨਿ ਨੌਬਤ ਨਫੀਰੀ ਹੈ,
ਆਪ ਹੂਆ ਮੀਰੀ ਤਬ ਪਸ਼ਮ ਅਮੀਰੀ ਗਨੈ
ਭਾਵੈ ਨਾ ਮੁਸਾਹਿਬੀ ਤੌਂ ਸਾਹਿਬੀ ਫਕੀਰੀ ਹੈ.
ਦੁਖਨ ਸੋਂ ਦੁਖਿ ਔਰ ਸੁਖਨ ਸੋਂ ਅਨੁਰਾਗ,
ਨਿੰਦਕ ਸੋਂ ਬੈਰ ਫਿਰ ਬੰਦਕ ਸੋਂ ਗੀਰੀ ਹੈ,
ਪੂਜਾ ਕੋ ਭਰਮ ਔ ਪੁਜਾਯਬੇ ਕੋ ਦੰਭ ਜੌਲੌ
ਪਾਯੇ ਤੇ ਅਨੰਦ ਅਨਪਾਯੇ ਦਿਲਗੀਰੀ ਹੈ,
ਜੀਵਨ ਕੀ ਆਸ਼ਾ ਅਰੁ ਮਰਣ ਫਿਕਰ ਜੌਲੌ
ਬਿਨ ਹਰਿਭਕ੍ਤਿ ਜਗ ਜਾਮਤ ਕੀ ਜੀਰੀ ਹੈ,
"ਅਝਰ ਅਨਨਯ" ਏਤੀ ਫਾਟੈ ਨ ਫਿਕਰ ਜੌਲੌ
ਤੌਲੌ ਫਜਿਹਤ[810] ਬਾਬਾ! ਫੁਰੈ ਨਾ ਫਕੀਰੀ ਹੈ.

ਫੱਕ: ਦੇਖੋ, ਫਕ.

---

[810] ਫ਼ਜੀਹਤ. ਖੁਆਰੀ.

ਫੱਕਿਕਾ: ਸੰ. ਸੰਗਯਾ- ਸਿੱਧਾਂਤ ਸਾਬਤ ਕਰਨ ਵਾਲੀ ਦਲੀਲ। ੨. ਅਯੋਗ ਵਿਚਾਰ। ੩. ਧੋਖੇਬਾਜ਼ੀ। ੪. ਕਿਸੇ ਪੁਸ੍ਤਕ ਦੀ ਪੰਕ੍ਤੀ (ਸਤਰ)

ਫੱਕੀ: ਸੰਗਯਾ- ਫੱਕਣ ਦੀ ਵਸ੍ਤੁ. ਦੇਖੋ, ਫਕ ੫.

ਫ਼ੱਕੁੱਲਰਹਨ: ਅ਼. فکّ الرہن ਸੰਗਯਾ- ਗਹਿਣੇ ਰੱਖੀ ਚੀਜ਼ ਨੂੰ ਛੁਡਾਉਣ ਦੀ ਕ੍ਰਿਯਾ.

ਫ਼ਖ਼ਰ: ਅ਼. فخر ਸੰਗਯਾ- ਵਡਾਈ. ਮਾਨ। ੨. ਉੱਤਮਤਾ. ਸ਼੍ਰੇਸ਼੍ਠਤਾ.

ਫਗਵਾ: ਵ੍ਰਜ. ਫਾਗ. ਹੋਲੀ. ਦੇਖੋ, ਫਗੂਆ.

ਫਗਵਾੜਾ: ਰਿਆਸਤ ਕਪੂਰਥਲਾ ਵਿੱਚ ਇਹ ਵਡਾ ਪੁਰਾਣਾ ਸ਼ਹਿਰ ਹੈ, ਜੋ ਸ਼ਾਹੀ ਸੜਕ ਅਤੇ ਨਾਰਥ ਵੈਸਟ੍ਰਨ ਰੇਲਵੇ ਤੇ ਹੈ. ਇਹ ਅੰਮ੍ਰਿਤਸਰ ਤੋਂ ੬੨ ਮੀਲ ਹੈ. ਇੱਥੇ ਦੋ ਗੁਰਦ੍ਵਾਰੇ ਹਨ:-

(੧) ਬਾਂਸਾਂ ਵਾਲੇ ਦਰਵਾਜ਼ੇ ਭੈਰੋ ਦੇ ਮੰਦਿਰ ਪਾਸ ਸ਼੍ਰੀ ਗੁਰੂ ਹਰਿਰਾਇ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਕਰਤਾਰਪੁਰੋਂ ਕੀਰਤਪੁਰ ਜਾਂਦੇ ਇੱਥੇ ਠਹਿਰੇ ਹਨ. ਛੋਟਾ ਜੇਹਾ ਗੁਰਦ੍ਵਾਰਾ ਬਾਜ਼ਾਰ ਨਾਲ ਬਣਿਆ ਹੋਇਆ ਹੈ. ਪੁਜਾਰੀ ਉਦਾਸੀ ਹੈ.

(੨) ਸੁਖਚੈਨਆਣਾ. ਸ਼ਹਰ ਤੋਂ ਡੇਢ ਮੀਲ ਦੇ ਕਰੀਬ ਪੂਰਵ, ਸ਼੍ਰੀ ਗੁਰੂ ਹੀਰਗੋਬਿੰਦ ਜੀ ਅਤੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਇੱਕੋ ਅਸਥਾਨ ਹੈ. ਗੁਰਦ੍ਵਾਰਾ ਛੋਟਾ ਜੇਹਾ ਬਣਿਆ ਹੋਇਆ ਹੈ. ਪੱਕਾ ਸੇਵਾਦਾਰ ਕੋਈ ਨਹੀਂ. ਗੁਰਦ੍ਵਾਰੇ ਨਾਲ ੩. ਘਮਾਉਂ ਜ਼ਮੀਨ ਰਿਆਸਤ ਕਪੂਰਥਲੇ ਵੱਲੋਂ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਫਗਵਾੜਾ ਤੋਂ ਦੋ ਮੀਲ ਉੱਤਰ ਪੂਰਵ ਹੈ.

ਫ਼ਗਾਂ: ਫ਼ਾ. فغاں ਸੰਗਯਾ- ਸ਼ੋਰ, ਰੌਲਾ। ੨. ਦੁਹਾਈ. ਫਰਿਆਦ। ੩. ਅਫ਼ਗਾਨ (ਪਠਾਨ) ਦਾ ਸੰਖੇਪ.

ਫਗੁਆ: ਦੇਖੋ ਫਗੂਆ.

ਫਗੁਣ, ਫਗੁਨ: ਦੇਖੋ, ਫਲਗੁਣ.

ਫਗੂਆ: ਸੰਗਯਾ- ਫੱਗੁਣ (ਫਾਲਗੁਨ) ਮਹੀਨੇ ਵਿੱਚ ਹੋਣ ਵਾਲਾ ਹੋਰੀ ਦਾ ਤਿਉਹਾਰ. ਫਗਵਾ। ੨. ਹੋਰੀ ਦਾ ਗੀਤ.

ਫੱਗੂਵਾਲਾ: ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਥਾਣਾ ਭਾਵਨੀਗੜ੍ਹ ਵਿੱਚ ਇੱਕ ਪਿੰਡ ਹੈ. ਇਸ ਤੋਂ ਦੱਖਣ ਅੱਧ ਮੀਲ ਦੇ ਕ਼ਰੀਬ ਸ਼੍ਰੀ ਗੁਰੂ ਤੇਗਬਹਾਦਰ ਜੀ ਦਾ ਗੁਰਦ੍ਵਾਰਾ ਹੈ. ਕੇਵਲ ਕੱਚਾ ਮੰਜੀਸਾਹਿਬ ਬਣਿਆ ਹੋਇਆ ਹੈ. ਪਾਸ ਇੱਕ ਪੱਕਾ ਰਹਾਇਸ਼ੀ ਮਕਾਨ ਹੈ. ਇੱਕ ਬ੍ਰਾਹਮਣ ਧੂਪ ਦੀਪ ਦੀ ਸੇਵਾ ਕਰਦਾ ਹੈ. ਰੇਲਵੇ ਸਟੇਸ਼ਨ ਨਾਭੇ ਤੋਂ ੧੪. ਮੀਲ ਪੱਛਮ ਪੱਕੀ ਸੜਕ ਤੇ ਹੈ. ਸੰਗਰੂਰ ਤੋਂ ੧੧. ਮੀਲ ਦੱਖਣ ਪੂਰਵ ਹੈ.

ਫੱਗੋ: ਦੇਖੋ, ਚਚਾ ਫੱਗੋ.

ਫ਼ਜਰ: ਅ਼. فجر ਸੰਗਯਾ- ਭੋਰ. ਤੜਕਾ. ਸਵੇਰਾ. ਪ੍ਰਾਤਹਕਾਲ.

ਫਜਲ: ਅ. فضل ਫ਼ਜ਼ਲ. ਸੰਗਯਾ- ਕ੍ਰਿਪਾ. ਮਿਹਰਬਾਨੀ. "ਪਾਵੋਗੇ ਖੁਦਾ ਤੇ ਫਜਲ." (ਗੁਪ੍ਰਸੂ) ਇਸ ਦਾ ਉੱਚਾਰਣ ਫ਼ਦਲ ਭੀ ਹੋਇਆ ਕਰਦਾ ਹੈ.

ਫਜਾ: ਅ਼. فضا ਫ਼ਜਾ. ਸੰਗਯਾ- ਖੁਲ੍ਹਾ ਮੈਦਾਨ.

ਫਜਿਹਤ, ਫਜੀਹਤ: ਅ਼. فضیحت ਫ਼ਜੀਹ਼ਤ. ਸੰਗਯਾ- ਦੁਰਦਸ਼ਾ. ਖ਼ੁਆਰੀ. ਦੇਖੋ, ਫਦੀਹਤਿ.

ਫਜੀਲਤ: ਅ਼. فضیلت ਫ਼ਜੀਲਤ. ਸੰਗਯਾ- ਉੱਤਮਤਾ. ਸ਼੍ਰੇਸ਼੍ਠਤਾ। ੨. ਬਜ਼ੁਰਗੀ. ਵਡਿਆਈ.

ਫਜੀਲਤ ਮਆਬ: ਫ਼ਾ. فضیلت مآب ਫ਼ਜੀਲਤ ਮਆਬ. ਵਿ- ਬਜ਼ੁਰਗੀ ਦਾ ਨਿਵਾਸ ਅਸਥਾਨ ੨. ਬਜ਼ੁਰਗੀ ਦਾ ਰੁਖ਼ ਹੈ ਜਿਸ

ਤਰਫ.

ਫਜੂਲ: ਅ. فضُوٗل ਫ਼ੁਜ਼ੂਲ. ਵਿ- ਵ੍ਰਿਥਾ. ਨਿਰਰਥਕ। ੨. ਵਾਧੂ। ੩. ਬਕਵਾਸੀ। ੪. ਫ਼ੁਜ਼ੂਲ- ਖ਼ਰਚ ਦਾ ਸੰਖੇਪ. "ਐਸੇ ਬਿਪ੍ਰ ਫਜੂਲ ਕੋ ਮੋਹਿ ਨ ਰਾਖਯੋਜਾਇ." (ਚਰਿਤ੍ਰ ੯੧)

ਫਜੂਲਖਰਚ: ਫ਼ਾ. فضُوٗل خرچ ਫ਼ੁਜ਼ੂਲਖ਼ਰਚ. ਵਿ- ਵਜਰਥ ਖ਼ਰਚ ਕਰਨ ਵਾਲਾ। ੨. ਵਿਤ ਤੋਂ ਵਧਕੇ ਖਰਚਣ ਵਾਲਾ (extravagant).

ਫਜੂਲੀ: ਫ਼ਾ. فضُوٗلی ਫ਼ਜ਼ੂਲੀ. ਵਿ- ਬਕਬਾਦੀ। ੨. ਸੰਗਯਾ- ਨਿਕੰਮੀ ਕ੍ਰਿਯਾ। ੩. ਫਜੂਲਖ਼ਰਚੀ. "ਅਬ ਛੋਰ ਫਜੂਲੀ ਕੋ ਹੋਹੁ ਸਿਆਨਾ." (ਨਾਪ੍ਰ)

ਫਟਕ: ਪੰਛੀ ਦਾ ਪੰਖਾਂ (ਖੰਭਾਂ) ਨਾਲ ਕੀਤਾ ਫਟ ਫਟ ਸ਼ਬਦ. "ਪੰਛੀ ਫਟਕ ਸਕੈਂ ਨਹੀਂ." (ਚਰਿਤ੍ਰ ੮੨) ਭਾਵ- ਪੰਛੀ ਦੀ ਗੰਮਤਾ ਨਹੀਂ। ੨. ਸੰ. स्फटिक- ਸ੍ਫਟਿਕ. ਸੰਗਯਾ- ਬਿੱਲੋਰ. "ਮੁਦ੍ਰਾ ਫਟਕ ਬਨਾਈ ਕਾਨ." (ਰਾਮ ਅਃ ਮਃ ੧) ੩. ਕੱਚ.

ਫਟਕਰੀ, ਫਟਕੜੀ: ਸੰ. ਸ੍ਫਟਿਕਾ. ਸੰਗਯਾ- ਬਿੱਲੌਰ ਜੇਹੀ ਚਮਕਣ ਵਾਲੀ ਖਾਣਿ (ਖਾਨਿ) ਫਟਕਰੀ ਤੋਂ ਉਪਜੀ ਇੱਕ ਵਸਤੁ, ਜੋ ਖਾਰੀ ਹੁੰਦੀ ਹੈ. ਇਹ ਅਨੇਕ ਦਵਾਈਆਂ ਵਿੱਚ ਵਰਤੀ ਜਾਂਦੀ ਹੈ ਅਰ ਵਸਤ੍ਰ ਦੇ ਪਾਹ ਲਈ ਪ੍ਰਸਿੱਧ ਚੀਜ ਹੈ. Alum. L. Alumen.

ਫਟਕਾਚਲ: ਸੰਗਯਾ- ਸ੍ਫਟਿਕ (ਬਿੱਲੌਰ) ਜੇਹਾ ਚਮਕੀਲਾ ਪਹਾੜ, ਕੈਲਾਸ. "ਫਟਕਾਚਲ ਸਿਵ ਕੇ ਸਹਿਤ ਬਹੁਰ ਬਿਰਾਜੀ ਜਾਇ." (ਚਰਿਤ੍ਰ ੧੪੧)

ਫਟਣਾ, ਫਟਨਾ: ਸੰ. स्फट्. ਧਾ- ਖਿੜਨਾ, ਪਾਟਣਾ। ੨. ਸੰਗਯਾ- ਸ੍ਫੁਟਨ. ਫਟਕੇ (ਪਾਟਕੇ) ਨਿਕਲਣਾ। ੩. ਪਾਟਣਾ.

ਫਟਾਕ: ਅਨੁ. ਪਛਾੜਨ ਤੋਂ ਉਪਜੀ ਧੁਨਿ. "ਫਟਾਕੈਂ ਗਜਾਨੈ." (ਗਜਾਨ)

ਫਟਿਕ: ਦੇਖੋ, ਫਟਕ.

ਫੱਟ: ਸੰਗਯਾ- ਘਾਉ. ਜ਼ਖ਼ਮ. ਚੀਰਾ। ੨. ਪਾਟ. ਨਦੀ ਦੇ ਦੋਹਾਂ ਕਿਨਾਰਿਆਂ ਦੇ ਵਿੱਚ ਦੀ ਵਿੱਥ। ੩. ਲੱਕੜ ਦਾ ਤਖਤਾ.

ਫੱਟੜ: ਵਿ- ਜ਼ਖ਼ਮੀ. ਘਾਇਲ.

ਫੱਟੀ: ਫੱਟ (ਘਾਉ) ਪੁਰ ਬੰਨ੍ਹਣ ਦੀ ਪੱਟੀ। ੨. ਕਮਾਣ ਦੀ ਮੁੱਠ ਅਤੇ ਗੋਸ਼ੇ ਦੇ ਵਿਚਕਾਰ ਦਾ ਚੌੜਾ ਭਾਗ. "ਫੱਟੀ ਦ੍ਵੈ ਚੌਰੀ ਅਧਿਕ, ਦ੍ਰਿੜ੍ਹ ਮੁਸ੍ਰਿ ਵਿਸਾਲਾ." (ਗੁਪ੍ਰਸੂ) ੩. ਪੱਟੀ. ਤਖਤੀ.

ਫਣ: ਸੰ. फण्. ਧਾ- ਜਾਣਾ, ਕੁੱਦਣਾ, ਚਮਕਣਾ। ੨. ਸੰਗਯਾ- ਸੱਪ ਦਾ ਕੰਠ ਅਸਥਾਨ, ਜੋ ਹਵਾ ਨਾਲ ਫੁੱਲਕੇ ਚੌੜਾ ਹੋਇਆ ਹੋਵੇ. ਫੈਲਿਆ ਹੋਇਆ ਸੱਪ ਦਾ ਸਿਰ. ਭੋਗ (hooz of snake).

ਫਣਧਰ: ਸੰਗਯਾ- ਫਣ ਰੱਖਣ ਵਾਲਾ, ਸੱਪ. ਫਣੀਅਰ.

ਫਣਿ: ਦੇਖੋ, ਫਣੀ.

ਫਣਿੰਦ: ਦੇਖੋ, ਫਣੀਂਦ੍ਰ.

ਫਣਿੰਦਭੁਜ: ਸੰਗਯਾ- ਫਣੀਂਦ੍ਰ (ਵਡੇ ਸੱਪ) ਨੂੰ ਖਾਜਾਣ ਵਾਲਾ, ਗਰੁੜ. "ਸ੍ਰਿਅ ਜੱਛ ਗੰਧਰਬ ਫਣਿੰਦਭੁਜੰ" (ਅਕਾਲ) ੨. ਸੱਪ ਖਾਣ ਵਾਲੇ ਲਮਢੀਂਗ ਮੋਰ ਆਦਿ.

ਫਣਿਮਣਿ: ਸੰਗਯਾ- ਸੱਪ ਦੇ ਸਿਰ ਹੋਣ ਵਾਲੀ ਮਣਿ. ਦੇਖੋ, ਫਨਿਮਨਿ.

ਫਣੀ: ਸੰ. फणिन्. ਫਣ ਰੱਖਣ ਵਾਲਾ, ਸਰਪ. ਫਣੀਅਰ. ਭੋਗੀ.

ਫਣੀਅਰ: ਦੇਖੋ, ਫਣਧਰ.

ਫਣੀਸ: ਸੰਗਯਾ- ਫਣੀਸ਼. ਵਡਾ ਸਰਪ। ੨. ਸੱਪਾਂ ਦਾ ਰਾਜਾ, ਸ਼ੇਸ਼ਨਾਗ। ੩. ਵਾਸੁਕਿ। ੪. ਦੇਖੋ, ਡਿਓਢਾ ਦਾ ਰੂਪ (ੲ).

ਫਣੀਂਦ੍ਰ, ਫਮੀਰਾਜ, ਫਣੇਸ਼: ਸੰਗਯਾ- ਸੱਪਾਂ ਦਾ ਰਾਜਾ ਸ਼ੇਸ਼ਨਾਗ। ੨. ਵਾਸੁਕਿ ਨਾਗ। ੩. ਵਡਾ ਸੱਪ.

ਫਤਹ: ਅ਼. فتح ਫ਼ਤਹ਼. ਸੰਗਯਾ- ਵਿਜਯ. ਜਿੱਤ. "ਦੇਗੋ ਤੇਗ਼ੋ ਫ਼ਤਹ ਨੁਸਰਤ ਬੇ ਦਰੰਗ।" ੨. ਸਫਲਤਾ. ਕਾਮਯਾਬੀ। ੩. ਖ਼ਾਲਸੇ ਦਾ ਪਰਸਪਰ ਮਿਲਣ ਸਮੇਂ ਸ਼ਿਸ਼੍ਟਾਚਾਰ ਦਾ ਵਾਕ. ਦੇਖੋ, ਵਾਹਗੁਰੂ ਜੀ ਕੀ ਫਤਹ.

ਫ਼ਤਵਾ: ਅ਼. فتوا ਸੰਗਯਾ- ਫੈਸਲਾ। ੨. ਧਰਮ ਦੇ ਆਚਾਰਯ ਦੀ ਦਿੱਤੀ ਵ੍ਯਵਸ੍ਥਾ.

ਫਤਿਹ: ਦੇਖੋ, ਫਤਹ. "ਫਤਿਹ ਭਈ ਮਨਿਜੀਤ." (ਬਾਵਨ)

ਫਤੀਲ: ਅ਼. فتیلہ ਫ਼ਤੀਲਹ. ਸੰਗਯਾ- ਬੱਤੀ. ਵੱਟੀ.

ਫ਼ਤੀਲਸੋਜ਼: ਫ਼ਾ. فتیلسوز ਸੰਗਯਾ- ਦੀਵਟ. ਧਾਤੁ ਦੀ ਚੌਮੁਖੀ ਦੀਵਟ, ਜਿਸ ਪੁਰ ਤੇਲ ਦਾ ਪਾਤ੍ਰ ਅਤੇ ਬੱਤੀਆਂ ਲਈ ਜੁਦੇ ਜੁਦੇ ਥਾਂ ਬਣੇ ਹੋਏ ਹੁੰਦੇ ਹਨ.

ਫਤੀਲਾ: ਦੇਖੋ, ਫਤੀਲ.

ਫਤੂਹ: ਫਤਹ ਦਾ ਬਹੁ ਵਚਨ.

ਫਤੂਹੀ: ਗੁੱਜਰਵਾਲ ਦਾ ਇੱਕ ਜੱਟ ਸਰਦਾਰ, ਜਿਸ ਨੇ ਗੁਰੂ ਹਰਿਗੋਵਿੰਦ ਸਾਹਿਬ ਨੂੰ ਆਪਣਾ ਬਾਜ਼ ਦੇਣੋਂ ਇਨਕਾਰ ਕੀਤਾ ਸੀ. ਜਦ ਡੋਰਾ ਨਿਗਲਕੇ ਬਾਜ਼ ਮਰਣ ਵਾਲਾ ਹੋ ਗਿਆ, ਤਦ ਸਤਿਗੁਰੂ ਨੂੰ ਅਰਪਕੇ ਅਪਰਾਧ ਬਖ਼ਸ਼ਵਾਇਆ ਅਤੇ ਸਿੱਖ ਹੋਇਆ। ੨. ਅ਼. فتوحی ਫ਼ਤੂਹ਼ੀ. ਘੁੰਡੀ ਅਥਵਾ ਬਟਨਦਾਰ ਕੁੜਤੀ. ਜਾਗਟ. ਅੰ. Jacket.

ਫ਼ਤੂਰ: ਅ਼. فتور ਸੰਗਯਾ- ਵਿਕਾਰ. ਦੋਸ਼। ੨. ਉਪਦ੍ਰਵ. ਊਧਮ। ੩. ਵਿਘਨ। ੪. ਨੁਕਸਾਨ। ੫. ਸੁਸਤੀ. ਆਲਸ.

ਫਤੇ: ਦੇਖੋ, ਫਤਹ ਅਤੇ ਵਾਹਗੁਰੂ ਜੀ ਕੀ ਫਤਹ.

ਫਤੇਸ਼ਾਹ: ਸ਼੍ਰੀਨਗਰ (ਗੜ੍ਹਵਾਲ) ਦਾ ਰਾਜਾ, ਜਿਸ ਦਾ ਨਾਮ ਫਤੇਚੰਦ ਭੀ ਹੈ. ਇਸ ਨੇ ਕਹਲੂਰ ਦੇ ਰਾਜਾ ਭੀਮਚੰਦ ਦੇ ਆਖੇ ਲੱਗਕੇ ਅਕਾਰਣ ਗੁਰੂ ਗੋਬਿੰਦ ਸਿੰਘ ਜੀ ਨਾਲ ਪਾਂਵਟੇ ਪਾਸ ਭੰਗਾਣੀ ਦੇ ਮੈਦਾਨ ਵਿੱਚ ਜੰਗ ਕਰਕੇ ਹਾਰ ਖਾਧੀ. ਦੇਖੋ, ਵਿਚਿਤ੍ਰਨਾਟਕ ਅਃ ੮. "ਫਤੇਸਾਹ ਕੋਪਾ ਤਬ ਰਾਜਾ। ਲੋਹ ਪਰਾ ਹਮ ਸੋਂ ਬਿਨ ਕਾਜਾ." ਦੇਖੋ, ਭੰਗਾਣੀ.

ਫਤੇਸਿੰਘ: ਦੇਖੋ, ਫਤੇਸਿੰਘ ਬਾਬਾ। ੨. ਜੀਂਦਪਤਿ ਰਾਜਾ ਭਾਗਸਿੰਘ ਦਾ ਪੁਤ੍ਰ, ਜੋ ਪਿਤਾ ਦੇ ਦੇਹਾਂਤ ਪਿੱਛੋਂ ਸਨ ੧੮੧੯ ਵਿੱਚ ਜੀਂਦ ਦੀ ਗੱਦੀ ਤੇ ਬੈਠਾ, ਅਰ ਤੇਈ ਵਰ੍ਹੇ ਦੀ ਉਮਰ ਵਿੱਚ ੩. ਫਰਵਰੀ ਸਨ ੧੮੨੨ ਨੂੰ ਸੰਗਰੂਰ ਪਰਲੋਕ ਸਿਧਾਰਿਆ। ੩. ਦੇਖੋ, ਕਪੂਰਥਲਾ.

ਫਤੇਸਿੰਘ ਬਾਬਾ: ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਪੁਤ੍ਰ, ਜੋ ਫੱਗੁਣ ਸੁਦੀ ੭. ਸੰਮਤ ੧੭੫੫ ਨੂੰ ਮਾਤਾ ਜੀਤੋ ਜੀ ਤੋਂ ਆਨੰਦਪੁਰ ਜਨਮੇ. ੧੩. ਪੋਹ ਸੰਮਤ ੧੭੬੧ ਨੂੰ ਸੂਬਾ ਵਜ਼ੀਰਖ਼ਾਂ ਦੇ ਹੁਕਮ ਨਾਲ ਸਰਹਿੰਦ ਸ਼ਹੀਦ ਕੀਤੇ ਗਏ. ਇਨ੍ਹਾਂ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦਾ ਸ਼ਰੀਰ ਬਾਬਾ ਫੂਲ ਦੇ ਸੁਪੁਤ੍ਰ ਤਿਲੋਕ ਸਿੰਘ ਰਾਮ ਸਿੰਘ[811] ਨੇ ਸਸਕਾਰਿਆ, ਜੋ ਉਸ ਵੇਲੇ

[811] ਉਸ ਵੇਲੇ ਇਨ੍ਹਾਂ ਦੇ ਨਾਮ ਨਾਲ ਸਿੰਘ ਪਦਵੀ ਨਹੀਂ ਸੀ ਕਿਉਂਕਿ ਉਸ ਸਮੇਂ ਇਨ੍ਹਾਂ ਨੇ ਅਮ੍ਰਿਤ ਨਹੀਂ ਛਕਿਆ ਸੀ. ਇਨ੍ਹਾਂ ਦੋਹਾਂ ਭਾਈਆਂ ਦੇ

ਮੁਆਮਲਾ ਭਰਣ ਸਰਹਿੰਦ ਗਏ ਹੋਏ ਸਨ. ਦੇਖੋ, ਗੁਪ੍ਰਸੂ ਐਨ ੧. ਅਃ ੨੯. ਦੇਖੋ, ਜੋਰਾਵਰਸਿੰਘ ਅਤੇ ਫਤੇਗੜ੍ਹ.

ਫਤੇ ਕੁਮੈਤ: ਖ਼ਾ. ਕੁਤਕਾ. ਸਲੋਤਰ. ਮੋਟਾ ਸੋਟਾ.

ਫਤੇਕੌਰ: ਬਾਬਾ ਆਲਾ ਸਿੰਘ ਪਟਿਆਲਾਪਤਿ ਦੀ ਰਾਣੀ, ਜਿਸ ਨੂੰ ਕਈਆਂ ਨੇ ਭੁੱਲਕੇ "ਫੱਤੋ" ਲਿਖਿਆ ਹੈ. ਇਹ ਕਾਲੇ ਕੇ ਚੌਧਰੀ ਖਾਨੇ ਦੀ ਸੁਪੁਤ੍ਰੀ ਸੀ. ਇਹ ਖਾਲਸਾਦਲ ਨੂੰ ਲੰਗਰ ਵਰਤਾਉਣ ਦੀ ਸੇਵਾ ਆਪ ਕੀਤਾ ਕਰਦੀ ਅਤੇ ਹਜਾਰਾਂ ਅਨਾਥਾਂ ਦੀ ਪਾਲਨਾ ਕਰਦੀ ਸੀ. ਇਹ ਆਪਣੇ ਪਤੀ ਨੂੰ ਧਾਰਮਿਕ ਅਤੇ ਵਿਵਹਾਰਿਕ ਕੰਮਾਂ ਵਿੱਚ ਪੂਰੀ ਸਹਾਇਤਾ ਦਿੰਦੀ ਰਹੀ. ਇਸ ਦਾ ਦੇਹਾਂਤ ਸੰਮਤ ੧੮੩੦ ਵਿੱਚ ਹੋਇਆ.

ਫਤੇਗੜ੍ਹ: ਉਹ ਪਵਿਤ੍ਰ ਗੁਰਧਾਮ, ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਫਤੇਸਿੰਘ ਜੀ ਸੰਮਤ ੧੭੬੧ ਵਿੱਚ ਸ਼ਹੀਦ ਹੋਏ. ਬੰਦੇ ਬਹਾਦੁਰ ਨੇ ਸੰਮਤ ੧੭੬੭ ਵਿੱਚ ਸਰਹਿੰਦ ਫਤੇ ਕਰਕੇ ਇੱਥੇ ਗੁਰਦ੍ਵਾਰਾ ਬਣਾਇਆ, ਜਿਸ ਦਾ ਨਾਮ ਫਤੇਗੜ੍ਹ ਰੱਖਿਆ, ਮਹਾਰਾਜਾ ਕਰਮਸਿੰਘ ਪਟਿਆਲਾਪਤੀ ਨੇ ਨਜਾਮਤ ਸਰਹਿੰਦ ਦਾ ਨਾਮ ਭੀ ਫਤੇਗੜ੍ਹ ਕ਼ਾਇਮ ਕਰ ਦਿੱਤਾ. ਫਤੇਗੜ੍ਹ ਸਾਹਿਬ ਰੋਪੜ ਸਰਹਿੰਦ ਰੇਲਵੇ ਲੈਨ ਦਾ ਸਟੇਸ਼ਨ ਹੈ. ਜੋ ਸਰਹਿੰਦ ਤੋਂ ਦੋ ਮੀਲ ਹੈ। ੨. ਆਨੰਦਪੁਰ ਦਾ ਇੱਕ ਕਿਲਾ, ਜੋ ਕਲਗੀਧਰ ਨੇ ਬਣਵਾਇਆ ਸੀ. ਦੇਖੋ, ਆਨੰਦਪੁਰ.

ਫਤੇਚੰਦ: ਦੇਖੋ, ਫਤੇਸ਼ਾਹ.

ਫਤੇ ਦਰਸ਼ਨ: ਦੇਖੋ, ਸੱਚੇ ਸਾਹਿਬ ਕੀ ਫਤੇ ਅਤੇ ਤੱਤ ਖਾਲਸਾ.

ਫਤੇਪੁਰਸਿੰਘਾਂ: ਇੱਕ ਪਿੰਡ, ਜੋ ਜਿਲਾ ਅੰਬਾਲਾ, ਤਸੀਲ ਰੋਪੜ ਵਿੱਚ ਹੈ. ਇੱਥੇ ਸੱਤਵੇਂ ਗੁਰੂ ਜੀ ਦਾ "ਮੰਜੀ ਸਾਹਿਬ" ਗੁਰਦ੍ਵਾਰਾ ਹੈ.

ਫੱਤਾ: ਕਨੇਚ ਪਿੰਡ ਨਿਵਾਸੀ ਇੱਕ ਜੱਟ. ਦਸ਼ਮੇਸ਼ ਨੇ ਮਾਛੀਵਾੜੇ ਤੋਂ ਚੱਲਕੇ ਕੁਝ ਘੜੀ ਇਸ ਪਾਸ ਵਿਸ਼੍ਰਾਮ ਕੀਤਾ ਅਰ ਫੱਤੇ ਤੋਂ ਸਵਾਰੀ ਲਈ ਘੋੜੀ ਮੰਗੀ. ਉਸ ਨੇ ਬਹਾਨਾ ਕਰਕੇ ਗੁਰੂ ਜੀ ਨੂੰ ਟਾਲ ਦਿੱਤਾ, ਘੋੜੀ ਅਰ ਫੱਤਾ ਸੱਪ ਦੇ ਡੰਗ ਨਾਲ ਉਸੇ ਦਿਨ ਮਰ ਗਏ। ੨. ਦੇਖੋ, ਚਤੌੜ.

ਫੱਤੂ ਸੰਮੂ: ਦੇਖੋ, ਟਾਲ੍ਹੀਆਂ ਫੱਤੂ ਸੰਮੂ ਕੀ.

ਫੱਤੇ ਨੰਗਲ: ਦੇਖੋ, ਬੁਰਜਸਾਹਿਬ.

ਫੱਤੇ ਭਿੰਡਰ: ਜਿਲਾ ਸਿਆਲਕੋਟ, ਤਸੀਲ ਥਾਣਾ ਡਸਕਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੁੱਜਰਾਂਵਾਲੇ ਤੋਂ ੧੨. ਮੀਲ ਉੱਤਰ ਪੂਰਵ ਹੈ. ਦਸ ਮੀਲ ਪੱਕੀ ਸੜਕ ਹੈ ਅੱਗੇ ਦੋ ਮੀਲ ਕੱਚਾ ਰਸਤਾ ਹੈ. ਇਸ ਪਿੰਡ ਤੋਂ ਦੱਖਣ ਵੱਲ ਪਾਸ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਛੋਟਾ ਜੇਹਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਸਿਆਲਕੋਟ ਜਾਂਦੇ ਇੱਥੇ ਠਹਿਰੇ ਹਨ. ਪੁਜਾਰੀ ਸਿੰਘ ਹੈ. ਕੇਵਲ ਇੱਕ ਘੁਮਾਉਂ ਜ਼ਮੀਨ ਗੁਰਦ੍ਵਾਰੇ ਨਾਲ ਹੈ. ਨਿਰਜਲਾ ਏਕਾਦਸ਼ੀ ਨੂੰ ਮੇਲਾ ਹੁੰਦਾ ਹੈ.

ਫੱਤੋ: ਬਾਬਾ ਫੂਲ ਦੀ ਸੁਪੁਤ੍ਰੀ ਬੀਬੀ ਫੱਤੋ, ਜਿਸ ਦੀ ਸ਼ਾਦੀ ਬਾਬਾ ਬੁੱਢਾ ਜੀ ਦੀ ਵੰਸ਼ ਦੇ ਰਤਨ ਭਾਈ ਧੰਨਾ ਸਿੰਘ ਜੀ ਨਾਲ ਹੋਈ ਅਰ ਸੰਗਤ ਸਿੰਘ ਪੁਤ੍ਰ ਜਨਮਿਆ, ਜਿਸ ਦੀ ਔਲਾਦ ਬੀਲ੍ਹੇਵਾਲੇ ਸਰਦਾਰ ਹਨ। ੨. ਕਈ ਲੇਖਕਾਂ ਨੇ ਰਾਣੀ ਫਤੇਕੌਰ ਨੂੰ ਭੁਲੇਖੇ ਨਾਲ ਫੱਤੋ ਲਿਖਿਆ ਹੈ. ਦੇਖੋ, ਫਤੇਕੌਰ.

ਫਦਲ: ਦੇਖੋ, ਫਜਲ.

ਫਦੀਹਤ, ਫਦੀਹਤਿ: ਅ਼. فضیحت ਫ਼ਜੀਹ਼ਤ. ਸੰਗ੍ਯਾ- ਖੁਆਰੀ। ੨. ਬੁਰਿਆਈ। ੩. ਨਾ ਅਨੁਕੂਲ ਹੋਣ ਦਾ ਭਾਵ। ੪.

---

ਦਮਦਮੇ ਸਾਹਿਬ ਅਮ੍ਰਿਤ ਛਕਿਆ ਹੈ.

ਭਾਵ- ਗੰਦਗੀ ਵਿਸ਼੍ਰਾ. "ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ." (ਵਾਰ ਮਾਝ ਮਃ ੧)

ਫਦੂਲ: ਦੇਖੋ, ਫਜੂਲ.

ਫਦੂਲੀ: ਦੇਖੋ, ਫਜੂਲੀ.

ਫਧ, ਫਧਾ, ਫਧਿ: ਸੰਗਯਾ- ਬੰਧ. ਬੰਧਨ. ਫੰਧਾ. ਪਾਸ਼ਬੰਧ. "ਨ ਕਾਲਫਧਾ ਫਸ ਹੈਂ." (ਅਕਾਲ) "ਮਨ ਮਾਇਆ ਮੈ ਫਧਿ ਰਹਿਓ." (ਸਃ ਮਃ ੯) "ਦੁਰਮਤਿ ਸਿਉ ਨਾਨਕ ਫਧਿਓ." (ਸਃ ਮਃ ੯)

ਫਨ: ਦੇਖੋ, ਫਣ। ੨. ਅ਼. فن ਫ਼ਨ. ਸੰਗਯਾ- ਛਲ. ਧੋਖਾ। ੩. ਵਿਭੂਤੀ. ਧਨ ਸੰਪਦਾ. "ਹਿਤ ਲਾਗਿਓ ਸਭ ਫਨ ਕਾ." (ਸਾਰ ਕਬੀਰ) ੪. ਫ਼ਾ. ਗੁਣ. ਹੁਨਰ.

ਫਨਖਾਨਾ: ਸੰਗਯਾ- ਫ਼ਨ (ਛਲ) ਖ਼ਾਨਹ (ਘਰ). ਧੋਖੇ ਦਾ ਘਰ. "ਚੇਤਸਿ ਨਾਹੀ ਦੁਨੀਆ ਫਨਖਾਨੇ." (ਸੂਹੀ ਰਵਿਦਾਸ)

ਫਨਾ, ਫਨਾਇ, ਫਨਾਹ: ਅ਼. فنا ਫ਼ਨਾ. ਵਿ- ਵਿਨਸ਼੍ਵਰ. ਵਿਨਾਸ਼ ਹੋਣਵਾਲਾ. "ਚਸਮਦੀਦੰ ਫਨਾਇ." (ਤਿਲੰ ਮਃ ੫) ੨. ਸੰਗਯਾ- ਆਤਮਾ ਵਿੱਚ ਲਯ ਹੋਣ ਦਾ ਭਾਵ. ਨਿਰਵਿਕਲਪ ਸਮਾਧਿ। ੩. ਮਿਟ ਜਾਣ ਦਾ ਭਾਵ.

ਫਨਿ: ਸੱਪ. ਦੇਖੋ, ਫਣੀ. "ਮੋਰ ਤੇ ਜਯੋਂ ਫਨਿ, ਤਯੋਂ ਸਕੁਚਾਨੇ." (ਚੰਡੀ ੧)

ਫਨਿਜਾ: ਫਣੀ (ਨਾਗ) ਕੀ ਕਨਯਾ, ਨਾਗਪੁਤ੍ਰੀ. (ਸਨਾਮਾ)

ਫਨਿੰਦ, ਫਨਿੰਦ੍ਰ: ਦੇਖੋ, ਫਣੀਂਦ੍ਰ.

ਫਨਿਮਨਿ: ਸੰਗਯਾ- ਨਾਗਮਣਿ. ਸੱਪ ਦੇ ਸਿਰ ਵਿੱਚੋਂ ਉਪਜਿਆ ਇੱਕ ਕਲਪਿਤ ਰਤਨ. "ਲੂਲੂ ਜਮੁਰਦ ਨੀਲ ਫਨਿਮਨਿ." (ਸਲੋਹ) ੨. ਫਣੀ (ਸੱਪਾਂ) ਦਾ ਮਣਿ (ਸਰਦਾਰ) ਸ਼ੇਸ਼ਨਾਗ. ਫਣਿਪਤਿ.

ਫਨਿਯਾਰਾ: ਫਲ ਵਾਲਾ. ਦੇਖੋ, ਫਣੀਅਰ.

ਫਨੀ: ਦੇਖੋ, ਫਣੀ.

ਫਨੀਦ੍ਰ: ਦੇਖੋ, ਫਣੀਂਦ੍ਰ.

ਫਨੂਸ: ਦੇਖੋ, ਫਾਨੂਸ, "ਜਨੁ ਦੀਪਕ ਮੱਧ ਫਨੂਸ ਕੀ ਥੈਲੀ." (ਚੰਡੀ ੧)

ਫਫੜਾ: ਸੰਗਯਾ- ਦੰਭ. ਫੰਦ. ਫਰੇਬ.

ਫਫੜੇ ਭਾਈਕੇ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਨਰੇਂਦ੍ਰਪੁਰੇ ਤੋਂ ਦੋ ਮੀਲ ਉੱਤਰ ਪੂਰਵ ਹੈ. ਇਸ ਪਿੰਡ ਬਹਿਲੋ ਵੰਸ਼ੀ ਭਾਈ ਦਸੌਂਧਾ ਸਿੰਘ ਦੇ ਘਰ ਦਸ਼ਮੇਸ਼ ਜੀ ਦੀਆਂ ਇਹ ਵਸਤਾਂ ਹਨ, ਜੋ ਸਤਿਗੁਰੂ ਨੇ ਭਾਈ ਦੇਸ਼ਰਾਜ ਨੂੰ ਬਖ਼ਸ਼ੀਆਂ ਸਨ-

(੧) ਇੱਕ ਪਜਾਮਾ ਕਕੜੈਲ (ਕੱਕੜ ਮ੍ਰਿਗ ਦੇ ਚੰਮ) ਦਾ.

(੨) ਦੋ ਅੰਗਰਖੇ (ਚੋਲੇ) ਬੂਟੀਦਾਰ ਕਪੜੇ ਦੇ.

(੩) ਇੱਕ ਮਲਮਲ ਦਾ ਰੁਮਾਲ.

(੪) ਇੱਕ ਸੋਨੇ ਦੀ ਮੁਹਰ.

(੫) ਇੱਕ ਕਟਾਰ.

**ਫਫਾ:** ਪੰਜਾਬੀ ਵਰਣਮਾਲਾ ਦਾ ਸਤਾਈਹਵਾਂ ਅੱਖਰ. "ਫਫਾ ਫਿਰਤ ਫਿਰਤ ਤੂ ਆਇਆ." (ਬਾਵਨ) ੨. ਫ ਦਾ ਉੱਚਾਰਣ. ਫਕਾਰ.

**ਫਫਾ ਕੁਟਨੀ:** ਦੇਖੋ, ਫੁਫੀ ਕੁਟਨੀ.

**ਫਫੋਲਾ:** ਸੰਗ੍ਯਾ- ਪ੍ਰਸ੍ਫੋਟ. ਅੱਗ ਨਾਲ ਜਲਣ ਤੋਂ ਜਾਂ ਰਗੜ ਆਦਿ ਕਰਕੇ ਪਇਆ ਹੋਇਆ ਛਾਲਾ.

**ਫਬ:** ਦੇਖੋ, ਫਬਿ.

**ਫਬਣਾ, ਫਬਨਾ:** ਕ੍ਰਿ- ਛਬਿ (ਸ਼ੋਭਾ) ਸਹਿਤ ਹੋਣਾ. ਪ੍ਰਭਾਵਾਨ ਹੋਣਾ. ਸਜਣਾ. "ਗੁਰਿ ਪੂਰੇ ਦੀਓ ਹਰਿ ਨਾਮਾ, ਜੀਅ ਕਉ ਏਹਾ ਵਸਤੁ ਫਬੀ." (ਗੂਜ ਮਃ ੫)

**ਫਬਿ:** ਸੰਗ੍ਯਾ- ਫਬਿ. ਸ਼ੋਭਾ.

**ਫਬੀ:** ਦੇਖੋ, ਫਬਣਾ.

**ਫਯਾਜ, ਫੱਯਾਜ:** ਅ਼. فیّاض ਫ਼ੱਯਾਜ. ਵਿ- ਫ਼ੈਜ (ਲਾਭ) ਪੁਚਾਉਣ ਵਾਲਾ। ੨. ਉਦਾਰ.

**ਫੱਯਾਜੀ:** ਅ਼ فیّاضی ਫ਼ੱਯਾਜੀ ਸੰਗ੍ਯਾ- ਫ਼ੈਜ ਦਾ ਭਾਵ. ਲਾਭ ਪੁਚਾਉਣਾ। ੨. ਉਦਾਰਤਾ.

**ਫਰ:** ਦੇਖੋ, ਫਲ. "ਆਕਾਸੇ ਫਰੁ ਫਰਿਆ." (ਰਾਮ ਕਬੀਰ) ਦਸ਼ਮਦ੍ਵਾਰ ਵਿੱਚ ਪ੍ਰਾਣਾਯਾਮ ਦਾ ਫਲ ਫਲਿਆ. "ਪੁਤ੍ਰ ਪੌਤ੍ਰ ਤਿਨਕੇ ਨਹਿ ਫਰੈਂ." (ਵਿਚਿਤ੍ਰ) ੨. ਫ਼ਾ. فر ਫ਼ਰ. ਪਰ. ਪੰਖ. "ਬਿਨ ਫਰ ਸਰ ਮਰੀਚਕੇ ਮਾਰਾ." (ਨਾਪ੍ਰ) ੩. ਸ਼ਾਨਸ਼ੌਕਤ. ਦਬ- ਦਬਾ। ੪. ਸ਼ਸਤ੍ਰ ਦੀ ਨੋਕ, ਤਲਵਾਰ ਦਾ ਪਿਪਲਾ. ਤੀਰ ਦੀ ਮੁਖੀ. "ਸ੍ਰੋਨ ਕੀ ਧਾਰ ਛੁਟੀ ਸੁ ਲਗੇ ਸਰ ਕੇ ਫਰ ਨੈ." (ਚੰਡੀ ੧) ੫. ਦੇਖੋ, ਫੜ.

**ਫਰਊਨ:** ਅ਼. فرعون ਫ਼ਿਰਊਨ. Pharaoh. ਮਿਸਰ ਦੇ ਅਨੇਕ ਬਾਦਸ਼ਾਹ ਇਸ ਨਾਮ ਦੇ ਹੋਏ ਹਨ. ਇਹ ਨਾਮ ਭੀ "ਜਨਕ" ਦੀ ਤਰਾਂ ਰਾਜਗੱਦੀ ਦੀ ਅੱਲ (ਉਪਾਧੀ) ਸੀ, ਪਰ ਸਭ ਤੋਂ ਪ੍ਰਸਿੱਧ ਫ਼ਿਰਊਨ ਉਹ ਹੈ, ਜੋ ਮੂਸਾ ਦੇ ਸਮੇਂ ਹੋਇਆ ਹੈ ਅਰ ਇਸਰਾਈਲ ਵੰਸ਼ ਉੱਪਰ (ਜਿਸ ਵਿੱਚ ਮੂਸਾ ਭੀ ਸੀ), ਬਹੁਤ ਜੁਲਮ ਅਤੇ ਖ਼ੁਦਾਈ ਦਾ ਦਾਵਾ ਕਰਦਾ ਸੀ. ਇੱਕ ਵਾਰ ਕਰਤਾਰ ਦੇ ਭਾਣੇ ਅੰਦਰ ਮਿਸਰੀ ਲੋਕਾਂ ਦੇ ਘਰ ਪਲੇਗ ਪੈ ਗਈ. ਮੂਸਾ ਨੇ ਆਪਣੀ ਕੌਮ ਨੂੰ ਨਾਲ ਲੈਕੇ ਮਿਸਰ ਛੱਡਣ ਦੇ ਇਰਾਦੇ ਨਾਲ ਕੂਚ ਕੀਤਾ. ਜਦ ਕੁਝ ਦੂਰ ਮੂਸਾ ਚਲਾ ਗਿਆ. ਤਾਂ ਫਿਰਊਨ ਨੇ ਫੌਜ ਲੈਕੇ ਪਿੱਛਾ ਕੀਤਾ. ਮੂਸਾ ਆਪਣੀ ਕੌਮ ਸਮੇਤ ਰੱਤੇ ਸਾਗਰ (Rez Sea) ਤੋਂ ਪਾਰ ਹੋ ਗਿਆ ਅਤੇ ਫਿਰਊਨ ਕਰਤਾਰ ਦੇ ਹੁਕਮ ਨਾਲ ਲਸ਼ਕਰ ਸਮੇਤ ਸਮੁੰਦਰ ਵਿੱਚ ਗਰਕ ਹੋ ਗਿਆ. ਇਸ ਫਿਰਊਨ ਦਾ ਅਸਲ ਨਾਮ ਵਲੀਦ ਬਿਨ ਮੁਸਅ਼ਬ ਸੀ।[812] ੨. ਮਗਰਮੱਛ. ਘੜਿਆਲ. ਨਿਹੰਗ। ੩. ਵਿ- ਬਦਲਾ ਲੈਣ ਵਾਲਾ। ੪. ਅਭਿਮਾਨੀ. ਅਹੰਕਾਰੀ.

**ਫਰਸ:** ਫ਼ਾ. فرش ਫ਼ਰਸ਼. ਸੰਗ੍ਯਾ- ਵਿਛਾਈ ਦਾ ਵਸਤ੍ਰ. ਵਿਛਾਉਣਾ। ੨. ਅ਼. فرس ਫ਼ਰਸ. ਘੋੜਾ.

**ਫਰਸਤਾਦਨ:** ਫ਼ਾ. فرستادن ਫ਼ਰਿਸਤਾਦਨ. ਕ੍ਰਿ- ਭੇਜਣਾ.

**ਫਰਸਤਾਦਾ:** ਫ਼ਾ. فرستادہ ਫ਼ਰਿਸਤਾਦਹ. ਵਿ- ਭੇਜਿਆ ਹੋਇਆ. "ਖ਼ੁਦਾਇ ਦੇ ਫਰਸਤਾਦ ਆਏ ਹੈਨ." (ਜਸਭਾਮ)

**ਫਰਸਾ:** ਸੰਗ੍ਯਾ- ਪਰਸ਼ੁ. ਕੁਹਾੜਾ. ਤਬਰ.

**ਫਰਸ਼ੀ:** ਵਿ- ਫਰਸ਼ ਨਾਲ ਹੈ ਜਿਸ ਦਾ ਸੰਬੰਧ.

---

[812] ਕਿਤਨਿਆਂ ਨੇ ਮੁਸਅਬ ਇਥਨ ਰੈਸ਼ਾਮ ਅਤੇ ਕ਼ਾਬੂਸ ਨਾਮ ਦਿੱਤੇ ਹਨ ਅਤ ਇਸ ਦੀ ਉਮਰ ੬੨੦ ਵਰ੍ਹੇ ਦੀ ਲਿਖੀ ਹੈ.

ਫਰਹ: ਸੰਗਯਾ- ਫਰਹਰਹ ਦਾ ਸੰਖੇਪ. ਨਿਸ਼ਾਨ ਦਾ ਵਸਤ੍ਰ, ਜੋ ਹਵਾ ਵਿੱਚ ਲਹਰਾਉਂਦਾ ਹੈ. "ਫਰਹ ਨਿਸ਼ਾਨੰ." (ਸੂਰਜਾਵ) ੨. ਅ਼. فرح ਫ਼ਰਹ਼. ਪ੍ਰਸੰਨਤਾ. ਆਨੰਦ. ਖ਼ੁਸ਼ੀ.

ਫ਼ਰਹਤ, ਫ਼ਰਹ਼ਤ: ਅ਼. فرحت ਸੰਗਯਾ- ਆਨੰਦ. ਖ਼ੁਸ਼ੀ. ਪ੍ਰਸੰਨਤਾ। ੨. ਚਿੱਤ ਦੀ ਉਮੰਗ.

ਫਰਹਰ: ਵਿ- ਫਰ (ਪਰ) ਵਾਲਾ. ਪੰਖਧਰ. "ਫਰਹਰ ਤੀਰੰ." (ਰਾਮਾਵ) ੨. ਦੇਖੋ, ਫਰਹਰਾ.

ਫਰਹਰਾ: ਸੰਗਯਾ- ਹਵਾ ਵਿੱਚ ਲਹਰਾਉਣ ਵਾਲਾ ਨਿਸ਼ਾਨ ਦਾ ਵਸਤ੍ਰ. ਧ੍ਵਜਪਟ.

ਫਰਹਾ: ਸੰਗਯਾ- ਫਲ੍ਹਾ. ਖਿੜਕ. ਫਾਟਕ. "ਫਰਹੇ ਮੁਹਕਮ ਗੁਰਗਿਆਨੁ ਬੀਚਾਰਿ." (ਆਸਾ ਅ: ਮ: ੫)

ਫਰਹਾਦ: ਦੇਖੋ, ਸ਼ੀਰੀਂ ੩.

ਫਰਹੀ: ਦੇਖੋ, ਫਰੀ.

ਫ਼ਰਹੰਗ: ਫ਼ਾ. فرہنگ ਸੰਗਯਾ- ਬੁੱਧਿ। ੨. ਵਿਦ੍ਯਾ। ੩. ਅਦਬ। ੪. ਬਜ਼ੁਰਗੀ। ੫. ਕੋਸ਼. ਅਭਿਧਾਨ. Dictionary. Glossary.

ਫਰਕ: ਅ਼. فرق ਫ਼ਰਕ਼. ਸੰਗਯਾ- ਜੁਦਾਈ. ਭਿੰਨਤਾ। ੨. ਅੰਤਰਾ. ਵਿੱਥ। ੩. ਭੇਦ। ੪. ਨ੍ਯੂਨਤਾ. ਕਮੀ। ੫. ਭਾਵ- ਸਿਰ. ਚੋਟੀ.

ਫਰਕਸ: ਫ਼ਾ. فرخش ਫ਼ਰਖ਼ਸ਼. ਸੰਗਯਾ- ਪੁੱਠਾ. ਘੋੜੇ ਖੱਚਰ ਆਦਿ ਦੀ ਪਿੱਠ ਦਾ ਪਿਛਲਾ ਭਾਗ.

ਫਰਕਣਾ, ਫਰਕਨਾ: ਕ੍ਰਿ- ਫੜਕਣਾ। ੨. ਕਿਸੇ ਅੰਗ ਦਾ ਪੱਠੇ ਦੀ ਹਰਕਤ ਨਾਲ ਫੁਰਣਾ (ਸਫੁਰਣ ਹੋਣਾ). ਦੇਖੋ, ਫੁਰਣ ੧.

ਫਰਕਾਬਾਦ: ਦੇਖੋ, ਫਰਰੁਖਾਬਾਦ. "ਕਾਸੀ ਆਦਿਕ ਫਰਕਾਬਾਦ." (ਗੁਪ੍ਰਸੂ)

ਫਰਕਿ: ਕ੍ਰਿ. ਵਿ- ਫੌਰਨ. ਛੇਤੀ. ਫੜੱਕ ਦੇਕੇ. "ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿਪਰਿਓ ਹਉ ਫਰਕਿ." (ਸ. ਕਬੀਰ) ੨. ਵਿੱਥ ਤੇ.

ਫਰਕੁ: ਦੇਖੋ, ਫਰਕ. "ਆਪੇ ਫਰਕੁ ਕੀਤੋਨੁ ਘਟ ਅੰਤਰਿ." (ਮਾਝ ਅ: ਮ: ੩)

ਫ਼ਰਖ਼ਸ਼: ਦੇਖੋ, ਫਰਕਸ.

ਫ਼ਰਖ਼ੰਦਹ: ਫ਼ਾ. فرخندہ ਵਿ- ਮੁਬਾਰਕ। ੨. ਖ਼ੁਸ਼. ਪ੍ਰਸੰਨ.

ਫਰਗਲ: ਅ਼. فرغل ਫ਼ਰਗੁਲ. ਝੂੰਦਾਰ ਲੰਮਾ ਚੋਲਾ.

ਫਰਜ: ਅ਼. فرض ਫ਼ਰਜ. ਸੰਗਯਾ- ਕਰਤਵ੍ਯ. ਡ੍ਯੂਟੀ (zuty). ੨. ਧਾਰਮਿਕ ਕਰਮ, ਜਿਸ ਦਾ ਕਰਨਾ ਜਰੂਰੀ ਹੈ। ੩. ਅਕਾਲੀ ਹੁਕਮ। ੪. ਬਖ਼ਸ਼ਿਸ਼ ਕਰਨਾ। ੫. ਵੇਲਾ ਨਿਯਤ (ਮੁਕ਼ੱਰਿਰ) ਕਰਨਾ। ੬. ਅਟਕਲਣਾ. ਅੰਦਾਜ਼ਾ ਕਰਨਾ.

ਫ਼ਰਜ਼ਾਨਗੀ: ਫ਼ਾ. فرزانگی ਸੰਗਯਾ- ਦਾਨਾਈ. ਅਕਲਮੰਦੀ.

ਫਰਜੀ: ਅ਼. فرضی ਫ਼ਰਜੀ. ਵਿ- ਫ਼ਰਜ ਕੀਤਾ ਹੋਇਆ. ਕਲਪਿਤ ਬਣਾਉਟੀ.

ਫਰਜੰਦ: ਫ਼ਾ. فرزند ਫ਼ਰਜ਼ੰਦ. ਸੰਗਯਾ- ਪੁਤ੍ਰ. ਬੇਟਾ. "ਮਕਤਬ ਮਾਂਹਿ ਫਰਜੰਦ ਕੋ ਬਠਾਇਯੇ." (ਨਾਪ੍ਰ)

ਫਰਡਾ: ਸੰਗਯਾ- ਕਰਚਾ. ਖੇਤੀ ਕੱਟਣ ਵੇਲੇ ਜੋ ਟਾਂਡੇ ਦਾ ਕੁਝ ਹਿੱਸਾ ਜ਼ਮੀਨ ਤੋਂ ਉੱਪਰ ਖੜਾ ਰਹਿ ਜਾਂਦਾ ਹੈ. "ਫਰਡਾ ਲਗ ਜਵਾਰ ਕੋ ਮੋਰੇ." (ਗੁਪ੍ਰਸੂ)

ਫਰਦ: ਅ਼. فرد ਫ਼ਦੰ. ਸੰਗਯਾ- ਤਖ਼ਤਾ. ਫੱਟ। ੨. ਸੂਚੀ. ਫਹਿਰਿਸ੍ਤ. "ਕਾਮ ਕ੍ਰੋਧ ਕੂਰ ਹੂੰ ਕੀ ਵ੍ਰਿੱਧਤਾ ਫਰਦ ਕੀ." (ਗੁਪ੍ਰਸੂ) ੩. ਇੱਕ ਪੁਰਖ. ਵਜਕ੍ਰਿ.

ਫ਼ਰਦਾ: ਫ਼ਾ. فردا ਸੰਗਯਾ- ਆਉਣ ਵਾਲਾ ਦਿਨ. ਕੱਲ.

ਫ਼ਰਦੌਸ: ਅ਼. فردَوس ਸੰਗਯਾ- ਸ੍ਵਰਗ. ਵੈਕੁੰਠ. ਬਹਿਸ਼੍ਤ. ਇਸ ਦਾ ਉੱਚਾਰਣ ਫ਼ਿਰਦੌਸ ਭੀ ਸਹੀ ਹੈ.

ਫਰਦੌਸ਼ੀ, ਫ਼ਿਰਦੌਸੀ: فردَوسی ਗਜ਼ਨੀ ਦੇ ਪ੍ਰਤਾਪੀ ਬਾਦਸ਼ਾਹ ਮਹਮੂਦ ਦੀ ਸਭਾ ਦਾ ਕਵਿ, ਜੋ ਸ਼ਰਫ਼ਸ਼ਾਹ ਦਾ ਪੁਤ੍ਰ ਸੀ. ਇਸ ਨੇ ਸ਼ੁੱਧ ਫ਼ਾਰਸੀ ਭਾਸ਼ਾ ਵਿੱਚ ੬੦੦੦੦ ਛੰਦਾਂ ਦਾ "ਸ਼ਾਹਨਾਮਾ" ਨਾਮਕ ਇਤਿਹਾਸ ਤੀਹ ਵਰ੍ਹੇ ਖ਼ਰਚਕੇ ਲਿਖਿਆ. ਇਸ ਦਾ ਅਸਲ ਨਾਮ ਅੱਬੁਲਕ਼ਾਸਮਹ਼ਸਨ ابوٗالقسم حسن ਸੀ.

ਬਾਦਸ਼ਾਹ ਨੇ ਇਸ ਨੂੰ ਹਰੇਕ ਛੰਦ ਪਿੱਛੇ ਮੁਹਰ (ਸ੍ਵਰਣਮੁਦ੍ਰਾ) ਦੇਣੀ ਕਹੀ ਸੀ. ਪਰ ਗ੍ਰੰਥ ਦੀ ਸਮਾਪਤੀ ਪੁਰ ਰਜਤਮੁਦ੍ਰਾ (ਰੁਪਯਾ) ਦੇਣ ਲੱਗਾ. ਕਵੀ ਲੈਣੋ ਇਨਕਾਰ ਕਰਕੇ ਆਪਣੇ ਨਗਰ "ਤੂਸ" (ਮਸ਼ਹਦ) ਨੂੰ ਚਲਾ ਗਿਆ ਅਰ ਮਹਮੂਦ ਦਾ ਕਮੀਨਾਪਨ ਗ੍ਰੰਥ ਵਿੱਚ ਦਰਜ ਕੀਤਾ. ਅੰਤ ਨੂੰ ਮਹਮੂਦ ਨੇ ਪਛਤਾਕੇ ਕਵੀ ਨੂੰ ਸੱਠ ਹਜ਼ਾਰ ਮੁਹਰਾਂ ਭੇਜੀਆਂ, ਪਰ ਜਦ ਅਹਿਲਕਾਰ ਤੂਸ ਵਿੱਚ ਲੈ ਕੇ ਇੱਕ ਦਰਵਾਜੇ ਦਾਖ਼ਿਲ ਹੋਏ, ਤਾਂ ਦੂਸਰੇ ਦਰਵਾਜ਼ੇ ਉਸ ਦਾ ਜਨਾਜ਼ਾ ਜਾ ਰਿਹਾ ਸੀ. ਫ਼ਰਦੌਸੀ ਦੀ ਪੁਤ੍ਰੀ ਨੇ ਬਾਦਸ਼ਾਹ ਦੀ ਭੇਟਾ ਲੈਣੋਂ ਇਨਕਾਰ ਕੀਤਾ. ਪਰ ਮਹਮੂਦ ਦੀ ਬੇਨਤੀ ਮੰਨਕੇ ਫੇਰ ਅੰਗੀਕਾਰ ਕਰ ਲਈ ਅਰ ਉਸ ਰਕਮ ਤੋਂ ਸ਼ਹਰ ਪਾਸ ਦਰਿਆ ਦਾ ਬੰਨ੍ਹ ਅਰ ਘਾਟ ਬਣਵਾ ਦਿੱਤਾ. ਫ਼ਰਦੌਸ਼ੀ ਦਾ ਦੇਹਾਂਤ ਤੂਸ (ਮਸ਼ਹਦ) ਵਿੱਚ ਸਨ ੧੦੨੫ ਵਿੱਚ ਹੋਇਆ.

ਜਫਰਨਾਮੇ ਵਿੱਚ ਦਸ਼ਮੇਸ਼ ਜੀ ਨੇ ਲਿਖਿਆ ਹੈ-

"ਚਿ ਖ਼ੁਸ਼ ਮੁਫਤ ਫ਼ਰਦੌਸੀਏ ਖ਼ੁਸ਼ਜ਼ੁਬਾਂ."

ਫਰਨਾ: ਦੇਖੋ, ਫੜਨਾ। ੨. ਦੇਖੋ, ਫਲਨਾ.

ਫਰਫਰਾਨਾ: ਕ੍ਰਿ- ਫੜ ਫੜ ਸ਼ਬਦ ਕਰਨਾ. ਤੜਫਣਾ. "ਫਰਫਰਾਤ ਭਾਜਨ ਇਤ ਉਤ ਕੋ." (ਨਾਪ੍ਰ)

ਫਰਫਰਿਆ: ਫਲ- ਫਲਿਆ. ਦੇਖੋ, ਫਰ ੧.

ਫਰਫੰਦ: ਸੰਗਯਾ- ਛਲ. ਕਪਟ.

ਫ਼ਰਬਾ: ਫ਼ਾ. فربہ ਵਿ- ਮੋਟਾ. ਸਥੂਲ.

ਫਰਮਾਂਹ: ਸਰੂ ਦੀ ਕਿਸਮ ਦਾ ਇੱਕ ਬਿਰਛ, ਜੋ ਗਰਮ ਦੇਸਾਂ ਵਿੱਚ ਹੁੰਦਾ ਹੈ. ਇਸ ਦੀ ਲੱਕੜ ਇਮਾਰਤਾਂ ਵਿੱਚ ਵਰਤੀ ਜਾਂਦੀ ਹੈ. Tamarix Dioiea.

ਫ਼ਰਮਾਨ: ਫ਼ਾ. فرمان ਸੰਗਯਾ- ਆਗਯਾਪਤ੍ਰ. ਹੁਕਮਨਾਮਾ। ੨. ਆਗਯਾ. ਹੁਕਮ.

ਫ਼ਰਮਾਯਸ਼: ਫ਼ਾ. فرمازش ਸੰਗਯਾ- ਆਗਯਾ. ਹੁਕਮ.

ਫ਼ਰਮੂਦ: ਫ਼ਾ. فرمُود ਫਰਮਾਇਆ, ਹੁਕਮ ਦਿੱਤਾ.

ਫ਼ਰਮੂਦਨ: ਫ਼ਾ. فرمُودن ਕ੍ਰਿ- ਹੁਕਮ ਦੇਣਾ. ਆਗਯਾ ਕਰਨੀ.

ਫ਼ਰਮੋਸ: ਦੇਖੋ, ਫ਼ਰਾਮੋਸ਼.

ਫਰਯਾਦ: ਦੇਖੋ, ਫਰਿਆਦ.

ਫਰਰਾ: ਦੇਖੋ, ਫਰਹਰਾ

ਫ਼ਰੁਖ਼ਸਿਯਰ: فرخ سیر ਇਹ ਔਰੰਗਜ਼ੇਬ ਦਾ ਪੋਤਾ, ਬੰਗਾਲ ਦਾ ਸੂਬੇਦਾਰ ਸੀ. ਅਬਦੁੱਲਾਖ਼ਾਨ ਸੈਯਦ ਦੀ ਸਹਾਇਤਾ ਨਾਲ ਜਹਾਂਦਾਰਸ਼ਾਹ ਨੂੰ ਕਤਲ ਕਰਕੇ ਇਹ ਦਿੱਲੀ ਦੇ ਤਖ਼ਤ ਪੁਰ ਮਾਘ ਸੰਮਤ ੧੭੭੦ (ਸਨ ੧੭੧੩) ਵਿੱਚ ਬੈਠਾ. ਇਸ ਨੇ ਜੋਧਪੁਰ ਦੇ ਰਾਜਾ ਅਜੀਤ ਸਿੰਘ ਦੀ ਪੁਤ੍ਰੀ ਨਾਲ ਸਨ ੧੭੧੫ ਵਿੱਚ ਸ਼ਾਦੀ ਕੀਤੀ ਸੀ. ਇਸ ਦੇ ਸਮੇਂ ਸੰਮਤ ੧੭੭੩ ਵਿੱਚ ਬੰਦਾ ਬਹਾਦੁਰ ਸ਼ਹੀਦ ਹੋਇਆ ਅਤੇ ਇਸ ਨੇ ਸਿੱਖਾਂ ਦੇ ਮਾਰਮੁਕਾਉਣ ਵਿੱਚ ਕੋਈ ਕਸਰ ਨਹੀਂ ਛੱਡੀ. ਸੰਮਤ ੧੭੭੬ (੧੬ ਮਈ ਸਨ ੧੭੧੯) ਵਿੱਚ ਅਬਦੁੱਲਾਖ਼ਾਂ ਦੇ ਭਾਈ ਹੁਸੈਨਅਲੀ ਨੇ ਮਰਹਟਿਆਂ ਦੀ ਸਹਾਇਤਾ ਨਾਲ ਫ਼ਰਰੁੱਖਸਿਯਰ ਨੂੰ ਕਤਲ ਕੀਤਾ, ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ.

ਫਰੁਖਾਬਾਦ: ਯੂ. ਪੀ. ਵਿੱਚ ਜਿਲੇ ਦਾ ਇੱਕ ਪ੍ਰਧਾਨ ਨਗਰ, ਜੋ ਆਗਰਾ ਡਿਵੀਜ਼ਨ ਵਿੱਚ ਹੈ. ਇਹ ਨਵਾਬ ਮੁਹੰਮਦਖ਼ਾਨ ਨੇ ਬਾਦਸ਼ਾਹ ਫ਼ਰਰੁੱਖ਼ਸਿਯਰ ਦੇ ਨਾਮ ਪੁਰ ਸਨ ੧੭੧੪ ਵਿੱਚ ਵਸਾਇਆ ਹੈ.

ਫਰਲਾਂਗ: ਅੰ. Furlong. ਮੀਲ ਦਾ ਅੱਠਵਾਂ ਹਿੱਸਾ, ਅਥਵਾ ੨੨੦ ਗਜ਼ ਦੀ ਲੰਬਾਈ.

ਫਰਵਾਹੀ: ਸੰਗਯਾ- ਦੋ ਆਦਮੀ ਫੜਕੇ ਜਿਸ ਨੂੰ ਵਾਹੁੰਦੇ ਹਨ, ਐਸੀ ਆਰੀ। ੨. ਰਿਆਸਤ ਪਟਿਆਲਾ, ਨਜਾਮਤ ਤਸੀਲ ਬਰਨਾਲਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਬਰਨਾਲੇ ਤੋਂ ਤਿੰਨ ਮੀਲ ਦੱਖਣ ਹੈ. ਇਸ ਪਿੰਡ ਤੋਂ ਦੱਖਣ ਪੂਰਵ ਪਾਸ ਹੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦ੍ਵਾਰਾ ਹੈ. ਸਤਿਗੁਰੂ ਇੱਕ ਰਾਤ ਇੱਥੇ ਵਿਰਾਜੇ ਹਨ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ਰਿਆਸਤ ਪਟਿਆਲੇ ਵੱਲੋਂ ੩੫ ਘੁਮਾਉਂ ਜ਼ਮੀਨ ਅਤੇ ੮੪ ਰੁਪਯੇ ਨਕਦ ਜਾਗੀਰ ਹੈ. ਪੁਜਾਰੀ ਸਿੰਘ ਹੈ. ਹੁਣ ਇੱਥੋਂ ਦੀ ਸੰਗਤਿ ਵਡਾ ਦਰਬਾਰ ਬਣਾਉਣ ਦੇ ਆਹਰ ਵਿੱਚ ਹੈ.

ਫਰਵਾਹੀ ਵਿੱਚ ਭਾਈ ਥੰਮਨ ਸਿੰਘ ਪ੍ਰਤਾਪੀ ਸਿੱਖ ਹੋਇਆ ਹੈ ਉਸ ਦਾ ਮੰਦਿਰ ਭੀ ਮਾਲਵੇ ਵਿੱਚ ਯਾਤ੍ਰਾ ਦਾ ਅਸਥਾਨ ਮੰਨਿਆ ਗਿਆ ਹੈ. ਦੇਖੋ, ਥੰਮਨ ਸਿੰਘ.

ਫਰਾ: ਫਰਾਂਸ (France) ਦਾ ਸੰਖੇਪ. "ਫਰਾ ਕੇ ਫਿਰੰਗੀ." (ਅਕਾਲ) ੨. ਯੂ. ਪੀ. ਵਿੱਚ ਜਿਲਾ ਮੈਨਪੁਰੀ ਦਾ ਇੱਕ ਨਗਰ। ੩. ਦੇਖੋ, ਫਲ੍ਹਾ.

ਫਰਾਇ: ਕ੍ਰਿ. ਵਿ- ਪੜਵਾਕੇ. ਚਿਰਵਾਕੇ. "ਕਾਨ ਫਰਾਇ ਹਿਰਾਏ ਟੂਕਾ." (ਪ੍ਰਭਾ ਅਃ ਮਃ ੫) ੨. ਪਕੜਵਾਕੇ. ਫੜਵਾਕੇ.

ਫਰਾਸ: فرّاش ਫ਼ੱਰਾਸ਼. ਸੰਗਯਾ- ਫ਼ਰਸ਼ ਵਿਛਾਉਣ ਵਾਲਾ.

ਫਰਾਂਸ: (France) ਫ਼੍ਰਾਂਸ. ਯੂਰਪ ਦੇ ਪੱਛਮ ਦਾ ਇੱਕ ਪ੍ਰਸਿੱਧ ਦੇਸ਼, ਜਿਸ ਵਿੱਚ ਪਹਿਲਾਂ ਬਾਦਸ਼ਾਹ ਦੀ ਹੁਕੂਮਤ ਸੀ. ਤੀਜੇ ਨਪੋਲੀਅਨ (Napoleon III) ਦੀ ਹੁਕੂਮਤ ੪. ਸਿਤੰਬਰ ੧੮੭੦ ਨੂੰ ਮਿਟਾਕੇ ਸਨ ੧੮੭੫ ਵਿੱਚ ਬਾਕਾਯਦਾ ਜਮਹੂਰੀ ਸਲਤਨਤ (Republic) ਕਾਯਮ ਹੋਈ. ਇਸ ਦੇ ਉੱਤਰ ਰਿਆਸਤ ਬੈਲਜੀਅਮ ਅਤੇ ਇੰਗਲਿਸ਼ ਚੈਨਲ ਹੈ, ਪੱਛਮ ਵੱਲ ਇਟਲਾਂਟਕ ਮਹਾਸਾਗਰ, ਦੱਖਣ ਵੱਲ ਮੈਡਿਟ੍ਰੇਨੀਅਨ ਸਮੁੰਦਰ ਹੈ, ਪੂਰਵ ਇਟਲੀ ਅਤੇ ਜਰਮਨੀ ਹੈ. ਰਾਜਧਾਨੀ ਪੈਰਿਸ (Paris) ਹੈ.

ਫ਼੍ਰਾਂਸ ਦਾ ਰਕਬਾ ੨੧੨, ੬੬੦ ਵਰਗ ਮੀਲ ਹੈ. ਜਨ ਸੰਖਯਾ ੩੯, ੨੦੯, ੭੬੬ ਹੈ. ਇਸ ਤੋਂ ਛੁੱਟ ਏਸ਼ੀਆ, ਅਮਰੀਕਾ ਅਤੇ ਅਫਰੀਕਾ ਵਿੱਚ ਜੋ ਫ਼੍ਰਾਂਸ ਦਾ ਰਾਜ ਹੈ ਉਸ ਦਾ ਰਕਬਾ ੫, ੧੨੦, ੦੦੦ ਅਤੇ ਆਬਾਦੀ, ੫੩, ੫੦੦, ੦੦੦ ਹੈ.

ਫਰਾਂਸ ਦੇ ਲੋਕਾਂ ਦਾ ਸੰਬੰਧ ਹਿੰਦ ਨਾਲ ਸਨ ੧੬੬੪ ਤੋਂ ਸ਼ੁਰੂ ਹੋਇਆ, ਜਦੋਂ ਇਨ੍ਹਾਂ ਦੀ ਇੱਕ ਤਜਾਰਤੀ ਕੰਪਨੀ "La Compagni zes Inzes" ਕਾਇਮ ਹੋਈ. ਇਸ ਨੇ ਹੌਲੀ ਹੌਲੀ ਰਿਆਸਤਾਂ ਨਾਲ ਸੰਬੰਧ ਜੋੜਕੇ ਦੱਖਣ ਵਿੱਚ ਬਹੁਤ ਸਾਰਾ ਇਲਾਕਾ ਸੰਭਾਲ ਲਿਆ. ਪਰ ਇਸ ਕੰਪਨੀ ਨੂੰ ਆਪਣੇ ਦੇਸ਼ ਵੱਲੋਂ ਇਤਨੀ ਸਹਾਇਤਾ ਨਾ ਮਿਲੀ ਜਿਤਨੀ ਕਿ ਅੰਗ੍ਰੇਜ਼ੀ ਕੰਪਨੀ ਨੂੰ ਇੰਗਲੈਂਡ ਨੇ ਦਿੱਤੀ, ਇਸ ਲਈ ਇਹ ਕੰਪਨੀ ਆਪਣੀ ਤਾਕਤ ਨੂੰ ਬਹੁਤ ਨਹੀਂ ਵਧਾ ਸਕੀ.

ਅੰਗ੍ਰੇਜ਼ੀ ਕੰਪਨੀ ਨੇ, ਖ਼ਾਸ ਕਰਕੇ ਕਲਾਈਵ, ਵਾਰਨਹੇਸਟਿੰਗ ਅਤੇ ਵੈਲਜ਼ਲੇ ਦੇ ਸਮੇਂ ਫਰਾਂਸੀਸੀ ਤਾਕਤ ਨੂੰ ਭਾਰੀ ਹਾਨੀ ਪੁਚਾਈ. ਹੁਣ ਫਰਾਂਸ ਦੇ ਕਬਜੇ ਵਿੱਚ ਪਾਂਡੀਚਰੀ ਚੰਦ੍ਰਨਗਰ ਆਦਿਕ ਕੁਝ ਥਾਵਾਂ ਹਿੰਦੁਸਤਾਨ ਦੀਆਂ ਹਨ.

ਫ਼ਰਾਸ਼ਖ਼ਾਨਾ: ਫ਼ਾ. فراش خانہ ਸੰਗਯਾ- ਉਹ ਮਕਾਨ. ਜਿਸ ਵਿੱਚ ਫ਼ਰਸ਼ ਵਿਛਾਉਣ ਦਾ ਸਾਮਾਨ ਹੋਵੇ। ੨. ਫ਼ੱਰਾਸ਼ਾਂ ਦੇ ਰਹਿਣ ਦਾ ਘਰ.

ਫਰਾਂਸੀ: ਫਰਾਂਸ ਦਾ ਵਸਨੀਕ. French "ਫਰਾਸੀ ਫਿਰੰਗੀ." (ਅਕਾਲ) ੨. ਫਰਾਂਸ ਦੀ ਬੋਲੀ.

ਫਰਾਸੀਸ: ਫਰਾਂਸ ਦੇਸ਼ France. "ਫਰਾਸੀਸ ਕੇ ਦੁਰੰਗੀ" (ਅਕਾਲ) ਦੇਖੋ, ਫਰਾਂਸ। ੨. ਫ੍ਰੈਂਚ.

ਫਰਾਸੀਸੀ: ਵਿ- ਫ੍ਰਾਂਸ ਦਾ। ੨. ਸੰਗਯਾ- French.

ਫ਼ਰਾਹਮ: ਫ਼ਾ. فراہم ਵਿ- ਏਕਤ੍ਰ. ਕੱਠਾ. ਜੁੜਿਆ ਹੋਇਆ.

ਫਰਾਹੁਨ: ਦੇਖੋ, ਫਰਊਨ। ੨. ਸਰਬਲੋਹ ਅਨੁਸਾਰ ਬ੍ਰਿਜਨਾਦ (ਵੀਰਯਨਾਦ) ਦਾਨਵ ਦਾ ਇੱਕ ਪੁਤ੍ਰ ਅਤੇ ਸੈਨਾਨੀ.

ਫਰਾਕੀ: ਫ਼ਾ. فراکی ਫ਼ਰਾਕ (ਪਿੱਠ) ਪੁਰ ਬੰਨ੍ਹਣ ਦਾ ਤਸਮਾ. ਘੋੜੇ ਦੀ ਕੰਬਲ ਅਥਵਾ ਗਰਦਨੀ ਉੱਪਰ ਦੀਂ ਕਸਿਆ ਹੋਇਆ ਤੰਗ.

ਫ਼ਰਾਖ਼: ਫ਼ਾ. فراخ ਵਿ- ਖੁਲ੍ਹਾ. ਕੁਸ਼ਾਦਾ. ਮੋਕਲਾ.

ਫ਼ਰਾਖ਼ੀ: ਫ਼ਾ. فراخی ਸੰਗਯਾ- ਚੌੜਾਈ. ਵਿਸ੍ਤਾਰ। ੨. ਧਨ ਦੀ ਅਧਿਕਤਾ। ੩. ਦੇਖੋ, ਫਰਾਕੀ.

ਫ਼ਰਾਗ਼: ਅ਼. فراغ ਸੰਗਯਾ- ਵੇਲ੍ਹ. ਫੁਰਸਤ. ਅਵਕਾਸ.

ਫ਼ਰਾਗ਼ਤ: ਅ਼. فراغت ਸੰਗਯਾ- ਛੁਟਕਾਰਾ. ਰਿਹਾਈ। ੨. ਵੇਲ੍ਹ. ਫੁਰਸਤ. "ਤਬੈ ਫਰਾਗਤ ਦੀ ਬਿਧਿ ਜੋਵੈ." (ਗੁਪ੍ਰਸੂ) ੩. ਖ਼ੁਸ਼ਹਾਲੀ.

ਫ਼ਰਾਮੋਸ਼: ਫ਼ਾ. فراموش ਵਿ- ਭੁੱਲਿਆ ਹੋਇਆ "ਹੋਸ਼ ਭਈ ਫਰਾਮੋਸ਼ ਸਭੈ." (ਨਾਪ੍ਰ)

ਫ਼ਰਾਮੋਸ਼ੀਦਨ: ਫ਼ਾ. فراموشیدن ਕ੍ਰਿ- ਭੁੱਲ ਜਾਣਾ, ਵਿਸਮਰਣ ਕਰਨਾ.

ਫ਼ਰਾਰ: ਅ਼. فرار ਵਿ- ਭੱਜਿਆ (ਨੱਠਾ) ਹੋਇਆ. ਜੋ ਦੌੜ ਗਿਆ ਹੈ। ੨. ਸੰਗਯਾ- ਦੌੜਨ (ਨੱਠਣ) ਦੀ ਕ੍ਰਿਯਾ.

ਫਰਾਲਾ: ਜਿਲਾ ਜਲੰਧਰ, ਤਸੀਲ ਨਵਾਂਸ਼ਹਰ, ਥਾਣਾ ਬੰਗੇ ਦਾ ਪਿੰਡ. ਜੋ ਰੇਲਵੇ ਸ਼ਟੇਸ਼ਨ ਬੈਹਰਾਮ ਤੋਂ ਦੋ ਮੀਲ ਉੱਤਰ ਹੈ. ਇਸ ਪਿੰਡ ਦੇ ਵਿੱਚ ਹੀ ਸਰਕਾਰੀ ਸਕੂਲ ਦੇ ਪਾਸ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਛੋਟਾ ਜੇਹਾ ਗੁਰਦ੍ਵਾਰਾ ਹੈ. ਗੁਰੂ ਜੀ ਕਰਤਾਰਪੁਰੋਂ ਕੀਰਤਪੁਰ ਜਾਂਦੇ ਇੱਥੇ ਠਹਿਰੇ ਹਨ. ਇਸ ਨਾਲ ੩- ੪ ਘੁਮਾਉਂ ਜ਼ਮੀਨ ਹੈ. ਗੁਰਦ੍ਵਾਰੇ ਪਾਸ ਹੀ ਭਾਈ ਰਾਮਸਿੰਘ ਨਿਰਮਲੇ ਪੁਜਾਰੀ ਦੇ ਮਕਾਨ ਹਨ, ਜਿੱਥੇ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ.

ਫਰਿਆ: ਫਲਿਆ. ਦੇਖੋ, ਫਰ ੧.

ਫਰਿਆਦ: ਫ਼ਾ. فریاد ਫ਼ਰਯਾਦ. ਸੰਗਯਾ- ਸਹਾਇਤਾ ਲਈ ਪੁਕਾਰ. ਦੁੱਖ ਦੇ ਦੂਰ ਕਰਨ ਲਈ ਪ੍ਰਾਰਥਨਾ.

ਫਰਿਆਦੀ: ਵਿ- ਫਰਿਆਦ ਕਰਨ ਵਾਲਾ. ਦੇਖੋ, ਫਰਿਆਦ.

ਫਰਿਸਤ: ਦੇਖੋ, ਫਿਹਰਿਸ੍ਤ.

ਫ਼ਰਿਸ਼ਤਹ, ਫਰਿਸਤਾ, ਫਰਿਸ਼ਤਾ: ਫ਼ਾ. فرشتہ ਫ਼ਰਿਸ਼੍ਤਹ. ਵਿ- ਭੇਜਿਆ ਹੋਇਆ. ਇਸ ਦਾ ਮੂਲ ਫ਼ਰਸ੍ਤਾਦਨ (ਭੇਜਣਾ) ਹੈ. ਸੀਨ ਦੇ ਥਾਂ ਸ਼ੀਨ ਹੋ ਗਿਆ ਹੈ। ੨. ਸੰਗਯਾ- ਵਕੀਲ. ਦੂਤ। ੩. ਤੋਹ਼ਫ਼ਾ. ਭੇਟਾ. ਉਪਹਾਰ। ੪. ਦੇਵਤਾ. Angel. ਅ਼. ملک

ਮਲਕ. ਇਸਲਾਮ (إسلام) ਦੀ ਕਿਤਾਬਾਂ ਅਨੁਸਾਰ ਫ਼ਰਿਸ਼ਤੇ ਖ਼ੁਦਾ ਦੇ ਨੂਰ ਤੋਂ ਪੈਦਾ ਹੋਏ ਹਨ. ਉਨ੍ਹਾਂ ਨੂੰ ਭੁੱਖ ਨਹੀਂ ਲਗਦੀ ਅਰ ਵਡੀ ਸ਼ਕਤਿ ਰੱਖਦੇ ਹਨ. ਫ਼ਰਿਸ਼ਤਿਆਂ ਦੀ ਗਿਣਤੀ ਕਈ ਥਾਂਈਂ ਸਵਾ ਲੱਖ, ਕਿਤੇ ਅੱਸੀ ਹਜ਼ਾਰ ਦਿੱਤੀ ਹੈ. ਕ਼ੁਰਾਨ ਵਿੱਚ ਚਾਰ ਫ਼ਰਿਸ਼ਤੇ ਮੁਖੀਏ ਲਿਖੇ ਹਨ-

(ੳ) ਜਿਬਰਾਈਲ (جبرائیل) ਜੋ ਖ਼ੁਦਾ ਦਾ ਪੈਗ਼ਾਮ ਪੈਗ਼ੰਬਰਾਂ ਕੋਲ ਲੈ ਜਾਂਦਾ ਹੈ. ਇਸੇ ਮਲਕ ਨੇ ਮੁਹੰਮਦ ਸਾਹਿਬ ਨੂੰ ਕ਼ੁਰਾਨ ਦੀਆਂ ਬਹੁਤ ਆਯਤਾਂ ਸਮੇਂ ਸਮੇਂ ਪੁਰ ਲਿਆਕੇ ਦਿੱਤੀਆਂ ਹਨ. ਇਸ ਨੂੰ ਰੂਹੁਲਕ਼ੁਦਸ (Holy Ghost) ਭੀ ਲਿਖਿਆ ਹੈ.

(ਅ) ਮੀਕਾਇਲ میکائیل ਜੋ ਜੀਵਾਂ ਨੂੰ ਰਿਜ਼ਕ ਪਹੁਚਾਂਉਂਦਾ ਅਤੇ ਵਰਖਾ ਕਰਦਾ ਹੈ.

(ੲ) ਇਸਰਾਫ਼ੀਲ إسرافیل ਇਹ ਪ੍ਰਲਯ ਦੇ ਵੇਲੇ ਤੁਰ੍ਹੀ ਵਜਾਉਣ ਵਾਲਾ ਹੈ. ਇਸ ਦੇ ਰਣਸਿੰਗੇ ਦੀ ਧੁਨਿ ਨਾਲ ਦੁਨੀਆਂ ਵਿੱਚ ਪ੍ਰਲਯ ਆਵੇਗੀ ਅਰ ਕਬਰਾਂ ਵਿੱਚੋਂ ਮੁਰਦੇ ਉਠਣਗੇ.

(ਸ) ਇ਼ਜ਼ਰਾਈਲ ਅਥਵਾ ਅ਼ਜ਼ਰਾਈਲ عزرائیل ਇਹ ਮੌਤ ਦਾ ਦੇਵਤਾ ਹੈ. "ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ." (ਗਉ ਵਾਰ ੧. ਮਃ ੫) ਇਸ ਦਾ ਨਾਮ ਮਲਕੁਲਮੌਤ ملک الموت ਭੀ ਹੈ. "ਮਲਕਲਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ." (ਸਃ ਫਰੀਦ)

ਇਨ੍ਹਾਂ ਤੋਂ ਛੁੱਟ, ਕੁਰਾਨ ਵਿੱਚ ਦੋ ਹੋਰ ਫ਼ਰਿਸ਼ਤੇ ਕਿਰਾਮਨ ਕਾਤਿਬੀਨ کراناکاتبین ਹਨ. ਇੱਕ ਆਦਮੀਆਂ ਦੇ ਸਜੇ ਹੱਥ ਸ਼ੁਭ ਕਰਮ ਲਿਖਣ ਲਈ, ਦੂਜਾ ਖੱਬੇ ਪਾਸੇ ਕੁਕ਼ਰਮ ਲਿਖਣ ਲਈ ਹਾਜ਼ਿਰ ਰਹਿੰਦਾ ਹੈ. ਦੇਖੋ, ਚਿਤ੍ਰਗੁਪਤ.

ਦੋ ਫ਼ਰਿਸ਼ਤੇ "ਮੁਨਕਰ" منکر "ਨਕੀਰ" نکیر ਕਬਰਾਂ ਵਿੱਚ ਮੁਰਦਿਆਂ ਦਾ ਇਮਤਹਾਨ ਕਰਨ ਵਾਲੇ ਹਨ. ਅੱਠ ਫ਼ਰਿਸ਼ਤੇ ਖ਼ੁਦਾ ਦਾ ਸਿੰਘਾਸਨ ਉਠਾਕੇ ਰਖਦੇ ਹਨ, ਅਰ ਮਾਲਿਕ مالک ਫ਼ਰਿਸ਼ਤੇ ਦੇ ਮਾਤਹਿਤ ੧੯. ਫ਼ਰਿਸ਼ਤੇ ਨਰਕ ਦੇ ਰਾਖੇ ਹਨ. ਬਹਿਸ਼ਤ ਦਾ ਪ੍ਰਧਾਨ ਫ਼ਰਿਸ਼ਤਾ ਰਿਜਵਾਨ رضوان ਹੈ, ਜਿਸ ਨੂੰ ਪੁਰਾਣਾਂ ਦਾ ਇੰਦ੍ਰ ਸਮਝਣਾ ਚਾਹੀਏ।

੫. ਇੱਕ ਕਵੀ, ਜਿਸ ਦਾ ਅਸਲ ਨਾਮ ਮੁਹੰਮਦ ਕ਼ਾਸਿਮ ਸੀ. ਇਸ ਦਾ ਜਨਮ "ਅਸਤਰਾਬਾਦ" ਫ਼ਾਰਸ ਵਿੱਚ ਕਰੀਬ ਸਨ ੧੫੭੦ ਦੇ ਹੋਇਆ. ਇਸ ਦੇ ਪਿਤਾ ਦਾ ਨਾਮ ਗ਼ੁਲਾਮਅ਼ਲੀ ਸੀ. ਮੁਹੰਮਦ ਕ਼ਾਸਿਮ ਦੀ ਲਿਖੀ ਹੋਈ ਤਵਾਰੀਖ਼, ਜੋ ਸਨ ੧੬੧੪ ਵਿੱਚ ਤਿਆਰ ਹੋਈ ਹੈ "ਫ਼ਰਿਸ਼੍ਤਾ" ਨਾਮ ਤੋਂ ਪ੍ਰਸਿੱਧ ਹੈ.[813] ਮੁਹੰਮਦ ਕ਼ਾਸਿਮ ਜਹਾਂਗੀਰ ਬਾਦਸ਼ਾਹ ਦੇ ਦਰਬਾਰ ਵਿੱਚ ਭੀ ਕੁਝ ਸਮਾਂ ਰਿਹਾ ਹੈ। ੬. ਦੇਵਤਾ ਦੇ ਗੁਣ ਰੱਖਣ ਵਾਲਾ ਸਾਧੁ. ਦੇਖੋ ਫ਼ਰਿਸ਼ਤਾ ਸਿਫ਼ਤ.

ਫ਼ਰਿਸ਼ਤਾ ਸਿਫ਼ਤ: ਫ਼ਾ. فرشتہ صِفت ਫ਼ਰਿਸ਼ਤਾ ਸਿਫਤ. ਵਿ- ਦੇਵਤਿਆਂ ਦੇ ਗੁਣ ਧਾਰਨ ਵਾਲਾ. ਸਾਧੁ. ਗੁਰਮੁਖ.

ਫਰੀ: ਸੰ. ਫਲਕ. ਸੰਗ੍ਯਾ- ਛੋਟੀ ਢਾਲ, ਜੋ ਗਤਕਾ ਅਥਵਾ ਤਲਵਾਰ ਖੇਡਣ ਵੇਲੇ ਖੱਬੇ ਹੱਥ ਵਿੱਚ ਵਾਰ ਬਚਾਉਣ ਲਈ ਰੱਖੀ ਜਾਂਦੀ ਹੈ. "ਫਰੀ ਅਰੁ ਖੰਡਾ." (ਚਰਿਤ੍ਰ ੧) ੨. ਦੇਖੋ, ਫੜੀ.

ਫ਼ਰੀਕ, ਫ਼ਰੀਕ਼: ਅ਼. فریق ਸੰਗ੍ਯਾ- ਦੂਸਰੇ ਪੱਖ ਦਾ. ਮੁਕਾਬਲਾ ਕਰਨ ਵਾਲਾ. ਪ੍ਰਤਿਪਕ੍ਸ਼ੀ। ੨. ਤਰਫ਼ਦਾਰ.

ਫਰੀਦ: ਅ਼. فرید ਫ਼ਰੀਦ. ਵਿ- ਅਦੁਤੀ. ਲਾਸਾਨੀ। ੨. ਸੰਗ੍ਯਾ- ਇੱਕ ਮਹਾਤਮਾ ਸੰਤ, ਜਿਨ੍ਹਾਂ ਦੀ ਸੰਖੇਪ- ਕਥਾ ਇਹ ਹੈ-

ਸ਼ੇਖ਼ ਫ਼ਰੀਦ ਜੀ ਦਾ ਜਨਮ ਸ਼ੇਖ਼ ਜਲਾਲੁੱਦੀਨ ਸੁਲੈਮਾਨ ਦੇ ਘਰ (ਜੋ ਇਸਲਾਮ ਦੇ ਦੂਜੇ ਖਲੀਫਾ ਉਮਰ ਦੀ ਸੰਤਾਨ ਵਿੱਚੋਂ ਸਨ), ਮਾਤਾ ਮਰਿਯਮ ਦੇ ਉਦਰ ਤੋਂ ਕੋਠੀਵਾਲ ਪਿੰਡ ਵਿੱਚ (ਜੋ ਹੁਣ ਚਾਵਲੀ ਮਸ਼ਾਯਖ਼ ਕਰਕੇ ਪ੍ਰਸਿੱਧ ਹੈ). ਸੰਮਤ ੧੨੩੧ (ਸਨ ੧੧੭੩) ਵਿੱਚ ਹੋਇਆ. ਆਪ ਖ਼੍ਵਾਜਾ ਕੁਤਬੁੱਦੀਨ ਬਖ਼ਤਯਾਰ ਕਾਕੀ ਦੇ ਮੁਰੀਦ ਹੋਏ. ਫਰੀਦ ਜੀ ਵੱਡੇ ਵਿਦ੍ਵਾਨ, ਮਹਾ ਤਿਆਗੀ, ਪਰਮ ਤਪਸ੍ਵੀ ਅਰ ਕਰਤਾਰ ਦੇ ਅਨੰਨ (ਅਨਨ੍ਯ) ਉਪਾਸਕ ਸਨ. ਆਪ ਨੇ ਅਜੋਧਨ ਵਿੱਚ (ਜੋ ਹੁਣ

[813] ਇਸ ਤਵਾਰੀਖ਼ ਦਾ ਨਾਮ "ਗੁਲਸ਼ਨੇ ਇਬਰਾਹੀਮ" ਅਤੇ "ਨੌਰਸਨਾਮਾ" ਭੀ ਹੈ. ਇਸ ਦਾ Col. Briggs ਨੇ ਸਨ ੧੮੨੯ ਵਿੱਚ ਅੰਗ੍ਰੇਜ਼ੀ ਤਰਜੁਮਾ ਕੀਤਾ ਹੈ.

ਪਾਕਪਟਨ ਅਰਥਾਤ ਪਾਕਪੱਤਨ ਸੱਦੀਦਾ ਹੈ), ਰਹਾਇਸ਼ ਕੀਤੀ.

ਫ਼ਰੀਦ ਜੀ ਦੀ ਇੱਕ ਸ਼ਾਦੀ ਨਾਸਿਰੁੱਦੀਨ ਮਹ਼ਮੂਦ ਬਾਦਸ਼ਾਹ ਦਿੱਲੀ ਦੀ ਪੁਤ੍ਰੀ ਹਜ਼ਬਰਾ ਨਾਲ ਹੋਈ. ਜਿਸ ਨੂੰ ਉਨ੍ਹਾਂ ਨੇ ਦਰਵੇਸ਼ੀ ਲਿਬਾਸ ਪਹਿਨਾਕੇ ਆਪਣੇ ਸਾਥ ਰੱਖਿਆ. ਇਸ ਤੋਂ ਛੁੱਟ ਤਿੰਨ ਹੋਰ ਇਸਤ੍ਰੀਆਂ ਫਰੀਦ ਜੀ ਦੇ ਪਹਿਲਾਂ ਸਨ. ਆਪ ਦੇ ਪੰਜ ਪੁਤ੍ਰ, ਤਿੰਨ ਪੁਤ੍ਰੀਆਂ ਉਪਜੀਆਂ. ਸੰਮਤ ੧੩੨੩ (ਸਨ ੧੨੬੬) ਵਿੱਚ ਫਰੀਦ ਜੀ ਦਾ ਦੇਹਾਂਤ ਪਾਕਪਟਨ ਹੋਇਆ[814] ਅਰ ਉਨ੍ਹਾਂ ਦੀ ਗੱਦੀ ਪੁਰ ਵਡਾ ਬੇਟਾ ਦੀਵਾਨ ਬਦਰੁੱਦੀਨ ਸੁਲੈਮਾਨ ਬੈਠਾ.

ਫਰੀਦ ਜੀ ਦੀ ਵੰਸ਼ਾਵਲੀ ਇਉਂ ਹੈ::-

ਸ਼ੇਖ਼ ਜਮਾਲੁੱਦੀਨ

।

ਬਾਬਾ ਫ਼ਰੀਦੁੱਦੀਨ ਮਸਊਦ ਸ਼ਕਰਗੰਜ

।

ਦੀਵਾਨ ਬਦਰੁੱਦੀਨ ਸੁਲੈਮਾਨ

।

ਖ਼੍ਵਾਜਾ ਦੀਵਾਨ ਪੀਰ ਅ਼ਲਾਉੱਦੀਨ (ਮੌਜੇ ਦਰਯਾ)

।

ਖ਼੍ਵਾਜਾ ਦੀਵਾਨ ਪੀਰ ਮੁਇ਼ਜ਼ੁੱਦੀਨ

।

ਖ਼੍ਵਾਜਾ ਦੀਵਾਨ ਪੀਰਫ਼ਜ਼ਲ

।

ਖ਼੍ਵਾਜਾ ਮੁਨੱਵਰਸ਼ਾਹ

।

ਦੀਵਾਨ ਪੀਰ ਬਹਾਉੱਦੀਨ (ਹਾਰੂੰ)

।

ਦੀਵਾਨੇ ਸ਼ੇਖ ਅਹ਼ਮਦ ਸ਼ਾਹ

।

ਦੀਵਾਨ ਪੀਰ ਅ਼ਤ਼ਾਉੱਲਾ

।

ਖ਼੍ਵਾਜਾ ਸ਼ੇਖ ਮੁਹ਼ੰਮਦ

।

ਸ਼ੇਖਬ੍ਰਹਮ (ਇਬਰਾਹੀਮ)

ਸ਼੍ਰੀ ਗੁਰੂ ਨਾਨਕਦੇਵ ਜੀ ਦੀ ਮੁਲਾਕਾਤ "ਸ਼ੇਖ਼ ਬ੍ਰਹਮ" (ਸ਼ੇਖ਼ ਇਬਰਾਹੀਮ ਜੀ) ਨਾਲ (ਜਿਨ੍ਹਾਂ ਦੇ ਨਾਮ ਫਰੀਦ ਸਾਨੀ, ਬਲਰਾਜਾ, ਸਾਲਿਸ ਫਰੀਦ ਆਦਿਕ ਹਨ) ਦੋ ਵਾਰ ਹੋਈ. ਪੁਰਾਣੀਆਂ ਸਾਖੀਆਂ ਅਤੇ ਨਾਨਕ ਪ੍ਰਕਾਸ਼ ਵਿੱਚ ਭੀ ਸ਼ੇਖਬ੍ਰਹਮ ਹੀ ਨਾਮ ਆਉਂਦਾ ਹੈ.

---

[814] ਗੁਲਸ਼ਨੇ ਔਲੀਆ ਵਿੱਚ ਫਰੀਦ ਸੀ ਦੀ ਉਮਰ ੧੨੦ ਵਰ੍ਹੇ ਦਾ ਲਿਖੀ ਹੈ. ਇਸ ਹਿਸਾਬ ਦੇਹਾਂਤ ਸੰਮਤ ੧੩੫੦ ਵਿੱਚ ਹੋਇਆ.

"ਸ਼ੇਖ਼ ਫਰੀਦ ਪਟਨ ਹੈ ਜਹਿੰਵਾ,

ਸ਼ੇਖ਼ਬ੍ਰਹਮ ਤਬ ਬਸਈ ਤਹਿੰਵਾ,

ਤਿਹ ਕੇ ਮਿਲਨ ਹੇਤ ਗਤਿਦਾਈ

ਦੋਇ ਕੋਸ ਪਰ ਬੈਠੇ ਜਾਈ."

(ਨਾਪ੍ਰ ਉੱਤਰਾ ਅਃ ੩੩)

ਫਰੀਦਸਾਨੀ ਦਾ ਦੇਹਾਂਤ ਸੰਮਤ ੧੬੧੦ ਵਿੱਚ ਹੋਇਆ ਹੈ. ਇਸ ਲਈ ਗੁਰੂ ਨਾਨਕ ਸ੍ਵਾਮੀ ਦੇ ਸਮਕਾਲੀ ਸਨ. ਸ਼ੇਖ਼ ਫਰੀਦ ਜੀ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ. ਦੇਖੋ, ਗ੍ਰੰਥਸਾਹਿਬ। ੩. ਸ਼ੇਖ ਫਰੀਦ ਜਹਾਂਗੀਰ ਦਾ ਖ਼ਜ਼ਾਨਚੀ, ਜਿਸ ਨੇ ਬਲਬਗੜ੍ਹ ਦੀ ਤਸੀਲ ਵਿੱਚ ਸਨ ੧੬੦੭ ਵਿੱਚ ਫਰੀਦਾਬਾਦ ਵਸਾਇਆ ਹੈ.

ਫਰੀਦਕੋਟ: "ਮੋਕਲ ਨਗਰ" ਰਾਜਾ ਮੋਕਲਦੇਵ ਨੇ ਵਿਕ੍ਰਮੀ ਬਾਰ੍ਹਵੀਂ ਸਦੀ ਦੇ ਅੰਤ ਵਸਾਇਆ, ਪਰ ਫਰੀਦ ਜੀ ਦੇ ਚਰਣ ਪਾਉਣ ਸਮੇਂ ਰਾਜੇ ਨੇ ਆਪਣਾ ਨਾਉਂ ਹਟਾਕੇ ਦਰਵੇਸ਼ ਦੇ ਨਾਉਂ ਪੁਰ ਨਗਰ ਦਾ ਨਾਉਂ ਰੱਖਿਆ.[815] ਇਹ ਲਹੌਰੋਂ ੭੯ ਅਤੇ ਫਿਰੋਜ਼ਪੁਰ ਤੋਂ ੨੨ ਮੀਲ ਦੱਖਣ ਪੂਰਵ ਹੈ.

ਫਰੀਦਕੋਟ ਚਿਰ ਤੀਕ ਅਨੇਕ ਲੋਕਾਂ ਦੇ ਹੱਥ ਰਿਹਾ, ਅੰਤ ਨੂੰ ਈਸਵੀ ਸੋਲਵੀਂ ਸਦੀ ਵਿੱਚ ਇਸ ਤੇ ਬਰਾੜਵੰਸ਼ ਦਾ ਕਬਜਾ ਹੋਇਆ. ਹੁਣ ਇਹ ਪ੍ਰਸਿੱਧ ਸਿੱਖ ਰਿਆਸਤ ਹੈ. ਇਸ ਦੀ ਸੰਖੇਪ ਕਥਾ ਇਹ ਹੈ-

ਜੈਸਲ ਭੱਟੀ ਰਾਜਪੂਤ ਦੀ ਵੰਸ਼ ਵਿੱਚ ਬਰਾੜ ਪ੍ਰਤਾਪੀ ਪੁਰਖ ਹੋਇਆ. ਜਿਸ ਦੇ ਵਡੇ ਪੁਤ੍ਰ ਪੌੜ ਤੋਂ ਫੂਲਵੰਸ਼ ਦੀ ਸ਼ਾਖ ਤੁਰੀ ਅਤੇ ਛੋਟੇ ਦੁੱਲ ਤੋਂ ਫਰੀਦਕੋਟ ਦਾ ਵੰਸ਼ ਚੱਲਿਆ. ਦੁੱਲ ਦੀ ਕੁਲ ਵਿੱਚ ਬਾਦਸ਼ਾਹ ਅਕਬਰ ਦੇ ਸਮੇਂ ਚੌਧਰੀ ਭੱਲਣ ਮਾਲਵੇ ਵਿੱਚ ਸਿਰ ਕਰਦਾ ਆਦਮੀ ਸੀ, ਕਿਉਂਕਿ ਭੱਲਣ ਦੇ ਪਿਤਾ ਸੰਘਰ ਨੇ ਕਈ ਜੰਗਾਂ ਵਿੱਚ ਬਾਦਸ਼ਾਹ ਨੂੰ ਭਾਰੀ ਸਹਾਇਤਾ ਦਿੱਤੀ ਸੀ. ਜਿਸ ਦਾ ਅਕਬਰ ਨੂੰ ਸਦਾ ਧਿਆਨ ਰਹਿੰਦਾ ਸੀ. ਪਰ ਭੱਲਣ ਦਾ ਮਨਸੂਰ ਨਾਲ, ਜੋ ਸਰਸੇ ਵੱਲ ਦੇ ਪਰਗਨੇ ਦਾ ਮਾਲਗੁਜਾਰ ਚੌਧਰੀ ਸੀ, ਇਲਾਕੇ ਦੀ ਸਰਦਾਰੀ ਬਾਬਤ ਝਗੜਾ ਬਣਿਆ ਰਹਿੰਦਾ ਸੀ. ਇਕ ਵਾਰ ਇਹ ਦੋਵੇਂ ਅਕਬਰ ਦੇ ਦਰਬਾਰ ਵਿੱਚ ਹਾਜਰ ਹੋਏ, ਤਾਂ ਮਨਸੂਰ ਨੂੰ ਬਾਦਸ਼ਾਹ ਵੱਲੋਂ ਸਰੋਪਾ ਮਿਲਿਆ. ਜਦ ਮਨਸੂਰ ਸਿਰ ਤੇ ਚੀਰਾ ਬੰਨ੍ਹਣ ਲੱਗਾ, ਤਾਂ ਭੱਲਣ ਨੇ ਆਪਣੇ ਸਰੋਪਾ ਦੀ ਉਡੀਕ ਕਰਨ ਤੋਂ ਪਹਿਲਾਂ ਹੀ, ਮਨਸੂਰ ਦਾ ਅੱਧਾ ਚੀਰਾ ਪਾੜਕੇ ਆਪਣੇ ਸਿਰ ਤੇ ਬੰਨ੍ਹ ਲਿਆ. ਇਸ ਪੁਰ ਅਕਬਰ ਬਹੁਤ ਹੱਸਿਆ ਅਤੇ ਦੋਹਾਂ ਦੀ ਚੌਧਰ ਵਿੱਚ ਬਰਾਬਰ ਦੇ ਇਲਾਕੇ ਵੰਡ ਦਿੱਤੇ.[816]

ਸਨ ੧੬੩੦ (ਸੰਮਤ ੧੬੮੮) ਵਿੱਚ ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਲਵੇ ਆਏ, ਤਾਂ ਭੁੱਲਣ ਨੇ ਗੁਰਸਿੱਖੀ ਧਾਰਨ ਕੀਤੀ ਅਤੇ ਤਨ ਮਨ ਤੋਂ ਆਪਣੀ ਬਿਰਾਦਰੀ ਸਮੇਤ ਸਤਿਗੁਰਾਂ ਦੀ ਸੇਵਾ ਕਰਦਾ ਰਿਹਾ. ਭੱਲਣ ਦੇ ਔਲਾਦ ਨਹੀਂ ਸੀ, ਇਸ ਲਈ ਉਸ ਦੇ ਦੇਹਾਂਤ ਪਿੱਛੋਂ ਸਨ ੧੬੪੩ ਵਿੱਚ ਉਸ ਦੇ ਭਾਈ ਲਾਲੇ ਦਾ ਪੁਤ੍ਰ ਕਪੂਰਾ, ਜਿਸ ਦਾ ਜਨਮ ਸਨ ੧੬੨੮ ਵਿੱਚ ਹੋਇਆ ਸੀ, ਚੌਧਰੀ ਥਾਪਿਆ ਗਿਆ. ਕਪੂਰੇ ਨੇ ਆਪਣੇ ਨਾਉਂ ਤੇ ਸਨ ੧੬੬੧ ਵਿੱਚ ਕੋਟਕਪੂਰਾ ਪਿੰਡ ਵਸਾਇਆ. ਇਹ ਉਦਾਰ ਬਹਾਦੁਰ ਅਤੇ ਨਜਾਯਕਾਰੀ ਸੀ. ਇਸ ਲਈ ਇਸ ਦੇ ਅਧੀਨ ਰਹਿਣਾ ਲੋਕ ਬਹੁਤ ਪਸੰਦ ਕਰਦੇ ਸਨ.

ਜਦ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਮਾਲਵੇ ਵੱਲ ਸੰਮਤ ੧੭੬੧- ੬੨ (ਸਨ ੧੭੦੩- ੪) ਵਿੱਚ ਆਏ, ਤਦ ਇਸ ਨੇ ਸਿਰੀਏਵਾਲੇ ਪਿੰਡ ਕਲਗੀਧਰ ਤੋਂ ਅੰਮ੍ਰਿਤ ਛਕਿਆ ਅਰ ਨਾਮ ਕਪੂਰ ਸਿੰਘ ਹੋਇਆ. ਇਸ ਮੌਕੇ ਦਸ਼ਮੇਸ਼ ਨੇ ਇਸ ਨੂੰ ਇੱਕ ਤਲਵਾਰ ਤੇ ਢਾਲ ਬਖਸ਼ੀ. ਕਪੂਰ ਸਿੰਘ ਅੰਮ੍ਰਿਤ ਛਕਣ ਤੋਂ ਪਹਿਲਾਂ ਭੀ ਸਹਜਧਾਹੀ ਸਿੱਖ ਸੀ, ਇਸੇ ਲਈ ਆਨੰਦਪੁਰ ਸਤਿਗੁਰਾਂ ਦੀ

---

[815] ਫਰੀਦ ਜੀ ਦੀ ਯਾਦਗਾਰ ਵਿੱਚ ਦੋ ਥਾਂ ਹੁਣ ਦੇਖੇ ਜਾਂਦੇ ਹਨ, ਇੱਕ ਮਹਿਲਾਂ ਵਿੱਚ, ਦੂਜਾ ਸ਼ਹਿਰ ਅੰਦਰ.

[816] ਉਸੇ ਵੇਲੇ ਤੋਂ ਇਹ ਅਖਾਉਤ ਚਲੀ ਆਉਂਦੀ ਹੈ-
"ਭੱਲਣ ਚੀਰਾ ਪਾੜਿਆ ਅਕਬਰ ਦੇ ਦਰਬਾਰ."

ਸੇਵਾ ਵਿੱਚ ਭੇਟਾ ਭੇਜਦਾ ਰਹਿੰਦਾ ਸੀ. ਇੱਕ ਵਾਰ ਇਸ ਨੇ ਬਹੁਤ ਸੁੰਦਰ ਘੋੜਾ ਗੁਰੂ ਸਾਹਿਬ ਦੀ ਸਵਾਰੀ ਲਈ ਘੱਲਿਆ ਸੀ, ਜਿਸ ਬਾਬਤ ਭਾਈ ਸੰਤੋਖਸਿੰਘ ਨੇ ਲਿਖਿਆ ਹੈ-

"ਜੰਗਲ ਬਿਖੇ ਕਪੂਰਾ ਜਾਟ,

ਕੇਤਿਕ ਗ੍ਰਾਮਨ ਕੋ ਪਤਿ ਰਾਠ,

ਇਕ ਸੌ, ਇਕ ਹਜਾਰ[817] ਧਨ ਦੈਕੈ,

ਚੰਚਲ ਬਲੀ ਤੁਰੰਗਮ ਲੈਕੈ,

ਸੋ ਹਜੂਰ ਮੇ ਦਯੋ ਪੁਚਾਈ,

ਦੇਖਯੋ ਬਹੁ ਬਲ ਸੋਂ ਚਪਲਾਈ,

ਅਪਨੇ ਚਢਬੇ ਹੇਤ ਬੰਧਾਯੇ,

ਦਲਸਿੰਗਾਰ ਤਿੰਹ ਨਾਮ ਬਤਾਯੇ."[818](ਗੁਪ੍ਰਸੂ)

ਸਰਦਾਰ ਈਸਾਖ਼ਾਨ ਮੰਜ, ਜਿਸ ਦਾ ਇਲਾਕਾ ਕਪੂਰ ਸਿੰਘ ਦੇ ਨਾਲ ਲਗਦਾ ਸੀ, ਮਨ ਵਿੱਚ ਸਦਾ ਵੈਰ ਰੱਖਦਾ ਸੀ, ਇੱਕ ਵਾਰ ਮੌਕਾ ਪਾਕੇ ਧੋਖੇ ਨਾਲ ਕਪੂਰਸਿੰਘ ਨੂੰ ਫੜਕੇ ਉਸ ਨੇ ਮਾਰ ਦਿੱਤਾ. ਇਹ ਘਟਨਾ ਸਨ ੧੭੦੮ ਦੀ ਹੈ.

ਕਪੂਰਸਿੰਘ ਦੇ ਬੇਟੇ ਸੁੱਖਾ, ਸੇਮਾ ਮੁਖੀਆ ਸਨ, ਇਨ੍ਹਾਂ ਨੇ ਪਿਤਾ ਦਾ ਬਦਲਾ ਲੈਣ ਲਈ ਈਸਾਖ਼ਾਨ ਨੂੰ ਜੰਗ ਵਿੱਚ ਮਾਰਕੇ ਉਸ ਦਾ ਕਿਲਾ ਲੁੱਟਿਆ ਅਤੇ ਕੁਝ ਇਲਾਕਾ ਮੱਲਿਆ.

ਕਪੂਰਸਿੰਘ ਪਿੱਛੋਂ ਇਲਾਕੇ ਦਾ ਚੌਧਰੀ ਸੇਮਾ ਹੋਇਆ, ਜਿਸ ਨੇ ਦੋ ਵਰ੍ਹੇ ਚੌਧਰ ਕੀਤੀ. ਸਨ ੧੭੧੦ ਵਿੱਚ ਸੇਮੇ ਦੇ ਮਰਣ ਪੁਰ ਉਸ ਦਾ ਵਡਾ ਭਾਈ ਸੁੱਖਾ ਚੌਧਰੀ ਬਣਿਆ. ਇਸ ਨੇ ਆਪਣੇ ਉੱਦਮ ਨਾਲ ਕਈ ਲਾਗੇ ਦੇ ਪਿੰਡ ਆਪਣੀ ਸਰਦਾਰੀ ਹੇਠ ਲੈ ਆਂਦੇ. ਸੁੱਖੇ ਦਾ ਦੇਹਾਂਤ ਸਨ ੧੭੩੧ ਵਿੱਚ ਹੋਇਆ. ਇਸ ਦੇ ਪੁਤ੍ਰ ਜੋਧ, ਹਮੀਰ ਅਤੇ ਵੀਰ ਇਲਾਕੇ ਦੀ ਵੰਡ ਪਿੱਛੇ ਝਗੜਨ ਲੱਗੇ. ਉਸ ਵੇਲੇ ਦੇ ਮੁਖੀਏ ਸਿੰਘ ਸਰਦਾਰ ਜੱਸਾਸਿੰਘ ਆਹਲੂਵਾਲੀਆ, ਸਰਦਾਰ ਝੰਡਾ ਸਿੰਘ ਭੰਗੀ ਆਦਿਕਾਂ ਨੇ ਵਿੱਚ ਪੈਕੇ ਫੈਸਲਾ ਕੀਤਾ ਕਿ ਫਰੀਦਕੋਟ ਹਮੀਰਸਿੰਘ ਪਾਸ ਰਹੇ ਅਤੇ ਕੋਟਕਪੂਰਾ ਜੋਧ ਪਾਸ ਅਰ ਮਾੜੀਮੁਸਤਫਾ ਵੀਰ ਨੂੰ ਦਿੱਤੀ ਜਾਵੇ. ਖਾਲਸਾਦਲ ਨੇ ਇਸ ਮੌਕੇ ਤੇਹਾਂ ਭਾਈਆਂ ਨੂੰ ਅਮ੍ਰਿਤ ਛਕਾਕੇ ਸਿੰਘ ਸਜਾਇਆ.

ਸਨ ੧੭੩੨ ਵਿੱਚ ਸਰਦਾਰ ਹਮੀਰਸਿੰਘ ਨੇ ਫਰੀਦਕੋਟ ਸੰਭਾਲਕੇ ਰਾਜਸੀ ਠਾਟ ਬਣਾ ਲਿਆ ਅਰ ਸ਼ਹਿਰ ਨੂੰ ਬਹੁਤ ਰੌਣਕ ਦਿੱਤੀ. ਜੋਧਸਿੰਘ ਦਾ ਕਈ ਕਾਰਣਾਂ ਕਰਕੇ ਪਟਿਆਲੇ ਨਾਲ ਝਗੜਾ ਹੋ ਗਿਆ, ਜਿਸ ਤੋਂ ਉਹ ਸਨ ੧੭੬੭ ਵਿੱਚ ਜੰਗ ਅੰਦਰ ਮਾਰਿਆ ਗਿਆ.

ਸਨ ੧੭੮੨ ਵਿੱਚ ਹਮੀਰ ਸਿੰਘ ਦਾ ਦੇਹਾਂਤ ਹੋਣ ਪੁਰ ਰਾਜ ਦਾ ਮਾਲਿਕ ਮੋਹਰਸਿੰਘ ਹੋਇਆ.[819] ਇਹ ਯੋਗਜ ਪ੍ਰਬੰਧਕ ਨਹੀਂ ਸੀ. ਇਸ ਲਈ ਇਸ ਦੇ ਪੁਤ੍ਰ ਚੜ੍ਹਤਸਿੰਘ ਨੇ ਬਾਪ ਨੂੰ ਹੁਕੂਮਤ ਤੋਂ ਕਿਨਾਰੇ ਕਰਕੇ ਸਰਦਾਰੀ ਆਪਣੇ ਹੱਥ ਲਈ. ਚੜ੍ਹਤਸਿੰਘ ਬਹੁਤ ਲਾਇਕ ਅਤੇ ਨਿਰਭੈ ਯੋਧਾ ਸੀ.

ਸਨ ੧੮੦੪ ਵਿੱਚ ਚੜ੍ਹਤਸਿੰਘ ਦਾ ਤਾਇਆ ਦਲਸਿੰਘ ਰਾਤ ਨੂੰ ਛਾਪਾ ਮਾਰਕੇ ਫਰੀਦਕੋਟ ਤੇ ਆ ਪਿਆ ਅਤੇ ਚੜ੍ਹਤਸਿੰਘ ਨੂੰ

---

[817] ਗਿਆਰਾਂ ਸੌ ਰੁਪਯਾ.

[818] ਦੇਖੋ, ਦਲਸਿੰਗਾਰ ਸ਼ਬਦ

[819] ਮੇਹਰਸਿੰਘ ਦਾ ਦੇਹਾਂਤ ਸਨ ੧੭੯੮ ਵਿੱਚ ਹੋਇਆ.

ਕਤਲ ਕਰਕੇ ਰਿਆਸਤ ਤੇ ਕਬਜਾ ਕਰ ਲਿਆ. ਉਸ ਵੇਲੇ ਚੜ੍ਹਤਸਿੰਘ ਦੇ ਬੇਟੇ ਗੁਲਾਬਸਿੰਘ, ਪਹਾੜਸਿੰਘ, ਸਾਹਿਬਸਿੰਘ ਅਤੇ ਮਤਾਬ ਸਿੰਘ ਬਹੁਤ ਛੋਟੇ ਸਨ, ਜੋ ਮਸੀਂ ਜਾਨ ਬਚਾਕੇ ਨੱਸੇ. ਪਰ ਦਲਸਿੰਘ ਇੱਕ ਮਹੀਨੇ ਤੋਂ ਵੱਧ ਰਿਆਸਤ ਦਾ ਆਨੰਦ ਨਹੀਂ ਭੋਗ ਸਕਿਆ. ਨਾਬਾਲਗ ਬੱਚਿਆਂ ਦੀ ਸਹਾਇਤਾ ਲਈ ਉਨ੍ਹਾਂ ਦੇ ਮਾਮੇ ਸਰਦਾਰ ਫੌਜਾਸਿੰਘ (ਸ਼ੇਰ ਸਿੰਘ ਵਾਲੇ ਦੇ ਗਿੱਲ ਸਰਦਾਰ) ਨੇ ਕੁਝ ਫੌਜ ਲੈਕੇ ਰਾਤ ਨੂੰ ਫਰੀਦਕੋਟ ਤੇ ਛਾਪਾ ਆ ਮਾਰਿਆ ਅਤੇ ਸੁੱਤੇ ਪਏ ਦਲਸਿੰਘ ਨੂੰ ਕਤਲ ਕਰਕੇ ਗੁਲਾਬ ਸਿੰਘ ਨੂੰ ਗੱਦੀ ਤੇ ਬੈਠਾਇਆ.

ਸਨ ੧੮੦੬- ੭ ਵਿੱਚ ਦੀਵਾਨ ਮੁਹਕਮਚੰਦ, ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ ਫਰੀਦਕੋਟ ਤੇ ਚੜ੍ਹ ਆਇਆ ਅਤੇ ਸੱਤ ਹਜਾਰ ਰੁਪਯਾ ਖਿਰਾਜ ਵਸੂਲ ਕੀਤਾ. ੨੬ ਸਿਤੰਬਰ ਸਨ ੧੮੦੮ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਫਰੀਦਕੋਟ ਤੇ ਆਪਣਾ ਕਬਜਾ ਆਜਮਾਇਆ ਅਤੇ ਰਈਸ ਨੂੰ ਗੁਜਾਰੇ ਲਈ ਕੇਵਲ ਪੰਜ ਪਿੰਡ ਦਿੱਤੇ.

ਸਰਕਾਰ ਅੰਗ੍ਰੇਜ਼ੀ ਨੇ ਜਦ ਸਤਲੁਜ ਉਰਾਰਦੀਆਂ ਰਿਆਸਤਾਂ ਆਪਣੀ ਰਖਜਾ ਅੰਦਰ ਲਈਆਂ, ਤਦ ੩. ਅਪ੍ਰੈਲ ਸਨ ੧੮੦੯ ਨੂੰ ਫਰੀਦਕੋਟ ਗੁਲਾਬਸਿੰਘ ਨੂੰ ਵਾਪਿਸ ਦਿਵਾਇਆ ਗਿਆ.

੫. ਨਵੰਬਰ ਸਨ ੧੮੨੬ ਨੂੰ ਗੁਲਾਬਸਿੰਘ ਦੁਸ਼ਮਨਾਂ ਦੇ ਹੱਥੋਂ ਹਵਾਖ਼ੋਰੀ ਕਰਦਾ ਮਾਰਿਆ ਗਿਆ ਅਰ ਕਾਤਲਾਂ ਦਾ ਕੁਝ ਪਤਾ ਨਾ ਮਿਲਿਆ.

ਗੁਲਾਬਸਿੰਘ ਪਿੱਛੋਂ ਉਸ ਦਾ ਪੁਤ੍ਰ ਅਤਰਸਿੰਘ, ਜੋ ਉਸ ਵੇਲੇ ਚਾਰ ਵਰ੍ਹੇ ਦਾ ਸੀ ਗੱਦੀ ਤੇ ਬੈਠਾ, ਪਰ ਇਸ ਦਾ ਦੇਹਾਂਤ ਸਨ ੧੮੨੭ ਵਿੱਚ ਹੋ ਗਿਆ. ਇਸ ਲਈ ਰਾਜ ਦਾ ਮਾਲਿਕ ਪਹਾੜਸਿੰਘ ਬਣਿਆ. ਇਹ ਦਾਨੀ, ਸੂਰਵੀਰ ਅਤੇ ਵਡਾ ਚਤੁਰ ਸੀ. ਇਸ ਨੇ ਰਾਜ ਨੂੰ ਵੱਡੀ ਤਰੱਕੀ ਦਿੱਤੀ, ਕਈ ਨਵੇਂ ਪਿੰਡ ਆਬਾਦ ਕੀਤੇ ਅਤੇ ਇਲਾਕੇ ਵਿੱਚ ਬਹੁਤ ਖੂਹ ਲਗਵਾਏ.

ਸਨ ੧੮੪੫ ਦੇ ਸਿੱਖਜੰਗ ਸਮੇਂ ਦੂਰੰਦੇਸ਼ ਪਹਾੜਸਿੰਘ ਨੇ ਅੰਗ੍ਰੇਜ਼ਾਂ ਦੀ ਤਨ ਮਨ ਧਨ ਤੋਂ ਸਹਾਇਤਾ ਕੀਤੀ. ਇਸ ਲਈ ਸਰਕਾਰ ਨੇ ਸਨ ੧੮੪੬ ਵਿੱਚ "ਰਾਜਾ" ਪਦਵੀ ਅਤੇ ਨਾਭੇ ਦੇ ਜਬਤ ਕੀਤੇ ਇਲਾਕੇ ਵਿੱਚੋਂ ੩੫੬੧੨) ਸਾਲਾਨਾ ਆਮਦਨ ਦਾ ਇਲਾਕਾ ਦਿੱਤਾ.

ਰਾਜਾ ਪਹਾੜਸਿੰਘ ਦਾ ਦੇਹਾਂਤ ਅਪ੍ਰੈਲ ਸਨ ੧੮੪੯ ਵਿੱਚ ਹੋਇਆ ਅਤੇ ਉਸ ਦਾ ਸੁਪੁਤ੍ਰ ਵਜੀਰ ਸਿੰਘ[820] ੨੧. ਵਰ੍ਹੇ ਦੀ ਉਮਰ ਵਿੱਚ ਗੱਦੀ ਤੇ ਬੈਠਾ. ਇਸ ਨੇ ਸਨ ੧੮੪੯ ਦੇ ਸਿੱਖਜੰਗ ਅਤੇ ਸਨ ੧੮੫੭ (ਸੰਮਤ ੧੯੧੪) ਦੇ ਗ਼ਦਰ ਵੇਲੇ ਸਰਕਾਰ ਨੂੰ ਪੂਰੀ ਸਹਾਇਤਾ ਦਿੱਤੀ, ਜਿਸ ਤੋਂ "ਬੈਰਾੜਬੰਸ ਰਾਜਾ ਸਾਹਿਬ ਬਹਾਦੁਰ" ਖ਼ਿਤਾਬ ਮਿਲਿਆ, ਸਲਾਮੀ ੧੧. ਤੋਪਾਂ ਦੀ ਕੀਤੀ ਗਈ ਅਤੇ ਖਿਲਤ ੧੧. ਪਾਰਦੇ ਦਾ ਹੋਇਆ. ੧੧. ਮਾਰਚ ਸਨ ੧੮੬੨ ਨੂੰ ਮੁਤਬੰਨਾ ਕਰਨ ਦੀ ਸਨਦ ਪ੍ਰਾਪਤ ਹੋਈ. ਰਾਜਾ ਵਜੀਰਸਿੰਘ ਨੇ ਹਜੂਰਸਾਹਿਬ ਜਾਕੇ ਅੰਮ੍ਰਿਤ ਛਕਿਆ ਅਤੇ ਪੂਰਣ ਸਿੱਖੀ ਦੀ ਰਹਿਤ ਧਾਰਣ ਕੀਤੀ. ਕੁਰੁਕ੍ਸ਼ੇਤ੍ਰ ਦੇ ਥਾਨ ਤੀਰਥ ਤੇ ਅਪ੍ਰੈਲ ਸਨ ੧੮੭੪ ਨੂੰ ਰਾਜਾ ਵਜੀਰ ਸਿੰਘ ਦਾ ਦੇਹਾਂਤ ਹੋਇਆ, ਜਿੱਥੇ ਰਿਆਸਤ ਵੱਲੋਂ ਸਮਾਧ ਬਣਾਈ ਗਈ ਅਤੇ ਗੁਰੂ ਗ੍ਰੰਥਸਾਹਿਬ ਸ੍ਥਾਪਨ ਕਰਕੇ ਸਦਾਵ੍ਰਤ ਲਾਇਆ ਗਿਆ.

ਪਿਤਾ ਦੇ ਮਰਨ ਪੁਰ ਰਾਜਾ ਬਿਕ੍ਰਮਸਿੰਘ, ਜਿਸ ਦਾ ਜਨਮ ਸਰਦਾਰ ਸ਼ਾਮਸਿੰਘ ਮਾਨ ਦੀ ਸੁਪੁਤ੍ਰੀ ਰਾਣੀ ਇੰਦਕੌਰ ਦੀ ਕੁੱਖ ਤੋਂ ਮਾਘ ਸੁਦੀ ੧੧. ਸੰਮਤ ੧੮੯੮ (ਜਨਵਰੀ ਸਨ ੧੮੪੨) ਨੂੰ ਹੋਇਆ ਸੀ. ੩੨ ਵਰ੍ਹੇ ਦੀ ਉਮਰ ਵਿੱਚ ਫਰੀਦਕੋਟ ਦੀ ਗੱਦੀ ਤੇ ਬੈਠਾ ਅਤੇ ਰਿਆਸਤ ਦਾ ਉੱਤਮ ਪ੍ਰਬੰਧ ਕੀਤਾ. ਦੂਜੇ ਅਪਗਾਨ ਜੰਗ ਵਿੱਚ ਸਰਕਾਰ ਨੂੰ ਹਰ ਤਰਾਂ ਦੀ ਸਹਾਇਤਾ ਦਿੱਤੀ ਅਰ "ਫ਼ਰਜ਼ੰਦੇ ਸਾਦਤ ਨਿਸ਼ਾਨ ਹਜਰਤੇ ਕ਼ੈਸਰੇ ਹਿੰਦ" ਖ਼ਿਤਾਬ ਪ੍ਰਾਪਤ ਕੀਤਾ.

ਰਾਜਾ ਬਿਕ੍ਰਮਸਿੰਘ ਜੀ ਨੇ ਬਹੁਤ ਗੁਣੀ ਗਜਾਨੀ ਇਕੱਠੇ ਕਰਕੇ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਟੀਕਾ ਭਾਈ ਬਦਨਸਿੰਘ ਗਜਾਨੀ ਤੋਂ ਲਿਖਵਾਇਆ, ਜੋ ਰਿਆਸਤ ਵੱਲੋਂ ਬਹੁਤ ਧਨ ਖ਼ਰਚਕੇ ਦੋ ਵਾਰ ਛਪਵਾਇਆ ਗਿਆ ਹੈ.

ਅਮ੍ਰਿਤਸਰ ਜੀ ਗੁਰੂ ਕੇ ਲੰਗਰ ਦੀ ਇਮਾਰਤ ਲਈ ੭੫੦੦੦) ਅਤੇ ਦਰਬਾਰ ਸਾਹਿਬ ਬਿਜਲੀ ਲਾਉਣ ਲਈ ੨੫੦੦੦

---

[820] ਇਸ ਦੀ ਮਾਤਾ ਰਾਣੀ ਚੰਦਕੌਰ, ਦੀਨਾ ਨਿਵਾਸੀ ਸਮੁੰਦਸਿੰਘ ਧਾਲੀਵਾਲ ਦੀ ਸੁਪੁਤ੍ਰੀ ਸੀ.

ਰੁਪਯਾ ਘਰ ਅਰਪਨ ਕੀਤਾ.

੮. ਅਗਸਤ ਸਨ ੧੮੯੮ ਨੂੰ ਰਾਜਾ ਬਿਕ੍ਰਮ ਸਿੰਘ ਜੀ ਦਾ ਦੇਹਾਂਤ ਹੋਇਆ.

ਰਾਜਾ ਸਾਹਿਬ ਦਾ ਦੇਹਾਂਤ ਹੋਣ ਪੁਰ ਉਨ੍ਹਾਂ ਦੇ ਪੁਤ੍ਰ ਬਲਬੀਰ ਸਿੰਘ ਜੀ, ਜਿਨ੍ਹਾਂ ਦਾ ਜਨਮ ਰਾਣੀ ਬਿਸਨਕੌਰ (ਬਖ਼ਸ਼ੀ ਪ੍ਰਤਾਪਸਿੰਘ ਚਾਹਲ ਦੀ ਸੁਪੁਤ੍ਰੀ) ਦੇ ਉਦਰੋਂ ਭਾਦੋਂ ਬਦੀ ੮. ਸੋਮਵਾਰ ਸੰਮਤ ੧੯੨੬ (ਸਨ ੧੮੬੯) ਨੂੰ ਹੋਇਆ ਸੀ, ੧੬. ਦਿਸੰਬਰ ਸਨ ੧੮੯੮ ਨੂੰ ਗੱਦੀ ਤੇ ਬੈਠੇ. ਇਹ ਬਹੁਤ ਸੁੰਦਰ ਕੱਦਾਵਰ ਅਤੇ ਮਿਲਣਸਾਰ ਸਨ. ਇਨ੍ਹਾਂ ਨੇ ਸੁੰਦਰ ਇਮਾਰਤਾਂ ਬਣਵਾਈਆਂ ਅਤੇ ਬਾਗ ਲਾਏ, ਪਰ ਸ਼ੋਕ ਹੈ ਕਿ ਇਹ ਬਹੁਤ ਚਿਰ ਰਾਜ ਨਹੀਂ ਕਰ ਸਕੇ, ਸਨ ੧੯੦੬ ਵਿੱਚ ਦੇਹਾਂਤ ਹੋ ਗਿਆ. ਰਾਜਾ ਬਲਬੀਰ ਸਿੰਘ ਜੀ ਦੇ ਸੰਤਾਨ ਨਹੀਂ ਸੀ, ਇਸ ਲਈ ਉਨ੍ਹਾਂ ਨੇ ਆਪਣੇ ਛੋਟੇ ਭਾਈ ਕੌਰ ਗਜੇਂਦ੍ਰਸਿੰਘ ਦੇ ਸੁਪੁਤ੍ਰ ਬ੍ਰਿਜਇੰਦ੍ਰਸਿੰਘ ਜੀ ਨੂੰ ਜਿਨ੍ਹਾਂ ਦਾ ਜਨਮ ਸਨ ੧੮੯੬ ਵਿੱਚ ਹੋਇਆ ਸੀ. ਸਨ ੧੯੦੬ ਵਿੱਚ ਮੁਤਬੰਨਾ ਕਰ ਲਿਆ. ਤਾਏ ਦਾ ਦੇਹਾਂਤ ਹੋਣ ਪੁਰ ਰਾਜਕੁਮਾਰ ਬ੍ਰਿਜ ਇੰਦ੍ਰਸਿੰਘ ਜੀ ੧੫. ਮਾਰਚ ਸਨ ੧੯੦੬ ਨੂੰ ਗੱਦੀ ਤੇ ਬੈਠੇ.

ਇਨ੍ਹਾਂ ਨੇ ਐਸੀਚਨ ਕਾਲਿਜ ਲਹੌਰ ਵਿੱਚ ਤਾਲੀਮ ਪਾਈ. ਸਨ ੧੯੧੪ ਦੇ ਮਹਾਨ ਜੰਗ ਵਿੱਚ ਸਰਕਾਰ ਨੂੰ ਧਨ ਅਤੇ ਰੰਗਰੂਟਾਂ ਦੀ ਭਰਤੀ ਦ੍ਵਾਰਾ ਬਹੁਤ ਸਹਾਇਤਾ ਦਿੱਤੀ. ਰਿਆਸਤ ਦੀ ਸਫਰਮੈਨਾਂ (Sappers) ਕੰਪਨੀ ਨੇ ਈਸਟ ਅਫਰੀਕਾ ਵਿੱਚ ਤਿੰਨ ਵਰ੍ਹੇ ਤੋਂ ਉੱਪਰ ਬਹੁਤ ਸ਼ਲਾਘਾ ਯੋਗਜ ਸੇਵਾ ਕੀਤੀ. ਰਾਜਾ ਸਾਹਿਬ ਦਾ ਸਰਕਾਰ ਵੱਲੋਂ ਧੰਨਵਾਦ ਹੋਇਆ ਅਤੇ ਮਹਾਰਾਜਾ ਪਦਵੀ ਮਿਲੀ. ਸਨ ੧੯੨੨ ਵਿੱਚ ਮਹਾਰਾਜਾ ਨੂੰ ਪ੍ਰਾਣਦੰਡ ਦੇਣ ਦੇ ਪੂਰੇ ਅਖਤਿਆਰ ਦਿੱਤੇ ਗਏ. ਇਹ ਮਹਾਰਾਜਾ ਸਾਹਿਬ ਬਹੁਤ ਚਤੁਰ, ਨੀਤਿਵੇੱਤਾ ਅਤੇ ਯੋਗਜ ਪ੍ਰਬੰਧਕ ਸਨ. ਸ਼ੋਕ ਹੈ ਕਿ ਉਮਰ ਵਿੱਚ ਬਰਕਤ ਨਾ ਹੋਈ. ੨੨ ਦਿਸੰਬਰ ਸਨ ੧੯੧੮ ਨੂੰ ਅਕਾਲਮ੍ਰਿਤ੍ਯੁ ਹੋਣ ਤੇ ਸਾਰੇ ਪੰਜਾਬ ਵਿੱਚ ਮਹਾਨ ਸ਼ੋਕ ਹੋਇਆ. ਰਿਆਸਤ ਫਰੀਦਕੋਟ ਦੀ ਵੰਸ਼ਾਵਲੀ ਇਹ ਹੈ::-

ਬਰਾੜ
|
ਦੁੱਲ
|
ਰਤਨਪਾਲ
|
ਸੰਘਰ
|
ਭੱਲਣ ਦੇਃ ਸਨ ੧੬੪੩ ×　　　ਲਾਲਾ
|
ਜਃ ੧੬੨੮ ਕਪੂਰਸਿੰਘ ਦੇ: ੧੭੦੮
|
ਸੁੱਖਾ ਦੇਃ ੧੭੩੧　　　ਸੇਮਾ ਦੇਃ ੧੭੧੦　　　ਮੁਖੀਆ
|
ਜੋਧਾਸਿੰਘ ਦੇਃ ੧੭੬੭　　　ਹਮੀਰਸਿੰਘ ੧੭੮੨　　　ਵੀਰਸਿੰਘ
|

ਦਲਸਿੰਘ ਦੇਃ ੧੮੦ ਮੋਹਰਸਿੰਘ ੧੭੯੮

ਚੜ੍ਹਤਸਿੰਘ ਦੇਃ ੧੮੦੪

ਗੁਲਾਬਸਿੰਘ ਦੇਃ੧੮੨੬ ਰਾਜਾ ਪਹਾੜਸਿੰਘ ਦੇਃ੧੮੪੯ ਸਾਹਿਬਸਿੰਘ ੧੮੩੧ ਮਹਤਾਬਸਿੰਘ[821]

ਅਤਰਸਿੰਘ ਦੇਃ ੧੮੨੭

×

ਜਃ ੧੮੧੧ ਰਾਜਾ ਵਜੀਰਸਿੰਘ ਦੇਃ ੧੮੭੫

ਜਃ ੧੮੪੧ ਰਾਜਾ ਬਿਕ੍ਰਮਸਿੰਘ ਦੇਃ ੧੮੯੮

ਜਃ ੧੮੬੯ ਰਾਜਾ ਬਲਬੀਰਸਿੰਘ ਦੇ: ੧੯੦੬ ਕੌਰ ਗਜੇਂਦ੍ਰਸਿੰਘ ਦੇਃ ੧੯੦੦

ਜਃ ੧੮੯੬ ਮਹਾਰਾਜਾ ਬ੍ਰਿਜਇੰਦ੍ਰਸਿੰਘ ਦੇਃ ੧੯੧੮ ਜਃ ੧੯੦੦ ਸ਼ਿਵਇੰਦ੍ਰਸਿੰਘ ਦੇ: ੧੯੧੨

ਜਃ ੨੯ ਜਨਵਰੀ ੧੯੧੫ ਰਾਜਾ ਹਰਇੰਦ੍ਰਸਿੰਘ. ਕੌਰ ਮਨਜੀਤਇੰਦ੍ਰ ਸਿੰਘ (ਜਃ ੨੨ ਜਨਵਰੀ ੧੯੧੬)

ਮਹਾਰਾਜਾ ਬ੍ਰਿਜਇੰਦ੍ਰਸਿੰਘ ਜੀ ਦਾ ਦੇਹਾਂਤ ਹੋਣ ਪੁਰ ਉਨ੍ਹਾਂ ਦੇ ਸੁਪੁਤ੍ਰ ਹਰਇੰਦ੍ਰਸਿੰਘ ਜੀ, ਜਿਨ੍ਹਾਂ ਦਾ ਜਨਮ ੨੯ ਜਨਵਰੀ ਸਨ ੧੯੧੫ ਨੂੰ ਮਹਾਰਾਣੀ ਮਹਿੰਦਰਕੌਰ ਜੀ (ਸਰਦਾਰ ਜੀਵਨਸਿੰਘ ਰਈਸ ਸ਼ਾਹਜ਼ਾਦਪੁਰ ਦੀ ਸੁਪੁਤ੍ਰੀ) ਦੇ ਉਦਰੋਂ ਹੋਇਆ, ੨੩ ਦਿਸੰਬਰ ਸਨ ੧੯੨੮ ਨੂੰ ਗੱਦੀ ਤੇ ਵਿਰਾਜੇ.

ਇਹ ਹੋਨਹਾਰ ਰਾਜਾਸਾਹਿਬ, ਐਚੀਸਨ ਕਾਲਿਜ ਵਿੱਚ ਆਪਣੇ ਛੋਟੇ ਭਾਈ ਕੌਰ ਮਨਜੀਤਇੰਦ੍ਰਸਿੰਘ ਜੀ ਸਮੇਤ ਵਿਦਯਾ ਪ੍ਰਾਪਤ ਕਰ ਰਹੇ ਹਨ. ਰਿਆਸਤ ਦਾ ਪ੍ਰਬੰਧ ਕੌਂਸਲ ਦੇ ਹੱਥ ਹੈ. ਜਿਸ ਦੇ ਪ੍ਰਧਾਨ (ਪ੍ਰੈਜ਼ੀਡੈਂਟ) ਸਰਦਾਰ ਬਹਾਦੁਰ ਸਰਦਾਰ ਇੰਦ੍ਰਸਿੰਘ ਜੀ ਬੀ. ਏ. ਅਤੇ ਮੈਂਬਰ ਸਰਦਾਰ ਫਤੇਸਿੰਘ ਜੀ. ਲਾਲਾ ਇੱਜ਼ਤਰਾਇ ਜੀ. ਸ਼ੇਖ ਅਲੀਮੁਹੰਮਦ ਸਾਹਿਬ, ਸਰਦਾਰ ਗੁਰਦਯਾਲ ਸਿੰਘ ਜੀ[822] ਹਨ.

ਦਿਸੰਬਰ ੧੯੧੩ ਤੋਂ ਗਵਰਨਮੈਂਟ ਨਾਲ ਰਿਆਸਤ ਦਾ ਨੀਤਿਸੰਬੰਧ ਕਮਿਸ਼ਨਰ ਜਲੰਧਰ ਤੋਂ ਬਦਲਕੇ ਬਹਾਵਲਪੁਰ ਏਜੈਂਸੀ ਨਾਲ ਹੋਇਆ. ੧. ਨਵੰਬਰ ੧੯੨੧ ਤੋਂ ਏ. ਜੀ. ਪੰਜਾਬ ਸਟੇਟਸ ਨਾਲ ਹੈ. ਰਿਆਸਤ ਦਾ ਨੰਬਰ ਪੰਜਾਬ ਵਿੱਚ ਤੇਰ੍ਹਵਾਂ ਹੈ.

ਰਾਜਾ ਸਾਹਿਬ ਦਾ ਪੂਰਾ ਖਿਤਾਬ ਹੈ-

[821] ਮਹਤਾਬ ਸਿੰਘ ਜੀ ਦੀ ਔਲਾਦ ਮਹਮੂਆਣੇ ਵਾਲੇ ਸਰਦਾਰ ਹਨ.

[822] ਇਹ ਕੌਰ ਮਤਚਸਿੰਘ ਦੀ ਵੰਸ਼ ਵਿੱਚੋਂ ਮਹਿਮੂਆਦੇ ਦੇ ਸਰਦਾਰ ਫੌਜੀ ਮੈਂਬਰ ਹਨ.

ਹਿਜ਼ ਹਾਈਨੈਸ (His Highness) ਫ਼ਰਜ਼ੰਦੇ ਸਆਦਤ ਨਿਸ਼ਾਨ ਹਜ਼ਰਤੇ ਕ਼ੈਸਰੇ ਹਿੰਦ, ਬਰਾੜ ਬੰਸ ਰਾਜਾ ਹਰਿਇੰਦ੍ਰਸਿੰਘ ਸਾਹਿਬ ਬਹਾਦੁਰ ਰੂਲਰ (ruler) ਫਰੀਦਕੋਟ.

ਫਰੀਦਕੋਟ ਰਾਜ ਦਾ ਰਕਬਾ ੬੪੩ ਵਰਗ ਮੀਲ ਹੈ. ਸਨ ੧੯੨੧ ਦੀ ਮਰਦੁਮਸ਼ੁਮਾਰੀ ਅਨੁਸਾਰ ਜਨਸੰਖ੍ਯਾ ੧੫੦, ੬੬੧ ਹੈ. ਸਾਲਾਨਾ ਆਮਦਨ ਕਰੀਬ ਅਠਾਰਾਂ ਲੱਖ ਦੀ ਹੈ. ਫ਼ੌਜ ੩੪੪, ਅਤੇ ਪੋਲੀਸ ਦੀ ਗਿਣਤੀ ੨੨੪ ਹੈ.

ਰਿਆਸਤ ਵਿੱਚ ਇੱਕ ਸਦਰ ਹਸਪਤਾਲ, ਜਿਸ ਵਿੱਚ ਵੀਹ ਬੀਮਾਰ ਰੱਖੇ ਜਾ ਸਕਦੇ ਹਨ ਅਤੇ ਇੱਕ ਜ਼ਨਾਨਾ ਹਸਪਤਾਲ, ਜਿਸ ਵਿੱਚ ਬਾਰਾਂ ਬਿਸਤਰ ਹਨ ਉੱਤਮ ਬਣੇ ਹੋਏ ਹਨ. ਅਤੇ ਛਾਵਨੀ ਦਾ ਸੁੰਦਰ ਹਸਪਤਾਲ ਹੈ, ਜਿਸ ਵਿੱਚ ਅੱਠ ਬੀਮਾਰ ਰਹਿ ਸਕਦੇ ਹਨ. ਇਲਾਕੇ ਵਿੱਚ ਚਾਰ ਡਿਸਪੈਂਸਰੀਆਂ ਹਨ.

ਸਕੂਲ ੫੯ ਹਨ, ਜਿਨ੍ਹਾਂ ਵਿੱਚੋਂ ੧. ਹਾਈ ਸਕੂਲ, ੧. ਗਰਲ ਸਕੂਲ, ੨. ਮਿਡਲ ਸਕੂਲ ਬਾਕੀ ੫੫ ਪ੍ਰਾਇਮਰੀ ਸਕੂਲ ਹਨ.

ਰਿਆਸਤ ਦੇ ਤੋਸ਼ੇਖਾਨੇ ਵਿੱਚ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਜੀ ਦਾ ਖੜਗ ਅਤੇ ਢਾਲਾ ਹੈ, ਜੋ ਚੌਧਰੀ ਕਪੂਰਸਿੰਘ ਨੂੰ ਬਖ਼ਸ਼ਿਆ ਸੀ.[823]

ਇੱਕ ਪਤ੍ਰਾ ਸਾਢੇ ਸੋਲਾਂ ਇੰਚ ਦਾ ਲੰਮਾ ਕਿਸੇ ਗ੍ਰੰਥ ਦਾ ਹੈ, ਜੋ ਵਿਚਕਾਰੋਂ ਦੋ ਟੁਕੜੇ ਹੋ ਗਿਆ ਹੈ. ਇਸ ਦੀ ਲਿਖਤ ਬਹੁਤ ਪੁਰਾਣੀ ਹੈ, ਜੋ ਆਮ ਲੋਕਾਂ ਤੋਂ ਪੜ੍ਹੀ ਨਹੀਂ ਜਾਂਦੀ. ਰਿਆਸਤ ਦੇ ਕਰਮਚਾਰੀ ਆਖਦੇ ਹਨ ਕਿ ਇਹ ਪਤ੍ਰਾ ਭੀ ਦਸ਼ਮੇਸ਼ ਜੀ ਦੇ ਸਮੇਂ ਦਾ ਹੈ. ਪਾਠ ਛੰਦਬੱਧ ਹੈ. ੫੭੧੬ ਛੰਦ ਤੋਂ ੫੭੪੦ ਤਕ ਪਾਠ ਹੈ. ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕਿਸੇ ਵਡੇ ਗ੍ਰੰਥ ਦਾ ਹੈ. ਅੱਗਾ ਪਿੱਛਾ ਦੇਖੇ ਬਿਨਾ ਪ੍ਰਸੰਗ ਦਾ ਕੁਝ ਪਤਾ ਨਹੀਂ ਲਗਦਾ. ਨਮੂਨੇ ਮਾਤ੍ਰ ਪਾਠ ਲਿਖਦੇ ਹਾਂ- ਦੇਖ੍ਯਾ ਵਿਚਾਰ। ਰਾਜਾ ਅਪਾਰ। ਆਨਾਨ ਚਿੱਤ। ਪਰਮੰ ਪਵਿੱਤ। ੫੭੧੭। ×××

ਸੁੰਦਰ ਸਰੂਪ। ਸੌਂਦਰਜ ਭੂਪ। ਸੋਭਾ ਅਪਾਰ। ਸੋਭੇ ਸੁਧਾਰ। ੫੭੨੦। ×××

**ਫਰੀਦੂੰ, ਫਰੀਦੂੰ ਗਾਉ ਪਰਵਰ:** ਫ਼ਾ. فریدوں گاوٗپرور ਈਰਾਨ ਦਾ ਇੱਕ ਪ੍ਰਸਿੱਧ ਪ੍ਰਤਾਪੀ ਬਾਦਸ਼ਾਹ, ਜੋ ਜਮਸ਼ੇਦ ਦੀ ਵੰਸ਼ ਵਿੱਚ ਫ਼ਰਾਂਗ ਦੇ ਉਦਰ ਤੋਂ ਆਬਤੀਨ ਦਾ ਪੁਤ੍ਰ ਸੀ. ਜ਼ੁਹ਼ਾਕ ਬਾਦਸ਼ਾਹ ਨੇ ਈਰਾਨ ਫਤੇ ਕਰਕੇ ਜਮਸ਼ੇਦ ਦੀ ਵੰਸ਼ ਨੂੰ ਮਲੀਆਮੇਟ ਕਰਨ ਦੀ ਪ੍ਰਤਿਗ੍ਯਾ ਕੀਤੀ. ਇਸ ਪੁਰ ਫ਼ਰੀਦੂੰ ਦੀ ਮਾਈ ਆਪਣੇ ਪੁਤ੍ਰ ਨੂੰ ਲੈਕੇ ਦੂਰ ਚਲੀ ਗਈ ਅਰ ਉਸ ਜਗਾ ਇੱਕ ਗਵਾਲੇ ਦੀ ਗਊ ਨਾਲ ਬੱਚੇ ਦੀ ਪਾਲਨਾ ਹੋਈ, ਜਿਸ ਕਾਰਣ ਇਹ ਨਾਉਂ ਪੈ ਗਿਆ. ਇਸ ਦਾ ਸਮਾਂ ਸਨ ੭੫੦ ਬੀ. ਸੀ. ਮੰਨਿਆ ਹੈ. ਦਸਮਗ੍ਰੰਥ ਦੀ ਅੱਠਵੀਂ ਹਕਾਯਤ ਵਿੱਚ ਫਰੀਦੂੰ ਦਾ ਨਾਮ ਆਇਆ ਹੈ. ਦੇਖੋ, ਬੈਤ ੪੩.

**ਫਰੁ:** ਫਲ. ਦੇਖੋ, ਫਰ ੧.

**ਫਰੂ:** ਵਿ- ਫੜੂ. ਫੜਨ ਵਾਲਾ. ਰੋਕਣ ਵਾਲਾ। ੨. ਦਸ੍ਤਗੀਰ. "ਜਮਕਾਲੈ ਵਸਿ ਜਗੁ ਬਾਂਧਿਆ, ਤਿਸ ਦਾ ਫਰੂ ਨ ਕੋਇ." (ਵਾਰ ਵਡ ਮਃ ੩) ੩. ਅ਼. فروٗع ਫ਼ੁਰੂਅ਼. ਫ਼ਰਅ਼ (ਸ਼ਾਖ਼- ਟਾਹਣੀ) ਦਾ ਬਹੁ ਵਚਨ.

**ਫਰੂਆ:** ਸੰਗ੍ਯਾ- ਕਾਠ ਫਾੜਕੇ (ਖੋਦਕੇ) ਬਣਾਇਆ ਪਾਤ੍ਰ. ਕਠੌਤਾ. ਕਾਠ ਦਾ ਪਿਆਲਾ, ਜੋ ਫਕੀਰ ਮੰਗਣ ਸਮੇਂ ਹੱਥ ਵਿੱਚ ਰੱਖਦੇ ਹਨ. "ਫਰੂਆ ਬੀਚ ਡਾਰ ਕਰ ਦਯੋ." (ਚਰਿਤ੍ਰ ੩੯੮) ੨. ਫਾਹੁੜਾ. ਫਰਸਾ. ਧੂਈਂ ਦੀ ਰਾਖ ਇਕੱਠੀ ਕਰਨ ਵਾਲੀ ਫਾਹੁੜੀ. "ਲੈ ਫਰੂਆ ਤਿਹ ਸਾਮੁਹਿ ਧੂਪ ਜਗੈ ਹੈਂ." (ਕ੍ਰਿਸਨਾਵ)

**ਫਰੇ:** ਫੜੇ. ਪਕੜੇ। ੨. ਫੜ (ਪਕੜ) ਕੇ. "ਗੁਰੁ ਭੇਟੈ ਕਾਢੈ ਬਾਂਹ ਫਰੇ." (ਬਿਲਾ ਮਃ ੫)

**ਫਰੇਸਤਾ:** ਦੇਖੋ, ਫਰਿਸਤਾ. "ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ." (ਵਾਰ ਗਉ ੧. ਮਃ ੪)

**ਫ਼ਰੇਫ਼ਤਨ:** ਫ਼ਾ. فریفتن ਮੋਹਲੈਣਾ. ਦਿਲ ਚੁਰਾ ਲੈਣਾ. ਠਗਣਾ। ੨. ਠਗੇਜਾਣਾ. ਮੋਹਿਤ ਹੋਣਾ.

---

[823] ਦੇਖੋ, ਕਪੂਰਾ ਸ਼ਬਦ.

**ਫ਼ਰੇਫ਼ਤਾ:** ਫ਼ਾ. فریفتہ ਵਿ- ਮੋਹਿਤ. ਠਗਿਆ ਹੋਇਆ ੨. ਆਸਕੁ. ਆਸ਼ਕ.

**ਫ਼ਰੇਬ:** ਫ਼ਾ. فریب ਸੰਗਜਾ- ਛਲ. ਕਪਟ। ੨. ਧੋਖਾ. ਜਾਲ.

**ਫਰੇਬੀ:** ਵਿ- ਫ਼ਰੇਬ ਕਰਨ ਵਾਲਾ. ਛਲੀਆ. ਕਪਟੀ.

**ਫਰੈਂ:** ਫਲੈਂ. ਦੇਖੋ, ਫਰ ੧.

**ਫਰੈਦੂੰ:** ਦੇਖੋ, ਫਰੀਦੂੰ.

**ਫਰੋ:** ਦੇਖੋ, ਫਰੁ ੩। ੨. ਦੇਖੋ, ਫ਼ਿਰੋ। ੩. ਫਲੋ। ੪. ਫੜੋ.

**ਫ਼ਰੋਸ਼:** ਫ਼ਾ. فروش ਵਿ- ਵੇਚਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ- ਮੇਵਾਫ਼ਰੋਸ਼. ਦੇਖੋ, ਫ਼ਰੋਸ਼ੀਦਨ.

**ਫਰੋਸ਼ਦ:** ਫ਼ਾ. فروشد ਵੇਚਦਾ ਹੈ. ਵੇਚੇ. ਵੇਚੇਗਾ.

**ਫਰੋਸੀ:** ਸੰਗਜਾ- ਵੇਚਣ ਦੀ ਕ੍ਰਿਯਾ. ਵਪਾਰ. ਲੈਣ ਦੇਣ. ਦੇਖੋ, ਫ਼ਰੋਸ਼ੀਦਨ. "ਓਹੁ ਗਲਫਰੋਸੀ ਕਰੇ ਬਹੁਤੇਰੀ." (ਵਾਰ ਗਉ ੧. ਮਃ ੪) ਭਾਵ- ਉਹ ਗੱਲਾਂ ਦਾ ਖੱਟਿਆ ਖਾਂਦਾ ਹੈ.

**ਫ਼ਰੋਸ਼ੀਦਨ:** ਫ਼ਾ. فروشیدن ਕ੍ਰਿ- ਵੇਚਣਾ. ਫ਼ਰੋਖ਼ਤ ਕਰਨਾ.

**ਫ਼ਰੋਖ਼ਤ:** ਫ਼ਾ. فروخت ਸੰਗਜਾ- ਵੇਚਣਾ ਦੀ ਕ੍ਰਿਯਾ, ਵਿਕ੍ਰਯ। ੨. ਵਿ- ਵੇਚ ਦਿੱਤਾ.

**ਫ਼ਰੋਖ਼ਤਨ:** ਫ਼ਾ. فروختن ਕ੍ਰਿ- ਵੇਚਣਾ. ਵਿਕ੍ਰਯਣ.

**ਫ਼ਰੋਗ਼:** ਫ਼ਾ. فروغ ਸੰਗਜਾ- ਪ੍ਰਕਾਸ਼. ਚਮਤਕਾਰ. ਉਜਾਲਾ। ੨. ਰੌਣਕ.

**ਫ਼ਰੋਗੁਜਾਸ਼੍ਤ:** ਫ਼ਾ. فروگذاشت ਫ਼ਰੋਗੁਜਾਸ਼੍ਤ. ਸੰਗਜਾ- ਮੁਆਫ ਕਰਨ ਦੀ ਕ੍ਰਿਯਾ। ੨. ਛੱਡ ਦੇਣਾ। ੩. ਗਲਤੀ. ਭੁੱਲ.

**ਫਰੋਜਾ:** ਦੇਖੋ, ਫ਼ੀਰੋਜ਼.

**ਫ਼ਰੋਜ਼ਾਂ:** ਫ਼ਾ. فروزاں ਵਿ- ਚਮਕੀਲਾ. ਰੌਸ਼ਨ.

**ਫਰੋਰਨਾ:** ਦੇਖੋ, ਫਰੋਲਨਾ.

**ਫਰੋਰੀ:** ਫਰੋਲੀ. ਦੇਖੋ, ਫਰੋਲਨਾ. "ਪਗ ਸੋਂ ਰੇਤ ਫਰੋਰੀ ਜਬਹੀਂ." (ਨਾਪ੍ਰ)

**ਫਰੋਲਨਾ:** ਕ੍ਰਿ- ਰੇਤ ਆਦਿ ਵਿੱਚ ਮਿਲੀ ਵਸਤੁ ਨੂੰ ਏਧਰ ਓਧਰ ਹਿਲਾਕੇ ਟੋਲਣਾ। ੨. ਹੇਠ ਉੱਪਰ ਕਰਨਾ। ੩. ਟੋਲਨਾ. ਭਾਲਣਾ.

**ਫਰੰਕ:** ਦੇਖੋ, ਫਰਕਾਨਾ.

**ਫਰੰਗ, ਫਰੰਗੀ:** ਦੇਖੋ, ਫਿਰੰਗ ਅਤੇ ਫਿਰੰਗੀ.

**ਫਰ੍ਹੀ:** ਦੇਖੋ, ਫਰੀ.

**ਫਲ:** ਸੰ. फल. ਧਾ- ਉਤਪੰਨ ਕਰਨਾ, ਫਲ ਦਾ ਉਪਜਣਾ, ਜਾਣਾ, ਤੋੜਨਾ, ਕਾਮਯਾਬ ਹੋਣਾ। ੨. ਸੰਗਜਾ- ਬਿਰਛ ਦਾ ਫਲ. "ਫਲ ਫਿਕੇ ਫੁਲ ਬਕ- ਬਕੇ." (ਵਾਰ ਆਸਾ) ੩. ਕਰਮ ਦਾ ਨਤੀਜਾ. ਲਾਭ. "ਫਲ ਪਾਇਆ ਜਪਿ ਸਤਿਗੁਰੁ." (ਆਸਾ ਮਃ ੫) ੪. ਸੰਤਾਨ. ਔਲਾਦ। ੫. ਨੇਜ਼ੇ ਅਰ ਤੀਰ ਦੀ ਮੁਖੀ। ੬. ਬਦਲਾ. ਪਲਟਾ। ੭. ਕਾਮਯਾਬੀ. ਕਾਰਯਸਿੱਧੀ.

ਫਲਅਦਨ: ਸੰਗਯਾ- ਤੋਤਾ, ਜੋ ਫਲ ਖਾਂਦਾ ਹੈ.

ਫਲਸਫ਼ਹ: ਯੂ. فلسفہ ਹਿਕਮਤ. ਮੰਤਕ. Philosophy.

ਫਲਕ: ਸੰ. ਸੰਗ੍ਯਾ- ਤਖ਼ਤਾ. ਪੱਟੀ। ੨. ਪਤ੍ਰਾ. ਵਰਕ। ੩. ਹਥੇਲੀ. ਕਰਤਲ। ੪. ਫਲ. ਮੇਵਾ। ੫. ਨਤੀਜਾ. ਫਲ। ੬. ਲਾਭ। ੭. ਅ਼. فلک ਆਕਾਸ਼। ੮. ਸ੍ਵਰਗ. ਬਹਿਸ਼੍ਤ.

ਫਲਗੁ: ਫਲੇਗਾ। ੨. ਦੇਖੋ, ਫਲਗੂ.

ਫਲਗੁਣ: ਸੰ. ਫਾਲ੍ਗੁਨ ਵਿ- ਲਾਲਰੰਗਾ। ੨. ਸੰਗ੍ਯਾ- ਅਰਜੁਨ. ਕੁੰਤੀ ਦਾ ਛੋਟਾ ਪੁਤ੍ਰ। ੩. ਫੱਗੁਣ ਦਾ ਮਹੀਨਾ, ਜਿਸ ਦੀ ਪੂਰਣਮਾਸੀ ਨੂੰ ਚੰਦ੍ਰਮਾ, ਪੂਰਵਾਫਾਲਗੁਨੀ ਅਥਵਾ ਉੱਤਰਾ ਫਾਲਗੁਣੀ ਨਛਤ੍ਰ ਵਿੱਚ ਉਦੇ ਹੋਵੇ.

ਫਲਗੁਣਿ: ਫੱਗੁਣ ਵਿੱਚ "ਫਲਗੁਣਿ ਨਿਤ ਸਲਾਹੀਐ." (ਮਾਝ ਬਾਰਹਮਾਹਾ)

ਫਲਗੁਨ: ਫੱਗੁਣ. ਦੇਖੋ, ਫਲਗੁਣ.

ਫਲਗੁਨਿ: ਫੱਗੁਣ ਵਿੱਚ "ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ." (ਤੁਖਾ ਬਾਰਹਮਾਹਾ)

ਫਲਗੂ: ਸੰ. फल्गु. ਸੰਗ੍ਯਾ- ਬਿਹਾਰ ਦੇਸ਼ ਦੀ ਇੱਕ ਨਦੀ, ਜਿਸ ਦੇ ਕਿਨਾਰੇ ਗਯਾ ਤੀਰਥ ਹੈ. ਵਾਯੁਪੁਰਾਣ ਅਤੇ ਅਤ੍ਰਿ ਸਿਮ੍ਰਿਤਿ ਵਿੱਚ ਇਸ ਦਾ ਵਡਾ ਮਹਾਤਮ ਹੈ. ਇਸ ਦਾ ਨਾਮ "ਲੀਲਾਜਾਨ" ਭੀ ਲਿਖਿਆ ਹੈ। ੨. ਇਸ ਨਾਮ ਦਾ ਇੱਕ ਤੀਰਥ ਪੰਜਾਬ ਅੰਦਰ ਕੁਰੁਕ੍ਸ਼ੇਤ੍ਰ ਭੂਮਿ ਵਿੱਚ ਪਹੋਏ ਪਾਸ ਹੈ. ਇੱਥੇ ਭੀ ਗਯਾ ਵਾਂਗ ਲੋਕ ਪਿਤਰਾਂ ਨਿਮਿੱਤ ਪਿੰਡਦਾਨ ਕਰਦੇ ਹਨ। ੩. ਗੁਲਾਲ. ਲਾਲ ਰੰਗ ਦਾ ਚੂਰਣ, ਜੋ ਹੋਲੀ ਖੇਡਣ ਸਮੇਂ ਵਰਤੀਦਾ ਹੈ। ੪. ਵਿ- ਅਸਾਰ. ਤੱਤ ਤੋਂ ਖਾਲੀ। ੫. ਛੋਟਾ। ੬. ਵ੍ਯਰਥ. ਨਿਰਰਥਕ। ੭. ਸਾਧਾਰਣ. ਮਾਮੂਲੀ। ੮. ਲਾਲ. ਸੁਰਖ਼। ੯. ਕਮਜ਼ੋਰ.

ਫਲਘਾ: ਫਲ- ਅਘ. ਕੁਕਰਮਾਂ ਦਾ ਨਤੀਜਾ. "ਫਿਰਿ ਪਛੁਤਾਨੇ ਹਥ ਫਲਘਾ." (ਸੂਹੀ ਮਃ ੪) ਜਦ ਪਾਪਾਂ ਦਾ ਫਲ ਹੱਥ ਲੱਗਾ (ਮਿਲਿਆ), ਤਦ ਪਛਤਾਨੇ.

ਫਲਣਾ: ਕ੍ਰਿ- ਫਲ ਸਹਿਤ ਹੋਣਾ. "ਫਲੀਅਹਿ ਫੁਲੀਅਹਿ ਬਪੁੜੇ." (ਵਾਰ ਆਸਾ)

ਫਲਣੇ: ਫਲ ਲੈਣੇ ਦਾ ਸੰਖੇਪ. "ਜੋ ਸੇਵੈ ਸਭ ਫਲਣੇ." (ਨਟ ਮਃ ੪) ੨. ਫਲ ਯੋਗ੍ਯ.

ਫਲਤਹ: ਸੰ. फलत: ਵ੍ਯ- ਨਤੀਜੇ ਤੋਂ। ਇਸ ਲਿਯੇ. ਇਸ ਵਾਸਤੇ

ਫਲਦ: ਸੰ. ਵੀ- ਫਲ ਦੇਣ ਵਾਲਾ। ੨. ਸੰਗ੍ਯਾ- ਬਿਰਛ.

ਫਲਧ, ਫਲਧਰ: ਸੰਗ੍ਯਾ- ਫਲ ਧਾਰਨ ਵਾਲਾ ਬਿਰਛ। ੨. ਬਰਛਾ (ਨੇਜਾ) ਅਤੇ ਤੀਰ. (ਸਨਾਮਾ) ਦੇਖੋ, ਫਲ. ੫.

ਫਲਧਰ ਅਰਿ: ਸੰਗ੍ਯਾ- ਫਲਧਾਰੀ (ਬਿਰਛ) ਦਾ ਵੈਰੀ ਹਾਥੀ। ੨. ਫਲ (ਮੁਖੀ) ਧਾਰਨ ਵਾਲਾ ਤੀਰ, ਉਸ ਦਾ ਵੈਰੀ ਅਰਧਚੰਦ੍ਰ ਵਾਣ, ਜਿਸ ਨਾਲ ਤੀਰ ਕੱਟਿਆ ਜਾਂਦਾ ਹੈ. (ਸਨਾਮਾ)

ਫਲਧਰ ਅਰਿਣੀ: ਸੰਗ੍ਯਾ- ਫਲਧਰ ਅਰਿ (ਹਾਥੀ) ਵਾਲੀ. ਉਹ ਫ਼ੌਜ ਜਿਸ ਵਿੱਚ ਹਾਥੀ ਹੋਣ. ਦੀ ਪ੍ਰਤ੍ਯਯ ਦਾ ਅਰਥ ਵਾਲੀ ਹੈ. (ਸਨਾਮਾ)

ਫਲਨਾ: ਦੇਖੋ, ਫਲਣਾ.

ਫਲਨਿ: ਫਲ ਦੇਣ, "ਕਬੀਰ ਫਲ ਲਾਗੇ ਫਲਨਿ." (ਸ) ਫਲ ਦੇਣ ਲੱਗੇ. ਫਲਣ ਲੱਗੇ। ੨. ਸੰ. फलिन् ਸੰਗ੍ਯਾ- ਬਿਰਛ, ਜਿਸ ਨੂੰ ਫਲ ਲਗਦੇ ਹਨ.

ਫਲਰਾਜ, ਫਲਰਾਜਨ: ਸੰਗਜਾ- ਸੰਸਕ੍ਰਿਤ ਦੇ ਪੁਰਾਣੇ ਗ੍ਰੰਥਾਂ ਅਨੁਸਾਰ ਮਤੀਰਾ ਅਤੇ ਖਰਬੂਜਾ। ੨. ਕਈਆਂ ਦੇ ਮਤ ਅਨੁਸਾਰ ਅੰਬ.

ਫਲਾ: ਦੇਖੋ, ਫਲ੍ਹਾ। ੨. ਸੰ. ਜੰਡੀ ਦਾ ਬਿਰਛ. ਸ਼ਮੀ.

ਫਲਾਂ: ਅ਼. فلاں ਫ਼ੁਲਾਂ. ਵਿ- ਅਮੁਕ. ਕੋਈ ਇੱਕ। ੨. ਸਰਵ- ਕੋਈ.

ਫ਼ਲਾਸਫ਼ਹ: ਅ਼. فلاسفہ ਫ਼ੈਲਸੂਫ਼ ਦਾ ਬਹੁਵਚਨ. Philosophers

ਫਲਾਸੀ: ਸੰ. फलाशिन्. ਫਲਾਸ਼ੀ. ਫਲ ਖਾਣ ਵਾਲਾ. ਕੇਵਲ ਫਲ ਖਾਕੇ ਗੁਜਾਰਾ ਕਰਨ ਵਾਲਾ. ਫਲਾਹਾਰੀ.

ਫਲਾਹਾਰ: ਸੰਗਜਾ- ਫਲ ਆਹਾਰ. ਕੇਵਲ ਫਲ ਖਾਣਾ. ਫਲ ਬਿਨਾ ਹੋਰ ਭੋਜਨ ਦਾ ਤਿਆਗ.

ਫਲਾਹਾਰੀ: फलाहारिन. ਵਿ- ਫਲਾਸ਼ੀ. ਫਲਾਂ ਦਾ ਆਹਾਰ ਕਰਨ ਵਾਲਾ.

ਫਲਾਂਗ, ਫਲਾਂਘ: ਸੰਗਜਾ- ਪ੍ਰਲੰਘਨ. ਟਪੂਸੀ ਮਾਰਕੇ ਲੰਘਣ ਦੀ ਕ੍ਰਿਯਾ. ਛਾਲ। ੨. ਫਰਲਾਂਗ ਦਾ ਰੂਪਾਂਤਰ.

ਫਲਾਦੇਸ਼: ਸੰਗਜਾ- ਕਿਸੇ ਬਾਤ ਦਾ ਫਲ ਕਹਿਣਾ. ਨਤੀਜਾ ਦੱਸਣਾ। ੨. ਜਯੋਤਿਸ਼ ਅਨੁਸਾਰ ਗ੍ਰਹ ਆਦਿ ਦਾ ਸ਼ੁਭ ਅਸ਼ੁਭ ਫਲ ਕਹਿਣਾ.

ਫਲਾਧਿਆ: ਫਲ- ਲਾਧਿਆ. ਫਲ ਪਾਇਆ. "ਸਚੁ ਸਚਾ ਸੇਵਿ ਫਲਾਧਿਆ." (ਵਾਰ ਗਉ ੧. ਮਃ ੪)

ਫਲਾਨਦ: ਫਲ- ਆਨੰਦ. "ਸਘਨ ਬਾਸ ਫਲਾਨਦ." (ਸਾਰ ਮਃ ੫) ਸੰਘਣਾ ਬਣ ਸੁਗੰਧ ਅਤੇ ਫਲਾਂ ਦਾ ਆਨੰਦ ਦੇਣ ਵਾਲਾ ਹੈ.

ਫਲਾਨਾ: ਦੇਖੋ, ਫਲਾਂ.

ਫਲਿਸ: ਸੰਗਜਾ- ਫਲ- ਈਸ਼. ਬਿਰਛ. (ਸਨਾਮਾ)

ਫਲਿਤ: ਸੰ. ਵਿ- ਫਲਿਆ ਹੋਇਆ। ੨. ਲਾਭ ਸਹਿਤ। ੩. ਸੰਗਜਾ- ਬਿਰਛ.

ਫਲੀ: ਸੰਗਜਾ- ਮਟਰ ਸਰਸੋਂ ਸੇਮ ਆਦਿ ਦੇ ਚਿਪਟੇ ਜਾਂ ਗੋਲ ਅਰ ਲੰਮੇ ਫਲ, ਜਿਨ੍ਹਾਂ ਵਿੱਚ ਬੀਜ ਦੀ ਪੰਕ੍ਤਿ ਹੁੰਦੀ ਹੈ। ੨. ਸੰ. फलिन्. ਵਿ- ਫਲ ਵਾਲਾ। ੩. ਸੰਗਜਾ- ਬਿਰਛ। ੪. ਦੇਖੋ, ਫਲ੍ਹੀ.

ਫਲੀਆਂ: ਖਤ੍ਰੀਆਂ ਦੀ ਇੱਕ ਜਾਤਿ. "ਫਲੀਆਂ ਖੋਖਰਾਇਣ ਅਵਗਾਹੀ." (ਭਾਗੁ)

ਫਲੀਤਾ: ਦੇਖੋ, ਪਲੀਤਾ ਅਤੇ ਫਤੀਲ.

ਫਲੀਭੂਤ: ਵਿ- ਲਾਭਦਾਇਕ. ਫਲ ਦੇਣ ਵਾਲਾ.

ਫਲੁ: ਦੇਖੋ, ਫਲ. "ਧਰਮ ਫੁਲੁ ਫਲੁ ਗਿਆਨੁ." (ਬਸੰ ਮਃ ੧)

ਫਲੂਹਾ: ਅ਼. فلُوح ਫ਼ੁਲੂਹ਼. ਸੰਗਜਾ- ਬਿਆਈ. ਖ਼ੁਸ਼ਕੀ ਸਰਦੀ ਦੇ ਕਾਰਣ ਹੱਥ ਪੈਰ ਦੀ ਤੁਚਾ ਵਿੱਚ ਆਈ ਤੇੜ। ੨. ਛਾਲਾ. "ਸਤਗੁਰੁ ਕੇ ਤਬ ਪਰੇ ਫਲੂਹੇ." (ਗੁਪ੍ਰਸੂ)

ਫਲੋਹਾਰ: ਦੇਖੋ, ਫਲਾਹਾਰ. "ਫਲੋਹਾਰ ਕੀਏ ਫਲੁ ਜਾਇ." (ਬਿਲਾ ਥਿਤੀ ਮਃ ੧)

ਫਲੌਰੀ: ਸੰਗਜਾ- ਫੁੱਲੀਹੋਈ ਕਚੌਰੀ. ਮੋਣਦਾਰ ਅਤੇ ਖਸਤਾ ਕਚੌਰੀ.

ਫਲੰਗ: ਦੇਖੋ, ਫਲਾਂਗ.

ਫਲ੍ਹਾ: ਸੰ. ਫਲਹਕ. ਸੰਗਯਾ- ਦਰਵਾਜ਼ੇ ਪੁਰ ਲਾਇਆ ਤਖ਼ਤਾ ਖਿੜਕ ਆਦਿ, ਜਿਸ ਤੋਂ ਅੰਦਰ ਆਉਣਾ ਅਥਵਾ ਜਾਣਾ ਰੋਕਿਆ ਜਾਵੇ। ੨. ਅਨਾਜ ਗਾਹੁਣ ਵੇਲੇ ਬਲਦਾਂ ਦੇ ਪਿੱਛੇ ਬੱਧਾ ਭਾਰੀ ਝਾਫਾ ਜੋ ਕਣਕ ਜੌਂ ਆਦਿ ਦੀ ਨਾਲ ਨੂੰ ਤੋੜ ਮਰੋੜ ਸੁੱਟਦਾ ਹੈ.

ਫਲ੍ਹੀ: ਛੋਟਾ ਫਲ੍ਹਾ. ਦੇਖੋ, ਫਲ੍ਹਾ.

ਫਵਜ: ਦੇਖੋ, ਫੌਜ. "ਗਾਹ ਗਾਹ ਫਿਰੇ ਫਵਜਨ." (ਚੰਡੀ ੨)

ਫੜ: ਸੰਗਯਾ- ਫਾੜਾ. ਤਖ਼ਤਾ. ਫੱਟ। ੨. ਸ਼ੇਖ਼ੀ. ਲਾਫ਼। ੩. ਜੂਏ ਦਾ ਦਾਉ। ੪. ਦੰਭ. ਪਾਖੰਡ. ਸੰ. ਸ੍ਫਰ। ੫. ਦੇਖੋ, ਫੜਨਾ.

ਫੜਕਨਾ: ਕ੍ਰਿ- ਫੜ ਫੜ ਕਰਨਾ. ਪੰਖਾਂ ਦਾ ਫੜ ਫੜ ਸ਼ਬਦ ਹੋਣਾ. ਦੇਖੋ, ਅੰ. flutter.

ਫੜਨਾ: ਕ੍ਰਿ- ਪਕੜਨਾ. ਪ੍ਰਗ੍ਰਹਣ.

ਫੜਫੋਟ: ਸਿੰਧੀ. ਸੰਗਯਾ- ਡਰ, ਖ਼ੌਫ਼। ੨. ਹਲਚਲ.

ਫੜਾਉਣਾ: ਕ੍ਰਿ- ਪਕੜਾਣਾ. ਪ੍ਰਗ੍ਰਹਣ ਕਰਾਉਣਾ. "ਲੜੁ ਆਪਿ ਫੜਾਏ." (ਵਾਰ ਰਾਮ ੨. ਮਃ ੫)

ਫੜਿ: ਕ੍ਰਿ. ਵਿ- ਪਕੜਕੇ. ਫੜਕੇ.

ਫੜੀ: ਵਿ- ਪਾਖੰਡੀ. ਦੰਭੀ. ਦੇਖੋ, ਫੜ ੪। ੨. ਸੰਗਯਾ- ਧਨੁਖ, ਜਿਸ ਦੀ ਚੌੜੀ ਫੜ (ਫੱਟੀ) ਹੈ. ਦੇਖੋ, ਫੜ ੧. "ਫੜੀ ਬਲੰਦ ਮੰਗਾਇਓਸ ਫਰਮਾਇਸ ਕਰ ਮੁਲਤਾਨ ਕਉ." (ਚੰਡੀ ੩) ਮੁਲਤਾਨ ਦੇ ਧਨੁਖ ਕਿਸੀ ਸਮੇਂ ਬਹੁਤ ਪ੍ਰਸਿੱਧ ਸਨ.

ਫੜੀਅਗੁ: ਪਕੜਿਆ ਜਾਊ. "ਹੋਂਦਾ ਫੜੀਅਗੁ." (ਵਾਰ ਮਲਾ ਮਃ ੧) ਹੌਮੈ ਵਾਲਾ ਫੜਿਆ ਜਾਵੇਗਾ.

ਫੜੁ: ਪਾਖੰਡ. ਦੰਭ. ਦੇਖੋ, ਫੜ. ੪. "ਫੜੁ ਕਰਿ ਲੋਕਾ ਨੋ ਦਿਖਲਾਵਹਿ." (ਵਾਰ ਮਲਾ ਮਃ ੧)

ਫ਼ਾ: ਫ਼ਾ. فا ਸੰਗਯਾ- ਪਜਾਰੀ ਵਸਤੁ। ੨. ਵਿ- ਲੱਜਾਵਾਨ। ੩. ਸੰ. ਸੰਗਯਾ- ਨਿਸ਼ਫਲ ਬੋਲਣਾ। ੪. ਸੰਤਾਪ.

ਫਾਇਤਾ: ਦੇਖੋ, ਫਾਤੀਆ, "ਨਮਾਜ ਦਰੂਦ ਨ ਫਾਇਤਾ." (ਮਗੋ)

ਫਾਇਦਾ: ਦੇਖੋ, ਫਾਯਦਾ.

ਫ਼ਾਇਲ, ਫ਼ਾਇ਼ਲ: ਅ਼. فاعل ਵਿ- ਫ਼ਿਅ਼ਲ (ਕ੍ਰਿਯਾ) ਕਰਨ ਵਾਲਾ। ੨. ਸੰਗਯਾ- ਏਜੰਟ (agent) ੩. ਵ੍ਯਾਕਰਣ ਅਨੁਸਾਰ ਕ੍ਰਿਯਾ ਦਾ ਕਰਤਾ.

ਫਾਸ, ਫਾਂਸ: ਸੰ. ਪਾਸ਼. ਸੰਗਯਾ- ਫਾਹੀ. ਫੰਧਾ. "ਜਮ ਕੀ ਕਟੀਐ ਤੇਰੀ ਫਾਸ." (ਰਾਮ ਮਃ ੫) ੨. ਅ਼. فاس ਕੁਹਾੜਾ. ਪਰਸ਼ੁ.

ਫਾਸਨ: ਦੇਖੋ, ਫਸਣਾ. "ਫਾਸਨ ਕੀ ਬਿਧਿ ਸਭਕੋਊ ਜਾਨੈ." (ਗਉ ਕਬੀਰ) ੨. ਪਾਸ਼ (ਫੰਧੇ) ਵਿੱਚ ਪਾਉਣਾ. ਫਾਹੁਣਾ. ਫਸਾਉਣਾ

ਫਾਸਲਾ: ਅ਼. فاصلہ ਫ਼ਾਸਿਲਹ. ਸੰਗਯਾ- ਅੰਤਰ. ਦੂਰੀ. ਵਿੱਥ.

ਫਾਸਾ: ਸੰਗਯਾ- ਫਾਹਾ. ਪਾਸ਼. ਫੰਧਾ. ਬੰਧਨ. "ਗੁਰੁ ਮਿਲਿ ਖੋਲੇ ਫਾਸੇ." (ਵਡ ਮਃ ੧. ਅਲਾਹਣੀ)

ਫਾਸਿ: ਸੰਗਯਾ- ਪਾਸ਼. ਫਾਹੀ. ਬੰਧਨ.

ਫ਼ਾਸਿਦ: ਅ਼. فاسد ਵਿ- ਖ਼ਰਾਬ. ਵਿਗੜਿਆਹੋਇਆ। ੨. ਵਿਕਾਰ ਨੂੰ ਪ੍ਰਾਪਤ ਹੋਇਆ। ੩. ਉਪਦ੍ਰਵੀ. ਦੰਗਈ.

ਫਾਸੀ: ਦੇਖੋ, ਫਾਸਿ.

ਫਾਸੀਧਰ: ਸੰਗਯਾ- ਪਾਸ਼ਧਰ. ਵਰੁਣ ਦੇਵਤਾ। ੨. ਠਗ. ਬਾਟਪਾਰ. "ਏਕ ਚੋਰ, ਦੂਜੋ ਧਰਫਾਸੀ." (ਚਰਿਤ੍ਰ ੩੯)

ਫਾਸੁ: ਦੇਖੋ, ਫਾਸ.

ਫਾਹਾ: ਸੰਗਯਾ- ਪਾਸ਼. ਫਾਹੀ. ਫੰਧਾ. "ਫਾਹੇ ਕਾਟੇਮਿਟੇ ਗਵਨ." (ਬਾਵਨ) ੨. ਕਮੰਦ. "ਲੈ ਫਾਹੇ ਰਾਤੀ ਤੁਰਹਿ." (ਵਾਰ ਗਉ ੧. ਮਃ ੫) ਚੋਰ ਮਕਾਨ ਉੱਪਰ ਚੜ੍ਹਨ ਉਤਰਨ ਲਈ ਕਮੰਦ ਰੱਖਦੇ ਹਨ.

ਫ਼ਾਹਿਸ਼, ਫ਼ਾਹ਼ਿਸ਼: ਅ਼. فحش ਵਿ- ਬੁਰਾ. ਬਹੁਤ ਖ਼ਰਾਬ.

ਫਾਹੀ: ਦੇਖੋ, ਫਾਹਾ. "ਫਾਹੀ ਸੁਰਤਿ ਮਲੂਕੀ ਵੇਸ." (ਸ੍ਰੀ ਮਃ ੧) ਧਿਆਨ ਫਾਹੁਣ ਵਿੱਚ ਹੈ, ਅਤੇ ਭੇਖ ਸੰਤਾਂ ਦਾ ਹੈ. ਦੇਖੋ, ਮਲੂਕ.

ਫਾਹੀਵਾਲ: ਸੰਗਯਾ- ਪਾਸ਼ਧਰ. ਫੰਧਕ.

ਫਾਹੁਣਾ: ਕ੍ਰਿ- ਪਾਸ਼ (ਫੰਧੇ) ਵਿੱਚ ਫਸਾਉਣਾ.

ਫਾਹੁਰਾ, ਫਾਹੁਰੀ, ਫਾਹੁੜਾ, ਫਾਹੁੜੀ: ਸੰਗਯਾ- ਫਰੂਆ. ਫਾਹੁੜਾ, ਜੋ ਗੋਬਰ ਭਸਮ ਆਦਿ ਇਕੱਠੀ ਕਰਨ ਅਤੇ ਕਿਆਰੇ ਹਮ ਵਾਰ ਕਰਨ ਵਿੱਚ ਸਹਾਇਤਾ ਦਿੰਦਾ ਹੈ. ਛੋਟਾ ਫਾਹੁੜਾ (ਫਾਹੁੜੀ) ਫਕੀਰ ਧੂੰਈ ਦੀ ਭਸਮ ਸੰਬਰਣ ਲਈ ਪਾਸ ਰਖਦੇ ਹਨ. "ਦਇਆ ਫਾਹੁਰੀ ਕਾਇਆ ਕਰਿ ਧੁਈ." (ਆਸਾ ਕਬੀਰ)

ਫਾਹੂ: ਵਿ- ਫਾਹੁਣ ਵਾਲਾ. ਪਾਸ਼ ਵਿੱਚ ਫਸਾਉਣ ਵਾਲਾ.

ਫਾਕ: ਤੁ. فاق ਫ਼ਾਕ਼. ਸੰਗਯਾ- ਤੀਰ ਦੀ ਮੁਖੀ। ੨. ਤਿੱਖਾ ਦੰਦਾ। ੩. ਕੁੰਡੀ.

ਫਾਂਕ, ਫਾਂਕੜ: ਸੰਗਯਾ- ਫਾੜੀ. "ਲਜੀ ਆਂਬ ਫਾਂਕੈਂ." (ਰਾਮਾਵ) ੨. ਖੰਡ. ਟੁਕੜਾ.

ਫਾਕਾ: ਅ਼. فاقہ ਫ਼ਾਕ਼ਹ. ਸੰਗਯਾ- ਉਪਵਾਸ. ਅਹਾਰ ਬਿਨਾ ਰਹਿਣਾ.

ਫਾਕਾਕਸ਼ੀ: ਫ਼ਾ. فاقہکشی ਸੰਗਯਾ- ਨਿਰਾਹਾਰ ਰਹਿਣ ਦੀ ਕ੍ਰਿਯਾ.

ਫਾਕਿਓ: ਅਟਕਿਆ. ਫਸਿਆਂ. "ਫਾਕਿਓ ਮੀਨ ਕਪਿਕ ਕੀ ਨਿਆਈ." (ਸੋਰ ਮਃ ੫) ੨. ਫੱਕਿਆ. ਨਿਗਲਿਆ. ਦੇਖੋ, ਡੀਅਰ। ੩. ਦੇਖੋ, ਫਾਂਕਿਓ.

ਫਾਂਕਿਓ: ਫਾਂਸੀ ਵਿੱਚ ਫਸਾਇਆ. ਦੇਖੋ, ਫਾਕ. "ਕਾਮ ਹੇਤਿ ਕੁੰਚਰੁ ਲੈ ਫਾਂਕਿਓ." (ਧਨਾ ਮਃ ੫) ੨. ਛਿੱਲਿਆ. "ਮੀਨੁ ਪਕਰਿ ਫਾਂਕਿਓ ਅਰੁ ਕਾਟਿਓ." (ਸੋਰ ਰਵਿਦਾਸ)

ਫਾਕੀ: ਸੰਗਯਾ- ਫੱਕੀ. ਫੱਕਣ ਯੋਗਯ ਵਸਤੁ। ੨. ਫਸੀ. ਗ੍ਰਸੀ. "ਅਤਿ ਗਰਬੈ ਮੋਹਿ ਫਾਕੀ ਤੂੰ." (ਆਸਾ ਮਃ ੫)

ਫਾਕੈ: ਕੁਕਰਮ ਕਰਦਾ ਹੈ. ਦੇਖੋ, ਫਕ ਧਾ. "ਪਰਦਾਰਾ ਸੰਗਿ ਫਾਕੈ." (ਸੋਰ ਮਃ ੫) ਇੱਕ ਨਿੰਦਿਤ (slang) ਅੰਗ੍ਰੇਜ਼ੀ ਸ਼ਬਦ (fuck), ਜੋ ਮੈਥੁਨ ਅਰਥ ਵਿੱਚ ਅਸਭ੍ਯ ਲੋਕ ਵਰਤਦੇ ਹਨ.

ਫਾਖਤਾ: ਫ਼ਾ. فاختہ ਫ਼ਾਖ਼ਤਾ. ਸੰਗਯਾ- ਘੁੱਗੀ। ੨. ਸੂਲ- ਫਾਖਤਾ ਤਾਲ ਦਾ ਸੰਖੇਪ. ਦੇਖੋ, ਸਲੋਹ ਅਃ ੫. ਅੰਗ ੩੦੪੧ ਅਤੇ ਸੂਲਫਾਖਤਾ.

ਫਾਗ: ਸੰਗਯਾ- ਫਾਗੁਨ ਮਹੀਨੇ ਦਾ ਉਤਸਵ ਹੋਰੀ. ਹੋਲੀ. "ਆਜੁ ਹਮਾਰੈ ਬਨੇ ਫਾਗ." (ਬਸੰ ਮਃ ੫) ਫਲਗੁ (ਗੁਲਾਲ) ਜਿਸ ਵਿੱਚ ਵਰਤਿਆ ਜਾਵੇ. ਦੇਖੋ, ਫਲਗੁ ੩.

ਫਾਗੁਨ: ਦੇਖੋ, ਫਲਗੁਣ.

ਫਾਜਿਲ: ਅ਼. فاضل ਫ਼ਾਜਿਲ ਵਿ- ਫ਼ਜੀਲਤ ਵਾਲਾ. ਅਧਿਕ. ਜਾਂਦਾ. ਵਿਸ਼ੇਸ਼। ੨. ਵਿਦ੍ਵਾਨ. "ਫਾਜਿਲ ਗਨ ਉਲਮਾਉ ਮਹਾਨੇ." (ਗੁਪ੍ਰਸੂ)

ਫਾਟ: ਦੇਖੋ, ਫੱਟ। ੨. ਵਿ- ਫੱਟੜ. ਜ਼ਖ਼ਮੀ. ਘਾਇਲ. "ਮਨੁ ਅਪਨਾ ਕੀਨੋ ਫਾਟ." (ਸਾਰ ਮਃ ੫)

ਫਾਟਕ: ਸੰਗਯਾ- ਕਪਾਟ. ਕਿਵਾੜ। ੨. ਫੋਟਕ. ਵਿਰੋਧ. ਫੁੱਟ। ੩. ਦਰਵਾਜ਼ਾ. ਦ੍ਵਾਰ.

ਫਾਟਣਾ, ਫਾਟਨ: ਕ੍ਰਿ- ਪਾਟਣਾ. ਫਟਣਾ। ੨. ਤਾੜਨਾ. ਕੁੱਟਣਾ. ਫੱਟਣਾ. "ਸੱਪ ਗਏ ਫੜਿ ਫਾਟਨ ਲੀਕੈ." (ਭਾਗੁ) ਸੱਪ ਦੇ ਚਲੇ ਜਾਣ ਪੁਰ ਮੂਰਖ ਉਸ ਦੀ ਲੀਕ (ਰੇਖਾ) ਨੂੰ ਫੜਕੇ ਕੁੱਟਦੇ ਹਨ.

ਫਾਟਾ: ਫਟਿਆ. "ਭਰਮੁ ਭਉ ਫਾਟਾ." (ਮਾਰੂ ਮਃ ੫) ੨. ਫੱਟਿਆ.

ਫਾਡੀ: ਵਿ- ਪਿੱਛੇ ਰਿਹਾ. ਹਾਰਿਆ.

ਫਾਣਤ, ਫਾਣਤੀ, ਫਾਣਿਤ: ਸੰ. फाणित. ਸੰਗਯਾ- ਰਾਬ. ਸ਼ੀਰਾ. "ਰਸ ਊਖਹਿ ਕਰ ਲਤਾ ਸੁ ਪਾਲੈ, ਫਾਣਤ ਸੋ ਤਿਹ ਕਰ ਅਲਬਾਲੈ,

ਸਿਤਾ ਕੰਧ ਪਰ ਬਧ ਹੈ ਸੋਇ,

ਕਟੁ ਤੁੰਬੀ ਕਬਿ ਮਧੁਰ ਨ ਹੋਇ." (ਨਾਪ੍ਰ)

"ਫਾਣਤੀ ਸਿਤੋਪਲ ਸਿਤਾ ਸੋਂ ਗੁਰ ਆਦਿ ਜੇਊ." (ਨਾਪ੍ਰ) ਰਾਬ, ਕੁੱਜੇ ਦੀ ਮਿਸ਼ਰੀ, ਖੰਡ ਸਾਥ ਗੁੜ ਆਦਿ.

ਫਾਤਹ: ਵਿ- ਫਤੇ ਕਰਨ ਵਾਲਾ ਵਿਜਯੀ। ੨. ਦੇਖੋ, ਫਾਤੀਆ.

ਫਾਤਯਾ, ਫਾਤਿਹਾ: ਦੇਖੋ, ਫਾਤੀਆ.

ਫਾਤਿਮਾ: فاطمہ ਫ਼ਾਤ਼ਿਮਹ. ਖ਼ਦੀਜਾ ਦੇ ਉਦਰ ਤੋਂ ਹਜਰਤ ਮੁਹੰਮਦ ਦੀ ਸੁਪੁਤ੍ਰੀ ਅਤੇ ਇਮਾਮ ਅ਼ਲੀ ਦੀ ਧਰਮ ਪਤਨੀ, ਜੋ ਹ਼ਸਨ ਹੁਸੈਨ ਦੀ ਮਾਤਾ ਸੀ. ਇਸ ਦਾ ਜਨਮ ਮੱਕੇ ਵਿੱਚ ਸਨ ੬੦੬ ਅਤੇ ਦੇਹਾਂਤ ਮਦੀਨੇ ਸਨ ੬੩੨ ਵਿੱਚ ਹੋਇਆ। ੨. ਮੁਹੰਮਦ ਸਾਹਿਬ ਦੇ ਚਾਚੇ ਹਮਜ਼ਾ ਦੀ ਬੇਟੀ.

ਫਾਤਿਯਾ, ਫਾਤੀਆ: ਅ਼. فاتح ਫ਼ਾਤਿਹ਼. ਪ੍ਰਾਰੰਭ. ਆਰੰਭ।

੨. ਫਤੇ ਕਰਨ ਵਾਲਾ. ਵਿਜਯੀ। ੩. فاتہ ਕੁਰਾਨ ਦੀ ਪਹਿਲੀ ਸੂਰਤ, ਜਿਸ ਦੀਆਂ ਸੱਤ ਆਯਤਾਂ ਹਨ. ਇਸਲਾਮ ਵਿੱਚ ਇਹ ਮੂਲਮੰਤ੍ਰ ਕਰਕੇ ਮੰਨੀ ਗਈ ਹੈ. ਇਸ ਦਾ ਪਾਠ ਖਾਸ ਕਰਕੇ ਰੋਗੀਆਂ ਦੇ ਰੋਗ ਦੂਰ ਕਰਨ ਲਈ ਅਰ ਮੋਏ ਪ੍ਰਾਣੀਆਂ ਦੇ ਭਲੇ ਵਾਸਤੇ ਕੀਤਾ ਜਾਂਦਾ ਹੈ. ਪੰਜਾਬੀ ਵਿੱਚ ਕਹਾਣ ਹੈ ਕਿ "ਉਸ ਦੀ ਫਾਤੀਆ ਪੜ੍ਹਿਆ ਗਿਆ." ਇਸ ਦਾ ਭਾਵ ਹੈ ਕਿ ਉਸ ਦਾ ਅੰਤ ਹੋ ਗਿਆ. ਇਸੇ ਦੇ ਮੁਕਾਬਲੇ ਸਿੱਖਾਂ ਵਿੱਚ ਕਹਾਵਤ ਹੈ ਕਿ "ਉਸ ਦਾ ਸੋਹਿਲਾ ਪੜ੍ਹਿਆ ਗਿਆ." ਭਾਵ ਕੀਰਤਨ ਸੋਹਿਲਾ ਪੜ੍ਹਕੇ ਮ੍ਰਿਤਕ ਸੰਸਕਾਰ ਕੀਤਾ ਗਿਆ.

ਫਾਤੀਏ ਦਾ ਪਾਠ ਨਮਾਜ ਸਮੇਂ ਭੀ ਹੁੰਦਾ ਹੈ. "ਨੀਤ ਖੈਰ ਫਾਤਿਯਾ ਦੇਤ ਊਹਾਂ ਭਏ." (ਚਰਿਤ੍ਰ ੧੪੯) "ਫਾਤੀਆ ਦੇਨ ਦੁਆਇ." (ਸਃ ਮਃ ੧. ਬੰਨੋ)

ਫਾਤੀਆ ਪੜ੍ਹਨਾ: ਦੇਖੋ, ਫਾਤੀਆ ੩.

ਫਾਤੀਹਾ: ਦੇਖੋ, ਫਾਤੀਆ.

ਫਾਥਾ: ਸਿੰਧੀ. ਫਸਿਆ ਹੋਇਆ. ਫੰਧੇ ਵਿੱਚ ਪਿਆ. ਪਾਸ਼ਬੱਧ. "ਮੋਹ ਮਾਇਆ ਨਿਤ ਫਾਥਾ." (ਜੈਤ ਮਃ ੪) "ਫਾਹੀ ਫਾਥੇ ਮਿਰਗ ਜਿਉ." (ਵਾਰ ਮਲਾ ਮਃ ੩)

ਫਾਂਦਨਾ: ਫੰਦੇ ਵਿੱਚ ਫਸਾਉਣਾ। ੨. ਸੰ. स्पन्दन- ਸਪੰਦਨ. ਟੱਪਣਾ. ਕੁੱਦਣਾ। ੩. ਛਾਲ ਮਾਰਕੇ ਲੰਘਣਾ.

ਫਾਦਲ, ਫਾਦਲੁ, ਫਾਦਿਲੁ: ਅ਼. فاضل ਫ਼ਾਜ਼ਲ. ਵਿ- ਵਾਧੂ. ਫ਼ਜ਼ੂਲ. "ਬੋਲਣ ਫਾਦਲੁ ਨਾਨਕਾ, ਦੁਖ ਸੁਖ ਖਸਮੈ ਪਾਸਿ." (ਵਾਰ ਮਾਝ ਮਃ ੨) "ਬੋਲੇ ਫਾਦਿਲੁ ਬਾਦਿ." (ਸੀ ਅਃ ਮਃ ੧) ੨. ਦੇਖੋ, ਫਾਜਿਲ.

ਫਾਧ: ਸੰਗਯਾ- ਫੰਧਾ. ਪਾਸ਼. "ਕਟੀਐ ਕਾਲ ਦੁਖ ਫਾਧੋ." (ਗਉ ਛੰਤ ਮਃ ੫) "ਕਾਟੇ ਮਾਇਆ ਫਾਧਿਓ." (ਦੇਵ ਮਃ ੫)

ਫਾਂਧਨ, ਫਾਂਧਨਾ: ਦੇਖੋ, ਫਾਂਦਨਾ.

ਫਾਂਧਿਓ: ਫਸਿਆ. ਫੰਧੇ ਵਿੱਚ ਪਿਆ. "ਅਪਨੇ ਸੁਖ ਸਿਉ ਹੀ ਜਗ ਫਾਂਧਿਓ." (ਸੋਰ ਮਃ ੯) ੨. ਟੱਪਿਆ. ਛਾਲ ਮਾਰਕੇ ਲੰਘਿਆ. ਦੇਖੋ, ਫਾਂਦਨਾ.

ਫਾਂਧੀ: ਸੰਗਯਾ- ਫੰਧੇ (ਫਾਹੀ) ਵਾਲਾ, ਫੰਧਕ। ੨. ਫਾਹੀ. ਜਾਲ. ਬੰਧਨ. "ਫਾਂਧੀ ਲਗੀ ਜਾਤਿ ਫਹਾਇਨਿ." (ਵਾਰ ਮਲਾ ਮਃ ੧) ਬੁਲਾਰੇ ਜੀਵ, ਆਪਣੀ ਜਾਤੀ ਨੂੰ ਹੀ ਫਾਹੀ ਵਿੱਚ ਫਸਵਾ ਦਿੰਦੇ ਹਨ.

ਫਾਨਾ: ਸੰਗਯਾ- ਲੱਕੜ ਪਾੜਨ ਅਥਵਾ ਛੇਕ ਬੰਦ ਕਰਨ ਲਈ ਠੋਕਿਆ ਹੋਇਆ ਕਿੱਲਾ। ੨. ਪੱਚਰ। ੩. ਹੁੱਜਤ. ਤਰਕ.

ਫਾਨਾਇ, ਫਾਨਾਇਆ: ਦੇਖੋ, ਫਨਾ. "ਮੀਰ ਮਲਕ ਉਮਰੇ ਫਾਨਾਇਆ." (ਮਾਰੂ ਸੋਲਹੇ ਮਃ ੫)

ਫਾਨੀ: ਅ਼. فانی ਫ਼ਾਨੀ. ਵਿ- ਵਿਨਸ਼੍ਵਰ. ਨਾਸ਼ ਹੋਣ ਵਾਲਾ. "ਦੁਨੀਆ ਮੁਕਾਮੇ ਫਾਨੀ." (ਤਿਲੰ ਮਃ ੧)

ਫ਼ਾਨੂਸ: ਫ਼ਾ. فنوس ਸੰਗਯਾ- ਢੋਲ ਦੀ ਸ਼ਕਲ ਦਾ ਬਾਰੀਕ ਵਸਤ੍ਰ ਨਾਲ ਮੜ੍ਹਿਆ ਹੋਇਆ ਦੀਪਕਦਾਨ. ਚਰਾਗਦਾਨ। ੨. ਸ਼ੀਸ਼ੇ ਦੀ ਮ੍ਰਿਦੰਗੀ. ਜਿਸ ਵਿੱਚ ਮੋਮਬੱਤੀ ਆਦਿ ਜਲਾਉਂਦੇ ਹਨ. ਦੇਖੋ, ਫਨੂਸ.

ਫਾਬ: ਸੰਗਯਾ- ਛਬਿ. ਸ਼ੋਭਾ. ਪ੍ਰਭਾ.

ਫਾਮ: ਫ਼ਾ. فام ਸੰਗਯਾ- ਸ਼ਕਲ. ਸੂਰਤ। ੨. ਰੰਗ. ਵਰਣ। ੩. ਖ਼ੁਰਾਸਾਨ ਦਾ ਇੱਕ ਨਗਰ.

ਫਾਯਕ: ਅ਼. فائق ਵਿ- ਫ਼ੌਕ਼ੀਯਤ (ਅਧਿਕਤਾ) ਰੱਖਣ ਵਾਲਾ. ਦੂਜੇ ਤੋਂ ਵਧਿਆ ਹੋਇਆ.

ਫਾਯਦਾ: ਅ਼. فائدہ ਲਾਭ. ਨਫਾ। ੨. ਉੱਤਮ ਅਸਰ.

ਫਾਰ: ਦੇਖੋ, ਫਾੜ.

ਫਾਰਸ: ਫ਼ਾ. فارس ਫ਼ਾਰਿਸ. ਸੰਗਯਾ- ਪਾਰਸ (ਈਰਾਨ) ਦੇਸ਼. ਦੇਖੋ, ਪਾਰਸ.

ਫਾਰਸੀ: ਫ਼ਾ. فارسی ਫ਼ਾਰਿਸੀ. ਸੰਗਯਾ- ਪਾਰਸ ਦੇਸ਼ ਦੀ ਭਾਸ਼ਾ. ਫ਼ਾਰਿਸੀ ਦੀਆਂ ਸੱਤ ਕਿਸਮਾਂ ਹਨ- ਫ਼ਾਰਿਸੀ. ਪਹਲਵੀ, ਦਰੀ, ਹਰਵੀ, ਜ਼ਾਬੁਲੀ, ਸਕਜ਼ੀ ਅਤੇ ਸਗਦੀ। ੨. ਫ਼ਾਰਿਸ ਦਾ ਵਸਨੀਕ। ੩. ਦੇਖੋ, ਪਾਰਸੀ.

ਫਾਰਕ: ਅ਼. فارق ਫ਼ਾਰਿਕ਼ ਵਿ- ਫ਼ਰਕ਼ ਕਰਨ ਵਾਲਾ। ੨. ਅ਼. فارغ ਫ਼ਾਰਿਗ਼. ਜੁਦਾ. ਅਲਹਿਦਾ. "ਫੇ ਫਾਰਕ ਹੋ ਦੁਨੀ ਸੇ." (ਜਸਭਾਮ) ੩. ਵੇਲ੍ਹਾ. ਵਿਹਲਾ.

ਫਾਰਖਤੀ: ਫ਼ਾ. فارغ خطی ਫ਼ਾਰਿਗ਼ਖ਼ਤ਼ੀ. ਸੰਗਯਾ- ਬੇਬਾਕੀ ਦੀ ਲਿਖਤ. ਐਸਾ ਲੇਖ. ਜਿਸ ਨਾਲ ਕਿਸੇ ਨੂੰ ਜਿੰਮੇਵਾਰੀ ਤੋਂ ਛੁਟਕਾਰਾ ਦਿੱਤਾ ਜਾਵੇ.

ਫਾਰਗ: ਦੇਖੋ, ਫ਼ਾਰਿਗ.

ਫਾਰਨਾ: ਕ੍ਰਿ- ਪਾੜਨਾ. ਚੀਰਨਾ। ੨. ਫੋਟਕ ਪਾਉਣਾ। ੩. ਦੇਖੋ, ਫਾਰੈ.

ਫਾਰਿ: ਕ੍ਰਿ ਵਿ- ਪਾੜਕੇ। ੨. ਭੇਦ ਪਾਕੇ.

ਫ਼ਾਰਿਗ: ਅ਼. فارغ ਵਿ- ਖਾਲੀ। ੨. ਵੇਲ੍ਹਾ। ੩. ਬੇਫ਼ਿਕਰ। ੪. ਜੁਦਾ. ਅਲਹਿਦਾ. ਵੱਖ.

ਫਾਰੈ: ਸ੍ਫਾਰ (ਵਿਕਾਸ਼) ਕਰੈ. ਖਿੜਾਉਂਦਾ ਹੈ. "ਤਾ ਫਲਫੰਕ ਸਭੈ ਤਨ ਫਾਰੈ." (ਗਉ ਬਾਵਨ ਕਬੀਰ) ਬ੍ਰਹਮ ਫਲ ਦੀ ਫਾਂਕ ਜੀਵਾਤਮਾ, ਸਾਰੇ ਸ਼ਰੀਰਾਂ ਨੂੰ ਖਿੜਾਉਂਦਾ ਹੈ। ੨. ਪਾੜਦਾ ਹੈ.

ਫਾਲ: ਅ਼. فال ਸੰਗਯਾ- ਸ਼ਕੁਨ। ੨. ਰਮਲ ਦਾ ਲਗਨ. "ਮੌਤ ਕੀ ਇਹ ਸਭ ਨਿਸ਼ਾਨੀ, ਫਾਲ ਐਸੀ ਆਵਸੀ." (ਸਲੋਹ)

ਫਾਲਸਾ: ਫ਼ਾ. فالسہ ਸੰਗਯਾ- ਇੱਕ ਪੌਧਾ, ਜਿਸ ਨੂੰ ਖਟਮਿਟੇ ਫਲ ਲਗਦੇ ਹਨ. ਸੰ. ਪਰੂਸ਼ਕ. ਇਸ ਦਾ ਸ਼ਰਬਤ ਪਿੱਤ ਰੋਗਾਂ ਨੂੰ ਦੂਰ ਕਰਨ ਵਾਲਾ ਅਤੇ ਭੁੱਖ ਵਧਾਉਣ ਵਾਲਾ ਹੁੰਦਾ ਹੈ. Grewia Asiatica.

ਫਾਲਗੁਨ: ਸੰ. ਫਾਲ੍ਗੁਨ. ਫੱਗੁਣ ਦਾ ਮਹੀਨਾ। ੨. ਅਰਜੁਨ. ਦੇਖੋ, ਫਲਗੁਣ.

ਫਾਲਤੂ: ਵਿ- ਫ਼ਾਦਲ. ਫਾਜਲ. ਵਾਧੂ ਜੋ ਕੰਮ ਵਿੱਚ ਆਉਣ ਤੋਂ ਬਚ ਰਹੇ। ੨. ਨਿਕੰਮਾ.

ਫਾਲਰਾ: ਸੰਗਯਾ- ਫਫੋਲਾ. ਛਾਲਾ. "ਪਾਇਨ ਪਰੇ ਫਾਲਰੇ ਘਨੇ." (ਗੁਪ੍ਰਸੂ)

ਫਾਲਾ: ਸੰ. ਫਾਲ. ਸੰਗਯਾ- ਹਲ ਦੀ ਚਉ ਅੱਗੇ ਲੱਗਾ ਲੋਹੇ ਦਾ ਤਿੱਖਾ ਫਲ.

ਫਾਲਿਆ: ਫੈਲਿਆ. "ਚੰਦਨ ਵਾਸ ਵਣਸਪਤਿ ਫਾਲਿਆ." (ਭਾਗੁ)

ਫ਼ਾਲਿਜ: ਅ਼. فالج ਸੰਗਯਾ- ਅਰਧਾਂਗ ਮਰੇ ਜਾਣ ਦਾ ਰੋਗ. ਪਕ੍ਸ਼ਾਘਾਤ. ਦੇਖੋ, ਅਧਰੰਗ.

ਫਾਵਾ: ਫ਼ਾ. فاوہ ਵਿ- ਸ਼ਰਮਿੰਦਾ। ੨. ਮਾਨ ਪ੍ਰਤਿਸ਼੍ਠਾ ਰਹਿਤ. ਅਪਮਾਨਿਤ. "ਫਾਵਾ ਹੁਇਕੈ ਉਠਿ ਘਰਿ ਆਇਆ." (ਵਾਰ ਗਉ ੧. ਮਃ ੪)

ਫਾਵੀ: ਫਾਵਾ ਦਾ ਇਸਤ੍ਰੀਲਿੰਗ. "ਫਾਵੀ ਹੋਈ ਭਾਲ." (ਵਾਰ ਰਾਮ ੧. ਮਃ ੩) ਦੇਖੋ, ਫਾਵਾ.

ਫਾੜ: ਸੰਗਯਾ- ਖੰਡ. ਟੁਕੜਾ. ਚੀਰਕੇ ਕੀਤਾ ਹੋਇਆ ਫਾੜਾ.

ਫਾੜਨਾ: ਕ੍ਰਿ- ਪਾੜਨਾ. ਚੀਰਨਾ। ੨. ਅਲਗ ਕਰਨਾ। ੩. ਫੋਟਕ ਪਾਉਂਣਾ.

ਫਾੜੀ: ਸੰਗਯਾ- ਟੁਕੜਾ. ਖੰਡ। ੨. ਫਲ ਦੀ ਫਾਂਕ.

ਫਿਆਜ: ਦੇਖੋ, ਫੈਯਾਜ.

ਫਿਸਕ: ਅ਼. فسخ ਫ਼ਸ਼ਖ਼. ਅ਼ਹਿਦਨਾਮਾ ਤੋੜਨ ਦੀ ਕ੍ਰਿਯਾ। ੨. ਸੌਦਾ ਮੋੜਨਾ। ੩. ਅ਼. فسق ਫ਼ਿਸਕ਼ ਬਦੀ. ਬੁਰਾਈ. ਪਾਪ.

ਫਿਸਲਨਾ: ਕ੍ਰਿ- ਰਪਟਣਾ. ਚਿਕਣੇ ਥਾਉਂ ਪੈਰ ਨਾ ਜਮਣਾ. ਤਿਲ੍ਹਕਣਾ.

ਫਿਸਾਦ: ਦੇਖੋ, ਫਸਾਦ.

ਫਿੱਸਣਾ: ਕ੍ਰਿ- ਕਿਸੇ ਭਰੀ ਹੋਈ ਚੀਜ਼ ਦਾ ਫੁੱਟ ਪੈਣਾ.

ਫ਼ਿਹਰਿਸ੍ਤ: ਅ਼. فہرست ਸੰਗਯਾ- ਸੂਚੀ. ਤਤਕਰਾ. ਵਸਤਾਂ ਦੀ ਤਫਸੀਲ (ਵੇਰਵਾ) List (table of contents)

ਫਿਕਨ: ਫ਼ਾ. فگن ਵਿ- ਫੈਂਕਣ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- "ਹਿਰਾਸੁਲ ਫਿਕਨ ਹੈ." (ਜਾਪੁ) ਡਰ ਨੂੰ ਪਰੇ ਸਿੱਟਣ ਵਾਲਾ ਹੈ.

ਫਿਕਫਿਕਾ: ਵਿ- ਬਹੁਤ ਫਿੱਕਾ, ਅਤਿ ਬੇਸੁਆਦ। ੨. ਸ਼ੋਭਾਹੀਨ.

ਫਿਕਰ: ਅ਼. فکر ਸੰਗ੍ਯਾ- ਸੋਚ. ਚਿੰਤਾ. ਖਟਕਾ. "ਦਿਲ ਕਾ ਫਿਕਰ ਨ ਜਾਇ." (ਤਿਲੰ ਕਬੀਰ) ੨. ਧਿਆਨ. ਵਿਚਾਰ. ਚਿੰਤਨ.

ਫਿਕਰਨ: ਸੰਗ੍ਯਾ- ਫੁਤਕਾਰ ਕਰਨ ਦੀ ਕ੍ਰਿਯਾ. ਫੁਕਾਰਾ ਮਾਰਨਾ। ੨. ਗਿੱਦੜ ਦੀ ਧੁਨੀ. ਜੰਭਾਈ (ਅਵਾਸੀ) ਲੈਣ ਜੇਹੀ ਮੁਖ ਤੋਂ ਧੁਨੀ ਕੱਢਣ ਦੀ ਕ੍ਰਿਯਾ. ਦੇਖੋ, ਫਿਤਕਾਰ ੨. "ਰਣ ਫਿਕਰਤ ਜੰਬੁਕ ਫਿਰਹਿ"." (ਚਰਿਤ੍ਰ ੧)

ਫ਼ਿਕਰਮੰਦ, ਫਿਕਰਵੰਦ: ਫ਼ਾ. فکرمند ਵਿ- ਚਿੰਤਾ ਵਾਲਾ. ਸੋਚ ਦਾ ਗ੍ਰਸਿਆ ਹੋਇਆ. "ਫਿਕਰਵੰਦ ਹਨਐ ਭਾਰੀ." (ਨਾਪ੍ਰ) ੨. ਧ੍ਯਾਨਪਰਾਇਣ.

ਫ਼ਿਕਰਾ, ਫ਼ਿਕ਼ਰਾ: ਅ਼. فقرہ ਸੰਗ੍ਯਾ- ਪਦ. ਕਈ ਸ਼ਬਦਾਂ ਦਾ ਇਕੱਠ, ਜੋ ਪੂਰਾ ਅਰਥ ਪ੍ਰਗਟ ਕਰੇ. ਵਾਕ। ੨. ਕੰਗਰੋੜ ਦੀ ਹੱਡੀ.

ਫਿੰਕਰੀ: ਸੰ. ਫੇਰੁਕੀ. ਸੰਗ੍ਯਾ- ਗਿਦੜੀ. "ਫਿਕੰਤ ਫਿੰਕਰੀ ਫਿਰੰ." (ਰਾਮਾਵ)

ਫਿਕਰੀਆ: ਵਿ- ਫਿੱਕਾ. ਬੇਸੁਆਦ. "ਹਰਿਰਸ ਬਿਨ ਸਭ ਸੁਆਦ ਫਿਕਰੀਆ." (ਆਸਾ ਮਃ ੫)

ਫਿਕਰੰਤ: ਫੁਤਕਾਰ ਕਰੰਤ. ਦੇਖੋ, ਫਿਕਰਨ ਅਤੇ ਫਿਤਕਾਰ. "ਫਿਕਰੰਤ ਸ੍ਵਾਨ ਸ੍ਰਿਗਾਲ." (ਚੰਡੀ ੨)

ਫਿਕਾ: ਵਿ- ਫੀਕਾ. ਬੇਰਸ, ਬੇਸੁਆਦ. "ਫਲ ਫਿਕੇ ਫੁਲ ਬਕਬਕੇ." (ਵਾਰ ਆਸਾ) ੨. ਬਦਜ਼ਬਾਨ, ਜੋ ਮਿੱਠਾ ਨਹੀਂ ਬੋਲਦਾ. "ਫਿਕਾ ਦਰਗਹਿ ਸੁਟੀਐ, ਮੁਹ ਥੁਕਾਂ ਫਿਕੇ ਪਾਹਿ." (ਵਾਰ ਆਸਾ) ੩. ਕੌੜਾ. ਰੁੱਖਾ. "ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ." (ਵਾਰ ਆਸਾ) ੪. ਸ਼ੋਭਾਹੀਨ. "ਮਾਇਆ ਕਾ ਰੰਗ ਸਭੁ ਫਿਕਾ." (ਸ੍ਰੀ ਮਃ ੫)

ਫਿਕੰਤ: ਫੁਤਕਾਰ ਕਰੰਤ. ਦੇਖੋ, ਫਿਕਰਨ, ਫਿੰਕਰੀ ਅਤੇ ਫਿਤਕਾਰ.

ਫਿਕੰਦਨ: ਫ਼ਾ. فکندن ਕ੍ਰਿ- ਸਿੱਟਣਾ. ਗਿਰਾਉਣਾ. ਫੈਂਕਣਾ.

ਫਿਕੰਨ: ਦੇਖੋ, ਫਿਕਨ.

ਫਿਕ੍ਰ: ਦੇਖੋ, ਫਿਕਰ.

ਫਿਕ੍ਰਣੀ: ਗਿਦੜੀ. ਦੇਖੋ, ਫਿੰਕਰੀ. "ਭਛੰਤ ਫਿਕ੍ਰਣੀ ਤਨੰ." (ਕਲਕੀ)

ਫ਼ਿਜ਼ਾ: ਫ਼ਾ. فزا ਵਿ- ਵਧਾਉਣ (ਅਧਿਕ ਕਰਨ) ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ- ਦਿਲਫ਼ਿਜ਼ਾ (ਦਿਲ ਵਧਾਉਣ ਵਾਲਾ). ੨. ਦੇਖੋ, ਫ਼ਜ਼ਾ.

ਫਿਟ: ਵ੍ਯ- ਧਿੱਕਾਰ. ਲਾਨਤ। ੨. ਵਿ- ਨਿੰਦਾ ਯੋਗ੍ਯ। ੩. ਅਪਵਿਤ੍ਰ.

ਫਿਟਕ: ਸੰਗ੍ਯਾ- ਧਿੱਕਾਰ ਯੋਗ੍ਯ ਕਰਮ। ੨. ਖੋਟਾ ਕਰਮ ਕਰਨ ਦੀ ਵਾਦੀ. ਮੰਦ ਵ੍ਯਸਨ. "ਫਿਟਕ ਫਿਟਕਾ ਕੋੜੁ ਬਦੀਆਂ." (ਸਵਾ ਮਃ ੩)

ਫਿਟਕਣਾ, ਫਿਟਕਨਾ: ਕ੍ਰਿ- ਧਿੱਕਾਰਨਾ. ਲਾਨਤ ਦੇਣਾ. "ਨਿੰਦਕ ਕਉ ਫਿਟਕੈ ਸੰਸਾਰ." (ਭੈਰ ਮਃ ੫) "ਸਤਿਗੁਰੂ ਕਿਆ ਫਿਟਕਿਆ." (ਸ੍ਰੀ ਮਃ ੩)

ਫਿਟਕਾਰ: ਸੰ. फटकार ਫਿਟਕ ਕਹਿਣ ਦੀ ਧੁਨੀ. ਧਿੱਕਾਰ. ਲਾਨਤ.

ਫਿਟਕੀਨਗਰੀ, ਫਿਟਕੀਪੁਰੀ: ਸ਼ਾਪਿਤ (ਸਰਾਫੀ ਹੋਈ) ਨਗਰੀ, ਸਰਹਿੰਦ. ਦੇਖੋ, ਗੁਰੁਮਾਰੀ.

ਫਿਟਣਾ: ਕ੍ਰਿ- ਧਿੱਕਾਰ ਕਹਿਣਾ. ਲਾਨਤ ਦੇਣੀ। ੨. ਕੁਸ਼੍ਰੀ ਹੋਣਾ। ੩. ਵਿਕਾਰੀ ਹੋਕੇ ਕਿਸੇ ਵਸਤੁ ਦਾ ਸਰੂਪ ਵਿਗੜਨਾ.

ਫਿਟਾ, ਫਿਟਿਆ: ਵਿ- ਫਿਟਕਾਰਿਆ. ਧਿੱਕਾਰਿਆ ਹੋਇਆ। ੨. ਅਪਮਾਨਿਤ. ਨਿਰਾਦਰ ਕੀਤਾ. "ਫਿਟਾ ਵਤੈ ਗਲਾ." (ਵਾਰ ਮਾਝ ਮਃ ੧) ਗੱਲਾ (ਟੋਲਾ) ਧਿੱਕਾਰਿਆ ਫਿਰਦਾ ਹੈ। ੩. ਨਿੰਦਾ ਯੋਗਜ. "ਨਾਨਕ ਮਨ ਕੇ ਕੰਮ, ਫਿਟਿਆ ਗਣਤ ਨ ਆਵਹੀ." (ਵਾਰ ਸੂਹੀ ਮਃ ੧)

ਫਿਟੁ: ਦੇਖੋ, ਫਿਟ, "ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ." (ਵਾਰ ਸੂਹੀ ਮਃ ੧) "ਤਿਸ ਨੋ ਫਿਟੁ ਫਿਟੁ ਕਹੈ ਸਭ ਸੰਸਾਰੁ." (ਵਾਰ ਗਉ ੧. ਮਃ ੪)

ਫਿੰਡ: ਸੰਗਯਾ- ਕੰਦੁਕ. ਗੇਂਦ. ਖੁੱਦੋ. ਖਿੰਨੂ.

ਫਿੱਡਾ: ਵਿ- ਛਿੱਬਾ. ਬੈਠਵਾਂ। ੨. ਫਿੱਸਿਆ ਹੋਇਆ.

ਫਿਤਕਾਰ: ਸੰ. फुत्कार. ਸੰਗਯਾ- ਫੁੰਕਾਰ. ਜ਼ੋਰ ਨਾਲ ਮੂੰਹ ਤੋਂ ਸਾਹ ਕੱਢਣ ਦੀ ਕ੍ਰਿਯਾ। ੨. ਸੰ. फेत्कार. ਫੇਤਕਾਰ. ਬਘਿਆੜ ਗਿੱਦੜ ਕੁੱਤੇ ਆਦਿ ਦੇ ਬੋਲਣ ਦੀ ਧੁਨਿ.

ਫਿਤਕਾਰੀ: ਵਿ- ਫੁਕਾਰਾ ਮਾਰਨ ਵਾਲਾ. ਭੌਂਕਣ ਵਾਲਾ. ਦੇਖੋ, ਫਿਤਕਾਰ.

ਫ਼ਿਤਨ: ਅ਼. فِتن ਫ਼ਿਤਨਾ ਦਾ ਬਹੁ ਵਚਨ.

ਫ਼ਿਤਨਾ: ਅ਼. فِتنہ ਸੰਗਯਾ- ਉਪਦ੍ਰਵ. ਝਗੜਾ. ਫਸਾਦ। ੨. ਕਲੇਸ਼. ਦੁੱਖ.

ਫ਼ਿਤਰਤ, ਫ਼ਿਤ਼ਰਤ: ਅ਼. فِطرت ਸੰਗਯਾ- ਦਾਨਾਈ। ੨. ਪੈਦਾਇਸ਼. ਉਤਪੱਤਿ.

ਫ਼ਿਦਵੀ: ਅ਼. فِدوی ਵਿ- ਫ਼ਿਦਾ ਹੋਣ ਵਾਲਾ. ਜਾਨ ਕੁਰਬਾਨ ਕਰਨ ਵਾਲਾ. ਸ੍ਵਾਮੀ ਦਾ ਭਗਤ. ਆਗਯਾ- ਕਾਰੀ। ੨. ਸੰਗਯਾ- ਦਾਸ. ਸੇਵਕ.

ਫ਼ਿਦਾ: ਅ਼. فِدا ਸੰਗਯਾ ਕੁਰਬਾਨ ਹੋਣ ਦਾ ਭਾਵ। ੨. ਕੁਰਬਾਨੀ.

ਫਿਰ: ਵਯ- ਪੁਨਃ ਦੋਬਾਰਾ. ਬਾਰ ਬਾਰ. ਬਹੁਰ.

ਫ਼ਿਰਊਨ, ਫ਼ਿਰਊ਼ਨ: ਦੇਖੋ, ਫਰਊਨ.

ਫਿਰਹੰਗ: ਦੇਖੋ, ਫਰਹੰਗ। ੨. ਦੇਖੋ, ਫਿਰੰਗ. "ਫਿਰਹੰਗ ਕੇ ਫਿਰੰਗਾ ਵਾਲੀ." (ਅਕਾਲ)

ਫਿਰਕਾ: ਅ਼. فِرقہ ਫ਼ਿਰਕ਼ਹ. ਸੰਗਯਾ- ਗਰੋਹ. ਟੋਲੀ। ੨. ਪੰਥ। ੩. ਕ਼ੌਮ.

ਫਿਰਣਸੀਹ: ਫੇਰੂ ਦਾ ਸਿੰਘ. "ਗੁਰੁਜਗਤ ਫਿਰਣਸੀਹ ਅੰਗਰਉ." (ਸਵੈਯੇ ਮਃ ੨. ਕੇ) ਬਾਬਾ ਫੇਰੂ ਜੀ ਦੇ ਸਿੰਘ ਰੂਪ ਸੁਪੁਤ੍ਰ ਗੁਰੂ ਅੰਗਦਦੇਵ ਜੀ.

ਫਿਰਣਾ: ਕ੍ਰਿ- ਵਿਚਰਨਾ. ਫੇਰਾ ਪਾਉਣਾ. "ਹਉ ਫਿਰਉ ਦਿਵਾਨੀ ਆਵਲ ਬਾਵਲ." (ਦੇਵ ਮਃ ੪) ੨. ਮੁੜਨਾ. ਹਟਣਾ। ੩. ਚੌਰਾਸੀ ਦੇ ਚਕ੍ਰ ਵਿੱਚ ਭ੍ਰਮਣਾ। ੪. ਸੰਗਯਾ- ਖਹਰਾ ਗੋਤ ਦਾ ਜੱਟ, ਜੋ ਸ਼੍ਰੀ ਗੁਰੂ ਨਾਨਕਦੇਵ ਦਾ ਸਿੱਖ ਹੋਕੇ ਆਤਮਗਯਾਨੀ ਅਤੇ ਵਡਾ ਪਰਉਪਕਾਰੀ ਹੋਇਆ। ੫. ਸੂਦ ਜਾਤਿ ਦਾ ਗੁਰੂ ਅਰਜਨਦੇਵ ਦਾ ਸਿੱਖ। ੬. ਬਹਲ ਗੋਤ ਦਾ ਗੁਰੂ ਅਰਜਨਦੇਵ ਦਾ ਸਿੱਖ.

ਫਿਰਤ: ਸੰਗਯਾ- ਫਿਰਨ ਦੀ ਕ੍ਰਿਯਾ. ਭ੍ਰਮਣ. "ਉਸ ਨੇ ਬਹੁਤ ਫਿਰਤ ਕੀਤੀ." (ਲੋਕੋ) ੨. ਕ੍ਰਿ. ਵਿ- ਫਿਰਦਾ. ਭ੍ਰਮਣ ਕਰਦਾ. "ਫਿਰਤ ਫਿਰਤ ਪ੍ਰਭੁ ਆਇਆ." (ਸੁਖਮਨੀ)

ਫਿਰਤਉ: ਫਿਰਦਾ ਹੈ. "ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ." (ਫੁਨਹੇ ਮਃ ੫)

ਫਿਰਥਈ: ਫਿਰਦਾ ਹੈ. ਫਿਰਦੇ ਹਨ. "ਧਰਮੁ ਅਰਥੁ ਸਭੁ ਕਾਮੁ ਮੋਖੁ ਹੈ, ਜਨ ਪੀਛੇ ਲਗਿ ਫਿਰਥਈ." (ਕਲਿ ਮਃ ੪)

ਫਿਰਦੌਸ, ਫਿਰਦੌਸੀ: ਦੇਖੋ, ਫਰਦੌਸ ਅਤੇ ਫਰਦੌਸੀ.

ਫਿਰਨਾ: ਦੇਖੋ, ਫਿਰਣਾ.

ਫਿਰਨੀ: ਫ਼ਾ. فرنی ਸੰਗਜਾ- ਦੁੱਧ ਚਾਉਲ ਖੰਡ ਪਕਾਕੇ ਬਣਾਇਆ ਹੋਇਆ ਇੱਕ ਖਾਜਾ। ੨. ਖ਼ਾ. ਚੱਕੀ, ਜੋ ਫਿਰਦੀ ਰਹਿੰਦੀ ਹੈ.

ਫਿਰਨੀ ਦੀ ਸਵਾਰੀ: ਖ਼ਾ. ਚੱਕੀ ਪੀਹਣੀ. ਚੱਕੀ ਫੇਰਕੇ ਆਟਾ ਪੀਹਣ ਦੀ ਕ੍ਰਿਯਾ.

ਫਿਰਾ: ਕਟਾਰਾ ਜਾਤਿ ਦਾ ਖਤ੍ਰੀ, ਜੋ ਯੰਤ੍ਰ ਮੰਤ੍ਰ ਦਾ ਵਿਸ਼੍ਵਾਸੀ ਸੀ. ਇਹ ਗੁਰੂ ਅਮਰਦੇਵ ਦਾ ਸਿੱਖ ਹੋਕੇ ਸਤਜ ਦਾ ਖੋਜੀ ਹੋਇਆ.

ਫਿਰਾਉ: ਸੰਗਜਾ- ਗੇੜਾ. ਚਕ੍ਰ. ਘੁਮਾਉ। ੨. ਖ਼ਮ ਵਿੰਗ। ੩. ਅ਼. فرع ਫ਼ਰਅ਼. ਚੋਟੀ. ਸਿਰ. "ਤਨੁ ਮਨੁ ਸਉਪੇ ਜੀਅ ਸਿਉ ਭਾਈ, ਲਏ ਹੁਕਮਿ ਫਿਰਾਉ." (ਸਵਾ ਮਃ ੩) ਹੁਕਮ ਨੂੰ ਸਿਰ ਪੁਰ ਲਵੇ.

ਫਿਰਾਈ: ਦੇਖੋ, ਭਿਰਾਈ.

ਫਿਰਾਹਰ: ਫਿਰਣ ਦਾ ਆਹਰ. ਆਵਾਗੌਣ ਦਾ ਯਤਨ. "ਬਿਨੁ ਨਾਵੈ ਸਭ ਫੇਰ ਫਿਰਾਹਰ." (ਵਾਰ ਰਾਮ ੨. ਮਃ ੫)

ਫਿਰਾਹੂਨ: ਵਿ- ਫਿਰਣ ਵਾਲਾ. ਵਿਮੁਖ. "(ਫਿਰਾਹੂਨ ਪ੍ਰਭੁ ਤੇ ਭਏ ਬਹੁ ਪਾਇ ਸਜਾਈ." (ਗੁਪ੍ਰਸੂ) ੨. ਦੇਖੋ, ਫਰਊਨ.

ਫਿਰਾਕ: ਅ਼. فراق ਫ਼ਿਰਾਕ਼. ਸੰਗਜਾ- ਵਿਛੋੜਾ. ਵਿਯੋਗ. ਜੁਦਾਈ. "ਜਾਲਿਮ ਫਿਰਾਕ ਦੀਨਾ." (ਰਾਮਾਵ)

ਫਿਰਾਤ: ਫਿਰਦਾ ਹੈ. ਭ੍ਰਮਤ.

ਫਿਰਾਦੀ: ਵਿ- ਫਰਿਆਦ ਕਰਨ ਵਾਲਾ. ਪੁਕਾਰੂ. ਦੇਖੋ, ਫਰਿਆਦ. "ਲਵਪੁਰ ਗਏ ਫਿਰਾਦੀ ਸਾਰੇ." (ਗੁਪ੍ਰਸੂ)

ਫਿਰਾਮੀ: ਫਿਰਦਾ ਹੈ, ਭ੍ਰਮਦੇ ਹਨ. "ਨਿਤ ਗਰਬਿ ਫਿਰਾਮੀ." (ਵਾਰ ਮਾਰੂ ੨. ਮਃ ੫)

ਫਿਰਿ: ਕ੍ਰਿ. ਵਿ- ਫੇਰ. ਪੁਨਹ. ਮੁੜਕੇ. "ਫਿਰਿ ਹੋਇ ਨ ਫੇਰਾ." (ਵਡ ਛੰਤ ਮਃ ੩) "ਫਿਰਿ ਏਹ ਵੇਲਾ ਹਥਿ ਨ ਆਵੈ." (ਕਾਨ ਅਃ ਮਃ ੪)

ਫਿਰਿ ਘਿਰਿ: ਕ੍ਰਿ. ਵਿ- ਪੁਨ ਮੁੜਕੇ. ਗੇੜਾ ਖਾਕੇ. "ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ." (ਮਾਝ ਮਃ ੫)

ਫਿਰੈ: ਫਿਰਦਾ ਹੈ. ਦੇਖੋ, ਫਿਰਣਾ। ੨. ਫੇਰੈ. ਮੋੜੇ. "ਫਿਰੈ ਆਯਸਾਣੰ." (ਵਿਚਿਤ੍ਰ) ਜੋ ਆਗਯਾ ਮੇਟੇ.

ਫਿਰੋ: ਫ਼ਾ. فرو ਵਿ- ਨੀਵਾਂ। ੨. ਕ੍ਰਿ. ਵਿ- ਨੀਚੇ. ਹੇਠਾਂ.

ਫ਼ਿਰੋਜ਼: ਫ਼ਾ. فروز ਵਿ- ਵਿਜਯੀ. ਫ਼ਤਹ਼ਮੰਦ.

ਫਿਰੋਜ਼ ਸ਼ਹਰ: ਦੇਖੋ, ਫ਼ਿਰੋਜ਼ਸ਼ਾਹ ੨.

ਫ਼ਿਰੋਜ਼ਸ਼ਾਹ: فروزشاہ ਤੁਗਲਕ ਵੰਸ਼ੀ ਦਿੱਲੀ ਦਾ ਬਾਦਸ਼ਾਹ, ਜਿਸ ਦਾ ਦੇਹਾਂਤ ੨੦. ਸਿਤੰਬਰ ਸਨ ੧੩੮੮ ਨੂੰ ਹੋਇਆ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰਃ ੧੬। ੨. ਜਿਲਾ ਫ਼ਿਰੋਜ਼ਪੁਰ ਦੀ ਤਸੀਲ ਵਿੱਚ ਇੱਕ ਪਿੰਡ, ਜਿੱਥੇ ੨੧. ਦਿਸੰਬਰ ਸਨ ੧੮੪੫ ਨੂੰ ਅੰਗ੍ਰੇਜ਼ਾਂ ਦਾ ਸਿੱਖਾਂ ਨਾਲ ਅਕਾਰਣ ਜੰਗ ਹੋਇਆ, ਅਤੇ ਨਾਲਾਇਕ ਸਿੱਖ ਅਹੁਦੇਦਾਰਾਂ ਦੀ ਸ਼ਰਮਨਾਕ

ਕਰਤੂਤ ਤੋਂ ਜਿੱਤੀ ਹੋਈ ਬਾਜੀ ਹਾਰੀ, ਜੋ ਅੰਗ੍ਰੇਜ਼ੀ ਇਤਿਹਾਸਾਂ ਤੋਂ ਪ੍ਰਗਟ ਹੈ.[824] ਇਸ ਦਾ ਨਾਮ ਫੇਰੂ ਸ਼ਹਿਰ, ਫੇਰੂਸ਼ਾਹ ਅਤੇ ਫੇਰੋਜ਼ਸ਼ਹਰ ਭੀ ਲਿਖਿਆ ਹੈ.

ਫ਼ਿਰੋਜ਼ਹ: ਦੇਖੋ, ਫ਼ੀਰੋਜ਼ਹ.

ਫ਼ਿਰੋਜ਼ਪੁਰ: ਫ਼ਿਰੋਜ਼ਸ਼ਾਹ ਤੁਗਲਕ ਨੇ ਇਹ ਨਾਮ ਸਰਹਿੰਦ ਦਾ ਰੱਖਿਆ ਸੀ। ੨. ਸਤਲੁਜ ਦੇ ਕਿਨਾਰੇ ਇੱਕ ਨਗਰ, ਜੋ ਲਹੌਰੋਂ ੫੭ ਮੀਲ ਹੈ. ਇਸ ਨਾਮ ਦਾ ਸੰਬੰਧ ਭੀ ਫ਼ਿਰੋਜ਼ਸ਼ਾਹ ਨਾਲ ਹੀ ਦੱਸਿਆ ਜਾਂਦਾ ਹੈ. ਇਸ ਤੇ ਸਨ ੧੮੩੫ ਵਿੱਚ ਅੰਗ੍ਰੇਜ਼ਾਂ ਨੇ ਕਬਜਾ ਕੀਤਾ. ਇੱਥੇ ਸਿੱਖਰਾਜ ਦੀ ਹੱਦ ਸਮਝਕੇ ਅੰਗ੍ਰੇਜ਼ੀ ਸਰਕਾਰ ਨੇ ਛਾਉਣੀ ਬਣਾਈ ਸੀ. ਸਨ ੧੮੯੭ ਵਿੱਚ ੩੬ ਸਿੱਖ ਪਲਟਨ ਦੇ ਬਹਾਦੁਰ ਸਿਪਾਹੀ, ਜੋ ਸਾਰਾਗੜ੍ਹੀ ਵਿੱਚ ਅਦੁਤੀ ਬਹਾਦੁਰੀ ਨਾਲ ਸ਼ਹੀਦ ਹੋਏ ਸਨ, ਉਨ੍ਹਾਂ ਦੀ ਯਾਦ ਵਿੱਚ ਇੱਥੇ ਸੁੰਦਰ ਮੰਦਿਰ ਹੈ, ਜਿਸ ਨੂੰ ਸਨ ੧੯੦੩ ਵਿੱਚ ਲਾਟ ਸਾਹਿਬ ਪੰਜਾਬ ਨੇ ਖੋਲ੍ਹਿਆ.

ਫਿਰੋਜਾ: ਦੇਖੋ, ਫ਼ੀਰੋਜ਼ਹ.

ਫਿਰੋਜ਼ਾਂ: ਦੇਖੋ, ਫ਼ਰੋਜ਼ਾਂ.

ਫ਼ਿਰੋਦ: ਫ਼ਾ. فرود ਕ੍ਰਿ. ਵਿ- ਹੇਠਾਂ. ਨੀਚੇ.

ਫ਼ਿਰੋਦ ਆਮਦ: ਫ਼ਾ. فرودآمد ਹੇਠ ਆਇਆ. ਨੀਚੇ ਉਤਰਿਆ.

---

[824] At this moment Sirdar Teja Singh, with some twenty-five or thirty. thousand fresh troops. arrived from the camp at Ferozepore, and presented himself before the British force, which, tired and exhausted with its previous exertions, was unable to attack him. and would, in all likelihood, have been found unable to repel a vigorous assault from an army of fresh men, in overpowering numbers, like that led by him. The usual good fortune of the British prevailed however, and instead of seeing the Seik (Sikh) reserve advance to the attack, they had the satisfaction of beholding them turn back without firing a shot.

and follow their defeated comrades towards the Sutlej. The British force was thus left in undisputed possession of the field of Ferozeshuhur, with the entreched camp of the Seiks and all their artillery.

Rajah Lall Singh, who was one of the first to flee from the fight, made his way to the camp of Runjoor Singh near Philloor, whence he hastened to Umritsir, where he secreted himself for some time.

(The Reigning family of Lahore by Major Carmichael Smyth. p. 175. 176)

The second wing of their army approached in battle-array, and the wearied and famished English saw before them a desparate and, perhaps, useless struggle. This reserve was commanded by Tej Singh; he had been urged by his zealous and sincere soldiery to fall upon the English at daybreak, but his object was to have the dreaded army of the Khalsa overcome and dispersed & he delayed until Lal Singh's force was everywhere put to flight, and until his opponents had gain ranged themselves round their colors. Even at the last moment he rather skirmished and made feints than led his men to a relolute attack and after a time he precipitately fled, leaving his subordinates without orders and without an object, at a moment when the artillery ammunition of the English had failed, when a portion of their force was retiring upon Feerozpoor, and when no exertions could have saved the remainder if the Sikhs had boldly pressed forward.

(History of the Sikhs by J.D. Cunningham. Chap 9th p. 308, 309)

ਫਿਰੋਬੰਦ: ਫ਼ਾ. فروبند ਬੰਦ ਕਰ ਲੈ. ਬੰਦ ਕਰ ਦੇ.

ਫਿਰੰਗ: ਅੰ. Frank. ਯੂਰਪ ਦਾ ਦੇਸ਼. ਫਿਰੰਗਿਸਤਾਨ. "ਕੋਟ ਕੋ ਕੂਦ ਸਮੁਦ੍ਰ ਕੋ ਫਾਂਧ ਫਿਰੰਗ ਮੇ ਆਨ ਪਰਯੋ ਅਭਿਮਾਨੀ." (ਚਰਿਤ੍ਰ ੧੨੫) ਫ੍ਰਾਂਕ ਨਾਮ ਦਾ ਇੱਕ ਜਰਮਨ ਜਥਾ ਸੀ, ਜੋ ਫ੍ਰਾਂਸ ਆਦਿ ਦੇਸ਼ਾਂ ਵਿੱਚ ਫੈਲ ਗਿਆ ਅਤੇ ਜਿਸ ਦਾ ਕਈ ਵਾਰ ਤੁਰਕਾਂ ਨਾਲ ਮੁਕਾਬਲਾ ਹੋਇਆ. ਸਭ ਤੋਂ ਪਹਿਲਾਂ ਤੁਰਕਾਂ ਨੇ ਯੂਰਪ ਨਿਵਾਸੀਆਂ ਨੂੰ "ਫਿਰੰਗੀ" ਨਾਮ ਨਾਲ ਬੁਲਾਉਣਾ ਆਰੰਭਿਆ. ਹਿੰਦੁਸਤਾਨ ਵਿੱਚ ਸਭ ਤੋਂ ਪਹਿਲਾਂ ਪੁਰਤਗਾਲੀ ਆਏ, ਉਨ੍ਹਾਂ ਨੂੰ ਫਿਰੰਗੀ ਸ਼ਬਦ ਤੋਂ ਪੁਕਾਰਿਆ ਗਿਆ, ਫੇਰ ਜੋ ਫ੍ਰਾਂਸ ਜਾਂ ਇੰਗਲੈਂਡ ਦਾ ਆਇਆ. ਸਭ ਫਿਰੰਗੀ ਸ਼ਬਦ ਦਾ ਵਾਚਜ ਹੋਇਆ। ੨. ਦੇਖੋ, ਫਿਰੰਗਵਾਤ.

ਫਿਰੰਗ ਕੀ ਪੌਰੀ, ਫਿਰੰਗ ਦੀ ਪੌੜੀ: ਹਿੰਦੁਸਤਾਨ ਵਿੱਚ ਜਦ ਫਰਾਂਸੀਸੀਆਂ ਅਤੇ ਅੰਗ੍ਰੇਜ਼ਾਂ ਨੇ ਆਕੇ ਕਈ ਤਰਾਂ ਦੇ ਤਮਾਸ਼ੇ ਵਿਖਾਏ, ਤਦ ਲੋਕਾਂ ਨੇ ਰੰਗ ਸ਼ਾਲਾ (ਤਮਾਸ਼ੇਗਾਹ) ਵਿੱਚ ਇੱਕ ਪੌੜੀ ਵੇਖੀ, ਜਿਸ ਤੇ ਚੜ੍ਹਨ ਵਾਲਾ ਹੇਠ ਉਤਰਦਾ ਅਤੇ ਉਤਰਨ ਵਾਲਾ ਉੱਪਰ ਚੜ੍ਹ ਜਾਂਦਾ ਸੀ. ਇਸ ਦਾ ਭਾਵ ਅਚਰਜ ਵਸਤੁ ਤੋਂ ਹੈ.

"ਜਿਮ ਫਿਰੰਗ ਕੀ ਪੌਰੀ ਹੋਇ ×× ਲਖੈ ਜੁ ਚਢਤ ਜਾਤ ਮੈ ਊਚਾ। ਸੋ ਉਤਰਤ ਗਮਨਤ ਹੈ ਨੀਚਾ। ਜੋ ਜਾਨੈ ਮੈ ਗਮਨੋ ਨੀਚੇ। ਸੋ ਚਢ ਜਾਤ ਅਚਾਨਕ ਊਚੇ ॥" (ਗੁਪ੍ਰਸੂ)

ਫਿਰੰਗਤਾਲ: ਯੱਕਾ ਤਾਲ. ਫੌਜ ਅੱਗੇ ਵੱਜਣ ਵਾਲੇ ਬਾਜੇ ਦੇ ਤਾਲ ਤੋਂ ਹਿੰਦੁਸਤਾਨੀਆਂ ਨੇ ਨਾਮ ਫਿਰੰਗਤਾਲ ਥਾਪ ਲਿਆ. ਸਰਬਲੋਹ ਵਿੱਚ ਕਈ ਛੰਦਾਂ ਦੇ ਮੁੱਢ ਫਿਰੰਗਤਾਲ ਲਿਖਿਆ ਹੈ.

ਫਿਰੰਗਵਾਤ, ਫਿਰੰਗਾਮਯ: ਆਤਸ਼ਕ (Syphilis) ਰੋਗ ਦਾ ਇੱਕ ਭੇਦ, ਜਿਸ ਤੋਂ ਲਹੂ ਵਿਕਾਰੀ ਹੋਂਦਾ ਅਤੇ ਸ਼ਰੀਰ ਦੇ ਜੋੜਾਂ ਵਿੱਚ ਸੋਜ ਅਤੇ ਪੀੜ ਹੁੰਦੀ ਹੈ. ਦੇਖੋ, ਬਾਦਫਿਰੰਗ.

ਫਿਰੰਗਾਵਾਲੀ, ਫਿਰੰਗੀ: ਫਿਰੰਗ ਨਿਵਾਸੀ. "ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ." (ਅਕਾਲ) ਦੇਖੋ, ਫਿਰੰਗ.

ਫਿਰੰਡਾ: ਕਰਚਾ. ਦੇਖੋ, ਫਰਡਾ. "ਇਕ ਕੇ ਦ੍ਰਿਗ ਸੋ ਲਗਯੋ ਫਿਰੰਡਾ." (ਗੁਪ੍ਰਸੂ)

ਫਿਰੰਤ: ਭ੍ਰਮੰਤ. "ਫਿਰੰਤ ਜੋਨਿ ਅਨੇਕ." (ਸਹਸ ਮਃ ੫)

ਫਿਰੰਦਾ: ਫਿਰਦਾ. ਭ੍ਰਮਣ ਕਰਦਾ। ੨. ਸੰਗਯਾ ਮੁਸਾਫਿਰ. "ਵਿਚਿ ਮਾਇਆ ਫਿਰਹ ਫਿਰੰਦੇ." (ਬਿਲਾ ਮਃ ੪) ੩. ਰਾਗਵਿਦਯਾ ਦਾ ਇੱਕ ਪੂਰਣ ਪੰਡਿਤ, ਜਿਸ ਨੇ ਗੁਰੂ ਨਾਨਕਦੇਵ ਦੀ ਆਗਯਾ ਨਾਲ ਭਾਈ ਮਰਦਾਨੇ ਨੂੰ ਰਾਗਵਿਦਯਾ ਸਿਖਾਈ, ਅਤੇ ਰਬਾਬ ਸਾਜ ਸਤਿਗੁਰੂ ਦੀ ਭੇਟਾ ਕੀਤਾ. ਦੇਖੋ, ਭੈਰੋਂਆਣਾ.

ਫਿਲਹਾਲ: ਅ਼. فی الحال ਫ਼ੀ- ਅਲਹ਼ਾਲ. ਕ੍ਰਿ. ਵਿ- ਇਸ ਵੇਲੇ. ਵਰਤਮਾਨ ਕਾਲ ਮੇਂ. "ਦੁਨੀਆਂ ਚੀਜ ਫਿਲਹਾਲ." (ਤਿਲੰ ਮਃ ੫) "ਦਿਲ ਮਹਿ ਜਾਣਹੁ ਸਭ ਫਿਲਹਾਲਾ." (ਮਾਰੂ ਸੋਲਹੇ ਮਃ ੫) ਭਾਵ ਜੋ ਪਦਾਰਥ ਹੁਣ ਹਨ. ਇਹ ਸਦਾ ਕਾਲ ਰਹਿਣ ਵਾਲੇ ਨਹੀਂ.

ਫਿਲਹਾਲਾ: ਦੇਖੋ, ਫਿਲਹਾਲ.

ਫ਼ਿਲਫੌਰ: ਅ਼. فی الفوٗر ਕ੍ਰਿ. ਵਿ- ਫੌਰਨ. ਛੇਤੀ. ਝਟਪਟ. ਤੁਰੰਤ.

ਫਿਲੌਰ: ਜਿਲਾ ਜਲੰਧਰ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਸਤਲੁਜ ਦੇ ਉੱਤਰੀ ਕਿਨਾਰੇ ਹੈ. ਇਹ ਨਗਰ ਸ਼ਾਹਜਹਾਂ ਨੇ ਵਸਾਇਆ ਅਤੇ ਇੱਕ ਭਾਰੀ ਸਰਾਇ ਬਣਵਾਈ, ਜਿਸ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਨੇ ਮਜਬੂਤ ਕਿਲਾ ਰਚਿਆ, ਜਿਸ ਵਿੱਚ ਹੁਣ ਪੁਲਿਸ ਦਾ ਸਕੂਲ ਹੈ. ਫਿਲੌਰ ਸਿੱਖਰਾਜ ਦੀ ਹੱਦ ਸੀ, ਇਸ ਲਈ ਇੱਥੇ ਸਿੱਖ ਫੌਜ ਦੀ ਛਾਉਣੀ ਸੀ.

ਫਿਲੌਰੀ: ਵਿ- ਫਿਲੌਰ ਦਾ ਵਸਨੀਕ। ੨. ਸੰਗਯਾ- ਫੁੱਲੀ ਹੋਈ ਮੋਣਦਾਰ ਕਚੌਰੀ. ਦੇਖੋ, ਫਲੌਰੀ.

"ਬੇਸਨ ਸਾਨਿ ਫਿਲੌਰੀ ਕਰੈਂ." (ਗੁਪ੍ਰਸੂ)

ਫਿੜਕਾ: ਸੰਗਯਾ- ਫੂਸ ਦਾ ਫਾਟਕ. ਕੱਖਾਂ ਕਾਨਿਆਂ ਦਾ ਕਪਾਟ.

ਫ਼ੀ: ਅ਼. فی ਵ੍ਯ- ਹਰਇੱਕ. ਪ੍ਰਤ੍ਯੇਕ। ੨. ਦਰਮਯਾਨ. ਵਿੱਚ। ੩. ਉੱਪਰ.

ਫੀਕ: ਵਿ- ਫਿੱਕਾ. ਰਸਹੀਨ। ੨. ਸ਼ੋਭਾ ਰਹਿਤ। ੩. ਅਸਾਰ. ਫੋਗ. "ਤਿਨ ਸਭ ਕਾਰਜ ਫੀਕ." (ਪ੍ਰਭਾ ਮਃ ੪)

ਫੀਕ ਫਿਕਾਨਾ, ਫੀਕ ਫੀਕਾਨਾ: ਵਿ- ਫਿੱਕਿਆ ਵਿੱਚੋਂ ਫਿੱਕਾ. ਅਤਿ ਬੇਸੁਆਦ. "ਨਾਮ ਬਿਨਾ ਸਭਿ ਫੀਕ ਫਿਕਾਨੇ." (ਕਾਨ ਅਃ ਮਃ ੪) ੨. ਅਤ੍ਯੰਤ ਸ਼ੋਭਾਹੀਨ.

ਫੀਕਾ: ਦੇਖੋ, ਫਿਕਾ ਅਤੇ ਫੀਕ. "ਆਨ ਰੰਗ ਫੀਕੇ ਸਭ ਮਾਇਆ." (ਗਉ ਮਃ ੫)

ਫੀਟਨਾ: ਕ੍ਰਿ- ਧਿੱਕਾਰਨਾ. ਲਾਨਤ ਦੇਣਾ। ੨. ਵਿਕਾਰ ਨਾਲ ਵਸਤੁ ਦਾ ਵਿਗੜਕੇ ਕੁਰੂਪ ਹੋਣਾ। ੩. ਵਿਗੜਨਾ. ਖ਼ਰਾਬ ਹੋਣਾ. "ਕਾਜੁ ਨ ਫੀਟੈ ਕੋਈ." (ਓਅੰਕਾਰ)

ਫੀਤਾ: ਪੁਰਤ. ਸੰਗਯਾ- ਨਵਾਰ ਸੂਤ ਦੀ ਪਤਲੀ ਧੱਜੀ. Tape.

ਫੀਮ: ਦੇਖੋ, ਅਫੀਮ.

ਫੀਮੀ: ਅਫੀਮ ਖਾਣ ਵਾਲਾ.

ਫੀਰ, ਫੀਰੁ: ਸੰਗਯਾ- ਫੇਰਾ. ਗੇੜਾ. ਭ੍ਰਮਣ. ਚਕ੍ਰ. "ਜਨਮ ਮਰਣ ਕਾ ਦੁਖ ਗਇਆ. ਫਿਰਿ ਪਵੈ ਨ ਫੀਰੁ." (ਵਾਰ ਸੂਹੀ ਮਃ ੩) ੨. ਫ਼ਾ. فیر ਫ਼ੀਰ. ਸ਼ੋਕ. ਰੰਜ.

ਫ਼ੀਰੋਜ਼ਸ਼ਾਹ: ਦੇਖੋ, ਫ਼ਿਰੋਜ਼ਸ਼ਾਹ.

ਫ਼ੀਰੋਜ਼ਹ, ਫ਼ੀਰੋਜ਼ਾ: ਫ਼ਾ. فیروزہ ਸੰਗਯਾ- ਹਰੀ ਝਲਕ ਸਹਿਤ ਇੱਕ ਨੀਲੇ ਰੰਗ ਦਾ ਰਤਨ. ਸੰ. ਹਰਿਤਾਸ਼ਮ ਅਤੇ ਪੇਰੋਜ. Turquoise.

ਫੀਲ: ਅ਼. فیل ਸੰਗਯਾ- ਪੀਲ. ਹਸ੍ਤੀ. ਦੇਖੋ, ਫੀਲੁ.

ਫ਼ੀਲਖ਼ਾਨਾ: ਫ਼ਾ. فیل خانہ ਸੰਗਯਾ- ਹਾਥੀਆਂ ਦੇ ਰੱਖਣ ਦਾ ਘਰ. ਹਸ੍ਤਿਸ਼ਾਲਾ.

ਫੀਲਨਾਲ: ਸੰਗਯਾ- ਭਾਰੀ ਤੋਪ. ਜਿਸ ਨੂੰ ਹਾਥੀ ਖਿੱਚਣ.

ਫੀਲਪਾ, ਫੀਲਪਾਦ, ਫੀਲਪਾਵ: ਸੰ. ਸ਼ਲੀਪਦ. ਇੱਕ ਰੋਗ, ਜਿਸ ਕਰਕੇ ਪੈਰ ਹਾਥੀ ਦੇ ਪੈਰ ਜੇਹੇ ਭਾਰੀ ਹੋ ਜਾਂਦੇ ਹਨ. داءالفیل ਦਾਯਉਲਫ਼ੀਲ. ਪੀਲਪਾਦ. Elephantiasis "ਫੀਲਪਾਵ ਪੁਨ ਜਾਨੁ ਰੋਗਾ." (ਚਰਿਤ੍ਰ ੪੦੫) ਵਰਖਾ ਦੇ ਜਮਾ ਹੋਏ ਮੈਲੇ ਸੜੇ ਪਾਣੀ ਵਰਤਣ, ਸਲ੍ਹਾਬ ਵਾਲੇ ਠੰਢੇ ਦੇਸ਼ਾਂ ਵਿੱਚ ਨੰਗੇ ਪੈਰੀਂ ਫਿਰਨ, ਬਿਸਤਰੇ ਤੇ ਬਹੁਤਾ ਸਮਾਂ ਲੇਟਣ, ਲਹੂ ਦੇ ਸੜ ਉੱਠਣ ਆਦਿਕ ਤੋਂ ਇਹ ਰੋਗ ਪੈਦਾ ਹੁੰਦਾ ਹੈ. ਇੱਕ, ਕਦੇ ਦੋਵੇਂ ਲੱਤਾਂ ਭਾਰੀ, ਅਤੇ ਪੈਰ ਹਾਥੀ ਦੇ ਪੈਰ ਸਮਾਨ ਹੋ ਜਾਂਦੇ ਹਨ.

ਇਸ ਰੋਗ ਵਿੱਚ ਲੰਘਨ, ਪਸੀਨਾ, ਵਮਨ, ਜੁਲਾਬ, ਅਤੇ ਯੋਗਜ ਰੀਤਿ ਨਾਲ ਲਹੂ ਕੱਢਣਾ ਆਦਿਕ ਗੁਣਕਾਰੀ ਹਨ.

ਫੀਲਪਾਵ ਦੇ ਸਾਧਾਰਣ ਇਲਾਜ ਇਹ ਹਨ-

ਇਟਸਿਟ, ਹਰੜ, ਬਹੇੜਾ, ਆਉਲਾ, ਮਘਾਂ, ਸਮਾਨ ਲੈਕੇ ਚੂਰਨ ਕਰਨਾ. ਛੀ ਮਾਸ਼ੇ ਚੂਰਨ ਨਾਲ ਛੀ ਮਾਸ਼ੇ ਸ਼ਹਿਦ ਮਿਲਾਕੇ ਚੱਟਣਾ. ਧਤੂਰਾ ਇਰੰਡ ਸੰਭਾਲੂ, ਇਟਸਿਟ ਸੁਹਾਂਜਣਾ ਸਰ੍ਹੋਂ ਨੂੰ ਪੀਹਕੇ ਲੇਪ ਕਰਨਾ. ਨਿੰਮ ਦੇ ਪੱਤੇ, ਭੰਗ, ਅਕਾਸਬੇਲ ਰਗੜਕੇ ਲੱਤ ਅਤੇ ਪੈਰ ਤੇ ਬੰਨ੍ਹਣੇ ਆਦਿ.

ਫ਼ੀਲਬਾਨ, ਫੀਲਵਾਨ: ਫ਼ਾ. فیلبان ਸੰਗਯਾ- ਹਾਥੀਵਾਨ. ਹਸਤੀ ਨੂੰ ਹੱਕਣ ਅਤੇ ਪਾਲਣ ਵਾਲਾ.

ਫੀਲੀ: ਵਿ- ਫੀਲ (ਹਾਥੀ) ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਹਾਥੀਵਾਨ.

ਫੀਲੀ ਤੋਪ: ਦੇਖੋ, ਫੀਲ ਨਾਲ.

ਫੀਲੀਨਗਾਰਾ: ਸੰਗਯਾ- ਵਡੀ ਨੌਬਤ, ਜੋ ਹਾਥੀ ਪੁਰ ਰੱਖਕੇ ਬਜਾਈ ਜਾਵੇ. "ਫੀਲੀਨਗਾਰੇ ਬਜੈਕੈ." (ਚਰਿਤ੍ਰ ੪੦੫)

ਫੀਲੁ: ਹਾਥੀ ਦੇਖੋ, ਫੀਲ। ੨. ਆਸਾ ਰਾਗ ਵਿੱਚ ਕਬੀਰ ਜੀ ਦਾ ਸ਼ਬਦ ਹੈ-

੧. ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ,

੨. ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ,

੩. ਰਾਜਾ ਰਾਮ ਕਕਰੀ ਆਬਰੇ ਪਕਾਏ,

੪. ਕਿਨੈ ਬੂਝਨਹਾਰੈ ਖਾਏ.

੫. ਬੈਠਿ ਸਿੰਘੁ ਘਰਿ ਪਾਨ ਲਗਾਵੈ, ਘੀਸ ਗਲਉਰੇ ਲਿਆਵੈ,

੬. ਘਰਿ ਘਰਿ ਮੁਸਰੀ ਮੰਗਲ ਗਾਵਹਿ, ਕਛੂਆ ਸੰਖੁ ਬਜਾਵੈ,

੭. ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ,

੮. ਰੂਪਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ,

੯. ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ,

੧੦ ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸ਼ਬਦੁ ਸੁਨਾਇਆ. (੬)

ਭਾਵ- ਜਿਵੇਂ ਇਸ ਸ਼ਬਦ ਵਿੱਚ ਲਿਖਿਆਂ ਬਾਤਾਂ ਅਸੰਭਵ ਹਨ, ਤਿਵੇਂ ਕਰਤਾਰ ਵਿੱਚ ਮਾਯਿਕ ਪਦਾਰਥਾਂ ਦੀ ਕਲਪਨਾ ਅਸੱਤ ਹੈ.

ਅਥਵਾ-

੧. ਹਾਥੀ (ਮਦਮੱਤ) ਰਬਾਬੀ ਹੈ, ਬੈਲ (ਪਸ਼ੁਭਾਵ ਵਾਲਾ) ਪਖਾਵਜੀ ਹੈ, ਕਾਂਉਂ (ਵਿਸ਼ਯਲੰਪਟ) ਤਾਲ ਬਜਾਉਂਦਾ ਹੈ, ਭਾਵ ਹੁਣ ਸਾਰੇ ਕਰਤਾਰ ਦੇ ਕੀਰਤਨ ਵਿੱਚ ਲੱਗੇ ਹਨ.

੨. ਗਧਾ (ਖਰਮਸ੍ਤੀ ਕਰਨ ਵਾਲਾ ਪੇਟਦਾਸੀਆ) ਭਗਤਿ ਦਾ ਲਿਬਾਸ ਪਹਿਰਕੇ ਨ੍ਰਿਤ੍ਯ ਕਰਦਾ ਹੈ, ਭੈਂਸਾ (ਮਨ ਵਿੱਚ ਖੋਰ ਰੱਖਣ ਵਾਲਾ) ਸੇਵਾ ਕਰਦਾ ਹੈ.

੩. ਕਰਤਾਰ ਨੇ ਅੱਕ ਦੀ ਕੁਕੜੀਆਂ ਤੋਂ ਅੰਬ ਪਕਾ ਦਿੱਤੇ. ਭਾਵ ਕੁਕਰਮ ਸੁਕਰਮਾਂ ਵਿੱਚ ਬਦਲ ਦਿੱਤੇ.

੪. ਇਹ ਫਲ ਕਿਸੇ ਵਿਚਾਰਵਾਨ ਨੇ ਖਾਧੇ ਹਨ.

੫. ਸਿੰਘ (ਹੰਕਾਰੀ ਅਤੇ ਹਿੰਸਕ) ਘਰ ਬੈਠਕੇ ਆਏ ਗਏ ਦੀ ਖਾਤਿਰ ਲਈ ਪਾਨ ਤਿਆਰ ਕਰਦਾ ਹੈ, ਘੀਸ (ਤਰਕਬੁੱਧਿ) ਗਿਲੌਰੀਆਂ ਪੇਸ਼ ਕਰਦੀ ਹੈ.

੬. ਮੂਸਰੀ (ਚੂਹੀਆਂ- ਇੰਦ੍ਰੀਆਂ) ਆਪਣੇ ਘਰਾਂ (ਗੋਲਕਾਂ) ਅੰਦਰ ਮੰਗਲ ਗਾਉਂਦੀਆਂ ਹਨ, ਕੱਛੂ (ਇੰਦ੍ਰੀਆਂ ਸੰਕੋਚਕੇ ਦਿਖਾਉਣ ਵਾਲਾ ਪਾਖੰਡੀ) ਗੁਰ ਸ਼ਬਦ ਦਾ ਢੰਡੋਰਾ ਦਿੰਦਾ ਹੈ.

੭. ਬੰਧਜਾ (ਮਾਇਆ)[825] ਦਾ ਪੁਤ੍ਰ ਜੀਵ ਮੋਕ੍ਸ਼ ਵਿਆਹੁਣ ਚੱਲਿਆ ਹੈ, ਸ਼ੁੱਧ ਅੰਤਹਕਰਣ ਸ੍ਵਰਣ- ਮੰਡਪ ਹੈ.

੮. ਸੁਰੂਪਾ ਕਨਜਾ ਮੁਕ੍ਤਿ, ਸਸਾ (ਨਿਰਬਲ) ਸਿੰਘ (ਬਲਵਾਨ) ਭਾਵ ਊਚ ਨੀਚ ਨੇ ਗੁਣ ਗਾਏ.

੯. ਕੀਟੀ (ਨੰਮ੍ਰਤਾ) ਪਰਬਤ (ਅਹੰਕਾਰ)

੧੦ ਕੱਛੂ ਅੰਗਾਰ (ਗ੍ਯਾਨ ਅਗਨਿ) ਚਾਹੁੰਦਾ ਹੈ, ਲੂਕੀ (ਗੁੱਤੀ- ਤਾਮਸੀ ਵ੍ਰਿੱਤਿ) ਨੇ ਪ੍ਰੇਮਭਰਿਆ ਸ਼ਬਦ ਸੁਣਾਇਆ ਹੈ.

ਫੀਲੁ ਰਬਾਬੀ: ਦੇਖੋ, ਫੀਲੁ,

ਫੁਸਲਾਉਣਾ, ਫੁਸਲਾਨਾ: ਕ੍ਰਿ- ਫਿਸਲਾਣਾ. ਥਾਉਂ ਤੋਂ ਹਿਲਾਉਣਾ। ੨. ਧ੍ਯਾਨ ਨੂੰ ਉਖੇੜਕੇ ਦੂਜੀ ਵੱਲ ਲਾਉਣਾ। ੩. ਪਰਚਾਉਣਾ। ੪. ਭੁਲਾਉਣਾ. ਭ੍ਰਮਾਉਣਾ. "ਜਿਂਹ ਤਿਂਹ ਬਿਧਿ ਭੁਪਹਿਂ ਫੁਸਲਾਇ." (ਚਰਿਤ੍ਰ ੪੦੪)

ਫ਼ੁਹਸ਼, ਫ਼ੁਹ਼ਸ਼: ਅ਼. فحش ਵਿ- ਅਸ਼ਲੀਲ. ਜਿਸ ਤੋਂ ਲੱਜਾ (ਸ਼ਰਮ) ਹੋਵੇ। ੨. ਨਾ ਕਹਿਣ ਯੋਗ੍ਯ ਵਾਕ੍ਯ। ੩. ਸੰਗ੍ਯਾ- ਬੇਹਯਾਈ. ਨਿਰਲੱਜਤਾ.

ਫੁਹਾਰਾ: ਅ਼. فوّارہ ਫ਼ੱਵਾਰਹ. ਸੰਗ੍ਯਾ- ਜਲਯੰਤ੍ਰ (fountain)

ਫੁੰਕ, ਫੁੰਕਰ, ਫੁੰਕਾਰ, ਫੁੰਕਾਰਾ: ਸੰ. फुत्कार. ਫੁਤਕਾਰ. ਸੰਗ੍ਯਾ- ਸੱਪ ਆਦਿ ਜੀਵਾਂ ਦੇ ਮੂੰਹ ਜਾਂ ਨੱਕ ਤੋਂ ਜ਼ੋਰ ਨਾਲ ਨਿਕਲੇ ਸ੍ਵਾਸ ਦੀ ਧੁਨਿ. "ਫੁੰਕ ਫਨੰ." ਅਤੇ "ਫਣੀਅਰ ਫੁੰਕਾਰਣ." (ਅਕਾਲ)

ਫ਼ੁਜਲਾ: ਅ਼. فضلہ ਫ਼ੁਜਲਾ ਸੰਗ੍ਯਾ- ਫੋਕੜ. ਫੋਗ। ੨. ਗੰਦਗੀ ਵਿਸ਼੍ਟਾ, ਜੋ ਖਾਧੀ ਗਿਜਾ ਦਾ ਫੋਗ ਹੈ (faeces) ੩. ਵਿ- ਵਾਧੂ.

ਫੁਜੂਲ: ਦੇਖੋ, ਫਜੂਲ.

ਫੁਟ: ਦੇਖੋ, ਫੁੱਟ। ੨. ਇੱਕ ਪ੍ਰਕਾਰ ਦੀ ਮੋਟੀ ਕੱਕੜੀ ਜੋ ਖਰਬੂਜੇ ਜੇਹੀ ਹੁੰਦੀ ਹੈ, ਅਰ ਪੱਕਣ ਪੁਰ ਫਟ ਜਾਂਦੀ ਹੈ। ੩. ਅੰ. foot ਗਜ਼ ਦਾ ਤੀਜਾ ਹਿੱਸਾ. ਬਾਰਾਂ ਇੰਚ ਦਾ ਮਾਪ.

ਫੁਟਕਲ: ਵਿ- ਜਿਸ ਦਾ ਜੋੜਾ ਨਹੀਂ. ਵਾਧੂ। ੨. ਅਲਗ. ਜੁਦਾ.

ਫੁਟਾਰਾ: ਸੰਗ੍ਯਾ- ਫੁੱਟਣ ਦਾ ਭਾਵ. ਬੀਜ ਦਾ ਅੰਕੁਰ (ਅੰਗੂਰ) ਜਾਂ ਬਿਰਛ ਬੇਲ ਦੇ ਸ਼ਗੂਫੇ ਦਾ ਪ੍ਰਗਟ ਹੋਣਾ.

ਫੁੱਟ: ਸੰਗ੍ਯਾ- ਫੁੱਟਣ ਦੀ ਕ੍ਰਿਯਾ। ੨. ਵੈਰ. ਵਿਰੱਧ. ਫੂਟ। ੩. ਦੇਖੋ, ਫੁਟ.

ਫੁੱਟੀ: ਸੰਗ੍ਯਾ- ਕਪਾਹ ਦੇ ਟੀਂਡੇ ਵਿੱਚੋਂ ਫੁੱਟਕੇ ਨਿਕਲੀ ਹੋਈ ਕਪਾਹ ਦੀ ਲੜੀ। ੨. ਦਹੀਂ ਦਾ ਲੋਥੜਾ.

ਫੁੰਤਕਾਰ: ਦੇਖੋ, ਫੁਕਾਰਾ. "ਫਣੰ ਫਟੱਕੈ ਫੇਣਕਾ ਫੁੰਤਕਾਰੰ." (ਜਨਮੇਜਯ)

ਫੁਦਕਨਾ: ਕ੍ਰਿ- ਸ੍ਪੰਦਨ. ਉਛਲਣਾ. ਕੁੱਦਣਾ. ਟੱਪਣਾ.

ਫੁਨ, ਫੁਨਹ: ਦੇਖੋ, ਪੁਨਹ.

ਫੁਨਹਾ: ਦੇਖੋ, ਪੁਨਹਾ. ਗੁਰੂ ਗ੍ਰੰਥਸਾਹਿਬ ਜੀ ਵਿੱਚ "ਫੁਨਹੇ ਮਹਲਾ ੫" ਸਿਰਲੇਖ ਹੇਠ ਜੋ ਬਾਣੀ ਹੈ. ਸੋ ਪੁਨਹਾ ਛੰਦ ਹੈ. ਇਸੇ ਦਾ ਦੂਜਾ ਨਾਉਂ ਫੁਨਹਾ ਹੈ.

ਫੁਨਿ: ਵ੍ਯ- ਪੁਨਃ. ਫਿਰ. ਦੇਖੋ, ਪੁਨਹ. "ਫੁਨਿ ਗਰਭ ਨਾਹੀ ਬਸੰਤ." (ਰਾਮ ਮਃ ੫) "ਤਜਿ ਅਭਿਮਾਨੁ ਮੋਹ ਮਾਇਆ

---

[825] ਦੇਖੋ, ਬੰਸ ੧੧.

ਫੁਨਿ." (ਗਉ ਮਃ ੯)

ਫੁਫੜ: ਸੰਗਯਾ- ਭੂਆ ਦਾ ਪਤਿ. ਪਿਤਾ ਦੀ ਭੈਣ ਦਾ ਸ੍ਵਾਮੀ.

ਫੁਫੀ: ਸੰਗਯਾ- ਪਿਤਾ ਦੀ ਭੈਣ. ਭੂਆ. ਸੰ. ਪਿਤ੍ਰਿ- ਸ੍ਵਸ੍ਰਿ. "ਫੁਫੀ ਨਾਨੀ ਮਾਸੀਆਂ." (ਮਾਰੂ ਅਃ ਮਃ ੧)

ਫੁਫੀ ਕੁਟਣੀ, ਫੁਫੀ ਕੁਟਨੀ: ਸੰਗਯਾ- ਭੂਆ ਬਣਕੇ ਕੁੱਟਣੀ ਦਾ ਕੰਮ ਕਰਨ ਵਾਲੀ.

ਭਾਵ- ਸਮੀਪੀ ਸਾਕ ਪ੍ਰਗਟ ਕਰਕੇ ਵਿਭਚਾਰ ਵਿੱਚ ਪ੍ਰਵਿਰਤ ਕਰਨ ਵਾਲੀ. ਫਫਾਕੁਟਨੀ.

ਫੁਫੇਰ, ਫੁਫੇਰਾ: ਵਿ- ਭੂਆ ਦਾ. ਫੁੱਫੀ ਦਾ। ੨. ਸੰਗਯਾ- ਭੂਆ ਦੀ ਸੰਤਾਨ.

ਫੁੰਮਣ: ਸੰਗਯਾ- ਫੁੰਦਨਾ. ਫੁੱਲ ਦੇ ਆਕਾਰ ਦਾ ਰੇਸ਼ਮ ਅਥਵਾ ਸੂਤ ਦਾ ਗੁੱਛਾ। ੨. ਸੂਤ ਦੀ ਕੂਚੀ. ਰਜੋਹਰਾ. "ਲਕੀ ਕਾਸੇ ਹਥੀ ਫੁੰਮਣ." (ਵਾਰ ਮਾਝ ਮਃ ੧) ਢੂੰਡੀਏ ਹੱਥ ਵਿੱਚ ਫੁੰਮਣ, ਜਿਸ ਦਾ ਨਾਮ ਰਜੋਹਣਾ (ਰਜੋਹਰਾ) ਹੈ, ਇਸ ਲਈ ਰੱਖਦੇ ਹਨ ਕਿ ਉਸ ਨਾਲ ਜ਼ਮੀਨ ਤੋਂ ਜੀਵ ਹਟਾ ਦਿੱਤੇ ਜਾਣ, ਜਿਸ ਕਰਕੇ ਹਿੰਸਾ ਦੋਸ਼ ਤੋਂ ਬਚਾਉ ਹੋਵੇ.

ਫੁਰ: ਸੰਗਯਾ- ਪੰਛੀ ਦੇ ਉਡਣ ਸਮੇਂ ਪੰਖਾਂ ਤੋਂ ਉਪਜੀ ਧੁਨਿ। ੨. ਵਿ- ਸਤ੍ਯ. ਸੱਚਾ. "ਤੁਮਰੋ ਕਹਯੋ ਨ ਫੁਰ ਭਾ ਏਕੂ." (ਨਾਪ੍ਰ)

ਫੁਰਸ: ਫ਼ਾ. فرس ਫ਼ਾਰਸ ਦੇ ਵਸਨੀਕ. ਪਾਰਸੀ.

ਫੁਰਸਤ: ਅ਼. فرصت ਫ਼ੁਰਸ਼ਤ. ਸੰਗਯਾ- ਵੇਲ੍ਹ। ੨. ਸਮਾਂ. ਅਵਸਰ.

ਫੁਰਕਨਾ: ਦੇਖੋ, ਫਰਕਨਾ। ੨. ਮੂੰਹ ਵਿੱਚ ਕੋਈ ਪਤਲਾ ਪਦਾਰਥ ਲੈਕੇ ਸ੍ਵਾਸ ਦੇ ਜੋਰ ਨਾਲ ਫੁਹਾਰ ਦੀ ਤਰਾਂ ਬਾਹਰ ਫੈਂਕਣਾ.

ਫੁਰਕਾ: ਦੇਖੋ, ਫੁਲਕਾ. "ਫੁਰਕੇ ਚਹੁੰ ਦਿਸ ਦਿਯੇ ਬਗਾਇ." (ਗੁਵਿ ੧੦)

ਫ਼ੁਰਕਾਨ, ਫ਼ੁਰਕ਼ਾਨ: ਅ਼. فرقان ਸੰਗਯਾ- ਕ਼ੁਰਾਨ. ਮੁਸਲਮਾਨਾਂ ਦਾ ਧਰਮਪੁਸ੍ਤਕ। ੨. ਕ਼ੁਰਾਨ ਦੀ ਪਚੀਹਵੀਂ ਸੂਰਤ। ੩. ਵਿਭਾਗ. ਖੰਡ਼ ਹਿੱਸਾ। ੪. ਫ਼ਤੇ. ਜਿੱਤ.

ਫੁਰਣ: ਵਾਤਦੋਸ਼ ਨਾਲ ਕਿਸੇ ਅੰਗ ਦੇ ਪੱਠੇ ਦਾ ਥਰਕਣਾ. "ਦੇਵੀ ਦੇਵ ਨ ਸੇਵਕਾ, ਤੰਤ ਨ ਮੰਤ ਨ ਫੁਰਣ ਵਿਚਾਰੇ." (ਭਾਗੁ) ਤੰਤ੍ਰਸ਼ਾਸਤ੍ਰ ਵਿੱਚ ਅੰਗਾਂ ਦੇ ਫੁਰਣ ਦੇ ਸ਼ੁਭ ਅਸ਼ੁਭ ਫਲ ਮੰਨੇ ਹਨ। ੨. ਦੇਖੋ, ਫੁਰਣਾ ੧.

ਫੁਰਣਾ: ਕ੍ਰਿ- ਸੰਕਲਪ ਦਾ ਪ੍ਰਗਟ ਹੋਣਾ. ਸਫੁਰਣ। ੨. ਫਲੀਭੂਤ ਹੋਣਾ. "ਰਿਧਿ ਸਿਧਿ ਜਾ ਕਉ ਫੁਰੀ." (ਮਾਰੂ ਕਬੀਰ) ੩. ਸਤ੍ਯ ਹੋਣਾ। ੪. ਸੰਗਯਾ- ਸੰਕਲਪ. ਇਰਾਦਾ। ੫. ਦੇਖੋ, ਫੁਰਣ.

ਫੁਰਤ: ਦੇਖੋ, ਫੁਰਤੀ. "ਕਾਰ ਕਰਨ ਮੇ ਧਰਤੀ ਫੁਰਤ." (ਗੁਪ੍ਰਸੂ)

ਫੁਰਤੀ: ਸੰ. ਸ੍ਫੂਰਤਿ. ਸੰਗਯਾ- ਸ਼ੀਘ੍ਰਤਾ. ਤੇਜ਼ੀ। ੨. ਔਸਾਣ.

ਫੁਰਤੀਲਾ: ਵਿ- ਫੁਰਤੀ ਵਾਲਾ, ਜੋ ਸੁਸ੍ਤ ਨਹੀਂ.

ਫੁਰਨਾ: ਦੇਖੋ, ਫੁਰਣਾ। ੨. ਅੰਗ ਦਾ ਫਰਕਣਾ. ਦੇਖੋ, ਫੁਰਣ ੧.

ਫੁਰਮਾਉਣਾ: ਕ੍ਰਿ- ਫਰਮਾਨ ਦੇਣਾ. ਆਗਯਾ ਕਰਨੀ. ਦੇਖੋ, ਫਰਮਾਨ.

ਫੁਰਮਾਇਅੜੈ: ਫਰਮਾਨ ਹੋਣ ਕਰਕੇ. ਫਰਮਾਨੇ ਸੇ. "ਸਾਹੈ ਕੈ ਫੁਰਮਾਇਅੜੈ." (ਮਾਰੂ ਅੰਜੁਲੀ ਮਃ ੫)

ਫੁਰਮਾਇਆ: ਫਰਮਾਨ ਕੀਤਾ. ਹੁਕਮ ਦਿੱਤਾ. "ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ." (ਵਾਰ ਬਿਹਾ ਮਃ ੩)

ਫੁਰਮਾਇਸ, ਫੁਰਮਾਇਸਿ, ਫੁਰਮਾਇਸੀ: ਦੇਖੋ, ਫਰਮਾਯਸ. "ਲਖਾਂ ਉਪਰਿ ਫੁਰਮਾਇਸਿ ਤੇਰੀ." (ਆਸਾ ਮਃ ੧) "ਬਹੁਤ

ਕਰਹਿ ਫੁਰਮਾਇਸੀ, ਵਰਤਹਿ ਹੋਇ ਅਫਾਰ." (ਸ੍ਰੀ ਮਃ ੫) ੨. ਸ਼ਿਫ਼ਾਰਿਸ਼. "ਬਾਰ ਬਾਰ ਸਿਖ ਦਾਸ ਮਸੰਦ। ਦਿਜ ਕੀ ਫੁਰਮਾਇਸ ਕਹਿਂ ਬ੍ਰਿੰਦ." (ਗੁਪ੍ਰਸੂ) ੩. ਯਾਚਨਾ. "ਸ਼੍ਰੀ ਕਰਤਾਰ ਉਦਾਰ ਮਹਾਂ, ਤਿਹ ਊਪਰਿ ਹੈ ਫੁਰਮਾਇਸ ਮੇਰੀ." (ਨਾਪ੍ਰ)

ਫੁਰਮਾਣ, ਫੁਰਮਾਣੁ, ਫੁਰਮਾਨ, ਫੁਰਮਾਨੁ: ਦੇਖੋ, ਫਰਮਾਨ. "ਅਮੁਲੁ ਕਰਮੁ ਅਮਲੁ ਫੁਰਮਾਣੁ." (ਜਪੁ) "ਫੁਰਮਾਨੁ ਤੇਰਾ ਸਿਰੈ ਊਪਰਿ." (ਗਉ ਕਬੀਰ)

ਫੁਰਮਾਯਸ, ਫੁਰੜਾਗਾ, ਫੁਰੜਾਟਾ: ਦੇਖੋ, ਫਰਮਾਯਸ. ਸੰਗਯਾ- ਨੱਕ ਦੇ ਰਸਤੇ ਜ਼ੋਰ ਨਾਲ ਸਾਹ ਦਾ ਬਾਹਰ ਕੱਢਣਾ, ਜਿਸ ਤੋਂ ਫੁਰੜ ਸ਼ਬਦ ਹੋਵੇ. "ਮਾਰਤ ਨਾਸਨ ਸੋਂ ਫੁਰੜਾਗਾ." (ਨਾਪ੍ਰ)

ਫੁਰੰਤ: ਫੁਰ (ਸਤਯ) ਹੋਵੰਤ। ੨. ਫੋਰੰਤ (ਫੋੜੰਤ). "ਕਿਸ ਕੇਰ ਬਦਨ ਗੁਲਕਾ ਫੁਰੰਤ." (ਗੁਪ੍ਰਸੂ)

ਕਿਸੇ ਦਾ ਮੂੰਹ ਗੋਲੀ ਭੰਨਦੀ ਹੈ.

ਫੁਲ: ਦੇਖੋ, ਫੁੱਲ। ੨. ਉਂਗਲਾਂ ਦਾ ਅਗਲਾ ਹਿੱਸਾ. ਪੋਟਾ। ੩. ਪੈਰਾਂ ਅਤੇ ਹੱਥਾਂ ਦੀਆਂ ਉਂਗਲਾਂ ਦੀਆਂ ਹੱਡੀਆਂ ਜੋ ਚਿਤਾ ਵਿੱਚੋਂ ਚੁਗਕੇ ਹਿੰਦੂ ਗੰਗਾ ਆਦਿ ਤੀਰਥਾਂ ਵਿੱਚ ਪਾਉਂਦੇ ਹਨ. "ਹਰਿਕਥਾ ਪੜੀਐ ਹਰਿਨਾਮ ਸੁਣੀਐ, ਬੇਬਾਣ ਹਰਿਰੰਗ ਗੁਰੁ ਭਾਵਏ। ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿਸਰਿ ਪਾਵਏ." (ਸਦੁ) ਸਤਿਗੁਰੂ ਨੂੰ, ਵਿਮਾਨ, ਪਿੰਡ, ਪੱਤਲ, ਕ੍ਰਿਯਾ, ਦੀਪਕ, ਅਤੇ ਗੰਗਾ ਵਿੱਚ ਅਸਥੀਆਂ ਪਾਉਣ ਦੀ ਥਾਂ, ਹਰਿਰੰਗ ਭਾਉਂਦਾ ਹੈ.

ਫੁਲਕਾ: ਸੰਗਯਾ- ਫੁੱਲੀ ਹੋਈ ਪਤਲੀ ਰੋਟੀ (ਚਪਾਤੀ)

ਫੁਲਕਾਰੀ: ਸੰਗਯਾ- ਗੁਲਕਾਰੀ. ਕਸ਼ੀਦੇ ਨਾਲ ਜਿਸ ਵਸਤ੍ਰ ਪੁਰ ਫੁੱਲ ਕੱਢੇ ਹੋਏ ਹੋਣ. ਫੁਲਕਾਰੀ ਖਾਸ ਕਰਕੇ ਇਸਤ੍ਰੀਆਂ ਦੇ ਓਢਣ ਦਾ ਵਸਤ੍ਰ ਹੈ.

ਫੁਲਝੜੀ: ਸੰਗਯਾ- ਫੁੱਲਾਂ ਦੀ ਵਰਖਾ। ੨. ਇੱਕ ਪ੍ਰਕਾਰ ਦੀ ਆਤਿਸ਼ਬਾਜ਼ੀ, ਜਿਸ ਵਿੱਚੋਂ ਅਗਿਨ ਦੇ ਫੁੱਲ ਡਿਗਦੇ ਹਨ.

ਫੁਲਣਾ: ਕ੍ਰਿ- ਫੁੱਲ ਵਾਂਙ ਖਿੜਨਾ. ਖ਼ੁਸ਼ ਹੋਣਾ। ੨. ਅਭਿਮਾਨੀ ਹੋਣਾ.

ਫੁਲੱਥਾ: ਸੰਗਯਾ- ਫੁਰਤੀਲਾ ਹੱਥ. ਪਟੇਬਾਜ਼ੀ. ਗਤਕੇਬਾਜੀ। ੨. ਗਤਕਾ.

ਫੁਲਨਾ: ਦੇਖੋ, ਫੁਲਣਾ.

ਫੁਲਬਹਰੀ: ਦੇਖੋ, ਸ਼੍ਵੇਤਕੁਸ਼੍ਠ.

ਫੁਲਵਤ: ਫੁਲਦਾ. ਅਹੰਕਾਰ ਨਾਲ ਆਫਰਦਾ. ਦੇਖੋ, ਫੁਲਣਾ. "ਫੁਲਵਤ ਦੇਹ ਅਇਆਨੇ." (ਕੇਦਾ ਕਬੀਰ) ੨. ਫੁੱਲ- ਵਤ. ਫੁੱਲ ਵਾਂਙ. ਫੁੱਲ ਤੁੱਲ.

ਫੁਲਵਾਈ, ਫੁਲਵਾਰੀ, ਫੁਲਵਾੜੀ: ਸੰਗਯਾ- ਫੁੱਲਵਾਟੀ. ਫੁੱਲਵਾਟਿਕਾ. ਪੁਸ਼ਪਾਂ ਦੀ ਵਾੜੀ।

੨. ਇੱਕ ਪ੍ਰਕਾਰ ਦੀ ਆਤਿਸ਼ਬਾਜ਼ੀ. ਫੁਲਝੜੀ. "ਬਰੂਦ ਕੇ ਝਾਰ ਮਤਾਬੀ ਛੂਟੈਂ ਫੁਲਵਾਈ." (ਨਾਪ੍ਰ)

ਫੁਲੜਾ: ਸੰਗਯਾ- ਫੁੱਲ. ਪੁਸ਼ਪ. "ਪਹਿਲੈ ਪਹਿਰੈ ਫੁਲੜਾ." (ਸ. ਫਰੀਦ)

ਫੁਲਾਂ: ਦੇਖੋ, ਫਲਾਂ.

ਫੁਲਾਉ: ਸੰਗਯਾ- ਫੁੱਲਣ ਦਾ ਭਾਵ। ੨. ਵਿਸ੍ਤਾਰ. ਫੈਲਾਉ। ੩. ਅਭਿਮਾਨ ਨਾਲ ਬਦਨ ਦੇ ਫੈਲਾਉਣ ਦੀ ਕ੍ਰਿਯਾ.

ਫੁਲਾਇਣ: ਸੰਗਯਾ- ਫੂਲਵੰਸ਼. ਬਾਬੇ ਫੂਲ ਦੀ ਔਲਾਦ ਦੇਖੋ, ਫੂਲ. "ਸਾਥ ਫੁਲਾਇਣ ਸਭ ਲੈ ਆਯੋ." (ਪ੍ਰਾਪੰਪ੍ਰ)

ਫੁਲਾਹੀ: ਸੰਗਯਾ- ਬਬੂਲ ਦੀ ਜਾਤਿ ਦਾ ਕੰਡੇਦਾਰ ਇੱਕ ਬਿਰਛ. ਫੁਲਾਈ. ਇਸ ਦੀ ਲੱਕੜ ਬਹੁਤ ਮਜ਼ਬੂਤ ਅਤੇ ਭਾਰੀ ਹੁੰਦੀ ਹੈ. ਫੁਲਾਹੀ ਦੀ ਗੂੰਦ ਕਈ ਦਵਾਈਆਂ ਵਿੱਚ ਵਰਤੀਦੀ ਹੈ ਅਤੇ ਨਰਮ ਟਾਹਣੀ ਦੀ ਦਾਤਨ ਸੁੰਦਰ ਹੁੰਦੀ ਹੈ. L. Acacia sengal ਅਥਵਾ mozesta.

ਫੁਲਾਦ: ਦੇਖੋ, ਫੌਲਾਦ.

ਫੁਲਿੰਗ: ਚਿੰਗਾੜਾ. ਦੇਖੋ, ਵਿਸਫੁਲਿੰਗ.

ਫੁਲੀਠਾ: ਫੋਲ- ਭੀਠਾ। ੨. ਸੰਗਯਾ- ਛਾਲਾ. ਸੱਪ ਦੀ ਵਿਖਭਰੀ ਥੈਲੀ. "ਸਾਕਤ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ." (ਗਉ ਮਃ ੪) ਦੇਖੋ, ਫੋਲਿ.

ਫੁਲੁ: ਦੇਖੋ, ਫੁੱਲ. "ਧਰਮੁ ਫੁਲੁ ਫਲੁ ਗਿਆਨੁ." (ਬਸੰ ਮਃ ੧)

ਫੁਲੂਸ: ਅ਼. فلوس ਫ਼ਲਸ (ਪੈਸਾ) ਦਾ ਬਹੁਵਚਨ. ਪੈਸੇ.

ਫੁਲੇਰਾ: ਸੰਗਯਾ- ਫੁੱਲ ਵੇਚਣ ਵਾਲਾ. ਪੁਸ਼ਪ ਵਜਾਪਾਰੀ। ੨. ਬਾਗ ਤੋਂ ਫੁੱਲ ਹਰਣ (ਲੈ ਜਾਣ) ਵਾਲਾ.

ਫੁਲੇਲ: ਸੰਗਯਾ- ਫੁੱਲ- ਤੇਲ ਫੁੱਲਾਂ ਦੀ ਸੁਗੰਧ ਵਾਲਾ ਤੇਲ.

ਫੁੱਲ: ਸੰ. फुल्ल. ਧਾ- ਖਿੜਨਾ, ਫੂਲਨਾ। ੨. ਸੰਗਯਾ- ਪੁਸ਼ਪ. ਕੁਸੁਮ. ਸੁਮਨ। ੩. ਉੱਨ ਦੇ ਗਾੜ੍ਹੇ ਵਸਤ੍ਰ ਵਿੱਚਦੀਂ ਟਪਕਾਇਆ ਹੋਇਆ ਅਫੀਮ ਦਾ ਰਸ. "ਪੀਤਾ ਫੁੱਲ ਇਆਣੀ ਘੂਮਨ ਸੂਰਮੇ." (ਚੰਡੀ ੩) ਜਿਵੇਂ ਇਆਣੇ (ਸੋਫੀ) ਫੁੱਲ ਪੀਕੇ ਝੂੰਮਦੇ ਹਨ, ਤਿਵੇਂ ਯੋਧਾ ਘੂਮਨ। ੪. ਇਸਤਰੀ ਦੀ ਰਜ। ੫. ਰਿੜਕਣ ਸਮੇਂ ਝੱਗ ਦੀ ਸ਼ਕਲ ਵਿੱਚ ਮਠੇ ਦੇ ਸਿਰ ਪੁਰ ਆਇਆ ਮੱਖਣ। ੬. ਫੁੱਲ ਦੇ ਆਕਾਰ ਦੀ ਕੋਈ ਵਸਤੁ, ਜੈਸੇ ਢਾਲ ਦੇ ਫੁੱਲ. ਇਸਤ੍ਰੀਆਂ ਦੇ ਸਿਰ ਪੁਰ ਫੁੱਲ ਆਕਾਰ ਦਾ ਗਹਿਣਾ. ਰੇਸ਼ਮ ਨਾਲ ਵਸਤ੍ਰ ਪੁਰ ਕੱਢਿਆ ਫੁੱਲ ਆਦਿ। ੭. ਦੀਵੇ ਦੀ ਬੱਤੀ ਦਾ ਅਗਲਾ ਹਿੱਸਾ, ਜੋ ਅੰਗਾਰ ਦੀ ਸ਼ਕਲ ਦਾ ਹੁੰਦਾ ਹੈ। ੮. ਚੱਪਣੀ ਨਾਲ ਲੱਗਾ ਹੋਇਆ ਦੀਵੇ ਦਾ ਕੱਜਲ। ੯. ਵਿ- ਹੌਲਾ. ਫੁੱਲ ਜੇਹਾ ਹਲਕਾ। ੧੦. ਡਿੰਗ. ਸੰਗਯਾ- ਹੈਰਾਨੀ. ਅਚਰਜ.

ਫੁੱਲ ਸਿਰ ਪਾਉਣੇ: ਦੇਖੋ, ਫੂਲ ਸਿਰ ਡਾਲਨਾ.

ਫੁੱਲ ਪਾਉਣੇ: ਮੁਰਦੇ ਦੇ ਕਪਾਲ ਛਾਤੀ ਅੰਗੁਲਾਂ ਦੇ ਹੱਡ, ਚਿਤਾ ਵਿੱਚੋਂ ਚੁਣਕੇ ਕਿਸੇ ਨਦੀ ਆਦਿ ਵਿੱਚ ਪਾਉਣੇ.

ਫੂਏ ਫਾਲ: ਵਿ- ਖਿੰਡੇ ਖੁੱਸੇ. "ਕੂਚ ਬਿਚਾਰੇ ਫੂਏ ਫਾਲ." ( ਗੋਂਡ ਕਬੀਰ) ਤਾਣੀ ਸਾਫ ਕਰਨ ਦੇ ਕੁੱਚ ਖਿੰਡੇ ਖੁੱਸੇ ਪਏ ਹਨ.

ਫੂਸ: ਸੰਗਯਾ- ਸੁੱਕਾ ਅਤੇ ਖਿੰਡਿਆ ਹੋਇਆ ਘਾਹ। ੨. ਕੂੜਾ.

ਫੂਸੀ: ਦੇਖੋ, ਨਫੂਸੀ.

ਫੂਹ: ਕ਼ਤਰਾ (zrop) ੨. ਸਿੰਧੀ. ਜੁਆਨੀ ਅਤੇ ਧਨ ਦਾ ਮਦ.

ਫੂਹੜ: ਸੰਗਯਾ- ਚਟਾਈ. ਫੂਸ ਦਾ ਤੱਪੜ। ੨. ਸਿੰਧੀ. ਜ਼ਬਾਨ ਦਾ ਗੰਦਾ. ਖੋਟੇ ਬਚਨ ਬੋਲਣ ਵਾਲਾ.

ਫੂਹੜਿ: ਖੋਟੇ ਵਾਕ ਬੋਲਣ ਵਾਲੀ. ਦੇਖੋ, ਫੂਹੜ ੨. ਅਤੇ ਫੂੜਿ.

ਫੂਹੀ: ਸੰਗਯਾ- ਫੁਹਾਰ. ਵਰਖਾ ਦੀ ਬਹੁਤ ਬਰੀਕ ਕਣੀ। ੨. ਕ੍ਰਿ. ਵਿ- ਕ਼ਤਰੇ ਨਾਲ. ਤੁਬਕੇ ਦ੍ਵਾਰਾ. "ਫੂਹੀ ਫੂਹੀ ਤਲਾਉ ਭਰਦਾ ਹੈ." (ਲੋਕੋ) ੩. ਸੰਗਯਾ- ਰੂੰ ਦਾ ਬਹੁਤ ਛੋਟਾ ਫੰਬਾ. ਪੰਬਹ.

ਫੂਕ: ਅਨੁ. ਸੰਗਯਾ- ਸ੍ਵਾਸ. ਪ੍ਰਾਣ ਵਾਯੁ, ਜਿਸ ਤੋਂ ਫੂ ਸ਼ਬਦ ਹੁੰਦਾ ਹੈ. "ਨਿਕਸਿਆ ਫੂਕ, ਤ ਹੋਇ ਗਇਓ ਸੁਆਹਾ." (ਆਸਾ

ਮਃ ੫) "ਫੂਕ ਕਢਾਏ ਢਹਿਪਵੈ." (ਵਾਰ ਸਾਰ ਮਃ ੧) ੨. ਜ਼ੋਰ ਨਾਲ ਮੂੰਹ ਤੋਂ ਕੱਢੀ ਹੋਈ ਹਵਾ. "ਫੂਕ ਮਾਰ ਦੀਪਕ ਬਿਸਮਾਵੈ." (ਤਨਾਮਾ) ੩. ਦੇਖੋ, ਫੂਕਣਾ. "ਇਹੁ ਤਨ ਦੇਵੈ ਫੂਕ." (ਸ. ਕਬੀਰ) ੪. ਵਿ- ਸ਼ੋਭਾਹੀਨ. ਫਿੱਕਾ. "ਫੂਕ ਭਏ ਮੁਖ ਸੂਕ ਗਏ ਸਭ." (ਅਜਰਾਜ)

ਫੂਕਣ, ਫੂਕਣਾ: ਕ੍ਰਿ- ਫੂਕ ਮਾਰਨੀ। ੨. ਮੰਤ੍ਰ ਪੜ੍ਹਕੇ ਫੂਕ ਮਾਰਨੀ. "ਕੰਨ ਵਿੱਚ ਗਾਇਤ੍ਰੀ ਮੰਤ੍ਰ ਫੂਕਣ." (ਜਸਭਾਮ) ੩. ਫੂਕ ਮਾਰਕੇ ਅੱਗ ਮਚਾਉਣੀ। ੪. ਜਲਾਣਾ. ਭਸਮ ਕਰਨਾ.

ਫੂਕਣੀ: ਸੰਗਜਾ- ਫੂਕ ਮਾਰਨ ਦੀ ਨਲਕੀ, ਜਿਸ ਵਿੱਚ ਦੀਂ ਬੰਨ੍ਹੀ ਹੋਈ ਹਵਾ ਜਾਂਦੀ ਹੈ. ਇਹ ਸੁਨਿਆਰੇ ਬਹੁਤ ਵਰਤਦੇ ਹਨ. ਚੁਲ੍ਹੇ ਅੱਗ ਮਚਾਉਣ ਲਈ ਭੀ ਇਹ ਕੰਮ ਆਉਂਦੀ ਹੈ. Blow- pipe। ੨. ਅਹੰਕਾਰ ਨਾਲ ਫੁੰਕਾਰਣ ਦੀ ਕ੍ਰਿਯਾ. ਸ਼ੇਖ਼ੀ. "ਸ਼ੇਖ਼ ਫੂਕਣੀ ਹਰਹਿਂ ਬਿਸੇਖੀ." (ਨਾਪ੍ਰ)

ਫੂਕਣੂ: ਡਿੰਗ. ਫੇਫੜਾ. ਦੇਖੋ, ਫੇਫੜਾ.

ਫੂੰਕਨੀ: ਦੇਖੋ, ਫੂਕਣੀ.

ਫੂੰਕਾਰਣਾ: ਫੁਤਕਾਰ ਕਰਨਾ. ਦੇਖੋ, ਫੁਕਾਰ.

ਫੂਕਿ: ਫੂਕ ਮਾਰਕੇ. "ਫੂਕਿ ਫੂਕਿ ਪਾਵਨ ਕਉ ਪ੍ਰਿਥੀ ਪੈ ਧਰਤ ਹੋ." (ਅਕਾਲ) ਭਾਵ- ਸੂਖਮ ਜੀਵਾਂ ਨੂੰ ਹਟਾਕੇ। ੨. ਫੂਕ (ਜਲਾ) ਕੇ.

ਫੂਕੈ: ਫੂਕ ਮਾਰਦਾ ਹੈ. ਫੁੰਕਾਰਦਾ ਹੈ. "ਡਕੈ ਫੂਕੈ ਖੇਹ ਉਡਾਵੈ." (ਵਾਰ ਮਲਾ ਮਃ ੧) ੨. ਜਲਾਉਂਦਾ ਹੈ.

ਫੂਟ: ਦੇਖੋ, ਫੁਟ ਅਤੇ ਫੁੱਟ.

ਫੂਟਨਾ: ਕ੍ਰਿ- ਭੱਜਣਾ. ਫੁੱਟਣਾ. ਟੁੱਟਣਾ. "ਫੂਟੋ ਆਂਡਾ ਭਰਮ ਕਾ." (ਮਾਰੂ ਮਃ ੫) ੨. ਅਲਗ ਹੋਣਾ। ੩. ਭੇਦਕੇ ਬਾਹਰ ਆਉਣਾ. ਜੈਸੇ ਅੰਕੁਰ (ਡੰਘੂਰ) ਫੁਟਣਾ। ੪. ਖਿੜਨਾ.

ਫੂਟਮਫੂਟ: ਚੂਰ ਚੂਰ. ਖੰਡ ਖੰਡ. "ਖਾਪਰ ਫੂਟਮਫੂਟ." (ਸ. ਕਬੀਰ)

ਫੂਟਿ: ਫੁੱਟਕੇ. "ਤੁਝਤੇ ਨਿਕਸੀ ਫੂਟਿ ਮਰਾ." (ਸ੍ਰੀ ਮਃ ੧)

ਫੂੰਦਾ: ਸੰਗਜਾ- ਫੁੱਲ ਦੇ ਆਕਾਰ ਦਾ ਰੇਸ਼ਮ ਜ਼ਰੀ ਆਦਿ ਦਾ ਗੁੱਛਾ. ਫੁੰਮਣ.

ਫੂਫੀ: ਦੇਖੋ, ਫੁਫੀ. "ਫੂਫੀ ਬਚਨ ਚਿੱਤ ਹਰਿ ਧਰਜੋ." (ਕ੍ਰਿਸਨਾਵ)

ਫੂਲ: ਸੰਗਜਾ- ਪੁਸ਼ਪ. ਕੁਸੁਮ. ਦੇਖੋ, ਫੁੱਲ. "ਆਪੇ ਭਵਰਾ ਫੂਲ ਬੇਲਿ." (ਬਸੰ ਅਃ ਮਃ ੧) ੨. ਫੁੱਲ ਦੇ ਆਕਾਰ ਦਾ ਭੂਸ਼ਣ. "ਸਗਲ ਆਭਰਣ ਸੋਭਾ ਕੰਠਿ ਫੂਲ." (ਆਸਾ ਮਃ ੫) ੩. ਢਾਲ ਦੇ ਫੁੱਲ. "ਫੂਲਨ ਲਾਗ ਚਿਣਗ ਗਨ ਜਾਗਾ." (ਗੁਪ੍ਰਸੂ) ੪. ਬੈਰਾੜ ਵੰਸ਼ ਦਾ ਰਤਨ ਬਾਬਾ ਫੂਲ, ਜੋ ਰੂਪਚੰਦ ਦੇ ਘਰ ਮਾਤਾ ਅੰਬੀ ਦੇ ਉਦਰ ਤੋਂ ਸੰਮਤ ੧੬੮੪ (ਸਨ ੧੬੨੭) ਵਿੱਚ ਜਨਮਿਆ, ਜਦਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਮੋਹਨ ਅਤੇ ਕਾਲੇ ਪੁਰ ਕ੍ਰਿਪਾ ਕਰਕੇ ਮੇਹਰਾਜ ਗ੍ਰਾਮ ਵਸਾਇਆ ਸੀ.

ਸੰਮਤ ੧੬੮੮ ਵਿੱਚ ਗੁਰੂਸਰ ਦੇ ਜੰਗ ਪਿੱਛੋਂ ਜਦ ਗੁਰੂ ਸਾਹਿਬ ਦੇ ਦਿਵਾਨ ਵਿੱਚ ਬਾਲਕ ਫੂਲ ਆਪਣੇ ਚਾਚੇ ਕਾਲੇ ਨਾਲ ਹਾਜਿਰ ਹੋਇਆ, ਤਦ ਸੁਭਾਵਿਕ ਹੀ ਪੇਟ ਵਜਾਉਣ ਲੱਗ ਪਿਆ. ਸਤਿਗੁਰੂ ਨੇ ਕਾਲੇ ਤੋਂ ਬਾਲਕ ਦੀ ਹਰਕਤ ਬਾਬਤ ਪੁੱਛਿਆ, ਤਾਂ ਅਰਜ ਕੀਤੀ ਕਿ ਮਹਾਰਾਜ! ਇਸ ਦੀ ਮਾਈ ਗੁਜਰ ਗਈ ਹੈ, ਹਜੂਰ ਦੇ ਸਾਹਮਣੇ ਆਪਣੇ ਪੇਟ ਪਾਲਣ ਲਈ ਇਸ਼ਾਰੇ ਨਾਲ ਅਰਜ਼ ਕਰ ਰਿਹਾ ਹੈ. ਇਸ ਪੁਰ ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਬਾਲਕ ਗੁਰੂ ਨਾਨਕਦੇਵ ਦੀ ਕ੍ਰਿਪਾ ਨਾਲ ਲੱਖਾਂ ਦੇ ਪੇਟ ਭਰੇਗਾ ਅਤੇ ਇਸ ਦੀ ਸੰਤਾਨ ਰਾਜ ਭਾਗ ਭੋਗੇਗੀ.

ਸੰਮਤ ੧੭੦੩ ਵਿੱਚ ਜਦ ਗੁਰੂ ਹਰਿਰਾਇ ਸਾਹਿਬ ਮਾਲਵੇ ਨੂੰ ਕ੍ਰਿਤਾਰਥ ਕਰਦੇ ਮੇਹਰਾਜ ਪਧਾਰੇ, ਤਦ ਫੂਲ ਆਪਣੇ ਸੰਬੰਧੀਆਂ ਸਮੇਤ ਦੀਵਾਨ ਵਿੱਚ ਹਾਜਿਰ ਹੁੰਦਾ ਰਿਹਾ. ਗੁਰੂ ਸਾਹਿਬ ਨੇ ਇਸ ਦੀ ਨੰਮ੍ਰਤਾ ਅਤੇ ਸੇਵਾ ਭਾਵ ਦੇਖਕੇ ਦਾਦਾ ਗੁਰੂ ਜੀ ਦੇ ਵਰਦਾਨ ਦੀ ਪੁਸ਼੍ਟੀ ਵਿੱਚ ਆਸ਼ੀਰਵਾਦ ਦਿੱਤਾ, ਜਿਸ ਦਾ ਫਲ ਹੁਣ ਫੂਲਕੀਆਂ ਰਿਆਸਤਾਂ ਸਿੱਖਾਂ ਦਾ ਮਾਣ ਤਾਣ ਹਨ.[826] ਫੂਲ ਦੇ ਦੋ ਵਿਆਹ ਹੋਏ- ਧਰਮਪਤਨੀ ਬਾਲੀ ਦੇ ਉਦਰ ਤੋਂ ਤਿਲੋਕਸਿੰਘ ਰਾਮ ਸਿੰਘ ਅਤੇ ਰੱਘੂ[827] ਅਤੇ ਬੀਬੀ ਰਾਮੀ[828] ਜਨਮੇ, ਅਰ ਰੱਜੀ ਤੋਂ ਚੰਨੂ, ਝੰਡੂ ਅਤੇ ਤਖਤਮੱਲ ਪੈਦਾ ਹੋਏ. ਬਾਬੇ ਫੂਲ ਦੀ ਔਲਾਦ ਪੁਰ ਗੁਰੂ ਗੋਬਿੰਦਸਿੰਘ ਸਾਹਿਬ ਦੀ ਖਾਸ ਕ੍ਰਿਪਾ ਰਹੀ ਹੈ. ਦੇਖੋ, ਤਿਲੋਕਸਿੰਘ.

ਬਾਬਾ ਫੂਲ ਦਾ ਦੇਹਾਂਤ ਸੰਮਤ ੧੭੪੭ (ਸਨ ੧੬੯੦)[829] ਵਿੱਚ ਬਹਾਦੁਰਪੁਰ[830] ਹੋਇਆ. ਸਸਕਾਰ ਫੂਲ ਨਗਰ ਕੀਤਾ ਗਿਆ. ਜਿੱਥੇ ਸਮਾਧ ਵਿਦਯਮਾਨ ਹੈ. ਦੇਖੋ, ਗੁਰੂ ਹਰਿਗੋਬਿੰਦ, ਗੁਰੂ ਹਰਿਰਾਇ, ਮੇਹਰਾਜ ਅਤੇ ਫੂਲਵੰਸ਼।

੫. ਬਾਬਾ ਫੂਲ ਦਾ ਸੰਮਤ ੧੭੧੧ (ਸਨ ੧੬੫੩)[831] ਵਿੱਚ ਆਬਾਦ ਕੀਤਾ ਨਗਰ, ਜੋ ਰਾਜ ਨਾਭਾ ਵਿੱਚ ਹੈ. ਇਹ ਰਿਆਸਤ ਦੀ ਨਜਾਮਤ ਦਾ ਪ੍ਰਧਾਨ ਅਸਥਾਨ ਹੈ. ਇੱਥੇ ਬਾਬਾ ਫੂਲ ਦੇ ਪੁਰਾਣੇ ਚੁਲ੍ਹੇ ਹਨ, ਜੋ ਫੂਲਵੰਸ਼ ਤੋਂ ਸਨਮਾਨਿਤ ਹਨ. ਰੇਲਵੇ ਸਟੇਸ਼ਨ ਰਾਮਪੁਰਾ ਫੂਲ ਹੈ.

੬. ਦੇਖੋ, ਫੂਲਸਾਹਿਬ। ੭. ਦੇਖੋ, ਫੂਲਵੰਸ਼.

**ਫੂਲਸ਼ਾਹ:** ਇਹ ਕਸ਼ਮੀਰੀ ਖਤ੍ਰੀ ਦਾ ਪੁਤ੍ਰ ਗੋਬਿੰਦ ਸਾਹਿਬ ਦਾ ਛੋਟਾ ਭਾਈ ਸੀ.

**ਫੂਲਸਾਹਿਬ:** ਇਸ ਦਾ ਜਨਮ ਸੰਮਤ ੧੬੨੦ ਵਿੱਚ ਹੋਇਆ. ਸੰਮਤ ੧੬੯੮ ਵਿੱਚ ਬਾਬਾ ਗੁਰਦਿੱਤਾ ਜੀ ਦਾ ਚੇਲਾ ਹੋਕੇ ਵਡਾ ਕਰਣੀ ਵਾਲਾ ਸੰਤ ਹੋਇਆ. ਇਹ ਉਦਾਸੀਆਂ ਦੇ ਇੱਕ ਧੂਏਂ ਦਾ ਮੁਖੀਆ ਹੈ. ਫੂਲ ਸਾਹਿਬ ਦਾ ਦੇਹਾਂਤ ਬਹਾਦੁਪੁਰ (ਜਿਲਾ ਹੁਸ਼ਿਆਰਪੁਰ) ਸੰਮਤ ੧੭੩੦ ਵਿੱਚ ਹੋਇਆ.

**ਫੂਲ ਸਿਰ ਡਾਲਨਾ:** ਵਜੰਗ. ਬੇਪਤੀ ਕਰਨੀ. ਇੱਜਤ ਉਤਾਰਨੀ. ਸਿਰ ਸੁਆਹ ਪਾਂਉਣੀ. "ਤੇਰੇ ਫੂਲ ਡਾਰ ਸਿਰ ਐਹੋਂ." (ਚਰਿਤ੍ਰ ੨੯੩) ੨. ਦੀਵੇ ਦਾ ਫੁੱਲ ਸਿਰ ਤੇ ਝਾੜਕੇ ਝਾਟਾ ਫੂਲਣਾ.

**ਫੂਲ ਕੀਆਂ ਰਿਆਸਤਾਂ, ਫੂਲ ਕੀ ਮਿਸਲ:** ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇੱਕ ਪਰਮ ਪ੍ਰਤਾਪੀ ਮਿਸਲ, ਜਿਸ ਦਾ ਮੁਖੀਆ ਬਾਬਾ ਫੂਲ ਹੋਇਆ. ਇਸ ਮਿਸਲ ਵਿੱਚ ਤਿੰਨ ਸਿੱਖ ਰਿਆਸਤਾਂ ਪਟਿਆਲਾ, ਨਾਭਾ ਅਤੇ ਜੀਂਦ (ਸੰਗਰੂਰ) ਹਨ, ਜਿਨ੍ਹਾਂ ਦੀ ਸੰਗਯਾ ਫੂਲਕੀਆਂ ਰਿਆਸਤਾਂ (Phulkian States) ਹੈ. ਇਹ ਰਿਆਸਤਾਂ ਮਈ ਸਨ ੧੮੦੯ ਵਿੱਚ ਅੰਗ੍ਰੇਜ਼ੀ ਸਰਕਾਰ ਦੀ ਰਖਯਾ ਅੰਦਰ ਆਈਆਂ ਹਨ, ਅਰ ੫. ਮਈ ਸਨ ੧੮੬੦ ਦੀ ਸਨਦ ਮੁਤਾਬਿਕ ਇਨਾਂ ਨੂੰ ਮੁਤਬੰਨਾ ਕਰਨ ਦਾ ਅਧਿਕਾਰ ਮਿਲਿਆ. ਜੇ ਬਿਨਾ ਔਲਾਦ ਅਤੇ ਮੁਤਬੰਨਾ ਕੀਤੇ ਕੋਈ ਰਈਸ ਗੁਜ਼ਰ ਜਾਵੇ, ਤਦ ਦੋ ਪੜੋਸੀ ਰਿਆਸਤਾਂ ਸਰਕਾਰ ਅੰਗ੍ਰੇਜ਼ੀ ਨਾਲ ਸੰਮਤੀ ਕਰਕੇ ਨਜ਼ਦੀਕੀ ਹੱਕਦਾਰ ਨੂੰ ਗੱਦੀ ਤੇ ਬੈਠਾ ਸਕਦੀਆਂ ਹਨ. ਉੱਪਰ ਦੱਸੀ

---

[826] ਫੂਲ ਦੇ ਵਰਦਾਨ ਅਤੇ ਜਨਮ ਮਰਨ ਦੀ ਤਾਰੀਖਾਂ ਵਿੱਚ ਇਤਨੀ ਗੜਬੜੀ ਇਤਿਹਾਸਕਾਰਾਂ ਨੇ ਪਾਈ ਹੈ, ਜਿਸ ਦਾ ਸੋਧਣਾ ਵਡਾ ਕਠਿਨ ਹੈ. ਅਸੀਂ ਪੂਰੀ ਖੋਜ ਅਤੇ ਮਿਹਨਤ ਨਾਲ ਇਹ ਪ੍ਰਸੰਗ ਸੋਧਕੇ ਲਿਖਿਆ ਹੈ.

[827] ਰੱਘੂ ਦੀ ਔਲਾਦ ਜਿਉਂਦਾਂ ਦੇ ਸਰਦਾਰ ਰਾਜ ਪਟਿਆਲੇ ਅੰਦਰ ਹਨ.

[828] ਸੁਪੁਤ੍ਰੀ ਰਾਮੀ ਦੀ ਸ਼ਾਦੀ ਰਾਮਦਾਸ ਦੇ ਰਈਸ ਨਾਲ ਹੋਈ. ਬਾਬਾ ਫੂਲ ਨੇ ਦਾਜ ਵਿੱਚ ਬੁੱਗਰ ਪਿੰਡ ਦਿੱਤਾ. ਬੀਬੀ ਦੀ ਔਲਾਦ ਹੁਣ ਬੁੱਗਰ (ਰਾਜ ਨਾਭਾ) ਵਿੱਚ ਆਬਾਦ ਹੈ.

[829] ਕਈ ਇਤਿਹਾਸਕਾਰਾਂ ਨੇ ਭੁੱਲ ਨਾਲ ਸਨ ੧੬੫੨ ਲਿਖਿਆ ਹੈ.

[830] ਬਹਾਦੁਰਪੁਰ ਨਾਭੇ ਦੇ ਰਾਜ ਵਿੱਚ ਧਨੌਲੇ ਦੇ ਪਰਗਨੇ ਦਾ ਵਡਾ ਪਿੰਡ ਹੈ.

[831] ਕਈ ਲੇਖਕਾਂ ਨੇ ਫੂਲ ਨਗਰ ਦੇ ਵਸਾਉਣ ਦਾ ਸਨ ੧੬੨੭ ਦਿੱਤਾ ਹੈ, ਜੋ ਸਹੀ ਨਹੀਂ. ਇਹ ਸਨ ਬਾਬੇ ਫੂਲ ਦੇ ਜਨਮ ਦਾ ਹੈ.

ਸਨਦ ਅਨੁਸਾਰ ਇਨ੍ਹਾਂ ਰਿਆਸਤਾਂ ਨੂੰ ਪ੍ਰਮਾਣਦੰਡ ਦਾ ਪੂਰਾ ਅਧਿਕਾਰ ਹੈ ਅਤੇ ਰਿਆਸਤ ਦੇ ਅੰਦਰੂਨੀ ਮੁਆਮਲਿਆਂ ਵਿੱਚ ਗਵਰਨਮੈਂਟ ਬਰਤਾਨੀਆਂ ਦੀ ਮੁਦਾਖ਼ਲਤ ਨਹੀਂ ਹੈ. ਦੇਖੋ, ਫੂਲਵੰਸ਼.

ਫੂਲਜਈ: ਸੰ. ਫੁੱਲ- ਜਾਯਾ. ਸੰਗਜਾ- ਫੁੱਲ ਦੀ ਮਾਂ. ਵੇਲ. ਵੱਲੀ. "ਨਾਮ ਤੇਰਾ ਆਧਾਰ ਮੇਰਾ, ਜਿਉ ਫੂਲਜਈ ਹੈ ਨਾਰਿ." (ਗਉ ਕਬੀਰ) ਤੇਰੇ ਨਾਮ ਦਾ ਮੈਨੂੰ ਅਜੇਹਾ ਆਧਾਰ ਹੈ, ਜੇਹਾ ਬੇਲ ਨੂੰ ਨਾਰ (ਪਾਣੀ) ਦਾ. ਨਾਰ- ਜਲ. ਨਾਰਿ- ਜਲ ਦਾ (ਪਾਣੀ ਦਾ).

ਫੂਲਦ: ਬਿਰਛ ਅਥਵਾ ਪੌਦਾ, ਜੋ ਫੁੱਲ ਦਿੰਦਾ ਹੈ.

ਫੂਲਨਾ: ਕ੍ਰਿ- ਫੁੱਲਣਾ. ਫੁੱਲ ਸਹਿਤ ਹੋਣਾ। ੨. ਖ਼ੁਸ਼ੀ ਵਿੱਚ ਆਕੇ ਖਿੜਨਾ। ੩. ਅਹੰਕਾਰ ਕਰਨਾ. "ਕਾਹੇ ਭਈਆ! ਫਿਰਤੌ ਫੂਲਿਆ ਫੂਲਿਆ." (ਸੋਰ ਕਬੀਰ)

ਫੂਲਮਾਲਾ ਰਾਮਾਯਣ: ਕਵਿ ਲਾਲ ਸਿੰਘ ਅੰਮ੍ਰਿਤਸਰ ਜੀ ਪਾਸ ਨਾਨੋਕੇ ਪਿੰਡ ਦੇ ਵਸਨੀਕ ਸਨ. ਇਨ੍ਹਾਂ ਨੇ ਅਨੇਕ ਕਵੀਆਂ ਦੀ ਕਵਿਤਾ ਚੁਣਕੇ ਰਾਮਕਥਾ ਦਾ ਅਜੇਹਾ ਸਿਲਸਿਲਾ ਜੋੜਿਆ ਕਿ ਰਾਮਾਯਣ ਦੀ ਪੂਰੀ ਕਥਾ ਬਣ ਗਈ ਹੈ. ਇਹ ਗ੍ਰੰਥ ਨਾਭਾਪਤਿ ਮਹਾਰਾਜਾ ਭਰਪੂਰਸਿੰਘ ਜੀ ਦੇ ਸਮੇਂ ਕਵਿ ਜੀ ਨੇ ਰਚਿਆ ਹੈ. ਲਾਲਸਿੰਘ ਜੀ ਨਾਭਾ ਦਰਬਾਰ ਦੇ ਅਹਿਲਕਾਰ ਅਤੇ ਕਵਿ ਸਨ.

ਛੱਪਯ

ਸ੍ਰੀ ਅੰਮ੍ਰਿਤਸਰ ਨਿਕਟ ਨਗਰ ਨਾਕੋਕੇ ਗਨਿਜੈ,

ਤਾਸ ਨਗਰਪਤਿ ਪੂਤ ਲਾਲ ਸਿੰਘ ਨਾਮ ਭਨਿੱਜੈ,

ਅਮਿਤ ਕਵਿਤ ਪ੍ਰਾਚੀਨ ਚੀਨਕਰ ਪ੍ਰੇਮ ਕਵਿਨ ਸਨ,

ਕੀਨੇ ਇਕਠੇ ਸਹਸ ਕਿਤਕ ਅਤਿ ਉਕ੍ਤਿ ਯੁਕ੍ਤਿ ਗਨ,

ਸ਼ੁਭ ਰਾਮਚਰਿਤ ਚੁਨਿ ਤਿਨਹ ਤੇ

ਬਹੁ ਗ੍ਰੰਥਨ ਪਰਮਾਨ ਲਿਯ,

ਧਰ ਛਾਪ "ਦਾਸ" ਨਿਜ ਨਾਮ ਕੀ

"ਫੂਲਮਾਲ" ਇਹ ਗ੍ਰੰਥ ਕਿਯ.

ਦੋਹਾ

ਜੇਠ ਮਾਸ ਦ੍ਵਿਤਿਯਾ ਬਿਮਲ[832]

ਕਵਿ ਦਿਨ[833] ਸੁਖਦ ਰਸਾਲ,

ਪੂਰਨ ਭਯੋ ਗਰੰਥ ਯਹ

ਨਿਧਿ ਨਭ ਗ੍ਰਹ ਮਹਿ ਸਾਲ[834]

ਫੂਲਰਾਜਾ: ਸੰਗਜਾ- ਬ੍ਰਹਮਾ. ਕਮਲ ਦੇ ਫੁੱਲ ਪਰ ਸ਼ੋਭਾ ਦੇਣ ਵਾਲਾ. "ਕਹੂੰ ਫੂਲਰਾਜਾ ਹ੍ਵੈ ਬੈਠਾ." (ਚੌਪਈ) ੨. ਫੁੱਲਰਾਜ.

---

[832] ਜੇਠ ਸੁਦੀ ੨.

[833] ਸ਼ੁਕ੍ਰਵਾਰ.

[834] ਨਿਧਿ (੯), ਨਭ (੦), ਗ੍ਰਹ (੯), ਮਹਿ (੧), ਸੰਮਤ ੧੯੦੯

ਗੁਲਾਬ। ੩. ਕਮਲ.

ਫੂਲਵੰਸ਼: ਬਾਬਾ ਫੂਲ ਦੀ ਕੁਲ. ਯਦੁਵੰਸ਼ੀ ਭੱਟੀ ਰਾਜਪੂਤਾਂ ਵਿੱਚ ਜੈਸਲ ਪ੍ਰਤਾਪੀ ਯੋਧਾ ਹੋਇਆ, ਜਿਸ ਨੇ ਸੰਮਤ ੧੨੧੩ ਵਿੱਚ ਜੈਸਲਮੇਰੁ ਨਗਰ ਵਸਾਇਆ, ਜੋ ਹੁਣ ਰਾਜਪੂਤਾਨੇ ਅੰਦਰ ਪ੍ਰਸਿੱਧ ਰਾਜਧਾਨੀ ਹੈ. ਜੈਸਲ ਦੇ ਪੁਤ੍ਰ ਹੇਮ ਤੋਂ (ਜਿਸ ਨੂੰ ਹੇਮਹੇਲ ਅਤੇ ਭੀਮ ਭੀ ਆਖਦੇ ਹਨ) ਛੀਵੀਂ ਪੀੜ੍ਹੀ ਸਿੱਧੂ ਹੋਇਆ, ਜਿਸ ਤੋਂ ਸਿੱਧੂ ਗੋਤ ਚੱਲਿਆ. ਸਿੱਧੂ ਤੋਂ ਨੌਮੀ ਪੀੜ੍ਹੀ ਬਰਾੜ ਹੋਇਆ. ਜਿਸ ਤੋਂ ਵੰਸ਼ ਦੀ ਬੈਰਾੜ ਸੰਗਯਾ ਹੋਈ. ਬਰਾੜ ਤੋਂ ਬਾਰ੍ਹਵੀਂ ਪੀੜ੍ਹੀ ਪਰਮਪ੍ਰਤਾਪੀ ਬਾਬਾ ਫੂਲ ਜਨਮਿਆ, ਜਿਸ ਤੋਂ ਫੂਲਵੰਸ਼ ਪ੍ਰਸਿੱਧ ਹੋਇਆ. ਇਸ ਫੂਲ ਦਾ ਫਲਰੂਪ ਪਟਿਆਲਾ, ਨਾਭਾ ਅਤੇ ਜੀਂਦ (ਸੰਗਰੂਰ) ਤਿੰਨ ਰਿਆਸਤਾਂ ਪੰਜਾਬ ਵਿੱਚ ਸਿੱਖਾਂ ਦਾ ਮਾਣ ਤਾਣ ਹਨ. ਇਨ੍ਹਾਂ ਤਿੰਨ ਰਿਆਸਤਾਂ ਤੋਂ ਛੁੱਟ- ਭਦੌੜ, ਮਲੌਦ, ਪੱਖੋ, ਬੇਰ, ਰਾਮਪੁਰ, ਬਡਰੁੱਖਾਂ, ਜਿਉਂਦਾ, ਦਿਆਲਪੁਰਾ, ਰਾਮਪੁਰਾ, ਕੋਟਦੁੱਨਾ ਅਤੇ ਗੁਮਟੀ ਦੇ ਜਾਗੀਰਦਾਰ, ਫੂਲਵੰਸ਼ ਦੇ ਛੋਟੇ ਰਈਸ ਹਨ, ਜਿਨ੍ਹਾਂ ਬਾਬਤ ਫੂਲ ਵੰਸ਼ ਦੇ ਸ਼ਜਰਿਆਂ ਤੋਂ ਚੰਗੀ ਤਰਾਂ ਮਲੂਮ ਹੋ ਸਕਦਾ ਹੈ. ਇਨ੍ਹਾਂ ਵਿੱਚੋਂ ਭਦੌੜ, ਜਿਉਂਦਾ, ਰਾਮਪੁਰਾ ਅਤੇ ਕੋਟਦੁੱਨੇ ਦੇ ਸਰਦਾਰ ਰਾਜ ਪਟਿਆਲੇ ਦੇ ਅੰਦਰ ਹਨ. ਪੱਖੋ, ਬੇਰ, ਮਲੌਦ ਅਤੇ ਰਾਮਪੁਰ ਦੇ ਸਰਦਾਰ ਲੁਧਿਆਨੇ ਜਿਲੇ ਅੰਦਰ ਗਵਰਨਮੈਂਟ ਬਰਤਾਨੀਆ ਦੇ ਅਧੀਨ ਹਨ. ਬਡਰੁੱਖਾ ਅਤੇ ਦਿਆਲਪੁਰੇ ਦੇ ਸਰਦਾਰ ਰਾਜ ਜੀਂਦ ਅੰਦਰ ਹਨ. ਗੁਮਟੀ ਦੇ ਲੌਦਘਰੀਏ ਰਿਆਸਤ ਨਾਭੇ ਦੇ ਅਧੀਨ ਹਨ. ਫੂਲਵੰਸ਼ ਦਾ ਵ੍ਰਿਕ੍ਸ਼ (ਸ਼ਜਰਾ) ਇਹ ਹੈ :-

(ਨੰ: ੧)

ਜੈਸਲ (ਭੱਟੀ ਰਾਜਪੂਤ)

|

ਹੇਮ (ਭੀਮ) ਦੇ:ਸੰਮਤ ੧੨੬੫[835]

|

ਜੂੰਧਰ (ਜੋਧਰਾਯ)

|

ਬਟੇਰਾਯ

|

ਮੰਗਲਰਾਯ

|

ਆਨੰਦਰਾਯ

|

ਖੀਵਾ

|

ਸਿੱਧੂ[836]

| |

ਧਰ[837] ਬੂਰ

---

[835] ਇਨ੍ਹਾਂ ਸਜਰਿਆਂ ਵਿੱਚ ਸੰਮਤ ਤੋਂ ਵਿਕ੍ਰਮੀ ਅਤੇ ਸਨ ਤੋਂ ਈਸਵੀ ਸਾਲ ਸਮਝਣਾ ਚਾਹੀਏ. ਅਰ ਜਿੱਥੇ ਸੰਮਤ ਜਾਂ ਸਨ ਨਹੀਂ ਲਿਖਿਆ ਕੇਵਲ ਅੰਗ ਹਨ, ਉਹ ਭੀ ਈਸਵੀ ਸਨ ਹੈ. ਜਿਨ੍ਹਾਂ ਦੇ ਹੇਠ ਇਹ ਚਿੰਨ ਹੈ, ਉਨ੍ਹਾਂ ਦੇ ਉਲਾਦ ਨਹੀਂ ਹੋਈ.

[836] ਇਸ ਤੋਂ "ਸਿੱਧੂ" ਗੋਤ (ਗੋਤ੍ਰ) ਪ੍ਰਸਿੱਧ ਹੋਇਆ.

[837] ਇਹ ਕੈਂਥਲ ਝੁੰਬਾ ਅਰਨੋਲੀ ਅਤੇ ਸੁੱਧੂਵਾਲ ਦੇ ਖਾਨਦਾਨ ਦਾ ਵਡੇਰਾ ਹੈ. ਇਸੇ ਦੀ ਵੰਡ ਵਿਚ ਭਾਈ ਭਗਤੂ ਹੋਇਆ, ਜਿਸ ਦੀ ਉਸ ਦੇ ਰਤਨ ਭਾਈ ਦੇਸੂਸਿੰਘ ਨੇ ਕੈਥਲ ਰਿਆਸਤ ਕਾਇਮ ਕੀਤੀ.

।
ਬੀਰ
।
ਸਤ੍ਰੁਹਾ (ਸਤਰਾਜ)

। ।
ਜਰਥ ਲਕੰਬਾ
। ।
ਮਹੀ ਹਰੀ[838]
।
ਘੱਲਾ
।
ਮੇਹਰਾ
।
ਹੰਬੀਰ
।
ਬਰਾੜ[839]

(ਨੰਃ ੨)

ਬਰਾੜ

। ।
ਪੌਰ (ਪੌੜ) ਦੁੱਲ (ਧੂਲ)[840]
। ।
ਬੈਰਾਟ (ਵਿਰਾਟ) ਰਤਨਪਾਲ
। ।
ਕਾਯ ਸੰਘਰ[841]
। ।
ਬਾਉ (ਬਾਹੁ) ਭੱਲਣ
।
ਸੰਘਰ
।

---

[838] ਇਹ ਅਟਾਰੀ ਦੇ ਸਰਦਾਰਾਂ ਦਾ ਵਡੇਰਾ ਹੈ.
[839] ਇਸ ਤੋਂ ਕੁਲ ਦਾ ਨਾਮ ਬੈਰਾੜ ਹੋਇਆ.

[840] ਰਿਆਸਤ ਫਰੀਦਕੋਟ ਦਾ ਵਡੇਰਾ.

[841] ਦੇਖੋ, ਫਰੀਦਕੋਟ ਸ਼ਬਦ.

ਵਰਿਆਮ
|
ਮੇਹਰਾਜ
|
ਸਤੋਹ
|
ਪੱਖੋ
|
ਮੋਹਨ ਦੇ:ਸੰਮਤ ੧੬੮੭
|
| |
ਰੂਪਚੰਦ ਕਾਲਾ
|
| |
ਸੰਦਲੀ ਫੂਲ

(ਨੰ. ੩)
ਫੂਲ

| | | | | |
ਤਿਲੋਕਸਿੰਘ ਰਾਮਸਿੰਘ ਰੱਘੂ ਚੰਨੂ ਝੰਡੂ ਤਖਤਮੱਲ੍ਹ

(ਤਿਲੋਕਸਿੰਘ - ਨਾਭੇ ਅਤੇ ਜੀਂਦ ਦਾ ਦਾ ਵਡੇਰਾ) (ਰਾਮਸਿੰਘ - ਪਟਿਆਲੇ ਦਾ ਵਡੇਰਾ) (ਰੱਘੂ - ਜਿਉਂਦਾਂ ਦਾ) ਅਤੇ (ਚੰਨੂ, ਝੰਡੂ, ਤਖਤਮੱਲ੍ਹ - ਇਹ ਲੌਂਢਘਰੀਆ ਖਾਨਦਾਨ ਦੇ ਵਡੇਰੇ ਹਨ[842])

(ਨੰ: ੪)
ਫੂਲ
|
ਤਿਲੋਕਸਿੰਘ (ਨਾਭਾਵੰਸ਼ ਦਾ ਵਡੇਰਾ)[843]

---

[842] ਲੌਢਾ (ਛੋਟਾ) ਘਰ (ਮਹਲ) ਹੋਣ ਕਰਕੇ ਸੰਤਾਨ ਦੀ ਸੰਗਯਾ ਲੌਂਢਘਰੀਏ ਹੋਈ, ਅਰਥਾਤ ਬਾਬਾ ਫੂਲ ਦੀ ਛੋਟੀ ਵਹੁਟੀ ਰੱਜੀ ਦੀ ਸੰਤਾਨ. ਲੋਢਘਰੀਏ ਰਿਆਸਤ ਨਾਭੇ ਵਿਚ ਗੁੰਮਟੀ ਪਿੰਡ ਦੇ ਮਾਲਕ ਹਨ. ਝੰਡੂ ਦੇ ਔਲਾਦ ਨਹੀਂ ਹੋਈ, ਲੋਢਘਰਾਈ ਚੰਨੂ ਅਤੇ ਤਖਤਮੱਲ ਦੀ ਵੰਸ਼ ਹਨ.

[843] ਅੰਗ੍ਰੇਜ਼ੀ ਇਤਿਹਾਸਕਾਰਾਂ ਅਤੇ ਉਨ੍ਹਾਂ ਦੀ ਨਕਲ ਕਰਨ ਵਾਲੇ ਲੇਖਕਾਂ ਨੇ ਬਾਬਾ ਤਿਲੋਕਸਿੰਘ ਜੀ ਦਾ ਦੇਹਾਂਤ ਸਨ ੧੬੮੭ ਵਿਚ ਲਿਖਿਆ ਹੈ, ਪਰ ਇਹ ਸਹੀ ਨਹੀਂ, ਕਿਉਂਕਿ ਇਹ ਵਿਕ੍ਰਮੀ ਸੰਮਤ ੧੭੪੪-੪੫ ਦੇ ਬਰਾਬਰ ਹੈ. ਤਿਲੋਕਸਿੰਘ ਜੀ ਨੂੰ ਦਸ਼ਮੇਸ਼ ਨੇ ਸੰਮਤ ੧੭੫੩ ਵਿੱਚ ਹੁਕਨਾਮਾ ਭੇਜ ਕੇ ਆਪਣੇ ਹਜ਼ੂਰ ਸੱਦਿਆ ਸੀ. ਭਾਈ ਸੰਤੋਖਸਿੰਘ ਨੇ ਸਾਹਿਬਜਾਦਿਆਂ ਦਾ ਸਰਹਿੰਦ ਸੰਸਕਾਰ ਸੰਮਤ ੧੭੬੧ ਵਿੱਚ ਤਿਲੋਕਸਿੰਘ ਰਾਮਸਿੰਘ ਦੀ ਹੱਥੀਂ ਹੋਣਾ ਲਿਖਿਆ ਹੈ ਅਰ ਸੰਮਤ ੧੭੬੩ ਵਿੱਚ ਤਿਲੋਕਸਿੰਘ ਆਪਣੇ ਭਾਈ ਰਾਮਸਿੰਘ ਸਮੇਤ ਦਮਦਮੇ ਕਲਗੀਧਰ ਦੀ ਸੇਵਾ ਵਿੱਚ ਹਾਜਿਰ ਸੀ. ਇਸ ਵਿੱਚ ਸੰਸਾ ਨਹੀਂ ਕਿ ਤਿਲੋਕਸਿੰਘ ਜੀ ਦਾ ਦੇਹਾਂਤ ਰਾਮਸਿੰਘ ਜੀ ਤੋਂ ਪਹਿਲਾਂ ਅਗਸਤ ਸੰਮਤ ੧੭੭੧ (ਸ਼ਨ ੧੭੧੮) ਤੋਂ ਵੀ ਸੱਤ ਵਰ੍ਹੇ ਪਹਿਲਾਂ ਹੋਇਆ ਹੈ, ਪਰ ਪੱਕੀ ਤਾਰੀਖ ਮਾਲੂਮ ਨਹੀਂ.

।
ਗੁਰਦਿੱਤਸਿੰਘ ਦੇ:ਸਨ ੧੭੫੪
।
ਸੂਰਤੀਆਸਿੰਘ ਦੇ:੧੭੫੨
।
ਹਮੀਰਸਿੰਘ ਦੇ:੧੭੮੩
।
ਜ: ੧੭੭੫ ਰਾਜਾ ਜਸਵੰਤਸਿੰਘ ਦੇ: ੧੮੪੦
।
ਜ: ੧੮੨੨ ਰਾਜਾ ਦੇਵੇਂਦ੍ਰਸਿੰਘ ਦੇ:੧੮੬੫
।

ਜਾ ੧੮੪੦ ਰਾਜਾ ਭਰਪੂਰ ਸਿੰਘ ਦੇ: ੧੮੬੩। ਜ: ੧੮੪੨ ਰਾਜਾ ਭਗਵਾਨਸਿੰਘ ਦੇ: ੧੮੭੧

ਰਾਜਾ ਭਰਪੂਰਸਿੰਘ ਅਤੇ ਰਾਜਾ ਭਗਵਾਨ ਸਿੰਘ ਦੇ ਔਲਾਦ ਨਹੀਂ ਸੀ. ਇਸ ਲਈ ਬਡਰੁੱਖਾਂ ਦੇ ਸਰਦਾਰ ਹੀਰਾਸਿੰਘ ਜੀ, ਜੋ ਰਿਆਸਤ ਦੇ ਹੱਕਦਾਰ ਸਨ, ੧੦. ਅਗਸ੍ਤ ਸਨ ੧੮੭੧ ਨੂੰ ਨਾਭੇ ਦੇ ਰਾਜਾ ਥਾਪੇ ਗਏ.

ਜ: ੧੮੪੩ ਮਹਾਰਾਜਾ ਹੀਰਾਸਿੰਘ ਦੇ: ੨੫ ਦਿਸੰਬਰ ੧੯੧੧
।
ਜ: ੪. ਮਾਰਚ ਸਨ ੧੮੮੩ ਮਹਾਰਾਜਾ ਰਿਪੁਦਮਨਸਿੰਘ (ਗੁਰਚਰਨਸਿੰਘ)[844]
।
ਜ: ੨੧. ਸਿਤੰਬਰ ੧੯੧੯ ਮਹਾਰਾਜਾ ਪ੍ਰਤਾਪਸਿੰਘ[845]

(ਨੰ: ੫)
ਫੂਲ
।
ਤਿਲੋਕਸਿੰਘ
।

ਗੁਰਦਿੱਤਸਿੰਘ (ਨਾਭੇ ਦਾ ਵਡੇਰਾ) — ਸੁਖਚੈਨਸਿੰਘ (ਜੀਂਦ ਦਾ ਵਡੇਰਾ) ਦੇ: ੧੭੫੧
।
।

---

[844] ਦੇਖੋ, ਨਾਭਾ ਅਤੇ ਰਿਪੁਦਮਨ ਸਿੰਘ ਮਹਾਰਾਜਾ.

[845] ੨੩ ਫਰਵਰੀ ਸਨ ੧੯੨੮ ਨੂੰ ਟਿੱਕਾ ਪ੍ਰਤਾਪਸਿੰਘ ਜੀ ਨਾਭੇ ਦੇ ਮਹਾਰਾਜ ਥਾਪੇ ਗਏ ਅਤੇ ੧੫. ਮਾਰਚ ਸਨ ੧੯੨੯ (੩ ਚੇਤ ਸੰਮਤ ੧੯੮੫) ਨੂੰ ਚਾਰ ਮੈਂਬਰਾਂ ਦੀ ਰਿਆਸਤ ਦੇ ਪ੍ਰਬੰਧ ਲਈ ਕੌਂਸਲ ਬਣਾਈ ਗਈ, ਜਿਸ ਦਾ ਪ੍ਰਧਾਨ ਵਿਲਸਲ ਜਾਨਸਟਨ (Mr. J. Wilson Johnston), ਹੋਮ ਮੈਂਬਰ ਸਰਦਾਰ ਬਹਾਦੁਰ ਸ: ਗੁਰਦਯਾਲਸਿੰਘ ਦੁੱਲਟ, ਜੁਤਸ਼ੀਅਲ ਮੈਂਬਰ ਰਾਇ ਬਹਾਦੁਰ ਗੰਗਾਰਾਮ ਸੋਲੀ ਰੀਟਾਇਰਡ ਸੈਸਨਜੱਜ, ਰੈਵਿਨ੍ਯੂ ਮੈਂਬਰ ਖ਼ਾਨ ਬਹਾਦੁਰ ਸ਼ੇਖ ਸਿਰਾਜੁੱਦੀਨ ਰੀਟਿਆਰਿਡ ਡਿਪਟੀ ਕਮਿਸ਼ਨਰ, ਮੁਕ਼ੱਰਿਰ ਕੀਤੇ ਗਏ.

ਜਃ ੧੭੩੮ ਰਾਜਾ ਗਜਪਤਿਸਿੰਘ ਦੇ:੧੭੮੯

ਬੀਬੀ ਰਾਜਕੌਰ[846] | ਰਾਜਾ ਭਾਗਸਿੰਘ ਦੇ: ੧੮੧੯ | ਭੂਪਸਿੰਘ ਦੇ: ੧੮੧੫ (ਬਜੀਦਪੁਰ ਅਤੇ ਬਡਰੁੱਖਾਂ ਦਾ ਵਡੇਰਾ)

ਰਾਜਾ ਫਤੇਸਿੰਘ ਦੇ: ੧੮੨੨

ਰਾਜਾ ਸੰਗਤ ਸਿੰਘ ਦੇ: ੧੮੩੪

ਰਾਜਾ ਸੰਗਤਸਿੰਘ ਦੇ ਸੰਤਾਨ ਨਹੀਂ ਸੀ, ਇਸ ਲਈ ਸਰਦਾਰ ਭੂਪਸਿੰਘ ਦੀ ਔਲਾਦ ਵਿੱਚੋਂ ਸਰਦਾਰ ਸਰੂਪਸਿੰਘ ਜੀਂਦ ਦਾ ਰਾਜਾ ਸਨ ੧੮੩੭ ਵਿੱਚ ਥਾਪਿਆ ਗਿਆ.

ਰਾਜਾ ਸਰੂਪਸਿੰਘ ਦੇ: ੧੮੬੪

ਰਾਜਾ ਰਘੁਬੀਰਸਿੰਘ ਦੇ: ੧੮੮੭

ਟਿੱਕਾ ਬਲਬੀਰਸਿੰਘ ਦੇ: ੧੮੮੩

ਜਃ ੧੧. ਅਕਤੂਬਰ ੧੮੭੯ ਮਹਾਰਾਜਾ ਰਨਬੀਰ ਸਿੰਘ

ਜਃ ੨੫ ਸਿਤੰਬਰ ੧੯੧੮ ਟਿੱਕਾ ਰਾਜਬੀਰਸਿੰਘ

(ਨੰ: ੬)

ਫੂਲ

ਜਃ ਸਨ ੧੬੩੯ ਰਾਮਸਿੰਘ (ਪਟਿਆਲੇ ਦਾ ਵਡੇਰਾ) ਦੇ: ਸਨ ੧੭੧੪ (ਸੰਮਤ ੧੭੭੧)[847]

ਬਾਬਾ ਆਲਾਸਿੰਘ ਦੇ: ੧੭੬੫ (ਇਸ ਨੇ ਪਟਿਆਲਾ ਆਬਾਦ ਕੀਤਾ)

ਟਿੱਕਾ ਸਰਦੂਲਸਿੰਘ ਦੇ: ੧੭੫੩

ਜਃ ੧੭੪੮ ਰਾਜਾ ਅਮਰਸਿੰਘ ਦੇ: ੧੭੮੧

ਜਃ ੧੭੭੩ ਰਾਜਾ ਸਾਹਿਬ ਸਿੰਘ ਦੇ: ੧੮੧੩

ਜਃ ੧੭੯੮ ਮਹਾਰਾਜਾ ਕਰਮਸਿੰਘ ਦੇਃ ੧੮੪੫

[846] ਇਹ ਸਰਦਾਰ ਮਹਾਂਸਿੰਘ ਸੁਫ਼ਚਕੀਏ ਨੂੰ ਸਨ ੧੭੭੪ ਵਿੱਚ ਵਿਆਹੀ ਗਈ. ਇਸ ਦੀ ਕੁੱਖ ਤੋਂ ਮਹਾਰਾਜਾ ਰਣਜੀਤਸਿੰਘ ਦਾ ਜਨਮ ਹੋਇਆ.

[847] ਦੇਖੋ, ਬਾਜਰੇ ਚਾਰ ਵਿੱਚ ਤਿਲੋਕਸਿੰਘ ਨਾਉਂ ਤੇ ਫੁਟਨੋਟ.

ਜਃ ੧੮੨੩ ਮਹਾਰਾਜਾ ਨਰੇਂਦ੍ਰਸਿੰਘ ਦੇ: ੧੮੬੨
।
ਜਃ ੧੮੫੨ ਮਹਾਰਾਜਾ ਮਹੇਂਦ੍ਰਸਿੰਘ ਦੇ: ੧੮੭੬
।
ਜਃ ੧੮੭੨ ਮਹਾਰਾਜਾ ਰਾਜੇਂਦ੍ਰ ਸਿੰਘ ਦੇਃ ੧੯੦੦
।
ਜਃ ੧੮੯੧ ਮਹਾਰਾਜਾ ਭੂਪੇਂਦ੍ਰਸਿੰਘ
।
ਜਃ ੧੯੧੩ ਟਿੱਕਾ ਯਾਦਵੇਂਦ੍ਰਸਿੰਘ

ਨੰ: ੭
ਫੂਲ
।
ਰਾਮਸਿੰਘ
।

ਦੁੱਨਾ | ਆਲਾਸਿੰਘ | ਬਖਤਾ

(ਦੁੱਨਾ, ਭਦੌੜ ਸਿੰਘ ਅਤੇ ਦੁੱਨੇਕੋਟ ਦੇ ਸਰਦਾਰਾਂ ਦਾ ਵਡੇਰਾ) (ਆਲਾਸਿੰਘ, ਪਟਿਆਲੇ ਦਾ ਵਡੇਰਾ) (ਬਖਤਾ ਮਲੌਦ ਅਤੇ ਬੇਰ ਦੇ ਸਰਦਾਰਾਂ ਦਾ ਵਡੇਰਾ)

(ਨੰ: ੮)
ਫ਼ੂਲ
।
ਤਿਲੋਕਸਿੰਘ
।

ਗੁਰਦਿੱਤਸਿੰਘ (ਨਾਭੇ ਦਾ ਵਡੇਰਾ) | ਸੁਖਚੈਨਸਿੰਘ (ਜੀਂਦ ਦਾ ਵਡੇਰਾ) ਦੇ: ੧੭੫੧
।
।
ਜਃ ੧੭੩੮ ਰਾਜਾ ਗਜਪਤਿਸਿੰਘ ਦੇ:੧੭੮੯
।

ਬੀਬੀ ਰਾਜਕੌਰ[848] | ਰਾਜਾ ਭਾਗਸਿੰਘ ਦੇ: ੧੮੧੯ | ਭੂਪਸਿੰਘ ਦੇ: ੧੮੧੫ (ਬਜੀਦਪੁਰ ਅਤੇ ਬਡਰੁੱਖਾਂ ਦਾ ਵਡੇਰਾ)
।

[848] ਇਹ ਸਰਦਾਰ ਮਹਾਂਸਿੰਘ ਸੁਫ਼ਚਕੀਏ ਨੂੰ ਸਨ ੧੭੭੪ ਵਿੱਚ ਵਿਆਹੀ ਗਈ. ਇਸ ਦੀ ਕੁੱਖ ਤੋਂ ਮਹਾਰਾਜਾ ਰਣਜੀਤਸਿੰਘ ਦਾ ਜਨਮ ਹੋਇਆ.

```
        |                                        |
 ਸਃ ਕਰਮਸਿੰਘ ਦੇਹਾਂਤ ੧੯੧੪(ਬਜੀਦਪੁਰੀ)          ਸਃ ਬਸਾਵਾਸਿੰਘ ਦੇ:੧੯੩੦ (ਬਡਰੁੱਖਾਂ)
        |                                 |
   ਰਾਜਾ ਸਰੂਪਸਿੰਘ                            |
              ________________________________
              |                               |
      ਸਃ ਸੁੱਖਾਸਿੰਘ ਦੇ:੧੯੫੨              ਸਃ ਭਗਵਾਨਸਿੰਘ ਦੇ: ੧੯੫੨
              |                               |
        ____________________                  |
        |                  |                  |
ਸਃ ਹਰਨਾਮਸਿੰਘ ਦੇ: ੧੯੫੬     ਮਹਾਰਾਜਾ ਹੀਰਾਸਿੰਘ         |
   ×                       |                  |
                           |                        |
              ਮਹਾਰਾਜਾ ਰਿਪੁਦਮਨਸਿੰਘ              |
                           |                  |
              ਮਹਾਰਾਜਾ ਪ੍ਰਤਾਪਸਿੰਘ                |
   |                       |                        |
ਸਃ ਦੀਵਾਨਸਿੰਘ ਦੇ: ਸੰਮਤ ੧੯੫੪  ਸਃ ਸ਼ੇਰਸਿੰਘ ਦੇ: ਸੰਮਤ ੧੯੩੮ ਸਃ ਚਤੁਰਸਿੰਘ ਦੇ: ਸਨ੧੯੬੧
   |
ਸਃ ਸ਼ਮਸ਼ੇਰਸਿੰਘ ਦੇ: ਸੰਮਤ ੧੯੬੩
   |
|                     |                       |
ਸਃ ਫਤਹਸਿੰਘ ਜਃ ਸੰਮਤ੧੯੬੩   ਸਃ ਚੇਤਨਸਿੰਘ ਜਃ ਸੰਮਤ੧੯੫੫ ਸਃ ਤੇਜਾਸਿੰਘ ਜਃ ਸੰਮਤ੧੯੫੮
   |
   |
ਜਃ ਸਨ ੧੯੧੮ ਲਾਲ ਜੀ[849]
```

**ਫੂਲਾਸਿੰਘ ਅਕਾਲੀ:** ਬਾਂਗਰ ਦੇ ਸੀਹਾਂ ਪਿੰਡ ਨਿਵਾਸੀ ਈਸ਼ਰਸਿੰਘ ਦਾ ਸੁਪੁਤ੍ਰ, ਜਿਸ ਦਾ ਜਨਮ ਕਰੀਬ ਸੰਮਤ ੧੮੧੮ ਦੇ ਹੋਇਆ. ਬਾਬਾ ਨਰੈਣਸਿੰਘ (ਨੈਣਾਸਿੰਘ) ਸ਼ਹੀਦਾਂ ਦੀ ਮਿਸਲ ਦੇ ਰਤਨ ਰੂਪ ਨਿਹੰਗਸਿੰਘ ਤੋਂ ਅਮ੍ਰਿਤ ਛਕਕੇ ਨਾਮ ਫੂਲਾਸਿੰਘ ਧਾਰਨ ਕੀਤਾ. ਇਹ ਸਤਿਗੁਰੂ ਦੇ ਅਕਾਲੀਬਾਗ ਦਾ ਸੁੰਦਰ ਅਤੇ ਸੁਗੰਧ ਭਰਿਆ ਫੁੱਲ ਸੀ. ਫੂਲਾਸਿੰਘ ਨੇ ਆਪਣੇ ਸ਼ੁਭ ਗੁਣਾਂ ਦੇ ਪ੍ਰਭਾਵ ਕਰਕੇ ਅਕਾਲੀਦਲ ਨੂੰ ਆਪਣੇ ਪਿੱਛੇ ਲਾਕੇ ਗੁਰਦ੍ਵਾਰਿਆਂ ਅਤੇ ਕੌਮ ਦੀ ਭਾਰੀ ਸੇਵਾ ਕੀਤੀ, ਭਾਵੇਂ ਆਪ ਆਨੰਦਪੁਰ ਦਮਦਮੇ ਆਦਿਕ ਗੁਰਧਾਮਾਂ ਦੇ ਸੁਧਾਰ ਲਈ ਯਾਤ੍ਰਾ ਕਰਦੇ ਰਹਿੰਦੇ ਸਨ, ਪਰ ਨਿਵਾਸ ਅਸਥਾਨ ਅਮ੍ਰਿਤਸਰ ਜੀ ਸੀ, ਜਿਸ ਥਾਂ ਆਪ ਦੇ ਨਾਮ ਦਾ ਬੁਰਜ ਅਤੇ ਆਪ ਦੇ ਜਥੇ ਦੀ ਛਾਉਣੀ[850] ਹੁਣ ਭੀ ਪ੍ਰਸਿੱਧ ਹੈ.[851]

---

[849] ਅਜੇ ਅਮ੍ਰਿਤ ਨਾਮ ਨਹੀਂ ਰੱਖਿਆ

[850] ਨਿਹੰਗਾਂ ਦੀ ਛਾਉਣੀ.

[851] ਫੂਲਾਸਿੰਘ ਜੀ ਨੇ ਸੰਮਤ ੧੮੫੭ ਵਿੱਚ ਅਮ੍ਰਿਤਸਰ ਜੀ ਡੇਰਾ ਜਮਾਇਆ ਸੀ.

: The battle of Teree was won for Runjeet after all hope of victory had fled, by the bravery of Phoola Singh, so gallantly supported by his little troop of Akalees. The heroism of the Akalee chief won the applause of both Seik and

ਅਕਾਲੀ ਜੀ ਨੇ ਮਹਾਰਾਜਾ ਰਣਜੀਤਸਿੰਘ ਦੀ ਅਨੇਕ ਜੰਗਾਂ ਵਿੱਚ ਸਹਾਇਤਾ ਕਰਕੇ ਵਿਜੈ ਪ੍ਰਾਪਤ ਕੀਤੀ. ਖ਼ਾਲਸਾ ਨਿਯਮਾਂ ਦੀ ਰਾਖੀ ਲਈ ਨਿਧੜਕਤਾ ਅਜੇਹੀ ਸੀ ਕਿ ਆਪ ਨੇ ਕਈ ਵਾਰ ਮਹਾਰਾਜਾ ਰਣਜੀਤਸਿੰਘ ਨੂੰ ਦਿਵਾਨ ਵਿੱਚ ਖੜਾ ਕਰਕੇ ਤਨਖਾਹ ਲਗਾਈ.

੧੪ ਮਾਰਚ ਸਨ ੧੮੨੩ (੧ ਚੇਤ ਸੰਮਤ ੧੮੭੯) ਨੂੰ ਸਰਹੱਦੀ ਗਾਜੀ ਅਤੇ ਮੁਲਖੈਯੇ ਦੀ "ਤਰਕੀ" ਨਾਮਕ ਜੰਗਭੂਮੀ ਦੀ ਭਾਰੀ ਲੜਾਈ ਵਿੱਚ ਖਾਲਸਾਦਲ ਦੀ ਸਹਾਇਤਾ ਕਰਦੇ ਹੋਏ ਜੰਗ ਫਤੇ ਕਰਕੇ ਵਡੀ ਵੀਰਤਾ ਨਾਲ ਫੂਲਸਿੰਘ ਜੀ ਸ਼ਹੀਦ ਹੋਏ. + ਆਪ ਦਾ ਸ਼ਹੀਦਗੰਜ ਲੁੰਡੇ ਦਰਿਆ ਦੇ ਕਿਨਾਰੇ ਨੁਸ਼ਹਿਰੇ ਤੋਂ ਚਾਰ ਮੀਲ ਪੂਰਵ ਵਿਦਮਾਨ ਹੈ, ਜਿੱਥੇ ਅਨੇਕ ਅਕਾਲੀ ਨਿਵਾਸ ਕਰਦੇ ਹਨ ਅਰ ਲੰਗਰ ਲਈ ਸਿੰਘਸਾਹਿਬ ਦੀ ਲਗਾਈ ਹੋਈ ਜਾਗੀਰ ਜਾਰੀ ਹੈ. ਇੱਥੇ ਹਰ ਸਾਲ ਵੈਸਾਖੀ ਅਤੇ ਦਸ਼ਹਿਰੇ ਦਾ ਮੇਲਾ ਹੁੰਦਾ ਹੈ.

ਅਕਾਲੀ ਜੀ ਗ੍ਰਿਹਸਥੀ ਨਹੀਂ ਸਨ, ਪਰ ਉਨ੍ਹਾਂ ਦੇ ਛੋਟੇ ਭਾਈ ਸੰਤਸਿੰਘ ਦੀ ਔਲਾਦ ਹੁਣ ਤਰਨ- ਤਾਰਨ ਆਬਾਦ ਹੈ.

ਅਕਾਲੀ ਫੂਲਾਸਿੰਘ ਜੀ ਦੇ ਅੰਗੀਠੇ ਦੇ ਮਹੰਤ ਨੇ ਕੁਝ ਜ਼ਮੀਨ ਵੇਚਨ ਦਾ ਯਤਨ ਕੀਤਾ, ਜਿਸ ਤੋਂ ਸਨ ੧੯੧੬ ਵਿੱਚ ਮਹੰਤ ਤੇ ਸਿੱਖਾਂ ਨੇ ਦਾਵਾ ਕੀਤਾ. ੧੮. ਜੁਲਾਈ ਸਨ ੧੯੧੮ ਨੂੰ ਮੁਕਦਮੇਂ ਦਾ ਫੈਸਲਾ ਹੋਇਆ, ਜਿਸ ਨਾਲ ਮਹੰਤ ਹਟਾਇਆ ਗਿਆ ਅਤੇ ਸ਼ਹੀਦਗੰਜ ਦੇ ਪ੍ਰਬੰਧ ਲਈ ਕਮੇਟੀ ਬਣਾਈ ਗਈ.

ਫੂਲਿ: ਕ੍ਰਿ. ਵਿ- ਫੁੱਲਕੇ. ਦੇਖੋ, ਫੂਲਨਾ. "ਫੂਲਿ ਫੂਲਿ ਕਿਆ ਪਾਵਤ ਹੇ?" (ਬਿਲਾ ਮਃ ੫) ੨. ਫੁੱਲ ਉੱਪਰ. ਫੁੱਲਾਂ ਪੁਰ. "ਭਵਰਾ ਫੂਲਿ ਭਵੰਤਿਆ." (ਆਸਾ ਛੰਤ ਮਃ ੧)

ਫੂਲੰਤ: ਪ੍ਰਫੁੱਲ ਹੋਵੰਤ. ਖਿੜਦੇ ਹਨ। ੨. ਖੁਸ਼ ਹੁੰਦੇ ਹਨ.

ਫੂੜਿ: ਵਿ- ਫੂਹੜੀ. ਦੇਖੋ, ਫੂਹੜ ੨. "ਬੋਲੈ ਕਉੜਾ ਜਿਹਬਾ ਕੀ ਫੂੜਿ." (ਆਸਾ ਮਃ ੫)

ਫੇਹਰਿਸ੍ਤੁ: ਦੇਖੋ, ਫਿਹਰਿਸ੍ਤ.

ਫੇਂਕਨਾ: ਕ੍ਰਿ- ਦੇਖੋ, ਫਿਕੰਦਨ ਅਤੇ ਫੈਂਕਣਾ.

ਫੇਟ, ਫੇਂਟ: ਸੰਗਯਾ- ਪੇਟ ਦਾ ਘੇਰਾ. ਕਮਰ ਦਾ ਮੰਡਲ। ੨. ਕਮਰਬੰਦ, ਵੇਸ਼੍ਟਨ ਦਾ ਵਸਤ੍ਰ। ੩. ਠੋਕਰ. ਧੱਕਾ. "ਜਮ ਜੰਦਾਰੁ ਨ ਮਾਰੈ ਫੇਟੈ." (ਮਾਰੂ ਸੋਲਹੇ ਮਃ ੧) "ਕਛ ਨ ਲਾਗੈ ਫੇਟ." (ਸਾਰ ਮਃ ੫)

ਫੇਟਾ: ਵਿ- ਟੇਢਾ. ਵਿੰਗਾ। ੨. ਸੰਗਯਾ- ਇੱਕ ਰੋਗ, ਜਿਸ ਵਿੱਚ ਪੱਠੇ ਸੁਸਤ ਹੋਜਾਂਦੇ ਹਨ ਅਤੇ ਸ਼ਰੀਰ ਕੰਬਣ ਲਗਦਾ ਹੈ. ਦੇਖੋ, ਝੋਲਾ ੩। ੩. ਦੇਖੋ, ਫੇਂਟਾ ਅਤੇ ਫੈਂਟਾ.

ਫੇਂਟਾ: ਸੰਗਯਾ- ਕਮਰਬੰਦ. ਦੇਖੋ, ਫੈਂਟਾ.

ਫੇਟੀ: ਵਿ- ਟੇਢੀ. ਵਿੰਗੀ. "ਤੀਰ ਤੁਫੰਗੈਂ ਬਹੁਤ ਚਲਾਈ, ਸ੍ਰੀ ਪ੍ਰਭੁ ਵਚ ਤੇ ਫੇਟੀ ਪਰਹੀਂ." (ਨਾਪ੍ਰ) ਵੈਰੀਆਂ ਦੇ ਵਾਰ ਨਿਸ਼ਾਨੇ ਪੁਰ ਨਹੀਂ ਪੈਂਦੇ.

ਫੇਣ: ਦੇਖੋ, ਫੇਨ.

---

Mussulman, and the tomb erected over his remains on the spot where he fell, although watched and attended by a party of Akalees, has become a place of pilgrimage for Hindoos and Mahomelans alike. It stand at Naoshera on the Yusoofidie side of the Loonda or Cabul river.
(The Reigning family of Lahore by Major Carmichael Smyth)

ਫੇਣੀ: ਦੇਖੋ, ਫੇਨੀ.

ਫੇਤ, ਫੇਤਕਾਰ: ਸੰ. फेत्कार. ਸੰਗਜਾ- ਫੁੰਕਾਰਾ। ੨. ਕੁੱਤੇ ਗਿੱਦੜ ਆਦਿ ਦਾ ਗੁਰੜਾਉਂਣਾ. ਘੁਰ ਘੁਰ ਸ਼ਬਦ ਕਰਨਾ.

ਫੇਨ: ਸੰ. ਸੰਗਜਾ- ਝੱਗ. ਜਲ ਦੁੱਧ ਪੁਰ ਆਈ ਰੂੰ ਜੇਹੀ ਨਰਮ ਵਸਤੁ. "ਜਲ ਤਰੰਗ ਅਰ ਫੇਨ ਬੁਦਬੁਦਾ ਜਲ ਦੇ ਭਿੰਨ ਨ ਹੋਈ." (ਆਸਾ ਨਾਮਦੇਵ) ੨. Sir Henry Fane. ਇਹ ਹਿੰਦੁਸਤਾਨ ਦੀ ਅੰਗ੍ਰੇਜ਼ੀ ਫੌਜਾਂ ਦਾ ਵਡਾ ਅਫਸਰ (ਜੰਗੀਲਾਟ) ਸੀ. ਸਨ ੧੮੩੭ ਦੇ ਮਾਰਚ ਵਿੱਚ ਕੌਰ ਨੌਨਿਹਾਲਸਿੰਘ ਦੀ ਸ਼ਾਦੀ, ਜੋ ਸਰਦਾਰ ਸ਼ਾਮਸਿੰਘ ਰਈਸ ਅਟਾਰੀ ਦੀ ਸੁਪੁਤ੍ਰੀ ਨਾਨਕੀ ਨਾਲ ਹੋਈ ਸੀ, ਉਸ ਦੀ ਬਰਾਤ ਵਿੱਚ ਇਹ ਅੰਗ੍ਰੇਜ਼ੀ ਸਰਕਾਰ ਵੱਲੋਂ ਮਹਾਰਾਜਾ ਰਣਜੀਤਸਿੰਘ ਦੇ ਨਾਲ ਸੀ. ਦੇਖੋ, ਅਟਾਰੀ, ਨਾਨਕੀ ੩. ਅਤੇ ਨੌਨਿਹਾਲ ਸਿੰਘ.

ਫੇਨਨਿ: ਸੰਗਜਾ- ਝੱਗ ਵਾਲੀ ਨਦੀ. (ਸਨਾਮਾ)

ਫੇਨਨਿ ਜਾਚਰ ਸਤ੍ਰੁ ਅਰਿ: (ਸਨਾਮਾ) ਫੇਨਨਿ (ਨਦੀ) ਤੋਂ ਪੈਦਾ ਹੋਇਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਵੈਰੀ ਸ਼ੇਰ, ਉਸ ਦੀ ਵੈਰਣ ਬੰਦੂਕ.

ਫੇਨਨਿਨੀ: ਸੰਗਜਾ- ਫੇਨਨਿ (ਨਦੀ) ਨੂੰ ਧਾਰਨ ਵਾਲੀ ਪ੍ਰਿਥਿਵੀ (ਸਨਾਮਾ)

ਫੇਨਪ: ਵਿ- ਝੱਗ ਪੀਣ ਵਾਲਾ। ੨. ਸੰਗਜਾ- ਉਹ ਬ੍ਰਹਮਚਾਰੀ, ਜੋ ਗਾਂ ਚੋਣ ਸਮੇਂ ਚੁੰਘਦੇ ਵੱਛੇ ਦੇ ਮੂੰਹ ਤੋਂ ਡਿੱਗੀ ਝੱਗ ਮਾਤ੍ਰ ਪੀਕੇ ਨਿਰਵਾਹ ਕਰਦਾ ਹੈ.

ਫੇਨਲ: ਸੰ. ਫੇਨਿਲ. ਵਿ- ਝੱਗਦਾਰ. ਫੇਨ (ਝੱਗ) ਵਾਲਾ। ੨. ਸੰਗਜਾ- ਰੀਠਾ, ਜਿਸ ਵਿੱਚੋਂ ਬਹੁਤ ਝੱਕ ਪੈਦਾ ਹੁੰਦਾ ਹੈ, "ਫੇਨਲ ਕੋ ਤਰੁ ਤਹਿਂ ਹੁਤੋ." (ਨਾਪ੍ਰ) ਦੇਖੋ, ਰੀਠਾ.

ਫੇਨਿਲ: ਦੇਖੋ, ਫੇਨਲ.

ਫੇਨੀ: ਸੰ. ਸੰਗਜਾ- ਇੱਕ ਪ੍ਰਕਾਰ ਦਾ ਭੋਜਨ, ਜੋ ਦੁੱਧ ਵਿੱਚ ਮਿਲਕੇ ਫੇਨ (ਝੱਗ) ਦੀ ਸ਼ਕਲ ਦਾ ਹੋ ਜਾਂਦਾ ਹੈ.

ਫੇਫੜਾ: ਸੰ. फुप्फुस. ਫੁੱਫੁਸ. ਅ. Lung. ਸੰਗਜਾ- ਸ਼ਰੀਰ ਅੰਦਰ ਥੈਲੀ ਅਤੇ ਸਪਾਂਜ (Sponge) ਦੇ ਆਕਾਰ ਦਾ ਇੱਕ ਅੰਗ, ਜਿਸ ਦੀ ਕ੍ਰਿਯਾ ਨਾਲ ਜੀਵ ਸਾਹ ਲੈਂਦੇ ਹਨ. ਫੇਫੜਾ ਛਾਤੀ ਦੇ ਹੇਠ ਦੋਹੀਂ ਪਾਸੀਂ ਫੈਲਿਆ ਹੁੰਦਾ ਹੈ.

ਫੇਰ: ਵਜ- ਪੁਨਹ. ਬਹੁਰ। ੨. ਸੰਗਜਾ- ਗੇੜਾ ਚਕ੍ਰ. "ਫੇਰ ਮਿਲੇ, ਪਰ ਫੇਰ ਨ ਆਏ." (ਦੱਤਾਵ) ਚੌਰਾਸੀ ਦੇ ਗੇੜੇ ਵਿੱਚ ਪੈ ਗਏ, ਪਰ ਮੁੜਕੇ ਉਸ ਸ਼ਕਲ ਵਿੱਚ ਪੁਨਃ ਨ ਆਏ. "ਬਹੁਤੇ ਫੇਰ ਪਏ ਕਿਰਪਨ ਕਉ." (ਧਨਾ ਮਃ ੩) "ਸਤਿਗੁਰਿ ਮਿਲਿਐ ਫੇਰ ਨ ਪਵੈ." (ਸ੍ਰੀ ਅਃ ਮਃ ੩) ੩. ਦਾਉ. ਪੇਚ। ੪. ਦਾਖਿਲੇ ਤੋਂ ਵਾਪਿਸੀ. ਅੰਦਰ ਵੜਨੋਂ ਰੁਕਾਵਟ. "ਦਰਿ ਫੇਰ ਨ ਕੋਈ ਪਾਇਦਾ." (ਮਾਰੂ ਸੋਲਹੇ ਮਃ ੫)

ਫੇਰਣਾ: ਕ੍ਰਿ- ਘੁਮਾਉਣਾ, ਗੇੜਾ ਦੇਣਾ। ੨. ਤੋਰਨਾ. ਚਲਾਉਣਾ। ੩. ਮੋੜਨਾ. ਵਾਪਿਸ ਕਰਨਾ। ੪. ਦੇਖੋ, ਫੇੜਨਾ। ੫. ਵਿਮੁਖ ਕਰਨਾ. "ਸਤਿਗੁਰ ਤੇ ਜੋ ਮੁਹ ਫੇਰਹਿ, ਮਥੇ ਤਿਨ ਕਾਲੇ." (ਸ੍ਰੀ ਮਃ ੩)

ਫੇਰਾ: ਸੰਗਜਾ- ਗੇੜਾ. ਚਕ੍ਰ. ਘੁਮਾਉ. "ਸਚਾ ਬਖਸਿਲਏ ਫਿਰਿ ਹੋਇ ਨ ਫੇਰਾ." (ਵਡ ਛੰਤ ਮਃ ੩)

੨. ਵਿਆਹ ਸਮੇਂ ਦੀ ਪਰਿਕ੍ਰਮਾ. "ਫੇਰੇ ਤਤੁ ਦਿਵਾਏ." (ਸੂਹੀ ਛੰਤ ਮਃ ੪) ੩. ਮੀਰਪੁਰ (ਇਲਾਕਾ ਜੰਮੂ) ਦਾ ਵਸਨੀਕ ਕਟਾਰਾ ਜਾਤਿ ਦਾ ਖਤ੍ਰੀ, ਜੋ ਜੋਗੀਆਂ ਦਾ ਚੇਲਾ ਸੀ. ਗੁਰੂ ਅਮਰਦਾਸ ਸਾਹਿਬ ਦਾ ਸਿੱਖ ਹੋਕੇ ਇਹ ਆਤਮਗਜਾਨੀ ਹੋਇਆ. ਸਤਿਗੁਰੂ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ (ਗੱਦੀ) ਬਖਸ਼ੀ. ਇਸ ਨੇ ਪਹਾੜੀ ਇਲਾਕੇ ਵਿੱਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ.

ਫੇਰਿ: ਵਜ- ਪੁਨਃ ਦੋਬਾਰਾ. ਫਿਰ. "ਫੇਰਿ ਓਹ ਵੇਲਾ ਓਸੁ ਹਥਿ ਨ ਆਵੈ." (ਵਾਰ ਗਉ ਮਃ ੪)

ਫੇਰਿਹਾਂ: ਫਿਰੇ ਹਾਂ. ਮੁੜੇ ਹਾਂ. "ਅਨ ਸਿਉ ਤੋਰਿ ਫੇਰਿਹਾਂ." (ਆਸਾ ਮਃ ੫) ਅਨਜ (ਹੋਰ) ਨਾਲੋਂ ਤੋੜਕੇ ਹਟੇ ਹਾਂ. ਤੋੜ ਚੁਕੇ ਹਾਂ।

ਫੇਰੀ: ਸੰਗਯਾ- ਭੁਆਟਣੀ. ਚਕ੍ਰ ਮੰਡਲ ਨ੍ਰਿਤ੍ਯ. "ਬਾਜੇ ਬਿਨੁ ਨਹੀਂ ਲੀਜੈ ਫੇਰੀ." (ਗੌਂਡ ਕਬੀਰ) "ਭਉ ਫੇਰੀ ਹੋਵੈ ਮਨ ਚੀਤ." (ਆਸਾ ਮਃ ੧) ੨. ਘੁੰਮਣ (ਚਕ੍ਰ ਲਾਉਣ) ਦੀ ਕ੍ਰਿਯਾ. "ਮਲ ਲਥੇ ਲੈਦੇ ਫੇਰੀਆ." (ਸ੍ਰੀ ਮਃ ੫. ਪੈਪਾਇ) ੩. ਭਿਖ੍ਯਾ ਮੰਗਣ ਲਈ ਫੇਰਾ ਪਾਉਣ ਦੀ ਕ੍ਰਿਯਾ। ੪. ਪਰਿਕ੍ਰਮਾ. ਪਰਦੱਛਣਾ. "ਵਾਰੀ ਫੇਰੀ ਸਦਾ ਘੁਮਾਈ." (ਕੇਦਾ ਮਃ ੫)

ਫੇਰੁ: ਦੇਖੋ, ਫੇਰ. "ਲਖ ਚਉਰਾਸੀਹ ਫੇਰੁ ਪਇਆ." (ਸ੍ਰੀ ਮਃ ੩) ੨. ਸੰ. ਗਿੱਦੜ। ੩. ਬਾਬਾ ਫੇਰੂ. ਦੇਖੋ, ਫੇਰੂ.

ਫੇਰੁਆਣ: ਬਾਬਾ ਫੇਰੂ ਦੇ ਸੁਪੁਤ੍ਰ ਗੁਰੂ ਅੰਗਦਦੇਵ ਜੀ.

ਫੇਰੁਆਣਿ: ਬਾਬਾ ਫੇਰੂ ਦੇ ਸੁਪੁਤ੍ਰ ਗੁਰੂ ਅੰਗਦਦੇਵ ਨੇ. "ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰ." (ਵਾਰ ਰਾਮ ੩) ੨. ਗੁਰੂ ਅੰਗਦਦੇਵ ਨੂੰ.

ਫੇਰੂ: ਵਿ- ਫੇਰਾ ਪਾਉਣ ਵਾਲਾ. ਚਕ੍ਰ ਲਾਉਣ ਵਾਲਾ। ੨. ਸੰਗਯਾ- ਸ਼੍ਰੀ ਗੁਰੂ ਅੰਗਦਦੇਵ ਜੀ ਦੇ ਪਿਤਾ ਬਾਬਾ ਫੇਰੂ, ਜੋ ਪਿੰਡ ਮਤੇ ਦੀ ਸਰਾਇ (ਨਾਗੇ ਦੀ ਸਰਾਇ) ਤਸੀਲ ਮੁਕਤਸਰ, ਜਿਲਾ ਫਿਰੋਜਪੁਰ ਦੇ ਵਸਨੀਕ ਸਨ. ਇਹ ਫਿਰੋਜ਼ਪੁਰ ਦੇ ਹਾਕਿਮ ਦੇ ਖਜਾਨਚੀ ਸਨ. ਬਾਬਾ ਫੇਰੂ ਜੀ ਦਾ ਦੇਹਾਂਤ ਸੰਮਤ ੧੫੯੩ ਵਿੱਚ ਹੋਇਆ ਹੈ।

੩. ਭਾਈ ਫੇਰੂ. ਅੰਬਮਾੜੀ ਪਿੰਡ ਵਿੱਚ ਉੱਪਲ ਖਤ੍ਰੀ ਬਿੰਨੇ ਦੇ ਘਰ ਸੰਮਤ ੧੬੯੭ ਵਿੱਚ ਇਸ ਦਾ ਜਨਮ ਹੋਇਆ. ਮਾਪਿਆਂ ਨੇ ਨਾਉਂ ਸੰਗਤ ਰੱਖਿਆ. ਸੰਮਤ ੧੭੧੩ ਵਿੱਚ ਇਹ ਗੁਰੂ ਹਰਿਰਾਇ ਸਾਹਿਬ ਦਾ ਸਿੱਖ ਬਣਿਆ. ਗੁਰੂ ਸਾਹਿਬ ਨੇ ਇਸ ਦਾ ਨਾਉਂ ਫੇਰੂ ਰੱਖਿਆ, ਕਿਉਂਕਿ ਇਹ ਵਪਾਰ ਲਈ ਫੇਰੀ ਪਾਉਂਦਾ ਸਤਿਗੁਰੂ ਦੀ ਸ਼ਰਣ ਆਇਆ ਸੀ. ਸਤਿਗੁਰੂ ਜੀ ਨੇ ਕੁਝ ਸਮੇਂ ਪਿੱਛੋਂ ਨੱਕੇ ਦਾ ਮਸੰਦ ਥਾਪਿਆ. ਜਦ ਮਸੰਦਾਂ ਦੀ ਮੰਦ ਕਰਨੀ ਪੁਰ ਦਸ਼ਮੇਸ਼ ਜੀ ਨੇ ਤਾੜਨਾ ਕੀਤੀ, ਤਦ ਫੇਰੂ ਨੂੰ ਭੀ ਦਾੜ੍ਹੀ ਤੋਂ ਫੜਕੇ ਹਜੂਰ ਲਿਆਉਣ ਦਾ ਹੁਕਮ ਹੋਇਆ. ਭਾਈ ਫੇਰੂ ਆਪਣੀ ਦਾੜ੍ਹੀ ਆਪਣੇ ਹੱਥ ਫੜਕੇ ਵਡੀ ਨੰਮ੍ਰਤਾ ਨਾਲ ਹਾਜਰ ਹੋਇਆ, ਜਿਸ ਪੁਰ ਕਲਗੀਧਰ ਨੇ ਇਸ ਨੂੰ "ਸੱਚੀ ਦਾੜ੍ਹੀ" ਅਤੇ "ਸੰਗਤਸਾਹਿਬ" ਦਾ ਖਿਤਾਬ ਬਖਸ਼ਿਆ. ਇਸ ਦੀ ਸੰਪ੍ਰਦਾਯ ਦੇ ਉਦਾਸੀ ਸਾਧੂ "ਸੰਗਤ ਸਾਹਿਬਕੇ" ਕਹਾਉਂਦੇ ਹਨ, ਅਰ ਛੋਟਾ ਅਖਾੜਾ ਇਸੇ ਸ਼ਾਖ਼ ਦਾ ਹੈ. ਦੇਖੋ, ਅਖਾੜਾ.

ਭਾਈ ਫੇਰੂ ਦਾ ਅਸਥਾਨ ਪਿੰਡ ਮੀਂਏ ਕੇ ਮੌੜ ਤਸੀਲ ਚੂਹਣੀਆਂ, ਜਿਲਾ ਲਹੌਰ ਵਿੱਚ ਪ੍ਰਸਿੱਧ ਹੈ, ਜੋ ਰੇਲਵੇ ਸਟੇਸ਼ਨ ਛਾਂਗਾ ਮਾਂਗਾ ਤੋਂ ੯. ਮੀਲ ਅਤੇ ਕੋਟ ਰਾਧਾਕਿਸਨ ਤੋਂ ਦਸ ਮੀਲ ਹੈ. ਇੱਥੇ ਸ਼੍ਰੀ ਗੁਰੂ ਨਾਨਕਦੇਵ ਦੀ ਟੋਪੀ ਅਤੇ ਗੋਦੜੀ ਹੈ. ਇਸ ਗੁਰਦ੍ਵਾਰੇ ਨਾਲ ਇੱਥੇ ਅਤੇ ਕਈ ਪਿੰਡਾਂ ਵਿੱਚ ੧੧੦ ਮੁਰੱਬੇ ਦੇ ਕਰੀਬ ਜ਼ਮੀਨ ਅਤੇ ਪੰਜ ਹਜਾਰ ਸਾਲਾਨਾ ਜਾਗੀਰ ਹੈ.

ਫੇਰੂਸ਼ਹਰ, ਫੇਰੂਸ਼ਾਹ: ਦੇਖੋ, ਫਿਰੋਜਸ਼ਾਹ ੨.

ਫੇਰੂਸਿੰਘ: ਦੇਖੋ, ਪੁਣਛ.

ਫੇਰੂਸੁਤ, ਫੇਰੂਤਨਯ, ਫੇਰੂਤਨੈ, ਫੇਰੂਨੰਦਨ, ਫੇਰੂਪੁਤ੍ਰ: ਬਾਬਾ ਫੇਰੂ ਜੀ ਦੇ ਸੁਪੁਤ੍ਰ ਸ਼੍ਰੀ ਗੁਰੂ ਅੰਗਦਦੇਵ ਜੀ.

ਫੇਰੂ ਭਾਈ: ਦੇਖੋ, ਫੇਰੂ ੩.

ਫੇਰੋ: ਦੇਖੋ, ਫੇਰਾ। ੨. ਫੇੜਦੇ ਹੋਂ. ਦੇਖੋ, ਫੇੜਨਾ "ਥੋਰੈ ਕਾਜ ਬੁਰੋ ਕਤ ਫੇਰੋ?" (ਕਾਨ ਮਃ ੫) ਥੋੜੇ ਜੀਵਨ ਲਈ ਬੁਰਾ ਕਿਉਂ ਕਮਾਉਂਦੇ ਹੋਂ.

ਫੇਰੋਜ਼ਸ਼ਹਰ: ਦੇਖੋ, ਫਿਰੋਜ਼ਸ਼ਾਹ ੨.

ਫੇਲ: ਅ਼. فعل ਫ਼ਿਅ਼ਲ. ਸੰਗਯਾ- ਕਰਮ. ਕ੍ਰਿਯਾ। ੨. ਅ਼ਮਲ. ਕਰਨੀ। ੩. ਅੰ Fail. ਘਟਣ, ਮੁੱਕਣ ਅਤੇ ਚੁੱਕ ਜਾਣ ਦਾ ਭਾਵ.

ਫੇੜ: ਸੰਗਯਾ- ਬਦੀ. ਸ਼ਰਾਰਤ. "ਤਨਿ ਫਿਟੈ ਫੇੜ ਕਰੇਨਿ." (ਵਾਰ ਆਸਾ) ੨. ਕਰਮ ਕਰਨ ਦੀ ਕ੍ਰਿਯਾ. ਐ਼ਮਾਲ. "ਜਨਮ ਮਰਨ ਦੁਖ ਫੇੜ ਕਰਮ ਸੁਖ." (ਆਸਾ ਕਬੀਰ) "ਫੇੜੇ ਕਾ ਦੁਖੁ ਸਹੈ ਜੀਉ." (ਬਸੰ ਰਵਿਦਾਸ) ੩. ਹਾਨੀ. ਨੁਕਸਾਨ.

ਫੇੜਨਾ: ਕ੍ਰਿ- ਕਮਾਉਣਾ. ਕਰਮ ਦਾ ਕਰਨਾ. "ਪਰਧਨ ਦੋਖ ਕਿਛੁ ਪਾਪ ਨ ਫੇੜੇ." (ਧਨਾ ਮਃ ੫)

੨. ਬੁਰਾਈ ਕਮਾਉਣੀ. ਬੁਰਾ ਕਰਨਾ. "ਸਿਰ ਪੈਰੀ ਕਿਆ ਫੇੜਿਆ?" (ਸ. ਫਰੀਦ) ਤੇਰੇ ਅੰਗਾਂ ਨੇ ਕੀ ਬੁਰਾ ਕਮਾਇਆ ਹੈ?

ਫੈਸਲਾ: ਅ਼. فیصلہ ਫ਼ੈਸਲਾ. ਸੰਗਯਾ- ਨਿਬੇੜਾ. ਵਿਵੇਕ. ਦੋ ਪੱਖਾਂ ਦੀ ਬਾਤ ਦਾ ਨਿਬਟੇਰਾ.

ਫੈਂਕਣਾ: ਕ੍ਰਿ- ਜ਼ੋਰ ਨਾਲ ਵਗਾਹੁਣਾ. ਸਿੱਟਣਾ. ਸੰ. ਕ੍ਸ਼ੇਪਣ. ਦੇਖੋ, ਫਿਕੰਦਨ.

ਫੈਜ: ਅ਼. فیض ਫ਼ੈਜ. ਸੰਗਯਾ- ਲਾਭ। ੨. ਫਲ. ਪਰਿਣਾਮ. ਨਤੀਜਾ.

ਫੈਜੀ: ਦੇਖੋ, ਅੱਬੁਲਫਜਲ.

ਫੈਜੁੱਲਾਪੁਰੀਆਂ ਦੀ ਮਿਸਲ: ਦੇਖੋ, ਸਿੰਘ ਪੁਰੀਏ.

ਫੈਂਟਾ: ਜਿਸ ਨਾਲ ਵੇਸ਼੍ਟਨ ਕਰੀਏ (ਲਪੇਟੀਏ). ਕਮਰਬੰਦ. ਦੇਖੋ, ਫੇਂਟਾ. "ਨਿਜ ਕਟਿ ਕੋ ਫੈਂਟਾ ਦਯੋ." (ਚੰਡੀ ੧) ੨. ਸਿਰ ਲਪੇਟਣ ਦਾ ਕਪੜਾ ਪੱਗ ਸਾਫਾ ਆਦਿ.

ਫ਼ੈਯਾਜ, ਫੈਯਾਜੀ: ਦੇਖੋ, ਫੱਯਾਜ ਅਤੇ ਫੱਯਾਜੀ.

ਫੈਲ: ਦੇਖੋ, ਫੇਲ. "ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ." (ਸਵਾ ਮਃ ੧) ਫ਼ਿਅ਼ਲ (ਕਰਣੀ) ਕਰਕੇ ਫਕੀਰ ਵਿਰਲੇ ਹਨ। ੨. ਦੇਖੋ, ਫੈਲਣਾ.

ਫੈਲਸੂਫ਼: ਯੂ. فیلسوف ਹਕੀਮ. ਪੰਡਿਤ. ਤਤ੍ਵਵੇਤਾ. ਮੰਤਕੀ. Philosopher.

ਫ਼ੈਲਕੂਸ: ਯੂ. فیلقوس ਸ਼ਾਹ ਸਿਕੰਦਰ ਦਾ ਪਿਤਾ. ਦੇਖੋ, ਸਿਕੰਦਰ ੧.

ਫੈਲਣਾ, ਫੈਲਨਾ: ਕ੍ਰਿ- ਸਫਰ ਹੋਣਾ. ਪਸਰਨਾ. ਵਿਸ੍ਤਾਰ ਸਹਿਤ ਦੇਣਾ.

ਫੈਲਫਕੜੁ: ਆਮਿਲ ਫ਼ਕ਼ੀਰ. ਦੇਖੋ, ਫੈਲ.

ਫੈਲਾਉ: ਸੰਗਯਾ- ਫੈਲਣ ਦਾ ਭਾਵ. ਵਿਸ੍ਤਾਰ Expansion.

ਫੈਲੁ: ਸੰਗਯਾ- ਕਰਮ. ਕ੍ਰਿਯਾ. ਦੇਖੋ, ਫੇਲ. "ਕਰਮ ਧਰਮ ਸਭਿ ਹਉਮੈ ਫੈਲੁ." (ਰਾਮ ਮਃ ੫) ਹਉਮੈ ਦੇ ਫ਼ਿਅ਼ਲ ਹਨ। ੨. ਫੈਲਾਉ. ਆਡੰਬਰ. "ਦੁਨੀਆ ਅੰਦਰਿ ਫੈਲੁ." (ਵਾਰ ਆਸਾ)

ਫੋਆ: ਸੰਗਯਾ- ਫੋਹਾ. ਫੰਭਾ. ਫਹਾ। ੨. ਭੇਦ. ਭਿੰਨਤਾ. "ਜਗ ਵਿੱਚ ਸਾਧੁ ਅਸਾਧੁ ਸੰਗ, ਸੰਗਸੁਭਾਇ ਜਾਇ ਫਲ ਫੋਆ." (ਭਾਗੁ) ਸਾਧੁ ਅਸਾਧੁ ਦੇ ਸੰਗ ਦੇ ਫਲ ਦਾ ਭੇਦ ਹੈ.

ਫੋਹਸ਼: ਦੇਖੋ, ਫੁਹਸ਼.

ਫੋਹਾ: ਦੇਖੋ, ਫਹਾ ਅਤੇ ਫੋਆ.

ਫੋਕ: ਵਿ- ਅਸਾਰ. ਫੋਗ. ਫ਼ੁਜਲਾ. "ਬਿਨ ਹਰਿ ਸਿਮਰਨ ਫੋਕ." (ਧਨਾ ਮਃ ੫) ੨. ਸੰਗਯਾ- ਉਹ ਵਸਤੁ ਜਿਸ ਵਿੱਚੋਂ ਸਾਰ ਕੱਢਿਆ ਗਿਆ ਹੈ. ਫੋਕੜ। ੩. ਤੀਰ ਦੀ ਬਾਗੜ. ਵਾਣ ਦਾ ਉਹ ਦੁਮੂਹਾਂ ਭਾਗ, ਜੋ ਚਿੱਲੇ ਵਿੱਚ ਜੋੜਿਆ ਜਾਂਦਾ ਹੈ. "ਬਾਨ ਹਨੇ ਸਬ ਫੋਕਨ ਲੌ ਗਡਗੇ ਤਨ ਮੇ." (ਕ੍ਰਿਸਨਾਵ)

ਫੋਕਟ, ਫੋਕੜ: ਵਿ- ਸਾਰ ਰਹਿਤ. ਥੋਥਾ. ਨਿਃ ਸਾਰ. "ਸਭ ਫੋਕਟ ਨਿਹਚਉ ਕਰਮੰ." (ਵਾਰ ਆਸਾ) "ਫੋਕਟ ਕਰਮ ਕਰਹਿ ਅਗਿਆਨੀ." (ਮਾਰੂ ਮਃ ੫)

ਫੋਕਾ: ਵਿ- ਫਿੱਕਾ. ਰਸ ਬਿਨਾ। ੨. ਸਾਰ ਬਿਨਾ. ਫੋਗ.

ਫੋਕੀ: ਵਿ- ਫਿੱਕੀ. ਦੇਖੋ, ਫੋਕ। ੨. ਸੰਗਜਾ- ਤੀਰ, ਜੋ ਫੋਕ (ਬਾਗੜ) ਰਖਦਾ ਹੈ. (ਸਨਾਮਾ)

ਫੋਕੀ ਨੋਕੀ: ਸੰਗਜਾ- ਫੋਕੀ (ਤੀਰ) ਜੇਹੀ ਨੋਕ (ਚੁੰਜ) ਰੱਖਣ ਵਾਲਾ, ਪੰਛੀ (ਸਨਾਮਾ)

ਫੋਕੀ ਨੋਕੀ ਅੰਤਕ: ਸੰਗਜਾ- ਫੋਕੀ ਨੋਕੀ (ਪੰਛੀ) ਦਾ ਅੰਤ ਕਰਨ ਵਾਲਾ ਤੀਰ. (ਸਨਾਮਾ)

ਫੋਗ: ਦੇਖੋ, ਫੋਕ. "ਭੀ ਸੋ ਫੋਗ ਸਮਾਲੀਐ." (ਵਾਰ ਮਾਝ ਮਃ ੧)

ਫੋਟ: ਵਜ- ਧਿੱਕਾਰ. ਲਾਨਤ. ਫਿਟਕਾਰ। ੨. ਸੰਗਜਾ- ਫੁੱਟ. ਵਿਰੋਧ.

ਫੋਟਕ: ਸੰਗਜਾ- ਫੁੱਟ. ਨਾਚਾਕੀ.

ਫੋਟਾ: ਸੰਗਜਾ- ਫੋਟਕ. ਨਾਚਾਕੀ. ਵਿਰੋਧ। ੨. ਭਿੰਨਤਾ. ਜੁਦਾਈ। ੩. ਘਾਟਾ. ਕਮੀ. "ਸੂਰਜ ਇੱਕ ਚੜੰਦਿਆ ਹੁਇ ਅਠਖੰਡ ਪਵੈ ਫਲ ਫੱਟਾ." (ਭਾਗੁ) ਸੂਰਜ ਚੜ੍ਹਨ ਤੋਂ ਹਨੇਰਾ ਛਿੰਨ ਭਿੰਨ (ਅਠਖੰਡ) ਹੋ ਜਾਂਦਾ ਹੈ ਅਤੇ ਉਸ ਦੀ ਵ੍ਰਿੱਧੀ (ਫਲ) ਵਿੱਚ ਘਾਟਾ ਪੈ ਜਾਂਦਾ ਹੈ.

ਫ਼ੋਤ਼ਾ, ਫ਼ੋਤ਼ਾ: ਫ਼ਾ. فوطہ ਸੰਗਜਾ ਪਟਕਾ. ਕਮਰਬੰਦ। ੨. ਪਗੜੀ. ਦਸਤਾਰ। ੩. ਥੈਲੀ. ਬਟੂਆ। ੪. ਅੰਡਕੋਸ਼।

ਫੋਤੇਦਾਰ: ਫ਼ਾ. فوطہدار ਫ਼ੋਤ਼ਹਦਾਰ. ਸੰਗਜਾ- ਖ਼ਜ਼ਾਨਚੀ. ਰੋਕੜੀਆ. "ਸੇਈ ਫੋਤੇਦਾਰ." (ਮਗੋ) ਦੇਖੋ, ਫੋਤਾ ੩.

ਫ਼ੋਫਲ: ਅ਼. فوفل ਸੰ. ਪੂਗਫਲ ਸੁਪਾਰੀ ਦਾ ਫਲ. "ਚਿੱਤਮਿਤਾਲੇ ਫੋਫਲੇ." (ਭਾਗੁ) ਦੇਖੋ, ਪੋਪਲ ੩.

ਫੋਰ: ਸੰਗਜਾ- ਅੱਖ ਦਾ ਸ੍ਫੁਰਣ. ਨਿਮਖ. ਨਿਮੇਸ਼. ਅੱਖ ਝਪਕਣ ਦਾ ਸਮਾਂ. "ਹਰਨ ਭਰਨ ਜਾਕਾ ਨੇਤ੍ਰਫੋਰ." (ਸੁਖਮਨੀ)

ਫੋਰਨ, ਫੋਰਨਾ: ਕ੍ਰਿ- ਫੋੜਨਾ. ਤੋੜਨਾ. ਭੰਨਣਾ.

ਫੋਰਾ: ਦੇਖੋ, ਫੋਰ ੧। ੨. ਦੇਖੋ, ਫੋੜਾ.

ਫੋਰਿ: ਫੋੜਕੇ. ਤੋੜਕੇ. "ਫੋਰਿ ਭਰਮ ਕੀ ਰੇਖਾ." (ਸਾਰ ਮਃ ੫)

ਫੋਰੀ: ਫੋੜੀ. ਭੰਨੀ. "ਜਿਉ ਗਾਗਰਿ ਜਲ ਫੋਰੀ." (ਸਾਰ ਮਃ ੫) "ਅੰਤ ਕੀ ਬਾਰ ਗਗਰੀਆਂ ਫੋਰੀ." (ਗਉ ਕਬੀਰ)

ਫੋਲਣਾ, ਫੋਲਨਾ: ਕ੍ਰਿ- ਵਿਖੇਰਨਾ. ਖਿੰਡਾਉਣਾ। ੨. ਤਲਾਸ਼ੀ ਲੈਣੀ. ਟੋਲਣਾ.

ਫੋਲਾ: ਸੰਗਜਾ- ਨੇਤ੍ਰ ਦਾ ਛਾਲਾ। ੨. ਨਜਰ ਨੂੰ ਬੰਦ ਕਰਨ ਵਾਲੀ ਝਿੱਲੀ.

ਫੋਲਿ: ਫਰੋਲਕੇ. "ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾਂ." (ਵਾਰ ਮਾਝ ਮਃ ੧) ੨. ਫੋਰਿ, ਤੋੜਕੇ. ਭੰਨਕੇ. "ਬਿਖੁ ਨਿਕਸੈ ਫੋਲਿ ਫੁਲੀਠਾ." (ਗਉ ਮਃ ੪) ਜ਼ਹਿਰ ਨਿਕਲਦੀ ਹੈ ਫੋੜਕੇ ਜ਼ਹਿਰ ਦਾ ਫੁਲੀਠਾ (ਛਾਲਾ). ਦੇਖੋ, ਫੁਲੀਠਾ.

ਫੋੜਨਾ: ਕ੍ਰਿ- ਸ੍ਫੋਟਨ. ਭੰਨਣਾ. ਤੋੜਨਾ.

ਫੋੜਾ: ਸੰਗਜਾ- ਸ੍ਫੋਟਕ. ਲਹੂ ਦੇ ਵਿਕਾਰ ਅਥਵਾ ਕਿਸੇ ਹੋਰ ਦੋਸ਼ ਕਰਕੇ ਸ਼ਰੀਰ ਪੁਰ ਹੋਇਆ ਵ੍ਰਣ.

ਫੋਹ: ਸੰਗਜਾ- ਦਾਉ. ਪੇਚ। ੨. ਛਲ.

ਫੌਹ ਪੈਣਾ: ਕ੍ਰਿ. ਦਾਉ ਲੱਗਣਾ.

ਫ਼ੌਕ, ਫ਼ੌਕ਼: ਅ਼. فوق ਸੰਗਯਾ- ਵਿਸ਼ੇਸ਼ਤਾ। ੨. ਕ੍ਰਿ. ਵਿ- ਉੱਪਰ.

ਫ਼ੌਜ: ਅ਼. فوج ਸੰਗਯਾ- ਝੁੰਡ. ਜਥਾ. ਯੂਥ। ੨. ਸੈਨਾ. ਲਸ਼ਕਰ.

ਫ਼ੌਜਦਾਰ: ਫ਼ਾ. فوجدار ਸੰਗਯਾ- ਸੈਨਾਪਤਿ. ਫੌਜ ਦਾ ਸਰਦਾਰ। ੨. ਮੁਗਲ ਬਾਦਸ਼ਾਹਾਂ ਵੇਲੇ ਇੱਕ ਖਾਸ ਅਹੁਦਾ, ਜੋ ਸੂਬੇ ਦੀ ਸਾਰੀ ਫੌਜ ਦਾ ਪ੍ਰਧਾਨ ਅਹੁਦੇਦਾਰ ਹੁੰਦਾ ਸੀ. ਹਰੇਕ ਸੂਬੇ ਵਿੱਚ ਇੱਕ ਸੂਬਹਦਾਰ ਅਤੇ ਇੱਕ ਫ਼ੌਜਦਾਰ ਹੋਇਆ ਕਰਦਾ ਸੀ.

ਫ਼ੌਜਦਾਰੀ: ਫ਼ਾ. فوجداری ਸੰਗਯਾ ਫ਼ੌਜ ਰੱਖਣ ਦੀ ਕ੍ਰਿਯਾ। ੨. ਲੜਾਈ. ਦੰਗਾ। ੩. ਹੁਕੂਮਤ ਫ਼ੌਜ ਨਾਲ ਪ੍ਰਜਾ ਨੂੰ ਤਾੜਨ ਦਾ ਅਧਿਕਾਰ। ੪. ਫ਼ੌਜਦਾਰ ਦੀ ਕ੍ਰਿਯਾ ਅਤੇ ਪਦਵੀ. ਦੇਖੋ, ਫੌਜਦਾਰ ੨.

ਫੌਜੀ: ਵਿ- ਫ਼ੌਜ (ਲਸ਼ਕਰ) ਨਾਲ ਹੈ ਜਿਸ ਦਾ ਸੰਬੰਧ.

ਫ਼ੌਤ: ਅ਼. فوت ਵਿ- ਮੋਇਆ. ਨਸ਼੍ਟ। ੨. ਗੁੰਮ ਹੋਇਆ। ੩. ਸੰਗਯਾ- ਮਰਨਾ.

ਫ਼ੌਰਨ: ਅ਼. فورن ਕ੍ਰਿ. ਵਿ- ਤੁਰੰਤ. ਛੇਤੀ. ਚਟਪਟ. ਝਟ.

ਫ਼ੌਲਾਦ: ਫ਼ਾ. فولاد ਪੋਲਾਦ. ਸੰਗਯਾ- ਜੌਹਰਦਾਰ ਕਰੜਾ ਲੋਹਾ, ਜਿਸ ਦੇ ਸ਼ਸਤ੍ਰ ਬਣਾਏ ਜਾਂਦੇ ਹਨ। ੨. ਹਕੀਮ (ਵੈਦ੍ਯ) ਦਵਾਈਆਂ ਨਾਲ ਫੌਲਾਦ ਸੋਧਕੇ ਕਈ ਰੋਗਾਂ ਦੇ ਦੂਰ ਕਰਨ ਅਤੇ ਬਲ ਦੀ ਵ੍ਰਿੱਧੀ ਲਈ ਵਰਤਦੇ ਹਨ. ਅਰ ਸੋਧੇ ਹੋਏ ਫੌਲਾਦ ਦੀ ਦੋ ਸੰਗਯਾ ਹਨ- ਆਤਿਸ਼ੀ ਅਤੇ ਆਬੀ. ਦਵਾਈਆਂ ਦੀ ਪੁੱਠਾਂ ਦੇ ਕੇ ਜੋ ਅੱਗ ਦੀ ਆਂਚ ਨਾਲ ਤਿਆਰ ਕੀਤਾ ਜਾਵੇ, ਉਹ ਆਤਿਸ਼ੀ, ਜੋ ਬੂਟੀਆਂ ਦੇ ਰਸ ਨਾਲ ਅੱਗ ਦੀ ਸਹਾਇਤਾ ਬਿਨਾ ਬਣਾਇਆ ਜਾਵੇ, ਉਹ ਆਬੀ. ਆਤਿਸ਼ੀ ਨਾਲੋਂ ਆਬੀ ਦੀ ਤਾਸੀਰ ਘੱਟ ਗਰਮ ਖ਼ੁਸ਼ਕ ਹੈ.

ਫੌਲਾਦੀ: ਵਿ- ਫ਼ੌਲਾਦ ਦਾ ਬਣਿਆ ਹੋਇਆ। ੨. ਦ੍ਰਿੜ੍ਹ. ਮਜਬੂਤ। ੩. ਕਰੜਾ. ਸਖ਼ਤ.

ਫੰਕ: ਸੰਗਯਾ- ਫਾਂਕ. ਫਾੜੀ. "ਤਾਂ ਫਲ ਫੰਕ ਲਖੈ ਜਉ ਕੋਈ." (ਗਉ ਕਬੀਰ ਵਾਰ ੭) ਬ੍ਰਹਮਫਲ ਦੀ ਫਾਂਕ ਜੀਵਾਤਮਾ.

ਫੰਗ, ਫੰਘ: ਸੰਗਯਾ- ਪਕ੍ਸ਼. ਪੰਖ. ਪਰ. ਖੰਭ.

ਫੰਦ: ਸੰਗਯਾ- ਪਾਸ਼. ਫੰਧਾ. ਬੰਧਨ। ੨. ਛਲ. ਫ਼ਰੇਬ.

ਫੰਦਕ: ਸੰਗਯਾ- ਫੰਧਕ. ਫਾਹੀ ਰੱਖਣ ਵਾਲਾ। ੨. ਜਾਲਸਾਜ਼.

ਫੰਦਾ: ਸੰਗਯਾ- ਬੰਧਨ. ਪਾਸ਼. "ਤਬ ਸਗਲੇ ਇਸੁ ਮੇਲਹਿ ਫੰਦਾ." (ਗਉ ਅਃ ਮਃ ੫)

ਫੰਧ: ਸੰਗਯਾ- ਬੰਧਨ. ਪਾਸ਼ "ਪਰਤ ਤਾਹਿ ਜਮਫੰਧ." (ਸਃ ਮਃ ੯)

ਫੰਧਕ: ਦੇਖੋ, ਫੰਦਕ। ੨. ਮਾਹੀਗੀਰ। ੩. ਸ਼ਿਕਾਰੀ, ਜੋ ਫੰਧਾ ਲਾਕੇ ਜੀਵ ਫਾਹੁੰਦਾ ਹੈ.

ਫੰਧਾ, ਫੰਧੁ: ਸੰਗਯਾ- ਬੰਧਨ. ਪਾਸ਼. "ਜਉ ਆਇਪਰੈ ਜਮਫੰਧੁ." (ਬਾਵਨ)

ਫੰਨ: ਦੇਖੋ, ਫਨ.

ਫੰਨੀ: ਵਿ- ਫਨ ਵਾਲਾ, ਵਾਲੀ। ੨. ਫਨ (ਛਲ) ਸਹਿਤ. "ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ." (ਬਿਲਾ ਕਬੀਰ) ੩. ਦੇਖੋ, ਫਾਨੀ.

ਫ੍ਰਾਂਸ: ਦੇਖੋ, ਫਰਾਂਸ.

ਫ੍ਰਾਂਸੀਸੀ: ਦੇਖੋ, ਫਰਾਂਸੀ ਅਤੇ ਫਰਾਂਸੀਸੀ

ਬ[852]: ਪੰਜਾਬੀ ਵਰਣਮਾਲਾ ਦਾ ਅਠਾਈਵਾਂ ਅੱਖਰ. ਇਸ ਦਾ ਉੱਚਾਰਣ ਅਸਥਾਨ ਹੋਠ ਹਨ। ੨. ਸੰ. ਸੰਗ੍ਯਾ- ਵਰੁਣ ਦੇਵਤਾ। ੩. ਘੜਾ. ਕੁੰਭ। ੪. ਤਾਣਾ ਬੁਣਨ ਦੀ ਕ੍ਰਿਯਾ। ੫. ਸਮੁੰਦਰ। ੬. ਜਲ। ੭. ਭਗ. ਯੋਨਿ। ੮. ਗਮਨ. ਜਾਣਾ। ੯. ਇਸ਼ਾਰਾ. ਸੰਨਤ। ੧੦. ਫ਼ਾ. ب ਵ੍ਯ- ਬਾ ਦਾ ਸੰਖੇਪ. ਸੰਗ. ਸਾਥ. ਸੇ. ਤੋਂ. ਜੈਸੇ- "ਕ਼ਾਦਰੇ ਮੁਤਲਕ਼ ਬਕ਼ੁਦਰਤ ਜਾਹਿਰਸ੍ਤ." (ਜ਼ਿਦੰਗੀ) ੧੧. ਕ੍ਰਿਯਾ ਦੇ ਮੁੱਢ ਵਾਧੂ ਭੀ ਲੱਗ ਜਾਂਦਾ ਹੈ. ਜਿਵੇਂ- ਬੁਗੋ, ਬਿਦਿਹ ਆਦਿ.

ਬਉਡਰ: ਫ਼ਾ. باد-دوَر ਬਾਦ- ਦੋਰ. ਸੰਗ੍ਯਾ- ਵਾਤਚਕ੍ਰ. ਵਾਉਵਰੋਲਾ. ਬਘੂਲਾ. ਬਵੰਡਰ. "ਬਉਡਰ ਕਉ ਤਬ ਰੂਪ ਧਰਯੋ" (ਕ੍ਰਿਸਨਾਵ) ਤ੍ਰਿਣਾਵਰਤ ਦੈਤ ਨੇ ਵਾਉਵਰੋਲੇ ਦਾ ਰੂਪ ਧਾਰ ਲੀਤਾ.

ਬਉਧ: ਬੁੱਧ ਭਗਵਾਨ. "ਅਬ ਮੈ ਗਨੌ ਬੌਧ ਅਵਤਾਰ." (ਚੌਬੀਸਾਵ) ੨. ਦੇਖੋ, ਬੁੱਧ ਅਤੇ ਬੌੱਧ.

ਬਉਨ: ਸੰ. ਵਮਨ. ਸੰਗ੍ਯਾ- ਕਯ. ਛ੍ਰਰਦ. ਉਗਲਨਾ. "ਸੁਣਤ ਕੋ ਅਤਿ ਬਉਨ ਕਰਯੋ ਹੈ." (ਚੰਡੀ ੧)

ਬਉਰ: ਦੇਖੋ, ਬਾਉਰ.

ਬਉਰਾ: ਸੰ. ਵਾਤੂਲ. ਵਿ- ਵਾਤ ਦੋਸ਼ ਨਾਲ ਜਿਸ ਦਾ ਦਿਮਾਗ ਬਿਗੜ ਗਿਆ ਹੈ. ਬਾਮਾਰਿਆ. ਪਾਗਲ. "ਮਨ ਰੇ! ਕਹਾ ਭਇਓ ਤੈ ਬਉਰਾ?" (ਗਉ ਮਃ ੯) ੨. ਮਸ੍ਤ. ਬੇਪਰਵਾ. "ਹਮ ਪ੍ਰਭੁ ਕੇ ਰਾਚੇ ਰਸ ਬਉਰਾ." (ਚਰਿਤ੍ਰ ੨੯੪)

ਬਉਰਾਉਣਾ, ਬਉਰਾਨਾ: ਕ੍ਰਿ- ਵਾਤੂਲ ਹੋਣਾ. ਪਾਗਲ ਹੋਣਾ. ਦੇਖੋ, ਬਉਰਾ। ੨. ਵਿ- ਵਾਤੂਲ ਹੋਇਆ. ਸਿਰੜਿਆ ਹੋਇਆ. "ਬਿਨੁ ਨਾਵੈ ਸਭ ਫਿਰੈ ਬਉਰਾਣੀ." (ਆਸਾ ਅਃ ਮਃ ੩) "ਬਿਨੁ ਨਾਵੈ ਸਭੁ ਜਗੁ ਬਉਰਾਇਆ." (ਆਸਾ ਅਃ ਮਃ ੫) "ਲੋਗ ਕਹੈਂ, ਕਬੀਰ ਬਉਰਾਨਾ." (ਭੈਰ ਕਬੀਰ)

ਬਉਰੀਆ: ਦੇਖੋ, ਬਾਉਰੀਆ.

ਬਊ: ਫ਼ਾ. باوُ ਬ- ਊ. ਉਸ ਦੇ ਸਾਥ. ਉਸ ਨਾਲ. ਉਸ ਸਮੇਤ.

ਬਊਧ: ਦੇਖੋ, ਬੁੱਧ ਅਤੇ ਬੌੱਧ.

ਬਊਧਾ: ਸੰਗ੍ਯਾ- ਬੁੱਧ ਭਗਵਾਨ ਦੀ ਸ਼ਕਤਿ. "ਨਾਰਸਿੰਘ ਬਊਧਾ ਤੁਹੀ." (ਸਨਾਮਾ)

ਬਆਂ: ਫ਼ਾ. باں ਬ- ਆਂ. ਉਸ ਨਾਲ. ਉਸ ਸਣੇ.

ਬਇਆਰ: ਦੇਖੋ, ਬਯਾਰ.

ਬਇਆਲ: ਬਾਂਗਰ. ਸੰਝ. ਆਥਣ ਸੰ. ਵਜਹ੍ਰਕਾਲ। ੨. ਬਯਾਰਿ. ਵਾਯੁ. ਹਵਾ। ੩. ਦੇਖੋ, ਬਿਆਲ.

ਬਇਆਲਿ: ਸਾਯੰਕਾਲ (ਸੰਝ) ਸਮੇਂ "ਭਲਕੇ ਭਉਕਹਿ ਸਦਾ ਬਇਆਲਿ." (ਸ੍ਰੀ ਮਃ ੧) ਨਿੱਤ ਉੱਗਣ ਆਥਣ ਭੌਂਕਦੇ ਹਨ. ਭਾਵ- ਜੰਮਦੇ ਅਤੇ ਮਰਦੇ ਹੋਏ ਵਿਲਾਪ ਕਰਦੇ ਹਨ। ੨. ਦੇਖੋ, ਵਜਾਲ.

ਬਇਆਲੀ, ਬਇਆਲੀਸ: ਵਿ- ਦੋ ਅਤੇ ਚਾਲੀ, ਦ੍ਵਿਚਤ੍ਵਾਰਿੰਸ਼ਤ੍. ੪੨. "ਬਇਆਲੀਸ ਲਖ ਜੀ ਜਲ ਮਹਿ ਹੋਤੇ." (ਆਸਾ ਨਾਮਦੇਵ) ਦੇਖੋ, ਚੌਰਾਸੀ ਲੱਖ ਯੋਨਿ ਸ਼ਬਦ ਅਤੇ ਉਸ ਦਾ ਫੁਟਨੋਟ.

ਬਈ: ਵ੍ਯ- ਹੇ ਭਾਈ!

---

[852] ਪੰਜਾਬੀ ਬੋਲੀ ਅਤੇ ਸਿਖੇਕਾਵ੍ਯ ਵਿੱਚ ਬ ਅਥੇ ਵ ਅਜੇਹੇ ਮਿਲ ਗਏ ਹਨ, ਜੋ ਲਿਖੇੜਨੇ ਔਖੇ ਹਨ. ਜੋ ਸ਼ਬਦ ਬੱਬੇ ਵਿੱਚ ਨਾ ਮਿਲੇ, ਉਹ ਵਾਵੇ ਵਿੱਚ ਦੇਖਣਾ ਚਾਹੀਏ, ਸੰਸਕ੍ਰਿਤ ਬੋਲੀ ਵਿੱਚ ਭੀ ਬਹੁਤ ਸ਼ਬਦ ਦੋਹਾਂ ਅੱਖਰਾਂ ਨਾਲ ਲਿਖੇ ਜਾਂਦੇ ਹਨ, ਜਿਵੇਂ- ਬਹੁ-ਵਹੁ, ਬਾਣ-ਵਾਣ, ਬ੍ਰਾਹਮਣ-ਵ੍ਰਾਹਮਣ, ਬ੍ਰਿਹਤ-ਵ੍ਰਿਹਤ ਆਦਿ.

ਬਈਂ: ਫ਼ਾ. بائیں ਬਾਈਂ. ਇਸ ਸਮੇਤ. ਇਸ ਦੇ ਨਾਲ.

ਬਈਅਰ, ਬਈਅਰਿ: ਸੰ. वरोरु. ਵਰੋਰੁ. ਵਰ (ਸੁੰਦਰ) ਉਰੁ (ਪੱਟਾਂ) ਵਾਲੀ ਇਸਤ੍ਰੀ। ੨. ਬਾਂਗਰ. ਵਿਵਾਹਿਤਾ ਇਸਤ੍ਰੀ. ਭਾਰਯਾ. ਜੋਰੂ.

ਬਈਅਰੁ: "ਬਈਅਰਿ ਬੋਲੈ ਮੀਠੁਲੀ." (ਸੋਰ ਅਃ ਮਃ ੧) ੩. ਇਸਤ੍ਰੀਮਾਤ੍ਰ. ਨਾਰੀ.

ਬਈਖਾਨਸ: ਦੇਖੋ, ਵੈਖਾਨਸ.

ਬਈਦ: ਦੇਖੋ, , ਵੈਦ੍ਯ। ੨. ਅ਼. بعید ਬਈ਼ਦ. ਵਿ- ਪਰੇ. ਦੂਰ.

ਬਈਦਸਾਸਤ੍ਰ: ਸੰਗ੍ਯਾ- ਵੈਦ੍ਯਸ਼ਾਸਤ੍ਰ ਆਯੁਰਵੇਦ. "ਬਈਦਸਾਸਤ੍ਰ ਕਹੁ ਪ੍ਰਗਟ ਦਿਖਾਵਾ." (ਧਨੰਤਰਾਵ)

ਬਈਦਰਭਿਸ: ਵਿਦਰਭੰ- ਈਸ਼. ਦੇਖੋ, ਵਿਦਰਭ. "ਬਡੇ ਬੀਰ ਬਈਦਰਭਿਸੰ ਰੋਸ ਰਾਸੀ." (ਕਲਕੀ) ਵਿਦਰਭ (ਬੈਰਾਰ) ਦੇ ਰਾਜੇ ਵਡੇ ਜੋਸ਼ੀਲੇ। ੨. ਦੇਖੋ, ਵਿਦਰਭਪਤਿ.

ਬਈਬੱਸਤੁ, ਬਈਵਸ੍ਵਤ: ਸੰ. विवस्वन्त. ਸੂਰਜ. "ਬਈਬੱਸਤੁ ਪਦ ਪ੍ਰਿਥਮ ਕਹਿ ਪੁਨ ਸੁਤ ਸ਼ਬਦ ਬਖਾਨ." (ਸਨਾਮਾ) ਸੂਰਜ ਦਾ ਪੁਤ੍ਰ ਕਰਣ। ੨. वैवस्वत्. ਵਿ- ਸੂਰਜ ਦਾ। ੩. ਸੰਗ੍ਯਾ- ਸੂਰਜਪੁਤ੍ਰ ਜਮ. "ਬਈਬੱਸਤੁ ਪਦ ਪ੍ਰਿਥਮ ਕਹਿ ਆਯੁਧ ਅੰਤ ਬਖਾਨ." (ਸਨਾਮਾ) ਜਮ ਦਾ ਸ਼ਸਤ੍ਰ ਫਾਸੀ.

ਬਸ: ਦੇਖੋ, ਵਸ ਅਤੇ ਵਸ਼। ੨. ਫ਼ਾ. بس ਵਿ- ਭਰਪੂਰ. ਬਹੁਤ. ਕਾਫ਼ੀ. । ੩. ਵ੍ਯ. ਸਿਰਫ਼. ਕੇਵਲ। ੪. ਅਲੰ. ਬੱਸ। ੫. ਖ਼ਤਮ. ਸਮਾਪ੍ਤ.

ਬਸਉ, ਬਸਉਂ: ਵਸੋ, ਰਹੋ। ੨. ਵਸਾਂਗਾ. ਰਹਾਂਗਾ. "ਬਾਬਾ! ਅਬ ਨ ਬਸਉਂ ਇਹ ਗਾਉ" (ਮਾਰੂ ਕਬੀਰ) ਗ੍ਰਾਮ ਤੋਂ ਭਾਵ ਦੇਹ ਹੈ.

ਬਸਇ: ਵਸਦਾ ਹੈ. "ਬਸਇ ਕਰੋਧੁ ਸਰੀਰਿ ਚੰਡਾਰਾ" (ਸੂਹੀ ਅਃ ਮਃ ੫)

ਬਸਸਿ: ਵਸਦਾ ਹੈ. "ਭਖਸਿ ਸਿਬਾਲੁ ਬਸਸਿ ਨਿਰਮਲ ਜਲ." (ਮਾਰੂ ਮਃ ੧) ੨. ਦੇਖੋ, ਵਸਸੀ.

ਬਸ਼ਹਰ: ਪੰਜਾਬ ਵਿੱਚ ਸਿਮਲਾ ਜਿਲੇ ਦੀ ਇੱਕ ਪਹਾੜੀ ਰਿਆਸਤ. ਗੁਰੂ ਨਾਨਕਦੇਵ ਬਸ਼ਹਰ ਪਧਾਰੇ ਹਨ. ਦੇਖੋ, ਪਾਖਰ। ੨. بوشہر ਬੁਸ਼ਹਰ Bushire ਫ਼ਾਰਸ ਦਾ ਇੱਕ ਪ੍ਰਸਿੱਧ ਸ਼ਹਰ ਅਤੇ ਪੋਰਟ. ਸਤਿਗੁਰੂ ਨਾਨਕਦੇਵ ਇੱਥੇ ਭੀ ਵਿਚਰੇ ਹਨ. ਸਾਖੀਆਂ ਵਿੱਚ ਇਹ ਦੋਵੇਂ ਨਾਮ ਰਲਮਿਲ ਗਏ ਹਨ.

ਬਸਹੀਅਉ: ਵਸਾਈਓ. ਦ੍ਰਿੜ੍ਹ ਕਰਕੇ ਮਨ ਵਿੱਚ ਧਾਰੀਓ. "ਸੰਤਰਸਨ ਕੋ ਬਸਹੀਅਉ." (ਜੈਤ ਮਃ ੫) ੨. ਵਿ- ਵਸ਼ਣ ਵਾਲਾ. ਨਿਵਾਸਕ.

ਬਸਕਿ: ਫ਼ਾ. بسکہ ਕ੍ਰਿ- ਵਿ- ਚੂੰਕਿ. ਜਬਕਿ. ਜਦੋਂ.

ਬਸਖੇ: ਵਸਗਏ. ਵਸੇ. "ਗੁਨ ਚੰਦਨ ਕੇ ਬਸਖੇ." (ਨਟ ਮਃ ੪)

ਬਸਣਾ: ਕ੍ਰਿ- ਰਹਿਣਾ. ਵਸਨਾ. ਸੰ. ਵਸਨ. ਦੇਖੋ, ਵਸੑ ਧਾ। ੨. ਵਰਸਣਾ. ਵਰ੍ਹਣਾ. ਦੇਖੋ, ਬਸੈ.

ਬਸਤ: ਵਸਦਾ ਹੈ. "ਬਸਤ ਸੰਗਿ ਹਰਿਸਾਧ ਕੈ." (ਬਿਲਾ ਮਃ ੫) ੨. ਸੰ. ਵਸ੍ਤੁ. ਸੰਗ੍ਯਾ- ਚੀਜ਼. ਪਦਾਰਥ। "ਬਸਤ ਮਾਹਿ ਲੇ ਬੋਸਤ ਗਡਾਈ." (ਸੁਖਮਨੀ) ੩. ਸੰ. ਵਸਤ੍ਰ ਵਸਨ। ੪. ਸੰ. ਬਸ੍ਤ. ਬਕਰਾ। ੫. ਫ਼ਾ. بست ਵਿ- ਬੱਧਾ. ਬੰਨ੍ਹਿਆ ਹੋਇਆ. ਦੇਖੋ, ਬਸਤਨ। ੬. ਸੰਗ੍ਯਾ- ਪ੍ਰੇਮੀ, ਜਿਸ ਨਾਲ ਦਿਲ ਬੱਧਾ ਹੈ। ੭. ਗੱਠ. ਗ੍ਰੰਥਿ. ੮. ਦਸਤਾਰ. ਪੱਗ.

**ਬਸਤਨ:** ਫ਼ਾ. بستن ਕ੍ਰਿ- ਬੰਨ੍ਹਣਾ. ਬੰਧਨ.

**ਬਸਤਨੀ:** ਫ਼ਾ. بستنی ਬੰਨ੍ਹਣ ਲਾਇਕ। ੨. ਬਸ੍ਯਨ (ਬੰਨ੍ਹਣਾ) ਕਰੂਗਾ. "ਜਬ ਅਜਰਾਈਲ ਬਸਤਨੀ." (ਤਿਲੰ ਮਃ ੫) ੩. ਸੰਗਯਾ- ਪੋਸ਼ਾਕ ਦੇ ਉੱਪਰ ਲਪੇਟਿਆ ਹੋਇਆ ਵਸਤ੍ਰ. ਉਹ ਕਪੜਾ, ਜਿਸ ਵਿੱਚ ਵਸਤ੍ਰ ਬੰਨ੍ਹੇ ਜਾਂਦੇ ਹਨ। ੪. ਘੋੜੇ ਦੇ ਚਾਰਜਾਮੇ ਉੱਪਰ ਪਾਕੇ ਬੱਧਾ ਸੁੰਦਰ ਕਪੜਾ. ਬਸਤੀਨ. "ਪਾਇ ਬਸਤਨੀ ਸੁੰਦਰ ਜੀਨ." (ਗੁਪ੍ਰਸੂ)

**ਬਸਤਰ:** ਸੰ. ਵਸਤ੍ਰ. ਸੰਗਯਾ- ਕਪੜਾ. ਪੋਸ਼ਾਕ.

**ਬਸਤਾ:** ਵਸਦਾ ਰਹਿੰਦਾ. "ਬਸਤਾ ਤੂਟੀ ਝੁੰਪੜੀ." (ਵਾਰ ਜੈਤ) ੨. ਸੰਗਯਾ- ਵਸਤ੍ਰ. ਕਪੜੇ. "ਹਸਤਿ ਘੋੜੇ ਅਰੁ ਬਸਤਾ." (ਗਉ ਮਃ ੫) ੩. ਫ਼ਾ. بسته ਬਸਤਹ. ਵਿ- ਬੰਨ੍ਹਿਆ ਹੋਇਆ। ੪. ਸੰਗਯਾ- ਥੈਲਾ. ਜੁਜ਼ਦਾਨ. ਮਿਸਲਾਂ ਬੰਨ੍ਹਣ ਦਾ ਕਪੜਾ.

**ਬਸਤੀ:** ਵਸਦੀ. "ਇਹ ਬਸਤੀ, ਤਾ ਬਸਤ ਸਰੀਰਾ." (ਆਸਾ ਕਬੀਰ) ੨. ਸੰਗਯਾ- ਆਬਾਦੀ. ਵਸੋਂ ਸੰ. ਵਸਤਿ। ੩. ਗ੍ਰਾਮ. ਨਗਰ.

**ਬਸਤੀ ਸ਼ੇਖ:** ਇੱਕ ਪਿੰਡ, ਜੋ ਜਿਲਾ ਤਸੀਲ ਜਲੰਧਰ ਵਿੱਚ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦਸਾਹਿਬ ਜੀ ਦਾ ਗੁਰਦ੍ਵਾਰਾ ਹੈ.

**ਬਸਤੀਨ:** ਵਸਤ੍ਰ- ਜ਼ੀਨ. ਸੰਗਯਾ- ਕਾਠੀ ਉੱਪਰ ਪਾਉਣ ਦਾ ਜ਼ਰੀਦਾਰ ਵਸਤ੍ਰ. "ਬਰ ਅੰਬਰ ਬਸਤੀਨ ਬਿਰਾਜੈ." (ਗੁਪ੍ਰਸੂ) ਦੇਖੋ, ਬਸਤਨੀ ੪.

**ਬਸਤੀਰਾਮ:** ਦਸ਼ਮੇਸ਼ ਜੀ ਦੇ ਹਜੂਰੀ ਭਾਈ ਬੁਲਾਕਾ ਸਿੰਘ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ਸਨ ੧੭੦੮ ਅਤੇ ਦੇਹਾਂਤ ਸਨ ੧੮੦੨ ਵਿੱਚ ਹੋਇਆ. ਇਹ ਉੱਤਮ ਵੈਦ ਅਤੇ ਧਰਮ ਪ੍ਰਚਾਰਕ ਸਨ. ਇਨ੍ਹਾਂ ਦਾ ਅਸਥਾਨ ਲਹੌਰ ਦੇ ਕਿਲੇ ਪਾਸ ਰਾਵੀ ਤੇ ਕਿਨਾਰੇ ਵਡਾ ਪ੍ਰਸਿੱਧ ਸਿੱਖਾ ਆਸ਼੍ਰਮ ਸੀ, ਜਿੱਥੇ ਅਨੇਕ ਅਨਾਥਾਂ ਦਾ ਪਾਲਨ ਅਤੇ ਵਿਦਯਾਦਾਨ ਹੁੰਦਾ ਰਿਹਾ ਹੈ. ਭਾਈ ਬਸਤੀਰਾਮ ਜੀ ਅਜੇਹੇ ਕ੍ਰਿਪਾਲੂ ਸਨ ਕਿ ਇੱਕ ਚੂਹੜੀ, ਜੋ ਮੰਮੇ ਵਿੱਚ ਪਾਕ ਪੈਜਾਣ ਕਰਕੇ ਵਿਲਕ ਰਹੀ ਸੀ, ਇਨ੍ਹਾਂ ਪਾਸ ਇਲਾਜ ਕਰਾਉਣ ਆਈ, ਭਾਈ ਸਾਹਿਬ ਨੇ ਆਪਣੇ ਮੂੰਹ ਨਾਲ ਮੰਮਾ ਚੂਸਕੇ ਪਾਕ ਕੱਢੀ ਅਤੇ ਉਸ ਨੂੰ ਪੂਰਨ ਅਰੋਗ ਕੀਤਾ. ਭਾਈ ਸਾਹਿਬ ਦੀ ਵੰਸ਼ ਦੇ ਮਾਨਯੋਗ ਕਈ ਸੱਜਨ ਹੁਣ ਲਹੌਰ ਵਿੱਚ ਰਈਸ ਹਨ, ਜੋ ਸਹਜਧਾਰੀ ਅਤੇ ਅਮ੍ਰਿਤਧਾਰੀ ਹਨ.

**ਬਸਤੁ, ਬਸਤੂ:** ਸੰ. ਵਸ੍ਤੁ. ਸੰਗਯਾ- ਚੀਜ਼. ਪਦਾਰਥ. "ਜਿਸ ਕੀ ਬਸਤੁ ਤਿਸੁ ਆਗੈ ਰਾਖੈ." (ਸੁਖਮਨੀ)

**ਬਸਤੰਦ:** ਫ਼ਾ. بستند ਉਨ੍ਹਾਂ ਨੇ ਬੰਨ੍ਹਿਆ. ਦੇਖੋ, ਬਸਤਨ.

**ਬਸਤ੍ਰ:** ਸੰ. ਵਸਤ੍ਰ. ਸੰਗਯਾ- ਕਪੜਾ. ਦੇਖੋ, ਵਸ੍ ਧਾ. "ਬਸਤ੍ਰ ਉਤਾਰਿ ਦਿਗੰਬਰ ਹੋਗੁ." (ਬਸੰ ਮਃ ੩)

**ਬਸਤ੍ਰਗ੍ਰਿਹ:** ਸੰਗਯਾ- ਵਸਤ੍ਰਗ੍ਰਿਹ. ਕਪੜੇ ਦਾ ਬਣਿਆ ਹੋਇਆ ਘਰ, ਤੰਬੂ. ਖ਼ੇਮਾ. "ਚੌਚੌਬਾ ਗ੍ਰਿਹਬਸਤ੍ਰ ਬਨਾਯੋ," (ਚਰਿਤ੍ਰ ੭੪) ਚਾਰਚੋਬਾ ਤੰਬੂ.

**ਬਸਤ੍ਰਣੀ:** ਸੰਗਯਾ- ਵਸਤ੍ਰ (ਤੰਬੂਆਂ) ਵਿੱਚ ਰਹਿਣ ਵਾਲੀ ਸੈਨਾ. (ਸਨਾਮਾ) ੨. ਨਿਸ਼ਾਨ ਫਰਹਰੇ ਵਾਲੀ ਸੈਨਾ. (ਸਨਾਮਾ)

**ਬਸਤ੍ਰਤਿ ਉੱਤਮ:** ਵਸ੍ਤ੍ਰ- ਅਤਿ- ਉੱਤਮ.

**ਬਸਨ:** ਸੰ. ਵਸਨ. ਸੰਗਯਾ- ਨਿਵਾਸ. ਵਸਣਾ. "ਰਈਅਤਿ ਬਸਨ ਨ ਦੇਹੀਂ." (ਸੂਹੀ ਕਬੀਰ) ੨. ਵਸ੍ਤ੍ਰ ਲਿਬਾਸ. "ਅਸਨ ਬਸਨ ਧਨ ਧਾਮ ਕਾਹੂੰ ਮੇ ਨ ਦੇਖਯੋ, ਜੈਸੋ ਗੁਰਸਿੱਖ ਸਾਧਸੰਗਤਿ ਕੋ ਨਾਤਾ ਹੈ." (ਭਾਗੁ ਕ)

**ਬਸਨਾ:** ਦੇਖੋ, ਬਸਣਾ। ੨. ਸੰ. ਵਸ੍ਨ. ਵਿ- ਕੀਮਤੀ. ਬਹੁਮੁੱਲੀ। "ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ." (ਪ੍ਰਭਾ ਮਃ ੪) ਵਡਮੁੱਲੀ ਖ਼ੁਸ਼ਬੂ ਮ੍ਰਿਗ ਦੀ ਨਾਭਿ ਵਿੱਚ ਵਸਦੀ ਹੈ। ੩. ਸੰ. ਵਯਸਨ. ਸੰਗਯਾ- ਵਿਸ਼ਯ. "ਤੂ ਆਪੇ ਰਸਨਾ ਆਪੇ ਬਸਨਾ." (ਆਸਾ ਮਃ ੧) ਤੂੰ ਆਪ ਜ਼ਬਾਨ ਅਤੇ ਆਪ ਹੀ ਉਸ ਦ੍ਵਾਰਾ ਗ੍ਰਹਣ ਯੋਗ ਵਿਸ਼ਯ (ਰਸ) ਹੈਂ.

ਬਸਨਿਨੰ: ਵਿ- ਵਸਨਵੰਤ. ਵਸਤ੍ਰਾਂ ਵਾਲਾ. "ਭਾਰਗ ਬਸਨਿਨੰ ਜਜੱਪ ਜਾਪਣੋ ਰਿਖੰ." (ਦੱਤਾਵ) ਭਗਵੇਂ ਵਸਤ੍ਰਾਂ ਵਾਲਾ.

ਬਸਫ: ਦੇਖੋ, ਵਸਫ.

ਬਸਫਾ: ਵਸ ਗਿਆ. ਨਿਵਾਸ ਹੋ ਗਿਆ. "ਹਰਿਨਾਮਾ ਮਨਿ ਤਨਿ ਬਸਫਾ." (ਪ੍ਰਭਾ ਮਃ ੪) ੨. ਦੇਖੋ, ਵਸਫ.

ਬਸਮ: ਅ਼. بسم ਸੰਗਯਾ- ਮੁਸਕਰਾਉਣ ਦਾ ਭਾਵ. ਸੰ. ਸ੍ਮਯਨ.

ਬਸਮਾ: ਦੇਖੋ, ਵਸਮਾ.

ਬਸ਼ਰ: ਅ਼. بشر ਸੰਗਯਾ- ਮਨੁਸ਼੍ਯ. ਪੁਰੁਸ਼. ਇਨਸਾਨ. ਮਨੁੱਖ.

ਬਸਰ ਬੁਰਦਨ: ਫ਼ਾ. بسر بُردن ਸੰਗਯਾ- ਵਿਤਾਉਣ ਦਾ ਭਾਵ. ਗੁਜ਼ਾਰਨਾ। ੨. ਉਮਰ ਵਿਤਾਉਣਾ.

ਬਸਰੀਆ: ਵਸ ਰਹੀਆ. ਨਿਵਾਸ ਹੋ ਰਿਹਾ ਹੈ. "ਭੁਇਅੰਗਨਿ ਬਸਰੀਆ." (ਬਿਨਾ ਮਃ ੫) ਦੇਖੋ, ਭੁਇਅੰਗਨਿ.

ਬਸਾ: ਦੇਖੋ, ਬਸੁਅ। ੨. ਦੇਖੋ, ਵਸਾ। ੩. ਫ਼ਾ. بسا ਵਿ- ਬਹੁਤ। ੪. ਸੰਗਯਾ- ਫ਼ਾਰਸ ਦਾ ਇੱਕ ਨਗਰ.

ਬਸਾਉਣਾ: ਕ੍ਰਿ- ਵਸਾਉਣਾ. ਆਬਾਦ ਕਰਨਾ। ੨. ਮਨ ਵਿੱਚ ਧਾਰਨ ਕਰਨਾ. "ਮਨ ਮਾਂਹਿ ਬਸਾਇ." (ਗੁਪ੍ਰਸੂ) ੩. ਵਸ਼ ਚੱਲਣਾ. ਬਲ ਪੈਣਾ. "ਕਾਲੈ ਕਾ ਕਿਛੁ ਨ ਬਸਾਇ." (ਵਾਰ ਸੋਰ ਮਃ ੩) ੪. ਵਰਸਾਉਣਾ. ਵਰਖਾ ਕਰਨੀ. "ਫੂਲ ਸੁਰਾਨ ਬਸਾਏ." (ਦੱਤਾਵ) "ਤਬ ਸਭ ਲੋਗਨ ਫੂਲ ਬਸਾਏ." (ਗੁਪ੍ਰਸੂ)

ਬਸਾਇ, ਬਸਾਈ, ਬਸਾਏ: ਦੇਖੋ, ਬਸਾਉਣਾ ੨. ਅਤੇ ੩. "ਚਪਲਬੁਧਿ ਸਿਉ ਕਹਾ ਬਸਾਇ." (ਬਸੰ ਕਬੀਰ)

ਬਸ਼ਾਸ਼: ਅ਼. بشاش ਵਿ- ਖ਼ੁਸ਼. ਪ੍ਰਸੰਨ। ੨. ਹੱਸਮੁਖ.

ਬਸ਼ਾਸ਼ਤ: ਅ਼. بشاشت ਸੰਗਯਾ- ਚਿੱਤ ਦੀ ਪ੍ਰਸੰਨਤਾ। ੨. ਖ਼ੁਸ਼ਹਾਲੀ. "ਦਿਨਪ੍ਰਤਿ ਜੋ ਇਸ ਬਿਧਿ ਕ੍ਰਿਸਿ ਉਜਰੈ। ਰਾਹਕ ਕੈਸ ਬਸਾਸਤ ਗੁਜਰੇ?" (ਨਾਪ੍ਰ)

ਬਸਾਹਿਗਾ: ਵਸ਼ ਚਲੇਗਾ. "ਤਾ ਦਿਨ ਕਛੁ ਨ ਬਸਾਹਿਗਾ." (ਮਾਰੂ ਕਬੀਰ)

ਬਸਾਖ: ਦੇਖੋ, ਬੈਸਾਖ.

ਬਸਾਤ: ਵਸ਼ ਚਲਦਾ। ੨. ਦੇਖੋ, ਬਿਸਾਤ.

ਬਸਾਤੀ: ਦੇਖੋ, ਬਿਸਾਤੀ.

ਬਸਾਯਉ: ਵਸਾਇਆ. ਠਹਿਰਾਇਆ. "ਰਿਦਿ ਸ਼ਬਦ ਬਸਾਯਉ." (ਸਵੈਯੇ ਮਃ ੫. ਕੇ) ੨. ਆਬਾਦ ਕੀਤਾ। ੩. ਵਸ ਚੱਲਿਆ.

ਬਸਾਰ: ਸੰਗਯਾ- ਮਸਾਲੇ ਨਾਲ ਮਿਲਿਆ ਹਲਦੀ ਦਾ ਚੂਰਣ, ਜੋ ਦਾਲ ਤਰਕਾਰੀ ਵਿੱਚ ਪੀਲਾ ਰੰਗ ਕਰਨ ਲਈ ਪਾਈਦਾ ਹੈ. "ਪਹਿਤੀ ਬਿਖੈ ਬਸਾਰ ਨ ਡਾਰੈਂ." (ਚਰਿਤ੍ਰ ੨੬੬) ਸੰ. ਵੇਸ਼ਵਾਰ. ਲੂਣ ਮਿਰਚ ਧਨੀਆ ਆਦਿ ਮਸਾਲੇ ਦਾ ਚੂਰਣ.

ਬਸਾਰਤ: ਅ਼. بشارت ਬਸ਼ਾਰਤ. ਸੰਗਯਾ- ਖ਼ੁਸ਼ਖ਼ਬਰੀ। ੨. ਅ਼. بصارت ਬਸਾਰਤ. ਬੀਨਾਈ. ਦੇਖਣ ਦੀ ਸਾਮਰਥ.

ਬਸਾਰੇ: ਵਸ ਰਹੇ. "ਘਟਿ ਘਟਿ ਅੰਤਰਿ ਤੁਮਹਿ ਬਸਾਰੇ." (ਸੂਹੀ ਮਃ ੫)

ਬਸਿ: ਵਸਕੇ. ਨਿਵਾਸ ਕਰਕੇ। ੨. ਸੰ. ਵਸ਼ਜ. ਵਿ- ਕਾਬੂ ਵਸ਼ ਵਿੱਚ ਆਇਆ. "ਮਾਈ ਮਨ ਮੇਰੋ ਬਸਿ ਨਾਹਿ." (ਸੋਰ ਮਃ ੯) "ਕਾਮੁ ਕ੍ਰੋਧੁ ਮੋਹ ਬਸਿ ਪ੍ਰਾਨੀ." (ਗਉ ਮਃ ੯) ੩. ਦੇਖੋ, ਵਸੀ। ੪. ਦੇਖੋ, ਬਸਿਰਸਿ.

ਬਸਿਸਟ: ਸੰ. ਵਸ਼ਿਸ਼੍ਰ ਜਿਸ ਨੇ ਇੰਦ੍ਰਿਯ ਅਤਜੱਤ ਵਸ਼ ਕਰ ਲਏ ਹਨ, ਐਸਾ ਮੁਨਿ. ਇਹ ਵੈਦਿਕ ਰਿਖੀ

ਬਸਿਸ੍ਰ: ਰਿਗਵੇਦ ਦੇ ਕਈ ਮੰਤ੍ਰਾਂ ਦਾ ਕਰਤਾ ਹੈ. ਉਰਵਸ਼ੀ ਅਪਸਰਾ ਨੂੰ ਦੇਖਕੇ ਮਿਤ੍ਰਾਵਰੁਣ ਦਾ ਵੀਰਯ ਪਾਤ ਹੋਣ ਪੁਰ ਪ੍ਰਿਥਿਵੀ ਤੋਂ ਇਸ ਦੀ ਉਤਪੱਤੀ ਲਿਖੀ ਹੈ. ਇਹ ਨਿਮਿ ਰਾਜਾ ਦਾ ਪੁਰੋਹਿਤ, ਰਾਮਚੰਦ੍ਰ ਜੀ ਦਾ ਗੁਰੂ ਅਤੇ ਵੇਦਾਂਤ ਦਾ ਪ੍ਰਚਾਰਕ ਹੋਇਆ ਹੈ. ਇਹ ਵਿਸ਼੍ਵਾਮਿਤ੍ਰ ਰਿਖੀ ਦਾ, ਜੋ ਕ੍ਸ਼ਤ੍ਰੀ ਤੋਂ ਬ੍ਰਾਹਮਣ ਪਦਵੀ ਨੂੰ ਪਹੁਚਿਆ ਸੀ. ਵਡਾ ਵਿਰੋਧੀ. ਵਸ਼ਿਸ਼੍ਰ ਦੀ ਇਸਤ੍ਰੀ ਅਰੁੰਧਤੀ ਸੀਤਾ ਦੀ ਸਹੇਲੀ ਸੀ. ਦੇਖੋ, ਵਿਸ਼੍ਵਾਮਿਤ੍ਰ ਅਤੇ ਬਿਆਸ ੨. "ਗੁਰਮੁਖਿ ਬਸਿਸਟ ਹਰਿਉਪਦੇਸ ਸੁਣਾਈ." (ਵਾਰ ਵਡ ਮਃ ੪)

ਬਸਿਕਰ, ਬਸਿਕਰਣ, ਬਸਿਕਾਰ: ਦੇਖੋ, ਵਸ਼ੀਕਰਣ.

ਬਸਿੱਠ: ਕਸ਼ਮੀਰ ਆਦਿ ਦੇ ਇਲਾਕੇ ਰਹਿਣ ਵਾਲੀ, (ਅਵਿਦ੍ਯਾ ਦੇ ਕਾਰਣ ਮੰਨੀ) ਇੱਕ ਅਛੂਤ ਜਾਤਿ। ੨. ਵਸ਼ਿਸ਼੍ਰ ਸ਼ਬਦ ਦਾ ਰੂਪਾਂਤਰ.

ਬਸਿਰਸਿ: ਆਨੰਦ ਸਹਿਤ ਨਿਵਾਸ ਕਰਕੇ. "ਬਸਿ ਰਸਿ ਮਨ ਮਿਲੇ." (ਗਉ ਰਵਿਦਾਸ)

ਬਸਿਰੇ: ਵਸ਼ ਕਰੇ. ਵਸ਼ੀਕਾਰ ਵਿੱਚ ਆਏ ਹੋਏ. ਵਸ਼ ਪਰੇ. "ਪਾਪ ਕਰਹਿ ਪੰਚਾਂ ਕੇ ਬਸਿਰੇ." (ਪ੍ਰਭਾ ਅਃ ਮਃ ੫)

ਬਸੀ: ਰਿਆਸਤ ਪਟਿਆਲਾ, ਨਜਾਮਤ ਫਤੇਗੜ੍ਹ ਦੀ ਇੱਕ ਪੁਰਾਣੀ ਨਗਰੀ, ਜਿਸ ਦਾ ਨਾਮ "ਬਸਤੀ ਮਲਿਕ ਹੈਦਰ" ਸੀ। ੨. ਰਿਆਸਤ ਕਲਸੀਆ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ ਭੀ ਬਸੀ ਹੈ। ੩. ਜਿਲਾ ਹੁਸ਼ਿਆਰਪੁਰ, ਤਸੀਲ ਉਨ੍ਹਾਂ, ਥਾਣਾ ਨੂਰਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਨਵਾਂਸ਼ਹਿਰ ਤੋਂ ੨੮ ਮੀਲ ਦੱਖਣ ਪੂਰਵ ਹੈ. ਇਸ ਪਿੰਡ ਤੋਂ ਦੱਖਣ ਵੱਲ ਪਾਸ ਹੀ, ਅਤੇ ਕੀਰਤਪੁਰ ਤੋਂ ਦੱਖਣ ਪੱਛਮ ਦੋ ਮੀਲ ਦੇ ਕਰੀਬ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਦਾ ਇੱਥੇ ੫੦੦ ਘੋੜਾ ਰਹਿੰਦਾ ਹੁੰਦਾ ਸੀ. ਮਹਾਰਾਜ ਕਈ ਵਾਰ ਇੱਥੇ ਆਕੇ ਘੋੜੇ ਦੇਖਦੇ ਅਤੇ ਦਾਣਾ ਚਰਵਾਉਂਦੇ. ਮੰਜੀ ਸਾਹਿਬ ਬਣਿਆ ਹੋਇਆ ਹੈ. ਨਿਹੰਗਸਿੰਘ ਪੁਜਾਰੀ ਹੈ. ਗੁਰਦ੍ਵਾਰੇ ਨਾਲ ਜਾਗੀਰ ਜ਼ਮੀਨ ਕੁਝ ਨਹੀਂ ਹੈ. ੪. ਸੰ. ਵਸ਼ਿਨ. ਵਿ- ਕਾਬੂ ਰੱਖਣ ਵਾਲਾ। ੫. ਸ੍ਵਤੰਤ੍ਰ.

ਬਸੀਸ: ਅਬ- ਸੀਸ. ਦੇਖੋ, ਜਾਕੈਬਸੀਸ। ੨. ਬਸੀਸ. ਸਿਰ ਪੁਰ.

ਬਸੀਕਰ, ਬਸੀਕਰਣ: ਦੇਖੋ, ਵਸ਼ੀਕਰਣ.

ਬਸੀ ਕਲਾਂ: ਦੇਖੋ, ਹਰੀਆਂਵੇਲਾਂ ਅਤੇ ਬਡੀ ਬਸੀ.

ਬਸੀਠ, ਬਸੀਠਾ: ਸੰ. ਅਵਸ੍ਰਿਸ਼੍ਟ- ਅਵਸ੍ਰਿਸ਼੍ਰ ਵਿ- ਭੇਜਿਆ ਹੋਇਆ। ੨. ਸੰਗ੍ਯਾ- ਦੂਤ. ਵਕੀਲ. "ਸਤਿਗੁਰੁ ਲਾਗਿ ਬਸੀਠਾ." (ਗਉ ਮਃ ੪)

ਬਸੀਠੀ: ਸੰਗ੍ਯਾ- ਬਸੀਠ ਦਾ ਕਰਮ. ਵਕਾਲਤ. ਦੇਖੋ, ਬਸੀਠ. "ਹਮ ਹਰਿ ਕੀ ਗੁਰ ਕੀਈ ਹੈ ਬਸੀਠੀ." (ਨਟ ਪੜਤਾਲ ਮਃ ੪)

ਬਸੀਠੁ: ਦੇਖੋ, ਬਸੀਠ. "ਆਪੇ ਭਗਤਬਸੀਠੁ." (ਸ੍ਰੀ ਅਃ ਮਃ ੧) "ਹਰਿਦਰਗਹ ਕਾ ਬਸੀਠੁ." (ਵਾਰ ਰਾਮ ੨. ਮਃ ੫)

ਬਸੀਨ: ਬਾਸ਼ੇ ਦਾ ਨਰ. ਦੇਖੋ, ਬਾਸਾ ਅਤੇ ਬਾਸੀਨ. "ਬਾਸੇ ਗੋਸ ਬਸੀਨਨ ਸੰਗਾ." (ਗੁਵਿ ੧੦) ਬਾਸ਼ੇ, ਸਜਾਹਗੋਸ਼ ਅਤੇ ਬਾਸ਼ੀਨਾਂ ਨਾਲ.

ਬਸੀਲਾ: ਦੇਖੋ, ਵਸੀਲਾ.

ਬਸੁ: ਦੇਖੋ, ਵਸੁ। ੨. ਦੇਖੋ, ਵਸ਼. "ਕਿਆ ਬਸੁ, ਜਉ ਬਿਖੁ ਦੇ ਮਹਿਤਾਰੀ." (ਗਉ ਕਬੀਰ)

**ਬਸੁਅ, ਬਸੁਅ ਰੋਮਾਵਲਿ:** ਵਸ਼ਾ- ਅਵਿ ਦਾ ਸੰਖੇਪ. ਵਸ਼ਾ (ਗਊ) ਅਵਿ (ਭੇਡ). "ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ." (ਸਵੈਯੇ ਮਃ ੩. ਕੇ) ਬੱਦਲ ਦੀਆਂ ਬੂੰਦਾਂ, ਗਾਂ ਅਤੇ ਭੇਡ ਦੇ ਰੋਮ, ਤਥਾ ਬਸੰਤ ਰੁੱਤ ਦੇ ਫੁੱਲਾਂ ਦਾ ਸ਼ੁਮਾਰ ਨਹੀਂ ਹੋ ਸਕਦਾ.

**ਬਸੁਚਾਰੀ:** ਵਸ਼ ਅਤੇ ਚਾਰਹ. ਬਲ ਅਤੇ ਉਪਾਉ. "ਨਾ ਹਮਰੋ ਬਸੁਚਾਰੀ." (ਸਾਰ ਮਃ ੫)

**ਬਸੁਦ:** ਵਿ- ਵਸੁ (ਧਨ) ਦੇਣ ਵਾਲਾ.

**ਬਸੁਦੇਵ:** ਵਸੁਦੇਵ. ਚੰਦ੍ਰਵੰਸ਼ੀ ਯਾਦਵ, ਜੋ ਮਾਰਿਸ਼ਾ ਦੇ ਉਦਰੋਂ ਦੇਵਮੀਢ ਦਾ ਪੁਤ੍ਰ ਅਤੇ ਕ੍ਰਿਸ਼ਨ ਜੀ ਦਾ ਪਿਤਾ ਸੀ. ਇਸ ਦੀ ਭੈਣ ਕੁੰਤੀ ਰਾਜਾ ਪਾਂਡੁ ਨੂੰ ਵਿਆਹੀ ਗਈ ਸੀ, ਜਿਸ ਦੇ ਉਦਰ ਤੋਂ ਯੁਧਿਸ੍ਠਿਰ, ਭੀਮ ਅਤੇ ਅਰਜੁਨ ਜਨਮੇ.

ਵਸੁਦੇਵ ਦੀਆਂ ੧੨. ਇਸਤ੍ਰੀਆਂ ਸਨ- ਪੌਰਵੀ, ਰੋਹਿਣੀ, ਮਦਿਰਾ, ਧਰਾ, ਵੈਸ਼ਾਖੀ. ਭਦ੍ਰਾ. ਸੁਨਾਮਨੀ, ਸਹਦੇਵਾ, ਸ਼ਾਂਤਿਦੇਵਾ, ਸੁਦੇਵਾ, ਦੇਵਰਕ੍ਸ਼ਿਤਾ ਅਤੇ ਦੇਵਕੀ. ਰੋਹਿਣੀ ਦੇ ਉਦਰੋਂ ਬਲਭਦ੍ਰ ਅਤੇ ਦੇਵਕੀ ਤੋਂ ਕ੍ਰਿਸ਼ਨ ਜੀ ਜਨਮੇ. ਦੇਖੋ, ਉਗ੍ਰਸੇਨ ਅਤੇ ਆਨਕਦੁੰਦਭੀ. "ਦੀਨੋ ਹੈ ਤਿਲਕ ਜਾਇ ਭਾਲ ਬਸੁਦੇਵ ਜੂ ਕੇ." (ਕ੍ਰਿਸਨਾਵ)

**ਬਸੁਧ:** ਵਸੁ (ਧਨ) ਧਾਰਨ ਵਾਲੀ, ਪ੍ਰਿਥਿਵੀ. "ਬਸੁਧ ਗਗਨਾ ਗਾਵਏ." (ਆਸਾ ਛੰਤ ਮਃ ੫)

**ਬਸੁੰਧਰਾ:** ਸੰ. ਵਸੁੰਧਰਾ. ਸੰਗਜਾ- ਵਸੁ (ਧਨ) ਦੇ ਧਾਰਨ ਵਾਲੀ, ਪ੍ਰਿਥਿਵੀ.

**ਬਸੁੰਧਰੁ:** ਵਿ- ਵਸੁ (ਧਨ) ਰੱਖਣ ਵਾਲਾ. ਧਨੀ. ਦੌਲਤਮੰਦ. "ਸੋਈ ਧੁਰੰਧਰੁ ਸੋਈ ਬਸੁੰਧਰੁ." (ਸਾਰ ਮਃ ੫)

**ਬਸੁਧਾ:** ਸੰਗਜਾ- ਵਸੁ (ਧਨ) ਧਾਰਨ ਵਾਲੀ, ਪ੍ਰਿਥਿਵੀ. ਸਭ ਪਦਾਰਥ ਜ਼ਮੀਨ ਤੋਂ ਪੈਦਾ ਹੁੰਦੇ ਹਨ, ਇਸ ਲਈ ਬਸੁਧਾ ਹੈ. "ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ." (ਸੁਖਮਨੀ) "ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜ ਹੈ." (ਜੈਜਾ ਮਃ ੯)

**ਬਸੁਧਾਧਰ:** ਸੰਗਜਾ- ਵਸੁਧਾ (ਪ੍ਰਿਥਿਵੀ) ਦੇ ਧਾਰਨ ਵਾਲਾ, ਪਹਾੜ। ੨. ਰਾਜਾ। ੩. ਸ਼ੇਸ਼ਨਾਗ। ੪. ਕਰਤਾਰ.

**ਬਸੁਮਤ:** ਦੇਖੋ, ਵਸੁਮਤ। ੨. ਸੰ. ਵਸੁਮੰਤ. ਵਿ- ਧਨੀ. ਦੌਲਤਮੰਦ.

**ਬਸੁਮਤਿ, ਬਸੁਮਤੀ:** ਸੰ. ਵਸੁਮਤੀ. ਸੰਗਜਾ- ਪ੍ਰਿਥਿਵੀ, ਜੋ ਵਸੁ. (ਧਨ ਪਦਾਰਥ) ਧਾਰਨ ਕਰਦੀ ਹੈ.

**ਬਸੁਮਤੇਸ:** ਸੰਗਜਾ- ਵਸੁਮਤੀ (ਪਿਥਿਵੀ) ਦਾ ਈਸ਼, ਰਾਜਾ. (ਸਨਾਮਾ)

**ਬਸੁਮਤੇਸਣੀ:** ਵਸੁਮਤੀ (ਪ੍ਰਿਥਿਵੀ) ਦਾ ਈਸ਼ (ਸ੍ਵਾਮੀ) ਰਾਜਾ, ਉਸ ਦੀ ਅਨੀ (ਸੈਨਾ). ਫ਼ੌਜ. (ਸਨਾਮਾ)

**ਬਸੂ:** ਦੇਖੋ, ਵਸੁ.

**ਬਸੇ:** ਫ਼ਾ. بسے ਵਿ- ਬਹੁਤ. ਅਧਿਕ। ੨. ਵਜ- ਕਾਫ਼ੀ. ਬੱਸ. ਦੇਖੋ, ਹਮਾਰਾ.

**ਬਸੇਖ:** ਦੇਖੋ, ਬਿਸ਼ੇਖ ਅਤੇ ਵਿਸੇਸ.

**ਬਸੇਬਾ:** ਸੰਗਜਾ- ਵਸਣ ਦਾ ਭਾਵ. ਨਿਵਾਸ ਕਰਨਾ. ਰਹਾਇਸ਼.

**ਬਸੇਰਾ:** ਸੰਗਜਾ- ਵਾਸ- ਡੇਰਾ. ਵਸਣ ਦਾ ਅਸਥਾਨ. "ਘਟਿ ਘਟਿ ਤਿਸਹਿ ਬਸੇਰਾ." (ਜੈਤ ਮਃ ੫) ੨. ਵਾਸਾ. ਨਿਵਾਸ। ੩. ਟਿਕਾਉ. ਇਸਥਿਤੀ. "ਗੁਰ ਤੇ ਮਨਹਿ ਬਸੇਰਾ." (ਸੋਹਿਲਾ)

**ਬਸੈ:** ਵਸਦਾ ਹੈ. "ਸੁਖੀ ਬਸੈ ਮਸਕੀਨੀਆ." (ਸੁਖਮਨੀ) ੨. ਵਰਸੈ. ਵਰਖਾ ਹੋਵੇ. "ਸਾਰਿੰਗ ਪ੍ਰੀਤਿ ਬਸੈ ਜਲਧਾਰਾ." (ਗਉ ਮਃ ੪) "ਮੇਘ ਮੋਰ ਨਿਰਤਕਾਰ." (ਬਸੰ ਮਃ ੫)

**ਬਸੈਯਾ:** ਵਿ- ਵਾਸ ਕਰੈਯਾ, ਵਸਣਵਾਲਾ.

ਬਸੋਆ: ਦੇਖੋ, ਵਸੋਆ.

ਬਸੋਹਲੀ: ਜੰਮੂ ਦੀ ਜਸਰੋਟਾ ਤਸੀਲ ਵਿੱਚ ਰਾਵੀ ਦੇ ਸੱਜੇ ਕਿਨਾਰੇ ਇੱਕ ਨਗਰ, ਜੋ ਪੁਰਾਣੀ ਪਹਾੜੀ ਰਿਆਸਤ ਸੀ. ਇੱਥੋਂ ਦਾ ਰਾਜਾ ਗੁਰੂ ਗੋਬਿੰਦਸਿੰਘ ਸਾਹਿਬ ਦਾ ਸਾਦਿਕ ਸੀ. ਇੱਕ ਵਾਰ ਕਲਗੀਧਰ ਜੀ ਬਸੋਹਲੀ ਭੀ ਪਧਾਰੇ ਹਨ. ਸਨ ੧੯੩੫ ਵਿੱਚ ਬਸੋਹਲੀ ਦਾ ਰਾਜਾ ਸੰਤਾਨ ਬਿਨਾ ਮਰ ਗਿਆ, ਇਸ ਲਈ ਇਹ ਰਿਆਸਤ ਜੰਮੂ ਵਿੱਚ ਮਿਲ ਗਈ.

ਬਸੋਲਾ: ਸੰ. ਵਸੀ. ਸੰਗਯਾ- ਤੇਸ਼ਾ. ਬਹੋਲਾ. ਤਖਾਣਾ ਸੰਦ, ਜਿਸ ਨਾਲ ਲੱਕੜ ਤੱਛੀ ਜਾਂਦੀ ਹੈ। ੨. ਛੋਟਾ ਕੁਦਾਲ. ਖਿਲਨਾ. ਜ਼ਮੀਨ ਗੋਡਣ ਦਾ ਸੰਦ। ੩. ਵਿਵਸ਼ ਵਿੱਚ ਲੀਤਾ. ਕਾਬੂ ਕੀਤਾ. "ਕਾਮ ਕ੍ਰੋਧੁ ਦੁਇ ਕਰਹੁ ਬਸੋਲੇ, ਗੋਡਹੁ ਧਰਤੀ ਭਾਈ." (ਬਸੰ ਮਃ ੧) ਇਸ ਥਾਂ ਬਸੋਲਾ ਸ਼ਬਦ ਵਿੱਚ ਸ਼ਲੇਸ਼ ਹੈ. ਵਸ਼ ਕੀਤੇ ਕਾਮ ਕ੍ਰੋਧ ਬਸੋਲੇ ਬਣਾਓ.

ਬਸੋਲੀ: ਦੇਖੋ, ਬਸੋਹਲੀ। ੨. ਛੋਟਾ ਬਸੋਲਾ (ਤੇਸ਼ਾ).

ਬਸੰਤ: ਵਾਸ ਕਰੰਤ. ਵਸਦਾ. "ਫੁਨਿ ਗਰਭ ਨਾਹੀ ਬਸੰਤ." (ਰਾਮ ਮਃ ੫) ੨. ਵਸਣ ਵਾਲਾ. ਬਾਸ਼ਿੰਦਾ. "ਧੰਨੁ ਸੁ ਥਾਨੁ ਬਸੰਤ ਧੰਨੁ. ਜਹ ਜਪੀਐ ਨਾਮੁ." (ਬਿਲਾ ਮਃ ੫) ੩. ਸੰ. ਵਸੰਤ (वसन्त) ਪ੍ਰਿਥਿਵੀ ਨੂੰ ਪਤ੍ਰ ਫੱਲ ਆਦਿ ਨਾਲ ਢਕ ਲੈਣ ਵਾਲੀ ਰੁੱਤ. ਚੇਤੇ ਵੈਸਾਖ ਦੀ ਰੁੱਤ. ਬਹਾਰ. "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸ ਜੀਉ." (ਰਾਮ ਰੁਤੀ ਮਃ ੫) ੪. ਇੱਕ ਰਾਗ, ਜੋ ਪੂਰਬੀ ਠਾਟ ਦਾ ਸੰਪੂਰਣ ਹੈ. ਇਸ ਵਿੱਚ ਦੋਵੇਂ ਮੱਧਮ ਲਗਦੇ ਹਨ. ਸ਼ੜਜ ਗਾਂਧਾਰ ਮੱਧਮ ਪੰਚਮ ਧੈਵਤ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲੱਗਦਾ ਹੈ. ਗਾਉਣ ਦਾ ਵੇਲਾ ਵਸੰਤ ਰੁੱਤ ਅਥਵਾ ਰਾਤ ਦਾ ਸਮਾਂ ਹੈ.

ਆਰੋਹੀ- ਸ਼ ਗ ਮ ਧ ਰਾ ਸ਼.

ਅਵਰੋਹੀ- ਰਾ ਨ ਧ ਪ ਮੀ ਗ ਮ ਗ ਰਾ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਬਸੰਤ ਦਾ ਨੰਬਰ ਪਚੀਹਵਾਂ ਹੈ। ੫. ਫਾਗ (ਹੋਰੀ) ਦਾ ਨਾਮ ਭੀ ਬਸੰਤ ਕਈ ਥਾਈਂ ਆਇਆ ਹੈ, ਕਿਉਂਕਿ ਇਹ ਵਸੰਤ ਰੁੱਤ ਵਿੱਚ ਹੋਇਆ ਕਰਦੀ ਹੈ. "ਖੇਲ ਬਸੰਤ ਬਡੇ ਖਿਲਵਾਰ." (ਚਰਿਤ੍ਰ ੫੨)

ਬਸੰਤਅੰਤਕ: ਸੰਗਯਾ- ਗ੍ਰੀਖਮ (ग्रीष्म). ਗਰਮੀ ਦੀ ਰੁੱਤ, ਜੋ ਵਸੰਤ ਦਾ ਅੰਤ ਕਰਨ ਵਾਲੀ ਹੈ.

ਬਸੰਤਸਖਾ: ਸੰਗਯਾ- ਵਸੰਤ ਦਾ ਮਿਤ੍ਰ. ਜਾਂ ਵਸੰਤ ਹੈ ਮਿਤ੍ਰ ਜਿਸ ਦਾ, ਕਾਮਦੇਵ.

ਬਸੰਤ ਸਤਸਈ, ਬਸੰਤਸਿੰਘ: ਰਾਜ ਪਟਿਆਲਾ ਦੇ ਖੇੜੀ ਪਿੰਡ ਦਾ ਵਸਨੀਕ ਗੁਲਜਾਰਸਿੰਘ ਦਾ ਪੁਤ੍ਰ, ਜੋ ਬਾਵਾ ਰਾਮਦਾਸ ਜੀ ਤੋਂ ਕਾਵਯਗ੍ਰੰਥ ਪੜ੍ਹਕੇ ਉੱਤਮ ਕਵੀ ਹੋਇਆ. ਇਹ ਪਟਿਆਲਾਪਤਿ ਮਹਾਰਾਜਾ ਨਰੇਂਦਰਸਿੰਘ ਦੇ ਦਰਬਾਰ ਦਾ ਭੂਖਣ ਸੀ. ਇਸ ਦੀ ਬਣਾਈ ਸਤਸਈ 700 ਦੋਹੇ ਦੀ ਪੁਸਤਕ ਬਹੁਤ ਮਨੋਹਰ ਹੈ. ਇਸ ਵਿੱਚ ਗੂਢੋਕ੍ਤਿ (ਅਨਯੋਕ੍ਤਿ) ਅਲੰਕਾਰ ਉੱਤਮ ਰੀਤਿ ਨਾਲ ਲਿਖਿਆ ਹੈ.[853] ਭਾਈ ਬਸੰਤਸਿੰਘ ਦਾ ਜਨਮ ਸੰਮਤ ੧੮੮੦ ਅਤੇ ਦੇਹਾਂਤ ਸੰਮਤ ੧੯੩੬ ਵਿੱਚ ਹੋਇਆ ਹੈ.

ਬਸੰਤਕੌਰ ਬੀਬੀ: ਮਹਾਰਾਜਾ ਨਰੇਂਦ੍ਰਸਿੰਘ ਸਾਹਿਬ ਪਟਿਆਲਪਤਿ ਦੀ ਸੁਪੁਤ੍ਰੀ, ਜਿਸ ਦਾ ਜਨਮ ਸਨ ੧੮੪੫ ਵਿੱਚ ਹੋਇਆ. ਇਸ ਦੀ ਸ਼ਾਦੀ ਅਪ੍ਰੈਲ ਸਨ ੧੮੫੨ ਵਿੱਚ ਧੌਲਪੁਰ ਦੇ ਮਹਾਰਾਣਾ ਭਗਵੰਤ ਸਿੰਘ ਜੀ ਦੇ ਸੁਪੁਤ੍ਰ ਕੁਲੇਂਦ੍ਰਸਿੰਘ ਜੀ ਨਾਲ ਹੋਈ. ਬੀਬੀ ਜੀ ਦੀ ਕੁੱਖ ਤੋਂ ਮਹਾਰਾਣਾ ਨਿਹਾਲਸਿੰਘ ਜੀ ਜਨਮੇ.

ਬਸੰਤਗੜ੍ਹ: ਆਨੰਦਪੁਰ ਤੋਂ ਛੀ ਮੀਲ ਉੱਤਮ ਇੱਕ ਅਸਥਾਨ, ਜਿੱਥੋਂ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਬਸੰਤੀ ਪੋਸ਼ਾਕ ਪਹਿਨਕੇ ਗੁਰੂ ਕੇ ਲਹੌਰ ਸ਼੍ਰੀਮਤੀ ਜੀਤੋ ਜੀ ਨੂੰ ਵਿਆਹੁਣ ਗਏ ਸਨ. ਇੱਥੇ ਬਸੰਤਪੰਚਮੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੨੮ ਮੀਲ ਪੂਰਵ ਹੈ. ਇਸ ਦਾ ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ ਅਤੇ ਥਾਣਾ ਆਨੰਦਪੁਰ ਹੈ.

---

[853] ਭਾਈ ਬਸੰਤਸਿੰਘ ਦੇ ਕਵਿਤਾ ਵਿੱਚ ਲਿਖੇ, ਗੁਲਿਸਤਾਂ ਬੋਸਤਾਂ ਆਦਿਕ ਦੇ ਉਲਥੇ (ਤਰਜੁਮੇ) ਭੀ ਬਹੁਤ ਉੱਤਮ ਹਨ.

ਬਸੰਤਦੂਤ: ਸੰਗਯਾ- ਵਸੰਤ ਦਾ ਹਰਕਾਰਾ. ਅੰਬ ਦਾ ਬੂਟਾ। ੨. ਕੋਕਿਲਾ। ੩. ਪੰਚਮ ਰਾਗ.

ਬਸੰਤਪੰਚਮੀ: ਮਾਘ ਸੁਦੀ ੫. ਇਸ ਦਿਨ ਵਸੰਤ ਦਾ ਉਤਸਵ ਮਨਾਇਆ ਜਾਂਦਾ ਹੈ.

ਬਸੰਤਿ: ਵਸਦਾ ਹੈ. "ਸੁਖਯੰ ਬਸੰਤਿ ਨਾਨਕਹ." (ਸਹਸ ਮਃ ੫)

ਬਸੰਤੀ: ਵਿ- ਵਸੰਤ ਨਾਲ ਹੈ ਜਿਸ ਦਾ ਸੰਬੰਧ। ੨. ਵਸੰਤ ਦਾ। ੩. ਪੀਲਾ. ਜ਼ਰਦ.

ਬਸੰਤੁ: ਦੇਖੋ, ਬਸੰਤ ੩. "ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ." (ਬਸੰ ਮਃ ੧)

ਬਸੰਤੋ, ਬਸੰਦੜੋ: ਵਾਸ ਕਰੰਤੋ. ਵਸਦਾ. "ਨਿਕਟਿ ਬਸੰਤੋ ਬਾਂਸੋ." (ਗਾਥਾ)

ਬੱਸੀ: ਖਤ੍ਰੀਆਂ ਦੀ ਇੱਕ ਜਾਤਿ.

ਬਸ੍ਤੁ: ਦੇਖੋ, ਵਸ੍ਤੁ.

ਬਸਜ, ਬਸਿਜ: ਦੇਖੋ, ਵਸਜ ਅਤੇ ਰਿਖਿਅੰ.

ਬਸ੍ਤ੍ਰ: ਦੇਖੋ, ਬਸਤ੍ਰ ਅਤੇ ਵਸ੍ਤ੍ਰ.

ਬਹਸ: ਅ਼. بحث ਬਹ਼ਸ ਸੰਗਯਾ- ਵਾਦ ਚਰਚਾ. ਖੰਡਨ ਮੰਡਨ। ੨. ਤਰਕ. ਹੁੱਜਤ। ੩. ਅ਼. بہس ਬਹਸ. ਦਿਲੇਰੀ. ਬਹਾਦੁਰੀ.

ਬਹਸਨਿ: ਬੈਠਣਗੀਆਂ. "ਬਹਸਨਿ ਰੂਹਾਂ ਮਲਿ." (ਸ. ਫਰੀਦ) ਕ਼ਬਰਾਂ, ਰੂਹਾਂ ਨੂੰ ਕਾਬੂ ਕਰ ਬੈਠਣਗੀਆਂ.

ਬਹਕਣਾ, ਬਹਕਨਾ: ਕ੍ਰਿ- ਬਹਸ ਕਰਨਾ। ੨. ਬਕਬਾਦ ਕਰਨਾ। ੩. ਭਟਕਣਾ। ੪. ਸਿੰਧੀ. ਬਹਕਣੁ. ਕੁੱਤੇ ਵਾਂਙ ਭੌਂਕਣਾ.

ਬਹਕਾਰ, ਬਹਕਾਰਿ, ਬਹਕਾਰੁ: ਸੰਗਯਾ- ਮਹਕਾਰ. ਮਹਕ (ਸੁਗੰਧ) ਦਾ ਵਿਸ੍ਤਾਰ "ਅਗਰ ਵਾਸੁ ਬਹਕਾਰੁ." (ਵਾਰ ਆਸਾ) "ਬਹੁ ਬਾਸਨਾ ਬਹਕਾਰਿ." (ਮਲਾ ਮਃ ੩)

ਬਹਣ: ਦੇਖੋ, ਵਹਣ। ੨. ਦੇਖੋ, ਬਹਿਣਾ.

ਬਹਣਿ: ਸੰਗਯਾ- ਨਿਸ਼ਸ੍ਤ. ਬੈਠਕ. "ਪਾਸਿ ਨ ਦੇਈ ਕੋਈ ਬਹਣਿ." (ਵਾਰ ਗਉ ੧. ਮਃ ੪) ਉਨ੍ਹਾਂ ਨੂੰ ਕੋਈ ਕੋਲ ਬੈਠਨ ਨਹੀਂ ਦਿੰਦਾ। ੨. ਸੰਯੁਕ੍ਤ ਕ੍ਰਿਯਾ, ਬਹਿਣ (ਬੈਠਣ) ਨਹੀਂ ਦਿੰਦਾ.

ਬਹਤਰ: ਵਿ- ਦੋ ਅਤੇ ਸੱਤਰ. ਦ੍ਵਿ ਸਪ੍ਤਤਿ- ੭੨.

ਬਹਤਰਿ: "ਕਸਨਿ ਬਹਤਰਿ ਲਾਗੀ ਤਾਹਿ." (ਬਸੰ ਕਬੀਰ) ਬਹੱਤਰ ਨਾੜੀਆਂ ਕਸਣ ਵਾਲੀਆਂ ਰੱਸੀਆਂ ਯੋਗਮਤ ਦੇ ਗ੍ਰੰਥ ਗੋਰਕ੍ਸ਼ਪੱਧਤਿ ਵਿੱਚ ਬਹੱਤਰ ਹਜਾਰ ਨਾੜੀ ਲਿਖੀ ਹੈ. (तत्र नाड्यः समुत्पन्नाः सहस्राणां द्विसप्ततिः) ਜਿਨ੍ਹਾਂ ਵਿਚੋਂ ਮੁੱਖ ਬਹੱਤਰ ਮੰਨੀਆਂ ਹਨ. ਪ੍ਰਾਣਸੰਗੁਲੀ ਵਿੱਚ ਭੀ ਬਹੱਤਰ ਹਾਟ ਸ਼ਰੀਰ ਵਿੱਚ ਲਿਖੇ ਹਨ. "ਬਹਤਰਿ ਘਰਿ ਇਕੁ ਪੁਰਖੁ ਸਮਾਇਆ." (ਸੂਹੀ ਕਬੀਰ) ਦੇਖੋ, ਗਜਨਵ.

ਬਹਤਰਿ ਘਰਿ: ਦੇਖੋ, ਬਹਤਰਿ.

ਬਹਤੀ: ਵਹਿੰਦੀ. ਵਗਦੀ. ਪ੍ਰਵਾਹ ਵਾਂਙ ਗੁਜ਼ਰਦੀ. "ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ" (ਸੂਹੀ ਮਃ ੫)

ਬਹੱਤਰ: ਦੇਖੋ, ਬਹਤਰ। ੨. ਦੇਖੋ, ਇਸਲਾਮ ਦੇ ਫਿਰਕੇ। ੩. ਦੇਖੋ, ਕੌਮ ਬਹੱਤਰ.

ਬਹਦਿਆਂ: ਬੈਠਦਿਆਂ. "ਬਹਦਿਆਂ ਉਠਦਿਆ ਨ ਵਿਸਰੈ ਸਾਚਾ." (ਵਾਰ ਸਾਰ ਮਃ ੪)

ਬਹਨ: ਦੇਖੋ, ਬਹਣ ਅਤੇ ਵਹਨ.

ਬਹਨਿ: ਦੇਖੋ, ਬਹਣਿ। ੨. ਦੇਖੋ, ਬੰਨ੍ਹੀ.

ਬਹਨੋਈ: ਦੇਖੋ, ਬਹਿਨੋਈ.

ਬਹਮ: ਫ਼ਾ. بہم ਵਿ- ਇਕੱਠਾ। ੨. ਪ੍ਰਾਪਤ. ਹਾਸਿਲ। ੩. ਦੇਖੋ, ਬਾਹਮ। ੪. ਦੇਖੋ, ਵਹਮ.

ਬਹਮਨ: ਫ਼ਾ. بہمن ਈਰਾਨ ਦਾ ਇੱਕ ਬਾਦਸ਼ਾਹ, ਜੋ ਅਸਫ਼ੰਦਯਾਰ ਦਾ ਪੁਤ੍ਰ ਸੀ. ਇਸ ਦਾ ਨਾਮ ਅੱਠਵੀਂ ਹਕਾਯਤ ਵਿੱਚ ਆਇਆ ਹੈ। ੨. ਇੱਕ ਫਰਿਸ਼੍ਤਾ। ੩. ਵਿ- ਚਤੁਰ. ਹੋਸ਼ਿਆਰ। ੪. ਬਲਵਾਨ। ੫. ਦੇਖੋ, ਬ੍ਰਾਹਮਣ.

ਬਹਮਨੀ: ਫ਼ਾ. بہمنی ਇੱਕ ਦੱਖਣ ਦੀ ਹੁਕਮਰਾਂ ਵੰਸ਼, ਜਿਸ ਨੇ ਸਨ ੧੩੪੭ ਤੋਂ ੧੫੨੬ ਤਕ ਰਾਜ ਕੀਤਾ. "ਫ਼ਰਿਸ਼੍ਤਾ" ਦੇ ਲੇਖ ਅਨੁਸਾਰ ਇਸ ਵੰਸ਼ ਦੇ ਬਾਨੀ ਦਾ ਨਾਮ "ਅਲਾਉੱਦੀਨ ਹਸਨ ਗੰਗੂ" ਸੀ, ਅਤੇ ਉਸ ਦੀ ਪਾਲਨਾ ਇੰਕ ਬ੍ਰਾਹਮਣ ਨੇ ਕੀਤੀ ਸੀ, ਜਿਸ ਤੋਂ ਬਾਹਮਨੀ ਸੰਗਜਾ ਹੋਈ, ਪਰ ਇਹ ਕੇਵਲ ਖ਼ਿਆਲੀ ਗੱਲ ਹੈ. ਅਸਲ ਵਿੱਚ "ਬਹਮਨ" ਇੱਕ ਫ਼ਾਰਸੀ ਖ਼ਾਨਦਾਨ ਹੈ, ਜਿਸ ਦਾ ਬਾਨੀ ਜਫ਼ਰਖ਼ਾਨ ਹ਼ਸਨ ਹੋਇਆ ਹੈ.

ਬਹਮੀਸ਼ਾਹ, ਬ੍ਰਹਮੀਸ਼ਾਹ: ਇਸ ਦਾ ਅਸਲ ਨਾਉਂ ਇਬਰਾਹੀਮਸ਼ਾਹ ਸੀ. ਇਹ ਮਾਲਵੇ ਦੇ ਛੱਤੇਆਣੇ ਪਿੰਡ ਦਾ ਵਸਨੀਕ ਮੁਸਲਮਾਨ ਸੀ. ਜਦ ਸ਼੍ਰੀ ਕਲਗੀਧਰ ਸੰਮਤ ੧੭੬੨- ੬੩ ਵਿੱਚ ਜੰਗਲ ਨੂੰ ਮੰਗਲਭੂਮਿ ਕਰਨ ਹਿਤ ਵਿਚਰਦੇ ਹੋਏ ਇਸ ਦੇ ਪਿੰਡ ਪਧਾਰੇ, ਤਦ ਸਤਿਗੁਰੂ ਦਾ ਉਪਦੇਸ਼ ਸੁਣਕੇ ਇਸ ਦੇ ਚਿੱਤ ਉੱਤੇ ਅਜੇਹਾ ਅਸਰ ਹੋਇਆ ਕਿ ਇਸਲਾਮ ਨੂੰ ਤਯਾਗਕੇ ਸਿੰਘ ਸਜ ਗਿਆ. ਇਸ ਪ੍ਰਸੰਗ ਨੂੰ ਭਾਈ ਸੰਤੋਖਸਿੰਘ ਜੀ ਨੇ ਗੁਰੁਪ੍ਰਤਾਪ ਸੂਰਜ ਦੇ ਪਹਿਲੇ ਐਨ ਦੇ ੧੯ਵੇਂ ਅਧ੍ਯਾਯ ਵਿੱਚ ਇਉਂ ਲਿਖਿਆ ਹੈ:-

"ਸੁਨ ਸ਼੍ਰੀ ਪ੍ਰਭੁ ਪ੍ਰਸੰਨਤਾ ਧਾਰੀ।

ਪੂਰਬ ਭਲੀ ਰੀਤਿ ਤੈਂ ਡਾਰੀ।

ਮੁਸਲਮਾਨ ਹੁਇ ਭਾਵਨ ਧਰੈ।

ਮਿਲਨ ਪੰਥ ਮੇ ਜੇ ਹਿਤ ਕਰੈ।

ਤਉ ਯਹਿ ਉਚਿਤ ਖਾਲਸੇ ਬੀਚ।

ਪਾਹੁਲ ਲੇਇ ਊਚ ਕੈ ਨੀਚ।

ਮਾਨਸਿੰਘ ਕੋ ਹੁਕਮ ਬਖਾਨਾ।

ਖਰੋ ਹੋਹੁ ਕਰ ਸਿੱਖ ਸੁਜਾਨਾ।

ਲੇ ਆਗ੍ਯਾ ਅੰਮ੍ਰਿਤ ਬਨਵਾਯੋ।

ਖਰੇ ਹੋਇ ਤਤਕਾਲ ਛਕਾਯੋ।

ਸ਼੍ਰੀ ਮੁਖ ਤੇ ਤਬ ਨਾਮ ਉਚਾਰ੍ਯੋ।

ਸ਼ੁਭ ਅਜਮੇਰਸਿੰਘ ਤਹਿਂ ਧਾਰ੍ਯੋ।

ਵਾਹਿਗੁਰ ਜੀ ਕੀ ਕਹਿ ਫਤੇ।

ਭਾ ਕਲ੍ਯਾਣ ਉਚਿਤ ਮੁਦ ਚਿਤੇ।

ਸਿਮਰਨ ਕਰਨ ਲਗ੍ਯੋ ਗੁਰੁ ਕੇਰਾ।

ਗੁਰਬਾਣੀ ਪੜ੍ਹ ਸੰਝ ਸਵੇਰਾ।"

ਦੇਖੋ, ਛੱਤੇਆਣਾ.

**ਬਹਰ:** ਅ਼. بحر ਬਹ਼ਰ ਸੰਗਯਾ- ਵਾਰਿਧਰ. ਸਮੁੰਦਰ. ਸਾਗਰ। ੨. ਛੰਦ ਦਾ ਵਜ਼ਨ. ਛੰਦ ਦੀ ਚਾਲ। ੩. ਫ਼ਾ. بہر ਬਹਰ ਵਜ- ਵਾਸਤੇ. ਲਿਯੇ. ਲਈ। ੪. ਪ੍ਰਤਜੇਕ. ਹਰਯਕ ਜੈਸੇ- ਬਹਰ ਜਾ.

**ਬਹਰਹ:** ਫ਼ਾ. بہرہ ਹਿੱਸਾ ਭਾਗ। ੨. ਨਸੀਬ. ਕਿਸਮਤ। ੩. ਦੇਖੋ, ਬਹਰਾ.

**ਬਹਰਹਬਰ, ਬਹਰਹਮੰਦ:** ਫ਼ਾ. بہرہمند بہرہور ਹਿੱਸੇਦਾਰ। ੨. ਭਾਗਵਾਨ. ਖ਼ੁਸ਼ਨਸੀਬ.

**ਬਹਰ ਜਾ:** ਫ਼ਾ. بہرجا ਕ੍ਰਿ. ਵਿ- ਹਰੇਕ ਜਗਾ. ਹਰ ਥਾਂ.

**ਬਹਰਮੰਦ, ਬਹਰਵਰ:** ਦੇਖੋ, ਬਹਰਹਬਰ.

**ਬਹਰਾ:** ਸੰ. ਬਧਿਰ. ਵਿ- ਬੋਲਾ. ਜਿਸ ਨੂੰ ਕੰਨਾਂ ਤੋਂ ਸੁਣਾਈ ਨਾ ਦੇਵੇ. "ਸਾਂਈ ਨ ਬਹਰਾ ਹੋਇ." (ਸ. ਕਬੀਰ ) "ਬਹਰੇ ਕਰਨ ਅਕਲ ਭਈ ਹੋਛੀ." (ਭੈਰ ਮਃ ੧) ੨. ਦੇਖੋ, ਬਹਿਰਾ.

**ਬਹਰਾਨੇ:** ਬਹਰੇ (ਬੋਲੇ) ਹੋ ਗਏ. ਬਧਿਰ ਭਏ.

**ਬਹਰੀ:** ਅ਼. بحری ਵਿ- ਬਹਰ (ਸਮੁੰਦਰ) ਨਾਲ ਹੈ ਜਿਸ ਦਾ ਸੰਬੰਧ. ਸਮੁੰਦਰੀ। ੨. ਸੰਗਯਾ- ਮੋਤੀ। ੩. ਇੱਕ ਸ਼ਿਕਾਰੀ ਪੰਛੀ, ਜੋ ਸਯਾਹਚਸ਼ਮ ਹੈ. ਇਸ ਦਾ ਕੱਦ ਛੋਟੇ ਬਾਜ਼ ਜਿੱਡਾ ਹੁੰਦਾ ਹੈ. ਇਸ ਦੇ ਨਰ ਦਾ ਨਾਉਂ ਬਹਰੀਬੱਚਾ ਹੈ. ਇਹ ਸਰਦੀ ਦੇ ਸ਼ੁਰੂ ਵਿੱਚ ਮੁਰਗਾਬੀਆਂ ਦੇ ਨਾਲ ਪੰਜਾਬ ਵਿੱਚ ਆਉਂਦੀ ਹੈ. ਬਹਰੀ ਜਾਦਾ ਝੀਲਾਂ ਦੇ ਕਿਨਾਰੇ ਰਹਿੰਦੀ ਹੈ. ਇਹ ਕਾਲੀ ਅੱਖ ਦੇ ਪੰਛੀਆਂ ਵਿੱਚੋਂ ਬਹੁਤ ਦਿਲੇਰੀ ਅਤੇ ਫੁਰਤੀਲੀ ਹੈ. ਇਸ ਦੀ ਉਡਾਰੀ ਬਹੁਤ ਉੱਚੀ ਅਤੇ ਲੰਮੀ ਹੁੰਦੀ ਹੈ. ਕੂੰਜ ਨੂੰ ਆਸਾਨੀ ਨਾਲ ਮਾਰ ਲੈਂਦੀ ਹੈ. ਇਸ ਦਾ ਰੰਗ ਚਰਗ ਜੇਹਾ ਕਾਲਾ ਹੁੰਦਾ ਹੈ. ਛਾਤੀ ਦੇ ਵਾਲ ਖਾਲਦਾਰ ਖਾਕੀ ਹੁੰਦੇ ਹਨ. ਠੰਡੇ ਪਹਾੜਾਂ ਵਿੱਚ ਆਂਡੇ ਦਿੰਦੀ ਹੈ. ਸ਼ਿਕਾਰੀ ਇਸ ਨੂੰ ਛੀ ਮਹੀਨੇ ਸ਼ਿਕਾਰ ਖੇਡਣ ਲਈ ਰਖਦੇ ਹਨ, ਫੇਰ ਛੱਡ ਦਿੰਦੇ ਹਨ. ਇਸ ਨੂੰ ਸ਼ਾਹੀਨ ਬਹਰੀ ਭੀ ਆਖਦੇ ਹਨ. "ਨਭ ਤੇ ਬਹਰੀ ਲਖਿ ਛੂਟ ਪਰੀ ਜਨੁ ਕੂਕ ਕੁਲੰਗਨ ਕੇ ਗਨ ਮੈ." (ਚੰਡੀ ੧) "ਜਜੋਂ ਬਹਰੀ ਖਗ ਕੋ ਝਪਟਾਤ." (ਨਾਪ੍ਰ) ਦੇਖੋ, ਸ਼ਿਕਾਰੀ ਪੰਛੀਆਂ ਦਾ ਚਿਤ੍ਰ.

**ਬਹਰੀ ਬੱਚਾ:** ਇਹ ਬਹਰੀ ਦਾ ਨਰ ਹੈ ਅਤੇ ਉਸ ਨਾਲੋਂ ਕੁਝ ਛੋਟਾ ਹੁੰਦਾ ਹੈ, ਇਹ ਬਹਰੀ ਜੇਹਾ ਸ਼ਿਕਾਰ ਨਹੀਂ ਕਰਦਾ, ਇਸ ਲਈ ਸ਼ਿਕਾਰੀ ਇਸ ਨੂੰ ਨਹੀਂ ਪਾਲਦੇ.

**ਬਹਲ:** ਸੰਗਯਾ- ਬਹਿਲੀ. ਸਵਾਰੀ. ਸੰ. ਵਹਨ। ੨. ਸੰ. ਵਿ- ਸੰਘਣਾ. ਗਾੜ੍ਹਾ। ੩. ਦ੍ਰਿੜ੍ਹ. ਮਜਬੂਤ। ੪. ਚੌੜਾ। ੫. ਖਤ੍ਰੀਆਂ ਦੀਆਂ ਪੰਜ ਜਾਤੀਆਂ ਵਿੱਚੋਂ ਇੱਕ ਜਾਤਿ. "ਰਾਜਮਹਲ ਭਾਨੂ ਬਹਲ." (ਭਾਗੁ) ਰਾਜਮਹਲ ਨਗਰ ਵਿੱਚ ਭਾਈ ਭਾਨੂ ਬਹਲ ਜਾਤਿ ਦਾ। ੬. ਫ਼ਾ. بہل ਬਿਹਿਲ. ਸਮਰਪਨ. ਭੇਟਾ ਕਰਨਾ. "ਪ੍ਰਾਨੁ ਮਨੁ ਧਨੁ ਸੰਤ ਬਹਲ." (ਮਾਲੀ ਮਃ ੫)

**ਬਹਲਾ:** ਵਿ- ਬਾਹੁਲਜਤਾ ਸਹਿਤ. ਬਹੁਤਾ. "ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ." (ਵਾਰ ਰਾਮ ੧. ਮਃ ੩) "ਚੰਡ ਚਿਤਾਰੀ ਕਾਲਿਕਾ ਮਨ ਬਹਲਾ ਰੋਸ ਬਦਾਇਕੈ." (ਚੰਡੀ ੩)

**ਬਹਲੀਮ, ਬਹਲੀਮਾ:** ਅ਼. بوہلیم ਦੇਖੋ, ਧੁਨੀ (ਹ).

**ਬਹਲੇ:** ਬਹੁਤੇ. ਅਨੇਕ. ਦੇਖੋ, ਬਹਲਾ.

**ਬਹਲੋ:** ਦੇਖੋ, ਬਹਲਾ। ੨. ਦੇਖੋ, ਬਹਿਲੋ.

**ਬਹਲੋਲ:** ਅ਼. بہلول ਵਿ- ਪ੍ਰਸੰਨਮੁਖ, ਹੱਸਮੁਖ। ੨. ਕੌਮ ਦਾ ਸਰਦਾਰ। ੩. ਦੇਖੋ, ਬਗਦਾਦ। ੪. ਦੇਖੋ, ਬਹਲੋਲਖ਼ਾਂ ਲੋਦੀ.

ਬਹਲੋਲਖ਼ਾਂ ਲੋਦੀ: بہلوٗل خان لودی ਲੋਦੀ ਵੰਸ਼ ਦਾ ਪਠਾਣ, ਜੋ ਪਹਿਲਾਂ ਪੰਜਾਬ ਦਾ ਹਾਕਿਮ ਸੀ, ਫੇਰ ਦਿੱਲੀ ਦੇ ਤਖਤ ਪੁਰ ਬੈਠਾ. ਇਸ ਨੇ ਸਨ ੧੪੫੦ ਤੋਂ ੧੪੮੯ (ਸੰਮਤ ੧੫੦੮ ਤੋਂ ੧੫੪੬) ਤਕ ਰਾਜ ਕੀਤਾ. ਜਗਤਗੁਰੂ ਨਾਨਕਦੇਵ ਇਸੇ ਦੀ ਅਮਲਦਾਰੀ ਵਿੱਚ ਪ੍ਰਗਟ ਹੋਏ ਹਨ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ.

ਬਹਲੋਲਪੁਰ: ਚਮਕੌਰ ਤੋਂ ਚਾਰ ਕੋਹ ਪੱਛਮ ਇੱਕ ਪਿੰਡ, ਜੋ ਲੁਦਿਆਨੇ ਦੀ ਸਮਰਾਲਾ ਤਸੀਲ ਵਿੱਚ ਹੈ. ਇਸ ਪਾਸ ਦਸ਼ਮੇਸ਼ ਦਾ ਗੁਰਦ੍ਵਾਰਾ "ਝਾੜ ਸਾਹਿਬ" ਹੈ. ਇਹ ਗ੍ਰਾਮ ਅਕਬਰ ਬਾਦਸ਼ਾਹ ਦੇ ਜ਼ਮਾਨੇ ਬਹਲੋਲਖਾਂ ਸਰਦਾਰ ਨੇ ਵਸਾਇਆ ਸੀ. ਇਸ ਦੇ ਪਾਸ ਹੀ ਚੂਹੜਵਾਲ ਪਿੰਡ ਹੈ, ਜਿਸ ਕਰਕੇ ਝਾੜਸਾਹਿਬ ਗੁਰਦ੍ਵਾਰੇ ਦਾ ਪਤਾ ਕਈਆਂ ਨੇ ਬਹਲੋਲਪੁਰ ਦੀ ਥਾਂ ਚੂਹੜਵਾਲ ਲਿਖਿਆ ਹੈ. ਦੇਖੋ, ਝਾੜਸਾਹਿਬ ਨੰਃ ੧.

ਬਹੜਾ: ਇਹ ਪੁਨਹਾ ਛੰਦ ਦਾ ਹੀ ਨਾਮਾਂਤਰ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੧. ਮਾਤ੍ਰਾ, ਪਹਿਲਾ ਵਿਸ਼੍ਰਾਮ ੧੧. ਪੁਰ, ਜਗਣਾਂਤ, ਦੂਜਾ ੧੦. ਪੁਰ ਰਗਣਾਂਤ.

ਉਦਾਹਰਣ-

ਅਧਿਕ ਰੋਸ ਕਰ ਰਾਜ, ਪਖਰਿਯਾ ਧਾਵਹੀਂ,

ਰਾਮ ਰਾਮ ਬਿਨ ਸ਼ੰਕ, ਪੁਕਾਰਤ ਆਵਹੀਂ. × × ×

(ਰਾਮਾਵ)

੨. ਦੇਖੋ, ਵਹਿੜਾ.

ਬਹੜਾਇਚ: ਅਵਧ ਦੇ ਇਲਾਕੇ ਇੱਕ ਨਗਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਹੈ.

ਬਹੜਾ ਸੰਗੀਤ: ਦੇਖੋ, ਸੰਗੀਤ ਛੰਦ.

ਬਹਾ: ਅ਼. بہا ਸੰਗਯਾ- ਰੌਸ਼ਨੀ। ੨. ਰੌਨਕ। ੩. ਸੁੰਦਰਤਾ। ੪. ਫ਼ਾ. ਕੀਮਤ. ਮੁੱਲ. ਦੇਖੋ, ਬੇਬਹਾ.

ਬਹਾਉ: ਸੰਗਯਾ- ਵਹਣ ਦਾ ਭਾਵ. ਪ੍ਰਵਾਹ.

ਬਹਾਉਣਾ: ਕ੍ਰਿ- ਪ੍ਰਵਾਹਨ. ਪਾਣੀ ਦੇ ਵੇਗ ਵਿੱਚ ਰੁੜ੍ਹਾਉਣਾ. "ਆਪਿ ਡੁਬੇ ਚਹੁ ਬੇਦ ਮਹਿ, ਚੇਲੇ ਦੀਏ. ਬਹਾਇ." (ਸ. ਕਬੀਰ) ੨. ਬੈਠਾਉਣਾ.

ਬਹਾਘੀ: ਦੇਖੋ, ਬਹਿੰਗੀ। ੨. ਵਿ- ਵਹਾਉਣ ਵਾਲਾ. ਪ੍ਰਵਾਹ ਕਰਤਾ। ੩. ਫੈਂਕ ਦੇਣ ਵਾਲਾ. ਤ੍ਯਾਗੀ. "ਡਾਰ ਚਲੀ ਸਗਰੇ ਪਟ ਯੌਂ, ਜਨੁ ਡਾਰ ਚਲੀ ਸਭ ਲਾਜ ਬਹਾਘੀ." (ਕ੍ਰਿਸਨਾਵ) ਗੋਪੀਆਂ ਸਾਰੇ ਵਸਤ੍ਰ ਡਾਰਕੇ (ਸਿੱਟਕੇ) ਇਉਂ ਚੱਲੀਆਂ, ਮਾਨੋ ਕੁਲਲੱਜਾ ਤੇ ਤ੍ਯਾਗੀ ਸੰਨ੍ਯਾਸੀਆਂ ਦੀ ਡਾਰ (ਪੰਕ੍ਤਿ) ਚੱਲੀ ਹੈ. ਭਾਵ- ਨਾਂਗਿਆਂ ਦੀ ਡਾਰ ਚਲੀ ਜਾ ਰਹੀ ਹੈ.

ਬਹਾਦਰ, ਬਹਾਦੁਰ: ਫ਼ਾ. بہادر ਬਹਾ- ਦੁਰ ਚਮਕੀਲਾ ਮੋਤੀ। ੨. ਕੀਮਤੀ ਮੋਤੀ। ੩. ਉਤਸਾਹੀ. ਪਰਾਕ੍ਰਮੀ. ਸ਼ੂਰਵੀਰ.

ਬਹਾਦੁਰਸ਼ਾਹ: بہادر شاہ ਔਰੰਗਜ਼ੇਬ ਦਾ ਦੂਜਾ ਪੁਤ੍ਰ. ਜਿਸ ਦਾ ਜਨਮ ਬੁਰਹਾਨਪੁਰ ੪. ਅਕਤੂਬਰ ਸਨ ੧੬੪੩ ਨੂੰ ਹੋਇਆ. ਇਸ ਦਾ ਪਹਿਲਾ ਨਾਮ ਮੁਅ਼ੱਜ਼ਮ ਅਤੇ ਸ਼ਾਹ ਆ਼ਲਮ ਸੀ. ਇਹ ਸਨ ੧੭੦੭ ਵਿੱਚ ਦਿੱਲੀ ਦੇ ਤਖਤ ਪੁਰ ਬੈਠਾ, ਅਤੇ ਆਪਣਾ ਨਾਮ ਬਹਾਦੁਰਸ਼ਾਹ ਰੱਖਿਆ. ਇਸ ਦਾ ਬਹੁਤਾ ਸਮਾਂ ਦੱਖਣੀ ਰਿਆਸਤਾਂ ਬੀਜਾਪੁਰ ਗੋਲਕੰਡਾ ਦੇ ਵਿਰੁੱਧ ਲੜਦਿਆਂ ਗੁਜਰਿਆ. ਅੰਤ ਨੂੰ ਬੰਦੇਬਹਾਦੁਰ ਦੇ ਵੇਲੇ ਸਿੱਖਾਂ ਦਾ ਜੋਰ ਵਧਦਾ ਵੇਖਕੇ ਅਤੇ ਸਰਹਿੰਦ ਦੇ ਸੂਬੇ ਵਜ਼ੀਰਖ਼ਾਂਨ ਦਾ ਮਾਰਿਆ ਜਾਣਾ ਸੁਣਕੇ ਇਹ ਪੰਜਾਬ ਵੱਲ ਆਇਆ, ਪਰ ਦੇਸ਼ ਵਿੱਚ ਸ਼ਾਂਤੀ ਨਹੀਂ ਕਰ ਸਕਿਆ. ਬਹਾਦੁਰਸ਼ਾਹ ਦਾ ਦੇਹਾਂਤ ੧੮. ਫਰਵਰੀ ਸਨ ੧੭੧੨ (ਫੱਗੁਣ ਸੰਮਤ ੧੭੬੯) ਨੂੰ ਲਹੌਰ ਹੋਇਆ.

ਬਹਾਦੁਰਸ਼ਾਹ ਦੂਜਾ. ਦਿੱਲੀ ਦਾ ਅੰਤਿਮ ਮੁਗਲ ਬਾਦਸ਼ਾਹ, ਜੋ ਲਾਲਬਾਈ ਦੇ ਉਦਰ ਤੋਂ ਅਕਬਰਸ਼ਾਹ (੨) ਦਾ ਪੁਤ੍ਰ ਸੀ ਉਸ ਦਾ

ਜਨਮ ੨੪ ਅਕਤੂਬਰ ਸਨ ੧੭੭੫ ਨੂੰ ਹੋਇਆ. ਇਸ ਨੂੰ ਇਤਿਹਾਸਕਾਰਾਂ ਨੇ ਬਹਾਦੁਰਸ਼ਾਹ ਰੰਗੀਲਾ ਲਿਖਿਆ ਹੈ. ਸਨ ੧੮੫੭ ਦੇ ਗਦਰ ਵਿੱਚ ਇਸ ਦੀ ਸਾਜ਼ਿਸ਼ ਮਲੂਮ ਕਰਕੇ ਅੰਗ੍ਰੇਜ਼ੀ ਸਰਕਾਰ ਨੇ ਬਹਾਦੁਰਸ਼ਾਹ ਨੂੰ ਲੱਖ ਰੁਪਯਾ ਮਹੀਨਾ ਪੈਨਸ਼ਨ ਦੇ ਕੇ ਸਨ ੧੮੫੮ ਵਿੱਚ ਦਿੱਲੀ ਤੋਂ ਰੰਗੂਨ ਭੇਜ ਦਿੱਤਾ, ਜਿੱਥੇ ੭. ਨਵੰਬਰ ਸਨ ੧੮੬੨ ਨੂੰ ਉਸ ਦਾ ਦੇਹਾਂਤ ਹੋਇਆ. ਇਹ ਉੱਤਮ ਕਵੀ ਸੀ ਅਤੇ ਆਪਣਾ ਤਖ਼ੱਲੁਸ "ਜਫਰ" ਲਿਖਦਾ ਸੀ, ਯਥਾ- "ਜਿਸ ਕੀ ਤੁਝ ਕੋ ਜੁਸ੍ਤਜੂ ਹੈ ਵਹ ਤੁਝੀ ਮੇ ਹੈ ਜਫਰ। ਢੂੰਢਤਾ ਫਿਰ ਫਿਰਕੇ ਫਿਰ ਤੂ ਜਾਬਜਾ ਕਜਾ ਚੀਜ਼ ਹੈ?"

ਬਹਾਦੁਰਖ਼ਾਨ: ਮੁਖ਼ਲਿਸਖ਼ਾਨ ਸਰਦਾਰ ਦੇ ਅਧੀਨ ਇੱਕ ਫੌਜੀ ਉਹਦੇਦਾਰ, ਜੋ ਅਮ੍ਰਿਤਸਰ ਜੀ ਦੇ ਜੰਗ ਵਿੱਚ ਗੁਰੂ ਹਰਿਗੋਬਿੰਦ ਜੀ ਨਾਲ ਲੜਿਆ.

ਬਹਾਦੁਰਗੜ੍ਹ: ਸੈਫ਼ਖ਼ਾਨ (ਸੈਫ਼ੁੱਦੀਨ) ਸਰਦਾਰ ਦਾ ਵਸਾਇਆ ਨਗਰ ਅਤੇ ਕਿਲਾ "ਸੈਫ਼ਾਬਾਦ, ਜੋ ਪਟਿਆਲੇ ਤੋਂ ਚਾਰ ਕੋਹ ਉੱਤਰ ਪੂਰਵ ਹੈ. ਇੱਥੇ ਸੈਫ਼ਖ਼ਾਂ ਦਾ ਪ੍ਰੇਮ ਦੇਖਕੇ ਗੁਰੂ ਤੇਗਬਹਾਦੁਰ ਜੀ ਚੁਮਾਸਾ ਠਹਿਰੇ ਹਨ. ਗੁਰੂਸਾਹਿਬ ਦਾ ਪਵਿਤ੍ਰ ਅਸਥਾਨ ਇੱਕ ਕਿਲੇ ਅੰਦਰ, ਦੂਜਾ ਬਾਹਰ ਬਾਗ ਵਿੱਚ ਹੈ. ਗੁਰਦ੍ਵਾਰੇ ਨਾਲ ਪੰਜ ਸੌ ਘੁਮਾਉਂ ਜ਼ਮੀਨ ਅਤੇ ਨੌਂ ਸੌ ਰੁਪਯਾ ਤਜੋਹਾਰਾਂ ਦਾ ਰਿਆਸਤ ਪਟਿਆਲੇ ਵੱਲੋਂ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਗੁਰਦ੍ਵਾਰੇ ਦਾ ਪ੍ਰਬੰਧ ਰਿਆਸਤ ਦੇ ਹੱਥ ਹੈ. ਰਾਜਾ ਅਮਰਸਿੰਘ ਪਟਿਆਲਾਪਤਿ ਨੇ ਸਨ ੧੭੭੪ ਵਿੱਚ ਸੈਫਖ਼ਾਨ ਦੀ ਔਲਾਦ ਨੂੰ ਮਾਕੂਲ ਜਾਗੀਰ ਦੇਕੇ ਕਿਲੇ ਤੇ ਕਬਜਾ ਕੀਤਾ ਅਤੇ ਉਸ ਨੂੰ ਨਵੇਂ ਸਿਰੇ ਬਹੁਤ ਮਜਬੂਤ ਬਣਾਕੇ ਨਾਉਂ ਬਹਾਦੁਰਗੜ੍ਹ ਰੱਖਿਆ.

ਬਹਾਦੁਰਪੁਰ: ਦੇਖੋ, ਦੇਹਰਾਸਾਹਿਬ ਨੰ. ੨.

ਬਹਾਨਾ: ਦੇਖੋ, ਬਹਾਉਣਾ ੧। ੨. ਫ਼ਾ. بہانہ ਸੰਗਯਾ- ਹੀਲਾ. ਮਿਸ. ਵਲ੍ਹਾਉ. "ਕਿਆ ਕੋ ਕਰੈ ਬਹਾਨਾ." (ਬਿਲਾ ਮਃ ੩) ੩. ਨਿਮਿੱਤ ਹੇਤੁ. ਸਬਬ.

ਬਹਾਰ: ਫ਼ਾ. بہار ਸੰਗਯਾ- ਵਸੰਤਰਿਤੁ. ਹਰਿਆਵਲੀ ਅਤੇ ਫੁੱਲ ਖਿੜਨ ਦੀ ਮੌਸਮ. ਚੇਤ ਵੈਸਾਖ ਦਾ ਮਹੀਨਾ। ੨. ਫਸਲ. ਮੌਸਮ। ੩. ਆਨੰਦ. ਖ਼ੁਸ਼ੀ। ੪. ਵਸੰਤ ਰੁੱਤ ਦਾ ਗੀਤ.

ਬਹਾਲ: ਫ਼ਾ. بحال ਵਿ- ਜਿਉਂ ਕਾ ਤਿਉਂ. ਪਹਿਲੇ ਦੀ ਤਰਾਂ ਕਾਇਮ.

ਬਹਾਲਣਾ, ਬਹਾਲਨਾ: ਕ੍ਰਿ- ਬੈਠਾਉਣਾ. ਸ੍ਥਿਤ ਕਰਨਾ. "ਧਰਮਕਲਾ ਹਰਿ ਬੰਧਿ ਬਹਾਲੀ." (ਆਸਾ ਮਃ ੫)

ਬਹਾਲੀ: ਬੈਠਾਈ. ਦੇਖੋ, ਬਹਾਲਣਾ। ੩. ਫ਼ਾ. بحالی ਬਹ਼ਾਲੀ. ਸੰਗਯਾ- ਫਿਰ ਉਸੇ ਥਾਂ ਮੁਕ਼ੱਰਰ ਕੀਤੇ ਜਾਣ ਦੀ ਕ੍ਰਿਯਾ.

ਬਹਾਲੀਓਨੁ: ਸ੍ਥਿਤ ਕੀਤਾ ਹੈ. ਉਸ ਨੇ ਥਾਪਿਆ ਹੈ. "ਆਪਿ ਥਾਟਿ ਬਹਾਲੀਓਨੁ." (ਵਾਰ ਸੋਰ ਮਃ ੪)

ਬਹਾਵਲਹੱਕ, ਬਹਾਵਲਹ਼ੱਕ਼: بہاوالحق ਖ਼੍ਵਾਜਹ ਬਹਾਉਲਹ਼ੱਕ਼ ਮੁਲਤਾਨ ਦਾ ਇੱਕ ਪੀਰ, ਜੋ ਸਤਿਗੁਰੂ ਨਾਨਕਦੇਵ ਨਾਲ ਚਰਚਾ ਕਰਕੇ ਗੁਰਮਤ ਦਾ ਪ੍ਰੇਮੀ ਹੋਇਆ

ਬਹਾਵਲਪੁਰ: ਪੰਜਾਬ ਵਿੱਚ ਇੱਕ ਮੁਸਲਮਾਨੀਰਿਆਸਤ, ਜਿਸ ਦੀ ਰਾਜਧਾਨੀ ਬਹਾਵਲਪੁਰ ਹੈ. ਇਹ ਲਹੌਰੋਂ ੨੪੪ ਮੀਲ ਦੱਖਣ ਪੱਛਮ ਹੈ. ਇਸ ਦੇ ਰਈਸਾਂ ਦਾ ਨਿਕਾਸ ਸ਼ਿਕਾਰਪੁਰ ਸਿੰਧ ਤੋਂ ਹੈ. ਪ੍ਰਤਾਪੀ ਅੱਬਾਸੀ ਦਾਊਦ ਨੇ ਪੁਰੁਸ਼ਾਰਥ ਨਾਲ ਰਾਜ ਕਾਇਮ ਕੀਤਾ. ਜਿਸ ਦੀ ਵੰਸ਼ ਹੋਣ ਕਰਕੇ ਬਹਾਵਲ ਪੁਰੀਏ ਦਾਊਦਪੋਤ੍ਰੇ ਕਹਾਉਂਦੇ ਹਨ. ਦਾਊਦ ਦੇ ਪੋਤ੍ਰੇ ਬਹਾਵਲਖ਼ਾਨ ਨੇ ਬਾਹਵਲਪੁਰ ਨਗਰ ਸਨ ੧੭੪੮ ਵਿੱਚ ਵਸਾਇਆ ਹੈ.

ਬਹਾਵਲਪੁਰ ਕਾ ਰਕਬਾ ੧੫, ੦੦੦ ਵਰਗਮੀਲ ਹੈ. ਜਨ ਸੰਖ੍ਯਾ ੭੮੧, ੧੮੧ ਹੈ. ਸਨ ੧੮੩੩ ਵਿੱਚ ਰਿਆਸਤ ਬਹਾਵਲਪੁਰ ਸਰਕਾਰ ਅੰਗ੍ਰੇਜ਼ੀ ਦੀ ਰਖ੍ਯਾ ਵਿੱਚ ਆਈ ਹੈ. ਇਸ ਦਾ ਹੁਣ ਨੀਤਿ ਸੰਬੰਧ ਸਰਕਾਰ ਨਾਲ ਏ. ਜੀ. ਜੀ. ਪੰਜਾਬ ਸਟੇਟਸ ਦ੍ਵਾਰਾ ਹੈ. ਰਿਆਸਤ ਦਾ ਨੰਬਰ ਪੰਜਾਬ ਵਿੱਚ ਦੂਜਾ ਹੈ.

ਬਹਿ: ਕ੍ਰਿ. ਵਿ- ਬੈਠਕੇ. "ਬਹਿ ਸਖੀਆ ਜਸੁ ਗਾਵਹਿ." (ਵਾਰ ਸੋਰ ਮਃ ੪)

ਬਹਿਸ: ਦੇਖੋ, ਬਹਸ.

ਬਹਿਸ਼ਤ: ਫ਼ਾ. بہشت ਬਹਿਸ਼੍ਤ. ਸੰਗਯਾ- ਸ੍ਵਰਗ. ਅਮਰਲੋਕ.

ਬਹਿਸਤੁਲ ਨਿਵਾਸ: (ਜਾਪੁ) ਬਹਿਸ਼੍ਤ (ਸ੍ਵਰਗ) ਵਿੱਚ ਹੈ ਜਿਸ ਦਾ ਨਿਵਾਸ. ਵੈਕੁੰਠਵਾਸੀ. ਭਾਵ- ਆਨੰਦ ਵਿੱਚ ਵਸਣ ਵਾਲਾ.

ਬਹਿਸਾਏ: ਬਹਿਸ ਵਿੱਚ ਲਾਏ. ਝਗੜਾਏ.

ਬਹਿਸ਼੍ਤ: ਦੇਖੋ, ਬਹਿਸਤ.

ਬਹਿਕਾਉਣਾ, ਬਹਿਕਾਨਾ: ਦੇਖੋ, ਵਰਗੀਲਾਨੀਦਨ.

ਬਹਿਕ੍ਰਮ: ਸੰ. ਵਯਃ ਕ੍ਰਮ. ਸੰਗਯਾ- ਉਮਰ. ਅਵਸਥਾ. "ਥੋਰ ਬਹਿਕ੍ਰਮ ਬੁੱਧਿ ਬਿਸੇਖਾ." (ਪਾਰਸਾਵ) "ਜੋਬਨ ਬਹਿਕ੍ਰਮ." (ਸਹਸ ਮਃ ੫) ਯੁਵਾ ਅਵਸਥਾ. "ਕਾਨ੍ਹ ਬਹਿਕ੍ਰਮ ਥੋਰੀ ਤੁਮੈ." (ਕ੍ਰਿਸਨਾਵ)

ਬਹਿੰਗੀ, ਬਹਿੰਘੀ: ਸੰ. ਵਿਹੰਗਿਕਾ. ਸੰਗਯਾ- ਸਕੰਧਚਾਪ. ਕਹਾਰ ਆਦਿ ਨੇ ਕੰਨ੍ਹੇ ਪੁਰ ਰੱਖਿਆ ਲਚਕੀਲਾ ਧਨੁਖ ਆਕਾਰ ਦਾ ਡੰਡਾ, ਜਿਸ ਦੇ ਦੋਹੀਂ ਪਾਸੀਂ ਰੱਸੀ ਨਾਲ ਬੋਝ ਲੈ ਜਾਣ ਲਈ ਛਿੱਕੂ ਬੰਨ੍ਹੇ ਹੁੰਦੇ ਹਨ.

ਬਹਿਜਾਣਾ: ਕ੍ਰਿ- ਰੁੜ੍ਹ ਜਾਣਾ। ੨. ਕੰਮ ਕਰਨੋਂ ਰਹਿ ਜਾਣਾ. ਹਾਰ ਜਾਣਾ. "ਸੁਣੀਅਰ ਬਹਿਗਏ." (ਸ. ਫਰੀਦ) ੩. ਬੈਠ ਜਾਣਾ.

ਬਹਿਠ, ਬਹਿਠਾ, ਬਹਿਠੀ, ਬਹਿਠੁ: ਸੰ. ਅਵਹਿਤ. ਬੈਠਾ. ਬੈਠੀ. ਸ੍ਥਿਤ. "ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ." (ਸ. ਫਰੀਦ) "ਇਕੁ ਲਖੁ ਲਹਨਿ ਬਹਿਠੀਆ, ਲਖੁ ਲਹਨਿ ਖੜੀਆ." (ਆਸਾ ਅਃ ਮਃ ੧) "ਜਿਸੁ ਪਾਸਿ ਬਹਿਠਿਆ ਸੋਹੀਐ." (ਸਵਾ ਮਃ ੫)

ਬਹਿਣ: ਸੰਗਯਾ- ਭੈਣ. ਭਗਿਨੀ. "ਬਹਿਣ ਬਿਰ ਹਿ ਜਲਿਜਾਇ." (ਓਅੰਕਾਰ) ੨. ਦੇਖੋ, ਬਹਣ.

ਬਹਿਣਾ: ਕ੍ਰਿ- ਰੁੜ੍ਹਨਾ. ਪ੍ਰਵਾਹ ਵਿੱਚ ਵਹਣਾ। ੨. ਬੈਠਣਾ। ੩. ਥਕ ਜਾਣਾ.

ਬਹਿਣੋਈ: ਦੇਖੋ, ਬਹਿਨੋਈ.

ਬਹਿਨ: ਭੈਣ. ਭਗਿਨੀ. "ਸਗਲਿਆ ਕੀ ਹਉ ਬਹਿਨ ਭਾਨਜੀ." (ਆਸਾ ਕਬੀਰ)

ਬਹਿਨੋਈ: ਭਗਿਨੀਪਤਿ. ਭੈਣ ਦਾ ਪਤਿ. ਭਣੋਈਆ.

ਬਹਿਬਲ: ਫਰੀਦਕੋਟ ਦੇ ਰਾਜ ਵਿੱਚ ਥਾਣੇ ਕੋਟਕਪੂਰੇ ਦਾ ਇੱਕ ਪਿੰਡ. ਇਸ ਤੋਂ ਪੌਣ ਮੀਲ ਉੱਤਰ ਅਤੇ ਜੈਤੋਂ ਤੋਂ ਚਾਰ ਕੋਹ ਪੂਰਵ, ਗੁਰੂ ਗੋਬਿੰਦਸਿੰਘ ਸਾਹਿਬ ਦੇ ਗੁਰਦ੍ਵਾਰੇ ਦਾ ਨਾਮ "ਟਿੱਬੀਸਾਹਿਬ" ਹੈ. ਜਦ ਕਲਗੀਧਰ ਦਾ ਲਸ਼ਕਰ ਇੱਥੇ ਠਹਿਰਿਆ. ਤਦ ਪਿੰਡ ਦੇ ਲੋਕ ਗੁਰਸਿੱਖਾਂ ਦੇ ਕਈ ਜਥੇ ਬਣਾਕੇ ਆਪਣੇ ਘਰੀਂ ਪ੍ਰਸਾਦ ਛਕਾਉਣ ਲੈਗਏ. ਇੱਕ ਗਰੀਬ ਜਿਮੀਦਾਰ ਦੇ ਘਰ ਹੋਰ ਕੁਝ ਨਹੀਂ ਸੀ ਕੇਵਲ ਸੁੱਕੇ ਪੀਲੂ ਸਨ, ਉਹ ਉਬਾਲਕੇ ਸਿੱਖ ਨੂੰ ਛਕਾਏ. ਜਦ ਪ੍ਰਸਾਦ ਛਕ ਕੇ ਸਿੱਖ ਡੇਰੇ ਵਿਚ ਆਏ, ਤਦ ਗੁਰੂ ਸਾਹਿਬ ਨੇ ਸਭ ਤੋਂ ਪੁੱਛਿਆ ਕਿ ਕੀ ਕੀ ਪ੍ਰਸਾਦ ਛਕਿਆ ਹੈ? ਸਭ ਨੇ ਜੋ ਜੋ ਛਕਿਆ ਸੀ ਅਰਜ ਕੀਤਾ. ਪੀਲੂ ਛਕਣ ਵਾਲੇ ਮਲਿਆਗਰਸਿੰਘ ਪ੍ਰੇਮੀ ਨੇ ਆਖਿਆ ਕਿ ਮੈ ਛਤੀਹ ਪ੍ਰਕਾਰ ਦੇ ਭੋਜਨ ਛਕੇ ਹਨ. ਅੰਤ ਨੂੰ ਛਕਾਉਣ ਵਾਲੇ ਸਿੱਖ ਨੇ ਬੇਨਤੀ ਕੀਤੀ ਕਿ ਮੈਂ ਇਸ ਸੰਤੋਖੀ ਨੂੰ ਪੀਲੂ ਛਕਾਏ ਹਨ. ਦਸ਼ਮੇਸ਼ ਇਸ ਪੁਰ ਬਹੁਤ ਪ੍ਰਸੰਨ ਹੋਏ ਅਤੇ ਫਰਮਾਇਆ-

"ਸਿਖ ਢਿਗ ਹੋਇ ਅਚਾਵਹਿ ਨਾਹੀ,

ਤੌ ਦੂਖਨ ਜਾਨਹੁ ਤਿਸ ਮਾਹੀਂ।

ਨਿਰਧਨ ਸਿਖ ਤੇ ਜਾਚਹਿ ਨੀਕਾ,

ਦੋਸ ਲਖਹੁ ਅਚਵਹਿ ਤਿਸਹੀ ਕਾ ॥" (ਗੁਪ੍ਰਸੂ)

ਬਹਿਰ: ਦੇਖੋ, ਬਹਰ। ੨. ਸੰ. ਵਹਿਰ. (ਵਹਿਸ) ਕ੍ਰਿ. ਵਿ- ਬਾਹਰ। ੩. ਬਿਨਾ। ੪. ਸੰਗਯਾ- ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਥਾਣਾ ਭਵਾਨੀਗੜ੍ਹ ਵਿੱਚ ਇੱਕ ਪਿੰਡ, ਇਸ ਤੋਂ ਪੱਛਮ ਵੱਲ ਕੋਲ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ, ਜੋ ਚੰਗਾ ਬਣਿਆ ਹੋਇਆ ਹੈ. ਨਾਲ ੫੦ ਵਿੱਘੇ ਜ਼ਮੀਨ ਰਿਆਸਤ ਵੱਲੋਂ ਹੈ. ਪੁਜਾਰੀ ਸਿੰਘ ਹੈ. ਰੇਲਵੇ ਸਟੇਸ਼ਨ ਕੈਥਲ ਤੋਂ ਦਸ ਮੀਲ ਦੇ ਕ਼ਰੀਬ ਉੱਤਰ ਹੈ.

ਬਹਿਰਜੱਖ: ਸੰ. ਵਹਿਯੰਕ. ਮਹਾਭਾਰਤ ਵਿੱਚ ਲਿਖਿਆ ਹੈ ਕਿ ਕੈਰਵ ਪਾਂਡਵਾਂ ਨੇ ਕੁਰੁਕ੍ਸ਼ੇਤ੍ਰ ਦੇ ਯੁੱਧ ਸਮੇਂ ਚਾਰੇ ਪਾਸੇ ਚਾਰ ਯਕ੍ਸ਼ ਦੇਵਤੇ ਇਸ ਲਈ ਪਹਿਰੇ ਤੇ ਖੜੇ ਕੀਤੇ ਕਿ ਜੋ ਮੈਦਾਨੋਂ ਭੱਜੇ, ਉਸ ਨੂੰ ਫੜਕੇ ਜੰਗ ਦੇ ਮੈਦਾਨ ਵਿੱਚ ਸਿੱਟ ਦੇਣ. ਇੱਕ ਯਕ੍ਸ਼ ਦੇ ਠਹਿਰਣ ਦੇ ਥਾਂ ਉੱਪਰ ਵਸਿਆ ਹੋਇਆ ਇਸੇ ਨਾਮ ਦਾ ਇੱਕ ਪਿੰਡ, ਜੋ ਕੁਰੁਕ੍ਸ਼ੇਤ੍ਰ ਭੂਮਿ ਵਿੱਚ ਸਰਸ੍ਵਤੀ ਦੇ ਕਿਨਾਰੇ ਹੈ. ਗੁਰੂ ਤੇਗਬਹਾਦੁਰ ਸਾਹਿਬ ਇਸ ਪਿੰਡ ਦੇ ਪ੍ਰੇਮੀ ਤਖਾਣ ਸਿੰਘ ਦੇ ਘਰ ਤਿੰਨ ਦਿਨ ਵਿਰਾਜੇ ਹਨ. ਇਹ ਰਾਜ ਪਟਿਆਲੇ ਵਿੱਚ ਹੈ.

ਬਹਿਰ ਤਵੀਲ: ਤਵੀਲ ਛੰਦ ਦੀ ਬਹਰ (ਚਾਲ). ਫ਼ਾਰਸੀ ਅਤੇ ਪੁਸ਼ਤੋ ਵਿੱਚ ਤਿਲੰਗ ਰਾਗ ਦੇ ਲੰਮੇ ਗੀਤ ਖ਼ਾਸ ਕਰਕੇ ਇਸ ਨਾਮ ਤੋਂ ਪ੍ਰਸਿੱਧ ਹਨ. ਗਜਾਨ- ਪ੍ਰਬੋਧ ਵਿੱਚ "ਬਹਿਰ ਤਵੀਲ ਪਸਚਮੀ" (ਸਿਰਲੇਖ ਹੇਠ ੧੯. ਛੰਦਾਂ ਦਾ ਸਤੋਤ੍ਰ ਹੈ. ਇਸ ਵਿੱਚ ਪੱਛਮੀ ਬੋਲੀ ਨਹੀਂ, ਪਰ ਪੁਸ਼ਤੋ ਦੇ ਗੀਤ ਦਾ ਵਜ਼ਨ ਅਤੇ ਗਾਉਣ ਦਾ ਧਾਰਨਾ ਅਨੁਸਾਰ ਰਚਿਆ ਹੈ, ਇਸ ਕਾਰਣ ਇਹ ਸੰਗਯਾ ਹੈ. ਇਸ ਛੰਦ ਦਾ ਰੂਪ ਹੈ- ਪ੍ਰਤਿ ਚਰਣ ਇੱਕ ਸਗਣ, ਦੋ ਲਘੁ, ||S, |, |. ਇਸ ਦਾ ਨਾਮ "ਨਾਯਕ" ਭੀ ਹੈ.

ਉਦਾਹਰਣ-

ਕਿ ਅਗੰਜਸ। ਕਿ ਅਭੰਜਸ।

ਕਿ ਅਰੂਪਸ। ਕਿ ਅਗੰਜਸ ॥ (ਗਜਾਨ)

ਦੇਖੋ, ਤਵੀਲ.

ਬਹਿਰਮੁਖ: ਸੰ. ਵਹਿਮੁੱਖ. ਵਿ- ਵਿਮੁਖ. ਜਿਸ ਦਾ ਮੁਖ ਬਾਹਰ ਵੱਲ ਹੈ। ੨. ਜਿਸ ਦਾ ਧਿਆਨ ਦੂਜੇ ਪਾਸੇ ਹੈ। ੩. ਜਿਸ ਦੀ ਲਗਨ ਬਾਹਿਰ ਦੇ ਵਿਸ਼ਿਆਂ ਵੱਲ ਹੈ.

ਬਹਿਰਲਾਪਿਕਾ: ਦੇਖੋ, ਪ੍ਰਹੇਲਿਕਾ.

ਬਹਿਰਾ: ਦੇਖੋ, ਬਹਰਾ। ੨. ਅੰ. Bearer ਦਾ ਅਪਭ੍ਰੰਸ਼, ਕੱਪੜੇ ਪਹਿਰਾਉਣ ਵਾਲਾ ਨਫ਼ਰ. ਸਰਦਾਰ ਦਾ ਸਾਮਾਨ ਚੁੱਕਣ ਵਾਲਾ ਸੇਵਕ.

ਬਹਿਰੀ: ਦੇਖੋ, ਬਹਰੀ.

ਬਹਿਰੰਗ: ਦੇਖੋ, ਵਹਿਰੰਗ.

ਬਹਿਲ: ਦੇਖੋ, ਬਹਲ.

ਬਹਿਲੋ ਭਾਈ: ਮਾਲਵਾ ਦੇਸ਼ ਦੇ ਫਫੜੇ ਪਿੰਡ ਦਾ ਵਸ਼ਨੀਕ ਸੰਧੂ ਜੱਟ, ਜੋ ਸੁਲਤਾਨ ਦਾ ਭਗਤ ਸੀ, ਸੰਮਤ ੧੬੬੦ ਵਿੱਚ ਇਹ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਕਰਤਾਰ ਦਾ ਉਪਾਸਕ ਬਣਿਆ. ਇਸ ਨੇ ਅੰਮ੍ਰਿਤਸਰ ਜੀ ਦੇ ਤਾਲ ਅਤੇ ਹਰਿਮੰਦਿਰ ਬਣਨ ਸਮੇਂ ਵਡੀ ਸੇਵਾ ਕੀਤੀ. ਭਾਈ ਬਹਿਲੋ ਦਾ ਜਨਮ ਸੰਮਤ ੧੬੪੦ ਅਤੇ ਦੇਹਾਂਤ ਸੰਮਤ ੧੭੦੦ ਵਿੱਚ ਹੋਇਆ ਹੈ. ਭਾਈ ਬਹਿਲੋ ਦੀ ਵੰਸ਼ ਦੇ ਭਾਈਕੇ ਕਹੇ ਜਾਂਦੇ ਹਨ. ਦੇਖੋ, ਫਫੜੇ ਭਾਈ ਕੇ.

ਬਹਿਲੋਲ: ਦੇਖੋ, ਬਹਲੋਲ.

ਬਹਿਲੋਲ ਭਾਈ: ਪਿੰਡ "ਕਾਦੀਵਿੰਡ" ਜਿਲਾ ਲਹੌਰ, ਤਸੀਲ ਥਾਣਾ ਕੁਸੂਰ ਤੋਂ ਪੂਰਵ ਵੱਲ ਦੋ ਫਰਲਾਂਗ ਦੇ ਕਰੀਬ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਜਦੋਂ ਕੁਸੂਰ ਆਏ "ਝਾੜੀ ਸਾਹਿਬ" ਠਹਿਰੇ ਹੋਏ ਸਨ, ਤਦੋਂ ਦੀਵਾਨ ਚੰਦ ਦਿੱਲੀ ਵਾਲੇ ਨੇ ਆਕੇ ਬੇਨਤੀ ਕੀਤੀ ਕਿ ਪਾਤਸ਼ਾਹ, ਮੇਰੇ ਧਨ ਨਾਲ ਕੋਈ ਯਾਦਗਾਰ ਕਾਇਮ ਕਰਾ ਦਿਓ, ਤਾਕਿ ਇਸ ਦੁਨੀਆਂ ਵਿੱਚ ਮੇਰਾ ਨਾਮ ਬਣਿਆ ਰਹੇ. ਉਸ ਦੀ ਭਾਵਨਾ ਅਨੁਸਾਰ ਗੁਰੂ ਜੀ ਨੇ ਇੱਕ ਤਾਲਾਬ ਅਤੇ ਪਾਸ ਪੱਕੇ ਰਹਾਇਸ਼ੀ ਮਕਾਨ ਬਣਵਾਏ. ਇਹ ਜ਼ਮੀਨ ਦੋ ਸੌ ਵਿੱਘੇ ਭਾਈ ਬਹਿਲੋਲ "ਕਾਦੀਵਿੰਡ" ਵਾਲੇ ਦੀ ਸੀ. ਜੋ ਉਸ ਨੇ ਸਾਰੀ ਗੁਰੂ ਜੀ ਨੂੰ ਅਰਪਣ ਕਰ ਦਿੱਤੀ. ਇੱਥੇ ਹੀ ਭਾਈ ਬਹਿਲੋਲ ਦੀ ਸਮਾਧ ਬਣਾਈ ਗਈ. ਇਸ ਗੁਰਦ੍ਵਾਰੇ ਦਾ ਪੁਜਾਰੀ ਉਦਾਸੀ ਹੈ. ਸਰਾਧਾਂ ਦੀ ਸੱਤਮੀ ਨੂੰ ਮੇਲਾ ਲਗਦਾ ਹੈ.

ਬਹਿੜਵਾਲ: ਦੇਖੋ, ਬੈਹੜਵਾਲ.

ਬਹੀ: ਸੰਗਯਾ- ਹਿਸਾਬ ਦੀ ਕਿਤਾਬ. ਸਹੀ। ੨. ਪਠਾਣਾਂ ਦੀ ਇੱਕ ਜਾਤਿ, ਜਿਸ ਦੇ ਬਾਰਾਂ ਪਿੰਡ ਹੁਸ਼ਿਆਰਪੁਰ ਦੇ ਜਿਲੇ ਵਿੱਚ ਹਨ। ੩. ਵਿ- ਰੁੜ੍ਹੀ. ਪ੍ਰਵਾਹ ਹੋਈ. "ਦੁਰਮਤਿ ਜਾਤ ਬਹੀ." (ਸਾਰ ਮਃ ੫) ੪. ਦੇਖੋ, ਵਹੀ.

ਬਹੀਆਂ: ਵਹਨ (ਲੈ ਜਾਣ) ਵਾਲੀਆਂ. ਬਾਂਸ ਦੀਆਂ ਲਚਕੀਲੀਆਂ ਬਾਹੀਆਂ, ਜਿਨ੍ਹਾਂ ਨਾਲ ਬੋਝ ਚੱਕਕੇ ਉਤਾਰਿਆ ਅਤੇ ਚੜ੍ਹਾਇਆ ਜਾਂਦਾ ਹੈ. "ਨਉ ਬਹੀਆਂ ਦਸ ਗੋਨਿ ਆਹਿ." (ਬਸੰ ਕਬੀਰ) ਨਉਂ ਸ਼ਰੀਰ ਦੇ ਦ੍ਵਾਰ ਬਹੀਆਂ, ਅਤੇ ਦਸ ਗੂਣਾਂ ਦਸ ਪ੍ਰਾਣ.

ਬਹੀਰ: ਸੰਗਯਾ- ਜਾਂਦੇ ਹੋਏ ਲੋਕਾਂ ਦੀ ਭੀੜ. ਗਮਨ ਕਰਦੇ ਹੋਏ ਜਨ ਸਮੁਦਾਯ. "ਪਾਛੇ ਪਰੀ ਬਹੀਰ." (ਸ. ਕਬੀਰ) ੨. ਵਿਚਰਣ ਵਾਲਾ ਟੋਲਾ, ਜੋ ਇੱਕ ਥਾਂ ਨ ਵਸੇ.

ਬਹੀਰੀਆ: ਵਿ- ਵਿਚਰਣ ਵਾਲੇ ਜਥੇ ਨਾਲ ਹੈ ਜਿਸ ਦਾ ਸੰਬੰਧ.

ਬਹੁ: ਸੰ. ਵਿ- ਬਹੁਤ. ਅਨੇਕ. "ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢੰਢੋਲਿ." (ਸੁਖਮਨੀ)

ਬਹੁਸੰਮਤਿ: ਸੰਗਯਾ- ਬਹੁਤਿਆਂ ਦੀ ਰਾਇ। ੨. ਬਹੁਤਿਆ ਦੀ ਰਾਇ ਦਾ ਏਕਾ.

ਬਹੁਸ਼੍ਰੁਤ: ਵਿ- ਜਿਸ ਨੇ ਬਹੁਤ ਸੁਣਿਆ ਹੈ. ਅਨੇਕ ਗ੍ਰੰਥ ਸ਼ਾਸਤ੍ਰ ਅਤੇ ਵਿਦ੍ਵਾਨਾਂ ਦੇ ਵਚਨ ਜਿਸ ਨੇ ਸੁਣੇ ਹਨ.

ਬਹੁਹਿਰਹਿ: ਬੁਹਾਰਦੇ ਹਨ. ਬੁਹਾਰੀ (ਝਾੜੂ) ਦਿੰਦੇ ਹਨ. "ਕੋਟਿਕ ਪਾਪ ਪੁੰਨ ਬਹੁਹਿਰਹਿ." (ਭੈਰ ਅਃ ਕਬੀਰ) ਕਰੋੜਾਂ ਹੀ ਵਿਧਿ ਨਿਖੇਧ. ਕਰਮ ਜਿਸ ਦੇ ਝਾੜੂਬਰਦਾਰ ਹਨ.

ਬਹੁਕਰ: ਸੰ. ਝਾੜੂ ਦੇਣ ਵਾਲਾ. ਸੰਬਰਣ ਵਾਲਾ। ੨. ਉੱਠ. ਸ਼ੁਤਰ। ੩. ਵਿ- ਬਹੁਤ ਕਰਨ ਵਾਲਾ.

ਬਹੁਕਰੀ: ਸੰ. ਝਾੜੂ. ਬੁਹਾਰੀ.

ਬਹੁਜਾਈ: ਦੇਖੋ, ਖਤ੍ਰੀ.

ਬਹੁਟਾ: ਸੰਗਯਾ- ਬਾਹੁ ਕਟਕ (ਕੜਾ). ਭੁਜਾ ਪੁਰ ਪਹਿਰਣ ਦਾ ਗਹਿਣਾ. ਭੁਜਬੰਦ. ਅੰਗਦ.

ਬਹੁਟੀ: ਸੰ. ਵਧੂਟੀ. ਸੰਗਯਾ- ਵਧੂ. ਬਹੂ. ਵਹੁਟੀ. ਭਾਰਯਾ। ੨. ਨੂੰਹ. ਪੁਤ੍ਰਵਧੂ.

ਬਹੁਤ, ਬਹੁਤਾ, ਬਹੁਤੁ, ਬਹੁਤੇਰਾ: ਵਿ- ਸੰ. ਬਹੁਤਰ. ਬਹੁਤ ਜਾਦਾ. ਬਹੁਤ. ਸਹਿਤ. "ਬਹੁਤਾ ਕਹੀਐ ਬਹੁਤਾ ਹੋਇ." (ਜਪੁ) "ਸਾਧ ਬਹੁਤੇਰੇ ਡਿਠੇ." (ਸਵੈਯੇ ਮਃ ੩. ਕੇ) "ਬਹੁਤੁ ਸਿਆਣਪ ਲਾਗੈ ਧੂਰਿ." (ਆਸਾ ਮਃ ੧) ੨. ਬਾਣੀਏ ਤੋਲਣ ਵੇਲੇ ਤਿੰਨ ਕਹਿਣ ਦੀ ਥਾਂ "ਬਹੁਤੇ" ਸ਼ਬਦ ਦਾ ਬਰਤਾਉ ਕਰਦੇ ਹਨ.

ਬਹੁਤੋ ਬਹੁਤ: ਵਿ- ਬਹੁਤ ਤੋਂ ਬਹੁਤ. ਅਧਿਕ ਤਰ. ਦੇਖੋ, ਬਹੁਤ.

ਬਹੁਦਰਸੀ: ਸੰ. ਬਹੁਦਰ੍ਸ਼ਿਨ. ਵਿ- ਜਿਸ ਨੇ ਬਹੁਤ ਦੇਖਿਆ ਹੈ। ੨. ਸੰਗਯਾ- ਉਹ ਪੁਰਖ, ਜਿਸ ਨੇ ਜ਼ਮਾਨੇ ਦੇ ਰੰਗ ਅਤੇ ਦੇਸ਼ ਵਿਚਾਰ ਨਾਲ ਦੇਖੇ ਹਨ. ਬਹੁਤ ਜਾਣਨ ਵਾਲਾ.

ਬਹੁਧਾ: ਸੰ. ਕ੍ਰਿ ਵਿ- ਅਨੇਕ ਪ੍ਰਕਾਰ ਕਰਕੇ. ਬਹੁਤ ਤਰਹਿ। ੨. ਅਕਸਰ. ਬਹੁਤ ਕਰਕੇ.

ਬਹੁਪ੍ਰਜ: ਸੰਗਯਾ- ਬਹੁਤੀ ਔਲਾਦ ਵਾਲਾ, ਸੂਰਜ। ੨. ਵਿ- ਜਿਸ ਦੇ ਬਹੁਤ ਬਾਲ ਬੱਚੇ ਹਨ.

ਬਹੁਬਾਹੀ, ਬਹੁਬਾਹੁ: ਵਿ- ਬਹੁਤੀਆਂ ਬਾਹਾਂ ਵਾਲਾ. ਭਾਵ- ਜਿਸ ਦੇ ਸਹਾਇਕ ਬਹੁਤੇ ਹਨ. "ਬਹੁਬਾਹੀ ਅਰੁ ਧਨੀ ਮਹਾਨਾ." (ਗੁਪ੍ਰਸੂ) ੨. ਸੰਗਯਾ- ਰਾਵਣ, ਜਿਸ ਦੀਆਂ ਬੀਸ ਬਾਹਾਂ ਲਿਖਿਆਂ ਹਨ। ੩. ਸਹਸ੍ਰਵਾਹੁ. ਕਾਰ੍ਤਿਕੇਯ ਅਰਜੁਨ.

ਬਹੁਭਤ, ਬਹੁਭਿਤ: ਬਹੁ- ਭਾਂਤ ਬਹੁ ਵਿਧ. ਅਨੇਕ ਪ੍ਰਕਾਰ. "ਕੀਨ ਬਹੁਭਤ ਜੰਗ ਦਾਰੁਣ." (ਸਲੋਹ) "ਆਪੇ ਹੋਇਓ ਇਕ, ਆਪੇ ਬਹੁਭਤਿਆ." (ਵਾਰ ਰਾਮ ੨. ਮਃ ੫)

ਬਹੁਰ: ਕ੍ਰਿ. ਵਿ- ਬਹੁਰਿ. ਪੁਨਃ ਫਿਰ। ੨. ਇਸ ਪਿੱਛੋਂ. ਅਨੰਤਰ.

ਬਹੁ ਰਸੁਨਥੇ: ਬਹੁਤੀਆਂ ਰਸਨਾਂ ਵਾਲੇ. ਭਾਵ ਸ਼ੇਸ਼ਨਾਗ. "ਰਸਨਾ ਏਕ ਜਸੁ ਗਾਇ ਨ ਸਾਕੈ, ਬਹੁ ਕੀਜੈ ਬਹੁ ਰਸੁਨਥੇ." (ਕਲਿ ਮਃ ੪) ਸਾਨੂੰ ਬਹੁਤੇ ਸ਼ੇਸ਼ਨਾਗ ਰੂਪ ਬਣਾ ਦਿਓ.

ਬਹੁਰਨਾ: ਕ੍ਰਿ- ਬਹੁਰ- ਆਨਾ. ਮੁੜਨਾ. ਲੋਟਣਾ। ੨. ਫਿਰ ਮਿਲਣਾ.

ਬਹੁਰਾ: ਇਸ ਦਾ ਉੱਚਾਰਣ ਬਹੋਰਾ ਅਤੇ ਵਹੁਰਾ ਭੀ ਹੈ. ਮਾਰਵਾੜੀ ਬ੍ਰਾਹਮਣਾਂ ਦੀ ਇੱਕ ਜਾਤਿ, ਜੋ ਸੱਰਾਫ਼ ਦਾ ਕੰਮ ਕਰਦੀ ਹੈ। ੨. ਵਪਾਰ ਕਰਨ ਵਾਲੀ ਇੱਕ ਵੈਸ਼ਜ ਜਾਤਿ। ੩. ਬੰਬਈ ਹਾਤੇ ਵਿੱਚ ਹਿੰਦੂਆਂ ਤੋਂ ਮੁਸਲਮਾਨ ਹੋਇ ਇੱਕ ਜਾਤਿ.

ਬਹੁਰਾਇਓ: ਮੋੜਿਆ. ਵਾਪਿਸ ਕੀਤਾ. ਦੇਖੋ, ਬਹੁਰਨਾ. "ਤ੍ਰਿਯ ਨ੍ਰਿਪ ਕੋ ਬਹੁਰਾਇਓ ਐਸੋ ਚਰਿਤ ਬਨਾਇ." (ਚਰਿਤ੍ਰ ੯੧)

ਬਹੁਰਿ: ਮੁੜ. ਫੇਰ. ਦੇਖੋ, ਬਹੁਰ. "ਬਹੁਰਿ ਉਸ਼ ਕਾ ਬਿਸਵਾਸ ਨਾ ਹੋਵੈ." (ਸੁਖਮਨੀ)

ਬਹੁਰਿਯਾ, ਬਹੁਰੀ, ਬਹੁਰੀਆ: ਸੰਗਯਾ- ਵਧੂਟਿਕਾ. ਵਧੂਟੀ. ਵਹੁਟੀ. ਭਾਰਯਾ. "ਹਰਿ ਮੇਰੋ ਧਿਰੁ. ਹਉ ਹਰਿ ਕੀ ਬਹੁਰੀਆ." (ਆਸਾ ਕਬੀਰ) "ਮਹਾਂਨੰਦ ਮੁਰਦਾਰ ਕੀ ਹੁਤੀ ਬਹੁਰਿਯਾ ਏਕ." (ਚਰਿਤ੍ਰ ੪) ੨. ਨੂੰਹ. ਸ੍ਨੁਖਾ. ਪੁਤ੍ਰਵਧੂ.

ਬਹੁਰੂਪਿ, ਬਹੁਰੂਪੀਆ: ਸੰ. ਬਹੁਰੂਪਿਨ. ਵਿ- ਅਨੇਕ ਰੂਪ ਬਣਾਉਣ ਵਾਲਾ। ੨. ਅਨੇਕ ਸ਼ਕਲ ਦਾ. "ਇਕ ਸਬਦੀ ਬਹੁਰੂਪਿ ਅਵਧੂਤਾ." (ਸ੍ਰੀ ਅਃ ਮਃ ੫) ੩. ਸੰਗਯਾ- ਨਕਲੀਆਂ. ਸ੍ਵਾਂਗੀ. "ਸਰਬ ਸ਼ਾਸਤ੍ਰ ਬਹੁਰੂਪੀਆ." (ਮਲਾ ਨਾਮਦੇਵ)

ਬਹੁਰੋ: ਦੇਖੋ, ਬਹੁਰ.

ਬਹੁਰੰਗੀ: ਵਿ- ਅਨੇਕ ਰੰਗ ਦਿਖਾਉਣ ਵਾਲਾ। ੨. ਅਨੇਕ ਰੂਪ ਧਾਰਨ ਵਾਲਾ। ੩. ਮਨਮੌਜੀ.

ਬਹੁਲ: ਸੰ. ਵਿ- ਅਧਿਕ. ਬਹੁਤ. ਜ਼ਜਾਦਾ। ੨. ਸੰਗਯਾ- ਆਕਾਸ਼। ੩. ਅਗਨਿ। ੪. ਮਹੀਨੇ ਦਾ ਹਨ੍ਹੇਰਾ ਪੱਖ। ੫. ਸ਼ਿਵ. ਮਹਾਦੇਵ.

ਬਹੁਲਦਿਨ: ਮਹੀਨੇ ਦੇ ਅੰਧੇਰੇ ਪੱਖ ਦੇ ਦਿਨ. ਇਸੇ ਦਾ ਸੰਖੇਪ. "ਬਦਿ" ਹੈ. ਜਿਸ ਤੋਂ ਵਿਗੜਕੇ ਵਦੀ ਬਣ ਗਿਆ ਹੈ.

ਬਹੁਲਾਂਤਕ: ਸੰਗਯਾ- ਬਹੁਤਿਆਂ ਦਾ ਅੰਤ ਕਰਨ ਵਾਲਾ, ਤੀਰ. (ਸਨਾਮਾ)

ਬਹੁਲੋ: ਦੇਖੋ, ਬਹੁਰ। ੨. ਬਾਹੁਲਜਤਾ ਸਹਿਤ. ਬਹੁਤਾ. ਅਧਿਕ. ਦੇਖੋ, ਬਹੁਲ ੧.

"ਬਹੁਲੋ ਕ੍ਰਿਪਾਲਾ." (ਸਹਸ ਮਃ ੫) ਵਡਾ ਮਿਹਰਬਾਨ.

ਬਹੁਵਚਨ: ਸੰਗਯਾ- ਇੱਕ ਤੋਂ ਅਧਿਕ ਦਾ ਗਯਾਨ ਕਰਾਉਣ ਵਾਲਾ ਸ਼ਬਦ. ਜਮਾਂ ਦਾ ਸੀਗ਼ਾ (Plural). ਜੈਸੇ- ਇੱਕ ਵਚਨ

ਦੇਵਤਾ ਦਾ ਬਹੁਵਚਨ ਦੇਵਤੇ.

ਬਹੁਵ੍ਰੀਹਿ: ਸੰ. ਵਿ- ਬਹੁਤੇ ਵ੍ਰੀਹਿ (ਚਾਉਲਾਂ) ਵਾਲਾ। ੨. ਅਨੇਕ ਧਾਨਾਂ ਵਾਲਾ। ੩. ਸੰਗ੍ਯਾ- ਵ੍ਯਾਕਰਣ ਦੇ ਛੀ ਸਮਾਸਾਂ ਵਿੱਚੋਂ ਇੱਕ ਸਮਾਸ, ਜੋ ਕਈ ਸ਼ਬਦਾਂ ਨੂੰ ਮਿਲਾਕੇ ਇੱਕ ਪਦ ਬਣਾਉਂਦਾ ਹੈ, ਜੋ ਵਿਸ਼ੇਸ਼ਣ ਰੂਪ ਹੁੰਦਾ ਹੈ, ਜੈਸੇ- ਪਦਦਲਿਤ, ਭਯਭੀਤ, ਪੀਤਮੁਖ, ਸ਼ਤ੍ਰੁਸੇਨਾਧਿਪ ਆਦਿ.

ਬਹੁੜ: ਦੇਖੋ, ਬਹੁਰ। ੨. ਦੇਖੋ, ਬਹੁਤ.

ਬਹੁੜਨਾ: ਦੇਖੋ, ਬਹੁਰਨਾ। ੨. ਬਾਹੁ ਫੜਨਾ. ਭੁਜਾ ਫੜਨੀ. ਸਹਾਇਕ ਹੋਣਾ. ਦੇਖੋ, ਬਾਹੁੜਨਾ.

ਬਹੁੜਿ: ਫਿਰ. ਪੁਨਹ. ਦੇਖੋ, ਬਹੁਰ. "ਬਹੁੜਿ ਨ ਸੰਕਟ ਦੁਆਰਾ." (ਟੋਡੀ ਮਃ ੫) ੨. ਅਨੇਕ. ਨਾਨ੍ਹਾ. "ਬਹੁੜਿ ਬਿਧੀ ਨ ਧਾਵਾ." (ਬਿਲਾ ਛੰਤ ਮਃ ੫)

ਬਹੂ: ਵਧੂ. ਵਹੁਟੀ. "ਦਿਨ ਦਸ ਪਾਂਚ ਬਹੂ ਭਲੇ ਆਈ." (ਆਸਾ ਕਬੀਰ)

ਬਹੂਦਕ: ਸੰਗ੍ਯਾ- ਸੰਨ੍ਯਾਸੀ ਦਾ ਇੱਕ ਭੇਦ, ਜੋ ਉਦਕ (ਪਾਣੀ ਦੇ ਘਾਟ ਅਤੇ ਨਦੀ ਤਾਲਾਂ) ਦੇ ਕਿਨਾਰੇ ਭਿਖ੍ਯਾ ਮੰਗਦਾ ਹੈ.

ਬਹੇਰਾ: ਦੇਖੋ, ਬਹੇੜਾ. "ਤਜਤ ਬਹੇਰਾ ਛਾਂਹ ਸਭ ਗਹਿਤ ਆਮ ਕੀ ਆਨ." (ਵ੍ਰਿੰਦ)

ਬਹੇਲ: ਬਹੁਤਿਆਂ ਨੂੰ ਧਾਰਣ ਵਾਲੀ ਇਸਤ੍ਰੀ. ਦੁਰਾਚਾਰਿਣੀ. ਵਹੇਲੀ.

ਬਹੇਲਾ: ਦੇਖੋ, ਵਹੇਲਾ.

ਬਹੇੜਾ: ਸੰ. ਬਹੇਟਕ ਅਤੇ ਵਿਭੀਤਕ. ਅ਼. بلیلہ ਬਲੇਲਾ. L. Terminalia Bellerica ਸੰਗ੍ਯਾ- ਇੱਕ ਵੱਡੇ ਉੱਚੇ ਕੱਦ ਦਾ ਬਿਰਛ, ਜਿਸ ਨੂੰ ਬੇਰ ਜੇਹੇ ਫਲਾਂ ਦੇ ਗੁੱਛੇ ਲਗਦੇ ਹਨ. ਬਹੇੜਾ ਤ੍ਰਿਫਲੇ ਵਿੱਚ ਪੈਂਦਾ ਹੈ, ਵੈਦ੍ਯਕ ਵਿੱਚ ਬਹੇੜਾ ਕਫ ਪਿੱਤ ਨਾਸ਼ਕ ਅਤੇ ਨੇਤ੍ਰਾਂ ਲਈ ਹਿਤਕਾਰੀ ਮੰਨਿਆ ਹੈ. ਇਸ ਦੇ ਫਲਾਂ ਦਾ ਛਿਲਕਾ ਚਮੜੇ ਦੀ ਰੰਗਾਈ ਲਈ ਭੀ ਵਰਤੀਦਾ ਹੈ. ਬਹੁਤ ਲੋਕਾਂ ਦਾ ਵਿਸ਼੍ਵਾਸ ਹੈ ਕਿ ਬਹੇੜੇ ਵਿੱਚ ਭੂਤ ਨਿਵਾਸ ਕਰਦੇ ਹਨ. ਇਸੇ ਲਈ ਸੰਸਕ੍ਰਿਤ ਵਿੱਚ ਇਸ ਦਾ ਨਾਮ ਭੂਤਵਾਸ ਹੈ. ਦੇਖੋ, ਬਹੇਰਾ.

ਬਹੈ: ਵਹਨ ਕਰਦਾ ਹੈ. ਵਹਿੰਦਾ ਹੈ. ਵਗਦਾ ਹੈ। ੨. ਬੈਠਦਾ ਹੈ. "ਅੰਦਰ ਬਹੈ ਤਪਾ ਪਾਪ ਕਮਾਏ." (ਵਾਰ ਗਉ ੧. ਮਃ ੪)

ਬਹੋਰ: ਦੇਖੋ, ਬਹੁਰ.

ਬਹੋਰਨ: ਕ੍ਰਿ- ਬਹੁਰ- ਆਨਯਨ. ਫਿਰ ਲਿਆਉਣਾ. ਲੌਟਾਨਾ. ਮੋੜਨਾ. "ਨਾਮੇ ਕੇ ਸੁਆਮੀ ਸੀਅ ਬਹੋਰੀ." (ਸੋਰ ਨਾਮਦੇਵ) "ਹਰਿ ਗਇਆ ਬਹੋਰੈ ਬਿਤ." (ਸ. ਕਬੀਰ)

ਬਹੋਰਾ: ਸੰਗ੍ਯਾ- ਗੇੜ. ਚਕ੍ਰ. "ਜਨਮ ਜਨਮ ਕੋ ਜਾਤਿ ਬਹੋਰਾ." (ਗਉ ਮਃ ੫) ੨. ਵਿ- ਬਹੋਰਨ ਕੀਤਾ. ਮੋੜਿਆ.

ਬਹੋਰਿ: ਕ੍ਰਿ. ਵਿ- ਬਹੁਰਿ. ਪੁਨਃ ਫਿਰ। ੨. ਅਨੰਤਰ. ਇਸ ਪਿੱਛੋਂ.

ਬਹੋਰੀ: ਲੌਟਾਈ. ਮੋੜੀ। ੨. ਵਾਪਿਸ ਲਿਆਂਦੀ. ਦੇਖੋ, ਬਹੋਰਨ.

ਬਹੋਰੈ: ਮੋੜਦਾ ਹੈ. ਵਾਪਿਸ ਕਰਦਾ ਹੈ. ਦੇਖੋ, ਬਹੋਰਨ.

ਬਹੋਲਾ: ਦੇਖੋ, ਬਸੋਲਾ.

ਬਹੋੜਨਾ: ਕ੍ਰਿ- ਮੋੜਨਾ. ਲੌਟਾਨਾ. ਦੇਖੋ, ਬਹੋਰਨ.

ਬਹੋੜਾ: ਸੰਗ੍ਯਾ- ਚਾਦਰ ਜਾਂ ਖੇਸ ਆਦਿ ਦੇ ਕਿਨਾਰੇ ਪੁਰ ਸੂਈ ਨਾਲ ਕੱਢਿਆ ਬੇਲਬੂਟੇਦਾਰ ਹਾਸ਼ੀਆ। ੨. ਇੱਕ ਸੁਨਿਆਰ,

ਜਿਸ ਨੂੰ ਚੋਰੀ ਤਯਾਗਣ ਦਾ ਪ੍ਰਣ ਕਰਾਕੇ ਗੁਰੂ ਅਰਜਨਦੇਵ ਨੇ ਸਿੱਖ ਕੀਤਾ। ੩. ਖਤ੍ਰੀਆਂ ਦੀ ਇੱਕ ਜਾਤਿ। ੪. ਇੱਕ ਛੰਦ. ਇਹ "ਪਾਧਰੀ" ਛੰਦ ਦਾ ਨਾਮਾਂਤਰ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੧੬. ਮਾਤ੍ਰਾ, ੮- ੮ ਮਾਤ੍ਰਾ ਪੁਰ ਦੋ ਵਿਸ਼੍ਰਾਮ, ਅੰਤ ਜਗਣ, ।S।.

ਉਦਾਹਰਣ-

ਤਬ ਰੁਕਯੋ ਤਾਸ, ਸੁਗ੍ਰੀਵ ਆਨ,

ਕਹਿਂ ਜਾਤ ਬਾਲ, ਨਹਿ ਪੈਸ ਜਾਨ. ×××

(ਰਾਮਾਵ)

ਬਹੋੜਿ: ਦੇਖੋ, ਬਹੁੜਿ। ੨. ਬਾਹੁ (ਭੁਜਾ) ਫੜਕੇ. "ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ" (ਵਾਰ ਗਉ ੧. ਮਃ ੩) ੩. ਮੋੜਕੇ. ਪਰਤਾਕੇ.

ਬਹੋੜੁ: ਵਿ- ਬਹੋੜਨ ਵਾਲਾ. ਮੋੜਨ ਵਾਲਾ. ਦੇਖੋ, ਬਹੋਰਨ. "ਗਈਬਹੋੜੁ ਬੰਦੀਛੋੜੁ ਨਿਰੰਕਾਰ ਦੁਖਦਾਰੀ." (ਸੋਰ ਮਃ ੫)

ਬਹੋੜੂ: ਲਹੌਰ ਦਾ ਵਸਨੀਕ ਖੋਸਲਾ ਖਤ੍ਰੀ. ਜੋ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ ਹੋਕੇ ਗੁਰਮੁਖ ਪਦਵੀ ਦਾ ਅਧਿਕਾਰੀ ਹੋਇਆ. ਭਾਈ ਬਿਧੀਚੰਦ ਜੀ ਕਾਬੁਲੀ ਸਿੱਖਾਂ ਦੀ ਬੇਨਤੀ ਮੰਨਕੇ ਹਾਕਿਮ ਲਹੌਰ ਦੇ ਖੋਹੇ ਹੋਏ ਸਤਿਗੁਰੂ ਦੇ ਘੋੜਿਆਂ ਨੂੰ ਲੈਣ ਲਈ ਜਦ ਨਜੂਮੀ ਬਣੇ ਸਨ, ਤਦ ਭਾਈ ਬਹੋੜੂ ਦੇ ਘਰ ਠਹਿਰੇ ਸਨ.

ਬਹੰਤਿ: ਵਹੰਤਿ. ਵਹਿੰਦੇ (ਵਗਦੇ) ਹਨ. "ਬਹੰਤਿ ਅਗਾਹ ਤੋਯੰ." (ਸਹਸ ਮਃ ੫)

ਬਰ੍ਹੰ: ਸੰ. ਸੰਗ੍ਯਾ- ਮੋਰ ਦੀ ਪੂਛ। ੨. ਪੱਤਾ. ਪਤ੍ਰ. ਦਲ. ਇਹ ਸ਼ਬਦ ਸੰਸਕ੍ਰਿਤ ਵਰ੍ਹਿੰ ਭੀ ਸਹੀ ਹੈ.

ਬਰ੍ਹਿੰ: ਸੰ. ਸੰਗ੍ਯਾ- ਕੁਸ਼ਾ। ੨. ਅਗਨਿ.

ਬਰ੍ਹੀ: बर्हिन. ਸੰਗ੍ਯਾ- ਬਰ੍ਹੰ ਰੱਖਣ ਵਾਲਾ, ਮੋਰ। ੨. ਬਿਰਛ. ਸੰਸਕ੍ਰਿਤ ਵਰ੍ਹਿਂਣ ਭੀ ਸਹੀ ਹੈ.

ਬਕ: ਸੰ. ਵਕ੍ (वक्) ਧਾ- ਟੇਢਾ ਹੋਣਾ, ਕੁਟਿਲ ਹੋਣਾ, ਜਾਣਾ। ੨. ਸੰਗ੍ਯਾ- ਬਗੁਲਾ. ਇਹ "ਬਕ" ਸ਼ਬਦ ਭੀ ਸੰਸਕ੍ਰਿਤ ਹੈ। ੩. ਇੱਕ ਅਸੁਰ, ਜੋ ਬਗੁਲੇ ਦੀ ਸ਼ਕਲ ਬਣਾਕੇ ਕ੍ਰਿਸ਼ਨ ਜੀ ਨੂੰ ਖਾਣ ਆਇਆ ਸੀ, ਅਤੇ ਕ੍ਰਿਸ਼ਨ ਜੀ ਅਰ ਬਲਰਾਮ ਦੇ ਹੱਥੋਂ ਮਾਰਿਆ ਗਿਆ. "ਬਾਤ ਕਹੀ ਬਕ ਕੋ ਸੁਨ ਲੈਯੈ." (ਕ੍ਰਿਸਨਾਵ) ੪. ਦੇਖੋ, ਬਕਣਾ.

ਬਕਈ: ਦੇਖੋ, ਬਕੀ. "ਫੂਨ ਮਾਰਡਰੀ ਬਕਈ." (ਕ੍ਰਿਸਨਾਵ) ਪੂਤਨਾ ਮਾਰ ਦਿੱਤੀ.

ਬਕਹਾ: ਸੰਗ੍ਯਾ- ਬਕ ਦੈਤ ਨੂੰ ਮਾਰਨ ਵਾਲਾ ਸ਼੍ਰੀ ਕ੍ਰਿਸ਼ਨ ਅਤੇ ਬਲਰਾਮ। ੨. ਪਵਨ. ਵਾਯੁ, ਜੋ ਆਪਣੇ ਵੇਗ ਨਾਲ ਬਗੁਲੇ ਨੂੰ ਪਛਾੜ ਦਿੰਦਾ ਹੈ. (ਸਨਾਮਾ)

ਬਕਣਾ: ਕ੍ਰਿ- ਵਚਨ ਕਹਿਣਾ. ਵਾਕ ਉਚਾਰਨਾ. ਬੋਲਣਾ. "ਚਰਨ ਗਹਉ ਬਕਉ ਸੁਭ ਰਸਨਾ." (ਜੈਤ ਮਃ ੫) ੨. ਬਕ (ਬਗੁਲੇ) ਵਾਂਙ ਨਿਰਰਥਕ ਸ਼ੋਰ ਕਰਨਾ. "ਬਕੈ ਨ ਬੋਲੈ ਖਿਮਾਧਨ ਸੰਗ੍ਰਹੈ." (ਮਾਰੂ ਅਃ ਮਃ ੧)

ਬਕਤਰ: ਫ਼ਾ. بکتر ਸੰਗ੍ਯਾ- ਕਵਚ, ਲੋਹੇ ਦੀਆਂ ਕੜੀਆਂ ਦਾ ਜਾਲ, ਜੋ ਸ਼ਰੀਰ ਦੀ ਰਖ੍ਯਾ ਵਾਸਤੇ ਯੋਧਾ ਪਹਿਰਦੇ ਹਨ.

ਬਕਤਾ: ਸੰ. ਵਕ੍ਤਾ. ਵਿ- ਬੋਲਣ ਵਾਲਾ. ਕਹਿਣ ਵਾਲਾ. ਕਥਨ ਕਰਤਾ. "ਬਕਤਾ ਸੁਨਤਾ ਸੋਈ." (ਗਉ ਮਃ ੧)

ਬਕਤ੍ਰ: ਸੰ. ਵਕ੍ਤ੍ਰ. ਸੰਗ੍ਯਾ- ਮੁਖ. "ਡਰਯੋ ਚਾਰਬਕਤ੍ਰੰ." (ਚੰਡੀ ੨) ਚਾਰ ਮੂਹਾਂ ਵਾਲਾ (ਬ੍ਰਹਮਾ) ਡਰਿਆ। ੨. ਦੇਖੋ, ਦੰਤਵਕ੍ਰ.

ਬਕਤ੍ਰਣੰ: ਵਕ੍ਤ੍ਰਿ (वक्तृ) ਗਣ. ਵਕ੍ਤਾ ਲੋਗ. ਕਥਨ ਕਰਣ ਵਾਲੇ ਲੋਕ. "ਸੁ ਕੋਟਿ ਚਕ੍ਰ ਬਕਤ੍ਰਣੰ." (ਗ੍ਯਾਨ)

ਬਕਤ੍ਰਾਗ੍ਰਜ: ਵਕ੍ਤ੍ਰ- ਅਗ੍ਰਜ. ਮੂੰਹ ਦੇ ਅੱਗੇ ਰਹਿਣ ਵਾਲਾ, ਨੇਤ੍ਰ. (ਸਨਾਮਾ)

ਬਕਦਾਲਭ: ਸੰ. ਵਕਦਾਲ੍ਭ੍ਯ. ਪੰਚਾਲ ਦੇਸ਼ ਵਿੱਚ ਰਹਿਣਵਾਲਾ ਇੱਕ ਮੁਨਿ. ਇਸ ਦਾ ਆਸ਼੍ਰਮ ਸਰਸ੍ਵਤੀ ਨਦੀ ਦੇ ਕਿਨਾਰੇ ਰਾਜਾ ਧ੍ਰਿਤਰਾਸ਼੍ਟ੍ਰ ਦੇ ਰਾਜ ਵਿੱਚ ਸੀ. ਮਹਾਭਾਰਤ ਦੇ ਸ਼ਲ੍ਯ ਪਰਵ ਦੇ ੪੦ਵੇਂ ਅਧ੍ਯਾਯ ਵਿੱਚ ਕਥਾ ਹੈ ਕਿ ਇੱਕ ਵਾਰ ਰਾਜਾ ਵਿਸ਼੍ਵਜਿਤ ਦਾ ਇਸ ਮੁਨਿ ਨੇ ਯਗ੍ਯ ਕਰਾਇਆ. ਜਿਸ ਵਿੱਚ ੨੧. ਬੈਲ ਦਕ੍ਸ਼ਿਣਾ ਵਿੱਚ ਮਿਲੇ. ਬਕਦਾਲਭ ਨੇ ਓਹ ਬੈਲ ਹੋਰ ਰਿਖੀਆਂ ਨੂੰ ਬਖ਼ਸ਼ ਦਿੱਤੇ ਅਤੇ ਰਾਜਾ ਧ੍ਰਿਤਰਾਸ਼੍ਟ੍ਰ ਤੋਂ ਆਪਣੇ ਲਈ ਹੋਰ ਬੈਲ ਮੰਗੇ. ਰਾਜੇ ਨੇ ਕ੍ਰੋਧ ਵਿੱਚ ਆਕੇ ਆਖਿਆ ਕਿ ਮੇਰੀਆਂ ਮੋਈਆਂ ਹੋਈਆਂ ਗਾਈਆਂ ਲੈ ਲੈ. ਬਕਦਾਲਭ ਨੇ ਮੋਈਆਂ ਗਾਈਆਂ ਲੈਕੇ ਉਨ੍ਹਾਂ ਦੇ ਮਾਸ ਨਾਲ ਧ੍ਰਿਤਰਾਸ਼੍ਟ੍ਰ ਦਾ ਰਾਜ ਨਾਸ਼ ਕਰਨ ਲਈ ਯਗ੍ਯ ਆਰੰਭਿਆ. ਜਿਉਂ ਜਿਉਂ ਰਿਖੀ ਗਾਈਆਂ ਦਾ ਮਾਸ ਕੱਟਕੇ ਹਵਨ ਕਰੇ, ਤਿਉਂ ਤਿਉਂ ਰਾਜ ਨਸ਼੍ਟ ਹੁੰਦਾ ਜਾਵੇ. ਅੰਤ ਨੂੰ ਧ੍ਰਿਤਰਾਸ਼੍ਟ੍ਰ ਨੇ ਮੁਆਫੀ ਮੰਗੀ.

ਵਕਾਦਾਲਭ ਦਾ ਜਿਕਰ ਛਾਂਦੋਗ ਉਪਨਿਸ਼ਦ ਦੇ ਪਹਿਲੇ ਪ੍ਰਪਾਠਕ ਦੇ ਦੂਜੇ ਅਤੇ ਬਾਰ੍ਹਵੇਂ ਖੰਡ ਵਿੱਚ ਭੀ ਆਇਆ ਹੈ. ਇਸ ਦਾ ਨਾਮ "ਲਾਵਮੈਤ੍ਰੇਯ" ਭੀ ਹੈ. "ਸਿੰਗੀਰਿਖਿ ਬਕਦਾਲਭ ਭਨੇ." (ਪਾਰਸਾਵ)

ਬਕਧ੍ਯਾਨ: ਸੰਗ੍ਯਾ- ਬਕ ਜੇਹਾ ਧਿਆਨ. ਬਗੁਲ- ਸਮਾਧੀ. "ਬੈਠ ਰਹ੍ਯੋ ਬਕਧ੍ਯਾਨ ਲਗਾਯੋ." (ਅਕਾਲ)

ਬਕਨਾ: ਦੇਖੋ, ਬਕਣਾ. "ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ." (ਸਾਰ ਮਃ ੫)

ਬਕਨੀ, ਬਕਨੀਗਰ: ਦੇਖੋ, ਬੁਕਨੀ ਅਤੇ ਬੁਕਨੀਗਰ.

ਬਕਬਕਾ: ਵਿ- ਬੇ ਸੁਆਦਾ. ਬਾਕੀ (ਡਾਕੀ) ਅਤੇ ਉਬਕਾਈ ਲਿਆਉਣ ਵਾਲਾ ਜਾਯਕ਼ਾ (ਸੁਆਦ). "ਫਲ ਫਿਕੇ ਫੁਲ ਬਕਬਕੇ." (ਵਾਰ ਆਸਾ)

ਬਕਬਾਇ: ਸੰਗ੍ਯਾ- ਬਕਬਾਦ. "ਬਿਸਰਿ ਗਏ ਬਕਬਾਇਆ." (ਮਾਰੂ ਮਃ ੫)

ਬਕਬਾਈ: ਵਿ- ਬਕਬਾਦੀ। ੨. ਸੰਗ੍ਯਾ- ਬਕਬਾਦ ਕਰਨ ਦੀ ਆਦਤ. "ਨਾਹੀ ਬਕਬਾਈ." (ਪ੍ਰਭਾ ਮਃ ੧)

ਬਕਬਾਦ: ਸੰਗ੍ਯਾ- ਦੇਖੋ, ਬਕਣਾ. ਵ੍ਰਿਥਾ ਬੋਲਣਾ. ਬਹੁਤ ਬਕਣਾ. ਬਹੁਵਾਦ। ੨. ਝਗੜਾ.

ਬਕਬਾਦੀ: ਸੰ. ਕਾਵਨ. ਵਗ੍ਮਨ. ਵਿ- ਬਹੁਵਾਦੀ. ਬਹੁਤ ਬੋਲਣ ਵਾਲਾ.

ਬਕਬਾਨੀ: ਸੰਗ੍ਯਾ- ਸ਼ੋਰ ਮਚਾਉਣ ਦੀ ਕ੍ਰਿਯਾ. ਰੌਲਾ ਪਾਉਣ ਦੀ ਬਾਣ. "ਮੌਨਬ੍ਰਤ ਗਹੇ ਜੈਸੇ ਊਖ ਮੇ ਪਯੂਖਰਸ, ਬਾਂਸ ਬਕਬਾਨੀ ਕੈ ਸੁਗੰਧਤਾ ਨ." (ਭਾਗੁ ਕ)

ਬਕਰ, ਬਕ਼ਰ: ਅ਼. بقر ਸੰਗ੍ਯਾ- ਚੀਰਨ ਦੀ ਕ੍ਰਿਯਾ। ੨. ਲੋਕਾਂ ਦੇ ਹਿਤ ਦੀ ਅਰਦਾਸ। ੩. ਬੈਲ। ੪. ਗਊ। ੫. ਦੇਖੋ, ਬਿਕਰ.

ਬਕਰਜਾਂ: ਫ਼ਾ. بکرجاں ਬਿਕਰਜਾਂ. ਕੁਆਰੀ ਜਾਨ। ੨. ਪਵਿਤ੍ਰ ਜਾਨ। ੩. ਜਾਨ ਦਾ ਮੋਤੀ.

ਬਕਰਾ: ਸੰ. ਬਰ੍ਕਰ. ਸੰਗ੍ਯਾ- ਅਵੁਕ. ਛਾਗ. ਅਜ. ਸੰਸਕ੍ਰਿਤ ਗ੍ਰੰਥਾਂ ਵਿੱਚ ਬਕਰਾ ਯਗ੍ਯ ਦਾ ਪਸ਼ੂ ਹੈ. ਇਸ ਦੇ ਮਾਸ ਦਾ ਸ਼੍ਰਾੱਧ ਵਿੱਚ ਭੀ ਵਿਧਾਨ ਹੈ. ਦੇਖੋ, ਯਾਗ੍ਯਵਲਕ੍ਯ ਅਃ ੧. ਸ਼ਃ ੨੫੮, ਅਤੇ ਮਨੁ ਅਃ ੩. ਸ਼ ੨੬੯. ਖਾਸ ਕਰਕੇ ਇਹ ਦੁਰਗਾ ਨੂੰ ਬਹੁਤ ਪਸੰਦ ਹੈ. ਇਸੇ ਲਈ ਨਾਮ "ਸ਼ਿਵਾਪ੍ਰਿਯ" ਹੈ। ੨. ਅ਼. بقرہ ਬਕ਼ਰਾ. ਗਊ। ੩. ਕ਼ੁਰਾਨ ਦੀ ਦੂਜੀ ਸੂਰਤ, ਜਿਸ ਵਿੱਚ ਗਊ ਦੀ ਕੁਰਬਾਨੀ ਦਾ ਜਿਕਰ ਹੈ.

ਬਕਰੀ: ਸੰ. ਬਰ੍ਕਰੀ. ਬਕਰੇ ਦੀ ਮਦੀਨ. ਅਜਾ. ਛੇਰੀ. "ਬਕਰੀ ਸਿੰਘੁ ਇਕਤੇ ਥਾਇ ਰਾਖੇ." (ਸੂਹੀ ਮਃ ੪) "ਬਕਰੀ ਕਉ ਹਸਤੀ ਪ੍ਰਤਿਪਾਲੇ." (ਰਾਮ ਮਃ ੫) ਕਮਜ਼ੋਰ ਦੀ ਬਲਵਾਨ (ਅਹੰਕਾਰੀ) ਪਾਲਨਾ ਕਰਦਾ ਹੈ.

ਬਕਰੀਦ: ਅ਼. بقرعید ਬਕ਼ਰ- ਈਦ. ਉਹ ਤਜੋਹਾਰ, ਜਿਸ ਵਿੱਚ ਬਕ਼ਰ (ਗਊ) ਦੀ ਕੁਰਬਾਨੀ ਕੀਤੀ ਜਾਵੇ. ਜ਼ੁਲਹਿ਼ਜ ਮਹੀਨੇ ਦੀ ਦਸਵੀਂ ਤਾਰੀਖ. ਦੇਖੋ, ਈਦ.

ਬਕਰੀਦਿ: ਬਕ਼ਰ- ਈ਼ਦ ਦੇ ਦਿਨ ਵਿੱਚ. "ਜਾਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ." (ਮਲਾ ਰਵਿਦਾਸ) ਦੇਖੋ, ਬਕਰੀਦ ਅਤੇ ਈਦ.

ਬਕਰੀਮੁਖਾ: ਵਿ- ਗਰੀਬੀ ਦੀਆਂ ਗਲਾਂ ਕਰਨ ਵਾਲਾ. ਦੇਖੋ, ਸਿੰਘਮੁਖਾ.

ਬਕਲ: ਬਲਕਲ ਦਾ ਸੰਖੇਪ. ਦੇਖੋ, ਬਲਕਲ. "ਕਰੇ ਬਕਲ ਬਸਤ੍ਰੰ." (ਗ੍ਯਾਨ)

ਬਕਵਾਸ: ਸੰਗ੍ਯਾ- ਵਾਯਸ (ਕਾਂਉ) ਵਾਂਙ ਬੋਲਣ ਦਾ ਭਾਵ. ਬਕਬਾਦ.

ਬਕਾ: ਵਕਾਸੁਰ ਦਾ ਸੰਖੇਪ. ਦੇਖੋ, ਬਕ ੩. "ਬਕਾ ਮੁਖ ਫਾਰ." (ਕ੍ਰਿਸਨਾਵ) ੨. ਅ਼. ਬਕ਼ਾ. ਬਾਕ਼ੀ. ਸ਼ੇਸ਼। ੩. ਅਖੀਰੀ. ਅੰਤਿਮ. ਜਿਵੇਂ- ਰੋਜ਼ੇਬਕ਼ਾ.

ਬਕਾਇਣ: ਸੰਗ੍ਯਾ- ਦ੍ਰੇਕਾ. ਡੇਕ. ਧ੍ਰੇਕ. L. Melia Sempervirens.

ਬਕਾਸੁਰ: ਸੰਗ੍ਯਾ- ਵਕ- ਅਸੁਰ. ਬਗੁਲੇ ਦੀ ਸ਼ਕਲ ਦਾ ਅਸੁਰ. ਦੇਖੋ, ਬਕ ੩. "ਆਇਗਯੋ ਉਤ ਦੈਤ ਬਕਾਸੁਰ ਦੇਖਨ ਮਾਹਿ ਭਯਾਨਕ ਭਾਰੀ." (ਕ੍ਰਿਸਨਾਵ)

ਬਕਾਹਿ: ਬਕਦਾ ਹੈ. ਬਕਾਂਹਿਂ ਬਕਦੇ ਹਨ. "ਬੇਖਬਰ ਬਾਦੁ ਬਕਾਹਿ." (ਤਿਲੰ ਕਬੀਰ)

ਬਕਾਯਾ, ਬਕ਼ਾਯਾ: ਅ਼. بقیا ਵਿ- ਬਕ਼ੀਯਾ ਦਾ ਬਹੁਵਚਨ. ਬਾਕੀ. ਸ਼ੇਸ਼। ੨. ਸੰਗ੍ਯਾ- ਬਚਤ। ੩. ਉਹ ਧਨ ਆਦਿ ਵਸ੍ਤੁ, ਜੋ ਬਾਕੀ ਰਹਿ ਗਈ ਹੈ.

ਬਕਾਰ: ਬ ਅੱਖਰ ਦਾ ਉੱਚਾਰਣ। ੨. ਬੱਬਾ ਅੱਖਰ। ੩. ਫ਼ਾ. بکار ਵਿ- ਕਾਰਾਮਦ. ਕੰਮ ਵਿੱਚ ਆਉਣ ਵਾਲਾ, ਵਾਲੀ.

ਬਕਾਰਾ: ਸੰ. ਬੁੱਕਾਰ. ਸੰਗ੍ਯਾ- ਸਿੰਘਨਾਦ. ਯੋਧਾ ਦਾ ਗਰਜਨ.

ਬਕਾਰਿ, ਬਕਾਰੀ: ਸੰਗ੍ਯਾ- ਵਕ ਅਸੁਰ ਦਾ ਅਰਿ (ਵੈਰੀ) ਸ੍ਰੀ ਕ੍ਰਿਸ਼ਨ. ਦੇਖੋ, ਬਕ ੩.

ਬਕਾਲ: ਸੰਗ੍ਯਾ- ਵਿਕ੍ਰਯ ਕਰਨ ਵਾਲਾ. ਵਪਾਰੀ. ਬਾਣੀਆਂ। ੨. ਅ਼. بقال ਬੱਕ਼ਾਲ. ਬਕ਼ਲਾ (ਸਬਜ਼ੀ) ਵੇਚਣ ਵਾਲਾ. ਕੁੰਜੜਾ। ੩. ਆਟਾ ਦਾਲ ਆਦਿਕ ਵੇਚਣ ਵਾਲਾ ਬਾਣੀਆਂ.

ਬਕਾਲਾ: ਅਮ੍ਰਿਤਸਰ ਦੇ ਜਿਲੇ ਵਿੱਚ ਬਜਾਸ ਸਟੇਸ਼ਨ ਤੋਂ ਢਾਈ ਮੀਲ ਉੱਤਰ ਇੱਕ ਪਿੰਡ, ਜਿਸ ਵਿੱਚ ਗੁਰੂ ਤੇਗਬਹਾਦੁਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਸਮੇਤ ਚਿਰ ਤੀਕ ਰਹੇ ਹਨ. ਮੱਖਣਸ਼ਾਹ ਨੇ ਇੱਥੋਂ ਹੀ ਗੁਰੂ ਸਾਹਿਬ ਨੂੰ ਪ੍ਰਗਟ ਕੀਤਾ ਸੀ. ਜਿੱਥੇ ਗੁਰੂ ਸਾਹਿਬ ਨਿਵਾਸ ਕਰਦੇ ਸਨ, ਉਸ ਦਾ ਨਾਮ "ਭੋਰਾ ਸਾਹਿਬ" ਹੈ. ਜਿੱਥੇ ਗੁਰਗੱਦੀ ਪੁਰ ਵਿਰਾਜਕੇ ਦਰਸ਼ਨ ਦਿੱਤਾ ਹੈ ਉਹ ਅਸਥਾਨ "ਦਰਬਾਰ ਸਾਹਿਬ" ਕਰਕੇ ਪ੍ਰਸਿੱਧ ਹੈ.

ਗੁਰੂ ਹਰਿਗੋਬਿੰਦ ਸਾਹਿਬ ਆਪਣੀ ਮਾਤਾ ਗੰਗਾ ਜੀ ਸਮੇਤ ਬਕਾਲੇ ਮਿਹਰੇ ਸਿੱਖ ਦੇ ਘਰ ਕੁਝ ਕਾਲ ਠਹਿਰੇ ਅਰ ੧੫. ਹਾੜ੍ਹ ਸੰਮਤ ੧੬੮੫ ਨੂੰ ਮਾਤਾ ਗੰਗਾ ਜੀ ਦਾ ਇਸੇ ਥਾਂ ਸ਼ਰੀਰ ਅੰਤ ਹੋਇਆ. ਦੇਹਰਾ ਛੋਟਾ ਜੇਹਾ ਖਾਲਸਾ ਹਾਈ ਸਕੂਲ ਪਾਸ ਹੈ.

ਧੀਰਮੱਲ ਨੇ ਗੁਰੂ ਸਾਹਿਬ ਪੁਰ ਜਿੱਥੇ ਗੋਲੀ ਚਲਵਾਈ ਸੀ. ਉਸ ਅਸਥਾਨ ਦਾ ਨਾਮ "ਮੰਜੀ ਸਾਹਿਬ" ਹੈ. ਇੱਥੋਂ ਦੇ ਗੁਰਦ੍ਵਾਰਿਆਂ ਦਾ ਪ੍ਰਬੰਧ ਗੁਰਸਿੱਖਾਂ ਦੀ ਲੋਕਲ ਕਮੇਟੀ ਕਰਦੀ ਹੈ. ਜਿਸ ਨੇ ਦਰਬਾਰ ਦੀ ਮਨੋਹਰ ਰਚਨਾ ਕਰ ਦਿੱਤੀ ਹੈ. ਸੁੰਦਰ ਤਲਾਬ ਬਣਾਇਆ ਹੈ. ਖਾਲਸਾ ਹਾਈ ਸਕੂਲ ਜਾਰੀ ਕੀਤਾ ਹੈ. ਸਰਦਾਰ ਬਸਾਖਾਸਿੰਘ ਦਾਨੀ ਨੇ ਵਡੀ ਉਦਾਰਤਾ ਨਾਲ ਇਸ ਗੁਰਧਾਮ ਦੀ ਸੇਵਾ ਕਰਕੇ ਧਨ ਸਫਲ ਕੀਤਾ ਹੈ.

ਸਾਵਨ ਸੁਦੀ ਪੂਰਨਮਾਸੀ ਅਤੇ ਗੁਰੂ ਤੇਗਬਹਾਦੁਰ ਸਾਹਿਬ ਦੇ ਜੋਤੀਜੋਤਿ ਸਮਾਉਣ ਵਾਲੇ ਦਿਨ (ਮੱਘਰ ਸੁਦੀ ੫. ਨੂੰ) ਮੇਲਾ ਹੁੰਦਾ ਹੈ.

ਬਕਿ: ਬੋਲਕੇ. ਆਖਕੇ. ਦੇਖੋ, ਬਕਣਾ. "ਬਕਤੈ ਬਕਿ ਸਬਦ ਸੁਣਾਇਆ." (ਰਾਮ ਕਬੀਰ) ੨. ਬਗੁਲੇ ਨੇ.

ਬਕੀ: ਸੰਗਜਾ- ਵਕੀ, ਬਗੁਲੇ (ਵਕ) ਦੀ ਮਦੀਨ. ਬਗੁਲੀ। ੨. ਵਕਾਸੁਰ ਦੀ ਭੈਣ, ਪੂਤਨਾ. "ਕੰਸ ਕਹੈ ਬਕੀ ਬਾਤ ਸੁਨੋ, ਇਹ ਆਜ ਕਰੋ ਤੁਮ ਕਾਜ ਹਮਾਰੋ," (ਕ੍ਰਿਸਨਾਵ) ਦੇਖੋ, ਪੂਤਨਾ.

ਬਕੀਤਾ: ਵਿ- ਵਕਤਾ. ਵਜਾਖਜਾਨ ਕਰਤਾ. "ਖਲ ਚਤੁਰ ਬਕੀਤਾ." (ਬਿਲਾ ਮਃ ੫) ਖਲ (ਮੂਰਖ), ਚਤੁਰ ਵਕਤਾ ਹੋ ਗਏ.

ਬਕੀਲ: ਦੇਖੋ, ਵਕੀਲ.

ਬਕੁਲ: ਸੰ. ਸੰਗਜਾ- ਮੌਲਸਰੀ. ਸੰਸਕ੍ਰਿਤ ਵਿੱਚ ਇਸ ਦਾ ਉੱਚਾਰਣ ਵਕੁਲ ਭੀ ਸਹੀ ਹੈ. Mimusops Elengi। ੨. ਸ਼ਿਵ। ੩. ਦੇਖੋ, ਬਲਕਲ.

ਬਕੁਲੀ: ਵਿ- ਬਕੁਲ (ਮੌਲਸਰੀ) ਦਾ। ੨. ਸੰਗਜਾ- ਉਬਾਲਿਆ ਹੋਇਆ ਅੰਨ। ੩. ਉਬਾਲਕੇ ਲੂਣ ਮਿਰਚ ਲਾਕੇ ਘੀ ਆਦਿ ਵਿੱਚ ਤਲਿਆ ਹੋਇਆ ਅੰਨ. ਘੁੰਗਣੀ.

ਬਕ੍ਰ: ਸੰ. ਵਕ੍ਰ. ਵਿ- ਟੇਢਾ. ਵਿੰਗਾ. "ਨੋਰਾ ਸੁਰਸੁਰਿ ਬਕ੍ਰਗਤਿ ਗੁਨੀ ਨ ਔਗੁਨ ਜਾਨ." (ਨਾਪ੍ਰ) ਗੰਗਾ ਦਾ ਟੇਢਾ ਨੋਰਾ (ਨਾਲਾ) ੨. ਘੁੰਮਦਾ ਹੋਇਆ. ਤੇਜ਼ੀ ਨਾਲ ਚਕ੍ਰ ਦਿੰਦਾ ਹੋਇਆ. "ਚਕ੍ਰ ਬਕ੍ਰ ਫਿਰੈ ਚਤੁਰ ਚਕ." (ਜਾਪੁ) ੩. ਸੰਗਜਾ- ਸ਼ਿਵ. ਮਹਾਦੇਵ। ੪. ਨਦੀ ਦਾ ਘੁਮਾਉ. ਦਰਿਆ ਦਾ ਖ਼ਮ। ੫. ਵਕ੍ਤ੍ਰ (ਮੁਖ) ਦਾ ਸੰਖੇਪ. "ਤੁਮੀ ਬਕ੍ਰ ਤੇ ਬੇਦ ਚਾਰੋਂ ਉਚਾਰੇ." (ਚਰਿਤ੍ਰ ੧)

ਬਕ੍ਰਤ: ਅਜਾਣ ਲਿਖਾਰੀ ਨੇ ਵਕ੍ਰ ਦੀ ਥਾਂ ਬਕ੍ਰਤ ਲਿਖ ਦਿੱਤਾ ਹੈ. "ਬਕ੍ਰਤ ਬੋਲ ਅਵੰਨਾ." (ਨਾਪ੍ਰ) ਵਕ੍ਰ (ਮੁਖ) ਤੋਂ ਬਚਨ ਨਹੀਂ ਨਿਕਲਦਾ.

ਬਕ੍ਰਦੰਤ: ਦੇਖੋ, ਦੰਤਬਕ੍ਰ.

ਬਕ੍ਰਿਤ: ਵਿ- ਵਕ੍ਰਿਤ. ਟੇਢਾ. ਖ਼ਮਦਾਰ. ਵਿੰਗਾ.

ਬਖ਼ਸ਼: ਫ਼ਾ. بخش ਬਖ਼ਸ਼. ਸੰਗਜਾ- ਹਿੱਸਾ. ਭਾਗ। ੨. ਨਸੀਬ, ਪ੍ਰਾਰਬਧ। ੩. ਬਖ਼ਸ਼ੀਦਨ ਦਾ ਅਮਰ। ੪. ਬਖ਼ਸ਼ਿਸ਼ ਦਾ ਸੰਖੇਪ. ਦਾਤ. "ਆਪੇ ਬਖਸ ਕਰੇਇ." (ਸ੍ਰੀ ਮਃ ੩) ੫. ਵਿ- ਬਖ਼ਸ਼ਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਖ਼ਤਾਬਖ਼ਸ਼ (ਗੁਨਾਹ ਬਖ਼ਸ਼ਣ ਵਾਲਾ).

ਬਖ਼ਸ਼ਸ਼: ਫ਼ਾ. بخشش ਸੰਗਜਾ- ਦਾਤ. ਦਾਨ। ੨. ਇਨਾਮ। ੩. ਕ੍ਰਿਪਾ. ਮਿਹਰਬਾਨੀ.

ਬਖਸਣਾ: ਦੇਖੋ, ਬਖ਼ਸ਼ੀਦਨ.

ਬਖ਼ਸਦ: ਫ਼ਾ. بخشد ਬਖ਼ਸ਼ਦਾ ਹੈ। ੨. ਬਖ਼ਸ਼ੇਗਾ.

ਬਖਸਦਰ: ਕਰਤਾਰ ਦੇ ਦਰ ਤੋਂ ਬਖ਼ਸ਼ਸ਼. "ਬਾਬੇ ਪਾਈ ਬਖਸਦਰ." (ਭਾਗੁ)

ਬਖਸਨਹਾਰ, ਬਖਸਨਹਾਰਾ: ਵਿ- ਦਾਤਾ. ਕ੍ਰਿਪਾਲੂ। ੨. ਮੁਆਫ਼ ਕਰਨ ਵਾਲਾ.

ਬਖਸਾਤੇ: ਮੁਆਫ ਕਰਨ ਵਾਲੇ. "ਹਮ ਅਪਰਾਧੀ, ਤੁਮ ਬਖਸਾਤੈ." (ਭੈਰ ਮਃ ੫) ਬਖ਼ਸ਼ਦੇ.

ਬਖਸਿ: ਕ੍ਰਿ. ਵਿ- ਬਖ਼ਸ਼ਕੇ. "ਆਪੇ ਬਖਸਿ ਮਿਲਾਇਦਾ." (ਮਾਰੂ ਸੋਲਹੇ ਮਃ ੩) ੨. ਸੰਗਜਾ- ਬਖ਼ਸ਼ਸ਼ ਦਾ ਸੰਖੇਪ.

**ਬਖਸਿਓਨੁ, ਬਖਸਿਅਨੁ:** ਉਸ ਨੇ ਬਖ਼ਸ਼ੇ. ਕ੍ਸ਼ਮਾ ਕੀਤੇ. "ਕਉਣ ਕਉਣ ਅਪਰਾਧੀ ਬਖਸਿਅਨੁ." (ਸੋਰ ਅਃ ਮਃ ੩)

**ਬਖਸਿਆ:** ਬਖ਼ਸ਼ਸ਼ ਨੂੰ ਪ੍ਰਾਪਤ ਹੋਇਆ. "ਮਤ ਕੋਈ ਬਖਸਿਆ ਮੈ ਮਿਲੈ." (ਸ. ਫਰੀਦ) ੨. ਦਾਨ ਕੀਤਾ। ੩. ਮੁਆਫ਼ ਕੀਤਾ.

**ਬਖ਼ਸ਼ਿਸ਼:** ਦੇਖੋ, ਬਖ਼ਸ਼ਸ਼.

**ਬਖ਼ਸਿੰਦ, ਬਖਸਿੰਦਹ, ਬਖਸਿੰਦਾ, ਬਖਸਿੰਦੁ:** ਫ਼ਾ. بخشندہ ਵਿ- ਬਖ਼ਸ਼ਸ਼ ਕੁਨਿੰਦਹ. ਦਾਨੀ। ੨. ਮੁਆਫ਼ ਕਰਨ ਵਾਲਾ. "ਪ੍ਰਭੁ ਪਾਰਬ੍ਰਹਮੁ ਬਖਸਿੰਦੁ." (ਸ੍ਰੀ ਮਃ ੫)

**ਬਖ਼ਸ਼ੀ:** ਫ਼ਾ. بخشی ਸੰਗਯਾ- ਫੌਜ ਨੂੰ ਤਲਬ ਵੰਡਣ ਵਾਲਾ ਅਹੁਦੇਦਾਰ।[854] ੨. ਫੌਜ ਦਾ ਮੁੱਖ ਸਰਦਾਰ. ਸੈਨਾਪਤਿ. "ਬਖਸੀ ਕਰ ਤਾਂਕੋ ਠਹਿਰਾਯੋ। ਸਬ ਦਲ ਤੋ ਤਿਹ ਕਾਮ ਚਲਾਯੋ." (ਅਜੈਸਿੰਘ) ੩. ਤੂ ਬਖ਼ਸ਼ੇ. ਇਹ ਬਖ਼ਸ਼ੀਦਨ ਤੋਂ ਹੈ.

**ਬਖਸੀਸ:** ਦੇਖੋ, ਬਖਸਸ. "ਜਾ ਕਉ ਅਪਨੀ ਕਰੈ ਬਖਸੀਸ." (ਸੁਖਮਨੀ)

**ਬਖਸੀਸਸਿੰਘ:** ਪਿੰਡ ਭਰੋਵਾਲ (ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ. ਥਾਣਾ ਵੈਰੋਵਾਲ) ਦਾ ਕਲਾਲ, ਜਿਸ ਨੇ ੧. ਵੈਸਾਖ ਸੰਮਤ ੧੭੫੬ ਨੂੰ ਦਸ਼ਮੇਸ਼ ਤੋਂ ਅਮ੍ਰਿਤ ਛਕਿਆ. ਇਹ ਧਰਮਵੀਰ ਆਨੰਦਪੁਰ ਦੇ ਜੰਗਾਂ ਵਿੱਚ ਵਡੀ ਬਹਾਦੁਰੀ ਨਾਲ ਲੜਦਾ ਰਿਹਾ.

**ਬਖਸੀਸੀ:** ਵਿ- ਬਖਸ਼ਣ ਵਾਲਾ. "ਤੂੰ ਬਖਸੀਸੀ ਅਗਲਾ." (ਵਾਰ ਆਸਾ) ੨. ਬਖ਼ਸ਼ਸ਼ ਨਾਲ ਸੰਬੰਧ ਰੱਖਣ ਵਾਲਾ.

**ਬਖ਼ਸ਼ੀਦਹ:** ਫ਼ਾ. بخشیدہ ਵਿ- ਬਖ਼ਸ਼ਿਆ ਹੋਇਆ.

**ਬਖ਼ਸ਼ੀਦਨ:** ਫ਼ਾ. بخشیدن ਕ੍ਰਿ- ਦੇਣਾ. ਦਾਨ ਕਰਨਾ। ੨. ਇਨਾਮ ਦੇਣਾ। ੩. ਮੁਆਫ਼ ਕਰਨਾ.

**ਬਖਸੰਦ, ਬਖਸੰਦਹ:** ਫ਼ਾ. بخشندہ ਬਖ਼ਸ਼ੰਦਹ. ਵਿ- ਬਖਸ਼ਨ ਵਾਲਾ. "ਪਾਰਬ੍ਰਹਮ ਪੂਰਨ ਬਖਸੰਦ." (ਗੌਂਡ ਮਃ ੫)

**ਬਖਸੰਦਗੀ:** ਫ਼ਾ. بخشندگی ਸੰਗਯਾ- ਆਜ਼ਾਦੀ। ੨. ਬਖ਼ਸ਼ਿਸ਼। ੩. ਮੁਆਫੀ. "ਤੇਰੀ ਪਨਹ ਖੁਦਾਇ, ਤੂੰ ਬਖਸੰਦਗੀ." (ਆਸਾ ਫਰੀਦ)

**ਬਖਟ:** ਸੰ. वषट्. ਵਜ- ਦੇਵਤਾ ਨੂੰ ਹਵਿ (ਆਹੁਤੀ) ਦੇਣ ਵੇਲੇ ਕਹਿਣ ਯੋਗ ਸ਼ਬਦ.

**ਬਖਟ ਕ੍ਰਿਤ:** ਸੰ. वषट् कृत. ਵਿ- ਹਵਨ ਕੀਤਾ ਹੋਇਆ ਪਦਾਰਥ. ਦੇਖੋ, ਬਖਟ. "ਸ੍ਵਾਹਾ ਸੁਧਾ ਬਖਟਕ੍ਰਿਤ ਅਹਾ." (ਗੁਪ੍ਰਸੂ) ਦੇਖੋ, ਸੁਧਾ ਅਤੇ ਸ੍ਵਾਹਾ.

**ਬਖਤ:** ਫ਼ਾ. بخت ਸੰਗਯਾ- ਨਸੀਬ. ਭਾਗ. ਕਿਸਮਤ। ੨. ਅ਼. بقت ਵਕ਼ਤ ਵੇਲਾ. ਸਮਾਂ.

**ਬਖਤਬਲੰਦ, ਬਖਤਬੁਲੰਦ:** ਫ਼ਾ. بخت بلند ਵਿ- ਵਡਭਾਗੀ. ਉੱਤਮ ਨਸੀਬ ਵਾਲਾ.

**ਬਖਤਮੱਲ, ਬਖਤਮੱਲੀਏ:** ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦਾ ਇੱਕ ਮਸੰਦ, ਜੋ ਕਾਬੁਲ ਦੀ ਕਾਰ ਉਗਰਾ ਹੁੰਦਾ ਸੀ. ਜਦ ਦਸ਼ਮੇਸ਼ ਨੇ ਮਸੰਦਾਂ ਨੂੰ ਤਾੜਨਾ ਕੀਤੀ. ਤਦ ਇਹ ਇਸਤ੍ਰੀ ਦਾ ਭੇਖ ਧਾਰਕੇ ਮਾਤਾ ਜੀ ਦੀ ਸਰਨ ਗਿਆ ਅਰ ਮੁਆਫੀ ਮੰਗੀ. ਮਾਤਾ ਜੀ ਦੇ ਕਹਿਣ ਪੁਰ ਕਲਗੀਧਰ ਨੇ ਇਸ ਨੂੰ ਮੁਆਫ ਕੀਤਾ ਅਰ ਅੱਗੋਂ ਨੂੰ ਸੁਮਾਰਗ ਚੱਲਣ ਦਾ ਉਪਦੇਸ਼ ਦਿੱਤਾ. ਇਸ ਦੀ ਸੰਪ੍ਰਦਾਯ ਦੇ ਉਦਾਸੀ ਬਖਤਮੱਲੀਏ ਸਦਾਉਂਦੇ ਹਨ, ਅਰ ਗੱਦੀ ਬੈਠਣ ਵੇਲੇ ਮਹੰਤ ਇਸਤ੍ਰੀ ਦਾ ਲਿਬਾਸ ਪਹਿਨਦਾ ਹੈ.

---

[854] ਮੁਗ਼ਲ ਬਾਦਸ਼ਾਹਾਂ ਜਾਂ ਸਿੰਘਸਾਹਿਬ ਦੇ ਰਾਜ ਸਮੇਂ ਜਿਨ੍ਹਾਂ ਖਾਨਦਾਨਾਂ ਦੇ ਵਡੇਰੇ ਬਖ਼ਸ਼ੀ ਉਹਦੇ ਤੇ ਰਹੇ ਹਨ, ਉਨ੍ਹਾਂ ਦੇ ਵੰਸ਼ ਨਾਲ "ਵੋਖਰੀ" ਅੱਲ ਲੱਗ ਗਈ ਹੈ.

ਬਖਤਰ: ਕਵਚ. ਦੇਖੋ, ਬਕਤਰ. "ਘਾਇਲ ਹੋਇ ਨੰਗਾਸਣਾ, ਬਖਤਰ ਵਾਲਾ ਨਵਾਂ ਨਿਰੋਆ." (ਭਾਗੁ)

ਬਖਤਰਪੋਸ਼: ਫ਼ਾ. بکترپوش ਬਕਤਰਪੋਸ਼. ਵਿ- ਕਵਚਧਾਰੀ. ਜਿਸ ਨੇ ਸੰਜੋਆ. ਪਹਿਰਿਆ ਹੈ. "ਲਗੇ ਪ੍ਰਹਾਰ ਕਰਨ ਗਨ ਆਯੁਧ, ਬਖਤਰਪੋਸ ਵਿਲੋਕਯੋ ਸੋਇ." (ਗੁਪ੍ਰਸੂ)

ਬਖਤਾ: ਬਾਬਾ ਫੂਲ ਦੇ ਸੁਪੁਤ੍ਰ ਰਾਮਸਿੰਘ ਜੀ ਦਾ ਚੌਥਾ ਪੁਤ੍ਰ, ਜੋ ਖਾਨਦਾਨ ਮਲੌਦ ਅਤੇ ਬੇਰ ਦਾ ਵਡੇਰਾ ਹੋਇਆ. ਦੇਖੋ, ਫੂਲਵੰਸ਼.

ਬਖਤਾਵਰ: ਫ਼ਾ. بختاور ਬਖ਼ਤ ਆਵਰ. ਵਿ- ਭਾਗਵਾਨ. ਖ਼ੁਸ਼ਨਸੀਬ। ੨. ਧਨੀ. ਦੌਲਤਮੰਦ.

ਬਖਤਾਵਰਕੌਰ: ਮਹਾਰਾਜਾ ਨਰੇਂਦ੍ਰਸਿੰਘ ਸਾਹਿਬ ਪਟਿਆਲਾਪਤਿ ਦੀ ਛੋਟੀ ਸੁਪੁਤ੍ਰੀ, ਜਿਸ ਦਾ ਜਨਮ ਸਨ ੧੮੪੯ ਵਿੱਚ ਹੋਇਆ. ਇਸ ਦੀ ਸ਼ਾਦੀ ਭਰਤਪੁਰ ਦੇ ਮਹਾਰਾਜਾ ਜਸੰਵਤਸਿੰਘ ਨਾਲ ਸਨ ੧੮੫੯ ਵਿੱਚ ਹੋਈ. ਬੀਬੀ ਜੀ ਦੇ ਇੱਕ ਲੜਕਾ ਪੈਦਾ ਹੋਇਆ ਸੀ, ਜੋ ਬਹੁਤ ਹੀ ਛੋਟੀ ਉਮਰ ਵਿੱਚ ੪. ਦਿਸੰਬਰ ਸਨ ੧੮੬੯ ਨੂੰ ਪਟਿਆਲੇ ਚਲਾਣਾ ਕਰ ਗਿਆ. ਪੁਤ੍ਰ ਦੇ ਸ਼ੋਕ ਨਾਲ ਬੀਬੀ ਸਾਹਿਬਾ ਦਾ ੧੭. ਫਰਵਰੀ ਸਨ ੧੮੭੦ ਨੂੰ ਦੇਹਾਂਤ ਹੋਇਆ.

ਬਖਨਿਯਤ: ਆਖੀਦਾ ਹੈ. ਦੇਖੋ, ਬਖਾਨੀਅਤ.

ਬਖਰ: ਦੇਖੋ, ਵਖਰ.

ਬਖਰਾ, ਬਖਰੋ: ਦੇਖੋ, ਵਖਰਾ। ੨. ਸਿੰਧੀ- ਹਿੱਸਾ. ਭਾਗ.

ਬਖਾ: ਫ਼ਾ. بخیہ ਬਖ਼ੀਯਾ. ਸੰਗਯਾ- ਤੋਪਾ. ਸਿਲਾਈ. ਸੰਘਣੀ ਸਿਲਾਈ.

ਬਖਾਣ, ਬਖਾਨ: ਸੰ. ਵ੍ਯਾਖ੍ਯਾਨ. ਸੰਗ੍ਯਾ- ਕਥਨ. ਕਹਿਣਾ."ਘਟਿ ਘਟਿ ਸੁਨੀ ਸ੍ਰਵਨਿ ਬਖਾਣੀ." (ਸੁਖਮਨੀ)

ਬਖਾਨੀਅਤ: ਵ੍ਯਾਖ੍ਯਾਨ ਕੀਤਾ ਜਾਂਦਾ ਹੈ.

ਬਖਾਰ, ਬਖਾਰੀ: ਸੰ. ਵਿਕ੍ਰਯ ਆਗਾਰ. ਉਹ ਕੋਠਾ, ਜਿਸ ਵਿੱਚ ਵੇਚਣ ਦੀਆਂ ਚੀਜਾਂ ਰੱਖੀਆਂ ਜਾਣ। ੨. ਅਨਾਜ ਰੱਖਣ ਦਾ ਕੋਠਾ, ਕੋਠੀ.

ਬਖਿਆਣ, ਬਖਿਆਨ: ਸੰਗ੍ਯਾ- ਵ੍ਯਾਖ੍ਯਾਨ. ਕਥਨ. "ਸੰਤ- ਸਭਾ ਮਿਲਿ ਕਰਹੁ ਬਖਿਆਣ." (ਰਾਮ ਮਃ ੫) "ਬੇਦ ਬਖਿਆਨੁ ਕਰਤ ਸਾਧੂਜਨ." (ਟੋਡੀ ਮਃ ੫)

ਬਖੀ: ਦੇਖੋ, ਬੱਖੀ.

ਬਖੀਆ: ਦੇਖੋ, ਬਖਾ.

ਬਖੀਲ: ਅ਼. بخیل ਬਖ਼ੀਲ. ਵਿ- ਕ੍ਰਿਪਣ, ਕੰਜੂਸ। ੨. ਲਾਲਚੀ. "ਬਦਬਖਤ ਹਮਚੁ ਬਖੀਲ ਗਾਫਲ." (ਤਿਲੰ ਮਃ ੧) ੩. ਕਮੀਨਾ। ੪. ਚੁਗਲ.

ਬਖੀਲੀ: ਫ਼ਾ. بخیلی ਬਖ਼ੀਲੀ. ਸੰਗ੍ਯਾ- ਲੋਭ. ਤਮਾ. ਹਿਰਸ। ੨. ਕ੍ਰਿਪਣਤਾ. ਕੰਜੂਸੀ। ੩. ਹਸਦ. ਈਰਖਾ. "ਤਿਨ ਕੀ ਬਖੀਲੀ ਕੋਈ ਕਿਆ ਕਰੇ?" (ਸੂਹੀ ਮਃ ੪) ੪. ਦੁਸ਼ਮਨੀ। ੫. ਚੁਗਲੀ.

ਬਖ਼ੁਰ: ਫ਼ਾ. بخور ਖ਼ੁਰਦਨ ਦਾ ਅਮਰ. ਖਾ. ਭਕ੍ਸ਼ਣ ਕਰ.

ਬਖ਼ੁਰਦੀ: ਫ਼ਾ. بخوردی ਤੂੰ ਖਾਵੇਂ. ਤੂੰ ਖਾਧਾ.

ਬਖ਼ੂਹਾ: ਦੇਖੋ, ਵਕੂਹਾ.

ਬਖੇਰਣਾ, ਬਖੇਰਨਾ: ਸੰ. ਵਿਕੀਣੰ. ਕ੍ਰਿ- ਖਿੰਡਾਉਣਾ. ਫੈਲਾਉਣਾ. ਖਿਲਾਰਨਾ.

ਬਖੇਰਾ, ਬਖੇੜਾ: ਸੰ. ਵਿਕੀਣੰ (ਖਿੰਡਣ) ਦਾ ਭਾਵ। ੨. ਫੁੱਟ. ਵਿਰੋਧ. "ਬਧਜੋ ਬਿਖੇਰਾ ਮਨ ਅਕੁਲਾਇ." (ਗੁਪ੍ਰਸੂ)

ਬਖੋਆ: ਦੇਖੋ, ਖਾਨ ਜਰਾਦੀ.

ਬਖੋਏ: ਵਜਾਖਜਾ ਕਰਨ ਵਾਲੇ. "ਬ੍ਰਹਮਾਉ ਬਖੋਏ." (ਭਾਗੁ) ਬ੍ਰਹਮਾ ਦੀ ਬਾਣੀ ਪੜ੍ਹਦੇ. ਵੇਦਪਾਠੀ.

ਬਖੋਰਹੁ: ਪੀਓ. ਖਾਓ. ਦੇਖੋ, ਬਖ਼ੁਰ ਅਤੇ ਖ਼ੁਰਦਨ. "ਹਕੁ ਹਲਾਲੁ ਬਖੋਰਹੁ ਖਾਣਾ." (ਮਾਰੂ ਸੋਲਹੇ ਮਃ ੫)

ਬਖੋਰਾ: بخورا ਆਬ- ਖ਼ੋਰਾ ਦਾ ਸੰਖੇਪ. ਜਲ ਪੀਣ ਦਾ ਪਾਤ੍ਰ.

ਬਖੋਰਾਇ: ਫ਼ਾ. بخوری ਬਖ਼ੁਰੀ. ਤੂੰ ਖਾਂਦਾ ਹੈਂ. "ਮੁਰਦਾਰ ਬਖੋਰਾਇ." (ਤਿਲੰ ਮਃ ੫)

ਬੱਖ, ਬੱਖੀ: ਸੰ. वक्षस्. ਸੰਗਜਾ- ਛਾਤੀ. ਉਦਰ. ਕੁੱਖ। ੨. ਦੇਖੋ, ਵਖ.

ਬਖਜਾਣ, ਬਖਜਾਨ, ਬਖਜਾਨੁ: ਸੰ. ਵਜਾਖਜਾਨ. ਸੰਗਜਾ- ਕਥਨ. "ਕਬਹੂ ਹੋਇ ਪੰਡਿਤ ਕਰੇ ਬਖਜਾਨੁ." (ਸੁਖਮਨੀ)

ਬਖ਼੍ਵਾਨਦ: ਫ਼ਾ. بخواند ਬੁਲਾਵੇ. ਬੁਲਾਉਂਦਾ ਹੈ. ਬੁਲਾਵੇਗਾ.

ਬਗ: ਸੰ. ਬਕ ਅਤੇ ਵਕ. ਸੰਗਜਾ- ਬਗੁਲਾ. "ਬਗ ਜਿਉ ਲਾਇ ਬਹੈ ਨਿਤ ਧਿਆਨਾ." (ਗਉ ਅਃ ਮਃ ੩) ੨. ਭਾਵ- ਪਾਖੰਡੀ। ੩. ਵਾਗ ਦਾ ਸੰਖੇਪ ਅਤੇ ਰੁਪਾਂਤਰ. "ਬਗ ਮੇਲ ਤੁਰੰਗ ਉਠਾਏ."(ਕ੍ਰਿਸਨਾਵ) ਵਾਗਾਂ ਮੇਲਕੇ ਘੋੜੇ ਦੌੜਾਏ. ਭਾਵ- ਇੱਕ ਕਤਾਰ ਵਿੱਚ ਨਠਾਏ। ੪. ਵਿ- ਬੱਗਾ. ਚਿੱਟਾ. ਉੱਜਲ. ਦੇਖੋ, ਨਿਬਗ। ੫. ਦੇਖੋ, ਬੱਗ। ੬. ਭਾਵ- ਚਿੱਟੇ ਕੇਸ. "ਭਵਰ ਗਏ, ਬਗ ਬੈਠੇ ਆਇ." (ਸੂਹੀ ਕਬੀਰ) "ਬਗ ਬਹਿਠੇ ਆਇ." (ਸੂਹੀ ਮਃ ੧. ਕੁਚਜੀ)

ਬਗਣਾ: ਕ੍ਰਿ- ਵੇਗ ਸਹਿਤ ਗਮਨ ਕਰਨਾ। ੨. ਵਹਿਣਾ. ਜਲ ਦਾ ਚਲਣਾ.

ਬਗਤਰ: ਫ਼ਾ. بگتر ਸੰਗਜਾ- ਕਵਚ. ਬਕਤਰ. ਸੰਜੋਆ.

ਬਗਦਾਦ: ਫ਼ਾ. بغداد ਬ਼ਗਦਾਦ. ਇ਼ਰਾਕੇ. ਅ਼ਰਬ ਵਿੱਚ ਨੌਸ਼ੀਰਵਾਂ ਦਾ ਵਸਾਇਆ ਹੋਇਆ ਇੱਕ ਨਗਰ, ਜਿੱਥੇ ਦਰਿਆ ਦਜਲਾ ਅਤੇ ਫਰਾਤ ਦਾ ਸੰਗਮ ਹੁੰਦਾ ਹੈ. ਸ਼੍ਰੀ ਗੁਰੂ ਨਾਨਕਦੇਵ ਜੀ ਇਸ ਸ਼ਹਿਰ ਮੱਕੇ ਦੀ ਯਾਤ੍ਰਾ ਸਮੇਂ ਪਧਾਰੇ ਹਨ, ਜਿਸ ਦਾ ਜਿਕਰ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿੱਚ ਕੀਤਾ ਹੈ, ਯਥਾ-

"ਬਾਬਾ ਗਿਆ ਬਗਦਾਦ ਨੂੰ

ਬਾਹਰ ਜਾਇ ਕੀਆ ਅਸਥਾਨਾ,

ਇਕ ਬਾਬਾ ਅਕਾਲਰੂਪ

ਦੂਜਾ ਰਬਾਬੀ ਮਰਦਾਨਾ." ×××

ਬਗਦਾਦ ਵਿੱਚ ਪੀਰ ਦਸ੍ਤਗੀਰ ਅਤੇ ਬਹਲੋਲ ਆਦਿਕ ਵਲੀਆਂ ਦੇ ਜਾਨਸ਼ੀਨ ਸਤਿਗੁਰੂ ਦੇ ਬਹੁਤ ਸ਼੍ਰੱਧਾਲੂ ਹੋ ਗਏ ਅਰ ਉਨ੍ਹਾਂ ਦੀ ਯਾਦਗਾਰ ਵਿੱਚ "ਕਤਬਾ." ਜੋ ਤੁਰਕੀ ਜਬਾਨ ਵਿੱਚ ਹੈ, ਲਾਇਆ ਗਿਆ, ਜੋ ਰੇਲਵੇ ਸਟੇਸ਼ਨ ਬਗਦਾਦ ਤੋਂ ਡੇਢ ਮੀਲ ਹੈ. ਇਸ ਦਾ ਨਿਸ਼ਾਨ ਨਕਸ਼ੇ ਵਿੱਚ ਦਿਖਾਇਆ ਗਿਆ ਹੈ. ਅਰ ਚਿਤ੍ਰ ਇਹ ਹੈ::-

(fig.)

ਅਰਥਾਤ

ਦੇਖੋ ! ਹਜਰਤ ਪਰਵਦਗਾਰ ਬਜ਼ੁਰਗ ਨੇ ਕੇਹੀ ਮੁਰਾਦ ਪੂਰੀ ਕੀਤੀ, ਕਿ ਬਾਬੇ ਨਾਨਕ ਦੀ ਤਅ਼ਮੀਰ ਨਵੇਂ ਸਿਰੇ ਬਣ ਗਈ, ਸੱਤ

ਵਡੇ ਵਲੀਆਂ ਨੇ ਇਸ ਵਿੱਚ ਸਹਾਇਤਾ ਕੀਤੀ ਅਤੇ ਉਸ ਦੀ ਤਾਰੀਖ ਇਹ ਨਿਕਲੀ ਕਿ ਨੇਕਬਖ਼ਤ ਮੁਰੀਦ ਨੇ ਪਾਣੀ ਲਈ ਜ਼ਮੀਨ ਵਿੱਚ ਫੈਜ ਦਾ ਚਸ਼ਮਾ ਜਾਰੀ ਕਰਦਿੱਤਾ.[855]

ਜਿਸ ਵੇਲੇ ਸਤਿਗੁਰੂ ਬਗਦਾਦ ਗਏ ਹਨ, ਤਦ ਉੱਥੋਂ ਦੇ ਸਾਰੇ ਖੂਹਾਂ ਦਾ ਪਾਣੀ ਖਾਰਾ ਸੀ. ਗੁਰੂ ਨਾਨਕਦੇਵ ਜੀ ਨੇ ਜਿੱਥੇ ਆਗਜਾ ਕਰਕੇ ਖੂਹ ਲਗਵਾਇਆ, ਉਸ ਦਾ ਪਾਣੀ ਮਿੱਠਾ ਨਿਕਲਿਆ. ਇਹ ਖੂਹ ਕਤਬੇ ਦੇ ਪਾਸ ਹੈ, ਅਰ ਹੁਣ ਭੀ ਕੇਵਲ ਇਸੇ ਖੂਹ ਦਾ ਪਾਣੀ ਮਿੱਠਾ ਹੈ.

ਬਗਨੀਗਰ: ਫ਼ਾ. بگنی گر ਸੰਗਜਾ- ਜੌਂ ਅਤੇ ਚਾਉਲਾਂ ਦੀ ਸ਼ਰਾਬ ਬਣਾਉਣ ਵਾਲਾ.

ਬਗਮੇਲ: ਕ੍ਰਿ. ਵਿ- ਘੋੜਿਆਂ ਦੀਆਂ ਵਾਗਾਂ ਮੇਲਕੇ. ਦੇਖੋ, ਬਗ ੩.

ਬਗਰ: ਸੰਗਜਾ- ਵਾਸ ਗ੍ਰਿਹ. ਘਰ। ੨. ਵੇੜ੍ਹਾ. ਅੰਗਣ. ਸਹਨ। ੩. ਬੱਗ ਬੰਨ੍ਹਣ ਦਾ ਘਰ. ਗੋਸ਼ਾਲਾ। ੪. ਦੇਖੋ, ਬਗਲ। ੫. ਦੇਖੋ, ਬਗੜ। ੬. ਡਿੰਗ. ਸੁਗੰਧ. ਖ਼ੁਸ਼ਬੂ.

ਬਗਰਾਨਾ: ਕ੍ਰਿ- ਬਾਗੜ ਵਿੱਚ ਲਾਉਣਾ. ਚਿੱਲੇ ਵਿੱਚ ਬਾਗੜ ਰੱਖਕੇ ਤੀਰ ਖਿੱਚਣਾ. "ਬਾਨ ਪਨਚ ਕੇ ਬਿਚ ਬਗਰਾਇ." (ਗੁਪ੍ਰਸੂ) ੨. ਫੁੱਲਣਾ ਫੈਲਣਾ. "ਦਲ ਫਲ ਫੂਲ ਤੇ ਬਸੰਤ ਬਗਰਾਯੋ ਹੈ." (ਗੁਪ੍ਰਸੂ) ੩. ਸੁਗੰਧ ਦਾ ਫੈਲਣਾ.

ਬਗਲ: ਫ਼ਾ. بغل ਬਗ਼ਲ. ਸੰਗਜਾ- ਪਾਸਾ. ਕੱਛੀ. ਕਾਂਖ. ਕੁੱਖ.

ਬਗਲਸਮਾਧਿ: ਦੇਖੋ, ਬਗੁਲਸਮਾਧਿ.

ਬਗਲਗੀਰੀ: ਫ਼ਾ. بغلگیری ਸੰਗਜਾ- ਅੰਕ ਭਰਕੇ ਮਿਲਣ ਦੀ ਕ੍ਰਿਯਾ. ਗਲਮਿਲਣਾ. ਜੱਫੀ ਪਾਕੇ ਮਿਲਣਾ.

ਬਗਲਗੰਗਾ: ਖ਼ਾ. ਸੰਗਜਾ- ਮਸ਼ਕ. ਕੁੰਨ੍ਹਾ.

ਬਗਲਗੰਧ: ਸੰਗਜਾ- ਕੱਛੀ ਵਿੱਚ ਪੈਦਾ ਹੋਈ ਦੁਰਗੰਧ. "ਬਗਲਗੰਧ ਤਿਨ ਤੇ ਅਤਿ ਆਵੈ." (ਚਰਿਤ੍ਰ ੩੪੮)

ਬਗਲਤਰੰਗ, ਬਗਲਤਾਰੰਗ: ਸੰਗਜਾ- ਇੱਕ ਪ੍ਰਕਾਰ ਦਾ ਡੌਰੂ, ਜਿਸ ਦੇ ਮੜ੍ਹੇ ਹੋਏ ਚੰਮ ਵਿੱਚ ਡੋਰਾ ਪਾਇਆ ਰਹਿੰਦਾ ਹੈ. ਡੌਰੂ ਨੂੰ ਬਗਲ ਵਿੱਚ ਦਬਾਕੇ ਖੱਬੇ ਹੱਥ ਨਾਲ ਡੋਰਾ ਖਿੱਚੀਦਾ ਹੈ ਅਤੇ ਸੱਜੇ ਹੱਥ ਨਾਲ ਡੋਰੇ ਪੁਰ ਮਿਜਰਾਬ ਲਾਈਦਾ ਹੈ. ਡੋਰੇ ਦੇ ਢਿੱਲਾ ਕਰਨ ਅਤੇ ਕਸਣ ਤੋਂ ਸੁਰ ਨੀਵਾਂ ਅਤੇ ਉੱਚਾ ਹੁੰਦਾ ਹੈ. "ਕਹੂੰ ਬਗਲਤਾਰੰਗ ਬਾਜੇ ਬਜਾਵੈਂ." (ਚਰਿਤ੍ਰ ੪੦੫)

ਬਗਲਣਾ: ਕ੍ਰਿ- ਘੇਰਨਾ। ੨. ਬਾਹੁ (ਭੁਜਾ) ਗਲ ਪਾਕੇ ਲਿਪਟਣਾ.

ਬਗਲਾ: ਬਕ ਅਥਵਾ ਵਕ. ਦੇਖੋ, ਬਗੁਲਾ.

ਬਗਲੀ: ਵਕੀ. ਬਗੁਲੇ ਦੀ ਮਦੀਨ। ੨. ਵਿ- ਬਗਲ ਨਾਲ ਹੈ. ਜਿਸ ਦਾ ਸੰਬੰਧ। ੩. ਸੰ. वल्गुलिका. ਵਲ੍ਗੁਲਿਕਾ. ਸੰਗਜਾ- ਫਕੀਰਾਂ ਦੀ ਭਿਖਜਾ ਮੰਗਣ ਦੀ ਥੈਲੀ, ਜੋ ਬਗਲ ਪੁਰ ਲਟਕਦੀ ਰਹਿੰਦੀ ਹੈ. "ਡਾਰ ਬਗਲੀ ਮਹਿ ਲੀਨੋ." (ਚਰਿਤ੍ਰ ੧੯੬)

ਬਗਵਾਨ: ਦੇਖੋ, ਬਾਗਵਾਨ. "ਮਿਲਜੋ ਬਗਵਾਨ ਸੁ ਹਾਰ ਗਰੇ ਹਰਿ ਕੇ ਤਿਨ ਡਾਰਜੋ." (ਕ੍ਰਿਸਨਾਵ)

ਬਗੜ: ਸੰਗਜਾ- ਭਿੱਜੇ ਹੋਏ ਸੱਠੀ ਦੇ ਚਾਉਲ।[856] ੨. ਸੱਠੀ ਦੇ ਲਾਲ ਚਾਉਲ। ੩. ਇੱਕ ਲੰਮਾ ਘਾਸ, ਜਿਸ ਦੀਆਂ ਰੱਸੀਆਂ

---

[855] ਇਹ ਤਰਜੁਮਾ ਸੇਂਟ੍ਰਲ ਸਿੱਖਕਮੇਟੀ (The Central Sikh Committee) ਬਗਦਾਦ ਨੇ ਸਕੂਲਮਾਸਟਰਾਂ ਤੋਂ ਕਰਵਾਕੇ, ਅਤੇ ਬਗਦਾਦ ਦਾ ਨਕਸ਼ਾ ਸੁੰਦਰ ਬਣਵਾਕੇ ਸਾਡੇ ਲਈ ਭੇਜਿਆ ਹੈ. ਜਿਸ ਪੁਰ ਲੇਖਕ ਅਤੇ ਪਾਠਕਾਂ ਵੱਲੋਂ ਧੰਨਵਾਦ ਹੈ.

[856] ਵਿਆਹ ਦੇ ਮੌਕੇ ਸੰਬੰਧੀ ਅਤੇ ਮਿਤ੍ਰਾਂ ਦੇ ਘਰ ਖਸਖਸ ਮਿਲਾਕੇ ਬਗੜ ਵੰਡਣ ਦੀ ਰਾਤਿ ਅਨੇਕ ਹਿੰਦੂ ਕਰਦੇ ਹਨ.

ਮੰਜੇ ਬੁਣਨ ਦੇ ਕੰਮ ਆਉਂਦੀਆਂ ਹਨ.

ਬਗਾ: ਵਕ (ਬਗੁਲੇ) ਦਾ ਬਹੁ ਵਚਨ। ੨. ਬੱਗਾਂ. ਬਗੁਲਿਆਂ ਦੇ. "ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ." (ਸੂਹੀ ਮਃ ੧) ੩. ਵਿ- ਚਿੱਟਾ. ਸ੍ਵੇਤ. ਸੰ. ਵਲਕ੍ਸ਼. "ਬਗਾ ਰਤਾ ਪੀਅਲਾ ਕਾਲਾ ਬੇਦਾਂ ਕਰੀ ਪੁਕਾਰ." (ਮਃ ੧. ਵਾਰ ਮਾਝ) ਦੇਖੋ, ਵੇਦ। ੪. ਸੰਗਯਾ- ਬਾਗਾ. ਪੋਸ਼ਾਕ. ਵਸਤ੍ਰ. "ਬਜੰਤ ਡਾਰੇ ਬਗਾ ਸੇ ਸਵਾਰੰ." (ਵਿਚਿਤ੍ਰ)

ਬਗਾਉਣਾ, ਬਗਾਹਨਾ, ਬਗਾਨਾ: ਕ੍ਰਿ- ਵੇਗ ਨਾਲ ਫੈਂਕਣਾ. "ਫੇਰ ਬਗਾਇ ਦਯੋ ਹਰਿ ਜੂ, ਕਹਿਂ ਜਾਇ ਗਿਰ੍ਯੋ ਸੁ ਨਹੀਂ ਉਬਰ੍ਯੋ ਹੈ." (ਕ੍ਰਿਸਨਾਵ)

ਬਗਾਰ: ਦੇਖੋ, ਬੇਗਾਰ.

ਬਗਾਲਿਵ: ਸੰਗਯਾ- ਵਕ (ਬਗੁਲੇ) ਜੇਹੀ ਸਮਾਧਿ. "ਠਗਦਿਸਟਿ ਬਗਾਲਿਵ ਲਾਗਾ." (ਪ੍ਰਭਾ ਬੇਣੀ)

ਬਗ਼ਾਵਤ: ਅ਼. بغاوت ਸੰਗਯਾ- ਬਾਗ਼ੀ ਹੋਣ ਦਾ ਭਾਵ. ਰਾਜ ਦ੍ਰੋਹ.

ਬਗੀ: ਸੰਗਯਾ- ਵਕੀ. ਬਗੁਲੀ. "ਲਗਰਾ ਕਹੂੰ ਛੋਰਤ ਜਾਤ ਬਗੀ ਕੋ?" (ਕ੍ਰਿਸਨਾਵ) ਲਗੜ ਕਦੇ ਵਕੀ ਨੂੰ ਜਾਣ ਦਿੰਦਾ ਹੈ? ੨. ਦੇਖੋ, ਬਕੀ.

ਬਗੀਚਾ: ਫ਼ਾ. بغیچہ ਬਾਗ਼ਚਾ. ਸੰਗਯਾ- ਵਾਟਿਕਾ. ਛੋਟਾ ਬਾਗ.

ਬਗੀਰ: ਫ਼ਾ. بگیر ਤੂੰ ਫੜ. ਇਸ ਦਾ ਮੂਲ ਗਰਿਫ਼ਤਨ ਹੈ.

ਬਗੁ, ਬਗੁਲ: ਸੰਗਯਾ- ਵਕ. ਬਗੁਲਾ. "ਕਿਆ ਬਗੁ ਬਪੁੜਾ ਛਪੜੀ ਨਾਇ." (ਧਨਾ ਅਃ ਮਃ ੧) ੨. ਭਾਵ- ਪਾਖੰਡੀ. ਦੰਭੀ.

ਬਗੁਲਸਮਾਧਿ: ਵਕ ਜੇਹੀ ਸਮਾਧਿ. ਪਾਖੰਡੀ ਪੁਰਖ ਦੀ ਅੱਖਾਂ ਮੀਚਕੇ ਬੈਠਣ ਦੀ ਮੁਦ੍ਰਾ. "ਸਿਲ ਪੂਜਸਿ ਬਗੁਲਸਮਾਧੰ." (ਵਾਰ ਆਸਾ) "ਜਿਉ ਬਗੁਲਸਮਾਧਿ ਲਗਾਈਐ." (ਰਾਮ ਮਃ ੪)

ਬਗੁਲਾ: ਦੇਖੋ, ਬਗੁ. "ਬਗੁਲਾ ਕਾਗ ਨ ਰਹਿਈ ਸਰਵਰਿ." (ਮਃ ੧. ਵਾਰ ਰਾਮ ੧) ਮਾਨਸਰ ਵਿੱਚ ਵਕ ਅਤੇ ਕਾਕ ਨ ਰਹਿਈ। ੨. ਭਾਵ- ਪਾਖੰਡੀ. "ਕਿਆ ਹੰਸੁ ਕਿਆ ਬਗੁਲਾ ਜਾਕਉ ਨਦਰਿ ਕਰੇਇ." (ਮਃ ੧. ਵਾਰ ਸ੍ਰੀ)

ਬਗੁਲਾ ਭਗਤ: ਵਕ ਜੇਹਾ ਧਿਆਨ ਲਾਕੇ ਲੋਕਾਂ ਨੂੰ ਠਗਣ ਵਾਲਾ ਪਾਖੰਡੀ ਪੁਰਖ.

ਬਗੁਲਾਰੇ: ਵਿ- ਵਕ (ਬਗੁਲੇ) ਜੇਹੇ. ਬਗੁਲਸਮਾਧੀਏ ਪਾਖੰਡੀ. "ਬਹਿਜਾਇ ਘੁਸਰਿ ਬਗੁਲਾਰੇ." (ਮਃ ੪. ਵਾਰ ਗਉ ੧)

ਬਗ਼ੈਰ: ਫ਼ਾ. بغیر ਵਯ- ਬਿਨਾ. ਸਿਵਾਯ.

ਬਗੋ, ਬਗੋਇ: ਫ਼ਾ. بگو ਬਿਗੋ. ਬੁਗੋ. ਕਹੁ. ਆਖ.

ਬਗੋਇਦ, ਬਗੋਯਦ: ਫ਼ਾ. بگوید ਕਹੇ. ਆਖੇ। ੨. ਆਖਦਾ ਹੈ. ਕਥਨ ਕਰਦਾ ਹੈ. "ਬਗੋਇਦ ਕੀ ਮਨ ਫੌਜ ਕੋ ਸ਼ਾਹਮ." (ਕ੍ਰਿਸਨਾਵ) "ਨਾਨਕ ਬਗੋਯਦ ਜਨ ਤੁਰਾ." (ਤਿਲੰ ਮਃ ੧)

ਬਗੋਰ: ਦੇਖੋ, ਬਘੌਰ। ੨. ਸਾਥ- ਗੋਰ. ਦੇਖੋ, ਗੋਰ.

ਬਗੌਰ: ਸਾਥ- ਗ਼ੌਰ. ਵਿਚਾਰ ਸਹਿਤ. ਧਿਆਨ ਪੂਰਵਕ. ਦੇਖੋ, ਗੌਰ ੮.

ਬੱਗ: ਸੰਗਯਾ- ਚਿੱਟੇ ਪਸ਼ੂਆਂ ਦਾ ਝੁੰਡ. ਚੌਣਾ। ੨. ਵਿ- ਚਿੱਟਾ. ਸ੍ਵੇਤ.

ਬੱਗਸਰ: ਦੇਖੋ, ਜੱਸੀ.

**ਬੱਗ ਮਾਰਣਾ:** ਕ੍ਰਿ- ਚੋਣਾ ਖੋਹ ਲੈਣਾ. ਡਾਕਾ ਮਾਰਕੇ ਪਸ਼ੂ ਲੁੱਟ ਲੈਣੇ.

**ਬੱਗੇ ਬਾਜ ਵਾਲਾ:** ਦੇਖੋ, ਚਿੱਟੇ ਬਾਜ ਵਾਲਾ.

**ਬਘਾਰਣਾ, ਬਘਾਰਨਾ:** ਕ੍ਰਿ- ਘੀ ਤਪਾਕੇ ਉਸ ਵਿੱਚ ਮਸਾਲਾ ਛੱਡਕੇ ਜਦ ਪੱਕਕੇ ਤਿਆਰ ਹੋ ਜਾਵੇ, ਉਸ ਨੂੰ ਕਿਸੇ ਭੋਜਨ ਦੇ ਪਾਤ੍ਰ ਵਿੱਚ ਪਾਕੇ ਮੂੰਹ ਢਕ ਦੇਣਾ, ਤਾਕਿ ਮਸਾਲੇ ਦਾ ਧੂੰਆਂ ਚੰਗੀ ਤਰਾਂ ਰਚ ਜਾਵੇ, ਸੁਗੰਧਿਤ ਧੂੰਆਂ ਰਚਾਉਂਣਾ। ੨. ਮਸਾਲੇ ਦਾ ਧੂੰਆਂ ਖਾਲੀ ਪਾਤ੍ਰ ਨੂੰ ਦੇਕੇ ਉਸ ਵਿੱਚ ਖਾਣ ਯੋਗ ਪਦਾਰਥ ਪਾ ਦੇਣਾ, ਤਾਕਿ ਧੂੰਆਂ ਭੋਜਨ ਨੂੰ ਸੁਗੰਧਿਤ ਕਰ ਦੇਵੇ। ੩. ਸ਼ੇਖ਼ੀ ਮਾਰਨਾ.

**ਬਘਿਆਰ, ਬਘਿਆਰੀ, ਬਘਿਆੜ, ਬਘਿਆੜੀ:** ਸੰਗਜਾ- ਵ੍ਰਿਕ. ਭੇੜੀਆ. ਵ੍ਰਿਕੀ. ਭੇੜੀਏ ਦੀ ਮਦੀਨ. "ਆਇ ਜਰਾ ਬੈਸੇ ਬਘਿਆਰੀ." (ਨਾਪ੍ਰ)

**ਬਘੁਲਾ, ਬਘੂਰਾ, ਬਘੂਲਾ:** ਸੰਗਜਾ- ਘੁਣੋਂ ਹੋਈ ਵਾਯੁ (ਹਵਾ) ਦਾ ਘੇਰਾ. ਵਾਤਚਕ੍ਰ. ਵਾਉਵਰੋਲਾ. "ਸਹਿਤ ਧੂਰਿ ਬਹੁ ਭ੍ਰਮਤ ਬਘੂਰੇ." (ਨਾਪ੍ਰ)

**ਬਘੇਲਸਿੰਘ:** ਇਹ ਚੁਭਾਲ (ਜਿਲਾ ਅਮ੍ਰਿਤਸਰ) ਦਾ ਧਰਮਵੀਰ ਸਰਦਾਰ ਕਰੋੜੀਆਂ ਦੀ ਮਿਸਲ ਵਿੱਚੋਂ ਸੀ. ਇਸ ਨੇ ਖਾਲਸੇ ਦੀ ਸੈਨਾ ਨਾਲ ਸੰਮਤ ੧੮੪੭ ਵਿੱਚ ਦਿੱਲੀ ਫਤੇ ਕੀਤੀ ਅਰ ਸ਼ਾਹਆਲਮ ਤੋਂ ਤਿੰਨ ਲੱਖ ਰੁਪਯਾ ਭੇਟ ਲੈਕੇ, ਦਿੱਲੀ ਦੇ ਗੁਰਦ੍ਵਾਰੇ ਬਣਵਾ ਅਰ ਉਨ੍ਹਾਂ ਨਾਲ ਜਾਗੀਰਾਂ ਲਵਾਕੇ ਪੰਜਾਬ ਨੂੰ ਵਾਪਿਸ ਆਇਆ. ਸਰਦਾਰ ਬਘੇਲਸਿੰਘ ਤੋਂ ਪੰਥ ਦੇ ਉੱਚੇ ਘਰਾਣੇ ਅਮ੍ਰਿਤ ਛਕਣਾ ਪੁੰਨਕਰਮ ਜਾਣਦੇ ਸਨ. ਪਟਿਆਲਾਪਤਿ ਰਾਜਾ ਸਾਹਿਬਸਿੰਘ ਜੀ ਨੇ ਆਪ ਤੋਂ ਹੀ ਅਮ੍ਰਿਤ ਛਕਿਆ ਸੀ. ਇਸ ਸਰਦਾਰ ਦਾ ਦੇਹਾਂਤ ਸੰਮਤ ੧੮੫੯ ਵਿੱਚ ਅਮ੍ਰਿਤਸਰ ਹੋਇਆ.

**ਬਘੇਲਖੰਡ:** ਸੇਂਟ੍ਰਲ ਇੰਡੀਆ (ਮਧ੍ਯ ਭਾਰਤ) ਦਾ ਇੱਕ ਦੇਸ਼, ਜਿਸ ਵਿੱਚ ਰੀਵਾ ਆਦਿ ਕਈ ਦੇਸੀ ਰਿਆਸਤਾਂ ਹਨ. ਬਘੇਲਾ ਜਾਤਿ ਦੇ ਰਾਜਪੂਤਾਂ ਨੇ ਦੇਸ਼ ਦਾ ਇਹ ਨਾਮ ਥਾਪਿਆ ਹੈ.

**ਬਘੇਲਾ:** ਰਾਜਪੂਤਾਂ ਦੀ ਇੱਕ ਜਾਤਿ। ੨. ਬਾਘ (ਵ੍ਯਾਘ੍ਰ) ਦਾ ਬੱਚਾ। ੩. ਬਘੇਲਖੰਡ ਦਾ ਨਿਵਾਸੀ.

**ਬਘੌਰ, ਬਾਗੋਰ:** ਰਾਜ ਉਦਯਪੁਰ ਵਿੱਚ ਇੱਕ ਨਗਰ, ਜੋ ਕੋਠਾਰੀ ਨਦੀ ਦੇ ਖੱਬੇ ਕਿਨਾਰੇ ਅਤੇ ਉਦਯਪੁਰ ਤੋਂ ੭੦ ਮੀਲ ਉੱਤਰ ਪੂਰਵ ਹੈ. ਗੁਰੂ ਗੋਬਿੰਦਸਿੰਘ ਸਾਹਿਬ ਜਦ ਮਾਲਵੇ ਤੋਂ ਦੱਖਣ ਨੂੰ ਜਾ ਰਹੇ ਸਨ, ਤਾਂ ਇੱਥੇ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ ਸੀ. ਭਾਈ ਸੰਤੋਖਸਿੰਘ ਦੇ ਲੇਖ ਅਨੁਸਾਰ ਇਹ ਉਹ ਅਸਥਾਨ ਹੈ. ਜਿੱਥੇ ਭੀਮਸੇਨ ਨੇ ਕੀਚਕ ਮਾਰਿਆ ਸੀ.

**ਬਘੰਬਰ:** ਵ੍ਯਾਘ੍ਰ (ਬਾਘ) ਦੀ ਖਲੜੀ. ਬਾਘ ਅੰਬਰ. "ਜਿਮ ਕੰਧ ਪੈ ਡਾਰ ਬਘੰਬਰ ਜੋਗੀ." (ਕ੍ਰਿਸਨਾਵ)

**ਬਘੰਬਰੀ:** ਵਿ- ਵ੍ਯਾਘ੍ਰ (ਬਾਘ) ਦ ਖਲੜੀ ਪਹਿਰਨ ਵਾਲਾ। ੨. ਸੰਗਜਾ- ਸ਼ਿਵ.

**ਬਚ:** ਦੇਖੋ, ਵਚ। ੨. ਸੰ. ਵਚਾ. ਇੱਕ ਦਵਾਈ, ਜਿਸ ਦਾ ਅ਼ਰਬੀ ਨਾਂਉ وج ਵਜ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਇਹ ਬਲਗਮ ਘਟਾਉਂਦੀ ਅਤੇ ਕਾਮ ਸ਼ਕਤਿ ਨੂੰ ਵਧਾਂਉਂਦੀ ਹੈ. ਤੋਤਲਾਪਨ ਦੂਰ ਕਰਦੀ ਹੈ. ਅਧਰੰਗ ਆਦਿ ਰੋਗਾਂ, ਦੰਦਾਂ ਅਤੇ ਅੱਖਾਂ ਦੀਆਂ ਬੀਮਾਰੀਆਂ ਵਿੱਚ ਵਰਤਣੀ ਬਹੁਤ ਲਾਭਦਾਇਕ ਹੈ. Acorus Calamus ੩. ਪੁੰਗ. ਬਹੁਤ ਸਾਰੇ ਬੱਚੇ. ਜਿਵੇਂ ਟਿੱਡ (ਆਹਣ) ਦੀ ਬਚ। ੪. ਬਚਣਾ ਕ੍ਰਿਯਾ ਦਾ ਅਮਰ.

**ਬਚਉਨੀ:** ਸੰ. ਵਚਨਾਨਿ. "ਕੇਸਵਾ ਬਚਉਨੀ." (ਧਨਾ ਨਾਮਦੇਵ) ਕੇਸ਼ਵ ਦੇ ਵਚਨ ਹਨ. ਦੇਖੋ, ਮਈਏ.

**ਬਚਸ਼ਮ:** ਫ਼ਾ. بچشم ਅੱਖ ਨਾਲ. ਨੇਤ੍ਰੋਂ ਸੇ.

**ਬਚਸਾ:** ਸੰ. ਵਚਸਾ. ਵਾਣੀ ਕਰਕੇ. "ਰਿਦ ਕਰਮਣਾ ਬਚਸਾ." (ਗੂਜ ਜੈਦੇਵ)

**ਬਚਣਾ:** ਕ੍ਰਿ- ਬਾਕੀ (ਸ਼ੇਸ਼) ਰਹਿਣਾ। ੨. ਵਿਪੱਤਿ ਤੋਂ ਕਿਨਾਰੇ ਰਹਿਣਾ। ੩. ਕੁਕਰਮ ਤੋਂ ਅਲਗ ਰਹਿਣਾ। ੪. ਕਿਨਾਰੇ ਹੋਣਾ.

ਹਟਣਾ.

ਬਚਤ: ਸੰਗਜਾ- ਬਚੀ ਹੋਈ ਵਸਤੁ. ਸ਼ੇਸ਼ (ਬਾਕੀ) ਰਹੀ ਚੀਜ਼। ੨. ਲਾਭ. ਮਨਾਫਾ.

ਬਚਨ: ਸੰ. ਵਚਨ. ਸੰਗਜਾ- ਵਾਣੀ. ਵਕ. "ਉਤਮ ਸਲੋਕ ਸਾਧ ਕੇ ਬਚਨ." (ਸੁਖਮਨੀ) ੨. ਦੇਖੋ, ਵਚਨ.

ਬਚਨਚਤੁਰ: ਸੰਗਜਾ- ਕਾਵ੍ਯ ਅਨੁਸਾਰ ਉਹ ਨਾਇਕ, ਜੋ ਵਚਨ ਕਹਿਣ ਵਿੱਚ ਬਹੁਤ ਚਤੁਰ ਹੋਵੇ। ੨. ਬੋਲਣ ਵਿੱਚ ਹੋਸ਼ਿਯਾਰ.

ਬਚਨ ਪਾਲਨਾ: ਜੋ ਬਚਨ ਮੂੰਹੋਂ ਕਿਹਾ ਹੈ ਉਸ ਨੂੰ ਪੂਰਾ ਕਰਨਾ. ਪ੍ਰਤਿਗ੍ਯਾਪਾਲਨ.

ਪ੍ਰਾਣ ਪੁਤ੍ਰ ਦੋਊ ਬਡੇ ਯੁਗ ਚਾਰਹੁ ਪਰਮਾਨ,

ਸੋ ਨਰੇਸ ਦਸ਼ਰਥ ਤਜੇ ਬਚਨ ਨ ਦੀਨੇ ਜਾਨ,

ਬਚਨ ਨ ਦੀਨੇ ਜਾਨ ਬਡਨ ਕੀ ਯਹੀ ਬਡਾਈ,

ਬਾਨੀ ਕਹੀ ਸੁ ਹੋਯ ਔਰ ਸਰਬਸੁ ਕਿਨ ਜਾਈ,

ਕਹਿ ਗਿਰਧਰ ਕਵਿਰਾਇ ਭਏ ਦਸਰਥ ਪ੍ਰਣਵਾਨਾ,

ਬਚਨ ਕਹੇ ਨਹਿ ਤਜੇ, ਤਜੇ ਸੁਤ ਅਰੁ ਨਿਜ ਪ੍ਰਾਨਾਂ."

ਬਚਨਰਚਨਾ: ਸੰਗਜਾ- ਵਚਨਾਂ ਦੀ ਸੁੰਦਰ ਜੜਤ. ਕਾਵ੍ਯਰਚਨਾ. ਲੱਛੇਦਾਰ ਗੁਫ਼ਤਗੂ. "ਸਭ ਛਾਡਿ ਬਚਨਰਚਨਾ." (ਮਾਰੂ ਰਵਿਦਾਸ) ਕਰਣੀ ਬਾਝ ਕਹਿਣੀ ਦੀ ਚਤੁਰਾਈ ਛੱਡ.

ਬਚਨਾ: ਦੇਖੋ, ਬਚਨਾ। ੨. ਵਾਕ੍ਯ. "ਅੰਮ੍ਰਿਤ ਤੇ ਮੀਠੇ ਜਾਕੇ ਬਚਨਾ." (ਸਵੈਯੇ ਮਃ ੪. ਕੇ)

ਬਚਨਾਕਾਰੀ: ਵਿ- ਅ਼ਮਲ ਬਿਨਾ ਕੇਵਲ ਗੱਲਾਂ ਕਰਨ ਵਾਲਾ.

ਬਚਨਾਤਿ, ਬਚਨਾਂਤਿ: ਵਚਨਾਤ. ਵਚਨ ਦੇ ਭਾਵ- ਉਪਦੇਸ਼ ਦ੍ਵਾਰਾ. "ਠਾਕੁਰ ਭੇਟੇ ਗੁਰਬਚਨਾਂਤਿ." (ਕਾਨ ਮਃ ੫) "ਗੁਰਬਚਨਾਤਿ ਕਮਾਤ ਕ੍ਰਿਪਾ ਤੇ." ( ਸਾਰ ਮਃ ੫)

ਬਚਨਿ, ਬਚਨੀ: ਬਚਨਾ ਕਰਕੇ. ਵਾਂਕੋਂ ਸੇ. "ਗੁਰ ਕੈ ਬਚਨਿ ਰਿਦੈ ਧਿਆਨਧਾਰੀ." (ਸੂਹੀ ਮਃ ੫) "ਬਚਨੀ ਤੋਰ ਮੋਰ ਮਨੁ ਮਾਨੈ." (ਧਨਾ ਰਵਿਦਾਸ)

ਬਚਪਨ: ਸੰਗਜਾ- ਲੜਕਪਨ. ਬਾਲ੍ਯ। ੨. ਅਗ੍ਯਾਨਤਾ.

ਬਚਰਾ, ਬਚੜਾ, ਬਚਾ: ਸੰਗਜਾ- ਵਤ੍ਸ. ਬੱਚਾ. ਬੱਚਹ. ਫ਼ਾ. بچّہ "ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ." (ਗਉ ਮਃ ੪)

ਬਚਾਉ: ਸੰਗਜਾ- ਬਚਣ ਦਾ ਭਾਵ. ਵਚਾਉ. ਰਖ੍ਯਾ.

ਬਚਿਤਿ: ਦੇਖੋ, ਕਉਬਚਿਤਿ। ੨. ਦੇਖੋ, ਬਚਤ.

ਬਚਿਤ੍ਰ: ਦੇਖੋ, ਬਿਚਿਤ੍ਰ ਅਤੇ ਵਿਚਿਤ੍ਰ. "ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ." (ਆਸਾ ਨਾਮਦੇਵ)

ਬਚਿਤ੍ਰਸਿੰਘ: ਦੇਖੋ, ਉਦਯਸਿੰਘ ਅਤੇ ਵਿਚਿਤ੍ਰਸਿੰਘ.

ਬਚਿਤ੍ਰਨਾਟਕ: ਦੇਖੋ, ਵਿਚਿਤ੍ਰਨਾਟਕ.

ਬਚਿਤ੍ਰਪਦ: ਦੇਖੋ, ਵਿਚਿਤ੍ਰਪਦਾ.

ਬਚਿੰਦਾ: ਵਿ- ਬਚਾਉਣ ਵਾਲਾ. ਰਕ੍ਸ਼ਕ.

ਬਚੀੜੀ: ਦੇਖੋ, ਵਚੀੜੀ.

ਬਚੇਸ: ਦੇਖੋ, ਬਾਚੇਸ ਅਤੇ ਵਾਗੀਸ਼.

ਬਚੈਯਾ: ਵਿ- ਬਚਾਉਣ ਵਾਲਾ. ਰਕ੍ਸ਼ਕ। ੨. ਵਾਚਣ (ਪੜ੍ਹਨ) ਵਾਲਾ.

ਬਚੋਲਾ: ਦੇਖੋ, ਵਿਚੋਲਾ.

ਬਚੰਨ: ਸੰਗਯਾ- ਵਚਨ. ਵਾਕ੍ਯ ਦੇਖੋ, ਬਰਕਤ.

ਬਚੰਨੀ: ਵਚਨੋਂ ਸੇ, ਵਾਕਾਂ ਦ੍ਵਾਰਾਂ. "ਬਾਂਧੇ ਆਪ ਬਚੰਨੀ." (ਬਿਲਾ ਕਬੀਰ)

ਬੱਚਹ: ਦੇਖੋ, ਬਚਾ.

ਬਚਗਾਂ: ਫ਼ਾ. بچگاں ਬੱਚਹ ਦਾ ਬਹੁ ਵਚਨ. "ਬਚਗਾਂ ਕੁਸ਼ਤਹ ਚਾਰ." (ਜ਼ਫਰ)

ਬੱਚਾ, ਬੱਚੀ: ਦੇਖੋ, ਬਚਾ.

ਬੱਚੇ: ਬੱਚਾ ਦਾ ਬਹੁ ਵਚਨ। ੨. ਜਿਲਾ ਗੁੱਜਰਾਂਵਾਲਾ, ਤਸੀਲ. ਥਾਣਾ ਹਾਫਜਾਬਾਦ. ਰੇਲਵੇ ਸਟੇਸ਼ਨ 'ਕਾਲੇਕੇ' ਤੋਂ ਪੰਜ ਮੀਲ ਦੇ ਕਰੀਬ ਪੂਰਵ ਇੱਕ ਪਿੰਡ ਹੈ. ਇਸ ਤੋਂ ਚੜ੍ਹਦੇ ਵੱਲ ਕੋਲੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਹਾਫਜਾਬਾਦ ਤੋਂ ਇੱਥੇ ਆਏ ਅਤੇ ਥੋੜਾ ਸਮਾਂ ਵਿਰਾਜਕੇ ਧਰਮ ਉਪਦੇਸ਼ ਕੀਤਾ. ਛੋਟਾ ਜਿਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ਮੇਲਾ ਵੈਸਾਖੀ ਅਤੇ ਨਿਮਾਣੀ ਏਕਾਦਸ਼ੀ ਨੂੰ ਜੁੜਦਾ ਹੈ. ਇਸ ਗੁਰਦ੍ਵਾਰੇ ਨਾਲ ੪੦ ਮੁਰੱਬੇ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਵੱਲੋਂ ਹੈ. ਮਹੰਤ ਉਦਾਸੀ ਹਨ.

ਇਨ੍ਹਾਂ ਮਹੰਤਾਂ ਦਾ ਵਡੇਰਾ ਭਾਰਤੀਦਾਸ ਇੱਕ ਵਾਰੀ ਗੁਰੂ ਦਸਮ ਪਾਤਸ਼ਾਹ ਜੀ ਪਾਸ ਸੁੰਦਰ ਘੋੜਾ ਲੈਕੇ ਹਾਜਿਰ ਹੋਇਆ, ਗੁਰੂ ਜੀ ਨੇ ਪ੍ਰਸੰਨ ਹੋਕੇ ਉਸ ਨੂੰ ਇੱਕ ਦਸਤਾਰ ਅਤੇ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਬਖਸ਼ੇ, ਜੋ ਹੁਣ ਤਾਈਂ ਇਨ੍ਹਾਂ ਪੁਜਾਰੀਆਂ ਪਾਸ ਹਨ.

ਬਛ: ਦੇਖੋ, ਬੱਛ.

ਬਛਰਾ: ਸੰਗਯਾ- ਵਤ੍ਸ. ਬੱਚਾ "ਬਛਰੇ ਪ੍ਰੀਤਿ ਖੀਰੁ ਮੁਖਿ ਖਾਇ." (ਗਉ ਮਃ ੪)

ਬਛਰਾਕ: ਵਤ੍ਸ ਨੂੰ. ਬਛਰੇ ਕੋ, "ਜੈਸੇ ਗਊ ਦੇਖਿ ਬਛਰਾਕ." (ਕਾਨ ਮਃ ੪)

ਬਛਰੂ: ਸੰਗਯਾ- ਵਤ੍ਸ. ਬੱਚਾ. ਬੱਛਾ. "ਆਪੇ ਬਛਰੂ ਗਊ ਖੀਰੁ." (ਬਸੰ ਅਃ ਮਃ ੪)

ਬਛਲ: ਦੇਖੋ, ਵਛਲ.

ਬਛੜਾ: ਦੇਖੋ, ਬਛਰਾ.

ਬਛਾਹਾ: ਵਾਂਛਾਵਾਨ ਹਾਂ. ਚਾਹੁੰਦਾ ਹਾਂ. ਲੋੜਦਾ ਹਾਂ. ਦੇਖੋ, ਬਾਛਾਹਾ.

ਬਛੇਰਾ: ਸੰਗਯਾ- ਵਤ੍ਸ. ਬੱਚਾ. ਘੋੜੇ ਦਾ ਬੱਚਾ.

ਬਛੇਰੂ: ਦੇਖੋ, ਬਛਰਾ.

ਬੱਛ: ਸੰਗਯਾ- ਵਤ੍ਸ. ਬੱਚਾ। ੨. ਗਊ ਦਾ ਬੱਚਾ. ਬੱਛਾ। ੩. ਸੰ. ਵਕ੍ਸ਼ਸ੍. ਛਾਤੀ। ੪. ਵੱਖੀ। ੫. ਰਿਦਾ. ਮਨ. "ਸ੍ਵਛ ਬੱਛ ਛੇਮੋਚਿਤ ਬਾਲਾ." (ਨਾਪ੍ਰ) ਸ਼ੁੱਧ ਰਿਦਾ ਮੋਖ ਯੋਗ੍ਯ ਬਾਲਕ। ੬. ਵਤਸਾਸੁਰ ਦੀ ਥਾਂ ਵੱਛ ਸ਼ਬਦ ਆਇਆ ਹੈ, ਕਿਉਂਕਿ ਉਸ

ਨੇ ਬੱਛੇ ਦੀ ਸ਼ਕਲ ਬਣਾਈ ਸੀ. "ਕੇਸੀ ਸੁ ਬੱਛ ਧੇਨੁਕ ਹਨਜੋ." (ਕ੍ਰਿਸਨਾਵ) ਦੇਖੋ, ਭਾਗਵਤ ਸਕੰਧ ੧੦. ਅਃ ੧੧। ੭. ਡਿੰਗ. ਵਤਸਰ. ਵਰ੍ਹਾ. ਸਾਲ.

ਬੱਛਾ: ਵਤ੍ਸ. ਗਊ ਦਾ ਬੱਚਾ.

ਬੱਛਾਸੁਰ: ਦੇਖੋ, ਬੱਛ ੬. ਅਤੇ ਵਤਸਾਸੁਰ.

ਬੱਛੋਆਣਾ: ਜਿਲਾ ਹਿਸਾਰ, ਥਾਣਾ ਬੁਢਲਾਡਾ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਬੁਢਲਾਡਾ ਤੋਂ ਚਾਰ ਮੀਲ ਉੱਤਰ ਪੂਰਵ ਹੈ. ਇਸ ਪਿੰਡ ਦੀ ਵਸੋਂ ਅੰਦਰ ਸ਼੍ਰੀਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਕਈ ਦਿਨ ਇੱਥੇ ਨਿਵਾਸ ਕੀਤਾ, ਛੋਟਾ ਜਿਹਾ ਮੰਦਿਰ ਪੁਰਾਣਾ ਬਣਿਆ ਹੋਇਆ ਹੈ, ਪਾਸ ਇੱਕ ਕਮਰਾ ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਪ੍ਰਕਾਸ਼ ਲਈ ਹੈ. ਗੁਰਦ੍ਵਾਰੇ ਨਾਲ ੬੦ ਘੁਮਾਉ ਜ਼ਮੀਨ ਭਾਈ ਸਾਹਿਬ ਅਰਨੌਲੀ ਵੱਲੋਂ ਹੈ. ਪੁਜਾਰੀ ਸਿੰਘ ਹੈ. ਇੱਥੇ ਭਾਈ ਥੰਮਨਸਿੰਘ ਦੀ ਸਮਾਧ ਭੀ ਬਹੁਤ ਸੁੰਦਰ ਹੈ. ਦੇਖੋ, ਥੰਮਨਸਿੰਘ.

ਬਜਕਰਵਾਲ: ਦੇਖੋ, ਬਜੁਰਗਵਾਲ.

ਬਜਗਰ, ਬਜਗਾਰ: ਫ਼ਾ. بزہکار ਬਜ਼ਹਕਾਰ. ਵਿ- ਬਜ਼ਹ (ਗੁਨਾਹ- ਅਪਰਾਧ) ਕਰਨ ਵਾਲਾ। ੨. ਸਿੰਧੀ- ਬਜਗਰ. ਦਬਗਰ। ੩. ਢੋਲ ਆਦਿ ਸਾਜ ਮੜ੍ਹਨ ਵਾਲਾ.

ਬਜਗਾਰੀ, ਬਜਗੀਰੀ: ਫ਼ਾ. بزہکاری ਬਜ਼ਹਕਾਰੀ. ਸੰਗਯਾ- ਪਾਪ. ਬੁਰਾਈ। ੨. ਬਦਕਾਰੀ. "ਕਿਉਕਰ ਪਇਆ ਹੋਇ ਬਜਗਾਰੀ." (ਭਾਗੁ) "ਤੁਮ ਦਾਤੇ ਹਮ ਸਦਾ ਭਿਖਾਰੀ। ਦੇਉ ਜਬਾਬੁ ਹੋਇ ਬਜਗਾਰੀ." (ਭੈਰ ਕਬੀਰ) ਜੇ ਅਸੀਂ ਤੇਰੇ ਦਾਨ ਤੋਂ ਮੁਨਕਿਰ ਹੋਈਏ, ਤਦ ਇਸ ਵਿੱਚ ਕ੍ਰਿਤਘਨਤਾ ਹੈ। ੩. ਫ਼ਾ. بزیگری ਬਜ਼ਗੀਰੀ. ਛਲ। ੪. ਬਹਾਨਾ। ੫. ਚੋਰੀ। ੬. ਸਿੰਧੀ- ਬਜਗੀਰ (ਨੌਕਰ ਚਾਕਰ), ਅਤੇ ਬਜਗੀਰੀ (ਚਾਕਰੀ).

ਬਜਣਾ: ਕ੍ਰਿ- ਵਾਦ੍ਯ (ਵਾਜੇ) ਵਿੱਚੋਂ ਧੁਨਿ ਦਾ ਨਿਕਲਣਾ। ੨. ਪ੍ਰਸਿੱਧ ਹੋਣਾ। ੩. ਭਿੜਨਾ. ਲੜਨਾ. "ਬਿਸਾਰ ਸੰਕ ਬਾਜਿਯੰ." ਅਤੇ "ਤਹਾਂ ਏਕ ਬਾਜਜੋ ਮਹਾਂਬੀਰ ਦਜਾਲੰ." (ਵਿਚਿਤ੍ਰ)

ਬਜਨ: ਦੇਖੋ, ਵਜਨ.

ਬਜ਼ਮ: ਫ਼ਾ. بزم ਬਜ਼ਮ. ਸੰਗਯਾ- ਸਭਾ. ਮੰਡਲੀ. ਮਜਲਿਸ.

ਬਜਰ: ਸੰ. ਵਜ੍ਰ. ਸੰਗਯਾ- ਇੰਦ੍ਰ ਦੀ ਗਦਾ। ੨. ਬਿਜਲੀ. ਗਾਜ. "ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ." (ਭੈਰ ਮਃ ੪) ੩. ਹੀਰਾ। ੪. ਵਿ- ਕਰੜਾ. ਸਖਤ. "ਬਜਰ ਕੁਠਾਰ ਮੋਹ ਹੈ ਛੀਨਾ." (ਧਨਾ ਨਾਮਦੇਵ) "ਬਜਰ ਕਪਾਟ ਖੁਲਾਇਆ." (ਮਾਝ ਅਃ ਮਃ ੩)

ਬਜਰ ਕਪਾਟ: ਦ੍ਰਿੜ੍ਹ ਕਿਵਾੜ. ਭਾਵ- ਅਗਜਾਨ ਦੇ ਪਟ. ਦੇਖੋ, ਬਜਰ. ੪.

ਬਜਰਕਵਾਰ: ਦੇਖੋ, ਬਜੁਰਗਵਾਰ.

ਬਜਰਕੁਠਾਰ: ਅਤਿ ਕਠੋਰ ਅਤੇ ਤਿੱਖਾ ਕੁਹਾੜਾ. ਭਾਵ- ਵਿਵੇਕਰੂਪ ਸ਼ਸਤ੍ਰ. ਦੇਖੋ, ਬਜਰ ੪.

ਬਜਰ ਪਾਪ: ਵਜ੍ਰਵਤ ਚੂਰਣ ਕਰਦੇਣ ਵਾਲਾ ਪਾਪ. ਉਗ੍ਰ ਪਾਪ. ਭਾਵ- ਘਾਤਕ ਦੋਸ਼.

ਬਜਰਾ: ਸੰਗਯਾ- ਸਵਾਰੀ ਦੀ ਨੌਕਾ, ਜਿਸ ਦਾ ਕੁਝ ਹਿੱਸਾ ਛੱਤਿਆ ਰਹਿੰਦਾ ਹੈ. ਦੇਖੋ, ਅੰ. Budge- row.

ਬਜਰੀ: ਸੰਗਯਾ- ਕੰਕਰ ਦੇ ਛੋਟੇ ਟੁਕੜੇ. ਬਾਰੀਕ ਰੋੜੀ। ੨. ਛੋਟੇ ਆਕਾਰ ਦੇ ਵਜ੍ਰ (ਓਲੇ). ਗੜੇ.

ਬਜਰੂੜ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਨੂਰਪੁਰ ਦਾ ਪਿੰਡ, ਜੋ ਰੇਲਵੇ ਸਟੇਸ਼ਨ ਨਵਾਂ ਸ਼ਹਿਰ ਤੋਂ ੨੦. ਮੀਲ

ਪੂਰਵ ਹੈ. ਇਸ ਵਿੱਚ ਗੁੱਜਰ ਅਤੇ ਰੰਘੜ ਵਸਦੇ ਸਨ, ਜਿਨ੍ਹਾਂ ਨੇ ਦਸ਼ਮੇਸ਼ ਦੇ ਦਰਸ਼ਨ ਲਈ ਆਉਂਦੀ ਸੰਗਤਿ ਨੂੰ ਲੁੱਟ ਲਿਆ ਸੀ. ਕਲਗੀਧਰ ਨੇ ਚੜ੍ਹਾਈ ਕਰਕੇ ਲੁਟੇਰਿਆਂ ਨੂੰ ਭਾਰੀ ਦੰਡ ਦਿੱਤਾ.

"ਮਾਰ ਗ੍ਰਾਮ ਬਜਰੂੜ ਕੋ ਦੁੰਦਭਿ ਦੀਹ ਬਜਾਇ,

ਫਤੇ ਪਾਇ ਪੁਰਿ ਮੇ ਪ੍ਰਵਿਸ ਗਰਜੇ ਫਤੇ ਬੁਲਾਇ.

(ਗੁਪ੍ਰਸੂ)

ਬਜਰੰਗ: ਵਿ- ਵਜ੍ਰਾਂਗ (ਵਜ੍ਰਾਙ੍ਗ) ਵਜ੍ਰ ਜੇਹੇ ਕਰੜੇ ਹਨ ਜਿਸ ਦੇ ਅੰਗ. "ਸਰਬ ਅੰਗ ਬਜਰੰਗ ਹੇ ਧਾਰਯੋ ਪੁਰਖ ਅਸੰਗ ਹੇ ਸਰਬਲੋਹ ਅਵਤਾਰ." (ਸਲੋਹ) ੨. ਸੰਗਯਾ- ਰਾਜਪੂਤਾਂ ਦਾ ਇੱਕ ਦੇਵਤਾ, ਜੋ ਵਿਸ਼ਨੁ ਦਾ ਅਵਤਾਰ ਮੰਨਿਆ ਜਾਂਦਾ ਹੈ। ੩. ਡਿੰਗ. ਹਨੂਮਾਨ.

ਬਜਰੰਗੀ: ਵਿ- ਵਜ੍ਰਾਙ੍ਗਿਨ. ਵਜ੍ਰ ਜੇਹੇ ਅੰਗਾਂ ਵਾਲਾ. "ਤਵ ਹਿਤ ਰੂਪ ਧਰਯੋ ਬਜਰੰਗੀ ਸਰਬਲੋਹ ਤੁਅ ਰੱਛ ਕਰੋ." (ਸਲੋਹ) ੨. ਸੰਗਯਾ- ਹਨੂਮਾਨ.

ਬਜਵਾਰਾ, ਬਜਵਾੜਾ: ਹੁਸ਼ਿਆਰਪੁਰ ਤੋਂ ਦੋ ਮੀਲ ਦੱਖਣ ਪੂਰਵ ਇੱਕ ਨਗਰ। ੨. ਬੇਜ਼ਵਾਦਾ, ਮਦਰਾਸ ਦੇ ਇਲਾਕੇ ਕ੍ਰਿਸ਼ਨਾ ਜਿਲੇ ਵਿੱਚ ਕ੍ਰਿਸ਼ਨਾ ਨਦੀ ਦੇ ਕਿਨਾਰੇ ਇੱਕ ਨਗਰ, ਜਿਸ ਨੂੰ ਕਈ ਲੇਖਕਾਂ ਨੇ ਬਜਵਾੜਾ ਲਿਖਿਆ ਹੈ.

ਬਜਾ: ਫ਼ਾ. بجا ਵਜ- ਥਾਂ ਸਿਰ. ਠਿਕਾਣੇ ਪੁਰ। ੨. ਠੀਕ. ਵਾਜਿਬ. ਉਚਿਤ.

ਬਜਾਂ: ਦੇਖੋ, ਬਜਾਨ.

ਬਜਾਉਣਾ: ਕ੍ਰਿ- ਵਾਦਨ. ਵਾਜੇ ਵਿੱਚੋਂ ਸੁਰ ਕੱਢਣਾ.

ਬਜਾਗ: ਅ਼. بزغ ਵਜ਼ਗ. ਸੰਗਯਾ- ਮੇਂਡਕ. ਡੱਡੂ. "ਨਿਹਫਲ ਜਨਮ ਜਯੋਂ ਬੰਸ[857] ਮੇ ਬਜਾਗ ਹੈ." (ਭਾਗੁ) ੨. ਕਿਰਲਾ.

ਬਜਾਗਿ: ਸੰਗਯਾ- ਵਜ੍ਰ (ਬਿਜਲੀ) ਦੀ ਅਗਨਿ.

ਬਜਾਜ: ਅ਼. بزّاز ਬੱਜ਼ਾਜ਼. ਸੰਗਯਾ- ਵਸਤ੍ਰ ਦਾ ਵਪਾਰੀ। ੨. ਅਰੋੜਿਆਂ ਦੀ ਇੱਕ ਜਾਤਿ.

ਬਜਾਂਨ: ਫ਼ਾ. بجاں ਕ੍ਰਿ. ਵਿ- ਜਾਨ ਦੇ ਨਾਲ. ਦਿਲੋਂ.

ਬਜਾਯ: ਫ਼ਾ. بجاے ਕ੍ਰਿ. ਵਿ- ਉਸ ਦੇ ਥਾਂ. ਉਸ ਦੇ ਬਦਲੇ। ੨. ਥਾਂ ਸਿਰ. ਠਿਕਾਣੇ ਪੁਰ.

ਬਜਾਰ: ਫ਼ਾ. بازار ਬਾਜ਼ਾਰ- ਸੰਗਯਾ- ਹੱਟਾਂ ਦੀ ਸ਼੍ਰੇਣੀ. ਬਹੁਤ ਦੁਕਾਨਾਂ ਦੀ ਕਤਾਰ. ਵਯਾਪਾਰ ਦੀ ਮੰਡੀ.

ਬਜਾਰੀ: ਵਿ- ਬਾਜ਼ਾਰ ਨਾਲ ਹੈ ਜਿਸ ਦਾ ਸੰਬੰਧ. ਬਾਜ਼ਾਰੂ। ੨. ਬਾਜ਼ਾਰ ਵਿੱਚ ਫਿਰਨ ਵਾਲਾ. ਭਾਵ- ਵਿਭਚਾਰੀ। ੩. ਭਾਵ- ਚੌਰਾਸੀ ਵਿੱਚ ਭ੍ਰਮਣ ਵਾਲਾ. "ਆਵਾਗਉਣੁ ਬਾਜਾਰੀਆ, ਬਾਜਾਰ ਜਿਨੀ ਰਚਾਇਆ." (ਮਃ ੧. ਵਾਰ ਮਲਾ) ੪. ਬਾਜ਼ਾਰ ਦੀ ਨਿਗਰਾਨੀ ਕਰਨ ਵਾਲਾ. ਸ਼ਹਿਰ ਦਾ ਦਾਰੋਗਾ. "ਬਜਾਰੀ ਸੋ ਜੁ ਬਜਾਰਹਿ ਸੋਧੈ." (ਗੌਂਡ ਕਬੀਰ) ਜੋ ਸ਼ਰੀਰਰੂਪ ਨਗਰ ਨੂੰ ਸੋਧਨ ਵਾਲਾ ਹੈ. ਉਹ ਬਾਜਾਰੀ ਹੈ.

ਬਜਾਵਨ: ਦੇਖੋ, ਬਜਾਉਣਾ.

ਬਜਾਵਨਹਾਰੋ: ਵਿ- ਵਾਦਨ ਕਰਨ ਵਾਲਾ. ਵਾਦਯ (ਵਾਜੇ) ਵਿੱਚੋਂ ਸੁਰ ਕੱਢਣ ਵਾਲਾ. "ਬਜਾਵਨਹਾਰੋ ਊਠਿ ਸਿਧਾਰਿਓ." (ਸਾਰ ਮਃ ੫) ਦੇਹ ਵਾਜਾ, ਜੀਵਾਤਮਾ ਬਜਾਉਣ ਵਾਲਾ.

---

[857] ਬੰਸ ਦੀ ਥਾਂ ਹੰਸ ਪਾਠ ਭੀ ਹੋਇਆ ਕਰਦਾ ਹੈ.

ਬਜਿਤ੍ਰ: ਸੰ. ਵਾਦਿਤ੍ਰ. ਸੰਗਯਾ- ਵਾਜਾ. "ਪੰਚ ਬਜਿਤ੍ਰ ਕਰੇ ਸੰਤੋਖਾ." (ਰਾਮ ਮਃ ੫) ਦੇਖੋ, ਪੰਚ ਸਬਦ.

ਬਜਿਨਸ: ਅ਼. بجِنس ਵਿ- ਓਹੋ ਜੇਹਾ. ਉਸੇ ਕਿਸਮ ਦਾ.

ਬਜੀਦ: ਫ਼ਾ. بایزید ਬਾਯਜ਼ੀਦ. ਇੱਕ ਮਹਾਤਮਾ ਸਾਧੁ, ਜੋ ਬਸ੍ਤਾਮ (ਮੁਲਕ ਫ਼ਾਰਿਸ) ਵਿੱਚ ਰਹਿੰਦਾ ਸੀ। ੨. ਇੱਕ ਪੰਜਾਬੀ ਸੰਤ ਅਤੇ ਕਵਿ, ਜੋ ਈਸਵੀ ਸੋਲਵੀਂ ਸਦੀ ਦੇ ਮੱਧ ਹੋਇਆ ਹੈ. ਇਹ ਪਹਿਲਾਂ ਪੱਕਾ ਮੁਸਲਮਾਨ ਸੀ, ਪਰ ਪਿੱਛੋਂ ਵੇਦਾਂਤੀਆਂ ਦੀ ਸੰਗਤਿ ਨਾਲ ਖੁਲਾਸਾ ਹੋ ਗਿਆ. ਇਸ ਦੇ ਚੇਲੇ "ਰੌਸ਼ਨੀ" ਕਹਾਂਉਂਦੇ ਹਨ. ਇਸ ਦੇ ਰਚੇ ਹੋਏ ਪੰਜਾਬੀ ਵਿੱਚ ਅਨੇਕ ਪਦ ਹਨ, ਜਿਨ੍ਹਾਂ ਦੇ ਅੰਤ ਇਹ ਤੁਕ ਆਉਂਦੀ ਹੈ. "ਬਜੀਦਾ! ! ਕੌਣ ਸਾਹਿਬ ਨੂੰ ਆਖੇ, ਐਂ ਨਹੀਂ ਔਂਵ੍ਹ ਕਰ."

ਬਜੀਦਖ਼ਾਨ: بایزید خاں ਬਾਯਜ਼ੀਦਖ਼ਾਨ. ਇਹ ਕ਼ੁਸੂਰ ਦੇ ਖਲਫ਼ਜ਼ਈ ਪਠਾਣਾਂ ਵਿੱਚੋਂ ਸੀ. ਇਸ ਨੇ ਬਹਾਦੁਰਸ਼ਾਹ ਤੋਂ ਕ਼ੁਤਬੁੱਦੀਨ ਖਿਤਾਬ ਪਾਇਆ.[858] ਇਹ ਦੁਆਬੇ ਅਤੇ ਜੰਮੂ ਦੇ ਇਲਾਕੇ ਦਾ ਹਾਕਿਮ ਰਿਹਾ. ਬੰਦਾ ਬਹਾਦੁਰ ਦੇ ਧਾਵਿਆਂ ਨੂੰ ਰੋਕਣ ਲਈ ਫ਼ਰਰੁਖ਼ਸਿਯਰ ਸ਼ਾਹ ਦਿੱਲੀ ਦੇ ਹੁਕਮ ਨਾਲ ਫੌਜ ਲੈ ਕੇ ਕਈ ਵਾਰ ਸਿੱਖਾਂ ਨਾਲ ਲੜਿਆ ਅਰ ਸਰਹਿੰਦ ਦਾ ਪ੍ਰਬੰਧ ਭੀ ਕੁਝ ਕਾਲ (ਵਜ਼ੀਰਖ਼ਾਂ ਦੀ ਮੌਤ ਪਿੱਛੋਂ) ਇਸ ਦੇ ਹੱਥ ਰਿਹਾ. ਕਈ ਲੇਖਕਾਂ ਨੇ ਭੁੱਲਕੇ ਵਜ਼ੀਰਖ਼ਾਨ ਦੀ ਥਾਂ ਵਜੀਦਖਾਨ ਲਿੱਖ ਦਿੱਤਾ ਹੈ. ਅਰ ਦੋ ਨਾਮ ਇੱਕ ਹੀ ਸਮਝ ਲਏ ਹਨ.[859] ਬਾਯਜ਼ੀਦਖ਼ਾਨ ਬੰਦਾ ਬਹਾਦੁਰ ਦੇ ਹੱਥੋਂ ਮਾਰਿਆ ਗਿਆ. ਕਈ ਲੇਖਕਾਂ ਨੇ ਲਿਖਿਆ ਹੈ ਕਿ ਇੱਕ ਸਿੱਖ ਨੇ ਸੰਝ ਵੇਲੇ ਖ਼ੇਮੇ ਵਿੱਚ ਬਜੀਦਖਾਂ ਨੂੰ ਕਤਲ ਕਰ ਦਿੱਤਾ. ਇਹ ਘਟਨਾ ਸੰਮਤ ੧੭੭੧ (ਸਨ ੧੭੧੪) ਦੀ ਹੈ.

ਬਜੀਦਪੁਰ: ਸੰਗਰੂਰ (ਜੀਂਦ) ਰਾਜ ਦਾ ਇੱਕ ਨਗਰ. ਦੇਖੋ, ਸਰੂਪਸਿੰਘ। ੨. ਦੇਖੋ, ਬਾਜੀਦਪੁਰ.

ਬਜੀਰਖ਼ਾਂ: ਦੇਖੋ, ਵਜੀਰਖ਼ਾਂ.

ਬਜੁਜ਼: ਫ਼ਾ. بجز ਵਯ- ਸਿਵਾਯ. ਬਗੈਰ. ਬਿਨਾ. ਛੁੱਟ.

ਬਜ਼ੁਰਗ: ਫ਼ਾ. بزرگ ਵਿ- ਬਡਾ. ਵ੍ਰਿੱਧ.

ਬਜ਼ੁਰਗਵਾਰ: ਫ਼ਾ. بزرگوار ਵਡਿਆਈ ਰੱਖਣ ਵਾਲਾ.

ਬਜੁਰਗਵਾਲ: ਪਹਿਲਾਂ ਇਸ ਪਿੰਡ ਦਾ ਨਾਮ ਇਹ ਸੀ, ਪਰ ਹੁਣ ਬਿਗੜਕੇ "ਬਜਕਰਵਾਲ" ਹੋ ਗਿਆ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਨੇ ਕਸ਼ਮੀਰ ਦੇ ਦੌਰੇ ਸਮੇਂ ਇੱਥੇ ਚਰਨ ਪਾਏ ਹਨ. ਛੋਟਾ ਜੇਹਾ ਗੁਰਦ੍ਵਾਰਾ ਬਣਿਆ ਹੋਇਆ ਹੈ. ਤਿੰਨ ਸੌ ਰੁਪਯਾ ਸਾਲਾਨਾ ਜਾਗੀਰ ਹੈ. ਪੁਜਾਰੀ ਸਿੰਘ ਹਨ. ਇੱਥੋਂ ਦਾ ਜਿਲਾ ਤਸੀਲ ਗੁਜਰਾਤ. ਥਾਣਾ ਲਾਲਾਮੂਸਾ ਹੈ. ਰੇਲਵੇ ਸਟੇਸ਼ਨ ਲਾਲਾਮੂਸਾ ਤੋਂ ੧੦. ਮੀਲ ਦੇ ਕ਼ਰੀਬ ਚੜ੍ਹਦੇ ਵੱਲ ਹੈ.

ਬਜ਼ੁਰਗਾਂ: ਬਜ਼ੁਰਗ ਦਾ ਬਹੁਵਚਨ.

ਬਜ਼ੂਰ: ਅ਼. بزوٗر ਸੰਗਯਾ- ਬਜ਼ਰ (ਬੀਜ) ਦਾ ਬਹੁ- ਵਚਨ. ਤੁਖ਼ਮ.

ਬਜੇਗਾਰ: ਦੇਖੋ, ਬਜਗਾਰੀ.

ਬਜ਼ੇਰ: ਫ਼ਾ. بزیر ਕ੍ਰਿ. ਵਿ- ਨੀਚੇ. ਹੇਠ. ਤਲੇ। ੨. ਵਿ- ਅਧੀਨ. ਤਾਬੇ.

---

[858] ਕਈ ਇਤਿਹਾਸਕਾਂ ਨੇ ਇਸਦਾ ਨਾਉਂ ਕੁਤਬੁੱਦੀਨ ਖੇਸ਼ਗੀ' ਲਿਖ ਦਿੱਤਾ ਹੈ.

[859] "ਖਾਨਵਜੀਦ ਨਿਕਸ੯ ਆਦੋ ਸਭਾਮਝਾਰ." (ਗੁਪ੍ਰਸੂ) "ਤਬ ਬੰਦੇ ਨਿਜ ਹਯ ਵੰਧਾਯੇ। ਖਾਵਜੀਦ ਕੇ ਸਨਮੁਖ ਆਯੋ." (ਗੁਪ੍ਰਸੂ) "ਵਜੀਦਖਾਂ ਦੇ ਪੈਰੀਂ ਰੱਸਾ ਪਾ ਵੈਹੜਕਿਆਂ ਮਗਰ ਬੰਨ ਕੇ ਸਾਟੇ ਬਜਾਰਾਂ ਵਿੱਚ ਘਸੀਟ ਕਰਾਈ." (ਭਵਾਰੀਖ ਗੁਰੂ ਖਾਲਸਾ)

ਬਜੈਯਾ: ਵਿ- ਵਾਦਨ ਕਰੈਯਾ. ਬਜਾਉਣ ਵਾਲਾ.

ਬਜੌਰ: ਉੱਤਰ ਪੱਛਮੀ ਸਰਹੱਦੀ ਇਲਾਕੇ ਵਿੱਚ, ਦੀਰ ਸ੍ਵਾਤ ਅਤੇ ਚਿਤਰਾਲ ਦੀ ਏਜੰਸੀ ਦਾ ਇਲਾਕਾ, ਕਈ ਵਿਦ੍ਵਾਨ ਖਿਆਲ ਕਰਦੇ ਹਨ ਕਿ ਬਿਜਉਰੀ ਦਾਖ ਦਾ ਜਿਕਰ ਫਰੀਦ ਜੀ ਦੇ ਸ਼ਲੋਕ ਵਿੱਚ ਜੋ ਹੈ, ਉਹ ਇਸੇ ਦੇ ਸੰਬੰਧ ਤੋਂ ਹੈ. ਦੇਖੋ, ਬਿਜਉਰੀ.

ਬਜੰਗ: ਫ਼ਾ. بجنگ ਲੜਾਈ ਮੇ. ਜੰਗ ਵਿੱਚ. "ਆਵਤ ਭਯੋ ਬਜੰਗ." (ਚਰਿਤ੍ਰ ੨੧੨)

ਬਜੰਤ, ਬਜੰਤ੍ਰ: ਸੰਗਯਾ- ਵਾਦਿਤ੍ਰ. ਵਾਜਾ. "ਬੱਜੇ ਬਜੰਤ." (ਵਿਚਿਤ੍ਰ)

ਬਜੰਤ੍ਰੀ: ਵਿ- ਵਾਦਿਤ੍ਰ (ਵਾਜਾ) ਵਜਾਉਣ ਵਾਲਾ. ਵਾਦਜਯੰਤ੍ਰੀ (ਅਥਵਾ ਵਾਦਿਤ੍ਰੀ). ਯੰਤ੍ਰਵਾਦਕ.

ਬਜ੍ਰ: ਦੇਖੋ, ਬਜਰ ਅਤੇ ਵਜ੍ਰ.

ਬਜ੍ਰਤੁੰਡ: ਡਿੰਗ. ਵਜ੍ਰ ਜੇਹੀ ਹੈ ਚੁੰਜ ਜਿਸ ਦੀ, ਗਰੁੜ.

ਬਜ੍ਰਧਰ: ਸੰਗਯਾ- ਵਜ੍ਰ ਦੇ ਧਾਰਨ ਵਾਲਾ ਇੰਦ੍ਰ. ਵਜ੍ਰਧਾਰੀ.

ਬਜ੍ਰਧਰਿਸਣੀ: ਸੰਗਯਾ- ਵਜ੍ਰਧਰ (ਇੰਦ੍ਰ) ਦਾ ਈਸ਼ (ਕਸ਼ਯਪ), ਉਸ ਦੀ ਪ੍ਰਿਥਿਵੀ (ਸਨਾਮਾ)

ਬਜ੍ਰਪਾਣੀ, ਬਜ੍ਰਪਾਨੀ: ਸੰਗਯਾ- ਵਜ੍ਰਪਾਣਿ. ਜਿਸ ਦੇ ਹੱਥ ਵਜ੍ਰ ਹੈ. ਇੰਦ੍ਰ. "ਦੀਨੀ ਰਾਜਧਾਨੀ ਬਜ੍ਰਪਾਨੀ ਕੋ ਕ੍ਰਿਪਾਨਪਾਨੀ." (ਨਾਪ੍ਰ)

ਬਜ੍ਰਪ੍ਰਾਣੀ: ਸੰਗਯਾ- ਕਠੋਰ ਹੈ ਚਿੱਤ ਜਿਸ ਦਾ ਐਸਾ ਪੁਰਖ. ਸੰਗਦਿਲ. "ਬਜ੍ਰਪ੍ਰਾਣੀ ਨ ਉਧਾਰ ਹੈ." (ਭਾਗੁ ਕ)

ਬਜ੍ਰਾਵਘਾਤ: ਵਿ- ਵਜ੍ਰ ਜੇਹੀ ਹੈ ਅਵਘਾਤ (ਸੱਟ) ਜਿਸ ਦੀ ਵਜ੍ਰ ਸਮਾਨ ਚੋਟ ਵਾਲਾ. "ਹਣੇ ਬਾਣ ਬਜ੍ਰਾਵਘਾਤ." (ਰਾਮਾਵ)

ਬਜ੍ਰਿ: ਸੰ. ਵਜ੍ਰਿਨ੍. ਵਿ- ਵਜ੍ਰ ਵਾਲਾ। ੨. ਸੰਗਯਾ- ਇੰਦ੍ਰ.

ਬਜ੍ਰਿਅਨੁਜ: ਸੰਗਯਾ- ਵਜ੍ਰੀ (ਇੰਦ੍ਰ) ਦਾ ਛੋਟਾ ਭਾਈ, ਵਾਮਨ ਭਗਵਾਨ. (ਸਨਾਮਾ)

ਬਜ੍ਰੀ: ਦੇਖੋ, ਬਜ੍ਰਿ.

ਬੱਝਣਾ: ਕ੍ਰਿ- ਬੱਧ ਹੋਣਾ. ਬੰਧਨ ਵਿੱਚ ਪੈਣਾ.

ਬਟ: ਸੰਗਯਾ- ਵਟ. ਬੋਹੜ। ੨. ਵੱਟਾ. "ਜਸੋਂ ਲਰਕਾ ਬਟ ਫੇਂਕਤ ਹੈਂ." (ਕ੍ਰਿਸਨਾਵ) ੩. ਵਾਟ ਬਾਟ. ਮਾਰਗ. ਰਾਹ। ੪. ਦੇਖੋ, ਬੱਟ ੫. ਦੇਖੋ ਵਟ.

ਬਟਹਰ, ਬਟਹਾ, ਬਟਹਾਯਾ: ਸੰਗਯਾ- ਵਾਟ ਹਰਨ ਵਾਲਾ. ਵਾਟਪਾਰ. ਡਾਕੂ "ਚੰਦ੍ਰਭਾਨ ਜਾਟੂ ਬਟਹਾਯੋ." (ਚਰਿਤ੍ਰ ੧੭੬)

ਬਟਕ: ਸੰਗਯਾ- ਵਟ ਵ੍ਰਿਕ੍ਸ਼. ਬੋਹੜ ਦਾ ਬੂਟਾ. "ਬਟਕ ਬੀਜ ਮਹਿ ਰਵਿ ਰਹਿਓ." (ਗਉ ਬਾਵਨ ਕਬੀਰ) ੨. ਵਟਕ. ਗੋਲੀ. ਵਟਿਕਾ. ਵੱਟੀ.

ਬਟਣਾ: ਦੇਖੋ, ਬੱਟਣਾ। ੨. ਦੇਖੋ, ਬਟਨਾ.

ਬਟਤੀਰਥ: ਦੇਖੋ, ਹਰੀਪੁਰ ੩.

ਬਟਨ: ਸੰਗਯਾ- ਗੁਦਾਮ ਅੰ. Button. ਸੰ. ਵੀਟਿਕਾ.

ਬਟਨਾ: ਸੰਗਯਾ- ਉਦਵਰਤਨ. ਸ਼ਰੀਰ ਪੁਰ ਮਲਣ ਦਾ ਲੇਪ, ਜਿਸ ਨਾਲ ਤੁਚਾ ਨਿਰਮਲ ਅਤੇ ਕੋਮਲ ਹੋ ਜਾਂਦੀ ਹੈ. ਵਟਣਾ.

ਬਟਪਾਰ, ਬਟਪਾਰਾ, ਬਟਮਾਰ: ਸੰਗ੍ਯਾ- ਵਾਟਪਾਰ. ਰਾਹ ਮਾਰਨ ਵਾਲਾ. ਡਾਕੂ.

ਬਟਮਾਰ ਸਸਤ੍ਰ: ਵਾਟਮਾਰ (ਡਾਕੂ) ਦਾ ਸ਼ਸਤ੍ਰ, ਫਾਸੀ (ਪਾਸ਼). (ਸਨਾਮਾ)

ਬਟਰ: ਦੇਖੋ, ਵਠਰ.

ਬਟਰੀਆ: ਸੰਗ੍ਯਾ- ਵਾਟ (ਰਾਹ) ਵਿੱਚ ਤੁਰਨ ਵਾਲਾ, ਰਾਹੀ. ਮੁਸਾਫਿਰ. "ਸਗਲ ਬਟਰੀਆ ਬਿਰਖ ਇਕ ਤੁਰੀਆ." (ਬਿਹਾ ਮਃ ੫) ਸੰਸਾਰ ਬਿਰਖ ਹੇਠ ਸਾਰੇ ਪ੍ਰਾਣੀ ਰਾਹੀ ਹਨ.

ਬਟਲੋਹਾ, ਬਟਲੋਹੀ: ਪਿਠਰ ਲੋਹ. ਲੋਹੇ ਦੀ ਦੇਗ. ਹੁਣ ਇਹ ਕੁੰਡੇਦਾਰ ਭਾਂਡਾ ਪਿੱਤਲ ਦਾ ਹੋਇਆ ਕਰਦਾ ਹੈ.

ਬਟਵਾਰ: ਸੰਗ੍ਯਾ- ਵਾਟ (ਰਾਹ) ਦਾ ਰਖਵਾਲਾ, ਚੌਕੀਦਾਰ। ੨. ਸੜਕ ਦਾ ਮਹਿਸੂਲ ਉਗਰਾਹੁਣ ਵਾਲਾ। ੩. ਵੰਡਾ. ਭਾਗ. ਛਾਂਦਾ। ੪. ਵਾਟਪਾਟ. ਡਾਕੂ. ਧਾੜਵੀ.

ਬਟਵਾਰਈ: ਵਾਟਪਾਰੋਂ ਕਰਕੇ ਡਾਕੂਆਂ ਦ੍ਵਾਰਾ. "ਬੀਧਾ ਪੰਚ ਬਟਵਾਰਈ." (ਬਿਲਾ ਮਃ ੫)

ਬਟਵਾਰਾ, ਬਟਵਾੜਾ: ਸੰਗ੍ਯਾ- ਵੰਡਾ. ਹਿੱਸਾ. ਭਾਗ। ੨. ਵਾਟਪਾਰ. ਰਸਤੇ ਵਿੱਚ ਲੁੱਟਣ ਵਾਲਾ. ਡਾਕੂ. "ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿਪਇਆ." (ਮਾਰੂ ਮਃ ੪) "ਮੰਨ ਤਰੰਗ ਬਟਵਾਰਾ." (ਗਉ ਕਬੀਰ) ੩. ਵੰਡਾਈ ਕਰਾਉਣ ਵਾਲਾ, ਵੰਡਾਵਾ। ੪. ਬੱਟ ਵਾਰ ਖੇਤ ਦੀ ਵੰਡ.

ਬਟਾ: ਸੰਗ੍ਯਾ- ਵਟਕ. ਗੋਲਾ। ੨. ਗੇਂਦ, "ਭਏ ਦੋਊ ਨੈਨ ਬਟਾ ਨਟ ਕੇ." (ਕ੍ਰਿਸਨਾਵ)

ਬਟਾਉਣਾ: ਕ੍ਰਿ- ਤਕਸੀਮ ਕਰਾਉਣਾ. ਵੰਡਾਉਣਾ। ਬਦਲਵਾਉਣਾ. ਇੱਕ ਵਸਤੁ ਦੇ ਬਦਲੇ ਦੂਜੀ ਦਾ ਲੈਣਾ.

ਬਟਾਊ: ਵਿ- ਵਟਾਉਣ (ਪਲਟਾਉਣ) ਵਾਲਾ। ੨. ਸੰਗ੍ਯਾ- ਵਾਟ ਜਾਊ. ਰਾਹੀ ਸੰ- ਵਾਟਿਕ "ਬਟਾਊ ਸਿਉ ਜੋ ਲਾਵੈ ਨੇਹ." (ਸੁਖਮਨੀ)

ਬਟਾਈ: ਸੰਗ੍ਯਾ- ਵੰਡ. ਤਕਸੀਮ। ੨. ਪੁਰਾਣੇ ਜ਼ਮਾਨੇ ਪੈਦਾਵਾਰ ਵਿੱਚੋਂ ਰਾਜੇ ਦਾ ਹਿੱਸਾ ਲੈਣ ਦੀ ਕ੍ਰਿਯਾ. ਇਹ ਮਨੁ ਦੇ ਜ਼ਮਾਨੇ ਛੀਵਾਂ ਹਿੱਸਾ ਸੀ. ਨਕਦ ਸੁਆਮਲਾ ਕ਼ਾਇਮ ਹੋਣ ਤੋਂ ਪਹਿਲਾਂ ਚੌਥਾ ਹਿੱਸਾ ਬਟਾਈ ਵਿੱਚ ਲਿਆ ਜਾਂਦਾ ਸੀ। ੩. ਵੱਟਣ ਦੀ ਕ੍ਰਿਯਾ। ੪. ਵੱਟ ਦੇਣ ਦੀ ਮਜ਼ਦੂਰੀ.

ਬਟਾਲਾ: ਜਿਲਾ ਗੁਰਦਾਸਪੁਰ ਵਿੱਚ ਇੱਕ ਨਗਰ, ਜਿਸ ਦਾ ਸਟੇਸ਼ਨ ਪਠਾਨਕੋਟ ਅਮ੍ਰਿਤਸਰ ਰੇਲਵੇ ਪੁਰ ਹੈ, ਜੋ ਲਹੌਰੋਂ ੫੭ ਮੀਲ ਹੈ. ਇੱਥੇ ਗੁਰੂ ਨਾਨਕਦੇਵ ਦੇ ਸਹੁਰੇ ਸਨ. ਬਾਬਾ ਗੁਰਦਿੱਤਾ ਜੀ ਨੂੰ ਵਿਆਹੁਣ ਲਈ ਗੁਰੂ ਹਰਿਗੋਬਿੰਦ ਸਾਹਿਬ ਭੀ ਇਸ ਥਾਂ ਪਧਾਰੇ ਹਨ, ਇਹ ਨਗਰ ਬਹਲੋਲ ਲੋਦੀ ਦੀ ਹੁਕੂਮਤ ਸਮੇਂ ਭੱਟੀ ਰਾਜਪੂਤ ਰਾਇ ਰਾਮਦੇਉ ਨੇ ਆਬਾਦ ਕੀਤਾ ਸੀ. ਬਟਾਲੇ ਵਿੱਚ ਦੋ ਗੁਰਦ੍ਵਾਰੇ ਹਨ-

(੧) ਕੱਚੀ ਕੰਧ. ਇਹ ਉਹ ਅਸਥਾਨ ਹੈ, ਜਿੱਥੇ ਗੁਰੂ ਨਾਨਕਦੇਵ ਜੀ ਦੀ ਬਰਾਤ ਦਾ ਡੇਰਾ ਸੀ. ਉਸ ਸਮੇਂ ਦੀ ਪੁਰਾਣੀ ਕੰਧ ਕੱਚੀ ਮੌਜੂਦ ਹੈ. ਚੁਰਾਹੇ ਬਾਜ਼ਾਰ ਵਿੱਚ ਥੜਾ ਬਣਿਆ ਹੋਇਆ ਹੈ. ਭਾਦੋਂ ਸੁਦੀ ਸੱਤੇਂ ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ.

(੨) ਡੇਹਰਾ ਸਾਹਿਬ. ਇਹ ਉਹ ਅਸਥਾਨ ਹੈ ਜਿੱਥੇ ਗੁਰੂ ਨਾਨਕ ਸ੍ਵਾਮੀ ਦਾ ਵਿਆਹ ਹੋਇਆ. ਗੁਰਦ੍ਵਾਰੇ ਨਾਲ ੩੫ ਘੁਮਾਉਂ ਜ਼ਮੀਨ ਪਿੰਡ ਭੱਟੀਵਾਲ ਅਤੇ ੮. ਘੁਮਾਉਂ ਇੱਥੇ ਹੈ. ਭਾਦੋਂ ਸੁਦੀ ੭. ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ.

ਬਾਬਾ ਗੁਰਦਿੱਤਾ ਜੀ ਦੇ ਵਿਆਹ ਦਾ ਅਸਥਾਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਜਿਸ ਥਾਂ ਵਿਰਾਜੇ ਹਨ, ਉਹ ਪ੍ਰਸਿੱਧ ਨਹੀਂ ਹਨ.

ਬਟਾਵਾ: ਸੰਗ੍ਯਾ- ਬਟਾਈ (ਤਕਸੀਮ) ਕਰਾਉਣ ਵਾਲਾ ਕਰਮਚਾਰੀ. ਵੰਡਾਵਾ.

ਬਟੀ: ਸੰਗਯਾ- ਵਟਿਕਾ. ਵੱਟੀ ਗੋਲੀ। ੨. ਵਾਟਿਕਾ. ਵਾੜੀ। ੩. ਡਿੰਗ. ਮ੍ਰਿਗ ਫਾਹੁਣ ਦੀ ਫਾਹੀ.

ਬਟੁ, ਬਟੂ: ਸੰ. बटु. ਇਹ ਵਟੁ ਭੀ ਸੰਸਕ੍ਰਿਤ ਸ਼ਬਦ ਹੈ. ਬਾਲਕ। ੨. ਬ੍ਰਹਮਚਾਰੀ. ਦੇਖੋ, ਵਟੁ.

ਬਟੂਆ: ਸੰਗਯਾ- ਛੋਟੀ ਥੈਲੀ. ਜਿਸ ਵਿੱਚ ਨਕਦੀ ਆਦਿ ਸਾਮਾਨ ਰੱਖੀਦਾ ਹੈ. ਗੁਥਲੀ। ੨. ਸੁਆਹ ਆਦਿਕ ਸਾਮਾਨ ਰੱਖਣ ਦਾ ਛੋਟਾ ਥੈਲਾ ਜੋ ਫਕੀਰ ਰਖਦੇ ਹਨ. "ਮੇਰਾ ਬਟੂਆ ਸਭ ਜਗ ਭਸਮਾਧਾਰੀ." (ਗਉ ਕਬੀਰ) ਸਾਰੇ ਜਗਤ ਨੂੰ ਖ਼ਾਕ ਦੀ ਢੇਰੀ ਜਾਣਨਾ ਮੇਰਾ ਬਟੂਆ ਹੈ। ੩. ਭਾਵ- ਦੇਹ. ਸ਼ਰੀਰ. "ਬਟੂਆ ਏਕੁ ਬਹਤਰਿ ਆਧਾਰੀ, ਏਕੋ ਜਿਸਹਿ ਦੁਆਰਾ। ਨਵੈ ਖੰਡ ਕੀ ਪ੍ਰਿਥਮੀ ਮਾਂਗੈ." (ਆਸਾ ਕਬੀਰ) ਬਹੱਤਰ ਪ੍ਰਧਾਨ ਨਾੜੀਆਂ ਵਾਲਾ ਬਟੂਆ ਸ਼ਰੀਰ ਹੈ. ਇੱਕ ਦ੍ਵਾਰ (ਦਸ਼ਮਦ੍ਵਾਰ) ਹੈ, ਜੋ ਜੋਗੀ ਨੌ ਖੰਡ (ਨੌ ਜੋੜਾਂ ਵਾਲੇ ਸ਼ਰੀਰ) ਵਿੱਚ ਹੀ ਭਿਖ੍ਯਾ ਮੰਗਦਾ ਹੈ। ੪. ਬੱਟਵਾਂ ਰੱਸਾ, ਜੋ ਉੱਨ ਅਥਵਾ ਦੋ ਵਸਤ੍ਰ ਵੱਟਕੇ ਮੇਲਿਆ ਹੁੰਦਾ ਹੈ ਅਤੇ ਜਿਸ ਨੂੰ ਫਕੀਰ ਕਮਰ ਕਸਣ ਲਈ ਵਰਤਦੇ ਹਨ. "ਬਟੂਆ ਅਪਨੇ ਕਟਿ ਸਾਥ ਕਸੈਹੈਂ." (ਕ੍ਰਿਸਨਾਵ)

ਬਟੇਹਰੀ, ਬਟੇਹੜੀ: ਸੰ. वरेष्टि- ਵਰੇਸ਼੍ਟਿ. ਵਰ (ਦੁਲਹਾ) ਲਈ ਇਸ਼੍ਟਿ (ਯਗ੍ਯ). ਖਤ੍ਰੀ ਆਦਿਕ ਜਾਤੀਆਂ ਵਿੱਚ ਰੀਤਿ ਹੈ ਕਿ ਵਿਆਹ ਹੋਣ ਤੋਂ ਪਹਿਲਾਂ ਜੰਞ ਨੂੰ ਘਰ ਬੁਲਾਕੇ ਰੋਟੀ ਨਹੀਂ ਖਵਾਉਂਦੇ. ਜਿਸ ਥਾਂ ਜਨੇਤ ਦਾ ਡੇਰਾ ਹੁੰਦਾ ਹੈ ਉੱਥੇ ਹੀ ਭੋਜਨ ਦੀ ਸਾਰੀ ਸਾਮਗ੍ਰੀ ਭੇਜ ਦਿੰਦੇ ਹਨ. ਇਸ ਰਸਦ ਦਾ ਨਾਉਂ ਬਟੇਹਰੀ ਹੈ. ਜਿਸ ਨੂੰ ਕਈ ਬਟੇਰੀ ਆਖਦੇ ਹਨ. ਦੇਖੋ, ਬਟੇਰੀ ੨.

ਬਟੇਰ: ਦੇਖੋ, ਪਟੇਰ। ੨. ਸੰ. ਵੱਰ੍‍ਤਕ. ਤਿੱਤਰ ਤੋਂ ਛੋਟਾ ਇੱਕ ਪੰਛੀ, ਜੋ ਸ਼ਕਲ ਵਿੱਚ ਤਿੱਤਰ ਜੇਹਾ ਹੁੰਦਾ ਹੈ. ਨਰ ਬਟੇਰ, ਜੋ ਬੋਲਣ ਵਾਲਾ ਹੁੰਦਾ ਹੈ ਉਸ ਦੀ ਆਵਾਜ਼ ਸੁਣਕੇ ਆਸ ਪਾਸ ਦੇ ਬਟੇਰ ਜਮਾਂ ਹੋ ਜਾਂਦੇ ਹਨ ਅਤੇ ਸ਼ਿਕਾਰੀਆਂ ਤੋਂ ਜਾਲ ਵਿੱਚ ਫਸਾਏ ਜਾਂਦੇ ਹਨ. ਬਹੁਤ ਲੋਕ ਲੜਾਉਣ ਲਈ ਭੀ ਬਟੇਰ ਰਖਦੇ ਹਨ. ਅੰ. quail.

ਬਟੇਰਾ: ਦੇਖੋ, ਬਟੇਰ. ੨.

ਬਟੇਰੀ: ਸੰਗਯਾ- ਬਟੇਰ ਦੀ ਮਦੀਨ। ੨. ਦੇਖੋ, ਬਟੇਹਰੀ. "ਪ੍ਰੇਮਚੰਦ ਤਬ ਪਠੀ ਬਟੇਰੀ." (ਗੁਪ੍ਰਸੂ)

ਬਟੋਹੀ: ਸੰਗਯਾ- ਵਾਟ (ਮਾਰਗ) ਜਾਣ ਵਾਲਾ, ਰਾਹੀ. ਪਾਂਧੀ.

ਬਟੋਰਨਾ: ਕ੍ਰਿ- ਏਕਤ੍ਰ ਕਰਨਾ. ਸਮੇਟਣਾ.

ਬਟੌਆ: ਸੰਗਯਾ- ਤਕਸੀਮ ਕਰਾਉਣ ਵਾਲਾ, ਵੰਡਾਵਾ। ੨. ਵਾਟ (ਰਾਹ) ਜਾਣ ਵਾਲਾ, ਰਾਹੀ. ਮੁਸਾਫਿਰ.

ਬਟੰਕ, ਬਟੰਤ: ਸੰਗਯਾ- ਇਹ ਛੋਟੀ ਕਿਸਮ ਦੀ ਨਾਸ਼ਪਾਤੀ ਹੈ, ਜੋ ਬੱਗੂਗੋਸ਼ੇ ਤੋਂ ਛੋਟਾ ਹੁੰਦਾ ਹੈ. ਕਸ਼ਮੀਰ ਅਤੇ ਕਾਬੁਲ ਦੇ ਇਲਾਕੇ ਬਹੁਤ ਦੇਖੀਦਾ ਹੈ. "ਸੇਉ ਬਟੰਕ ਬੇਲ ਅੰਗੂਰ." ਅਤੇ "ਜਰਦਾਲੂ ਅਰ ਲਜਾਇ ਬਟੰਤ." (ਗੁਪ੍ਰਸੂ)

ਬੱਟ: ਸੰਗਯਾ- ਮਿੱਟੀ ਦੀ ਉੱਚੀ ਪਾਲ, ਜੋ ਪਾਣੀ ਨੂੰ ਰੋਕਦੀ ਅਤੇ ਖੇਤਾਂ ਦਾ ਵਿਭਾਗ ਕਰਦੀ ਹੈ। ੨. ਹਵਾ ਬੰਦ ਹੋਣ ਤੋਂ ਹੋਇਆ ਹੁੰਮ. ਹੁੱਟ। ੩. ਕ੍ਰੋਧ ਦੀ ਲਹਿਰ, ਗੁੱਸੇ ਦਾ ਮਰੋੜਾ। ੪. ਢਿੱਡ. ਪੀੜ। ੫. ਵਲ. ਝੁਰੜੀ. ਪੇਚ. ਮਰੋੜ.

ਬੱਟਕ: ਦੇਖੋ, ਬਟਕ। ੨. ਵੱਟਣ ਵਾਲਾ। ੩. ਵਟਿਕਾ. ਗੋਲੀ. ਵੱਟੀ. "ਅਠੱਟ ਬੱਟ ਬੱਟਕੰ." (ਗ੍ਯਾਨ) ਬ੍ਰਹਮਾਂਡਰੂਪ ਵਟਿਕਾ (ਗੋਲੀ) ਜੋ ਕਿਸੇ ਤੋਂ ਬੱਟੀ ਨਹੀਂ ਜਾ ਸਕਦੀ, ਉਸ ਨੂੰ ਵੱਟਦੇ (ਰਚਦੇ) ਹੋ.

ਬੱਟਕੰ: ਦੇਖੋ, ਬੱਟਕ.

ਬਟਣਾ: ਕ੍ਰਿ- ਖੱਟੀ ਕਰਨੀ. ਕਮਾਉਣਾ. ਕੁਝ ਵਸਤੁ ਬੇਚਕੇ ਉਸ ਦੇ ਬਦਲੇ ਧਨ ਲੈਣਾ। ੨. ਨਫਾ ਕਮਾਉਣਾ। ੩. ਵੱਟ (ਵਲ) ਦੇਣਾ. ਰੱਸਾ ਆਦਿ ਵੱਟ ਦੇਕੇ ਤਿਆਰ ਕਰਨਾ.

ਬੱਟਤ: ਵੱਟਤ. ਖੱਟੀ. ਕਮਾਈ.

**ਬੱਟਾ:** ਸੰਗਯਾ- ਪ੍ਰਤਿ ਬਦਲਾ. ਪਲਟਾ। ੨. ਵੱਟਾ. ਤੋਲਣ ਦਾ ਪੱਥਰ, ਜਾਂ ਧਾਤੁ ਦਾ ਪਿੰਡ। ੩. ਦਾਗ. ਕਲੰਕ. "ਨਹਿ ਬੱਟਾ ਸਿੱਖੀ ਕਉ ਲਾਵੈਂ." (ਗੁਪ੍ਰਸੂ) ੪. ਕਿਸੇ ਵਸਤੁ ਨੂੰ ਵਟਾਉਣ ਵਿੱਚ ਦਿੱਤਾ ਘਾਟਾ.

**ਬੱਟੀ:** ਸੰਗਯਾ- ਵਟਿਕਾ. ਗੋਲੀ। ੨. ਪੰਜ ਸੇਰ ਕੱਚਾ ਤੋਲ। ੩. ਪੰਜ ਸੇਰ ਵਜ਼ਨ ਦਾ ਵੱਟਾ.

**ਬਠਲ:** ਸੰਗਯਾ- ਪਿਠਰ. ਬਾਟੀ ਜੇਹਾ ਮਿੱਟੀ ਦਾ ਭਾਂਡਾ.

**ਬਠਿੰਡਾ:** ਦੇਖੋ, ਭਟਿੰਡਾ.

**ਬਡ:** ਵਿ- ਵਡਾ. "ਬਡ ਪਰਤਾਪੁ ਸੁਨਿਓ ਪ੍ਰਭੁ ਤੁਮਰੋ." (ਬਿਲਾ ਮਃ ੫)

**ਬਡਆਛ:** ਵਿ- ਵਡੀਆਂ ਹਨ ਅਕ੍ਸ਼ਿ (ਅੱਖਾਂ) ਜਿਸ ਦੀਆਂ. "ਵਿਸ਼ਾਲਨੇਤ੍ਰ. "ਬਡਆਛ ਬਡੀ ਛਬਿ ਪਾਵਹਿਂ ਗੇ." (ਕਲਕੀ)

**ਬਡਹੰਸ:** ਦੇਖੋ, ਵਡਹੰਸ.

**ਬਡਪਨ, ਬਡਪਨਾ, ਬਡੱਪਨ:** ਸੰਗਯਾ- ਵਡਾਪਨ. ਮਹਤ੍ਵ. "ਜਲਿਜਾਉ ਏਹੁ ਬਡਪਨਾ ਮਾਇਆ ਲਪਟਾਏ." (ਸੂਹੀ ਮਃ ੫)

**ਬਡਬੋਲਾ:** ਵਿ- ਅੰਹਕਾਰ ਦਾ ਵਾਕ ਕਹਿਣ ਵਾਲਾ. ਅਭਿਮਾਨੀ. ਸ਼ੇਖੀ ਮਾਰਨ ਵਾਲਾ.

**ਬਡਭਾਗਸਿੰਘ:** ਦੇਖੋ, ਵਡਭਾਗਸਿੰਘ.

**ਬਡਭਾਗੀ:** ਵਿ- ਵਡੇ ਭਾਗਾਂ ਵਾਲਾ. ਖ਼ੁਸ਼ਨਸੀਬ. "ਬਡਭਾਗੀ ਤਿਹ ਜਨ ਕਉ ਜਾਨਉ, ਜੋ ਹਰਿ ਕੇ ਗੁਨ ਗਾਵੈ." (ਰਾਮ ਮਃ ੯)

**ਬਡਰੁੱਖਾ:** ਰਿਆਸਤ ਜੀਂਦ ਵਿੱਚ ਇੱਕ ਪਿੰਡ, ਜਿੱਥੇ ਸਰਦਾਰ ਬਸਾਵਾਸਿੰਘ ਦੀ ਔਲਾਦ ਮਾਲਿਕ ਹੈ. ਮਹਾਰਾਜਾ ਰਣਜੀਤਸਿੰਘ ਦਾ ਜਨਮ ਇਸੇ ਗ੍ਰਾਮ ਹੋਇਆ ਹੈ.[860] ਗੁੱਜਰਾਂਵਾਲੇ ਵਿੱਚ ਜਨਮ ਲਿਖਣ ਵਾਲੇ ਭੁਲੇਖਾ ਖਾ ਗਏ ਹਨ, ਦੇਖੋ, ਫੂਲਵੰਸ਼.

**ਬਡਵਾ:** ਦੇਖੋ, ਬੜਵਾ.

**ਬਡਵਾਸੀ:** ਡਿੰਗ. ਬਡਵਾ (ਘੋੜੀ) ਜੇਹਾ ਆਸ੍ਯ (ਮੂੰਹ) ਰੱਖਣ ਵਾਲਾ ਯਕ੍ਸ਼. ਜੱਛ ਦੇਵਤਾ.

**ਬਡਾ:** ਵਿ- ਦੀਰਘ. ਮਹਾਨ। ੨. ਉੱਤਮ. ਸ਼੍ਰੇਸ਼੍ਠ.

**ਬਡਾਈ:** ਸੰਗਯਾ- ਅਧਿਕਤਾ. ਜ਼ਯਾਦਤੀ। ੨. ਮਹਿਮਾਂ. ਤਅ਼ਰੀਫ਼। ੩. ਵਡੇ ਹੋਣ ਦਾ ਭਾਵ. ਉੱਚਤਾ। ੪. ਮਿਸਾਲ. ਉਪਮਾ. "ਕਾਚੀ ਗਾਗਰਿ ਨੀਰੁ ਪਰਤੁ ਹੈ, ਇਆ ਤਨ ਕੀ ਇਹੈ ਬਡਾਈ."(ਸੋਰ ਕਬੀਰ)

**ਬਡਾਘਰ:** ਦੇਖੋ, ਵਡਾਘਰ.

**ਬਡਾ ਦਰਬਾਰ:** ਜਿੱਥੇ ਕਈ ਗੁਰਦ੍ਵਾਰੇ ਹੋਣ, ਉੱਥੇ ਪ੍ਰਧਾਨ ਗੁਰਦ੍ਵਾਰੇ ਦੀ ਇਹ ਪਦਵੀ ਹੋਇਆ ਕਰਦੀ ਹੈ, ਜਿਵੇਂ- ਮੁਕਤਸਰ ਅਤੇ ਦਮਦਮੇ ਮੁੱਖ ਗੁਰੁਧਾਮ, "ਬਡਾ ਦਰਬਾਰ" ਸੱਦੀਦੇ ਹਨ.

**ਬਡਾ ਦੋਹਰਾ:** ਦੇਖੋ, ਦੋਹਰੇ ਦਾ ਰੂਪ ੧੯.

**ਬਡਾਨ:** ਵਿ- ਅਤਿ ਵਡਾ। ੨. ਸੰਗਯਾ- ਵਡਾਪਨ.

**ਬਡਾਨੀ:** ਵਿ- ਵਡਿਆਈ ਵਾਲਾ। ੨. ਅਤਿ ਪ੍ਰਬਲ. "ਐਸੋ ਕਾਲ ਬਡਾਨੀ ਰੇ." (ਬਿਲਾ ਕਬੀਰ)

**ਬਡਾਮੇਲ:** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੁਪੁਤ੍ਰ ਬਾਬਾ ਸੂਰਜਮੱਲ ਜੀ ਦੀ ਵੰਸ਼ ਦੇ ਸੋਢੀਸਾਹਿਬ, ਜੋ ਖਾਸ ਕਰਕੇ ਆਨੰਦਪੁਰ

---

[860] ਇੱਥੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਨਕੇ ਸਨ.

ਵਿੱਚ ਪ੍ਰਧਾਨ ਹਨ. ਇਨ੍ਹਾਂ ਦੇ ਮੁਕਾਬਲੇ ਪ੍ਰਿਥੀਚੰਦ ਜੀ ਦੀ ਵੰਸ਼ ਦੇ ਸੋਢੀ "ਛੋਟਾ ਮੇਲ" ਸੱਦੀਦੇ ਹਨ.

ਬਡਿਆਈ: ਦੇਖੋ, ਬਡਾਈ.

ਬਡਿਸ: ਸੰ. ਇਸ ਦਾ ਉੱਚਾਰਣ ਵਡਿਸ਼ ਭੀ ਸਹੀ ਹੈ. ਮੱਛੀ ਫਾਹੁਣ ਦੀ ਕੁੰਡੀ. "ਮਤਜ ਬਡਿਸ ਕੋ ਗ੍ਰਾਸੈ ਜੈਸੇ." (ਗੁਪ੍ਰਸੂ)

ਬਡੀਸੰਗਤ, ਬਡੀਸੰਗਤਿ: ਵਡੀ ਧਰਮਸ਼ਾਲਾ. ਜਿਸ ਸ਼ਹਿਰ ਕਈ ਗੁਰਅਸਥਾਨ ਹੋਣ, ਉੱਥੇ ਜੋ ਸਭ ਤੋਂ ਪ੍ਰਧਾਨ ਮਕਾਨ ਹੋਵੇ, ਉਹ "ਬਡੀਸੰਗਤ" ਨਾਮ ਤੋਂ ਬੁਲਾਇਆ ਜਾਂਦਾ ਹੈ, ਜਿਵੇਂ- ਸਸਰਾਮ ਅਤੇ ਕਲਕੱਤੇ ਆਦਿ ਸ਼ਹਿਰਾਂ ਵਿੱਚ ਬਡੀਸੰਗਤ ਹੈ.

ਬਡੀਕੌਮ: ਦੇਖੋ, ਵਡੀਕੌਮ.

ਬਡੀ ਗੁਜਰਾਤ: ਦੇਖੋ, ਛੋਟੀ ਗੁਜਰਾਤ.

ਬਡੀਬਸੀ: ਬਸੀ ਕਲਾਂ. ਹੁਸ਼ਿਆਰਪੁਰ ਤੋਂ ਛੀ ਕੋਹ ਦੱਖਣ ਪੂਰਵ ਇੱਕ ਕਸਬਾ. ਇੱਥੋਂ ਦੇ ਅਤਯਾਚਾਰੀ ਮੁਸਲਮਾਨ ਸਰਦਾਰ ਨੇ ਇੱਕ ਬ੍ਰਾਹਮਣ ਦੀਆਂ ਦੋ ਲੜਕੀਆਂ ਜਬਰਨ ਖੋਹ ਲਈਆਂ ਸਨ. ਦਸ਼ਮੇਸ਼ ਦੇ ਹੁਕਮ ਨਾਲ ਬਾਬਾ ਅਜੀਤ ਸਿੰਘ ਜੀ ਨੇ ਸੰਮਤ ੧੭੫੭ ਵਿੱਚ ਅਪਰਾਧੀ ਨੂੰ ਮਾਰਕੇ ਲੜਕੀਆਂ ਉਨ੍ਹਾਂ ਦੇ ਪਿਤਾ ਦੇ ਸਪੁਰਦ ਕੀਤੀਆਂ, ਪਰ ਲੜਕੀਆਂ ਨੇ ਸੱਤਵੇਂ ਸਤਿਗੁਰੂ ਦੇ ਗੁਰਦ੍ਵਾਰੇ ਹਰੀਆਂਵੇਲਾਂ ਵਿੱਚ ਜਾਕੇ ਵ੍ਰਤਸਾਧਨਾ ਦ੍ਵਾਰਾ ਸ਼ਰੀਰ ਤਿਆਗ ਦਿੱਤੇ, ਜਿਸ ਥਾਂ ਉਨ੍ਹਾਂ ਦੀਆਂ ਸਮਾਧਾਂ ਵਿਦਜਮਾਨ ਹਨ.

ਬਡੀਰੇ: ਵਡੇ ਕੀਤੇ. ਵਡਿਆਏ ਹੋਏ. ਨਿਵਾਜ਼ੇ ਹੋਏ. "ਜਿਨ ਕੇ ਜਣੇ ਬਡੀਰੇ ਤੁਮ ਹਉ, ਤਿਨ ਸਿਉ ਝਗਰਤ ਪਾਪ." (ਸਾਰ ਮਃ ੪)

ਬਡੀ ਲਹਿਲੀ: ਲਹਿਲੀ ਕਲਾਂ. ਦੇਖੋ, ਜੰਡਸਾਹਿਬ ਨੰ. ੩.

ਬਡੂਰਜ: ਦੇਖੋ, ਵੈਡੂਰਯ.

ਬਡੇਰਾ: ਵਿ- ਵਡਿਆਈ ਵਾਲਾ। ੨. ਬਜ਼ੁਰਗ। ੩. ਵ੍ਰਿੱਧ। ੪. ਦਾਦਾ ਪੜਦਾਦਾ ਆਦਿ.

ਬਡੋਂ: ਦੇਖੋ, ਬੱਡੋਂ.

ਬਡੋਚ ਸ਼ਹਿਰ: ਦੇਖੋ, ਭਰੋਚ.

ਬਡੌ: ਦੇਖੋ, ਬਡਾ.

ਬਡੌਨਾ: ਵਿ- ਵਡਿਆਈ ਵਾਲਾ. ਵਡਾ.

ਬਡੰਗੀ: ਡਿੰਗ. ਘੋੜਾ.

ਬੱਡੋਂ: ਜਿਲਾ ਹੁਸ਼ਿਆਰਪੁਰ, ਤਸੀਲ ਗੜ੍ਹਸ਼ੰਕਰ, ਥਾਣਾ ਮਾਹਿਲਪੁਰ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਫਗਵਾੜੇ ਤੋਂ ਦਸ ਮੀਲ ਉੱਤਰ ਪੂਰਵ ਹੈ. ਇਸ ਪਿੰਡ ਵਿੱਚ ਇੱਕ ਨਿਹੰਗਾਂ ਦਾ ਡੇਰਾ ਗੁਰਦ੍ਵਾਰਾ ਹੈ. ਬਾਬਾ ਅਜੀਤਸਿੰਘ ਜੀ ਨੇ ਸੰਮਤ ੧੭੫੭ ਵਿੱਚ ਇੱਥੇ ਚਰਨ ਪਾਏ ਹਨ, ਜਦਕਿ ਬਾਬਾ ਜੀ ਦੋ ਬ੍ਰਾਹਮਣ ਲੜਕੀਆਂ ਨੂੰ ਬਸੀਕਲਾਂ ਦੇ ਪਠਾਣ ਤੋਂ ਛੁੜਾਨ ਲਈ ਆਏ ਸਨ.

ਜਦ ਸਾਹਿਬਜਾਦਾ ਜੀ ਉਨ੍ਹਾਂ ਸਤਵੰਤੀਆਂ ਨੂੰ ਛੁਡਾਕੇ ਆਨੰਦਪੁਰ ਨੂੰ ਜਾਂਦੇ ਹੋਏ ਇੱਥੇ ਪੁੱਜੇ, ਤਾਂ ਬਾਬਾ ਕਰਮਸਿੰਘ ਜੀ ਬਸੀ ਦੇ ਜੰਗ ਵਿੱਚ ਘਾਇਲ ਹੋਏ ਸਫਰ ਕਰਨ ਦੇ ਯੋਗ ਨਾ ਰਹੇ, ਬਾਬਾ ਅਜੀਤ ਸਿੰਘ ਜੀ ਨੇ ਕੁਝ ਸਮਾਂ ਇੱਥੇ ਠਹਿਰਕੇ ਨਗਰਵਾਸੀਆਂ ਨੂੰ ਹੁਕਮ ਦਿੱਤਾ ਕਿ ਕਰਮਸਿੰਘ ਜੀ ਦੀ ਯੋਗ ਸੇਵਾ ਕਰਨੀ, ਤਾਂ ਲੋਕਾਂ ਧੰਨ ਭਾਗ ਸਮਝਕੇ ਸਤਿਵਚਨ ਆਖਿਆ ਅਤੇ ਬਾਬਾ ਕਰਮਸਿੰਘ ਜੀ ਇਸ ਪਿੰਡ ਹੀ ਰਹੇ ਅਤੇ ਕਈ ਮਹੀਨੇ ਸੇਵਾ ਕਰਾਉਂਦੇ ਹੋਏ ਅੰਤ ਗੁਰਪੁਰੀ ਨੂੰ

ਸਿਧਾਰੇ. ਸ਼ਹੀਦ ਕਰਮਸਿੰਘ ਜੀ ਦਾ ਸ਼ਹੀਦਗੰਜ ਇਸ ਪਿੰਡ ਵਿੱਚ ਪ੍ਰਸਿੱਧ ਅਸਥਾਨ ਹੈ.

ਬਾਬਾ ਅਜੀਤਸਿੰਘ ਜੀ ਦੇ ਚਰਣ ਪਾਉਣ ਵਾਲੀ ਥਾਂ ਗੁਰਦ੍ਵਾਰਾ ਹੈ, ਜਿਸ ਨੂੰ ਸਰਦਾਰ ਬਘੇਲਸਿੰਘ ਜੀ ਨੇ ਬਹੁਤ ਜਾਗੀਰ ਲਗਾਈ ਸੀ, ਜੋ ਪੁਜਾਰੀਆਂ ਦੇ ਝਗੜਿਆਂ ਕਰਕੇ ਹੱਥੋਂ ਜਾਂਦੀ ਰਹੀ ਹੈ, ਹੁਣ ੧੦. ਘੁਮਾਉਂ ਦੇ ਕਰੀਬ ਜ਼ਮੀਨ ਪਿੰਡ ਵੱਲੋਂ ਹੈ.

ਸਨ ੧੯੨੮ ਵਿੱਚ ਇੱਥੋਂ ਦੇ ਵਸਨੀਕ ਸਰਦਾਰ ਕੁੰਦਨਸਿੰਘ ਜੀ ਨੇ ਗੁਰਦ੍ਵਾਰੇ ਦੀ ਸੁੰਦਰ ਇਮਾਰਤ ਬਣਵਾ ਦਿੱਤੀ ਹੈ.

ਬਡਜਾਛ: ਵਿ- ਵਿਸ਼ਾਲ ਨੇਤ੍ਰ. ਦੇਖੋ, ਬਡ ਆਛ. "ਬਡਜਾਛ ਬਡੋ ਅਭਿਮਾਨ ਧਰੇ ਮਨ." (ਪਾਰਸਾਵ)

ਬਢ: ਵਿ- ਵੱਧ. ਵਧਿਆ ਹੋਇਆ. ਅਧਿਕ. "ਆਪਨ ਤੇ ਬਢ ਵਾਂਹਿ ਲਖੈਕੇ." (ਕ੍ਰਿਸਨਾਵ)

ਬਢਈ: ਸੰ. ਵਰ੍ਧਕਿ. ਸੰਗਯਾ- ਕਾਠ ਘੜਨ ਵਾਲਾ. ਤਖਾਣ. ਬਾਢੀ.

ਬਢਨੀ: ਸੰ. ਵਰ੍ਧਨੀ. ਸੰਗਯਾ- ਝਾੜੂ. ਬੁਹਾਰੀ. "ਗਯਾਨਹਿ ਕੀ ਬਢਨੀ ਮਨ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ." (ਕ੍ਰਿਸਨਾਵ)

ਬਢਲ: ਸੰਗਯਾ- ਬਡ- ਫਲ. ਬਡੇ ਫਲ ਵਾਲਾ ਇੱਕ ਬਿਰਛ, ਬਡਹਲ. ਇਸ ਦੇ ਫਲ ਅਚਾਰ ਅਤੇ ਤਰਕਾਰੀ ਦੇ ਕੰਮ ਆਉਂਦੇ ਹਨ. ਵੈਦਕ ਵਿੱਚ ਇਸ ਦੇ ਫਲ ਨੂੰ ਵਾਤ ਦੋਸ਼ (ਵਾਦੀ) ਕਰਨਵਾਲਾ ਮੰਨਿਆ ਹੈ. Artocarpus Lakoocha

ਬਢਵੰ: ਵਿ- ਵ੍ਰਿੱਧਿਵਾਨ. ਵਧਿਆ ਹੋਇਆ. "ਬਢਵੰ ਘਟਵੰ." (ਵਿਚਿਤ੍ਰ)

ਬਢਾਉ: ਸੰਗਯਾ- ਵ੍ਰਿੱਧਿ. ਉੱਨਤੀ। ੨. ਫੈਲਾਉ. ਵਿਸ੍ਤਾਰ। ੩. ਅਧਿਕਤਾ. ਜ਼ਯਾਦਤੀ। ੪. ਸਮੁੰਦਰ ਨਦੀ ਆਦਿ ਦੇ ਜਲ ਦੇ ਵਧਣ ਦਾ ਭਾਵ.

ਬਢਾਉਣਾ: ਕ੍ਰਿ- ਵਧਾਉਣਾ. ਅਧਿਕ ਕਰਨਾ। ੨. ਕਟਵਾਉਣਾ. "ਘਾਸ ਬਢਾਵਹਿ" (ਸਾਰ ਮਃ ੫)

ਬਢਾਈ: ਸੰਗਯਾ- ਬੱਢਣ (ਕੱਟਣ) ਦੀ ਕ੍ਰਿਯਾ। ੨. ਬੱਢਣ ਦੀ ਮਜ਼ਦੂਰੀ। ੩. ਵਧਾਈ. ਅਧਿਕ ਕੀਤੀ. "ਤਾਂ ਸਿਉ ਰੁਚਿ ਨ ਬਢਾਈ." (ਸਾਰ ਮਃ ੯)

ਬਢਾਰੀ, ਬਢਾਲੀ: ਸੰਗਯਾ- ਬਾਢ (ਤਿੱਖੀ ਧਾਰ) ਵਾਲੀ, ਤਲਵਾਰ. "ਕਢੇ ਬਢਾਰੀ ਹਾਥ." (ਚਰਿਤ੍ਰ ੫੨) ੨. ਕਟਾਰੀ.

ਬਢਾਵ: ਦੇਖੋ, ਬਢਾਉ.

ਬਢਿੰਦਾ: ਵਿ- ਵ੍ਰਿੱਧਿ ਕੁਨਿੰਦਾ. ਵਧਾਉਣ ਵਾਲਾ. "ਰੰਗ ਰਾਗ ਕੇ ਬਢਿੰਦਾ." (ਗ੍ਯਾਨ)

ਬਢੈਯਾ: ਵਿ- ਵਧਾਉਣ ਵਾਲਾ. ਅਧਿਕ ਕਰਨ ਵਾਲਾ। ੨. ਵੱਢਣ (ਕੱਟਣ) ਵਾਲਾ.

ਬਢੈਲੀ: ਵਿ- ਵੱਢਣ (ਕੱਟਣ) ਵਾਲੀ. "ਬਢੈਲੀ ਸਰੋਹੀ." (ਛੱਕੇ)

ਬੱਢਲ: ਵਿ- ਵੱਢਣ ਵਾਲਾ.

ਬਣ: ਸੰ. ਵਣ. ਧਾ- ਸ਼ਬਦ ਕਰਨਾ (ਅਵਾਜ਼ ਕਰਨਾ). ੨. ਸੰਗਯਾ- ਵਨ ਜੰਗਲ। ੩. ਪੀਲੂ ਦਾ ਬਿਰਛ. ਮਾਲ। ੪. ਬਣਨਾ ਕ੍ਰਿਯਾ ਦਾ ਅਮਰ.

ਬਣਜ: ਸੰ. ਵਾਣਿਜਯ. ਸੰਗਯਾ- ਲੈਣ ਦੇਣ. ਵ੍ਯਾਪਾਰ. ਦੇਖੋ, ਵਾਣਿਜਯ.

ਬਣਤ: ਸੰਗਯਾ- ਬਨਾਵਟ. ਰਚਨਾ. "ਮੇਰੈ ਕਰਤੈ ਇਕ ਬਣਤ ਬਣਾਈ." (ਮਾਰੂ ਸੋਲਹੇ ਮਃ ੩) "ਸਭ ਤੇਰੀ ਬਣਤੈ." (ਮਃ ੪. ਵਾਰ ਗਉ ੧) ੨. ਪ੍ਰਬੰਧ. ਇੰਤਿਜਾਮ। ੩. ਸ਼ੋਭਾ. ਛਬਿ.

ਬਣਨਾ: ਕ੍ਰਿ- ਰਚੇਜਾਣਾ. ਤਿਆਰ ਹੋਣਾ। ੨. ਵਰਤੋਂ ਯੋਗਯ ਹੋਣਾ। ੩. ਸੰਭਵ (ਮੁਮਕਿਨ) ਹੋਣਾ.

ਬਣਾਉ: ਸੰਗਯਾ- ਬਣਨ ਦਾ ਭਾਵ. ਰਚਨਾ। ੨. ਸ਼੍ਰਿੰਗਾਰ. ਸਜਾਵਟ.

ਬਣਾਉਟ: ਸੰਗਯਾ- ਰਚਨਾ। ੨. ਉੱਪਰ ਦਾ ਦਿਖਾਵਾ. ਆਡੰਬਰ। ੩. ਕਲਪੀ ਹੋਈ ਝੂਠ ਗੱਲ.

ਬਣਾਉਣਾ: ਕ੍ਰਿ- ਰਚਨਾ. ਤਿਆਰ ਕਰਨਾ.

ਬਣਿਕ: ਬਾਣੀਆਂ. ਦੇਖੋ, ਵਣਿਕ,

ਬਣਿਜ: ਦੇਖੋ, ਬਣਜ ਅਤੇ ਵਾਣਿਜਯ.

ਬਣੀ: ਸੰਗਯਾ- ਛੋਟਾ ਵਣ। ੨. ਦੇਖੋ, ਬਣਾਉ.

ਬਣੀਬਦਰਪੁਰ: ਜਿਲਾ ਕਰਨਾਲ, ਤਸੀਲ ਥਨੇਸਰ, ਥਾਣਾ ਲਾਡਵਾ ਵਿੱਚ ਇਸ ਨਾਮ ਦੇ ਦੋ ਪਿੰਡ ਨੇੜੇ- ਨੇੜੇ ਹਨ. ਇਨ੍ਹਾਂ ਦੇ ਵਿਚਾਰ ਗੁਰੂ ਤੇਗਬਹਾਦੁਰ ਸਾਹਿਬ ਵਿਰਾਜੇ ਅਤੇ ਇੱਕ ਜਿਮੀਦਾਰ ਨੂੰ ਧਨ ਦਾ ਬਦਰਾ (ਥੈਲਾ) ਦੇਕੇ ਖੂਹ ਅਤੇ ਬਾਗ ਲਾਉਣ ਦਾ ਹੁਕਮ ਦਿੱਤਾ. ਪਹਿਲਾਂ ਇਸ ਪਿੰਡ ਦਾ ਨਾਮ "ਬਣੀ" ਸੀ. ਭਾਈ ਸੰਤੋਖਸਿੰਘ ਨੇ ਲਿਖਿਆ ਹੈ- "ਬਦਰਾ ਲੈਬੇ ਤੇ ਤਿਸ ਨਾਮ। ਬਣੀਬਦਰਪੁਰ ਭਾ ਅਭਿਰਾਮ." (ਗੁਪ੍ਰਸੂ) ਗੁਰਦ੍ਵਾਰਾ ਅਤੇ ਰਹਿਣ ਦੇ ਮਕਾਨ ਬਣੇ ਹੋਏ ਹਨ. ਦੋਹਾਂ ਪਿੰਡਾਂ ਵਿੱਚ ੨੫੦ ਵਿੱਘੇ ਜ਼ਮੀਨ ਗੁਰਦ੍ਵਾਰੇ ਦੇ ਨਾਮ ਹੈ. ਪੁਜਾਰੀ ਨਿਰਮਲੇ ਸਿੰਘ ਹਨ. ਹੋਲੇ ਨੂੰ ਮੇਲਾ ਹੁੰਦਾ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਕੁਰੁਖੇਤ੍ਰ ਤੋਂ ੧੫. ਮੀਲ ਪੂਰਵ ਹੈ. ਲਾਡਵੇ ਤਕ ਪੱਕੀ ਸੜਕ ਹੈ, ਅੱਗੇ ਤਿੰਨ ਮੀਲ ਕੱਚਾ ਰਸਤਾ ਹੈ.

ਬਣੇਸ: ਦੇਖੋ, ਬਨੇਸ.

ਬਣੈਟਾ, ਬਣੈਤਾ: ਸੰਗਯਾ- ਵਯਾਪਾਰ ਦੀ ਬਿਧਿ ਬਣਾਉਣ ਵਾਲਾ. ਸ਼ਾਹੂਕਾਰ ਦਾ ਗੁਮਾਸ਼ਤਾ। ੨. ਵਣਿਕਸੁਤ. ਬਾਣੀਏ ਦਾ ਪੁਤ੍ਰ.

ਬਤ: ਅ਼. بط ਬਤ਼. ਸੰਗਯਾ- ਮੁਰਗ਼ਾਬੀ. ਬੱਤ਼ਖ਼। ੨. ਦੇਖੋ, ਵਤ। ੩. ਦੇਖੋ, ਵਤ੍ਰ। ੪. ਸੰ. ਵਾਂਤਿ. ਉਲਟੀ. ਛਰਦ. ਡਾਕੀ.

ਬਤਊਆ: ਵਿ- ਬਤਾਉਣ (ਦੱਸਣ) ਵਾਲਾ। ੨. ਸੰਗਯਾ- ਵਾਰਤਾਲਾਪ. ਬਾਤਚੀਤ. "ਪੰਚ ਜਨਾ ਸਿਉ ਬਾਤ ਬਤਊਆ." (ਰਾਮ ਨਾਮਦੇਵ)

ਬਤਸ: ਦੇਖੋ, ਵਤਸ.

ਬਤਕ: ਦੇਖੋ, ਬਤ ੧। ੨. ਦੇਖੋ, ਬਤਕਹੀ.

ਬਤਕਹੀ: ਸੰਗਯਾ- ਵਾਰਤਾਲਾਪ. ਬਾਤਚੀਤ. "ਕਰਤ ਬਤਕਹੀ ਪੁਰ ਨਿਯਰਾਯਾ." (ਨਾਪ੍ਰ)

ਬਤਖ: ਦੇਖੋ, ਬਤ ੧)

ਬਤਨ: ਦੇਖੋ, ਵਤਨ। ੨. ਸੰ. ਵਦਨ ਮੁਖ. "ਕਾਗ ਬਤਨ ਬਿਸਟਾ ਮਹਿ ਵਾਸ." (ਗਉ ਅਃ ਮਃ ੫) ਕਾਉਂ ਦਾ ਮੁਖ (ਚੁੰਜ) ਗੰਦਗੀ ਮਹਿਂ ਵਾਸ। ੩. ਅ਼. بطن ਬਤ਼ਨ. ਪੇਟ. ਢਿੱਡ.

ਬਤਰਾਨਾ, ਬਤਰਾਵਨ, ਬਤਲਾਨਾ: ਵਾਰਤਾਂਲਾਪ ਕਰਨਾ। ੨. ਦੇਖੋ, ਬਤਾਉਣਾ। ੩. ਮਾਤਮਪੁਰਸੀ ਕਰਨੀ. ਕਿਸੇ ਮੋਏ ਪ੍ਰਾਣੀ ਦੇ ਸੰਬੰਧੀਆਂ ਨਾਲ ਹਮਦਰਦੀ ਦੀ ਗੱਲ ਕਰਨੀ. "ਨਰ ਬਤਰਾਵਨ ਕੋ ਜਬ ਆਏ। ਸਫ ਸਤਰੰਜੀ ਦੀਨ ਡਸਾਏ." (ਗੁਪ੍ਰਸੂ) ੪. ਨ੍ਰਿਤਯ ਸਮੇਂ ਅੰਗਾਂ ਦ੍ਵਾਰਾ ਗੀਤ ਦੇ ਭਾਵ ਪ੍ਰਗਟ ਕਰਨੇ। ੫. ਕਾਵ੍ਯ ਪੜ੍ਹਨ ਵੇਲੇ ਅੰਗਾਂ ਦੀ ਹਰਕਤ ਨਾਲ ਛੰਦ ਦਾ ਭਾਵ ਦਿਖਾਂਉਣਾ.

ਬਤਾ: ਸੰਗਜਾ- ਚੌੜੀ ਸਿਲਾ, ਜਿਸ ਉੱਪਰ ਵੱਟੇ ਨਾਲ ਮਸਾਲਾ ਆਦਿ ਪੀਸਿਆ ਜਾਂਦਾ ਹੈ। ੨. ਗਜਾਨੀ ਬਤਾ ਦਾ ਅਰਥ ਮਾਸ ਕਰਦੇ ਹਨ. " ਕੀਯੋ ਬਤਾ ਕੋ ਢੇਰ." (ਕ੍ਰਿਸਨਾਵ) ਅਸਲ ਵਿੱਚ ਅਰਥਪਾਠ ਇਉਂ ਹੈ- ਕੀਯੋ- ਅਬ- ਤਾਂਕੋ ਢੇਰ.

ਬਤਾਉਣਾ: ਕ੍ਰਿ- ਬਤਾਨਾ. ਦੱਸਣਾ। ੨. ਸਮਝਾਉਣਾ. "ਸਨੇ ਸਨੇ ਬਾਤਨ ਬਤਰਾਵਤ." (ਗੁਪ੍ਰਸੂ) ੩. ਆਗਜਾ ਕਰਨਾ। ੪. ਅੰਗਾਂ ਦੀ ਚੇਸ਼੍ਟਾ ਤੋਂ ਮਨ ਅਤੇ ਗੀਤ ਦਾ ਭਾਵ ਪ੍ਰਗਟ ਕਰਨਾ.

ਬਤਾਉੂੰ: ਦੇਖੋ, ਬੈਂਗਣ.

ਬਤਾਇ: ਕ੍ਰਿ. ਵਿ- ਦੱਸਕੇ. ਬਤਾਕੇ। ੨. ਬਤਾਉਣ ਦਾ ਅਮਰ. ਦੱਸ. "ਤੁਝ ਰਾਖਨਹਾਰੋ ਮੋਹਿ ਬਤਾਇ." (ਬਸੰ ਕਬੀਰ)

ਬਤਾਸਾ: ਸੰਗਜਾ- ਪਤਾਸਾ ਖੰਡ ਤੋਂ ਬਣੀ ਇੱਕ ਪ੍ਰਕਾਰ ਦੀ ਮਿਠਾਈ, ਜਿਸ ਅੰਦਰ ਵਾਤ (ਹਵਾ) ਭਰੀ ਰਹਿੰਦੀ ਹੈ। ੨. ਬੁਲਬੁਲਾ.

ਬਤਾਨਾ: ਦੇਖੋ, ਬਤਾਉਣਾ.

ਬਤੀਆਂ: ਸੰਗਜਾ- ਬਾਤਾਂ. ਗੱਲਾਂ. "ਸੁਨਕੈ ਹਰਿ ਕੀ ਬਤੀਆਂ" (ਕ੍ਰਿਸਨਾਵ)

ਬਤੀਸ: ਵਿ- ਦੋ ਉੱਪਰ ਤੀਸ. ਦ੍ਵਾਤ੍ਰਿੰਸ਼ਤ. - ੩੨. "ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ." (ਗਉ ਮਃ ੪) ਭਾਵ- ਕੈਂਚੀ ਜੇਹੀ ਕੱਟਣ ਵਾਲੀ ਦੰਦਾਂ ਦੀ ਪੰਕਤੀ.

ਬਤੀਸ ਸੁਲਕ੍ਸ਼ਣਾ, ਬਤੀਸ ਲਖਨਾ: ਵਿ- ਬੱਤੀਸ ਸ਼ੁਭ ਲਕ੍ਸ਼ਣ ਹਨ ਜਿਸ ਵਿੱਚ. "ਨਾਕਹਿ ਬਿਨਾ, ਨਾ ਸੋਹੈ ਬਤੀਸ ਲਖਨਾ." (ਭੈਰ ਨਾਮਦੇਵ) ਵਿਦ੍ਵਾਨਾਂ ਨੇ ਪੁਰਖ ਅਤੇ ਇਸਤ੍ਰੀ ਦੇ ਬੱਤੀਸ ਸ਼ੁਭ ਲਕ੍ਸ਼ਣ ਕਲਪੇ ਹਨ. ਸਕੰਦ ਪੁਰਾਣ ਦੇ ਕਾਸ਼ੀ ਖੰਡ ਵਿੱਚ ੩੨ ਸੁਲੱਖਣ ਇਹ ਲਿਖੇ ਹਨ-

ਪੰਜ (ਨੇਤ੍ਰ- ਜਬਾੜੇ- ਨੱਕ- ਵੱਖੀ- ਭੁਜਾ) ਦੀਰਘ.

ਪੰਜ (ਤੁਚਾ- ਕੇਸ਼- ਅੰਗੁਲੀਆਂ- ਦੰਦ- ਅੰਗੁਲਾਂ ਦੀਆਂ ਗੱਠਾਂ) ਸੂਖਮ.

ਸੱਤ (ਹਥੇਲੀ- ਪੈਰ ਦੇ ਤਲੇ- ਅੱਖਾਂ ਦੇ ਕੋਏ- ਤਾਲੂਆ- ਜੀਭ- ਹੋਠ- ਨੌਂਹ) ਲਾਲ.

ਛੀ (ਕਮਰ ਦੀ ਹੱਡੀ- ਪੇਟ- ਪੱਸਲੀ- ਮੋਢੇ- ਹੱਥ ਦੇ ਉੱਪਰਲੇ ਪਾਸੇ- ਮੁਖ) ਉੱਚੇ.

ਤਿੰਨ (ਮੱਥਾ- ਛਾਤੀ- ਕਮਰ) ਵਿਸ੍ਤਾਰ ਵਾਲੇ.

ਤਿੰਨ (ਗਰਦਨ- ਜੰਘਾਂ- ਲਿੰਗ) ਛੋਟੇ.

ਤਿੰਨ (ਸ੍ਵਰ- ਨਾਭੀ- ਸ੍ਵਭਾਵ) ਗੰਭੀਰ.

ਹੋਰ:-

"ਸੁਕ੍ਰਿਤ ਪ੍ਰਮਾਣ ਕੁਲ ਰੂਪ ਕ੍ਰਿਯਾਵੰਤ ਸਦਾ

ਸੱਜਨ ਸੁਬੁੱਧ ਸਤਜ ਸੀਲ ਵ੍ਰਤਧਾਰੀ ਹੈ.

ਵਿਚੱਛਨ ਵਿਨਈ ਜਪੀ ਵਿਸ੍ਵਾਸਿ ਵੰਦਨੀਯ

ਕਵਿ ਨਿਰਲੋਭ ਦਯਾ ਦਾਨੀ ਉਪਕਾਰੀ ਹੈ,

ਤੁੱਛਨਿਦ੍ਰਾ ਇੰਦ੍ਰੀਜਿਤ ਸੁਚਿ ਪਰਕਾਸ਼ਬੁੱਧਿ

ਹਰਿ ਗੁਰੁ ਮਾਤ ਪਿਤਾ ਭਕ੍ਤਿ ਪਿਆਰੀ ਹੈ,

ਸ਼ਾਸਤ੍ਰਗਜ ਧਰਮਗਜ ਮਿਤਭੁਕ ਵਸ਼ਕਾਮ

ਲੱਛਨ ਬਤੀਸ ਨਰ ਜਗਤ ਮਝਾਰੀ ਹੈ."

ਲਾਲ ਕਵਿ ਨੇ ਰਾਜਾ ਦੇ ੩੨ ਸ਼ੁਭ ਲਕ੍ਸ਼ਣ ਇਹ ਲਿਖੇ ਹਨ:-

"ਸੁੰਦਰ ਸਲੱਜ ਸੁਧੀ ਸਾਹਸੀ ਸੁਹ੍ਰਿਦ ਸਾਚੋ

ਸੂਰੋ ਸ਼ੁਚਿ ਸਾਵਧਾਨ ਸ਼ਾਸਤ੍ਰਗਜ ਜਾਨੀਏ,

ਉੱਦਮੀ ਉਦਾਰ ਗੁਨਗ੍ਰਾਹੀ ਔ ਗੰਭੀਰ "ਲਾਲ"

ਸ਼ੁੱਧਮਨ ਧਰਮੀ ਛਮੀ ਸੁ ਤਤ੍ਵਗਜਾਨੀਏ,

ਇੰਦ੍ਰਯਜਿਤ ਸਤਜਵ੍ਰਤ ਸੁਕ੍ਰਿਤੀ ਧ੍ਰਿਤੀ ਵਿਨੀਤ.

ਤੇਜਸੀ ਦਯਾਲੁ ਪ੍ਰੀਤਿ ਹਰਿ ਸੋਂ ਪ੍ਰਮਾਨੀਏ,

ਲੋਭ ਛੋਭ ਹਿੰਸਾ ਕਾਮ ਕਪਟ ਗਰੂਰਤਾ ਨ

ਲੱਛਨ ਬਤੀਸ ਏ ਛਿਤੀਸ ਕੇ ਬਖਾਨੀਏ.

ਇਸਤ੍ਰੀਆਂ ਦੇ ੩੨ ਉੱਤਮ ਲਕ੍ਸ਼ਣ ਇਹ ਮੰਨੇ ਗਏ ਹਨ:-

੧. ਸੁੰਦਰਤਾ, ੨. ਸ਼੍ਵਛਤਾ, ੩. ਲੱਜਾ, ੪. ਚਤੁਰਾਈ, ੫. ਵਿਦਜਾ, ੬. ਪਤਿਭਗਤੀ, ੭. ਸੇਵਾ, ੮. ਦਯਾ, ੯. ਸਤਜ, ੧੦. ਪ੍ਰਿਯਬਾਣੀ, ੧੧. ਪ੍ਰਸੰਨਤਾ, ੧੨. ਨਮ੍ਰਤਾ, ੧੩. ਨਿਸ਼੍ਕਪਟਤਾ, ੧੪. ਏਕਤਾ, ੧੫. ਧੀਰਯ, ੧੬. ਧਰਮਨਿਸ਼੍ਠਾ, ੧੭. ਸੰਜਮ, ੧੮. ਉਦਾਰਤਾ, ੧੯. ਗੰਭੀਰਤਾ, ੨੦. ਉੱਦਮ, ੨੧. ਸ਼ੂਰਵੀਰਤਾ, ੨੨- ੨੮ ਰਾਗ, ਕਾਵਜ, ਚਿਤ੍ਰ, ਔਸ਼ਧ, ਰਸੋਈ, ਅਤੇ ਸਿਊਣ ਪਰੋਣ ਦੀ ਵਿਦਜਾ, ੨੯ ਘਰ ਦੀਆਂ ਵਸਤੂਆਂ ਦਾ ਯਥਾ ਯੋਗ ਸ਼੍ਰਿੰਗਾਰਣਾ, ੩੦ ਬਜ਼ੁਰਗਾਂ ਦਾ ਮਾਨ, ੩੧ ਘਰ ਆਏ ਪਰਾਹੁਣਿਆਂ ਦਾ ਸਨਮਾਨ ਅਤੇ ੩੨ ਸੰਤਾਨ ਦਾ ਪਾਲਨ.

ਬਤੀਸਾ: ਸੰਗਜਾ- ਬੱਤੀਸ ਵਸਤੂਆਂ ਦਾ ਸਮੁਦਾਯ। ੨. ਮਨੁੱਖ, ਜਿਸ ਦੇ ੩੨ ਦੰਦ ਹੁੰਦੇ ਹਨ। ੩. ਇੱਕ ਪ੍ਰਕਾਰ ਦਾ ਲੱਡੂ, ਜਿਸ ਵਿੱਚ ੩੨ ਮੇਵੇ ਅਤੇ ਮਸਾਲੇ ਪੈਂਦੇ ਹਨ.

ਬਤੀਸੀ: ਸੰਗਜਾ- ਬੱਤੀਸ ਦੇ ਸਮੁਦਾਯ ਵਾਲੀ ਵਸਤੁ ੨. ਬੱਤੀਸ ਦੰਦਾਂ ਦੀ ਪੰਕਤੀ. ਦੰਦਵੀੜੀ. "ਬਜਤ ਬਤੀਸੀ ਜਾਯ." (ਗ਼ਲ) ਪਾਲੇ ਨਾਲ ਦੰਦ ਵੱਜਦੇ ਜਾਂਦੇ ਹਨ.

ਬਤੀਸੁਲਖਨਾ: ਦੇਖੋ, ਬਤੀਸ ਲਖਨਾ.

ਬਤੀਹ: ਦੇਖੋ, ਬਤੀਸ.

ਬਤੀਹ ਸੁਲਖਣੀ, ਬਤੀਹ ਸੁਲਖਨਾ, ਬਤੀਹ ਸੁਲਖਨੀ: ਵਿ- ਬੱਤੀਸ ਸ਼ੁਭ ਲਕ੍ਸ਼ਣ ਹਨ ਜਿਸ ਵਿੱਚ ਦੇਖੋ, ਬਤੀਸ- ਲਖਨਾ "ਬਤੀਹ ਸੁਲਖਣੀ ਸਚੁ ਸੰਤਤਿ ਪੂਤ." (ਆਸਾ ਮਃ ੫)

ਬਤੇਰਾ, ਬਤੇਰੋ: ਵਿ- ਬਹੁਤੇਰਾ. ਅਧਿਕ. "ਸਮਾਨਤਾ ਪਾਇ ਨ ਕੰਜ, ਉਪਾਯ ਬਤੇਰੋ." (ਨਾਪ੍ਰ)

ਬੱਤ: ਦੇਖੋ, ਬਤ। ੨. ਦੇਖੋ, ਵਤ੍ਰ। ੩. ਸੰ. ਵਾਂਤਿ. ਕ਼ਯ. ਡਾਕੀ. ਛਰਦ। ੪. ਬਾਤ. ਗੱਲ. "ਕਹੋਂ ਤੋਹਿ ਬੱਤੰ." (ਪਾਰਸਾਵ)

ਬੱਤਿਸ: ਦੇਖੋ, ਬਤੀਸ.

ਬੱਤਿਸ ਅਭਰਨ: ਬੱਤੀਸ ਆਭਰਣ (ਭੂਸ਼ਣ). "ਬੱਤਿਸ ਅਭਰਨ ਤ੍ਰਿਯ ਕਰੈ." (ਚਰਿਤ੍ਰ ੧੦੩) ਪੈਰ ਤੋਂ ਲੈ ਕੇ ਸਿਰ ਤੀਕ ਦੇ

ਗਹਿਣੇ ਤੋਂ ਭਾਵ ਹੈ. ਦੇਸ਼ ਅਤੇ ਮਤ ਭੇਦ ਕਰਕੇ ਭੂਸ਼ਣ ਭਿੰਨ- ਭਿੰਨ ਹੋਇਆ ਕਰਦੇ ਹਨ, ਇਸ ਲਈ ਗਿਣਤੀ ਕਰਨੀ ਕਠਿਨ ਹੈ। ੨. ਬੱਤੀਸ ਸ਼ੁਭ ਲਕ੍ਸ਼ਣ ਰੂਪ ਭੂਸ਼ਣ. ਦੇਖੋ, ਬਤੀਸ ਲਖਨਾ.

ਬੱਤੀ: ਸੰ. ਵਰ੍ਤਿੰ. ਸੰਗ੍ਯਾ- ਵੱਟੀ. ਦੀਵੇ ਦੀ ਬਾਤੀ। ੨. ਮੋਮ ਦੀ ਬੱਤੀ, ਧੂਪਬੱਤੀ ਆਦਿ। ੩. ਦੇਖੋ, ਬਤੀਸ.

ਬੱਤੀ ਸੁਲੱਖਣੀ, ਬੱਤੀ ਲੱਛਣਾ: ਦੇਖੋ, ਬਤੀਸ ਸੁਲਕ੍ਸ਼ਣਾ.

ਬਥੇਰਾ, ਬਥੇਰੋ: ਦੇਖੋ, ਬਤੇਰਾ.

ਬੱਥੂ: ਦੇਖੋ. ਰੌਲਾ

ਬਦ: ਸੰ. ਵਦ੍. ਧਾ- ਵਜਾਉਣਾ, ਬੋਲਣਾ. "ਬਦਿ ਅਮ੍ਰਿਤ ਤਤੁਮਇਅੰ." (ਗੂਜ ਜੈਦੇਵ) ੨. ਦੇਖੋ, ਵਦ। ੩. ਫ਼ਾ. بد ਵਿ- ਬੁਰਾ. ਦੇਖੋ, ਅ. bad "ਬਦ ਅਮਲ ਛੋਡਿ ਕਰਹੁ ਹਥਿ ਕੂਜਾ." (ਮਾਰੂ ਸੋਲਹੇ ਮਃ ੫) ੪. ਨੀਚ। ੫. ਸੰਗ੍ਯਾ- ਮੁਸਲਮਾਨਾ ਦੇ ਸੰਕੇਤ ਅਨੁਸਾਰ ਸੂਰ. "ਬਦ ਬਹੁ ਨਿਕਸੇ ਗਨੇ ਨ ਜਾਂਇ." (ਗੁਪ੍ਰਸੂ)

ਬਦਉ: ਦੇਖੋ, ਬਦਣਾ.

ਬਦਅਮਲ: ਸੰਗ੍ਯਾ- ਬੁਰਾ ਅ਼ਮਲ (ਆਚਰਣ). ਬਦ ਐ਼ਮਾਲ. "ਬਦਅਮਲ ਛੋਡਿ ਕਰਹੁ ਹਥਿ ਕੂਜਾ." (ਮਾਰੂ ਸੋਲਹੇ ਮਃ ੫) ੨. ਰਾਜ ਦਾ ਬੁਰਾ ਪ੍ਰਬੰਧ.

ਬਦਅੰਦੇਸ਼: ਫ਼ਾ. بداندیش ਵਿ- ਬੁਰਾ ਚਿਤਵਣ ਵਾਲਾ. ਅਸ਼ੁਭਚਿੰਤਕ.

ਬਦਹਜਮੀ, ਬਦਹਾਜਮਾ: ਫ਼ਾ. بدہضمی ਬਦਹਜਮੀ. ਸੰਗ੍ਯਾ- ਅਜੀਰਣ. ਅਪਚ. "ਅਰਧ ਨਿਸਾ ਬਦਹਾਜਮਾ ਹੈਜਾ ਹ੍ਵੈਆਵਾ." (ਗੁਪ੍ਰਸੂ) ਦੇਖੋ, ਅਜੀਰਣ.

ਬਦਹੁ: ਦੇਖੋ, ਬਦਣਾ.

ਬਦਕਾਰ: ਵਿ- ਕੁਕਰਮੀ. ਬੁਰੇ ਕੰਮ ਕਰਨ ਵਾਲਾ। ੨. ਵਿਭਚਾਰੀ। ੩. ਵਿਭਚਾਰਿਣੀ.

ਬਦਖਸਾਂ: ਸੰ. ਵਦ੍ਕਸਾਨ੍. ਫ਼ਾ. بدخشاں ਅਫਗ਼ਾਨਿਸਤਾਨ ਦਾ ਤਾਤਾਰ ਦੀ ਹੱਦ ਉੱਪਰ ਇੱਕ ਸ਼ਹਿਰ ਅਤੇ ਉਸ ਦੇ ਆਸ ਪਾਸ ਦਾ ਦੇਸ. ਇੱਥੋਂ ਦੇ ਲਾਲ (ਰਤਨ) ਬਹੁਤ ਮਸ਼ਹੂਰ ਸਨ. "ਸਹਿਰ ਬਦਖਸਾਂ ਮੇ ਹੁਤੀ ਏਕ ਮੁਗਲ ਕੀ ਬਾਲ." (ਚਰਿਤ੍ਰ ੧੭) ਹੁਣ ਬਦਖ਼ਸ਼ਾਂ ਦਾ ਪ੍ਰਧਾਨ ਨਗਰ ਫ਼ੈਜਾਬਾਦ ਹੈ.

ਬਦਗੋਈ: ਸੰਗ੍ਯਾ- ਬੁਰਾ ਕਹਿਣ ਦੀ ਕ੍ਰਿਯਾ. ਨਿੰਦਾ. ਬਦਨਾਮੀ। ੨. ਚੁਗਲੀ.

ਬਦਜਾਤ: ਫ਼ਾ. بدذات ਬਦਜਾਤ. ਵਿ- ਜਿਸ ਦੀ ਅਸਲਿਯਤ ਬੁਰੀ ਹੈ. ਖੋਟਾ.

ਬਦਣਾ: ਕ੍ਰਿ- ਕਹਿਣਾ. ਕਥਨ ਕਰਨਾ. ਦੇਖੋ, ਵਦ੍ ਧਾ। ੨. ਸ਼ਰਤ ਲਾਉਣੀ. ਪ੍ਰਤਿਗ੍ਯਾ ਕਰਨੀ. "ਬਦ ਬਦ ਕੂਦ ਕੁਲਾਚਨ ਕਰੀ." (ਨਾਪ੍ਰ) ਸ਼ਰਤ ਲਾਕੇ ਛਾਲਾਂ ਮਾਰੀਆਂ. "ਬਦਹੁ ਕੀ ਨ ਹੋਡ ਮਾਧਉ ਮੋ ਸਿਉ?" (ਸਾਰ ਨਾਮਦੇਵ) ਮੇਰੇ ਨਾਲ ਸ਼ਰਤ ਕਯੋਂ ਨਹੀਂ ਲਾ ਲੈਂਦੇ? ੩. ਮੰਨਣਾ. ਮਨਜੂਰ ਕਰਨਾ. "ਮੈ ਨ ਬਦਉਗਾ ਭਾਈ" (ਆਸਾ ਕਬੀਰ) ੪. ਨਿਯਤ ਕਰਨਾ. ਠਹਰਾਉਣਾ.

ਬਦਤਰ: ਫ਼ਾ. بدتر ਵਿ- ਅਤਿ ਬੁਰਾ. ਬਹੁਤ ਖਰਾਬ.

ਬਦਤਿ: ਸੰ. ਵਦਤਿ. ਆਖਦਾ ਹੈ. ਕਹਿੰਦਾ ਹੈ. "ਬਦਤਿ ਤ੍ਰਿਲੋਚਨ, ਤੇ ਨਰ ਮੁਕਤਾ." (ਗੂਜ)

ਬਦਦੁਆ, ਬਦਦੁਆ਼, ਬਦਦੁਆਇ: ਫ਼ਾ. بددعا ਸੰਗ੍ਯਾ- ਸ੍ਰਾਪ (ਸ਼ਾਪ). ਦੁਰਾਸੀਸ. "ਲੈਦਾ ਬਦਦੁਆਇ ਤੂੰ ਮਾਇਆ ਕਰਹਿ

ਇਕਤ." (ਸ੍ਰੀ ਮਃ ੫)

ਬਦਨ: ਅ਼. بدن ਸੰਗਯਾ- ਦੇਹ. ਸ਼ਰੀਰ. ਜਿਸਮ. ਤਨੁ. "ਸਿਥਿਲ ਬਦਨ ਤੇ ਜਾਇ ਨ ਚਲਯੋ." (ਗੁਪ੍ਰਸੂ) ੨. ਸੰ. ਵਦਨ. ਮੁਖ. "ਜੈਸੇ ਦਰਪਨ ਮਾਹਿ ਬਦਨ ਪਰਵਾਨੀ." (ਕਾਨ ਨਾਮਦੇਵ) ਜੈਸੇ ਸ਼ੀਸ਼ੇ ਵਿੱਚ ਮੁਖ ਦਾ ਪ੍ਰਤਿਬਿੰਬ.

ਬਦਨਸੀਬ: ਫ਼ਾ. بدنصیب ਬਦਨਸੀਬ. ਵਿ- ਬੁਰੇ ਨਸੀਬ (ਭਾਗ) ਵਾਲਾ. ਬੁਰੀ ਕਿਸਮਤ ਵਾਲਾ.

ਬਦਨਜਰ, ਬਦਨਦਰਿ: ਫ਼ਾ. بدنظر ਬਦ ਨਜ਼ਰ. ਸੰਗਯਾ- ਬੁਰੀ ਨਜਰ (ਦ੍ਰਿਸ਼੍ਟਿ) ਹਿੰਦੂਆ ਦਾ ਨਿਸ਼ਚਾ ਹੈ ਕਿ ਖੋਟੇ ਆਦਮੀ ਦੀ ਮੰਦਦ੍ਰਿਸ਼੍ਟਿ ਦਾ ਅਸਰ ਦੂਸਰੇ ਪੁਰ ਹੁੰਦਾ ਹੈ. ਮਿਸ਼ਕਾਤ ਵਿੱਚ ਲੇਖ ਹੈ ਕਿ ਹਜਰਤ ਮੁਹੰਮਦ ਭੀ ਬਦਨਜਰ ਦੇ ਵਿਸ਼੍ਵਾਸੀ ਸਨ। ੨. ਵਿਕਾਰਭਰੀ ਨਜਰ. "ਬਦਨਦਰਿ ਪਰਨਾਰੀ." (ਪ੍ਰਭਾ ਅਃ ਮਃ ੫)

ਬਦਨਾਉ, ਬਦਨਾਮ: ਫ਼ਾ. بدنام ਵਿ- ਜਿਸ ਦਾ ਨਾਮ ਬੁਰਾ ਪ੍ਰਸਿੱਧ ਹੋਗਿਆ ਹੈ. "ਦੁਹਚਾਰਣਿ ਬਦਨਾਉ." (ਮਃ ੩. ਵਾਰ ਸੋਰ)

ਬਦਨਾਮੀ: ਫ਼ਾ. بدنامی ਸੰਗਯਾ- ਬੁਰਾ ਨਾਮ ਫੈਲਣ ਦੀ ਕ੍ਰਿਯਾ. ਅਪਕੀਰਤਿ ਨਿੰਦਾ.

ਬਦਨਾਵ, ਬਦਨਾਵੀ: ਦੇਖੋ, ਬਦਨਾਮ ਅਤੇ ਬਦਨਾਮੀ. "ਜੇ ਕੋ ਨਾਉ ਲਏ ਬਦਨਾਵੀ, ਕਲਿ ਕੇ ਲਖਣ ਏਈ" (ਰਾਮ ਅਃ ਮਃ ੧)

ਬਦਨਿ: ਮੁਖ ਦ੍ਵਾਰਾ. ਮੁਖੋਂ. "ਅਮਿਉ ਰਸਨਾ, ਬਦਨਿ ਬਰਦਾਤਿ." (ਸਵੈਯੇ ਮਃ ੫. ਕੇ) ਜੁਬਾਨ ਤੋਂ ਨਾਮ- ਅਮ੍ਰਿਤ ਦੀ ਵਰਖਾ ਅਤੇ ਮੂਹੋਂ ਵਰਦਾਨ.

ਬਦਨੀ: ਵਿ- ਬਦਨ (ਦੇਹ) ਨਾਲ ਹੈ ਜਿਸ ਦਾ ਸੰਬੰਧ। ੨. ਵਦਨ (ਮੁਖ) ਨਾਲ ਹੈ ਜਿਸ ਦਾ ਸੰਬੰਧ. "ਸਬਦੁ ਨ ਚੀਨੈ, ਕਥਨੀ ਬਦਨੀ ਕਰੈ." (ਸ੍ਰੀ ਮਃ ੩) ਜ਼ਬਾਨੀ ਜਮਾਂ ਖਰਚ ਪੂਰਾ ਕਰਦਾ ਹੈ. ਕੇਵਲ ਮੂੰਹ ਦੀ ਗੱਲ ਹੈ, ਮਨ ਵਿੱਚ ਕੁਝ ਅਸਰ ਨਹੀਂ। ੩. ਸੰਗਯਾ- ਵਪਾਰੀਆਂ ਦਾ ਇੱਕ ਪ੍ਰਕਾਰ ਦਾ ਜੂਆ, ਜੋ ਕੌਡਾਂ ਆਦਿਕ ਨਾਲ ਨਹੀਂ ਖੇਡੀਦਾ, ਕਿੰਤੂ ਜੁਬਾਨੀ ਗੱਲਬਾਤ ਨਾਲ ਕਿਸੇ ਚੀਜ ਦੇ ਦੇਣ ਲੈਣ ਦੀ ਸ਼ਰਤ ਹੋ ਜਾਂਦੀ ਹੈ.

ਬਦਨੀਯਤ: ਫ਼ਾ. بدنیت ਵਿ- ਜਿਸ ਦਾ ਆਸ਼ਯ ਬੁਰਾ ਹੈ. ਬੁਰੀ ਨੀਯਤ ਵਾਲਾ। ੨. ਸੰਗਯਾ- ਬੁਰੀ ਭਾਵਨਾ.

ਬਦਪਰਹੇਜ਼: ਫ਼ਾ. بدپرہیز ਵਿ- ਜੋ ਪਰਹੇਜ਼ (ਪੱਥ) ਨਹੀਂ ਰਖਦਾ। ੨. ਸੰਯਮ ਦਾ ਤਯਾਗੀ.

ਬਦਪਰਹੇਜ਼ੀ: ਫ਼ਾ. بدپرہیزی ਸੰਗਯਾ- ਕੁਪਥ੍ਯ. ਖਾਣ ਪੀਣ ਦਾ ਅਸੰਯਮ.

ਬਦਫੇਲ: ਫ਼ਾ. بدفعل ਬਦਫ਼ਿਅ਼ਲ. ਸੰਗਯਾ- ਬਦ (ਬੁਰਾ) ਫ਼ਿਅ਼ਲ (ਕਰਮ). ਕੁਕਰਮ। ੨. ਵਿ- ਬੁਰਾ ਕਰਮ ਕਰਨ ਵਾਲਾ. ਕੁਕਰਮੀ.

ਬਦਫੇਲੀ, ਬਦਫੈਲੀ: ਫ਼ਾ. بدفعلی ਵਿ- ਬੁਰਾ ਆਚਾਰ ਕਰਨ ਵਾਲਾ ਕੁਕਰਮੀ. ਦੇਖੋ, ਬਦਫੇਲ. ੨. "ਬਦਫੈਲੀ ਕਿਆ ਹਾਲੁ?" (ਸ੍ਰੀ ਅਃ ਮਃ ੧) ੨. ਸੰਗਯਾ- ਕੁਕਰਮ. ਦੇਖੋ, ਬਦਫੇਲ ੧. "ਖਾਇ ਖਾਇ ਕਰੈ ਬਦਫੈਲੀ." (ਮਾਝ ਮਃ ੫)

ਬਦਬਖ਼ਤ: ਫ਼ਾ. بدبخت ਵਿ- ਆਭਾਗਾ. ਬਦ (ਬੁਰਾ) ਹੈ ਜਿਸ ਦਾ ਬਖ਼ਤ (ਨਸੀਬ). ਮੰਦਭਾਗੀ. "ਬਦਬਖਤ ਹਮਚੁ ਬਖੀਲ ਗਾਫਲ." (ਤਿਲੰ ਮਃ ੧)

ਬਦਬਰ: ਫ਼ਾ. بدبر ਵਿ- ਬਰਬਦ ਦਾ ਉਲਟ. ਬਦੀ ਉੱਪਰ ਆਇਆ ਹੋਇਆ. ਬਦੀ (ਬੁਰਾਈ) ਕਰਨ ਲਈ ਆਮਾਦਾ (ਤਿਆਰ). "ਹਿੰਦੁਨ ਸੇ ਬਦਬਰ ਭਯੋ ਇਮ ਨੁਰੰਗ ਤੁਰਕੇਸ." (ਗੁਪ੍ਰਸੂ)

ਬਦਬੂ: ਫ਼ਾ. بدبو ਸੰਗਯਾ- ਬਦ (ਦੁਰ) ਬੂ (ਗੰਧ) ਦੁਰਗੰਧ.

**ਬਦਮਸਤ:** ਫ਼ਾ. بدمست ਵਿ- ਬੁਰੀ ਤਰਾਂ ਨਾਲ ਮਤਵਾਲਾ ਹੋਇਆ. ਨਸ਼ੇ ਵਿੱਚ ਚੂਰ। ੨. ਕਾਮ ਕਰਕੇ ਮੱਤ. ਲੰਪਟ.

**ਬਦਮਾਸ:** ਫ਼ਾ. بدمعاش ਵਿ- ਬੁਰੀ ਹੈ ਜਿਸ ਦੀ ਮਆ਼ਸ਼ (ਜੀਵਿਕਾ). ਨੀਚ ਕਰਮ ਕਰਕੇ ਨਿਰਵਾਹ ਕਰਨ ਵਾਲਾ। ੨. ਦੁਰਾਚਾਰੀ. ਬਦਚਲਨ.

**ਬਦਮਾਸੀ:** ਫ਼ਾ. بدمعاشی ਸੰਗਜਾ- ਬੁਰੀ ਜੀਵਿਕਾ. ਖੋਟੀ ਵ੍ਰਿੱਤਿ। ੨. ਨੀਚਤਾ. ਖੋਟਾਈ। ੩. ਵਿਭਚਾਰ.

**ਬਦਮਾਦੀ:** ਫ਼ਾ. بدامادی ਦਾਮਾਦੀ. ਰਿਸ਼ਤੇ ਸਾਥ. ਜਵਾਈ ਬਣਕੇ. "ਬਦਮਾਦੀ ਹੁਇ ਅਬ ਧਨ ਲੇਵੋਂ" (ਗੁਵਿ ੬)

**ਬਦਰ:** ਸੰ. ਸੰਗਜਾ- ਬੇਰੀ ਦਾ ਫਲ. ਬੇਰ. "ਧਰਜੋ ਬਦਰ ਕਿਨ ਕਰ ਪਰ ਜੈਸੇ." (ਗੁਪ੍ਰਸੂ) ੨. ਬੇਰੀ ਦਾ ਬਿਰਛ. Zizyphus Jujuba। ੩. ਕਪਾਹ। ੪. ਕਪਾਹ ਦਾ ਬੀਜ. ਬੜੇਵਾਂ. ਬਿਨੌਲਾ. ਪੇਵਾ। ੫. ਅ਼. بدر ਪੂਰਾ ਚੰਦ੍ਰਮਾ. ਪੂਰਨਮਾਸੀ ਦਾ ਚੰਦ। ੬. ਫ਼ਾ. بدر ਕ੍ਰਿ. ਵਿ- ਬਾਹਰ. ਜੈਸੇ- "ਸ਼ਹਰ ਬਦਰ ਕਰਨਾ." ਦੇਖੋ, ਸੰ. ਵਿਦੂਰ। ੭. ਸੰਗਜਾ- ਅ਼ਰਬ ਦਾ ਇੱਕ ਖੂਹ, ਜੋ ਮੱਕੇ ਮਦੀਨੇ ਦੇ ਵਿਚਕਾਰ ਹੈ. ਇੱਥੇ ਮੁਹੰਮਦ ਸਾਹਿਬ ਨੇ ਪਹਿਲਾ ਜੰਗ ਰਮਜ਼ਾਨ ਮਹੀਨੇ (ਮਾਰਚ ਸਨ ੬੨੪) ਵਿੱਚ ਜਿੱਤਿਆ ਸੀ. ਇਸ ਫਤੇ ਪਿੱਛੋਂ. ਮੁਹੰਮਦ ਸਾਹਿਬ ਦੀ ਪ੍ਰਭੁਤਾ ਫੈਲੀ.

**ਬਦਰਸਿੰਘ:** ਦੇਖੋ, ਕਪੂਰਥਲਾ.

**ਬਦਰੱਕਾ:** ਅ਼. بدرقّہ ਬਦਰੱਕ਼ਹ. ਸੰਗਜਾ- ਰਹਬਰ. ਰਸ੍ਤਾ ਦਿਖਾਉਣ ਵਾਲਾ.

**ਬਦਰ ਰਉ:** ਫ਼ਾ. بدررَو ਸੰਗਜਾ- ਘਰ ਤੋਂ ਬਾਹਰ ਪਾਣੀ ਕੱਢਣ ਦੀ ਨਾਲੀ. ਗੰਦੇ ਪਾਣੀ ਦਾ ਖਾਲ.

**ਬਦਰਾ:** ਅ਼. بدرہ ਬਦਰਹ. ਸੰਗਜਾ- ਥੈਲੀ. ਤੋੜਾ. "ਨਾਨਕ ਬਦਰਾ ਮਾਲਕਾ ਭੀਤਰਿ ਧਰਿਆ ਆਨਿ." (ਮਃ ੧. ਵਾਰ ਸੂਹੀ) ੨. ਹਿੰ- ਬਾਦਲ. ਮੇਘ. ਵਾਰਿਦ. ਵਾਰਿਧਰ. "ਗਰਜੈ ਮਦਮੱਤ ਕਰੀ ਬਦਰਾ." (ਚੰਡੀ ੧)

**ਬਦਰਾਹ:** ਸੰਗਜਾ- ਬਦ (ਬੁਰਾ) ਰਾਹ (ਮਾਰਗ). ਖੋਟਾ ਰਸ੍ਤਾ. ਕੁਮਾਰਗ.

**ਬਦਰਾਹਣਾ:** ਕ੍ਰਿ- ਖੋਟੇ ਰਾਹ ਪਾਉਂਣਾ. ਬੁਰੇ ਕਰਮਾਂ ਵਿੱਚ ਲਾਉਣਾ.

**ਬਦਰਾਹੀ:** ਵਿ- ਕੁਮਾਰਗੀ. ਬੁਰੇ ਰਾਹ ਜਾਣ ਵਾਲਾ। ੨. ਬੁਰੇ ਮਾਰਗ ਤੋਂ. ਕੁਮਾਰਗ ਸੇ. "ਦਸ ਅਉਰਾਤ ਰਖੋ ਬਦਰਾਹੀ." (ਮਾਰੂ ਸੋਲਹੇ ਮਃ ੫) ਦਸ਼ ਇੰਦ੍ਰੀਆਂ ਨੂੰ ਖੋਟੇ ਰਾਹ ਤੋਂ ਵਰਜੋ.

**ਬਦਰਿ:** ਦੇਖੋ, ਬਦਰੀ.

**ਬਦਰਿਕਾ:** ਸੰ. ਬੇਰ. ਬੇਰੀ ਦਾ ਫਲ। ੨. ਬੇਰੀ. ਬਦਰ.

**ਬਦਰਿਕਾਸ਼੍ਰਮ:** ਗੜ੍ਹਵਾਲ ਦੇ ਇਲਾਕੇ ਅਲਕਨੰਦਾ ਨਦੀ ਦੇ ਪੱਛਮੀ ਕਿਨਾਰੇ ਪੁਰ ਇੱਕ ਵੈਸ਼ਨਵ ਮੰਦਿਰ, ਜੋ ਹਿਮਾਲਯ ਦੀ ਧਾਰਾ ਵਿੱਚ ੧੦੪੦੦ ਫੁਟ ਦੀ ਬਲੰਦੀ ਪੁਰ ਹੈ. ਇਸ ਦਾ ਨਾਮ ਬਦਰੀਨਾਥ ਅਤੇ ਬਦਰੀਨਾਰਾਯਣ ਭੀ ਪ੍ਰਸਿੱਧ ਹੈ. ਨਰਨਾਰਾਯਣ ਅਵਤਾਰ ਦੇ ਤਪ ਕਰਨ ਦਾ ਇਹ ਅਸਥਾਨ ਹੈ. ਪਦਮ ਪੁਰਾਣ ਵਿੱਚ ਸਭ ਤੀਰਥਾਂ ਤੋਂ ਇਸ ਦੀ ਵਿਸ਼ੇਸ਼ਤਾ ਦੱਸੀ ਹੈ. ਨਾਮ ਦਾ ਕਾਰਣ ਇਹ ਲਿਖਿਆ ਹੈ ਕਿ ਭ੍ਰਿਗੁਤੁੰਗ ਨਾਮਕ ਪਹਾੜ ਦੀ ਚੋਟੀ ਪੁਰ ਇੱਕ ਬਦਰੀ (ਬੇਰੀ) ਦਾ ਬਿਰਛ ਸੀ. ਜਿਸ ਤੋਂ ਬਦਰਿਕਾਸ਼੍ਰਮ ਨਾਮ ਹੋਇਆ. ਬਦਰਿਕਾਸ਼੍ਰਮ ਦਾ ਪ੍ਰਬੰਧ ਰਿਆਸਤ ਟੇਹਰੀ ਦੇ ਹੱਥ ਹੈ. ਮੰਦਿਰ ਦੇ ਵਡੇ ਪੁਜਾਰੀ ਦੀ "ਰਾਵਲ" ਪਦਵੀ ਹੈ.

**ਬਦਰੀ:** ਸੰ. ਸੰਗਜਾ- ਬੇਰੀ. ਬਦਰਿ ਅਤੇ ਬਦਰੀ ਦੋਵੇਂ ਸ਼ਬਦ ਸੰਸਕ੍ਰਿਤ ਹਨ। ੨. ਮੈਸੂਰ ਦੇ ਇਲਾਕੇ ਇੱਕ ਨਦੀ.

**ਬਦਰੀਨਾਥ, ਬਦਰੀਨਾਰਾਯਣ:** ਦੇਖੋ, ਬਦਰਿਕਾਸ਼੍ਰਮ। ੨. ਬਦਰਿਕਾਸ਼੍ਰਮ ਦੇ ਮੰਦਿਰ ਵਿੱਚ ਅਸਥਾਪਨ ਕੀਤੀ ਹੋਈ ਨਾਰਾਯਣ ਦੀ ਮੂਰਤਿ.

**ਬਦਰੁੱਦੀਨ:** ਦੇਖੋ, ਬੁੱਧੂਸ਼ਾਹ.

**ਬਦਰੁੱਦੀਨ ਅਹਮਦ:** ਦੇਖੋ, ਅਕਬਰ ਦਾ ਫੁਟਨੋਟ.

**ਬਦਰੰਗ:** ਵਿ- ਵਿਵਰਣ. ਬੁਰੇ ਰੰਗ ਦਾ. ਜਿਸ ਦਾ ਰੰਗ ਭੱਦਾ ਹੈ। ੨. ਸੰਗਯਾ- ਕੁਰਸ. ਪ੍ਰੇਮਭੰਗ. "ਕਾਜਨ ਲਰੀ ਕਰੇ ਬਦਰੰਗ." (ਗੁਪ੍ਰਸੂ) ਕਾਜੀ ਦੀ ਇਸਤ੍ਰੀ ਲੜੀ। ੩. ਤਾਸ਼ ਖੇਡਣ ਵਾਲਿਆਂ ਦੇ ਸੰਕੇਤ ਵਿੱਚ ਬੇਮੇਲ ਰੰਗ ਦਾ ਪੱਤਾ.

**ਬਦਲ:** ਅ਼. بدل ਸੰਗਯਾ- ਹੇਰ ਫੇਰ. ਪਰਿਵਰਤਨ। ੨. ਪਲਟਾ. ਇ਼ਵਜ। ੩. ਦੇਖੋ, ਬੱਦਲ.

**ਬਦਲਹਾ:** ਬਦਲੇ ਵਿੱਚ. ਇਵਜ ਮੇਂ. ਦੇਖੋ, ਬਦਲ ੨. "ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ." (ਸਾਰ ਮਃ ੫)

**ਬਦਲਗਾਮ:** ਫ਼ਾ. بدلگام ਵਿ- ਉਹ ਘੋੜਾ, ਜੋ ਲਗਾਮ ਨਾਲ ਨ ਰੁਕੇ. ਮੂੰਹ ਜ਼ੋਰ। ੨. ਉਹ ਆਦਮੀ, ਜਿਸ ਦੀ ਜ਼ੁਬਾਨ ਆਪਣੇ ਕਾਬੂ ਨਹੀਂ.

**ਬਦਲਨਾ:** ਕ੍ਰਿ- ਪਲਟਣਾ. ਹੋਰ ਦਾ ਹੋਰ ਹੋਣਾ. ਪਰਿਵਰਤਨ ਹੋਣਾ। ੨. ਵਟਾਂਦਰਾ ਕਰਨਾ। ੩. ਮੁੱਕਰਨਾ. ਮੁਨਕਿਰ ਹੋਣਾ.

**ਬਦਲਾ:** ਦੇਖੋ, ਬਦਲ.

**ਬਦਲਾਉ:** ਸੰਗਯਾ- ਬਦਲਣ ਦਾ ਭਾਵ. ਦੇਖੋ, ਬਦਲ.

**ਬਦਲਾਹੁ:** ਦੇਖੋ, ਬਦਲਾਉ ਅਤੇ ਬਦਲ. "ਹੋਵੈ ਮਤਿ ਬਦਲਾਹੁ." (ਮਃ ੩. ਵਾਰ ਸੋਰ) ੨. ਬੁਰਾ ਲਾਭ. ਖੋਟਾ ਨਫਾ.

**ਬਦਲਾਵਨਿ:** ਸੰਗਯਾ- ਵਟਾਂਦਰਾ. ਦੇਖੋ, ਬਦਲ. "ਆਨ ਦੇਵ ਬਦਲਾਵਨਿ ਦੈਹਉ." (ਗੌਂਡ ਨਾਮਦੇਵ) ਕਰਤਾਰ ਦੇ ਬਦਲੇ ਮੈਂ ਸਾਰੇ ਦੇਵਤੇ ਦੇ ਦੇਵਾਂਗਾ.

**ਬਦਲੀ:** ਸੰਗਯਾ- ਬਦਲਣ ਦਾ ਭਾਵ ਤਬਦੀਲੀ. ਪਰਿਵਰਤਨ। ੨. ਛੋਟਾ ਬਾਦਲ। ੩. ਇੱਕ ਸੋਢੀ, ਜੋ ਗੁਰੂ ਹਰਿਗੋਬਿੰਦ ਸਾਹਿਬ ਤੋਂ ਸਿੱਖੀ ਧਾਰਕੇ ਨੰਮ੍ਰਤਾ ਦਾ ਨਮੂਨਾ ਬਣਿਆ, ਅਤੇ ਭਾਰੀ ਧਰਮ ਪ੍ਰਚਾਰਕ ਹੋਇਆ.

**ਬਦਾਂ:** ਫ਼ਾ. بداں ਬਦ ਦਾ ਬਹੁਵਚਨ। ੨. ਬਆਂ ਦਾ ਦੂਜਾ ਰੂਪ. ਉਸ ਦੇ ਨਾਲ. ਉਸ ਨੂੰ.

**ਬਦਾਣ, ਬਦਾਨ:** ਸੰਗਯਾ- ਵਿਦੀਰਣ ਕਰਨ ਦਾ ਸੰਦ. ਵਡਾ ਹਥੌੜਾ, ਜਿਸ ਨਾਲ ਪੱਥਰ ਆਦਿ ਤੋੜੀਦਾ ਅਤੇ ਲੋਹਾ ਘੜੀਦਾ ਹੈ. ਦੇਖੋ, ਵਦਾਣ, ਵਾਦਾਣ ਅਤੇ ਵਿਦਾਣ.

**ਬਦਾਮ:** ਖ਼ਾ. ਸੰਗਯਾ- ਛੋਲੇ. ਚਣੇ. "ਪੀਲੂ ਦਾਖ, ਬਦਾਮ ਚਨੇ ਕੋ." (ਪੰਪ੍ਰ) ੨. ਸੰ. ਅਤੇ ਫ਼ਾ. بادام ਬਾਦਾਮ.[861] ਇੱਕ ਪ੍ਰਸਿੱਧ ਮੇਵਾ. Almond. L. Prunus Amygdalus. "ਦਾਖ ਬਦਾਮ ਗਿਰੂ ਪਿਸਤਾ." (ਨਾਪ੍ਰ) ਬਦਾਮ ਦੀ ਤਸੀਰ ਗਰਮ ਤਰ ਹੈ. ਦਿਮਾਗ ਦੀ ਪੁਸ਼੍ਟੀ ਲਈ ਇਸ ਦਾ ਵਰਤਣਾ ਗੁਣਕਾਰੀ ਹੈ. ਇਸ ਦਾ ਤੇਲ (ਬਦਾਮ ਰੋਗਨ) ਸਿਰ ਦੀ ਖ਼ੁਸ਼ਕੀ ਦੂਰ ਕਰਨ ਅਤੇ ਅੰਤੜੀ ਤੋਂ ਮਲ ਖਾਰਿਜ ਕਰਨ ਲਈ ਵੈਦ ਵਰਤਦੇ ਹਨ.

**ਬਦਾਮਚਾ:** ਫ਼ਾ. بادامچہ ਬਾਦਾਮਚਹ. ਇੱਕ ਪ੍ਰਕਾਰ ਦਾ ਤੀਰ, ਜਿਸ ਦੀ ਮੁਖੀ ਬਾਦਾਮ ਦੀ ਸ਼ਕਲ ਦੀ ਹੁੰਦੀ ਹੈ. "ਗਨ ਬਦਾਮਚੇ ਆਦਿ ਘਨੇ." (ਗੁਪ੍ਰਸੂ)

**ਬਦਾਮਰੋਗਨ:** ਬਾਦਾਮ ਰੋਗ਼ਨ. ਬਾਦਾਮ ਦਾ ਤੇਲ. ਦੇਖੋ, ਬਦਾਮ ੨.

---

[861] ਸੰਸਕ੍ਰਿਤ "ਵਾਤਾਮ" ਸ਼ਬਦ ਭੀ ਬਾਦਾਮ ਲਈ ਹੈ.

ਬਦਿ: ਦੇਖੋ, ਬਦ ਅਤੇ ਬਦੀ। ੨. ਬਦ (ਵਿਦ) ਕੇ. ਸ਼ਰਤ ਲਾਕੇ। ੩. ਆਖਕੇ.

ਬਦੀ: ਸੰ. ਸੰਗ੍ਯਾ- ਚੰਦ੍ਰਮਾ ਦੇ ਮਹੀਨੇ ਦਾ ਹਨੇਰਾ ਪੱਖ. ਬਹੁਲ ਦਿਨ ਦਾ ਸੰਖੇਪ. ਦੇਖੋ, ਬਹੁਲ। ੨. ਫ਼ਾ. بدی ਬੁਰਿਆਈ. ਅਪਕਾਰ.

ਬਦੀਂ: ਫ਼ਾ. بدیں ਕ੍ਰਿ. ਵਿ- ਇਸ ਸਾਥ. ਇਸ ਨਾਲ.

ਬਦੈ: ਕਥਨ ਕਰਦਾ ਹੈ। ੨. ਮੰਨਦਾ ਹੈ. ਗਿਣਦਾ ਹੈ. ਦੇਖੋ, ਬਦਣਾ. "ਕਿਸੈ ਨ ਬਦੈ, ਆਪਿ ਅਹੰਕਾਰੀ." (ਸੁਖਮਨੀ)

ਬਦੈਨ: ਦੇਖੋ, ਅਘਅੰਤਕ ਅਤੇ ਵਦ੍ ਧਾ.

ਬਦੋਬਦੀ: ਕ੍ਰਿ. ਵਿ- ਜ਼ਬਰਦਸਤੀ ਨਾਲ, ਮੱਲੋਜੋਰੀ। ੨. ਬਹਿਸਾ ਬਹਿਸੀ ਕਰਕੇ.

ਬਦੌਨੀ: ਅ਼. بدوی ਬਦਵੀ. ਸੰਗ੍ਯਾ- ਬੱਦੂ. ਅ਼ਰਬ ਦੀ ਇੱਕ ਜੰਗਲੀ ਜਾਤਿ, ਜੋ ਭੀਲਾਂ ਜੇਹੀ ਲੁਟੇਰੀ ਹੈ.

ਬਦੌਲਤ: ਫ਼ਾ. بدَولت ਕ੍ਰਿ. ਵਿ- ਆਸਰੇ. ਕਰਕੇ. ਦ੍ਵਾਰਾ। ੨. ਕਾਰਣ ਤੋਂ. ਸਬਬ ਨਾਲ.

ਬੱਦਲ: ਸੰਗ੍ਯਾ- ਵਾਰਿਦ. ਮੇਘ. "ਬੱਦਲ ਜਿਉਂ ਮਹਿ- ਖਾਸੁਰ ਰਣ ਵਿੱਚ ਗੱਜਿਆ." (ਚੰਡੀ ੩)

ਬੱਦੂ: ਦੇਖੋ, ਬਦੌਨੀ। ੨. ਵਿ- ਬਦਨਾਮ.

ਬਦ੍ਰ: ਦੇਖੋ, ਬਦਰ ੧. "ਕਰ ਪਰ ਬਦ੍ਰ ਹ੍ਰਿਦੈ ਅਸ ਗਜਾਨਾ." (ਨਾਪ੍ਰ)

ਬਦ੍ਰਿ: ਦੇਖੋ, ਬਦਰਿ.

ਬਦ੍ਰਿਕਾਸ਼੍ਰਮ, ਬਦ੍ਰਿਨਾਥ: ਦੇਖੋ, ਬਦਰਿਕਾਸ਼੍ਰਮ.

ਬਧ: ਸੰ. ਵਧ੍ਰੰਮ. ਸੰਗ੍ਯਾ- ਲਹੂ ਦੇ ਵਿਕਾਰ ਦ੍ਵਾਰਾ ਚੱਡੇ ਵਿੱਚ ਹੋਈ ਗਿਲਟੀ ਦੀ ਸੋਜ. ਚੱਡੇ ਦਾ ਫੋੜਾ। ੨. ਸੰ. ਬਧ. ਧਾ- ਬੰਨ੍ਹਣਾ, ਹਿੰਸਾ ਕਰਨਾ, ਮਾਰਨਾ, ਵੈਰ ਕਰਨਾ, ਅਨਾਦਰ ਕਰਨਾ। ੩. ਸੰਗ੍ਯਾ- ਵੈਰ ਕਰਨਾ, ਅਨਾਦਰ ਕਰਨਾ। ੩. ਸੰਗ੍ਯਾ- ਹਤ੍ਯਾ. ਪ੍ਰਾਣ ਲੈਣ ਦੀ ਕ੍ਰਿਯਾ, "ਜੀਅ ਬਧਹੁ ਸੁਧਰਮ ਕਰਿ ਥਾਪਹੁ." (ਮਾਰੂ ਕਬੀਰ) ੪. ਸੰ. ਬੱਧ. ਵਿ- ਬੰਨ੍ਹਿਆ ਹੋਇਆ. "ਕਰਮਬਧ ਤੁਮ ਜੀਉ ਕਹਤ ਹੋ." (ਗੌਂਡ ਕਬੀਰ)

ਬਧਕ: ਵਿ- ਵਧ (ਹਤ੍ਯਾ) ਕਰਨ ਵਾਲਾ. ਹਿੰਸਕ। ੨. ਸੰਗ੍ਯਾ- ਫੰਧਕ. ਸ਼ਿਕਾਰੀ। ੩. ਸੰ. ਬਦ੍ਧਕ- ਬੱਧਕ. ਕੈਦੀ. ਬੰਧੂਆ, "ਤ੍ਰੈਗੁਣ ਬਧਕ ਮੁਕਤਿ ਨਿਰਾਰੀ." (ਮਾਰੂ ਸੋਲਹੇ ਮਃ ੩)

ਬਧ ਕਰਣੀ: ਸੰਗ੍ਯਾ- ਬਧ (ਵਧ) ਕਰਣ ਵਾਲੀ, ਸੈਨਾ (ਸਨਾਮਾ)

ਬਧਣਾ, ਬਧਨਾ: ਕ੍ਰਿ- ਬਧ ਕਰਨਾ. ਮਾਰਨਾ. ਹਿੰਸਾ ਕਰਨੀ। ੨. ਵਰ੍ਧਨ. ਵ੍ਰਿੱਧਿ ਨੂੰ ਪ੍ਰਾਪਤ ਹੋਣਾ. ਵਧਣਾ। ੩. ਸੰਗ੍ਯਾ- ਮਿੱਟੀ ਦਾ ਵਡਾ ਬਰਤਨ. ਤੌਲਾ. ਸੰ- ਵਾਰ੍ਧਨੀ. ਸਿੰਧੀ- ਬਦਨੋ.

ਬਧਨਿ: ਬੰਧਨ (ਰੱਸੀ) ਨਾਲ. "ਪ੍ਰੇਮ ਬਧਨਿ ਤੁਮ ਬਾਧੇ." (ਸੋਰ ਰਵਿਦਾਸ)

ਬਧਰ: ਸੰ. ਬਧਿਰ. ਸੰਗ੍ਯਾ- ਬੋਲਾ. ਬਹਰਾ. ਜਿਸ ਨੂੰ ਕੰਨਾਂ ਤੋਂ ਸੁਣਾਈ ਨਾ ਦੇਵੇ. "ਅੰਧ ਲਖੈ, ਬਧਰੋ ਸੁਨੈ." (ਵਿਚਿਤ੍ਰ) ੨. ਦੇਖੋ, ਬਧਿਰ। ੩. ਦੇਖੋ, ਬੱਧਰ.

ਬਧਰਾ, ਬਧਰੋ: ਬੋਲਾ. ਦੇਖੋ, ਬਧਰ ੧.

ਬਧਾ: ਵਿ- ਬੱਧ. ਬੰਨ੍ਹਿਆ ਹੋਇਆ. "ਬਧਾ ਚਟੀ ਜੋ ਭਰੇ." (ਮਃ ੨. ਵਾਰ ਸੂਹੀ)

ਬਧਾਇ: ਵਿ- ਬੰਧਨ ਸਹਿਤ. ਬੰਧਨ ਵਿੱਚ ਪਿਆ ਹੋਇਆ. "ਹੋਤ ਬਧਾਇ ਬਿਨਾ ਹੀ ਗਹੇ." (ਚਰਿਤ੍ਰ ੯੮)

ਬਧਾਈ: ਸੰਗ੍ਯਾ- ਵ੍ਰਿੱਧਿ. ਤਰੱਕੀ। ੨. ਵ੍ਰਿੱਧਿ ਲਈ ਅਸੀਸ। ੩. ਮੁਬਾਰਕਬਾਦੀ.

ਬਧਾਵਹਿ: ਵ੍ਰਿੱਧਿ (ਤਰੱਕੀ) ਕਰਦਾ ਹੈ। ੨. ਬੰਧਾਵਹਿ। ੩. ਬਣਵਾਵੈ. "ਮੜੀ ਬਧਾਵਹਿ." (ਰਾਮ ਅਃ ਮਃ ੧) ਮਠ ਚਿਣਵਾਉਂਦਾ ਹੈ.

ਬਧਾਵਾ: ਸੰਗ੍ਯਾ- ਮੰਗਲ. "ਘਰ ਘਰ ਸਭਹੂੰ ਬਧਾਵਾ ਭਯੋ." (ਅਰਹੰਤਾਵ) ੨. ਬੰਧਾਵਾ. ਬੰਧਨ ਵਿੱਚ ਆਇਆ. "ਕਤੁ ਆਪੁ ਬਧਾਵਾ?" (ਗਉ ਬਾਵਨ ਕਬੀਰ)

ਬਧਿ: ਵਧਕੇ. ਬੜ੍ਹਕਰ। ੨. ਬਾਂਧ ਕਰ. ਬੰਨ੍ਹਕੇ. "ਕਮਰ ਬਧਿ ਪੋਥੀ." (ਗੌਂਡ ਕਬੀਰ) ੩. ਵਧ ਕਰਕੇ. ਕਤਲ ਕਰਕੇ.

ਬਧਿਕ, ਬਧਿਕੁ: ਸੰ. ਬੱਧਕ. ਸੰਗ੍ਯਾ- ਕੈਦੀ. ਬੰਧੂਆ. "ਸਾਕਤ ਮੂੜ ਮਾਇਆ ਕੇ ਬਧਿਕ." (ਬਿਲਾ ਮਃ ੪) ੨. ਸੰ. ਬਧਕ. ਸ਼ਿਕਾਰੀ. "ਬਧਿਕੁ ਉਧਾਰਿਓ ਖਮਿ ਪ੍ਰਹਾਰ." (ਬਸੰ ਅਃ ਮਃ ੫) ਦੇਖੋ, ਖਮਿ.

ਬਧਿਰ: ਬੋਲਾ. ਦੇਖੋ, ਬਧਰ। ੨. ਕਾਵ੍ਯ ਦਾ ਇੱਕ ਦੋਸ਼, ਅਰਥਾਤ ਵਿਰੁੱਧ ਅਰਥ ਦੇਣ ਵਾਲੇ ਪਦਾਂ ਦਾ ਜੋੜਨਾ. ਜੈਸੇ- "ਜਾਯਾ ਸੋਂ ਮਿਲ ਤਾਤ ਬਖਾਨੀ." ਜਾਯਾ ਦਾ ਅਰਥ ਮਾਤਾ ਅਤੇ ਜੋਰੂ ਹੈ. ਤਾਤ ਦਾ ਅਰਥ ਪਿਤਾ ਅਤੇ ਪੁਤ੍ਰ ਹੈ. "ਅੰਧ ਜੁ ਬਧਿਰ ਪੰਗੁ ਨਗਨ." (ਨਾਪ੍ਰ)

ਬਧੀ: ਵ੍ਰਿੱਧਿ ਨੂੰ ਪ੍ਰਾਪਤ ਹੋਈ. ਵਧੀ। ੨. ਬੱਧੀ ਬੰਨ੍ਹੀ. ਆਬਾਦ ਕੀਤੀ. "ਮੈ ਬਧੀ ਸਚੁ ਧਰਮਸਾਲ ਹੈ." (ਸ੍ਰੀ ਮਃ ੫. ਪੈਪਾਇ).

ਬਧੀਆ: ਵਿ- ਬਧ ਕਰਤਾ. ਮਾਰਨ ਵਾਲਾ. "ਬਧੀਆ ਅਰਿ ਜੋਊ." (ਕ੍ਰਿਸਨਾਵ) ੨. ਦੇਖੋ, ਵਧੀਆ.

ਬਧੀਕ, ਬਧੀਕੀ: ਦੇਖੋ, ਵਧੀਕ ਅਤੇ ਵਧੀਕੀ.

ਬਧੁ: ਦੇਖੋ, ਬਧ ਅਤੇ ਵਧ। ੨. ਦੇਖੋ, ਵਧੂ.

ਬਧੁਕਰਿ: ਕ੍ਰਿ. ਵਿ- ਬੰਨ੍ਹਕੇ. "ਇਨ ਦੂਤਨ ਖਲੁ ਬਧੁਕਰਿ ਮਾਰਿਓ." (ਜੈਤ ਰਵਿਦਾਸ)

ਬਧੂ, ਬਧੂਟੀ: ਵਹੁਟੀ. ਦੇਖੋ, ਵਧੂ ਅਤੇ ਵਧੂਟੀ.

ਬਧੇ: ਬਧ ਕੀਤੇ. ਮਾਰੇ। ੨. ਬੱਧ ਕੀਤੇ. ਬੰਨ੍ਹੇ. "ਪੰਜੇ ਬਧੇ ਮਹਾਬਲੀ." (ਵਾਰ ਬਸੰ) ੩. ਵਧਦਾ ਹੈ. ਅਧਿਕ ਹੁੰਦਾ ਹੈ. ਵ੍ਰਿੱਧਿ ਪਾਉਂਦਾ ਹੈ. "ਬਧੇ ਬਿਕਾਰ ਲਿਖੇ ਬਹੁ ਕਾਗਰ." (ਗਉ ਮਃ ੫) ਬੇਕਾਰੀ ਵਧਦੀ ਹੈ ਅਰਥਾਤ ਵ੍ਰਿਥਾ ਵੇਲਾ ਖ਼ਰਚ ਹੁੰਦਾ ਹੈ. ਵਿਕਾਰਾਂ ਦੀ ਫਰਦ ਵਧਦੀ ਹੈ.

ਬਧੈ: ਬਧ ਕਰੈ. ਮਾਰਦਾ. "ਹਰਿ ਸਿਮਰਤ ਮੋਹ ਮਾਨ ਨ ਬਧੈ." (ਭੈਰ ਮਃ ੫) ੨. ਵਧੈ. ਅਧਿਕ ਹੋਵੈ.

ਬਧੈਯਾ: ਵਿ- ਬਧ (ਹਤ੍ਯਾ) ਕਰਤਾ. ਮਾਰਨ ਵਾਲਾ। ੨. ਵ੍ਰਿੱਧਿ ਕਰੈਯਾ. ਵਧਾਉਣ ਵਾਲਾ. "ਬਧੈਯਾ ਰਾਜਸਾਜ ਕੇ." (ਗੁਪ੍ਰਸੂ)

ਬਧੋਹੁ: ਆਬਾਦ ਕੀਤਾ. ਬੰਨ੍ਹਿਆਂ. ਵਸਾਇਆ ਹੈ. "ਬਧੋਹੁ ਪੁਰਖਿ ਬਿਧਾਤੈ." (ਫੁਨਹੇ ਮਃ ੫)

ਬੱਧ: ਵਿ- ਅਧਿਕ. ਵਾਧੂ. ਜਾਦਾ. ਵੱਧ। ੨. ਸੰ. ਬੱਧ बद्ध. ਬੰਨ੍ਹਿਆ ਹੋਇਆ. ਬੰਧਨ ਵਿੱਚ ਪਿਆ। ੩. ਸੰ. ਬਧ੍ਯ. ਮਾਰਨ ਯੋਗ੍ਯ. "ਬਧੇ ਬੱਧ" (ਚੰਡੀ ੨) ੪. ਸੰ. ਵਧ. ਸੰਗ੍ਯਾ- ਵਿਸ਼. ਜ਼ਹਿਰ. "ਬੱਧ ਨਾਸਨੀ ਬੀਰਹਾ." (ਸਨਾਮਾ)

ਬੱਧਪਰਿਕਰ: ਸੰ. ਵਿ- ਕਮਰ ਬੰਨ੍ਹਕੇ ਤਿਆਰ ਹੋਇਆ ਹੋਇਆ.

ਬੱਧਮੁਸ੍ਟਿ: ਵਿ- ਜਿਸ ਦੀ ਮੁੱਠੀ ਬੰਨ੍ਹੀ ਰਹਿੰਦੀ ਹੈ. ਜੋ ਦੇਣ ਲਈ ਹੱਥ ਨਹੀਂ ਖੋਲ੍ਹਦਾ. ਕੰਜੂਸ. ਕ੍ਰਿਪਣ.

ਬੱਧਰ: ਸੰ. ਵਧ੍ਰੰ. ਸੰਗ੍ਯਾ- ਚੰਮ ਦਾ ਰੱਸਾ। ੨. ਚੰਮ ਦਾ ਚੌੜਾ ਤਸਮਾ। ੩. ਵਧ੍ਰ ਸ਼ਬਦ ਭੀ ਬੱਧਰ ਲਈ ਸਹੀ ਸੰਸਕ੍ਰਿਤ ਹੈ.

ਬੱਧਿਤ: ਵਿ- ਬੰਨ੍ਹਿਆ ਹੋਇਆ. ਬੰਧਨ ਵਿੱਚ ਪਿਆ. "ਬੱਧਿਤ ਹੋਇ ਨ ਆਵੈ ਜਾਵੈ." (ਗੁਪ੍ਰਸੂ)

ਬਧਜ: ਦੇਖੋ, ਬੱਧ ੩.

ਬਨ: ਸੰ. ਵਨ. ਸੰਗਯਾ- ਜੰਗਲ ਵਣ. "ਕਾਹੇ ਰੇ, ਬਨ ਖੋਜਨ ਜਾਈ?" (ਧਨਾ ਮਃ ੯) ੨. ਸਮੂਹ. ਸਮੁਦਾਯ। ੩. ਜਲ. "ਭਾਤਿ ਭਾਤਿ ਬਨ ਬਨ ਅਵਗਾਹੇ." (ਮਾਝ ਮਃ ੫) ਅਨੇਕ ਪ੍ਰਕਾਰ ਦੇ ਜੰਗਲ ਅਤੇ ਜਲ (ਤੀਰਥ) ਅਵਗਾਹੇ. "ਮਨੁ ਮਾਰਣ ਕਾਰਣਿ ਬਨ ਜਾਈਐ। ਸੋ ਜਲੁ ਬਿਨੁ ਭਗਵੰਤ ਨ ਪਾਈਐ." (ਗਉ ਕਬੀਰ) ੪. ਜਲ ਦਾ ਸਮੁਦਾਯ, ਸਮੁੰਦਰ. "ਬਿਖਿਆ ਅਮ੍ਰਿਤ ਬਨ ਦੇਖੇ ਅਵਗਾਹ ਜੀ." (ਭਾਗੁ ਕ) "ਲਗੀ ਬੜਵਾਨਲ ਜਯੋਂ ਬਨ ਮੇ." (ਚੰਡੀ ੧) ਯੋਧਿਆਂ ਦਾ ਲਾਲ ਲਹੂ ਨਹੀਂ, ਮਾਨੋ ਪਾਣੀ ਨੂੰ ਬੜਵਾ ਅਗਨਿ ਲੱਗੀ ਹੋਈ ਹੈ। ੫. ਪੀਲੂ ਦਾ ਬਿਰਛ. ਮਾਲ. "ਬਨ ਫੂਲੇ ਮੰਝ ਬਾਰਿ." (ਤੁਖਾ ਬਾਰਹਮਾਹਾ) ੬. ਬਾਗ. ਉਪਵਨ। ੭. ਭਾਵ- ਸ਼ਰੀਰ. ਦੇਹ. "ਜਬ ਲਗੁ ਸਿੰਘੁ ਰਹੈ ਬਨ ਮਾਹਿ." (ਭੈਰ ਕਬੀਰ) ਜਦ ਤੋੜੀ ਹੰਕਾਰ (ਸ਼ੇਰ) ਜੰਗਲ (ਸ਼ਰੀਰ) ਵਿੱਚ ਹੈ। ੮. ਫ਼ਾ. بن ਬਗੀਚਾ। ੯. ਪਿੜ. ਖਲਹਾਨ. ਅੰਨ ਗਾਹੁਣ ਦਾ ਥਾਂ। ੧੦. ਦੇਖੋ, ਵਣੁ.

ਬਨਈਆ: ਵਿ- ਬਣਾਉਣ ਵਾਲਾ. "ਸਭ ਬਿਧਿ ਹਰਿ ਹਰਿ ਆਪਿ ਬਨਈਆ." (ਬਿਲਾ ਅਃ ਮਃ ੪)

ਬਨਸਪਤਿ: ਸੰ. ਵਨਸ੍ਪਤਿ. ਸੰਗਯਾ- ਵਡੇ ਵਡੇ ਬਿਰਛ, ਜੋ ਜੰਗਲ ਦੇ ਪ੍ਰਧਾਨ ਹਨ। ੨. ਬਿਰਛ ਮਾਤ੍ਰ. "ਬਨਸਪਤਿ ਮਉਲੀ ਚੜਿਆ ਬਸੰਤ." (ਬਸੰ ਮਃ ੩)

ਬਨਸੀ: ਸੰਗਯਾ- ਮੱਛੀ ਫੜਨ ਦੀ ਸੋਟੀ, ਜਿਸ ਅੱਗੇ ਕੁੰਡੀ ਲੱਗੀ ਰਹਿੰਦੀ ਹੈ. ਵੰਸ਼ੀ. ਵੰਸ਼ (ਬਾਂਸ) ਦੀ ਛਟੀ ਹੋਣ ਕਾਰਣ ਇਹ ਨਾਮ ਹੈ. ਦੇਖੋ, ਬਡਿਸ਼. "ਹਾਥ ਵਿਖੈ ਬਨਸੀ ਕੋ ਗਹੇ। ਮਾਰਤ ਮੀਨਨ ਵਿਚਰਤ ਰਹੇ." (ਗੁਪ੍ਰਸੂ)

ਬਨਹਰ: ਸੰਗਯਾ- ਵਨ (ਜੰਗਲ) ਨੂੰ ਨਾਸ਼ ਕਰਨ ਵਾਲੀ ਅਗਨਿ। ਵਨ (ਜਲ) ਨੂੰ ਸੁਕਾਉਣ ਵਾਲੀ ਅੱਗ. "ਸਮ ਬਨਹਰ ਹਰਿ ਤਾਤੋ ਹਨਐ. ਕਹਯੋ." (ਕ੍ਰਿਸਨਾਵ) ਅੱਗ ਜੇਹਾ ਤੱਤਾ ਹੋਕੇ ਆਖਿਆ.

ਬਨਕ: ਦੇਖੋ, ਵਣਿਕ.

ਬਨਕਰ: ਕਰ. (ਕਿਰਣਾ) ਵਿੱਚ ਵਨ (ਪਾਣੀ) ਰੱਖਣ ਵਾਲਾ. ਸੂਰਜ. ਵਨਕਰ.

ਬਨਖੰਡ: ਸੰਗਯਾ- ਵਨ ਅਸਥਾਨ. ਜੰਗਲ. "ਬਨਖੰਡ ਜਾਇ ਜੋਗੁ ਤਪੁ ਕੀਨੋ." (ਸੋਰ ਕਬੀਰ)

ਬਨਖੰਡੀ: ਥਨੇਸਰ ਨਿਵਾਸੀ ਗੌੜ ਬ੍ਰਾਹਮਣ ਰਾਮਚੰਦ੍ਰ ਦੇ ਘਰ ਮਾਤਾ ਮਨੋਰਮਾ ਦੇ ਉਦਰ ਤੋਂ ਭਾਲਚੰਦ ਦਾ ਸੰਮਤ ੧੮੨੦ ਵਿੱਚ ਜਨਮ ਹੋਇਆ. ਦਸ ਵਰ੍ਹੇ ਦੀ ਉਮਰ ਵਿੱਚ ਇਹ ਉੱਤਮ ਬਾਲਕ ਉਦਾਸੀਨ ਸਾਧੂ ਮੇਲਾਰਾਮ ਜੀ ਦਾ ਚੇਲਾ ਬਣਿਆ ਅਤੇ ਨਾਮ ਬਨਖੰਡੀ ਰਖਾਇਆ. ਇਹ ਪਹਿਲਾਂ ਆਪਣੇ ਗੁਰੂ ਦੀ ਮੰਡਲੀ ਨਾਲ ਰਹਿਕੇ ਵਿਦ੍ਯਾ ਪ੍ਰਾਪਤ ਕਰਦਾ ਰਿਹਾ. ਫੇਰ ਸ੍ਵਤੰਤ੍ਰ ਫਿਰਕੇ ਸਤਿਨਾਮ ਦਾ ਉਪਦੇਸ਼ ਦੇਸ਼ ਦੇਸ਼ਾਂਤਰਾਂ ਵਿੱਚ ਦਿੰਦਾ ਰਿਹਾ. ਸੰਮਤ ੧੮੮੦ ਵਿੱਚ ਇਸ ਸਿੱਧ- ਪੁਰਖ ਨੇ ਸਾਧੁਬੇਲਾ (ਸਿੰਧੁ ਨਦ ਦੇ ਦ੍ਵੀਪ) ਵਿੱਚ ਸੱਖਰ ਪਾਸ ਆਸਣ ਜਮਾਇਆ ਅਤੇ ਗੁਰਮਤ ਦਾ ਪ੍ਰਚਾਰ ਕੀਤਾ. ਬਨਖੰਡੀ ਜੀ ਦਾ ਦੇਹਾਂਤ ਸੰਮਤ ੧੯੨੦ ਵਿੱਚ ਹੋਇਆ. ਹੁਣ ਸਾਧੁਬੇਲਾ ਤੀਰਥ ਸਿੰਧ ਵਿੱਚ ਵਡਾ ਪਵਿਤ੍ਰ ਧਾਮ ਹੈ. ਬਨਖੰਡੀ ਜੀ ਭਾਈ ਮੀਹਾਂ ਸਾਹਿਬ ਜੀ ਦੀ ਸੰਪ੍ਰਦਾਯ ਵਿੱਚੋਂ ਸਨ.

ਬਨਗਾਵੀ, ਬਨਗਾੜੀ: ਭਾਈ ਸੰਤੋਖਸਿੰਘ ਨੇ ਲਿਖਿਆ ਹੈ ਕਿ ਮਾਲਵੇ ਵਿੱਚ ਵਿਚਰਦੇ ਹੋਏ ਗੁਰੂ ਗੋਬਿੰਦਸਿੰਘ ਸਾਹਿਬ ਬਾਂਦਰ ਗ੍ਰਾਮ ਤੋਂ ਚੱਲਕੇ ਬਨਗਾੜੀ ਠਹਿਰੇ ਹਨ. "ਪਹੁਚ ਗ੍ਰਾਮ ਬਨਗਾੜੀ ਗਏ। ਗੁਰੁ ਵਿਲੋਕ ਥਲ ਉਤਰਤ ਭਏ." (ਗੁਪ੍ਰਸੂ)

ਬਨਚਰ: ਸੰਗਯਾ- ਵਨਚਰ. ਵਨ (ਜੰਗਲ) ਵਿੱਚ ਫਿਰਨ ਵਾਲਾ ਜੀਵ। ੨. ਜੰਗਲੀ ਆਦਮੀ। ੩. ਬਾਂਦਰ। ੪. ਵਨ (ਜਲ) ਵਿੱਚ ਰਹਿਣ ਵਾਲਾ ਜੀਵ, ਮੱਛੀ ਆਦਿ.

ਬਨਚਾਰੀ: ਸੰ. वनचारिन. ਦੇਖੋ, ਬਨਚਰ.

ਬਨਛੀ: ਮੱਛੀ ਫੜਨ ਦੀ ਕੁੰਡੀ. ਦੇਖੋ, ਬਨਸੀ ਅਤੇ ਬਡਿਸ਼. "ਬਨਛੀ ਏਕ ਹਾਥ ਮੋ ਧਾਰੇ." (ਦੱਤਾਵ)।

ਬਨਛੇ: ਵਾਂਛਾ ਕਰਦੇ ਹਾਂ. ਚਾਹੁਨੇ ਹਾਂ. ਦੇਖੋ, ਵਾਂਛਾ. "ਸਤਿਗੁਰ ਚਰਣ ਹਮ ਬਨਛੇ." (ਬਸੰ ਮਃ ੪)।

ਬਨਜ: ਸੰਗਯਾ- ਵਾਣਿਜ੍ਯ. ਵ੍ਯਾਪਾਰ. "ਮੋਹਿ ਐਸੇ ਬਨਜ ਸਿਉ ਨਹੀਨ ਕਾਜੁ." (ਬਸੰ ਕਬੀਰ) ੨. ਵਨ (ਜਲ) ਤੋਂ ਉਪਜਿਆ ਕਮਲ। ੩. ਵਨ (ਜੰਗਲ) ਤੋਂ ਉਤਪੰਨ ਹੋਇਆ. ਜੰਗਲੀ.

ਬਨਜਨਹਾਰਾ, ਬਨਜਾਰਨਿ, ਬਨਜਾਰਾ: ਸੰਗਯਾ- ਵਾਣਿਜ੍ਯ ਕਰਨ ਵਾਲਾ. ਵ੍ਯਾਪਾਰੀ. ਵਪਾਰ ਕਰਨ ਵਾਲੀ। ੨. ਦੇਖੋ, ਵਣਜਾਰਾ.

ਬਨਠਨ: ਸੰਗਯਾ- ਬਨਾਵਟ ਅਤੇ ਠਾਟ. ਸ਼ਰੀਰ ਦੀ ਸਜਾਵਟ ਅਤੇ ਆਡੰਬਰ. "ਤਿਸੀ ਰੀਤਿ ਦੀਖਤ ਹੈ ਬਨਠਨ." (ਗੁਪ੍ਰਸੂ)

ਬਨਤ: ਸੰਗਯਾ- ਬਣਤ. ਰਚਨਾ. "ਜਿਨਿ ਤੇਰੀ, ਮਨ! ਬਨਤ ਬਨਾਈ." (ਸੁਖਮਨੀ)

ਬਨਤਾ: ਦੇਖੋ, ਬਨਿਤਾ ਅਤੇ ਵਨਿਤਾ.

ਬਨਤ੍ਰਿਣ: ਬਿਰਛ ਅਤੇ ਘਾਹ. ਭਾਵ- ਵਨਸਪਤਿ. "ਨੇਤਿ ਨੇਤਿ ਬਨਤ੍ਰਿਣ ਕਹਿਤ." (ਜਾਪੁ)

ਬਨਨਾ ਤਨਨਾ: ਕ੍ਰਿ- ਸਜਾਵਟ (ਸ਼੍ਰਿੰਗਾਰ) ਕਰਨਾ ਅਤੇ ਐਂਠਣਾ (ਅਹੰਕਾਰ ਕਰਨਾ).

ਬਨਫ਼ਸ਼ਾ: ਫ਼ਾ. بنفشہ ਸੰਗਯਾ- ਪਹਾੜ ਵਿੱਚ ਹੋਣ ਵਾਲੀ ਇੱਕ ਬੂਟੀ, ਜਿਸ ਦੇ ਬੈਂਗਣੀ ਰੰਗ ਦੇ ਛੋਟੇ ਫੁੱਲ ਨਿਕਲਦੇ ਹਨ. ਇਸ ਦੀ ਤਾਸੀਰ ਸਰਦ ਤਰ[862] ਹੈ. ਇਹ ਖਾਸ ਕਰਕੇ ਜ਼ੁਕਾਮ (ਰੇਜ਼ਸ਼) ਖਾਂਸੀ ਅਤੇ ਤਾਪ ਰੋਗ ਦੂਰ ਕਰਨ ਲਈ ਉੱਤਮ ਮੰਨੀ ਗਈ ਹੈ. ਬਨਫਸ਼ਾ ਕਬਜ ਦੂਰ ਕਰਦੀ ਹੈ. ਦਾਝ ਸ਼ਾਂਤ ਕਰਣ ਵਾਲੀ ਹੈ. ਗਲਾ ਸਾਫ ਕਰਦੀ ਹੈ, ਸੋਜ ਹਟਾਉਂਦੀ ਅਤੇ ਨੀਂਦ ਲਿਆਉਂਦੀ ਹੈ. (L. Viola serpens)

ਬਨਮਾਣੂ, ਬਨਮਾਨੁਸ, ਬਨ ਮਾਨੁਖ: ਸੰਗਯਾ- ਵਨ (ਜੰਗਲ) ਦਾ ਮਾਨੁਸ਼. ਜੰਗਲੀ ਆਦਮੀ. ਜੰਗਲੀ ਮਨੁੱਖ। ੨. ਬਾਂਦਰ ਅਤੇ ਮਨੁੱਖ ਦੇ ਮੱਧ ਦਾ ਇੱਕ ਜੀਵ Orang- outang. "ਦੇਖੀ ਬਨਮਾਨੁਸ ਕੀ ਡਾਰਾ." (ਨਾਪ੍ਰ)

ਬਨਮਾਲਾ: ਸੰਗਯਾ- ਵਨਮਾਲਾ. ਜੰਗਲੀ ਫੁੱਲਾਂ ਦੀ ਮਾਲਾ, ਜੋ ਗਲ ਤੋਂ ਗਿੱਟਿਆਂ ਤੀਕ ਲੰਮੀ ਹੋਵੇ ਅਤੇ ਜਿਸ ਦੇ ਮੇਰੁ ਦੀ ਥਾਂ ਕਦੰਬ ਦਾ ਫੁੱਲ ਹੋਵੇ. ਕਈ ਸੰਸਕ੍ਰਿਤ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਤੁਲਸੀ. ਕੁੰਦ, ਮੰਦਾਰ, ਹਾਰਸ਼ਿੰਗਾਰ, ਕਮਲ, ਇੰਨ੍ਹਾਂ ਪੰਜ ਪ੍ਰਕਾਰ ਦੇ ਫੁੱਲਾਂ ਤੋਂ ਬਣੀ ਹੋਈ ਮਾਲਾ ਦੀ ਵਨਮਾਲਾ ਸੰਗਯਾ ਹੈ. ਇਹ ਵਿਸ਼ਨੁ ਅਤੇ ਕ੍ਰਿਸ਼ਨ ਜੀ ਦਾ ਸ਼੍ਰਿੰਗਾਰ ਹੈ. "ਬਨਮਾਲਾ ਬਿਭੂਖਨ ਕਮਲ ਨੈਨ." (ਮਾਰੂ ਸੋਲਹੇ ਮਃ ੫) ੨. ਵਨਸ੍ਪਤਿ ਰੂਪ ਮਾਲਾ। ੩. ਵਨਮਾਲਾ ਪਹਿਰਨ ਵਾਲਾ. ਦੇਖੋ, ਬਨਮਾਲੀ। ੩. "ਮਿਲਿਆ ਹਰਿ ਬਨਮਾਲਾ." (ਮਾਲੀ ਮਃ ੪)

ਬਨਮਾਲੀ: ਸੰ. वनमालिन्. ਵਨਮਾਲਾ ਪਹਿਰਨ ਵਾਲਾ ਵਿਸ਼ਨੁ। ੨. ਕ੍ਰਿਸ਼ਨ ਜੀ। ੩. ਕਰਤਾਰ, ਜੋ ਸਾਰੇ ਜੰਗਲਾਂ ਨੂੰ ਮਾਲਾਵਤ ਧਾਰਨ ਕਰਦਾ ਹੈ। ੪. ਪਰਸ਼ੁਰਾਮ ਬ੍ਰਾਹਮਣ ਦਾ ਭਾਈ ਇੱਕ ਵੈਦ੍ਯ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਕੇ ਪਰਉਪਕਾਰ ਅਰਥ ਇਲਾਜ, ਅਤੇ ਨਾਲ ਹੀ ਗੁਰਮਤ ਦਾ ਪ੍ਰਚਾਰ ਕੀਤਾ ਕਰਦਾ ਸੀ.

ਬਨਰਾ: ਸੰ. विन्न. ਵਿੰਨ. ਸੰਗਯਾ- ਦੁਲਹਾ. ਲਾੜਾ। ੨. ਦੇਖੋ, ਬਨਰਾਇ.

ਬਨਰਾਇ, ਬਨਰਾਜ, ਬਨਰਾਯ: ਸੰਗਯਾ- ਵਨ (ਜਲ) ਦਾ ਰਾਜਾ, ਵਰੁਣ ਦੇਵਤਾ। ੨. ਵਨ (ਜੰਗਲ) ਦਾ ਰਾਜਾ, ਕਲਪਬਿਰਛ। ੩. ਵਨਸ੍ਪਤਿ. "ਸਗਲ ਬਨਰਾਇ ਫੂਲੰਤ ਜੋਤੀ." (ਸੋਹਿਲਾ) "ਬਸੁਧ ਕਾਗਦ, ਬਨਰਾਜ ਕਲਮਾ." (ਆਸਾ ਛੰਤ ਮਃ ੫)

---

[862] ਕਿਤਨੇ ਹਕੀਮਾਂ ਨੇ ਇਸ ਨੂੰ ਗਰਮ ਖੁਸ਼ਕ ਮੰਨਿਆ ਹੈ.

ਬਨਰੀ: ਸੰ. विन्ना. ਵਿੰਨਾ. ਸੰਗਯਾ- ਦੁਲਹਨ. ਲਾੜੀ.

ਬਨਵਾਸੀ: ਸੰ. वनवासिन्. ਵਿ- ਜੰਗਲ ਵਿੱਚ ਰਹਿਣ ਵਾਲਾ। ੨. ਸੰਗਯਾ- ਵਾਨਪ੍ਰਸਥ. "ਬਨ ਫਿਰਿ ਥਕੇ ਬਨਵਾਸੀਆ." (ਗਉ ਕਰਹਲੇ ਮਃ ੪)

ਬਨਵਾਰੀ, ਬਨਵਾਲੀ: ਦੇਖੋ, ਬਨਮਾਲੀ. "ਜਲਿ ਥਲਿ ਪੂਰਿਰਹਿਆ ਬਨਵਾਰੀ." (ਸ੍ਰੀ ਛੰਤ ਮਃ ੫) "ਹਰਿ ਮਿਲਿਆ ਬਨਵਾਲੀ." (ਆਸਾ ਛੰਤ ਮਃ ੪)

ਬਨੜਾ, ਬਨੜੀ: ਦੇਖੋ, ਬਨਰਾ ਅਤੇ ਬਨਰੀ.

ਬਨਾ: ਬਣਿਆ ਹੋਇਆ। ੨. ਜਲ ਸਮੁਦਾਯ. ਦੇਖੋ, ਬਨ. "ਕੈਸੇ ਮਨ ਤਰਹਿਗਾ ਰੇ, ਸੰਸਾਰੁ ਸਾਗਰੁ ਬਿਖੈ ਕੋ ਬਨਾ?" (ਆਸਾ ਨਾਮਦੇਵ)

ਬਨਾਉ: ਦੇਖੋ, ਬਣਾਉ.

ਬਨਾਸਪਤੀ: ਦੇਖੋ, ਬਨਸਪਤਿ.

ਬਨਾਤ: ਸੰਗਯਾ- ਬਾਨਾਤ. Broad cloth ਇੱਕ ਪ੍ਰਕਾਰ ਦਾ ਚੌੜੇ ਬਰ ਦਾ ਉਂਨੀ ਵਸਤ੍ਰ, ਜੋ ਕਈ ਰੰਗਾਂ ਦਾ ਹੁੰਦਾ ਹੈ.

ਬਨਾਤੀ: ਵਿ- ਬਾਨਾਤ ਦਾ ਬਣਿਆ ਹੋਇਆ.

ਬਨਾਮ: ਫ਼ਾ. بنام ਨਾਮ ਦੇ ਸਾਥ. ਨਾਮ ਦੇ ਆਸਰੇ। ੨. ਨਾਮਕ. ਨਾਉਂ ਕਰਕੇ.

ਬਨਾਰਸ, ਬਨਾਰਸਿ: ਸੰ. ਵਾਰਾਣਸੀ. ਵਰਣਾ ਅਤੇ ਅਸਿ ਨਦੀਆਂ ਪੁਰ ਆਬਾਦ ਸ਼ਹਿਰ, ਜੋ ਹਿੰਦੂਆਂ ਦਾ ਪ੍ਰਧਾਨ ਤੀਰਥ ਹੈ.[863] ਕਾਸ਼ੀ. ਕਿਤਨੇ ਵਿਦ੍ਵਾਨ ਅਰਥ ਕਰਦੇ ਹਨ- ਵਰ- ਅਨਸ੍ (ਜਲ). ਪਵਿਤ੍ਰ ਜਲਵਾਲੀ ਪੁਰੀ. "ਬਨਾਰਸਿ ਅਸਿ ਬਸਤਾ." (ਗੌਂਡ ਨਾਮਦੇਵ) ਦੇਖੋ, ਕਾਸ਼ੀ। ੨. ਵ੍ਰਿਜ ਭੂਮਿ ਦਾ ਬਰਸਾਨਾ ਗ੍ਰਾਮ. "ਆਸ ਪਾਸ ਘਨ ਤੁਰਸੀ ਕਾ ਬਿਰਵਾ, ਮਾਝ ਬਨਾਰਸਿ ਗਾਉ ਰੇ." (ਗਉ ਕਬੀਰ) ਇਸ ਸ਼ਬਦ ਵਿੱਚ ਜਿਗਯਾਸੂ ਗੋਪੀ ਹੈ, ਕਰਤਾਰ ਕ੍ਰਿਸ਼ਨ ਹੈ, ਬਰਸਾਨਾ ਅੰਤਹਕਰਣ ਅਤੇ ਬ੍ਰਿੰਦਾਬਨ ਸ਼ਰੀਰ ਹੈ.

ਬਨਾਰਸੀ: ਦੇਖੋ, ਬਨਾਰਸ। ੨. ਵਿ- ਬਨਾਰਸ (ਕਾਸ਼ੀ) ਨਾਲ ਹੈ ਜਿਸ ਦਾ ਸੰਬੰਧ. ਕਾਸ਼ੀ ਦਾ। ੩. ਬਾਬਾ ਕਾਲੂ ਜੀ ਦੀ ਮਾਤਾ, ਗੁਰੂ ਨਾਨਕਦੇਵ ਜੀ ਦੀ ਦਾਦੀ.

ਬਨਾਰਸੀ ਮਾਤਾ: ਦੇਖੋ, ਬਨਾਰਸੀ ੩.

ਬਨਾਵਟ: ਦੇਖੋ, ਬਣਾਉਟ.

ਬਨਿ: ਵਨ (ਜੰਗਲ) ਵਿੱਚ. "ਬਨਿ ਭੀਹਾਵਲੈ ਹਿਕੁ ਸਾਥੀ ਲਧਮੁ." (ਵਾਰ ਗੂਜ ੨. ਮਃ ੫) ਭਯੰਕਰ ਜੰਗਲ (ਸੰਸਾਰ) ਵਿੱਚ। ੨. ਦੇਖੋ, ਵਨਿ.

ਬਨਿਹ: ਫ਼ਾ. بنه ਰੱਖ. ਇਸ ਦਾ ਮੂਲ ਨਿਹਾਦਨ (ਰੱਖਣਾ) ਹੈ.

ਬਨਿਕ: ਦੇਖੋ, ਵਣਿਕ.

ਬਨਿਜ: ਦੇਖੋ, ਵਣਿਜ.

---

[863] असिश्च वरणा यत्र क्षेत्ररक्षा कृतौ कृते।
वाराणसीति विख्याता तदारभ्य महा मुने ॥ (ਕਾਸ਼ੀਖੰਡ)

**ਬਨਿਤਾ:** ਸੰ. ਵਨਿਤਾ. ਸੰਗਯਾ- ਭਾਰਯਾ. ਵਹੁਟੀ. "ਬਨਿਤਾ ਛੋਡਿ, ਬਦ ਨਦਰ ਪਰਨਾਰੀ." (ਪ੍ਰਭਾ ਅਃ ਮਃ ੫) ਧਰਮਵਿਵਾਹਿਤਾ ਨਾਰੀ ਛੱਡਕੇ. "ਜਨਨਿ ਪਿਤਾ ਲੋਕ ਸੁਤ ਬਨਿਤਾ." (ਸੋਦਰੁ) ੨. ਨਾਰੀ. ਇਸਤ੍ਰੀ. "ਸੁਤ ਦਾਰਾ ਬਨਿਤਾ ਅਨੇਕ." (ਸ੍ਰੀ ਮਃ ੫)

**ਬਨੀ:** ਬਣੀ ਹੋਈ ਰਚੀ ਹੋਈ "ਅਤਿ ਨੀਕੀ ਤੇਰੀ ਬਨੀ ਖਟੋਲੀ." (ਬਿਲਾ ਮਃ ੫) ੨. ਛੋਟਾ ਵਨ. ਵਾਟਿਕਾ. "ਸ੍ਰੀ ਗੁਰੁ ਯਸ ਕਮਲਨ ਬਨੀ, ਮਨ ਕਰ ਭੌਰ ਲੁਭਾਇ." (ਨਾਪ੍ਰ) ੩. ਪ੍ਰੀਤਿ. ਮੁਹੱਬਤ। ੪. ਖ਼ੁਮਾਰੀ. ਨਸ਼ੇ ਦਾ ਸਰੂਰ. "ਅਹਿਨਿਸ ਬਨੀ ਪ੍ਰੇਮ ਲਿਵ ਲਾਗੀ." (ਆਸਾ ਮਃ ੧) ੫. ਅ਼. بنی ਇਬਨ ਦਾ ਬਹੁਵਚਨ. ਬੇਟੇ. ਸੰਤਾਨ. ਔਲਾਦ। ੬. ਸੰ. ਵਨਿਨ. ਵਨ ਵਿੱਚ ਰਹਿਣ ਵਾਲਾ. ਵਾਨਪ੍ਰਸਥ ਆਸ਼੍ਰਮੀ। ੭. ਡਿੰਗ. ਲਾੜੀ. ਦੁਲਹਨਿ. ਬਨਰੀ.

**ਬਨੀਆਂ:** ਸੰਗਯਾ- ਵਣਿਜ ਕਰਨ ਵਾਲਾ. ਵਣਿਕ. ਬਾਣੀਆ. "ਕੁਟਵਾਰ ਪੈ ਕੂਕਤ ਹੈ ਬਨੀਆਂ." (ਕ੍ਰਿਸਨਾਵ)

**ਬਨੀਬਦਰਪੁਰ:** ਦੇਖੋ, ਬਣੀਬਦਰਪੁਰ.

**ਬਨੁ:** ਸੰਗਯਾ- ਵਨ. ਜੰਗਲ. "ਬਨੁ ਬਨੁ ਫਿਰਤੀ ਢੂਢਤੀ." (ਓਅੰਕਾਰ) ੨. ਬਾਗ. ਉਪਵਨ. "ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ." (ਸੂਹੀ ਛੰਤ ਮਃ ੫) ਰਾਮਦਾਸਪੁਰ ਵਿੱਚ ਹਰਿਮੰਦਿਰ, ਗੁਰੂ ਕਾ ਬਾਗ ਅਤੇ ਅਮ੍ਰਿਤ ਸਰੋਵਰ ਬਣਿਆ। ੩. ਜਲ. "ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ, ਬਿਖੈ ਬਨੁ ਫੀਕਾ ਜਾਨਿਆ." (ਸ੍ਰੀ ਛੰਤ ਮਃ ੫) ੪. ਸਮੁੰਦਰ. "ਪ੍ਰਭ ਗੁਨ ਗਾਇ ਬਿਖੈਬਨੁ ਤਰਿਆ." (ਦੇਵ ਮਃ ੫) ੫. ਮੇਘ. ਬੱਦਲ. "ਬਨੁ ਬਨੁ ਫਿਰ ਉਦਾਸ ਬੂੰਦ ਜਲ ਕਾਰਣੇ." (ਫੁਨਹੇ ਮਃ ੫)

**ਬਨੂੜ:** ਪੁਰਾਣਾ ਮਸ਼ਹੂਰ ਨਗਰ, ਜੋ ਪਟਿਆਲਾ ਰਾਜ ਵਿੱਚ ਨਜਾਮਤ ਪਟਿਆਲੇ ਦੀ ਤਸੀਲ ਰਾਜਪੁਰਾ, ਥਾਣਾ ਲਾਲੜੂ ਵਿੱਚ ਰੇਲਵੇ ਸਟੇਸ਼ਨ ਰਾਜਪੁਰੇ ਤੋਂ ਉੱਤਰ ਪੂਰਵ ੯. ਮੀਲ ਹੈ. ਮੁਸਲਮਾਨ ਰਾਜ ਸਮੇਂ ਇਹ ਵਡਾ ਮਸ਼ਹੂਰ ਸ਼ਹਿਰ ਛੱਤ ਬਨੂੜ ਕਰਕੇ ਪ੍ਰਸਿੱਧ ਸੀ, ਜੋ ਛੱਤ ਅਤੇ ਬਨੂੜ ਪਿੰਡਾਂ ਦਾ ਸਾਂਝਾ ਨਾਉਂ ਹੈ.

ਕੁਕਰਮੀਆਂ ਨੂੰ ਸਜਾ ਦੇਣ ਲਈ ਜਦ ਤੋਂ ਬੰਦੇ ਬਹਾਦੁਰ ਨੇ ਇਹ ਉਜਾੜਿਆ ਹੈ, ਫੇਰ ਰੌਣਕ ਨਹੀਂ ਹੋਈ. ਪੁਰਾਣੇ ਖੰਡਰਾਤ ਪਏ ਹਨ. ਹੁਣ ਛੱਤ ਅਤੇ ਬਨੂੜ ਸਾਧਾਰਣ ਪਿੰਡ ਰਹਿ ਗਏ ਹਨ, ਜਿਨ੍ਹਾਂ ਦੇ ਵਿਚਕਾਰ ਚਾਰ ਮੀਲ ਦੀ ਵਿੱਥ ਹੈ.

**ਬਨੇਸ:** ਬਨਸਪਤਿ. ਸਭ ਬਿਰछ. "ਮਸਿ ਸਰਬ ਸਿੰਧੁ ਲੇਖਨਿ ਬਨੇਸ." (ਦੱਤਾਵ) ਸਾਰੇ ਸਮੁੰਦਰ ਰੌਸ਼ਨਾਈ ਅਤੇ ਸਾਰੇ ਬਿਰਛਾਂ ਦੀ ਕਲਮ। ੨. ਵਨ- ਈਸ. ਵਨ (ਜਲ) ਦਾ ਸ੍ਵਾਮੀ, ਵਰੁਣ.

**ਬਨੇਰਾ:** ਸੰਗਯਾ- ਛੱਤ ਦੇ ਕਿਨਾਰੇ ਦਾ ਬੰਨਾ (ਵੱਟ). ਮੰਡੇਰ. ਮੁਨੇਰਾ.

**ਬਨੈ:** ਬਨਦਾ ਹੈ। ੨. ਵਿਨਯ. ਬਹੁਤ ਝੁਕਣ ਦਾ ਭਾਵ. "ਮਨ ਘਨੈ ਭ੍ਰਮੈ ਬਨੈ, ਉਮਕਿਤ ਰਸ ਚਾਲੈ." (ਮਲਾ ਪੜਤਾਲ ਮਃ ੫) ਮਨਰੂਪ ਮੇਘ ਨੀਵਾਂ ਹੋਇਆ ਫਿਰਦਾ ਹੈ, ਜਿਸ ਤੋਂ ਉਛਲਕੇ ਜਲ ਵਰਸਦਾ ਹੈ। ੩. ਬਣਦਾ (ਫਬਦਾ) ਹੈ. ਸ਼ੋਭਾ ਵਾਲਾ ਹੋ ਰਿਹਾ ਹੈ. "ਊਪਰਿ ਬਨੈ ਅਕਾਸੁ." (ਫੁਨਹੇ ਮਃ ੫)

**ਬਨੈਸਨ:** ਸੰ. ਵਨਸ਼੍ਵਨ. ਸੰਗਯਾ- ਜੰਗਲੀ ਕੁੱਤਾ। ੨. ਬਘਿਆੜ. "ਦਿਨ ਰੈਨ ਬਨੈਸਨ ਬੀਚ ਫਿਰੈ." (ਰਾਮਾਵ) ੩. ਬਨੈਸ- ਵਨ ਮਹਿਸ਼. ਜੰਗਲੀ ਝੋਟਾ. ਦੇਖੋ, ਅੰ. Bison. ਬਨੈਸ ਦਾ ਬਹੁ ਵਚਨ ਬਨੈਸਨ.

**ਬਨੈਟੀ:** ਸੰਗਯਾ- ਮਰਹੱਟੀ. ਇੱਕ ਸ਼ਸਤ੍ਰ, ਜਿਸ ਦੇ ਦੋਹੀਂ ਪਾਸੀਂ ਲੋਹੇ ਦੀ ਜੰਜੀਰ ਨਾਲ ਤਿੱਖੇ ਛੁਰੇ ਬੱਧੇ ਰਹਿੰਦੇ ਹਨ ਅਤੇ ਵਿਚਕਾਰ ਬਾਂਸ ਦੀ ਛਟੀ ਜਾਂ ਮੋਟਾ ਜੰਜੀਰ ਹੁੰਦਾ ਹੈ, ਜੋ ਕੇਵਲ ਅਭ੍ਯਾਸ ਲਈ ਬਨੈਟੀ (ਮਰਹੱਟੀ) ਫੇਰਦੇ ਹਨ, ਉਹ ਕਿਨਾਰਿਆਂ ਪੁਰ ਵਸਤ੍ਰ ਦੀਆਂ ਗੇਂਦਾਂ ਮੜ੍ਹ ਲੈਂਦੇ ਹਨ. "ਮੁਗਦਰ ਬਨੈਟੀ ਤ੍ਰਿਸੂਲੋ ਬਿਛੂ ਕਾਲਦਾੜਾ." (ਸਲੋਹ)

**ਬਨੈਤ:** ਵਿ- ਬਣਕੇ ਰਹਿਣ ਵਾਲਾ. ਬਾਂਕਾ. "ਬਿਚਰੇ ਬੀਰ ਬਨੈਤ ਅਖੰਡਲ."( ਵਿਚਿਤ੍ਰ)

**ਬਨੈਯਾ:** ਵਿ- ਬਣਾਉਣ ਵਾਲਾ. ਕਰਤਾ.

ਬਨੈਲਾ: ਵਿ- ਜੰਗਲੀ. ਬਨ ਨਾਲ ਹੈ ਜਿਸ ਦਾ ਸੰਬੰਧ.

ਬਨੋ: ਸੰਗਯਾ- ਵਣਿਕ. ਬਾਣੀਆਂ. "ਆਯੋ ਪੁਰਖ ਏਕ ਤਬ ਬਨੋ." (ਚਰਿਤ੍ਰ ੨੯੪)

ਬਨੌਟਾ: ਦੇਖੋ, ਬਣੌਟਾ.

ਬਪਰਾ: ਦੇਖੋ, ਬਪੁਰਾ.

ਬਪਾ: ਫ਼ਾ. بپا ਪੈਰਾਂ ਪੁਰ. ਭਾਵ- ਖੜਾ। ੨. ਦੇਖੋ, ਵਪਾ.

ਬਪਾਰ: ਵਪਾਰ. ਦੇਖੋ, ਵਯਾਪਾਰ.

ਬਪੁ, ਬਪੁਸ, ਬਪੁਖ: ਸੰ. ਵਪੁ (वपुस). ਸੰਗਯਾ- ਸ਼ਰੀਰ. ਦੇਹ. "ਕਾਲ ਪਾਇ ਬ੍ਰਹਮਾ ਬਪੁ ਧਰਾ." (ਚੌਪਈ) ੨. ਰੂਪ. ਸੁੰਦਰ ਰੂਪ. "ਵਸਤ੍ਰ ਵਿਭੂਖਨ ਬਪੁਖ ਸੁਹਾਇ." (ਗੁਪ੍ਰਸੂ)

ਬਪੁਦਾ: ਸੰਗਯਾ- ਵਪੁ (ਸ਼ਰੀਰ) ਦੇਣ ਵਾਲਾ, ਅਮ੍ਰਿਤ. ਸੁੰਦਰ ਰੂਪ ਦੇਣ ਵਾਲਾ, ਸੁਧਾ. (ਸਨਾਮਾ) ੨. ਪਿਤਾ.

ਬਪੁਨਾਸ਼ਨੀ: ਵਪੁ (ਸ਼ਰੀਰ) ਦੇ ਨਾਸ਼ ਕਰਨ ਵਾਲੀ, ਵਿਸ਼. (ਸਨਾਮਾ)

ਬਪੁਰਾ, ਬਪੁੜਾ: ਵਿ- ਵਪੁ (ਦੇਹ) ਰਹਿਤ। ੨. ਭਾਵ- ਪ੍ਰੇਤ। ੩. ਵਪੁ (ਸੁੰਦਰਤਾ) ਰਹਿਤ. ਕੁਰੂਪ। ੪. ਭਾਵ- ਅਸਭ੍ਯ. ਘੰਵਾਰ। ੫. ਅਨਾਥ. ਦੀਨ. ਬੇਚਾਰਾ. "ਭਾਗ ਬਡੋ ਬਪੁਰਾ ਕੋ ਰੇ." (ਗਉ ਕਬੀਰ) "ਹੁਕਮ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ." (ਸ੍ਰੀ ਅਃ ਮਃ ੩)

ਬਫ਼ਤ: ਫ਼ਾ. بفت ਵਿ- ਬੁਣਿਆ ਹੋਇਆ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਜ਼ਰਬਫ਼ਤ (ਜ਼ਰੀ ਨਾਲ ਬੁਣਿਆ ਹੋਇਆ). ਦੇਖੋ, ਬਾਫ਼ਤਨ.

ਬਫਾ: ਦੇਖੋ, ਵਫਾ। ੨. ਸਿਰ ਦੀ ਸਿੱਕਰੀ. ਖ਼ੁਸ਼ਕੀ ਕਾਰਣ ਸਿਰ ਦੀ ਉਚੜੀ ਹੋਈ ਖੱਲ (dandruff)

ਬਫਾਉਣਾ, ਬਫਾਨਾ: ਕ੍ਰਿ- ਵਾਸ਼੍ਪ (ਭਾਪ) ਸਹਿਤ ਹੋਣਾ. ਫੁੱਲਣਾ. ਗਰਵ ਕਰਨਾ. ਸ਼ੇਖ਼ੀ ਮਾਰਨੀ. ਹੰਕਾਰ ਨਾਲ ਫੁੱਲਣਾ. "ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ." (ਤਿਲੰ ਮਃ ੪) ੨. ਸਿੰਧੀ ਬਫਾਣ. ਸੁਫਨੇ ਵਿੱਚ ਬੁਰੜਾਉਣਾ। ੩. ਬਕਬਾਦ.

ਬਫਾਰਾ: ਸੰਗਯਾ- ਵਾਸ਼੍ਪ (ਭਾਪ) ਲੈਣ ਦੀ ਕ੍ਰਿਯਾ. ਕਿਸੇ ਦਵਾਈ ਜਾਂ ਜਲ ਆਦਿਕ ਦੀ ਭਾਫ ਲੈਣੀ.

ਬਬਕ: ਅਨੁ. ਸੰਗਯਾ- ਸ਼ੇਰ ਦੀ ਗਰਜ. ਭਭਕ. "ਬਨ ਮੇ ਜਨੁ ਬਾਘਬਚਾ ਬਬਕੰ." (ਵਿਚਿਤ੍ਰ) ਦੇਖੋ, ਬੁੱਕਣਾ.

ਬਬਕਾਸੁ: ਵਕਾਸੁਰ (ਵਕ ਦੈਤ੍ਯ) ਦੀ ਥਾਂ ਇਹ ਪਾਠ ਹੈ- "ਦੈਤ ਤ੍ਰਿਣਾਵਰਤ ਔਰ ਬਕੀ ਬਬਕਾਸ ਹਨੇ." (ਕ੍ਰਿਸਨਾਵ)

ਬਬੱਖਤ: ਵਿਸ਼ੇਸ਼ ਕਰਕੇ ਵਰ੍ਸ਼ੰਤ. ਬਹੁਤ ਵਰਸਦੇ (ਵਰਖਾ ਕਰਦੇ) ਹਨ. ਵਿਵਰ੍ਸ਼ੰਤ. "ਬਾਗੜਦੀ ਬਬੱਖਤ ਬਾਣ." (ਰਾਮਾਵ)

ਬਬਰ: ਫ਼ਾ. ببر ਸ਼ੇਰ. ਸਿੰਘ. ਕੇਸਰੀ. "ਬਬਰ ਬਬੰਕੈ ਭੁਜਾ ਫਰੰਕੈ ਤੇਜ ਬਰੰ." (ਅਕਾਲ) ੨. ਦੇਖੋ, ਬਰਬਰ। ੩. ਬਬਰ ਅਥਵਾ ਬੱਬਰ ਸ਼ਬਦ ਪੇਟ ਵਾਸਤੇ ਭੀ ਆਉਂਦਾ ਹੈ, ਜਿਸ ਦਾ ਮੂਲ ਸੰਸਕ੍ਰਿਤ ਵਵ੍ਰਿ (ਸ਼ਰੀਰ) ਹੈ, "ਲਗ ਗਯੋ ਬਬਰ ਫੋਰਜੋ ਬਿਸਾਲ." (ਗੁਪ੍ਰਸੂ)

ਬਬਰਚੀ: ਦੇਖੋ, ਬਾਵਰਚੀ.

ਬਬਾ: ਬ ਅੱਖਰ. "ਬਬਾ, ਬ੍ਰਹਮ ਜਾਨਤ ਤੇ ਬ੍ਰਹਮਾ." (ਬਾਵਨ) ੨. ਬ ਦਾ ਉੱਚਾਰਣ. ਬਕਾਰ। ੩. ਬਾਪ. ਪਿਤਾ. "ਕਾਨ੍ਹ ਬਬਾ ਕਹੁ ਲੀਲ ਲਯੋ." (ਕ੍ਰਿਸਨਾਵ) ਵਸੁਦੇਵ ਨੂੰ ਨਿਗਲ ਲਿਆ। ੪. ਬਾਬਾ. ਦਾਦਾ.

ਬਬਾਣਾ, ਬਬਾਣੈ: ਵਿ- ਬਾਬੇ ਦਾ. "ਪੁੱਤ ਸਪੁੱਤ ਬਬਾਣੈ ਲਹਣਾ." (ਭਾਗੁ)

ਬਬਾਯਦ: ਫ਼ਾ. ببازد ਚਾਹੀਏ. ਮੁਨਾਸਿਬ ਹੈ.

ਬਬਾਰ: ਸੰਗਯਾ- ਬਬਰ (ਸਿੰਘ) ਦੀ ਗਰਜ. ਸਿੰਘਨਾਦ। ੨. ਵਿ- ਵਿਵਰਣੰ. ਜਿਸ ਦਾ ਰੰਗ ਬਿਗੜ ਗਿਆ ਹੈ. "ਕੋ ਲੁਕੈ ਕੋ ਬੁਕੈ ਬਬਾਰੈ." (ਭਾਗੁ) ਕੋਈ ਤਾਰਾ ਛਿਪ ਜਾਂਦਾ ਹੈ, ਕੋਈ ਵਿਵਰਣੰ ਹੋਇਆ ਟਿਮਟਿਮਾਂਉਂਦਾ ਹੈ.

ਬਬਾੜਨਾ: ਸੰ. ਬ੍ਰਵਣ. ਕ੍ਰਿ- ਬੋਲਣਾ. ਕਹਿਣਾ. "ਹਉ ਮਾਰਉ ਹਉ ਬੰਧਉ ਛੋਡਉ, ਮੁਖ ਤੇ ਏਵ ਬਬਾੜੇ." (ਆਸਾ ਮਃ ੫)

ਬਬੀਂ: ਫ਼ਾ. ببیں ਦੇਖ. ਨਜਰ ਕਰ. ਤੱਕ.

ਬਬੀਹਾ: ਸੰਗਯਾ- ਪਪੀਹਾ. ਚਾਤਕ. ਸਾਰੰਗ. ਦੇਖੋ, ਬੰਬੀਹਾ। ੨. ਭਾਵ- ਜਿਗਯਾਸੁ। ੩. ਦੇਖੋ, ਬੰਬੀਹਾ ੩.

ਬਬੂਰ, ਬਬੂਲ: ਸੰ. ਵਵੂੰਰ. ਸੰਗਯਾ- ਕਿੱਕਰ. Acacla Arabica. "ਸੁਰਤਰੁ ਕੋ ਨਿਜ ਅਜਰ ਉਜਾਰਹਿ। ਬਨੀ ਬਬੂਰਨ ਕੀ ਵਿਸਤਾਰਹਿ." (ਨਾਪ੍ਰ)

ਬਬੰਕ: ਅਨੁ. ਸੰਗਯਾ- ਸ਼ੇਰ ਦੀ ਗਰਜ. ਭਭਕ. "ਬਬਰ ਬਬੰਕੈ." (ਅਕਾਲ)

ਬੱਬ: ਸੰਗਯਾ- ਬਾਬਾ. ਬਜ਼ੁਰਗ. ਪਿਤਾ. ਦਾਦਾ.

ਬੱਬਰ: ਦੇਖੋ, ਬਬਰ ੩.

ਬਭੀਖਣ, ਬਭੀਖਨ, ਬਭੀਛਨ: ਸੰ. ਵਿਭੀਸ਼ਣ. ਵਿ- ਬਹੁਤ ਭਯਾਨਕ। ੨. ਸੰਗਯਾ- ਰਾਵਣ ਦਾ ਛੋਟਾ ਭਾਈ. "ਭੇਦੁ ਬਭੀਖਣ ਗੁਰਮੁਖਿ ਪਰਚਾਇਣੁ." (ਸਿਧਗੋਸਟਿ) ਦੇਖੋ, ਪਰਚਾਇਣੁ. "ਲੈ ਚਲ੍ਯੋ ਬਭੀਛਨ ਭ੍ਰਾਤ ਤਿੰਹ." (ਰਾਮਾਵ)

ਬਭੂਤ: ਦੇਖੋ, ਬਿਭੂਤ.

ਬਭੌਰ: ਦੇਖੋ, ਬਿਭੌਰ.

ਬਭ੍ਰੁ: ਸੰ. ਵਿ- ਸੁਰਖ਼ੀਨੁਮਾ ਭੂਰਾ। ੨. ਸੰਗਯਾ- ਚਾਤਕ. ਪਪੀਹਾ। ੩. ਸ਼ਿਵ.

ਬਭ੍ਰੁਵਾਹਨ: ਅਰਜੁਨ ਦੀ ਇਸਤ੍ਰੀ ਚਿਤ੍ਰਾਂਗਦਾ ਦੇ ਉਦਰ ਤੋਂ ਪੈਦਾ ਹੋਇਆ ਪੁਤ੍ਰ, ਜੋ ਮਹੋਦਯ (ਮਨੀਪੁਰ) ਦਾ ਰਾਜਾ ਸੀ. ਇਸ ਨੇ ਇੱਕ ਵਾਰ ਆਪਣੇ ਪਿਤਾ ਅਰਜੁਨ ਨੂੰ ਜੰਗ ਵਿੱਚ ਮਾਰ ਦਿੱਤਾ ਸੀ, ਪਰ ਉਲੂਪੀ ਜੋ ਬਭ੍ਰੁਵਾਹਨ ਦੀ ਸੌਤੇਲੀ ਮਾਂ ਸੀ, ਉਸ ਨੇ ਸੰਜੀਵਨੀਮਣਿ ਨਾਲ ਅਰਜੁਨ ਨੂੰ ਜ਼ਿੰਦਾ ਕਰ ਲਿਆ.

ਬਮਨ: ਡਾਕੀ. ਕ਼ਯ. ਦੇਖੋ, ਵਮਨ. "ਬਮਨ ਰੋਗ ਕਰਹੀਂ ਪਰਨਿੰਦਾ." (ਨਾਪ੍ਰ)

ਬਮਾ: ਫ਼ਾ. بما ਸਾਨੂੰ. ਸਾਡੇ ਨਾਲ.

ਬਮਾਂਦ: ਦੇਖੋ, ਬਿਮਾਂਦ.

ਬਮਿਤ: ਦੇਖੋ, ਵਾਮਿਤ.

ਬਮੂਜਬ: ਫ਼ਾ. بمُوجب ਕ੍ਰਿ. ਵਿ- ਅਨੁਸਾਰ. ਮੁਆਫਿਕ. ਮੁਤ਼ਾਬਿਕ਼. ਦੇਖੋ, ਮੂਜਬ.

ਬਯ, ਬਯਸ: ਸੰ. ਵਯਸ੍. ਸੰਗਯਾ- ਉਮਰ. ਅਵਸ੍ਥਾ "ਦੁਤਿਯੇ ਬਯ ਤੇ ਬ੍ਰਿੱਧ ਭਯੋਹੋਂ." (ਗੁਪ੍ਰਸੂ)

ਬਯਣ: ਸੰਗਯਾ- ਵਾਣੀ. ਵਚਨ.

ਬਯਣਿ: ਵਾਣੀ ਮੇਂ. ਬਚਨਾਂ ਵਿੱਚ "ਨਯਣਿ ਬਯਣਿ ਮੁਹਿ ਇਕੁ." (ਸਵੈਯੇ ਮਃ ੩. ਕੇ) ੨. ਵਚਨਾਂ ਕਰਕੇ.

**ਬਯਤ:** ਦੇਖੋ, ਬੈਤ.

**ਬਯਦੂਰਥ:** ਸੰ. ਵਿਦੂਰਥ. ਇਹ ਯਾਦਵ ਭਜਮਾਨ ਦਾ ਪੁਤ੍ਰ ਅਤੇ ਸੂਰ ਦਾ ਪਿਤਾ ਸੀ. ਇਹ ਸ਼ਿਸ਼ੁਪਾਲ ਦੇ ਮਰਨ ਪਿੱਛੋਂ ਉਸ ਦਾ ਬਦਲਾ ਲੈਣ ਲਈ ਕ੍ਰਿਸ਼ਨ ਜੀ ਨਾਲ ਲੜਕੇ ਮੋਇਆ. "ਹ੍ਵੈਕੈ ਕੁਰੂਪ ਪਰਜੋ ਧਰ ਜੁੱਧ ਕੀ ਤੌਨ ਸਮੇ ਬਯਦੂਰਥ ਕੋ ਤਨ." (ਕ੍ਰਿਸਨਾਵ) ਦੇਖੋ, ਭਾਗਵਤ ਸਕੰਧ ੧੦, ਅ: ੭੮.

**ਬਯਾ:** ਫ਼ਾ. بیا ਆਓ. ਆ. ਚਲੇਆਓ। ੨. ਲਿਆਓ. ਲਿਆ.

**ਬਯਾਸਨ:** ਸੰਗਜਾ- ਐਬ. ਦੋਸ਼. ਦੇਖੋ, ਵਜਸਨ। ੨. ਭ੍ਰਮਣ. ਵਿਚਰਨ. ਦੀ ਕ੍ਰਿਯਾ. ਦੇਖੋ, ਵਜਸਨ. "ਅਨੇਕ ਬਯਾਸਨਾਸਨੰ." (ਗਜਾਨ) ਅਨੇਕ ਥਾਂ ਭ੍ਰਮਣ ਅਤੇ ਅਨੇਕ ਆਸਨ.

**ਬਯਾਜ:** ਫ਼ਾ. بیاض ਬਯਾਜ਼. ਸੰਗਜਾ- ਸਫੇਦੀ ਚਿਟਿਆਈ। ੨. ਦੇਖੋ, ਬਿਆਜ। ੩. ਦੇਖੋ, ਵਜਾਜ.

**ਬਯਾਨ:** ਅ਼ਾ بیان ਸੰਗਜਾ- ਵਜਾਖਜਾਨ. ਕਥਨ. ਵਰਣਨ. ਜਿਕਰ.

**ਬਯਾਰ:** ਸੰਗਜਾ- ਵਾਯੁ. ਪਵਨ। ੨. ਵਜਾਲ. ਸਰਪ. "ਜਜੋਂ ਦਾਮ ਬਯਾਰਾ." (ਨਾਪ੍ਰ) ਜਿਵੇਂ ਰੱਸੀ ਦਾ ਸੱਪ.

**ਬਯਾਰਿ:** ਸੰਗਜਾ- ਵਾਯੁ. ਹਵਾ.

**ਬਯਾਰੀ:** ਫ਼ਾ. بیاری ਤੂੰ ਲਾਏ. ਤੂੰ ਲਿਆਵੇ.

**ਬਯਾਲ:** ਦੇਖੋ, ਬਿਆਲ ਅਤੇ ਵਜਾਲ.

**ਬਯਾਲੀ:** ਦੇਖੋ, ਬਿਆਲੀਸ। ੨. ਦੇਖੋ, ਵਜਾਲੀ.

**ਬਯੁਫ਼ਤਾਦ:** ਫ਼ਾ. بیُفتاد ਗਿਰਗਿਆ. ਡਿਗਪਿਆ. ਦੇਖੋ, ਉਫ਼ਤਾਦਨ.

**ਬਯੂਹ:** ਦੇਖੋ, ਬਰੰਬਜੂਹ। ੨. ਦੇਖੋ, ਵਜੂਹ.

**ਬਯੋ:** ਵਿ- ਬੀਓ. ਦੂਜਾ. ਦੂਸਰਾ. "ਸਮ ਸਜਾਮ ਕੀ ਕੋ ਜਗ ਬੀਰ ਬਯੋ." (ਕ੍ਰਿਸਨਾਵ) ੨. ਪੈਦਾ ਹੋਇਆ. ਜੰਮਿਆ.

**ਬਯੋਗ:** ਦੇਖੋ, ਬਿਓਗ ਅਤੇ ਵਿਯੋਗ.

**ਬਯੋਗੀ:** ਦੇਖੋ, ਬਿਓਗੀ ਅਤੇ ਵਿਯੋਗੀ.

**ਬਯੋਤ:** ਦੇਖੋ, ਬਜੋਂਤ। ੨. ਦੇਖੋ, ਵਜੁਤ.

**ਬਯੋਮ:** ਆਕਾਸ. ਦੇਖੋ, ਵਜੋਮ.

**ਬਯੋਮ ਕੀ ਬਾਮ:** ਸੰਗਜਾ- ਵਜੋਮ (ਆਕਾਸ਼) ਦੀ ਵਾਮ (ਇਸਤ੍ਰੀ), ਅਪਸਰਾ. ਹੂਰ.

**ਬਯੋਮਬਾਨੀ:** ਸੰਗਜਾ- ਬਜੋਮ (ਆਕਾਸ਼) ਦੀ ਵਾਣੀ. ਦੇਖੋ, ਆਕਾਸਬਾਣੀ.

**ਬਯੰਗ:** ਦੇਖੋ, ਵਜੰਗ ਅਤੇ ਵਜੰਗਜ.

**ਬਰ:** ਸੰਗਜਾ- ਵਟ. ਬੜ. ਬੋਹੜ. "ਬਰ ਪੀਪਰ ਜਾਲ." (ਗੁਪ੍ਰਸੂ) ੨. ਫ਼ਾ. ਬਰਗ (ਪੱਤੇ) ਦਾ ਸੰਖੇਪ. "ਗਿਰੇ ਧਰ ਪੈ ਬਰ ਜਜੋਂ ਪਤਝਾਰੀ." (ਚੰਡੀ ੧) ੩. ਬਲ. ਜ਼ੋਰ. "ਅਰਿ ਬਰ ਅਗੰਜ." (ਜਾਪੁ) ਵੈਰੀ ਦੇ ਬਲ ਕਰਕੇ ਅਗੰਜ ਹੈ. "ਛੁਟ ਐਸੇ ਬਹਜੋ ਕਰ ਕੇ ਬਰ ਕਾ." (ਚੰਡੀ ੧) ਹੱਥ ਦੇ ਬਲ ਦਾ ਚਲਾਇਆ ਹੋਇਆ। ੪. ਬੜਨਾ. ਪ੍ਰਵੇਸ਼. "ਬੈਠੀ ਬੀਚ ਬਰਕੇ." (ਗੁਪ੍ਰਸੂ) ੫. ਵਜ- ਸ਼ਾਯਦ. ਕਦਾਚਿਤ. "ਕਾਲੂ ਕੋ ਸਮਝਾਵਈ, ਬਰ ਸਰਧਾ ਉਰ ਧਾਰ." (ਨਾਪ੍ਰ) ਸ਼ਾਯਦ ਮਨ ਵਿੱਚ ਸ਼੍ਰੱਧਾ ਹੋ ਜਾਵੇ।

੬. ਦੇਖੋ, ਬਲਨਾ. "ਧੁਖਤ ਰਹਿਤ ਨਿਤ ਛਾਤੀ ਅਬ ਬਰ ਪਰੈ." (ਗੁਪ੍ਰਸੂ) ੭. ਦੇਖੋ, ਬਰਿ। ੮. ਸੰ. ਵਰ. ਲਾੜਾ. ਦੁਲਹਾ. "ਬਰ ਸੁੰਦਰ ਸਮ ਵੈਸ ਕੋ." (ਗੁਪ੍ਰਸੂ) ੯. ਕਿਸੇ ਦੀ ਕਾਮਨਾ ਪੂਰਨ ਕਰਨ ਲਈ ਦਿੱਤਾ ਆਸ਼ੀਰਵਾਦ. "ਕਛੁ ਬਰ ਮਾਂਗਹੁ ਪੂਤ ਸਿਆਨੇ." (ਪਾਰਸਾਵ) ੧੦. ਮੁਕਤਿ ਮੋਕ੍ਸ਼. "ਬਰ ਚਾਰ ਪਦਾਰਥ ਦਾ ਬਰ ਚਾਰ." (ਨਾਪ੍ਰ) ੧੧. ਵਿ- ਉੱਤਮ. ਸ਼੍ਰੇਸ਼੍ਠ "ਵਾਹਿਗੁਰੂ ਬਰ ਸੁੰਦਰ ਨਾਮ." (ਨਾਪ੍ਰ) ੧੨. ਫ਼ਾ. بر ਕ੍ਰਿ. ਵਿ- ਉੱਪਰ. ਉੱਤੇ. "ਬਰ ਰੁਖ਼ਸ਼ ਤਹ਼ਕ਼ੀਕ਼ ਨੂਰੇ ਮਿਹਰ ਤਾਫ਼ਤ." (ਜ਼ਿੰਦਗੀ) ੧੩. ਸੰਗਯਾ- ਫਲ. ਦੇਖੋ, ਬਰਖ਼ੁਰਦਾਰ। ੧੪. ਛਾਤੀ। ੧੫. ਚੌੜਾਈ. ਅਰਜ। ੧੬. ਯੁਵਾ ਇਸਤ੍ਰੀ। ੧੭. ਬਗਲ। ੧੮. ਲੜ. ਪੱਲਾ. ਦਾਮਨ. "ਜੈਸੇ ਬਰ ਬਾਂਧੇ ਹੁੰਡੀ ਲਾਗਤ ਨ ਭਾਰ ਕਛੁ." (ਭਾਗੁ ਕ)

**ਬਰ ਆਉਣਾ:** ਕ੍ਰਿ- ਵਰ ਪ੍ਰਾਪਤ ਹੋਣਾ. ਫਲ ਦੀ ਪ੍ਰਾਪਤੀ ਹੋਣੀ. "ਮੰਨਤ ਮੋਰ ਕਹੀ ਬਰ ਆਈ." (ਚਰਿਤ੍ਰ ੩੨੯)

**ਬਰ ਆਮਦ:** ਫ਼ਾ. برآمد ਬਾਹਰ ਆਇਆ. ਨਿਕਲਿਆ.

**ਬਰ ਆਵੁਰਦ:** ਫ਼ਾ. برآوُرد ਬਾਹਰ ਕੱਢ ਲਿਆਇਆ। ੨. ਸੰਗਯਾ ਖ਼ਜ਼ਾਨੇ ਤੋਂ ਰਕਮ ਕਢਵਾਉਣ ਵਾਲਾ ਕਾਗਜ਼. ਹਿਸਾਬ ਨੌਕਰੀ ਆਦਿ ਦਾ ਬਿਲ.

**ਬਰਸ:** ਸੰ. ਵਰ੍ਸ਼. ਸੰਗਯਾ- ਵਰ੍ਹਾ. ਸਾਲ. "ਬਾਰਹ ਬਰਸ ਬਾਲਪਨ ਬੀਤੇ." (ਆਸਾ ਕਬੀਰ) ੨. ਸੰ. ਵਰ੍ਸ਼ਾ. ਮੀਂਹ. ਵ੍ਰਿਸ਼੍ਟਿ। ੩. ਅ. ਬਰਸ. ਛੰਭ. ਲਹੂ ਦੇ ਵਿਕਾਰ ਨਾਲ ਸ਼ਰੀਰ ਤੇ ਪਏ ਚਿੱਟੇ ਦਾਗ਼. ਦੇਖੋ, ਸ੍ਵੇਤ ਕੁਸ਼੍ਟ। ੪. ਫ਼ਾ. ਸਰਸ਼. ਇੱਕ ਦਵਾਈ ਜਿਸ ਦਾ ਪੂਰਾ ਨਾਮ "ਬਰਸ਼ਾਸ਼ਾ" ਹੈ. ਇਹ ਪੱਠਿਆਂ ਦੀਆਂ ਬੀਮਾਰੀਆਂ ਅਤੇ ਨਿੱਤ ਰਹਿਣ ਵਾਲੀ ਰੇਜ਼ਿਸ਼ ਵਿੱਚ ਵਰਤੀਦੀ ਹੈ. ਇਸ ਦਾ ਨੁਸਖਾ ਇਹ ਹੈ-

ਮਿਰਚ ਕਾਲੀ, ਮਿਰਚ ਭੂਰੀ, ਖ਼ੁਰਾਸਾਨੀ ਅਜਵਾਇਨ, ਤਿੰਨੇ ਸਾਵੇ ਸੱਤ ਸੱਤ ਤੋਲੇ, ਅਫੀਮ ਤਿੰਨ ਤੋਲੇ, ਕੇਸਰ ਇੱਕ ਤੋਲਾ ਸਾਵੇ ਦਸ ਮਾਸ਼ੇ, ਬਾਲਛੜ, ਅਕ਼ਰਕ਼ਰਾ, ਫ਼ਰਫ਼ੂਨ, ਤਿੰਨੇ ਚਾਰ ਚਾਰ ਮਾਸ਼ੇ. ਏਹ ਸਾਰੀਆਂ ਦਵਾਈਆਂ ਕੁੱਟ ਛਾਣਕੇ, ਸਾਰੀਆਂ ਦੇ ਤੋਲ ਤੋਂ ਤਿੰਨ ਗੁਣੇ ਸ਼ਹਿਦ ਵਿੱਚ ਮਿਲਾਉਣ ਤੋਂ ਬਰਸ਼ ਤਿਆਰ ਹੁੰਦੀ ਹੈ. ਇਸ ਨੂੰ ਤਿਆਰ ਤਿੰਨ ਮਹੀਨੇ ਜਵਾਂ ਵਿੱਚ ਦੱਬਕੇ ਫੇਰ ਵਰਤਣੀ ਚਾਹੀਏ. ਇਸ ਦੀ ਖ਼ੁਰਾਕ ਕੋਸੇ ਦੁੱਧ ਜਾਂ ਅਰਕ ਗਾਜ਼ਬਾਨ ਨਾਲ ਚਾਰ ਰੱਤੀ ਤੋਂ ਇੱਕ ਮਾਸ਼ਾ ਹੈ.

ਬਹੁਤ ਲੋਕ ਅਫੀਮ ਦੇ ਥਾਂ ਬਰਸ਼ ਖਾਂਦੇ ਹਨ.

**ਬਰਸਣਾ:** ਸੰ. ਵਰ੍ਸ਼ਣ. ਜਲ ਦਾ ਆਕਾਸ਼ ਤੋਂ ਡਿੱਗਣਾ. ਮੀਂਹ ਪੈਣਾ। ੨. ਮੀਂਹ ਵਾਂਗ ਵਰ੍ਹਣਾ. ਜਿਵੇਂ- ਇੱਟਾਂ ਪੱਥਰਾਂ ਦਾ ਬਰਸਣਾ ਆਦਿ.

**ਬਰਸਰ:** ਫ਼ਾ. برسر ਸਿੱਰ ਉੱਪਰ.

**ਬਰਸਾ:** ਸੰ. ਵਰ੍ਸ਼ਾ. ਸੰਗਯਾ- ਬਾਰਿਸ਼. ਮੀਂਹ.

**ਬਰਸਾਤ:** ਸੰਗਯਾ- ਵਰ੍ਸ਼ਾ ਰਿਤੁ. ਮੀਂਹ ਦੀ ਰੁੱਤ. ਸਾਉਣ ਭਾਦੋਂ ਦਾ ਮੌਸਮ.

**ਬਰਸਾਤੀ:** ਵਿ- ਵਰ੍ਸ਼ਾ ਰੁੱਤ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਵਰ੍ਸ਼ਾ ਦੇ ਜਲ ਨੂੰ ਰੋਕਣ ਵਾਲਾ ਵਸਤ੍ਰ, ਜਿਸ ਦੇ ਪਹਿਰਨ ਤੋਂ ਵਸਤ੍ਰ ਨਹੀਂ ਭਿੱਜਦੇ। ੩. ਘੋੜੇ ਦੇ ਪੈਰ ਵਿੱਚ ਹੋਣ ਵਾਲਾ ਇੱਕ ਰੋਗ, ਜੋ ਵਿਸ਼ੇਸ਼ ਕਰਕੇ ਵਰਖਾ ਰੁੱਤ ਵਿੱਚ ਹੁੰਦਾ ਹੈ। ੪. ਕੋਠੇ ਉਤੇ ਉਹ ਹਵਾਦਾਰ ਖੁਲ੍ਹਾ ਕਮਰਾ, ਜਿਸ ਵਿੱਚ ਵਰਖਾ ਰੁੱਤੇ ਸਵੀਏਂ.

**ਬਰਸਾਨਾ:** ਯੂ. ਪੀ. ਦੇ ਇਲਾਕੇ ਮਥੁਰਾ ਜਿਲੇ ਦੀ ਛਾਤਾ ਤਸੀਲ ਦਾ ਇੱਕ ਪਿੰਡ ਹੈ, ਜੋ ਮਥੁਰਾ ਤੋਂ ੩੧ ਮੀਲ ਉੱਤਰ ਪੱਛਮ ਹੈ. ਇਹ ਰਾਧਾ (ਰਾਧਿਕਾ) ਦਾ ਨਿਵਾਸ ਅਸਥਾਨ ਸੀ.

**ਬਰਸ਼ਿਕਾਲ:** ਫ਼ਾ. برشکال ਸੰਗਯਾ- ਬਰਸਾਤ ਦੀ ਰੁੱਤ. ਦੇਖੋ, ਸੰਸਕ੍ਰਿਤ ਵਰ੍ਸ਼ਾਕਾਲ.

**ਬਰਸੀਣੀ, ਬਰਸੀਨੀ:** ਸੰਗਯਾ- ਕਿਸੇ ਦੇ ਮਰਣ ਪਿੱਛੋਂ ਇੱਕ ਵਰ੍ਸ਼ (ਸਾਲ) ਪੁਰ ਜੋ ਸ਼੍ਰਾਧਕਰਮ ਕੀਤਾ ਜਾਵੇ. "ਪਿਤ ਕੀ

ਬਰਸੀਣੀ ਲਖ ਕਾਲਾ." (ਨਾਪ੍ਰ)

ਬਰਸੁ: ਸੰਗਯਾ- ਵਰ੍ਸ਼. ਮੀਂਹ. "ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ." (ਰਾਮ ਰੁਤੀ ਮਃ ੫) ੨. ਵਰਸਣਾ (ਵਰ੍ਹਣਾ) ਕ੍ਰਿਯਾ ਦਾ ਅਮਰ. "ਬਰਸੁ ਮੇਘ ਜੀ, ਤਿਲੁ ਬਿਲਮੁ ਨ ਲਾਉ." (ਮਲਾ ਮਃ ੫) ਹੇ ਮੇਘ! ਜਲ ਦੀ ਵਰਖਾ ਕਰ। ੩. ਵਰ੍ਸ਼. ਵਰ੍ਹਾ. ਸਾਲ. "ਬਰਸੁ ਏਕੁ ਹਉ ਫਿਰਿਓ." (ਸਵੈਯੇ ਮਃ ੩. ਕੇ)

ਬਰਹਨਾ: ਫ਼ਾ. برہنہ ਵਿ- ਨੰਗਾ. ਦਿਗੰਬਰ.

ਬਰਹਮ: ਫ਼ਾ. برہم ਵਿ- ਕ੍ਰੋਧ ਸਹਿਤ. ਭੜਕਿਆ ਹੋਇਆ. ਕ੍ਰੋਧ। ੨. ਦੇਖੋ, ਬ੍ਰਹਮ ਅਤੇ ਬ੍ਰਹ੍ਮ.

ਬਰਹਮਣ, ਬਰਹਮਨ: ਦੇਖੋ, ਬ੍ਰਹਮਣ ਅਤੇ ਬ੍ਰਾਹਮਣ.

ਬਰਹਾ: ਸੰ. वृत्रहा. ਵ੍ਰਿਤ੍ਰਹਾ. ਵ੍ਰਿਤ੍ਰ ਦੈਤ ਦੇ ਮਾਰਨ ਵਾਲਾ, ਇੰਦ੍ਰ. (ਸਨਾਮਾ) ੨. ਦੇਖੋ, ਵਰ੍ਹਾ.

ਬਰਹਾ ਏਸਨਿ: ਬਰਹਾ (ਵ੍ਰਿਤ੍ਰਹਾ) ਇੰਦ੍ਰ, ਉਸ ਦਾ ਈਸ਼ ਕਸ਼ਯਪ, ਉਸ ਦੀ ਪ੍ਰਿਥਿਵੀ. ਕਾਸ਼ਯਪੀ. (ਸਨਾਮਾ)

ਬਰਹਿ, ਬਰਹੀ: ਸੰ. ਬਹਿੰਣ. ਸੰਗਯਾ- ਫੰਘਾਂ (ਖੰਭਾਂ) ਦੀ ਬਹੰ (ਪੂਛ) ਧਾਰਨ ਵਾਲਾ, ਮੋਰ. ਇਹ ਸ਼ਬਦ ਸੰਸਕ੍ਰਿਤ ਵਹਿੰਣ ਭੀ ਸਹੀ ਹੈ.

ਬਰਹਿਨਾ: ਦੇਖੋ, ਬਰਹਨਾ.

ਬਰਕ: ਅ਼. برق ਬਰਕ਼. ਸੰਗਯਾ- ਚਮਕ। ੨. ਬਿਜਲੀ. "ਲਹ ਲਹ ਸ਼ਮਸ਼ੇਰ ਮਿਸਲ ਬਰਕ ਦਮਕੈ." (ਸਲੋਹ) ੩. ਅ਼. ورق ਵਰਕ਼. ਪੱਤਾ। ੪. ਪੱਤਰਾ। ੫. ਚਾਂਦੀ ਸੋਨੇ ਦਾ ਬਹੁਤ ਪਤਲਾ ਪੱਤਰਾ.

ਬਰਕਸ: ਫ਼ਾ. برعکس ਬਰ ਅ਼ਕਸ. ਵਿ- ਵਿਰੁੱਧ. ਉਲਟ. ਵਿਪਰੀਤ. "ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ?" (ਗਉ ਕਬੀਰ) ਦੇਖੋ, ਗਜਨਵ। ੨. ਫ਼ਾ. ورزش ਵਰਜ਼ਿਸ਼. ਕਸਰਤ. "ਜਿਮ ਬਲ ਬਡ ਤਿਮ ਬਰਕਸ ਕਰੀ." (ਗੁਪ੍ਰਸੂ)

ਬਰਕਤ, ਬਰਕਤਿ: ਅ਼. برکت ਸੰਗਯਾ- ਅਧਿਕਤਾ. ਵ੍ਰਿੱਧਿ. "ਬਰਕਤਿ ਤਿੰਨ ਕਉ ਅਗਲੀ." (ਸ੍ਰੀ ਅਃ ਮਃ ੧) ੨. ਲਾਭ। ੩. ਕ੍ਰਿਪਾ। ੪. ਸਾਮਰਥ੍ਯ. ਸ਼ਕਤਿ. "ਤੁਮਰੇ ਬਚੰਨ ਬਰਕਤ ਸੁ ਹੈਨ." (ਗੁਪ੍ਰਸੂ) ੫. ਮਹਾਜਨ ਲੋਕ ਕਿਸੇ ਵਸ੍ਤੁ ਨੂੰ ਤੋਲਣ ਸਮੇਂ ਇੱਕ ਕਹਿਣ ਦੀ ਥਾਂ ਬਰਕਤ ਆਖਦੇ ਹਨ, ਭਾਵ ਇਹ ਹੁੰਦਾ ਹੈ ਕਿ ਵਪਾਰ ਵਿੱਚ ਵਾਧਾ ਹੋਵੇ.

ਬਰਕਤੀ: ਵਿ- ਬਰਕਤ ਵਾਲਾ. ਦੇਖੋ, ਬਰਕਤ। ੨. ਕ੍ਰਿ. ਵਿ- ਬਰਕਤ ਸੇ. ਬਦੌਲਤ. ਤੁਫ਼ੈਲ. "ਤਿਨ ਕੀ ਬਰਕਤੀ ਸਭੁ ਜਗਤੁ ਖਾਇ." (ਮਃ ੩. ਵਾਰ ਸੋਰ)

ਬਰਕਰਦਨ: ਫ਼ਾ. برکردن ਕ੍ਰਿ- ਉੱਚਾ ਕਰਨ। ੨. ਰੌਸ਼ਨ (ਪ੍ਰਸਿੱਧ) ਕਰਨਾ.

ਬਰਕਰਾਰ: ਫ਼ਾ. برقرار ਬਰਕ਼ਰਾਰ. ਵਿ- ਕ਼ਾਇਮ. ਸ੍ਥਿਰ.

ਬਰਕਾ: ਦੇਖੋ, ਵਰਕਾ.

ਬਰਕੀ: ਵਿ- ਬਰਕ (ਬਿਜਲੀ) ਨਾਲ ਹੈ ਜਿਸ ਦਾ ਸੰਬੰਧ. ਜਿਵੇਂ- ਤਾਰ ਬਰਕੀ.

ਬਰਕੰਦਾਜ, ਬਰਕੰਦਾਰ: ਫ਼ਾ. برق انداز ਸੰਗਯਾ- ਬੰਦੂਕ਼ ਰੱਖਣ ਵਾਲਾ ਸਿਪਾਹੀ. ਬਰਕ਼ (ਰੌਸ਼ਨੀ) ਅੰਦਾਜ਼ (ਫੈਂਕਣ ਵਾਲਾ). "ਬਰਕਦਾਜ ਸੰਗ ਪ੍ਰਭੁ ਲਏ." (ਗੁਰੁਸੋਭਾ) ੨. ਚੌਕੀਦਾਰ. ਪਹਿਰੂ. "ਬਰਕੰਦਾਰ ਸਜਾਦੇ ਗਏ." (ਗੁਵਿ ੧੦)

ਬਰਖ: ਸੰ. ਵਰ੍ਸ਼. ਸੰਗਯਾ- ਵਰ੍ਹਾ. ਸਾਲ "ਗਯਉ ਦੁਖ ਦੂਰਿ ਬਰਖਨ ਕੋ." (ਸਵੈਯੇ ਮਃ ੪. ਕੇ) ੨. ਫ਼ਾ. برخ ਬਰਖ਼. ਹਿੱਸਾ.

ਭਾਗ। ੩. ਤਾਲ। ੪. ਬਿਜਲੀ। ੫. ਓਸ. ਤ੍ਰੇਲ. ਸ਼ਬਨਮ.

ਬਰਖਾ: ਸੰ. ਵਰ੍ਸ਼ਾ. ਸੰਗਯਾ- ਮੀਂਹ. ਬਾਰਿਸ਼.

ਬਰਖ਼ਾਸੁ: ਫ਼ਾ. برخاست ਵਿ- ਵਿਸਰਜਨ ਕੀਤਾ. "ਭੀ ਬਰਖਾਸੁ ਸਭ ਸਭਾ." (ਗੁਪ੍ਰਸੂ) ੨. ਮੌਕੂਫ਼. ਹਟਾਇਆ ਹੋਇਆ। ੩. ਸੰਗਯਾ- ਸਭਾ ਦਾ ਉਠ ਜਾਣਾ.

ਬਰਖ਼ਾਸੁਨ: ਫ਼ਾ. برخاستن ਕ੍ਰਿ- ਉਠ ਖੜੇ ਹੋਣਾ.

ਬਰਖਿ: ਬਰਖ (ਵਰ੍ਹ) ਕੇ. ਵਰਖਾ ਕਰਕੇ. "ਬਰਖਿ ਭਰੇ ਸਰ ਤਾਲ." (ਸ. ਕਬੀਰ)

ਬਰਖ਼ਿਲਾਫ਼: ਫ਼ਾ. برخلاف ਕ੍ਰਿ. ਵਿ- ਉਲਟ. ਵਿਰੁੱਧ.

ਬਰਖ਼ੁਦ: ਫ਼ਾ. برخود ਆਪਣੇ ਉੱਪਰ. ਆਪਣੇ ਆਪ ਪੁਰ.

ਬਰਖ਼ੁਰਦਾਰ: ਫ਼ਾ. برخوردار ਵਿ- ਫਲਦਾਰ. "ਬਰਖੁਰਦਾਰ ਖਰਾ." (ਮਾਰੂ ਸੋਲਹੇ ਮः ੫) ਦੇਖੋ, ਬੁਰਗੁ। ੨. ਫਲ ਖਾਣ ਵਾਲਾ। ੩. ਖ਼ੁਸ਼। ੪. ਭਾਵ ਅਰਥ ਲੈ ਕੇ ਇਸ ਦਾ ਅਰਥ ਪੁਤ੍ਰ ਹੋ ਗਿਆ ਹੈ.

ਬਰਖੇਸ: ਫ਼ਾ. برخیزش ਬਰਖ਼ੇਜ਼ਿਸ਼, ਉਠਣ ਦੀ ਕ੍ਰਿਯਾ। ੨. ਬਗ਼ਾਵਤ ਕਰਨ ਦੀ ਕ੍ਰਿਯਾ. ਅਥਵਾ پرخاش ਪਰਖ਼ਾਸ਼. ਲੜਾਈ. ਝਗੜਾ. ਫ਼ਿਸਾਦ. "ਕੁਲ ਬਰਖੇਸੀਆਨ ਕੀ ਜੇਤੀ." (ਗੁਪ੍ਰਸੂ) ਝਗੜਾ (ਫ਼ਿਸਾਦ) ਕਰਨ ਵਾਲਿਆਂ ਦੀ ਜਿਤਨੀ ਕੁਲ ਹੈ। ੩. ਦੇਖੋ, ਵਰਖੇਸ.

ਬਰਗ: ਫ਼ਾ. برگ ਸੰਗਯਾ- ਪੱਤਾ. ਪਤ੍ਰ। ੨. ਸਾਮਾਨ. ਸਾਮਗ੍ਰੀ। ੩. ਸ. ਵਰ੍ਗ. ਸਮੁਦਾਯ. ਝੁੰਡ. "ਜਿਹ ਨਾਮ ਥਾਮ ਨਹਿ ਬਰਗ ਬਜਾਧ." (ਅਕਾਲ) ੪. ਇੱਕ ਕੌਮ ਦੇ ਲੋਕਾਂ ਦਾ ਗਰੋਹ, ਅਥਵਾ ਪਸ਼ੂ ਆਦਿ ਦਾ ਸਮੁਦਾਯ। ੫. ਇੱਕ ਥਾਂ ਬੋਲਣ ਵਾਲੇ ਅੱਖਰਾਂ ਦਾ ਸਮੂਹ, ਜੈਸੇ ਕਵਰ੍ਗ, ਚਵਰ੍ਗ ਆਦਿ.

ਬਰਗਸ਼ਤਨ: ਫ਼ਾ. برگشتن ਕ੍ਰਿ- ਫਿਰਨਾ. ਮੁੜਨਾ. ਵਿਮੁਖ ਹੋਣਾ.

ਬਰਗਸ਼ਤਾ: ਫ਼ਾ. برگشته ਵਿ- ਫਿਰਿਆ ਹੋਇਆ. ਵਿਮੁਖ. ਪ੍ਰਤਿਕੂਲ.

ਬਰਗਸਤਾਣ: ਫ਼ਾ. برگستان ਬਰਗੁਸਤਾਨ ਅਥਵਾ برگسواں ਬਰਗੁਸਤਵਾਨ. ਸੰਗਯਾ- ਘੋੜੇ ਦਾ ਪਾਖਰ. ਘੋੜੇ ਦਾ ਕਵਚ, ਜੋ ਜੰਗ ਸਮੇਂ ਪਹਿਰਾਇਆ ਜਾਂਦਾ ਹੈ. "ਖਿੰਗ ਨਿਸੁੰਭ ਨਚਾਇਆ ਡਾਲਿ ਉਪਰਿ ਬਰਗਸਤਾਣ ਕਉ." (ਚੰਡੀ ੩) ਖਿੰਗ (ਚਿੱਟਾ ਘੋੜਾ) ਨਿਸੁੰਭ ਨੇ ਪਾਖਰ ਪਾਕੇ ਨਚਾਇਆ.

ਬਰਗਸਤਾਣੀ: ਸੰਗਯਾ- ਵਿਮੁਖਤਾ. ਬਰਗਸ਼ੁਨ ਦਾ ਭਾਵ. ਭਾਜੜ. ਜੰਗ ਨੂੰ ਪਿੱਠ ਦੇਕੇ ਭੱਜਣ ਦੀ ਕ੍ਰਿਯਾ. "ਬਰਗਸਤਾਣੀ ਦਲ ਵਿੱਚ ਘੱਤੀਓ." (ਚੰਡੀ ੩)

ਬਰਗਸਤਾਨ: ਦੇਖੋ, ਬਰਾਗਸਤਾਣ.

ਬਰਗਰਿਫ਼ਤਨ: ਫ਼ਾ. برگرفتن ਪਕੜ (ਫੜ) ਲੈਣਾ. ਫੜਨ ਦਾ ਭਾਵ.

ਬਰਗਾ: ਸੰਗਯਾ- ਕਾਠ ਦਾ ਟੁਕੜਾ, ਜੋ ਕੜੀਆਂ ਉੱਪਰ ਪਾਕੇ ਛੱਤ ਪਾਈਦੀ ਹੈ. । ੨. ਛੱਤ ਉੱਪਰ ਮਿੱਟੀ ਪਾਉਣ ਤੋਂ ਪਹਿਲਾਂ ਬਰਗ (ਪੱਤੇ) ਪਾਂਉਣੇ। ੩. ਦੇਖੋ, ਵਰਗਾ.

ਬਰਗਾੜੀ: ਰਾਜ ਫਰੀਦਕੋਟ ਵਿੱਚ ਥਾਣਾ ਕੋਟਕਪੂਰੇ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਰੁਮਾਣਾ ਅਲਬੇਲਸਿੰਘ" ਤੋਂ ਪੰਜ ਮੀਲ ਪੂਰਵ ਹੈ. ਇਸ ਪਿੰਡ ਤੋਂ ਉੱਤਰ, ਪਾਸ ਹੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ "ਗੁਰੂਸਰ" ਹੈ. ਕਲਗੀਧਰ ਇੱਥੇ ਤਿੰਨ ਦਿਨ ਵਿਰਾਜੇ ਹਨ. ਦਰਬਾਰ ਅਤੇ ਰਹਾਇਸ਼ੀ ਮਕਾਨ ਬਣੇ ਹੋਏ ਹਨ. ਰਿਆਸਤ ਤੋਂ ੧੨. ਘੁਮਾਂਉਂ ਜ਼ਮੀਨ ਮੁਆਫ ਹੈ.

ਪੁਜਾਰੀ ਸਿੰਘ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ.

ਬਰਗੁਸਤਵਾਨ: ਦੇਖੋ, ਬਰਗਸਤਾਣ.

ਬਰਛਾ: ਸੰ. ਵ੍ਰਸ਼੍ਚਨ. ਸੰਗਯਾ- ਕੱਟਣਾ। ੨. ਇੱਕ ਸ਼ਸਤ੍ਰ, ਜਿਸ ਦਾ ਛੜ (ਦੰਡ) ਬਾਂਸ ਆਦਿ ਦਾ ਹੁੰਦਾ ਹੈ ਅਰ ਦੋਹੀਂ ਪਾਸੀਂ ਤਿੱਖੇ ਫਲ ਹੁੰਦੇ ਹਨ. ਭਾਲਾ। ੩. ਛੈਣੀ. ਲੋਹਾ ਕੱਟਣ ਦਾ ਸੰਦ.

ਬਰਛੀ: ਸੰਗਯਾ- ਛੋਟਾ ਬਰਛਾ. ਸ਼ਕ੍ਤਿ.

ਬਰਜਸ: ਦੇਖੋ, ਵਰਜਿਸ. "ਅਬ ਤੂੰ ਬਰਜਸ ਕਰੋ ਸਦਾਈ." (ਗੁਪ੍ਰਸੂ)

ਬਰਜਣਾ, ਬਰਜਨ, ਬਰਜਨਾ: ਸੰ. वर्जन. ਵਜੰਨ. ਰੋਕਣਾ. ਹਟਾਉਣਾ। ੨. ਨਿਸ਼ੇਧ ਕਰਨਾ. ਰੱਦ ਕਰਨਾ.

ਬਰਜੋਰੀ: ਸੰਗਯਾ- ਜਬਰਦਸ੍ਤੀ. "ਇਹ ਸਾਥ ਕਰੈਂ ਹਿਤਵਾ ਬਰਜੋਰੀ." (ਕ੍ਰਿਸਨਾਵ) ੨. ਕ੍ਰਿ. ਵਿ- ਜਬਰਦਸ੍ਤੀ ਨਾਲ. ਜਬਰਨ.

ਬਰਟੋਹਾ: ਦੇਖੋ, ਬਟਲੋਹਾ. "ਦੇਗ ਕਰਾਹੇ ਬਡ ਬਰਟੋਹੇ. (ਗੁਪ੍ਰਸੂ)

ਬਰਣ: ਸੰ. ਵਣੰ. ਸੰਗਯਾ- ਰੰਗ। ੨. ਜਾਤਿ। ੩. ਅਕ੍ਸ਼ਰ. ਅੱਖਰ। ੪. ਦੇਖੋ, ਵਰਣ.

ਬਰਣਸੰਕਰ: ਦੇਖੋ, ਵਰਣਸੰਕਰ.

ਬਰਣਨ: ਸੰ. ਵਣੰਨ. ਸੰਗਯਾ- ਕਥਨ. ਬਯਾਨ.

ਬਰਣਾ: ਸੰਗਯਾ- ਵਾਯੁ (ਹਵਾ) ਵਿੱਚ ਉਡੀ ਹੋਈ ਰੇਣੁ (ਗਰਦ). ੨. ਦੇਖੋ, ਵਰਣਾ.

ਬਰਣਾਂਤਕ: ਸੰਗਯਾ- ਵਣੰ (ਕਵਚ) ਦਾ ਅੰਤ ਕਰਨ ਵਾਲਾ. ਕਵਚਛੇਦਕ ਤੀਰ. (ਸਨਾਮਾ)

ਬਰਣਾਯੁਧ: ਸੰਗਯਾ- ਵਰੁਣਦੇਵਤਾ ਦਾ ਸ਼ਸਤ੍ਰ ਫਾਸੀ. ਪਾਸ਼. (ਸਨਾਮਾ)

ਬਰਤ: ਬਲਤ. ਬਲਦਾ. ਮਚਦਾ. "ਬਰਤ ਚਿਤਾ ਭੀਤਰ ਲੇ ਡਾਰੈਂ. (ਚਰਿਤ੍ਰ ੧੯੪) ੨. ਵਰਦਾ. ਵਿਵਾਹ ਕਰਤ. "ਏਕ ਪੁਰਖ ਤਬ ਤਾਂਹਿ ਬਰਤ ਭਯੋ." (ਚਰਿਤ੍ਰ ੨੫੫) ਵਿਆਹ ਕਰਦਾ ਭਇਆ। ੩. ਸੰ. ਵ੍ਰਤ. ਸੰਗਯਾ- ਉਪਵਾਸ. ਬਿਨਾ ਅਹਾਰ ਰਹਿਣ ਦਾ ਨਿਯਮ. "ਬਰਤ ਨੇਮ ਸੰਜਮ ਮਹਿ ਰਹਿਤਾ." (ਗਉ ਮਃ ੫) ੪. ਸੰ. ਵ੍ਰਿੱਤ- वृत्त. ਵਤੁੰਲ. ਗੋਲ. ਭਾਵ ਬ੍ਰਹਮਾਂਡ. "ਦਿਨਸੁ ਰੈਣਿ ਬਰਤ ਅਰੁ ਭੇਦਾ." (ਗਉ ਅਃ ਮਃ ੫) ੫. ਸੰ. ਵਤ੍ਰੰ. ਰੱਸਾ. ਲੱਜ. "ਤਹਿ ਕੋ ਬਰਤ ਪਾਇ ਲਟਕਾਵਾ." (ਗੁਪ੍ਰਸੂ)

ਬਰਤਨ: ਸੰਗਯਾ- ਭਾਂਡਾ. ਪਾਤ੍ਰ. ਸੰ- ਵਤੰਨ। ੨. ਵਰਤਾਉ. ਵਰਤੋਂ.

ਬਰਤਨਹਾਰ: ਵਿ- ਵਰਤਾਉ ਕਰਨ ਵਾਲਾ। ੨. ਬਰਤਨ (ਭਾਂਡੇ) ਲੈ ਜਾਣ ਵਾਲਾ. ਦੇਖੋ, ਬਰਤਨ। ੩. ਸੰ. वर्त्मन- ਵਤੰਮਨ. ਫਿਰ ਜਾਣ ਵਾਲਾ. ਟਲ ਜਾਣ ਵਾਲਾ. "ਮੇਘ ਕੀ ਛਾਇਆ ਜੈਸੇ ਬਰਤਨਹਾਰ." (ਭੈਰ ਮਃ ੫)

ਬਰਤਨਿ: ਸੰ. ਵਤੰਨੀ. ਸੰਗਯਾ- ਰਾਹ. ਮਾਰਗ। ੨. ਆਚਾਰ. ਕ੍ਰਿਯਾ. ਕਰਮਕਾਂਡ. "ਗੁਣਨਿਧਾਨ ਭਗਤਨ ਕਉ ਬਰਤਨਿ." (ਸੋਰ ਮਃ ੫)

ਬਰਤਮਾਨ: ਵਿ- ਵਤੰਮਾਨ. ਉਹ ਸਮਾਂ, ਜੋ ਹੁਣ ਵਤੰ ਰਿਹਾ ਹੈ. ਜ਼ਮਾਨਾ ਹ਼ਾਲ.

ਬਰਤਰ: ਫ਼ਾ. برتر ਵਿ- ਬਹੁਤ ਹੱਛਾ। ੨. ਬਹੁਤ ਉੱਚਾ। ੩. ਵਧੀਆ.

ਬਰਤਰਫ, ਬਰਤ਼ਰਫ: ਫ਼ਾ. برطرف ਵਿ- ਕਿਨਾਰੇ. ਅਲਗ। ੨. ਮੌਕੂਫ਼. ਬਰਖ਼ਾਸ੍ਤ.

ਬਰਤਰੀ: ਫ਼ਾ. برتری ਸੰਗਯਾ- ਬਲੰਦੀ. ਉਚਾਈ. ਉੱਚਤਾ। ੨. ਤੂੰ ਬਲੰਦ ਹੈਂ. ਬਰਤਰ ਹਸ੍ਤੀ ਦਾ ਸੰਖੇਪ.

ਬਰਤਵਾਰਾ: ਸੰਗਯਾ- ਵਰੱਤਨ ਦਾ ਭਾਵ. ਵਰਤੋਂ ਵਰਤਾਉ। ੨. ਰੀਤਿ. ਰਿਵਾਜ.

ਬਰਤਾ: ਸੰਗਯਾ- ਵਰਤਾ. ਸ਼੍ਰੇਸ਼੍ਠਤਾ. ਉੱਤਮਤਾ. "ਬਰਤਾ ਗਨਕੈ ਕਬਿਤਾ ਇਹ ਠਾਨੋ." (ਕ੍ਰਿਸ਼ਨਾਵ) ੨. ਵਰ ਪ੍ਰਦਾਤ੍ਰੀ. ਵਰ ਦੇਣ ਵਾਲੀ. "ਸੇਵਕ ਕੀ ਬਰਤਾ ਤੂੰ." (ਕ੍ਰਿਸਨਾਵ) ੩. ਉਹ ਡੱਕਾ, ਜਿਸ ਨਾਲ ਜ਼ਮੀਨ ਪੁਰ ਅੰਗ ਅੱਖਰ ਆਦਿ ਲਿਖੀਏ. ਪੁਰਾਣੇ ਸਮੇਂ ਵਿਦਯਾਰਥੀ ਇਸ ਨੂੰ ਬਹੁਤ ਵਰਤਿਆ ਕਰਦੇ ਸਨ,

ਬਰਤਾਫ਼ਤਹ: ਫ਼ਾ. برتافته ਮੋੜਿਆ, ਫੇਰ ਦਿੱਤਾ.

ਬਰਤਾਫ਼ਤਨ: ਫ਼ਾ. برتافتن ਕ੍ਰਿ- ਫੇਰਨਾ. ਮੋੜਨਾ. ਮੋੜ ਲੈਣਾ.

ਬਰਤਾਰਾ: ਸੰਗਯਾ- ਹਿੱਸਾ. ਛਾਂਦਾ. ਬਾਂਟਾ। ੨. ਵਿਹਾਰ. ਰੀਤਿ। ੩. ਹਾਲ. ਵ੍ਰਿੱਤਾਂਤ. ਦੇਖੋ, ਵਰਤਾਰਾ.

ਬਰਤਿਬਰੁਨ: ਸੰ. ਵਰਤਿੰਵਰੁਣ. ਸੰਗਯਾ- ਵਰਤਿੰ (ਫਾਂਸੀ) ਵਰੁਣ ਦੇਵਤਾ ਦੀ. ਵਰੁਣਪਾਸ਼. "ਬਰਤਿਬਰੁਨ ਕੋ ਨਿਵਾਰਤ ਨਿਹਾਰ ਹੈ." (ਕਵਿ ੫੨)

ਬਰਤੀ: ਵਿ- ਵ੍ਰਤ ਰੱਖਣ ਵਾਲਾ. (ਵ੍ਰਤਿਨ) "ਬਰਤੀ ਬਰਤ ਰਹੈ ਨਿਹਕਾਮ." (ਬਿਲਾ ਥਿਤੀ ਮਃ ੧)

ਬਰਤੁਲ: ਗੋਲ. ਦੇਖੋ, ਵਰਤੁਲ.

ਬਰਤੁਲਾਕਾਰ: ਗੋਲਾਕਾਰ. ਦੇਖੋ, ਵਰਤੁਲਾਕਾਰ.

ਬਰਤੋ: ਫ਼ਾ. برتو ਤੇਰੇ ਉੱਪਰ.

ਬਰਤੋਂ: ਸੰਗਯਾ- ਵਰਤਾਉ. ਵਰਤਣ ਦਾ ਭਾਵ। ੨. ਰੀਤਿ. ਰਸਮ। ੩. ਬਿਰਾਦਰੀ ਦਾ ਲੈਣ ਦੇਣ.

ਬਰਦ: ਸੰਗਯਾ- ਬਲਿਵਰਦੰ. ਬੈਲ. "ਬਰਦ ਚਢੇ ਡਉਰੂ ਢਮਕਾਵੈ." (ਗੌਂਡ ਨਾਮਦੇਵ) ੨. ਸੰ. ਵਰਦ. ਵਿ- ਵਰ ਦੇਣ ਵਾਲਾ। ੩. ਅ਼. برد ਸੰਗਯਾ- ਠੰਢ. ਸੀਤਲਤਾ। ੪. ਪਖਾਵਜੀਆਂ ਦੇ ਸੰਕੇਤ ਵਿੱਚ ਜੋੜੀ ਦੀ ਪਰਣ ਦਾ ਇੱਕ ਹਿੱਸਾ.

ਬਰਦਪਤਿ: ਸੰਗਯਾ- ਬੈਲ ਦਾ ਸ੍ਵਾਮੀ ਸ਼ਿਵ. "ਗੋਰੇ ਪੈ ਬਰਦ ਚਢ ਆਏ ਥੇ ਬਰਦਪਤਿ, ਗੌਰੀ ਗੌਰਾ ਗੋਰੇ ਰੁਦ੍ਰ ਰਾਤੇ ਰਾਤੇ ਹ੍ਵੈਰਹੇ." (ਕ੍ਰਿਸਨਾਵ) ਗੋਰੇ ਬਲਦ ਪੁਰ ਚੜ੍ਹਕੇ ਸ਼ਿਵ ਆਏ, ਗੋਰੇ ਰੰਗ ਵਾਲੀ ਪਾਰਵਤੀ, ਗੋਰੇ ਸ਼ਿਵ ਅਤੇ ਬੈਲ, ਸ਼ਸਤ੍ਰਾਂ ਦੇ ਪ੍ਰਹਾਰ ਨਾਲ ਲਾਲ ਰੰਗੇ ਹੋ ਗਏ.

ਬਰਦਾ: ਵਿ- ਵਰ ਦੇਣ ਵਾਲਾ। ੨. ਸੰਗਯਾ- ਦੁਰਗਾ। ੩. ਤੁ. بردہ ਬਰਦਹ. ਜੰਗ ਦਾ ਕੈਦੀ। ੪. ਗੁਲਾਮ. ਤਾਬੇਦਾਰ. "ਮੈ ਲਿਖਾਂ ਬਾਹਦਰਸ਼ਾਹ ਨੂੰ ਜੋ ਮੇਰਾ ਬਰਦਾ." (ਜੰਗਨਾਮਾ) ੫. ਪਹੇਲੀ. ਬੁਝਾਰਤ.

ਬਰਦਾਈ: ਦੇਖੋ, ਬਰਦਾਯੀ.

ਬਰਦਾਸ਼੍ਤ: ਫ਼ਾ. برداشت ਸੰਗਯਾ- ਸਹਾਰਨ ਦੀ ਕ੍ਰਿਯਾ. ਸਹਨਸ਼ੀਲਤਾ। ੨. ਸਬਰ. ਸੰਤੋਖ.

ਬਰਦਾਸ਼੍ਤਨ: ਫ਼ਾ. برداشتن ਕ੍ਰਿ- ਸਹਾਰਨਾ। ੨. ਉਠਾਉਣਾ.

ਬਰਦਾਤਾ: ਵਿ- ਵਰਪ੍ਰਦਾਤ੍ਰਿ. ਵਰ ਦੇਣ ਵਾਲਾ. "ਇਕ- ਮਨ ਪੁਰਖ ਧਿਆਇ ਬਰਦਾਤਾ." (ਸਵੈਯੇ ਮਃ ੧. ਕੇ) ੨. ਦੇਖੋ, ਵਰਦਾਤਾ.

ਬਰਦਾਨ: ਸੰਗਯਾ- ਵਰ ਦੇਣ ਦੀ ਕ੍ਰਿਯਾ. ਵਰ ਦੇਣਾ। ੨. ਬਾਦਬਾਨ. ਜਹਾਜ ਦੀ ਪਾਲ. ਜਹਾਜ ਪੁਰ ਤਣਿਆ ਹੋਇਆ ਉਹ ਵਸਤ੍ਰ, ਜੋ ਹਵਾ ਦੇ ਬਲ ਨਾਲ ਜਹਾਜ ਚਲਾਉਣ ਵਿੱਚ ਸਹਾਇਤਾ ਦਿੰਦਾ ਹੈ. "ਸਤ ਸੰਗਤਿ ਲਖ ਪੋਤ ਮਹਾਨਾ। ਸਿਮਰਨ

ਨਾਮ ਜਹਾਂ ਬਰਦਾਨਾ." (ਨਾਪ੍ਰ)

ਬਰਦਾਯਉ, ਬਰਦਾਯਕ, ਬਰਦਾਯੀ: ਵਿ- ਵਰ ਦੇਣ ਵਾਲਾ. "ਹਰਿਨਾਮੁ ਰਸਨਿ ਗੁਰਮੁਖਿ ਬਰਦਾਯਉ." (ਸਵੈਯੇ ਮः ੩. ਕੇ)

ਬਰਦਾਰ: ਫ਼ਾ. بردار ਵਿ- ਲੈ ਜਾਣ ਵਾਲਾ। ੨. ਧਾਰਣ ਕਰਨ ਵਾਲਾ। ੩. ਪਾਲਨ ਕਰਨ ਵਾਲਾ. ਮੰਨਣ ਵਾਲਾ। ੪. ਚੁੱਕਣ ਵਾਲਾ. ਇਹ ਸ਼ਬਦ ਦੂਜੇ ਸ਼ਬਦਾਂ ਦੇ ਅੰਤ ਆਉਂਦਾ ਹੈ, ਜਿਵੇਂ- ਨੇਜ਼ਾਬਰਦਾਰ.

ਬਰਧ: ਦੇਖੋ, ਵਰਧ। ੨. ਬਲਦ. ਬੈਲ. "ਬਰਧ ਪਚੀਸਕ ਸੰਗੁ ਕਾਚ." (ਬਸੰ ਕਬੀਰ) ਭਾਵ- ਪੱਚੀ ਪ੍ਰਕ੍ਰਿਤੀਆਂ ਬੈਲ ਹਨ, ਅਤੇ ਨਾਲ ਕੱਚ ਲੱਦਿਆ ਹੋਇਆ ਹੈ. ਇਹ ਅਸਾਰ ਵਣਜ ਦਾ ਰੂਪਕ ਹੈ.

ਬਰਧਕ: वर्द्धक. ਵਿ- ਵਧੰਕ. ਵਧਾਉਣ ਵਾਲਾ. "ਕੁਲ ਬਰਧਕ ਗੁਨਜੁਤ ਸੁਤ ਦੀਜੈ." (ਗੁਪ੍ਰਸੂ)

ਬਰਧਨ: ਦੇਖੋ, ਵਰਧਨ.

ਬਰਧਮਾਨ: ਦੇਖੋ, ਵਰਧਮਾਨ। ੨. ਵਿ- ਵ੍ਰਿੱਧੀ ਨੂੰ ਪ੍ਰਾਪਤ. "ਬਰਧਮਾਨ ਹੋਵਤ ਦਿਨਪ੍ਰਤਿ." (ਸਵੈਯੇ ਸ੍ਰੀ ਮੁਖਵਾਕ ਮः ੫)

ਬਰਧੰਤਿ: ਵਧਦਾ ਹੈ. ਵ੍ਰਿੱਧਿ ਨੂੰ ਪ੍ਰਾਪਤ ਹੁੰਦਾ, ਹੁੰਦੀ ਹੈ. "ਬਰਧੰਤਿ ਜਰੂਆ." (ਸਹਸ ਮः ੫)

ਬਰਨ: ਸੰ. ਵਣੰ. ਸੰਗਯਾ- ਰੂਪ. ਸ਼ਕਲ। ੨. ਰੰਗ। ੩. ਜਾਤਿ. ਬ੍ਰਾਹਮਣ ਆਦਿ ਜਾਤਿ ਦੀ ਵੰਡ. "ਬਰਨ ਆਸ੍ਰਮ ਸਾਸਤ੍ਰ ਸੁਨਉ." (ਬਿਲਾ ਮः ੫) ੪. ਜਦ ਅਬਰਨ ਸ਼ਬਦ ਨਾਲ ਮਿਲਕੇ ਬਰਨ ਸ਼ਬਦ ਆਉਂਦਾ ਹੈ, ਤਦ ਉੱਤਮ ਵਰਣ ਦਾ ਬੋਧਕ ਹੁੰਦਾ ਹੈ. "ਬਰਨ ਅਬਰਨ ਰੰਕ ਨਹੀਂ ਈਸਰੁ." (ਬਿਲਾ ਰਵਿਦਾਸ) ੫. ਅਛਰ. ਅੱਖਰ। ੬. ਉਸਤਤਿ. ਵਡਿਆਈ। ੭. ਸੰ. ਵਣੰਜ (वर्ण्य) ਵਣੰਨ ਕਰਨ ਯੋਗਯ. ਭਾਵ- ਸ਼ਬਦ ਦਾ ਸਿੱਧਾਂਤ ਅਰਥ "ਬਰਨ ਸਹਤ ਜੋ ਜਾਪੈ ਨਾਮੁ." (ਭੈਰ ਰਵਿਦਾਸ) ੮. ਵਣੰਨ. ਕਥਨ. ਬਯਾਨ. "ਮੁਖ ਤੇ ਨਾਹੀ ਜਾਤ ਬਰਨ." (ਸਾਰ ਮः ੫) "ਚੰਪਕ ਬਰਨਵਾਰੀ ਕਵਿਤਾ ਬਰਨਵਾਰੀ ਸੁਭ੍ਰ ਬਰਨਵਾਰੀ ਉਰ ਮੇ ਧਰਨ ਕੀ." (ਗੁਪ੍ਰਸੂ) ਚੰਬੇ ਜੇਹੇ ਰੰਗ ਵਾਲੀ, ਕਵਿਤਾ ਵਰਣਨ ਕਰਨ ਵਾਲੀ, ਉੱਤਮ ਸ਼ਕਲ ਵਾਲੀ। ੯. ਵਰੁਣ. ਜਲਪਤਿ. "ਬਰਨ ਬਾਰਿ ਨਿਤ ਭਰੇ." (ਰਾਮਾਵ)

ਬਰਨਸ: Lt. A. Burnes ਇਸ ਦਾ ਜਨਮ ਸਕਾਟਲੈਂਡ ਵਿੱਚ ਸਨ ੧੮੦੫ ਵਿੱਚ ਹੋਇਆ. ੧੭. ਵਰ੍ਹੇ ਦੀ ਉਮਰ ਵਿੱਚ ਅੰਗ੍ਰੇਜ਼ੀ ਫੌਜ ਵਿੱਚ ਨੌਕਰ ਹੋਕੇ ਹਿੰਦੁਸਤਾਨ ਆਇਆ. ਇਹ ਫਾਰਸੀ ਦਾ ਚੰਗਾ ਜਾਣੂ ਸੀ. ਸਨ ੧੮੩੧ ਵਿੱਚ ਇਹ ਇੰਗਲੈਂਡ ਦੇ ਬਾਦਸ਼ਾਹ ਵਿਲੀਅਮ ਚੌਥੇ (William IV)[864] ਵੱਲੋਂ ਸਿੰਘ ਸਾਹਿਬ ਰਣਜੀਤਸਿੰਘ ਜੀ ਲਈ ਸੁੰਦਰ ਘੋੜੇ ਭੇਟਾ ਲੈਕੇ ਆਇਆ ਅਤੇ ੨੦. ਮਈ ਨੂੰ ਮਹਾਰਾਜਾ ਦੇ ਦਰਬਾਰ ਵਿੱਚ ਲਹੌਰ ਹਾਜਿਰ ਹੋਇਆ. ਬਰਨਸ ੨੦. ਸਿਤੰਬਰ ਸਨ ੧੮੩੭ ਤੋਂ ੨੫ ਅਪ੍ਰੈਲ ੩੮ ਤਕ ਕਾਬੁਲ ਵਿੱਚ ਅੰਗ੍ਰੇਜ਼ੀ ਏਜੰਟ ਰਿਹਾ ਅਰ ਸਰ (Sir) ਪਦਵੀ ਪ੍ਰਾਪਤ ਕੀਤੀ. ੨. ਨਵੰਬਰ ਸਨ ੧੮੪੧ ਨੂੰ ਇਸ ਦਾ ਦੇਹਾਂਤ ਹੋਇਆ.

ਬਰਨਸਿੰਘ: ਫਾਜਲ ਪਿੰਡ ਦਾ ਵਸਨੀਕ ਇੱਕ ਪ੍ਰੇਮੀ, ਜਿਸ ਨੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ. ਇਹ ਧਰਮਵੀਰ ਆਨੰਦਪੁਰ ਦੇ ਜੰਗਾਂ ਵਿੱਚ ਵਡੀ ਬਹਾਦੁਰੀ ਨਾਲ ਲੜਿਆ.

ਬਰਨਥੇ: ਵਰਣਨ ਕਰਦੇ ਹਾਂ. "ਹਮ ਤੁਛ ਕਰਿ ਕਰਿ ਬਰਨਥੇ." (ਕਲਿ ਮः ੪)

ਬਰਨਨ: ਦੇਖੋ, ਬਰਣਨ. "ਮਹਿਮਾ ਨਾਮ ਕਹਾ ਲਉ ਬਰਨਉ." (ਸੋਰ ਮः ੯)

ਬਰਨਾ: ਦੇਖੋ, ਬਰਣਾ। ੨. ਜਲਣਾ. ਬਲਣਾ. ਸੜਨਾ. "ਮਰੇ ਬਰੌਂਗੀ ਜਾਇ." (ਚਰਿਤ੍ਰ ੫੨) ੩. ਵਰਣਾ. ਵਿਆਹੁਣਾ. ਵਰ

---

[864] ਇਹ ਜਾਰਜ ਤੀਜੇ (George III) ਦਾ ਤੀਜਾ ਪੁਤ੍ਰ ਸੀ ਅਤੇ ਆਪਣੇ ਭਾਈ ਜਾਰਜ ਚੌਥੇ ਦੀ ਥਾਂ ਸਨ ੧੮੩੦ ਵਿੱਚ ਇੰਗਲੈਂਡ ਦੇ ਤਖ਼ਤ ਤੇ ਬੈਠਾ ਅਤੇ ਸੱਤ ਵਰ੍ਹੇ ਰਾਜ ਕੀਤਾ.

ਧਾਰਨ ਕਰਨਾ। ੪. ਸੰਗਜ੍ਞਾ- ਇੱਕ ਪਲਾਸ ਦੀ ਜਾਤਿ ਦਾ ਬਿਰਛ ਜਿਸ ਦੇ ਪੀਲੇ ਫੁੱਲ ਲਗਦੇ ਹਨ, ਪੱਤੇ ਗੋਂਦਣੀ ਜੇਹੇ ਹੁੰਦੇ ਹਨ. ਇਸ ਦੀ ਲੱਕੜ ਬਹੁਤ ਹਲਕੀ ਹੁੰਦੀ ਹੈ.

ਬਰਨਾਵਲੀ: ਸੰਗਜ੍ਞਾ- ਵਰ੍ਣ (ਅੱਖਰਾਂ) ਦੀ ਆਵਲੀ (ਪੰਕ੍ਤਿ). ਅੱਖਰਾਂ ਦੀ ਸਤਰ। ੨. ਕਿਸੇ ਬੋਲੀ (ਭਾਸ਼ਾ) ਦੀ ਵਰਣਮਾਲਾ, ਜੈਸੇ- ਪੰਜਾਬੀ ਦੀ ਪੈਂਤੀ.

ਬਰਨੀ: ਸੰ. ਵਰਣ. ਪੂਜਨ. ਮੰਤ੍ਰਜਪ. "ਪੜ੍ਹੈਂ ਯਾਹਿ ਬਿਧਿ ਸੋਂ ਕਰੈਂ ਹੋਮ ਬਰਨੀ." (ਸਲੋਹ) ੨. ਬਰੁਨੀ. ਅੱਖ ਦੀ ਪਲਕ. "ਜਲ ਕੀ ਬੰਦੂ ਵਿਲੋਚਨ ਬਰਨੀ." (ਗੁਪ੍ਰਸੂ)

ਬਰਨੀਅਰ: T. Bernier. ਇਹ ਫ੍ਰਾਂਸ ਦਾ ਵੈਦਯ ਸਨ ੧੬੫੮ ਵਿੱਚ ਆਪਣੇ ਦੇਸ਼ ਦਾ ਏਜੈਂਟ ਹੋਕੇ ਭਾਰਤ ਵਿੱਚ ਆਇਆ. ਮੁਹੰਮਦਸ਼ਫ਼ੀ (ਦਾਨਿਸ਼ਮੰਦ ਖ਼ਾਂਨ) ਦੀ ਮਾਰਫਤ ਇਸ ਦਾ ਮੁਗਲ ਬਾਦਸ਼ਾਹ ਦੇ ਦਰਬਾਰ ਵਿੱਚ ਦਖ਼ਲ ਹੋ ਗਿਆ. ਇਸ ਨੇ ਸਨ ੧੬੬੪ ਵਿੱਚ ਔਰੰਗਜ਼ੇਬ ਨਾਲ ਕਸ਼ਮੀਰ ਦੀ ਯਾਤ੍ਰਾ ਕੀਤੀ. ਬਰਨੀਅਰ ਨੇ ਅੱਖੀਂ ਦੇਖੇ ਹਾਲ ਜੋ ਲਿਖੇ ਹਨ, ਉਹ ਪੜ੍ਹਨ ਯੋਗਯ ਹਨ. ਇਹ ਵਿਦ੍ਵਾਨ ਸਨ ੧੬੬੮ ਵਿੱਚ ਆਪਣੇ ਦੇਸ਼ ਵਾਪਿਸ ਪਹੁਚਿਆ ਅਤੇ ਸਨ ੧੬੮੮ ਵਿੱਚ ਪੈਰਿਸ ਮੋਇਆ.

ਬਰਨੇਹ: ਵਰਣਨ ਕਰਦਾ ਹੈ. ਵਰਣਨ ਕਰਦੇ ਹਾਂ.

ਬਰਨੰਗਜ: ਵਰੁਣ ਦੇਵਤਾ ਦਾ ਦੂਤ. ਵਰੁਣ ਗਣ. "ਆਇ ਪਰਜੋ ਜਲ ਮੇ ਬਰਨੰਗਜ." (ਕ੍ਰਿਸਨਾਵ)

ਬਰਫ: ਫ਼ਾ. برف ਸੰਗਜ੍ਞਾ- ਠੰਢ ਦੇ ਅਸਰ ਨਾਲ ਜਮਿਆ ਹੋਇਆ ਜਲ. ਹਿਮ. ਯਖ਼.

ਬਰਫੀ: ਸੰਗਜ੍ਞਾ- ਬਰਫ ਦੀ ਸ਼ਕਲ ਦੀ ਇੱਕ ਮਿਠਾਈ.

ਬਰਬਸ: ਕ੍ਰਿ. ਵਿ- ਜਬਰਦਸ੍ਤੀ ਸੇ. ਧੱਕੇਬਾਜ਼ੀ ਨਾਲ. ਮੱਲੋ ਜੋਰੀਂ. ਜਬਰਨ। ੨. ਬਿਨਾ ਵਸ਼, ਲਾਚਾਰ.

ਬਰਬਦ: ਫ਼ਾ. بربد ਸੰਗਜ੍ਞਾ- ਸੀਸਤਾਨ. ਸੰ- ਸ਼ਕਸ੍ਥਾਨ। ੨. ਵਿ- ਬੁਰਾਈ ਕਰਨ ਪੁਰ ਆਮਾਦਾ. ਕੁਕਰਮ ਕਰਨ ਲਈ ਤਿਆਰ. ਦੇਖੋ, ਬਦਬਰ.

ਬਰਬਰ: ਸੰ. बर्बर. ਅ਼. بربر ਅਫਰੀਕਾ ਦਾ ਉੱਤਰ ਵੱਲ ਦਾ ਇੱਕ ਭਾਗ. Barbary.

ਬਰਬਰੀ: ਬਰਬਰ ਦਾ ਵਸਨੀਕ. "ਚਲੇ ਬਰਬਰੀ ਅਰਮਨੀ." (ਕਲਕੀ) "ਬਰਬਰੀਨ ਕੋ ਜੀਤ." (ਚਰਿਤ੍ਰ ੨੧੭)

ਬਰਬਾਦ: ਫ਼ਾ. برباد ਵਿ- ਨਸ਼੍ਟ- ਤਬਾਹ.

ਬਰਬੰਡ: ਵਿ- ਬਲਵੰਤ. ਬਲਵਾਲਾ. ਜ਼ੋਰਾਵਰ. ਪ੍ਰਬਲ. "ਅਤਿਰਣ ਮੰਡੰ ਬਰਬੰਡੰ." (ਵਿਚਿਤ੍ਰ)

ਬਰਬੰਡਿਕਾ: ਬਲਵੰਤਿਕਾ. ਬਲ (ਸ਼ਕਤਿ) ਵਾਲੀ. "ਤੀਨੋ ਗਾਨੀ ਬਰਬੰਡਿਕਾ." (ਨਾਪ੍ਰ)

ਬਰਭੰਡ, ਬਰਭੰਡੁ: ਸੰ. ब्रह्माण्ड. ਬ੍ਰਹਮਾਂਡ. ਸੰਗਜ੍ਞਾ- ਬ੍ਰਹ੍ਮ ਦਾ ਅੰਡਾ. ਭੂਗੋਲ ਅਤੇ ਖਗੋਲਰੂਪ ਜਗਤ. "ਜਹਿ ਬਰਭੰਡੁ ਪਿੰਡੁ ਤਹ ਨਾਰੀ, ਰਚਨ ਹਾਰੁ ਤਹ ਨਾਰੀ." (ਗਉ ਕਬੀਰ)

ਬਰਮ: ਸੰ. ਵਰ੍ਮ. ਸੰਗਜ੍ਞਾ- ਕਵਚ. ਸੰਜੋਆ। ੨. ਅ਼. ورم ਸੰਗਜ੍ਞਾ- ਸੋਜ. ਸੂਜਨ.

ਬਰਮਣਾ: ਕ੍ਰਿ- ਵਰਮੇ ਨਾਲ ਛੇਦ ਕਰਨਾ। ੨. ਵਿੰਨ੍ਹਣਾ. ਵੇਧਨ ਕਰਨਾ. "ਇਕ ਕੋ ਬਰਮ ਦੁਏ ਤਨ ਬਰਮੈ." (ਪੰਪ੍ਰ)

ਬਰਮਣੀ: ਸੰਗਜ੍ਞਾ- ਵਰ੍ਮ (ਕਵਚ) ਧਾਰਨ ਵਾਲੀ ਸੈਨਾ. ਫੌਜ. (ਸਨਾਮਾ)

ਬਰਮਰਿ: ਸੰਗਜ੍ਞਾ- ਵਰ੍ਮ (ਕਵਚ) ਦਾ ਵੈਰੀ ਤੀਰ। ੨. ਨੇਜ਼ਾ. ਭਾਲਾ. (ਸਨਾਮਾ)

ਬਰਮਾ: ਸੰਗਜ੍ਞਾ- ਇੱਕ ਤਖਾਣਾ ਸੰਦ, ਜਿਸ ਨਾਲ ਛੇਦ ਕਰੀਦਾ ਹੈ। ੨. ਸੰ. ਵਰ੍ਮਨ੍. ਕਵਚ. "ਦੇਖ ਦਯੋ ਬਰਮਾ ਸੁਤਸੂਰਜ."

(ਕ੍ਰਿਸਨਾਵ) ੩. ਬ੍ਰਹਮਾ. ਚਤੁਰਾਨਨ. "ਗੁਰੁ ਈਸਰੁ ਗੁਰੁ ਗੋਰਖੁ ਬਰਮਾ." (ਜਪੁ) ਗੁਰੂ ਹੀ ਸ਼ਿਵ, ਗੁਰੂ ਹੀ ਵਿਸ਼ਨੁ ਅਤੇ ਗੁਰੂ ਹੀ ਬ੍ਰਹਮਾ ਹੈ। ੪. ਬ੍ਰਹ੍ਮਦੇਸ਼. ਹਿੰਦੁਸਤਾਨ ਦੀ ਪੂਰਵੀ ਹੱਦ ਉੱਪਰ ਬੰਗਾਲ ਖਾਡੀ ਦੇ ਪੂਰਵ ਅਤੇ ਆਸਾਮ ਤਥਾ ਚੀਨ ਦੇ ਦੱਖਣ ਦਾ ਇੱਕ ਪਹਾੜੀ ਦੇਸ਼. ਇਸ ਦਾ ਰਕਬਾ ੨੩੦੮੩੯ ਵਰਗਮੀਲ ਅਤੇ ਆਬਾਦੀ ੧੩, ੨੦੫, ੫੬੪ ਹੈ. ਲੋਅਰ ਬਰਮਾ ਦੀ ਰਾਜਧਾਨੀ ਰੰਗੂਨ ਅਤੇ ਅਪਰ ਦੀ ਮਾਂਡਲੇ ਹੈ. ਇਸ ਵਿੱਚ ਰਤਨਾਂ ਅਤੇ ਸੋਨੇ ਆਦਿ ਦੀਆਂ ਖਾਣਾਂ ਹਨ.

ਬਰਮਾਉ: ਵਿ- ਬ੍ਰਹਮਾ ਦੀ. "ਸੁਅਸਤਿ ਆਥਿ ਬਾਣੀ ਬਰਮਾਉ." (ਜਪੁ) ਦੇਖੋ, ਸੁਅਸਤਿ। ੨. ਬ੍ਰਹਮਾ ਦੀ ਰਚਨਾ, ਵੇਦਵਾਣੀ. ਦੇਖੋ, ਬਖੋਏ.

ਬਰਮਾਕ੍ਰਿਤ: ਦੇਖੋ, ਕ੍ਰਿਤਵਰਮਾ.

ਬਰਮੀ: ਸੰਗਯਾ- ਛੋਟਾ ਬਰਮਾ. ਤਖਾਣਾ ਸੰਦ। ੨. ਬ੍ਰਹਮ ਦੇਸ਼ ਦਾ ਵਸਨੀਕ। ੩. ਬਰਮਾ ਦੀ ਬੋਲੀ। ੪. ਸਿਉਂਕ ਦਾ ਬਣਾਇਆ ਹੋਇਆ ਖੁੱਡਦਾਰ ਮਿੱਟੀ ਦਾ ਢੇਰ. ਦੇਖੋ, ਵਰਮੀ.

ਬਰਮੌਰ: ਸੰ. ਬ੍ਰਹ੍ਮਪੁਰ. ਇਹ ਨਗਰ ਚੰਬੇ ਦੀ ਪੁਰਾਣੀ ਰਾਜਧਾਨੀ ਸੀ.

ਬਰਮੰਙਾ: ਵਰ (ਪਤਿ) ਮੰਗਣ ਵਾਲੀ ਕੰਨਯਾ. ਉਹ ਲੜਕੀ, ਜੋ ਪਤਿ ਵਰਣ ਦੀ ਇੱਛਾ ਰੱਖਦੀ ਹੈ. "ਨਵਸਾਤ ਛਡਾਇਲਈ ਬਰਮੰਙਾ." (ਕ੍ਰਿਸਨਾਵ) ਸੋਲਾਂ ਹਜ਼ਾਰ ਕਨਯਾ ਭੌਮਾਸੁਰ (ਨਰਕਾਸੁਰ) ਤੋਂ ਛੁਡਾ ਲਈਆਂ. ਕ੍ਰਿਸ਼ਨ ਜੀ ਨੇ ਭੌਮਾਸੁਰ ਦੀ ਕੈਦੋਂ ਛੁਡਾਕੇ ਇਹ ਕੰਨਯਾ ਵਰੀਆਂ ਸਨ.

ਬਰਯਾਰ: ਵਿ- ਬਲਵਾਨ. ਬਲ ਧਾਰਨ ਵਾਲਾ. "ਕੰਧ ਉਤੰਗ ਮਹਾਂ ਬਰਯਾਰ." (ਕ੍ਰਿਸਨਾਵ)

ਬਰਰਾਨਾ: ਕ੍ਰਿ- ਬੁੜ ਬੁੜ ਸ਼ਬਦ ਕਰਨਾ. ਸੁੱਤੇ ਪਏ ਅਚੇਤ ਅਵਸ੍ਥਾ ਵਿੱਚ ਬੋਲਣਾ. "ਸੋਵਤ ਸ਼ਾਹਜਹਾਂ ਬਰਰਾਯੋ." (ਚਰਿਤ੍ਰ ੮੨)

ਬਰਲ, ਬਰਲੁ: ਸੰ. ਵਾਤੁਲ. ਵਿ- ਵਾਤਦੋਸ਼ ਨਾਲ ਹੋਇਆ ਸੁਦਾਈ. ਸਿਰੜਾ. ਪਾਗਲ. "ਬਿਨ ਸਬਦੈ ਜਗ ਬਰਲਿਆ." (ਸਵਾ ਮਃ ੩) ੨. ਸੰਗਯਾ- ਸਿਰੜ. ਪਾਗਲਪਨ. "ਮਤਿ ਦੂਰ ਹੋਇ, ਬਰਲੁ ਪਵੈ ਵਿਚਿ ਆਇ." (ਮਃ ੩. ਵਾਰ ਬਿਹਾ) ੩. ਸੰ. ਵਰਲ. ਭਰਿੰਡ. ਤੰਦਈਆ. ਡੇਮੂ.

ਬਰਵਾ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਨੂਰਪੁਰ ਦਾ ਇੱਕ ਪਿੰਡ. ਦਿਲਾਵਰਖਾਂ ਦੇ ਬੇਟੇ ਦ੍ਵਾਰਾ ਇਸ ਦੇ ਲੁੱਟੇ ਜਾਣ ਦਾ ਪ੍ਰਸੰਗ ਵਿਚਿਤ੍ਰ ਨਾਟਕ ਦੇ ਦਸਵੇਂ ਅਧ੍ਯਾਯ ਵਿੱਚ ਹੈ-

"ਤਵ ਬਲ ਇਹਾਂ ਨ ਪਰ ਸਕੇ ਬਰਵਾ ਹਨਾ ਰਿਸਾਇ, ਸਾਲਨ ਰਸ ਜਿਮ ਬਾਨੀਓ ਰੋਰਨ ਖਾਤ ਬਨਾਇ।" ੨. ਇੱਕ ਛੰਦ. ਲੱਛਣ- ਦੋ ਚਰਣ, ਪ੍ਰਤਿ ਚਰਣ ੧੯. ਮਾਤ੍ਰਾ. ੧੨- ੭ ਪੁਰ ਵਿਸ਼੍ਰਾਮ. ਇਸ ਦਾ ਨਾਮ "ਧ੍ਰੁਵ" ਅਤੇ "ਨੰਦਾ" ਭੀ ਹੈ.

ਉਦਾਹਰਣ-

ਭਈ ਨ ਕੀਰਤਿ ਜਿਨ ਕੀ, ਯਾ ਜਗ ਮਾਹਿ,

ਪ੍ਰਾਣ ਚਲਤ ਹੈਂ ਯਦਯਪਿ, ਜੀਵਤ ਨਾਹਿ.

ਬਰਵੈ: ਦੇਖੋ, ਬਰਵਾ ੨.

ਬਰੜ: ਦੇਖੋ, ਬਰਲ ੨.

ਬਰੜਾ: ਦੇਖੋ, ਬਰਲ ੧.

ਬਰੜਾਉਣਾ: ਦੇਖੋ, ਬਰਰਾਨਾ. "ਨੈਨੀ ਨੀਦ ਸੁਪਨ ਬਰੜਾਇਓ." (ਗਉ ਥਿਤੀ ਮਃ ੫) "ਸੁਪਨੇ ਹੂ ਬਰੜਾਇਕੈ ਜਿਹ ਮੁਖਿ

ਨਿਕਸੈ ਰਾਮ." (ਸ. ਕਬੀਰ)

ਬਰਾ: ਵਿ- ਵਡਾ. ਬੜਾ। ੨. ਉੱਤਮ. ਸ਼੍ਰੇਸ਼੍ਠ "ਸੁੰਨਤੁ ਸੀਲੁਬੰਧਾਨਿ ਬਰਾ." (ਮਾਰੂ ਸੋਲਹੇ ਮਃ ੫) ੩. ਸੰਗਜਾ- ਬੜਾ. ਵੜਾ. ਮਹਾਂ ਦੀ ਪੀਠੀ ਦੀ ਘੀ ਅਥਵਾ ਤੇਲ ਵਿੱਚ ਪਕਾਈ ਟਿੱਕੀ. "ਪੋਏ ਸੀਖ ਬਰਾ ਭਟਿਯਾਰੇ." (ਚਰਿਤ੍ਰ ੪੦੫) "ਸੂਖਮ ਓਦਨ ਬਰੇ ਪਕੌਰੇ." (ਗੁਪ੍ਰਸੂ) ੪. ਬੱਲਾ. ਸ਼ਹਤੀਰ. "ਛਾਨ ਕੇ ਬਾਂਧਸ ਬਰੇ ਬਨਾਇ." (ਚਰਿਤ੍ਰ ੩੭) ੫. ਫ਼ਾ. برائے ਬਰਾਯ. ਕ੍ਰਿ. ਵਿ- ਵਾਸਤੇ. ਲਿਯੇ. "ਬਰਾ ਖੁਦਾਈ ਸਚ ਚਉ." (ਮਃ ੧. ਬੰਨੋ)

ਬਰਾਂ: ਫ਼ਾ. بران ਬਰ- ਆਂ. ਉਸ ਉੱਪਰ.

ਬਰਾਇ: ਦੇਖੋ, ਬਰਾ ੫.

ਬਰਾਸਾਇਆ: ਵਰ ਸਹਿਤ ਹੋਇਆ. ਫਲ ਪਾਇਆ. "ਸਾਕਤ ਤੇ ਕੋ ਨ ਬਰਾਸਾਇਆ." (ਭੈਰ ਮਃ ੫)

ਬਰਾਹ: ਸੰ. ਵਰਾਹ. ਸੰਗਜਾ ਸੂਰ। ੨. ਫ਼ਾ. براہ ਕ੍ਰਿ. ਵਿ- ਰਸਤੇ ਨਾਲ। ੩. ਦ੍ਵਾਰਾ. ਜਰੀਅ਼ਹ.

ਬਰਾਹ ਤਨ: ਸੰਗਜਾ- ਵਰਾਹ (ਸੂਰ) ਦਾ ਹੈ ਸ਼ਰੀਰ ਜਿਸ ਦਾ. ਵਰਾਹ ਅਵਤਾਰ. ਦੇਖੋ, ਖਗਤਨ। ੨. ਵਰਾਹ (ਸ਼ੂਕਰਾਵਤਾਰ) ਦਾ ਤਨਯ (ਪੁਤ੍ਰ) ਨਰਕਾਸੁਰ. ਦੇਖੋ, ਭੌਮਾਸੁਰ.

ਬਰਾਕ: ਦੇਖੋ, ਵਰਾਕ.

ਬਰਾਗਨ: ਸੰਗਜਾ- ਫਕੀਰਾਂ ਦੀ ਟਿਕਟਿਕੀ, ਜਿਸ ਪੁਰ ਬਾਹਾਂ ਰੱਖਕੇ ਬੈਠਦੇ ਹਨ. ਵੈਰਾਗਵਾਨ ਦੀ ਟਿਕਟਿਕੀ, ਜਿਸ ਦਾ ਆਕਾਰ ਇਹ T ਹੈ. "ਹਾਥ ਬਰਾਗਨ ਧਰੇ ਮਨਹੁ ਘਰ ਮਾਨ ਕੋ." (ਨਾਪ੍ਰ) ੨. ਬਰਾਗੀ ਦੀ ਇਸਤ੍ਰੀ. ਬੈਰਾਗਨ.

ਬਰਾਟ, ਬਰਾਟਕਾ: ਸੰਗਜਾ- ਕੌਡੀ. ਦੇਖੋ, ਵਰਾਟ ਅਤੇ ਵਰਾਟਕਾ. "ਇਕ ਬਰਾਟਕਾ ਕਿਨਹੁ ਨ ਦੀਨ." (ਗੁਪ੍ਰਸੂ)

ਬਰਾਂਡਾ: ਦੇਖੋ, ਬਰਾਮਦਾ.

ਬਰਾਤ: ਸੰਗਜਾ- ਵਰ ਯਾਤ੍ਰਾ. ਵਰ (ਦੁਲਹਾ) ਦੇ ਨਾਲ ਵਿਆਹ ਸਮੇਂ ਏਕਤ੍ਰ ਹੋਈ ਮੰਡਲੀ. ਜਨੇਤ। ੨. ਅ਼. برات ਸ਼ਾਹੀ ਸਨਦ। ੩. ਜਾਗੀਰ. "ਦੁਇ ਲਖ ਟਕਾ ਬਰਾਤ." (ਸਾਰ ਕਬੀਰ)

ਬਰਾਤੀ: ਸੰਗਜਾ- ਵਰ ਯਾਤੀ. ਜਨੇਤੀ. ਜਾਂਞੀ.

ਬਰਾਦਰ: ਦੇਖੋ, ਬਿਰਾਦਰ.

ਬਰਾਬਰ: ਫ਼ਾ. برابر ਵਿ- ਤੁਲ੍ਯ. ਸਮਾਨ। ੨. ਸਮ. ਹਮਵਾਰ. ਪਧਰਾ। ੩. ਠੀਕ। ੪. ਲਗਾਤਾਰ. ਨਿਰੰਤਰ.

ਬਰਾਬਰਿ, ਬਰਾਬਰੀ: ਸੰਗਜਾ- ਸਮਾਨਤਾ. ਤੁਲ੍ਯਤਾ. "ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ, ਇਹ ਹਉਮੈ ਕੀ ਢੀਠਾਈ." (ਮੂਲਾ ਮਃ ੫) ੨. ਮੁਕਾਬਲਾ. ਸਾਮ੍ਹਣਾ. "ਖਸਮੈ ਕਰੈ ਬਰਾਬਰੀ." (ਵਾਰ ਆਸਾ) ੩. ਵਿ- ਤੁਲ੍ਯ. ਸਮਾਨ. "ਭਗਤ ਬਰਾਬਰਿ ਅਉਰ ਨ ਕੋਇ." (ਬਿਲਾ ਰਵਿਦਾਸ) "ਆਪ ਬਰਾਬਰਿ ਕੰਚਨੁ ਦੀਜੈ." (ਰਾਮ ਨਾਮਦੇਵ)

ਬਰਾਮਦ: ਫ਼ਾ. برآمد ਵਿ- ਬਾਹਰ ਆਇਆ ਹੋਇਆ। ੨. ਸਾਮ੍ਹਣੇ ਆਇਆ ਹੋਇਆ। ੩. ਲੱਭਿਆ. ਨਿਕਲਿਆ। ੪. ਸੰਗਜਾ- ਆਮਦਨੀ. ਪੈਦਾਵਾਰ.

ਬਰਾਮਦਾ: ਫ਼ਾ. برآمدہ ਸੰਗਜਾ- ਮਕਾਨ ਦੇ ਅੱਗੇ ਵਧਿਆ ਹੋਇਆ ਛੱਜਾ. ਬਰਾਂਡਾ। ੨. ਵਿ- ਅੱਗੇ ਆਇਆ ਹੋਇਆ. ਵਧਿਆ ਹੋਇਆ.

ਬਰਾਯਦ: ਫ਼ਾ. برآید ਚੜ੍ਹ ਆਵੇ. ਹਮਲਾ ਕਰੇ.

ਬਰਾਯੇ: ਫ਼ਾ. براۓ ਕ੍ਰਿ. ਵਿ- ਵਾਸ੍ਤੇ. ਲਿਯੇ. ਨਿਮਿੱਤ. ਲਈ.

ਬਰਾਰ: ਵਿ- ਬਲ ਵਾਲਾ. ਬਲਵਾਨ. "ਜੇਨ ਜਿੱਤੇ ਬਰਾਰੰ." (ਪਾਰਸਾਵ) ੨. ਦੇਖੋ, ਬਰਾੜ ਅਤੇ ਬੈਰਾੜ। ੩. ਵਿਦਰਭ (Berar) ਦੇਸ਼ ਜੋ ਦੱਖਣ ਵਿੱਚ ਹੈ. ਇਹ ਨਿਜਾਮ ਹੈਦਰਾਬਾਦ ਦਾ ਇਲਾਕਾ ਸਨ ੧੯੫੩ ਤੋਂ ਅੰਗ੍ਰੇਜ਼ਾਂ ਦੇ ਅਧਿਕਾਰ ਵਿੱਚ ਹੈ. ਇਸ ਦਾ ਰਕਬਾ ੧੭੭੧੦ ਵਰਗ ਮੀਲ ਹੈ.

ਬਰਾਲ: ਸੰਗਯਾ- ਵਰੋਲਾ. ਵਾਯੁ (ਹਵਾ) ਦੀ ਗੱਠ। ੨. ਵਿ- ਵਿਕਰਾਲ. ਭਯਾਨਕ. "ਤਜੈ ਨਾਸਿਕਾ ਧੂਮ੍ਰ ਨੈਨੰ ਬਰਾਲੰ." (ਪਾਰਸਾਵ)

ਬਰਾਵੁਰਦ: ਦੇਖੋ, ਬਰ ਆਵੁਰਦ.

ਬਰਾੜ: ਬੈਰਾੜਵੰਸ਼ ਦਾ ਮੁਖੀਆ। ੨. ਦੇਖੋ, ਫੂਲਵੰਸ਼ ਅਤੇ ਬੈਰਾੜ.

ਬਰਿ: ਬੜਕੇ. ਪ੍ਰਵੇਸ਼ ਹੋਕੇ, "ਬਰਿ ਅੰਤਰਿ ਹੇਰਲਵੋ ਭਲਿਭਾਂਤਿ." (ਨਾਪ੍ਰ) ਦੇਖੋ, ਬਰ ਸ਼ਬਦ.

ਬਰਿਆਈ: ਕ੍ਰਿ- ਵਿ- ਜ਼ਬਰਦਸ੍ਤੀ ਸੇ. ਮੱਲੋ ਮੱਲੀ. "ਗਹਿਕਰ ਲੇਜਾਵਹਿ ਬਰਿਆਈ." (ਨਾਪ੍ਰ)

ਬਰਿਆਮ: ਵਰਿਆਮ. ਵੀਰਤਾਵਾਨ. ਬਹਾਦੁਰ. ਸ਼ੂਰਵੀਰ। ੨. ਫੂਲਵੰਸ਼ ਦਾ ਵਡੇਰਾ ਇੱਕ ਚੌਧਰੀ. ਦੇਖੋ, ਵਰਿਆਮ.

ਬਰਿਆਰ: ਵਿ- ਬਲਵਾਨ. "ਬੀਰ ਅਪਾਰ ਬਡੇ ਬਰਿਆਰ." (ਅਕਾਲ)

ਬਰਿਯਰ: ਸੰਗਯਾ- ਵਾਰਣ (ਹਾਥੀ) ਦਾ ਅਰਿ (ਵੈਰੀ) ਸ਼ੇਰ. (ਸਨਾਮਾ)

ਬਰਿਯਾ: ਸੰਗਯਾ- ਵਾਟਿਕਾ. ਵਾੜੀ। ੨. ਵਟਿਕਾ. ਬੜੀ। ੩. ਵਾਰੀ. ਪਾਰੀ. ਅਵਸਰ. "ਬਰਿਯਾ ਅਪਨੀ ਆਪਨੀ." (ਚਰਿਤ੍ਰ ੩੮)

ਬਰੀ: ਵਿ- ਵਡੀ. ਮਹਾਨ. "ਦੁਇ ਤੂੰ ਬਰੀ ਅਬਧ." (ਸ. ਕਬੀਰ) ਹੇ ਦ੍ਵੈਤ! ਤੂੰ ਵਡੀ ਅਵਧ੍ਯ ਹੈਂ। ੨. ਮੱਚੀ. ਪ੍ਰਜ੍ਵਲਿਤ ਹੋਈ. ਬਲੀ. "ਬੁਝੈ ਨਾ ਬੁਝਾਈ ਬਰੀ ਹੈ ਅਪਾਰਾ." (ਨਾਪ੍ਰ) "ਬਰੀ ਬਿਰਹਿ ਕੀ ਆਗ ਮੈ." (ਚਰਿਤ੍ਰ ੬੧) ੩. ਵਰੀ ਹੋਈ. ਵਿਆਹੀ ਹੋਈ. "ਦੇਹੁਰੀ ਲਉ ਬਰੀ ਨਾਰਿ ਸੰਗਿ ਭਈ." (ਸੋਰ ਕਬੀਰ) ੪. ਸੰਗਯਾ- ਵਟਿਕਾ. ਗੋਲੀ. ਵੱਟੀ. "ਭਾਂਤ ਜਰੀ ਕੀ ਬਰੀ." (ਚਰਿਤ੍ਰ ੬੧) ਜਰੀ (ਬੂਟੀ) ਦੀ ਵੱਟੀ। ੫. ਮਾਂਹ ਆਦਿ ਦੀ ਪੀਠੀ ਦੀ ਟੁੱਕੀ ਹੋਈ ਗੋਲੀ. ਬੜੀ. "ਬਰੀ ਮਸਾਲੇਦਾਰ." (ਗੁਪ੍ਰਸੂ) ੬. ਬੜੀ. ਪ੍ਰਵੇਸ਼ ਹੋਈ. ਦੇਖੋ, ਬੜਨਾ। ੭. ਵਰ (ਦੁਲਹਾ) ਵੱਲੋਂ ਦੁਲਹਨ ਲਈ ਵਿਆਹ ਸਮੇਂ ਭੇਜੀ ਹੋਈ ਪੋਸ਼ਾਕ. ਸੰ- ਵਰ੍ਤ੍ਰੀ. "ਪੁਰਾਣੀ ਆਂਦੀ ਬਰੀ ਕੁੜੇ." (ਲੋਕੋ) ੮. ਅ਼. بری ਵਿ- ਮੁਕ੍ਤ. ਦੋਸ਼ ਰਹਿਤ। ੯. ਤਨਦੁਰੁਸ੍ਤ. ਅਰੋਗ. ਨਰੋਆ.

ਬਰੀਂ: ਫ਼ਾ. بریں ਬਰ- ਈਂ. ਇਸ ਪੁਰ। ੨. ਉੱਚਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਅਰਸ਼ੇ ਬਰੀਂ (ਉੱਚਾ ਆਸਮਾਨ)

ਬਰੀਆ: ਸੰਗਯਾ- ਵਾਰੀ. ਵੇਲਾ. "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ." (ਸੋਪੁਰਖੁ) "ਨਾਨਕ ਕਹਿਤ ਮਿਲਨ ਕੀ ਬਰੀਆ." (ਸੋਰ ਮਃ ੯) ੨. ਬੜੀਆਂ. "ਬਰੀਆ ਦਧਿ ਖੀਰ ਪੁਲਾਵ ਘਨੇ." (ਗੁਵਿ ੧੦) ੩. ਵਾਰ. ਦਫ਼ਅ਼. "ਹਉ ਬਲਿ ਜਾਈ ਲਖ ਲਖ ਬਰੀਆ." (ਸੂਹੀ ਛੰਤ ਮਃ ੫) ੪. ਵਰ੍ਹੇ. ਸਾਲ "ਜਾਨਉ ਕੋਟਿ ਦਿਨਸ ਲਖ ਬਰੀਆ." (ਸਾਰ ਮਃ ੫) ੫. ਦੇਖੋ, ਵਰੀਆ.

ਬਰੀਨ: ਫ਼ਾ. برین ਵਿ- ਬਰਤਰੀਨ. ਅਤਿ ਉੱਤਮ. "ਬੀਨ ਸਨਾਇ ਬਰੀਨ ਸਜੇ." (ਸਲੋਹ)

ਬਰੁ: ਵ੍ਯ- ਚਾਹੇ. ਯਦਿ. ਭਲੇ ਹੀ ਕਦਾਚਿਤ.

ਬਰੁਣ: ਸੰਗਯਾ- ਵਰੁਣ. ਜਲਾਂ ਦਾ ਦੇਵਤਾ. ਦੇਖੋ, ਵਰੁਣ.

ਬਰੁਣਾਸਤ੍ਰ, ਬਰੁਣਾਯੁਧ: ਸੰਗਯਾ- ਵਰੁਣ ਦੇਵਤਾ ਦਾ ਸ਼ਸਤ੍ਰ, ਫਾਹੀ. ਪਾਸ਼. (ਸਨਾਮਾ)

ਬਰੁਣਾਯੁਧ ਨਾਸਨਿ: ਸੰਗਯਾ- ਵਰੁਣਾਯੁਧ (ਫਾਹੀ), ਉਸ ਦੇ ਨਾਸ਼ ਕਰਨ ਵਾਲੀ ਵਿਪਾਸ਼ (ਵਿਆਸਾ) ਨਦੀ. (ਸਨਾਮਾ)

ਬਰੁਣੀ, ਬਰੁਨੀ: ਸੰਗਯਾ- ਅੱਖ ਨੂੰ ਵਰਣ (ਢਕਣ) ਵਾਲੀ, ਪਲਕ.

ਬਰੂੰ: ਫ਼ਾ. برُوں ਕ੍ਰਿ. ਵਿ- ਬੇਰੂੰ. ਬਾਹਿਰ.

ਬਰੂਖਨ: ਦੇਖੋ, ਬੋਲ ਬਰੂਖਨ.

ਬਰੂਟਾ: ਸੰਗਯਾ- ਬੂਟਾ. ਪੇਡ। ੨. ਵਟ. ਬਰੋਟਾ.

ਬਰੂਤ: ਫ਼ਾ. برُوت ਸੰਗਯਾ- ਮੁੱਛਾਂ. "ਉਸ ਦੇ ਬਰੂਤ ਤਰਾਸ਼ੇ." (ਜਸਭਾਮ)

ਬਰੂਥ: ਦੇਖੋ, ਵਰੂਥ.

ਬਰੂਥਨਿ, ਬਰੂਥਨੀ: ਸੈਨਾ. ਫ਼ੌਜ. ਦੇਖੋ, ਵਰੂਥਿਨੀ.

ਬਰੇਖਨ: ਅਵਰੇਖਨ ਦਾ ਰੂਪਾਂਤਰ. ਦੇਖੋ, ਅਵਰੇਖਨ.

ਬਰੇਡਾ: ਮਰਾ. ਬਿਰਡੇਂ. ਸੰਗਯਾ- ਸ਼ੋਰਵਾ। ੨. ਪੀਣ ਯੋਗਯ ਪਦਾਰਥ. ਦੇਖੋ, ਅਲਉਤੀ.

ਬਰੇਂਡਾ: ਦੇਖੋ, ਬਲੇਂਡਾ.

ਬਰੇਤੀ: ਸੰਗਯਾ- ਆਬ- ਰੇਤੀ. ਪਾਣੀ ਦੇ ਵਹਾਉ ਨਾਲ ਉੱਚੀ ਹੋਈ ਹੋਈ ਰੇਤੇ ਦੀ ਢੇਰੀ.

ਬਰੇਲੀ: ਯੂ. ਪੀ. ਵਿੱਚ ਇੱਕ ਨਗਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਹੈ. ਇਸ ਨੂੰ ਬਾਂਸਬਰੇਲੀ ਭੀ ਆਖਦੇ ਹਨ.

ਬਰੋ: ਸੰਗਯਾ- ਬੱਲਾ. ਭਾਲਾ. "ਦੂਭ ਜਰ ਲਈ ਮਗਾਇ ਬਰੋ ਤਾਂਕੋ ਸੁ ਕਿਯ." (ਚਰਿਤ੍ਰ ੧੭੪) ਦੱਭ ਦੀ ਜੜ ਦਾ ਨੇਜ਼ਾ ਬਣਾਇਆ। ੨. ਫ਼ਾ. برو ਬਰ- ਓ. ਉਸ ਪੁਰ.

ਬਰੋਸਾਉਣਾ, ਬਰੋਸਾਉਨਾ: ਕ੍ਰਿ- ਵਰ ਸਹਿਤ ਹੋਣਾ. ਵਰ ਪ੍ਰਾਪਤ ਕਰਨਾ.

ਬਰੋਜਾ: ਸੰਗਯਾ- ਚੀਲ੍ਹ (ਚੀੜ੍ਹ) ਦੀ ਗੂੰਦ. ਇਹ ਅਨੇਕ ਦਵਾਈਆਂ ਵਿੱਚ ਵਰਤੀਦਾ, ਅਤੇ ਰੋਗਨਾਂ ਵਿੱਚ ਪੈਂਦਾ ਹੈ. ਸਰੰਦੇ ਸਾਰੰਗੀ ਆਦਿ ਸਾਜਾਂ ਦੇ ਗਜਾਂ ਦੇ ਵਾਲਾਂ ਨੂੰ ਲਾਈਦਾ ਹੈ.

ਬਰੋਟਾ: ਸੰਗਯਾ- ਵਟ. ਬੋਹੜ. ਵਰਗਦ.

ਬਰੋਟਾ ਸਾਹਿਬ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ ਥਾਣਾ ਆਨੰਦਪੁਰ ਵਿੱਚ "ਕੀਰਤਪੁਰ" ਤੋਂ ਇੱਕ ਮੀਲ ਉੱਤਰ ਪੱਛਮ, ਆਨੰਦੁਪਰ ਵਾਲੀ ਸੜਕ ਉੱਤੇ ਪਿੰਡ ਭਗੋਲਾ ਦੇ ਰਕਬੇ ਅੰਦਰ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਦੇ ਕੁਝ ਘੋੜੇ ਅਤੇ ਸਵਾਰ ਚੁਮਾਸੇ ਵਿੱਚ ਇੱਥੇ ਰਿਹਾ ਕਰਦੇ ਸਨ.

ਸਤਿਗੁਰੂ ਜੀ ਕਈ ਵਾਰੀਂ ਕੀਰਤਪੁਰੋਂ ਇੱਥੇ ਆਕੇ ਘੋੜਿਆਂ ਨੂੰ ਦੇਖਦੇ ਹੁੰਦੇ ਸਨ. ਗੁਰਦ੍ਵਾਰਾ ਬਣਿਆ ਹੋਇਆ ਨਹੀਂ ਹੈ, ਸਾਧਾਰਣ ਮੰਜੀ ਸਾਹਿਬ ਹੈ. ਗੁਰੂ ਜੀ ਦੇ ਸਮੇਂ ਦਾ ਇਕ ਬੋਹੜ (ਬਿਰਛ) ਹੈ, ਜਿਸ ਦਾ ਨਾਮ ਬਰੋਟਾਸਾਹਿਬ ਹੈ. ੧੯੦ ਰੁਪਯੇ ਸਾਲਾਨਾ ਰਿਆਸਤ ਪਟਿਆਲੇ ਤੋਂ ਜਾਗੀਰ ਹੈ. ਪੁਜਾਰੀ ਸਿੰਘ ਹੈ.

ਬਰੋਲਾ: ਦੇਖੋ, ਵਰੋਲਾ.

ਬਰੰਗਨ, ਬਰੰਗਨਾ, ਬਰੰਗਨੀ: ਸੰ. वराङ्गना. ਵਰਾਂਗਨਾ. ਉੱਤਮ ਅੰਗਾਂ ਵਾਲੀ ਇਸਤ੍ਰੀ। 2. ਅਪਸਰਾ. "ਰਨ ਮਾਂਝ ਮਰੈਂ, ਤਤਕਾਲ ਬਰੰਗਨ ਜਾਇ ਬਰੈਂ." (ਕ੍ਰਿਸਨਾਵ) "ਗਨ ਬਰੰਗਨਾ ਸੇਵਤ ਆਇ." (ਗੁਪ੍ਰਸੂ) ੩. ਭਾਵ- ਰਾਗਿਣੀ. "ਰਾਗ ਏਕ ਸੰਗਿ ਪੰਜ ਬਰੰਗਨ." (ਰਾਗਮਾਲਾ)

ਬਰੰਜ: ਫ਼ਾ. برنج ਵਿ- ਮੱਧਮ ਨਜਰ ਵਾਲਾ. ਅਧ ਅੰਨ੍ਹਾ। ੨. ਸੰਗਯਾ- ਇੱਕ ਪ੍ਰਕਾਰ ਦੀ ਖਜੂਰ। ੩. ਬਿਰਿੰਜ. ਚਾਵਲ। ੪. ਬੁਰਿੰਜ. ਤਾਂਬਾ.

ਬਰੰਨ: ਸੰ. ਵਰ੍‍ਣ. ਸੰਗਯਾ- ਜਾਤਿਭੇਦ. "ਚਾਰ ਆਸ੍ਰਮ ਚਾਰ ਬਰੰਨਾ." (ਦੇਵ ਮਃ ੫)

ਬਰੰਬਯੂਹ, ਬਰੰਬ੍ਰੂਹ: ਸੰ. ਵਰੰ ਵ੍ਰੂਹਿ. ਵਰ ਕਹੁ. ਵਰ ਮੰਗ. "ਬਰੰ ਬਯੂਹ ਪ੍ਰਤ੍ਰੀ ਕੋ ਕਹਾ." (ਚਰਿਤ੍ਰ ੨੫੯) ਪ੍ਰਤੀਤ ਹੁੰਦਾ ਹੈ ਲਿਖਾਰੀ ਨੇ ਵ੍ਰੂਹਿ ਦੀ ਥਾਂ ਬਯੂਹ ਲਿਖ ਦਿੱਤਾ ਹੈ.

ਬਰ੍ਹ: ਦੇਖੋ, ਬਰ੍‍ਹ.

ਬਰ੍ਹਣਾ: ਵਰ੍‍ਸ਼ਣ. ਮੀਂਹ ਪੈਣਾ.

ਬਰ੍ਹਮੌਰ: ਦੇਖੋ, ਬਿਭੌਰ। ੨. ਬਰ੍‍ਹਮੋਰ. ਮੋਰਮੁਕੁਟ.

ਬਰ੍ਹਾ: ਵਰ੍‍ਸ਼. ਸਾਲ। ੨. ਰਿਆਸਤ ਪਟਿਆਲਾ, ਨਜਾਮਤ ਸੁਨਾਮ, ਥਾਣਾ ਬੋਹਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਬੁਢਲਾਡੇ ਤੋਂ ਉੱਤਰ ਪੂਰਵ ਅਤੇ ਨਰੇਂਦ੍ਰਪੁਰੇ ਤੋਂ ਦੱਖਣ ਤਿੰਨ ਮੀਲ ਹੈ. ਇਸ ਪਿੰਡ ਤੋਂ ਪੱਛਮ ਇੱਕ ਫਰਲਾਂਗ ਪੁਰ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਇੱਥੇ ਚੌਮਾਸਾ ਠਹਿਰੇ ਹਨ. ਗੁਰਦ੍ਵਾਰਾ ਅਤੇ ਰਹਾਇਸ਼ੀ ਮਕਾਨ ਬਣੇ ਹੋਏ ਹਨ. ਨਾਲ ੨੧੦ ਘੁਮਾਉਂ ਦੇ ਕਰੀਬ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਪੁਜਾਰੀ ਸਿੰਘ ਹੈ.

ਬਰ੍ਹੀ: ਦੇਖੋ, ਬਰ੍‍ਹੀ.

ਬਰ੍ਹੇ: ਦੇਖੋ, ਬਰ੍ਹਾ ੨.

ਬੱਰ: ਅ਼. بّر ਸੰਗਯਾ- ਜੰਗਲ। ੨. ਖ਼ੁਸ਼ਕ ਜ਼ਮੀਨ। ੩. ਨੇਕ ਆਦਮੀ.

ਬਲ: ਸੰਗਯਾ- ਵਲ. ਵੱਟ. ਮਰੋੜ। ੨. ਗੁੰਝਲ. ਗੱਠ। ੩. ਸੰ. बल. ਧਾ ਜਿਉਂਦੇ ਰਹਿਣਾ, ਪਾਲਣਾ, ਰੱਛਾ ਕਰਨੀ, ਮਾਰਣਾ, ਬਿਆਨ ਕਰਨਾ। ੪. ਸੰਗਯਾ- ਤਾਕਤ. ਸ਼ਕਤਿ. "ਬਲ ਛੱਡ ਬਲ ਜਾਇ ਛਪਿਆ ਪਤਾਲ ਵਿੱਚ." (ਕਵਿ ੫੨) ੫. ਬਲਿ ਰਾਜਾ. ਦੇਖੋ, ਬਲਿ ੫। ੬. ਸੈਨਾ. ਫ਼ੌਜ. "ਜੋਗ ਭੋਗ ਸੰਜੁਤੁ ਬਲ." (ਸਵੈਯੇ ਮਃ ੪. ਕੇ) "ਪ੍ਰਬਲ ਬਲ ਲੀਨ." (ਚੰਡੀ ੧) ੭. ਵੀਰਯ। ੮. ਦੇਹ. ਸ਼ਰੀਰ। ੯. ਪੱਤਾ. ਪਤ੍ਰ। ੧੦. ਕ੍ਰਿਸ਼ਨ ਜੀ ਦਾ ਭਾਈ ਬਲਦੇਵ। ੧੧. ਵਿ- ਲਾਲ ਸੁਰਖ਼। ੧੨. ਬਲਵਾਨ। ੧੩. ਸੰਗਯਾ- ਬੱਲਮ. ਭਾਲਾ. ਦੇਖੋ, ਗਾੜ ੫। ੧੪. ਇੱਕ ਜੱਟ ਜਾਤਿ, ਜੋ ਦੁਆਬੇ ਵਿੱਚ ਵਿਸ਼ੇਸ਼ ਹੈ। ੧੫. ਦੇਖੋ, ਬਲਿ ਅਤੇ ਬਲੁ। ੧੬. ਦੇਖੋ, ਦੋਹਰੇ ਦਾ ਰੂਪ ੮। ੧੭. ਇੱਕ ਰਾਖਸ, ਜਿਸ ਨੂੰ ਇੰਦ੍ਰ ਨੇ ਮਾਰਿਆ.

ਬਲਈਆ: ਬਾਲਦਾ (ਮਚਾਉਂਦਾ) ਹੈ. ਪ੍ਰਜਲਿਤ ਕਰਦਾ ਹੈ. "ਮਨਿ ਦੀਪਕ ਗੁਰਗਿਆਨੁ ਬਲਈਆ." (ਬਿਲਾ ਅਃ ਮਃ ੪) ੨. ਦੇਖੋ, ਬਲੈਯਾਂ.

ਬਲਈਸ: ਸੰਗਯਾ- ਬਲ (ਫੌਜ) ਦਾ ਈਸ਼ (ਸ੍ਵਾਮੀ). ਫ਼ੌਜ ਦਾ ਸਰਦਾਰ. (ਸਨਾਮਾ) ੨. ਬੱਲਾ (ਸ਼ਤੀਰ) ਦਾ ਈਸ਼, ਬਿਰਛ. (ਸਨਾਮਾ) ੩. ਅਖ਼ਰੋਟ ਦਾ ਕਾਠ. "ਬਲਈਸ ਆਦਿ ਬਖਾਨ। ਪੁਨ ਬਾਸਨੀ ਪਦ ਠਾਨ." (ਸਨਾਮਾ) ਅਖ਼ਰੋਟ ਦੇ ਕੁੰਦੇ ਵਾਲੀ ਬੰਦੂਕ. ਕਾਠ ਵਿੱਚ ਨਿਵਾਸ ਕਰਨ ਵਾਲੀ.

ਬਲਹਰ: ਵਿ- ਬਲ (ਵੀਰਯ) ਦੇ ਨਾਸ਼ ਕਰਨ ਵਾਲਾ. ਦੇਖੋ, ਬਲ. "ਜੈਸੇ ਮੰਦਿਰ ਮਹਿ ਬਲਹਰ ਨਾ ਠਾਹਰੈ." (ਗੌਂਡ ਕਬੀਰ) ਦੇਹ (ਮੰਦਿਰ) ਵਿੱਚ ਵਿਸ਼ਈ ਨਹੀਂ ਠਹਿਰਦਾ. ਭਾਵ- ਜੀਵਿਤ ਨਹੀਂ ਰਹਿੰਦਾ.

**ਬਲਹਾ:** ਸੰਗਯਾ- ਬਲ ਦੈਤ ਦੇ ਮਾਰਨ ਵਾਲਾ, ਇੰਦ੍ਰ. (ਸਨਾਮਾ) ੨. ਤੀਰ. (ਸਨਾਮਾ) ੩. ਤਾਕਤ ਦੇ ਨਾਸ਼ ਕਰਨ ਵਾਲਾ, ਕਾਮ.

**ਬਲਕ:** ਸੰ. ਵਲ੍ਕ ਸੰਗਯਾ- ਬਿਰਛ ਦਾ ਛਿਲਕਾ.

**ਬਲਕਲ:** ਸੰ. ਵਲ੍ਕਲ. ਸੰਗਯਾ- ਬਿਰਛ ਦੀ ਛਿੱਲ ਦਾ ਵਸਤ੍ਰ. "ਕਿਨ ਬਲਕਲ ਲਿਯ ਕੋ ਅੰਗ ਨੰਗਾ." (ਨਾਪ੍ਰ)

**ਬਲਕਾਨ:** ਸੰ. ਵਲ੍ਗਨ. ਸੰਗਯਾ- ਕੁੱਦਣ (ਟੱਪਣ) ਦੀ ਕ੍ਰਿਯਾ. ਉਛਲਣਾ. "ਸ੍ਰੀ ਰਘੁਬੀਰ ਬਲੀ ਬਲਕਾਨੇ." (ਰਾਮਾਵ) ਛਾਲ ਮਾਰਕੇ ਅੱਗੇ ਵਧੇ.

**ਬਲਕਿ:** ਫ਼ਾ. بلکہ ਵਜ ਸਗੋਂ. ਪ੍ਰਤ੍ਯੁਤ.

**ਬਲ ਕੋ ਪੁਰ:** ਸੰਗਯਾ- ਬਲਿ ਦਾ ਨਿਵਾਸ ਅਸਥਾਨ, ਪਾਤਾਲ. ਬਲਿਦੇਸ਼.

**ਬਲਖ:** ਫ਼ਾ. بلخ ਸੰ. ਬਾਲ੍ਹੀ. Bactria ਖ਼ੁਰਾਸਾਨ (ਅਫ਼ਗਾਨੀ ਤੁਰਕਿਸਤਾਨ) ਦਾ ਇਕ ਪੁਰਾਣਾ ਸ਼ਹਿਰ. "ਬਲਖ ਬੁਖਾਰਾ ਆਦਿਕ ਸਾਰੇ." (ਗੁਪ੍ਰਸੂ)

**ਬਲਗ਼ਮ:** ਅ਼. بلغم ਸੰਗਯਾ- ਕਫ. ਸਲੇਸ਼ਮਾ. ਯੂ- Phlegma. ਅੰ Phlegm

**ਬਲਟੋਹਾ, ਬਲਟੋਹੀ:** ਜੋ ਬਲ ਨੂੰ ਟੋਹ ਲਵੇ. ਜਿਸ ਦੇ ਉਠਾਉਣ ਵਿੱਚ ਬਲ ਦੀ ਪਰੀਖਯਾ ਹੋਜਾਵੇ. ਕੁੰਡੇਦਾਰ ਦੇਗ. ਦੇਖੋ, ਬਟਲੋਹਾ.

**ਬਲਣਾ:** ਕ੍ਰਿ- ਜ੍ਵਲਨ. ਮੱਚਣਾ. ਜਲਣਾ. "ਦੀਵਾ ਬਲੈ ਅੰਧੇਰਾ ਜਾਇ." (ਮਃ ੧. ਵਾਰ ਸੂਹੀ)

**ਬਲਦ:** ਸੰ. ਸੰਗਯਾ- ਬੈਲ। ੨. ਵਿ- ਬਲ ਦੇਣ ਵਾਲਾ। ੩. ਅ਼. بلد ਸੰਗਯਾ- ਦੇਸ਼। ੪. ਨਗਰ। ੫. ਫ਼ਾ- ਰਹਨੁਮਾ। ੬. ਭੇਤੀਆ.

**ਬਲਦੀ:** ਮਚਦੀ. ਜਲਦੀ ਹੋਈ. ਦੇਖੋ, ਬਲਣਾ. "ਬਲਦੀ ਅੰਦਰਿ ਤੇਲ." (ਮਃ ੧. ਵਾਰ ਮਲਾ)

**ਬਲਦੀਜਲਿ:** ਸੰਗਯਾ- ਜਲਾਗ੍ਨਿ. ਬੜਵਾ ਅਗਨਿ. ਭਾਵ ਤ੍ਰਿਸ਼ਨਾ. "ਬਲਦੀਜਲਿ ਨਿਵਰੈ ਕਿਰਪਾ ਤੇ ਆਪੇ ਜਲਨਿਧਿ ਪਾਇਦਾ." (ਮਾਰੂ ਸੋਲਹੇ ਮਃ ੧) ੨. ਮਚਦੀ ਹੋਈ ਜ੍ਵਾਲਾ.

**ਬਲਦੇਵ:** ਕ੍ਰਿਸ਼ਨ ਜੀ ਦੇ ਵਡੇ ਭਾਈ ਬਲਭਦ੍ਰ ਜੀ. ਬਲਰਾਮ ਮੁਸ਼ਲੀ.

**ਬਲਨ, ਬਲਨਾ:** ਦੇਖੋ, ਬਲਣਾ। ੨. ਸੰਗਯਾ- ਬਾਲਣ. ਈਂਧਨ. "ਜਿਨ ਦੀਆ ਤੁਧੁ ਪਾਵਕ ਬਲਨਾ." (ਰਾਮ ਅਃ ਮਃ ੫) ੩. ਸੰ. ਵਿਲਯਨ. ਗੁਜ਼ਾਰਨਾ. ਵਿਤਾਉਣਾ. "ਬਿਨੁ ਸਿਮਰਨ ਜੋ ਜੀਵਨ ਬਲਨਾ." (ਟੋਡੀ ਮਃ ੫) "ਬਸੁਧਾ ਦੀਓ ਬਰਤਨਿ ਬਲਨਾ। ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ." (ਰਾਮ ਅਃ ਮਃ ੫) ੪. ਜ਼ਿੰਦਗੀ ਵਿਤਾਉਣੀ. "ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ." ( ਭੈਰ ਮਃ ੫) ੫. ਵਿ- ਬਲਵਾਨ. "ਅਤਿ ਬਲਨਾ ਬਹੁ ਮਰਦਨਹ." (ਸਹਸ ਮਃ ੫)

**ਬਲਨੰ:** ਸੰ. ਬਲਿਨ੍. ਵਿ- ਬਲਵਾਨ. "ਖੀਣੰਤ ਬਲਨੰ." (ਸਹਸ ਮਃ ੫) ੨. ਸੰਗਯਾ- ਬਲ. ਤਾਕਤ.

**ਬਲਬੀਰ:** ਦੇਖੋ, ਭੁਜਬਲਬੀਰ। ੨. ਸੰਗਯਾ- ਬਲ (ਬਲਭਦ੍ਰ) ਦਾ ਬੀਰ (ਭਾਈ) ਸ੍ਰੀ ਕ੍ਰਿਸ਼ਨ। ੩. ਕਨੈਤਾਂ ਦੀ ਇੱਕ ਜਾਤਿ.

**ਬਲਬੀਰਸਿੰਘ:** ਦਾਦਰੀ ਦੇ ਚੌਧਰੀ ਜਵਾਹਰਸਿੰਘ ਦੀ ਪੁਤ੍ਰੀ ਪ੍ਰਤਾਪਕੌਰ ਦੇ ਉਦਰ ਤੋਂ ਰਾਜਾ ਰਘੁਬੀਰਸਿੰਘ ਜੀ ਦਾ ਪੁਤ ਅਤੇ ਵਰਤਮਾਨ ਮਹਾਰਾਜਾ ਰਣਬੀਰ ਸਿੰਘ ਜੀ ਦਾ ਪਿਤਾ. ਇਸ ਦਾ ਜਨਮ ੩੦ ਨਵੰਬਰ ਸਨ ੧੯੫੬, ਅਤੇ ਦੇਹਾਂਤ ਚੇਚਕ ਦੀ ਬੀਮਾਰੀ ਨਾਲ ੨੦. ਨਵੰਬਰ ਸਨ ੧੯੯੩ ਨੂੰ ਸੰਗਰੂਰ ਹੋਇਆ। ੨. ਫਰੀਦਕੋਟ ਦਾ ਰਾਜਾ. ਦੇਖੋ, ਫਰੀਦਕੋਟ.

**ਬਲਬੰਚ, ਬਲਬੰਚੁ:** ਸੰਗਜਾ- ਤ਼ਾਕ਼ਤ ਅਤੇ ਵੰਚਨ (ਠਗਣ) ਦੀ ਕ੍ਰਿਯਾ. ਜ਼ਬਰਦਸਤੀ ਅਤੇ ਠੱਗੀ. "ਸਭ ਮਿਥਿਆ ਬਲਬੰਚੁ." (ਗਉ ਥਿਤੀ ਮਃ ੫) ੨. ਜ਼ੋਰ ਨਾਲ ਖੋਹਣ ਦੀ ਕ੍ਰਿਯਾ. ਡਕੈਤੀ "ਬਲਬੰਚ ਛਪਿ ਕਰਤ ਉਪਾਵਾ." (ਸਵੈਯੇ ਸ੍ਰੀ ਮੁਖਵਾਕ ਮਃ ੫) ੩. ਬਲ ਛਲ.

**ਬਲਬੰਡ:** ਵਿ- ਬਲਵੰਤ. "ਬਲਵੰਡ ਬਡੇ ਭੁਜਦੰਡ ਪ੍ਰਚੰਡ." (ਨਾਪ੍ਰ) ੨. ਦੇਖੋ, ਬਲਵੰਡ.

**ਬਲਭ:** ਦੇਖੋ, ਬੱਲਭ.

**ਬਲਭਦ੍ਰ:** ਬਲਰਾਮ. ਕ੍ਰਿਸ਼ਨ ਜੀ ਦਾ ਵਡਾ ਭਾਈ. "ਕ੍ਰਿਸ਼ਨ ਬਲਭਦ੍ਰ ਗੁਰਪਗ ਲਗਿ ਧਿਆਵੈ." (ਗਉ ਮਃ ੪)

**ਬਲਭਾ:** ਦੇਖੋ, ਬੱਲਭਾ.

**ਬਲਮ:** ਵਿ- ਵੱਲਭ. ਪਜਾਰਾ। ੨. ਦੇਖੋ, ਬੱਲਮ.

**ਬਲਮੀਕ:** ਸੰ. ਵਲਮੀਕ. ਸੰਗਜਾ- ਵਰਮੀ. ਸਿਉਂਕ (ਦੀਮਕ) ਦੀ ਬਣਾਈ ਹੋਈ ਮਿੱਟੀ ਦੀ ਉੱਚੀ ਢੇਰੀ.

**ਬਲਰਾਮ:** ਜੋ ਬਲ ਨਾਲ ਖੇਲ ਕਰਦਾ ਹੈ, ਕ੍ਰਿਸ਼ਨ ਜੀ ਦਾ ਵਡਾ ਭਾਈ ਬਲਭਦ੍ਰ ਬਲਦੇਵ ਸੰਕਰ੍ਸ਼ਣ। ੨. ਦੇਖੋ, ਬਲਿਰਾਮ.

**ਬਲਲ, ਬਲਲਿ:** ਸੰ. वल्वल. ਵਲ੍ਵਲ. ਇਲ੍ਵਲ ਦਾ ਪੁਤ੍ਰ. ਜੋ ਰਿਖੀਆਂ ਨੂੰ ਦੁਖ ਦੇਣ ਵਾਲਾ ਦੈਤ ਸੀ. ਇਸ ਨੂੰ ਬਲਭਦ੍ਰ ਨੇ ਮਾਰਿਆ. ਦੇਖੋ, ਭਾਗਵਤ ਸਕੰਧ ੧੦. ਅਃ ੧੯. "ਬਲਲਿ ਨਾਮ ਹਲਧਰ ਤਿਹ ਮਾਰੋ." (ਕ੍ਰਿਸਨਾਵ)

**ਬਲਲੇ:** ਬਲਿਹਾਰ ਗਏ, ਕੁਰਬਾਨ ਹੋਏ. "ਹਮ ਜਨ ਕੈ ਬਲਿ ਬਲਲੇ." (ਨਟ ਮਃ ੪) ੨. ਬਲੈਯਾਂ ਲੈਨੇ ਹਾਂ. ਦੇਖੋ, ਬਲਾਇ ਲੇਨਾ.

**ਬਲਵਾ:** ਅ਼. بلوا ਸੰਗਜਾ- ਦੰਗਾ। ੨. ਬਗ਼ਾਵਤ. ਵਿਦ੍ਰੋਹ। ੩. ਬਲਾ. ਮੁਸੀਬਤ. ਆਫ਼ਤ.

**ਬਲਵਾਨ:** ਵਿ- ਬਲ ਵਾਲਾ. ਤਾਕਤਵਰ.

**ਬਲਵੰਚਕ, ਬਲਵੰਚੀਆ:** ਵਿ- ਬਲ ਨਾਲ ਠੱਗਣ ਵਾਲਾ. ਜ਼ੋਰ ਨਾਲ ਖੋਹਣ ਵਾਲਾ. "ਹਮ ਪਾਪੀ ਬਲਵੰਚੀਆ." (ਬਿਹਾ ਛੰਤ ਮਃ ੪) ੨. ਸੰਗਜਾ- ਡਾਕੂ। ੩. ਬਲ ਛਲ ਕਰਨ ਵਾਲਾ.

**ਬਲਵੰਡ:** ਸ਼੍ਰੀ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦਾ ਰਬਾਬੀ, ਜੋ ਸੱਤੇ ਨਾਲ ਮਿਲਕੇ ਕੀਰਤਨ ਕਰਦਾ ਸੀ. ਭਾਈ ਸੰਤੋਖਸਿੰਘ ਨੇ ਬਲਵੰਡ ਤੇ ਸੱਤਾ ਭਾਈ ਲਿਖੇ ਹਨ. ਯਥਾ- "ਹੁਤੋ ਡੂਮ ਬਲਵੰਡ ਮਹਾਨਾ। ਸੱਤਾ ਤਿਸ ਕੋ ਅਨੁਜ ਸੁਜਾਨਾ." (ਗੁਪ੍ਰਸੂ ਰਾਸਿ ੩. ਅਃ ੪੩) ਪਰ ਬਾਵਾ ਕ੍ਰਿਪਾਲਸਿੰਘ ਭੱਲਾ ਕ੍ਰਿਤ "ਮਹਿਮਾਪ੍ਰਕਾਸ਼." ਜੋ ਸੰਮਤ ੧੮੫੭ ਵਿੱਚ ਲਿਖਿਆ ਗਿਆ ਹੈ. ਸੱਤੇ ਨੂੰ ਬਲਵੰਡ ਦਾ ਪੁਤ੍ਰ ਪ੍ਰਗਟ ਕਰਦਾ ਹੈ, ਯਥਾ- "ਬਲਵੰਡ ਪੁਤ੍ਰ ਸੱਤਾ ਤਹਿ ਆਇ। ਆਨ ਹਜੂਰ ਰਬਾਬ ਵਜਾਇ." ਦੇਖੋ, ਲੱਧਾ ਭਾਈ. "ਬਲਵੰਡ ਖੀਵੀ ਨੇਕ ਜਨ." (ਵਾਰ ਰਾਮ ੩) ੨. ਵਿ- ਬਲਵੰਤ. ਤ਼ਾਕਤ਼ਵਰ.

**ਬਲਵੰਡਖ਼ਾਂ:** ਮੁਗਲਪਤਿ ਸ਼ਾਹਜਹਾਂ ਦੀ ਸੈਨਾ ਦਾ ਸਰਦਾਰ, ਜੋ ਹਰਿਗੋਬਿੰਦਪੁਰ ਦੇ ਜੰਗ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਲੜਿਆ. ਇਸ ਨੂੰ ਭਾਈ ਕਲਜਾਨੇ ਨੇ ਮਾਰਿਆ. ਭਾਈ ਕਲਜਾਨਾ ਭੀ ਇਸੇ ਜੰਗ ਵਿੱਚ ਸ਼ਹੀਦ ਹੋਇਆ.

**ਬਲਵੰਡਿ:** ਬਲਵੰਡ ਨੇ. "ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ." (ਵਾਰ ਰਾਮ ੩) ੨. ਬਲਵਾਨਾਂ (ਬਲਵਾਨੋਂ) ਨੇ.

**ਬਲਵੰਤ:** ਵਿ- ਬਲ ਵਾਲਾ. ਤ਼ਾਕਤ਼ਵਰ.

**ਬਲਵੰਤਕਾਰੀ:** ਸੰ. बलवन्तकारिन्. ਜ਼ੋਰ ਨਾਲ ਪੁਕਾਰਨ ਵਾਲਾ. ਭਾਵ- ਹੰਕਾਰ ਭਰੀ ਆਵਾਜ਼ ਨਾਲ ਨੌਕਰਾਂ ਨੂੰ ਸੱਦਣ ਵਾਲਾ. "ਬਹੁ ਜਤਨ ਕਰਤਾ ਬਲਵੰਤਕਾਰੀ." (ਸਹਸ ਮਃ ੫)

ਬਲਵੰਤਿ: ਵਿ- ਬਲ਼ਵਤਿ. ਜ਼ੋਰ ਵਾਲੀ. "ਬਲਵੰਤਿ ਬਿਆਪਿਰਹੀ ਸਭ ਮਹੀ." (ਗੂਜ ਮਃ ੫) ਪ੍ਰਬਲ ਮਾਇਆ ਵਿਆਪ ਰਹੀ ਹੈ.

ਬਲ ਵ੍ਰਿਤ ਨਿਸਚਹਾ: ਦੇਖੋ, ਨਿਸਚਹਾ.

ਬਲਾ: ਸੰ. ਸੰਗਜਾ- ਪ੍ਰਬਲ ਅਸਰ ਕਰਨ ਵਾਲੀ ਦਵਾਈ. ਇਸ ਨਾਮ ਦੀ ਇੱਕ ਬੂਟੀ. ਜਿਸ ਦਾ ਪ੍ਰਸਿੱਧ ਨਾਮ "ਖਰੈਟੀ" ਹੈ. ਇਸ ਦੀ ਤਾਸੀਰ ਸਰਦ ਖ਼ੁਸ਼ਕ ਹੈ. ਇਹ ਪੱਠਿਆਂ ਨੂੰ ਮਜਬੂਤ ਕਰਦੀ ਅਤੇ ਪੇਸ਼ਾਬ ਦੀ ਬੀਮਾਰੀਆਂ ਹਟਾਉਂਦੀ ਹੈ. ਖ਼ੂਨੀ ਬਵਾਸੀਰ ਵਿੱਚ ਵਰਤਣੀ ਬਹੁਤ ਗੁਣਕਾਰੀ ਹੈ. L. Siza Cordifolia ੨. ਤੰਤ੍ਰਸ਼ਾਸਤ੍ਰ ਅਨੁਸਾਰ ਇੱਕ ਵਿਦਜਾ, ਜਿਸ ਦਾ ਸਾਧਨ ਕਰਕੇ ਜੰਗ ਵਿੱਚ ਭੁੱਖ ਤੇਹ ਨਹੀਂ ਲਗਦੀ. ਵਿਸ਼੍ਵਾਮਿਤ੍ਰ ਨੇ ਬਲਾ ਅਤੇ ਅਤਿਬਲਾ ਵਿਦਜਾ ਰਾਮਚੰਦ੍ਰ ਜੀ ਨੂੰ ਸਿਖਾਈ ਸੀ। ੩. ਪ੍ਰਿਥਿਵੀ। ੪. ਲਖ਼ਮੀ. ਲੱਛਮੀ। ੫. ਦਕ੍ਸ਼ ਦੀ ਇੱਕ ਕੰਨਜਾ। ੬. ਅ਼. بلا ਆਫ਼ਤ. ਵਿਪਦਾ। ੭. ਦੁੱਖ। ੮. ਭੂਤ ਪ੍ਰੇਤ ਦੀ ਪੀੜਾ। ੯. ਬੀਮਾਰੀ। ੧੦. ਦੇਖੋ, ਬੱਲਾ.

ਬਲਾਉ: ਸੰਗਜਾ- ਵਲ (ਛਲ) ਦਾ ਬਹਾਨਾ। ੨. ਪੇਚਦਾਰ ਖ਼ਿਆਲ. ਕਪਟ ਦੀ ਗੋਂਦ. "ਹਿਰਦੈ ਬਲਾਉ ਅਰੁ ਨੈਨ ਬਗਧਜਾਨੀ ਪ੍ਰਾਨੀ." (ਭਾਗੁ ਕ)

ਬਲਾਇ: ਦੇਖੋ, ਬਲਾ ੬, ੭. "ਮਨ ਤਨ ਕੀ ਸਭ ਮਿਟੈ ਬਲਾਇ." (ਗੌਂਡ ਮਃ ੫)

"ਓਨਾ ਅੰਤਰਿ ਕ੍ਰੋਧ ਬਲਾਇ." (ਸ੍ਰੀ ਮਃ ੪) ੨. ਸੰ. ਵਿਲਯ. ਵਿ- ਲੀਨ. ਨਸ਼੍ਟ. "ਹਉ ਗਈ ਬਲਾਏ." (ਮਾਝ ਮਃ ੫) ਹੌਮੈਂ ਨਾਸ਼ ਹੋ ਗਈ. ਅਥਵਾ- ਹੌਮੈ ਰੂਪ ਬਲਾ ਚਲੀ ਗਈ.

ਬਲਾਇਆ: ਬਲਨ (ਜ੍ਵਲਨ) ਕਰਾਇਆ. ਮਚਾਇਆ. ਪ੍ਰਜ੍ਵਲਿਤ ਕੀਤਾ. "ਗਿਆਨ ਪ੍ਰਚੰਡ ਬਲਾਇਆ ਅਗਿਆਨ ਅੰਧੇਰਾ ਜਾਇ." (ਸ੍ਰੀ ਮਃ ੩)

ਬਲਾਇ ਲੇਨਾ, ਬਲਾਇ ਲੈਣੀ: ਕ੍ਰਿ- ਬਲੈਯਾਂ ਲੇਨਾ. ਕਿਸੇ ਦੀ ਬਲਾ (ਆਫ਼ਤ), ਪ੍ਰੇਮਭਾਵ ਨਾਲ ਆਪਣੇ ਉੱਪਰ ਲੈ ਕੇ ਪਜਾਰੇ ਦੀ ਮੰਗਲਕਾਮਨਾ ਕਰਨੀ. ਇਸ ਸੰਬੰਧ ਵਿੱਚ ਦੇਖੋ, ਬਾਦਸ਼ਾਹ ਬਾਬਰ ਦੀ ਕਥਾ ਜਦ ਉਸ ਨੇ ਆਪਣੇ ਪੁਤ੍ਰ ਹੁਮਾਯੂੰ ਦੀ ਬੀਮਾਰੀ ਆਪਣੇ ਤੇ ਲੈਣ ਲਈ ਤਿੰਨ ਵਾਰੀ ਚੌਫੇਰੇ ਫਿਰਕੇ ਪ੍ਰਗਟ ਕੀਤਾ ਸੀ ਕਿ ਸਾਰੀ ਬਲਾ ਮੈਂ ਆਪਣੇ ਤੇ ਲੈ ਲਈ ਹੈ. ਇਤਿਹਾਸ ਵਿੱਚ ਲਿਖਿਆ ਹੈ ਕਿ ਉਸੇ ਸਮੇਂ ਤੋਂ ਹੁਮਾਯੂੰ ਰਾਜੀ ਹੋਣ ਲੱਗਾ ਅਤੇ ਬਾਬਰ ਦੀ ਤਬੀਯਤ ਘਟਣ ਲੱਗੀ.

ਬਲਾਈ: ਦੇਖੋ, ਬਲਾ ੬, ੭. "ਸੁਨਤ ਜਪਤ ਹਰਿਨਾਮ ਜਸ ਤਾਕੀ ਦੂਰਿ ਬਲਾਈ." (ਬਿਲਾ ਮਃ ੫)

ਬਲਾਈ ਲੇਨਾ: ਦੇਖੋ, ਬਲਾਇ ਲੇਨਾ.

ਬਲਾਏ: ਵਿਲਯਨ ਕਰੇ. ਵਿਤਾਏ. ਗੁਜਾਰੇ. "ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ?" (ਧਨਾ ਨਾਮਦੇਵ) ਮ੍ਰਿਕੰਡੁ ਰਿਖਿ ਦੇ ਪੁਤ੍ਰ ਮਾਰਕੰਡੇਯ ਤੋਂ ਵਡੀ ਉਮਰ ਵਾਲਾ ਕੌਣ ਹੈ. ਜਿਸ ਨੇ ਸਿਰ ਪੁਰ ਕੱਖ ਰੱਖਕੇ ਹੀ ਦਿਨ ਗੁਜ਼ਾਰ ਦਿੱਤੇ.

ਬਲਾਸਪੁਰ: ਦੇਖੋ, ਗੋਲਪੁਰਾ। ੨. ਦੇਖੋ, ਬਿਲਾਸਪੁਰ.

ਬਲਾਹਕ: ਸੰ. ਵਲਾਹਕ ਅਤੇ ਬਲਾਹਕ ਦੋਵੇਂ ਸ਼ਬਦ ਸੰਸਕ੍ਰਿਤ ਹਨ. ਅਰਥਾਂ ਵਿੱਚ ਇਹ ਭੇਦ ਹੈ- ਜੋ ਕੰਬਦਾ ਨਹੀਂ ਉਹ ਬਲਾਹਕ, ਜੋ ਵਾਰਿਜਲ ਉਠਾਉਂਦਾ ਹੈ ਉਹ ਵਲਾਹਕ। ੨. ਸੰਗਜਾ- ਮੇਘ. ਬੱਦਲ. "ਤੋਕਕ ਕੇਕਿ ਜਿ ਭੇਕ ਅਨੇਕ ਬਲਾਹਕ ਕੇ ਬਿਨ ਨਾ ਹਰਖਾਏ." (ਨਾਪ੍ਰ) ਚਾਤਕ, ਮੋਰ ਅਤੇ ਡੱਡੂ, ਮੇਘ ਬਿਨਾ ਨਾ ਹਰਖਾਏ। ੩. ਕ੍ਰਿਸ਼ਨ ਜੀ ਦੇ ਰਥ ਦਾ ਇੱਕ ਘੋੜਾ। ੪. ਇੱਕ ਦੈਤ.

ਬਲਾਕਾ: ਸੰ. ਸੰਗਜਾ- ਬਗੁਲੇ ਦੀ ਮਦੀਨ. ਬਗਲੀ. ਵਕੀ। ੨. ਬਗਲਿਆਂ ਦੀ ਡਾਰ.

ਬਲਾਚੌਰ: ਦੇਖੋ, ਅਗੰਮਪੁਰਾ.

**ਬਲਾਤਕਾਰ:** ਸੰ. ਬਲਾਤ੍ਕਾਰ. ਸੰਗਯਾ- ਜ਼ਬਰਦਸ੍ਤੀ ਨਾਲ ਕੰਮ ਕਰਨ ਦੀ ਕ੍ਰਿਯਾ। ੨. ਅਨ੍ਯਾਯ. ਧੱਕਾ. "ਬਲਵੰਤ ਬਲਾਤਕਾਰਣਹ." (ਸਹਸ ਮਃ ੫) ੩. ਕ੍ਰਿ. ਵਿ- ਮੱਲੋਜ਼ੋਰੀ. ਧੱਕੇ ਨਾਲ.

**ਬਲਾਨੁਜ:** ਬਲਰਾਮ ਦਾ ਛੋਟਾ ਭਾਈ ਸ਼੍ਰੀ ਕ੍ਰਿਸ਼ਨ.

**ਬਲਾਰੀ:** ਸੰਗਯਾ- ਬਲ- ਅਰਿ. ਬਲ ਦੈਤ ਦੇ ਮਾਰਨ ਵਾਲਾ ਇੰਦ੍ਰ। ੨. ਵਿ- ਬਲ- ਵਾਰੀ. ਜ਼ੋਰਾਵਰ. "ਬੀਸ ਸਾਹਸ੍ਰ ਸੈਨਾ ਬਲਾਰੀ." (ਗੁਵਿ ੬)

**ਬਲਿ:** ਸੰ. ਸੰਗਯਾ- ਰਾਜਕਰ. ਮਹਿਸੂਲ (ਮੁਆਮਲਾ), ਜੋ ਜ਼ਮੀਨ ਪੁਰ ਲਗਾਇਆ ਜਾਂਦਾ ਹੈ। ੨. ਭੇਟਾ. ਉਪਹਾਰ. "ਤੇ ਭੀ ਬਲਿ ਪੂਜਾ ਉਰਝਾਏ." (ਵਿਚਿਤ੍ਰ) ੩. ਦੇਵਤਾ ਨੂੰ ਅਰਪਨ ਕੀਤਾ ਪਸ਼ੂ ਅਥਵਾ ਅੰਨ। ੪. ਕੁਰਬਾਨ. ਬਲਿਹਾਰ. "ਬਲਿਜਾਇ ਨਾਨਕ ਸਦਾ ਕਰਤੇ." (ਰਾਮ ਛੰਤ ਮਃ ੫) ਦੇਖੋ, ਬਲਿਦਾਨ। ੫. ਪ੍ਰਹਲਾਦ ਦਾ ਪੋਤਾ ਵਿਰੋਚਨ ਦਾ ਪੁਤ੍ਰ, ਜੋ ਵਿੰਧ੍ਯਾ ਵਲੀ ਦੇ ਉਦਰ ਤੋਂ ਪੈਦਾ ਹੋਇਆ. ਇਹ ਐਸਾ ਪ੍ਰਤਾਪੀ ਸੀ ਕਿ ਇੰਦ੍ਰ ਨੂੰ ਜਿੱਤਕੇ ਤਿੰਨ ਲੋਕਾਂ ਵਿੱਚ ਇਸ ਨੇ ਆਪਣਾ ਰਾਜਾ ਥਾਪਿਆ. ਦੇਵਤਿਆਂ ਦੇ ਆਖੇ ਵਿਸ਼ਨੁ ਨੇ ਬਲਿ ਨੂੰ ਛਲਣ ਲਈ ਵਾਮਨ ਅਵਤਾਰ ਧਾਰਿਆ ਅਰ ਬਲਿ ਤੋਂ ਢਾਈ ਅਤਵਾ ਤਿੰਨ ਕਦਮ ਜ਼ਮੀਨ ਮੰਗੀ. ਬਲਿ ਨੇ ਦੈਤਗੁਰੁ ਸ਼ੁਕ੍ਰ ਦੇ ਵਰਜਣ ਪੁਰ ਭੀ ਜ਼ਮੀਨ ਦਾ ਸੰਕਲਪ ਵਾਮਨ ਨੂੰ ਦੇ ਦਿੱਤਾ. ਵਾਮਨ ਨੇ ਆਪਣਾ ਸ਼ਰੀਰ ਵਧਾਕੇ ਦੋ ਕਦਮ ਨਾਲ ਪ੍ਰਿਥਿਵੀ ਅਤੇ ਆਕਾਸ਼ ਮਿਣ ਲਏ, ਤੀਜੇ ਕਦਮ ਵਿੱਚ ਬਲਿ ਦਾ ਸ਼ਰੀਰ ਲੈ ਲਿਆ. ਵਿਸ਼ਨੁ ਨੇ ਇਸ ਦੀ ਭਗਤੀ ਦੇਖਕੇ ਬਲਿ ਨੂੰ ਪਾਤਾਲ ਦਾ ਰਾਜਾ ਥਾਪਿਆ ਅਤੇ ਉਸ ਦੀ ਬੇਨਤੀ ਅਨੁਸਾਰ ਉਸ ਦਾ ਦ੍ਵਾਰਪਾਲ ਹੋਕੇ ਰਹਿਣਾ ਅੰਗੀਕਾਰ ਕੀਤਾ. "ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ." (ਮਾਰੂ) ੬. ਦੇਖੋ, ਬਲੀ। ੭. ਸ਼ਸਤ੍ਰਨਾਮਮਾਲਾ ਵਿੱਚ ਹਾਥੀ ਦਾ ਨਾਮ ਭੀ ਬਲਿ ਹੈ. ਦੇਖੋ, ਬਲਿਅਰਿ। ੮. ਦੇਖੋ, ਵਲਿ। ੯. ਕ੍ਰਿ. ਵਿ- ਬਲ ਕਰਕੇ. ਸ਼ਕਤਿ ਨਾਮ. "ਤਿਤੁ ਬਲਿ ਰੋਗੁ ਨ ਬਿਆਪੈ ਕੋਈ." (ਗਉ ਮਃ ੫)

**ਬਲਿਓ:** ਬਲਿਆ. ਜ੍ਵਲਨ ਹੋਇਆ. "ਬਲਿਓ ਚਰਾਗ ਅੰਧ੍ਯਾਰ ਮਹਿ." (ਸਵੈਯੇ ਮਃ ੫. ਕੇ)

**ਬਲਿਅਰਿ:** ਸੰਗਯਾ- ਬਲਿ (ਹਾਥੀ) ਦਾ ਵੈਰੀ ਸ਼ੇਰ. (ਸਨਾਮਾ)

**ਬਲਿਆ:** ਦੇਖੋ, ਬਲਿਓ. "ਗਿਆਨ ਬਲਿਆ ਘਟਿ ਚਾਨਣੁ." (ਆਸਾ ਛੰਤ ਮਃ ੪)

**ਬਲਿਸਟ, ਬਲਿਸ੍ਟ:** ਸੰ. ਬਲਿਸ਼੍ਠ. ਵਿ- ਅਤਿ ਬਲਵਾਨ. ਮਹਾਬਲੀ. "ਬਲਿਸਟ ਦਲਦੁਸਟ ਨਿਕੰਦਨ." (ਗ੍ਯਾਨ)

**ਬਲਿਸਤ:** ਗਿੱਠ ਦੇਖੋ, ਬਾਲਿਸ਼੍ਤ.

**ਬਲਿਹਰੀਐ:** ਬਲਿਹਾਰ (ਕੁਰਬਾਨ) ਹੋਈਏ. "ਦਰਸਨ ਕਉ ਬਲਿਹਰੀਐ." (ਗਉ ਮਃ ੫) ੨. ਬਲਿਹਾਰ ਹੈ.

**ਬਲਿਹਾ:** ਸੰਗਯਾ- ਬਲਵਾਨ ਦੇ ਮਾਰਨ ਵਾਲਾ ਤੀਰ. (ਸਨਾਮਾ)

**ਬਲਿਹਾਰ, ਬਲਿਹਾਰਣੇ, ਬਲਿਹਾਰੀ:** ਸੰਗਯਾ- ਬਲਿ (ਕੁਰਬਾਨੀ) ਲੈ ਜਾਣ ਦੀ ਕ੍ਰਿਯਾ. ਨਿਛਾਵਰ ਹੋਣ ਦੀ ਕ੍ਰਿਯਾ. "ਬਲਿਹਾਰੀ ਗੁਰ ਆਪਣੇ." (ਵਾਰੀਂ ਆਸਾ)

**ਬਲਿਗਈਏ:** ਜਲੀ ਹੋਈਏ. ਸੜਜਾਣ ਵਾਲੀਏ. "ਸ੍ਰੀ ਗੋਪਾਲ ਨ ਉਚਰਹਿ, ਬਲਿਗਈਏ ਦੁਹਚਾਰਣਿ ਰਸਨਾ." (ਬਿਲਾ ਛੰਤ ਮਃ ੫) ੨. ਕੁਰਬਾਨ ਹੋਈਏ ਨਿਛਾਵਰ ਹੋ ਜਾਣ ਵਾਲੀਏ.

**ਬਲਿਤ:** ਸੰ. ਵਲਿਤ. ਵਿ- ਲਪੇਟਿਆ ਹੋਇਆ. ਘਿਰਿਆ ਹੋਇਆ. "ਕਲਿ ਕਲਮਲ ਬਲ ਬਲਿਤ." (ਨਾਪ੍ਰ)

**ਬਲਿਦਾਨ:** ਸੰਗਯਾ- ਦੇਵਤਾ ਅੱਗੇ ਅੰਨ ਆਦਿ ਸਾਮਗ੍ਰੀ ਅਰਪਣ ਦੀ ਕ੍ਰਿਯਾ। ੨. ਈਸ਼੍ਵਰ ਅਥਵਾ ਕਿਸੇ ਦੇਵਤਾ ਦੇ ਨਿਮਿੱਤ ਪਸ਼ੁ ਦੀ ਕੁਰਬਾਨੀ ਕਰਨੀ. ਬਲਿਦਾਨ ਦੀ ਰੀਤਿ ਬਹੁਤ ਪੁਰਾਣੀ ਹੈ. ਵੇਦਾਂ ਦੇ ਸਮੇਂ ਇਸ ਦਾ ਵਡਾ ਪ੍ਰਚਾਰ ਸੀ. ਯਜੁਰਵੇਦ ਦੇਖਣ ਤੋਂ ਪਤਾ ਲਗਦਾ ਹੈ ਕਿ ਦੇਵਤਿਆਂ ਦੀ ਪ੍ਰਸੰਨਤਾ ਲਾਭ ਕਰਨ ਲਈ ਜੀਵਾਂ ਦੀ ਕੁਰਬਾਨੀ ਕੀਤੀ ਜਾਂਦੀ ਸੀ. ਰਾਮਾਯਣ

ਅਤੇ ਮਹਾਭਾਰਤ ਆਦਿ ਗ੍ਰੰਥਾਂ ਵਿੱਚ ਭੀ ਇਸ ਬਾਬਤ ਅਨੰਤ ਲੇਖ ਹਨ. ਬਾਈਬਲ ਅਤੇ ਕੁਰਾਨ ਵਿੱਚ ਭੀ ਬਲਿਦਾਨ ਦਾ ਅਨੇਕ ਥਾਂ ਜਿਕਰ ਹੈ. ਦੇਖੋ, Numbers ਕਾਂਡ ੨੮, ਆਯਤ ੪, ੫. ਕਾਂਡ ੨੯, ਆਯਤ ੩, ੪, ੫, ੬. ਅਤੇ ਕੁਰਾਨ ਸੂਰਤ ਹੱਜ, ਆਯਤ ੨੭, ੨੮.

ਬਲਿਪਸ਼ੁ: ਸੰਗਯਾ- ਉਹ ਪਸ਼ੁ, ਜਿਸ ਦੀ ਕ਼ੁਰਬਾਨੀ ਕੀਤੀ ਜਾਵੇ, ਬਲਿਦਾਨ ਯੋਗਯ ਪਸ਼ੁ. "ਜਿਮ ਬਲਿਪਸ਼ੁ ਗਰਬੰਤ." (ਗੁਵਿ ੬) ਭਾਵ- ਥੋੜੇ ਸਮੇਂ ਵਿੱਚ ਨਾਸ਼ ਹੋਣ ਵਾਲਾ.

ਬਲਿਰਾਉ: ਰਾਜਾ ਬਲਿ. ਦੇਖੋ, ਬਲਿ ੫. "ਗੁਣ ਗਾਵੈ ਬਲਿਰਾਉ ਸਪਤ ਪਾਤਾਲਿ ਬਸੰਤੋ." (ਸਵੈਯੇ ਮਃ ੧. ਕੇ)

ਬਲਿਰਾਮ ਜੀਉ: ਰਾਮ (ਸਰਵ ਵ੍ਯਾਪੀ ਪਾਰਬ੍ਰਹਮ) ਜੀ ਤੋਂ ਬਲਿਹਾਰ. ਕਰਤਾਰ ਤੋਂ ਕ਼ੁਰਬਾਨ "ਗੁਣ ਰਵਾਂ ਬਲਿਰਾਮ ਜੀਉ." (ਸੂਹੀ ਛੰਤ ਮਃ ੪)

ਬਲਿਲੋਕ: ਸੰਗਯਾ- ਪਾਤਾਲ. ਬਲਿ ਦੇ ਰਹਿਣ ਦਾ ਦੇਸ਼. "ਆਨ ਦੀਏ ਬਲਿਲੋਕ ਤੇ ਬਾਲਕ." (ਕ੍ਰਿਸਨਾਵ)

ਬਲੀ: ਸੰ. ਬਲਿਨ. ਵਿ- ਬਲ ਵਾਲਾ. ਤਾਕਤਵਰ. "ਪੰਜੇ ਬਧੇ ਮਹਾ ਬਲੀ." (ਵਾਰ ਬਸੰ) ੨. ਦੇਖੋ, ਬਲਿ। ੩. ਸੰ. ਵੱਲੀ. ਸੰਗਯਾ- ਬੇਲ। ੪. ਸ਼ਾਖ਼ਾ. ਟਹਣੀ। ੫. ਸਿੱਟਾ. ਮੰਜਰੀ. "ਲਤਾ ਬਲੀ ਸਾਖ ਸਭ ਸਿਮਰਹਿ." (ਮਾਰੂ ਸੋਲਹੇ ਮਃ ੫)

ਬਲੀਆ: ਵਿ- ਬਲਵਾਨ. "ਸਰਪਨੀ ਤੇ ਊਪਰਿ ਨਹੀ ਬਲੀਆ." (ਆਸਾ ਕਬੀਰ)

ਬਲੀਆਚੰਦ: ਦੇਖੋ, ਆਲਮਚੰਦ ੩.

ਬਲੀਮੁਖ: ਸੰ. ਵਲਿਮੁਖ. ਸੰਗਯਾ- ਵਲਿ (ਜੁਰੜੀਆਂ) ਸਹਿਤ ਹੈ ਮੁਖ ਜਿਸ ਦਾ, ਬਾਂਦਰ। ੨. ਵਿ- ਜਿਸ ਦੇ ਮੂੰਹ ਪੁਰ ਵਲ ਪਏ ਹੋਣ.

ਬਲੁ: ਸੰਗਯਾ- ਬਲ. ਸਮਰਥ. ਸ਼ਕਤਿ. ਦੇਖੋ, ਬਲ. "ਬਲੁ ਹੋਆ ਬੰਧਨ ਛੁਟੇ." (ਸ਼ ਮਃ ੧੦)

ਬਲੂਅ, ਬਲੂਆ: ਵਿ- ਬਾਲੁਕਾ (ਰੇਤੇ) ਦਾ ਬਣਿਆ ਹੋਇਆ. ਰੇਤੇ ਦਾ. "ਬਲੂਆ ਕੇ ਗ੍ਰਿਹ ਭੀਤਰਿ ਬਸੈ." (ਸੁਖਮਨੀ) ਭਾਵ- ਛੇਤੀ ਢਹਿ ਜਾਣ ਵਾਲਾ.

ਬਲੂਗ਼: ਅ਼. بلوُغ ਸੰਗਯਾ- ਪਹੁੰਚਣਾ. ਪੁੱਜਣਾ। ੨. ਜਵਾਨੀ. ਯੌਵਨ.

ਬਲੂੰਗੜਾ: ਸੰਗਯਾ- ਬਿੱਲੀ- ਪੂੰਗੜਾ. ਬਿੱਲੀ ਦਾ ਬੱਚਾ.

ਬਲੂਚ: ਸੁੰਨੀ ਸ਼ਾਖਾ ਦੇ ਮੁਸਲਮਾਨਾਂ ਦੀ ਇੱਕ ਜਾਤਿ, ਜਿਸ ਨੂੰ ਬਲੋਚ ਭੀ ਸਦਦੇ ਹਨ. ਇਸੇ ਜਾਤਿ ਤੋਂ ਦੇਸ਼ ਦਾ ਨਾਮ ਬਲੂਚਿਸਤਾਨ ਹੋ ਗਿਆ ਹੈ. ਪੰਜਾਬ ਵਿੱਚ ਊਠ ਰੱਖਣ ਵਾਲੀ ਇੱਕ ਬਲੂਚ ਜਾਤਿ ਹੈ ਜਿਸ ਦਾ ਨਿਕਾਸ ਈਰਾਨ ਤੋਂ ਹੈ.

ਬਲੂਚਿਸਤਾਨ: ਭਾਰਤ ਦੇ ਉੱਤਰ ਪੱਛਮ ਇੱਕ ਇਲਾਕਾ, ਜਿਸ ਦੇ ਉੱਤਰ ਅਫਗਾਨਿਸਤਾਨ, ਪੂਰਵ ਸਿੰਧੁ ਦੇਸ਼, ਦੱਖਣ ਵੱਲ ਅਰਬ ਦਾ ਸਮੁੰਦਰ, ਅਤੇ ਪੱਛਮ ਪਾਰਸ ਹੈ. ਏਸ ਦੇਸ਼ ਦੀ ਰਾਜਧਾਨੀ ਕ੍ਵੇਟਾ ਹੈ ਅਤੇ ਖ਼ਾਨ ਕਲਾਤ ਆਦਿ ਦੀ ਹੁਕੂਮਤ ਅੰਦਰ ਭੀ ਬਹੁਤ ਹਿੱਸਾ ਹੈ. ਬਲੂਚਿਸਤਾਨ ਦਾ ਰਕਬਾ ੫੪, ੨੨੮, ਵਰਗਮੀਲ ਅਤੇ ਮਰਦੁਮਸ਼ੁਮਾਰੀ ੪੨੧, ੬੭੯ ਹੈ.

ਬਲੂੰਦਰਨਾ: ਕ੍ਰਿ- ਬਿੱਲੀ ਵਾਂਙ ਨੌਂਹਾਂ ਨਾਲ ਦਾਰਨ ਕਰਨਾ (ਪਾੜਨਾ) ੨. ਛਿੱਲਣਾ. ਉਚੇੜਨਾ.

ਬਲੇਂਡਾ: ਸੰਗਯਾ- ਬਰੇਂਡਾ. ਉਹ ਲੰਮਾ ਬੱਲਾ, ਜਿਸ ਦੇ ਆਧਾਰ ਛੱਪਰ ਠਹਿਰਦਾ ਹੈ. ਬਲੇਂਡੇ ਦੇ ਦੋਵੇਂ ਸਿਰੇ ਥੰਮ੍ਹੀ ਅਥਵਾ ਸਤੂਨ ਪੁਰ ਰੱਖੇ ਰਹਿੰਦੇ ਹਨ. "ਮੋਹ ਬਲੇਂਡਾ ਟੂਟਾ." (ਗਉ ਕਬੀਰ)

ਬਲੇਦ, ਬਲੇਦਾ: ਬਲਦ ਦਾ ਬਹੁ ਵਚਨ. "ਸਤੁ ਸੰਤੋਖੁ ਬਲੇਦ." (ਮਃ ੧. ਵਾਰ ਰਾਮ ੧)

**ਬਲੇ ਬਲਿ:** ਬਾਰ ਬਾਰ ਬਲਿਹਾਰ, ਅਨੇਕ ਵਾਰ ਕੁਰਬਾਨ.

**ਬਲੇਲ:** ਅ਼. بلیل ਬਲੀਲ. ਸੰਗਯਾ- ਧੁਨਿ. ਸ਼ਬਦ. "ਬਾਂਗ ਬਲੇਲ ਹੈ." (ਹਾਜਿਰਨਾਮਾ) ਨਾਮ ਦੀ ਧੁਨਿ ਬਾਂਗ ਹੈ.

**ਬਲੇਵਾ:** ਸੰਗਯਾ- ਬਲ (ਧਨ) ਆਦਿ ਪਦਾਰਥ. ਕੀਮਤੀ ਵਸਤੁ.

**ਬਲੈਯਾਂ:** ਦੇਖੋ, ਬਲਾ. "ਜਹਾਂਗੀਰ ਨਰਨਾਹ ਕੀ ਸਕਲ ਬਲੈਯਾਂ ਲੇਤ." (ਚਰਿਤ੍ਰ ੪੮) ਦੇਖੋ, ਬਲਾਇ ਲੇਨਾ.

**ਬਲੈਯਾਂ ਲੇਨਾ:** ਦੇਖੋ, ਬਲਾਇ ਲੇਨਾ.

**ਬਲੋਚ, ਬਲੋਚਿਸਤਾਨ:** ਦੇਖੋ, ਬਲੂਚ ਅਤੇ ਬਲੂਚਿਸਤਾਨ.

**ਬਲੰਤੀ:** ਜ੍ਵਲੰਤੀ ਮਚਦੀ ਹੋਈ. "ਭਾਹਿ ਬਲੰਤੀ ਆਈ." (ਰਾਮ ਮਃ ੧)

**ਬਲੰਦ:** ਫ਼ਾ. بلند ਵਿ- ਉੱਚਾ. ਵਡਾ। ੨. ਸ਼ਾਨਦਾਰ.

**ਬਲੰਦੜੀ, ਬਲੰਦੀ:** ਜ੍ਵਲੰਤੀ. ਬਲਦੀ (ਮਚਦੀ) ਹੋਈ. "ਭਾਹਿ ਬਲੰਦੜੀ ਬੁਝਿਗਈ." (ਮਃ ੫. ਵਾਰ ਜੈਤ) ਈਰਖਾ ਰੂਪ ਅਗਨਿ ਬੁਝ ਗਈ.

**ਬਲ੍ਯ, ਬਲਯ:** ਗੁਰਯਸ਼ ਕਰਤਾ ਇੱਕ ਭੱਟ. "ਬਲਯ ਭਟ ਜਸ ਗਾਇਯਉ." (ਸਵੈਯੇ ਮਃ ੪. ਕੇ)

**ਬੱਲਹਾ:** ਵੱਲਭ. ਪਯਾਰਾ. ਪਤੀ. "ਦੁਹ ਨਾਰੀ ਦਾ ਬੱਲਹਾ." (ਭਾਗੁ)

**ਬੱਲਭ:** ਸੰ. ਵੱਲਭ. ਪਯਾਰਾ। ੨. ਪਤਿ. ਭਰਤਾ। ੩. ਮਿਤ੍ਰ। ੪. ਦੇਖੋ, ਬੈਸਨਵ (ਹ)

**ਬੱਲਭਣੀ:** ਸੰਗਯਾ- ਜੋ ਪ੍ਰਜਾ ਦੇ ਵੱਲਭ ਰਾਜਾ ਦੀ ਹੈ. ਸੈਨਾ ਫੌਜ. (ਸਨਾਮਾ)

**ਬੱਲਭਾ:** ਸੰ. ਵੱਲਭਾ ਪਯਾਰੀ। ੨. ਪਤਨੀ. ਜੋਰੂ. ਵਹੁਟੀ.

**ਬੱਲਭਾਚਾਰਯ:** ਦੇਖੋ, ਬੈਸਨਵ (ਹ)

**ਬੱਲਮ:** ਸੰਗਯਾ- ਬਰਛਾ. ਭਾਲਾ। ੨. ਚੋਬਦਾਰ ਦਾ ਉਹ ਸੋਟਾ, ਜਿਸ ਉੱਪਰ ਲੋਹੇ ਦਾ ਤਿੱਖਾ ਫਲ ਹੋਵੇ.

**ਬੱਲਮਟੇਰ:** ਅੰ. Volunteer ਵਾਲੰਟਿਯਰ. ਸੰਗਯਾ- ਆਪਣੀ ਇੱਛਾ ਅਤੇ ਉਤਸਾਹ ਨਾਲ ਸੇਵਾ ਕਰਨ ਵਾਲਾ.

**ਬੱਲਾ:** ਸੰਗਯਾ- ਸ਼ਤੀਰ. ਲੱਠ। ੨. ਗੇਂਦ ਖੇਡਣ ਦਾ ਡੰਡਾ (racket). ੩. ਇੱਕ ਰਾਜਪੂਤ ਜਾਤਿ। ੪. ਦੇਖੋ, ਵੱਲਾ.

**ਬੱਲੀ:** ਸੰਗਯਾ- ਛੋਟਾ ਸ਼ਹਤੀਰ। ੨. ਦੇਖੋ, ਵੱਲੀ.

**ਬੱਲੀਸ:** ਸੰਗਯਾ- ਵੱਲੀ (ਮੰਜਰੀ ਅਥਵਾ ਸ਼ਾਖਾ) ਦਾ ਈਸ਼ (ਸ੍ਵਾਮੀ). ਬਿਰਛ. (ਸਨਾਮਾ)

**ਬੱਲੂ:** ਗੁਰੂ ਅਮਰਦਾਸ ਜੀ ਦਾ ਇੱਕ ਅਨੰਨ ਸੇਵਕ, ਜੋ ਗੁਰੂ ਸਾਹਿਬ ਜੀ ਸਨਾਨ ਵਸਤ੍ਰ ਭੋਜਨ ਆਦਿ ਦੀ ਸੇਵਾ ਲਈ ਸਦਾ ਹਾਜਿਰ ਰਹਿੰਦਾ ਸੀ. ਇਹ ਸਿੱਖ ਹੋਣ ਤੋਂ ਪਹਿਲਾਂ ਨਾਈ ਸੀ.

**ਬੱਲੋ:** ਰਿਆਸਤ ਨਾਭੇ ਦੀ ਤਸੀਲ ਧਨੌਲਾ, ਥਾਣਾ ਫੂਲ ਦਾ ਇੱਕ ਪਿੰਡ, ਜਿਸ ਦੀ ਜੂਹ ਅੰਦਰ ਬਾਬੇ ਬੂਲੇ[865] ਦੀ ਇੱਕ ਪ੍ਰਸਿੱਧ ਥਾਂ ਹੈ. ਉੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਮਾਲਵੇ ਨੂੰ ਕ੍ਰਿਤਾਰਥ ਕਰਦੇ ਹੋਏ ਇੱਕ ਰਾਤ ਵਿਰਾਜੇ ਹਨ ਅਰ ਸੰਝ ਵੇਲੇ ਵਿਚਰਦੇ ਹੋਏ ਬੱਲੋ ਪਿੰਡ ਭੀ ਦਰਸ਼ਨ ਦਿੱਤਾ ਹੈ. ਬੱਲੋ ਗੁਰੂ ਸਾਹਿਬ ਦਾ ਗੁਰਦ੍ਵਾਰਾ ਹੈ. ਭਾਈ ਸੇਵਾ ਸਿੰਘ ਜੀ ਨਾਮ ਦੇ ਰਸੀਏ

---

[865] ਬਾਬਾ ਬੂਲਾ ਸ਼੍ਰੀ ਗੁਰੂ ਅੰਗਦ ਸਾਹਿਬ ਜੀ ਦਾ ਸਿੱਖ ਕਰਨੀ ਵਾਲਾ ਹੋਇਆ ਹੈ.

ਅਰ ਵਰਤਾਕੇ ਛਕਣ ਵਾਲੇ ਸੇਵਾਦਾਰ ਹਨ.

ਬਵਦ: ਫ਼ਾ. بود ਹੁੰਦਾ ਹੈ। ੨. ਹੋਵੇ। ੩. ਹੋਵੇਗਾ. ਇਸ ਦਾ ਮੂਲ ਬੂਦਨ ਹੈ.

ਬਵਰਈ: ਵਾਤੂਲ (ਬਾਵਰਾ) ਹੋਇਆ। ੨. ਪਾਗਲ ਹੋਵੇਗਾ। ੩. ਸੰਗ੍ਯਾ- ਬਾਵਰਾ (ਪਾਗਲ) ਪਨ.

ਬਵਰਚੀ: ਦੇਖੋ, ਬਾਵਰਚੀ.

ਬਵਰਾ: ਸੰ. ਵਾਤੂਲ. ਵਾਤਦੋਸ਼ ਦ੍ਵਾਰਾ ਜਿਸ ਦਾ ਦਿਮਾਗ ਬਿਗੜਗਿਆ ਹੈ. ਪਾਗਲ. "ਛੋਡਿ ਕਪਟੁ ਨਿਤ ਹਰਿ ਭਜੁ, ਬਵਰੇ !" (ਬਿਲਾ ਕਬੀਰ)

ਬਵਰਾਨਾ: ਵਾਤੂਲ ਹੋਇਆ. ਦੀਵਾਨਾ ਹੋਇਆ. "ਇਹ ਭਾ ਸਿਰਰੀ ਮਤਿ ਬਵਰਾਨਾ." (ਨਾਪ੍ਰ)

ਬਵਾ: ਦੇਖੋ, ਵਬਾ.

ਬਵਾਸੀਰ: ਅ. بواسیر ਸੰ. अर्श- ਅਰ੍ਸ਼ Piles. ਇਸ ਨੂੰ ਮਵੇਸੀ (ਗੁਦਾ ਦੇ ਮਹੁਕੇ) ਭੀ ਆਖਦੇ ਹਨ. ਇਸ ਰੋਗ ਦੇ ਮੁੱਖ ਕਾਰਣ ਹਨ- ਸੁਚੇਤੇ ਦੀ ਹਾਜਤ ਰੋਕਣੀ, ਗੰਦੇ ਥਾਂ ਬੈਠਕੇ ਮਲ ਤਿਆਗਣੀ, ਬਹੁਤ ਬੈਠਕ (ਖਾਸ ਕਰਕੇ ਜ਼ਮੀਨ ਉੱਤੇ) ਕਰਨੀ, ਬਹੁਤ ਖਾਣਾ, ਕਸਰਤ ਨਾ ਕਰਨੀ, ਗਰਮਖ਼ੁਸ਼ਕ ਚੀਜਾਂ ਖਾਣੀਆਂ, ਬਾਰ ਬਾਰ ਜੁਲਾਬ ਲੈਣਾ, ਮਾਤਾ ਪਿਤਾ ਨੂੰ ਬਵਾਸੀਰ ਹੋਣੀ ਆਦਿਕ.

ਬਵਾਸੀਰ ਦੇ ਮੁੱਖ ਦੋ ਭੇਦ ਹਨ ਬਾਦੀ ਅਤੇ ਖ਼ੂਨੀ. ਜੇ ਕੇਵਲ ਮਹੁਕੇ ਗੁਦਾ ਵਿੱਚ ਹੋਰ ਚੀਸਾਂ ਪੈਣ ਅਤੇ ਕਬਜ ਰਹੇ, ਤਦ ਬਾਦੀ ਬਵਾਸੀਰ ਹੈ, ਜੋ ਮਹੁਕਿਆਂ ਤੋਂ ਜਾਂ ਅੰਦਰੋਂ ਲਹੂ ਵਗਦਾ ਹੈ, ਤਦ ਖ਼ੂਨੀ ਹੈ.

ਇਸ ਰੋਗ ਦਾ ਸਭ ਤੋਂ ਉੱਤਮ ਉਪਾਉ ਹੈ ਕਿ ਸਿਆਣੇ ਡਾਕਟਰ ਤੋਂ ਮਹੁਕੇ ਕਟਵਾ ਦਿੱਤੇ ਜਾਣ. ਸਾਧਾਰਣ ਇਲਾਜ ਇਹ ਹਨ-

(੧) ਰਸੌਂਤ, ਕਲਮੀਸ਼ੋਰਾ, ਨਿੰਮ ਦੀ ਨਮੋਲੀਆਂ ਦੀ ਗਿਰੂ, ਤਿੰਨਾਂ ਨੂੰ ਰਗੜਕੇ ਛੀ ਛੀ ਰੱਤੀ ਦੀਆਂ ਗੋਲੀਆਂ ਬਣਾਉਣੀਆਂ, ਦੋ ਗੋਲੀਆਂ ਬੇਹੇ ਜਲ ਨਾਲ ਰੋਜ ਅਮ੍ਰਿਤ ਵੇਲੇ ਖਾਣੀਆਂ.

(੨) ਹਰੜ ਦੀ ਛਿੱਲ ਗੁੜ ਮਿਲਾਕੇ ਖੱਟੀ ਲੱਸੀ ਨਾਲ ਸਵੇਰ ਵੇਲੇ ਨਿੱਤ ਖਾਣੀ.

(੩) ਮੀਚਕੇ (ਕਰੰਜੁਏ) ਦੇ ਬੀਜ ਦੀ ਗਿਰੂ ਗੁੜ ਵਿੱਚ ਮਿਲਾਕੇ ਬੇਹੇ ਜਲ ਨਾਲ ਨਿੱਤ ਖਾਣੀ.

(੪) ਕੁਚਲਾ ਪਾਣੀ ਵਿੱਚ ਘਸਾਕੇ ਮਹੁਕਿਆਂ ਤੇ ਲੇਪ ਕਰਨਾ.

(੫) ਸੱਪ ਦੀ ਕੁੰਜ ਸਾੜਕੇ ਸਰ੍ਹੋਂ ਦੇ ਤੇਲ ਵਿੱਚ ਮਿਲਾਕੇ ਲੇਪ ਕਰਨੀ.

(੬) ਡੇਮੂ (ਭਰਿੰਡਾਂ) ਦਾ ਪੁਰਾਣਾ ਖੱਖਰ ਲੈਕੇ ਉਸ ਦਾ ਧੂੰਆਂ ਮੁਹਕਿਆਂ ਨੂੰ ਦੇਣਾ.

(੭) ਮੱਸਿਆਂ ਨੂੰ ਮੁਸ਼ਕਕਪੂਰ ਦੀ ਧੂਪ ਦੇਣੀ.

(੮) ਮੀਚਕਾ, ਚਿਤ੍ਰਾ, ਸੇਂਧਾਲੂਣ, ਸੁੰਢ, ਇੰਦ੍ਰਜੌਂ, ਇਨ੍ਹਾਂ ਦਾ ਚੂਰਣ ਕਰਕੇ ਗੋਕੀ ਲੱਸੀ ਨਾਲ ਨਿੱਤ ਛਿਕਣਾ.

ਬਵੇਸੀ: ਗੁਦਾ ਦੇ ਮਹੁਕਿਆਂ (ਮਵੇਸੀ) ਲਈ ਇਹ ਸ਼ਬਦ ਅਕਸਰ ਬੋਲਦੇ ਹਨ. ਦੇਖੋ, ਬਵਾਸੀਰ.

ਬਵੰਕ: ਦੇਖੋ, ਬੰਬਕ. "ਬਬਰ ਬਵੰਕੈ." (ਅਕਾਲ) ਸ਼ੇਰ ਭਭਕਦਾ ਹੈ.

ਬਵੰਜਾ: ਵਿ- ਪੰਜਾਹ ਉੱਪਰ ਦੋ, ਦ੍ਵਿ ਪੰਚਾਸ਼ਤ ਬਾਵਨ- ੫੨.

ਬਵੰਜਾ ਕਵਿ: ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੇ ਦਰਬਾਰ ਦੇ ੫੨ ਕਵਿ, ਜੋ ਕਲਗੀਧਰ ਦੀ ਆਗ੍ਯਾ ਅਨੁਸਾਰ ਅਨੇਕ ਮਤਾਂ ਦੀਆਂ ਪੁਸਤਕਾਂ ਪੰਜਾਬੀ ਅਤੇ ਹਿੰਦੀ ਵਿੱਚ ਉਲਥਾ ਕਰਦੇ ਸਨ, ਅਤੇ ਇੱਕ ਅਦਭੁਤ ਗ੍ਰੰਥ "ਵਿਦ੍ਯਾਸਰ" ਅਥਵਾ

"ਵਿਦਯਾਸਾਗਰ" ਲਿਖਿਆ ਗਿਆ ਸੀ. ਅਦੁਤੀ ਵਿਦ੍ਵਾਨਾਂ ਦੀ ਕਈ ਵਰ੍ਹੇ ਦੀ ਘਾਲਨਾ ਆਨੰਦਪੁਰ ਦੇ ਯੁੱਧ ਵਿੱਚ ਵਿਦਯਾ ਦੇ ਵੈਰੀਆਂ ਹੱਥੋਂ ਭਸਮ ਹੋ ਗਈ. ਮਹਾਭਾਰਤ ਦੇ ਕਈ ਪੂਰਵ, ਚਾਣਕਯਨੀਤਿ, ਗੁਰੁਸ਼ੋਭਾ ਆਦਿਕ, ਜੋ ਜੰਗ ਤੋਂ ਪਹਿਲਾਂ ਵਿਦਯਾਪ੍ਰੇਮੀ. ਸਿੱਖਾਂ ਪਾਸ ਪਹੁੰਚ ਚੁੱਕੇ ਸਨ, ਕੇਵਲ ਉਹ ਬਚ ਗਏ. ਮਹਾਰਾਜਾ ਨਰੇਂਦ੍ਰਸਿੰਘ ਸਾਹਿਬ ਪਟਿਆਲਾਪਤਿ ਨੇ ਮਹਾਭਾਰਤ ਦੇ ਬਾਕੀ ਪਰਵ ਆਪਣੇ ਕਵੀਆਂ ਤੋਂ ਬਣਵਾਕੇ ਗ੍ਰੰਥ ਪੂਰਾ ਕੀਤਾ. ਕੁਝਕ ਫੁਟਕਲ ਕਵਿਤਾ ਭਾਈ ਸੰਤੋਖਸਿੰਘ ਜੀ ਨੂੰ ਭੀ ਮਿਲੀ, ਜੋ ਉਨ੍ਹਾਂ ਨੇ ਗੁਰੁਪ੍ਰਤਾਪਸੂਰਯ ਵਿੱਚ ਲਿਖੀ ਹੈ.

"ਹਮ ਭੀ ਕੇਤਕ ਕਰਹਿਂ ਬਖਾਨੀ,
ਕਹੈਂ ਖਾਲਸੇ ਕੇ ਹਿਤ ਬਾਨੀ,
ਆਦਿ ਮਹਾਭਾਰਤ ਜੇ ਆਨ,
ਭਾਖਾ ਸਭ ਕੀ ਕਰਤ ਸੁਜਾਨ,
ਸੋ ਹਮ ਪੰਥ ਹੇਤ ਕਰਵਾਵੈਂ,
ਪਠਹਿਂ ਆਪ ਸਭਹੂਨ ਸੁਨਾਵੈਂ."
ਹੁਤੇ ਬਵੰਜਾ ਕਵਿ ਗੁਰੁ ਪਾਸ,
ਸਭਿ ਹੀ ਬਾਨੀ ਕਰਹਿਂ ਪ੍ਰਕਾਸ,
ਸਤਿਗੁਰੁ ਸਭ ਇਕਤ੍ਰ ਕਰਵਾਵੈਂ,
ਪਤ੍ਰੇ ਦੀਰਘ ਪਰ ਲਿਖਵਾਵੈਂ,
ਨਾਮ ਗ੍ਰੰਥ ਕੋ ਵਿਦਯਾਸਾਗਰ,
ਰਾਖਨ ਕੀਨੋ ਸ੍ਰੀ ਪ੍ਰਭੁ ਨਾਗਰ.
(ਗੁਪ੍ਰਸੂ ਰੁੱਤ ੩, ਅਃ ੫੧)
ਤਿਨ ਕਵਿਯਨ ਬਾਨੀ ਰਚੀ
ਲਿਖ ਕਾਗਦ ਤੁਲਵਾਇ,
ਨੌ ਮਣ ਹੋਏ ਤੋਲ ਮਹਿ
ਸੂਖਮ ਲਿਖਤ ਲਿਖਾਇ.
"ਬਿਦਯਾਸਰ" ਤਿਸ ਗ੍ਰੰਥ ਕੋ
ਨਾਮ ਧਰਯੋ ਕਰ ਪ੍ਰੀਤਿ,
ਨਾਨਾ ਵਿਧ ਕਵਿਤਾ ਰਚੀ
ਰਖ ਰਖ ਨੌ ਰਸ ਰੀਤਿ.
ਮਚਯੋ ਜੰਗ ਗੁਰੁ ਸੰਗ ਬਡ
ਰਹਯੋ ਗ੍ਰੰਥ ਸੋ ਬੀਚ,
ਨਿਕਸੇ ਆਨਦਪੁਰਾ ਤੇ,

ਲੁਟਜੋ ਪੁਨ ਮਿਲ ਨੀਚ.

ਪ੍ਰਥਕ ਪ੍ਰਥਕ ਪਤ੍ਰੇ ਹੁਤੇ,

ਲੁਟਜੋ ਸੁ ਗ੍ਰੰਥ ਬਿਖੇਰ,

ਇਕ ਬਲ ਰਹਜੋ ਨ, ਇਮ ਗਯੋ

ਜਿਸ ਤੇ ਮਿਲਜੋ ਨ ਫੇਰ.

(ਗੁਪ੍ਰਸੂ ਰੁੱਤ ੫. ਅঃ ੫੧)

ਬਵੰਜਾ ਕਵੀਆਂ ਦੇ ਨਾਮ ਇਹ ਹਨ-

੧. ਉਦੇਰਾਯ, ੨. ਅਣੀਰਾਯ, ੩. ਅਮ੍ਰਿਤਰਾਯ, ੪. ਅੱਲੂ. ੫. ਆਸਾਸਿੰਘ, ੬. ਆਲਿਮ, ੭. ਈਸ਼੍ਵਰਦਾਸ. ੮. ਸੁਖਦੇਵ, ੯. ਸੁੱਖਾਸਿੰਘ ੧੦. ਸੁਖੀਆ, ੧੧. ਸੁਦਾਮਾ, ੧੨. ਸੈਨਾਪਤਿ, ੧੩. ਸ਼ਜਾਮ, ੧੪. ਹੀਰ, ੧੫. ਹੁਸੈਨਅਲੀ, ੧੬. ਹੰਸਰਾਮ, ੧੭. ਕੱਲੂ, ੧੮. ਕੁਵਰੇਸ਼, ੧੯. ਖਾਨਚੰਦ, ੨੦. ਗੁਣੀਆ, ੨੧. ਗੁਰੁਦਾਸ, ੨੨ ਗੋਪਾਲ, ੨੩ ਚੰਦਨ, ੨੪ ਚੰਦਾ, ੨੫ ਜਮਾਲ, ੨੬ ਟਹਿਕਨ, ੨੭ ਧਰਮਸਿੰਘ, ੨੮ ਧੰਨਾਸਿੰਘ ੨੯ ਧਜਾਨਸਿੰਘ, ੩੦ ਨਾਨੂ, ੩੧ ਨਿਸ਼ਚਲਦਾਸ, ੩੨ ਨਿਹਾਲਚੰਦ, ੩੩ ਨੰਦਸਿੰਘ, ੩੪ ਨੰਦਲਾਲ, ੩੫ ਪਿੰਡੀਦਾਸ, ੩੬ ਬੱਲਭ, ੩੭ ਬੱਲੂ, ੩੮ ਬਿਧੀਚੰਦ, ੩੯ ਬੁਲੰਦ, ੪੦ ਬ੍ਰਿਖ, ੪੧ ਬ੍ਰਿਜਲਾਲ, ੪੨ ਮਥੁਰਾ, ੪੩ ਮਦਨਸਿੰਘ, ੪੪ ਮਦਨਗਿਰਿ, ੪੫ ਮੱਲੂ, ੪੬ ਮਾਨਦਾਸ, ੪੭ ਮਾਲਾਸਿੰਘ, ੪੮ ਮੰਗਲ, ੪੯ਰਾਮ, ੫੦ ਰਾਵਲ, ੫੧ ਰੋਸ਼ਨਸਿੰਘ, ੫੨ ਲੱਖਾ.

ਬਵੰਜਾ ਬੀਰ, ਬਵੰਜਾ ਵੀਰ: ਸਕੰਦਪੁਰਾਣ ਦੇ ਕੇਦਾਰਖੰਡ ਵਿੱਚ ਬਵੰਜਾ ਵੀਰ ਇਹ ਲਿਖੇ ਹਨ-

੧. ਨੰਦੀ, ੨. ਭ੍ਰਿੰਗੀ, ੩. ਰਿਟੀ, ੪. ਤੁੰਡੀ, ੫. ਪ੍ਰੇਤਾਸਜ, ੬. ਵਜ੍ਰ, ੭. ਕੁਵਲਾਸ੍ਯ, ੮. ਅਸ਼੍ਵਕਰਣ, ੯. ਨਿਰਮੁੰਡ, ੧੦. ਮਸਤਕਾਰੁਣ, ੧੧. ਪੁਸ਼ਪਦੰਤ, ੧੨. ਵ੍ਰਿਹਦਭਾਨੁ, ੧੩. ਅਮਿਤਾਸਜ, ੧੪. ਅਸ਼੍ਵਾਹਨ, ੧੫. ਤੁੰਡਿਕ, ੧੬. ਦੁੰਡਿਕ, ੧੭. ਕਾਲਨਾਮ, ੧੮. ਅਸੁਰਾਂਤ, ੧੯. ਜਨਾਲ੍ਹਾਦ, ੨੦. ਅਲ੍ਹਾਦਕ, ੨੧. ਯਾਮਿਕ, ੨੨ ਚੰਡਿਕ, ੨੩ ਚੰਦ੍ਰਰਾਜ, ੨੪ ਅੰਤਕਰ, ੨੫ ਨਿਸ਼ਚਰ, ੨੬ ਵੀਰਭਦ੍ਰ, ੨੭ ਮਨਿਮਾਨ, ੨੮ ਚੰਡੀਸ਼, ੨੯ ਨੰਦੀਸ਼੍ਵਰ ੩੦ ਵੀਰਵੇਤਾਲ, ੩੧ ਵਿਕਟ. ੩੨ ਵਿਨੋਦੀ, ੩੩ ਸੁਮੰਤ੍ਰਵਿਨੋਦੀ, ੩੪ ਸੁਰਮੰਤ੍ਰ ਵਿਨੋਦੀ, ੩੫ ਕਾਲੀਯ, ੩੬ ਤ੍ਰਟਿ, ੩੭ ਕਾਮੰਣ, ੩੮ ਨਾਰਸਿੰਘ, ੩੯ ਹਨੂਮਾਨੋ, ੪੦ ਭੈਰਵ, ੪੧ ਨਿਸ਼ਲਜ, ੪੨ ਕਾਲਸਮ, ੪੩ ਨਰਾਦ, ੪੪ ਨਾਸੀਰ, ੪੫ ਕੇਸ਼ਰੀ, ੪੬ ਇਜਯ, ੪੭ ਵਿਜਯ, ੪੮ ਵਿਸ਼ੇਧਰੀ, ੪੯ ਕਾਕੁਮ, ੫੦ ਕਾਮਾਖਜ, ੫੧ ਨਿਰਾਲੰਬ, ੫੨ ਪੁਨਯਮਜ.

ਬੜ: ਸੰ. ਵਟ ਸੰਗਜਾ- ਬੋਹੜ. ਬਰੋਟਾ. Ficus Bengalensis (Banyan)

ਬੜਨਾ: ਕ੍ਰਿ. ਪ੍ਰਵੇਸ਼ ਹੋਣਾ. ਧਸਣਾ.

ਬੜ ਬੜ: ਅਨੁ. ਨਿਰਰਥਕ ਬੋਲਣਾ. ਬੁੜ ਬੁੜ.

ਬੜਵਾ: ਸੰ. ਬਡਵਾ. ਸੰਗਜਾ- ਘੋੜੀ। ੨. ਬਡਵਾ ਅਗਨਿ. ਦੇਖੋ, ਬੜਵਾ ਅਗਨਿ। ੩. ਸੂਰਜ ਦੀ ਇਸਤ੍ਰੀ, ਜਿਸ ਨੇ ਘੋੜੀ ਰੂਪ ਧਾਰਕੇ ਸੂਰਜ ਤੋਂ ਅਸ਼੍ਵਿਨੀਕੁਮਾਰ ਜਣੇ. ਦੇਖੋ, ਵੜਵਾ.

ਬੜਵਾਅਗਨਿ, ਬੜਵਾਗਨਿ, ਬੜਵਾਨਲ: ਸੰ. ਬਡਵਾਗ੍ਨਿ. ਸ਼ੰਗਜਾ- ਭੂਗਰਭ ਵਿੱਚ ਜੋ ਅਗਨਿ ਹੈ ਉਸ ਦਾ ਤਾਪ, ਜੋ ਕਿਸੇ ਖਾਸ ਕਾਰਣ ਤੋਂ ਨਿਕਲ ਕੇ ਸਮੁੰਦਰ ਦੇ ਜਲ ਨੂੰ ਭੀ ਉਬਾਲ ਦਿੰਦਾ ਹੈ। ੨. ਪੁਰਾਣਾਂ ਅਨੁਸਾਰ ਇੱਕ ਘੋੜੀ ਦੇ ਮੂੰਹ ਵਿੱਚੋਂ ਨਿਕਲੀ ਹੋਈ ਅਗਨਿ. ਜੋ ਸਮੁੰਦਰ ਦੇ ਜਲ ਨੂੰ ਭਸਮ ਕਰਦੀ ਹੈ, ਕਾਲਿਕਾਪੁਰਾਣ ਲਿਖਦਾ ਹੈ ਕਿ ਸ਼ਿਵ ਨੇ ਕਾਮ ਦੇ ਭਸਮ ਕਰਨ ਲਈ ਜੋ ਕ੍ਰੋਧਾਗਨੀ ਉਤਪੰਨ ਕੀਤੀ ਸੀ, ਉਹ ਬ੍ਰਹਮਾ ਨੇ ਘੋੜੀ ਬਣਾਕੇ ਸਮੁੰਦਰ ਦੇ ਹਵਾਲੇ ਕਰ ਦਿੱਤੀ. ਦੇਖੋ, ਵੜਵਾਗਨਿ.

ਬੜਾ: ਦੇਖੋ, ਬਰਾ ੨.

ਬੜਿ: ਬੜਕੇ. ਦਾਖ਼ਿਲ ਹੋਕੇ.

ਬੜੀ: ਦੇਖੋ, ਬਰੀ ੫.

ਬੜੇਮਾ: ਦੇਖੋ, ਵਡੇਮਾ.

ਬੜ੍ਹਕ: ਸੰਗ੍ਯਾ- ਬੈਲ ਦੀ ਗਰਜ. ਸੰ." ਬ੍ਰਹ. ਸ਼ਬਦ ਕਰਨਾ.

ਬੜ੍ਹਕਨਾ: ਸ਼ਬਦ ਕਰਨਾ. ਬੈਲ ਢੱਟੇ ਦਾ ਗਰਜਣਾ. ਦੇਖੋ, ਬੜ੍ਹਕ.

ਬੜ੍ਹਾਨਾ: ਕ੍ਰਿ- ਵਧਾਉਣਾ. ਵ੍ਰਿੱਧੀ ਕਰਨੀ.

ਬਾ: ਸੰਗ੍ਯਾ- ਵਾਯੁ. ਹਵਾ। ੨. ਫ਼ਾ. با ਵ੍ਯ- ਸਾਥ. ਸੰਗ. ਨਾਲ. "ਬਾ ਮਨ ਜੰਗ." (ਕ੍ਰਿਸਨਾਵ) ੩. ਦੇਖੋ, ਹੋਇਬਾ.

ਬਾਂ: ਸੰਗ੍ਯਾ- ਵਾਪੀ. ਬਾਵਲੀ. ਪੌੜੀਦਾਰ ਖੂਹ.

ਬਾਉ: ਸੰਗ੍ਯਾ- ਵਾਯੁ. ਪਵਨ. ਹਵਾ.

ਬਾਉਕਾ: ਸੰਗ੍ਯਾ- ਕੁਵਾਯੁ. ਨਿੰਦਿਤ ਪਵਨ ਅਪਾਨਵਾਯੁ ਗੋਜ. ਪੱਦ.

ਬਾਉਰ: ਸੰ. ਵਾਗੁਰਾ. ਸੰਗ੍ਯਾ- ਮ੍ਰਿਗ ਫਾਹੁਣ ਦੀ ਜਾਲੀ. ਫੰਧਾ. ਪਾਸ਼.

ਬਾਉਰਾ: ਦੇਖੋ, ਬਉਰਾ ਅਤੇ ਵਾਗੁਰਾ.

ਬਾਉਰੀ: ਦੇਖੋ, ਬਾਵਲੀ.

ਬਾਉਰੀਆ: ਸੰ. ਵਾਗੁਰਿਕ. ਸੰਗ੍ਯਾ- ਵਾਉਰਾ (ਵਾਗੁਰਾ) ਰੱਖਣ ਵਾਲਾ ਸ਼ਿਕਾਰੀ. ਫੰਧਕ। ੨. ਇੱਕ ਜਾਤਿ, ਜਿਸ ਨੂੰ ਬਾਵਰੀਆ ਭੀ ਆਖਦੇ ਹਨ. ਇਸ ਜਾਤਿ ਦੇ ਲੋਕ ਨੀਚ ਸਮਝੇ ਜਾਂਦੇ ਹਨ ਜੋ ਚੋਰੀ ਪੇਸ਼ਾ ਹਨ. ਇਹ ਨਾਮ ਬਾਉਰ (ਵਾਗੁਰਾ) ਰੱਖਣ ਤੋਂ ਹੋਇਆ ਹੈ. ਬਾਉਰੀਏ ਜਾਲ ਵਿੱਚ ਫਸਾਕੇ ਜੀਵਾਂ ਦਾ ਸ਼ਿਕਾਰ ਕਰਦੇ ਹਨ.

ਬਾਉਲੀ: ਦੇਖੋ, ਬਾਵਲੀ। ੨. ਤੁ. باؤلی ਬਾਓਲੀ. ਸ਼ਿਕਾਰੀ ਪੰਛੀ ਨੂੰ ਸ਼ਿਕਾਰ ਕਰਨਾ ਸਿਖਾਉਣ ਲਈ ਰੱਸੀ ਨਾਲ ਬੱਧੇ ਹੋਏ ਪੰਛੀ ਤੇ ਝਪਟ ਕਰਨ ਲਈ ਛੱਡਣਾ, ਜਿਸ ਤੋਂ ਉਹ ਦਿਲੇਰ ਹੋ ਜਾਵੇ, "ਬੰਦਾ ਲੀਨੋ ਬਾਉਲੀ ਲਾਇ." (ਪ੍ਰਾਪੰਪ੍ਰ) ਪ੍ਰਭੁਤਾ ਦਾ ਲਾਲਚ ਦੇ ਕੇ ਬਹਾਦੁਰ ਬੰਦੇ ਨੂੰ ਆਪਣੇ ਹੱਥ ਚਾੜ੍ਹਲਿਆ.

ਬਾਉਲੀ ਲਾਉਣਾ: ਕ੍ਰਿ- ਦੇਖੋ, ਬਾਉਲੀ ੨.

ਬਾਇ: ਕ੍ਰਿ. ਵਿ- ਬਜਾਕੇ. "ਬਾਇ ਸੰਖ ਅਪਾਰ." (ਚੰਡੀ ੨) ੨. ਸੰਗ੍ਯਾ- ਵਾਯੁ. ਪਵਨ. "ਅਪੁ ਤੇਜੁ ਬਾਇ ਪ੍ਰਿਥਮੀ ਅਕਾਸਾ." (ਗਉ ਕਬੀਰ) ੩. ਪ੍ਰਾਣ. ਸ੍ਵਾਸ. "ਬਾਇਰੂਪੰ ਅਸਥੰਭਨਹ." (ਸਹਸ ਮਃ ੫) ੪. ਸੰ. ਵਾਤ. ਸ਼ਰੀਰ ਦਾ ਧਾਤੁ. ਸੌਦਾ. ਦੇਖੋ, ਖਿਲਤ ੬.

ਵਾਤ (ਬਾਇ) ਜੀਵਨ ਦੇਣ ਵਾਲੀ ਅਰ ਸ਼ਰੀਰ ਦੀ ਧਾਤੂਆਂ ਨੂੰ ਯੋਗ ਰੀਤਿ ਨਾਲ ਪ੍ਰੇਰਨ ਵਾਲੀ ਹੈ. ਇਸ ਬਿਨਾ ਪਿੱਤ ਅਤੇ ਕਫ ਕਿਸੇ ਕੰਮ ਦੇ ਨਹੀਂ. ਜਦ ਇਸ ਵਿੱਚ ਵਿਕਾਸ ਹੋ ਜਾਵੇ ਅਰ ਇਹ ਆਪਣੇ ਅਸਲ ਰੂਪ ਵਿੱਚ ਨਾ ਰਹੇ, ਤਦ ਅਨੇਕ ਰੋਗਾਂ ਦਾ ਕਾਰਣ ਹੁੰਦੀ ਹੈ.

ਸ਼ਰੀਰ ਵਿੱਚ ਇਸ ਦੇ ਪੰਜ ਅਤੇ ਦਸ ਭੇਦ ਹਨ. ਦੇਖੋ, ਪੰਚ ਪ੍ਰਾਣ ਅਤੇ ਦਸ ਪ੍ਰਾਣ.

ਬਾਇ (ਵਾਤ) ਦੇ ਵਿਕਾਰੀ ਹੋਣ ਦੇ ਇਹ ਕਾਰਣ ਹਨ-

ਰੁੱਖਾ ਠੰਢਾ ਭਾਰੀ ਭੋਜਨ ਖਾਣਾ, ਰਾਤ ਨੂੰ ਨਾ ਸੋਣਾ, ਬਹੁਤ ਮੈਥੁਨ ਕਰਨਾ, ਸ਼ਰੀਰ ਤੋਂ ਬਹੁਤਾ ਲਹੂ ਨਿਕਲ ਜਾਣਾ, ਭੁੱਖਿਆਂ ਰਹਿਣਾ, ਪਾਣੀ ਵਿੱਚ ਚਿਰ ਤੀਕ ਤਰਨਾ, ਮਲ ਮੂਤ੍ਰ ਦਾ ਵੇਗ ਰੋਕਣਾ, ਆਪਣੀ ਸ਼ਕਤੀ ਤੋਂ ਵਧਕੇ ਸਫਰ ਕਰਨਾ ਆਦਿਕ.

ਵਾਯੁ ਦੇ ਵਿਕਾਰੀ ਹੋਣ ਦੇ ਲੱਛਣ ਹਨ-

ਜੋੜਾਂ ਵਿੱਚ ਜਕੜਨ, ਹੱਡਭੰਨਣੀ, ਸਿਰਪੀੜ, ਨੀਂਦ ਨਾ ਆਉਣੀ, ਰੋਮ ਖੜੇ ਹੋਣੇ, ਤੁਚਾ ਰੁੱਖੀ ਹੋਣੀ, ਆਂਦਰਾਂ ਦਾ ਬੋਲਣਾ ਆਦਿਕ.

ਵਾਤਦੋਸ਼ ਦੂਰ ਕਰਨ ਦੇ ਸਾਧਾਰਣ ਇਲਾਜ ਹਨ-

ਸ਼ਰੀਰ ਤੇ ਤੇਲ ਵਟਣੇ ਆਦਿ ਦੀ ਮਾਲਿਸ਼ ਕਰਨੀ. ਯੋਗਰਾਜ ਗੁੱਗਲ ਦਾ ਸੇਵਨ ਕਰਨਾ. ਰਸਦਾਇਕ ਨਮਕੀਨ ਤਰ ਭੋਜਨ ਖਾਣੇ. "ਬਾਇ ਪਿੱਤ ਕਰ ਉਪਜਤ ਭਏ." (ਚਰਿਤ੍ਰ ੪੦੫) ੫. ਸੰ. ਵਜਾੱਤ. ਵਿ- ਫੈਲਿਆ ਹੋਇਆ. ਟੱਡਿਆ। ੬. ਕ੍ਰਿ. ਵਿ- ਟੱਡਕੇ. ਪਸਾਰਕੇ. "ਰੋਮ ਫੁਲਾਇ ਬਡੋ ਮੁਖ ਬਾਇ." (ਗੁਵਿ ੧੦) ੭. ਦੇਖੋ, ਬਾਂਇ.

ਬਾਂਇ: ਸੰਗਯਾ- ਵਾਪੀ. ਬਾਉਲੀ. ਪੌੜੀਆਂ ਵਾਲਾ ਖੂਹ.

ਬਾਇਆ: ਸੰਗਯਾ- ਵਾਯੁ. ਪੌਣ. "ਲਗੈ ਨ ਤਾਤੀ ਬਾਇਆ." (ਸਾਰ ਮਃ ੫) ੨. ਦੇਖੋ, ਬਾਯਾ। ੩. ਦੇਖੋ, ਵਾਇਆ.

ਬਾਇਆਂ: ਦੇਖੋ, ਬਾਯਾਂ.

ਬਾਇਸ: ਸੰ. ਵਾਯਸ. ਸੰਗਯਾ- ਕਾਉਂ. ਕਾਕ. "ਸੁਆਨ ਸੂਕਰ ਬਾਇਸ ਜਿਵੈ ਭਟਕਤ." (ਮਾਰੂ ਕਬੀਰ) ੨. ਅ਼. باعث ਬਾਅ਼ਸ ਕਾਰਣ. ਹੇਤੁ. ਸਬਬ.

ਬਾਇਕ: ਸੰ. ਵਾਯਕ. ਸੰਗਯਾ- ਬੁਣਨ ਵਾਲਾ, ਜੁਲਾਹਾ.

ਬਾਇਫਿਰੰਗ: ਦੇਖੋ, ਬਾਦਫਿਰੰਗ. "ਪਥਰੀ ਬਾਇਫਿਰੰਗ ਅੱਧਨੇਤ੍ਰਾ." (ਚਰਿਤ੍ਰ ੪੦੫)

ਬਾਇਬਲ, ਬਾਇਬਿਲ: ਯੂ. Bible ਸੰਗਯਾ- ਪੁਸ੍ਤਕ. ਗ੍ਰੰਥ।

੨. ਮੂਸਾਈ ਅਤੇ ਈਸਾਈ ਮਤ ਵਾਲਿਆਂ ਦਾ ਧਰਮਗ੍ਰੰਥ, ਜਿਸ ਵਿੱਚ ਤੌਰੇਤ, ਅੰਜੀਲ ਆਦਿ ਕਈ ਗ੍ਰੰਥਾਂ ਦਾ ਸੰਗ੍ਰਹ ਹੈ. ਇਹ ਦੂਜੀ ਈਸਵੀ ਸਦੀ ਦੇ ਅੰਤ ਅਤੇ ਤੀਜੀ ਦੇ ਆਰੰਭ ਵਿੱਚ ਯੂਨਾਨੀ ਭਾਸ਼ਾ ਵਿੱਚ ਲਿਖਿਆ ਗਿਆ ਸੀ. ਹੁਣ ਇਸ ਦਾ ਅਨੁਵਾਦ ਸੰਸਾਰ ਦੀਆਂ ਅਨੇਕ ਗਿਆ ਬੋਲੀਆਂ ਵਿੱਚ ਹੋ ਗਿਆ ਹੈ. ਇਸ ਦੇ ਮੁੱਖ ਦੋ ਭਾਗ ਹਨ- ਤਉਰੇਤ ਜ਼ੱਬੂਰ ਆਦਿ Old Testament ਅਤੇ ਅੰਜੀਲ New Testament. ਬਾਇਬਲ ਨੂੰ ਕ਼ੁਰਾਨ ਵਿੱਚ ਭੀ ਇਲਹਾਮੀ ਕਿਤਾਬ ਮੰਨਿਆ ਹੈ.

ਬਾਇਵ: ਸੰ. ਵਾਯਵੀ. ਸੰਗਯਾ- ਉੱਤਰ ਅਤੇ ਪੱਛਮ ਦੇ ਮਧ੍ਯ ਦੀ ਦਿਸ਼ਾ, ਜਿਸ ਦਾ ਦੇਵਤਾ ਵਾਯੁ ਹੈ. ਦੇਖੋ, ਦਿਕਪਾਲ. "ਸਿਰ ਬਾਇਵ ਕੋਣ ਨਿਵਾਏ." (ਗੁਪ੍ਰਸੂ)

ਬਾਇੜ: ਸੰਗਯਾ- ਸਣ ਦੀ ਰੱਸੀ. ਜੋ ਚਰਖੇ ਦੇ ਘੇਰ ਪੁਰ ਮ੍ਰਿਦੰਗ ਦੀਆਂ ਤਾਣਾਂ ਵਾਂਙ ਕਸੀ ਹੁੰਦੀ ਹੈ, ਜਿਸ ਪੁਰ ਮਾਲ੍ਹ ਫਿਰਦੀ ਹੈ, ਇਸ ਨੂੰ ਕਸਣ ਭੀ ਬੋਲਦੇ ਹਨ.

ਬਾਈ: ਮਰਾ. ਸੰਗਯਾ- ਇਸਤ੍ਰੀਆਂ ਲਈ ਸਨਮਾਨ ਬੋਧਕ ਸ਼ਬਦ, ਸ਼੍ਰੀਮਤੀ. ਦੇਖੋ, ਮੀਰਾ ਬਾਈ ਆਦਿ. "ਅਰੀ ਬਾਈ! ਗੋਬਿੰਦਨਾਮੁ ਮਤ ਬੀਸਰੈ." (ਗੂਜ ਤ੍ਰਿਲੋਚਨ) ੨. ਸ਼ਰੀਰ ਦੀ ਵਾਤ ਧਾਤੁ। ੩. ਵਾਯੁ, ਪਵਨ। ੪. ਵਿ- ਬਾਈਸ. ਦ੍ਵਾਵਿੰਸ਼ਤਿ- ੨੨. "ਮਿਲ ਕਰ ਰਾਜੇ ਬਾਈ ਧਾਰਨ ਪ੍ਰਜਾ ਸਹਿਤ ਸਭ ਜੋਧਾ." (ਗੁਪ੍ਰਸੂ) ਦੇਖੋ, ਬਾਈਧਾਰ.

ਬਾਈਆ: ਦੇਖੋ, ਬਾਹੀਆ.

ਬਾਈਸ: ਦੇਖੋ, ਬਾਈ ੪.

ਬਾਈਸਧਾਰ: ਦੇਖੋ, ਬਾਈਧਾਰ.

ਬਾਈਜਾਤ: ਭਾਈ ਸੰਤੋਖਸਿੰਘ ਜੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਅੰਮ੍ਰਿਤਸਰ ਵਿੱਚ ਅਨੇਕ ਪੇਸ਼ੇ ਅਤੇ ਜਾਤਿ ਦੇ ਆਦਮੀ ਵਸਾਏ ਅਰ ਬਾਈਜਾਤਿ ਦੇ ਖਤ੍ਰੀ ਆਬਾਦ ਕੀਤੇ. ਇਸ ਤੋਂ ਇਹ ਭਾਵ ਨਹੀਂ ਕਿ ਖਤ੍ਰੀਆਂ ਦੀਆਂ ਕੋਈ ਖਾਸ ੨੨ ਜਾਤਾਂ ਹਨ. ਸਿੱਧਾਂਤ ਇਹ ਹੈ ਬਾਈ ਕੁਲ ਗੋਤ੍ਰਾਂ ਦੇ ਖਤ੍ਰੀ ਆਕੇ ਵਸੇ. "ਬਾਈ ਜਾਤ ਜੁ ਖਤ੍ਰੀ ਕੁਲ ਕੀ." (ਗੁਪ੍ਰਸੂ)

ਬਾਈਧਾਰ: ਪਹਾੜ ਦੀਆਂ ਬਾਈ ਧਾਰਾ (Range) ਜਲਧਾਰਾ (ਨਦੀਆਂ) ਕਰਕੇ ਪਹਾੜੀ ਇਲਾਕੇ ਦੇ ਬਣੇ ਹੋਏ ਭੇਦ, ਪਹਾੜੀ ਬਾਈ ਰਿਆਸਤਾਂ ਬਾਈਧਾਰ ਕਰਕੇ ਪ੍ਰਸਿੱਧ ਹਨ. ਇਨ੍ਹਾਂ ਵਿੱਚੋਂ ੧੧. ਜਲੰਧਰ ਦੇ ਹਲਕੇ ਵਿੱਚ ਅਤੇ ੧੧. ਡੂਗਰ ਹਲਕੇ ਵਿੱਚ ਹਨ. ਰਿਆਸਤ ਚੰਬਾ ਦੋਹਾਂ ਹਲਕਿਆਂ ਵਿੱਚ ਹੋਣ ਕਰਕੇ ਦੋਹੀਂ ਪਾਸੀਂ ਗਿਣੀਜਾਂਦੀ ਹੈ. ਇਨ੍ਹਾਂ ਵਿੱਚੋਂ ਬਹੁਤ ਰਿਆਸਤਾਂ ਜੰਮੂ ਦੇ ਇਲਾਕੇ ਵਿੱਚ ਮਿਲ ਗਈਆਂ ਹਨ ਅਰ ਬਹੁਤਿਆਂ ਦੇ ਇਲਾਕੇ ਸਿੱਖਰਾਜ ਸਮੇਂ ਖਾਲਸਾ ਨਾਲ ਸ਼ਾਮਿਲ ਹੋਗਏ ਹਨ. ਕਿਤਨੀਆਂ ਰਿਆਸਤਾਂ ਦੇ ਵੰਸ਼ ਹੁਣ ਗਰੀਬੀ ਦਸ਼ਾ ਵਿੱਚ ਦੇਖੇਜਾਂਦੇ ਹਨ, ਅਰ ਬਹੁਤ ਰਿਆਸਤਾਂ ਦੇ ਨਾਮ ਬਦਲੇ ਗਏ ਹਨ. ਸੰਖਪ਼ਾ ਇਉਂ ਹੈ-

ਹਲਕਾ ਜਲੰਧਰ-

ਚੰਬਾ, ਨੂਰਪੁਰ, ਗੁਲੇਰ, ਦਤਾਰਪੁਰ, ਸੀਬਾ, ਜਸਵਾਨ, ਕਾਂਗੜਾ, ਕੋਟਲੇਹਰ, ਮੰਡੀ, ਸੁਕੇਤ ਅਤੇ ਕੁੱਲੂ.

ਹਲਕਾ ਡੂਗਰ-

ਚੰਬਾ, ਬਸੋਹਲੀ, ਭੱਡੂ, ਮਾਨਕੋਟ, ਬੇਂਹਦ੍ਰਾਲਟਾ, ਜਸਰੋਟਾ, ਸਾਂਬਾ, ਜੰਮੂ, ਚਨੇਨੀ, ਕਸ਼੍ਰਵਾਰ ਅਤੇ ਭਦ੍ਰਵਾਹ.

ਆਨੰਦਪੁਰ ਵਿੱਚ ਦਸ਼ਮੇਸ਼ ਦੇ ਵਿਰਾਜਣ ਦਾ ਸਮਾਂ ਸਨ ੧੬੭੪ ਤੋਂ ੧੭੦੩ (ਸੰਮਤ ੧੭੩੨- ੬੧) ਤੀਕ ਹੈ. ਦਸ਼ਮੇਸ਼ ਵੇਲੇ ਚੰਬੇ ਦੇ ਰਾਜੇ ਚਤੁਰਸਿੰਘ ਅਤੇ ਉਦੇਸਿੰਘ ਸਨ. ਚਤੁਰਸਿੰਘ ਦਾ ਦੇਹਾਂਤ ਸਨ ੧੬੯੦ ਵਿੱਚ ਹੋਇਆ ਹੈ. ਉਸੇ ਸਾਲ ਉਦੇਸਿੰਘ ਗੱਦੀ ਤੇ ਬੈਠਾ. ਉਦੇਸਿੰਘ ਸਨ ੧੭੨੦ ਵਿੱਚ ਮੋਇਆ.

ਗੁਲੇਰ ਦੇ ਰਾਜੇ ਰਾਜਸਿੰਘ ਅਤੇ ਦਿਲੀਪਸਿੰਘ ਸਨ. ਰਾਜਸਿੰਘ ਦਾ ਦੇਹਾਂਤ ਸਨ ੧੬੯੧ ਵਿੱਚ ਹੋਇਆ, ਇਸ ਪਿੱਛੋਂ ਇਸ ਦਾ ਬੇਟਾ ਦਿਲੀਪਸਿੰਘ ਗੰਦੀ ਪੁਰ ਬੈਠਾ.

ਕੁੱਲੂ ਦਾ ਰਾਜਾ ਬਿਧੀਸਿੰਘ ਸਨ ੧੬੬੩ ਤੋਂ ੧੬੭੪ ਤੀਕ ਰਿਹਾ ਹੈ.

ਰਾਜਾ ਭੀਮਚੰਦ ਕਹਲੂਰੀਆ, ਰਾਜਾ ਕ੍ਰਿਪਾਲਚੰਦ ਕਟੋਚੀਆ, ਰਾਜਾ ਕੇਸਰੀਚੰਦ ਜਸਵਾਲੀਆ, ਰਾਜਾ ਸੁਖਦਿਆਲ ਜਸਰੋਟੀਆ, ਰਾਜਾ ਹਰੀਚੰਦ ਹਿੰਡੂਰੀਆ, ਰਾਜਾ ਪ੍ਰਿਥੀਚੰਦ ਡਢਵਾਲੀਆ, ਰਾਜਾ ਫਤੇਸ਼ਾਹ ਸ੍ਰੀ ਨਗਰੀਆ, ਇਹ ਪਹਾੜੀ ਰਾਜੇ ਸਨ, ਜਿਨ੍ਹਾਂ ਨਾਲ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਕਈ ਯੁੱਧ ਹੋਏ.

ਬਾਈਧਾਰ ਦੇ ਰਾਜੇ: ਦੇਖੋ, ਬਾਈਧਾਰ.

ਬਾਈਬਲ: ਦੇਖੋ, ਬਾਇਬਲ.

ਬਾਈ ਮੰਜੀਆਂ: ਸ਼੍ਰੀ ਗੁਰੂ ਅਮਰਦਾਸ ਸਾਹਿਬ ਨੇ ਆਪਣੇ ਸਿੱਖਾਂ ਵਿੱਚੋਂ ੨੨ ਉੱਤਮ ਪ੍ਰਚਾਰਕ ਚੁਣਕੇ ਉਨ੍ਹਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖਸ਼ੀਆਂ, ਅਰਥਾਤ ਸਿੱਖ ਸਮਾਜ ਵਿੱਚ ਮਾਨਯੋਗਜ ਠਹਿਰਾਇਆ. ਭਾਈ ਸੰਤੋਖਸਿੰਘ ਜੀ ਲਿਖਦੇ ਹਨ-

"ਦਨਐਵਿੰਸ਼ਤਿ ਦਿੱਲੀ ਉਮਰਾਇਵ

ਤਿਤੇ ਸਿੱਖ ਮੰਜੀ ਸੁ ਬਠਾਇਵ."

(ਗੁਪ੍ਰਸੂ)

ਬਾਈ ਮੰਜੀਆਂ ਦੇ ਅਧਿਕਾਰੀ ਇਹ ਗੁਰਸਿੱਖ ਸਨ-

(੧) ਅੱਲਾਯਾਰ. ਦੇਖੋ, ਅੱਲਾਯਾਰ.

(੨) ਸੱਚਨਸੱਚ. ਦੇਖੋ, ਸੱਚਨਸੱਚ ੨

(੩) ਸਾਧਾਰਣ. ਦੇਖੋ, ਸਾਧਾਰਣ. ੬.

(੪) ਸਾਵਣਮੱਲ. ਦੇਖੋ, ਸਾਵਣਮੱਲ.

(੫) ਸੁੱਖਣ. ਦੇਖੋ, ਸੁੱਖਣ.

(੬) ਹੰਦਾਲ. ਦੇਖੋ, ਨਿਰੰਜਨੀਏ.

(੭) ਕੇਦਾਰੀ. ਦੇਖੋ, ਕੇਦਾਰੀ.

(੮) ਖੇਡਾ. ਦੇਖੋ, ਖੇਡਾ ੨.

(੯) ਗੰਗੂਸ਼ਾਹ, ਦੇਖੋ, ਗੰਗੂਸ਼ਾਹ.

(੧੦) ਦਰਬਾਰੀ. ਦੇਖੋ, ਦਰਬਾਰੀ ੫.

(੧੧) ਪਾਰੋ. ਦੇਖੋ, ਪਾਰੋ ਭਾਈ.

(੧੨) ਫੇਰਾ. ਦੇਖੋ, ਫੇਰਾ ੩.

(੧੩) ਬੂਆ. ਦੇਖੋ, ਬੂਆ ੨.

(੧੪) ਬੇਣੀ. ਦੇਖੋ, ਬੇਣੀ ੫.

(੧੫) ਮਹੇਸਾ. ਦੇਖੋ, ਮਹੇਸਾ ੧.

(੧੬) ਮਾਈਦਾਸ. ਦੇਖੋ, ਮਾਈਦਾਸ.

(੧੭) ਮਾਣਕਚੰਦ. ਦੇਖੋ, ਮਾਣਕਚੰਦ ੨.

(੧੮) ਮੁਰਾਰੀ. ਦੇਖੋ, ਮਥੋ ਮੁਰਾਰੀ.

(੧੯) ਰਾਜਾਰਾਮ. ਦੇਖੋ, ਰਾਜਾਰਾਮ ੭.

(੨੦) ਰੰਗਸ਼ਾਹ. ਦੇਖੋ, ਰੰਗਸ਼ਾਹ.

(੨੧) ਰੰਗਦਾਸ, ਦੇਖੋ ਰੰਗਦਾਸ.

(੨੨) ਲਾਲੋ. ਦੇਖੋ, ਲਾਲੋ ਭਾਈ ੨.

ਬਾਏਂ: ਕ੍ਰਿ. ਵਿ- ਵਾਮ (ਖੱਬੇ) ਪਾਸੇ.

ਬਾਸ: ਸੰ. ਵਾਸ. ਸੰਗਯਾ- ਰਹਿਣ ਦੀ ਕ੍ਰਿਯਾ. ਨਿਵਾਸ. "ਬਾਸਉ ਸੰਗਿ ਗੁਪਾਲ." (ਫੁਨਹੇ ਮਃ ੫)

੨. ਰਹਿਣ ਦਾ ਅਸਥਾਨ. ਘਰ. "ਬਾਸ ਬਿਖੈ ਬੰਧਾਨ." (ਨਾਪ੍ਰ) ਘਰ ਵਿੱਚ ਬੰਨ੍ਹਿਆ ਹੋਇਆ ਹੈ।

੩. ਵਸਤ੍ਰ. "ਪਹਿਰਨ ਬਾਸ ਲਜਾਇ ਗਨ ਦਾਸਾ." (ਗੁਪ੍ਰਸੂ) ੪. ਗੰਧ. ਬੂ. ਮਹਕ। ੫. ਫ਼ਾ. باش ਬਾਸ਼ ਹੋ। ੬. ਰਹਿ. "ਬਾ ਖ਼ੁਦਾ

ਬਾਸ਼." (ਜ਼ਿੰਦਗੀ)

ਬਾਂਸ: ਸੰ. ਵੰਸ਼. ਵੇਣੁ. ਸੰਗਯਾ- ਤ੍ਰਿਣ ਜਾਤਿ ਦਾ ਇੱਕ ਪੌਧਾ, ਜਿਸ ਦੀ ਲੰਮੀ ਛਟੀ ਗੱਠਦਾਰ ਹੁੰਦੀ ਹੈ. Bambusa. (Bamboo)

ਬਾਸ਼ਊਰ: ਫ਼ਾ. باشعوُر ਸ਼ਊਰ (ਸਮਝ) ਵਾਲਾ. ਚਤੁਰ.

ਦਾਤਾ ਕੋ ਦੁਨੀ ਮੇ ਸੂਮ ਕਾਜੈਂ ਜਾਨਿਯਤ, ਇਮ

ਕਾਯਰ ਕੋ ਜਾਨਿਯੇ ਸਮਰ ਮਾਹਿ ਸੂਰ ਤੇ,

ਪਾਪੀ ਤੇ ਪ੍ਰਗਟ ਪੁੰਨੀ ਜਾਨਿਯੇ ਦੁਖੀ ਤੇ ਸੁਖੀ

ਨਿਧਨੀ ਕੋ ਜਾਨਿਯੇ ਸੁ ਧਨੀ ਧਨਭੂਰ ਤੇ,

ਭਾਖਤ "ਸਕਲ" ਜਾਨੇ ਭੂਪ ਤੇ ਭਿਖਾਰੀ, ਚੋਰ

ਸ਼ਾਹ ਤੇ ਪਛਾਨੇ ਔ ਚਤੁਰ ਚਿੱਤ ਕੂਰ ਤੇ,

ਰਾਤ ਦਿਨ ਸੂਰ ਤੇ ਔ ਕੰਚਨ ਕਚੂਰ ਤੇ, ਤਜੋਂ

ਜਾਨਜੋਜਾਤ ਨੀਕੇ ਬਾਸ਼ਊਰ ਬੇਸ਼ਊਰ ਤੇ.

ਬਾਸ਼ਹ: ਦੇਖੋ, ਬਾਸਾ ੨.

ਬਾਸਕ: ਵਿ- ਵਾਸਕ. ਵਾਸ (ਨਿਵਾਸ) ਕਰਨ ਵਾਲਾ। ੨. ਗੰਧ (ਬੂ) ਪੈਦਾ ਕਰਨ ਵਾਲਾ. ਦੇਖੋ, ਸੁਬਾਸਕ। ੩. ਸੰ. ਵਾਸੁਕਿ. ਸੰਗਯਾ- ਇੱਕ ਸਰਪਰਾਜ, ਜਿਸ ਦਾ ਨੇਤ੍ਰਾ ਬਣਾਕੇ, ਪੁਰਾਣਾਂ ਅਨੁਸਾਰ, ਦੇਵਤਾ ਅਤੇ ਦੈਤਾਂ ਨੇ ਖੀਰਸਮੁੰਦਰ ਰਿੜਕਿਆ ਸੀ. "ਬਾਸਕ ਕੋਟ ਸੇਜ ਬਿਸਥਰਹਿ." (ਭੈਰ ਅਃ ਕਬੀਰ) ਦੇਖੋ, ਸੇਸਨਾਗ

ਬਾਸਕਸੱਜਾ: ਸੰ. ਵਾਸਕਸੱਜਾ. ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ ਆਪਣੇ ਪ੍ਰੀਤਮ ਦੇ ਆਗਮਨ ਵੇਲੇ ਕੇਲਿ ਵਿਲਾਸ ਦੀ ਸਾਮਗ੍ਰੀ ਸਜਾਵੇ. ਸਜੇ ਹੋਏ ਵਾਸ (ਘਰ) ਵਿੱਚ ਤਿਆਰ ਰਹਿਣ ਵਾਲੀ.

ਬਾਸਕੁ: ਦੇਖੋ, ਬਾਸਕ ੩. "ਬਾਸਕੁ ਨੇਤ੍ਰੈ ਘਤਿਆ." (ਵਾਰ ਰਾਮ ੩)

ਬਾਸਠ: ਵਿ- ਦੋ ਅਤੇ ਸੱਠ. ਦ੍ਵਾਸ਼ਿਸ਼੍ਟਿ. ਬਾਹਠ ੬੨.

ਬਾਸਣ: ਦੇਖੋ, ਬਾਸਨ। ੨. ਦੇਖੋ, ਵਾਸਨ.

ਬਾਸਦੇਉ, ਬਾਸਦੇਵ: ਦੇਖੋ, ਬਸੁਦੇਵ ਅਤੇ ਵਾਸੁਦੇਵ.

ਬਾਸਨ: ਸੰਗਯਾ- ਜਿਸ ਨਾਲ ਵਾਸਨਾ (ਬੂ) ਗਹਿਣ ਕਰੀਏ, ਨੱਕ. "ਹਸਤ ਕਮਾਵਨ, ਬਾਸਨ ਰਸਨਾ." (ਰਾਮ ਅਃ ਮਃ ੫) ਕਮਾਉਣ ਨੂੰ ਹੱਥ, ਗੰਧ ਲੈਣ ਲਈ ਨੱਕ ਅਤੇ ਰਸ ਰੈਣ ਲਈ ਜੀਭ। ੨. ਬਰਤਨ. ਭਾਂਡਾ. "ਬਾਸਨ ਮਾਂਜਿ ਚਰਾਵਹਿ ਊਪਰਿ." (ਆਸਾ ਕਬੀਰ) ਦੇਖੋ, ਅੰ. Basin। ੩. ਸੰ. ਵਾਸਨ. ਖ਼ੁਸ਼ਬੂਦਾਰ ਕਰਨ ਦੀ ਕ੍ਰਿਯਾ. ਧੂਪ ਆਦਿ ਦੇਕੇ ਸੁਗੰਧ ਫੈਲਾਉਣੀ। ੪. ਘਰ. ਨਿਵਾਸ ਅਸਥਾਨ. "ਗੁਰਪ੍ਰਸਾਦਿ ਨਾਨਕ ਸੁਖ ਬਾਸਨ." (ਗਉ ਮਃ ੫) ੫. ਸੁਗੰਧ. ਖ਼ੁਸ਼ਬੂ. "ਅਲਿ ਕਮਲੇਹ ਬਾਸਨ ਮਾਹਿ ਮਗਨ." (ਆਸਾ ਛੰਤ ਮਃ ੫) ੬. ਵਾਸਨਾ. ਇੱਛਾ. "ਬਾਸਨ ਮੇਟਿ ਨਿਬਾਸਨ ਹੋਈਐ." (ਮਾਰੂ ਸੋਲਹੇ ਮਃ ੫) "ਰਸ ਬਾਸਨ ਸਿਉ ਜੁ ਦਹੰ ਦਿਸਿ ਧਾਇਓ." (ਸਵੈਯੇ ਮਃ ੪. ਕੇ)

ਬਾਸਨਾ: ਸੰ. ਵਾਸਨਾ. ਸੰਗਯਾ- ਇੱਛਾ. ਚਾਹ. "ਮਨ ਬਾਸਨਾ ਰਚਿ ਬਿਖੈ ਬਿਆਧਿ." (ਸੂਹੀ ਮਃ ੫) ੨. ਗੰਧ. ਮਹਕ. ਬੂ। ੩. ਸੁਗੰਧਿਤ ਕਰਨਾ. ਖ਼ੁਸ਼ਬੂਦਾਰ ਕਰਨਾ। ੪. ਭਲੀ ਅਥਵਾ ਬੁਰੀ ਸ਼ੁਹਰਤ ਲਈ ਭੀ ਬਾਸਨਾ ਸਬਦ ਕਵੀ ਵਰਤਦੇ ਹਨ. ਜਾਤਹੋ

ਕਲਾਲ ਚਲੋ ਘਰਾ ਲੀਯੇ ਬਾਰੁਨੀ ਕੋ

ਗੰਧੀ ਚਲੋ ਜਾਤਹੋ ਫੁਲੇਲਘਟ ਆਸਨਾ,

ਠੋਕਰ ਠਮਕ ਲਾਗ ਦੋਊ ਘਟ ਫੂਟਗਏ

ਤਹਾਂ ਕੋਊ ਚਾਤੁਰ ਕਰਤ ਮੁਖ ਭਾਸਨਾ,

"ਮੁਰਲੀ" ਭਲਾਈ ਔ ਬੁਰਾਈ ਕੋ ਬਿਬੇਕ ਯਹੈ

ਕੀਜੀਐ ਭਲਾਈ ਜੌਲੌ ਜੀਭ ਲਗ ਸਾਸਨਾ,

ਭੂਲ ਨਹਿਂ ਆਸਨ ਬਿਲੋਕ ਪਾਕਸਾਸਨ ਸੇ

ਬਾਸਨ ਬਿਲਾਇਜਾਤ ਰਹਿਜਾਤ ਬਾਸਨਾ.

ਬਾਸਨੀ: ਵਸਣ ਵਾਲੀ। ੨. ਸੰਗਯਾ- ਵਸਨ (ਵਸਤ੍ਰ) ਦੀ ਲੰਮੀ ਥੈਲੀ, ਜਿਸ ਵਿੱਚ ਰੁਪਯੇ ਪਾਕੇ ਲੱਕ ਬੱਧੇ ਜਾਂਦੇ ਹਨ.

ਬਾਸਨੁ: ਵਾਸਨਾ. ਸੁਗੰਧ. "ਬਾਸਨੁ ਰੋਗ ਭਵਰੁ ਬਿਨਸਾਨੋ." (ਭੈਰ ਮਃ ੫) ਦੇਖੋ, ਬਾਸਨ.

ਬਾਸ ਬਸਨਾ: ਦੇਖੋ, ਬਾਸੁ ਬਸਨਾ.

ਬਾਂਸ ਬਰੇਲੀ: ਦੇਖੋ, ਬਰੇਲੀ. "ਬਾਂਸ ਬਰੇਲੀ ਕੇ ਬਿਖੈ ਬੀਰ ਬਡੋ ਧਨਰਾਵ." (ਚਰਿਤ੍ਰ ੧੬੭)

ਬਾਸਬਾਸਰੀ: ਵਾਸ (ਘਰ) ਅਤੇ ਵਸਣ ਵਾਲਾ (ਵਾਸਕ) ਦੇਖੋ, ਬਾਸਰੀ.

ਬਾਸਬੈ: ਵਸਣ ਤੋਂ ਨਿਵਾਸ ਸੇ. "ਸਾਧੁ ਸੰਗਤ ਕੈ ਬਾਸਬੈ ਕਲਮਲ ਸਭਿ ਨਸਨਾ." (ਬਿਲਾ ਮਃ ੫)

ਬਾਸਮਤੀ: ਸੰਗਯਾ- ਸੁਗੰਧ ਵਾਲੇ ਚਾਉਲਾਂ ਦੀ ਇੱਕ ਜਾਤਿ.

ਬਾਸਰ: ਸੰ. ਵਾਸਰ. ਸੰਗਯਾ- ਦਿਨ. ਵਾਸ਼੍ਰ ਸ਼ਬਦ ਭੀ ਦਿਨ ਦਾ ਬੋਧਕ ਹੈ.

ਬਾਸਰਕੀ ਗਿੱਲਾਂ: ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਘਰਿੰਡਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਛਿਹਰਟਾ

ਬਾਸਰਕੇ: ਤੋਂ ਤਿੰਨ ਮੀਲ ਦੱਖਣ ਪੱਛਮ ਹੈ, ਅਤੇ ਸ਼ਹਿਰ ਅਮ੍ਰਿਤਸਰ ਤੋਂ ਤਿੰਨ ਕੋਹ ਪੱਛਮ ਹੈ. ਇਹ ਗੁਰੂ ਅਮਰਦੇਵ ਦਾ ਜਨਮ ਅਸਥਾਨ ਹੈ. ਇਸ ਗ੍ਰਾਮ ਤੋਂ ਇੱਕ ਫਰਲਾਂਗ ਪੂਰਵ ਗੁਰੂ ਅਮਰਦੇਵ ਜੀ ਦਾ ਗੁਰਦ੍ਵਾਰਾ "ਸੰਨ੍ਹ ਸਾਹਿਬ" ਹੈ. ਇਸ ਕੋਠੇ ਵਿੱਚ ਬੈਠਕੇ ਸਤਿਗੁਰੂ ਸਮਾਧਿ ਇਸਥਿਤ ਹੋਏ ਸਨ ਅਰ ਦਰਵਾਜੇ ਪੁਰ ਇਹ ਹੁਕਮ ਲਿਖਵਾ ਦਿੱਤਾ ਸੀ ਕਿ ਜੋ ਦਰਵਾਜ਼ਾ ਖੋਲ੍ਹੇਗਾ ਉਹ ਸਿੱਖ ਨਹੀਂ. ਬਾਬਾ ਬੁੱਢਾ ਜੀ ਨੇ ਕੋਠੇ ਦੇ ਪਿੱਛੇ ਸੰਨ੍ਹ (ਪਾੜ) ਦੇਕੇ ਸੰਗਤਿ ਸਮੇਤ ਦਰਸ਼ਨ ਕੀਤਾ.

ਏਕਾਂਤਵਾਸ ਦਾ ਕਾਰਣ ਇਹ ਸੀ ਕਿ ਗੁਰੂ ਅੰਗਦਦੇਵ ਦੇ ਪੁਤ੍ਰ ਦਾਤੂ ਜੀ ਨੇ ਈਰਖਾ ਵਿੱਚ ਸੜਕੇ ਗੁਰੂ ਸਾਹਿਬ ਦਾ ਅਨਾਦਰ ਕੀਤਾ ਸੀ ਅਰ ਆਖਿਆ ਸੀ ਕਿ ਆਪ ਖਡੂਰ ਤੋ ਚਲੇਜਾਓ. ਸ਼ਾਂਤਿਰੂਪ ਸਤਿਗੁਰੂ ਨੇ ਦਾਤੂ ਜੀ ਦਾ ਮਨ ਸ਼ਾਂਤ ਕਰਨ ਲਈ ਕਿਨਾਰਾ ਕਰਕੇ ਕੋਠੇ ਵਿੱਚ ਨਿਵਾਸ ਕੀਤਾ. ਹੁਣ ਇੱਥੇ ਗੁਰਦ੍ਵਾਰਾ ਬਣਿਆ ਹੋਇਆ ਹੈ. ਕੋਠੇ ਦਾ ਦਰਵਾਜਾ ਪੱਛਮ ਵੱਲ ਹੈ, ਸੰਨ੍ਹ ਪੂਰਵ ਦਿਸ਼ਾ ਵੱਲ ਹੈ, ਜਿਸ ਦੀ ਚੌੜਾਈ ਅਤੇ ਲੰਬਾਈ ੧੫×੨੭ ਇੰਚ ਹੈ. ਅੰਦਰ ਮੰਜੀਸਾਹਿਬ ਹੈ. ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ਪੁਜਾਰੀ ਨਿਰਮਲੇ ਸਿੰਘ ਹਨ.

ਇਸ ਗੁਰਅਸਥਾਨ ਨਾਲ ੧੨੫ ਵਿੱਘੇ ਜ਼ਮੀਨ ਇਸ ਪਿੰਡ ਵੱਲੋਂ ਹੈ. ੩੮ ਰੁਪਯੇ ਸਾਲਾਨਾ ਮੁਆਫੀ ਹੈ. ੮੪ ਘੁਮਾਉਂ ਜ਼ਮੀਨ ਨਹਿਰੀ, ਕੋਟਲੀਨਸੀਬਖ਼ਾਂ ਨਿਵਾਸੀ ਸਮੁੰਦਖ਼ਾਂ ਭੱਟੀ ਰਾਜਪੂਤ ਦੀ ਚੜ੍ਹਾਈ ਹੋਈ ਹੈ. ਇਸ ਗੁਰਦ੍ਵਾਰੇ ਦੀ ਪਹਿਲਾਂ ਸੇਵਾ ਸਰਦਾਰ ਲਹਿਣਾਸਿੰਘ ਮਜੀਠਾਏ ਨੇ ਕਰਵਾਈ ਸੀ. ਗੁਰਦ੍ਵਾਰੇ ਦੇ ਪੂਰਵ ਭਾਈ ਗੋਬਿੰਦਰਾਮ ਅਮ੍ਰਿਤਸਰੀ ਨੇ ਤਾਲ ਬਣਵਾਇਆ ਹੈ. ਪਹਿਲੇ ਸਰਾਧ ਮੇਲਾ ਹੁੰਦਾ ਹੈ.

ਪਿੰਡ ਤੋਂ ਪੂਰਵ ਇੱਕ ਕੱਚੇ ਤਾਲ ਦੇ ਕਨਾਰੇ ਸ਼੍ਰੀ ਗੁਰੂ ਅੰਗਦਦੇਵ ਜੀ ਦੀ ਸੁਪੁਤ੍ਰੀ ਬੀਬੀ ਅਮਰੋ ਜੀ ਦੀ ਸਮਾਧਿ ਹੈ. ਇੱਥੇ ਭੀ ਪੁਜਾਰੀ ਨਿਰਮਲੇ ਸਿੰਘ ਹਨ.

ਬਾਸਰਨਾਹਿ, ਬਾਸਰਪਤਿ: ਵਾਸਰ (ਦਿਨ) ਦਾ ਸ੍ਵਾਮੀ ਸੂਰਜ. "ਬਾਸਰਨਾਹਿ ਜਥਾ ਗ੍ਰਸ ਰਾਹੁ." (ਨਾਪ੍ਰ) "ਸਿੰਘਾਸਨ ਊਪਰਿ ਰਾਜਤ ਹੈਂ ਜਨੁ ਬਾਸਰ ਪੱਤਾ." (ਗੁਵਿ ੧੦)

ਬਾਸਰੀ: ਨਿਵਾਸ ਕਰਤਾ. "ਬਾਸ ਬਾਸਰੀ ਏਕੈ ਸੁਆਮੀ (ਉਦਿਆਨੁ ਦ੍ਰਿਸਟਾਗਿਓ." (ਗਉ ਮਃ ੫) ਘਰ ਅਤੇ ਉਦਯਾਨ (ਜੰਗਲ) ਵਿੱਚ ਇੱਕ ਸ੍ਵਾਮੀ ਵਸਣ ਵਾਲਾ ਦੇਖਿਆ ਹੈ.

ਬਾਂਸਰੀ: ਦੇਖੋ, ਬਾਂਸੁਰੀ.

ਬਾਸਰੋ: ਸੰਗਯਾ- ਬਾਸ ਅਸਥਾਨ. ਵਸੇਰੇ ਦਾ ਥਾਂ। ੨. ਵਾਸਰ. ਦਿਨ. ਦੇਖੋ, ਬੀਸ ਸਪਤਾਹਰੋ.

ਬਾਸਰੋ ਰੈਣੀ: ਵਾਸਰ ਅਤੇ ਰਜਨਿ. ਦਿਨ ਰਾਤ। ੨. ਭਾਵ- ਨਿੱਤ. ਸਦੈਵ.

ਬਾਂਸਲੀ: ਸੰਗਯਾ- ਬਾਂਸੁਰੀ. ਮੁਰਲੀ। ੨. ਦੇਖੋ, ਬਾਸਨੀ ੨.

ਬਾਸਲੀਕ, ਬਾਸਲੀਕ਼: ਯੂ. ਰਕਤਵਾਹ ਨਾੜੀ. ਵਿਕਾਰੀ ਲਹੂ ਨੂੰ, ਹਕੀਮ ਇਸ ਵਿੱਚ ਨਸ਼ਤਰ ਲਾਕੇ ਕਢਦੇ ਹਨ.

ਬਾਸਵ: ਸੰ. ਵਾਸਵ. ਵਿ- ਵਸੁ ਦੇਵਤਿਆਂ ਦਾ ੨. ਸੰਗਯਾ- ਇੰਦ੍ਰ. ਦੇਵਰਾਜ. "ਜੇ ਨ ਮਿਟੇ ਬਿਕਟੇ ਭਟ ਕਾਹੂੰ ਸੋਂ. ਬਾਸਵ ਸੋਂ ਕਬਹੂੰ ਨ ਪਛੇਲੇ." (ਚਰਿਤ੍ਰ ੧)

ਬਾਸਵਅਰਿ ਧਰ ਸੁਤ ਧਰ ਧਰ: (ਸਨਾਮਾ) ਸੰਗਯਾ- ਵਾਸਵ (ਇੰਦ੍ਰ) ਹੈ ਜਿਸ ਦਾ ਵੈਰੀ, ਮੈਨਾਕ ਪਹਾੜ, ਉਸ ਨੂੰ ਧਾਰਨ ਵਾਲਾ ਸਮੁੰਦਰ, ਉਸ ਦਾ ਪੁਤ੍ਰ ਚੰਦ੍ਰਮਾ, ਉਸ ਨੂੰ ਧਾਰਨਵਾਲਾ ਆਕਾਸ਼, ਆਕਾਸ਼ ਵਿੱਚ ਵਿਚਰਣ ਵਾਲਾ ਤੀਰ (ਵਾਣ).

ਬਾਸਵਲੋਕ: ਸੰਗਯਾ- ਵਾਸਵ (ਇੰਦ੍ਰ) ਦਾ ਲੋਕ, ਸ੍ਵਰਗ.

ਬਾਸਵਾਰਿ: ਸੰਗਯਾ- ਵਾਸਵ (ਇੰਦ੍ਰ ਦਾ ਵੈਰੀ ਦੈਤ੍ਯ। ੨. ਸ਼ੁੰਭ ਆਦਿ ਦੈਤ੍ਯ.

ਬਾਸਵੀ: ਸੰਗਯਾ- ਵਾਸਵ (ਇੰਦ੍ਰ) ਦੀ ਰਾਨੀ ਸ਼ਚੀ. "ਬਾਸਵ ਦੇਵ ਬਾਸਵੀ ਜਾਨਯੋ." (ਰਘੁਰਾਜ) ੨. ਵਾਸਵ ਦਾ ਪੁਤ੍ਰ ਅਰਜੁਨ.

ਬਾਸਾ: ਸੰਗਯਾ- ਵਾਸ. ਨਿਵਾਸ. ਵਸੇਰਾ. "ਜਾਕਾ ਬਾਸਾ ਗੋਹ ਮਹਿ." (ਸ. ਕਬੀਰ) ੨. ਫ਼ਾ. باشہ ਬਾਸ਼ਹ. ਇੱਕ ਗੁਲਾਬਚਸ਼ਮ ਸ਼ਿਕਾਰੀ ਪੰਛੀ, ਜੋ ਬਾਜ਼ ਤੋਂ ਛੋਟਾ ਹੁੰਦਾ ਹੈ. ਇਸ ਦੀ ਸੂਰਤ ਬਾਜ਼ ਜੇਹੀ ਹੁੰਦੀ ਹੈ. ਇਹ ਬਾਸ਼ੀਨ ਦੀ ਮਦੀਨ ਹੈ. ਬਾਸ਼ਾ ਪੰਜਾਬੀ ਪੰਛੀ ਨਹੀਂ. ਇਹ ਠੰਢੇ ਦੇਸਾਂ ਵਿੱਚ ਆਂਡੇ ਦਿੰਦਾ ਹੈ ਅਤੇ ਸਰਦੀਆਂ ਦੇ ਸ਼ੁਰੂ ਵਿੱਚ ਏਧਰ ਆਉਂਦਾ ਹੈ. ਇਸ ਨੂੰ ਸਿਖਾਕੇ ਛੋਟੇ ਪੰਛੀਆਂ ਦਾ ਸ਼ਿਕਾਰ ਕੀਤਾ ਜਾਂਦਾ ਹੈ. ਚੰਗਾ ਬਾਸ਼ਾ ਤਿੱਤਰ ਭੀ ਮਾਰ ਲੈਂਦਾ ਹੈ. ਇਸ ਦੀਆਂ ਟੰਗਾਂ ਅਤੇ ਦੁਮ ਸ਼ਿਕਰੇ ਨਾਲੋਂ ਲੰਮੀ ਹੁੰਦੀ ਹੈ. Sparrow- hawk. ਦੇਖੋ, ਸ਼ਿਕਾਰੀ ਪੰਛੀਆਂ ਦਾ ਚਿਤ੍ਰ. "ਜੈਸੇ ਬਾਸਾ ਮਾਸ ਦੇਤ ਝਾਟੁਲੀ." (ਸਾਰ ਮਃ ੫) "ਮਨ ਬਾਸੇ ਸਿਉ ਨਿਤ ਭਉਦਿਆ." (ਸੂਹੀ ਛੰਤ ਮਃ ੪)

ਬਾਂਸਾ: ਸੰਗਯਾ- ਇੱਕ ਛੋਟਾ ਪੌਧਾ, ਜਿਸ ਦੇ ਕਈ ਰੰਗੇ ਫੁੱਲ ਹੁੰਦੇ ਹਨ. ਖਾਸ ਕਰਕੇ ਵਰਖਾ ਰੁੱਤ ਵਿੱਚ ਬਹੁਤ ਖਿੜਦੇ ਹਨ. ਦੇਖੋ, ਗੁਲ ਅੱਬਾਸ। ੨. ਇੱਕ ਪੌਧਾ, ਜਿਸ ਦੇ ਚੰਪਈ ਰੰਗ ਦੇ ਫੁੱਲ ਹੁੰਦੇ ਹਨ, ਇਸ ਦੀ ਲੱਕੜ ਦੇ ਕੋਲੇ ਬਾਰੂਦ ਵਿੱਚ ਪੈਂਦੇ ਹਨ. ਇਹ ਅਨੇਕ ਦਵਾਈਆਂ ਵਿੱਚ ਭੀ ਵਰਤੀਦਾ ਹੈ.

ਬਾਸਾਨੀ: ਵਸਣ ਲਈ "ਸੋ ਥਾਨ ਮਿਲਿਓ ਬਾਸਾਨੀ." (ਸਾਰ ਮਃ ੫) ੨. ਕ੍ਰਿ. ਵਿ- ਬ ਆਸਾਨੀ ਸੁਗਮਤਾ ਸੇ. ਸੁਖੇਨ ਹੀ.

ਬਾਸਿਤ: ਸੰ. ਵਾਸਿਤ. ਵਿ- ਸੁਗੰਧਿਤ. "ਸੁਬਾਸ ਅਕਾਸ ਮਿਲੀ ਅਰੁ ਬਾਸਿਤ ਭੂਮਿ." (ਕ੍ਰਿਸਨਾਵ)

ਬਾਸਿੰਦਾ: ਫ਼ਾ. باشندہ ਬਾਸ਼ਿੰਦਹ. ਵਿ- ਵਸਣ ਵਾਲਾ. ਨਿਵਾਸ ਕਰਤਾ.

ਬਾਸੀ: ਵਿ- ਜੋ ਸੱਜਰਾ ਨਹੀਂ. ਬੇਹਾ। ੨. ਸੰ. वासिन्. ਵਸਣ ਵਾਲਾ. "ਫੈਲਰਹਯੋ ਸਭ ਅੰਤਰ ਬਾਸੀ." (੩੩ ਸਵੈਯੇ) ੩. ਫ਼ਾ. باشی ਬਾਸ਼ੀ ਤੂੰ ਹੋਵੇਂ। ੪. ਤੂੰ ਰਹੇਂ। ੫. ਦੇਖੋ, ਵਾਸੀ.

ਬਾਂਸੀ: ਸੰਗਯਾ- ਛੋਟੀ ਕਿਸਮ ਦਾ ਬਾਂਸ (ਵੰਸ਼) ੨. ਦੇਖੋ, ਬਨਸੀ। ੩. ਕਾਨੀ, ਜੋ ਤੀਰ ਨੂੰ ਲਗਦੀ ਹੈ ਅਤੇ ਜਿਸ ਦੀਆਂ ਕਲਮਾਂ ਬਣਦੀਆਂ ਹਨ.

ਬਾਸੀਅੜਾ: ਵਿ- ਵਸਣ ਵਾਲਾ. ਨਿਵਾਸ ਕਰਤਾ। ੨. ਸੰਗਯਾ- ਬਾਸੀ ਕੜਾਹ. ਸ਼ੀਤਲਾ ਦੇਵੀ ਦਾ ਤਯੋਹਾਰ, ਜੋ ਫੱਗੁਣ ਅਤੇ ਚੇਤ ਦੇ ਹਨੇਰੇ ਪੱਖ ਦੇ ਪਹਿਲੇ ਮੰਗਲ ਵਾਰ ਨੂੰ ਮਨਾਇਆ ਜਾਂਦਾ ਹੈ. ਇਸ ਦਿਨ ਹਿੰਦੂ ਇਸਤ੍ਰੀਆਂ ਬਾਸੀ (ਬੇਹਾ) ਅਨੰ ਗੁਲਗੁਲੇ ਕੜਾਹ ਪੁਲਾਉ ਆਦਿ ਸ਼ੀਤਲਾ ਨੂੰ ਚੜ੍ਹਾਕੇ ਅਹਾਰ ਕਰਦੀਆਂ ਹਨ. ਅੰਨ ਸੋਮਵਾਰ ਦੀ ਰਾਤ ਨੂੰ ਪਕਾਇਆ ਜਾਂਦਾ ਹੈ ਅਰ ਸੋਮਵਾਰ ਦੀ ਰਾਤ ਨੂੰ ਵ੍ਰਤ ਰੱਖਿਆ ਜਾਂਦਾ ਹੈ.

ਬਾਸੀਐ: ਵਸੀਐ। ੨. ਵਾਸਿਤ (ਸੁਗੰਧਿਤ) ਹੋਈਏ. "ਚੰਦਨ ਸੁਬਾਸ ਜੈਸੇ ਬਾਸੀਐ." (ਭਾਗੁ ਕ)

ਬਾਂਸੀਧਰ, ਬਾਂਸੀਧਰਨ: ਸੰਗਯਾ- ਬਾਂਸੀ (ਕਾਨੀ) ਦੇ ਧਾਰਨ ਵਾਲਾ, ਤੀਰ. ਵਾਣ. (ਸਨਾਮਾ)

ਬਾਸੀਨ: ਫ਼ਾ. باشین ਸੰਗਯਾ- ਬਾਸ਼ਹ ਦਾ ਨਰ, ਜੋ ਕੱਦ ਵਿੱਚ ਬਾਸ਼ੇ ਨਾਲੋਂ ਛੋਟਾ ਹੁੰਦਾ ਹੈ, ਦੇਖੋ, ਬਾਸਾ ੨.

ਬਾਸੀੜਾ: ਦੇਖੋ, ਬਾਸੀਅੜਾ.

ਬਾਸੁ: ਦੇਖੋ, ਬਾਸ। ੨. ਵਾਸ. ਨਿਵਾਸ. "ਸੁਰਗ ਬਾਸੁ ਨ ਬਾਛੀਐ." (ਗਉ ਕਬੀਰ) ੩. ਗੰਧ. ਬੂ. "ਬਾਸੁ ਤੇ ਸੁਖ ਲਾਗਬਾ." (ਪ੍ਰਭਾ ਨਾਮਦੇਵ) ੪. ਦੇਖੋ, ਬਾਂਸ. "ਬਾਸੁ ਬਡਾਈ ਬੂਡਿਆ." (ਸ. ਕਬੀਰ)

ਬਾਂਸੁ: ਦੇਖੋ, ਬਾਂਸ. "ਜਿਉ ਬਾਂਸੁ ਬਜਾਈ ਫੂਕ." (ਸ. ਕਬੀਰ)

ਬਾਸਕਿ: ਦੇਖੋ, ਬਾਸਕ ੩. ਬਾਸਕੁ ਅਤੇ ਵਾਸੁਕਿ.

ਬਾਸੁਦੇਵ: ਦੇਖੋ, ਵਾਸੁਦੇਵ। ੨. ਸੰਗਯਾ- ਸਰਵਨਿਵਾਸੀ ਪਾਰਬ੍ਰਹਮ. ਕਰਤਾਰ, ਜੋ ਸਭ ਨੂੰ ਆਪਣੇ ਵਿੱਚ ਨਿਵਾਸ ਦਿੰਦਾ ਹੈ. "ਬਾਸੁਦੇਵ ਬਸਤ ਸਭ ਠਾਇ." (ਰਾਮ ਮਃ ੫)

ਬਾਸੁ ਬਸਨਾ: ਦੇਖੋ, ਬਾਂਸਨਾ ੨.

ਬਾਸੁਰ: ਸੰ. ਵਾਸਰ. ਸੰਗਯਾ- ਦਿਨ. ਦੇਖੋ, ਬਾਸਰ. "ਬਿਖਿਆਸਕਤ ਰਹਿਓ ਨਿਸਬਾਸੁਰ." (ਸੋਰ ਮਃ ੯)

ਬਾਂਸੁਰੀ: ਸੰਗਯਾ- ਵੰਸ਼ (ਬਾਂਸ) ਪੋਰੀ, ਬਾਂਸ ਦੀ ਨਲਕੀ ਵਿੱਚ ੮. ਛੇਕ ਕਰਕੇ ਬਣਾਇਆ ਇੱਕ ਵਾਜਾ. ਮੁਰਲੀ. ਬੰਸਰੀ. "ਲਲਿਤ ਧਨਾਸਰੀ ਬਜਾਵੈ ਸੰਗ ਬਾਂਸੁਰੀ." (ਕ੍ਰਿਸਨਾਵ) ਦੇਖੋ, ਮੁਰਲੀ.

ਬਾਸੂ: ਡਿੰਗ. ਘੋੜਾ। ੨. ਦੇਖੋ, ਵਾਸੂ.

ਬਾਸੇਖਕ: ਸੰ. ਵੈਸ਼ੇਸ਼ਿਕ. ਦੇਖੋ, ਖਟਸਾਸਤ੍ਰ. "ਗੁਰਮੁਖ ਬਾਸੇਖਕ ਗੁਣ ਗਾਵੈ." (ਭਾਗੁ)

ਬਾਂਸੋ: ਸੰਗਯਾ- ਬਾਂਸ. ਵੰਸ਼. "ਨਿਕਟ ਬਸੰਤੋ ਬਾਂਸੋ." (ਗਾਥਾ) ੨. ਦੇਖੋ, ਬਾਂਸਾ.

ਬਾਸੰਤ: ਵਿ- ਬਸੰਤ ਰੁੱਤ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਹੋਰੀ. ਫਾਗ. ਦੇਖੋ, ਮਾਹੰਤ.

ਬਾਸ੍ਵਦੇਵ: ਦੇਖੋ, ਬਾਸੁਦੇਵ ੨. ਅਤੇ ਵਾਸੁਦੇਵ. "ਸ੍ਰੀ ਬਾਸ੍ਵਦੇਵਸਜ ਜੇ ਕੋਈ ਜਾਨਸਿ ਭੇਵ." (ਸਹਸ ਮਃ ੧) ਵਾਸੁਦੇਵ (ਕਰਤਾਰ) ਦਾ ਜੇ ਕੋਈ ਭੇਦ ਜਾਣਦਾ ਹੈ.

ਬਾਹ: ਸੰਗਯਾ- ਵਾਹ. ਵਹਾਈ. ਹਲ ਨਾਲ ਖੇਤ ਵਾਹੁਣ ਦੀ ਕ੍ਰਿਯਾ। ੨. ਵਿਹਾਰ. ਕੰਮ. "ਬਾਹ ਪਰੈ ਤੁਰਕਾਨ ਸੋਂ." (ਗੁਪ੍ਰਸੂ)

੩. ਵਾਹ. ਸਵਾਰੀ. "ਚਢੇ ਪ੍ਰਭੁ ਬਾਹ ਕਰਤੁੰਦ ਕੋ ਚਲਾਯੋ ਹੈ." (ਗੁਪ੍ਰਸੂ) ੪. ਬਾਹੁ. ਭੁਜਾ. "ਬਾਹ ਪਕਰਿ ਕਢਿਲੀਨੇ ਅਪੁਨੇ." (ਸਾਰ ਮਃ ੫) "ਕਿਨਹੀ ਕਹਿਆ ਬਾਹ ਬਹੁ ਭਾਈ." (ਰਾਮ ਅਃ ਮਃ ੫) ੫. ਜਲ ਦਾ ਪ੍ਰਵਾਹ। ੬. ਵਜ- ਵਾਹ! ਸ਼ਾਬਾਸ਼! ਖੂਬ! ੭. ਵਿ- ਕਾਰੀ. ਮੁਅੱਸਿਰ. "ਬਾਹਨ ਕੋ ਬਲ ਕਰ ਬਾਹਨੀ ਹਲਾਇਦਈ, ਬਾਹਨ ਕੋ ਪ੍ਰੇਰ ਘਾਹ ਘਉ ਬਹੁ ਮਾਰਤੇ." (ਗੁਪ੍ਰਸੂ) ੮. ਫ਼ਾ. باہ ਕਾਮਸ਼ਕਤਿ। ੯. ਵੀਰਯ. ਮਣੀ ੧੦. ਸੰ. ਵਾਹ. ਧਾ- ਯਤਨ ਕਰਨਾ। ੧੧. ਸਿੰਧੀ- ਅਗਨਿ. ਦੇਖੋ, ਭਾਹ ਅਤੇ ਵੰਨ੍ਹਿ.

ਬਾਂਹ: ਸੰ. ਬਾਹੁ. ਸੰਗਯਾ- ਭੁਜਾ.

ਬਾਹਉ: ਬਾਹਣਾ ਦਾ ਅਮਰ. ਬਾਹੋ। ੨. ਬਾਹਉਂ. ਬਾਹੁੰਦਾ ਹਾਂ। ੩. ਪਾਉਂਦਾ ਹਾਂ. ਚਲਾਉਂਦਾ ਹਾਂ.

"ਜਬ ਲਗੁ ਤਾਗਾ ਬਾਹਉ ਬੇਹੀ." (ਗੂਜ ਕਬੀਰ)

ਜਿਸ ਸਮੇ ਤਕ ਮੈ ਧਾਗਾ ਨਾਲ ਵਿੱਚ ਪਾਉਂਦਾ ਹਾਂ.

ਬਾਹਕ: ਵਿ- ਵਾਹਕ. ਹੱਕਣ ਵਾਲਾ. ਚਲਾਉਣਾ ਵਾਲਾ। ੨. ਢੋਣ ਵਾਲਾ. "ਜੈਸੇ ਭਾਰਬਾਹਕ ਖੋਤ." (ਕੇਦਾ ਮਃ ੫) ੩. ਸੰਗਯਾ- ਹਲ ਵਾਹੁਣ ਵਾਲਾ. ਕਿਰਸਾਨ। ੪. ਨੌਕਾ ਚਲਾਉਣ ਵਾਲਾ, ਮਲਾਹ। ੫. ਉਹ ਜ਼ਮੀਨ, ਜਿਸ ਵਿੱਚ ਹਲ ਜੋਤਿਆ ਜਾਂਦਾ ਹੈ.

ਬਾਹਕਪੋਤ: ਸੰਗਯਾ- ਪੋਤ (ਜਹਾਜ) ਵਾਹਕ. ਮਲਾਹ. ਕੇਵਟ. ਦੇਖੋ, ਪੋਤਵਾਹ.

ਬਾਹਗਾਭੈਣੀ: ਦੇਖੋ, ਰਕਾਬਸਰ.

ਬਾਹਜ: ਸੰ. ਵਹਿਰ. ਵਿ- ਬਾਹਰ. ਖ਼ਾਰਿਜ. "ਜੋ ਪ੍ਰਭੁ ਕੀਏ ਭਗਤਿ ਤੇ ਬਾਹਜ." (ਗਉ ਕਬੀਰ) ੨. ਸੰ. ਬਾਹੁਜ. ਸੰਗਯਾ- ਬਾਹੁ (ਭੁਜਾ) ਤੋਂ ਜਨਮਿਆ, ਕ੍ਸ਼ਤ੍ਰਿਯ. ਛਤ੍ਰੀ. "ਦਿਜ ਬਾਹਜ ਕੇ ਬੀਚ ਬਸਾਏ." (ਨਾਪ੍ਰ) ੩. ਸੰ. ਵਾਹਯ. ਵਿ- ਬਾਹਰ ਦਾ. ਬੇਰੂੰਨੀ. ਦੇਖੋ, ਵਾਹਯ.

ਬਾਹਟ, ਬਾਹਠ: ਦੇਖੋ, ਬਾਸਠ.

ਬਾਹਣ: ਸੰਗਯਾ- ਸ਼ਸਤ੍ਰ ਵਾਹੁਣ ਦੀ ਕ੍ਰਿਯਾ. ਸ਼ਸਤ੍ਰ ਦਾ ਪ੍ਰਹਾਰ. "ਅਸਟਾਇਧ ਬਾਹਣ." (ਅਕਾਲ) ਦੇਖੋ, ਅਸਟਾਇਧ। ੨. ਵਾਹਿਆ ਹੋਇਆ ਖੇਤ। ੩. ਦੇਖੋ, ਵਾਹਨ.

ਬਾਹਣਾ: ਕ੍ਰਿ- ਹਲ ਨਾਲ ਖੇਤ ਵਾਹੁਣਾ। ੨. ਬਾਂਹ ਦੇ ਬਲ ਨਾਲ ਸ਼ਸਤ੍ਰ ਚਲਾਉਣਾ. ਪ੍ਰਹਾਰ ਕਰਨਾ. "ਸਤਿਗੁਰੁ ਸੂਰਮੇ ਬਾਹਿਆ ਬਾਨ ਜੁ ਏਕੁ." (ਸ. ਕਬੀਰ)

ਬਾਹਣੀਸ: ਦੇਖੋ, ਬਾਹਿਨੀਸ.

ਬਾਂਹ ਦੇਣੀ: ਕ੍ਰਿ ਡੁਬਦੇ ਨੂੰ ਬਾਂਹ ਫੜਾਕੇ ਬਾਹਰ ਕਰਨਾ। ੨. ਰਖ੍ਯਾ ਕਰਨੀ। ੩. ਸਹਾਇਤਾ ਕਰਨੀ।

ਬਾਹਨ: ਸੰ. ਵਾਹਨ. ਸੰਗਯਾ- ਸਵਾਰੀ। ੨. ਦੇਖੋ, ਬਾਹਣ.

ਬਾਹਨਾ: ਦੇਖੋ, ਬਾਹਣਾ.

ਬਾਹਨੀ, ਬਾਹਨੀਸ: ਦੇਖੋ, ਬਾਹਿਨੀ ਅਤੇ ਬਾਹਿਨੀਸ.

ਬਾਂਹ ਫੜਨੀ: ਕ੍ਰਿ- ਵਿਪਦਾ ਵੇਲੇ ਸਹਾਰਾ ਦੇਣਾ। ੨. ਆਪਣਾ ਕਰ ਲੈਣਾ। ੩. ਇਸਤ੍ਰੀ ਦਾ ਪਾਣਿਗ੍ਰਹਣ ਕਰਨਾ, ਅਰਥਾਤ ਵਿਆਹ ਕਰਨਾ। ੪. ਇਸਤ੍ਰੀ ਨੇ ਕਿਸੇ ਨੂੰ ਆਪਣਾ ਪਤੀ ਬਣਾ ਲੈਣਾ.

ਬਾਂਹਬੀਸ: ਸੰਗਯਾ- ਬੀਸ ਭੁਜਾ ਵਾਲਾ ਰਾਵਣ.

ਬਾਹਮ: ਫ਼ਾ. باهم ਕ੍ਰਿ. ਵਿ- ਆਪਸ ਮੇਂ ਪਰਸਪਰ. ਆਪੋਵਿੱਚੀ.

ਬਾਹਮਹ: ਫ਼ਾ. باهمه ਸਭ ਨਾਲ.

ਬਾਹਮਨ: ਸੰਗਜਾ- ਅਰਾਈਆਂ ਦੀ ਇੱਕ ਜਾਤਿ। ੨. ਦੇਖੋ, ਬ੍ਰਾਹਮਨ। ੩. ਦੇਖੋ, ਬਹਮਨ.

ਬਾਹਯ: ਕ੍ਰਿਯ ਵਿ- ਵਾਹਜ. "ਬਾਹਯ ਕਾ ਅੰਤਰੀਕ ਬਖਾਨਾ." (ਨਾਪ੍ਰ) ਵਾਹਜ (ਬਾਹਰ) ਦਾ ਅਤੇ ਆਂਤਰਿਕ ਕਿਹਾ. ਦੇਖੋ, ਵਾਹਜ.

ਬਾਹਯਾਹੰ: ਸੰ. ਬਾਹੁਯੋਧਿਨ. ਵਿ- ਭੁਜਾਯੁੱਧ ਕਰਨ ਵਾਲਾ ਬਾਂਹਾਂ ਨਾਲ ਆਹਵ (ਜੰਗ) ਕਰਨ ਵਾਲਾ. "ਦੋਊ ਬੀਰ ਬਾਨੀ, ਦੋਊ ਬਾਹਯਾਹੰ." (ਗਜਾਨ)

ਬਾਹਰ: ਸੰਗਜਾ- ਬਾਹੁਬਲ. ਭੁਜਾਬਲ। ੨. ਸਹਾਇਤਾ। ੩. ਸੰ. ਬਹਿਸ. ਵਹਿਰ. ਕ੍ਰਿ. ਵਿ- ਬਾਹਰ. ਅੰਦਰ ਦੇ ਵਿਰੁੱਧ. "ਬਾਹਰਹੁ ਹਉਮੈ ਕਹੈ ਕਹਾਏ." (ਆਸਾ ਅਃ ਮਃ ੧) ੪. ਸੰਬੰਧ ਅਥਵਾ ਅਸਰ ਤੋਂ ਅਲਗ। ੫. ਬਿਨਾ. ਬਗੈਰ। ੬. ਸ਼ਕਤਿ ਤੋਂ ਪਰੇ.

ਬਾਹਰਹੁ: ਕ੍ਰਿ. ਵਿ- ਬਾਹਰੋਂ. ਬਾਹਰਲੇ ਪਾਸਿਓਂ. "ਅੰਦਰਹੁ ਅੰਨ੍ਹਾ ਬਾਹਰਹੁ ਅੰਨ੍ਹਾ." (ਮਃ ੫. ਵਾਰ ਰਾਮ ੨) ਭਾਵ- ਪਰਮਾਰਥ ਅਤੇ ਵਿਹਾਰ ਤੋਂ ਅੰਨ੍ਹਾਂ.

ਬਾਹਰਾ: ਸੰਗਜਾ- ਪ੍ਰਾਣੀ ਦੇ ਮਰਨ ਪਿੱਛੋਂ ਬਾਰ੍ਹਵੇਂ ਦਿਨ ਕੀਤੀ ਹੋਈ ਸ਼੍ਰੱਧਕ੍ਰਿਯਾ। ੨. ਇੱਕ ਜਾਤਿ ਦੇ ਬਾਰਾਂ ਪਿੰਡਾਂ ਦਾ ਸਮੁਦਾਯ। ੩. ਦੇਖੋ, ਬਾਹਰ ੩, ੪. ਅਤੇ ੫. "ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ." (ਆਸਾ ਮਃ ੫) "ਜਿਉ ਜੋਗੀ ਜਤ ਬਾਹਰਾ." (ਸੋਰ ਮਃ ੧) "ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ." (ਸ. ਕਬੀਰ)

ਬਾਹਰਾਜ: ਸੰਗਜਾ- ਵਾਹਰਾਜ. ਵਾਹਨਾਂ ਦਾ ਰਾਜਾ ਘੋੜਾ। ੨. ਉੱਚੈਸ਼੍ਰਾ ਇੰਦ੍ਰ ਦਾ ਘੋੜਾ. (ਸਨਾਮਾ)

ਬਾਹਰਿ: ਦੇਖੋ, ਬਾਹਰ, ੩, ੪. ਅਤੇ ੫. "ਹਰਿ, ਤੁਧਹੁ ਬਾਹਰਿ ਕਿਛੁ ਨਹੀ." (ਮਃ ੪. ਵਾਰ ਸ੍ਰੀ) ੨. ਦੇਖੋ, ਬਾਹਰ ੨. "ਕਹੁ ਕਬੀਰ ਅਬ ਬਾਹਰਿ ਪਰੀ." (ਗੌਂਡ ਕਬੀਰ) ੩. ਵਾਹ (ਵਾਹਨ- ਘੋੜਾ) ਅਰਿ (ਵੈਰੀ). ਘੋੜੇ ਦਾ ਵੈਰੀ ਸ਼ੇਰ. (ਸਨਾਮਾ)

ਬਾਹਰੀ: ਦੇਖੋ, ਬਾਹਰ ੫. "ਏਕੀ ਬਾਹਰੀ ਦੂਜੀ ਨਾਹੀ ਜਾਇ." (ਵਾਰ ਆਸਾ) "ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ." (ਮਾਝ ਬਾਰਹਮਾਹਾ) ੨. ਖਤ੍ਰੀਆਂ ਦੀ ਇੱਕ ਜਾਤਿ, ਜੋ ਬਾਰਾਂ ਗੋਤ੍ਰਾਂ ਵਿੱਚ ਵੰਡੀ ਹੋਈ ਹੈ। ੩. ਵਿ- ਬਾਹਰ ਦਾ. ਜੋ ਭੀਤਰੀ ਨਹੀਂ.

ਬਾਹਰੁ: ਸੰਗਜਾ- ਬਾਹਰ ਦਾ ਭਾਗ. ਬਾਹਰ ਦਾ ਪਾਸਾ. "ਬਾਹਰੁ ਉਦਕਿ ਪਖਾਰੀਐ." (ਗਉ ਰਵਿਦਾਸ) ੨. ਦੇਖੋ, ਬਾਹਰ ੩. "ਬਾਹਰੁ ਖੋਜਿ ਮੁਏ ਸਭਿ ਸਾਕਤ." (ਬਸੰ ਅਃ ਮਃ ੪)

ਬਾਹਰੂ: ਵਿ- ਬਾਹ ਫੜੂ. ਭੁਜਾ ਫੜਨ ਵਾਲਾ। ੨. ਸਹਾਇਕ। ੩. ਬਾਹਰ ਦਾ. ਜੋ ਅੰਦਰਲਾ ਨਹੀਂ.

ਬਾਹਰੋਂ: ਦੇਖੋ, ਬਾਹਰਹੁ.

ਬਾਹਲਾ: ਸੰ. ਬਹੁਲ. ਵਿ- ਬਹੁਤਾ. ਅਧਿਕ. ਜ਼ਜਾਦਾ.

ਬਾਹ ਲੁਡਾਉਣਾ: ਕ੍ਰਿ- ਭੁਜਾ ਹਿਲਾਕੇ ਚਲਣਾ. ਬੇਫਿਕਰੀ ਨਾਲ ਆਨੰਦ ਵਿੱਚ ਮਗਨ ਹੋਕੇ ਗਮਨ ਕਰਨਾ. "ਕਹੁ ਨਾਨਕ ਬਾਹ ਲੁਡਾਈਐ." (ਸ੍ਰੀ ਮਃ ੧)

ਬਾਹੜੀ: ਸੰਗਜਾ- ਬਾਹੁ. ਭੁਜਾ. "ਪਿਰ ਗਲਿ ਬਾਹੜੀਆਂ." (ਆਸਾ ਫਰੀਦ)

ਬਾਹੜੀ ਵਲਾਉਣਾ: ਕ੍ਰਿ- ਬਾਹੁ (ਭੁਜਾ) ਵਿੱਚ ਵਲਣਾ (ਘੇਰਨਾ). ਜੱਫੀ ਵਿੱਚ ਲੈਣਾ. ਅੰਕ ਭਰਨਾ. "ਮਿਲੁ ਮੇਰੇ ਬੀਠੁਲਾ! ਲੈ

ਬਾਹੜੀ ਵਲਾਇ." (ਸ੍ਰੀ ਤ੍ਰਿਲੋਚਨ)

ਬਾਹਿਸਤ: ਦੇਖੋ, ਬਹਿਸ੍ਤ। ੨. ਵਿ- ਸ੍ਵਰਗੀਯ.

ਬਾਹਿਨੀ: ਸੰ. ਵਾਹਿਨੀ. ਸੰਗਯਾ- ਉਹ ਸੈਨਾ, ਜੋ ਵਾਹਨ ਪੁਰ ਸਵਾਰ ਹੋਵੇ. ਰਥ ਹਾਥੀ ਅਤੇ ਘੋੜਿਆਂ ਦੀ ਸੈਨਾ। ੨. ਫੌਜ ਦੀ ਇੱਕ ਖਾਸ ਗਿਣਤੀ- ੮੧ ਰਥ, ੮੧ ਹਾਥੀ ੨੪੩ ਸਵਾਰ, ਅਤੇ ੪੦੫ ਪੈਦਲ। ੩. ਵਹਨ (ਵਹਿਣ) ਵਾਲੀ, ਨਦੀ. ਦਰਿਆ.

ਬਾਹਿਨੀਸ: ਸੰਗਯਾ- ਵਾਹਿਨੀ (ਫੌਜ) ਦਾ ਈਸ਼ (ਸ੍ਵਾਮੀ), ਫੌਜ ਦਾ ਸਰਦਾਰ. ਸੈਨਾਪਤਿ.

ਬਾਹਿਰ: ਦੇਖੋ, ਬਹਿਰ ਅਤੇ ਬਾਹਰ। ੨. ਅ਼. باہر ਵਿ- ਪ੍ਰਸਿੱਧ. ਜਾਹਿਰ। ੩. ਸ਼੍ਰੇਸ਼੍ਠ. ਉੱਤਮ। ੪. ਰੌਸ਼ਨ.

ਬਾਹੀ: ਸੰਗਯਾ- ਵਾਹੁਣ ਦੀ ਕ੍ਰਿਯਾ. ਖੇਤ ਦੀ ਵਹਾਈ। ੨. ਮੰਜੇ ਦੀ ਪਾਟੀ. "ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ." (ਵਡ ਮਃ ੧) ੩. ਤਾਲ ਆਦਿ ਦੇ ਚਾਰੇ ਪਾਸਿਆਂ ਦੀ ਲੰਬਾਈ ਚੌੜਾਈ. "ਬਾਹੀ ਚਾਰੋਂ ਏਕ ਸਮਾਨ." (ਗੁਪ੍ਰਸੂ) ੪. ਬਾਹੁ. ਭੁਜਾ. "ਛੂਟਤ ਨਹੀ ਕੋਟਿ ਲਖ ਬਾਹੀ." (ਸੁਖਮਨੀ) ਕ੍ਰੋੜਹਾ ਬਾਹਾਂ ਕਰਕੇ. ਭਾਵ- ਅਨੰਤ ਸਹਾਇਕ ਹੋਣ ਪੁਰ ਭੀ। ੫. ਸੰ. ਵਾਹਿਨ. ਵਿ- ਚਲਾਉਣ ਵਾਲਾ. ਹੱਕਣ ਵਾਲਾ. ਦੇਖੋ, ਚਾਕਚੂੰਧਰ। ੬. ਸੰਗਯਾ- ਸਵਾਰੀ. ਯਾਨ.

ਬਾਹੀਅੜਾ: ਦੇਖੋ, ਬਾਸੀਅੜਾ.

ਬਾਹੀਆ: ਸੰਗਯਾ- ਬਾਈ ਪਿੰਡਾਂ ਦਾ ਸਮੁਦਾਯ। ੨. ਇੱਕ ਜਾਤਿ ਦੇ ਲੋਕਾਂ ਦੇ ਬਾਈ ਗ੍ਰਾਮ। ੩. ਖਾਸ ਕਰਕੇ ਮੇਹਰਾਜ ਦੇ ਬੈਰਾੜਾਂ ਦੇ ੨੨ ਪਿੰਡ, ਜੋ ਜਿਲਾ ਫਿਰੋਜ਼ਪੁਰ ਵਿੱਚ ਹਨ. ਇਹ ਗ੍ਰਾਮ ੨੫ ਹੋ ਗਏ ਹਨ, ਪਰ ਨਾਮ "ਬਾਹੀਆ" ਹੀ ਪ੍ਰਸਿੱਧ ਹੈ.

ਕੁਲਚੰਦ ਦੀ ਉਲਾਦ ਪਾਸ- ਪੂਹਲਾ, ਪੂਹਲੀ, ਵੇਗਾ ਲਹਿਰਾ, ਢਿੱਲਵਾ, ਮਾੜੀ ਮਾਨਾ ਵਾਲੀ.

ਕਾਲੇ ਦੀ ਉਲਾਦ- ਪਾਸ- ਨਥਾਣਾ, ਗੰਗਾ ਅਤੇ ਬੁਰਜ.

ਸੰਦਲੀ ਦੀ ਉਲਾਦ ਪਾਸ- ਪੰਜੇ ਕਲਿਆਣਾ, ਬੱਜੋਆਣਾ ਅਤੇ ਕਾਣੀ ਭੈਣੀ.

ਕਰਮਚੰਦ ਦੀ ਉਲਾਦ ਪਾਸ- ਚਾਰੇ ਲੈਹਰੇ, ਗਿੱਦੜ, ਨਾਥਪੁਰਾ, ਛੰਨਾ ਅਤੇ ਬਾਠ.

ਸੇਮੇ ਦੀ ਉਲਾਦ ਪਾਸ- ਸੇਮਾ ਪਿੰਡ.

ਮੇਹਰਾਜ (ਮਰ੍ਹਾਝ) ਸਾਰਿਆਂ ਦਾ ਸਾਂਝਾ.

ਬਾਹੀਆ ਅੰਗ੍ਰੇਜ਼ੀ ਸਰਕਾਰ ਦੇ ਅਧੀਨ ਅਗਸਤ ਸਨ ੧੮੩੩ ਵਿੱਚ ਹੋਇਆ. ਬਾਹੀਏ ਦੇ ਸਾਰੇ ਬੈਰਾੜ ਮੁਆਫ਼ੀਦਾਰ ਹਨ.

ਬਾਹੀੜਾ: ਦੇਖੋ, ਬਾਸੀਅੜਾ.

ਬਾਹੁ: ਸੰਗਯਾ- ਭੁਜਾ. ਬਾਂਹ। ੨. ਵਾਹੁ ਸਬਦ ਭੀ ਸਹੀ ਹੈ.

ਬਾਹੁਕ: ਇੱਕ ਸੂਰਜਵੰਸ਼ੀ ਰਾਜਾ, ਜੋ ਸਗਰ ਦਾ ਪਿਤਾ ਸੀ। ੨. ਬਾਉਨੇ (ਵਾਮਨ) ਦੀ ਸ਼ਕਲ ਵਿੱਚ ਹੋਇਆ ਰਾਜਾ ਨਲ, ਜੋ ਅਯੋਧ੍ਯਾ ਦੇ ਰਾਜੇ ਦਾ ਰਥਵਾਹੀ ਸੀ.

ਬਾਹੁਜ: ਸੰਗਯਾ- ਬਾਹੁ (ਭੁਜਾ) ਤੋਂ ਪੈਦਾ ਹੋਇਆ ਕ੍ਸ਼ਤ੍ਰਿਯ. ਛਤ੍ਰੀ। ੨. ਵਾਹੁਜ ਸ਼ਬਦ ਭੀ ਸਹੀ ਹੈ. ਦੇਖੋ, ਚਾਰ ਵਰਣ.

ਬਾਹੁਣਾ: ਦੇਖੋ, ਬਾਹਣਾ.

ਬਾਹੁਬਲ: ਬਾਹਾਂ ਦੀ ਤਾਕਤ. ਭੁਜਾਬਲ.

**ਬਾਹੁਯੁੱਧ:** ਸੰਗਯਾ- ਭੁਜਾਯੁੱਧ. ਬਿਨਾ ਸ਼ਸਤ੍ਰ ਤੋਂ ਕੇਵਲ ਬਾਹਾਂ ਦੀ ਲੜਾਈ। ੨. ਕੁਸ਼੍ਤੀ.

**ਬਾਹੁਰ, ਬਾਹੁਰਿ:** ਕ੍ਰਿ. ਵਿ- ਬਹੁਰ. ਫੇਰ. ਪੁਨਹ. "ਜੋ ਜਨ ਪਾਰਬ੍ਰਹਮ ਅਪਨੇ ਕੀਨੇ, ਤਿਨ ਕਾ ਬਾਹੁਰਿ ਕਛ ਨ ਬੀਚਾਰੇ. (ਟੋਡੀ ਮਃ ੫) ੨. ਸੰਗਯਾ- ਬਾਹੁ (ਭੁਜਾ) ਦਾ ਵਸਤ੍ਰ. ਆਸਤਾਨੇ ਜਾਮੈਂ ਦੀ ਬਾਂਹ. ਬਾਹੁਲ. "ਜਾਮੇ ਕੀ ਬਾਹੁਰ ਮੈ ਵਾਨੂੰ (ਗੁਵਿ ੧੦)

**ਬਾਹੁਲ:** ਦੇਖੋ, ਬਾਹਰ ੨। ੨. ਸੰ. ਬਾਹੁਲਬ. ਸੰਗਯਾ- ਅਧਿਕਤਾ, ਜ਼ਯਾਦਤੀ। ੩. ਡਿੰਗ, ਕੱਤਕ ਮਹੀਨਾ। ਸੰ. ਬਾਹੁਲ ਅੱਗ। ੫. ਲੋਹੇ ਦਾ ਦਸਤਾਨਾ.

**ਬਾਹੁੜ:** ਕ੍ਰਿ. ਵਿ. ਟਿਰ. ਬਹੁਰ. ਪੁਨ:

**ਬਾਹੁੜਨਾ:** ਕ੍ਰਿ- ਬਾਹੁ ਫੜਨਾ. ਭੁਜਾ ਪਕੜਨੀ। ੨. ਸਹਾਇਕ ਹੋਣਾ। ੩. ਸਹਾਇਤਾ ਲਈ ਪਹੁੰਚਣਾ. "ਅਜੈ ਸੁ ਰਬੁ ਨ ਬਾਹੁੜਿਓ." (ਸ. ਫਰੀਦ)

**ਬਾਹੁੜਿ:** ਬਹੁਰ. ਫਿਰ. ਦੁਬਾਰਾ. ਹਟਕੇ. "ਹਉ ਬਾਹੁੜਿ ਛਿੰਝ ਨ ਨਚਊ." (ਸ੍ਰੀ ਮਃ ੫. ਪੈਪਾਇ)

**ਬਾਹੁੜੀ:** ਸੰਗਯਾ- ਬਾਹੁ (ਭੁਜਾ) ਖੜੀ ਕਰਕੇ ਸਹਾਇਤਾ ਲਈ ਪੁਕਾਰਨ ਦੀ ਕ੍ਰਿਯਾ. ਮੇਰੀ ਬਾਂਹ ਫੜੀਂ, ਇਹ ਵਾਕ ਕਹਿਕੇ ਪੁਕਾਰਨਾ.

**ਬਾਹਜ:** ਦੇਖੋ, ਵਾਹਜ.

**ਬਾਹ੍ਲੀਕ, ਵਾਹ੍ਲੀਕ:** ਬਲਖ ਦਾ ਨਿਵਾਸੀ. ਦੇਖੋ, ਬਲਖ.

**ਬਾਕ:** ਸੰ. ਬਕ ਸਮੁਦਾਯ ਬਗੁਲੇ। ੨. ਸੰ. ਵਾਕ. ਵਚਨ. ਕਥਨ. "ਨਮੋ ਆਸ ਆਸੇ, ਨਮੋ ਬਾਕ ਬੰਕੇ." (ਜਾਪੁ) ਦੇਖੋ, ਆਸ। ੩. ਸੰ. ਵਾਕਯ. ਫਿਕਰਾ. ਪਦਾਂ ਦਾ ਸਮੁਦਾਯ ਜਿਸ ਤੋਂ ਪੂਰਾ ਅਰਥ ਜਾਣਿਆ ਜਾਵੇ। ੪. ਫ਼ਾ. باک ਡਰ. ਖ਼ੌਫ਼. ਭਯ. "ਬੇ ਨਜਰ ਬੇਬਾਕ." (ਤਿਲੰ ਮਃ ੧) "ਤੁਮਰੇ ਦਰਸਨ ਨਹਿ ਜਮ ਬਾਕ." (ਗੁਪ੍ਰਸੂ) ੫. ਸੰ. ਬਾਕੁਰ ਦਾ ਸੰਖੇਪ. ਮਸ਼ਕ ਬਾਜਾ. "ਕਿਤੇ ਹਾਕ ਮਾਰੈਂ, ਕਿਤੇ ਬਾਕ ਦਾਬੈਂ." (ਚਰਿਤ੍ਰ ੧੦੨)

**ਬਾਂਕ:** ਵਿ- ਵਿੰਗਾ. ਵਜੰਗ. "ਨ ਸੰਤ ਬਾਰ ਬਾਂਕ ਹਨਐ." (ਬ੍ਰਹਮਾਵ) ਸੰਤਾਂ ਦਾ ਰੋਮ ਵਿੰਗਾ ਨਹੀਂ ਹੁੰਦਾ। ੨. ਸੰਗਯਾ- ਇਸਤ੍ਰੀਆਂ ਦੇ ਪੈਰਾਂ ਦਾ ਇੱਕ ਵਿੰਗਾ ਗਹਿਣਾ. ਪਾਜ਼ੇਬ। ੩. ਇੱਕ ਸ਼ਾਸਤ੍ਰ, ਜੋ ਸ਼ੇਰ ਦੇ ਨਹੁੰ" ਜੇਹਾ ਖ਼ਮਦਾਰ ਹੁੰਦਾ ਹੈ। ੪. ਡਿੰਗ. ਤਲਵਾਰ. ਸ਼ਮਸ਼ੇਰ. "ਬਾਂਕ ਬਜ੍ਰ ਬਿਛੂਓ ਤੁਹੀ." (ਸਨਾਮਾ) ਦੇਖੋ, ਸ਼ਸਤ੍ਰ.

**ਬਾਕਚਾਲ:** ਦੇਖੋ, ਵਾਚਾਲ. "ਬਾਕਚਾਲ ਸੁਨ ਤੂਰਨ ਆਯੋ." (ਗੁਪ੍ਰਸੂ)

**ਬਾਕਨਟੀ:** ਸੰਗਯਾ- ਵਾਕ (ਵਾਣੀ) ਨੂੰ ਨਚਾਉਣ ਵਾਲੀ, ਸਰਸ੍ਵਤੀ.

**ਬਾਕਪਤਿ:** ਸੰਗਯਾ- ਵਾਕ (ਵਾਣੀ) ਦਾ ਸ੍ਵਾਮੀ, ਵ੍ਰਿਹਸਪਤਿ। ੨. ਦੇਖੋ, ਵਾਕਪਤਿ.

**ਬਾਕਬਾਨੀ:** ਸੰਗਯਾ- ਸੰ. ਵਾਕ- ਅ਼- ਬਾਨੀ. ਵਾਣੀ ਨੂੰ ਪ੍ਰੇਰਣ ਵਾਲੀ. ਵਾਕ ਦੀ ਸ੍ਵਾਮਿਨੀ. "ਨਮੋ ਨਮੋ ਬਾਕਬਾਨੀ." (ਨਾਪ੍ਰ)

**ਬਾਕਬਿਦਯਾ:** ਸੰਗਯਾ- ਵਾਕਵਿਦਯਾ. ਵਯਾਕਰਣ ਵਿਦਯਾ। ੨. ਸਾਹਿਤਯ ਵਿਦਯਾ। ੩. ਨ੍ਯਾਯਵਿਦਯਾ.

**ਬਾਂਕ ਬਿਦਯਾ:** ਸੰਗਯਾ- ਵਜੰਗਯ ਵਿਦਯਾ. ਅਲੰਕਾਰ ਵਿਦਯਾ.

**ਬਾਕਰਾ:** ਵਿ- ਬਕਰੀ ਦਾ. ਜਿਵੇਂ- ਬਾਕਰਾ ਦੁੱਧ। ੨. ਅ਼. باکرہ ਸੰਗਯਾ- ਬਿਕਰ (ਕੁਆਰਾਪਨ) ਰੱਖਣ ਵਾਲੀ. ਅਣਵਿਆਹੀ ਲੜਕੀ.

ਬਾਕ ਰੂਪ: ਸੰਗਜਾ- ਵਾਕਰੂਪ. ਕਾਵਜ. ਸਾਹਿਤਜ. "ਕਹੂੰ ਵੇਦਵਿਦਜਾ, ਕਹੂੰ ਬਾਕਰੂਪੰ." (ਅਕਾਲ) ੨. ਸੰਗੀਤਵਿਦਜਾ. ਰਾਗਵਿਦਜਾ.

ਬਾਂਕੜਾ, ਬਾਂਕਾ: ਵਿ- ਵਿੰਗਾ. ਟੇਢਾ। ੨. ਸਜਾਵਟ ਵਾਲਾ. ਬਣਿਆ ਠਣਿਆ। ੩. ਬਹਾਦੁਰ. ਦਿਲੇਰ। ੪. ਸੰਗਜਾ- ਬੰਕ. ਟੇਢਾ ਦਾਤ. ਬਿਨਾ ਦੰਦੇ ਤਿੱਖੀ ਦਾੱਤੀ.

ਬਾਕਾਤਾ: ਸੰਗਜਾ- ਬਕਵ੍ਰਿੱਤ (ਧੋਬੀ). ਬਗੁਲੇ ਵਾਂਗ ਪਾਣੀ ਵਿੱਚ ਲੱਤਾਂ ਰੱਖਣ ਵਾਲਾ. "ਬਾਕਾਤਾ ਤ੍ਰਿਯ ਆਨ, ਚੀਰ ਪਨ੍ਹਾਏ ਤਿਨ ਤਨੈ." (ਕ੍ਰਿਸਨਾਵ) ਧੋਬੀ ਦੀ ਇਸਤ੍ਰੀ ਨੇ ਆਕੇ ਵਸਤ੍ਰ ਪਹਿਨਾਏ.

ਬਾਕੀ: ਸੰਗਜਾ- ਵਮਨ ਅਤੇ ਵਾਂਤ. ਉਲਟੀ (ਛਰਦ), ਅਤੇ ਮੁਖ ਤੋਂ ਉਗਲੀ ਹੋਈ ਵਸਤੁ। ੨. ਅ਼. باقی ਬਾਕ਼ੀ ਵਿ- ਸ਼ੇਸ਼. ਜੋ ਬਚ ਰਿਹਾ ਹੈ। ੩. ਸੰਗਜਾ- ਹਿਸਾਬ ਕਰਨ ਪਿੱਛੋਂ ਕਿਸੇ ਵੱਲ ਰਹੀ ਰਕਮ. "ਨਾ ਜਮ ਕਾਣਿ, ਨ ਜਮ ਕੀ ਬਾਕੀ." (ਗੁਜ ਅਃ ਮਃ ੧) "ਤਜਿ ਅਭਿਮਾਨ ਛੁਟੈ ਤੇਰੀ ਬਾਕੀ." (ਬਾਵਨ) ੪. ਪਾਰਬ੍ਰਹਮ. ਕਰਤਾਰ। ੫. ਅ਼. باکی ਵਿ ਰੋਂਦਾ ਹੋਇਆ. ਰੋਂਦੂ.

ਬਾਂਕੁਰਾ: ਦੇਖੋ, ਬਾਂਕੜਾ.

ਬਾਕਜ: ਦੇਖੋ, ਬਾਕ ੨.

ਬਾਂਕਜ: ਸੰਗਜਾ- ਵਿੰਗਾਪਨ. ਟੇਢਾਪਨ। ੨. ਬਾਂਕਾਪਨ.

ਬਾਖੜ: ਸੰ. ਵਸ਼੍ਕਯ (ਇੱਕ ਵਰ੍ਹੇ ਦੇ ਵੱਛੇ) ਵਾਲੀ. ਜਿਸ ਨੂੰ ਸੂਏ ਇੱਕ ਵਰ੍ਹਾ ਹੋ ਗਿਆ ਹੈ.

ਬਾਗ: ਵਿ- ਬੱਗਾ. ਚਿੱਟਾ. "ਘਰ ਗਚ ਕੀਨੇ, ਬਾਗੇ ਬਾਗ." (ਮਃ ੧. ਵਾਰ ਸਾਰ) ਚਿੱਟੇ ਵਸਤ੍ਰ। ੨. ਸੰਗਜਾ- ਬਾਗਾ. ਵਸਤ੍ਰ ਪੋਸ਼ਾਕ. "ਕਰੇ ਭੇਸ ਕੂਰੰ ਧਰੇ ਬਾਗ ਕਾਰੇ." (ਸਲੋਹ) ਕਾਲੇ ਵਸਤ੍ਰ ਪਹਿਰੇ। ੩. ਸੰ. ਵਲ੍ਗਾ- ਵਲ੍ਗਾ. ਲਗਾਮ ਦੀ ਡੋਰ. ਲਗਾਮ ਦਾ ਤਸਮਾ। ੪. ਫ਼ਾ. باغ ਬਾਗ਼ ਬਗੀਚਾ. ਉਪਵਨ. "ਜਿਹ ਪ੍ਰਸਾਦਿ ਬਾਗ ਮਿਲਖ ਧਨਾ." (ਸੁਖਮਨੀ) ੫. ਜਗਤ. ਸੰਸਾਰ.

ਬਾਂਗ: ਸੰਗਜਾ- ਪਹੀਏ ਆਦਿ ਦੀ ਧੁਰ ਨੂੰ ਲਾਈਹੋਈ ਥੰਧਿਆਈ. ਉਹ ਚਿਕਨੀ ਵਸਤੁ, ਜੋ ਯੰਤ੍ਰ ਦੀ ਧੁਰ ਵਿੱਚ ਲਾਈ ਜਾਵੇ। ੨. ਫ਼ਾ. بانگ ਆਵਾਜ਼। ੩. ਫਰਿਆਦ. ਪੁਕਾਰ। ੪. ਨਮਾਜ਼ ਲਈ ਪੁਕਾਰ. "ਜਾ ਕਾਰਨਿ ਤੂੰ ਬਾਂਗ ਦੇਹਿ, ਦਿਲ ਹੀ ਭੀਤਰਿ ਜੋਇ." (ਸ. ਕਬੀਰ) ਦੇਖੋ, ਅਜਾਨ. ਬਾਂਗ (ਅਜਾਨ) ਦਾ ਪਾਠ ਇਹ ਹੈ::-

الله اکبر الله اکبر الله اکبر الله اکبر اشهدان لااله الاالله

اشهدان لااله الاالله اشهدان محمدرسول الله

اشهدان محمدرسول الله حی علی الصلوٰة حی علی الصلوٰة حی علی الفلاح حی علی الفلاح

الله اکبر الله اکبر لااله الاالله

ਕਰਤਾਰ ਵਡਾ ਹੈ ੪, ਮੈਂ ਗਵਾਹੀ ਦਿੰਦਾ ਹਾਂ ਕਿ ਕਰਤਾਰ ਬਿਨਾ ਕੋਈ ਪੂਜਜ ਨਹੀਂ ੨, ਮੈਂ ਗਵਾਹੀ ਦਿੰਦਾ ਹਾਂ ਕਿ ਮੁਹੰਮਦ ਖ਼ੁਦਾ ਪੈਗ਼ੰਬਰ ਹੈ ੨, ਆਓ ਨਮਾਜ਼ ਵੱਲ ੨, ਆਓ ਮੁਕ੍ਤਿ ਵੱਲ ੨, ਕਰਤਾਰ ਵਡਾ ਹੈ ੨, ਕਰਤਾਰ ਬਿਨਾ ਕੋਈ ਪੂਜਜ ਨਹੀਂ.

ਬਾਗ ਗੁਰੂ ਕਾ: ਦੇਖੋ, ਗੁਰੂ ਕਾ ਬਾਗ.

ਬਾਗਡੋਰ: ਸੰਗਜਾ- ਵਲ੍ਗਾ. (ਲਗਾਮ) ਨੂੰ ਬੱਧੀ ਡੋਰ.

ਬਾਂਗਣਾ: ਕ੍ਰਿ- ਗੱਡੇ ਆਦਿ ਦੇ ਪਹੀਏ ਨੂੰ ਥੰਧਿਆਈ ਲਾਉਣੀ.

ਬਾਗਦਾਦੀ: ਬਗਦਾਦ ਦੇ ਵਸਨੀਕ. "ਬਾਗਦਾਦੀ ਸਿਪਾਹਾ ਕੰਧਾਰੀ." (ਕਲਕੀ)

ਬਾਗ਼ਬਾਗ਼: ਫ਼ਾ. باغ باغ ਵਿ- ਆਨੰਦ ਵਿੱਚ ਮਗਨ. ਪ੍ਰਸੰਨ. ਖਿੜਿਆ ਹੋਇਆ.

ਬਾਗ਼ਬਾਨ: ਫ਼ਾ. باغبان ਸੰਗਯਾ- ਮਾਲੀ. ਬਾਗ ਦੀ ਨਿਗਰਾਨੀ ਅਤੇ ਦੁਰੁਸ੍ਤੀ ਕਰਨ ਵਾਲਾ.

ਬਾਗਰ: ਸੰਗਯਾ- ਨਦੀ ਕਿਨਾਰੇ ਦੀ ਉਹ ਉੱਚੀ ਜ਼ਮੀਨ, ਜਿਸ ਪੁਰ ਪਾਣੀ ਨਾ ਫਿਰ ਸਕੇ। ੨. ਨਦੀਆਂ ਕਰਕੇ ਘਿਰਿਆ ਹੋਇਆ ਦੇਸ਼। ੩. ਤੀਰ ਦਾ ਦੁਮੂਹਾਂ ਪਿਛਲਾ ਭਾਗ, ਜੋ ਚਿੱਲੇ ਵਿੱਚ ਜੋੜੀਦਾ ਹੈ. ਬਾਗੜ. "ਕੰਚਨ ਬਾਗਰ ਸੁੰਦਰ ਰਾਚੇ." (ਗੁਪ੍ਰਸੂ)

ਬਾਂਗਰ: ਸੰਗਯਾ- ਮਰੁ ਭੂਮਿ. ਦੇਖੋ, ਬਾਗਰ ੧। ੨. ਕੈਥਲ ਕਰਨਾਲ ਦੇ ਆਸ ਪਾਸ ਦਾ ਇਲਾਕਾ. "ਬਾਂਗਰ ਕੀ ਦਿਸਿ ਤ੍ਰਿਣ ਬਹੁ ਜਹਾਂ." (ਗੁਪ੍ਰਸੂ) ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਮ "ਨਰਦਕ" ਹੈ.

ਬਾਗਰਾ: ਸੰਗਯਾ- ਸੰਸਾਰ, ਵਿਸ਼੍ਵ ਦੇਖੋ, ਬਾਗ ੫. "ਹਰਿ ਕਾ ਬਾਗਰਾ ਨਾਚੈ." (ਧਨਾ ਨਾਮਦੇਵ)

ਬਾਗਰਜੋ: ਡਿੰਗ, ਵਾਗੁਰਾ (ਫਾਹੀ) ਰੱਖਣ ਵਾਲਾ. ਫੰਧਕ. ਪਾਸ਼ਧਰ। ੨. ਤੀਰ ਚਿੱਲੇ ਵਿੱਚ ਜੋੜਿਆ. ਦੇਖੋ, ਬਾਗਰ ੩.

ਬਾਗੜ: ਸੰਗਯਾ- ਬਲੀ ਦਾ ਦੇਸ਼, ਜੋਧਪੁਰ ਬੀਕਾਨੇਰ ਦਾ ਇਲਾਕਾ. ਮਰਵਾੜ ਦੀ ਭੂਮਿ। ੨. ਤੀਰ ਦੀ ਬਾਗੜ. ਦੇਖੋ, ਬਾਗਰ ੩.

ਬਾਗੜੀ, ਬਾਗੜੀਆ: ਬਾਗੜ ਦੇਸ਼ ਦਾ ਵਸਨੀਕ. ਮਾਰਵਾੜੀ.

ਬਾਗੜੀਆਂ: ਜਿਲਾ ਲੁਦਿਆਨਾ ਵਿੱਚ ਇੱਕ ਪਿੰਡ, ਜੋ ਨਾਭੇ ਤੋਂ ਸਾਢੇ ਸੱਤ ਮੀਲ ਪੱਛਮ ਉੱਤਰ, ਮਲੇਰਕੋਟਲੇ ਦੀ ਸੜਕ ਪੁਰ ਹੈ. ਇੱਥੇ ਭਾਈ ਰੂਪਚੰਦ ਦੀ ਕੁਲ ਦੇ ਰਤਨ ਬਾਬਾ ਗੁੱਦੜਸਿੰਘ ਜੀ ਦੀ ਗੱਦੀ ਹੈ. ਗਵਰਨਮੈਂਟ ਬਰਤਾਨੀਆਂ, ਫੂਲ ਕੀ ਰਿਆਸਤਾਂ ਅਤੇ ਫਰੀਦਕੋਟ ਵੱਲੋਂ ਲੰਗਰ ਲਈ ਜਾਗੀਰ ਹੈ. ਇਸ ਵੇਲੇ ਬਾਗੜੀਆਂ ਦੀ ਗੱਦੀ ਪੁਰ ਭਾਈ ਅਰਜਨਸਿੰਘ ਜੀ ਹਨ. ਇੱਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਭਾਈ ਰੂਪਚੰਦ ਜੀ ਨੂੰ ਬਖ਼ਸ਼ਿਆ ਖੜਗ ਅਤੇ ਕੜਛਾ ਹੈ, ਕਲਗੀਧਰ ਜੀ ਦੀ ਭਾਈ ਧਰਮਸਿੰਘ ਨੂੰ ਬਖਸ਼ੀ ਪਾਠ ਦੀ ਪੋਥੀ ਅਤੇ ਕਰਦ ਹੈ. ਦੇਖੋ, ਰੂਪਚੰਦ ਭਾਈ.

ਬਾਗਾ: ਵਿ- ਬੱਗਾ. ਚਿੱਟਾ. "ਬਾਗੇ ਕਾਪੜ ਬੋਲੈ ਬੈਣ." (ਮਲਾ ਮਃ ੧) ੨. ਸੰਗਯਾ- ਵਸਤ੍ਰ. ਪੋਸ਼ਾਕ. "ਪਹਿਰੈ ਬਾਗਾ ਕਰਿ ਇਸਨਾਨਾ." (ਗਉ ਮਃ ੫)

ਬਾਂਗਾ: ਖ਼ਾ. ਸੰਗਯਾ- ਸਤਿ ਸ੍ਰੀ ਅਕਾਲ ਦਾ ਜੈਕਾਰਾ. ਦੇਖੋ, ਅਕਾਲ ਬਾਂਗਾ.

ਬਾਗਾਤ: ਫ਼ਾ. باغات ਬਾਗ਼ਾਤ ਬਾਗ਼ ਦਾ ਬਹੁ ਵਚਨ. "ਸਭ ਫੁਲਾ ਕੀ ਬਾਗਾਤ." (ਸ੍ਰੀ ਮਃ ੫)

ਬਾਗ਼ੀ: ਅ਼. باغی ਵਿ- ਆ਼ਕ਼ੀ. ਬਾਦਸ਼ਾਹ ਦੇ ਹੁਕਮ ਤੋਂ ਬਾਹਰ ਹੋਣ ਵਾਲਾ. ਸਰਕਸ਼. Rebellious

ਬਾਂਗੀ: ਬਾਂਗ (ਅਜਾਨ) ਦੇਣ ਵਾਲਾ. "ਬਾਂਗੀ ਕਸਾਈ ਡੇਰੇ ਨਾ ਆਵੈ." (ਪ੍ਰਾਪੰਪ੍ਰ) ੨. ਦੇਖੋ, ਬਾਂਗਣਾ.

ਬਾਗੀਸਰੀ, ਬਾਗੇਸਰੀ: ਸੰ. ਵਾਗੀਸ਼੍ਵਰੀ. ਸੰਗਯਾ- ਵਾਣੀ ਦੀ ਪ੍ਰਧਾਨ ਦੇਵੀ, ਸਰਸ੍ਵਤੀ। ੨. ਕਾਫੀ ਠਾਟ ਦਾ ਇੱਕ ਸ਼ਾੜਵ ਸੰਪੂਰਣ ਰਾਗ. ਇਹ ਕਾਨ੍ਹੜੇ ਦੀ ਹੀ ਇੱਕ ਜਾਤਿ ਹੈ. ਸ਼ੜਜ ਰਿਸ਼ਭ ਮੱਧਮ ਪੰਚਮ ਧੈਵਤ ਸ਼ੁੱਧ, ਗਾਂਧਾਰ ਅਤੇ ਨਿਸ਼ਾਦ ਕੋਮਲ ਹਨ. ਵਾਦੀ ਮੱਧਮ ਅਤੇ ਸੰਵਾਦੀ ਸ਼ੜਜ ਹੈ. ਗ੍ਰਹਸਤ ਮੱਧਮ ਹੈ. ਨਿਸ਼ਾਦ ਅਤੇ ਗਾਂਧਾਰ ਦਾ, ਤਥਾ ਸ਼ੜਜ ਅਤੇ ਮੱਧਮ ਦਾ ਇਸ ਵਿੱਚ ਮੇਲ ਰਹਿੰਦਾ ਹੈ. ਪੰਚਮ ਦੁਰਬਲ ਹੋਣੇ ਲਗਦਾ ਹੈ. ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ.

ਆਰੋਹੀ- ਸ਼ ਰ ਗ ਮ ਧ ਨਾ ਸ਼

ਆਵਰੋਹੀ- ਸ਼ ਨਾ ਧ ਪ ਮ ਗਾ ਰ ਸ਼

ਬਾਘ: ਸੰ. ਵ੍ਯਾਘ੍ਰ. ਨਾਹਰ. ਸ਼ੇਰ "ਪਾਵੈ ਬਾਘ ਡਰਾਵਣੋ." (ਸਵਾ ਮਃ ੧) ਕਾਵ ਕਾਲ। ੨. ਰਾਜਪੂਤਾਂ ਦੀ ਇੱਕ ਜਾਤਿ. "ਬਾਘ ਬਘੇਲੇ ਜੇਤੜੇ ਬਲਵੰਡ ਲੱਖ ਬੁੰਦੇਲੇ ਕਾਰੀ." (ਭਾਗ) ੩. ਦੇਖੋ, ਵਾਘ.

ਬਾਘਨ: ਸੰਗ੍ਯਾ- ਬਾਘ ਦੀ ਮਦੀਨ. ਸ਼ੇਰਨੀ। ੨. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੀ ਇੱਕ ਤੋਪ ਦਾ ਨਾਮ. ਦੇਖੋ, ਵਿੱਸਘੋਖ.

ਬਾਘਨਖਾ: ਸੰਗ੍ਯਾ- ਸ਼ੇਰ ਦੇ ਨਹੁਂ ਜੇਹਾ ਇੱਕ ਸ਼ਾਸਤ੍ਰ. ਟੇਢਾ ਖੰਜਰ। ੨. ਸੋਨੇ ਚਾਂਦੀ ਆਦਿ ਵਿੱਚ ਮੜ੍ਹਕੇ ਬੱਚਿਆਂ ਦੇ ਗਲ ਪਹਿਰਾਇਆ ਸ਼ੇਰ ਦਾ ਨਖ. "ਬਾਘਨਖਾ ਮਢ ਕੰਚਨ ਤੇ ਮਖਤੂਲ ਗਰੇ ਮਹਿ ਡਾਲਤ ਹੈ." (ਗੁਪ੍ਰਸੂ) ਬਾਘਨਖਾ ਪਹਿਰਾਉਣ ਤੋਂ ਇਸਤ੍ਰੀਆਂ ਸੰਤਾਨ ਦੀ ਰਖ੍ਯਾ ਸਮਝਦੀਆਂ ਹਨ.

ਬਾਘਬਚਾ: ਸੰਗ੍ਯਾ- ਇੱਕ ਪ੍ਰਕਾਰ ਦਾ ਸ਼ਸਤ੍ਰ. ਜੋ ਪੇਸ਼ਕਬਜ ਦੀ ਜਾਤਿ ਹੈ. ਇਸ ਦੀ ਮੁੱਠ ਪੁਰ ਸ਼ੇਰ ਦੀ ਮੂਰਤਿ ਹੁੰਦੀ ਹੈ। ੨. ਸ਼ੇਰ ਦਾ ਬਚਾ. "ਬਨ ਮੇ ਜਨੁ ਬਾਘਬਦਾ ਬਬਕੰ." (ਵਿਚਿਤ੍ਰ)

ਬਾਘਲ: ਵਿੱਕ ਰਾਜਪੂਤ ਜਾਤਿ। ੨. ਵਿ- ਬਾਘ ਜੇਹਾ। ੩. ਬਾਘ ਦਾ.

ਬਾਘਾ ਭੈਣੀ: ਬਾਹਗਾ ਭੈਣੀ. ਦੇਖੋ, ਰਕਾਬਸਰ.

ਬਾਘੀ: ਸੰਗ੍ਯਾ- ਬਾਘ ਜੇਹੀ ਕੁਦਾੜੀ. ਛਾਲ. ਟਪੂਸੀ। ੨. ਖੇਲ. ਖੰਡ। ੩. ਊਧਮ. ਧਮਾਰ। ੪. ਖਿਡਾਰੀ. "ਕਾਮ ਕਲਾ ਹੂੰ ਕੋ ਹੈ ਫੁਨ ਬਾਘੀ." (ਕ੍ਰਿਸਨਾਵ)

ਬਾਘੰਬਰ: ਸੰਗ੍ਯਾ- ਬਾਘ (ਵ੍ਯਾਘ੍ਰ) ਦਾ ਅੰਬਰ (ਵਸਤ੍ਰ). ਸ਼ੇਰ ਦੀ ਖੱਲ. ਵ੍ਯਾਘ੍ਰਾਂਬਰ.

ਬਾਚ: ਦੇਖੋ, ਬਾਚਾ ਅਤੇ ਬਾਚੁ.

ਬਾਚਸਪਤਿ: ਸੰ. ਵਾਚਸ੍ਪਤਿ. ਸੰਗ੍ਯਾ- ਵਾਣੀ ਦਾ ਪਤਿ, ਵ੍ਰਿਹਸਪਤਿ. ਦੇਵਗੁਰੂ। ੨. ਭਾਸ਼ਾ (ਬੋਲੀ) ਦਾ ਪੂਰਾ ਪੰਡਿਤ। ੩. ਸੰਸਕ੍ਰਿਤ ਦਾ ਇੱਕ ਖ਼ਿਤਾਬ.

ਬਾਚਣਾ: ਕ੍ਰਿ- ਬਚਣਾ। ੨. ਸੰ. ਵਾਚਨ. ਪੜ੍ਹਨਾ. ਪਾਠ ਕਰਨਾ.

ਬਾਚਾ: ਸੰ. ਵਾਚਾ. ਸੰਗ੍ਯਾ- ਬੋਲਣ ਦੀ ਸ਼ਕਤਿ। ੨. ਵਚਨ. ਬਾਤਚੀਤ. ਕਥਨ. "ਸਾਤੈਂ ਸਤਿਕਰ ਬਾਚਾ ਜਾਣ" (ਗਉ ਥਿਤੀ ਕਬੀਰ) ੩. ਪ੍ਰਤਿਗ੍ਯਾ. ਪ੍ਰਣ। ੪. ਕ੍ਰਿ. ਵਿ- ਵਾਚਾ. ਵਾਣੀ ਕਰਕੇ. "ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ." (ਮਾਰੂ ਕਬੀਰ)

ਬਾਚਾਲ: ਦੇਖੋ, ਵਾਚਾਲ.

ਬਾਂਚਿਆ: ਬਚਿਆ. "ਮਨਹੁ ਕਠੋਰੁ ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ." (ਆਸਾ ਕਬੀਰ) ੨. ਵਾਚਨ ਕੀਤਾ ਪੜ੍ਹਿਆ.

ਬਾਚੀ: ਵਾਚੀ. ਪੜ੍ਹੀ। ੨. ਦੇਖੋ, ਬਾਂਚੀ.

ਬਾਚੁ: ਦੇਖੋ, ਬਚਣਾ. "ਬਿਖੈ ਬਾਚੁ, ਹਰਿ ਰਾਚੁ." (ਗਉ ਕਬੀਰ) ਵਿਸ਼ਿਆਂ ਤੋਂ ਵਚ ਅਤੇ ਹਰੀ ਵਿੱਚ ਰਚ.

ਬਾਚੇ: ਵਾਚਨ ਕਰੇ. ਪੜ੍ਹੇ. ਦੇਖੋ, ਬਾਚਨ। ੨. ਬਚੇ ਬਚ ਗਏ. "ਸਾਚੇ ਸਬਦਿ ਰਤੇ ਸੇ ਬਾਚੇ." (ਗੂਜ ਅਃ ਮਃ ੧) "ਜਿਹ ਕਾਲ ਕੈ ਮੁਖਿ ਜਗਤ ਸਭ ਗ੍ਰਸਿਆ, ਗੁਰ ਸਤਿਗੁਰ ਕੇ ਬਚਨਿ ਹਰਿ ਹਮ ਬਾਚੇ." (ਗਉ ਮਃ ੪) ੩. ਵਿੱਚ ਦਿੱਤੇ. ਬੀਚ ਮੇਂ ਦੀਏ. "ਕਿਤੇ ਬਾਂਧਕੈ ਬਿਖੁ ਬਾਚੇ ਦਿਵਾਰੰ." (ਗ੍ਯਾਨ) ਕੰਧ ਵਿੱਚ ਚਿਣ ਦਿੱਤੇ.

ਬਾਂਚੇ: ਦੇਖੋ, ਬਾਚੇ। ੨. ਬਚੇ. ਬਚਗਏ. "ਸੇ ਜਨ ਬਾਂਚੇ, ਜੋ ਪ੍ਰਭੁ ਰਾਖੇ." (ਆਸਾ ਮਃ ੧)

ਬਾਚੇਸ: ਸੰਗਜਾ- ਵਾਚਾ- ਈਸ਼. ਵਾਚਸ੍ਪਤਿ. ਵ੍ਰਿਹਸਪਤਿ. ਦੇਖੋ, ਬਾਚਸਪਤਿ. "ਤਬ ਧਰਾ ਰੂਪ ਬਾਚੇਸ ਆਨ." (ਬ੍ਰਹਮਾਵ)

ਬਾੱਚੀ: ਜਬਾੜੇ ਦੀ ਹੱਡੀ. Jaw- bone

ਬਾਛ: ਸੰਗਜਾ- ਉਗਰਾਹੀ. ਝਾਲ. ਚੰਦਾ। ੨. ਵੱਛਾ. ਵਤਸ. "ਗਉ ਬਾਛ ਕਉ ਸੰਚੈ ਖੀਰੁ." (ਸਾਰ ਨਾਮਦੇਵ) ੩. ਦੇਖੋ, ਬਾਂਛਾ.

ਬਾਂਛਤ: ਸੰ. ਵਾਂਿਛਤ. ਵਾਂਛਿਤ. ਚਾਹਿਆ ਹੋਇਆ. ਲੋੜੀਂਦਾ. "ਮਨਬਾਂਛਤ ਫਲ ਪਾਏ." (ਸੋਰ ਮਃ ੫) "ਬਾਂਛਤ ਨਾਂਹੀ, ਸੁ ਬੇਲਾ ਆਈ." (ਆਸਾ ਮਃ ੫) ਜੋ ਵੇਲਾ ਵਾਂਛਿਤ ਨਹੀਂ ਸੀ. ਉਹ ਆਇਆ. ਭਾਵ- ਮਰਨ ਦਾ ਸਮਾਂ.

ਬਾਛਰ: ਸੰਗਜਾ- ਵੱਛਾ. ਗਊ ਦਾ ਵਤਸ.

ਬਾਛਰਖੋਜ: ਸੰਗਜਾ- ਗੋਖ਼ੁਰ. ਵੱਛੇ ਦੇ ਪੈਰ ਦਾ ਜ਼ਮੀਨ ਪੁਰ ਲੱਗਾ ਨਿਸ਼ਾਨ. "ਸਾਗਰੁ ਤਰਿਓ ਬਾਛਰ ਖੋਜ." (ਰਾਮ ਮਃ ੫) ਜਿਵੇਂ ਵੱਛੇ ਦੇ ਖੁਰ ਦਾ ਨਿਸ਼ਾਨ ਪਾਣੀ ਨਾਲ ਭਰਿਆ ਬਿਨਾ ਯਤਨ ਉਲੰਘ ਜਾਈਦਾ ਹੈ.

ਬਾਛਵਹੁ: ਵਾਂਛਾ ਕਰਦੇ ਹੋਂ. ਚਾਹੁੰਦੇ ਹੋਂ.

ਬਾਛੜ: ਸੰਗਜਾ- ਵ੍ਰਿਸ਼੍ਟਿ ਹੜ. ਹਵਾ ਦੇ ਜ਼ੋਰ ਨਾਲ ਆਇਆ ਵਰਖਾ ਦਾ ਜਲ.

ਬਾਛਾ: ਸੰਗਜਾ- ਵੱਛਾ. ਵਤਸਾ. "ਜੈਸੇ ਗਾਇ ਕਾ ਬਾਛਾ ਛੂਟਲਾ." (ਗੌਂਡ ਨਾਮਦੇਵ)

ਬਾਂਛਾ: ਸੰ. ਵਾਞ੍ਛਾ- ਵਾਂਛਾ. ਸੰਗਜਾ- ਇੱਛਾ. ਚਾਹ. "ਬਾਂਛਹੁ ਧੂਰਿ ਪਵਿਤ੍ਰ ਕਰੇਰੈ." (ਕਾਨ ਮਃ ੫)

ਬਾਛਾਹਾ: ਵਾਂਛਾ ਕਰਦੇ ਹਾਂ. ਚਾਹੁੰਨੇ ਹਾਂ. "ਜਨਧੂਰਿ ਬਾਛਾਹਾ." (ਸੂਹੀ ਮਃ ੫)

ਬਾਂਛਿਤ: ਦੇਖੋ, ਬਾਂਛਤ.

ਬਾਛੀਐ: ਵਾਂਛਾ ਕਰੀਐ ਚਾਹੀਏ. "ਸੁਰਗਬਾਸੁ ਨ ਬਾਛੀਐ." (ਗਉ ਕਬੀਰ)

ਬਾਜ: ਸੰ. ਵਾਦਜ. ਬਾਜਾ. "ਸੁਨੀਐ ਬਾਜੈ ਬਾਜ ਸੁਹਾਵੀ." (ਮਲਾ ਮਃ ੫) "ਸੁਨਤ ਹਨੇ ਬਾਜਨ ਪਰ ਡੰਕੇ." (ਗੁਪ੍ਰਸੁ) ੨. ਬਾਜੇ ਦੀ ਧੁਨਿ। ੩. ਵਜਾਉਣ ਦਾ ਪ੍ਰਕਾਰ. ਵਾਦਨ ਦੇ ਭੇਦ. "ਅਨਿਕ ਨਾਦ ਅਨਿਕ ਬਾਜ." (ਭੈਰ ਪੜਤਾਲ ਮਃ ੫) ੪. ਸੰ. ਵਾਜ. ਜਲ। ੫. ਯਗਯ। ੬. ਤੀਰ ਦਾ ਪੰਖ। ੭. ਵੇਗ. ਤੇਜ਼ੀ। ੮. ਗਮਯਤਾ. ਪਹੁੰਚ. "ਬਾਜ ਹਮਾਰੀ ਥਾਨ ਥਨੰਤਰਿ." (ਭੈਰ ਮਃ ੫) ੯. ਸੰ. ਵਾਜੀ (ਵਾਜਿਨ੍). ਘੋੜਾ. "ਫਿਰਜੋ ਦੇਸ ਦੇਸੰ ਨਰੇਸਾਨ ਬਾਜੰ." (ਰਾਮਾਵ) ੧੦. ਫ਼ਾ. باز ਬਾਜ਼. ਇੱਕ ਸ਼ਿਕਾਰੀ ਪੰਛੀ, ਜੋ ਗੁਲਾਬਚਸ਼ਮ ਪੰਛੀਆਂ ਦਾ ਰਾਜਾ ਹੈ. ਇਹ ਜੁੱਰਰਹ ਦੀ ਮਦੀਨ ਹੈ. ਇਸ ਦਾ ਕੱਦ ਜੁਰਰੇ ਨਾਲੋਂ ਵਡਾ ਹੁੰਦਾ ਹੈ. ਬਾਜ ਸਰਦ ਦੇਸਾਂ ਤੋਂ ਫੜਕੇ ਪੰਜਾਬ ਵਿੱਚ ਲਿਆਈਦਾ ਹੈ. ਇੱਥੇ ਆਂਡੇ ਨਹੀਂ ਦਿੰਦਾ. ਦਸ ਬਾਰਾਂ ਵਰ੍ਹੇ ਇਹ ਸ਼ਿਕਾਰ ਦਾ ਕੰਮ ਦਿੰਦਾ ਹੈ. ਗਰਮੀਆਂ ਵਿੱਚ ਇਸ ਨੂੰ ਠੰਡੇ ਥਾਂ ਕੁਰੀਚ (ਕਰੀਜ) ਬੈਠਾਉਂਦੇ ਹਨ, ਜਦ ਕਿ ਇਹ ਪੁਰਾਣੇ ਖੰਭ ਸਿੱਟਕੇ ਨਵੇਂ ਬਦਲਦਾ ਹੈ. ਇਹ ਤਿੱਤਰ ਮੁਰਗਾਬੀ ਅਤੇ ਸਹੇ ਦਾ ਚੰਗਾ ਸ਼ਿਕਾਰ ਕਰਦਾ ਹੈ. ਪੁਰਾਣੇ ਸਮੇਂ ਅਮੀਰ ਲੋਕ ਬਾਜ਼ ਨੂੰ ਆਪਣੇ ਹੱਥ ਤੇ ਰੱਖਦੇ ਅਤੇ ਬਹੁਤ ਸ਼ਿਕਾਰ ਖੇਡਦੇ ਸਨ. ਦੇਖੋ, ਸ਼ਿਕਾਰੀ ਪੰਛੀਆਂ ਦਾ ਚਿਤ੍ਰ. "ਸੀਹਾ ਬਾਜਾ ਚਰਗਾ ਕੁਹੀਆ, ਏਨਾ ਖਵਾਲੇ ਘਾਹ." (ਮਃ ੧. ਵਾਰ ਮਾਝ) ੧੧ਕ੍ਰਿ. ਵਿ- ਫਿਰ. ਪੁਨ ਵਾਪਿਸ. "ਦੀਜੈ ਬਾਜ ਦੇਸ ਹਮੈ ਮੇਟੀਐ ਕਲੇਸ." (ਚੰਡੀ ੧) ੧੨. ਔਰ. ਅਤੇ। ੧੩. ਸੰਗਜਾ- ਸ਼ਰਾਬ। ੧੪. ਕਰ. ਮਹਿਸੂਲ। ੧੫. ਵਿ- ਸ਼੍ਰੇਸ਼੍ਠ. ਉੱਤਮ. "ਬਿਸੁਕਰਮਾ ਤੇ ਬਾਜ." (ਚਰਿਤ੍ਰ ੧੪੩) ਵਿਸ਼੍ਵਕਰਮਾਂ ਨਾਲੋਂ ਵਧੀਆ। ੧੬. ਪ੍ਰਤ੍ਯ- ਜੋ ਸ਼ਬਦਾਂ ਦੇ ਅੰਤ ਲਗਕੇ ਕਰਤਾ, ਖੇਡਣ ਵਾਲਾ, ਧਾਰਕ ਆਦਿ ਅਰਥ ਕਰ ਦਿੰਦਾ ਹੈ, ਜਿਵੇਂ ਦਗ਼ਾਬਾਜ਼, ਜੂਏਬਾਜ਼, ਕਬੂਤਰਬਾਜ਼ ਆਦਿ। ੧੭. ਅ਼. بعض ਬਅ਼ਜ ਸਰਵ- ਕੋਈ। ੧੮. ਫ਼ਾ. باج ਸੰਗਜਾ- ਸਰਕਾਰੀ ਮੁਆ਼ਮਲਾ ਕਰ. ਖ਼ਿਰਾਜ। ੧੯. ਖ਼ਾ. ਖੁਰਪਾ. ਰੰਬਾ. ਦੇਖੋ, ਬਾਜ ਦਾ ਸ਼ਿਕਾਰ.

ਬਾਜ ਉਡਾਉਣਾ: ਕ੍ਰਿ- ਬਾਜ਼ ਨਾਲ ਪੰਛੀਆਂ ਦਾ ਸ਼ਿਕਾਰ ਕਰਨਾ। ੨. ਭੋਗ ਵਿਲਾਸ ਕਰਨਾ। ੩. ਖ਼ਾ. ਖੁਰਪੇ (ਰੰਬੇ) ਨਾਲ

ਘਾਹ ਖੋਤਣਾ.

ਬਾਜਸਾਲ: ਸੰਗਯਾ- ਬਾਜ਼ ਰੱਖਣ ਦੀ ਸ਼ਾਲਾ. ਜਿਸ ਮਕਾਨ ਵਿੱਚ ਬਾਜ਼ ਰੱਖੇ ਜਾਣ। ੨. ਵਾਜੀ (ਘੋੜਿਆਂ) ਦਾ ਮਕਾਨ. ਅਸਤਬਲ.

ਬਾਜਸਿੰਘ: ਬੱਲ ਗੋਤ ਦਾ ਜੱਟ, ਮੀਰਪੁਰ ਪੱਟੀ ਦਾ ਵਸਨੀਕ. ਇਸ ਨੇ ਕਲਗੀਧਰ ਤੋਂ ਅਮ੍ਰਿਤ ਛਕਕੇ ਸਿੰਘ ਧਰਮ ਧਾਰਨ ਕੀਤਾ. ਇਹ ਪੰਥ ਵਿੱਚ ਵਡਾ ਸ਼ੂਰਵੀਰ ਗਿਣਿਆ ਗਿਆ ਹੈ. ਇਸ ਨੂੰ ਦਸ਼ਮੇਸ਼ ਨੇ ਬੰਦੇ ਦੀ ਸਹਾਇਤਾ ਲਈ ਅਬਿਚਲਨਗਰ ਤੋਂ ਭੇਜਿਆ ਸੀ. ਸੰਮਤ ੧੭੬੭ ਵਿੱਚ ਬੰਦਾ ਬਹਾਦੁਰ ਨੇ ਵਜ਼ੀਰਖ਼ਾ ਨੂੰ ਮਾਰਕੇ ਸਰਹਿੰਦ ਦਾ ਹਾਕਿਮ ਇਸੇ ਨੂੰ ਥਾਪਿਆ ਸੀ. ਬਾਜਸਿੰਘ ਬੰਦਾਬਹਾਦੁਰ ਦੇ ਨਾਲ ਹੀ ਦਿੱਲੀ ਸ਼ਹੀਦ ਹੋਇਆ. ਇਸ ਦਾ ਭਾਈ ਰਾਮਸਿੰਘ ਭੀ ਬੰਦਾ ਬਹਾਦੁਰ ਦਾ ਸੱਜਾ ਹੱਥ ਸੀ. ਇਸ ਨੇ ਧਰਮਜੰਗਾਂ ਵਿੱਚ ਵਡੇ ਸਾਕੇ ਕੀਤੇ.

ਬਾਜਕ: ਰਿਆਸਤ ਪਟਿਆਲਾ. ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਸੰਗਤ (ਬੀ. ਬੀ. ਐਂਡ ਸੀ. ਆਈ. ਰੇਲਵੇ) ਤੋਂ ਪੰਜ ਮੀਲ ਪੱਛਮ ਹੈ. ਇਸ ਤੋਂ ਦੱਖਣ ਪੱਛਮ ਗੁਰੂ ਗੋਬਿੰਦ ਸਿੰਘ ਸਾਹਿਬ ਵਿਰਾਜੇ ਹਨ. ਸੁੱਖੂ ਅਤੇ ਬੁੱਧੂ ਦਿਵਾਨੇ ਸਾਧਾਂ ਨੇ ਪ੍ਰੇਮ ਨਾਲ ਸੇਵਾ ਕੀਤੀ ਅਤੇ ਮਾਲਵੇ ਦਾ ਗੀਤ (ਸੱਦ) ਗਾਕੇ ਸੁਣਾਇਆ-

"ਕੱਚਾ ਕੋਠਾ ਵਿਚ ਵਸਦਾ ਜਾਨੀ। ਸਦਾ ਨ ਮਾਪੇ, ਨਿੱਤ ਨ ਜੁਆਨੀ। ਚਲਣਾ ਅੱਗੇ ਹੋਇ, ਗੁਮਾਨੀ!" ਉਨ੍ਹਾਂ ਦੀ ਬੇਨਤੀ ਪੁਰ ਮਾਛੀਵਾੜੇ ਵਾਲਾ ਲਿਬਾਸ ਦਸ਼ਮੇਸ਼ ਨੇ ਫੇਰ ਪਹਿਨਿਆ ਅਰ ਦੋਹਾਂ ਸਾਧਾਂ ਨੇ ਦੋ ਸਿੱਖਾਂ ਨਾਲ ਮਿਲਕੇ ਗੁਰੂ ਸਾਹਿਬ ਦਾ ਪਲੰਘ ਉਠਾਇਆ."ਸੁਨ ਗੁਰੁ ਪਲੰਘ ਅਪਨ ਉਠਵਾਯੋ। ਸੁੱਖੂ ਬੁੱਧੂ ਸੀਸ ਲਗਾਯੋ। ਦੁਇ ਸਿਖ ਅਪਰ ਲਗੇ ਹੈਂ ਸੰਗ। ਗਮਨੇ ਗੁਰੂ ਉਠਾਇ ਉਤੰਗ." (ਗੁਪ੍ਰਸੂ)

ਇੱਥੇ ਛੋਟਾ ਜੇਹਾ ਗੁਰਦ੍ਵਾਰਾ ਹੈ. ਪਾਸ ਰਹਿਣ ਦੇ ਮਕਾਨ ਹਨ. ੪੫ ਘੁਮਾਉਂ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ. ਪੁਜਾਰੀ ਸਿੰਘ ਹੈ.

ਬਾਜਗੁਜ਼ਾਰ: ਫ਼ਾ. باجگزار ਸੰਗਯਾ- ਠੇਕੇ ਪੁਰ ਇਲਾਕਾ ਲੈਕੇ ਬਾਦਸ਼ਾਹ ਨੂੰ ਕਰ ਦੇਣ ਵਾਲਾ ਇਲਾਕੇ ਦਾਰ. ਦੇਖੋ, ਬਾਜ ੧੮.

ਬਾਜ ਦਾ ਸ਼ਿਕਾਰ: ਬਾਜ ਨਾਲ ਪੰਛੀ ਅਤੇ ਸਹੇ ਆਦਿ ਜੀਵਾਂ ਦਾ ਸ਼ਿਕਾਰ ਕਰਨਾ। ੨. ਖ਼ਾ ਖੁਰਪੇ (ਰੰਬੇ) ਨਾਲ ਘਾਹ ਖੋਤਣ ਦੀ ਕ੍ਰਿਯਾ.

ਬਾਜਦਾਰ: ਫ਼ਾ. بازدار ਸੰਗਯਾ- ਬਾਜ਼ ਰੱਖਣ ਵਾਲਾ ਪੁਰਖ। ੨. ਬਾਜ਼ ਦਾ ਸੇਵਕ. ਉਹ ਨੌਕਰ, ਜੋ ਬਾਜ਼ ਦੀ ਸੇਵਾ ਲਈ ਰੱਖਿਆ ਜਾਵੇ। ੩. ਫ਼ਾ. باجدار ਮਹਿਸੂਲ ਜਮਾਂ ਕਰਨ ਵਾਲਾ. ਕਰ ਇਕੱਠਾ ਕਰਨ ਵਾਲਾ. ਦੇਖੋ, ਬਾਜ ੧੮.

ਬਾਜਨ: ਸੰ. ਵਾਦਨ. ਸੰਗਯਾ- ਬਾਜਾ. "ਬਾਜਨ ਰਣ ਬਜਜੰ" (ਰਾਮਾਵ) ੨. ਵਜਾਉਣਾ.

ਬਾਜਨਾ: ਦੇਖੋ, ਬਜਣਾ.

ਬਾਜਨੀ: ਦੇਖੋ, ਬਾਜਿਨੀ। ੨. ਛੁਦ੍ਰਘੰਟਿਕਾ. ਬੱਜਣਵਾਲੀ ਘੁੰਘਰੂਦਾਰ ਤੜਾਗੀ। ੩. ਵਿ- ਵੱਜਣ ਵਾਲੀ. ਸ਼ਬਦ ਕਰਨ ਵਾਲੀ. "ਬਨੀ ਬਾਜਨੀ ਕਿੰਕਨਿ ਚਾਰੀ." (ਨਾਪ੍ਰ)

ਬਾਜਮੇਧ: ਦੇਖੋ, ਅਸ਼੍ਵਮੇਧ ਅਤੇ ਬਾਜਿਮੇਧ.

ਬਾਜਰਾ: ਸੰ. ਵਜ੍ਰੰਗੀ. ਸੰਗਯਾ- ਸਾਉਣੀ ਦੀ ਫਸਲ ਦਾ ਇੱਕ ਪ੍ਰਸਿੱਧ ਅਨਾਜ, ਜਿਸ ਦੀ ਮੋਠਾਂ ਨਾਲ ਮਿਲਾਕੇ ਖਿਚੜੀ ਪਕਾਈ ਜਾਂਦੀ ਹੈ. ਬਾਜਰੇ ਦੀਆਂ ਰੋਟੀਆਂ ਅਤੇ ਬੱਕੁਲੀਆਂ ਭੀ ਲੋਕ ਖਾਂਦੇ ਹਨ. L. Panicum spicatum.

ਬਾਜਰਾਜ: ਸੰਗਯਾ- ਵਾਜਿਰਾਜ. ਅਸਤਬਲ ਦੇ ਘੋੜਿਆਂ ਵਿੱਚੋਂ ਸ਼ਿਰੋਮਣਿ ਘੋੜਾ। ੨. ਇੰਦ੍ਰ ਦੀ ਸਵਾਰੀ ਦਾ ਉੱਚੈ ਸ਼੍ਰਵਾ ਘੋੜਾ.

ਬਾਜਵਾ: ਇੱਕ ਜੱਟ ਜਾਤਿ। ੨. ਇਸ ਗੋਤ ਦੇ ਜੱਟਾਂ ਦਾ ਵਸਾਇਆ ਪਿੰਡ.

ਬਾਜਾ: ਸੰ. ਵਾਦਜ. ਸੰਗਯਾ- ਐਸਾ ਸਾਜ (ਯੰਤ੍ਰ), ਜੋ ਸੱਤ ਸ੍ਵਰ ਉਤਪੰਨ ਕਰੇ. ਅਥਵਾ ਤਾਲ ਵਾਸਤੇ ਧੁਨਿ ਕਰੇ. ਸਰੰਦਾ ਰਬਾਬ ਮ੍ਰਿਦੰਗ ਆਦਿ. "ਬਾਜਾ ਮਾਣ ਤਾਣ ਤਜਿ ਤਾਨਾ." (ਰਾਮ ਮਃ ੫) ਬਾਜਿਆਂ ਦੇ ਭੇਦ ਲਈ ਦੇਖੋ, ਪੰਚ ਸਬਦ। ੨. ਅ਼. ਬਅ਼ਜ. ਸਰਵ ਕੋਈ.

ਬਾਜਾ ਨੇਜਾ: ਦੇਖੋ, ਵਾਜਾ ਨੇਜਾ.

ਬਾਜਾਰ: ਫ਼ਾ. بازار ਬਾਜ਼ਾਰ ਸੰਗਯਾ- ਵੇਚਣ ਅਤੇ ਖਰੀਦਣ ਦਾ ਅਸਥਾਨ (market) ੨. ਬਹੁਤ ਦੁਕਾਨਾਂ ਦਾ ਸਮੁਦਾਯ। ੩. ਸੌਦਾ. ਲੈਣ ਦੇਣ ਦੀ ਸਾਮਗ੍ਰੀ. "ਬਾਜਾਰੀ ਬਾਜਾਰ ਮਹਿ ਆਇ ਕਢੈ ਬਾਜਾਰ." (ਵਾਰ ਆਸਾ)

ਬਾਜਾਰੀ: ਵਿ- ਬਾਜ਼ਾਰ ਸੰਬੰਧੀ. ਬਾਜ਼ਾਰ ਦਾ। ੨. ਬਾਜ਼ਾਰ ਵਿੱਚ ਏਧਰ ਓਧਰ ਫਿਰਨ ਵਾਲਾ. ਮਰਯਾਦਾ ਰਹਿਤ. ਅਸਭ੍ਯ. "ਸਬਦੁ ਨ ਚੀਨੈ ਲੰਪਟ ਹੈ ਬਾਜਾਰੀ." (ਮਾਰੂ ਅਃ ਮਃ ੧) "ਜੇ ਕੋ ਦਰਗਹ ਬਹੁਤਾ ਬੋਲੈ, ਨਾਉ ਪਵੈ ਬਾਜਾਰੀ." (ਆਸਾ ਮਃ ੧) ੩. ਸ਼ਰੀਰਰੂਪ ਬਾਜ਼ਾਰ ਦਾ ਸੋਧਕ. ਸੰਯਮੀ. "ਸੋ ਬਾਜਾਰੀ ਹਮ ਗੁਰੁ ਮਾਨੇ." (ਗੌਂਡ ਕਬੀਰ) ਉਸ ਬਾਜਾਰੀ ਨੂੰ ਅਸੀਂ ਗੁਰੂ ਮੰਨਦੇ ਹਾਂ.

ਬਾਜਾਰੂ: ਦੇਖੋ, ਬਾਜਾਰੀ ੧. ਅਤੇ ੨.

ਬਾਜਾਰੂੜ: ਵਾਜੀ (ਘੋੜੇ) ਪੁਰ ਆਰੂਢ (ਸਵਾਰ)

ਬਾਜਾਂਵਾਲਾ: ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਵਿਸ਼ੇਸ਼ਣ ਅਤੇ ਨਾਮ.

ਬਾਜਿ: ਦੇਖੋ, ਬਾਜੀ.

ਬਾਜਿਸਾਲ: ਸੰਗਯਾ- ਵਾਜੀ (ਘੋੜਿਆਂ) ਦੀ ਸ਼ਾਲਾ. ਅਸਤਬਲ.

ਬਾਜਿਤ੍ਰ: ਸੰ. ਵਾਦਿਤ੍ਰ. ਸੰਗਯਾ- ਵਾਜਾ. ਵਾਦ੍ਯ.

ਬਾਜਿੰਤ੍ਰ, ਬਾਜਿੰਤ੍ਰਾ: "ਤਾਰ ਘੋਰ ਬਾਜਿੰਤ੍ਰ ਤਹਿ." (ਮਃ ੧. ਵਾਰ ਮਲਾ) "ਅਨਹਦ ਬਾਜਿਤ੍ਰਾ ਤਿਸੁ ਧਨਿ ਦਰਬਾਰਾ." (ਬਿਲਾ ਛੰਤ ਮਃ ੫) ਦੇਖੋ, ਪੰਚ ਸਬਦ.

ਬਾਜਿਨਾਲ: ਸੰਗਯਾ- ਵਾਜੀ (ਘੋੜੇ) ਖਿੱਚਣ ਜਿਸ ਨਾਲੀ (ਤੋਪ) ਨੂੰ ਘੋੜਿਆਂ ਦ੍ਵਾਰਾ ਖਿੱਚੀ ਜਾਣ ਵਾਲੀ ਤੋਪ। ੨. ਰਸਾਲੇ (ਘੁੜਚੜੇ ਸਿਪਾਹੀ) ਦੀ ਬੰਦੂਕ। ੩. ਦੇਖੋ, ਨਾਲ ੯.

ਬਾਜਿਨੀ: ਸੰਗਯਾ- ਵਾਜੀ (ਘੋੜਿਆਂ) ਦੀ ਫੌਜ. ਰਸਾਲਾ. (ਸਨਾਮਾ)

ਬਾਜਿਮੇਧ: ਸੰ. ਵਾਜਿਮੇਧ. ਸੰਗਯਾ- ਘੋੜੇ ਦੀ ਕੁਰਬਾਨੀ ਦਾ ਯਗ੍ਯ. ਦੇਖੋ, ਅਸ਼੍ਵਮੇਧ.

ਬਾਜੀ: ਫ਼ਾ. بازی ਬਾਜ਼ੀ. ਸੰਗਯਾ- ਖੇਲ. "ਬਾਜੀ ਖੇਲਿਗਏ ਬਾਜੀਗਰ." (ਮਾਰੂ ਸੋਲਹੇ ਮਃ ੧) ੨. ਸੰ. ਵਾਜੀ (वाजिन्. ) ਘੋੜਾ. ਅਸ਼੍ਵ. "ਜਨੁ ਬਾਜੀ ਮੇਲੀ ਬਡ ਬਾਜੀ। ਨਟਬਾਜੀ ਜਿਸ ਦੇਖਤ ਲਾਜੀ." (ਗੁਪ੍ਰਸੂ)

ਬਾਜੀਗਰ: ਫ਼ਾ. بازیگر ਸੰਗਯਾ- ਖੇਲ ਕਰਨ ਵਾਲਾ। ੨. ਨਟ। ੩. ਜਾਦੂਗਰ। ੪. ਭਾਵ- ਕਰਤਾਰ, ਜਿਸ ਨੇ ਜਗਤਰੂਪ ਬਾਜ਼ੀ ਰਚੀ ਹੈ. "ਬਾਜੀਗਰ ਸਉ ਮੋਹਿ ਪ੍ਰੀਤਿ ਬਨਿਆਈ." (ਆਸਾ ਰਵਿਦਾਸ)

ਬਾਜੀਗਰੀ: ਸੰਗਯਾ- ਬਾਜੀਗਰ ਦੀ ਕ੍ਰਿਯਾ. ਖੇਲ. ਤਮਾਸਾ. ਇੰਦ੍ਰਜਾਲ ਦੀ ਰਚਨਾ. "ਬਾਜੀਗਰੀ ਸੰਸਾਰ ਕਬੀਰਾ." (ਆਸਾ ਕਬੀਰ)

ਬਾਜੀਦਪੁਰ: ਜਿਲਾ ਥਾਣਾ ਫਿਰੋਜਪੁਰ ਦਾ ਇੱਕ ਪਿੰਡ, ਜੋ ਫਿਰੋਜਪੁਰ ਛਾਉਣੀ ਤੋਂ ੪. ਮੀਲ ਮੋਗੇ ਵਾਲੀ ਪੱਕੀ ਸੜਕ ਤੇ ਹੈ. ਰੇਲਵੇ ਸਟੇਸ਼ਨ, ਫਿਰੋਜਪੁਰ ਲੁਦਿਆਨਾ ਸ਼ਾਖ਼ ਦਾ ਸੈਯਦਵਾਲ ਹੈ. ਇੱਥੇ ਕਲਗੀਧਰ ਨੇ ਚਰਨ ਪਾਏ ਹਨ. ਇੱਕ ਤਿੱਤਰ ਨੂੰ,

ਜਿਸ ਨੇ ਪੂਰਵਜਨਮ ਸਤਿਗੁਰੂ ਨੂੰ ਜਾਮਨ ਦੇਕੇ ਕਰਜ ਲਿਆ ਸੀ, ਮੁਕਤ ਕੀਤਾ. ਇਸੇ ਤੋਂ ਇਸ ਥਾਂ ਦਾ ਨਾਮ "ਤਿੱਤਰਸਰ" ਹੋ ਗਿਆ ਹੈ.

ਸਭ ਤੋਂ ਪਹਿਲਾਂ ਸਰਦਾਰ ਬਿਸਨਸਿੰਘ ਆਹਲੂਵਾਲੀਏ ਨੇ (ਜੋ ਮਹਾਰਾਜਾ ਰਣਜੀਤ ਸਿੰਘ ਦਾ ਅਹਿਲਕਾਰ ਸੀ) ਇੱਥੇ ਮੰਜੀ ਸਾਹਿਬ ਦੀ ਰਚਨਾ ਕੀਤੀ. ਰਾਜਾ ਪਹਾੜਸਿੰਘ ਫਰੀਦਕੋਟ ਪਤਿ ਨੇ ੫੧ ਰੁਪਯੇ ਸਾਲ ਦੀ ਰਸਦ ਮੁਕੱਰਰ ਕੀਤੀ. ਫੇਰ ਰਾਜਾ ਬਲਬੀਰ ਸਿੰਘ ਜੀ ਦੀ ਰਾਣੀ ਮਾਈ ਹਰਦਿੱਤ ਕੌਰ ਨੇ ਇਮਾਰਤ ਦੀ ਕੁਝ ਸੇਵਾ ਕਰਵਾਈ. ਮਹਾਰਾਜਾ ਬ੍ਰਿਜੇਂਦਰਸਿੰਘ ਦੀ ਮਾਈ ਨਰੇਂਦ੍ਰਕੌਰ ਨੇ ਸੰਮਤ ੧੯੭੯- ੮੦ ਵਿੱਚ ਤੇਰਾਂ ਹਜਾਰ ਰੁਪਯਾ ਖਰਚਕੇ ਸੁੰਦਰ ਮੰਦਿਰ ਬਣਵਾਇਆ ਅਤੇ ਲੰਗਰ ਦੇ ਬਰਤਨ ਸ੍ਰੀ ਗੁਰੂ ਗ੍ਰੰਥਸਾਹਿਬ ਦੇ ਸਿੰਗਾਰ ਦਾ ਸਾਮਾਨ ਅਰਪਿਆ. ਸੰਮਤ ੧੯੮੫ ਵਿੱਚ ਮਾਈ ਮਹਿੰਦ੍ਰਕੌਰ (ਰਾਜਾ ਹਰਇੰਦ੍ਰਸਿੰਘ ਜੀ ਦੀ ਮਾਤਾ) ਨੇ ਪੱਕਾ ਤਾਲ ਬਣਵਾਇਆ ਹੈ. ਰਿਆਸਤ ਫਰੀਦਕੋਟ ਵੱਲੋਂ ਗੁਰਦ੍ਵਾਰੇ ਦੇ ਨਾਮ ਰਸਤਾਂ ਭੀ ਹਨ.

ਬਾਜੀ ਦੀਬਾਣੁ: ਸੰਗਯਾ- ਬਾਜ਼ੀ (ਤਮਾਸ਼ਾ) ਦੇਖਣ ਵਾਲਿਆਂ ਦੀ ਸਭਾ. ਤਮਾਸ਼ਬੀਨਾਂ ਦਾ ਇਕੱਠ। ੨. ਭਾਵ- ਸੰਸਾਰ. "ਜਿਉ ਬਾਜੀ ਦੀਬਾਣੁ." (ਓਅੰਕਾਰ)

ਬਾਜੀਰਾਉ: ਦੇਖੋ, ਪੇਸ਼ਵਾ.

ਬਾਜੁਵੰਦ: ਸੰਗਯਾ- ਬਾਜ਼ੂ (ਭੁਜਾ) ਪੁਰ ਬੰਨ੍ਹਿਆ ਹੋਇਆ ਗਹਿਣਾ. ਭੁਜਬੰਦ. ਅੰਗਦ. ਬਹੁੱਟਾ. "ਸੁਭੈ ਬਾਜੁਵੰਦੰ." (ਗ੍ਯਾਨ) ਦੇਖੋ, ਬਾਜੂਬੰਦ.

ਬਾਜੂ: ਫ਼ਾ. بازوُ ਸੰਗਯਾ- ਬਾਹੁ. ਭੁਜਾ. ਬਾਂਹ.

ਬਾਜੂਬੰਦ: ਫ਼ਾ. بازوُبنّد ਸੰਗਯਾ- ਭੁਜਬੰਧਨ. ਭੁਜਬੰਦ. ਅੰਗਦ. ਬਾਹਾਂ ਦਾ ਗਹਿਣਾਂ.

ਬਾਝ: ਵ੍ਯ- ਬਿਨਾ. ਰਹਿਤ. "ਬਾਝ ਗੁਰੂ ਗੁਬਾਰੁ ਹੈ." (ਸ੍ਰੀ ਅਃ ਮਃ ੧) ੨. ਦੇਖੋ, ਵਾਹਜ.

ਬਾਂਝ: ਸੰ. ਬੰਧ੍ਯਾ. ਸੰਗਯਾ- ਬੰਧੇ ਹੋਏ (ਮੁਕ਼ੱਰਿਰ) ਵੇਲੇ ਪੁਰ ਜੋ ਛਲ ਨਾ ਦੇਵੇ. ਉਹ ਇਸਤ੍ਰੀ ਜੋ ਸੰਤਾਨ ਜਣਨ ਲਈ ਸਮਰਥ ਨਾ ਹੋਵੇ. Barren ਦੇਖੋ, ਬੰਧਿਆ ਅਤੇ ਬੰਧ੍ਯਾ.

ਬਾਝਹੁ: ਦੇਖੋ, ਬਾਝ. "ਅਖੀ ਬਾਝਹੁ ਵੇਖਣਾ." (ਮਃ ੨. ਵਾਰ ਮਾਝ)

ਬਾਂਝਪਨ: ਦੇਖੋ, ਬੰਧ੍ਯਾਪਨ.

ਬਾਝੜਿਅਹੁ: ਦੇਖੋ, ਬਾਝ. "ਪਿਰ ਬਾਝੜਿਅਹੁ, ਮੇਰੇ ਪਿਆਰੇ, ਆਙਨਿ ਧੂੜਿ ਲੁਤੇ." (ਆਸਾ ਛੰਤ ਮਃ ੪)

ਬਾਂਝਾ: ਬੰਧ੍ਯਾ. ਦੇਖੋ, ਬਾਂਝ. "ਜਿਨ ਹਰਿ ਹਿਰਦੈ ਨਾਮ ਨ ਵਸਿਓ, ਤਿਨ ਮਾਤ ਕੀਜੈ ਹਰਿ ਬਾਂਝਾ." (ਜੈਤ ਮਃ ੪)

ਬਾਝੁ: ਦੇਖੋ, ਬਾਝ. "ਬਾਝੁ ਗੁਰੂ ਜਗਤੁ ਬਉਰਾਨਾ." (ਮਃ ੧. ਵਾਰ ਮਲਾ)

ਬਾਝੋਂ: ਦੇਖੋ, ਬਾਝਹੁ.

ਬਾਟ: ਸੰਗਯਾ- ਵਿਪੱਤਿ. ਮੁਸੀਬਤ. "ਕੌਨ ਬਾਟ ਪਰੀ ਤਿਸੈ?" (ਹਜਾਰੇ ੧੦) ੨. ਵੱਟਾ. "ਏਕ ਬਨਕ ਨੇ ਦੀਨਸ ਬਾਟ." (ਗੁਪ੍ਰਸੂ) ੩. ਸੰ. ਵਾਟ. ਮਾਰਗ. ਰਸਤਾ. "ਦੂਰ ਰਹੀ ਉਹ ਜਨ ਤੇ ਬਾਟ." (ਗੁਪ੍ਰਸੂ) ੪. ਮੁਸਾਫਿਰੀ. "ਪੈਡੇ ਬਿਨੁ ਬਾਟ ਘਨੇਰੀ." (ਬਸੰ ਕਬੀਰ) ਦੇਖੋ, ਜੋਇਖਸਮ। ੫. ਘਰ. ਮਕਾਨ.

ਬਾਂਟ: ਸੰਗਯਾ- ਬਾਂਟਾ. ਭਾਗ. ਹਿੱਸਾ. "ਇਕ ਸਮ ਬਾਂਟ ਬੰਟ ਕਰ ਖਾਈ." (ਗੁਪ੍ਰਸੂ) ਸੰ. ਵੰਟ- वण्ट्. ਧਾ- ਹਿੱਸਾ ਕਰਨਾ, ਵੰਡਣਾ. ਵੱਖ ਕਰਨਾ। ੨. ਤਕਸੀਮ. ਵੰਡ.

**ਬਾਟਹਾ:** ਸੰਗਯਾ- ਵਾਟ (ਰਸ੍ਤਾ) ਖੋਹਣ ਵਾਲਾ. ਡਾਕੂ. ਵਾਟਪਾਰ. (ਸਨਾਮਾ)

**ਬਾਟਹਾ ਅਸਤ੍ਰ:** ਸੰਗਯਾ- ਵਾਟਹਾ (ਡਾਕੂ) ਦਾ ਅਸਤ੍ਰ. ਪਾਸ਼ (ਫਾਹੀ). (ਸਨਾਮਾ)

**ਬਾਟ ਘਾਟ:** ਵਾਟ (ਘਰ) ਅਤੇ ਸਫਰ. ਘਰ ਰਹਿੰਦੇ ਅਤੇ ਚਲਦੇ. ਦੇਖੋ, ਬਾਟ ੫। ੨. ਵਾਟ (ਮਾਰਗ) ਅਤੇ ਘਾਟ (ਪਹਾੜ ਦੀ ਘਾਟੀ ਅਰ ਦਰਿਆ ਦਾ ਪੱਤਨ). "ਕਾਰਜਿ ਕਾਮਿ ਬਾਟ ਘਾਟ ਜਪੀਜੈ." (ਆਸਾ ਮਃ ੫) "ਬਾਟ ਘਾਟ ਤੋਸਾ ਸੰਗਿ ਮੋਰੈ." (ਟੋਡੀ ਮਃ ੫)

**ਬਾਂਟਨਾ:** ਕ੍ਰਿ- ਵੰਡਣਾ. ਤਕਸੀਮ ਕਰਨਾ. ਦੇਖੋ, ਬਾਂਟ.

**ਬਾਟਪਾਰ, ਬਾਟਪਾਰੀ:** ਸੰਗਯਾ- ਵਾਟ ਪਾੜਨ ਵਾਲਾ. ਰਾਹ ਖੋਹਣ ਵਾਲਾ, ਡਾਕੂ. "ਬਾਟਪਾਰਿ ਘਰੁ ਮੂਸ ਬਿਰਾਨੋ." (ਸਾਰ ਪਰਮਾਨੰਦ)

**ਬਾਟਲਾ:** ਮਰਾ- ਸੰਗਯਾ- ਮਾਰਗ. ਰਸ੍ਤਾ. ਪਥ.

**ਬਾਟਲੀ:** ਦੇਖੋ, ਬਾਟੁਲੀ.

**ਬਾਟਾ:** ਸੰਗਯਾ- ਕਰੀਰ ਦੇ ਫੁੱਲ। ੨. ਖ਼ਾਂ. ਵਡੀ ਬਾਟੀ। ੩. ਅਮ੍ਰਿਤ ਤਿਆਰ ਕਰਨ ਦਾ ਸਰਵਲੋਹ ਦਾ ਪਾਤ੍ਰ.

**ਬਾਂਟਾ:** ਸੰਗਯਾ- ਵੰਡਾ. ਹਿੱਸਾ. ਛਾਂਦਾ. ਦੇਖੋ, ਬਾਂਟ। ੨. ਚੰਬਾ. ਵਿ- ਪ੍ਰਸਿੱਧ. ਪ੍ਰਗਟ.

**ਬਾਟਿ:** ਬਾਟ (ਮਾਰਗ) ਮੇਂ. ਰਸਤੇ ਵਿੱਚ.

**ਬਾਟਿ ਘਾਟਿ:** ਬਾਟ ਅਤੇ ਘਾਟੀ ਵਿੱਚ. "ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ." (ਆਸਾ ਮਃ ੫)

**ਬਾਟੀ:** ਸੰਗਯਾ- ਚੌੜਾ ਅਤੇ ਚਪੇਤਲਾ ਤਸਲਾ ਬਾੱਟੀ। ੨. ਮਾਰਵਾੜ ਦਾ ਇੱਕ ਪਿਆਰਾ ਭੋਜਨ. ਦਾਦੂਪੰਥੀ ਸਾਧੂ ਭੰਡਾਰਿਆਂ ਵਿੱਚ ਬਾਟੀ ਬਹੁਤ ਪਕਾਉਂਦੇ ਹਨ. ਮੋਣਦਾਰ ਆਟੇ ਵਿੱਚ ਲੂਣ ਪਾਕੇ ਦੁੱਧ ਵਿੱਚ ਗੁਨ੍ਹਕੇ ਗੋਲ ਪਿੰਨੇ ਵੱਟਕੇ ਤਵੇ ਜੇਹੀ ਤਪੀ ਹੋਈ ਜਮੀਨ ਤੇ ਜੋ ਭੁਸਰੀ ਵਾਂਙ ਪੇੜੇ ਦੀ ਸ਼ਕਲ ਦੀ ਰੋਟੀ ਪਕਾਈ ਜਾਂਦੀ ਹੈ. ਉਸ ਦੀ "ਬਾਟੀ" ਸੰਗਯਾ ਹੈ। ੩. ਵਾਟੀਂ. ਮਾਰਗ ਮੇਂ. ਰਾਹਾਂ ਵਿੱਚ. "ਹਾਟੀ ਬਾਟੀ ਰਹਹਿ ਨਿਰਾਲੇ." (ਸਿਧਗੋਸਟਿ) ਘਰ ਅਤੇ ਮਾਰਗ ਵਿੱਚ ਰਹਿਂ ਨਿਰਾਲੇ. ਅੰਦਰ ਅਤੇ ਬਾਹਰ ਨਿਰਲੇਪ.

**ਬਾਟੁਲੀ:** ਸੰਗਯਾ- ਸੜਕ. ਗਲੀ. ਦੇਖੋ, ਬਾਟ ੩. "ਜਹਿ ਜਾਨੋ ਤਹਿ ਭੀਰ ਬਾਟੁਲੀ." (ਸਾਰ ਮਃ ੫) ਭੀੜੀ ਗਲੀ.

**ਬਾਠ:** ਇੱਕ ਪਿੰਡ, ਜੋ ਜਿਲਾ ਜਲੰਧਰ, ਤਸੀਲ ਫਿਲੌਰ ਵਿੱਚ ਹੈ. ਇੱਥੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰਦ੍ਵਾਰਾ ਹੈ। ੨. ਦੇਖੋ, ਬਾਹੀਆ.

**ਬਾਠੋ:** ਬਾਂਟਿਆ. ਵੰਡਿਆ. ਦੇਖੋ, ਬਾਂਟ. "ਦੀਨ ਸੁਰਾਸੁਰ ਅੰਮ੍ਰਿਤ ਬਾਠੋ." (ਕ੍ਰਿਸਨਾਵ)

**ਬਾਡਾ:** ਦੇਖੋ, ਬਡਾ, ਬਾਡਾਡੂੰ ਅਤੇ ਬਾੜਾ.

**ਬਾਂਡਾ:** ਵਿ- ਵਿੰਗਾ. ਟੇਢਾ। ੨. ਬਿੰਗੇ ਅੰਗਾਂ ਵਾਲਾ.

**ਬਾਡਾਡੂੰ:** ਮਰਾ. ਵਾਟਾਡੋ. ਵਿ- ਰਾਹ ਦਿਖਾਉਣ ਵਾਲਾ. ਮਾਰਗ ਦੱਸਣ ਵਾਲਾ. "ਨਕਗੰ ਕੋ ਠਨਗਨ ਬਾਡਾਡੂੰ." (ਆਸਾ ਕਬੀਰ) ਨਕਵੱਢੀ (ਮਾਯਾ) ਦਾ ਘੰਟਾ ਉਸ ਵੱਲ ਜਾਣ ਦਾ ਰਾਹ ਦੱਸਦਾ ਹੈ. ਪੁਰਾਣੇ ਜ਼ਮਾਨੇ ਜਦ ਸੜਕਾਂ ਨਹੀਂ ਸਨ. ਤਦ ਉੱਚੇ ਮੀਨਾਰ ਜਾਂ ਬਿਰਛ ਪੁਰ ਰੱਖਕੇ ਨਗਾਰਾ ਜਾਂ ਵਡਾ ਘੰਟਾ ਰਾਹੀਆਂ ਨੂੰ ਰਸਤੇ ਦੀ ਸੀਧ ਦੱਸਣ ਲਈ ਵਜਾਇਆ ਜਾਂਦਾ ਸੀ, ਮਾਯਾ ਆਪਣੀ ਚਮਤਕਾਰੀ ਘੰਟੀ ਬਜਾਕੇ ਰਾਹ ਜਾਂਦਿਆਂ ਨੂੰ ਆਪਣੇ ਰਸਤੇ ਵੱਲ ਖਿੱਚ ਲੈਂਦੀ ਹੈ.

**ਬਾਂਡਜੋ:** ਬਾਂਟਿਓ. ਵੰਡਿਆ. "ਗਿੱਧ ਸਿਗਾਲਨ ਬਾਂਡਜੋ." (ਕ੍ਰਿਸਨਾਵ) ਗਿਰਝ ਅਤੇ ਗਿੱਦੜਾਂ ਨੂੰ ਮਾਸ ਵੰਡਿਆ.

**ਬਾਢ:** ਸੰਗਜਾ- ਬਢਨ (ਵਧਣ) ਦੀ ਕ੍ਰਿਯਾ. ਵ੍ਰਿੱਧਿ। ੨. ਵਢਾਈ. ਕਟਾਈ। ੩. ਤਸਵਾਰ ਆਦਿ ਸ਼ਸਤ੍ਰਾਂ ਦੀ ਤਿੱਖੀ ਧਾਰ। ੪. ਸ਼ਸਤ੍ਰ ਦਾ ਫੱਟ. ਜ਼ਖ਼ਮ। ੫. ਵਿ- ਵੱਧ. ਅਧਿਕ. "ਨ ਘਾਟ ਹੈ ਨ ਬਾਢ ਹੈ." (ਅਕਾਲ) ੬. ਦੇਖੋ, ਵਾਢ। ੭. ਸੰ. ਵਿ- ਬਲਵਾਨ। ੮. ਦੇਖੋ, ਬਾਢਯ.

**ਬਾਂਢ:** ਸੰਗਜਾ- ਵਿਦੇਸ਼. ਪਰਦੇਸ਼.

**ਬਾਢ ਕਸਬਾ:** ਪਟਨੇ ਤੋਂ ਪੰਦ੍ਹਾਂ ਕੋਹ ਪੂਰਵ ਇੱਕ ਨਗਰ. ਇੱਥੇ ਗੁਰੂ ਤੇਗਬਹਾਦੁਰ ਸਾਹਿਬ ਨੇ ਚਰਨ ਪਾਏ ਹਨ. ਗੁਰਦ੍ਵਾਰੇ ਦੀ ਸੇਵਾ ਉਦਾਸੀ ਸਾਧੂ ਕਰਦੇ ਹਨ.

**ਬਾਢਧਰ:** ਸੰਗਜਾ- ਵਾਢ ਰੱਖਣ ਵਾਲੀ ਤਲਵਾਰ. (ਸਨਾਮਾ) ੨. ਧਾਰਦਾਰ ਸ਼ਸਤ੍ਰ.

**ਬਾਢਯ:** ਸੰ. ਵਾਢਮ. ਵਯ- ਹਾਂ। ੨. ਠੀਕ। ੩. ਬਿਨਾ ਸੰਸੇ. ਨਿਰਸੰਦੇਹ। ੪. ਵਿ- ਅਤਯੰਤ. ਬਹੁਤਾ. "ਅਨਡੰਡ ਬਾਢਯ." (ਜਾਪੁ)

**ਬਾਂਢਲਾ:** ਵਿ- ਵਾਂਢੇ ਦਾ. ਵਿਦੇਸ਼ੀ। ੨. ਦੇਖੋ, ਕੁਟ ਬਾਂਢਲਾ.

**ਬਾਢਵਾਰੀ:** ਸੰਗਜਾ- ਤਿੱਖੇ ਵਾਢ ਵਾਲੀ, ਤਲਵਾਰ. "ਬ"ਧੇ ਬਾਢਵਾਰੀ ਮਹਾਂਬੀਰ ਬਾਂਕੇ." (ਚਰਿਤ੍ਰ ੨)

**ਬਾਂਢਾ:** ਸੰਗਜਾ- ਵਿਦੇਸ਼. ਪਰਦੇਸ਼. ਪਾੱਸਾ.

**ਬਾਢੀ:** ਵਿ- ਵੱਢਣ ਵਾਲਾ। ੨. ਸੰਗਜਾ- ਤਖਾਣ. ਬਢਈ। ੩. ਵੱਢੀ. ਰਿਸ਼ਵਤ। ੪. ਦੇਖੋ, ਵਾਂਢੀ। ੫. ਵਧੀ. ਵ੍ਰਿੱਧਿ ਨੂੰ ਪ੍ਰਾਪਤ ਹੋਈ. "ਕਹਿ ਰਵਿਦਾਸ ਭਗਤਿ ਇਕਿ ਬਾਢੀ." (ਸੋਰ) ੬. ਵਢਾਈ. ਵੱਢਣ ਦੀ ਕ੍ਰਿਯਾ, ਜਿਵੇਂ ਖੇਤ ਨੂੰ ਬਾਢੀ ਪਈ ਹੋਈ ਹੈ.

**ਬਾਂਢੇ ਬਾਟਿ:** ਕ੍ਰਿ. ਵਿ- ਵਢਕੇ ਅਤੇ ਵੰਡਕੇ. "ਚੁਖ ਚੁਖ ਲੇਗਏ ਬਾਂਢੇ ਬਾਟਿ." (ਭੈਰ ਮਃ ੫) ੨. ਰਾਹ ਤੋਂ ਕਿਨਾਰੇ.

**ਬਾਢਜ:** ਦੇਖੋ, ਬਾਢਯ। ੨. ਸੰਗਜਾ- ਵ੍ਰਿੱਧਿ. ਤਰੱਕੀ.

**ਬਾਣ:** ਸੰਗਜਾ- ਸੁਭਾਉ. ਆਦਤ. ਵਾਦੀ। ੨. ਮੁੰਜ ਆਦਿ ਦੀ ਵੱਟੀ ਹੋਈ ਰੱਸੀ. "ਤਾਂ ਅੱਗੇ ਬਾਣ ਵਟਦਾ ਆਹਾ." (ਜਸਾ) ੩. ਦੇਖੋ, ਸਵੈਯੇ ਦਾ ਰੂਪ ੨। ੪. ਸੰ. ਬਾਣ ਅਤੇ ਵਾਣ. ਤੀਰ. "ਬਾਣ ਬੇਧੰਚ ਕੁਰੰਕ ਨਾਦੰ." (ਵਾਰ ਜੈਤ) "ਜਬੈ ਬਾਣ ਲਾਗਜੋ। ਤਬੈ ਰੋਸ ਜਾਗਜੋ ॥" (ਵਿਚਿਤ੍ਰ) ੫. ਦੋ ਗਜ਼ ਦੀ ਲੰਬਾਈ. ਚਾਰ ਹੱਥ ਪ੍ਰਮਾਣ. "ਬਾਣ ਪ੍ਰਯੰਤ ਬਢਤ ਨਿਤ ਪ੍ਰਤਿ ਤਨ." (ਸੂਰਜਾਵ) ਦੀਰਘਕਾਯ ਦੈਤ ਹਰ ਰੋਜ ਚਾਰ ਹੱਥ ਵਧਦਾ ਸੀ. ਇਸ ਨੂੰ ਸੂਰਜ ਨੇ ਮਾਰਿਆ। ੬. ਪੰਜ ਸੰਖਜਾ ਬੋਧਕ, ਕਿਉਂਕਿ ਕਾਮ ਦੇ ਪੰਜ ਬਾਣ ਕਵੀਆਂ ਨੇ ਲਿਖੇ ਹਨ. ਦੇਖੋ, ਪੰਚਸਾਯਕ ਅਤੇ ਪੰਜਬਾਣ। ੭. ਵਾਣ ਨਾਮਕ ਦੈਤਜ. ਵਾਣਾਸੁਰ. ਦੇਖੋ, ਵਾਣ ੫। ੮. ਹਰ੍ਸ਼ਚਰਿਤ, ਕਾਦੰਬਰੀ, ਚੰਡਿਕਾਸ਼ਤਕ ਆਦਿ ਦਾ ਪ੍ਰਸਿੱਧ ਕਵਿ ਬਾਣ ਭੱਟ, ਜੋ ਈਸਵੀ ਸੱਤਵੀਂ ਸਦੀ ਵਿੱਚ ਹੋਇਆ ਹੈ। ੯. ਇੱਕ ਬਿਰਛ, ਜਿਸ ਦੀ ਲੱਕੜ ਵਡੀ ਪੱਕੀ ਹੁੰਦੀ ਹੈ ਅਰ ਠੰਢੇ ਥਾਈਂ ਬਹੁਤ ਹੁੰਦਾ ਹੈ. ਇਸ ਨੂੰ ਹਿੰਦੁਸਤਾਨੀ ਓਕ (Indian Oak) ਭੀ ਆਖਦੇ ਹਨ. Fagaceae.

**ਬਾਣਗਰ:** ਸੰਗਜਾ- ਸੰ. ਵਾਣ- ਫ਼ਾ- ਗਰ. ਵਾਣ (ਤੀਰ) ਬਣਾਉਣ ਵਾਲਾ. ਤੀਰਸਾਜ਼.

**ਬਾਣਗੜ੍ਹ:** ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਨੂਰਪੁਰ ਦੋ ਪਿੰਡ ਜੈਤੋਵਾਲ ਦੇ ਰਕਬੇ ਵਿੱਚ ਦਸ਼ਮੇਸ਼ ਜੀ ਦਾ ਗੁਰਦ੍ਵਾਰਾ ਹੈ. ਜੋ ਆਨੰਦਪੁਰ ਤੋਂ ਤਿੰਨ ਕੋਹ ਸਤਲੁਜ ਦੇ ਉਰਾਰ ਹੈ. ਜਿਸ ਵੇਲੇ ਪਹਾੜੀ ਰਾਜੇ ਅਤੇ ਸ਼ਾਹੀ ਸੈਨਾ ਦਸ਼ਮੇਸ਼ ਨਾਲ ਲੜ ਰਹੀ ਸੀ, ਤਦ ਇੱਕ ਦਿਨ ਸਰਦਾਰ ਇਕੱਠੇ ਹੋਕੇ ਇੱਥੇ ਸ਼ਤਰੰਜ ਖੇਡ ਰਹੇ ਸਨ ਕਿ ਅਚਾਨਕ ਗੁਰੂ ਜੀ ਦਾ ਤੀਰ ਉਨ੍ਹਾਂ ਪਾਸ ਆ ਲੱਗਾ. ਇਸ ਪੁਰ ਉਹ ਵਡੇ ਹੈਰਾਨ ਹੋਏ ਕਿ ਏਹੋ ਜੇਹਾ ਕੇਹੜਾ ਧਨੁਖਧਾਰੀ ਹੈ ਜੋ ਇਤਨੀ ਦੂਰ ਤੀਰ ਮਾਰ ਸਕੇ. ਇਹ ਤਾਂ ਕੋਈ ਜਾਦੂਗਰ ਹੈ. ਇਤਨੇ ਵਿੱਚ ਗੁਰੂ ਜੀ ਨੇ ਦੂਜਾ ਤੀਰ ਛੱਡਿਆ ਅਤੇ ਨਾਲ ਪਤ੍ਰਿਕਾ ਲਿਖ ਘੱਲੀ ਕਿ ਜਾਦੂ ਕੋਈ ਨਹੀਂ,

ਇਹ ਧਨੁਖਵਿਦਯਾ ਦੀ ਸਾਧਨਾ ਹੈ.

ਉਸ ਸਮੇਂ ਦੀ ਯਾਦਗਾਰ ਵਿੱਚ ਇਹ ਗੁਰਦ੍ਵਾਰਾ ਹੈ. ਪਹਿਲਾਂ ਸਾਧਾਰਣ ਮੰਜੀਸਾਹਿਬ ਸੀ, ਹੁਣ ਮੌਜੂਦਾ ਪੁਜਾਰੀ ਸੰਤ ਖਜਾਨਦਾਸ ਉਦਾਸੀ ਨੇ ਸੁੰਦਰ ਪੱਕਾ ਬਣਵਾਇਆ ਹੈ. ਗੁਰਦ੍ਵਾਰੇ ਨਾਲ ਕੇਵਲ ੧੪. ਕਨਾਲ ਜ਼ਮੀਨ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਗੜ੍ਹਸ਼ੰਕਰ ਤੋਂ ੨੯ ਮੀਲ ਪੂਰਵ ਹੈ.

ਬਾਣ ਗੰਗਾ: ਸੰਗ੍ਯਾ- ਵਾਣਗੰਗਾ, ਗਾਜੀਪੁਰ ਅਤੇ ਕਾਸ਼ੀ ਦੇ ਇਲਾਕੇ ਇੱਕ ਪੁਰਾਣਾ ਗੰਗਾ ਦਾ ਪ੍ਰਵਾਹ. ਪੁਰਾਣਕਥਾ ਹੈ ਕਿ ਇਹ ਰਾਵਣ ਨੇ ਪਹਾੜ ਵਿੱਚੋਂ ਤੀਰ ਮਾਰਕੇ ਕੱਢੀ ਸੀ। ੨. ਨੈਪਾਲ ਦੇ ਦੱਖਣ ਵੱਲ ਇੱਕ ਪਹਾੜੀ ਨਦੀ। ੩. ਜੈਪੁਰ ਦੇ ਇਲਾਕੇ ਦੀ ਇੱਕ ਨਦੀ, ਜੋ ਭਰਤਪੁਰ ਧੌਲਪੁਰ ਆਗਰੇ ਦੇ ਇਲਾਕੇ ਵਹਿੰਦੀ ਹੋਈ ਜਮੁਨਾ ਵਿੱਚ ਜਾ ਮਿਲਦੀ ਹੈ। ੪. ਪੁਰਾਣਾਂ ਅਨੁਸਾਰ ਕੁਰੁਕ੍ਸ਼ੇਤ੍ਰ ਦੀ ਇੱਕ ਗੰਗਾ ਧਾਰਾ, ਜੋ ਅਰਜੁਨ ਨੇ ਤੀਰ ਮਾਰਕੇ ਪਾਤਾਲੋਂ ਭੀਸ਼ਮਪਿਤਾਮਾ ਦੀ ਪਿਆਸ ਬੁਝਾਉਣ ਲਈ ਲਿਆਂਦੀ ਸੀ.

ਬਾਣਜ: ਸੰ. ਵਾਨਿਜ੍ਯ. ਸੰਗ੍ਯਾ- ਵਪਾਰ. ਲੈਣ ਦੇਣ. "ਬੰਸ ਹ੍ਵੈ ਬਾਣਜ ਕਰਤ ਭਏ." (ਗ੍ਯਾਨ) ਵੈਸ਼੍ਯ ਹੋਕੇ.

ਬਾਣਨਿਆਰੇ: ਵਾਣ- ਅਣੀ ਵਾਲੇ, ਤਿੱਖੀ ਨੋਕ ਵਾਲੇ ਤੀਰ. "ਬਹੇ ਬਾਣਨਿਆਰੇ." (ਚੰਡੀ ੨)

ਬਾਣਦ੍ਰਿਗੀ: ਵਿ- ਵਾਣ (ਤੀਰ) ਜੇਹੇ ਦ੍ਰਿਗ (ਨੇਤ੍ਰਾਂ) ਵਾਲੀ. ਦ੍ਰਿਸ਼੍ਟਿ ਨਾਲ ਘਾਇਲ ਕਰਨ ਵਾਲੀ.

ਬਾਣਧਿ: ਸੰ. ਵਾਣਧਿ. ਸੰਗ੍ਯਾ- ਵਾਣ (ਤੀਰ) ਧਾਰਨ ਵਾਲਾ, ਭੱਥਾ. ਤੀਰਕਸ਼.

ਬਾਣਪ੍ਰਮਾਣ: ਚਾਰ ਹੱਥ ਦੀ ਲੰਬਾਈ. ਦੇਖੋ, ਬਾਣ ੫.

ਬਾਣਾ: ਸੰਗ੍ਯਾ- ਲਿਬਾਸ. ਭੇਸ. ਵਣੰ. "ਕਲਿਜੁਗ ਹੋਸੀ ਨੀਲਾ ਬਾਣਾ." (ਰਹਿਤ) ੨. ਸੰ. ਵਾਨ. ਪੇਟਾ. ਤਾਣੇ ਵਿੱਚ ਬਣਿਆਂ ਤੰਦਾਂ. "ਇੱਕ ਸੂਤ ਕਰ ਤਾਣਾ ਬਾਣਾ." (ਭਾਗੁ) ੩. ਵਾਣ. ਤੀਰ. "ਆਪੇ ਧਨੁਖੁ ਆਪੇ ਸਰਬਾਣਾ." (ਮਾਰੂ ਸੋਲਹੇ ਮਃ ੧) ਆਪ ਸਰਕੰਡੇ ਦਾ ਤੀਰ ਹੈ। ੪. ਇੱਕ ਸ਼ਸਤ੍ਰ. ਜੋ ਸੈਫ ਦੀ ਸ਼ਕਲ ਦਾ ਹੈ. ਦੇਖੋ, ਆਨੰਦਪੁਰ ਸ਼ਬਦ ਵਿੱਚ ਅੰਗ ੪. ਦਾ (ੲ) ਅੱਖਰ.

ਬਾਣਾਸਨ: ਵਾਣ (ਤੀਰ) ਦਾ ਹੈ ਆਸਨ ਜਿਸ ਪੁਰ ਚਿੱਲਾ. ਜਿਹ. ਪਨਚ.

ਬਾਣਾਸੁਰ, ਬਾਣਾਸੂਰ: ਵਾਣਾਸੁਰ ਦੈਤ੍ਯ. ਦੇਖੋ, ਵਾਣ ੫. ਅਤੇ ੭. "ਬਾਣਾਸੂਰ ਨਰੇਸ." (ਚਰਿਤ੍ਰ ੧੪੨)

ਬਾਣਾਰਸੀ: ਦੇਖੋ, ਬਨਾਰਸਿ.

ਬਾਣਾਵਲੀ: ਸੰਗ੍ਯਾ- ਜਿਹੜਾ ਵਾਣ (ਤੀਰਾਂ) ਦੀ ਅਵਲਿ (ਪੰਕ੍ਤਿ) ਤਾਰਾਂ ਦੀ ਮਵਾੜ "ਬਾਣਾਵਲੀ ਰਦ੍ ਜਬ ਸਾਜੀ (ਜਾਵ)

ਬਾਣਿ: ਦੇਖੋ, ਬਾਣੀ. "ਬੋਲੀ ਹਰਿ ਹਰਿ ਭਲੀ ਬਾਣਿ." (ਮਃ ੪. ਵਾਰ ਸੋਰ) ੨. ਆਦਤ ਸੁਭਾਉ. ਪ੍ਰਕ੍ਰਿਤਿ "ਕਿਆ ਤੂੰ ਸੱਚਹਿ ਜਾਣਸਸਾਣਿ." (ਕੈਰ ਮਃ ੫) ੩. ਵਾਣ ਦ੍ਵਾਰਾ ਵਾਣ ਸੰ. "ਗੁਰ ਕੈ ਬਾਣਿ ਬਜਰਕਲ ਛੇਟੀ" (ਗਉ ਕਬੀਰਾ)

ਬਾਣਿਜ੍ਯ: ਵਪਾਰ. ਸੌਦਾਗਰੀ. ਦੇਖੋ, ਵਾਣਿਜ੍ਯ.

ਬਾਣੀ: ਬਣੀ ਹੋਈ ਰਚਿਤ. "ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ." (ਪ੍ਰਭਾ ਮਃ ੧) ਅਗਨਿ, ਬਿੰਬ (ਜਲ) ਅਤੇ ਪਵਣ ਦੀ ਰਚਨਾ ਜਗਤ ਹੈ ਅਤੇ ਤਿੰਨ ਨਾਮ- ਤਾਮਸ, ਸਾਤ੍ਵਕ ਅਤੇ ਰਾਜਸ ਦੇ ਜੀਵ ਹਨ। ੨. ਸੰਗ੍ਯਾ- ਰਚਨਾ. ਬਨਾਵਟ. "ਬਰ ਖਸਿ ਬਾਣੀ ਬੁਦਬੁਦਾ ਹੇਰ." (ਬਸੰ ਅਃ ਮਃ ੧) ਵਰਖਾ ਵਿੱਚ ਜਿਵੇਂ ਬੁਲਬੁਲੇ ਦੀ ਰਚਨਾ। ੩. ਬਾਣਾ ਕਰਕੇ. ਤੀਰਾਂ ਨਾਲ. "ਹਰਿ ਪ੍ਰੇਮ ਬਾਣੀ ਮਨ ਮਾਰਿਆ ਅਣੀਆਲੇ ਅਣੀਆ." (ਆਸਾ ਛੰਤ ਮਃ ੪) ੪. ਸੰਗ੍ਯਾ- ਵੰਨੀ. ਵਣੰ. ਰੰਗ. "ਰੂੜੀ ਬਾਣੀ ਜੇ ਰਪੈ, ਨਾ ਇਹੁ ਰੰਗ ਲਹੈ ਨ ਜਾਇ." (ਆਸਾ ਅਃ ਮਃ ੩) ਇੱਥੇ ਬਾਣੀ ਸ਼ਬਦ, ਗੁਰਬਾਣੀ ਅਤੇ ਰੰਗ ਦੋ ਅਰਥ ਰਖਦਾ ਹੈ। ੫. ਸੰ. ਵਾਣੀ. ਕਥਨ. ਵ੍ਯਾਖ੍ਯਾ. "ਗੁਰਬਾਣੀ ਇਸੁ ਜਗ ਮਹਿ ਚਾਨਣੁ." (ਸ੍ਰੀ ਅਃ ਮਃ ੩) ੬.

ਸਰਸ੍ਵਤੀ। ੭. ਪਦਰਚਨਾ. ਤਸਨੀਫ. "ਬਾਣੀ ਤੇ ਗਾਵਹੁ ਗੁਰੂ ਕੇਰੀ, ਬਾਣੀਆ. ਸਿਰਿ ਬਾਣੀ." (ਅਨੰਦੁ) ੮. ਮਰਾ. ਬਾਣੀਆ ਵਣਿਕ। ੯. ਕਮੀ. ਘਾਟਾ। ੧੦. ਕ੍ਸ਼ੋਭ. ਚਟਪਟੀ. "ਅੰਤਰਿ. ਸਹਸਾ ਬਾਹਰਿ ਮਾਇਆ, ਨੈਣੀ ਲਾਗਸਿ ਬਾਣੀ." (ਰਾਮ ਮਃ ੧)

ਬਾਣੀਆ: ਸੰਗਯਾ- ਵਣਿਕ, ਵਯਾਪਾਰ ਕਰਨ ਵਾਲਾ. ਬਨੀਆਂ. "ਨਾਨਕ ਤੇਰਾ ਬਾਣੀਆ." (ਵਡ ਮਃ ੧) ੨. ਬਾਣੀ ਦਾ ਸਿੱਧਾਂਤ. "ਇਤੁ ਤਨਿ ਲਾਗੈ ਬਾਣੀਆ." (ਸ੍ਰੀ ਮਃ ੧) ੩. ਭਾਵ- ਧਰਮਰਾਜ. "ਲੇਖਾ ਮੰਗੈ ਬਾਣੀਆ." (ਮਾਰੂ ਅੰਜੁਲੀ ਮਃ ੫)

ਬਾਣੀਚਾਰੇ: ਦੇਖੋ, ਚਾਰ ਬਾਣੀਆਂ.

ਬਾਣੀਬਿਓਰਾ: ਅਮ੍ਰਿਤਸਰ ਨਿਵਾਸੀ ਡਾਕਟਰ ਚਰਨਸਿੰਘ[866] ਜੀ ਦਾ ਲਿਖਿਆ ਗ੍ਰੰਥ, ਜਿਸ ਵਿੱਚ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਬਾਣੀ ਦਾ ਵਜ਼ੋਰਾ (ਨਿਰਣਯ) ਹੈ.

ਬਾਣੀਬ੍ਰਹਮ: ਦੇਖੋ, ਬ੍ਰਹਮਬਾਣੀ. "ਦਾਸ ਬਾਣੀ ਬ੍ਰਹਮ ਬਖਾਣੈ." (ਸੋਰ ਮਃ ੫)

ਬਾਣੁ: ਸੰਗਯਾ- ਸੁਭਾਵ. ਆਦਤ. "ਕੁਟਣੀਆਂ ਦੀ ਬਾਣੁ." (ਮਃ ੧. ਵਾਰ ਸੂਹੀ) ੨. ਦੇਖੋ, ਵਾਣੁ.

ਬਾਣੇ: ਬਾਣਾ (ਭੇਸ) ਦਾ ਬਹੁ ਵਚਨ। ੨. ਵਾਣੇਨ. ਵਾਣ ਕਰਕੇ. "ਹਰਿ ਬਾਣੇ ਪ੍ਰਹਾਰਣਹ." (ਗਾਥਾ) ੩. ਬਾਣ. ਸੁਭਾਵ ਆਦਤ। ੪. ਰੀਤਿ. ਰਸਮ. "ਦੇਵਤਿਆ ਕੀ ਬਾਣੇ." (ਮਃ ੧. ਵਾਰ ਮਲਾ)

ਬਾਣੈ: ਬਾਣ ਤੋਂ ਬਾਣ ਨਾਲ. "ਤਿਨਿ ਬਿਨੁ ਬਾਣੈ ਧਨੁਖ ਚੜਾਈਐ." (ਗਉ ਕਬੀਰ)

ਬਾਣੰ: ਸੰਗਯਾ- ਬਾਣਾ. ਲਿਬਾਸ. "ਆਰੁਣ ਤਨ ਬਾਣੰ." (ਰਾਮਾਵ) ੨. ਦੇਖੋ, ਵਾਣ.

ਬਾਤ: ਸੰ. ਵਾਰ੍‍ਤਾ. ਗੱਲ. "ਝੂਠ ਬਾਤ. ਸਾ ਸਚਕਰਿ ਜਾਤੀ." (ਗਉ ਮਃ ੫) ੨. ਵਸ੍ਤੁ. ਚੀਜ਼. "ਏਕ ਬਾਤ ਮਾਂਗਨ ਕਉ ਆਵੈ।ਬੀਸਿਕ ਬਾਤ ਘਰੈਂ ਲੈਜਾਵੈ." (ਰਾਮਾਵ) ੩. ਸੰ. ਵਾਤ. ਵਾਯੁ. ਪਵਨ. "ਯਾ ਕਹਿੰ ਕਲਿ ਕੀ ਬਾਤ ਨ ਲਾਗੀ." (ਚਰਿਤ੍ਰ ੪੯) ਕਲਿਯੁਗ ਦੀ ਹਵਾ ਨਹੀ ਲੱਗੀ। ੪. ਵਾਤ ਧਾਤੁ. ਬਾਦੀ. ਬਲਗਮ. "ਕਾਢਿ ਕੁਠਾਰੁ ਪਿਤ ਬਾਤ ਹੰਤਾ." (ਟੋਢੀ ਮਃ ੫) ਵਾਤ ਪਿੱਤ ਨਾਸ਼ਕ.

ਬਾਤਚੀਤ: ਵਾਰ੍‍ਤਾਚਿੰਤਨ. "ਬਾਤ ਚੀਤ ਸਭ ਰਹੀ ਸਿਆਨਪ." (ਬਾਵਨ)

ਬਾਤਨ: ਬਾਤਾਂ ਨਾਲ ਗੱਲਾਂ ਨਾਲ. ਵਾਰ੍‍ਤਾਲਾਪ ਕਰਕੇ. "ਬਾਤਨ ਹੀ ਬੈਕੁੰਠ ਸਮਾਨਾ." (ਗਉ ਕਬੀਰ) ੨. ਅ਼. باطن ਬਾਤ਼ਨ ਵਿ- ਬਤ਼ਨ (ਪੇਟ) ਨਾਲ ਹੈ ਜਿਸ ਦਾ ਸੰਬੰਧ। ੩. ਭਾਵ- ਪੋਸ਼ੀਦਾ. ਗੁਪਤ.

ਬਾਤਨੀ: ਅ਼. باطنی ਬਾਤ਼ਨੀ ਵਿ- ਅੰਦਰੂਨੀ ਦਿਲੀ. ਦੇਖੋ, ਬਤਨ ਅਤੇ ਬਾਤਨ.

ਬਾਤਪੋਤ, ਬਾਤਪੋਥ, ਬਾਤਬੋਹਥ: ਸੰਗਯਾ- ਵਾਤ (ਹਵਾ) ਨਾਲ ਚਲਣ ਵਾਲਾ ਪੋਤ (ਜਹਾਜ). ੨. ਹਵਾਈ ਜਹਾਜ. Aeroplane

ਬਾਤੜੀ: ਸੰਗਯਾ- ਵਾਰ੍‍ਤਾ. ਗੱਲ. "ਪੂਛਹਿ ਬਾਤੜੀ- ਆਹ." (ਮਃ ੧. ਵਾਰ ਸੂਹੀ)

ਬਾਤਿਲ, ਬਾਤ਼ਿਲ: ਅ਼. باطل ਗ਼ਲਤ਼. ਅਸਤਯ.

---

[866] ਡਾਕਟਰ ਚਰਨਸਿੰਘ ਜੀ ਦਾ ਜਨੱਮ ਸੰਮਤ ੧੯੧੦ ਵਿੱਚ ਹੋਇਆ. ਇਹ ਕਾਵਯ ਅਤੇ ਸੰਗਤਿ ਦੇ ਵਡੇ ਪ੍ਰੇਮੀ ਸਨ. ਇਨ੍ਹਾਂ ਪਾਸ ਅਨੇਕ ਵਿਦਯਾਰਥੀ ਗੁਰੂਨਾਨਕ ਪ੍ਰਕਾਸ਼ ਅਤੇ ਗੁਰੁਪ੍ਰਤਾਪਸਰੂਯ ਪੜ੍ਹਦੇ ਰਹਿੰਦੇ ਸਨ. ਇਨ੍ਹਾਂ ਦੇ ਲਿਖੇ ਗ੍ਰੰਥ ਸ਼ਰਾਸ਼ਕੌਰ ਗੁਰਮੁਤਸੰਗਤਿ ਆਦਿ ਹੋਰ ਭੀ ਕਈ ਹਨ. ਡਾਕਟਰ ਚਰਨਸਿੰਘ ਜੀ ਦਾ ਸੰਮਤ ੧੯੬੫ ਵਿੱਚ ਸ਼੍ਰੀ ਅਮ੍ਰਿਤਸਰ ਦੇਹਾਂਤ ਹੋਇਆ ਹੈ.

**ਬਾਤੀ:** ਬਾਤੋਂ ਸੈ. ਵਾਤਾਂ ਨਾਲ. ਬਾਤੀਂ. "ਬਾਤੀ ਮੇਲੁ ਨ ਹੋਈ." (ਤਿਲੰ ਮਃ ੧) ੨. ਸੰ. ਵਰ੍ਤਿਕਾ. ਸੰਗਯਾ- ਵੱਟੀ. ਬੱਤੀ. "ਬਾਤੀ ਸੂਕੀ ਤੇਲ ਨਿਖੂਟਾ." (ਆਸਾ ਕਬੀਰ) ਬਾਤੀ ਉਮਰ, ਤੇਲ ਬਲ.

**ਬਾਤੂਲ:** ਦੇਖੋ, ਵਾਤੁਲ.

**ਬਾਤੂਨੀ, ਬਾਤੂਨੀਆ:** ਵਾਤਾਂਧਨੀ. ਵਿ- ਸ਼ੇਖੀ ਮਾਰਨ ਵਾਲਾ. ਹਵਾ ਨੂੰ ਗੱਠਾਂ ਦੇਣ ਵਾਲਾ. ਬਕਬਾਦੀ. ਗਪੋੜੂ.

**ਬਾਥੂ:** ਸੰ. ਵਾਸ੍ਤੁ ਅਥਵਾ ਵਸ੍ਤੁਕ. ਇੱਕ ਪ੍ਰਕਾਰ ਦਾ ਆਪੇ ਉੱਗਣ ਵਾਲਾ ਘਾਹ, ਜੋ ਪੱਸ਼ੂਆਂ ਦਾ ਚਾਰਾ ਹੈ. ਇਸ ਦਾ ਸਾਗ ਭੀ ਬਣਾਇਆ ਜਾਂਦਾ ਹੈ. ਇਹ ਗਰਮ ਖ਼ੁਸ਼ਕ ਹੈ। ੨. ਇੱਕ ਪਿੰਡ. ਦੇਖੋ, ਗੁਰਪਲਾਹ ਨੰਃ ੪.

**ਬਾਦ:** ਸੰ. ਵਾਦ. ਸੰਗਯਾ- ਚਰਚਾ. ਤਰਕ. ਬਹਸ. "ਬਿਦਿਆ ਨ ਪਰਉ, ਬਾਦ ਨਹੀ ਜਾਨਉ." (ਬਿਲਾ ਕਬੀਰ) ੨. ਵਿਵਾਦ. ਝਗੜਾ. "ਅਹੰਬੁਧਿ ਪਰਬਾਦ ਨੀਤ." (ਬਿਲਾ ਮਃ ੫) ੩. ਵ੍ਯ- ਵ੍ਯਰਥ. ਫ਼ੁਜ਼ੂਲ. "ਬਿਨੁ ਨਾਵੈ ਪੈਨਣੁ ਖਾਣੁ ਸਭ ਬਾਦ ਹੈ." (ਮਃ ੩. ਵਾਰ ਸੋਰ) "ਬਾਦ ਕਾਰਾਂ ਸਭਿ ਛੋਡੀਆਂ." (ਮਾਰੂ ਅਃ ਮਃ ੧) ੪. ਸੰ. ਵਾਦ੍ਯ. ਸੰਗਯਾ- ਬਾਜਾ. "ਗੁਰਰਸ ਗੀਤ ਬਾਦ ਨਹੀਂ ਭਾਵੈ." (ਓਅੰਕਾਰ) ੫. ਫ਼ਾ. باد ਵਾਯੁ. ਹਵਾ. ਵਾਤ. "ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ." (ਅਕਾਲ) ੬. ਤਖ਼ਤ ਰਾਜਸਿੰਘ ਸਨ. ਦੇਖੋ, ਬਾਦਸ਼ਾਹ। ੭. ਅਭਿਮਾਨ। ੮. ਘੋੜਾ। ੯. ਬਾਦਹ. ਸ਼ਰਾਬ। ੧੦. ਵ੍ਯ- ਹੋਵੇ. ਜਿਵੇਂ ਉਮਰ ਦਰਾਜ਼ ਬਾਦ (ਵਡੀ ਉਮਰ ਹੋਵੇ). ੧੧. ਅ਼. ਬਅ਼ਦ. بعد ਕ੍ਰਿ. ਵਿ- ਪਿੱਛੋਂ. ਪਸ਼੍ਚਾਤ.

**ਬਾਦਸ਼ਾਹ:** ਫ਼ਾ. بادشاہ ਸੰਗਯਾ- ਬਾਦ (ਤਖ਼ਤ) ਦਾ ਸ਼ਾਹ (ਸ੍ਵਾਮੀ). ਸਿੰਘਾਸਨਪਤਿ. ਮਹਾਰਾਜਾ.

**ਬਾਦਸ਼ਾਹਤ, ਬਾਦਸ਼ਾਹੀ:** ਫ਼ਾ. بادشاہی ਸੰਗਯਾ- ਬਾਦਸ਼ਾਹ ਦੀ ਪਦਵੀ। ੨. ਹੁਕੂਮਤ. ਰਾਜ੍ਯ। ੩. ਦੇਖੋ, ਪਾਤਸ਼ਾਹੀ। ੪. ਵਿ- ਬਾਦਸ਼ਾਹ ਦਾ.

**ਬਾਦਕਸ਼:** ਫ਼ਾ. بادکش ਬਾਦ (ਹਵਾ) ਕਸ਼ (ਖਿੱਚਣ ਵਾਲਾ), ਪੱਖਾ. ਵ੍ਯਜਨ.

**ਬਾਦਗਸ਼ਤਿਯਾ, ਬਾਦਗਸ਼ਤੀ:** ਫ਼ਾ. بادگشتی ਵਿ- ਸ਼ਬਦਵੇਧੀ. ਹਵਾ ਨਾਲ ਜਿਧਰੋਂ ਆਹਟ ਆਵੇ, ਓਧਰ ਜਾਣ ਵਾਲਾ. "ਬਾਦਗਸ਼ਤਿਯਾ ਇਹ ਸਰਮਾਰੈਂ." (ਚਰਿਤ੍ਰ ੧੩੩)

**ਬਾਦਪਾ:** ਫ਼ਾ. بادپا ਚਾਲਾਕ ਘੋੜਾ. ਬਾਦ (ਹਵਾ) ਜੇਹੇ ਜਿਸ ਦੇ ਪੈਰ ਉਠਦੇ ਹਨ. ਵਾਯੁਵੇਗੀ.

**ਬਾਦਫਰੰਗ, ਬਾਦਫਿਰੰਗ:** ਫ਼ਾ. بادفرنگ ਸੰ. ਤਧਦੇਸ਼. ਉਪਦੇਸ਼. آتشک ਆਤਸ਼ਕ. Syphilis. ਭਾਵਪ੍ਰਕਾਸ਼ ਦੇ ਲੇਖ ਤੋਂ ਪਾਇਆ ਜਾਂਦਾ ਹੈ, ਕਿ ਇਹ ਰੋਗ ਫਿਰੰਗ (ਯੂਰਪ) ਦੇਸ਼ ਤੋਂ ਆਇਆ ਹੈ. ਇਸ ਲਈ ਪੁਰਾਣੇ ਗ੍ਰੰਥ ਚਰਕ ਸੁਸ਼੍ਰੁਤ ਆਦਿਕ ਵਿੱਚ ਇਸ ਦਾ ਜ਼ਿਕਰ ਨਹੀਂ ਹੈ. ਬਾਦਫਿਰੰਗ ਸਪਰਸ਼ਰੋਗ ਹੈ. ਅਰਥਾਤ ਛੂਤ ਤੋਂ ਹੁੰਦਾ ਹੈ. ਜਿਨ੍ਹਾਂ ਦੇਸ਼ਾਂ ਵਿੱਚ ਵਿਭਚਾਰ ਬਹੁਤ ਹੈ. ਉੱਥੇ ਇਹ ਬਹੁਤ ਹੋਇਆ ਕਰਦਾ ਹੈ. ਇਹ ਰੋਗ ਅਨੇਕ ਰੋਗਾਂ ਦਾ ਪਿਤਾ ਕਹਿਣਾ ਚਾਹੀਏ. ਸੌ ਵਿੱਚੋਂ ਪਚਾਨਵੇ ਕੋੜ੍ਹੇ ਇਸ ਦੀ ਕ੍ਰਿਪਾ ਨਾਲ ਹੁੰਦੇ ਹਨ.

ਬਾਦਫਿਰੰਗ ਦੇ ਕਾਰਣ ਹਨ-

ਇਸ ਰੋਗ ਵਾਲੀ ਇਸਤ੍ਰੀ ਜਾਂ ਪੁਰਖ ਦਾ ਸੰਗ ਕਰਨਾ, ਮਾਤਾਪਿਤਾ ਨੂੰ ਇਹ ਰੋਗ ਹੋਣਾ, ਰੋਗੀ ਦਾ ਵਸਤ੍ਰ ਪਹਿਰਨਾ ਅਥਵਾ ਉਸ ਨਾਲ ਜਾਦਾ ਛੁਹਿਣਾ ਅਰ ਖਾਣਾ ਪੀਣਾ, ਆਦਿਕ. ਆਤਸ਼ਕ ਦੇ ਰੋਗੀ ਤੋਂ ਬਹੁਤ ਬਚਕੇ ਰਹਿਣਾ ਚਾਹੀਏ ਕਈ ਰੋਗੀ ਇਸਤ੍ਰੀ ਪੁਰੁਸ਼, ਬੱਚਿਆਂ ਦਾ ਪਿਆਰ ਨਾਲ ਮੂੰਹ ਚੁੰਮਕੇ ਉਨ੍ਹਾਂ ਨੂੰ ਰੋਗੀ ਕਰ ਦਿੰਦੇ ਹਨ.

ਬਾਦਫਿਰੰਗ ਦੇ ਲੱਛਣ ਹਨ-

ਜਦ ਇਸ ਰੋਗ ਦਾ ਛੂਤ ਨਾਲ ਅਸਰ ਸ਼ਰੀਰ ਵਿੱਚ ਹੁੰਦਾ ਹੈ. ਤਾਂ ਲਿੰਗ ਦੀ ਸੁਪਾਰੀ ਤੇ ਜਾਂ ਭਗ ਵਿੱਚ ਛੋਟੀਆਂ ਫੁਨਸੀਆਂ ਅਥਵਾ ਦਾਗ ਹੋ ਜਾਂਦੇ ਹਨ ਅਰ ਕੁਝ ਸਮੇਂ ਪਿੱਛੋਂ ਜ਼ਖਮ ਹੋਕੇ ਉਨ੍ਹਾਂ ਵਿੱਚੋਂ ਪੀਲਾ ਪਾਣੀ ਜਾਂ ਪੀਪ ਵਹਿਣ ਲਗ ਪੈਂਦੀ ਹੈ. ਭੁੱਖ ਘੱਟ

ਲੱਗਦੀ ਹੈ. ਮੱਠਾ ਤਾਪ ਹੁੰਦਾ ਹੈ, ਜੀ ਮਤਲਾਉਂਦਾ ਹੈ, ਜੋੜਾਂ ਵਿੱਚ ਦਰਦ ਹੁੰਦਾ ਹੈ, ਜੇ ਰੋਗ ਪ੍ਰਬਲ ਹੋ ਜਾਵੇ ਤਾਂ ਕਈ ਅੰਗ ਮਾਰੇ ਜਾਂਦੇ ਹਨ, ਸ਼ਰੀਰ ਤੇ ਚਟਾਕ ਪੈ ਜਾਂਦੇ ਹਨ, ਰੰਗ ਕਾਲਾ ਹੋ ਜਾਂਦਾ ਹੈ, ਮੂੰਹ ਉੱਤੇ ਸੱਪ ਦੀ ਅੱਖ ਜੇਹੇ ਦਾਗ ਹੋ ਜਾਂਦੇ ਹਨ, ਆਤਸ਼ਕ ਦੇ ਰੋਗੀ ਨੂੰ ਜੇ ਮਾਮੂਲੀ ਰੋਗ ਭੀ ਹੋ ਜਾਵੇ ਤਾਂ ਉਹ ਭਿਆਨਕ ਬਣ ਜਾਂਦਾ ਹੈ. ਔਲਾਦਮਾਰ ਹੋ ਜਾਂਦੀ ਹੈ.

ਇਸ ਰੋਗ ਦਾ ਸਿਆਣੇ ਵੈਦ ਹਕੀਮ ਡਾਕਟਰ ਤੋਂ ਤੁਰਤ ਹੀ ਇਲਾਜ ਕਰਾਉਣਾ ਚਾਹੀਏ. ਸ਼ਰਮ ਨਾਲ ਲੁਕੋ ਰੱਖਣ ਤੋਂ ਅਤੇ ਅਨਾੜੀ ਦੀ ਦਵਾ ਵਰਤਣ ਤੋਂ ਭਾਰੀ ਨੁਕਸਾਨ ਹੁੰਦਾ ਹੈ.

ਬਾਦਫਿਰੰਗ ਦੇ ਸਾਧਾਰਣ ਇਲਾਜ ਇਹ ਹਨ- ਉਸ਼ਬਾ, ਚੋਬਚੀਨੀ, ਬ੍ਰਹਮਦੰਡੀ, ਮੁੰਡੀਬੂਟੀ, ਚਰਾਇਤਾ, ਨਿੰਮ ਅਤੇ ਤੁੰਮੇ ਦੀ ਜੜ ਦਾ ਸੇਵਨ ਕਰਨਾ.

ਨਿੰਮ ਦੇ ਪੱਤਿਆਂ ਦਾ ਚੂਰਨ ਅੱਠ ਤੋਲੇ, ਹਰੜ ਦੀ ਛਿੱਲ ਦਾ ਚੂਰਨ ਇੱਕ ਤੋਲਾ, ਆਉਲੇ ਦਾ ਚੂਰਨ ਇੱਕ ਤੋਲਾ, ਹਲਦੀ ਦਾ ਚੂਰਨ ੬. ਮਾਸੇ, ਇਹ ਸਭ ਮਿਲਾਕੇ ੪. ਮਾਸ਼ੇ ਨਿੱਤ ਪਾਣੀ ਨਾਲ ਫੱਕਣਾ.

ਮੁਰਦਾਸੰਗ, ਸੇਲਖੜੀ, ਭੁੰਨਿਆਂ ਹੋਇਆ ਸੁਹਾਗਾ ਇੱਕ ਇੱਕ ਤੋਲਾ, ਤੁੱਥ ਛੀ ਮਾਸ਼ੇ, ਚੰਗੀ ਤਰਾਂ ਧੋਤਾ ਹੋਇਆ ਸਾਫ ਗੋਕਾ ਘੀ ਛੀ ਤੋਲੇ, ਸਭ ਨੂੰ ਮਿਲਾਕੇ ਮਰਹਮ ਬਣਾਕੇ, ਜ਼ਖਮਾਂ ਉੱਤੇ ਲਾਉਣੀ.

ਬਾਦ ਬਾਦ: ਚਰਚਾ ਵਿੱਚ ਕੋਟਿ (ਦਲੀਲ) ਰੂਪ. ਚਰਚਾ ਵਿੱਚ ਤਕੱਰੂਪ. "ਨਮੋ ਬਾਦ ਬਾਦੇ." (ਜਾਪੁ)

ਬਾਦਬਾਨ: ਫ਼ਾ. بادبان ਸੰਗ੍ਯਾ- ਪਾਲ. ਜਹਾਜ ਦਾ ਉਹ ਵਸਤ੍ਰ. ਜਿਸ ਦ੍ਵਾਰਾ ਹਵਾ ਤੋਂ ਉਸ ਦੇ ਚਲਾਉਣ ਵਿੱਚ ਸਹਾਇਤਾ ਮਿਲਦੀ ਹੈ.

ਬਾਦ ਬਿਬਾਦ: ਚਰਚਾ ਦਾ ਪ੍ਰਸ਼ਨ ਉੱਤਰ. ਖੰਡਨ ਮੰਡਨ. ਬਹਸ ਮੁਬਾਹਸਾ. ਦੇਖੋ, ਬਾਦ ਅਤੇ ਬਿਬਾਦ.

ਬਾਦਰ: ਸੰ. ਵਾਰਿਦ. ਸੰਗ੍ਯਾ- ਪਾਣੀ ਦੇਣ ਵਾਲਾ ਮੇਘ. ਬੱਦਲ. "ਜਿਉ ਬਾਦਰ ਕੀ ਛਾਈ." (ਸੋਰ ਮਃ ੯) ੨. ਸੰ. ਬਾਦਰ. ਕਪਾਸ। ੩. ਕਪਾਸ ਦਾ ਸੂਤ। ੪. ਵਿ- ਬਦਰ (ਬੇਰੀ) ਨਾਲ ਹੈ ਜਿਸ ਦਾ ਸੰਬੰਧ. ਬੇਰੀ ਦਾ.

ਬਾਂਦਰ: ਸੰ. ਵਾਨਰ. ਸੰਗ੍ਯਾ- ਵਨ ਨਰ. ਕਪਿ. ਬੰਦਰ। ੨. ਇੱਕ ਜੱਟ ਜਾਤਿ. ਦੇਖੋ, ਬੰਦਰ ੨। ੩. ਬਾਂਦਰ ਗੋਤ ਦੇ ਜੱਟਾਂ ਦਾ ਵਸਾਇਆ ਇੱਕ ਪਿੰਡ, ਜੋ ਜਿਲਾ ਫਿਰੋਜ਼ਪੁਰ ਵਿੱਚ ਹੈ. ਗੁਰੂ ਗੋਬਿੰਦਸਿੰਘ ਸਾਹਿਬ ਇੱਥੇ ਵਿਰਾਜੇ ਹਨ. ਦੇਖੋ, ਅਜੀਤਗੜ੍ਹ

ਬਾਦਰਾਯਣ: ਸੰਗ੍ਯਾ- ਬਦਰੀ (ਬੇਰੀਆਂ) ਦੇ ਝੁੰਡ ਵਿੱਚ ਹੋਣ ਵਾਲਾ. (ਬਦਰਿਕਾਸ਼੍ਰਮ ਵਿੱਚ ਵਾਸ ਕਰਨ ਵਾਲਾ) ਵੇਦਵ੍ਯਾਸ. ਇਹ ਸ਼ਬਦ ਵਾਦਰਾਯਣ ਭੀ ਸਹੀ ਹੈ.

ਬਾਦਰੈ: ਕ੍ਰਿ. ਵਿ- ਬਦਲੇ. ਵੱਟੇ. "ਕਾਚ ਬਾਦਰੈ ਲਾਲੁ ਖੋਈ ਹੈ." (ਸਾਰ ਮਃ ੫)

ਬਾਦਲ: ਦੇਖੋ, ਬਾਦਰ. "ਬਾਦਲ ਬਿਨ ਬਰਖਾ ਹੋਈ." (ਸੋਰ ਨਾਮਦੇਵ) ਦੇਖੋ, ਅਣਮੜਿਆ.

ਬਾਦਲਾ: ਸੰਗ੍ਯਾ- ਸੋਨੇ ਜਾਂ ਚਾਂਦੀ ਦਾ ਚਪਟਾ ਅਤੇ ਪਤਲਾ ਤਾਰ, ਜਿਸ ਤੋਂ ਗੋਟਾ ਬੁਣਿਆ ਜਾਂਦਾ ਹੈ। ੨. ਚਾਂਦੀ ਸੁਇਨੇ ਦੀਆਂ ਤਾਰਾਂ ਨਾਲ ਮਿਲਾਕੇ ਬੁਣਿਆ ਹੋਇਆ ਰੇਸ਼ਮੀ ਵਸਤ੍ਰ. "ਥਾਨ ਬਾਦਲਾ ਕੋ ਇਕ ਲ੍ਯਾਯੋ." (ਗੁਪ੍ਰਸੂ)

ਬਾਦਾ: ਫ਼ਾ. بادہ ਬਾਦਹ. ਸੰਗ੍ਯਾ- ਸ਼ਰਾਬ। ੨. ਦੇਖੋ, ਵਾਦਾ.

ਬਾਂਦਾ: ਦੇਖੋ, ਬੰਦਾ. "ਜਿਸ ਕੋ ਜਗ ਬਾਂਦਾ." (ਕ੍ਰਿਸਨਾਵ) ਜਗਤ ਜਿਸ ਦਾ ਦਾਸ ਹੈ। ੨. ਯੂ. ਪੀ. ਦਾ ਇੱਕ ਜਿਲਾ, ਜਿਸ ਦਾ ਪ੍ਰਧਾਨ ਨਗਰ ਬਾਂਦਾ ਹੈ। ੩. ਭਾਰਤ ਵਿੱਚ ਇਸ ਨਾਮ ਦੇ ਅਨੇਕ ਨਗਰ ਹਨ.

ਬਾਦਾਕਸ਼: ਫ਼ਾ. بادہکش ਬਾਦਹ (ਸ਼ਰਾਬ) ਕਸ਼ (ਖਿੱਚਣ) ਵਾਲਾ, ਕਲਾਲ। ੨. ਸ਼ਰਾਬ ਸੁੜ੍ਹਕਣ ਵਾਲਾ, ਸ਼ਰਾਬੀ.

ਬਾਦਾਮ: ਦੇਖੋ, ਬਦਾਮ.

ਬਾਦਾਮ ਰੌਗਨ: ਦੇਖੋ, ਬਦਾਮਰੋਗਨ.

ਬਾਦਿ: ਦੇਖੋ, ਬਾਦ। ੨. ਦੇਖੋ, ਬਾਦ ੩. "ਬਿਨ ਸਹਜੈ ਕਥਨੀ ਬਾਦਿ." (ਸ੍ਰੀ ਅਃ ਮਃ ੩) "ਬਿਨੁ ਪਿਰ ਧਨ ਸੀਗਾਰੀਐ, ਜੋਬਨ ਬਾਦਿ ਖੁਆਰੁ." (ਸ੍ਰੀ ਅਃ ਮਃ ੧)

ਬਾਦਿਸਾਹ: ਦੇਖੋ, ਬਾਦਸਾਹ. "ਬਾਦਿਸਾਹ! ਐਸੀ ਕਿਉ ਹੋਈ?" (ਭੈਰ ਨਾਮਦੇਵ)

ਬਾਦਿਤ, ਬਾਦਿਤ੍ਰ: ਸੰ. ਵਾਦਿਤ੍ਰ. ਸੰਗਯਾ- ਵਾਜਾ. ਜੋ ਵਜਾਇਆ ਜਾਵੇ. "ਬਾਦਿਤ ਤੰਤੁ ਬਜਾਵਨ ਚੀਨੋ." (ਨਾਪ੍ਰ)

ਬਾਦੀ: ਸੰਗਯਾ- ਵਾਤ ਧਾਤੁ. ਬਲਗਮ. ਦੇਖੋ, ਬਾਇ. "ਖਈ ਸੁ ਬਾਦੀ ਭਈ ਮਵੇਸੀ." (ਚਰਿਤ੍ਰ ੪੦੫) ੨. ਬਾਣ. ਆਦਤ. ਸੁਭਾਉ. ਵਾਦੀ। ੩. ਸੰ. ਵਾਦੀ (वाद्नि. ) ਵਿ- ਝਗੜਾ. ਕਰਨ ਵਾਲਾ. "ਸ਼ਾਹਦਿਵਾਨ ਭਯੋ ਬਹੁ ਬਾਦੀ." (ਗੁਪ੍ਰਸੂ) "ਖੋਜੀ ਉਪਜੈ, ਬਾਦੀ ਬਿਨਸੈ." (ਮਲਾ ਮਃ ੧) ੪. ਅ਼. بادی ਸੰਗਯਾ- ਮੂਲ ਕਾਰਣ। ੫. ਵਿ- ਦੇਹਾਤੀ. ਪੇਂਡੂ। ੬. ਫ਼ਾ. ਬਾਦ (ਹਵਾ) ਨਾਲ ਹੈ ਜਿਸ ਦਾ ਸੰਬੰਧ. ਹਵਾਈ.

ਬਾਂਦੀ: ਬੰਦਹ ਦਾ ਇਸਤ੍ਰੀਲਿੰਗ, ਦਾਸੀ. ਟਹਲਣ.

ਬਾਦੀਆਂ: ਦੇਖੋ, ਸੌਂਫ.

ਬਾਦੁ: ਦੇਖੋ, ਬਾਦ. "ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ." (ਭੈਰ ਨਾਮਦੇਵ)

ਬਾਦੇਸਬਾ: ਫ਼ਾ. بادِصبا ਬਾਦੇ ਸਬਾ. ਸਵੇਰ ਦੀ ਪੌਣ. ਅਮ੍ਰਿਤਵੇਲੇ ਦੀ ਹਲਕੀ ਹਵਾ (breeze)

ਬਾਦੰ: ਫ਼ਾ. بادہ ਬਾਦਹ. ਸੰਗਯਾ- ਸ਼ਰਾਬ. ਮਦਿਰਾ. "ਰਤਾ ਨਿਸਿ ਬਾਦੰ." (ਪ੍ਰਭਾ ਬੇਣੀ) ਰਾਤ ਨੂੰ ਸ਼ਰਾਬ ਵਿੱਚ ਮਸ੍ਤ ਹੈ।[867] ੨. ਸੰ. ਵੰਦਨ. ਪ੍ਰਣਾਮ. "ਪੜ੍ਹਿ ਪੁਸਤਕ ਸੰਧਿਆ ਬਾਦੰ." (ਸਹਸ, ਮਃ ੧) ਸੰਗਯਾ- ਵੰਦਨ.

ਬਾਦ੍ਰਿਤ: ਵਾਜਾ. ਦੇਖੋ, ਬਾਦਿਤ੍ਰ ਅਤੇ ਵਾਦਿਤ੍ਰ.

ਬਾਧ: ਸੰ. बाध. ਧਾ- ਰੋਕਣਾ, ਦੁੱਖ ਦੇਣਾ, ਨਿਕਾਲਣਾ (ਕੱਢਣਾ). ੨. ਸੰਗਯਾ- ਕਲੇਸ਼. ਦੁੱਖ. "ਅਨੇਕ ਬਾਧ ਬਾਧਤੇ ਸਦੀਵ ਸਤਜਨਾਮ ਹਿਤ." (ਗੁਪ੍ਰਸੂ) ੩. ਵਿ- ਰੋਕਣ ਵਾਲਾ.

ਬਾਂਧ: ਸੰਗਯਾ- ਬੰਧ. ਰੋਕ. ਬੰਨ੍ਹ. ਦੇਖੋ, ਬਾਧ ੨. ਵੱਟ. ਡੌਲ.

ਬਾਧਕ: ਵਿ- ਰੋਕਣ ਵਾਲਾ. ਪ੍ਰਤਿਬੰਧਕ. ਦੇਖੋ, ਬਾਧ.

ਬਾਧਕ ਸਾਧਕ: ਵਿ- ਰੋਕਣ ਵਾਲਾ ਅਤੇ ਸਿੱਧ ਕਰਨ ਵਾਲਾ. ਖੰਡਨ ਮੰਡਨ ਕਰਤਾ.

ਬਾਂਧਨ: ਕ੍ਰਿ- ਬੰਨ੍ਹਣਾ। ੨. ਸੰਗਯਾ- ਬੰਧਨ.

ਬਾਂਧਨਾ: ਕ੍ਰਿ- ਬੰਨ੍ਹਣਾ। ੨. ਅੰਗ ਵਿੱਚ ਸਜਾਉਣਾ. "ਲੂਟ ਕੂਟ ਲੀਜਤ ਤਿਨੈ ਜੇ ਬਿਨ ਬਾਂਧੇ ਜਾਇ." (ਸਨਾਮਾ) ਜੋ ਸ਼ਸਤ੍ਰ ਬੰਨ੍ਹੇ ਬਿਨਾ ਜਾਂਦੇ ਹਨ। ੩. ਰਚਨਾ. ਬਣਾਉਣਾ. ਆਬਾਦ ਕਰਨਾ. ਜਿਵੇਂ- ਗ੍ਰਾਮ ਬਾਂਧਨਾ.

ਬਾਂਧਨਿ: ਬੰਧਨਾ ਵਿੱਚ. ਬੰਧਨਾ ਨਾਲ. "ਬਾਂਧਨਿ ਬਾਂਧਿਆ ਸਭੁ ਜਗੁ ਭਵੈ." (ਸੂਹੀ ਮਃ ੧)

ਬਾਂਧਨੂ: ਸੰਗਯਾ- ਪ੍ਰਬੰਧ. ਇੰਤਜਾਮ. ਬਾਨ੍ਹਣੂ.

ਬਾਧਬੁਧਿ: ਸੰਗਯਾ- ਵਾਜਬੁੱਧਿ. ਮਿਥ੍ਯਾਗ੍ਯਾਨ. ਦੁਖਦਾਇਕ ਸਮਝ. ਦੇਖੋ, ਬਾਧ. "ਜਿਉ ਉਲਝਾਇਓ ਬਾਧਬੁਧਿਕਾ,

---

[867] ਸੋ ਗਯਾਨੀ ਬਾਦੰ ਦੇ ਅਰਥ ਬਰਚਾ ਗੁਰਗਮ ਆਦਿ ਕਰਦੇ ਹਨ. ਉਹ ਸਹੀ ਨਹੀਂ.

ਮਰਭਿਆ ਨਹਿ ਬਿਸਰਾਨੀ." (ਗਉ ਅਃ ਮਃ ੫)

ਬਾਂਧਵ: ਸੰ. ਸੰਗਯਾ- ਸੰਬੰਧ ਰੱਖਣ ਵਾਲਾ, ਸਾਕ. ਸੰਬੰਧੀ. ਨਾਤੀ। ੨. ਮਿਤ੍ਰ. "ਦੀਨ ਬਾਂਧਵ ਭਗਤ ਵਛਲ." (ਮਾਲੀ ਮਃ ੫)

ਬਾਧਾ: ਵਿ- ਬੱਧਾ. ਬੰਧਨ ਵਿੱਚ ਫਸਿਆ. "ਜਮਦਰਿ ਬਾਧਾ ਚੋਟਾ ਖਾਏ." (ਮਾਝ ਅਃ ਮਃ ੧) "ਇਹੁ ਮਨੁ ਖੇਲੈ ਹੁਕਮ ਕਾ ਬਾਧਾ." (ਮਲਾ ਮਃ ੩) ੨. ਸੰਗਯਾ- ਵਾੱਧਾ. ਅਧਿਕਤਾ. ਵ੍ਰਿੱਧਿ. "ਬਾਧਾ ਹੋਇ ਜੋ ਬਹੋਰ ਬਿਨ ਦੇਰ ਔਰ ਲੀਜੀਯੇ." (ਨਾਪ੍ਰ) ੩. ਸੰ. ਵਿਘਨ. ਰੁਕਾਵਟ। ੪. ਦੁੱਖ. ਪੀੜ. "ਜਮ ਕੀ ਬਾਧਾ ਸੋ ਨਹਿ ਲਾਧੇ." (ਗੁਪ੍ਰਸੂ)

ਬਾਧੀ, ਬਾਂਧੀ: ਬੰਨ੍ਹੀ. "ਪੀਰ ਗਈ ਬਾਧੀ ਮਨ ਧੀਰਾ." (ਬਿਲਾ ਮਃ ੫) ਮਨ ਨੇ ਧੀਰਯ ਬੰਨ੍ਹਿਆ (ਧਾਰਣ ਕੀਤਾ). ੨. ਪ੍ਰਤਿਗਯਾ ਕੀਤੀ. "ਮੇਰੀ ਬਾਂਧੀ ਭਗਤੁ ਛਡਾਵੈ." (ਸਾਰ ਨਾਮਦੇਵ) ੩. ਸੰਗਯਾ- ਰੱਸੀ. ਬੰਧਨ. "ਰਹੈ ਨ ਮਾਇਆ ਬਾਂਧੀ." (ਗਉ ਕਬੀਰ)

ਬਾਧੂ: ਵਿ- ਵਾਧੂ. ਅਧਿਕ. ਸ਼ੇਸ਼.

ਬਾਧੇ, ਬਾਂਧੇ: ਬੱਧੇ ਹੋਏ. "ਜਮਪੁਰਿ ਬਾਧੇ ਮਾਰੀਅਹਿ." (ਆਸਾ ਅਃ ਮਃ ੩)

ਬਾਨ: ਦੇਖੋ, ਬਾਣ। ੨. ਬੰਧਨ. ਬਾਨ੍ਹ. "ਜਾਕੇ ਚਾਕਰ ਕਉ ਨਾਹੀ ਬਾਨ." (ਗਉ ਅਃ ਮਃ ੫) ੨. ਬਨਾਵਟ. ਰਚਨਾ. "ਏਕੈ ਦੇਹ ਏਕੈ ਬਾਨ." (ਅਕਾਲ) "ਨ ਹਾਨਿ ਹੈ ਨ ਬਾਨ ਹੈ ਸਮਾਨਰੂਪ ਜਾਨਿਯੈ." (ਅਕਾਲ) ਨਾ ਵਿਨਾਸ਼ ਹੈ ਨਾ ਉਤਪੱਤਿ ਹੈ। ੪. ਟੇਵ. ਆਦਤ. ਸੁਭਾਉ। ੫. ਤੀਰ. ਬਾਣ। ੬. ਗੋਲੀ. ਗੋਲਾ. "ਆਯਸ ਦੀਨ ਤੇਹਖਾਨਾ ਕੋ। ਇਹ ਘਰ ਪਰ ਛਾਡੋ ਬਾਨਾ ਕੋ." (ਚਰਿਤ੍ਰ ੨੬੩) ੭. ਸੰ. ਵਾਨ. ਬੁਨਣਾ. ਬੁਣਨ ਦੀ ਕ੍ਰਿਯਾ। ੮. ਤੁਖਮਰੇਜ਼ੀ. ਬੀਜਣ ਦੀ ਕ੍ਰਿਯਾ। ੯. ਫ਼ਾ. بان ਪ੍ਰਤਯ- ਜੋ ਸ਼ਬਦ ਦੇ ਅੰਤ ਲਗਕੇ ਵਾਨ (ਵਾਲਾ) ਅਰਥ ਬੋਧ ਕਰਦਾ ਹੈ, ਜਿਵੇਂ- ਦਰਬਾਨ. ਫੀਲਬਾਨ.

ਬਾਨਕ: ਸੰਗਯਾ- ਬਨਾਵਟ. ਰਚਨਾ। ੨. ਸਜਾਵਟ. ਸਿੰਗਾਰ. "ਬਾਨਕ ਬਨੇ ਬਿਚਿਤ੍ਰ."[868] (ਭਾਗੁ ਕ)

ਬਾਨਗਰ: ਸੰਗਯਾ- ਤੀਰ ਬਣਾਉਣ ਵਾਲਾ. ਦੇਖੋ, ਬਾਣਗਰ.

ਬਾਨਜ: ਸੰ. ਵਾਣਿਜਣ. ਸੰਗਯਾ- ਵਣਜ. ਵਪਾਰ. ਲੈਣ ਦੇਣ.

ਬਾਨ ਤੁਰੰਗਮ: ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਨ, ਰ, ਗ, ।।।, S।S, S

ਉਦਾਹਰਣ-

ਬਿਬਿਧ ਰੂਪ ਸੋਭੈ। ਅਨਿਕ ਲੋਕ ਲੋਭੈ।

ਅਮਿਤ ਤੇਜ ਤਾਹੀਂ। ਨਿਗਮ ਗਾਇ ਜਾਹੀਂ ॥

(ਕਲਕੀ)

ਬਾਨਪ੍ਰਸਥ: ਸੰਗਯਾ- ਵਾਨਪ੍ਰਸਥ. ਦੇਖੋ, ਚਾਰ ਆਸ਼੍ਰਮ.

ਬਾਨਰ: ਸੰ. ਵਾਨਰ, ਸੰਗਯਾ- ਵਨਨਰ. ਕਪਿ. ਬਾਂਦਰ. ਬਨ ਦੇ ਫਲ ਆਦਿ ਗ੍ਰਹਣ ਕਰਨ ਵਾਲਾ। ੨. ਦੇਖੋ, ਦੋਹਰੇ ਦਾ ਰੂਪ ੭.

ਬਾਨਰਾਜ: ਵਾਨਰਰਾਜ ਦਾ ਸੰਖੇਪ. ਸੁਗ੍ਰੀਵ. "ਇਤੈ ਬਾਨਰਾਜੰ." (ਰਾਮਾਵ)

ਬਾਨਰੀ: ਸੰ. ਵਾਨਰੀ. ਬਾਂਦਰੀ. ਦੇਖੋ, ਬਾਨਰ ੧.

---

[868] ਲਿਖਾਰੀਆਂ ਨੇ ਅਸ਼ੁੱਧ ਪਾਠ "ਵਨਕੇ ਬਨੇ ਬਿਚਿਤ੍ਰ" ਭੀ ਕਈ ਕਾਪੀਆਂ ਵਿੱਚ ਲਿਖ ਦਿੱਤਾ ਹੈ.

ਬਾਨਵਾ: ਮਰਾ. ਸੰਗਯਾ- ਵਡਿਆਈ. ਉਸਤਤਿ.

ਬਾਨਵਾਂ: بانواں ਮਾਨਯੋਗ੍ਯ ਇਸਤ੍ਰੀਆਂ. ਬਾਨੂ ਦਾ ਬਹੁਵਚਨ. ਦੇਖੋ, ਬਾਨੂ। ੨. ਦੇਖੋ, ਬਾਨਵੇ.

ਬਾਨਵੇ, ਬਾਨਵੈ: ਵਿ- ਦੋ ਉੱਪਰ ਨੱਵੇ. ਦ੍ਵਾਨਵਤਿ- ੯੨. "ਗ੍ਯਾਰਹਿ ਸਹਸ ਬਾਨਵੇ ਛੰਦਾ। ਕਹੇ ਦਸਮ ਪੁਰ ਬੈਠ ਅਨੰਦਾ." (ਕ੍ਰਿਸਨਾਵ) ਦਸਮ ਸਬੰਧ ਭਾਗਵਤ ਦੇ ਗ੍ਯਾਰਾਂ ਸੌ ਬਾਨਵੇ ਛੰਦ, ਆਨੰਦਪੁਰ ਵਿੱਚ ਰਚੇ ਗਏ, ਬਾਕੀ ਰਚਨਾ ਪਾਂਵਟੇ ਆਦਿ ਅਸਥਾਨਾਂ ਪੁਰ ਹੋਈ। ੨. ਬਨਾਵੈਂ. ਬਣਾਉਂਦੇ ਹਨ. ਰਚਦੇ ਹਨ. "ਗਣ ਗੰਧਰਬ ਬਾਨਵੈਂ ਹੇਲਾ." (ਮਲਾ ਨਾਮਦੇਵ) ਹੇਲਾ (ਖੇਡ) ਰਚਦੇ ਹਨ. ਕੌਤਕਹਾਰ ਹਨ। ੩. ਦੇਖੋ, ਬਾਨਵਾ.

ਬਾਨਾ: ਦੇਖੋ, ਬਾਣਾ. ੨. ਬਨ (ਜੰਗਲ) ਵਿੱਚ. "ਆਪੇ ਗਊ ਚਰਾਵੈ ਬਾਨਾ." (ਮਾਰੂ ਸੋਲਹੇ ਮਃ ੫) ੩. ਸੰਗ੍ਯਾ- ਭੇਸ. ਬਾਣਾ. ਲਿਬਾਸ. "ਬੰਧੇ ਬੀਰ ਬਾਨਾ." (ਵਿਚਿਤ੍ਰ) ਯੋਧਾ ਦਾ ਲਿਬਾਸ ਸਜਾਏ ਹੋਏ। ੪. ਸੰ. ਵਾਨ. ਬੁਣਨ ਦੀ ਕ੍ਰਿਯਾ। ੫. ਪੇਟਾ. ਤਾਣੇ ਵਿੱਚ ਬੁਣਨ ਵਾਲੇ ਤੰਦ. "ਤਾਨਾ ਬਾਨਾ ਕਛੂ ਨ ਸੂਝੈ." (ਬਿਲਾ ਕਬੀਰ)

ਬਾਨਾਸੁਰ: ਦੇਖੋ, ਵਾਣ ੫.

ਬਾਨਾਤ: ਦੇਖੋ, ਬਨਾਤ.

ਬਾਨਾਰਸਿ, ਬਾਨਾਰਸੀ: ਦੇਖੋ, ਬਨਾਰਸਿ. "ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ." (ਅਸਾ ਕਬੀਰ) "ਬਾਨਾਰਸੀ ਤਪ ਕਰੈ." (ਰਾਮ ਨਾਮਦੇਵ)

ਬਾਨਾਵਰੀ, ਬਾਨਾਵਲੀ: ਵਾਣ (ਤੀਰਾਂ ਦੀ) ਆਵਲੀ (ਪੰਕਤਿ). ਤੀਰਾਂ ਦੀ ਬੁਛਾੜ. "ਤਜੀ ਬੀਰ ਬਾਨਾਵਰੀ ਬੀਰਖੇਤੰ." (ਗ੍ਯਾਨ)

ਬਾਨਿ: ਸੰਗ੍ਯਾ- ਵਾਣੀ. ਵਚਨ। ੨. ਦੇਖੋ, ਬਾਨੀ। ੩. ਸੁਭਾਉ. ਆਦਤ. ਬਾਣ. "ਤੂ ਰਾਮ ਕਹਨ ਕੀ ਛੋਡ ਬਾਨਿ." (ਬਸੰ ਕਬੀਰ)

ਬਾਨਿਕ: ਦੇਖੋ, ਬਾਨਕ। ੨. ਵਣਿਕ. ਬਾਣੀਆਂ. "ਸਮ ਬਾਨਿਕ ਚਿੰਤ ਬਲੰਦ ਲਹਯੋ." (ਗੁਪ੍ਰਸੂ)

ਬਾਨੀ: ਸੰ. ਵਰ੍ਣ. ਰੰਗਤ. "ਕੁਮ੍ਹਾਰੈ ਏਕੁ ਜੁ ਮਾਟੀ ਗੂੰਧੀ, ਬਹੁ ਬਿਧਿ ਬਾਨੀ ਲਾਈ." (ਆਸਾ ਕਬੀਰ) ੨. ਕਿਸਮ. ਭਾਂਤ. ਪ੍ਰਕਾਰ. "ਰਾਂਧਿ ਕੀਓ ਬਹੁ ਬਾਨੀ." (ਸੋਰ ਰਵਿਦਾਸ) ਰਿੰਨ੍ਹਕੇ ਕਈ ਪ੍ਰਕਾਰ ਦਾ ਬਣਾਇਆ। ੩. ਲਾਲ ਵਰ੍ਣ ਦਾ ਸੂਤ, ਜੋ ਦੁਤਹੀ ਖੇਸ ਆਦਿ ਦੇ ਕਿਨਾਰੇ ਬੁਣਿਆ ਜਾਂਦਾ ਹੈ। ੪. ਸੁਵਰਣ ਦਾ ਵਰ੍ਣ (ਰੰਗਤ) ਬੰਨੀ। ੫. ਸੁਭਾਉ. ਬਾਣ. ਆਦਤ. "ਪਰਦਰਬੁ ਹਿਰਨ ਕੀ ਬਾਨੀ." (ਪ੍ਰਭਾ ਬੇਣੀ) ੬. ਬਾਣਾਂ (ਤੀਰਾਂ) ਨਾਲ. ਵਾਣੋ ਸੇ. "ਪਾਂਚ ਮਿਰਗ ਬੇਧੇ ਸਿਵ ਕੀ ਬਾਨੀ." (ਭੈਰ ਮਃ ੫) ੭. ਅ਼. بانی ਵਿ- ਮੋਢੀ. ਮੂਜਿਦ. "ਮੰਡਜੋ ਬੀਰ ਬਾਨੀ." (ਵਿਚਿਤ੍ਰ) ੮. ਸੰ. ਵਾਣੀ. ਸੰਗ੍ਯਾ- ਵਚਨ. ਵਾਕ੍ਯ. "ਬਾਨੀ ਪਢੋ ਸ਼ੁੱਧ ਗੁਰੁ ਕੇਰੀ." (ਗੁਪ੍ਰਸੂ) ੯. ਸਰਸ੍ਵਤੀ. "ਲਿਯੇ ਬੀਨ ਨਾਰਦ ਅਰੁ ਬਾਨੀ." (ਸਲੋਹ)

ਬਾਨੀਨ: ਵਿ- ਬਨੈਤ. ਬਾਂਕਾ. "ਕਰੇ ਖਾਨ ਬਾਨੀਨ ਖਾਲੀ ਪਲਾਣੰ." (ਵਿਚਿਤ੍ਰ) ਬਾਂਕੇ ਪਠਾਣਾਂ ਦੇ ਜ਼ੀਨ ਖਾਲੀ ਕਰ ਦਿੱਤੇ, ਭਾਵ- ਮਾਰਕੇ ਘੋੜਿਓਂ ਸਿੱਟ ਦਿੱਤੇ.

ਬਾਨੂ: ਫ਼ਾ. بانوٗ ਮਾਨ ਯੋਗ੍ਯ ਇਸਤ੍ਰੀ. ਲੇਡੀ. ਬਾਈ. ਖ਼ਾਤੂਨ. ਬੀਬੀ.

ਬਾਨੇ: ਸੰਗ੍ਯਾ- ਵਨ. ਜਲ. "ਹਰਿ ਪੀ ਆਘਾਨੇ ਅੰਮ੍ਰਿਤ ਬਾਨੇ." (ਸ੍ਰੀ ਛੰਤ ਮਃ ੫) ਨਾਮ ਅਮ੍ਰਿਤਜਲ ਪੀਕੇ ਤ੍ਰਿਪਤ ਹੋਏ.

ਬਾਨੈ: ਵਣ (ਜੰਗਲ) ਦੇ. "ਬਾਵਨ ਬੀਖੂ ਬਾਨੈ ਬੀਖੇ." (ਪ੍ਰਭਾ ਨਾਮਦੇਵ) ਬਾਵਨ ਚੰਦਨ ਦਾ ਬਿਰਛ ਵਣ ਦੇ ਵਿੱਚ.

ਬਾਨੈਤ: ਵਿ- ਬਾਂਕਾ। ੨. ਬਾਣ (ਤੀਰ) ਚਲਾਉਣ ਵਾਲਾ. ਤੀਰੰਦਾਜ. "ਮਹਾਂ ਬੀਰ ਬਾਨੈਤ." (ਵਿਚਿਤ੍ਰ)

**ਬਾਨੋ:** ਦੇਖੋ, ਬਾਨੁ। ੨. ਦੇਖੋ, ਬਾਨਾ.

**ਬਾਨੰਦ੍ਰਿਗੀ:** ਦੇਖੋ, ਬਾਣਦ੍ਰਿਗੀ.

**ਬਾਪ:** (ਸੰ. ਵਾਪ. ਵਿ- ਬੀਜਣ ਵਾਲਾ). ਸੰਗ੍ਯਾ- ਪਿਤਾ. ਜਨਕ. ਬਾਪੂ. ਸੰ. ਵਪ੍ਰ. "ਕਾਹੇ ਪੂਤ ਝਗਰਤ ਹਉ ਸੰਗਿ ਬਾਪ?" (ਸਾਰ ਮਃ ੪)

**ਬਾਪਰਣਾ, ਬਾਪਰਨਾ:** ਕ੍ਰਿ- ਵ੍ਯਾਪਨਾ. ਅਸਰ ਹੋਣਾ। ੨. ਦੇਖੋ, ਵਾਪਰਨਾ.

**ਬਾਪਰਾ, ਬਾਪਰੋ:** ਬੇਚਾਰਾ. ਦੇਖੋ, ਬਪੁਰਾ ਅਤੇ ਬਾਪੁਰਾ.

**ਬਾਪਾਰ:** ਸੰ. ਵ੍ਯਾਪਾਰ. ਸੰਗ੍ਯਾ- ਵਣਿਜ. ਲੈਣ ਦੇਣ। ੨. ਕਰਮ. ਕੰਮ. ਕ੍ਰਿਯਾ. "ਆਨ ਬਾਪਾਰ ਬਨਜ ਜੋ ਕਰੀਅਹਿ." (ਸਾਰ ਮਃ ੫)

**ਬਾਪਿ:** ਵਾਪਿ. ਬਾਉਲੀ। ੨. ਬਾਪ. ਬਾਪਿ ਦਿਲਾਸਾ ਮੇਰੋ ਕੀਨ." (ਆਸਾ ਕਬੀਰ)

**ਬਾਪਿਕਾ, ਬਾਪੀ:** ਵਾਪਿਕਾ. ਵਾਪੀਂ. ਪੌੜੀਦਾਰ ਖੂਹ. ਦੇਖੋ, ਵਾਪੀ.

**ਬਾਪੁ:** ਦੇਖੋ, ਬਾਪ। ੨. ਸ੍ਵਾਮੀ. ਮਾਲਿਕ. "ਨਾਹੀ ਤ ਘਰ ਕੋ ਬਾਪੁ ਰਿਸਾਇ." (ਭੈਰ ਨਾਮਦੇਵ)

**ਬਾਪੁਸਾਵਕਾ:** ਦੇਖੋ, ਸਾਸੁ ਕੀ ਦੁਖੀ.

**ਬਾਪੁਰਧਰ:** ਸੰ. ਵਪ੍ਰਧਰ. ਵਪ੍ਰ (ਗਿਰਿ) ਧਰ. ਗੋਵਰਧਨਧਾਰੀ ਕ੍ਰਿਸ਼ਨਦੇਵ. (ਸਨਾਮਾ)

**ਬਾਪੁਰਾ, ਬਾਪੁਰੋ, ਬਾਪੁੜਾ:** ਦੇਖੋ, ਬਪੁਰਾ. "ਤੁਮ ਚੰਦਨ ਹਮ ਇਰੰਡ ਬਾਪੁਰੇ" (ਆਸਾ ਰਵਿਦਾਸ)

**ਬਾਪੂ:** ਦੇਖੋ, ਬਾਪ.

**ਬਾਫ਼ਤਨ:** ਫ਼ਾ. بافتن ਕ੍ਰਿ- ਬੁਣਨਾ. ਸੰ. ਵਯਨ.

**ਬਾਫ਼ਤਾ:** ਫ਼ਾ. بافتہ ਵਿ- ਬੁਣਿਆ ਹੋਇਆ. ਸੰ. ਵ੍ਯੂਤ। ੨. ਸੰਗ੍ਯਾ- ਇੱਕ ਰੇਸ਼ਮੀ ਵਸਤ੍ਰ. ਜਿਸ ਪੁਰ ਕਲਾਬੱਤੂ ਦਾ ਕੰਮ ਹੋਇਆ ਹੁੰਦਾ ਹੈ. "ਅਹੈ ਬਾਫਤਾ ਜੋ ਬਹੁ ਮੋਲਾ." (ਨਾਪ੍ਰ)

**ਬਾਫਰ:** ਅ਼. وافر ਵਿ- ਬਹੁਤਾ. ਅਧਿਕ. "ਬਾਫਰ ਮਾਲ ਤੋਂ ਲੁਟਜੋ ਆਮ." (ਪ੍ਰਾਪੰਪ੍ਰ) ੨. ਵਾਧੂ.

**ਬਾਬ:** ਅ਼. باب ਸੰਗ੍ਯਾ- ਦਰਵਾਜ਼ਾ। ੨. ਅਧ੍ਯਾਯ. ਕਾਂਡ। ੩. ਮਤਲਬ ਅਭਿਪ੍ਰਾਯ। ੪. ਪੰਜਾਬੀ ਵਿੱਚ ਬੇਅਬਰੂ ਜਾਂ ਬੇਆਬ ਦਾ ਰੂਪਾਂਤਰ ਬਾਬ ਹੋ ਗਿਆ ਹੈ, ਜਿਸ ਦਾ ਅਰਥ ਬੁਰੀ ਹਾਲਤ ਹੈ, ਜਿਵੇਂ- ਉਸ ਨੇ ਮੇਰੀ ਬੁਰੀ ਬਾਬ ਕੀਤੀ. (ਲੋਕੋ)

**ਬਾਬਕ:** ਫ਼ਾ. بابک ਵਿ- ਵਫ਼ਾਦਾਰ। ੨. ਸੰਗ੍ਯਾ- ਗੁਰੂ ਹਰਿਗੋਬਿੰਦ ਸਾਹਿਬ ਦਾ ਰਬਾਬੀ, ਜੋ ਮਹਾਨ ਯੋਧਾ ਸੀ. ਇਸ ਨੇ ਅੰਮ੍ਰਿਤਸਰ ਦੇ ਜੰਗ ਵਿੱਚ ਵੱਡੀ ਵੀਰਤਾ ਦਿਖਾਈ. ਬਾਬਕ ਦਾ ਦੇਹਾਂਤ ਸੰਮਤ ੧੬੯੯ ਵਿੱਚ ਕੀਰਤਪੁਰ ਹੋਇਆ.

**ਬਾਬਤ:** ਫ਼ਾ. بابت ਸੰਗ੍ਯਾ- ਸੰਬੰਧ। ੨. ਵਿਸ਼ਯ। ੩. ਕ੍ਰਿ. ਵਿ- ਵਾਸਤੇ. ਲਈ.

**ਬਾਬਤ੍ਰਾ:** ਦੇਖੋ, ਗੇਰੂ ਬਾਬੁਤ੍ਰਾ.

**ਬਾਬਰ:** ਤੁ. بابر ਬਾਬੁਰ ਜਹੀਰੁੱਦੀਨ ਮੁਹ਼ੰਮਦ ਬਾਬਰ. ਇਹ ਤੈਮੂਰ ਦੀ ਛੀਵੀਂ ਪੀੜ੍ਹੀ ਕੁਤਲਗਨਿਗਾਰ ਖ਼ਾਨਮ ਦੇ ਉਦਰ ਤੋਂ ਮਿਰਜ਼ਾ ਉਮਰਸ਼ੇਖ਼ ਦਾ ਪੁਤ੍ਰ ਵਡਾ ਬਹਾਦੁਰ ਮੁਗਲ ਹੋਇਆ ਹੈ. ਇਸ ਦਾ ਜਨਮ ੧੫. ਫਰਵਰੀ ਸਨ ੧੪੮੩ ਨੂੰ ਹੋਇਆ. ਇਸ ਦੀ ਮਾਂ ਚਗਤਾਈਖ਼ਾਂ (ਚੰਗੇਜ਼ਖਾਂ ਦੇ ਪੁਤ੍ਰ) ਦੇ ਖਾਨਦਾਨ ਵਿੱਚ ਮਹਮੂਦਖ਼ਾਨ ਮੁਗਲ ਦੀ ਭੈਣ ਸੀ. ਇਸੇ ਤੋਂ ਇਸ ਦੀ "ਚਗਤਾ" ਉਪਾਧੀ ਭੀ ਸੀ. ਇਸ ਨੇ ਕਾਬੁਲ ਪੁਰ ਸੰਮਤ ੧੫੬੨ (ਸਨ ੧੫੦੪) ਵਿੱਚ ਕਬਜਾ ਕਰਕੇ ਭਾਰਤ ਪੁਰ ਕਈ

ਹਮਲੇ ਕੀਤੇ. ਸੰਮਤ ੧੫੭੮ ਵਿੱਚ ਸੈਦਪੁਰ (ਏਮਨਾਬਾਦ) ਫਤੇ ਕੀਤਾ. ਫੇਰ ਦੌਲਤਖ਼ਾਂ ਲੋਦੀ ਦੀ ਪ੍ਰੇਰਣਾ ਨਾਲ ਸੰਮਤ ੧੫੮੪ ਵਿੱਚ ਦਿੱਲੀ ਪੁਰ ਚੜ੍ਹਾਈ ਕੀਤੀ. ਪਾਨੀਪਤ ਦੇ ਮੈਦਾਨ ਵਿੱਚ ਇਬਰਾਹੀਮ ਲੋਧੀ ਨੂੰ ਸੰਮਤ ੧੫੮੪ (੨੦ ਅਪ੍ਰੈਲ ਸਨ ੧੫੨੬) ਨੂੰ ਮਾਰਕੇ ਦਿੱਲੀ ਦਾ ਤਖ਼ਤ ਮੱਲਿਆ ਅਤੇ ਮੁਗ਼ਲ ਰਾਜ ਹਿੰਦੁਸਤਾਨ ਵਿੱਚ ਥਾਪਿਆ.

ਇਸ ਨੂੰ ਸ਼ਰਾਬ ਪੀਣ ਦਾ ਭਾਰੀ ਵ੍ਯਸਨ ਸੀ. ਪਰ ਸੰਮਤ ੧੫੮੫ ਦੀ ਕਨਵਾਹਾ ਦੀ ਲੜਾਈ ਸਮੇ, ਜਿਸ ਵਿੱਚ ਚਤੌੜਪਤਿ ਰਾਣਾ ਸਾਂਗਾ ਨੂੰ ੧੬. ਮਾਰਚ ਸਨ ੧੫੨੭ ਨੂੰ ਹਾਰ ਹੋਈ, ਇਸ ਨੇ ਸ਼ਰਾਬ ਦਾ ਤਿਆਗ ਕੀਤਾ, ਅਰੇ ਸੋਨੇ ਚਾਂਦੀ ਦੇ ਸੁਰਾਹੀ ਪਿਆਲੇ ਦਾਨ ਕਰ ਦਿੱਤੇ. ਇਸ ਦਾ ਦੇਹਾਂਤ ੨੬ ਦਿਸੰਬਰ ਸਨ ੧੫੩੦ (ਸੰਮਤ ੧੫੮੮) ਨੂੰ ਆਗਰੇ ਹੋਇਆ. ਬਾਬਰ ਦੀ ਮੁਲਾਕਾਤ ਸਤਿਗੁਰੂ ਨਾਨਕਦੇਵ. ਨਾਲ ਸੈਦਪੁਰ (ਏਮਨਾਬਾਦ) ਹੋਈ ਸੀ. ਉਸ ਸਮੇਂ ਦੇ ਉਚਰੇ ਹੋਏ ਸ਼ਬਦ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਮੁਗ਼ਲ ਅਤੇ ਪਠਾਣਾਂ ਦੀ ਲੜਾਈ ਦਾ ਪੂਰਾ ਹਾਲ ਪ੍ਰਗਟ ਕਰਦੇ ਹਨ, ਯਥਾ- "ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ। ਆਪੈ ਦੋਸ ਨ ਦੇਈ ਕਰਤਾ ਜਮ ਕਰਿ ਮੁਗਲ ਚੜਾਇਆ." ××× (ਆਸਾ ਮਃ ੧) "ਬਾਬਰਵਾਣੀ ਫਿਰਿਗਈ ਕੁਇਰ ਨ ਰੋਟੀ ਖਾਇ." ××× (ਆਸਾ ਅਃ ਮਃ ੧) "ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ। ਜਿਨ ਕੀ ਚੀਰੀ ਦਰਗਹਿ ਪਾਟੀ ਤਿਨਾ ਮਰਣਾ ਭਾਈ." ××× (ਆਸਾ ਅਃ ਮਃ ੧) ਦੇਖੋ, "ਆਵਨ ਅਠਤਰੇ ਜਾਨ ਸਤਾਨਵੇ."

ਬਾਬਰਕੇ: ਦੇਖੋ, ਬਾਬੇਕੇ.

ਬਾਬਰਵਾਣੀ: ਬਾਦਸ਼ਾਹ ਬਾਬਰ ਦੀ ਆਗ੍ਯਾ. ਬਾਬਰ ਦੀ ਦੁਹਾਈ. ਦੇਖੋ, ਬਾਬਰ.

ਬਾਬਲ: ਸਿੰਧੀ. ਸੰਗ੍ਯਾ- ਬਾਪ. ਪਿਤਾ। ੨. ਬਜ਼ੁਰਗ. ਪ੍ਰਧਾਨ. ਮੁਖੀਆ. ਦੇਖੋ, ਬਾਬੁਲ। ੩. ਦੇਖੋ, ਬਾਬਿਲ.

ਬਾਬਲੀ: ਦੇਖੋ, ਬਾਉਲੀ। ੨. ਬਾਬਿਲ ਦਾ ਨਿਵਾਸੀ. ਦੇਖੋ, ਬਾਬਿਲ. "ਹਨੇ ਕਾਬਲੀ ਬਾਬਲੀ ਬੀਰ ਬਾਂਕੇ." (ਕਲਕੀ)

ਬਾਬਾ: ਫ਼ਾ. ۖۖ ਸੰਗ੍ਯਾ- ਪਿਤਾ. ਬਾਪ. "ਬਾਬਾ, ਹੋਰ ਖਾਣਾ ਖੁਸੀ ਖੁਆਰ."[869] (ਸ੍ਰੀ ਮਃ ੧) ੨. ਦਾਦਾ। ੩. ਪ੍ਰਧਾਨ ਮਹੰਤ। ੪. ਸਤਿਗੁਰੂ ਨਾਨਕਦੇਵ. "ਘਰਿ ਘਰਿ ਬਾਬਾ ਗਾਵੀਐ." (ਭਾਗੁ) "ਜਾਹਰ ਪੀਰ ਜਗਤਗੁਰੁ ਬਾਬਾ." (ਭਾਗੁ) ਦੇਖੋ, ਬਾਬੇਕੇ। ੫. ਬਜ਼ੁਰਗ ਲਈ ਸਨਮਾਨ ਬੋਧਕ. ਸ਼ਬਦ. "ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ." (ਭੈਰ ਕਬੀਰ)

ਬਾਬਾ ਕੇ ਮਹਿਲ: ਕੀਰਤਪੁਰ ਵਿੱਚ ਬਾਬਾ ਗੁਰਦਿੱਤਾ ਜੀ ਦੇ ਸੰਮਤ ੧੬੮੬ ਵਿੱਚ ਬਣਵਾਏ ਹੋਏ ਰਹਾਇਸ਼ੀ ਮਕਾਨ। ੨. ਦੇਖੋ, ਗੁਰੂ ਕੇ ਮਹਲ.

ਬਾਬਾਣਾ, ਬਾਬਣੀ: ਬਾਬੇ ਦਾ, ਦੀ. "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ." (ਮਃ ੩. ਵਾਰ ਰਾਮ ੧) ਬਜ਼ੁਰਗਾਂ ਦੀਆਂ ਕਹਾਣੀਆਂ.

ਬਾਬਾਬਕਾਲਾ: ਦੇਖੋ, ਬਕਾਲਾ.

ਬਾਬਾਲਾਲ: ਦੇਖੋ, ਸਤਨਾਮੀ ੨.

ਬਾਬਿਲ: ਅ਼ਰਾਕ਼ ਅ਼ਰਬ ਵਿੱਚ ਫਰਾਤ ਦਰਿਆ ਦੇ ਕਿਨਾਰੇ ਇੱਕ ਪੁਰਾਣਾ ਸ਼ਹਿਰ, ਜਿਸ ਦੇ ਹੁਣ ਖੰਡਹਰ ਪਏ ਹਨ. ਦੇਖੋ, ਬਾਬਲੀ ੨.

ਬਾਂਬੀ: ਸੰਗ੍ਯਾ- ਬਰਮੀ. ਸੰ. ਵਲਮੀਕ. "ਮਾਨਹੁ ਬਾਂਬੀ ਮੇ ਸਾਪ ਧਸ੍ਯੋ." (ਕ੍ਰਿਸਨਾਵ)

ਬਾਬੀਹਾ: ਸਿੰਧੀ. ਬਾਬੀਹੋ. ਚਾਤਕ. ਅੰਬੁ- ਈਹਾ. ਜੋ ਅੰਬੁ (ਪਾਣੀ) ਦੀ ਈਹਾ (ਇੱਛਾ) ਕਰਦਾ ਹੈ. ਦੇਖੋ, ਪਪੀਹਾ। ੨. ਭਾਵ-

[869] ਇਹ ਸ਼ਬਤ ਪਿਤਾ ਕਾਲੂ ਜੀ ਨੂੰ ਸੰਬੋਧਨ ਕਰਕੇ ਉਚਾਰਿਆ ਹੈ.

ਜਿਗਜਾਸੁ. ਪ੍ਰੇਮੀ ਪੁਰਖ. "ਬਾਬੀਹਾ ਪ੍ਰਿਉ ਪ੍ਰਿਉ ਕਰੇ." (ਸਵਾ ਮਃ ੩)

ਬਾਬੁਲ: ਪਿਤਾ. ਬਾਪ. ਦੇਖੋ, ਬਾਬਲ. "ਬਾਬੁਲ ਕੈ ਘਰਿ ਬੇਟੜੀ." (ਓਅੰਕਾਰ) ੨. ਭਾਵ- ਕਰਤਾਰ, ਜੋ ਸਭ ਦਾ ਪਿਤਾ ਹੈ. "ਬਾਬੁਲ ਮੇਰਾ ਵਡ ਸਮਰਥਾ." (ਸੂਹੀ ਛੰਤ ਮਃ ੫)

ਬਾਬੇ ਕੇ: ਸਤਿਗੁਰੂ ਨਾਨਕਦੇਵ ਦੇ। ੨. ਗੁਰੂ ਨਾਨਕ ਦੇਵ ਦੀ ਗੱਦੀ ਪੁਰ ਵਿਰਾਜਣ ਵਾਲੇ. "ਬਾਬੇ ਕੇ ਬਾਬਰ ਕੇ ਦੋਊ." (ਵਿਚਿਤ੍ਰ) ਮੁਗਲ ਬਾਦਸ਼ਾਹ ਅਤੇ ਗੁਰੂ ਨਾਨਕਦੇਵ ਜੀ ਦੇ ਜਾਨਸ਼ੀਨ. ਭਾਵ- ਦੀਨ ਅਤੇ ਦੁਨੀਆਂ ਦੇ ਆਗੂ.

ਬਾਬੇ ਦੀ ਬੇਰ: ਉਹ ਬੇਰੀ. ਜਿਸ ਹੇਠ ਸਤਿਗੁਰੂ ਵਿਰਾਜੇ ਹਨ। ੨. ਦੇਖੋ, ਸਿਆਲਕੋਟ। ੩. ਦੇਖੋ, ਬੇਰੀਸਾਹਿਬ। ੪. ਜਿਲਾ ਗੁਰਦਾਸਪੁਰ, ਤਸੀਲ ਸ਼ਕਰਗੜ੍ਹ, ਥਾਣਾ ਸ਼ਾਹਗਰੀਬ ਦਾ ਪਿੰਡ ਮਲ੍ਹਾ ਹੈ, ਜੋ ਰੇਲਵੇ ਸਟੇਸ਼ਨ ਨਾਰੋਵਾਲ ਤੋਂ ਨੌ ਮੀਲ ਦੱਖਣ ਪੂਰਵ ਹੈ. ਇਸ ਪਿੰਡ ਤੋਂ ਪੱਛਮ ਵੱਲ ਇੱਕ ਫਰਲਾਂਗ ਦੀ ਵਿੱਥ ਤੇ ਸ਼੍ਰੀ ਗੁਰੂ ਨਾਨਕਦੇਵ ਜੀ ਕਰਤਾਰਪੁਰੋਂ ਸਿਆਲਕੋਟ ਜਾਂਦੇ ਇੱਕ ਬੇਰੀ ਦੇ ਹੇਠ ਵਿਰਾਜੇ. ਉਸ ਬੇਰੀ ਪਾਸ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਨਾਲ ੫੦ ਵਿੱਘੇ ਦੇ ਕਰੀਬ ਜ਼ਮੀਨ ਮਹਾਰਾਜਾ ਰਣਜੀਤਸਿੰਘ ਜੀ ਵੱਲੋਂ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ.

ਬਾਬੋਲਾ: ਹੇ ਪਿਤਾ! ਦੇਖੋ, ਬਾਬਲ. "ਵੀਆਹੁ ਹੋਆ ਮੇਰਾ ਬਾਬੋਲਾ." (ਸ੍ਰੀ ਛੰਤ ਮਃ ੪)

ਬਾਮ: ਸੰ. ਵਾਮ. ਵਿ- ਖੱਬਾ. ਬਾਯਾਂ। ੨. ਸੁੰਦਰ. ਮਨੋਹਰ। ੩. ਟੇਢਾ. ਵਿੰਗਾ. ਕੁਟਿਲ। ੪. ਉਲਟ. ਵਿਰੁੱਧ। ੫. ਸ਼ਰੀਰ. ਉਪਦ੍ਰਵੀ. ਫ਼ਿਸਾਦੀ। ੬. ਸੰਗਯਾ- ਕਾਮਦੇਵ। ੭. ਸ਼ਿਵ। ੮. ਧਨੁਖ. ਕਮਾਣ। ੯. ਹਾਂਨੀ. ਨੁਕਸਾਨ। ੧੦. ਸੰ. ਵਾਮਾ. ਇਸਤ੍ਰੀ. ਨਾਰੀ. "ਬਦਲੋ ਲੀਨੋ ਬਾਮ ਕੋ, ਚੋਰ ਸੰਘਾਰਜੋ ਜੀਯ." (ਚਰਿਤ੍ਰ ੫੬) ੧੧. ਫ਼ਾ. بام ਛੱਤ। ੧੨. ਕੋਠਾ. ਮਾੜੀ। ੧੩. ਦੇਖੋ, ਵਾਮ.

"ਰੇਖ ਛਤ੍ਰ ਕੀ ਦਾਹਨ ਕਰ ਮੇ

ਚਮਰ ਰੇਖ ਸੋਭਤ ਹੈ ਬਾਮ[870]।

ਨਖ ਗਨ ਰਕ੍ਤ ਸੁਮਿਲ ਸੁਭ ਅੰਗੁਲਿ

ਬ੍ਰਤਲਾਕਾਰ[871] ਬਦਨ ਹੈ ਬਾਮ[872]।

ਰੁਚ ਰੁਚਿਕਰ ਮੇਚਕ ਲਘੁ ਚਿਕ੍ਕਨ

ਬਡੇ ਬਿਲੋਚਨ ਬਰੁਨੀ ਬਾਮ।[873]

ਬਾਲਕ ਬਪੁ ਬਿਰਾਜਤ ਸ੍ਰੀ ਪ੍ਰਭੁ

ਬਰਨਤ ਬਾਨੀ ਬ੍ਰਹਮਾ ਬਾਮ."[874]

(ਗੁਪ੍ਰਸੂ)

ਬਾਮਣ: ਦੇਖੋ, ਬ੍ਰਾਹਮਣ "ਬਾਮਣ! ਬਿਰਥਾ ਗਇਓ ਜਨੰਮ." (ਸਵਾ ਮਃ ੫) ੨. ਹਿੰਦੂਧਰਮ ਦਾ ਪੰਡਿਤ. "ਖਹਿ ਮਰਦੇ ਬਾਮਣ ਮੌਲਾਣੇ." (ਭਾਗੁ)

---

[870] ਖੱਬੇ ਹੱਥ ਚੌਰਰੇਖਾ.

[871] ਵ੍ਰਤੁਲ-ਆਕਾਰ. ਗੋਲ ਆਕਾਰ ਦਾ.

[872] ਸੁੰਦਰ. ਮਨੋਹਰ.

[873] ਕੁਟਿਲ. ਟੇਢੀ ਪਲਕਾਂ.

[874] ਸ਼ਿਵ

**ਬਾਮਣੀ:** ਦੇਖੋ, ਬ੍ਰਾਹਮਣੀ। ੨. ਕਿਰਲੀ ਦੀ ਸ਼ਕਲ ਦਾ ਇੱਕ ਜੀਵ, ਜਿਸ ਦੀ ਪੂਛ ਲਾਲ ਰੰਗ ਦੀ ਹੁੰਦੀ ਹੈ. ਬਰਸਾਤ ਵਿੱਚ ਇਹ ਬਹੁਤ ਹੁੰਦਾ ਹੈ। ੩. ਅੱਖਾਂ ਦੀ ਭਿੱਫਣਾਂ (ਪਲਕਾਂ) ਦੀ ਇੱਕ ਬੀਮਾਰੀ, ਜਿਸ ਤੋਂ ਰੋਮ ਝੜ ਜਾਂਦੇ ਹਨ। ੪. ਬਾਮ੍ਹਣੀਂ. ਬ੍ਰਾਹਮਣਾਂ ਨੇ. "ਜੇ ਮਦ ਪੀਤਾ ਬਾਮਣੀ." (ਭਾਗੁ)

**ਬਾਮਤਾ:** ਸੰ. ਵਾਮਤਾ. ਸੰਗਯਾ- ਟੇਢਾਪਨ. ਕੁਟਿਲਤਾ. "ਸਰਲ ਰਿਦੇ ਬਾਮਤਾ ਬਿਦਾਰੀ." (ਨਾਪ੍ਰ)

**ਬਾਮਦਾਦ:** ਫ਼ਾ. بامداد ਸੰਗਯਾ- ਪ੍ਰਾਤਹਕਾਲ. ਤੜਕਾ. ਭੋਰ.

**ਬਾਮਦੇਵ:** ਸੰਗਯਾ- ਵਾਮਦੇਵ. ਸ਼ਿਵ. ਮਹਾਦੇਵ। ੨. ਇੱਕ ਵੈਦਿਕ ਰਿਖੀ, ਜਿਸ ਦਾ ਜਨਮ ਮਾਤਾ ਦੀ ਵੱਖੀ ਪਾੜਕੇ ਹੋਣਾ ਲਿਖਿਆ ਹੈ, ਕਿਉਂਕਿ ਉਹ ਯੋਨਿ ਦੇ ਰਸਤੇ ਦੁਨੀਆਂ ਵਿੱਚ ਆਉਣਾ ਪਸੰਦ ਨਹੀਂ ਕਰਦਾ ਸੀ. ਦੇਖੋ, ਸਾਯਣਾਚਾਰਯੰ ਕ੍ਰਿਤ ਰਿਗਵੇਦ ਦਾ ਭਾਸ਼ਯ। ੩. ਇੱਕ ਰਿਖੀ, ਜੋ ਰਾਮਚੰਦ੍ਰ ਜੀ ਦੇ ਸਮੇਂ ਹੋਇਆ ਹੈ. ਇਸ ਦਾ ਜਿਕਰ ਮਹਾਭਾਰਤ ਵਿੱਚ ਹੈ.

**ਬਾਮਨ, ਬਾਮਨੁ:** ਵਾਮਨ ਅਵਤਾਰ। ੨. ਬਾਉਨਾ. ਨਾਟਾ। ੩. ਬ੍ਰਾਹਮਣ. "ਬਾਮਨ ਕਹਿ ਕਹਿ ਜਨਮ ਮਤ ਖੋਏ." (ਗਉ ਕਬੀਰ) "ਤੂ ਬਾਮਨੁ, ਮੈ ਕਾਸੀਕ ਜੁਲਹਾ." (ਆਸਾ ਕਬੀਰ)

**ਬਾਮਮਾਰਗ, ਬਾਮਮਾਰਗੀ:** ਦੇਖੋ, ਵਾਮਮਾਰਗ ਅਤੇ ਵਾਮਮਾਰਗੀ.

**ਬਾਮਾ:** ਵਿ- ਵਾਮ. ਖੱਬਾ। ੨. ਸੰਗਯਾ- ਸੁੰਦਰ ਇਸਤ੍ਰੀ. ਵਾਮਾ. "ਜਾ ਸਮ ਔਰ ਨ ਜਗ ਮੇ ਬਾਮਾ." (ਚਰਿਤ੍ਰ ੫)

**ਬਾਮੀ:** ਵਾਮਮਾਰਗੀ। ੨. ਵਾਮ. ਟੇਢਾ. ਕੁਟਿਲ. "ਭਏ ਸਰਲ ਪੁਰ ਮਹਿ ਜੇ ਬਾਮੀ." (ਨਾਪ੍ਰ)

**ਬਾਯ:** ਸੰਗਯਾ- ਵਾਯੁ. ਹਵਾ। ੨. ਦੇਖੋ, ਬਾਇ.

**ਬਾਯਸ:** ਦੇਖੋ, ਬਾਇਸ ਅਤ ਵਾਯਸ.

**ਬਾਯਸ੍ਤਨ:** ਫ਼ਾ. بایستن ਹੋਣਾ ਚਾਹੀਏ. ਯੋਗਯ ਹੋਣਾ.

**ਬਾਯਜ਼ੀਦਖ਼ਾਨ:** ਦੇਖੋ, ਬਜੀਦਖ਼ਾਨ.

**ਬਾਯਦ:** ਫ਼ਾ. باید ਚਾਹੀਏ, ਲੋੜੀਏ. ਦੇਖੋ, ਬਾਯਸ੍ਤਨ.

**ਬਾਯਾ:** ਦੇਖੋ, ਬਾਇਆ.

**ਬਾਯਾਂ:** ਵਿ- ਵਾਮ. ਖੱਬਾ। ੨. ਸੰਗਯਾ- ਜੋੜੀ (ਤਬਲੇ) ਦਾ ਉਹ ਭਾਗ, ਜੋ ਖੱਬੇ ਹੱਥ ਨਾਲ ਵਜਾਈਦਾ ਹੈ. ਧਾਮਾ.

**ਬਾਂਯੀਂ:** ਵਿ- ਵਾਮ. ਖੱਬੀ। ੨. ਸੰਗਯਾ- ਵਾਪੀ. ਬਾਉਲੀ. ਪੌੜੀਦਾਰ ਖੂਹ. "ਮੱਜਨ ਕਰ ਬਾਂਯੀਂ ਬਿਖੈ." (ਚਰਿਤ੍ਰ ੨੪)

**ਬਾਯੁ:** ਹਵਾ. ਦੇਖੋ, ਵਾਯੁ.

**ਬਾਯੁਸਖਾ:** ਸੰਗਯਾ- ਵਾਯੁ (ਪਵਨ) ਦਾ ਮਿਤ੍ਰ, ਅਗਨਿ. "ਬਾਯੁ ਬਿਨਾਯਕ ਬਾਯੁਸਖਾ." (ਨਾਪ੍ਰ)

**ਬਾਯੋ:** ਵਿ- ਪਸਾਰਿਆ. ਟੱਡਿਆ. ਸੰ. ਵਜਾਤ. "ਰਹਜੋ ਮੁਖ ਬਾਯੋ." (ਗੁਪ੍ਰਸੂ)

**ਬਾਰ:** ਸੰਗਯਾ- ਰੋਹੀ. ਜੰਗਲ. "ਟੀਡੁ ਲਵੈ ਮੰਝਿ ਬਾਰੇ." (ਤੁਖਾ ਬਾਰਹਮਾਹਾ) ਬਿੰਡੇ ਜੰਗਲ ਵਿੱਚ ਬੋਲਦੇ ਹਨ। ੨. ਨਾਨਕਿਆਨੇ ਦੇ ਆਸ ਪਾਸ ਦਾ ਦੇਸ਼. "ਬਾਰ ਦੇਸ਼ ਸਭ ਦੇਸ ਨਰੇਸੂ." (ਨਾਪ੍ਰ) ੩. ਚਿਰ. ਦੇਰੀ. ਢਿੱਲ. "ਚਾਰਿ ਪਦਾਰਥ ਦੇਤ ਨ ਬਾਰ." (ਬਿਲਾ ਕਬੀਰ) "ਬਿਨਸਤ ਲਗਤ ਨ ਬਾਰ." (ਸੋਰ ਮਃ ੯) ੪. ਕੁਰਬਾਨੀ. ਨਿਛਾਵਰ. "ਬਾਰਦੀਓ ਗੁਰੁ ਪੈ ਸਰਬੰਸ." (ਗੁਵਿ ੧੦) ੫. ਵਾਲ. ਰੋਮ. "ਤਿਨ ਕੇ ਬਾਰ ਨ ਬਾਂਕਨ ਪਾਏ." (ਵਿਚਿਤ੍ਰ) ਉਨ੍ਹਾਂ ਦੇ ਵਾਲ ਵਿੰਗੇ ਨਾ ਹੋਏ। ੬. ਬਾੜ. ਖੇਤ ਆਦਿ ਦੇ ਚਾਰੇ ਪਾਸੇ ਕੰਡੇਦਾਰ ਝਾੜੀ ਦੀ ਕੀਤੀ ਹੋਈ ਰੋਕ. "ਖੇਤ ਕੌ ਜੌ ਖਾਇ ਬਾਰ." (ਭਾਗੁ ਕ) "ਚਲੇ ਬਾਰਬੇ

ਯਾਰ ਕੋ ਜਯੋਂ ਭਭੂਕੇ." ਅੱਗ ਦੇ ਭਭੂਕੇ ਦੀ ਤਰਾਂ ਬਾੜ ਨੂੰ ਬਾਲਣ (ਜਲਾਉਣ) ਲਈ ਚਲੇ। ੭. ਸੰ. ਬਾਲ. ਬਾਲਕ. "ਬਾਰ ਬਿਵਸਥਾ ਤੁਝਹਿ ਪਿਆਰੈ ਦੂਧ." (ਸੁਖਮਨੀ) "ਬਾਰਨ ਭੇਦ ਯੌਂ ਭਾਖ ਸਨਾਏ." (ਕ੍ਰਿਸਨਾਵ) ਬਾਲਕਿਆਂ ਨੇ ਸਾਰੀ ਕਥਾ ਖੋਲ੍ਹਕੇ ਦੱਸੀ। ੮. ਸੰ. ਬਾਲਾ. ਕੰਨਯਾ. ਇਸਤ੍ਰੀ. ਨਾਰੀ. "ਸੋਉ ਬਾਰ ਸਬੁੱਧਿ ਭਈ ਜਬਹੀ." (ਰਾਮਾਵ) ਉਹ ਕੰਨਯਾ ਜਦ ਬੋਧ ਸਹਿਤ ਹੋਈ. ਭਾਵ- ਬਾਲਿਗ ਹੋਈ. "ਸੁਰੀ ਆਸੁਰੀ ਬਾਰ." (ਚਰਿਤ੍ਰ ੨੬੪) ਦੇਵ ਦੈਤਾਂ ਦੀਆਂ ਇਸਤ੍ਰੀਆਂ। ੯. ਸੰ. ਵਾਰ. ਸਮਾਂ. ਵੇ੍ਲਾ. "ਬਾਰ ਅੰਤ ਕੀ ਹੋਇ ਸਹਾਇ." (ਬਸੰ ਮਃ ੯) ੧੦. ਦ੍ਵਾਰ. ਦਰਵਾਜ਼ਾ. "ਖਰੇ ਬਾਰ ਪੈ ਦੀਨ ਗੁਹਾਰ." (ਨਾਪ੍ਰ) ੧੧. ਦਫ਼ਅ਼. ਮਰਤਬਾ. "ਜਾਰੈ ਦੂਜੀ ਬਾਰ." (ਸ. ਕਬੀਰ) ੧੨. ਸੰ. ਵਾਰਿ ਅਤੇ (ਵਾਰ. ). ਜਲ. "ਬਾਰਬਾਰ ਬਰ ਬਾਰ ਕੋ ਬਾਰਦ ਬਰਸਤ ਬ੍ਰਿੰਦ." (ਗੁਪ੍ਰਸੂ) "ਬਹੁ ਬਾਰ ਨਿਹਾਰਕੈ ਬਾਰ ਤਬੈ ਬਿਨ ਬਾਰ ਨਬਾਬ ਕੋ ਮੈ ਸੁਧ ਦੀਨੀ." (ਨਾਪ੍ਰ) ਬਹੁਤ ਵਾਰ ਵੇਈਂ ਨਦੀ ਦਾ ਜਲ ਦੇਖਕੇ, ਬਿਨਾ ਢਿੱਲ ਨਵਾਬ ਦੌਲਤਖਾਂ ਨੂੰ ਗੁਰੂ ਨਾਨਕਦੇਵ ਦੇ ਗ਼ਾਯਬ ਹੋਣ ਦੀ ਮੈ ਖ਼ਬਰ ਦਿੱਤੀ। ੧੩. ਬਾਲਣਾ. ਮਚਾਉਣਾ. ਜ੍ਵਲਨ ਕਰਨਾ. "ਦੀਪਕ ਸਤਿਗੁਰੁ ਸਬਦ ਕਰ ਰਿਦੈ ਸਦਨ ਮਹਿ ਬਾਰ." (ਨਾਪ੍ਰ) "ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ." (ਨਟ ਮਃ ੪) ਪਲ ਵਿੱਚ ਸਾੜ ਦਿੱਤੇ। ੧੪. ਪ੍ਰਹਾਰ. ਆਘਾਤ. "ਕਰਵਾਰ ਉਭਾਰਤ ਬਾਰ ਕਰਜੋ." (ਗੁਪ੍ਰਸੂ) ੧੫. ਵਾਰਨਾ. ਵਰਜਨ. ਹਟਾਉਣਾ. "ਬਾਰ ਬਾਰ ਬਾਰੀ ਬਰਿਆਈ." (ਨਾਪ੍ਰ) ਬਾੜ ਹਟਾਕੇ ਭੈਂਸਾਂ (ਮੱਝਾਂ) ਵਾੜ ਦਿੱਤੀਆਂ ਮੱਲੋਜੋਰੀ। ੧੬. ਪੁਨਹ. ਫਿਰ. "ਬਾਰ ਬਾਰ ਹਰਿ ਕੇ ਗੁਨ ਗਾਵਉ." (ਗਉ ਬਾਰ ੭. ਕਬੀਰ) ਇਸ ਥਾਂ ਬਾਰ ਪਦ ਦੇ ਅਰਥ ਹਨ ਹਰੇਕ ਵਾਰ ਵਿੱਚ ਬਾਰੰਬਾਰ। ੧੭. ਸੰ. ਵਾਰ ਦਿਨ. ਸੋਮ, ਮੰਗਲ ਆਦਿ ਦਿਨ. ਦੇਖੋ, ਬਾਰ ੧੬. ਦਾ ਉਦਾਹਰਣ। ੧੮. ਆਸ਼੍ਰਯ. ਅਸਥਾਨ। ੧੯. ਫ਼ਾ. بار ਬੋਝ. ਭਾਰ। ੨੦. ਫਲ। ੨੧. ਦਰਬਾਰ ਸਭਾ। ੨੨ ਪ੍ਰਵੇਸ਼. ਦਖ਼ਲ। ੨੩ ਅਰਜੀ. ਅਰਦਾਸ। ੨੪ ਫਸੀਲ. ਗ੍ਰਾਮ ਆਦਿ ਦਾ ਵਲਗਣ। ੨੫ ਭੋਜਨ। ੨੬ ਕਰਤਾਰ. ਖੁਦਾ। ੨੭ ਸ਼ੋਕ. ਰੰਜ। ੨੮ ਮੂਲ ਕਾਰਣ. "ਬਾਰੰਬਾਰ ਬਾਰ ਪ੍ਰਭੁ ਜਪੀਐ." (ਸੁਖਮਨੀ) ੨੯ ਸਿੰਧੀ. ਖਲਹਾਨ ਵਿੱਚ ਅੰਨ ਦਾ ਢੇਰ। ੩੦ ਦਰਿਆ ਦਾ ਡੂੰਘਾ ਥਾਂ। ੩੧ ਇਹ ਸ਼ਬਦ ਦੇ ਅੰਤ ਲੱਗਕੇ ਵਰਸਾਉਣ ਵਾਲਾ ਅਰਥ ਦਿੰਦਾ ਹੈ, ਜੈਸੇ- ਗੌਹਰਬਾਰ (ਮੋਤੀ ਬਰਸਾਉਣ ਵਾਲਾ)

ਬਾਜਤ ਬਧਾਈ ਆਜ ਕਾਲੂ ਬੇਦੀ ਬਰ ਘਰ,

ਤਾਂਕੀ ਧੁਨਿ ਧਮਕ ਧਸੀ ਹੈ ਪਰੁ ਬਾਰ ਬਾਰ,

ਦੇਨ ਕੋ ਬਧਾਈ ਧਾਈ ਧਾਈ ਸੁ ਲੁਗਾਈ ਆਵੈਂ

ਮਾਈ ਔਰ ਧਾਈ ਧਾਈ ਹਰਖ ਸੋਂ ਬਾਰ ਬਾਰ,

ਬਿਗਸ ਬਿਗਸ ਬੇਦੀਬੰਸ ਬਾਰੇ ਬਾਰੇ ਬੂਢੇ,

ਬਖਸੀਸੈਂ ਬਖਸੈਂ ਬਤੀਸਰਨ ਬਾਰ ਬਾਰ,

ਬਿਪ੍ਰਨ ਪੈ ਬਸੁ ਬਹੁ ਬਰਸੇ ਸੁ ਬੇਦਿ ਬਰ,

ਬੰਦਿਨ ਪੈ ਬਸਨਾਦਿ ਬਾਲਕ ਪੈ ਬਾਰ ਬਾਰ.

(ਰਤਨਹਰੀ)

ਯਾਰ ਧਨ ਤਨ ਮਨ ਗੋਬਿੰਦ ਮ੍ਰਿਗਿੰਦ ਪਾਂਹਿ,

ਬੈਰਿਨ ਕੋ ਬਾਰ ਬਾਰਿ ਹਿੰਦਨ ਕੀ ਬਾਰ ਕੀ,

ਬਾਰ ਥੀ ਉਮਰ ਬਾਰ ਬੈਰਿਨ ਕੇ ਪਠਜੋ ਬਾਪ,

ਬਾਰ ਦੀਨੋ ਸੀਸ ਹਿਤ ਦੇਸ਼ ਸਮ ਬਾਰ ਕੀ,

ਬਾਰ ਬਾਰ ਚਾਰ ਨਾਉ ਕੌਮ ਕੀ ਉਬਾਰ ਲੀਨੀ,

ਬੂਡਤੀ ਥੀ ਬਾਰ ਨਾ ਲਗਾਈ ਬਾਰ ਬਾਰ ਕੀ,

ਬਾਰ ਤੋਂ ਅਨੇਕ ਬਾਰ ਚੂਕਤ ਅਚੂਕ ਪਿਤਾ!

ਹੂਜੀਓ ਕ੍ਰਿਪਾਲ ਮੇਰੀ ਬਾਰ ਕੇਹੀ ਬਾਰ ਕੀ?

(ਮੁਨਸ਼ਾ ਸਿੰਘ)

ਬਾਰ ਅਰਿ: ਸੰਗਜਾ- ਵਾਰਿ (ਜਲ) ਦਾ ਵੈਰੀ ਪਵਨ, ਹਵਾ ਪਾਣੀ ਨੂੰ ਸੋਖ ਲੈਂਦੀ ਹੈ. (ਸਨਾਮਾ)

ਬਾਰ ਅਰਿ ਤਨੁਜ ਸੂਤ ਅਰਿ: (ਸੁਨਾਮਾ) ਜਲ ਦਾ ਵੈਰੀ ਪਵਨ, ਉਸ ਦਾ ਪੁਤ੍ਰ ਭੀਮਸੇਨ, ਉਸ ਦਾ ਛੋਟਾ ਭਾਈ ਅਰਜੁਨ, ਉਸ ਦਾ ਸੂਤ (ਰਥਵਾਹੀ) ਕ੍ਰਿਸ਼ਨ, ਉਸ ਦਾ ਵੈਰੀ ਤੀਰ. ਕ੍ਰਿਸ਼ਨ ਜੀ ਦਾ ਦੇਹਾਂਤ ਜਰਫੰਧਕ ਦੇ ਤੀਰ ਨਾਲ ਹੋਇਆ ਸੀ.

ਬਾਰਸ਼: ਫ਼ਾ. بارش ਬਾਰਿਸ਼. ਸੰਗਜਾ- - ਵ੍ਰਿਸ਼੍ਟਿ. ਮੀਂਹ। ੨. ਦੇਖੋ, ਬਾਰਸਿ.

ਬਾਰਸਿ: ਸੰਗਜਾ- ਚੰਦ੍ਰਮਾ ਦੀ ਬਾਰ੍ਹਵੀਂ ਤਿਥਿ. ਦ੍ਵਾਦਸ਼ੀ. "ਬਾਰਸਿ ਬਾਰਹ ਉਗਵੈ ਸੂਰ." (ਗਉ ਥਿਤੀ ਕਬੀਰ) ਬਾਰਾਂ ਸੂਰਜ ਦੇ ਪ੍ਰਕਾਸ਼ ਤੋਂ ਭਾਵ ਆਤਮਗਜਾਨ ਦਾ ਚਮਤਕਾਰ ਹੈ.

ਬਾਰਸੀ: ਬੰਬਈ ਦੇ ਇਲਾਕੇ ਜ਼ਿਲਾ ਸ਼ੋਲਾਪੁਰ ਦਾ ਇੱਕ ਨਗਰ. ਦੇਖੋ, ਨਾਮਦੇਵ.

ਬਾਰਹ: ਵਿ- ਦੋ ਅਤੇ ਦਸ. ਦ੍ਵਾਦਸ਼. ੧੨। ੨. ਬਾਰਹ ਸੰਖਜਾ ਬੋਧਕ. "ਬਾਰਹ ਮਹਿ ਜੋਗੀ ਭਰਮਾਏ." (ਸਿਧਗੋਸਟਿ) ਬਾਰਾਂ ਪੰਥਾਂ ਵਿੱਚ ਯੋਗੀ ਭਰਮਦੇ ਹਨ. ਯੋਗੀਆਂ ਦੇ ਬਾਰਾਂ ਪੰਥ ਇਹ ਹਨ- ਹੇਤੁ, ਪਾਵ, ਆਈ, ਗਮਜ, ਪਾਗਲ, ਗੋਪਾਲ, ਕੰਥੜੀ, ਬਨ, ਧ੍ਵਜ, ਚੋਲੀ, ਰਾਵਲ ਅਤੇ ਦਾਸ ਪੰਥ. "ਬਾਰਹ ਮਹਿ ਰਾਵਲ ਖਪਿ ਜਾਵਹਿ." (ਪ੍ਰਭਾ ਮਃ ੧) ੩. ਬਾਰਾਂ ਵਾਰ ਓਅੰ ਮੰਤ੍ਰ ਦਾ ਜਾਪ. "ਬਾਰਹ ਲੇ ਉਰਿ ਧਰਿਆ." (ਰਾਮਕਬੀਰ) ੪. ਫ਼ਾ. بارہ ਕਿਲਾ. ਦੁਰਗ। ੫. ਵਜ- ਬਾਬਤ. ਵਿਸ਼ਯ। ੬. ਦਫ਼ਅ਼ਹ. ਵਾਰੀ.

ਬਾਰਹਸਿੰਗਾ: ਦੇਖੋ, ਝੰਖਾਰ.

ਬਾਰਹਖੜੀ: ਸੰਗਜਾ- ਬਾਰਹ- ਅਕ੍ਸ਼ਰੀ. ਦ੍ਵਾਦਸ਼ਾਕ੍ਸ਼ਰੀ. ਮਾਤ੍ਰਾ ਰੂਪ ਬਾਰਾਂ ਸ੍ਵਰਾਂ ਨਾਲ ਵਜੰਜਨ ਅੱਖਰ ਲਗਣ ਤੋਂ ਬਣੀ ਹੋਈ ਬਾਰਾਂ ਅੱਖਰਾਂ ਦੀ ਪੰਕਤਿ.

ਅ ਆ ਇ ਈ ਉ ਊ ਏ ਐ ਓ ਔ ਅੰ ਅਃ[875]

ਸ ਸਾ ਸਿ ਸੀ ਸੁ ਸੂ ਸੇ ਸੈ ਸੋ ਸੌ ਸੰ. ਸਃ ×××

ਬਾਰਹ ਤਿਲਕ: ਦੇਖੋ, ਬਾਰਹਿ ਤਿਲਕ.

ਬਾਰਹ ਦਰੀ: ਸੰਗਜਾ- ਬਾਰਾਂ ਦਰਵਾਜਿਆਂ ਵਾਲੀ ਬੈਠਕ.

ਬਾਰਹ ਪੰਥ: ਦੇਖੋ, ਬਾਰਹ ੨.

ਬਾਰਹ ਬਫ਼ਾਤ: ਦੇਖੋ, ਬਾਰਹ ਵਫਾਤ.

ਬਾਰਹ ਬਾਟ: ਵਿ- ਛਿੰਨ. ਤਿੰਨ ਤਿਤਰ ਬਿਤਰ. "ਏਕੁ ਕਬੀਰਾ ਨਾ ਮੁਸੈ, ਜਿਨਿ ਕੀਨੀ ਬਾਰਹ ਬਾਟ." (ਸ. ਕਬੀਰ) ਕਬੀਰ ਨੇ ਮਾਯਾ ਨੂੰ ਛਿੰਨ ਭਿੰਨ ਕਰ ਦਿੱਤਾ ਹੈ। ੨. ਮਾਯਾ ਦੇ ਬਾਰਾਂ ਭਾਗ ਕਈਆਂ ਨੇ ਇਹ ਭੀ ਕਲਪੇ ਹਨ- ਮੋਹ, ਦੀਨਤਾ, ਭਯ,

---

[875] ਬਹੁਤ ਅਸਾਣ ਲਿਖਾਰੀਆਂ ਨੇ ਅੰਤ ਦੀ ਮਾਤ੍ਰਾ ਆਂ ਸਾਂ ਆਦਿਕ ਲਿਖੀ ਹੈ, ਜੋ ਭੁੱਲ ਹੈ. ਕਿਉਂਕਿ ਕੰਨਾ ਅਤੇ ਟਿੱਪੀ ਪਹਿਲਾਂ ਮੌਜੂਦ ਹਨ, ਇਨ੍ਹਾਂ ਨੂੰ ਇਕੱਠਿਆਂ ਕਰਕੇ ਲਿਖਣਾ ਨਵੀਂ ਮਾਤ੍ਰਾ ਨਹੀਂ ਹੋ ਸਕਦੀ.

ਰ੍ਹਾਸ (ਘਟਾਉ) ਹਾਨੀ, ਗਲਾਨਿ, ਕੁਧਾ, ਤ੍ਰਿਖਾ, ਮਿਤ੍ਯੁ, ਕ੍ਸ਼ੋਭ, ਝੂਠ ਅਤੇ ਅਪਕੀਰਤਿ.

ਬਾਰਹਬਾਨੀ, ਬਾਰਹਬੰਨੀ: ਬਾਰਾਂ ਵਾਰ ਵੰਨ੍ਹੀ (ਅੱਗ) ਵਿੱਚ ਤਾਉ ਦੇਕੇ ਨਿਖਾਰਿਆ ਹੋਇਆ. ਭਾਵ- ਅਤਿ ਸ਼ੁੱਧ. "ਤਾਉ ਕਸੌਟੀ ਉਤਰਜੋ ਪੂਰਾ। ਬਾਰਹ- ਬੰਨੀ ਭਯੋ ਸੁ ਸੂਰਾ." (ਨਾਪ੍ਰ)

ਬਾਰਹ ਮਹਿਰਾਵਲ: ਦੇਖੋ, ਬਾਰਹ ੨. ਅਤੇ ਰਾਵਲ.

ਬਾਰਹਮਾਸ, ਬਾਰਹਮਾਹ: ਬਾਰਾਂ ਮਹੀਨੇ. ਚੇਤ੍ਰ (ਚੈਤ੍ਰ), ਵੈਸਾਖ, ਜੇਠ (ਜ੍ਯੈਸ਼੍ਠ) ਹਾੜ੍ਹ, (ਆਸ਼ਾਢ), ਸਾਉਣ (ਸ਼੍ਰਾਵਣ), ਭਾਦੋਂ (ਭਾਦ੍ਰਪਦ), ਅੱਸੂ (ਆਸ਼੍ਵਿਨ), ਕੱਤਕ (ਕਾਰ੍ਤਿਕ), ਮੱਘਰ (ਮਾਰ੍ਗਸ਼ੀਰ੍ਸ਼), ਪੋਹ (ਪੌਸ਼), ਮਾਘ ਅਤੇ ਫੱਗੁਣ (ਫਾਲ੍ਗੁਨ).

ਬਾਰਹਮਾਹਾ: ਵਿ- ਬਾਰਾਂ ਮਹੀਨਿਆਂ ਵਿੱਚ ਹੋਣ ਵਾਲਾ। ੨. ਸੰਗਜਾ- ਓਹ ਕਾਵ੍ਯ, ਜਿਸ ਵਿੱਚ ਬਾਰਾਂ ਮਹੀਨਿਆਂ ਦਾ ਵਰਣਨ ਹੋਵੇ. ਮਾਝ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦੀ ਰਚਨਾ, ਤੁਖਾਰੀ ਵਿਚ ਜਗਤਗੁਰੂ ਨਾਨਕ ਸ੍ਵਾਮੀ ਦਾ ਮਨੋਹਰ ਕਾਵ੍ਯ, ਅਤੇ ਦਸਮਗ੍ਰੰਥ ਦੇ ਕ੍ਰਿਸ਼ਨਾਵਤਾਰ ਵਿੱਚ ਬਾਰਹਮਾਹੇ ਦੇਖੇ ਜਾਂਦੇ ਹਨ. ਸੰਮਤ ੧੯੭੭ ਵਿੱਚ ਪ੍ਰੇਮੀ ਵੀਰਸਿੰਘ ਨੇ ਅਰਿੱਲ ਅਤੇ ਰੂਪਚੌਪਾਈ ਛੰਦ ਵਿਚੋਂ ਇੱਕ ਬਾਰਹਮਾਹਾ ਰਚਿਆ ਹੈ, ਜਿਸ ਦੀ ਰਹਾਉ (ਟੇਕ) ਦੀ ਤੁਕ ੯. ਮਾਤ੍ਰਾ ਦੀ ਹੈ ਅਤੇ ਮਹੀਨੇ ਦੇ ਅੰਤ ਦਾ ਚਰਣ ੪੦ ਮਾਤ੍ਰਾ ਦਾ ਹੈ, ਜਿਸ ਦੇ ਬਿਸ਼੍ਰਾਮ ੧੩- ੧੬- ੧੧ ਮਾਤ੍ਰਾ ਪੁਰ ਹਨ.

ਉਦਾਹਰਣ-

ਚੜ੍ਹੇ ਵਿਸਾਖ ਵਰਮ ਨਹਿ ਜਾਂਦਾ,

ਦਹ ਦਿਸ ਵੇਖਾਂ ਪੰਥ ਗੁਰਾਂ ਦਾ,

ਕੂੰਜਾਂ ਵਾਂਝ ਫਿਰਾਂ ਕੁਰਲਾਂਦਾ,

ਮੇਲੀਂ ਮਹਿਰਮਕਾਰ ਦਿਲਾਂ ਦਾ,

ਪਲ ਪਲ ਬੀਤੇ ਸੈ ਵਰ੍ਹਿਆਂ ਦਾ,

ਗੁਰੁ ਤੇ ਵੀਰ ਸਿੰਘ ਬਲਿਹਾਰੀ,

ਗੁਰੁ ਗੋਬਿੰਦ ਸਿੰਘ ਹਰਿ ਔਤਾਰੀ,

ਸਤਗੁਰੁ ਮਾਨ ਮੁਕੰਦ ਮੁਰਾਰੀ,

ਸਾਨੂੰ ਦਰਸਨ ਦੇ ਇਕ ਵਾਰੀ,

ਜੁਗ ਜੁਗ ਜੀਵਨ ਕੇਸਾਧਾਰੀ,

ਮੇਰੇ ਬਖਸ਼ੀਂ ਔਗੁਣ ਭਾਰੀ, ਤਾਣ ਰਖੀਂਵਦਾ,

ਫੁਨ ਹਰੀ ਸੁ ਹਰਿ ਦੀ ਸਰਣ,

ਗੁਬਿੰਦ ਸਿੰਘ ਕ੍ਰੋੜ ਬ੍ਰਿੰਦ ਅਘਹਰਣ,

ਜੁਗੋਜੁਗ ਜਾਣੀਏ.

ਬਾਰਹ ਮਿਸਲਾਂ: ਦੇਖੋ, ਬਾਰਾਂ ਮਿਸਲਾਂ.

ਬਾਰਹ ਰਾਸ਼ਿ, ਬਾਰਹ ਰਾਸ਼ੀ: ਨਕ੍ਸ਼ਤ੍ਰਾਂ ਦੇ ਬਾਰਾਂ ਝੁੰਡ (ਬੁਰਜ). ਮੇਸ਼ ਵ੍ਰਿਸ਼, ਮਿਥੁਨ, ਕਰਕ, ਸਿੰਹ, ਕਨ੍ਯਾ, ਤੁਲਾ, ਵ੍ਰਿਸ਼੍ਚਿਕ, ਧਨੁ, ਮਕਰ, ਕੁੰਭ ਅਤੇ ਮੀਨ. Aries, Taurus, Gemini, Cancer, Leo, Virgo, Libra, Scorpio,

Sagittarius, Capricorns, Aquarius Pisces.

ਇਕ ਰਾਸਿ ਨੂੰ ਇੱਕ ਮਹੀਨੇ ਵਿੱਚ ਲੰਘਕੇ ਜਦ ਸੂਰਜ ਦੂਜੀ ਰਾਸਿ ਤੇ ਪੁਜਦਾ ਹੈ, ਉਸਨੂੰ "ਸੰਕ੍ਰਾਂਤਿ" ਆਖਦੇ ਹਨ.

ਬਾਰਹ ਵਫ਼ਾਤ: ਰਬੀਉਲ ਅੱਵਲ ਦੀ ਬਾਰ੍ਹਵੀਂ ਤਿਥਿ, ਜੋ ਮੁਹੰਮਦ ਸਾਹਿਬ ਦੀ ਵਫ਼ਾਤ (ਮ੍ਰਿਤ੍ਯੁ) ਦਾ ਦਿਨ ਹੈ. ਇਹ ਦਿਨ ਖ਼ਾਸ ਕਰਕੇ ਹਿੰਦੁਸਤਾਨ ਵਿੱਚ ਮੁਸਲਮਾਨ ਬਹੁਤ ਮਨਾਉਂਦੇ ਹਨ. ਵਹਾਬੀ ਇਸ ਦਾ ਮਨਾਉਣਾ ਅਯੋਗ ਸਮਝਦੇ ਹਨ.

ਬਾਰਹਾ: ਵਿ- ਬਾਰਹ ਬੰਨੀ ਦਾ. ਖਾਲਿਸ. "ਬਾਹਰਿ ਕੰਚਨ ਬਾਰਹਾ, ਬੀਤਰਿ ਭਰੀ ਭੰਗਾਰ." (ਸ. ਕਬੀਰ) ੨. ਫ਼ਾ. بارہا ਕਈ ਵੇਰ. ਅਨੇਕ ਵਾਰ। ੩. ਸੰ. ਬਾਂਹਿਨ. ਪੰਖਧਰ, ਪਰਾਂਵਾਲਾ. "ਬਿਸਿਖ ਬਾਰਹਾ ਬਾਨ." (ਸਨਾਮਾ)

ਬਾਰਹਿ: ਦੇਖੋ, ਬਾਰਹ.

ਬਾਰਹਿ ਤਿਲਕ: ਵੈਸ਼ਨਵ ਲੋਕ ਸ਼ਰੀਰ ਦੇ ਇਨ੍ਹਾਂ ਬਾਰਾਂ ਅੰਗਾਂ ਪੁਰ ਤਿਲਕ ਕਰਦੇ ਹਨ- ਮੱਥਾ, ਕੰਠ, ਉਦਰ, ਛਾਤੀ, ਦੋ ਕੁੱਖਾਂ, ਦੋ ਬਾਹਾਂ, ਦੋ ਕੰਨ੍ਹੇ, ਪਿੱਠ ਅਤੇ ਕਮਰ ਪੁਰ. ਦੇਖੋ, ਤਿਲਕ ਸ਼ਬਦ. "ਬਾਰਹਿ ਤਿਲਕ ਮਿਟਾਇਕੈ, ਗੁਰਮੁਖ ਤਿਲਕ ਨੀਸਾਣ ਚੜ੍ਹਾਯਾ." (ਭਾਗੁ)

ਬਾਰਹਿ ਪੰਥ: ਦੇਖੋ, ਬਾਰਹ ੨। ੨. ਚਾਰ ਵਰਣ, ਚਾਰ ਆਸ਼੍ਰਮ, ਚਾਰ ਇਸਲਾਮੀ ਫਿਰਕੇ. "ਬਾਰਹਿ ਪੰਥ ਇਕਤ੍ਰ ਕਰ ਗੁਰਮੁਖ ਗਾਡੀਰਾਹ ਚਲਾਯਾ." (ਭਾਗੁ)

ਬਾਰਹਿ ਬਾਟ: ਦੇਖੋ. ਬਾਰਹ ਬਾਟ.

ਬਾਰਹਿ ਬੰਨੀ: ਦੇਖੋ, ਬਾਰਹ ਬੰਨੀ.

ਬਾਰਹਿਮਾਹ, ਬਾਰਹਿਮਾਹਾ: ਦੇਖੋ, ਬਾਰਹਮਾਹ ਅਤੇ ਬਾਰਹਮਾਹਾ.

ਬਾਰਹਿ ਵੰਨੀ: ਦੇਖੋ, ਬਾਰਹ ਬੰਨੀ.

ਬਾਰਕ: ਦੇਖੋ, ਬਾਲਕ। ੨. ਅੰ. Barrack. ਫੌਜੀਆਂ ਦੀ ਕੋਠੜੀਆਂ ਦੀ ਕਤਾਰ.

ਬਾਰਗਾਹ: ਫ਼ਾ. بارگاہ ਸੰਗਜਾ- ਦੀਵਾਨਖ਼ਾਨਹ। ੨. ਕਚਹਰੀਘਰ.

ਬਾਰਗੀ: ਫ਼ਾ. بارگی ਸੰਗਜਾ- ਘੋੜਾ। ੨. ਤਾਕਤ. ਮਲ। ੩. ਵੇਸ਼ਜਾ. ਕੰਚਨੀ.

ਬਾਰਗੀਰ: ਫ਼ਾ. بارگیر ਸੰਗਜਾ- ਘੋੜਾ ਰੱਖਣ ਵਾਲਾ. ਘੋੜੇ ਦਾ ਸਾਈਸ। ੨. ਉਹ ਸਵਾਰ, ਜੋ ਕਿਸੇ ਦੂਜੇ ਦੇ ਥਾਂ ਕੰਮ ਕਰਦਾ ਹੋਵੇ. ਪੁਰਾਣੇ ਜ਼ਮਾਨੇ ਵਿੱਚ ਵੱਡੇ ਰਈਸ ਆਪਣੇ ਮਾਤਹਿਤ ਸਰਦਾਰਾਂ ਤੋਂ ਜੋ ਸਵਾਰ ਸੇਵਾ ਲਈ ਲੈਂਦੇ ਸਨ ਉਨ੍ਹਾਂ ਦੀ "ਬਾਰਗੀਰ" ਸੰਗਜਾ ਸੀ। ੩. ਭਾਰ ਢੋਣ ਵਾਲਾ ਕੁਲੀ ਜਾਂ ਪਸ਼ੂ.

ਬਾਰਜ: ਦੇਖੋ, ਬਾਰਿਜ.

ਬਾਰਠ: ਗੁਰਦਾਸਪੁਰ ਦੇ ਜਿਲੇ, ਪਠਾਨਕੋਟ ਦੇ ਥਾਣੇ ਵਿਚ ਡੇਰਾ ਬਾਬਾ ਨਾਨਕ ਤੋਂ ੧੯. ਕੋਹ ਉੱਤਰ ਪੂਰਵ ਇੱਕ ਪਿੰਡ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਦੇ ਵਡੇ ਸਪੁਤ੍ਰ ਬਾਬਾ ਸ਼੍ਰੀ ਚੰਦ ਜੀ ਨਿਵਾਸ ਕਰਦੇ ਸਨ. ਇੱਥੇ ਪੰਜਵੇਂ ਅਤੇ ਛੀਵੇਂ ਸਤਿਗੁਰੂ ਦਾ ਭੀ ਬਾਵਲੀਸਾਹਿਬ ਨਾਮਕ ਇੱਕੋ ਗੁਰਦ੍ਵਾਰਾ ਹੈ. ਬਾਬਾ ਸ਼੍ਰੀਚੰਦ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਵਡਾ ਸੁਪੁਤ੍ਰ ਬਾਬਾ ਗੁਰਦਿੱਤਾ ਜੀ ਇਸੇ ਥਾਂ ਅਰਪਣ ਕੀਤਾ ਸੀ. ਦੇਖੋ, ਉਦਾਸੀ।

ਬਾਬਾ ਸ਼੍ਰੀਚੰਦ ਜੀ ਦੇ ਅਸਥਾਨ ਨਾਲ ੫੦ ਘੁਮਾਉਂ ਜਮੀਨ ਸਿੱਖਰਾਜ ਸਮੇਂ ਦੀ ਹੈ. ਪੁਜਾਰੀ ਉਦਾਸੀ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ.

ਬਾਵਲੀ ਸਾਹਿਬ (ਜੋ ਤਾਲ ਦੀ ਸ਼ਕਲ ਦੀ ਹੈ), ਉਸ ਪਾਸ ਗੁਰੂ ਅਰਜਨਦੇਵ ਜੀ ਦੀ ਯਾਦਗਾਰ ਵਿੱਚ ਪੱਕਾ ਦਮਦਮਾ ਬਣਿਆ

ਹੋਇਆ ਹੈ, ਜਿਸ ਨਾਲ ਛੀ ਘੁਮਾਉਂ ਦਾ ਬਾਗ ਹੈ. ਪੁਜਾਰੀ ਸਿੰਘ ਹੈ.

ਰੇਲਵੇ ਸਟੇਸ਼ਨ ਸਰਨਾ ਤੋਂ ਬਾਰਠ ਤਿੰਨ ਮੀਲ ਉੱਤਰ ਪੱਛਮ ਹੈ.

ਬਾਰਣ: ਸੰ. ਵਾਰਣ. ਸੰਗਯਾ- ਰੋਕਣ (ਵਰਜਣ) ਦੀ ਕ੍ਰਿਯਾ। ੨. ਕਵਚ. ਸੰਜੋਆ. ਬਕਤਰ। ੩. ਹਾਥੀ। ੪. ਦੇਖੋ, ਛੱਪਯ ਦਾ ਰੂਪ ੧੩. ਗੁਰੁਛੰਦਦਿਵਾਕਰ ਵਿੱਚ.

ਬਾਰਣਇੰਦ: ਸੰਗਯਾ- ਵਾਰਣ (ਹਾਥੀਆਂ) ਦਾ ਇੰਦ੍ਰ. ਗਜਰਾਜ. ਐਰਾਵਤ.

ਬਾਰਣਰਿਪੁ, ਬਾਰਣਾਰਿ: ਸੰਗਯਾ- ਵਾਰਣ (ਹਾਥੀ) ਦਾ ਵੈਰੀ ਸ਼ੇਰ. (ਸਨਾਮਾ) ੨. ਹਾਥੀ ਦਾ ਵੈਰੀ ਤੀਰ. (ਸਨਾਮਾ)

ਬਾਰਣੀ: ਸੰਗਯਾ- ਵਾਰਣ (ਹਾਥੀਆਂ) ਦੀ ਸੈਨਾ. ਗਜਸੇਨਾ. (ਸਨਾਮਾ) ੨. ਦੇਖੋ, ਬਾਰੁਣੀ। ੩. ਵਿ- ਵਾਰਣ (ਹਟਾਉਣ) ਵਾਲੀ. "ਬਾਰਣੀ ਸਰਬ ਸਸਤ੍ਰ." (ਚੰਡੀ ੨)

ਬਾਰਣੀਸ: ਵਿ- ਵਾਰਣ (ਹਾਥੀਆਂ) ਦਾ ਈਸ਼ (ਰਾਜਾ) ੨. ਸੰਗਯਾ- ਐਰਾਵਤ. (ਸਨਾਮਾ)

ਬਾਰਣੀਰਿਪੁ: ਸੰਗਯਾ- ਵਾਰਣ (ਹਾਥੀਆਂ) ਦੀ ਸੈਨਾ ਦੀ ਵੈਰਣ, ਤੋਪ, ਬੰਦੂਕ, (ਸਨਾਮਾ)

ਬਾਰਣੇਸ: ਸੰਗਯਾ- ਵਾਰਣ- ਈਸ਼. ਐਰਾਵਤ. "ਮਨੋ ਬਾਰਣੇਸੰ ਚੜੇ ਇੰਦ੍ਰ ਲਾਜੈਂ." (ਚਰਿਤ੍ਰ ੪੦੫)

ਬਾਰਣੈ: ਦੇਖੋ, ਬਾਰਨੈ.

ਬਾਰਤਰੰਗ: ਦੇਖੋ, ਬਾਰਿਤਰੰਗ.

ਬਾਰਤਾ: ਦੇਖੋ, ਵਾਰਤਾ. "ਕਥਾ ਬਾਰਤਾ ਕਹਤੇ." (ਆਸਾ ਕਬੀਰ)

ਬਾਰਦ: ਸੰਗਯਾ- ਵਾਰਿ- ਦ. ਮੇਘ. ਦੇਖੋ, ਵਾਰਿਦ. "ਬਾਰਦ ਜਯੋਂ ਬਰਸਤ ਰਹੈ ਜਸ ਅੰਕੁਰ ਜਿਹ ਹੋਇ। ਬਾਰਦ ਸੋ ਬਾਰਦ ਨਹੀਂ ਤਾਹਿ ਬਤਾਵਹੁ ਕੋਈ." (ਸਨਾਮਾ) ਮੇਘ ਦੀ ਤਰਾਂ ਵਰਖਾ ਕਰਦਾ ਹੈ, ਜਿਸ ਤੋਂ ਯਸ਼ਰੂਪ ਅੰਕੁਰ (ਡੰਘੂਰ) ਪੈਦਾ ਹੁੰਦਾ ਹੈ. ਰਦ (ਦੰਦਾਂ) ਸਹਿਤ ਹੈ ਅਤੇ ਬਾਰਿਦ (ਸੀਤਲ) ਨਹੀਂ, ਦੱਸੋ ਕੀ ਹੈ? ਉੱਤਰ- ਤੀਰ। ੨. ਅ਼. بارد ਬਾਰਿਦ. ਸੀਤਲ. ਠੰਢਾ। ੩. ਬਾਰਦ. ਬਰਸਦਾ ਹੈ.

ਬਾਰਦਨਾਦ: ਦੇਖੋ, ਬਾਰਿਦਨਾਦ.

ਬਾਰਦੀ: ਸੰਗਯਾ- ਬਰਦ (ਬੈਲ) ਵਾਲਾ, ਸ਼ਿਵ, ਬੈਲ ਦਾ ਸਵਾਰ ਮਹਾਦੇਵ, "ਬਾਰਦੀ ਡੰਕ ਡੌਰੂ ਬਜਾਏ." (ਚੰਡੀ ੨)

ਬਾਰਧ: ਦੇਖੋ, ਬਾਰਿਧ.

ਬਾਰਧਨੀ: ਦੇਖੋ, ਬਾਰਿਧਨੀ.

ਬਾਰਧ ਰੱਇਯਾ, ਬਾਰਧ ਰੈਯਾ: ਸੰਗਯਾ- ਵਾਰਿ (ਜਲ) ਧਾਰਨ ਵਾਲੇ ਜੋ ਤਾਲ ਆਦਿ ਹਨ, ਉਨ੍ਹਾਂ ਦਾ ਰਾਜਾ, ਸਮੁੰਦਰ। ੨. ਵਰੁਣ ਦੇਵਤਾ.

ਬਾਰਨ: ਦੇਖੋ, ਬਾਰਣ.

ਬਾਰਨਾ: ਕ੍ਰਿ- ਹਟਾਉਣਾ. ਵਾਰਣ ਕਰਨਾ. ਵਰਜਣਾ। ੨. ਬਾਲਣਾ. ਜਲਾਉਣਾ. "ਕਟਿਓ ਨ ਕਟੈ ਬਾਰਯੋ ਬਰਾਇ." (ਗ੍ਯਾਨ)

" नैनं छिन्दन्ति शस्त्राणि नैनं दहति पावकः"

(ਗੀਤਾ ਅਃ ੨. ਸ਼੍ਹ ੨੩)

੩. ਕੁਰਬਾਨ ਕਰਨਾ. ਨਿਛਾਵਰ ਕਰਨਾ. ਦੇਖੋ, ਬਾਰਨੈ ਅਤੇ ਵਾਰਨਾ। ੪. ਸੰਗਯਾ- ਜਿਲਾ ਕਰਨਾਲ, ਤਸੀਲ ਥਾਣਾ ਥਾਨੇਸਰ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਪੰਡਾਰਸੀ ਤੋਂ ਦੋ ਮੀਲ ਦੱਖਣ ਪੂਰਵ ਹੈ. ਇਸ ਪਿੰਡ ਦੇ ਵਿੱਚ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦੁਆਰਾ ਹੈ ਗੁਰੂ ਜੀ ਪਹੋਏ ਤੋਂ ਕੁਰਕ੍ਸ਼ੇਤ੍ਰ ਜਾਂਦੇ ਇੱਥੇ ਵਿਰਾਜੇ ਹਨ. ਗੁਰਦੁਆਰਾ ਸੁੰਦਰ ਉੱਚਾ ਬਣਿਆ ਹੋਇਆ ਹੈ, ਇਸ ਦੀ ਸੇਵਾ ਭਾਈ ਉਦਯਸਿੰਘ ਕੈਥਲਪਤਿ ਨੇ ਕਰਾਈ ਸੀ. ਪੁਜਾਰੀ ਅਕਾਲੀ ਸਿੰਘ ਹੈ. ਨਾਲ ੧੦. ਵਿੱਘੇ ਜ਼ਮੀਨ ਪਿੰਡ ਵੱਲੋਂ ਹੈ.

ਬਾਰਨਾਰ, ਬਾਰਨਾਰਿ: ਸੰ. ਵਾਰਨਾਰੀ. ਸੰਗਯਾ- ਵੇਸ਼ਯਾ. ਕੰਚਨੀ ਵਾਰ (ਸਮੁਦਾਯ) ਦੀ ਇਸਤ੍ਰੀ. ਬਹੁਤਿਆਂ ਦੀ ਤੀਮੀ. "ਭਜੈਂ ਬਾਰਨਾਰੰ." (ਕਲਕੀ)

ਬਾਰਨੀ: ਦੇਖੋ, ਬਾਰਣੀ ਅਤੇ ਬਾਰੁਣੀ.

ਬਾਰਨੈ: ਕੁਰਬਾਨ. ਬਲਿਹਾਰ. "ਬਾਰਨੈ ਬਲਿਹਾਰਨੈ ਲਖ ਬਰੀਆ." (ਗਉ ਮਃ ੫)

ਬਾਰਪਤਿ, ਬਾਰਪਤੀ: ਸੰਗਯਾ- ਵਾਰਿ (ਜਲ) ਦਾ ਸ੍ਵਾਮੀ, ਵਰੁਣ. "ਬਾਰ ਬਿਖੈ ਇਕ ਬਾਰ ਕਿਯੋ ਬਪੁ ਆਨ ਖਰਾ ਪਤਿਬਾਰ ਅਗਾਰੀ." (ਨਾਪ੍ਰ) ਜਲ ਵਿੱਚ ਇੱਕ ਵਾਰ ਸ਼ਰੀਰ ਜਦ ਕੀਤਾ, ਤਦ ਵਰੁਣ ਸਾਮ੍ਹਣੇ ਆ ਖੜਾ ਹੋਇਆ.

ਬਾਰਬਧੂ: ਸੰਗਯਾ- ਵਾਰ ਵਧੂ. ਵੇਸ਼ਯਾ. ਕੰਚਨੀ. ਦੇਖੋ, ਬਾਰਨਾਰਿ ਅਤੇ ਵਾਰ ਵਧੂ.

ਬਾਰਬਰਜਨੀ: ਸੰਗਯਾ- ਵੈਰੀ ਦਾ ਵਾਰ (ਪ੍ਰਹਾਰ) ਵਰਜਣ (ਰੋਕਣ) ਵਾਲੀ, ਢਾਲ. (ਸਨਾਮਾ) ੨. ਤਲਵਾਰ, (ਸਨਾਮਾ)

ਬਾਰਬਾਰ: ਸੰ. ਵਾਰੰਵਾਰ. ਕ੍ਰਿ. ਵਿ- ਪੁਨਹ ਪੁਨਹ. ਫਿਰ ਫਿਰ. "ਬਾਰ ਬਾਰ ਹਰਿ ਕੇ ਗੁਨ ਗਾਵਉ." (ਗਉ ਕਬੀਰ ਬਾਰ ੭) ਹਰੇਕ ਵਾਰ (ਦਿਨ) ਵਿੱਚ ਵਾਰੰਵਾਰ ਹਰਿ ਕੇ ਗੁਣ ਗਾਓ.

ਬਾਰਬੁਹਾਰ: ਕ੍ਰਿ. ਵਿ- ਦਰਵਾਜ਼ਾ ਸੰਬਰਣ ਵਾਲਾ. ਝਾੜੂਬਰਦਾਰ. "ਕਈ ਰਾਮ ਬਾਰਬੁਹਾਰ." (ਬ੍ਰਹਮਾਵ)

ਬਾਰਮੁਖਾ, ਬਾਰਮੁਖੀ: ਸੰ. ਵਾਰਮੁਖਯਾ. ਸੰਗਯਾ- ਵੇਸ਼ਯਾ, ਕੰਚਨੀ. ਦੇਖੋ, ਵਾਰਮੁਖਯਾ. "ਬਾਰਮੁਖਾ ਇਹ ਨੁਖਾ ਭਈ ਹੈ." (ਗੁਪ੍ਰਸੂ)

ਬਾਰਾ: ਸੰਗਯਾ- ਚੜਸ ਵਡਾ ਬੋਕਾ, ਜੋ ਖੂਹ ਵਿੱਚੋਂ ਵਾਰਿ (ਪਾਣੀ ਕੱਢਣ ਲਈ ਵਰਤੀਦਾ ਹੈ. ਵਾਰਿਹਰ। ੨. ਚੜਸ (ਚਰਸ) ਖਿੱਚਣ ਵੇਲੇ ਜੋ ਗੀਤ ਗਾਇਆ ਜਾਂਦਾ ਹੈ। ੩. ਵਾੜਾ. ਵਲਗਣ. ਘੇਰਾ. "ਸ਼ੇਰ ਬਡੇ ਦੋਊ ਘੇਰਲਏ ਬਹੁ ਬੀਰਨ ਕੋ ਕਰਕੈ ਮਨੋ ਬਾਰੋ." (ਕ੍ਰਿਸ਼ਨਾਵ) ੪. ਬਾਲਕ. ਬੱਚਾ. ਦੇਖੋ, ਬਾਰੇ। ੫. ਬਾਲਾ. ਇਸਤ੍ਰੀ. "ਰੀਝਰਹੀ ਸਭ ਹੀ ਬ੍ਰਿਜਬਾਰਾ." (ਕ੍ਰਿਸਨਾਵ) ੬. ਬਾਲਕੀ. ਕਨ੍ਯਾ. "ਐਸੇ ਉਡੀ ਬਾਰਾ ਜੈਸੇ ਪਾਰਾ ਉਡਜਾਤ ਹੈ." (ਕ੍ਰਿਸਨਾਵ)

ਬਾਰਾਂ: ਦੇਖੋ, ਬਾਰਹ। ੨. ਫ਼ਾ. بارا ں ਸੰਗਯਾ- ਵਰਖਾ. "ਤੀਰ ਬਾਰਾਂ ਸ਼ੁਦ ਦੁਸੂ." (ਸਲੋਹ) ਦੋਹਾਂ ਪਾਸਿਆਂ ਤੋਂ ਵਾਣ ਵਰਖਾ ਹੋਈ.

ਬਾਰਾਂ ਸੂਰਜ: ਪੁਰਾਣਾਂ ਅਤੇ ਸਿਮ੍ਰਿਤੀਆਂ ਵਿੱਚ ਇੱਕ ਇੱਕ ਮਹੀਨੇ ਦਾ ਜੁਦਾ ਸੂਰਜ ਕਲਪਕੇ ਬਾਰਾਂ ਸੂਰਜ ਮੰਨੇ ਹਨ:-

ਇੰਦ੍ਰ, ਧਾਤਾ, ਭਾਗ, ਪੂਸ਼ਾ, ਮਿਤ੍ਰ, ਵਰੁਣ, ਅਰਯਮਾ, ਅੰਸ਼ੁ, ਵਿਵਸ੍ਵਤ, ਤਸ਼੍ਵਾ, ਸਵਿਤਾ ਵਿਸ਼ਨੁ, ਦੇਖੋ, ਵ੍ਰਿਹਤ ਪਰਾਸ਼ਰ ਸੰਹਿਤਾ ਅਃ ੩

ਬਾਰਾਖਰੀ, ਬਾਰਾਖੜੀ: ਦੇਖੋ, ਬਾਰਹਖੜੀ

ਬਾਰਾਂਗਨਾ: ਸੰ. ਵਾਰਾਂਗਨਾ. ਸੰਗਯਾ- ਵੇਸ਼ਯਾ. ਕੰਚਨੀ. ਵਾਰ (ਬਹੁਤਿਆਂ) ਦੀ ਅੰਗਨਾ (ਇਸਤ੍ਰੀ)

ਬਾਰਾਣਸੀ: ਦੇਖੋ, ਬਨਾਰਸ.

ਬਾਰਾਣਸੀਸ: ਵਾਰਾਣਸੀ (ਕਾਸ਼ੀ) ਦਾ ਈਸ਼ (ਰਾਜਾ). ਕਾਸ਼ੀਪਤਿ. "ਦੁਰਜੋ ਜਾਇ ਦੁਰਗੰ ਸੁ ਬਾਰਾਣਸੀਸੰ. (ਗਜਾਨ)

ਬਾਰਾਦਰੀ: ਦੇਖੋ. ਬਾਰਹਦਰੀ.

ਬਾਰਾਨੀ: ਫ਼ਾ. بارانی ਵਿ- ਬਰਸਾਤੀ. ਵਰਖਾ ਨਾਲ ਹੈ ਜਿਸ ਦਾ ਸੰਬਧ। ੨. ਸੰਗਯਾ- ਮਾਰੂ ਜ਼ਮੀਨ.

ਬਾਰਾਂ ਪੱਕੇ: ਦੇਖੋ, ਪੌਬਾਰਾਂ.

ਬਾਰਾਂ ਪੰਥ: ਦੇਖੋ, ਬਾਰਹ ੨.

ਬਾਰਾਂ ਬਾਟ: ਦੇਖੋ, ਬਾਰਹ ਬਾਟ.

ਬਾਰਾਂ ਬੰਨੀ: ਦੇਖੋ ਬਾਰਹ ਬੰਨੀ.

ਬਾਰਾਂਮਾਹਾ: ਦੇਖੋ ਬਾਰਹਮਾਹਾ.

ਬਾਰਾਂ ਮਿਸਲਾਂ: ਸਿੱਖਾਂ ਦੇ ਉਹ ਬਾਰਾਂ ਜਥੇ, ਜਿਨ੍ਹਾਂ ਨੇ ਪੰਜਾਬ ਦੇ ਇਲਾਕੇ ਮੱਲਕੇ ਆਪਣੀਆਂ ਰਿਆਸਤਾਂ ਕਾਇਮ ਕੀਤੀਆਂ. ਨਾਮ ਇਹ ਹਨ:-

੧. ਆਹਲੂਵਾਲੀਆਂ ਦੀ, ੨. ਸ਼ਹੀਦਾਂ ਦੀ, ੩. ਸਿੰਘਪੁਰੀਆਂ (ਫੈਜੁੱਲਾਪੁਰੀਆਂ) ਦੀ, ੪. ਸੁਕ੍ਰਚੱਕੀਆਂ ਦੀ, ੫. ਕਨ੍ਹੈਯਾਂ ਦੀ, ੬. ਕਰੋੜੀਆਂ ਦੀ, ੭. ਡੱਲੇਵਾਲੀਆਂ ਦੀ, ੮. ਨਸ਼ਾਨਵਾਲੀ, ੯. ਨਕੈਯਾਂ ਦੀ, ੧੦. ਫੂਲਕੀ, ੧੧. ਭੰਗੀਆਂ ਦੀ, ੧੨. ਰਾਮਗੜ੍ਹੀਆਂ ਦੀ. ਇਨ੍ਹਾਂ ਦੇ ਨਿਰਣੇ ਲਈ ਦੇਖੋ, ਹਰੇਕ ਨਾਮ ਦੀ ਵ੍ਯਾਖ੍ਯਾ.

ਬਾਰਾਮੂਲਾ: ਸੰ. ਵਰਾਹਮੂਲਾ.[876] ਕਸ਼ਮੀਰ ਦੇ ਇਲਾਕੇ ਇੱਕ ਨਗਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਹੈ. ਭਾਈ ਸੰਤੋਖਸਿੰਘ ਜੀ ਨੇ ਇੱਥੇ ਵਾਮਨ ਅਵਤਾਰ ਦਾ ਹੋਣਾ ਦੱਸਿਆ ਹੈ, ਯਥਾ- - "ਜਹਿ ਬਾਮਨ ਹੋਏ ਅਵਤਾਰ ××× ਬਾਰਾਮੂਲਾ ਪੁਰ ਕੋ ਨਾਮ." (ਗੁਪ੍ਰਸੂ)[877] ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਦੀ ਯਾਤਰਾ ਸਮੇਂ ਇੱਥੇ ਵਿਰਾਜੇ ਹਨ. ਗੁਰਦ੍ਵਾਰੇ ਦਾ ਨਾਮ "ਕੋਟਿਤੀਰਥ" ਹੈ. ਮਹਾਰਾਜਾ ਰਣਜੀਤ ਸਿੰਘ ਦੀ ਲਾਈ ਚਾਰ ਪਿੰਡਾਂ ਦੀ ਜਾਗੀਰ ਤਿੰਨ ਹਜਾਰ ਰੁਪਯਾ ਹੈ. ਰਿਆਸਤ ਜੰਮੂ ਵੱਲੋਂ ੭੯ ਰੁਪਏ ਸਾਲਨਾ ਹਨ. ਵੈਸਾਖੀ, ਪੋਹ ਸੁਦੀ ੭, ਕੱਤਕ ਦੀ ਪੂਰਨਮਾਸੀ ਨੂੰ ਮੇਲੇ ਹੁੰਦੇ ਹਨ. ਇੱਥੇ ਗੁਰੂਸਾਹਿਬ ਦਾ ਆਪਣੇ ਹੱਥੀਂ ਲਾਇਆ ਚਨਾਰ ਦਾ ਬਿਰਛ ਹੈ. ਪੁਜਾਰੀ ਸਿੰਘ ਹਨ.

ਬਾਰਾਮੂਲੇ ਤੋਂ ਪਾਰਲੇ ਪਾਸੇ ਜਹਾਂਗੀਰ ਦੀ ਪੁਰਾਣੀ ਸਰਾਇ ਪਾਸ ਭੀ ਗੁਰੂ ਹਰਿਗੋਬਿੰਦ ਸਾਹਿਬ ਦਾ ਅਸਥਾਨ "ਥੜਾਸਾਹਿਬ" ਹੈ. ਇੱਥੇ ਸੈਰ ਕਰਨ ਆਏ ਵਿਰਾਜੇ ਹਨ.

ਕਿਠਾਈ ਨਾਮਕ ਜਗਾ ਪੁਰ ਭੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਰਾਜਣ ਦਾ "ਥੜਾ ਸਾਹਿਬ" ਬੈਰਾਗੀਆਂ ਦੇ ਡੇਰੇ ਪਾਸ ਹੈ.

ਬਾਰਾਲਯ: ਸੰਗ੍ਯਾ- ਵਾਰਿ (ਜਲ) ਦਾ ਆਲਯ (ਘਰ) ਸਮੁੰਦਰ. (ਸਨਾਮਾ)

ਬਾਰਾਲਯਨਿ: ਸੰਗ੍ਯਾ- ਵਾਰਿ ਆਲਯ (ਸਮੁੰਦਰ) ਨੂੰ ਧਾਰਣ ਵਾਲੀ, ਪ੍ਰਿਥਿਵੀ. (ਸਨਾਮਾ) ੨. ਸਮੁੰਦਰ ਵਿੱਚ ਮਿਲਣ ਵਾਲੀ, ਨਦੀ. (ਸਨਾਮਾ)

ਬਾਰਿ: ਕੁਰਬਾਨ. ਬਲਿਹਾਰ. ਵਾਰਣੇ. "ਬਾਰਿ ਜਾਉ ਗੁਰ ਅਪੁਨੇ ਊਪਰਿ." (ਧਨਾ ਮਃ ੫) ੨. ਫਸੀਲ. ਚਾਰਦੀਵਾਰੀ. ਦੇਖੋ, ਬਾਰ ੨੪. "ਮਨੁ ਮੰਦਰੁ ਤਨੁ ਸਾਜੀ ਬਾਰਿ." (ਗਉ ਮਃ ੫) ੩. ਸੰ. ਵਾਰਿ. ਜਲ. "ਬਰਸਤ ਨਿਰਮਲ ਬਾਰਿ." (ਗੁਪ੍ਰਸੂ) ੪. ਦੇਖੋ, ਵਾਰੀ। ੫. ਬਾਰ (ਦਰਵਾਜ਼ੇ) ਉੱਪਰ. "ਬਾਰਿ ਪਰਾਇਐ ਬੈਸਣਾ." (ਸ. ਫਰੀਦ)

---

[876] ਕਸ਼ਮੀਰ ਦੇ ਪੰਡਿਤ ਆਖਦੇ ਹਨ ਕਿ ਬਾਰਮੂਲੇ ਵਰਾਹ ਭਗਵਾਨ ਦਾ ਮੁਖ ਉੱਚੀ ਵਿੱਚ ਉਚ (ਛਾਤੀ), ਅਤੇ ਪੁਮਡ ਵਿੱਚ ਪੂਛ ਸੀ.

[877] ਕਿਸੇ ਲਿਖਾਰੀ ਨੇ ਭਾਈ ਸੰਤੋਖਸਿੰਘ ਜੀ ਦੀ ਰਚਨਾ ਵਿੱਚ ਵਰਾਹ ਦੇ ਥਾਂ ਵਾਮਨ ਸ਼ਬਦ ਲਿਖ ਦਿੱਤਾ ਹੈ.

**ਬਾਰਿਅਰਿ:** ਦੇਖੋ, ਬਾਰਅਰਿ। ੨. ਸ਼ਸਤ੍ਰਨਾਮਮਾਲਾ ਵਿੱਚ ਵਾਰਣਅਰਿ ਦੀ ਥਾਂ ਬਾਰਿਅਰਿ ਸ਼ਬਦ ਆਇਆ ਹੈ. ਵਾਰਣ (ਹਾਥੀ) ਦਾ ਵੈਰੀ, ਸ਼ੇਰ.

**ਬਾਰਿਸ਼:** ਦੇਖੋ, ਬਾਰਸ਼.

**ਬਾਰਿਹਾ:** ਸੰਗਯਾ- ਵਾਰਿ (ਜਲ) ਨੂੰ ਸੋਖਣ ਵਾਲਾ. ਪਵਨ. ਵਾਯੁ। ੨. ਅਗਨਿ। ੩. ਦੇਖੋ, ਬਾਰਹਾ ੩

**ਬਾਰਿਕ, ਬਾਰਿਕੁ:** ਬਾਲਕ. ਬੱਚਾ. "ਤੁਮ ਮਾਤ ਪਿਤਾ ਹਮ ਬਾਰਿਕ ਤੇਰੇ." (ਸੁਖਮਨੀ) "ਜਿਉ ਬਾਰਿਕੁ ਪੀ ਖੀਰ ਅਘਾਵੈ." (ਮਾਝ ਮਃ ੫)

**ਬਾਰਿਜ:** ਸੰ. ਵਾਰਿਜ. ਵਿ- ਵਾਰਿ (ਜਲ) ਤੋਂ ਪੈਦਾ ਹੋਇਆ। ੨. ਸੰਗਯਾ- ਕਮਲ. "ਬਾਰਿਜ ਸਮ ਕੋਮਲ ਕਰ ਰਾਜਤ." (ਗੁਪ੍ਰਸੂ) ੩. ਮੱਛੀ. (ਸਨਾਮਾ) ਦੇਖੋ, ਬਾਰਿਜਤ੍ਰਾਣ। ੪. ਬਿਰਛ. (ਸਨਾਮਾ) ਦੇਖੋ, ਬਾਰਿਜਪ੍ਰਿਸਟਨਿ। ੫. ਦੇਖੋ, ਵਾਰਿਜੁ.

**ਬਾਰਿਜਤ੍ਰਾਣ:** ਸੰਗਯਾ- ਵਾਰਿਜ (ਮੱਛੀ) ਨੂੰ ਪਨਾਹ ਦੇਣ ਵਾਲਾ, ਸਮੁੰਦਰ. ਦੇਖੋ, ਬਾਰਿਜਤ੍ਰਾਣ ਈਸਰਾਸਤ੍ਰ। ੨. ਤਾਲ. (ਸਨਾਮਾ)

**ਬਾਰਿਜਤ੍ਰਾਣਈਸਰਾਸਤ੍ਰ:** ਵਾਰਿਜ (ਮੱਛੀ) ਨੂੰ ਤ੍ਰਾਣ (ਪਨਾਹ) ਦੇਣ ਵਾਲਾ ਸਮੁੰਦਰ, ਉਸ ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਫਾਸੀ (ਪਾਸ਼) "ਬਾਰਿਜਤ੍ਰਾਣ ਬਖਾਨਕੈ ਈਸਰਾਸਤ੍ਰ ਕੈ ਦੀਨ। ਨਾਮ ਪਾਸਿ ਕੋ ਹੇਤ ਹੈਂ ਚਤੁਰ ਲੀਜਿਯੋ ਚੀਨ." (ਸਨਾਮਾ)

**ਬਾਰਿਜਨੀ:** ਸੰਗਯਾ- ਵਾਰਿ (ਜਲ) ਨੂੰ ਪੈਦਾ ਕਰਨਾ ਵਾਲੀ ਪ੍ਰਿਥਿਵੀ. (ਸਨਾਮਾ)

**ਬਾਰਿਜਪ੍ਰਿਸਟਨਿ:** ਵਾਰਿਜ (ਕਾਠ) ਦੀ ਹੈ ਪਿੱਠ ਜਿਸ ਦੀ. ਕਾਠ ਦੇ ਕੁੰਦੇ ਵਾਲੀ ਬੰਦੂਕ. (ਸਨਾਮਾ)

**ਬਾਰਿਜਾ, ਬਾਰਿਜੁ:** ਦੇਖੋ, ਬਾਰਿਜ। ੨. ਵਾਰਿ (ਸਮੁੰਦਰ) ਤੋਂ ਪੈਦਾ ਹੋਈ ਲਕ੍ਸ਼ਮੀ. "ਬਾਰਿਜੁ ਕਰਿ ਦਾਹਿਣੈ." (ਸਵੈਯੇ ਮਃ ੩. ਕੇ) ਸੱਜੇ ਹੱਥ ਲਕ੍ਸ਼ਮੀ ਹਾਜਿਰ ਖੜੀ ਹੈ.

**ਬਾਰਿਤਰ:** ਕਾਠ. ਦੇਖੋ, ਨੀਰਤਰ.

**ਬਾਰਿਤਰੰਗ, ਬਾਰਿਤਾਰੰਗ:** ਦੇਖੋ, ਜਲਤਰੰਗ, "ਡਫ ਬਾਰਿਤਰੰਗ ਰਬਾਬ ਤੁਰੀ." (ਕਲਕੀ)

**ਬਾਰਿਦ:** ਸੰ. ਵਾਰਿਦ. ਵਿ- ਵਾਰਿ (ਪਾਣੀ) ਦੇਣ ਵਾਲਾ। ੨. ਸੰਗਯਾ- ਬੱਦਲ. ਮੇਘ। ੩. ਪ੍ਰਿਥਿਵੀ, ਜਿਸ ਵਿੱਚੋਂ ਪਾਣੀ ਨਿਕਲਦਾ ਹੈ. (ਸਨਾਮਾ) ੪. ਦੇਖੋ, ਬਾਰਦ ੨

**ਬਾਰਿਦਅਰਿ:** ਸੰਗਯਾ- ਵਾਰਿਦ (ਮੇਘ) ਦਾ ਵੇਰੀ ਪਵਨ. ਵਾਯੁ. (ਸਨਾਮਾ) ੨. ਵਾਰਿਦ (ਪ੍ਰਿਥਿਵੀ) ਦਾ ਵੈਰੀ ਜਲ. (ਸਨਾਮਾ) ਪਾਣੀ ਮਿੱਟੀ ਨੂੰ ਖਾਰ ਦਿੰਦਾ ਹੈ.

**ਬਾਰਿਦਨਾਦ:** ਸੰਗਯਾ- ਵਾਰਿਦ (ਮੇਘ) ਜੇਹਾ ਨਾਦ ਕਰਨ ਵਾਲਾ ਰਾਵਣ ਦਾ ਪੁਤ੍ਰ, ਮੇਘਨਾਦ, "ਬਾਰਿਦਨਾਦ ਅਕੰਪਨ ਸੇ." (ਵਿਚਿਤ੍ਰ)

**ਬਾਰਿਦਨੀ:** ਸੰਗਯਾ- ਵਾਰਿ ਦੈਨੀ. ਜਲ ਦੇਣ ਵਾਲੀ ਪ੍ਰਿਥਿਵੀ. (ਸਨਾਮਾ)

**ਬਾਰਿਧ:** ਸੰਗਯਾ- ਵਾਰਿ (ਜਲ) ਧਾਰਨ ਵਾਲਾ, ਸਮੁੰਦਰ। ੨. ਮੇਘ. ਬੱਦਲ.

**ਬਾਰਿਧਨੀ:** ਸੰਗਯਾ- ਵਾਰਿਧ (ਸਮੁੰਦਰ) ਵਾਲੀ, ਪ੍ਰਿਥਿਵੀ. (ਸਨਾਮਾ)

**ਬਾਰਿਧਰ:** ਸੰਗਯਾ- ਵਾਰਿ (ਜਲ) ਧਾਰਨ ਵਾਲਾ, ਸਮੁੰਦਰ। ੨. ਬੱਦਲ. ਮੇਘ। ੩. ਤਾਲ.

**ਬਾਰਿਧਿ:** ਸੰਗਯਾ- ਵਾਰਿ (ਜਲ) ਧਾਰਨ ਵਾਲਾ ਸਮੁੰਦਰ. ਸਾਗਰ. ਵਾਰਿਨਿਧਿ.

ਬਾਰਿਨਿ: ਸੰਗਯਾ- ਵਾਰਿ (ਜਲ) ਵਾਲੀ, ਪ੍ਰਿਥਵੀ, (ਸਨਾਮਾ)

ਬਾਰਿਨਿਧਿ: ਸੰਗਯਾ- ਵਾਰਿਨਿਧਿ. ਜਲਨਿਧਿ. ਸਮੁੰਦਰ.

ਬਾਰਿਬਾਜ: ਸੰਗਯਾ- ਵਾਰਿ (ਜਲ) ਦਾ ਵਾਜਿ (ਘੋੜਾ) ਦੇਖੋ, ਦਰਯਾਈ ਘੋੜਾ ਅਤੇ ਪਾਗਾ.

ਬਾਰਿਬਾਰ: ਸੰਗਯਾ- ਜਲ ਲੈਣ ਦਾ ਦ੍ਵਾਰਾ. ਪਾਣੀ ਦਾ ਘਾਟ.

ਬਾਰਿਰਾਜ: ਸੰਗਯਾ- ਵਾਰਿ (ਜਲ) ਪਤਿ, ਵਰੁਣ। ੨. ਸਮੁੰਦਰ.

ਬਾਰੀ: ਸੰਗਯਾ- ਛੋਟਾ ਦ੍ਵਾਰ. ਤਾਕੀ. "ਸਾਧਸੰਗਤਿ ਸਚਖੰਡ ਹੈ ਆਇ ਝਰੋਖੈ ਖੋਲੈ ਬਾਰੀ." (ਭਾਗੁ) ੨. ਵਾਟਿਕਾ. ਵਾੜੀ. "ਕਹੂੰ ਹਾਥ ਪੈ ਲਗਾਵੈ ਬਾਰੀ." (ਅਕਾਲ) "ਨਾਉਂ ਮੇਰੇ ਖੇਤੀ ਨਾਉ ਮੇਰੀ ਬਾਰੀ." (ਭੈਰ ਕਬੀਰ) ੩. ਬਾਲਿਕਾ. ਲੜਕੀ. "ਹਮ ਜਾਨਤ ਹੈਂ ਤੁਮ ਹੋ ਸਭ ਬਾਰੀ." (ਕ੍ਰਿਸਨਾਵ) ੪. ਵਾਰਿ. ਜਲ. "ਜਾਇ ਸਪਰਸਜੋ ਸੁੰਦਰ ਬਾਰੀ." (ਗੁਪ੍ਰਸੂ) ੫. ਵਾਲੀ. ਕੰਨਾ ਦਾ ਛੋਟਾ ਕੁੰਡਲ, ਜੋ ਇਸਤ੍ਰੀਆਂ ਪਹਿਰਦੀਆਂ ਹਨ। ੬. ਬਾੜ. ਖੇਤ ਦੀ ਰਖ੍ਯਾ ਲਈ ਬਣਾਇਆ ਘੇਰਾ। ੭. ਅੱਗੇ ਪਿੱਛੇ ਦੇ ਸਿਲਸਿਲੇ ਨਾਲ ਆਉਣ ਵਾਲਾ ਮੌਕਾ. ਵਾਰੀ. ਕ੍ਰਮ। ੮. ਇੱਕ ਜਾਤਿ, ਜੋ ਸ਼ਾਦੀ ਦੇ ਸਮੇਂ ਮਸਾਲ (ਮਸ਼ਅ਼ਲ) ਮਚਾਉਣ ਦੀ ਰਸਮ ਕਰਦੀ ਹੈ। ੯. ਉਹ ਲਾਗੀ ਅਥਵਾ ਪਿੰਡ ਦਾ ਕਮੀਨ, ਜੋ ਵਾਰੀ ਸਿਰ ਆਪਣੀ ਨੌਕਰੀ ਪੁਰ ਆਵੇ. ਨਾਈ ਆਦਿਕ ਸਭ ਬਾਰੀ ਕਹੇ ਜਾਂਦੇ ਹਨ. "ਪੂਛਨ ਕੋ ਇਕ ਪਠਿਓ ਬਾਰੀ." (ਗੁਰੁਸੋਭਾ) ੧੦. ਬਿਆਸ ਅਤੇ ਰਾਵੀ ਦੇ ਮੱਧ ਦੇ ਦੇਸ਼ ਲਈ ਸੰਕੇਤ, ਜਿਵੇਂ ਬਾਰੀ ਦੋਆਬ। ੧੧. ਅ਼. باری ਕਰਤਾਰ. ਪਾਰਬ੍ਰਹਮ.

ਬਾਰੀਕ: ਫ਼ਾ. باریک ਵਿ- ਮਹੀਨ, ਪਤਲਾ। ੨. ਸੂਖਮ.

ਬਾਰੀਘਾਟ: ਅੰ Body- guard ਰਾਜੇ ਦੀ ਸ਼ਰੀਰਰਕ ਸੈਨਾ ਅਤੇ ਚੌਕੀ (ਪਹਰਾ).

ਬਾਰੀਤਾਲਾ: ਅ਼. باری تعالےٰ ਸੰਗਯਾ- ਸਰਵੋਪਰਿ ਕਰਤਾਰ. ਪਾਰ੍ਬ੍ਰਹਮ.

ਬਾਰੀਦ: ਫ਼ਾ. بارید ਵਰਸਿਆ. ਵਰ੍ਹਿਆ.

ਬਾਰੀਦਨ: ਫ਼ਾ. باریدن ਕ੍ਰਿ- ਵਰਸਣਾ. ਮੀਂਹ ਪੈਣਾ.

ਬਾਰੁ: ਪ੍ਰਵੇਸ਼. ਦਖ਼ਲ. ਦੇਖੋ, ਬਾਰ ੨੨. "ਸੰ ਢਾਢੀ ਭਾਗਨੁ ਜਿਸ ਸਚਾ ਦੁਆਰ ਬਾਰੁ." (ਵਾਰ ਰਾਮ ੨. ਮਃ ੫)

ਬਾਰੁਣੀ: ਸੰ. ਵਾਰੁਣੀ. ਵਿ- ਵਰੁਣ ਦੇਵਤਾ ਦੀ। ੨. ਸੰਗਯਾ- ਵਰੁਣ ਦੇਵਤਾ ਦੀ ਦਿਸ਼ਾ ਪਸ਼੍ਚਿਮ. ਪੱਛੋਂ। ੩. ਮਦਿਰਾ. ਸ਼ਰਾਬ। ੪. ਵਰੁਣ ਦੇਵਤਾ ਦੀ ਇਸਤ੍ਰੀ। ੫. ਚੇਤ ਬਦੀ ੧੩। ੬. ਦੇਖੋ, ਵਾਰੁਣੀ.

ਬਾਰੁਣੀ ਦਿਸ਼ਾ: ਪੱਛਮ. ਦੇਖੋ, ਬਾਰੁਣੀ ੨.

ਬਾਰੁੰਨ: ਸੰ. ਵਾਰਣ. ਸੰਗਯਾ- ਹਾਥੀ. ਹਸ੍ਤੀ. "ਦੋਉ ਮੱਤ ਬਾਰੁੰਨ." (ਗਜਾਨ)

ਬਾਰੁਨੀ: ਸ਼ਰਾਬ. ਦੇਖੋ, ਬਾਰੁਣੀ. "ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤਜਨ ਕਰਤ ਨਹੀਂ ਪਾਨੰ." (ਮਲਾ ਰਵਿਦਾਸ) ਗੰਗਾਜਲ ਨਾਲ ਬਣਾਈ ਸ਼ਰਾਬ ਸੰਤ ਨਹੀਂ ਪੀਂਦੇ. ਨੀਚ ਕਰਮ ਕਰਨ ਵਾਲਾ, ਉੱਚ ਕੁਲ ਵਿੱਚ ਜੱਮਿਆਂ ਆਦਰ ਯੋਗ ਨਹੀਂ.

ਬਾਰੂ: ਸੰ. ਬਾਲੁ. ਸੰਗਯਾ- ਰੇਤਾ. "ਬਾਰੂ ਭੀਤਿ ਬਨਾਈ ਰਚਿ ਪਚਿ, ਰਹਿਤ ਨਹੀਂ ਦਿਨ ਚਾਰ." (ਸੋਰ ਮਃ ੯)

ਬਾਰੂਤ, ਬਾਰੂਦ: ਫ਼ਾ. باروُد ਸੰਗਯਾ- ਗੰਧਕ ਸ਼ੋਰੇ ਕੋਲੇ ਦੇ ਮੇਲ ਤੋਂ ਬਣਿਆ ਇੱਕ ਚੂਰਣ, ਜੋ ਅਗਨੀ ਦੇ ਸੰਜੋਗ ਨਾਲ ਭੜਕ ਉਠਦਾ ਹੈ, ਇਹ ਤੋਪ ਬੰਦੂਕ ਆਦਿ ਵਿੱਚ ਵਰਤੀਦਾ ਹੈ. ਦੇਖੋ, ਅਗਨਿ ਅਸਤ੍ਰ.

ਬਾਰੇ: ਬਾਲਜ. ਬਾਲਕ. "ਬਾਰੇ ਬੂਢੇ ਤਰੁਨੇ ਭਈਆ, ਸਭਹੂ ਜਮ ਲੇਜਈਹੈ ਰੇ." (ਬਿਲਾ ਕਬੀਰ) ੨. ਬਾਰ (ਜੰਗਲ) ਵਿੱਚ.

"ਟੀਡੁ ਲਵੈ ਮੰਝਿ ਬਾਰੇ." (ਭੁਖਾ ਬਾਰਹਮਾਹਾ) ੩. ਬਲਿਹਾਰੇ. "ਤੇਰੇ ਦਰਸ਼ਨ ਕਉ ਹਮ ਬਾਰੇ." (ਸੂਹੀ ਮਃ ੫) ੪. ਬਾਲਾ ਦੇ. ਭਾਵ- ਦੁਰਗਾ ਦੇ. "ਲਖੇ ਹਾਥ ਬਾਰੇ." (ਚੰਡੀ ੨) ਦੇਵੀ ਦੇ ਹੱਥ ਦੇਖੇ। ੫. ਬਾਲੇ. ਸਾੜੇ. ਦਗਧ ਕੀਤੇ। ੬. ਦੇਖੋ, ਬਾਰਹ ੫। ੭. ਫ਼ਾ. باری ਇੱਕ ਵਾਰ. ਏਕ ਦਫਹ। ੮. ਅੰਤ ਨੂੰ. ਆਖ਼ਿਰ.

ਬਾਰੈ ਬਾਰ: ਦੇਖੋ. ਬਾਰ ਬਾਰ ਅਤੇ ਬਾਰੰਬਾਰ.

ਬਾਰੋ: ਬਾਲਕ. "ਦੂਧ ਬਿਨਾ ਰਹਨੁ ਕਤ ਬਾਰੋ?" (ਬਿਲਾ ਮਃ ੫) ੨. ਵਾਰਣ ਕਰੋ. ਹਟਾਓ। ੩. ਵਾੜੋ. ਦਾਖ਼ਲ ਕਰੋ. "ਇਸਤ੍ਰੀ ਕਰ ਗ੍ਰਿਹ ਮੇ ਮੁਹਿ ਬਾਰੋ." (ਚਰਿਤ੍ਰ ੨੯੮) ੪. ਬਾੜਾ. ਘੇਰਾ. ਅਹਾਤਾ. ਦੇਖੋ. ਬਾਰਾ ੩.

ਬਾਰੰਤਰਿ: ਕ੍ਰਿ. ਵਿ- ਵਹਿਰ- ਅੰਤਰਿ. ਬਾਹਰ ਅਤੇ ਅੰਦਰ. "ਬਾਰੰਤਰਿ ਪੂਰੀ ਪੜੀ." (ਸਵੈਯੇ ਮਃ ੫) ਕੇ)

ਬਾਰੰਬਾਰ: ਕ੍ਰਿ. ਵਿ- ਫਿਰ ਫਿਰ ਪੁਨਹ ਪੁਨਹ ਮੁੜ ਮੁੜ. "ਬਾਰੰਬਾਰ, ਬਾਰ ਪ੍ਰਭੁ ਜਪੀਐ." (ਸੁਖਮਨੀ ਦੇਖੋ, ਬਾਰ ੨੮

ਬਾਲ: ਸੰਗਗਾ- ਵਾਯੁ. ਪਵਨ. "ਤਿਸ ਨੋ ਲਗੈ ਨ ਤਾਤੀ ਬਾਲ." (ਬਿਲਾ ਮਃ ੫) ੨. ਬਲਿਹਾਰ. ਕੁਰਬਾਨ. "ਤਿਸ ਕਉ ਹਉ ਬਲਿ ਬਲਿ ਬਾਲ." (ਨਟ ਪੜਤਾਲ ਮਃ ੪) ੩. ਬਾਲੀ. ਸੁਗ੍ਰੀਵ ਦਾ ਭਾਈ ਵਾਨਰ ਰਾਜ. "ਕੁਪਕੈ ਜਿਨ ਬਾਲ ਮਰਯੋ ਛਿਨ ਮੈ." (ਕ੍ਰਿਸਨਾਵ) ੪. ਬਾਲਿਕਾ. ਲੜਕੀ. "ਰੋਇ ਉਟੀ ਵਹ ਬਾਲ ਜਥੈ." (ਕ੍ਰਿਸ਼ਨਾਵ) ੫. ਬਾਲਕ. ਬੱਚਾ. "ਬਾਲ ਰਹੇਂ ਅਲਬਾਲਿਤ ਜਾਲ." (ਨਾਪ੍ਰ) ੬. ਬਾਲਜ. ਬਚਪਨ. "ਬਾਲ ਜੁਆਨੀ ਅਰੁ ਬਿਰਧ ਫੁਨਿ." (ਸਃ ਮਃ ੯) ੭. ਵੱਲੀ. ਸਿੱਟਾ. ਬੱਲ। ੮. ਵਿ- ਅਗਯਾਨੀ. ਨਾਦਾਨ. "ਰਿਨਿ ਬਾਂਧੇ ਬਹੁ ਬਿਧਿ ਬਾਲ." (ਪ੍ਰਭਾ ਮਃ ੪) ੯. ਸੰਗਯਾ- ਬਾਲਾ. ਇਸਤ੍ਰੀ. "ਭਉ ਨ ਵਿਆਪੈ ਬਾਲਕਾ."[878] (ਮਾਰੂ ਸੋਲਹੇ ਮਃ ੫) "ਸ਼ਹਰ ਬਦਖਸ਼ਾਂ ਮੇ ਹੁਤੀ ਏਕ ਮੁਗਲ ਕੀ ਬਾਲ." (ਚਰਿਤ੍ਰ ੧੭) ੧੦. ਰੋਮ. ਕੇਸ਼. ਵਾਲ. "ਗੁਰਪਗ ਚਾਰਹਿ ਹਮ ਬਾਲ." (ਪ੍ਰਭਾ ਮਃ ੪) ੧੧. ਬਾਲਨਾ. ਮਚਾਉਣਾ. ਜਲਾਉਣਾ। ੧੨. ਅ਼. بال ਚਿੰਨ੍ਹ। ੧੩. ਮਨ। ੧੪. ਪ੍ਰਸੰਨਤਾ। ੧੫. ਭੁਜਾ. ਬਾਜੂ। ੧੬. ਚੋਟੀ. ਸ਼ਿਖਾ.

ਬਾਲ ਆਲਾ: ਸੰਗਯਾ- ਬਾਲਾ (ਅਪਸਰਾ) ਦਾ ਆਲਯ (ਘਰ) ਸ੍ਵਰਗ. "ਚਲੇ ਬਾਲਆਲੇ." (ਕਲਕੀ)

ਬਾਲਸਹਾਈ: ਵਿ- ਬਾਲਯ ਅਵਸਥਾ ਤੋਂ ਸਹਾਇਤਾ ਕਰਨ ਵਾਲਾ. ਮੁੱਢ ਦਾ ਸਹਾਇਕ. "ਬਾਲਸਹਾਈ ਸੋਈ ਤੇਰਾ." (ਮਾਰੂ ਸੋਲਹੇ ਮਃ ੫)

ਬਾਲਸਖਾਈ: ਵਿ- ਬਾਲਜ ਅਵਸਥਾ ਤੋਂ ਲੈਕੇ ਮਿਤ੍ਰਤਾ ਕਰਨ ਵਾਲਾ. ਮੁੱਢ ਦਾ ਮਿਤ੍ਰ. "ਸਤਿਗੁਰੁ ਮੇਰਾ ਬਾਲਸਖਾਈ." (ਮਾਝ ਮਃ ੪)

ਬਾਲਸੁਭਾਇ: ਸੰਗਯਾ- ਬਾਲਕ ਜੇਹਾ ਸੁਭਾਵ. ਭਾਵ- ਹਾਨਿ ਲਾਭ ਆਦਿ ਦਾ ਤਿਆਗ. "ਬਾਲਸੁਭਾਇ ਅਤੀਤ ਉਦਾਸੀ." (ਮਾਰੂ ਸੋਲਹੇ ਮਃ ੫)

ਬਾਲਹਾ: ਸੰ. ਵੱਲਭ. ਵਿ- ਪਿਆਰਾ. ਮਨਭਾਵਨ. "ਜਿਉ ਤਰੁਣੀ ਕੋ ਕੰਤ ਬਾਲਹਾ." (ਧਨਾ ਨਾਮਦੇਵ) ੨. ਬਾਲਕ ਮਾਰਨ ਵਾਲਾ.

ਬਾਲਕ. ਸੰਗਯਾ- ਬੱਚਾ. ਬਾਲਜ ਅਵਸਥਾ ਵਾਲਾ. "ਬਾਲਕ ਬਿਰਧ ਨ ਜਾਣਈ." (ਵਡ ਅਲਾਹਣੀ ਮਃ ੧) ੨. ਅਗਿਆਨੀ. ਨਾਦਾਨ.

ਬਾਲਕਦਾਸ: ਦੇਖੋ, ਸਤਨਾਮੀ ੩

ਬਾਲਕੁਬੱਧਿ, ਬਾਲਕਮਤਿ: ਬਾਲਕ ਜੇਹੀ ਸਮਝ. ਨਾਦਾਨੀ.

---

[878] ਮਾਯਾ ਦਾ.

ਬਾਲਕਲੀਲ, ਬਾਲਕਲੀਲਾ: ਸੰਗਯਾ- ਬੱਚੇ ਦੀ ਖੇਡ. ਬਾਲਜ- ਲੀਲਾ. ਭਾਵ- ਹਰਖ ਸ਼ੋਕ ਰਹਿਤ ਚੇਸ਼੍ਟਾ. "ਬਾਲਕਲੀਲ ਅਨੂਪ." (ਮਾਰੂ ਅਃ ਮਃ ੧)

ਬਾਲਕਾ: ਸੰਗਯਾ- ਬਾਲਕ. ਬੱਚਾ. ਛੋਕਰਾ। ੨. ਦੇਖੋ, ਬਾਲਿਕਾ। ੩. ਦੇਖੋ, ਬਾਲ ੯.

ਬਾਲਕੀ: ਸੰਗਯਾ- ਬਾਲਿਕਾ. ਲੜਕੀ. ਛੋਕਰੀ.

ਬਾਲਕੁ: ਸੰਗਯਾ- ਬਾਲਕ. ਬੱਚਾ. "ਕਾਇਆ ਨਗਰੀ ਇਕੁ ਬਾਲਕੁ ਵਸਿਆ." (ਬਸੰ ਮਃ ੪) ਭਾਵ ਮਨ ਤੋਂ ਹੈ। ੨. ਅਗਯਾਨੀ. ਨਾਦਾਨ.

ਬਾਲਕੁਲਾਈ: ਬਾਲਾ (ਇਸਤ੍ਰੀ) ਅਕੁਲਾਈ. ਇਸਤ੍ਰੀ ਵਿਆਕੁਲ ਹੋਈ.

ਬਾਲਕ੍ਰੀੜਾ: ਸੰਗਯਾ- ਬੱਚੇ ਦੀ ਖੇਡ. ਬਾਲਲੀਲਾ। ੨. ਦੇਖੋ, ਨਾਨਕਿਆਨਾ (ਸ).

ਬਾਲਖਿੱਲ: ਸੰ. ਬਾਲਖਿਲ੍ਯ. ਸੰਗਯਾ- ਰਿਗਵੇਦ ਦੀਆਂ ੧੧. ਰਿਚਾ, ਜਿਨ੍ਹਾਂ ਦੀ ਇਹ ਸੰਗਯਾ ਹੈ। ੨. ਅੰਗੂਠੇ ਜੇਡਾ ਕੱਦ ਰੱਖਣ ਵਾਲੇ ੬0000 (ਸੱਠ ਹਜ਼ਾਰ) ਰਿਖੀ, ਜੋ ਕ੍ਰਿਯਾ ਦੇ ਪੇਟ ਤੋਂ ਕ੍ਰਤੁ ਦੇ ਵੀਰਯ ਦ੍ਵਾਰਾ ਉਤਪੰਨ ਹੋਏ. ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਇਨ੍ਹਾਂ ਦੀ ਚਾਲ ਪੰਛੀ ਤੋਂ ਭੀ ਤੇਜ਼ ਹੈ, ਅਰ ਇਹ ਸੂਰਜ ਦੇ ਰਥ ਦੀ ਰਾਖੀ ਕਰਦੇ ਹਨ. ਰਿਗਵੇਦ ਵਿੱਚ ਜਿਕਰ ਹੈ ਕਿ ਬਾਲਖਿਲ੍ਯ ਬ੍ਰਹਮਾ ਦੇ ਵਾਲਾਂ (ਕੇਸਾਂ) ਤੋਂ ਉਪਜੇ ਹਨ. ਇਨ੍ਹਾਂ ਦਾ ਨਾਮ "ਖਚਵ" ਭੀ ਹੈ. ਬ੍ਰਹਮਪੁਰਾਣ ਦੇ ੭੨ਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਪਾਰਵਤੀ ਦਾ ਸੁਰੂਪ ਦੇਖਕੇ ਬ੍ਰਹਮਾ ਦਾ ਵੀਰਯ ਪਾਤ ਹੋ ਗਿਆ, ਜਿਸ ਤੋਂ ਬਾਲਖਿਲ੍ਯ ਉਪਜੇ ਸਨ. "ਚਕਰਹੇ ਬਾਲਖਿੱਲਾਦਿ ਚਿੱਤ." (ਦੱਤਾਵ)

ਬਾਲਖੀ: ਸੰਗਯਾ- ਬਲਖ਼ ਦਾ ਵਸਨੀਕ. ਬਾਹ੍ਲੀਕ. "ਬਲੀ ਬਾਲਖੀ ਰੋਹ ਰੂਮੀ." (ਕਲਕੀ)

ਬਾਲਗ: ਦੇਖੋ, ਬਾਲਿਗ.

ਬਾਲਗੀਰ: ਦੇਖੋ, ਬਾਰਗੀਰ.

ਬਾਲਗੁੰਦਾਈ: ਇੱਕ ਯੋਗੀ, ਜੋ ਜੇਹਲਮ ਤੋਂ ਬਾਰਾਂ ਕੋਹ ਪੱਛਮ ਇੱਕ ਪਹਾੜੀ ਟਿੱਲੇ ਪੁਰ ਰਹਿੰਦਾ ਸੀ. ਇਹ ਪਰੋਪਕਾਰੀ ਅਰ ਭਜਨੀਕ ਸਾਧੂ ਸੀ. ਗੁਰੂ ਨਾਨਕਦੇਵ ਇਸ ਦੇ ਆਸ਼੍ਰਮ ਪਧਾਰੇ ਹਨ. ਇਹ ਸਤਿਗੁਰੂ ਦਾ ਸ਼੍ਰੱਧਾਲੂ ਹੋਇਆ. "ਬਾਲਗੁਦਾਈ ਢਿਗ ਪੁਨ ਗਏ." (ਨਾਪ੍ਰ)

ਜਿੱਥੇ ਗੁਰੂ ਨਾਨਕਦੇਵ ਵਿਰਾਜੇ ਹਨ, ਉੱਥੇ ਗੁਰੂ ਸਾਹਿਬ ਦੇ ਚਰਣਚਿੰਨ੍ਹ ਪੱਥਰ ਪੁਰ ਉੱਕਰੇ ਹੋਏ ਹਨ. ਛੋਟਾਜੇਹਾ ਦਰਬਾਰ ਬਣਿਆ ਹੋਇਆ ਹੈ. ਨਾਂਗੇ ਸਾਧੂ ਪੁਜਾਰੀ ਹਨ. ਗੁਰਦ੍ਵਾਰੇ ਨਾਲ ੧੫. ਘੁਮਾਉਂ ਜ਼ਮੀਨ ਜੰਗਲ ਹੈ. ਰੇਲਵੇ ਸਟੇਸ਼ਨ ਦੀਨਾ ਤੋਂ ਇਹ ਤੇਰਾਂ ਮੀਲ ਪੱਛਮ ਹੈ। ੨. ਬਾਲ (ਕੇਸ) ਗੁੰਦਣ ਦੀ ਕ੍ਰਿਯਾ। ੩. ਬਾਲ (ਕੇਸ) ਗੁੰਦਣ ਦੀ ਮਜ਼ਦੂਰੀ.

ਬਾਲਗੁੰਦਾਈ ਦਾ ਟਿਲਾ: ਪਹਾੜ ਦੀ ਉਹ ਉੱਚੀ ਟਿੱਬੀ, ਜਿਸ ਪੁਰ ਬਾਲਗੁਦਾਈ ਸਾਧੂ ਰਹਿੰਦਾ ਸੀ. ਦੇਖੋ, ਬਾਲਗੁੰਦਾਈ ੧.

ਬਾਲਗੁਪਾਲ: ਗੋਪਾਲਬਾਲ. ਕਾਮੇ ਬੱਚੇ. ਪਜਾਰੇ ਸੇਵਕ. "ਹਮ ਤੁਮਰੇ ਬਾਲ ਗੁਪਾਲ." (ਆਸਾ ਮਃ ੫) ੨. ਗਊ ਚਾਰਨ ਵਾਲੇ ਬਾਲਕ. ੩. ਬਾਲਰੂਪ ਕ੍ਰਿਸ਼ਨ.

ਬਾਲਗੋਬਿੰਦ: ਬਾਲਕਰੂਪ ਕਰਤਾਰ. ਹਰਖ ਸ਼ੋਕ ਰਹਿਤ ਵਾਹਗੁਰੂ. "ਜਹਿ ਪਉੜੇ ਪ੍ਰਭੁ ਬਾਲਗੋਬਿੰਦ." (ਭੈਰ ਅਃ ਕਬੀਰ)

ਬਾਲਘਾਤਨੀ, ਬਾਲਘਾਤਿਨੀ: ਵਿ- ਬਾਲਕ ਦਾ ਘਾਤ ਕਰਨ ਵਾਲੀ. ਬੱਚੇ ਨੂੰ ਮਾਰਨ ਵਾਲੀ "ਬਾਲਘਾਤਨੀ ਕਪਟਹਿ ਭਰੀ." (ਗੋਂਡ ਨਾਮਦੇਵ) ਭਾਵ- ਪੂਤਨਾ.

ਬਾਲਘਾਤੀ: ਵਿ- ਬਾਲਕ ਦਾ ਘਾਤ ਕਰਨ ਵਾਲਾ. ਬੱਚੇ ਨੂੰ ਮਾਰਨ ਵਾਲਾ.

ਬਾਲਟੀ: ਸੰਗਯਾ- ਦਸ੍ਤੇ ਵਾਲੀ ਡੂੰਘੀ ਬਾਟੀ. ਅੰ. Bucket.

ਬਾਲਣ, ਬਾਲਣੁ: ਸੰਗਯਾ- ਈਂਧਨ. ਜਲਾਉਣ ਦੀ ਲੱਕੜਾਂ. "ਬਾਲਣੁ ਹਡ ਨ ਬਾਲਿ." (ਸ. ਫਰੀਦ) ੨. ਕ੍ਰਿ- ਜਲਾਉਣਾ. ਬਾਲਨਾ.

ਬਾਲਤਣ, ਬਾਲਤਣਿ: ਸੰਗਯਾ- ਬਾਲਤ੍ਵ. ਬਾਲਕਪਨ. "ਦਸ ਬਾਲਤਣਿ. ਬੀਸ ਰਵਣਿ." (ਮਃ ੧. ਵਾਰ ਮਾਝ)

ਬਾਲਤੋੜ: ਸੰਗਯਾ- ਉਹ ਫੋੜਾ, ਜੋ ਰੋਮ ਦੇ ਖਿੱਚਣ ਨਾਲ, ਗਿਲਟੀ ਦੀ ਸੇਜ ਤੋਂ ਹੋ ਜਾਵੇ.

ਬਾਲਧਿ: ਸੰ. ਸੰਗਯਾ- ਬਾਲ (ਰੋਮਾਂ) ਨੂੰ ਧਾਰਣ ਕਰਨ ਵਾਲੀ, ਦੁਮ. ਪੂਛ। ੨. ਦੇਖੋ, ਬਾਲਧੀ ੨.

ਬਾਲਧੀ: ਸੰਗਯਾ- ਦੇਖੋ, ਬਾਲਧਿ। ੨. ਬਾਲ (ਬਾਲਕ) ਧੀ (ਬੁੱਧਿ). ਬਾਲਮੱਤ. ਅਵਾਣ (ਅਗਿਆਨ) ਮਤਿ.

ਬਾਲਨ: ਦੇਖੋ, ਬਾਲਣ.

ਬਾਲਪਨ, ਬਾਲਪਨੁ: ਸੰਗਯਾ- ਲੜਕਪਨ. ਬਾਲਤ੍ਵ. "ਬਾਰਹ ਬਰਸ ਬਾਲਪਨ ਬੀਤੇ." (ਆਸਾ ਕਬੀਰ) "ਬਾਲਪਨੁ ਅਗਿਆਨਾ." (ਰਾਮ ਮਃ ੯)

ਬਾਲ ਬਿੰਗਾ ਹੋਣਾ: ਦੇਖੋ ਵਾਲ ਵਿੰਗਾ ਹੋਣਾ.

ਬਾਲਬੁਧ: ਬਾਲਕਮਤਿ. ਨਾਦਾਨੀ.

ਬਾਲਬੁਧਿ: ਸ਼ਤ੍ਰੁ ਮਿਤ੍ਰ ਹਾਨਿ ਲਾਭ ਤੋਂ ਉਪਰਾਮ ਬੁੱਧਿ. "ਪਾਇਓ ਬਾਲਬੁਧਿ ਸੁਖ ਰੇ." (ਗਉ ਮਃ ੫) ੨. ਬਾਲਬੁੱਧਿ ਵਾਲੇ ਨੂੰ. ਨਾਦਾਨ ਨੂੰ. "ਬਾਲਬੁੱਧਿ ਪੂਰਨ ਸੁਖਦਾਤਾ." (ਟੋਡੀ ਮਃ ੫) ੩. ਬਾਲਬੁੱਧਿ ਨਾਲ. ਬਾਲਮਤਿ ਸੇ. "ਧੰਨੈ ਸੇਵਿਆ ਬਾਲਬੁਧਿ." (ਬਸੰ ਅਃ ਮਃ ੫)

ਬਾਲਬਯਜਣ: ਡਿੰਗ. ਵਾਲਾਂ (ਰੋਮਾਂ) ਦਾ ਪੱਖਾ, ਚੌਰ. ਚਾਮਰ.

ਬਾਲਬੋਧ: ਸੰਗਯਾ- ਬਾਲਕ ਨੂੰ ਬੋਧ (ਗਿਆਨ) ਕਰਾਉਣ ਲਈ ਪਹਿਲਾ ਪੁਸ੍ਤਕ. ਬਾਲਉਪਦੇਸ਼.

ਬਾਲਭੋਗ: ਸੰਗਯਾ- ਬਾਲਕ ਦੇ ਭੋਜਨ ਲਈ ਬਣਾਇਆ ਪਦਾਰਥ। ੨. ਇੱਕ ਖਾਸ ਪਕਵਾਨ, ਜੋ ਮੋਣਦਾਰ ਮੈਦੇ ਦੀਆਂ ਟਿੱਕੀਆਂ ਘੀ ਵਿੱਚ ਤਲਕੇ ਉਨ੍ਹਾਂ ਨੂੰ ਕੁੱਟਕੇ ਖੰਡ ਮਿਲਾਉਣ ਤੋਂ ਤਿਆਰ ਹੁੰਦਾ ਹੈ. ਇਹ ਜਨਮਦਿਨ ਦੇ ਤਿਉਹਾਰਾਂ ਵਿੱਚ ਬਣਾਇਆ ਜਾਂਦਾ ਹੈ.

ਬਾਲਮ: ਵਿ- ਵੱਲਭ. ਪਿਆਰਾ. "ਬਾਲਮ ਬਿਦੇਸ਼ ਆਏ." (ਰਾਮਾਵ) ੨. ਸੰਗਯਾ- ਪਤਿ. ਭਰਤਾ.

ਬਾਲਮਤਿ: ਦੇਖੋ, ਬਾਲਬੁਧਿ.

ਬਾਲਮਤੀ: ਦੇਖੋ, ਜੋਧਾ ਬਾਈ ੨.

ਬਾਲਮੀਕ: ਸੰ. ਵਾਲ੍ਮੀਕ. ਵਾਲਮੀਕਿ ਦਾ ਰਚਿਆ ਹੋਇਆ ਰਾਮਾਯਣ। ੨. ਦੇਖੋ, ਬਾਲਮੀਕਿ.

ਬਾਲਮੀਕ ਰਾਮਾਯਣ: ਵਾਲ੍ਮੀਕਿ ਰਿਖੀ ਦਾ ਰਚਿਆ ਸੰਸਕ੍ਰਿਤ ਭਾਸ਼ਾ ਵਿੱਚ ਰਾਮਚੰਦ੍ਰ ਜੀ ਦਾ ਇਤਿਹਾਸ, ਜੋ ਮਨੋਹਰ ਕਾਵ੍ਯ ਹੈ. ਇਸ ਦੇ ਸੱਤ- ਕਾਂਡ (ਬਾਲ, ਅਯੋਧ੍ਯਾ, ਵਨ, ਕਿਸ਼ਕੰਧਾ, ਸੁੰਦਰ, ਲੰਕਾ ਅਥਵਾ ਯੁੱਧ, ਉੱਤਰ) ਹਨ. ਅਧ੍ਯਾਯ ੬੪੭ ਅਤੇ ਸ਼ਲੋਕਸੰਖ੍ਯਾ ੨੪੦੦੦ ਹੈ. ਇਸ ਦਾ ਅਨੁਵਾਦ ਅਨੇਕ ਬੋਲਿਆਂ ਵਿੱਚ ਹੋਗਿਆ ਹੈ. ਭਾਈ ਸੰਤੋਖ ਸਿੰਘ ਜੀ ਨੇ ਉੱਤਮ ਕਵਿਤਾ ਵਿੱਚ ਇਸ ਗ੍ਰੰਥ ਦਾ ਉਲਥਾ ਕੀਤਾ ਹੈ.[879] ਦੇਖੋ, ਰਾਮਾਯਣ.

---

[879] ਇਹਚਖ੍ਯੋ ਸੰਧਿ ਦੋਇਨ ਕੀ ਮਾਨਹੁ,

**ਬਾਲਮੀਕਿ, ਬਾਲਮੀਕੁ:** ਵਾਲਮੀਕਿ, ਸੰਗਜਾ- ਵਾਲਮੀਕ (ਵਰਮੀ) ਤੋਂ ਪੈਦਾ ਹੋਇਆ[880] ਇੱਕ ਰਿਖੀ, ਜੋ ਰਾਮਾਯਣ ਦਾ ਕਵਿ ਹੈ. ਇਸ ਨੂੰ ਆਦਿਕਵਿ ਆਖਦੇ ਹਨ. ਇਹ ਬੁੰਦੇਲਖੰਡ ਦੇ ਚਿਤ੍ਰਕੂਟ ਪਹਾੜ ਪਰ ਨਿਵਾਸ ਕਰਦਾ ਸੀ. ਜਦ ਰਾਮ ਨੇ ਗਰਭਵਤੀ ਸੀਤਾ ਕੱਢ ਦਿੱਤੀ, ਤਦ ਉਹ ਇਸੇ ਦੇ ਆਸ਼੍ਰਮ ਵਿੱਚ ਰਹੀ. ਸੀਤਾ ਦੇ ਜੌੜੇ ਪੁਤ੍ਰ ਲਵ ਅਤੇ ਕੁਸ਼ ਰਿਖੀ ਦੇ ਆਸ਼੍ਰਮ ਹੀ ਜਨਮੇ, ਬਾਲਮੀਕਿ ਨੇ ਦੋਹਾਂ ਬਾਲਾਕਾਂ ਨੂੰ ਸ਼ਸਤ੍ਰਵਿਦਜਾ ਅਤੇ ਸੰਗੀਤਵਿਦਜਾ ਸਿਖਾਈ.

"ਸੁਨੀ ਬਾਲਮੀਕੰ ਸ਼੍ਰੁਤੰ ਦੀਨ ਬਾਨੀ." (ਰਾਮਾਵ) ੨. ਇੱਕ ਚੰਡਾਲ, ਜੋ ਭਗਤਿ ਦੇ ਪ੍ਰਭਾਵ ਰਿਖੀਆਂ ਵਿੱਚ ਗਿਣਿਆ ਗਿਆ. ਇਸ ਨੂੰ ਚੂੜ੍ਹੇ ਆਪਣਾ ਗੁਰੂ ਮੰਨਦੇ ਹਨ ਅਤੇ ਆਖਦੇ ਹਨ ਕਿ ਲਾਲਬੇਗ ਇਸੇ ਰਿਖੀ ਦਾ ਅਵਤਾਰ ਸੀ. "ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ" (ਭਾਗੁ) "ਬਾਲਮੀਕੁ ਸੁਪਚਾਰੋ ਤਰਿਓ." (ਮਾਰੂ ਮਃ ੫) ੩. ਦੇਖੋ, ਬਾਲਮੀਕ.

**ਬਾਲਲੀਲਾ:** ਸੰਗਜਾ- ਬਾਲਕ੍ਰੀੜਾ. ਬਾਲਅਵਸਥਾ ਦਾ ਖੇਡ। ੨. ਦੇਖੋ, ਨਾਨਕਿਆਨਾ (ਸ).

**ਬਾਲਵੈਦ:** ਸੰਗਜਾ- ਬਾਲਕਾਂ ਦਾ ਇਲਾਜ ਕਰਨ ਵਾਲਾ ਵੈਦਜ. ਬਾਲਕਾਂ ਦੇ ਰੋਗ ਜਾਣਨ ਅਤੇ ਇਲਾਜ ਵਿੱਚ ਨਿਪੁਣ ਤਬੀਬ. "ਬਨਬਾਲੀ[881] ਤੇ ਪਰਸਰਾਮ ਬਾਲਵੈਦ ਹੱਉ ਤਿਨ ਬਲਿਹਾਰਾ." (ਭਾਗੁ) ਦੇਖੋ, ਪਰਸਰਾਮ ੧.

**ਬਾਲੜੀ:** ਬਾਲਕੀ. ਕੰਨਜਾ. "ਵਰੁ ਪਾਇਅੜਾ ਬਾਲੜੀਏ! ਆਸਾ ਮਨਸਾ ਪੂਰੀ." (ਸੂਹੀ ਛੰਤ ਮਃ ੧) ੨. ਮੁਗਧਾ. ਅਨਜਾਨ। ੩. ਵਾਨ. ਵਤੀ. "ਮੁੰਧ ਜੋਬਨਿ ਬਾਲੜੀਏ." (ਆਸਾ ਛੰਤ ਮਃ ੧) ਯੁਵਾ ਅਵਸਥਾ ਵਾਲੀਏ!

**ਬਾਲਾ:** ਸ਼੍ਰੀ ਗੁਰੂ ਨਾਨਕਦੇਵ ਦਾ ਅਨੰਨ ਸਿੱਖ, ਚੰਦ੍ਰਭਾਨੁ ਸੰਧੂ ਜੱਟ ਦਾ ਸੁਪੁਤ੍ਰ ਭਾਈ ਬਾਲਾ, ਜੋ ਤਲਵੰਡੀ (ਨਾਨਕਿਆਨੇ) ਦਾ ਵਸਨੀਕ ਸੀ. ਜਨਮ ਸਾਖੀ ਅਤੇ ਗੁਰੁ ਨਾਨਕਪ੍ਰਕਾਸ਼ ਅਨੁਸਾਰ ਇਹ ਗੁਰੂ ਸਾਹਿਬ ਦੇ ਨਾਲ ਸਾਰੇ ਸਫਰਾਂ ਵਿੱਚ ਰਿਹਾ, ਅਰ ਗੁਰੂ ਅੰਗਦਸਾਹਿਬ ਨੂੰ ਇਸੇ ਨੇ ਹੀ ਗੁਰੂ ਨਾਨਕਦੇਵ ਦੀ ਕਥਾ ਸੁਣਾਈ, ਜਿਸ ਨੂੰ ਭਾਈ ਪੈੜੇ ਨੇ ਲਿਖਿਆ ਹੈ.[882] ਇਸੇ ਪੋਥੀ ਦਾ ਨਾਮ ਭਾਈ ਬਾਲੇ ਵਾਲੀ ਸਾਖੀ ਹੈ, ਜਿਸ ਦਾ ਹੁਣ ਬਿਗੜਿਆ ਹੋਇਆ ਰੂਪ ਅਨੇਕ ਵਾਰ ਛਪਿਆ ਹੈ. ਭਾਈ ਬਾਲੇ ਦੀ ਉਮਰ ਗੁਰੂ ਨਾਨਕਦੇਵ ਤੋਂ ਤਿੰਨ ਵਰ੍ਹੇ ਵਡੀ ਲਿਖੀ ਹੈ, ਇਸ ਹਿਸਾਬ ਸੰਮਤ ੧੫੨੩ ਵਿੱਚ ਭਾਈ ਬਾਲਾ ਜਨਮਿਆ. ਇਸ ਦਾ ਦੇਹਾਂਤ ਸੰਮਤ ੧੬੦੧ ਵਿੱਚ ਖਡੂਰ ਹੋਇਆ. ਗੁਰੂ ਅੰਗਦਦੇਵ ਨੇ ਆਪਣੇ ਹੱਥੀਂ ਸਸਕਾਰ ਕੀਤਾ. ਦੇਖੋ, ਖਡੂਰ। ੨. ਸ਼੍ਰੀ ਗੁਰੂ ਅਰਜਨਦੇਵ ਦਾ ਇੱਕ ਪ੍ਰੇਮੀ ਸਿੱਖ, ਜੋ ਮਰਵਾਹਾ ਜਾਤਿ ਦਾ ਸੀ. ਇਸ ਨੇ ਅਮ੍ਰਿਤਸਰ ਜੀ ਬਣਨ ਸਮੇਂ ਵਡੀ ਸੇਵਾ ਕੀਤੀ। ੩. ਝਿੰਗਣ ਜਾਤਿ ਦਾ ਬ੍ਰਾਹਮਣ, ਜੋ ਅਰਜਨਦੇਵ ਦਾ ਸਿੱਖ ਹੋਕੇ ਸਿੱਖਮਤ ਦਾ ਪ੍ਰਸਿੱਧ ਪ੍ਰਚਾਰਕ ਹੋਇਆ। ੪. ਭੰਡਾਰੀ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋ ਕੇ ਪਰੋਪਕਾਰੀ ਅਤੇ ਉਪਦੇਸ਼ਕ ਹੋਇਆ। ੫. ਛੱਤ ਦੀ ਚੌਕੋਣ, ਸਿੱਧੀ ਅਤੇ ਲੰਮੀ ਲਕੜੀ। ੬. ਕੰਨਾ ਦਾ ਗਹਿਣਾ. ਤੁੰਗਲ। ੭. ਮੱਲਾਂ ਦਾ ਵਰਜ਼ਿਸ਼ ਕਰਨ ਵੇਲੇ ਦਿੱਤਾ ਗੇੜਾ.

---

ਰੁਤ ਬਸੰਤ ਅਤਿ ਸੁਭਤ ਚੈਤ੍ਰ ਸੁਭ ਮਾਸ ਪਛਾਨਹੁ,
ਤਬ ਭਈ ਸਮਾਪਤਿ ਗ੍ਰੰਥ ਕੀ ਰਾਮਾਯਣ ਸੁੰਦਰ ਸਰਸ,
ਕਵਿ ਹਾਥਜੋਰ ਬਿਨਤੀ ਕਰਤ ਚਾਹਤਚਿਤ ਰਘੁਪਤਿਦਰਸ.
ਇਕ ਇਕ ਦਿਨ ਮੇ ਸਰਗ ਇਕ ਕਰਜੋ ਸੁ ਛੰਦਨ ਮਾਹਿ.
[880] ਲਿਖਿਆ ਹੈ ਕਿ ਸਮਾਧਿ ਵਿੱਚ ਇਸਥਿਤ ਰਿਖੀ ਦੇ ਸ਼ਰੀਰ ਪੁਰ ਸਿਉਂਕ ਨੇ ਵਰਮੀ ਬਣਾ ਲਈ ਸੀ.

[881] ਵਨਮਾਲੀ.
[882] ਬੈਸ ਗੁਰੁ ਭਾਖੀ, ਬਾਲਮ ਕਹੋ ਅਬ ਸਾਖੀ ਇਹ
ਹੋਈ ਹੈ ਹਦੂਰ ਤੇਰੇ ਸਬੈ ਸੋ ਕਹੀਜਿਯੋ,
ਸੁਧਾ ਇਤਿਹਾਸਗੁਰੁ ਆਯੋ ਤੁਝ ਪਾਸ ਸਬ
ਔਰ ਕੋ ਸੁਨਾਇ ਨ ਅਘਾਇ ਨਿਤ ਪਸਿਯੇ.
ਬਾਲਾ ਕਹੇ ਐਸੇ ਹੋਈ ਮੋਹਿ ਢਿਗ ਬੈਸੇ ਸਬ
ਜੈਸੇ ਬਿਧਿ ਭਈ ਤੈਮੇ ਬਰਨੋ ਸੁਨੀਜਿਯੇ.
ਬਾਲਾ ਜੋ ਅਲਾਇ ਪੈੜਾ ਲਿਖਤ ਬਨਾਇ, ਗੁਰੁ
ਅੰਗਦ ਸੁਨਾਇ ਸੋਊ ਭੁਮ ਸੁਨ ਲੀਜਿਯੇ." (ਨਾਪ੍ਰ)

ਮੁੰਗਲੀ ਦਾ ਚਕ੍ਰ. "ਬਾਰ ਬਾਰ ਬਹੁ ਬਾਲੇ ਦੈ ਹੈ." (ਗੁਪ੍ਰਸੂ) ੮. ਸੰ. ਬਾਲਾ. ਲੜਕੀ. ਕੰਨ੍ਯਾ. "ਠਾਢੀ ਹੁਤੀ ਬ੍ਰਿਖਭਾਨੁ ਕੀ ਬਾਲਾ." (ਕ੍ਰਿਸਨਾਵ) ੯. ਜਵਾਨ ਇਸਤ੍ਰੀ. "ਥਰਹਰ ਕੰਪੈ ਬਾਲਾ ਜੀਉ." (ਸੂਹੀ ਕਬੀਰ)

ਦੇਸ਼ ਤਜ ਬਨ ਮੇ ਬਨਾਈ ਹੈ ਪਰਨਸਾਲਾ

ਚਾਹਤ ਨ ਕਜੋਂ ਹੂੰ ਮਨ ਚਾਰੁ ਚਿਤ੍ਰਸ਼ਾਲਾ ਕੋ,

ਦੇਹ ਤੇ ਦੁਸ਼ਾਲਾ ਕਰ ਦੀਨੇ ਦੂਤ ਦੂਰ, ਦੇਖੋ!

ਰੰਜਿ ਬਿਭੂਤ ਪੂਤ ਓਢੇ ਮ੍ਰਿਗਛਾਲਾ ਕੋ,

ਕਹੈ "ਤੋਖਹਰਿ" ਹੈ ਨ ਭੋਜਨ ਰਸਾਲਾ ਰੁਚਿ

ਸਹਿਤ ਬਿਸਾਲਾ ਹੈ ਕਸਾਲਾ ਘਾਮ ਪਾਲਾ ਕੋ,

ਆਂਗੁਰੀ ਪੈ ਛਾਲਾ ਪਰੇ ਫੇਰ ਫੇਰ ਮਾਲਾ, ਤਊ

ਮਨ ਮਤਵਾਲਾ ਨਾਹਿ ਭੂਲੇ ਮੁਖ ਬਾਲਾ ਕੋ. ੧੦. ਬਾਲ (ਬਾਲਕ) ਦਾ ਬਹੁਵਚਨ. ਬਾਲਾઃ "ਗੁਣੰਤ ਗੁਣੀਆ ਸੁਣੰਤ ਬਾਲਾ." (ਸਹਸ ਮਃ ੫) ਭਾਵ ਵਿਦਿਯਾਰਥੀ ਜਿਗਆਸੂ ੧੧. ਵਿ- ਬਾਲਜ ਅਵਸ੍ਥਾ ਵਾਲਾ. "ਓਹ ਨ ਬਾਲਾ ਬੂਢਾ ਭਾਈ." (ਆਸਾ ਮਃ ੫) ੧੨. ਵਾਨ. ਵਾਲਾ. "ਪਿਰੁ ਰਲੀਆਲਾ ਜੋਬਨੁ ਬਾਲਾ." (ਵਡ ਛੰਤ ਮਃ ੩) ੧੩. ਯੁਵਾ ਜਰਾ ਰਹਿਤ. "ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ." (ਗਉ ਅਃ ਮਃ ੧) ੧੪. ਫ਼ਾ. بالا ਸ਼ਿਰੋਮਣਿ. ਪ੍ਰਧਾਨ। ੧੫. ਉੱਚਾ.

ਬਾਲਾਇ: ਦੇਖੋ, ਬਲਾ ੬- ੭ ਅਤੇ ਬਲਾਇ.

ਬਾਲਾਈ: ਦੇਖੋ, ਮਲਾਈ। ੨. ਫ਼ਾ. بالائی ਵਿ- ਉੱਪਰ ਦਾ. ਊਪਰੀ.

ਬਾਲਾਸਾਹਿਬ: ਬਾਲਕਰੂਪ ਗੁਰੂ ਹਰਿਕ੍ਰਿਸ਼ਨ ਸਾਹਿਬ ਅੱਠਵੇਂ ਸਤਿਗੁਰੂ। ੨. ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦਿੱਲੀ ਵਿੱਚ ਦੇਹਰਾ. ਇਹ ਦਿੱਲੀ ਦਰਵਾਜੇ ਤੋਂ ਬਾਹਰ, ਹੁਮਾਯੂੰ ਦੇ ਮਕਬਰੇ ਤੋਂ ਨਾਲੇ ਦੇ ਪਾਰ ਅਤੇ ਸੀਸਗੰਜ ਤੋਂ ਚਾਰ ਮੀਲ ਦੀ ਵਿੱਥ ਪੁਰ ਹੈ. ਇੱਥੇ ਗੁਰੂ ਹਰਿਕ੍ਰਿਸਨ ਸਾਹਿਬ ਦਾ ਸੰਸਕਾਰ ਹੋਇਆ ਹੈ. ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਦੇ ਅੰਗੀਠੇ ਭੀ ਇਸੇ ਥਾਂ ਹਨ. ਦੇਖੋ, ਦਿੱਲੀ ਦਾ ਅੰਗ ੪.

ਬਾਲਾਸੁੰਦਰੀ: ਇੱਕ ਵੈਸ਼ਨਵੀ ਚਤੁਰਭੁਜ ਦੇਵੀ.

ਬਾਲਾਕਰ: ਵਿ- ਬਾਲਾ (ਮਾਯਾ) ਦੇ ਰਚਣ ਵਾਲਾ. ਮਾਯਾ ਦਾ ਕਰਤਾ. "ਬੇਦਨਾਥ ਬਾਲਾਕਰ." (ਗ੍ਯਾਨ) ੨. ਸਭ ਦੇ ਉੱਪਰ ਹੈ ਜਿਸ ਦਾ ਹੱਥ. ਜ਼ਬਰਦਸ੍ਤ. ਬਾਲਾਦਸ੍ਤ। ੩. ਬਾਲਾ ਕ ਦਾ ਉਲਟ. ਨਵਾਂ ਉਦਯ ਹੋਇਆ ਸੂਰਜ.

ਬਾਲਾਕੋਟ: ਜਿਲਾ ਹਜਾਰਾ ਦੀ ਤਸੀਲ ਮਾਨਸੇਹਰਾ ਦਾ ਇੱਕ ਪਿੰਡ, ਜਿੱਥੇ ਭਾਈ ਬਾਲਾ ਜੀ ਦਾ ਪ੍ਰਸਿੱਧ ਅਸਥਾਨ ਹੈ. ਸਤਿਗੁਰੂ ਨਾਨਕਦੇਵ ਜੀ ਜਦ ਇਸ ਪਾਸੇ ਲੋਕਾਂ ਦੇ ਉੱਧਾਰ ਵਾਸਤੇ ਆਏ, ਤਦ ਭਾਈ ਬਾਲਾ ਜੀ ਕੁਝ ਸਮਾਂ ਧਰਮਪ੍ਰਚਾਰ ਲਈ ਇੱਥੇ ਠਹਿਰੇ ਹਨ. ਇੱਥੇ ਦੋ ਚਸ਼ਮੇ ਹਨ, ਇੱਕ ਸ਼੍ਰੀ ਗੁਰੂ ਨਾਨਕਦੇਵ ਜੀ ਦੇ ਨਾਮ ਦਾ, ਦੂਜਾ ਭਾਈ ਬਾਲੇ ਦਾ. ਮਕਾਨ ਦੇ ਪੁਜਾਰੀ ਮੁਸਲਮਾਨ ਹਨ. ਭੇਟਾ ਕੜਾਹ ਪ੍ਰਸ਼ਾਦ ਅਰਪੀ ਜਾਂਦੀ ਹੈ, ਜਿਸ ਦੀ ਅਰਦਾਸ ਸ਼ਹਿਰ ਦਾ ਗ੍ਰੰਥੀ ਆਕੇ ਕਰਦਾ ਹੈ. ਅਨੇਕ ਕੁਸ਼੍ਟੀ ਇਨ੍ਹਾਂ ਚਸ਼ਮਿਆਂ ਦਾ ਪਾਣੀ ਅਰੋਗ ਹੋਣ ਲਈ ਪੀਂਦੇ ਹਨ.

ਮਕਾਨ ਦੀ ਡਿਹੁਡੀ ਤੋਂ ਬਾਹਰ ਇੱਕ ਚਸ਼ਮਾ ਭਾਈ ਮਰਦਾਨੇ ਦਾ ਭੀ ਹੈ. ਬਾਲਾਕੋਟ ਜਾਣ ਲਈ ਰੇਲਵੇ ਸਟੇਸ਼ਨ ਹਵੇਲੀਆਂ ਤੋਂ ਸੜਕ ਹੈ, ਜੋ ਮਾਨ ਸੇਹਰਾ ਹੁੰਦੀ ਹੋਈ ਬਾਲਾਕੋਟ ਜਾਂਦੀ ਹੈ.

ਬਾਲਾਜੀ: ਦੇਖੋ, ਬਾਲਾਸਾਹਿਬ।੨ ਦੇਖੋ, ਪੇਸ਼ਵਾ ੨.

ਬਾਲਾਦਸ੍ਤ: ਫ਼ਾ. بالادست ਜ਼ਬਰਦਸ੍ਤ ਜਿਸ ਦਾ ਹੱਥ ਉੱਪਰ ਹੈ.

ਬਾਲਾਭੋਲਾ: ਵਿ- ਬਾਲਕ ਸਮਾਨ, ਜੋ ਛਲ ਕਪਟ ਰਹਿਤ ਹੈ ਸਿੱਧੇ ਸੁਭਾਉ ਵਾਲਾ ਅਤੇ ਹਾਨਿ ਲਾਭ ਦੀ ਚਿੰਤਾ ਤੋਂ ਰਹਿਤ. "ਪ੍ਰਭੂ ਮਿਲਿਓ ਸੁਖ ਬਾਲੇ ਭੋਲੇ." (ਕਾਨ ਮਃ ੫)

ਬਾਲਾਰਾਉ, ਬਾਲਾਰਾਇ: ਦੇਖੋ, ਜਨਵਾਰਾ.

ਬਾਲਿ: ਸੁਗ੍ਰੀਵ ਦਾ ਵਡਾ ਭਾਈ, ਜੋ ਦੱਖਣੀ ਬਨਚਰਾਂ ਦਾ ਰਾਜਾ ਸੀ. ਸੀਤਾ ਨੂੰ ਖੋਜਣ ਅਤੇ ਮੁੜ ਪ੍ਰਾਪਤ ਕਰਨ ਲਈ ਰਾਮਚੰਦ੍ਰ ਜੀ ਨੇ ਸੁਗ੍ਰੀਵ ਨਾਲ ਮਿਤ੍ਰਤਾ ਗੰਢੀ ਅਰ ਬਾਲੀ ਨੂੰ ਮਾਰਕੇ ਸੁਗ੍ਰੀਵ ਨੂੰ ਰਾਜਗੱਦੀ ਪੁਰ ਬੈਠਾਇਆ. ਜਦ ਰਾਮਚੰਦ੍ਰ ਜੀ ਨੇ ਲੁਕਕੇ ਬਾਲੀ ਦੇ ਤੀਰ ਮਾਰਿਆ, ਤਦ ਮਰਦੇ ਹੋਏ ਬਾਲੀ ਨੇ ਆਖਿਆ ਕਿ- ਹੇ ਨਿੰਦਿਤ ਕਰਮ ਕਰਨ ਵਾਲੇ ਕ੍ਸ਼ਤ੍ਰੀ! ਮਰਣਾ, ਜੰਗ ਵਿੱਚ ਹਾਰਣਾ, ਰਾਜ ਦਾ ਨਾਸ਼ ਹੋ ਜਾਣਾ, ਆਦਿਕ ਆਦਿ ਤੋਂ ਹੁੰਦੇ ਚਲੇ ਆਏ ਹਨ, ਪਰ ਜਦ ਤੈਥੋਂ ਲੋਕ ਇਹ ਪ੍ਰਸ਼ਨ ਕਰਨਗੇ ਕਿ ਨਿਰਪਰਾਧ ਬਾਲੀ ਨੂੰ ਲੁਕਕੇ ਤੀਰ ਕਿਉਂ ਮਾਰਿਆ? ਇਸ ਦਾ ਮੁਨਾਸਿਬ ਉੱਤਰ ਹੁਣੇ ਸੋਚ ਰੱਖ, ਦੇਖੋ, ਬਾਲਮੀਕ (ਕਾਂਡ ੪. ਅਃ ੧੭)

ਬਾਲੀ ਅਤੇ ਸੁਗ੍ਰੀਵ ਦੀ ਉਤਪੱਤੀ ਰਾਮਾਯਣ ਵਿੱਚ ਅਣੋਖੀ ਲਿਖੀ ਹੈ ਕਿ ਇੱਕ ਵਾਰ ਬ੍ਰਹਮਾਂ ਦੇ ਨੇਤ੍ਰਾਂ ਤੋਂ ਪ੍ਰੇਮ ਦੇ ਕਾਰਣ ਅੰਝੂ ਵਗੇ, ਉਨ੍ਹਾਂ ਤੋਂ ਇੱਕ ਬਾਂਦਰ "ਰਜਾ" ਨਾਮਕ ਪੈਦਾ ਹੋਇਆ. ਰਜਾ ਇੱਕ ਵਾਰ ਸੁਮੇਰੁ ਪਰਬਤ ਪੁਰ ਇੱਕ ਜਲਭਰੇ ਤਾਲ ਵਿੱਚ ਸਨਾਨ ਕਰਨ ਨਾਲ ਸੁੰਦਰ ਇਸਤ੍ਰੀ ਹੋ ਗਿਆ, ਜਿਸ ਨੂੰ ਦੇਖ ਕੇ ਇੰਦ੍ਰ ਦਾ ਵੀਰਜ ਪਾਤ ਹੋਇਆ, ਅਰ ਉਹ ਵੀਰਯ ਉਸ ਇਸਤ੍ਰੀ ਨੇ ਬਾਲਾਂ (ਕੇਸ਼ਾਂ) ਵਿੱਚ ਧਾਰਕੇ ਬਾਲੀ ਜਣਿਆ. ਫੇਰ ਸੂਰਜ ਦਾ ਵੀਰਯ ਜੋ ਪਾਤ ਹੋਇਆ ਉਸ ਨੂੰ ਗ੍ਰੀਵਾ (ਗਰਦਨ) ਤੇ ਧਾਰਕੇ ਸੁਗ੍ਰੀਵ ਉਤਪੰਨ ਕੀਤਾ, ਜਦ ਰਾਜਾ ਦੋਹਾਂ ਬਾਲਕਾਂ ਨੂੰ ਲੈਕੇ ਬ੍ਰਹਮਾ ਪਾਸ ਗਿਆ, ਤਦ ਉਸ ਨੇ ਕਿਸ਼ਕੰਧਾ ਪੁਰੀ ਵਿੱਚ ਰਾਜਾ ਨੂੰ ਸਾਰੇ ਬਾਂਦਰ ਰਿੱਛਾਂ ਦਾ ਸ੍ਵਾਮੀ ਥਾਪਕੇ ਰਾਜਤਿਲਕ ਦਿੱਤਾ. ਬਾਲੀ ਦੀ ਇਸਤ੍ਰੀ ਸੁਖੇਣ ਦੀ ਪੁਤ੍ਰੀ ਤਾਰਾ, ਅਤੇ ਸੁਗ੍ਰੀਵ ਦੀ ਇਸਤ੍ਰੀ ਰੁਮਾ ਸੀ. "ਅਪਨਾਇ ਸੁਗ੍ਰੀਵਹਿ ਚਲੇ ਕਪਿਰਾਜ ਬਾਲਿ ਸੰਘਾਰਕੈ." (ਰਾਮਾਵ) ੨. ਬਾਲਪਨ ਵਿੱਚ। ੨. ਬਾਲਜ. ਬਾਲਕਪੁਣਾ ਅਤੇ ਬਾਲਅਵਸਥਾ. "ਬਾਲਿ ਬਿਨੋਦ ਚਿੰਦਰਸ ਲਾਗਾ" (ਸ੍ਰੀ ਬੇਣੀ) ੪. ਬਾਲਣਾ ਕ੍ਰਿਯਾ ਦਾ ਅਮਰ. "ਬਾਲਣੁ ਹਡ ਨ ਬਾਲਿ." (ਸ. ਫਰੀਦ)

ਬਾਲਿਸੁਤ: ਬਾਲੀ ਦਾ ਪੁਤ੍ਰ, ਅੰਗਦ.

ਬਾਲਿਸ੍ਤ: ਫ਼ਾ. بالِشت ਸੰਗਯਾ- ਗਿੱਠ, ਗਜ਼ ਦਾ ਚੌਥਾ ਹਿੱਸਾ.

ਬਾਲਿਕਾ: ਸੰਗਯਾ- ਲੜਕੀ, ਕੰਨਯਾ- ੨. ਪੁਤ੍ਰੀ. ਬੇਟੀ। ੩. ਨਦੀ ਦੀ ਬਰੇਤੀ। ੪. ਦੇਖੋ, ਬਾਲੀ ੨.

ਬਾਲਿਗ: ਅ਼. بالِغ ਵਿ- ਪਹੁੰਚਿਆ ਹੋਇਆ। ੨. ਬਾਲਜ ਅਵਸਥਾ ਨੂੰ ਲੰਘਕੇ ਜੋ ਪੂਰੀ ਉਮਰ ਨੂੰ ਪਹੁੰਚ ਗਿਆ ਹੈ. ਬਲੂਗ਼ (بلوُغ) ਦਾ ਅਰਥ ਪਹੁੰਚਣਾ ਹੈ.

ਬਾਲਿਢਟੋਨਾ: ਬਾਲਿ ਦਾ ਢੋਟਾ (ਪੁਤ੍ਰ), ਅੰਗਦ. "ਮਨਾਇ ਗਨੇਸਹਿ ਬਾਲਿਢਟੋਨਾ." (ਹਨੂ)

ਬਾਲੀ: ਸੰ. ਬਾਲਾ. ਇਸਤ੍ਰੀ "ਬਾਲੀ ਰੋਵੈ ਨਾਹਿ ਭਤਾਰੁ." (ਮਃ ੧. ਵਾਰ ਰਾਮ ੧) "ਬਰਸੈ ਨਿਸਿ ਕਾਲੀ ਕਿਉ ਸੁਖ ਬਾਲੀ?" (ਤੁਖਾ ਬਾਰਹਮਾਹਾ) ੨. ਸੰ. ਬਾਲਿਕਾ. ਕੰਨਾ ਦਾ ਗਹਿਣਾ. ਡੰਡੀ. ਛੋਟਾ ਤੁੰਗਲ। ੩. ਬਾਲਜ ਅਵਸਥਾ ਵਾਲੀ "ਧਨ ਬਾਲੀ ਭੋਲੀ" (ਵਡ ਛੰਤ ਮਃ ੩) ੪. ਵਤੀ. ਵਾਲੀ. "ਮੁੰਧ ਜੋਬਨ ਬਾਲੀ ਰਾਮ ਰਾਜੇ." (ਆਸਾ ਛੰਤ ਮਃ ੪) ੫. ਦੇਖੋ, ਬਾਲਿ ੧.

ਬਾਲੁ, ਬਾਲੁਕ, ਬਾਲੂ: ਸੰ. ਸੰਗਯਾ- ਰੇਤ. "ਘਰ ਬਾਲੂ ਕਾ ਘੂਮਨ- ਘੇਰ." (ਬਸੰ ਅਃ ਮਃ ੧) ੨. ਬਿੱਜ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਇਆ. ਭਾਈ ਬਾਲੂ.

ਬਾਲੂਸ਼ਾਹੀ: ਇੱਕ ਪ੍ਰਕਾਰ ਦੀ ਖ਼ਸ੍ਤਾ ਮਿਠਾਈ, ਜੋ ਮੋਣਦਾਰ ਮੈਦੇ ਦੀਆਂ ਟਿੱਕੀਆਂ ਘੀ ਵਿਚ ਤਲਕੇ ਖੰਡ ਦੀ ਚਾਸ਼ਨੀ ਵਿੱਚ ਪਾਗਣ ਤੋਂ ਤਿਆਰ ਹੁੰਦੀ ਹੈ. ਇਸ ਦਾ ਨਾਮ "ਰਾਜੇਸ਼ਾਹੀ" ਭੀ ਹੈ.

ਬਾਲੂਹਸਨਾ: ਇਸ ਮਹਾਤਮਾ ਦਾ ਜਨਮ ਸੰਮਤ ੧੬੨੧ ਵਿੱਚ ਬ੍ਰਾਹਮਣ ਦੇ ਘਰ ਸ਼੍ਰੀ ਨਗਰ (ਕਸ਼ਮੀਰ) ਹੋਇਆ. ਇਹ ਗੁਰੂ

ਹਰਿਗੋਬਿੰਦ ਸਾਹਿਬ ਦੇ ਘੋੜੇ ਦੀ ਸੇਵਾ ਕਰਿਆ ਕਰਦਾ ਸੀ. ਸੰਮਤ ੧੬੯੩ ਵਿੱਚ ਬਾਬਾ ਗੁਰਦਿੱਤਾ ਜੀ ਦਾ ਚੇਲਾ ਬਣਿਆ. ਇਹ ਉਦਾਸੀਆਂ ਦੇ ਇੱਕ ਧੂਣੇ ਦਾ ਮੁਖੀਆ ਹੈ. ਬਾਲੂਹਸਨੇ ਦਾ ਦੇਹਾਂਤ ਦੇਹਰੇਦੂਨ ਸੰਮਤ ੧੭੧੭ ਵਿੱਚ ਹੋਇਆ.[883] ਬਾਬਾ ਰਾਮਰਾਇ ਜੀ ਦੇ ਦੇਹਰੇ ਦੇ ਮਹੰਤ ਇਸੇ ਦੀ ਸੰਪ੍ਰਦਾਯ ਦੇ ਹਨ. ਦੇਖੋ, ਉਦਾਸੀ ਅਤੇ ਅਲਮਸਤ.

ਬਾਲੇ ਦੀ ਸਾਖੀ: ਦੇਖੋ, ਬਾਲਾ.

ਬਾਲੋਚੀ: ਵਿ- ਬਲੂਚ (ਬਲੋਚ) ਨਾਲ ਹੈ ਜਿਸ ਦਾ ਸੰਬੰਧ. ਬਲੂਚ ਦੀ. "ਬਾਲੋਚੀ ਸੈਨਾ ਸਭ ਜੋਰੀ." (ਚਰਿਤ੍ਰ ੧੪੭)

ਬਾਲ੍ਹੀਕ: ਦੇਖੋ, ਬਾਹ੍ਲੀਕ.

ਬਾਲਜ: ਸੰਗਯਾ- ਬਾਲਕਪਨ. ਬਚਪਨ.

ਬਾਵ: ਸੰ. ਵਾਯੁ. ਸੰਗਯਾ- ਪੌਣ. ਹਵਾ. "ਜਨੁ ਗਜਬੇਲਿ ਬਾਵ ਕੀ ਹਰੀ." (ਚਰਿਤ੍ਰ ੩੧੬) ਮਾਨੋ ਪਾਨਾਂ ਦੀ ਬੇਲ (ਨਾਗਵੱਲੀ) ਹਵਾ ਨੇ ਤੋੜ ਦਿੱਤੀ.

ਬਾਵਨ: ਦੋ ਅਤੇ ਪਚਾਸ, ਦ੍ਵਾਪੰਚਾਸ਼ਤ. ਬਵੰਜਾ- ੫੨। ੨. ਵਾਮਨ. ਬਾਉਨਾ. "ਬਾਵਨ ਰੂਪ ਕੀਆ ਤੁਧ ਕਰਤੇ." (ਮਾਰੂ ਸੋਲਹੇ ਮਃ ੫) ੩. ਬਾਵਨ ਚੰਦਨ, "ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਬਾ." (ਪ੍ਰਭਾ ਨਾਮਦੇਵ) ਦੇਖੋ, ਬਾਵਨ ਚੰਦਨ। ੪. ਦੇਖੋ. ਵਾਮਨ.

ਬਾਵਨ ਅਛਰ, ਬਾਵਨ ਅੱਖਰ: ਦੋ ਉੱਪਰ ਪੰਜਾਹ ਅੱਖਰ. ਬਵੰਜਾ ਵਰ੍ਣ. "ਬਾਵਨ ਅਖਰ ਸੋਧਿਕੈ ਹਰਿਚਰਨੀ ਚਿਤੁ ਲਾਇ. ." (ਸ. ਕਬੀਰ) ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ੫੨ ਅਛਰ ਕਲਪੇ ਹਨ-

अ आ ई ई उ ऊ ए ऐ ओ औ अं अः

ऋ ॠ ऌ ॡ

क ख ग घ ङ

च छ ज झ ञ

ट ठ ड ढ ण

त थ द् ध न

प फ ब भ म

य र ल व श

प स ह क्ष त्र ज्ञ

ਬਾਵਨ ਅੱਖਰੀ: ਜਿਸ ਬਾਣੀ ਵਿੱਚ ੫੨ ਅੱਖਰਾਂ ਦੀ ਵਯਾਖਯਾਰੂਪ ਉਪਦੇਸ਼ ਹੈ. ਗਉੜੀ ਰਾਗ ਵਿੱਚ ਗੁਰੂ ਅਰਜਨਦੇਵ ਦੀ ਰਚਨਾ ਅਤੇ ਕਬੀਰ ਜੀ ਦੀ ਬਾਣੀ. ਇਨ੍ਹਾਂ ਬਾਣੀਆਂ ਵਿੱਚ ਸੰਸਕ੍ਰਿਤ ਦੇ ਅੱਖਰਾਂ ਦਾ ਕ੍ਰਮ ਪੂਰਾ ਨਹੀਂ ਹੈ, ਉਸ ਸਮੇਂ ਜੇਹਾ ਪਾਧੇ ਲੋਕ ਅਛਰਕ੍ਰਮ ਰਖਦੇ ਸਨ, ਉਸ ਅਨੁਸਾਰ ਹੈ ਅਰ ਉੱਚਾਰਣ ਭੀ ਜੇਹੇ ਲੋਕਾਂ ਦੇ ਮੂੰਹ ਚੜ੍ਹੇ ਸਨ, ਤੇਹੇ ਹੀ ਹਨ, ਯਥਾ- ਅ ਉ ਓ ਅੰ ਆਂ ਦੀ ਥਾਂ, "ਆਯੋਅੰਙੈ" ਹੈ.

ਬਾਵਨ ਅੱਛਰ: ਦੇਖੋ, ਬਾਵਨ ਅੱਖਰ. "ਬਾਵਨ ਅੱਛਰ ਲੋਕ ਤ੍ਰੈ." (ਗਉ ਬਾਵਨ ਕਬੀਰ)

---

[883] ਬਾਲੂਹਸਨਾ ਅਲਮਸਤ ਦਾ ਛੋਟਾ ਭਾਈ ਸੀ.

ਬਾਵਨ ਕਵਿ: ਦੇਖੋ, ਬਵੰਜਾ ਕਵਿ.

ਬਾਵਨ ਕੋਟਿ: ਵਾਮਨ ਅਵਤਾਰ ਆਦਿ ਕਰੋੜਾਂ. "ਬਾਵਨ ਕੋਟਿ ਜਾਕੈ ਰੋਮਾਵਲੀ." (ਭੈਰ ਅਃ ਕਬੀਰ) ੨. ਬਵੰਜਾ ਕ੍ਰੋੜ.

ਬਾਵਨ ਖੇਲ ਪਠਾਨ: ਪਠਾਣਾਂ ਦੇ ੫੨ ਖ਼ਯਲ (ਖ਼ਾਨਦਾਨ). ਦੇਖੋ, ਖੇਲ. "ਬਾਵਨ ਖੇਲ ਪਨਾਨ ਤਹਿਂ ਸਭੈ ਪਰੇ ਅਰਰਾਇ." (ਚਰਿਤ੍ਰ ੨੯੭)

ਬਾਵਨ ਚੰਦਨ: ਵਾਮਨ (ਮਨੋਹਰ) ਚੰਦਨ, ਚਿੱਟਾ ਚੰਦਨ, ਜੋ ਸੁਗੰਧ ਵਾਲਾ ਹੁੰਦਾ ਹੈ. ਇਸ ਦਾ ਮੂਲ 'ਵਾਮ' ਹੈ. ਸੰਪ੍ਰਦਾਈ ਗਜਾਨੀ ਅਰਥ ਕਰਦੇ ਹਨ ਕਿ ਬਵੰਜਾ ਉਂਗਲੀਆਂ ਦਾ ਉੱਚਾ ਇਸ ਚੰਦਨ ਦਾ ਬੂਟਾ ਹੁੰਦਾ ਹੈ, ਕਈ ਆਖਦੇ ਹਨ ਬਿਰਛ ਦਾ ਕੱਦ ਬਾਂਉਨਾ ਹੁੰਦਾ ਹੈ, ਪਰ ਇਹ ਸਹੀ ਨਹੀਂ.

ਬਾਵਨਬਰਨੀ: ਬਵੰਜਾ ਵਰ੍ਣ (ਅਛਰਾਂ) ਦੀ ਰਚਨਾ. ਬਾਵਨ ਅੱਖਰੀ. "ਸੋ ਇਹ ਬਾਵਨਬਰਨੀ ਬਨੀ." (ਗੁਪ੍ਰਸੂ)

ਬਾਵਨ ਬੀਰ: ਦੇਖੋ, ਬਵੰਜਾ ਬੀਰ.

ਬਾਵਨੀ: ਬਵੰਜਾ (੫੨) ਪਿੰਡਾਂ ਦੀ ਆਬਾਦੀ। ੨. ਸਰਹਿੰਦ ਦਾ ਪਰਗਨਾ, ਜੋ ਕਿਸੇ ਸਮੇਂ ੫੨ ਪਿੰਡਾਂ ਦਾ ਸੀ। ੩. ਬਵੰਜਾ ਅਮੀਰਾਂ ਦੀ ਬਸ੍ਤੀ। ੩. ਵਾਮਨ ਅਵਤਾਰ ਦੀ ਮੂਰਿਤ (ਦੇਹ). "ਤੁਹੀ ਬਾਨੀ ਹੈ ਤਿਨੋ ਲੋਕ ਮਾਪੇ." (ਕ੍ਰਿਸਨਾਵ)

ਬਾਵਰ: ਸਂ. ਵਾਤੂਲ. ਬਾਉਲਾ. ਪਾਗਲ. "ਸਾਵਰ ਸੋਇਰਹੇ." (ਆਸਾ ਮਃ ੫) ੨. ਸਂ. ਵਾਗੁਰਾ. ਫਾਹੀ. ਫੰਧਾ. "ਸੰਗ ਬਾਵਰੈਂ ਲੇਤ ਸਿਧਾਏ." (ਗੁਪ੍ਰਸੂ) "ਲਏ ਬਾਵਰਾਂ ਪਨ ਨਰ ਆਏ." (ਨਾਪ੍ਰ) ੩. ਫ਼ਾ. باور ਯਕੀਨ, ਨਿਸ਼੍ਚਯ. ਵਿਸ਼੍ਵਾਸ.

ਬਾਵਰਚੀ: ਫ਼ਾ. باورچی ਸੰਗਜਾ- ਰਸੋਈਆ. ਲਾਂਗਰੀ.

ਬਾਵਰਚੀਖ਼ਾਨਾ: ਫ਼ਾ. باورچی خانہ ਸੰਗਜਾ- ਪਾਕਸ਼ਾਲਾ. ਰਸੋਈਘਰ. ਲੰਗਰ.

ਬਾਵਰਾ: ਸਂ. ਵਾਤੂਲ. ਸਿਰੜਾ. ਪਾਗਲ. "ਸੁਣਿ ਮਨ ਭੂਲੇ ਬਾਵਰੇ !" (ਸ੍ਰੀ ਅਃ ਮਃ ੧)

ਬਾਵਰੀ: ਸਿਰੜੀ. ਦਿਵਾਨੀ. ਦੇਖੋ, ਬਾਵਰਾ.

ਬਾਂਵਰੀ: ਸੰਗਜਾ- ਵਾਪੀ. ਬਾਉਲੀ. ਪੌੜੀਵਾਲਾ ਖੂਹ. "ਏਕ ਸਾਂਵਰੀ ਭੀਤਰ ਨ੍ਹੈਯਹੁ." (ਚਰਿਤ੍ਰ ੨੪)

ਬਾਵਲ, ਬਾਵਲਾ: ਸਂ. ਵਾਤੂਲ. ਪਾਗਲ. ਸਿਰੜਾ. ਸਿਰੜੀ. "ਬਾਵਲਿ ਹੋਈ ਸੋ ਸਹੁ ਲੋਰਉ." (ਸੂਹੀ ਫਰੀਦ)

ਬਾਵਲਿ: "ਰੇ ਮਨ ਗਹਿਲੇ ਬਾਵਲੇ !" (ਸ. ਫਰੀਦ)

ਬਾਵਲੀ: ਦੇਖੋ, ਬਾਵਰੀ। ੨. ਵਾਪਿਕਾ. ਵਾਪੀ. ਬਾਉਲੀ. ਪੌੜੀਦਾਰ ਖੂਹ.

ਬਾਵਲੀ ਸਾਹਿਬ: ਉਹ ਵਾਪਿਕਾ (ਬਾਉਲੀ), ਜੋ ਕਿਸੇ ਗੁਰੂ ਸਾਹਿਬ ਨੇ ਬਣਵਾਈ। ੨. ਗੋਇੰਦਵਾਲ ਵਿੱਚ ਗੁਰੂ ਅਮਰਦੇਵ ਦੀ ਸੰਮਤ ੧੬੧੬ ਵਿੱਚ ਬਣਵਾਈ ਹੋਈ ਬਾਵਲੀ, ਜਿਸ ਦੀਆਂ ੮੪ ਪੌੜੀਆਂ ਹਨ. ਬਹੁਤ ਪ੍ਰੇਮੀ ਇਸ ਦੀ ਹਰੇਕ ਪੌੜੀ ਪੁਰ ਸਨਾਨ ਕਰਕੇ ੮੪ ਪਾਠ ਜਪੁ ਸਾਹਿਬ ਦੇ ਕਰਨੇ ਮਹਾ ਪੁੰਨ ਕਰਮ ਸਮਝਦੇ ਹਨ. ਦੇਖੋ, ਗੋਇੰਦਵਾਲ। ੩. ਡੱਬੀ ਬਾਜ਼ਾਰ ਲਾਹੌਰ ਵਿੱਚ ਗੁਰੂ ਅਰਜਨਦੇਵ ਦੀ ਬਣਵਾਈ ਵਾਪਿਕਾ, ਜੋ ਸ਼ਾਹਜਹਾਂ ਦੇ ਹੁਕਮ ਨਾਲ ਸੰਮਤ ੧੬੮੫ ਵਿੱਚ ਅਟਵਾਈ ਗਈ ਸੀ ਅਤੇ ਲੰਗਰ ਦੀ ਥਾਂ ਮਸੀਤ ਬਣਵਾਈ ਗਈ ਸੀ.

ਮਹਾਰਾਜਾ ਰਣਜੀਤ ਸਿੰਘ ਨੇ ਸੰਮਤ ੧੮੯੧ ਵਿੱਚ ਇੱਕ ਫੁਲੇਰੇ ਦੇ ਪਤਾ ਦੇਣ ਪੁਰ ਇਹ ਬਾਵਲੀ ਪ੍ਰਗਟ ਕੀਤੀ, ਅਰ ਮਸੀਤ ਢਾਹਕੇ ਗੁਰਦ੍ਵਾਰੇ ਦੀ ਪਹਿਲੇ ਜੇਹੀ ਸ਼ਕਲ ਕਰ ਦਿੱਤੀ. ਦੇਖੋ, ਲਾਹੌਰ।

੪. ਡੱਲਾ ਪਿੰਡ (ਰਿਆਸਤ ਕਪੂਰਥਲਾ) ਵਿੱਚ ਗੁਰੂ ਅਰਜਨਦੇਵ ਜੀ ਦੀ ਲਗਵਾਈ ਬਾਵਲੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਆਹ ਦੀ ਯਾਦਗਾਰ ਲਈ ਗੁਰੂ ਸਾਹਿਬ ਨੇ ਬਣਵਾਈ ਸੀ. ਦੇਖੋ, ਡੱਲਾ।

੫. ਅਨੰਦਪੁਰ ਤੋਂ, ਸੱਤ ਕੋਹ ਉੱਤਰ ਗੁਰੂ ਕੇ ਲਹੌਰ ਦਸ਼ਮੇਸ਼ ਦੀਆਂ ਦੋ ਬਾਵਲੀਆਂ, ਇੱਕ "ਕਰਪਾ" ਦੂਜੀ "ਕਟੋਰਾ" ਨਾਮ ਤੋਂ, ਪ੍ਰਸਿੱਧ ਹਨ. ਇਤਿਹਾਸ ਅਨੁਸਾਰ ਇਨ੍ਹਾਂ ਵਿੱਚੋਂ ਪਹਿਲੀ ਦਾ ਜਲ ਬਰਛੇ ਦੇ ਪ੍ਰਹਾਰ ਤੋਂ ਨਿਕਲਿਆ ਹੈ, ਦੂਜੀ ਦਾ ਘੋੜੇ ਦੇ ਸੁੰਮ ਮਾਰਨ ਤੋਂ। ੬. ਦੇਖੋ, ਢਕੌਲੀ। ੭. ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ ਦਾ ਪਿੰਡ ਖਹਰਾ ਹੈ, ਇਸ ਤੋਂ ਉੱਤਰ ਵੱਲ ਇੱਕ ਫਰਲਾਂਗ ਦੇ ਕਰੀਬ ਸਤਿਗੁਰੂ ਹਰਿਗੋਬਿੰਦ ਸਾਹਿਬ ਜਾ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਮੁਜੰਗ ਤੋਂ ਅਮ੍ਰਿਤਸਰ ਜਾਂਦੇ ਇੱਥੇ ਵਿਰਾਜੇ ਸਨ. ਉਸ ਸਮੇਂ ਛੋਟਾ ਜਿਹਾ ਛੱਪੜ ਸੀ, ਪਿੱਛੋਂ ਸੰਗਤ ਨੇ ਬਾਵਲੀ ਬਣਾ ਦਿੱਤੀ.

ਗੁਰਦ੍ਵਾਰਾ ਸਾਧਾਰਣ ਹਾਲਤ ਵਿੱਚ ਹੈ, ਕੋਈ ਪੱਕਾ ਪੁਜਾਰੀ ਨਹੀਂ. ੧੦. ਵਿੱਘੇ ਦੇ ਕਰੀਬ ਜ਼ਮੀਨ ਹੈ. ਸਰਾਧਾਂ ਦੀ ਦਸਵੀਂ ਨੂੰ ਮੇਲਾ ਹੁੰਦਾਹੈ. ਰੇਲਵੇ ਸਟੇਸ਼ਨ "ਗੁਰੂਸਰ ਸਤਲਾਣੀ" ਤੋਂ ਇਹ ਤਿੰਨ ਮੀਲ ਦੇ ਕ਼ਰੀਬ ਦੱਖਣ ਹੈ.

ਬਾਵਾ: ਦੇਖੋਂ, ਬਾਬਾ। ੨. ਸਾਧੂ. ਬਜ਼ੁਰਗ। ੩. ਬੇਦੀ ਤੇਹਣ ਅਥਵਾ ਭੱਲਾ ਸਾਹਿਬਜ਼ਾਦਾ। ੪. ਬੱਚਾ. ਬਾਲਕ। ੫. ਨਾਮਦੇਵ ਭਗਤ ਦੇ ਮੰਦਿਰ ਦਾ ਪੁਜਾਰੀ. ਦੇਖੋ, ਨਾਮਦੇਵ.

ਬਾਵਾਂ: ਵਿ- ਵਾਮ. ਖੱਬਾ. ਬਾਯਾਂ। ੨. ਟੇਢਾ. ਕੁਟਿਲ. ਵਿੰਗਾ।

ਬਾਵਾਂਗ: ਵਾਮਾਂਗ. ਵਾਮ (ਖੱਬਾ) ਅੰਗ. ਖੱਬਾ ਪਾਸਾ.

ਬਾਵਾਂਗਿ: ਕ੍ਰਿ ਵਿ- ਖੱਬੇ ਪਾਸੇ, ਵਾਮਾਂਗ ਪੁਰ "ਰਿਧਿ ਬਸੇ ਬਾਵਾਂਗਿ." (ਸਵੈਯੇ ਮਃ ੩. ਕੇ)

ਬਾਵੇਂ ਦਾਹਨੇ: ਕ੍ਰਿ. ਵਿ- ਖੱਬੇ ਸੱਜੇ, "ਕਰਿ ਭਾਵੇਂ ਦਾਹਨੇ ਬਿਕਾਰਾ." (ਗਉ ਕਬੀਰ) ਭਾਵ- ਏਧਰ ਓਧਰ. ਕਿਨਾਰੇ.

ਬਾਵੈ: ਵਾਦਨ ਕਰਦਾ ਹੈ. ਵਜਾਉਂਦਾ ਹੈ। ੨. ਵਯਾੱਤ ਕਰਦਾ ਹੈ. ਟੱਡਦਾ ਹੈ. ਪਸਾਰਦਾ ਹੈ. "ਮੁਖ ਬਾਵੈ." (ਕ੍ਰਿਸਨਾਵ)

ਬਾਵੈ ਮਾਰਗੁ: ਵਾਮ ਮਾਰਗ ਵਿੱਚ, ਦੇਖੋ, ਵਾਮਮਾਰਗ। ੨. ਕੁਮਾਰਗ ਵਿੱਚ. "ਬਾਵੈ ਮਾਰਗੁ ਟੇਢਾ ਚਲਨਾ." (ਗਉ ਮਃ ੫)

ਬਾਵੰਜਾਹੀ: ਦੇਖੋਂ, ਬੁਜਾਹੀ.

ਬਾੜ: ਸੰਗ੍ਯਾ- ਕੰਡੇਦਾਰ ਝਾੜੀ ਦੀ ਖੇਤ ਆਦਿ ਦੇ ਚਾਰੇ ਪਾਸੇ ਕੀਤੀ ਰਖ੍ਯਾ. ਸੰ. ਵਾਟ. "ਉਲਟੀ ਬਾੜ ਖੇਤ ਕੋ ਖਾਈ." (ਭਾਗੁ) ਭਾਵ- ਰੱਛਾ ਕਰਨ ਵਾਲੇ ਰਾਜੇ, ਪ੍ਰਜਾ ਨੂੰ ਖਾਂਦੇ ਹਨ। ੨. ਵਾਢ. ਸ਼ਸਤ੍ਰ ਦੀ ਧਾਰਾ "ਖੱਗ ਦੱਗੰ ਝਮਾਥੰਮ ਬਾੜੰ." (ਚੰਡੀ ੨) ੩. ਬੰਦੂਕਾਂ ਦੀ ਸ਼ਲਕ। ੪. ਦੇਖੋਂ, ਬਾੜਨਾ.

ਬਾੜਨਾ: ਕ੍ਰਿ- ਪ੍ਰਵੇਸ਼ ਕਰਨਾ. ਧਸਾਉਣਾ। ੨. ਅੰਦਰ ਕਰਨਾ.

ਬਾੜਵ: ਸੰ. ਬਾਡਵ. ਸੰਗ੍ਯਾ- ਘੋੜਿਆਂ ਦਾ ਸਮੁਦਾਯ। ੨. ਬੜਵਾ ਅਗਨਿ। ੩. ਬ੍ਰਾਹਮਣ.

ਬਾੜਾ: ਸੰਗ੍ਯਾ- ਵਲਗਣ. ਘੇਰਾ. ਬਾੜ ਦੇ ਘੇਰੇ ਵਿੱਚ ਆਇਆ ਖੇਤ ਆਦਿ ਅਸਥਾਨ। ੨. ਇੱਕ ਪ੍ਰਕਾਰ ਦੀ ਦਾਨਰੀਤਿ. ਧਨੀ ਲੋਕ ਵਿਆਹ ਆਦਿ ਉਤਸਵਾਂ ਪੁਰ ਮੰਗਤਿਆਂ ਨੂੰ ਇੱਕ ਅਹਾਤੇ ਅੰਦਰ ਵਾੜ ਦਿੰਦੇ ਹਨ, ਇੱਕ ਇੱਕ ਨੰ ਦਰਵਾਜੇ ਵਿੱਚਦੀਂ ਕੱਢਦੇ ਅਰ ਉਸ ਨੂੰ ਕੁਝ ਦੱਛਣਾ ਦਿੰਦੇ ਜਾਂਦੇ ਹਨ। ੩. ਪੇਸ਼ਾਵਰ ਦੇ ਜ਼ਿਲੇ ਦਾ ਇੱਕ ਦਰਿਆ, ਜੋ ਕਾਬੁਲ ਦਰਿਆ ਦੀ ਸ਼ਾਖ ਸ਼ਾਹਆਲਮ ਪਾਸ ਆਕੇ ਮਿਲਦਾ ਹੈ. ਇਸ ਕਿਨਾਰੇ ਚਾਉਲ ਬਹੁਤ ਹੱਛੇ ਹੁੰਦੇ ਹਨ, ਜੋ "ਬਾੜੇ ਦੇ ਚਾਵਲ" ਸੱਦੀਦੇ ਹਨ.

ਬਾੜੀ: ਵਾਟਿਕਾ. ਬਗੀਚਾ.

ਬਾੜੇ ਦੇ ਚਾਵਲ: ਦੇਖੋਂ, ਬਾੜਾ ੩.

ਬਿ: ਸਿੰਧੀ. ਵਿ- ਦੋ. ਸੰ. ਦ੍ਵਿ। ੨. ਪੰਜਾਬੀ ਵਿੱਚ ਵਿ ਦੇ ਥਾਂ ਭੀ ਬਿ ਆਉਂਦਾ ਹੈ. ਦੇਖੋ, ਵਿ. "ਜਪਹਿ ਕਰ ਬਿ ਚਿਤਿ ਚਾਓ." (ਸਵੈਯੇ ਮਃ ੪. ਕੇ) ਚਿੱਤ ਦਾ ਵਿਸ਼ੇਸ਼ (ਅਤਿ) ਚਾਉ ਕਰਕੇ ਜਪਦੇ ਹਨ। ੩. ਨਿਸ਼ੇਧ. ਵਿਰੁੱਧ. ਦੇਖੋ, ਬਿਓਗ ਆਦਿ ਸ਼ਬਦ.

ਬਿਉਸਾਨਾ: ਕ੍ਰਿ- ਵਿਸ਼੍ਵਾਸ (ਭਰੋਸਾ) ਕਰਨਾ। ੨. ਦੇਖੋ, ਵਰੋਸਾਉਣਾ.

ਬਿਉਹਾਰ: ਸੰ. ਵ੍ਯਵਹਾਰ. ਸੰਗ੍ਯਾ- ਕੰਮ. ਕਾਰ੍ਯ. "ਮਾਯਾ ਇਹੁ ਬਿਉਹਾਰ." (ਗਉ ਕਬੀਰ) ੨. ਸਾਥ ਬੈਠਣਾ. ਮੇਲਜੋਲ. ਦੇਖੋ, ਬਿਉਹਾਰ ੨। ੩. ਲੈਣਦੇਣ. "ਕਰਿ ਮਨ ਮੇਰੇ ਸਤਿ ਬਿਉਹਾਰ." (ਸੁਖਮਨੀ)

ਬਿਉਹਾਰੀ: ਵਿ- ਵ੍ਯਵਹਾਰੀ (व्यवहारिन). ਵ੍ਯਾਪਾਰੀ. ਦੁਕਾਨਦਾਰ. "ਕੋਟਿ ਮਧੇ ਕੋ ਵਿਰਲਾ ਸੇਵਕੁ, ਹੋਰਿ ਸਗਲੇ ਬਿਉਹਾਰੀ." (ਗੂਜ ਮਃ ੫) ੨. ਕਾਰਜ ਕਰਤਾ. ਕ੍ਰਿਯਾ ਦੇ ਕਰਨ ਵਾਲਾ. "ਜਿਹ ਪ੍ਰਸਾਦਿ ਤੂੰ ਆਚਾਰ ਬਿਉਹਾਰੀ." (ਸੁਖਮਨੀ)

ਬਿਉਹਾਰੁ: ਦੇਖੋ. ਬਿਉਹਾਰ. "ਸਚੁ ਸਾਹ ਸੋ, ਜਿਨ ਸਚਾ ਬਿਉਹਾਰ." (ਵਾਰ ਰਾਮ ੨. ਮਃ ੫) ੨. ਦੇਖੋ, ਬਿਉਹਾਰ ੨. "ਸਾਧ ਸੰਗਿ ਹੋਇ ਤਿਸੁ ਬਿਉਹਾਰੁ." (ਭੈਰ ਮਃ ੫)

ਬਿਉਤ: ਦੇਖੋ, ਬ੍ਯੋਂਤ.

ਬਿਉਫਤਮ: ਦੇਖੋ, ਬਿਅਫਤਮ.

ਬਿਓ: ਸਿੰਧੀ. ਵਿ- ਦੂਜਾ. ਦੂਸਰਾ. ਦ੍ਵਿਤੀਯ.

ਬਿਓਗ: ਸੰ. ਵਿਯੋਗ. ਸੰਗ੍ਯਾ- ਜੁਦਾਈ. ਵਿਛੋੜਾ. "ਉਤਰਹਿ ਸਭਿ ਬਿਓਗ." (ਮਾਝ ਬਾਰਹਮਾਹਾ)

ਬਿਓਗਨੀ: ਸੰਗ੍ਯਾ- ਜੁਦਾਈ. ਵਿਯੋਗ ਹੋਣ ਦਾ ਭਾਵ. "ਉਤਰੀ ਸਗਲ ਬਿਓਗਨੀ." (ਰਾਮ ਮਃ ੫) ੨. ਵਿਯੋਗਵਾਲੀ.

ਬਿਓਗੀ: ਸੰ. ਵਿਯੋਗੀ (वियोगिन). ਵਿ- ਵਿਛੁੜਿਆ ਹੋਇਆ. ਰਾਮਬਿਓਗੀ ਨਾ ਜੀਐ." (ਸ. ਕਬੀਰ) ੨. ਵਿਯੋਗ ਕਰਕੇ. ਵਿਛੋੜੇ ਨਾਲ. "ਮਰਤ ਨ ਸੋਗ ਬਿਓਗੀ." (ਗਉ ਕਬੀਰ)

ਬਿਓਗੁ: ਦੇਖੋ, ਬਿਓਗ. "ਫਿਰ ਨ ਹੋਤ ਬਿਓਗੁ." (ਗੂਜ ਮਃ ੫)

ਬਿਓਤ: ਦੇਖੋ, ਬ੍ਯੋਂਤ.

ਬਿਓਮ: ਸੰ. ਵ੍ਯੋਮ (व्योमन्) ਸੰਗ੍ਯਾ- ਆਕਾਸ਼। ੨. ਸ੍ਵਰਗ. ਦੇਵਲੋਕ.

ਬਿਓਮਬਾਨੀ: ਸੰਗ੍ਯਾ- ਵ੍ਯੋਮ (ਆਕਾਸ਼) ਦੀ ਵਾਣੀ. ਆਕਾਸ਼ਬਾਨੀ. "ਕਹੂੰ ਬੇਦਬਿਦ੍ਯਾ, ਕਹੂੰ ਬਿਓਮਬਾਨੀ." (ਅਕਾਲ)

ਬਿਅ: ਦੇਖੋ, ਬਿਓ ਅਤੇ ਬਿਆ.

ਬਿਅਸਤ: ਸੰ. ਵ੍ਯਸ੍ਤ. ਵਿ- ਘਬਰਾਇਆ ਹੋਇਆ. ਵ੍ਯਾਕੁਲ। ੨. ਉਲਟਾ. ਵਿਪਰੀਤ. "ਅਸਤ ਬਿਅਸਤ ਸੁ ਹੋਇ ਅਨਮੀਲਾ." (ਨਾਪ੍ਰ) ਅਸਤ੍ਯ, ਨਿਯਮ ਵਿਰੁੱਧ ਅਤੇ ਬੇਮੇਲ। ੩. ਅਸਤ ਬਿਅਸਤ ਦਾ ਭਾਵ ਆਲ ਪਤਾਲ ਬਕਬਾਦ ਭੀ ਹੈ.

ਬਿਅਦਬੀ: ਦੇਖੋ, ਬੇਅਦਬੀ.

ਬਿਅਦਲੀ: ਸੰਗ੍ਯਾ- ਬੇਅ਼ਦਲੀ. ਬੇਇਨਸਾਫੀ. ਅਨ੍ਯਾਯ. "ਕਛੂ ਬਿਅਦਲੀ ਕੀਨ ਮਹਾਨੀ." (ਗੁਪ੍ਰਸੂ)

ਬਿਅਫਤਮ: ਫ਼ਾ. بیفتم ਬਿਉਫ਼ਤਮ. ਮੈਂ ਡਿਗਿਆ "ਆਖਿਰ ਬਿਅਫਤਮ, ਕਸ ਨ ਦਾਰਦ." (ਤਿਲੰ ਮਃ ੧) ਭਾਵ- ਜਦ ਸਰੀਰ ਪਾਤ ਹੋਇਆ.

ਬਿਅਰਥ: ਦੇਖੋ, ਵ੍ਯਰਥ.

ਬਿਆ: ਵਿ- ਦ੍ਵਿਤੀਯ. ਦੂਜਾ. ਦੇਖੋ, ਬਿਓ. "ਬਿਆ ਦਰੁ ਨਾਹੀ. ਕੈ ਦਰਿ ਜਾਉ?" (ਸ੍ਰੀ ਮਃ ੧) "ਕਿਆ ਤਕਹਿ ਬਿਆ

ਪਾਸ?" (ਮਃ ੫. ਵਾਰ ਮਾਰੂ ੨) ੨. ਫ਼ਾ. بیا ਬਿਯਾ. ਆ. ਆਮਦਨ ਦਾ ਅਮਰ। ੩. ਸੰ. ਵਜਾ. ਫਾਂਸੀ. ਪਾਸ਼. ਦੇਖੋ, ਬਿਆਹਨਨੀ.

ਬਿਆਉਣਾ: ਕ੍ਰਿ- ਬਾਹਰ ਆਉਣਾ. ਉਗਣਾ। ੨. ਬੱਚਾ ਦੇਣਾ. ਸੂਣਾ. "ਜਲ ਕੀ ਮਛੁਲੀ ਤਰਵਰਿ ਬਿਆਈ." (ਆਸਾ ਕਬੀਰ) ਦੇਖੋ, ਪਹਿਲਾ ਪੂਤੁ.

ਬਿਆਈ: ਸੰਗਜਾ- ਫਸਲ ਦੀ ਬਿਜਾਈ। ੨. ਸਰਦੀ ਖੁਸ਼ਕੀ ਨਾਲ ਤੁਤਾ ਪਾਟਕੇ ਹੋਈ ਤੇੜ. ਬਿਵਾਈ chilblain. ੩. ਪ੍ਰਸੂਤ ਹੋਈ. ਦੇਖੋ, ਬਿਆਉਣਾ.

ਬਿਆਸ: ਵਿ- ਬਿਨਾ ਆਸ਼ਾ. ਨਿਰਾਸ਼. ਬੇਆਸ਼ਾ। ੨. ਸੰ. ਵਿਪਾਸ਼. ਸੰਗਜਾ- ਪੰਜਾਬ ਦੇ ਪੰਜ ਨਦਾਂ ਵਿੱਚੋਂ ਇੱਕ ਦਰਿਆ, ਜੋ ਰੋਹਤੰਗ ਪਾਸੋਂ (ਇਲਾਕਾ ਕੁੱਲੂ ਤੋਂ) ਨਿਕਲਕੇ ਜ਼ਿਲਾ ਕਾਂਗੜਾ ਅਤੇ ਹੁਸ਼ਿਆਰਪੁਰ ਵਿੱਚ ੨੯੦ ਮੀਲ ਵਹਿੰਦਾ ਹੋਇਆ ਕਪੂਰਥਲੇ ਦੀ ਸਰਹੱਦ ਪੁਰ ਸ਼ਤਦ੍ਰਵ (ਸਤਲੁਜ) ਨੂੰ ਜਾ ਮਿਲਦਾ ਹੈ, ਜਿੱਥੇ ਇਹ ਸੰਗਮ ਹੋਇਆ ਹੈ ਉਸ ਦਾ ਨਾਮ "ਹਰੀ ਕਾ ਪੱਤਨ ਹੈ."

ਬਿਆਸਨਨਿ: ਵਿਪਾਸ਼ ਨਦੀ ਨੂੰ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਬਿਆਸਾ: ਵਿਪਾਸ਼ ਨਦੀ. ਦੇਖੋ, ਬਿਆਸ ੨.

ਬਿਆਸਾਤ: ਵਰੱਸਾਤ. ਵਰਪਾਉਂਦਾ. "ਸਨਮੁਖ ਓਟ ਰਾਂਹ ਕੋਟਿ ਬਿਆਸਾਤ ਹੈ." (ਭਾਗੁ ਕ)

ਬਿਆਸੀ: ਦੋ ਉੱਪਰ ਅੱਸੀ. ਦ੍ਵਾਸ਼ੀਤਿ- ੮੨.

ਬਿਆਸੁ: ਦੇਖੋ, ਬਿਆਸ ੪. "ਬੇਦ ਪੁਕਾਰੈ ਵਾਚੀਐ ਬਾਣੀ ਬ੍ਰਹਮ ਬਿਆਸੁ." (ਸ੍ਰੀ ਅਃ ਮਃ ੧)

ਬਿਆਸੁਬਾਣੀ: ਪੁਰਾਣ. ਦੇਖੋ, ਬਿਆਸੁ.

ਬਿਆਹ: ਸੰ. ਵਿ- ਵਹ. ਵਿਵਾਹ. ਸ਼ਾਦੀ. ਇਸਤ੍ਰੀ ਗ੍ਰਹਣ ਕਰਨੀ. ਦੇਖੋ, ਵਿਵਾਹ.

ਬਿਆਹਨਨੀ: ਸੰਗਜਾ- ਵਜਾ (ਫਾਹੀ) ਦੇ ਹਨਨ ਵਾਲੀ ਵਿਪਾਸ਼ ਨਦੀ, ਉਸ ਦੇ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

ਬਿਆਹਨਿ: ਵਿਵਾਹਿਤਾ ਇਸਤ੍ਰੀ. ਭਾਰਯਾ. ਵਹੁਟੀ. "ਕਹਾਂ ਸੁਖੀ ਤੇ ਜਗ ਬਸੈਂਐਸ ਬਿਆਹਨਿ ਜਾਂਹਿ?" (ਚਰਿਤ੍ਰ ੪੦)

ਬਿਆਹੁ: ਦੇਖੋ, ਵਿਵਾਹ.

ਬਿਆਕਰਣ, ਬਿਆਕਰਨ: ਸੰ. ਵਿਜਾਕਰਣ. ਸੰਗਜਾ- ਜਿਸ ਤੋਂ ਸ਼ਬਦਾਂ ਦੇ ਅਰਥਾਂ ਦੀ ਸਿੱਧੀ ਅਤੇ ਉਨ੍ਹਾਂ ਦਾ ਸ਼ੁੱਧ ਸਰੂਪ ਜਾਣਿਆ ਜਾਵੇ, ਉਹ ਸ਼ਾਸਤ੍ਰ. ਅ਼. صرف ونحو ਸਰਫ਼ੋਨਹ਼ਵ. ਅੰ Grammar "ਪੁਸਤਕ ਪਾਠ ਬਿਆਕਰਣ ਵਖਾਣੈ." (ਭੈਰ ਮਃ ੧)

ਬਿਆਖ: ਖੋਟ. ਵਿ- ਆਖਜਾ. "ਫਟਕ ਨ ਪੁੱਜਨ ਹੀਰਿਆਂ, ਓਇ ਭਰੇ ਬਿਆਖੈ." (ਭਾਗੁ)

ਬਿਆਜ: ਸੰਗਜਾ- ਵਿਆਜ. ਸੂਦ. "ਜਿਹ ਘਟੈ ਮੂਲ, ਨਿਤ ਬਢੈ ਬਿਆਜ." (ਬਸੰ ਕਬੀਰ) ਦੇਖੋ, ਸੂਦ ੮। ੨. ਦੇਖੋ, ਵਜਾਜ.

ਬਿਆਜਾਰੀ: ਸੰਗਜਾ- ਬੇਜ਼ਾਰ ਹੋਣ ਦੀ ਦਸ਼ਾ. ਦੁੱਖ ਦੀ ਹਾਲਤ। ੨. ਦੁਖੀ ਕਰਨ ਦੀ ਕ੍ਰਿਯਾ. ਦੇਖੋਂ, ਬੇਜ਼ਾਰ.

ਬਿਆਜੁ: ਦੇਖੋ, ਬਿਆਜ, "ਬਿਆਜੁ ਬਢੰਤਉ ਜਾਇ." (ਸ. ਕਬੀਰ) ਦੇਖੋ, ਸੂਦ ੮.

ਬਿਆਜੁੜਾ: ਬਿਆਜ ਲੈਣ ਵਾਲਾ, ਸੂਦ ਲੈਣ ਵਾਲਾ. ਸੰ. ਬੇਕਨਾਟ.

ਬਿਆਝਣਾ: ਕ੍ਰਿ- ਖ਼ਰੀਦਣਾ. ਵਪਾਰ ਕਰਨਾ.

**ਬਿਆਧ:** ਸੰ. ਵ੍ਯਾਧ. ਸੰਗ੍ਯਾ- ਸ਼ਿਕਾਰੀ. ਅਹੇੜੀ। ੨. ਦੇਖੋ, ਵ੍ਯਾਧ

**ਬਿਆਧਿ:** ਦੇਖੋ ਬਿਆਧ. "ਬਿਆਧਿ ਅਜਾਮਲੁ ਤਾਰੀਅਲੇ." (ਗਉ ਨਾਮਦੇਵ) ੨. ਸੰ. ਵ੍ਯਾਧਿ. ਰੋਗ. ਬੀਮਾਰੀ। ੩. ਸੰਤਾਪ. ਦੁੱਖ, "ਸਗਲ ਬਿਆਧਿ ਮਨ ਤੇ ਖੈ ਨਸੈ." (ਸੁਖਮਨੀ) ੪. ਕਲੰਕ, ਦੋਸ਼. "ਕਾਹੂ ਮਹਿ ਮੋਤੀ ਮੁਕਤਾਹਲ, ਕਾਹੂ ਬਿਆਧਿ ਲਗਾਈ." (ਆਸਾ ਕਬੀਰ)

**ਬਿਆਧੀ:** ਦੇਖੋ, ਬਿਆਧਿ ੨. ਅਤੇ ੩.

**ਬਿਆਨ:** ਦੇਖੋ, ਬਯਾਨ.

**ਬਿਆਪਕ:** ਸੰ. ਵ੍ਯਾਪਕ. ਵਿ- ਵਿਸ਼ੇਸ਼ ਕਰਕੇ ਪਹੁੰਚਣ ਵਾਲਾ. ਫੈਲਿਆ ਹੋਇਆ.

**ਬਿਆਪਤ:** ਸੰ. ਵ੍ਯਾਪ੍ਰ. ਵਿ- ਫੈਲਿਆ ਹੋਇਆ. "ਮਾਇਆ ਬਿਆਪਤ ਬਹੁ ਪਰਕਾਰੀ." (ਗਉ ਮਃ ੫) ੨. ਪੂਰਣ. ਭਰਿਆ ਹੋਇਆ। ੩. ਸੰ. ਵ੍ਯਾਪੱਤਿ. ਸੰਗ੍ਯਾ- ਬਦਕਿਸਮਤੀ. ਅਭਾਗਤਾ. "ਭ੍ਰਮਤ ਬਿਆਪਤ ਜਰੇ ਕਿਵਾਰਾ." (ਸੂਹੀ ਅਃ ਮਃ ੫) ਭ੍ਰਮਤ੍ਰ ਅਤੇ ਵ੍ਯਾਪੱਤਿ ਕਿਵਾੜ ਜੋੜੇ ਹੋਏ ਹਨ.

**ਬਿਆਪਾਰ:** ਸੰ. ਵ੍ਯਾਪਾਰ. ਸੰਗ੍ਯਾ- ਕਰਮ. ਕੰਮ. ਕ੍ਰਿਯਾ। ੨. ਲੈਣ ਦੇਣ। ੩. ਮਿਹਨਤ.

**ਬਿਆਪਾਰੀ:** ਸੰ. ਵ੍ਯਾਪਾਰੀ (व्यापारिन. ). ਵਪਾਰ ਕਰਨ ਵਾਲਾ. "ਬਿਆਪਾਰੀ ਬਸੁਧਾ ਜਿਉ ਫਿਰਤਾ." (ਬਾਵਨ)

**ਬਿਆਪਿਕ:** ਦੇਖੋ, ਬਿਆਪਕ, "ਬਿਆਪਿਕ ਰਾਮ ਸਗਲ ਸਾਮਾਨ." (ਗਉ ਥਿਤੀ ਕਬੀਰ)

**ਬਿਆਮਾਨ:** ਸੰ. ਵ੍ਯਾਮ- ਮਾਨ. ਵ੍ਯਾਮ- ਪ੍ਰਮਾਣ. ਸੰਗ੍ਯਾ- ਦੋਹਾਂ ਹੱਥਾਂ ਨੂੰ ਸਿੱਧੀ ਰੇਖਾ ਵਿੱਚ ਸੱਜੇ ਖੱਬੇ ਫੈਲਾਉਣ ਤੋਂ ਬਣੀ ਹੋਈ ਲੰਬਾਈ ਦੀ "ਵ੍ਯਾਮ" ਸੰਗ੍ਯਾ ਹੈ, ਪੂਰ ਦੋ ਗਜ਼ ਪ੍ਰਮਾਣ ਮਾਨੁਸ਼. "ਮਨੋ ਤੀਸ ਬਿਆਮਾਨ ਕੇ ਨਾਗ ਜੈਸੇ." (ਚਰਿਤ੍ਰ ੪੦੪)

**ਬਿਆਰ:** ਦੇਖੋ, ਬਯਾਰ। ੨. ਸੰ. ਵੀਜਾਹੰ. ਵੀਜਣ ਯੋਗ੍ਯ ਬੀਜ. ਪੱਕਿਆ ਹੋਇਆ ਫਲ, ਜੋ ਬੀਜ ਲਈ ਰੱਖਿਆ ਜਾਂਦਾ ਹੈ.

**ਬਿਆਰਿ:** ਦੇਖੋ, ਬਯਾਰਿ.

**ਬਿਆਲ:** ਸੰ. ਵ੍ਯਾਲ. ਸਰਪ। ੨. ਮਾਰਨ ਵਾਲਾ ਹਾਥੀ। ੩. ਦੁਸ਼੍ਟ. ਪਾਜੀ. "ਜਾਹਿ ਸਵਾਰੈ ਸਾਝ ਬਿਆਲ। ਇਹ ਉਤ ਮਨਮੁਖ ਬਾਧੇ ਕਾਲ." (ਗਉ ਮਃ ੧) ਸੰਝ ਸਵੇਰੇ (ਸਾਰੀ ਅਵਸਥਾ) ਦੁਸ਼੍ਟਜੀਵ ਮਨਮੁਖ ਕਾਲ ਦੇ ਬੰਨ੍ਹੇ ਏਧਰ ਓਧਰ ਜਾਂਦੇ ਹਨ। ੪. ਮਰਾ- ਬਦਜ਼ਬਾਨ। ੫. ਦੇਖੋ, ਬੈਆਲ।

**ਬਿਆਲੀ, ਬਿਆਲੀਸ:** ਦੋ ਉੱਪਰ ਚਾਲੀ, ਦ੍ਵਿਚਤ੍ਵਾਰਿੰਸ਼ਤ- ੪੨.

**ਬਿਆਲੁ:** ਸੱਪ. ਦੇਖੋ, ਬਿਆਲ ੧. "ਕਾਲੁ ਬਿਆਲੁ ਜਿਉ ਪਰਿਓ ਡੋਲੈ." (ਸੋਰ ਮਃ ੯) ੨. ਦੇਖੋ, ਬੈਆਲੰ.

**ਬਿਆੜ:** ਦੇਖੋ, ਬਿਆਰ ੨। ੨. ਦਰਾਰ. ਤੇੜ. "ਦੇਇ ਨ ਪ੍ਰਿਥੀ ਬਿਆੜ." (ਪ੍ਰਾਪੰਪ੍ਰ)

**ਬਿਅੰਨ, ਬਿਅੰਨਿ:** ਸਿੰਧੀ. ਵਿ- ਹੋਰ ਦੂਜਾ. ਅਨਯ. ਓਪਰਾ. "ਤੁਟੜੀਆ ਸਾ ਪ੍ਰੀਤਿ, ਜੋ ਲਾਈ ਬਿਅੰਨ ਸਿਉ." (ਵਾਰ ਜੈਤ) ੨. ਅਨਜ (ਹੋਰ) ਹਨ. ਅਨਜ ਹੈਂ. "ਸੇ ਅਖੜੀਆਂ ਬਿਅੰਨਿ, ਜਿੰਨ੍ਹੀ ਡਿਸੰਦੋ ਮਾਪਿਰੀ." (ਵਜ ਛੰਤ ਮਃ ੫)

**ਬਿਸ:** ਦੇਖੋ, ਬਿਸੁ ਅਤੇ ਬਿਖ। ੨. ਸੰ. विस. ਧਾ- ਜਾਣਾ, ਹਰਕਤ ਕਰਨਾ, ਵਧਣਾ। ੩. ਸੰ. ਸੰਗ੍ਯਾ- ਕਮਲ ਦੀ ਨਾਲ. ਮ੍ਰਿਣਾਲ.

**ਬਿੰਸ:** ਸੰ. ਵਿੰਸ਼. ਵੀ- ਬੀਸਵਾਂ. ਵੀਹਵਾਂ.

ਬੀਸਣੀ: ਦੇਖੋ, ਬਿਖਈ.

ਬਿਸਹਰ: ਵਿ- ਵਿਸ਼ (ਜ਼ਹਿਰ) ਦੂਰ ਕਰਨ ਵਾਲਾ। ੨. ਦੇਖੋ, ਬਸ਼ਹਰ.

ਬਿਸਕਰਮਾ: ਦੇਵਤਿਆਂ ਦਾ ਚੀਫ ਇੰਜਨੀਅਰ. ਦੇਖੋ, ਵਿਸ਼੍ਵਕਰਮਾ. "ਤਬ ਬਿਸਕਰਮਾ ਨਰ ਤਨ ਧਰਕੈ." (ਗੁਪ੍ਰਸੂ)

ਬਿਸਖ: ਸੰ. ਵਿਸ਼ਿਖ. ਵਿ- ਸ਼ਿਖਾ ਰਹਿਤ. ਰੋਡਾ। ੨. ਸੰਗਯਾ- ਉਹ ਤੀਰ, ਜਿਸ ਦੇ ਪੰਖ ਨਾ ਹੋਣ. "ਘਨ ਬੂੰਦਨ ਜਯੋਂ ਬਿਸਖੰ ਬਰਖੋ." (ਚੰਡੀ ੨) ੩. ਕਈ ਤੀਰਮਾਤ੍ਰ ਨੂੰ ਭੀ ਵਿਸ਼ਿਖ ਲਿਖ ਦਿੰਦੇ ਹਨ.

ਬਿਸਖਪਰਾ: ਦਾਣੇ ਨੂੰ ਖਾਣ ਵਾਲਾ ਇੱਕ ਕੀੜਾ, ਜੋ ਕੋਠੇ ਵਿੱਚ ਪਾਏ ਅੰਨ ਨੂੰ ਲਗਦਾ ਹੈ। ੨. ਡਿੰਗ ਗੁਹੀਰਾ. ਗੋਧਕ.

ਬਿਸਖਾਗ੍ਰ: ਸੰਗਯਾ- ਵਿਸ਼ਿਖ ਤੀਰ ਦੇ ਅੱਗੇ ਲਾਈ ਜਾਣ ਵਾਲੀ, ਵਿਸ਼. (ਸਨਾਮਾ) ਪੁਰਾਣੇ ਜ਼ਮਾਨੇ ਤੀਰ ਦੀ ਨੋਕ ਨੂੰ ਵੈਰੀ ਦੇ ਮਾਰਨ ਲਈ ਵਿਸ਼ ਲਗਾਦਿੰਦੇ ਸਨ.

ਬਿਸਟ: ਦੇਖੋ, ਵਿਸਟ.

ਬਿਸਟਨੀ: ਵ੍ਰਿਸ਼੍ਟਿ (ਵਰਖਾ) ਕਰਨ ਵਾਲੀ. "ਬਿਸਿਖ ਬਿਸਟਨੀ ਆਦਿ ਕਹਿ." (ਸਨਾਮਾ) ਵਿਸ਼ਿਖ (ਤੀਰ) ਵਰਸਾਉਣ ਵਾਲੀ.

ਬਿਸਟਾ: ਸੰ. ਵਿਸ਼੍ਟਾ. ਸੰਗਯਾ- ਗੰਦਗੀ. ਮਲ. ਗੂੰਹ. "ਬਿਸਟਾ ਅੰਦਰਿ ਕੀਟ ਸੇ." (ਮਃ ੩. ਵਾਰ ਸਾਰ)

ਬਿਸਟਾਲਾ: ਗੰਦਗੀ ਖਾਣ ਦੀ ਕ੍ਰਿਯਾ. ਭਾਵ- ਰਿਸ਼ਵਤ. ਵੱਢੀ. "ਡੋਰੀ ਪੂਰੀ ਮਾਪਹਿ ਨਾਹੀ, ਬਹੁ ਬਿਸਟਾਲਾ ਲੇਹੀ." (ਸੂਹੀ ਕਬੀਰ)

ਬਿਸਟਿ: ਦੇਖੋ, ਵਿਸਟਿ ਅਤੇ ਵ੍ਰਿਸ਼੍ਟਿ.

ਬਿਸਤ: ਦੇਖੋ, ਬਿਆਸਤ। ੨. ਬਿਆਸ ਅਤੇ ਸਤਲੁਜ ਦੇ ਮਧ੍ਯ ਦਾ ਦੇਸ਼, ਜੈਸੇ- ਬਿਸਤ ਦੋਆਬ। ੩. ਫ਼ਾ. بست ਵਿੰਸ਼ਤਿ. ਬੀਸ. ਵੀਹ.

ਬਿਸਤਰਾ, ਬਿਸਤਰਾ: ਫ਼ਾ. بستر, ਸੰ. ਵਿਸ਼੍ਤਰ. ਵਿਛੋਣਾ. ਆਸਤਰਣ. ਆਸਨ.

ਬਿਸਤਾਯੁਧ: ਸੰ. विषितायुध- ਵਿਸ਼ਿਤਾਯੁਧ. ਸੰਗਯਾ- ਮੁਕ੍ਤ ਸ਼ਸਤ੍ਰ ਉਹ ਹਥਿਆਰ, ਜੋ ਹੱਥੋਂ ਛੱਡਕੇ ਵੈਰੀ ਉੱਤੇ ਫੈਂਕਿਆ ਜਾਵੇ. "ਬਿਸਤਾਯੁਧ ਲੈ ਫੁਨ ਜੁੱਧ ਕਿਯੋ." (ਕ੍ਰਿਸਨਾਵ)

ਬਿਸਤਾਰ: ਸੰ. ਵਿਸ੍ਤਾਰ. ਸੰਗਯਾ- ਫੈਲਾਉ। ੨. ਵ੍ਰਿਕ੍ਸ਼. ਬਿਰਛ.

ਬਿਸਤਾਰੀ: ਵਿਸ੍ਤਾਰ ਕੀਤੀ ਫੈਲਾਈ। ੨. ਵਿਸ਼ (ਜ਼ਹਿਰ) ਉਤਾਰੀ. ਵਿਸ਼ ਦੂਰ ਕੀਤੀ.

"ਸਿੱਖੀ ਜਹਿਂ ਕਹਿਂ ਬਹੁ ਬਿਸਤਾਰੀ, ਵਿਸਿਅਨ ਬਿਸਤਾਰੀ ਦੁਖਹੀਨ." (ਗੁਪ੍ਰਸੂ)

ਬਿਸੰਤਿ: ਸੰ. ਵਿੰਸ਼ਤਿ. ਵੀਹ. ਬੀਸ- ੨੦

ਬਿਸਤੀਰਣ: ਸੰ. ਵਿਸ੍ਤੀਰ੍ਣ. ਵਿ- ਫੈਲਿਆ ਹੋਇਆ. ਵਿਸ੍ਤ੍ਰਿਤ (विस्तृत) ੨. ਲੰਮਾ. ਦੀਰਖ. ਵਿਸ਼ਾਲ.

ਬਿਸਤੀਰਤ: ਸੰ. विस्तृत- ਵਿਸ੍ਤ੍ਰਿਤ. ਵਿ- ਫੈਲਿਆ ਹੋਇਆ, ਹੋਈ. "ਸੋਭਾ ਸਰਬ ਜਗਤ ਬਿਸਤੀਰਤ." (ਨਾਪ੍ਰ)

ਬਿਸਤੀਰਨ: ਦੇਖੋ, ਬਿਸਤੀਰਣ.

ਬਿਸਥਾਰ: ਦੇਖੋ, ਬਿਸਤਾਰ. "ਕਰਿ ਡਿਠੇ ਬਿਸਥਾਰ." (ਸ੍ਰੀ ਮਃ ੫)

ਬਿਸਥਿਰਿਓ: ਦੇਖੋ, ਬਿਸਤੀਰਤ.

ਬਿਸਥੀਰਨ, ਬਿਸਥੀਰਨੁ: ਦੇਖੋ, ਬਿਸਤੀਰਣ. "ਪੂਰਣ ਬਿਸਥੀਰਨ ਥੀਰਨ ਸੁਆਮੀ." (ਮਾਰੂ ਮਃ ੫) "ਏਕੁ ਬਿਸਥੀਰਨੁ ਏਕੁ ਸੰਪੂਰਨ." (ਬਿਲਾ ਮਃ ੫)

ਬਿਸ੍ਥਾਰ, ਬਿਸਥਾਰ: ਦੇਖੋ, ਬਿਸਤਾਰ.

ਬਿਸਦ: ਸੰ. ਵਿਸ਼ਦ. ਵਿ- ਚਿੱਟਾ. ਸਫੇਦ। ੨. ਸੰਗ੍ਯਾ- ਸਫੇਦ ਰੰਗ.

ਬਿਸਨ: ਦੇਖੋ, ਬਿਸਨੁ। ੨. ਪਾਰਬ੍ਰਹਮ. ਕਰਤਾਰੁੰ. ਦੇਖੋ, ਬਿਸਨੁ ੪. "ਬਿਸਨ ਕੀ ਮਾਇਆ ਤੇ ਹੋਇ ਭਿੰਨ." (ਸੁਖਮਨੀ) ੩. ਹਿੰਦੂਆਂ ਦੇ ਤਿੰਨ ਦੇਵਤਿਆਂ ਵਿੱਚੋਂ ਚਤੁਰਭੁਜ ਜਗਤਪਾਲਕ ਦੇਵਤਾ "ਬਿਸਨ ਮਹੇਸ ਸਿਧ ਮੁਨਿ ਇੰਦ੍ਰਾ" (ਕਲਿ ਮਃ ੫)

ਬਿਸ਼ਨ ਸਿੰਘ: ਕੁਛਵਾਹਾ ਵੰਸ਼ ਦਾ ਭੂਸ਼ਣ ਜੈਪੁਰ ਦਾ ਰਾਜਾ, ਜੋ ਰਾਮਸਿੰਘ ਦਾ ਪੁਤ੍ਰ ਅਤੇ ਜਯਸਿੰਘ ਸਵਾਈ ਦਾ ਪਿਤਾ ਸੀ, ਇਸ ਦਾ ਦੇਹਾਂਤ ਸਨ ੧੬੯੩ ਵਿੱਚ ਹੋਇਆ ਹੈ. ਦੇਖੋ, ਜਯਸਿੰਘ ਅਤੇ ਧੂਬਰੀ.

ਬਿਸਨਤਨਾ: ਵਿਸ਼ਨੁਤਨਯ. ਕਰਤਾਰ ਦੇ ਪੁਤ੍ਰ ਸਾਧੁਜਨ. "ਬਿਸਨਤਨਾ ਜਸ ਗਾਵੈ." (ਗਉ ਬਾਵਨ ਕਬੀਰ)

ਬਿਸਨਦਾਸ: ਦੇਖੋ, ਗਹਿਰਗੰਭੀਰੀਏ.

ਬਿਸਨਪਦ: ਦੇਖੋ, ਬਿਸਨੁਪਦ. "ਕਹਾਂ ਬਿਸਨਪਦ ਗਾਵੈ ਗੁੰਗ." (ਸੁਖਮਨੀ)

ਬਿਸਨਾਧਪ ਅਰਿ, ਬਿਸਨਾਧਪਤਿ ਅਰਿ: ਵ੍ਰਿਸ਼ਨਿ (वृष्णि). ਯਾਦਵ, ਅਧਿਪ- ਸ੍ਵਾਮੀ, ਅਰਿ- ਵੈਰੀ. ਯਾਦਵਾਂ ਦਾ ਸ੍ਵਾਮੀ ਸ਼੍ਰੀ ਕ੍ਰਿਸ਼ਨ, ਉਸ ਦਾ ਵੈਰੀ ਤੀਰ. (ਸਨਾਮਾ)

ਬਿਸਨੀ: ਵੈਸ਼ਨਵ. "ਕਪੜੇ ਰੰਗ ਕੀਏ ਸਭ ਬਿਸਨੀ." (ਪੰਪ੍ਰ) ੨. ਵ੍ਰਿਸ਼੍ਣਿ. ਯਾਦਵਾਂ ਦੀ ਇੱਕ ਜਾਤਿ, ਜਿਸ ਵਿੱਚ ਕ੍ਰਿਸ਼ਨ ਜੀ ਸਨ। ੩. ਸੰ. व्यसनिन- ਵ੍ਯਸਨੀ. ਵਿਕਾਰੀ. ਜਿਸ ਨੂੰ ਕਿਸੇ ਵਿਸ਼ਯ ਦੀ ਵਾਦੀ ਪੈ ਗਈ ਹੈ.

ਬਿਸਨੁ: ਸੰ. ਵ੍ਯਸਨ. ਸੰਗ੍ਯਾ- ਵਿਸ਼ੇ ਵਿਕਾਰਾਂ ਵਿੱਚ ਲੱਗਣ ਦੀ ਭੈੜੀ ਵਾਦੀ. ਬੁਰੀ ਆਦਤ. "ਜਿਉ ਜੁਆਰ ਬਿਸਨੁ ਨ ਜਾਇ." (ਬਿਲਾ ਅਃ ਮਃ ੫) ਦੇਖੋ, ਵ੍ਯਸਨ। ੨. ਬੀਬੜਾ ਜਾਤਿ ਦਾ ਗੁਰੂ ਅਰਜਨਦੇਵ ਦਾ ਆਤਮ ਗ੍ਯਾਨੀ ਸਿੱਖ। ੩. ਸੰ. विष्णु- ਵਿਸ਼੍ਣੁ. ਦੇਖੋ, ਬਿਸਨ ੩. "ਬ੍ਰਹਮ ਮਹੇਸੁਰ ਬਿਸਨੁ ਸਚੀਪਤਿ." (ਅਕਾਲ) ੪. ਪਾਰਬ੍ਰਹਮ. ਕਰਤਾਰ. ਸਰਵਵਿਆਪੀ ਜਗਤਨਥ.

"यस्माद् विश्वमिदं सर्वं तम्य शक्त्या महात्मनः

नम्मोद्धपोच्यते विष्णुर्विशधातोः प्रवेशनात्. "

(ਸ਼੍ਰੀਧਰ ਅਤੇ ਗੀਤਾ ਦਾ ਸ਼ੰਕਰਭਾਸ਼੍ਯ)

ਬਿਸਨੁ ਅਨੁਜ: ਵਿਸ਼ਨੁ ਦਾ ਛੋਟਾ ਭਾਈ ਇੰਦ੍ਰ.

ਬਿਸਨੁ ਸ਼ਸਤ੍ਰ: ਵਿਸ਼ਨੁ ਦੇਵਤਾ ਦਾ ਪ੍ਰਧਾਨ ਸ਼ਸਤ੍ਰ, ਚਕ੍ਰ. (ਸਨਾਮਾ)

ਬਿਸਨੁਦਾਸ: ਗੁਰੂ ਰਾਮਦਾਸ ਜੀ ਦਾ ਪਰਮਪ੍ਰੇਮੀ ਪਰੋਪਕਾਰੀ ਸਿੱਖ.

ਬਿਸਨੁਪਦ, ਬਿਸਨੁਪਦਾ: ਸੰ. विष्णुपद. ਇਸ ਛੰਦ ਦੇ ਅਨੰਤ ਰੂਪ ਹਨ. ਸੂਰਦਾਸ, ਮੀਰਾਂਬਾਈ ਆਦਿਕ ਦੇ "ਪਦ" ਸਭ ਵਿਸਨੁਪਦ ਸਦਾਉਂਦੇ ਹਨ. ਕੋਈ ਮੁੱਖ ਮੁੱਖ ਭੇਦ ਇੱਥੇ ਲਿਖੇ ਜਾਂਦੇ ਹਨ.

(੧) ਚਾਰ ਚਰਣ, ਪ੍ਰਤਿ ਚਰਣ ੨੬ ਮਾਤ੍ਰਾ, ੧੬- ੧੦ ਪੁਰ ਵਿਸ਼੍ਰਾਮ, ਅੰਤ ਗੁਰੁ.

ਉਦਾਹਰਣ-

ਦੇਗ ਤੇਗ ਕੋ ਧਨੀ ਖਾਲਸਾ, ਨਿਤ ਉਪਕਾਰ ਕਰੈ,

ਸ਼ਰਣਾਗਤ ਕੀ ਬਾਂਹ ਗਹੈ ਦ੍ਰਿੜ੍ਹ, ਦਾਰਿਦ ਦੁੱਖ ਹਰੈ,

ਧੀਰ ਵੀਰ ਗੰਭੀਰ ਸਰਵਪ੍ਰਿਯ, ਕਾਹੂੰ ਤੇ ਨ ਡਰੈ,

ਹਰਿਵ੍ਰਿਜੇਸ਼ ਅਸ ਸਤਗੁਰੁਸੁਤ ਕੀ, ਰਜ ਲੇ ਸੀਸ ਧਰੈ.

(੨) ਅੱਠ ਚਰਣ. ਪ੍ਰਤਿ ਚਰਣ ੨੮ ਮਾਤ੍ਰਾ, ੧੬- ੧੨ ਪੁਰ ਵਿਸ਼੍ਰਾਮ, ਅੰਤ ਦੋ ਗੁਰੁ.

ਉਦਾਹਰਣ-

ਸ੍ਰੀ ਹਰਿ ਰਿਸ ਭਰ ਬਲ ਕਰ ਅਰਿ ਪਰ,

ਜਬ ਧਨੁ ਧਰਕਰ ਧਾਯੋ,

ਤਬ ਨ੍ਰਿਪ ਮਨ ਮਹਿ ਕੋਪ ਬਢਾਯੋ,

ਸ਼੍ਰੀਪਤਿ ਕੋ ਗੁਨ ਗਾਯੋ,

ਜਾਂਕੋ ਪ੍ਰਗਟ ਪ੍ਰਤਾਪ ਤਿਹੂੰ ਪੁਰ,

ਸ਼ੇਸ਼ ਅੰਤ ਨਹਿ ਪਾਯੋ,

ਬੇਦ ਭੇਦ ਜਾਂਕੋ ਨਹਿ ਜਾਨਤ,

ਸੋ ਨੰਦਨੰਦ ਕਹਾਯੋ,

ਕਾਲਰੂਪ ਨਾਥਯੋ ਜਿੰਹ ਕਾਲੀ,

ਕੰਸ ਕੇਸ ਗਹਿ ਘਾਯੋ,

ਸੋ ਮੈ ਰਨ ਮਹਿ ਓਰ ਆਪਨੀ,

ਕੋਪ ਹਕਾਰ ਬੁਲਾਯੋ,

ਜਾਂਕੋ ਧ੍ਯਾਨ ਰਾਮ ਨਿਤ ਮੁਨਿ ਜਨ,

ਧਰਤ ਹ੍ਰਿਦੈ ਨਹਿ ਆਯੋ,

ਧੰਨ ਭਾਗ ਮੇਰੇ ਤਿੰਹ ਹਰਿ ਸੋਂ,

ਅਤਿ ਹੀ ਜੁੱਧ ਮਚਾਯੋ.

(ਕ੍ਰਿਸਨਾਵ)

(੩) ਛੀ ਚਰਣ. ਪਹਿਲਾ ਚਰਣ ੧੫. ਮਾਤ੍ਰਾ ਦਾ, ਪੰਜ ਚਰਣ ਸਤਾਈ ਸਤਾਈ ਮਾਤ੍ਰਾ ਦੇ, ੧੬- ੧੧ ਪੁਰ ਵਿਸ਼੍ਰਾਮ. ਅੰਤ ਸਭ ਦੇ ਦੋ ਗੁਰੁ.

ਉਦਾਹਰਣ-

ਜਦੁਪਤਿ ਮੋਹਿ ਸਨਾਥ ਕੀਓ,

ਦਰਸਨ ਦੇਤ ਨ ਦਰਸਨ ਹੂੰ ਕੋ, ਮੋਕੇ ਦਰਸ ਦੀਓ, ਜਾਨਤ ਹੋਂ ਜਗ ਮੇ ਸਮ ਮੋਸੋ, ਔਰ ਨ ਬੀਰ ਬੀਓ. (ਕ੍ਰਿਸਨਾਵ)

(੪) ਚਾਰ ਚਰਣ. ਪਹਿਲਾ ਚਰਣ ੧੫. ਮਾਤ੍ਰਾ ਦਾ, ਤਿੰਨ ਚਰਣ ਸਤਾਈ ਸਤਾਈ ਮਾਤ੍ਰਾ ਦੇ, ੧੬- ੧੧ ਪੁਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

ਜਿਹਂ ਮ੍ਰਿਗ ਰਾਖੇ ਨੈਨ ਬਨਾਇ,

ਅੰਜਨ ਰੇਖ ਸ਼ਜਾਮ ਪਰ ਅਟਕਤ,

ਸੁੰਦਰ ਫਾਂਧ ਚੜ੍ਹਾਇ." ××× (ਕ੍ਰਿਸਨਾਵ)

(੫) ਚਾਰ ਚਰਣ. ਪਹਿਲਾ ੧੪. ਮਾਤ੍ਰਾ ਦਾ, ਤਿੰਨ ਚਰਣ ਛੱਬੀ ਮਾਤ੍ਰਾ ਦੇ, ੧੬- ੧੦ ਪੁਰ ਵਿਸ਼੍ਰਾਮ, ਅੰਤ ਲਘੁ ਗੁਰੁ.

ਉਦਾਹਰਣ-

ਹਰਿ ਕੇ ਨੈਨਾ ਜਲਜ ਠਏ,

ਦਿਪਤ ਜੋਤਿ ਦਿਨਮਣਿ ਦੁਤਿ ਮੁਖ ਤੇ,

ਕਬਹੁੰ ਨ ਮੁੱਦਤ ਭਏ (ਕ੍ਰਿਸਨਾਵ)

(੬) ਛੀ ਚਰਣ. ਪ੍ਰਤਿ ਚਰਣ ੨੭ ਮਾਤ੍ਰਾ, ੧੬- ੧੧ ਪੁਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

ਸੁਨਪਾਈ ਬ੍ਰਿਜਬਾਲਾ ਮੋਹਨ, ਆਏ ਹੈਂ ਕੁਰੁਖੇਤ,

ਦਰਸਨ ਦੇਖ ਸਭੈ ਦੁਖ ਬਿਸਰੇ, ਬੇਦ ਕਹਿਤ ਜਿਹ ਨੇਤ. (ਕ੍ਰਿਸਨਾਵ)

(੭) ਚਾਰ ਚਰਣ, ਪਹਿਲਾ ਚਰਣ ੧੮. ਮਾਤ੍ਰਾ ਦਾ, ਤਿੰਨ ਚਰਣ ਅਠਾਈ ਅਠਾਈ ਮਾਤ੍ਰਾ ਦੇ, ੧੬- ੧੨ ਪੁਰ ਵਿਸ਼੍ਰਾਮ, ਅੰਤ ਦੋ ਗੁਰੁ.

ਉਦਾਹਰਣ-

ਕੈਸੇਕੈ ਪਾਂਇਨ ਪ੍ਰਭਾ ਉਚਾਰੋਂ?

ਜਾਨਕ ਨਿਪਟ ਅਘਟ ਅੰਮ੍ਰਿਤਸਮ,

ਸੰਪੁਟ ਸੁਭਟ ਉਚਾਰੋਂ. ××× (ਪਾਰਸਾਵ)

(੮) ਚਾਰ ਚਰਣ. ਪਹਿਲਾ ਚਰਣ ੧੬. ਮਾਤ੍ਰਾ ਦਾ, ਤਿੰਨ ਅਠਾਈ ਅਠਾਈ ਮਾਤ੍ਰਾ ਦੇ, ੧੬- ੧੨ ਪੁਰ ਵਿਸ਼੍ਰਾਮ, ਅੰਤ ਸਭ ਦੇ ਯਗਣ, ।ऽऽ.

ਉਦਾਹਰਣ-

ਸੋਭਤ ਬਾਮਹਿ ਪਾਣਿ ਕ੍ਰਿਪਾਨੀ,

ਜਾਤਰ ਜੱਛ ਕਿਨਰ ਅਸੁਰਨ ਕੀ,

ਸਭ ਕੀ ਕ੍ਰਿਯਾ ਹਿਰਾਨੀ, ××× (ਪਾਰਸਾਵ)

(੯) ਦੇਖੋ, "ਸ਼ਬਦ" ਅਤੇ "ਪਦ"

ਬਿਸਨੋ ਬਿਸਨੁਯਕ: ਵਿਸ਼ਨੁ ਹੀ ਵਿਸ਼੍ਵ ਦਾ ਨਾਯਕ (ਸ੍ਵਾਮੀ) ਹੈ. "ਕੋਊ ਕਹੈ ਬਿਸਨੋ ਬਿਸੁ ਨਾਯਕ." (੩੩ ਸਵੈਯੇ)

ਬਿਸਫੋਟ: ਸੰ. ਵਿਸ੍ਫੋਟ. ਸੰਗਯਾ- ਫੋੜਾ. ਜੋ ਫੁੱਟਕੇ ਵਹਿਣ ਲਗਦਾ ਹੈ. "ਜਯੋਂ ਬਿਸਫੋਟ ਪਕਯੋ ਦੁਖ ਦੇਤ ਹੈ." (ਗੁਪ੍ਰਸੂ)

ਬਿਸਮ: ਸੰ. ਵਿਸ੍ਮਯ. ਸੰਗਯਾ- ਹੈਰਾਨੀ. ੩.

ਬਿਸਮਇ: ਅ਼ੱਜੁਬ। ੨. ਵਿ- ਆਸ਼੍ਚਰਯ. ਹੈਰਾਨ. "ਬਿਸਮ ਭਏ ਗੁਣ ਗਾਇ ਮਨੋਹਰ." (ਸਾਰ ਅਃ ਮਃ ੧)

ਬਿਸਮ ਸਥਲ: ਸੰਗਯਾ- ਵਿਸ੍ਮਯ (ਆਸ਼੍ਚਰਯ) ਕਰਨ ਵਾਲਾ ਸ੍ਥਲ (ਸ੍ਥਾਨ). ਤੁਰੀਯਪਦ। ੨. ਵਿਖਮ (ਔਖਾ) ਥਾਂ, ਜਿੱਥੇ ਪੁੱਜਣਾ ਮੁਸ਼ਕਿਲ ਹੋਵੇ.

ਬਿਸਮਨ: ਸੰ. ਵਿਸ੍ਮਯਨ. ਸੰਗਯਾ- ਆਸ਼੍ਚਰਯ ਹੋਣ ਦੀ ਕ੍ਰਿਯਾ. ਹੈਰਾਨੀ ਦਾ ਭਾਵ. "ਬਿਸਮਨ ਬਿਸਮ ਭਏ ਬਿਸਮਾਦ." (ਸੁਖਮਨੀ) ਬਿਸਮਾਦ (ਵਿਸ੍ਮਯਪ੍ਰਦ) ਬਿਸਮ (ਆਸ਼੍ਚਰਯ) ਤੋਂ ਹੈਰਾਨ ਹੋ ਗਏ.

ਬਿਸਮਯ, ਬਿਸਮਾ: ਦੇਖੋ, ਬਿਸਮਇ. "ਪੇਖਿ ਰਹੇ ਬਿਸਮਾ." (ਗੂਜ ਮਃ ੫) "ਤੂ ਅਚਰਜੁ ਕੁਦਰਤਿ ਤੇਰੀ ਬਿਸਮਾ." (ਵਡ ਮਃ ੫)

ਬਿਸਮਾਦ: ਸੰ. ਵਿਸ੍ਮਯਪ੍ਰਦ. ਵਿ- ਹੈਰਾਨੀ ਦੇਣ ਵਾਲਾ, ਆਸ਼੍ਚਰਯ ਕਰਨ ਵਾਲਾ. "ਬਿਨ ਨਾਵੈ ਬਿਸਮਾਦ." (ਸ੍ਰੀ ਮਃ ੫) ੨. ਸੰਗਯਾ- ਆਤਮਿਕ ਰਸ ਨੂੰ ਪ੍ਰਾਪਤ ਹੋਕੇ ਅੰਤਹਕਰਣ ਦੀ ਸਹਜ ਆਨੰਦ ਦੀ ਦਸ਼ਾ.

ਬਿਸਮਾਦਿ: ਵਿਸ਼ਰੂਪ ਮਾਦਕ ਨਾਲ. ਜ਼ਹਿਰੀਲੇ ਨਸ਼ੇ ਨਾਲ. "ਮਨੁ ਸੋਇਆ ਮਾਇਆ ਬਿਸਮਾਦਿ." (ਗਉ ਮਃ ੫) ਮਾਯਾ ਦੇ ਜ਼ਹਿਰੀਲੇ ਨਸ਼ੇ ਨਾਲ ਸੋਇਆ। ੨. ਵਿਸਮਾਦ ਦਸ਼ਾ ਵਿੱਚ, ਅਥਵਾ ਤੋਂ. ਦੇਖੋ, ਬਿਸਮਾਦ ੨.

ਬਿਸਮਾਦੀ: ਵਿਸ੍ਮਯ (ਹੈਰਾਨੀ) ਹੋਇਆ. "ਦੇਖਿ ਅਦ੍ਰਿਸਟੁ ਰਹਉ ਬਿਸਮਾਦੀ." (ਸੋਰ ਮਃ ੧)

ਬਿਸਮਾਦੁ: ਦੇਖੋ, ਬਿਸਮਾਦ। ੨. ਆਸ਼੍ਚਰਯ. ਹੈਰਾਨ. "ਧਰਮਰਾਜਾ ਬਿਸਮਾਦੁ ਹੋਆ." (ਆਸਾ ਮਃ ੫) ੩. ਦੇਖੋ, ਬਿਸਮਾਦ ੨. "ਨਾਨਕ ਚਾਖਿ ਭਏ ਬਿਸਮਾਦੁ." (ਆਸਾ ਮਃ ੫)

ਬਿਸਮਿਲ, ਬਿਸਮਿਲਿ: ਫ਼ਾ. بسمل ਸੰਗਯਾ- "ਬਿਸਮਿੱਲਾ"ਪੜ੍ਹਕੇ ਕੀਤੀ ਹੋਈ ਕੁਰਬਾਨੀ। ੨. ਵਿਜਿਬਹ ਕੀਤਾ ਹੋਇਆ. "ਬਿਸਮਿਲਿ ਕੀਆ ਨ ਜੀਵੈ ਕੋਇ." (ਭੈਰ ਨਾਮਦੇਵ)

ਬਿਸਮਿੱਲਾ: ਅ਼. بسم اللہ ਬਿਸਮਿੱਲਹ. ਅੱਲਾ ਦੇ ਨਾਮ ਨਾਲ. ਅੱਲਾ ਨਾਮ ਪੂਰਵਕ.

ਬਿਸਮੁ: ਦੇਖੋ, ਬਿਸਮ. "ਬਿਸਮੁ ਭਈ ਮੈ ਬਹੁ ਬਿਧਿ ਸੁਨਤੇ." (ਜੈਤ ਮਃ ੫)

ਬਿਸਮੈ: ਦੇਖੋ, ਬਿਸਮਾਇ.

ਬਿਸਮੈਤਾ: ਸੰਗਯਾ- ਵਿਸ੍ਮਯ ਹੋਣ ਦਾ ਭਾਵ. ਹੈਰਾਨੀ. "ਸੁਨ ਸਭ ਬਿਸਮੈਤਾ ਉਰ ਪੂਰੀ." (ਨਾਪ੍ਰ)

ਬਿਸਯਾਰ: ਫ਼ਾ. بسیار ਵਿ- ਬਹੁਤ. ਜ਼ਿਆਦਹ.

ਬਿਸਰ: ਦੇਖੋ, ਬਿਸਰਣ। ੨. ਦੇਖੋ, ਵਿਸਰ.

ਬਿਸਰਗ: ਦੇਖੋ, ਵਿਸਰਗ.

ਬਿਸਰਜਨ: ਸੰ. ਵਿਸਜੰਨ. ਦਾਨ ਦੇਣਾ। ੨. ਭੇਜਣਾ। ੩. ਤਿਆਗਣਾ. ਛੱਡਣਾ। ੪. ਵਿਦਾ ਕਰਨਾ. "ਕੀਨ ਬਿਸਰਜਨ ਤਾਹਿਂ." (ਗੁਪ੍ਰਸੂ)

**ਬਿਸਰਜਿਤ:** ਵਿ- ਵਿਸਜਿੰਤ. ਛੱਡਿਆ ਹੋਇਆ. ਤਿਆਗਿਆ. "ਨਾਮਿ ਰਤੇ ਕੇਵਲ ਬੈਰਾਗੀ, ਸੋਗ ਬਿਜੋਗ ਪਿਸਰਜਿਤ ਰੋਗ." (ਗੂਜ ਅਃ ਮਃ ੧) ੨. ਵਿਦਾ ਕੀਤਾ.

**ਬਿਸਰਣ:** ਸੰ. ਵਿਸਮਰਣ. ਯਾਦ ਤੋਂ ਭੁੱਲਣ ਦਾ ਭਾਵ. ਚੇਤੇ ਨਾ ਰਹਿਣਾ. "ਮਰਣੰ ਬਿਸਰਣੇ ਗੋਬਿੰਦਹ." (ਗਾਥਾ) "ਬਿਸਰਿਗਈ ਸਭ ਤਾਤ ਪਰਾਈ." (ਕਾਨ ਮਃ ੫)

**ਬਿਸਰਤ:** ਕ੍ਰਿ ਵਿ- ਭੁੱਲਦਾ. ਵਿਸਮਰਣ ਹੁੰਦਾ. "ਬਿਸਰਤ ਨਾਹਿ ਮਨ ਤੇ ਹਰੀ." (ਕੇਦਾ ਮਃ ੫) ੨. ਵਿ- ਵਿਸਮ੍ਰਤ. ਭੁੱਲਿਆ ਹੋਇਆ. ਚੇਤਿਓਂ ਉਤਰਿਆ। ੩. ਸੰ. ਵਿਸ੍ਰਿਤ (वि- सृत) ਨਿਕਲ ਗਿਆ. ਚਲਾ ਗਿਆ। ੪. ਕ੍ਰਿ. ਵਿ- ਚਲੇ ਜਾਣ ਤੋਂ. ਵਿਦਾ ਹੋਣ ਪੁਰ. "ਜਿਸ ਬਿਸਰਤ ਤਨ ਭਸਮ ਹੋਇ, ਕਹਿਤੇ ਸਭ ਪ੍ਰੇਤ." (ਵਾਰ ਜੈਤ) ਜਿਸ ਜੋਤਿ ਦੇ ਵਿਦਾ ਹੋਣ ਪੁਰ ਤਨ ਭਸਮ ਹੋਇ.

**ਬਿਸਰਮ:** ਦੇਖੋ, ਬਿਸਰਾਮ। ੨. ਦੇਖੋ, ਬੇਸ਼ਰਮ.

**ਬਿਸਰਾਉ:** ਸੰਗਯਾ- ਵਿਸਮਰਣ. ਚੇਤੇ ਤੋਂ, ਭੁੱਲਣ ਦਾ ਭਾਵ. ਦੇਖੋ, ਪਉਣ ਪਾਣੀ ਅਗਨੀ। ੨. ਵਿਸ਼੍ਰਾਮ. ਸਿਥਤਿ। ੩. ਸੰ. ਵਿਸ਼੍ਰਾਵ. ਪ੍ਰਸਿੱਧੀ. ਮਸ਼ਹੂਰੀ। ੪. ਵਿਸ੍ਰਾਵ. ਚੋਣ (ਟਪਕਣ) ਦਾ ਭਾਵ.

**ਬਿਸਰਾਤ ਘਾਟ:** ਦੇਖੋ, ਵਿਸ਼੍ਰਾਂਤ ਘਾਟ. "ਰਿਪੁ ਕੋ ਬਧਕੈ ਤਬਹੀ ਹਰਿ ਜੂ ਬਿਸਰਾਤ ਕੇ ਘਾਟਹਿ ਊਪਰ ਆਯੋ." (ਕ੍ਰਿਸਨਾਵ)

**ਬਿਸਰਾਮ:** ਸੰ. ਵਿਸ਼੍ਰਾਮ. ਸੰਗਯਾ- ਸਿਥਤਿ। ੨. ਸ਼ਾਂਤਿ. "ਕਤ ਪਾਈਐ ਬਿਸਰਾਮ?" (ਮਾਝ ਬਾਰਹਮਾਹਾ)

**ਬਿਸਰਾਮਨਿਧਿ:** ਦੇਖੋ, ਬਿਸ੍ਰਾਮਨਿਧਿ.

**ਬਿਸਰਿ:** ਵਿਸਰਕੇ. ਵਿਸਮਰਣ ਹੋਕੇ.

**ਬਿਸਲਿ:** ਸੰ. ਵਿਸ਼ਲਯ. ਵਿ- ਬਿਨਾ ਸ਼ਲਯ (ਘਾਉ) ਤੋਂ। ੨. ਸੰਗਯਾ- ਵਿਸ਼ਲਯਕਰਣੀ ਬੂਟੀ, ਜਿਸ ਦੇ ਲਾਉਣ ਤੋਂ ਘਾਉ ਮਿਲ ਜਾਂਦਾ ਹੈ. "ਸੀਲ ਬਿਸਲਿ ਆਣ ਤੋਖੀਲੇ ਹਰੀ." (ਧਨਾ ਤ੍ਰਿਲੋਚਨ) ਸ਼ਲਯ ਤੋਂ ਵਿਸ਼ਲਯ ਕਰਨ ਵਾਲੀ ਲਿਆਕੇ ਰਾਮ ਨੂੰ ਪ੍ਰਸੰਨ ਕੀਤਾ. ਦੇਖੋ, ਵਿਸ਼ਲਯਕਰਣੀ.

**ਬਿਸਵਾ:** ਸੰਗਯਾ- ਵਿੱਘੇ ਦਾ ਬੀਹਵਾਂ ਭਾਗ. ਦੇਖੋ, ਮਿਣਤੀ। ੨. ਵੀਹਵਾਂ ਹਿੱਸਾ। ੩. ਜ਼ਮੀਨ ਦਾ ਸ੍ਵਤ੍ਵ. ਪ੍ਰਿਥਿਵੀ ਦਾ ਮਾਲਕੀਯਤ। ੪. ਡਿੰਗ- ਰਾਜ ਕਰ. ਸਰਕਾਰੀ ਮਹਿਸੂਲ। ੫. ਦੇਖੋ, ਵੀਹ ਵਿਸਵੇ.

**ਬਿਸਵਾਸ:** ਦੇਖੋ. ਬਿਸੁਆਸ ਅਤੇ ਵਿਸ਼੍ਵਾਸ.

**ਬਿਸਵਾਸੀ:** ਵਿ- ਵਿਸ਼੍ਵਾਸ ਕਰਨ ਵਾਲਾ। ੨. ਸੰਗਯਾ- ਜ਼ਮੀਨ ਦੀ ਇੱਕ ਮਿਣਤੀ. ਦੇਖੋ, ਬਿਘਾ.

**ਬਿਸਵਾਦ:** ਦੇਖੋ, ਬੇਸਵਾਦ। ੨. ਸੰ. ਵਿਸ਼੍ਵਾਦ. ਵਿਸ਼੍ਵ (ਸੰਸਾਰ) ਨੂੰ ਅਦ (ਖਾਣ) ਵਾਲਾ. ਮਹਾਕਾਲ। ੩. ਵਿਸ਼- ਵਾਦ. ਵਿਤੰਡਾਵਾਦ. ਝਗੜੇ ਦੀ ਚਰਚਾ. "ਬਿਸਵਾਦ ਆਦਿ ਭਰਮੰ." (ਗ੍ਯਾਨ)

**ਬਿਸਾ:** ਦੇਖੋ, ਵਿਸ਼ਯ। ੨. ਦੇਖੋ, ਵਿਸ਼ਾ.

**ਬਿਸਾਸ, ਬਿਸਾਸਾ, ਬਿਸਾਸੁ:** ਸੰ. ਵਿਸ਼੍ਵਾਸ. ਸੰਗਯਾ- ਯਕ਼ੀਨ. ਭਰੋਸਾ. ਨਿਸ਼੍ਚਯ. ਏਤਬਾਰ. "ਪ੍ਰਭੁ ਅਪਨੇ ਕਾ ਭਇਆ ਬਿਸਾਸ." (ਗੌਂਡ ਮਃ ੫) "ਪੂਰੈ ਸਤਿਗੁਰਿ ਦੀਆਂ ਬਿਸਾਸ." (ਰਾਮ ਮਃ ੫) "ਕਹਾਂ ਬਿਸਾਸਾ ਇਸ ਭਾਂਡੇ ਕਾ, ਇਤਨਕੁ ਲਾਗੈ ਠਨਕਾ." (ਸਾਰ ਕਬੀਰ) "ਸਤਸੰਗਤਿ ਮਹਿ ਬਿਸਾਸੁ ਹੋਇ." (ਆਸਾ ਮਃ ੫)

**ਬਿਸਾਹ:** ਦੇਖੋ, ਵੇਸਾਹੁ। ੨. ਦੇਖੋ, ਬਿਸਾਹਨ। ੩. ਸੰ. ਵਯਵਸਾਯ. ਸੰਗਯਾ- ਮੁੱਲ ਲੈਣ ਦਾ ਕੰਮ. ਖਰੀਦ.

**ਬਿਸਾਹਨ:** ਸੰਗਯਾ- ਵਯਵਸਾਯ (ਖ਼ਰੀਦ) ਕਰਨਾ ਮੁੱਲ ਲੈਣਾ. "ਪਾਪ ਬਿਸਾਹਨ ਜਾਇ." (ਸ. ਕਬੀਰ) "ਪਾਪ ਪੁੰਨ ਦੁਇ ਬੈਲ

ਬਿਸਾਹੇ." (ਗਉ ਕਬੀਰ)

ਬਿਸਾਹੁ: ਸੰਗਯਾ- ਵਿਸ਼੍ਵਾਸ. ਭਰੋਸਾ. ਯਕ਼ੀਨ। ੨. ਦੇਖੋ, ਬਿਸਾਹ.

ਬਿਸਾਗਨਿ: ਵਿਸ਼ਯ- ਅਗਨਿ. "ਸੀਤਕਰ ਜੈਸੇ ਸੀਤਕਰ ਸੋ ਬਿਸਾਗਨਿ ਤੇ." (ਨਾਪ੍ਰ) ਵਿਸ਼ਯਰੂਪ ਅਗਨਿ ਤੋਂ ਸੀਤਲ ਕਰਨ ਵਾਲੇ ਚੰਦ੍ਰਮਾ ਤੁਲ੍ਯ ਹਨ.

ਬਿਸਾਤ: ਅ਼. بساط ਬਸਾਤ਼. ਸੰਗਯਾ- ਬਿਛਾਉਣਾ. ਫਰਸ਼ ਦਾ ਵਸਤ੍ਰ। ੨. ਉਹ ਕਪੜਾ, ਜਿਸ ਉੱਪਰ ਸਤਰੰਜ ਖੇਡੀਦਾ ਹੈ. "ਸਤਰੰਜ ਬਾਜੀ ਖੇਲ ਬਿਸਾਤ ਬਣਾਇਆ." (ਭਾਗੁ)

ਬਿਸਾਤੀ: ਅ਼. بساطی ਸੰਗਯਾ- ਕਪੜਾ ਬਿਛਾਕੇ ਉੱਪਰ ਸੌਦੇ ਦੀਆਂ ਚੀਜ਼ਾਂ ਰੱਖਣ ਵਾਲਾ ਵਪਾਰੀ. ਬਸੰਤੀ.

ਬਿਸਾਦ: ਸੰ. ਵਿਸ਼ਾਦ. ਸੰਗਯਾ- ਜੜ੍ਹਤਾ। ੨. ਦਿਲ ਦਾ ਟੁੱਟਣਾ. "ਨਰਨ ਬਿਸਾਦ ਭਯੋ ਚਲੇ ਗੁਰੁ ਅਰਜਨ (ਗੁਪ੍ਰਸੂ) ੩. ਕਲੇਸ਼. ਦੁੱਖ। ੪. ਵਿ- ਵਿਸ਼ ਖਾਣਵਾਲਾ। ੫. ਸੰਗਯਾ- ਸ਼ਿਵ.

ਬਿਸਾਰ: ਸੰ. ਵਿਸ਼ਾਰ. ਵਿਸ਼ (ਜ਼ਹਿਰ) ਵਾਲਾ. "ਕਾਨ੍ਹ ਕੇ ਨੈਨ ਕਿ ਬਾਨ ਬਿਸਾਰੇ." (ਕ੍ਰਿਸ਼ਨਾਵ) ੨. ਸੰ. ਵਿਸਾਰ. ਸੰਗਯਾ- ਮਛ. ਮੀਨ. "ਜਲ ਈਖਦ ਜੇਸਟ ਬਾਸਰ ਮਾਹਿ. ਬਿਸਾਰਨ ਕੀ ਬਿਧਿ ਜ੍ਯੋਂ ਅਕੁਲਾਏ." (ਨਾਪ੍ਰ) ੩. ਦੇਖੋ, ਬਿਸਰਣ ਅਤੇ ਬਿਸਾਰਣਾ. "ਤੂ ਨ ਬਿਸਾਰੇ ਰਾਮਈਆ !" (ਮਲਾ ਨਾਮਦੇਵ)

ਬਿਸਾਰਣ: ਸੰ. ਵਿਸ਼ਾਰਣ. ਮਾਰਨਾ. ਵਧ ਕਰਨਾ. "ਧਰਮਧੀਰ ਗੁਰੁਮਤਿ ਗਭੀਰ. ਪਰਦੁਖ ਬਿਸਾਰਣ." (ਸਵੈਯੇ ਮਃ ੫. ਕੇ) ੨. ਦੇਖੋ, ਬਿਸਰਣ ਅਤੇ ਬਿਸਾਰਣਾ.

ਬਿਸਾਰਣਾ: ਵਿਸਮਰਣ ਕਰਨਾ. ਚੇਤਿਓਂ ਭੁਲਾਉਣਾ. "ਅਵਰ ਬਿਸਾਰੀ ਬਿਸਾਰੀ." (ਆਸਾ ਮਃ ੫)

ਬਿਸਾਰਦ: ਦੇਖੋ, ਵਿਸਾਰਦ.

ਬਿਸਾਰਨਾ: ਦੇਖੋ, ਬਿਸਾਰਣਾ.

ਬਿਸਾਰਿ: ਵਿਸਾਰ (ਵਿਸਮਰਣ ਕਰ) ਕੇ. ਭੁਲਾਕੇ. "ਨਾਮੁ ਬਿਸਾਰਿ ਚਲਹਿ ਅਨਮਾਰਗਿ." (ਸਾਰ ਮਃ ੫) ੨. ਸੰ. ਵਿਸ਼ਾਰਿ. ਅਮ੍ਰਿਤ. ਵਿਸ਼- ਅਰਿ.

ਬਿਸਾਲ: ਸੰ. ਵਿਸ਼ਾਲ. ਵਿ- ਫੈਲਿਆ ਹੋਇਆ। ੨. ਵਡਾ ਅਤੇ ਲੰਮਾ.

ਬਿਸਾਲਾਲ: ਵਿਸ਼ਾਲ ਅਤੇ ਲਾਲ. ਬਹੁਤ ਲਾਲ. "ਬਿਸਾਲਾਲ ਨੈਨੰ." (ਵਿਚਿਤ੍ਰ)

ਬਿਸਾਲੀ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਨੂਰਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਨਵਾਂਸ਼ਹਿਰ" ਤੋਂ ੨੬ ਮੀਲ ਉੱਤਰ ਪੂਰਵ ਹੈ. ਇੱਥੋਂ ਦਾ ਰਾਉ ਧਰਮਪਾਲ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨੂੰ ਪ੍ਰੇਮਭਾਵ ਨਾਲ ਆਪਣੇ ਘਰ ਲਿਆਇਆ ਸੀ. ਸਤਿਗੁਰੂ ਜੀ ਇੱਥੇ ਕਈ ਦਿਨ ਵਿਰਾਜੇ. ਗ੍ਰਾਮ ਤੋਂ ਪੂਰਵ ਵੱਲ ਰਾਉ ਦੇ ਮਹਿਲਾਂ ਅੰਦਰ ਗੁਰਦ੍ਵਾਰਾ ਹੈ. ਮੰਜੀਸਾਹਿਬ ਬਣਿਆ ਹੋਇਆ ਹੈ, ਨਿਹੰਗਸਿੰਘ ਪੁਜਾਰੀ ਹੈ. ਰਾਉ ਵੱਲੋਂ ਹੀ ਸੇਵਾ ਹੁੰਦੀ ਹੈ. ਹੋਰ ਜਾਗੀਰ ਆਦਿਕ ਕੁਝ ਨਹੀਂ. ਇਹ ਅਸਥਾਨ ਕੀਰਤਪੁਰ ਤੋਂ ਪੰਜ ਮੀਲ ਉੱਤਰ ਪੱਛਮ ਹੈ.

ਬਿਸਿਆਰ: ਦੇਖੋ, ਬਿਸਿਯਾਰ ਅਤੇ ਬਿਸੀਆਰ.

ਬਿਸਿਸਟ: ਦੇਖੋ, ਬਸਿਸਟ.

ਬਿਸਿਖ: ਦੇਖੋ, ਬਿਸਖ। ੨. ਦੇਖੋ, ਕਾਰਮੰ.

**ਬਿਸਿਖ ਪਰਨਨੀ:** ਸੰਗਜਾ- ਵਿਸ਼ਿਖ (ਤੀਰ) ਰੂਪ ਹਨ ਜਿਸ ਦੇ ਪਰਨ (ਪੰਖ). ਤੀਰਾਂ ਨੂੰ ਪਰਾਂ ਦੀ ਥਾਂ ਧਾਰਨ ਵਾਲੀ ਸੈਨਾ. (ਸਨਾਮਾ)

**ਬਿਸਿਖ ਬਰਖਣੀ:** ਤੀਰ ਵਰਸਾਉਣ ਵਾਲੀ ਫੌਜ. ਸੈਨਾ. (ਸਨਾਮਾ)

**ਬਿਸਿਮਰਣ:** ਦੇਖੋ, ਬਿਸਰਣ.

**ਬਿਸਿਮ੍ਰਤ:** ਸੰ. ਵਿਸ੍ਮ੍ਰਤ (विस्मृत). ਵਿ- ਭੁੱਲਿਆ ਹੋਇਆ. ਚੇਤਿਓਂ ਉਤਰਿਆ. "ਅਰੋਗਜੰ ਮਹਾ ਰੋਗਜੰ ਬਿਸਿਮ੍ਰਤੇ ਕਰੁਣਾਮਯਹ." (ਸਹਸ ਮਃ ੫) ਕ੍ਰਿਪਾਲੁ (ਕਰਤਾਰ) ਦੇ ਭੁੱਲਣ ਤੋਂ ਅਰੋਗੀ ਭੀ ਮਹਾਰੋਗੀ ਹਨ.

**ਬਿਸਿਯਾਰ:** ਫ਼ਾ. بسیار ਵਿ- ਬਹੁਤ. ਅਧਿਕ। ੨. ਵਡਾ. ਮਹਾਨ। ੩. ਵਿਸ਼ (ਜ਼ਹਿਰ) ਵਾਲਾ. ਜ਼ਹਰੀਲਾ. ਵਿਸ਼ਧਰ. "ਛੁਟਕੇ ਬਿਸਿਯਾਰ." (ਰਾਮਾਵ) ਜ਼ਹਰੀਲੇ ਤੀਰ ਛੁੱਟੇ.

**ਬਿਸੀ:** ਸੰ. विषिन्. ਵਿ- ਜ਼ਹਰੀਲਾ। ਸੰਗਜਾ- ਤੀਰ। ੩. ਸਰਪ.

**ਬਿਸੀਅਰ, ਬਿਸੀਅਰੁ:** ਸੰ. ਵਿਸ਼ਧਰ. ਵਿ- ਜ਼ਹਿਰ ਰੱਖਣ ਵਾਲਾ। ੨. ਸੰਗਜਾ- ਸਰਪ. "ਜੈਸਾ ਸੰਗੁ ਬਿਸੀਅਰ ਸਿਉ ਹੈ ਰੇ, ਤੈਸੋ ਹੀ ਇਹੁ ਪਰਗ੍ਰਿੰਹੁ." (ਆਸਾ ਮਃ ੫) ੩. ਜਨਮਸਾਖੀ ਵਿੱਚ ਬੁਸ਼ਹਰ ਦੇ ਇਲਾਕੇ ਲਈ ਭੀ ਇਹ ਸ਼ਬਦ ਵਰਤਿਆ ਹੈ.

**ਬਿਸੀਆਰ:** ਬਹੁਤ. ਦੇਖੋ, ਬਿਸੀਆਰ. "ਇਕਿ ਤੁਰੀ ਚੜਹਿ ਬਿਸੀਆਰ." (ਵਾਰ ਆਸਾ) ੨. ਵਡਾ. ਮਹਾਨ. "ਬਿਸੀਆਰ ਤੂ ਧਨੀ." (ਤਿਲੰ ਨਾਮਦੇਵ)

**ਬਿਸੀਹਰ:** ਜਨਮਸਾਖੀ. ਵਿੱਚ ਬਸ਼ਹਰ ਦਾ ਨਾਮ ਬਿਸੀਹਰ ਆਇਆ ਹੈ. ਦੇਖੋ, ਬਸ਼ਹਰ.

**ਬਿਸੁ:** ਸੰ. ਵਿਸ਼. ਸੰਗਜਾ- ਜ਼ਹਿਰ। ੨. ਸੰ. ਵਿਸ਼੍ਵ ਸੰਸਾਰ. ਜਗਤ. "ਅਮ੍ਰਿਤਬੂੰਦ ਹਰਿਨਾਮ ਬਿਸੁ ਕੀ ਬਿਖੈ ਨਿਵਾਰਣ." (ਸਵੈਯ. ਮਃ ੪. ਕੇ) ੩. ਦੇਖੋ, ਬਿਸ੍ਵ.

**ਬਿਸੁਆਸ, ਬਿਸੁਆਸੁ, ਬਿਸੁਆਸੋ:** ਸੰ. ਵਿਸ਼੍ਵਾਸ ਸੰਗਜਾ- ਯਕੀਨ. ਭਰੋਸਾ. ਏਤਬਾਰ. "ਮਨਿ ਉਪਜਿਆ ਬਿਸੁ- ਆਸੋ" (ਸ੍ਰੀ ਛੰਤ ਮਃ ੫)

**ਬਿਸੁਇਸ:** ਵਿਸ਼੍ਵ- ਈਸ਼. ਮਹਾਦੇਵ. ਸ਼ਿਵ. "ਬੀਸ ਬਾਨ ਬਿਸੁਇਸ ਕਹਿਂ ਬ੍ਰਿਜਪਤਿ ਮਾਰਿਓ." (ਚਰਿਤ੍ਰ ੧੪੨) ਕ੍ਰਿਸ਼ਨ ਜੀ ਨੇ ਬੀਸ ਤੀਰ ਸ਼ਿਵ ਦੇ ਮਾਰੇ.

**ਬਿਸੁਏ:** ਦੇਖੋ, ਬੀਸ ਬਿਸੁਏ.

**ਬਿਸੁ ਸੰਸਾਰ:** ਦੇਖੋ, ਬਿਸ੍ਵ. ਸੰਸਾਰ.

**ਬਿਸੁਕਰਤਾ:** ਸੰ. विश्वकर्तृ. ਵਿਸ਼੍ਵਕਰਕਤਾ. ਸੰਗਜਾ- ਕਰਤਾਰ. ਪਾਰਬ੍ਰਹਮ। ੨. ਬ੍ਰਹਮਾ. ਚਤੁਰਾਨਨ. "ਭਯੋ ਨਾਭਿਸਰੋਜ ਤੇ ਬਿਸੁਕਰਤਾ." (ਚੰਡੀ ੧)

**ਬਿਸੁਕਰਮਾ:** ਦੇਖੋ, ਵਿਸ਼੍ਵਕਰਮਾ.

**ਬਿਸੁ ਕੀ ਬਿਖੈ:** ਵਿਸ਼੍ਵ (ਸੰਸਾਰ) ਦੀ ਵਿਸ਼. ਵਿਕਾਰਾਂ ਦੀ ਜ਼ਹਿਰ. ਦੇਖੋ, ਬਿਸੁ.

**ਬਿਸੁਨਾਥ:** ਵਿਸ਼੍ਵ (ਜਗਤ) ਦਾ ਨਾਥ (ਸ੍ਵਾਮੀ)

**ਬਿਸੁਨਾਯਕ:** ਵਿਸ਼੍ਵ (ਸੰਸਾਰ) ਦਾ ਨਾਯਕ (ਮਾਲਿਕ). "ਕੋਊ ਕਹੈ ਬਿਸਨੋ ਬਿਸੁਨਾਯਕ." (੩੩ ਸਵੈਯੇ) ਵਿਸ਼ਨੁ ਹੀ ਜਗਤ ਦਾ ਸ੍ਵਾਮੀ ਹੈ.

**ਬਿਸੁੰਭਰ:** ਸੰ. ਵਿਸ਼੍ਵੰਭਰ. ਜਗਤ ਨੂੰ ਭਰਨ ਵਾਲਾ, ਕਰਤਾਰ ਵਿਸ਼੍ਵ ਦੀ ਪਾਲਨਾ ਕਰਨਾ ਵਾਲਾ. "ਸਿਮਰਉ ਜਾਸੁ ਬਿਸੁੰਭਰ ਏਕੈ." (ਸੁਖਮਨੀ)

**ਬਿਸੁ:** ਸੰ. ਵਿਸ਼. ਸੰਗ੍ਯਾ- ਜਹਿਰ. ਵਿਖ. "ਬਿਸੀਅਰ ਬਿਸੁ ਭਰੇ." (ਕਾਨ ਅਃ ਮਃ ੪) "ਅੰਧੇ ਖਾਵਹਿ ਬਿਸੁ ਕੇ ਗਟਾਕ." (ਸਾਰ ਮਃ ੫)

**ਬਿਸੂਚਿਕਾ, ਬਿਸੂਚੀ:** ਦੇਖੋ, ਵਿਸੂਚੀ.

**ਬਿਸੂਰਣ:** ਸੰ. ਵਿਸੂਰਣ. ਸੰਗ੍ਯਾ- ਸ਼ੋਕ. ਰੰਜ. "ਸਾਧੁਸੰਗਤਿ ਮਿਟੇ ਬਿਸੂਰ." (ਟੋਡੀ ਮਃ ੫) ੨. ਝੁਰੇਵਾਂ.

**ਬਿਸੂਰਿ:** ਝੁਰਕੇ, ਝੁਰੇਵੇਂ ਨਾਲ। ੨. ਸ਼ੋਕ ਕਰਕੇ. ਰੰਜ ਨਾਲ.

**ਬਿਸੂਲਾ:** ਦੇਖੋ, ਵਿਸੂਲਾ.

**ਬਿਸੇ:** ਦੇਖੋ, ਬਿਸਯ.

**ਬਿਸੇਸ:** ਦੇਖੋ, ਬਿਸੇਖ ਅਤੇ ਵਿਸੇਸ

**ਬਿਸੇਸਕ:** ਦੇਖੋ, ਖਟਸ਼ਾਸਤ੍ਰ ਅਤੇ ਵੈਸ਼ੇਸ਼ਿਕ। ੨. ਬਿਸੇਖ (ਵਿਸ਼ੇਸ਼) ਛੰਦ ਦਾ ਨਾਮਾਂਤਰ. ਦੇਖੋ, ਬਿਸੇਖ ੩.

**ਬਿਸੇਸ ਗਿਆਨੁ:** ਵਿਸ਼ੇਸ਼ਗ੍ਯਾਨ. ਖਾਸ ਗਿਆਨ ਆਤਮਗਿਆਨ. "ਸਭ ਮਹਿ ਊਚ ਬਿਸੇਸਗਿਆਨੁ." (ਗਉ ਥਿਤੀ ਮਃ ੫)

**ਬਿਸੇਸਰੁ, ਬਿਸੇਸੁਰ:** ਵਿਸ਼੍ਵ- ਈਸ਼੍ਵਰ. ਜਗਤਨਾਥ.

**ਬਿਸੇਖ:** ਸੰ. ਵਿਸ਼ੇਸ਼. ਸੰਗ੍ਯਾ- ਭੇਦ. ਫਰਕ। ੨. ਅਧਿਕਤਾ. ਜ੍ਯਾਦਤੀ। ੩. ਇੱਕ ਛੰਦ, ਜਿਸ ਦਾ ਨਾਮ "ਅਸ਼੍ਵਗਤਿ," "ਨੀਲ" ਅਤੇ "ਮਹਨਹਰਣ" ਭੀ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਪੰਜ ਭਗਣ, ਅੰਤ ਗੁਰੁ. *SII, SII, SII, SII, SII, S.* ਕਿਤਨਿਆਂ ਨੇ ਇਸ ਦਾ ਨਾਮ "ਬਿਸੇਸਕ" (ਵਿਸ਼ੇਸ਼ਕ) ਲਿਖਿਆ ਹੈ.

ਉਦਾਹਰਣ-

ਭਾਜ ਬਿਨਾ ਭਟ ਲਾਜ ਸਭੈ ਤਜ ਸਾਜ ਜਹਾਂ,

ਨਾਚਤ ਭੂਤ ਪਿਸ਼ਾਚ ਨਿਸ਼ਾਚਰਰਾਜ ਤਹਾਂ,

ਦੇਖਤ ਦੇਵ ਅਦੇਵ ਮਹਾਂ ਰਣ, ਕੋ ਬਰਨੈ?

ਜੂਝ ਭਯੋ ਜਿਹ ਭਾਂਤ ਸੁਪਾਰਥ ਸੋਂ ਕਰਨੈ.

(ਕਲਕੀ)

੪. ਦੇਖੋ, ਵਿਸੇਸ.

**ਬਿਸੇਖਾ:** ਵਿਸ਼ੇਸ਼ ਕਰਕੇ. ਖ਼ਾਸ ਕਰਕੇ "ਪੂਰਣ ਅਰਥ ਬਿਸੇਖਾ." (ਸਾਰ ਮਃ ੫)

**ਬਿਸੇਰੋ:** ਵਿਸ੍ਮਰਣ ਕਰਿਓ. ਭੁਲਾ ਦਿੱਤਾ. "ਦੇਵਨਹਾਰੁ ਦਾਤਾਰੁ ਬਿਸੇਰੋ." (ਕਾਨ ਮਃ ੫)

**ਬਿਸੋਕ:** ਸੰ. ਵਿਸ਼ੋਕ. ਵਿ- ਸ਼ੋਕ ਰਹਿਤ. ਪ੍ਰਸੰਨ.

**ਬਿਸੋਕਕਰ:** ਸੰਗ੍ਯਾ- ਤੀਰ. ਵਾਣ, ਜੋ ਯੋਧਾ ਨੂੰ ਵਿਸ਼ੋਕ ਕਰਦਾ (ਆਨੰਦ ਦਿੰਦਾ) ਹੈ. (ਸਨਾਮਾ)

**ਬਿਸੰਖ:** ਵਿ- ਬਿਨਾ- ਸੰਖ੍ਯਾ. ਗਿਣਤੀ ਤੋਂ ਬਾਹਰ. ਬੇਸ਼ੁਮਾਰ. "ਖਪਿ ਖਪਿ ਮੁਏ ਬਿਸੰਖ." (ਓਅੰਕਾਰ) ੩. ਵਿਸ਼ੰਕ. ਬਿਨਾ

ਸ਼ੰਕਾ. ਨਿਰਸੰਦੇਹ. "ਮੰਨੇ ਨਾਉ, ਬਿਸੰਖ ਦਰਗਹ ਪਾਵਣਾ." (ਮਃ ੧. ਵਾਰ ਮਾਝ)

ਬਿਸੰਭਰ: ਦੇਖੋ, ਬਿਸ੍ਵੰਭਰ ਅਤੇ ਵਿਸ਼ੰਭਰ.

ਬਿਸੰਭਰਦਾਸ: ਉੱਜੈਨ ਨਿਵਾਸੀ ਬਾਣੀਆ, ਜੋ ਦਸ਼ਮੇਸ਼ ਦਾ ਸਿੱਖ ਸੀ, ਜਿਸ ਪਰਥਾਇ ਗੁਰੂ ਸਾਹਿਬ ਨੇ "ਮੁਕਤਿਨਾਮਾ" ਉਚਾਰਿਆ ਹੈ. ਇਸ ਦਾ ਜਿਕਰ ਸੌਸਾਖੀ ਅਤੇ ਗੁਰੁਪ੍ਰਤਾਪਸੂਰਯ ਵਿੱਚ ਆਉਂਦਾ ਹੈ, ਯਥਾ-

"ਸਤਗੁਰੁ ਬੋਲ ਸੁਨਾਇਓ ਸੁਨਹੁ ਬਿਸੰਭਰ ਰੀਤਿ,

ਬਚ ਬਿਸਵਾਸੀ ਹੋਵਨਾ ਗੁਰੁਪਦ ਰਾਖਹੁ ਪ੍ਰੀਤਿ."

ਇਸ ਦਾ ਪੁਤ੍ਰ ਹਰਿਗੋਪਾਲ ਸੀ। ੨. ਅਦੀਨਾਬੇਗ

ਸੂਬਾ ਜਲੰਧਰ ਦੀ ਵਿਧਵਾ ਬੇਗਮ ਦਾ ਖਤ੍ਰੀ ਦੀਵਾਨ,

ਜਿਸ ਨੇ ਸਿੰਘਾਂ ਪੁਰ ਵੱਡੇ ਜੁਲਮ ਕੀਤੇ. ਟਾਂਡਾ ਉੜਮੁੜ

(ਉੜਮੁੜ ਟਾਂਡੇ) ਦੀ ਲੜਾਈ ਵਿੱਚ ਕਰੋੜਾ ਸਿੰਘ ਨੇ

ਇਸ ਨੂੰ ਸਮੰਤ ੧੮੧੮ ਵਿੱਚ ਕਤਲ ਕੀਤਾ.

ਬਿਸੰਭਰੁ: ਵਿਸ਼੍ਵੰਭਰ. ਜਗਤ ਨੂੰ ਭਰਣ (ਪਾਲਣ) ਵਾਲਾ. "ਬਿਸੰਭਰੁ ਦੇਵਨ ਕਉ ਏਕੈ." (ਗਉ ਮਃ ੫)

ਬਿਸੰਭਾਰ: ਵਿ- ਬਿਨਾ ਸੰਭਾਲ (ਹੋਸ਼) ਬੇਸੁਧ. "ਜਾਂਹਿ ਨ ਗ੍ਰਹਿ ਬਿਸੰਭਰ." (ਚਰਿਤ੍ਰ, ੩੭੬) ੨. ਬਿਨਾ ਸੰਭਾਰ (ਸਾਮਾਨ). ਸਾਮਗ੍ਰੀ ਬਿਨਾ.

ਬਿਸ੍ਰਾ: ਸੰ. ਵਿਸ਼੍ਰਾ. ਸੰਗਯਾ- ਗੰਦਗੀ. ਮਲ. ਗੂੰਹ.

ਬਿਸ੍ਤੁਰ: ਦੇਖੋ, ਬਿਸਤਰ। ੨. ਸੰ. ਵਿਸ੍ਤੁਰ. ਵਿ- ਫੈਲਿਆ ਹੋਇਆ.

ਬਿਸ੍ਤੁਰੀਆ: ਵਿਸ੍ਤ੍ਰਿਤ ਹੋਈ. ਫੈਲੀ ਹੋਈ. "ਕੀਰਤਿ ਜਨ ਅਮਰਦਾਸ ਬਿਸ੍ਤੁਰੀਆ." (ਸਵੈਯੇ ਮਃ ੩. ਕੇ) ੨. ਵਿਸ੍ਤਾਰ ਕਰਨ ਵਾਲਾ.

ਬਿਸ੍ਤਾਰ: ਦੇਖੋ, ਬਿਸਤਾਰ.

ਬਿਸ੍ਤੀਰਣ, ਬਿਸ੍ਤੀਰਨ: ਸੰ. ਵਿਸ੍ਤੀਰ੍ਣ. ਵਿ- ਲੰਮਾ। ੨. ਵਡਾ। ੩. ਫੈਲਿਆ ਹੋਇਆ. ਵਿਸ੍ਤਾਰ ਸਹਿਤ. "ਅਨਿਕ ਮਾਯਾ ਬਿਸ੍ਤੀਰਨਹ." (ਸਹਸ ਮਃ ੫)

ਬਿਸ੍ਥਾਰ: ਦੇਖੋ, ਬਿਸਤਾਰ.

ਬਿਸ੍ਰਾਂਤ: ਦੇਖੋ, ਵਿਸ਼੍ਰਾਂਤ.

ਬਿਸ੍ਰਾਮ: ਸੰ. ਵਿਸ਼੍ਰਾਮ. ਦੇਖੋ, ਬਿਸਰਾਮ. "ਬਿਸ੍ਰਾਮ ਪਾਏ ਮਿਲਿ ਸਾਧਸੰਗਿ." (ਬਿਲਾ ਮਃ ੫)

ਬਿਸ੍ਰਾਮਚਰਣ: ਵਿ- ਚਰਨਾਂ ਵਿੱਚ ਸਿਥਿਤਿ ਦੇਣ ਵਾਲਾ। ੨. ਜੋ ਭਟਕਦੇ ਫਿਰਦੇ ਹਨ, ਉਨ੍ਹਾਂ ਨੂੰ ਚਰਨੀ ਲਾਉਣ ਵਾਲਾ. "ਭ੍ਰਿਤਿਆ ਪ੍ਰਿਯੰ, ਬਿਸ੍ਰਾਮ- ਚਰਣੰ." (ਸਹਸ ਮਃ ੫)) ਭ੍ਰਿਤਜ (ਸੇਵਕਾਂ) ਦਾ ਪਿਆਰਾ ਅਤੇ ਚਰਨਾਂ ਵਿੱਚ ਨਿਵਾਸ ਦਾਤਾ.

ਬਿਸ੍ਰਾਮਨਿਧਿ: ਵਿ- ਵਿਸ਼੍ਰਾਮਨਿਧਿ. ਸਿਥਿਤਿ ਦਾ ਆਧਾਰ. ਵਿਸ਼੍ਰਾਮ ਦਾ ਭੰਡਾਰ. "ਹਰਿ ਬਿਸਾਮਨਿਧਿ ਪਾਇਆ." (ਗਉ ਮਃ ੫) ੨. ਸੰਗਯਾ- ਗਯਾਨ ਅਵਸ੍ਥਾ. ਸ਼ਾਂਤਿਪਦ. ਤੁਰੀਯ ਅਵਸ੍ਥਾ. "ਸਾਸਿ ਸਾਸਿ ਮਨੁ ਨਾਮੁ ਸੁਮ੍ਹਾਰੇ, ਇਹੁ ਬਿਸ੍ਰਾਮਨਿਧਿ ਪਾਈ." (ਧਨਾ ਮਃ ੫)

**ਬਿਸ੍ਰਾਮੁ:** ਦੇਖੋ, ਬਿਸਰਾਮ. "ਦੇਹੀ ਮਹਿ ਇਸ ਕਾ ਬਿਸ੍ਰਾਮੁ." (ਸੁਖਮਨੀ)

**ਬਿਸ੍ਵ:** ਸੰ. ਵਿਸ਼੍ਵ. ਸੰਗਯਾ- ਸੰਸਾਰ. ਜਗਤ। ੨. ਸਾਰਾ. ਤਮਾਮ. ਸਭ. "ਜਿਤਤੇ ਬਿਸ੍ਵ ਸੰਸਾਰਹ." (ਸਹਸ ਮਃ ੫)

**ਬਿਸ੍ਵ ਸੰਸਾਰ:** ਵਿਸ਼੍ਵ (ਸਾਰਾ) ਸੰਸਾਰ (ਜਗਤ). ਤਮਾਮ ਦੁਨੀਆਂ. ਦੇਖੋ, ਬਿਸ੍ਵ ੨। ੨. ਸੰਸਾਰ (ਬਦਲ ਜਾਣ ਵਾਲਾ) ਵਿਸ਼੍ਵ (ਜਗਤ). ਇੱਕ ਦਸ਼ਾ ਵਿੱਚ ਨਾ ਰਹਿਣ ਵਾਲੀ ਦੁਨੀਆਂ.

**ਬਿਸ੍ਵਕਰਮਾ:** ਦੇਖੋ, ਵਿਸ਼੍ਵਕਰਮਾ.

**ਬਿਸ੍ਵਗਰਭ:** ਦੇਖੋ, ਵਿਸ਼੍ਵਗਰਭ.

**ਬਿਸ੍ਵਦੀਪਕ:** ਵਿਸ਼੍ਵ (ਜਗਤ) ਦਾ ਦੀਵਾ (ਸੂਰਜ) "ਬਿਸ੍ਵ ਕਾ ਦੀਪਕ ਸ੍ਵਾਮੀ." (ਧਨਾ ਤ੍ਰਿਲੋਚਨ) ੨. ਜਗਤਪ੍ਰਕਾਸ਼ਕ ਕਰਤਾਰ.

**ਬਿਸ੍ਵਨਾਥ:** ਵਿਸ਼੍ਵ (ਜਗਤ) ਕਾ ਨਾਥ (ਸ੍ਵਾਮੀ). ਜਗਤਪਤਿ, ਕਰਤਾਰ। ੨. ਕਾਸ਼ੀ ਵਿੱਚ ਇੱਕ ਸ਼ਿਵਲਿੰਗ.

**ਬਿਸ੍ਵਰੂਪ:** ਵਿਸ਼੍ਵ (ਸੰਸਾਰ) ਰੂਪ ਵਿਸ਼੍ਵਮੂਰਤਿ. ਜਗਤਰੂਪ ਪਾਰਬ੍ਰਹਮ. "ਤੈਸੇ ਬਿਸ੍ਵਰੂਪ ਤੇ ਅਭੂਤ ਭੂਤ ਪ੍ਰਗਟ ਹੈ." (ਅਕਾਲ)

**ਬਿਸ੍ਵਾਸ, ਬਿਸ੍ਵਾਸੁ:** ਵਿਸ਼੍ਵਾਸ. ਯਕੀਨ. ਭਰੋਸਾ. ਏਤਬਾਰ. "ਨਾਨਕ ਬਿਸ੍ਵਾਸ ਮਨਿ ਆਇਓ." (ਮਲਾ ਮਃ ੫) "ਬਿਸ੍ਵਾਸੁ ਸਤਿ ਨਾਨਕਗੁਰੁ ਤੇ ਪਾਈ." (ਸੁਖਮਨੀ)

**ਬਿਸ੍ਵਾਸੁਰ:** ਵਯੋਮਾਸੁਰ. ਇੱਕ ਦੈਤ, ਜਿਸ ਨੇ ਵ੍ਰਿਜਭੂਮਿ ਵਿੱਚ ਕ੍ਰਿਸ਼ਨ ਜੀ ਦੇ ਸਾਥੀ ਗੋਪਾਲ ਚੁਰਾ ਲਏ ਸਨ. ਇਸ ਨੂੰ ਕ੍ਰਿਸ਼ਨ ਜੀ ਨੇ ਮਾਰਿਆ. ਦੇਖੋ, ਭਾਗਵਤ ਸਕੰਧ ੧੦, ਪੂਰਵਾਰਧ ਅਃ ੩੭. ਦਸਮਗ੍ਰੰਥ ਵਿੱਚ ਇਸ ਦਾ ਨਾਉਂ "ਬਿਸ੍ਵਾਸੁਰ ਕੋ ਮਾਰਕੈ ਕਰ ਸਾਧੁਨ ਕੇ ਕਾਮ." (ਕ੍ਰਿਸਨਾਵ)

**ਬਿਸ੍ਵਾਨ:** ਸੰ. विश्वानर- ਵੈਸ਼੍ਵਾਨਰ ਦਾ ਸੰਖੇਪ. ਵਿਸ਼੍ਵ ਦੇ ਲੋਕਾਂ ਦਾ ਸਮੁਦਾਯ. "ਉਧਰਿਆ ਸਗਲ ਬਿਸ੍ਵਾਨ." (ਸਾਰ ਮਃ ੫) ਸਾਰੀ ਲੋਕੀ ਦਾ ਉਧਾਰ ਹੋਇਆ.

**ਬਿਸ੍ਵਾਮਿਤ੍ਰ:** ਦੇਖੋ, ਵਿਸ੍ਵਾਮਿਤ੍ਰ.

**ਬਿਸ੍ਵੰਭਰ:** ਵਿਸ਼੍ਵੰਭਰ. ਜਗਤ ਨੂੰ ਭਰਣ (ਪਾਲਨ) ਵਾਲਾ, ਕਰਤਾਰ. "ਬਿਸ੍ਵੰਭਰ ਜੀਅਨ ਕੋ ਦਾਤਾ." (ਗੂਜ ਮਃ ੫)

**ਬਿਸ੍ਵੰਭਰਾ:** ਦੇਖੋ, ਵਿਸ਼੍ਵੰਭਰਾ.

**ਬਿਹ:** ਦੇਖੋ. ਵਿਹ। ੨. ਫ਼ਾ. به ਵਿ- ਉੱਤਮ, ਹੱਛਾ। ੩. ਸੰਗਯਾ- ਬਿਹੀ ਫਲ. ਦੇਖੋ, ਬਿਹੀ.

**ਬਿਹਈ:** ਵਿਹਾਉਂਦਾ. ਵਿਤਾਉਂਦਾ। ੨. ਬੀਤਦੀ. ਗੁਜ਼ਰਦੀ. "ਗਤਿ ਬਿਨੁ ਰੈਨਿ ਬਿਹਈ ਹੈ." (ਗੂਜ ਕਬੀਰ) ਬਿਨਾ ਗਤਿ (ਵਿਸ਼੍ਰਾਮ)

**ਬਿਹਸਨਾ:** ਸੰ. ਵਿਹਸਨ. ਮੁਸਕਰਾਉਣਾ. ਮੰਦ ਮੰਦ ਹੱਸਣਾ.

**ਬਿਹਗ:** ਵਿਹਗ. ਵਿਹ (ਆਕਾਸ਼) ਵਿੱਚ ਗਮਨ ਕਰਨਾ ਵਾਲਾ, ਪੰਛੀ। ੨. ਤੀਰ। ੩. ਸੂਰਜ। ੪. ਹਵਾਈ ਜਹਾਜ ਆਦਿ.

**ਬਿਹਚਰੇ:** ਵਿਚਰੇ. ਫਿਰੇ. ਘੂੰਮੇ. "ਮਨੋ ਬਿਹਚਰੇ ਮਾਸ ਹੇਤੰ ਪਿਲੰਗੰ." (ਵਿਚਿਤ੍ਰ)

**ਬਿਹਤਰ:** ਫ਼ਾ. بہتر ਵਿ- ਬਹੁਤ ਹੱਛਾ. ਅਤਿ ਉੱਤਮ. ਸੰ. ਵ੍ਰਿਹੱਤਰ. ਦੇਖੋ, ਅੰ. ਵਾ. better.

**ਬਿਹਤਰੀਨ:** ਫ਼ਾ. بہترین ਵਿ- ਅਤਯੰਤ ਹੀ ਉੱਤਮ. ਬਹੁਤ ਹੀ ਚੰਗਾ.

**ਬਿਹਥਿ:** ਸੰ. ਵਿਤਸ੍ਤਾ. ਜੇਹਲਮ ਨਦੀ. "ਬਿਹਥਿ ਆਦਿ ਸਬਦੁਚਰਕੈ ਏਸਰਾਤਸ੍ਰ ਕਹੁ ਅੰਤ. " (ਸਨਾਮਾ)

ਵਿਤਸ੍ਤਾ ਨਦੀ ਦਾ ਸ੍ਵਾਮੀ ਵਰੁਣ, ਉਸ ਦਾ ਅਸ੍ਤ੍ਰ ਫਾਸੀ.

ਬਿਹਬਲ: ਸੰ. ਵਿਹ੍ਵਲ. ਵਿ- ਘਬਰਾਇਆ ਹੋਇਆ. ਵ੍ਯਾਕੁਲ.

ਬਿਹਰਣ, ਬਿਹਰਨ: ਦੇਖੋ, ਵਿਹਰਣ। ੨. ਵਿਚਰਣਾ. ਵਿਹਾਰਣ. "ਤਹਿ ਬਿਹਰਤ ਬਹੁ ਹਰਖੰਤਾ." (ਗੁਪ੍ਰਸੂ) ੩. ਜੁਦਾ ਹੋਣਾ. ਭਿੰਨ ਭਿੰਨ ਹੋਣਾ. "ਅਸਿ ਲੈ ਕਰ ਮੇ ਦਲ ਯੋਂ ਬਿਹਰ੍ਯੋ ਹੈ." (ਚੰਡੀ ੧) ਫੌਜ ਨੂੰ ਖਿੰਡਾ ਦਿੱਤਾ। ੪. ਪਾਟਣਾ. "ਸੂਕੇ ਜਲ ਕਰਦਮ ਬਿਹਰਾਨੀ." (ਨਾਪ੍ਰ)

ਬਿਹਾਉਣ: ਕ੍ਰਿ- ਛੱਡਣਾ. ਤ੍ਯਾਗਣਾ. ਵਿ- ਹਾਂ "ਸੰਸਾ ਦੂਰਿ ਕਰੁ, . ਕਾਗਦ ਦੇਹ ਬਿਹਾਇ." (ਸ. ਕਬੀਰ) ੨. ਵਿਤਾਉਣਾ. ਗੁਜ਼ਾਰਨਾ.

ਬਿਹਾਇ: ਸੰ. ਵਿਹਾਯ. ਪਿੱਛੇ ਛੱਡਕੇ। ੨. ਤਯਾਗਕੇ.

ਬਿਹਾਗ: ਉਹ ਸਮਾਂ, ਜਦ ਇਹ (ਆਕਾਸ਼) ਵਿੱਚ ਆਗ (ਅਗਨਿ) ਜੇਹਾ ਪ੍ਰਕਾਸ਼ ਭਾਸੇ. ਅਰੁਣੋਦਯ. ਪਹਿ ਫੁਟਣ ਦਾ ਸਮਾ. "ਸਾਂਝ ਬਿਹਾਗ ਤਕਹਿ ਆਗਾਸੁ." (ਗਉ ਮਃ ੧) ੨. ਵਿਹਗ (ਸੂਰਜ) ਦੇਖੋ, ਦਉਤ। ੩. ਬਿਲਾਵਲ ਠਾਟ ਦਾ ਇੱਕ ਔੜਵ ਸੰਪੂਰਣ ਰਾਗ ਹੈ. ਆਰੋਹੀ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ. ਇਸ ਨੂੰ ਸਾਰੇ ਸੁਰ ਸ਼ੁੱਧ ਲਗਦੇ ਹਨ. ਗਾਂਧਾਰ ਵਾਦੀ ਅਤੇ ਗ੍ਰਹ ਸੁਰ ਹੈ, ਨਿਸ਼ਾਦ ਸੰਵਾਦੀ ਹੈ. ਇਸ ਵਿਚ ਰਿਸ਼ਭ ਬਹੁਤ ਦੁਰਬਲ ਹੋਕੇ ਲਗਦਾ ਹੈ. ਅਵਰੋਹੀ ਵਿੱਚ ਤੀਵ੍ਰ ਮੱਧਮ ਭੀ ਦੁਰਬਲ ਹੋਕੇ ਲਗ ਜਾਂਦਾ ਹੈ. ਗਾਉਣ ਦਾ ਵੇਲਾ ਅੱਧੀ ਰਾਤ ਹੈ.

ਅਰੋਹੀ- ਸ਼ ਗ ਮ ਪ ਨ ਸ਼.

ਅਵਰੋਹੀ- ਸ਼ ਨ ਧ ਪ ਮ ਗ ਰ ਸ਼.

ਇਸ ਰਾਗ ਦਾ ਨਾਉਂ ਦਸਮਗ੍ਰੰਥ ਅਤੇ ਸਰਵਲੋਹ ਵਿੱਚ ਆਇਆ ਹੈ.

ਬਿਹਾਗੜਾ: ਇਹ ਬਿਲਾਵਲ ਠਾਟ ਦਾ ਸੰਪੂਰਣ ਰਾਗ ਹੈ. ਬਿਹਾਗ ਵਿੱਚ ਕੋਮਲ ਨਿਸ਼ਾਦ ਲਾਉਣ ਤੋਂ ਬਿਹਾਗੜਾ ਹੋ ਜਾਂਦਾ ਹੈ. ਇਸ ਵਿੱਚ ਤੀਵ੍ਰ ਮੱਧਮ ਭੀ ਬਹੁਤ ਦੁਰਬਲ ਹੋਕੇ ਲਗ ਜਾਂਦਾ ਹੈ. ਵਾਦੀ ਸੁਰ ਗਾਂਧਾਰ ਅਤੇ ਸੰਵਾਦੀ ਕੋਮਲ ਨਿਸ਼ਾਦ ਹੈ. ਅੰਤਰੇ ਵਿੱਚ ਸ਼ੁੱਧ ਨਿਸ਼ਾਦ ਭੀ ਲਗਦਾ ਹੈ. ਗਾਉਣੁ ਦਾ ਵੇਲਾ ਅੱਧੀ ਰਾਤ ਹੈ.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਸ ਰਾਗ ਦਾ ਨੰਬਰ ਸੱਤਵਾਂ ਹੈ.

ਬਿਹਾਝਣਾ: ਕ੍ਰਿ- ਵਾਣਿਜ੍ਯ ਕਰਨਾ. "ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ." (ਸੋਹਿਲਾ)

ਬਿਹਾਣ: ਡਿੰਗ. ਆਉਣਾ ਜਾਣਾ. ਆਵਾਗਮਨ। ੨. ਦੇਖੋ, ਬਿਹਾਨ.

ਬਿਹਾਣੀ: ਵੀਤੀ. ਗੁਜ਼ਰੀ. ਵਿ- ਹਾ. "ਭਰਣ ਪੋਖਣ ਸੰਗਿ ਅਉਧ ਬਿਹਾਣੀ." (ਸੂਹੀ ਮਃ ੫)

ਬਿਹਾਨ, ਬਿਹਾਨੋ: ਵੀਤਿਆ. ਗੁਜ਼ਰਿਆ. ਵਿਹਾਇਆ. "ਕਾਲ ਪਾਇ ਬਿਹਾਨ." (ਪਾਰਸਾਵ) "ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ." (ਰਾਮ ਮਃ ੫) ੨. ਵਿਹ (ਆਕਾਸ਼) ਆਨ (ਅਰੁਣ). ਉਹ ਸਮਾਂ ਜਦ ਆਕਾਸ਼ ਵਿੱਚ ਲਾਲੀ ਹੋਵੇ. ਅਰੁਣੋਦਯ. ਭੋਰ. ਤੜਕਾ. "ਆਸਨ ਬੈਸੇ ਭਈ ਬਿਹਾਨਾ." (ਨਾਪ੍ਰ)

ਬਿਹਾਰ: ਪਟਨੇ ਦਾ ਇਲਾਕਾ. ਮਗਧ ਦੇਸ਼. ਇਸ ਦਾ ਇਹ ਨਾਮ ਬੁੱਧਮਤ ਦੇ ਬਹੁਤੇ 'ਵਿਹਾਰ' (ਆਸ਼੍ਰਮ) ਹੋਣ ਕਰਕੇ ਹੋਇਆ ਹੈ. ਹੁਣ ਇਸ ਇਲਾਕੇ ਵਿੱਚ ਉਡੀਸਾ ਅਤੇ ਛੋਟਾ ਨਾਗਪੁਰ ਭੀ ਸ਼ਾਮਿਲ ਹੈ. ਬਿਹਾਰ ਦਾ ਰਕਬਾ ੮੩, ੦੦੦ ਵਰਗ ਮੀਲ ਅਤੇ ਆਬਾਦੀ ੩੫, ੦੦੦, ੦੦੦ ਹੈ. ਪ੍ਰਧਾਨ ਸ਼ਹਿਰ ਪਟਨਾ ਹੈ। ੨. ਰੀਵਾ ਰਿਆਸਤ ਵਿੱਚ ਵਹਿਣ ਵਾਲਾ ਇੱਕ ਦਰਿਆ। ੩. ਸੰ. ਵ੍ਯਵਹਾਰ. ਦੇਖੋ, ਬਿਉਹਾਰ। ੪. ਦੇਖੋ, ਵਿਹਾਰ.

ਬਿਹਾਰਦਾਸੀ: ਵਿਹਾਰ (ਦੇਵਮੰਦਿਰ) ਦੀ ਸੇਵਾ ਕਰਨ ਵਾਲੀ. ਦੇਖੋ, ਦੇਵਦਾਸੀ। ੨. ਕਿਸੇ ਆਸ਼੍ਰਮ ਅਥਵਾ ਰਾਜਭਵਨ ਵਿੱਚ

ਸੇਵਾ ਕਰਨ ਵਾਲੀ ਇਸਤ੍ਰੀ. ਵਿਹਾਰ ਦੀ ਟਹਲਣ.

ਬਿਹਾਰਬ੍ਰਿੰਦਾਬਨ: ਆਗਰੇ ਵਿੱਚ ਮਹਾਮਾਈ ਦੀ ਕੁੱਖ ਤੋਂ ਸਨ ੧੯੨੫ ਵਿੱਚ ਦਲਵਾਲੀ ਸਿੰਘ ਖਤ੍ਰੀ ਦੇ ਇੱਕ ਬੇਟਾ ਹੋਇਆ, ਜਿਸ ਦਾ ਨਾਉਂ ਬਿਹਾਰਬਿੰਦ੍ਰਾਬਨ ਰੱਖਿਆ. ਇਸ ਨੇ ਸੰਤ ਕਾਨ੍ਹਸਿੰਘ ਜੀ ਨਿਰਮਲੇ ਤੋਂ ਵਿਦ੍ਯਾ ਪੜ੍ਹੀ ਅਤੇ ਅਮੀਰਚੰਦ ਵੇਦੀ ਤੋਂ ਵਾਹਗੁਰੂ ਮੰਤ੍ਰ ਲੈਕੇ ਨਾਮ ਅਭ੍ਯਾਸ ਕੀਤਾ. ਇਸ ਦੀ ਸੰਪ੍ਰਦਾਯ ਦੇ ਸਾਧੂ "ਬਿਹਾਰਬ੍ਰਿੰਦਾਬਨੀ ਨਾਨਕਸ਼ਾਹੀ." ਪ੍ਰਸਿੱਧ ਹੋਏ. ਇਨ੍ਹਾਂ ਵਿੱਚ ਚੋਲਾ ਕਰਨ ਸਮੇਂ ਦੀ ਰੀਤਿ ਹੈ ਕਿ ਗੁਰੂ ਆਪਣੇ ਪੈਰ ਦਾ ਅੰਗੂਠਾ ਧੋਕੇ ਜਲ ਵਿੱਚ ਮਿੱਠਾ ਮਿਲਾ ਸਤਿਨਾਮ ਮੰਤ੍ਰ ਪੜ੍ਹਕੇ ਪਿਆਉਂਦਾ ਹੈ. ਵਸਤ੍ਰ ਪੀਲੇ ਪਹਿਰਾਏ ਜਾਂਦੇ ਹਨ. ਕੋਈ ਕੇਸ ਰਖਦਾ ਹੈ ਕੋਈ ਮੁੰਡਨ ਕਰਾਉਂਦਾ ਹੈ. ਬਿਹਾਰਬ੍ਰਿੰਦਾਬਨ ਦਾ ਦੇਹਾਂਤ ਅਯੋਧ੍ਯਾ ਸਨ ੧੯੭੬ ਵਿੱਚ ਹੋਇਆ. ਇਹ ਰਾਧਾਸ੍ਵਾਮੀ ਮਤ ਦੇ ਪ੍ਰਚਾਰਕ ਸ਼ਿਵਦਯਾਲ ਦਾ ਛੋਟਾ ਭਾਈ ਸੀ. ਇਸ ਦੇ ਚੇਲੇ ਬਾਵਾ ਅਟਲ ਸਿੰਘ ਨੇ ਇਸ ਮਤ ਦਾ ਬਹੁਤ ਪ੍ਰਚਾਰ ਕੀਤਾ. ਬਿਹਾਰਬ੍ਰਿੰਦਾਬਨੀਆਂ ਦੇ ਡੇਰੇ ਅਯੋਧ੍ਯਾ ਫੈਜ਼ਾਬਾਦ ਅਤੇ ਨਿਵਾਦਾ (ਜਿਲਾ ਬਸਤੀ) ਵਿੱਚ ਹਨ. ਇਨ੍ਹਾਂ ਦੀ ਕੁਝ ਰਹੁ ਰੀਤਿ ਨਿਰਮਲੇ ਸੰਤਾਂ ਨਾਲ ਮਿਲਦੀ ਹੈ, ਪਰ ਇਸ ਮਤ ਦਾ ਹੁਣ ਬਹੁਤ ਘੱਟ ਪ੍ਰਚਾਰ ਹੈ।

੨. ਬਿਹਾਰਬ੍ਰਿੰਦਾਬਨ ਦਾ ਲਿਖਿਆ ਗ੍ਰੰਥ, ਜੋ ਬਿਹਾਰ ਬ੍ਰਿੰਦਾਬਨੀਆਂ ਦਾ ਧਰਮਪੁਸ੍ਤਕ ਹੈ.

ਬਿਹਾਰਬ੍ਰਿੰਦਾਬਨੀਏ, ਬਿਹਾਰਬ੍ਰਿੰਦਾਬਨੀ ਨਾਨਕਸ਼ਾਹੀ: ਦੇਖੋ, ਬਿਹਾਰ- ਬ੍ਰਿੰਦਾਬਨ.

ਬਿਹਾਰੀ: ਸੰ. विहारिन- ਵਿਹਾਰੀ. ਵਿ- ਵਿਚਰਣ ਵਾਲਾ। ੨. ਆਨੰਦ ਦੇਣ ਵਾਲਾ. "ਸੀਤਲਾ ਤੇ ਰਖਿਆ ਬਿਹਾਰੀ." (ਗਉ ਮਃ ੫) ੩. ਵ੍ਯਵਹਾਰ ਕਰਨ ਵਾਲਾ, ਵਪਾਰੀ। ੪. ਮਾਥੁਰ ਚੌਬਾ ਬ੍ਰਾਹਮਣ ਹਿੰਦੀ ਭਾਸ਼ਾ ਦਾ ਇੱਕ ਪ੍ਰਸਿੱਧ ਕਵਿ, ਜਿਸ ਦਾ ਜਨਮ ਗ੍ਵਾਲੀਅਰ ਪਾਸ ਬਸੁਵਾ ਗੋਬਿੰਦਪੁਰ ਪਿੰਡ ਸੰਮਤ ੧੬੬੦ ਦੇ ਕਰੀਬ, ਅਤੇ ਦੇਹਾਂਤ ਸੰਮਤ ੧੭੨੦ ਦੇ ਲਗਭਗ ਹੋਇਆ. ਇਸ ਦੀ ਸ਼ਾਦੀ ਮਥੁਰਾ ਵਿੱਚ ਹੋਈ ਸੀ. ਬਿਹਾਰੀ ਦੀ ਦੋਹਾ ਸਤਸਈ ਮਨੋਹਰ ਰਚਨਾ ਹੈ, ਜਿਸ ਦਾ ਕਵਿ ਸਮਾਜ ਵਿੱਚ ਵਡਾ ਮਾਨ ਹੈ.[884] ਇਸ ਸਤਸਈ ਦੇ ਗਦ੍ਯ ਪਦ੍ਯ ਅਨੇਕ ਟੀਕੇ ਲਿਖੇ ਗਏ ਹਨ. ਬਿਹਾਰੀ, ਮਹਾਰਾਜਾ ਜਯਸਿੰਘ ਮਿਰਜ਼ਾ ਅੰਬਰ- ਪਤਿ ਦੇ ਦਰਬਾਰ ਦਾ ਭੂਸ਼ਣ ਸੀ। ੫. ਪੰਜਾਬੀ ਦੀ ਮਾਤ੍ਰਾ. ਦੀਰਘ. ੲ.ੀ.

ਬਿਹਾਲ: ਫ਼ਾ. بحال ਬਦਹਾਲ, ਅਤੇ ਸੰਸਕ੍ਰਿਤ ਵਿਹ੍ਵਲ. ਬੁਰੇ ਹਾਲ ਵਾਲਾ ਅਰ ਵ੍ਯਾਕੁਲ. "ਬਿਛੁਰਤ ਪ੍ਰੇਮ ਬਿਹਾਲ." (ਚਉਬੋਲੇ ਮਃ ੫) "ਨੈਣ ਨ ਦੇਖਹਿ ਸਾਧੁ, ਸਿ ਨੈਣ ਬਿਹਾਲਿਆ." (ਫੁਨਹੇ ਮਃ ੫)

ਬਿਹਾਵਤ, ਬਿਹਾਵਥ: ਵਿਹਾਵਤ. ਗੁਜ਼ਰਤ. "ਹਉ ਹਉ ਕਰਤ ਬਿਹਾਵਥ." (ਮਾਰੂ ਮਃ ੫) ਉਮਰ ਗੁਜ਼ਰਦੀ ਹੈ. "ਸੰਤ ਬਿਹਾਵੈ ਹਰਿਜਸ ਗਾਵਤ." (ਰਾਮ ਅਃ ਮਃ ੫)

ਬਿਹਾਵਨ: ਵਿਤਾਉਣਾ. ਦੇਖੋ, ਬਿਹਾਉਣਾ.

ਬਿਹਿਸ਼੍ਤ: ਫ਼ਾ. بہشت ਸੰਗ੍ਯਾ- ਸ੍ਵਰਗ. ਦੇਵਲੋਕ.

ਬਿਹਿਤ: ਦੇਖੋ, ਵਿਹਿਤ.

ਬਿਹੀ: ਫ਼ਾ. بہی ਸੰਗ੍ਯਾ- ਸੇਉ ਦੀ ਕਿਸਮ ਦਾ ਇੱਕ ਮੇਵਾ, ਜਿਸ ਦਾ ਮੁਰੱਬਾ ਬਣਦਾ ਹੈ. ਇਸ ਦਾ ਬੀਜ (ਬ੍ਰਿਹੀਦਾਣਾ), ਜਿਸ ਤੋਂ ਲੇਸਦਾਰ ਰਸ ਨਿਕਲਦਾ ਹੈ, ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਇਸ ਦੀ ਤਾਸੀਰ ਸਰਦ ਤਰ ਹੈ. Cydonia Vulgaris (quince) ੨. ਬਿਹਤਰੀ. ਚੰਗਿਆਈ.

ਬਿਹੀਦਾਨਾ: ਦੇਖੋ, ਬਿਹੀ ੧.

---

[884] "ਸਭਸੰਜਾ ਕੇ ਦੋਹਰੋ ਜਨੋਂ ਨਾਵਰ ਕੇ ਭਰਿ।
ਦੇਖਤ ਮੇ ਛੋਟੇ ਲਗੈਂ ਬੇਧੈਂ ਸਕਲ ਸਰੀਰ ॥

ਬਿਹੀਨ, ਬਿਹੂਣ, ਬਿਹੂਣਾ, ਬਿਹੂਨ, ਬਿਹੂਨੜਾ, ਬਿਹੂਨਾ: ਸੰ. ਵਿਹੀਨ. ਵਿ- ਛੱਡਿਆ ਹੋਇਆ। ੨. ਵਰਜਿਆ ਹੋਇਆ। ੩. ਬਿਨਾ. ਰਹਿਤ. ਦੇਖੋ, ਅ਼. بدُون ਬਦੂਨ. "ਪਿਰਹਿ ਬਿਹੂਨ ਕਤਹਿ ਸੁਖ ਪਾਏ?" (ਸੂਹੀ ਫਰੀਦ) "ਨਾਮ ਬਿਹੂਨੜਿਆ ਸੇ ਮਰਨਿ ਵਿਸੂਰਿ (ਆਸਾ ਮਃ ੫)

ਬਿਹੰਗ, ਬਿਹੰਗਮ: ਸੰ. ਵਿਹੰਗ- ਵਿਹੰਗਮ. ਵਿਹ (ਆਕਾਸ਼) ਵਿੱਚ ਜੋ ਗਮਨ ਕਰੇ, ਪੰਛੀ। ੨. ਸੂਰਯ। ੩. ਪੰਛੀ ਜੇਹੀ ਵ੍ਰਿੱਤਿ ਵਾਲਾ ਵਿਰਕ੍ਤ ਸਾਧੁ. "ਰਹੈ ਬਿਹੰਗਮ ਕਤਹਿ ਨ ਜਾਈ." (ਗਉ ਬਾਵਨ ਕਬੀਰ)

ਬਿਹੰਡਨ: ਵਿ- ਖੰਡਨ. ਚੰਗੀ ਤਰਾਂ ਕੱਟਣਾ. "ਖਗ ਖੰਡ ਬਿਹੰਡੰ." (ਵਿਚਿਤ੍ਰ) "ਅਖੰਡਲ ਕੇ ਅਰਿ ਕੀਨ ਬਿਹੰਡਾ." (ਨਾਪ੍ਰ) ੨. ਵਿ- ਹਨਨ. ਚੰਗੀ ਤਰਾਂ ਮਾਰਨਾ.

ਬਿਹੰਡਲ, ਬਿਹੰਡੜਾ: ਸੰ. वृहन्नल- ਬ੍ਰਿਹੱਨਲ. ਵਡਾ ਕੱਨਾ (ਨੜਾ). ੨. ਜਦ ਅਰਜੁਨ ਰਾਜਾ ਵਿਰਾਟ ਦੇ ਘਰ ਲੁਕਕੇ ਇੱਕ ਵਰ੍ਹਾ ਰਿਹਾ ਹੈ, ਤਦ ਉਸ ਨੇ ਆਪਣਾ ਇਹ ਨਾਮ ਧਰਾਇਆ, ਅਰ ਆਪਣੇ ਤਾਂਈਂ ਖੁਸਰਾ ਪ੍ਰਗਟ ਕੀਤਾ. "ਭਾ ਬਿਹੰਡੜਾ ਅਰਜੁਨ ਤਬ ਹੀ." (ਨਾਪ੍ਰ) ੩. "ਬ੍ਰਿਹੱਨਲ" ਨਾਮ ਤੋਂ ਜੋ ਅਰਜੁਨ ਖੁਸਰਾ ਬਣਕੇ ਰਿਹਾ, ਇਸੇ ਤੋਂ ਨਾਮਰਦ (ਨਪੁੰਸਕ) ਲਈ ਕਵੀਆਂ ਨੇ ਇਹ ਸ਼ਬਦ ਵਰਤਿਆ ਹੈ. "ਕਾਰਤਕੇਯ ਹ੍ਵੈਰਹਾ ਬਿਹੰਡਲ। ਬ੍ਰਹਮ ਛਾਡ ਗ੍ਰਹਿ ਗਹਯੋ ਕਮੰਡਲ." (ਚਰਿਤ੍ਰ ੪੦੫)

ਬਿਹੰਧੁ: ਵਿਤਾਵਨ- ਅੰਧ ਅਗ੍ਯਾਨੀ ਗੁਜ਼ਾਰਦਾ ਹੈ. "ਹਉ ਹਉ ਕਰਤ ਬਿਹੰਧੁ." (ਮਃ ੫. ਵਾਰ ਰਾਮ ੨)

ਬਿਹਿਤ੍ਰਹਾਵ: विहनहाव. ਕਾਵ੍ਯ ਅਨੁਸਾਰ- "ਲਾਜਨਿ ਬੋਲ ਸਕੈਂ ਨਹੀ ਪਿਯਹਿਂ ਮਿਲੇ ਹੂੰ ਨਾਰਿ। ਬਿਹਿਤਹਾਵ ਤਾਂਸੋਂ ਸਭੈ ਕਵਿਜਨ ਕਹਿਤ ਬਿਚਾਰਿ." (ਜਗਦ- ਵਿਨੋਦ)

ਬਿਕਸਨਾ: ਸੰ. ਵਿਕਸਨ. ਖਿੜਨਾ. ਪ੍ਰਫੁੱਲਿਤ ਹੋਣਾ। ੨. ਪ੍ਰਸੰਨ ਹੋਣਾ। ੩. ਮੁਸਕਰਾਉਣਾ. ਹੱਸਣਾ.

ਬਿਕਚ: ਦੇਖੋ, ਵਿਕਚ.

ਬਿਕਟ: ਸੰ. ਵਿਕਟ. ਸੰਗ੍ਯਾ- ਫੋੜਾ। ੨. ਜ਼ਖ਼ਮ. ਫੱਟ। ੩. ਵਿ- ਬੁਰੀ ਸ਼ਕਲ ਦਾ. ਭਯਾਨਕ. "ਮਹਾ ਬਿਕਟ ਜਮਭਇਆ." (ਸ੍ਰੀ ਮਃ ੫) ੪. ਵਡਾ ਬਿਖੜਾ. "ਬਿਕਟ ਘਾਟ ਘਟ ਮਾਹੀਂ." (ਗਉ ਬਾਵਨ ਕਬੀਰ) ੫. ਅੰ. Picket. ਤਲਾਵਾ. ਚੋਰ ਪਹਿਰਾ. "ਤੁਰਕ ਹੁਤੇ ਸੋਏਪਰੇ ਪਹਿਰੇ ਬਿਕਟਾਂ ਲਾਇ." (ਪੰਪ੍ਰ)

ਬਿਕਟੀਲਾ: ਵਿ- ਬਿਨਾ ਕੱਟਣ ਤੋਂ, ਜੋ ਕੱਟਿਆ ਨਾ ਜਾਵੇ. ਅਛੇਦ੍ਯ. "ਝਟਦੈ ਪਟਕੇ ਬਿਕਟੀਲੇ." (ਚਰਿਤ੍ਰ ੧) ੨. ਵਿਸ਼ੇਸ਼ (ਬਹੁਤ) ਕਟੀਲਾ.

ਬਿਕਣਾ, ਬਿਕਨਾ: ਸੰ. ਵਿਕ੍ਰਯਣ. ਵੇਚਣਾ. ਮੁੱਲ ਲੈ ਕੇ ਕਿਸੇ ਵਸ੍ਤੁ ਦਾ ਦੇਣਾ.

ਬਿਕਰ: ਸੰ. ਵਿਕ੍ਰਯ. ਵੇਚਣਾ. ਮੁੱਲ ਲੈ ਕੇ ਵਸ੍ਤੁ ਦਾ ਦੇਣਾ। ੨. ਅ਼. بِکر ਕੁਆਰੀ ਕੱਨ੍ਯਾ। ੩. ਕੁਆਰਾਪਨ। ੪. ਅਣਵਿੱਧ ਮੋਤੀ.

ਬਿਕਰਜਾਂ: ਦੇਖੋ, ਬਕਰਜਾਂ.

ਬਿਕਰਮ: ਸੰਗ੍ਯਾ- ਨਿੰਦਿਤ ਕਰਮ. ਕੁਕਰਮ. ਵਿਕਰ੍ਮ। ੨. ਦੇਖੋ, ਵਿਕ੍ਰਮ.

ਬਿਕਰਾਰ, ਬਿਕਰਾਲ: ਸੰ. ਵਿਕਰਾਲ. ਵਿ- ਬਹੁਤ ਭਯਾਨਕ. "ਭਯੋ ਖੇਤ ਬਿਕਰਾਰ." (ਗੁਪ੍ਰਸੂ) "ਘੋਰ ਆਹਵ ਬਿਕਰਾਰਾ." (ਕਲਕੀ) "ਪੰਚ ਦੂਤ ਭਾਗੇ ਬਿਕਰਾਲ." (ਗੌਂਡ ਮਃ ੫)

ਬਿਕਰਾਲਸਰੂਪੀ: ਵਿ- ਵਿਕਰਾਲ (ਭਯਾਨਕ) ਸ੍ਵਰੂਪ ਵਾਲਾ. "ਜਟਾ ਬਿਕਟ ਬਿਕਰਾਲਸਰੂਪੀ, ਰੂਪ ਨ ਰੇਖਿਆ ਕਾਈ ਹੈ." (ਮਾਰੂ ਸੋਲਹੇ ਮਃ ੫)

ਬਿਕਲ: ਸੰ. ਵਿਕਲ. ਵਿ- ਵਿਰੁੱਧ ਕਲਾ ਵਾਲਾ। ੨. ਕਮਜ਼ੋਰ. "ਜਬ ਲਗ ਬਿਕਲ ਭਈ ਨਹੀ ਬਾਨੀ." (ਭੈਰ ਕਬੀਰ) ੩. ਕਲ (ਆਵਾਜ਼) ਬਿਨਾ. ਸੁਣਨ ਰਹਿਤ. "ਸ੍ਰਵਨਨ ਬਿਕਲਭਏ ਸੰਗਿ ਤੇਰੇ." (ਆਸਾ ਕਬੀਰ) ੪. ਅਪੂਰਣ. ਨਾਮੁਕੰਮਲ. "ਜਿਨ ਸਕਲ ਬਿਕਲ ਭ੍ਰਮ ਕਾਟੇ ਮੋਰ." (ਬਸੰ ਰਾਮਾਨੰਦ) ਮਿਥ੍ਯਾ ਭ੍ਰਮ ਕੱਟੇ। ੬. ਬੇਅਕਲ ਦਾ ਸੰਖੇਪ.

ਬਿਕਲਾਈ: ਸੰਗ੍ਯਾ- ਵਿਕਲਤਾ. ਬੇਚੈਨੀ। ੨. ਵ੍ਯਾ- ਕੁਲਤਾ. ਘਬਰਾਹਟ. "ਸ੍ਰੌਨ ਸੁਨੇ ਮੁਝ ਹ੍ਵੈ ਬਿਕਲਾਈ." (ਗੁਪ੍ਰਸੂ)

ਬਿਕਲੁ: ਦੇਖੋ, ਬਿਕਲ. "ਬਿਕਲੁ ਭਇਆ ਸੰਗਿ ਮਾਇਆ." (ਸ੍ਰੀ ਮਃ ੧. ਪਹਰੇ)

ਬਿਕਾਊ: ਸੰ. ਵਿਕ੍ਰੇਯ. ਵਿ- ਵੇਚਣ ਲਾਇਕ ਵਸ੍ਤੁ.

ਬਿਕਾਇ: ਵਿਕ੍ਰਯ ਹੁੰਦਾ ਹੈ. ਵਿਕਦਾ ਹੈ. "ਹੀਰਾ ਹਾਟਿ ਬਿਕਾਇ." (ਸ. ਕਬੀਰ)

ਬਿਕਾਸ: ਸੰ. ਵਿਕਾਸ਼ ਅਤੇ ਵਿਕਾਸ. ਸੰਗ੍ਯਾ- ਪ੍ਰਕਾਸ਼. ਚਮਕ। ੨. ਸੁਰਗ। ੩. ਆਕਾਸ਼। ੪. ਪ੍ਰਸੰਨਤਾ। ੫. ਖਿੜਨਾ। ੬. ਫੈਲਾਉ.

ਬਿਕਾਨਾ, ਬਿਕਾਨੋ: ਵਿਕ੍ਰਯ ਹੋਇਆ. ਵਿਕਿਆ. "ਮਾਇਆ ਹਾਥਿ ਬਿਕਾ. ਨਾ. (ਸੋਰ ਮਃ ੯) "ਗੁਰ- ਬਚਨਿ ਬਿਕਾਨੋ ਹਟਿ ਹਾਟ." (ਮਾਲੀ ਮਃ ੪)

ਬਿਕਾਰ: ਸੰ. ਵਿਕਾਰ. ਸੰਗ੍ਯਾ- ਪ੍ਰਕ੍ਰਿਤਿ ਦਾ ਬਦਲਣਾ. ਹੋਰ ਸ਼ਕਲ ਵਿੱਚ ਹੋਣਾ. ਤਬਦੀਲੀ. "ਤੋਐ ਬਹੁਤ ਬਿਕਾਰਾ." (ਮਃ ੧. ਵਾਰ ਮਲਾ) ਤੋਯੈਃ (ਜਲਾਂ) ਤੋਂ ਹੀ ਅਨੇਕ ਰਸਾਂ ਦਾ ਪਰਿਣਾਮ ਹੈ. ਭਾਵ- ਜਲ ਹੀ ਆਪਣੀ ਸ਼ਕਲ ਬਦਲਕੇ ਅਨੇਕ ਰਸ ਬਣ ਜਾਂਦਾ ਹੈ। ੨. ਰੋਗ। ੩. ਕਾਮ ਕ੍ਰੋਧ ਆਦਿ ਵਿਕਾਰ. ਐਬ. "ਬਿਕਾਰ ਪਾਥਰ ਗਲੇ ਬਾਂਧੇ." (ਮਾਰੂ ਮਃ ੫) ੪. ਦੁੱਖ. "ਬਧੇ ਬਿਕਾਰ ਲਿਖੇ ਬਹੁ ਕਾਗਰ." (ਗਉ ਮਃ ੫) ਜੀਵ ਦੇ ਕਰਮਾਂ ਦਾ ਹਿਸਾਬ ਲਿਖਦੇ ਭਾਰੀ ਖੇਦ ਹੁੰਦਾ ਹੈ। ੫. ਪਾਪ ਕਰਮ। ੬. ਬੇ- ਕਾਰ. ਨਿਕੰਮਾ. ਨਿਕਾਰਾ. "ਨਿਰਮਲ ਬੂੰਦ ਆਕਾਸ ਕੀ ਪਰਿਗਈ ਭੂਮਿ ਬਿਕਾਰ." (ਸ. ਕਬੀਰ) ਕੱਲਰ ਵਿੱਚ ਪੈ ਗਈ.

ਬਿਕਾਰੀ: ਸੰ. विकारिन्- ਵਿਕਾਰੀ. ਵਿ- ਵਿਕਾਰ ਵਾਲਾ. ਜਿਸ ਦੀ ਸ਼ਕਲ ਬਦਲ ਗਈ ਹੈ। ੨. ਦੋਸ਼ ਵਾਲਾ. ਐਬੀ। ੩. ਰੋਗੀ.

ਬਿਕਾਲ: ਸੰ. ਵਿਕਾਲ. ਵਿਰੁੱਧ ਕਾਲ. ਮਾਰਨ ਦਾ ਸਮਾਂ. "ਕਾਲ ਬਿਕਾਲ ਸਬਦਿ ਭਏ ਨਾਸ." (ਬਿਲਾ ਅਃ ਮਃ ੧) ਜਨਮ ਮਰਣ ਨਾਸ਼ ਭਏ. ਦੇਖੋ, ਕਾਲ। ੨. ਸੰਝ ਦਾ ਵੇਲਾ.

ਬਿਕੀਮਤ: ਵਿ- ਅਮੂਲ੍ਯ. ਜਿਸ ਦੀ ਕੀਮਤ ਨਹੀਂ ਪੈ ਸਕਦੀ. "ਜਰੇ ਬਿਕੀਮਤ ਤਿਸ ਮਹਿ ਹੀਰੇ." (ਗੁਪ੍ਰਸੂ) ੨. ਬੇਸ਼ਕੀਮਤ. ਬਹੁਮੁੱਲਾ.

ਬਿਕੀਰਣ: ਦੇਖੋ, ਵਿਕੀਰਣ.

ਬਿਕੁੰਨੀ: ਦੇਖੋ, ਵਿਕੁੰਨੀ.

ਬਿਕ੍ਰਦਾ: ਵਿਕ੍ਰਯ ਕਰਦਾ. ਵੇਚਦਾ. "ਮਨਮੁਖ ਬਿਦਿਆ ਬਿਕ੍ਰਦਾ." (ਓਅੰਕਾਰ)

ਬਿਕ੍ਰਮ: ਦੇਖੋ, ਵਿਕ੍ਰਮ.

ਬਿਕ੍ਰਮਸਿੰਘ: ਰਾਣੀ ਇੰਦ ਕੌਰ ਦੇ ਉਦਰ ਤੋਂ ਰਾਜਾ ਵਜੀਰ ਸਿੰਘ ਫਰੀਦਕੋਟ ਪਤਿ ਦਾ ਪੁਤ੍ਰ, ਜਿਸ ਦਾ ਜਨਮ ਮਾਘ ਸੰਮਤ ੧੮੯੮ ਵਿੱਚ ਹੋਇਆ. ਦੇਖੋ, ਫਰੀਦਕੋਟ.

ਬਿਕ੍ਰਮਾਜੀਤ: ਦੇਖੋ, ਵਿਕ੍ਰਮਾਦਿਤ੍ਯ.

ਬਿਕ੍ਰਮੀ: ਦੇਖੋ, ਵਿਕ੍ਰਮੀ.

ਬਿਕ੍ਰਯ: ਦੇਖੋ, ਵਿਕ੍ਰਯ.

ਬਿਕ੍ਰਾਰ: ਦੇਖੋ, ਬਿਕਰਾਲ.

ਬਿਕ੍ਰਿਤ: ਦੇਖੋ, ਵਿਕ੍ਰਿਤ. "ਤੁਹੀ ਬਿਕ੍ਰਿਤ ਰੂਪਾ ਤੁਹੀ ਚਾਰੁ ਨੈਣਾ." (ਚਰਿਤ੍ਰ ੧) ਤੂਹੀ ਵਿਗੜੀ ਹੋਈ ਸ਼ਕਲ ਵਾਲੀ ਹੈਂ। ੨. ਸੰ. ਵਕ੍ਰਿਤ. ਵਿ- ਟੇਢਾ (ਵਿੰਗਾ) ਹੋਇਆ.

ਬਿਕ੍ਰਿਤਤਾ: ਵਿਕ੍ਰਿਤਤਾ. ਸੰਗਯਾ- ਤਬਦੀਲੀ. ਵਿਕਾਰ ਸਹਿਤ ਹੋਣ ਦਾ ਭਾਵ. "ਨਹੀਂ ਬਿਕ੍ਰਿਤਤਾ ਬੁਧਿ ਕੀ ਭਈ." (ਗੁਪ੍ਰਸੂ)

ਬਿਕ੍ਰੀ: ਬਿਕਣ ਦਾ ਭਾਵ. ਦੇਖੋ, ਵਿਕ੍ਰਯ.

ਬਿਖ: ਦੇਖੋ, ਬਿਖੁ ਅਤੇ ਵਿਖ। ੨. ਸ਼ਸਤ੍ਰਨਾਮਮਾਲਾ ਵਿੱਚ ਅਜਾਣ ਲਿਖਾਰੀ ਨੇ "ਖੈ" ਸ਼ਬਦ ਦੀ ਥਾਂ ਬਿਖ ਲਿਖ ਦਿੱਤਾ ਹੈ, ਯਥਾ- "ਬਿਸ ਕੇ ਨਾਮ ਉਚਾਰਕੈ ਬਿਖ ਪਦ ਬਹੁਰ ਬਖਾਨ." (੧੦੮) ਪਰ ਸਹੀ ਪਾਠ ਹੈ- "ਬਿਸ ਕੇ ਨਾਮ ਉਚਾਰਕੈ ਖੈ ਪਦ ਬਹੁਰ ਬਖਾਨ." ਬਿਸ ਸ਼ਬਦ ਦੇ ਅੰਤ ਖੈ (ਖੱਖਾ ਅੱਖਰ) ਲਾਉਣ ਤੋਂ ਬਿਸਖ ਸ਼ਬਦ ਬਣਦਾ ਹੈ, ਜੋ ਤੀਰ (ਵਿਸ਼ਿਖ) ਦਾ ਬੋਧਕ ਹੈ.

ਬਿਖਇ: ਦੇਖੋ, ਵਿਸਯ.

ਬਿਖਈ: ਸੰ. विषयिन्- ਵਿਸ਼ਯੀ. ਸ਼ਬਦ ਸਪਰਸ਼ ਆਦਿ ਵਿਸ਼ਯਾਂ ਵਿੱਚ ਲੱਗਾ ਹੋਇਆ. ਵਿਸ਼ਯਾਸਕ੍ਤ. "ਬਿਖਈ ਦਿਨੁ ਰੈਨਿ ਇਵਹੀ ਗੁਦਾਰੈ." (ਸਾਰ ਮਃ ੫)

ਬਿਖਸੂਚਕ: ਡਿੰਗ. ਵਿਸ਼ ਦੱਸਣ ਵਾਲਾ ਚਕੋਰ ਪੱਛੀ. ਦੇਖੋ, ਚਕੋਰ.

ਬਿਖਸੋਰ: ਦੇਖੋ, ਸੋਰ ੪.

ਬਿਖਹਾ: ਵਿਸ਼ ਦੂਰ ਕਰਨ ਵਾਲਾ ਗਰੁੜ। ੨. ਅਮ੍ਰਿਤ.

ਬਿਖਕਨਜਾ: ਦੇਖੋ, ਵਿਖਕਨਜਾ.

ਬਿਖਦ: ਸੰ. ਵਿਸ਼ਦ. ਵਿ ਜ਼ਹਿਰ ਦੇਣ ਵਾਲਾ। ੨. ਦੇਖੋ, ਬਿਸਦ.

ਬਿਖਧਰ: ਸੰ. ਵਿਸ਼ਧਰ. ਵਿ- ਜ਼ਹਿਰ ਧਾਰਨ ਵਾਲਾ। ੨. ਸੰਗਯਾ- ਸ਼ਿਵ। ੩. ਸਰਪ। ੪. ਤੀਰ. ਵਾਣ. ਤੀਰ ਦੀ ਨੋਕ ਦੇ ਵਿਸ਼ ਲਾਈ ਜਾਂਦੀ ਸੀ.

ਬਿਖਨਾ: ਵਿਸ਼ਿਅਨ. ਵਿਸ਼ਯੋਂ ਕਰਕੇ. "ਬਿਖਨਾ ਘਿਰੀਆ." (ਸੂਹੀ ਪੜਤਾਲ ਮਃ ੫)

ਬਿਖਫਲ: ਦੇਖੋ, ਬਿਖੁਫਲ.

ਬਿਖਮ: ਸੰ. ਵਿਸ਼ਮ. ਵਿ- ਜੋ ਸਮ ਨਹੀਂ. ਵੱਧ ਘੱਟ। ੨. ਜੋ ਹਮਵਾਰ ਨਹੀਂ, ਉੱਚਾ ਨੀਵਾਂ. "ਬਿਖਮ ਘੋਰ ਪੰਥ ਚਾਲਣਾ ਪ੍ਰਾਣੀ." (ਸ੍ਰੀ ਤ੍ਰਿਲੋਚਨ) ੩. ਭਯਾਨਕ. ਡਰਾਉਣਾ. "ਬਿਥਮ ਥਾਨਹੁ ਜਿਨਿ ਰਖਿਆ, ਤਿਸੁ ਤਿਲੁ ਨ ਵਿਸਾਰਿ." (ਵਾਰ ਜੈਤ) ੪. ਦੁਖਦਾਈ. "ਕਰਕ ਸ਼ਬਦ ਸਮ ਬਿਖ ਨ ਬਿਖਮ ਹੈ." (ਭਾਗੁ ਕ) ਕਨਕਸ਼ (ਕੌੜੇ) ਬੋਲ ਜੇਹੀ ਜ਼ਹਿਰ ਭੀ ਦੁਖਦਾਈ ਨਹੀਂ। ੫. ਔਖਾ. ਕਠਿਨ। ੬. ਸੰ. ਵਿਸ਼- ਮਯ ਦਾ ਸੰਖੇਪ ਜ਼ਹਿਰ ਰੂਪ. "ਅਸਾਧੁ ਸੰਗ ਬਿਖਮ ਅਹਾਰ ਹੈ." (ਭਾਗੁ ਕ) ਵਿਸ਼ਰੂਪ ਭੋਜਨ ਹੈ। ੭. ਸੰਗਯਾ- ਦੁੱਖ. ਕਲੇਸ਼. "ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ." (ਮਃ ੫. ਵਾਰ ਗੂਜ ੨)

ਬਿਖਮਤਾ: ਸੰ. ਵਿਸ਼ਮਤਾ. ਸੰਗਯਾ- ਅਸਮਤਾ. ਵਿਸ਼ਮਤ੍ਵ। ੨. ਵਿਪੱਤਿ. ਮੁਸੀਬਤ. "ਨਾਮ ਬਿਹੂਣ ਬਿਖਮਤਾ." (ਗਾਥਾ)

ਬਿਖਮਾਰਿ: ਵਿ- ਵਿਸ਼- ਮਾਰਕੇ. ਵਿਸ਼ਯਾਂ ਦੀ ਜ਼ਹਿਰ ਦੂਰ ਕਰਕੇ. "ਪੂਰਨ ਪੂਰਿਰਹਿਆ ਬਿਖ ਮਾਰਿ." (ਗਉ ਅਃ ਮਃ ੧) ੨. ਵਿਸ਼ਮ- ਅਰਿ. ਜੋ ਵੈਰੀ ਆਪਣੇ ਬਰਾਬਰ (ਮੁਕਾਬਲੇ) ਦਾ ਨਹੀਂ। ੩. ਦੁਖਦਾਈ ਵੈਰੀ.

ਬਿਖਮੁ: ਦੇਖੋ, ਬਿਖਮ ੫. "ਤਰਾ ਬਿਖਮੁ ਭਾਵਨੁ." (ਸ੍ਰੀ ਮਃ ੫) ੨. ਦੇਖੇ, ਬਿਖਮ ੭.

ਬਿਖਮੋਬਿਖਮੁ: ਵਿ- ਅਤਯੰਤ ਕਠਿਨ. ਭਾਰੀ ਔਖਾ. "ਬਿਕਮੋਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ." (ਆਸਾ ਛੰਤ ਮਃ ੫)

ਬਿਖਯ: ਸੰ. ਵਿਸ਼ਯ, ਜੋ ਆਪਣੇ ਸ੍ਵਰੂਪ ਨਾਲ ਵਿਸ਼ਯੀ ਨੂੰ ਬੰਨ੍ਹ ਲੈਂਦੇ ਹਨ, ਸ਼ਬਦ ਸਪਰਸ਼ ਆਦਿ। ੨. ਦੇਸ਼। ੩. ਮਜ਼ਮੂਨ.

ਬਿਖਯਾ: ਸੰਗਯਾ- ਵਿਸ਼. ਜ਼ਹਿਰ. ਗਰਲ. "ਬਿਖਯਾ ਭਯੰਤਿ ਅੰਮ੍ਰਿਤੰ." (ਸਹਸ ਮਃ ੫) ੨. ਦੇਖੋ, ਬਿਖਯ। ੩. ਵਿਸ਼ਯਾ. ਚੰਦ੍ਰਹਾਸ ਦੀ ਇਸ੍ਤ੍ਰੀ. ਦੇਖੋ, ਚੰਦ੍ਰਹਾਸ ੪.

ਬਿਖਯੰਤ: ਵਿ- ਵਿਸ਼ਯਾਸਕ. ਵਿਸ਼ਿਯਾਂ ਵਿੱਚ ਲੀਨ ਹੋਇਆ. "ਬਿਖਯੰਤ ਜੀਵੰ ਵਸ੍ਯੰ ਕਰੋਤਿ." (ਸਹਸ ਮਃ ੫)

ਬਿਖਰਣਾ, ਬਿਖਰਨਾ: ਕ੍ਰਿ- ਵਿਕੀਣੰ ਹੋਣਾ. ਖਿੰਡਣਾ. ਫੈਲਣਾ। ੨. ਸੰ. ਵਿਕੀਣੰ. ਵਿ- ਬਿਖਰਿਆ. ਖਿੰਡੀਆ. "ਹਰਿ ਹੈ ਖਾਂਡ ਰੇਤ ਮਹਿ ਬਿਖਰੀ." (ਸ. ਕਬੀਰ) "ਲਕਰੀ ਬਿਖਰਿ ਜਰੀ ਮੰਝ ਭਾਰਿ." (ਰਾਮ ਮਃ ੧)

ਬਿਖਲ: ਸੰ. वृषल- ਵ੍ਰਿਸ਼ਲ. ਸੰਗਯਾ- ਸ਼ੂਦ੍ਰ. ੨. ਅਧਰਮ ਦੇ ਧਾਰਨ ਵਾਲਾ. ਅਧਰਮੀ ਪੁਰਖ.

ਬਿਖਲੀ: ਸੰ. वृषली- ਵ੍ਰਿਸ਼ਲੀ. ਸੰਗਯਾ- ਸ਼ੂਦ੍ਰਾ. ਸ਼ੂਦ੍ਰ ਦੀ ਇਸਤ੍ਰੀ। ੨. ਅਧਰਮ ਦੇ ਧਾਰਨ ਵਾਲੀ ਔਰਤ। ੩. ਹਿੰਦੂਮਤ ਦੇ ਧਰਮਸ਼ਾਸਤ੍ਰ ਅਨੁਸਾਰ ਉਹ ਕੰਨ੍ਯਾ- ਜਿਸ ਨੂੰ ਪਿਤਾ ਦੇ ਘਰ ਵਿਆਹ ਤੋਂ ਪਹਿਲਾਂ ਰਿਤੁ ਆਈ ਹੈ.

ਬਿਖਲੀਆ: ਵਿ- ਵਿਸ਼ੈਲਾ. ਜ਼ਹਿਰੀਲਾ. "ਬਿਕਾਰ ਬਿਖਲੀਆ." (ਆਸਾ ਮਃ ੫) ੨. ਵਿਸ਼ਯਲੀਨ. ਵਿਸ਼ਯਾਸਕ੍ਤ.

ਬਿਖ਼ਲੀਪਤਿ: ਵਿ- ਵਿਸ਼ਯਲਿਪ੍ਤ. ਵਿਕਾਰਾਂ ਨਾਲ ਲਿਬੜਿਆ. "ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ." (ਆਸਾ ਮਃ ੫) ਸ਼ਰਾਬੀ ਦੁਰ (ਖੋਟੀ) ਅਤੇ ਕਮਲੀ ਸਮਝ ਰੱਖਦੇ ਅਰ ਵਿਸ਼ਿਆਂ ਵਿੱਚ ਲੀਨ ਰਹਿੰਦੇ ਹਨ। ੨. ਸੰ. ਵ੍ਰਿਸ਼ਲੀਪਤਿ. ਵ੍ਰਿਸ਼ਲੀ ਇਸਤ੍ਰੀ ਦਾ ਪਤਿ. ਦੇਖੋ, ਬਿਖਲੀ.

ਬਿਖਵਾਤ: ਦੇਖੋ, ਬਿਖੁਵਾਤ.

ਬਿਖੜਾ: ਵਿ- ਔਖਾ. ਦੁਰਗਮ. ਦੁਖਦਾਈ. ਦੇਖੋ, ਬਿਖਮ. "ਬਿਖੜਾ ਬਾਨੁ ਨ ਦਿਸੈ ਕੋਈ." (ਮਾਝ ਮਃ ੫) "ਮੋਹ ਸੋਗ ਬਿਕਾਰ ਬਿਖੜੇ." (ਰਾਮ ਛੰਤ ਮਃ ੫) "ਬਿਖੜੇ ਦਾਉ ਲੰਘਾਵੇ ਮੇਰਾ ਸਤਿਗੁਰੁ." (ਬਸੰ ਮਃ ੫)

ਬਿਖਾ: ਦੇਖੋ, ਬੀਖ ਅਤੇ ਵਿਖਾ.

ਬਿਖਾਈ: ਸੰ. ਵਿਸ਼ਮਤਾ. ਸੰਗਯਾ- ਵਿਸ਼ਮਤ੍ਵ. ਅਸਮਤਾ. ਦ੍ਵੈਤ. "ਆਨ ਆਪਨਾ ਕਰਤ ਬੀਚਾਰਾ, ਤਉ ਲਉ ਬੀਚੁ ਬਿਖਾਈ." (ਸੋਰ ਮਃ ੩)

ਬਿਖਾਗਨਿ: ਸੰਗਯਾ- ਵਿਸ਼ਯ- ਅਗਨਿ. ਵਿਸ਼ਯਰੂਪ ਅੱਗ। ੨. ਵਿਸ਼ (ਜ਼ਹਿਰ) ਰੂਪ ਅਗਨਿ। ੩. ਵਿਸ਼ (ਜਲ) ਅਗਨਿ. ਬੜਵਾਗਨਿ. "ਦਸ ਨਾਰੀ ਮੈ ਕਰੀ ਦੁਹਾਗਨਿ। ਗੁਰੁ ਕਹਿਆ, ਏਹ ਰਸਹਿ ਬਿਖਾਗਨਿ." (ਪ੍ਰਭਾ ਅਃ ਮਃ ੫) ਦਸ ਇੰਦ੍ਰੀਆਂ ਤੋਂ ਮਨ ਦਾ ਸੰਬੰਧ ਦੂਰ ਕਰ ਦਿੱਤਾ. ਇਹ ਇੰਦ੍ਰੀਆਂ ਸ਼ਰੀਰ ਦੇ ਰਸ ਲਈ ਬੜਵਾਗਨਿ ਹਨ. ਰਸ ਸ਼ਬਦ ਵਿੱਚ ਸ਼ਲੇਸ਼ ਹੈ. ਰਸ ਜਲ ਅਤੇ ਬਲ.

ਬਿਖਾਣ: ਦੇਖੋ, ਵਿਖਾਣ.

ਬਿਖਾਦ: ਸੰ. ਵਿਸ਼ਾਦ. ਸੰਗ੍ਯਾ- ਜੜ੍ਹਤਾ। ੨. ਦਿਲ ਦਾ ਟੁੱਟਣਾ. ਦਿਲਸ਼ਿਕਨੀ. "ਬਹੁਰਿ ਨ ਭਏ ਬਿਖਾਦ." (ਸਾਰ ਮਃ ੫) ੩. ਵਿਵਾਦ. ਝਗੜਾ. "ਕਹੂੰ ਬਿਦ੍ਯਾ ਕੋ ਬਿਖਾਦ." (ਅਕਾਲ) ੪. ਦੇਖੋ, ਬਿਸਾਦ,

ਬਿਖਾਦਮਾਨ, ਬਿਖਾਦਮੰਤ, ਬਿਖਾਦਵੰਤ, ਬਿਖਾਦੀ: ਸੰ. ਵਿਸ਼ਾਦਵੰਤ- ਵਿਸ਼ਾਦੀ (विषादिन्) ਵਿ- ਟੁੱਟੇ ਦਿਲ ਵਾਲਾ. ਘਬਰਾਇਆ ਹੋਇਆ। ੨. ਝਗੜਾਲੂ। ੩. ਫਿਸਾਦੀ ਉਪਦ੍ਰਵੀ. "ਮਹਾ ਬਿਖਾਦੀ ਦੁਸਟ ਅਪਵਾਦੀ." (ਆਸਾ ਮਃ ੫)" ਪੰਚ ਬਿਖਾਦੀ ਏਕ ਗਰੀਬਾ, ਰਾਖਹੁ ਰਾਖਨਹਾਰੇ." (ਗਉ ਮਃ ੫)

ਬਿਖਾਧ, ਬਿਖਾਧੀ: ਦੇਖੋ, ਬਿਖਾਦ ਅਤੇ ਬਿਖਾਦੀ.

ਬਿਖਾਨ: ਦੇਖੋ, ਵਿਖਾਣ.

ਬਿਖਾਨਸ: ਦੇਖੋ, ਬੈਖਾਨਸ.

ਬਿਖਾਰੀ: ਵਿਲ- ਵਿਸ਼- ਹਾਰੀ. ਜ਼ਹਰ ਹਰਨ ਵਾਲੀ. ਵਿਸ਼ਯਵਿਸ਼ ਮਿਟਾਉਣ ਵਾਲੀ. "ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧ ਸੰਗਿ ਨਾਨਕ ਪੀ ਕੀ ਰੇ." (ਆਸਾ ਮਃ ੫) ਪੀ (ਪ੍ਰਿਯ) ਦੀ ਕਥਾ, ਬਿਸ਼ਯਾਂ ਦੀ ਵਿਸ਼ ਦੂਰ ਕਰਨ ਵਾਲੀ ਹੈ.

ਬਿਖਾੜਾ: ਸੰਗ੍ਯਾ- ਵਿਸ਼ਮਗੜ੍ਹ, ਦੁਰਗਮ ਕਿਲਾ. ਔਖਾ ਦੁਰਗ. "ਨਾਨਕ ਜਿਤਾ ਬਿਖਾੜਾ ਜੀਉ." (ਮਾਝ ਮਃ ੫) ੨. ਵਿਸ਼ਯ- ਅਖਾੜਾ। ੩. ਵਿਖੜਾ. ਔਖਾ.

ਬਿਖਿਆ: ਖਾ. ਸੰਗ੍ਯਾ- - ਤਮਾਕੂ. ਤੰਬਾਕੂ. "ਬਿਖਿਆ ਕਿਰਿਆ ਭੱਦਣ ਤਜਾਗੋ." (ਗੁਵਿ ੧੦) ੨. ਸੰ. ਵਿਸ਼ਯ. ਰੂਪ ਰਸ ਗੰਧ ਆਦਿ. "ਬਿਖਿਆ ਬਿਖ ਜਿਉ ਬਿਸਾਰਿ." (ਜੈਜਾ ਮਃ ੯)

"ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ." (ਧਨਾ ਮਃ ੫) ੩. ਸੰ. ਵਿਸ਼. ਜ਼ਹਿਰ. "ਬਿਖਿਆ ਅੰਮ੍ਰਿਤ ਏਕ ਹੈ ਬੂਝੈ ਪੁਰਖੁ ਸੁਜਾਣੁ." (ਓਅੰਕਾਰ) ੪. ਸ਼ਰਾਬ. ਮਦਿਰਾ. "ਅੰਮ੍ਰਿਤ ਕਉਰਾ ਬਿਖਿਆ ਮੀਠੀ। ਸਾਕਤ ਕੀ ਬਿਧਿ ਨੈਨਹੁ ਡੀਠੀ." (ਰਾਮ ਮਃ ੫) ਦੁੱਧ ਤੋਂ ਨਫ਼ਰਤ ਅਤੇ ਸ਼ਰਾਬ ਪਜਾਰੀ। ੫. ਵਿਸ਼ਰੂਪ ਮਾਯਾ. "ਜਿਸੁ ਬਿਖਿਆ ਕਉ ਤੁਮ ਅਪੁਨੀ ਕਰਿ ਜਾਨਹੁ, ਸਾ ਛਾਡਿਜਾਹੁ ਸਿਰਿਭਾਰੁ." (ਸਾਰ ਮਃ ੪) ੬. ਠਗ ਵਿਦ੍ਯਾ. "ਲਿਖਿਆ ਸੋ ਪੜੁ ਪੰਡਿਤ ! ਅਵਰਾ ਨੋ ਨ ਸਿਖਾਲਿ ਬਿਖਿਆ." (ਆਸਾ ਪਟੀ ਮਃ ੩)

ਬਿਖਿਆਸ: ਸੰ. ਵਿਸ਼ਾਸ੍ਯ. ਵਿ- ਜਿਸ ਦੇ ਮੂੰਹ ਵਿੱਚ ਜ਼ਹਿਰ ਹੈ. ਬਦਜ਼ਬਾਨ. "ਹਮ ਨੀਚ ਬਿਖਿਆਸ." (ਕਾਨ ਮਃ ੪) ੨. ਸੰਗ੍ਯਾ- ਸੱਪ.

ਬਿਖਿਆਸਕਤ: ਵਿ- ਵਿਸ਼੍ਯ- ਆਸਕ੍ਤ. ਵਿਸ਼ਯ ਪਰਾਯਣ. ਵਿਸ਼ਯਾਂ ਵਿੱਚ ਲਿਵਲੀਨ. "ਬਿਖਿਆਸਕਤ ਰਹਿਓ ਨਿਸ ਬਾਸੁਰ." (ਸੋਰ ਅਤੇ ਸਾਰ ਮਃ ੯)

ਬਿਖਿਆਤ: ਸੰ. ਵਿਖ੍ਯਾਤ. ਵਿ- ਬਹੁਤ ਪ੍ਰਸਿੱਧ ਬਹੁਤ ਮਸ਼ਹੂਰ. "ਨਾਗਰ ਜਨਾ, ਮੇਰੀ ਜਾਤਿ ਬਿਖਿਆਤ ਚੰਮਾਰੰ." (ਮਲਾ ਰਵਿਦਾਸ)

ਬਿਖਿਆਤਿ: ਸੰ. ਵਿਖ੍ਯਾਤਿ. ਸੰਗ੍ਯਾ- ਪ੍ਰਸਿੱਧੀ. ਮਸ਼ਹੂਰੀ.

ਬਿਖਿਆਦਿ: ਵਿਸ਼ਯ ਆਦਿ. "ਮਿਥਿਆ ਬਿਖਿਆਦਿ." (ਬਿਲਾ ਮਃ ੫)

ਬਿਖਿਆਧਰ: ਸੰਗ੍ਯਾ- ਵਿਸ਼ਧਰ, ਸਰਪ। ੨. ਤੀਰ. ਵਾਣ. (ਸਨਾਮਾ) ੩. ਵਿਸ਼ਿਆਂ ਦੇ ਧਾਰਨਵਾਲਾ, ਵਿਸ਼ਈ.

ਬਿਖੀ: ਸੰ. विषिन- ਵਿਸ਼ੀ ਵਿ- ਜ਼ਹਰੀਲਾ. "ਨ ਜਾਨੈ ਲਿਖੀ ਬਜਾਲ ਕੋ. (ਗੁਪ੍ਰਸੂ) ੨. ਸੰਗ੍ਯਾ- ਸਰਪ. "ਭਯੋ ਸਾਮੁਹੇ ਜਯੋਂ ਬਿਖੀ ਹੋਇ ਭਾਰੋ. (ਗੁਪ੍ਰਸੂ) ੩. ਤੀਰ. ਵਾਣ. (ਸਨਾਮਾ)

ਬਿਖੀਆ: ਸੰਗਯਾ- ਵਿਸ਼ (ਜ਼ਹਿਰ) ਦੇਣ ਵਾਲਾ, ਠਗ. (ਸਨਾਮਾ)

ਬਿਖੀਆ ਆਯੁਧ: ਸੰਗਯਾ- ਵਿਸ਼ ਦੇਣ ਵਾਲੇ (ਠਗ) ਦਾ ਸ਼ਸਤ੍ਰ, ਫਾਸੀ. (ਸਨਾਮਾ)

ਬਿਖੀਰਾ: ਸੰ. ਵਿਕੀਣੰ. ਖਿੰਡਿਆ ਹੋਇਆ. ਵੱਖ ਹੋਇਆ. ਬਿਖਰਿਆ. "ਪੰਚ ਤਤੁ ਮਿਲ ਸਿਰਜ ਸਰੀਰਾ। ਬਿਨਸ ਜਾਤ ਜਬ ਹੋਤ ਬਿਖੀਰਾ." (ਨਾਪ੍ਰ)

ਬਿਖੁ: ਸੰ. ਵਿਸ਼. ਸੰਗਯਾ- ਜ਼ਹਿਰ. ਗਰਲ. "ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ." (ਵਡ ਅ: ਮ: ੩) ੨. ਅਧਰਮ ਦੀ ਕਮਾਈ. "ਬਿਖੁ ਸੰਚੈ ਹਟਵਾਣੀਆ, ਬਹਿ ਹਾਟਿ ਕਮਾਇ." (ਗਉ ਮ: ੪) ੩. ਮਾਯਾ. "ਬਿਖੁ ਮਾਤੇ ਕਾ ਠਉਰ ਨ ਠਾਉ." (ਗਉ ਮ: ੫) ੪. ਸ਼ਰਾਬ. ਮਦਿਰਾ. "ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ." (ਸ੍ਰੀ ਬੇਣੀ)

ਬਿਖੁਵਾਤ: ਸੰਗਯਾ- ਵਿਸ਼- ਵਾਰਤਾ. ਜ਼ਹਿਰਰੂਪ ਕਥਾ. ਉਹ ਗੁਫ਼ਤਗੂ, ਜੋ ਤਬਾਹ ਕਰਨ ਵਾਲੀ ਹੋਵੇ. "ਦੁਸਟੀ ਸਭਾ ਵਿਗੁਚੀਐ ਵਿਖੁਵਾਤੀ ਜੀਵਣ ਬਾਦਿ." (ਪ੍ਰਭਾ ਅ: ਮ: ੧)

ਬਿਖੂ, ਬਿਖੂਆ: ਸੰਗਯਾ- ਵਿਸ਼. ਜ਼ਹਿਰ. "ਗ੍ਰਿਹ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨਿ." (ਬਿਲਾ ਮ: ੫) "ਆਸਿ ਪਾਸਿ ਬਿਖੂਆ ਕੇ ਕੁੰਟਾ." (ਆਸਾ ਮ: ੫)) ੨. ਦੇਖੋ, ਬਿਖੁ.

ਬਿਖੇ: ਦੇਖੋ, ਬਿਖੈ ਅਤੇ ਵਿਖੇ.

ਬਿਖੇਰਣਾ: ਕ੍ਰਿ- ਵਿਕੀਣੰ ਕਰਨਾ. ਖਿੰਡਾਉਣਾ. ਫੈਲਾਉਣਾ.

ਬਿਖੇੜਾ: ਸੰਗਯਾ- ਬਿਸ਼ਮਤਾ. ਅਸਮਤਾ. ਵਿਰੋਧ. ਝਗੜਾ.

ਬਿਖੈ: ਸੰ. ਵਿਸ਼ਯ. ਸੰਗਯਾ- ਇੰਦ੍ਰੀਆਂ ਦ੍ਵਾਰਾ ਗ੍ਰਹਣ ਯੋਗਯ ਸ਼ਬਦ ਸਪਰਸ਼ ਆਦਿ. "ਬਿਖੈਬਿਲਾਸ ਕਹੀਅਤ ਬਹੁਤੇਰੇ." (ਟੋਢੀ ਮ: ੫) "ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ!" (ਗਉ ਕਬੀਰ) ੨. ਪਦਾਰਥ. ਭੋਗ ਦੀ ਵਸਤੁ. "ਬਿਖੈ ਬਿਖੈ ਕੀ ਬਾਸਨਾ ਤਜੀਅ ਨਹਿ ਜਾਈ." (ਬਿਲਾ ਕਬੀਰ) ੩. ਕ੍ਰਿ. ਵਿ- ਅੰਦਰ. ਭੀਤਰ. ਵਿੱਚ. "ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ." (ਵਿਚਿਤ੍ਰ)

ਬਿਖੈ ਬਿਖ: ਵਿਸ਼ਯਾਂ ਦੀ ਵਿਸ਼. ਵਿਸ਼ਯਰੂਪ ਜ਼ਹਿਰ. "ਅੰਮ੍ਰਿਤ ਛਾਡਿ ਬਿਖੈ ਬਿਖ ਖਾਹੀ." (ਸਵੈਯੇ ਮ: ੪. ਕੇ) ੨. ਕੇਵਲ ਜ਼ਹਿਰ.

ਬਿਖੈਰਾਜ: ਵਿਸ਼ਯਾਂ ਦੀ ਹੁਕੂਮਤ. ਵਿਕਾਰਾਂ ਦੀ ਪ੍ਰਬਲਤਾ. "ਬਿਖੈਰਾਜ ਤੇ ਅੰਧੁਲਾ ਭਾਰੀ." (ਗਉ ਮ: ੫)

ਬਿਖੋਟਿ: ਵਿ- ਵਿ- ਖੋਟਿ. ਖਾਉ. ਪੇਟਦਾਸੀਆ. ਖਾਨ ਪਾਨ ਹੀ ਜਿਸ ਦਾ ਧਰਮ ਹੈ."ਏਕ ਬਸਤੁ ਕਾਰਣ ਬਿਖੋਟਿ ਗਵਾਵੈ." (ਸੁਖਮਨੀ) ਦੇਖੋ, ਖੋਟ ਧਾ। ੨. ਦੇਖੋ, ਵਿਖੋਟਿ.

ਬਿਖੰਡਨ: ਵਿ- ਖੰਡਨ. ਚੰਗੀ ਤਰਾਂ ਖੰਡਨ ਕਰਨ ਦਾ ਭਾਵ. "ਸਗਲ ਦੁਰਤ ਬਿਖੰਡਨੋ." (ਬਿਲਾ ਛੰਤ ਮ: ੫) "ਪੰਚ ਦੂਤ ਬਿਖੰਡਿਓ." (ਸਵੈਯੇ ਮ: ੩. ਕੇ)

ਬਿਖੰਮ: ਦੇਖੋ, ਬਿਖਮ. "ਆਵਤ ਨਿਕਟਿ ਬਿਖੰਮ ਜਰੀ." (ਸਵੈਯੇ ਸ੍ਰੀ ਮੁਖਵਾਕ ਮ: ੫) ਦੇਖੋ, ਜਰੀ.

ਬਿਖਮੰਜਰੀ: ਦੇਖੋ, ਜਰੀ ਅਤੇ ਬਿਖੰਮ। ੨. ਦੇਖੋ, ਬਿਖਮਜਰ.

ਬਿਖਜਾ: ਦੇਖੋ, ਬਿਖਿਆ। ੨. ਚੰਦ੍ਰਹਾਸ ਦੀ ਇਸਤ੍ਰੀ ਅਤੇ ਧਿਸ਼੍ਟਬੁੱਧਿ ਦੀ ਪੁਤ੍ਰੀ ਵਿਸ਼ਯਾ. "ਬਿਖਜਾ ਨਾਮ ਤਾਕੀ ਸੁਤਾ ਏਕ ਸੋਹੈ." (ਚਰਿਤ੍ਰ ੨੯੬) ਦੇਖੋ, ਚੰਦ੍ਰਹਾਸ ੪.

ਬਿਖਜਾਤ: ਦੇਖੋ, ਬਿਖਿਆਤ.

ਬਿਖਜਾਦ: ਦੇਖੋ, ਬਿਖਾਦ. "ਜਨਮ ਦਾਰਿਦ੍ਰੰ ਮਹਾ ਬਿਖਜਾਦੰ." (ਸਹਸ ਮਃ ੫)

ਬਿਖਜੰਤ: ਵਿ- ਵਿਖਜਾਤ. ਪ੍ਰਸਿੱਧ. ਮਸ਼ਹੂਰ. "ਬਿਖਜੰਤ ਜੀਵੰ ਬਸਜੰ ਕਰੋਤਿ." (ਸਹਸ ਮਃ ੫)

ਬਿੰਗ: ਸੰਗਯਾ- ਵਿੰਗ. ਖ਼ਮ. ਟੇਢ। ੨. ਕੁਟਿਲਤਾ। ੩. ਸੰ. ਵਜੰਗਯ. ਵਜੰਜਨਾ ਵ੍ਰਿੱਤੀ ਕਰਕੇ ਜਾਣਨ ਯੋਗਯ ਅਰਥ. ਰਮਜ਼. "ਸੂਲ ਸੁਰਾਹੀ ਖੰਜਰ ਪਯਾਲਾ ਬਿੰਗ ਕਸਾਈਆਂ ਦਾ ਸਹਿਣਾ!" (ਹਜਾਰੇ ੧੦) ਵਜੰਗਯਵਾਕਯ ਕਸਾਈਆਂ ਦੇ ਕਸ਼੍ਟ ਤੁਲਯ ਹਨ.[885]

ਬਿਗਸਨਾ: ਖਿੜਨਾ. ਦੇਖੋ, ਬਿਕਸਨਾ. "ਬਿਗਸੈ ਕਮਲ ਕਿਰਣ ਪਰਗਾਸੈ." (ਮਾਰੂ ਸੋਲਹੇ ਮਃ ੩) ੩. ਹੱਸਣਾ. "ਘਨ ਮੇਂ ਮਨੋ ਬਿਦੁੱਲਤਾ ਬਿਗਾਸੀ." (ਚੌਬੀਸਾਵ) ਬਿਜਲੀ ਹੱਸੀ.[886]

ਬਿਗਸਾਂਤਉ: ਵਿ- ਵਿਕਾਸ ਯੁਕ੍ਤ. ਪ੍ਰਫੁੱਲਿਤ. ਪ੍ਰਸੰਨ ਹੋਇਆ. "ਰਾਜਨਰਾਜ ਸਦਾ ਬਿਗਸਾਂਤਉ." (ਆਸਾ ਮਃ ੧)

ਬਿਗਸਾਨੋ: ਵਿਕਾਸ ਸਹਿਤ ਹੋਇਆ. ਖਿੜਿਆ. ਪ੍ਰਸੰਨ ਹੋਇਆ. "ਪੇਖਿ ਪੇਖਿ ਨਾਨਕ ਬਿਗਸਾਨੋ." (ਸੋਰ ਮਃ ੫)

ਬਿਗਸਾਰੇ: ਵਿਕਾਸ ਸਹਿਤ ਹੋਏ. ਖਿੜੇ "ਪੇਖਿ ਪੇਖਿ ਮਨ ਬਿਗਸਾਰੇ." (ਸੂਹੀ ਮਃ ੫) ਸੰ. ਵਿਕਸ੍ਵਰ.

ਬਿਗਸਾਵਦੋ: ਖਿੜਦਾ. ਵਿਕਾਸ ਯੁਕ੍ਤ ਹੁੰਦਾ. "ਕਵਲ ਜਿਵੈ ਬਿਗਸਾਵਦੋ." (ਮਃ ੫. ਵਾਰ ਮਾਰੂ ੨)

ਬਿਗਸਿ: ਵਿਕਾਸ ਸਹਿਤ ਹੋਕੇ. ਖਿੜਕੇ. ਪ੍ਰਸੰਨ ਹੋਕੇ. "ਬਿਗਸਿ ਬਿਗਸਿ ਅਪਨਾ ਪ੍ਰਭੁ ਗਾਵਹਿ." (ਰਾਮ ਮਃ ੫)

ਬਿਗਸੀਧਿਜਬੁਧਾ: ਵਿ- ਵਿਕਾਸਿਤ ਹੋਈ ਹੈ ਜਿਸ ਦੀ ਬੁੱਧਿ. "ਬਿਗਸੀਧਿਜਬੁਧਾ ਕੁਸਲ ਥਾਨੰ." (ਸਹਸ ਮਃ ੫)

ਬਿਗਸੇਰੋ: ਵਿਕਾਸਿਤ ਹੋਇਆ. ਖਿੜਿਆ. "ਉਧ ਕਮਲ ਬਿਗਸੇਰੋ." (ਕਾਨ ਮਃ ੫)

ਬਿਗਤ: ਦੇਖੋ, ਵਿਗਤ.

ਬਿਗਤਿ, ਬਿਗਤੀ: ਸੰਗਯਾ- ਮੰਦ ਗਤਿ. ਅਪਗਤਿ. "ਮਨਮੁਖ ਮਰਹਿ, ਮਰਿ ਬਿਗਤੀ ਜਾਹਿ." (ਬਿਲਾ ਮਃ ੩. ਵਾਰ ੭)

ਬਿਗਮ: ਵਿ- ਬਿਨਾ ਗਮ। ੨. ਦੇਖੋ, ਬੇਗਮ. "ਕਾਮਾਤੁਰ ਭੀ ਅਧਿਕ ਬਿਗਮ ਜਬ." (ਚਰਿਤ੍ਰ ੩੩੬)

ਬਿਗਰਨਾ: ਕ੍ਰਿ- ਵਿਕਾਰ ਸਹਿਤ ਹੋਣਾ. ਵਿਕ੍ਰਿਤ ਹੋਣਾ. ਸ਼ਕਲ ਦਾ ਬਦਲਣਾ. ਹੋਰ ਰੂਪ ਹੋਣਾ. "ਗੰਗਾ ਕੇ ਸੰਗ ਸਲਿਤਾ ਬਿਰਾਰੀ." (ਭੈਰ ਕਬੀਰ) "ਸੰਤਨ ਸੰਗਿ ਕਬੀਰਾ ਬਿਗਾਰਿਓ." (ਭੈਰ ਕਬੀਰ) ਕਬੀਰ ਪਹਿਲੀ ਸ਼ਕਲ ਤਯਾਗਕੇ ਸੰਤ ਰੂਪ ਹੋਇਆ। ੨. ਕੰਮ ਦਾ ਖ਼ਰਾਬ ਹੋਣਾ. ਵਿਗੜਨਾ. "ਰਾਖਿ ਲੇਹੁ ਹਮ ਤੇ ਬਿਗਰੀ." (ਬਿਲਾ ਕਬੀਰ) ੩. ਵਿਰੋਧ ਹੋਣਾ. ਅਣਬਣ ਹੋਣੀ.

ਬਿਗਲ: ਅੰ. Bugle. ਸੰਗਯਾ- ਤੁਰ੍ਹੀ. ਰਨਸਿੰਗਾ.

ਬਿਗੜਨਾ: ਦੇਖੋ, ਬਿਗਰਨਾ.

ਬਿਗੜਰੂਪ: ਸੰ. विकृतरूप- ਵਿਕ੍ਰਿਤਰੂਪ. "ਸੰਤ ਕਾ ਦੋਖੀ ਬਿਗੜਰੂਪ ਹੁਇਜਾਇ." (ਸੁਖਮਨੀ)

ਬਿਗੜਿਆ ਤਿਗੜਿਆ: ਵਿਕ੍ਰਿਤ ਅਤੇ ਤਿਰਯੰਕ ਗਤਿ ਵਾਲਾ. ਵਿਕਾਰੀ ਅਤੇ ਟੇਢਾ. "ਸੋਟਾ ਪੀਰ ਹੈ ਬਿਗੜਿਆਂ ਤਿਗੜਿਆਂ

---

[885] ਜੋ ਬਿੰਗ ਦਾ ਅਰਥ ਛੁਰਾ ਕਰਦੇ ਹਨ, ਉਹ ਪ੍ਰਕਰਣ ਨਹੀਂ ਜਾਣਦੇ.

[886] ਪੰਜਾਬੀ ਵਿੱਚ ਬਿਜਲੀ ਦੇ ਲਸ਼ਕਾਰੇ ਨੂੰ ਹਸਣਾ ਆਖਦੇ ਹਨ.

ਦਾ." (ਵਾਰਸਸ਼ਾਹ)

ਬਿੰਗਾ: ਵਿ- ਟੇਢਾ, ਖ਼ਮਦਾਰ। ੨. ਕੁਟਿਲ. ਦੇਖੋ, ਬੰਕ.

ਬਿਗਾਸ: ਦੇਖੋ, ਬਿਕਾਸ ਅਤੇ ਵਿਕਾਸ.

ਬਿਗਾਸੀ: ਵਿ- ਵਿਕਾਸਿਤ. ਖਿੜਿਆ ਹੋਇਆ। ੨. ਪ੍ਰਸੰਨ.

ਬਿਗਾਸੁ: ਦੇਖੋ, ਵਿਕਾਸ. "ਮਾਤਾ ਕੈ ਮਨਿ ਬਹੁਤੁ ਬਿਗਾਸੁ." (ਆਸਾ ਮः ੫)

ਬਿਗਾਨ: ਵਿ- ਬੇਗਾਨਾ. ਓਪਰਾ. "ਘਰ ਬਾਰ ਸੁ ਏਕਹੀ ਬਾਰ ਬਿਗਾਨ ਕਹੈ ਹੈ." (ਪਾਰਸਾਵ) ੨. ਸੰ. ਵਿਗਾਨ. ਸੰਗਯਾ- ਨਿੰਦਾ. ਹਜਵ.

ਬਿਗਾਨਾ: ਵਿ- ਬੇਗਾਨਾ ਓਪਰਾ। ੨. ਬਿਨਾ ਗਯਾਨ. ਅਗਯਾਨੀ. "ਕਰਣੈਹਾਰੁ ਨ ਬੁਝੈ ਬਿਗਾਨਾ." (ਗਉ ਮः ੫) ੩. ਵਿਗਾਨ (ਨਿੰਦਾ) ਦਾ ਭਾਵ. ਨਿਦੰਕਪਨ. "ਉਸ ਮਹਿ ਕ੍ਰੋਧੁ ਬਿਗਾਨਾ." (ਮਾਰੂ ਮः ੫)

ਬਿਗਾਰ: ਦੇਖੋ, ਬਿਕਾਰ। ੨. ਦੇਖੋ, ਵਿਗਾੜ। ੩. ਦੇਖੋ, ਬੇਗਾਰ.

ਬਿਗਾਰਿ: ਵਿਗਾੜਕੇ. ਖਰਾਬ ਕਰਕੇ. "ਅਪਨਾ ਬਿਗਾਰਿ, ਬਿਰਾਨਾ ਸਾਂਢੈ." (ਗੌਂਡ ਰਵਿਦਾਸ)

ਬਿਗਾਰੀ, ਬਿਗਾਰੀਆ: ਸੰਗਯਾ- ਬੇਗਾਰ ਕਰਨ ਵਾਲਾ. ਬੇਗਾਰੀ "ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ." (ਗਉ ਮः ੫) ੨. ਬੇਗਾਰ ਕਰਨ ਦੀ ਕ੍ਰਿਯਾ. ਬੇਗਾਰੀਪਨ. "ਨੀਕੀ ਤੇਰੀ ਬੇਗਾਰੀਆ, ਲੇ ਤੇਰਾ ਨਾਉ." (ਤਿਲੰ ਨਾਮਦੇਵ) ਤੇਰਾ ਨਾਮ ਲੈ ਕੇ ਤੇਰੀ ਬੇਗਾਰ ਭਲੀ ਹੈ.

ਬਿਗਾੜ: ਸੰਗਯਾ- ਵਿਕਾਰ। ੨. ਵਿਰੋਧ. ਨਾਚਾਕੀ. ਵਿਗ੍ਰਹ.

ਬਿਗਿਆਨ: ਸਮਝ. ਬੋਧ। ੨. ਤਮੀਜ਼। ੩. ਚਤੁਰਾਈ। ੪. ਦੇਖੋ, ਵਿਗਯਾਨ.

ਬਿਗਿਆਨਿ: ਵਿਗਯਾਨ. ਦ੍ਵਾਰਾ. ਮੁਕਤਿ ਨਹੀ ਬਿਦਿਆ ਬਿਗਿਆਨਿ." (ਰਾਮ ਅः ਮः ੧) ਹਿਕਮਤ ਅਤੇ ਇਲਮ (philosophy and learning) ਕਰਕੇ ਮੁਕਤਿ ਨਹੀਂ.

ਬਿਗੁਚਣਾ, ਬਿਗੁਚਨਾ: ਦੇਖੋ, ਵਿਗੁਚਨਾ.

ਬਿਗੁਜ਼ਾਰਮ: ਫ਼ਾ. بگزارم ਮੈਂ ਛੱਡਾਂ. ਮੈ ਛੱਡਦਾ ਹਾਂ.

ਬਿਗੂਚਾ, ਬਿਗੂਤਾ, ਬਿਗੂਤੋ: ਵਿ- ਵਿਗਤ (ਨਸ਼੍ਟ) ਹੋਇਆ. ਬਰਬਾਦ (ਤਬਾਹ) ਹੋਇਆ. "ਤਹਾ ਬਿਗੂਤਾ, ਜਹ ਕੋਇ ਨ ਰਾਖੈ." (ਆਸਾ ਮः ੫) "ਕੋ ਕੋ ਨ ਬਿਗੂਤੋ, ਮੈ ਕੋ ਆਹਿ?" (ਬਸੰ ਕਬੀਰ)

ਬਿਗੋ: ਦੇਖੋ, ਬੁਗੋ.

ਬਿਗੋਣਾ, ਬਿਗੋਨਾ, ਬਿਗੋਵਨ: ਸੰ. विगर्हण- ਵਿਗਹੰਣ. ਨਿੰਦਾ ਕਰਨੀ. ਬਦਨਾਮ ਕਰਨਾ। ੨. ਸੰ. ਵਿਗੋਪਨ. ਲੁਕੋਣਾ. ਛੁਪਾਉਣਾ। ੩. ਲੈ ਕਰਨਾ. ਨਸ਼੍ਟ ਕਰਨਾ. "ਕਿੰਕਰ ਕੋ ਭ੍ਰਮਜਾਲ ਬਿਗੋਏ." (ਨਾਪ੍ਰ)

ਬਿਗੰਧ: ਸੰ. ਵਿਗੰਧ. ਸੰਗਯਾ- ਨਿੰਦਿਤ ਗੰਧ. ਬਦਬੂ. ਦੁਰਗੰਧ. "ਮਾਖੀ ਚੰਦਨੁ ਪਰਹਰੈ, ਜਹ ਬਿਗੰਧ ਤਹ ਜਾਇ." (ਸ. ਕਬੀਰ) ੨. ਗੰਧ ਰਹਿਤ. ਵਿਗਤ ਹੋ ਗਈ ਹੈ ਗੰਧ ਜਿਸ ਵਿੱਚੋਂ.

ਬਿਗਯਾਪਤਿ: ਸੰ. विज्ञापयति- ਵਿਗਯਾਪਯਤਿ. ਪ੍ਰਾਰਥਨਾ ਕਰਦਾ ਹੈ, "ਬਿਗਯਾਪਤਿ ਨਾਨਕ ਹਰਿ ਨਰਹਰਹ." (ਸਹਸ ਮः ੫)

ਬਿਗਜਾਪਨ: ਦੇਖੋ, ਵਿਗਿਜਾਪਨ.

ਬਿਗ੍ਰਹ, ਬਿਗ੍ਰਹਿ: ਸੰ. ਵਿਗ੍ਰਹ ਸੰਗਜਾ- ਸ਼ਰੀਰ. ਦੇਹ. ਆਕਾਰ। ੨. ਹਿੱਸਾ. ਵਿਭਾਗ। ੩. ਯੁੱਧ. ਜੰਗ. "ਸੁਰ ਢੀਠ ਹ੍ਵੈ ਹੈਂ ਦੇਖ ਬਿਗ੍ਰਹਿ." (ਸਲੋਹ) ੪. ਫੋਟਕ. ਫੁੱਟ.

ਬਿਘਨ, ਬਿਘਨੁ: ਸੰ. ਵਿਘ੍ਨ. ਸੰਗਜਾ- ਰੁਕਾਵਟ. ਪ੍ਰਤਿਬੰਧ. "ਬਿਘਨ ਗਏ ਹਰਿਨਾਈ." (ਸੋਰ ਮਃ ੫) "ਬਿਘਨੁ ਨ ਲਾਗੈ ਜਪਿ ਅਲਖ ਅਭੇਵਾ." (ਬਿਲਾ ਮਃ ੫) ੨. ਵਿ- ਵਿਨਾਸ਼ ਕਰਨ ਵਾਲਾ. ਵਿ- ਘ੍ਨ.

ਬਿਘਾ: ਸੰਗਜਾ- ਵਿੱਘਾ. ਜ਼ਮੀਨ ਦੀ ਇੱਕ ਮਿਣਤੀ. ਇੱਕ ਮੁਰੱਬਾ ਕਰਮ ਬਿਸਵਾਸੀ ਹੈ, ਬੀਸ ਬਿਸਵਾਸੀ ਦਾ ਇੱਕ ਬਿਸਵਾ ਹੁੰਦਾ ਹੈ, ਬੀਸ ਬਿਸਵੇ ਦਾ ਇੱਕ ਬਿੱਘਾ ਕਿਹਾ ਜਾਂਦਾ ਹੈ. ਦੇਖੋ, ਮਿਣਤੀ.

ਬਿਘਿਆੜ, ਬਿਘਿਆੜੀ: ਦੇਖੋ, ਬਘਿਆੜ ਅਤੇ ਬਘਿਆੜੀ. ਦੇਖੋ, ਦਸ ਬਿਘਿਆੜੀ.

ਬਿਚ, ਬਿਚਕਾਰ: ਕ੍ਰਿ. ਵਿ- ਭੀਤਰ. ਅੰਦਰ. ਗੱਭੇ. ਮਧਯ ਮੇਂ

ਬਿਚਖਣ, ਬਿਚਖਣਿ, ਬਿਚਖਨਿ, ਬਿਚਛਨ: ਸੰ. ਵਿਚਕਣ. ਚਤੁਰ. ਪੰਡਿਤ. ਦਾਨਾ. ਚਤੁਰਾਈ ਵਾਲੀ. ਵਿਚਕ੍ਸ਼ਣਾ. ਦੇਖੋ, ਚਕ੍ਸ਼ ਧਾ. "ਸੇਈ ਬਿਚਖਣ ਜੰਤੁ, ਜਿਨੀ ਹਰਿ ਧਿਆਇਆ." (ਮਃ ੪. ਵਾਰ ਸੋਰ) "ਰੂਪਵੰਤਿ ਸਾ ਸੁਘੜਿ ਬਿਚਖਣਿ." (ਮਾਝ ਮਃ ੫) "ਅਤਿ ਸੁੰਦਰ ਬਿਚਖਨਿ ਤੂੰ." (ਆਸਾ ਮਃ ੫) ੨. ਦੇਖਣ ਵਿੱਚ ਸੁੰਦਰ. ਖ਼ੂਬਸੂਰਤ.

ਬਿਚਰ: ਸੰ. ਵਿਚਾਰ. ਸੰਗਜਾ- ਵਿਵੇਕ. "ਅਨੁਦਿਨ ਬਿਬੇਕ ਬੁਧਿ ਬਿਚਰੈ." (ਧਨਾ ਛੰਤ ਮਃ ੧) "ਭੇਦ ਨ ਤਾਂਕੋ ਪਿਤਹਿ" ਬਿਚਰਾ." (ਚਰਿਤ੍ਰ ੩੭) "ਹਮਰੇ ਕਰਮ ਨ ਬਿਚਰਹੁ ਠਾਕੁਰ!" (ਬਸੰ ਮਃ ੪) "ਬਿਚਰਹਿ ਅਨਕ ਸਾਸਤ੍ਰ. (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਦੇਖੋ, ਵਿਚਰਣਾ.

ਬਿਚਰਣਾ: ਕ੍ਰਿ. ਸੰ. ਵਿਚਰਣ. ਫਿਰਨਾ. ਘੁੰਮਣਾ. "ਬਿਚਰਤੇ ਨਿਰਭਯੰ ਸਤ੍ਰੁਸੈਨਾ." (ਸਹਸ ਮਃ ੫)

ਬਿਚਰਤ: ਵਿਚਰਤਿ. ਵਿਚਰਣ ਕਰਦਾ (ਫਿਰਦਾ) ਹੈ। ੨. ਵਿਚਾਰਦਾ ਹੈ. "ਖਟੁ ਸਾਸਤ ਬਿਚਰਤ ਮੁਖਿ ਗਿਆਨਾ." (ਮਾਝ ਮਃ ੫)

ਬਿਚਰਨਾ: ਦੇਖੋ, ਬਿਚਰਣਾ.

ਬਿਚਰਿ: ਵਿਚਾਰਕੇ. "ਬਿਚਰਿ ਬਿਚਰਿ ਰਸੁ ਪੀਜੈ." (ਕਲਿ ਅਃ ਮਃ ੪) ੨. ਵਿਚਰ (ਫਿਰ) ਕੇ. ਭ੍ਰਮਣ ਕਰਕੇ.

ਬਿਚਰੇ, ਬਿਚਰੈ: ਵਿਚਾਰੇ. ਵਿਚਾਰੈ. ਦੇਖੋ, ਬਿਚਰ. "ਬੇਦ ਚਾਰ ਮੁਖਾਗਰ ਬਿਚਰੇ." (ਸ੍ਰੀ ਅਃ ਮਃ ੫) "ਪਾਧਾ ਪੜਿਆ ਆਖੀਐ, ਬਿਦਿਆ ਬਿਚਰੈ." (ਓਅੰਕਾਰ) ੨. ਦੇਖੋ, ਬਿਚਰਨਾ.

ਬਿਚਲਨਾ: ਸੰ. ਵਿਚਲਨ. ਕ੍ਰਿ- ਥਾਂ ਤੋਂ ਹਿੱਲਣਾ. ਠਿਕਾਣੇ ਨਾ ਰਹਿਣਾ. "ਤਿਯ ਨੇ ਮਤਿ ਬਿਚਲਾਈ." (ਨਾਪ੍ਰ) ੨. ਬਿਗੜਨਾ. ਮਨ ਫੇਰਨਾ. "ਬਾਰ ਬਾਰ ਸੁਨ ਸ਼ਾਹ ਬਿਚਲਗਾ." (ਗੁਪ੍ਰਸੂ) ਵਿਚ ਲਗਿਆ.

ਬਿਚਾਰ: ਸੰ. ਵਿਚਾਰ. ਸੰਗਜਾ- ਵਿਵੇਕ. ਤਤ੍ਵ ਦਾ ਨਿਰਣਾ. ਅਸਲੀਯਤ ਜਾਣਨ ਦੀ ਕ੍ਰਿਯਾ.

ਬਿਚਾਰਬਿਚਾਰ: ਵਿਚਾਰ- ਅਵਿਚਾਰ. ਵਿਵੇਕ ਅਤੇ ਅਗਜਾਨ. "ਰਚਿਓ ਬਿਚਾਰਬਿਚਾਰ." (ਅਕਾਲ)

ਬਿਚਾਰਾ: ਦੇਖੋ, ਬੇਚਾਰਾ.

ਬਿਚਾਰਿ: ਵਿਚਾਰਕੇ.

ਬਿਚਾਰੁ: ਦੇਖੋ, ਬਿਚਾਰ.

ਬਿਚਿਤਿ: ਸੰ. ਵਿਚਿਤਿ. ਸੰਗਯਾ- ਖੋਜ. ਭਾਲ. ਨਿਰਣਯ. "ਸਾਧੂਜਨ ਜਪਹਿ ਕਰਿ ਬਿਚਿਤਿ ਚਾਓ." (ਸਵੈਯੇ ਮਃ ੪. ਕੇ) ਵਿਚਾਰ ਅਤੇ ਉਮੰਗ ਨਾਲ ਜਪਹਿਂ.

ਬਿਚਿਤ੍ਰ: ਦੇਖੋ, ਵਿਚਿਤ੍ਰ. "ਬਚਿਤ੍ਰ ਮੰਦਿਰ ਸੋਭੰਤਿ." (ਸਹਸ ਮਃ ੫)

ਬਿਚਿਤ੍ਰ ਸਿੰਘ: ਦੇਖੋ, ਵਿਚਿਤ੍ਰ ਸਿੰਘ.

ਬਿਚਿਤ੍ਰਤਾ: ਦੇਖੋ, ਵਿਚਿਤ੍ਰਤਾ.

ਬਿਚਿਤ੍ਰਨਾਟਕ: ਦੇਖੋ, ਵਿਚਿਤ੍ਰਨਾਟਕ

ਬਿਚੀਆ: ਵਿ- ਵੇਚਣ ਵਾਲਾ. "ਬਿਚੀਆ ਦਧਿ ਕੋ ਫੁਨ ਨਾਮ ਪਰਜੋ." (ਕ੍ਰਿਸਨਾਵ) ੨. ਵਿਚੋਲਾ.

ਬਿਚੇਤ: ਸੰ. ਵਿਚੇਤਨ. ਵਿ- ਜੜ੍ਹ। ੨. ਮੂਰਛਿਤ. ਬੇਹੋਸ਼. "ਪਰੇ ਬੀਰ ਬ੍ਰਿੰਦੰ ਬਿਚੇਤੰ." (ਚੰਡੀ ੨)

ਬਿਚੋਲਾ: ਦੇਖੋ, ਵਿਚੋਲਾ.

ਬਿਛਟਾਈ: ਦੇਖੋ, ਸੀਤਲ ਪਾਟਿਕਕਾ.

ਬਿਛਰਨ, ਬਿਛੜਨਾ: ਦੇਖੋ, ਬਿਛੁਰਨਾ.

ਬਿਛਾਵਣਾ: ਦੇਖੋ, ਵਿਛਾਵਣਾ.

ਬਿਛੁਰਨਾ, ਬਿਛੁੜਨਾ: ਕ੍ਰਿ- ਵਿੱਛੇਦ ਹੋਣਾ. ਅਲਗ ਹੋਣਾ. ਜੁਦਾ ਹੋਣਾ. "ਅਨਿਕ ਜਨਮ ਬਿਛੁਰਤ ਦੁਖ ਪਾਇਆ." (ਸੂਹੀ ਅਃ ਮਃ ੧)

ਬਿਛੂ, ਬਿਛੂਅ: ਸੰ. वृश्चिक- ਵ੍ਰਿਸ਼੍ਚਿਕ. ਇੱਕ ਜ਼ਹਰੀਲਾ ਜੀਵ, ਜਿਸ ਦੀ ਪੂਛ ਦੇ ਸਿਰੇ ਜ਼ਹਿਰ ਵਾਲਾ ਕੰਡਾ ਹੁੰਦਾ ਹੈ, ਬਿੱਛੂ. ਅਠੂਹਾਂ Scorpion "ਨਾਮ ਸੁਨਤ ਜਨੁ ਬਿਛੂਅ ਡਸਾਨਾ." (ਰਾਮ ਮਃ ੫)

ਬਿਛੂਆ: ਸੰਗਯਾ- ਇਸਤ੍ਰੀਆਂ ਦੇ ਪੈਰ ਦਾ ਇੱਕ ਗਹਿਣਾ। ੨. ਬਿੱਛੂ ਦੇ ਡੰਗ ਜੇਹਾ ਟੇਢਾ ਪੇਸ਼ਕਬਜ. "ਬਿਛੂਆ ਅਰੁ ਬਾਨੰ ਸੁਕਸ ਕਮਾਨੰ." (ਰਾਮਾਵ) ੩. ਦੇਖੋ. ਬਿਛੂ.

ਬਿਛੇਪ: ਦੇਖੋ, ਵਿਕ੍ਸ਼ੇਪ.

ਬਿਛੋਹ, ਬਿਛੋਹਾ, ਬਿਛੋਹੁ: ਸੰਗਯਾ- ਵਿੱਛੇਦ. ਵਿਛਿੰਨ (ਜੁਦਾ) ਹੋਣ ਦਾ ਭਾਵ. ਜੁਦਾਈ. ਵਿਯੋਗ. "ਪ੍ਰੇਮ ਬਿਛੋਹਾ ਕਰਤ ਕਸਾਈ." (ਸੂਹੀ ਮਃ ੫) "ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ?" (ਮਾਝ ਬਾਰਹਮਾਹਾ) ੨. ਵਿਕ੍ਸ਼ੋਭ. ਵ੍ਯਾਕੁਲਤਾ. ਘਬਰਾਹਟ.

ਬਿਛੋਰਨਾ, ਬਿਛੋੜਨਾ: ਕ੍ਰਿ- ਅਲਗ ਕਰਨਾ. ਵਿਯੋਗ ਕਰਨਾ. "ਆਪਿ ਬਿਛੋਰੈ ਆਪੇ ਮੇਲ." (ਰਾਮ ਮਃ ੫)

ਬਿਜ: ਦੇਖੋ, ਬਿਜਮੰਦਿਰ। ੨. ਦੇਖੋ, ਵਿਜ੍ ਧਾ.

ਬਿਜਉਰਾ: ਸੰ. ਵੀਜਪੂਰਕ. ਸੰਗਯਾ- ਨਿੰਬੂ ਦੀ ਜਾਤਿ ਦਾ ਇੱਕ ਬੂਟਾ, ਜਿਸ ਦੇ ਫਲ ਸੰਗਤਰੇ ਜੇਹੇ ਦਲਦਾਰ ਛਿਲਕੇ ਵਾਲੇ ਹੁੰਦੇ ਹਨ. ਇਸ ਦੀਆਂ ਦੋ ਜਾਤੀਆਂ ਹਨ ਇੱਕ ਖੱਟਾ, ਦੂਜਾ ਮਿੱਠਾ. ਇਸ ਦਾ ਨਾਮ "ਸੁਪੂਰ" ਭੀ ਹੈ.

ਬਿਜਉਰੀ: ਛੋਟੀ ਕਿਸਮ ਦਾ ਬਿਜਉਰਾ. ਦੇਖੋ, ਬਿਜਉਰਾ "ਲੋੜੇ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ." (ਸ ਫਰੀਦ) ੨. ਬਜੌਰ ਨਾਲ ਹੈ ਜਿਸ ਦਾ ਸੰਬੰਧ. ਬਜੌਰ. ਦੇਖੋ, ਬਜੌਰ.

ਬਿਜਈ: ਦੇਖੋ, ਵਿਜਈ.

ਬਿਜ਼ਦਾ: ਫ਼ਾ. بزدا ਸਾਫ ਕਰ. ਮੈਲ ਦੂਰ ਕਰ. ਦੇਖੋ, ਜ਼ਦੂਦਨ.

ਬਿਜਨ: ਸੰ. ਵਯਜਨ. ਸੰਗਯਾ- ਪੰਖਾ. ਪੱਖਾ. "ਸੋ ਬਰ ਬਿਜਨ ਹੋਤ ਹੈ ਤਾਂਪੈ." (ਨਾਪ੍ਰ) ੨. ਵਿ- ਵਿ- ਜਨ. ਜਿੱਥੇ ਕੋਈ ਜਨ (ਪੁਰਖ) ਨਹੀਂ. ਨਿਰਜਨ। ੩. ਫ਼ਾ. بزن ਜ਼ਦਨ ਦਾ ਅਮਰ. ਮਾਰ. ਪ੍ਰਹਾਰ ਕਰ। ੪. ਪੰਜਾਬੀ ਵਿੱਚ ਬਦੂਨ ਬਗੈਰ ਬਾਝੋਂ ਬਿਨਾ ਦੇ ਥਾਂ ਭੀ ਬਿਜਨ ਸ਼ਬਦ ਵਰਤੀਦਾ ਹੈ. ਜਿਵੇਂ- ਤੇਰੇ ਬਿਜਨ ਮੈਂ ਕੀ ਕਰ ਸਕਦਾ ਹਾਂ?

ਬਿੰਜਨ: ਸੰ. व्यञ्जन- ਵਯੰਜਨ. ਸੰਗਯਾ- ਖਾਣ ਯੋਗਯ ਪਦਾਰਥ ਭੋਜਨ। ੨. ਰੋਟੀ ਨਾਲ ਲਾਕੇ ਖਾਣ ਦੀ ਚੀਜ਼. ਸਾਗ, ਤਰਕਾਰੀ. "ਬਿੰਜਨ ਭੋਜਨ ਅਨਿਕ ਪਰਕਾਰਾ." (ਆਸਾ ਮਃ ੫) ੩. ਚਿੰਨ੍ਹ. "ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ." (ਬਿਹਾ ਛੰਤ ਮਃ ੫) ਨਾਮ ਚੰਦਨ ਕੇਸਰ ਸੰਧੂਰ ਆਦਿ ਦੇ ਚਿੰਨ੍ਹ ਦੀ ਥਾਂ ਹੈ. ਦੇਖੋ, ਵਜੰਜਨ.

ਬਿਜਨਾ: ਦੇਖੋ, ਬਿਜਨ ੧.

ਬਿਜਨਾਮਾ: ਗੁਰੁਵਿਲਾਸ਼ ੧੦. ਵਿੱਚ ਵਿਜਯਨਾਮਾ (ਜ਼ਫ਼ਰਨਾਮਹ) ਦੀ ਥਾਂ ਇਹ ਸ਼ਬਦ ਆਇਆ ਹੈ.

ਬਿਜਮੰਦਰ, ਬਿਜਮੰਦਿਰ: ਬਿਜਲੀ (ਵਿਦਯੁਤ) ਨੂੰ ਛੁਹਣ ਵਾਲੇ ਮੰਦਿਰ. ਘਨਘਟਾ ਨੂੰ ਚੁੰਬਨ ਕਰਨ ਵਾਲੇ ਉੱਚੇ ਮਹਲ. ਭਾਵ- ਰਾਜ- ਭਵਨ. "ਹਟ ਪਟਣ ਬਿਜਮੰਦਰ ਭੰਨੈ ਕਰਿ ਚੋਰੀ ਘਰਿ ਆਵੈ." (ਗਉ ਮਃ ੧) "ਦੇਖਹਿ ਆਪਿ ਬੈਸਿ ਬਿਜਮੰਦਰਿ." (ਮਾਰੂ ਸੋਲਹੇ ਮਃ ੧) ੨. ਵਜ੍ਰ ਜੇਹੇ ਪੱਕੇ ਮੰਦਿਰ.

ਬਿਜਯ: ਜਿੱਤ. ਫਤੇ. ਦੇਖੋ, ਬਿਜੈ ਅਤੇ ਵਿਜਯ.

ਬਿਜਯਦਸਮੀ: ਦੇਖੋ, ਬਿਜਿਆ ੨. ਅਤੇ ਵਿਜਯਦਸਮੀ.

ਬਿਜਯਨਾਮਾ, ਬਿਜਯਪਤ੍ਰ: ਦੇਖੋ, ਜ਼ਫਰਨਾਮਾ.

ਬਿਜਲ, ਬਿਜਲੀ: ਦੇਖੋ, ਬਿਜੁਲੀ.

ਬਿਜਾਉ, ਬਿਜਾਇ: ਵਿ- ਬੀਜਣ ਯੋਗਯ- ੨. ਫ਼ਾ. بیجا ਬੇਜਾ, ਅਨੁਚਿਤ. ਨਾਮੁਨਾਸਿਬ. "ਤੁਮ ਨੇ ਕੀਨਸ ਬਾਤ ਬਿਜਾਇ." (ਗੁਪ੍ਰਸੂ) "ਅਸ ਬਿਧਿ ਨਹਿ ਕਹਿ ਬੈਨ ਬਿਜਾਊ." (ਨਾਪ੍ਰ)

ਬਿਜਾਈ: ਸੰਗਯਾ- ਬੀਜਣ ਦਾ ਕ੍ਰਿਯਾ। ੨. ਬੀਜਣ ਦੀ ਮਜਦੂਰੀ.

ਬਿਜਾਤਿ, ਬਿਜਾਤੀ: ਦੇਖੋ, ਵਿਜਾਤਿ ਅਤੇ ਵਿਜਾਤੀਯ.

ਬਿਜਿਯਾ, ਬਿਜੀਆ: ਸੰ. ਵਿਜਯਾ- ਸੰਗਯਾ- ਦੁਰਗਾ, ਜੋ ਜਿੱਤਣ ਵਾਲੀ ਹੈ। ੨. ਅੱਸੂ ਸੁਦੀ ੧੦. ਵਿਜਯਦਸਮੀ. ਇਸ ਦਿਨ ਰਾਮਚੰਦ੍ਰ ਜੀ ਨੇ ਲੰਕਾ ਪੁਰ ਚੜ੍ਹਾਈ ਕੀਤੀ ਸੀ, ਦੇਖੋ, ਦਸਹਰਾ। ੩. ਭੰਗ.

ਬਿਜੁਰੀ, ਬਿਜੁਲ, ਬਿਜੁਲਿ, ਬਿਜੁਲੀ: ਸੰ. विद्युत्- ਵਿਦਯੁਤ. ਵਿ (ਬਹੁਤ) ਦਯੁਤਿ (ਚਮਕਣ) ਵਾਲੀ ਵਸਤੁ, ਤੜਿਤ. ਦਾਮਿਨੀ (ਸੌਦਾਮਿਨੀ). ਬਿੱਜ lightning ਵਿਸ਼ਨੁਪੁਰਾਣ ਅੰਸ਼ ੧, ਅਃ ੧੫. ਵਿੱਚ ਲੇਖ ਹੈ ਕਿ ਚੰਦ੍ਰਵੰਸ਼ੀ "ਬਹੁ" ਦੀਆਂ ਚਾਰ ਕਨਯਾ ਹੀ ਬਿਜਲੀ ਬਣ ਗਈਆਂ ਕਿਤੇ ਵਸੁਦੇਵ ਦੀ ਪੁਤ੍ਰੀ ਕ੍ਰਿਸ਼ਨ ਜੀ ਦੀ ਭੈਣ, ਜੋ ਕੰਸ ਨੇ ਮਾਰੀ ਸੀ, ਉਸ ਨੂੰ ਬਿਜੁਲੀ ਬਣਨਾ ਲਿਖਿਆ ਹੈ, ਯਥਾ- "ਦਾਮਨਿ ਹੈ ਲਹਕੀ ਨਭ ਮੇ, ਜਬ ਰਾਖਲਈ ਵਹ ਰਾਖਨਹਾਰੇ." (ਕ੍ਰਿਸਨਾਵ)

ਪਦਾਰਥਤਤ੍ਵ ਜਾਣਨ ਵਾਲੇ ਮੰਨਦੇ ਹਨ ਕਿ ਪ੍ਰਕ੍ਰਿਤੀ ਦੇ ਹਰ ਇੱਕ ਪ੍ਰਮਾਣ ਵਿੱਚ ਦੋ ਕਿਸਮ ਦੀਆਂ ਸ਼ਕਤੀਆਂ ਹੁੰਦੀਆਂ ਹਨ, ਜੋ ਆਪੋ ਵਿੱਚ ਇੱਕ ਦੂਜੇ ਦੀਆਂ ਪੂਰਨ ਕਰਤਾ ਹੋਇਆ ਕਰਦੀਆਂ ਹਨ. ਇਨ੍ਹਾਂ ਨੂੰ ਸੰਪੂਰਕ (positive) ਅਤੇ ਅਪੂਰਕ (negative) ਕਹਿੰਦੇ ਹਨ. ਬੱਦਲਾਂ ਦੇ ਜਲਪਰਮਾਣੂਆਂ ਵਿੱਚ ਭੀ ਇਹ ਦੋ ਸ਼ਕਤੀਆਂ ਹਨ. ਜਦ ਜਲਪਰਮਾਣੂ ਮਿਲਕੇ ਵਡੀਆਂ ਵਡੀਆਂ ਫੂਹਾਂ ਬਣ ਜਾਂਦੇ ਹਨ, ਤਾਂ ਇਹ ਦੋਵੇਂ ਸ਼ਕਤੀਆਂ ਬੱਦਲਾਂ ਵਿੱਚ ਖਿੱਚ ਦੇ ਕਾਰਣ ਇਕੱਠੀਆਂ ਹੋਣ ਦਾ ਜਤਨ ਕਰਦੀਆਂ ਹਨ, ਅਰ ਉਮਡਕੇ ਆਮਿਲਦੀਆਂ ਹਨ, ਜਿਸਤੋਂ ਲਿਸ਼ਕਾਰਾ ਅਤੇ ਕੜਕ ਪੈਦਾ ਹੁੰਦੀ ਹੈ, ਇਸੇ ਦਾ ਨਾਮ

ਬਿਜਲੀ ਹੈ.

ਇਸੇ ਕੁਦਰਤੀ ਨਿਯਮ ਦੀ ਖੋਜ ਕਰਕੇ ਵਿਦ੍ਵਾਨਾਂ ਨੇ ਯੰਤ੍ਰ (ਕਲ) ਨਾਲ ਬਿਜਲੀ ਪੈਦਾ ਕੀਤੀ ਹੈ, ਜਿਸ ਨਾਲ ਪੱਖੇ ਗੱਡੀਆਂ ਅਤੇ ਮਸ਼ੀਨਾਂ ਚਲਦੀਆਂ ਹਨ ਅਰ ਰੌਸ਼ਨੀ ਹੁੰਦੀ ਹੈ. ਇਸ ਦੇ ਪੈਦਾ ਕਰਨ ਦਾ ਉਸੂਲ ਇਹ ਹੈ ਕਿ- ਜੇਕਰ ਮਿਕਨਾਤੀਸ ਦੀ ਖਿੱਚ ਦੇ ਘੇਰੇ ਵਿਚਦੀ ਕੋਈ ਧਾਤ ਦੀ ਤਾਰ ਫੇਰੀ ਜਾਵੇ, ਤਾਂ ਉਸ ਤਾਰ ਵਿੱਚ ਬਿਜਲੀ ਦੀ ਲਹਿਰ ਪੈਦਾ ਹੋ ਜਾਂਦੀ ਹੈ. ਡਿਨੇਮੋ (dynamo) ਵਿੱਚ ਵਡੇ ਵਡੇ ਮਿਕਨਾਤੀਸ ਰੱਖੇ ਹੁੰਦੇ ਹਨ, ਜਿਨ੍ਹਾਂ ਦੇ ਵਿਚਕਾਰ ਤਾਰਾਂ ਦਾ ਇੱਕ ਗੁੱਛਾ (armature) ਫਿਰਦਾ ਰਹਿੰਦਾ ਹੈ. ਇਸ ਗੁੱਛੇ ਵਿੱਚ ਬਿਜਲੀ ਪੈਦਾ ਹੁੰਦੀ ਹੈ, ਜਿਸ ਨੂੰ ਤਾਰਾਂ ਦੀ ਰਾਹੀਂ ਜਿਤਨੀ ਦੂਰ ਚਾਹੋ ਲੈ ਜਾਈਦਾ ਹੈ.

"ਬਿਜੁਲ ਜਿਵੈ ਚਮਕਏ." (ਆਸਾ ਛੰਤ ਮਃ ੧)

"ਬਿਜੁਲਿ ਗੈਣਾਰਾ." (ਮਾਰੂ ਸੋਲਹੇ ਮਃ ੧)

"ਬਿਜੁਲੀ ਚਮਕੈ ਹੋਇ ਅਨੰਦ." (ਭੈਰ ਕਬੀਰ)

ਇੱਥੇ ਆਤਮਿਕ ਪ੍ਰਕਾਸ਼ ਤੋਂ ਭਾਵ ਹੈ.

ਬਿਜੇਸਾਰ: ਦੇਖੋ, ਬਿਜੈਸਾਰ.

ਬਿਜੈ: ਸੰ. ਵਿਜਯ. ਸੰਗਜਾ- ਜਿੱਤ. ਫਤੇ। ੨. ਵਿਸ਼ਨੁ ਦਾ ਇਕ ਪਾਰਖਦ. "ਜੈ ਅਰੁ ਬਿਜੈ ਨਾਮ ਜਿਨ ਜਾਨਾ." (ਨਾਪ੍ਰ) ਦੇਖੋ, ਪਾਰਖਦ। ੩. ਦੇਖੋ ਸਵੈਯੇ ਦਾ ਰੂਪ ੧੦। ੪. ਛੱਪਯ ਦਾ ਇੱਕ ਭੇਦ "ਬਿਜਯ" ਹੈ, ਜਿਸ ਵਿੱਚ ੬੯ ਗੁਰੁ ਅਤੇ ੧੪. ਲਘੁ ਹੁੰਦੇ ਹਨ.

ਬਿਜੈਸਾਰ: ਵਿਜਯਸਾਰ. ਭੰਗਰਾ. ਪੁਰਾਣੇ ਜ਼ਮਾਨੇ ਸਿਆਹੀ ਵਿੱਚ ਇਸ ਦਾ ਰਸ ਪਾਇਆ ਕਰਦੇ ਸਨ. ਦੇਖੋ, ਭੰਗਰਾ.

ਬਿਜੋਗ: ਸੰ. ਵਿਯੋਗ. ਸੰਗਜਾ- ਜੁਦਾਈ. ਵਿਛੋੜਾ.

ਬਿਜੋਗੀ: ਸੰ. वियोगिन- ਵਿਯੋਗੀ. ਵਿ- ਵਿਯੋਗ (ਵਿਛੋੜੇ) ਵਾਲਾ. ਜੁਦਾ ਹੋਇਆ.

ਬਿਜੌਰਾ, ਬਿਜੌਰੀ: ਦੇਖੋ, ਬਿਜਉਰਾ ਅਤੇ ਬਿਜਉਰੀ.

ਬਿੱਜ: ਦੇਖੋ, ਬਿਜੁਲੀ ਅਤੇ ਵਿੱਜ.

ਬਿੱਜਘੋਖ: ਵਿਦਯੁਤ (ਬਿਜਲੀ) ਦੀ ਘੋਸ਼ (ਧੁਨਿ). ਬਿਜਲੀ ਦੀ ਕੜਕ. ੨. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਤੋਪ ਦਾ ਨਾਮ. ਵਿਦਯੁਤਘੋਸ਼ਾ. "ਇਕ ਕੋ ਬਾਘਨ ਨਾਮ ਧਰਜੋ ਪ੍ਰਭੁ, ਬਿੱਜਘੋਖ ਕਹਿ ਦੂਜੀ." (ਗੁਪ੍ਰਸੂ)[887]

ਬਿੱਜ ਪੈਣੀ: ਕ੍ਰਿ- ਬਿਜਲੀ ਦਾ ਡਿਗਣਾ। ੨. ਅਚਾਨਕ ਕਿਸੇ ਆਫਤ ਦਾ ਆ ਜਾਣਾ.

ਬਿੱਜੁਛਟਾ: ਵਿਦਯੁਤ (ਬਿਜਲੀ) ਦੀ ਚਮਕ. ਸੌਦਾਮਿਨੀ ਦੀ ਪ੍ਰਭਾ. "ਰਾਧਿਕਾ ਮਾਨਹੁ ਬਿੱਜੁਛਟਾ ਹੈ." (ਕ੍ਰਿਸਨਾਵ) ੨. ਰਾਧਾ ਦੀ ਇੱਕ ਸਹੇਲੀ. "ਬਿੱਜੁਛਟਾ ਜਿਹ ਨਾਮ ਸਖੀ ਕੋ ਹੈ." (ਕ੍ਰਿਸਨਾਵ)

ਬਿੱਜੂ: ਇੱਕ ਮਾਸ ਅਹਾਰੀ ਜੀਵ Badger ਕੁਦਰਤ ਨੇ ਇਸ ਦਾ ਜਬਾੜਾ ਅਜੇਹਾ ਬਣਾਇਆ ਹੈ ਕਿ ਇਹ ਬਿਨਾ ਬਹੁਤਾ ਯਤਨ ਕੀਤੇ ਕਿਸੇ ਵਸ੍ਤੁ ਨੂੰ ਦ੍ਰਿੜ੍ਹ ਫੜ ਸਕਦਾ ਹੈ. ਜਿਸ ਬਿੱਜੂ ਨੂੰ ਦੱਬੇ ਹੋਏ ਬੱਚੇ ਕੱਢਕੇ ਖਾਣ ਦਾ ਚਸਕਾ ਪੈ ਜਾਵੇ, ਉਹ ਪਿੰਡ ਦੇ ਸੁੱਤੇ ਬੱਚਿਆਂ ਨੂੰ ਵੀ ਰਾਤ ਸਮੇਂ ਚੁੱਕ ਲੈ ਜਾਂਦਾ ਹੈ।:::-

---

[887] * ਲਾਹੌਰ ਦੇ ਅਜਾਇਬਘਰ ਦੇ ਤੋਪਾਂ ਦਸ਼ਮੇਸ਼ ਦੀਆਂ ਦੱਸੀਆਂ ਜਾਂਦੀਆਂ ਹਨ, ਪਰ ਇਹ ਤੋਪਾਂ ਮੋਢੀ ਸ਼ਾਮਸਿੰਘ ਦੀਆਂ ਹਨ, ਜਿਨ੍ਹਾਂ ਨੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਦੱਖਣ ਵੱਲ ਜਾਣ ਪਿਛੋਂ ਆਨੰਦਪੁਰ ਆਬਾਦ ਕੀਤਾ, ਆਨੰਦਪੁਰ ਦਾ ਮਡੀ ਸਾਹਿਬਖਾਨ ਇਸੇ ਸੱਜਨ ਦੀ ਸੰਤਾਨ ਹਨ.

(fig.)

੨. ਤਾਮਸੀ ਮੂਰਖ ਅਤੇ ਕਰੂਪ ਆਦਮੀ ਨੂੰ ਭੀ ਪੰਜਾਬੀ ਵਿੱਚ ਬਿੱਜੂ ਆਖਿਆ ਜਾਂਦਾ ਹੈ.

ਬਿਝਕਨਾ: ਕ੍ਰਿ- ਚੌਂਕਣਾ. ਚੌਂਕਕੇ ਉਠਣਾ. "ਸੋਵਤਹੂੰ ਬਿਝਕੋਂ ਬਰਰਾਊਂ." (ਚਰਿਤ੍ਰ ੨੦੯)

ਬਿਝਵਨ: ਸੰਗਯਾ- ਬਿਛੁੜਨ ਦਾ ਭਾਵ. ਜੁਦੇ ਹੋਣਾ.

ਬਿਝੜਨਾ: ਕ੍ਰਿ- ਵਿਛੁੜਨਾ. ਅਲਗ ਹੋਣਾ ੨. ਬੱਦਲਾਂ ਦਾ ਫੱਟਣਾ. ਘਟਾ ਦਾ ਪਾਟਣਾ।

ਬਿਝਾੜ: ਸੰਗਯਾ- ਘਟਾ ਦਾ ਸੰਘੱਟ. ਸੰਘਣੇ ਬੱਦਲਾਂ ਦਾ ਇਕੱਠ.

ਬਿਝੁਕਨਾ: ਕ੍ਰਿ- ਦੇਖੋ, ਬਿਝਕਣਾ। ੨. ਨੰਮ੍ਰ ਹੋਣਾ. ਝੁਕਣਾ.

ਬਿਝੁਰਨ: ਦੇਖੋ, ਬਿਝੜਨਾ.

ਬਿਟ: ਸੰ. ਅਥਵਾ ਵਿਟ. ਧਾ- ਸੌਂਹ ਖਾਣੀ, ਸ਼ਬਦ ਕਰਨਾ, ਸਖ਼ਤਕਲਾਮੀ ਕਰਨਾ। ੨. ਸੰਗਯਾ- ਵੈਸ਼੍ਯ. ਵਣਿਜ ਕਰਨ ਵਾਲਾ. "ਦ੍ਵਿਜ ਖਤ੍ਰੀ ਬਿਟ ਸੂਦਰ ਚਾਰੀ." (ਨਾਪ੍ਰ) ੩. ਪਸ਼ੂ ਪੰਛੀਆਂ ਦੀ ਮਲ ਅਤੇ ਬਿੱਠ। ੪. ਲੁੱਚਾ. ਵਿਭਚਾਰੀ. ਜਾਰ. "ਜੌਪੈ ਪਰਦਾਰਾ ਭਜ ਮ੍ਰਿਗਨ ਬਤਾਵੈ ਬਿਟ." (ਭਾਗੁ ਕ) ਜੇ ਪਰਇਸਤ੍ਰੀ ਭੋਗ ਕੇ ਕੋਈ ਲੁੱਚਾ ਮ੍ਰਿਗਾਂ ਦੀ ਨਜੀਰ ਦੱਸੇ, ਤਦ- "ਕਾਨ ਨਾਕ ਖੰਡ ਡੰਡ ਨਗਰ ਨਿਕਾਰੀਐ." ੫. ਕਾਵ੍ਯ ਅਨੁਸਾਰ ਨਾਯਕ ਦਾ ਉਹ ਸਖਾ, ਜੋ ਸਾਰੀਆਂ ਕਲਾ ਵਿੱਚ ਪੂਰਾ ਹੋਵੇ। ੬. ਪੰਜਾਬੀ ਵਿੱਚ ਵਿ- ਟਕ ਦਾ ਰੂਪਾਂਤਰ ਅਤੇ ਸੰਖੇਪ ਬਿਟ ਹੈ, ਜਿਸ ਦਾ ਅਰਥ ਅੱਖ ਝਮਕੇ ਬਿਨਾ ਵਿਸ਼ੇਸ਼ ਟਕ ਲਾਉਣਾ ਹੈ, ਜਿਵੇਂ- ਉਹ ਬਿਟ ਬਿਟ ਪਿਆ ਤੱਕਦਾ ਹੈ.

ਬਿਟਪ: ਸੰ. ਵਿਟਪ. ਸੰਗਯਾ- ਬਿਰਛ. ਦਰਖ਼ਤ. "ਦਿਨਪ੍ਰਤਿ ਬਧਤ ਬਿਟਪ ਜਿਮ ਸਾਖਾ." (ਨਾਪ੍ਰ) ੨. ਸ਼ਾਖਾ. ਟਹਣੀ। ੩. ਪੱਤਿਆਂ ਦਾ ਵਿਸ੍ਤਾਰ.

ਬਿਟਰਨਾ: ਕ੍ਰਿ- ਗੰਧਲਾ ਹੋਣਾ। ੨. ਅਪਵਿਤ੍ਰ ਹੋਣਾ. ਜੂਠਾ ਹੋਣਾ। ੩. ਵਿਸ਼ੇਸ਼ ਕਰਕੇ ਟਲਣਾ. ਦੂਰ ਹੋਣਾ। ੪. ਡਰਕੇ ਭੱਜ (ਨੱਠ) ਜਾਣ। ੫. ਖ਼ਯਾਲ ਬਦਲਣਾ. ਤੋਰ ਬਦਲਣਾ. "ਖਾਲਸਾ ਦੇਖ ਸੁ ਬਿਟਰਿਓ." (ਪ੍ਰਾਪੰਪ੍ਰ)

ਬਿਟਵਹਿ: ਬੇਟੇ ਨੂੰ. ਦੇਖੋ, ਬਿਵਟਾ। ੨. ਵਿਟਪਹਿਂ. ਬਿਰਛ ਨੂੰ.

ਬਿਟਵਾ: ਸੰਗਯਾ- ਬੇਟਾ. ਪੁਤ੍ਰ. "ਬਿਟਵਹਿ ਰਾਮ ਰਮਊਆ ਲਾਵਾ." (ਆਸਾ ਕਬੀਰ) ਬੇਟੇ ਨੂੰ ਰਾਮ ਦਾ ਜਾਪ ਲਾ ਦਿੱਤਾ ਹੈ.

ਬਿਟਾਰਣਾ, ਬਿਟਾਲਨਾ: ਸਿੰਧੀ. ਵਿਟਾਰਣੁ. ਕ੍ਰਿ- ਜੂਠਾ ਕਰਨਾ. ਅਪਵਿਤ੍ਰ ਕਰਨਾ. ਮਰਾ- ਵਿਟਾਲ ਅਤੇ ਵਿਟਾਰਣੇ. "ਦੂਧ ਤ ਬਛਰੈ ਥਨਹੁ ਬਿਟਾਰਿਓ." (ਗੂਜ ਰਵਿਦਾਸ)

ਬਿਟੰਗ: ਸੰ. विडङ्क. ਵਿ- ਨਿਪੁਣ. ਪੂਰਾ ਜਾਨਕਾਰ. "ਹਠ ਨਿਗ੍ਰਹਿ ਅਤਿ ਰਹਤ ਬਿਟੰਗਾ." (ਕਾਨ ਮਃ ੫) ੨. ਸੰ. ਵਿਟੰਕ. ਸੁੰਦਰ. ਮਨੋਹਰ। ੩. ਦੇਖੋ, ਬਟੰਕ.

ਬਿਠਲ, ਬਿਠੁਲ: ਦੇਖੋ, ਬੀਠਲ. "ਬਿਠੁਲੇ ! ਹਉ ਬਲਿ ਬਲਿ ਜਾਉ." (ਦੇਵ ਮਃ ੫)

ਬਿੱਠ: ਦੇਖੋ, ਬਿਟ ੩.

ਬਿੱਠਲ: ਦੇਖੋ, ਬੀਠਲ.

ਬਿਡਰਣ: ਸੰਗਯਾ- ਬਹੁਤ ਡਰਨਾ. ਭਯ ਨਾਲ ਚੌਂਕ ਉਠਣਾ। ੨. ਦੇਖੋ, ਬਿਦਰਣ. "ਦੁਸਟ ਬਿਡਰਣੰ." (ਗਯਾਨ) ਦੁਸ਼੍ਰ ਵਿਦਾਰਕ.

ਬਿੰਡਾ: ਸੰਗਯਾ- ਝੀਂਗੁਰ. ਟੀਡ.

ਬਿਡਾਣ, ਬਿਡਾਣੀ, ਬਿਡਾਣੁ, ਬਿਡਾਨ, ਬਿਡਾਨੀ, ਬਿਡਾਨੁ: ਸੰ. ਵਿਡੰਬਨ. ਆਡੰਬਰ (ਦਿਖਾਵਾ) ਕਰਨ ਦੀ ਕ੍ਰਿਯਾ। ੨. ਨਕਲ (ਸ੍ਵਾਂਗ) ਕਰਨਾ। ੩. ਨਿੰਦਾ (ਬਦਨਾਮੀ) ਕਰਨੀ। ੪. ਉਪਹਾਸ (ਹਾਸੀ) ਕਰਨੀ। ੫. ਧੋਖਾ ਦੇਣ ਦੀ ਕ੍ਰਿਯਾ. "ਆਸ ਬਿਡਾਣੀ ਲਾਹੀ." (ਗੂਜ ਮਃ ੫) ਧੋਖਾ ਦੇਣ ਵਾਲੀ ਉਮੀਦ ਤਿਆਗੀ. "ਲਾਹਿ ਬਿਡਾਨੀ ਆਸ." (ਬਾਵਨ) "ਅੰਜਨੁ ਦੇਇ ਸਭੈ ਕੋਈ, ਟੁਕੁ ਚਾਹਨ ਮਾਹਿ ਬਿਡਾਨੁ." (ਮਾਰੂ ਕਬੀਰ) ਦੇਖਣ ਵਿੱਚ ਆਡੰਬਰ ਦੀ ਜਰੂਰਤ ਹੈ। ੬. ਸੰਪ੍ਰਦਾਈ ਗ੍ਯਾਨੀ ਬਿਡਾਨ ਦਾ ਅਰਥ ਹੈਰਾਨੀ ਅਤੇ ਓਪਰਾ (ਬੇਗਾਨਾ) ਭੀ ਕਰਦੇ ਹਨ.

ਖਿਡਾਰਨ: ਸੰ. ਵਿਦਾਰਨ. ਸੰਗਯਾ- ਪਾੜਨ (ਚੀਰਣ) ਦੀ ਕ੍ਰਿਯਾ। ੨. ਮਾਰਨਾ। ੩. ਵਿ- ਵਿਦਾਰਕ. ਪਾੜ ਦੇਣ ਵਾਲਾ ਨਾਸ਼ ਕਰਨ ਵਾਲਾ. "ਸੁਖਦਾਈ ਦੁਖ ਬਿਡਾਰਨ ਹਰੀਆ." (ਮਾਝ ਮਃ ੫)

ਬਿਡਾਲ: ਸੰ. ਸੰਗਯਾ- ਬਿੱਲਾ. "ਵਿਡਾਲ" ਭੀ ਸੰਸਕ੍ਰਿਤ ਸ਼ਬਦ ਹੈ.

ਬਿਡਾਲੱਛ, ਬਿਡਾਲਾਛ: ਬਿਡਾਲਾਕ ਨਾਮ ਦਾ ਦੈਤ, ਜਿਸ ਦੀਆਂ ਅੱਖਾਂ ਬਿਡਾਲ (ਬਿੱਲੇ) ਜੇਹੀਆਂ ਸਨ, ਇਸ ਨੂੰ ਦੁਰਗਾ ਨੇ ਮਾਰਿਆ, ਦੇਖੋ, ਬਿੜਾਲੱਛ.

ਬਿਡਾਲੀ: ਵਿਡਾਲੀ. ਬਿੱਲੀ.

ਬਿਡੰਬਨ, ਬਿੰਡਬਨਾ: ਦੇਖੋ, ਬਿਡਾਨ. "ਇਹ ਬਿਡੰਬਨਾ ਤਬ ਗਲਪੈ ਹੈ." (ਨਾਪ੍ਰ ਇਹ ਧੋਖੇਬਾਜ਼ੀ ਗਲ ਪਵੇਗੀ.

ਬਿਢ: ਸੰਗਯਾ- ਕੱਦ. ਡੀਲ। ੨. ਸ਼ਰੀਰ ਦਾ ਢਾਂਚਾ। ੩. ਯੰਤ੍ਰ (ਕਲ) ਦੇ ਪੁਰਜ਼ਿਆਂ ਦਾ ਯਥਾਯੋਗ ਥਾਂ ਪੁਰ ਲਾਉਣਾ, ਜਿਵੇਂ- ਖੂਹ ਖਰਾਸ ਆਦਿ ਦਾ ਬਿੱਢਣਾ

ਬਿਣ: ਦੇਖੋ, ਬਿਨ ਅਤੇ ਵਿਣ.

ਬਿਣਠ: ਸੰ. ਵਿਨਸ਼੍ਟ ਵਿ- ਨਾਸ਼ ਹੋਇਆ. ਬਿਨਸਿਆ. "ਵਿਣ ਡਰ ਬਿਣਠੀ ਡਾਰ." (ਓਅੰਕਾਰ) ਕਰਤਾਰ ਦੇ ਭੈ ਬਿਨਾ ਲੋਕਾਂ ਦੀ ਮੰਡਲੀ ਤਬਾਹ ਹੋ ਗਈ.

ਬਿਣਠੀ: ਵਿਨਸ਼੍ਟ ਹੋਈ ਦੇਖੋ, ਬਿਣਠ.

ਬਿਣਾਸ, ਬਿਣਾਸੁ: ਸੰ. ਵਿਨਾਸ਼, ਧ੍ਵੰਸ ਨਾਸ਼. ਤਬਾਹੀ. "ਨਾਨਕ ਬਚਨਿ ਵਿਣਾਸੁ." (ਮਃ ੧. ਵਾਰ ਮਲਾ)

ਬਿਤ: ਸੰ. ਵਿੱਤ. ਸੰਗਯਾ- ਧਨ। ੨. ਸਾਮਰਥ੍ਯ. ਸ਼ਕਤਿ. "ਜੈਸਾ ਬਿਤੁ ਤੈਸਾ ਹੋਇ ਵਰਤੈ." (ਧਨਾ ਮਃ ੫) ੩. ਵ੍ਰਿਤ ਦੀ ਥਾਂ ਭੀ ਇਹ ਸ਼ਬਦ ਆਇਆ ਹੈ. ਦੇਖੋ, ਪੰਚ ਸ਼ਬਦ। ੪. ਸੰ. ਵੇੱਤਾ (ਵੇਤ੍ਰਾ) ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਦ੍ਵਿਜ ਆਗਮ ਵੇਦ ਸ਼੍ਰੁਤੀਬਿਤ ਜੇ." (ਗੁਪ੍ਰਸੂ) ਜੋ ਵੇਦਵੇੱਤਾ (ਜਾਣਨ ਵਾਲੇ) ਸਨ। ੫. ਦੇਖੋ, ਵਿਤ.

ਬਿਤਨ, ਬਿਤਨੁ: ਸੰ. ਵਿਤਨੁ. ਵਿ- ਬਹੁਤ ਦੁਬਲਾ (ਪਤਲਾ)

੨. ਸੰਗਯਾ- ਤਨੁ (ਦੇਹ) ਰਹਿਤ. ਅਨੰਗ. ਕਾਮਦੇਵ "ਜਾਨਕੁ ਧਰਾ ਬਿਤਨ ਯਹ ਭੇਖਾ." (ਪਾਰਸਾਵ) "ਨਾਰਿਹੀਨ ਸ਼ਿਵ ਕਾਮ ਖਿਝਾਯੋ। ਤਾਂਤੇ ਸ਼ੰਭੁ ਘਨੋ ਦੁਖ ਪਾਯੋ। ਅਧਿਕ ਕੋਪਕੈ ਕਾਮ ਜਰਾਯਸ। ਬਿਤਨ ਨਾਮ ਤਿਹ ਤਦਿਨ ਕਹਾਯਸ." (ਰੁਦ੍ਰਾਵ)

ਬਿਤਰਣ: ਸੰ. ਵਿਤਰਣ. ਸੰਗਯਾ- ਚੰਗੀ ਤਰਾਂ ਤਰਨ ਦੀ ਕ੍ਰਿਯਾ. ਪਾਰ ਉਤਰਨ. "ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸਟਿ ਲਗਿ ਬਿਤਰਹੁ." (ਸਵੈਯੇ ਮਃ ੫. ਕੇ) ੨. ਦਾਨ ਦੇਣਾ.

ਬਿਤਰਹੁ: ਪਾਰ ਉਤਰੋ. ਦੇਖੋ, ਬਿਤਰਣ.

ਬਿਤਰਫ: ਦੇਖੋ, ਬਰਤਰਫ। ੨. ਦੂਜੀ ਤਰਫ. ਦੂਏ ਪਾਸੇ.

**ਬਿਤਲ:** ਦੇਖੋ, ਵਿਤਲ.

**ਬਿਤਾਉਣਾ, ਬਿਤਾਉਨਾ:** ਕ੍ਰਿ- ਵਤੀਤ (ਵ੍ਯਤੀਤ) ਕਰਨਾ. ਗੁਜ਼ਾਰਨਾ.

**ਬਿਤਾਂਸੁ:** ਸੰ. ਸਵਿਤਾਂਸ਼ੁ. ਸੰਗ੍ਯਾ- ਸਵਿਤਾ (ਸੂਰਜ) ਦੀ ਅੰਸ਼ੁ (ਕਿਰਣ). ੩. ਸੂਰਜ ਦੀ ਪ੍ਰਭਾ. ਰੌਸ਼ਨੀ. "ਦੀਪ ਦਿਪਾਇ ਬਿਤਾਂਸੁ ਸਹਾਈ." (ਨਾਪ੍ਰ) ਜਿਵੇਂ ਕੋਈ ਦੀਵਾ ਮਚਾਕੇ ਸੂਰਜ ਦੀ ਰੌਸ਼ਨੀ ਦੀ ਸਹਾਇਤਾ ਕਰੇ.

**ਬਿਤਾਨ:** ਦੇਖੋ, ਵਿਤਾਨ.

**ਬਿਤਾਰ, ਬਿਤਾਲ:** ਸੰ. ਵੇਤਾਲ. ਸੰਗ੍ਯਾ- ਇੱਕ ਭੂਤ ਜਾਤਿ।੨ ਸ਼ਿਵ ਜੀ ਦਾ ਇੱਕ ਗਣ. "ਨਾਚਤ ਜੋਗਨਿ ਕਹੂੰ ਬਿਤਾਰਾ." (ਗ੍ਯਾਨ) ੩. ਉਹ ਮੁਰਦਾ, ਜਿਸ ਵਿੱਚ ਵੇਤਾਲ ਨੇ ਪ੍ਰਵੇਸ਼ ਕੀਤਾ ਹੈ. "ਜਨਮ ਜਨਮ ਕੇ ਮਿਟੇ ਬਿਤਾਲ." (ਪ੍ਰਭਾ ਅਃ ਮਃ ੫) ਭਾਵ- ਤਮੋਗੁਣ ਵਾਲੇ ਜੀਵ. ਅਗ੍ਯਾਨਗ੍ਰਸੇ ਲੋਕ। ੪. ਗੁਰਮਤ ਅਨੁਸਾਰ- "ਜੋ ਮੋਹ ਮਾਇਆ ਚਿਤ ਲਾਇਦੇ, ਸੇ ਮਨਮੁਖ ਮੂੜ ਬਿਤਾਲੇ." (ਬਿਹਾ ਛੰਤ ਮਃ ੪) ੫. ਦੇਖੋ, ਬੇਤਾਲ.

**ਬਿਤਾਲੀ:** ਦੇਖੋ, ਬਿਆਲੀਸ। ੨. ਅ਼. بطال ਬੱਤ਼ਾਲ ਦਿਲੇਰ. ਬਹਾਦੁਰ। ੩. ਸਿਪਾਹੀ. "ਉਡਗ ਤਗੀਰੀ ਰਵਿ ਅਥਨ ਪ੍ਰਭਾ ਪ੍ਰਵਾਨਾ ਪਾਇ। ਜਾਨੁਕ ਚੰਦ ਅਮੀਨ ਕੇ ਫਿਰੇ ਬਿਤਾਲੀ ਆਇ." (ਚਰਿਤ੍ਰ ੧੭) ਸੂਰਜ ਦੇ ਅਸ੍ਤ ਹੋਣ ਪੁਰ ਚਾਂਦਨੀ ਰੂਪ ਪਰਵਾਨਾ (ਆਗ੍ਯਾਪਤ੍ਰ) ਪਾਕੇ, ਮਾਲ ਆਫੀਸਰ ਚੰਦ੍ਰਮਾ ਦੇ ਸਿਪਾਹੀ ਤਾਰੇ, ਪਹਿਰਾ ਬਦਲਣ ਲਈ ਆ ਪਹੁੰਚੇ.

**ਬਿਤੀ:** ਵਿਤੀਤ (ਵ੍ਯਤੀਤ) ਹੋਈ, ਗੁਜ਼ਰੀ. "ਅਉਧ ਬਿਤੀ ਅਸਾਰ." (ਸਾਰ ਮਃ ੫)

**ਬਿਤੀਤ:** ਸੰ. ਵ੍ਯਤੀਤ. ਵੀਤਿਆ. ਗੁਜ਼ਰਿਆ.

**ਬਿਤੀਤੈ:** ਵ੍ਯਤੀਤ ਹੁੰਦਾ ਹੈ. ਗੁਜ਼ਰਦਾ ਹੈ. "ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ." (ਆਸਾ ਮਃ ੫)

**ਬਿਤੁ:** ਦੇਖੋ, ਬਿਤ ੨

**ਬਿਤੰਡਾ:** ਦੇਖੋ, ਵਿਤੰਡਾ.

**ਬਿਤ੍ਰੇਕ:** ਸੰ. ਵ੍ਯਤਿਰਕੇ. ਬਿਨਾ. ਸਿਵਾਯ. "ਸੂਖਮ ਅਸਥੂਲ ਸਗਲੀ, ਹਰਿ ਬਿਤ੍ਰੇਕ ਨ ਜਾਨਹੀਂ." (ਸਲੋਹ)

**ਬਿਥ:** ਸੰਗ੍ਯਾ- ਵਿੱਥ, ਦੂਰੀ. ਅੰਤਰਾ. "ਸੋਈ ਸਦਾ ਮਿਲੇ ਬਿਥ ਕਬੈ ਨ ਲਖੀਜੀਯੇ." (ਨਾਪ੍ਰ) "ਲਖ ਕੋਸਨ ਕਉ ਬਿਥ ਦੀਜੈ." (ਕਲਿ ਅਃ ਮਃ ੪) ੨. ਵਿਸ੍ਤੁਰ (ਵਿਸ੍ਤਾਰ). ਵਿਥਰ. "ਬਿਥਗਏ ਰੁੰਡ ਅਪਾਰਾ." (ਗ੍ਯਾਨ)

**ਬਿਥਕ:** ਵਿ- ਸ੍ਥਗਿਤ. ਚੰਗੀ ਤਰਾਂ ਢਕਿਆ ਹੋਇਆ। ੨. ਥੱਕਿਆ. "ਪ੍ਰੇਮ ਛਕੀ ਤਿਨ ਸੋ ਬਿਥਕਯੋ." (ਕ੍ਰਿਸ਼ਨਾਵ)

**ਬਿਥਪ, ਬਿਥਪਨ:** ਵਿ- ਸ੍ਥਾਪਨ. ਚੰਗੀ ਤਰਾਂ ਕਾਇਮ ਕਰਨਾ। ੨. ਰਚਣਾ ਬਣਾਉਣਾ. "ਤਿਨਰ ਉਥਪਿ ਬਿਥਪਹਿ." (ਸਵੈਯੇ ਮਃ ੩. ਕੇ) ੩. ਨਵੇਂ ਸਿਰੇ ਬਣਾਉਂਣਾ.

**ਬਿਥਰਨਾ:** ਵਿਸ੍ਤਾਰ ਹੋਣਾ. ਫੈਲਣਾ। ੨. ਵਿਸ੍ਤਾਰ ਕਰਨਾ.

**ਬਿਥਾ:** ਸੰ. ਵ੍ਯਥਾ. ਸੰਗ੍ਯਾ- ਦਰਦ. ਦੁੱਖ. ਪੀੜਾ। ੨. ਰੋਗ ਬੀਮਾਰੀ.

**ਬਿਥਾਰ, ਬਿਥਾਰੁ:** ਸੰ. ਵਿਸ੍ਤਾਰ. ਸੰਗ੍ਯਾ- ਫੈਲਾਉ. ੨. ਆਡੰਬਰ. "ਅਧਿਕ ਬਿਥਾਰੁ ਕਰਉ ਕਿਸੁ ਕਾਮਿ?" (ਗਉ ਮਃ ੧)

**ਬਿਥੁੱਥਰੀ:** ਵਿਸਤ੍ਰਿਤ ਹੋਈ. ਫੈਲੀ. "ਲੁੱਥ ਬਿਥੁੱਥਰੀ." (ਰਾਮਾਵ) ਲੋਥਾਂ ਫੈਲ ਗਈਆਂ.

**ਬਿੱਥ:** ਦੇਖੋ, ਵਿਚ.

**ਬਿਦ:** ਦੇਖੋ, ਵਿਦੁ.

**ਬਿੰਦ:** ਸੰ. ਵਿੰਦ. ਵਿ- ਜਾਣਿਆ. "ਜਾਵਤ ਬ੍ਰਹਮ ਨ ਬਿੰਦਤੇ." (ਸਹਸ ਮਃ ੧) ਜਦ ਤਕ ਬ੍ਰਹਮ ਨੂੰ ਨਹੀਂ ਜਾਣਦਾ। ੨. ਸੰ. ਵਿੰਦੁ. ਸੰਗਜਾ- ਤੁਬਕਾ. ਬੂੰਦ. "ਭੈ ਕੀ ਨਾਹੀ ਬਿੰਦ." (ਮਃ ੩. ਵਾਰ ਰਾਮ ੧) ਕਰਤਾਰ ਦੇ ਭੈ ਦਾ ਕਤਰਾ ਭੀ ਨਹੀਂ। ੩. ਭਾਵ- ਤਨਿਕ ਥੋੜਾ। ੪. ਅਲਪਕਾਲ. ਪਲ. ਖਣ. "ਮਿਟਹਿ ਪਾਪ ਜਪੀਐ ਹਰਿ ਬਿੰਦ." (ਸੁਖਮਨੀ) "ਵਿਸਰੇ ਸਰੈ ਨ ਬਿੰਦ." (ਮਃ ੫. ਵਾਰ ਮਾਰੂ ੨) ੫. ਸੰ. ਵੇਦਜ ਜਾਣਨ ਯੋਗਜ. "ਬਿੰਦਹਿ ਬਿੰਦ ਨ ਬਿਛੁਰਨ ਪਾਵਾ." (ਗਉ ਬਾਵਨ ਕਬੀਰ) ਜਾਣਨ ਯੋਗਜ (ਕਰਤਾਰ) ਨੂੰ ਜਾਣ ਕੇ ਨ ਵਿਛੁੜਨ ਪਾਵਾ। ੬. ਬਿੰਦ੍ਰ (ਵ੍ਰਿੰਦ) ਦੀ ਥਾਂ ਭੀ ਲਿਖਾਰੀ ਨੇ ਬਿੰਦ ਸ਼ਬਦ ਲਿਖਿਆ ਹੈ- "ਅਰਿ ਬਿੰਦ ਨਰਿੰਦ ਇਨ੍ਹੀ ਹਨ ਮਾਰਜੋ. (ਕ੍ਰਿਸਨਾਵ) ੭. ਦੇਖੋ, ਨਾਦ ਬਿੰਦੁ.

**ਬਿਦਸਤਾ:** ਜੇਹਲਮ ਨਦੀ. ਦੇਖੋ, ਵਿਤਸਤਾ.

**ਬਿੰਦਹਿ:** ਜਾਣਦਾ ਹੈ. ਜਾਣਦੇ ਹਨ. "ਬ੍ਰਹਮ ਬਿੰਦਹਿ ਤੇ ਬ੍ਰਾਹਮਣਾ." (ਮਃ ੩. ਵਾਰ ਬਿਲਾ) ੨. ਦੇਖੋ, ਬਿੰਦ ੫.

**ਬਿੰਦਕ:** ਬਿੰਦ- ਇੱਕ. ਏਕ ਪਲ. "ਬਿੰਦਕ ਨਦਰਿ ਝਾਕ." (ਮਃ ੫. ਵਾਰ ਰਾਮ ੨) "ਬਿੰਦਕ ਗਾਲਿ ਸੁਣੀ ਸਚੇ ਤਿਸੁ ਧਣੀ." (ਆਸਾ ਮਃ ੫)

**ਬਿਦਕਣਾ:** ਕ੍ਰਿ- ਭੈ ਨਾਲ ਚਕਿਤ ਹੋਣਾ. ਡਰਨਾ. ਚੌਂਕਣਾ. ਚਮਕਣਾ.

**ਬਿਦਣਾ:** ਕ੍ਰਿ- ਸ਼ਰਤ ਵਦ (ਕਹਿਣੀ). ਸ਼ਰਤ ਲਾਉਣੀ (Bet) ੨. ਵਾਦ ਕਰਨਾ.

**ਬਿਦਤ:** ਦਖੋ. ਵਿਦਿਤ। ੨. ਦੇਖੋ, ਬਿੱਦਤ.

**ਬਿੰਦ ਪ੍ਰਬਿੰਦ:** ਵ੍ਰਿੰਦ- ਪਰ- ਵ੍ਰਿੰਦ. ਅਧਿਕ ਤੋਂ ਅਧਿਕ। ੨. ਖਿਣ ਖਿਣ ਵਿੱਚ. "ਸਰ ਬਿੰਦ ਪ੍ਰਬਿੰਦ ਪ੍ਰਹਾਰਹਿੰਗੇ." (ਕਲਕੀ)

**ਬਿੰਦ ਬਿੰਦ:** ਖਣ ਖਣ. ਪਲ ਪਲ. ਦੇਖੋ, ਚੁਖ ੩.

**ਬਿਦਮਾਨ:** ਦੇਖੋ, ਵਿਦ੍ਵਾਨ। ੨. ਦੇਖੋ, ਵਿਦਜਮਾਨ. "ਤੁਮ ਬਿਦਮਾਨ ਬਿਲੋਕ ਨ ਠਾਨ." (ਗੁਪ੍ਰਸੂ)

**ਬਿਦਰ:** ਸੰ. ਵਿਦਰਭੰ. ਹੈਦਰਾਬਾਦ ਦੱਖਣ ਦਾ ਇੱਕ ਜਿਲਾ, ਅਤੇ ਉਸਦਾ ਪ੍ਰਧਾਨ ਨਗਰ, ਜੋ ਅਬਿਚਲ ਨਗਰ ਤੋਂ ੪੦ ਕੋਹ ਦੱਖਣ ਵੱਲ ਹੈ. ਇੱਥੇ ਗੁਰੂ ਨਾਨਕਦੇਵ ਦਾ ਗੁਰਦ੍ਵਾਰਾ "ਨਾਨਕਝੇਰਾ" ਪ੍ਰਸਿੱਧ ਹੈ। ੨. ਦੇਖੋ, ਵਿਦੁਰ. "ਦਾਸੀ ਸੁਤ ਜਨੁ ਬਿਦਰ ਸੁਦਾਮਾ." (ਗਉ ਨਾਮਦੇਵ)

**ਬਿਦਰਣ:** ਦੇਖੋ, ਵਿਦਾਰਣ.

**ਬਿਦਰਬ:** ਦੇਖੋ, ਬਿਦਰ ੧. ਅਤੇ ਵਿਦਰਭ.

**ਬਿੰਦਰਾਉ:** ਬਹੁਜਾਈ ਖਤ੍ਰੀਆਂ ਦੀ ਇੱਕ ਜਾਤਿ.

**ਬਿੰਦਰਾਬਨ:** ਦੇਖੋ, ਬਿੰਦ੍ਰਾਬਨ.

**ਬਿਦਰਿਓ:** ਵਿਦਾਰਣ ਕੀਤਾ. ਚੀਰਿਆ. ਪਾੜਿਆ. "ਹਰਨਾਖਸੁ ਨਖ ਬਿਦਰਿਓ." (ਬਿਲਾ ਕਬੀਰ)

**ਬਿੰਦਰੀ:** ਵਿੰਦੁ. ਬਿੰਦੀ. ਟਿੱਕਾ. "ਈਂਗਰ ਕੀ ਬਿੰਦਰੀ ਜੁ ਬਿਰਾਜੈ." (ਕ੍ਰਿਸਨਾਵ) ਸ਼ਿੰਗਰਫ ਦੀ ਬਿੰਦੀ.

**ਬਿਦਰੁ:** ਦੇਖੋ, ਵਿਦੁਰ. "ਬਿਦਰੁ ਗੁਣ ਗਾਵੈ." (ਸਵੈਯੇ ਮਃ ੧. ਕੇ)

**ਬਿਦਾ:** ਅ਼. وداع ਵਿਦਾਅ਼ ਸੰਗਜਾ- ਗਮਨ. ਪ੍ਰਸਥਾਨ। ੨. ਜਾਣ ਦੀ ਆਗਜਾ. "ਬਿਦਾ ਨਾਥ ਦੀਜੈ." (ਰਾਮਾਵ)

**ਬਿਦਾਇ:** ਫ਼ਾ. بدا ਬਦਾ. ਬਕਬਾਦ. ਬੁੜਬੁੜਾਹਟ. "ਜਬ ਅਜਰਾਈਲ ਬਸਤਨੀ, ਤਬ ਚਿਕਾਰੇਬਿਦਾਇ?" (ਤਿਲੰ ਮਃ ੧) ਤਦ ਬੁੜਬੁੜਾਹਟ ਕਿਸ ਕੰਮ ਹੈ?

ਬਿਦਾਇਤ: ਅ਼. بداعت ਬਦਾਅ਼ਤ. ਸੰਗਯਾ- ਧੀਰਯ ਦਾ ਉਲੰਘਣ. ਵ੍ਯਾਕੁਲਤਾ. "ਬੇ ਬਿਦਾਇਤ ਦੂਰ ਕਰ." (ਜਸ਼ਭਾਮ)

ਬਿਦਾਈ: ਸੰਗਯਾ- ਵਿਦਾਅ਼ ਹੋਣ ਦੀ ਕ੍ਰਿਯਾ. "ਬਦੀ ਨ ਬਿਦਾਈ." (ਗੁਪ੍ਰਸੂ) ੨. ਵਿਦਅ਼ ਕਰਨ ਵੇਲੇ ਦਿੱਤਾ ਹੋਇਆ ਧਨ ਆਦਿ ਸਾਮਾਨ.

ਬਿਦਾਹਤ: ਅ਼. بداہت ਸੰਗਯਾ- ਬਿਨਾਂ ਵਿਚਾਰ ਕਰਮ ਕਰਨਾ. ਅਵਿਦ੍ਯਾ ਦੀ ਕ੍ਰਿਆ. "ਬਿਦਾਹਤ ਦੂਰ ਕਰ." (ਜਸਾ)

ਬਿਦਾਣਾ: ਬੇ- ਦਾਨਹ. ਉਹ ਫਲ, ਜਿਸ ਵਿੱਚ ਬੀਜ ਨਾ ਹੋਵੇ। ੨. ਇੱਕ ਪ੍ਰਕਾਰ ਦਾ ਅੰਗੂਰ ਅਤੇ ਤੂਤ। ੩. ਖ਼ਾ. ਬਣ (ਮਾਲ) ਅਤੇ ਕਰੀਰ ਦੇ ਫਲ.

ਬਿਦਾਦ: ਫ਼ਾ. بداد ਦਿੱਤਾ. ਦਿੱਤੀ. ਦੇਖੋ, ਦਾਦਨ.

ਬਿਦਾਨਾ: ਦੇਖੋ, ਬਿਦਾਣਾ.

ਬਿਦਾਰ: ਸੰ. ਵਿਦਾਰ. ਸੰਗਯਾ- ਵਿਦਾਰਣ. ਪਾੜਨਾ. ਚੀਰਨਾ। ੨. ਜਲ ਦਾ ਪ੍ਰਵਾਹ। ੩. ਵਿ- ਵਿਦਾਰਕ. ਨਾਸ਼ ਕਰਨ ਵਾਲਾ. "ਪ੍ਰਾਨਅਧਾਰ ਦੁਖਬਿਦਾਰ ਦੈਨਹਾਰ ਬੁਧਿ ਬਿਬੇਕ." (ਪ੍ਰਭਾ ਪੜਤਾਲ ਮਃ ੫) ੪. ਦੇਖੋ, ਬੇਦਾਰ. "ਪਾਹਰੂ ਹੁਸਿਆਰ ਬਿਦਾਰੇ." (ਭਾਗੁ)

ਬਿਦਾਰਕ: ਸੰ. ਵਿਦਾਰਕ. ਵਿ- ਚੀਰਨ (ਪਾੜਨ) ਵਾਲਾ.

ਬਿੰਦਾਰਕ: ਸੰ. वृन्दारक- ਵ੍ਰਿੰਦਾਰਕ. ਦੇਵਤਾ. "ਸੁਧਾ ਸਿੱਖ ਬਿੰਦਾਰਕ ਪੀਵਹੀਂ." (ਨਾਪ੍ਰ)

ਬਿਦਾਰਣ: ਸੰ. ਵਿਦਾਰਣ. ਚੀਰਨਾ. ਪਾੜਨਾ। ੨. ਮਾਰਨਾ। ੩. ਤੋੜਨਾ. ਢਾਹੁਣਾ. "ਬਿਦਾਰਣ ਕਦੇ ਨ ਚਿਤੋ." (ਗਾਥਾ)

ਬਿਦਾਰਿ: ਵਿਦਾਰਣ ਕਰਕੇ। ੨. ਬੇਦਾਰ (ਗਿਆਨੀ) ਨੇ. ਦੇਖੋ, ਸਾਇਰ ਕੀ ਪੁਤ੍ਰੀ.

ਬਿਦਾਰਿਅਨੁ: ਉਸ ਨੇ ਵਿਦੀਣੰ (ਚਕਨਾਚੂਰ) ਕੀਤੇ. "ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ." (ਵਾਰ ਗੂਜ ੨. ਮਃ ੫)

ਬਿਦਾਰੀ: विदारिन्- ਵਿ- ਵਿਦਾਰਣ ਕਰਤਾ। ੨. ਦੇਖੋ, ਬਿਦਾਰੀਕੰਦ.

ਬਿਦਾਰੀਕੰਦ: ਸੰ. ਵਿਦਾਰੀਕੰਦ. ਇੱਕ ਪ੍ਰਕਾਰ ਦਾ ਕੰਦ, ਜੋ ਜੱਗਲੀ ਬੇਲ ਦੀ ਜੜ ਵਿੱਚ ਹੁੰਦਾ ਹੈ, ਇਸ ਦਾ ਰੰਗ ਕੁਝ ਲਾਲ ਅਤੇ ਉੱਪਰ ਲੂੰਆਂ ਹੁੰਦਾ ਹੈ ਵੈਦ੍ਯਕ ਵਿੱਚ ਇਸ ਨੂੰ ਸਰਦ ਤਰ ਅਤੇ ਲਹੂ ਦੇ ਵਿਕਾਰ ਦੂਰ ਕਰਨ ਵਾਲਾ ਲਿਖਿਆ ਹੈ. Pueraria Tuberosa "ਤੁਰਸ਼ ਫ਼ਾਲਸੇ, ਕੰਦ ਬਿਦਾਰੀ." (ਗੁਪ੍ਰਸੂ)

ਬਿਦਾਰੋ: ਵਿ- ਵਿਦਾਰਕ. ਨਾਸ਼ ਕਰਨ ਵਾਲਾ. "ਮੋਹਨ ਸਰਬ ਦੋਖ ਬਿਦਾਰੋ." (ਗਉ ਛੰਤ ਮਃ ੫) ੨. ਵਿਦਾਰਣ ਕਰੋ.

ਬਿਦਾਵਾ: ਦੇਖੋ, ਬੇਦਾਵਾ.

ਬਿਦਿਆ: ਸੰ. ਵਿਦ੍ਯਾ- ਸੰਗਯਾ- ਗਿਆਨ. ਇਲਮ. "ਬਿਦਿਆ ਸੋਧੈ ਤਤੁ ਲਹੈ." (ਓਅੰਕਾਰ) ਦੇਖੋ, ਵਿਦ੍ਯਾ

ਬਿਦਿਆਸਰ, ਬਿਦਿਆਸਾਗਰ: ਦੇਖੋ, ਬਵੰਜਾ ਕਵਿ.

ਬਿਦਿਆਧਰ: ਦੇਖੋ, ਵਿਦ੍ਯਾਧਰ.

ਬਿਦਿਆਨਿਧਾਨ, ਬਿਦਿਆਨਿਧਿ: ਦੇਖੋ, ਵਿਦਿ੍ਯਾਨਿਧਿ.

ਬਿਦਿਸਾ: ਸੰ. विदिश- ਵਿਦਿਸ਼. ਦਿਸ਼ਾ ਦੇ ਮਧ੍ਯ ਦੀ ਕੋਣ, ਦੇਖੋ, ਉਪਦਿਸਾ ਅਤੇ ਦਿਸਾ.

ਬਿਦਿਤ: ਦੇਖੋ, ਵਿਦਿਤ.

ਬਿੰਦੀ: ਵਿੰਦੁ। ੨. ਅਨੁਸਾਰ. ਟਿੱਪੀ। ੩. ਸਿਫਰ. ਸ਼ੂਨ੍ਯ। ੪. ਇਸਤ੍ਰੀਆਂ ਦੇ ਮੱਥੇ ਦਾ ਇੱਕ ਗੋਲ ਭੂਸ਼ਣ.

ਬਿਦੀਰਣ, ਬਿਦੀਰਨ: ਸੰ. ਵਿਦੀਣੰ. ਵਿ- ਚੀਰਿਆ. ਪਾੜਿਆ। ੨. ਵਿਦੀਣੰ ਕਰਤਾ. ਨਾਸ਼ ਕਰਨ ਵਾਲਾ. "ਕਾਮਪੂਰਨ ਦੁਖਬਿਦੀਰਨ." (ਬਿਹਾ ਛੰਤ ਮਃ ੫)

ਬਿਦੁ: ਦੇਖੋ ਵਿਦੁ। ੨. ਸੰ. ਵਿੰਦੁ "ਬੂੰਦ. "ਮਾ ਕੀ ਰਕਤ ਪਿਤਾ ਬਿਦੁਧਾਰਾ." (ਮਾਰੂ ਸੋਲਹੇ ਮਃ ੧)

ਬਿੰਦੁ: ਸੰ. ਬਿੰਦੁ ਅਤੇ ਵਿੰਦੁ. ਬੂੰਦ. ਕਤਰਾ. "ਬਿੰਦੁ ਤੇ ਜਿਨਿ ਪਿੰਡੁ ਕੀਆ." (ਆਸਾ ਕਬੀਰ) ੨. ਵੀਰਯ. "ਬਿੰਦੁ ਰਾਖਿ ਜੌ ਤਰੀਐ ਭਾਈ!" (ਗਉ ਕਬੀਰ) ੩. ਦੇਖੋ, ਨਾਦਬਿੰਦ। ੪. ਥੋੜਾ ਕਾਲ. ਛਿਨਭਰ. ਦੇਖੋ, ਬਿੰਦ. "ਮਨੁਆ ਪਉਣ ਬਿੰਦੁ ਸੁਖਵਾਸੀ ਨਾਮੁ ਵਸੈ ਸੁਖਭਾਈ." (ਸੋਰ ਅਃ ਮਃ ੧) ਪਵਨ ਜੇਹਾ ਚੰਚਲ ਮਨ, ਜੇ ਥੋੜਾ ਕਾਲ ਸ਼ਾਂਤਿ ਨਾਲ ਠਹਿਰੇ.

ਬਿਦੁਅੰਸੀ: ਸੰ. विद्बस- ਵਿਦ੍ਵਸ. ਵਿ- ਚੰਗੀ ਤਰਾਂ ਜਾਣਨ ਵਾਲਾ. ਪੰਡਿਤ. "ਬਿਦਿਆ ਮਹਿ ਬਿਦੁਅੰਸੀ ਰਚਿਆ." (ਸੋਰ ਮਃ ੫)

ਬਿੰਦੁਸਾਰ: ਦੇਖੋ, ਚੰਦ੍ਰਗੁਪਤ.

ਬਿਦਖ: ਸੰ. विदुस- ਵਿਦੁਸ੍. ਪੰਡਿਤ. ਗਿਆਨੀ. ਹਕੀਮ. "ਬਿਦੁਖ ਬਿਚਾਰ ਕਰਤ ਸਭ ਮਨਮਾ." (ਨਾਪ੍ਰ)

ਬਿਦੁਰ. ਦੇਖੋ, ਵਿਦੁਰ.

ਬਿੰਦੂ: ਦੇਖੋ, ਬਿੰਦੁ। ੨. ਜਾਣਿਆ ਹੋਇਆ. ਦੇਖੋ, ਬਿੰਦ। ੩. ਗਿਆਤਾ. ਜਾਣਨ ਵਾਲਾ. "ਗੁਰੁ ਗੋਬਿੰਦ ਸਿੰਘ ਸਭੈ ਜਗ ਬਿੰਦੂ." (ਨਾਪ੍ਰ)

ਬਿਦੂਸਕ: ਸੰ. ਵਿਦੂਸ਼ਕ. ਵਿ- ਬਹੁਤ ਦੋਸ਼ ਲਾਉਣ ਵਾਲਾ. ਨਿੰਦਾ ਕਰਨ ਵਾਲਾ। ੨. ਸ਼੍ਰਿੰਗਾਰ ਰਸ ਦਾ ਸਹਾਈ ਇੱਕ ਸਖਾ- "ਸ੍ਵਾਂਗ ਠਾਨਿ ਠਾਨੈ ਜੁ ਕਛੁ ਹਾਸੀ ਬਚਨ ਬਿਨੋਦ। ਕਹਜੋ ਬਿਦੂਸ਼ਕ ਸੋ ਸਖਾ ਕਵਿਨ ਮਾਨ ਮਨ ਮੋਦ." (ਜਗਦਵਿਨੋਦ) ੩. ਮਖੌਲੀਆ. ਮਸਖ਼ਰਾ.

ਬਿਦੂਖ: ਬਿਨਾ ਦੁੱਖ। ੨. ਦੇਖੋ, ਬਿਦੁਖ. "ਭੂਰਿ ਬਿਦੂਖ ਬਿਦੂਖਨ ਮੇ ਤਰ." (ਨਾਪ੍ਰ) ਵੱਡਾ ਵਿਦ੍ਵਾਨ, ਪੰਡਿਤਾਂ ਵਿਚੋਂ ਉੱਤਮ

ਬਿਦੂਖਕ: ਦੇਖੋ, ਬਿਦੂਸਕ.

ਬਿਦੂਨ: ਅ਼. بدُون ਕ੍ਰਿ. ਵਿ- ਬਿਨਾ. ਸਿਵਾਯ. ਰਹਿਤ. ਬਗੈਰ.

ਬਿੰਦੇ: ਜਾਣੇ ਦੇਖੋ, ਵਿਦ. "ਬ੍ਰਹਮ ਬਿੰਦੇ, ਸੋ ਬ੍ਰਾਹਮਣੁ ਕਹੀਐ." (ਮਃ ੩. ਵਾਰ ਗੂਜ ੧)

ਬਿਦੇਸ: ਸੰ. ਵਿਦੇਸ਼. ਸੰਗਯਾ- ਦੂਜਾ ਦੇਸ਼. ਆਪਣੇ ਦੇਸ਼ ਤੋਂ ਭਿੰਨ ਦੇਸ਼। ੨. ਭਾਵ- ਪਰਲੋਕ

ਬਿਦੇਹ: ਸੰਗਯਾ- ਵਿਦੇਹ. ਜਨਕ. ਜਿਸ ਦਾ ਦੇਹਾਭਿਮਾਨ ਦੂਰ ਹੋ ਗਿਆ ਹੈ. "ਜੈਸੇ ਬਿਦੇਹ ਰਹਯੋ ਗ੍ਰਿਸ੍ਥਾਸ਼੍ਰਮ." (ਨਾਪ੍ਰ) ਦੇਖੋ, ਜਨਕ। ੨. ਬਿਨਾ ਦੇਹ. ਅਨੰਗ. ਕਾਮਦੇਵ. ਅਤਨੁ. "ਜਾਨੁਕ ਜਹਾਨ ਬਨੀ ਸੈਨਾ ਹੈ ਬਿਦੇਹ ਕੀ." (ਨਾਥ ਕਵਿ) ੩. ਤ੍ਰਿਹੁਤ ਦੇਸ਼, ਜੋ ਬਿਹਾਰ ਦੇ ਉੱਤਰ ਵੱਲ ਹੈ। ੪. ਜਿਸ ਨੇ ਦੇਹ ਤਿਆਗ ਦਿੱਤੀ ਹੈ. ਪ੍ਰੇਤ.

ਬਿਦੇਹੀ: विदेहिन्- ਵਿ- ਵਿਦੇਹੀ. ਦੇਹ ਰਹਿਤ, ਪਾਰਬ੍ਰਹਮ. ਕਰਤਾਰ. "ਦੇਹੀ ਗੁਪਤ ਬਿਦੇਹੀ ਦੀਸੈ." (ਰਾਮ ਮਃ ੫) ੨. ਸੰ. ਵੈਦੇਹੀ ਵਿਦੇਹ ਦੇਸ਼ ਅਥਵਾ ਵਿਦੇਹ (ਜਨਕ) ਨਾਲ ਹੈ ਜਿਸਦਾ ਸੰਬੰਧ, ਸੀਤਾ. ਜਨਕਪੁਤ੍ਰੀ.

ਬਿੰਦੇਲਤਾ: ਦੇਖੋ, ਬਿੱਦੁਲਤਾ. "ਕਿ ਬਿੰਦੇਲਤਾ ਛੈ." (ਦੱਤਾਵ) ਅਥਵਾ ਬਿਜਲੀ ਹੈ.

ਬਿੰਦੈ: ਜਾਣਦਾ ਹੈ. ਦੇਖੋ, ਬ੍ਰਹਮਤੁ.

ਬਿੱਦਣੋਧਰ: ਸੰ. ਵਿਦ੍ਯਾਧਰ. ਵਿ- ਵਿਦ੍ਯਾ (ਇਲਮ) ਧਾਰਨ ਵਾਲਾ। ੨. ਸੰਗ੍ਯਾ- ਦੇਵਤਿਆਂ ਦੀ ਇੱਕ ਜਾਤਿ, ਦੇਖੋ, ਵਿਦ੍ਯਾਧਰ. "ਬਦੰਤ ਬਿੱਦਣੋਧਰੰ." (ਗ੍ਯਾਨ) ਵਿਦ੍ਯਾਧਰ ਕਥਨ ਕਰਦੇ ਹਨ.

ਬਿੱਦਤ: ਅ਼. بدعت ਬਿਦਅ਼ਤ. ਸੰਗ੍ਯਾ- ਧਰਮ ਵਿਰੁੱਧ ਨਵੀਂ ਗੱਲ ਕਰਨੀ। ੨. ਬੁਰਿਆਈ. ਦੋਸ਼। ੩. ਕਸ਼੍ਟ. ਦੁੱਖ।੪ ਆਫਤ. ਵਿਪਦਾ.

ਬਿੱਦਮਾਨ: ਦੇਖੋ, ਵਿਦ੍ਯਮਾਨ ਅਤੇ ਵਿਦ੍ਵਾਨ.

ਬਿੱਦਰ: ਦੇਖੋ ਵਿਦੁਰ. "ਇਤਨੇ ਮਹਿ ਬਿੱਦਰ ਆਇਗਯੋ." (ਕ੍ਰਿਸਨਾਵ)

ਬਿੱਦਿਕਾਧਰੀ: ਵਿਦ੍ਯਾਧਰ ਦੇਵਤਾ ਦੀ ਇਸਤ੍ਰੀ. ਵਿਦ੍ਯਾਧਰੀ। ੨. ਵਿਦ੍ਯਾ (ਇਲਮ) ਦੇ ਧਾਰਨ ਵਾਲੀ, ਪੰਡਿਤਾ.

ਬਿੱਦੁਲਤਾ: ਸੰ. ਵਿਦ੍ਯੁਤ. ਸੰਗ੍ਯਾ- ਬਿਜਲੀ. "ਉਤ ਤੇ ਘਨ ਸ਼੍ਯਾਮ ਬਿਰਾਜਤ ਹੈਂ ਹਰਿ. ਰਾਧਿਕਾ ਬਿੱਦੁਲਤਾ ਇਤ ਤੌਂ." (ਕ੍ਰਿਸਨਾਵ)

ਬਿਦ੍ਯਮਾਨ: ਸੰ. ਵਿਦ੍ਯਮਾਨ. ਵਰਤਮਾਨ ਕਾਲ। ੨. ਮੌਜੂਦਗੀ ਵਿੱਚ. ਭਾਵ- ਆਪਣੇ ਸਾਮ੍ਹਣੇ. "ਬਿਦ੍ਯਮਾਨ ਗੁਰਿ ਆਪਿ ਥਪ੍ਯਉ ਥਿਰ." (ਸਵੈਯੇ ਮਃ ੪. ਕੇ)

ਬਿਦ੍ਯਾ: ਦੇਖੋ, ਬਿਦਿਆ ਅਤੇ ਵਿਦ੍ਯਾ.

ਬਿਦ੍ਯਾਸਰ, ਬਿਦ੍ਯਾਸਾਗਰ: ਵਿਦ੍ਯਾ ਦਾ ਸਮੁੰਦਰ. ਵਿਦ੍ਯਾਨਿਧਿ। ੨. ਦੇਖੋ, ਬਵੰਜਾ ਕਵਿ.

ਬਿਦ੍ਯਾਧਰ: ਦੇਖੋ, ਵਿਦ੍ਯਾਧਰ.

ਬਿਦ੍ਯਾਧੇਨ: ਵਿਦ੍ਯਾ- ਅਧ੍ਯਨ. ਵਿਦ੍ਯਾ ਪੜ੍ਹਨਾ. "ਬਿਦ੍ਯਾਧੇਨ ਅਧਿਕ ਧਰਮਾਇ." (ਗੁਪ੍ਰਸੂ)

ਬਿਦ੍ਯੁਤ: ਦੇਖੋ, ਵਿਦ੍ਯੁਤ.

ਬਿੰਦ੍ਰ: ਵਿੰਦ੍ਰ (ਸਮੁਦਾਯ) ਦੀ ਥਾਂ ਇਹ ਸ਼ਬਦ ਲਿਖਾਰੀ ਨੇ ਲਿਖਿਆ ਹੈ. "ਰਚੇ ਬੀਰ ਬਿੰਦ੍ਰੰ" (ਵਿਚਿਤ੍ਰ) "ਕਹਾਂ ਇੰਦ ਬਿੰਦ੍ਰੰ?" (ਵਿਚਿਤ੍ਰ) "ਕਹਾਂ ਇੰਦ ਬਿੰਦ੍ਰੰ?" ਵਿਚਿਤ੍ਰ)

ਬਿਦ੍ਰਭ: ਦੇਖੋ, ਵਿਦਰਭ.

ਬਿੰਦ੍ਰਾ: ਇਹ ਸ਼ਬਦ ਵਿੰਦ੍ਰਾ ਦੀ ਥਾਂ ਆਇਆ ਹੈ. ਦੇਖੋ, ਬਿੰਦ੍ਰਾਬਨ.

ਬਿੰਦ੍ਰਾਬਨ: ਸੰ. वृन्दावन- ਵ੍ਰਿੰਦਾਵਨ. ਮਥੁਰਾ ਦੇ ਜਿਲੇ ਵਿੱਚ ਜਮੁਨਾ ਨਦੀ ਦੇ ਕਿਨਾਰੇ ਇੱਕ ਜੰਗਲ, ਜੋ ਕੇਦਾਰ ਦੀ ਪੁਤਰੀ ਵਿੰਦ੍ਰਾ ਦਾ ਤਪ ਅਸਥਾਨ ਹੈ। ੨. ਰਾਧਾ (ਰਾਧਿਕਾ) ਦਾ ਨਾਮ ਭੀ ਵ੍ਰਿੰਦਾ ਹੈ, ਉਸ ਨੇ ਕ੍ਰਿਸ਼ਨ ਜੀ ਨਾਲ ਜਿਸ ਵਨ ਵਿੱਚ ਕ੍ਰੀੜਾ ਕੀਤੀ, ਉਹ ਵਨ. "ਬ੍ਰਿੰਦਾਬਨ ਮਹਿ ਰੰਗ ਕੀਆ." (ਵਾਰ ਆਸਾ)

ਬਿਦ੍ਰੁਮ: ਮੂੰਗਾ. ਦੇਖੋ, ਵਿਦ੍ਰੁਮ.

ਬਿਧ: ਦੇਖੋ, ਬਿਧਿ ਅਤੇ ਬਿਧੁ। ੨. ਵਿਧਾਤਾ (विधातृ). ਵਿਧਿ. ਬ੍ਰਹਮਾ। ੩. ਰਚਣ ਵਾਲਾ, ਕਰਤਾਰ. "ਬਿਧ ਨੇ ਰਚਿਆ ਸੋ ਹੋਇ." (ਗਉ ਕਬੀਰ)

ਬਿੰਧ: ਸੰ. ਵਿੰਧ੍ਯ. ਇੱਕ ਪਹਾੜ. ਵਿੰਧ੍ਯਾਚਲ, ਜੋ ਉੱਤਰੀ ਹਿੰਦੁਸਤਾਨ ਨੂੰ ਦੱਖਣ ਤੋਂ ਵੱਖ ਕਰਦਾ ਹੈ.

ਬਿਧਣ: ਦੇਖੋ, ਵਿਧਣ.

ਬਿਧਣਾ: ਕ੍ਰਿ- ਵੇਧੇ ਜਾਣਾ. ਵਿੱਧ ਹੋਣਾ। ੨. ਕਿਸੇ ਦੇ ਪ੍ਰੇਮ ਵਿੱਚ ਫਸਣਾ. "ਉਅ ਰਸ ਜੋ ਬਿਧੇ ਹਾਂ." (ਆਸਾ ਮਃ ੫)

"ਸ਼ਾਹਪਰੀ ਤਾਂਸੋਂ ਬਿਧੀ." (ਚਰਿਤ੍ਰ ੧੬੭)

ਬਿਧਨ: ਦੇਖੋ, ਵਿਧਨ.

ਬਿਧਨਾ: ਸੰ. ਵਿਧਿ. ਵਿਧਾਤਾ. ਬ੍ਰਹਮਾ। ੨. ਕ੍ਰਿ- ਵੇਧੇ (ਵਿੰਨ੍ਹੇ) ਜਾਣਾ। ੩. ਦੇਖੋ, ਬਿਧਣਾ ੨.

ਬਿਧਨੀ: ਵਿ- ਬਿਨਾ ਧਨ. ਨਿਰਧਨ.

ਬਿਧਨੇਕ: ਵਿਧਿ- ਅਨੇਕ. ਅਨੇਕ ਪ੍ਰਕਾਰ. "ਹਮ ਏਕ ਹੀ ਕੋ ਬਿਧਨੇਕ ਪ੍ਰਮਾਨਜੋ. (੩੩ ਸਵੈਯੇ)

ਬਿਧਬਾਹਨ: ਸੰਗਜਾ- ਵਿਧਿ (ਬ੍ਰਹਮਾ) ਦਾ ਵਾਹਨ, ਹੰਸ.

ਬਿਧ ਬਿਧਾਨ: ਦੇਖੋ, ਵਿਧਿ ਅਤੇ ਵਿਧਾਨ.

ਬਿਧਰਕ: ਵਿ- ਬਿਨਾ ਧੜਕੇ. ਖਟਕੇ (ਚਿੰਤਾ) ਬਿਨਾ ਨਿਧੜਕ. "ਖੇਲ ਬਿਧਰਕ ਮਾਚੀ." (ਕ੍ਰਿਸਨਾਵ)

ਬਿਧਵਾ: ਸੰ. ਵਿਧਵਾ. ਸੰਗਜਾ- ਜਿਸ ਦਾ ਧਵ (ਪਤਿ) ਮਰ ਗਿਆ ਹੈ. ਬਿਨਾ ਧਵ. ਫ਼ਾ. ਬੇਵਹ. ਅੰ. Widow. "ਜਿਉ ਤਨੁ ਬਿਧਵਾ ਪਰ ਕਉ ਦੇਈ. !" (ਗਉ ਅਃ ਮਃ ੧) ਦੇਖੋ, ਪੁਨਰਵਿਵਾਹ ਅਤੇ ਪੁਨਰਭੂ। ੨. ਸੰ. ਬੰਧਜਾ. ਬਾਂਝ. "ਤਿਸ ਬਿਧਵਾ ਕਰਿ ਮਹਤਾਰੀ." (ਮਲਾ ਮਃ ੪) "ਬਿਧਵਾ ਕਸ ਨ ਭਈ ਮਹਤਾਰੀ?" (ਗਉ ਕਬੀਰ) ਇੱਥੇ ਬਿਧਵਾ ਸ਼ਬਦ (ਬਾਂਝ) ਅਰਥ ਬੋਧਕ ਹੈ.

ਬਿਧਵਾਰਿ: ਵਿ- ਵਿਧਿ- ਵਾਲੀ. ਸੰਬੰਧਿਤ. "ਪਾਂਚ ਨਾਰਦ ਕੈ ਸੰਗਿ ਬਿਧਵਾਰਿ." (ਗੌਂਡ ਕਬੀਰ) ਪੰਜ ਗਿਆਨਇੰਦ੍ਰੀਆਂ ਨਾਲ ਮਿਲੀ ਹੋਈ ਹੈ.

ਬਿਧਾ: ਸੰ. ਵਿਧਾ. ਸੰਗਜਾ- ਭਾਗ. ਹਿੱਸਾ। ੨. ਵਿਧਿ. ਕਰਮ ਵਿੱਚ ਲਾਉਣ ਦੀ ਆਗਯਾ. "ਦੁਬਿਧਾ ਬਿਧਾ ਨਿਖੇਧ ਖੇਦ ਬਿਨਸਾਨੇ ਹੈਂ. (ਭਾਗੁ ਕ) ਵਿਧਿ ਨਿਸ਼ੇਧ ਖੇਦ ਬਿਨਸਾਨੇ। ੩. ਸੰ. ਵਿੱਧ. ਵਿ- ਵੇਧਨ ਹੋਇਆ. ਵਿੰਨ੍ਹਿਆ.

ਬਿਧਾਈ: ਵੇਧਨ ਹੋਈ। ੨. ਵੇਧਨ ਕਰਾਈ.

ਬਿਧਾਸਾ: ਵਿਧ੍ਵੰਸ (ਨਾਸ਼) ਕੀਤਾ. "ਹਰਨਾਖਸ ਲੇ ਨਖਹੁ ਬਿਧਾਸਾ." (ਗਉ ਅਃ ਮਃ ੧)

ਬਿੰਧਾਚਲ: ਵਿਧ੍ਵੰਸ- ਅਚਲ. ਦੇਖੋ, ਬਿੰਧ.

ਬਿਧਾਤਉ: ਸੰ. विधातृ- ਵਿਧਾਤ੍ਰਿ. ਰਚਣ ਵਾਲਾ. ਕਰਤਾਰ. ਵਿਧਾਤਾ. "ਪੂਰਨ ਪੁਰਖ ਬਿਧਾਤਉ." (ਸਵੈਯੇ ਮਃ ੫. ਕੇ) ੨. ਬ੍ਰਹਮਾ। ੩. ਸੰ. ਵਿਧਾਤੁਃ ਵਿਧਾਤਾ ਤੋਂ. ਵਿਧਾਤਾ ਨੂੰ.

ਬਿਧਾਤਾ: ਦੇਖੋ, ਬਿਧਾਤਉ ੧. "ਸੋਈ ਬਿਧਾਤਾ ਖਿਨੁ ਖਿਨੁ ਜਪੀਐ." (ਮਾਰੂ ਮਃ ੫) ੨. ਕਾਮਦੇਵ। ੩. ਦੇਖੋ, ਵਿਧਾਤਾ.

ਬਿਧਾਤੀ: ਦੇਖੋ, ਬਿਧਾਤਉ. "ਹਰਿ ਪੁਰਖ ਬਿਧਾਤੀ." (ਮਃ ੧. ਵਾਰ ਮਾਝ) ਵਿਧਾਤ੍ਰਿ ਪੁਰੁਸ਼. ਵਿਧਾਤਾ. ਪੁਰਖ

ਬਿਧਾਨ: ਸੰ. ਵਿਧਾਨ. ਪ੍ਰਕਾਰ। ੨. ਯਤਨ. ਉਪਾਯ. "ਹੋਨ ਲਾਗੇ ਯੁੱਧ ਕੇ ਜਹਾਂ ਤਹਾਂ ਸਬੈ ਬਿਧਾਨ." (ਕਲਕੀ) ੩. ਕਾਯਦਾ. ਨਿਯਮ। ੪. ਵਿਧਿ. ਰੀਤਿ.

ਬਿਧਿ: ਸੰ. ਵਿਧਿ. ਸੰਗਜਾ- ਜਗਤ ਨੂੰ ਰਚਣ ਵਾਲਾ ਕਰਤਾਰ. ਪਾਰਬ੍ਰਹਮ. "ਬੰਛਤ ਸਿਧਿ ਕੋ ਬਿਧਿ ਮਿਲਾਇਓ." (ਸਵੈਯੇ ਮਃ ੪. ਕੇ) ਦੇਖੋ, ਬੰਛਤ। ੨. ਬ੍ਰਹਮਾ। ੩. ਭਾਗਯ. ਕਿਸਮਤ। ੪. ਕ੍ਰਮ. ਸਿਲਸਿਲਾ। ੫. ਕਰਮ, ਕੰਮ, ਕ੍ਰਿਯਾ, "ਸਾਕਤ ਕੀ ਬਿਧਿ ਨੈਨਹੁ ਡੀਠੀ." (ਰਾਮ ਮਃ ੫) ੬. ਕਾਨੂਨ. ਨਿਯਮ. ਧਾਰਮਿਕ ਨਿਯਮ. "ਗੁਰਪੂਜਾ ਬਿਧਿ ਸਹਿਤ ਕਰੰ." (ਸਵੈਯੇ ਮਃ ੪. ਕੇ) "ਪੜਹਿ ਮਨਮੁਖ, ਪਰ (ਬਿਧਿ ਨਹੀਂ ਜਾਨਾ. (ਮਾਰੂ ਸੋਲਹੇ ਮਃ ੧) ੭. ਹਕੀਮ. ਵੈਦਯ। ੮. ਹਾਲਤ.

ਦਸ਼ਾ. "ਘਾਲ ਨ ਭਾਨੈ, ਅੰਤਰ ਬਿਧਿ ਜਾਨੈ." (ਸੋਰ ਮਃ ੫) "ਅੰਤਰ ਕੀ ਬਿਧਿ ਤੁਮ ਹੀ ਜਾਨੀ." (ਗਉ ਮਃ ੫) ੯. ਪ੍ਰਕਾਰ. ਢੰਗ. ਤਰਹਿ. "ਮੈ ਕਿਹ ਬਿਧਿ ਪਾਵਹੁ ਪ੍ਰਾਨਪਤੀ." (ਬਸੰ ਮਃ ੧) ੧੦. ਧਰਮ ਅਨੁਸਾਰ ਕਰਨ ਯੋਗ੍ਯ ਕਰਮ ਅਤੇ ਉਸ ਵਿੱਚ ਲਾਉਣ ਦੀ ਆਗ੍ਯਾ। ੧੧. ਜੁਗਤ. ਤਰਕੀਬ. "ਇਹ ਬਿਧਿ ਪਾਈ ਮੈ ਸਾਧੂ ਕੰਨਹੁ." (ਟੋਡੀ ਮਃ ੫) ੧੨. ਇੱਕ ਅਰਥਾਲੰਕਾਰ. ਦੇਖੋ, ਵਿਧਿ ੨.

ਬਿਧਿ ਸਿਆਹੀ ਕੀ: ਦੇਖੋ, ਸਿਆਹੀ ਕੀ ਬਿਧਿ.

ਬਿਧਿ ਨਿਖੇਧ: ਵਿਧਿ- ਨਿਸ਼ੇਧ ਕਰਨ ਯੋਗ੍ਯ ਕਰਮ ਵਿੱਚ ਲਾਉਣ ਦੀ ਅਤੇ ਨਾ ਕਰਨ ਯੋਗ੍ਯ ਦੇ ਤ੍ਯਾਗ ਦੀ ਆਗ੍ਯਾ। ੨. ਹਿੰਦੂਮਤ ਦੇ ਧਰਮਗ੍ਰੰਥਾਂ ਵਿੱਚ ਕਹੇ ਵਿਧਿ ਅਤੇ ਨਿਸ਼ੇਧ ਕਰਮ. ਜੈਸੇ- ਅਗਨਿਹੋਤ੍ਰ ਵ੍ਰਤ ਆਦਿ ਵਿਧਿ, ਅਤੇ ਵਸਤ੍ਰਾਂ ਸਮੇਤ ਭੋਜਨ ਕਰਨਾ, ਪਜਾਮਾ ਕੁੜਤਾ ਪਹਿਰਨਾ, ਸਮੁੰਦਰੋਂ ਪਾਰ ਜਾਣਾ ਆਦਿ ਨਿਸ਼ੇਧ ਕਰਮ ਹਨ. "ਤਜਿ ਭਰਮ ਕਰਮ ਬਿਧਿ ਨਿਖੇਧ, ਰਾਮ ਨਾਮੁ ਲੇਹੀ." (ਧਨਾ ਕਬੀਰ)

ਬਿਧੀ: ਦੇਖੋ, ਬਿਧਿ। ੨. ਸੰ. ਵ੍ਯਧ੍ਵ. ਕੁਮਾਰਗ. ਵਿ- (ਨਿੰਦਿਤ) ਅਧ੍ਵ (ਮਾਰਗ). "ਹੁਇ ਦਾਸ ਦਾਸੀ ਤਜਿ ਉਦਾਸੀ, ਬਹੁੜਿ ਬਿਧੀ ਨ ਧਾਵਾ." (ਬਿਲਾ ਛੰਤ ਮਃ ੫) ਫੇਰ ਕੁਮਾਰਗ ਨਾਂ ਪਵਾਂ। ੩. ਬਿ (ਬਿਨਾ) ਧੀ (ਬੁੱਧਿ) ਬੇਅਕਲ.

ਬਿਧੀਆ: ਵਿ- ਵਿਧਿ ਜਾਣਨ ਵਾਲਾ। ੨. ਵੇਧਨ (ਵਿੰਨ੍ਹਣ) ਵਾਲਾ। ੩. ਸੰਗ੍ਯਾ- ਭਾਈ ਬਿਧੀਚੰਦ ਦਾ ਗੁਰੁਸਿੱਖ ਹੋਣ ਤੋਂ ਪਹਿਲਾਂ ਨਾਮ, ਦੇਖੋ, ਬਿਧੀਚੰਦ ਭਾਈ.

ਬਿਧੀਚੰਦ ਭਾਈ: ਜਿਲ੍ਹਾ ਲਹੌਰ ਦੇ ਸੁਰਸਿੰਘ ਪਿੰਡ[888] ਦਾ ਵਸਨੀਕ ਛੀਨੇ ਗੋਤ ਦਾ ਜੱਟ, ਜੋ ਭਿੱਖੀ ਦਾ ਪੋਤਾ ਅਤੇ ਵੱਸਣ ਦਾ ਪੁਤ੍ਰ ਸੀ. ਇਹ ਵਡਾ ਦਿਲੇਰ ਬਲੀ, ਕੱਦਾਵਰ ਅਤੇ ਸੁੰਦਰ ਜੁਆਨ ਸੀ. ਇਸ ਦੇ ਨਾਨਕੇ ਸਰਹਾਲੀ (ਜਿਲਾ ਅਮ੍ਰਿਤਸਰ) ਵਿੱਚ ਸਨ. ਇਸ ਨੂੰ ਚੋਰ ਧਾੜਵੀਆਂ ਦੀ ਸਗੰਤਿ ਤੋਂ ਚੋਰੀ ਅਤੇ ਡਾਕੇ ਦੀ ਬਾਣ ਪੈ ਗਈ, ਪਰ ਸਤਿਗੁਰੂ ਦੇ ਗੁਰਮੁਖ ਸਿੱਖ ਭਾਈ ਅਦਲੀ ਜੀ ਦੀ ਸੰਗਤਿ ਹੋਣ ਤੋਂ ਬਿਧੀਚੰਦ ਦਾ ਜੀਵਨ ਪਲਟਾ ਖਾ ਗਿਆ. ਪਿਛਲੇ ਕੁਕਰਮਾਂ ਤੇ ਪਛਤਾਵਾ ਕਰਕੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਬਨਿਆ ਅਤੇ ਕਰਣੀ ਵਾਲੇ ਸਿੱਖਾਂ ਵਿੱਚ ਇਸ ਦੀ ਗਿਣਤੀ ਹੋਈ.

ਕਾਬੁਲੀ ਸਿੱਖਾਂ ਦੇ ਸ੍ਰੀ ਗੁਰੂ ਹਰਿਗੋਬਿੰਦ ਜੀ ਅਰਥ ਲਿਆਂਦੇ ਘੋੜੇ, ਜੋ ਲਹੌਰ ਦੇ ਹਾਕਿਮ ਨੇ ਜਬਰਨ ਖੋਹ ਲਏ ਸਨ, ਉਨ੍ਹਾਂ ਨੂੰ ਭਾਈ ਬਿਧੀਚੰਦ ਵਡੀ ਚਤੁਰਾਈ ਨਾਲ ਲਾਹੌਰ ਦੇ ਕਿਲੇ ਤੋਂ ਲਿਆਇਆ ਸੀ, ਛੀਵੇਂ ਸਤਿਗੁਰੂ ਜੀ ਦੇ ਜੋ ਸ਼ਾਹੀਸੈਨਾ ਨਾਲ ਜੰਗ ਹੋਏ ਉਨ੍ਹਾਂ ਵਿੱਚ ਭਾਈ ਬਿਧੀਚੰਦ ਨੇ ਵਡੀ ਵੀਰਤਾ ਦਿਖਾਈ. ਧਰਮਪ੍ਰਚਾਰ ਕਰਨ ਵਿੱਚ ਭੀ ਇਹ ਕਿਸੇ ਸਿਖ ਤੋਂ ਘੱਟ ਨਹੀਂ ਸੀ.

ਕੀਰਤਪੁਰ ਨਿਵਾਸੀ ਸਾਈਂ ਬੁੱਢਣਸ਼ਾਹ ਅਤੇ ਉਸ ਦੇ ਚੇਲੇ ਸੁੰਦਰਸ਼ਾਹ ਨਾਲ, ਜੋ ਦੇਉਨਗਰ[889] ਦਾ ਵਸਨੀਕ ਸੀ, ਭਾਈ ਬਿਧੀਚੰਦ ਦਾ ਗਾੜ੍ਹਾ ਪ੍ਰੇਮ ਸੀ. ਸੁੰਦਰਸ਼ਾਹ ਨਾਲ ਭਾਈ ਸਾਹਿਬ ਦਾ ਬਚਨ ਸੀ ਕਿ ਅਸੀਂ ਦੋਵੇਂ ਇੱਕ ਸਮੇਂ ਅਤੇ ਇੱਕੋ ਥਾਂ ਸ਼ਰੀਰ ਛੱਡਾਂਗੇ, ਇਸ ਅਨੁਸਾਰ ਭਾਈ ਬਿਧੀਚੰਦ ਅਤੇ ਸਾਂਈਂ ਸੁੰਦਰਸ਼ਾਹ ਦਾ ਭਾਦੋਂ ਸੁਦੀ ੩. ਸੰਮਤ ੧੬੯੫ ਨੂੰ ਦੇਉਨਗਰ ਦੇਹਾਂਤ ਹੋਇਆ.[890] ਦੋਹਾਂ ਦੀ ਸਮਾਧ ਅਤੇ ਕਬਰ ਹੁਣ ਇੱਕੋ ਥਾਂ ਦੇਖੀ ਜਾਂਦੀ ਹੈ. ਭਾਈ ਬਿਧੀਚੰਦ ਦੇ ਭਾਈ (ਉਧੀਚੰਦ) ਦੇ ਪੁਤ੍ਰ ਲਾਲਚੰਦ ਨੇ ਦੇਉਨਗਰ ਤੋਂ ਰਾਖ ਲਿਆਕੇ ਇੱਕ ਸਮਾਧ ਸੁਰਸਿੰਘ ਵਿੱਚ ਭੀ ਬਣਾ ਦਿੱਤੀ ਹੈ। ੨. ਦੇਖੋ, ਨਿਰੰਜਨੀਏ। ੩. ਭਾਈ ਮੂਲਚੰਦ ਦਾ ਤਾਇਆ, ਸਿਧੀਚੰਦ ਦਾ ਵਡਾ ਭਾਈ.

ਬਿਧੀਜੈ: ਵੇਧਨ ਕਰੀਜੈ. "ਹੀਰੈ ਹੀਰ ਬਿਧੀਜੈ." (ਕਲਿ ਅਃ ਮਃ ੪)

---

[888] ਇਹ ਪਿੰਡ ਅਮ੍ਰਿਤਸਰੋਂ ਕੁਸੂਰ ਨੂੰ ਜਾਂਦੀ ਕੱਚੀ ਸੜਕ ਪੁਰ ਹੈ.

[889] ਦੇਉਨਗਰ ਯੂ.ਪੀ ਵਿੱਚ ਅਯੋਧ੍ਯਾ ਤੋਂ ੧੮. ਕੋਹ ਦੱਖਣ ਪੂਰਵ ਗੋਮਤੀ ਦੇ ਕਿਨਾਰੇ ਹੈ.

[890] ਭਾਈ ਸੰਤੋਖਸਿੰਘ ਨੇ ਵਿਧੀਚੰਦ ਜੀ ਦਾ ਦੇਹਾਂਤ ਸਸਰਾਂਕ ਵਿੱਚ ਹੋਣਾ ਲਿਖਿਆ ਹੈ.

ਬਿਧੁ: ਸੰ. ਵਿਧੁ. ਸੰਗਜਾ- ਚੰਦ੍ਰਮਾ, "ਬਿਧੁ ਕੋਪਹਿ ਜਯੋਂ." (ਕ੍ਰਿਸਨਾਵ) ੨. ਕਪੂਰ। ੩. ਬ੍ਰਹਮਾ। ੪. ਪਵਨ. ਹਵਾ। ੫. ਸ਼ਿਵ। ੬. ਦੇਖੋ, ਬਿਧੁਬੈਣੀ ੨.

ਬਿਧੁੰਸ: ਸੰ. ਵਿਧ੍ਵੰਸ. ਸੰਗਜਾ- ਨਾਸ਼. ਤਬਾਹੀ.

ਬਿਧੁੰਸਿ: ਵਿਧ੍ਵੰਸ ਕਰਕੇ. ਮਾਰਕੇ "ਕਾਲੁ ਬਿਧੁੰਸਿ ਮਨਸਾ ਮਨਿ ਮਾਰੀ." (ਪ੍ਰਭਾ ਮਃ ੧)

ਬਿਧੁੰਤਕ, ਬਿਧੁੰਤੁਦ: ਸੰ. ਵਿਧੁੰਤੁਦ. ਸੰਗਜਾ- ਵਿਧੁ (ਚੰਦ੍ਰਮਾ) ਨੂੰ ਤੁਦ (ਪੀੜਾ) ਦੇਣ ਵਾਲਾ, ਰਾਹੁ. "ਲਿਖਤ ਕਲਾਨਿਧਿ ਕਲਮ ਬਿਧੁੰਤਕ ਲਿਖ ਹਠੀ." (ਨਾਪ੍ਰ) ਕਲਾਨਿਧਿ (ਚੰਦ੍ਰਮਾ) ਲਿਖਦੀ ਕਲਮ ਨੇ ਰਾਹੂ ਲਿਖ ਦਿੱਤਾ.

ਬਿਧੁਬਦਨੀ: ਵਿ- ਵਿਧੁ (ਚੰਦ੍ਰਮਾ) ਜੇਹਾ ਹੈ ਜਿਸ ਦਾ ਵਦਨ (ਮੁਖ) ਚੰਦ੍ਰਮੁਖੀ. "ਬਿਧੁਬਦਨੀ ਕਰ ਕਰ ਸਿੰਗਾਰ." (ਗੁਪ੍ਰਸੂ)

ਬਿਧੁਬਾਹਨ: ਸੰਗਜਾ- ਵਿਧੁ (ਚੰਦ੍ਰਮਾ) ਦਾ ਵਾਹਨ (ਸਵਾਰੀ), ਮ੍ਰਿਗ.[891]

ਬਿਧੁਬੈਣੀ, ਬਿਧੁਬੈਨੀ: ਵਿਧੁਵਦਨੀ ਦੀ ਥਾਂ ਇਹ ਪਾਠ ਹੈ. ਚੰਦ੍ਰਮੁਖੀ। ੨. ਦਸ਼ਮਗ੍ਰੰਥ ਵਿੱਚ ਬਿਧੁ ਨਾਮ ਕੋਕਿਲਾ ਦਾ ਭੀ ਆਇਆ ਹੈ- ਕੋਕਿਲਾ ਜੇਹੀ ਆਵਾਜ਼ ਵਾਲੀ. "ਬਿਧੰ ਚਾਰੁ ਬੈਣੀ." (ਰਾਮਾਵ)

ਬਿਧੂਪ: ਸੰ. ਵਿਧੂਪ. ਸੰਗਜਾ- ਲਾਲਹ. ਗੁਲਦੁਪਹਿਰੀ. ਕਾਵਜਗ੍ਰੰਥਾਂ ਵਿੱਚ ਇਸ ਦੀ ਉਪਮਾ ਲਾਲ ਹੋਠਾਂ ਨੂੰ ਦਿੱਤੀ ਜਾਂਦੀ ਹੈ.

ਬਿਧੂਪ ਨਰਾਜ: ਇਹ "ਅਰਧ ਨਰਾਜ" ਅਤੇ "ਪ੍ਰਮਾਣਿਕਾ ਛੰਦ ਦਾ ਹੀ ਦੂਜਾ ਨਾਮ ਹੈ.

ਲੱਛਣ- ਚਾਰ ਚਰਣ, ਪ੍ਰਤਿਚਰਣ ਲਘੁ ਗੁਰੁ ਕ੍ਰਮ ਨਾਲ ਅੱਠ ਅੱਖਰ, ਅਥਵਾ ਜ, ਰ, ਲ, ਗ, ।ऽ।, ऽ।ऽ, ।, ऽ.

ਉਦਾਹਰਣ-

ਖਿਮੰਤ ਤੇਗ ਐਸਕੈ,

ਜੁਲੰਤ ਜ੍ਵਾਲ ਜੈਸਕੈ.

(ਕਲਕੀ)

ਬਿਧੇ: ਵਿੱਧ ਹੋਏ. ਵੇਧੇ (ਵਿੰਨ੍ਹੇ) ਗਏ। ੨. ਤਤਪਰ ਹੋਏ। ੩. ਵਜ- ਵਾਂਙ. ਤਰਹਿਂ. ਜੈਸੇ. ਭਾਂਤ, ਜਿਵੇਂ "ਹਾਰ ਜੁਆਰ ਜੁਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ." (ਗਉ ਮਃ ੫) ਜੁਆਰੀ ਜਿਵੇਂ ਜੂਆ ਖੇਡਕੇ ਹਾਰਦਾ ਹੈ, ਤਿਵੇਂ ਇੰਦ੍ਰੀਆਂ ਨੇ ਜਿੱਤਕੇ ਵਸ਼ ਕਰ ਲੀਤਾ ਹੈ। ੪. ਦੇਖੋ, ਵਿਧੇਯ.

ਬਿਧਯੰ: ਵਿ- ਵਿੱਧ ਹੋਇਆ, ਵੇਧਨ ਹੋਇਆ। ੨. ਆਸਕ੍ਤ ਹੋਇਆ. ਪ੍ਰੇਮ ਵਿੱਚ ਫਸਿਆ. "ਚਰਣਾਰਬਿੰਦ ਮਨ ਬਿਧਯੰ." (ਗਾਥਾ)

ਬਿਨ: ਸੰ. ਵਿਨਾ. ਵਜ- ਬਗ਼ੈਰ. "ਬਿਨ ਹਰਿ ਕਾਮਿ ਨ ਆਵਤ ਹੇ." (ਬਸੰ ਮਃ ੫) ੨. ਅ਼. ابن ਪੁਤ੍ਰ. ਸੰਤਾਨ.

ਬਿੰਨ: ਸੰ. ਵਿੰਨ- ਵਿੰਨ ਵਿ- ਵਿਚਾਰਿਆ ਹੋਇਆ। ੨. ਪਾਇਆ ਹੋਇਆ। ੩. ਜਾਣਿਆ ਹੋਇਆ। ੪. ਠਹਿਰਿਆ ਹੋਇਆ. ਦੇਖੋ, ਬਿੰਨਿ.

ਬਿਨਉ: ਸੰ. ਵਿਨਯ. ਸੰਗਜਾ- ਨਮ੍ਰਤਾ. ਹਲੀਮੀ। ੨. ਅਰਦਾਸ. ਬੇਨਤੀ. "ਬਿਨਉ ਲਕਉ ਗੁਰ ਪਾਸਿ." (ਸੋਦਰੁ) "ਦੁਇ ਕਰ ਜੋੜਿ ਇਨੁ ਬਿਨਉ ਕਰੀਜੈ." (ਮਾਝ ਮਃ ੫) ੩. ਪ੍ਰਣਾਮ. ਨਮਸਕਾਰ.

---

[891] ਚੰਦ੍ਰਮਾ ਦੀ ਸਵਾਰੀ ਮ੍ਰਿਗ ਪੁਰਾਣੇ ਗ੍ਰੰਥਾਂ ਵਿੱਚ ਨਹੀਂ ਲਿਖਿਆ, ਪਰ ਬਹੁਤ ਨੇ ਕਲਪ ਕੀਤਾ ਹੈ. ਦੇਖੋ, ਮ੍ਰਿਗਾਂਗ.

ਬਿਨਉ ਬੇਨਤੀ: ਨੰਮ੍ਰਤਾ. ਸਹਿਤ ਅਰਦਾਸ. ਦੇਖੋ, ਬਿਨਉ. "ਇਕ ਬਿਨਉ ਬੇਨਤੀ ਕਰਉ ਗੁਰ ਆਗੈ." (ਨਟ ਅਃ ਮਃ ੪)

ਬਿਨ ਆਈ ਮਰਨਾ: ਕ੍ਰਿ- ਅਕਾਲ ਮ੍ਰਿਤ੍ਯੁ ਹੋਣੀ. ਮੌਤ ਆਈ ਬਿਨਾ ਹੀ ਮਰਨਾ. ਭਾਵ ਅਕਾਰਣ ਜਾਨ ਦੇਣੀ. "ਸਭ ਲੋਕ ਕਹੈਂ ਨ੍ਰਿਪ ਸਿੰਧਜਰਾ[892] ਬਿਨ ਆਈ ਮਰੈ." (ਕ੍ਰਿਸਨਾਵ)

ਬਿਨਸ: ਸੰ. ਵਿਨਸ. ਵਿ- ਜਿਸ ਦੇ ਨਾਸਿਕਾ ਨਹੀਂ. ਨਕਟਾ। ੨. ਸੰ. ਸਗ੍ਯਾ- ਵਿਨਾਸ਼. "ਜੋ ਉਪਜਿਓ ਸੋ ਬਿਨਸ ਹੈ." (ਸਃ ਮਃ ੯) ਵਿਨਾਸ਼ ਹੋਵੇਗਾ। ੩. ਸੰ. ਵਿਨਸ਼੍ਵਰ. ਵਿ- ਨਾਸ਼ ਹੋਣ ਵਾਲਾ. ਅਨਿਤ੍ਯ. ਦੇਖੋ, ਬਿਨਸਿ ਬਿਨਾਸੀ.

ਬਿਨਸਨਾ: ਕ੍ਰਿ- ਵਿਨਾਸ਼ ਹੋਣਾ. ਨਸ਼ਟ ਹੋਣਾ. "ਅਹੰਬੁਧਿ ਕਉ ਬਿਨਸਨਾ ਇਹ ਧੁਰੇ ਕੀ ਢਾਲ." (ਬਿਲਾ ਮਃ ੫) ਅਭਿਮਾਨੀ ਦਾ ਵਿਨਾਸ਼ ਹੋਵੇ ਇਹ ਆਦਿਕਾਲ ਦੀ ਚਾਲ ਹੈ.

ਬਿਨਸਾ: ਸੰ. ਵਿ- ਵਿਨਸ਼੍ਟ ਹੋਇਆ। ੨. ਉਹ ਪੁਰਖ, ਜਿਸ ਦਾ ਵੀਰਯ ਪਾਤ ਹੋ ਗਿਆ ਹੈ। "ਕਹੂੰ ਨ ਬਿਨਸਾ ਤਾਂਹਿ ਪਛਾਨਹੁ." (ਚਰਿਤ੍ਰ ੨੯੪)

ਬਿਨਸਿ: ਵਿਨਾਸ਼ ਹੋਕੇ। ੨. ਸੰ. ਵਿਨਾਸ਼੍ਯ. ਵਿਨਾਸ਼ ਹੋਣ ਯੋਗ੍ਯ. ਵਿਨਸ਼੍ਵਰ ਸੰਸਾਰ "ਮਨੁ ਜੋਗੀ ਮਨੁ ਬਿਨਸਿ ਬਿਓਗੀ." (ਭੈਰ ਮਃ ੫) ਵਿਨਸਨਹਾਰ ਪਦਾਰਥਾਂ ਤੋਂ ਵਿਯੋਗ ਵਾਲਾ.

ਬਿਨਸਿ ਬਿਨਾਸ, ਬਿਨਸਿ ਬਿਨਾਸੀ: ਵਿ- ਅਤ੍ਯੰਤ ਵਿਨਾਸ਼ ਹੋਣ ਵਾਲਾ, ਅਨਿਤ੍ਯ. ਵਿਨਸ਼੍ਵਰ ਜਗਤ ਜੋ ਅਨਿਤ੍ਯ ਹੈ. "ਕਾਚੀ ਮਟੰਕੀ ਬਿਨਸਿ ਬਿਨਾਸੀ." (ਆਸਾ ਮਃ ੫) "ਸਭ ਬਿਨਸਿ ਬਿਨਾਸੀ." (ਮਃ ੫. ਵਾਰ ਮਾਰੂ ੨)

ਬਿਨਸੁ: ਦੇਖੋ, ਬਿਨਸ.

ਬਿਨਠ: ਸੰ. ਵਿਨਸ਼੍ਟ. ਵਿ- ਨਾਸ਼ ਹੋਇਆ. ਤਬਾਹ ਹੋਇਆ.

ਬਿਨਠੀ: ਵਿਨਸ਼੍ਟ ਹੋਈ. ਨਾਸ਼ ਹੋਈ "ਹਉਮੈ ਬਿਨਠੀ ਪੀਰਾ." (ਸੂਹੀ ਛੰਤ ਮਃ ੪) ੨. ਜਿਗੜੀ. ਖਰਾਬ ਹੋਈ. "ਨਾਹਿਤ ਬਿਨਠੀ ਬਾਤ." (ਸ. ਕਬੀਰ)

ਬਿਨਤ: ਸੰ. ਵਿਨਤ. ਵਿ- ਬਹੁਤ ਝੁਕਿਆ ਹੋਇਆ। ੨. ਨੰਮ੍ਰ. ਹਲੀਮ.

ਬਿਨਤਾ: ਸੰ. ਵਿਨਤਾ. ਦਕ੍ਸ਼ ਦੀ ਪੁਤ੍ਰੀ ਅਤੇ ਕਸ਼੍ਯਪ ਦੀ ਇਸਤ੍ਰੀ, ਜੋ ਗਰੁੜ ਦੀ ਮਾਤਾ ਹੈ। "ਬਿਨਤਾ ਕਦ੍ਰੂ ਦਿਤਿ ਅਦਿਤਿ, ਏ ਰਿਖਿ ਬਰੀ ਬਨਾਮ." (ਵਿਚਿਤ੍ਰ)

ਬਿਨਤਾਸੁਤ: ਵਿਨਤਾ ਦਾ ਪੁਤ੍ਰ ਗਰੁੜ "ਨਾਗਨੀ ਜਜੋਂ ਬਿਨਤਾਸੁਤ ਕੋ ਡਰਪਵਿਤ." (ਨਾਪ੍ਰ)

ਬਿਨਤਿ, ਬਿਨਤੀ: ਸੰ. ਵਿਨਤਿ. ਸੰਗ੍ਯਾ- ਪ੍ਰਣਾਮ. ਨਮਸਕਾਰ, "ਬਿਨਤਿ ਕਰਉ ਅਰਦਾਸਿ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਵਿਨਯ. ਪ੍ਰਾਰਥਨਾ. ਬੇਨਤੀ. ਅਰਦਾਸ.

ਬਿਨ ਨੈਨਹੁ: ਜਗਤ ਨਿਹਾਰਿਆ. (ਸੋਰ ਕਬੀਰ) ਜਗਤ ਨੂੰ ਨੇਤ੍ਰਹੀਨ (ਅੰਧਾ) ਦੇਖਿਆ ਹੈ। ੨. ਸ਼ਾਰੀਰਿਕ ਨੇਤ੍ਰਾਂ ਤੋਂ ਬਿਨਾ, ਦਿਵ੍ਯਨੇਤ੍ਰਾਂ ਨਾਲ ਜਗਤ ਨੂੰ ਵੇਖਿਆ ਹੈ.

ਬਿਨਪਗਾ: ਦੇਖੋ, ਬਿਨੁਪਗਾ.

ਬਿਨ ਪਾਣੀ ਡੁੱਬਣਾ: ਦੇਖੋ, ਪਾਣੀ ਬਿਨਾ ਡੁੱਬਣਾ.

ਬਿਨਮ: ਸੰ. ਵਿਨਮ੍ਰ. ਵਿ- ਬਹੁਤ ਝੁਕਿਆ ਹੋਇਆ। ੨. ਹਲੀਮ.

---

[892] ਜਰਾਸੰਧ.

**ਬਿਨਮਤ:** ਸੰ. ਵਿਨਮਤ. ਵਿ- ਬਹੁਤ ਝੁਕਿਆ ਹੋਇਆ। ੨. ਅਤਿ ਨੰਮ, ਬਹੁਤ ਹਲੀਮ.

**ਬਿਨਯ:** ਸੰ. ਵਿਨਯ. ਸੰਗਜਾ- ਪ੍ਰਣਾਮ ਨਮਸਕਾਰ। ੨. ਝੁਕਣ ਦਾ ਭਾਵ. ਨੰਮ੍ਰਤਾ. ਹਲੀਮੀ। ੩. ਸ਼ਿਕ੍ਸ਼ਾ. ਸਿੱਖਯਾ.

**ਬਿਨਯਪਾਲ:** ਦੇਖੋ, ਬਿਨੈਪਾਲ.

**ਬਿਨਵਤ, ਬਿਨਵੈ, ਬਿਨਵੰਤਿ:** ਸੰ. ਵਿਨਯ ਵੰਤ ਅਤੇ ਵਿਨਮਤ. ਦੇਖੋ, ਬਿਨਮਤ ਅਤੇ ਬਿਨਯ. "ਗੁਰਚਰਣ ਲਾਗਿ ਹਮ ਬਿਨਵਤਾ." (ਆਸਾ ਕਬੀਰ) "ਨਾਨਕ ਬਿਨਵੈ ਤਿਸੈ ਸਰੇਵਹੁ." (ਧਨਾ ਮਃ ੧) ੨. ਵਿਨਮਤਿ. ਵਿਸ਼ੇਸ਼ ਕਰਕੇ ਨਮਸਕਾਰ ਕਰਦਾ ਹੈ. "ਬਿਨਵੰਤਿ ਨਾਨਕ ਸੁਣਹੁ ਬਿਨਤੀ." (ਵਡ ਛੰਤ ਮਃ ੫)

**ਬਿਨਾ:** ਸੰ. ਵਿਨਾ. ਵਯ- ਬਗੈਰ. ਰਹਿਤ. "ਬਿਨਾ ਸੰਤੋਖ ਨਹੀ ਕੋਊ ਰਾਜੈ." (ਸੁਖਮਨੀ) ੨. ਅ਼. بِنا ਸੰਗਜਾ- ਨਿਉਂ. ਬੁਨਿਆਦ। ੩. ਜੜ. ਮੂਲ.

**ਬਿਨਾਸ:** ਸੰ. ਵਿਨਾਸ਼. ਸੰਗਜਾ- ਅਭਾਵ. ਧੰਸ. ਨਾਸ਼.

**ਬਿਨਾਸਤ:** ਵਿਨਾਸ਼ਿਤ. ਵਿਨਾਸ਼ ਕੀਤਾ ਗਿਆ, ਗਈ. "ਆਸਾ ਮਨਸਾ ਦੋਊ ਬਿਨਾਸਤ." (ਆਸਾ ਮਃ ੧) ਵਿਨਸ਼੍ਟ.

**ਬਿਨਾਸਨ:** ਵਿਨਾਸ਼ ਹੋਣ ਦਾ ਭਾਵ। ੨. ਵਿਨਾਅਸ਼ਨ. ਭੋਜਨ ਬਿਨਾ ਨਿਰਾਹਾਰ. "ਬਾਰਿਪਾਨ ਕੋ ਰਹਿਤ ਬਿਨਾਸਨ." (ਨਾਪ੍ਰ) ਕੋਈ ਵਾਰਿ (ਜਲ) ਪੀਂਦਾ ਹੈ, ਕੋਈ ਨਿਰਾਹਾਰ ਰਹਿੰਦਾ ਹੈ.

**ਬਿਨਾਸਨੰ:** ਵਿਨਾਸ਼ ਹੋਣ ਦਾ ਭਾਵ। ੨. ਨਿਵ੍ਰਿੱਤਿ. ਉਪਰਾਮਤਾ. ਹਟਣਾ. "ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ." (ਸਹਸ ਮਃ ੫) ਜੋ ਪ੍ਰਵ੍ਰਿਤਿ ਮਾਰਗ ਹੈ. ਤਦ ਨਿਵ੍ਰਿੱਤਿ ਵਜਾਪਦੀ ਹੈ.

**ਬਿਨਾਸੀ:** ਸੰ. विनाशिन- ਵਿਨਾਸ਼ੀ. ਵਿ- ਨਸ਼੍ਟ ਹੋਣ ਵਾਲਾ. ਮਿਟ ਜਾਣ ਵਾਲਾ. "ਦ੍ਰਿਸ਼ਟਿਮਾਨ ਹੈ ਸਗਲ ਬਿਨਾਸੀ." (ਸਾਰ ਮਃ ੫)

**ਬਿਨਾਸੁ:** ਦੇਖੋ, ਬਿਣਾਸ ਅਤੇ ਬਿਨਾਸ। ੩. ਬਿਨਾ- ਸ੍ਵ. ਨਿਰਧਨ. ਕੰਗਾਲ.

**ਬਿਨਾਹ, ਬਿਨਾਹੁ:** ਸੰ. ਵਿਨਾਸ਼. "ਆਪਿ ਬਿਨਾਹੇ, ਆਪਿ ਕਰੇ ਰਾਸਿ." (ਗਉ ਮਃ ੫) "ਖਿਨ ਮਹਿ ਸਾਜਿ ਸਵਾਰਿ ਬਿਨਾਹੈ." (ਸਾਰ ਮਃ ੫) "ਜਿਨਹਿ ਉਪਾਹਾ, ਤਿਨਹਿ ਬਿਨਾਹਾ." (ਆਸਾ ਮਃ ੫) "ਸਾਕਤ ਸੰਗ ਨ ਕੀਜੀਐ ਜਾਤੇ ਹੋਏ ਬਿਨਾਹੁ." (ਸ. ਕਬੀਰ)

**ਬਿਨਾਧਾ:** ਵਿ- ਵਿਨਾਸ਼ੀ. ਬਿਨਸਨਹਾਰ. "ਉਤਭੁਜ ਸੇਤ ਬਿਨਾਧਾ." (ਸਾਰ ਮਃ ੫) ੨. ਵਿਨਾਸ਼- ਅਧਾ. ਵਿਨਾਸ਼ਮਾਰਗ.

**ਬਿਨਾਪਗਾ:** ਆਪਗਾ- ਬਿਨਾ. ਦੇਖੋ, ਬਿਨੁਪਗਾ.

**ਬਿਨਾਯਕ:** ਸੰ. ਵਿਨਾਯਕ. ਵਿ- ਵਿਨਯ (ਨੰਮ੍ਰਤਾ) ਵਾਲਾ. ਹਲੀਮ। ੨. ਸੰਗਜਾ- ਗਣੇਸ਼, "ਬਾਯੁ ਬਿਨਾਯਕ ਬਾਯੁਸਖਾ." (ਨਾਪ੍ਰ) ੩. ਗਰੁੜ। ੪. ਗੁਰੂ। ੫. ਬੁੱਧ ਭਗਵਾਨ। ੬. ਵਿਘਨ.

**ਬਿਨਾਵੈ:** ਬੀਨਨਾ (ਚੁਗਣਾ) ਕਰਾਵੈ. ਦੇਖੋ, ਕੂਰਨ

**ਬਿਨਿ:** ਵਯ- ਵਿਨਾ. ਰਹਿਤ. ਬਗੈਰ.

**ਬਿੰਨਿ:** ਕ੍ਰਿ. ਵਿ- ਗਜਾਤਾ (ਗਜਾਨੀ) ਹੋਕੇ. ਜਾਣਕੇ. ਦੇਖੋ, ਬਿੰਨ. "ਇਕ ਬਿੰਨਿ ਦੁਗਣ ਜੁਤਉ ਰਹੈ ਜਾਸੁ ਮੰਤ੍ਰਿ ਮਾਨਵਹਿ ਲਹਿ." (ਸਵੈਯੇ ਮਃ ੩. ਕੇ) ਜਿਸ ਦੇ ਮੰਤ੍ਰ ਨੂੰ ਪ੍ਰਾਪਤ ਕਰਕੇ ਪੁਰਖ ਇੱਕ ਦਾ ਗਜਾਨੀ ਹੋਇਆ, ਦ੍ਵੈਤ (ਸੰਸਾਰ) ਵਿੱਚ ਜੁੜਿਆ ਰਹਿੰਦਾ ਹੈ. ਭਾਵ- ਦੁਨੀਆਂ ਛੱਡ ਕੇ ਸੰਨਜਾਸੀ ਨਹੀਂ ਹੁੰਦਾ, ਅਰਥਾਤ ਰਾਜਜੋਗ ਭੋਗਦਾ ਹੈ.

ਬਿਨੀਤ: ਸੰ. ਵਿਨੀਤ. ਵਿ- ਵਿਨਯ (ਨੰਮ੍ਰਤਾ) ਵਾਲਾ ਹਲੀਮ "ਬਨਿਕ ਧਨੀ ਕ੍ਰਿਤ ਬਨਜ ਬਿਨੀਤਾ." (ਨਾਪ੍ਰ) ੨. ਸ਼ਿਕ੍ਸ਼ਾਯੁਕ੍ਤ. ਜਿਸ ਨੇ ਸਿਖ੍ਯਾ ਪਾਈ ਹੈ.

ਬਿਨੀਤਾ: ਵਿ- ਵਿਨੀਤ ਹੋਇਆ. ਵਿਨਯ ਵਾਲਾ. ਝੁਕਿਆ ਹੋਇਆ. ਨੰਮ੍ਰ। ੨. ਦੇਖੋ, ਧ੍ਰੁਵ.

ਬਿਨੁ: ਵ੍ਯ- ਬਿਨਾ. ਰਹਿਤ. ਬਗੈਰ. "ਬਿਨੁ ਨਾਵੈ ਪੈਨਣੁ ਖਾਣੁ ਸਭਿ ਬਾਦਿ ਹੈ." (ਮਃ ੩. ਵਾਰ ਸੋਰ)

ਬਿਨੁ ਠਾਹਰ: ਅਸਥਾਨ ਰਹਿਤ, ਜਿਸ ਲਈ ਠਹਿਰਨ ਦਾ ਕੋਈ ਠਿਕਾਣਾ ਨਹੀਂ ਸੀ. "ਬਿਨੁ ਠਾਹਰ ਨਗਰੁ ਬਸਾਇਆ."

ਬਿਨੁਪਗਾ: ਵਿਨਾਪਗਾ. ਜਿਸ ਥਾਂ ਆਪਗਾ (ਨਦੀ) ਸਿੰਜਦੀ ਨਹੀਂ, ਮਰੁਭੂਮਿ. ਮਾਰੂ. "ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁਪਗਾ ਵਰਸਤ ਫਿਰਾਹੀ." (ਗਉ ਮਃ ੩) ਧਰਤੀ ਵਿਚੋਂ ਖੂਹ ਦਾ ਪਾਣੀ ਕੱਢਣਾ, ਵਿਦ੍ਯਾ ਅਭ੍ਯਾਸ ਦ੍ਵਾਰਾ ਗ੍ਯਾਨ ਪ੍ਰਾਪਤ ਕਰਨਾ ਹੈ. ਗਿਆਨੀ ਹੀਨ ਅਤੇ ਹਿੰਦੂਮਤ ਅਨੁਸਾਰ ਸ਼ੂਦ੍ਰ ਆਦਿ ਨੀਚ ਮਰੁਭੂਮਿ ਹਨ, ਜੋ ਦੂਜਾਂ ਤੋਂ ਵਿਦ੍ਯਾਰੂਪ ਜਲ ਦਾ ਅਧਿਕਾਰ ਨਹੀਂ ਰਖਦੇ, ਸਤਿਗੁਰੂ ਮੇਘ ਹੈ, ਜੋ ਮਾਰੂ ਨੂੰ ਆਪਣੇ ਉਪਦੇਸ਼ ਜਲ ਨਾਲ ਸਿੰਜਦਾ ਹੈ.

ਬਿਨੈ: ਦੇਖੋ, ਬਿਨਉ ਅਤੇ ਬਿਨਯ.

ਬਿਨੈਪਾਲ: ਵਿਨਯਪਾਲ. ਇੱਕ ਰਾਜਪੂਤ ਰਾਜਾ, ਜਿਸ ਨੇ ਭਟਿੰਡੇ ਦਾ ਕਿਲਾ ਬਣਾਇਆ. ਦੇਖੋ, ਭਟਿੰਡਾ.

ਬਿਨੋਕ੍ਤਿ: ਦੇਖੋ, ਵਿਨੋਕ੍ਤਿ.

ਬਿਨੋਦ: ਸੰ. ਵਿਨੋਦ. ਸੰਗ੍ਯਾ- ਖੇਲ. ਤਮਾਸ਼ਾ। ੨. ਚਾਉ. ਉਮੰਗ, "ਅਨਦ ਬਿਨੋਦ ਕਰੇ ਦਿਨਰਾਤੀ." (ਮਾਝ ਮਃ ੫)

ਬਿਨੋਦ ਸਿੰਘ: ਦਸ਼ਮੇਸ਼ ਦਾ ਹਜ਼ੂਰੀ ਤੇਹਣ ਸਾਹਿਬਜ਼ਾਦਾ, ਜਿਸ ਨੂੰ ਦਸ਼ਮੇਸ਼ ਨੇ ਅਬਿਚਲਨਗਰ ਤੋਂ ਬੰਦੇ ਬਹਾਦੁਰ ਦੀ ਸਹਾਇਤਾ ਲਈ ਪੰਜਾਬ ਭੇਜਿਆ ਸੀ, ਅਤੇ ਇਸ ਧਰਮਵੀਰ ਨੇ ਪੰਥ ਦੇ ਨਾਲ ਹੋਕੇ ਬਹੁਤ ਜੰਗ ਜਿੱਤੇ.

ਬਿਨੋਦੀ: ਸੰ. विनोदिन- ਵਿਨੋਦੀ. ਵਿ- ਕੌਤੁਕੀ। ੨. ਚਾਉ (ਉਮੰਗ) ਵਾਲਾ. "ਅਨਦ ਬਿਨੋਦੀ ਖਸਮ ਹਮਾਰਾ." (ਆਸਾ ਮਃ ੫)

ਬਿਨੰਤੀ: ਬੇਨਤੀ. ਦੇਖੋ, ਬਿਨਤਿ. "ਕਰਉ ਬਿਨੰਤੀ ਮਾਨ ਤਿਆਗਉ." (ਮਾਝ ਮਃ ੫)

ਬਿੰਨ੍ਹਣਾ: ਕ੍ਰਿ- ਵੇਧਨ ਕਰਨਾ। ੨. ਪਰੋਣਾ.

ਬਿਪ: ਸੰ. ਵਿਪ੍ਰ, ਸੰਗ੍ਯਾ- ਪਿੱਪਲ ਦਾ ਬਿਰਛ। ੨. ਰਿਖਿ. ਮੁਨਿ। ੩. ਬ੍ਰਾਹਮਣ. "ਜੈਦੇਉ ਨਾਮਾ ਬਿਪ ਸੁਦਾਮਾ." (ਬਿਲਾ ਕਬੀਰ)

ਬਿਪੱਖ, ਬਿਪੱਛ: ਦੇਖੋ, ਵਿਪਕ੍ਸ਼

ਬਿਪਟ: ਵਿਸ਼ੇਸ਼ ਕਰਕੇ ਪੁੱਟਣ (ਉਖੇੜਨ) ਦੀ ਕ੍ਰਿਯਾ. "ਸੈਨ ਕੋ ਬਿਪਟ ਡਾਰਜੋ." (ਕ੍ਰਿਸਨਾਵ) ੨. ਬਿਨਾ ਪਟ (ਵਸਤ੍ਰ), ਨੰਗਾ। ੩. ਪਟ (ਕਿਵਾੜ) ਬਿਨਾ.

ਬਿਪਣ: ਦੇਖੋ, ਵਿਪਣ.

ਬਿਪਤ, ਬਿਪਤਿ, ਬਿਪਦ, ਬਿਪਦਾ: ਸੰ. विपत्ति- विपद्- ਵਿਪੱਤਿ ਅਤੇ ਵਿਪਦ. ਸੰਗ੍ਯਾ- ਮੁਸੀਬਤ. ਆਪਦ. "ਬਿਪਤਿ ਤਹਾਂ, ਜਹਾਂ ਹਰਿ ਸਿਮਰਨ ਨਾਹੀਂ. (ਗਉ ਮਃ ੫) ੨. ਬਰਬਾਦੀ. ਤਬਾਹੀ.

ਬਿਪਨ: ਸੰ. ਵਿਪਿਨ. ਸੰਗ੍ਯਾ- ਜੰਗਲ. ਵਨ "ਖੋਜਨ ਲਗੇ ਬਿਪਨ ਤਤਕਾਲਾ." (ਨਾਪ੍ਰ) ੨. ਦੇਖੋ, ਵਿਪਣ.

ਬਿਪਨੀ: ਸੰ. ਵਿਪਣਿ. ਸੰਗ੍ਯਾ- ਪਣ੍ਯ (ਸੌਦੇ) ਦਾ ਅਸਥਾਨ. ਜਿੱਥੇ ਲੈਣ ਦੇਣ ਕਰੀਏ, ਹੱਟ. ਦੁਕਾਨ. "ਅਸਟਾਪਦ ਸਮ

ਬਿਪਨੀ ਭੂਰੀ." (ਨਾਪ੍ਰ) ਅਸ਼੍ਰਾਪਦ (ਚੌਪੜ) ਸਮਾਨ ਬਹੁਤ ਦੁਕਾਨਾਂ, ਅਰਥਾਤ ਚੌਪੜ ਦੀ ਸ਼ਕਲ ਦਾ ਬਾਜ਼ਾਰ.

ਬਿਪਰਜੈ: ਦੇਖੋ, ਵਿਪਰਯਯ.

ਬਿਪਰੀਤ: ਸੰ. ਵਿਪਰੀਤ. ਵਿ- ਉਲਟਾ. ਪ੍ਰਤਿਕੂਲ. ਵਿਰੁੱਧ.

ਬਿਪਰੀਤਬੁੱਧਿ: ਵਿਪਰੀਤ (ਉਲਟੀ) ਸਮਝ, ਅਸਲੀਯਤ ਤੋਂ, ਉਲਟ ਜਾਣਨ ਵਾਲੀ ਬੁੱਧਿ.

ਬਿਪਰੀਤਿ: ਸੰਗਯਾ- ਵੈਪਰੀਤਯ. ਵਿਪਰੀਤਤਾ ਦੇਖੋ, ਬਿਪਰੀਤ. "ਦੁਤੀਆਭਾਉ ਬਿਪਰੀਤਿ ਅਨੀਤਿ ਦਾਸਾ ਨਹਭਾਵਏ ਜੀਉ." (ਸ੍ਰੀ ਛੰਤ ਮਃ ੫) "ਸੰਤ ਕੀ ਨਿੰਦਾ ਸਾਯਤ ਕੀ ਪੂਜਾ, ਐਸੀ ਦ੍ਰਿੜੀ ਬਿਪਰੀਤਿ." (ਧਨਾ ਮਃ ੫) "ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ, ਮਨਿ ਨ ਮਨੀ ਬਿਪਰੀਤਿ." (ਮਾਰੂ ਅਃ ਮਃ ੫) ਪ੍ਰਿਥਿਵੀ ਪੁਰ ਵਿਸ਼੍ਰਾ ਮੂਤ੍ਰ ਸਿਟਦੇ ਹਨ, ਜ਼ਰਾ ਜ਼ਰਾ ਖੋਦਦੇ ਹਨ, ਪਰ ਮਨ ਵਿੱਚ ਵਿਰੋਧਭਾਵ ਨਹੀਂ ਮੰਨਦੀ.

ਬਿਪਲ: ਸੰ. ਵਿਪੁਲ. ਵਿ- ਫੈਲਿਆ ਹੋਇਆ. ਵਿਸ੍ਤਾਰ ਸਹਿਤ। ੨. ਅਗਾਧ. ਬਹੁਤ ਡੂੰਘਾ। ੩. ਬਹੁਤ. ਅਧਿਕ. "ਬਿਪਲ ਬਸਤ੍ਰ ਕੇਤੇ ਹੈਂ ਪਹਿਰੇ" (ਗਉ ਕਬੀਰ) ੪. ਦੇਖੋ, ਵਪੁਲ। ੫. ਸੰ. ਵਿਪਲ, ਪਲ ਦਾ ਸੱਠਵਾਂ ਹਿੱਸਾ.

ਬਿਪਾਸ, ਬਿਪਾਸਾ: ਸੰ. ਵਿਪਾਸ਼. ਦੇਖੋ, ਬਿਆਸ ੨. "ਗੋਇੰਦਵਾਲ ਗੋਬਿੰਦਪੁਰੀ ਸਮ ਜਲਜਨ ਤੀਰ ਬਿਪਾਸ. ਬਨਾਯਉ." (ਸਵੈਯੇ ਮਃ ੪. ਕੇ)

ਬਿਪਾਕ: ਸੰ. ਵਿਪਾਕ. ਸੰਗਯਾ- ਪੱਕਣ ਦਾ ਭਾਵ। ੨. ਪਚਣਾ। ੩. ਪਸੀਨਾ. ਮੁੜ੍ਹਕਾ ੪. ਕਰਮ ਦਾ ਫਲ। ੫. ਉਮਰ. ਆਯੁ। ੬. ਭੋਗਣ ਲਾਇਕ ਪਦਾਰਥ। ੭. ਵਿ- ਵਿ- ਪਾਕ. ਵਿ ਸੰਸਕ੍ਰਿਤ, ਪਾਕ ਫ਼ਾਰਸੀ. ਬਹੁਤ ਪਵਿਤ੍ਰ. "ਪਾਕ ਬਿਪਾਕ ਰਹੀਮ ਕਬੀਰ." (ਗੁਪ੍ਰਸੂ) ਪਵਿਤ੍ਰਾਂ ਤੋਂ ਅਤਿ ਪਵਿਤ੍ਰ.

ਬਿਪਾਤ: ਵਿ- ਵਿਪਾਤ. ਬਹੁਤ ਡਿਗਿਆ ਹੋਇਆ. ਪਤਨ ਹੋਇਆ। ੨. ਸੰਗਯਾ- ਗਿਰਾਉ। ੩. ਪਤ੍ਰਹੀਨ.

ਬਿਪਾਰ: ਦੇਖੋ, ਬਪਾਰ ਅਤੇ ਵਯਾਪਾਰ.

ਬਿਪੁ: ਦੇਖੋ, ਬਿਪ। ੨. ਵਿਪਯੰਯ. ਉਲਟ. ਖ਼ਿਲਾਫ਼. "ਜਿਸੁ ਜਨ ਊਪਰਿ ਤੇਰੀ ਕਿਰਪਾ, ਤਿਸ ਕੋਊ ਬਿਪੁ ਨ ਕੋਈ ਭਾਖੈ. (ਆਸਾ ਮਃ ੫)

ਬਿਪੁਲ: ਦੇਖੋ, ਬਿਪਲ ਅਤੇ ਵਿਪੁਲ਼.

ਬਿਪ੍ਰ: ਦੇਖੋ, ਬਿਪ. "ਬਿਪ੍ਰ ਸੁਦਾਮੇ ਦਾਲਦੁ ਭੰਜ." (ਬਸੰ ਅਃ ਮਃ ੫)

ਬਿਪ੍ਰਚਿੰਤਾਨ: ਵਿਪ੍ਰਚਿੱਤਿ ਦੀ ਸੰਤਾਨ. ਦਾਨਵ. ਵਿਪ੍ਰਚਿੱਤਿ ਦਨੁ ਦੇ ਗਰਭ ਤੋਂ ਕਸ਼ਯਪ ਦਾ ਪੁਤ੍ਰ ਸੀ, ਜੋ ਦਾਨਵਾਂ ਦਾ ਪ੍ਰਧਾਨ ਹੋਇਆ. ਸਮੁੰਦਰ ਰਿੜਕਣ ਸਮੇਂ ਜੋ ਦੇਵ ਦੈਤਾਂ ਦਾ ਝਗੜਾ ਹੋਇਆ, ਉਸ ਵਿੱਚ ਇਹ ਮੁਖੀਆ ਸੀ. ਰਾਹੁ ਇਸੇ ਦਾ ਪੁਤ੍ਰ ਸੀ. "ਤੁਹੀ ਬਿਪ੍ਰਚਿੰਤਾਨ ਹੂੰ ਕੋ ਚਬੈਹੈਂ." (ਚਰਿਤ੍ਰ ੧) ਵਿਪ੍ਰਚਿੱਤੀ ਦੀ ਸੰਤਾਨ (ਦਾਨਵਾਂ) ਨੂੰ ਚੱਬੇਂਗੀ.

ਬਿਪ੍ਰਚਿੱਤਿ: ਦੇਖੋ, ਬਿਪ੍ਰਚਿੰਤਾਨ. "ਬਿਪ੍ਰਚਿੱਤਿ ਤੇ ਆਦਿ ਅਪਾਰਾ." (ਨਾਪ੍ਰ)

ਬਿਪ੍ਰੀਤ: ਵਿਪਰੀਤ. ਉਲਟ. ਦੇਖੋ, ਬਿਪਰੀਤ. "ਕਹੂੰ ਬੇਦਰੀਤਿ, ਕਹੂੰ ਤਾ ਸਿਉ ਬਿਪ੍ਰੀਤ." (ਅਕਾਲ)

ਬਿਪ੍ਰੈ: ਵਿ- ਵਿਪਯੰਯ. ਉਲਟ. ਖ਼ਿਲਾਫ਼. "ਕਹਿਤਭਯੋ ਬਿਪ੍ਰੈ ਹੀ ਫੇਰ." (ਗੁਪ੍ਰਸੂ)

ਬਿਬ: ਵਿ- ਦ੍ਵਿ. ਦੂਜਾ. "ਹਰਿ ਹਰਿਜਨ ਦੁਇ ਏਕ ਹੈਂ ਬਿਬ ਬਿਚਾਰ ਕਿਛੁ ਨਾਹਿ." (ਵਿਚਿਤ੍ਰ) "ਬਿਬਹਿ ਨ ਜਾਨਸਿ ਕੋਈ." (ਆਸਾ ਧੰਨਾ)

ਬਿੰਬ: ਸੰ. ਬਿੰਬ ਅਤੇ ਵਿੰਬ. ਸੰਗ੍ਯਾ- ਪ੍ਰਤਿਬਿੰਬ. ਛਾਇਆ. ਅਕਸ। ੨. ਉਹ ਵਸ੍ਤੁ, ਜਿਸ ਦਾ ਪ੍ਰਤਿਬਿੰਬ (ਅਕਸ) ਪੈਂਦਾ ਹੈ, "ਜਿਉ ਪ੍ਰਤਿਬਿੰਬ, ਬਿੰਬ ਕਉ ਮਿਲੀ ਹੈ." (ਆਸਾ ਕਬੀਰ) ੩. ਕਮੰਡਲੁ। ੪. ਸੂਰਜ ਦਾ ਮੰਡਲ (ਦਾਯਰਾ). ੫. ਜਲ. "ਬਿੰਬ ਬਿਨਾ ਕੈਸੇ ਕਪਰੇ ਧੋਈ?" (ਗੌਂਡ ਕਬੀਰ) ਦੇਖੋ, ਬਾਣੀ ੧। ੬. ਬੁਲਬੁਲਾ, ਬੁਦਬੁਦਾ. "ਜਿਨਿ ਬਿੰਬ ਕਾ ਕੋਟੁ ਉਸਾਰਿਆ." (ਸੂਹੀ ਛੰਤ ਮਃ ੧) ਜਿਸ ਨੇ ਵੀਰਯ ਅਤੇ ਰਜ ਦੇ ਬੁਲਬੁਲੇ ਤੋਂ ਸ਼ਰੀਰਰੂਪ ਕੋਟ ਉਸਾਰਿਆ। ੭. ਰਕਤਫਲਾ. ਕੁੰਦਰੁ ਫਲ, ਜਿਸ ਦਾ ਰੰਗ ਲਾਲ ਹੁੰਦਾ ਹੈ, ਕਵਿ ਜਨ ਇਸ ਦੀ ਉਪਮਾਂ ਹੇਠਾਂ ਨੂੰ ਦਿੰਦੇ ਹਨ. Boswellia thurifera. "ਗੇਂਦਾ ਕਲਗਾ ਬਿੰਬ ਬਿਧੂਪ." (ਗੁਪ੍ਰਸੂ) ੮. ਕੈਲਾਸ ਪਰਵਤ. "ਬਿੰਬ ਸੁਮੇਰੁ ਮਹਾਂ ਗਰਜਾਯੋ." (ਕ੍ਰਿਸਨਾਵ) ੯. ਡਿੰਗ. ਸੂਰਜ.

ਬਿਬਸ: ਦੇਖੋ, ਬੇਬਸ.

ਬਿਬਹਾਰ: ਦੇਖੋ, ਬਿਉਹਾਰ ਅਥੇ ਵਜਵਹਾਰ.

ਬਿਬਧਾਸਤ੍ਰ: ਵਿਵਿਧ (ਅਨੇਕ ਪ੍ਰਕਾਰ ਦੇ) ਅਸਤ੍ਰ ਕਈ ਤਰਾਂ ਦੇ ਹਥਿਆਰ. "ਬਿਬਧਾਸਤ੍ਰ ਬਰਖੇ." (ਚੰਡੀ ੨)

ਬਿਬਰ: ਸੰ. ਵਿਵਰ. ਸੰਗ੍ਯਾ- ਛਿਦ੍ਰ. ਸੁਰਾਖ਼. ਛੇਕ। ੨. ਖੁੱਡ ਬਿਲ। ੩. ਦੋਸ਼. ਐਬ.

ਬਿੰਬਰ: ਸੰਗ੍ਯਾ- ਵਿੰਬ. ਬੁਦਬੁਦਾ. ਬੁਲਬੁਲਾ। "ਬਾਰਿਦਧਾਰ ਪਰੈ ਧਰਨੀ ਮਨੁ ਬਿੰਬਰ ਹ੍ਵੈ ਮਿਟਕੈ ਜੁ ਗਏ ਹੈਂ." (ਚੰਡੀ ੧)

ਬਿਬਰਖਣ: ਵਿਵਰ੍ਸ਼ੰਣ. ਬਹੁਤ ਵਰਸਣਾ. ਜ਼ੋਰ ਨਾਲ ਵਰ੍ਹਣਾ. "ਸਰਧਾਰ ਬਿਬਰਖਣ." (ਅਕਾਲ)

ਬਿਬਰਜਨ: ਸੰ. विवर्ज्जन- ਵਿਵਰ੍ਜੰਨ. ਵਿਸ਼ੇਸ਼ ਕਰਕੇ ਰੋਕਣਾ। ੨. ਤਿਆਗ ਕਰਨਾ। ੩. ਚੰਗੀ ਤਰਾਂ ਮਾਰਨਾ (ਕੁੱਟਣਾ).

ਬਿਬਰਜਿਤ: ਸੰ. ਵਿਵਰ੍ਜਿੰਤ. ਵਿ- ਨਿਸ਼ੇਧ ਕੀਤਾ. ਮਨਅ਼ ਕੀਤਾ. "ਜੋ ਬਿਬਰਜਿਤ, ਤਿਸ ਸਿਉ ਨੇਹ." (ਗਉ ਮਃ ੫) "ਉਸਤਤਿ ਨਿੰਦਾ ਦੋਊ ਬਿਬਰਜਿਤ." (ਕੇਦਾ ਕਬੀਰ) ੨. ਤਿਆਗਿਆ. ਛੱਡਿਆ.

ਬਿਬਰਣ, ਬਿਬਰਨ: ਸੰ. ਵਿਵਰ੍ਣੰ. ਵਿ- ਬਦਰੰਗ. ਬੁਰਾ ਵਰ੍ਣੰ. "ਪਰੀ ਬਿਬਰਨ ਹੋਇ ਅਤਿ ਖੇਦਾ" (ਨਾਪ੍ਰ)

ਬਿਬਰਾਵਾ: ਵਿਵ੍ਰਿਤ ਕੀਤਾ. ਫੈਲਾਇਆ. ਬਿਖੇਰਿਆ. "ਸਿਰ ਕੇ ਕਚ ਬਿਬਰਾਵਾ." (ਨਾਪ੍ਰ) ਕੇਸ਼ ਬਿਖੇਰੇ.

ਬਿਬਲ, ਬਿਬਲੁ: ਵਿ- ਬਿਨਾ ਬਲ. ਕਮਜ਼ੋਰ. ਭਾਵ- ਆਤਮਿਕ ਬਲ ਰਹਿਤ. ਜਿਸ ਵਿੱਚ ਇਖ਼ਲਕ਼ੀ ਕਮਜ਼ੋਰੀ ਹੈ. "ਬਾਬਾ, ਐਸਾ ਬਿਖਮ ਜਲਿ ਮਨੁ ਵਾਸਿਆ। ਬਿਬਲੁ ਝਾਗਿ ਸਹਜਿ ਪਰਗਾਸਿਆ." (ਪ੍ਰਭਾ ਮਃ ੧) ਹੇ ਬਾਬਾ! ਮਾਯਾ ਦੇ ਪ੍ਰਬਲ ਜਾਲ ਵਿਚ ਮਨ ਐਸਾ ਵਸ਼ ਆਇਆ ਹੈ, ਮਾਨੋ ਕਮਜ਼ੋਰ ਝਖ (ਮੱਛੀ) ਨੂੰ ਮਾਹੀਗੀਰ ਨੇ ਸਰਜੇ ਹੀ ਪ੍ਰਗ੍ਰਸ (ਫੜ) ਲਿਆ ਹੈ.

ਬਿਬਾਕ, ਬਿਬਾਕਾ: ਫ਼ਾ. بیباک ਬੇਬਾਕ. ਵਿ- ਨਿਭਰ. ਬੇਖ਼ੌਫ. ਦੇਖੋ, ਬੇਬਾਕ। ੨. ਫ਼ਾ. بیباقی ਬੇਬਾਕ਼. ਬਾਕ਼ੀ ਬਿਨਾ. ਲੈਣ ਦੇਣ ਦੇ ਹਿਸਾਬ ਤੋਂ ਬਰੀ. "ਜਮ ਤੇ ਭਏ ਬਿਬਾਕਾ." (ਧਨਾ ਮਃ ੫) ੩. ਸੰ. ਵਿਵਾਕ. ਸੰਗ੍ਯਾ- ਫੈਸਲਾ ਕਰਨ ਵਾਲਾ। ੪. ਗੂੰਗਾ.

ਬਿਬਾਣ: ਦੇਖੋ, ਬੇਬਾਣ। ੨. ਦੇਖੋ, ਵਿਮਾਨ.

ਬਿਬਾਣਗੜ੍ਹ: ਦੇਖੋ, ਵਿਮਾਨਗੜ੍ਹ.

ਬਿਬਾਦ: ਸੰ. ਵਿਵਾਦ. ਸੰਗ੍ਯਾ- ਵਿਰੁੱਧ ਕਥਨ. ਝਗੜਾ. ਕਲਹ. "ਭਾਈ ਮੀਤ ਕੁਟੰਬ ਦੇਖਿ ਬਿਬਾਦੇ." (ਆਸਾ ਮਃ ੫)

ਬਿਬਾਦੀ: ਸੰ. विवादिन्- ਵਿਵਾਦੀ. ਵਿ- ਝਗੜਾਲੂ. ਵਿਰੁੱਧ ਵਾਦ ਕਰਨਾ ਵਾਲਾ। ੨. ਸੰਗ੍ਯਾ- ਸੰਗੀਤ ਅਨੁਸਾਰ ਉਹ ਸ੍ਵਰ, ਜਿਸ ਦੇ ਲਾਉਣ ਤੋਂ ਰਾਗ ਦੇ ਸਰੂਪ ਵਿੱਚ ਦੂਜੇ ਰਾਗ ਦੀ ਝਲਕ ਆਪਵੇ, ਜੈਸੇ ਸ਼ੁੱਧ ਨਿਸ਼ਾਦ ਹਿੰਡੋਲ ਅਤੇ ਬਸੰਤ ਵਿੱਚ ਵਿਵਾਦੀ ਹੈ। ੩. ਉਹ ਸ੍ਵਰ, ਜਿਸਦੇ ਲਗਣ ਨਾਲ ਰਾਗ ਦੀ ਸ਼ਕਲ ਵਿਗੜ ਜਾਵੇ, ਜੈਸੇ- ਹਿੰਡੋਲ ਵਿੱਚ ਰਿਖਭ ਅਤੇ ਪੰਚਮ ਹੈ. ਦੇਖੋ, ਸੁਰ.

ਬਿਬਾਨ: ਦੇਖੋ, ਵਿਮਾਨ.

ਬਿਬਾਨਗਤ: ਸੰਗਜਾ- ਵਿਮਾਨਗਤ. ਦੇਵਤੇ, ਜੋ ਵਿਮਾਨ ਦੀ ਸਵਾਰੀ ਕਰਦੇ ਹਨ. "ਤਬ ਬੋਲੇ ਬਿਬਾਨਗਤ ਸਾਰੇ." (ਗੁਪ੍ਰਸੂ)

ਬਿਬਾੜ: ਸੰਗਜਾ- ਫੈਸਲਾ. ਬੇਬਾਕੀ. ਨਿਬੇੜਾ। ੨. ਦੇਖੋ, ਬਿਆੜ ੨। ੩. ਦੇਖੋ, ਬੁਆੜ.

ਬਿਬਿ: ਦੇਖੋ, ਬਿਬ.

ਬਿਬਿਧ: ਸੰ. ਵਿਵਿਧ. ਵਿ- ਅਨੇਕ ਪ੍ਰਕਾਰ. ਕਈ ਤਰਹ। ੨. ਅਨੇਕ. ਬਹੁਤ. "ਘਟ ਭੀਤਰਿ ਬਿਬਿਧ ਬਿਕਾਰ." (ਗਉ ਰਵਿਦਾਸ)

ਬਿਬਿਧਾਨ: ਵਿਵਿਧ- ਅੰਨ. ਅਨੇਕ ਪ੍ਰਕਾਰ ਦੇ ਭੋਜਨ. "ਏਕ ਹੀ ਗੇਹੂੰ ਸੇ ਹੱਤ ਨਾਨਾ ਬਿਬਧਾਨੀਐ." (ਭਾਗੁ ਕ੍) ੨. ਦੇਖੋ, ਵਜਵਧਾਨ.

ਬਿਬਿਧਾਯੁਧ: ਵਿਵਿਧ- ਆਯੁਧ. ਅਨੇਕ ਪ੍ਰਕਾਰ ਦੇ ਸ਼ਸਤ੍ਰ.

ਬਿੰਬੁ: ਦੇਖੋ, ਬਿੰਬ। ੨. ਬੁਲਬੁਲਾ. ਬੁਦਬੁਦਾ. ਦੇਖੋ, ਬਿੰਬ ੬. "ਜਲ ਵਿਚਹੁ ਬਿੰਬੁ ਉਠਾਲਿਓ, ਜਲ ਮਾਹਿ ਸਮਾਈਆ." (ਮਃ ੫. ਵਾਰ ਮਾਰੂ ੨)

ਬਿਬੁਧ: ਸੰ. ਵਿਸ਼ੁਧ. ਵਿ- ਬਹੁਤ ਦਾਨਾ। ੨. ਸੰਗਜਾ- ਦੇਵਤਾ.

ਬਿਬੁਧਬਨ: ਸੰਗਜਾ- ਵਿਬੁਧ (ਦੇਵਤਿਆਂ ਦਾ) ਵਨ ਦੇਵਵਨ. ਨੰਦਨ ਦੇਖੋ, ਦੇਵੋਦਜਾਨ। ੨. ਵਿਬੁਧ (ਵਿਦ੍ਵਾਨਾਂ ਦਾ) ਵਨ, ਹ੍ਰਿਸ਼ੀਕੇਸ਼. "ਬਿਬੁਧਬਨ ਦੇਵਸ੍ਥਲ ਕੈਲਾਸ." (ਭਾਗੁ ਕ) ੩. ਨੈਮਿਸ਼ਾਰਣਜ. ਦੇਖੋ, ਨੈਮਿਸ ਅਤੇ ਲੋਮਹਰਖਣ.

ਬਿਬੇਕ: ਸੰ. ਵਿਵੇਕ. ਸੰਗਜਾ- ਵਸ੍ਤੁ ਦੇ ਠੀਕ- ਠੀਕ ਸ੍ਵਰੂਪ ਦਾ ਨਿਸ਼੍ਚਯ ਕਰਨਾ. ਵਿਚਾਰੋ "ਕਬੀਰ ਰਾਮੈ ਰਾਮ ਕਹੁ, ਕਹਿਬੇ ਮਾਹਿ ਬਿਬੇਕ." (ਸਃ) ੨. ਖ਼ਾ. ਸਿੱਖਧਰਮ ਦੇ ਨਿਯਮਾਂ ਦੀ ਦ੍ਰਿੜ੍ਹ ਧਾਰਨਾ। ੩. ਧਾਰਮਿਕ ਫ਼ੈਸਿਲਾ.

ਬਿਬੇਕਸਰ: ਦੇਖੋ, ਅਮ੍ਰਿਤਸਰ.

ਬਿਬੇਕਦੀਪ: ਵਿਚਾਰਰੂਪ ਦੀਵਾ. ਗਜਾਨ ਦੀ ਰੌਸ਼ਨੀ. "ਬਿਬੇਕ ਦੀਪ ਮਲੀਨ." (ਆਸਾ ਰਵਿਦਾਸ)

ਬਿਬੇਕਵਾਰਧਿ: ਦੇਖੋ. ਰਹਿਤਨਾਮਾ.

ਬਿਬੇਕਬੁਧਿ, ਬਿਬੇਕਬੁਧੀ: ਸੰਗਜਾ- ਵਿਵੇਕਬੁੱਧਿ. ਵਿਚਾਰਬੁੱਧਿ. ਯਥਾਰਥ ਜਾਣਨ ਦੀ ਸਮਝ. ਸਤਜ ਅਸਤਜ ਦਾ ਵਿਚਾਰ. ਪ੍ਰਕ੍ਰਿਤਿ ਅਤੇ ਬ੍ਰਹਮ ਦਾ ਯਥਾਰਥ ਗਿਆਨ. "ਬਿਬੇਕਬੁਧਿ ਸਤਿਗੁਰੁ ਤੇ ਪਾਈ" (ਟੋਢੀ ਮਃ ੪) ੨. ਵਿ- ਵਿਵੇਕਬੁੱਧਿ ਵਾਲਾ. "ਬਿਬੇਕਬੁਧੀ ਸੁਖਿ ਰੈਣਿ ਵਿਹਾਣੀ." (ਸੂਹੀ ਛੰਤ ਮਃ ੩) ਰਾਤ੍ਰੀ ਤੋਂ ਭਾਵ ਅਵਸ੍ਥਾ ਹੈ.

ਬਿਬੇਕੀ: विवेकिन- ਵਿਵੇਕੀ ਵਿ- ਵਿਚਾਰ ਵਾਲਾ. ਵਸ੍ਤੁ ਦੀ ਅਸਲੀਯਤ ਜਾਣਨ ਵਾਲਾ। ੨. ਖ਼ਾ. ਸਿੱਖਧਰਮ ਦੇ ਨਿਯਮਾਂ ਦੀ ਦ੍ਰਿੜ੍ਹ ਧਾਰਨਾ ਵਾਲਾ। ੩. ਸ੍ਵਯੰਪਾਕੀ ਨੂੰ ਭੀ ਕਈ ਬਿਬੇਕੀ ਆਖਦੇ ਹਨ.

ਬਿਬੇਕੁ: ਦੇਖੋ, ਬਿਬੇਕ। ੨. ਦੇਖੋ, ਬਿਬੇਕੀ ੧. "ਬਿਬੇਕੁ ਗੁਰੂ ਗੁਰੂ ਸਮਦਰਸੀ." (ਨਟ ਅਃ ਮਃ ੪)

ਬਿਬੈਰ: ਵਿ- ਵਿਨਾ ਵੈਰ. ਨਿਰਵੈਰ. "ਸੰਤਸਰੂਪ ਬਿਬੈਰ ਕਹਾਇ." (੩੩ ਸਵੈਯੇ)

ਬਿਬੋਕ: ਦੇਖੋ, ਵਿੱਵੋਕ.

ਬਿਭਉ: ਸੰ. ਵਿਭਵ. ਸੰਗਜਾ- ਧਨ. ਦੌਲਤ। ੨. ਐਸ਼੍ਵਰਯ. ਵਿਭੂਤਿ। ੩. ਮੋਕ੍ਸ਼ ਮੁਕਤਿ। ੪. ਵਿਹਿਨਾ ਭਉ. ਨਿਰਭੈ. "ਆਪਨ ਬਿਭਉ ਆਪ ਹੀ ਜਰਨਾ." (ਬਿਲਾ ਮਃ ੫) ਆਪ ਹੀ ਭੈ ਬਿਨਾ ਹੈ, ਆਪ ਹੀ ਦੰਡ ਸਹਾਰਨ ਵਾਲਾ ਹੈ.

**ਬਿਭਚਾਰ, ਬਿਭਚਾਰੀ:** ਸੰ. ਵਜਭਿਚਾਰੀ. ਸੰਗਜਾ- ਨਿੰਦਿਤ (ਬੁਰਾ) ਆਚਾਰ (ਚਲਨ). ੨. ਪਰਪੁਰਖ ਅਥਵਾ ਪਰਇਸਤ੍ਰੀ ਗਮਨ। ੩. ਨਜਾਯ ਅਨੁਸਾਰ ਹੇਤੁ ਦਾ ਇੱਕ ਦੋਸ਼. ਸੰ. व्यभिचारिन्- ਵਜਭਿਚਾਰੀ. ਵਿ- ਕੁਕਰਮੀ. ਬੁਰੇ ਚਾਲ ਚਲਨ ਵਾਲਾ। ੨. ਪਰ ਇਸਤ੍ਰੀ ਗਾਮੀ। ੩. ਵਜਭਿਚਾਰ ਦੋਸ਼ ਵਾਲਾ ਹੇਤੁ.

**ਬਿਭਰਮ:** ਦੇਖੋ, ਵਿਭ੍ਰਮ.

**ਬਿਭਲ:** ਵਜਾਕੁਲ. ਦੇਖੋ, ਵਿਹ੍ਵਲ.

**ਬਿਭਾ:** ਸੰ. ਵਿਭਾ. ਸੰਗਜਾ- ਕਿਰਣ। ੨. ਰੌਸ਼ਨੀ. ਚਮਕ.

**ਬਿਭਾਸ:** ਸੰ. ਵਿਭਾਸ ਸੰਗਜਾ- ਚਮਕ. ਪ੍ਰਕਾਸ਼ "ਜਨੁ ਰਾਤਿ ਕੇ ਦੂਰਿ ਬਿਭਾਸ ਦਸੋ ਦਿਸ." (ਚੰਡੀ ੧) ੨. ਸ਼ੋਭਾ। ੩. ਇੱਕ ਤੀਰਥ, ਜਿਸ ਦਾ ਨਾਮ ਪ੍ਰਭਾਸ ਭੀ ਹੈ, ਦੇਖੋ, ਸੋਮਨਾਥ। ੪. ਇੱਕ ਰਾਗ, ਜੋ ਭੈਰਵ ਨਾਟ ਦਾ ਔੜਵ ਹੈ. ਸ਼ੜਜ ਗਾਂਧਾਰ ਅਤੇ ਪੰਚਮ ਸ਼ੁੱਧ, ਧੈਵਤ ਅਤੇ ਰਿਸ਼ਭ ਕੋਮਲ ਹਨ. ਵਾਦੀ ਧੈਵਤ ਅਤੇ ਗਾਂਧਾਰ ਸੰਵਾਦੀ ਹੈ. ਮੱਧਮ ਅਤੇ ਨਿਸ਼ਾਦ ਵਰਜਿਤ ਹਨ. ਗਾਉਣ ਦਾ ਸਮਾਂ ਅਮ੍ਰਿਤ ਵੇਲਾ ਹੈ.

ਆਰੋਹੀ- ਸ਼ ਰਾ ਗ ਪ ਧਾ ਸ਼.

ਅਵਰੋਹੀ- ਸ਼ ਧਾ ਪ ਗ ਰਾ ਸ਼.

ਕਈ ਬਿਭਾਸ ਵਿੱਚ ਤੀਵ੍ਰ ਮੱਧਮ ਭੀ ਲਾ ਦਿੰਦੇ ਹਨ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਪ੍ਰਭਾਤੀ ਨਾਲ ਮਿਲਕੇ ਆਇਆ ਹੈ.

**ਬਿਭਾਕਰ:** ਦੇਖੋ, ਵਿਭਾਕਰ.

**ਬਿਭਾਗ:** ਦੇਖੋ, ਵਿਭਾਗ.

**ਬਿਭਾਂਡਕ, ਬਿਭਾਂਡਵ:** ਦੇਖੋ, ਵਿਭਾਂਡਕ.

**ਬਿਭਾਵ:** ਦੇਖੋ, ਵਿਭਾਵ.

**ਬਿਭਾਵਰਿ, ਬਿਭਾਵਰੀ:** ਸੰ. ਵਿਭਾਵਰੀ. ਸੰਗਜਾ- ਰਾਤ. ਰਾਤ੍ਰਿ. ਭਈ ਬਿਭਾਵਰਿ ਗੁਰੂ ਗ੍ਰਿਹ ਅਯੱ." (ਨਾਪ੍ਰ) "ਸੇਵਾ ਕਰੀ ਬਿਭਾਵਰੀ." (ਨਾਪ੍ਰ)

**ਬਿਭੀਖਣ:** ਦੇਖੋ, ਬਭੀਖਣ ਅਤੇ ਭਭੀਖਣ.

**ਬਿਭੁ:** ਦੇਖੋ, ਵਿਭੁ.

**ਬਿਭੁਗਤ:** ਸੰ. ਵਿਭੁਕ੍ਤ. ਵਿ- ਚੰਗੀ ਤਰਾਂ ਭੋਗਿਆ ਹੋਇਆ ਭੋਗਿਆ. ਵਰਤਿਆ। ੨. ਸੰ. ਵਿਭਕ੍ਤ. ਵੰਡਿਆ ਹੋਇਆ. ਜੁਦਾ ਕੀਤਾ. ਵਿਭਿੰਨ. "ਬਿਭੁਗਤ ਸਰੂਪ ਹੈ। ਪ੍ਰਜੁਗਤ ਅਨੂਪ ਹੈ." (ਜਾਪੁ) ਭਿੰਨ ਅਤੇ ਪ੍ਰਯੁਕ੍ਤ (ਮਿਲਿਆ ਹੋਇਆ ਹੈ. )

**ਬਿਭੂਖਨ:** ਸੰ. ਵਿਭੂਸ਼ਣ ਸੰਗਜਾ- ਉਹ ਵਸ੍ਤੁ, ਜਿਸ ਨਾਲ ਸ਼ੋਭਾ ਅਧਿਕ ਹੋਵੇ। ੨. ਗਹਿਣਾ. ਜ਼ੇਵਰ. "ਬਨਮਾਲਾ ਬਿਭੂਖਨ ਕਮਲਨੈਨ." (ਮਾਰੂ ਸੋਲਹੇ ਮਃ ੫) ੩. ਸ਼ੋਭਾ. ਛਬਿ.

**ਬਿਭੂਤ, ਬਿਭੂਤਿ:** ਸੰ. ਵਿਭਤਿ. ਸੰਗਜਾ- ਸੰਪਦਾ. ਐਸ਼੍ਵਰਯ. ਧਨ. ਦੌਲਤ. "ਮਾਲਾ ਫੇਰੈ, ਮੰਗੈ ਬਿਭੂਤ." (ਰਾਮ ਮਃ ੫) "ਕਰਹਿ ਬਿਭੂਤਿ, ਲਗਾਵਹਿ ਭਸਮੈ." (ਮਾਰੂ ਸੋਲਹੇ ਮਃ ੧) ੨. ਭਸਮ. ਰਾਖ. ਸੁਆਹ "ਗਹਿਰੀ ਬਿਭੂਤ ਲਾਇ ਬੈਠਾ ਤਾੜੀ." (ਰਾਮ ਮਃ ੫) "ਧਿਆਨ ਕੀ ਕਰਹਿ ਬਿਭੂਤਿ." (ਜਪੁ)

**ਬਿਭੇਦ, ਬਿਭੇਦੁ:** ਸੰ. ਵਿਭੇਦ. ਸੰਗਜਾ- ਭਿੰਨਤਾ. ਜੁਦਾਈ। ੨. ਤਬਦੀਲੀ. ਪਰਿਵਰਤਨ. "ਭੇਦੁ ਬਿਭੇਦੁ ਨ ਜਾਨ ਬੀਓ." (ਸਵੈਯੇ ਮਃ ੫. ਕੇ) ੩. ਵੇਧਨ. ਵਿੰਨ੍ਹਣਾ.

ਬਿਭੈ: ਸੰਗਯਾ- ਵਿਭਵ. ਸੰਪਦਾ. ਦੇਖੋ, ਬਿਭਉ. "ਸੋਭਾ ਰਾਜ ਬਿਭੈ ਵਡਿਆਈ." (ਧਨਾ ਕਬੀਰ)

ਬਿਭੈਚਾਰ: ਦੇਖੋ, ਬਿਭਚਾਰ.

ਬਿਭੋ: ਦੇਖੋ, ਬਿਭਉ.

ਬਿਭੌਰ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ ਦਾ ਪਿੰਡ ਬਿਭੌਰ ਹੈ, ਇਸ ਤੋਂ ਦੱਖਣ ਵੱਲ ਇੱਕ ਫਰਲਾਂਗ ਦੇ ਅੰਦਰ ਸ਼ਤਦ੍ਰਵ (ਸਤਲੁਜ) ਦਰਿਆ ਦੇ ਕਿਨਾਰੇ ਉੱਚੀ ਅਤੇ ਸੁੰਦਰ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦ੍ਵਾਰਾ ਹੈ. ਕਲਗੀਧਰ ਇੱਥੇ ਬਿਭੌਰ ਦੇ ਰਾਉ ਦਾ ਪ੍ਰੇਮ ਦੇਖਕੇ ਕਈ ਮਹੀਨੇ ਵਿਰਾਜੇ ਹਨ. ਕਈ ਆਖਦੇ ਹਨ ਕਿ "ਚੌਪਈ" ਦੀ ਰਚਨਾ ਇੱਥੇ ਹੀ ਹੋਈ ਹੈ.

ਗੁਰਦ੍ਵਾਰੇ ਨਾਲ ੧੭. ਘੁਮਾਉਂ ਜ਼ਮੀਨ ਇੱਥੇ ਹੈ ਅਰ ਰਾਉ ਰਤਨਚੰਦ ਦੀ ਦਿੱਤੀ ਹੋਈ ੭. ਘੁਮਾਉਂ ਚੜ੍ਹਤਗੜ੍ਹ ਵਿੱਚ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਜੇਜੋਂ ਦੁਆਬਾ ਤੋਂ ੧੭. ਮੀਲ ਪੂਰਵ ਹੈ.

ਬਿਭ੍ਰਮ: ਸੰ. ਵਿਭ੍ਰਮ. ਸੰਗਯਾ- ਭੁਲੇਖਾ। ੨. ਇੱਕ ਅਲੰਕਾਰ. ਦੇਖੋ, ਭ੍ਰਾਂਤਿ। ੩. ਸੰਦੇਹ. ਸ਼ੱਕ। ੪. ਘੁੰਮਣਾ. ਭ੍ਰਮਣ। ੫. ਸ਼ੋਭਾ। ੬. ਸੰ. विभृत- ਵਿਭ੍ਰਿਤ. ਧਾਰਣ ਕੀਤਾ, ਕੀਤੀ. "ਬਿਭ੍ਰਮ ਬਿਭੂਤ ਉੱਜਲ ਸੁ ਸੋਹ." (ਦੱਤਾਵ) ੭. ਬਿਨਾ ਭ੍ਰਮ ਹੋਣ ਦਾ ਭਾਵ. ਯਥਾਰਥ ਗਿਆਨ.

ਬਿਮਣ, ਬਿਮਨ: ਸੰ. विमनस- ਵਿ- ਮੁਰਝਾਦੇ ਮਨ. ਉਦਾਸ. "ਗਿਰੀ ਧਰਣਿ ਪਰ ਹ੍ਵੈ ਬਿਮਣ." (ਰਾਮਾਵ) "ਬਿਸਨਾਦਿਕ ਦੇਵ ਲਖੇ ਬਿਮਨੰ." (ਰਾਮਾਵ)

ਬਿਮਲ: ਸੰ. ਵਿਮਲ. ਵਿ- ਮੈਲ ਰਹਿਤ. ਨਿਰਮਲ. ਸ਼ੁੱਧ. "ਇਹੁ ਪੂਰਨ ਬਿਮਲ ਬੀਚਾਰਾ." (ਸੋਰ ਮਃ ੫) "ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮ." (ਮਾਰੂ ਮਃ ੧) ਵਿਮਲ ਕਮਲ ਨਿਰਮਲ ਜਲ ਵਿੱਚ ਵਸਦਾ ਹੈ। ੨. ਸੰਗਯਾ- ਪਾਰਬ੍ਰਹਮ. ਕਰਤਾਰ, ਜੋ ਅਵਿਦਯਾਮਲ ਤੋਂ ਰਹਿਤ ਹੈ. "ਤ੍ਰਿਕੁਟੀ ਛੂਟੀ ਬਿਮਲ. ਮਝਾਰਿ." (ਗਉ ਅਃ ਮਃ ੧) ੩. ਵਿ- ਵਿਸ਼ੇਸ਼ ਕਰਕੇ ਮੈਲ ਸਹਿਤ. ਮਹਾਂ ਮਲੀਨ. "ਆਗੈ ਬਿਮਲ ਨਦੀ ਅਗਨਿ ਬਿਖੁ ਲੇਲਾ." (ਮਾਰੂ ਸੋਲਹੇ ਮਃ ੧) ਅੱਗੇ ਵੈਤਰਣੀ ਨਦੀ ਅਤੇ ਅਗਨਿ ਤੁਲਯ ਜ਼ਹਿਰੀਲੀ ਧੁੱਪ ਹੈ.

ਬਿਮਲਸਰ: ਨਿਰਮਲ ਸਰੋਵਰ। ੨. ਭਾਵ- ਸਤਿਗੁਰੂ। ੩. ਗੁਰਉਪਦੇਸ਼. "ਗਯਾਨਗੁਰ ਬਿਮਲਸਰ ਸੰਤ ਸਿਖ ਨਾਈਐ." (ਸਵੈਯੇ ਮਃ ੪. ਕੇ) ੪. ਡਰੋਲੀਕਲਾਂ, ਜਿਲਾ ਜਲੰਧਰ ਵਿੱਚ ਇੱਕ ਗੁਰਦ੍ਵਾਰਾ, ਜੋ ਸਰਦਾਰ ਦੇਸਾ ਸਿੰਘ ਮਜੀਠੀਏ ਦੀ ਪ੍ਰੇਰਣਾ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ.

ਬਿਮਲਮਤਿ: ਵਿਮਲ (ਨਿਰਮਲ) ਬੁੱਧਿ। ੨. ਨਿਰਮਲ ਬੁੱਧਿ ਵਾਲਾ.

ਬਿਮਲਾਨਦੀ: ਦੇਖੋ, ਬਿਮਲ ੩. "ਬਿਮਲਾਨਦੀ ਉਲਟੀ ਤਰੈ." (ਰਤਨਮਾਲਾ ਬੰਨੋ) ਆਪਾਨ ਤੋਂ ਪ੍ਰਾਣ ਦਾ ਸੰਯੋਗ ਮੋੜਕੇ, ਪ੍ਰਵਾਹ ਦਸਵੇਂ ਦ੍ਵਾਰ ਵੱਲ ਕਰੇ.

ਬਿਮਾਣ: ਦੇਖੋ, ਵਿਮਾਨ.

ਬਿਮਾਤਾ: ਸੰ. विमातृ- ਵਿਮਾਤ੍ਰਿ. ਸੰਗਯਾ- ਸੌਤੇਲੀ ਮਾਂ. ਮਤੇਈ. "ਤਬ ਤਿਹ ਕਾਲ ਬਿਮਾਤਾ ਆਈ." (ਨਾਪ੍ਰ)

ਬਿਮਾਂਦ: ਫ਼ਾ. بماند ਰਹਿਗਿਆ. ਠਹਿਰਿਆ ਦੇਖੋ, ਮਾਂਦਨ.

ਬਿਮਾਨ: ਦੇਖੋ, ਵਿਮਾਨ। ੨. ਵੈਮਾਨਿਕ (ਦੇਵਤਾ) ਦੀ ਥਾਂ ਭੀ ਬਿਮਾਨ ਸ਼ਬਦ ਆਇਆ ਹੈ. "ਬਿਮਾਨ ਆਸਮਾਨ ਕੇ ਪਛਾਨ ਮੌਨ ਹ੍ਵੈਰਹੇ." (ਰਾਮਾਵ)

ਬਿਮਾਨਗੜ੍ਹ: ਦੇਖੋ, ਵ੍ਿਮਾਨਗੜ੍ਹ.

ਬਿਮੁਖ: ਦੇਖੋ, ਵਿਮੁਖ.

ਬਿਮੁਚ: ਸੰ. विमुच्- ਵਿਮੁਚ. ਛੱਡਣਾ, ਤਿਆਗਣਾ. "ਸਰਬ ਪਾਪ ਬਿਮੁਚਤੇ." (ਵਾਰ ਜੈਤ) ਦੇਖੋ, ਮੁਚ੍ ਧਾ.

ਬਿਮੁੰਚਿਤ: ਵਿ- ਵਿਮੋਚਨ ਕੀਤਾ, ਤਜਾਗਿਆ. "ਤਵ ਭੈ ਬਿਮੁੰਚਿਤ ਸਾਧਸੰਗਮ." (ਸਹਸ ਮਃ ੫)

ਬਿਮੁੰਛਤ, ਬਿਮੁੱਛਿਤ: ਵਿ- ਵਿਮੁਛਿੰਤ. ਬੇਹੋਸ਼ ਹੋਇਆ. ਮੂਰਛਾ (ਗਸ਼) ਨੂੰ ਪ੍ਰਾਪਤ ਹੋਇਆ. "ਬਿਮੁਛੰਤ ਕੈ ਸਿਸੁਪਾਲ ਗਿਰਾਯੋ." (ਕ੍ਰਿਸਨਾਵ) "ਬਿਮੁੱਛਿਤ ਹ੍ਵੈ ਫਿਰ ਜੁੱਧ ਮਚਾਯੋ." (ਕ੍ਰਿਸਨਾਵ)

ਬਿਮੁੰਡਣ: ਕ੍ਰਿ- ਵਿਮੁੰਡਨ. ਚੰਗੀ ਤਰਾਂ ਮੁੰਨਣਾ. ਬੋਦੀ ਸਮੇਤ ਮੁੰਨਣਾ। ੨. ਵਿਨਾ ਮੁੰਡ (ਸਿਰ) ਕਰਨਾ. "ਮੁੰਡ ਬਿਮੁੰਡਣ." (ਅਕਾਲ) ਮੁੰਡ ਦੈਤ ਨੂੰ ਬਿਨਾ ਸਿਰ ਕਰਨ ਵਾਲੀ.

ਬਿਮੁੰਡਿਤ: ਵਿ- ਮੁੰਡ (ਸਿਰ) ਬਿਨਾ. "ਸਤ੍ਰ ਬਿਮੁੰਡਿਤ. ਕੀਨ ਘਨੇ. (ਕ੍ਰਿਸਨਾਵ) ੨. ਚੰਗੀ ਤਰਾਂ ਮੁੰਨਿਆ ਹੋਇਆ.

ਬਿਮੋਹਨ: ਸੰ. ਵਿਮੋਹਨ. ਸੰਗਜਾ- ਚੰਗੀ ਤਰਾਂ ਗੁਮਰਾਹ ਕਰਨਾ. ਭੁਲੇਖੇ ਵਿੱਚ ਪਾਉਣਾ. "ਪਸੁ ਪੰਖੀ ਬਿਮੋਹਨਰ." (ਸਹਸ ਮਃ ੫) ੨. ਵਸ਼ ਕਰਨਾ.

ਬਿਮੋਹਿਤ: ਸੰ. ਵਿਮੋਹਿਤ. ਵਿ- ਚੰਗੀ ਤਰਾਂ ਗੁਰਾਹ ਹੋਇਆ. ਭੁਲੇਖੇ ਵਿੱਚ ਪਿਆ. "ਐਸਾ ਦੇਖਿ ਬਿਮੋਹਿਤ ਹੋਏ." (ਆਸਾ ਮਃ ੫) ੨. ਵਸ਼ ਹੋਇਆ. "ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ." (ਆਸਾ ਨਾਮਦੇਵ)

ਬਿਮੋਚਨ: ਸੰ. ਵਿਮੋਚਨ. ਆਜ਼ਾਦ ਕਰਨਾ. ਛੱਡਣਾ. ਦੇਖੋ, ਮੁਚ੍ ਧਾ.

ਬਿਯ: ਵਿ- ਦ੍ਵਿ. ਦੂਜਾ.

ਬਿਯਾ: ਫ਼ਾ. بیا ਆ. ਆਗਮਨ ਕਰ. ਆਮਦਨ ਦਾ ਅਮਰ.

ਬਿਯਾਸਾਸਨਿ: ਦੇਖੋ, ਬਜਾਸਾਸਨਿ.

ਬਿਯਾਘ੍ਰ: ਦੇਖੋ, ਵਯਾਘ੍ਰ.

ਬਿਯਾਰ: ਦੇਖੋ, ਬਯਾਰਿ ਅਤੇ ਬਿਆਲ.

ਬਿਯਾਰੀ: ਦੇਖੋ, ਬਯਾਰੀ.

ਬਿਯਾਲ: ਦੇਖੋ, ਬਯਾਰਿ ਅਤੇ ਬਿਆਲ.

ਬਿਯੂਹ: ਦੇਖੋ, ਵਯੂਹ.

ਬਿਯੋ: ਵਿ- ਪੈਦਾ ਹੋਇਆ. ਜਨਮਿਆ। ੨. ਸਿੰਧੀ- ਦੂਜਾ ਦ੍ਵਿਤੀਯ. ਦੇਖੋ, ਬੀਓ ਅਤੇ ਬੀਯੋ.

ਬਿਯੋਗ, ਬਿਯੋਗੀ: ਦੇਖੋ, ਬਿਓਗ ਅਤੇ ਬਿਓਗੀ.

ਬਿਯੋਮ: ਦੇਖੋ, ਵਜੋਮ.

ਬਿਰ: ਬਾਰ. ਦਫ਼ਹ. "ਇਕ ਬਿਰ ਤਹਿਂ ਜਹਾਜ ਫਟਗਯੋ." (ਗੁਪ੍ਰਸੂ)

ਬਿਰਹ: ਸੰ. ਵਿਰਹ. ਸੰਗਜਾ- ਜੁਦਾਈ. ਵਿਛੋੜਾ. "ਬਿਰਹਾ ਜਲਾਇਆ ਦਰਸੁ ਪਾਇਆ." (ਆਸਾ ਛੰਤ ਮਃ ੫) ੨. ਅਭਾਵ. ਨਾ ਹੋਣਾ। ੩. ਵਿਯੋਗ ਦਾ ਅਨੁਭਵ ਵਿਯੋਗ ਦੀ ਪੀੜ। वर्हिन्. (ਪੰਖਧਾਰੀ) ਦੀ ਥਾਂ ਭੀ ਬਿਰਹ ਸ਼ਬਦ ਆਇਆ ਹੈ. "ਬਿਸਿਖ ਬਿਰਹ ਬਾਨ ਸਭ ਰੂਪ." (ਸਨਾਮਾ) ਖੰਭਾਂ ਵਾਲਾ ਹੋਣ ਕਰਕੇ ਤੀਰ ਦਾ ਇਹ ਨਾਮ ਹੈ। ੫. ਮੋਰਮੁਕਟਧਾਰੀ

ਕ੍ਰਿਸ਼ਨ. ਜੋ ਮੋਰ ਦੀ ਬਹੰ (ਪੂਛ) ਦਾ ਮੁਕਟ ਧਾਰਨ ਕਰਦਾ ਹੈ. "ਪ੍ਰਿਥਮ ਬਿਰਹ ਪਦ ਉਚਰਕੈ ਪੁਨ ਕਹੁ ਸਸਤ੍ਰ ਬਿਸੇਖ." (ਸਨਾਮਾ) ਕ੍ਰਿਸ਼ਨ ਜੀ ਦਾ ਸ਼ਸਤ੍ਰ, ਚਕ੍ਰ.

ਬਿਰਹਤ: ਫਟਦਾ ਹੈ. ਪਾਟਦੀ ਹੈ. ਦੇਖੋ, ਬਿਰਹ. "ਬਿਰਹਤ ਛਾਤੀ." (ਗੁਪ੍ਰਸੂ) ੨. ਦੇਖੋ, ਬਿਰਹਿਤ.

ਬਿਰਹਨੀ: ਵਿ- ਵਿਰਹ (ਵਿਯੋਗ) ਵਾਲੀ. ਸੰ. ਵਿਰਹਿਣਾ.

ਬਿਰਹੜਾ: ਸੰਗਯਾ- ਵਿਰਹ. ਵਿਯੋਗ। ੨. ਵਿਵਿਰਹ ਵਾਲਾ ਵਿਯੋਗੀ। ੩. ਵਿਰਹ ਸੰਬੰਧੀ. "ਗਾਵਹੁ ਗੀਤਨ ਬਿਰਹੜਾ." (ਵਡ ਅਲਾਹਣੀ ਮਃ ੧)

ਬਿਰਹੜੇ: ਵਿਰਹ (ਵਿਯੋਗ) ਦਾ ਵਰਣਨ ਹੈ ਜਿਨ੍ਹਾਂ ਸ਼ਬਦਾਂ ਵਿੱਚ, ਉਨ੍ਹਾਂ ਦੀ ਖਾਸ ਸੰਗਯਾ. ਦੇਖੋ, ਆਸਾਰਾਗ ਵਿੱਚ ਗੁਰੂ ਅਰਜਨ ਦੇਵ ਜੀ ਦੇ ਤਿੰਨ ਸ਼ਬਦ, ਜੋ- "ਪਾਰਬ੍ਰਹਮ ਪ੍ਰਭੁ ਸਿਮਰੀਐ." ਪਦ ਤੋਂ ਆਰੰਭ ਹੁੰਦੇ ਹਨ.

ਬਿਰਹਾ: ਦੇਖੋ, ਬਿਰਹ ੩. "ਹੋਰ ਬਿਰਹਾ ਸਭ ਧਾਤੁ ਹੈ." (ਮਃ ੩. ਵਾਰ ਸ੍ਰੀ) "ਜਿਸੁ ਪਿੰਜਰ ਮਹਿ ਬਿਰਹਾ ਨਹੀ, ਸੋ ਪਿੰਜਰੁ ਲੈ ਜਾਰਿ." (ਮਃ ੨. ਵਾਰ ਸ੍ਰੀ) ੨. ਵਿਯੋਗ. "ਦੂਰਿਪਰਾਇਓ ਮਨ ਕਾ ਬਿਰਹਾ." (ਧਨਾ ਮਃ ੫) "ਨਾਨਕ ਸਤੀਆਂ ਜਾਣੀਅਨਿ ਜਿ ਬਿਰਹੇ ਚੋਟ ਮਰੰਨ੍ਹਿ." (ਮਃ ੩. ਵਾਰ ਸੂਹੀ)

ਬਿਰਹਾਗਨਿ: ਵਿਰਹ (ਵਿਛੋੜੇ) ਦੀ ਅਗਨਿ. ਵਿਯੋਗ ਦਾ ਤਾਪ.

ਬਿਰਹਿ: ਦੇਖੋ, ਬਿਰਹ.

ਬਿਰਹਿਣੀ: ਦੇਖੋ, ਬਿਰਹਨੀ.

ਬਿਰਹਿਤ: ਸੰ. ਵਿਰਹਿਤ. ਵਿ- ਅਲਗ ਹੋਇਆ. ਜੁਦਾ। ੨. ਤਿਆਗਿਆ ਹੋਇਆ। ੩. ਕ੍ਰਿ. ਵਿ- ਬਿਲਾ. ਬਗੈਰ.

ਬਿਰਹਿਯਾ: ਵਿ- ਵਿਯੋਗ ਦਾ ਦੁੱਖ ਦੇਣ ਵਾਲਾ. ਦੇਖੋ, ਬਿਰਹ ੩. "ਬਡੇ ਬਿਰਹਿਯਾ ਨੈਨ." (ਚਰਿਤ੍ਰ ੨੧) ੨. ਵਿਯੋਗ ਵਾਲਾ.

ਬਿਰਹੀ: ਸੰ. विरहिन्- ਵਿਰਹੀ. ਵਿ- ਜੁਦਾ ਹੋਇਆ. ਵਿਯੋਗੀ. ਵਿਛੁੜਿਆ ਹੋਇਆ। ੨. ਤਿਆਗੀ. ਸੰਨ੍ਯਾਸੀ. "ਝੜਿ ਝੜਿ ਪਵਦੇ ਕਚੇ ਬਿਰਹੀ." (ਸਵਾ ਮਃ ੫) ੩. ਵਿਯੋਗ ਦੀ ਪੀੜ ਅਨੁਭਵ ਕਰਨ ਵਾਲਾ. ਅਨੁਰਾਗੀ. ਪ੍ਰੇਮੀ. ਆਸ਼ਕ. "ਸਤਿਗੁਰੁ ਬਿਰਹੀ ਨਾਮ ਕਾ." (ਸੂਹੀ ਅਃ ਮਃ ੪) "ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ." (ਚਉਬੋਲੇ ਮਃ ੫) ੪. ਪ੍ਰਕਾਸ਼ਕ, ਪ੍ਰਕਾਸ਼ (वर्हिस्) ਦੇਣ ਵਾਲਾ. "ਮੇਰਾ ਬਿਰਹੀ ਨਾਮ ਮਿਲੈ ਤਾ ਜੀਵਾ ਜੀਉ." (ਗਉ ਮਾਝ ਮਃ ੪) ੫. ਗੁਰਬਾਣੀ ਵਿੱਚ ਪਿਆਰੇ (ਪ੍ਰਿਯ) ਲਈ ਭੀ ਬਿਰਹੀ ਸ਼ਬਦ ਵਰਤਿਆ ਹੈ.

ਬਿਰਹੁ: ਦੇਖੋ, ਬਿਰਹ। ੨. ਪ੍ਰੇਮ. ਸਨੇਹ. "ਮੈ ਮਨਿ ਤਨਿ ਬਿਰਹੁ ਅਤਿ ਅਗਲਾ." (ਸ੍ਰੀ ਮਃ ੪) "ਲਾਇ ਬਿਰਹੁ ਭਗਵੰਤ ਸੰਗੇ." (ਬਿਲਾ ਛੰਤ ਮਃ ੫)

ਬਿਰਹੈ: ਵਿਰਹ (ਵਿਯੋਗ) ਕਰਕੇ. "ਬਿਰਹੈ ਬੇਧੀ ਸਚਿ ਵਸੀ." (ਸੋਰ ਅਃ ਮਃ ੧)

ਬਿਰਕ: ਇੱਕ ਜੱਟ ਜਾਤਿ. ਦੇਖੋ, ਵਿਰਕ.

ਬਿਰਕਤ, ਬਿਰਕਤੁ: ਸੰ. ਵਿਰਕ੍ਤ. ਵਿ- ਰਕ੍ਤ (ਰੰਗ) ਬਿਨਾ।

੨. ਬਦਲੇ ਹੋਏ ਰੰਗ ਵਾਲਾ। ੩. ਬਿਨਾ ਮੁਹੱਬਤ. "ਹਮਰਾ ਮਨੁ ਬੈਰਾਗ ਬਿਰਕਤੁ ਭਇਓ." (ਆਸਾ ਮਃ ੪)

ਬਿਰਕਾਤੇ: ਵਿਰਕ੍ਤ ਕੀਤੇ. ਛੱਡ ਦਿੱਤੇ. ਤਿਆਗ ਦਿੱਤੇ. ਦੇਖੋ, ਬਿਰਕਤ. "ਅਬ ਮੋਹਿ ਸਰਬ ਉਪਾਵ ਬਿਰਕਾਤੇ." (ਸਾਰ ਮਃ ੫)

ਬਿਰਖ: ਸੰ. वृक्ष- ਵ੍ਰਿਕ੍ਸ਼. ਸੰਗਯਾ- ਬਿਰਛ. ਦਰਖ਼ਤ. "ਬਿਰਖ ਕੀ ਛਾਇਆ ਸਿਉ. ਰੰਗ ਲਾਵੈ." (ਸੁਖਮਨੀ) ੨. ਭਾਵ-

ਸੰਸਾਰ. "ਬਿਰਖੈ ਹੇਠਿ ਸਭਿ ਜੰਤ ਇਕਠੇ." (ਮਾਰੂ ਅੰਜੁਲੀ ਮਃ ੫) ੩. ਸੰ. वृष- ਵ੍ਰਿਸ਼. ਬੈਲ. "ਜੈਸੇ ਬਿਰਖ ਜੰਤੀ ਜੋਤ." (ਕੇਦਾ ਮਃ ੫) ਜਿਵੇਂ- ਬਲਦ ਯੰਤ੍ਰ (ਕਲ) ਵਿੱਚ ਜੋਤਿਆ ਹੋਇਆ.

ਬਿਰੱਖਨਿ: ਵ੍ਰਿਕ੍ਸ਼ਾਂ ਵਾਲੀ ਪ੍ਰਿਥਿਵੀ। ੨. ਅਜਾਣ ਲਿਖਾਰੀ ਨੇ ਬਰੂਥਨਿ (ਵਰੂਥਿਨੀ) ਦੀ ਥਾਂ ਸ਼ਸਤ੍ਰਨਾਮ ਮਾਲਾ ਦੇ ੧੧੨੦ ਅੰਗ ਵਿੱਚ ਇਹ ਸ਼ਬਦ ਲਿਖਿਆ ਹੈ. ਦੇਖੋ, ਵਰੂਥਿਨੀ.

ਬਿਰਗਿਯਾ: ਵਿ- ਵੈਰਾਗਜਵਾਨ. ਵੈਰਾਗੀ। ੨. ਸੰਗਯਾ- ਰਾਮਾਨੰਦ ਦੀ ਸੰਪ੍ਰਦਾਯ ਦਾ ਵੈਰਾਗੀ ਵੈਸ਼ਨਵ ਸਾਧੁ.

ਬਿਰੰਗਧ: ਸੰ. ਵਿਗੰਧ. ਸੰਗਯਾ- ਬਦਬੂ. ਨਿੰਦਿਤ ਗੰਧ. ਬੁਰੀ ਗੰਧ. "ਨਾਸਿਕਾ ਸੁਗੰਧ ਬਿਰਗੰਧ ਸਮਸਰ ਤਾਂਕੈ." (ਭਾਗੁ ਕ)

ਬਿਰਚਨਾ: ਸੰ. ਵਿਰਚਨ. ਬਣਾਉਣਾ. ਰਚਣਾ। ੨. ਪ੍ਰਬੰਧ (ਇੰਤਜਾਮ) ਕਰਨਾ। ੩. ਅਤਯੰਤ ਖਚਿਤ ਹੋਣਾ.

ਬਿਰੱਚੇ: ਪ੍ਰਵ੍ਰਿੱਤ ਹੋਏ. "ਬਿਰੱਚੇ ਮਹਾਂ ਜੰਗ ਜੋਧਾ." (ਵਿਚਿਤ੍ਰ)

ਬਿਰਛ: ਦੇਖੋ, ਬਿਰਖ ੧.

ਬਿਰਛਰਿ: ਵ੍ਰਿਕ੍ਸ਼ ਦਾ ਵੈਰੀ ਹਾਥੀ. ਤਰੁਅਰਿ. (ਸਨਾਮਾ)

ਬਿਰਛਰਿਣੀ: ਬਿਰਛਰਿ (ਹਾਥੀ) ਵਾਲੀ. ਗਜਸੈਨਾ. (ਸਨਾਮਾ)

ਬਿਰਛਾਂਤਕ: ਵ੍ਰਿਕ੍ਸ਼ ਦਾ ਅੰਤ ਕਰਨ ਵਾਲਾ, ਹਾਥੀ. (ਸਨਾਮਾ)

ਬਿਰਜ: ਵਿ- ਵਿਨਾ ਰਜ (ਗਰਦ). ਧੂਲਿ ਰਹਿਤ। ੨. ਸੰ. विरजस्. ਜਿਸ ਇਸਤ੍ਰੀ ਦੀ ਰਜ (ਰਿਤੁ) ਬੰਦ ਹੋ ਗਈ ਹੈ। ੩. ਰਜੋ ਗੁਣ ਰਹਿਤ। ੪. ਦੇਖੋ, ਬ੍ਰਿਜ.

ਬਿਰਜਾ: ਦੇਖੋ, ਫ਼ਿਰੋਜ਼ਾ. "ਬਿਰਜੇ ਚੁਨਕੈ ਜ਼ਰਬਾਫ ਦਿਵਾਵਤ ਹੈਂ. (ਕ੍ਰਿਸਨਾਵ) ੨. ਸੰ. ਵਿਰਜਾ. ਦੁੱਬ. ਦੁਵੱਾਂ. ਦੂਬ। ੩. ਰਾਧਿਕਾ ਦੀ ਇੱਕ ਸਹੇਲੀ। ੪. ਦੇਖੋ, ਗੋਲੋਕ.

ਬਿਰਤ: ਸੰ. ਵਿਰਤ. ਵਿ- ਹਟਿਆ ਹੋਇਆ। ੨. ਪ੍ਰੀਤਿ ਰਹਿਤ. ਉਪਰਾਮ. ਵੈਰਾਗਜਵਾਨ। ੩. ਸੰ. वृत्ति- ਵ੍ਰਿੱਤਿ. ਸੰਗਯਾ- ਉਪਜੀਵਿਕਾ. "ਕਿਰਤ ਬਿਰਤ ਕਰ ਧਰਮ ਦੀ." (ਭਾਗੁ)

ਬਿਰਤਾਂਤ: ਦੇਖੋ, ਵ੍ਰਿੱਤਾਂਤ.

ਬਿਰਤਿ, ਬਿਰਤੀ: ਸੰ. ਵਿਰਤਿ. ਸੰਗਯਾ- ਉਪਰਾਮਤਾ. ਨਿੰਵ੍ਰਿਤਿ. "ਨਾਨਕ ਜਨ ਕੈ ਬਿਰਤਿ ਬਿਬੇਕੈ." (ਸੁਖਮਨੀ) "ਜਨੋਂ ਬਿਰਤੀ ਤਨ ਗਯਾਨ ਧਰਾ." (ਨਾਪ੍ਰ) ੨. ਦੇਖੋ, ਵ੍ਰਿੱਤਿ.

ਬਿਰਤੰਤ: ਦੇਖੋ, ਵ੍ਰਿੱਤਾਂਤ.

ਬਿਰਥੜਾ: ਦੇਖੋ, ਬਿਰਥਾ ੨.

ਬਿਰਥਾ: ਸੰ. वृथा- ਵ੍ਰਿਥਾ. ਵਯ- ਨਿਰਰਥਕ. ਬੇਫਾਇਦਾ. "ਮਾਨੁਖ ਬਿਨ ਬੂਝੈ ਬਿਰਥਾ ਆਇਆ." (ਟੋਡੀ ਮਃ ੫) ੨. ਵਿਯਥੰ. ਖਾਲੀ. ਮਹਰੂਮ. "ਬਿਰਥਾ ਕਾਹੂ ਛੋਡੈ ਨਾਹੀ." (ਆਸਾ ਮਃ ੫) "ਪਹੀ ਨ ਵੰਞੈ ਬਿਰਥੜਾ." (ਵਾਰ ਮਾਰੂ ੨. ਮਃ ੫) "ਗੁਰਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ. (ਸ੍ਰੀ ਮਃ ੫) ੩. ਸੰ. ਵਯਥਾ. ਸੰਗਯਾ- ਪੀੜਾ. ਦਰਦ. "ਬਿਰਥਾ ਕਹਉ ਕਉਨ ਸਿਉ ਮਨ ਕੀ?" (ਆਸਾ ਮਃ ੯) ੪. ਮੁਸੀਬਤ ਆਪਦ.

ਬਿਰਥੀ: ਵ੍ਰਿਥਾ. ਨਿਰਰਥਕ. "ਬਿਰਥੀ ਸਾਕਤ ਕੀ ਆਰਜਾ." (ਸੁਖਮਨੀ) ੨. ਬੇ- ਰਥੀ. ਰਥ ਰਹਿਤ. "ਕਾਟ ਰਥੀ ਬਿਰਥੀ ਕਰ ਡਾਰੇ." (ਕ੍ਰਿਸਨਾਵ) ੩. ਵਯਥਾ (ਪੀੜਾ) ਵਾਲਾ. ਦੁਖੀ. "ਬਿਰਥੀ ਗਜ ਕੀ ਜਿੰਹ ਰੱਛ ਕਰੀ." (ਕ੍ਰਿਸਨਾਵ)

ਬਿਰਦ: ਫ਼ਾ. ورد ਵਿਰਦ. ਸੰਗਯਾ- ਸਿੱਖ. ਮੁਰੀਦ. "ਰਾਖ ਹੈਂ ਜਰੂਰ ਲਾਜ ਆਪਨੇ ਬਿਰਦ ਕੀ." (ਨਾਪ੍ਰ) ੨. ਅ. ਨਿਤ੍ਯਕਰਮ। ੩. ਨਿਤ੍ਯ ਦਾ ਭਜਨ. ਜਪ ਆਦਿ ਧਰਮ ਦੇ ਨਿਤ੍ਯ ਕਰਮ। ੪. ਵਿਸ਼੍ਰਾਮ ਦਾ ਅਸਥਾਨ। ੫. ਧਰਮ ਦਾ ਚਿੰਨ੍ਹ. "ਬਿਰਦ ਸੀਸ ਪਰ ਤੇ ਉਤਰਾਵਹੁ." (ਗੁਪ੍ਰਸੂ) ੬. ਰਾਜਿਆਂ ਬਾਦਸ਼ਾਹਾਂ ਦੇ ਦਰਵਾਜ਼ੇ ਪੁਰ ਅਥਵਾ ਸਵਾਰੀ ਵੇਲੇ ਉਨ੍ਹਾਂ ਦੇ ਅੱਗੇ ਕਵਿ (ਬੰਦੀਜਨ) ਅਤੇ ਚੋਬਦਾਰ ਆਦਿ ਜੋ ਉਨ੍ਹਾਂ ਦਾ ਯਸ਼ ਆਸ਼ੀਰਵਾਦ ਅਤੇ ਵੰਸ਼ਾਵਲੀ ਪੜ੍ਹਦੇ ਹਨ, ਉਸ ਦੀ ਭੀ ਬਿਰਦ ਸੰਗ੍ਯਾ ਹੈ. ਇਸ ਨੂੰ ਬਿਰਦਾਵਲਿ ਭੀ ਆਖਦੇ ਹਨ.

ਬਿਰਦ ਵਿੱਚ ਗਣ, ਅਖਰ, ਅਤੇ ਮਾਤ੍ਰਾ ਦਾ ਕੋਈ ਹਿਸਾਬ ਨਹੀਂ, ਕਿੰਤੂ ਪਦਾਂ ਦਾ ਅਨੁਪ੍ਰਾਸ ਅਤੇ ਜੜਤ ਸੁੰਦਰ ਹੋਵੇ.

ਉਦਾਹਰਣ-

ਸ਼੍ਰੀ ੧੧੧ ਮਾਨ, ਸਰਵ ਗੁਣ ਖਾਨ, ਸੇਵਕ ਪ੍ਰਿਯ ਪਾਨ, ਮਹਿਮਾ ਮਹਾਨ, ਅਖੰਡ ਭੁਜਦੰਡ, ਭੂਸ਼ਿਤ ਕੋਦੰਡ, ਰਵਿ ਸਮ ਪ੍ਰਚੰਡ, ਜੋਤੀ ਅਖੰਡ. ਪਰਮੋਦਾਰ, ਪਰਮਾਵਤਾਰ, ਗੁਣਗਣਾਗਾਂਰ, ਕਵਿਜਨ ਆਧਾਰ. ਮਹਾਰਾਜਾਧਿਰਾਜ, ਪਤਿ ਸੰਪਤਿ ਸਮਾਜ, ਸੁਭਟ ਸਿਰਤਾਜ, ਗਰੀਬਨਿਵਾਜ. ਸ਼ਰਣਾਗਤ ਪ੍ਰਤਿਪਾਲਕ, ਸ਼ਤ੍ਰੁਘਾਲਕ, ਗਰਬਗਾਲਕ ਅਨਜਾਯਕਾਲਕ, ਬੀਰੋਨਬੀਰ, ਧੀਰਾਨਧੀਰ, ਪੀਰਾਨਪੀਰ, ਅਤਿਸ਼ਯ ਗੰਭੀਰ, ਉਪਮਾ ਅਨੂਪ, ਕੀਰਤਿਸ੍ਤੂਪ, ਸੁੰਦਰ ਸ੍ਵਰੂਪ. ਸੇਨਾਵਾਹਕ, ਪ੍ਰਤਿਪਖ੍ਯਦਾਹਕ, ਪ੍ਰਣਿਨਿਵਾਹਕ, ਗੁਣਗ੍ਰਾਹਕ. ਸੋਢਿਵੰਸ਼ਾਵਤੰਸ਼, ਭਕ੍ਤਮਨ ਮਾਨਸਹੰਸ. ਮ੍ਰਿਤ ਭਾਰਤ ਕੋ ਅਮ੍ਰਿਤਦਾਨ ਦ੍ਵਾਰਾ ਸਜੀਵ ਕਰਤਾ, ਜਗਤ ਗੁਰੂ ਨਾਨਕ ਕੀ ਪਰਮਜੋਤਿ, ਸ਼੍ਰੀ ਗੁਰੂ ਰਾਮਦਾਸ ਸਾਹਿਬ ਕੇ ਨਾਤੀ, ਪਰਮ ਪੂਜ੍ਯ ਗੁਰੂ ਅਰਜਨਦੇਵ ਕੇ ਪਰਪੌਤ੍ਰ, ਮੀਰੀ ਪੀਰੀ ਕੇ ਧਨੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਕੇ ਪੋਤ੍ਰ, ਅਨਾਥ ਭਾਰਤ ਕੇ ਸਹਾਯਕ, ਸ਼੍ਰੀ ਗੁਰੂ ਤੇਗਬਹਾਦੁਰ ਕੇ ਸਰਵਗੁਣ ਪਾਤ੍ਰ ਸੁਪੁਤ੍ਰ ਸ਼੍ਰੀ ਗੁਰੂ ਗੋਬਿੰਦ ਸਿੰਘ ਸ੍ਵਾਮੀ ਕੀ ਸਦਾ ਜਯ ਹੋ! ੭. ਵਿ- ਰਦ. ਜਿਸ ਦੇ ਰਦ (ਦੰਦ) ਨਹੀਂ.

ਬਿਰਦਾਇਓ: ਵਿਰਦ (ਨਿਤ੍ਯ ਨਿਯਮ) ਹੈ. "ਪ੍ਰਭੁ ਕੋ ਭਗਤਬਛਲ ਬਿਰਦਾਇਓ." (ਮਲਾ ਮਃ ੫)

ਬਿਰਦਾਵਲਿ: ਦੇਖੋ, ਬਿਰਦ ੬.

ਬਿਰਦੁ: ਦੇਖੋ, ਬਿਰਦ ੨. "ਭਗਤਵਛਲੁ ਤੇਰਾ ਬਿਰਦੁ ਹਰਿ." (ਵਾਰ ਜੈਤ) ੨. ਦੇਖੋ, ਬਿਰਦ ੩. "ਕਹਿਆ ਬਿਰਦੁ ਨ ਜਾਣਨੀ." (ਮਃ ੧. ਵਾਰ ਸਾਰ) ਜੋਨਿਤ੍ਯ- ਭਜਨ ਕਰਦੇ ਹਨ, ਉਸ ਦਾ ਭਾਵ ਨਹੀਂ ਜਾਣਦੇ.

ਬਿਰਧ: ਸੰ. ਵ੍ਰਿੱਧ- ਵ੍ਰਿੱਧ. ਵਿ- ਉਮਰ ਵਿੱਚ ਵਧਿਆ ਹੋਇਆ ਬੁੱਢਾ. "ਬਿਰਧ ਭਾਇਓ ਸੂਝੈ ਨਹੀ." (ਸ. ਮਃ ੯) ਦੇਖੋ, ਵ੍ਰਿੱਧ.

ਬਿਰਧਚਾਰ: ਸੰ. ਵ੍ਰਿੱਧਾਚਾਰ- ਵ੍ਰਿੱਧਾਚਾਰ. ਸੰਗ੍ਯਾ- ਵਡੇ (ਬਜ਼ੁਰਗ) ਲੋਕਾਂ ਦਾ ਆਚਾਰ. ਵ੍ਰਿੱਧਾਂ ਦੀ ਰੀਤਿ. "ਕਹੂੰ ਜੋਗਰੀਤਿ ਕਹੂੰ ਬਿਰਧਚਾਰ." (ਅਕਾਲ)

ਬਿਰਧਤਾਸਤ੍ਰੁ: ਬੁਢਾਪੇ ਦਾ ਵੈਰੀ, ਅਮ੍ਰਿਤ. (ਸਨਾਮਾ)

ਬਿਰਧਾ: ਸੰ. ਵ੍ਰਿੱਧਾ- ਵ੍ਰਿੱਧਿ. ਵਿ- ਬੁੱਢੀ. ਜੋ ਉਮਰ ਵਿੱਚ ਵਧੀ ਹੋਈ ਹੈ. "ਪੂਰਨ ਬਿਰਧਾ ਆਸ." (ਗੁਪ੍ਰਸੂ) ਵ੍ਰਿੱਧਾ ਦੀ ਆਸਾ ਪੂਰੀ ਕਰਨ ਲਈ.

ਬਿਰਧਾਨੀ: ਵ੍ਰਿੱਧ ਹੋ ਗਈ. ਵਧਗਈ.

ਬਿਰਧਿ: ਸੰ. ਵ੍ਰਿੱਧਿ. ਵ੍ਰਿੱਧਿ. ਸੰਗ੍ਯਾ- ਅਧਿਕਤਾ. ਜ਼ਿਆਦਤੀ. "ਦੁਖ ਕੀ ਬਿਰਧਿ ਵਧਾਈ." (ਆਸਾ ਛੰਤ ਮਃ ੪)

ਬਿਰਧੀ: ਦੇਖੋ, ਬਿਰਧਿ। ੨. ਵ੍ਰਿੱਧ ਅਵਸ੍ਥਾ (ਬੁਢਾਪੇ) ਵਿੱਚ. "ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛ ਬੰਧੁ." (ਬਾਵਨ)

ਬਿਰਮਣ, ਬਿਰਮਨ: ਸੰ. ਵਿਰਮਣ. ਸੰਗ੍ਯਾ- ਰੁਕਣਾ. ਠਹਿਰਨਾ. "ਸਤਗੁਰੁ ਬਿਰਮ ਰਹੇ ਪਰਦੇਸਾ." (ਗੁਪ੍ਰਸੂ) ੨. ਪ੍ਰਸੰਨ

ਹੋਣਾ। ੩. ਕ੍ਰੀੜਾ ਕਰਨੀ। ੪. ਮੋਹਿਤ ਹੋਕੇ ਫਸ ਜਾਣਾ.

ਬਿਰਮਾਉਣ, ਬਿਰਮਾਵਨ: ਕ੍ਰਿ- ਵਿਰਮਣ ਕਰਨਾ. ਰੋਕਣਾ. "ਅਧਬੀਚ ਹੀ ਬਾਨਨ ਸੌ ਬਿਰਮਾਯੋ." (ਕ੍ਰਿਸਨਾਵ) ੨. ਠਹਰਨਾ. ਆਰਾਮ ਨਾਲ ਬੈਠਣਾ. "ਪ੍ਰਾਨ ਜੁ ਬਾਕੇ ਬਿਰੁ ਨਹੀ, ਕੈਸੇ ਬਿਰਮਾਵਉ?" (ਬਿਲਾ ਸਧਨਾ) ੩. ਪ੍ਰਸੰਨ ਕਰਨਾ. ਰਿਝਾਉਣਾ. "ਲਾਜ ਨ ਆਵੈ ਅਗਿਆਨਮਤੀ, ਦੁਰਜਨ ਬਿਰਮਾਈਐ." (ਬਿਲਾ ਛੰਤ ਮਃ ੫)

ਬਿਰਲ: ਸੰ. ਵਿਰਲ. ਵਿ- ਜਦੋ ਸੰਘਣਾ ਨਹੀਂ. ਛਿੱਦਾ। ੨. ਖੁਲ੍ਹਾ. ਕੁਸ਼ਾਦਾ.

ਬਿਰਲਉ: ਦੇਖੋ, ਬਿਰਲਾ.

ਬਿਰਲ ਬੈਰਿਕਰ: ਵੈਰੀਆਂ ਦੀ ਭੀੜ ਨੂੰ ਛਿੱਦਾ ਕਰਨ ਵਾਲਾ, ਤੀਰ. (ਸਨਾਮਾ)

ਬਿਰਲਾ: ਦੇਖੋ, ਬਿਰਲ. ਕੋਈ ਕੋਈ. ਟਾਂਵਾਂ. ਬਹੁਤਿਆਂ ਵਿੱਚੋਂ ਇੱਕ ਅੱਧਾ. "ਬਿਰਲਾ ਕੋਈ ਪਾਵੈ ਸੰਗ." (ਸੁਖਮਨੀ) "ਬਿਰਲਉ ਗਿਆਨੀ ਬੂਝਣਉ." (ਓਅੰਕਾਰ)

ਬਿਰਲਾਪ: ਸੰ. ਵਿਲਾਪ. ਸੰਗਯਾ- ਰੋਕੇ ਬੋਲਣਾ. ਦੁਖਭਰੀ ਬਾਣੀ. ਵੈਣ ਕਰਨੇ.

ਬਿਰਵਾ: ਸੰਗਯਾ- ਵਿਟਪ. ਬਿਰਛ. ਪੌਧਾ. ਬੂਟਾ. "ਚੰਦਨ ਕਾ ਬਿਰਵਾ ਭਲਾ." (ਸ. ਕਬੀਰ) "ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲ ਹਰੁ ਸੋਖਿਆ." (ਰਾਮ ਕਬੀਰ) ਸ਼ਾਂਤਿ ਅਵਸਥਾ ਵਿੱਚ ਬ੍ਰਹਮਗਿਆਨ ਰੂਪ ਬੂਟਾ ਪੈਦਾ ਹੋਇਆ, ਜਿਸ ਨੇ ਧਰਤੀ ਦਾ ਪਾਣੀ (ਸੰਸਾਰ ਦੀ ਵਾਸਨਾ) ਨੂੰ ਖਿੱਚਕੇ ਸੁਕਾਦਿੱਤਾ। ੨. ਵਿ- ਖਾਲੀ. ਵੰਚਿਤ.

ਬਿਰਾ: ਸੰਗਯਾ- ਵਿਰਤਿ. ਵੈਰਾਗਯ. "ਪਹਿਲ ਪੁਰਸਾ ਬਿਰਾ." (ਧਨਾ ਨਾਮਦੇਵ) ੨. ਦੇਖੋ, ਬਿੜਾ. "ਬਰਜੋ ਬਿਰੇ ਮਹਿ ਕੇਹਰਿ ਜਹਾਂ." (ਗੁਪ੍ਰਸੂ)

ਬਿਰਾਉਣਾ: ਵਿਰਮਣ ਕਰਾਉਣਾ. ਪਰਚਾਉਣਾ. ਦੇਖੋ, ਬਿਰਮਣ.

ਬਿਰਾਹਮਣ: ਬ੍ਰਾਹਮਣ. ਚਾਰ ਵਰਣਾਂ ਵਿੱਚੋਂ ਪਹਿਲਾ ਵਰਣ. "ਗਊ ਬਿਰਾਹਮਣ ਕਉ ਕਰ ਲਾਵਹੁ." (ਵਾਰ ਆਸਾ)

ਬਿਰਾਹਿਮ: ਇਬਰਾਹੀਮ. ਦੇਖੋ, ਧੁਨੀ (ਸ)

ਬਿਰਾਗ: ਸੰ. ਵਿਰਾਗ. ਵਿ- ਰਾਗ (ਪ੍ਰੀਤਿ) ਰਹਿਤ। ੨. ਬਦਰੰਗ। ੩. ਦੇਖੋ, ਬੈਰਾਗ ਅਤੇ ਵੈਰਾਗਯ.

ਬਿਰਾਗ ਛੁੱਟਣਾ: ਕ੍ਰਿ- ਰੋ ਪੈਣਾ. "ਤਾਂ ਉਸ ਦਾ ਬਿਰਾਗ ਛੁੱਟਿਆ." (ਜਸਾ)

ਬਿਰਾਗੀ: ਦੇਖੋ, ਬੈਰਾਗੀ। ੨. ਦੇਖੋ, ਵਿਰਾਗੀ.

ਬਿਰਾਜ: ਇਸ ਛੰਦ ਦਾ ਨਾਮ "ਵਿਜੋਹਾ" ਅਤੇ "ਵਿਮੋਹਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਦੋ ਰਗਣ. SIS, SIS.

ਉਦਾਹਰਣ-

ਹੱਕ ਦੇਵੰ ਕਰੰ। ਸੱਦ ਭੈਰੇ ਰਰੰ।

ਚਾਵਡੀ ਚਿੰਕਰੰ। ਡਾਕਣੀ ਡਿੰਕਰੰ।।

(ਰਾਮਾਵ)

(ਅ) ਬਿਰਾਜ ਦਾ ਦੂਜਾ ਰੂਪ ਹੈ "ਚੰਚਲਾ" ਇਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਗੁਰੁ ਲਘੁ ਕ੍ਰਮ ਨਾਲ ਸੋਲਾਂ ਅੱਖਰ ਅਥਵਾ ਰ, ਜ, ਰ, ਜ, ਰ, ਲ. SIS, ISI, SIS, ISI, SIS, I, ਅਤੇ ਸੱਤ, ਨੌ ਅੱਖਰਾਂ ਪੁਰ ਵਿਸ਼੍ਰਾਮ.

ਉਦਾਹਰਣ-

ਦੇਗ ਤੇਗ ਕੋ ਧਨੀ, ਉਦਾਰ ਚਿੱਤ ਯੁੱਧ ਧੀਰ,

ਬਾਂਹ ਜਾਂਹ ਕੀ ਗਹੇ, ਨ ਤਯਾਗਤੋ ਮਹਾਨ ਬੀਰ,

ਦੇਸ਼ ਕੌਮ ਵਾਸਤੇ, ਜੁ ਦੇਤ ਪ੍ਰਾਨ ਔ ਸ਼ਰੀਰ,

ਖਾਲਸਾ ਨਿਰਾਲਸਾ, ਵਿਨਾਸ਼ਤੋ ਅਨਾਥਪੀਰ.

ਇਸ ਭੇਦ ਦਾ ਨਾਮ "ਚਿਤ੍ਰ" ਭੀ ਹੈ.

੨. ਸੰ. ਵਿਰਾਜ (विराज़) ਜੋ ਬਹੁਤ ਰਾਜਦਾ (ਸ਼ੋਭਾ ਦਿੰਦਾ) ਹੈ, ਕ੍ਸ਼ਤ੍ਰਿਯ (ਛਤ੍ਰੀ).

ਬਿਰਾਜਣਾ, ਬਿਰਾਜਨਾ: ਵਿਸ਼ੇਸ਼ ਕਰਕੇ ਸ਼ੋਭਾ ਦੇਣਾ. (ਵਿ- ਰੰਜਨ) "ਬਿਰਾਜਤ ਰਾਮ ਕੋ ਪਰਤਾਪ." (ਸਾਰ ਮਃ ੫) ੨. ਭਾਵ- ਆਰਾਮ ਨਾਲ ਬੈਠਣਾ। ੩. ਬਿਸਤਰ ਤੇ ਲੇਟਣਾ.

ਬਿਰਾਜੀ: ਦੇਖੋ, ਬਿਰਾਜਨਾ। ੨. ਰਾਜਾ ਤੋਂ ਬਿਨਾ. ਰਾਜਾ ਰਹਿਤ. "ਰਾਜੀ ਬਿਰਾਜੀ ਭੂਕੰਪ" (ਭਾਗੁ ਕ) ਪ੍ਰਜਾ ਦਾ ਰਾਜਾ ਬਿਨਾ ਹੋਣਾ ਅਤੇ ਭੁਚਾਲ ਆਉਣਾ. "ਰਾਜ ਬਿਰਾਜੀ ਸਬਹਨ ਜਾਨੀ." (ਗੁਰੁਸੋਭਾ)

ਬਿਰਾਟ: ਸੰ. ਵਿਰਾਟ. ਸੰਗਯਾ- ਕੌਡੀ. ਭਾਵ- ਮਾਯਾ. "ਪੂਜ ਬਿਰਾਟ ਇਨ੍ਹੈ ਜੋ ਖਾਈ." (ਗੁਵਿ ੧੦) ਪੂਜਾ ਦੀ ਕੌਡੀ ਖਾਧੀ। ੨. ਦੇਖੋ, ਵਿਰਾਟ.

ਬਿਰਾਟਕਾ: ਕੌਡੀ. ਦੇਖੋ, ਬਿਰਾਟ ੧.

ਬਿਰਾਠ: ਦੇਖੋ, ਵਿਰਾਟ. "ਹੁਤੋ ਬਿਰਾਠ ਮਦ੍ਰ ਅਵਨੀਪਾ." (ਨਾਪ੍ਰ) ਮਦ੍ਰ ਦੇਸ਼ ਦਾ ਰਾਜਾ ਵਿਰਾਟ.

ਬਿਰਾਤਾ: ਵਿਰਤ ਹੋਇਆ. ਉਪਰਾਮ ਹੋਇਆ। ੨. ਵਿਸ਼ੇਸ਼ ਕਰਕੇ ਰਤ (ਪ੍ਰੀਤਿਸਹਿਤ) ਹੋਇਆ. "ਧੋਬੀ ਧੋਵੈ ਬਿਰਹ ਬਿਰਾਤਾ." (ਬਸੰ ਨਾਮਦੇਵ)

ਬਿਰਾਥੇ: ਵ੍ਰਿਥਾ ਹੈ. "ਅਵਰ ਦੁਤੀਆ ਆਸ ਬਿਰਾਥੇ." (ਸਾਰ ਮਃ ੫)

ਬਿਰਾਦਰ: ਫ਼ਾ. برادر ਸੰਗਯਾ- ਭਾਈ. ਭ੍ਰਾਤਾ. (भ्रातृ) ਦੇਖੋ, ਅਂ brother "ਜਨ ਪਿਸਰ ਪਦਰ ਬਿਰਾਦਰਾ." (ਤਿਲੰ ਮਃ ੧)

ਬਿਰਾਦਰੀ: ਸੰਗਯਾ- ਭਾਈਚਾਰਾ.

ਬਿਰਾਧ: ਸੰ. ਵਿਰਾਧ. ਪੀੜਾ. ਦੁੱਖ. ਤਕਲੀਫ। ੨. ਇੱਕ ਰਾਖਸ, ਜੋ ਪਹਿਲੇ ਜਨਮ ਤੁੰਬੁਰੁ ਗੰਧਰਵ ਸੀ ਅਤੇ ਕੁਬੇਰ ਦੇ ਸ੍ਰਾਪ ਨਾਲ ਰਾਖਸ ਹੋਇਆ. ਇਹ ਸ਼ਤਦ੍ਰੁਤਾ ਦੇ ਪੇਟੋਂ ਸੁਪਰਯਣਜ ਦਾ ਪੁਤ੍ਰ ਸੀ. ਬ੍ਰਹਮਾ ਦੇ ਵਰੋ ਨਾਲ ਇਸ ਨੇ ਸਾਰਾ ਜਗਤ ਜਿੱਤ ਲਿਆ. ਇਹ ਆਦਮੀਆਂ ਨੂੰ ਖਾਣ ਵਾਲਾ ਵਡਾ ਨਿਰਦਈ ਸੀ. ਜਦ ਰਾਮਚੰਦ੍ਰ ਜੀ ਦੰਡਕ ਵਨ ਗਏ, ਤਦ ਇਹ ਸੀਤਾ ਨੂੰ ਚੁੱਕਕੇ ਨੱਠਾ, ਰਾਮ ਅਤੇ ਲਛਮਨ ਨੇ ਵਿਰਾਧ ਦਾ ਪਿੱਛਾ ਕੀਤਾ ਅਤੇ ਹੱਥ ਪੈਰ ਵੱਢਕੇ ਜਿਉਂਦਾ ਹੀ ਜਮੀਨ ਵਿੱਚ ਗੱਡ ਦਿੱਤਾ. ਦੇਖੋ, ਅਗਨਿਪੁਰਾਣ. "ਬਿਰਾਧ ਦੈਤ ਜੁੱਝਿਓ ਸੁ ਹੱਥ ਰਾਮ ਨਿਰਮਲੰ." (ਰਾਮਾਵ)

ਬਿਰਾਨ: ਦੇਖੋ, ਵੈਰਾਨ। ੨. ਦੇਖੋ, ਬਿਰਾਨਾ.

ਬਿਰਾਨਉ, ਬਿਰਾਨਾ, ਬਿਰਾਨੋ: ਫ਼ਾ. بیگانہ ਬੇਗਾਨਹ. ਵਿ- ਪਰਾਇਆ. ਦੂਸਰੇ ਦਾ. "ਹੋਰ ਸਗਲ ਭਇਓ ਬਿਰਾਨਾ." (ਗੂਜ ਮਃ ੫) "ਬਾਟਪਾਰਿ ਘਰ ਮੂਸਿ ਬਿਰਾਨੋ ਪੇਟ ਭਰੈ ਅਪ੍ਰਾਧੀ." (ਸਾਰ ਪਰਮਾਨੰਦ) ੨. ਦੇਖੋ, ਵੀਰਾਣ.

ਬਿਰਾਮ: ਸੰ. ਵਿਰਾਮ. ਸੰਗਯਾ- ਠਹਿਰਾਉ. ਵਿਸ਼੍ਰਾਮ। ੨. ਪਾਠ ਦੇ ਵਿਸ਼੍ਰਾਮ ਦਾ ਚਿੰਨ੍ਹ. ਹੱਦ ਕਾਮਾ ਫ਼ੁਲਸਟਾਪ ਆਦਿ। ੩. ਅੰਤ. ਅਵਸਾਨ. ਖਾਤਿਮਾ. "ਭਯੋ ਕਦਨ ਬਿਰਾਮ ਹੈ." (ਨਾਪ੍ਰ) ਕਲੇਸ਼ਾਂ ਦਾ ਭੋਗ ਪੈ ਗਿਆ। ੪. ਨਿਵ੍ਰਿੱਤਿ. ਹਟਣ ਦਾ ਭਾਵ.

ਬਿਰਾਰ: ਵਿਦਰਭ ਦੇਸ਼. ਦੇਖੋ, ਬਰਾਰ.

ਬਿਰਾਵਨਾ: ਦੇਖੋ, ਬਿਰਾਉਣਾ.

ਬਿਰਿਖੀ: ਵ੍ਰਿਕ੍ਸ਼ੀਂ. ਬਿਰਛਾਂ ਨੂੰ. "ਗੁਰਮੁਖ ਸੁਖਫਲ ਪਾਇਆ ਭਾਇ ਭਗਤਿ ਵਿਰਲੀ ਜੁ ਬਿਰਿਖੀ." (ਭਾਗੁ) ਵਿਰਲੇ ਬਿਰਛਰੂਪ ਉਪਕਾਰੀ ਗੁਰਮੁਖਾਂ ਨੂੰ ਸੁਖਫਲ ਦੀ ਪ੍ਰਾਪਤੀ ਹੁੰਦੀ ਹੈ.

ਬਿਰਿੰਜ: ਚਉਲ. ਦੇਖੋ, ਬਰੰਜ ੩.

ਬਿਰੀ: ਪਾਨ ਦੀ ਬੀੜੀ. ਗਿਲੌਰੀ. "ਜਬੈ ਬਿਹਸਕੈ ਬਿਰੀ ਚਬਾਵੈ." (ਚਰਿਤ੍ਰ ੮੨)

ਬਿਰੀਆ, ਬਿਰੀਆਂ: ਸੰਗਯਾ- ਵਾਰੀ. ਕ੍ਰਮ। ੨. ਸਮਯ. ਵੇਲਾ। ੩. ਫ਼ਾ. بریاں ਬਿਰੀਆਂ. ਭੁੰਨਿਆ ਹੋਇਆ ੪. ਭੁੰਨਿਆ ਹੋਇਆ ਖ਼ੁਸ਼ਕ ਮਾਸ. "ਸਾਲਨ ਔ ਅਖਨੀ ਬਿਰੀਆ." (ਕ੍ਰਿਸਨਾਵ) ੫. ਫ਼ਾ. برین ਬਰੀਨ. ਆਨੰਦਦਾਇਕ. ਸੁਖਦਾਈ. "ਸਭੈ ਝਖਨ ਕੇ ਨਾਮ ਲੈ ਬਿਰੀਆ ਕਹਿਲੈ ਏਕ." (ਸਨਾਮਾ) ਝਖਬਿਰੀਆ. (ਬਰੀਨ). ਮੱਛਾਂ ਨੂੰ ਆਨੰਦ ਦੇਣ ਵਾਲਾ. ਸਮੁੰਦਰ.

ਬਿਰੁਧ, ਬਿਰੁੱਧ: ਸੰ. विरुद्ध- ਵਿਰੁੱਧ. ਉਲਟਾ. ਪ੍ਰਤਿਕੂਲ. ਮੁਖ਼ਾਲਿਫ। ੨. ਵਿਸ਼ੇਸ਼ ਕਰਕੇ ਆਰੁੱਧ (ਰੋਕਿਆ ਹੋਇਆ) ਘੇਰਿਆ. "ਬਿਰੁੱਧਕੈ ਸੁ ਅੰਬਰੰ." (ਵਿਚਿਤ੍ਰ) ਆਕਾਸ਼ ਨੂੰ ਰੋਕਕੇ। ੩. ਵਿਰੋਧ ਦੀ ਥਾਂ ਭੀ ਬਿਰੁੱਧ ਸ਼ਬਦ ਵਰਤਿਆ ਹੈ- "ਬਿਰੁੱਧ ਨਿਵਰਤਨ ਭਯਾ." (ਪਾਰਸਾਵ)

ਬਿਰੂੰ: ਫ਼ਾ. بروُں ਕ੍ਰਿ. ਵਿ- ਬਾਹਰ.

ਬਿਰੂਥਨਿ, ਬਿਰੂਥਨੀ, ਬਿਰੂਥਿਨੀ: ਸੰ. ਵਰੂਥਿਨੀ ਸੰਗਯਾ- ਫੌਜ. ਸੈਨਾ. "ਭਜੀ ਬਿਰੂਥਨਿ ਦਾਨਵੀ." (ਚੰਡੀ ੧) ਦੇਖੋ, ਵਰੂਥਿਨੀ.

ਬਿਰੂਧਉ, ਬਿਰੂਧਾ, ਬਿਰੂਧੀ, ਬਿਰੂਧੋ: ਵਿ- ਵਿ- ਰੁੱਧ (रुद्ध) ਅਟਕਿਆ. ਰੁੱਝਿਆ. ਰੁੱਝੀ. "ਕਾਮਿ ਬਿਰੂਧਉ ਰਹੈ ਨ ਠਾਇ." (ਗਉ ਅਃ ਮਃ ੧) "ਅੰਤਰਿ ਬਾਹਰਿ ਕਾਜ ਬਿਰੂਧੀ. ਚੀਤ ਸੁ ਬਾਰੀਕ ਰਾਖੀ- ਅਲੇ." (ਰਾਮ ਨਾਮਦੇਵ) ੨. ਰੁਕਿਆ. "ਕਫ ਕੰਠ ਬਿਰੂਧੋ ਨੈਨਹੁ ਨੀਰ ਢਰੇ." (ਮਾਰੂ ਅਃ ਮਃ ੧)

ਬਿਰੂਪਾਛ: ਵਿਰੂਪਾਕ੍ਸ਼. ਵਿ- ਡਰਾਉਣੀਆਂ ਅੱਖਾਂ ਵਾਲਾ. ਜਿਸ ਦੀਆਂ ਅੱਖਾਂ ਦੀ ਸ਼ਕਲ ਬੁਰੀ ਹੈ। ੨. ਸੰਗਯਾ- ਰਾਵਣ ਦਾ ਇੱਕ ਮੰਤ੍ਰੀ। ੩. ਮਾਰਕੰਡੇਯ ਅਨੁਸਾਰ ਪਰਿਵਰ੍ਤ ਦਾਨਵ ਦਾ ਪੁਤ੍ਰ. ਦੇਖੋ, ਵਿਰੂਪਾਕ੍ਸ਼.

ਬਿਰੋਚਨ: ਦੇਖੋ, ਵਿਰੋਚਨ.

ਬਿਰੋਜਾ: ਦੇਖੋ, ਬਰੋਜਾ ਅਤੇ ਫ਼ਿਰੋਜ਼ਾ.

ਬਿਰੋਧ: ਸੰ. ਵਿਰੋਧ. ਸੰਗਯਾ- ਰੋਕਣ ਦਾ ਭਾਵ. ਰੁਕਾਵਟ। ੨. ਵੈਰ. ਦੁਸ਼ਮਨੀ। ੩. ਦੇਖੋ, ਵਿਰੋਧ.

ਬਿਰੋਧੀ: ਸੰ. विरोधिन्- ਵਿਰੋਧੀ. ਵੈਰ ਕਰਨ ਵਾਲਾ। ੨. ਵਿਘਨ ਪਾਉਣ ਵਾਲਾ। ੩. ਰੋਕਣ ਵਾਲਾ.

ਬਿਰੋਲਨਾ: ਕ੍ਰਿ- ਵਿਰਲ ਕਰਨਾ. ਨਿਖੇੜਨਾ. ਵੱਖ ਕਰਨਾ। ੨. ਮਥਨ. ਰਿੜਕਣਾ. ਦੁੱਧ ਜਾਂ ਦਹੀਂ ਤੋਂ ਮੱਖਣ ਜੁਦਾ ਕਰਨਾ. "ਦਧਿ ਕੇ ਭੋਲੇ ਬਿਰੋਲੈ ਨੀਰ." (ਗਉ ਕਬੀਰ)

ਬਿਰੰਗ: ਵਿ- ਬਦਰੰਗ. "ਮਾਇਆ ਰੰਗ ਬਿਰੰਗ ਖਿਨੈ ਮਹਿ." (ਮਾਰੂ ਮਃ ੫)

ਬਿਰੰਚ, ਬਿਰੰਚਿ: ਸੰ. विरञ्च. ਵਿਰੰਚ. ਰਚਣ ਵਾਲਾ. ਬ੍ਰਹਮਾ. ਵਿਰੰਚਿ ਭੀ ਸਹੀ ਸੰਸਕ੍ਰਿਤ ਸ਼ਬਦ ਹੈ. "ਸਿਵ ਬਿਰੰਚਿ ਧਰਿ ਧਯਾਨ." (ਸਵੈਯੇ ਮਃ ੪. ਕੇ) "ਸਿਵ ਬਿਰੰਚਿ ਅਰੁ ਸਗਲ ਮੋਨਿਜਨ." (ਗੂਜ ਮਃ ੫)

ਬਿਰੰਜ: ਦੇਖੋ, ਬਰੰਜ.

ਬਿਰੰਥ: ਵ੍ਰਿਥਾ. ਦੇਖੋ, ਬਿਰਥਾ. "ਬਿਨੁ ਭੈ ਭਗਤੀ ਜਨਮੁ ਬਿਰੰਥ." (ਆਸਾ ਅਃ ਮਃ ੧)

ਬਿਲ: ਸੰ. ਬਿਲ. ਧਾ- ਛੇਦ ਕਰਨਾ. ਚੀਰਨਾ। ੨. ਸੰਗਯਾ- ਖੁੱਡ। ੩. ਕੰਦਰਾ. ਗੁਫਾ. "ਬਿਲ ਬਿਰਥੇ ਚਾਹੈ ਬਹੁ ਬਿਕਾਰ" (ਬਸੰ ਅਃ ਮਃ ੧) ਦੇਹ ਰੂਪੀ ਗੁਫਾ ਵਿੱਚ ਬੈਠਾ ਅੰਤਹਕਰਣ ਵ੍ਰਿਥਾ ਬਹੁਤ ਵਿਕਾਰ ਚਿਤਵਦਾ ਹੈ। ੪. ਸੰ. ਬਿਲ੍ਵ. ਬਿਲ ਦਾ ਬਿਰਛ ਅਤੇ ਫਲ. ਸੰਸਕ੍ਰਿਤ ਵਿੱਚ ਬਿਲ (ਖੁੱਡ) ਅਤੇ ਬਿਲ੍ਵ "ਵ" ਨਾਲ ਭੀ ਸਹੀ ਹਨ. ਵਿਲ ਅਤੇ ਵਿਲ੍ਵ Aegle Marmelos ਇਸ ਦੀ ਤਾਸੀਰ ਗਰਮਖੁਸ਼ਕ ਹੈ. ਇਹ ਪੇਚਿਸ਼ (ਮਰੋੜਾ) ਮਿਟਾਉਂਦਾ ਹੈ. ਬਿਲ ਸ਼ਿਵ ਦਾ ਪਯਾਰਾ ਬਿਰਛ ਅਤੇ ਫਲ ਹੈ.

ਬਿਲਈਆ: ਸੰਗਯਾ- ਬਿੱਲੀ. ਮਾਂਜਾਰੀ. ਬਿਡਾਲੀ. "ਮਾਨਸ ਬਪੁਰਾ ਮੂਸਾ ਕੀਨੋ, ਮੀਚ ਬਿਲਈਆ. ਖਈਹੈ ਰੇ." (ਬਿਲਾ ਕਬੀਰ) ੨. ਦੇਖੋ, ਵਿਲੈਯਾ.

ਬਿਲਸਨ, ਬਿਲਸਨਾ: ਸੰ. ਵਿਲਸਨ. ਵਿਸ਼ੇਸ਼ ਕਰਕੇ ਪ੍ਰਕਾਸ਼ਣਾ. ਸ਼ੋਭਾ ਦੇਣਾ। ੨. ਆਨੰਦ ਭੋਗਣਾ। ੩. ਦੇਖੋ, ਵਿਲਸਨ.

ਬਿਲਕ: ਸੰ. ਵਲ੍ਕ. ਸੰਗਯਾ- ਛਿੱਲ. ਬਿਰਛ ਦੀ ਤੁਚਾ। ੨. ਦੇਖੋ, ਬਿਲਖ। ੩. ਬਿੱਲੀ. ਮਾਂਜਾਰੀ. "ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ." (ਬਿਲਾ ਛੰਤ ਮਃ ੪) ਜਿਵੇਂ- ਬਿੱਲੀ ਦੀਆਂ ਅੱਖਾਂ ਮਾਂਸ ਵੱਲ ਧਿਆਨਪਰਾਇਣ ਰਹਿੰਦੀਆਂ ਹਨ. ਅਥਵਾ ਮੂਸ਼ਿਕ (ਚੂਹੇ) ਵੱਲ। ੪. ਦੇਖੋ, ਬਿਲਕਣਾ.

ਬਿਲਕਣਾ: ਕ੍ਰਿ- ਵਿਲਾਪ ਕਰਨਾ. ਰੋਣਾ. ਵੈਣ ਪਾਉਣੇ.

ਬਿਲਕੁਲ: ਅ਼. بالکل ਕ੍ਰਿ. ਵਿ- ਪੂਰਾ ਪੂਰਾ. ਸਬ। ੨. ਨਿਰਾ. ਨਿਪਟ। ੩. ਆਦਿ ਤੋਂ ਅੰਤ ਤੀਕ.

ਬਿਲਖ: ਦੇਖੋ, ਬਿਲਕ ਅਤੇ ਬਿਲਕਨਾ। ੨. ਸੰ. ਵਿਲਕ੍ਸ਼. ਵਿ ਲੱਜਾ ਸਹਿਤ. ਸ਼ਰਮਿੰਦਾ। ੩. ਹੈਰਾਨ. ਪਰੇਸ਼ਾਨ. "ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ, ਸਾ ਬਿਲਖ ਬਦਨ ਕੁਮਲਾਨੀ." (ਮਲਾ ਮਃ ੧)

ਬਿਲਖਨਾ: ਦੇਖੋ, ਬਿਲਕਣਾ.

ਬਿਲਗ: ਵਿ- ਵਿਲਗ੍ਨ. ਅਲਗ. ਜੁਦਾ. ਵੱਖ.

ਬਿਲਗਨਾ: ਕ੍ਰਿ- ਵਿਲਗ੍ਨ (ਜੁਦਾ) ਹੋਣਾ. ਵੱਖ ਹੋਣਾ.

ਬਿਲਗਾ: ਜਿਲਾ ਜਲੰਧਰ, ਤਸੀਲ ਨਵਾਂਸ਼ਹਿਰ, ਥਾਣਾ ਫਲੌਰ ਦਾ ਇੱਕ ਪਿੰਡ, ਜੋ ਖਾਸ ਰੇਲਵੇ ਸਟੇਸ਼ਨ ਹੈ. ਇਸ ਪਿੰਡ ਦੀ ਆਬਾਦੀ ਦੇ ਵਿਚਕਾਰ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਜਦੋਂ "ਮਉ" ਵਿੱਚ ਵਿਆਹੁਣ ਆਏ, ਤਾਂ ਇੱਥੇ ਵਿਸ਼੍ਰਾਮ ਕਰਕੇ ਨਵੀਨ ਵਸਤ੍ਰ ਪਹਿਰੇ.

ਗੁਰਦ੍ਵਾਰਾ ਚੰਗਾ ਬਣਿਆ ਹੋਇਆ ਹੈ. ਦਰਬਾਰ ਅੰਦਰ ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਪ੍ਰਕਾਸ਼ ਹੁੰਦਾ ਹੈ. ੧੮- ੧੯- ੨੦ ਹਾੜ੍ਹ ਨੂੰ ਮੇਲਾ ਲਗਦਾ ਹੈ. ਗੁਰਦ੍ਵਾਰੇ ਨਾਲ ੩੦ ਘੁਮਾਉਂ ਜ਼ਮੀਨ ਸਮੇਤ ਦੋ ਖੂਹਾਂ ਦੇ ਮਹਾਰਾਜਾ ਰਣਜੀਤਸਿੰਘ ਜੀ ਵੱਲੋਂ ਮੁਆਫੀ ਹੈ. ਪੁਜਾਰੀ ਸਿੰਘ ਹੈ.

ਬਿਲਗਾਨਾ: ਵਿ- ਵਿਲਗ੍ਨ (ਜੁਦਾ) ਹੋਇਆ. ਵਿਛੁੜਿਆ. ਵੱਖ ਹੋਇਆ। ੨. ਕ੍ਰਿ- ਅਲਗ ਹੋਣਾ.

ਬਿਲਛਨ: ਦੇਖੋ, ਬਿਲਸਨ. "ਖਾਤ ਖਰਚਤ ਬਿਲਛਤ ਸੁਖ ਪਾਇਆ." (ਸੂਹੀ ਛੰਤ ਮਃ ੫) ਵਿਲਾਸ ਕਰਦੇ ਸੁੱਖ ਪਾਇਆ। ੨. ਦੇਖੋ, ਬਿਲੱਛਨ.

ਬਿਲਛਿ: ਭੋਗਕੇ. "ਬਿਲਛਿ ਬਿਨੋਦ ਆਨੰਦ ਸੁਖ ਮਾਣਹੁ." (ਸੋਰ ਮਃ ੫) ਦੇਖੋ, ਬਿਲਛਨ। ੨. ਸ਼ੋਭਾ ਦੇਕੇ. ਪ੍ਰਕਾਸ਼ਕੇ.

ਵਿਲਸਿਤ ਹੋਕੇ.

ਬਿਲੱਛਨ: ਸੰ. ਵਿਲਕ੍ਸ਼ਣ. ਵਿ- ਵਿਸ਼ੇਸ਼ (ਖਾਸ) ਲਕ੍ਸ਼ਣ ਵਾਲਾ. ਜੁਦਾ. ਨਿਰਾਲਾ। ੨. ਅਜੀਬ. ਅਨੂਠਾ.

ਬਿਲਪਤ੍ਰ: ਬਿਲ੍ ਬਿਰਛ ਦੇ ਪੱਤੇ, ਸ਼ਿਵ ਦੇ ਭਗਤ ਇਨ੍ਹਾਂ ਦਾ ਸ਼ਿਵ ਪੁਰ ਚੜ੍ਹਾਉਣਾ ਪੁੰਨਕਰਮ ਮੰਨਦੇ ਹਨ.

ਬਿਲਪਨਾ: ਕ੍ਰਿ- ਵਿਲਾਪ ਕਰਨਾ. ਵੈਣ ਪਾਉਣੇ. ਰੋਂਦੇ ਹੋਏ ਗੱਲ ਕਰਨੀ. "ਬਿਲਪ ਕਰੇ ਚਾਤ੍ਰਿਕ ਕੀ ਨਿਆਈ." (ਮਾਝ ਮਃ ੫) "ਨਾਨਕ ਅਨਦਿਨ ਬਿਲਪਤੇ." (ਮਃ ੫. ਵਾਰ ਗੂਜ ੨)

ਬਿਲਫੇਲ: ਅ਼. بالفعل ਕ੍ਰਿ. ਵਿ- ਇਸ ਵੇਲੇ. ਅਭੀ. ਹਾਲ.

ਬਿਲਬਿਲਾਪ: ਸੰਗ੍ਯਾ- ਵ੍ਯਾਕੁਲ ਹੋਕੇ ਵਿਲਾਪ ਕਰਨ ਦੀ ਕ੍ਰਿਯਾ. "ਦਇਆਧਾਰੀ ਸਮਰਥਿ, ਚੁਕੇ ਬਿਲਬਿਲਾਪ." (ਮਃ ੫. ਵਾਰ ਗੂਜ ੨)

ਬਿਲਮ: ਸੰ. ਵਿਲੰਬ. ਸੰਗ੍ਯਾ- ਦੇਰੀ. ਚਿਰ. ਢਿੱਲ. "ਬਿਲਮ ਨ ਲਾਗੈ ਆਵੈ ਜਾਈ." (ਮਾਰੂ ਸੋਲਹੇ ਮਃ ੧) ੨. ਇੰਤਜਾਰੀ ਕਰਨ ਲਾਇਕ ਵੇਲਾ. "ਇਕ ਰਤੀ ਬਿਲਮ ਨ ਦੇਵਨੀ." (ਸ੍ਰੀ ਮਃ ੪. ਵਣਜਾਰਾ)

ਬਿਲਮਾਵੈ: ਵਿਲੰਬ (ਦੇਰ) ਲਾਵੈ. ਢਿੱਲ ਕਰੇ. "ਮਤ ਕੋਈ ਮਨ ਮਿਲਤਾ ਬਿਲਮਾਵੈ." (ਗਉ ਬਾਵਨ ਕਬੀਰ)

ਬਿਲਲ: ਸੰ. ਵਿਲੋਲ. ਵਿ- ਅਤਿ ਚੰਚਲ। ੨. ਬਹੁਤ ਕੰਬਦਾ ਹੋਇਆ. ਕੰਪਾਯਮਾਨ। ੩. ਸੰ. ਵਿਹ੍ਵਲ. ਵ੍ਯਾਕੁਲ. "ਬਿਲਲਾਪ ਬਿਲਲ ਬਿਨੰਤੀਆ." (ਗੂਜ ਅਃ ਮਃ ੧)

ਬਿਲਲਾਉਣਾ: ਕ੍ਰਿ- ਵਿਲਾਪ ਕਰਨਾ. ਸੰ. ਵਿਲਾਪਨ. "ਬਿਲਲਾਹਿ ਕੇਤੇ ਮਹਾ ਮੋਹਨ, ਬਿਨ ਨਾਮ ਹਰਿ ਕੇ ਸੁਖ ਨਹੀ." (ਬਿਹਾ ਛੰਤ ਮਃ ੫) "ਦੁਖ ਲਗੈ ਬਿਲ ਲਾਣਿਆ." (ਮਃ ੫. ਵਾਰ ਗੂਜ ੨)

ਬਿਲਲਾਟ: ਸੰਗ੍ਯਾ- ਵਿਲਾਪ. ਹਾਇ ਦੁਹਾਈ. "ਬਿਲਲਾਟ ਕਰਹਿ ਬਹੁਤੇਰਿਆ." (ਸੋਰ ਅਃ ਮਃ ੫)

ਬਿਲਲਾਂਤੀ, ਬਿਲਲਾਂਦੀ: ਵਿਲਾਪ ਕਰਦੀ. ਰੋਂਦੀ. ਪੁਕਾਰਦੀ. "ਬਿਨ ਸਤਿਗੁਰੁ ਦੀਸੈ ਬਿਲਲਾਂਤੀ." (ਬਸੰ ਮਃ ੫) "ਬਾਝ ਗੁਰੂ ਫਿਰੈ ਬਿਲਲਾਂਦੀ." (ਮਃ ੩. ਵਾਰ ਗੂਜ ੧)

ਬਿਲਲਾਨਾ: ਦੇਖੋ, ਬਿਲਲਾਉਣਾ.

ਬਿਲਲਾਪ: ਸੰਗ੍ਯਾ- ਵਿਲਾਪ. ਦੇਖੋ, ਬਿਲਲ.

ਬਿਲਲਾਵੈ: ਵਿਲਾਪ ਕਰਦਾ ਹੈ. "ਅਰੜਾਵੈ ਬਿਲਲਾਵੈ ਨਿੰਦਕ." (ਆਸਾ ਮਃ ੫)

ਬਿਲੱਲ: ਸੰ. ਵਿਹ੍ਵਲ. ਵਿ- ਵ੍ਯਾਕਲ ਘਬਰਾਇਆ ਹੋਇਆ.

ਬਿਲਾ: ਸੰਗ੍ਯਾ- ਖੁੱਡ. ਦਰਾਰ. ਦੇਖੋ, ਬਿਲ. "ਅੰਧ ਬਿਲਾ ਤੇ ਕਾਢਹੁ ਕਰਤੇ." (ਦੇਵ ਮਃ ੫) ੨. ਅ਼. بلا ਵ੍ਯ- ਬਿਨਾ. ਬਗੈਰ. ਰਹਿਤ। ੩. ਦੇਖੋ, ਬਿੱਲਾ.

ਬਿਲਾਇ: ਵਿਲਯ (ਲੀਨ) ਕਰਦਾ. "ਜਲ ਨਹਿ ਡੂਬੈ, ਨਭ ਨ ਬਿਲਾਇ." (ਗੁਪ੍ਰਸੂ) ੨. ਸੰਗ੍ਯਾ- ਵਿਲਯ. ਵਿਸ਼ੇਸ਼ ਕਰਕੇ ਲਯ (ਲੀਨ) ਹੋਣ ਦਾ ਭਾਵ. "ਚਿੰਤਾ ਗਈ ਬਿਲਾਇ." (ਮਃ ੪. ਵਾਰ ਸੋਰ) ਚਿੰਤਾ ਨਾਸ਼ ਹੋ ਗਈ। ੩. ਸੰ. ਵਿਲਗ੍ਨ. ਵਿ- ਜੁਦਾ. "ਉਤਰ ਅਗਾਰ ਕਿਵਾਰ ਬਿਲਾਏ." (ਗੁਪ੍ਰਸੂ) ਤਖ਼ਤੇ ਜੁਦੇ ਕੀਤੇ (ਖੋਲ੍ਹੇ).

ਬਿਲਾਇਣ, ਬਿਲਾਇਨ: ਸੰ. ਵਿਲਯਨ. ਸੰਗ੍ਯਾ- ਵਿਸ਼ੇਸ਼ ਕਰਕੇ ਲਯ ਹੋਣ ਦਾ ਭਾਵ. ਮਿਟਣਾ. ਨਾਸ਼ ਹੋਣਾ. "ਰਸਨਾ ਸਿਮਰਤ ਪਾਪ ਬਿਲਾਇਣ." (ਗੌਂਡ ਮਃ ੫)

ਬਿਲਾਈ: ਵਿਲਯ ਹੋਈ. ਮਿਟੀ. ਨਾਸ਼ ਹੋਈ। ੨. ਸੰ. ਵਿਡਾਲੀ. ਸੰਗਯਾ- ਬਿੱਲੀ. "ਸਿੰਘੁ ਬਿਲਾਈ ਹੋਇਗਇਓ, ਤ੍ਰਿਣੁ ਮੇਰੁ ਦਿਖੀਤਾ." (ਬਿਲਾ ਮਃ ੫) ੩. ਦੇਖੋ, ਪਹਿਲਾ ਪੂਤ.

ਬਿਲਾਸ: ਸੰ. ਵਿਲਾਸ. ਸੰਗਯਾ- ਬਹੁਤ ਲਸ (ਖੇਡਣਾ). ਖੇਲ. ਕ੍ਰੀੜਾ। ੨. ਆਨੰਦ ਭੋਗ. "ਅਨਿਕ ਬਿਲਾਸ ਕਰਤ ਮਨਮੋਹਨ." (ਗਉ ਮਃ ੫) ੩. ਦੇਖੋ, ਵਿਲਾਸ ੨.

ਬਿਲਾਸਪੁਰ: ਕਹਲੂਰ ਰਿਆਸਤ ਦੀ ਰਾਜਧਾਨੀ. ਇਹ ਨਗਰ ਸਤਲੁਜ ਦੇ ਖੱਬੇ ਕਿਨਾਰੇ, ਸਮੁੰਦਰ ਤੋਂ ੧੪੬੯ ਫੁਟ ਦੀ ਉਚਾਈ ਪੁਰ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਸਮੇਂ ਇਸ ਦਾ ਰਾਜਾ ਭੀਮਚੰਦ ਸੀ. ਪਹਿਲਾਂ ਜਦ ਉਹ ਗੁਰੂ ਸਾਹਿਬ ਨਾਲ ਪ੍ਰੇਮ ਰਖਦਾ ਸੀ. ਤਦ ਦਸ਼ਮੇਸ਼ ਨੂੰ ਬਿਲਾਸਪੁਰ ਲਿਆਇਆ ਅਰ ਮਹਿਲਾਂ ਵਿੱਚ ਡੇਰਾ ਕਰਵਾਇਆ, ਜਿੱਥੇ ਹੁਣ ਗੁਰਦ੍ਵਾਰਾ ਹੈ. ਰਿਆਸਤ ਵੱਲੋਂ ਮੰਜੀਸਾਹਿਬ ਦੀ ਸੇਵਾ ਬ੍ਰਾਹਮਣ ਕਰਦੇ ਹਨ. ਰੇਲਵੇ ਸਟੇਸ਼ਨ ਗੜ੍ਹਸ਼ੰਕਰ ਅਥਵਾ ਨਵਾਂਸ਼ਹਰ ਤੋਂ ਕਰੀਬ ੬੦ ਮੀਲ ਹੈ ਅਤੇ ਰੋਪੜ ਤੋਂ ੩੦ ਮੀਲ ਹੈ. ਬਿਲਾਸਪੁਰ ਰਿਆਸਤ ਬੀਰਚੰਦ ਰਾਜਪੂਤ ਨੇ ਕਾਇਮ ਕੀਤੀ ਹੈ. ਰਿਆਸਤ ਦਾ ਰਕਬਾ ੪੪੮ ਵਰਗਮੀਲ ਅਤੇ ਆਬਾਦੀ ੯੮੦੦੦ ਹੈ. ਪੰਜਾਬ ਵਿੱਚ ਰਿਆਸਤ ਦਾ ਨੰਬਰ ਅੱਠਵਾਂ ਹੈ. ਸਨ ੧੯੨੧ ਤੋਂ ਬਿਲਾਸਪੁਰ ਦਾ ਨੀਤਿਸੰਬੰਧ ਸਰਕਾਰ ਨਾਲ ਏ. ਜੀ. ਜੀ. ਪੰਜਾਬ ਸਟੇਟਸ ਦ੍ਵਾਰਾ ਹੈ. ਵਰਤਮਾਨ ਰਾਜਾ ਸਰ ਬਿਜੈਚੰਦ ਹੈ. ਸਲਾਮੀ ੧੧. ਤੋਪਾਂ ਦੀ ਹੈ.

ਬਿਲਾਸਿਨੀ: ਸੰ. ਵਿਲਾਸਿਨੀ. ਵਿ- ਵਿਲਾਸ (ਕੇਲ) ਕਰਨ ਵਾਲੀ। ੨. ਸੰਗਯਾ- ਵੇਸ਼ਯਾ. ਕੰਚਨੀ.

ਬਿਲਾਸੀ: ਸੰ. विलासिन. ਵਿ- ਵਿਲਾਸ (ਆਨੰਦ ਭੋਗ) ਕਰਨ ਵਾਲਾ। ੨. ਕ੍ਰੀੜਾ (ਕੇਲ) ਕਰਨ ਵਾਲਾ। ੩. ਖੇਡਣ ਵਾਲਾ। ੪. ਮਖ਼ੌਲੀਆ.

ਬਿਲਾਸੁ: ਸੰਗਯਾ- ਬਿੱਲਾ, ਵਿਡਾਲ। ੨. ਬਿੱਲਾ (ਵਿਡਾਲ) ਅਤੇ ਸ਼੍ਵ (ਕੁੱਤਾ). "ਸੁਆ ਪਿੰਜਰਿ ਨਹਿ ਖਾਇ ਬਿਲਾਸੁ." (ਮਾਲੀ ਮਃ ੫) ੩. ਦੇਖੋ, ਬਿਲਾਸ.

ਬਿਲਾਤ: ਵਿ੍ਲਯ ਹੋਵਤ. ਲੀਨ ਹੁੰਦਾ. ਮਿਟਦਾ. ਦੇਖੋ, ਬਿਲਾਨਾ.

ਬਿਲਾਨਾ: ਕ੍ਰਿ- ਵਿਲਯ ਹੋਣਾ. ਮਿਟਣਾ. ਨਾਸ਼ ਹੋਣਾ. "ਰਾਵਨਹੁ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ." (ਸਾਰ ਕਬੀਰ) "ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨਕੀ ਬਾਤ ਬਿਲਾਨੀ." (ਧਨਾ ਮਃ ੫) ੨. ਬੀਤਨਾ. ਗੁਜ਼ਰਨਾ. "ਬਹੁ ਜਨਮ ਬਿਲਾਨੇ." (ਆਸਾ ਧੰਨਾ) ੩. ਵਿ- ਵਿਲਯ ਹੋਇਆ. ਨਾਸ਼ ਹੋਇਆ। ੪. ਬੀਤਿਆ. ਗੁਜ਼ਰਿਆ.

ਬਿਲਾਪ: ਸੰ. ਵਿਲਾਪ. ਸੰਗਯਾ- ਬੁਰੀ ਤਰਾਂ ਬੋਲਣਾ। ੨. ਰੋਣਾ। ੩. ਵੈਣ ਪਾਉਣੇ.

ਬਿਲਾਂਬ, ਬਿਲਾਮ: ਸੰ. ਵਿਲੰਬ. ਸੰਗਯਾ- ਚਿਰ. ਦੇਰ. ਢਿੱਲ. "ਬੇਗਿ ਮਿਲਹੁ ਜਨ, ਕਰਿ ਨ ਬਿਲਾਂਬਾ." (ਗਉ ਰਵਿਦਾਸ)

ਬਿਲਾਮੀ: ਵਿ- ਵਿਲਯ (ਨਾਸ਼) ਹੋਣ ਵਾਲਾ, ਵਾਲੀ. "ਚਲਦਿਆ ਨਾਲਿ ਨ ਚਲਈ ਖਿਨ ਜਾਇ ਬਿਲਾਮੀ." (ਮਃ ੫. ਵਾਰ ਮਾਰੂ ੨)

ਬਿਲਾਰ: ਸੰਗਯਾ- ਵਿਡਾਲ. ਬਿੱਲਾ.

ਬਿਲਾਵ: ਸੰਗਯਾ- ਵਿਡਾਲ. ਬਿੱਲਾ. । ੨. ਵਲ੍ਹਾਉ. ਬਹਾਨਾ. ਹੀਲਾ.

ਬਿਲਾਵਲ, ਬਿਲਾਵਲੁ: ਇਹ ਸੰਪੂਰਣ ਜਾਤਿ ਦਾ ਰਾਗ ਹੈ. ਸਾਰੇ ਸ਼ੁੱਧ ਸੁਰ ਹਨ. ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਹੈ. ਇਸ ਦੇ ਗਾਉਣ ਦਾ ਵੇਲਾ ਦਿਨ ਦੇ ਦੂਜੇ ਪਹਿਰ ਦਾ ਆਰੰਭ ਹੈ. ਅਨੰਦ ਮੰਗਲ ਦੇ ਵੇਲੇ ਇਸ ਦੇ ਗਾਉਣ ਦੀ ਰੀਤਿ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਬਿਲਾਵਲ ਦਾ ਸੋਲਵਾਂ ਨੰਬਰ ਹੈ.

"ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗ." (ਮਃ ੩. ਵਾਰ ਬਿਲਾ) ੨. ਆਨੰਦ. ਪ੍ਰਸੰਨਤਾ. "ਦੂਜੇ ਭਾਇ

ਬਿਲਾਵਲੁ ਨ ਹੋਵਈ." (ਮਃ ੩. ਵਾਰ ਬਿਲਾ) ੩. ਮੰਗਲ. ਉਤਸਵ. "ਬਿਲਾਵਲੁ ਕਰਿਹੁ ਤੁਮ ਪਿਆਰਿ ਹੋ! ਏਕਸੁ ਸਿਉ ਲਿਵ ਲਾਇ." (ਮਃ ੩. ਵਾਰ ਬਿਲਾ)

ਬਿਲਾਵਲੁ: ਦੇਖੇ, ਬਿਲਾਵਲ.

ਬਿਲੀਧੇ: ਵਿਲਾਪ ਕਰਦੇ. ਰੋਂਦੇ. "ਜਿਉਂ ਬਾਰਿਕੁ ਰਸਕਿ ਪਰਿਓ ਥਨਿ ਮਾਤਾ, ਥਨਿ ਕਾਢੇ ਬਿਲਲ ਬਿਲੀਧੇ." (ਬਸੰ ਮਃ ੪)

ਬਿਲਲੇ: ਦੇਖੋ, ਬਲੇਲ.

ਬਿਲੈ: ਵਿਸ਼ੇਸ਼ ਕਰਕੇ ਲਯ. ਵਿਲੀਨ. ਦੇਖੋ, ਵਿਲਯ. "ਪ੍ਰੇਮਧੁਨਿ ਸੁਨ ਸ੍ਰਵਨ ਸੁਰਤਿ ਬਿਲੈ." (ਭਾਗੁ ਕ)

ਬਿਲੈਯਾ: ਦੇਖੋ, ਬਿਲਈਆ। ੨. ਦੇਖੋ, ਵਿਲੈਯਾ.

ਬਿਲੋਇਨ: ਸੰ. ਵਿਲੋਡਨ. ਸੰਗਯਾ- ਮਥਨ. ਰਿੜਕਣਾ. ੨. ਦੇਖੋ, ਬਿਲੋਕਨ.

ਬਿਲੋਈ: ਵਿਲੋਡਨ ਕੀਤੀ. ਰਿੜਕੀ. ਮਥੀ। ੨. ਸੰਗਯਾ- ਵਿਲੋਡਨ (ਰਿੜਕਣ) ਦਾ ਸਾਧਨ, ਮਧਾਣੀ. ਮਥਨੀ. "ਤਨੁ ਕਰਿ ਮਟੁਕੀ, ਮਨ ਮਾਹਿ ਬਿਲੋਈ." (ਆਸਾ ਕਬੀਰ) ੩. ਅਵਿਲੋਕਨ ਕੀਤੀ. ਦੇਖੀ.

ਬਿਲੋਕਨ, ਬਿਲੋਕਨਾ: ਸੰ. ਵਿਲੋਕਨ. ਦੇਖਣਾ। ੨. ਪਰਖਣਾ.

ਬਿਲੋਕਨਿ: ਸੰਗਯਾ- ਵਿਲੋਕਨ ਦਾ ਭਾਵ. ਚਿਤਵਨਿ. ਦ੍ਰਿਸ਼੍ਟੀ. ਨਜ਼ਰ.

ਬਿਲੋਨਾ: ਵਿਲੋਡਨ (ਮਥਨ) ਕਰਨਾ. ਰਿੜਕਣਾ.

ਬਿਲੋਰ: ਸੰ. ਵਿਲੋਲ. ਵਿ- ਅਤਿ ਚੰਚਲ. "ਕਹੂੰ ਭ੍ਰਮਰਿਕਾ ਪਰਹਿਂ ਬਿਲੋਰ." (ਗੁਪ੍ਰਸੂ) ਪਾਣੀ ਵਿੱਚ ਵਡੀਆਂ ਚੰਚਲ ਭੌਰੀਆਂ ਪੈਂਦੀਆਂ ਹਨ। ੨. ਦੇਖੋ, ਬਿਲੌਰ.

ਬਿਲੋਵਨ, ਬਿਲੋਵਨਾ: ਸੰ. ਵਿਲੋਡਨ. ਰਿੜਕਣਾ. ਮਥਨ। ੨. ਬਾਰ ਬਾਰ ਅਭ੍ਯਾਸ ਕਰਨਾ. "ਹਰਿ ਕਾ ਬਿਲੋਵਨਾ ਬਿਲੋਵਹ ਮੇਰੇ ਭਾਈ." (ਆਸਾ ਕਬੀਰ)

ਬਿਲੌਰ: ਅ਼. بلور ਸੰਗਯਾ- ਸ਼ੀਸ਼ੇ ਜੇਹਾ ਸ੍ਵੱਛ ਪੱਥਰ. ਸਫਟਿਕ Crystal. ਇਸ ਦੀਆਂ ਐਨਕਾਂ ਉੱਤਮ ਬਣਦੀਆਂ ਹਨ.

ਬਿਲੰਕ: ਸੰ. वलाङ्क. ਵੇਲਾਂਕ. ਸਮੁੰਦਰ ਦੇ ਕਿਨਾਰ੍ਹੇ ਦਾ ਪਾਸਾ "ਲੰਕਹਿ ਛਾਡ ਬਿਲੰਕ ਸਿਧਾਨੇ." (ਰਾਮਾਵ) ਸਮੁੰਦਰ ਦੇ ਦੂਜੇ ਪਾਸੇ ਪਹੁੰਚੇ.

ਬਿਲੰਦ: ਦੇਖੋ, ਬਲੰਦ.

ਬਿਲੰਦਾਬਾਦ: ਦੇਖੋ, ਬੁਲੰਦਸਹਰ. "ਬਕਾਨ ਸੀ ਬਿਲੰਦਾਬਾਦ." (ਅਕਾਲ) ਬਗਲਿਆਂ ਜੇਹੀ ਚਿੱਟੀ ਕੀਰਤਿ ਬੁਲੰਦਸ਼ਹਰ ਵਿੱਚ ਸ਼ੋਭਾ ਦੇ ਰਹੀ ਹੈ.

ਬਿਲੰਬ: ਸੰ. ਵਿਲੰਬ. ਸੰਗਯਾ- ਚਿਰ. ਦੇਰ. ਢਿੱਲ. "ਨਹਿ ਬਿਲੰਬ ਧਰਮੰ." (ਸਹਸ ਮਃ ੫)

ਬਿੱਲਾ: ਸੰਗਯਾ- ਬਿਡਾਲ. ਮਾਜਾਂਰ। ੨. ਫੌਜੀ ਅਹੁਦੇਦਾਰ ਦੀ ਵਰਦੀ ਪੁਰ ਲੱਗਾ ਚਿੰਨ੍ਹ, ਜੋ ਉਸ ਦੇ ਅਧਿਕਾਰ ਨੂੰ ਪ੍ਰਗਟ ਕਰਦਾ ਹੈ। ੩. ਵਿ- ਬਿੱਲੇ ਜੇਹੀਆਂ ਅੱਖਾਂ ਵਾਲਾ. ਕਬਰਾ.

ਬਿੱਲੀ: ਸੰਗਯਾ- ਵਿਡਾਲੀ। ੨. ਤਖਤੇ ਦੀ ਚਟਖਨੀ। ੩. ਵਿ- ਬਿੱਲੀ ਜੇਹੀਆਂ ਅੱਖਾਂ ਵਾਲੀ. ਕਬਰੀ.

ਬਿਲ੍ਵ: ਦੇਖੋ, ਬਿਲ ੪.

**ਬਿਵਸਥਾ:** ਸੰ. ਅਵਸ੍ਥਾ. ਸੰਗ੍ਯਾ- ਉਮਰ. ਆਯੁ. "ਬਾਰ ਬਿਵਸਥਾ ਤੁਝਹਿ ਪਿਆਰੈ ਦੂਧ." (ਸੁਖਮਨੀ) ੨. ਦਸ਼ਾ ਹਾਲਤ. "ਦੁਹੂ ਬਿਵਸਥਾ ਤੇ ਜੋ ਮੁਕਤਾ." (ਮਾਰੂ ਅ: ਮ: ੫) ੩. ਸੰ. ਵ੍ਯਵਸ੍ਥਾ. ਵਿ- ਅਵ- ਸ੍ਥਾ ਠਹਿਰਣ ਦਾ ਭਾਵ. ਕਾਇਮ ਹੋਣਾ. ਕਿਸੇ ਬਾਤ ਨੂੰ ਪੱਕਾ ਕਰਨ ਦੀ ਕ੍ਰਿਯਾ। ੪. ਧਰਮ ਦਾ ਫੈਸਲਾ। ੫. ਧਾਰਮਿਕ ਮਰਯਾਦਾ. ਦੇਖੋ, ਸ੍ਰਸਤਿ ਬਿਵਸਥਾ.

**ਬਿਵਸਿ:** ਸੰ. ਵਿ- ਵਸ਼੍ਯ. ਵਿ- ਵਿਸ਼ੇਸ਼ ਕਰਕੇ ਕਾਬੂ. "ਮੋੱਹ ਮਲ ਬਿਵਸਿ ਕੀਓ." (ਸਵੈਯੇ ਮ: ੪. ਕੇ) ਮੋਹਰੂਪ ਪਹਲਵਾਨ ਨੂੰ ਵਸ਼ ਵਿੱਚ ਕਰਲੀਤਾ। ੨. ਬੇ ਵਸ਼ ਲਾਚਾਰ.

**ਬਿਵਹਾਰ:** ਦੇਖੋ, ਬਿਉਹਾਰ ਅਤੇ ਵ੍ਯਵਹਾਰ.

**ਬਿਵਤ:** ਸੰਗ੍ਯਾ- ਬ੍ਯੋਂਤ. ਤਰਕੀਬ. ਯੁਕਤਿ. "ਤਾਂਕੀ ਨਾਸ ਬਿਵਤ ਜਿਯ ਆਨੀ." (ਚਰਿਤ੍ਰ ੪੦) ਉਸ ਦੇ ਨਾਸ਼ ਕਰਨ ਦੀ ਵ੍ਯੋਂਤ ਸੋਚੀ.

**ਬਿਵਰ:** ਖੁੱਡ. ਖੱਡ. ਬਿਲ. ਦੇਖੋ, ਬਿਬਰ. "ਬਿਵਰ ਬਿਖੈ ਤੇ ਬਿਸਿਯਰ ਜੈਸੇ." (ਗੁਪ੍ਰਸੂ)

**ਬਿਵਰਜਨ:** ਦੇਖੋ, ਬਿਬਰਜਨ.

**ਬਿਵਰਜਿ:** ਵਿਵਰ੍‍ਜਨ ਕਰਕੇ. ਹਟਾਕੇ. ਰੋਕਕੇ. "ਮਾਇਆਮੋਹ ਬਿਵਰਜਿ ਸਮਾਏ." (ਰਾਮ ਅ: ਮ: ੧)

**ਬਿਵਰਜਿਤ:** ਦੇਖੋ, ਬਿਬਰਜਿਤ.

**ਬਿਵਾਈ:** ਦੇਖੋ, ਬਿਆਈ. "ਪਗ ਮੇ ਭਈ ਬਿਵਾਈ ਫਟਕਰ." (ਗੁਪ੍ਰਸੂ)

**ਬਿਵਾਦ:** ਦੇਖੋ, ਬਿਬਾਦ.

**ਬਿਵਾਦੀ:** ਦੇਖੋ, ਬਿਬਾਦੀ.

**ਬਿਵਾਨ:** ਦੇਖੋ, ਵਿਮਾਨ.

**ਬਿਵਾਨਗਤ:** ਦੇਖੋ, ਬਿਬਾਨਗਤ.

**ਬਿਵੰਤੀ:** ਵਮਨ ਕਰੰਤੀ. ਉਗਲਦੀ. "ਅਨਲ ਬਿਵੰਤੀ." (ਅਕਾਲ) ਮੂੰਹੋਂ ਅੱਗ ਉਗਲਦੀ.

**ਬਿੜਕ:** ਸੰਗ੍ਯਾ- ਆਹਟ. ਖੜਕਾ। ੨. ਸੁਧ. ਕੰਨਸੋ.

**ਬਿੜਤੋ:** ਵਿ- ਵਟਾਂਦਰਾ ਕੀਤਾ. ਵੱਟਿਆ. ਖੱਟਿਆ। ੨. ਸੰਗ੍ਯਾ- ਲਾਭ. ਨਫਾ. "ਬਾਦ ਆਸਾ ਉਦਮ ਹੈ, ਬਿੜਤੋ ਨ ਪਾਵੈ ਜੀ." (ਭਾਗੁ ਕ)

**ਬਿੜਲਾਛ:** ਦੇਖੋ, ਬਿਡਾਲੱਛ, ਬਿੜਾਲੱਛ ਅਤੇ ਬਿੜਾਰਾਸੁਰ. "ਬਿੜਲਾਛ ਬਿਹੰਡਣ." (ਅਕਾਲ)

**ਬਿੜਾ:** ਸੰਗ੍ਯਾ- ਸੰਗਣਾ ਝਾੜ. "ਬਿੜਾ ਹੀਂਸ ਕੋ ਸੰਘਨ ਘਨੋ." (ਗੁਪ੍ਰਸੂ)

**ਬਿੜਾਰਾਸੁਰ:** ਬਿਡਾਲਾਕ੍ਸ਼ ਅਸੁਰ. ਬਿੱਲੇ ਜੇਹੀਆਂ ਅੱਖਾਂ ਵਾਲਾ ਇੱਕ ਦੈਤ, ਜਿਸ ਨੂੰ ਦੁਰਗਾ ਨੇ ਮਾਰਿਆ. "ਛੇਦ ਚਿੱਛੁਰ ਬਿੜਾਰਾਸੁਰ, ਧੂਲਿਕਰਣ ਖਪਾਇ." (ਜਗਰਾਜ)

**ਬਿੜਾਲ:** ਸੰ. ਬਿਡਾਲ. ਸੰਗ੍ਯਾ- ਬਿੱਲਾ। ੨. ਬਿਡਾਲਾਕ੍ਸ਼ ਦਾ ਸੰਖੇਪ. "ਬਿੜਾਲ ਬਧੇ." (ਅਕਾਲ)

**ਬਿੜਾਲੱਛ, ਬਿੜਾਲਾਸੁਰ:** ਦੇਖੋ, ਬਿੜਾਰਾਸੁਰ, ਅਤੇ ਬਿੜਾਲਾਖ੍ਯ. "ਚੰਡਿ ਬਿੜਾਲੱਛ ਪਰ ਕੀਨ ਦ੍ਰੂਤ ਹਾਨ ਹੈ." (ਨਾਪ੍ਰ)

**ਬਿੜਾਲਾਕ੍ਸ਼, ਬਿੜਾਲਾਖ੍ਯ:** ਦੇਖੋ, ਬਿੜਾਰਸੁਰ। ੨. ਬਿੜਾਲਾਕ੍ਸ਼ ਤੋਂ ਭਿੰਨ ਇੱਕ ਬਿਡਾਲਾਖ੍ਯ ਨਾਮਕ ਅਸੁਰ, ਜੋ ਮਹਿਖਾਸੁਰ

ਦਾ ਮੰਤ੍ਰੀ ਅਤੇ ਸੈਨਾਪਤਿ ਸੀ. ਦੇਖੋ, ਦੇਵੀਭਾਗਵਤ ਸਕੰਧ ੫, ਅঃ ੫.

ਬਿੜਾਲਾਛ: ਬਿਡਾਲਾਕ੍ਸ਼. ਦੇਖੋ, ਬਿੜਾਰਾਸੁਰ. "ਬਿੜਾਲਾਛ ਮਾਰੇ ਸੁ ਪਿੰਗਾਛ ਧਾਏ." (ਚੰਡੀ ੨)

ਬਿੜਾਲਾਛੀ: ਬਿਡਾਲਾਕ੍ਸ਼ ਦੀ ਭੈਣ ਇੱਕ ਰਾਖਸੀ, ਜਿਸ ਦੀਆਂ ਅੱਖਾਂ ਬਿੱਲੀ ਜੇਹੀਆਂ ਸਨ। ੨. ਵਿ- ਬਿੱਲੀ (ਕਬਰੀ) ਅੱਖਾਂ ਵਾਲੀ.

ਬੀ: ਕ੍ਰਿ. ਵਿ- ਭੀ. ਪੁਨਹ। ੨. ਸਾਥ ਹੀ, ਨਾਲ ਹੀ। ੩. ਸੰਗਯਾ- ਬੀਜ (ਤੁਖ਼ਮ) ਦਾ ਸੰਖੇਪ। ੪. ਫ਼ਾ. بی ਬੀਬੀ ਦਾ ਸੰਖੇਪ.

ਬੀਂ: ਫ਼ਾ. بیں ਦੇਖ. ਅਵਿਲੋਕਨ ਕਰ. ਦੀਦਨ ਦਾ ਅਮਰ। ੨. ਦੂਜੇ ਸ਼ਬਦ ਦੇ ਅੰਤ ਆਕੇ ਇਹ ਦੇਖਣ ਵਾਲਾ ਅਰਥ ਦਿੰਦਾ ਹੈ, ਜੈਸੇ- ਦੂਰਬੀਂ, ਖ਼ੁਰਦਬੀਂ.

ਬੀਉ: ਸੰ. ਬੀਜ. ਸੰਗਯਾ- ਤੁਖ਼ਮ. ਕੀਉ ਬੀਜਿ ਪਤਿ ਲੈਗਏ." (ਵਾਰ ਆਸঃ)

ਬੀਓ: ਸਿੰਧੀ. ਵਿ- ਦ੍ਵਿਤੀਯ. ਦੂਜਾ. "ਬੀਓ ਪੂਛਿ ਨ ਮਸਲਤਿ ਧਰੈ." (ਗੌਂਡ ਮঃ ੫) ੨. ਪੈਦਾ ਹੋਇਆ. ਉਪਜਿਆ. "ਆਨ ਨ ਬੀਓ ਦੂਸਰ ਲਾਵਨ." (ਟੋਡੀ ਮঃ ੫) ਦੇਖੋ, ਬੀਯੋ ਅਤੇ ਲਾਵਨ.

ਬੀਅ: ਸੰਗਯਾ- ਬੀਜ. ਤੁਖ਼ਮ.

ਬੀਆ: ਵਿ- ਦ੍ਵਿਤੀਯ. ਦੂਜਾ. "ਏਕੋ ਵੇਖਾ ਅਵਰੁ ਨ ਬੀਆ." (ਮਾਝ ਅঃ ਮঃ ੩) "ਸੰਤਨ ਬਿਨ ਅਵਰੁ ਨ ਦਾਤਾ ਬੀਆ." (ਸੋਰ ਮঃ ੫)

ਬੀਆਹ: ਵਿਵਾਹ. ਸੰਗਯਾ- ਸ਼ਾਦੀ. ਵਿਆਹ. ਇਸਤ੍ਰੀ ਦਾ ਪਾਣਿਗ੍ਰਹਣ. ਪਤਨੀ ਧਾਰਣ ਕਰਨ ਦਾ ਸੰਸਕਾਰ.

ਬੀਆਹਨ: ਕ੍ਰਿ- ਵਿਵਾਹ ਕਰਨਾ. "ਬੰਸ ਕੋ ਪੂਤ ਬੀਆਹਨ ਚਲਿਆ." (ਆਸਾ ਕਬੀਰ) ਦੇਖੋ, ਫੀਲ ਅਤੇ ਬੰਸ ੧੧.

ਬੀਆਹੁ: ਦੇਖੋ, ਬੀਆਹ.

ਬੀਆਬਾਨ: ਫ਼ਾ. بیابان ਬੇ- ਆਬ- ਆਂ ਤੋਂ ਇਹ ਸ਼ਬਦ ਬਣਿਆ ਹੈ. ਵਿ- ਬਿਨਾ ਵਸੋਂ. ਆਬਾਦੀ ਰਹਿਤ। ੨. ਸੰਗਯਾ- ਸੁੰਨਾ ਜੰਗਲ. ਰੇਗਿਸਤਾਨ.

ਬੀਸ: ਸੰ. ਵਿੰਸ਼ੀਤ. ਵਿ- ਵੀਹ. "ਬੀਸ ਬਰਸ ਕਛੂ ਤਪੁ ਨ ਕੀਓ." (ਆਸਾ ਕਬੀਰ)

ਬੀਸ ਇਕੀਸ: ਬੀਸ ਬਿਸਵੇ (ਭਾਵ- ਯਕੀਨਨ) ਇੱਕ ਈਸ਼. "ਗੁਰਮਤਿ ਮਿਲੀਐ ਬੀਸ ਇਕੀਸ." (ਓਅੰਕਾਰ) ਬਿਨਾ ਸੰਸੇ ਇੱਕ ਈਸ਼੍ਵਰ ਨੂੰ ਮਿਲੀਦਾ ਹੈ.

ਬੀਸ ਸਪਤਾਹਰੋ ਬਾਸਰੋ: ਬੀਸ ਸਪਤ (ਸਪ੍ਤਵਿੰਸ਼ਤਿ) ਸਤਾਈ ਤੱਤਾਂ ਦੇ ਨਿਵਾਸ ਦਾ ਅਸਥਾਨ, ਦੇਹ ਸ਼ਰੀਰ.

ਸੂਖਮ ਅਤੇ ਸਥੂਲ ਪੰਜ ਭੂਤ (੧੦)

ਗ੍ਯਾਨ ਅਤੇ ਕਰਮੇਂਦ੍ਰਿਯ (੧੦)

ਪ੍ਰਾਣ (੫)

ਮਨ ਅਤੇ ਬੁੱਧਿ (੨)

"ਬੀਸ ਸਪਤਾਹਰੋ ਬਾਸਰੋ ਸੰਗ੍ਰਹੈ." (ਸ੍ਰੀ ਮঃ ੧) ਜੋ ਸ਼ਰੀਰ ਨੂੰ ਵਸ਼ ਕਰਦਾ ਹੈ, ਭਾਵ- ਕੁਕਰਮਾਂ ਵਿੱਚ ਲੱਗਣ ਨਹੀਂ ਦਿੰਦਾ ਅਤੇ ਸ਼ੁਭਕਰਮਾਂ ਵਿੱਚ ਲਾਉਂਦਾ ਹੈ. ਦੇਖੋ, ਖੋੜਾ ੨.

ਬੀਸਤ: ਫ਼ਾ. بیست ਵੀਹ. ਸੰ. ਵਿੰਸ਼ਤਿ.

**ਬੀਸਾਬਾਹੁ:** ਬੀਸ ਹਨ ਬਾਹੁ (ਭੁਜਾ) ਜਿਸ ਦੇ, ਰਾਵਣ.

**ਬੀਸ ਬਿਸਵੇ, ਬੀਸ ਬਿਸੁਏ:** ਜੈਸੇ ਰੁਪਯੇ ਦੇ ਸੋਲਾਂ ਆਨੇ ਹਨ, ਤੈਸੇ ਹੀ ਵਿੱਘੇ ਦੇ ਬੀਸ ਬਿਸਵੇ ਹੁੰਦੇ ਹਨ. ਸੋਲਾਂ ਆਨੇ ਅਤੇ ਬੀਸ ਬਿਸਵੇ ਕਹਿਣ ਤੋਂ ਭਾਵ ਹੁੰਦਾ ਹੈ- ਪੂਰਣ ਰੀਤਿ ਨਾਲ. ਚੰਗੀ ਤਰਾਂ. ਮੁਕੰਮਲ ਤੌਰ ਪੁਰ "ਬੀਸ ਬਿਸੁਏ ਗੁਰ ਕਾ ਮਨੁ ਮਾਨੈ." (ਸੁਖਮਨੀ) "ਬੀਸ ਬਿਸੁਏ ਜਾ ਮਨ ਠਹਿਰਾਨੇ." (ਰਾਮ ਮਃ ੫)

**ਬੀਸਭੁਜ:** ਦੇਖੋ, ਬੀਸਬਾਹੁ.

**ਬੀਸਰਣ:** ਵਿਸ੍ਮਰਣ. ਸੰਗਯਾ- ਚੇਤਿਓਂ ਭੁੱਲ ਜਾਣਾ. "ਲੋਭ ਮੋਹ ਸਭ ਬੀਸਰਿਜਾਹੁ." (ਗਉ ਥਿਤੀ ਕਬੀਰ) "ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ." (ਆਸਾ ਛੰਤ ਮਃ ੫)

**ਬੀਸਵਾਂ:** ਵਿ- ਵਿੰਸ਼ਤਿਤਮ. ਵੀਹਵਾਂ.

**ਬੀਸਾਯਾ ਤਾਪ:** ਸੰਗਯਾ- ਬੀਸਵੇਂ ਦਿਨ ਹੋਣ ਵਾਲਾ ਤਾਪ. ਦੇਖੋ, ਤਾਪ (ਘ) "ਸੁਖਾ ਜੂਰ ਤੇਈਆ ਚੌਥਾਯਾ। ਅਸ਼ਟ ਦਿਵਸੀਓ ਅਰੁ ਬੀਸਾਯਾ." (ਚਰਿਤ੍ਰ ੪੦੫)

**ਬੀਸੀ:** ਸੰਗਯਾ- ਬੀਸ (ਵਿੰਸ਼ਤਿ) ਵਸਤਾਂ ਦਾ ਸਮੁਦਾਯ.

**ਬੀ. ਸੀ.:** (B. C. ) ਈਸੇ ਤੋਂ ਪਹਿਲਾਂ. ਦੇਖੋ, ਈਸਵੀ ਸਨ.

**ਬੀਹ:** ਦੇਖੋ, ਬੀਸ ਅਤੇ ਵੀਹ.

**ਬੀਹ ਬਿਸਵੇ:** ਦੇਖੋਂ, ਬੀਸ ਬਿਸਵੇ ਅਤੇ ਵੀਹ ਵਿਸਵੇ.

**ਬੀਕਾਸੀ:** ਡਿੰਗ. ਬੱਦਲਾਂ ਕਰਕੇ ਹੋਇਆ ਹਨੇਰਾ. ਘਨਤਮ.

**ਬੀਕਾਨੇਰ:** ਰਾਜਪੂਤਾਨੇ ਵਿੱਚ "ਬੀਕਾ" ਨਾਮ ਦੇ ਪ੍ਰਤਾਪੀ ਰਾਜਪੂਤ ਦਾ ਸੰਮਤ ੧੫੪੫ ਵਿੱਚ ਵਸਾਇਆ ਨਗਰ, ਜਿਸ ਦਾ ਪ੍ਰਾਚੀਨ ਨਾਮ ਬੀਕਾਮੇਰੁ ਸੀ. ਇਹ ਰਿਆਸਤ ਬੀਕਾਨੇਰ ਦੀ ਰਾਜਧਾਨੀ ਹੈ. ਵਸੋਂ। ੬੯੩੧੫ ਹੈ. ਭਟਿੰਡੇ ਤੋਂ ਇਸ ਨੂੰ ਛੋਟੀ ਰੇਲ ਜਾਂਦੀ ਹੈ ਅਰ ਫਾਸਿਲਾ ੨੦੧ ਮੀਲ ਹੈ. ਰਿਆਸਤ ਬੀਕਾਨੇਰ ਦਾ ਰਕਬਾ ੨੩, ੩੧੫ ਵਰਗਮੀਲ ਅਤੇ ਆਬਾਦੀ ੬੬੦, ੬੫੬ ਹੈ. ਵਰਤਮਾਨ ਮਹਾਰਾਜਾ ਸਰ ਗੰਗਾਸਿੰਘ ਬਹਾਦੁਰ ਹੈ. "ਬੀਕਾਨੇਰ ਰਾਵ ਇੱਕ ਭਾਰੋ." (ਚਰਿਤ੍ਰ ੧੪੪)

**ਬੀਖ:** ਸੰਗਯਾ- ਡਿੰਘ. ਡਗ. ਕਰਮ. ਦੇਖੋ, ਵਿਖ ੧.

**ਬੀਖੁ:** ਸੰਗਯਾ- ਵ੍ਰਿਕ੍ਸ਼. ਬਿਰਛ. ਦਰਖ਼ਤ. "ਬਾਵਨ ਬੀਖੂ." (ਪ੍ਰਭਾ ਨਾਮਦੇਵ) ਚੰਦਨ ਦਾ ਬਿਰਛ.

**ਬੀਖੇ:** ਵਯ- ਵਿੱਚ. ਗੱਭੇ. ਵਿਖੇ. "ਬਾਨੈ ਬੀਖੇ." (ਪ੍ਰਭਾ ਨਾਮਦੇਵ) ਵਨ (ਜੰਗਲ) ਦੇ ਵਿੱਚ.

**ਬੀਂਗ:** ਸੰਗਯਾ- ਵਿੰਗ. ਵਲ। ੨. ਕੁਟਿਲਤਾ. ਟੇਢਾਪਨ. "ਅਨਿਕ ਬੀਂਗ ਦਾਸ ਕੇ ਪਰਹਰਿਆ." (ਸੂਹੀ ਮਃ ੫)

**ਬੀਗਾ, ਬੀਂਗਾ:** ਵਿ- ਵਿੰਗਾ. ਟੇਢਾ. "ਪਾਉ ਨ ਬੀਗਾ ਘਾਲੈ." (ਰਾਮ ਮਃ ੫) ਭਾਵ- ਕੁਮਾਰਗ ਵਿੱਚ ਨਹੀਂ ਚਲਦਾ। ੨. ਕੁਟਿਲ. ਜੋ ਸਰਲ (ਸਿੱਧਾ) ਨਹੀਂ.

**ਬੀਗਾ ਪੈਰੁ:** ਕੁਮਾਰਗ ਵਿੱਚ ਜਾਣਾ. ਖੋਟੇ ਰਾਹ ਪੈਰ ਰੱਖਣਾ. "ਸਾਧ ਕੈ ਸੰਗਿ ਨ ਬੀਗਾ ਪੈਰੁ." (ਸੁਖਮਨੀ)

**ਬੀਘਾ:** ਦੇਖੋ, ਬਿਘਾ.

**ਬੀਚ:** ਕ੍ਰਿ. ਵਿ- ਵਿੱਚ. ਮਧ੍ਯ. ਭੀਤਰ। ੨. ਸੰਗਯਾ- ਅੰਤਰਾ. ਫ਼ਰਕ. ਭੇਦ. "ਲੋਕਨ ਪਰਕੈ ਬੀਚ ਮੇ, ਬਹੁ ਬੀਚ ਕਿਯੋ ਹੈ." (ਗੁਪ੍ਰਸੂ) ਲੋਕਾਂ ਨੇ ਵਿੱਚ ਪੈਕੇ ਬਹੁਤ ਫੁੱਟ ਪਾ ਦਿੱਤੀ। ੩. ਭਾਵ- ਵਿਰੋਧ.

ਬੀਚਲ: ਵਿ- ਵਿਚਕਾਰ ਦਾ. ਮਧ੍ਯ ਦਾ। ੨. ਦੇਖੋ, ਵਿਚਲ.

ਬੀਚਾਰ, ਬੀਚਾਰੁ: ਦੇਖੋ, ਬਿਚਾਰ। ੨. ਫੈਸਲਾ. "ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ." (ਸ੍ਰੀ ਮਃ ੧) ਨਿਰਣਯ. ਲਕ੍ਸ਼ਣ. "ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਬੀਚਾਰ." (ਮਃ ੩. ਵਾਰ ਬਿਲਾ) ੪. ਦੇਖੋ, ਬੀਚਾਰੁ। ੫. ਮਿਸਾਲ. ਉਦਾਹਰਣ. "ਰਹਹਿ ਜਗਤ੍ਰ ਜਲ ਪਦਮ ਬੀਚਾਰ." (ਸਵੈਯੇ ਮਃ ੨. ਕੇ) ਰਹਿੰਦਾ ਹੈ ਜਗਤ ਵਿੱਚ ਜਲ ਕਮਲ ਦੀ ਤਰਾਂ. ਭਾਵ- ਨਿਰਲੇਪ.

ਬੀਚਾਰਾ: ਦੇਖੋ, ਬਿਚਾਰ. "ਬਿਨ ਬੋਲੈ ਕਿਆ ਕਰੈ ਬੀਚਾਰਾ." (ਗੌਂਡ ਕਬੀਰ) ੨. ਦੇਖੋ, ਬੇਚਾਰਾ.

ਬੀਚਾਰਿ: ਵਿਚਾਰ ਕਰਕੇ "ਬੀਚਾਰਿ ਸਤਿਗੁਰੁ ਮੁਝੈ ਪੂਛਿਆ." (ਆਸਾ ਛੰਤ ਮਃ ੧)

ਬੀਚਾਰੀ: ਵਿ- ਵਿਚਾਰਵਾਨ. "ਮੰਨੀਐ ਸਤਿਗੁਰੁ ਪਰਮ ਬੀਚਾਰੀ." (ਸਵਾ ਮਃ ੪)

ਬੀਚਾਰੁ: ਦੇਖੋ, ਬਿਚਾਰ. "ਜਿਸੁ ਅੰਤਰਿ ਬਿਬੇਕ ਬੀਚਾਰੁ." (ਸ੍ਰੀ ਮਃ ੩) ੨. ਸੰ. ਵ੍ਯਭਿਚਾਰ. ਨਿੰਦਿਤ ਆਚਾਰ. "ਹਲੁ ਬੀਚਾਰੁ ਵਿਕਾਰ ਮਣ." (ਮਃ ੧. ਵਾਰ ਰਾਮ ੧) ਪਾਂਮਰਾਂ ਦੀ ਖੇਤੀ ਲਈ ਵ੍ਯਭਿਚਾਰ ਹਲ ਹੈ, ਮਣ (ਬੋਹਲ) ਵਿਕਾਰ ਹੈ.

ਬੀਚਿ, ਬੀਚੀ: ਸੰ. ਵੀਚਿ ਅਤੇ ਵੀਚੀ. ਸੰਗ੍ਯਾ- ਲਹਿਰ. ਤਰੰਗ. ਮੌਜ. "ਤਨ ਸਨੇਹ ਸਾਗਰ ਨਹਿ ਢਿਗ ਨਾਨਕਰੂਪ ਜਹਾਜੁ ××× ਦਾਸੀ ਤੁਲਸਾਂ ਬੀਚੀ ਕੇ ਸਮ." (ਨਾਪ੍ਰ)

ਬੀਚੁ: ਕ੍ਰਿ. ਵਿ- ਵਿੱਚ. ਭੀਤਰ। ੨. ਸੰਗ੍ਯਾ- ਵਿੱਥ. ਅੰਤਰਾ। ੩. ਵਿਰੋਧ. "ਹਮ ਤੁਮ ਬੀਚੁ ਭਇਓ ਨਹੀ ਕੋਈ." (ਆਸਾ ਕਬੀਰ) ੪. ਵਿਚੋਲਾਪਨ. ਵਕਾਲਤ. "ਬੀਚੁ ਨ ਕੋਇ ਕਰੇ, ਅਕ੍ਰਿਤਘਣੁ ਵਿਛੜਿ ਪਇਆ." (ਬਿਹਾ ਛੰਤ ਮਃ ੫)

ਬੀਚੇ: ਕ੍ਰਿ. ਵਿ- ਵਿੱਚੇ ਬੀਚਹੀ. "ਮਨਸਾ ਬੀਚੇ ਨਿਕਸੇ ਸਾਸ." (ਗੂਜ ਮਃ ੫)

ਬੀਛੁਰਾ: ਕ੍ਰਿ. ਵਿ- ਵਿਛੁੜਿਆ ਜੁਦਾ ਹੋਇਆ. ਦੇਖੋ, ਬਿਛੁਰਨਾ. "ਜਾਕੇ ਸੰਗ ਤੇ ਬੀਛੁਰਾ." (ਸ. ਕਬੀਰ) "ਜੋ ਜੀਅ ਤੁਝ ਤੇ ਬੀਛੁਰੇ." (ਆਸਾ ਮਃ ੫. ਬਿਰਹੜੇ)

ਬੀਛੂ: ਦੇਖੋ, ਬਿਛੂ.

ਬੀਜ: ਸੰ. ਸੰਗ੍ਯਾ- ਬੀ. ਤੁਖ਼ਮ। ੨. ਮੂਲਕਾਰਣ। ੩. ਜੜ. ਮੂਲ। ੪. ਵੀਰ੍ਯ. ਸ਼ੁਕ੍ਰ. ਮਨੀ। ੫. ਮੰਤ੍ਰ ਦਾ ਪ੍ਰਧਾਨ ਅੰਗ। ੬. ਬਿਜਲੀ (ਵਿਦ੍ਯੁਤ) ਦਾ ਸੰਖੇਪ. "ਮਾਨੋ ਪਹਾਰ ਕੇ ਉਪਰ ਸਾਲਹਿ ਬੀਜ ਪਰੀ." (ਕ੍ਰਿਸਨਾਵ) ਪਹਾੜ ਪੁਰ ਸਾਲ ਦੇ ਬਿਰਛ ਨੂੰ ਬਿਜਲੀ ਪਈ.

ਬੀਜਉ: ਸਿੰਧੀ. ਵਿ- ਦੂਜਾ. ਦ੍ਵਿਤੀਯ. "ਬੀਜਉ ਸੂਝੈ ਕੋ ਨਹੀ." (ਓਅੰਕਾਰ) ਡਿੰਗ- ਬੀਜੋ.

ਬੀਜਕ: ਵਿ- ਬੀਜਣ ਵਾਲਾ। ੨. ਸੰਗ੍ਯਾ- ਸੂਚੀ. ਫ਼ੇਹਰਿਸ੍ਤ। ੩. ਉਹ ਸੂਚੀ, ਜਿਸ ਵਿੱਚ ਮਾਲ ਦਾ ਨਿਰਖ ਅਤੇ ਵਜ਼ੋਰਾ ਲਿਖਿਆ ਹੋਵੇ. Invoice. ੪. ਕਬੀਰਪੰਥੀਆਂ ਦਾ ਧਰਮਗ੍ਰੰਥ, ਜਿਸ ਦਾ ਪ੍ਰਸਿੱਧ ਨਾਮ "ਕਬੀਰਬੀਜਕ" ਹੈ.

ਬੀਜਣਾ: ਕ੍ਰਿ- ਬੀਜ ਪਾਉਣਾ. ਤੁਖ਼ਮਰੇਜ਼ੀ ਕਰਨੀ. "ਜੇਹਾ ਬੀਜੈ ਸੋ ਲੁਣੈ." (ਮਾਝ ਬਾਰਹਮਾਹਾ)

ਬੀਜਨ: ਸੰ. ਵੀਜਨ. ਸੰਗ੍ਯਾ- ਵ੍ਯਜਨ (ਪੱਖਾ) ਫੇਰਨਾ। ੨. ਪੱਖਾ. ਵ੍ਯਜਨ. ਸਿੰਧੀ ਵਿੰਜਿਣੋ। ੩. ਦੇਖੋ, ਬੀਜਣਾ.

ਬੀਜਨਾ: ਦੇਖੋ, ਬੀਜਣਾ। ੨. ਪੱਖਾ. ਦੇਖੋ, ਬੀਜਨ. "ਕੇਸਾਂ ਕਾ ਕਰਿ ਬੀਜਨਾ." (ਸੂਹੀ ਮਃ ੫) ਸਿੰਧੀ- ਵਿੰਜਿਣੋ.

ਬੀਜਨੁ: ਪੱਖਾ. ਦੇਖੋ, ਬੀਜਨ. "ਬੀਜਨ ਢੋਲਾਵਉ." (ਬਿਲਾ ਮਃ ੫)

ਬੀਜਨੋ: ਦੇਖੋ, ਬੀਜਣਾ। ੨. ਦੇਖੋ, ਬੀਜਨ। ੩. ਸੰ. ਵ੍ਯਜਨ. ਕੰਪਾਯਮਾਨ ਕਰਨਾ. ਕੰਬਾਉਣਾ. "ਜੈਸੇ ਪਟਬੀਜਨੋ ਚਹਿਤ ਰਵਿ

ਬੀਜਨੋ, ਨ ਜਾਨੈ ਤੇਜ ਛੀਜਨੋ." (ਗੁਪ੍ਰਸੂ) ਜਿਵੇਂ ਪਟਬੀਜਨਾ (ਖਦਯੋਤ) ਸੂਰਜ ਨੂੰ ਕੰਬਾਉਣਾ (ਡਰਾਉਣਾ) ਚਾਹੁੰਦਾ ਹੈ.

ਬੀਜਮੰਤ੍ਰ, ਬੀਜਮੰਤ੍ਰੁ: ਸੰ. ਸੰਗਯਾ- ਉਹ ਮੰਤ੍ਰ. ਜੋ ਆਪਣੇ ਧਰਮ ਅਨੁਸਾਰ ਸਾਰੇ ਮੰਤ੍ਰਾਂ ਵਿੱਚ ਬੀਜਰੂਪ ਹੋਵੇ. "ਬੀਜਮੰਤ੍ਰ ਸਰਬ ਕੋ ਗਿਆਨੁ। ਚਹੁ ਵਰਨਾ ਮਹਿ ਜਪੈ ਕੋਊ ਨਾਮੁ." (ਸੁਖਮਨੀ) "ਬੀਜਮੰਤ੍ਰ ਲੈ ਹਿਰਦੈ ਰਹੈ." (ਰਾਮ ਬੇਣੀ) ੨. ਕਿਸੇ ਕੰਮ ਨੂੰ ਕਰਨ ਦਾ ਅਸਲ ਢੰਗ। ੩. ਮੰਤ੍ਰ ਦਾ ਭਾਵ.

ਸਿੱਧਾਂਤ. ੪. ਸਿੱਖਮਤ ਅਨੁਸਾਰ ੧ਓ ।੫. ਮੰਤ੍ਰ ਦਾ ਬੀਜਰੂਪ ਅਖ਼ਰ.

ਬੀਜਰਕਤ੍ਰ: ਦੇਖੋ, ਰਕਤਬੀਜ, "ਬੀਜਰਕਤ੍ਰ ਸੁ ਬੰਬ ਬਜਾਇਕੈ." (ਚੰਡੀ ੧)

ਬੀਜਲ: ਵਿ- ਬੀਜ ਵਾਲਾ। ੨. ਦੇਖੋ, ਬੀਜੁਲ.

ਬੀਜਾ: ਵਿ- ਦੂਜਾ. ਦੇਖੋ, ਬੀਜਉ. "ਬੀਜਾ ਅਵਰੁ ਨ ਕੋਇ." (ਆਸਾ ਛੰਤ ਮਃ ੪) ੨. ਸੰਗਯਾ- ਦੇਖੋ, ਸੋਰਠਿ, ੨. "ਸੋਰਠਿ ਬੀਜਾ ਗਾਵੀਐ." (ਭਾਗੁ)

ਬੀਜਾਪੁਰ: ਬੰਬਈ ਦੇ ਇਲਾਕੇ ਇੱਕ ਨਗਰ, ਜਿੱਥੇ ਪਹਿਲਾਂ ਚਾਲੁਕ੍ਯ ਆਦਿਕ ਵੰਸ਼ਾਂ ਦੀ ਰਾਜਧਾਨੀ ਰਹੀ, ਫੇਰ ਪੰਦ੍ਰਵੀਂ ਈਸਵੀ ਸਦੀ ਦੇ ਮੱਧ ਯੂਸਫ ਆਦਿਲਸ਼ਾਹ ਨੇ ਆਪਣੀ ਰਾਜਧਾਨੀ ਬਣਾਈ. ਇਸ ਪਿੱਛੋਂ ਪੇਸ਼ਵਾ ਅਤੇ ਸਤਾਰਾ ਦੇ ਰਾਜ ਅੰਦਰ ਇਹ ਰਿਹਾ. ਸਨ ੧੮੪੮ ਵਿੱਚ ਅੰਗ੍ਰੇਜੀ ਅਧਿਕਾਰ ਅੰਦਰ ਆਇਆ. "ਹਨੇ ਬੀਰ ਬੀਜਾਪੁਰੀ ਗੋਲਕੁੰਡੀ." (ਕਲਕੀ)

ਬੀਜਿ: ਬੀਜਕੇ. ਦੇਖੋ, ਬੀਉ.

ਬੀਜੀ: ਵਿ- ਦੂਜੀ. ਦੂਸਰੀ. "ਅਵਰ ਨ ਸੂਝੈ ਬੀਜੀ ਕਾਰਾ." (ਪ੍ਰਭਾ ਅਃ ਮਃ ੧) ੨. ਬੋਈ.

ਬੀਜੁ: ਦੇਖੋ, ਬੀਜ. "ਬੀਜੁ ਬੋਵਸਿ ਭੋਗ ਭੋਗਹਿ." (ਜੈਤ ਛੰਤ ਮਃ ੫) ੨. ਬਿਜਲੀ. "ਬੀਜੁ ਕੇ ਪਕਾਸ ਸੀ ਅਕਾਸ ਪਸਰਤ ਹੈ." (ਸ਼ਿਵਦਯਾਲ)

ਬੀਜੁਰੀ, ਬੀਜੁਲ, ਬੀਜੁਲੀ: ਸੰਗਯਾ- ਵਿਦ੍ਯੁਤ. ਬਿਜਲੀ. ਤੜਿਤ. ਸੌਦਾਮਿਨੀ. "ਚਮਕਾਰ ਬੀਜੁਲ ਤਹੀ." (ਸੋਰ ਨਾਮਦੇਵ) ਭਾਵ- ਆਤਮਿਕ ਪ੍ਰਕਾਸ਼ ਤੋਂ ਹੈ. ਦੇਖੋ, ਬਿਜੁਲੀ.

ਬੀਜੌ: ਦੇਖੋ, ਬੀਜਉ.

ਬੀਝ: ਵਿ- ਬੱਧ. ਬੱਝਾ. ਬੰਨ੍ਹਿਆ. "ਹਿਤ ਫਾਂਸਿ ਬੀਝ." (ਦੱਤਾਵ) ਹਿਤ ਦੀ ਫਾਹੀ ਵਿੱਚ ਬੱਧਾ.

ਬੀਟਨਾ: ਕ੍ਰਿ- ਡੋਲ੍ਹਣਾ. ਵਹਾਉਣਾ.

ਬੀਟੀ: ਸੰ. ਵੀਟਾ. ਸੰਗਯਾ- ਰੋੜਾ. ਕੰਕਰ. ਠੀਕਰੀ। ੨. ਵੀਟੀ. ਪਾਨਾਂ ਦੀ ਬੀੜੀ.

ਬੀਠਲ, ਬੀਠਲਾ, ਬੀਠਲੁ: ਵਿੱਠਲ. ਮਰਾਠੀ (ਮਹਾਰਾਸ਼੍ਟ੍ਰੀ) ਭਾਸ਼ਾ ਵਿੱਚ ਵਿੱਠਲ ਸ਼ਬਦ ਦਾ ਅਰਥ ਕੀਤਾ ਹੈ ਵਿ- (ਗ੍ਯਾਨ) ਠ (ਬਿਨਾ) ਲ (ਅੰਗੀਕਾਰ) ਜੋ ਗਿਆਨਹੀਨ (ਮਹਾਮੂਰਖਾਂ) ਨੂੰ ਅੰਗੀਕਾਰ ਕਰੇ, ਉਹ ਵਿੱਠਲ ਹੈ. ਨਾਮਦੇਵ ਜੀ ਦੀ ਮਾਤ੍ਰਿਭਾਸ਼ਾ ਦਾ ਇਹ ਸ਼ਬਦ ਉਨ੍ਹਾਂ ਦਾ ਮੂਲਮੰਤ੍ਰ ਸੀ. "ਬੀਠਲੁ ਬਿਨ ਸੰਸਾਰ ਨਹੀਂ." (ਆਸਾ ਨਾਮਦੇਵ)

ਬੀਠਾ: ਸੰ. ਵਿਸ਼੍ਰਿਤ. ਵਿ- ਸ੍ਥਿਤ ਕਾਇਮ। ੨. ਫੈਲਿਆ. ਵ੍ਯਾਪਿਆ. "ਸਰਬ ਥਾਨਿ ਘਟਿ ਬੀਠਾ." (ਸਾਰ ਮਃ ੫)

ਬੀਠੁਲ: ਦੇਖੋ, ਬੀਠਲ.

ਬੀਣਾ: ਵਿ- ਦ੍ਰਸ਼੍ਟਾ. ਦੇਖਣ ਵਾਲਾ. ਦੇਖੋ, ਬੀਨਾ. "ਗੁਰੁ ਅਰਜਨੁ ਘਰਿ ਗੁਰੁ ਰਾਮਦਾਸ ਅਪਰੰਪਰ ਬੀਣਾ." (ਸਵੈਯੇ ਮਃ ੫. ਕੇ) ੨. ਸੰ. ਵੀਣਾ. ਸੰਗਯਾ- ਤੰਤੀ. "ਬੀਣਾ ਸ਼ਬਦ ਬਜਾਵੈ ਜੋਗੀ." (ਆਸਾ ਮਃ ੧) ਦੇਖੋ, ਵੀਣਾ। ੩. ਦੇਖੋ, ਧੁਜਾਸੇਤਿ.

ਬੀਣੀ: ਦੇਖੋ, ਬੀਨੀ। ੨. ਦੇਖੋ, ਵੀਣੀ.

ਬੀਤ: ਦੇਖੋ, ਬਿਤ. "ਹਰਚੰਦਉਰੀ ਬਨ ਹਰ ਪਾਤ ਰੇ, ਇਹੈ ਤੁਹਾਰੋ ਬੀਤ." (ਧਨਾ ਮਃ ੫) ੨. ਦੇਖੋ, ਵੀਤ। ੩. ਦੇਖੋ, ਬੀਤਣਾ. "ਬੀਤਜੈਹੈ ਬੀਤਜੈਹੈ ਜਨਮ ਅਕਾਜ ਰੇ." (ਜੈਜਾ ਮਃ ੯)

ਬੀਤਣਾ: ਕ੍ਰਿ- ਵਤੀਤ ਹੋਣਾ. ਗੁਜ਼ਰਨਾ. "ਬਾਰਹ ਬਰਸ ਬਾਲਪਨ ਬੀਤੇ." (ਆਸਾ ਕਬੀਰ)

ਬੀਤਰਾਗ: ਦੇਖੋ, ਵੀਤਰਾਗ.

ਬੀਤਿ: ਸੰ. ਵੀਤਿ. ਸੰਗਯਾ- ਪ੍ਰਸੰਨਤਾ. ਖੁਸ਼ੀ। ੨. ਲਾਭ. ਨਫਾ। ੩. ਜੁਦਾਈ. ਭਿੰਨਤਾ.

ਬੀਤੁ: ਦੇਖੋ, ਬੀਤ। ੨. ਦੇਖੋ, ਬਿਤ. "ਤਿਸ ਸਿਉ ਨ ਲਾਈਐ ਹੀਤੁ, ਜਾਕੋ ਕਿਛੁ ਨਾਹੀ ਬੀਤੁ." (ਧਨਾ ਮਃ ੫)

ਬੀਤੇ: ਵਤੀਤ ਹੋਏ. ਗੁਜ਼ਰੇ. ਦੇਖੋ, ਬੀਤਣਾ। ੨. ਗੁਜ਼ਰੇ ਹੋਏ. ਲੰਘੇ ਹੋਏ. ਦੁਨੀਆਂ ਤੋਂ ਲੰਘਕੇ ਪਰਮਪਦ ਨੂੰ ਪਹੁੰਚੇ ਹੋਏ. "ਰਾਗ ਸੁਣਾਇ ਕਹਾਵਹਿ ਬੀਤੇ." (ਆਸਾ ਅਃ ਮਃ ੧) ਸੰਸਾਰ ਦੇ ਪ੍ਰੇਮ ਦੀ ਕਥਾ ਸੁਣਾਕੇ ਆਪਣੇ ਤਾਈਂ ਦੁਨੀਆਂ ਤੋਂ ਲੰਘੇ ਹੋਏ ਕਹਾਉਂਦੇ ਹਨ.

ਬੀਥਰੇ: ਖਿੰਡੇ. ਫੈਲੇ. ਵਿਸ੍ਤ੍ਰਿਤ ਹੋਏ. ਦੇਖੋ, ਬਿਥਰਨਾ. "ਮਾਰਗਿ ਮੋਤੀ ਬੀਥਰੇ." (ਸ. ਕਬੀਰ)

ਬੀਥਿ, ਬੀਥਿਕਾ, ਬੀਥੀ: ਸੰ. ਵੀਥਿ- ਵੀਥਿਕਾ- ਵੀਥੀ. ਸੰਗਯਾ- ਗਲੀ। ੨. ਸੜਕ. "ਨਾਮ ਤੇਰੇ ਕੀ ਮੁਕਤੇ ਬੀਥੀ." (ਆਸਾ ਮਃ ੫) ਖੁਲ੍ਹੀ ਸੜਕ.

ਬੀਧ: ਸੰ. ਵਿਦ੍ਧ- ਵਿੱਧ. ਵਿ- ਵਿੰਨ੍ਹਿਆ ਹੋਇਆ। ੨. ਪਰੋਇਆ. ਸੀੱਤਾ. "ਮਨ ਨਾਨਕ ਤਿਸੁ ਸੰਗਿ ਬੀਧ." (ਮਾਰੂ ਮਃ ੫)

ਬੀਧਨਾ: ਕ੍ਰਿ- ਵੇਧਨ ਕਰਨਾ. ਵਿੰਨ੍ਹਣਾ. ਛੇਦ

ਬੀਂਧਨਾ: ਕਰਨਾ। ੨. ਪਰੋਣਾ। ੩. ਦੇਖੋ, ਬਿਧਣਾ ੨.

ਬੀਧਾ: ਵਿ- ਵਿੱਧ ਹੋਇਆ. ਵਿੰਨ੍ਹਿਆ. "ਬੀਧਾ ਪੰਚ ਬਟਵਾਰਈ." (ਬਿਲਾ ਮਃ ੫)

ਬੀਧੇ: ਵਿੱਧ ਹੋਏ. ਵਿੰਨ੍ਹੇ ਹੋਏ. "ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ." (ਚਉਬੋਲੇ ਮਃ ੫) ਕੇਤਕੀ ਦੇ ਫੁੱਲ ਕਰਕੇ ਵਿੱਧ, ਅਰ ਕਮਲ ਵਿੱਚ ਬੱਧੇ। ੨. ਸੀੱਤੇ ਹੋਏ. ਪਰੋਤੇ. ਪ੍ਰੋਤ. "ਰਸਗੀਧੇ, ਹਰਿ ਸਿਉ ਬੀਧੇ." (ਗਉ ਥਿਤੀ ਮਃ ੫)

ਬੀਨ: ਦੇਖੋ, ਬਿਨਾ. "ਸਭਿ ਦੁਖਸਖਾਈ ਗੁਣਹਬੀਨ." (ਬਸੰ ਅਃ ਮਃ ੧) ੨. ਸੰਗਯਾ- ਵੀਣਾ. ਤੰਤੀ. ਦੇਖੋ, ਵੀਣਾ। ੩. ਇੱਕ ਫੂਕ ਦਾ ਵਾਜਾ, ਦੋ ਸਪੇਲੇ ਜੋਗੀ ਵਜਾਉਂਦੇ ਹਨ। ੪. ਦੇਖੋ, ਬੀਨਨਾ. "ਬੀਨ ਬੀਨ ਬਿਘਨਨ ਹਨਹੁ." (ਗੁਪ੍ਰਸੂ) ੫. ਸੰ. ਵਰ੍ਣਨ. ਕਥਨ. "ਬੀਨ ਸਕੈ ਬਿਧਨਾ ਨਹਿ ਤਉਨੈ." (ਰਾਮਾਵ) ੬. ਦੇਖੋ, ਬੀਂ.

ਬੀਨਦ: ਫ਼ਾ. بیند ਦੇਖਦਾ ਹੈ. ਦੇਖੋ, ਦੇਖੇਗਾ.

ਬੀਨਦੰਡ ਪਾਣੀ: ਵੀਣਾ ਦੀ ਡੰਡੀ ਹੈ ਜਿਸ ਦੇ ਹੱਥ, ਸਰਸ੍ਵਤੀ। ੨. ਨਾਰਦ.

ਬੀਨਨਾ: ਕ੍ਰਿ- ਵਿਚਯਨ. ਚੁਗਣਾ. ਚੁਣਨਾ. "ਕਬਹੂ ਕੂਰਨੁ ਚਨੇ ਬਿਨਾਵੈ." (ਭੈਰ ਨਾਮਦੇਵ) ਕੂੜੇ ਵਿੱਚੋਂ ਚਣੇ ਚੁਗਵਾਉਂਦਾ ਹੈ.

ਬੀਨਮ: ਫ਼ਾ. بینم ਮੈਂ ਦੇਖਦਾ ਹਾਂ. ਮੈਂ ਦੇਖਾਂ. ਮੈ ਦੇਖਾਂਗਾ. ਇਸ ਦਾ ਮੂਲ ਦੀਦਨ ਹੈ.

ਬੀਨਾ: ਦੇਖੋ, ਵੀਣਾ। ੨. ਫ਼ਾ. بینا ਵਿ- ਦੇਖਣ ਵਾਲਾ. ਦ੍ਰਸ਼੍ਟਾ. "ਆਪੇ ਬੀਨਾ ਆਪੇ ਦਾਨਾ." (ਸੁਖਮਨੀ) ੩. ਦੂਰੰਦੇਸ਼. ਲੰਮੀ ਸੋਚ ਵਾਲਾ. "ਸੋ ਪੜਿਆ, ਸੋ ਪੰਡਿਤੁ ਬੀਨਾ." (ਮਃ ੩. ਵਾਰ ਸੋਰ)

ਬੀਨਾਈ, ਬੀਨਾਯਗੀ: ਫ਼ਾ. بینائی ਸੰਗਯਾ- ਨਜ਼ਰ. ਦ੍ਰਿਸ਼੍ਟੀ। ੨. ਅੱਖ. ਨੇਤ੍ਰ. "ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ."

(ਸੂਹੀ ਅਃ ਮਃ ੧)

ਬੀਨਿਆ: ਦੇਖੋ, ਬੀਨਾ ੩. "ਆਪੇ ਦਾਨਾ ਬੀਨਿਆ." (ਮਃ ੪. ਵਾਰ ਬਿਲਾ)

ਬੀਨਿੰਦਹ: ਫ਼ਾ. بِینِندہ ਦੇਖਣ ਵਾਲਾ. ਦ੍ਰਸ਼੍ਟਾ.

ਬੀਨੀ: ਸੰਗਯਾ- ਬਾਂਹ ਅਤੇ ਹੱਥ ਦੀ ਸੰਧੀ. ਪਹੁੰਚਾ. ਦੇਖੋ, ਵੀਣੀ। ੨. ਫ਼ਾ. بِینی ਨੱਕ. ਨਾਸਿਕਾ.

ਬੀਨੁ: ਦੇਖੋ, ਬਿਨਾ. "ਦਰਭ੍ਰਸਟ ਸਰਾਪੀ ਨਾਮਬੀਨੁ." (ਬਸੰ ਅਃ ਮਃ ੧)

ਬੀਬੜਾ: ਅਰੋੜਿਆਂ ਦਾ ਇੱਕ ਗੋਤ. "ਗੁਰਮੁਖ ਬਿਸਨੂ ਬੀਬੜਾ." (ਭਾਗੁ) "ਬਿਸਨੂ ਹੁਤੋ ਬੀਬੜਾ ਜੋਇ." (ਗੁਪ੍ਰਸੂ) ੨. ਬੀਬਾ. ਭਲਾ. ਸਾਊ.

ਬੀਬੜੀ: ਸ਼ੀਤਲਾ ਦੇਵੀ ਦੀ ਸਹਾਇਕਾ ਯੋਗਿਨੀ, ਜਿਸ ਦਾ ਪੂਜਨ ਹਿੰਦੂ ਇਸਤ੍ਰੀਆਂ ਬੱਚਿਆਂ ਦੀ ਰਖ੍ਯਾ ਵਾਸਤੇ ਕਰਦੀਆਂ ਹਨ.

ਬੀਬਾ: ਵਿ- ਭਲਾ. ਨੇਕ. ਸੰ. ਵਿਭਾਵ੍ਯ.

ਬੀਬੀ: ਫ਼ਾ. بی بی ਸੰਗਯਾ- ਕੁਲੀਨ ਨਾਰੀ। ੨. ਇਸਤ੍ਰੀਆਂ ਲਈ ਸਨਮਾਨ ਬੋਧਕ ਸ਼ਬਦ। ੩. ਕੰਨ੍ਯਾ. "ਸੁਨ ਬੀਬੀ ! ਮੈ ਤੁਝੈ ਸੁਨਾਊ." (ਗੁਵਿ ੬) ੪. ਭਾਰਯਾ. ਵਹੁਟੀ. "ਕੂੜ ਮੀਆ ਕੂੜ ਬੀਬੀ." (ਵਾਰ ਆਸਾ) "ਪਾਸਿ ਬੈਠੀ ਬੀਬੀ ਕਮਲਾ ਦਾਸੀ." (ਆਸਾ ਕਬੀਰ)

ਬੀਬੀ ਨਾਨਕੀ: ਦੇਖੋ, ਨਾਨਕੀ ਬੀਬੀ.

ਬੀਬੀਪੁਰ: ਘੁੜਾਮ ਤੋਂ ਛੀ ਕੋਹ ਉੱਤਰ ਪੂਰਵ ਇੱਕ ਪਿੰਡ. ਇੱਥੇ ਗੁਰੂ ਤੇਗਬਹਾਦੁਰ ਸਾਹਿਬ ਨੇ ਚਰਣ ਪਾਏ ਹਨ.

ਬੀਬੀ ਬੀਰੋ: ਦੇਖੋ, ਬੀਰੋ ਬੀਬੀ.

ਬੀਬੀ ਭਾਨੀ: ਦੇਖੋ, ਭਾਨੀ ਬੀਬੀ.

ਬੀਭਤਸ: ਸੰ. ਬੀਭਤ੍ਸ. ਵਿ- ਗਿਲਾਨੀ ਯੋਗ੍ਯ. ਜਿਸ ਨੂੰ ਦੇਖਕੇ ਘ੍ਰਿਣਾ ਹੋਵੇ। ੨. ਪਾਪੀ। ੩. ਬੁਰੀ ਸ਼ਕਲ ਵਾਲਾ। ੪. ਸੰਗਯਾ- ਕਾਵ੍ਯ ਦੇ ਨੌ ਰਸਾਂ ਵਿੱਚੋਂ ਇੱਕ ਰਸ-

"ਥਾਯੀ ਜਾਸੁ ਗਲਾਨਿ ਹੈ ਸੋ ਬੀਭਤਸ ਗਵਾਨ,

[893]ਪੀਵ ਮੇਦ ਮੱਜਾ ਰੁਧਿਰ ਦੁਰਗੰਧਾਦਿ ਵਿਭਾਵ,

ਨਾਕ ਮੂੰਦਬੋ ਕੰਪ ਤਨ ਰੋਮ ਉਠਵ ਅਨੁਭਾਵ,

ਮੋਹ ਅਸੂਯਾ ਮੂਰਛਾਦਿਕ ਸੰਚਾਰੀ ਭਾਵ."

(ਜਗਦਵਿਨੋਦ)

ਦੇਖੋ, ਰਸ ਸ਼ਬਦ ਦਾ ਅੰਗ ੯.

ਬੀਭਤਸੁ: ਸੰ. ਬੀਭਤ੍ਸ. ਸੰਗਯਾ- ਅਰਜੁਨ. ਮਹਾਭਾਰਤ ਵਿੱਚ ਲਿਖਿਆ ਹੈ ਕਿ ਅਰਜੁਨ ਨੇ ਆਖਿਆ ਸੀ ਕਿ ਮੈ ਜੰਗ ਵਿੱਚ ਨਿੰਦਿਤ ਕਰਮਾਂ ਤੋਂ ਘ੍ਰਿਣਾ (ਗਲਾਨਿ) ਕਰਾਂਗਾ, ਇਸ ਲਈ ਨਾਮ ਬੀਭਤਸੁ ਹੋਇਆ.

---

893

ਬੀਭਾ: ਵਿ- ਦੂਜਾ. ਦ੍ਵਿਤੀਯ. "ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ." (ਸਵਾ ਮਃ ੩) ੨. ਸੰ. ਵਿਭਾ. ਚਮਕੀਲਾ. ਰੌਸ਼ਨ। ੩. ਸੰਗ੍ਯਾ- ਸੁੰਦਰਤਾ. ਸ਼ੋਭਾ.

ਬੀਮ: ਫ਼ਾ. بیم ਸੰਗ੍ਯਾ- ਡਰ. ਭਯ। ੨. ਅੰ. Beam ਸ਼ਹਤੀਰ. ਲੱਠਾ। ੩. ਚਮਕ. ਪ੍ਰਕਾਸ਼.

ਬੀਮਾ: ਬੀਮ (ਭਯ) ਤੋਂ ਰਖ੍ਯਾ ਕਰਨ ਦਾ ਉਪਾਉ. ਕਿਸੇ ਧਨ ਪਦਾਰਥ ਦੇ ਖੋਏ ਜਾਣ ਜਾਂ ਨਾਸ਼ ਹੋਣ ਦੇ ਡਰ ਤੋਂ ਫੀਸ ਦੇਕੇ ਜਿੰਮੇਵਾਰੀ ਸਪੁਰਦ ਕਰਨ ਦੀ ਕ੍ਰਿਯਾ. insurance.

ਬੀਮਾਰ: ਫ਼ਾ. بیمار ਵਿ- ਰੋਗੀ। ੨. ਭਾਵ- ਆਸ਼ਕ. ਪ੍ਰੇਮਾਤੁਰ.

ਬੀਮਾਰੀ: ਫ਼ਾ. بیماری ਸੰਗ੍ਯਾ- ਰੋਗ. ਵ੍ਯਾਧਿ. ਮਰਜ਼.

ਬੀਯਾ, ਬੀਯੋ: ਵਿ- ਦੂਸਰਾ. ਦ੍ਵਿਤੀਯ। ੨. ਉਪਜਿਆ. ਪੈਦਾ ਹੋਇਆ. "ਸੰਗ ਬੀਯੋ ਸੋਭਿ ਸੰਗ ਨ ਜੈਹੈ." (ਪਾਰਸਾਵ)

ਬੀਰ: ਸੰ. ਵੀਰ. ਸੰਗ੍ਯਾ- ਕਮਲ ਦੀ ਜੜ। ੨. ਖਸ. ਉਸ਼ੀਰ। ੩. ਨਟ। ੪. ਵਿਸ਼੍ਨੁ। ੫. ਯਗ੍ਯ ਦੀ ਅਗਨਿ। ੬. ਪਤਿ- ਭਰਤਾ। ੭. ਪੁਤ੍ਰ। ੮. ਮਿਤ੍ਰ. "ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ, ਸੋ ਭਾਈ ਸੋ ਮੇਰਾ ਬੀਰ." (ਗੌਂਡ ਮਃ ੪) ੯. ਭਾਈ. "ਮੋਹ ਅਰੁ ਭਰਮ ਤਜਹੁ ਤੁਮ ਬੀਰ." (ਆਸਾ ਮਃ ੧) ਹੇ ਭਾਈ! ਮੋਹ ਅਤੇ ਭ੍ਰਮ ਤ੍ਯਾਗੋ। ੧੦. ਵੈਦ੍ਯ. ਤਬੀਬ. "ਰੋਗ ਹੁਤੋ ਕਿਉ ਬਾਧਉ ਧੀਰਾ ××× ਢੂਢਤ ਖੋਜਤ ਗੁਰੁ ਮਿਲੇ ਬੀਰਾ." (ਬਸੰ ਅਃ ਮਃ ੧) ੧੧. ਬਹਾਦੁਰ. ਯੋਧਾ. "ਬੀਰ ਅਪਾਰ ਬਡੇ ਬਰਿਆਰ." (ਅਕਾਲ) ੧੨. ਕੁਲੀਨ. ਕੁਲਾਚਾਰ ਵਾਲਾ ਪੁਰਖ. "ਸਤੀ ਪੁਕਾਰੈ ਚਿਹ ਚੜੀ, ਸੁਨੁਹੋ ਬੀਰ ਮਸਾਨ." (ਸ. ਕਬੀਰ) ਹੇ ਸ਼ਮਸ਼ਾਨ ਵਿੱਚ ਆਏ ਕੁਲੀਨ ਲੋਕੋ! ਸੁਣੋ। ੧੩. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੩੧ ਮਾਤ੍ਰਾ, ਦੋ ਵਿਸ਼੍ਰਾਮ ਅੱਠ ਅੱਠ ਪੁਰ, ਤੀਜਾ ੧੫. ਮਾਤ੍ਰਾ ਪੁਰ, ਅੰਤ ਗੁਰੁ ਲਘੁ.

ਉਦਾਹਰਣ-

ਸ਼੍ਰੀ ਅਕਾਲ ਕੋ, ਸਿਮਰਨ ਕਰਕੈ,

ਸਭ ਕਾਰਜ ਕੀਜੈ ਆਰੰਭ,

ਮਨ ਅਰ ਮੁਖ ਮੇ, ਏਕ ਬਾਤ ਹਨਐ,

ਭੂਲ ਨ ਕਬਹੁ ਕੀਜਿਯੇ ਦੰਭ. ×××

ਦੇਖੋ, ਪਉੜੀ ਦਾ ਰੂਪ ੨੮ ਅਤੇ ਸਵੈਯੇ ਦਾ ਰੂਪ ੧। ੧੪. ਕਾਵ੍ਯ ਦੇ ਨੌ ਰਸਾਂ ਵਿੱਚੋਂ ਇੱਕ ਰਸ. ਦੇਖੋ, ਰਸ ਸ਼ਬਦ ਦਾ ਅੰਗ ੯. ਅਤੇ ਵੀਰ ੭। ੧੫. ਦੇਖੋ, ਬਵੰਜਾ ਵੀਰ.

ਬੀਰਸਿੰਘ: ਜਸਵਾਲੀਆ ਪਹਾੜੀ ਰਾਜਾ, ਜਿਸ ਦਾ ਜੰਗ ਸ਼੍ਰੀ ਦਸ਼ਮੇਸ਼ ਜੀ ਨਾਲ ਹੋਇਆ। ੨. ਪਿੰਡ ਗੱਗੋਬੂਹਾ (ਜੋ ਤਰਨਤਾਰਨ ਪਾਸ ਹੈ, ਉਸ ਦੇ ਵਸਨੀਕ ਸੇਵਾਸਿੰਘ ਦੇ ਘਰ ਮਾਈ ਧਰਮਕੌਰ ਦੀ ਕੁੱਖ ਤੋਂ ਸਾਉਣ ਸੁਦੀ ੩. ਸੰਮਤ ੧੮੨੫ ਨੂੰ ਬਾਬਾ ਬੀਰਸਿੰਘ ਜੀ ਦਾ ਜਨਮ ਹੋਇਆ. ਜੁਆਨ ਹੋਕੇ ਮਹਾਰਾਜਾ ਰਣਜੀਤਸਿੰਘ ਜੀ ਦੀ ਫੌਜ ਵਿੱਚ ਕੁਝ ਸਮਾਂ ਵਡੀ ਨੇਕਨਾਮੀ ਨਾਲ ਨੌਕਰੀ ਕੀਤੀ.

ਬਾਬਾ ਭਾਗਸਿੰਘ ਕੁਰੀ ਨਿਵਾਸੀ ਅਤੇ ਬਾਬਾ ਸਾਹਿਬਸਿੰਘ ਜੀ ਊਨੇ ਵਾਲਿਆਂ ਦੀ ਸੰਗਤਿ ਕਰਕੇ ਇਨ੍ਹਾਂ ਨੂੰ ਅਜੇਹੀ ਆਤਮਿਕ ਰੰਗਣ ਚੜ੍ਹੀ ਕਿ ਰਾਤ ਦਿਨ ਕਰਤਾਰ ਦੇ ਰੰਗ ਰੱਤੇ ਰਹਿੰਦੇ.

ਨੌਰੰਗਾਬਾਦ ਦਾ ਵਸਨੀਕ ਦਸੌਂਧਾਸਿੰਘ ਬਾਬਾ ਜੀ ਨੂੰ ਸੇਵਾ ਅਤੇ ਪ੍ਰੇਮ ਨਾਲ ਪ੍ਰਸੰਨ ਕਰਕੇ ਆਪਣੇ ਪਿੰਡ ਲੈ ਆਇਆ. ਜਿੱਥੇ ਉਨ੍ਹਾਂ ਨੇ ਨਾਮ ਅਤੇ ਅੰਨ ਦਾ ਸਦਾਵ੍ਰਤ ਜਾਰੀ ਕੀਤਾ. ਬਾਬਾ ਬੀਰਸਿੰਘ ਜੀ ਦੇ ਉੱਤਮ ਉਪਦੇਸ਼ਾਂ ਦੇ ਅਸਰ ਨਾਲ ਮਾਝੇ ਦੇ ਅਨੇਕ ਪ੍ਰਾਣੀਆਂ ਨੇ ਜੀਵਨ ਸਫਲ ਕੀਤਾ. ਆਪ ਦੇ ਲੰਗਰ ਵਿੱਚ ਨਿੱਤ ਹਜਾਰਾਂ ਲਈ ਅੰਨ ਤਿਆਰ ਹੁੰਦਾ ਸੀ ਅਤੇ ਬਿਨਾ

ਜਾਤਿ ਵਰਣ ਅਤੇ ਮਜਬ ਦੇ ਲਿਹਾਜ, ਸਮਾਨਭਾਵ ਨਾਲ ਵਰਤਾਇਆ ਜਾਂਦਾ ਸੀ.

ਇੱਕ ਵਾਰ ਸੰਮਤ ੧੯੦੧ ਵਿੱਚ ਬਾਬਾ ਜੀ ਛੀ ਹਜਾਰ ਸਿੰਘ ਸੇਵਕਾਂ ਦੀ ਭੀੜ ਨਾਲ ਹਰੀਕੇ ਪੱਤਨ ਠਹਿਰੇ ਹੋਏ ਸਨ ਕਿ ਸਰਦਾਰ ਅਤਰਸਿੰਘ ਸੰਧਾ ਵਾਲੀਆ ਲਹੌਰ ਦੇ ਫਿਸਾਦ ਵਿੱਚੋਂ ਨੱਠਕੇ ਬਾਬਾ ਸਾਹਿਬ ਦੀ ਸ਼ਰਣ ਆਇਆ. ਰਾਜਾ ਹੀਰਾਸਿੰਘ ਡੋਗਰੇ ਨੇ ਫੌਜ ਭੇਜਕੇ ਸਰਦਾਰ ਅਤਰਸਿੰਘ ਦੀ ਬਾਬਾ ਜੀ ਤੋਂ ਮੰਗ ਕੀਤੀ, ਜਿਸ ਦੇ ਉੱਤਰ ਵਿੱਚ ਆਪ ਨੇ ਆਖਿਆ ਕਿ ਅਸੀਂ ਸ਼ਰਣ ਆਏ ਨੂੰ ਫੜਕੇ ਕਿਸੇ ਦੇ ਹਵਾਲੇ ਨਹੀਂ ਕਰ ਸਕਦੇ. ਇਸ ਪੁਰ ਕ੍ਰੋਧ ਵਿੱਚ ਮੱਤੇ ਹੀਰਾਸਿੰਘ ਨੇ ਫੌਜੀ ਸਰਦਾਰਾਂ ਨੂੰ ਹੁਕਮ ਦਿੱਤਾ ਕਿ ਸ਼ਸਤ੍ਰਾਂ ਦੇ ਬਲ ਨਾਲ ਅਤਰਸਿੰਘ ਅਤੇ ਬੀਰਸਿੰਘ ਨੂੰ ਫੜ ਲੈ ਆਓ, ਜਦ ਫੌਜ ਆਉਂਦੀ ਵੇਖੀ, ਤਾਂ ਸਿੱਖਾਂ ਨੇ ਬਾਬਾ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਸਾਨੂੰ ਭੀ ਆਪਣਾ ਬਲ ਵਿਖਾਂਉਣ ਦਾ ਮੌਕਾ ਦੇਓ. ਬਾਬਾਜੀ ਨੇ ਆਖਿਆ ਕਿ ਭਾਈਆਂ ਤੇ ਵਾਰ ਨਹੀਂ ਕਰਣਾ, ਜੇ ਉਹ ਭੁੱਲ ਕਰ ਰਹੇ ਹਨ ਤਦ ਅਸਾਂ ਗੁਰੂ ਤੋਂ ਵੇਮੁਖ ਨਹੀਂ ਹੋਣਾ, ਜੋ ਸ਼ਾਂਤਿ ਨਾਲ ਸਾਡੇ ਪਾਸ ਨਹੀਂ ਬੈਠ ਸਕਦਾ ਉਹ ਹੁਣੇ ਹੀ ਘਰ ਨੂੰ ਚਲਾ ਜਾਵੇ.

ਫੌਜ ਨੇ ਗੋਲੀ ਗੋਲਾ ਵਰਸਾਉਣਾ ਆਰੰਭਿਆ, ਜਿਸ ਤੋਂ ਹਜਾਰਾਂ ਸਿੰਘ ਮਾਰੇ ਗਏ ਅਰ ਬਾਬਾ ਜੀ ਦਾ ਸੱਜਾ ਗੋਡਾ ਤੋਪ ਦੇ ਗੋਲੇ ਨਾਲ ਚੂਰ ਹੋ ਗਿਆ ਅਤੇ ਗੋਲੀਆਂ ਨਾਲ ਸ਼ਰੀਰ ਛਾਲਣੀ ਬਣ ਗਿਆ.

ਬਾਬਾ ਬੀਰਸਿੰਘ ਜੀ ੨੭ ਵੈਸਾਖ ੧੯੦੧ ਨੂੰ ਸ਼ਹੀਦ ਹੋਏ, ਉਨ੍ਹਾਂ ਦਾ ਸ਼ਰੀਰ ਪਲੰਘ ਤੇ ਰੱਖਕੇ ਜਲਪ੍ਰਵਾਹ ਕੀਤਾ ਗਿਆ. ਮੁੱਠਿਆਂ ਵਾਲੇ ਪਿੰਡ ਬਾਬਾ ਜੀ ਦਾ ਪਲੰਘ ਦਰਿਆ ਦੇ ਕਿਨਾਰੇ ਲੱਗਕੇ ਰੁਕਗਿਆ ਅਰ ਗੰਡਾਸਿੰਘ ਰਾਮਗੜ੍ਹੀਏ ਨੇ ਪਲੰਘ ਬਾਹਰ ਕੱਢਕੇ ਦੇਹ ਦਾ ਸਸਕਾਰ ਕੀਤਾ. ਉਸ ਥਾਂ ਤੋਂ ਕੁਝ ਭਸਮ ਲੈਜਾਕੇ ਨੌਰੰਗਾਬਾਦ ਭੀ ਸਮਾਧ ਬਣਾਈ ਗਈ.

ਨੌਰੰਗਾਬਾਦ ਵਿੱਚ ਆਪਦਾ ਡੇਰਾ ਹੁਣ ਭੀ ਪ੍ਰਸਿੱਧ ਅਸਥਾਨ ਹੈ, ਜਿੱਥੇ ਕਥਾਕੀਰਤਨ ਹੁੰਦਾ ਅਤੇ ਲੰਗਰ ਵਰਤਦਾ ਹੈ.

ਬੀਰਹਾ: ਵੀਰ (ਯੋੱਧਾ) ਨੂੰ ਮਾਰਨ ਵਾਲਾ. वीरहन "ਸੁਰ ਬੀਰ ਬੀਰਹਾ ਭਲੇ." (ਵਿਚਿਤ੍ਰ) ੨. ਸੰਗਯਾ- ਤੀਰ. (ਸਨਾਮਾ) ੩. ਵਿਸ਼. ਜ਼ਹਿਰ. (ਸਨਾਮਾ) ੪. ਵਰੁਣ ਦੇਵਤਾ. (ਸਨਾਮਾ) ੫. ਮੀਮਾਂਸਾ ਅਨੁਸਾਰ ਉਹ ਆਦਮੀ, ਜਿਸ ਨੇ ਅਗਨਿਹੋਤ੍ਰ ਤਜਾਗ ਦਿੱਤਾ ਹੈ.

ਬੀਰਖੇਤ: ਸੰਗਯਾ- ਯੁੱਧਭੂਮਿ. ਮੈਦਾਨੇਜੰਗ. ਵੀਰਕ੍ਸ਼ੇਤ੍ਰ.

ਬੀਰਜ: ਦੇਖੋ, ਵੀਰਯ.

ਬੀਰਜਨਾਦ: ਦੇਖੋ, ਬ੍ਰਿਜਨਾਦ.

ਬੀਰਣੀ: ਸੰਗਯਾ- ਵੀਰ (ਯੋਧਿਆਂ) ਵਾਲੀ, ਸੈਨਾ. (ਸਨਾਮਾ)

ਬੀਰਤਾ, ਬੀਰੱਤ, ਬੀਰਤ੍ਵ: ਸੰ. ਵੀਰਤਾ ਅਤੇ ਵੀਰਤ੍ਵ. ਸੰਗਯਾ- ਬਹਾਦੁਰੀ. ਯੋਧਾਪਨ. ਸ਼ੂਰਤ੍ਵ. ਦਿਲੇਰੀ. Bravery.

ਬੀਰਪਤਨ: ਸੰਗਯਾ- ਵੀਰ (ਯੋਧਾ) ਨੂੰ ਡੇਗਣ ਵਾਲਾ, ਧੁਨ ਤੀਰ, (ਸਨਾਮਾ) ੨. ਯੋਧਾ ਦਾ ਜੰਗ ਵਿੱਚ ਡਿੱਗਣਾ। ੩. ਯੋਧੇ ਦੀ ਹਾਰ (ਸ਼ਿਕਸ੍ਤ).

ਬੀਰਪਾਛ: ਸੰਗਯਾ- ਵੀਰਪਕ੍ਸ਼. ਰਾਵਣ ਦਾ ਇੱਕ ਫੌਜੀ ਸਰਦਾਰ.

ਬੀਰਬਹੁਟੀ, ਬੀਰਬਧੂਟੀ: ਸੰਗਯਾ- ਵੀਰ (ਇੰਦ੍ਰ) ਵਧੂ. ਦੇਖੋ, ਚੀਚਵਹੁਟੀ.

ਬੀਰਬਲ: ਭੱਟ ਵੰਸ਼ ਦਾ ਬ੍ਰਾਹਮਣ, ਜੋ ਆਪਣੀ ਬੁੱਧਿ ਵਿਦਯਾ ਦੇ ਬਲ ਕਰਕੇ ਅਕਬਰ ਦਾ ਮੰਤ੍ਰੀ ਬਣਿਆ. ਬਾਦਸ਼ਾਹ ਵੱਲੋਂ ਇਸ ਨੂੰ ਰਾਜਾ ਪਦਵੀ ਅਤੇ ਪੰਜ ਹਜਾਰੀ ਮਨਸਬ ਸੀ. ਇਹ ਨੀਤਿਵੇੱਤਾ, ਕਵਿ, ਹਾਜਰ ਜਵਾਬ, ਉਦਾਰਾਤਮਾ ਅਤੇ ਉੱਤਮ ਰਾਜਪ੍ਰਬੰਧਕ ਸੀ. ਬੀਰਬਲ ਨੇ ਅਕਬਰ ਦਾ ਚਲਾਇਆ ਮਤ "ਦੀਨੇ ਇਲਾਹੀ" ਕਬੂਲ ਕਰ ਲਿਆ ਸੀ. ਇਹ ਯੂਸਫਜ਼ਈ

ਪਠਾਣਾਂ ਦੀ ਮੁਹਿੰਮ (ਸਨ ੧੫੮੬) ਵਿੱਚ ਮਾਰਿਆ ਗਿਆ.[894] ਇਸ ਚਤੁਰ ਮੰਤ੍ਰੀ ਦੇ ਮਰਨ ਤੇ ਅਕਬਰ ਨੂੰ ਭਾਰੀ ਸ਼ੋਕ ਹੋਇਆ, ਜੋ ਉਸ ਨੇ ਇੱਕ ਸੋਰਠੇ ਵਿੱਚ ਪ੍ਰਗਟ ਕੀਤਾ ਹੈ. ਇਸ ਦਾ ਪਹਿਲਾ ਨਾਮ ਮਹੇਸ਼ਦਾਸ ਸੀ. ਦੇਖੋ, ਅਕਬਰ.

ਬੀਰਭਦ੍ਰ: ਵੀਰਭਦ੍ਰ. ਵਾਯੁਪੁਰਾਣ ਅਨੁਸਾਰ ਸ਼ਿਵ ਦੇ ਮੂੰਹ ਵਿੱਚੋਂ ਪੈਦਾ ਹੋਇਆ ਇੱਕ ਪ੍ਰਤਾਪੀ ਭਯੰਕਰ ਦੇਵਤਾ, ਜੋ ਦਕ੍ਸ਼ ਦੇ ਯਗਜ ਦਾ ਨਾਸ਼ ਕਰਨ ਲਈ ਰਚਿਆ ਸੀ. ਇਸ ਦੇ ਹਜ਼ਾਰ ਸਿਰ ਦੋ ਹਜ਼ਾਰ ਬਾਹਾਂ ਸਨ, ਮਰਹਟੇ ਇਸ ਦੀ ਬਹੁਤ ਪੂਜਾ ਕਰਦੇ ਹਨ. ਦਸਮਗ੍ਰੰਥ ਵਿੱਚ ਸ਼ਿਵ ਦੀ ਜਟਾ ਤੋਂ ਵੀਰਭਦ੍ਰ ਦਾ ਉਪਜਣਾ ਲਿਖਿਆ ਹੈ- "ਜੂਟ ਜਟਾਨ ਉਖਰ ਸ਼ਿਵ ਤਥ ਹੀ ××× ਬੀਰਭਦ੍ਰ ਤਬ ਕੀਆ ਪ੍ਰਕਾਸਾ." (ਰੁਦ੍ਰਾਵ) "ਬੀਰਭਦ੍ਰ ਦੱਛ ਪਰ." (ਨਾਪ੍ਰ)

ਬੀਰਵਿਦ੍ਯਾ: ਸੰਗ੍ਯਾ- ਵੀਰ (ਯੋਧਾ) ਦੀ ਵਿਦ੍ਯਾ. ਸ਼ਸਤ੍ਰਵਿਦ੍ਯਾ. "ਸੰਗ੍ਰਾਮ ਸਮੈ ਸੀਖ੍ਯੋ ਚਾਹੈ ਬੀਰਵਿਦ੍ਯਾ." (ਭਾਗ ਕ)

ਬੀਰਾ: ਸੰਗ੍ਯਾ- ਪਾਨਾਂ ਦਾ ਬੀੜਾ. ਵੀਟਿਕਾ. "ਟਕਾ ਟਕਾ ਬੀਰਾ ਜੁਤ ਦੈਹੋਂ." (ਚਰਿਤ੍ਰ ੪੦) "ਲਾਗੇ ਬੀਰੇ ਖਾਨ." (ਕੇਦਾ ਕਬੀਰ) ੨. ਦੇਖੋ, ਬੀਰ ੯. "ਬੀਰਾ! ਆਪਨ ਬੁਰਾ ਮਿਟਾਵੈ." (ਬਾਵਨ) ਹੇ ਭਾਈ! ਜੋ ਆਪਣੇ ਦਿਲੋਂ ਬੁਰਾ ਮਿਟਾਉਂਦਾ ਹੈ। ੩. ਦੇਖੋ, ਵੀਰਾ.

ਬੀਰਾਸਨ: ਸੰਗ੍ਯਾ- ਵੀਰਾਸਨ. ਯੋਧਾ ਦੀ ਬੈਠਕ. ਦੋਵੇਂ ਗੋਡੇ ਜੋੜਕੇ ਪੈਰਾਂ ਨੂੰ ਨਿਤੰਬਾਂ ਹੇਠ ਕਰਕੇ ਛਾਤੀ ਫੈਲਾਕੇ ਬੈਠਣਾ. ਪੁਰਾਣੇ ਸਮੇ ਰਾਜ ਦਰਬਾਰ ਵਿੱਚ ਸਭਾਸਦ ਇਸੇ ਆਸਨ ਬੈਠਿਆ ਕਰਦੇ ਸਨ, ਖ਼ਾਸ ਕਰਕੇ ਫੌਜੀ ਸਰਦਾਰਾਂ ਲਈ ਬੀਰਾਸਨ ਬੈਠਣਾ ਲਾਜਮੀ ਸੀ. ਰਾਜਪੂਤਾਨੇ ਵਿੱਚ ਹੁਣ ਭੀ ਦਰਬਾਰੀ ਇਸੇ ਆਸਨ ਬੈਠਦੇ ਹਨ.

ਬੀਰਾਂਬਲ: ਵੀਰ (ਯੋਧੇ) ਦਾ ਅੰਬਰ (ਵਸਤ੍ਰ). ਸੰਜੋਆ. ਬਕਤਰ. ਕਵਚ.

ਬੀਰਾਬਰਾ: ਵਿ- ਵੀਰ (ਯੋਧਿਆਂ) ਵਿੱਚੋਂ ਸ਼੍ਰੇਸ਼੍ਠਤਾ ਵਾਲੀ. "ਕਿ ਬੀਰਾਬਰਾ ਹੈ." (ਦੱਤਾਵ) ੨. ਵੀਰਾਂਬਰਾ. ਕਵਚ ਪਹਿਰਨ ਵਾਲੀ ਫੌਜ. ਦੇਖੋ, ਬੀਰਾਂਬਰ.

ਬੀਰਾਰਿ: ਸੰਗ੍ਯਾ- ਵੀਰ (ਯੋਧਿਆਂ) ਦਾ ਵੈਰੀ, ਤੀਰ. (ਸਨਾਮਾ)

ਬੀਰਾਲੀ: ਵਿ- ਵੀਰਤਾ ਵਾਲੀ। ੨. ਸੰਗ੍ਯਾ- ਵੀਰਾਵਲੀ ਯੋਧਿਆਂ ਦੀ ਕਤਾਰ. "ਭੇੜ ਮਚਿਆ ਬੀਰਾਲੀ." (ਚੰਡੀ ੩)

ਬੀਰਿ, ਬੀਰੀ: ਸੰਗ੍ਯਾ- ਬੀੜੀ. ਵੀਟਿਕਾ. ਗਿਲੌਰੀ। ੨. ਪਾਨ ਦੋ ਪੱਤਿਆਂ ਦੀ ਥਹੀ (ਢੇਰੀ). "ਫੇਰਤ ਪਾਨਨ ਕੀ ਜਿਮ ਬੀਰਿਨ." (ਕ੍ਰਿਸਨਾਵ)

ਬੀਰੋ ਬੀਬੀ: ਮਾਤਾ ਦਾਮੋਦਰੀ ਜੀ ਦੇ ਉਦਰ ਤੋਂ ਗੁਰੂ ਹਰਿਗੋਬਿੰਦ ਸਾਹਿਬ ਦੀ ਸੁਪੁਤ੍ਰੀ, ਜਿਸ ਦਾ ਜਨਮ ਸੰਮਤ ੧੬੭੨ ਵਿੱਚ ਸ਼੍ਰੀ ਅਮ੍ਰਿਤਸਰ ਹੋਇਆ. ਇਸ ਦਾ ਵਿਆਹ ਝਬਾਲ ਪਿੰਡ ਵਿੱਚ ਮੱਲੇ ਨਿਵਾਸੀ ਧਰਮੇ ਖੋਸਲੇ ਖਤ੍ਰੀ ਦੇ ਸੁਪੁਤ੍ਰ ਸਾਧੂ ਜੀ ਨਾਲ ੨੬ ਜੇਠ ਸੰਮਤ ੧੬੮੬ ਨੂੰ ਹੋਇਆ. ਭਾਈ ਸੰਤੋਖਸਿੰਘ ਨੇ ਭੁੱਲ ਨਾਲ ੧੬੭੯ ਲਿਖਿਆ ਹੈ, ਯਥਾ-

ਜੇਸ੍ਠ ਕੀ ਛਬੀਸਵੀਂ ਮਾਂਹਿ, ×××

ਸੰਮਤ ਸੋਰਹਿ ਸਹਿਸ ਉਨਾਸੀ,

ਸੁਤਾ ਬਜਾਹ ਕਿਯ ਗੁਰੁ ਅਬਿਨਾਸੀ.

---

[894] ਬੀਰਬਲ ਨੇ ਜੰਗ ਲਈ ਜਾਣ ਸਮੇਂ ਬਾਦਸ਼ਾਹ ਤੋਂ ਖਤ੍ਰੀਆਂ ਦੇ ਹਰੇਕ ਘਰ ਤੇ ਇੱਕ ਰੁਪਯਾ ਟੈਕਸ ਲਾਉਣ ਦੀ ਮਨਜੂਰੀ ਲੈ ਲਈ ਸੀ. ਪੰਜਾਬ ਦੇ ਹਰ ਖਤ੍ਰੀਆਂ ਤੋਂ ਟੈਕਸ ਲੈਂਦਾ ਜਦ ਉਹ ਅਮ੍ਰਿਤਸਰ ਜੀ ਵਿਚਦੀਂ ਗੁਜਰਿਆ, ਤਦ ਉੱਥੋਂ ਦੇ ਖਤ੍ਰੀਆਂ ਤੋਂ ਭੀ ਟੈਕਸ ਮੰਗਿਆ. ਗੁਰੂ ਅਰਜਨ ਦੇਵ ਨੇ ਆਖਿਆ ਕਿ ਇੱਥੇ ਸਭ ਸਿੱਖ ਹਨ, ਇਹ ਟੈਕਸ ਸਿੱਖਾਂ ਤੇ ਨਹੀਂ ਹੈ. ਬੀਰਬਲ ਨੇ ਆਖਿਆ ਕਿ ਮੈਂ ਮੁੜਨ ਵੇਲੇ ਸਮਝਾਂਗਾ ਕਿ ਇੱਥੇ ਖਤ੍ਰੀ ਹਨ ਜਾਂ ਸਿੱਖ, ਅਮ੍ਰਿਤਸਰ ਨਿਵਾਸੀਆਂ ਨੂੰ ਚਿੰਤਾਤੁਰ ਵੇਖਕੇ ਗੁਰੂ ਸਾਹਿਬ ਨੇ ਫਰਮਾਇਆ ਕਿ ਤੁਸੀਂ ਫਿਕਰ ਨਾ ਕਰੋ, ਹੁਣ ਇਹ ਮੁੜਕੇ ਨਹੀਂ ਆਵੇਗਾ. ਇਸ ਟੈਕਸ ਦਾ ਜ਼ਿਕਰ ਮਕਾਲਿਟ ਸਾਹਿਬ ਅਤੇ ਵੀ. ਸਮਿਥ ਨੇ ਆਪਣੇ ਇਤਿਹਾਸਾਂ ਵਿੱਚ ਕੀਤਾ ਹੈ.

(ਗੁਪ੍ਰਸੂ ਰਾਸਿ ੬, ਅਃ ੧੮)

ਸੰਮਤ ੧੬੭੯ ਵਿੱਚ ਜਹਾਂਗੀਰ ਰਾਜ ਕਰਦਾ ਸੀ, ਜਿਸ ਨਾਲ ਕੋਈ ਜੰਗ ਨਹੀਂ ਹੋਇਆ. ਬਾਦਸ਼ਾਹ ਸ਼ਾਹਜਹਾਂ ਸੰਮਤ ੧੬੮੫ ਵਿੱਚ ਤਖਤ ਉੱਤੇ ਬੈਠਾ, ਉਸੇ ਦੇ ਬਾਜ ਪਿੱਛੇ ਝਗੜਾ ਹੋਣ ਕਰਕੇ ਅਮ੍ਰਿਤਸਰ ਦਾ ਜੰਗ ਸੰਮਤ ੧੬੮੬ ਵਿੱਚ ਹੋਇਆ ਸੀ ਅਤੇ ਜੰਗ ਸਮਾਪਤ ਕਰਕੇ ਝਬਾਲ ਦੇ ਮਕਾਮ ਬੀਬੀ ਜੀ ਦਾ ਵਿਆਹ ਕੀਤਾ ਗਿਆ ਸੀ.

ਬੀਬੀ ਜੀ ਦੇ ਸਰਵਗੁਣ ਭਰਪੂਰ ਧਰਮਵੀਰ ਪੰਜ ਪੁਤ੍ਰ (ਸੰਗੋਸ਼ਾਹ, ਗੁਲਾਬਚੰਦ, ਜੀਤਮੱਲ, ਗੰਗਾ ਰਾਮ ਅਤੇ ਮਾਹਰੀਚੰਦ) ਸਨ. ਜਿਨ੍ਹਾਂ ਨੇ ਭੰਗਾਣੀ ਦੇ ਯੁੱਧ ਵਿੱਚ ਵਡੀ ਵੀਰਤਾ ਦਿਖਾਈ. ਦੇਖੋ, ਵਿਚਿਤ੍ਰ ਨਾਟਕ ਅਃ ੮, ਛੰਦ ੪- ੫. ਇਸ ਜੰਗ ਵਿੱਚ ਸੰਗੋਸ਼ਾਹ ਅਤੇ ਜੀਤਮੱਲ ਜੀ ਸ਼ਹੀਦ ਹੋਏ. ਦੇਖੋ, ਭੰਗਾਣੀ.

ਬੀਲਾ: قولنج ਕੂਲੰਜ. Colic ਨਾਭੀ (ਧੁੰਨੀ) ਦੇ ਆਸ ਪਾਸ ਆਂਦਰਾਂ ਵਿੱਚ ਧੂਹ ਪੈ ਕੇ ਅਜੇਹਾ ਸੂਲ ਉਠਦਾ ਹੈ, ਜਾਣੋ ਕੋਈ ਢਿੱਡ ਵਿੱਚ ਚੀਰਾ ਦੇ ਰਿਹਾ ਹੈ. ਕਦੇ ਕਦੇ ਇਸ ਦਾ ਦੌਰਾ ਠਹਿਰ ਜਾਂਦਾ ਹੈ. ਇਸ ਦਾ ਸਿੱਧ ਇਲਾਜ ਹੈ ਕਿ ਹਲਦੀ ਦੀ ਗੱਠੀ ਪਾਣੀ ਨਾਲ ਬਰੀਕ ਪੀਸਕੇ ਕਾਗਜ ਉੱਤੇ ਲੇਪ ਕਰਨੀ, ਜਦ ਜਰਾ ਆਠਰ ਜਾਵੇ ਤਾਂ ਉਸ ਦੀ ਬੱਤੀ ਵੱਟ ਲੈਣੀ. ਬੱਤੀ ਨੂੰ ਸੁਕਾਕੇ ਉਸ ਦੇ ਇੱਕ ਸਿਰੇ ਨੂੰ ਅੱਗ ਲਾਕੇ ਮੂੰਹ ਨਾਲ ਧੂੰਆਂ ਪੀਣਾ.

ਜੋ ਦਵਾਈਆਂ ਸੂਲ ਰੋਗ ਵਿੱਚ ਵਰਤਣੀਆਂ ਲਿਖੀਆਂ ਹਨ, ਉਨ੍ਹਾਂ ਦਾ ਵਰਤਣਾ ਭੀ ਲਾਭਦਾਇਕ ਹੈ.

ਬੀਵੀ: ਸੰਗਯਾ- ਵਧੂ. ਵਹੁਟੀ. ਦੇਖੋ, ਬੀਬੀ.

ਬੀੜ: ਸੰਗਯਾ- ਸੰਘਣਾਵਨ. ਜੰਗਲ। ੨. ਪਸ਼ੂਆਂ ਦੇ ਚਾਰਣ ਦੀ ਰੱਖ। ੩. ਕਿਤਾਬ ਦੀ ਜਿਲਦ.

ਬੀੜ ਸਾਹਿਬ, ਬੀੜ ਗੁਰੂ ਕਾ: ਦੇਖੋ, ਬੀੜ ਬਾਬਾ ਬੁੱਢਾ ਜੀ ਦਾ.

ਬੀੜਨਾ: ਕ੍ਰਿ- ਵੇਸ਼੍ਟਨ. ਲਪੇਟਣਾ। ੨. ਘੇਰਨਾ। ੩. ਚਿਣਕੇ ਢੇਰ ਲਾਉਣਾ.

ਬੀੜ ਬਾਬਾ ਬੁੱਢਾ ਜੀ ਦਾ: ਜਿਲਾ ਅਮ੍ਰਿਤਸਰ, ਤਸੀਲ ਅਤੇ ਥਾਣਾ ਤਰਨਤਾਰਨ, ਇਲਾਕਾ ਚੁਭਾਲ (ਝਬਾਲ) ਪਿੰਡ "ਠੱਟਾ" ਅਥਵਾ ਠੱਠਾ ਤੋਂ ਪੱਛਮ ਦਿਸ਼ਾ ਇੱਕ ਮੀਲ ਦੇ ਕਰੀਬ ਬਾਬਾ ਬੁੱਢਾ ਜੀ ਦਾ ਅਸਥਾਨ ਹੈ. ਇਸ ਬੀੜ ਦਾ ਪਹਿਲਾਂ ਬਹੁਤ ਰਕਬਾ ਸੀ. ਅੰਗ੍ਰੇਜ਼ੀ ਅਮਲਦਾਰੀ ਹੋਣ ਤੋਂ ਬਾਦ ਇਹ ਰਕਬਾ ਘਟਕੇ ੬੬੭ ਕਨਾਲ ਰਹ ਗਿਆ ਹੈ. ਇਹ ਬੀੜ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਦੇ ਸਮੇਂ ਅਰਪਿਆ ਸੀ,[895] ਜੋ ਬਾਬਾ ਬੁੱਢਾ ਜੀ ਦੇ ਸਪੁਰਦ ਕੀਤਾ ਗਿਆ, ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਇਸ ਗੁਰੂ ਕੇ ਬੀੜ ਵਿੱਚ ਹੀ ਵਿਤੀਤ ਕੀਤਾ.

ਗੁਰੂ ਅਰਜਨਦੇਵ ਜੀ ਨੇ ਭੀ ਇੱਥੇ ਚਰਨ ਪਾਏ. ਅਰ ਮਾਤਾ ਗੰਗਾ ਜੀ ਨੂੰ ਭੀ ਇੱਥੇ ਹੀ ਵਰ ਪ੍ਰਾਪਤ ਹੋਇਆ, ਜਿਸ ਤੋਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਗਟੇ. ਪਹਿਲਾਂ ਇਸ ਗੁਰਦ੍ਵਾਰੇ ਦੀ ਹਾਲਤ ਢਿੱਲੀ ਸੀ, ਹੁਣ ਇੱਕ ਕਮੇਟੀ ਦੇ ਹੱਥ ਇੰਤਜਾਮ ਹੈ. ੨੧. ਅੱਸੂ ਨੂੰ ਮੇਲਾ ਹੁੰਦਾ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਤਰਨਤਾਰਨ ਤੋਂ ਦਸ ਮੀਲ ਪੱਛਮ ਅਤੇ ਖਾਸੇ ਤੋਂ ਛੀ ਮੀਲ ਦੱਖਣ ਹੈ.

ਬੀੜਰਾ: ਬੁੰਜਾਹੀ ਖਤ੍ਰੀਆਂ ਦੀ ਇੱਕ ਜਾਤਿ.

ਬੀੜਾ: ਸੰਗਯਾ- ਪਾਨਾਂ ਦੀ ਗਿਲੌਰੀ. ਵੀਟਕ ਅਥਵਾ ਵੀਟਿਕਾ. "ਸਭਾ ਬੀਚ ਬੀੜਾ ਰਖ ਦੀਨਸ." (ਗੁਪ੍ਰਸੂ) ਦੇਖੋ, ਬੀੜਾ ਉਠਾਉਣਾ। ੨. ਕਪੜੇ ਜਾਂ ਤਾਗਿਆਂ ਦਾ ਬਣਾਇਆ ਬਟਨ। ੩. ਸੰ. ਵ੍ਰੀੜਾ. ਲੱਜਾ. ਸ਼ਰਮ. "ਹਨਐਕੈ ਨਿਡਰ ਤਜੀ ਜਗ ਬੀੜਾ." (ਨਾਪ੍ਰ)

---

[895] ਸਰਦਾਰ ਕਰਮਸਿੰਘ ਜੀ ਹਿਸਟੋਰੀਅਨ ਲਿਖਦੇ ਹਨ ਕਿ ਪੱਟੀ ਪਰਗਨੇ ਦੇ ਚੌਧਰੀ ਲੰਗਾਹ ਨੇ ਆਪਣੇ ਬੀੜ ਵਿੱਚੋਂ ਇਹ ਰਕਵਾ ਗੁਰੂ ਸਹਿਬ ਦੇ ਪਸ਼ੂਆਂ ਦੇ ਚਰਨ ਲਈ ਭੇਟਾ ਕੀਤਾ ਸੀ.

ਬੀੜਾ ਉਠਾਉਣਾ, ਬੀੜਾ ਚੁੱਕਣਾ: ਕ੍ਰਿ- ਪਾਨਾਂ ਦਾ ਬੀੜਾ ਸਭਾ ਵਿੱਚ ਉਠਾਉਣਾ, ਪੁਰਾਣੇ ਸਮੇਂ ਰੀਤੀ ਸੀ ਕਿ ਸ਼ਾਹੀ ਦਰਬਾਰ ਵਿੱਚ ਕਿਸੇ ਜੰਗ ਲਈ ਅਹੁਦੇਦਾਰ ਦੀ ਨੌਕਰੀ ਬੋਲਣ ਦੀ ਜਰੂਰਤ ਦੇਖਕੇ, ਪਾਨਾਂ ਦਾ ਬੀੜਾ ਅਤੇ ਨੰਗੀ ਤਲਵਾਰ ਰੱਖੀ ਜਾਂਦੀ ਸੀ, ਜੋ ਦੋਹਾਂ ਨੂੰ ਉਤਸਾਹ ਨਾਲ ਚੁੱਕ ਲੈਂਦਾ ਉਸ ਮੁਹਿੰਮ ਫਤੇ ਕਰਨ ਲਈ ਭੇਜਿਆ ਜਾਂਦਾ ਸੀ.

"ਜੇ ਕੋ ਹੋਵੈ ਸੂਰਵੀਰ ਬੀੜਾ ਉਠਾਏ." (ਜੰਗਨਾਮਾ)

੨. ਕਿਸੇ ਦੇ ਵਿਰੁੱਧ ਲੜਾਈ ਦੀ ਤਿਆਰੀ ਕਰਨੀ।

੩. ਕਿਸੇ ਕੰਮ ਦੇ ਕਰਨ ਦੀ ਜਿੰਮੇਵਾਰੀ ਲੈਣੀ.

ਬੀੜੀ: ਸੰਗਯਾ- ਪਾਨਾਂ ਦੀ ਗਿਲੌਰੀ. ਵੀਟਿਕਾ. "ਮੁਖਿ ਬੀੜੀਆਂ ਲਾਈਆਂ." (ਤਿਲੰ ਮਃ ੪)

ਬੁਆੜ: ਦੇਖੋ, ਬੂਆੜ.

ਬੁਐਂ ਕੌ: ਬੋਣ (ਬੀਜਣ) ਲਈ. "ਕਹੂੰ ਬਾਨ ਕਾਟੇ ਪਰੇ ਭੂਮਿ ਐਸੇ। ਬੁਐਂ ਕੋ ਕ੍ਰਿਸਾਨੈ ਕਢੇ ਈਖ ਜੈਸੇ." (ਚਰਿਤ੍ਰ ੨੯੭) ਬੀਜਣ ਲਈ ਕਾਸ਼ਤਕਾਰਾਂ ਨੇ ਜਾਣੀਓ ਇੱਖ (ਕਮਾਦ) ਦੇ ਟੋਟੇ ਕੱਢੇ ਹਨ.

ਬੁਸ: ਸੰ. ਸੰਗਯਾ- ਓਸ. ਸ਼ਬਨਮ. ਤ੍ਰੇਲ। ੨. ਭੂਸਾ. ਤੁਸ਼. ਭੋਹ.

ਬੁਸਹਰ, ਬੁਸਹਿਰ: ਦੇਖੋ, ਬਸ਼ਹਰ.

ਬੁਸਣਾ: ਕ੍ਰਿ- ਬੁਸ (ਓਸ) ਨਾਲ ਸਿੱਜਕੇ ਤ੍ਰੁੱਕਣਾ. ਨਮੀ ਦੇ ਕਾਰਣ ਸੜਨਾ.

ਬੁਸਤਾਂ: ਫ਼ਾ. بُستاں ਬੋਸਤਾਂ ਦਾ ਸੰਖੇਪ. ਖ਼ੁਸ਼ਬੂ ਦੀ ਥਾਂ। ੨. ਭਾਵ- ਬਾਗ। ੩. ਦੇਖੋ, ਬੋਸਤਾਂ.

ਬੁਸਨਾ: ਦੇਖੋ, ਬੁਸਣਾ.

ਬੁਹਟਾ: ਸੰਗਯਾ- ਬਾਹੁ ਵਟਾ. ਭੁਜਬੰਦ. ਅੰਗਦ. ਬਾਜੂਬੰਦ.

ਬੁਹਾਉਣਾ, ਬੁਹਾਰਣ: ਕ੍ਰਿ- ਬੂ ਸਹਿਤ ਹੋਣਆ. ਸੁਗੰਧਿਤ ਹੋਣਾ. "ਬਾਸੁ ਬਿਰਖ ਬੁਹਾਇ." (ਭਾਗੁ) ਬਹੁਕਰ (ਝਾੜੂ) ਦੇਣ ਦੀ ਕ੍ਰਿਯਾ. ਸੰਬਰਨਾ. "ਕਾਤਰਤਾ ਕਤਵਾਰ ਬੁਹਾਰੈ." (ਕ੍ਰਿਸਨਾਵ) ਕਾਇਰਤਾਰੂਪ ਕੂੜਾ ਸੰਬਰੋ.

ਬੁਹਾਰਨ, ਬੁਹਾਰੀ: ਸੰਗਯਾ- ਬਹੁਕਰ. ਝਾੜੂ. ਮਾਜੰਨੀ.

ਬੁਹੀਆ: ਬੂ ਹੋਈਆ. ਸੁਗੰਧਿਤ ਭਇਆ. "ਹਿਰਡ ਪਲਾਸ ਸੰਗਿ ਹਰਿ ਬੁਹੀਆ." (ਬਿਲਾ ਅਃ ਮਃ ੪) ਹਰਿ (ਚੰਦਨ) ਨਾਲ ਸੁਗੰਧਿਤ ਹੋਏ. ਹਰਿ ਸ਼ਬਦ ਵਿੱਚ ਸ਼ਲੇਸ਼ ਹੈ.

ਬੁਕ: ਸੰਗਯਾ- ਉਂਜਲ. ਅੰਜਲਿ. ਬੁੱਕ. "ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕ ਭਰੀ." (ਸ. ਫਰੀਦ) ਤਿਲਾਂ ਤੋਂ ਭਾਵ ਸ੍ਵਾਸ ਹੈ। ੨. ਦੇਖੋ, ਬੁਕਣਾ.

ਬੁਕਚਾ: ਦੇਖੋ, ਬੁਗਚਾ. "ਸਭ ਸੂਰਨ ਕੇ ਸੀਸ ਸਗਲ ਬੁਕਚਾ ਦਏ." (ਚਰਿਤ੍ਰ ੧੭੬)

ਬੁਕਣਾ, ਬੁਕਨਾ: ਸੰ. ਬੁੱਕ (ਵੁਕਕ. ) ਧਾ- ਕੁੱਤੇ ਵਾਂਙ ਬੋਲਣਾ, ਦੁੱਖ ਦੇਣਾ। ੨. ਸੰ. ਬੁੱਕਨ. ਸੰਗਯਾ- ਕੁੱਤੇ ਆਦਿ ਦੇ ਬੋਲਣ ਦਾ ਸ਼ਬਦ। ੩. ਸਿੰਘ ਦੀ ਗਰਜ ਲਈ ਭੀ ਕਵੀ ਇਹ ਸ਼ਬਦ ਵਰਤ ਲੈਂਦੇ ਹਨ, ਜਿਵੇਂ- "ਸਿੰਘ ਬੁਕੈ ਮਿਰਗਾਵਲੀ ਭੰਨੀ ਜਾਇ." (ਭਾਗੁ)

ਬੁਕਨੀ: ਸੰਗਯਾ- ਚੂਰਣ. ਬੁਰਾਦਾ। ੨. ਆਟਾ

ਬੁਕਨੀਗਰ: ਸੰਗਯਾ- ਕਿਸੇ ਵਸ੍ਤੁ ਨੂੰ ਪੀਹਕੇ ਬੁਕਣੀ (ਚੂਰਣ) ਬਣਾਉਣ ਵਾਲਾ। ੨. ਲੋਹੇ ਦੀ ਰੇਤੀ ਨਾਲ ਧਾਤੁ ਨੂੰ ਰੇਤਣ ਵਾਲਾ.

ਬੁਕਲ: ਸੰਗਯਾ- ਚਾਦਰ ਆਦਿ ਵਸਤ੍ਰ ਦਾ ਸ਼ਰੀਰ ਪੁਰ ਲਪੇਟਣਾ.

ਬੁਕਾਰ: ਸੰ. ਬੁੱਕਾਰ. ਸੰਗਯਾ- ਕੁੱਤੇ ਸ਼ੇਰ ਆਦਿ ਦੀ ਧੁਨਿ. ਦੇਖੋ, ਬੁਕਣਾ.

ਬੁਕਿ: ਬੁੱਕਕੇ. ਬੁੱਕਾਰਕੇ. ਗਰਜਕੇ. ਦੇਖੋ, ਬੁਕਣਾ ਅਤੇ ਬੁਕਾਰ. "ਅੰਧਾ ਕਿਸ ਨੋ ਬੁਕਿ ਸੁਣਾਵੈ।" (ਮਃ ੧. ਵਾਰ ਮਲਾ)

ਬੁਕੈ: ਬੁੱਕਣ ਤੋਂ. ਦੇਖੋ, ਬੁਕਣਾ। ੨. ਬੁਕਦਾ ਹੈ.

ਬੁਖ਼ਲ: ਅ਼. بُخل ਸੰਗਯਾ- ਕ੍ਰਿਪਣਤਾ. ਕੰਜੂਸੀ.

ਬੁਖ਼ਾਰ: ਅ਼. بُخار ਸੰਗਯਾ- ਭਾਫ. ਹਵਾੜ। ੨. ਫ਼ਾ. ਤਾਪ. ਜ੍ਵਰ. ਦੇਖੋ, ਤਾਪ.

ਬੁਖ਼ਾਰਾ: ਫ਼ਾ. بُخارا ਸੇਂਟ੍ਰਲ ਏਸ਼ੀਆ ਦੀ ਇੱਕ ਰਿਆਸਤ ਅਤੇ ਉਸ ਦਾ ਪ੍ਰਧਾਨ ਸ਼ਹਿਰ, ਜੋ ਦਰਿਆ ਜ਼ਰਫ਼ਸ਼ਾਨ ਦੇ ਖੱਬੇ ਕਿਨਾਰੇ ਆਬਾਦ ਹੈ. ਇਹ ਸਮਰਕੰਦ ਤੋਂ ੧੯੨ ਮੀਲ ਪੱਛਮ ਹੈ. ਬੁਖ਼ਾਰਾ ਵਡੇ ਵਡੇ ਵਿਦ੍ਵਾਨਾਂ ਦਾ ਨਿਵਾਸ ਅਸਥਾਨ ਰਿਹਾ ਹੈ. ਆਬਾਦੀ ੬੦, ੦੦੦ ਹੈ.

ਬੁਖ਼ਾਰੀ: ਵਿ- ਬੁਖ਼ਾਰੇ ਦਾ। ੨. ਬੁਖ਼ਾਰੇ ਦਾ ਵਸਨੀਕ। ੩. ਦੇਖੋ, ਬਖਾਰੀ.

ਬੁੰਗ, ਬੁੰਗਹ: ਫ਼ਾ. بُنگاہ ਸੰਗਯਾ- ਰਹਿਣ ਦਾ ਥਾਂ. ਇਸੇ ਤੋਂ ਅਕਾਲਬੁੰਗਾ, ਸ਼ਹੀਦਬੁੰਗਾ ਆਦਿ ਸ਼ਬਦ ਬਣੇ ਹਨ। ੨. ਉਹ ਥਾਂ ਜਿੱਥੇ ਰੁਪਯਾ ਆਦਿ ਸਾਮਾਨ ਇਮਾਨਤ ਰੱਖਿਆ ਜਾਵੇ। ੩. ਫ਼ੌਜ ਦਾ ਪਿਛਲਾ ਭਾਗ. "ਪਰੀ ਮਾਰ ਬੁੰਗੰ ਛੁਟੀ ਬਾਣ ਗੋਰੀ." (ਵਿਚਿਤ੍ਰ) ੪. ਦੇਖੋ, ਬੁੰਗਾ ੨.

ਬੁਗਚਾ: ਫ਼ਾ. بُغچہ ਬੁਗ਼ਚਹ. ਸੰਗਯਾ- ਪੋਟ. ਗਠੜੀ. "ਯਹ ਬੁਗਚਾ ਤੁਮ ਲੈਚਲੋ." (ਚਰਿਤ੍ਰ ੬੮)

ਬੁਗਜ: ਅ਼. بُغض ਬੁਗ਼ਜ਼. ਸੰਗਯਾ- ਵੈਰ. ਦੁਸ਼ਮਨੀ। ੨. ਕਪਟ. ਛਲ.

ਬੁਗਦ, ਬੁਗਦਰ, ਬੁਗਦਾ: ਫ਼ਾ. بُغدا ਬੁਗ਼ਦਾ. ਸੰਗਯਾ- ਛੁਰਾ। ੨. ਟੋਕਾ। ੩. ਇੱਕ ਪ੍ਰਕਾਰ ਦਾ ਖ਼ਮਦਾਰ ਪੇਸ਼ਕਬਜ. "ਛੁਰੀ ਕਲਮਰਿਪੁ ਕਰਦ ਭਨ ਖੰਜਰ ਬੁਗਦਾ ਨਾਇ." (ਸਨਾਮਾ) ਦੇਖੋ, ਸਸਤ੍ਰ.

ਬੁੰਗਾ: ਦੇਖੋ, ਬੁੰਗਹ। ੨. ਜਿਲਾ ਅੰਬਾਲਾ, ਤਸੀਲ ਅਤੇ ਥਾਣਾ ਰੋਪੜ ਦਾ ਇੱਕ ਪਿੰਡ, ਜੋ ਰੋਪੜ ਤੋਂ ੧੩. ਮੀਲ ਉੱਤਰ ਅਤੇ ਕੀਰਤਪੁਰ ਤੋਂ ਚਾਰ ਕੋਹ ਦੱਖਣ ਹੈ. ਇਸ ਪਿੰਡ ਤੋਂ ਪੂਰਵ ਸ਼੍ਰੀ ਗੁਰੂ ਹਰਿਰਾਈ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਦੇ ਘੋੜੇ ਇੱਥੇ ਰਹਿੰਦੇ ਹੁੰਦੇ ਸਨ, ਅਤੇ ਗੁਰੂ ਜੀ ਆਪ ਕਈ ਵਾਰੀਂ ਇੱਥੇ ਆਕੇ ਘੋੜਿਆਂ ਨੂੰ ਦੇਖਿਆ ਕਰਦੇ ਸਨ. ਪਹਿਲਾਂ ਪੱਕਾ ਚਬੱਚਾ ਦਾਣਾ ਭੇਉਣ ਦਾ ਹੁੰਦਾ ਸੀ. ਹੁਣ ਕੇਵਲ ਗੁਰੂ ਜੀ ਦੇ ਸਮੇਂ ਦਾ ਖੂਹ ਹੈ. ਮੰਜੀਸਾਹਿਬ ਬਣਿਆ ਹੋਇਆ ਹੈ, ਸੇਵਾਦਾਰ ਕੋਈ ਨਹੀਂ.

ਬੁਗੋ, ਬੁਗੋਇ: ਫ਼ਾ. بِگو ਬਿਗੋ. ਕਹੁ. ਕਥਨ ਕਰ. ਗੁਫ਼ਤਨ ਦਾ ਅਮਰ. "ਬੁਗੋ ਨਾਨਕ ਅਰਦਸਿ ਪੇਸਿ ਦਰਵੇਸ ਬੰਦਾਹ." (ਤਿਲੰ ਮਃ ੫) "ਨਾਨਕਾ ਸਚੁ ਬੁਗੋਇ." (ਸ੍ਰੀ ਅਃ ਮਃ ੧)

ਬੁਗੋਈ: ਫ਼ਾ. بگوئی ਤੂੰ ਕਹੇਂ ਤੂੰ ਆਖੇਂ. ਤੂੰ ਆਖਦਾ ਹੈਂ. "ਦ੍ਵਾਰਿਕਾ ਨਗਰੀ ਰਾਸਿ ਬੁਗੋਈ." (ਤਿਲੰ ਨਾਮਦੇਵ)

ਬੁਗੋਯਦ: ਫ਼ਾ. بگوید ਕਹੇ, ਆਖੇ. ਕਹਿੰਦਾ ਹੈ. "ਨਾਨਕ ਬੁਗੋਯਦ ਜਨ ਤੁਰਾ." (ਤਿਲੰ ਮਃ ੧)

ਬੁੱਗਰ: ਦੇਖੋ, ਫੂਲ ੪. ਦਾ ਫੁਟਨੋਟ. ਬੁੱਗਰ ਪਿੰਡ ਦੀ ਮਾਲਕੀਯਤ ਬਾਬਤ ਨਾਭੇ ਅਤੇ ਪਟਿਆਲੇ ਦਾ ਝਗੜਾ ਹੋਇਆ, ਜਿਸ ਦਾ ਫੈਸਲਾ ੧੮. ਨਵੰਬਰ ਸਨ ੧੮੫੭ ਨੂੰ ਗਵਰਨਰ ਜਨਰਲ ਨੇ ਨਾਭੇ ਦੇ ਹੱਕ ਵਿੱਚ ਕੀਤਾ.

ਬੁਚਕਾ: ਦੇਖੋ, ਬੁਗਚਾ.

ਬੁਚਕਾਰਨਾ: ਕ੍ਰਿ- ਬੁਚ- ਬੁਚ (ਪੁਚ ਪੁਚ) ਸ਼ਬਦ ਕਰਨਾ. ਪਿਆਰ ਦੇਣਾ.

ਬੁੱਚੜ: ਦੇਖੋ, ਬੂਚੜ.

ਬੁੱਚਾ: ਵਿ- ਕੰਨਕਟਾ.

ਬੁੱਚੇਕੇ: ਜਿਲਾ ਸ਼ੇਖ਼ੂਪੁਰਾ, ਤਸੀਲ ਨਾਨਕਿਆਣਾ ਸਾਹਿਬ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਨਾਨਕਿਆਣੇ ਤੋਂ ੧੦. ਮੀਲ ਦੱਖਣ ਪੱਛਮ ਹੈ. ਇਸ ਪਿੰਡ ਦੇ ਵਿੱਚ ਹੀ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਨਾਨਕਿਆਣੇ ਸਾਹਿਬ ਤੋਂ ਚੱਲਕੇ ਇੱਥੇ ਆਏ ਹਨ. ਗੁਰਦ੍ਵਾਰਾ ਬਨਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ਪੁਜਾਰੀ ਨਿਰਮਲਾ ਸਿੰਘ ਹੈ. ੧. ਚੇਤ ਨੂੰ ਮੇਲਾ ਜੁੜਦਾ ਹੈ.

ਬੁਜ਼: ਫ਼ਾ. بُز ਸੰਗਯਾ- ਬਕਰੀ. ਬਕਰਾ। ੨. ਮਸਖ਼ਰਾ. ਮਖੌਲੀਆ.

ਬੁਜ਼ਦਿਲ: ਫ਼ਾ. بُزدِل ਵਿ- ਬਕਰੀ ਜੇਹੇ ਦਿਲ ਵਾਲਾ. ਡਰਪੋਕ. ਕਾਇਰ. ਕਾਤਰ (coward).

ਬੁਜ਼ਦਿਲੀ: ਸੰਗਯਾ- ਕਾਇਰਤਾ.

ਬੁਜਰਕ: ਦੇਖੋ, ਬਜ਼ੁਰਗ. "ਬੁਜਰਕ ਹੋਬੈਠਨ ਪਢ- ਕਰਕੈ." (ਨਾਪ੍ਰ)

ਬੁਜਰਕਵਾਰ: ਦੇਖੋ, ਬਜ਼ੁਰਗਵਾਰ.

ਬੁਜਲੀ: ਦੇਖੋ, ਬੂਜਲੀ.

ਬੁਜਾ: ਬੁੱਜਾ. ਸੰਗਯਾ- ਡਾਟ. ਬੀੜਾ. "ਕੰਨੀ ਬੁਜੇ ਦੇਰਹਾਂ ਕਿਤੀ ਵਗੈ ਪਉਣੁ." (ਸ. ਫਰੀਦ) ੨. ਦੇਖੋ, ਬੂਜਾ.

ਬੁਜਾਹੀ, ਬੁੰਜਾਹੀ: ਇੱਕ ਖਤ੍ਰੀਜਾਤਿ. ਬਹੁਜਾਈ. ਦੇਖੋ, ਖਤ੍ਰੀ.

ਬੁਜੁਰਗ: ਦੇਖੋ, ਬਜ਼ੁਰਗ.

ਬੁੱਜਾ: ਦੇਖੋ, ਬੁਜਾ ੧.

ਬੁਝਣ, ਬੁਝਣਾ, ਬੁਝਣੁ: ਕ੍ਰਿ- ਜਲਦੇ (ਮਚਦੇ) ਹੋਏ ਦੀਪਕ ਅੱਗ ਆਦਿ ਦਾ ਸ਼ਾਂਤ ਹੋਣਾ. "ਬੁਝਿਗਈ ਅਗਨਿ ਨ ਨਿਕਸਿਓ ਧੂੰਆਂ." (ਆਸਾ ਕਬੀਰ) ੨. ਬੋਧ ਹੋਣਾ. ਜਾਣਨਾ. ਸਮਝਣਾ. "ਬੁਝਣਾ ਅਬੁਝਣਾ ਤੁਧੁ ਕੀਆ." (ਆਸਾ ਅਃ ਮਃ ੩) "ਨਿਕਟਿ ਬੁਝੈ, ਸੋ ਬੁਰਾ ਕਿਉ ਕਰੈ?" (ਭੈਰ ਮਃ ੫)

ਬੁਝਨ: ਦੇਖੋ, . ਬੁਝਣ.

ਬੁਝਨਹਾਰ: ਵਿ- ਜਿਸ ਨੂੰ ਬੋਧ (ਗਿਆਨ) ਹੋ ਗਿਆ ਹੈ ਸਮਝਣ ਵਾਲਾ "ਬੁਝਨਹਾਰ ਕਉ ਸਤਿ ਸਭ ਹੋਇ." (ਸੁਖਮਨੀ) ੨. ਬੁਝਣਵਾਲਾ.

ਬੁਝਾਉਣਾ: ਕ੍ਰਿ- ਬੋਧ (ਗਿਆਨ) ਕਰਾਉਣਾ. ਸਮਝਾਉਣਾ. "ਗੁਰਸੁਰਤਿ ਬੁਝਾਈਐ." (ਸੂਹੀ ਅਃ ਮਃ ੧) "ਗੁਰਸਬਦਿ ਬੁਝਾਹੀ." (ਮਃ ੪. ਗਉ ਵਾਰ ੧) "ਤੇਰੇ ਗੁਣ ਗਾਵਾ, ਦੇਹਿ ਬੁਝਾਈ." (ਬਿਲਾ ਮਃ ੧) ੨. ਮਚਦੀ ਹੋਈ ਅਗਨਿ ਨੂੰ ਸ਼ਾਂਤ ਕਰਨਾ. "ਜਿਸੁ ਬੁਝਾਇਹਿ ਅਗਨਿ." (ਮਃ ੫. ਵਾਰ ਰਾਮ ੨)

ਬੁਝਾਕਲ: ਵਿ- ਬੋਧ (ਗਿਆਨ) ਦੀ ਕਲਾ ਪ੍ਰਾਪਤ ਹੈ ਜਿਸ ਨੂੰ ਸਮਝਣ ਵਾਲਾ.

ਬੁਝਾਰਤ, ਬੁਝਾਰਤਿ: ਸੰਗਯਾ- ਬੋਧ (ਗਿਆਨ) ਲਈ ਇਸ਼ਾਰਤ। ੨. ਸਮਝੌਤੀ. "ਦੇਇ ਬੁਝਾਰਤ ਸਾਰਤਾ." (ਗਉ ਮਃ ੫) "ਕਹਾ ਬੁਝਾਰਤਿ ਬੂਝੈ ਡੋਰਾ." (ਸੁਖਮਨੀ) ੩. ਪਹੇਲੀ. ਪ੍ਰਹੇਲਿਕਾ. ਕੂਟ.

ਬੁਝਾਰੀ: ਵਿ- ਸਮਝਣ ਵਾਲਾ. ਬੋਧ ਵਾਲਾ। ੨. ਬੁਝਾਣ ਵਾਲਾ. ਸ਼ਾਂਤ ਕਰਤਾ। ੩. ਬੁਝਗਈ. ਸ਼ਾਂਤ ਭਈ. "ਮੇਰੀ ਤਿਸਾ ਬੁਝਾਰੀ." (ਆਸਾ ਮਃ ੫)

ਬੁਟ: ਸੰ. ਬੁਟ. ਧਾ- ਵਧ (ਕਤਲ) ਕਰਨਾ, ਦੁੱਖ ਦੇਣਾ.

ਬੁਟੀਆ: ਸੰਗਜਾ- ਬੋੱਟੀ. ਮਾਸ ਦਾ ਟੁਕੜਾ. "ਬੁਟੀਆ ਬਰ ਬੀਰਨ ਕੀ ਨ ਪਚੀ ਉਰ ਮੈ੍." (ਕ੍ਰਿਸਨਾਵ)

ਬੁਟੁ, ਬੁੱਟ: ਸੰਗਜਾ- ਦੰਦਾਂ ਦੇ ਮਸੂੜੇ (gums) ੨. ਦੰਦਾਂ ਬਿਨਾ ਮਸੂੜਾ। ੩. ਆਂਢੇ ਵਿੱਚੋਂ ਨਿਕਲਿਆ ਪੰਛੀ, ਜਿਸ ਦੇ ਖੰਭ ਨਾ ਪੈਦਾ ਹੋਏ ਹੋਣ। ੪. ਵਿ- ਅੰਗਹੀਨ. ਜਿਸ ਦੇ ਅੰਗ ਨਿਕੰਮੇ ਹੋ ਗਏ ਹਨ. "ਬਿਨ ਸਚੇ ਦੂਜਾ ਸੇਵਦੇ, ਹੋਇ ਮਰਸਨਿ ਬੁਟੁ." (ਮਃ ੫. ਵਾਰ ਗਉ ੧)

ਬੁੱਟਰ: ਜਿਲਾ ਫਿਰੋਜਪੁਰ. ਤਸੀਲ ਥਾਣਾ ਮੋਗਾ ਦਾ ਇੱਕ ਪਿੰਡ, ਇੱਥੋਂ ਦੇ ਜਾਗੀਰਦਾਰ ਸੋਢੀ ਸਾਹਿਬਾਨ ਬਾਬਾ ਪ੍ਰਿਥੀਚੰਦ ਜੀ ਦੀ ਵੰਸ਼ ਵਿੱਚ ਹੋਣ ਵਾਲੇ ਸੋਢੀ ਕੌਲ ਦੀ ਔਲਾਦ ਹਨ. ਇਨ੍ਹਾਂ ਪਾਸ ਕਈ ਪਿੰਡ ਅੰਗ੍ਰੇਜ਼ੀ ਰਾਜ ਵਿੱਚ ਅਤੇ ਕਈ ਸਿੱਖ ਰਿਆਸਤਾਂ ਵਿੱਚ ਜਾਗੀਰ ਹਨ. ਦੇਖੋ, ਕੌਲ ੨.

ਬੁਡਣਾ: ਸੰ. ਵ੍ਰਡ (ਬੁੜ). ਧਾ- ਡੁੱਬਣਾ. ਢਕਣਾ। ੨. ਕ੍ਰਿ- ਡੁੱਬਣਾ. ਗਰਕ ਹੋਣਾ. "ਬਿਨੁ ਰਸ ਚਾਖੇ ਬੁਡਿਗਈ ਸਗਲੀ." (ਬਿਲਾ ਮਃ ੫)

ਬੁਡਥਈ: ਬੁਢਤਾ (ਡੁੱਬਦਾ) ਹੋਇਆ। ੨. ਡੁੱਬਦੇ ਤਾਈਂ. ਡੁੱਬਦੇ ਨੂੰ। ੩. ਡੁੱਬਣ ਤੋਂ. ਦੇਖੋ, ਬੁਡਣਾ. "ਹਮ ਪਾਥਰ, ਰਖੁ ਬੁਡਥਈ" (ਕਲਿ ਮਃ ੪)

ਬੁਡਭੁਜ: ਸੰ. विढ्भुज्. ਵਿਡਭੁਜ. ਵਿ- ਵਿਸ਼੍ਟਾ (ਗੰਦਗੀ) ਖਾਣ ਵਾਲਾ। ੨. ਸੰਗਜਾ- ਕਾਉਂ। ੩. ਸੂਰ. "ਬੁਡਭੁਜ ਰੂਪ ਜੀਵੇ ਜਗ ਮਝਿਆ." (ਗਉ ਕਬੀਰ)

ਬੁਡਾਹੀ: ਡੁਬਦਾ ਹੈ. ਦੇਖੋ, ਬੁਡਣਾ. "ਫਿਰਿ ਫਿਰਿ ਕੀਚ ਬੁਡਾਹੀ." (ਸੋਰ ਮਃ ੧) ੨. ਬੁਡਾਹੀਂ. ਡੁਬਦੇ ਹਨ.

ਬੁਡੇ: ਡੂਬੇ. ਦੇਖੋ, ਬੁਡਣਾ.

ਬੁਢਾ: ਵਿ- ਵ੍ਰਿੱਧ. ਵਡੀ ਉਮਰ ਵਾਲਾ. "ਬੁਢਾ ਹੋਆ ਸੇਖ ਫਰੀਦ." (ਸ. ਫਰੀਦ) ੨. ਪਸੁਹਿੰਮਤ. ਪੁਰੁਸ਼ਾਰਥ ਰਹਿਤ. "ਗੁਰਮੁਖਿ ਬੁਢੇ ਕਦੇ ਨਹੀਂ" (ਸਵਾ ਮਃ ੩) ੩. ਦੇਖੋ, ਬੁੱਢਾ ਬਾਬਾ.

ਬੁਢਾਇਆ: ਵਿ- ਵ੍ਰਿੱਧ ਅਵਸ੍ਥਾ ਨੂੰ ਪ੍ਰਾਪਤ ਹੋਇਆ.

ਬੁਢਾਪਾ, ਬੁਢੇਪਾ: ਸੰਗਜਾ- ਵ੍ਰਿੱਧਪਨ. ਵ੍ਰਿਧਾਵਸ੍ਥਾ.

ਬੁੱਢਣਸ਼ਾਹ: ਇਹ ਕੀਰਤਪੁਰ ਪਾਸ ਰਹਿਣ ਵਾਲਾ ਇੱਕ ਚਿਰਜੀਵੀ ਮੁਸਲਮਾਨ ਸਾਧੂ ਸੀ. ਜਦ ਗੁਰੂ ਨਾਨਕਦੇਵ ਇਸ ਦੇ ਆਸ਼੍ਰਮ ਆਏ, ਤਦ ਇਸ ਨੇ ਬਕਰੀਆਂ ਦਾ ਦੁੱਧ ਭੇਟ ਕੀਤਾ. ਸਤਿਗੁਰੂ ਨੇ ਫਰਮਾਇਆ, ਫੇਰ ਲਵਾਂਗੇ. ਸੰਮਤ ੧੬੯੩ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਬਾਬਾ ਗੁਰਦਿੱਤਾ ਜੀ ਨੇ ਗੁਰੂ ਨਾਨਕਦੇਵ ਦਾ ਰੂਪ ਧਾਰਕੇ ਫਕੀਰ ਤੋਂ ਦੁੱਧ ਲਿਆ. ਬੁੱਢਨਸ਼ਾਹ ਦੀ ਕ਼ਬਰ ਕੀਰਤਪੁਰ ਪਾਸ ਵਿਦਜਮਾਨ ਹੈ. ਦੇਖੋ, ਕੀਰਤਪੁਰ.

ਬੁੱਢਾ: ਦੇਖੋ, ਬੁਢਾ। ੨. ਦੇਖੋ, ਬੁੱਢਾ ਬਾਬਾ.

ਬੁੱਢਾ ਦਲ: ਦੇਖੋ, ਤਰੁਣ ਦਲ.

ਬੁੱਢਾ ਬਾਬਾ: ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਦੇ ਉਦਰ ਤੋਂ ੭. ਕੱਤਕ ਸੰਮਤ ੧੫੬੩ ਨੂੰ ਕੱਥੂ ਨੰਗਲ ਪਿੰਡ (ਜਿਲਾ ਅਮ੍ਰਿਤਸਰ) ਵਿੱਚ ਬਾਬਾ ਜੀ ਦਾ ਜਨਮ ਹੋਇਆ. ਮਾਤਾ ਪਿਤਾ ਨੇ ਆਪ ਦਾ ਨਾਮ ਬੂੜਾ ਰੱਖਿਆ. ਸੰਮਤ ੧੫੭੫ ਵਿੱਚ

ਜਗਤਗੁਰੂ ਨਾਨਕ ਦੇਵ ਜਦ ਵਿਚਰਦੇ ਹੋਏ ਬੂੜਾ ਜੀ ਦੇ ਪਿੰਡ ਵੱਲ ਆਏ, ਤਦ ਇਹ ਪਸ਼ੂ ਚਾਰਦੇ ਹੋਏ ਪ੍ਰੇਮਭਾਵ ਨਾਲ ਗੁਰੂ ਸਾਹਿਬ ਦੀ ਸੇਵਾ ਵਿੱਚ ਦੁੱਧ ਲੈਕੇ ਹਾਜਿਰ ਹੋਏ, ਅਤੇ ਵਿਵੇਕ ਵੈਰਾਗ ਦੀਆਂ ਗੱਲਾਂ ਸੁਣਾਈਆਂ. ਸਤਿਗੁਰੂ ਨੇ ਫਰਮਾਇਆ ਕਿ ਭਾਵੇਂ ਤੇਰੀ ਉਮਰ ਛੋਟੀ ਹੈ, ਪਰ ਸਮਝ ਕਰਕੇ ਬੁੱਢਾ (ਵ੍ਰਿੱਧ) ਹੈਂ. ਉਸ ਦਿਨ ਤੋਂ ਨਾਮ "ਬੁੱਢਾ" ਪ੍ਰਸਿੱਧ ਹੋ ਗਿਆ.

ਬਾਬਾ ਬੁੱਢਾ ਜੀ ਨੇ ਗੁਰਸਿੱਖੀ ਧਾਰਣ ਕਰਕੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰਘਰ ਵਿੱਚ ਵਡਾ ਮਾਨ ਪਾਇਆ. ਸੰਮਤ ੧੬੬੧ ਵਿੱਚ ਆਪ ਹਰਿਮੰਦਿਰ ਦੇ ਪਹਿਲੇ ਗ੍ਰੰਥੀ ਮੁਕੱਰਰ ਹੋਏ. ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਤੋਂ ਹੀ ਗੁਰਮੁਖੀ ਪੜ੍ਹੀ. ਗੁਰੂ ਅੰਗਦ ਦੇਵ ਤੋਂ ਲੈਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੀਕ ਆਪ ਦੇ ਹੀ ਹੱਥੋਂ ਸਤਿਗੁਰਾਂ ਨੂੰ ਗੁਰਗੱਦੀ ਵਿਰਾਜਣ ਸਮੇਂ ਤਿਲਕ ਮਿਲਦਾ ਰਿਹਾ ਹੈ. ੧੪. ਮੱਘਰ ਸੰਮਤ ੧੬੮੮ ਨੂੰ ਪਿੰਡ ਰਮਦਾਸ (ਜਿਲਾ ਅਮ੍ਰਿਤਸਰ) ਵਿੱਚ ਆਪ ਦਾ ਦੇਹਾਂਤ ਹੋਇਆ. ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਜੀ ਦਾ ਸਸਕਾਰ ਆਪਣੇ ਹੱਥੀਂ ਕੀਤਾ. ਸਸਕਾਰ ਦੇ ਥਾਂ "ਸੱਚਖੰਡ" ਨਾਮਕ ਸੁੰਦਰ ਮੰਦਿਰ ਬਣਿਆ ਹੋਇਆ ਹੈ.

ਬਾਬਾ ਬੁੱਢਾ ਜੀ ਦੀ ਵੰਸ਼ਾਵਲੀ::-

ਸੁੱਘਾ ਰੰਧਾਵਾ
।
ਜਃ ਸੰਮਤ ੧੫੬੩ਬਾਬਾ ਬੁੱਢਾ ਜੀ ਦੇ:ਸੰਮਤ ੧੬੮੮
।

| | | | |
|---|---|---|---|
| ਸੁਧਾਰੀ | ਭਿਖਾਰੀ | ਮਹਿਮੂ | ਜਃ ੧੫੯੩ ਭਾਨਾ ਭਾਈ ਦੇ: ੧੭੦੧ |

।

| | |
|---|---|
| ਜਃ ੧੬੧੫ ਜਲਾਲ ਦੇ: ੧੭੦੧ (ਇਹ ਦੋ ਮਹੀਨੇ ਹੀ ਗੱਦੀ ਤੇ ਰਹੇ) | ਜਃ ੧੬੧੭ ਸਰਵਣ ਭਾਈ ਦੇ: ੧੭੦੮ |

।
ਜ: ੧੬੩੭ ਝੰਡਾ ਭਾਈ ਦੇ: ੧੭੧੮
।
ਜਃ ੧੬੮੨ ਗੁਰਦਿੱਤਾ ਭਾਈ ਦੇ: ੧੭੩੨
।
ਜਃ ੧੭੨੯ ਰਾਮ ਕੁੰਵਰ ਭਾਈ (ਗੁਰਬਖ਼ਸ਼ਸਿੰਘ) ਦੇ:੧੮੧੮
।
ਜਃ ੧੭੫੦ ਮੋਹਰ ਸਿੰਘ ਭਾਈ
।
ਜਃ ੧੭੮੦ ਸ਼ਜਾਮਸਿੰਘ ਭਾਈ
।
ਜਃ ੧੮੦੫ ਕਾਨ੍ਹਸਿੰਘ ਭਾਈ
।
ਜਃ ੧੮੪੪ ਸੁਜਾਨਸਿੰਘ ਭਾਈ
×

ਭਾਈ ਸੁਜਾਨਸਿੰਘ ਜੀ ਦੇ ਸੰਤਾਨ ਨਹੀਂ ਹੋਈ, ਇਸ ਲਈ ਵਿੰਦੀ ਵੰਸ਼ ਨਾ ਹੋਣ ਕਰਕੇ ਉਦਾਸੀ ਪ੍ਰਚਾਰਕਾਂ ਪਾਸ ਗੱਦੀ ਆਈ, ਜਿਨ੍ਹਾਂ ਦਾ ਸਿਲਸਿਲਾ ਇਉਂ ਹੈ-

ਚਰਨਦਾਸ, ਬ੍ਰਹਮਪ੍ਰਕਾਸ਼, ਰਾਮਪ੍ਰਸਾਦ, ਠਾਕੁਰਦਾਸ, ਰਾਘੋਦਾਸ (ਇਹ ਅਮ੍ਰਿਤ ਛਕਕੇ ਰਘੁਬੀਰਸਿੰਘ ਸਜਿਆ). ਇਹ ਅਖ਼ੀਰੀ ਮਹੰਤ ਸੀ. ਹੁਣ ਪ੍ਰਬੰਧ ਕਮੇਟੀ ਦੇ ਹੱਥ ਹੈ.

ਬਾਬਾ ਜੀ ਦੇ ਵਡੇ ਪੁਤ੍ਰਾਂ ਦੀ ਸੰਤਾਨ ਝੰਡੇ ਰਾਮਦਾਸਪੁਰੇ ਆਦਿਕ ਕਈ ਗ੍ਰਾਮਾਂ ਵਿੱਚ ਹੁਣ ਆਬਾਦ ਹੈ.

ਬੁੱਢੀ: ਵਿ- ਵ੍ਰਿੱਧਾ. ਵਡੀ ਉਮਰ ਵਾਲੀ। ੨. ਸੰਗ੍ਯਾ- ਅੱਕ ਦੀ ਕੁਕੜੀ ਵਿੱਚੋਂ ਨਿਕਲੀ ਰੂਈ, ਜੋ ਹਵਾ ਵਿੱਚ ਉਡਦੀ ਹੋਵੇ। ੩. ਪੰਜਾਬੀ ਵਿੱਚ ਇਸਤ੍ਰੀਮਾਤ੍ਰ ਨੂੰ ਬਹੁਤ ਲੋਕ ਬੁੱਢੀ ਆਖਦੇ ਹਨ.

ਬੁਣਨਾ: ਸੰ. ਵਯਨ. ਸਿੰਧੀ. ਵਣਣੁ. ਤਾਣੇ ਵਿੱਚ ਪੇਟਾ ਮਿਲਾਉਣ ਦੀ ਕ੍ਰਿਯਾ. ਤੰਦਾਂ ਨੂੰ ਮਿਲਾਕੇ ਕਪੜਾ ਤਿਆਰ ਕਰਨਾ.

ਬੁਣਾਉਣਾ: ਕ੍ਰਿ- ਵਯਨ ਕਰਵਾਉਣਾ. ਦੇਖੋ, ਬੁਣਨਾ.

ਬੁਤ: ਫ਼ਾ. بُت ਸੰਗ੍ਯਾ- ਮੂਰਤਿ. "ਬੁਤ ਪੂਜਿ ਪੂਜਿ ਹਿੰਦੂ ਮੂਏ." (ਸੋਰ ਕਬੀਰ) ੨. ਭਾਵ- ਮਾਸ਼ੂਕ. ਪਜਾਰਾ.

ਬੁਤਸ਼ਿਕਸ੍ਤ: ਬੁਤ ਤੋੜਿਆ.

ਬੁਤਸ਼ਿਕਨ: ਫ਼ਾ. بُت شِکن ਵਿ- ਮੂਰਤੀ ਤੋੜਨ ਵਾਲਾ। ੨. ਭਾਵ- ਮੂਰਤਿਪੂਜਾ ਦਾ ਖੰਡਨ ਕਰਤਾ. "ਕਿ ਆਂ ਬੁਤਪਰਸ੍ਤੰਦੋ, ਮਨ ਬੁਤਸ਼ਿਕਨ." (ਜਫਰ)

ਬੁਤਕਾਰੀਆ: ਵਿ- ਬੁੱਤੀ (ਬਿਨਾ ਮਜ਼ਦੂਰੀ ਸੇਵਾ) ਕਰਨ ਵਾਲਾ. ਬੁੱਤੀਆਂ ਕਰਨ ਵਾਲਾ. "ਸੈਨੁ ਨਾਈ ਬੁਤਕਾਰੀਆ." (ਆਸਾ ਧੰਨਾ) ੨. ਦੇਖੋ, ਬੁੱਤੀ.

ਬੁਤਕੀ: ਸੰਗ੍ਯਾ- ਉਹ ਅਸ਼ਰਫੀ (ਸ੍ਵਰਣਮੁਦ੍ਰਾ) ਜਿਸ ਪੁਰ ਕਿਸੇ ਬਾਦਸ਼ਾਹ ਦਾ ਬੁਤ ਹੋਵੇ.

ਬੁਤਖ਼ਾਨਹ: ਫ਼ਾ. ਮੂਰਤੀਆਂ ਦਾ ਘਰ. ਉਹ ਮੰਦਿਰ ਜਿਸ ਵਿੱਚ ਪੂਜਣ ਲਈ ਮੂਰਤੀਆਂ ਰੱਖੀਆਂ ਹੋਣ.

ਬੁਤਪਰਸ੍ਤ: ਫ਼ਾ. بُت پرست ਵਿ- ਮੂਰਤਿਪੂਜਕ.

ਬੁਤਪਰਸ੍ਤੀ: ਫ਼ਾ. بُت پرستی ਸੰਗ੍ਯਾ- ਮੂਰਤਿਪੂਜਾ.

ਬੁਤਾ: ਸੰਗ੍ਯਾ- ਬਹਾਨਾ. ਹੀਲਾ. "ਕਿਸੇ ਹੀ ਬੁਤੈ ਜਬਾਬੁ ਨ ਹੋਈ." (ਮਾਰੂ ਸੋਲਹੇ ਮਃ ੫) ੨. ਦੇਖੋ, ਬੁੱਤਾ.

ਬੁਤਾਂ: ਬੁਤ ਦਾ ਬਹੁਵਚਨ. ਮੂਰਤੀਆਂ.

ਬੁਤਾਨਾ: ਅ਼. بطانت ਬਿਤ਼ਾਨਤ. ਸੰਗ੍ਯਾ- ਗੁਪਤ- ਭੇਦ. ਰਾਜ਼। ੨. ਮਨ ਦਾ ਸੰਕਲਪ. "ਖਾਨਖਾਨਾ, ਤੇਰੇ ਖਾਨੇ ਬਿਖੇ ਬੁਤਾਨਾ." (ਗੁਪ੍ਰਸੂ)

ਬੁਤਾਲਾ: ਇੱਕ ਪਿੰਡ, ਜੋ ਜਿਲਾ ਤਸੀਲ ਅਮ੍ਰਿਤਸਰ ਵਿੱਚ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ.

ਬੁੱਤਾ, ਬੁੱਤੀ: ਸੰਗ੍ਯਾ- ਬਹਾਨਾ. ਹੀਲਾ। ੨. ਬਿਨਾ ਮਜ਼ਦੂਰੀ ਦੀ ਸੇਵਾ. ਬੇਗਾਰ. ਇਸ ਦਾ ਮੂਲ ਸੰਸਕ੍ਰਿਤ ਵਯੁਤ ਸ਼ਬਦ ਹੈ. ਵਯੁਤ ਦਾ ਅਰਥ ਹੈ ਸੀੱਤਾ ਹੋਇਆ, ਲਪੇਟਿਆ ਹੋਇਆ. ਕੋਈ ਸਾਮਾਨ ਅਥਵਾ ਬਿਸਤਰ ਥੈਲੇ ਵਿੱਚ ਸਿਉਂਕੇ ਜਾਂ ਲਪੇਟਕੇ ਹਵਾਲੇ ਕਰਨ ਅਤੇ ਲੈ ਜਾਣ ਦੀ ਕ੍ਰਿਯਾ.

ਬੁਥਾੜ: ਸੰਗ੍ਯਾ- ਮੁਖ. ਦੇਖੋ, ਬੂਥਾ.

ਬੁੰਦ: ਸੰਗ੍ਯਾ- ਵਿੰਦੁ. ਤੁਥਕਾ. ਕਤਰਾ. "ਪਖਾਨ ਭਿਦੈ ਨਹਿ ਬੂੰਦ ਕੇ ਮਾਰੇ." (ਨਾਪ੍ਰ) ੨. ਭਾਵ- ਵੀਰਯ. ਸ਼ੁਕ੍ਰ. ਦੇਖੋ, ਬੂੰਦ ੨.

ਬੁਦਬੁਦ, ਬੁਦਬੁਦਾ: ਸੰ. बुद्बुद. ਸੰਗ੍ਯਾ- ਪਾਣੀ ਦਾ ਬੁਲਬੁਲਾ "ਜਲ ਤਰੰਗ ਅਰੁ ਫੇਨ ਬੁਦਬੁਦਾ." (ਆਸਾ ਨਾਮਦੇਵ)

ਬੁੰਦੇਲਖੰਡ: ਭਾਰਤ ਦਾ ਇੱਕ ਉੱਤਰੀ ਇਲਾਕਾ, ਜੋ ਜਮੁਨਾ ਅਤੇ ਚੰਬਲ ਦੇ ਦਰਮਯਾਨ ਹੈ. ਇਸ ਵਿੱਚ ਪੰਜ ਅੰਗ੍ਰੇਜ਼ੀ ਜਿਲੇ ਅਤੇ ੩੧ ਦੇਸੀ ਰਿਆਸਤਾਂ ਹਨ. ਬੁੰਦੇਲਖੰਡ ਦਾ ਰਕਬਾ ੨੦, ੫੫੯ ਵਰਗਮੀਲ ਅਤੇ ਜਨਸੰਖਯਾ ੩, ੫੦੦, ੦੦੦ ਹੈ. ਦੇਸੀ ਰਿਆਸਤਾਂ ਸੇਂਟ੍ਰਲਇੰਡੀਆ (ਮਧਯਭਾਰਤ) ਦੀ ਏਜੈਂਸੀ ਵਿੱਚ ਹਨ. ਅੰਗ੍ਰੇਜ਼ੀ ਇਲਾਕਾ ਯੂ. ਪੀ. ਵਿੱਚ ਹੈ. ਬੁੰਦੇਲਾ ਜਾਤਿ ਦੇ ਰਾਜਪੂਤਾਂ ਤੋਂ ਦੇਸ਼ ਦਾ ਇਹ ਨਾਮ ਹੋਇਆ ਹੈ. ਦੇਖੋ, ਬੁੰਦੇਲਾ.

ਬੁੰਦੇਲਾ: ਰਾਜਪੂਤਾਂ ਦੀ ਇੱਕ ਜਾਤਿ. ਬੁੰਦੇਲੇ ਆਖਦੇ ਹਨ ਕਿ ਇੱਕ ਪ੍ਰਤਾਪੀ ਧਰਮਾਤਮਾ ਰਾਜਪੂਤ ਨੇ ਵਿੰਧ੍ਯ- ਵਾਸਿਨੀ ਦੇਵੀ ਅੱਗੇ ਆਪਣੇ ਤਾਈਂ ਬਲਿਦਾਨ ਕੀਤਾ. ਉਸ ਦੀ ਲਹੂਬੂੰਦ (ਵਿੰਦੁ) ਤੋਂ ਦੇਵੀ ਦੇ ਵਰਦਾਨ ਦ੍ਵਾਰਾ ਇੱਕ ਤੇਜਸ੍ਵੀ ਪੁਰਖ ਪੈਦਾ ਹੋਇਆ, ਜਿਸ ਦਾ ਨਾਮ ਬੁੰਦੇਲਾ ਸੀ. ਉਸ ਦੀ ਵੰਸ਼ ਦੇ ਬੁੰਦੇਲ ਰਾਜਪੂਤ ਹੋਏ. "ਬਲਵੰਡ ਲੱਖ ਬੁੰਦੇਲੇ ਕਾਰੀ" (ਭਾਗ) "ਮਘੇਲੇ ਧੰਧੇਲੇ ਬੁੰਦੇਲੇ ਚੰਦੇਲੇ." (ਚਰਿਤ੍ਰ ੩੨੦) ੨. ਬੁੰਦੇਲਖੰਡ ਦਾ ਨਿਵਾਸੀ.

ਬੁਧ: ਸੰ. ਬੁਧ. ਧਾ- ਜਾਣਨਾ, ਸਮਝਣਾ, ਜਾਣਨਾ ੨. ਵਿ- ਦਾਨਾ. ਬੁੱਧਿਮਾਨ. ਅਕਲਮੰਦ। ੩. ਸੰਗ੍ਯਾ- ਇੱਕ ਗ੍ਰਹ, ਜੋ ਸੂਰਜ ਦੇ ਬਹੁਤ ਨੇੜੇ ਹੈ, ਜਿਸ ਦੇ ਨਾਮ ਤੋਂ ਸਤਵਾਰੇ ਦਾ ਦਿਨ ਬੁਧਵਾਰ ਹੈ. Murcury ੪. ਚੰਦ੍ਰਵੰਸ਼ੀਆਂ ਦਾ ਵਡੇਰਾ. ਮਹਾਭਾਰਤ ਆਦਿ ਗ੍ਰੰਥਾਂ ਵਿੱਚ ਇਸ ਦੀ ਉਤਪੱਤੀ ਇਉਂ ਲਿਖੀ ਹੈ- ਵ੍ਰਿਹਸਪਤਿ (ਦੇਵਗੁਰੁ) ਦੀ ਇਸਤ੍ਰੀ ਤਾਰਾ ਉੱਤੇ ਚੰਦ੍ਰਮਾ ਮੋਹਿਤ ਹੋ ਗਿਆ ਅਰ ਉਸ ਨੂੰ ਉਧਾਲਕੇ ਘਰ ਲੈਗਿਆ, ਇਸ ਪੁਰ ਭਾਰੀ ਜੰਗ ਹੋਇਆ. ਚੰਦ੍ਰਮਾ ਦੀ ਸਹਾਇਤਾ ਵਿੱਚ ਸ਼ਿਵ, ਅਤੇ ਵ੍ਰਿਹਸਪਤਿ ਦੀ ਸਹਾਇਤਾ ਵਿੱਚ ਇੰਦ੍ਰ ਸੀ ਅੰਤ ਨੂੰ ਬ੍ਰਹਮਾ ਨੇ ਵਿੱਚ ਪੈਕੇ ਝਗੜਾ ਮਿਟਾਇਆ ਤਾਰਾ ਵ੍ਰਿਹਸਪਤਿ ਨੂੰ ਦਿਵਾ ਦਿੱਤੀ, ਪਰ ਉਸ ਦੇ ਗਰਭ ਤੋਂ ਜੋ ਸੁੰਦਰ ਪੁਤ੍ਰ ਬੁਧ ਪੈਦਾ ਹੋਇਆ ਸੀ. ਉਹ ਚੰਦਰਮਾ ਨੂੰ ਤਾਰਾ ਦੇ ਕਹਿਣ ਪੁਰ ਮਿਲਿਆ। ੫. ਦੇਵਤਾ। ੬. ਕੁੱਤਾ। ੭. ਦੇਖੋ, ਬੁੱਧ.

ਬੁਧ ਅਵਤਾਰ: ਦੇਖੋ, ਬੁੱਧ। ੨. ਖਾ. ਲੂਲਾ ਲੂੰਜਾ. ਇਸ ਨਾਮ ਪੈਣ ਦਾ ਕਾਰਣ ਇਹ ਹੈ ਕਿ ਜਗੰਨਾਥ ਜੋ ਮੂਰਤਿ ਹੈ ਉਹ ਹੱਥਾਂ ਪੈਰਾਂ ਬਿਨਾ ਹੈ, ਅਰ ਬਹੁਤਿਆਂ ਦਾ ਮਿਥ੍ਯਾ ਖਿਆਲ ਹੈ ਕਿ ਉਹ ਬੁੱਧਮੂਰਤਿ ਹੈ, ਵਿਸ਼ਨੁ ਦੀ ਨਹੀਂ.

ਬੁਧਸਿੰਘ: ਦੇਖੋ, ਬੁਧਿਬਾਰਧਿ। ੨. ਰਾਜਾ ਅਮਰਸਿੰਘ ਪਟਿਆਲਾਪਤਿ ਦਾ ਸੁਪੁਤ੍ਰ.

ਬੁਧਕਾ: ਸੰਗ੍ਯਾ- ਪਾਂਡੂ (ਪਾਂਡੋ) ਅਥਵਾ ਸਿਆਹੀ ਦੀ ਰੌਸ਼ਨਾਈ ਦਾ ਪਾਤ੍ਰ. ਦਵਾਤ ਤਖਤੀ (ਫੱਟੀ) ਤੇ ਲਿਖਣ ਵਾਲੇ ਬਾਲਕ ਬੁਧਕਾ ਵਰਤਦੇ ਹਨ.

ਬੁਧਕੀ: ਦੇਖੋ, ਬੁਤਕੀ.

ਬੁਧਗਯਾ, ਬੁਧਗਿਆ: ਗਯਾ ਤੋਂ ਸੱਤ ਮੀਲ ਦੱਖਣ, ਬੁੱਧ ਦੇ ਤਪ ਦਾ ਅਸਥਾਨ, ਜਿੱਥੇ ਬੋਧੀਦ੍ਰੁਮ (ਪਿੱਪਲ) ਹੁਣ ਤੀਕ ਮੌਜੂਦ ਹੈ, ਜਿਸ ਹੇਠ ਮਹਾਤਮਾ ਬੁੱਧ ਨੇ ਤਪ ਕਰਕੇ ਬੋਧ (ਗਿਆਨ) ਪ੍ਰਾਪਤ ਕੀਤਾ ਸੀ.[896] ਇੱਥੋਂ ਦਾ ਮੰਦਿਰ ਰਾਜਾ ਅਸ਼ੋਕ ਦਾ ਬਣਵਾਇਆ ਹੋਇਆ ਹੈ. ਹੁਣ ਇਹ ਮੰਦਿਰ ਹਿੰਦੂਆਂ ਦੇ ਅਧਿਕਾਰ ਵਿੱਚ ਹੈ. ਬੌੱਧ ਇਸ ਨੂੰ ਆਪਣੇ ਹੱਥ ਲੈਣ ਦਾ ਜਤਨ ਕਰ ਰਹੇ ਹਨ.

ਬੁਧਤਾ: ਸੰਗ੍ਯਾ- ਬੁੱਧਤ੍ਵ. ਦਾਨਾਈ. ਅ਼ਕ਼ਲਮੰਦੀ. "ਮਹਾ ਬੁਧਤਾ ਕੇ ਦਾਤਾ." (ਅਕਾਲ)

ਬੁਧਪੁਰ: ਜਿਲਾ ਕਰਨਾਲ, ਤਸੀਲ ਕੈਥਲ, ਥਾਣਾ ਪਹੋਆ ਵਿੱਚ ਇੱਕ ਪਿੰਡ ਹੈ, ਜੋ ਰੇਲਵੇਸਟੇਸ਼ਨ ਕੁਰੁਕ੍ਸ਼ੇਤ੍ਰ ਤੋਂ ੨੩ ਮੀਲ ਪੱਛਮ ਹੈ. ਪਹੋਏ ਤੀਕ ਪੱਕੀ ਸੜਕ ਹੈ, ਅੱਗੇ ੫. ਮੀਲ ਕੱਚਾ ਰਸਤਾ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ, ਕੇਵਲ ਮੰਜੀਸਾਹਿਬ ਬਣਿਆ ਹੋਇਆ ਹੈ, ਸੇਵਾਦਾਰ ਕੋਈ ਨਹੀਂ.

ਬੁਧਵਾਰ: ਬੁਧ ਗ੍ਰਹ ਦੇ ਨਾਮ ਪੁਰ ਸਤਵਾਰੇ ਦਾ ਦਿਨ. "ਬੁਧਵਾਰ ਆਪੇ ਬੁਧਸਾਰੁ." (ਬਿਲਾ ਵਾਰ ੭. ਮਃ ੩) ੨. ਸ਼ਾਹਪੁਰ ਦੇ

[896] ਬੁੱਧਦੇਵ ਦੇ ਸਮੇਂ ਦਾ ਪਿੱਪਲ ਬੰਗਾਲ ਦੇ ਰਾਜਾ ਸ਼ਸਾਂਕ ਨੇ ਸਨ ੬੦੦ ਵਿੱਚ ਭਸਮ ਕਰ ਦਿੱਤਾ ਸੀ. ਫੇਰ ਹੋਰ ਬਿਰਛ ਮਗਧ ਦੇ ਰਾਜਾ ਪੂਰਨਵਰਮਾ ਨੇ ਲਗਵਾਇਆ.

ਇਲਾਕੇ ਇੱਕ ਕਾਸ਼ਤਕਾਰ ਜਾਤਿ.

ਬੁਧਿ: ਸੰ. ਬੁਦ੍ਧਿ. ਬੁੱਧਿ. ਸੰਗਯਾ- ਅ਼ਕ਼ਲ. ਸਮਝ. ਵਿਵੇਕਸ਼ਕਤਿ. "ਬੁਧਿ ਗਿਆਨ ਸਰਬ ਤਿਹ ਸਿਧਿ." (ਸੁਖਮਨੀ) ਦੇਖੋ, ਬੁਧ੍ ਧਾ.

ਬੁਧਿਸਾਰੁ: ਵਿ- ਸਾਰਬੁੱਧਿ ਵਾਲਾ, ਵਿਵੇਦਬੁੱਧਿ ਧਾਰਨ ਵਾਲਾ. "ਸਿਵ ਕੀ ਪੁਰੀ ਬਸੈ ਬੁਧਿਸਾਰੁ." (ਭੈਰ ਕਬੀਰ) ਦੇਖੋ, ਸ਼ਿਵ ਕੀ ਪੁਰੀ ੨.

ਬੁਧਿ ਸਿਆਣਪ: ਬੁੱਧ ਅਤੇ ਸੁਜਾਨਤਾ। ੨. ਅਕਲ ਦੀ ਵਜੋਂਤ। ੩. ਅਕਲ ਅਤੇ ਤਜਰਬੇਕਾਰੀ. "ਬੁਧਿ ਸਿਆਣਪ ਕਿਛੂ ਨ ਜਾਪੈ." (ਮਾਝ ਮਃ ੫)

ਬੁਧਿਬਲ: ਬੁੱਧ (ਅ਼ਕ਼ਲ) ਦਾ ਬਲ. "ਅਬ ਬੁਧਿਬਲ ਨ ਖਟਾਈ." (ਗਉ ਕਬੀਰ)

ਬੁਧਿਬਾਰਧਿ: ਬੁੱਧਿ (ਅਕ਼ਲ) ਦਾ ਵਾਰਿਧਿ (ਸਮੁੰਦਰ). ਬੁੱਧਿਵਾਰਿਧਿ. ਅਨਵਾਰਸਹੇਲੀ (ਅਯਾਰਦਾਨਿਸ਼) ਦਾ ਭਾਈ ਬੁਧਸਿੰਘ ਕਵਿ ਦਾ ਰਚਿਆ ਹਿੰਦੀ ਮਿਲੀ ਪੰਜਾਬੀ ਵਿੱਚ ਅਨੁਵਾਦ.

"ਸ਼੍ਰੀ ਰਣਜੀਤਸਿੰਘ ਜੂ ਨਾਮ,

ਜਿੰਹ ਜਗ ਜੀਤ ਕਰਯੋ ਸੁ ਗੁਲਾਮ,

ਲਵਪੁਰ ਮੇ ਜਾਂਕੀ ਰਜਧਾਨੀ,

ਤੇਜਵੰਤ ਬਲਵੰਤ ਮਹਾਨੀ.

ਤਾਂ ਨ੍ਰਿਪ ਮੋਹਿ ਬੁਲਾਯਕੈ ਕੀਨੋ ਬਹੁ ਸਨਮਾਨ,

ਰਾਜਨੀਤਿ ਕੀ ਪ੍ਰੀਤਿ ਜਬ ਚਢੀ ਚਿੱਤ ਮੇ ਆਨ.

ਨਾਮ ਅਯਾਰਦਾਨਸ਼ਹਿ ਜਾਸ,

ਸੋ ਭਾਖਾ ਅਬ ਕਰੋ ਸੁ ਰਾਸ.

ਸੁਨ ਨ੍ਰਿਪਬੈਨ ਐਨ ਚਿਤ ਧਾਰ,

ਭਾਖਾ ਤਾਂਕੀ ਕਰੀ ਸਵਾਰ,

ਸੰਬਤ ਬਸੁ ਰਸ ਅਹਿ ਪੁਨ ਚੰਦ,[897]

ਕਾਤਕ ਸਪਤਮਿ ਵਦੀ ਅਮੰਦ,

ਵਾਰ ਦੇਵਗੁਰੁ ਪੁਖ ਨਿਖੱਤ,

ਸੁਭਗ ਲਗਨ ਭਾਖੀ ਲਖ ਸੱਤ,

ਸੁਧਾਸਰੋਵਰ ਸੁਭ ਅਸਥਾਨ,

ਗੁਨਿਜਨ ਪੰਡਿਤ ਪਢਹਿਂ ਪੁਰਾਨ,

ਛੱਦਨ ਦਿਸਿ ਪਵਰੀ ਕੇ ਤੀਰ,

---

[897] ਸੰਮਤ ੧੮੬੮ ਵਸੁ ੮. ਰਸਨਾ ਦੇ ਰਸ ੬. ਸਰਪ ੮, ਚੰਦ ੧.

ਬੁੰਗਾ ਨਾਮ ਸ਼ਹੀਦ ਗਹੀਰ,

ਤਾਮਹਿ ਬਹੁ ਗੁਰਮੁਖ ਸਿਖ ਬਸੈਂ,

ਹਰਿਗੁਨ ਗਾਇ ਪ੍ਰੇਮ ਮੇ ਰਸੈ,

ਤਾਂਹੀ ਮਹਿ ਕਵਿ ਬੁਧਸਿੰਘ ਨਾਮ,

ਭਾਖਾ ਜਾਂਹਿ ਕਰੀ ਅਭਿਰਾਮ,

"ਬੁਧਿਬਾਰਧਿ" ਪੋਥੀ ਕਾ ਨਾਉ,

ਰਾਖਾ ਚਿਤ ਮਹਿ ਚਢਾ ਜੁ ਚਾਉ."

(ਬੁਧਿਬਾਰਧਿ ਅਃ ੧)

ਬੁਧੁ, ਬੁੱਧ: ਸੰ. ਬੁਦ੍ਧ. ਵਿ- ਜਾਗਿਆ ਹੋਇਆ। ੨. ਗਿਆਨੀ. ਬੋਧ ਵਾਲਾ। ੩. ਸੰਗਜਾ- ਗੋਤਮ ਗੋਤ੍ਰ ਵਿੱਚ ਸ਼ਾਕਜਵੰਸ਼ੀ ਰਾਜਾ ਸ਼ੁੱਧੋਦਨ ਦੇ ਘਰ ਮਾਯਾਦੇਵੀ ਦੇ ਉਦਰ ਤੋਂ ਕਪਿਲਵਸ੍ਤੁ ਨਗਰੀ ਦੇ ਲੁੰਬਿਨੀ ਬਾਗ ਵਿੱਚ ਬੀ. ਸੀ. (B. C. ) ੬੨੪ ਮਾਘ ਸੁਦੀ ੧੫. ਨੂੰ ਬੁੱਧ ਦਾ ਜਨਮ ਹੋਇਆ. ਇਸ ਮਹਾਤਮਾ ਦੇ ਸਿੱਧਾਰਥ (ਸਵੰਾਰਥਸਿੱਧ) ਸ਼ਾਕਜਮੁਨਿ, ਅਤੇ ਗੌਤਮ ਭੀ ਨਾਮ ਹਨ.

੧੯ ਵਰ੍ਹੇ ਦੀ ਉਮਰ ਵਿੱਚ ਦੰਡਪਾਣੀ ਦੀ ਪੁਤ੍ਰੀ ਗੋਪਾ ਨਾਲ ਸ਼ਾਦੀ ਹੋਈ, ਜਿਸ ਤੋਂ ਰਾਹੁਲ ਪੁਤ੍ਰ ਪੈਦਾ ਹੋਇਆ, ਬੁੱਢਾ, ਰੋਗੀ ਅਤੇ ਮੁਰਦਾ ਦੇਖਣ ਤੋਂ ਸਿੱਧਾਰਥ ਦੇ ਮਨ ਵਿੱਚ ਜਗਤ ਤੋਂ ਵੈਰਾਗ ਹੋ ਗਿਆ ਅਰ ੨੮ ਵਰ੍ਹੇ ਦੀ ਅਵਸ੍ਥਾ ਵਿੱਚ ਨਿਤ੍ਯਸੁਖ ਦੀ ਤਲਾਸ਼ ਲਈ ਘਰ ਬਾਰ ਤਿਆਗਕੇ ਸੰਨ੍ਯਾਸੀ ਬਣਿਆ. ਇਸ ਨੇ ਗਯਾ ਪਾਸ ਇੱਕ ਪਿੱਪਲ ਹੇਠ ਕਈ ਵਰ੍ਹੇ ਧ੍ਯਾਨਪਰਾਇਣ ਹੋਕੇ ਵਿਤਾਏ. ਅੰਤ ਜਦ ਇਸ ਨੂੰ ਬੋਧ ਗ੍ਯਾਨ ਹੋਣ ਕਰਕੇ ਬੁੱਧ (ਜਾਗਰਿਤ) ਅਵਸ੍ਥਾ ਪ੍ਰਾਪਤ ਹੋਈ, ਤਦ ਤੋਂ ਬੁੱਧ ਨਾਮ ਪ੍ਰਸਿੱਧ ਹੋਇਆ. ਦੇਖੋ, ਬੁਧਗਯਾ.

ਬੁੱਧ ਨੇ ਵੈਦਿਕ ਧਰਮ ਦੀ ਥਾਂ ਆਪਣਾ ਮਤ ਚਲਾਇਆ, ਜਿਸ ਦਾ ਮੁੱਖ ਨਿਯਮ ਅਹਿੰਸਾ ਹੈ. ਮਹਾਤਮਾ ਬੁੱਧ ਨੇ ਮੁਕਤਿਮਾਰਗ ਦੇ ਅੱਠ ਸਾਧਨ ਦੱਸੇ ਹਨ- "ਸਦ੍ਵਿਸ਼੍ਵਾਸ, ਸਦ੍ਵਿਚਾਰ, ਸਦ੍ਵਾਕ੍ਯ, ਸਤ੍ਕਰਮ, ਸਦ੍ਜੀਵਨ, ਸਤ੍ਪ੍ਰਯਤਨ, ਸਤ੍ਚਿੰਤਨ ਅਤੇ ਸਦ੍ਧ੍ਯਾਨ.

ਅੱਸੀ ਵਰ੍ਹੇ ਦੀ ਉਮਰ ਭੋਗਕੇ ਬੁੱਧਦੇਵ ਦਾ ਪੇਚਿਸ਼ ਰੋਗ ਨਾਲ ਕੁਸ਼ੀ ਨਗਰ ਦੇਹਾਂਤ ਹੋਇਆ. ਮਰਨ ਵੇਲੇ ਬੁੱਧ ਨੇ ਆਪਣੇ ਸਿੱਖਾਂ ਨੂੰ ਚਾਰ ਉਪਦੇਸ਼ ਦਿੱਤੇ-

(੧) ਇੰਦ੍ਰੀਆਂ ਨੂੰ ਕਾਬੂ ਰੱਖਣਾ.

(੨) ਆਪਣੇ ਆਪ ਨੂੰ ਜਗਾਉਣਾ ਅਤੇ ਆਪਣੇ ਆਪ ਦੀ ਪਰੀਖ੍ਯਾ ਕਰਨੀ.

(੩) ਜਿਵੇਂ ਜਲ ਤੋਂ ਪੈਦਾ ਹੋਇਆ ਚਿੱਕੜ ਜਲ ਨਾਲ ਹੀ ਧੋਤਾ ਜਾਂਦਾ ਹੈ, ਤਿਵੇਂ ਮਨ ਦੇ ਵਿਕਾਰ ਮਨ ਕਰਕੇ ਹੀ ਦੂਰ ਹੁੰਦੇ ਹਨ.

(੪) ਜਿਨ੍ਹਾਂ ਦਾ ਸੰਕਲਪ, ਵਾਣੀ ਅਤੇ ਕ੍ਰਿਯਾ ਪਵਿਤ੍ਰ ਹੈ, ਉਨ੍ਹਾਂ ਦੇ ਨਾਲ ਸ਼ਾਂਤਿ ਅਤੇ ਸੁਖ ਇਸਤਰਾਂ ਰਹਿੰਦੇ ਹਨ, ਜੈਸੇ ਸਰੀਰ ਨਾਲ ਛਾਯਾ.

ਮਹਾਤਮਾ ਬੁੱਧ ਦੇ ਚਲਾਏ ਧਰਮ ਦੀ ਦੋ ਸ਼ਾਖਾ ਹਨ. ਇੱਕ "ਹੀਨਯਾਨ", ਜਿਸ ਦਾ ਪ੍ਰਚਾਰ ਬਰਮਾ, ਸ੍ਯਾਮ ਅਤੇ ਸਿੰਹਲਦ੍ਵੀਪ ਵਿੱਚ ਹੈ ਦੂਜਾ "ਮਹਾਯਾਨ", ਜਿਸ ਦਾ ਪ੍ਰਚਾਰ ਤਿੱਬਤ ਚੀਨ ਜਾਪਾਨ ਆਦਿ ਵਿੱਚ ਹੈ.

ਹਿੰਦੂਮਤ ਦੇ ਗ੍ਰੰਥਾਂ ਵਿੱਚ ਬੁੱਧ ਨੂੰ ਵਿਸ਼ਨੁ ਦਾ ਨੌਵਾਂ ਅਵਤਾਰ ਲਿਖਿਆ ਹੈ. ਦੇਖੋ, ਮਾਯਾਮੋਹ.

ਬੁੱਧਗਯਾ: ਦੇਖੋ, ਬੁਧਗਯਾ.

ਬੁੱਧਿ: ਦੇਖੋ, ਬੁਧਿ। ੨. ਛੱਪਯ ਦਾ ਇੱਕ ਰੂਪ. ਦੇਖੋ, ਗੁਰਛੰਦਦਿਵਾਕਰ.

ਬੁੱਧਿਹੀਨ: ਵਿ- ਮੂਰਖ. ਬੇਅ਼ਕਲ.

ਬੁੱਧਿਮਾਨ, ਬੁੱਧਿਵਾਨ: ਸੰ. ਬੁਦ੍ਧਿਮਾਨ੍. ਵਿ- ਅਕ਼ਲਮੰਦ। ੨. ਸੰਗ੍ਯਾ- ਪੰਜਾਬੀ ਦੀ ਇੱਕ ਪਰੀਕ੍ਸ਼ਾ (ਇਮਤਿਹਾਨ) ਅਤੇ ਵਿਦ੍ਯਾ ਦੀ ਪਦਵੀ.

ਬੁੱਧਿਵਾਰਿਧਿ: ਦੇਖੋ, ਬੁਧਿਬਾਰਧਿ.

ਬੁੱਧੂ: ਇਹ ਸੁੱਧੂ ਦਾ ਪੁਤ੍ਰ ਲਹੌਰ ਦਾ ਘੁਮਿਆਰ ਸਿੱਖ ਸੀ. ਇਸ ਨੇ ਇੱਕ ਵਾਰ ਬਹੁਤ ਵਡਾ ਪਚਾਵਾ ਤਿਆਰ ਕਰਕੇ ਗੁਰੂ ਅਰਜਨਦੇਵ ਜੀ ਦੇ ਹਜੂਰ ਅਰਦਾਸ ਕਰਾਈ ਕਿ ਆਵਾ ਪੱਕਾ ਨਿਕਲੇ. ਸੰਗਤਿ ਨੇ ਜਦ ਪ੍ਰਸਾਦ ਛਕਕੇ ਅਰਦਾਸ ਕੀਤੀ, ਤਦ ਭਾਈ ਲੱਖੂ ਨੇ ਜੋ ਪ੍ਰਸਾਦ ਵਰਤੋ ਪਿੱਛੋਂ ਆਇਆ ਸੀ, ਆਖਿਆ ਕਿ ਪਚਾਵਾ ਪਿੱਲਾ ਰਹੇਗਾ. ਜਦ ਇੱਟਾਂ ਪਿੱਲੀਆਂ ਨਿਕਲੀਆਂ, ਤਦ ਬੁੱਧੂ ਨੇ ਸਤਿਗੁਰਾਂ ਦੇ ਹਜੂਰ ਬੇਨਤੀ ਕੀਤੀ. ਸਤਿਗੁਰਾਂ ਨੇ ਫਰਮਾਇਆ ਕਿ ਪ੍ਰੇਮੀ ਸਿੱਖ ਦਾ ਵਚਨ ਅਟਲ ਹੈ. ਪਰ ਤੇਰੀਆਂ ਇੱਟਾਂ ਪੱਕੀਆਂ ਦੇ ਮੁੱਲ ਵਿਕਣਗੀਆਂ. ਸੋ ਲਹੌਰ ਵਿੱਚ ਬਰਸਾਤ ਦੀ ਰੁੱਤੇ ਮਹਿੰਗੇ ਮੁੱਲ ਵਿਕ ਗਈਆਂ. ਇਹ ਆਵਾ ਲਹੌਰ ਤੋਂ ਤਿੰਨ ਮੀਲ ਪੁਰ ਸ਼ਾਲਾਮਾਰ ਦੀ ਸੜਕ ਤੋਂ ਦੱਖਣ ਵੱਲ ਸੀ, ਜਿੱਥੇ ਹੁਣ ਸ਼ਾਹੀ ਸੜਕ ਪਾਸ ਦੇਸੀ ਈਸਾਈਆਂ ਦਾ ਕਬਰਿਸਤਾਨ ਹੈ. ਇਸ ਆਵੇ ਪੁਰ ਮਹਾਰਾਜਾ ਰਣਜੀਤਸਿੰਘ ਜੀ ਦੇ ਇਟੇਲੀਅਨ ਜਨਰਲ Avitabile ਅਵੀਤਾਬੀਲ[898] ਨੇ ਆਪਣੀ ਕੋਠੀ ਬਣਵਾਈ ਸੀ, ਜਿਸ ਦਾ ਹੁਣ ਕੋਈ ਨਿਸ਼ਾਨ ਨਹੀਂ ਦੇਖੀਦਾ.

ਬੁੱਧੂ ਦਾ ਪਿਤਾ ਸੁੱਧੂ, ਸ਼ਾਹੀ ਘੁਮਿਆਰ ਸੀ, ਜੋ ਸਰਕਾਰੀ ਇਮਾਰਤਾਂ ਲਈ ਇੱਟਾਂ ਪਕਾਇਆ ਕਰਦਾ ਸੀ. ਖਾਸ ਕਰਕੇ ਨੂਰਜਹਾਂ ਦੇ ਭਾਈ ਅੱਬੁਲਹਸਨ (ਆਸਫ਼ਜਾਹ) ਦੇ ਮਹਿਲ ਲਈ ਸੁੱਧੂ ਨੇ ਲਹੌਰ ਬਹੁਤ ਆਵੇ ਲਗਾਏ ਸਨ। ੨. ਸੁਲਤਾਨਪੁਰ ਨਿਵਾਸੀ ਇੱਕ ਛੀਂਬਾ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਆਤਮਗਿਆਨੀ ਹੋਇਆ। ੩. ਦੇਖੋ, ਬਾਜਕ। ੪. ਦੇਖੋ, ਬੁੱਧੂਸ਼ਾਹ। ੫. ਪੰਜਾਬੀ ਵਿੱਚ ਵਜੰਗ ਨਾਲ ਮੂਰਖ ਨੂੰ ਭੀ ਬੁੱਧੂ ਆਖਦੇ ਹਨ.

ਬੁੱਧੂਸ਼ਾਹ: ਸਢੌਰਾ (ਜਿਲਾ ਅੰਬਾਲਾ) ਨਿਵਾਸੀ ਮੁਸਲਮਾਨ ਪੀਰ ਸੀ, ਜਿਸ ਦਾ ਅਸਲ ਨਾਮ ਸੈਯਦ ਸ਼ਾਹ ਬਦਰੁੱਦੀਨ ਸੀ. ਇਸ ਨੇ ਗੁਰੂ ਗੋਬਿੰਦਸਿੰਘ ਜੀ ਪਾਸ ਸਿਫਾਰਿਸ਼ ਕਰਕੇ ਪੰਜ ਸੌ ਪਠਾਣ ਨੌਕਰ ਰਖਵਾਏ ਸਨ. ਜਿਨ੍ਹਾਂ ਦੇ ਚਾਰ ਮੁੱਖ ਸਰਦਾਰ, ਕਾਲਾ ਖ਼ਾਨ, ਭੀਕਨਖ਼ਾਨ, ਨਿਜਾਬਤਖ਼ਾਨ ਅਤੇ ਹਯਾਤ ਖ਼ਾਨ ਸਨ. ਇਨ੍ਹਾਂ ਵਿੱਚੋਂ ਕਾਲਾਖ਼ਾਨ ਨਮਕਹਰਾਮ ਨਹੀਂ ਹੋਇਆ, ਬਾਕੀ ਤਿੰਨ ਸਰਦਾਰ ਸਵਾਰਾਂ ਸਮੇਤ ਸਤਿਗੁਰੂ ਨੂੰ ਭੰਗਾਣੀ ਦੇ ਜੰਗ ਸਮੇ ਛੱਡ ਗਏ.

ਜਦ ਪਠਾਣ ਸਰਦਾਰ ਨਮਕਹਰਾਮ ਹੋਕੇ ਵੈਰੀਆਂ ਨਾਲ ਮਿਲ ਗਏ, ਤਦ ਬੁੱਧੂਸ਼ਾਹ ਆਪਣੇ ਚਾਰ ਪੁਤ੍ਰ ਅਤੇ ਸੱਤ ਸੌ ਮੁਰੀਦ ਲੈ ਕੇ ਦਸ਼ਮੇਸ਼ ਦੀ ਸਹਾਇਤਾ ਲਈ ਭੰਗਾਣੀ ਦੇ ਜੰਗ ਵਿੱਚ ਪੁੱਜਾ, ਜਿੱਥੇ ਇਸ ਦੇ ਦੋ ਪੁਤ੍ਰ ਅਤੇ ਬਹੁਤ ਮੁਰੀਦ ਸ਼ਹੀਦ ਹੋਏ, ਜੰਗ ਦੀ ਸਮਾਪਤੀ ਪੁਰ ਕਲਗੀਧਰ ਨੇ ਆਪਣੀ ਦਸਤਾਰ ਕੰਘੇ ਸਹਿਤ ਜਿਸ ਵਿੱਚ ਵਾਹੇ ਹੋਏ ਕੇਸ ਲਗ ਰਹੇ ਸਨ, ਅਰ ਛੋਟੀ ਕ੍ਰਿਪਾਨ ਬੁੱਧੂਸ਼ਾਹ ਨੂੰ ਹੁਕਮਨਾਮੇ ਸਮੇਤ ਬਖ਼ਸ਼ੀ. ਨਾਭਾਪਤਿ ਮਹਾਰਾਜਾ ਭਰਪੂਰਸਿੰਘ ਨੇ ਬੁੱਧੂਸ਼ਾਹ ਦੀ ਸੰਤਾਨ ਨੂੰ ਬਹੁਤ ਭੇਟਾ ਅਤੇ ਜਾਗੀਰ ਦੇਕੇ ਇਹ ਵਸਤਾਂ ਲੈ ਲਈਆਂ, ਜੋ ਹੁਣ ਨਾਭਾ ਰਿਆਸਤ ਦੇ ਗੁਰਦ੍ਵਾਰੇ "ਸਿਰੇਪਾਉ" ਵਿੱਚ ਮਾਨ ਨਾਲ ਰੱਖੀਆਂ ਹੋਈਆਂ ਹਨ. ਦੇਖੋ, ਨਾਭਾ.

ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨੂੰ ਸਹਾਇਤਾ ਦੇਣ ਦਾ ਅਪਰਾਧ ਲਾਕੇ ਸਰਦਾਰ ਆਸਮਾਨਖ਼ਾਨ ਹਾਕਮ ਸਢੌਰਾ ਨੇ ਬੁੱਧੂਸ਼ਾਹ ਨੂੰ ਕਤਲ ਕਰਵਾ ਦਿੱਤਾ. ਇਸ ਵਾਸਤੇ ਬੰਦਾਬਹਾਦੁਰ ਨੇ ਸੰਮਤ ੧੭੬੬ ਵਿੱਚ ਸਢੌਰਾ ਫਤੇ ਕਰਕੇ ਆਸਮਾਨਖ਼ਾਨ ਨੂੰ ਫਾਂਸੀ ਲਟਕਾਇਆ.

ਬੁਨ: ਫ਼ਾ. بُن ਸੰਗ੍ਯਾ- ਮੂਲ. ਜੜ। ੨. ਕਹਾਵਤ. ਅਖਾਣ। ੩. ਅਸਬਾਬ. ਸਾਮਾਨ। ੪. ਪੋਠੋਹਾਰ ਵਿੱਚ ਬੁਨ ਦਾ ਅਰਥ ਹੇਠਾਂ

---

[898] ਦੇਖੋ, ਅਬੂਤਬੇਲਾ.

(ਤਲੇ)। ੫. ਬੁਨਨਾ ਕ੍ਰਿਯਾ ਦਾ ਅਮਰ. ਬੁਣ.

ਬੁਨਤ, ਬੁਨਤੀ: ਵਯਨ (ਬੁਣਨ) ਦਾ ਭਾਵ. "ਸੁੰਨ ਸਹਜ ਮਹਿ ਬੁਨਤ ਹਮਾਰੀ." (ਭੈਰ ਕਬੀਰ) ਭਾਵ- ਵ੍ਰਿੱਤੀ ਦਾ ਸੰਬੰਧ.

ਬੁਨਨਾ: ਦੇਖੋ, ਬੁਣਨਾ. "ਤਨਨਾ ਬੁਨਨਾ ਸਭ ਤਜਿਓ ਹੈ ਕਬੀਰ." (ਗੂਜ ਕਬੀਰ)

ਬੁਨਯਾਦ: ਦੇਖੋ, ਬੁਨਿਆਦ.

ਬੁਨਿ: ਬੁਣਕੇ. "ਬੁਨਿ ਬੁਨਿ ਆਪੇ, ਆਪੁ ਪਹਿਰਾਵਉ." (ਭੈਰ ਕਬੀਰ)

ਬੁਨਿਆਦ, ਬੁਨਿਯਾਦ: ਫ਼ਾ. بُنیاد ਸੰਗ੍ਯਾ- ਨਿਉਂ. ਨੀਵ. ਨੀਂ.

ਬੁੰਬ: ਸੰਗ੍ਯਾ- ਕਿਸੇ ਛਿਦ੍ਰ ਵਿੱਚੋਂ ਜ਼ੋਰ ਨਾਲ ਨਿਕਲੀ ਹੋਈ ਜਲਧਾਰਾ. ਬੰਬ. ਮੰਬਅ਼.

ਬੁਰ: ਸੰਗ੍ਯਾ- ਲੂਆ. ਰੋਮਾਵਲਿ. ਪਸ਼ਮ। ੨. ਵਿ- ਬੁਰਾ. ਮੰਦ. "ਟੂਟਿ ਪਰੀਤਿ ਗਈ ਬੁਰ ਬੋਲਿ." (ਓਅੰਕਾਰ) ੩. ਪੂਰ- ਸੰਗ੍ਯਾ- ਗੁਦਾ. "ਬਨਿਕ ਕੀ ਬੁਰ ਪਰ ਖੁਦਜੋ ਬਿਹੰਗ." (ਚਰਿਤ੍ਰ ੩੬) ੪. ਭਗ. ਯੋਨਿ.

ਬੁਰਹਾਨਪੁਰ: ਮੱਧ ਭਾਰਤ (ਸੇਂਟ੍ਰਲ ਇੰਡੀਆ) ਵਿੱਚ ਨੀਮਾਰ ਜਿਲੇ ਦਾ ਇੱਕ ਪ੍ਰਸਿੱਧ ਨਗਰ, ਜੋ ਤਾਪਤੀ ਨਦੀ ਦੇ ਕਿਨਾਰੇ ਹੈ, ਜੀ. ਆਈ. ਪੀ. ਰੇਲਵੇ ਦੇ ਸਟੇਸ਼ਨ ਲਾਲਬਾਗ ਤੋਂ ਦੋ ਮੀਲ ਹੈ. ਬੰਬਈ ਤੋਂ ੩੧੦ ਮੀਲ ਉੱਤਰ ਪੂਰਵ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੰਦੇੜ ਨੂੰ ਜਾਂਦੇ ਇੱਥੇ ਵਿਰਾਜੇ ਹਨ.

" ਪਿਖ ਸਿੱਖਨ ਕੋ ਭਾਉ ਮਹਾਨਾ,

ਹਿਤ ਰਾਖਨ ਬਹੁ ਬਾਰ ਬਖਾਨਾ,

ਤਿਨ ਕੀ ਸੁਨਕੈ ਸ੍ਰੀ ਪ੍ਰਭੁ ਬਿਨਤੀ,

ਪੁਰ ਬੁਰਹਾਨ ਬਸੇ ਤਜਿ ਗਿਨਤੀ."

(ਗੁਪ੍ਰਸੂ)

ਸਨ ੧੮੬੧ ਵਿੱਚ ਬੁਰਹਾਨਪੁਰ ਅੰਗ੍ਰੇਜ਼ਾਂ ਦੇ ਹੱਥ ਆਇਆ ਹੈ. ਇਸ ਦੀ ਆਬਾਦੀ ੩੧, ੦੦੦ ਹੈ.

ਬੁਰਕ: ਸੰਗ੍ਯਾ- ਗ੍ਰਾਸ. ਲੁਕਮਾ. ਬਹੁਤ ਵਡਾ ਗ੍ਰਾਸ. ਦੇਖੋ, ਬੁਰਕੀ.

ਬੁਰਕਣਾ: ਕ੍ਰਿ- ਵਾਰਿ ਕਣ ਫੈਲਾਉਣੇ. ਛਿੜਕਣਾ. "ਅੰਮ੍ਰਿਤ ਬੁਰਕੇ ਰਾਮ ਰਾਜੇ." (ਆਸਾ ਛੰਤ ਮਃ ੪) ੨. ਬਰੂਰਨਾ. ਭੁੱਕਣਾ.

ਬੁਰਕਾ: ਅ਼. بُرقع ਬੁਰਕ਼ਅ਼. ਸੰਗ੍ਯਾ- ਇਸਤ੍ਰੀਆਂ ਦਾ ਲੰਮਾ ਚੋਲਾ, ਜੋ ਸਿਰ ਤੋਂ ਪੈਰ ਤੀਕ ਸਾਰੇ ਅੰਗਾਂ ਨੂੰ ਢਕ ਲੈਂਦਾ ਹੈ. ਇਸ ਨੂੰ ਪਰਦੇ ਵਿੱਚ ਰਹਿਣ ਵਾਲੀਆਂ ਇਸਤ੍ਰੀਆਂ ਪਹਿਰਕੇ ਬਾਹਰ ਜਾਂਦੀਆਂ ਹਨ. "ਬੁਰਕਾ ਪਹਿਰ ਨਾਰਿ ਇਕ ਆਵੈ." (ਚਰਿਤ੍ਰ ੧੨੧) ੨. ਭਾਵ ਲਿਬਾਸ. ਬਾਣਾ. "ਯਹ ਖੜਗਕੇਤੁ ਬੁਰਕਾ ਸੁ ਜਾਨ." (ਗੁਵਿ ੧੦) ੩. ਦੇਖੋ, ਬੁਰਕ.

ਬੁਰਕਾਪੋਸ਼: ਫ਼ਾ. بُرقع پوش ਵਿ- ਜਿਸ ਨੇ ਬੁਰਕਾ ਪਹਿਨਿਆ ਹੈ। ੨. ਭਾਵ- ਗਾਇਬ. ਗੁਪਤ.

ਬੁਰਕੀ: ਸੰਗ੍ਯਾ- ਗ੍ਰਾਸ. ਲੁਕਮਾ. ਗ੍ਰਾਹੀ. ਸੰ. ਬ੍ਰਿਗਲ (बृगल. )

ਬੁਰਗੂ: ਫ਼ਾ. بُرغُو ਬੁਰਗ਼ੂ. ਸੰਗ੍ਯਾ- ਤੁਰ੍ਹੀ. ਬਿਗੁਲ. ਨਾਦ (Musical pipe) "ਖੁਦਾਇ ਏਕ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ." (ਮਾਰੂ ਸੋਲਹੇ ਮਃ ੫) ਇੱਕ ਖ਼ੁਦਾ ਜਾਣਕੇ ਢੰਡੋਰਾ ਦੇਓ, ਇਹ ਤੁਹਾਡੀਆਂ ਬਾਂਗਾਂ ਅਤੇ ਤੁਰੀਆਂ ਹੋਣ, ਤਦ ਉੱਤਮ ਬਰਖ਼ੁਰਦਾਰ ਹੋਓਗੇ, ਦੇਖੋ, ਬਰਖੁਰਦਾਰ.

"ਬਾਂਗਾਂ ਬੁਰਗੂ ਸਿੰਙੀਆਂ." (ਮਃ ੧. ਵਾਰ ਸੂਹੀ)

ਬੁਰਛਨਾ: ਸੰ. ਵ੍ਰਸ਼੍ਚਨ. ਕ੍ਰਿ- ਕਤਰਨਾ. ਮੁੱਛਣਾ.

ਬੁਰਛਾ: ਅ਼. برشاع ਬਿਰਸ਼ਾਅ਼. ਵਿ- ਮਤਿਹੀਨ. ਮੂਰਖ. ਉਜੱਡ.

ਬੁਰਛਾਗਰਦੀ: ਮੂਰਖਾਂ ਦਾ ਉਠਾਇਆ ਉਪਦ੍ਰਵ. ਬਲਵਾ insurrection.

ਬੁਰਜ: ਅ਼. بُرج ਸੰਗਯਾ- ਰਾਸ਼ੀਚਕ੍ਰ। ੨. ਗੋਲ ਆਕਾਰ ਦਾ ਮੰਡਪ। ੩. ਚੁਕੋਣੀ, ਅਠਪਹਿਲੂ ਜਾਂ ਗੋਲ ਇਮਾਰਤ, ਜੋ ਉੱਚੀ ਅਤੇ ਕਿਲੇ ਦੀ ਕੂਣਾਂ ਤੇ ਹੋਵੇ.

ਬੁਰਜਸਾਹਿਬ: ਜਿਲਾ ਤਸੀਲ ਗੁਰਦਾਸਪੁਰ, ਥਾਣਾ ਰਣੀਆਂ ਦੇ ਪਿੰਡ ਫੱਤੇਨੰਗਲ ਤੋਂ ਇੱਕ ਮੀਲ ਪੂਰਵ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਗੁਰਦ੍ਵਾਰਾ. ਗੁਰੂਸਾਹਿਬ "ਬਾਰਠ" ਤੋਂ ਹਟਦੇ ਹੋਏ ਇੱਥੇ ਵਿਰਾਜੇ ਹਨ. ਪ੍ਰੇਮੀਆਂ ਨੇ ਇੱਥੇ ਮਿੱਟੀ ਦਾ ਉੱਚਾ ਬੁਰਜ ਬਣਾ ਦਿੱਤਾ ਸੀ. ਹੁਣ ਛੋਟਾ ਜੇਹਾ ਗੁਰਦ੍ਵਾਰਾ ਹੈ. ਸਿੰਘ ਸੇਵਾਦਾਰ ਹਨ. ਜਾਗੀਰ ਜ਼ਮੀਨ ਕੁਝ ਨਹੀਂ. ਹਰ ਅਮਾਵਸ ਨੂੰ ਮੇਲਾ ਹੁੰਦਾ ਹੈ. ਦਰਬਾਰ ਤੋਂ ਪੂਰਵ ਇੱਕ ਕੱਚਾ ਤਾਲ ਹੈ, ਜਿਸ ਵਿੱਚ ਸਨਾਨਾ ਕਰਨ ਤੋਂ ਲੋਕ ਰੋਗਾਂ ਦਾ ਨਾਸ਼ ਮੰਨਦੇ ਹਨ. ਇਹ ਅਸਥਾਨ ਰੇਲਵੇ ਸਟੇਸ਼ਨ ਧਾਰੀਵਾਲ ਤੋਂ ਅੱਧ ਮੀਲ ਦੱਖਣ ਪੱਛਮ ਹੈ.

ਬੁਰਜ ਸੰਗੂਸਿੰਘ ਵਾਲਾ: ਦੇਖੋ, ਚੱਕ ਫਤੇਸਿੰਘ ਵਾਲਾ.

ਬੁਰਜ ਬਾਬਾ ਆਲਾਸਿੰਘ ਜੀ ਦਾ: ਦੇਖੋ, ਪਟਿਆਲਾ.

ਬੁਰਜ ਮਾਤਾ ਗੂਜਰੀ ਜੀ ਦਾ: ਦੇਖੋ, ਸਰਹਿੰਦ.

ਬੁਰਜ ਮਾਨਾਵਾਲਾ: ਦੇਖੋ, ਰਾਜਗੜ੍ਹ.

ਬੁਰਦ: ਅ਼. بُرد ਸੰਗਯਾ- ਚਾਦਰ। ੨. ਪਹੇਲੀ. ਬੁਝਾਰਤ. ਅਦ੍ਰਿਸ਼੍ਟਕੂਟ। ੩. ਸ਼ਤਰੰਜ ਦੀ ਬਾਜ਼ੀ ਐਸੀ ਮਾਤ ਕਰਨੀ ਕਿ ਕੇਵਲ ਬਾਦਸ਼ਾਹ ਰਹਿ ਜਾਵੇ। ੪. ਬੁਰਦਨ ਦਾ ਭੂਤ ਕਾਲ. ਲੈਗਿਆ.

ਬੁਰਦਸਤ: ਫ਼ਾ. بُرداست ਲੈਗਿਆ ਹੈ. "ਬੁਰਦਸਤ ਜਾਂ ਵ ਤਨ ਰਾ." (ਰਾਮਾਵ) ਪ੍ਰਾਣ ਅਤੇ ਦੇਹ ਨੂੰ ਲੈ ਗਿਆ ਹੈ. ਦੇਖੋ, ਬੁਰਦਨ.

ਬੁਰਦਨ: ਫ਼ਾ. بُردن ਕ੍ਰਿ- ਲੈ ਜਾਣਾ। ੨. ਪ੍ਰਾਪਤ (ਹਾਸਿਲ) ਕਰਨਾ.

ਬੁਰਦਪੋਸ਼: ਫ਼ਾ. بُردپوش ਚਾਦਰ ਪਹਿਰਨ ਵਾਲਾ। ੨. ਭਾਵ- ਸਾਮਾਨ ਬੰਨ੍ਹਣ ਦੀ ਚਾਦਰ. "ਟੂਟੀ ਪਨਹੀ ਜੀਨ ਪੁਰਾਨੇ। ਬੁਰਦਪੋਸ਼ ਹੈਂ ਜਿਤਕ ਮਹਾਨੇ." (ਗੁਪ੍ਰਸੂ)

ਬੁਰਦਬਾਰ: ਫ਼ਾ. بُردبار ਵਿ- ਬੋਝ ਉਠਾਉਣ ਵਾਲਾ. ਕਿਸੇ ਕੰਮ ਦਾ ਭਾਰ ਸਹਾਰਨ ਵਾਲਾ। ੨. ਹੌਸਲੇ ਵਾਲਾ.

ਬੁਰਨਾਮਾ: ਸੰ. ਦ੍ਰੁਰ੍ਨਾਸ. ਅੰਗੂਠੇ ਅਤੇ ਉਂਗਲ ਦਾ ਪਾਕਾ.

ਬੁਰਬੋਲਿ: ਬੁਰੇ ਬੋਲ ਕਰਕੇ. ਬਦਜ਼ਬਾਨੀ ਨਾਲ. ਦੇਖੋ, ਬੁਰ ੨.

ਬੁਰੜਾਉਣਾ: ਦੇਖੋ, ਬਰੜਾਉਣਾ.

ਬੁਰਾ: ਵਿ- ਖ਼ਰਾਬ. ਮੰਦ. ਜੋ ਚੰਗਾ ਨਹੀਂ. "ਬੁਰਾ ਭਲਾ ਨ ਪਛਾਣਦੀ." (ਸ੍ਰੀ ਮਃ ੫) ੨. ਸੰਗਯਾ- ਵਿਧਵਾ ਹੋਣ ਪੁਰ ਮਾਪਿਆਂ ਵੱਲੋਂ ਇਸਤ੍ਰੀ ਨੂੰ ਮਿਲਿਆ ਧਨ ਵਸਤ੍ਰ ਗਹਿਣੇ ਆਦਿ ਸਾਮਾਨ। ੩. ਅੰਗੂਠੇ ਅਤੇ ਉਂਗਲ ਦਾ ਪਾਕਾ. ਦੇਖੋ, ਬੁਰਨਾਮਾ.

ਬੁਰਾਈ: ਸੰਗਯਾ- ਬੁਰਾਪਨ. ਖ਼ਰਾਬੀ. ਖੋਟਾਪਨ. "ਸਦਾ ਪ੍ਰਭੁ ਹਾਜਰ, ਕਿਸ ਸਿਉ ਕਰਹੁ ਬੁਰਾਈ?" (ਰਾਮ ਮਃ ੫)

ਬੁਰਾਕ, ਬੁਰਾਕ਼: ਅ਼. بُراق ਵਿ- ਉੱਜਲ. "ਚਿਤ੍ਰਿਤ ਬੁਰਾਕ ਹੇ." (ਸਲੋਹ) ੨. ਸੰਗਯਾ- ਇੱਕ ਪੰਖਧਾਰੀ ਚਿੱਟਾ ਜੀਵ. ਜਿਸ

ਦਾ ਕੱਦ ਖੱਚਰ ਅਤੇ ਗਧੇ ਦੇ ਵਿਚਕਾਰ ਹੈ. ਨੌਂਹ ਸ਼ੇਰ ਜੇਹੇ ਰਖਦਾ ਹੈ. ਜਬਰਾਈਲ ਫਰਿਸ਼ਤਾ ਇਸ ਪੁਰ ਹਜਰਤ ਮੁਹੰਮਦ ਨੂੰ ਚੜ੍ਹਾਕੇ ਸੱਤਵੇਂ ਆਸਮਾਨ ਖ਼ੁਦਾ ਪਾਸ ਲੈ ਗਿਆ ਸੀ. ਦੇਖੋ, 'ਮਿਸ਼ਕਾਤੁਲਮਸਾਬੀਹ਼. ' ਮੁਹੰਮਦਸਾਹਿਬ ਦੇ ਇਸ ਆਸਮਾਨੀ ਸਫਰ ਦਾ ਨਾਮ ਮਿਅ਼ਰਾਜ ਅਥਵਾ ਮੇਅ਼ਰਾਜ (معراج) ਅਤੇ ਮਸਰਾ (مسرے) ਹੈ.

ਬੁਰਾਦਾ: ਫ਼ਾ. بُرادہ ਸੰਗਯਾ- ਚੂਰਾ. ਚੂਰਣ.

ਬੁਰਿਆਈ: ਦੇਖੋ, ਬੁਰਾਈ. "ਚੰਗਿਆਈ ਆਲਕੁ ਕਰੇ, ਬੁਰਿਆਈ ਹੋਇ ਸੇਰੁ." (ਮਃ ੫. ਵਾਰ ਗੂਜ ੨) "ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ." (ਜਪੁ)

ਬੁਰਿਆਰ, ਬੁਰਿਆਰੀ: ਵਿ- ਬੁਰਾ ਕਰਨ ਵਾਲਾ. ਬਦੀ ਕਰਨ ਵਾਲਾ. "ਹਉ ਵਿਛੁੜੀ ਬੁਰਿਆਰੇ." (ਗਉ ਛੰਤ ਮਃ ੫) ੨. ਸੰਗਯਾ- ਬਦੀ. ਬੁਰਿਆਈ. "ਕਰਹਿ ਚੋਰੀ ਬੁਰਿਆਰੀ." (ਗਉ ਮਃ ੧)

ਬੁਰਿੰਜ: ਤਾਂਬਾ, ਦੇਖੋ, ਬਰੰਜ ੪.

ਬੁਰੀ: ਬੁਰਾ ਦਾ ਇਸਤ੍ਰੀਲਿੰਗ. "ਆਚਾਰੀ ਬੁਟੀਆਹ." (ਮਃ ੧. ਵਾਰ ਸ੍ਰੀ)

ਬੁਰੀਦ: ਫ਼ਾ. بُرید ਕੱਟਿਆ. ਵੱਢਿਆ। ੨. ਕਾਟ ਛਾਂਟ.

ਬੁਰੀਦਨ: ਫ਼ਾ. بُریدن ਕੱਟਣਾ. ਛੇਦਨ.

ਬੁਰੌ: ਬੁਰਾ। ੨. ਕਾਇਰ. ਦੇਖੋ, ਹੀਣੌ ੩.

ਬੁਲਹਵਸ: ਅ਼. بوالہوس ਵਿ- ਲੋਭ ਦਾ ਬਾਪੂ. ਲੋਭੀ ਹਿਰਸ ਵਾਲਾ.

ਬੁਲਗ: ਅ਼. بلغ ਬਲਗ਼. ਸੰਗਯਾ- ਗੱਲ. ਬਾਤ. "ਜਿਤੁ ਮਿਲਿ ਹਰਿਬੁਲਗ ਬੁਲੋਗੀਆ." (ਮਃ ੪. ਵਾਰ ਕਾਨ) ੨. ਬੋਲ. ਵਾਕਯ. "ਜੈਸੀ ਮਤਿ ਦੇਵਹੁ ਹਰਿ ਸੁਆਮੀ, ਹਮ ਤੈਸੇ ਬੁਲਗ ਬੁਲਾਗੀ." (ਧਨਾ ਮਃ ੪)

ਬੁਲਨਾ: ਦੇਖੋ, ਬੋਲਨਾ. "ਆਪ ਹੀ ਮਸਟਿ, ਆਪਹੀ ਬੁਲਨਾ." (ਬਿਲਾ ਮਃ ੫) ਆਪ ਹੀ ਖ਼ਾਮੋਸ਼ੀ ਆਪ ਹੀ ਬੋਲਨਾ. ਅਥਵਾ ਆਪੇ ਖ਼ਾਮੋਸ਼ ਆਪ ਬੋਲਣ ਵਾਲਾ.

ਬੁਲਫਜੂਲ: ਫ਼ਾ. بوالفضوُل ਬੁਲਫਜ਼ੂਲ. ਨਿਕੰਮਾ ਕੰਮ ਕਰਨ ਵਾਲਾ. ਵ੍ਰਿਥਾ ਕਰਮ ਕਰਨ ਵਾਲਾ.

ਬੁਲਬੁਲ: ਫੁੱਲਾਂ ਦਾ ਪਿਆਰ ਇੱਕ ਪੰਛੀ, ਜਿਸ ਦਾ ਕੱਦ ਚੰਡੋਲ ਜਿੱਡਾ ਹੁੰਦਾ ਹੈ. ਇਸ ਦਾ ਸਿਰ ਕਾਲਾ ਖੰਭ ਚਿੱਤਮਿਤਾਲੇ ਖਾਕੀ ਰੰਗ ਦੇ ਅਤੇ ਦੁਮ ਹੇਠ ਲਾਲ ਵਾਲ ਹੁੰਦੇ ਹਨ, ਜਿਸ ਤੋਂ "ਗੁਲਦੁਮ" ਨਾਮ ਹੋਗਿਆ ਹੈ. ਇਸ ਦੀ ਆਵਾਜ ਮਿੱਠੀ ਹੁੰਦੀ ਹੈ. ਜਦ ਇਹ ਖੁਸ਼ ਹੋਕੇ ਗਾਉਂਦਾ ਹੈ, ਤਾਂ ਸਿਰ ਦੇ ਵਾਲ ਕਲਗੀ ਦੀ ਤਰਾਂ ਸ਼ੋਭਾ ਦਿੰਦੇ ਹਨ. ਅਨੇਕ ਕਵੀਆਂ ਨੇ ਇਸ ਨੂੰ "ਹਜਾਰਦਾਸਤਾ" ਕਹਿ ਦਿੱਤਾ ਹੈ. ਬਹੁਤ ਲੋਕ ਬੁਲਬੁਲ ਲੜਾਉਣ ਲਈ ਪਾਲਦੇ ਹਨ. ਦੇਖੋ, ਹਜਾਰਦਾਸਤਾਂ.

ਬੁਲਘੋ: ਦੇਖੋ, ਬੁਲਜੋ.

ਬੁਲਾਉਣਾ: ਕ੍ਰਿ- ਬੋਲ ਕਰਨਾ. ਸੱਦਣਾ। ੨. ਮੋਏ ਪ੍ਰਾਣੀ ਦੇ ਸੰਬੰਧੀਆਂ ਪਾਸ ਜਾਕੇ ਮਾਤਮਪੁਰਸੀ ਕਰਨੀ. "ਸਭ ਭਾਨੇ ਕੇ ਆਨ ਬੁਲਾਵੈ." (ਗੁਪ੍ਰਸੂ)

ਬੁਲਾਇਆ: ਉੱਚਾਰਣ ਕਰਾਇਆ. "ਬੁਲਾਇਆ ਬੋਲੈ ਗੁਰ ਕੈ ਭਾਣਿ." (ਆਸਾ ਮਃ ੫) ੨. ਸੱਦਿਆ.

ਬੁਲਾਇੜੀ: ਸੱਦੀ ਹੋਈ. "ਮਹਲਿ ਬੁਲਾਇੜੀਏ ਬਿਲਮੁ ਨ ਕੀਜੈ." (ਤੁਖਾ ਛੰਤ ਮਃ ੧)

ਬੁਲਾਕ: ਤੁ. بُلاق ਸੰਗਯਾ- ਬੁਲਾਕ਼. ਸੁਰਾਹੀ ਦੀ ਸ਼ਕਲ ਦਾ ਲੰਮਾ ਮੋਤੀ, ਜਿਸ ਨੂੰ ਇਸਤ੍ਰੀਆਂ ਨੱਕ ਵਿੱਚ ਪਹਿਰਦੀਆਂ ਹਨ।

੨. ਮੋਤੀ ਦੀ ਥਾਂ ਸੋਨੇ ਦਾ ਪਿੱਪਲਪੱਤਾ.

ਬੁਲਾਕੀਸਿੰਘ: ਦੇਖੋ, ਘੁੜਾਣੀ.

ਬੁਲਾਕੀਦਾਸ: ਢਾਕੇ ਦਾ ਮਸੰਦ, ਜਿਸ ਨੇ ਗੁਰੂ ਤੇਗ ਬਹਾਦੁਰ ਸਾਹਿਬ ਦੀ ਵਡੀ ਸੇਵਾ ਕੀਤੀ. ਇਸ ਦੀ ਵ੍ਰਿੱਧਾ ਮਾਈ ਨੇ ਇੱਕ ਸੇਜਾ ਗੁਰੂਅਰਥ ਬਣਾਕੇ ਪ੍ਰਣ ਕੀਤਾ ਸੀ ਕਿ ਮੈ ਪ੍ਰੇਮਬਲ ਨਾਲ ਸਤਿਗੁਰੂ ਨੂੰ ਇਸ ਤੇ ਸੁਲਾਵਾਂਗੀ. ਗੁਰੂ ਸਾਹਿਬ ਨੇ ਉਸ ਦੀ ਭਾਵਨਾ ਪੂਰੀ ਕੀਤੀ. ਭਾਈ ਸੰਤੋਖਸਿੰਘ ਜੀ ਲਿਖਦੇ ਹਨ ਕਿ ਮਾਈ ਨੇ ਇੱਕ ਮੁਸੱਵਰ ਤੋਂ ਗੁਰੂ ਸਾਹਿਬ ਦੀ ਤਸਵੀਰ ਬਣਵਾਈ ਸੀ. ਦੇਖੋ, ਗੁਰਪ੍ਰਤਾਪਸੂਰਯ ਰਾਸਿ ੧੨, ਅਧ੍ਯਾਯ ੫.

ਬੁਲਾਗੀ: ਬੋਲੇਂਗੇ. ਬੋਲਦੇ ਹਾਂ. ਦੇਖੋ, ਬੁਲਗ.

ਬੁਲਾਰ ਰਾਇ: ਤਲਵੰਡੀ ਅਤੇ ਉਸ ਆਸ ਪਾਸ ਦੇ ਬਾਰਾਂ ਇਲਾਕਿਆਂ ਦਾ ਮਾਲਿਕ ਸਰਦਾਰ, ਜੋ ਗੁਰੂ ਨਾਨਕਦੇਵ ਦੇ ਜਨਮ ਸਮੇਂ ਹੁਕੂਮਤ ਕਰਦਾ ਸੀ. ਇਹ ਸਤਿਗੁਰੂ ਤੇ ਪੂਰੀ ਸ਼੍ਰੱਧਾ ਰਖਦਾ ਸੀ. ਬਾਬਾ ਕਾਲੂ ਜੀ ਇਸੇ ਦੇ ਪਟਵਾਰੀ ਸਨ. ਦੇਖੋ, ਰਾਇ ਭੋਇ.

ਬੁਲਾਰਾ: ਵਿ- ਬੁਲਾਣ ਵਾਲਾ. ਸੱਦਾ। ੨. ਸੰਗਯਾ- ਹੋਕਾ. ਢੰਢੋਰਾ। ੩. ਤਿੱਤਰ ਬਟੇਰ ਨੂੰ ਫਾਹੁਣ ਲਈ ਸਿਖਾਇਆ ਹੋਇਆ ਨਰ ਪੰਛੀ, ਜੋ ਆਪਣੇ ਬੋਲ ਨਾਲ ਆਪਣੀ ਜਾਤਿ ਦੇ ਪੰਛੀਆਂ ਨੂੰ ਪਾਸ ਬੁਲਾ ਲੈਂਦਾ ਹੈ। ੪. ਭਾਵ- ਕੌਮਘਾਤਕ ਪੁਰਖ, ਜੋ ਮਿੱਠੇ ਬੋਲਾਂ ਨਾਲ ਮਨ ਮੋਹਕੇ ਵਿਪਦਾ ਵਿੱਚ ਪਾ ਦਿੰਦਾ ਹੈ.

ਬੁਲਾਵਾ: ਵਿ- ਬੁਲਾਉਣ ਵਾਲਾ. ਸੱਦਣ ਵਾਲਾ। ੨. ਸੰਗਯਾ- ਬੁਲਾਕੇ ਲਿਆਉਣ ਵਾਲਾ ਆਦਮੀ.

ਬੁਲਿੰਦ: ਦੇਖੋ, ਬਲੰਦ.

ਬੁਲੇ: ਬੋਲੇ. ਆਖੇ. ਕਹੇ. "ਬੁਲੇ ਬੈਣ ਈਹਾਂ." (ਰਾਮਾਵ)

ਬੁਲੈਨੀ: ਬੋਲਦੇ ਹਾਂ. "ਜਿਉ ਭਾਵੈ ਤਿਵੈ ਬੁਲੈਨੀ." (ਬਿਲਾ ਮਃ ੪)

ਬੁਲੋਗੀਆ: ਬੋਲਾਂਗੇ. ਬੋਲਦੇ ਹਾਂ. ਦੇਖੋ, ਬੁਲਗ.

ਬੁਲੰਦ: ਦੇਖੋ, ਬਲੰਦ.

ਬੁਲੰਦਸ਼ਹਰ: ਯੂ. ਪੀ. ਵਿੱਚ ਮੇਰਟ ਦੇ ਇਲਾਕੇ ਇੱਕ ਨਗਰ, ਜੋ ਚੋਲਾ ਤੋਂ ਦਸ ਮੀਲ ਪੂਰਵ ਕਾਲੀ ਨਦੀ ਦੇ ਕਿਨਾਰੇ ਹੈ, ਅਰ ਈ. ਆਈ. ਰੇਲਵੇ ਦਾ ਸਟੇਸ਼ਨ ਹੈ. ਪੁਰਾਣੇ ਜ਼ਮਾਨੇ ਉੱਚਨਗਰ ਅਤੇ ਅਹਿਵਰ ਇਸ ਦੇ ਨਾਮ ਰਹੇ ਹਨ. ਸਨ ੧੦੧੮ ਵਿੱਚ ਮਹਮੂਦ ਗਜਨਵੀ ਨੇ ਇੱਥੋਂ ਦੇ ਰਾਜਾ ਹਰਦੱਤ ਨੂੰ ਉਸ ਦੇ ਨੌਕਰਾਂ ਅਤੇ ਸ਼ਹਿਰੀਆਂ ਸਮੇਤ ਮੁਸਲਮਾਨ ਕੀਤਾ. ਇਸੇ ਦਾ ਨਾਮ ਬਿਲੰਦਾਬਾਦ ਹੈ. ਦੇਖੋ, ਬਿਲੰਦਾਬਾਦ.

ਬੁਲ੍ਹਾਡਾ: ਬੁੱਧਾ ਅਤੇ ਲੱਡਾ ਨਾਉਂ ਦੇ ਜਿਮੀਦਾਰਾਂ ਦਾ ਵਸਾਇਆ ਪਿੰਡ. ਹੁਣ ਇਹ ਭਟਿੰਡਾ ਜਾਖਲ ਦਿੱਲੀ ਰੇਲਵੇ ਦਾ ਸਟੇਸ਼ਨ (Budhlada) ਹੈ. ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਬਰ੍ਹੇ ਪਿੰਡ ਤੋਂ ਚੱਲਕੇ ਗੁਰੂ ਤੇਗਬਹਾਦੁਰ ਸਾਹਿਬ ਇਸ ਗ੍ਰਾਮ ਵਿਰਾਜੇ ਹਨ.

ਬੁਲ੍ਹੇਸ਼ਾਹ: ਇਹ ਸੂਫ਼ੀ ਖਿਆਲ ਦਾ ਪੰਜਾਬੀ ਕਵੀ ਕਸੂਰ ਨਿਵਾਸੀ ਸੀ. ਇਸ ਦੀਆਂ ਕਾਫੀਆਂ ਫਕੀਰਾਂ ਵਿੱਚ ਆਦਰ ਨਾਲ ਗਾਈਆਂ ਜਾਂਦੀਆਂ ਹਨ, ਬੁਲ੍ਹੇਸ਼ਾਹ ਦਾ ਦੇਹਾਂਤ ਸਨ ੧੧੭੧ ਹਿਜਰੀ ਵਿੱਚ ਹੋਇਆ ਹੈ.

ਬੁਲਯੋ: ਬੋਲਿਆ। ੨. ਸੱਦਿਆ. ਬੁਲਾਇਆ. "ਕਹਿ ਬੁਲਯੋ ਲੰਕੇਸ." (ਰਾਮਾਵ)

ਬੁੜਬੁੜਾਉਣਾ, ਬੁੜਬੁੜਾਨਾ: ਕ੍ਰਿ- ਬੁੜ ਬੁੜ ਸ਼ਬਦ ਕਰਨਾ. ਕ੍ਰੋਧ ਦੇ ਕਾਰਣ ਖਿਝਕੇ ਐਸਾ ਬੋਲਣਾ, ਜੋ ਸਪਸ਼੍ਟ ਨਾ ਹੋਵੇ.

ਬੂ: ਵਜ- ਸ਼ੋਕ ਅਤੇ ਦੁੱਖ ਭਰੀ ਇਸਤ੍ਰੀਆਂ ਦੀ ਪੁਕਾਰ। ੨. ਫ਼ਾ. بو ਸੰਗ੍ਯਾ- ਗੰਧ। ੩. ਆਸ਼ਾ. ਉਮੀਦ.

ਬੂਆ: ਭੂਆ. ਪਿਤਾ ਦੀ ਭੈਣ। ੨. ਹਰਿਗੋਬਿੰਦਪੁਰ ਦਾ ਵਸਨੀਕ ਤੇਹਣ ਖਤ੍ਰੀ ਭਾਈ ਬੂਆ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ. ਗੁਰੂਸਾਹਿਬ ਨੇ ਇਸ ਨੂੰ ਪ੍ਰਚਾਰਕ ਥਾਪਕੇ ਮੰਜੀ ਬਖ਼ਸ਼ੀ.

ਬੂਆੜ, ਬੂਆੜੁ: ਇੱਕ ਪ੍ਰਕਾਰ ਦਾ ਨਿਕੰਮਾ ਘਾਹ, ਜੋ ਖਾਸ ਕਰਕੇ ਤਿਲਾਂ ਦੇ ਖੇਤਾਂ ਵਿੱਚ ਹੁੰਦਾ ਹੈ। ੨. ਅ਼. بوار ਬਵਾਰ. ਤਬਾਹੀ. ਬਰਬਾਦੀ। ੩. ਬਿਨਾ ਬੀਜੇ ਵਾਰੇ ਖੇਤ। ੪. ਵਿ- ਨਿਸ਼੍ਫਲ. ਨਿਕੰਮਾ. "ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ." (ਵਾਰ ਆਸਾ) "ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ." (ਸੁਖਮਨੀ)

ਬੂਇ: ਫ਼ਾ. بوئے ਸੰਗ੍ਯਾ- ਗੰਧ.

ਬੂਈਂ: ਦੇਖੋ, ਬੂਣ.

ਬੂਹ: ਇੱਕ ਜੱਟਜਾਤਿ.

ਬੂਹਾ: ਸੰਗ੍ਯਾ- ਦਰਵਾਜ਼ਾ. ਦ੍ਵਾਰ.

ਬੂਚਰ, ਬੂਚੜ: ਅੰ. Butcher ਸੰਗ੍ਯਾ- ਕਸਾਈ. ਕੱਸਾਬ.

ਬੂਚਾ: ਦੇਖੋ, ਬੁੱਚਾ.

ਬੂਜ਼: ਫ਼ਾ. بُوز ਸੰਗ੍ਯਾ- ਸਬਜ਼ਾ ਘੋੜਾ. ਨੀਲੀ ਭਾਹ ਨਾਲ ਚਿੱਟਾ ਘੋੜਾ। ੨. ਹੋਸ਼ਿਆਰ ਆਦਮੀ.

ਬੂਜਨਾ: ਫ਼ਾ. بُوزنہ ਬੂਜ਼ਨਹ. ਸੰਗ੍ਯਾ- ਬਾਂਦਰ. ਕਪਿ.

ਬੂਜਲੀ: ਸੰਗ੍ਯਾ- ਇਸਤ੍ਰੀਆਂ ਦੇ ਕੰਨ ਦਾ ਇੱਕ ਗਹਿਣਾ, ਜੋ ਕੰਨ ਦੇ ਹੇਠਲੇ ਪਾਸੇ ਵਡੇ ਛੇਕ ਵਿੱਚ ਪਾਈਦਾ ਹੈ. ਇਹ ਗੋਲ ਅਤੇ ਅੰਦਰੋਂ ਖਾਲੀ ਹੁੰਦਾ ਹੈ. ਇਸ ਵਿੱਚ ਵਾਲੇ ਜਾਂ ਮੋਤੀਆਂ ਦਾ ਗੁੱਛਾ ਪਹਿਰਿਆ ਜਾਂਦਾ ਹੈ। ੨. ਕਿਸੇ ਕਲ ਦੀ ਧੁਰ ਜਿਸ ਚੂੜੀ ਅੰਦਰ ਫਿਰੇ.

ਬੂਜਾ: ਬੂਜਨਾ (ਬਾਂਦਰ) ਦਾ ਸੰਖੇਪ। ੨. ਬੱਚਾ। ੩. ਫ਼ਾ. بُوزہ ਬੂਜ਼ਹ. ਇੱਕ ਕਾਲੇ ਰੰਗ ਦਾ ਲੰਮੀ ਅਤੇ ਤਿੱਖੀ ਚੁੰਜ ਵਾਲਾ ਪੰਛੀ, ਜੋ ਵਡੀ ਤਿੱਖੀ ਬੋਲੀ ਬੋਲਦਾ ਹੈ. ਇਹ ਕੀੜੇ ਟਿੱਡੀਆਂ ਅਤੇ ਅੰਨ ਖਾਕੇ ਨਿਰਵਾਹ ਕਰਦਾ ਹੈ. ਪੰਜਾਬੀ ਵਿੱਚ ਇਸ ਨੂੰ ਬੁਜਾ ਆਖਦੇ ਹਨ.

ਬੂਝ: ਸੰਗ੍ਯਾ- ਬੋਧ. ਸਮਝ. "ਸਤਿਗੁਰ ਬੂਝ ਬੁਝਾਈ." (ਸਾਰ ਅਃ ਮਃ ੧) ੨. ਘਾਸ ਸਰਕੰਡੇ ਆਦਿ ਦਾ ਬੂਝਾ। ੩. ਦੇਖੋ, ਬੁਝਣਾ. "ਤਿਖ ਬੂਝਿਗਈ ਮਿਲਿ ਸਾਧੁਜਨਾ." (ਕਾਨ ਮਃ ੫) ਤ੍ਰਿਖਾ ਬੁਝ ਗਈ.

ਬੂਝਣਉ: ਵਿ- ਬੋਧ (ਗਿਆਨ) ਵਾਲਾ. ਬੋਧਵਾਨ. "ਬਿਰਲਉ ਗਿਆਨੀ ਬੂਝਣਉ." (ਓਅੰਕਾਰ)

ਬੂਝਣਾ, ਬੂਝਣੁ: ਦੇਖੋ, ਬੁਝਣਾ. ਬੋਧ ਹੋਵਨ. ਬੋਧਨ. ਸਮਝਣਾ. "ਬੂਝਹੁ ਮੋਰ ਗਿਆਨਾ." (ਆਸਾ ਕਬੀਰ) "ਸਚੁ ਬੂਝਣੁ ਆਣਿ ਜਲਾਈਐ." (ਸ੍ਰੀ ਮਃ ੧) ਸਤ੍ਯ ਦਾ ਗਿਆਨ ਆਣਿ (ਅਗਨਿ) ਹੈ. ਜਿਸ ਨਾਲ ਦੀਪਕ ਜਲਾਈਐ. "ਬੂਝੈ ਬ੍ਰਹਮ ਅੰਤਰਿ ਬਿਬੇਕ." (ਆਸਾ ਮਃ ੧) ੨. ਪ੍ਰਸ਼ਨ. ਬੁਝਾਰਤ. "ਬੂਝਉ ਗਿਆਨੀ ਬੂਝਣਾ." (ਮਃ ੧. ਵਾਰ ਮਾਰੂ ੧) ੩. ਅਗਨਿ ਆਦਿ ਦਾ ਸ਼ਾਂਤ ਹੋਣਾ. "ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਿਰੇ." (ਮਾਲੀ ਮਃ ੫) ਤ੍ਰਿਸ਼ਨਾਅਗਨਿ ਦੀ ਲਾਟ ਬੁਝਦੀ ਨਹੀਂ.

ਬੂਝਨਹਾਰ, ਬੂਝਨਹਾਰੁ: ਵਿ- ਬੋਧਵਾਨ. ਸਮਝਣ ਵਾਲਾ. "ਬੂਝੈ ਬੂਝਨਹਾਰ ਬਿਬੇਕ." (ਸੁਖਮਨੀ)

ਬੂਝਨਾ: ਦੇਖੋ, ਬੂਝਣਾ.

ਬੂਝਲ, ਬੂਝਲੁ: ਵਿ- ਬੋਧਵਾਲਾ. ਸਮਝਣ ਵਾਲਾ. "ਮਨ ਕੀ ਬਿਰਥਾ ਮਨੁ ਹੀ ਜਾਨੈ, ਕੈ ਬੂਝਲ ਆਗੈ ਕਹੀਐ." (ਪ੍ਰਭਾ ਨਾਮਦੇਵ)

ਬੂਝੜ: ਵਿ- ਬੋਧ ਅਰਿ. ਸਮਝ ਦਾ ਵੈਰੀ. ਅਕਲ ਦਾ ਦੁਸ਼ਮਨ. ਸੰ. ਵਠਰ. ਅ਼. ابُوجہل ਅਬੂਜਹਲ. ਅਗਿਆਨ ਦਾ ਬਾਪੂ. ਬੇਸਮਝੀ ਦਾ ਬਾਪ.

ਬੂਝਾ: ਸਮਝਿਆ. ਦੇਖੋ, ਬੂਝਣਾ. "ਹਮਹੁ ਜੁ ਬੂਝਾ ਬੂਝਨਾ." (ਸ. ਕਬੀਰ) ੨. ਸੰਗਯਾ- ਸਰਕੰਡੇ ਘਾਹ ਝਾੜੀ ਆਦਿ ਦਾ ਸੰਘਣਾ ਸੰਘੱਟ.

ਬੂਝਿ: ਸਮਝਕੇ.

ਬੂਝੀ: ਸਮਝੀ. ਦੇਖੋ, ਬੂਝਣਾ. "ਬੂਝੀ ਨਹੀ ਕਾਜੀ ਅੰਧਿਆਰੈ." (ਗੌਂਡ ਕਬੀਰ) ੨. ਬੁਝੀ. ਸ਼ਾਂਤ ਹੋਈ. "ਤਾਂਕੀ ਤ੍ਰਿਸਨ ਨ ਬੂਝੀ." (ਧਨਾ ਮਃ ੫)

ਬੂਝੈ: ਸਮਝੇ. ਜਾਣੇ. ਦੇਖੋ, ਬੂਝਣਾ। ੨. ਬੁਝੈ. ਸ਼ਾਂਤ ਹੋਵੈ. "ਹਉ ਹਉ ਕਰਤ ਨ ਤ੍ਰਿਸਨ ਬੂਝੈ." (ਬਿਹਾ ਛੰਤ ਮਃ ੫)

ਬੂਟ, ਬੂਟਾ: ਸੰਗਯਾ- ਸੰ. ਵਿਟਪ. ਬਿਰਛ. ਪੌਧਾ. "ਮਿਲਿ ਪਾਣੀ ਜਿਉ ਹਰੇ ਬੂਟ." (ਬਸੰ ਮਃ ੫) "ਦਾਵਾ ਅਗਨਿ ਰਹੇ ਹਰਿ ਬੂਟ." (ਰਾਮ ਅਃ ਮਃ ੫) ਹਰੇ ਬੂਟੇ.

ਬੂਟੀ: ਸੰਗਯਾ- ਜੜੀ, ਵਨੌਸ਼ਧਿ। ੨. ਭੰਗ ਲਈ ਭੀ ਬੂਟੀ ਸ਼ਬਦ ਵਰਤੀਦਾ ਹੈ। ੩. ਬੂਟੀ ਦੇ ਆਕਾਰ ਦਾ ਕਸ਼ੀਦਾ ਅਥਵਾ ਚਿਤ੍ਰ.

ਬੂਟੁ: ਦੇਖੋ, ਬੂਟ. "ਕੋਈ ਹਰਿਆ ਬੂਟੁ ਰਹਿਓ." (ਆਸਾ ਮਃ ੪)

ਬੂਟੇਸ਼ਾਹ: ਇਹ ਕਪਤਾਨ ਮਰੇ ਦਾ ਪੇਸ਼ਕਾਰ ਸੀ. ਇਸੇ ਨੇ ਪਹਿਲਾਂ ਅੰਗ੍ਰੇਜ਼ਾਂ ਨੂੰ ਸਿੱਖਪੰਥ ਦਾ ਹਾਲ ਲਿਖਕੇ ਦਿੱਤਾ ਸੀ. ਦੇਖੋ, ਮਰੇ.

ਸਰਦਾਰ ਰਤਨਸਿੰਘ ਨੇ ਇਹ ਸਮਝਕੇ ਕਿ ਮੌਲਵੀ ਬੂਟੇਸ਼ਾਹ ਸਿੱਖਾਂ ਦਾ ਸਹੀ ਹਾਲ ਨਹੀਂ ਲਿਖੇਗਾ, ਮਰੇ ਸਾਹਿਬ ਨੂੰ ਖੁਦ ਸਿੱਖ ਇਤਿਹਾਸ ਨੋਟ ਕਰਵਾਇਆ, ਜਿਸ ਦਾ ਰੂਪਾਂਤਰ ਪੰਥਪ੍ਰਕਾਸ਼ ਹੋਇਆ. "ਬੂਟੇਸ਼ਾਹ ਮੌਲਵੀ ਰਹਾ." (ਪੰਪ੍ਰ) ਦੇਖੋ, ਪੰਥਪ੍ਰਕਾਸ਼ ਅਤੇ ਰਤਨਸਿੰਘ

ਬੂਡਨਾ: ਕ੍ਰਿ- ਡੁੱਬਣਾ. ਦੇਖੋ, ਬੁਡਣਾ. "ਬੂਡਹੁਗੇ ਪਰਿਵਾਰ ਸਹਿਤ." (ਮਾਰੂ ਕਬੀਰ) "ਬੂਡਤ ਕਉ ਜੈਸੇ ਬੇੜੀ ਮਿਲਤ." (ਮਾਲੀ ਮਃ ੫) "ਬੂਡਾ ਦੁਰਜੋਧਨ ਪਤਿ ਖੋਈ." (ਗਉ ਅਃ ਮਃ ੧)

ਬੂਡੜਾ: ਵਿ- ਡੁੱਬਿਆ ਹੋਇਆ. ਦੇਖੋ, ਬੁਡਣਾ. "ਬੂਡੜੈ ਕਿਆ ਤਿਸੁ ਚਾਰੋ." (ਵਡ ਅਲਾਹਣੀ ਮਃ ੧)

ਬੂਡੀ: ਡੱਬੀ ਡੁਬੀ ਦੇਖੋ, ਬੁੜਣਾ. "ਬੂਡੀ ! ਘਰੁ ਘਾਲਿਓ." (ਧਨਾ ਛੰਤ ਮਃ ੧) ੨. ਸੰਗਯਾ- ਹਵਾ ਵਿੱਚ ਉਡਣ ਵਾਲੀ, ਗੁੱਡੀ. ਪਤੰਗ. "ਦਹ ਦਿਸ ਬੂਡੀ ਪਵਨੁ ਝੁਲਾਵੈ." (ਗਉ ਕਬੀਰ) ਸ਼ਰੀਰ ਗੁੱਡੀ ਨੂੰ ਪ੍ਰਾਰਬਧਪੌਣ ਝੁਲਾਵੈ (ਚਲਾਂਉਂਦੀ ਹੈ).

ਬੂਢਾ: ਵਿ- ਵ੍ਰਿੱਧ. ਬੁੱਢਾ. "ਬਾਰੇ ਬੂਢੇ ਤਰੁਨੇ ਭਈਆ." (ਬਿਲਾ ਕਬੀਰ) ੨. ਦੇਖੋ, ਬੁੱਢਾ ਬਾਬਾ.

ਬੂਣ: ਸੰਗਯਾ- ਬੂਈਂ. ਇੱਕ ਪ੍ਰਕਾਰ ਦਾ ਪੌਧਾ, ਜਿਸ ਦੀ ਸੁਆਹ ਤੋਂ ਸੱਜੀ ਖਾਰ ਬਣਦਾ ਹੈ। ੨. ਬੂਨ. ਕਾਫ਼ੀ ਕਾਹਵਾ. Coffea Arabica

ਬੂਤਾਤ: ਅ਼. بتات ਬਤਾਤ ਸੰਬੰਧ ਤੋੜਨ ਦੀ ਕ੍ਰਿਯਾ. ਕ਼ਤ਼ਅ਼ ਤਅ਼ੱਲੁਕ। ੨. بیُوتات ਬਯੂਤਾਤ. ਬੈਤ (ਘਰ) ਦਾ ਬਹੁ ਵਚਨ ਬਯੂਤ, ਉਸ ਦਾ ਬਹੁਵਚਨ ਬਯੂਤਾਤ.

ਬੂਥ, ਬੂਥਾ: ਸੰਗਜਾ- ਵਦਨ. ਮੁਖ. ਮੂੰਹ. ਇਹ ਘ੍ਰਿਣਾ- ਵਾਚਕ ਸ਼ਬਦ ਹੈ.

ਬੂਦ: ਫ਼ਾ. بُود ਬੂਦਨ ਦਾ ਭੂਤਕਾਲ ਸੀ. ਥਾ. "ਗੁਸਲ ਕਰਦਨ ਬੂਦ." (ਤਿਲੰ ਕਬੀਰ) ਕਰਣਾ ਚਾਹੀਦਾ ਸੀ.

ਬੂੰਦ: ਸੰਗਜਾ- ਬਿੰਦੁ. ਤੁਬਕਾ. ਕ਼ਤ਼ਰਾ. ਕਣੀ. "ਬੂੰਦ ਵਿਹੂਣਾ ਚਾਤ੍ਰਿਕੋ ਕਿਉਕਰਿ ਤ੍ਰਿਪਤਾਵੈ?" (ਵਾਰ ਜੈਤ) ੨. ਭਾਵ- ਵੀਰਯ. ਮਣੀ. ਸ਼ੁਕ੍ਰ. "ਰਕਤ ਬੂੰਦ ਕਾ ਗਾਰਾ." (ਸੋਰ ਰਵਿਦਾਸ)

ਬੂਦਨ: ਫ਼ਾ. بُودن ਕ੍ਰਿ- ਹੋਣਾ.

ਬੂੰਦਾਰ: ਸੰਗਜਾ- ਬੂੰਦ (ਬਿੰਦੁ) ਧਾਰਾ. ਵਖਰਾ ਦੀ ਬੁਛਾੜ. "ਬਿਨਸਤ ਬਾਰ ਨ ਲਾਗਈ. ਜਿਉ ਕਾਗਦ ਬੂੰਦਾਰ." (ਬਿਲਾ ਮਃ ੫)

ਬੂੰਦੀ: ਸੰਗਜਾ- ਵੇਸਣ ਦਾ ਆਟਾ ਪਤਲਾ ਕਰਕੇ ਰਿੱਝਦੇ ਤੇਲ ਜਾਂ ਘੀ ਵਿੱਚ ਬੂੰਦ (ਵਿੰਦੁ) ਡੇਗਕੇ ਪਕਾਈ ਪਕੌੜੀ, ਜਿਸ ਨੂੰ ਦਹੀਂ ਵਿੱਚ ਨਮਕ ਮਿਰਚ ਮਿਲਾਕੇ ਖਾਂਦੇ ਹਨ। ੨. ਜੋ ਪਕੌੜੀਆਂ ਨੂੰ ਖੰਡ ਵਿੱਚ ਪਾਗ ਲਈਏ ਤਦ ਮਿੱਠੀ ਬੂੰਦੀ ਹੁੰਦੀ ਹੈ। ੩. ਖ਼ਾ. ਉਬਾਲੇ ਹੋਏ ਛੋਲੇ. ਘੁੰਗਣੀਆਂ। ੪. ਰਾਜਪੂਤਾਨੇ ਵਿੱਚ ਚੌਹਾਨ ਰਾਜਪੂਤਾਂ ਦੀ ਇੱਕ ਰਾਜਧਾਨੀ ਅਤੇ ਉਸ ਦੀ ਪ੍ਰਧਾਨ ਨਗਰੀ, ਜੋ ਹਰਵੰਸ਼ੀ ਰਾਯਦੇਵ ਨੇ ਸੰਮਤ ੧੩੯੮ (ਸਨ ੧੩੪੨) ਵਿੱਚ ਆਬਾਦ ਕੀਤੀ. ਇਹ ਅਜਮੇਰ ਤੋਂ ੧੦੦ ਮੀਲ ਦੱਖਣ ਪੂਰਵ ਹੈ. ਬੂੰਦੀ ਅੰਗ੍ਰੇਜ਼ੀ ਸਰਕਾਰ ਦੀ ਰਖ੍ਯਾ protection ਵਿੱਚ ਸਨ ੧੮੧੮ ਵਿੱਚ ਆਈ ਹੈ.

ਬੂੰਦੇਰੇ: ਬਿੰਦੁਧਾਰਾ ਲਈ. ਵਰਖਾ ਦੀ ਕਣੀ ਵਾਸਤੇ. "ਜਿਉ ਚਾਤ੍ਰਿਕ ਬੂੰਦੇਰੇ." (ਤੁਖਾ ਛੰਤ ਮਃ ੫)

ਬੂਬਰ: ਸੰਗਜਾ- ਬੁਦਬੁਦ. ਬੁਲਬੁਲਾ. "ਬੂਬਰਪਾਨਿ ਜਸੋਂ ਮਤ ਆਪ ਹੀ ਮਿਟਜਾਹਿੰਗੇ." (ਕਲਕੀ)

ਬੂਨ: ਦੇਖੋ, ਬੂਣ ੨.

ਬੂੰਬਾ: ਅ਼. منبع ਮੰਬਅ਼ ਸੰਗਜਾ- ਪਾਣੀ ਦਾ ਚਸ਼ਮਾ। ੨. ਜਲਯੰਤ੍ਰ. ਫੁਹਾਰਾ. "ਸੂਰਨ ਕੇ ਜਸ ਕੇ ਉਠੇ ਬੂੰਬੇ." (ਚੰਡੀ ੧)

ਬੂਮ: ਫ਼ਾ. بُوم ਅਣਵਾਹੀ ਜ਼ਮੀਨ। ੨. ਅ਼. ਉੱਲੂ.

ਬੂਰ, ਬੂਰੁ: ਸੰਗਜਾ- ਵਾਰਿਰੁਹ. ਪਾਣੀ ਉੱਪਰ ਹਰੇ ਰੰਗ ਦੀ ਪੈਦਾ ਹੋਈ ਇੱਕ ਸਬਜ਼ੀ. "ਲਬੁ ਵਿਣਾਹੇ ਮਾਣਸਾਂ ਜਿਉ ਪਾਣੀ ਬੂਰੁ." (ਵਾਰ ਰਾਮ ੩) ੨. ਅੰਬ ਆਦਿ ਬਿਰਛ ਦਾ ਫੁੱਲ.

ਬੂਰਮਾਜਰਾ: ਇੱਕ ਪਿੰਡ, ਜੋ ਜਿਲਾ ਅੰਬਾਲਾ, ਤਸੀਲ ਰੋਪੜ, ਥਾਣਾ ਮੋਰੰਡਾ ਵਿੱਚ ਹੈ. ਪਿੰਡ ਤੋਂ ਪੱਛਮ ਵੱਲ ਅੱਧ ਮੀਲ ਤੇ ਦਸ਼ਮੇਸ਼ ਜੀ ਦਾ ਗੁਰਦ੍ਵਾਰਾ "ਦੀਦਾਰਸਰ" ਨਾਮੀ ਹੈ. ਗੁਰੂ ਜੀ ਚਮਕੌਰ ਨੂੰ ਜਾਂਦੇ ਇੱਥੇ ਵਿਰਾਜੇ ਹਨ. ਚਮਕੌਰ ਸਾਹਿਬ ਇੱਥੋਂ ਪੰਜ ਕੋਹ ਪੱਛਮ ਹੈ. ਰੇਲਵੇ ਸਟੇਸ਼ਨ ਕੁਰਾਲੀ ਨੇੜੇ ਹੈ. ਪੁਜਾਰੀ ਨਿਹੰਗਸਿੰਘ ਹਨ. ੯- ੧੦ ਮਾਘ ਨੂੰ ਮੇਲਾ ਜੁੜਦਾ ਹੈ.

ਬੂਰਾ: ਸੰਗਜਾ- ਬੁਰਾਦਾ. ਚੂਰਾ। ੨. ਖੰਡ ਨੂੰ ਸਾਫ ਕਰਕੇ ਬਣਾਇਆ ਹੋਇਆ ਮਿੱਠਾ। ੩. ਵਿ- ਭੂਰਾ. ਭੂਰੇ ਰੰਗ ਦਾ. ਦੇਖੋ, ਅੰ. brown.

ਬੂਰਿਯਾ, ਬੂਰੀਆ: ਦੇਖੋ, ਬੂੜੀਆ. "ਨਗਰ ਪਾਂਵਟੇ ਬੂਰਿਯੇ ਪਨਏ ਲੋਕ ਬੁਲਾਇ." (ਚਰਿਤ੍ਰ ੭੧)

ਬੂਰੁ: ਦੇਖੋ, ਬੂਰ.

ਬੂਲਾ: ਗੁਰੂ ਅੰਗਦੇਵ ਜੀ ਦਾ ਇੱਕ ਪ੍ਰੇਮੀ ਸਿੱਖ. ਦੇਖੋ, ਬੱਲੋ। ੨. ਇੱਕ ਪਾਧਾ, ਜੋ ਗੁਰੂ ਅਮਰਦੇਵ ਜੀ ਦਾ ਸਿੱਖ ਹੋਇਆ. ਇਹ ਗੁਰਬਾਣੀ ਦੇ ਗ੍ਰੰਥ ਲਿਖਕੇ ਮੁਫਤ ਸਿੱਖਾਂ ਨੂੰ ਦਿੰਦਾ ਸੀ। ੩. ਧੀਰ ਜਾਤਿ ਦਾ ਪ੍ਰੇਮੀ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਇਆ.

ਬੂਲੇਸ਼ਾਹ: ਜਿਲਾ ਕੈਂਬਲਪੁਰ ਦੇ ਪਿੰਡ ਗੜ੍ਹੀ ਦਾ ਵਸਨੀਕ ਇੱਕ ਕਰਣੀ ਵਾਲਾ ਸੱਜਨ. ਜੋ ਸ੍ਰੀ ਗੁਰੂ ਗੋਬਿਦਸਿੰਘ ਸਾਹਿਬ ਦਾ ਸਾਦਿਕ ਸੀ. ਇਸ ਨੇ ਭੰਗਾਣੀ ਅਤੇ ਆਨੰਦਪੁਰ ਆਦਿ ਦੇ ਜੰਗਾਂ ਵਿੱਚ ਕਲਗੀਧਰ ਦੀ ਸੇਵਾ ਕੀਤੀ. ਇਸ ਦੀ ਮਾਰਫਤ

ਗੁਰੂਸਾਹਿਬ ਨੇ ਸ਼ਸਤ੍ਰ ਭੀ ਮੰਗਵਾਏ ਸਨ. ਇਹ ਸਾਰਾ ਪ੍ਰਸੰਗ ਹੁਕਮਨਾਮੇ ਤੋਂ ਪ੍ਰਗਟ ਹੁੰਦਾ ਹੈ, ਜੋ ਦਸ਼ਮੇਸ਼ ਨੇ ਸਾਵਨ ਸੁਦੀ ੨. ਸੰਮਤ ੧੭੫੬ ਨੂੰ ਬੂਲੇਸ਼ਾਹ ਨੂੰ ਦਿੱਤਾ ਹੈ. ਇਹ ਹੁਕਮਨਾਮਾ ਉਸ ਦੀ ਔਲਾਦ ਹੁਸੈਨਸ਼ਾਹ ਪਾਸ ਮੌਜੂਦ ਹੈ.

ਕਈ ਸੱਜਨ ਖਿਆਲ ਕਰਦੇ ਹਨ ਕਿ ਇਹੀ ਬੂਲੇਸ਼ਾਹ ਸਢੌਰੇ ਵਾਲਾ ਬੁੱਧੂਸ਼ਾਹ ਹੈ, ਪਰ ਇਹ ਭੁੱਲ ਹੈ.

ਬੂੜਮਾਜਰਾ: ਦੇਖੋ, ਬੂਰਮਾਜਰਾ.

ਬੂੜਾ: ਵਿ- ਬੁੱਚਾ. ਕੰਨਕਟਾ। ੨. ਸਿੱਖ ਹੋਣ ਤੋਂ ਪਹਿਲਾ ਬਾਬਾ ਬੁੱਢਾ ਜੀ ਦਾ ਨਾਮ.

ਬੂੜੀ: ਬੁੱਚੀ. ਕੰਨਾਂ ਬਿਨਾ. "ਕੰਨ ਤਨਉੜੇ ਕਾਮਣੀ, ਬੂੜੀ ਬਰੜਾਵੈ." (ਭਾਗੁ)

ਬੂੜੀਆ: ਖਰਾਸ ਅਤੇ ਹਰਟ ਆਦਿ ਦੇ ਚਕ੍ਰ ਦਾ ਦੰਦਾ। ੨. ਜਿਲਾ ਅੰਬਾਲਾ ਦੀ ਜਗਾਧਰੀ ਤਸੀਲ ਵਿੱਚ ਇੱਕ ਨਗਰ, ਜੋ ਜਗਾਧਰੀ ਸਟੇਸ਼ਨ ਤੋਂ ੫. ਮੀਲ ਪੂਰਵ ਹੈ. ਭੰਗੀਆਂ ਦੀ ਮਿਸਲ ਵਿੱਚ ਹੋਣ ਵਾਲੇ ਪ੍ਰਤਾਪੀ ਸਰਦਾਰ ਨਾਨੂਸਿੰਘ ਨੇ ਸਨ ੧੭੬੪ ਵਿੱਚ ਬੂੜੀਆ ਫਤੇ ਕਰਕੇ ਆਪਣੀ ਰਾਜਧਾਨੀ ਕਾਇਮ ਕੀਤੀ. ਰਈਸ ਬੂੜੀਆ ਦਾ ਵੰਸ਼ਵ੍ਰਿਕ੍ਸ਼ ਇਹ ਹੈ::-

ਸਃ ਨਾਨੂਸਿੰਘ: ਦੇ:ਸਨ ੧੭੬੪

।

ਸਃ ਭਾਗਸਿੰਘ ਦੇਃ ੧੭੮੬

।

ਸਃ ਸ਼ੇਰਸਿੰਘ ਦੇਃ ੧੮੦੫

।

ਸਃ ਗੁਲਾਬਸਿੰਘ ਦੇਃ ੧੮੪੪

।

ਜਃ ੧੮੪੪ ਸਃ ਜੀਵਨਸਿੰਘ ਦੇਃ ੧੮੯੩

।

ਸਃ ਗਜੇਂਦ੍ਰਸਿੰਘ ਦੇਃ ੧੮੯੦

।

ਜਃ ੧੮੯੧ ਸਃ ਲਛਮਨਸਿੰਘ ਦੇਃ ੧੬. ਜੁਲਾਈ ੧੯੨੧

।

ਜਃ ੧੯. ਮਈ, ੧੯੧੯ ਰਤਨ ਅਮੋਲਸਿੰਘ — ਜਃ ੩੧ ਅਕਤੂਬਰ ੧੯੨੦ ਲਾਲ ਅਮੋਲਸਿੰਘ

ਬੂੜੀਏ ਤੋਂ ਉੱਤਰ ਪੱਛਮ ਜਗਾਧਰੀ ਵਾਲੀ ਪੱਕੀ ਸੜਕ ਦੇ ਕਿਨਾਰੇ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਗੁਰਦ੍ਵਾਰਾ ਹੈ. ਦਰਬਾਰ ਅਤੇ ਰਹਿਣ ਦੇ ਮਕਾਨ ਬਣੇ ਹੋਏ ਹਨ. ਪੁਜਾਰੀ ਸਿੰਘ ਹੈ. ਰਈਸ ਬੂੜੀਏ ਵੱਲੋਂ ਗੁਰਦ੍ਵਾਰੇ ਨਾਲ ਜ਼ਮੀਨ ਭੀ ਹੈ. ਇਸ ਦਾ ਪ੍ਰਬੰਧ ਰਿਆਸਤ ਦੇ ਹੱਥ ਹੈ. ਇਸ ਗੁਰਦ੍ਵਾਰੇ ਤੋਂ ਇੱਕ ਮੀਲ ਦੱਖਣ "ਸੂਰਜਕੁੰਡ" ਨਾਮਕ ਹਿੰਦੂਆਂ ਦਾ ਪ੍ਰਸਿਧ ਤੀਰਥ ਹੈ. ਇੱਥੇ ਧਰਮਪ੍ਰਚਾਰ ਲਈ ਕਲਗੀਧਰ ਪਟਨੇ ਸਾਹਿਬ ਤੋਂ ਆਉਂਦੇ ਹੋਏ ਪਧਾਰੇ ਹਨ, ਪਰ ਗੁਰਦ੍ਵਾਰਾ ਕਿਸੇ ਨੇ ਨਹੀਂ ਬਣਾਇਆ.

ਕਵਿਰਾਜ ਭਾਈ ਸੰਤੋਖਸਿੰਘ ਜੀ ਇਸੇ ਨਗਰ ਦੇ ਵਸਨੀਕ ਸਨ. ਦੇਖੋ, ਸੰਤੋਖਸਿੰਘ ਅਤੇ ਨਾਨਕ ਪ੍ਰਕਾਸ਼.

ਬੇ: ਫ਼ਾ. بے ਵ੍ਯ- ਬਿਨਾ. ਬਗੈਰ. "ਬੇਐਬ ਪਰਵਦਗਾਰ." (ਤਿਲੰ ਮਃ ੧) ੨. ਸੰਬੋਧਨ. ਹੇ! ਅਬੇ! "ਸੁਲਤਾਨੁ ਪੂਛੈ, ਸੁਨ ਬੇ!

ਨਾਮਾ." (ਭੈਰ ਨਾਮ ਦੇਵ) ੩. ਵਿ- ਦ੍ਵਿ. ਬਿਬ. ਦੋ. "ਬੇ ਦਸ ਮਾਹ ਰੁਤੀ ਬਿਤੀ ਵਾਰ ਭਲੇ." (ਤੁਖਾ ਬਾਰਹਮਾਹਾ) ੪. ਦੂਜਾ. ਦੂਜੀ. "ਅਬ ਬੇ ਗਲ ਕਹਨੁ ਨ ਜਾਈ." (ਸੋਰ ਕਬੀਰ) ੫. ਸਰਵ- ਉਹ. ਵਹ. "ਅਬ ਬੇ ਗਲ ਕਹਨੁ ਨ ਜਾਈ." (ਸੋਰ ਕਬੀਰ) ੬. ਫ਼ਾਰਸੀ ਦਾ ਦੂਜਾ ਅੱਖਰ ب "ਬੇ ਬਿਦਾਇਤ ਦੂਰ ਕਰ." (ਜਸਭਾਮ)

ਬੇਅਕਲ: ਫ਼ਾ. بےعقل ਵਿ- ਅ਼ਕ਼ਲ (ਬੁੱਧਿ) ਹੀਨ. ਮੂਰਖ. ਬੇਸਮਝ.

ਬੇਅਦਬ: ਫ਼ਾ. بےادب ਵਿ- ਜੋ ਕਿਸੇ ਦਾ ਆਦਰ ਮਾਨ ਨਾ ਕਰੇ. ਗੁਸ੍ਤਾਖ. "ਬੇਅਦਬ ਖ਼ਾਲੀਸ੍ਤ ਅਜ਼ ਇਲਤ਼ਾਫੇ ਰੱਬ." (ਜ਼ਿੰਦਗੀ)

ਬੇਅਦਬੀ: ਫ਼ਾ. بےادبی ਸੰਗਯਾ- ਬੇਅਦਬ ਹੋਣ ਦਾ ਭਾਵ. ਗੁਸ੍ਤਾਖੀ.

ਬੇਅਦਲ: ਵਿ- ਮੁਕ਼ਾਬਲੇ ਰਹਿਤ. ਦੇਖੋ, ਅਦਲ ਅਤੇ ਜੰਗ ਦਰਾਯਦ। ੨. ਬਿਨਾ ਇਨਸਾਫ. ਅਨਜਾਯ ਕਰਨ ਵਾਲਾ.

ਬੇਐਬ: ਫ਼ਾ. بےعیب ਵਿ- ਐ਼ਬ (ਦੋਸ਼) ਰਹਿਤ. ਨਿਰਵਿਕਾਰ. "ਬੇਐਬ ਪਰਵਦਗਾਰ." (ਤਿਲੰ ਮਃ ੧)

ਬੇਅੰਤ: ਵਿ- ਅੰਤ ਰਹਿਤ. ਅਨੰਤ. "ਬੇਅੰਤ ਗੁਣ ਤੇਰੇ ਕਥੇ ਨ ਜਾਹੀ." (ਗਉ ਛੰਤ ਮਃ ੫)

ਬੇਈ: ਵਹੀ. ਦੇਖੋ, ਵੇਈ। ੨. ਕ੍ਰਿ. ਵਿ- ਦੁਬਾਰਾ. ਦੂਜੀ ਵੇਰੀ. "ਜਾਣੁ ਮਿਠਾਈ ਇਖ, ਬੇਈ ਪੀੜੇ ਨਾ ਹੁਟੈ." (ਮਃ ੫. ਵਾਰ ਮਾਰੂ ੨) ਗੰਨੇ ਨੂੰ ਦੁਬਾਰਾ ਪੀੜੀਏ, ਤਦ ਭੀ ਮਿਠਾਸ ਦੇਣੋ ਨਹੀਂ ਹਟਦਾ.

ਬੇਂਈਂ: ਦੇਖੋ, ਵੇਂਈਂ.

ਬੇਈਮਾਨ: ਫ਼ਾ. بےایمان ਵਿ- ਈਮਾਨ (ਧਰਮ) ਰਹਿਤ. ਅਧਰਮੀ. "ਬੇਈਮਾਨ ਅਗਿਆਨਿ ਪਰਾਣੀ." (ਭਾਗੁ)

ਬੇਸ: ਫ਼ਾ. بیش ਬੇਸ਼. ਵਿ- ਅਧਿਕ. ਜਾਦਾ। ੨. ਵਡਾ। ੩. ਉੱਤਮ. ਸ਼੍ਰੇਸ਼੍ਠ। ੪. ਪ੍ਰਸੰਨ. ਖ਼ੁਸ਼। ੫. ਸੰ. ਵੇਸ਼. ਸੰਗਯਾ- ਘਰ। ੬. ਪੜੋਸ। ੭. ਪ੍ਰਵੇਸ਼. ਦਖਲ। ੮. ਸੰ. ਵੇਸ਼. ਕੰਮ। ੯. ਲਿਬਾਸ. ਭੇਸ. ਭੇਖ.

ਬੇਸ਼ਊਰ: ਵਿ- ਬੇਸਮਝ. ਦੇਖੋ, ਬਾਸ਼ਊਰ.

ਬੇਸਹਰ: ਦੇਖੋ, ਬਸ਼ਹਰ। ੨. ਸ਼ੋਣਿਤਪੁਰ ਦਾ ਇੱਕ ਨਾਮ. ਦੇਖੋ, ਵਾਣ. "ਸਹਰ ਬੇਸਹਰ ਕੇ ਬਿਖੇ ਬਾਣਾਸੁਰ ਨਰੇਸ." (ਚਰਿਤ੍ਰ ੧੪੨) ਵਾਣਾਸੁਰ ਰਾਜਾ.

ਬੇਸ਼ੱਕ: ਕ੍ਰਿ- ਵਿ- ਬਿਨਾ ਸ਼ੱਕ (ਸੰਦੇਹ). ਸੰਸ਼ਯ ਰਹਿਤ.

ਬੇਸਟਨ: ਸੰ. ਵੇਸ਼੍ਟਨ. ਸੰਗਯਾ- ਘੇਰਾ. ਵਲਗਣ। ੨. ਸ਼ਹਰ ਦੀ ਚਾਰ ਦੀਵਾਰੀ. ਸ਼ਹਰਪਨਾਹ। ੩. ਪਗੜੀ. ਸਾਫਾ। ੪. ਸਮੋਸਾ ਪਕ੍ਵਾੱਨ. ਦੇਖੋ ਵੇਸ਼੍ਟ ਧਾ.

ਬੇਸਟਿਤ, ਬੇਸਟੰ: ਸੰ. ਵੇਸ਼੍ਟਿਤ. ਵਿ- ਘੇਰਿਆ ਹੋਇਆ. ਢਕਿਆ ਹੋਇਆ. "ਬੈਸੰਤਰੰ ਕਾਸਟ ਬੇਸਟੰ." (ਸਹਸ ਮਃ ੫) "ਰਥੰ ਬੇਸਟਿਤੰ ਬਜਾਘ੍ਰਚਰਮੰ ਅਭੀਤੰ." (ਰਾਮਾਵ)

ਬੇਸਣ, ਬੇਸਨ: ਸੰ. ਵੇਸਨ. ਸੰਗਯਾ- ਦੋਫਾੜ ਹੋਏ ਛੋਲੇ। ੨. ਚਣਿਆਂ ਦਾ ਚੂਰਣ. ਛਿਲਕਾ ਉਤਾਰਕੇ ਪੀਠੀ ਹੋਈ ਛੋਲਿਆਂ ਦੀ ਦਾਲ। ੩. ਦੇਖੋ, ਵੇਸ਼ਨ.

ਬੇਸਨੀ: ਵਿ- ਵੇਸਣ ਦਾ ਬਣਿਆ ਹੋਇਆ.

ਬੇ ਸਪਾਸ: ਫ਼ਾ. بےسپاس ਵਿ- ਨਾਸ਼ੁਕਰਾ. ਜੋ ਕ੍ਰਿਤਗਯ ਨਹੀਂ। ੨. ਜੋ ਕਿਸੇ ਦੇ ਏਹ਼ਸਾਨ ਹੇਠ ਨਹੀਂ ਆਉਂਦਾ. ਦੇਖੋ, ਸਪਾਸ.

ਬੇਸਰ: ਸੰਗਯਾ- ਇਸਤ੍ਰੀਆਂ ਦੇ ਨੱਕ ਦਾ ਗਹਿਣਾ, ਨੱਥ। ੨. ਸੰ. ਵੇਸਰ. ਖੱਚਰ. ਅਸ਼੍ਵਤਰੀ. "ਬੇਸਰ ਲਾਦ ਸੁ ਤਯਾਰੀ ਕੀਨੀ." (ਗੁਪ੍ਰਸੂ) ੩. ਫ਼ਾ. بیسر ਵਿ ਜਿਸ ਦੇ ਤੁਲਯ ਦੂਜਾ ਨਹੀਂ. ਬੇਮਿਸਾਲ। ੪. ਦੇਖੋ, ਬੇਸਰਾ.

ਬੇਸਰਾ: ਫ਼ਾ. بےسر ਬੇਸਰ. ਗੁਲਾਬਚਸ਼ਮ ਇੱਕ ਸ਼ਿਕਾਰੀ ਪੰਛੀ, ਜੋ ਬਾਜ਼ ਜੇਹਾ ਹੁੰਦਾ ਹੈ. ਸਿੰਧੀ ਬੈਂਸਰੋ. ਇਸ ਨੂੰ ਸ਼ਿਕਾਰੀ ਘੱਟ ਪਾਲਦੇ ਹਨ, ਪਰ ਜੇ ਚੰਗੀ ਤਰਾਂ ਪਾਲਿਆ ਜਾਵੇ, ਤਦ ਵਡਾ ਦਲੇਰ ਪੰਛੀ ਹੈ. ਬਟੇਰ ਤਿੱਤਰ ਛੋਟੀ ਮੁਰਗਾਬੀ ਨੂੰ ਫੁਰਤੀ ਨਾਲ ਮਾਰਦਾ ਹੈ. ਇਹ ਦੋਗਲਾ ਪੰਛੀ ਹੈ, ਬਾਸ਼ੀਨ ਅਤੇ ਸ਼ਿਕਰੇ ਦੇ ਮੇਲ ਤੋਂ ਪੈਦਾ ਹੁੰਦਾ ਹੈ. ਧੂਤੀ (ਅਥਵਾ ਤੂਧੀ) ਇਸ ਦੀ ਮਦੀਨ ਹੈ. "ਹਾਥ ਗੁਰੁ ਗੋਬਿੰਦ ਕੇ ਬੇਸਰਾ ਸਿਧਾਯੋ ਨਾਨੋ." (੫੨ ਕਵਿ) ਦੇਖੋ, ਸ਼ਿਕਾਰੀ ਪੰਛੀਆਂ ਦਾ ਚਿਤ੍ਰ.

ਬੇਸਵਾ: ਸੰ. ਵੇਸ਼੍ਯਾ- ਸੰਗ੍ਯਾ ਬਹੁਤ ਵੇਸ਼ (ਸ਼ਕਲਾਂ) ਬਣਾਉਣ ਵਾਲੀ, ਕੰਚਨੀ. "ਬਸਵਾ ਜਨਿ ਵਲਿ ਵਲਿ ਅਉਤਰੈ." (ਗੂਜ ਤ੍ਰਿਲੋਚਨ)

ਬੇਸਵਾਦ: ਵਿ- ਸੁਆਦ ਬਿਨਾ। ੨. ਬਦਜਾਯਕ਼ਾ.

ਬੇਸਾਰਣਾ: ਦੇਖੋ, ਬਿਸਾਰਣ. "ਕਿਉ ਮਨਹੁ ਬੇ- ਸਾਰੀਐ? (ਸ੍ਰੀ ਛੰਤ ਮਃ ੫)

ਬੇਸਿਆ: ਦੇਖੋ, ਬੇਸਵਾ.

ਬੇਸੀ: ਦੇਖੋ, ਵੇਸੀ। ੨. ਫ਼ਾ. بیشی ਬੇਸ਼ੀ. ਸੰਗ੍ਯਾ- ਅਧਿਕਤਾ. ਜ਼ਿਆਦਤੀ.

ਬੇਸੀਵ: ਦੂਜੇ ਦੀ ਸੀਮਾ. ਬੇਗਾਨੀ ਹੱਦ. "ਜਿਉ ਬੇਸੀਵੇ ਥੇਹ ਕਰ ਪਛੋਤਾਵੈ." (ਭਾਗੁ) ਦੂਜੇ ਦੀ ਸੀਮਾਂ ਵਿੱਚ ਪਿੰਡ ਬੰਨ੍ਹਕੇ ਪਛਤਾਉਂਦਾ ਹੈ। ੨. ਬੇਹੱਦ.

ਬੇਸੁਆ: ਦੇਖੋ, ਬੇਸਵਾ. "ਬੇਸੁਆ ਭਜਤ ਕਿਛੁ ਨਹਿ ਸਰਮਾਵੈ." (ਭੈਰ ਮਃ ੪) ਵੇਸ਼੍ਯਾ ਭੋਗਦਾ ਸ਼ਰਮਾਉਂਦਾ ਨਹੀਂ.

ਬੇਸੁਆਪੂਤ: ਵੇਸ਼੍ਯਾਪੁਤ੍ਰ. ਭਾਵ- ਹਰਾਮੀ ਔਲਾਦ. "ਸਾਕਤ ਬੇਸੁਆਪੂਤ." (ਗਉ ਅਃ ਮਃ ੫)

ਬੇਸੁਆਰਤ: ਵਿ- ਵੇਸ਼੍ਯਾਰਤ. ਕੰਚਨੀ ਨਾਲ ਪਿਆਰ ਕਰਨ ਵਾਲਾ.

ਬੇਸੁਮਾਰ: ਫ਼ਾ. بیشُمار ਵਿ- ਸ਼ੁਮਾਰ (ਗਿਣਤੀ) ਰਹਿਤ. ਬੇਅੰਤ. ਅਗਣਿਤ. "ਬੇਸੁਮਾਰ ਅਥਾਹ." (ਸੁਖਮਨੀ)

ਬੇਸੁਰਤ: ਵਿ- ਬਿਨਾ ਹੋਸ਼. ਬੇਸੁਧ। ੨. ਅਸ਼੍ਰੋਤ੍ਰਿਯ. ਜਿਸ ਨੇ ਗੁਰਉਪਦੇਸ਼ ਸ਼੍ਰਵਣ ਨਹੀਂ ਕੀਤਾ.

ਬੇਸ੍ਯਾ, ਬੇਸ੍ਵਾ: ਵੇਸ਼੍ਯਾ. ਗਣਿਕਾ. ਦੇਖੋ, ਬੇਸਵਾ.

ਬੇਹ: ਸੰ. ਵੇਧ. ਸੰਗ੍ਯਾ- ਸੁਰਾਖ਼. ਛਿਦ੍ਰ. ਛੇਕ.

ਬੇਹਤਰ: ਦੇਖੋ, ਬਿਹਤਰ.

ਬੇਂਹਦ੍ਵਾਲ: ਇੱਕ ਰਾਜਪੂਤ ਜਾਤਿ ਇਸੇ ਜਾਤਿ ਤੋਂ ਇੱਕ ਪਹਾੜੀ ਰਿਆਸਤ ਬੇਂਹਦ੍ਵਾਲਟਾ ਸੰਗ੍ਯਾ ਹੋਈ. ਦੇਖੋ, ਬਾਈਧਾਰ.

ਬੇ ਹਯਾ: ਫ਼ਾ. بےحیا ਵਿ- ਜੋ ਹ਼ਯਾ (ਲੱਜਾ) ਨਹੀਂ ਰਖਦਾ. ਬੇਸ਼ਰਮ. ਨਿਰਲੱਜ.

ਬੇਹੜ: ਸੰਗ੍ਯਾ- ਵਿਸ਼ਮ ਮਾਰਗ. ਉੱਚੀ ਨੀਵੀਂ ਥਾਂ। ੨. ਵਿਖਮ ਘਾਟ। ੩. ਵੇਸ਼੍ਟਿਤ. ਜੰਗਲੀ ਬੇਲਾਂ ਨਾਲ ਢਕਿਆ ਸੰਘਣੇ ਬਿਰਛਾਂ ਦਾ ਝੁੰਡ. "ਕੰਟਕ ਕਾਨਨ ਬੇਹੜ ਗਾਹ." (ਰਾਮਾਵ) "ਦੇਸ ਬਿਦੇਸ ਢੰਢ ਬਨ ਬੇਹੜ" (ਪਾਰਸਾਵ)

ਬੇਹੜਾ: ਸੰਗ੍ਯਾ- ਅੱਙਣ. ਸਹਨ. ਵੇਹੜਾ। ੨. ਦੇਖੋ, ਬੇਹੜੋ.

ਬੇਹੜੋ: ਡਿੰਗ. ਘੜਾ. ਕਲਸ.

ਬੇਹਾ: ਵਿ- ਜੋ ਸੱਜਰਾ ਨਹੀਂ ਬਾਸੀ। ੨. ਸੰਗ੍ਯਾ- ਬੇਹ (ਵੇਧ) ਕਰਨ ਵਾਲਾ, ਵਰਮਾ.

ਬੇਹਾਲ: ਫ਼ਾ. بےحال ਸੰਗ੍ਯਾ- ਬਦਹਾਲ. ਦੁਰਦਸ਼ਾ "ਤਨੁ ਬਿਨਸਿਜਾਇ ਬੇਹਾਲ." (ਬਿਲਾ ਮਃ ੫) ੨. ਵਿ- ਵਿਹ਼੍ਵਲ. ਵ੍ਯਾਕੁਲ.

ਬੁਰੇ ਹਾਲ ਵਾਲਾ.

ਬੇਹੀ: ਵਿ- ਬਾਸੀ. ਜੋ ਸੱਜਰੀ ਨਹੀਂ। ੨. ਸੰਗਯਾ- ਬੇਹ (ਵੇਧ- ਛਿਦ੍ਰ) ਵਾਲੀ ਥੋਥੀ ਨਲਕੀ. "ਜਬ ਲਗੁ ਤਾਗਾ ਬਾਹਉ ਬੇਹੀ." (ਗੂਜ ਕਬੀਰ) ੩. ਬੇਹ (ਵੇਧ) ਕਰਨ ਵਾਲਾ, ਤਖਾਣ.

ਬੇਹੂਦਾ: ਫ਼ਾ. بیہُودہ ਵਿ- ਬਿਨਾ ਲਾਭ, ਬੇਫ਼ਾਯਦਾ.

ਬੇਕ: ਦੇਖੋ, ਵੇਖ.

ਬੇਕਸ: ਫ਼ਾ. بیکس ਵਿ- ਜਿਸ ਦਾ ਕੋਈ ਨਹੀਂ ਸਹਾਇਤਾ ਰਹਿਤ. ਨਿਰਾਸਯ। ੨. ਦੀਨ। ੩. ਅਨਾਥ

ਬੇਕਰਾਰ: ਫ਼ਾ. بیقرار ਵਿ- ਕ਼ਰਾਰ (ਧੀਰਯ) ਰਹਿਤ. ਵ੍ਯਾਕੁਲ.

ਬੇਕਾਮ: ਵਿ- ਨਿਕੰਮਾ. ਬੇਕਾਰ. "ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ" (ਮਾਰੂ ਕਬੀਰ) ੨. ਕ੍ਰਿ. ਵਿ- ਵ੍ਯਰਥ. ਨਿਰਰਥਕ.

ਬੇਕਾਰ: ਫ਼ਾ. بیکار ਵਿ- ਨਿਕੰਮਾ। ੨. ਜੋ ਕਾਰਾਮਦ ਨਹੀਂ। ੩. ਦੇਖੋ, ਵੇਕਾਰ.

ਬੇਕਾਰੀ: ਸੰਗਯਾ- ਕੰਮ ਦਾ ਨਾ ਹੋਣਾ. ਨਿਕੰਮਾਪਨ। ੨. ਦੇਖੋ, ਵੇਕਾਰੀ.

ਬੇਖ: ਸੰ. ਵੇਸ਼. ਸੰਗਯਾ- ਲਿਬਾਸ. ਭੇਸ। ੨. ਫ਼ਾ. بیخ ਬੇਖ਼. ਜੜ. ਮੂਲ. ਮੁੱਢ.

ਬੇਖ਼ਕਨੀ: ਫ਼ਾ. بیخ کنی ਸੰਗਯਾ- ਜੜ ਪੁੱਟਣ ਦੀ ਕ੍ਰਿਯਾ. ਨਿਰਮੂਲ ਕਰਨਾ. ਬੇਖਕੰਦਨ.

ਬੇਖਕੰਦਨ, ਬੇਖਕੰਦਨੀ: ਦੇਖੋ, ਬੇਖ਼ਕਨੀ.

ਬੇਖ਼ਬਰ: ਫ਼ਾ. بےخبر ਵਿ- ਜਿਸ ਨੂੰ ਖ਼ਬਰ ਨਹੀਂ. ਅਗਿਆਨੀ. "ਬੇਖਬਰ ਬਾਦੁ ਬਕਾਹਿ." (ਤਿਲੰ ਕਬੀਰ)

ਬੇਖ਼ੁਦ: ਫ਼ਾ. بےخود ਵਿ- ਮਦਹੋਸ਼. ਮਸ੍ਤ. ਜਿਸ ਨੂੰ ਆਪਾ ਭੁੱਲ ਗਿਆ ਹੈ. "ਬੇਖੁਦ ਚਿੱਤ ਉਦਾਸ ਰਹੈਂ." (ਨਾਪ੍ਰ)

ਬੇਖ਼ੁਦੀ: ਸੰਗਯਾ- ਬੇਖ਼ੁਦ ਹੋਣ ਦਾ ਭਾਵ. ਬੇਹੋਸ਼ੀ। ੨. ਮਸ੍ਤੀ ਵਿੱਚ ਆਪਾ ਭੁੱਲ ਜਾਣ ਦੀ ਕ੍ਰਿਯਾ.

ਬੇਗ: ਸੰ. ਵੇਗ. ਸੰਗਯਾ- ਜ਼ੋਰ. ਤੇਜ਼ੀ. ਕਾਮ ਬੇਗ ਨਹਿ ਰੋਕ ਸਕ੍ਯੋ ਹੈ." (ਗੁਪ੍ਰਸੂ) ੨. ਪ੍ਰਵਾਹ. ਹੜ। ੩. ਚਾਲ. "ਪਵਨ ਬੇਗ ਕੋ ਕਰਤ ਪਿਛੇਰੇ." (ਗੁਪ੍ਰਸੂ) ੪. ਵੀਰਯ। ੫. ਮਹਾਕਾਲ। ੬. ਤੁ. بیگ ਅਮੀਰ। ੭. ਮੁਗਲਵੰਸ਼ ਦੇ ਨਾਮ ਪਿੱਛੇ ਆਉਣ ਵਾਲਾ ਖ਼ਿਤਾਬ, ਜਿਵੇਂ ਕ਼ਾਸਿਮਬੇਗ.

ਬੇਗਸਿੰਘ: ਜੰਬਰ ਗੋਤ ਦਾ ਮਘਿਆਣੇ ਦਾ ਵਸਨੀਕ. ਇਸ ਨੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਤੋਂ ਅਮ੍ਰਿਤ ਛਕਿਆ. ਇਸ ਧਰਮਵੀਰ ਨੇ ਅਨੇਕ ਜੰਗਾਂ ਵਿੱਚ ਸੇਵਾ ਕੀਤੀ.

ਬੇਗਮ: ਵਿ- ਬਿਨਾ ਗ਼ਮ. ਸ਼ੋਕ ਰਹਿਤ. ਚਿੰਤਾ ਬਿਨਾ। ੨. ਤੁ. بیگم ਸੰਗਯਾ- ਬੇਗ (ਅਮੀਰ) ਦੀ ਇਸਤ੍ਰੀ. ਲੇਡੀ. ਦੇਖੋ, ਬੇਗਮਾਤ.

ਬੇਗਮਪੁਰਾ: ਸੰਗਯਾ- ਤੁਰੀਯਪਦ. ਗਿਆਨ ਅਵਸਥਾ, ਜਿਸ ਵਿੱਚ ਗ਼ਮ ਦਾ ਅਭਾਵ ਹੈ. "ਬੇਗਮਪੁਰਾ ਸਹਰ ਕੋ ਨਾਉ." (ਗਉ ਰਵਿਦਾਸ) ੨. ਸ਼ਾਲਾਮਾਰ ਦੀ ਸੜਕ ਕਿਨਾਰੇ ਜ਼ਕਰੀਆਖ਼ਾਨ (ਖ਼ਾਨਬਹਾਦੁਰ) ਲਹੌਰ ਦੇ ਗਵਰਨਰ ਦੀ ਮਾਂ ਬੇਗਮਜਾਨ ਦਾ ਲਹੌਰ ਪਾਸ ਵਸਾਇਆ ਪਿੰਡ, ਜੋ ਕਿਸੇ ਸਮੇਂ ਵਡੀ ਰੌਨਕ ਵਿੱਚ ਸੀ. ਹੁਣ ਭੀ ਕੁਝ ਚਿੰਨ੍ਹ ਬੇਗਮਪੁਰੇ ਦੀ ਪੁਰਾਣੀ ਉੱਚਤਾ ਨੂੰ ਪ੍ਰਗਟ ਕਰਦੇ ਹਨ.

ਬੇਗਮਾਤ: ਸੰਗਯਾ- ਬੇਗਮ ਦਾ ਬਹੁਵਚਨ. "ਬੇਗਮਾਤ ਤੁਮ ਦਰਸ਼ਨ ਚਹੇ." (ਗੁਪ੍ਰਸੂ)

**ਬੇਗਰਜ:** ਵਿ. ਜਿਸ ਨੂੰ ਕੋਈ ਗ਼ਰਜ਼ ਨਹੀਂ ਬੇਪਰਵਾ.

**ਬੇਗਲ:** ਵਿ- ਵੇਗਵਾਨ. ਤੇਜ਼ ਚਾਲ ਵਾਲਾ। ੨. ਗਲ ਕਟਾ. ਗਰਦਨ ਰਹਿਤ। ੩. ਦੇਖੋ, ਬੇ.

**ਬੇਗਾ:** ਪਾਸੀ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਕੇ ਆਤਮਗਿਆਨੀ ਹੋਇਆ. ਦੇਖੋ, ਪਾਸੀ ੪. ਇਸ ਦਾ ਉੱਚਾਰਣ ਵੇਗਾ ਭੀ ਹੈ.

**ਬੇਗਾਨੜਾ, ਬੇਗਾਨਾ:** ਅਨਜਾਨ. ਅਗਿਆਨੀ. ਬਿਨਾ ਗਜਾਨ. "ਏਤੇ ਕੂਕਰ ਹਉ ਬੇਗਾਨਾ." (ਬਿਲਾ ਮਃ ੧) ੨. ਫ਼ਾ. بیگانہ ਵਿ- ਪਰਾਇਆ. ਜੋ ਆਪਣਾ ਨਾ ਹੋਵੇ.

**ਬੇਗਾਰ:** ਫ਼ਾ. بیگار ਸੰਗਜਾ- ਬਿਨਾ ਮਜ਼ਦੂਰੀ ਦਾ ਕੰਮ. ਰਾਜ ਦੇ ਕਰਮਚਾਰੀਆਂ ਦ੍ਵਾਰਾ ਪ੍ਰਜਾ ਦੇ ਲੋਕਾਂ ਤੋਂ ਹੁਕਮਨ ਕਰਾਇਆ ਕੰਮ.

**ਬੇਗਾਰੀ:** ਵਿ- ਬੇਗਾਨ ਕਰਨ ਵਾਲਾ। ੨. ਸੰਗਜਾ- ਬੇਗਾਰ ਵਿੱਚ ਕੰਮ ਕਰਨ ਵਾਲਾ ਆਦਮੀ.

**ਬੇਗਾਲੀ:** ਕ੍ਰਿ ਵਿ- ਵੇਗ ਸੇ. ਛੇਤੀ ਨਾਲ. ਬਿਨਾ ਢਿੱਲ. "ਗੁਰੁ ਸੇਵਿਹੁ ਬੇਗਿ ਬੇਗਾਲੀ." (ਧਨਾ ਮਃ ੪)

**ਬੇਗਿ:** ਛੇਤੀ ਨਾਲ. ਸ਼ੀਘ੍ਰਤਾ ਕਰਕੇ. "ਬੇਗਿ ਮਿਲੀਜੈ ਅਪਨੇ ਰਾਮ ਪਿਆਰੇ." (ਗਉ ਰਵਿਦਾਸ)

**ਬੇਗਿ ਬੇਗਾਲੀ:** ਅਤਯੰਤ ਛੇਤੀ. ਬਹੁਤੀ ਸ਼ੀਘ੍ਰਤਾ ਨਾਲ ਦੇਖੋ, ਬੇਗਾਲੀ.

**ਬੇਗੁਲ:** ਵਿ- ਵੇਗਵਾਨ. ਤੇਜ਼ ਚਾਲ ਵਾਲਾ.

**ਬੇਗੁਲਬੇਗੁਲੇ:** ਵਿ- ਵੇਗਵਾਨ ਤੋਂ ਭੀ ਵਡੇ ਵੇਗ ਵਾਲੇ. ਵਡੀ ਤੇਜ਼ੀ ਨਾਲ. "ਉਡਹਿ ਤੇ ਬੇਗੁਲਬੇਗੁਲੇ." (ਓਅੰਕਾਰ)

**ਬੇਗੋਸ਼:** ਫ਼ਾ. بیگوش ਕੰਨਾ ਬਿਨਾ. ਬੁੱਚਾ। ੨. ਬੋਲਾ. ਡੋਰਾ.

**ਬੇਚਗੂੰਨ:** ਫ਼ਾ. بیچگوُن ਵਿ- ਸ਼ੰਕਾ ਰਹਿਤ. ਕਿਉਂ ਹੈ? ਕਿਸ ਤਰਾਂ ਹੈ? ਇਤਯਾਇ ਸ਼ੰਕਾ ਜਿਸ ਵਿੱਚ ਨਾ ਬਣ ਸਕੇ. "ਬੇਚਗੂੰਨ ਯਜ਼ਦਾਂ ਬੇਚੂੰਨੇ." (ਨਾਪ੍ਰ)

**ਬੇਚਣਾ:** ਸੰ. ਵਿਕ੍ਰਯਣ. ਵਿਕ੍ਰਯ ਕਰਨਾ. ਮੁੱਲ ਲੈ ਕੇ ਕਿਸੇ ਵਸਤੁ ਦਾ ਦੇਣਾ. ਫਰੋਖ਼ੁ ਕਰਨਾ.

**ਬੇਚਨਰੁਲੈਨ:** ਵੇਚਣਾ ਅਤੇ ਲੈਣਾ. ਖ਼ਰੀਦ ਫ਼ਰੋਖ਼ਤ. "ਗਾਹਕ ਅਸੰਖ ਆਵੈਂ ਬੇਚਨਰੁਲੈਨ ਕੋ." (ਭਾਗੁ ਕ)

**ਬੇਚਨਾ:** ਦੇਖੋ, ਬੇਚਣਾ.

**ਬੇਚਾਇਓ:** ਵਿਕ੍ਰਯ ਕਰਾਇਓ. ਵੇਚ ਦਿੱਤਾ. "ਮਨ ਸੰਭਨ ਪਾਹਿ ਵੇਚਾਇਓ." (ਸਾਰ ਪੜਤਾਲ ਮਃ ੫)

**ਬੇਚਾਰਾ:** ਫ਼ਾ. بیچارہ ਵਿ- ਚਾਰਹ (ਵਸ਼) ਬਿਨਾ. ਦੀਨ. ਸਹਾਇਤਾ ਰਹਿਤ.

**ਬੇਚਿ:** ਬੇਚਕੇ. "ਗਾਂਠਿ ਨ ਬਾਂਧਉ, ਬੇਚਿ ਨ ਖਾਉ." (ਭੈਰ ਕਬੀਰ)

**ਬੇਚੂੰ:** ਫ਼ਾ. بے چوُں ਵਿ- ਬੇਮਿਸਲ. ਜਿਸ ਦੇ ਤੁਲਜ ਹੋਰ ਨਹੀਂ. ਅਦੁਤੀ.

**ਬੇਚੋਬਾ:** ਫ਼ਾ. بے چوبہ ਸੰਗਜਾ- ਉਹ ਖ਼ੇਮਾ (ਤੰਬੂ), ਜਿਸ ਦੇ ਵਿਚਕਾਰ ਚੋਬ ਨਾ ਹੋਵੇ, ਕਨਾਤ ਦੇ ਆਸਰੇ ਖੜਾ ਹੋਣ ਵਾਲਾ ਡੇਰਾ.

**ਬੇਜਾ:** ਫ਼ਾ. بیجا ਵਿ- ਜੋ ਯੋਗਜ ਅਸਥਾਨ ਪੁਰ ਨਾ ਹੋਵੇ. ਬੇਮੌਕ਼ਅ਼। ੨. ਅਨੁਚਿਤ. ਨਾ ਮੁਸਾਸਿਬ.

**ਬੇਜ਼ਾਰ:** ਫ਼ਾ. بیزار ਵਿ- ਬਹੁਤੀ ਦੁਖੀ. ਦੇਖੋ, ਜ਼ਾਰ.

ਬੇਜ਼ਾਰੀ: بیزاری ਸੰਗਜਾ- ਦੁਖੀ ਹੋਣ ਦੀ ਹਾਲਤ. ਦੁੱਖਦਸ਼ਾ. ਦੇਖੋ, ਬੇਜ਼ਾਰ.

ਬੇਜ਼ੁਬਾਨ: ਫ਼ਾ. بیزُبان ਗੂੰਗਾ। ੨. ਪਸ਼ੂ.

ਬੇਝੜ: ਸੰਗਜਾ- ਛੋਲੇ ਅਤੇ ਕਣਕ ਮਿਲਵਾਂ ਅੰਨ.

ਬੇਟ: ਸੰਗਜਾ- ਦਰਿਆ ਦੇ ਕਿਨਾਰੇ ਦਾ ਦੇਸ਼। ੨. ਦਰਿਆ ਦੀ ਬਰੇਤੀ. River- basin.

ਬੇਟੜੀ: ਬੇਟੀ ਪੁਤ੍ਰੀ. ਕੰਨਜਾ. "ਬਾਬੁਲ ਕੈ ਘਰਿ ਬੇਟੜੀ." (ਓਅੰਕਾਰ) ਦੇਖੋ, ਬੇਟੀ.

ਬੇਟਾ: ਸੰ. ਬਟੁ. ਸੰਗਜਾ- ਬਾਲਕ। ੨. ਪੁਤ੍ਰ.

ਬੇਟੀ: ਸੰ. ਬਟ੍ਵੀ. ਸੰਗਜਾ- ਪੁਤ੍ਰੀ. ਕਨਜਾ.

ਬੇਢਨ: ਸੰ. ਵੇਸ਼੍ਟਨ. ਘੇਰਨਾ. ਲਪੇਟਣਾ. "ਮਲਿਆਗਰੁ ਭੁਯੰਗਮ ਬੇਢਿਓ." (ਸ. ਕਬੀਰ) "ਦੁਰਗੰਧਿ ਹੀ ਕੇ ਬੇਢੇ." (ਕੇਦਾ ਕਬੀਰ)

ਬੇਢੀ: ਸੰਗਜਾ- ਜੋ ਬੇਢਨ (ਵੇਸ਼੍ਟਨ) ਕਰੇ. ਰੱਸੀਆਂ ਨਾਲ ਘਾਸ ਫੂਸ ਨੂੰ ਲਪੇਟ ਬੰਨ੍ਹਕੇ ਛੰਨ (ਛੱਪਰ) ਰਚਣ ਵਾਲਾ ਕਾਰੀਗਰ. "ਮੋ ਕਉ ਬੇਢੀ ਦੇਹੁ ਬਤਾਈ ਹੋ." (ਸੋਰ ਨਾਮਦੇਵ)

ਬੇਣ: ਸੰ. ਵੇਣ. ਸੰਗਜਾ- ਬਾਂਸੀ ਅਤੇ ਕਾਨਿਆਂ ਦੀ ਚੀਜਾਂ ਬਣਾਉਣ ਵਾਲਾ ਕਾਰੀਗਰ। ੨. ਅੰਗ ਦਾ ਪੁਤ੍ਰ ਅਤੇ ਰਾਜਾ ਪ੍ਰਿਥੁ ਦਾ ਪਿਤਾ ਇੱਕ ਰਾਜਾ, ਜੋ ਮਹਾਭਾਰਤ ਅਤੇ ਹਰਿਵੰਸ਼ ਅਨੁਸਾਰ ਮਹਾ ਅਧਰਮੀ ਸੀ. ਇਸ ਨੂੰ ਰਿਖੀਆਂ ਨੇ ਕੁਸ਼ਾ ਦੀ ਤੀਲੀਆਂ ਨਾਲ ਮਾਰਦਿੱਤਾ ਸੀ. ਦੇਖੋ, ਵੇਣ.

"ਸਤਜੁਗ ਵਿਖੇ ਬੇਣ ਭੂਪਾਲਾ।

ਕਲੀਕਾਲ ਵਰਤਾਇ ਵਿਸਾਲਾ।।"

(ਨਾਪ੍ਰ)

੩. ਸੰ. ਵੇਣੁ. ਬਾਂਸ. "ਬਧੈ ਬੇਣ ਸਿਰ ਊਚੋ ਰਾਖੈ." (ਗੁਪ੍ਰਸੂ) ੪. ਦੇਖੋ, ਬੇਨ.

ਬੇਣਾ: ਸੰ. ਵੇਣਾ. ਸੰਗਜਾ- ਇੱਕ ਨਦੀ. ਸ਼ਾਯਦ ਬੇਈਂ (ਵੇਂਈਂ) ਦਾ ਹੀ ਇਹ ਪੁਰਾਣਾ ਨਾਮ ਹੋਵੇ.

ਬੇਣਿ, ਬੇਣੀ: ਸੰ. ਵੇਣਿ ਅਤੇ ਵੇਣੀ. ਸੰਗਜਾ- ਗੁੰਦੇ ਹੋਏ ਕੇਸ਼ ਗੁੱਤ। ੨. ਜਲ ਦਾ ਪ੍ਰਵਾਹ। ੩. ਗੰਗਾ ਯਮੁਨਾ ਅਤੇ ਸਰਸ੍ਵਤੀ ਦਾ ਸੰਗਮ. "ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ." (ਰਾਮ ਬੇਣੀ) ਭਾਵ ਇੜਾ, ਪਿੰਗਲਾ ਅਤੇ ਸੁਖਮਨਾ ਦੇ ਮੇਲ ਤੋਂ ਹੈ। ੪. ਇੱਕ ਭਗਤ, ਜਿਸ ਦੀ ਬਾਣੀ ਗੁਰੂ ਗ੍ਰੰਥਸਾਹਿਬ ਵਿੱਚ ਦੇਖੀ ਜਾਂਦੀ ਹੈ. ਇਸ ਦੇ ਜੀਵਨ ਦਾ ਹਾਲ ਕੁਝ ਮਾਲੂਮ ਨਹੀਂ. "ਭਗਤ ਬੇਣਿ ਗੁਣ ਰਵੈ." (ਸਵੈਯੇ ਮਃ ੧. ਕੇ) "ਬੇਣੀ ਜਾਚੈ ਤੇਰਾ ਨਾਮ." (ਰਾਮ)

ਭਾਈ ਗੁਰਦਾਸ ਜੀ ਨੇ ਬੇਣੀ ਭਗਤ ਦੀ ਕਥਾ ਦਸਵੀਂ ਵਾਰ ਵਿੱਚ ਲਿਖੀ ਹੈ ਕਿ ਉਸ ਦੀ ਲੋੜਾਂ ਪੂਰੀਆਂ ਕਰਨ ਲਈ ਕਰਤਾਰ ਨੇ ਰਾਜਾ ਰੂਪ ਹੋਕੇ ਸਾਰੇ ਪਦਾਰਥ ਦਿੱਤੇ, ਯਥਾ-

ਗੁਰਮੁਖ ਬੇਣੀ ਭਗਤਿ ਕਰ

ਜਾਇ ਇਕਾਂਤ ਬਹੈ ਲਿਵਲਾਵੈ।

ਕਰਮ ਕਰੈ ਅਧਿਆਤਮੀ

ਹੋਰਸੁ ਕਿਸੈ ਨ ਅਜਰ ਲਖਾਵੈ।

ਘਰ ਆਯਾ ਜਾਂ ਪੁੱਛੀਐ

ਰਾਜ ਦੁਆਰ ਗਇਆ ਆਲਾਵੈ।

ਘਰ ਸਭ ਵੱਥੂੰ ਮੰਗੀਅਨ

ਵਲ ਛਲ ਕਰਕੇ ਝੱਤ ਲੰਘਾਵੈ।

ਵੱਡਾ ਸਾਂਗ ਵਰੱਤਦਾ

ਓਹ ਇਕ ਮਨ ਪਰਮੇਸਰ ਧਯਾਵੈ।

ਪੈਜ ਸਵਾਰੈ ਭਗਤ ਦੀ

ਰਾਜਾ ਹੁਇਕੈ ਘਰ ਚਲ ਆਵੈ।

ਦੇਇ ਦਿਲਾਸਾ ਤੁੱਸਕੈ

ਅਣਗਣਤੀ ਖਰਚੀ ਪਹੁਚਾਵੈ।

ਓਥਹੁੰ ਆਇਆ ਭਗਤ ਪਾਸ

ਹੋਇ ਦਿਆਲ ਹੇਤ ਉਪਜਾਵੈ।

ਭਗਤ ਜਨਾਂ ਜੈਕਾਰ ਕਰਾਵੈ ॥

੫. ਪਿੰਡ ਚੂਹਣੀਆਂ (ਜਿਲਾ ਲਹੌਰ) ਦਾ ਵਸਨੀਕ ਇੱਕ ਪੰਡਿਤ, ਜੋ ਦਿਗਵਿਜਯ ਕਰਦਾ ਫਿਰਦਾ ਸੀ. ਇਹ ਜਦ ਗੋਇੰਦਵਾਲ ਆਇਆ, ਤਦ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰਕੇ ਵਿਦ੍ਯਾਭਿਮਾਨ ਛੱਡਕੇ ਗੁਰਸਿੱਖ ਹੋਇਆ. ਮਲਾਰ ਰਾਗ ਵਿੱਚ- "ਇਹੁ ਮਨ ਗਿਰਹੀ ਕਿ ਇਹੁ ਮਨ ਉਦਾਸੀ"- ਸ਼ਬਦ ਕਿਸੇ ਪਰਥਾਇ ਗੁਰੂ ਸਾਹਿਬ ਨੇ ਉਚਾਰਿਆ ਹੈ. ਇਹ ਵਡਾ ਕਰਨੀ ਵਾਲਾ ਪ੍ਰਚਾਰਕ ਹੋਇਆ ਹੈ. ਗੁਰੂ ਸਾਹਿਬ ਨੇ ਇਸ ਨੂੰ ਮੰਜੀ ਬਖ਼ਸ਼ੀ. ਇਸ ਦਾ ਨਾਉਂ ਬੇਣੀਮਾਧੋ ਭੀ ਕਈਆਂ ਨੇ ਲਿਖਿਆ ਹੈ. ਇਸ ਦੀ ਵੰਸ਼ ਵਿੱਚ ਹਰਿਦਯਾਲ ਉੱਤਮ ਕਵੀ ਹੋਇਆ ਹੈ, ਜਿਸ ਨੇ ਸਾਰੁਕਤਾਵਲੀ ਅਤੇ ਵੈਰਾਗਸ਼ਤਕ ਦਾ ਮਨੋਹਰ ਉਲਥਾ ਕੀਤਾ ਹੈ.

ਬੇਣੀਸੰਗਮ, ਬੇਣੀਸੰਗਮੁ: ਦੇਖੋ, ਬੇਣੀ ੩। ੨. ਪ੍ਰਯਾਗ ਤੀਰਥ. "ਗੰਗਾਸਾਗਰ ਬੇਣੀਸੰਗਮੁ." (ਮਾਰੂ ਸੋਲਹੇ ਮਃ ੧)

ਬੇਣੀਮਾਧੋ: ਦੇਖੋ, ਬੇਣੀ ੫.

ਬੇਣੁ: ਸੰ. ਵੇਣੁ. ਸੰਗ੍ਯਾ- ਬਾਂਸ. ਵੰਸ਼। ੨. ਬਾਂਸ ਦੀ ਪੋਰੀ ਦਾ ਵਾਜਾ. ਬਸੰਰੀ. ਮੁਰਲੀ. "ਬੇਣੁ ਰਸਾਲ ਬਜਾਵੈ ਸੋਈ." (ਮਾਰੂ ਸੋਲਹੇ ਮਃ ੧)

ਬੇਤ: ਸੰ. ਵੇਤ੍ਰ. ਸੰਗ੍ਯਾ- ਬਾਂਸ ਜੇਹੀ ਗੱਠਦਾਰ ਇੱਕ ਬੇਲ, ਜਿਸ ਦੀਆਂ ਛਟੀਆਂ ਬਣਦੀਆਂ ਹਨ, ਅਤੇ ਇਸ ਦੇ ਛਿੱਲ ਤੋਂ ਕੁਰਸੀ ਆਦਿ ਬੁਣੀਦੇ ਹਨ. Calamus Rotang, . ਦੇਖੋ, ਬੇਦ ੮, ਬੈਤ ੧. ਅਤੇ ਵੇਤ੍ਰ.

ਬੇਤਨ: ਤਲਬ. ਤਨਖ਼੍ਵਾਹ. ਦੇਖੋ, ਵੇਤਨ.

ਬੇਤਾ: ਸੰ. ਵੇਤ੍ਰ- ਵੇਤ੍ਰਿ. ਵਿ- ਜਾਣਨ ਵਾਲਾ. ਗ੍ਯਾਤਾ. "ਬ੍ਰਹਮਗਿਆਨੀ ਬ੍ਰਹਮ ਕਾ ਬੇਤਾ." (ਸੁਖਮਨੀ) "ਬ੍ਰਹਮ ਕੇ ਬੇਤੇ ਸਬਦੁ ਪਛਾਣਹਿ." (ਸ੍ਰੀ ਅਃ ਮਃ ੩)

ਬੇਤਾਲ: ਵਿ- ਜੋ ਤਾਲ ਨਹੀਂ ਜਾਣਦਾ. ਲਯ ਤਾਲ ਦੇ ਗਿਆਨ ਤੋਂ ਰਹਿਤ। ੨. ਸੰ. ਵੇਤਾਲ. ਉਹ ਮੁਰਦਾ, ਜਿਸ ਵਿੱਚ ਭੂਤ ਨੇ ਪ੍ਰਵੇਸ਼ ਕੀਤਾ ਹੈ. "ਹਰਿ ਕੇ ਨਾਮਹੀਨ ਬੇਤਾਲ." (ਸਾਰ ਮਃ ੫) "ਮਨਮੁਖ ਅੰਧੇ ਫਿਰਹਿ ਬੇਤਾਲੇ." (ਮਾਝ ਅਃ ਮਃ ੩)

ਪੁਰੁਸ਼ਾਰਥ ਅਤੇ ਉਪਕਾਰ ਰਹਿਤ ਮੁਰਦਾ ਸ਼ਰੀਰਾਂ ਵਿੱਚ ਅਗਿਆਨ ਭੂਤ ਨੇ ਪ੍ਰਵੇਸ਼ ਕੀਤਾ ਹੈ। ੩. ਦੇਖੋ, ਬਿਤਾਲ.

ਬੇਤਾਲਾ: ਵਿ- ਲਯ ਤਾਲ ਤੋਂ ਅਗਿਆਨੀ। ੨. ਜਿਸ ਵਿੱਚ ਭੂਤ ਵੜ ਗਿਆ ਹੈ. ਵੇਤਾਲਗ੍ਰਸਿਤ. "ਕੋ ਕਹੈ ਬੇਤਾਲਾ." (ਮਾਰੂ ਮਃ ੧) "ਫਿਰਹਿ ਜਿਉ ਬੇਤਾਲਿਆ." (ਅਨੰਦੁ)

ਬੇਤੀ: ਸੰ. ਵੇਤ੍ਰੀ- ਵੇਤ੍ਰੀ. ਵਿ- ਜਾਣਨ ਵਾਲੀ. "ਨਹ ਚਤੁਰਿ ਸੁਘਰਿ ਸੁਜਾਨਿ ਬੇਤੀ." (ਬਿਲਾ ਛੰਤ ਮਃ ੫)

ਬੇਤੈ: ਜਾਣੇ. ਵੇੱਤਾ ਹੋਵੇ. ਦੇਖੋ, ਬੇਤਾ। ੨. ਵੇੱਤਾ ਹੈ. ਜਾਣਦਾ ਹੈ. "ਜੋ ਤਤਜੋਗ ਕਉ ਬੇਤੈ." (ਕਾਨ ਮਃ ੫)

ਬੇਦ: ਸੰ. ਵੇਦ. ਸੰਗਜ੍ਯਾ- ਗਿਆਨ. ਇਲਮ. "ਦੀਵਾ ਬਲੈ ਅੰਧੇਰਾ ਜਾਇ। ਬੇਦਪਾਠ ਮਤਿਪਾਪਾ ਖਾਇ।।" (ਵਾਰ ਸੂਹੀ ਮਃ ੧) ਗਿਆਨ ਵਿਚਾਰ ਨਾਲ ਕੀਤਾ ਪਾਠ ਪਾਪਮਤਿ ਦੂਰ ਕਰਦਾ ਹੈ। ੨. ਹਿੰਦੂਧਰਮ ਦੇ ਪ੍ਰਧਾਨ ਧਰਮਗ੍ਰੰਥ- ਰਿਗ, ਯਜੁਰ, ਸਾਮ ਅਤੇ ਅਥਰਵ. "ਬੇਦ ਸਿੰਮ੍ਰਿਤਿ ਕਥੈ ਸਾਸਤ." (ਧਨਾ ਮਃ ੫) ਵੇਦਾਂ ਦਾ ਨਿਰਣਾ ਦੇਖੋ, ਵੇਦ ਸ਼ਬਦ ਵਿੱਚ। ੩. ਚਾਰ ਸੰਖ੍ਯਾ ਬੋਧਕ ਸ਼ਬਦ, ਕਿਉਂਕਿ ਬੇਦ ਚਾਰ ਹਨ. ਦੇਖੋ, ਵੇਦ। ੪. ਰੜਕਾ. ਮੋਟੇ ਤੀਲਿਆਂ ਦਾ ਝਾੜੂ। ੫. ਅੱਗ ਮਚਾਉਣ ਲਈ ਘਾਹ ਦਾ ਮੁੱਠਾ। ੬. ਸੰ. ਵੇਦਿ (ਯਗ੍ਯ ਅਤੇ ਵਿਆਹ ਸਮੇਂ ਰਚਿਆ ਮੰਡਪ). ਵੇਦੀ. "ਬੇਦ ਕੇ ਬਿਧਾਨ ਕੈਕੈ ਬਜਾਸ ਤੇ ਬੰਧਾਈ ਬੇਦ." (ਰਾਮਾਵ) ੭. ਸੰ. ਵਿੱਦੁ. ਬਿੰਦੀ. "ਕੁੰਕਮ ਬੇਦ ਲਿਲਾਟ ਦੀਏ." (ਕ੍ਰਿਸਨਾਵ) ਕੇਸਰ ਦੀ ਬਿੰਦੀ ਮੱਥੇ ਦੇਕੇ। ੮. ਫ਼ਾ. بید ਬੈਤ ਦੀ ਬੇਲ. ਵੇਤ੍ਰ. ਦੇਖੋ, ਬੇਤ.

ਬੇਦਸ: ਵਿ- ਦ੍ਵਿਦਸ਼. ਬਾਰਾਂ. "ਬੇਦਸ ਮਾਹ." (ਤੁਖਾ ਬਾਰਹਮਾਹਾ) ੨. ਸੰ. ਵੇਦਸ੍- ਸੰਗਜ੍ਯਾ- ਗਿਆਨ। ੩. ਸੰਪਦਾ। ੪. ਵਿ- ਵੇੱਤਾ. ਜਾਣਨ ਵਾਲਾ.

ਬੇਦਸ੍ਤ: ਫ਼ਾ. بیدست ਵਿ- ਟੁੰਡਾ। ੨. ਬੇਅਖ਼ਤਿਆਰ.

ਬੇਦਹਿ: ਵੇਦ ਦਾ. ਦੇਖੋ, ਸੁਧਾਖਰ। ੨. ਬੇਦਹਿੰ. ਵੇਦ ਨੂੰ.

ਬੇਦਕਾ: ਦੇਖੋ, ਬੇਦਿਕਾ.

ਬੇਦ ਕੀ ਬਿਪਤਿ: ਸੰਖਾਸੁਰ ਦ੍ਵਾਰਾ ਵੇਦ ਖੋਹੇ ਜਾਣ ਤੋਂ ਬ੍ਰਹਮਾ ਨੂੰ ਪਈ ਮੁਸੀਬਤ. "ਬ੍ਰਹਮੈ ਗਰਬ ਕੀਆ ਨਹੀ ਜਾਨਿਆ। ਬੇਦ ਕੀ ਬਿਪਤਿ ਪੜੀ ਪਛੁਤਾਨਿਆ।। (ਗਉ ਅਃ ਮਃ ੧) ੨. ਵੇਦ (ਜਾਣਨ) ਦੀ ਮੁਸੀਬਤ. ਆਪਣੇ ਮੂਲ ਨੂੰ ਜਾਣਨ ਲਈ ਕਮਲ ਦੀ ਨਾਲੀ ਵਿੱਚ ਭ੍ਰਮਣ ਰੂਪ ਵਿਪਦਾ.

ਬੇਦਚਾਰੀ: ਸੰ. ਵੇਦਾਚਾਰ੍ਯ. ਵੇਦ ਪੜ੍ਹਾਉਣ ਵਾਲਾ. ਵੇਦਤਤ੍ਵ ਦਾ ਪੂਰਾ ਗਿਆਤਾ. "ਬ੍ਰਹਮਾ ਸੇ ਨ ਬੇਦਚਾਰੀ." (ਅਕਾਲ)

ਬੇਦਨ, ਬੇਦਨਾ, ਬੇਦਨਾਈ: ਸੰ. ਵੇਦਨ ਅਤੇ ਵੇਦਨਾ. ਸੰਗਜ੍ਯਾ- ਸੁਖ ਦੁੱਖ ਦਾ ਅਨੁਭਵ। ੨. ਦਿਲ ਦੀ ਪੀੜ। ੩. ਪੀੜਾ. "ਬੇਦਨ ਸਤਿਗੁਰਿ ਆਪਿ ਗਵਾਈ." (ਸੋਰ ਮਃ ੫) "ਕੈਸੇ ਕਹਉ ਮੋਹਿ ਜੀਅਬੇਦਨਾਈ?" (ਸਾਰ ਮਃ ੫) ੪. ਸੰ. ਵੇਦਨ. ਵਿਆਹ ਕਰਨਾ. ਸ਼ਾਦੀ ਕਰਨੀ.

ਬੇਦਬਿਆਸ: ਦੇਖੋ, ਬਿਆਸ ੪. "ਪੂਛਹੁ ਬ੍ਰਹਮੈ ਨਾਰਦੈ ਬੇਦਬਿਆਸੈ ਕੋਇ." (ਸ੍ਰੀ ਅਃ ਮਃ ੧)

ਬੇਦਬਿਚਾਰ, ਬੇਦਬੀਚਾਰ: ਸੰਗਜ੍ਯਾ- ਗਿਆਨਵਿਚਾਰ। ੨. ਵੇਦ (ਗ੍ਰੰਥਾਂ) ਦਾ ਵਿਚਾਰ.

ਬੇਦਮੁਸ਼ਕ: ਫ਼ਾ. بیدمشک ਅਥਵਾ ਬੇਦਮੁਸ਼. ਇੱਕ ਪ੍ਰਕਾਰ ਦਾ ਬੂਟਾ, ਜਿਸ ਨੂੰ ਬਸੰਤ ਰੁੱਤ ਵਿੱਚ ਸੁਗੰਧ ਵਾਲੇ ਫੁੱਲ ਲਗਦੇ ਹਨ, ਜਿਨ੍ਹਾਂ ਦਾ ਅਰਕ ਸੀਤਲ ਅਤੇ ਦਿਲ ਦਿਮਾਗ ਨੂੰ ਤਾਜ਼ਾ ਕਰਨ ਵਾਲਾ ਹੁੰਦਾ ਹੈ. ਵੈਦ੍ਯ ਇਸ ਦਾ ਪ੍ਰਯੋਗ ਅਨੇਕ ਦਵਾਈਆਂ ਵਿੱਚ ਕਰਦੇ ਹਨ. Salix capera.

ਬੇਦਰੇਗ: ਫ਼ਾ. بیدریغ ਵਿ- ਬਿਨਾ ਅਫਸੋਸ। ੨. ਨਿਧੜਕ. ਖਟਕੇ ਬਿਨਾ. ਦੇਖੋ, ਦਰੇਗ.

ਬੇਦਰੰਗ: ਫ਼ਾ. بیدرنگ ਕ੍ਰਿ. ਵਿ- ਬਿਨਾ ਢਿੱਲ. ਫੌਰਨ. ਤੁਰੰਤ. ਦੇਖੋ, ਦੇਗ ਤੇਗ ਫਤਹ ਅਤੇ ਦਰੰਗ.

ਬੇਦਵਖਾਣਿ: ਵੇਦ ਦੀ ਵ੍ਯਾਖ੍ਯਾ ਕਰਕੇ। ੨. ਵੇਦ ਵ੍ਯਾਖ੍ਯਾਨ ਕਰਤਾ. "ਬੇਦਵਖਾਣਿ ਕਹਹਿ ਇਕੁ ਕਹੀਐ." (ਬਸੰ ਅਃ ਮਃ ੧)

ਬੇਦਵ੍ਯਾਸ: ਦੇਖੋ, ਬਿਆਸ. ੪.

ਬੇਦਾਚਾਰ: ਸੰਗ੍ਯਾ- ਵੇਦ- ਆਚਾਰ. ਦਾਨਾਈ ਦਾ ਵਿਹਾਰ। ੨. ਵੇਦ ਗ੍ਰੰਥਾਂ ਅਨੁਸਾਰ ਕਰਮ.

ਬੇਦਾਣੀ: ਡਿੰਗ. ਵਦਾਣ (ਹਥੌੜਾ) ਰੱਖਣ ਵਾਲਾ, ਲੁਹਾਰ.

ਬੇਦਾਰ: ਫ਼ਾ. بیدار ਵਿ- ਜਾਗਦਾ ਹੋਇਆ। ੨. ਹੋਸ਼ਿਯਾਰ. ਸਾਵਧਾਨ। ੩. ਸੰਗ੍ਯਾ- ਖੇਲ. ਤਮਾਸ਼ਾ. "ਦੁਨੀਆ ਹੁਸ਼ੀਆਰ ਬੇਦਾਰ, ਜਾਗਤ ਮਸੀਅਤ ਹਉ ਰੇ ਭਾਈ." (ਰਾਮ ਕਬੀਰ) ਖੇਲ ਤਮਾਸ਼ੇ ਵਿੱਚ ਹੋਸ਼ਿਆਰ ਦੁਨੀਆਦਾਰੋ ! ਤੁਸੀਂ ਜਾਗਦੇ ਹੀ ਲੁੱਟੀਂਦੇ ਹੋ.

ਬੇਦਾਰੀ: ਫ਼ਾ. بیداری ਸੰਗ੍ਯਾ- ਜਾਗਣ ਦੀ ਹਾਲਤ। ੨. ਗ੍ਯਾਨਅਵਸ੍ਥਾ.

ਬੇਦਾਵਾ: ਸੰਗ੍ਯਾ- ਦਾਵੇ ਦਾ ਤਿਆਗ. ਮਮਤ੍ਵ ਅਭਾਵ। ੨. ਦੇਖੋ, ਮਹਾਂਸਿੰਘ ੩.

ਬੇਦਿਕਾ: ਸੰ. ਵੇਦਿਕਾ. ਸੰਗ੍ਯਾ- ਯਗ੍ਯ ਵਿਆਹ ਆਦਿ ਦੇ ਸਮੇਂ ਮੰਗਲਕਾਰਜਾਂ ਲਈ ਰਚਿਆ ਮੰਡਪ ਅਤੇ ਹੋਮ ਦਾ ਅਸਥਾਨ. ਵੇਦੀ. "ਰੁਚਿਰ ਬੇਦਿਕਾ ਕਰੋ ਸੁਧਾਰਨ." (ਗੁਪ੍ਰਸੂ)

ਬੇਦਿਲ: ਵਿ- ਜਿਸ ਦਾ ਦਿਲ ਟੁੱਟ ਗਿਆ ਹੈ. ਉਦਾਸੀਨ. ਖਿੰਨਚਿੱਤ.

ਬੇਦੀ: ਸੰ. ਬੇਦੀ. ਵੇਦੀ. ਵਿ- ਜਾਣਨ ਵਾਲਾ. ਗਿਆਨੀ। ੨. ਸੰਗ੍ਯਾ- ਛਤ੍ਰੀ (ਕ੍ਸ਼ਤ੍ਰਿਯ) ਜਾਤਿ ਵਿਸ਼ੇਸ਼, ਜਿਸ ਵਿੱਚ ਗੁਰੂ ਨਾਨਕਦੇਵ ਦਾ ਜਨਮ ਹੋਇਆ. ਇਹ ਸੰਗ੍ਯਾ ਵੇਦ- ਪਾਠ ਤੋਂ ਹੋਈ. "ਜਿਨੈ ਬੇਦ ਪਠ੍ਯੋ ਸੁ ਬੇਦੀ ਕਹਾਏ." (ਵਿਚਿਤ੍ਰ) ਦੇਖੋ, ਵੇਦੀਵੰਸ਼। ੩. ਸੰ. ਵੇਦਿ. ਵੇਦਿਕਾ. "ਨਾਭਿਕਮਲ ਮੇ ਬੇਦੀ ਰਚਿਲੇ." (ਆਸਾ ਕਬੀਰ) ੪. ਬਿੰਦੁ (ਵੀਰਯ) ਤੋਂ ਪੈਦਾ ਹੋਇਆ. ਬਿੰਦੀ. "ਨਾਦੀ ਬੇਦੀ ਸਬਦੀ ਮੌਨੀ." (ਸੋਰ ਕਬੀਰ) ਨਾਦੀ, ਬਿੰਦੀ. ਵਕਤਾ ਅਤੇ ਮੌਨੀ.

ਬੇਦੀਂ: ਵੇਦਾਂ ਨੇ. "ਕਥਾ ਕਹਾਣੀ ਬੇਈਂ ਆਣੀ." (ਮਃ ੨. ਵਾਰ ਸਾਰ)

ਬੇਂਦੀ: ਸੰਗ੍ਯਾ- ਵਿੰਦੁ. ਗੋਲਬਿੰਦੁ. ਮੁਸੁਕਭੂਸ਼ਣ ਬਿੰਦੀ. "ਸੁਠ ਮਾਲ ਗਰੇ, ਬੇਂਦੀ ਧਰੇ ਭਾਲ." (ਨਾਪ੍ਰ)

ਬੇਦੀਨ: ਵਿ- ਦੀਨ (ਧਰਮ) ਰਹਿਤ. ਅਧਰਮੀ.

ਬੇਦੁ: ਦੇਖੋ, ਬੇਦ ੨. "ਸਾਸਤੁ ਬੇਦੁ ਬਕੈ ਖੜੋ ਭਾਈ, ਕਰਮ ਕਰਹੁ ਸੰਸਾਰੀ." (ਸੋਰ ਅਃ ਮਃ ੧) ੨. ਸੰ. ਵਿਦੁ (ਵਿਦੁਸ. ) ਗਿਆਨੀ. ਵਿਚਾਰਵਾਨ. "ਅਉਰ ਧਰਮ ਤਾਕੈ ਸਮਿ ਨਾਹਨਿ. ਇਹ ਬਿਧਿ ਬੇਦੁ ਬਤਾਵੈ." (ਸੋਰ ਮਃ ੯)

ਬੇਦੇਸ: ਵਿਦੇਸ਼.

ਬੇਦੇਸਵਾ: ਵਿਦੇਸ਼ ਦਾ. ਵਿਦੇਸੀ। ੨. ਵਿਦੇਸਾਂ ਵਿੱਚ. "ਫਿਰੇ ਸਗਲ ਬੇਦੇਸਵਾ." (ਭੈਰ ਨਾਮਦੇਵ)

ਬੇਦੰ: ਵੇਧਨ. "ਯੁਧਿਸਟਰੰ ਸਕਤਿਬੇਦੰ." (ਗ੍ਯਾਨ) ਬਰਛੀ ਨਾਲ ਵੇਧਨ ਹੋਇਆ। ੨. ਵੇਦਨ. ਪੀੜਾ. "ਗਿਰ੍ਯੋ ਜੁੱਧਭੂਮੰ ਬਲੀ ਭੂਪ ਬੇਦੰ." (ਗ੍ਯਾਨ) ੩. ਦੇਖੋ, ਵੇਦ੍ਯ.

ਬੇਧ: ਸੰ. ਵੇਧ ਸੰਗ੍ਯਾ- ਸੁਰਾਖ਼. ਛਿਦ੍ਰ. ਛੇਕ। ੨. ਵਿੰਨ੍ਹਣਾ. ਵੇਧਨ। ੩. ਡਿੰਗ. ਯੁੱਧ. ਜੰਗ.

ਬੇਧਕ: ਸੰ. ਵੇਧਕ. ਵਿ- ਵੇਧ (ਛੇਦ) ਕਰਨ ਵਾਲਾ. ਵਿੰਨ੍ਹਣ ਵਾਲਾ। ੨. ਨਸ਼ਾਨਾ ਫੁੰਡਣ ਵਾਲਾ। ੩. ਸੰਗ੍ਯਾ- ਕਪੂਰ. ਕਾਫੂਰ.

ਬੇਧਨ: ਸੰ. ਵੇਧਨ. ਵੇਧ (ਛੇਕ) ਕਰਨਾ. ਵਿੰਨ੍ਹਣਾ.

ਬੇਧੜਕ: ਵਿ- ਜਿਸ ਨੂੰ ਧੜਕਾ ਨਹੀਂ ਬੇਖ਼ੌਫ਼. ਨਿਡਰ। ੨. ਨਿਸ਼੍ਚਿਤ. ਬੇਫਿਕਰ.

ਬੇਧਾ: ਸੰ. वेधस्- ਵੇਧਸ੍. ਸੰਗ੍ਯਾ- ਰਚਣ ਵਾਲਾ, ਬ੍ਰਹਮਾ.

ਬੇਧਿਓ, ਬੇਧਿਆ: ਵਿੱਧ ਹੋਇਆ. ਪਰੋਇਆ. ਵਿੰਨ੍ਹਿਆਂ। ੨. ਜੁੜਿਆ. ਸੀੱਤਾ. "ਮਨੁ ਬੇਧਿਆ ਦਇਆਲੁ ਸੇਤੀ." (ਬਿਲਾ ਮਃ ੧)

ਬੇਧੀ: ਵੇਧਨ ਕੀਤੀ। ੨. ਵੇਦਨ (ਵਿਆਹ) ਕੀਤੀ. ਵਿਆਹੀ. "ਰੂਪਕੰਨਿਆ ਸੁੰਦਰਿ ਬੇਧੀ." (ਆਸਾ ਕਬੀਰ)

ਬੇਧੀਅਲੇ: ਵੇਧਨ ਕੀਤੇ ਹਨ. "ਬੇਧੀਅਲੇ ਚਕ੍ਰ ਭੁਅੰਗਾ." (ਰਾਮ ਕਬੀਰ) ਭੁਜੰਗਮਾ ਨਾੜੀ ਵਿੱਚ ਪ੍ਰਾਣਾਂ ਦਾ ਸੰਚਾਰ ਕਰਕੇ ਚਕ੍ਰ ਵੇਧਨ ਕੀਤੇ ਹਨ. ਦੇਖੋ, ਖਟਚਕ੍ਰ.

ਬੇਧੀਐ: ਵੇਧਨ. ਕਰੀਐ. ਵਿੰਨ੍ਹੀਏ.

ਬੇਨ: ਸੰ. ਵੇਣੁ. ਬਾਂਸ. "ਬੇਨ ਬਿਰਛ ਕੇ ਖਰੇ ਸਮੂਹਾ." (ਨਾਪ੍ਰ) ੨. ਸੰ. ਵੀਣਾ. ਤੰਤੀ. "ਹਥਿ ਕਰਿ ਤੰਤੁ ਬਜਾਵੈ ਜੋਗੀ ਥੋਥਰ ਬਾਜੈ ਬੇਨ." (ਆਸਾ ਮਃ ੪) ੩. ਦੇਖੋ, ਬੇਣ ਅਤੇ ਬੈਨੁ.

ਬੇਨਗੂੰ: ਫ਼ਾ. بےنگوُں ਵਿ- ਬਿਨਾ ਕਜ. ਜਿਸ ਵਿੱਚ ਨਗੂੰ (ਖ਼ਮ) ਨਹੀਂ.

ਬੇਨਜਰ: ਵਿ- ਬਿਨਾ ਨਜਰ (ਦ੍ਰਿਸ਼੍ਟਿ). ਅੰਨ੍ਹਾ. ਭਾਵ- ਗਿਆਨਦ੍ਰਿਸ਼੍ਟਿ ਬਿਨਾ. "ਬੇਨਜਰ ਬੇਬਾਕ." (ਤਿਲੰ ਮਃ ੧)

ਬੇਨਜੀਰ: ਫ਼ਾ. بینظیر ਬੇਨਜੀਰ. ਵਿ- ਜਿਸ ਦੀ ਨਜੀਰ (ਮਿਸਾਲ) ਨਹੀਂ. ਅਦ੍ਵਿਤੀਯ. ਲਾਸਾਨੀ. ਅਨੁਪਮ.

ਬੇਨਤੀ: ਸੰ. ਵਿਨਤਿ. ਸੰਗ੍ਯਾ- ਪ੍ਰਣਾਮ. ਨਮਸਕਾਰ। ੨. ਵਿਨਯ. ਪ੍ਰਾਰਥਨਾ। ੩. ਨੰਮ੍ਰਤਾ. ਹਲੀਮੀ.

ਬੇਨਤੀ ਚੌਪਈ: ਦਸਮਗ੍ਰੰਥ ਵਿੱਚ ੪੦੫ ਵੇਂ ਚਰਿਤ੍ਰ ਦੇ ਅੰਤ, ਪ੍ਰਾਰਥਨਾਰੂਪ ਚੌਪਈ ਛੰਦਾਂ ਦਾ ਸਤੋਤ੍ਰ, ਜੋ "ਕਵਿਉਵਾਚ ਬੇਨਤੀ ਚੌਪਈ." ਸਿਰਲੇਖ ਤੋਂ ਆਰੰਭ ਹੁੰਦਾ ਹੈ. ਦੇਖੋ, ਚੌਪਈ ੨.

ਇਸ ਦੇ ਅੰਤ ਮਹਾਤਮ ਲਿਖਿਆ ਹੈ-

"ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ।

ਹੋ ! ਜੋ ਯਾਂਕੀ ਇਕਬਾਰ ਚੌਪਈ ਕੋ ਕਹੈ."

ਬੇਨਮੂੰ: ਫ਼ਾ. ਵਿ- ਜਿਸ ਦਾ ਨਮੂਨਾ ਨਹੀਂ. ਅਦ੍ਵਿਤੀਯ. ਬੇਮਿਸਲ.

ਬੇਨਵਾ: ਫ਼ਾ. بینوا ਵਿ- ਨਵਾ (ਸਾਮਾਨ) ਬਿਨਾ. ਕੰਗਾਲ. ਨਿਰਧਨ। ੨. ਸੰਗ੍ਯਾ- ਮੁਸਲਮਾਨ ਫਕੀਰਾਂ ਦਾ ਇੱਕ ਫਿਰਕਾ. ਜੋ ਸ਼ਰਾ ਦਾ ਪੂਰਾ ਪਾਬੰਦ ਨਹੀਂ. ਇਸ ਦਾ ਮੁੱਖ ਆਚਾਰਯ ਖ਼੍ਵਾਜਾ ਹਸਨ ਬਸਰੀ ਹੋਇਆ ਹੈ. "ਬਕੈ ਬੇਨਵਾ ਬਾਹਰ ਖਰਜੋ." (ਗੁਪ੍ਰਸੂ)

ਬੇਨਾਧਾ: ਵਿ- ਵਿਨਾਸ਼ ਹੋਣ ਵਾਲਾ. "ਰਵਿ ਸਸੀਅਰ ਬੇਨਾਧਾ." (ਸਾਰ ਮਃ ੫)

ਬੇਨਿਆਜ਼: ਫ਼ਾ. بےنزاز ਨਯਾਜ਼ (ਪਰਵਾ) ਰਹਿਤ. ਇੱਛਾ ਰਹਿਤ.

ਬੇਨਿਵਾਜ: ਵਿ- ਜੋ ਨਮਾਜ਼ ਨਹੀਂ ਪੜ੍ਹਦਾ. ਜੋ ਈਸ਼੍ਵਰ ਅੱਗੇ ਪ੍ਰਾਰਥਨਾ ਨਹੀਂ ਕਰਦਾ. "ਬੇਨਿਵਾਜਾਂ ਤੇ ਸਗ ਭਲੇ." (ਜਸਾ)

ਬੇਨੀ: ਦੇਖੋ, ਬੇਣੀ। ੨. ਚੋਟੀ ਸ਼ਿਖਾ. "ਬੇਨੀ ਕੇ ਮੁੰਡਾਏ ਕਹਾਂ, ਕਾਸੀ ਕੇ ਬਸਾਏ ਕਹਾਂ ?" (ਹੰਸਰਾਮ) ੩. ਗੁੱਤ. "ਬੇਨੀ ਰੁਚਿਰ

ਸਵਾਰੀ." (ਨਾਪ੍ਰ)

ਬੇਨੁ: ਸੰ. ਵੇਣੁ. ਸੰਗਯਾ- ਬਾਂਸ। ੨. ਬਾਂਸ ਦੀ ਬਣੀ ਬੰਸਰੀ. ਮੁਰਲੀ. "ਬੇਨੁ ਬਜਾਵੈ ਗੋਧਨੁ ਚਰੈ." (ਮਾਲੀ ਨਾਮਦੇਵ)

ਬੇਨੰਤੀ: ਵਿਨਯ. ਪ੍ਰਾਰਥਨਾ. ਦੇਖੋ, ਬੇਨਤੀ. "ਤਿਸੁ ਆਗੈ ਕਰਿ ਬੇਨੰਤੀ." (ਮਾਰੂ ਸੋਲਹੇ ਮਃ ੪)

ਬੇਪਰ: ਵਿ- ਪਰ (ਪੰਖ) ਬਿਨਾ. ਪਕ੍ਸ਼ ਰਹਿਤ। ੨. ਸਹਾਇਤਾ ਬਿਨਾ. ਜਿਸ ਦਾ ਕੋਈ ਸਹਾਇਕ ਨਹੀਂ.

ਬੇਪਰਦ, ਬੇਪਰਦਾ: ਵਿ- ਪਰਦਾ (ਪੜਦਾ) ਰਹਿਤ. ਬੇਪੜਦ। ੨. ਨੰਗਾ.

ਬੇਪਰਵਾ, ਬੇਪਰਵਾਹ: ਫ਼ਾ. ਵਿ- ਪਰਵਾ (ਇੱਛਾ) ਰਹਿਤ. "ਬੇ ਪਰਵਾਹ ਸਦਾ ਰੰਗ ਹਰਿ ਕੈ." (ਟੋਡੀ ਮਃ ੫) ੨. ਭੈ ਰਹਿਤ. ਨਿਡਰ.

ਬੇਪੀਰ: ਵਿ- ਨਿਗੁਰਾ. ਜੋ ਪੀਰ ਨਹੀਂ ਰਖਦਾ। ੨. ਜੋ ਦੂਜੇ ਦੀ ਪੀੜ ਨੂੰ ਅਨੁਭਵ ਨਹੀਂ ਕਰਦਾ.

ਬੇਪੀਰਿ: ਵਿ- ਨਿਗੁਰੀ. "ਸੁਨਿ ਅੰਧਲੀ ਲੋਈ ਬੇਪੀਰਿ." (ਗੌਂਡ ਕਬੀਰ) ੨. ਨਿਗੁਰੇ ਨੇ.

ਬੇਬ: ਸੰਗਯਾ- ਬੇਬੇ. ਬੋਬੋ. ਭੈਣ. ਮਾਂ. "ਤੀਜੇ ਭਯਾ ਭਾਭੀ ਬੇਬ." (ਮਃ ੧. ਵਾਰ ਮਾਝ)

ਬੇਬਸ: ਵਿਵਸ਼. ਲਾਚਾਰ. ਮਜਬੂਰ। ੨. ਪਰਾਧੀਨ.

ਬੇਬਹਰ: ਫ਼ਾ. بیبہر ਵਿ- ਅਭਾਗੀ। ੨. ਖ਼ਾਲੀ ਰਿਹਾ ਹੋਇਆ. ਦੇਖੋ, ਬਹਰਹ.

ਬੇਬਹਾ: ਫ਼ਾ. بیبہا ਵਿ- ਬਹਾ (ਮੁੱਲ) ਰਹਿਤ. ਅਮੂਲ੍ਯ. ਅਮੋਲਕ. "ਚੁਗਤ ਮੁਕਤਾ ਬੇਬਹਾ." (ਸਲੋਹ) ਅਮੋਲਕ ਮੋਤੀ ਚੁਗਦਾ ਹੈ.

ਬੇਬਹਾਰ: ਫ਼ਾ. بیبہار ਵਿ ਬੇਮੌਸਮਾ. ਕੁਰੁੱਤਾ.

ਬੇਬਰਜਤ: ਦੇਖੋ, ਬਿਬਰਜਿਤ. "ਬੇਬਰਜਤ ਬੇਦ ਸੰਤਨਾ, ਉਆਹੂ ਸਿਉ ਰੇ ਹਿਤਨੋ." (ਗਉ ਮਃ ੫)

ਬੇਬਾ: ਸੰਗਯਾ- ਬੇਬੇ. ਭੈਣ. "ਸੰਗਿ ਨ ਕੋਈ ਭਈਆ ਬੇਬਾ." (ਮਾਰੂ ਅੰਜੁਲੀ ਮਃ ੫)

ਬੇਬਾਕ: ਵਿ- ਹਿਸਾਬ ਤੋਂ ਬਰੀ ਅਤੇ ਨਿਰਭੈ ਦੇਖੋ, ਬਿਬਾਕ. "ਬੇਨਜਰ ਬਬਾਕ." (ਤਿਲੰ ਮਃ ੧)

ਬੇਬਾਣ: ਦੇਖੋ, ਬੀਆਬਾਨ. "ਛੁਟੈਗੀ ਬੇਬਾਣਿ." (ਸ੍ਰੀ ਮਃ ੧) ਦੇਹ ਉਜਾੜ ਵਿੱਚ ਛੱਡੀ ਜਾਊਗੀ। ੨. ਦੇਖੋ, ਵਿਮਾਨ.

ਬੇਬਾਣਿ: ਬੀਆਬਾਨ ਵਿੱਚ. ਦੇਖੋ, ਬੇਬਾਣ ੧.

ਬੇਬਾਣੀ: ਵਿ- ਬੀਆਬਾਨ ਵਿੱਚ ਰਹਿਣ ਵਾਲਾ ਜੰਗਲ ਨਿਵਾਸੀ। ੨. ਉਜਾੜ ਵਿੱਚ। ੩. ਸੰਗਯਾ- ਔਰੀ. ਉਜਾੜ ਅਤੇ ਸ਼ਮਸ਼ਾਨ ਵਿੱਚ ਰਹਿਣ ਵਾਲਾ ਵਾਮ ਮਾਰਗੀ. "ਰਹੈ ਬੇਬਾਣੀ ਮੜੀ ਮਸਾਣੀ." (ਵਾਰ ਆਸਾ)

ਬੇਬਾਣੁ: ਦੇਖੋ, ਬੇਬਾਣ। ੨. ਵਿਮਾਨ ਦੀ ਨਕਲ ਮੁਰਦੇ ਲਈ ਬਣਾਈ ਅਰਥੀ. "ਬੇਬਾਣੁ ਹਰਿਰੰਗ ਗੁਰਿ ਭਾਵਏ." (ਸਦੂ) ਸਤਿਗੁਰੂ ਨੂੰ ਹਰਿਪ੍ਰੇਮ ਰੂਪ ਵਿਮਾਨ ਭਾਉਂਦਾ ਹੈ.

ਬੇਬਾਣੈ: ਬੀਆਬਾਨ ਵਿੱਚ ਰਹਿਣ ਤੋਂ. "ਨਾਮ ਬਿਨਾ ਗਤਿ ਕੋਇ ਨ ਪਾਵੈ ਹਠ ਨਿਗ੍ਰਹਿ ਬੇਬਾਣੈ." (ਗਉ ਛੰਤ ਮਃ ੧)

ਬੇਬੇ: ਸੰਗਯਾ- ਭੈਣ। ੨. ਮਾਤਾ.

ਬੇਮਹਾਬ: ਫ਼ਾ. بےمہاب ਵਿ- ਜੋ ਮੁਹਾਬ (ਭਯਾਨਕ) ਨਹੀਂ। ੨. ਨਿਰਭੈ. ਬੇਖ਼ੌਫ.

ਬੇਮੁਹਤਾਜ: ਵਿ- ਜੋ ਹਾਜਤਮੰਦ ਨਹੀ। "ਬੇਮੁਹਤਾਜ ਪੂਰਾ ਪਾਤਸਾਹੁ." (ਗਉ ਮਃ ੫) ਦੇਖੋ, ਮੁਹਤਾਜ.

ਬੇਮੁਖ: ਦੇਖੋ, ਵਿਮੁਖ.

ਬੇਮੁਖਾਈ: ਸੰਗਯਾ- ਵਿਮੁਖਤਾ. "ਜਿਹ ਪ੍ਰਭੂ ਵਿਸਾਰਿ ਗੁਰੁ ਤੇ ਬੇਮੁਖਾਈ, ਤੇ ਨਰਕ ਘੋਰ ਮਹਿ ਪਰਿਆ." (ਸੋਰ ਮਃ ੫)

ਬੇਮੁਤਾਜ: ਦੇਖੋ, ਬੇਮੁਹਤਾਜ ਅਤੇ ਮੁਤਾਜ.

ਬੇਰ: ਸੰ. ਬਦਰ ਅਤੇ ਬਦਰੀ. ਸੰਗਯਾ- ਬੇਰੀ ਦਾ ਬਿਰਛ ਅਤੇ ਫਲ। ੨. ਰੱਸਾ. ਫੰਧਾ. ਦੇਖੋ, ਬੇੜ. "ਬੇਰ ਬਨੇ ਤਿਨ ਨੇਤ੍ਰਨ ਕੇ." (ਕ੍ਰਿਸਨਾਵ) ੩. ਚਿਰ. ਦੇਰ. ਢਿੱਲ। ੪. ਵੇਲਾ. ਸਮਾਂ. "ਬਿਸਰ ਨ ਕਾਹੂ ਬੇਰੇ." (ਬਿਲਾ ਮਃ ੫) ੫. ਸੰ. ਸ਼ਰੀਰ. ਦੇਹ. ਦੇਖੋ, ਕੁਬੇਰ.

ਬੇਰਸਾਹਿਬ: ਉਹ ਬੇਰੀ, ਜਿਸ ਨਾਲ ਗੁਰੂ ਸਾਹਿਬਾਨ ਦਾ ਸੰਬੰਧ ਹੈ। ੨. ਸੁਲਤਾਨਪੁਰ ਵਿੱਚ ਵੇਈਂ ਦੇ ਕਿਨਾਰੇ ਇੱਕ ਬੇਰੀ, ਜਿਸ ਹੇਠ ਗੁਰੂ ਨਾਨਕਦੇਵ ਜੀ ਇਸਨਾਨ ਕਰਨ ਵੇਲੇ ਵਸਤ੍ਰ ਉਤਾਰਕੇ ਰਖਦੇ ਅਤੇ ਕੁਝ ਸਮਾਂ ਬੈਠਿਆ ਕਰਦੇ ਸਨ. ਦੇਖੋ, ਸੁਲਤਾਨਪੁਰ। ੩. ਦੇਖੋ, ਬੇਰੀਸਾਹਿਬ ਨੰ. ੩। ੪. ਸਿਆਲਕੋਟ ਵਿੱਚ ਇੱਕ ਬੇਰੀ, ਜਿਸ ਹੇਠ ਗੁਰੂ ਨਾਨਕ ਦੇਵ ਜੀ ਵਿਰਾਜੇ. ਮਰਦਾਨੇ ਨੂੰ ਇਸੇ ਥਾਂ ਤੋਂ ਸੱਚ ਅਤੇ ਝੂਠ ਖਰੀਦਣ ਸਿਆਲਕੋਟ ਸ਼ਹਿਰ ਭੇਜਿਆ ਸੀ. ਮੂਲਾ ਕਿਰਾੜ ਇੱਥੇ ਹੀ ਗੁਰੁਸਾਹਿਬ ਦਾ ਸਿੱਖ ਹੋਇਆ. ਇਹ ਗੁਰਦ੍ਵਾਰਾ ਸ਼ਹੀਦ ਨੱਥਾਸਿੰਘ ਜੀ ਨੇ ਵਡੇ ਪ੍ਰੇਮ ਨਾਲ ਸੁੰਦਰ ਬਣਵਾਇਆ[899] ਅਤੇ ਆਪਣੀ ਅੱਠ ਹਜਾਰ ਦੀ ਜਾਗੀਰ ਬੇਰਸਾਹਿਬ ਦੇ ਨਾਮ ਲਾਈ, ਜੋ ਹੁਣ ਤੁਕ ਜਾਰੀ ਹੈ. ਦਰਬਾਰ ਨਾਲ ਅੱਠ ਘਮਾਉਂ ਜਮੀਨ ਹੈ. ਜਿਸ ਵਿੱਚ ਬਾਗ ਅਤੇ ਸੁੰਦਰ ਤਾਲ ਹੈ. ਇਸੇ ਅਹਾਤੇ ਅੰਦਰ ਹੀ ਨੱਥਾਸਿੰਘ ਜੀ ਦਾ ਸ਼ਹੀਦਗੰਜ ਹੈ. ਇੱਕ ਬਹੁਤ ਚੌੜਾ ਸੁੰਦਰ ਖੂਹ ਧਰਮਵੀਰ ਨੱਥਾਸਿੰਘ ਜੀ ਦਾ ਲਗਵਾਇਆ ਹੋਇਆ ਗੁਰਦ੍ਵਾਰੇ ਪਾਸ ਹੈ, ਜਿਸ ਤੇ ਕਈ ਹਰਟ ਚਲ ਸਕਦੇ ਹਨ. ੧੦. ਮੁਰੱਬੇ ਜਮੀਨ ਜਿਲਾ ਲਾਯਲਪੁਰ ਵਿੱਚ ਗੁਰਦ੍ਵਾਰੇ ਵੱਲੋਂ ਖਰੀਦੀ ਗਈ ਹੈ. ਵੈਸਾਖੀ ਅਤੇ ਬਸੰਤਪੰਚਮੀ ਨੂੰ ਮੇਲਾ ਹੁੰਦਾ ਹੈ. ਗੁਰਦ੍ਵਾਰਾ ਬੇਰਸਾਹਿਬ ਦਾ ਪ੍ਰਬੰਧ ਲੋਕਲ ਕਮੇਟੀ ਦੇ ਹੱਥ ਹੈ। ੫. ਸਿਆਲਕੋਟ ਤੋਂ ਚਾਰ ਕੋਹ ਪੱਛਮ ਸਾਹੋਵਾਲ ਪਿੰਡ ਵਿੱਚ ਇੱਕ ਬੇਰੀ, ਜਿਸ ਹੇਠ ਗੁਰੂ ਨਾਨਕਦੇਵ ਜੀ ਬੈਠੇ ਸਨ.

ਬੇਰਹਮ: ਵਿ- ਜੋ ਰਹ਼ਮ (ਕ੍ਰਿਪਾ) ਨਹੀਂ ਰਖਦਾ. ਨਿਰਦਯ.

ਬੇਰਕਟਾ, ਬੇਰਕਟੀ: ਵਿ- ਮਹਾਰਾਸ਼ਟ੍ਰੀ ਭਾਸ਼ਾ ਵਿੱਚ ਰਕਟਾ ਦਾ ਅਰਥ ਹੈ ਕੰਬਲ ਦਾ ਟੁਕੜਾ. ਚੀਥੜਾ. ਪਾਂਟੀ ਲੀਰ. ਜਿਸ ਪਾਸ ਪਹਿਰਣ ਨੂੰ ਪਾਟਿਆ ਚੀਥੜਾ ਭੀ ਨਾ ਹੋਵੇ, ਉਹ ਬੇਰਕਟਾ ਹੈ. "ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ." (ਦੇਵ ਮਃ ੪) ੨. ਸੰ. ਵਿਕ੍ਰਿਤ. ਵਿਕਾਰ ਨੂੰ ਪ੍ਰਾਪਤ ਹੋਇਆ.

ਬੇਰਕਤ: ਦੇਖੋ, ਬਿਰਕਤ.

ਬੇਰਵਾ: ਸੰਗਯਾ- ਵਜੋਰਾ. ਵ੍ਰਿੱਤਾਂਤ। ੨. ਪਤਾ. ਨਿਸ਼ਾਨ। ੩. ਭੇਤ। ੪. ਬਾਤ ਦਾ ਨਿਰਣਾ.

ਬੇਰੜਾ: ਸੰ. ਵੇਰਟ. ਵਿ- ਮਿਸ਼੍ਰਿਤ. ਮਿਲਿਆ ਹੋਇਆ। ੨. ਸੰਗਯਾ- ਜੌਂ ਅਤੇ ਛੋਲੇ ਮਿਲੇ ਹੋਏ ਅੰਨ। ੩. ਖਤ੍ਰੀਆਂ ਦੀ ਇੱਕ ਜਾਤਿ। ੪. ਵਿ- ਦੋਗਲਾ. ਜੋ ਦੋ ਕੁਲਾਂ ਤੋਂ ਹੋਵੇ. ਜਿਸ ਦੇ ਮਾਂ ਬਾਪ ਇੱਕ ਕੁਲ ਦੇ ਨਹੀਂ। ੫. ਜਾਰ ਤੋਂ ਪੈਦਾ ਹੋਇਆ ਪੁਤ੍ਰ.

ਬੇਰਾ: ਸੰਗਯਾ- ਵੇਲਾ. ਸਮਯ. "ਉਹ ਬੇਰਾ ਨਹ ਬੂਝੀਐ ਜਉ ਆਇਪਰੈ ਜਮਫੰਧੁ." (ਬਾਵਨ) ੨. ਚਿਰ. ਦੇਰ। ੩. ਦੇਖੋ, ਬੇੜਾ. "ਗੁਰੁ ਕੋ ਸਬਦ ਕਰਯੋ ਬਡ ਬੇਰਾ। ਭਏ ਪਾਰ ਸਗਰੇ ਬਿਨ ਬੇਰਾ." (ਗੁਪ੍ਰਸੂ)

ਬੇਰਾਰ: ਦੇਖੋ, ਬਰਾਰ ੩.

---

[899] ਇਸ ਗੁਰਦ੍ਵਾਰੇ, ਮਹੰਤ ਪ੍ਰੇਮ ਸਿੰਘ ਜੀ ਪਾਸ ਰਹਿਕੇ ਗਿਆਨੀ ਗਿਆਨ ਸਿੰਘ ਜੀ ਨੇ "ਤਵਾਰੀਖ ਖਾਲਸਾ" ਲਿਖੀ ਹੈ.

ਬੇਰਾਵੈ: ਵਿਰਾਉਂਦੀ ਅਥਵਾ ਵਿਰਾਉਂਦਾ (ਦਿਲਾਸਾ ਦਿੰਦਾ) ਹੈ. "ਮੁਖਿ ਬੇਰਾਵੈ, ਅੰਤਿ ਠਗਾਵੈ." (ਰਾਮ ਮਃ ੫) ਦੇਖੋ, ਬਿਰਾਉਣਾ.

ਬੇਰਿ: ਸੰ. ਬਦਰੀ. "ਕੇਲੇ ਨਿਕਟਿ ਜੁ ਬੇਰਿ." (ਸ. ਕਬੀਰ) ੨. ਦੇਰੀ. ਚਿਰ. ਦੇਖੋ, ਬੇਰੀ ੫.

ਬੇਰਿਯਾ: ਸੰਗ੍ਯਾ- ਬੇੜੀ. ਪਗਬੰਧਨ। ੨. ਨੌਕਾ. ਕਿਸ਼ਤੀ.

ਬੇਰਿਯਾਰ: ਸੰਗ੍ਯਾ- ਬੇੜੀਵਾਲਾ, ਮਲਾਹ. "ਬੇਰਿਯਾਰ ਅਪਨੇ ਬਸਿ ਕੀਨੋ." (ਚਰਿਤ੍ਰ ੧੯੮)

ਬੇਰੀ: ਸੰ. ਬਦਰੀ Zizyphus jujuba "ਤਿਸ ਥਲ ਸ੍ਰੀ ਨਾਨਕ ਕੀ ਬੇਰੀ." (ਗੁਪ੍ਰਸੂ) ੨. ਦੇਖੋ, ਬੇੜੀ. "ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੇਦਿਖਲਾਸੁ." (ਮਾਰੂ ਮਃ ੫) ੩. ਵਾਰੀ, ਦਫ਼ਹ. "ਵਾਰਿਜਾਉ ਲਖਬੇਰੀਆ." (ਮਾਝ ਬਾਰਹਮਾਹਾ) ੪. ਨੌਕਾ. ਕਿਸ਼ਤੀ. "ਬੇਰੀ ਏਕ ਬੈਠ ਸੁਖ ਕੀਜੈ." (ਚਰਿਤ੍ਰ ੧੯੮) ੫. ਚਿਰ. ਦੇਰੀ. "ਸਤਗੁਰ, ਮਮ ਬੇਰੀ ਕਟੋ ਨਿਜ ਬੇਰੀ ਪਰ ਚਾਰੁ। ਇਹ ਬੇਰੀ ਹੁਇ ਭਵ ਸਫਲ ਬਿਨ ਬੇਰੀ ਕਰ ਪਾਰ." (ਨਾਪ੍ਰ) ੬. ਖਤ੍ਰੀਆਂ ਦੀਆਂ ਪੰਜ ਜਾਤਾਂ ਵਿੱਚੋਂ ਇੱਕ ਗੋਤ੍ਰ. "ਮੂਲਾ ਬੇਰੀ ਜਾਣੀਐ." (ਭਾਗੁ) ੭. ਜੜੀਏ ਜੱਟਾਂ ਦੀ ਇੱਕ ਜਾਤਿ। ੮. ਫ਼ਾ. بیری ਸੇਜਾ. "ਨਾਰੀ ਬੇਰੀ[900] ਘਰ ਦਰ ਦੇਸ। ਮਨ ਕੀ ਖੁਸੀਆ ਕੀਚਹਿ ਵੇਸ." (ਪ੍ਰਭਾ ਮਃ ੧) ਵਹੁਟੀ, ਸੇਜਾ, ਮਹਿਲ, ਮੁਲਕ। ੯ ਗਲੀਚਾ. ਕ਼ਾਲੀਨ.

ਬੇਰੀਸਾਹਿਬ: ਦੇਖੋ, ਬੇਰਸਾਹਿਬ। ੨. ਜਿਲਾ ਤਸੀਲ ਲਹੌਰ, ਥਾਣਾ ਬਰਕੀ ਦਾ ਪਿੰਡ "ਖਰਕ" ਹੈ, ਜੋ ਰੇਲਵੇ ਸਟੇਸ਼ਨ ਅਟਾਰੀ ਤੋਂ ਤਿੰਨ ਮੀਲ ਦੱਖਣ ਹੈ. ਇਸ ਪਿੰਡ ਤੋਂ ਪੂਰਵ ਇੱਕ ਫਰਲਾਂਗ ਦੇ ਕਰੀਬ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ "ਬੇਰੀ ਸਾਹਿਬ" ਹੈ. ਸਤਿਗੁਰੂ ਜੀ ਪਢਾਣੇ ਤੋਂ ਇੱਥੇ ਆਏ ਅਰ ਬੇਰੀ ਨਾਲ ਘੋੜਾ ਬੱਧਾ. ਇਸ ਬੇਰੀ ਤੋਂ ੨੦. ਕਰਮ ਪੁਰ ਗੁਰੂ ਜੀ ਦੇ ਬੈਠਣ ਦੇ ਥਾਂ ਕੱਚਾ ਦਮਦਮਾ ਹੈ ਅਰ ਉਹ ਖੂਹ ਭੀ ਪਾਸ ਹੈ, ਜਿਸ ਤੋਂ ਸਤਿਗੁਰਾਂ ਨੇ ਜਲ ਛਕਿਆ ਸੀ. ਪੁਜਾਰੀ ਸਿੰਘ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਨਿੱਤ ਪ੍ਰਕਾਸ਼, ਅਤੇ ਕੀਰਤਨ ਹੁੰਦਾ ਹੈ, ਪੋਹ ਸੁਦੀ ੭. ਨੂੰ ਮੇਲਾ ਜੁੜਦਾ ਹੈ। ੩. ਜਿਲਾ ਲੁਦਿਆਨਾ, ਤਸੀਲ ਜਗਰਾਉਂ, ਥਾਣਾ ਰਾਇਕੋਟ ਦਾ ਪਿੰਡ ਸੀਲੋਆਣਾ ਹੈ. ਜੋ ਰੇਲਵੇ ਸਟੇਸ਼ਨ ਜਗਰਾਉਂ ਤੋਂ ੯. ਮੀਲ ਦੱਖਣ ਪੂਰਵ ਹੈ. ਇਸ ਪਿੰਡ ਤੋਂ ਚੜ੍ਹਦੇ ਵੱਲ ਇੱਕ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਇੱਥੇ ਬੇਰੀ ਹੇਠ ਗੁਰੂ ਸਾਹਿਬ ਵਿਰਾਜੇ ਸਨ. ਇਸੇ ਥਾਂ ਰਾਇਕਲ੍ਹਾ ਗੁਰੂ ਜੀ ਨੂੰ ਮਿਲਿਆ ਅਤੇ ਆਪਣੇ ਨਾਲ ਰਾਇਕੋਟ ਲੈ ਗਿਆ.

ਛੋਟਾ ਜਿਹਾ ਗੁੰਬਜਦਾਰ ਦਰਬਾਰ ਬਣਿਆ ਹੋਇਆ ਹੈ. ਗੁਰਦ੍ਵਾਰੇ ਨਾਲ ੮. ਵਿੱਘੇ ਜ਼ਮੀਨ ਹੈ. ਲੰਗਰ ਅਤੇ ਰਹਾਇਸ਼ ਦਾ ਪ੍ਰਬੰਧ ਬਹੁਤ ਚੰਗਾ ਹੈ. ਅਕਾਲੀ ਸਿੰਘ ਪੁਜਾਰੀ ਹੈ. ਹਰ ਪੂਰਣਮਾਸੀ ਨੂੰ ਮੇਲਾ ਹੁੰਦਾ ਹੈ.

ਬੇਰੂੰ: ਫ਼ਾ. بیروں ਵਿ- ਵਾਹ੍ਯ. ਬਾਹਰ ਦਾ। ੨. ਕ੍ਰਿ. ਵਿ- ਬਾਹਰ। ੩. ਬਗੈਰ. ਬਿਨਾ.

ਬੇਰ੍ਹੇ: ਵਿ- ਵੇਸ਼੍ਟਿਤ. ਲਿਪਟੇ ਹੋਏ. "ਮੈਲਾਗਰ ਬੇਰ੍ਹੇ ਹੈਂ. ਭੁਇਅੰਗਾ." (ਗੂਜ ਰਵਿਦਾਸ) ਦੇਖੋ, ਬੇੜਨਾ.

ਬੇਲ: ਸੰਗ੍ਯਾ- ਤਿੱਗ. ਧੜ. ਮੋਢੇ ਤੋਂ ਲੈ ਕੇ ਕਮਰ ਤੀਕ ਦਾ ਸ਼ਰੀਰ ਦਾ ਭਾਗ. "ਲਾਂਗੁਲ ਸਹਿਤ ਸੁ ਲੰਬੀ ਬੇਲ." (ਗੁਪ੍ਰਸੂ) ੨. ਲੋਹੇ ਦਾ ਲੰਮਾ ਸੰਗੁਲ. ਲੰਮਾ ਜੰਜੀਰ. "ਬੇਲ ਸੰਗ ਤਿੰਹ ਬੰਧਨ ਕਰਜੋ." (ਸਲੋਹ) ੩. ਗਵੈਯੇ ਨਟ ਆਦਿ ਦਾ ਉਹ ਪਾਤ੍ਰ. ਜਿਸ ਵਿੱਚ ਲੋਕ ਇਨਾਮ ਦਾ ਧਨ ਪਾਉਂਦੇ ਹਨ. "ਵਾਰਤ ਵਬੁ ਡਾਰਤ ਬਹੁ ਬੇਲ." (ਗੁਪ੍ਰਸੂ) ੪. ਸੰ. ਵੱਲੀ. ਲਤਾ. "ਜੰਗਲ ਮਧੇ ਬੇਲਗੋ." (ਟੋਡੀ ਨਾਮਦੇਵ) "ਉਠਿ ਬੈਲ ਗਏ ਚਰਿ ਬੇਲ." (ਆਸਾ ਮਃ ੪) ਨਵੀਂ ਬਿਜਾਈ ਲਈ ਖੂਹ ਜੋਤਦੇ ਹਨ, ਪਰ ਪਹਿਲੀ ਬੇਲਾਂ ਨੂੰ ਉੱਠਕੇ ਬਲਦ ਚਰਗਏ. ਭਾਵ- ਮੁਕਤਿ ਦੇ ਸਾਧਨਾਂ ਦਾ ਜਤਨ ਕਰਦੇ ਹਨ, ਪਰ ਕਾਮਾਦਿ ਵਿਕਾਰ ਸਾਰੇ ਪੁੰਨਕਰਮਾਂ ਨੂੰ ਮਿਟਾ ਦਿੰਦੇ ਹਨ। ੫. ਸੰਤਾਨਰੂਪ ਫਲ ਦੇਣ ਕਾਰਣ ਇਸਤ੍ਰੀ ਨੂੰ ਭੀ ਬੇਲ ਲਿਖਿਆ ਹੈ. ਦੇਖੋ, ਵੇਲਿ। ੬. ਇੱਕ ਰਾਖਸ, ਜੋ ਸੁਬੇਲ ਦਾ ਭਾਈ ਸੀ. ਇਸ ਦਾ ਦੁਰਗਾ ਨਾਲ ਜੰਗ ਹੋਇਆ. "ਬੇਲ ਸੁਬੇਲ ਦੈਤ ਦ੍ਵੈ ਦੀਰਘ." (ਗੁਪ੍ਰਸੂ) ਦੇਖੋ, ਸੁਬੇਲ। ੭. ਫ਼ਾ. بیل ਕੁਦਾਲ. ਜ਼ਮੀਨ ਖੋਦਣ ਦਾ ਸੰਦ। ੮. ਵੇਲਾ (ਬੇੱਲਾ) ਨਦੀ ਆਦਿ ਦੇ ਕਿਨਾਰੇ ਦਾ ਸੰਘਣਾ

---

[900] ਜੋ ਗ੍ਯਾਨੀ ਇੱਥੇ ਬੇੜੀ (ਬੰਧਨ) ਅਰਥ ਕਰਦੇ ਹਨ, ਉਹ ਪ੍ਰਕਰਣ ਨਹੀਂ ਸਮਝਦੇ.

ਜੰਗਲ. ਝੱਲ.

ਬੇਲਗਾਮ: ਫ਼ਾ. بےلگام ਵਿ- ਜਿਸ ਦੇ ਮੂੰਹ ਲਗਾਮ ਨਹੀਂ. ਅਮੋੜ. ਮੂੰਹਫਟ.

ਬੇਲਚਾ: ਫ਼ਾ. بیلچہ ਸੰਗ੍ਯਾ- ਜ਼ਮੀਨ ਖੋਦਣ ਦਾ ਛੋਟਾ ਕੁਦਾਲ.

ਬੇਲਣ: ਸੰਗ੍ਯਾ- ਵਲਯ (ਗੋਲ ਘੇਰੇ) ਦਾ ਸੰਦ, ਜਿਸ ਨਾਲ ਗੰਨੇ ਪੀੜਦੇ ਅਤੇ ਕਪਾਹ ਬੇਲੀਦੀ ਹੈ. ਸੰ. ਬੇੱਲਨ. । ੨. ਵੇਲਣ (ਪੀੜਨ) ਦੀ ਕ੍ਰਿਯਾ.

ਬੇਲਦਾਰ: ਵਿ- ਬੇਲ (ਕੁਦਾਲ) ਰੱਖਣ ਵਾਲਾ। ੨. ਉਹ ਵਸਤ੍ਰ, ਜਿਸ ਉੱਪਰ ਕਸ਼ੀਦੇ ਨਾਲ, ਉੱਕਰ ਕੇ ਜਾਂ ਲਿਖਕੇ ਬੇਲ ਬਣਾਈ ਹੋਵੇ.

ਬੇਲਨਾ: ਕ੍ਰਿ- ਬੇਲਣ ਨਾਲ ਪੀੜਨਾ। ੨. ਦੇਖੋ, ਬੇਲਣ.

ਬੇਲਾ: ਸੰਗ੍ਯਾ- ਘੋੜੇ ਦੀ ਕਾਠੀ ਤੋਂ ਹੇਠ, ਪਿੱਠ ਪੁਰ ਦੀ ਬੈਠਕ (ਨਿਸ਼ਸੁ). ੨. ਘੋੜੇ ਦੀ ਬੇਲ ਪੁਰ ਬੈਠਾ ਆਦਮੀ. "ਮੇਰੋ ਅਹੈ ਦੁਬੇਲਾ ਘੋਰਾ." (ਗੁਪ੍ਰਸੂ) ੩. ਸਮਾਂ. ਦੇਖੋ, ਵੇਲਾ. "ਸੰਤ ਟਹਲ ਕੀ ਬੇਲਾ." (ਸੋਹਿਲਾ) "ਬਾਂਛਤ ਨਾਹੀ ਸੁ ਬੇਲਾ ਆਈ." (ਆਸਾ ੫) ਮੌਤ ਦੀ ਘੜੀ ਆ ਪੁੱਜੀ। ੪. ਦਰਿਆ ਅਤੇ ਸਮੁੰਦਰ ਦਾ ਕਿਨਾਰਾ. ਦੇਖੋ, ਵੇਲਾ। ੫. ਫ਼ਾ. بیلہ ਬੇਲਹ. ਟਾਪੂ. ਜਜ਼ੀਰਾ. ਦ੍ਵੀਪ। ੬. ਦੇਖੋ, ਡੇਲਾ ੩.

ਬੇਲਿ: ਦੇਖੋ, ਬੇਲ ਅਤੇ ਵੇਲਿ.

ਬੇਲੀ: ਸੰਗ੍ਯਾ- ਤੂੰਬੀ ਦੀ ਸ਼ਕਲ ਦੀ ਧਾਤੁ ਦੀ ਪਿਆਲੀ. "ਸਾਗਰ ਅਥਾਹ ਜੈਸੇ ਬੇਲੀ ਮੇ ਸਮਾਈਐ." (ਭਾਗੁ ਕ) ੨. ਸੰ. ਵੱਲੀ ਬੇਲ. "ਭਵਰੁ ਬੇਲੀ ਰਾਤਓ." (ਆਸਾ ਛੰਤ ਮਃ ੧) ੩. ਭਾਵ- ਇਸਤ੍ਰੀ. ਸੰਤਾਨਰੂਪ ਫਲ ਦੇਣ ਵਾਲੀ। ੪. ਵਿ- ਸਹਾਇਕ. "ਅੰਤਕਾਲਿ ਤੇਰਾ ਬੇਲੀ ਹੋਵੈ." (ਸੋਰ ਮਃ ੩) ਦੇਖੋ, ਵੇਲੀ। ੫. ਸੰਗ੍ਯਾ- ਮਿਤ੍ਰ. "ਜਾਕਾ ਹਰਿ ਸੁਆਮੀ ਪ੍ਰਭੁ ਬੇਲੀ." (ਆਸਾ ਮਃ ੫) ੬. ਡਿੰਗ. ਦਾਸ. ਸੇਵਕ.

ਬੇਲੀਬਿਦ੍ਰੁਮ, ਬੇਲੀਵਿਦ੍ਰੁਮ: ਇੱਕ ਛੰਦ. ਲੱਛਣ- ਦਾਰ ਚਰਣ, ਪ੍ਰਤਿ ਚਰਣ, ਨ, ਸ, ਸ, ਲ, ਗ. ।।।, ।।ऽ, ।।ऽ, ।, ऽ.

ਉਦਾਹਰਣ-

ਕਹ ਕਹ ਸੁ ਕੂਕਤ ਕੰਕਯੰ,

ਬਹ ਬਹਤ ਬੀਰ ਸੁ ਬੰਕਯੰ,

ਲਹ ਲਹਤ ਬਾਣ ਕ੍ਰਿਪਾਣਯੰ,

ਗਹ ਗਹਤ ਪ੍ਰੇਤ ਮਸਾਣਯੰ.

(ਚੰਡੀ ੨)

(ਅ) ਦੂਜਾ ਰੂਪ- ਚਾਰ ਚਰਣ. ਪ੍ਰਤਿ ਚਰਣ ਸ, ਜ, ਜ, ਗ. ।।ऽ, ।ऽ।, ।ऽ।, ऽ. ਇਹ ਸਰੂਪ "ਸੰਯੁਤਾ" ਦਾ ਹੈ.

ਉਦਾਹਰਣ-

ਰਣ ਕੋਪ ਕਾਲ ਕਰਾਲਿਯੰ,

ਖਟਅੰਗ ਪਾਨਿ ਉਛਾਲਿਯੰ,

ਸਿਰ ਸੁੰਭ ਹੱਥ ਦੁਛੰਡਿਯੰ,

ਇਕ ਚੋਟ ਦੁਸ਼੍ਰ ਵਿਹੰਡਿਯੰ.

(ਚੰਡੀ ੨)

ਬੇਲੂਆ: ਸੰਗ੍ਯਾ- ਕਟੋਰਾ. ਧਾਤੁ ਦਾ ਪਿਆਲਾ.

ਬੇਲੰਬ: ਚਿਰ. ਢਿੱਲ. ਦੇਖੋ, ਬਿਲੰਬ.

ਬੇਵਕੂਫ: ਫ਼ਾ. بیوقوف ਵਿ- ਵਕੂਫ (ਖ਼ਬਰਦਾਰੀ) ਬਿਨਾ. ਬੇਸਮਝ.

ਬੇਵਜੀਰ: ਵਿ- ਮੰਤ੍ਰੀ ਬਿਨਾ. ਜਿਸ ਨੂੰ ਵਜ਼ੀਰ ਦੀ ਜਰੂਰਤ ਨਹੀਂ. "ਬੇਵਜੀਰ ਬਡੇ ਧੀਰ." (ਸਵੈਯੇ ਮਃ ੪. ਕੇ) ਪ੍ਰਮਾਣ- "ਬੀਓ ਪੂਛਿ ਨ ਮਸਲਤਿ ਧਰੈ। ਜੋ ਕਿਛੁ ਕਰੈ ਸੁ ਆਪਹਿ ਕਰੈ." (ਗੌਂਡ ਮਃ ੫)

ਬੇਵਫਾ: ਫ਼ਾ. بیوفا ਵਫ਼ਾ (ਵਾਯਦਾ ਪੂਰਾ ਕਰਨ) ਤੋਂ ਬਿਨਾ. ਜੋ ਪ੍ਰਣ ਪੂਰਾ ਨਹੀਂ ਕਰਦਾ.

ਬੇਵਫ਼ਾਈ: ਫ਼ਾ. بیوفائی ਸੰਗ੍ਯਾ- ਪ੍ਰਣ ਪੂਰਾ ਨਾ ਕਰਨ ਦੀ ਕ੍ਰਿਯਾ. ਪ੍ਰਤਿਗ੍ਯਾਭੰਗ.

ਬੇਵਾ: ਫ਼ਾ. بیوہ ਬੇਵਹ. ਸੰਗ੍ਯਾ- ਬਿਧਵਾ.

ਬੇੜ: ਸੰਗ੍ਯਾ- ਵੇਸ਼੍ਟਨ ਕੀਤਾ ਰੱਸਾ. ਵੱਟ ਦੇਕੇ ਮੇਲੇ ਹੋਏ ਰੱਸੇ। ੨. ਘੇਰਾ. ਲਪੇਟ। ੩. ਨੌਕਾ. ਬੇੜਾ. ਦੇਖੋ, ਬੇੜੁ। ੪. ਦੇਖੋ, ਬੇੜਨਾ.

ਬੇੜਨ, ਬੇੜਨਾ: ਸੰ. ਵੇਸ਼੍ਟਨ. ਘੇਰਨਾ. ਲਪੇਟਣਾ. "ਲਯੋ ਬੇੜ ਪੱਬੰ ਕਿਯੋ ਨਾਦ ਉੱਚੰ." (ਚੰਡੀ ੨) ਪਹਾੜ ਘੇਰ ਲਿਆ.

ਬੇੜਾ: ਸੰਗ੍ਯਾ- ਬੜੀ ਨੌਕਾ. "ਨਾਉ ਬੇੜਾ ਨਾਉ ਤੁਲਹੜਾ ਭਾਈ." (ਸੋਰ ਮਃ ੩) ੨. ਭਾਵ- ਦੇਹ. ਸ਼ਰੀਰ. "ਬੇੜਾ ਜਰਜਰਾ ਫੂਟੇ ਛੇਕ ਹਜਾਰ." (ਸ. ਕਬੀਰ) ੩. ਫੌਜ ਦਾ ਦਸ੍ਤਾ. ਸੈਨਾ ਦਾ ਟੋਲਾ। ੪. ਦੇਖੋ, ਬੇੜ੍ਹਾ.

ਬੇੜੀ: ਸੰਗ੍ਯਾ- ਨੌਕਾ. ਕਿਸ਼ਤੀ. "ਬੂਡਤ ਕਉ ਜੈਸੇ ਬੇੜੀ ਮਿਲਤ." (ਮਾਲੀ ਮਃ ੫) ੨. ਪਗਬੰਧਨ. ਜੌਲਾਨ. "ਗੁਰਿ ਪੂਰੈ ਬੇੜੀ ਕਾਟੀ." (ਸੋਰ ਮਃ ੫) ੩. ਕੋਠੜੀ, ਜੋ ਵੇੜ੍ਹਨ (ਵੇਸ਼੍ਟਨ) ਵਾਲੀ ਹੈ. "ਪੜਿ ਪੜਿ ਬੇੜੀ ਪਾਈਐ." (ਵਾਰ ਆਸਾ) ੪. ਵਿ- ਵੇੜ੍ਹੀ. ਵੇਸ਼੍ਟਿਤ. ਲਪੇਟੀ ਹੋਈ. "ਰਹੀ ਸੁ ਬੇੜੀ ਹਿੰਙੁ ਦੀ, ਗਈ ਕਥੂਰੀ ਗੰਧੁ." (ਸ. ਫਰੀਦ)

ਬੇੜੁ: ਸੰਗ੍ਯਾ- ਘੇਰਾ. ਲਪੇਟ। ੨. ਦੇਖੋ, ਬੇੜ। ੩. ਵਡੀ ਨੌਕਾ. ਬੇੜਾ. "ਸਤਿਗੁਰੁ ਬੋਹਿਥੁ ਬੇੜੁ." (ਮਃ ੧. ਵਾਰ ਮਲਾ)

ਬੇੜੁਲਾ: ਸੰਗ੍ਯਾ- ਤੁਲਹਾ. ਵੇਸ਼੍ਟਨ ਕੀਤੀਆਂ (ਲਪੇਟੀਆਂ) ਭਾਰੀ ਲੱਕੜਾਂ ਦਾ ਸਮੁਦਾਯ, ਜੋ ਪਾਣੀ ਪੁਰ ਕਿਸ਼ਤੀ ਦੀ ਤਰਾਂ ਮੁਸਾਫਰਾਂ ਨੂੰ ਲੰਘਾਉਂਦਾ ਹੈ. "ਜਪ ਤਪ ਕਾ ਬੰਧੁ ਬੇੜੁਲਾ." (ਸੂਹੀ ਮਃ ੧)

ਬੇੜ੍ਹਨਾ: ਸੰ. ਵੇਸ਼੍ਟਨ. ਲਪੇਟਣਾ. ਘੇਰਨਾ. "ਬੇੜ੍ਹਿਓ ਢਾਕ ਪਲਾਸ." (ਸ. ਕਬੀਰ)

ਬੇੜ੍ਹਮੀ, ਬੇੜ੍ਹਵੀਂ: ਸੰ. ਵੇਢਮਿਕਾ. ਸੰਗ੍ਯਾ- ਉਹ ਰੋਟੀ ਅਥਵਾ ਪੂਰੀ, ਜਿਸ ਦੇ ਅੰਦਰ ਮਾਂਹ ਆਦਿ ਦੀ ਪੀਠੀ ਜਾਂ ਕਿਸੇ ਕੰਦ ਦਾ ਕੁਤਰਾ ਭਰਿਆ ਹੋਵੇ.

ਬੇੜ੍ਹਾ: ਸੰਗ੍ਯਾ- ਚਾਰੇ ਪਾਸਿਓਂ ਮਕਾਨ ਜਾਂ ਕੰਧ ਨਾਲ ਵੇਸ਼੍ਟਿਤ ਸਹਨ. ਅੰਙਣ.

ਬੈ: ਅ਼. بیع ਬੈਅ਼. ਖ਼ਰੀਦਣਾ। ੨. ਵੇਚਣਾ। ੩. ਲੈਣ ਦੇਣ, ਵ੍ਯਾਪਾਰ। ੪. ਮੁੱਲ. ਕੀਮਤ. "ਇਹੁ ਤਨ ਵੇਚੀ ਬੈ ਕਰੀ." (ਸੂਹੀ ਮਃ ੧) ੫. ਸੰ. ਵ੍ਯਯ. ਤਿਆਗ. ਵਿਰਕ੍ਤਤਾ. "ਬੈਰਾਗੀ ਸੋ, ਜੋ ਬੈ ਮਹਿ ਆਵੈ." (ਰਤਨਮਾਲਾ ਬੰਨੋ) ਜੋ ਤਿਆਗ ਦੀ ਹਾਲਤ ਵਿੱਚ ਰਹਿੰਦਾ ਹੈ। ੬ਸੰ. ਵਯ (वयस्) ਉਮਰ. ਅਵਸਥਾ। ੭. ਸਰਵ. ਦੇਖੋ, ਵੈ.

ਬੈਆਨਾ: ਫ਼ਾ. بیعانہ ਬੈਆ਼ਨਹ ਸੰਗ੍ਯਾ- ਮੁੱਲ. ਕੀਮਤ। ੨. ਸਾਈ. ਸੌਦਾ ਪੱਕਾ ਕਰਨ ਲਈ ਅੱਗੋਂ ਦਿੱਤਾ ਧਨ. ਸੰ. ਸਤਯੰਕਾਰ.

ਬੈਆਨੀ: ਵਿ- ਕੀਮਤੀ. ਦੇਖੋ, ਬੈਆਨਾ. "ਲਾਲ ਲਾਖ ਬੈਆਨੀ." (ਆਸਾ ਮਃ ੫)

ਬੈਆਲ: ਪ੍ਰਾ. ਬਜਾਲੁ. ਰਾਤ੍ਰਿ ਦਾ ਭੋਜਨ. ਭਾਵ- ਰੋਜ਼ੀ. "ਕਰਮਿ ਮਿਲੈ ਬੈਆਲੰ." (ਮਲਾ ਅਃ ਮਃ ੧) ੨. ਦੇਖੋ, ਬਿਆਲ.

ਬੈਸ: ਸੰ. ਵੈਸ਼੍ਯ. ਸੰਗਯਾ- ਖੇਤੀ ਅਤੇ ਵਪਾਰ ਕਰਨ ਵਾਲਾ ਪੁਰਖ. ਹਿੰਦੂਮਤ ਅਨੁਸਾਰ ਤੀਜਾ ਵਰਣ। ੨. ਸੰ. वयस्. ਵਯਸ. ਉਮਰ. ਅਵਸਥਾ. "ਬੈਸ ਬਿਤਯੋ." (ਅਕਾਲ) ੩. ਬਹਿਸ ਦੀ ਥਾਂ ਪੰਜਾਬੀ ਵਿੱਚ ਬੈਸ ਸ਼ਬਦ ਵਰਤਿਆ ਜਾਂਦਾ ਹੈ.

ਬੈਂਸ: ਜੱਟਾਂ ਦੀ ਇੱਕ ਜਾਤਿ.

ਬੈਸਕ: ਸੰਗਯਾ- ਬੈਠਕ. ਨਿਸ਼ਸ੍ਤ. "ਤਹਿਂ ਬੈਸੇ ਬੈਸਕ ਜਿਨ ਰੂਰੀ." (ਨਾਪ੍ਰ) "ਸਚੀ ਬੈਸਕ ਤਿਨ੍ਹਾਂ ਸੰਗਿ ਜਿਨ ਸੰਗਿ ਜਪੀਐ ਨਾਉ." (ਮਃ ੫. ਵਾਰ ਗੂਜ ੨) ੨. ਦੇਖੋ, ਬੈਸਿਕ.

ਬੈਸਣ, ਬੈਸਣੁ: ਬੈਠਣਾ, ਆਸੀਨ ਹੋਣਾ। "ਊਠਉ ਬੈਸਉ ਰਹਿ ਭਿ ਨ ਸਾਕਉ." (ਆਸਾ ਮਃ ੫) ੨. ਵਸਣਾ. ਨਿਵਾਸ ਕਰਨਾ. "ਕੂੜੁ ਮੰਡਪ ਕੂੜੁ ਮਾੜੀ, ਕੂੜੁ ਬੈਸਣਹਾਰੁ." (ਵਾਰ ਆਸਾ) ੩. ਜਿਸ ਉੱਪਰ ਬੈਠਾਇਆ ਜਾਵੇ, ਆਸਨ. "ਸੀਸੁ ਵਢੇ ਕਰਿ ਬੈਸਣੁ ਦੀਜੈ." (ਵਡ ਮਃ ੧) ੪. ਬਹਸਨ. ਬਹਸ ਕਰਨੀ. ਚਰਚਾ. "ਤੁਝੁ ਕਿਆ ਬੈਸਣੁ ਦੀਜੈ?" (ਸਿਧਗੋਸਟਿ)

ਬੈਸਣਿ: ਬੈਠਣ ਦਾ ਭਾਵ. ਨਿਸ਼ਸ੍ਤ. "ਆਸਣਿ ਬੈਸਣਿ ਥਿਰੁ ਨਾਰਾਇਣੁ." (ਸਿਧਗੋਸਟਿ)

ਬੈਸਣੁ: ਦੇਖੋ, ਬੈਸਣ.

ਬੈਸਤ: ਬੈਠਦੇ. ਬੈਠਣ ਵੇਲੇ. "ਸੋਵਤ ਬੈਸਤ ਖਲਿਆ." (ਸੂਹੀ ਛੰਤ ਮਃ ੫)

ਬੈਸਨ: ਦੇਖੋ, ਬੈਸਣ.

ਬੈਸਨਉ, ਬੈਸਨਵ: ਸੰ. वैष्णव- ਵੈਸ਼੍ਣਵ. ਵਿਸ਼੍ਣ ਦੇਵਤਾ ਨਾਲ ਹੈ ਜਿਸ ਦਾ ਸੰਬੰਧ. ਵਿਸ਼੍ਣ ਦਾ ਉਪਾਸਕ. ਵੈਸ਼੍ਣਵਾਂ ਦੇ ਮੁੱਖ ਪੰਜ ਭੇਦ ਹਨ.

(ੳ) ਨਿੰਬਾਰਕ (निम्बार्क) ਨਿੰਬਾਦਿਤਯ ਵੈਸ਼੍ਣਵ ਦਾ ਚਲਾਇਆ ਮਤ. ਵੈਸ਼੍ਣਵ ਇਨ੍ਹਾਂ ਨੂੰ ਰਾਧਿਕਾ ਜੀ ਦੇ ਕੰਕਣ (ਕੜੇ) ਦਾ ਅਵਤਾਰ ਮੰਨਦੇ ਹਨ. ਇਹ ਵ੍ਰਿੰਦਾਵਨ ਪਾਸ ਧ੍ਰੁਵ ਨਾਮਕ ਪਹਾੜੀ ਤੇ ਰਹਿੰਦੇ ਸਨ. ਜਿੱਥੇ ਉਨ੍ਹਾਂ ਦੀ ਹੁਣ ਪ੍ਰਸਿੱਧ ਗੱਦੀ ਹੈ. ਇਨ੍ਹਾਂ ਦੇ ਪਿਤਾ ਦਾ ਨਾਉਂ ਜਗੰਨਾਥ ਸੀ. ਨਿੰਬਾਦਿਤਯ ਜੀ ਦੇ ਨਾਮ ਸੰਬੰਧੀ ਇੱਕ ਅਣੋਖੀ ਕਥਾ ਹੈ ਕਿ ਇੱਕ ਵਾਰ ਇਨ੍ਹਾਂ ਨਾਲ ਇੱਕ ਸਾਧੂ ਚਰਚਾ ਕਰਦਾ ਸੀ ਕਿ ਦਿਨ ਛਿਪਣ ਵਾਲਾ ਹੋਗਿਆ, ਦਿਨ ਛਿਪਣ ਪੁਰ ਸਾਧੂ ਨੇ ਰੋਟੀ ਨਹੀਂ ਖਾਣੀ ਸੀ, ਇਸ ਲਈ ਨਿੰਬਾਦਿਤਯ ਨੇ ਆਦਿਤਯ (ਸੂਰਜ) ਨੂੰ ਇੱਕ ਨਿੰਬ (ਨਿੰਮ ਦੇ ਬਿਰਛ) ਤੇ ਠਹਿਰਾ ਰੱਖਿਆ, ਨਿੰਬਾਦਿਤਯ ਦੀ ਸੰਪ੍ਰਦਾ ਦਾ ਨਾਮ "ਨਿੰਬਾਰਕ" ਅਤੇ "ਨਿਮਾਤ" ਸ਼ਾਖਾ ਹੈ.

(ਅ) ਮਧ੍ਵਾਚਾਰਯ. ਇਹ ਈਸਵੀ ਬਾਰ੍ਹਵੀਂ ਸਦੀ ਵਿੱਚ ਦੱਖਣ ਦੇਸ਼ ਹੋਏ ਹਨ, ਇਨ੍ਹਾਂ ਨੂੰ ਪਵਨ ਦੇਵਤਾ ਦਾ ਅਵਤਾਰ ਵੈਸ਼੍ਣਵ ਮੰਨਦੇ ਹਨ. ਇਨ੍ਹਾਂ ਦੀ ਚਲਾਈ ਸੰਪ੍ਰਦਾ. "ਮਾਧ੍ਵ" ਕਹਾਂਉਂਦੀ ਹੈ. ਕਥਾ ਹੈ ਕਿ ਇਹ ਗੀਤਾਭਾਸ਼੍ਯ ਲਿਖਕੇ ਬਦਰੀਨਾਰਾਇਣ ਗਏ, ਉੱਥੇ ਭਗਵਾਨ ਤੋਂ ਇਨ੍ਹਾਂ ਨੂੰ ਤਿੰਨ ਸਾਲਗ੍ਰਾਮ ਮਿਲੇ, ਜੋ ਤਿੰਨ ਮਠਾਂ ਵਿੱਚ ਥਾਪੇ ਗਏ. ਮਧ੍ਵਾਚਾਰਯ ਦੋ ਪਦਾਰਥ ਮੰਨਦੇ ਸਨ ਇੱਕ ਸ੍ਵਤੰਤ੍ਰ, ਜੋ ਵਿਸ਼੍ਣੁ ਭਗਵਾਨ ਹੈ, ਦੂਜਾ ਪਰਤੰਤ੍ਰ, ਜੋ ਜੀਵ ਹੈ. ਜੀਵ ਵਿਸ਼੍ਣ ਨਾਲ ਅਭੇਦ ਨਹੀਂ ਹੁੰਦਾ, ਉਪਾਸਨਾ ਨਾਲ ਮੁਕਤਿ ਨੂੰ ਪ੍ਰਾਪਤ ਹੋ ਜਾਂਦਾ ਹੈ. ਇਨ੍ਹਾਂ ਦੇ ਮਤ ਅਨੁਸਾਰ ਵਿਸ਼੍ਣੁ ਦੀ ਸੇਵਾ ਦੇ ਤਿੰਨ ਭੇਦ ਹਨ, ਅੰਕਨ (ਸੰਖ ਚਕ੍ਰ ਦਾ ਸ਼ਰੀਰ ਤੇ ਛਾਪਾ ਲਵਾਉਣਾ) ਨਾਮਕਰਣ, (ਆਪਣਾ ਅਤੇ ਪੁਤ੍ਰ ਆਦਿਕ ਦਾ ਨਾਮ ਕੇਸ਼ਵ ਆਦਿ ਭਗਵਾਨ ਦੇ ਨਾਮਾਂ ਤੇ ਰੱਖਣਾ) ਭਜਨ (ਨਾਮ ਕੀਰਤਨ ਅਤੇ ਸਿਮਰਣ) ਕਰਨਾ.

(ੲ) ਸ਼੍ਰੀ ਵੈਸ਼੍ਣਵ. ਦੇਖੋ, ਰਾਮਾਨੁਜ.

(ਸ) ਰਾਮਾਵਤ. ਦੇਖੋ, ਰਾਮਾਨੰਦ.

(ਹ) ਲਕ੍ਸ਼ਮਣ ਭੱਟ ਦੱਖਣੀ ਬ੍ਰਾਹਮਣ ਨੂੰ ਚੁਨਾਰਗੜ੍ਹ ਪਾਸ ਇੱਕ ਬਾਲਕ ਪਿਆ ਮਿਲਿਆ, ਜੋ ਉਸ ਨੇ ਪੁਤ੍ਰ ਸਮਾਨ ਪਾਲਿਆ. ਇਹ ਵਿਦ੍ਵਾਨ ਹੋਕ ਵਲਭਾ- ਚਾਰਯ ਨਾਮ ਤੋਂ ਪ੍ਰਸਿੱਧ ਹੋਇਆ. ਕਾਸ਼ੀ ਵਿੱਚ ਆਕੇ ਵੱਲਭ ਜੀ ਨੇ ਸੰਨਯਾਸ ਧਾਰਨ ਕੀਤਾ ਅਤੇ ਫੇਰ ਗ੍ਰਿਹਸਥੀ ਹੋ ਗਏ. ਇਨ੍ਹਾਂ ਦੇ ਕਈ ਪੁਤ੍ਰ ਗੱਦੀਆਂ ਦੇ ਮਾਲਿਕ "ਗੋਸ੍ਵਾਮੀ" ਪਦਵੀ ਤੋਂ ਪ੍ਰਸਿੱਧ ਹੋਏ, ਇਨ੍ਹਾਂ ਦੇ ਮਤ ਵਿੱਚ ਰਾਧਾ ਕ੍ਰਿਸ਼ਨ ਦੀ ਭਗਤੀ ਤੋਂ ਗੋਲੋਕ ਵਿੱਚ, (ਜੋ ਵੈਕੁੰਠ ਤੋਂ ਭੀ ਪੰਜਾਹ ਕ੍ਰੋੜ ਯੋਜਨ ਉੱਚਾ ਹੈ), ਪਹੁਚਣਾ ਹੀ ਮੁਕਤਿ ਹੈ. ਸੂਰਦਾਸ ਆਦਿਕ ਅਸ਼੍ਟਛਾਪ ਕਵਿ ਇਸੇ ਵਿਦ੍ਵਾਨ ਦੇ ਚੇਲੇ ਹੋਏ ਹਨ.

ਵੱਲਭ ਜੀ ਦਾ ਜਨਮ ਸਨ ੧੪੭੯ ਅਤੇ ਦੇਹਾਂਤ ਸਨ ੧੫੩੧ ਦਾ ਖਿਆਲ ਕੀਤਾ ਗਿਆ ਹੈ. ਵੱਲਭ ਸੰਪ੍ਰਦਾ ਦੇ ਵੈਸ਼ਨਵ ਗੋਸ੍ਵਾਮੀ ਅਤੇ ਵੱਲਭੀ ਕਹੇ ਜਾਂਦੇ ਹਨ, ਜੋ ਊਰਧਪੁੰਡ੍ਰ ਤਿਲਕ ਲਾਂਉਂਦੇ ਹਨ, ਬਾਲ ਗੋਪਾਲ ਦੀ ਪੂਜਾ ਕਰਦੇ ਹਨ. ਤੁਲਸੀ ਦੀ ਕੰਠੀ ਪਹਿਰਦੇ ਹਨ। ੨. ਜਗਤਨਾਥ ਸਰਵਵਿਆਪੀ ਕਰਤਾਰ ਦਾ ਉਪਾਸਕ. ਦੇਖੋ, ਬਿਸਨੁ ੪. "ਬੈਸਨਉ ਕੀ ਕੂਕਰਿ ਭਲੀ." (ਸ. ਕਬੀਰ)

ਬੈਸਨਵੀ: ਸੰ. ਵੈਸ਼੍ਣਵੀ. ਵਿ- ਵਿਸ਼ਨੁ ਦੀ। ੨. ਸੰਗ੍ਯਾ- ਲਕ੍ਸ਼ਮੀ. ਵਿਸ਼ਨੁ ਦੀ ਸ਼ਕਤਿ। ੩. ਇੱਕ ਖਾਸ ਦੇਵੀ. ਦੇਖੋ, ਵੈਸਨਵੀ ੪.

ਬੈਸਨੋ, ਬੈਸਨੌ: ਦੇਖੋ, ਬੈਸਨਵ. "ਬੈਸਨੋ ਸੋ, ਜਿਸੁ ਊਪਰਿ ਸੁ. ਪ੍ਰਸੰਨ." (ਸੁਖਮਨੀ) "ਜਿਹ ਕੁਲ ਸਾਧੁ ਬੈਸਨੌ ਹੋਇ." (ਬਿਲਾ ਰਵਿਦਾਸ)

ਬੈਸਨੰ: ਦੇਖੋ, ਬੈਸਨਵ। ੨. ਵੈਸ਼੍ਯ. ਤੀਜਾ ਵਰਣ. ਵੈਸ਼੍ਯਗਣ. "ਬੈਸਨੰ ਕੇ ਬਿਖੇ ਬਿਰਾਜੈ, ਸੂਦ੍ਰ ਭੀ ਵਹ ਨਾਹਿ." (ਅਕਾਲ)

ਬੈਸਾ: ਦੇਖੋ, ਵੈਸਾ। ੨. ਦੇਖੋ, ਰੇ ਬੈਸਾ। ੩. ਬੈਂਸਾ. ਦਸ੍ਤਾ. ਹੱਥਾ. ਬੈਂਹਾਂ.

ਬੈਸਾਖ: ਸੰ. ਵੈਸ਼ਾਖ. ਵਿਸ਼ਾਖਾ ਨਕ੍ਸ਼ਤ੍ਰ ਵਾਲੀ ਜਿਸ ਮਹੀਨੇ ਦੀ ਪੂਰਣਮਾਸੀ ਹੋਵੇ.

ਬੈਸਾਖਿ: ਵੈਸ਼ਾਖ ਵਿੱਚ. ਦੇਖੋ, ਵੈਸਾਖਿ.

ਬੈਸਾਖੀ: ਦੇਖੋ, ਵੈਸਾਖੀ.

ਬੈਸਾਲਨ, ਬੈਸਾਵਨ: ਕ੍ਰਿ- ਬੈਠਾਉਣਾ. "ਜੇ ਤਖਤਿ ਬੈਸਾਲਹਿ ਤਉ ਦਾਸ ਤੁਮਾਰੇ." (ਸਾਰ ਮਃ ੫. "ਜਹਿ ਬੈਸਾਵਹਿ ਬੈਸਹਿ ਭਾਈ." (ਸਵਾ ਮਃ ੩)

ਬੈਸਿ: ਬੈਠਕੇ. "ਜਹਾਂ ਬੈਸਿ ਹਉ ਭੋਜਨ ਖਾਉ." (ਬਸੰ ਕਬੀਰ) ੨. ਵਸ਼ਿਤ੍ਵ ਸੰਗ੍ਯਾ- ਕਾਬੂ ਕਰਨ ਦਾ ਭਾਵ. "ਭਾਂਡਾ ਧੋਇ ਬੈਸਿ ਧੂਪ ਦੇਵਹੁ ਤਉ ਦੂਧੈ ਕਉ ਜਾਵਹੁ." (ਸੂਹੀ ਮਃ ੧) ਭਾਂਡਾ ਦੇਹ, ਇੰਦ੍ਰੀਆਂ ਵਸ਼ ਕਰਨੀਆਂ ਸੁਗੰਧ ਵਾਲਾ ਧੂਪ. ਭਾਂਡਾ ਧੁੰਗਾਰਨ ਤੋਂ ਦੁਰਗੰਧ ਦੂਰ ਹੋ ਜਾਂਦੀ ਹੈ.

ਬੈਸਿਕ: ਦੇਖੋ, ਬੈਸਕ। ੨. ਵੈਸ਼ੇਸ਼ਿਕ ਦਾ ਸੰਖੇਪ. "ਕਹੂੰ ਵ੍ਯਾਕਰਨ ਬੈਸਿਕਾਲਾਪ ਕੱਥੈਂ." (ਅਜੈ ਸਿੰਘ) ਵੈਸ਼ੇਸ਼ਿਕ- ਆਲਾਪ.

ਬੈਸੁ: ਵੈਸ਼੍ਯ. ਤੀਜਾ ਵਰਣ. "ਖਤ੍ਰੀ ਬ੍ਰਾਹਮਣੁ ਸੂਦੁ ਬੈਸੁ." (ਗਉ ਥਿਤੀ ਮਃ ੫)

ਬੈਸੁੰਧਰਾ: ਪ੍ਰਿਥਿਵੀ. ਦੇਖੋ, ਬਸੁੰਧਰਾ। ੨. ਵਿ- ਵਸੁੰਧਰਾ (ਪ੍ਰਿਥਿਵੀ) ਨਾਲ ਹੈ ਜਿਸ ਦਾ ਸੰਬੰਧ.

ਬੈਸੰਤਰ: ਸੰ. ਵੈਸ਼੍ਵਾਨਰ. ਜੋ ਨਰਾਂ (ਪੁਰੁਸ਼ਾਂ) ਦੀ ਕੁੱਖ ਵਿੱਚ ਰਹਿੰਦਾ ਹੈ, ਅਗਨਿ.

ਬੈਸੰਤਰਿ: ਵੈਸ੍ਵਾਨਰ (ਅਗਨਿ) ਵਿੱਚ. "ਲੋਕਨ ਦੀਆਂ ਵਡਿਆਈਆਂ ਬੈਸੰਤਰਿ ਪਾਗੋ." (ਬਿਲਾ ਮਃ ੫)

ਬੈਸੰਤਰੁ: ਦੇਖੋ, ਬੈਸੰਤਰ.

ਬੈਸ੍ਨਵ: ਦੇਖੋ, ਬੈਸਨਵ. "ਧਰਮਹੀਣੰ ਤਥਾ ਬੈਸ੍ਨਵਹ." (ਸਹਸ ਮਃ ੫)

ਬੈਸ੍ਵਾਂਤਰ: ਵੈਸ਼੍ਵਾਨਰ. ਦੇਖੋ, ਬੈਸੰਤਰ. "ਜਲੰਤ ਦੇਦੀਪਜ ਬੈਸ੍ਵਾਂਤਰਹ." (ਸਹਸ ਮਃ ੫)

ਬੈਹਣ: ਕ੍ਰਿ- ਬੈਠਣਾ। ੨. ਸੰਗ੍ਯਾ- ਵਹਿਣ. ਜਲ ਦਾ ਪ੍ਰਵਾਹ. ਹੜ੍ਹ। ੩. ਬਹਿਨ. ਭੈਣ। ੪. ਆਸਨ, ਜਿਸ ਪੁਰ ਬੈਠੀਏ.

ਬੈਹਣਾ: ਕ੍ਰਿ- ਬੈਠਣਾ। ੨. ਸੰਗ੍ਯਾ- ਸਿੰਘਾਸਨ. ਆਸਨ. "ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ." (ਵਾਰ ਰਾਮ ੩)

ਬੈਹਨ: ਦੇਖੋ, ਬੈਹਣ.

ਬੈਹਨਿ: ਬੈਹਨ (ਸਿੰਘਾਸਨ) ਉੱਤੇ. "ਕਿਤੀ ਬੈਹਨਿ ਬੈਹਣੇ ਮੁਚੁ ਵਜਾਇਨਿ ਵਜ." (ਮਃ ੫. ਵਾਰ ਗੂਜ ੨)

ਬੈਹਬਲ: ਦੇਖੋ, ਬਹਿਬਲ.

ਬੈਹਰਬਰ, ਬੈਹਰਮੰਦ: ਦੇਖੋ, ਬਹਰਹਬਰ.

ਬੈਹਲ: ਦੇਖੋ, ਬਹਲ.

ਬੈਹੜਵਾਲ: ਜਿਸਾ ਲਹੌਰ, ਤਸੀਲ ਚੂਣੀਆਂ ਥਾਨਾ ਸਰਾਂਮੁਗਲ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਛਾਂਗਾ ਮਾਂਗਾ" ਤੋਂ ਛੀ ਮੀਲ ਉੱਤਰ ਪੱਛਮ ਹੈ. ਇਸ ਪਿੰਡ ਦੇ ਪਾਸ ਹੀ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ "ਜੰਭਰ" ਤੋਂ ਇੱਥੇ ਆਏ ਹਨ.

ਗਰਮੀ ਦਾ ਮੌਸਮ ਸੀ ਗੁਰੂ ਸਾਹਿਬ ਨੇ ਇੱਥੋਂ ਦੇ ਹੇਮੇ ਚੌਧਰੀ ਤੋਂ ਜਲ ਛਕਣ ਲਈ ਮੰਗਿਆ. ਚੌਧਰੀ ਨੇ ਆਖਿਆ ਪਾਤਸ਼ਾਹ! ਇਹ ਜਲ ਤਾਂ ਖਾਰਾ ਹੈ, ਮੈ ਪਿੰਡ ਤੋਂ ਜਾਕੇ ਮਿੱਠਾ ਜਲ ਲਿਆਉਂਦਾ ਹਾਂ, ਤਾਂ ਗੁਰੂ ਜੀ ਨੇ ਬਚਨ ਕੀਤਾ, ਭਾਈ ਹੇਮਾ! ਇਹ ਜਲ ਮਿੱਠਾ ਹੈ. ਗੁਰੂ ਜੀ ਦਾ ਬਚਨ ਮੰਨਕੇ ਉਸੇ ਖੂਹ ਦਾ ਜਲ ਲੈ ਆਂਦਾ, ਜੋ ਗੁਰਾਂ ਨੇ ਪੀਤਾ. ਇਸ ਪਿੱਛੋਂ ਜਦ ਹੇਮੇ ਅਤੇ ਪਿੰਡ ਦੇ ਲੋਕਾਂ ਨੇ ਜਲ ਪੀਤਾ, ਤਾਂ ਮਿੱਠਾ ਜਲ ਹੋਣ ਤੋਂ ਸਾਰੇ ਆਨੰਦ ਹੋ ਗਏ. ਚੌਧਰੀ ਹੇਮੇ ਨੂੰ ਗੁਰੂ ਜੀ ਨੇ ਫਰਮਾਯਾ ਕਿ ਤੂੰ ਸਾਧੁ ਸੰਗਤਿ ਦੀ ਸੇਵਾ ਕੀਤਾ ਕਰ. ਤਦ ਚੌਧਰੀ ਨੇ ਹੱਥ ਜੋੜਕੇ ਬੇਨਤੀ ਕੀਤੀ ਕਿ ਮੇਰੇ ਪਾਸ ਨਾ ਧਨ ਹੈ ਅਤੇ ਨਾ ਹੀ ਮੇਰੇ ਘਰ ਔਰਤ ਹੈ. ਤਦ ਸਤਿਗੁਰਾਂ ਪੁੱਛਿਆ ਕਿ ਇਸ ਪਿੰਡ ਵਿੱਚ ਕੋਈ ਵਿਧਵਾ ਇਸਤ੍ਰੀ ਹੈ? ਤਾਂ ਸੰਗਤਿ ਨੇ ਪਿੰਡ ਦੀ ਇੱਕ ਵਿਧਵਾ ਨੂੰ ਗੁਰੂ ਜੀ ਦੇ ਪੇਸ਼ ਕੀਤਾ. ਗੁਰੂ ਜੀ ਨੇ ਹੁਕਮ ਦਿੱਤਾ ਕਿ ਹੇ ਪੁਤ੍ਰੀ! ਚੌਧਰੀ ਹੇਮਾ ਤੇਰਾ ਸਿਰਤਾਜ ਹੈ, ਤੂੰ ਇਸ ਨੂੰ ਪਤੀ ਧਾਰਨ ਕਰ. ਗੁਰੂ ਸਾਹਿਬ ਦੀ ਆਗ੍ਯਾ ਮੰਨਕੇ ਉਸ ਨੇ ਹੇਮੇ ਨੂੰ ਪਤੀ ਬਣਾਇਆ ਅਰ ਗੁਰੂ ਸਾਹਿਬ ਨੇ ਉਸ ਨੂੰ ਵਰਦਾਨ ਦਿੱਤਾ, ਜਿਸ ਤੋਂ ਉਸ ਦੇ ਘਰ ਸੰਪਦਾ ਹੋਈ.

ਹੁਣ ਇੱਥੇ ਗੁਰਦ੍ਵਾਰਾ ਬਣ ਰਿਹਾ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਅਤੇ ਦੋ ਵੇਲੇ ਕੀਰਤਨ ਹੁੰਦਾ ਹੈ. ਮਾਈ ਭਾਈ ਇਕੱਠੇ ਹੋਕੇ ਸਤਿਸੰਗ ਕਰਦੇ ਹਨ. ਪੁਜਾਰੀ ਸਿੰਘ ਹੈ. ੩੯ ਘੁਮਾਉਂ ਜ਼ਮੀਨ ਮਾਈ ਬਿਸਨਕੌਰ ਵੱਲੋਂ, ਸਾਢੇ ਤਿੰਨ ਘੁਮਾਉਂ ਇੱਕ ਹੋਰ ਪ੍ਰੇਮੀ ਵੱਲੋਂ ਹੈ. ਪੋਹ ਸੁਦੀ ਸੰਤਮੀ ਨੂੰ ਮੇਲਾ ਹੁੰਦਾ ਹੈ.

ਬੈਹਾਦ੍ਰੀ: ਵਿਪਾਸ਼ਾਦ੍ਰੀ. ਬਿਆਸ ਦਰਿਆ ਜਿਸ ਪਹਾੜ ਤੋਂ ਨਿਕਲਿਆ ਹੈ, ਉਸ ਦੇ ਵਸਨੀਕ. ਰੋਹਤੰਗ ਦੇ ਵਾਸੀ. "ਬੈਹਾਦ੍ਰੀ ਸਗਲੇ ਮਿਲ ਕੋਪੇ." (ਚਰਿਤ੍ਰ ੫੨)

ਬੈਕੁੰਠ, ਬੈਕੁੰਠੁ: ਸੰ. ਬੈਕੁਣਠ. ਵੈਕੁੰਠ. ਨਾਨਾ ਪ੍ਰਕਾਰ ਦੀ ਕੁੰਠਾ (ਮਾਯਾ) ਹੈ ਜਿਸ ਦੀ, ਵਿਸ਼ਨੁ ਭਗਵਾਨ। ੨. ਵਿਸ਼ਨੁ ਦੇ ਰਹਿਣ ਦਾ ਲੋਕ. "ਨਾ ਜਾਨਾ ਬੈਕੁੰਠ ਕਹਾਹੀ." (ਗਉ ਕਬੀਰ) ੩. ਸਤਸੰਗ. ਗੁਰਮੁਖਾਂ ਦਾ ਦੀਵਾਨ. "ਸਾਧਸੰਗਤਿ ਬੈਕੁੰਠੈ ਆਹਿ." (ਗਉ ਕਬੀਰ) "ਤਹਾਂ ਬੈਕੁੰਠੁ ਜਹ ਕੀਰਤਨੁ ਤੇਰਾ." (ਸੂਹੀ ਮਃ ੫)

ਬੈਖਰੀ: ਵੈਖਰੀ. ਦੇਖੋ, ਚਾਰ ਬਾਣੀਆਂ.

ਬੈਖਰੀਦ, ਬੈਖਰੀਦੁ: ਫ਼ਾ. بیع خرید ਵਿ- ਬੈਅ੍- ਖ਼ਰੀਦ. ਮੁੱਲ ਲੀਤਾ. "ਮੈ ਬੰਦਾ ਬੈਖਰੀਦੁ, ਸਚੁ ਸਾਹਿਬੁ ਮੇਰਾ." (ਆਸਾ ਮਃ ੫)

ਬੈਖਾਨਸ: ਸੰ. ਵੈਖਾਨਸ. ਵਿ- ਖਨ੍. ਖੋਦਣ ਵਾਲਾ. ਜੋ ਸਾਰੀਆਂ ਵਾਸਨਾ ਛੱਡਕੇ ਆਤਮਾ ਦੇ ਢੂੰਢਣ ਵਾਲਾ ਹੈ. ਵਾਨਪ੍ਰਸ੍ਥ. ਤੀਜੇ ਆਸ਼੍ਰਮ ਵਾਲਾ. "ਬ੍ਰਹਮਚਾਰਿ ਜੋਗੀ ਤਪੀ ਜਤੀ ਬੈਖਾਨਸ ਕੋਇ." (ਨਾਪ੍ਰ)

ਬੈਂਗਣ, ਬੈਂਗਨ: ਸੰ. वृन्ताक- ਵ੍ਰਿੰਤਾਕ. ਅ਼. بادنجان ਬਾਦਿੰਜਾਨ. ਅੰ. Brinjal ਬਤਾਂਊਂ. ਭਟਾ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਬੈਂਗਣ ਦੀ ਭਾਜੀ ਭੁੜਥਾ ਪਤੌੜ ਆਦਿ ਬਣਾਏ ਜਾਂਦੇ ਹਨ.

ਬੈਜਨਾਥ: ਯੂ. ਪੀ. ਦੇ ਜਿਲੇ ਅਲਮੋਰਾ ਵਿੱਚ ਇੱਕ ਨਗਰ, ਜਿੱਥੇ ਸ਼ਿਵ ਦਾ ਪ੍ਰਸਿੱਧ ਮੰਦਿਰ ਇਸੇ ਨਾਮ ਦਾ ਹੈ। ੨. ਜਿਲੇ ਕਾਂਗੜੇ ਵਿੱਚ ਕੀਰ ਨਗਰ ਇੱਕ ਸ਼ਿਵਮੰਦਿਰ, ਜੋ ਪਾਲਮਪੁਰ ਤੋਂ ੧੧. ਮੀਲ ਚੜ੍ਹਦੇ ਵੱਲ ਹੈ। ੩. ਦੇਖੋ, ਵੈਦਜਨਾਥ.

ਬੈਜਯੰਤੀ: ਦੇਖੋ, ਵੈਜਯੰਤੀ.

ਬੈਜਾ: ਅ਼. بیضہ ਬੈਜਾ. ਸੰਗਯਾ- ਆਂਡਾ. ਅੰਡ। ੨. ਅੰਡਕੋਸ਼. ਫ਼ੋਤਾ.

ਬੈਜੰਤੀ: ਦੇਖੋ, ਵੈਜਯੰਤੀ.

ਬੈਂਟਿੰਕ: Lord William Cavendish Bentinck ਇਹ ਪਹਿਲਾਂ ਮਦਰਾਸ ਦਾ ਗਵਰਨਰ ਸੀ. ਫੇਰ ਜੁਲਾਈ ੧੮੨੮ ਤੋਂ ਮਾਰਚ ੧੮੩੫ ਤਕ ਭਾਰਤ ਦਾ ਗਵਰਨਰ ਜਨਰਲ ਰਿਹਾ. ਇਸ ਨੇ ੧੮੨੯ ਵਿੱਚ ਸਤੀ ਹੋਣ ਦੀ ਰਸਮ ਹੁਕਮਨ ਬੰਦ ਕੀਤੀ.

ਬੈਂਟਿੰਕ ਦੀ ਮਹਾਰਾਜਾ ਰਣਜੀਤ ਸਿੰਘ ਜੀ ਨਾਲ ੨੫ ਅਕਤੂਬਰ ਸਨ ੧੮੩੧ ਨੂੰ ਮੁਲਾਕਾਤ ਹੋਈ ਸੀ. ਇਸ ਦਾ ਦੇਹਾਂਤ ਸਨ ੧੮੩੯ ਵਿੱਚ ਹੋਇਆ ਹੈ.

ਬੈਠਕ: ਸੰਗਯਾ- ਨਿਸ਼ਸ੍ਤ. ਬੈਠਣ ਦੀ ਕ੍ਰਿਯਾ। ੨. ਬੈਠਣ ਦਾ ਮਕਾਨ. ਨਿਸ਼ਸ੍ਤਗਾਹ.

ਬੈਠਣਾ, ਬੈਠਨਾ: ਕ੍ਰਿ- ਉਪਵਿਸ਼੍ਟ ਹੋਣਾ. ਆਸਨ ਪੁਰ ਇਸਥਿਤ ਹੋਣਾ. "ਊਠਤ ਬੈਠਤ ਸੋਵਤ ਨਾਮ." (ਸੁਖਮਨੀ) ੨. ਹੇਠਾਂ ਨੂੰ ਜਾਣਾ. ਅਧੋਗਤਿ ਹੋਣੀ.

ਬੈਠਿ: ਬੈਠਕੇ. "ਬੈਠਿ ਸਿੰਘੁ ਘਰਿ ਪਾਨ ਲਗਾਵੈ." (ਆਸਾ ਕਬੀਰ) ਦੇਖੋ, ਫੀਲੁ.

ਬੈਂਡਾ: ਵਿ- ਵਿੰਗਾ. ਟੇਢਾ। ੨. ਵਿੰਗੇ ਪੈਰਾਂ ਵਾਲਾ। ੩. ਡਿੰਗ. ਪਾਗਲ. ਸਿਰੜਾ.

ਬੈਂਡਾਲ: ਡਿੰਗ. ਪੈਰਾਂ ਨੂੰ ਕੁੰਡਲ ਆਕਾਰ ਕਰਕੇ ਰੱਖਣ ਵਾਲਾ ਬਾਂਕਾ ਘੋੜਾ.

ਬੈਡੂਰਜ: ਦੇਖੋ, ਵੈਡੂਰਯ.

ਬੈਣ: ਵਚਨ. ਦੇਖੋ, ਵੈਣ.

ਬੈਣੀ: ਵਾਣੀ ਨਾਲ. ਬਚਨਾਂ ਦ੍ਵਾਰਾ. "ਹਰਿ ਬੋਲੀ ਬੈਣੀ." (ਮਃ ੪. ਵਾਰ ਸੋਰ) ੨. ਸੰਗਯਾ- ਵੇਣੀ. ਗੁੱਤ. "ਬੈਣੀ ਮੰਡਾਯੰ. (ਦੱਤਾਵ)

ਬੈਤ: ਵੇਤ੍ਰ. ਦੇਖੋ, ਬੇਤ ਅਤੇ ਬੈਂਤਾਂ ਦੀ ਸਜ਼ਾ। ੨. ਅ਼. بیت ਘਰ. ਮਕਾਨ। ੩. ਛੰਦ. "ਹੇ ਬੈਤ ਵੱਤ ਮੋਹਿ ਸੁਨਾਇ." (ਨਾਪ੍ਰ) ਇਹ ਬੈਤ ਮੈ ਨੂੰ ਫੇਰ ਸੁਣਾ ੪. ਅ਼ਰਬੀ ਅਤੇ ਫ਼ਾਰਸੀ ਦੇ ਕਵੀਆਂ ਨੇ ਦੋ ਤੁਕ ਦੇ ਇੱਕ ਛੰਦ ਨੂੰ ਬੈਤ ਕਲਪਿਆ ਹੈ. ਇਸ ਛੰਦ ਦੇ ਬਹੁਤ ਭੇਦ ਹਨ, ਪਰ ਜ਼ਫ਼ਰਨਾਮਹ ਅਤੇ ਜ਼ਿੰਦਗੀਨਾਮਹ ਵਿੱਚ ਜੋ ਬੈਤ ਵਰਤੇ ਹਨ, ਉਨ੍ਹਾਂ ਦਾ ਰੂਪ ਇਹ ਹੈ-

(ੳ) ਦੋ ਚਰਣ. ਪ੍ਰਤਿ ਚਰਣ ੧੮. ਮਾਤ੍ਰਾ. ੧੦- ੮ ਪੁਰ ਵਿਸ਼੍ਰਾਮ, ਵਿਸ਼ੇਸ਼ ਕਰਕੇ ਅੰਤ ਲਘੁ.

ਉਦਾਹਰਣ-

ਹਮੁ ਮਰਦ ਬਾਯਦ, ਸਵਦ ਸੁਖ਼ਨਵਰ,

ਨ ਸ਼ਿਕਮੇ ਦਿਗਦ ਦਰ ਦਹਾਨੇ ਦਿਗਰ.

(ਜਫਰ)

(ਅ) ਦੋ ਚਰਣ, ਪ੍ਰਤਿ ਚਰਣ ੧੯. ਮਾਤ੍ਰਾ, ੧੨- ੭ ਪੁਰ ਵਿਸ਼੍ਰਾਮ.

ਉਦਾਹਰਣ-

ਗਰ ਤੁਰਾ ਯਾਦੇ ਖ਼ੁਦਾ, ਹਾਸਿਲ ਸ਼ਵਦ,

ਹੱਲ ਹਰ ਮੁਸ਼ਕਿਲ ਤੁਰਾ, ਐ ਦਿਲ ! ਸਵਦ.

(ਜ਼ਿੰਦਗੀ)

(ੲ) ਨਸੀਹਤਨਾਮੇ ਦੇ ਬੈਤ ਦਾ ਸਰੂਪ ਹੈ ਪ੍ਰਤਿ ਚਰਣ ੧੯. ਮਾਤ੍ਰਾ, ੧੦- ੯ ਪੁਰ ਵਿਸ਼੍ਰਾਮ, ਅਤੰ ਲਘੁ ਗੁਰੁ.

ਉਦਾਹਰਣ-

ਕਿਚੈ ਨੇਕਨਾਮੀ, ਜੋ ਦੇਵੈ ਖ਼ੁਦਾ,

ਜੁ ਦੀਸੈ ਜ਼ਿਮੀ ਪਰ, ਸੋ ਹੋਸੀ ਫਨਾ. ×××

(ਸ) ਅਬਿਚਲਨਗਰ ਦੀ ਮੁਹਰ ਅਤੇ ਮਹਾਰਾਜਾ ਰਣਜੀਤਸਿੰਘ ਜੀ ਦੇ ਸਿੱਕੇ "ਨਾਨਕਸ਼ਾਹੀ" ਪੁਰ ਜੋ ਬੈਤ ਹੈ, ਉਸ ਦਾ ਸਰੂਪ ਹੈ ਪ੍ਰਤਿ ਚਰਣ ੨੦. ਮਾਤ੍ਰਾ, ੧੦- ੧੦ ਪੁਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

ਦੇਗ਼ ਤੇਗ਼ੋ ਫ਼ਤਹ ਨੁਸਰਤ ਬੇਦਰੰਗ.

ਯਾਫ਼ਤਜ਼ ਨਾਨਕ ਗੁਰੂ ਗੋਬਿੰਦਸਿੰਘ.

(ਹ) ਭਾਈ ਸੰਤੋਖਸਿੰਘ ਨੇ ਗੁਰਪ੍ਰਤਾਪਸੂਰਯ ਵਿੱਚ ਬੈਤ ਦਾ ਰੂਪ ਦਿੱਤਾ ਹੈ- ਚਾਰ ਚਰਣ, ਪ੍ਰਤਿਚਰਣ ੧੯. ਮਾਤ੍ਰਾ, ੮- ੧੧ ਪੁਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ-

ਵਲਾਯਤ ਵਲੀ, ਅਹਲ ਆਰਫ਼ ਕਮਾਲ,

ਜਿਨ੍ਹੋ ਕੇ ਮਿਲੇ, ਰੱਬ ਪਾਯੈ ਜਮਾਲ. ×××

(ਕ) ਪੰਜਾਬੀ ਕਵੀਆਂ ਨੇ ਬੈਤ ੪. ਚਰਣ ਤੋਂ ਲੈਕੇ ੨੨ ਚਰਣ ਤੀਕ ਰਚੇ ਹਨ, ਅਰ ਥੋੜੇ ਥੋੜੇ ਭੇਦ ਨਾਲ ਸਰੂਪ ਇਉਂ ਹਨ- ਪ੍ਰਤਿ ਚਰਣ ੪੦ ਮਾਤ੍ਰਾ, ੨੦- ੨੦ ਪੁਰ ਦੋ ਵਿਸ਼੍ਰਾਮ, ਅੰਤ ਦੋ ਗੁਰੁ.

ਉਦਾਹਰਣ-

ਇਸੇ ਦੀਨਤਾ ਨੇ ਗੁਣੀ ਮਾਨ ਖੋਯਾ,

ਕੱਖ ਤੂਲ ਤੋਂ ਤੁੱਛ ਹੈ ਚਾਇ ਕੀਤਾ,

ਰਹੀ ਮੱਤ ਨਾ ਉੱਚੜੇ ਭਾਵ ਸੰਦੀ,

ਦੇਸ਼ ਵਿੱਚ ਦਰਿਦ੍ਰਤਾ ਵਾਸ ਲੀਤਾ. ×××

(ਖ) ਵਾਰਸਸ਼ਾਹ ਨੇ ਭੀ ੨੦- ੨੦ ਅਥਵਾ ੧੯- ੨੦ ਮਾਤ੍ਰਾ ਪ੍ਰਤਿ ਚਰਣ ਵਿਸ਼੍ਰਾਮ ਦੇ ਬੈਤ ਰਚੇ ਹਨ, ਯਥਾ-

ਲੱਖ ਵੈਦਗੀ ਵੈਦ ਲਗਾਇ ਥੱਕੇ,

ਧੁਰੋਂ ਟੁੱਟੜੀ ਕਿਸੇ ਨਾ ਜੋੜਨੀ ਵੇ,

ਜਿੱਥੇ ਕਲਮ ਤਕਦੀਰ ਦੀ ਵਗ ਚੁੱਕੀ,

ਕਿਸੇ ਵੈਦਗੀ ਨਾਲ ਨਾ ਮੋੜਨੀ ਵੇ. ×××

ਰਲੇ ਦਿਲਾਂ ਨੂੰ ਜਿਹੜੇ ਵਿਛੋੜਦੇਨੀ,

ਬੁਰੀ ਬਣੇਗੀ ਤਿਨ੍ਹਾ ਹਤਿਆਰਿਆਂ ਨੂੰ,

ਨਿੱਤ ਹਿਰਸ ਦੇ ਫਿਕਰ ਗਲਤਾਨ ਰਹਿੰਦੇ,

ਏਹ ਸ਼ਾਮਤਾਂ ਰੱਬ ਦੇ ਮਾਰਿਆਂ ਨੂੰ. ×××

(ਗ) ਹਾਫ਼ਿਜ[901] ਨੇ ਅੱਠ ਚਰਣ ਦੇ ਬੈਤ ਲਿਖੇ ਹਨ, ਜਿਨ੍ਹਾਂ ਦੇ ਪ੍ਰਤਿ ਚਰਣ ੨੮ ਮਾਤ੍ਰਾ ਹਨ, ੧੬- ੧੨ ਪੁਰ ਵਿਸ਼੍ਰਾਮ, ਅੰਤ ਲਘੁ ਗੁਰੁ ਅਥਵਾ ਦੋ ਗੁਰੁ.

ਉਦਾਹਰਣ-

ਕੂੜੀ ਗੱਲੀਂ ਕੁਝ ਨਾ ਵੱਸੇ, ਬਖ਼ਸ਼ ਕਦਾਈਂ ਭੋਰਾ,

ਅਮਲਾਂ ਬਾਝੋਂ ਢੋਈ ਨਾਹੀਂ ਨਾ ਕਰ ਵੇਖੀਂ ਜ਼ੋਰਾ. ×××

**ਬੈਤਰਣੀ, ਬੈਤਰਨੀ:** ਦੇਖੋ, ਵੈਤਰਣੀ. "ਸ੍ਰੌਨ ਚਲਜੋ ਬਹਿ ਬੈਤਰਨੀ ਹੈ." (ਚੰਡੀ ੧)

**ਬੈਤਲ:** ਵੇਤਾਲ. ਦੇਖੋ, ਬੇਤਾਲ. "ਬਕੰਤ ਬੀਰ ਬੈਤਲੰ." (ਰਾਮਾਵ)

**ਬੈਤਾਂ ਦੀ ਸਜਾ:** ਵੇਤ੍ਰਾਘਾਤ. ਬੈਤ ਦੀ ਛਟੀ ਨਾਲ ਅਪਰਾਧੀ ਨੂੰ ਤਾੜਨ ਦੀ ਕ੍ਰਿਯਾ, ਬੈਤਾਂ ਦੀ ਸਜਾ ਪੁਰਾਣੇ ਸਮੇਂ ਤੋਂ ਲੈਕੇ ਹੁਣ ਤਕ ਪ੍ਰਚਲਿਤ ਹੈ. "ਆਨਹੁ ਬੈਤ ਸਾਸਨਾ ਦੇਈ." (ਨਾਪ੍ਰ)

**ਬੈਤਾਰ, ਬੈਤਾਲ:** ਵੇਤਾਲ. ਦੇਖੋ, ਬੇਤਾਲ. "ਨਾਚੇ ਭੂਤ ਪ੍ਰੇਤ ਬੈਤਾਰਾ." (ਚੰਡੀ ੨) ੨. ਵਿਕ੍ਰਮਾਦਿਤ੍ਯ ਦੀ ਸਭਾ ਦਾ ਇੱਕ ਕਵਿ.

**ਬੈਤੁਲਮੁਕੱਦਸ, ਬੈਤੁਲਮੁਕ਼ੱਦਸ:** ਅ਼. بیت المقدس ਸੰਗ੍ਯਾ- ਮੁਕ਼ੱਦਸ (ਪਵਿਤ੍ਰ) ਬੈਤ (ਘਰ). ਦੇਖੋ, ਜਰੂਸਲਮ.

**ਬੈਦ:** ਸੰ. ਵੈਦ੍ਯ- ਸੰਗ੍ਯਾ- ਤਬੀਬ. ਰੋਗ ਦੂਰ ਕਰਨ ਵਾਲਾ.

**ਬੈਦਕ:** ਸੰ. ਵੰਦ੍ਯਕ. ਸੰਗ੍ਯਾ- ਵੈਦ੍ਯਵਿਦ੍ਯਾ। ੨. ਵੈਦ੍ਯਵਿਦ੍ਯਾ ਦਾ ਗ੍ਰੰਥ. "ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ." (ਫੁਨਹੇ ਮਃ ੫) ੩. ਦੇਖੋ, ਨਾਟਿਕ ੨। ੪. ਸੰ. ਵੈਦਿਕ. ਵਿ- ਵੇਦ ਸੰਬੰਧੀ. ਵੇਦ ਦਾ.

**ਬੈਦਰ:** ਦੇਖੋ, ਵਿਦੁਰ. "ਇਤਨੇ ਮਹਿ ਬੇਦਰ ਆਇਗਯੋ." (ਕ੍ਰਿਸਨਾਵ)

**ਬੈਦਰਭ:** ਸੰ. ਵੈਦਰ੍ਭ ਵਿਦਰ੍ਭ. ਦੇਸ਼ ਦਾ। ੨. ਵਿਦਰ੍ਭ ਦਾ ਰਾਜਾ. ਦੇਖੋ, ਵਿਦਰਭ.

---

[901] ਇਹ ਪੰਜਾਬੀ ਦਾ ਕਵੀ ਹਾਫ਼ਿਜ਼ ਹੈ.

**ਬੈਦੂਰਥ:** ਵਿਦੂਰਥ. ਦੇਖੋ, ਬਯਦੂਰਥ.

**ਬੈਦਜ:** ਦੇਖੋ, ਬੈਦ. "ਬੈਦਜੰ ਪਾਰਬ੍ਰਹਮ ਪਰਮੇਸੁਰ." (ਸਹਸ ਮਃ ੫)

**ਬੈਨ:** ਸੰਗਯਾ- ਵਾਣੀ. ਵਚਨ. "ਬੋਲਹਿ ਮੀਠੇ ਬੈਨ." (ਧਨਾ ਮਃ ੫) ੨. ਸੰ. ਵੈਣ. ਵੇਣ ਰਾਜਾ ਦਾ ਪੁਤ੍ਰ ਪ੍ਰਿਥੁ. "ਬਲਿ ਬੈਨ ਬਿਕ੍ਰਮ ਭੋਜ ਹੂੰ ਮੇ ਮੌਜ ਐਸੀ." (ਕਵਿ ੫੨)

**ਬੈਨਤੇਯ:** ਸੰ. ਵੈਨਤੇਯ. ਵਿਨਤਾ ਦਾ ਪੁਤ੍ਰ ਗਰੁੜ. "ਭਵਬੰਧਨ ਪੰਨਗ੍ਹ ਜੇ ਗ੍ਰਾਸੇ, ਬੈਨਤੇਯ ਹੋ ਤਿਨ ਕੋ." (ਨਾਪ੍ਰ) ਦੇਖੋ, ਗਰੁੜ.

**ਬੈਨਾਮਾ:** ਫ਼ਾ. بیعنامہ ਬੈਅ਼ਨਾਮਹ. ਖ਼ਰੀਦ ਦੀ ਲਿਖਤ. ਵਿਕ੍ਰਯਪਤ੍ਰ.

**ਬੈਰ:** ਸੰ. ਵੈਰ. ਸੰਗਯਾ- ਦੁਸ਼ਮਨੀ. ਦ੍ਵੇਸ਼. "ਬੈਰ ਬਿਰੋਧ ਛੇਦੇ ਭੈ ਭਰਮਾ." (ਪ੍ਰਭਾ ਅਃ ਮਃ ੫) ੨. ਬਗੈਰ ਦਾ ਸੰਖੇਪ. ਦੇਖੋ, ਬੈਰੇਕੰਨਾ.

**ਬੈਰਕ:** ਅ਼. بیرق ਬੈਰਕ਼. ਸੰਗਯਾ- ਛੋਟਾ ਝੰਡਾ. ਪਤਾਕਾ. "ਚਲ ਬਰਕਾ ਧਰ ਅਗਾਰੀ." (ਗੁਪ੍ਰਸੂ) ੨. ਫਰਹਰਾ. ਨਿਸ਼ਾਨ ਦਾ ਵਸਤ੍ਰ. "ਝੂਲਣ ਨੇਜੇ ਬੈਰਕਾਂ." (ਚੰਡੀ ੩) ੩. ਅੰ. Barrack ਕੋਠੜੀਆਂ ਦੀ ਸ਼੍ਰੇਣੀ (ਕਤਾਰ). ਬਾਰੱਗ.

**ਬੈਰਖ:** ਦੇਖੋ, ਬੈਰਕ ੧. ਅਤੇ ੨. "ਬਰਛੀ ਅਰੁ ਬੈਰਖ ਬਾਨ ਧੁਜਾ." (ਕਲਕੀ)

**ਬੈਰਨਿ:** ਵੈਰ ਕਰਨ ਵਾਲੀ.

**ਬੈਰਮ:** ਤੁ. بیرم ਤਿਉਹਾਰ ਈ਼ਦ ਜਸ਼ਨ. ਪਰਵ.

**ਬੈਰਮਖਾਨ:** ਹਰਿਗੋਬਿੰਦਪੁਰ (ਸ਼੍ਰੀ ਗੋਬਿੰਦਪੁਰ) ਦੇ ਜੰਗ ਵਿੱਚ ਲੜਨ ਆਇਆ ਇੱਕ ਸਰਦਾਰ. ਭਾਈ ਮਥੁਰਾ ਇਸ ਨੂੰ ਮਾਰਕੇ ਸ਼ਹੀਦ ਹੋਇਆ.

**ਬੈਰਾਇ, ਬੈਰਾਈ:** ਵਿ- ਵੈਰ ਕਰਨ ਵਾਲਾ. ਵੈਰੀ. ਵਿਰੋਧੀ. "ਬੀਰ ਭਏ ਬੈਰਾਇ." (ਓਅੰਕਾਰ) "ਨਾ ਹਮ ਕਿਸ ਕੇ ਬੈਰਾਈ." (ਧਨਾ ਮਃ ੫) "ਜੀਤੇ ਪੰਚ ਬੈਰਾਈਆ." (ਸਵਾ ਮਃ ੫) ੨. ਸੰਗਯਾ- ਵੈਰਭਾਵ. ਸ਼ਤ੍ਰੁਤਾ. "ਮੇਰ ਤੇਰ ਜਬ ਇਨਹਿ ਚੁਕਾਈ। ਤਾਂਤੇ ਇਸ ਸੰਗਿ ਨਹੀਂ ਬੈਰਾਈ." (ਗਉ ਅਃ ਮਃ ੫)

**ਬੈਰਾਹ:** ਸੰ. ਵਾਰਾਹ. ਵਰਾਹ ਨਾਲ ਹੈ ਜਿਸ ਦਾ ਸੰਬੰਧ. ਵਰਾਹ ਦਾ। ੨. ਵਰਾਹ (ਸੂਰ) ਲਈ ਭੀ ਬੈਰਾਹ ਸ਼ਬਦ ਆਇਆ ਹੈ. "ਰੇ ਬੈਰਾਹ ਸਿਖਾਵ ਮਤ ਚਲਨ ਯਾਂਹਿ ਬੈਰਾਹ."[902] (ਬਸੰਤ ਸਤਸਈ) ੩. ਬੇ- ਰਾਹ ਕੁਮਾਰਗ.

**ਬੈਰਾਖੜੀ:** ਦੇਖੋ, ਬਾਰਹਖੜੀ.

**ਬੈਰਾਗ:** ਸੰ. ਵਿਰਾਗ. ਸੰਗਯਾ- ਰਾਗ (ਮੁਹੱਬਤ) ਦਾ ਅਭਾਵ ਪਦਾਰਥਾਂ ਵਿੱਚ ਪ੍ਰੇਮ ਦਾ ਨਾ ਹੋਣਾ. ਵੈਰਾਗਯ. ਵਿਰਾਗ ਦਾ ਭਾਵ. ਦੇਖੋ, ਵੈਰਾਗ। ੨. ਰੁਦਨ. ਰੋਣਾ. "ਸਹਜ ਬੈਰਾਗ. ਸਹਜੇ ਹੀ ਹਸਨਾ." (ਗਉ ਅਃ ਮਃ ੫) ਦੇਖੋ, ਬੈਰਾਗ ਛੁੱਟਣਾ। ੩. ਉਪਰਾਮਤਾ. "ਜਿਹ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ." (ਸਃ ਮਃ ੯) ਵੇਸ਼ (ਭੇਖ) ਤੋਂ ਭੀ ਜਿਸ ਨੇ ਉਪਰਾਮਤਾ ਗ੍ਰਹਿਣ ਕੀਤੀ ਹੈ.

**ਬੈਰਾਗ ਛੁੱਟਣਾ:** ਕ੍ਰਿ- ਰੋਪੈਣਾ. ਨੇਤ੍ਰਾਂ ਤੋਂ ਜਲਧਾਰਾ ਵਹਿਣੀ. "ਕੰਠ ਨਾਲ ਜਦ ਲਾਇਆ. ਤਦ ਰਮੇਸਰਦਾਸ ਦਾ ਬੈਰਾਗ ਛੁੱਟ ਗਿਆ." (ਜਸਭਾਮ)

**ਬੈਰਾਗਨ:** ਸੰਗਯਾ- ਵੈਰਾਗਜਵਾਨ ਸਾਧੂ ਦੀ ਆਧਾਰੀ. ਟਿਕਟਿਕੀ, ਜੋ ਇਸ T ਆਕਾਰ ਦੀ ਹੁੰਦੀ ਹੈ. ਇਸ ਉੱਤੇ ਬਾਂਹਾਂ ਰੱਖਕੇ

---

[902] ਹੇ ਸੂਰਾ. ਇਸ ਨੂੰ ਕੁਮਾਰਗ ਪੈਣਾ ਨਾ ਸਿਖਾ.

ਸਾਧੂ ਬੈਠਦੇ ਹਨ.

ਬੈਰਾਗਨਿ: ਵਿ- ਵੈਰਾਗ ਵਾਲੀ. "ਖੋਜਤ ਖੋਜਤ ਭਈ ਬੈਰਾਗਨਿ." (ਗਉ ਮਃ ੫) ੨. ਸੰਗ੍ਯਾ- ਵੈਰਾਗ੍ਯ ਨੂੰ ਪ੍ਰਾਪਤ ਹੋਈਆਂ ਇੰਦ੍ਰੀਆਂ. "ਦਸ ਬੈਰਾਗਨਿ ਮੋਹਿ ਬਸਿ ਕੀਨੀ." (ਧਨਾ ਨਾਮਦੇਵ)

ਬੈਰਾਗਰ: ਸੰ. ਵਜ੍ਰਾਕਰ. ਸੰਗ੍ਯਾ- ਹੀਰੇ ਦੀ ਖਾਣ.

ਬੈਰਾਗਰੁ: ਰਚਨਾ ਦੀ ਖਾਣ. "ਜਪਿ ਹਰਿ ਬੈਰਾਗਰੁ." (ਮਃ ੪. ਵਾਰ ਕਾਨ) ੨. ਵਿ- ਵੈਰਾਗ੍ਯਵਾਨ. ਉਦਾਸੀਨ. "ਤੂ ਠਾਕੁਰੋ ਬੈਰਾਗਰੋ." (ਸੂਹੀ ਛੰਤ ਮਃ ੫)

ਬੈਰਾਗੀ: वैरागिन्. ਵਿ- ਵੈਰਾਗੀ. ਵੈਰਾਗ੍ਯ ਵਾਲਾ. ਜਗਤ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ. "ਨਹ ਚੀਨਿਆ ਪਰਮਾਨੰਦ ਬੈਰਾਗੀ." (ਮਾਰੂ ਮਃ ੧) "ਜੋ ਮਨੁ ਮਾਰਹਿ ਆਪਣਾ, ਸੋ ਪੁਰਖੁ ਬੈਰਾਗੀ." (ਵਡ ਛੰਤ ਮਃ ੩) ੨. ਸੰਗ੍ਯਾ- ਵੈਸ਼ਨਵ ਸਾਧੂਆਂ ਦਾ ਇੱਕ ਫਿਰਕਾ, ਜਿਸ ਦਾ ਆਚਾਰਯ ਰਾਮਾਨੰਦ ਹੈ. "ਰਾਮਾਨੰਦ ਬਹੁਰ ਪ੍ਰਭੁ ਕਰਾ। ਭੇਸ ਬੈਰਾਗੀ ਕੋ ਤਿਨ ਧਰਾ।।" (ਵਿਚਿਤ੍ਰ) ਬੈਰਾਗੀਆਂ ਦੇ ਪੰਜ ਕਰਮ ਧਰਮ ਦਾ ਅੰਗ ਹਨ- ਦ੍ਵਾਰਿਕਾ ਦੀ ਯਾਤ੍ਰਾ, ਸ਼ੰਖ ਚਕ੍ਰ ਆਦਿ ਵਿਸ਼ਨੁ ਚਿੰਨ੍ਹਾਂ ਦਾ ਸ਼ਰੀਰ ਪੁਰ ਛਾਪਾ, ਗੋਪੀਚੰਦਨ ਦ ਤਿਲਕ, ਕ੍ਰਿਸ਼ਨ ਅਥਵਾ ਰਾਮਮੂਰਤਿ ਦੀ ਉਪਾਸਨਾ ਅਤੇ ਤੁਲਸੀਮਾਲਾ ਦਾ ਧਾਰਣ. ਦੇਖੋ, ਬੈਸਨਵ.

ਬੈਰਾਗੀਅੜਾ: ਵੈਰਾਗ੍ਯਵਾਨ. ਦੇਖੋ, ਬੈਰਾਗੀ. "ਅਨਭਉ ਕਿਨੈ ਨ ਦੇਖਿਆ, ਬੈਰਾਗੀਅੜੇ !" (ਮਾਰੂ ਕਬੀਰ)

ਬੈਰਾਗੁ: ਦੇਖੋ, ਵੈਰਾਗ। ੨. ਉਦਾਸੀਨਤਾ. ਨਿਰਾਸਤਾ. "ਮਨ, ਕਿਉ ਬੈਰਾਗੁ ਕਰਹਿਗਾ? ਸਤਿਗੁਰੁ ਮੇਰਾ ਪੂਰਾ." (ਆਸਾ ਮਃ ੫)

ਬੈਰਾਟ, ਬੈਰਾਠ: ਦੇਖੋ, ਵਿਰਾਟ ਅਤੇ ਵੈਰਾਟੰ.

ਬੈਰਾਨਾ: ਸੰਗ੍ਯਾ- ਵੈਰਭਾਵ. ਦੁਸ਼ਮਨੀ. "ਸਾਜਨ ਸਿਉ ਬੈਰਾਨਾ." (ਆਸਾ ਮਃ ੫)

ਬੈਰਾਰ: ਦੇਖੋ, ਬੈਰਾੜ ਅਤੇ ਵਿਦਰਭ.

ਬੈਰਾਰੀ: ਦੇਖੋ, ਬੈਰਾੜੀ.

ਬੈਰਾੜ: ਇੱਕ ਮਹਾਂ ਸ਼ੂਰਵੀਰ ਜਾਤਿ, ਜਿਸ ਦਾ ਨਿਕਾਸ ਭੱਟੀ ਰਾਜਪੂਤਾਂ ਵਿੱਚੋਂ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੀ ਇਸ ਜਾਤਿ ਪੁਰ ਖ਼ਾਸ ਕ੍ਰਿਪਾ ਹੋਈ ਹੈ, ਜੋ ਜਫ਼ਰਨਾਮੇ ਦੇ ਇਸ ਵਾਕ ਤੋਂ ਸਿੱਧ ਹੁੰਦੀ ਹੈ- "ਹਮਹ ਕ਼ੌਮ ਬੈਰਾੜ ਹੁਕਮੇ ਮਰਾਸ੍ਤ." ਦੇਖੋ, ਫੂਲਵੰਸ਼.

ਬੈਰਾੜ ਮਾਦੋ ਕੇ: ਦੇਖੋ, ਗੁਰੂਸਰ ਨੰ. ੮.

ਬੈਰਾੜੀ: ਸੰ. वराटी- ਵਰਾਟੀ. ਇਹ ਮਾਰੂਠਾਟ ਦੀ ਸੰਪੂਰਣ ਰਾਗਿਣੀ ਹੈ. ਸ਼ਡਜ ਗਾਂਧਾਰ ਪੰਚਮ ਧੈਵਤ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਹੈ, ਪਰ ਦੁਰਬਲ ਹੋਕੇ ਲਗਦਾ ਹੈ. ਵਾਦੀ ਗਾਂਧਾਰ ਅਤੇ ਸੰਵਾਦੀ ਧੈਵਤ ਹੈ. ਇਸ ਵਿੱਚ ਗਾਂਧਾਰ ਅਤੇ ਪੰਚਮ ਦੀ ਸੰਗਤਿ ਰਹਿੰਦੀ ਹੈ. ਇਸ ਦੇ ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਬੈਰਾੜੀ ਦਾ ਤੇਰ੍ਹਵਾਂ ਨੰਬਰ ਹੈ.

ਬੈਰੀ: ਸੰ. वैरिन- ਵੈਰੀ. ਵਿ- ਵੈਰ (ਦੁਸ਼ਮਨ) ਕਰਨ ਵਾਲਾ. "ਬੈਰੀ ਸਭਿ ਵਹਿ ਮੀਤ." (ਰਾਮ ਮਃ ੫)

ਬੈਰੀਸਾਲ: ਵਿ- ਵੈਰੀ (ਦੁਸ਼ਮਨ) ਨੂੰ ਸੱਲਰੂਪ। ੨. ਸੰਗ੍ਯਾ- ਦੱਖਣੀ ਬਿਹਾਰ ਵਿੱਚ ਜਗਦੀਸ਼ਪੁਰ ਦੇ ਰਾਜਾ ਗਜਪਤੀ ਦਾ ਛੋਟਾ ਭਾਈ, ਜੋ ਅਕਬਰ ਦੇ ਜਮਾਨੇ ਪ੍ਰਸਿੱਧ ਹੋਇਆ ਹੈ.

ਬੈਰੇਕੰਨਾ: ਵਹਿਰ- ਏਕ- ਨਾ. ਵਹਿਰ (ਬਾਹਰ) ਇੱਕ ਨਹੀਂ. "ਨਈਆ ਤੇ ਬੈਰੇਕੰਨਾ." (ਧਨਾ ਨਾਮਦੇਵ) ਪ੍ਰੇਰਕ ਕਰਤਾਰ (ਨਯੰਤਾ) ਤੋਂ ਬਾਹਰ ਇੱਕ ਨਹੀਂ। ੨. ਬਗੈਰ ਇੱਕ ਨਾ.

ਬੈਲ: ਸੰਗਯਾ- ਬਲਦ. ਦੇਖੋ, ਬੈਲੁ। ੨. ਭਾਵ- ਮੂਰਖ. ਪਸ਼ੂ। ੩. ਵ੍ਯਸਨ. ਐਬ। ੪. ਸੰ. ਵਿ- ਬਿਲ (ਖੁੱਡ) ਵਿੱਚ ਰਹਿਣ ਵਾਲਾ.

ਬੈਲਪਤਿ: ਸੰਗਯਾ- ਸ਼ਿਵ। ੨. ਕਾਸ਼ਤਕਾਰ.

ਬੈਲਬਿਰਾਨਾ: ਬੇਗਾਨਾ ਬੈਲ. ਪਰਾਇਆ ਪਸ਼ੂ, ਜਿਸ ਤੋਂ ਕੰਮ ਬਹੁਤਾ ਅਤੇ ਖਾਣ ਪੀਣ ਲਈ ਘੱਟ ਦਿੱਤਾ ਜਾਂਦਾ ਹੈ. "ਹਰਿ ਬਿਨੁ ਬੈਲ ਬਿਰਾਨੇ ਹੁਈਹੈ." (ਗੂਜ ਕਬੀਰ) ੨. ਭਾਵ- ਗੁਲਾਮ. ਮੁੱਲ ਲੀਤਾ ਸੇਵਕ.

ਬੈਲੀ: ਵਿ- ਵ੍ਯਸਨ ਵਾਲਾ. ਦੋਸ਼ੀ. ਐ਼ਬੀ. ਵਿਕਾਰੀ.

ਬੈਲੁ: ਦੇਖੋ, ਬੈਲ. "ਘਾਟੀ ਚਢਤ ਬੈਲੁ ਇਕੁ ਥਾਕਾ." (ਗਉ ਕਬੀਰ) ਭਾਵ- ਮਨ। ੨. ਦੇਖੋ, ਪਹਿਲਾ ਪੂਤ.

ਬੈੜ੍ਹਕਾ, ਬੈੜ੍ਹਾ: ਸੰਗਯਾ- ਜੁਆਨ ਬੈਲ, ਜੋ ਹਲ ਨਹੀਂ ਜੋਤਿਆ. ਬੜ੍ਹਕ ਮਾਰਨ ਵਾਲਾ ਦੇਖੋ, ਬੜ੍ਹਕ.

ਬੋ: ਕ੍ਰਿਯਾਬੋਧਕ ਸ਼ਬਦ, ਜੈਸੇ- ਆਇਬੋ, ਜਾਇਬੋ, ਕਰਬੋ ਆਦਿ। ੨. ਫ਼ਾ. بو ਸੰਗਯਾ- ਗੰਧ. ਬੂ। ੩. ਆਸ਼ਾ. ਉਮੀਦ। ੪. ਬੋਨਾ ਕ੍ਰਿਯਾ ਦਾ ਅਮਰ ਬੀਜ.

ਬੋਅਹੁ: ਬੀਜੋ. ਬੋਵਹੁ. "ਕਰਮਭੂਮਿ ਮਹਿ ਬੋਅਹੁ ਨਾਮ." (ਗਉ ਮਃ ੫)

ਬੋਇ: ਬੀਜ. ਤੁਖ਼ਮਰੇਜ਼ੀ ਕਰ. "ਬੋਇ ਖੇਤੀ ਲਾਇ ਮਨੂਆ." (ਮਾਰੂ ਮਃ ੫) ੨. ਕ੍ਰਿ. ਵਿ- ਬੀਜਕੇ। ੩. ਫ਼ਾ. بوئے ਬੋਯ ਅਤੇ ਬੂਯ. ਸੰਗਯਾ- ਗੰਧ.

ਬੋਇਓ, ਬੋਇਆ: ਬੀਜਿਆ. "ਬੋਇਓ ਬੀਜੁ ਅਹੰ ਮਮ ਅੰਕੁਰੁ." (ਸਵੈਯੇ ਸ੍ਰੀ ਮੁਖਵਾਕ ਮਃ ੫) "ਜੇਹਾ ਪੁਰਬਿ ਕਿਨੈ ਬੋਇਆ." (ਮਃ ੪. ਵਾਰ ਗਉ ੧)

ਬੋਈ: ਬੀਜੀ. "ਜਿਮੀ ਨਾਹੀ ਮੈ ਕਿਸੀ ਕੀ ਬੋਈ." (ਸੂਹੀ ਕਬੀਰ)

ਬੋਸਤਾਂ: ਫ਼ਾ. بوستاں ਸੁਗੰਧ ਦਾ ਅਸਥਾਨ. ਫੁਲਵਾੜੀ. ਬਾਗ। ੨. ਦੇਖੋ, ਸਾਦੀ। ੩. ਕ੍ਵੇਟੇ ਤੋਂ ਵੀਹ ਕੋਹ ਚਮਨ ਵੱਲ ਇੱਕ ਨਗਰ ਅਤੇ ਰੇਲ ਦਾ ਸਟੇਸ਼ਨ. ਇੱਥੇ ਦੀ ਬਲੰਦੀ ੫੧੫੩ ਫੁਟ ਹੈ.

ਬੋਸਾ: ਫ਼ਾ. بوسہ ਬੋਸਹ. ਸੰਗਯਾ- ਚੁੰਮਾ. ਬਾਗੀ. ਥੱਪੀ.

ਬੋਸੀਦਨ: ਫ਼ਾ. بوسیدن ਕ੍ਰਿ- ਚੁੰਮਣਾ. ਬਾਗੀ ਲੈਣੀ। ੨. ਬੋਦਾ ਹੋਣਾ. ਪੁਰਾਣਾ ਹੋਣਾ.

ਬੋਸੀਦਾ: ਫ਼ਾ. بوسیدہ ਬੋਸੀਦਹ. ਵਿ- ਪੁਰਾਣਾ. ਬੋਦਾ.

ਬੋਹ: ਫ਼ਾ. بوئے ਬੂਯ. ਸੰਗਯਾ- ਗੰਧ. "ਨਿਕਟ ਬਸੰਤੋ ਬਾਂਸੋ, ਨਾਨਕ ਅਹੰਬੁਧਿ ਨ ਬੋਹਤੇ." (ਗਾਥਾ) ੨. ਅੰਬੋਹ (ਢੇਰ) ਦਾ ਸੰਖੇਪ. "ਜਣੋਂ ਓਲੇ ਕੋ ਬੋਹ." (ਗੁਪ੍ਰਸੂ)

ਬੋਹਟੀ: ਸੰਗਯਾ- ਛੋਟੀ ਟੋਕਰੀ.

ਬੋਹਣਾ: ਕ੍ਰਿ. - ਬੂ (ਗੰਧ) ਸਹਿਤ ਹੋਣਾ। ੨. ਬੋਧਨ. ਸਮਝਾਉਣਾ.

ਬੋਹਣੀ: ਸੰਗਯਾ- ਵਿਕ੍ਰਯਣ (ਵੇਚਣ) ਦੀ ਕ੍ਰਿਯਾ। ੨. ਵੱਟਤ. ਖੱਟੀ.

ਬੋਹਥ: ਦੇਖੋ, ਬੋਹਿਥ.

**ਬੋਹਦਾ:** ਬੂ ਦਿੰਦਾ. ਗੰਧ ਸਹਿਤ ਕਰਦਾ. "ਬਾਵਨ ਚੰਦਨ ਬੋਹਦਾ." (ਭਾਗੁ)

**ਬੋਹਯ:** ਬੋਧ- ਹੈ. ਸੁਗੰਧਿਤ ਕਰਦਾ ਹੈ। ੨. ਸੰ. ਵ੍ਯੂਹ. ਸੰਗ੍ਯਾ- ਸਮੁਦਾਯ. "ਸੁਰ ਨਰ ਗਣ ਮੁਨਿ ਬੋਹਯ ਅਗਾਜਿ."

(ਸਵੈਯੇ ਮਃ ੨. ਕੇ) ਸੁਰ ਨਰ ਆਦਿ ਦੇ ਸਮੁਦਾਯ ਤੋਂ ਅਗ੍ਰਾਹਜ ਹੈ. ਭਾਵ- ਜੋ ਅਮ੍ਰਿਤ ਗੁਰੂ ਅੰਗਦਦੇਵ ਨੂੰ ਪ੍ਰਾਪਤ ਹੋਇਆ ਹੈ. ਉਹ ਦੇਵਾਦਿਕਾਂ ਤੋਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ.

**ਬੋਹਰਾ:** ਦੇਖੋ, ਬਹੁਰਾ.

**ਬੋਹਲ, ਬੋਹਲੁ:** ਸੰ. ਬਲਜ. ਸੰਗ੍ਯਾ- ਅਨਾਜ ਦਾ ਢੇਰ. "ਬੋਹਲ ਬਖਸ ਜਮਾਇ ਜੀਉ." (ਸ੍ਰੀ ਮਃ ੫. ਪੈਪਾਇ) "ਸਤਿਗੁਰੁ ਬੋਹਲੁ ਹਰਿਨਾਮ ਕਾ." (ਮਃ ੪. ਵਾਰ ਵਡ)

**ਬੋਹੜ:** ਸੰਗ੍ਯਾ- ਵਟ. ਬੜ. ਵਰੋਟਾ.

**ਬੋਹੜੀ:** ਛੋਟੇ ਪੱਤੇ ਦਾ ਬੜ (ਵਟ). ੨. ਭਾਈ ਸੰਤੋਖਸਿੰਘ ਨੇ ਲਿਖਿਆ ਹੈ ਕਿ ਮਾਲਵੇ ਵਿੱਚ ਵਿਚਰਦੇ ਹੋਏ ਗੁਰੂ ਗੋਬਿੰਦਸਿੰਘ ਸਾਹਿਬ ਬੋਹੜੀ ਪਿੰਡ ਤੋਂ ਕੂਚ ਕਰਕੇ ਕਾਲਝਰਾਣੀ ਪਹੁਚੇ ਹਨ. "ਪਹੁਚੇ ਨਿਕਟ ਬੋਹੜੀ ਜਾਣੀ। ਤਹਿਂ ਤੇ ਚਲਕਰ ਕਾਲਝਰਾਣੀ." (ਗੁਪ੍ਰਸੂ ਐਨ ੧. ਅਃ ੧੬)

**ਬੋਹਿਥ, ਬੋਹਿਥਉ, ਬੋਹਿਥੜਾ, ਬੋਹਿਥਾ, ਬੋਹਿਥੁ:** ਸੰ. ਵਹਿਤ੍ਰ. ਸੰਗ੍ਯਾ- ਜਹਾਜ. ਪੋਤ. ਦੇਖੋ, ਅੰ. Boat ਪ੍ਰਾ- ਬੋਹਿੱਥ. "ਬੋਹਿਥਉ ਬਿਧਾਤੈ ਨਿਰਮਯੋ." (ਸਵੈਯੇ ਮਃ ੩. ਕੇ) "ਬੋਹਿਥੜਾ ਹਰਿਚਰਣ." (ਆਸਾ ਮਃ ੫) "ਸਤਿਗੁਰ ਬੋਹਿਥੁ ਹਰਿਨਾਵ ਹੈ." (ਸ੍ਰੀ ਮਃ ੪) ਹਰਿ- ਨਾਮਰੂਪ ਬੋਹਿਥ.

**ਬੋਹੈ:** ਸੁਗੰਧਿਤ ਕਰਦਾ ਹੈ। ੨. ਬੱਧਨ ਕਰਦਾ ਹੈ. "ਨਾਮ ਸੁਰ ਨਰਹ ਬੋਹੈ." (ਸਵੈਯੇ ਮਃ ੨. ਕੇ) ੩. ਸੰ. ਵ੍ਯੂਹ. ਸਮੁਦਾਯ. "ਨਾਮ ਟੇਕ ਸੰਗਾਦਿ ਬੋਹੈ." (ਸਵੈਯੇ ਮਃ ੪. ਕੇ) ਸੰਗੀ ਆਦਿ ਦੇ ਵ੍ਯੂਹ ਨੂੰ ਨਾਮ ਟੇਕ (ਆਧਾਰ) ਦਾਇਕ ਹੈ.

**ਬੋਕ:** ਨਰ ਬਕਰ (ਬਕਰਾ) ਸਾਂਡ ਬਕਰਾ. "ਬਨ ਕੋ ਭ੍ਰਮੈਯਾ ਔਰ ਦੂਸਰੋ ਨ ਬੋਕ ਸੋ." (ਅਕਾਲ) ਜੰਗਲ ਵਿੱਚ ਫਿਰਨ ਵਾਲਾ ਜੇ ਆਪਣੀ ਕ੍ਰਿਯਾ ਤੋਂ ਕਰਤਾਰ ਨੂੰ ਰਿਝਾਉਣਾ ਚਾਹੇ, ਤਦ ਬੋਕ ਜੇਹਾ ਕੋਈ ਵਨਚਾਰੀ ਨਹੀਂ.

**ਬੋਕਾ:** ਸੰਗ੍ਯਾ- ਚਮੜੇ ਦਾ ਡੋਲ.

**ਬੋਚ:** ਪ੍ਰਾ. ਸੰਗ੍ਯਾ- ਕੁੰਭੀਰ. ਮਗਰਮੱਛ. "ਹੈ ਭਏ ਬੋਚਨ ਤੁੱਲ ਮਨੋ." (ਕ੍ਰਿਸਨਾਵ)

**ਬੋਚਣਾ, ਬੋਚਨਾ:** ਕ੍ਰਿ. ਵਿ- ਉੱਚ ਗ੍ਰਹਣ. ਡਿਗਣ ਤੋਂ ਪਹਿਲਾਂ ਵਸ੍ਤੁ ਨੂੰ ਫੜਨਾ.

**ਬੋਜ:** ਫ਼ਾ. بوز ਬੋਜ਼. ਸੰਗ੍ਯਾ- ਚੀਨਾ ਘੋੜਾ. ਚਿੱਤ- ਮਿਤਾਲਾ ਤੁਰੰਗ. "ਸੁਭੇ ਸੰਦਲੀ ਬੋਜ ਬਾਜੀ ਅਪਾਰੰ." (ਪਾਰਸਾਵ)

**ਬੋਜਾ:** ਫ਼ਾ. بوزہ ਬੋਜ਼ਹ. ਸੰਗ੍ਯਾ- ਇੱਕ ਕਿਸਮ ਦੀ ਹਲਕੀ ਸ਼ਰਾਬ. ਜੋ ਜੌਂ ਦੀ ਸ਼ਰਾਬ ਜੇਹੀ ਹੁੰਦੀ ਹੈ, ਅਰ ਨਾਲ ਵਿਚਦੀਂ ਨਹੀਂ ਖਿੱਚੀ ਜਾਂਦੀ. "ਭੰਗ ਬੋਜਾ ਪੀਂਦੇ ਹੈਨ." (ਜਸਾ) "ਸੂਅਰ ਸਰਾ ਮਨਾਹ ਹੈ, ਬੋਜਾ ਭੰਗ ਗੁਨਾਹਿ." (ਮਗੋ)

**ਬੋਝ:** ਸੰਗ੍ਯਾ- ਭਾਰ. ਵਜ਼ਨ। ੨. ਵਾਹਯ (ਢੋਣ) ਯੋਗ੍ਯ.

**ਬੋਝਲ:** ਵਿ- ਬੋਝ ਵਾਲਾ. ਭਾਰੀ. ਵਜ਼ਨਦਾਰ.

**ਬੋਟਿ, ਬੋਟੀ:** ਸੰਗ੍ਯਾ- ਮਾਸ ਦਾ ਟੁਕੜਾ. "ਬੋਟਿਨ ਲੈ ਨਭ ਗੀਧ ਪਧਾਰੇ." (ਚਰਿਤ੍ਰ ੧)

**ਬੋਢੇਪਾ:** ਸੰਗ੍ਯਾ- ਵ੍ਰਿੱਧਪਨ. ਬੁਢਾਪਾ. "ਸਠੀ ਕੇ ਬੋਢੇਪਾ ਆਵੈ." (ਮਃ ੧. ਵਾਰ ਮਾਝ)

**ਬੋਣਾ, ਬੋਣੀ:** ਸੰਗ੍ਯਾ- ਵਯਨ (ਬੁਣਨ) ਵਾਲਾ, ਵਾਲੀ। ੨. ਕ੍ਰਿ- ਵਪਨ. ਬੀਜਣਾ. ਬੀਜਣੀ.

ਬੋਤਲ: ਅੰ. Bottle. ਲੰਮੀ ਗਰਦਨ ਦਾ ਇੱਕ ਕੱਚ ਦਾ ਪਾਤ੍ਰ.

ਬੋਤਾ: ਫ਼ਾ. بوتہ ਸੰਗਯਾ- ਉੱਠ ਦਾ ਬੱਚਾ। ੨. ਬੂਟਾ. ਬਿਰਛ। ੩. ਕੁਠਾਲੀ, ਜਿਸ ਵਿੱਚ ਸੋਨਾ ਚਾਂਦੀ ਗਾਲੀਦਾ ਹੈ.

ਬੋਤਾਸਿੰਘ: ਸੰਧੂ ਜੱਟ ਭੜਾਣੇ ਪਿੰਡ ਦਾ ਵਸਨੀਕ ਸੀ. ਇਹ ਅਤੇ ਗਰਜਾਸਿੰਘ ਮਜ਼ਹਬੀ ਸੰਮਤ ੧੭੯੬ (ਸਨ ੧੭੩੯) ਵਿੱਚ ਨੂਰੁੱਦੀਨ ਦੀ ਸਰਾਇ ਦੇ ਨੇੜੇ (ਦਿੱਲੀ ਲਹੌਰ ਦੀ ਸੜਕ ਪੁਰ) ਚਿਰ ਤੀਕ ਜ਼ਕਾਤ ਲੈਂਦੇ ਰਹੇ. ਬੋਤਾਸਿੰਘ ਨੇ ਇੱਕ ਚਿੱਠੀ ਖ਼ਾਨਬਹਾਦਰ ਸੂਬਾ ਲਹੌਰ ਨੂੰ ਜੋਸ਼ ਦੀ ਭਰੀ ਹੋਈ ਲਿਖੀ, ਜਿਸ ਵਿੱਚੋਂ ਉਸ ਦੀ ਨਾਲਾਯਕੀ ਜਾਹਰ ਕੀਤੀ. ਜਦ ਤੁਰਕ ਫੜਨ ਆਏ, ਤਾਂ ਫੌਜ ਨਾਲ ਲੜਕੇ ਦੋਵੇਂ ਸ਼ਹੀਦ ਹੋ ਗਏ.

ਬੋਦਲਾ: ਵੱਟੂ, ਰਾਜਪੂਤਾਂ ਦੀ ਇੱਕ ਸ਼ਾਖ਼.

ਬੋਦਾ, ਬੋਦੀ: ਸੰਗਯਾ- ਹਿੰਦੂਆਂ ਦੇ ਸਿਰ ਦੀ ਵਡੀ ਅਤੇ ਛੋਟੀ ਚੋਟੀ। ੨. ਵਿ- ਪੁਰਾਣਾ. ਸਾਰ ਰਹਿਤ. ਨਿਰਬਲ. ਪੁਰਾਣੀ. ਕੁਮਜ਼ੋਰ ਦੇਖੋ, ਬੋਸੀਦਹ.

ਬੋਧ: ਸੰ. ਸੰਗਯਾ- ਗਿਆਨ. ਸਮਝ। ੨. ਜਾਗਰਣ. ਜਾਗਣਾ। ੩. ਵਿ- ਜਾਣਨ ਵਾਲਾ. ਗਿਆਨੀ। ੪. ਦੇਖੋ, ਬੌੱਧ.

ਬੋਧਕ: ਵਿ- ਗਿਆਨ ਕਰਾਉਣ ਵਾਲਾ। ੨. ਜਗਾਉਣ ਵਾਲਾ.

ਬੋਧਕ ਹਾਵ: ਕਾਵ੍ਯ ਅਨੁਸਾਰ ਮਨ ਦੇ ਭਾਵ ਪ੍ਰਗਟ ਕਰਨ ਵਾਲੀ ਚੇਸ਼੍ਟਾ. "ਗੂਢ ਭਾਵ ਕੇ ਬੋਧ ਜਹਁ ਕੇਸ਼ਵ ਸਮੁਝਤ ਕੋਈ, ਤਾਂ ਸੋਂ ਬੋਧਕ ਹਾਵ ਯੌਂ ਕਹਤ ਸਯਾਨੇ ਲੋਇ." (ਰਸਿਕਪ੍ਰਿਯਾ)

ਬੋਧਨ: ਸੰ. ਸੰਗਯਾ- ਜਤਾਉਣਾ. ਸਮਝਾਉਣਾ। ੨. ਵਿਗ੍ਯਾਪਨ. ਨੋਟਿਸ। ੩. ਜਾਗਰਣ. ਜਾਗਣਾ.

ਬੋਧਾ: ਵਿ- ਜਾਣਨ ਵਾਲਾ. ਦੇਖੋ, ਬੋਧੀ। ੨. ਵ੍ਯੰਗ੍ਯ. ਮੂਰਖ. ਬੁੱਧਿਹੀਨ. ਬੁੱਧੂ. "ਦੂਤਾਂ ਨੇ ਕਹਾ, ਰੇ ਬੋਧੇ ! ਇਸ ਲੱਛਮੀ ਸਾਥ ਤੋ ਹਮਾਰਾ ਕੁਛ ਕਾਮ ਨਹੀਂ" (ਜਸਭਾਮ)

ਬੋਧਿ: ਸੰ. ਸਮਾਧਿ। ੨. ਪਿੱਪਲ.

ਬੋਧਿਤਰੁ: ਬੋਧੀਦ੍ਰੁਮ. ਦੇਖੋ, ਬੁਧਗਯਾ.

ਬੋਧੀ: ਵਿ- ਬੁੱਧ ਭਗਵਾਨ ਦਾ ਮਤ ਧਾਰਨ ਵਾਲਾ. ਬੌੱਧ. ਭਾਵ- ਅਹਿੰਸਾਧਰਮ ਧਾਰੀ. "ਰੰਨਾ ਹੋਈਆਂ ਬੋਧੀਆਂ, ਪੁਰਸ ਹੋਏ ਸਈਆਦ." (ਮਃ ੧. ਵਾਰ ਸਾਰ) ਇਸਤ੍ਰੀਆਂ ਅਹਿੰਸਾਧਰਮ ਵਾਲੀਆਂ ਅਤੇ ਪਤੀ ਸ਼ਿਕਾਰੀ. ਇਸ ਦਾ ਭਾਵ ਹੈ ਕਿ ਬੇਮੇਲ ਸੰਬੰਧ. ਜਿਵੇਂ ਆਖੀਏ- ਇਸਤ੍ਰੀ ਵੈਸ਼ਨਵ ਮਤ ਦੀ, ਪਤੀ ਵਾਮਮਾਰਗੀ. ਜਦ ਤੀਕ ਖਾਨ ਪਾਨ ਉਪਾਸਨਾ ਆਦਿ ਇੱਕ ਨਹੀਂ ਹੁੰਦੇ, ਤਦ ਤੀਕ ਪ੍ਰੇਮਭਾਵ ਨਹੀਂ ਉਪਜਦਾ।[903] ੨. ਸੰ. बोधिन्. ਜਾਗਿਆ ਹੋਇਆ। ੩. ਜਾਣਨ ਵਾਲਾ. ਗਿਆਨੀ. ਦੇਖੋ, ਬੁਧ ਧਾ.

ਬੋਧੀਆਂ: ਦੇਖੋ, ਬੋਧੀ ੧.

ਬੋਧੀਦ੍ਰੁਮ: ਦੇਖੋ, ਬੁਧਗਯਾ.

ਬੋਨਾ: ਕ੍ਰਿ- ਬੀਜਣਾ. ਬੀਜ ਪਾਉਣਾ। ੨. ਦੇਖੋ, ਬੋਣਾ.

ਬੋਮ: ਡਿੰਗ. ਆਕਾਸ਼ ਸੰ. ਵ੍ਯੋਮ.

---

[903] ਆਸ਼ਾ ਇਸ ਉਪਾਸਨਾ ਖਾਨ ਪਾਨ ਪਹਿਰਾਨ।
ਰਜੱਬ ਜਬ ਏ ਖਟ ਮਿਲੇ, ਤਬ ਸੱਜਨਤਾ ਜਾਨ।

**ਬੋਰ:** ਦੇਖੋ, ਬੋਰਨਾ. "ਨੀਰੁ ਨ ਸਾਕਸਿ ਬੋਰਿ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਫ਼ਾ. بۆر ਕੈਲਾ ਘੋੜਾ. "ਬਹੇ ਬੋਰ ਪਿੰਗੀ ਸਮੁੰਦੇ ਕੰਧਾਰੰ." (ਪਾਰਸਾਵ)

**ਬੋਰਨਾ:** ਕ੍ਰਿ- ਬੋੜਨਾ. (ਸੰ. ਵ੍ਰੁਡ ਧਾ) ਡੁਬਾਉਣਾ.

**ਬੋਰੜੀ:** ਡਿੰਗ. ਬੇਰੀ. ਬਦਰੀ.

**ਬੋਰਾ:** ਡੋਬਿਆ. ਦੇਖੋ, ਬੋਰਨਾ। ੨. ਸੰਗਯਾ- ਥੈਲਾ। ੩. ਉਂਜਲ. ਬੁੱਕ. "ਦੇਵਤ ਹੈਂ ਡਰ ਪਾਨਨ ਬੋਰੇ." (ਕ੍ਰਿਸਨਾਵ)

**ਬੋਰੀ:** ਡੋਬੀ. ਡੁਬਾਈ. ਦੇਖੋ, ਬੋਰਨਾ. "ਪਾਹਨ ਬੋਰੀ ਪਿਰਥਵੀ." (ਸ. ਕਬੀਰ) ਪਾਸ਼ਾਣਪੂਜਾ ਨੇ ਦੁਨੀਆਂ ਡੋਬੀ। ੨. ਮਗਨ. ਭਿੱਜੀ ਹੋਈ. "ਮਤਿ ਨਿਤ ਰਾਖਹੁ ਭਗਤਿਹ ਬੋਰੀ." (ਨਾਪ੍ਰ) ੩. ਸੰਗਯਾ- ਛੋਟਾ ਬੋਰਾ. ਥੈਲੀ.

**ਬੋਰੈ:** ਡੋਬਦਾ ਹੈ. ਦੇਖੋ, ਬੋਰਨਾ। ੨. ਬੋਲੈ. ਬੋਲਦਾ ਹੈ. "ਬੋਰੈ ਰਿਸ ਰਾਤੰ." (ਰਾਮਾਵ) ਕ੍ਰੋਧ ਵਿੱਚ ਰੱਤਾ ਬੋਲਦਾ ਹੈ.

**ਬੋਲ:** ਸੰਗਯਾ- ਵਾਕ੍ਯ. ਵਚਨ. "ਏਕ ਬੋਲ ਭੀ ਖਵਤੋ ਨਾਹੀ." (ਆਸਾ ਮਃ ੫) ਇੱਕ ਵਚਨ ਭੀ ਸਹਾਰਿਆ ਨਹੀਂ ਜਾਂਦਾ ਸੀ। ੨. ਕਥਨ. "ਬੋਲ ਅਬੋਲ ਮਧਿ ਹੈ ਜੋਈ." (ਗਉ ਬਾਵਨ ਕਬੀਰ) ੩. ਮੰਤ੍ਰ.

**ਬੋਲ ਅਬੋਲ:** ਕਥਨ ਅਤੇ ਖ਼ਾਮੋਸ਼ੀ. "ਬੋਲ ਅਬੋਲ ਮਧਿ ਹੈ ਜੋਈ." (ਗਉ ਬਾਵਨ ਕਬੀਰ)

**ਬੋਲਹਾਰੀ:** ਵਿ- ਬੋਲਣ ਵਾਲੀ. ਬਕਬਾਦਨ. ਕਲਹਣੀ. ਦੇਖੋ, ਸੰਤ ੩. ਅਤੇ ੪.

**ਬੋਲਕ:** ਬੋਲ੍ਹਕਾ. ਗੋਲਕ. ਦੇਖੋ, ਗੋਲਕ. "ਆਢੁ ਦਾਮੁ ਕਿਛੁ ਪਇਆ ਨ ਬੋਲਕ." (ਤੁਖਾ ਛੰਤ ਮਃ ੪) ਜਗਾਤੀਆਂ ਦੀ ਗੋਲਕ ਵਿੱਚ ਅੱਧਾ ਦਾਮ ਭੀ ਨਾ ਪਿਆ। ੨. ਦੇਖੋ, ਬੋਲ੍ਹਕਾ। ੩. ਸੰ. ਵੋਲਕ. ਮੁਨਸ਼ੀ. ਲਿਖਾਰੀ। ੪. ਡਿੰਗ. ਪਾਣੀ ਦੀ ਭੌਰੀ (ਘੁਮੇਰੀ)

**ਬੋਲਣਾ, ਬੋਲਣੁ:** ਸੰ. ਬ੍ਰਵਣ- ਬ੍ਰਵਣ. ਕ੍ਰਿ- ਵਾਰਤਾਲਾਪ ਕਰਨਾ. ਕਹਿਣਾ. "ਬੋਲਹੁ ਸਚਿਨਾਮੁ ਕਰਤਾਰ." (ਪ੍ਰਭਾ ਮਃ ੧) "ਬੋਲਣ ਫਾਦਲੁ ਨਾਨਕਾ." (ਮਃ ੧. ਵਾਰ ਮਾਝ) "ਬੋਲੀਐ ਸਚੁ ਧਰਮੁ." (ਆਸਾ ਫਰੀਦ) ੨. ਸੰਗਯਾ- ਬੋਲਣੁ. ਕਥਨ। ੩. ਵਾਕ੍ਯ. ਵਚਨ. "ਮੁਹੌ ਕਿ ਬੋਲਣੁ ਬੋਲੀਐ?" (ਜਪੁ)

**ਬੋਲਤ:** ਕ੍ਰਿ. ਵਿ- ਬੋਲਦਾ. "ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ." (ਮਲਾ ਮਃ ੪. ਪੜਤਾਲ)

**ਬੋਲਨਹਾਰੁ:** ਵਿ- ਬੋਲਣ ਵਾਲਾ। ੨. ਸੰਗਯਾ- ਚੈਤਨ੍ਯਸੱਤਾ. ਜੀਵਾਤਮਾ. "ਬੋਲਨਹਾਰੁ ਪਰਮਗੁਰੁ ਏਹੀ." (ਭੈਰ ਕਬੀਰ) ਦੇਖੋ, ਕਿਬਲਾ ੨.

**ਬੋਲਨਾ:** ਦੇਖੋ, ਬੋਲਣਾ.

**ਬੋਲਬਰੁਖਨ:** ਬੋਲ- ਅਬ- ਰੁਖਨ. "ਸੁਨਕੈ ਇਕ ਬੋਲਬਰੁਖਨ ਕੋ ਹਰਿ ਜਾਨ ਗਹੈਂ." (ਕ੍ਰਿਸਨਾਵ) ਅਬ ਬਿਰਛਾਂ ਨੂੰ ਹਰਿ ਜਾਣਕੇ ਬੁਲਾਉਂਦੀਆਂ ਅਤੇ ਫੜਦੀਆਂ (ਜੱਫੀਆਂ ਪਾਉਂਦੀਆਂ) ਹਨ.

**ਬੋਲਬਾਲਾ:** ਬੋਲ (ਵਚਨ) ਬਾਲਾ (ਉੱਪਰ). ਸਭ ਦੇ ਉੱਪਰ ਵਚਨ. ਭਾਵ- ਸਭ ਆਗ੍ਯਾ ਮੰਨਣ. ਸਭ ਤੇ ਹੁਕੂਮਤ.

**ਬੋਲਬਿਗਾੜ, ਬੋਲਵਿਗਾੜ:** ਵਿ- ਕੁਵਾਕ ਬੋਲਕੇ ਵਿਗਾੜ (ਵਿਰੋਧ) ਕਰਲੈਣ ਵਾਲਾ. "ਅਸੀ ਬੋਲਵਿਗਾੜ ਵਿਗਾੜਹਿ ਬੋਲ." (ਸ੍ਰੀ ਮਃ ੧) ੨. ਬਕਬਾਦੀ. ਵਿਗੜਿਆ ਹੋਇਆ ਬੋਲ ਬੋਲਣਵਾਲਾ.

**ਬੋਲਾ:** ਵਿ- ਬਧਿਰ. ਬਹਿਰਾ. ਜਿਸ ਨੂੰ ਸੁਣਾਈ ਨਹੀਂ ਦਿੰਦਾ. ਡੋਰਾ. "ਅੰਨਾ ਬੋਲਾ ਖੁਇ ਉਝੜਿ ਪਾਇ." (ਮਃ ੪. ਵਾਰ ਗਉ ੧) ੨. ਵਾਕ. ਵਚਨ. ਦੇਖੋ, ਬੋਲ. "ਹਿੰਦੁਸਤਾਨ ਸਮਾਲਸੀ ਬੋਲਾ." (ਤਿਲੰ ਮਃ ੧) ੩. ਖ਼ਾ. ਬੋਲੀ ਦੀ ਥਾਂ ਪੁਲਿੰਗ ਸ਼ਬਦ, ਜੈਸੇ- ਖਾਲਸੇ ਦਾ ਬੋਲਾ. ਦੇਖੋ, ਹੋਲਾ.

**ਬੋਲਾਏ:** ਬੁਲਾਉਂਦਾ ਹੈ. ਬੋਲ. (ਵਾਕ੍ਯ) ਕਢਾਉਂਦਾ ਹੈ. "ਜਿਉ ਬੋਲਾਏ ਤਿਉ ਬੋਲੀਐ." (ਸ੍ਰੀ ਮਃ ੩)

**ਬੋਲਾਤਾ:** ਕ੍ਰਿ. ਵਿ- ਬੋਲਦਾ। ੨. ਬੁਲਾਉਂਦਾ.

**ਬੋਲਾਰੇ:** ਉੱਚਾਰਣ ਕੀਤਾ. "ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ. ਕਰਿ ਨਾਰਾਇਣ ਬੋਲਾਰੇ." (ਨਟ ਅਃ ਮਃ ੪) ੨. ਬੁਲਾਰਾ ਦਾ ਬਹੁਵਚਨ.

**ਬੋਲਿ:** ਕ੍ਰਿ. ਵਿ- ਬੋਲਕੇ. "ਕੂੜੇ ਬੋਲਿ ਕਰਹਿ ਆਹਾਰੁ" (ਵਾਰ ਆਸਾ)

**ਬੋਲਿਕ ਬੈਦ:** ਬੁਲਾਕੇ ਇੱਕ ਵੈਦ੍ਯ. "ਬੋਲਿਕ ਬੈਦ ਪ੍ਰਗਟ ਅਸ ਭਾਖੀ." (ਚਰਿਤ੍ਰ ੨੮੧)

**ਬੋਲੀ:** ਬੋਲਾ ਦਾ ਇਸਤ੍ਰੀ ਲਿੰਗ. ਬਹਿਰੀ. ਜਿਸ ਨੂੰ ਕੰਨਾਂ ਤੋਂ ਸੁਣਾਈ ਨਹੀਂ ਦਿੰਦਾ. ਡੋਰੀ। ੨. ਸੰਗ੍ਯਾ- ਵਾਣੀ। ੩. ਭਾਸ਼ਾ। ੪. ਤਾਨਾ. ਤ਼ਨਜ਼. ਜਿਵੇਂ- ਉਸ ਨੇ ਬੋਲੀ ਮਾਰੀ.

**ਬੋਲੁ:** ਵਚਨ. ਵਾਕ੍ਯ. ਬੋਲ। ੨. ਮੰਤ੍ਰ. ਗੁਰਮੰਤ੍ਰ. "ਜਾ ਕਾਰਣਿ ਇਹ ਦੁਲਭ ਦੇਹ, ਸੋ ਬੋਲੁ ਮੇਰੇ ਪ੍ਰਭੁ ਦੇਹਿ." (ਬਸੰ ਮਃ ੫) ੩. ਹੁਕਮ. ਆਗ੍ਯਾ.

**ਬੋਲੁਵਿਗਾੜੁ:** ਬਕਬਾਦੀ. ਦੇਖੋ, ਬੋਲਵਿਗਾੜ. " ਜੇ ਕੋ ਆਖੈ ਬੋਲੁਵਿਗਾੜੁ." (ਜਪੁ)

**ਬੋਲੇਟਿਆ:** ਬੋਲੇਤਿਆ, ਬੋਲਿਆ ਜਾਂਦਾ ਹੈ. "ਸਭੋ ਜਪੀਐ ਜਾਪ ਜਿ ਮੁਖਹੁ ਬੋਲੇਟਿਆ." (ਮਃ ੫. ਵਾਰ ਗੂਜ ੨)

**ਬੋਲੋਂ:** ਬੋਲਾ ਬਹਿਰਾ. ਡੋਰਾ. ਦੇਖੋ, ਅੰਧੋ। ੨. ਬੋਲੋ. ਕਹੋ.

**ਬੋਲ੍ਹਕਾ:** ਡੂੰਘਾ ਪਿਆਲਾ। ੨. ਗੋਲਕ ਦਾ ਭਾਂਡਾ.

**ਬੋਵਨਾ:** ਕ੍ਰਿ- ਬੀਜਣਾ. ਬੋਨਾ. "ਇਕੁ ਨਾਮ ਬੋਵਹੁ ਬੋਵਹੁ." (ਬਸੰ ਮਃ ੫) "ਜੋ ਬੋਵੈ ਸੋ ਖਾਤਿ." (ਸ੍ਰੀ ਮਃ ੫. ਪਹਰੇ)

**ਬੋੜ:** ਸੰਗ੍ਯਾ- ਕਮੀ. ਘਾਟਾ੍ਯ ਨਯੂਨਤਾ। ੨. ਵਿੰਗ.

**ਬੋੜਨ:** ਡੋਬਣਾ. (ਸੰ ਵ੍ਰਡ੍ ਧਾ) "ਰੇ ਨਰ, ਨਾਵ ਚਉੜਿ ਕਤ ਬੋੜੀ?" (ਗੋਉ ਕਬੀਰ) ਦੇਖੋ, ਚਉੜਿ.

**ਬੋੜਨਿ:** ਬੋੜਦੇ (ਡੋਬਦੇ) ਹਨ. "ਚਿੰਜੂ ਬੋੜਨਿ ਨ ਪੀਵਹਿ." (ਸ. ਫਰੀਦ)

**ਬੋੜਾ:** ਵਿ- ਜਿਸ ਦਾ ਦੰਦ ਟੁੱਟਿਆ ਹੋਇਆ ਹੈ। ੨. ਜਿਸ ਦਾ ਕੰਢਾ ਭੱਜਾ ਹੈ.

**ਬੌਧਾ:** ਬੁੱਧ ਅਵਤਾਰ ਦਾ. "ਤੂ ਬੌਧਾ ਤੁਹੀ ਮੱਛ ਕੋ ਰੂਪ ਧਰਹੈਂ." (ਚਰਿਤ੍ਰ ੧) ੨. ਦੇਖੋ, ਬੌੱਧ.

**ਬੌੱਧ:** बौद्ध. ਵਿ- ਬੁੱਧ ਭਗਵਾਨ ਦਾ ਮਤ ਧਾਰਨ ਵਾਲਾ। ੨. ਸੰਗ੍ਯਾ- ਬੁੱਧਮਤ ਦਾ ਸ਼ਾਸਤ੍ਰ। ੩. ਬੁੱਧ ਧਰਮ. ਦੇਖੋ, ਬੁੱਧ.

**ਬੌਨ:** ਵਮਨ. ਦੇਖੋ, ਬਉਨ.

**ਬੌਨਾ:** ਵਾਮਨ. ਛੋਟੇ ਕੱਦ ਵਾਲਾ. ਬਾਉਂਨਾ.

**ਬੌਰਾ:** ਸੰ. ਵਾਤੂਲ. ਪਾਗਲ. ਸਿਰੜਾ.

**ਬੌਰਾਨਾ:** ਦੇਖੋ, ਬਉਰਾਨਾ.

**ਬੌਲ:** ਅ਼. بَوْل ਸੰਗ੍ਯਾ- ਮੂਤ੍ਰ. ਪੇਸ਼ਾਬ। ਦ੍ਰਵਣਾ. ਪਘਰਨਾ। ੩. ਸਮੁਦਾਯ, ਗਰੋਹ। ੪. ਪੁਤ੍ਰ. ਬੇਟਾ.

**ਬੌਲਾ:** ਬਾਵਲਾ. ਦੇਖੋ, ਬੌਰਾ.

ਬੰਸ: ਸੰ. ਵੰਸ਼. ਸੰਗਯਾ- ਬਾਂਸ. "ਤਜ ਚੰਦਨ. ਗਹਿ ਬੰਸ ਸੰਤਾਪੀ." (ਨਾਪ੍ਰ) "ਦਾਵਾ ਬਨਬੰਸ ਪਰ." (ਗੁਪ੍ਰਸੂ) ਬਾਂਸ ਦੇ ਜੰਗਲ ਪੁਰ ਜੈਸੇ ਦਾਵਾ ਅਗਨਿ ਪ੍ਰਬਲ ਹੈ। ੨. ਬਾਂਸ ਦੀ ਤਰਾਂ ਜੋ ਵ੍ਰਿੱਧੀ ਕਰੇ, ਕੁਲ. "ਸੋਢੀਬੰਸ ਉਪਜਿਓ ਜਥਾ." (ਵਿਚਿਤ੍ਰ) ੩. ਬਾਂਸ ਦੀ ਪੋਰੀ ਦਾ ਵਾਜਾ. ਬਾਂਸਰੀ. ਮੁਰਲੀ। ੪. ਪਿੱਠ ਦੀ ਹੱਡੀ. ਕੰਗਰੋੜ। ੫. ਨੱਕ ਦੀ ਹੱਡੀ। ੬. ਤਲਵਾਰ ਦੀ ਧਾਰ ਅਤੇ ਪਿੱਠ ਦੇ ਮੱਧ ਉਭਰਿਆ ਹੋਇਆ ਭਾਗ। ੭. ਬਾਰਾਂ ਹੱਥ ਦੀ ਲੰਬਾਈ। ੮. ਜੰਗ ਦਾ ਸਾਮਾਨ। ੯. ਵਿਸ਼ਨੁਦੇਵਤਾ। ੧੦. ਫੁੱਲ। ੧੧. ਸੰ. ਵਜੰਸ਼. ਵਿਨਾ ਅੰਸ਼. ਬੰਧਯਾ (ਬਾਂਝ). "ਬੰਸ ਕੋ ਪੂਤੁ ਬੀਆਹਨ ਚਲਿਆ." (ਆਸਾ ਕਬੀਰ) ਦੇਖੋ, ਫੀਲੁ। ੧੨. ਔਤ.

ਬੰਸ ਕੋ ਪੂਤ: ਉੱਤਮ ਵੰਸ਼ ਦਾ ਪੁਤ੍ਰ. ਕੁਲੀਨ ਪੁਰਖ। ੨. ਵਜੰਸ਼ਪੁਤ੍ਰ. ਬੰਧਯਾਸੁਤ. ਦੇਖੋ, ਬੰਸ ੧੧. ਅਤੇ ਫੀਲੁ. "ਬੰਸ ਕੋ ਪੂਤੁ ਬੀਆਹਨ ਚਲਿਆ." (ਆਸਾ ਕਬੀਰ)

ਬੰਸਰੀ: ਸੰਗਯਾ- ਵੰਸ਼ (ਬਾਂਸ) ਦੀ ਨਲਕੀ. ਮੁਰਲੀ.

ਬੰਸਾਵਲੀ: ਵੰਸ਼ (ਕੁਲ) ਦੀ ਆਵਲੀ (ਸ਼੍ਰੇਣੀ). ਕੁਲ ਦੀ ਪੀੜ੍ਹੀਆਂ.

ਬੰਸੀ: ਸੰ. ਵੰਸ਼ੀਯ. ਵਿ- ਵੰਸ਼ (ਕੁਲ) ਦਾ. "ਸਤਿਗੁਰੁ ਬੰਸੀ ਪਰਮਹੰਸ, ਗੁਰਸਿਖ." (ਭਾਗੁ) ੨. ਸੰਗਯਾ- ਵੰਸ਼ (ਬਾਂਸ) ਦੀ ਨਲਕੀ ਮੁਰਲੀ। ੩. ਸੰ. ਵਡਿਸ਼. ਮੱਛੀ ਫੜਨ ਦੀ ਕੁੰਡੀ, ਜੋ ਸੋਟੀ ਅੱਗੇ ਡੋਰੀ ਨਾਲ ਬੱਧੀ ਰਹਿੰਦੀ ਹੈ। ੪. ਮਹਾਭਾਰਤ ਦੇ ਵਿਰਾਟ ਪਰਬ ਦਾ ਹਿੰਦੀ ਕਵਿਤਾ ਵਿੱਚ ਉਲਥਾ ਕਰਨ ਵਾਲਾ ਇੱਕ ਕਵਿ। ੫. ਮਹਾਰਾਜਾ ਮਹੇਂਦ੍ਰਸਿੰਘ ਜੀ ਪਟਿਆਲਾ ਪਤਿ ਦਾ ਇੱਕ ਕਵਿ, ਜਿਸ ਨੇ "ਸ਼੍ਰੀ ਗੁਰਪੰਥਵਿਨੋਦ" ਗ੍ਰੰਥ ਰਚਿਆ ਹੈ. ਇਸ ਵਿੱਚ ਗੁਰੂ ਸਾਹਿਬ ਦੀ ਕੁਲਵੰਸ਼ ਨੂੰ ਬਖ਼ਸ਼ਿਸ਼ ਅਤੇ ਕੁਝ ਸੰਖੇਪ ਇਤਿਹਾਸ ਹੈ. ਇਸ ਦੀ ਕਵਿਤਾ ਦਾ ਨਮੂਨਾ ਇਹ ਹੈ:-

ਸ਼੍ਰੀ ਗੁਰੁ ਪ੍ਰਤਾਪੀ ਨਾਮ ਨਾਨਕ ਪ੍ਰਤੱਛ ਸ੍ਰੱਛ

ਅੰਗਦ ਅਮਰਦਾਸ ਮੰਡਨ ਮੁਨੀ ਕੇ ਹੈਂ,

ਰਾਮਦਾਸ ਅਰਜਨ ਜੁ ਸ੍ਰੀ ਹਰਿਗੁਬਿੰਦ ਗੁਰੁ

ਹਰਿਰਾਇ ਹਰੀਕ੍ਰਿਸਨ ਜੀਵਨ ਗੁਨੀ ਕੇ ਹੈਂ,

"ਬੰਸੀ" ਕਵਿ ਕਹੈ ਤੈਸੇ ਤੇਗ ਜੁ ਬਹਾਦੁਰ ਕੇ

ਸ੍ਰੀ ਗੁਰੂ ਗੋਬਿੰਦਸਿੰਘ ਖੰਭ ਅਵਨੀਕੇ ਹੈਂ,

ਦਸੋਂ ਅਵਤਾਰਨ ਕੇ ਪੰਕਜ ਵਿਮਲਪਦ

ਕਾਰਨ ਸੁਖਦ ਤੁੰਗ ਤਾਰਨ ਦੁਨੀ ਕੇ ਹੈਂ.

੬. ਸ਼ਸਤ੍ਰਨਾਮਮਾਲਾ ਵਿੱਚ ਵਾਸੀ (ਵਾਸਿਨ੍) ਦੀ ਥਾਂ ਭੀ ਬੰਸੀ ਸ਼ਬਦ ਆਇਆ ਹੈ- "ਨਾਮ ਉਚਾਰ ਨਿਖੰਗ ਕੇ ਬੰਸੀ ਬਹੁਰ ਬਖਾਨ." ਨਿਖੰਗ (ਭੱਥਾ) ਵਾਸੀ, ਤੀਰ.

ਬੰਸੀਧਰ: ਸੰਗਯਾ- ਵੰਸ਼ੀ (ਬਾਂਸ ਦਾ ਬਾਜਾ ਮੁਰਲੀ) ਧਾਰਨ ਵਾਲਾ, ਕ੍ਰਿਸ਼ਨਦੇਵ। ੨. ਬਾਂਸੀ (ਕਾਨੀ) ਧਾਰਨ ਵਾਲਾ, ਤੀਰ. (ਸਨਾਮਾ)

ਬੰਸੀਧਰ ਧਰਨਿ: ਸੰਗਯਾ- ਵੰਸ਼ੀਧਰ ਕ੍ਰਿਸ਼ਨ, ਉਸ ਦੀ ਧਾਰਣ ਕੀਤੀ ਹੋਈ, ਯਮੁਨਾ. (ਸਨਾਮਾ)

ਬੰਸੀਧਰ ਧਰਨਿਨ: ਸੰਗਯਾ- ਵੰਸ਼ੀਧਰ ਦੀ ਧਾਰਣ ਕੀਤੀ ਹੋਈ (ਯਮੁਨਾ) ਨੂੰ ਧਾਰਣ ਵਾਲੀ, ਪ੍ਰਿਥਿਵੀ. (ਸਨਾਮਾ)

ਬੰਸੀਬਾਟ: ਸੰਗਯਾ- ਵੰਸ਼ੀਵਟ, ਵ੍ਰਿੰਦਾਬਨ ਵਿੱਚ ਉਹ ਬੜ (ਵਰੋਟਾ), ਜਿਸ ਹੇਠ ਕ੍ਰਿਸ਼ਨ ਜੀ ਵੰਸ਼ੀ (ਮੁਰਲੀ) ਵਜਾਇਆ ਕਰਦੇ ਸਨ. "ਜਮੁਨਾ ਕੇ ਤਟ ਬੰਸੀਬਟ ਕੇ ਨਿਕਟ." (ਕਵਿ ੫੨)

ਬੰਕ: ਸੰ. ਵੰਕ. ਵਿ- ਟੇਢਾ। ੨. ਖ਼ਮਦਾਰ। ੩. ਮੇਹਰਾਬਦਾਰ। ੪. ਬਾਂਕਾ। ੫. ਸੰਗ੍ਯਾ- ਨਦੀ ਦਾ ਖ਼ਮ.

ਬੰਕਟ: ਡਿੰਗ. ਹਨੂਮਾਨ.

ਬੰਕਦੁਆਰ: ਸੰਗ੍ਯਾ- ਵੰਕ (ਮੇਹਰਾਬਦਾਰ) ਦ੍ਵਾਰ. ਰਾਜਮਹਿਲ ਦਾ ਡਾਟਦਾਰ ਵਡਾ ਦਰਵਾਜਾ. ਸਿੰਘਪੌਰ. "ਬਗੇ ਬੰਕਦੁਆਰ." (ਸ੍ਰੀ ਅਃ ਮਃ ੧) ੨. ਸੁੰਦਰ ਦ੍ਵਾਰ। ੩. ਭਾਵ- ਸੁੰਦਰ ਮਹਿਲ.

ਬੰਕੜਾ: ਵਿ- ਵੰਕ. ਟੇਢਾ। ੨. ਦੁਰਗਮ. ਜਿੱਥੇ ਪੁੱਜਣਾ ਔਖਾ ਹੈ. "ਕਿਉ ਲੀਜੈ ਗੜ ਬੰਕਾ ਭਾਈ?" (ਭੈਰ ਕਬੀਰ) ੩. ਬਾਂਕਾ.

ਬੰਕੜਜੋ: ਬਕਿਆ. "ਬੰਕੜਜੋ ਬਿਬਾਦ." (ਰਾਮਾਵ) ੨. ਵਿੰਗਾ ਹੋਇਆ.

ਬੰਕਾ: ਵਿ- ਵੰਕ. ਟੇਢਾ। ੨. ਬਾਂਕਾ ੩. ਸਜਧਜ ਵਾਲਾ. "ਕਹਾਂ ਸੁ ਆਰਸੀਆ ਮੁਹਬੰਕੇ." (ਆਸਾ ਅਃ ਮਃ ੧) ੪. ਸੰਗ੍ਯਾ- ਦੁਲਹਾ. ਲਾੜਾ. ਪਤਿ. ਭਰਤਾ. "ਜਿਨ ਕੇ ਬੰਕੇ ਘਰੀ ਨ ਆਇਆ, ਤਿਨ ਕਿਉ ਰੈਣਿ ਵਿਹਾਣੀ?" (ਆਸਾ ਅਃ ਮਃ ੧) ੫. ਛਿੜਨ ਵਾਲਾ ਘੋੜਾ, ਜੋ ਕਲਾਈ ਨੂੰ ਵਲ ਦੇਕੇ ਰਖਦਾ ਹੈ. "ਬੰਕੇ ਕਾ ਅਸਵਾਰੁ." (ਮਃ ੧. ਵਾਰ ਰਾਮ)

ਬੰਕਾਰ: ਦੇਖੋ, ਬੁਕਾਰ. "ਭਟ ਹੁੰਕੇ ਧੁੰਕੇ ਬੰਕਾਰੇ." (ਕਲਕੀ) ਯੋਧਾ ਵੰਗਾਰੇ.

ਬੰਕੁੜਾ: ਦੇਖੋ, ਬੰਕੜਾ. "ਕਮਰਿ ਕਟਾਰਾ ਬੰਕੁੜਾ." (ਮਃ ੧. ਵਾਰ ਰਾਮ ੧) ਵੰਕ ਕੱਟਾਰ, ਬਾਘਨਖਾ ਸ਼ਸਤ੍ਰ.

ਬੰਖ: ਸੰ. ਵਨ੝. ਸੰਗ੍ਯਾ- ਜਲਨਾਭਿ. ਸਮੁੰਦਰ. "ਉਠੇ ਨਾਦ ਬੰਖੰ." (ਵਿਚਿਤ੍ਰ) ਸਮੁੰਦਰ ਦੀ ਗਰਜ ਜੇਹਾ ਸ਼ਬਦ ਹੁੰਦਾ ਹੈ.

ਬੰਗ: ਸੰਗ੍ਯਾ- ਇਸਤ੍ਰੀਆਂ ਦੇ ਹੱਥ ਦਾ ਗਹਿਣਾ. ਚੂੜੀ। ੨. ਸੰ. वङ्ग ਵੰਗ. ਰਾਂਗਾ. ਕਲੀ ਧਾਤੁ। ੩. ਰਤਨਾਕਰ ਤੋਂ ਲੈ ਬ੍ਰਹਮਪੁਤ੍ਰ ਨਦੀ ਤੀਕ ਦਾ ਦੇਸ਼. ਪੂਰਵੀ ਬੰਗਾਲ. ਮਹਾਭਾਰਤ ਵਿੱਚ ਲਿਖਿਆ ਹੈ ਕਿ ਅੰਨ੍ਹੇ ਦੀਰਘਤਮਾ ਰਿਖੀ ਨੇ ਰਾਜਾ ਬਲਿ ਦੀ ਇਸਤ੍ਰੀ ਸੁਦੇਸ਼੍ਣਾ ਦੇ ਉਦਰ ਤੋਂ ਅੰਗ, ਵੰਗ, ਕਲਿੰਗ ਆਦਿ ਪੁਤ੍ਰ ਪੈਦਾ ਕੀਤੇ, ਉਨ੍ਹਾਂ ਦੇ ਨਾਮ ਤੋਂ ਦੇਸ਼ਾਂ ਦੇ ਨਾਮ ਬਣ ਗਏ. "ਬੰਗ ਕੇ ਬੰਗਾਲੀ." (ਅਕਾਲ)

ਬੰਗਸ਼: ਫ਼ਾ. بنگش ਕੁਰੁਮ ਅਤੇ ਕੋਹਾਟ ਦਾ ਇਲਾਕਾ। ੨. ਬੰਗਸ਼ ਦਾ ਵਸਨੀਕ। ੩. ਪਠਾਣਾਂ ਦੀ ਇੱਕ ਜਾਤਿ, ਜਿਸ ਤੋਂ ਇਲਾਕੇ ਦਾ ਨਾਮ ਬੰਗਸ਼ ਹੋਇਆ ਹੈ.

ਬੰਗਸਤਾਨ: ਦੇਖੋ, ਬੰਗਸ਼.

ਬੰਗਸੀ: ਵੰਗ (ਪੂਰਵੀ ਬੰਗਾਲ) ਦਾ ਵਸਨੀਕ। ੨. ਬੰਗਸ਼ ਦੇਸ਼ ਵਿੱਚ ਰਹਿਣ ਵਾਲਾ. ਦੇਖੋ, ਬੰਗਸ਼.

ਬੰਗਨੀਗਰ: ਵੰਗਾਂ (ਚੂੜੀਆਂ) ਬਣਾਉਣ ਵਾਲਾ. ਚੂੜੀਗਰ. Bangle- maker.

ਬੰਗਲ: ਦੇਖੋ, ਬੰਗਾਲ ੨. "ਬਜਤ ਬੈਰਾੜੀ ਬੰਗਲ." (ਪਾਰਸਾਵ)

ਬੰਗਲਾ: ਵਿ- ਵੰਗ ਦੇਸ਼ ਦਾ. ਬੰਗਾਲ ਨਾਲ ਹੈ ਜਿਸ ਦਾ ਸੰਬੰਧ। ੨. ਸੰਗ੍ਯਾ- ਬੰਗਾਲ ਦੀ ਭਾਸ਼ਾ (ਬੋਲੀ). ੩. ਚਾਰੇ ਪਾਸਿਓਂ ਹਵਾਦਾਰ ਮਕਾਨ, ਜਿਸ ਦੇ ਚੌਫੇਰੇ ਬਰਾਮਦਾ ਹੋਵੇ. ਅਜੇਹੇ ਮਕਾਨ ਪਹਿਲਾਂ ਬੰਗਾਲ ਵਿੱਚ ਬਹੁਤ ਬਣੇ ਸਨ. ਇਸੇ ਵਾਸਤੇ ਇਸ ਇਮਾਰਤ ਦੀ ਸੰਗ੍ਯਾ "ਬੰਗਲਾ" ਹੋ ਗਈ ਅਰ ਅੰਗ੍ਰੇਜ਼ਾਂ ਨੇ Bungalow ਸ਼ਬਦ ਏਥੋਂ ਹੀ ਬਣਾਇਆ ਹੈ. "ਹੇਮ ਬੰਗਲਾ ਗੁਰੂ ਬਨਾਵਹਿੰ." (ਗੁਪ੍ਰਸੂ) ੪. ਸਭ ਤੋਂ ਉੱਪਰਲੀ ਛੱਤ ਪੁਰ ਹਵਾਦਾਰ ਮਕਾਨ. "ਰੁਚਿਰ ਬੰਗਲਾ ਉਰਧ ਕਰਾਵਹੁ." (ਗੁਪ੍ਰਸੂ) ੫. ਮੰਦਿਰ ਦਾ ਗੁੰਬਦ (ਗੁੰਬਜ).

ਬੰਗਲਾਸਾਹਿਬ: ਗੁਰੂ ਹਰਿਕ੍ਰਿਸਨ ਸਾਹਿਬ ਦੇ ਰਹਿਣ ਦਾ ਬੰਗਲਾ. ਜੋ ਦਿੱਲੀ (ਜਯਸਿੰਘਪੁਰੇ) ਵਿੱਚ ਗੁਰੂ ਸਾਹਿਬ ਦੇ ਨਿਵਾਸ ਲਈ ਰਚਿਆ ਗਿਆ ਸੀ. ਇੱਥੇ ਇੱਕ ਚਬੱਚਾ ਹੈ, ਜਿਸ ਵਿੱਚ ਗੁਰੂ ਸਾਹਿਬ ਦੇ ਚਰਣਾਂ ਦਾ ਜਲ ਪ੍ਰੇਮੀ ਸਿੱਖ ਜਮਾਂ ਰਖਦੇ ਸਨ. ਜਿਸ ਤੋਂ ਰੋਗੀਆਂ ਦੇ ਰੋਗ ਦੂਰ ਹੁੰਦੇ. ਇਹ ਗੁਰਦ੍ਵਾਰਾ ਅਜਮੇਰੀ ਦਰਵਾਜੇ ਤੋਂ ਬਾਹਰ ਹਨੂਮਾਨ ਦੇ ਮੰਦਿਰ ਤੋਂ ਅੰਗੇ,

(ਸੀਸਗੰਜ ਤੋਂ ਢਾਈ ਮੀਲ ਦੀ ਵਿੱਥ ਪੁਰ) ਹੈ. ਦੇਖੋ, ਜਯਸਿੰਘਪੁਰਾ ਅਤੇ ਦਿੱਲੀ.

ਬੰਗੜੀ: ਸੰਗਜਾ- ਇਸਤ੍ਰੀਆਂ ਦੇ ਹੱਥ ਦਾ ਪੁਤਲਾ ਕੰਕਨ (ਕੰਗਣ). ਇਸੇ ਤੋਂ ਅੰਗ੍ਰੇਜ਼ੀ ਸ਼ਬਦ bangle ਬਣਿਆ ਹੈ. ਦੇਖੋ, ਵੰਗੁੜੀ.

ਬੰਗਾ: ਜਲੰਧਰ ਜਿਲੇ ਦੀ ਤਸੀਲ ਨਵਾਂਸ਼ਹਿਰ ਵਿੱਚ ਇੱਕ ਪਿੰਡ, ਜੋ ਬੇਦੀ ਸਾਹਿਬਜ਼ਜਾਦਿਆਂ ਦਾ ਨਿਵਾਸ ਅਸਥਾਨ ਹੈ.

ਬੰਗਾਰਨਾ: ਕ੍ਰਿ- ਲਲਕਾਰਨਾ. ਦੇਖੋ, ਬੁਕਣਾ ਅਤੇ ਬੁਕਾਰ. ਸੰ. ਵ੍ਰਹ- ਵ੍ਰਿਹ੍ ਧਾ. ਸ਼ੋਰ ਕਰਨਾ.

ਬੰਗਾਲ: ਦੇਖੋ, ਬੰਗ ੩. ਅੱਜ ਕੱਲ ਦੀ ਵੰਡ ਅਨੁਸਾਰ ਬੰਗਾਲ Bangal ਦਾ ਰਕਬਾ ੭੮, ੬੯੯ ਵਰਗਮੀਲ ਅਤੇ ਜਨਸੰਖ੍ਯਾ ੪੬, ੫੦੦, ੦੦੦ ਹੈ, ਪ੍ਰਧਾਨ ਸ਼ਹਿਰ ਕਲਕੱਤਾ ਹੈ। ੨. ਭੈਰਵ ਠਾਟ ਦਾ ਇੱਕ ਸ਼ਾੜਵ ਰਾਗ, ਇਸ ਵਿੱਚ ਨਿਸ਼ਾਦ ਵਰਜਿਤ ਹੈ. ਸ਼ੜਜ ਗਾਂਧਾਰ ਮੱਧਮ ਪੰਚਮ ਸ਼ੁੱਧ ਹਨ, ਰਿਸ਼ਭ ਅਤੇ ਧੈਵਤ ਕੋਮਲ ਹਨ. ਇਸ ਵਿੱਚ ਸ਼ੜਜ ਅਤੇ ਧੈਵਤ ਦੀ ਸੰਗਤਿ ਹੈ. ਗ੍ਰਹਸੁਰ. ਸ਼ੜਜ, ਵਾਦੀ ਧੈਵਤ ਅਤੇ ਸੰਵਾਦੀ ਰਿਸ਼ਭ ਹੈ. ਇਸ ਦਾ ਜ਼ਿਕਰ ਸਰਵਲੋਹ ਵਿੱਚ ਆਇਆ ਹੈ. ਗਾਉਣ ਦਾ ਵੇਲਾ ਦਿਨ ਚੜ੍ਹਨ ਸਮੇਂ ਹੈ.

ਆਰੋਹੀ- ਸ਼ ਰਾ ਗ ਮ ਪ ਧਾ ਸ਼.

ਅਵਰੋਹੀ- ਸ਼ ਧਾ ਪ ਮ ਗ ਰਾ ਸ਼.

ਬੰਗਾਲੀ: ਬੰਗਾਲ ਦੇਸ਼ ਦਾ ਵਸਨੀਕ। ੨. ਬੰਗਾਲ ਨਾਲ ਹੈ ਸੰਬੰਧ ਜਿਸ ਦਾ। ੩. ਬੰਗਾਲ ਦੀ ਭਾਸ਼ਾ (ਬੋੱਲੀ).

ਬੰਗੀ: ਵਿ- ਵੰਗ (ਬੰਗਾਲ) ਨਿਵਾਸੀ.

ਬੰਗੁਰਿ, ਬੰਗੁਰਿਯਾ, ਬੰਗੁਰੀ: ਦੇਖੋ, ਬੰਗੜੀ. "ਬੰਗੁਰਿ ਨਿਹਾਰ ਤ੍ਰਿਯਾ ਪਹਿਚਾਨੀ." (ਚਰਿਤ੍ਰ ੧੪੭) ੨. ਕੱਚ ਦੀ ਚੂੜੀ. "ਰਹੀ ਬੰਗੁਰਿਯਾ ਟੂਟ." (ਚਰਿਤ੍ਰ ੧੪੭)

ਬੰਗੇਸ੍ਵਰ: ਵੰਗ (ਬੰਗਾਲ) ਦਾ ਈਸ਼੍ਵਰ. ਬੰਗਾਲ ਦਾ ਰਾਜਾ। ੨. ਕਲੀ ਅਤੇ ਪਾਰੇ ਦਾ ਮਿਲਾਕੇ ਬਣਾਇਆ ਕੁਸ਼ਤਾ, ਜੋ ਇਸਤ੍ਰੀਆਂ ਦੇ ਪੈੜੇ (ਪ੍ਰਦਰ) ਰੋਗ ਨੂੰ ਦੂਰ ਕਰਦਾ ਹੈ. ਪ੍ਰਮੇਹ ਲਈ ਭੀ ਇਸ ਦਾ ਵਰਤਣਾ ਗੁਣਕਾਰੀ ਹੈ.

ਬੰਗੇਹਰ: ਭਾਈ ਸੰਤੋਖਸਿੰਘ ਨੇ ਲਿਖਿਆ ਹੈ ਕਿ ਗੁਰੂ ਗੋਬਿੰਦਸਿੰਘ ਸਾਹਿਬ ਜਦ ਭਟਿੰਡੇ ਆਏ, ਤਦ ਬੰਗੇ ਹਰ ਪਿੰਡ ਤੋਂ ਇੱਕ ਝੋਟਾ ਮੰਗਵਾਇਆ, ਜਿਸ ਦਾ ਕਿਲੇ ਵਿੱਚ. ਮੈਲਾਗਰਸਿੰਘ ਨੇ ਝਟਕਾ ਕੀਤਾ. ਦੇਖੋ, ਐਨ ੧, ਅਃ ੨੪.

ਬੰਙ: ਦੇਖੋ, ਬੰਗ ੧. ਅਤੇ ੨.

ਬੰਚ: ਸੰ. ਵਞ੍ਚ- ਵੰਚ੍. ਧਾ- ਜਾਣਾ, ਠਗਣਾ, ਫਸਾਉਣਾ। ੨. ਦੇਖੋ, ਬੰਚਨ. "ਅਨਿਕ ਬੰਚ ਬਲ ਛਲ ਕਰਹੁ." (ਬਾਵਨ)

ਬੰਚਉ: ਵੰਚਨ ਕਰਉ. ਦੇਖੋ, ਬੰਚਨ। ੨. ਬਚੋ. ਬਚ ਸਕੋ. "ਲਾਖ ਅਹੇਰੀ ਏਕ ਜੀਉ, ਕੇਤਾ ਬੰਚਉ ਕਾਲ." (ਸ. ਕਬੀਰ) ਕਿਤਨਾ ਚਿਰ ਬਚ ਸਕਦਾ ਹੈ.

ਬੰਚਕ: ਸੰ. ਵੰਚਕ. ਠਗਣ ਵਾਲਾ. ਧੋਖਾ ਦੇਣ ਵਾਲਾ. ਦੇਖੋ, ਬੰਚ। ੨. ਗਿੱਦੜ.

ਬੰਚਨ: ਸੰ. ਵੰਚਨ. ਠਗਣਾ. ਧੋਖਾ ਦੇਣਾ. ਭੁਲਾਉਣਾ. ਛਲਣਾ.

ਬੰਚਲਾ: ਵੰਚ ਲੀਆ. ਵੰਚਨ ਕਰਲੀਆ. ਠਗਲੀਤਾ। ੨. ਵੰਚਿਤ ਹੋਗਿਆ. ਠਗਿਆ ਗਿਆ. "ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ." (ਫੁਨਹੇ ਮਃ ੫)

ਬੰਚਿ: ਵੰਚਨ ਕਰਕੇ. ਠਗਕੇ. ਦੇਖੋ, ਨਿੰਮੁਨੀਆਦਾ.

ਬੰਚਿਤ: ਸੰ. ਵੰਚਿਤ. ਵਿ- ਠਗਿਆ ਹੋਇਆ. ਛਲਿਆ ਹੋਇਆ.

ਬੰਚੈ: ਵੰਚਨ ਕਰੈ. ਠਗਦਾ ਹੈ। ੨. ਬਚੇ. "ਕਿਉ ਬੰਚੈ ਜਮ ਕਾਲੁ." (ਓਅੰਕਾਰ)

ਬੰਛ: ਸੰਗਯਾ- ਵਕ੍ਸ਼ (वक्षस्) ਛਾਤੀ. ਉਰ। ੨. ਭਾਵ- ਮਨ. ਦਿਲ. "ਬਸੋਂ ਦਾਸ ਬੰਛੰ." (ਗੁਪ੍ਰਸੂ) ੩. ਵਾਂਛਾ. ਚਾਹ. "ਫਲ ਕੋ ਬੰਛ ਕਰਹਿ ਅਰਦਾਸੂ." (ਗੁਪ੍ਰਸੂ)

ਬੰਛਹਿ: ਵਾਂਛਾ ਕਰਦਾ ਹੈ, ਕਰਦੇ ਹਨ. "ਮੁਨਿ ਬੰਛਹਿ ਜਾਂਕੀ ਸਰਣੰ." (ਸਵੈਯੇ ਮਃ ੪. ਕੇ)

ਬੰਛਤ: ਸੰ. वाञ्छित. ਵਾਂਛਿਤ. ਚਾਹਿਆ ਹੋਇਆ. ਲੋੜੀਂਦਾ. "ਮਨਬੰਛਤ ਨਾਨਕ ਫਲ ਪਾਇ." (ਸੁਖਮਨੀ) "ਬੰਛਤ ਸਿਧਿ ਕੋ ਬਿਧਿ ਮਿਲਾਇਓ." (ਸਵੈਯੇ ਮਃ ੪. ਕੇ) ਮਨਵਾਂਛਿਤ ਦੀ ਸਿੱਧੀ ਲਈ ਵਿਧਾਤਾ ਨੇ ਗੁਰੁ ਮਿਲਾਇਆ ਹੈ.

ਬੰਛਵਹੁ: ਵਾਂਛਾ ਕਰਦੇ ਹੋ. ਲੋੜਦੇ ਹੋ. "ਸੁਖ ਇਤ ਉਤ ਤੁਮ ਬੰਛਵਹੁ." (ਸਵੈਯੇ ਮਃ ੪. ਕੇ)

ਬੰਛਾ: ਦੇਖੋ, ਵਾਂਛਾ.

ਬੰਛਾਵਤ: ਸੰ. ਵਾਂਛਤਿ. ਲੋੜਦਾ ਹੈ. "ਕੋਊ ਨਰਕ, ਕੋਈ ਸੁਰਗ ਬੰਛਾਵਤ." (ਸੁਖਮਨੀ)

ਬੰਛਿਤ: ਵਾਂਛਿਤ ਲੋੜੀਂਦਾ. ਦੇਖੋ, ਬੰਛਤ. "ਉਠਿ ਜਾਚਹੁ, ਬੰਛਿਤ ਦਿਉਂ ਤੋਹੀ." (ਨਾਪ੍ਰ)

ਬੰਜਰ: ਫ਼ਾ. بےزرع ਬੇਜ਼ਰਅ਼. ਅਣਵਾਹੀ ਬੀਜੀ ਜ਼ਮੀਨ, ਜਿਸ ਵਿੱਚ ਖੇਤੀ ਨਹੀਂ ਹੁੰਦੀ, Barren evil.

ਬੰਜਲ: ਦੇਖੋ, ਵੰਜੁਲ.

ਬੰਝ: ਸੰਗਯਾ- ਵੰਸ਼. ਬਾਂਸ। ੨. ਬੰਧ੍ਯਾ. ਦੇਖੋ, ਬਾਂਝ.

ਬੰਝਾ: ਬੰਧ੍ਯਾ. ਬਾਂਝ.

ਬੰਟ: ਸੰ. वण्ट. ਵੰਟ੍. ਧਾ- ਅਲਗ ਕਰਨਾ, ਹਿੱਸਾ ਕਰਨਾ. ਵੰਡਣਾ. "ਬੰਟੇ ਬਹੁਤ ਨਿਖੁਟਹਿ ਨਾਹੀ." (ਗੁਪ੍ਰਸੂ)

ਬੰਟਾ: ਕਿੰਦੁਕ. ਫਿੰਡ. ਖਿੱਦੋ. "ਤੇਗ ਚੌਗਾਨ ਅਰੁ ਸੀਸ ਬੰਟਾ ਕਰੇ ਖੇਲਤੇ ਸਿੰਘ ਗੋਬਿੰਦ ਪਯਾਰੇ." (ਗੁਰੁਸੋਭਾ) ੨. ਬਾਂਟਾ. ਵਰਤਾਰਾ. ਛਾਂਦਾ. ਦੇਖੋ, ਬੰਟ.

ਬੰਡ: ਸੰਗਯਾ- ਬਾਂਟ. ਵਿਭਾਗ. ਸੰ. वण्ड्. ਵੰਡ. ਧਾ- ਹਿੱਸਾ ਕਰਨਾ, ਢਕਣਾ। ੨. ਵੰਡਕੇ ਦਿੱਤਾ ਹੋਇਆ ਦਾਣਾ ਆਦਿ ਪਸ਼ੂਆਂ ਨੂੰ ਚਾਰਾ। ੩. ਸੰ. वण्ड्. ਬੰਡ. ਵਿ ਲੂਲਾ ਲੰਗੜਾ.

ਬੰਡਣਾ: ਕ੍ਰਿ- ਬਾਂਟਨਾ. ਤਕਸੀਮ ਕਰਨਾ. ਦੇਖੋ, ਬੰਡ.

ਬੰਡੀ: ਸੰਗਯਾ- ਬਹੁਤੀ ਕਲੀਆਂ ਦਾ ਨੀਵਾਂ ਅੰਗਾ, ਜਿਸ ਦਾ ਘੇਰ ਘੱਘਰੇ ਜੇਹਾ ਹੁੰਦਾ ਹੈ। ੨. ਬਾਂਟੀ. ਵੰਡੀ. ਤਕਸੀਮ ਕੀਤੀ. ਦੇਖੋ, ਬੰਡਣਾ.

ਬੰਤਰ: ਸੰ. ਵਨਚਰ. ਜੰਗਲ ਵਿੱਚ ਫਿਰਨ ਵਾਲਾ. ਜੰਗਲੀ. "ਬੰਤਰ ਕੀ ਸੈਨਾ ਸੇਵੀਐ." (ਸਵਾ ਮਃ ੧) ੨. ਵਾਨਰ. ਬੰਦਰ. "ਬੰਤਰ ਚੀਤੇ." (ਭੈਰ ਕਬੀਰ)

ਬੰਦ: ਫ਼ਾ. بند ਸੰਗਯਾ- ਸ਼ਰੀਰ ਦਾ ਜੋੜ। ੨. ਯੁਕ੍ਤਿ ਤਦਬੀਰ। ੩. ਛੰਦਾਂ ਦਾ ਸਮੁਦਾਂਯ, ਜਿਸ ਦੇ ਅੰਤ ਦੇ ਪਦ ਇੱਕ ਹੀ ਮੇਲ ਦੇ ਹੋਣ, ਜੈਸੇ ਅਕਾਲਉਸਤਤਿ ਵਿੱਚ- "ਜੈ ਜੈ ਹੋਸੀ ਮਹਿਖਾਸੁਰ ਮਰਦਨਿ" ਆਦਿ। ੪. ਪ੍ਰਤਿਗ੍ਯਾ। ੫. ਰੱਸੀ. ਤਣੀ. ਭਾਵ- ਬੰਨ੍ਹ ਰੱਖਣ ਦੀ ਸ਼ਕਤਿ. "ਮਿਰਤਕ ਭਏ ਦਸੈ ਬੰਦ ਛੂਟੇ." (ਆਸਾ ਕਬੀਰ) ਸ਼ਰੀਰ ਦੇ ਦਸ਼ ਦ੍ਵਾਰਿਆਂ ਵਿੱਚ ਜੋ ਰੋਕਣ ਦੀ ਸ਼ਕਤੀ ਸੀ. ਉਹ ਮਿਟ ਗਈ। ੬. ਬੰਧਨ. ਕੈਦ. "ਬੰਦ ਨ ਹੋਤ ਸੁਨੇ ਉਪਦੇਸ." (ਗੁਪ੍ਰਸੂ) ੭. ਅੰਗਰਖੇ ਦੀ ਤਣੀਆਂ ਕੋਲ

ਲਾਏ ਬੰਦ, ਜੋ ਗੋਡੇ ਤੋਂ ਹੇਠ ਤੀਕ ਲਟਕਦੇ ਰਹਿੰਦੇ ਹਨ. "ਸੁੰਦਰ ਬੰਦ ਸੁ ਦੁੰਦ ਬਲੰਦੇ." (ਗੁਪ੍ਰਸ) ੮. ਵਿ- ਬੰਨ੍ਹਣ ਵਾਲਾ. "ਤੇਗ ਬੰਦ ਗੁਣ ਧਾਤੁ." (ਸ੍ਰੀ ਮਃ ੧) ੯. ਸੰ. वन्द्. ਧਾ- ਸ੍ਤੁਤਿ (ਤਾਰੀਫ) ਕਰਨਾ। ੧੦. ਪ੍ਰਣਾਮ ਕਰਨਾ. "ਲਸਕੋਰ ਤਰਕਸਬੰਦ, ਬੰਦ ਜੀਉ ਜੀਉ ਸਗਲੀ ਕੀਤ." (ਸ੍ਰੀ ਅਃ ਮਃ ੫) ਤੀਰਕਸ਼ਬੰਦ ਲਸ਼ਕਰ, ਵੰਦਨਾ ਕਰਕੇ ਜੀ! ਜੀ! ਕਹਿੰਦੇ ਹਨ। ੧੧. ਸੰ. ਵੰਦ੍ਯ. ਵਿ- ਵੰਦਨਾ (ਪ੍ਰਣਾਮ) ਯੋਗ੍ਯ. ਵੰਦਨੀਯ. "ਬੰਦਕ ਹੋਇ ਬੰਦ ਸੁਧਿ ਲਹੈ." (ਗਉ ਬਾਵਨ ਕਬੀਰ) ਜੋ ਵੰਦਨਾ ਕਰਨ ਵਾਲਾ ਹੁੰਦਾ ਹੈ, ਉਹ ਵੰਦਨੀਯ (ਕਰਤਾਰ) ਦੀ ਸੁਧ ਲਭਦਾ ਹੈ.

ਬੰਦਉ: ਦੇਖੋ, ਬੰਦਾ. "ਬੰਦਉ ਹੋਇ ਬੰਦਗੀ ਗਹੈ." (ਗਉ ਬਾਵਨ ਕਬੀਰ) ੨. ਵੰਦਨਾ ਕਰੋ.

ਬੰਦ ਇਜਾਰ: ਦੇਖੋ, ਇਜਾਰਬੰਦ.

ਬੰਦਈ ਸਿੱਖ, ਬੰਦਈ ਖਾਲਸਾ: ਬੰਦਾ ਬਹਾਦੁਰ ਦੀ ਸੰਪ੍ਰਦਾਯ ਦੇ ਸਿੱਖ. ਇਹ ਆਪਣਾ ਧਰਮਪੁਸ੍ਤਕ ਸ਼੍ਰੀ ਗੁਰੂ ਗ੍ਰੰਥਸਾਹਿਬ ਮੰਨਦੇ ਹਨ. ਗੁਰਬਾਣੀ ਦਾ ਪਾਠ ਨਿੱਤ ਨੇਮ ਨਾਲ ਕਰਦੇ ਅਰ ਬਹੁਤ ਖੰਡੇ ਦਾ ਅਮ੍ਰਿਤ ਛਕਕੇ ਖਾਲਸਾਰਹਿਤ ਰਖਦੇ ਹਨ. ਦੇਖੋ, ਤੱਤਖਾਲਸਾ.

ਬੰਦਸਾਰ: ਸੰ. ਬੰਦੀਸ਼ਾਲਾ. ਸੰਗ੍ਯਾ- ਜੇਲ. ਕਾਰਾ

ਬੰਦਸਾਲ: ਗਾਰ. ਕੈਦੀਆਂ ਦੇ ਰਹਿਣ ਦਾ ਘਰ. "ਬੰਦਸਾਲ ਕੋ ਭੂਪ ਤਬ ਨਿਜ ਸੁਤ ਦਯੋ ਪਠਾਇ." (ਚਰਿਤ੍ਰ ੩)

ਬੰਦਸਿ: ਫ਼ਾ. بندش ਬੰਦਿਸ਼ ਸੰਗ੍ਯਾ- ਵਜੋਂਤ ਤਦਬੀਰ। ੨. ਬੰਨ੍ਹਣ ਦੀ ਕ੍ਰਿਯਾ। ੩. ਬਨਾਵਟ. ਰਚਨਾ. "ਤੈਡੀ ਬੰਦਸਿ ਮੈ ਕੋਇ ਨ ਡਿਠਾ." (ਮਃ ੫. ਵਾਰ ਰਾਮ ੨) ਤੇਰੇ ਜੇਹੀ ਸ਼ਕਲ ਦਾ ਮੈ ਕੋਈ ਨਹੀਂ ਡਿੱਠਾ.

ਬੰਦਹ: ਦੇਖੋ, ਬੰਦਾ ੩.

ਬੰਦਹ ਏਮ: ਫ਼ਾ. ਅਸੀਂ ਬੰਦੇ (ਦਾਸ) ਹਾਂ.

ਬੰਦਕ: ਵਿ- ਵੰਦਨਾ (ਪ੍ਰਣਾਮ ਅਥਵਾ ਸ੍ਤੁਤਿ) ਕਰਨ ਵਾਲਾ. ਦੇਖੋ, ਬੰਦ ੯. ਅਤੇ ੧੦। ੨. ਫ਼ਾ. بندک ਸੰਗ੍ਯਾ- ਸਾਫ ਕੀਤੀ ਹੋਈ ਰੂੰਈਂ (ਤੂਲ).

ਬੰਦਖਲਾਸ, ਬੰਦਖਲਾਸੀ, ਬੰਦਖਲਾਸੁ: ਸੰਗ੍ਯਾ- ਬੰਧਨ ਤੋਂ ਛੁਟਕਾਰਾ. ਮੁਕ੍ਤਿ. ਰਿਹਾਈ. ਦੇਖੋ, ਬੰਦ ਅਤੇ ਖਲਾਸ. "ਬਦਿਖਲਾਸੀ ਭਾਣੈ ਹੋਇ." (ਜਪੁ) "ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿਖਲਾਸੁ." (ਮਾਰੂ ਮਃ ੫)

ਬੰਦਗੀ: ਫ਼ਾ. بندگی ਸੰਗ੍ਯਾ- ਪ੍ਰਣਾਮ. ਸਲਾਮ "ਆਖੀ ਸੇਖਾ ਬੰਦਗੀ." (ਸ. ਫਰੀਦ) ੨. ਸੇਵਾ। ੩. ਭਗਤੀ. "ਸੇਖਫਰੀਦੈ ਖੈਰ ਦੀਜੈ ਬੰਦਗੀ." (ਆਸਾ)

ਬੰਦ ਛੁੱਟਣੇ: ਕ੍ਰਿ- ਮੇਦੇ ਅਤੇ ਆਂਤ ਵਿੱਚ ਜੋ ਰੋਕ ਰੱਖਣ ਦੀ ਸ਼ਕਤਿ ਹੈ. ਉਸ ਦਾ ਹਟ ਜਾਣਾ. ਭਾਵ- ਕ਼ਯ ਅਤੇ ਦਸਤ ਜਾਰੀ ਹੋਣੇ। ੩. ਸਰੀਰ ਦੇ ਪੱਠਿਆਂ ਦਾ ਢਿੱਲਾ ਪੈਣਾ.

ਬੰਦ ਢਿੱਲੇ ਹੋਣੇ: ਕ੍ਰਿ- ਸ਼ਰੀਰ ਦੇ ਜੋੜ ਢਿੱਲੇ ਪੈ ਜਾਣੇ. ਸ਼ੋਕ ਜਾਂ ਭੈ ਨਾਲ ਸ਼ਰੀਰ ਦਾ ਸ਼ਿਥਿਲ ਹੋਣਾ. "ਭਜੇ ਤ੍ਰਾਸ ਕੈਕੈ ਭਏ ਬੰਦ ਢੀਲੇ." (ਕਲਕੀ)

ਬੰਦਨ: ਸੰ. ਵੰਦਨ. ਸੰਗ੍ਯਾ- ਸ੍ਤੁਤਿ. ਤਾਰੀਫ਼। ੨. ਵੰਦਨਾ. ਪ੍ਰਣਾਮ. ਨਮਸਕਾਰ. "ਡੰਡਉਤਿ ਬੰਦਨ ਅਨਿਕਬਾਰ." (ਬਾਵਨ)

ਬੰਦਨਮਾਲ, ਬੰਦਨਵਾਲ: ਸੰ. ਵੰਦਨਮਾਲਾ. ਸੰਗ੍ਯਾ- ਮੰਗਲ ਸਮੇਂ ਫੁੱਲ ਪੱਤੇ ਆਦਿ ਦੀ ਮਾਲਾ, ਜੋ ਦਰਵਾਜੇ ਪੁਰ ਲਟਕਾਈ ਜਾਂਦੀ ਹੈ. ਤੋਰਣ.

ਬੰਦਨਾ: ਦੇਖੋ, ਬੰਦਨ ੨ਯ "ਬੰਦਨਾ ਹਰਿ ਬੰਦਨਾ." (ਧਨਾ ਮਃ ੫)

ਬੰਦਰ: ਸੰ. ਵਾਨਰ. ਸੰਗਯਾ- ਕਪਿ. ਬਾਂਦਰ। ੨. ਜੱਟਾਂ ਦਾ ਇੱਕ ਗੋਤ. "ਬੰਦਰ ਗੋਤ ਨਰਨ ਕੋ ਕਹੈਂ." (ਗੁਪ੍ਰਸੂ) ਇਸ ਨੂੰ ਬਾਂਦਰ ਭੀ ਆਖਦੇ ਹਨ. ਦੇਖੋ, ਬਾਂਦਰ। ੩. ਫ਼ਾ. بندر ਸਮੁੰਦਰ ਦਾ ਕਿਨਾਰਾ. ਜਿੱਥੇ ਜਹਾਜ ਠਹਿਰਦੇ ਹਨ. Port. Harbour ੪. ਸਮੁੰਦਰ ਦੇ ਕਿਨਾਰੇ ਦੀ ਬਸਤੀ, ਜਿੱਥੇ ਵਪਾਰ ਦੀ ਮੰਡੀ ਹੋਵੇ. Emporium.

ਬੰਦਾ: ਸੰ. ਵੰਦਾ. ਸੰਗਯਾ- ਅਮਰਬੇਲਿ ਆਦਿਕ ਉਹ ਪੌਧਾ, ਜੋ ਬਿਰਛਾਂ ਦੇ ਰਸ ਤੋਂ ਪੁਸ਼੍ਟ ਹੋਵੇ. ਇਹ ਬਿਰਛਾਂ ਨੂੰ ਰੋਗਰੂਪ ਹੈ. ਇਸ ਦ੍ਵਾਰਾ ਛਿਲਕਾ ਖੁਸ਼ਕ ਹੋਕੇ ਬੂਟੇ ਸੁੱਕ ਜਾਂਦੇ ਹਨ. "ਬੰਦਾ ਲਾਗਯੋ ਤੁਰਕਨ ਬੰਦਾ." (ਪੰਪ੍ਰ) ਬੰਦਾ ਬਹਾਦੁਰ ਤੁਰਕਾਂ ਨੂੰ ਬੰਦਾ ਹੋਕੇ ਲੱਗਾ। ੨. ਬਿਰਛ ਦੇ ਵਿੱਚ ਹੋਰ ਬਿਰਛ ਉਗਣਾ। ੩. ਫ਼ਾ. بندہ ਸੇਵਕ. ਦਾਸ. "ਮੈ ਬੰਦਾ ਬੈਖਰੀਦ." (ਆਸਾ ਮਃ ੫) "ਵਖਤੁ ਵੀਚਾਰੇ ਸੁ ਬੰਦਾ ਹੋਇ." (ਮਃ ੧. ਵਾਰੀ ਸ੍ਰੀ) ੪. ਦੇਖੋ, ਬੰਦਾਬਹਾਦੁਰ.

ਬੰਦਾਹ: ਦੇਖੋ, ਬੰਦਾ ੩. "ਅਰਦਾਸਿ ਪੇਸਿ ਦਰਵੇਸ ਬੰਦਾਹ." (ਤਿਲੰ ਮਃ ੫)

ਬੰਦਾਥਾਨ: ਦੇਖੋ, ਅਬਿਚਲਨਗਰ ਅੰਗ ੭.

ਬੰਦਾਬਹਾਦੁਰ: ਜੰਮੂ ਅੰਤਰਗਤ ਪੁਣਛ ਰਾਜ ਦੇ ਰਾਜੌਰੀ[904] ਪਿੰਡ ਵਿੱਚ (ਜੋ ਹੁਣ ਤਸੀਲ ਅਸਥਾਨ ਹੈ) ਰਾਮਦੇਵ ਰਾਜਪੂਤ ਦੇ ਘਰ ਇਸ ਧਰਮਵੀਰ ਦਾ ਜਨਮ ਕੱਤਕ ਸੁਦੀ ੧੩. ਸੰਮਤ ੧੭੨੭ ਨੂੰ ਹੋਇਆ. ਮਾਤਾ ਪਿਤਾ ਨੇ ਇਸ ਦਾ ਨਾਮ ਲਛਮਨਦੇਵ ਰੱਖਿਆ. ਲਛਮਨਦੇਵ ਨੂੰ ਸ਼ਸਤ੍ਰਵਿਦ੍ਯਾ ਅਤੇ ਸ਼ਿਕਾਰ ਦਾ ਵਡਾ ਸ਼ੌਕ ਸੀ. ਇੱਕ ਦਿਨ ਗਰਭਵਤੀ ਮ੍ਰਿਗੀ ਮਾਰਨ ਪੁਰ ਅਜੇਹਾ ਵਿਰਾਗ ਹੋਇਆ ਕਿ ਸ਼ਸਤ੍ਰ ਤਿਆਗਕੇ ਵੈਸ਼ਨਵ ਜਾਨਕੀਪ੍ਰਸਾਦ ਸਾਧੁ ਦਾ ਚੇਲਾ ਹੋ ਗਿਆ ਅਰ ਨਾਮ ਮਾਧੋਦਾਸ ਰਖਾਇਆ. ਘਰ ਬਾਰ ਤਿਆਗਕੇ ਸਮ ਦਮ ਸਾਧਨ ਕਰਦਾ ਹੋਇਆ ਕਰਨੀ ਦੇ ਪ੍ਰਭਾਵ ਸਿੱਧ ਪੁਰਖ ਬਣ ਗਿਆ.

ਦੇਸ਼ਾਟਨ ਕਰਦਾ ਜਦ ਇਹ ਦੱਖਣ ਵਿੱਚ ਗੋਦਾਵਰੀ ਦੇ ਕਿਨਾਰੇ ਪੁੱਜਾ, ਤਦ ਇਸ ਨੂੰ ਉਹ ਅਸਥਾਨ ਬਹੁਤ ਪਸੰਦ ਆਇਆ ਅਰ ਆਪਣਾ ਆਸ਼੍ਰਮ ਬਣਾਕੇ ਰਹਿਣ ਲੱਗਾ. ਸੰਮਤ ੧੭੬੫ ਵਿੱਚ ਜਦ ਦਸ਼ਮੇਸ਼ ਨਾਦੇੜ ਪਹੁਚੇ, ਤਦ ਉਨ੍ਹਾਂ ਦੇ ਦਰਸ਼ਨ ਅਤੇ ਉਪਦੇਸ਼ ਦਾ ਇਸ ਪੁਰ ਅਜੇਹਾ ਅਸਰ ਹੋਇਆ ਕਿ ਮਾਧੋਦਾਸ ਚਰਨਾਂ ਤੇ ਢਹਿ ਪਿਆ ਅਰ ਆਪਣੇ ਤਾਈਂ ਸਤਿਗੁਰੂ ਦਾ ਬੰਦਾ ਕਹਿਕੇ ਸਿੱਖ ਬਣਿਆ. ਕਲਗੀਧਰ ਨੇ ਇਸ ਨੂੰ ਅਮ੍ਰਿਤ ਛਕਾਕੇ ਨਾਉਂ ਗੁਰਬਖਸ਼ਸਿੰਘ ਰੱਖਿਆ, ਪਰ ਪੰਥ ਵਿੱਚ ਪ੍ਰਸਿੱਧ ਨਾਮ "ਬੰਦਾ" ਹੀ ਰਿਹਾ.

ਅਨਜਾਈ ਪਾਪੀਆਂ ਨੂੰ ਨੀਚ ਕਰਮਾਂ ਦਾ ਫਲ ਭੁਗਾਉਣ ਲਈ ਗੁਰੂ ਸਾਹਿਬ ਨੇ ਪੰਜ ਸਿੰਘ (ਬਾਬਾ ਬਿਨੋਦਸਿੰਘ, ਕਾਨ੍ਹਸਿੰਘ, ਬਾਜਸਿੰਘ, ਬਿਜੈਸਿੰਘ, ਰਾਮਸਿੰਘ) ਨਾਲ ਦੇਕੇ ਬੰਦੇ ਨੂੰ ਸੰਮਤ ੧੭੬੫ ਵਿੱਚ ਪੰਜਾਬ ਵੱਲ ਤੋਰਿਆ, ਅਤੇ ਸਹਾਇਤਾ ਲਈ ਸਿੱਖਾਂ ਦੇ ਨਾਮ ਹੁਕਮਨਾਮੇ ਲਿਖ ਦਿੱਤੇ.

ਵਿਦਾਇਗੀ ਵੇਲ਼ੇ ਪੰਜ ਤੀਰ ਬਖਸ਼ਕੇ ਕਲਗੀਧਰ ਨੇ ਬੰਦੇ ਬੀਰ ਨੂੰ ਇਹ ਉਪਦੇਸ਼ ਫਰਮਾਇਆ-

ੳ. ਜਤ ਰੱਖਣਾ.

ਅ. ਖ਼ਾਲਸੇ ਦੇ ਅਨੁਸਾਰੀ ਹੋਕੇ ਰਹਿਣਾ.

ੲ. ਆਪ ਨੂੰ ਗੁਰੂ ਨਾ ਮੰਨਣਾ.

ਸ. ਵਰਤਾਕੇ ਛਕਣਾ.

ਹ. ਅਨਾਥਾਂ ਦੀ ਸਹਾਇਤਾ ਕਰਨੀ.

ਪੰਜਾਬ ਪੁੱਜਕੇ ਗੁਰਬਖ਼ਸ਼ਸਿੰਘ ਨੇ ਗੁਰੂ ਸਾਹਿਬ ਦੇ ਹੁਕਮਾਂ ਦੀ ਤਾਮੀਲ ਕੀਤੀ. ਜਿਨ੍ਹਾਂ ਜਿਨ੍ਹਾਂ ਨੇ ਸਤਿਗੁਰੂ ਦੀ ਅਵਗ੍ਯਾ ਕੀਤੀ ਸੀ ਉਨ੍ਹਾਂ ਨੂੰ ਭਾਰੀ ਸਜ਼ਾ ਦਿੱਤੀ. ੧. ਹਾੜ ਸੰਮਤ ੧੭੬੭ ਨੂੰ ਇਸ ਨੇ ਸਰਹਿੰਦ ਫਤੇ ਕਰਕੇ ਵਜੀਰਖ਼ਾਂ ਸੂਬੇਦਾਰ ਨੂੰ

---

[904] ਭਿੰਦਰ ਤੋਂ ਅੱਗੇ ਕਮਾਨਗੋਸ਼ਾ ਦੀਆਂ ਪਹਾੜੀਆਂ ਲੰਘਕੇ ਪਹਾੜੀ ਨਦੀ ਦੇ ਕਿਨਾਰੇ, ਰਾਜੋਰੀ (ਅਥਵਾ ਰਾਜੌੜੀ) ਗ੍ਰਾਮ ਹੈ.

ਸਾਹਿਬਜ਼ਾਦਿਆਂ ਦੇ ਕੋਹਣ ਦੇ ਅਪਰਾਧ ਪੁਰ ਦੁਰਦਸ਼ਾ ਨਾਲ ਮਾਰਿਆ.

ਪ੍ਰਭੁਤ੍ਾ ਵਧ ਜਾਣ ਪੁਰ ਬੰਦਾ ਬਹਾਦੁਰ ਨੂੰ ਕੁਝ ਗਰਬ ਹੋਗਿਆ ਅਰ ਆਪਣੀ ਗੁਰੁਤਾ ਦੀ ਅਭਿਲਾਖਾ ਜਾਗ ਆਈ, ਜਿਸ ਪੁਰ ਉਸ ਨੇ ਕਈ ਨਿਯਮ ਗੁਰਮਤ ਵਿਰੁੱਧ ਪ੍ਰਚਾਰ ਕਰਨੇ ਚਾਹੇ, ਜਿਸ ਤੋਂ ਪੰਥ ਦਾ ਵਿਰੋਧ ਹੋਕੇ ਖਾਲਸੇ ਦੇ ਦੋ ਦਲ ਬਣਗਏ. ਦੇਖੋ, ਤੱਤਖਾਲਸਾ.

ਦਿੱਲੀਪਤਿ ਫ਼ਰਰੁਖ਼ਸਿਯਰ ਦੀ ਆਗ੍ਯਾ ਨਾਲ ਅਬਦਲਸਮਦਖ਼ਾਨ ਤੂਰਾਨੀ ਅਤੇ ਕਈ ਫ਼ੌਜਦਾਰਾਂ ਨੇ ੨੦. ਹਜਾਰ ਫ਼ੌਜ ਨਾਲ ਗੁਰਦਾਸਪੁਰ ਦੀ ਗੜ੍ਹੀ ਵਿੱਚ, ਜਿਸ ਦਾ ਪ੍ਰਸਿੱਧ ਨਾਉਂ ਭਾਈ ਦੁਨੀਚੰਦ ਜੀ ਦੀ ਹਵੇਲੀ ਹੈ, ਬੰਦਾ ਬਹਾਦੁਰ ਨੂੰ ਘੇਰਲਿਆ ਅਰ ਕਈ ਮਹੀਨਿਆਂ ਦੇ ਜੰਗ ਪਿੱਛੋਂ ਵਿਸ਼੍ਵਾਸਘਾਤ ਕਰਕੇ ਸਿੱਖਾਂ ਸਮੇਤ ਫੜਕੇ ਦਿੱਲੀ ਭੇਜਿਆ, ਜਿੱਥੇ ਸਿੰਘਾਂ ਸਹਿਤ ਧਰਮ ਵਿੱਚ ਦ੍ਰਿੜ੍ਹਤਾ, ਧੀਰਯ ਅਤੇ ਸ਼ਾਂਤੀ ਦਾ ਨਮੂਨਾ ਬਣਕੇ ਚੇਤ ਸੁਦੀ ੧. ਸੰਮਤ ੧੭੭੩ ਨੂੰ ਬੰਦਾ ਧਰਮਵੀਰ ਸ਼ਹੀਦ ਹੋਗਿਆ.

ਬੰਦਈ ਸਿੱਖਾਂ ਦੀ ਸਾਖੀ ਤੋਂ ਪਤਾ ਲਗਦਾ ਹੈ ਕਿ ਬੰਦਾ ਯੋਗਾਭ੍ਯਾਸੀ ਸੀ. ਇਸ ਲਈ ਪ੍ਰਾਣਾਯਾਮ ਦੇ ਬਲ ਕਰਕੇ ਉਹ ਮੁਰਦੇ ਤੁੱਲ ਹੋ ਗਿਆ. ਪਰ ਦਿੱਲੀ ਮੋਇਆ ਨਹੀਂ. ਜਦ ਉਸ ਦੀ ਲੋਥ ਜਮੁਨਾ ਦੀ ਬਰੇਤੀ ਤੇ ਸਿੱਟ ਦਿੱਤੀ ਗਈ ਤਾਂ ਇੱਕ ਫਕੀਰ ਨੇ ਉਸ ਵਿੱਚ ਪ੍ਰਾਣ ਜਾਣਕੇ ਆਪਣੀ ਕੁਟੀਆ ਵਿੱਚ ਲੈਆਂਦੀ ਅਰ ਕੁਝ ਚਿਰ ਦੇ ਇਲਾਜ ਨਾਲ ਬਾਬਾ ਬੰਦਾ ਨਵਾਂ ਨਿਰੋਆ ਹੋਗਿਆ.

ਦਿੱਲੀ ਤੋਂ ਚੱਲਕੇ ਉਸ ਨੇ ਆਪਣੇ ਤਾਈਂ ਪ੍ਰਗਟ ਨਹੀਂ ਕੀਤਾ, ਕਿੰਤੂ ਗੁਪਤ ਹੀ ਰਹਿੰਦਾ ਰਿਹਾ. ਭੁੱਚੋਕੇ ਚੱਕਰ ਆਦਿਕ ਪਿੰਡਾਂ ਵਿੱਚ ਕੁਝ ਕਾਲ ਰਹਿਕੇ ਜੰਮੂ ਦੇ ਇਲਾਕੇ ਬਬਰ ਪਿੰਡ ਜਾ ਨਿਵਾਸ ਕੀਤਾ. ਉੱਥੋਂ ਉੱਠਕੇ ਚੰਦ੍ਰਭਾਗਾ (ਝਨਾਂ) ਦੇ ਕਿਨਾਰੇ ਆਪਣੀ ਕੁਟੀਆ ਬਣਾਈ, ਅਰ ਸਿੱਖਾਂ ਦੀ ਪ੍ਰੇਰਨਾ ਨਾਲ ਵਜੀਰਬਾਦੀ ਕਪੂਰ ਖਤ੍ਰੀਆਂ ਦੇ ਘਰ ਸ਼ਾਦੀ ਕੀਤੀ, ਜਿਸ ਤੋਂ ਸੰਮਤ ੧੭੮੫ ਵਿੱਚ ਰਣਜੀਤਸਿੰਘ ਬੇਟਾ ਜਨਮਿਆ. ਜੇਠ ਸੁਦੀ ੧੪. ਸੰਮਤ ੧੭੯੯ ਨੂੰ ਬਾਬਾ ਬੰਦਾ ਜੀ ਦੇਹ ਤਿਆਗਕੇ ਗੁਰਪੁਰ ਪਧਾਰੇ. ਬੰਦਾਬੀਰ ਦਾ ਦੇਹਰਾ ਸੁੰਦਰ ਬਨਿਆ ਹੋਇਆ ਹੈ ਅਰ ਉਸ ਦੀ ਸੰਤਾਨ ਮਹੰਤ ਹੈ. ਬੰਦਈ ਸਿੱਖ ਸਿੰਧ ਆਦਿਕ ਦੇਸ਼ਾਂ ਤੋਂ ਉੱਥੇ ਜਾਕੇ ਭੇਟਾ ਅਰਪਦੇ ਹਨ. ਦੇਹਰੇ ਦੇ ਨਾਉਂ ਮਹਾਰਾਜਾ ਸਿੰਘ ਜੀ ਅਤੇ ਰਾਜਾ ਗੁਲਾਬ ਸਿੰਘ ਦੀ ਲਾਈ ਜਾਗੀਰ ਹੈ.[905] ਧਰਮਵੀਰ ਬੰਦੇ ਬਹਾਦੁਰ ਦੀ ਵੰਸ਼ਾਵਲੀ ਇਹ ਹੈ::-

ਬੰਦਾ ਬਹਾਦੁਰ (ਗੁਰਬਖ਼ਸ਼ਸਿੰਘ)

।

ਰਣਜੀਤਸਿੰਘ

।

ਜੋਰਾਵਰਸਿੰਘ

।

ਅਰਜਨਸਿੰਘ

।

ਖੜਕਸਿੰਘ

।

ਦਯਾਸਿੰਘ

।

ਅਤਰ ਸਿੰਘ (ਹੁਣ ਇਹ ਮਹੰਤ ਹੈ)।   ਸੁਜਾਨ ਸਿੰਘ

।

[905] ਰਾਜਾ ਗੁਲਾਬਸਿੰਘ ਦਾ ਦਿੱਤਾ ਪੱਟਾ ੧੬. ਫੱਗੁਣ ਸੰਮਤ ੧੯੯੦ ਦਾ ਹੈ।

**ਬੰਦਿ:** ਸੰ. वन्दि- ਵੰਦਿ. ਸੰਗਯਾ- ਕੈਦ. ਜੇਲ ਦਾ ਨਿਵਾਸ. "ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ." (ਮਃ ੧. ਵਾਰ ਮਲਾ) ੨. ਕੈਦੀ. ਦੇਖੋ, ਬੰਦੀ ੫.

**ਬੰਦਿਸ:** ਦੇਖੋ, ਬੰਦੀਸ.

**ਬੰਦਿਸਾਲ:** ਦੇਖੋ, ਬੰਦਸਾਲ.

**ਬੰਦਿਖਲਾਸੀ, ਬੰਦਿਖਲਾਸੁ:** ਦੇਖੋ, ਬੰਦਖਲਾਸ.

**ਬੰਦੀ:** ਸੰਗਯਾ- ਬੰਦਹ ਦਾ ਇਸਤ੍ਰੀਲਿੰਗ. ਦਾਸੀ. ਬਾਂਦੀ. "ਮਾਇਆ ਬੰਦੀ ਖਸਮ ਕੀ." (ਮਃ ੩. ਵਾਰ ਸ੍ਰੀ) ੨. ਇਸਤ੍ਰੀਆਂ ਦਾ ਇੱਕ ਮਸਤਕ ਭੂਸ਼ਣ। ੩. ਬੰਦਿਸ਼. ਦੇਖੋ, ਬੰਦਸਿ. "ਬੰਦੀ ਅੰਦਰਿ ਸਿਫਤਿ ਕਰਾਏ. ਤਾ ਕਉ ਕਹੀਐ ਬੰਦਾ." (ਆਸਾ ਮਃ ੧) ੪. ਗੁਲਾਮੀ. "ਸਾ ਬੰਦੀ ਤੇ ਲਈ ਛਡਾਇ." (ਆਸਾ ਮਃ ੫) ੫. ਫ਼ਾ. بندی ਕੈਦੀ. ਬੰਧੂਆ. "ਜਗੁ ਬੰਦੀ, ਮੁਕਤੇ ਹਉ ਮਾਰੀ." (ਆਸਾ ਅਃ ਮਃ ੧) ੬. ਸੰ. बन्दिन- ਬੰਦੀ ਭੱਟ- ਚਾਰਣ. ਰਾਜਦਰਬਾਰ ਵਿੱਚ ਯਸ਼ ਗਾਉਣ ਵਾਲਾ ਕਵਿ. "ਬੰਦੀ ਜਸ ਗਾਵਹਿ." (ਗੁਪ੍ਰਸੂ)

**ਬੰਦੀਸੁਰ:** ਦੇਖੋ, ਬੰਦੀਛੋੜ.

**ਬੰਦੀਖਾਨਾ:** ਫ਼ਾ. بندی خانہ ਸੰਗਯਾ- ਬੰਦੀ (ਕੈਦੀ) ਦੇ ਰਹਿਣ ਦਾ ਖ਼ਾਨਾ (ਘਰ). ਕਾਰਾਗਾਰ. "ਲਬੁ ਅੰਧੇਰਾ ਬੰਦੀਖਾਨਾ." (ਬਸੰ ਅਃ ਮਃ ੧)

**ਬੰਦੀਛੋਰ, ਬੰਦੀਛੋੜੁ, ਬੰਦੀਮੋਚ:** ਵਿ- ਕੈਦ ਤੋਂ ਛੁਡਾਉਣ ਵਾਲਾ. ਰਿਹਾਈ ਦੇਣ ਵਾਲਾ. ਨਿਰਬੰਧ ਕਰਤਾ. "ਗਈ ਬਹੋੜੁ ਬੰਦੀਛੋੜੁ." (ਸੋਰ ਮਃ ੫) "ਰਾਖਿ- ਲੇਹਿ ਮੇਰੇ ਸਾਹਿਬ, ਬੰਦੀਮੋਚ." (ਮਾਝ ਬਾਰਹਮਾਹਾ) ੨. ਸੰਗਯਾ- ਗੁਰੂ ਹਰਿਗੋਬਿੰਦ ਸਾਹਿਬ, ਜਿਨ੍ਹਾਂ ਨੇ ਸੰਮਤ ੧੬੭੪ ਵਿੱਚ ਸ਼ਾਹੀ ਕੈਦੀ (ਬਵੰਜਾ ਰਈਸ) ਗਵਾਲਿਯਰ ਦੇ ਕਿਲੇ ਤੋਂ ਛੁਡਵਾਏ ਸਨ. ਗੁਰੂ ਸਾਹਿਬ ਦੇ ਇਸ ਪਵਿਤ੍ਰ ਅਸਥਾਨ ਪੁਰ ਮੁਸਲਮਾਨ ਪੁਜਾਰੀਆਂ ਦੇ ਕਬਜਾ ਕੀਤਾ ਹੋਇਆ ਹੈ ਅਤੇ ਨਾਮ "ਬੰਦੀਛੋੜ ਦਾਤਾ" ਹੈ। ੩. ਜੱਸਾਸਿੰਘ ਆਹਲੂਵਾਲੀਆ, ਜਿਸ ਨੇ ਦੁੱਰਾਨੀ ਦੀ ਕੈਦ ਤੋਂ ਬਹੁਤ ਲੋਕ ਛੁਡਾਏ. ਦੇਖੋ, ਜੱਸਾਸਿੰਘ।

੪. ਰਾਜਾ ਅਮਰਸਿੰਘ ਪਟਿਆਲਾਪਤੀ, ਜਿਸ ਨੇ ਸੰਮਤ ੧੮੨੪ ਵਿੱਚ ਅਹਮਦਸ਼ਾਹ ਅਬਦਾਲੀ ਤੋਂ ਵੀਹ ਹਜ਼ਾਰ ਹਿੰਦੂ ਰਿਹਾ ਕਰਵਾਏ.

**ਬੰਦੀਲ:** ਸਿਰ ਬੰਨ੍ਹਣ ਦੀ ਤਿੱਲੇਦਾਰ ਰੇਸ਼ਮੀ ਅਥਵਾ ਸੂਤੀ ਪਗੜੀ.

**ਬੰਦੂਕ, ਬੰਦੂਖ:** ਅ਼. بندوق ਬੰਦੂਕ਼. ਸੰਗਯਾ- ਤੁਫੰਗ. ਦੇਖੋ, ਅਗਨਿ ਅਸਤ੍ਰ ੨.

**ਬੰਦੇਮ:** ਫ਼ਾ. بندیم ਅਸੀਂ ਬੰਨ੍ਹਦੇ ਹਾਂ. ਅਸੀਂ ਬੰਨ੍ਹੀਏ. ਅਸੀਂ ਬੰਨ੍ਹਾਂਗੇ। ੨. ਦੇਖੋ, ਬੰਦਹਏਮ.

**ਬੰਦੇਰੇ:** ਬੰਦਗੀ ਕਰਨ ਵਾਲੇ ਬੰਦੇ. ਭਗਤਜਨ. "ਦਾਨਸਵੰਦ ਬੰਦੇਰੇ." (ਭਾਗੁ)

**ਬੰਦੇਲਾ:** ਦੇਖੋ, ਬੁੰਦੇਲਾ.

**ਬੰਦੋਬਸੁ:** ਫ਼ਾ. بندوبست ਸੰਗਯਾ- ਪ੍ਰਬੰਧ. ਇੰਤਿਜਾਮ। ੨. ਜ਼ਮੀਨ ਮਿਣਕੇ ਅਰ ਉਸ ਦੀ ਕਿਸਮ ਦੇਖਕੇ ਮੁਆਮਲਾ ਠਹਿਰਾਉਣ ਦੀ ਕ੍ਰਿਯਾ.

**ਬੰਦਜ:** ਸੰ. ਵੰਦਜ ਵਿ- ਵੰਦਨੀਯ. ਨਮਸਕਾਰ ਯੋਗਜ.

**ਬੰਦ੍ਰ:** ਦੇਖੋ, ਬੰਦਰ.

ਬੰਦ੍ਰੀ: ਵਿ- ਬੰਦਰ ਦਾ ਵਸਨੀਕ. ਬੰਦਰ ਨਾਲ ਹੈ ਜਿਸ ਦਾ ਸੰਬੰਧ. ਦੇਖੋ, ਬੰਦਰ.

ਬੰਧ: ਸੰ. बन्ध्. ਧਾ- ਬੰਨ੍ਹਣਾ. ਜੋੜਨਾ, ਮਿਲਾਉਣਾ। ੨. ਸੰਗ੍ਯਾ- ਬੰਧਨ. "ਮਾਇਆਬੰਧ ਕਾਟੇ ਕਿਰਪਾ- ਨਿਧਿ." (ਦੇਵ ਮਃ ੫) ੩. ਪਾਣੀ ਦਾ ਬੰਧ. ਬੰਧਾ. "ਬੰਧ ਜਿ ਬਾਰੂ ਬਾਰੀ ਜੈਸੇ." (ਗੁਪ੍ਰਸੂ) ਪਾਣੀ ਅੱਗੇ ਬਾਲੂ (ਰੇਤੇ) ਦਾ ਬੰਨ੍ਹ ਨਹੀਂ ਠਹਿਰਦਾ। ੪. ਸੰ. बद्ध- ਬੱਧ੍ਹ. ਵਿ- ਬੰਨ੍ਹਿਆ ਹੋਇਆ. "ਨਾਨਕ ਮਨਮੁਖ ਬੰਧ ਹੈ, ਗੁਰਮੁਖ ਮੁਕਤ ਕਰਾਏ." (ਵਡ ਮਃ ੩) ੫. ਸੰਗ੍ਯਾ- ਰੁਕਾਵਟ. ਵਿਘਨ. "ਢਾਹਨ ਲਾਗੈ ਧਰਮਰਾਇ, ਕਿਨਹਿ ਨ ਘਾਲਿਓ ਬੰਧ." (ਬਾਵਨ) ੬. ਦੇਖੋ, ਬੰਧੁ. "ਭਾਈ ਬੰਧ ਕੁਟੰਬ ਸਹੇਰਾ." (ਸੂਹੀ ਰਵਿਦਾਸ)

ਬੰਧਕ: ਸੰ. ਵਿ- ਬੰਨ੍ਹਣ ਵਾਲਾ। ੨. ਸੰਗ੍ਯਾ- ਰੱਸੀ। ੩. ਗਹਿਣੇ (ਰੇਹਨ) ਰੱਖੀ ਵਸਤੁ.

ਬੰਧਕਾਰੀ: ਵਿ- ਬੰਧਨ ਕਰਨ ਵਾਲਾ ਬੰਨ੍ਹਣ. ਵਾਲਾ. "ਕਰਮ ਧਰਮ ਬੰਧਕਾਰੀ." (ਸੋਰ ਅਃ ਮਃ ੧)

ਬੰਧਕੀ: ਸੰ. ਸੰਗ੍ਯਾ- ਵ੍ਯਭਿਚਾਰਿਣੀ। ੨. ਵੇਸ਼੍ਯਾ.

ਬੰਧਚਿ: ਵਿ- ਬੰਨ੍ਹਣ ਵਾਲਾ. ਬੰਧਨਾਂ ਵਿੱਚ ਫਸਾਉਣ ਵਾਲੀ। ੨. ਸੰਗ੍ਯਾ- ਮਾਯਾ. "ਬੰਧਚਿ ਬੰਧਨ ਪਾਇਆ." (ਰਾਮ ਕਬੀਰ)

ਬੰਧਤਖਾਨਾ: ਸੰਗ੍ਯਾ- ਬੰਨ੍ਹੇ ਹੋਏ ਲੋਕਾਂ (ਕੈਦੀਆਂ) ਦਾ ਘਰ. ਕੈਦਖਾਨਾ. ਜੇਲ. "ਅੱਧੀ ਰਾਤ ਦੇ ਸਮੇਂ ਓਹ ਬੰਧਤਖਾਨੇ ਥੀਂ ਨਿਕਲੇ." (ਭਗਤਾਵਲੀ)

ਬੰਧਨ: ਸੰ. ਸੰਗ੍ਯਾ- ਬੰਨ੍ਹਣ ਦੀ ਕ੍ਰਿਯਾ. ਬਾਂਧਨਾ। ੨. ਉਹ ਵਸਤੁ, ਜਿਸ ਨਾਲ ਬੰਨ੍ਹੀਏ, ਬੇੜੀ ਰੱਸੀ ਆਦਿ. "ਬੰਧਨ ਤੋੜਿ ਬੁਲਾਵੈ ਰਾਮ." (ਗਉ ਮਃ ੫) ੩. ਉਲਝਾਉ. ਜੰਜਾਲ. "ਬੰਧਨ ਸਉਦਾ ਅਣਵੀਚਾਰੀ." (ਆਸਾ ਮਃ ੧)

ਬੰਧਨਮੁਕਤਾ: ਵਿ- ਮੁਕ੍ਤਬੰਧਨ. ਜਿਸ ਦੇ ਬੰਧਨ ਖੁਲ੍ਹ ਗਏ ਹਨ. ਬੰਧਨ ਰਹਿਤ. "ਬੰਧਨਮੁਕਤਾ ਜਾਤੁ ਨ ਦੀਸੈ." (ਕਾਨ ਨਾਮਦੇਵ)

ਬੰਧਨਾ: ਕ੍ਰਿ- ਬਾਂਧਨਾ. ਬੰਨ੍ਹਣਾ। ੨. ਪੁਲ ਬਣਾਉਣਾ. "ਭਵਸਾਗਰ ਬੰਧਿਆਉ, ਸਿਖ ਤਾਰੇ ਸੁ ਪ੍ਰਸੰਨੈ." (ਸਵੈਯੇ ਮਃ ੪. ਕੇ)

ਬੰਧਨੀ: ਸੰਗ੍ਯਾ- ਰੱਸੀ. ਫਾਹੀ. "ਆਸਾ ਮਨਸਾ ਬੰਧਨੀ ਭਾਈ." (ਸੋਰ ਅਃ ਮਃ ੧)

ਬੰਧਨੀਯ: ਵਿ- ਬੰਨ੍ਹਣ ਯੋਗ੍ਯ. ਬਾਂਧਨੇ ਲਾਇਕ.

ਬੰਧਪ, ਬੰਧਵ: ਸੰ. ਬਾਂਧਵ. ਸੰਗ੍ਯਾ- ਰਿਸ਼ਤੇਦਾਰ. ਨਾਤੀ. ਭਾਈ. ਮਿਤ੍ਰ. "ਸੁਤ ਬੰਧਪ ਅਰੁ ਨਾਰਿ." (ਸ੍ਰੀ ਅਃ ਮਃ ੧) "ਨਾਥ ਨਰਹਰਿ ਦੀਨਬੰਧਵ." (ਗੂਜ ਅਃ ਮਃ ੫)

ਬੰਧਾ: ਸੰਗ੍ਯਾ- ਦੇਖੋ, ਬੰਧ। ੨. ਰੋਕ. ਪ੍ਰਤਿਬੰਧ। ੩. ਧੀਰਯ. ਸਹਾਰਾ. "ਜੇ ਲਖ ਕਰਮ ਕਮਾਈਅਹਿ, ਕਿਛੁ ਪਵੈ ਨ ਬੰਧਾ." (ਆਸਾ ਮਃ ੫)

ਬੰਧਾਨ: ਸੰਗ੍ਯਾ- ਬੰਨ੍ਹਿਆ ਹੋਇਆ ਨਿਯਮ। ੨. ਪ੍ਰਬੰਧ. ਇੰਤਜਾਮ. "ਆਪਿ ਕੀਓ ਬੰਧਾਨ." (ਸਾਰ ਮਃ ੫) ੩. ਮੁਕ਼ੱਰਰ ਗੁਜ਼ਾਰਾ.

ਬੰਧਾਨਿ: ਸੰਗ੍ਯਾ- ਨਿਯਮਾਂ ਦੀ ਪਾਲਣਾ. ਪਾਬੰਦੀ. "ਤਸਬੀ ਯਾਦ ਕਰਹੁ ਦਸ ਮਰਦਨੁ, ਸੁੰਨਤਿ ਸੀਲੁਬੰਧਾਨਿ ਬਰਾ." (ਮਾਰੂ ਸੋਲਹੇ ਮਃ ੫)

ਬੰਧਾਨੀ: ਵਿ- ਬੰਧਾਨ ਵਾਲਾ। ੨. ਬੰਧਿਆ ਹੋਇਆ. ਆਬਾਦ. "ਨਿਹਚਲੁ ਘਰ ਬਾਂਧਿਓ, ਗੁਰਿ ਕੀਓ ਬੰਧਾਨੀ." (ਧਨਾ ਮਃ ੫)

ਬੰਧਿਆ: ਵਿ- ਬੰਨ੍ਹਿਆ ਹੋਇਆ. ਬੱਧਾ। ੨. ਸੰ. ਬੰਧ੍ਯਾ- ਸੰਗ੍ਯਾ- ਬੰਧੇ ਹੋਏ (ਨਿਯਤ) ਵੇਲੇ ਪੁਰ ਜੋ ਰਿਤੁਮਤੀ ਨਾ ਹੋਵੇ,

ਅਤੇ ਸੰਤਾਨ ਨਾ ਜਣੇ. ਦੇਖੋ, ਬਾਂਝ.

ਬੰਧਿਪ: ਦੇਖੋ, ਬੰਧਪ. "ਗੁਰਦੇਵ ਬੰਧਿਪ ਸਹੋਦਰਾ." (ਬਾਵਨ)

ਬੰਧੁ: ਦੇਖੋ, ਬੰਧ। ੨. ਹੱਦ. ਸੀਮਾਂ. ਅਵਧਿ. "ਤੀਨੋ ਓਜਾੜੇ ਕਾ ਬੰਧੁ." (ਧਨਾ ਮਃ ੧) ੩. ਸੰਬੰਧ. ਸੰਯੋਗ. "ਜਲ ਅਗਨੀ ਕਾ ਬੰਧੁ ਕੀਆ." (ਆਸਾ ਮਃ ੧) ੪. ਪ੍ਰਤਿਬੰਧ. ਰੋਕ. "ਨਹ ਬਾਰਿਕ ਨਹ ਜੋਬਨੈ, ਨਹ ਬਿਰਧੀ ਕਛੁ ਬੰਧੁ." (ਬਾਵਨ) ੫. ਠਹਿਰਾਉ. ਠੱਲ. "ਬੰਧੁ ਪਾਇਆ ਮੇਰਾ ਸਤਿਗੁਰ ਪੂਰੇ." (ਸੋਰ ਮਃ ੫) ੬. ਸੰ. बन्धु. ਰਿਸ਼੍ਤੇਦਾਰ. ਸੰਬੰਧੀ. "ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਬਿਗਾੜੀ." (ਮਾਰੂ ਅਃ ਮਃ ੧) ੭. ਬੰਧੁਤਾ. ਰਿਸ਼੍ਤੇਦਾਰੀ. ਮਿਤ੍ਰਤਾ. "ਵੇਖਦਿਆ ਹੀ ਭਜਿਜਾਨਿ, ਕਦੇ ਨ ਪਾਇਨਿ ਬੰਧੁ." (ਮਃ ੫. ਵਾਰ ਰਾਮ ੨) ੮. ਦੇਖੋ, ਦੋਧਕ ੨.

ਬੰਧੁਕ: ਸੰ. ਸੰਗਯਾ- ਦੁਪਹਰੀਏ ਦਾ ਫੁੱਲ ਅਤੇ ਪੌਧਾ. ਲਾਲਹ. Pentapetes phoenicea.

ਬੰਧੂ: ਸਾਕ. ਸੰਬੰਧੀ. ਦੇਖੋ, ਬੰਧੁ ੬.

ਬੰਧੂਆ: ਬੰਧਿਆ ਹੋਇਆ. ਕੈਦੀ.

ਬੰਧੂਕ: ਦੇਖੋ, ਬੰਧੁਕ.

ਬੰਧੇਜ: ਸੰਗਯਾ- ਬੰਨ੍ਹਣ ਦਾ ਢੰਗ. "ਬੰਦਿਸ਼. "ਦਸਤਾਰ ਕੋ ਬੰਧੇਜ ਅਨੂਠੋ." (ਗੁਪ੍ਰਸੂ) ੨. ਬੰਧਾਨ। ੩. ਨਿਗ੍ਰਹ. ਰੋਕਣ ਦਾ ਭਾਵ.

ਬੰਧਯ: ਵਿ- ਬੰਨ੍ਹਣ ਯੋਗਯ.

ਬੰਧ੍ਯਾ: ਦੇਖੋ, ਬਾਂਝ ਅਤੇ ਬੰਧਿਆ.

ਬੰਧ੍ਯਾਪਨ: ਸੰਗਯਾ- ਬੰਧ੍ਯਪੁਣਾ. ਬੰਧ੍ਯਾਤ੍ਵ. ਬਾਂਝਪਨ. ਸੰਤਾਨ ਉਤਪੱਤੀ ਵਿੱਚ ਰੁਕਾਵਟ. ਅ਼ਕ਼ਰ. Sterility ਇਸ ਦੇ ਪ੍ਰਧਾਨ ਕਾਰਣ ਹਨ- ਗਰਭਾਸ਼ਯ (ਰਿਹਮ) ਦਾ ਨਾ ਹੋਣਾ ਅਥਵਾ ਬਹੁਤ ਛੋਟਾ ਹੋਣਾ, ਗਰਭਾਸ਼ਯ ਦਾ ਮੁਖ ਬੰਦ ਹੋਣਾ, ਧਰਨ ਦਾ ਆਪਣੇ ਥਾਂ ਤੋਂ ਟਲ ਜਾਣਾ, ਫੋੜੇ ਰਸੌਲੀ ਆਦਿ ਦਾ ਅੰਦਰ ਹੋਣਾ, ਸ਼ਰੀਰ ਬਹੁਤ ਮੋਟਾ ਹੋਣਾ, ਵੀਰਜਗ੍ਰਾਹੀ ਨਾੜੀਆਂ ਵਿੱਚ ਵਿਗਾੜ ਹੋਣਾ, ਪੈੜਾ (ਪ੍ਰਦਰ) ਰੋਗ ਹੋਣਾ, ਆਤਸ਼ਕ ਸੁਜਾਕ ਦਾ ਹੋਣਾ, ਛੋਟੀ ਉਮਰ ਦੀ ਸ਼ਾਦੀ ਆਦਿ.

ਜਿਕੁਰ ਬੰਧ੍ਯਾ ਇਸਤ੍ਰੀ ਸੰਤਾਨ ਪੈਦਾ ਕਰਨ ਤੋਂ ਅਸਮਰਥ ਹੈ, ਇੱਕੁਰ ਹੀ ਸੌ ਪਿੱਛੇ ਵੀਹ ਮਰਦ ਭੀ ਸੰਤਾਨ ਪੈਦਾ ਕਰਨ ਦੀ ਸ਼ਕਤੀ ਵੀਰਜ ਵਿੱਚ ਨਹੀਂ ਰਖਦੇ. ਉਹ ਐਵੇਂ ਸ਼ਾਦੀਆਂ ਕਰਦੇ ਰਹਿੰਦੇ ਹਨ ਅਰ ਆਪਣੇ ਦੋਸ਼ ਨੂੰ ਨਹੀਂ ਵਿਚਾਰਦੇ. ਦੇਖੋ, ਨਪੁੰਸਕਤਾ.

ਜੇ ਇਸਤ੍ਰੀ ਨੂੰ ਉਮਰ ਬਲ ਕੱਦ ਸੁਭਾਉ ਡੀਲ ਵਿੱਚ ਆਪਣੇ ਸਮਾਨ ਪਤੀ ਨਾਮਿਲੇ ਅਰ ਦੋਹਾਂ ਦੀ ਆਪੋਵਿੱਚੀ ਅਣਬਣ ਰਹੇ, ਤਦ ਭੀ ਇਸਤ੍ਰੀ ਦੇ ਔਲਾਦ ਨਹੀਂ ਹੁੰਦੀ.

ਇਸਤ੍ਰੀ ਅਤੇ ਪੁਰਖ ਦੀ ਮਣੀ ਨੂੰ ਜਲ ਉੱਪਰ ਰੱਖਕੇ ਦੇਖਣਾ ਚਾਹੀਏ. ਜਿਸ ਦੀ ਮਣੀ ਉੱਪਰ ਤਰਦੀ ਰਹੇ ਅਤੇ ਪਾਣੀ ਵਿੱਚ ਨਾ ਡੁੱਬੇ, ਉਸ ਦੇ ਵੀਰਜ ਵਿੱਚ ਦੋਸ਼ ਹੈ. ਉੱਤਮ ਹਕੀਮ ਡਾਕਟਰ ਵੈਦ ਦੀ ਸਲਾਹ ਨਾਲ ਵੀਰਜ ਦੇ ਵਿਕਾਰ ਦੂਰ ਕਰਨ ਅਤੇ ਪੁਸ਼੍ਟੀ ਕਰਨ ਦੇ ਇਲਾਜ ਹੋਣੇ ਚਾਹੀਏ.

ਮੈਥੁਨ ਤੋਂ ਪਰਹੇਜ ਰੱਖਕੇ ਬਲ ਵਧਾਉਣ ਵਾਲੀਆਂ ਵਸਤੂਆਂ ਦਾ ਸੇਵਨ ਕਰਨਾ ਚਾਹੀਏ. ਦੇਖੋ, ਅਠਰਾਹਾ ਅਤੇ ਨਪੁੰਸਕਤਾ.

ਬੰਧ੍ਯਾਪੁਤ੍ਰ: ਸੰਗਯਾ- ਅਣਹੋਣੀ ਬਾਤ. ਜਿਵੇਂ- ਬੰਧ੍ਯਾ ਦੇ ਪੁਤ੍ਰ ਦਾ ਹੋਣਾ ਅਣਹੋਣੀ ਗੱਲ ਹੈ.

ਬੰਨ: ਸੰ. ਵਰ੍ਣ. ਸੰਗਯਾ- ਰੰਗ। ੨. ਤੁਚਾ ਦਾ ਰੰਗ ਉੱਤਮ ਕਰਨ ਲਈ ਲਾੜੇ ਦੇ ਸ਼ਰੀਰ ਪੁਰ ਮਲਿਆ ਵਟਣਾ.

ਬੰਨਰਾ: ਬੰਨ (ਵਟਣਾ) ਲਾਇਆ ਗਿਆ ਹੈ ਜਿਸ ਨੂੰ, ਲਾੜਾ. ਵਰ. ਲਾੜੀ ਵਰਨ ਵਾਲਾ.

ਬੰਨਾ: ਸੰ. ਸੰਗਜਾ- ਹੱਦ. ਸੀਮਾਂ। ੨. ਕਿਨਾਰਾ. ਕੰਢਾ. "ਮਉਤੈ ਦਾ ਬੰਨਾ ਏਵੈ ਦਿਸੈ. ਜਿਉ ਦਰੀਆਵੈ ਢਾਹਾ." (ਸ. ਫਰੀਦ) ੩. ਵਾਹਕ ਖੇਤ ਦੇ ਕਿਨਾਰੇ ਜ਼ਮੀਨ ਦਾ ਉਹ ਹਿੱਸਾ, ਜੋ ਪਸ਼ੂਆਂ ਦੇ ਚਰਨ ਲਈ ਹੋਵੇ. "ਕਿਸੈ ਕੈ ਸੀਵ ਬੰਨੈ ਰੋਲੁ ਨਾਹੀ." (ਮਃ ੪. ਵਾਰ ਬਿਲਾ) ੪. ਆਧੑਾਰ. ਆਸ਼੍ਯ. "ਪਰਮੇਸਰਿ ਦਿਤਾ ਬੰਨਾ." (ਸੋਰ ਮਃ ੫) ੫. ਦੁਲਹਾ. ਲਾੜਾ. ਵਰ। ੬. ਬੰਨ੍ਹਾਂ (ਬੰਧਨ ਕਰਾਂ) ਦੀ ਥਾਂ ਭੀ ਬੰਨਾ ਸ਼ਬਦ ਆਇਆ ਹੈ. ਦੇਖੋ, ਪੁਰੀਆ ਅਤੇ ਭੁਖਿਆ ਸ਼ਬਦ.

ਬੰਨਾਰਸੀ: ਕਾਸ਼ੀ. ਦੇਖੋ, ਬਨਾਰਸੀ. "ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ." (ਮਲਾ ਰਵਿਦਾਸ)

ਬੰਨਿ: ਕ੍ਰਿ. ਵਿ- ਬੰਨ੍ਹਕੇ. ਕੈਦ ਕਰਕੇ. "ਕਿਸੈ ਨ ਦੇਈ ਬੰਨਿ." (ਮਾਝ ਬਾਰਹਮਾਹਾ) "ਅਗੈ ਦਿਤਾ ਬੰਨਿ." (ਸ. ਫਰੀਦ) ੨. ਦੇਖੋ, ਬੰਨ੍ਹਿ.

ਬੰਨੁ: ਦੇਖੋ, ਬੰਨ.

ਬੰਨੋ ਦੀ ਬੀੜ: ਦੇਖੋ, ਗ੍ਰੰਥਸਾਹਿਬ ਅਤੇ ਬੰਨੋ ਭਾਈ.

ਬੰਨੋ ਭਾਈ: ਦੇਖੋ, ਗ੍ਰੰਥਸਾਹਿਬ ਅਤੇ ਮਾਂਗਟ.

ਬੰਨ੍ਹ: ਦੇਖੋ, ਬੰਧੁ। ੨. ਦੇਖੋ, ਮੁੰਦ.

ਬੰਨ੍ਹਣਾ: ਕ੍ਰਿ- ਬਾਂਧਨਾ। ੨. ਰੋਕਣਾ. ਵਿਘਨ ਕਰਨਾ.

ਬੰਨ੍ਹਿ, ਬੰਨ੍ਹੀ: ਬੰਨ੍ਹ (ਬਾਂਧ) ਕੇ, "ਬੰਨ੍ਹਿ ਉਠਾਈ ਪੋਟਲੀ." (ਸ. ਫਰੀਦ) ੨. ਸੰ. ਕਿਵ੍ਹ- ਵਹ੍ਨਿ. ਸੰਗਜਾ- ਅਗਨਿ. "ਖੰ ਪੌਨ ਬੰਨ੍ਹਿ ਪਾਣੀ." (ਨਾਪ੍ਰ) ੩. ਭਿਲਾਵਾ। ੪. ਦੇਖੋ, ਚਿਤ੍ਰਕ ੩.

ਬੰਬ: ਸੰਗਜਾ- ਨਗਾਰੇ ਦੀ ਗੂੰਜ. "ਜੀਤ ਕੀ ਬੰਬ ਬਜੀ ਤਬਹੀ." (ਕ੍ਰਿਸਨਾਵ) ੨. ਪ੍ਰਸਿੱਧੀ. ਸ਼ੁਹਰਤ. "ਬਾਹਰਿ ਭਈ ਨ ਬੰਬ." (ਸ. ਕਬੀਰ) ੩. ਮੰਬਅ਼. ਜਲਧਾਰਾ. "ਨਿਕਸੀ ਨੀਰ ਬੰਬ ਬਰਿਆਈ." (ਗੁਪ੍ਰਸੂ) ੪. ਡਿੰਗ. ਨਗਾਰਾ. ਧੌਂਸਾ.

ਬੰਬਰੈਣ: ਸੰ. ਬਭ੍ਰੁਰੇਣੁ. ਲਾਲਾ ਰੰਗ ਦੀ ਗਰਦ. "ਉਡੀ ਬੰਬਰੈਣੰ। ਛੋਹੀ ਸੀਸ ਗੈਣੰ।।" (ਕਲਕੀ)

ਬੰਬਲ: ਸੰਗਜਾ- ਰੇਸ਼ਮ ਆਦਿ ਦਾ ਗੁੱਫਾ, ਜੋ ਕਿਸੇ ਵਸਤੁ ਦੇ ਕਿਨਾਰੇ ਜਾਂ ਸਿਰ ਪੁਰ ਲੱਗਾ ਹੋਵੇ। ੨. ਝਾਲਰ.

ਬੰਬਲਾ, ਬੰਬਲਿਆਲਾ, ਬੰਬਾਲ: ਵਿ- ਰੇਸ਼ਮ ਜ਼ਰੀ ਆਦਿ ਦੇ ਫੁੰਮਣਾ ਵਾਲਾ. "ਬਰਛੀ ਬੰਬਲਿਆਲੀ." (ਚੰਡੀ ੩) "ਕਰ ਮਹਿ ਤੋਮਰ ਬੰਬਲਿਆਲਾ."(ਗੁਪ੍ਰਸੂ) "ਕਿ ਬੰਬਾਲ ਨੇਜੇ." (ਪਾਰਸਾਵ) ਦੇਖੋ, ਸਸਤ੍ਰ.

ਬੰਬੀ: ਬਾਂਬੀ. ਦੇਖੋ, ਬਰਮੀ ੪.

ਬੰਬੀਹਾ: ਸੰਗਜਾ- ਅੰਬੁ (ਜਲ) ਦੀ ਈਹਾ (ਇੱਛਾ) ਕਰਨ ਵਾਲਾ. ਪਪੀਹਾ. ਚਾਤਕ। ੨. ਭਾਵ- ਜਿਗਜਾਸੂ। ੩. ਰਾਜ ਪਟਿਆਲੇ ਵਿੱਚ ਕਾਲਝਰਾਣੀ ਤੋਂ ਦੋ ਕੋਹ ਉੱਤਰ ਪੱਛਮ ਇੱਕ ਪਿੰਡ. ਗੁਰੂ ਗੋਬਿੰਦ ਸਿੰਘ ਸਾਹਿਬ ਮਾਲਵੇ ਵਿਚਰਦੇ ਹੋਏ ਇੱਥੇ ਵਿਰਾਜੇ ਹਨ.

ਬੰਬੂਰ, ਬੰਬੂਲ: ਦੇਖੋ, ਬਬੂਲ.

ਬੰਬੇਲੀ: ਦੇਖੋ, ਚੌਂਤੇ ਜੀ.

ਬੰਮੀ, ਬੰਮੀਆ: ਗੁੱਜਰਾਂ ਦੀ ਇੱਕ ਜਾਤਿ. ਇਸ ਨੂੰ ਭੰਮੀ ਭੀ ਆਖਦੇ ਹਨ. "ਕਾਲੂ ਚਾਉ ਬੰਮੀਆ." (ਭਾਗੁ)

ਬੰਮੁ: ਬ੍ਰਹਮਾ. ਚਤੁਰਾਨਨ. "ਈਸੁ ਬੰਮੁ ਗਾਨੁ ਧਾਨੁ ਧਰਤ ਹੀਐ ਚਾਹਿ ਜੀਉ." (ਸਵੈਯੇ ਮਃ ੪. ਕੇ) ੨. ਪ੍ਰਾ ਅਤੇ ਮਰਾ- ਬ੍ਰਹ੍ਮ

ਦਾ ਸੰਖੇਪ.

ਬ੍ਯਸਨ: ਦੇਖੋ, ਵ੍ਯਸਨ.

ਬ੍ਯਥਾ: ਦੇਖੋ, ਵ੍ਯਥਾ.

ਬ੍ਯਰਥ: ਦੇਖੋ, ਵ੍ਯਰਥ.

ਬ੍ਯਾ: ਵ੍ਯ- ਬਗ਼ੈਰ. ਬਿਨਾ. "ਮਿਲੇ ਬ੍ਯਾ ਨ ਜਾਣਾ." (ਚਰਿਤ੍ਰ ੨੨੮) ੨. ਦੇਖੋ, ਬਿਆ.

ਬ੍ਯਾਸ: ਦੇਖੋ, ਬਿਆਸ. "ਜਬ ਭਯੋ ਆਨ ਕ੍ਰਿਸਨਾਵਤਾਰ। ਤਬ ਭਏ ਬ੍ਯਾਸ ਮੁਖ ਆਨ ਚਾਰ." (ਬ੍ਰਹਮਾਵ) ਚਾਰ ਮੁਖ ਵਾਲਾ (ਬ੍ਰਹਮਾ) ਵ੍ਯਾਸਰੂਪ ਹੋ ਗਿਆ.

ਬ੍ਯਾਸਾਸਨਿ: ਵ੍ਯਾਸ ਦੇ ਆਸਨ (ਵ੍ਯਾਸਗੱਦੀ) ਪੁਰ ਬੈਠਣ ਵਾਲਾ. "ਬ੍ਯਾਸਾਸਨਿ ਸੁਕਵਕ ਤੇ." (ਚਰਿਤ੍ਰ ੧੯੬)

ਬ੍ਯਾਸੁ: ਦੇਖੋ, ਬਿਆਸ ੪. "ਗੁਣ ਗਾਵੈ ਮੁਨਿ ਬ੍ਯਾਸੁ." (ਸਵੈਯੇ ਮਃ ੧. ਕੇ)

ਬ੍ਯਾਹ: ਦੇਖੋ, ਵਿਵਾਹ.

ਬ੍ਯਾਹਾਦ੍ਰੀ: ਦਸਮਗ੍ਰੰਥ ਵਿੱਚ ਕਿਤੇ ਬ੍ਯਾਹਾਦ੍ਰੀ ਕਿਤੇ ਬੈਹਾਦ੍ਰੀ ਆਦਿਕ ਪਾਠ ਲਿਖੇ ਹਨ. ਇਨ੍ਹਾਂ ਦਾ ਮੂਲ "ਬ੍ਯਾਸਾਦ੍ਰੀ" ਹੈ. ਵਿਪਾਸਾ ਨਦੀ ਜਿਸ ਪਹਾੜ ਤੋਂ ਨਿਕਲਦੀ ਹੈ, ਉਸ ਦੇ ਵਸਨੀਕ. ਭਾਵ- ਕੁੱਲੂ ਦੇ ਇਲਾਕੇ ਰਹਿਣ ਵਾਲੇ. 'ਸ' ਦੀ ਥਾਂ 'ਹ' ਹੋਗਿਆ ਹੈ. "ਬ੍ਯਾਹਾਦ੍ਰੀ ਸਗਲੇ ਮਿਲ ਕੋਪੇ." (ਚਰਿਤ੍ਰ ੫੨)

ਬ੍ਯਾਹਿਤਾ: ਦੇਖੋ, ਵਿਵਾਹਿਤਾ.

ਬ੍ਯਾਕਰਣ: ਦੇਖੋ, ਬਿਆਕਰਣ.

ਬ੍ਯਾਘ੍ਰ, ਬ੍ਯਾਘ੍ਰੀ: ਦੇਖੋ, ਵ੍ਯਾਘ੍ਰ ਅਤੇ ਵ੍ਯਾਘ੍ਰਾਂ.

ਬ੍ਯਾਧ: ਦੇਖੋ, ਵ੍ਯਾਧ.

ਬ੍ਯਾਧਿ, ਬ੍ਯਾਧੀ: ਰੋਗ. ਦੇਖੋ, ਵ੍ਯਾਧਿ. "ਬ੍ਯਾਧਿ ਉਪਾੜਨ ਸੰਤੰ." (ਗਾਥਾ)

ਬ੍ਯਾਨੀ: ਬਿਆਈ ਸੂਈ ਪ੍ਰਸੂਤ ਹੋਈ. "ਗਰਭਵਤੀ ਹਨਐ ਬ੍ਯਾਨੀ." (ਚਰਿਤ੍ਰ ੨੩੯)

ਬ੍ਯਾਪਣਾ: ਵ੍ਯਾਪਣਾ. ਫੈਲਣਾ। ੨. ਅਸਰ ਕਰਨਾ.

ਬ੍ਯਾਪਤ: ਸੰ. ਵ੍ਯਾਪ੍ਤ. ਵਿ- ਫੈਲਿਆ ਹੋਇਆ. ਪਸਰਿਆ. "ਬ੍ਯਾਪਤ ਦੇਖੀਐ ਜਗਤ." (ਸਵੈਯੇ ਮਃ ੫. ਕੇ)

ਬ੍ਯਾਪਤਿ: ਵ੍ਯਾਪ੍ਤਿ. ਸੰਗ੍ਯਾ- ਫੈਲਣ ਦਾ ਭਾਵ। ੨. ਨ੍ਯਾਯ ਅਨੁਸਾਰ ਹੇਤੁ ਅਤੇ ਸਾਧ੍ਯ ਦਾ ਇਕੱਠਾ ਰਹਿਣਾ. ਜਿਵੇਂ- ਧੂਏਂ ਵਿੱਚ ਅੱਗ ਦੀ ਵ੍ਯਾਪ੍ਤਿ ਹੈ.

ਬ੍ਯਾਪਾਰ: ਵਪਾਰ. ਵਣਜ. ਦੇਖੋ, ਬਿਆਪਾਰ.

ਬ੍ਯਾਮਾਨ: ਸੰ. ਵ੍ਯਾਮ- ਮਾਨ. ਦੋ ਗਜ਼ ਪ੍ਰਮਾਣ. ਦੇਖੋ, ਬਿਆਮਾਨ.

ਬ੍ਯਾਰ: ਦੇਖੋ, ਬਯਾਰਿ.

ਬ੍ਯਾਲ: ਦੇਖੋ, ਬਿਆਲ। ੨. ਹਾਥੀ, "ਲੈ ਕਰ ਬ੍ਯਲ ਸੋਂ ਬ੍ਯਾਲ ਬਜਾਵਤ." (ਚੰਡੀ ੧) ਹਾਥੀਆਂ ਨਾਲ ਹਾਥੀ ਭਿੜਾਉਂਦਾ.

**ਬਜਾਲਾ:** ਵਜਾਲ (ਹਾਥੀ) ਸੈਨਾ. ਗਜਸੈਨਾ. (ਸਨਾਮਾ)

**ਬਜੂਹ:** ਦੇਖੋ, ਵਜੂਹ.

**ਬਜੂਹਨਿ:** ਵਜੂਹ (ਟੋਲੀ- ਸਮੂਹ) ਵਾਲੀ, ਸੈਨਾ. ਫੌਜ. (ਸਨਾਮਾ)

**ਬਜੋਂਤ:** ਸੰਗਯਾ- ਤਦਬੀਰਯ ਯੁਕ੍ਤਿ। ੨. ਡੌਲ. ਵਜਹਿ। ੩. ਵੰਡ. ਵਿਭਾਗ. "ਜਿਹ ਨੇਹ ਗੇਹ ਨਹਿ ਬਜੋਤ ਬਾਨ." (ਅਕਾਲ) ੪. ਕਪੜੇ ਦੀ ਕਾਟ.

**ਬਜੋਮ:** ਦੇਖੋ, ਵਜੋਮ.

**ਬਜੋਰਾ:** ਵਿਵਰਣ. ਤਫਸੀਲ.

**ਬਜੰਗ:** ਦੇਖੋ, ਵਜੰਗਯ. "ਸੁਨਕੈ ਬਜੰਗ ਬਚਨ ਦਿਜ ਜਾਨੀ." (ਨਾਪ੍ਰ)

**ਬਜੰਜਨ:** ਦੇਖੋ, ਬਿੰਜਨ ਅਤੇ ਵਜੰਜਨ.

**ਬਜੰਜਨਾ:** ਦੇਖੋ, ਵਜੰਜਨਾ.

**ਬਜੰਤ:** ਦੇਖੋ, ਬੇਅੰਤ. "ਬਜੰਤ ਬਜੰਤ ਬਜੰਤ ਕੋ ਕਰੰਤ ਪਾਠ ਪੇਖਿਐ." (ਅਕਾਲ)

**ਬ੍ਰਸਪਤ, ਬ੍ਰਹਸਪਤਿ:** ਦੇਖੋ, ਬ੍ਰਿਹਸਪਤਿ.

**ਬ੍ਰਹਮ:** ਸੰ. (ਬृह- ਬ੍ਰਿਹ੍ ਧਾ ਵਧਣਾ) ਬ੍ਰਹਮਨ- ਬ੍ਰਹਮ. ਸੰਗਯਾ- ਸਭ ਤੋਂ ਵਧਿਆ ਹੋਇਆ, ਕਰਤਾਰ, ਜਗਤ ਨਾਥ ਵਾਹਗੁਰੂ. "ਬ੍ਰਹਮ ਦੀਸੈ ਬ੍ਰਹਮੁ ਸੁਣੀਐ." (ਬਿਲਾ ਮਃ ੫) "ਬ੍ਰਹਮ ਬਿੰਦਹਿ ਤੇ ਬ੍ਰਾਹਮਣਾ." (ਮਃ ੩. ਵਾਰ ਬਿਲਾ) ੨. ਤਤ੍ਵ. ਸਾਰ। ੩. ਬ੍ਰਾਹਮਣ. ਹਿੰਦੂ ਜਾਤਿ ਦਾ ਪਹਿਲਾ ਵਰਣ. "ਕਹੂੰ ਸੇਖ ਬ੍ਰਹਮ ਸਰੂਪ." (ਅਕਾਲ) "ਕਿ ਛਤ੍ਰੰ ਛਤ੍ਰੀ ਹੈ। ਕਿ ਬ੍ਰਹਮੰ ਸਰੂਪੈ." (ਜਾਪੁ) ੪. ਬ੍ਰਹਮਾ. ਚਤੁਰਾਨਨ. "ਬ੍ਰਹਮ ਜਪਯੋ ਅਰੁ ਸੰਭੁ ਥਪਯੋ." (ਵਿਚਿਤ੍ਰ) "ਬ੍ਰਹਮ ਕਮਲਪੁਤੁ ਮੀਨ ਬਿਆਸਾ." (ਕਾਨ ਅਃ ਮਃ ੪) ੫. ਬ੍ਰਹਮਾ ਨਾਮ ਦਾ ਯਗਜਵਿਧੀ ਕਰਾਉਣ ਵਾਲਾ ਬ੍ਰਾਹਮਣ. ਦੇਖੋ, ਰਿਤ੍ਵਜ। ੬. ਵੇਦ. "ਪਾਂਡੇ! ਐਸਾ ਬ੍ਰਹਮ ਬੀਚਾਰ." (ਆਸਾ ਮਃ ੧) ੭. ਦੇਵਤਾ. ਪੂਜਯਇਸ਼੍ਟ. "ਪੂਜਨ ਚਾਲੀ ਬ੍ਰਹਮਠਾਇ." (ਬਸੰ ਰਾਮਾਨੰਦ) ੮. ਤਪ. ਤਪਸਾ। ੯. ਬ੍ਰਹਮਰਿਸ਼ਿ ਦਾ ਸੰਖੇਪ. "ਸੁਰ ਨਰ ਦੇਵ ਬ੍ਰਹਮ ਬ੍ਰਹਮਾਦਿਕ." (ਦੇਵ ਮਃ ੫) ੧੦. ਦੇਖੋ, ਬ੍ਰਹਮੁ। ੧੧. ਜਨਮਸਾਖੀ ਵਿੱਚ ਇਬਰਾਹੀਮ ਦੀ ਥਾਂ ਬ੍ਰਹਮ ਸ਼ਬਦ ਲਿਖਿਆ ਹੈ. "ਤਾਂ ਸੇਖ ਬ੍ਰਹਮ ਆਖਿਆ." (ਜਸਾ) ਸ਼ੇਖ ਇਬਰਾਹੀਮ ਨੇ ਕਿਹਾ. ਦੇਖੋ, ਸੇਖ ਬ੍ਰਹਮ.

**ਬ੍ਰਹਮਅਗਨਿ:** ਬ੍ਰਹਮਗਿਆਨ ਰੂਪ ਅਗਨਿ. ਤਤ੍ਵ- ਗਿਆਨ ਦਾ ਪ੍ਰਕਾਸ਼. "ਕਾਲੁ ਜਾਲੁ ਬ੍ਰਹਮਅਗਨੀ ਜਾਰੇ." (ਗਉ ਅਃ ਮਃ ੧) ੨. ਤਪਸਾ ਦਾ ਅਹੰਕਾਰ. ਦੇਖੋ, ਬ੍ਰਹਮ ੮. "ਬ੍ਰਹਮਅਗਨਿ ਕੇ ਲੂਠੇ." (ਬਸੰ ਕਬੀਰ)

**ਬ੍ਰਹਮਸਮਾਜ:** ਦੇਖੋ, ਬ੍ਰਹਮਸਮਾਜ.

**ਬ੍ਰਹਮ ਸੇਖ:** ਸ਼ੇਖ ਇਬਰਾਹੀਮ. ਦੇਖੋ, ਫਰੀਦ.

**ਬ੍ਰਹਮਹੋਮ:** ਜਠਰਾਗਨਿ ਤ੍ਰਿਪਤ ਕਰਨ ਰੂਪ ਹਵਨ. "ਸਿੱਖ ਛੁਧਾਤੁਰ ਕੇ ਮੁਖ ਪਾਵਨ। ਬ੍ਰਹਮਹੋਮ ਯਹਿ ਭਲੋ ਸੁਹਾਵਨ." (ਨਾਪ੍ਰ)

**ਬ੍ਰਹਮਕਉਚ:** ਸੰ. ਬ੍ਰਹ-ਕਵਚ. ਮਾਰਕੰਡੇਯ ਰਿਖੀ ਨੂੰ ਬ੍ਰਹਮਾ ਦਾ ਦੱਸਿਆ ਦੁਰਗਾ ਦੇ ਨਾਮਾਂ ਦਾ ਅੰਗ ਰਖ੍ਯਾ ਕਰਨ ਵਾਲਾ ਮੰਤ੍ਰਰੂਪ ਕਵਚ. ਇਹ ਕਵਚ ਵਰਾਹ ਪੁਰਾਣ ਵਿੱਚ ਦੇਖਿਆ ਜਾਂਦਾ ਹੈ.[906] "ਤਹਾਂ ਹੀ ਪੜ੍ਹਜੋ ਹੈ ਬ੍ਰਹਮਕਉਚ ਹੂੰ ਕੋ ਜਾਪ ਹੈ."

---

[906] ਬ੍ਰਹਮਕਵਚ ਦੁਰਗਾ ਪਾਠ ਦੇ ਮੁੱਢ ਲਿਖਿਆ ਹੋਇਆ ਹੈ.

(ਚੰਡੀ ੧)

ਬ੍ਰਹਮ ਕਮਲ: ਦੇਖੋ, ਰਸਾਦੰ.

ਬ੍ਰਹਮਕਰਮ: ਸੰ. ਬ੍ਰਹਮ- ਕਮੰਨ੍. ਸੰਗਯਾ- ਬ੍ਰਹਮ (ਵੇਦ) ਵਿੱਚ ਵਿਧਾਨ ਕੀਤਾ ਕਰਮ। ੨. ਬ੍ਰਹਮ ਸੰਬੰਧੀ ਕਰਮ. "ਬ੍ਰਹਮਣਹ ਸੰਗਿ ਉਧਾਰਣੰ, ਬ੍ਰਹਮਕਰਮ ਜਿ ਪੂਰਣਹ." (ਸਹਸ ਮਃ ੫) "ਜੇ ਜਾਨਸਿ ਬ੍ਰਹਮੰਕਰਮੰ." (ਵਾਰ ਆਸਾ)

ਬ੍ਰਹਮਕਵਚ: ਦੇਖੋ, ਬ੍ਰਹਮਕਉਚ.

ਬ੍ਰਹਮਕੁਮਾਰ: ਬ੍ਰਹਮਾ ਦੇ ਪੁਤ੍ਰ, ਸਨਕਾਦਿ। ੨. ਬ੍ਰਹਮਪੁਤ੍ਰ ਨਦ (ਦਰਿਆ) ਦੇਖੋ, ਬ੍ਰਹਮਪੁਤ੍ਰ. "ਬ੍ਰਹਮਕੁਮਾਰ ਕੀ ਧਾਰ ਹਜਾਰ." (ਚਰਿਤ੍ਰ ੧੧੯)

ਬ੍ਰਹਮਖਾਂ ਲੋਦੀ: ਇਬਰਾਹੀਮਖ਼ਾਨ ਲੋਦੀ.

ਬ੍ਰਹਮਗਿਆਤਾ: ਬ੍ਰਹ੍ਮ ਗਯਾਤ੍ਰਿ (ज्ञातृ) ਬ੍ਰਹਮ ਦੇ ਜਾਣਨ ਵਾਲਾ.

ਬ੍ਰਹਮਗਿਆਨ: ਬ੍ਰਹ੍ਮਗਯਾਨ (ज्ञान). ਆਤਮਗਿਆਨ.

ਬ੍ਰਹਮਗਿਆਨੀ: ਬ੍ਰਹ੍ਮਗਯਾਨੀ (ज्ञानिन्). ਬ੍ਰਹਮ ਦੇ ਜਾਣਨ ਵਾਲਾ. "ਬ੍ਰਹਮਗਿਆਨੀ ਸਦਾ ਸਮਦਰਸੀ." (ਸੁਖਮਨੀ)

ਬ੍ਰਹਮਗਿਆਨੁ: ਦੇਖੋ, ਬ੍ਰਹਮਗਿਆਨ.

ਬ੍ਰਹਮਗਯ: ਦੇਖੋ, ਬ੍ਰਹਮਗਯ.

ਬ੍ਰਹਮਚਜੁ, ਬ੍ਰਹਮਚਰਜ: ਬ੍ਰਹਮਚਯੰ. ਵੇਦ ਪੜ੍ਹਨ ਲਈ ਫਿਰਨਾ. ਕਾਮਾਦਿ ਵਿਕਾਰ ਰੋਕਕੇ ਵਿਦਯਾ ਦਾ ਅਭਯਾਸ ਕਰਨਾ. "ਬ੍ਰਹਮਚਾਰਿ ਬ੍ਰਹਮਚਜੁ ਕੀਨਾ." (ਮਾਰੂ ਮਃ ੫) ੨. ਚਾਰ ਆਸ਼੍ਰਮਾਂ ਵਿੱਚੋਂ ਪਹਿਲਾ ਆਸ਼੍ਰਮ. ਦੇਖੋ, ਚਾਰ ਆਸ਼੍ਰਮ.

ਬ੍ਰਹਮਚਾਰਿ, ਬ੍ਰਹਮਚਾਰੀ: ਬ੍ਰਹਮਚਾਰੀ (चारिन). ਵੇਦ ਪੜ੍ਹਨ ਲਈ ਫਿਰਨ ਵਾਲਾ। ੨. ਮਨ ਇੰਦ੍ਰਿਯ ਰੋਕਕੇ ਵਿਦਯਾ ਦਾ ਅਭਯਾਸ ਕਰਨ ਵਾਲਾ.

ਬ੍ਰਹਮਜੋਗ, ਬ੍ਰਹਮਜੋਗੁ: ਬ੍ਰਹ੍ਮਯੋਗ. ਨਾਮਅਭਯਾਸ ਦ੍ਵਾਰਾ ਕਰਤਾਰ ਵਿੱਚ ਮਨ ਜੋੜਨ ਦੀ ਕ੍ਰਿਯਾ, ਭਕ੍ਤਿਯੋਗ. "ਕਰਿ ਭੇਖ ਨ ਪਾਈਐ ਬ੍ਰਹਮਜੋਗੁ." (ਕਾਨ ਪੜਤਾਲ ਮਃ ੫) ੨. ਬ੍ਰਹ੍ਮ ਦਾ ਮਿਲਾਪ.

ਬ੍ਰਹਮਟਿਆ: ਬ੍ਰਹਮ- ਅਟਯਾ. ਕਰਤਾਰ ਦੇ ਵਿਚਰਣ ਦੀ ਥਾਂ, ਦੁਨੀਆ. ਬ੍ਰਹਮਾਂਡ. "ਕੁਦਰਤਿ ਕੀਮ ਨ ਪਾਇ ਅਲਖ ਬ੍ਰਹਮਟਿਆ." (ਮਃ ੫. ਵਾਰ ਰਾਮ ੨)

ਬ੍ਰਹਮਠਾਇ: ਦੇਵਮੰਦਿਰ. ਦੇਖੋ, ਬ੍ਰਹਮ ੭। ੨. ਸ਼ੁੱਧ ਅੰਤਹਕਰਣ। ੩. ਸਤਸੰਗ.

ਬ੍ਰਹਮਡੰਡ: ਬ੍ਰਹ੍ਮਦੰਡ. ਬ੍ਰਹਮਚਾਰੀ ਦਾ ਸੋਟਾ। ੨. ਕੰਗਰੋੜ. ਪਿੱਠ ਦੀ ਹੱਡੀ, ਰੀੜ੍ਹ। ੩. ਬ੍ਰਾਹਮਣ ਦਾ ਦੱਸਿਆ ਹੋਇਆ ਕਿਸੇ ਅਪਰਾਧ ਦਾ ਦੰਡ. ਪ੍ਰਾਯਸ਼੍ਚਿਤ. "ਬ੍ਰਹਮਡੰਡ ਤਿਹ ਪੂਛ ਕਰਾਵਹੁ." (ਚਰਿਤ੍ਰ ੩੭੦)

ਬ੍ਰਹਮਣ: ਬ੍ਰਾਹਮਣ. "ਸੋ ਬ੍ਰਹਮਣ, ਜੋ ਬਿੰਦੈ ਬ੍ਰਹਮ." (ਸਵਾ ਮਃ ੧)

ਬ੍ਰਹਮਣੀ: ਬ੍ਰਾਹ੍ਮਣੀ. ਬ੍ਰਾਹਮਣ ਦੀ ਇਸਤ੍ਰੀ. ਬ੍ਰਾਹਮਣ ਜਾਤਿ ਦੀ ਨਾਰੀ. "ਜੌ ਤੂ ਬ੍ਰਾਹਮਣੁ ਬ੍ਰਹਮਣੀ ਜਾਇਆ." (ਗਉ ਕਬੀਰ) "ਅਧਮ ਚੰਡਾਲੀ ਭਈ ਬ੍ਰਹਮਣੀ." (ਆਸਾ ਮਃ ੫) ਦੇਖੋ, ਅੰਧਮਚੰਡਾਲੀ। ੨. ਬ੍ਰਹਮਾ ਦੀ ਸ਼ਕਤੀ. ਬ੍ਰਹ੍ਮਾਣੀ. "ਤੁਹੀ ਬ੍ਰਹਮਣੀ ਬੈਸਨਵੀ." (ਕ੍ਰਿਸਨਾਵ)

ਬ੍ਰਹਮਣੁ: ਦੇਖੋ, ਬ੍ਰਹਮਣ.

ਬ੍ਰਹਮਣੇਸ: ਬ੍ਰਾਹ੍ਮਣ- ਈਸ਼. ਬ੍ਰਾਹ੍ਮਣੇਸ਼. ਬ੍ਰਾਹਮਣਾਂ ਦਾ ਸਰਦਾਰ। ੨. ਬ੍ਰਹ੍ਮਾ. ਚਤੁਰਾਨਨ.

ਬ੍ਰਹਮਤੁ: ਬ੍ਰਹ੍ਮਤ. ਬ੍ਰਾਹਮਣਪੁਣਾ. "ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ." (ਮਃ ੩. ਵਾਰ ਸੋਰ)

ਬ੍ਰਹਮਦਾਸ: ਬ੍ਰਹਮਦਾਸ ਕਸ਼ਮੀਰੀ ਪੰਡਿਤ, ਜੋ ਸ਼੍ਰੀ ਗੁਰੂ ਨਾਨਕਦੇਵ ਜੀ ਦੇ ਕਸ਼ਮੀਰ ਜਾਣ ਸਮੇਂ ਸ਼ਾਲਗ੍ਰਾਮ ਦੀ ਪੂਜਾ ਛੱਡਕੇ ਕਰਤਾਰ ਦਾ ਉਪਾਸਕ ਹੋਇਆ. ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਥਾਪਿਆ.

ਬ੍ਰਹਮਧਿਆਨ: ਬ੍ਰਹ੍ਮ ਦਾ ਧਿਆਨ.

ਬ੍ਰਹਮਧਿਆਨੀ: ਬ੍ਰਹਮ ਧ੍ਯਾਨੀ (ध्यानिन्). ਬ੍ਰਹਮ ਦਾ ਧਿਆਨ ਕਰਨ ਵਾਲਾ.

ਬ੍ਰਹਮਧਿਆਨੁ: ਦੇਖੋ, ਬ੍ਰਹਮਧਿਆਨ.

ਬ੍ਰਹਮਨ: ਬ੍ਰਾਹ੍ਮਣ. ਦ੍ਵਿਜ। ੨. ਆਤਮਗ੍ਯਾਨੀ.

ਬ੍ਰਹਮਨਿਰੰਧ੍ਰ: ਬ੍ਰਹਮਰੰਧ੍ਰ. ਦਸ਼ਮਦ੍ਵਾਰ. "ਬ੍ਰਹਮਨਿਰੰਧ੍ਰ ਕੋ ਫੋਰ ਮੁਨੀਸ ਕੀ ਜੋਤਿ ਸੁ ਜੋਤਿ ਕੇ ਮੱਧ ਮਿਲਾਨੀ." (ਦੱਤਾਵ) ਯੋਗਾਭ੍ਯਾਸੀ, ਦਸ਼ਮਦ੍ਵਾਰ ਭੰਨਕੇ ਪ੍ਰਾਣ ਤ੍ਯਾਗਣ ਨੂੰ, ਯੋਗ ਦਾ ਕਮਾਲ ਸਮਝਦੇ ਹਨ.

ਬ੍ਰਹਮਪਾਤੀ: ਦੇਖੋ, ਬ੍ਰਹਮੁ ੪.

ਬ੍ਰਹਮਪੁਤ੍ਰ: ਦੇਖੋ, ਬ੍ਰਹਮਪੁਤ੍ਰ.

ਬ੍ਰਹਮਪੁਰ, ਬ੍ਰਹਮਪੁਰੀ: ਮੱਧ ਭਾਰਤ ਦੇ ਚਾਂਦਾ ਜਿਲੇ ਦਾ ਇੱਕ ਨਗਰ, ਜੋ ਚਾਂਦਾ ਤੋਂ ੭੭ ਮੀਲ ਹੈ. ਗੁਰੂ ਨਾਨਕਦੇਵ ਲੋਕਾਂ ਦਾ ਉੱਧਾਰ ਕਰਦੇ ਇਸ ਥਾਂ ਆਏ ਸਨ। ੨. ਬ੍ਰਹਮਾ ਦੇਵਤਾ ਦਾ ਲੋਕ. ਬ੍ਰਹਮਪੁਰੀ, ਜੋ ਸੁਮੇਰੁ ਪਹਾੜ ਦੀ ਦੱਸੀ ਜਾਂਦੀ ਹੈ. "ਬ੍ਰਹਮਪੁਰੀ ਨਿਹਚਲੁ ਨਹੀਂ ਰਹਣਾ." (ਗਉ ਅਃ ਮਃ ੫) ੩. ਦੇਖੋ, ਸਾਲਿਬਾਹਨ.

ਬ੍ਰਹਮਬਾਣੀ: ਗੁਰਬਾਣੀ। ੨. ਕਰਤਾਰ ਦੀ ਪ੍ਰੇਰਣਾ ਦ੍ਵਾਰਾ ਸ਼ੁੱਧ ਅੰਤਹਕਰਣ ਵਿੱਚ ਉਪਜੀ ਬਾਤ। ੩. ਬ੍ਰਹ੍ਮਾ ਦੀ ਬਾਣੀ, ਵੇਦ.

ਬ੍ਰਹਮਬਾਦ: ਦੇਖੋ, ਬ੍ਰਹਮਵਾਦ.

ਬ੍ਰਹਮ ਬਿਚਾਰ: ਆਤਮਵਿਚਾਰ. ਬ੍ਰਹਮਵਿਵੇਕ.

ਬ੍ਰਹਮਬਿੰਦੁ: ਬ੍ਰਹ੍ਮਬਿੰਦੁ. ਸਿਮ੍ਰਿਤੀਆਂ ਅਨੁਸਾਰ ਵੇਦ ਪੜ੍ਹਨ ਸਮੇਂ ਮੁਖ ਤੋਂ ਨਿਕਲੀ ਹੋਈ ਜਲ ਦੀ ਬੂੰਦ। ੨. ਕਰਤਾਰ ਦੀ ਰਚੀ ਹੋਈ ਪ੍ਰਾਣੀਆਂ ਦੇ ਸ਼ਰੀਰ ਵਿੱਚ ਵੀਰਯ ਦੀ ਬੂੰਦ. "ਬ੍ਰਹਮਬਿੰਦੁ ਤੇ ਸਭ ਉਤਪਾਤੀ." (ਗਉ ਕਬੀਰ) ੩. ਜਲ. "ਬ੍ਰਹਮਬਿੰਦੁ ਤੇ ਸਭ ਓਪਤਿ ਹੋਈ." (ਭੈਰ ਮਃ ੩)

ਬ੍ਰਹਮਬੀਚਾਰ: ਬ੍ਰਹ੍ਮਵਿਚਾਰ. ਆਤਮਵਿਚਾਰ. "ਬ੍ਰਹਮਬੀਚਾਰ ਬੀਚਾਰੇ ਕੋਇ." (ਰਾਮ ਮਃ ੫)

ਬ੍ਰਹਮਭੋਜ: ਬ੍ਰਹ੍ਮਭੋਜ੍ਯ. ਬ੍ਰਾਹਮਣਾਂ ਲਈ ਤਿਆਰ ਕੀਤਾ ਭੋਜਨ. ਬ੍ਰਾਹਮਣਾਂ ਅਰਥ ਯਗ੍ਯ. "ਬ੍ਰਹਮਭੋਜ ਕੀਨੋ ਪੁਰ ਤਾਂਹੀ." (ਨਾਪ੍ਰ)

ਬ੍ਰਹਮਮੁਹੂਰਤ: ਬ੍ਰਾਹ੍ਮ੍ਯ ਮੁਹੂਰ੍‍ਤ. ਬ੍ਰਹਮ (ਵੇਦ) ਪਾਠ ਦਾ ਸਮਾਂ। ੨. ਸੂਰਜ ਚੜ੍ਹਨ ਤੋਂ ਦੋ ਘੜੀ ਪਹਿਲਾਂ ਦਾ ਸਮਾ. ਦੇਖੋ, ਦੇਵੀ ਭਾਗਵਤ ਸਕੰਧ ੧੧. ਅਃ ੨. ਅਮ੍ਰਿਤਵੇਲਾ. "ਬ੍ਰਹਮਮੁਹੂਰਤ ਸ੍ਯਾਮ ਉਠੈਂ, ਉਠਿ ਨ੍ਹਾਇ ਹ੍ਰਿਦੈ ਹਰਿਧ੍ਯਾਨ ਧਰੈਂ" (ਕ੍ਰਿਸਨਾਵ)

ਬ੍ਰਹਮਰਿਖੀ: ਦੇਖੋ, ਬ੍ਰਹਮਰਿਖੀ.

ਬ੍ਰਹਮਰਿਖੀ ਦੇਸ: ਦੇਖੋ, ਬ੍ਰਹਮਰਿਖੀ ਦੇਸ਼.

ਬ੍ਰਹਮਰੰਧ੍ਰ: ਬ੍ਰਹਮਰੰਧ੍ਰ. ਦਸ਼ਮਦ੍ਵਾਰ. "ਜੋਤਿ ਜੋਤਿ ਬਿਖੈ ਰਲੀ ਤਜ ਬ੍ਰਹਮਰੰਧ੍ਰ ਉਤਾਲ." (ਚੰਡੀ ੨) ਦੇਖੋ, ਬ੍ਰਹਮਨਿਰੰਧ੍ਰ.

ਬ੍ਰਹਮਲੋਕ: ਬ੍ਰਹ੍ਮਲੋਕ ਬ੍ਰਹਮਪੁਰੀ. ਸੁਮੇਰੁ ਪੁਰ ਬ੍ਰਹਮਾ ਦੀ ਪੁਰੀ. "ਬ੍ਰਹਮਲੋਕ ਅਰੁ ਰੁਦ੍ਰਲੋਕ ਆਈ ਇੰਦ੍ਰਲੋਕ ਤੇ ਧਾਇ." (ਗੂਜ ਮਃ ੫)

ਬ੍ਰਹਮਵਾਦੀ: ਦੇਖੋ, ਬ੍ਰਹਮਵਾਦੀ.

ਬ੍ਰਹਮਵਿਦ: ਦੇਖੋ, ਬ੍ਰਹਮਵਿਦ.

ਬ੍ਰਹਮਾ: ਬ੍ਰਹਮਾ. ਚਤੁਰਾਨਨ. ਪਿਤਾਮਹ. ਪੁਰਾਣਾਂ ਅਨੁਸਾਰ ਜਗਤ ਰਚਣ ਵਾਲਾ ਦੇਵਤਾ, ਜਿਸ ਦੀ ਤਿੰਨ ਦੇਵਤਿਆਂ ਵਿੱਚ ਗਿਣਤੀ ਹੈ. "ਪ੍ਰਿਥਮੇ ਬ੍ਰਹਮਾ ਕਾਲੈ ਘਰਿ ਆਇਆ." (ਗਉ ਅਃ ਮਃ ੧) ੨. ਦੇਖੋ, ਬ੍ਰਹਮ ੨। ੩. ਬ੍ਰਾਹਮਣ. "ਬ੍ਰਹਮ ਜਾਨਤ ਤੇ ਬ੍ਰਹਮਾ." (ਬਾਵਨ) "ਕਾਇਆ ਬ੍ਰਹਮਾ. ਮਨੁ ਹੈ ਧੋਤੀ." (ਆਸਾ ਮਃ ੧)

ਬ੍ਰਹਮਾਈ: ਸੰ, ਬ੍ਰਹਮੈਵ. ਕੇਵਲ ਬ੍ਰਹਮ ਹੀ. "ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ." (ਸਾਰ ਛੰਤ ਮਃ ੫)

ਬ੍ਰਹਮਾਸਨ: ਪਾਰਬ੍ਰਹਮ ਵਿੱਚ ਅੰਤਹਕਰਣ ਦੀ ਇਸਥਿਤੀ. ਆਤਮਪਦ ਵਿੱਚ ਸ੍ਥਿਰਤਾ. "ਗੁਰਮੁਖਿ ਸੰਧਿ ਮਿਲ ਬ੍ਰਹਮਾਸਨ ਬਿਸ੍ਰਾਮ." (ਭਾਗੁ ਕ)

ਬ੍ਰਹਮਾਂਡ: ਬ੍ਰਹਮਾਂਡ. ਬ੍ਰਹਮ- ਅੰਡ. ਬ੍ਰਹ੍ਮ ਦਾ ਆਂਡਾ. ਗੋਲਾਕਾਰ ਜਗਤ. ਖਗੋਲ ਅਤੇ ਭੂਗੋਲ। ੨. ਮਨੁ ਸਿਮ੍ਰਿਤਿ ਅਤੇ ਪੁਰਾਣਾਂ ਵਿੱਚ ਕਥਾ ਹੈ ਕਿ ਜਗਤ- ਰਚਨਾ ਤੋਂ ਪਹਿਲਾਂ ਇੱਕ ਸੋਨੇਰੰਗਾ ਆਂਡਾ ਪੈਦਾ ਹੋਇਆ, ਜੋ ਹਜ਼ਾਰ ਵਰ੍ਹੇ ਪਿੱਛੋਂ ਫੁੱਟਕੇ ਦੋ ਖੰਡ ਹੋ ਗਿਆ, ਜਿਸ ਤੋਂ ਸੱਤ ਉੱਪਰਲੇ ਅਤੇ ਸੱਤ ਹੇਠਲੇ ਲੋਕ ਬਣੇ. ਇਸ ਵਿਸ਼ਯ ਦੇਖੋ, ਛਾਂਦੋਗ੍ਯ ਉਪਨਿਸ਼ਦ ਖੰਡ ੧੯.

ਬ੍ਰਹਮਾਣੀ: ਬ੍ਰਹਮਾਣੀ. ਬ੍ਰਹਮਾ ਦੀ ਇਸਤ੍ਰੀ.

ਬ੍ਰਹਮਾਦਿਕ: ਬ੍ਰਹਮਾ ਤੋਂ ਲੈ ਕੇ ਸਭ ਦੇਵਤੇ. "ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ." (ਸਵੈਯੇ ਸ੍ਰੀ ਮੁਖਵਾਕ ਮਃ ੫)

ਬ੍ਰਹਮੀਸ਼ਾਹ: ਦੇਖੋ, ਬਹਮੀਸ਼ਾਹ.

ਬ੍ਰਹਮੁ: ਦੇਖੋ, ਬ੍ਰਹਮ। ੨. ਆਤਮਾ. "ਅੰਤਰਿ ਬ੍ਰਹਮੁ ਨ ਚੀਨਈ." (ਮਃ ੩. ਵਾਰ ਸ੍ਰੀ) ੩. ਵੇਦ. "ਗੁਰਮੁਖਿ ਬਾਣੀ ਬ੍ਰਹਮੁ ਹੈ." (ਸ੍ਰੀ ਮਃ ੩) ੪. ਬ੍ਰਹ੍ਮਾ. ਚਤੁਰਾਨਨ. "ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ."[907] (ਆਸਾ ਕਬੀਰ) ੫. ਪ੍ਰਾਣ. ਸ੍ਵਾਸ. "ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ." (ਆਸਾ ਕਬੀਰ)

ਬ੍ਰਹਮੇਟਿਆ: ਦੇਖੋ, ਬ੍ਰਹਮਟਿਆ. "ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ." (ਮਃ ੫. ਵਾਰ ਗੂਜ ੨) ਸਾਰੇ ਸੰਸਾਰ ਵਿੱਚ ਇੱਕ ਨਜਰ ਆਇਆ.

ਬ੍ਰਹਮੇਵਾ: ਬ੍ਰਹਮਾ- ਇਵ. ਬ੍ਰਹਮਾ ਦੀ ਤਰਾਂ. "ਭਰਮੇ ਸਿਧ ਸਾਧਕ ਬ੍ਰਹਮੇਵਾ." (ਬਾਵਨ)

ਬ੍ਰਹਮੰਸ: ਬ੍ਰਹਮਰਿਖਿ. ਬ੍ਰਹਮਰਿਖੀ. "ਕੋਟਿ ਉਸਤਤਿ ਜਾਂਕੀ ਕਰਤ ਬ੍ਰਹਮੰਸ." (ਭੈਰ ਅਃ ਮਃ ੫) ੨. ਬ੍ਰਹਮਾ ਦੀ ਅੰਸ਼ ਸਨਕਾਦਿ.

ਬ੍ਰਹਮੰਡ: ਦੇਖੋ, ਬ੍ਰਹ੍ਮਾਂਡ. "ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ." (ਸੋਰ ਮਃ ੫)

---

[907] ब्रह्म पत्रं हरिः शाखा शङ्कर कुसुमानि वै. (ਵ੍ਰਿਹਤਸਤੋਤ੍ਰ ਰਤਨਾਕਰ)

ਬ੍ਰਹਮੰਡਸ: ਬ੍ਰਹਮਾਂਡ- ਅਸੁ. ਜਗਤ ਦੇ ਪ੍ਰਾਣ. ਵਿਸ਼੍ਵ ਦਾ ਪ੍ਰਾਣਰੂਪ. "ਬ੍ਰਹਮੰਡਸ ਹੈ." (ਜਾਪੁ)

ਬ੍ਰਹਮੰਡਨਿਕੇਤਾ: ਵਿ- ਜਗਤ ਹੈ ਜਿਸ ਦੇ ਨਿਵਾਸ ਦਾ ਘਰ. ਸਰਵਵ੍ਯਾਪੀ ਕਰਤਾਰ. "ਭਾ ਯਜਮਾਨ ਬ੍ਰਹਮੰਡਨਿਕੇਤਾ." (ਨਾਪ੍ਰ)

ਬ੍ਰਹਮੰਡਾਇਕੈ ਈਸ: ਬ੍ਰਹਮਾਂਡਾਂ ਦੇ ਸ੍ਵਾਮੀ. ਲੋਕਪਤਿ ਦੇਵਤਾ. "ਮੈਲੇ ਬ੍ਰਹਮੰਡਾਇਕੈ ਈਸ." (ਭੈਰ ਕਬੀਰ)

ਬ੍ਰਹਮੰਡੇ: ਬ੍ਰਹਮਾਂਡ ਵਿੱਚ. "ਜੋ ਬ੍ਰਹਮੰਡੇ ਸੋਈ ਪਿੰਡੇ." (ਧਨਾ ਪੀਪਾ)

ਬ੍ਰਹਮੰਨ: ਦੇਖੋ, ਬ੍ਰਹਮਨ੍ਯ.

ਬ੍ਰਹਮ: ਦੇਖੋ, ਬ੍ਰਹਮ.

ਬ੍ਰਹਮਸਮਾਜ: ਬੰਗਾਲੀ ਬ੍ਰਾਹਮਣ ਰਾਜਾ ਰਾਮਮੋਹਨਰਾਇ ਦਾ ੨੦. ਅਗਸਤ ਸਨ ੧੮੨੮ ਨੂੰ ਕਾਇਮ ਕੀਤਾ ਇੱਕ ਮਤ, ਜਿਸ ਨੂੰ ਵੈਦ੍ਯਕੁਲ ਦੇ ਰਤਨ ਕੇਸ਼ਵਚੰਦ੍ਰਸੇਨ ਨੇ ਭਾਰੀ ਤਰੱਕੀ ਦਿੱਤੀ.[908] ਬ੍ਰਹਮਸਮਾਜ ਦੇ ਨਿਯਮ ਇਹ ਹਨ-

(੧) ਪਰਮੇਸ਼੍ਵਰ ਇੱਕ ਹੈ. ਉਸ ਦੇ ਤੁਲ੍ਯ ਕੋਈ ਨਹੀਂ. ਉਹੀ ਸਾਰੇ ਸੰਸਾਰ ਨੂੰ ਰਚਣ ਅਤੇ ਕ਼ਾਇਮ ਰੱਖਣ ਵਾਲਾ ਹੈ. ਉਹ ਸਰਵਸ਼ਕ੍ਤਿਮਾਨ, ਸਰਵਗ੍ਯ, ਸਰਵਪ੍ਰਿਯ, ਨ੍ਯਾਯਕਾਰੀ, ਸਰਵਵ੍ਯਾਪੀ, ਸੱਚੇ ਆਨੰਦ ਅਤੇ ਮੁਕ੍ਤਿ ਦਾ ਦਾਤਾ ਹੈ.

(੨) ਜੀਵ ਅਵਿਨਾਸ਼ੀ ਅਤੇ ਬੇਅੰਤ ਉੱਨਤਿ ਕਰਨ ਯੋਗ੍ਯ ਹੈ, ਅਤੇ ਆਪਣੇ ਕਰਮ ਦਾ ਈਸ਼੍ਵਰ ਅੱਗੇ ਉੱਤਰਦਾਤਾ ਹੈ.

(੩) ਕਿਸੇ ਰਚੇ ਹੋਏ ਪਦਾਰਥ ਨੂੰ ਕਰਤਾਰ ਜਾਣਕੇ ਪੂਜਣਾ ਯੋਗ ਨਹੀਂ ਕੋਈ ਗ੍ਰੰਥ ਅਤੇ ਪੁਰਖ ਭੁੱਲ ਤੋਂ ਬਿਨਾ ਨਹੀਂ ਅਰ ਇਹ ਜੀਵ ਦੀ ਮੁਕ੍ਤਿ ਦਾ ਪੂਰਾ ਵਸੀਲਾ ਨਹੀਂ ਹੋ ਸਕਦੇ. ਬ੍ਰਾਹ੍ਮਲੋਕਾਂ ਲਈ ਰਾਸ੍ਤੀ ਹੀ ਇਲਾਹੀ ਕਲਾਮ ਹੈ. ਹਰ ਕੌਮ ਦੇ ਧਰਮਗ੍ਰੰਥ ਅਤੇ ਬਜ਼ੁਰਗਾਂ ਦੇ ਬਚਨਾਂ ਵਿੱਚੋਂ ਰਾਸ੍ਤੀ ਦੀ ਇੱਜ਼ਤ ਅਤੇ ਉਨ੍ਹਾਂ ਦਾ ਆਦਰ ਨਾਲ ਅੰਗੀਕਾਰ ਕਰਨਾ ਯੋਗ੍ਯ ਹੈ.

(੪) ਈਸ਼੍ਵਰ ਸਭ ਦਾ ਪਿਤਾ ਅਤੇ ਸਾਰੇ ਪੁਰਖ ਪਰਸਪਰ ਭੈਣ ਭਾਈ ਤੁਲ੍ਯ ਹਨ.

(੫) ਪਰਮੇਸ਼੍ਵਰ ਨੇਕੀ ਦਾ ਸ਼ੁਭ ਫਲ ਅਤੇ ਕੁਕਰਮਾਂ ਦਾ ਦੰਡ ਦਿੰਦਾ ਹੈ, ਪਰ ਉਹ ਦੰਡ ਸਾਡੀ ਭਲਿਆਈ ਵਾਸਤੇ ਹੁੰਦਾ ਹੈ, ਅਰ ਸਦਾ ਲਈ ਨਹੀਂ ਹੁੰਦਾ.

(੬) ਪਾਪ ਭਰੇ ਜੀਵਨ ਦਾ ਤ੍ਯਾਗ ਅਤੇ ਸੱਚੇ ਦਿੱਲੋਂ ਕੁਕਰਮ ਛੱਡਣ ਦੀ ਪ੍ਰਤਿਗ੍ਯਾ ਹੀ ਗੁਨਾਹਾਂ ਦਾ ਪ੍ਰਾਯਸ਼ਚਿੱਤ ਹੈ ਅਰ ਨੇਕੀ ਤਥਾ ਪਵਿਤ੍ਰਤਾ ਦ੍ਵਾਰਾ ਈਸ਼੍ਵਰ ਦੀ ਇੱਛਾ ਨਾਲ ਇੱਕ ਹੋ ਜਾਣਾ ਹੀ ਸੱਚੀ ਮੁਕਤੀ ਹੈ.

ਬ੍ਰਹਮਸਾਹਿਬ: ਦੇਖੋ, ਬ੍ਰਹਮਬੂਟਾ.

ਬ੍ਰਹਮਸੂਤ੍ਰ: ਬ੍ਰਹ੍ਮ ਦੇ ਪ੍ਰਤਿਪਾਦਨ ਕਰਨ ਵਾਲੇ ਵੇਦਾਂਤ ਸੂਤ੍ਰ ਵ੍ਯਾਸਕ੍ਰਿਤ ਵੇਦਾਂਤਸ਼ਾਸਤ੍ਰ। ੨. ਜਨੇਊ ਯਗ੍ਯੋਪਵੀਤ, ਜੋ ਬ੍ਰਹ੍ਮ (ਵੇਦ) ਪੜ੍ਹਨ ਸਮੇਂ ਦ੍ਵਿਜ ਪਹਿਰਦੇ ਹਨ.

ਬ੍ਰਹਮਹਸ੍ਤ: ਦੇਖੋ, ਸਰੋਆ.

ਬ੍ਰਹਮਹਤ੍ਯਾ: ਬ੍ਰਾਹ੍ਮਣ ਦਾ ਮਾਰਨਾ। ੨. ਆਤਮਾ ਗਿਆਨੀ ਦਾ ਵਧ.

ਬ੍ਰਹਮਗ੍ਯ: ਸੰ. ब्रह्मज्ञ. ਬ੍ਰਹ੍ਮ ਦੇ ਜਾਣਨ. ਵਾਲਾ. ਆਤਮਗਿਆਨੀ.

ਬ੍ਰਹਮਘ੍ਨ: ਬ੍ਰਾਹਮਣ ਨੂੰ ਮਾਰਨ ਵਾਲਾ। ੨. ਆਤਮਗਿਆਨੀ ਦਾ ਵਧ ਕਰਤਾ.

---

[908] ਰਾਜਾ ਰਾਮਮੋਹਨਰਾਇ ਦਾ ਜਨਮ ਸਨ ੧੭੭੪ ਅਤੇ ਦੇਹਾਂਤ ੨੮ ਸਿਤੰਬਰ ੧੮੩੩ ਨੂੰ ਬਰਮਿੰਘਮ (Birmingham) ਇੰਗਲੈਂਡ ਹੋਇਆ, ਅਰ ਕੇਸ਼ਵਚੰਦ੍ਰ ਦਾ ਜਨਮ ੧੯. ਨਵੰਬਰ ੧੮੩੮ ਨੂੰ ਅਤੇ ਦੇਹਾਂਤ ੮. ਜਨਵਰੀ ੧੮੮੪ ਨੂੰ ਹੋਇਆ ਹੈ.

ਬ੍ਰਹਮਚਰਯੰ: ਦੇਖੋ, ਬ੍ਰਹਮਚਰਜ.

ਬ੍ਰਹਮਦਾਸ: ਦੇਖੋ, ਬ੍ਰਹਮਦਾਸ.

ਬ੍ਰਹਮਦ੍ਰਵ: ਸੰਗਜ੍ਞਾ- ਗੰਗਾ. ਪੁਰਾਣਕਥਾ ਹੈ ਕਿ ਸ਼ਿਵ ਦਾ ਰਾਗ ਸੁਣਕੇ ਵਿਸ਼ਨੁ ਪਘਰਕੇ ਪਾਣੀ ਰੂਪ ਹੋ ਗਿਆ, ਜਿਸ ਤੋਂ ਗੰਗਾ ਬਣੀ. ਸੁਰਸਰੀ.

ਬ੍ਰਹਮਨ੍ਯ: ब्रहमणय. ਬ੍ਰਾਹਮਣ ਦਾ। ੨. ਵੇਦਾਭ੍ਯਾਸੀ। ੩. ਬ੍ਰਾਹਮਣਾਂ ਨਾਲ ਪ੍ਰੇਮ ਰੱਖਣ ਵਾਲਾ। ੪. ਬ੍ਰਾਹਮਣ ਦਾ ਧਰਮ.

ਬ੍ਰਹਮਪੁਤ੍ਰ: ਇੱਕ ਦਰਿਆ, ਜੋ ਤਿੱਬਤ ਤੋਂ ਨਿਕਲਕੇ ਬੰਗਾਲ ਅਤੇ ਆਸਾਮ ਵਿੱਚ ੧੮੦੦ ਮੀਲ ਵਹਿੰਦਾ ਹੋਇਆ ਸਮੁੰਦਰ ਵਿੱਚ ਜਾ ਮਿਲਦਾ ਹੈ। ੨. ਬ੍ਰਹਮਪੁਤ੍ਰ ਨਦ ਦੇ ਕਿਨਾਰੇ ਦਾ ਦੇਸ਼.

ਬ੍ਰਹਮਬੂਟਾ: ਬਾਵਾ ਬ੍ਰਹਮਸਾਹਿਬ ਦਾ ਬੋਹੜ, ਜੋ ਅਮ੍ਰਿਤਸਰੋਵਰ ਦੀ ਉੱਤਰ ਪੂਰਵ ਨੁੱਕਰ ਵਿੱਚ ਹੈ. ਸੰਗਤਸਾਹਿਬ (ਭਾਈ ਫੇਰੂ ਸੱਚੀ ਦਾੜ੍ਹੀ) ਦੀ ਸੰਪ੍ਰਦਾਯ ਵਿੱਚ ਬਾਵਾ ਸੰਤੋਖਦਾਸ ਜੀ ਕਰਨੀ ਵਾਲੇ ਸਾਧੂ ਹੋਏ, ਜਿਨ੍ਹਾਂ ਨੇ ਨਿਰਬਾਣ ਪ੍ਰੀਤਮਦਾਸ ਜੀ ਦੀ ਸਹਾਇਤਾ ਨਾਲ ਰਾਵੀ ਤੋਂ ਨਹਿਰ (ਹਸਲੀ) ਲਿਆਕੇ ਸਰੋਵਰ ਵਿੱਚ ਜਲ ਪਾਇਆ ਅਤੇ ਅਮ੍ਰਿਤਸਰ ਦੇ ਕਿਨਾਰੇ ਸੰਮਤ ੧੮੮੧ ਵਿੱਚ ਅਖਾੜਾ ਬਣਾਇਆ. ਇਨ੍ਹਾਂ ਦੇ ਚੇਲੇ ਬਾਵਾ ਬ੍ਰਹਮਸਾਹਿਬ ਹੋਏ, ਜਿਨ੍ਹਾਂ ਦੇ ਨਾਮ ਤੋਂ ਉਸ ਬੜ (ਵਟ) ਬਿਰਛ ਦਾ ਨਾਮ ਇਹ ਪ੍ਰਸਿੱਧ ਹੋਗਿਆ. ਜਿਸ ਦੇ ਹੇਠ ਬੈਠਕੇ ਉਹ ਭਜਨ ਅਤੇ ਉਪਦੇਸ਼ ਕਰਦੇ ਸਨ. ਦੇਖੋ, ਪ੍ਰੀਤਮਦਾਸ.

ਬ੍ਰਹਮਰਾਤ੍ਰਿ: ਬ੍ਰਹਮਾ ਦੀ ਰਾਤ, ਜਿਸ ਦਾ ਪ੍ਰਮਾਣ ਪੁਰਾਣਾਂ ਅਨੁਸਾਰ ੨੧੬੦੦੦੦੦੦ ਵਰ੍ਹੇ ਹੈ.

ਬ੍ਰਹਮਰਿਖੀ: ਬ੍ਰਹਮਰ੍ਿਸਿੰ. ਵੇਦਤਤ੍ਵਗਿਆਤਾ ਰਿਖੀ। ੨. ਆਤਮਗਿਆਨੀ ਮੁਨਿ. ਉਹ ਸਾਧੂ, ਜੋ ਬ੍ਰਹ੍ਮ ਨੂੰ ਜਾਣਦਾ ਹੈ.

ਬ੍ਰਹਮਰਿਖੀ ਦੇਸ਼: ਬ੍ਰਹਮਰ੍ਿਸਿੰ ਦੇਸ਼. ਬ੍ਰਹਮਰਿਖੀਆਂ ਦੇ ਵਸਣ ਦਾ ਦੇਸ਼. ਭਾਰਤ. ਹਿੰਦੁਸਤਾਨ। ੨. ਸੰਸਕ੍ਰਿਤ ਦੇ ਪੁਰਾਣੇ ਲੇਖਕਾਂ ਦੇ ਮਤ ਅਨੁਸਾਰ ਕੁਰੁਮਤਸ੍ਯ, ਪੰਚਾਲ ਅਤੇ ਸੂਰਸੇਨ ਦੇਸ਼. ਅਰਥਾਤ ਕੁਰੁਕ੍ਸ਼ੇਤ੍ਰ, ਦਿੱਲੀ, ਅਲਵਰ ਅਤੇ ਮਥੁਰਾ ਦਾ ਇਲਾਕਾ. ਦੇਖੋ, ਖ੍ਰਹਮਵਰਤ.

ਬ੍ਰਹਮਰੂਪਕ: ਦੇਖੋ, ਚੰਚਲਾ ੫.

ਬ੍ਰਹਮਵਾਦ: ਆਤਮਚਰਚਾ. ਬ੍ਰਹਮ ਦਾ ਨਿਰੂਪਣ.

ਬ੍ਰਹਮਵਾਦੀ: ब्रह्मवादिन्. ਬ੍ਰਹ੍ਮ (ਕਰਤਾਰ) ਦਾ ਕਥਨ ਕਰਨ ਵਾਲਾ. ਵਾਹਗੁਰੂ ਦੀ ਚਰਚਾ ਕਰਨ ਵਾਲਾ ਆਤਮਗਿਆਨੀ ਮਹਾਤਮਾ। ੨. ਵੇਦਾਂਤੀ. ਅਦ੍ਵੈਤਵਾਦੀ.

ਬ੍ਰਹਮਵਿਦ: ब्रह्मविद्. ਬ੍ਰਹ੍ਮਵੇੱਤਾ. ਆਤਮਗਿਆਨੀ.

ਬ੍ਰਹਮਾ: ਦੇਖੋ, ਬ੍ਰਹਮਾ। ੨. ਯਗ੍ਯਵਿਧਿ ਕਰਾਉਣ ਵਾਲਾ ਇੱਕ ਬ੍ਰਾਹਮਣ. ਦੇਖੋ, ਰਿਤ੍ਵਜ.

ਬ੍ਰਹਮਾਸਤ੍ਰ: ਬ੍ਰਹਮਾ ਦਾ ਦਿੱਤਾ ਹੋਇਆ ਸ਼ਸਤ੍ਰ. ਬ੍ਰਹ੍ਮਵਾਣ.

ਬ੍ਰਹਮਾਕ੍ਸ਼ਰ: ਬ੍ਰਹਮ ਦੇ ਜਤਾਉਣ (ਗ੍ਯਾਨ ਕਰਾਉਣ) ਵਾਲਾ ਮੰਤ੍ਰ, ਓਅੰ. ੧ਓ.

ਬ੍ਰਹਮਾਂਡ: ਦੇਖੋ, ਬ੍ਰਹਮਾਂਡ.

ਬ੍ਰਹਮਾਵਰਤ: ਬ੍ਰਹਮਾਵਰ੍ਤੰ. ਸਰਸ੍ਵਤੀ ਅਤੇ ਘੱਗਰ (ਦ੍ਰਿਸ਼ਦਵਤੀ) ਦੇ ਵਿਚਕਾਰ ਦਾ ਦੇਸ਼. ਜੋ ੫੬ ਮੀਲ ਲੰਮਾ ਅਤੇ ੨੦. ਤੋਂ ੪੦ ਮੀਲ ਤੀਕ ਚੌੜਾ ਹੈ। ੨. ਮਨੁ ਦੇ ਲੇਖ ਅਨੁਸਾਰ ਸਰਸ੍ਵਤੀ ਘੱਗਰ ਅਤੇ ਗੰਗਾ ਦੇ ਮਧ੍ਯ ਦਾ ਦੇਸ਼.[909]

---

[909] सरस्वती दृषद्वत्योर्देवनद्योर्यदन्तरम

ਬ੍ਰਹਨੀ ਘ੍ਰਿਤ: ਦੇਖੋ, ਬ੍ਰਾਹਮੀ ਘ੍ਰਿਤ.

ਬ੍ਰਕਤ: ਦੇਖੋ, ਵਿਰਕਤ.

ਬ੍ਰਜ: ਦੇਖੋ, ਵ੍ਰਜ.

ਬ੍ਰਜਨ: ਦੇਖੋ, ਵ੍ਰਜਨ.

ਬ੍ਰਣ: ਸੰ. ਵ੍ਰਣ. ਸੰਗਯਾ- ਘਾਉ. ਜ਼ਖ਼ਮ. ਕ੍ਸ਼ਤ. ਫੱਟ.

ਬ੍ਰਣੀ: ਵਿ- ਵ੍ਰਣ (ਫੱਟ) ਵਾਲਾ. ਫੱਟੜ. ਜ਼ਖ਼ਮੀ.

ਬ੍ਰਤ: ਸੰ. ਵ੍ਰਤ. ਸੰਗਯਾ- ਪੁਨਯ ਦਾ ਸਾਧਨਰੂਪ ਕਰਮ। ੨. ਨਿਯਮ (ਨੇਮ) ਦੀ ਪਾਬੰਦੀ। ੩. ਦੇਖੋ, ਬਰਤ ੩.

ਬ੍ਰਤਕਾਰੀ: ब्रतकारिन्. ਵ੍ਰਤ ਕਰਨ ਵਾਲਾ. ਨਿਯਮ ਦੇ ਧਾਰਨ ਵਾਲਾ। ੨. ਨਿਰਾਹਾਰ ਆਦਿਕ ਵ੍ਰਤਾਂ ਦੇ ਕਰਨ ਵਾਲਾ.

ਬ੍ਰਤਚਾਰੀ: ब्रतचारिन्. ਨਿਯਮ ਅਨੁਸਾਰ ਚਲਣ ਵਾਲਾ। ੨. ਫ਼ਰਜ਼ ਅਦਾ ਕਰਨ ਵਾਲਾ.

ਬ੍ਰਤਧਾਰੀ: ਵ੍ਰਤ ਧਾਰਨ ਵਾਲਾ. ਨਿਯਮ ਧਾਰਨ ਕਰਤਾ। ੨. ਸੰਗਯਾ- ਵਿਸ਼ਨੁ. "ਜਾਇ ਤਹਾਂ, ਜਹਿਂ ਹੈ ਬ੍ਰਤਧਾਰੀ." (ਕ੍ਰਿਸਨਾਵ)

ਬ੍ਰਤਲਾਕਾਰ, ਬ੍ਰਤਲਾਕ੍ਰਿਤਿ: ਵਿ- ਵਤੁੰਲ- ਆਕਾਰ. ਵਤੁੰਲ (ਗੋਲ) ਹੈ ਜਿਸ ਦੀ ਆਕ੍ਰਿਤਿ (ਸ਼ਕਲ) "ਬ੍ਰਤਲਾਕਾਰ ਬਦਨ ਹੈ." (ਗੁਪ੍ਰਸੂ) "ਬ੍ਰਤਲਾਕ੍ਰਿਤਿ ਮਠ ਜਾਨਜੋਪਰੈ." (ਗੁਪ੍ਰਸੂ)

ਬ੍ਰਤੁਲ: ਦੇਖੋ, ਵਰਤੁਲ.

ਬ੍ਰਤੋਤਮ: ਉੱਤਮ ਵ੍ਰਤ ਦੇ ਧਾਰਨ ਵਾਲਾ ਰਿਖਿ. "ਪਾਇ ਬ੍ਰਤਤਮ ਕੋ ਤਰੁਨੀ." (ਚਰਿਤ੍ਰ ੧੧੪) ਸ੍ਰਿੰਗੀ ਰਿਖੀ ਨੂੰ ਪ੍ਰਾਪਤ ਹੋਕੇ ਇਸਤ੍ਰੀ.

ਬ੍ਰਨ: ਦੇਖੋ, ਵ੍ਰਣ। ੨. ਵਣੰ. ਜਾਤਿ. "ਇਕ ਬ੍ਰਨ ਰਹਾ ਨ ਕੋਇ." (ਕਲਕੀ)

ਬ੍ਰਮਾਉ: ਦੇਖੋ, ਬਰਮਾਉ.

ਬ੍ਰਾਹ: ਦੇਖੋ, ਵਰਾਹ.

ਬ੍ਰਾਹਣੀ: ਵਰਾਹ ਰੁਪਾ. ਸੂਰ ਦੀ ਸ਼ਕਲ ਵਾਲੀ. "ਤੁਮੀ ਬ੍ਰਾਹਣੀ ਹਨਐ ਹਿਰੰਨਾਛ ਮਾਰਜੋ." (ਕ੍ਰਿਸਨਾਵ)

ਬ੍ਰਾਹਮ: ਦੇਖੋ, ਬ੍ਰਾਹਮ.

ਬ੍ਰਾਹਮਣ, ਬ੍ਰਾਹਮਣੁ: ਬ੍ਰਾਹਮਣ. ਬ੍ਰਹਮ (ਵੇਦ) ਪੜ੍ਹਨ ਵਾਲਾ। ੨. ਬ੍ਰਹਮ (ਕਰਤਾਰ) ਨੂੰ ਜਾਣਨ ਵਾਲਾ. "ਸੋ ਬ੍ਰਾਹਮਣੁ, ਬ੍ਰਹਮ ਜੋ ਬਿੰਦੇ." (ਸ੍ਰੀ ਅਃ ਮਃ ੩) "ਜੋ ਬ੍ਰਹਮ ਬੀਚਾਰੈ। ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ." (ਗਉ ਕਬੀਰ) ੩. ਬ੍ਰਹਮਾ ਦੀ ਸੰਤਾਨ, ਵਿਪ੍ਰ. ਹਿੰਦੂਆਂ ਦਾ ਪਹਿਲਾ ਵਰਣ. "ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰ ਵਰਨ." (ਗੌਂਡ ਮਃ ੪) ੪. ਦੇਖੋ, ਬ੍ਰਾਹਮਣ.

ਬ੍ਰਾਹਮੀ: ਬ੍ਰਾਹਮੀ. ਬ੍ਰਹਮਾ ਦੀ ਸ਼ਕਤੀ. ਬ੍ਰਹਮਾਣੀ. "ਸਿਵੀ ਵਾਸਵੀ ਬ੍ਰਾਹਮੀ ਰਿੱਧਿਕੂਪਾ (ਚੰਡੀ ੨) ੨. ਪਾਰਵਤੀ। ੩. ਸਰਸ੍ਵਤੀ। ੪. ਇੱਕ ਪੁਰਾਣੀ ਲਿਪਿ (ਲਿਖਤ), ਜਿਸ ਵਿੱਚੋਂ ਦੇਵਨਾਗਰੀ ਨੇ ਆਪਣਾ ਨਵੀਨ ਰੂਪ ਧਾਰਿਆ ਹੈ.

---

तं देवनिर्मितं देशं ब्रह्मावर्तं प्रचक्षते. (ਮਨੁ ਅਃ ੨, ਸ਼ ੧੭)

ਬ੍ਰਾਹਮ: ਵਿ- ਬ੍ਰਹਮ ਨਾਲ ਹੈ ਜਿਸ ਦਾ ਸੰਬੰਧ। ੨. ਵੇਦ ਸੰਬੰਧੀ। ੩. ਬ੍ਰਾਹਮਣ ਦਾ.

ਬ੍ਰਾਹਮਣ: ਦੇਖੋ, ਬ੍ਰਾਹਮਣ। ੨. ਹਿੰਦੂਆਂ ਦਾ ਪਹਿਲਾ ਵਰਣ. ਬ੍ਰਾਹ੍ਮਣ ਕਈ ਗੋਤ੍ਰਾਂ ਵਿੱਚ ਵੱਡੇ ਹੋਏ ਹਨ, ਪਰ ਮੁੱਖ ਦਸ ਹਨ- ਪੰਜ ਗੌੜ- ਕਾਨਯਕੁਬਜ, ਸਾਰਸ੍ਵਤ, ਗੌੜ, ਮੈਥਿਲ ਅਤੇ ਉਤਕਲ. ਪੰਜ ਦ੍ਰਾਵਿੜ ਮਹਾਰਾਸ਼ਟ੍ਰ. ਤੇਲੰਗ, ਦ੍ਰਾਵਿੜ, ਕਰਨਾਟ ਅਤੇ ਗੁਰਜਰ। ੩. ਵੇਦਾਂ ਦਾ ਉਹ ਭਾਗ, ਜੋ ਮੰਤ੍ਰਾਂ ਦੀ ਵ੍ਯਾਖ੍ਯਾਰੂਪ ਰਿਖੀਆਂ ਦਾ ਲਿਖਿਆ ਹੋਇਆ ਹੈ, ਅਰ ਜਿਸ ਵਿੱਚ ਅਨੇਕ ਕਰਮਾਂ ਦੀ ਵਿਧੀ ਅਤੇ ਮੰਤ੍ਰਾਂ ਨੂੰ ਯਥਾਯੋਗ ਮੌਕੇ ਪੁਰ ਵਰਤਣ ਦਾ ਨਿਰਣਾ ਹੈ.

ਬ੍ਰਾਹਮਣ ਦੇ ਧਰਮ: "ਸ਼ਮ ਦਮ ਤਪ ਅਰੁ ਸ਼ੌਚ ਸਦਾਹੀ। ਸ਼ਾਂਤਿ ਸ਼ੀਲ ਸੰਤੋਖ ਗਹਾਹੀ। ਕੋਮਲਚਿਤ ਸੰਤਤ ਸ਼ੁਭਗ੍ਯਾਨਾ। ਵਿਸ਼ਨੁਪਰਾਯਣ ਕ੍ਰਿਪਾਨਿਧਾਨਾ। ਸਦਾ ਸਤ੍ਯ ਬੋਲੈ ਮ੍ਰਿਦੁਬਾਨੀ। ਤ੍ਰਯੋਦਸ਼ ਧਰਮ ਵਿਪ੍ਰ ਕੇ ਜਾਨੀ ॥" (ਭਾਰਤ)

ਬ੍ਰਾਹਮਣੀ: ਬ੍ਰਾਹਮਣ ਦੀ ਇਸਤ੍ਰੀ. ਬ੍ਰਾਹਮਣ ਵਰਣ ਦੀ ਨਾਰੀ.

ਬ੍ਰਾਹਮਧਰਮ: ਬ੍ਰਹਮਸਮਾਜ ਦਾ ਮਤ। ੨. ਵੇਦ ਦਾ ਦੱਸਿਆ ਹੋਇਆ ਧਰਮ। ੩. ਅਕਾਲੀ ਧਰਮ.

ਬ੍ਰਾਹਮ ਮੁਹੂਰਤ: ਦੇਖੋ, ਬ੍ਰਹਮ ਮੁਹੂਰਤ.

ਬ੍ਰਾਹਮੀ ਘ੍ਰਿਤ: ਦੇਖੋ, ਸਿਰੜ.

ਬ੍ਰਾਡਫੁਟ: Major George Broadfoot. ਸਿੱਖਾਂ ਦੀਆਂ ਅੰਗ੍ਰੇਜ਼ਾਂ ਨਾਲ ਲੜਾਈਆਂ ਹੋਣ ਤੋਂ ਪਹਿਲਾਂ ਸਤੰਬਰ ਸਨ ੧੮੪੪ ਵਿੱਚ ਗਵਰਨਰ ਜਨਰਲ ਦਾ ਏਜੈਂਟ ਪੰਜਾਬ ਲਈ ਥਾਪਿਆ ਗਿਆ. ਇਹ ਮੁੱਢ ਤੋਂ ਹੀ ਸਿੱਖਾਂ ਦੇ ਵਿਰੁੱਧ ਖਿਆਲ ਰਖਦਾ ਸੀ. ਸਿੱਖਾਂ ਦੇ ਪਹਿਲੇ ਜੰਗ ਵਿੱਚ ਇਸ ਨੇ ਰਾਜਾ ਦੇਵੇਂਦ੍ਰਸਿੰਘ ਨਾਭਾਪਤਿ ਦੇ ਵਿਰੁੱਧ ਗਲਤਫਹਿਮੀ ਨਾਲ ਕਈ ਰਪੋਟਾਂ ਲਿਖੀਆਂ, ਜਿਸ ਦਾ ਫਲ ਰਾਜ ਦਾ ਚੌਥਾ ਹਿੰਸਾ ਜਬਤ ਹੋਗਿਆ, ਅਤੇ ਰਾਜਾ ਦੇਵੇਂਦ੍ਰਸਿੰਘ ਗੱਦੀਓਂ ਲਾਹਿਆ ਗਿਆ.

ਬ੍ਰਾਡਫੁਟ ੨੨ ਦਿਸੰਬਰ ਸਨ ੧੮੪੫ ਨੂੰ ਫਿਰੋਜ਼ਸ਼ਾਹ (ਫੇਰੂਸ਼ਹਰ) ਦੇ ਜੰਗ ਵਿੱਚ ਮੋਇਆ. ਇਸ ਦੇ ਥਾਂ ਗਵਰਨਰ ਜਨਰਲ ਦਾ ਏਜੈਂਟ ਸਰ ਹੈਨਰੀ ਲਾਰੈਂਸ ਹੋਇਆ

ਬ੍ਰਾਤ: ਸੰ. ਵ੍ਰਾਤ. ਸਮੂਹ ਸਮੁਦਾਯ. ਝੁੰਡ. "ਕੇਵਟ ਬੀਚ ਬਰੇ ਮਿਲ ਬ੍ਰਾਤਾ." (ਨਾਪ੍ਰ) ਸਾਰੇ ਮਲਾਹ ਵਿੱਚ ਵੜ ਗਏ। ੨. ਦੇਖੋ, ਬਰਾਤ.

ਬ੍ਰਾਮ੍ਹਣ: ਦੇਖੋ, ਬ੍ਰਾਹਮਣ ਅਤੇ ਬ੍ਰਾਹਮਣ.

ਬ੍ਰਿਸ: ਸੰ. ਵ੍ਰਿਸ਼੍. ਧਾ- ਵਰਸਣਾ (ਮੀਂਹ ਪੈਣਾ), ਸਿੰਜਣਾ.

ਬ੍ਰਿਸਟਣੀ: ਵਿ- ਵ੍ਰਿਸ਼੍ਟਿ (ਵਰਖਾ) ਕਰਨ ਵਾਲੀ. "ਬਾਣਬ੍ਰਿਸਟਣੀ." (ਸਨਾਮਾ)

ਬ੍ਰਿਸਟਿ: ਸੰ. वृष्- ਵ੍ਰਿਸ਼੍ਟਿ. ਸੰਗ੍ਯਾ- ਵਰਖਾ. ਮੀਂਹ. ਦੇਖੋ, ਬ੍ਰਿਸ ਧਾ.

ਬ੍ਰਿਸਪਤਿ: ਵ੍ਰਿਸ਼ (ਬੈਲ) ਦਾ ਪਤਿ, ਸ਼ਿਵ। ੨. ਦੇਖੋ, ਬ੍ਰਿਹਸਪਤਿ. "ਕਈ ਸੁਕ੍ਰ ਬ੍ਰਿਸਪਤਿ ਦੇਖ." (ਬ੍ਰਹਮਾਵ)

ਬ੍ਰਿਹਸਪਤਿ, ਵ੍ਰਿਹਸ੍ਪਤਿ: (बृहस्पति). ਵ੍ਰਿਹਸ੍ਪਤਿ, ਜੋ ਵਾਣੀ ਦਾ ਪਤਿ ਹੈ. ਜਿਸ ਦੀ ਭਾਸ਼ਾ ਪੁਰ ਹੁਕੂਮਤ ਹੈ। ੨. ਦੇਵਤਿਆਂ ਦਾ ਗੁਰੂ. ਰਿਗਵੇਦ ਵਿੱਚ ਬ੍ਰਿਹਸਪਤਿ ਉਹ ਦੇਵਤਾ ਹੈ, ਜੋ ਲੋਕਾਂ ਦੀਆਂ ਆਹੁਤੀਆਂ ਦੇਵਤਿਆਂ ਨੂੰ ਪੁਚਾਉਂਦਾ ਅਤੇ ਰਖ੍ਯਾ ਕਰਦਾ ਹੈ. ਇਸੇ ਲਈ ਇਹ ਦੇਵਤਿਆਂ ਦਾ ਪੁਰੋਹਿਤ ਮੰਨਿਆ ਗਿਆ ਹੈ. ਇੱਕ ਥਾਂ ਇਸ ਨੂੰ ਦੇਵਤਿਆਂ ਦਾ ਪਿਤਾ ਭੀ ਵਰਣਨ ਕੀਤਾ ਹੈ. ਪੌਰਾਣਿਕ ਸਮੇਂ ਇਸ ਨੂੰ ਇੱਕ ਰਿਖੀ ਸਮਝਣ ਲੱਗ ਪਏ ਅਤੇ ਇਹ ਨਾਮ ਬ੍ਰਿਹਸਪਤਿ ਤਾਰੇ ਦਾ ਭੀ ਕਲਪਿਆ ਗਿਆ. ਇਸ ਹਾਲਤ ਵਿੱਚ ਇਸ ਦੇ ਰਥ ਦਾ ਨਾਮ "ਨੀਤਿਘੋਸ਼" ਹੈ, ਜਿਸ ਨੂੰ ਅੱਠ ਪੀਲੇ ਰੰਗ ਦੇ ਘੋੜੇ ਖਿਚਦੇ ਹਨ.

ਇਹ ਅੰਗਿਰਸ ਰਿਸ਼ੀ ਦਾ ਪੁਤ੍ਰ ਹੈ ਅਤੇ ਪਿਤਾ ਦੇ ਨਾਮ ਤੋਂ ਇਸ ਨੂੰ ਆਂਗਿਰਸ ਭੀ ਕਹਿੰਦੇ ਹਨ. ਇੱਕ ਵਾਰ ਇਸ ਦੀ ਇਸਤ੍ਰੀ ਤਾਰਾ ਨੂੰ ਚੰਦ੍ਰਮਾ ਉਧਾਲ ਲੈਗਿਆ ਅਤੇ ਇਸ ਕਾਰਣ ਇੱਕ ਯੁੱਧ ਹੋਇਆ, ਜਿਸ ਦਾ ਨਾਮ "ਤਾਰਕਾਮਯ" ਹੈ. ਸ਼ੁਕ੍ਰ, ਰੁਦ੍ਰ ਅਤੇ ਹੋਰ ਸਭ ਦੈਤਾਂ ਦੇ ਦਾਨਵਾਂ ਦੇ ਚੰਦ੍ਰਮਾ ਦੀ ਸਹਾਇਤਾ ਕੀਤੀ, ਇੰਦ੍ਰ ਅਤੇ ਹੋਰ ਦੇਵਤੇ ਬ੍ਰਿਹਸਪਤਿ ਵੱਲ ਹੋਏ. ਅਜਿਹਾ ਘੋਰ ਜੁੱਧ ਮੱਚਿਆ ਕਿ ਸਾਰੀ ਪ੍ਰਿਥਿਵੀ ਹਿੱਲਣ ਲੱਗ ਪਈ. ਪ੍ਰਿਥਿਵੀ ਨੇ ਵਜਾਕੁਲ ਹੋਕੇ ਬ੍ਰਹਮਾ ਕੋਲ ਪੁਕਾਰ ਕੀਤੀ, ਤਦ ਬ੍ਰਹਮਾ ਨੇ ਤਾਰਾ ਮੁੜ ਬ੍ਰਿਹਸਪਤਿ ਨੂੰ ਦਿਵਾਈ, ਤਾਰਾ ਤੋਂ ਇੱਕ ਲੜਕਾ ਜੰਮ ਚੁੱਕਾ ਸੀ, ਜਿਸ ਦੇ ਸੋਮ ਅਤੇ ਬ੍ਰਿਹਸਪਤਿ ਦੋਵੇਂ ਦਾਵੇਦਾਰ ਬਣ ਬੈਠੇ, ਬ੍ਰਹਮਾ ਨੇ ਤਾਰਾ ਨੂੰ ਪੁੱਛਿਆ ਕਿ ਸੱਚ ਦਸ, ਇਹ ਕਿਸ ਦਾ ਪੁਤ੍ਰ ਹੈ. ਤਾਂ ਉਸ ਨੇ ਆਖਿਆ ਕਿ ਇਹ ਸੋਮ ਦਾ ਪੁਤ੍ਰ ਹੈ, ਤਾਂ ਉਸ ਲੜਕੇ ਦਾ ਨਾਮ ਬੁਧ ਰੱਖਿਆ ਅਰ ਚੰਦ੍ਰਮਾ ਨੂੰ ਦਿਵਾਇਆ ਗਿਆ.

ਭਾਗਵਤ ਅਤੇ ਮਤਸਜ ਪੁਰਾਣ ਵਿੱਚ ਇੱਕ ਨਿਰਾਲੀ ਕਥਾ ਹੈ ਕਿ ਦੇਵਤਿਆਂ ਨੇ ਬ੍ਰਿਹਸਪਤਿ ਦੀ ਸਹਾਇਤਾ ਨਾਲ ਸਮੁੰਦਰ ਰਿੜਾਕਿਆ ਸੀ. ਬ੍ਰਿਹਸਪਤਿ ਭਾਰਦ੍ਵਾਜ ਦਾ ਭੀ ਪਿਤਾ ਸੀ, ਜੇਹੜਾ ਕਿ ਉਤਥਜ ਦੀ ਇਸਤ੍ਰੀ ਮਮਤਾ ਦੇ ਉਦਰ ਤੋਂ ਹੋਇਆ ਸੀ, ਅਤੇ ਇਸ ਨੂੰ ਦ੍ਵਾਪੁਰ ਯੁਗ ਦਾ ਵਜਾਸ ਕਰਕੇ ਭੀ ਮੰਨਦੇ ਹਨ। ੩. ਬ੍ਰਿਹਸਪਤਿ ਵਾਰ, ਵੀਰਵਾਰ. "ਬ੍ਰਿਹਸਪਤਿ ਬਿਖਿਆ ਦੇਇ ਬਹਾਇ." (ਗਉ ਕਬੀਰ ਵਾਰ ੭) ੪. ਵ੍ਰਿਹਸਪਤਿ ਨਾਮ ਦਾ ਨਕ੍ਸ਼ਤ੍ਰ (ਤਾਰਾ). Jupiter.

ਬ੍ਰਿਹਤ, ਬ੍ਰਿਹਦ: ਸੰ. वृहत- ਵ੍ਰਿਹਤ੍. ਵਿ- ਅਤਿ. ਵਡਾ. ਇਹ ਸੰਸਕ੍ਰਿਤ ਬ੍ਰਿਹਦ ਭੀ ਸਹੀ ਹੈ.

ਬ੍ਰਿਹਦਰਥ: ਦੇਖੋ, ਵ੍ਰਿਹਦਰਥ.

ਬ੍ਰਿਹੱਨਟਾ: ਬ੍ਰਿਹੱਨਲ. ਭਾਵ- ਖੁਸਰਾ. ਨਪੁੰਸਕ. "ਬ੍ਰਿਹੱਟਨਾ ਤਾਂਕੋ ਪਤਿ." (ਚਰਿਤ੍ਰ ੩੨੫) ਦੇਖੋ, ਬਿਹੰਡੜਾ.

ਬ੍ਰਿਹਾ: ਦੇਖੋ, ਬਿਰਹ.

ਬ੍ਰਿਕ: ਸੰ. वृक- ਵ੍ਰਿਕ. ਵਿ- ਪਾੜਨ ਵਾਲਾ। ੨. ਸੰਗਜਾ- ਹਲ ਦਾ ਫਾਲਾ। ੩. ਕਾਉਂ ਕਾਕ। ੪. ਪੇਟ ਦੀ ਅੱਗ. ਜਠਰਾਗਨਿ। ੫. ਬਘਿਆੜ. ਭੇਡੀਆ. "ਬਗੁਲਾ ਬਿੜਾਲ ਬ੍ਰਿਕ ਧਜਾਨ ਠਾਨੀਅਤ ਹੈ." (ਅਕਾਲ)

ਬ੍ਰਿਕਤ: ਸੰ. ਵਿਰਕ੍ਤ. ਵਿ- ਬਿਨਾ ਮੁਹੱਬਤ. "ਬ੍ਰਿਕਤ ਪਦਾਰਥ ਤੇ ਮਨ ਕਰਕੇ." (ਨਾਪ੍ਰ)

ਬ੍ਰਿਕੋਦਰ: ਸੰ. वृकोद्र- ਵ੍ਰਿਕੋਦਰ. ਜਿਸ ਦੇ ਉਦਰ ਵਿੱਚ ਵ੍ਰਿਕ (ਜਠਰਾਗਨਿ) ਬਹੁਤ ਤੇਜ਼ ਹੈ, ਭੀਮਸੇਨ.

ਬ੍ਰਿਖ: ਸੰ. वृष- ਵ੍ਰਿਸ਼. ਬੈਲ. "ਕਈ ਜਨਮ ਹੈਵਰ ਬ੍ਰਿਖ ਜੋਇਓ." (ਗਉ ਮਃ ੫) ੨. ਦੂਜੀ ਰਾਸ਼ਿ, ਜਿਸ ਦੀ ਸ਼ਕਲ ਬੈਲ ਜੇਹੀ ਹੈ। ੩. ਕੋਕਸ਼ਾਸਤ੍ਰ. ਅਨੁਸਾਰ ਪੁਰਖ ਦੀ ਇੱਕ ਜਾਤਿ. ਦੇਖੋ, ਪੁਰੁਸ਼ਜਾਤਿ। ੪. ਇੰਦ੍ਰ। ੫. ਮੋਰ ਦੀ ਪੂਛ। ੬. ਧਰਮ। ੭. ਕਾਮਦੇਵ। ੮. ਵਿ- ਬਲਵਾਨ.

ਬ੍ਰਿਖਣ, ਬ੍ਰਿਖਨ: ਸੰ. वृषण- ਵ੍ਰਿਸ਼ਣ. ਸੰਗਜਾ- ਅੰਡਕੋਸ਼. ਪਤਾਲੂ. ਫੋਤਾ। ੨. वृषन- ਵ੍ਰਿਸ਼ਨ. ਨਰ ਬੈਲ ਅਤੇ ਘੋੜਾ। ੩. ਇੰਦ੍ਰ। ੪. ਸੰ. ਵਿਸ਼ਾਣ. ਸਿੰਗ. "ਬ੍ਰਿਖਭਾਸੁਰ ਕੇ ਬ੍ਰਿਖਨ ਉਪਾਰਜੋ." (ਚਰਿਤ੍ਰ ੩੨੦) ਦੇਖੋ, ਬ੍ਰਿਖਭਾਸੁਰ.

ਬ੍ਰਿਖਭ: ਸੰ. वृषभ- ਵ੍ਰਿਸ਼ਭ. ਬੈਲ. "ਗਊਅਨ ਕੇ ਜੈਯਾ ਬ੍ਰਿਖਭੈਯਾ ਮਾਨਿਅਤ ਹੈਂ." (ਅਕਾਲ) ੨. ਕੰਨ ਕਾ ਛੇਕ। ੩. ਔਸ਼ਧ. ਦਵਾਈ। ੪. ਦੇਖੋ, ਲਿੰਗਾਯਤ.

ਬ੍ਰਿਖਭ ਧਰਿਸਣੀ: ਵ੍ਰਿਸ਼ਭ (ਬੈਲ) ਦੀ ਧਾਰੀ ਹੋਈ ਪ੍ਰਿਥਿਵੀ, ਉਸ ਦੇ ਈਸ਼ (ਸ੍ਵਾਮੀ) ਦੀ. ਆਰਥਾਤ ਰਾਜੇ ਦੀ ਸੈਨਾ. (ਸਨਾਮਾ)

ਬ੍ਰਿਖਭਾਸੁਰ: ਵ੍ਰਿਸ਼ਭ (ਬੈਲ) ਦੀ ਸ਼ਕਲ ਦਾ ਇੱਕ ਦੈਤ, ਜਿਸ ਨੂੰ ਕ੍ਰਿਸ਼ਨ ਜੀ ਨੇ ਮਾਰਿਆ. "ਬ੍ਰਿਖਭਾਸੁਰ ਥੋ ਤਿੰਹ ਠੌਰ ਖਰੋ, ਜਿੰਹ ਕੇ ਦੋਉ ਸੀਂਗ ਅਕਾਸ ਖਹੇ ਹੈਂ." (ਕ੍ਰਿਸਨਾਵ) ਦੇਖੋ, ਭਾਗਵਤ ਸਕੰਧ ੧੦. ਅਃ ੩੬.

ਬ੍ਰਿਖਭਾਨ, ਬ੍ਰਿਖਭਾਨੁ: वृषभानु- ਵ੍ਰਿਸ਼ਭਾਨੁ. ਰਾਧਿਕਾ ਦਾ ਪਿਤਾ.

ਬ੍ਰਿਖਭਾਨੁ ਸੁਤਾ: ਵ੍ਰਿਸ਼ਭਾਨੁ ਦੀ ਪੁਤ੍ਰੀ ਰਾਧਿਕਾ. "ਬ੍ਰਿਖਭਾਨੁਸੁਤਾ ਹਰਿ ਪੇਖ ਹਸੀ." (ਕ੍ਰਿਸਨਾਵ)

ਬ੍ਰਿਖਾ: ਧਰਮ. ਦੇਖੋ, ਬ੍ਰਿਖ ੬. "ਬਨਰਾਇ ਬ੍ਰਿਖਾ ਬ੍ਰਿਖ ਸੈਲਨਿਪਾਤੀ." (ਨਾਪ੍ਰ) ਵਨ (ਜਲ) ਦਾ ਰਾਜਾ ਵਰੁਣ, ਵ੍ਰਿਸ਼ (ਧਰਮ) ਅਤੇ ਵ੍ਰਿਸ਼ (ਬਲਵਾਨ) ਸੈਲਨਿਪਾਤੀ (ਇੰਦ੍ਰ). ਪਹਾੜਾਂ ਨੂੰ ਤੋੜਨ ਵਾਲਾ ਇੰਦ੍ਰ. ਦੇਖੋ, ਬ੍ਰਿਖ ੮.

ਅਥਵਾ- ਵਨਰਾਜ (ਵਰੁਣ), ਵ੍ਰਿਸ਼ (ਧਰਮ), ਵ੍ਰਿਸ਼ (ਕਾਮਦੇਵ) ਅਤੇ ਇੰਦ੍ਰ.

ਬ੍ਰਿਖਾਕਪਿ: ਸੰ. ਵਿਸ਼੍ਕਾਖਿ. ਜੋ वृध. (ਧਰਮ ਨੂੰ) ਨਹੀਂ ਕੰਪਨ ਕਰਦਾ. ਜਿਸ ਦਾ ਧਰਮ ਨਹੀਂ ਹਿੱਲਦਾ, ਸ਼ਿਵ। ੨. ਵਿਸ਼ਨੁ। ੩. ਇੰਦ੍ਰ। ੪. ਅਗਨਿ.

ਬ੍ਰਿਖਾਬ੍ਰਿਖ: ਦੇਖੋ, ਬ੍ਰਿਖਾ.

ਬ੍ਰਿਛ: ਦੇਖੋ, ਬਿਰਛ ਅਤੇ ਵਿਰਛ.

ਬ੍ਰਿਛਕੰਦਨਿ: ਵ੍ਰਿਕ੍ਸ਼ ਨੂੰ ਉਖੇੜਨ ਵਾਲੀ ਨਦੀ. (ਸਨਾਮਾ)

ਬ੍ਰਿਛਕੰਦਨਿਨ: (ਵ੍ਰਿਕ੍ਸ਼ਕੰਦਨੀ (ਨਦੀ) ਨੂੰ ਧਾਰਨ ਵਾਲੀ ਪ੍ਰਿਥਵੀ. (ਸਨਾਮਾ)

ਬ੍ਰਿਛਜਬਾਸਨੀ: ਵ੍ਰਿਕ੍ਸ਼ ਤੋਂ ਪੈਦਾ ਹੋਇਆ ਕੁੰਦਾ, ਉਸ ਵਿੱਚ ਵਸਣ ਵਾਲੀ ਬੰਦੂਕ. (ਸਨਾਮਾ)

ਬ੍ਰਿਜ: ਸੰ. ਵ੍ਰਜ. ਸੰਗਜਾ- ਸਮੁਦਾਯ. ਸਮੂਹ। ੨. ਗਊਆਂ ਦਾ ਵਾੜਾ। ੩. ਮਥੁਰਾ ਦੇ ਪਾਸ ਦਾ ਇੱਕ ਦੇਸ਼, ਜਿਸ ਵਿੱਚ ਕਿਸੇ ਸਮੇਂ ਬਹੁਤ ਗੋਵਾੜੇ ਸਨ। ੪. ਮਾਰਗ. ਰਾਸ੍ਤਾ. ਰਾਹ.

ਬ੍ਰਿਜਨਾਇਕ, ਬ੍ਰਿਜਨਾਥ: ਵ੍ਰਜਨਾਯਕ. ਵ੍ਰਜ ਭੂਮਿ ਦਾ ਸ੍ਵਾਮੀ ਕ੍ਰਿਸ਼ਨਦੇਵ. "ਲੈ ਤਿਯ ਬਾਲਕ ਦੈ ਦਿਜ ਕੋ ਤਬ ਸ੍ਰੀ ਬ੍ਰਿਜਨਾਥ ਬਡੋ ਜਸ ਪਾਯੋ." (ਕ੍ਰਿਸਨਾਵ) ੨. ਵ੍ਰਜ (ਸਮੂਹ) ਦਾ ਸ੍ਵਾਮੀ, ਦੇਖੋ, ਬ੍ਰਿਜ. "ਪ੍ਰੇਮ ਬਿਨਾ ਕਵਿ ਸਜਾਨ ਭਨੈ ਕਰਿ ਕਾਹੂੰ ਕੇ ਮੈ ਬ੍ਰਿਜਨਾਇਕ ਆਯੋ?" (ਕ੍ਰਿਸਨਾਵ)

ਬ੍ਰਿਜਨਾਦ: ਇਸ ਦਾ ਅਸਲ ਨਾਮ "ਵੀਯੰਨਾਦ" ਹੈ. ਦੈਤਜਰਾਜ ਭੀਮਨਾਦ ਦਾ ਭਾਈ, ਜਿਸ ਦਾ ਮਹਾਕਾਲ ਨਾਲ ਯੁੱਧ ਹੋਇਆ. ਦੇਖੋ, ਸਰਬਲੋਹ ਅਤੇ ਚਰਿਤ੍ਰ ੪੦੫.

ਬ੍ਰਿਜਭਾਮਨਿ: ਵ੍ਰਜ ਦੀਆਂ ਇਸਤ੍ਰੀਆਂ. ਗੋਪੀਆਂ. "ਬ੍ਰਿਜਭਾਮਨਿ ਆ ਪਹੁਚੀ ਦਵਰੀ." (ਕ੍ਰਿਸਨਾਵ)

ਬ੍ਰਿਜਭੂਖਨ: ਵ੍ਰਜ ਦਾ ਭੂਸ਼ਣ (ਗਹਿਣਾ). ਵ੍ਰਜਭੂਮਿ ਨੂੰ ਸ਼ੋਭਾ ਦੇਣ ਵਾਲਾ. ਕ੍ਰਿਸ਼ਨਦੇਵ. "ਕੰਚਨ ਕੀ ਜਹਿਂ ਦ੍ਵਾਰਵਤੀ ਤਿਹ ਠਾਂ ਜਬਹੀ ਬ੍ਰਿਜਭੂਖਨ ਆਯੋ." (ਕ੍ਰਿਸਨਾਵ)

ਬ੍ਰਿਜਭੂਮਿ: ਵ੍ਰਜਭੂਮਿ ਦੇਖੋ, ਬ੍ਰਿਜ ੩.

ਬ੍ਰਿਜਰਾਜ: ਦੇਖੋ, ਬ੍ਰਿਜਨਾਥ.

ਬ੍ਰਿਣ: ਸੰ. ਵ੍ਰਣ. ਸੰਗਜਾ- ਘਾਉ. ਜ਼ਖ਼ਮ। ੨. ਫੋੜਾ.

ਬ੍ਰਿਣੀ: ਵਿ- ਵ੍ਰਣ (ਜ਼ਖ਼ਮ) ਵਾਲੇ. ਘਾਇਲ. ਵ੍ਰਣੀ. "ਜੇ ਅਬ੍ਰਿਣੀ ਠਾਢੇ ਹੁਤੇ, ਬ੍ਰਿਣੀ ਕਰੇ ਕਰਤਾਰ." (ਚਰਿਤ੍ਰ ੧੨੮)

ਬ੍ਰਿਤ: ਦੇਖੋ, ਵ੍ਰਿਤ। ੨. ਸੰ. वृत्र- ਵ੍ਰਿਤ੍ਰ. ਇੱਕ ਦੈਤ, ਜਿਸ ਨੂੰ ਇੰਦ੍ਰ ਨੇ ਮਾਰਿਆ. "ਜਜੋਂ ਬ੍ਰਿਤ ਕੋ ਪੁਰਹੂਤ ਗਿਰਾਵਾ." (ਨਾਪ੍ਰ)

ਬ੍ਰਿਤਹਾ: ਵ੍ਰਿਤ੍ਰ ਦੈਤ ਦੇ ਮਾਰਨ ਵਾਲਾ ਇੰਦ੍ਰ.

ਬ੍ਰਿਤਨ: वृत्रहन. ਵ੍ਰਿਤ੍ਰਹਨ. ਵ੍ਰਿਤ੍ਰ ਦੈਤ ਨੂੰ ਮਾਰਨ ਵਾਲਾ ਇੰਦ੍ਰ. "ਬ੍ਰਿਤਨ ਬਿਮੋਚਨਿ." (ਅਕਾਲ) ਇੰਦ੍ਰ ਨੂੰ ਛੁਡਾਉਣ ਵਾਲੀ.

ਬ੍ਰਿਤਰ, ਬ੍ਰਿਤਰਾਸੁਰ, ਬ੍ਰਿਤਰਾਯ: ਵ੍ਰਿਤ੍ਰ ਅਸੁਰ. ਦੈਤਾਂ ਦਾ ਰਾਜਾ ਵ੍ਰਿਤ੍ਰ. ਦੇਖੋ, ਵ੍ਰਿਤ੍ਰ. "ਮਨੋ ਬੀਰ ਬ੍ਰਿਤਰਾਸੁਰੇ ਇੰਦ੍ਰ ਜੈਸੇ." (ਪਰਸਰਾਮਾਵ) "ਮਨੋਜੁੱਧ ਇੰਦ੍ਰੰ ਜੁਟਯੋ ਬ੍ਰਿੱਤਰਾਯੰ." (ਵਿਚਿਤ੍ਰ)

ਬ੍ਰਿਤਾਂਤ: ਦੇਖੋ, ਵ੍ਰਿੱਦਾਂਤ.

ਬ੍ਰਿੱਤਿ: ਦੇਖੋ, ਵ੍ਰਿੱਤਿ.

ਬ੍ਰਿਥਾ: ਦੇਖੋ, ਬਿਰਥਾ। ੨. ਵ੍ਯਥਾ. ਪੀੜਾ. ਵ੍ਯਾਧਿ. "ਬ੍ਰਿਥਾ ਨ ਬਿਆਪੈ ਕਾਈ." (ਗਉ ਮਃ ੫) "ਬ੍ਰਿਥਾ ਅਨੁਗ੍ਰਹੰ ਗੋਬਿੰਦਹ, ਜਸ੍ਯੰ ਸਿਮਰਣ ਰਿਦੰਤਰਹ." (ਸਹਸ ਮਃ ੫) ਜਿਸ ਦੇ ਰਿਦੇ ਕਰਤਾਰ ਦਾ ਸਮਰਣ ਹੈ, ਉਸ ਨੂੰ ਪੀੜ ਭੀ ਵਾਹਗੁਰੂ ਦੀ ਕ੍ਰਿਪਾ ਭਾਸਦੀ ਹੈ। ੩. ਵ੍ਰਿਥਾ. ਵ੍ਯਰਥੰ. ਨਿਸ਼ਫਲ. "ਬਿਨੁ ਸਿਮਰਨ ਦਿਨ ਰੈਨਿ ਬ੍ਰਿਥਾ ਬਿਹਾਇ." (ਸੁਖਮਨੀ) "ਬ੍ਰਿਥਾ ਜਾਤ ਹੈ ਦੇਹ." (ਰਾਮ ਮਃ ੯)

ਬ੍ਰਿਥਾਨਦ: ਵ੍ਰਿਥਾ- ਆਨੰਦ. ਨਿਰਰਥਕ ਭੋਗ ਆਦਿ ਦੇ ਸੁਖ. "ਸਗਲੀ ਅਉਧ ਬ੍ਰਿਥਾਨਦ." (ਸਾਰ ਮਃ ੫)

ਬ੍ਰਿਥਾਰੀ: ਵ੍ਯਥੰਤਾ ਵਾਲੀ, ਨਿਕੰਮੀ. ਬੇਫਾਇਦਾ. "ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ." (ਧਨਾ ਮਃ ੫)

ਬ੍ਰਿਥਾਲਾਪ: ਵ੍ਰਿਥਾ- ਆਲਾਪ. ਨਿਕੰਮਾ ਬਕਬਾਦ. ਨਿਰਰਥਕ ਬਾਤਚੀਤ.

ਬ੍ਰਿਦ: ਦੇਖੋ, ਬਿਰਦ। ੨. ਦੇਖੋ, ਵ੍ਰਿੱਧ। ੩. ਦੇਖੋ, ਵ੍ਰਿੰਦ.

ਬ੍ਰਿੰਦ: ਦੇਖੋ, ਵ੍ਰਿੰਦ.

ਬ੍ਰਿੰਦਲ: ਸੰ. ਵੰਜੁਲ. ਸੰਗ੍ਯਾ- ਤਿਨਿਸ਼ ਬਿਰਛ. Dalbergia Ujjeineusis। ੨. ਅਸ਼ੋਕ ਬਿਰਛ. ਦੇਖੋ, ਅਸ਼ੋਕ ੩। ੩. ਬੈਂਤ ਦੀ ਬੇਲ. ਬੇਤ. ਵੇਤ੍ਰ.

ਬ੍ਰਿੰਦਾ: ਸੰ. वृन्दा. ਵ੍ਰਿੰਦਾ. ਤੁਲਸੀ। ੨. ਕੇਦਾਰ ਦੀ ਪੁਤ੍ਰੀ, ਜਿਸ ਦੇ ਤਪਸ੍ਥਾਨ ਦਾ ਨਾਮ ਬ੍ਰਿੰਦਾ (ਵ੍ਰਿੰਦਾ) ਵਨ ਹੋਇਆ। ੩. ਰਾਧਿਕਾ. ਇਸ ਦੀ ਕ੍ਰੀੜਾ ਦਾ ਅਸਥਾਨ ਹੋਣ ਕਰਕੇ ਭੀ ਬ੍ਰਿੰਦਾਬਨ ਸੰਗ੍ਯਾ ਹੈ.

ਬ੍ਰਿੰਦਾਬਨ: ਦੇਖੋ, ਬ੍ਰਿੰਦਾ ੨. ਅਤੇ ੩। ੨. ਦੇਖੋ, ਬਿੰਦ੍ਰਾਬਨ.

ਬ੍ਰਿੰਦਾਰਕ: ਸੰ. वृन्दारक- ਵ੍ਰਿੰਦਾਰਕ. ਵਿ- ਸੁੰਦਰ. ਖ਼ੂਬਸੂਰਤ। ੨. ਸੰਗ੍ਯਾ- ਦੇਵਤਾ. ਸੁਰ। ੩. ਸੰ. ਵ੍ਰਿੰਤਾਕ (वृन्ताक). ਬੈਂਗਣ. ਬਤਾਊਂ. ਦੇਖੋ, ਬੈਂਗਣ. "ਬ੍ਰਿੰਦਾਰਕ ਦਿਨ ਏਕ ਪਕਾਏ." (ਰੁਦ੍ਰਾਵ)

ਬ੍ਰਿੰਦੇਲਤਾ: ਸੰਗ੍ਯਾ- ਵਿਦ੍ਰੁਮਲਤਾ. ਮੂੰਗੇ ਦੀ ਗੇਲੀ. "ਕਿ ਬ੍ਰਿੰਦੇਲਤਾਛੈ." (ਦੱਤਾਵ) ੨. ਬੈਤ ਦੀ ਬੇਲ. ਦੇਖੋ, ਬ੍ਰਿੰਦਲ ੩.

ਬ੍ਰਿਧ: ਦੇਖੋ, ਬਿਰਧ। ੨. ਬਾਬਾ ਬੁੱਢਾ. "ਇਮ ਬ੍ਰਿਧ ਕੇ ਗੁਨ ਬ੍ਰਿੱਧ ਭਨੇ ਤਬ." (ਗੁਪ੍ਰਸੂ)

ਬ੍ਰਿਧੈਯਾ: ਵਿ- ਵ੍ਰਿੱਧ ਕਰੈਯਾ. ਵਧਾਉਣ ਵਾਲਾ. "ਬ੍ਰਿਧੈਯਾ ਸੁਖ ਸਾਜ ਕੇ." (ਗੁਪ੍ਰਸੂ)

ਬ੍ਰਿੱਧ: ਦੇਖੋ, ਬਿਰਧ ਅਤੇ ਵ੍ਰਿੱਧ। ੨. वृद्ध. ਬ੍ਰਹਮਾ. "ਦਿਸੇਸਨ ਬ੍ਰਿੱਧ." (ਰਾਮਾਵ) ਦਿਕਪਾਲਾਂ ਨੇ ਬ੍ਰਹਮਾ ਰੂਪ ਜਾਣੀ.

ਬ੍ਰਿੱਧਸਿਰ: ਸੰਗ੍ਯਾ- ਬ੍ਰਹਮਾ. ਚਤੁਰਾਨਨ. "ਥਕਗਯੋ ਬ੍ਰਿੱਧਸਿਰ ਲਿਖਤ ਕਿੱਤਿ." (ਦੱਤਾਵ)

ਬ੍ਰਿੱਧ ਨਰਾਜ: ਦੇਖੋ, ਨਰਾਜ ਬ੍ਰਿੱਧ.

ਬ੍ਰਿੱਧਮਾਤਾ: ਵ੍ਰਿੱਧ ਮਾਂ. ਦਾਦੀ.

ਬ੍ਰਿੱਧਿ: ਦੇਖੋ, ਵ੍ਰਿੱਧਿ.

ਬ੍ਰਿੜਲਾਛ: ਬਿਡਾਲਾਕ੍ਸ਼. ਬਿੱਲੇ ਜੇਹੀਆਂ ਅੱਖਾਂ ਵਾਲਾ ਇੱਕ ਦੈਤ, ਜਿਸ ਨੂੰ ਦੁਰਗਾ ਨੇ ਮਾਰਿਆ. "ਬ੍ਰਿੜਲਾਛ ਬਿਹੰਡਣਿ." (ਅਕਾਲ)

ਬ੍ਰੀਹੀ: ਦੇਖੋ, ਵ੍ਰੀਹਿ.

ਬ੍ਰੀੜਾ: ਸੰ. व्रीड़ा. ਵ੍ਰੀੜਾ. ਸੰਗ੍ਯਾ- ਲੱਜਾ. ਸ਼ਰਮ. "ਬ੍ਰੀੜਾ ਤਜਿ ਭਾਜਿਆ." (ਨਾਪ੍ਰ)

ਬ੍ਰੂ: ਸੰ. ਧਾ- ਬੋਲਣਾ, ਵਖਿਆਨ ਕਰਨਾ.

ਬ੍ਰੂਥਨੀ: ਵਰੂਥਿਨੀ ਵਰੂਥ (ਕਵਚ) ਧਾਰਨ ਵਾਲੀ ਸੈਨਾ. ਜਿਰਹ ਬਕਤਰ ਵਾਲੀ ਫੌਜ.

ਬ੍ਰੂਥਨੀਸ: ਵਰੂਥਿਨੀ (ਸੈਨਾ) ਦਾ ਈਸ਼ (ਸ੍ਵਾਮੀ). ਸੈਨਾਪਤਿ. ਸਿਪਹਸਾਲਾਰ। ੨. ਰਾਜਾ. "ਬ੍ਰੂਥਨੀਸ ਕੀ ਅਸੇਸ ਸੈਨ ਗਾਹ ਹੈਂ." (ਪਾਰਸਾਵ)

ਭ: ਪੰਜਾਬੀ ਵਰਣਮਾਲਾ ਦਾ ੨੯ ਵਾਂ ਅੱਖਰ, ਇਸ ਦਾ ਉੱਚਾਰਣ ਅਸਥਾਨ ਹੋਠ ਹੈ. ਪੰਜਾਬੀ ਵਿੱਚ ਇਹ ਬ ਦੀ ਥਾਂ ਭੀ ਵਰਤੀਦਾ ਹੈ, ਜੈਸੇ ਸਰਬ ਦੀ ਥਾਂ ਸਭ, ਅਤੇ ਬਹਿਸ਼ਤ ਦੀ ਥਾਂ ਭਿਸਤ. ਕਦੇ ਕਦੇ ਪ. ਦੀ ਥਾਂ ਭੀ ਆ ਜਾਂਦਾ ਹੈ, ਜਿਵੇਂ ਅਪਿ ਦੀ ਥਾਂ ਭੀ ਆਦਿ। ੨. ਸੰ. ਸੰਗ੍ਯਾ- ਪ੍ਰਕਾਸ਼. ਰੌਸ਼ਨੀ। ੩. ਨਕ੍ਸ਼ਤ੍ਰ. ਤਾਰਾ। ੪. ਭ੍ਰਮਰ. ਭੌਰ। ੫. ਭੁਲੇਖਾ. ਭ੍ਰਮ। ੬. ਸ਼ੁਕ੍ਰਾਚਾਰਯ। ੭. ਭਗਣ (ऽ।।) ਦਾ ਸੰਖੇਪ। ੮. ਪਹਾੜ.

ਭਉ: ਸੰ. ਭਯ. ਸੰਗ੍ਯਾ- ਭੈ. ਡਰ. ਖ਼ੌਫ਼. "ਨਿਰਭਉ ਨਿਰਵੈਰੁ." (ਜਪੁ) ੨. ਸੰ. ਭ੍ਰਮਣ. ਭਉਣਾ. "ਭਉਕਿ ਮਰਹਿ ਭਉ ਭਉ ਭਉਹਾਰਾ." (ਮਾਰੂ ਸੋਲਹੇ ਮਃ ੧) ਭਉਂਕਕੇ ਭ੍ਰਮਦਾ ਹੋਇਆ (ਚੌਰਾਸੀ ਦੇ ਗੇੜ ਵਿੱਚ) ਭੈਭੀਤ ਹੋਇਆ ਮਰਦਾ ਹੈ। ੩. ਸੰ. ਭਵ. ਜਨਮ. ਭਾਵ- ਆਵਾਗਮਨ (ਗੌਣ). "ਭਉਖੰਡਨੁ ਦੁਖਭੰਜਨੋ." (ਗਉ ਮਃ ੫) "ਡਰੁ ਭ੍ਰਮੁ ਭਉ ਦੂਰਿ ਕਰਿ." (ਮਃ ੪. ਵਾਰ ਸ੍ਰੀ) ਦੇਖੋ, ਭ੍ਰਮਭਉ। ੪. ਭਵਜਲ (ਸੰਸਾਰਸਾਗਰ) ਦਾ ਸੰਖੇਪ. "ਭਉ ਦੁਤਰ ਤਾਰ." (ਗਉ ਮਃ ੪) "ਹਰਿ ਜਪਿ ਭਉਬਿਖਮ ਤਰ." (ਮਃ ੪. ਵਾਰ ਸ੍ਰੀ) ੫. ਸੰ. ਭਾਗ. ਹਿੱਸਾ. "ਇਕੁ ਭਉ ਲਥੀ ਨਾਤਿਆ, ਦੁਇ ਭਾ ਚੜੀਅਸੁ ਹੋਰ." (ਮਃ ੧. ਵਾਰ ਸੂਹੀ)

ਭਉੱਹ: ਸੰਗ੍ਯਾ- ਭ੍ਰੂ. ਭ੍ਰਿਕੁਟਿ. ਦੇਖੋ, ਭੌਂਹ.

ਭੁਹਾਰਾ, ਭਉਹਾਲਾ: ਵਿ- ਭੈ ਵਾਲਾ. ਭਯਭੀਤ ਹੋਇਆ. ਦੇਖੋ, ਭਉ ੨। ੨. ਭੈਦਾਇਕ. ਭਯਾਵਨਾ. ਡਰਾਵਨਾ.

ਭਉਕਣਾ, ਭਉਕਨਾ: ਕ੍ਰਿ- ਭਸ਼ਣ. (ਸੰ. ਭਸ਼੍ ਭੌਂਕਣਾ) ਕੁੱਤੇ ਵਾਂਗ ਬੋਲਣਾ. ਭਾਵ- ਵ੍ਰਿਥਾ ਬਕਬਾਦ ਕਰਨਾ। ੨. ਵਿ- ਭਉਕਣ ਵਾਲਾ. ਬਕਬਾਦੀ. "ਕੂਕਰੁ ਭਉਕਨਾ ਕਰੰਗ ਪਿਛੈ ਉਠਿਧਾਇ." (ਸ. ਕਬੀਰ) ੩. ਭਾਵ- ਲਾਲਚੀ ਜੀਵ. "ਇਹੁ ਤਨੁ ਭਉਕਣਾ." (ਸ. ਫਰੀਦ) ਤਨ ਤੋਂ ਭਾਵ ਸੰਸਾਰ ਹੈ.

ਭਉਕਿ: ਕ੍ਰਿ. ਵਿ- ਭੌਂਕਕੇ. "ਭਉਕਿ ਮੁਏ ਬਿਲਲਾਇ." (ਮਃ ੩. ਵਾਰ ਬਿਹਾ)

ਭਉਖੰਡਨੁ: ਵਿ- ਆਵਾਗਮਨ ਮਿਟਾਉਣ ਵਾਲਾ. ਭਵਖੰਡਨ। ੨. ਭੈ ਦੂਰ ਕਰਨ ਵਾਲਾ.

ਭਉਜਲ, ਭਉਜਲੁ: ਸੰ. ਭਵਜਲ. ਸੰਗ੍ਯਾ- ਹਸ੍ਤੀ (ਅਸ੍ਤਿਤ੍ਵ) ਰੂਪ ਹੈ ਜਲ ਜਿਸ ਵਿੱਚ. ਸੰਸਾਰਸਾਗਰ. "ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ." (ਵਾਰ ਜੈਤ)

ਭਉਜਲਿ: ਭਵਜਲ (ਸੰਸਾਰ ਮੁੰਦਰ) ਵਿੱਚ "ਭੁਜਲਿ ਡੁਬਦਿਆਂ ਕਢਿ ਲਏ." (ਮਃ ੪. ਵਾਰ ਗਉ ੧)

ਭਉਜਲੁ: ਦੇਖੋ, ਭਉਜਲ.

ਭਉਣ: ਸੰ. ਭ੍ਰਮਣ. ਸੰਗ੍ਯਾ- ਚਕ੍ਰ. ਗੇੜਾ. ਗਰਦਿਸ਼. "ਸੁਖ ਸਹਜ ਆਨੰਦ ਗ੍ਰਿਹਭਉਣ." (ਭੈਰ ਮਃ ੫) ਗ੍ਰਹਚਕ੍ਰ. ਰਾਸ਼ਿਚਕ੍ਰ।

੨. ਸੰ. ਭਵਨ. ਘਰ. ਰਹਿਣ ਦੀ ਥਾਂ. "ਨਮੋ ਸਰਬਭਉਣੇ." (ਜਾਪੁ) ਸਭ ਦੇ ਨਿਵਾਸ ਦਾ ਅਸਥਾਨ. ਜਿਸ ਵਿੱਚ ਸਭ ਰਹਿੰਦੇ ਹਨ। ੩. ਸੰ. ਭਵਨ. ਸੰਸਾਰ. ਜਗਤ. "ਤੂ ਨਾਇਕੁ ਸਗਲ ਭਉਣ." (ਮਃ ੫. ਵਾਰ ਮਾਰੂ ੨)

ਭਉਦਾ: ਕ੍ਰਿ. ਵਿ- ਭ੍ਰਮਣ ਕਰਦਾ. ਘੁੰਮਦਾ. "ਭਉਦੇ ਫਿਰਹਿ ਬਹੁ ਮੋਹ ਪਿਆਸਾ." (ਮਾਰੂ ਸੋਲਹੇ ਮਃ ੩)

ਭਉਦੀਆ: ਕ੍ਰਿ. ਵਿ- ਭ੍ਰਮਣ ਕਰਦੀਆਂ. "ਪੰਖੀ ਭਉਦੀਆ ਲੈਨਿ ਨ ਸਾਹ." (ਵਾਰ ਆਸਾ)

ਭਉਨ: ਦੇਖੋ, ਭਉਣ. "ਕ੍ਰਿਪਾ ਤੇਰੀ ਤਰੇ ਭਉਨ." (ਆਸਾ ਛੰਤ ਮਃ ੫)

ਭਉਭਾਉ: ਭਯ- ਭਾਵ. ਡਰ ਅਤੇ ਪ੍ਰੇਮ. ਕਰਤਾਰ ਦਾ ਭੈ ਅਤੇ ਸ਼੍ਰੱਧਾ. ਦੇਖੋ, ਪਤ ੩.

ਭਉਭੰਜਨ, ਭਉਭੰਜਨੁ: ਦੇਖੋ, ਭਉਖੰਡਨੁ. "ਨਾਨਕ ਸਬਦਿ ਮਿਲੈ ਭਉਭੰਜਨ." (ਵਡ ਛੰਤ ਮਃ ੩)

ਭਉਰ, ਭਉਰਾ: ਸੰ. ਭ੍ਰਮਰ. ਸੰਗਯਾ- ਫੁੱਲਾਂ ਉੱਪਰ ਭ੍ਰਮਣ ਕਰਨ ਵਾਲਾ ਭੌਰਾ. ਮਧੁਕਰ. "ਭਉਰ ਉਸਤਾਦੁ ਨਿਤ ਭਾਖਿਆ ਬੋਲੇ." (ਸ੍ਰੀ ਮਃ ੧) ੨. ਭਾਵ ਸਾਰਗ੍ਰਾਹੀ ਪੁਰਸ। ੩. ਜੀਵਾਤਮਾ, ਜੋ ਅਨੇਕ ਦੇਹਾਂ ਵਿੱਚ ਭ੍ਰਮਣ ਕਰਦਾ ਹੈ. "ਭਉਰ ਸਿਧਾਇਆ." (ਵਾਰ ਆਸਾ)

ਭਉਰਿ, ਭਉਰੀ: ਸੰ. ਭ੍ਰਮਰੀ. ਸੰਗਯਾ- ਭਉਰੇ (ਮਧੁਕਰ) ਦੀ ਮਦੀਨ। ੨. ਭੁਆਟਣੀ. ਘੁਮੇਰੀ. "ਤਾਜੀ ਭਉਰਿ ਪਿਲੰਗੀ." (ਕਲਕੀ) ਚਿੱਤੇ ਵਾਂਙ ਭ੍ਰਮਰੀ ਖਾਣ ਵਾਲੇ ਘੋੜੇ. "ਗਾਇਕੈ ਗ੍ਵਾਰਨਿ ਲੇਤ ਹੈਂ ਭਉਰੈਂ." (ਕ੍ਰਿਸਨਾਵ) ੩. ਜਲ ਵਿੱਚ ਪਈ ਘੁਮੇਰੀ. ਚਕ੍ਰਿਕਾ। ੪. ਘੋੜੇ ਦੇ ਸ਼ਰੀਰ ਪੁਰ ਚਕ੍ਰਾਕਾਰ ਰੋਮਾਂ ਦਾ ਚਿੰਨ੍ਹ ਸਾਮੁਦ੍ਰਿਕ ਅਨੁਸਾਰ ਇਸ ਦੇ ਅਨੇਕ ਭੇਦ ਅਤੇ ਸ਼ੁਭ ਅਸ਼ੁਭ ਫਲ ਲਿਖੇ ਹਨ। ੫. ਦੇਖੋ, ਭੌਰੀ.

ਭਉਰੁ: ਦੇਖੋ, ਭਉਰ.

ਭਉਰੂ: ਵਿ- ਭ੍ਰਮਣ ਕਰਨ ਵਾਲਾ. ਘੁੰਮਣ ਵਾਲਾ। ੨. ਸੰਗਯਾ- ਵਾਉਵਰੋਲਾ. ਵਾਤਚਕ੍ਰ। ੩. ਕੁੰਭਕਾਰ (ਘੁਮਿਆਰ) ਦਾ ਚੱਕ. ਸੰ. ਭ੍ਰਮਿ.

ਭਊਆ: ਵਿ- ਭਾਉਣ ਵਾਲਾ. ਭਾਵਨ. "ਮਨਭਊਆ." (ਕ੍ਰਿਸਨਾਵ) ਮਨਭਾਉਂਦਾ.

ਭਇ: ਸੰ. ਭਯ. ਸੰਗਯਾ- ਭੈ. ਡਰ. ਖ਼ੌਫ਼.

ਭਇਓ, ਭਇਅ: ਹੋਇਆ. ਭਇਆ. (ਸੰ. ਭੂ. ਹੋਣਾ, ਉਤਪੰਨ ਹੋਣਾ) "ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ." (ਸੋਰ ਮਃ ੫) "ਪਸੁ ਪਰੇਤ ਸੁਰਿ ਨਰ ਭਇਅ." (ਸਵੈਯੇ ਮਃ ੪. ਕੇ)

ਭਇਆ: ਦੇਖੋ, ਭਇਓ. "ਭਇਆ ਮਨੂਰ ਕੰਚਨੁ ਫਿਰਿ ਹੋਵੈ." (ਮਾਰੂ ਮਃ ੧) ੨. ਸੰਗਯਾ- ਭਯ. ਡਰ. "ਮਹਾ ਬਿਕਟ ਜਮਭਇਆ." (ਸ੍ਰੀ ਮਃ ੫) ੩. ਸੰਬੋਧਨ. ਹੇ ਭੈਯਾ! ਭਾਈ! "ਤਿਨ ਕੀ ਸੰਗਤਿ ਖੋਜੁ ਭਇਆ." (ਰਾਮ ਅਃ ਮਃ ੧

ਭਇਆਣ, ਭਇਆਨ, ਭਇਆਨਕ: ਸੰ. ਭਯਾਨਕ. ਵਿ- ਡਰਾਉਣਾ. ਜਿਸ ਤੋਂ ਭੈ ਆਵੇ. "ਜਹ ਮਹਾ ਭਇਆਨ ਦੂਤ ਜਮ ਦਲੈ." (ਸੁਖਮਨੀ) ੨. ਸੰ. ਭਯਾਤੁਰ. ਡਰਿਆ ਹੋਇਆ. "ਸਗਲ ਭਇਮਾਨ ਕਾ ਭਉ ਨਸੈ." (ਭੈਰ ਮਃ ੫) "ਜੋਇ ਦੂਤ ਮੁਹਿ ਬਹੁਤ ਸੰਤਾਵਤ, ਤੇ ਭਇਆਨਕ ਭਇਆ." (ਸੋਰ ਮਃ ੫) ਯਮਦੂਤ ਭਯਾਤੁਰ ਹੋ ਗਏ ਹਨ.

ਭਇਅੰਤਿ: ਭਵਤਿ. ਹੁੰਦੀ ਹੈ. "ਰਿਦ ਭਇਅੰਤਿ ਸਾਂਤਿ." (ਕਾਨ ਮਃ ੫) ੨. ਰਿਦਭਯੰ ਅਤਿਸ਼ਾਮਜਤਿ. ਚਿੱਤ ਦਾ ਡਰ ਬਿਲਕੁਲ ਨਾਸ਼ ਹੋ ਜਾਂਦਾ ਹੈ.

ਭਇਲਾ: ਭਇਆ. ਹੋਇਆ. ਦੇਖੋ, ਭੈਇਲਾ.

ਭਈ: ਹੋਈ. ਹੁਈ. (ਸੰ. ਭੂ. ਧਾ- ਹੋਣਾ). "ਭਈ ਪਰਾਪਤਿ ਮਾਨੁਖਦੇਹੁਰੀਆ." (ਸੋਪੁਰਖੁ)

ਭਈਆ: ਭਇਆ. ਪਸੰਦ ਆਇਆ. "ਛੋਡਿ ਨ ਸਕੈ, ਬਹੁਤ ਮਨਿ ਭਈਆ." (ਬਿਲਾ ਅਃ ਮਃ ੪) ੨. ਸੰਗਯਾ- ਭ੍ਰਾਤਾ. ਭਾਈ. "ਸੋ ਜਨ ਰਾਮ ਭਗਤ ਨਿਜਭਈਆ." (ਬਿਲਾ ਅਃ ਮਃ ੪) ੩. ਸੰਬੋਧਨ ਹੇ ਭੈਯਾ! ਐ ਭਾਈ! "ਕਾਹੇ ਭਈਆ! ਫਿਰਤੌ ਫੂਲਿਆ ਫੂਲਿਆ?" (ਸੋਰ ਕਬੀਰ) ੪. ਹੁੰਦਾ. ਹੁੰਦੀ. ਹੋਤਾ. ਹੋਤੀ. "ਹਰਿਗੁਣ ਕਹਿਤੇ ਤ੍ਰਿਪਤਿ ਨ ਭਈਆ." (ਬਿਲਾ ਅਃ ਮਃ ੪)

ਭਈਆਦੂਜ: ਦੇਖੋ, ਭਾਈਦੂਜ.

ਭਏ: ਹੋਏ. ਹੁਏ. (ਸੰ. ਭੂ. ਹੋਣਾ) "ਏਕ ਸਿਵ ਭਏ, ਏਕ ਗਏ, ਏਕ ਫੇਰ ਭਏ." (ਅਕਾਲ) ੨. ਸੰਗਯਾ- ਭਾਈ. ਭ੍ਰਾਤਾ. "ਲੋਭਤਾ ਕੇ ਜਏ ਹੈਂ, ਕਿ ਮਮਤਾ ਕੇ ਭਏ ਹੈਂ." (ਚਰਿਤ੍ਰ ੨੬੬) ਲਾਲਚ ਕੇ ਪੁਤ੍ਰ ਅਤੇ ਮਮਤਾ ਦੇ ਭਾਈ। ੩. ਕ੍ਰਿ. ਵਿ- ਉੱਪਰ. ਉੱਤੇ. "ਏਕ ਦਿਵਸ ਜਾਨਕਿ ਤ੍ਰਿਯ ਸਿਖਾ। ਭੀਤਿ ਭਏ ਰਾਵਨ ਕਹਿ ਲਿਖਾ." (ਰਾਮਾਵ) ਇਸਤ੍ਰੀਆਂ ਨੂੰ ਸਿਖ੍ਯਾ ਦੇਣ ਲਈ ਰਾਵਣ ਦਾ ਚਿਤ੍ਰ ਸੀਤਾ ਨੇ ਕੰਧ ਉੱਤੇ ਲਿਖਿਆ। ੪. ਸੇ. ਦ੍ਵਾਰਾ. ਕਰਕੇ. ਸਾਥ. ਨਾਲ. "ਮਘਵਾ ਮਨੁ ਵਜ੍ਰ ਭਏ ਨਗ ਮਾਰਜੋ." (ਕ੍ਰਿਸਨਾਵ) ਵਜ੍ਰ ਨਾਲ ਪਹਾੜ ਚੂਰ ਕੀਤਾ. "ਮੱਤ ਭਈ ਮਦਿਰਾ ਭਏ." (ਚਰਿਤ੍ਰ ੧) ਸ਼ਰਾਬ ਨਾਲ ਮਤਵਾਲੀ ਹੋਈ.

ਭਸ: ਸੰ. भष्- ਧਾ- ਭੌਂਕਣਾ, ਕੁੱਤੇ ਵਾਂਙ ਬੋਲਣਾ, ਨਿੰਦਾ ਕਰਨਾ। ੨. भस्- ਭਸ. ਧਾ- ਚਮਕਣਾ, ਝਿੜਕਣਾ, ਚੱਬਣਾ, ਨਿਗਲਣਾ। ੩. ਦੇਖੋ, ਭਸੁ ੨.

ਭਸਡਕਾਰ: ਸੰ. ਭ੍ਰਿਸ਼ਦ੍ਰਗਾਹ. ਸੰਗਯਾ- ਮੇਦੇ ਵਿੱਚ ਅਣਪਚ ਹੋਣ ਤੋਂ ਮੂੰਹ ਦੇ ਰਾਹ ਦੁਰਗੰਧ ਵਾਲੀ ਪੌਣ ਦਾ ਨਿਕਲਣਾ. ਦੇਖੋ, ਉਦਗਾਰ। ੨. ਭ੍ਰਸ਼੍ਟੋਦ੍ਗਾਰ. ਗੰਦਾ ਡਕਾਰ.

ਭਸਡੀ: ਦੇਖੋ, ਭਸੁਡੀ.

ਭਸਨਾ: ਸੰ. भस्मन्- ਭਸਮਨ. ਸੰਗਯਾ- ਸੁਆਹ. ਭਸਮ. ਰਾਖ। "ਭਏ ਭ੍ਰਮ ਭਸਨਾ." (ਬਿਲਾ ਮਃ ੫)

ਭਸਮ: ਸੁਆਹ. ਰਾਖ. ਦੇਖੋ, ਭਸਨਾ. "ਭਸਮ ਕਰੈ ਲਸਕਰ ਕੋਟਿ ਲਾਖੈ." (ਸੁਖਮਨੀ) "ਭਸਮ ਚੜਾਇ ਕਰਹਿ ਪਾਖੰਡ." (ਰਾਮ ਅਃ ਮਃ ੧) ਬਾਈਬਲ ਦੇ ਦੇਖਣ ਤੋਂ ਪ੍ਰਤੀਤ ਹੁੰਦਾ ਹੈ ਕਿ ਯਹੂਦੀ ਆਦਿ ਮਤਾਂ ਵਾਲੇ ਭੀ ਭਾਰਤ ਦੇ ਸਾਧਾਂ ਵਾਂਙ ਸ਼ਰੀਰ ਤੇ ਭਸਮ ਮਲਦੇ ਸਨ. ਯਥਾ- "ਮੈ ਵਰਤ ਰੱਖਕੇ ਭੂਰੇ ਹੰਢਾਕੇ ਅਤੇ ਸੁਆਹ ਮਲਕੇ ਪਰਮੇਸਰ ਦੀ ਭਾਲ ਕੀਤੀ." Daniel ਕਾਂਡ ੯। ੨. ਧੂਲਿ. ਰਜ. ਧੂੜ. "ਮੈ ਸਤਿਗੁਰਿ ਭਸਮ ਲਗਾਵੈਗੋ." (ਕਾਨ ਅਃ ਮਃ ੪)

ਭਸਮਅੰਧੂਲੇ: ਦੇਖੋ, ਅੰਧੂਲਾ ੨.

ਭਸਮਕ: ਸੰ. ਵਸਮਕ. ਜਠਰਾਗਨਿ ਦੀ ਪ੍ਰਚੰਡਤਾ ਨਾਲ ਕਫ ਖ਼ੁਸ਼ਕ ਹੋਣ ਅਤੇ ਪਿੱਤ ਦੀ ਅਧਿਕਤਾ ਤੋਂ ਪੈਦਾ ਹੋਇਆ ਇੱਕ ਰੋਗ, ਜਿਸ ਕਰਕੇ ਰੋਗੀ ਨੂੰ ਤ੍ਰਿਪਤੀ ਨਹੀਂ ਹੁੰਦੀ ਅਰ ਖਾਧੀ ਗਿਜ਼ਾ ਸ਼ਰੀਰ ਨੂੰ ਪੁਸ਼੍ਟ ਨਹੀਂ ਕਰਦੀ, ਹਰ ਵੇਲੇ ਪਿਆਸ ਲਗੀ ਰਹਿੰਦੀ ਹੈ, ਕਦੇ ਕਦੇ ਮੂਰਛਾ ਹੋ ਜਾਂਦੀ ਹੈ। ੨. ਸੋਨਾ. ਸੁਵਰਣ। ੩. ਵਿੜੰਗ ਦਵਾਈ. Embelia Ribes.

ਭਸਮਤੀ: ਸੰਗਯਾ- ਭਸਮ (ਸੁਆਹ) ਹੋਵੇ ਜਿਸ ਥਾਂ. ਭੱਠੀ. ਚੁਲ੍ਹਾ. ਧੂਣੀ। ੨. ਰਸਵਤੀ. ਪਾਕਸ਼ਾਲਾ. ਰਸੋਈਖਾਨਾ. "ਅੰਡਟੂਕ ਜਾਚੈ ਭਸਮਤੀ." (ਮਲਾ ਨਾਮਦੇਵ) ਬ੍ਰਹਮਾਂਡ ਦਾ ਹੇਠਲਾ ਟੁਕੜਾ ਜਿਸ ਦੀ ਪਾਕਸ਼ਾਲਾ ਹੈ.

ਭਸਮਭੂਤ: ਦੇਖੋ, ਭਸਮੀਭੂਤ.

ਭਸਮੜਿ: ਸੰਗਯਾ- ਭਸਮ (ਸੁਆਹ) ਦੀ ਮਟੀਲੀ. ਖਾਕ ਦੀ ਢੇਰੀ. "ਹੁਇ ਭਸਮੜਿ ਭਉਰੁ ਸਿਧਾਇਆ." (ਵਾਰ ਆਸਾ)

ਭਸਮਾਸੁਰ, ਭਸਮਾਂਗਦ: ਭਸਮਾਸੁਰ (ਜਿਸ ਦਾ ਦੂਜਾ ਨਾਮ ਵ੍ਰਿਕ ਹੈ) ਸ਼ਿਵ ਦਾ ਭਗਤ ਸੀ. ਸ਼ਿਵ ਨੇ ਇਸ ਨੂੰ ਵਰ ਦਿੱਤਾ ਕਿ ਜਿਸ ਦੇ ਸਿਰ ਤੂੰ ਹੱਥ ਰੱਖੇਂਗਾ, ਉਹ ਭਸਮ ਹੋ ਜਾਊ. ਦੇਖੋ, ਭਾਗਵਤ ਸਕੰਧ ੧੦, ਅਃ ੮੮.

ਭਸਮਾਸੁਰ ਨੇ ਚਾਹਿਆ ਕਿ ਸ਼ਿਵ ਨੂੰ ਭਸਮ ਕਰਕੇ ਪਾਰਵਤੀ ਲੈ ਲਵਾਂ. ਸ਼ਿਵ ਭਸਮ ਹੋਣ ਦੇ ਡਰ ਤੋਂ ਨਠੇ, ਭਸਮਾਸੁਰ ਨੇ ਪਿੱਛਾ ਕੀਤਾ. ਕ੍ਰਿਸ਼ਨ ਜੀ ਨੇ ਬ੍ਰਹਮਚਾਰੀ ਦਾ ਰੂਪ ਧਾਰਕੇ ਭਸਮਾਸੁਰ ਨੂੰ ਭੁਲੇਖੇ ਵਿੱਚ ਦੇ ਕੇ ਉਸ ਦੇ ਹੀ ਸਿਰ ਪੁਰ ਉਸ ਦਾ ਹੱਥ ਰਖਵਾ ਕੇ ਭਸਮ ਕਰ ਦਿੱਤਾ.

ਇਹ ਕਥਾ ਇੱਕ ਹੋਰ ਤਰਾਂ ਭੀ ਲਿਖੀ ਹੈ, ਜਿਸ ਦਾ ਅਨੁਵਾਦ ਦਸਮਗ੍ਰੰਥ ਵਿੱਚ ਹੈ ਕਿ ਸ਼ਿਵ ਨੂੰ ਬਚਾਉਣ ਲਈ ਪਾਰਵਤੀ ਨੇ ਭਸਮਾਸੁਰ ਨੂੰ ਆਖਿਆ ਕਿ ਤੂੰ ਭੁੱਲ ਵਿੱਚ ਹੈਂ. ਸ਼ਿਵ ਦੇ ਵਰ ਨਾਲ ਤੂੰ ਕਿਸੇ ਨੂੰ ਭਸਮ ਨਹੀਂ ਕਰ ਸਕਦਾ, ਜਰਾ ਆਪਣੇ ਸਿਰ ਪੁਰ ਹੱਥ ਰੱਖਕੇ ਤਾਂ ਦੇਖ, ਜੇ ਇੱਕ ਰੋਮ ਭੀ ਭਸਮ ਹੋਸਕੇ ! ਕਾਮਮੋਹਿਤ ਨੇ ਜਦ ਆਪਣੇ ਸਿਰ ਪੁਰ ਹੱਥ ਰੱਖਿਆ, ਉਸੇ ਵੇਲੇ ਖਾਕ ਦੀ ਢੇਰੀ ਹੋ ਗਿਆ.

"ਭਸਮਾਂਗਦ ਦਾਨੋ ਬਡੋ ਭੀਮਪੁਰੀ ਕੇ ਮਾਹਿ ×××

ਯੌਂ ਵਰਦਾਨ ਰੁਦ੍ਰ ਤੇ ਲਯੋ ×××

ਜਾਂਕੈ ਸਿਰ ਪਰ ਹਾਥ ਲਗਾਵੈ।

ਜਰ ਬਰ ਭਸਮ ਸੁ ਨਰ ਹਨਐਜਾਵੈ ×××

ਤਿਨ ਗੌਰੀ ਕੋ ਰੂਪ ਨਿਹਾਰਯੋ ×××

ਸ਼ਿਵ ਕੇ ਸੀਸ ਹਾਥ ਮੈ ਧਰਹੋਂ।

ਛਿਨ ਮਹਿ ਯਾਂਹਿ ਭਸਮ ਕਰਡਰਹੋਂ ×××

ਪ੍ਰਥਮ ਹਾਥ ਨਿਜ ਸਿਰ ਪਰ ਧਰੋ।

ਲਹਿਹੋਂ ਏਕ ਕੇਸ ਜਬ ਜਰੋ ×××

ਹਾਥ ਆਪਨੇ ਸਿਰ ਪਰ ਧਰਯੋ।

ਛਿਨਿਕ ਬਿਖੈ ਮੂਰਖ ਜਰਗਯੋ."

(ਚਰਿਤ੍ਰ ੧੪੧)

ਭਸਮਾਂਗੀ: ਸੰ. भस्माङ्गिन्. ਵਿ- ਜਿਸ ਦੇ ਅੰਗਾਂ ਨੂੰ ਭਸਮ (ਸੁਆਹ) ਲੱਗੀ ਹੈ। ੨. ਸੰਗ੍ਯਾ- ਸ਼ਿਵ। ੩. ਸੁਆਹ ਮਲਣ ਵਾਲਾ ਫਕੀਰ। ੪. ਗਧਾ.

ਭਸਮਾਂਤ: ਦੇਖੋ, ਭਸਮੰਤ.

ਭਸਮਾਧਾਰੀ: ਦੇਖੋ, ਭਸਮਾਂਗੀ। ੨. ਧੂਣੀ. ਫਕੀਰਾਂ ਦੀ ਧੂਈਂ। ੩. ਦੇਖੋ, ਬਟੂਆ ੨.

ਭਸਮਾਭੂਤ, ਭਸਮੀਭੂਤ: ਭਸ੍ਮੀਭੂਤ. ਵਿ- ਸੁਆਹ ਹੋਇਆ. ਜਲਕੇ ਖਾਕ ਹੋਇਆ. ਹੋਜਿਆ "ਭਸਮਾਭੂਤ ਹੋਆ ਖਿਨ ਭੀਤਰਿ." (ਟੋਡੀ ਮਃ ੫)

ਭਸਮੰਤ, ਭਸਮੰਤੁ: भस्मान्त. ਭਸ੍ਮਾਂਤ. ਵਿ- ਅਤਯੰਤ ਭਸਮ ਹੋਇਆ. ਜਲਕੇ ਅੰਤ ਨੂੰ ਖਾਕ ਹੋਇਆ ਹੋਇਆ. "ਖਿਨ ਮਹਿ ਹੋਇਜਾਇ ਭਸਮੰਤੁ." (ਸੁਖਮਨੀ) ੨. ਭਸਮਾਵਸ਼ੇਸ਼. ਬਾਕੀ ਖ਼ਾਕ.

ਭਸਮੰਦਰ: ਭਸਮ ਮੰਦਿਰ. "ਦੇਦੇ ਨੀਵ ਦਿਵਾਲ ਉਸਾਰੀ. ਭਸਮੰਦਰ ਕੀ ਢੇਰੀ." (ਗਉ ਮਃ ੧) ੨. ਮੜ੍ਹੀ.

ਭਸੀਣ: ਖੁਖਰਾਣ ਖਤ੍ਰੀਆਂ ਵਿੱਚੋਂ ਇੱਕ ਜਾਤਿ.

ਭਸ: ਦੇਖੋ, ਭਸ। ੨. ਸੰ. ਭਸਿ. ਸੰਗਯਾ- ਭਸਮ. ਸੁਆਹ. ਰਾਖ. "ਵੇਮੁਖ. ਭਸ ਪਾਹੁ." (ਮਃ ੪. ਵਾਰ ਬਿਲਾ) "ਨਾਨਕ ਦੁਨੀਆ ਭਸੁ ਰੰਗ." (ਮਃ ੧. ਵਾਰ ਸਾਰ)

ਭਸੁੰਡ: ਇਭ- ਸ਼ੁੰਡਾ ਦਾ ਸੰਖੇਪ. ਇਭ (ਹਾਥੀ) ਦੀ ਸੁੰਡ। ੨. ਸ਼ੁੰਡੀ (ਹਾਥੀ) ਲਈ ਭੀ ਭਸੁੰਡ ਸ਼ਬਦ ਆਇਆ ਹੈ. ਸ਼ੁੰਡਾਰ. "ਕਟਗੇ ਸੁੰਡ ਭਸੁੰਡ ਅਨੇਕਾ." (ਅਜੈਸਿੰਘਰਾਜ) ੩. ਸ਼ੁੰਡਾ (ਸੁੰਡ) ਲਈ ਭੀ ਭਸੁੰਡ ਸ਼ਬਦ ਵਰਤਿਆ ਹੈ. "ਗਿਰੈਂ ਰੁੰਡ ਮੁੰਡੰ. ਭਸੁੰਡੰ ਗਜਾਨੰ." (ਰਾਮਾਵ) ੪. ਦੇਖੋ, ਭਸੁੰਡੀ.

ਭਸੁਡੀ, ਭਸੁੰਡੀ: ਸੰ. ਭੁਸ਼ੁਣਡੀ. ਭੁਸ਼ੁੰਡੀ. ਸੰਗਯਾ- ਚੰਮ ਦਾ ਗੋਪੀਆ, ਜਿਸ ਵਿੱਚ ਪੱਥਰ ਰੱਖਕੇ ਫੈਂਕਿਆ ਜਾਂਦਾ ਹੈ। ੨. ਇੱਕ ਪ੍ਰਕਾਰ ਦਾ ਭਾਲਾ, ਜਿਸ ਦੀ ਲਕੜੀ ਚਮੜੇ ਨਾਲ ਮੜ੍ਹੀ ਰਹਿੰਦੀ ਹੈ, ਅਰ ਚੰਮ ਦਾ ਤਸਮਾ ਚਲਾਉਣ ਵਾਲੇ ਦੇ ਹੱਥ ਤੇ ਪਹਿਰਿਆ ਹੁੰਦਾ ਹੈ, ਜੋ ਮੁੱਠ ਛੁਟਜਾਣ ਪੁਰ ਭੀ ਸ਼ਸਤ੍ਰ ਹੱਥੋਂ ਨਾ ਡਿਗੇ. "ਪਰਘ ਭਸੁੰਡੀ ਤੋਮਰ ਸਕਤੀ." (ਨਾਪ੍ਰ) "ਗੜੀਆ ਭਸੁਡੀ ਭੈਰਵੀ ਭਾਲਾ ਨੇਜਾ ਭਾਖ." (ਸਨਾਮਾ) ੩. ਦੇਖੋ, ਕਾਕ ਭੁਸੁੰਡਿ.

ਭਸੁ ਪੁਣੇਦੇ ਵਤਨੁ: ਵਾ- ਸੁਆਹ ਛਾਣਦੇ ਫਿਰਨ. ਖ਼ਾਕ ਛਾਨਤੇ ਫਿਰੇਂ. ਭਾਵ- ਮੇਰੇ ਵਿਰੁੱਧ ਪਏ ਏਧਰ ਓਧਰ ਨੱਠੇ ਫਿਰਨ ਅਤੇ ਐਬਜੋਈ ਕਰਨ. "ਹਭੇ ਭਸੁ ਪੁਣੇਦੇ ਵਤਨੁ. ਜਾ ਮੈ ਸਜਣੁ ਤੂ ਹੈ." (ਮਃ ੫. ਵਾਰ ਰਾਮ ੨)

ਭਸੂ: ਦੇਖੋ, ਭਸੁ. "ਭਸੂ ਹੂ ਭਸੁ ਖੇਹ." (ਮਃ ੧. ਵਾਰ ਸਾਰ)

ਭਸੂਹਾ: ਵਿ- ਭਸਮਲਿਪ੍ਰ. ਸੁਆਹ ਨਾਲ ਲਿਬੜਿਆ. "ਖਰ ਸੂਰ ਭਸੂਹੇ." (ਭਾਗੁ)

ਭਸ੍ਤ੍ਰਾ, ਭਸ੍ਰਾ: ਸੰ. ਮਸ੍ਵਾ. ਸੰਗਯਾ- ਅੱਗ ਮਚਾਉਣ ਅਤੇ ਭਖਾਉਣ ਲਈ ਚੰਮ ਦੀ ਥੈਲੀ. ਧੋਕਣੀ. ਫੂਕਣੀ. "ਜਿਹ ਬਿਧਿ ਭਸ੍ਰਾ ਫੂਕ ਬਹਿਤ ਹੈਂ." (ਨਾਪ੍ਰ) ੨. ਥੇਲਾ. ਗੁਥਲਾ। ੩. ਭੱਥਾ. ਤੀਰਕਸ਼.

ਭਹਰਨਾ, ਭਹਿਰਨਾ: ਕ੍ਰਿ- ਅਨੁ. ਭਾਂ ਭਾਂ ਸ਼ਬਦ ਕਰਨਾ। ੨. ਭਿਨ ਭਿਨ ਸ਼ਬਦ ਕਰਨਾ. ਭਿਨ ਕਰਨਾ. "ਭਹਰਾਇ ਉਡੇ, ਜਯੋਂ ਉਡਜਾਤ ਹੈ ਮਾਖੀ." (ਕ੍ਰਿਸਨਾਵ) ੨. ਭੈ ਨਾਲ ਕੰਬਣਾ. "ਬਾਜਤ ਨਿਸ਼ਾਨ ਕੇ ਦਿਸ਼ਾਨ ਭੂਪ ਭਹਿਰਾਤ." (ਕਵਿ ੫੨) ਰਾਜੇ ਕੰਬਦੇ ਹਨ.

ਭਕ: ਸੰਗਯਾ- ਅਨੁ. ਅਗਨਿ ਦੀ ਲਾਟਾ ਦਾ ਹਵਾ ਵਿੱਚ ਹੋਇਆ ਸ਼ਬਦ। ੨. ਤਾਜ਼ੇ ਜ਼ਖ਼ਮ ਵਿੱਚੋਂ ਲਹੂ ਨਿਕਲਣ ਸਮੇਂ ਹੋਈ ਧੁਨਿ. "ਭਕ ਭਕ ਸ੍ਰੋਂਣ ਬਹੈ ਘਾਯਨ ਤੇ." (ਸਲੋਹ) ੩. ਸੰ. ਭਕ੍ਤ. ਵਿ- ਜੁਦਾ ਕੀਤਾ. ਅਲਗ ਕੀਤਾ. "ਕਹੂੰ ਭਕ ਪਰੇ ਧਰ." (ਰਾਮਾਵ)

ਭਕਤ: ਦੇਖੋ, ਭਗਤ.

ਭਕਾਰ: ਭ ਅੱਖਰ। ੨. ਭ ਦਾ ਉੱਚਾਰਣ। ੩. ਭੈਦਾਇਕ ਧੁਨਿ. "ਭਕਾਰਤ ਭੂਤ." (ਰਾਮਾਵ) ੪. ਭਯਕਰ. ਡਰਾਉਣਾ. ਭਯੰਕਰ.

ਭਕੁਆ, ਭਕੁਵਾ: ਹਿੰ. ਮੂਰਖ. ਬੁੱਧਿਹੀਨ.

ਭਕੂਆ: ਦੇਖੋ, ਭਕੁਆ। ੨. ਅਜਾਣ ਲਿਖਾਰੀ ਨੇ ੧੬੯ਵੇਂ ਚਰਿਤ੍ਰ ਵਿੱਚ (ਭੜੂਆ) ਦੀ ਥਾਂ ਇਹ ਸ਼ਬਦ ਲਿਖਿਆ ਹੈ, ਯਥਾ- "ਭਕੂਆ ਬਹੇਜਾਤ ਨਹਿਂ ਕਹੇ."

ਭੱਕਰ: ਦੇਖੋ, ਭੱਖਰ.

ਭਕ੍ਤ, ਭਕ੍ਤਿ: ਦੇਖੋ, ਭਗਤ ਅਤੇ ਭਗਤਿ.

ਭਕ੍ਸ਼: ਸੰ. ਭਕ੍ਸ਼੍. ਧਾ- ਖਾਣਾ. ਭਕ੍ਸ਼ਣ ਕਰਨਾ। ੨. ਸੰਗਯਾ- ਖਾਣ ਪੀਣ ਦਾ ਪਦਾਰਥ.

**ਭਕ੍ਸ਼ਣ:** ਖਾਣਾ. ਚੱਬਣਾ. ਭੋਜਨ ਕਰਨਾ. ਅਦਨ. ਜੇਂਵਣਾ.

**ਭਕ੍ਸ਼੍ਯ:** ਸੰ. ਵਿ- ਖਾਣ ਯੋਗ੍ਯ। ੨. ਸੰਗ੍ਯਾ- ਭੋਜਨ. ਖਾਣ ਅਥਵਾ ਪੀਣ ਦਾ ਪਦਾਰਥ. ਅਸ਼ਨ.

**ਭਕ੍ਸ਼੍ਯਾਭਕ੍ਸ਼੍ਯ:** ਖਾਣ ਅਤੇ ਨਾ ਖਾਣ ਯੋਗ੍ਯ. ਧਰਮ ਅਤੇ ਵੈਦ੍ਯਕ ਅਨੁਸਾਰ ਵਿਹਿਤ ਅਤੇ ਨਿਸ਼ਿੱਧ ਅੰਨ.

**ਭਖ:** ਦੇਖੋ, ਭਕ੍ਸ਼੍। ੨. ਸਹਾਰਨਾ. ਬਰਦਾਸ਼੍ਤ ਕਰਨਾ. "ਅਸੰਖ ਸੂਰ ਮੁਹ ਭਖ ਸਾਰ." (ਜਪੁ) ੩. ਜ੍ਵਰ. ਤਾਪ. ਦੇਖੋ, ਭਖਣਾ। ੪. ਦੇਖੋ, ਭਖੁ.

**ਭਖਸਿ:** ਭਕ੍ਸ਼ਣ ਕਰਦਾ ਹੈ. "ਭਖਸਿ ਸਿਬਾਲੁ ਬਸਸਿ ਨਿਰਮਲ ਜਲ." (ਮਾਰੂ ਮਃ ੧)

**ਭਖਕ:** ਸੰ. ਭਕ੍ਸ਼ਕ. ਵਿ- ਖਾਣ ਵਾਲਾ। ੨. ਸੰ. ਭਸ਼ਕ. ਭੌਂਕਣ ਵਾਲਾ। ੩. ਸੰਗ੍ਯਾ- ਕੁੱਤਾ.

**ਭਖਣਾ:** ਕ੍ਰਿ- ਤਪਣਾ। ੨. ਕ੍ਰੋਧ ਨਾਲ ਗਰਮ ਹੋਣਾ। ੩. ਭਕ੍ਸ਼ਣ ਕਰਨਾ. ਖਾਣਾ.

**ਭਖਰਾ:** ਸੰ. ਭਦ੍ਰਕੰਟ. ਸੰਗ੍ਯਾ- ਭੱਖੜਾ. "ਭਖਰੇ ਕੀ ਰੋਟੀ ਕਹਿ ਵਾਕ." (ਨਾਪ੍ਰ) ਦੇਖੋ, ਭੱਖੜਾ.

**ਭਖਲਾਉਣਾ:** ਕ੍ਰਿ- ਤਪ੍ਤ (ਤੱਤਾ) ਕਰਨਾ। ੨. ਗੁੱਸੇ ਕਰਨਾ। ੩. ਭੌਂਕਣਾ. ਬਕਬਾਦ ਕਰਨਾ. (ਸੰ. ਭਸ਼- ਭੌਂਕਣਾ) "ਹੋਰਿ ਭਖਲਾਏ ਜਿ ਅਸੀ ਕੀਆ." (ਆਸਾ ਮਃ ੧) ੪. ਬੁਰੜਾਉਣਾ. "ਜਿਉ ਨਿਸਿ ਸੁਪਨੈ ਭਖਲਾਈ ਹੇ." (ਮਾਰੂ ਸੋਲਹੇ ਮਃ ੧) "ਸੁਪਨੁ ਭਇਆ ਭਖਲਾਏ ਅੰਧ." (ਰਾਮ ਮਃ ੫)

**ਭਖੜਾ:** ਦੇਖੋ, ਭੱਖੜਾ.

**ਭਖਿ:** ਭਕ੍ਸ਼ਣ ਕਰਕੇ. ਖਾਕੇ। ੨. ਦੇਖੋ, ਭਕ੍ਸ਼੍ਯ.

**ਭਖਿਯਹੁ, ਭਖੀਅਹੁ:** ਭਾਖੀਓ. ਕਹੀਓ. "ਅਵਰ ਪੁਰਖ ਸੋਂ ਭੇਦ ਨ ਭਖਿਯਹੁ." (ਚਰਿਤ੍ਰ ੩੯੫) ੨. ਭਕ੍ਸ਼ਣ ਕਰੀਓ. ਖਾਈਓ.

**ਭਖੁ:** ਦੇਖੋ, ਭਖ। ੨. ਸੰ. ਭਕ੍ਸ਼੍ਯ. ਵਿ- ਖਾਣ ਯੋਗ੍ਯ. "ਲੋਭੀ ਜੰਤੁ ਨ ਜਾਣਈ, ਭਖੁ ਅਭਖੁ ਸਭ ਖਾਇ." (ਸ੍ਰੀ ਮਃ ੫) "ਅਭਖੁ ਭਖਹਿ, ਭਖੁ ਤਜਿਛੋਡਹਿ." (ਮਃ ੧. ਵਾਰ ਮਲਾ)

**ਭਖੈ:** ਭਕ੍ਸ਼ਣ ਕਰਦਾ (ਖਾਂਦਾ) ਹੈ। ੨. ਤਪਦਾ ਹੈ। ੩. ਭਾਖੈ ਦੇਖੋ, ਵਾਉ.

**ਭਖੈਯਾ:** ਭਕ੍ਸ਼ਣ ਕਰੈਯਾ. ਖਾਣ ਵਾਲਾ। ੨. ਭਖਾਉਣ (ਤਪਾਉਣ) ਵਾਲਾ। ੩. ਭਾਸ਼ਣ ਕਰੈਯਾ. ਬੋਲਣਵਾਲਾ.

**ਭੱਖਰ:** ਸਿੰਧੁਨਦ ਦਾ ਇੱਕ ਦ੍ਵੀਪ, ਜੋ ਸੱਖਰ ਜਿਲਾ (ਸਿੰਧ) ਵਿੱਚ ਹੈ. ਇੱਥੇ ਇੱਕ ਪੁਰਾਣਾ ਕਿਲਾ ਹੈ। ੨. ਮੀਆਂਵਾਲੀ ਜਿਲੇ ਦਾ ਇੱਕ ਨਗਰ.

**ਭੱਖਰੀ:** ਭੱਖਰ ਦੇ ਵਸਨੀਕ. "ਭੱਖਰੀ ਔ ਕੰਧਾਰੀ." (ਕਲਕੀ)

**ਭੱਖੜਾ:** ਭਦ੍ਰਕੰਟ. Asteracantha Longifolia ਕੰਡੇਦਾਰ ਫਲਾਂ ਦੀ ਬੇਲ, ਜੋ ਜਮੀਨ ਤੇ ਵਿਛੀ ਰਹਿੰਦੀ ਹੈ. ਭੱਖੜੇ ਦੀ ਤਾਸੀਰ ਸਰਦ ਖ਼ੁਸ਼ਕ ਹੈ. ਬੀਜਾਂ ਸਮੇਤ ਕੁੱਟਕੇ ਕੀਤਾ ਇਸ ਦਾ ਕਾੜ੍ਹਾ ਮੂਤ੍ਰ ਰੋਗਾਂ ਨੂੰ ਦੂਰ ਕਰਦਾ ਹੈ. ਇਸ ਦੇ ਬੀਜਾਂ ਦੀ ਸੁਆਹ ਖੰਡ ਵਿੱਚ ਮਿਲਾਕੇ ਫੱਕਣ ਤੋਂ ਖੰਘ ਹਟਦੀ ਹੈ.

**ਭਖ੍ਯ:** ਦੇਖੋ, ਭਖੁ. ੨.

**ਭਗ:** (ਦੇਖੋ, ਭਜ੍ ਧਾ) ਸੰ. ਸੰਗ੍ਯਾ- ਪਰਮਾਤਮਾ. ਵਾਹਿਗੁਰੂ। ੨. ਸੂਰਜ। ੩. ਸ਼ਿਵ। ੪. ਵੀਰਯ. ਸ਼ੁਕ੍ਰ. ਮਨੀ। ੫. ਬਲ। ੬. ਜਸ. ਕੀਰਤਿ। ੭. ਸ਼ੋਭਾ। ੮. ਗ੍ਯਾਨ। ੯. ਵੈਰਾਗ੍ਯ। ੧੦. ਧਰਮ। ੧੧. ਇੱਛਾ। ੧੨. ਯਤਨ ਕੋਸ਼ਿਸ਼। ੧੩. ਮੋਕ੍ਸ਼ ਮੁਕ੍ਤਿ।

੧੪. ਭਾਗਜ. ਨਸੀਬ। ੧੫. ਸੁੰਦਰਤਾ। ੧੬. ਪ੍ਰਸੰਨਤਾ ਆਨੰਦ। ੧੭. ਚੰਦ੍ਰਮਾ। ੧੮. ਅਧਿਕਾਰ. ਰੁਤਬਾ। ੧੯. ਹਿੱਸਾ ਭਾਗ। ੨੦. ਯੋਨਿ. "ਭਗ ਮੁਖਿ ਜਨਮੁ ਵਿਗੋਇਆ." (ਸ੍ਰੀ ਬੇਣੀ) ਭਗ ਅਤੇ ਜ਼ੁਬਾਨ ਦੇ ਰਸ ਵਿੱਚ ਲਗਕੇ ਜਨਮ ਵਿਗਾੜ ਲਿਆ। ੨੧. ਧਨ। ੨੨ ਗੁਰਦਾ। ੨੩ ਭਗਾ ਅਥਵਾ ਭਾਗਾ ਦੀ ਥਾਂ ਭੀ ਭਗ ਸ਼ਬਦ ਆਇਆ ਹੈ- "ਤਮਚਰ (ਚੰਦ੍ਰ) ਦੇ ਭਾਗਾ ਅੰਤ ਲਾਉਣ ਤੋਂ ਚੰਦ੍ਰਭਾਗਾ (ਚਨਾਬ) ਨਦੀ ਸ਼ਬਦ ਬਣਦਾ ਹੈ.

ਭਗਉਹਾਂ: ਭਗਵਾਂ. ਗੇਰੂਰੰਗਾ. "ਭਗਉਹੇਂ ਲਸੈਂ ਬਸਤ੍ਰ." (ਦੱਤਾਵ)

ਭਗਉਤ: ਸੰ. भगवत्- ਭਗਵਤ. ਵਿ- ਭਗ (ਐਸ਼੍ਵਰਯ) ਵਾਲਾ। ੨. ਸੰਗਜਾ- ਪਾਰਬ੍ਰਹਮ. ਵਾਹਗੁਰੂ. ਦੇਖੋ, ਭਗਵਤ ਸ਼ਬਦ.

ਭਗਉਤੀ: ਭਗਵਤ- ਭਕ੍ਤ. ਕਰਤਾਰ ਦਾ ਉਪਸਾਕ. "ਸੋ ਭਗਉਤੀ, ਜੋ ਭਗਵੰਤੈ ਜਾਣੈ। ਗੁਰਪਰਸਾਦੀ ਆਪੁ ਪਛਾਣੈ। ਧਾਵਤੁ ਰਾਖੈ ਇਕਤੁ ਘਰਿ ਆਣੈ। ਜੀਵਤੁ ਮਰੈ ਹਰਿਨਾਮੁ ਵਖਾਣੈ। ਐਸਾ ਭਗਉਤੀ ਉਤਮੁ ਹੋਇ। ਨਾਨਕ ਸਚਿ ਸਮਾਵੈ ਸੋਇ।।" (ਮਃ ੩. ਵਾਰ ਸ੍ਰੀ) "ਸਾਧ ਸੰਗਿ ਪਾਪਾਂਮਲੁ ਧੋਵੈ। ਤਿਸ ਭਗਉਤੀ ਕੀ ਮਤਿ ਊਤਮ ਹੋਵੈ." (ਸੁਖਮਨੀ) ੨. ਭਗਵਤ ਦੀ. "ਭਗਉਤੀ ਮੁਦ੍ਰਾ. ਮਨੁ ਮੋਹਿਆ ਮਾਇਆ." (ਪ੍ਰਭਾ ਅਃ ਮਃ ੫) ਪਰਮੇਸ਼੍ਵਰ ਦੇ ਭੇਖ ਦੀ ਮੁਦ੍ਰਾ ਹੈ, ਪਰ ਮਨ ਮਾਇਆ ਮੋਹਿਆ। ੩. ਭਗਵਤੀ. ਦੁਰਗਾ. ਦੇਵੀ. "ਵਾਰ ਸ੍ਰੀ ਭਗਉਤੀ ਜੀ ਕੀ." (ਚੰਡੀ ੩) ੪. ਖੜਗ. ਸ਼੍ਰੀਸਾਹਿਬ, ਤਲਵਾਰ. "ਲਈ ਭਗਉਤੀ ਦੁਰਗਸਾਹ." (ਚੰਡੀ ੩) "ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ." (ਸਨਾਮਾ) "ਨਾਉ ਭਗਉਤੀ ਲੋਹ ਘੜਾਇਆ." (ਭਾਗੁ) ੫. ਮਹਾਕਾਲ. "ਪ੍ਰਿਥਮ ਭਗਉਤੀ ਸਿਮਰਕੈ." (ਚੰਡੀ ੩) ੬. ਇੱਕ ਛੰਦ. ਕਈ ਥਾਂਈਂ "ਸ੍ਰੀ ਭਗਵਤੀ" ਭੀ ਇਸ ਛੰਦ ਦਾ ਨਾਮ ਹੈ. ਦਸਮਗ੍ਰੰਥ ਵਿੱਚ ਇਸ ਦੇ ਦੋ ਰੂਪ ਹਨ. ਇੱਕ ਸੋਮਰਾਜੀ ਅਥਵਾ ਸ਼ੰਖਨਾਰੀ ਦਾ ਹੈ, ਅਰਥਾਤ ਪ੍ਰਤਿ ਚਰਣ ਦੋ ਯਗਣ. ।SS. ।SS.

ਉਦਾਹਰਣ-

ਕਿ ਆਛਿੱਜ ਦੇਸੈ। ਕਿ ਆਭਿੱਜ ਭੇਸੈ। ×× (ਜਾਪੁ) ਇਹੀ ਰੂਪ ਕਲਕੀ ਅਵਤਾਰ ਵਿੱਚ ਹੈ, ਯਥਾ-

ਕਿ ਜੁੱਟੇਤ ਵੀਰੰ। ਕਿ ਛੁੱਟੇਤ ਤੀਰੰ।

ਜਹਾਂ ਬੀਰ ਜੁੱਟੈ। ਸਭੈ ਠਾਟ ਠੱਟੈ।

(ਅ) ਦੂਜਾ ਰੂਪ ਹੈ ਪ੍ਰਤਿ ਚਰਣ ਜ, ਸ, ਲ, ਗ, ।S।, ।।S, ।, S.

ਉਦਾਹਰਣ

ਕਿ ਜਾਹਰ ਜਹੂਰ ਹੈਂ। ਕਿ ਹਾਜਰ ਹਜੂਰ ਹੈਂ।

ਹਮੇਸੁਲਸਲਾਮ ਹੈਂ। ਸਮਸ੍ਤੁਲਕਲਾਮ ਹੈਂ।

(ਜਾਪੁ)

ਭਗਉਤੀ ਜੀ ਕੀ ਵਾਰ: ਦੇਖੋ, ਭਗਉਤੀ ੩. ਅਤੇ ਵਾਰ ਸ੍ਰੀ ਭਗੌਤੀ ਜੀ ਕੀ.

ਭਗਉਤੀਮੁਦ੍ਰਾ: ਦੇਖੋ, ਭਗਉਤੀ ੨.

ਭਗਹ: ਭਜਦਾ (ਨਠਦਾ) ਹੈ. ਭਾਗਤੀ ਹੈ. "ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ." (ਬਿਹਾ ਛੰਤ ਮਃ ੫)

ਭਗਣ: ਵਰਣਿਕ ਗਣ. ਜਿਸ ਦਾ ਰੂਪ ਆਦਿ ਗੁਰੁ S।। ਹੈ। ੨. ਭ (ਤਾਰਾ) ਗਣ. ਤਾਰਿਆਂ ਦਾ ਸਮੂਹ.

ਭਗਤ: ਸੰ. ਭਕ੍ਤ. ਵਿ- ਵੰਡਿਆ ਹੋਇਆ. ਵਿਭਕ੍ਤ। ੨. ਸੰਗਜਾ- ਅੰਨ. ਭੋਜਨ। ੩. ਭਕ੍ਤਿ ਵਾਲਾ ਸੇਵਕ. ਉਪਾਸਕ. "ਭਗਤ ਅਰਾਧਹਿ ਏਕਰੰਗਿ." (ਬਿਲਾ ਮਃ ੫) "ਹਰਿ ਕਾ ਭਾਣਾ ਮੰਨੈ, ਸੋ ਭਗਤ ਹੋਇ." (ਮਃ ੩. ਵਾਰ ਰਾਮ)

ਦਯਾ ਦਿਲ ਰਾਖੈ ਸਬਹੀ ਸੋਂ ਮ੍ਰਿਦੁ ਭਾਖੈ ਨਿਤ

ਕਾਮ ਕ੍ਰੋਧ ਲੋਭ ਮੋਹ ਹੌਮੈ ਕੋ ਦਬਾਵੈ ਜੁ,

ਕਾਹੂੰ ਮੇ ਨ ਤੇਖੈ ਸਭ ਹੀ ਮੇ ਏਕ ਬ੍ਰਹਮ ਦੇਖੈ

ਲਘੁ ਲੇਖੈ ਆਪ, ਕਰ ਨੇਮ ਤਨ ਤਾਵੈ ਜੁ,

"ਦੇਵੀਦੱਤ" ਜਾਨੈ ਏਕ ਹਰਿ ਹੀ ਕੋ ਮੀਤ, ਔਰ

ਜਗਤ ਕੀ ਰੀਤਿ ਮੇ ਨ ਪ੍ਰੀਤਿ ਸਰਸਾਵੈ ਜੁ,

ਦੁਖਿਤ ਹਨਐ ਆਪ, ਦੁੱਖ ਔਰ ਕੇ ਮਿਟਾਵੈ, ਏਸੋ

ਸ਼ਾਂਤਪਦ ਪਾਵੈ, ਤਬ ਭਗਤ ਕਹਾਵੈ ਜੁ.

ਗੁਰੂ ਹਰਿਗੋਬਿੰਦਸਾਹਿਬ ਨੇ ਚਾਰ ਪ੍ਰਕਾਰ ਦੇ ਭਗਤ ਵਰਣਨ ਕੀਤੇ ਹਨ-

(ੳ) ਕਾਮਨਾਵਾਨ, ਜੋ ਧਨ ਸੰਤਾਨ ਆਦਿ ਦੀ ਇੱਛਾ ਨਾਲ ਉਪਾਸਨਾ ਕਰਦੇ ਹਨ.

(ਅ) ਆਰਤ, ਜੋ ਰੋਜ ਦੁੱਖ ਆਦਿ ਦੇ ਮਿਟਾਉਣ ਲਈ ਭਕ੍ਤਿ ਕਰਦੇ ਹਨ.

(ੲ) ਉਪਾਸਕ, ਜੋ ਇਸ੍ਤ੍ਰੀ ਵਾਂਙ ਕਰਤਾਰ ਨੂੰ ਭਰਤਾ ਮੰਨਕੇ ਸੇਵਨ ਕਰਦੇ ਹਨ.

(ਸ) ਗਿਆਨੀ, ਜੋ ਸਰਵਰੂਪ ਆਤਮਾ ਨੂੰ ਦੇਖਕੇ ਉਪਾਸਦੇ ਹਨ। ੪. ਇੱਕ ਕਾਸ਼੍ਤਕਾਰ ਜਾਤਿ, ਜੋ ਜਿਲਾ ਸ਼ਾਹਪੁਰ ਵਿੱਚ ਹੈ। ੫. ਦੇਖੋ, ਭਗਤਬਾਣੀ.

ਭਗਤਦ: ਸੰ. ਭਕ੍ਤਦ. ਵਿ- ਅੰਨ ਦੇਣ ਵਾਲਾ.

ਭਗਤਦਰ: ਦੇਖੋ, ਭਗਤੁਦਰਿ.

ਭਗਤਪਰਾਇਣ: ਵਿ- ਭਗਤ ਦੇ ਹਿਤ ਪਰਾਯਣ. ਭਗਤ ਦੇ ਹਿਤ ਵਿੱਚ ਲੱਗਿਆ. "ਦੀਨਾਨਾਥ ਭਗਤ ਪਰਾਇਣ." (ਸੂਹੀ ਅ: ਮ: ੫) ੨. ਦੇਖੋ, ਭਗਤਿਪਰਾਯਣ.

ਭਗਤਪੰਥੀ: ਸਿੱਖਮਤ ਦਾ ਇੱਕ ਫਿਰਕਾ, ਜੋ ਬੰਨੂ ਪੇਸ਼ਾਵਰ ਅਤੇ ਡੇਰਾ ਇਸਮਾਈਲਖ਼ਾਂ ਵਿੱਚ ਪਾਇਆ ਜਾਂਦਾ ਹੈ. ਇਸ ਮਤ ਦੇ ਲੋਕ ਕੇਵਲ ਗੁਰੂ ਗ੍ਰੰਥਸਾਹਿਬ ਨੂੰ ਧਰਮਪੁਸ੍ਤਕ ਮੰਨਦੇ ਹਨ, ਬ੍ਰਾਹਮਣਾਂ ਤੋਂ ਕੋਈ ਕਰਮ ਨਹੀਂ ਕਰਵਾਉਂਦੇ, ਮੁਰਦੇ ਦਬਦੇ ਹਨ, ਕੜਾਹਪ੍ਰਸਾਦ ਵਰਤਾਉਂਦੇ ਹਨ, ਸ਼੍ਰਾਧ ਨਹੀਂ ਕਰਦੇ. ਛੂਤ ਛਾਤ ਦੇ ਵਿਸ਼੍ਵਾਸੀ ਨਹੀਂ, ਦਿਨ ਵਿੱਚ ਛੀ ਵਾਰੀ ਗੁਰਬਾਣੀ ਦਾ ਪਾਠ ਕਰਦੇ ਹਨ. ਗੁਰੂਸਾਹਿਬ ਅੱਗੇ ਇੱਕ ਸਮੇਂ ਅੱਠ ਵਾਰ ਨਮਸਕਾਰ ਕਰਦੇ ਹਨ.

ਭਗਤਬਾਣੀ: ਭਗਤਾਂ ਦੀ ਉਹ ਬਾਣੀ, ਜੋ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਹੈ. ਸ਼੍ਰੀ ਗੁਰੂ ਅਰਜਨਦੇਵ ਜੀ ਨੇ ਇਹ ਸਿੱਧ ਕਰਨ ਲਈ ਕਿ ਸ਼ੂਦ੍ਰ ਅਥਵਾ ਮੁਸਲਮਾਨ ਆਦਿ ਗਿਆਨੀ ਪੁਰਸ਼ਾਂ ਦੀ ਬਾਣੀ, ਉੱਚਜਾਤਿ ਵਿੱਚ ਪੈਦਾ ਹੋਏ ਭਗਤਾਂ ਦੀ ਬਾਣੀ ਸਮਾਨ ਦੀ ਪਵਿਤ੍ਰ ਹੈ, ਹੇਠ ਲਿਖੇ ਭਿੰਨ- ਭਿੰਨ ਮਜਹਬ ਅਤੇ ਮਿੱਲਤ ਦੇ ਭਗਤਾਂ ਦੀ ਬਾਣੀ ਗੁਰਬਾਣੀ ਨਾਲ ਮਿਲਾਕੇ ਲਿਖੀ ਹੈ-

ਸੱਤਾ, ਸਧਨਾ, ਸੈਣ, ਸੁੰਦਰ, ਸੂਰਦਾਸ, ਕਬੀਰ, ਜੈਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਪਰਮਾਨੰਦ, ਪੀਪਾ, ਫਰੀਦ, ਬਲਵੰਡ, ਬੇਣੀ, ਭਿੱਖਾ ਆਦਿ ੧੭. ਭੱਟ.[910] ਭੀਖਨ, ਮਰਦਾਨਾ, ਰਵਿਦਾਸ ਅਤੇ ਰਾਮਾਨੰਦ. ਵਿਸ਼ੇਸ਼ ਨਿਰਣਯ ਲਈ ਦੇਖੋ ਗ੍ਰੰਥਸਾਹਿਬ ਸ਼ਬਦ.

ਭਗਤਭਗਵਾਨ: ਭਗਵਾਨਗਿਰਿ ਸੰਨਯਾਸੀ, ਪੂਰਵ ਅਤੇ ਬਿਹਾਰ ਵਿੱਚ ਪ੍ਰਸਿੱਧ ਸਾਧੂ ਸੀ. ਇਹ ਗੁਰੂ ਹਰਿਰਾਇਸਾਹਿਬ ਦਾ

---

[910] ਦੇਖੋ ਭੱਟ ਸ਼ਬਦ ਦਾ ਅੰਗ ੩.

ਸਿੱਖ ਹੋਇਆ. ਇਸ ਨੇ ਬਾਬਾ ਧਰਮਚੰਦ ਜੀ ਦੇ ਪੁਤ੍ਰ ਮਿਹਰਚੰਦ ਦੀ ਸੰਗਤਿ ਕਰਕੇ ਉਦਾਸੀ ਭੇਖ ਧਾਰਨ ਕੀਤਾ. ਸਤਿਗੁਰੂ ਨੇ ਇਸ ਦਾ ਨਾਮ "ਭਗਤਭਗਵਾਨ" ਰੱਖਿਆ. ਇਸ ਦੀ ਸੰਪ੍ਰਦਾਯ ਦੇ ਉਦਾਸੀ ਸਾਧੂਆਂ ਦੀਆਂ ਹੁਣ ੩੭੦ ਗੱਦੀਆਂ ਪੂਰਬ ਵਿੱਚ ਹਨ. ਦੇਖੋ, ਉਧਾਸੀ। ੨. ਭਗਵਾਨ ਦਾ ਭਗਤ.

ਭਗਤਮਾਲ, ਭਗਤਮਾਲਾ: ਉਹ ਪੁਸੁਕ, ਜਿਸ ਵਿੱਚ ਅਨੇਕ ਭਗਤਾਂ ਦੀ ਕਥਾ ਮਾਲਾ ਵਾਂਙ ਪਰੋਈ ਹੋਵੇ. ਇਸ ਨਾਮ ਦੇ ਅਨੇਕ ਗ੍ਰੰਥ ਦੇਖੀਦੇ ਹਨ, ਦੇਖੋ, ਨਾਭਾਜੀ.

ਭਗਤਰਤਨਾਵਲੀ: ਭਾਈ ਗੁਰਦਾਸ ਜੀ ਦੀ ੧੧ਵੀਂ ਵਾਰ ਦਾ ਟੀਕਾ, ਜੋ ਭਾਈ ਮਨੀਸਿੰਘ ਜੀ ਨੇ ਲਿਖਿਆ ਹੈ, ਇਸ ਵਿੱਚ ਛੀ ਸਤਿਗੁਰਾਂ ਦੇ ਪ੍ਰਧਾਨ ਸਿੱਖਾਂ ਦੇ ਨਾਮ ਅਤੇ ਕੁਲ ਗੋਤ੍ਰ ਹਨ. ਇਸ ਦਾ ਨਾਮ ਭਗਤਾਵਲੀ ਭੀ ਹੈ.

ਭਗਤਵਛਲੁ, ਭਗਤਵਤਸਲ: ਸੰ. ਭਕ੍ਤ- ਵਤਸਲ. ਵਿ- ਭਗਤਾਂ ਨਾਲ ਪਿਆਰ ਕਰਨ ਵਾਲਾ. "ਭਗਤਵਛਲੁ ਤੇਰਾ ਬਿਰਦੁ ਹੈ." (ਗਉ ਮਃ ੫) ਭਗਤਾਂ ਦਾ ਪਿਆਰਾ ਹੋਣਾ ਤੇਰਾ ਵਿਰਦ (ਨਿਤਜ- ਕਰਮ) ਹੈ। ੨. ਸੰਗਜਾ- ਕਰਤਾਰ. ਪਾਰਬ੍ਰਹਮ.

ਭਗਤਾ: ਭਗਤਲੋਕ. ਭਗਤਜਨ. "ਆਪੇ ਭਗਤਾ, ਆਪਿ ਸੁਆਮੀ." (ਗੂਜ ਮਃ ੫) ੨. ਓਹਰੀ ਗੋਤ ਦਾ ਖਤ੍ਰੀ, ਜੋ ਸਤਿਗੁਰੂ ਨਾਨਕਦੇਵ ਦਾ ਸਿੱਖ ਹੋਇਆ। ੩. ਭਾਈ ਬਹਿਲੋਵੰਸ਼ੀ ਭਗਤਾ. ਜਿਸ ਨੇ ਮਾਲਵੇ ਵਿੱਚ ਭਗਤਾ ਪਿੰਡ ਵਸਾਇਆ ਹੈ. ਜੋ ਰਾਜ ਫਰੀਦਕੋਟ ਦੇ ਥਾਣਾ ਕੋਟਕਪੂਰਾ ਵਿੱਚ ਹੈ ਅਰ ਰੇਲਵੇ ਸਟੇਸ਼ਨ ਜੈਤੋਂ ਤੋਂ ੧੬. ਮੀਲ ਪੂਰਵ ਹੈ, ਰਾਮਪੁਰਾਫੂਲ ਤੋਂ ੧੨. ਮੀਲ ਉੱਤਰ ਪੱਛਮ ਹੈ. ਇੱਥੇ ਗੁਰੂ ਗੋਬਿੰਦਸਿੰਘ ਜੀ ਤਿੰਨ ਦਿਨ ਠਹਿਰੇ ਸਨ. ਉਸ ਵੇਲੇ ਭਗਤੇ ਤੇ ਪੰਜ ਪੁਤ੍ਰ (ਗੁਰਦਾਸ, ਤਾਰਾ, ਕਾਰਾ, ਮੋਹਰਾ, ਬਖਤਾ) ਸਨ. ਜਿਨ੍ਹਾਂ ਨੇ ਦਸ਼ਮੇਸ਼ ਦੀ ਪ੍ਰੇਮਭਾਵ ਨਾਲ ਸੇਵਾ ਕੀਤੀ. ਇੱਥੇ ਛੀਵੇਂ ਸਤਿਗੁਰੂ ਜੀ ਭੀ ਪਧਾਰੇ ਹਨ. ਪਿੰਡ ਦੀ ਆਬਾਦੀ ਅੰਦਰ ਗੁਰਦ੍ਵਾਰਾ ਹੈ. ਪਾਸ ਹੀ ਭਾਈਭਗਤੇ ਦਾ ਲਾਇਆ ਖੂਹ ਹੈ. ਰਿਆਸਤ ਫਰੀਦਕੋਟ ਵੱਲੋਂ ੯੮ ਘੁਮਾਉਂ ਜ਼ਮੀਨ ਗੁਰਦ੍ਵਾਰੇ ਦੇ ਨਾਮ ਹੈ. ਪੁਜਾਰੀ ਸਿੰਘ ਹੈ. ਮਾਘੀ ਨੂੰ ਮੇਲਾ ਹੁੰਦਾ ਹੈ। ੪. ਬੁਰਹਾਨਪੁਰ ਨਿਵਾਸੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰੇਮੀ ਸਿੱਖ। ੫. ਦੇਖੋ, ਭਗਤੂ ਭਾਈ। ੬. ਭਾਈ ਫੇਰੂ ਸੱਚੀ ਦਾੜ੍ਹੀ ਵਾਲੇ ਦਾ ਇੱਕ ਪੋਤਾ ਚੇਲਾ, ਜੋ ਵਡੀ ਕਰਨੀ ਵਾਲਾ ਸਾਧੂ ਹੋਇਆ ਹੈ.

ਭਗਤਾਈ: ਸੰਗਜਾ- ਭਕ੍ਤਪਨ. ਭਕ੍ਤਿ. ਸੇਵਾ. "ਪੂਰਨ ਭਈ ਮੋਰ ਭਗਤਾਈ." (ਚਰਿਤ੍ਰ ੨੯੦)

ਭਗਤਾਂ ਦੀ ਬਾਣੀ: ਦੇਖੋ, ਭਗਤਬਾਣਾ.

ਭਗਤਾਨਾ: ਸੰ. ਭਕ੍ਤਾਨਾਂ. ਭਗਤਾਂ ਦੀ. "ਰਾਖੁ ਲਾਜ ਭਗਤਾਨਾ." (ਸੂਹੀ ਛੰਤ ਮਃ ੫) ੨. ਵਿ- ਭਗਤ ਦਾ। ੩. ਭਗਤਾਂ ਦਾ। ੪. ਭਗਤ- ਬਾਣਾ. ਭਗਤ ਦਾ ਭੇਖ.

ਭਗਤਾਵਲੀ: ਦੇਖੋ, ਭਗਤਰਤਨਾਵਲੀ.

ਭਗਤਿ: ਸੰ. ਭਕ੍ਤਿ. ਸੰਗਜਾ- ਵਿਭਾਗ. ਬਾਂਟ. ਤਕਸੀਮ। ੨. ਸੇਵਾ. ਉਪਾਸਨਾ। ੩. ਸ਼੍ਰੱਧਾ. "ਗੁਰ ਕੀ ਸੇਵਾ ਗੁਰਭਗਤਿ ਹੈ." (ਸ੍ਰੀ ਅਃ ਮਃ ੩) "ਭਗਤਿ ਹਰਿ ਕਾ ਪਿਆਰੁ ਹੈ." (ਸ੍ਰੀ ਮਃ ੩)[911]

ਭਗਤਿਹੀਣ: ਭਕ੍ਤਿਹੀਨ. ਵਿ- ਭਗਤਿ ਰਹਿਤ. "ਭਗਤਿਹੀਣ ਕਾਹੇ ਜਗਿ ਆਇਆ?" (ਸ੍ਰੀ ਮਃ ੩) ੨. ਜੋ ਭਕ੍ਤ (ਵੰਡਿਆ) ਨਹੀਂ ਗਿਆ. ਭਕ੍ਤਿ (ਵਿਭਾਗ) ਬਿਨਾ. ਜਿਸ ਦੇ ਹਿੱਸੇ ਨਹੀਂ ਹੋਏ.

ਭਗਤਿਜੋਗ, ਭਗਤਿਜੋਗੁ: ਭਕ੍ਤਿ ਦ੍ਵਾਰਾ ਕਰਤਾਰ ਵਿੱਚ ਮਨ ਜੋੜਨ ਦੀ ਕ੍ਰਿਯਾ. ਉਪਾਸਨਾ ਨਾਲ ਮਨ ਏਕਾਗ੍ਰ ਕਰਨਾ. "ਅਹਿਨਿਸਿ ਰਾਵੇ ਭਗਤਿਜੋਗੁ." (ਬਸੰ ਮਃ ੧) ੨. ਭਕ੍ਤਿ (ਤਕਸੀਮ) ਯੋਗਜ. ਵੰਡਣ ਲਾਇਕ.

ਭਗਤਿਦਾਨ, ਭਗਤਿਦਾਨੁ: ਭਕ੍ਤਿਰੂਪ ਦਾਨ. ਭਗਤੀ ਦੀ ਬਖ਼ਸ਼ਿਸ਼. "ਭਗਤਿਦਾਨੁ ਦੀਜੈ, ਜਾਚਹਿ ਸੰਤ ਜਨ." (ਮਲਾ

---

[911] "अथावो भक्ति जिज्ञासा, सा परानुर्गश्विरे" (ਸ਼ਾਂਤਿਲਯ ਸੂਤ੍ਰ)

ਨਾਮਦੇਵ)

ਭਗਤਿ ਨਵਧਾ, ਭਗਤਿ ਨਵੈ ਪ੍ਰਕਾਰਾ: ਦੇਖੋ, ਨਵਧਾਭਗਤਿ.

ਭਗਤਿ ਨਾਰਦੀ: ਸੰਗਜਾ- ਪੰਚਰਾਤ੍ਰ ਵਿੱਚ ਦੱਸੀ ਹੋਈ ਨਾਰਦ ਰਿਖੀ ਦੀ ਵਿਸ਼ਨੁਉਪਾਸਨਾ ਵਿਧਿ। ੨. ਪ੍ਰੇਮ ਸਹਿਤ ਸੇਵਾ. ਹਰਿ ਕੀਰਤਨਰੂਪ ਉਪਾਸਨਾ. "ਭਗਤਿ ਨਾਰਦੀ ਰਿਦੈ ਨ ਉਪਜੀ." (ਸੋਰ ਕਬੀਰ)

ਭਗਤਿਪਰਾਇਣ, ਭਗਤਿਪਰਾਯਣ: ਵਿ- ਭਕ੍ਤਿ ਵਿੱਚ ਤਤਪਰ. ਉਪਾਸਨਾ ਅਤੇ ਸੇਵਾ ਵਿੱਚ ਲੱਗਾ ਹੋਇਆ। ੨. ਵਰਤਾਉਣ ਵਿੱਚ ਤਤਪਰ. ਜੋ ਹਰ ਵੇਲੇ ਵੰਡਦਾ ਰਹੇ.

ਭਗਤਿਪ੍ਰਿਅ, ਭਗਤਿਪ੍ਰਿਯ: ਭਕ੍ਤੀ ਹੈ ਜਿਸ ਨੂੰ ਪਿਆਰੀ. "ਨਾਨਕੀ ਭਗਤਿਪ੍ਰਿਅ ਹੋ." (ਗਉ ਮਃ ੫)

ਭਗਤਿ ਭਗਵਾਨ: ਭਗਵਾਨ ਦੀ ਭਕ੍ਤਿ. ਕਰਤਾਰ ਦੀ ਸੇਵਾ. ਵਾਹਗੁਰੂ ਦੀ ਉਪਸਨਾ.

ਭਗਤਿਭਾਉ, ਭਗਤਿਭਾਇ, ਭਘਤਿਭਾਵ: ਸੰਗਜਾ- ਭਕ੍ਤਿਭਾਵ. ਭਗਤਿ ਦਾ ਖ਼ਿਆਲ. ਭਗਤਿ ਦਾ ਪ੍ਰੇਮ. "ਭਗਤਿ ਭਉ ਗੁਰ ਕੀ ਮਤਿ ਪੂਰੀ." (ਮਾਰੂ ਸੋਲਹੇ ਮਃ ੧) "ਭਗਤਿਭਾਇ ਆਤਮਪਰਗਾਸ." (ਸੁਖਮਨੀ) "ਭਗਤਿਭਾਵ ਇਹੁ ਮਾਰਗ ਬਿਖੜਾ." (ਆਸਾ ਛੰਤ ਮਃ ੩) ੨. ਭਗਤਿ ਦੀ ਹੋਂਦ (ਅਸ੍ਤਿਤ੍ਵ).

ਭਘਤਿਵਛਲ, ਭਗਤਿਵਫਲੁ: ਭਕ੍ਤਿ- ਵਤ੍ਸਲ. ਸੇਵਾ ਉਪਾਸਨਾ ਦਾ ਪਿਆਰਾ. ਭਗਤਿ ਨਾਲ ਮੁਹੱਬਤ ਕਰਨ ਵਾਲਾ. ਜਿਸ ਵਿੱਚ ਭਗਤਿ ਹੈ, ਉਸ ਨਾਲ ਪਿਆਰ ਕਰਨ ਵਾਲਾ. "ਭਗਤਿਵਛਲ ਸਦਾ ਕਿਰਪਾਲ." (ਸੁਖਮਨੀ) "ਭਗਤਿਵਛਲੁ ਹਰਿ ਬਿਰਦ ਹੈ." (ਆਸਾ ਛੰਤ ਮਃ ੪) ਦੇਖੋ, ਭਗਤਵਛਲੁ.

ਭਗਤੀ: ਦੇਖੋ, ਭਗਤਿ. "ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ." (ਮਾਝ ਮਃ ੫) ੨. ਭਕ੍ਤਾ ਭਗਤਿ ਵਾਲੀ. "ਜਿਉ ਪੋਰਖੈ ਘਰਿ ਭਗਤੀ ਨਾਰਿ ਹੈ." (ਸਵਾ ਮਃ ੩) ੩. ਗੋਸਾਈਂ ਸਾਧਾਂ ਦਾ ਇੱਕ ਫਿਰਕਾ, ਜੋ ਕਾਸ਼ੀਰਾਮ ਤੋਂ ਚੱਲਿਆ ਹੈ, ਭਗਤੀਏ ਨਿਰਤਕਾਰੀ ਕਰਕੇ ਭਜਨ ਗਾਉਂਦੇ ਹਨ.[912] "ਭਗਤੀਆਂ ਗਈ ਭਗਤਿ ਭੁੱਲ." (ਭਾਗੁ) ੪. ਦੇਖੋ, ਭਗਤੀ.

ਭਗਤੀਂ: ਭਗਤਾਂ ਨੇ। ੨. ਭਗਤੋਂ ਮੇ. "ਭਗਤੀਂ ਪ੍ਰਗਟਾਇਆ." (ਮਾਝ ਮਃ ੫

ਭਗਤੀਆ: ਵਿ- ਭਕ੍ਤਿ ਕਰਨ ਵਾਲਾ। ੨. ਮੰਦਿਰਾਂ ਵਿੱਚ ਗਾਉਣ ਦੀ ਸੇਵਾ ਕਰਨ ਵਾਲਾ। ੩. ਭਗਤੀ ਫਿਰਕੇ ਦਾ ਸਾਧੁ. ਦੇਖੋ, ਭਗਤੀ ੩.

ਭਗਤੀਜਾ: ਭਕ੍ਤ- ਇਜਜ. ਭਗਤਾਂ ਦਾ ਪੂਜਜ ਕਰਤਾਰ. "ਹੁਕਮੁ ਮੰਨਿ ਭਗਤੀਜਾ ਹੇ." (ਮਾਰੂ ਸੋਲਹੇ ਮਃ ੫) ੨. ਭਕ੍ਤਿ ਤੋਂ ਪੈਦਾ ਹੋਈ ਸ਼੍ਰੱਧਾ.

ਭਗਤੁ: ਦੇਖੋ, ਭਗਤ. "ਭਗਤੁ ਤੇਰਾ ਸੋਈ, ਤੁਧੁ ਭਾਵੈ." (ਬਸੰ ਮਃ ੫)

ਭਗਤੁਦਰਿ: ਕਰਤਾਰ ਦੇ ਦਰਵਾਜੇ ਦਾ ਸੇਵਕ. ਭਾਵ- ਵਾਹਗੁਰੂ ਦੇ ਦਰ ਨੂੰ ਛੱਡਕੇ ਹੋਰ ਥਾਂ ਨਾ ਜਾਣ ਵਾਲਾ. ਅਨਨਜ. ਉਪਾਸਕ. "ਭਗਤਿਦਰਿ ਤੁਲਿ ਬ੍ਰਹਮ ਸਮਸਰਿ." (ਸਵੈਯੇ ਸ੍ਰੀ ਮੁਖਵਾਕ ਮਃ ੫)

ਭਗਤੂ ਭਾਈ: ਉੱਦਮ (ਆਦਮ) ਬੈਰਾੜ ਜੱਟ ਦੇ ਘਰ ਗੁਰੂ ਰਾਮਦਾਸ ਜੀ ਦੇ ਆਸ਼ੀਰਵਾਦ ਤੋਂ ਭਗਤੂ ਦਾ ਜਨਮ ਹੋਇਆ. ਇਹ ਗੁਰੂ ਅਰਜਨਦੇਵ ਦਾ ਸ਼ਿਰੋਮਣਿ ਸਿੱਖ ਸੀ. ਅਮ੍ਰਿਤਸਰ ਬਣਨ ਸਮੇਂ ਇਸ ਨੇ ਵਡੀ ਸੇਵਾ ਕੀਤੀ. ਇਸ ਦੀ ਕੁਲ ਵਿੱਚ ਭਾਈ ਗੁਰਬਖ਼ਸ਼ ਸਿੰਘ ਦੇ ਸੁਪੁਤ੍ਰ ਭਾਈ ਦੇਸੂਸਿੰਘ ਪ੍ਰਤਾਪੀ ਨੇ ਰਿਆਸਤ ਕੈਂਥਲ ਕਾਇਮ ਕੀਤੀ, ਜਿਸ ਦੇ ਲਾਇਕ ਪੋਤੇ ਭਾਈ ਉਦਯਸਿੰਘ ਨੇ ਕਵਿਰਾਜ ਭਾਈ ਸੰਤੋਖ ਸਿੰਘ ਨੂੰ ਦਾਨ ਸਨਮਾਨ ਨਾਲ ਪਾਸ ਰੱਖਕੇ ਗੁਰਪ੍ਰਤਾਪ ਸੂਰਜ ਆਦਿ ਪੁਸਤਕਾਂ ਦੀ ਰਚਨਾ ਕਰਵਾਈ. ਦੇਖੋ, ਉਦਯਸਿੰਘ.

---

[912] ਇਸ ਤੋਂ ਰਾਸਧਾਰੀਆਂ ਨੂੰ ਭਗਤੀ ਆਖ ਦਿੰਦੇ ਹਨ.

ਭਾਈ ਭਗਤੂ ਜੀ ਦਾ ਦੇਹਾਂਤ ਕਰਤਾਰਪੁਰ ਵਿੱਚ ਹੋਇਆ. ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੀ ਹਥੀਂ ਸਸਕਾਰ ਕੀਤਾ.

ਭਾਈ ਸੰਤੋਖਸਿੰਘ ਜੀ ਜਪਟੀਕਾ "ਗੁਰਬਗੰਜਨੀ" ਵਿੱਚ ਵੰਸ਼ਾਵਲੀ ਇਉਂ ਲਿਖਦੇ ਹਨ-

"ਸਿੱਧੂ ਕੁਲ ਤਾਲ ਮੇ ਪ੍ਰਫੁੱਲਿਤ ਕਮਲ ਕਲ
ਗੋਤ ਭੁਲਹਰੀਏ ਮੇ ਦੇਹ ਉਤਪਤਿ ਕੀ,
ਸਤਿਗੁਰੁ ਅਰਜਨ ਸਿਰਜਤ ਸੁਧਾਸਰ
ਜਾਇ ਸੇਵਾ ਲਗਾਯੋ ਕਰਿ ਲਾਲਸਾ ਸੁਗਤਿ ਕੀ.
ਰਾਜੀ ਹਨਐ ਰਜਾਇ ਮੇ ਰਿਝਾਇ ਹਰਖਾਇ ਉਰ
ਪਾਯੋ ਮਨਭਾਯੋ ਵਰ ਗਜਾਨਵਾਨ ਮਤਿ ਕੀ,
ਸਕਲ ਜਗਤ ਮੇ ਵਿਦਿਤ ਦਿਨਪ੍ਰਤਿ ਅਤਿ
ਕੀਰਤਿ ਭਗਤ ਭਾਈ ਭਗਤੂ ਭਗਤਿ ਕੀ
ਤਿਨ ਕੋ ਤਨੁਜ ਗੌਰਾ ਬੀਰਨ ਮੇ ਬੀਰ ਗੌਰਾ
ਤੇਜ ਤੁਰਕਾਨ ਤੋਰਾ ਦਲ ਮੋਰਾ ਮਾਰਕੈ,
ਜੰਗ ਮੇ ਨਿਸੰਗ ਬੀਰਰੰਗ ਮੇ ਸੁਰੰਗ ਭਯੋ
ਬਹੁ ਕਰ ਵਾਰ ਕਰਵਾਰ ਕੇ ਪ੍ਰਹਾਰਕੈ,
ਪੌਰਖ ਸੰਭਾਰਕੈ ਸੰਘਾਰਕੈ ਸਮੂਹ ਸਤ੍ਰ
ਹੋਯੋ ਰਖਵਾਰ ਸੰਗ ਗੁਰੁਪਰਿਵਾਰ ਕੈ,
ਤਾਂਕੇ ਸੁਤ ਦਜਾਲਦਾਸ ਜਗ ਮੇ ਪ੍ਰਕਾਸ਼ ਕੀਨ
ਪ੍ਰੇਮਰਸ ਭੀਨ ਸਦਾ ਅਗਮ ਅਪਾਰ ਕੈ.
ਤਿਨ ਕੇ ਸੁਤ ਗੁਰਬਖਸਿੰਘ ਤਤੁਬੇਤਾ ਮਤਿਧੀਰ,
ਤਿਨ ਤੇ ਦੇਸੂਸਿੰਘ ਭੇ ਦੇਸਪਤੀ ਬਰਬੀਰ.
ਸਾਠ ਸਊਰਨ ਸੰਗ ਲੈ ਕਪਿਥਲ[913] ਲੀਨ ਛੁਰਾਇ,
ਤਹਾਂ ਪਠਾਨ ਕਿ ਪੰਚਸ਼ਤ ਹਤਕਰ ਦਏ ਭਗਾਇ.
ਲਾਲਸਿੰਘ ਤਿਨ ਕੇ ਤਨੁਜ ਮਤਿ ਅਪਾਰ ਗੁਨਵੰਤ,
ਸਭ ਦੇਸਨ ਮੇ ਵਿਦਿਤ ਬਹੁ ਕੁਲਦੀਪਕ ਜਸਵੰਤ.
ਤਾਂਕੇ ਸੁਤ ਉਦੈਸਿੰਘ ਜੈਸੇ ਉਦੈ ਸਿੰਘ ਭਯੋ
ਰਿਦੇ ਕੇ ਮ੍ਰਿਦੁਲ ਧੀਰ ਧਰਬੇ ਕੋ ਧਰ ਸੇ,
ਗੁਨਗ੍ਰਾਹ ਗੁਨਗਾਹ ਗੁਨਗ੍ਰਿਹ ਗੁਨਗੌਰ

---

[913] ਕੈਂਥਲ

ਗੁਰੂਗਿਰਾ ਗੇਯ ਗਤਿਸੰਗਤ ਗਾਰਗਿਰ ਮੇ,

ਦਸੋ ਦਿਸਿ ਦੌਰੈ ਜਸ ਦਾਨ ਦੈਬੋ ਦਿਨ ਦਿਨ

ਦਾਰਿਦ ਦੁਰਦ ਦਰਬੇ ਕੋ ਸ਼ੇਰ ਦਰਸੇ,

ਬਾਲਬੈਸ ਬਪੁ ਮੇ ਬਿਲੋਕ ਲੋਕ ਬਿਸਮਿਤ

ਬ੍ਰਿੱਧਨ ਸੀ ਬੁੱਧਿ ਮੁਖ ਬਾਰਿਜ ਸਦਰਸੇ." ਦੇਖੋ, ਕੈਥਲ.

ਭਾਈ ਭਗਤੂ ਦੀ ਵੰਸ਼ ਦੇ ਹੁਣ ਰਈਸ ਅਰਨੌਲੀ ਅਤੇ ਸੱਧੂਵਾਲ ਹਨ, ਅਤੇ ਬਹੁਤ ਲੋਕ ਭੁੱਚੋ, ਚੱਕਭਾਈ ਕੇ, ਥੇੜ੍ਹੀ. ਫਕਰਸਰ ਆਦਿ ਵਿੱਚ ਵਸਦੇ ਹਨ.

ਭਗਤੇ: ਭਗਤਿ ਮੇ. "ਸੇਈ ਜਨ ਲਗੇ ਭਗਤੇ." (ਸਵੈਯੇ ਸ੍ਰੀ ਮੁਖਵਾਕ ਮਃ ੫)

ਭਗਤੰਜੰ: ਭਕ੍ਤੇਭ੍ਯ. ਦਾ ਰੂਪਾਂਤਰ ਭਗਤਾਂ ਤਾਈਂ. "ਭਗਤੰਜੰ ਭਗਤਿਦਾਨੰ." (ਸਹਸ ਮਃ ੫)

ਭਗਦੱਤ: ਪ੍ਰਾਗਜ੍ਯੋਤਿਸ਼ਪੁਰ (ਗੋਹਾਟੀ) ਦੇ ਰਾਜਾ ਨਰਕਾਸੁਰ ਦਾ ਵਡਾ ਪੁਤ੍ਰ. ਨਰਕ ਨੂੰ ਮਾਰਕੇ ਕ੍ਰਿਸ਼ਨ ਜੀ ਨੇ ਇਸ ਨੂੰ ਰਾਜਸਿੰਘਾਸਨ ਤੇ ਬੈਠਾਇਆ ਸੀ. ਇਹ ਕੌਰਵਾਂ ਦੀ ਸਹਾਇਤਾ ਲਈ ਕੁਰੁਕੇਤ੍ਰ ਦੇ ਜੰਗ ਵਿੱਚ ਪਾਂਡਵਾਂ ਨਾਲ ਲੜਿਆ ਅਤੇ ਅਰਜੁਨ ਦਾ ਮੁਕਾਬਲਾ ਕਰਦਾ ਹੋਇਆ ਮੋਇਆ.

ਭਗਨ: ਦੇਖੋ, ਭਗਣ। ੨. ਦੇਖੋ, ਭਾਗਨਾ। ੩. ਸੰ. ਭਗ੍ਨ. ਵਿ- ਭੱਜਾ (ਫੁੱਟਿਆ) ਹੋਇਆ। ੪. ਨਸ਼੍ਟ ਹੋਇਆ। ੫. ਹਾਰਿਆ ਹੋਇਆ.

ਭਗਨੀ: ਭੈਣ. ਦੇਖੋ, ਭਗਿਨੀ.

ਭਗਨੰਤ: ਸੰ. ਭਨਕ੍ਰਿਯ ਭਗ੍ਨ ਕਰੰਤ. ਤੋੜ ਦਿੰਦਾ ਹੈ. "ਮਸਕੰ ਭਗਨੰਤ ਸੈਲੰ." (ਸਹਸ ਮਃ ੫)

ਭਗਲੀ: ਵਿ- ਭਗੌੜਾ. ਭੱਜਣ ਵਾਲਾ। ੨. ਸੰਗ੍ਯਾ- ਕੰਬਲ. ਉੱਨ ਦਾ ਮੋਟਾ ਵਸਤ੍ਰ.

ਭਗਲੀਆ: ਭਗਲੀ (ਕੰਬਲ) ਓਢਣ ਵਾਲਾ.

ਭਗਵਉ: ਵਿ- ਭਗਵਾਂ. ਗੇਰੂਰੰਗਾ. "ਭਗਵਾਉ ਕੀਨੋ ਭੇਸੁ." (ਸੋਰ ਮਃ ੯)

ਭਗਵਤ: भगवत्. ਵਿ- ਐਸ਼੍ਵਰਯ ਵਾਲਾ। ੨. ਸੰਗ੍ਯਾ- ਕਰਤਾਰ. ਵਾਹਗੁਰੂ. ਦੇਖੋ, ਭਗਵਾਨ। ੩. ਭਾਗਵਤ ਦੀ ਥਾਂ ਭੀ ਭਗਵਤ ਸ਼ਬਦ ਆਇਆ ਹੈ. ਦੇਖੋ, ਕਲਿਭਗਵਤ ਅਤੇ ਭੀਰਿ.

ਭਗਵਤਗੀਤਾ: भगवद्गीता. ਸ਼੍ਰੀ ਕ੍ਰਿਸ਼ਨ ਜੀ ਦਾ ਉਪਦੇਸ਼ਰੂਪ ਅਠਾਰਾਂ ਅਧ੍ਯਾਯ ਦਾ ਗ੍ਰੰਥ. ਦੇਖੋ, ਗੀਤਾ ੩.

ਭਗਵਤੀ: ਵਿ- ਗਿਆਨ ਆਦਿ ਗੁਣਾਂ ਵਾਲੀ. ਐਸ਼੍ਵਰਯ ਵਾਲੀ। ੨. ਸੰਗ੍ਯਾ- ਦੁਰਗਾ. ਦੇਵੀ। ੩. ਤਲਵਾਰ. "ਕੋਪ ਸਿੰਘ ਭਗਵਤੀ ਨਿਕਾਰੀ." (ਗੁਰੁਸੋਭਾ) ੫. ਇੱਕ ਛੰਦ. ਦੇਖੋ, ਭਗਉਤੀ ੬.

ਭਗਵਾ, ਭਗਵਾਂ: ਦੇਖੋ, ਭਗਵਉ.

ਭਗਵਾਨ: ਵਿ- ਭਗ (ਯੋਨਿ) ਵਾਲਾ. "ਸੁਰਨਾਇਕ ਕੋ ਭਗਵਾਨ ਕਿਯੋ," (ਚਰਿਤ੍ਰ ੧੧੫) ਗੋਤਮ ਨੇ ਇੰਦ੍ਰ ਨੂੰ ਸ੍ਰਾਪ ਦੇਕੇ ਭਗਾਂ ਵਾਲਾ ਬਣਾ ਦਿੱਤਾ। ੨. ਭਗਵੰਤ. ਭਾਗ੍ਯ ਵਾਲਾ. ਖ਼ੁਸ਼ਨਸੀਬ। ੩. ਐਸ਼੍ਵਰਯ (ਪ੍ਰਭੁਤਾ) ਵਾਲਾ। ੪. ਭਗ (ਛੀ ਗੁਣ) ਧਾਰਨ ਵਾਲਾ. "ਈਸ੍ਵਰ ਕੇ ਖਟ ਗੁਨ ਕੋ ਜਾਨ। ਜਾਂਤੇ ਕਹਿਯਤ ਹੈ ਭਗਵਾਨ। ਜਸ ਐਸ੍ਵਰਜ ਵਿਰਾਗ ਉਦਾਰ। ਲਛਮੀ ਗ੍ਯਾਨ ਸੁ ਪੂਰਨ ਧਾਰ।।" (ਗੁਪ੍ਰਸੂ) ੫. ਵਿਸ਼ਨੁਪੁਰਾਣ ਅੰਸ਼ ੬, ਅਃ ੫. ਵਿੱਚ ਲਿਖਿਆ ਹੈ ਕਿ ਭਰਣਵਾਲਾ, ਗਤਿਦਾਤਾ, ਵਾਸ ਸਭ

ਜੀਵਾਂ ਨੂੰ ਦੇਣ ਵਾਲਾ, ਨਾਸ਼ ਰਹਿਤ ਜੋ ਹੋਵੇ, ਉਹ 'ਭਗਵਾਨ' ਹੈ। ੬. ਸੰਗ੍ਯਾ- ਕਰਤਾਰ. ਪਾਰਬ੍ਰਹਮ. "ਭਗਵਾਨ ਰਮਣੰ ਸਰਬਤ੍ਰ ਥਾਨ੍ਯਿੰ." (ਸਹਸ ਮਃ ੫) ੭. ਵਿਸ਼ਨੁ. "ਕਾਲਹਿ ਪਾਇ ਭਯੋ ਭਗਵਾਨ." (ਵਿਚਿਤ੍ਰ)

ਭਗਵਾਨਏਨਮਹ: ਭਗਵਨ੍! ਤੇ ਨਮਃ ਹੇ ਭਗਵਾਨ! ਤੈਨੂੰ ਨਮਸਕਾਰ ਹੈ. "ਭੋ ਭਗਵਾਨਏ ਨਮਹ." (ਸਹਸ ਮਃ ੫) ਹੇ ਭਗਵਾਨ! ਏ (ਤੇ) ਨਮਹ.

ਭਗਵਾਨਸਿੰਘ: ਮਾਈ ਮਾਨਕੌਰ ਦੇ ਉਦਰ ਤੋਂ ਰਾਜਾ ਦੇਵੇਂਦ੍ਰਸਿੰਘ ਨਾਭਾਪਤਿ ਛੋਟਾ ਪੁਤ੍ਰ ਅਤੇ ਰਾਜਾ ਭਰਪੂਰਸਿੰਘ ਜੀ ਦਾ ਛੋਟਾ ਭਾਈ, ਇਸ ਦਾ ਜਨਮ ਸਨ ੧੮੪੨ ਵਿੱਚ ਹੋਇਆ. ਰਾਜਾ ਭਰਪੂਰਸਿੰਘ ਜੀ ਦੇ ਲਾਵਲਦ ਮਰਨ ਤੇ ਇਹ ੧੭. ਫਰਵਰੀ ਸਨ ੧੮੬੪ ਨੂੰ ਨਾਭੇ ਦੀ ਗੱਦੀ ਤੇ ਬੈਠਾ. ੩੧ ਮਈ ਸਨ ੧੮੭੧ ਨੂੰ ਤਪਦਿੱਕ ਰੋਗ ਨਾਲ ਰਾਜਾ ਭਗਵਾਨਸਿੰਘ ਦਾ ਦੇਹਾਂਤ ਨਾਭੇ ਹੋਇਆ. ਦੇਖੋ, ਹੀਰਾਸਿੰਘ, ਨਾਭਾ ਅਤੇ ਫੂਲਵੰਸ਼.

ਭਗਵਾਨਗਿਰਿ: ਦੇਖੋ, ਭਗਤਭਗਵਾਨ.

ਭਗਵਾਨਦਾਸ: ਬੋਦਲਾ ਜਾਤਿ ਦਾ ਬੁਰਹਾਨਪੁਰ ਨਿਵਾਸੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ।

੨. ਘੇਰੜ ਗੋਤ ਦਾ ਖਤ੍ਰੀ, ਜਿਸ ਨੇ ਗੁਰੂ ਅਰਜਨਦੇਵ ਦੇ ਵਸਾਏ ਪਿੰਡ ਸ੍ਰੀ ਗੋਬਿੰਦਪੁਰ ਉੱਤੇ ਜਬਰਨ ਕਬਜਾ ਕਰਲਿਆ ਸੀ.[914] ਭਗਵਾਨਦਾਸ ਸਿੱਖਾਂ ਨਾਲ ਲੜਕੇ ਮਰ ਗਿਆ, ਇਸੇ ਕਾਰਣ ਜਲੰਧਰ ਦੇ ਫੌਜਦਾਰ ਨੇ ਗੁਰੁਸਾਹਿਬ ਪੁਰ ਹਮਲਾ ਕੀਤਾ ਅਰ ਜੰਗ ਵਿੱਚ ਮੋਇਆ. ਭਗਵਾਨਦਾਸ ਦਾ ਪੁਤ੍ਰ ਰਤਨਚੰਦ ਭੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਤਮੰਚੇ (ਪਿਸਤੌਲ) ਨਾਲ ਮਾਰਿਆ ਗਿਆ। ੩. ਜਯਪੁਰ ਦਾ ਰਾਜਾ, ਜਿਸ ਦੀ ਭੈਣ ਬਾਦਸ਼ਾਹ ਅਕਬਰ ਨੂੰ ਵਿਆਹੀ ਗਈ ਸੀ.

ਭਗਵਾਨਾ: ਗੁਰੂ ਅਰਜਨਦੇਵ ਜੀ ਦਾ ਆਤਮਗਿਆਨੀ ਸਿੱਖ। ੨. ਵਿ- ਭਗਵਾਨ ਦਾ.

ਭਗਵਾਭੇਸ, ਭਗਵਾਂਵੇਸ: ਗੇਰੂਆ ਲਿਬਾਸ. ਭਗਵਾਨ (ਕਰਤਾਰ) ਸੰਬੰਧੀ ਵੇਸ਼.

ਭਗਵੈ ਵੇਸਿ: ਭਗਵੇਂ ਲਿਬਾਸ ਕਰਕੇ. ਗੇਰੂਰੰਗੇ ਭੇਖ ਨਾਲ. "ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ." (ਬਸੰ ਮਃ ੩)

ਭਗਵੰਤ, ਭਗਵੰਤਾ: ਵਿ- ਭਾਗ੍ਯਵੰਤ. ਦੌਲਤਮੰਦ. "ਇਹੁ ਧਨੁ ਸੰਚਹੁ ਹੋਵਹੁ ਭਗਵੰਤ." (ਸੁਖਮਨੀ) "ਸੇਈ ਸਾਹ ਭਗਵੰਤ ਸੇ. ਸਚੁਸੰਪੈ ਹਰਿਰਾਸਿ." (ਬਾਵਨ) ੨. भगवत्. ਦੇਖੋ, ਭਗਵਾਨ ੪. ਅਤੇ ੫. "ਹਰਿ ਭਗਵੰਤਾ ਤਾ ਜਨ ਖਰਾ ਸੁਖਾਲਾ." (ਮਾਝ ਅਃ ਮਃ ੫) ੩. ਸੰਗ੍ਯਾ- ਕਰਤਾਰ. ਵਾਹਗੁਰੂ. "ਭਗਵੰਤ ਕੀ ਟਹਲ ਕਰੈ ਨਿਤ ਨੀਤ." (ਸੁਖਮਨੀ)

ਭਗਵੰਤੀ: ਭਗਵਤ ਸੰਬੰਧੀ. ਕਰਤਾਰ ਦਾ. ਵਾਹਗੁਰੂ ਦਾ ਉਪਾਸਕ. "ਧਨੁ ਭਗਵੰਤੀ ਨਾਨਕਾ, ਜਿਨਾ ਗੁਰਮੁਖਿ ਲਧਾ ਹਰਿ." (ਸਵਾ ਮਃ ੩) ੨. ਭਾਗ੍ਯਵੰਤੀਂ. ਭਾਗਵਾਨਾਂ ਨੇ.

ਭਗਵੰਤੁ: ਭਾਗ ਵਾਲਾ. ਦੇਖੋ, ਭਗਵੰਤ. "ਜਿਸੁ ਮਨਿ ਵਸੈ ਨਰਾਇਣੋ, ਸੋ ਕਹੀਐ ਭਗਵੰਤੁ." (ਮਾਝ ਮਃ ੫. ਦਿਨ ਰੈਣ)

ਭਗੜਾਣਾ: ਰਿਆਸਤ ਪਟਿਆਲਾ, ਤਸੀਲ ਥਾਣਾ ਬਸੀ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਪੰਜ ਮੀਲ ਪੂਰਵ ਹੈ. ਇਸ ਪਿੰਡ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਦਰਬਾਰ ਛੋਟਾ ਜਿਹਾ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਬਹੁਤ ਹਨ. ਗੁਰਦ੍ਵਾਰੇ ਨਾਲ ੨੫੦ ਵਿੱਘੇ ਜ਼ਮੀਨ ਰਿਆਸਤ ਵੱਲੋਂ ਹੈ. ਇਸ ਵੇਲੇ ਪੁਜਾਰਣ ਸਿੰਘਣੀ ਹੈ.

ਭਗਾ: ਭੱਜਿਆ. ਨੱਠਾ. "ਜਗ ਜਨਮ ਮਰਣ ਭਗਾ." (ਸਵੈਯੇ ਮਃ ੪. ਕੇ)

ਭਗਾਤ: ਭਗਤਜਨ. ਭਗਤ ਲੋਕ. ਦੇਖੋ, ਹਰਿਭਗਤ। ੨. ਭੱਜ (ਨੱਠ) ਜਾਂਦੇ ਹਨ. "ਭਗਾਤ ਹੋਇ ਭਯਭੀਤ ਦਾਨਵ." (ਸਲੋਹ)

---

[914] ਭਾਈ ਸੰਤੋਖਸਿੰਘ ਆਦਿ ਲੇਖਕਾਂ ਨੇ ਹਰਿਗੋਬਿੰਦਪੁਰ ਦੇ ਵਸਾਉਣ ਦਾ ਪ੍ਰਸੰਗ ਲਿਖਣ ਵਿੱਚ ਭਾਰੀ ਭੁੱਲ ਕੀਤੀ ਹੈ. ਦੇਖੋ, ਸ਼੍ਰੀ ਗੋਬਿੰਦਪੁਰ.

ਭਗਾਤੀ: ਭਗਤਾਂ ਦੀ. "ਹਰਿ, ਰਾਖਹੁ ਲਾਜ ਭਗਾਤੀ." (ਧਨਾ ਮਃ ੪)

ਭਗਿੰਦਰ, ਭਗਿੰਦ੍ਰ: ਸੰ. भगन्दर. ਭਗ (ਸਿਉਣ) ਨੂੰ ਜੋ ਦਰ (ਪਾੜ) ਦੇਵੇ, ਅਜੇਹਾ ਫੋੜਾ. نواسیر ਨਵਾਸੀਰ. Fistula ਭਗੰਦਰ ਗੁਦਾ ਦੇ ਅੰਦਰ ਜਾਂ ਪਾਸ ਹੁੰਦਾ ਹੈ. ਇਸ ਦੇ ਨਾਸੂਰਾਂ ਵਿੱਚੋਂ ਪੀਪ ਵਹਿੰਦੀ ਰਹਿੰਦੀ ਹੈ, ਕਦੇ ਬੰਦ ਹੋ ਜਾਂਦੀ ਹੈ, ਕੁਝ ਸਮੇਂ ਪਿੱਛੋਂ ਫੇਰ ਵਹਿਣ ਲੱਗਦੀ ਹੈ, ਖੁਰਕ ਅਤੇ ਚਸਕ ਬਣੀ ਰਹਿੰਦੀ ਹੈ.

ਭਗਿੰਦਰ ਦੇ ਕਾਰਣ ਹਨ- ਕਰੜੀ ਥਾਂ ਤੇ ਬਹੁਤ ਬੈਠਣਾ, ਲਹੂ ਨੂੰ ਖਰਾਬ ਕਰਨ ਵਾਲੇ ਪਦਾਰਥ ਖਾਣੇ, ਜਾਦਾ ਕਬਜ ਰਹਿਣੀ ਆਦਿਕ.

ਇਸ ਰੋਗ ਦੇ ਹੁੰਦੇ ਹੀ ਸਿਆਣੇ ਡਾਕਟਰ ਤੋਂ ਇਲਾਜ ਕਰਾਉਣਾ ਚਾਹੀਏ. ਸਭ ਤੋਂ ਚੰਗਾ ਉਪਾਉ ਹੈ ਕਿ ਚੀਰਾ ਦਿਵਾਕੇ ਰੋਗ ਦੀ ਜੜ ਖੋ ਦਿੱਤੀ ਜਾਵੇ.

ਭਗੰਦਰ ਦੇ ਸਾਧਾਰਣ ਇਲਾਜ ਇਹ ਹਨ-

(ੳ) ਨਿੰਮ ਦਾ ਭੁੜਥਾ ਅਤੇ ਸਤਜਾਨਾਸੀ ਬੂਟੀ ਦਾ ਨੁਗਦਾ ਬੰਨ੍ਹਣਾ।

(ਅ) ਨਿੰਮ ਦੇ ਗਰਮ ਕਾੜ੍ਹੇ ਨਾਲ ਅਥਵਾ ਤ੍ਰਿਫਲੇ ਦੇ ਜਲ ਨਾਲ ਧੋਣਾ.

(ੲ) ਬਿੱਲੀ ਦੀ ਹੱਡੀ ਖੱਟੀ ਲੱਸੀ ਜਾਂ ਤ੍ਰਿਫਲੇ ਦੇ ਪਾਣੀ ਵਿੱਚ ਪੀਹਕੇ ਲਗਾਉਣੀ.

(ਸ) ਕਬਜਕੁਸ਼ਾ ਦਵਾਈਆਂ ਅਤੇ ਗਿਜਾ ਵਰਤਣੀ.

(ਹ) ਹਰੜ. ਬਹੇੜਾ ਆਉਲਾ, ਸ਼ੁੱਧ ਭੈਂਸੀਆ ਗੁੱਗਲ, ਬਾਇਬੜਿੰਗ, ਇਨ੍ਹਾਂ ਦਾ ਕਾੜ੍ਹਾ ਪੀਣਾ, ਆਦਿ. "ਚਿਣਗ ਪ੍ਰਮੇਹ ਭਗਿੰਦ੍ਰ ਦੁਖੂਤ੍ਰਾ." (ਚਰਿਤ੍ਰ ੪੦੫)

ਭਗਿਨੀ: ਜੋ ਪਿਤਾ ਅਤੇ ਭਾਈ ਤੋਂ ਧਨ ਲੈਣ ਦਾ ਭਗ (ਯਤਨ) ਕਰਦੀ ਹੈ, ਭੈਣ. ਸ੍ਵਸਾ.

ਭਗੀ: ਸੰ. भगिन्. ਵਿ- ਭਾਗ ਵਾਲਾ. ਖ਼ੁਸ਼ਨਸੀਬ। ੨. ਪ੍ਰਸੰਨ. ਆਨੰਦ। ੩. ਭਾਗੀ (ਭੱਜੀ- ਨੱਠੀ) ਲਈ ਭੀ ਭਗੀ ਸ਼ਬਦ ਵਰਤਿਆ ਜਾਂਦਾ ਹੈ.

ਭਗੀਰਥ: ਮਹਾਭਾਰਤ ਆਦਿ ਗ੍ਰੰਥਾਂ ਅਨੁਸਾਰ ਦਿਲੀਪ ਦਾ ਪੁਤ੍ਰ ਸੂਰਯਵੰਸ਼ੀ ਅਯੋਧਜਾ ਦਾ ਰਾਜਾ. ਇਸ ਨੇ, ਆਪਣੇ ਵਡੇਰੇ ਸਗਰ ਦੇ ਸੱਠ ਹਜਾਰ ਪੁਤ੍ਰਾਂ ਦੀ ਗਤਿ ਲਈ ਜੋ ਕਪਿਲ ਦੀ ਕ੍ਰੋਧਅਗਨਿ ਨਾਲ ਭਸਮ ਹੋ ਗਏ ਸਨ. ਗੰਗਾ ਨੂੰ ਪ੍ਰਿਥਿਵੀ ਪੁਰ ਲਿਆਉਣ ਵਾਸਤੇ, ਹਿਮਾਲਯ ਦੇ ਗੋਕਰਣ ਅਸਥਾਨ ਤੇ ਘੋਰ ਤਪ ਕਰਕੇ ਬ੍ਰਹਮਾ ਰਿਝਾਇਆ. ਬ੍ਰਹਮਾ ਨੇ ਗੰਗਾ ਦੇਣ ਦਾ ਵਾਇਦਾ ਕੀਤਾ, ਪਰ ਕਠਿਨਾਈ ਇਹ ਦੱਸੀ ਕਿ ਆਕਾਸ਼ ਤੋਂ ਆਈ ਗੰਗਾ ਨੂੰ ਬਿਨਾ ਸ਼ਿਵ ਕੋਈ ਨਹੀਂ ਝੱਲ ਸਕੇਗਾ, ਇਸ ਲਈ ਪਹਿਲਾਂ ਸ਼ਿਵ ਨੂੰ ਖੁਸ਼ ਕਰੋ.

ਭਗੀਰਥ ਨੇ ਤਪ ਕਰਕੇ ਸ਼ਿਵ ਤੋਂ ਇਹ ਗੱਲ ਮੰਨਵਾਈ ਕਿ ਉਹ ਗੰਗਾ ਨੂੰ ਧਾਰਣ ਕਰੇਗਾ. ਜਦ ਬ੍ਰਹਮਾ ਨੇ ਗੰਗਾ ਆਕਾਸ਼ ਤੋਂ ਭੇਜੀ, ਤਦ ਸ਼ਿਵ ਨੇ ਆਪਣਾ ਜਟਾਜੂਟ ਇਤਨਾ ਫੈਲਾ ਲੀਤਾ ਕਿ ਹਜ਼ਾਰ ਵਰ੍ਹੇ ਗੰਗਾ ਨੂੰ ਨਿਕਲਣ ਦਾ ਰਾਹ ਨਾ ਲੱਭਿਆ. ਅੰਤ ਨੂੰ ਭਗੀਰਥ ਦੀ ਪ੍ਰਾਰਥਨਾ ਮੰਨਕੇ ਸ਼ਿਵ ਨੇ ਜਟਾ ਵਿੱਚੋਂ ਗੰਗਾ ਕੱਢੀ. ਜਿਸ ਦੇ ਸੱਤ ਪ੍ਰਵਾਹ ਹੋਏ, ਹ੍ਰਾਦਿਨੀ, ਪਾਵਿਨੀ ਅਤੇ ਨਲਿਨੀ ਨਾਮਕ ਤਿੰਨ ਪ੍ਰਵਾਹ ਪੂਰਵ ਦੀ ਤਰਫ ਵਹੇ. ਵੰਕ੍ਸ਼, ਸੀਤਾ ਅਤੇ ਸਿੰਧੁ ਨਾਮਕ ਤਿੰਨ ਪ੍ਰਵਾਹ ਪੱਛਮ ਵੱਲ ਵਹੇ. ਇੱਕ ਪ੍ਰਵਾਹ ਭਗੀਰਥ ਦੇ ਰਥ ਪਿੱਛੇ ਤੁਰਿਆ. ਜਿੱਥੋਂ ਦੀ ਭਗੀਰਥ ਦਾ ਰਥ ਗਿਆ ਪਿੱਛੇ ਹੀ ਗੰਗਾ ਦਾ ਪ੍ਰਵਾਹ ਵਹਿਣ ਲੱਗਾ. ਇਸੇ ਪ੍ਰਵਾਹ ਦਾ ਨਾਮ ਭਾਗੀਰਥੀ ਹੋਇਆ. ਦੇਖੋ, ਜਨੁਸੁਤਾ ਅਤੇ ਜਾਹਰਨਵੀ। ੨. ਮੈਲੀਸੀਹਾਂ ਪਿੰਡ ਦਾ ਨੰਬਰਦਾਰ, ਜੋ ਦੁਰਗਾ ਦੀ ਉਪਾਸਨਾ ਤਿਆਗਕੇ ਗੁਰੂ ਨਾਨਕਦੇਵ ਦਾ ਆਤਮਗਿਆਨੀ ਸਿੱਖ ਹੋਇਆ। ੩. ਸੁਇਨੀ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਮਹਾਨ ਪਰੋਪਕਾਰੀ ਹੋਇਆ.

ਭਗੇ: ਭਾਗੇ. ਨੱਠੇ. ਦੌੜੇ. "ਜਨਮਹਿ ਮਰਿ ਭਗੇ ਹਾਂ." (ਆਸਾ ਮਃ ੫) ੨. ਭਗ੍ਨ ਹੋਏ. ਫੁੱਟੇ. ਭੱਜੇ.

ਭਗੇਂਦ੍ਰ: ਦੇਖੋ, ਭਗਿੰਦ੍ਰ.

ਭਗੈ: ਭਜਾ (ਨਠਦਾ) ਹੈ। ੨. ਭਗ੍ਨ ਹੁੰਦਾ ਹੈ. ਫੁੱਟਦਾ ਹੈ.

ਭਗੈਲ: ਵਿ- ਭੱਜਣ ਵਾਲਾ. ਭਗੌੜਾ. ਜੰਗ ਵਿੱਚ ਪਿੱਠ ਦਿਖਾਉਣ ਵਾਲਾ. "ਭਗੈਲ ਭੈ ਸਿਧਾਰਤੇ." (ਗੁਪ੍ਰਸੂ)

ਭਗੋਲਾ: ਦੇਖੋ, ਬਰੋਟਾਸਾਹਿਬ.

ਭਗੌਹਾਂ: ਵਿ- ਗੇਰੂਆ. ਭਗਵਾਂ. "ਵਸਤ੍ਰ ਭਗੌਹੇਂ ਆਜ ਸਭੰਗਨ ਮੇ ਕਰੌਂ." (ਚਰਿਤ੍ਰ ੨੩੫)

ਭਗੌਤੀ: ਦੇਖੋ, ਭਗਉਤੀ.

ਭਗੌੜਾ, ਭਗੌੜੂ: ਦੇਖੋ, ਭਗੈਲ.

ਭਗੰਦਰ: ਦੇਖੋ, ਭਗਿੰਦ੍ਰ.

ਭੱਗੁਲ: ਭਗੌੜਾ. ਭਗੈਲ. "ਭੱਗੁਲ ਲੋਕ ਫਿਰੇ ਸਭ ਹੀ. ਰਣ ਮੇ ਲਖ ਰਾਘਵ ਕੀ ਅਧਿਕਾਈ." (ਰਾਮਾਵ)

ਭਗ੍ਤਿ: ਦੇਖੋ, ਭਗਤਿ.

ਭਗ੍ਤਿਫਲਨ: ਵਿ- ਭਕ੍ਤਿ ਦਾ ਫਲ ਦੇਣ ਵਾਲਾ. "ਸਬਲ ਮਲਨ, ਭਗ੍ਤਿਫਲਨ." (ਸਵੈਯੇ ਮਃ ੪. ਕੇ)

ਭਗ੍ਨ: ਦੇਖੋ, ਭਗਨ ੩. ਅਤੇ ੪.

ਭੱਛ: ਸੰ. ਭਕ੍ਸ਼. ਸੰਗਯਾ- ਖਾਣਾ ਅਥਵਾ ਪੀਣਾ। ੨. ਖਾਣ ਪੀਣ ਦਾ ਪਦਾਰਥ. ਦੇਖੋ, ਭਕ੍ਸ਼. "ਸ਼ੇਰ ਜਿਮ ਭੱਛ ਪਰ." (ਨਾਪ੍ਰ)

ਭੱਛਕ: ਸੰ. ਭਕ੍ਸ਼ਣ. ਸੰਗਯਾ- ਖਾਣਾ ਅਥਵਾ ਪੀਣਾ.

ਭਜ: ਸੰ. भज्. ਧਾ- ਤਕਸੀਮ ਕਰਨਾ (ਵੰਡਣਾ), ਅਲਗ (ਵੱਖ) ਕਰਨਾ, ਸੇਵਾ ਕਰਨਾ, ਭਜਨ ਕਰਨਾ. "ਚਰਣ ਭਜੇ ਪਾਰਬ੍ਰਹਮ ਕੇ, ਸਭ ਜਪ ਤਪ ਤਿਨਹੀ ਕੀਤ." (ਸ੍ਰੀ ਮਃ ੫) ੨. ਦੇਖੋ, ਭਜਨ.

ਭਜਸਿ: ਸੇਵਨ ਕਰਦਾ. ਭਜਨ ਕਰਦਾ. "ਅਬ ਨ ਭਜਸਿ. ਭਜਸਿ ਕਬ ਭਾਈ? (ਭੈਰ ਕਬੀਰ)

ਭਜਕ: ਵੰਡਣ ਵਾਲਾ. ਦੇਖੋ, ਭਾਜਕ। ੨. ਸੇਵਾ ਕਰਨ ਵਾਲਾ। ੩. ਉਪਾਸਕ.

ਭਜਣਾ: ਕ੍ਰਿ- ਸੇਵਨ ਕਰਨਾ। ੨. ਭਜਨ ਕਰਨਾ। ੩. ਟੁੱਟਣਾ. ਭਗਨ ਹੋਣਾ। ੪. ਅਲਗ ਹੋਣਾ. ਦੇਖੋ, ਭਜ੍ਰ ਧਾ। ੫. ਨੱਸਣਾ. ਦੌੜਨਾ.

ਭਜਤ: ਭਜਨ ਕਰਦਾ। ੨. ਸੇਵਨ ਕਰਦਾ। ੩. ਭੋਗਦਾ.

ਭਜਥਈ: ਭਜਦਾ ਹੈ. ਸਿਮਰਣ ਕਰਦਾ ਹੈ. "ਜਨ ਹਰਿ ਹਰਿ ਨਾਮੁ ਭਜਥਈ." (ਕਲਿ ਮਃ ੪)

ਭਜਨ: ਸੰ. ਸੰਗਯਾ- ਪੂਜਨ। ੨. ਸੇਵਨ। ੩. ਨਾਮ ਜਪਨ. "ਗੋਬਿੰਦਭਜਨ ਬਿਨ ਬਿਰਥੇ ਸਭ ਕਾਮ." (ਸੁਖਮਨੀ) ੪. ਭੋਗਣਾ. ਮੈਥੁਨ ਕਰਨਾ. "ਤਾਹਿੰ ਭਜਨ ਕਉ ਹਾਥ ਪਸਾਰਾ। ਤਬ ਤ੍ਰਿਯ ਤਾਹਿੰ ਜੁਤੀਅਨ ਮਾਰਾ." (ਚਰਿਤ੍ਰ ੪੭) ੫. ਵੰਡਣਾ. ਤਕਸੀਮ ਕਰਨਾ। ੬. ਧਾਰਣ (ਧਾਰਨ) ਕਰਨਾ. "ਸੇਸ ਨਿਹਾਰਕੈ ਮੌਨ ਭਜੈ ਹੈ." (ਕ੍ਰਿਸਨਾਵ) ਚੁੱਪ ਵੱਟਦਾ ਹੈ. "ਮਨ ਰੇ! ਸਦਾ ਭਜਹੁ ਹਰਿਸਰਣਾਈ." (ਸ੍ਰੀ ਮਃ ੩)

ਭਜਨਾਸਨੰ: ਸਿਮਰਣ ਵਿੱਚ ਇਸਥਿਤੀ. ਭਜਨ ਕਰਕੇ ਪ੍ਰਾਪਤ ਹੋਇਆ ਪਰਮਪਦ. "ਅਸਥਿਰੰ ਨਾਨਕ ਭਗਵੰਤ ਭਜਨਾਸਨੰ." (ਸਹਸ ਮਃ ੫) ੨. ਭਜਨ ਹੀ ਹੈ ਅਸ਼ਨ (ਭੋਜਨ) ਜਿਸ ਦਾ. ਨਾਮਧਾਰੀ.

ਭਜਨਿ: ਭਜਨ ਕਰਕੇ. ਭਜਨ ਤੋਂ. "ਹਰਿ ਕੈ ਭਜਨਿ ਕਉਨ ਕਉਨ ਨ ਤਾਰੇ?" (ਮਲਾ ਮਃ ੫)

ਭਜਨੀਕ: ਵਿ- ਭਜਨ ਕਰਨ ਵਾਲਾ। ੨. ਵੰਡਣ ਵਾਲਾ. ਭਾਜਕ.

ਭਜਨੀਯ: ਵਿ- ਸੇਵਾ ਕਰਨ ਯੋਗਯ। ੨. ਉਪਾਸਨਾ ਯੋਗਯ। ੩. ਭਾਜਯ. ਵੰਡਣ ਲਾਇਕ.

ਭਜਨੁ: ਦੇਖੋ, ਭਜਨ.

ਭਜਰਾਤ: ਭਾਗਜਾਤ. "ਦੀਨੇ ਕੋ ਨਾਮ ਸੁਨੇ ਭਜਰਾ ਤਹਿ." (੩੩ ਸਵੈਯੇ) ਦੇਣ ਦਾ ਨਾਉਂ ਸੁਣਕੇ ਭੱਜ (ਨੱਠ) ਜਾਂਦੇ ਹਨ.

ਭਜਾਉਣਾ: ਕ੍ਰਿ- ਦੌੜਾਉਣਾ. ਨਠਾਉਣਾ। ੨. ਭਜਨ ਕਰਾਉਣਾ। ੩. ਤਕਸੀਮ ਕਰਾਉਣਾ.

ਭਜਿ: ਕ੍ਰਿ. ਵਿ- ਭਜਕੇ. ਸੇਵਨ ਕਰਕੇ। ੨. ਨੱਠ (ਦੌੜ) ਕੇ. "ਗੁਰਸਰਣਾਈ ਭਜਿਪਏ." (ਆਸਾ ਅਃ ਮਃ ੩)

ਭਜੁ: ਜਪ. ਸਿਮਰਨ ਕਰ. ਦੇਖੋ, ਭਜਨ ੩. "ਕਹੁ ਨਾਨਕ ਹਰਿ ਭਜੁ ਮਨਾ!" (ਸ. ਮਃ ੯) ੨. ਅੰਗੀਕਾਰ ਕਰ. ਦੇਖੋ, ਭਜਨ ੬. "ਭਜੁ ਚਕ੍ਰਧਰ ਸਰਣੰ." (ਗੂਜ ਜੈਦੇਵ) ੩. ਸੇਵਨ ਕਰ, ਦੇਖੋ, ਭਜਨ ੨. "ਭਜੁ ਸਾਧਸੰਗਤਿ ਸਦਾ ਨਾਨਕ." (ਆਸਾ ਛੰਤ ਮਃ ੫)

ਭਜੈ: ਭਜਨ ਕਰੈ। ੨. ਭਜਨ ਕਰਦਾ ਹੈ। ੩. ਟੁੱਟੇ. ਭੱਜ ਜਾਵੇ. ਭਗ੍ਨ ਹੋਵੇ. "ਸਭੋ ਭਜੈ ਆਸਰਾ." (ਸ੍ਰੀ ਅਃ ਮਃ ੫) "ਤਾ ਭਜੈ, ਤਾ ਠੀਕਰੁ ਹੋਵੈ." (ਮਃ ੧. ਵਾਰ ਮਾਝ)

ਭਜੰਤੇ: ਸੇਵਨ ਕਰੰਤੇ. ਉਪਾਸਦੇ. "ਜੋ ਨ ਭਜੰਤੇ ਨਾਰਾਇਣਾ." (ਭੈਰ ਨਾਮਦੇਵ)

ਭਜ੍ਯ: ਵਿ- ਵੰਡਣ ਯੋਗਯ. ੨. ਸੇਵਾ ਕਰਨ ਯੋਗਯ. ਸੇਵਨੀਯ.

ਭੱਟ: ਸੰ. भट्. ਧਾ- ਬੋਲਣਾ, ਵਿਵਾਦ ਕਰਨਾ, ਭਾੜੇ ਪੁਰ ਲੈਣਾ। ੨. ਸੰਗ੍ਯਾ- ਭਾੜੇ ਲਿਆ ਹੋਇਆ ਸਿਪਾਹੀ. ਭਾਵ- ਯੋਧਾ। ੩. ਨੌਕਰ। ੪. ਭਾੜਾ। ੫. ਦੇਖੋ, ਭੱਟ.

ਭਟਹਾ: ਸੰਗ੍ਯਾ- ਭਟ (ਸਿਪਾਹੀ) ਨੂੰ ਮਾਰਨ ਵਾਲੀ, ਬਰਛੀ, (ਸਨਾਮਾ) ੨. ਤੀਰ. (ਸਨਾਮਾ)

ਭਟਕ: ਸੰਗ੍ਯਾ- ਚਿੱਤ ਦੀ ਘਬਰਾਹਟ. ਵ੍ਯਾਕੁਲਤਾ. "ਭੂਲੇ ਭਟਕਾ ਖਾਹਿ." (ਸ. ਕਬੀਰ)

ਭਟਕਣ: ਡਿੰਗ. ਦੌੜਨਾ. ਨੱਠਣਾ.

ਭਟਕਨਾ: ਕ੍ਰਿ- ਘਬਰਾਉਣਾ, ਵ੍ਯਾਕੁਲ ਹੋਣਾ। ੨. ਘਬਰਾਹਟ ਵਿੱਚ ਏਧਰ ਓਧਰ ਫਿਰਨਾ.

ਭਟਕਾਰ: ਸੰਗ੍ਯਾ- ਘਬਰਾਹਟ. "ਦਲਪਤਿ ਮਾਰੇ, ਭਟ ਭਟਕਾਰੇ." (ਰਾਮਾਵ)

ਭਟਕਿ: ਘਬਰਾਕੇ. ਵ੍ਯਾਕੁਲ ਹੋਕੇ. "ਦੇਖਤ ਦਰਸੁ ਭਟਕਿ ਭ੍ਰਮ ਭੱਜਤ." (ਸਵੈਯੇ ਮਃ ੪. ਕੇ)

ਭਟਨੀ: ਸੰਗ੍ਯਾ- ਭਟ (ਯੋਧਿਆਂ) ਵਾਲੀ ਸੈਨਾ. ਫੌਜ. (ਸਨਾਮਾ)

ਭਟਨੇਰ: ਭੱਟੀਰਾਉ ਦਾ ਵਸਾਇਆ ਨਗਰ, ਜੋ ਹੁਣ ਰਾਜ ਬੀਕਾਨੇਰ ਵਿੱਚ "ਹਨੁਮਾਨਗੜ੍ਹ" ਨਾਮ ਤੋਂ ਪ੍ਰਸਿੱਧ ਹੈ। ੨. ਦੇਖੋ, ਭਟਿੰਡਾ.

ਭਟਭੇਰ, ਭਟਭੇੜ: ਸੰਗ੍ਯਾ- ਯੋਧਿਆਂ ਦਾ ਟਾਕਰਾ. ਸਿਪਾਹੀਆਂ ਦਾ ਆਪੋ ਵਿੱਚੀਂ ਮੁਕਾਬਲਾ.

ਭਟਲੀ: ਭਟਿੰਡੇ ਪਾਸ ਵਹਿਣ ਵਾਲੀ ਇੱਕ ਪੁਰਾਣੀ ਨਦੀ, ਜੋ ਹੁਣ ਨਹੀਂ ਹੈ. "ਚਲਤ ਹੁਤੀ ਦ੍ਵੈ ਨਦੀ ਤਬ ਭਟਲੀ ਸੁਭ ਚਿਤ੍ਰਾ." (ਗੁਪ੍ਰਸੂ)

ਭਟਾ: ਸੰਗਯਾ- ਬੈਂਗਣ. ਬਤਾਊਂ.

ਭਟਾਂਬਰ: ਸੰਗਯਾ- ਭਟ- ਅੰਬਰ. ਕਵਚ. ਯੋਧਾ ਦਾ ਲਿਬਾਸ। ੨. ਵਿ- ਯੋਧਿਆਂ ਵਿੱਚੋਂ ਵਰ (ਉੱਤਮ). "ਕੌਨ ਧੀਰ ਧਰੈ ਭਟਾਂਬਰ." (ਪਾਰਸਾਵ)

ਭਟਿਆਣੀ, ਭਟਿਆਨੀ: ਭੱਟੀ ਜਾਤਿ ਦੇ ਰਾਜਪੂਤ ਦੀ ਇਸਤ੍ਰੀ. "ਭਟਿਆਣੀ ਠਕੁਰਾਣੀ." (ਆਸਾ ਅਃ ਮਃ ੧) ੨. ਭੱਟ ਦੀ ਇਸਤ੍ਰੀ. ਦੇਖੋ, ਭੱਟ.

ਭਟਿਆਰਾ: ਵਿ- ਭਟ (ਕਿਰਾਏ) ਪੁਰ ਕੰਮ ਕਰਨ ਵਾਲਾ। ੨. ਦੇਖੋ, ਭਠਿਆਰਾ.

ਭਟਿੱਟਰ: ਸੰ. ਵਤੀਰ. ਤਿੱਤਰ ਦੇ ਆਕਾਰ ਦਾ ਇੱਕ ਪੰਛੀ, ਜੋ ਬਹੁਤ ਕਰਕੇ ਰੇਤਲੀ ਧਰਤੀ ਵਿੱਚ ਹੁੰਦਾ ਹੈ. Sand-grouse. ਸਿੰਧੀ- ਪਟਤਿੱਤਿਰ. ਪਟ (ਰੇਤਲਾ ਮੈਦਾਨ), ਉਸ ਵਿੱਚ ਰਹਿਣ ਵਾਲਾ ਤਿੱਤਰ. ਭਟਿੱਟਰ ਦਾ ਮਾਸ ਲਾਲ ਅਤੇ ਬਿਨਾ ਸੁਫ ਹੁੰਦਾ ਹੈ. ਇਸ ਦੀਆਂ ਦੋ ਜਾਤਾਂ ਹਨ ਇਕ ਵਡਾ ਦੂਜਾ ਛੋਟਾ.

ਭਟਿੰਡਾ: ਭੱਟੀਰਾਉ ਰਾਜਪੂਤ ਦਾ ਵਸਾਇਆ ਨਗਰ, ਜਿਸ ਦੇ ਭਟਨੇਰ ਆਬਾਦ ਕੀਤੀ. ਇਹ ਹੁਣ ਮਹਾਰਾਜਾ ਪਟਿਆਲਾ ਦੀ ਨਜਾਮਤ ਬਰਨਾਲਾ ਵਿੱਚ ਹੈ. ਇਸ ਨਗਰ ਦੇ ਪਾਸ ਰਾਜਾ ਬਿਨੈਪਾਲ ਦਾ ਰਚਿਆ ਬਹੁਤ ਉੱਚਾ ਕਿਲਾ ਹੈ, ਜਿਸ ਦੀ ਬਲੰਦੀ ੧੧੮ ਫੁਟ ਹੈ. ਬਹੁਤ ਲੇਖਕਾਂ ਨੇ ਇਸ ਨੂੰ ਜੈਪਾਲ ਦੀ ਰਾਜਧਾਨੀ ਭੀ ਲਿਖਿਆ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਜੀ ਇਸ ਨਗਰ ਪਧਾਰੇ ਹਨ. ਇੱਕ ਗੁਰਦ੍ਵਾਰਾ ਕਿਲੇ ਦੇ ਅੰਦਰ ਹੈ, ਜਿਸ ਨੂੰ ਰਿਆਸਤ ਪਟਿਆਲੇ ਵੱਲੋਂ ੫੦ ਘੁਮਾਉਂ ਜ਼ਮੀਨ ਹੈ. ਦੂਜਾ ਰਤਨਹਾਜੀ ਦੇ ਮਕਾਨ ਪਾਸ ਹੈ (ਜਿਸ ਥਾਂ ਗੁਰੂ ਸਾਹਿਬ ਦਾ ਕੈਂਪ ਸੀ). ਇਸ ਗੁਰਦ੍ਵਾਰੇ ਨੂੰ ੨੫ ਘੁਮਾਉਂ ਜ਼ਮੀਨ ਹੈ. ਪੁਜਾਰੀ ਦੋਹੀਂ ਥਾਈਂ ਸਿੰਘ ਹਨ.

ਭਟਿੰਡੇ ਤੇ ਰਾਜਾ ਅਮਰਸਿੰਘ ਪਟਿਆਲਾਪਤਿ ਨੇ ਸਨ ੧੭੭੧ ਵਿੱਚ ਕਬਜਾ ਕੀਤਾ ਸੀ.[915] ਮਹਾਰਾਜਾ ਕਰਮਸਿੰਘ ਨੇ ਭਟਿੰਡੇ ਦੇ ਕਿਲੇ ਦਾ ਨਾਮ ਗੋਬਿੰਦਗੜ੍ਹ ਰੱਖਿਆ.

ਭਟਿੰਡੇ ਦਾ ਪੁਰਾਣਾ ਸੰਸਕ੍ਰਿਤ ਨਾਮ ਵਿਕ੍ਰਮਗੜ੍ਹ ਹੈ. ਇਹ ਨਾਰਥ ਵੈਸਟਰਨ, ਸਦਰਨ ਪੰਜਾਬ, ਜੋਧਪੁਰ ਬੀਕਾਨੇਰ ਅਤੇ ਰਾਜਪੂਤਾਨਾ ਰੇਲਵੇ ਦਾ ਮਿਲਾਪਅਸਥਾਨ junction ਹੈ.

ਭਟੂੱਤਮ: ਉੱਤਮ ਭਟ (ਯੋਧਾ) ਯੋਧਿਆਂ ਵਿੱਚੋਂ ਉੱਤਮ.

ਭਟੂ: ਸਖੀ. ਸਹੇਲੀ। ੨. ਇਸਤ੍ਰੀਆਂ ਲਈ ਆਦਰ ਬੋਧਕ ਸੰਬੋਧਨ.

ਭਟੇਂਦ੍ਰ: ਯੋਧਿਆਂ ਦਾ ਸਰਦਾਰ. ਪ੍ਰਧਾਨ ਸਿਪਾਹੀ. ਫੌਜ ਦਾ ਸਰਦਾਰ.

ਭੱਟ: ਸੰ. ਸੰਗਯਾ- ਉਸਤਤਿ ਪੜ੍ਹਨ ਵਾਲਾ ਕਵਿ. ਰਾਜਦਰਬਾਰ ਵਿੱਚ ਰਾਜਾ ਅਤੇ ਯੋਧਿਆਂ ਦਾ ਯਸ਼ ਕਹਿਣ ਵਾਲਾ। ੨. ਵੇਦਗਜਾਤਾ ਪੰਡਿਤ। ੩. ਪੰਜਾਂ ਸਤਿਗੁਰਾਂ ਦੀ ਮਹਿਮਾ ਕਰਨ ਵਾਲੇ ਭੱਟ, ਜਿਨ੍ਹਾਂ ਦੀ ਬਾਣੀ ਜੱਟਾਂ ਦੇ ਸਵੈਯੇ ਨਾਮ ਤੋਂ ਪ੍ਰਸਿੱਧ ਹੈ. ਸੂਰਯਪ੍ਰਕਾਸ਼ ਵਿੱਚ ਇਨ੍ਹਾਂ ਨੂੰ ਵੇਦਾਂ ਦਾ ਅਵਤਾਰ ਲਿਖਿਆ ਹੈ,[916] ਯਥਾ-

ਇਕ ਇਕ ਵੇਦ ਚੁਤਰਵਪੁ ਧਾਰੇ

ਪ੍ਰਗਟ ਨਾਮ ਤਿਨ ਕਹੋਂ ਅਸੰਸ,

ਪੂਰਵ ਸਾਮਵੇਦ ਕੇ ਇਹ ਭੇ-

---

[915] ਕਈ ਲੇਖਕਾਂ ਨੇ ਸਨ ੧੭੫੪ ਵਿੱਚ ਬਾਬਾ ਆਲਾ ਸਿੰਘ ਦਾ ਕਬਜਾ ਕਰਨਾ ਲਿਖਿਆ ਹੈ.

[916] ਭਾਵ ਇਹ ਹੈ ਕਿ ਵੇਦਤਤ੍ਵਗਜਾਤਾ ਇਹ ਪੰਡਿਤ ਸਨ.

ਮਥੁਰਾ ਜਾਲਪ ਬਲ ਹਰਿਬੰਸ,

ਪੁਨਿ ਰਿਗਵੇਦ ਕਲਜ ਜਲ ਨਲ ਤ੍ਰੈ.

ਕਲਸਹਾਰ ਚੌਥੇ ਗਿਨਿ ਅੰਸ,

ਭਏ ਯਜੁਰ ਕੇ ਟਲਜ ਸਲਜ ਪੁਨਿ

ਬਹੁਰ ਅਥਰਵਣ ਦਾਸਰੁ ਕੀਰਤਿ

ਗਨਿ ਗਯੰਦ ਸਦਰੰਗ ਸੁਚਾਰ,

ਕਮਲਾਸਨ ਕੋ ਭਿੱਖਾ ਨਾਮ ਸੁ

ਇਹ ਸਭ ਤੇ ਭਾ ਅਧਿਕ ਉਦਾਰ."

(ਗੁਪ੍ਰਸੂ ਰਾਸਿ ੩. ਅਃ ੪੮)

੪. ਇੱਕ ਜਾਤਿ, ਜਿਸ ਨੂੰ ਬ੍ਰਾਹਮਣੀ ਦੇ ਉਦਰ ਤੋਂ ਛਤ੍ਰੀ ਦੇ ਵੀਰਯ ਦ੍ਵਾਰਾ ਉਪਜਿਆ ਮੰਨਿਆ ਹੈ. ਕਈਆਂ ਨੇ ਵੈਸ਼੍ਯ ਜਾਤਿ ਦੀ ਇਸਤ੍ਰੀ ਤੋਂ ਸ਼ੂਦ੍ਰ ਦੀ ਸੰਤਾਨ ਭੱਟ ਕਹੀ ਹੈ।[917] ੪. ਦੇਖੋ, ਭੱਟਾਚਾਰਯ.

ਭੱਟਾਚਾਰਯ: भट्टाचार्य. ਵੇਦਤਤ੍ਵ ਜਾਣਨ ਵਾਲਾ ਮਹਾਨ ਪੰਡਿਤ। ੨. ਉਦਯਨਾਚਾਰਯ ਦੀ ਉਪਾਧੀ। ੩. ਕੁਮਾਰਿਲਭੱਟ. ਇਹ ਮੀਮਾਂਸਾ ਸ਼ਾਸਤ੍ਰ ਦਾ ਆਚਾਰਯ ਸੀ. ਕੁਮਾਰਿਲ ਨੇ ਬੌੱਧਮਤ ਦੇ ਪੰਡਿਤਾਂ ਤੋਂ ਵਿਦ੍ਯਾ ਪੜ੍ਹਕੇ ਬੌੱਧਮਤ ਦਾ ਖੰਡਨ ਅਤੇ ਵੇਦਮਤ ਦਾ ਮੰਡਨ ਕੀਤਾ. ਗੁਰੂ ਨਾਲ ਵਿਰੋਧ ਕਰਨ ਦਾ ਪਾਪ ਮੰਨਕੇ ਕੁਮਾਰਿਲਭੱਟ ਫੂਸ ਦੀ ਅੱਗ (ਤੁਸ਼ਾਨਲ) ਵਿੱਚ ਜਲਕੇ ਮਰ ਗਿਆ. ਇਹ ਸ਼ੰਕਰਾਚਾਰਯ ਦਾ ਸਮਕਾਲੀਨ ਸੀ। ੪. ਦਸਮਗ੍ਰੰਥ ਦੇ ੪੦੫ਵੇਂ ਚਰਿਤ੍ਰ ਵਿੱਚ ਲਿਖਿਆ ਹੈ ਕਿ ਮਹਾਕਾਲ ਦੇ ਪਸੀਨੇ ਤੋਂ ਭੱਟਾਚਾਰਯ ਉਪਜਿਆ, ਜੋ ਉਸਤਤਿਪਾਠਕਾਂ ਦਾ ਆਚਾਰਯ ਹੈ. "ਮਹਾਕਾਲ ਕੋ ਭਯੋ ਪ੍ਰਸੇਤਾ। ਡਾਰਯੋ ਭੂਮਿ ਪੌਂਛਕਰ ਤੇਤਾ। ਭੱਟਾਚਾਰਯ ਰੂਪ ਤਬ ਧਰਾ."

ਭੱਟਾਂ ਦੇ ਸਵੈਯੇ: ਦੇਖੋ, ਭੱਟ ੩. ਅਤੇ ਗ੍ਰੰਥਸਾਹਿਬ.

ਭੱਟਿ, ਭੱਟੀ: ਯਦੁਵੰਸ਼ੀ ਰਾਜਪੂਤ. ਜੈਸਲਮੇਰ ਦੇ ਰਈਸ ਇਸੇ ਜ਼ਾਤਿ ਵਿੱਚੋਂ ਹਨ. ਫੂਲਵੰਸ਼ ਦਾ ਨਿਕਾਸ ਭੀ ਭੱਟੀਆਂ ਵਿੱਚੋਂ ਹੈ.[918] ਭਟਨੇਰ ਅਤੇ ਭਟਿੰਡਾ ਆਦਿ ਇਸੇ ਜਾਤਿ ਦੇ ਵਸਾਏ ਹੋਏ ਹਨ, ਮੁਸਲਮਾਨਾਂ ਦੇ ਰਾਜ ਸਮੇਂ ਭੱਟੀ ਰਾਜਪੂਤ ਬਹੁਤ ਮੁਸਲਮਾਨ ਹੋ ਗਏ ਸਨ, ਜਿਨ੍ਹਾਂ ਵਿੱਚੋਂ ਪਿੰਡ ਭੱਟੀਆਂ (ਜਿਲਾ ਗੁਜਰਾਤ) ਦਾ ਰਾਜਾ ਦੁੱਲਾਭੱਟੀ ਅਤੇ ਉਸ ਦਾ ਪੁਤ੍ਰ ਕਮਾਲ ਖ਼ਾਂ ਇਤਿਹਾਸ ਵਿੱਚ ਪ੍ਰਸਿੱਧ ਹਨ।

੨. ਵੇਣੀਸੰਹਾਰ ਦੇ ਰਚਣ ਵਾਲੇ ਮਹਾਨ ਕਵਿ ਭੱਟਨਾਰਾਯਣ ਦਾ ਨਾਮ ਭੀ ਭੱਟਿ ਹੈ. ਇਸ ਈਸਵੀ ਸੱਤਵੀਂ ਸਦੀ ਵਿੱਚ ਹੋਇਆ ਹੈ।

੩. ਇਸ ਨਾਮ ਦੀ ਇੱਕ ਜੱਟੀ, ਜੋ ਦਸ਼ਮੇਸ਼ ਨੂੰ ਹੇਹਰ ਪਿੰਡ ਤੋਂ ਤੁਰਣ ਸਮੇਂ ਮਿਲੀ, ਜਦਕਿ ਗੁਰੂ ਸਾਹਿਬ ਉੱਚਪੀਰ ਦੇ ਲਿਬਾਸ ਵਿੱਚ ਸਨ, ਇਸ ਨੇ ਪਲੰਘ ਹੇਠ ਮੋਢਾ ਦਿੱਤਾ ਅਤੇ ਸਤਿਗੁਰੂ ਤੋਂ ਵਰਦਾਨ ਪਾਇਆ।[919] ੪. ਭੱਟੀਕਾਵ੍ਯ, ਜਿਸ ਵਿੱਚ ਰਾਮਕਥਾ ਹੈ.

---

[917] ਦੇਖੋ, ਬ੍ਰਹੱਮਵੈਵਰਤ ਪੁਰਾਣ, ਬ੍ਰਹਮਖੰਡ, ਅਃ ੧੦,

[918] ਦੇਖੋ, ਫੂਲਵੰਸ਼.

[919] ਇਸ ਦਾ ਪ੍ਰਸੰਗ ਦੇਖੋ, ਗੁਰੁਪ੍ਰਤਾਪ ਸੂਰਯ ਦੀ ਛੀਵੀਂ ਰੁੱਤ ਦੇ ਅਡਤਾਲੀਸਵੇਂ ਅਧ੍ਯਾਯ ਵਿੱਚ.

**ਭੱਟੂ:** ਤਿਵਾੜੀ ਬ੍ਰਾਹਮਣ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਧਰਮ ਪ੍ਰਚਾਰਕ ਬਣਿਆ। ੨. ਭਾਗੂ ਦਾ ਭਾਈ, ਜੋ ਗੁਰੂ ਹਰਿਗੋਬਿੰਦਸਾਹਿਬ ਦਾ ਸਿੱਖ ਆਤਮ ਗਯਾਨੀ ਅਤੇ ਧਰਮਵੀਰ ਇਸ ਨੇ ਅੰਮ੍ਰਿਤਸਰ ਦੇ ਜੰਗ ਵਿੱਚ ਵਡੀ ਵੀਰਤਾ ਦਿਖਾਈ.

**ਭੱਟੋਜਿਦੀਕ੍ਸ਼ਿਤ:** ਲਕ੍ਸ਼ਮੀਧਰ ਸੂਰਿ ਦਾ ਪੁਤ੍ਰ ਅਤੇ ਭਾਨੁਜਿ ਦੀਕ੍ਸ਼ਿਤ ਦਾ ਪਿਤਾ ਸੰਸਕ੍ਰਿਤ ਦਾ ਅਦੁਤੀ ਪੰਡਿਤ. ਇਸ ਦੇ ਰਚੇ ਅਦ੍ਵੈਤਕੌਸ੍ਤੁਭ, ਆਚਾਰਪ੍ਰਦੀਪ, ਤੰਤ੍ਰਸਿੱਧਾਂਤਦੀਪਿਕਾ, ਧਾਤੁਪਾਠ, ਸਿੱਧਾਂਤਕੌਮੁਦੀ ਆਦਿ ਅਨੇਕ ਮਨੋਹਰ ਪੁਸ੍ਤਕ ਹਨ. ਦੇਖੋ, ਮਨੋਰਮਾ.

**ਭਠ:** ਸੰ. ਭ੍ਰਸ਼੍ਟ੍ਰ. ਸੰਗ੍ਯਾ- ਭੁੰਨਣ ਦੀ ਕੜਾਹੀ. ਉਹ ਪਾਤ੍ਰ. ਜਿਸ ਵਿੱਚ ਰੇਤਾ ਆਦਿ ਪਾਕੇ ਅੰਨ ਭੁੰਨਿਆ ਜਾਵੇ। ੨. ਭ੍ਰਾਸ਼੍ਟ. ਉਹ ਚੁਰ (ਚੁਲ੍ਹਾ), ਜਿਸ ਪੁਰ ਭ੍ਰਸ਼੍ਟ੍ ਰੱਖਕੇ ਤਪਾਇਆ ਜਾਵੇ. "ਭਠ ਖੇੜਿਆਂ ਦਾ ਰਹਿਣਾ." (ਹਜਾਰੇ ੧੦)

**ਭਠਿ:** ਭੱਠ ਵਿੱਚ. "ਭਠਿ ਨਗਰ ਸੇ ਗ੍ਰਾਮ." (ਮਾਝ ਬਾਰਹਮਾਹਾ) ਉਹ ਨਗਰ ਅਤੇ ਗ੍ਰਾਮ ਭੱਠ ਪਾਓ.

**ਭਠਿਆਰਾ, ਭਠਿਹਾਰਾ:** ਭ੍ਰਸ਼੍ਟ੍ਕਾਰ. ਭੱਠੀਵਾਲਾ. ਦੇਖੋ, ਭਠ.

**ਭੱਠਸਾਹਿਬ:** ਦੇਖੋ, ਗੁਰੂਆਣਾ ਨੰ. ੩.

**ਭੱਠਾ:** ਵਡੀ ਭੱਠੀ. ਇੱਟ ਖਪਰੈਲ ਆਦਿ ਪਕਾਉਣ ਦਾ ਪਚਾਵਾ (ਪਜਾਵਾ).

**ਭੱਠਾਸਾਹਿਬ:** ਜਿਲਾ ਅੰਬਾਲਾ, ਤਸੀਲ ਥਾਣਾ ਰੋਪੜ ਦਾ ਪਿੰਡ "ਕੋਟਲਾਨਿਹਗ" ਹੈ. ਉਸ ਤੋਂ ਉੱਤਰ ਪੂਰਵ ਪਾਸ ਹੀ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ, ਜਿਸ ਲਈ ਰੇਲਵੇ ਸਟੇਸ਼ਨ ਰੋਪੜ ਹੈ. ਗੁਰੂ ਸਾਹਿਬ ਇੱਥੇ ਇੱਕ ਭੱਠੇ ਪਾਸ ਵਿਰਾਜੇ ਹਨ, ਅਰ ਇੱਕ ਪ੍ਰੇਮੀ ਪਠਾਣ ਨੇ ਸਤਿਗੁਰਾਂ ਦੀ ਸੇਵਾ ਕੀਤੀ. ਹੁਣ ਇਸ ਥਾਂ ਸੁੰਦਰ ਦਰਬਾਰ ਬਣਾਇਆ ਗਿਆ ਹੈ, ਪਾਸ ਰਹਿਣ ਲਈ ਪੱਕੇ ਮਕਾਨ ਹਨ. ਪੁਜਾਰੀ ਸਿੰਘ ਹੈ.

**ਭੱਠੀ:** ਸੰ. ਭ੍ਰਾਸ਼੍ਟ੍ਰੀ. ਕੂਜੀਗਰ ਦੀ ਭਾਂਡੇ ਪਕਾਉਣ ਦੀ ਆਵੀ। ੨. ਹਲਵਾਈ ਕਲਾਲ ਆਦਿ ਦੀ ਚੁਰ। ੩. ਲੁਹਾਰ ਦਾ ਧਾਤੁ ਪਘਾਰਨ ਦਾ ਚੁਲ੍ਹਾ.

**ਭਡ:** ਸੰ. भड्. ਧਾ- ਬਹੁਤ ਬੋਲਣਾ.

**ਭਡਕ:** ਦੇਖੋ, ਭੜਕ.

**ਭਡਵਾਲ:** ਰਾਜਪੂਤ ਜਾਤਿ. ਭੱਡੂ ਦੇ ਰਈਸ ਇਸੇ ਜਾਤਿ ਦੇ ਹਨ. ਦੇਖੋ, ਬਾਈਧਾਰ.

**ਭਡੂਆ:** ਦੇਖੋ, ਭੜੂਆ.

**ਭਣ:** ਸੰ. भण्. ਧਾ- ਸਪਸ਼੍ਟ ਕਹਿਣਾ, ਸਾਫ ਬੋਲਣਾ, ਉੱਤਰ ਦੇਣਾ। ੨. ਡਿੰਗ. ਕਥਨ. ਵਾਕ. ਵਚਨ.

**ਭਣਣੰਕ:** ਅਨੁ. ਭੀਂ ਭੀਂ ਸ਼ਬਦ. "ਭਣਣੰਕ ਸੁ ਨੱਦੰ ਨਾਫੀਰੰ." (ਰਾਮਾਵ)

**ਭਣਤ:** ਦੇਖੋ, ਭਣਿਤ.

**ਭਣਤਿ:** ਕਹਿੰਦਾ ਹੈ. "ਭਣਤਿ ਨਾਨਕ ਸਹੁ ਹੈ ਭੀ ਹੋਸੀ." (ਸੂਹੀ ਅਃ ਮਃ ੧) ੨. ਦੇਖੋ, ਭਣਿਤਿ.

**ਭਣਨ:** ਸੰ. ਸੰਗ੍ਯਾ- ਕਥਨ. ਕਹਿਣਾ. ਬੋਲਣਾ. "ਨਾਮ ਸਤਿਗੁਰ ਮੁਖਿ ਭਣਿਆਉ." (ਸਵੈਯੇ ਮਃ ੪. ਕੇ) ਦੇਖੋ, ਭਣ ਧਾ. "ਸੰਮਤ ਸਤ੍ਰਹਿ ਸਹਿਸ ਭਣਿੱਜੈ." (ਚਰਿਤ੍ਰ ੪੦੫) "ਜੀਹ ਭਣਿਜੋ ਉਤਮਸਲੋਕ." (ਸਹਸ ਮਃ ੫) "ਜਗੰਨਾਥ ਗੋਪਾਲ ਮੁਖਿ ਭਣੀ." (ਮਾਰੂ ਸੋਲਹੇ ਮਃ ੫)

**ਭਣਿਤ:** ਸੰ. ਵਿ- ਕਹਿਆ ਹੋਇਆ. ਕਬਿਤ.

ਭਣਿਤਿ: ਸੰ. ਸੰਗਯਾ- ਕਥਨ। ੨. ਕਾਵ੍ਯਰਚਨਾ.

ਭਣੇਵਾ: ਭਗਿਨੀਤਨਯ. ਭੈਣ ਦਾ ਪੁੱਤ. ਭਾਣਜਾ.

ਭਣੋਈਆ: ਸੰਗ੍ਯਾ- ਭਗਿਨੀਪਤਿ. ਭੈਣ ਦਾ ਸ੍ਵਾਮੀ. ਸੰ. ਭਾਮਕ.

ਭਤ: ਸੰ. ਭਕ੍ਤ. ਰਿੰਨ੍ਹੇ ਹੋਏ ਚਾਉਲ. ਭਾਤ। ੨. ਡਿੰਗ- ਹਿੱਸਾ. ਵਰ੍ਤਾਰਾ। ੩. ਸਿੰਧੀ, ਰੀਤਿ. ਢੰਗ. ਦੇਖੋ, ਭਤਿ.

ਭਤਨਾ: ਭਾਂਤ (ਪ੍ਰਕਾਰ) ਸੇ. "ਜੀਵ ਜੰਤੁ ਭਨਤ ਬਹੁ ਭਤਨਾ." (ਸਲੋਹ)

ਭਤਾ: ਭਾਂਤ (ਪ੍ਰਕਾਰ) ਸੇ. ਢੰਗ ਨਾਲ "ਜਾਨਹਿ ਕਵਨ ਭਤਾ?" (ਗੂਜ ਮਃ ੫) ੨. ਦੇਖੋ, ਭੱਤਾ.

ਭਤਾਰ, ਭਤਾਰਿ, ਭਤਾਰੁ, ਭਤਾਰੋ: ਸੰ. ਭਰ੍ਤ੍ਰਿ (भर्तृ) ਅਤੇ ਭਰ੍ਤਾ (भर्त्ता) ਇਸ ਦਾ ਬਹੁਵਚਨ भर्तारः ਹੈ. ਵਿ- ਪ੍ਰਤਿਪਾਲਨ ਕਰਤਾ. ਪਾਲਣ ਵਾਲਾ। ੨. ਸੰਗ੍ਯਾ- ਪਤਿ. ਸ੍ਵਾਮੀ. "ਮੇਰੇ ਗ੍ਰਿਹ ਆਏ ਰਾਜਾਰਾਮ ਭਤਾਰਾ." (ਆਸਾ ਕਬੀਰ) "ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ." (ਸ੍ਰੀ ਮਃ ੧) ੩. ਭਰਤਾ ਨੇ. ਪਤਿ ਨੇ. "ਦਸ ਦਾਸੀ ਕਰਦੀਨੀ ਭਤਾਰਿ." (ਸੂਹੀ ਮਃ ੫) ਭਰਤਾ ਨੇ ਦਸ ਇੰਦ੍ਰੀਆਂ ਦਾਸੀ ਕਰ ਦਿੱਤੀਆਂ ਹਨ। ੪. ਰਾਜਾ. "ਮਨਮੁਖ ਦੇਹੀ ਭਰਮ ਭਤਾਰੋ." (ਮਾਰੂ ਸੋਲਹੇ ਮਃ ੩) ਮਨਮੁਖਾਂ ਦੇ ਸ਼ਰੀਰ ਤੇ ਭਰਮ ਦਾ ਰਾਜ ਹੈ.

ਭਤਿ: ਸੰਗ੍ਯਾ- ਭਾਂਤ. ਪ੍ਰਕਾਰ. ਰੀਤਿ. "ਪਾਈਐ ਕਿਤੁ ਭਤਿ." (ਸ੍ਰੀ ਮਃ ੪. ਵਣਜਾਰਾ) "ਚਲਾਂ ਦੁਨੀਆ ਭਤਿ." (ਸ. ਫਰੀਦ)

ਭਤਿਆ: ਸੰਗ੍ਯਾ- ਚਾਲ. ਰੀਤਿ. "ਓਨਾ ਇਕੋ ਨਾਮੁ ਅਧਾਰੁ, ਇਕਾ ਉਨ ਭਤਿਆ." (ਵਾਰ ਰਾਮ ੨. ਮਃ ੫) ੨. ਭਾਂਤ ਕਰਕੇ. ਪ੍ਰਕਾਰ ਸੇ.

ਭਤੀਜਾ: ਸੰ. भ्रातृज. ਭ੍ਰਾਤ੍ਰਿਜ. ਭਾਈ ਦਾ ਬੇਟਾ.

ਭਤੀਜੀ: ਭ੍ਰਾਤ੍ਰਿਜਾ. ਭਾਈ ਦੀ ਬੇਟੀ.

ਭਤੀਰੀ: ਭਰ੍ਤ੍ਰਿਦੇ. ਭਰਤਾ ਦੇ. "ਪਾਵ ਮਲੋਵਉ ਸੰਗਿ ਨੈਨ ਭਤੀਰੀ." (ਸੂਹੀ ਮਃ ੫)

ਭੱਤਾ: ਸੰਗ੍ਯਾ- ਭਾਤ (ਭਕ੍ਤ) ਰਿੱਧੇ ਚਾਵਲ। ੨. ਸਿਪਾਹੀ ਦੀ ਨੌਕਰੀ ਨਾਲ ਦਿੱਤਾ ਉਹ ਧਨ, ਜੋ ਉਸ ਦੇ ਭੋਜਨ ਦੇ ਵਾਧੂ ਖਰਚ ਲਈ ਹੋਵੇ। ੩. ਹਾਲੀ ਦੀ ਰੋਟੀ। ੪. ਭਾਈ. ਭ੍ਰਾਤਾ. "ਸਾਧੁ ਸੰਗਤਿ ਗੁਰਭਾਈ ਭੱਤਾ." (ਭਾਗੁ)

ਭੱਤੇਹਾਰੀ: ਭੱਤਾ (ਭੋਜਨ) ਲੈਜਾਣ ਵਾਲੀ. ਦੇਖੋ, ਭੱਤਾ ੩.

ਭਥਈਆ: ਵਿ- ਭੱਥਾ (ਤੀਰਕਸ਼) ਬਨ੍ਹਣ ਵਾਲਾ। ੨. ਸੰਗ੍ਯਾ- ਭੱਥਾ. ਤੂਣੀਰ.

ਭੱਥਾ: ਸੰਗ੍ਯਾ- ਤੀਰ ਰੱਖਣ ਦਾ ਥੈਲਾ, ਨਿਸ਼ੰਗ. ਤਰਕਸ਼. ਤੂਣੀਰ.

ਭਦ: ਦੇਖੋ, ਭਦੁ ਅਤੇ ਭਦ੍ਰ.

ਭਦਉਰੀਆ: ਦੇਖੋ, ਭਦਉੜੀਏ.

ਭਦਉੜ: ਦੇਖੋ, ਭਦੌੜ.

ਭਦਉੜੀਏ: ਰਾਜਪੂਤਾਂ ਦੀ ਇੱਕ ਜਾਤਿ. ਚੰਬਲ ਨਦੀ ਦੇ ਕਿਨਾਰੇ ਭਦਾਵਰ ਜਿਲੇ ਵਿੱਚ ਰਹਿਣ ਤੋਂ ਇਹ ਸੰਗ੍ਯਾ ਹੋਈ ਹੈ. "ਕਿਤੜੇ ਗੁਣੀ ਭਦਉੜੀਏ, ਦੇਸ ਦੇਸ ਵੱਡੇ ਇਤਬਾਰੀ." (ਭਾਗੁ)

ਭਦਣ, ਭਦਣੁ: ਹਿੰਦੂਆਂ ਨੇ ਇਹ ਸ਼ਬਦ "ਭਦ੍ਰ" ਤੋਂ ਕਲਪਿਆ ਹੈ. ਮੁੰਡਨ. ਭਦ੍ਰ. "ਭਦਣ ਮੰਗਣ ਪੜ੍ਹਨ ਚਿਤਾਰੇ." (ਭਾਗੁ)

ਭਦਰਸਾ, ਭਦਸ਼ਾਂ: ਅਯੋਧਯਾ ਪਾਸ ਇੱਕ ਪਿੰਡ, ਜੋ ਮਰਹਾ ਨਦੀ ਦੇ ਕਿਨਾਰੇ ਹੈ. ਵਨਵਾਸ ਤੋਂ ਵਾਪਿਸ ਆਏ ਰਾਮਚੰਦ੍ਰ ਜੀ ਨੂੰ ਭਰਤ ਇੱਥੇ ਆਕੇ ਮਿਲਿਆ ਸੀ.

ਭਦੁ: ਦੇਖੋ, ਭਦਣ. "ਹਥੀ ਸਿਰ ਖੋਹਾਇ, ਨ ਭਦੁ ਕਰਾਇਆ." (ਮਃ ੧. ਵਾਰ ਮਲਾ)

ਭਦੇਸ, ਭਦੇਸਾ: ਵਿ- ਗੱਁਵਾਰੂ. ਭੱਦਾ. ਕੁਡੌਲ. ਅਨਾੜੀ. "ਭਣਿਤ ਭਦੇਸਾ." (ਤੁਲਸੀ)

ਭਦੌੜ: ਰਾਜ ਪਟਿਆਲੇ ਵਿੱਚ ਬਰਨਾਲੇ ਦੇ ਪਾਸ ਫੂਲਵੰਸ਼ੀ ਬਾਬਾ ਆਲਾਸਿੰਘ ਦੀ ਵਸਾਈ ਨਗਰੀ, ਜਿਸ ਵਿੱਚ ਰਾਮਸਿੰਘ ਦੇ ਵਡੇ ਪੁਤ੍ਰ ਦੁੱਨੇ ਦੀ ਔਲਾਦ ਦੇ ਸਰਦਾਰ ਮਾਲਿਕ ਹਨ. ਇੱਥੇ ਗੁਰੂ ਗੋਬਿੰਦਸਿੰਘ ਜੀ ਸ਼ਿਕਾਰ ਖੇਡਦੇ ਆਏ ਅਤੇ ਇੱਕ ਸੱਪਣ ਮਾਰੀ. ਗੁਰਦ੍ਵਾਰਾ ਬਣਿਆ ਹੋਇਆ ਹੈ. ਨਾਲ ੬੦ ਘੁਮਾਉਂ ਜ਼ਮੀਨ ਬਾਬਾ ਆਲਾਸਿੰਘ ਜੀ ਦੇ ਸਮੇਂ ਤੋਂ ਹੈ. ਪੁਜਾਰੀ ਅਕਾਲਸਿੰਘ ਹੈ.

ਮਾਤਾ ਸੁੰਦਰੀ ਜੀ ਦੇ ਪਾਲਿਤ ਚਰਨਦਾਸ ਜੀ ਇੱਥੇ ਨਾਮੀ ਸਾਧੂ ਹੋਏ ਹਨ, ਜਿਨ੍ਹਾਂ ਦਾ ਅਸਥਾਨ ਪਿੰਡ ਤੋਂ ਬਾਹਰ ਹੈ, ਇਸ ਨਾਲ ਰਿਆਸਤ ਵੱਲੋਂ ੧੧੦ ਘੁਮਾਉਂ ਜ਼ਮੀਨ ਹੈ, ਰੇਲਵੇ ਸਟੇਸ਼ਨ ਤਪੇ ਤੋਂ ਭਦੌੜ ਅੱਠ ਮੀਲ ਉੱਤਰ ਹੈ. ਦੇਖੋ, ਅਤਰਸਿੰਘ ੨. ਅਤੇ ਫੂਲਵੰਸ਼.

ਭਦੌੜੀਆ: ਦੇਖੋ, ਭਦਉੜੀਏ। ੨. ਭਦੌੜ ਨਗਰ ਵਿੱਚ ਰਹਿਣ ਵਾਲਾ। ੩. ਭਦੌੜ ਦਾ ਸਰਦਾਰ.

ਭੱਦਣ: ਦੇਖੋ, ਭਦਣ ਅਤੇ ਭਦ੍ਰ ੯.

ਭੱਦਰ, ਭਦ੍ਰ: (ਦੇਖੋ, ਭੰਦ੍ਰ ਧਾ) ਸੰ. ਸੰਗਯਾ- ਮੰਗਲ. ਕੁਸ਼ਲ। ੨. ਸੁਵਰਣ. ਸੋਨਾ. ਦੇਖੋ, ਅਦ੍ਰਸਾਰ ੩। ੩. ਬੈਲ। ੪. ਸ਼ਿਵ। ੫. ਬਲਦੇਵ. ਬਲਭਦ੍ਰ। ੬. ਸੁਮੇਰੁ ਪਰਬਤ। ੭. ਵਿ- ਭਲਾ. ਨੇਕ। ੮. ਸ਼੍ਰੇਸ਼੍ਠ. ਉੱਤਮ। ੯. ਸੰਗਯਾ- ਮੁੰਡਨ. ਹਜਾਮਤ. ਦੇਖੋ, ਭਦਣ. "ਭੱਦਰ ਭਰਮ, ਧਰਮ ਕਿਛੁ ਨਾਹੀ." (ਗੁਰਸੋਭਾ) "ਬਿਖਿਆ ਕਿਰਿਆ ਭਦ੍ਰ ਤਿਆਗੋ." (ਗੁਵਿ ੧੦) ੧੦. ਦਸਮਗ੍ਰੰਥ ਵਿੱਚ ਕਿਸੇ ਅਞਾਣ ਲਿਖਾਰੀ ਨੇ ਰੁਦ੍ਰ ਦੀ ਥਾਂ ਭਦ੍ਰ ਸ਼ਬਦ ਲਿਖ ਦਿੱਤਾ ਹੈ- "ਬਰਨਜੋ ਸਭ ਹੀ ਰਸ ਭਦ੍ਰ ਮਈ ਹੈ." (ਚੰਡੀ ੧) ਸਹੀ ਪਾਠ ਹੈ- "ਰਸ ਰੁਦ੍ਰ ਮਈ ਹੈ." ਰਾਰੇ ਦਾ ਉਂਕੜ ਮਿਲ ਜਾਣ ਤੋਂ ਭ ਬਣ ਗਿਆ ਹੈ। ੧੧. ਡਿੰਗ. ਹਾਥੀ। ੧੨. ਰਾਮਚੰਦ੍ਰ ਜੀ ਦੇ ਦਰਬਾਰ ਦਾ ਇੱਕ ਮਖੌਲੀਆ ਭੰਡ. ਦੇਖੋ, ਸੀਤਾ.

ਭਦ੍ਰਕ: ਸੰ. ਵਿ- ਉੱਤਮ. ਸ਼੍ਰੇਸ਼੍ਠ। ੨. ਬਹਾਦੁਰ. ਦਿਲੇਰ। ੩. ਸੰਗਯਾ- ਨਾਗਰਮੋਥਾ

ਭਦ੍ਰਕਾਲੀ: ਦਕ੍ਸ਼ ਦਾ ਜੱਗ ਨਾਸ਼ ਕਰਨ ਲਈ ਸ਼ਿਵ ਦੀ ਰਚੀ ਹੋਈ ਇੱਕ ਘੋਰ ਦੇਵੀ. ਦੇਖੋ, ਸ਼ੈਵਪੁਰਾਣ, ਵਾਯਵੀਯ ਸੰਹਿਤਾ, ਅਃ ੧੭.[920] ਕਾਲਿਕਾਪੁਰਾਣ ਦੇ ੫੯ਵੇਂ ਅਧ੍ਯਾਯ ਵਿੱਚ ਮਹਿਖਾਸੁਰ ਦੀ ਉਪਾਸ੍ਯ ਦੇਵੀ ਭਦ੍ਰਕਾਲੀ ਲਿਖੀ ਹੈ, ਜਿਸ ਦੀਆਂ ਸੋਲਾਂ ਬਾਹਾਂ ਹਨ. ਮੇਦਿਨੀਪੁਰ ਤੋਂ ਢਾਈ ਮੀਲ ਦੀ ਵਿੱਥ ਤੇ ਭਦ੍ਰ ਕਾਲੀ ਦਾ ਪ੍ਰਸਿੱਧ ਮੰਦਿਰ ਹੈ.

ਭਦ੍ਰਖੰਡ: ਪੁਰਾਣਾਂ ਵਿੱਚ ਲਿਖਿਆ ਪ੍ਰਿਥਿਵੀ ਦੇ ਨੌ ਖੰਡਾਂ ਵਿੱਚੋਂ ਇੱਕ ਖੰਡ, "ਭਦ੍ਰਖੰਡ ਪਹੁਚੇ ਗੁਨਭਵਨੰ." (ਨਾਪ੍ਰ)

ਭਦ੍ਰਪਦਾ: ਬਦ੍ਰ (ਬੈਲ) ਜੇਹੇ ਹਨ ਪੈਰ ਜਿਸ ਦੇ ਪੂਰਵ ਉੱਤਰ ਭਦ੍ਰਪਦਾ ਨਕ੍ਸ਼ਤ੍ਰ (ਤਾਰੇ).

ਭਦ੍ਰਪੀਠ: ਸੰਗਯਾ- ਰਾਜਸਿੰਘਾਸਨ. "ਭਦ੍ਰਪੀਠ ਬਾਸਵ ਬੈਠਾ ਰੇ." (ਸਲੋਹ) ਦੇਖੋ, ਭਦ੍ਰਾਸਨ ੧.

ਭਦ੍ਰਵਾਹੀ: ਰਾਜਪੂਤ ਜਾਤਿ. ਭਦ੍ਰਵਾਹ ਰਿਆਸਤ ਜੋ ਹੁਣ ਕਸ਼ਮੀਰ ਵਿੱਚ ਹੈ, ਇਸੇ ਜਾਤਿ ਦੇ ਰਾਜਪੂਤਾਂ ਦੀ ਸੀ.

ਭਦ੍ਰਾ: ਸੰਗਯਾ- ਕੇਕਯ ਦੇ ਰਾਜਾ ਦੀ ਪੁਤ੍ਰੀ ਅਤੇ ਕ੍ਰਿਸ਼ਨ ਜੀ ਦੀਆਂ ਅੱਠਾਂ ਰਾਣੀਆਂ ਵਿੱਚੋਂ ਇੱਕ ਰਾਣੀ, ਜਿਸ ਦੀ ਮੂਰਤਿ ਜਗੰਨਾਥ ਦੇ ਮੰਦਿਰ ਵਿੱਚ ਹੈ. ਇਸ ਦੇ ਉਦਰ ਤੋਂ ਸੰਗ੍ਰਾਮਜਿਤ, ਵ੍ਰਿਹਤਸੇਨ. ਸ਼ੂਰ, ਪ੍ਰਹਰਣ, ਅਰਿਜਿਤ, ਜਯ, ਸੁਭਦ੍ਰ,

---

[920] ਦੇਖੋ, ਮਹਾਭਾਰਤ ਸ਼ਾਂਤਿ ਪਰਵ ਅਃ ੨੮੫

ਰਾਮ, ਆਯੁ ਅਤੇ ਸਤਜ ਕ੍ਰਿਸ਼ਨ ਜੀ ਦੇ ਪੁਤ੍ਰ ਹੋਏ। ਕਈ ਅਞਾਣ ਲੇਖਕਾਂ ਨੇ ਜਗੰਨਾਥ ਵਿੱਚ ਸੁਭਦ੍ਰਾ ਕ੍ਰਿਸ਼ਨ ਜੀ ਦੀ ਭੈਣ ਲਿਖੀ ਹੈ, ਕਿਉਂਕਿ ਭਦ੍ਰਾ ਨਾਮ ਸੁਭਾ ਦਾ ਭੀ ਹੈ। ੨. ਆਕਾਸ਼ਗੰਗਾ. ਮੰਦਾਕਿਨੀ। ੩. ਦੂਜ ਸਪਤਮੀ ਅਤੇ ਦ੍ਵਾਦਸ਼ੀ ਤਿਥੀ[921] ੪. ਗਉ। ੫. ਦੁਰਗਾ। ੬. ਪ੍ਰਿਥਿਵੀ। ੭. ਜ੍ਯੋਤਿਸ਼ ਅਨੁਸਾਰ ਸੱਤਵਾਂ ਕਰਣ. "ਥਿਤਿ ਵਾਰ ਭਦ੍ਰਾ ਭਰਮ." (ਭਾਗੁ) ੮. ਕਾਮਰੂਪ ਦੀ ਇੱਕ ਨਦੀ। ੯. ਹਰੀ ਦੁੱਬ (ਦੂਵਾਂ)

ਭਦ੍ਰਾਸਨ, ਭਦ੍ਰਾਮੁਦ੍ਰਾ: ਸੰਗਯਾ- ਲੋਕਾਂ ਦੀ ਭਦ੍ਰ (ਕਲ੍ਯਾਣ) ਵਾਸਤੇ ਜਿਸ ਆਸਣ ਪੁਰ ਬੈਠਿਆ ਜਾਵੇ, ਰਾਜਸਿੰਘਾਸਨ. ਵ੍ਰਿਹਤਸੰਹਿਤਾ ਵਿੱਚ ਲਿਖਿਆ ਹੈ ਕਿ ਬੈਲ ਦਾ ਚੰਮ ਵਿਛਾਕੇ ਉਸ ਤੇ ਦੁੱਧ ਵਾਲੇ ਬਿਰਛ ਦੀ ਲੱਕੜ ਦਾ ਪਟੜਾ ਸੋਨੇ ਚਾਂਦੀ ਨਾਲ ਜੜਿਆ ਹੋਇਆ ਰੱਖਣ ਤੋਂ ਭਦ੍ਰਾਸਨ ਬਣਦਾ ਹੈ। ੨. ਯੋਗੀਆਂ ਦਾ ਕਲਪਿਆ ਹੋਇਆ ਇੱਕ ਪ੍ਰਕਾਰ ਦਾ ਆਸਨ. ਗਿੱਟਿਆਂ ਨੂੰ ਸਿਉਣ ਦੇ ਹੇਠ ਰੱਖਕੇ ਬੈਠਣ ਤੋਂ ਭਦ੍ਰਾਸਨ ਹੁੰਦਾ ਹੈ। ੩. ਭਦ੍ਰਾਸਨ ਲਾਕੇ ਬੈਠਣ ਦੀ ਮੁਦ੍ਰਾ.

ਭਨ: ਦੇਖੋ, ਭਣ। ੨. ਭਣੋਈਆ (ਭਮਕ) ਦੇ ਥਾਂ ਭੀ ਭਨ ਸ਼ਬਦ ਆਇਆ ਹੈ. "ਜਿਸਨੁ ਧਨੰਜੈ ਕ੍ਰਿਸਨਭਨ." (ਸਨਾਮਾ) ਕ੍ਰਿਸ਼ਨ ਜੀ ਦਾ ਬਹਿਨੋਈ ਅਰਜੁਨ.

ਭਨਕ: ਸੰਗਯਾ- ਆਹਟ. ਖੜਕਾ। ੨. ਕੰਨਸੋ. ਸੁਧ. "ਤਨਕ ਭਨਕ ਜਬ ਤਿਨ ਸੁਨਪਾਈ." (ਵਿਚਿਤ੍ਰ)

ਭਨਤਿ: ਦੇਖੋ, ਭਣਿਤ. "ਭਨਤਿ ਨਾਨਕ ਮੇਰੀ ਪੂਰੀ ਪਰੀ." (ਗਉ ਮਃ ੫) ੨. ਦੇਖੋ, ਭਣਿਤਿ.

ਭਨਿ: ਦੇਖੋ, ਭਣਨ ਅਤੇ ਭਣਿਤ। ੨. ਭੰਨਕੇ. ਤੋੜਕੇ. "ਭਨਿ ਭਨਿ ਘੜੀਐ." (ਓਅੰਕਾਰ)

ਭਨਿਤ, ਭਨਿਤਿ: ਕਾਵ੍ਯਰਚਨਾ. ਦੇਖੋ, ਭਣਿਤਿ. "ਕੋਊ ਗੁਨ ਹੈ ਨਾ ਮੋ ਭਨਿਤ ਮੱਧ ਜਾਨੋ ਮਨ." (ਨਾਪ੍ਰ)

ਭਪਾਰਾ, ਭਫਾਰਾ: ਸੰਗਯਾ- ਭਾਫ (ਬਾਸ਼੍ਪ) ਦਾ ਸੇਕ। ੨. ਭਾਪ ਨਾਲ ਇਸਨਾਨ (steam- bath)

ਭਭਕ: ਸੰਗਯਾ- ਸਿੰਘਨਾਦ. ਬੁੱਕਾਰ। ੨. ਘੋੜੇ ਆਦਿ ਵਿੱਚ ਜਲ ਭਰਨ ਸਮੇਂ ਹੋਇਆ ਭਬ ਭਬ ਸ਼ਬਦ। ੩. ਝਿੜਕ. ਧਮਕੀ.

ਭਬਕਾ: ਸੰਗਯਾ- ਧਾਤੁ ਦਾ ਲੰਮਾ ਕਟੋਰਾ। ੨. ਅਰਕ ਕੱਢਣ ਵਾਸਤੇ ਬਣਾਇਆ ਪਾਤ੍ਰ, ਜੋ ਦੇਗ ਦੇ ਸਿਰ ਤੇ ਰੱਖੀਦਾ ਹੈ. ਇਸ ਦੇ ਸਿਰ ਪੁਰ ਜਲ ਠਹਿਰਣ ਦਾ ਥਾਂ ਹੁੰਦਾ ਹੈ. ਹੇਠਲੇ ਹਿੱਸੇ ਵਿੱਚ ਨਲਕੀ ਹੁੰਦੀ ਹੈ ਜਿਸ ਵਿੱਚਦੀਂ ਅਰਕ ਆਉਂਦਾ ਹੈ.

ਭਬਕੀ: ਸੰਗਯਾ- ਸ਼ੇਰ ਵਾਂਙ ਭਬਕਣ ਦੀ ਕ੍ਰਿਯਾ। ੨. ਧਮਕੀ. ਝਿੜਕਣ ਦੀ ਕ੍ਰਿਯਾ.

ਭਬੂਕਾ: ਸੰਗਯਾ- ਅੱਗ ਦੀ ਲਾਟ ਤੋਂ ਉਪਜਿਆ ਸ਼ਬਦ। ੨. ਭਾਂਬੜ. "ਬਾਰਬੇ ਬਾਰ ਕੋ ਜਯੋਂ ਭਬੂਕੇ." (ਵਿਚਿਤ੍ਰ)

ਭੱਬ, ਭਬ੍ਯ: ਸੰ. ਭਵ੍ਯ. ਵਿ- ਹੋਣ ਵਾਲਾ. ਭਾਵੀ. "ਭੂਤ ਭੰਬ ਭਵਾਨ ਭੂਪਤਿ." (ਅਕਾਲ) ੨. ਯੋਗ੍ਯ. ਮੁਨਾਸਿਬ। ੩. ਸੁੰਦਰ. ਮਨੋਹਰ। ੪. ਸੰਗਯਾ- ਮੰਗਲ. ਕਲ੍ਯਾਣ। ੫. ਭਾਗ. ਨਸੀਬ. "ਗਾਥਾ ਗਾਵੀਤ ਨਾਨਕ ਭਬ੍ਯੰ ਪਰਾਪੂਰਬਣਹ." (ਗਾਥਾ)

ਭਬਕ, ਭਭਕਾਰ: ਦੇਖੋ, ਭਬਕ ਅਤੇ ਭਬੂਕਾ.

ਭਬਕੰਤ: ਭਬਕਦਾ ਹੋਇਆ. ਦੇਖੋ, ਭਬਕ। ੨. ਸੰ. ਭੁਵਿਕਾਂਤ. ਸੰਗਯਾ- ਭੁਵਨ ਦਾ ਪਯਾਰਾ. ਜਲ. "ਗਦ ਗਦ ਸੁ ਬੈਣ। ਭਭਕੰਤ ਨੈਣ." (ਦੱਤਾਵ) ਸਜਲ ਨੇਤ੍ਰ. ਪਾਣੀਭਰੀਆਂ ਅੱਖਾਂ.

ਭਭਰਨਾ: ਕ੍ਰਿ- ਭਯਸਹਿਤ ਹੋਣਾ। ੨. ਹੈਰਾਨ ਹੋਣਾ। ੩. ਘਬਰਾਉਣਾ.

ਭਭਾ: ਭ ਅੱਖਰ. "ਭਭਾ, ਭਰਮ ਮਿਟਾਵਹੁ ਅਪਨਾ." (ਬਾਵਨ) ੨. ਭਾ ਦਾ ਉੱਚਾਰਣ. ਭਕਾਰ.

ਭਭਾਕ: ਦੇਖੋ, ਭਬਕ ਅਤੇ ਭਬੂਕਾ.

---

[921] ਜ੍ਯੋਤਿਸ਼ ਅਨੁਸਾਰ ਜੇ ਭਦ੍ਰਾਤਿਥਿ ਨੂੰ ਹੋਵੇ ਤਾਂ ਸਿੱਧਯੋਗ ਹੁੰਦਾ ਹੈ, ਜਿਸ ਵਿੱਚ ਅਸਾਡੇ ਸਾਰੇ ਕਾਰਜ ਸਿੱਧ ਹੋਂਦੇ ਹਨ.

ਭਭਾਖਾ, ਭਭਾਖਿਆ: ਸੰ. ਬੁਭੁਕ੍ਸ਼ਾ. ਖਾਣ ਦੀ ਇੱਛਾ. ਭੁੱਖ. ਕ੍ਸ਼ੁਧਾ. "ਤਿਪਤਿਰਹੇ ਆਘਾਇ, ਮਿਟੀ ਭਭਾਖਿਆ." (ਵਡ ਮਃ ੪)

ਭਭੀਖਣ, ਭਭੀਖਨ, ਭਭੀਛਨ: ਸੰ. ਵਿਭੀਸ਼ਣ. ਵਿ- ਬਹੁਤ ਭਯਾਵਨਾ. ਅਤਿ ਡਰਾਉਣ ਵਾਲਾ। ੨. ਸੰਗਯਾ- ਰਾਵਣ ਦਾ ਛੋਟਾ ਭਾਈ, ਜੋ ਸ਼ਿਵ ਦੀ ਸਲਾਹ ਮੰਨਕੇ ਰਾਮਚੰਦ੍ਰ ਜੀ ਦੀ ਸ਼ਰਣ ਨੂੰ ਪ੍ਰਾਪਤ ਹੋਇਆ. ਸ਼੍ਰੀ ਰਾਮ ਨੇ ਰਾਵਣ ਨੂੰ ਮਾਰਕੇ ਵਿਭੀਸ਼ਣ ਨੂੰ ਲੰਕਾ ਦਾ ਰਾਜ ਦਿੱਤਾ. "ਲੰਕ ਭਭੀਖਣ ਆਪਿਓ ਹੋ." (ਸੋਰ ਨਾਮਦੇਵ) "ਰਾਜ ਭਭੀਖਨ ਅਧਿਕ ਕਰਿਓ." (ਮਾਰੂ ਨਾਮਦੇਵ)

ਭਭੂਕਾ: ਦੇਖੋ, ਭਬੂਕਾ. "ਚਲਾਈ ਤੁਫੰਗੈਂ ਭਭੂਕੇ ਭਖੰਤੇ." (ਗੁਪ੍ਰਸੂ)

ਭਮੱਕੜ: ਸੰ. ਭੱਕਿਕਾ. ਸੰਗਯਾ- ਪਤੰਗਾ. ਪਰਵਾਨਾ.

ਭਮਰ: ਦੇਖੋ, ਭ੍ਰਮਰ.

ਭਮੂਲ: ਦੇਖੋ, ਭੰਭੂਲ.

ਭਯ: ਸੰ. ਸੰਗਯਾ- ਖ਼ੌਫ਼. ਡਰ. "ਭਯਭੰਜਨੁ ਪਰਦੁਖ ਨਿਵਾਰੁ." (ਸਵੈਯੇ ਮਃ ੫. ਕੇ) ੨. ਸੰਕਟ. ਮੁਸੀਬਤ। ੩. ਫਿਕਰ. ਚਿੰਤਾ.

ਭਯਉ: ਭਇਆ ਹੋਇਆ. (ਸੰ. ਭੂ. ਹੋਣਾ) "ਜਿਹ ਕ੍ਰਿਪਾਲੁ ਹਰਿ ਹਰਿ ਭਯਉ." (ਸਵੈਯੇ ਮਃ ੫. ਕੇ)

ਭਯਕਰ: ਵਿ- ਡਰਾਉਂਣ ਵਾਲਾ. ਭੈਦਾਇਕ.

ਭਯਭੰਜਨੁ: ਭੈਵਿਨਾਸ਼ਕ. ਦੇਖੋ, ਭਯ.

ਭਯਾ: ਦੇਖੋ, ਭਯਉ. "ਨਿਰਧਨੰ ਭਯੰ ਧਨਵੰਤਹ." (ਸਹਸ ਮਃ ੫) ੨. ਸੰਗਯਾ- ਭੈਯਾ. ਭ੍ਰਾਤਾ. ਭਾਈ. "ਤੀਜੈ ਭਯਾ ਭਾਭੀ ਬੇਬ." (ਮਃ ੧. ਵਾਰ ਮਾਝ) ੩. ਸੰ. ਇੱਕ ਰਾਖਸੀ, ਜੋ ਕਾਲ ਦੀ ਭੈਣ, ਹੇਤਿ ਦੀ ਇਸਤ੍ਰੀ ਅਤੇ ਵਿਦ੍ਯੁਤਕੇਸ਼ ਦੀ ਮਾਤਾ ਸੀ.

ਭਯਾਹਵ: ਭਯ- ਆਹਵ. ਆਹਵ (ਜੰਗ) ਦਾ ਡਰ. "ਲਖ ਭੀਰੁ ਭਯਾਹਵ. ਭੱਜਹਿੰਗੇ." (ਕਲਕੀ) ੨. ਦੇਖੋ, ਭਯਾਵਹ.

ਭਯਾਕੁਲ: ਭਯ ਨਾਲ ਵ੍ਯਾਕੁਲ. ਡਰ ਨਾਲ ਘਬਰਾਇਆ ਹੋਇਆ.

ਭਯਾਣ: ਦੇਖੋ, ਭਯਾਨ. "ਅਭੂਤੰ ਭਯਾਣੰ." (ਵਿਚਿਤ੍ਰ) ਜੇਹਾ ਪਹਿਲਾਂ ਭਯਾਨਕ ਕਦੀ ਨਹੀਂ ਹੋਇਆ.

ਭਯਾਤੁਰ: ਭਯ ਨਾਲ ਆਤੁਰ (ਦੁਖੀ) ਡਰਾਕੁਲ.

ਭਯਾਨ, ਭਯਾਨਕ: ਵਿ- ਭਯ ਦੇਣ ਵਾਲਾ. ਡਰਾਉਣਾ।

੨. ਸੰਗਯਾ- ਕਾਵ੍ਯ ਦੇ ਨੌ ਰਸਾਂ ਵਿੱਚੋਂ ਇੱਕ ਰਸ. "ਜਾਂਕੋ ਥਾਰੀਭਾਵ ਭਯ ਵਹੈ ਭਯਾਨਕ ਜਾਨ।

ਲਖਨ ਭਯੰਕਰ ਗਜਬ ਕਛੁ ਤੇ ਬਿਭਾਵ ਉਰ ਆਨ।

ਕੰਪਾਦਿਕ ਅਨੁਭਾਵ ਤਹਿਂ ਸੰਚਾਰੀ ਮੱਹਾਦਿ।

ਕਾਲਦੇਵ ਕ੍ਰੈਲਾ ਵਰਣ ਸੁ ਭਯਾਨਕ ਰਸ ਯਾਦਿ।" (ਜਗਦਵਿਨੋਦ)

੨. ਸ਼ੇਰ. ਸਿੰਹ. ਮ੍ਰਿਗਰਾਜ। ੩. ਫਣੀਅਰ ਸੱਪ.

ਭਯਾਰ: ਸੰ. ਭਯਕਾਰ. ਵਿ- ਭਯਦਾਯਕ. ਭਯੰਕਰ. "ਮਹਾਂ ਰਥੀ ਅਉ ਮਹਾਂ ਭਯਾਰਾ." (ਪਾਰਸਾਵ)

ਭਯਾਵਹ, ਭਯੰਕਰ: ਸੰ. ਵਿ- ਡਰਾਉਣਾ. ਭਯ ਦਾਯਕ. ਖੌਫ਼ਨਾਕ.

ਭਯੰਤਿ: ਭਵਤਿ. ਹੁੰਦੀ ਹੈ. "ਬਿਖਿਆ ਭਯੰਤਿ ਅੰਮਿਤਹ" (ਸਾਹਸ ਮਃ ੫)

ਭਰ: (ਦੇਖੋ. ਭ੍ਰੀ ਧਾ) ਸੰਗਯਾ- ਬੋਝ. ਭਾਰ. "ਪਥਰ ਕੀ ਬੇੜੀ ਜੇ ਚੜੈ, ਭਰ ਨਾਲਿ ਬੁਡਾਵੈ." (ਆਸਾ ਅঃ ਮਃ ੧) ੨. ਯੁੱਧ. ਜੰਗ. ਨਿਰੁਕ੍ਤ ਵਿੱਚ ਲਿਖਿਆ ਹੈ ਜਿੱਤਣ ਵਾਲੇ ਨੂੰ ਧਨ ਨਾਲ ਭਰ ਦਿੰਦਾ ਹੈ, ਇਸ ਲਈ ਜੰਗ ਦਾ ਨਾਮ ਭਰ ਹੈ। ੩. ਤੋਲ. ਵਜ਼ਨ. ਪ੍ਰਮਾਣ। ੪. ਵੱਟਾ। ੫. ਸਮੁਦਾਯ. ਗਰੋਹ। ੬. ਅਧਿਕਤਾ. ਜ਼ਯਾਦਤੀ। ੭. ਵਿ- ਸਮਾਨ. ਤੁਲ੍ਯ। ੮. ਭਰਨ (ਪਾਲਨ) ਕਰਤਾ। ੯. ਕ੍ਰਿ. ਵਿ- ਪਰ੍ਯੰਤ. ਤੀਕ. ਤੋੜੀ. "ਕੋਸ ਭਰ ਛੋਰ ਸਿਧਾਵਹੁ. (ਗੁਪ੍ਰਸੂ)

ਭਰਹਰ: ਸੰਗਯਾ- ਹੜਬੜੀ. ਘਬਰਾਹਟ. "ਭਰਹਰ ਭਜੇ ਭੀਰੁ ਆਹਵਤੇ." (ਸਲੋਹ)

ਭਰਕ: ਦੇਖੋ, ਭੜਕ.

ਭਰਜਾਈ: ਸੰ. ਭ੍ਰਾਤ੍ਰਿਜਾਯਾ- ਭ੍ਰਾਤ੍ਰਿਜਾਯਾ. ਭਾਈ ਦੀ ਵਹੁਟੀ. "ਨਾ ਭੈਣਾ ਭਰਜਾਈਆ." (ਮਾਰੂ ਅঃ ਮਃ ੧)

ਭਰਟਾ, ਭਰਟਿ: ਸੰ. ਭ੍ਰਿਕੁਟਿ. ਸੰਗਯਾ- ਭੌਂਹ. "ਹੈਂ ਭਰਟੇ ਧਨੁ ਸੇ ਬਰੁਨੀ ਸਰ." (ਕ੍ਰਿਸਨਾਵ)

ਭਰਟੀ: ਰਾਜਪੂਤਾਂ ਦੀ ਇੱਕ ਜਾਤਿ, ਭਾਟੀ. "ਕੇਤੜਿਆ ਹੀ ਭਰਟੀਏ." (ਭਾਗੁ) ੨. ਦੇਖੋ, ਭਿਰਟੀ.

ਭਰਣ: ਸੰ. ਸੰਗਯਾ- ਸੇਵਨ। ੨. ਪਾਲਣ. "ਭਰਣ ਪੋਖਣ ਕਰੰਤ ਜੀਆ." (ਸਹਸ ਮਃ ੫) ੩. ਮਜ਼ਦੂਰੀ। ੪. ਧਾਰਣ ਕਰਨਾ। ੫. ਪੂਰਨਾ. ਭਰਨਾ.

ਭਰਣ ਪੋਖਣ, ਭਰਣ ਪੋਖਣੁ: ਭਰਣ ਪੌਸ਼ਣ. ਪਾਲਣ ਅਤੇ ਰਕ੍ਸ਼ਣ. "ਭਰਣ ਪੋਖਣੁ ਕਰਣਾ." (ਮਃ ੫. ਵਾਰ ਗਉ ੨) ਪ੍ਰਤਿਪਾਲਨ ਅਤੇ ਰਖ੍ਯਾ ਕਰਨ ਵਾਲਾ.

ਭਰਣਾ: ਕ੍ਰਿ- ਪੂਰਨ ਕਰਨਾ. "ਭਰਿਆ ਹੋਇ ਸੁ ਕਬਹੁ ਨ ਡੋਲੈ." (ਗੌਂਡ ਕਬੀਰ) ੨. ਲਿਬੜਨਾ. ਆਲੂਦਾ ਹੋਣਾ. "ਭਰੀਐ ਹਥੁ ਪਰੁ ਤਨੁ ਦੇਹ." (ਜਪੁ) "ਹਉਮੈ ਮੈਲੁ ਭਰੀਜੈ." (ਵਡ ਛੰਤ ਮਃ ੩)

ਭਰਣਾਢਯ, ਭਰਣਾਢ੍ਯ: ਦੇਖੋ, ਸਰਬਭਰਣਾਢ੍ਯ। ੨. ਭਰਣਆਢ੍ਯ ਪ੍ਰਤਿਪਾਲਕ। ੩. ਧਾਰਣਕਰਤਾ.

ਭਰਣੀ: ਸੰ. ਦੂਜਾ ਨਕ੍ਸ਼ਤ੍ਰ (ਨਛਤ੍ਰ). ੨. ਨਾਗਦਮਨ ਬੂਟੀ. ਨਾਗਦੌਨ। ੩. ਰਾਹੂ ਦੀ ਮਾਤਾ.

ਭਰਣੁ: ਦੇਖੋ, ਭਰਣ.

ਭਰਤ: ਸੰਗਯਾ- ਤਾਂਬਾ ਪਿੱਤਲ ਆਦਿ ਅਨੇਕ ਧਾਤੁ ਮਿਲਾਕੇ ਬਣਾਈ ਹੋਈ ਮਿਸ਼੍ਰਿਤ ਧਾਤੁ। ੨. ਸੰਚੇ (ਸਾਂਚੇ) ਵਿੱਚ ਪਾਉਣ ਯੋਗ੍ਯ ਦ੍ਰਵ ਪਦਾਰਥ. "ਮੈਨ ਸੁਨਾਰ ਭਰਤ ਜਨੁ ਭਰੀ." (ਚਰਿਤ੍ਰ ੨੯੫)

੩. ਭਰਤੀ. ਟੋਏ ਆਦਿ ਨੂੰ ਪੂਰਣ ਲਈ ਜੋ ਮਿੱਟੀ ਆਦਿ ਵਸਤੁ ਪਾਈ ਜਾਵੇ। ੪. ਸੰ. ਜੁਲਾਹਾ। ੫. ਖੇਤ। ੬. ਨਟ। ੭. ਦਸ਼ਰਥ ਦਾ ਪੁਤ੍ਰ ਰਾਮਚੰਦ੍ਰ ਜੀ ਦਾ ਭਾਈ, ਜੋ ਕੈਕੇਯੀ ਦੇ ਉਦਰ ਤੋਂ ਜਨਮਿਆ. ਇਸ ਦੀ ਇਸਤ੍ਰੀ ਮਾਂਡਵੀ ਅਤੇ ਪੁਤ੍ਰ ਤਕ੍ਸ਼ ਅਰ ਪੁਸ਼ਕਲ ਸਨ। ੮. ਉਹ ਅਗਨਿ, ਜੋ ਯਗ੍ਯ ਅਤੇ ਅਗਨਿਹੋਤ੍ਰ ਲਈ ਸਦਾ ਮਚਦੀ ਰੱਖੀ ਜਾਵੇ। ੯. ਇੱਕ ਮਹਾਤਮਾ ਰਿਖੀ, ਜੋ ਜੜ੍ਹਭਰਤ ਕਰਕੇ ਪ੍ਰਸਿੱਧ ਹੈ। ੧੦. ਰੂਪ ਕਾਵ੍ਯ (ਨਾਟਕ) ਦਾ ਆਚਾਰਯ ਇੱਕ ਰਿਖੀ, ਜਿਸ ਨੇ ਨਾਟਕ ਦੇ ਨਿਯਮ ਬਣਾਏ। ੧੧. ਪੁਰੁਵੰਸ਼ ਦਾ ਚੰਦ੍ਰਵੰਸ਼ੀ ਰਾਜਾ, ਜੋ ਸ਼ਕੁੰਤਲਾ ਦੇ ਪੇਟ ਤੋਂ ਦੁਸ਼ਯੰਤ ਦਾ ਪੁਤ੍ਰ ਸੀ. ਜਿਸ ਦੇ ਨਾਮ ਪੁਰ ਦੇਸ਼ ਦਾ ਨਾਮ ਭਾਰਤ ਹੋਇਆ। ੧੨. ਸੰਗੀਤਸ਼ਾਸਤ੍ਰ ਦਾ ਇੱਕ ਆਚਾਰਯ। ੧੩. ਸੰ. ਭਰ੍ਤਾ. ਪਤਿ. "ਜਿਉਤਰੁਨਿ ਭਰਤ ਪਰਾਨ." (ਬਿਲਾ ਅঃ ਮਃ ੫) "ਭਰਤ ਬਿਹੂਨ ਕਹਾਂ ਸੋਹਾਗੁ?" (ਗਉ ਮਃ ੫)

ਭਰਤਖੰਡ: ਰਾਜਾ ਭਰਤ ਦਾ ਦੇਸ਼. ਦੇਖੋ, ਭਰਤ ੧੧. ਅਤੇ ਭਾਰਤਵਰਸ.

ਭਰਤਗੜ੍ਹ: ਇੱਕ ਪਿੰਡ, ਜੋ ਜਿਲਾ ਅੰਬਾਲਾ, ਤਸੀਲ ਰੋਪੜ ਵਿੱਚ ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ.

ਭਰਤਪੁਰ: ਰਾਜਪੂਤਾਨੇ ਦੀ ਰਿਆਸਤ ਭਰਤਪੁਰ ਦਾ ਪ੍ਰਧਾਨ ਨਗਰ, ਜੋ ਆਗਰੇ ਤੋਂ ੩੪ ਮੀਲ ਪੱਛਮ ਹੈ. ਰਿਆਸਤ ਭਰਤਪੁਰ ਦਾ ਰਕਬਾ ੧੯੬੧ ਵਰਗ ਮੀਲ ਅਤੇ ਜਨਸੰਖ੍ਯਾ ੪੯੬, ੪੩੭ ਹੈ.

ਭਰਤਪੁਰ ਨਾਲ ਪਟਿਆਲ ਦੇ ਸੰਬੰਧ ਬਾਬਤ ਦੇਖੋ, ਬਖਤਾਵਰਕੌਰ.

ਭਰਤਰਖ: ਸੰ. ਭਰਤਸ਼ੰਭ. ਭਰਤਵੰਸ਼ੀਆਂ ਵਿੱਚੋਂ ਸ਼੍ਰੇਸ਼੍ਠ. "ਸੁਨ ਲੀਜੀਐ ਭਰਤਰਖ." (ਪਾਰਸਾਵ) ੨. ਸਰਦਾਰ. ਪ੍ਰਧਾਨ "ਸੈਨ ਕੇ ਭਰਤਰਖ." (ਪਾਰਸਾਵ) ੩. ਕ੍ਰਿਸ਼ਨ ਜੀ ਨੇ ਗੀਤਾ ਵਿੱਚ ਇਸ ਨਾਮ ਤੋਂ ਅਰਜੁਨ ਨੂੰ ਸੰਬੋਧਨ ਕੀਤਾ ਹੈ. ਯਥਾ- "कामो ऽ स्मि भरतर्षभ ! " (ਅਃ ੭. ਸ਼ਃ ੧੧)

ਭਰਤਰੀ: ਦੇਖੋ, ਭਰਥਰਿ.

ਭਰਤਸ਼ੰਭ: ਦੇਖੋ, ਭਰਤਰਖ.

ਭਰਤਾ, ਭਰਤਾਰ, ਭਰਤਾਰੁ: भर्तृ. ਭਰ੍‍ਤ੍ਰਿ. ਵਿ- ਪਾਲਣ ਵਾਲਾ। ੨. ਸੰਗ੍ਯਾ- ਸ੍ਵਾਮੀ. ਪਤਿ. "ਭਰਤਾ ਕਹੈ ਸੁ ਮਾਨੀਐ." (ਆਸਾ ਮਃ ੫)

ਭਰਤਿਯਾ: ਦੇਖੋ, ਭਰਤੀਆ.

ਭਰਤੀ: ਸੰਗ੍ਯਾ- ਭਰਣ ਦੀ ਕ੍ਰਿਯਾ. ਭਰਾਈ। ੨. ਉਹ ਵਸ੍ਤੁ, ਜੋ ਭਰੀ ਜਾਵੇ। ੩. ਬੋਝ. ਭਾਰ। ੪. ਤਾਈਦ. ਪੁਸ਼੍ਟਿ। ੫. ਸੰ. ਭਰ੍‍ਤ੍ਰਿ. ਵਿ- ਭਰਨਵਾਲਾ. ਪ੍ਰਤਿਪਾਲਕ. "ਚਤੁਰਚਕ੍ਰ ਭਰਤੀ." (ਜਾਪੁ)

ਭਰਤੀਆ: ਵਿ- ਭਰਨ ਵਾਲਾ। ੨. ਸੰਗ੍ਯਾ- ਸੰਚੇ (ਸੱਚੇ) ਵਿੱਚ ਧਾਤੁ ਨੂੰ ਭਰਨ ਵਾਲਾ ਕਾਰੀਗਰ. "ਮਦਨ ਭਰਤੀਆ ਭਰਤ ਭਰਾਏ." (ਚਰਿਤ੍ਰ ੩੦੭)

ਭਰਥ: ਦੇਖੋ, ਭਰਤ ੭. ਅਤੇ ੧੧. "ਭੁਜੰ ਭੀਮ ਭਰਥੰ ਜਗੰ ਜੀਤ ਡੰਡੀਸੰ." (ਵਿਚਿਤ੍ਰ) ੨. ਸੰ. ਜਗਤ ਨੂੰ ਭਰਨ ਵਾਲਾ। ੩. ਸੰਗ੍ਯਾ- ਰਾਜਾ। ੪. ਅਗਨਿ.

ਭਰਥਖੰਡ: ਦੇਖੋ, ਭਰਤਖੰਡ ਅਤੇ ਭਾਰਤਵਰਸ. "ਭਰਥਖੰਡ ਬਖਾਨ ਹੀ ਦਸਚਾਰ ਚਾਰ ਨਿਧਾਨ." (ਪ੍ਰਿਥੁਰਾਜ)

ਭਰਥਰ: ਰਾਮਚਦ੍ਰ ਜੀ ਦਾ ਭਾਈ ਭਰਤ. "ਤਬ ਚਿਤ ਅਪਨੇ ਭਰਥਰ ਜਾਨੀ." (ਰਾਮਾਵ) ੨. ਦੇਖੋ, ਭਰਥਰਿ.

ਭਰਥਰਿ, ਭਰਥਰੀ: ਸੰ. भर्तृहरि- ਭਰ੍‍ਤ੍ਰਿਹਰਿ. ਧਾਰਾ ਨਗਰੀ ਦਾ ਰਾਜਾ, ਮਹਾਰਾਜਾ ਵਿਕ੍ਰਮਾਦਿਤ੍ਯ ਉੱਜਯਨਪਤਿ ਦਾ ਭਾਈ, ਜੋ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ.[922] ਇਹ ਆਪਣੀ ਇਸਤ੍ਰੀ ਦਾ ਵ੍ਯਭਿਚਾਰ ਦੇਖਕੇ ਅਜਿਹਾ ਉਪਰਾਮ ਹੋਇਆ ਕਿ ਰਾਜ ਤਿਆਗਕੇ ਯੋਗੀ ਬਣਗਿਆ. ਇਸ ਦੇ ਰਚੇ ਸ਼੍ਰਿੰਗਾਰਸ਼ਤਕ, ਨੀਤਿਸ਼ਤਕ ਅਤੇ ਵੈਰਾਗ੍ਯਸ਼ਤਕ ਮਨੋਹਰ ਗ੍ਰੰਥ ਹਨ. "ਧਾਰਾ ਨਗਰੀ ਕੋ ਰਹੈ ਭਰਥਰਿ ਰਾਵ ਸੁਜਾਨ." (ਚਰਿਤ੍ਰ ੨੦੯) ੨. ਇੱਕ ਯੋਗੀ, ਜਿਸ ਦੀ ਗੁਰੂ ਨਾਨਕਦੇਵ ਨਾਲ ਚਰਚਾ ਹੋਈ. "ਕਹੁ ਨਾਨਕ ਸੁਣਿ ਭਰਥਰਿ ਜੋਗੀ." (ਆਸਾ ਮਃ ੧)

ਭਰਥਾ: ਸੰਗ੍ਯਾ- ਭੁੜਥਾ. "ਅਗਨਿ ਸਾਥ ਤਨ ਭਰਥਾ ਭਯੋ." (ਗੁਪ੍ਰਸੂ) ੨. ਦੇਖੋ, ਭਰਤਾ.

ਭਰਥੁ: ਦੇਖੋ, ਭੜਥੂ.

ਭਰਦ੍ਵਾਜ: ਵ੍ਰਿਹਸਪਤਿ ਦਾ ਪੁਤ੍ਰ ਇੱਕ ਰਿਖਿ, ਜਿਸ ਦਾ ਨਾਮ ਵਿਤੱਥ ਭੀ ਹੈ. ਮਹਾਭਾਰਤ ਅਤੇ ਵਿਸ਼ਨੁਪੁਰਾਣ ਵਿੱਚ ਲਿਖਿਆ ਹੈ, ਕਿ ਉਤਥ੍ਯ ਮੁਨੀ ਦੀ ਇਸਤ੍ਰੀ ਮਮਤਾ ਗਰਭਵਤੀ ਸੀ. ਇਸ ਹਾਲਤ ਵਿੱਚ ਵ੍ਰਿਹਸਪਤਿ ਨੇ ਮਮਤਾ ਨਾਲ ਭੋਗ ਕੀਤਾ.

[922] ਰਾਜਾਵਲੀ ਵਿੱਚ ਲਿਖਿਆ ਹੈ ਕਿ ਇਹ ਦਾਸੀ ਦੇ ਪੇਟੋਂ ਗੰਧਰਵਸੇਨ ਦਾ ਪੁਤ੍ਰ ਸੀ.

ਗਰਭ ਵਿੱਚ ਇਸਥਿੱਤ ਬੱਚੇ ਨੇ ਵ੍ਰਿਹਸਪਿਤ ਦਾ ਵੀਰਯ ਲੱਤ ਮਾਰਕੇ ਬਾਹਰ ਕੱਢ ਦਿੱਤਾ ਅਰ ਆਖਿਆ ਕਿ ਮੇਰੇ ਹੁੰਦੇ ਹੋਰ ਬੱਚੇ ਦੇ ਠਹਿਰਣ ਦਾ ਇੱਥੇ ਥਾਂ ਨਹੀਂ. ਵ੍ਰਿਹਸਪਤਿ ਨੇ ਗਰਭ ਵਿੱਚ ਇਸਥਿਤ ਬੱਚੇ ਨੂੰ ਸ਼੍ਰਾਪ ਦੇਕੇ ਅੰਨ੍ਹਾ ਕਰ ਦਿੱਤਾ, ਜਿਸ ਤੋਂ ਉਸ ਦਾ ਨਾਮ ਦੀਰਘਤਮਾ ਹੋਇਆ. ਵ੍ਰਿਹਸਪਤਿ ਨੇ ਮਮਤਾ ਨੂੰ ਆਖਿਆ ਕਿ ਮੇਰੇ ਵੀਰਯ ਤੋਂ ਦੂਜੀ ਵਾਰ ਪੈਦਾ ਹੋਏ ਬਾਲਕ ਨੂੰ ਤੂੰ ਭਰ (ਪਾਲਨ ਕਰ). ਇਸ ਲਈ ਨਾਉਂ ਭਰਦ੍ਵਾਜ ਹੋਇਆ.

ਭਰਦ੍ਵਾਜ ਕਈ ਵੇਦਮੰਤ੍ਰਾਂ ਦਾ ਕਰਤਾ ਹੋਇਆ ਹੈ. ਰਾਮਚੰਦ੍ਰ ਜੀ ਦੇ ਸਮੇਂ ਇਹ ਪ੍ਰਯਾਗ ਵਿੱਚ ਰਹਿੰਦਾ ਸੀ. ਭਾਰਦ੍ਵਾਜ ਗੋਤ੍ਰ ਇਸੇ ਤੋਂ ਚੱਲਿਆ ਹੈ. ਪਾਂਡਵਾਂ ਨੂੰ ਸ਼ਸਤ੍ਰਵਿਦ੍ਯਾ ਸਿਖਾਉਣ ਵਾਲਾ ਦ੍ਰੋਣ, ਇਸੇ ਭਰਦ੍ਵਾਜ ਦਾ ਪੁਤ੍ਰ ਸੀ ਦੇਖੋ, ਉਤੱਥ.

ਭਰਨ: ਦੇਖੋ, ਭਰਣ। ੨. ਸੰਚੇ ਵਿੱਚ ਪਾਉਣ ਯੋਗ੍ਯ ਪਘਰਿਆ ਹੋਇਆ ਪਦਾਰਥ. "ਮੈਨ ਸੁਨਾਰ ਭਰਨ ਜਨੁ ਭਰੀ." (ਚਰਿਤ੍ਰ ੨੪)

ਭਰਨਾ: ਦੇਖੋ, ਭਰਣਾ.

ਭਰਨਾਲ: ਸੰਗ੍ਯਾ- ਵਰੁਣਾਲਯ. ਸਮੁੰਦਰ. "ਪੋਪਲੀਆਂ ਭਰਨਾਲ ਲਖ ਤਰੰਦੀਆਂ." (ਭਾਗੁ) ੨. ਦੇਖੋ, ਭਰਨਾਲਿ.

ਭਰਨਾਲਿ: ਭਾਰਨਾਲ. ਬੋਝ ਸਾਥ. ਦੇਖੋ, ਭਰ ੧। ੨. ਨਾਲਿ (ਨਦੀਆਂ) ਭਰਕੇ. ਦੇਖੋ, ਅਖਲੀ ਊਡੀ। ੩. ਭਰਨੇ ਵਾਲੀ. ਲਬੇੜਨ (ਆਲੂਦਾ ਕਰਨ) ਵਾਲੀ। ੪. ਸੰ. भृमल- ਭ੍ਰਿਮਲ. ਬੇਹੋਸ਼. ਜੜ੍ਹ. ਅਚੇਤਨ. "ਮਨ ਮੇਰੇ, ਹਉਮੈ ਮੈਲੁ ਭਰਨਾਲਿ." (ਸ੍ਰੀ ਮਃ ੩) ੫. ਗੁਮਰਾਹ। ੬. ਦੇਖੋ, ਭਰਨਾਲ.

ਭਰਨਾਵਾਂ: ਇੱਕ ਪਿੰਡ, ਜੋ ਤਸੀਲ ਚੂਣੀਆਂ ਜਿਲਾ ਲਹੌਰ ਵਿੱਚ ਹੈ. ਇੱਥੇ ਸੁਤਲਾਨ ਨਾਮਕ ਖੇਤ ਦੇ ਰਾਖੇ ਬਾਲਕ ਨੇ ਗੁਰੂ ਨਾਨਕਦੇਵ ਨੂੰ ਹੋਲਾਂ ਕਰਕੇ ਅਰਪੀਆਂ ਸਨ. ਅਰ ਸਿੱਖੀ ਧਾਰਕੇ ਗੁਰਮੁਖ ਪਦਵੀ ਨੂੰ ਪ੍ਰਾਪਤ ਹੋਇਆ ਸੀ.

ਭਰਪੁਰ: ਵਿ- ਪੂਰਨ ਭਰਿਆ ਹੋਇਆ. ਲਬਾਲਬ ਪੂਰਨ. ਪਰਿਪੂਰ੍ਣ.

ਭਰਪੁਰਿ: ਭਰਪੂਰ ਹੋਕੇ. ਪੂਰਣ ਵ੍ਯਾਪਕ ਹੋਕੇ. ਪਰਿਪੂਰ੍ਣ ਹੋਕੇ. "ਭਰਪੁਰਿ ਧਾਰਿਰਹਿਆ ਨਿਹਕੇਵਲੁ." (ਮਾਰੂ ਸੋਲਹੇ ਮਃ੧)

ਭਰਪੂਰ: ਪਰਿਪੂਰ੍ਣ. ਸਰਵਵ੍ਯਾਪਕ. ਦੇਖੋ, ਭਰਪੁਰ.

ਭਰਪੂਰਸਿੰਘ: ਰਾਣੀ ਮਾਨਕੌਰ ਦੇ ਉਦਰੋਂ ਰਾਜਾ ਦੇਵੇਂਦ੍ਰਸਿੰਘ ਨਾਭਾਪਤਿ ਦਾ ਵਡਾ ਸੁਪੁਤ੍ਰ. ਜਿਸ ਦਾ ਜਨਮ ਸਨ ੧੮੪੦ ਵਿੱਚ ਹੋਇਆ. ਰਾਜਾ ਦੇਵੇਂਦ੍ਰਸਿੰਘ ਨੂੰ ਗੱਦੀਓਂ ਲਾਹੇ ਜਾਣ ਕਾਰਣ ਇਹ ਸਨ ੧੮੪੭ ਵਿੱਚ ਰਾਜ ਸਿੰਘਾਸਨ ਤੇ ਬੈਠਾ. ਇਸ ਨੀਤਿ ਅਤੇ ਧਰਮਪੁਜ ਰਾਜ ਨੇ ਹੋਸ਼ ਸੰਭਾਲਕੇ ਰਿਆਸਤ ਦਾ ਬਹੁਤ ਉੱਤਮ ਪ੍ਰਬੰਧ ਕੀਤਾ ਅਤੇ ਗਵਰਨਮੈਂਟ ਬਰਤਾਨੀਆਂ ਦੀ ਗ਼ਦਰ ਦੇ ਮੌਕੇ ਪੂਰੀ ਸਹਾਇਤਾ ਕਰਕੇ ਨਵਾਂ ਇਲਾਕਾ ਪ੍ਰਾਪਤ ਕੀਤਾ.

ਸ਼ੋਕ ਹੈ ਕਿ ਇਸ ਦੀ ਉਮਰ ਵਡੀ ਨਾ ਹੋਈ. ੯. ਨਵੰਬਰ ਸਨ ੧੮੬੩ ਨੂੰ ਤਪਦਿੱਕ ਰੋਗ ਦੇ ਕਾਰਣ ਨਾਭੇ ਪਰਲੋਕ ਸਿਧਾਰਿਆ. ਦੇਖੋ, ਨਾਭਾ ਅਤੇ ਫੂਲਵੰਸ਼.

ਭਰਪੂਰਿ: ਭਰਪੂਰ (ਪਰਿਪੂਰਣ) ਹੋਕੇ। ੨. ਭਰਪੂਰ ਹੋਇਆ. ਵ੍ਯਾਪ੍ਯ. "ਤੂ ਭਰਪੂਰਿ ਜਾਨਿਆ ਮੈ ਦੂਰਿ." (ਸ੍ਰੀ ਮਃ ੧)

ਭਰਪੂਰੀ: ਭਰਪੂਰ (ਪਰਿਪੂਰਣ) ਹੋਇਆ। ੨. ਸੰਗ੍ਯਾ- ਪੂਰਣਤਾ. ਵ੍ਯਾਪਕਤਾ.

ਭਰਬਰਦਾਰੀ: ਦੇਖੋ, ਭਾਰਬਰਦਾਰੀ.

ਭਰਭਰਾਨਾ: ਕ੍ਰਿ- ਕ੍ਰੋਧ ਨਾਲ ਚੌਂਕ ਉਠਨਾ। ੨. ਘਬਰਾਉਣਾ। ੩. ਅੱਗ ਦਾ ਭੜ ਭੜ ਮੱਚਣਾ.

ਭਰਭਾ: ਸੰ. ਭਾਰਵਾਹ. ਵਿ- ਭਾਰ ਢੋਣ ਵਾਲਾ. "ਤਿਨ ਪਗਸੰਤ ਨ ਸੇਵੇ ਕਬਹੂ, ਤੇ ਮਨਮੁਖ ਭੂੰਭਰ ਭਰਭਾ." (ਪ੍ਰਭਾ ਮਃ ੪) ਮਨਮੁਖ ਭੂਭਾਰ ਅਤੇ ਭਾਰਵਾਹ ਹਨ. ਜ਼ਮੀਨ ਪੁਰ ਬੋਝਰੂਪ ਅਤੇ ਖੋਤੇ ਵਾਂਙ ਭਾਰ ਢੋਣ ਵਾਲੇ. ਦੇਖੋ, ਭੂਭਰ.

ਭਰਮ: ਸੰ. ਭ੍ਰਮ. ਸੰਗਯਾ- ਘੁੰਮਣਾ. ਫਿਰਨਾ. ਭ੍ਰਮਣ. "ਸਗਲ ਜਨਮ ਭਰਮ ਹੀ ਭਰਮ ਖੋਇਓ." (ਸੋਰ ਮਃ ੯) ੨. ਜਲ ਦੀ ਘੁਮੇਰੀ. ਜਲਚਕ੍ਰਿਕਾ। ੩. ਘੁਮਿਆਰ ਦਾ ਚੱਕ। ੪. ਭੁੱਲ. ਭੁਲੇਖਾ. "ਭਰਮਅੰਧੇਰ ਬਿਨਾਸ." (ਆਸਾ ਛੰਤ ਮਃ ੫) ੫. ਮਿਥ੍ਯਾਗ੍ਯਾਨ. ਹੋਰ ਦਾ ਹੋਰ ਸਮਝਣਾ.[923] ਵਿਦ੍ਵਾਨਾਂ ਨੇ ਪੰਜ ਪ੍ਰਕਾਰ ਦਾ ਭ੍ਰਮ ਮੰਨਿਆ ਹੈ-

(ੳ) ਭੇਦਭ੍ਰਮ (ਕਰਤਾਰ ਨੂੰ ਆਤਮਾਰੂਪ ਨਾ ਮੰਨਕੇ ਉਸ ਵਿੱਚ ਅਨੇਕ ਭੇਦ ਕਲਪਣੇ).

(ਅ) ਕਰਤ੍ਰਿਤ੍ਵ ਭ੍ਰਮ (ਮੈ ਕਰਤਾ ਹਾਂ, ਇਹ ਖ਼ਿਆਲ)

(ੲ) ਸੰਗਭ੍ਰਮ (ਮੈ ਦੇਹਰੂਪ ਅਤੇ ਜੰਮਦਾ ਮਰਦਾ ਹਾਂ)

(ਸ) ਵਿਕਾਰਭ੍ਰਮ (ਜਗਤ ਬ੍ਰਹਮ ਦਾ ਵਿਕਾਰ ਹੈ)

(ਹ) ਸਤ੍ਯਤ੍ਵ ਭ੍ਰਮ (ਬ੍ਰਹਮ ਤੋਂ ਜੁਦਾ ਮੰਨਕੇ ਜਗਤ ਵਿੱਚ ਸਤ੍ਯਬੁੱਧਿ).

"ਭਰਮ ਮੋਹ ਬਿਕਾਰ ਨਾਠੇ." (ਸੂਹੀ ਛੰਤ ਮਃ ੫) ੬. ਸੰਸਾ. ਸ਼ੱਕ. "ਭਭਾ, ਭਰਮ ਮਿਟਾਵਹੁ ਅਪਨਾ." (ਬਾਵਨ) ੭. ਗਿਲਾਨਿ. ਘ੍ਰਿਣਾ. "ਨਿਜ ਪਤਿ ਮਹਿ ਨਹਿ ਰਾਖਤ ਭਰਮ." (ਗੁਪ੍ਰਸੂ) ੮. ਖ਼ਯਾਲ. "ਜਗ ਤੇ ਘਟਾ ਧਰਮ ਕਾ ਭਰਮ." (ਕਲਕੀ) ੯. ਮਰਮ ਦੀ ਥਾਂ ਭੀ ਭਰਮ ਸ਼ਬਦ ਆਇਆ ਹੈ. "ਦੁਰਬਚਨ ਭੇਦ ਭਰਮੰ." (ਸਹਸ ਮਃ ੫) ਮਰਮਭੇਦਕ (ਦਿਲ ਵਿੰਨ੍ਹਣ ਵਾਲੇ) ਦੁਰਵਚਨ। ੧੦. ਭ੍ਰਮਰ (ਭੌਰੇ) ਲਈ ਭੀ ਇਹ ਸ਼ਬਦ ਆਇਆ ਹੈ. "ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ." (ਅਕਾਲ) ਕਿਤੇ ਮੰਜੁ ਕਮਲ ਉੱਪਰ ਭ੍ਰਮਰਰੂਪ ਹੋਕੇ ਮੋਹਿਤ ਹੋਏ ਹੋਂ। ੧੧. ਸੰ. ਭਰ੍‍ਮ. ਤਨਖ਼੍ਵਾਹ. ਤਲਬ। ੧੨. ਭਾੜਾ. ਕਿਰਾਇਆ। ੧੩. ਨਾਭਿ. ਤੁੰਨ. ਧੁੰਨੀ। ੧੪. ਸੁਵਰਣ. ਸੋਨਾ.

ਭਰਮਈਆ: ਵਿ- ਭ੍ਰਮਣ ਵਾਲਾ. "ਮਹਲ ਨ ਪਾਵੈ ਮਨਮੁਖ ਭਰਮਈਆ." (ਬਿਲਾ ਅਃ ਮਃ ੪) ੨. ਭ੍ਰਮਾਉਣ (ਘੁੰਮਾਉਣ) ਵਾਲਾ.

ਭਰਮਸਹਿ: ਭ੍ਰਮਣ ਕਰੇਗਾ. ਭ੍ਰਮਣ ਕਰਨਗੇ. "ਭਰਮਸਹਿ." (ਮਃ ੪. ਵਾਰ ਮਾਰੂ ੧)

ਭਰਮਸਿ: ਭ੍ਰਮਣ ਕਰਦਾ ਹੈ. "ਮਨ ਭੂਲਉ ਭਰਮਸਿ." (ਬਸੰ ਅਃ ਮਃ ੧)

ਭਰ ਮਕਦੂਰ: ਵਾਹ ਲਗਦੇ ਸ਼ਖਤਿਭਰ. ਦੇਖੋ, ਮਕਦੂਰ.

ਭਰਮਗਢ, ਭਰਮਗੜ, ਭਰਮਗੜ੍ਹ: ਭ੍ਰਮਰੂਪ ਕਿਲਾ. "ਟੂਟੀ ਭੀਤਾ ਭਰਮਗੜਾ." (ਆਸਾ ਛੰਤ ਮਃ ੫)

ਭਰਮਚਿੱਤ: ਚਿੱਤ ਦਾ ਭ੍ਰਮ। ੨. ਇੱਕ ਰੋਗ. ਦੇਖੋ, ਭ੍ਰਮ. "ਭਰਮਚਿੱਤ ਕੇਤੇ ਹਨਐ ਮਰੇ." (ਚਰਿਤ੍ਰ ੪੦੫) ੩. ਵਿ- ਚਿੱਤ ਵਿੱਚ ਭ੍ਰਮ ਵਾਲਾ. ਭ੍ਰਮਚਿੱਤ.

ਭਰਮਣਾ: ਦੇਖੋ, ਭਰਮ ਅਤੇ ਭ੍ਰਮਣ. "ਭਰਮੇ ਜਨਮ ਅਨੇਕ ਸੰਕਟ ਮਹਾ ਜੋਨ." (ਆਸਾ ਮਃ ੫)

ਭਰਮਧੜਾ: ਭ੍ਰਮ ਦਾ ਪੱਖ. ਦੇਖੋ, ਧੜਾ.

ਭਰਮਭਉ: ਦੇਖੋ, ਭ੍ਰਮਭਉ.

ਭਰਮਭਰਾਤਿ: ਭ੍ਰਮਣ ਅਤੇ ਭ੍ਰਾਂਤਿ (ਮਿਥ੍ਯਾਗ੍ਯਾਨ). ਦੇਖੋ, ਭਰਾਤਿ.

ਭਰਮਾਉਣਾ: ਕ੍ਰਿ- ਭ੍ਰਮਣ ਕਰਾਉਣਾ. ਫੇਰਨਾ. ਘੁਮਾਉਣਾ। ੨. ਚਿੱਤ ਵਿੱਚ ਭ੍ਰਮ ਪੈਦਾ ਕਰਨਾ. ਭੁਲਾਉਣਾ. ਧੋਖਾ ਦੇਣਾ। ੩. ਲੋਭਾਉਣਾ.

---

[923] ਦੇਖੋ, ਖ੍ਯਾਤਿ ਦਾ ਨੰਬਰ ੫.

ਭਰਮਾਈ: ਭ੍ਰਮਦਾ ਹੈ. ਦੇਖੋ, ਭਰਮ। ੨. ਸੰਗਯਾ- ਭੁਲੇਖਾ. "ਬਿਨਸਿਜਾਇ ਭਰਮਾਈ." (ਧਨਾ ਮਃ ੫)

ਭਰਮਾਈਅਲੇ: ਭ੍ਰਮਣ ਕਰਾਈਏ.

ਭਰਮਾਤ: ਭ੍ਰਮਤਿ. ਭ੍ਰਮਦਾ ਹੈ। ੨. ਭ੍ਰਮਾਤ. ਭ੍ਰਮ ਸੇ. ਭੁਲੇਖੇ ਤੋਂ.

ਭਰਮਾਤਿ: ਭ੍ਰਮਣਾਤ. ਭ੍ਰਮਣ ਕਰਨ ਤੋਂ. ਤੀਰਥਾਦਿਕਾਂ ਤੇ ਵਿਚਰਨ ਤੋਂ. "ਭਰਮਾਤਿ ਭਰਮੁ ਨ ਚੂਕਈ." (ਗੂਜ ਅਃ ਮਃ ੧) ੨. ਦੇਖੋ, ਭਰਮਾਤ ੨.

ਭਰਮਿ: ਭ੍ਰਮ ਕਰਕੇ. ਭੁਲੇਖੇ ਵਿੱਚ. ਜਿਨੀ ਅੰਮ੍ਰਿਤੁ ਭਰਮਿ ਲੁਟਾਇਆ." (ਮਃ ੩. ਵਾਰ ਬਿਲਾ) ੨. ਭ੍ਰਮ ਵਿੱਚ "ਭਰਮਿ ਨ ਭੂਲਹੁ ਸਤਿਗੁਰੁ ਸੇਵਹੁ." (ਰਾਮ ਅਃ ਮਃ ੩) ੩. ਦੇਖੋ, ਭ੍ਰਮਿ.

ਭਰਮਿਤਾ: ਵਿ- ਭ੍ਰਮਿਤ. ਭੁਲੇਖੇ ਵਿੱਚ ਪਿਆ. "ਕਾਲੁ ਨ ਸੁਝਈ ਦੂਜੇ ਭਰਮਿਤਾ." (ਮਃ ੩. ਵਾਰ ਸੂਹੀ)

ਭਰਮੀ: ਵਿ- ਭ੍ਰਮ ਵਾਲਾ। ੨. ਦੇਖੋ, ਭ੍ਰਮਿ.

ਭਰਮੀਅਲੇ: ਭ੍ਰਮਣ ਕਰਦੀ ਹੈ. ਉਡਦੀ ਹੈ. "ਆਨੀਲੇ ਕਾਗਦੁ ਕਾਟੀਲੇ ਗੂਡੀ, ਆਕਾਸ ਮਧੇ ਭਰਮੀਅਲੇ." (ਰਾਮ ਨਾਮਦੇਵ)

ਭਰਮੀਆ: ਵਿ- ਭ੍ਰਮ ਵਾਲਾ. ਭ੍ਰਮ ਦਾ ਗ੍ਰਸਿਆ. "ਅਨਿਕ ਜੋਨਿ ਭਰਮੈ ਭਰਮੀਆ." (ਸੁਖਮਨੀ)

ਭਰਮੀਜਾ: ਭ੍ਰਮਣ ਕਰਦਾ, ਕਰਦੇ. "ਕਾਹੂੰ ਰੋਗ ਸੋਗ ਭਰਮੀਜਾ." (ਰਾਮ ਅਃ ਮਃ ੫) ੨. ਭ੍ਰਮਜਨਯ ਗ੍ਯਾਨ. ਮਿਥ੍ਯਾਗ੍ਯਾਨ. "ਗੁਰਿ ਦੂਰਿਕੀਆ ਭਰਮੀਜਾ ਹੇ." (ਮਾਰੂ ਸੋਲਹੇ ਮਃ ੫)

ਭਰਮੀਤਾ: ਭ੍ਰਮ ਸਹਿਤ ਹੋਇਆ. "ਗਣਤੈ ਪ੍ਰਭੁ ਨ ਪਾਈਐ ਦੂਜੈ ਭਰਮੀਤਾ." (ਮਃ ੩. ਵਾਰ ਗੂਜ ੧)

ਭਰਮੀਨ: ਸੰ. ਭ੍ਰਮਿਣ: ਭ੍ਰਮਿਣ ਭ੍ਰਮਣ (ਭੌਂਣ) ਵਾਲੇ. ਫਿਰਨ ਵਾਲੇ.

ਭਰਮੁ: ਭ੍ਰਮ. ਦੇਖੋ, ਭਰਮ. "ਭਰਮੁ ਭੇਦੁ ਭਉ ਕਬਹੁ ਨ ਛੂਟਸਿ." (ਭੈਰ ਮਃ ੧)

ਭਰਮੇਣ: ਭ੍ਰਮੇਣ. ਭ੍ਰਮ ਕਰਕੇ. ਭੁਲੇਖੇ ਨਾਲ. "ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ." (ਗਾਥਾ)

ਭਰਮੰਗਨਾ: ਭ੍ਰਮਚਕ੍ਰ। ੨. ਭ੍ਰਮ- ਗਣਨਾ. ਮਿਥ੍ਯਾਗ੍ਯਾਨ ਦੀ ਗਿਣਤੀ. "ਤ੍ਰਿਸਨ ਬੁਝੀ ਭਰਮੰਗਨਾ." (ਮਾਰੂ ਸੋਲਹੇ ਮਃ ੫)

ਭਰਲੀ: ਲਹੌਰ ਦੇ ਆਸ ਪਾਸ ਦੇ ਦੇਸ਼ ਦੀ ਪੁਰਾਣੀ ਸੰਗ੍ਯਾ.

ਭਰਵੱਟਾ: ਸੰਗ੍ਯਾ- ਭ੍ਰਿਕੁਟਿ. ਭ੍ਰੂ. ਭੌਂਹ.

ਭਰਵਨ: ਭਰੂਏ (ਭੜੂਏ) ਦੀ ਇਸਤ੍ਰੀ. ਦੱਲੀ. ਦੇਖੋ, ਭਰੁਵਨਿ.

ਭਰਵਾਸਾ: ਸੰਗ੍ਯਾ- ਭਦ੍ਰਾਸ਼ਾ. ਉੱਤਮ ਆਸ਼ਾ। ੨. ਭਦ੍ਰ ਵਿਸ਼੍ਵਾਸ. ਸਤ੍ਯ ਭਰੋਸਾ. "ਹਰਿ ਊਪਰਿ ਕੀਜੈ ਭਰਵਾਸਾ." (ਗੌਂਡ ਮਃ ੪)

ਭਰਾ, ਭਰਾਉ, ਭਰਾਇ: ਭ੍ਰਾਤ੍ਰ- ਭ੍ਰਾਤਾ. ਭਾਈ. "ਨਾ ਤਿਸੁ ਭੈਣ ਨ ਭਰਾਉ, ਨਾ ਮਾਇਆ" (ਮਾਰੂ ਸੋਲਹੇ ਮਃ ੧)

ਭਰਾਈ: ਸੰਗ੍ਯਾ- ਭਰਨ ਦੀ ਕ੍ਰਿਯਾ। ੨. ਭਰਤੀ ਦੀ ਮਜ਼ਦੂਰੀ। ੩. ਸੁਲਤਾਨ (ਸਖੀ ਸਰਵਤ) ਦੇ ਪੀਰਖਾਨੇ ਦਾ ਪੁਜਾਰੀ. ਦੇਖੋ, ਸੁਲਤਾਨ। ੪. ਖਡੂਰ ਨਿਵਾਸੀ ਖਹਿਰਾ ਗੋਤ ਦੇ ਜੱਟ ਮਹਿਮੇ ਦੀ ਇਸਤ੍ਰੀ, ਜੋ ਗੁਰੂ ਅੰਗਦਦੇਵ ਨੂੰ ਪਾਉਭਰ ਦੀ ਇੱਕ ਰੁੱਖੀ ਅਤੇ ਅਲੂਣੀ ਰੋਟੀ ਨਿੱਤ ਪਕਾਕੇ ਦਿੰਦੀ ਸੀ. ਇਸ ਦਾ ਨਾਮ ਕਈ ਲੇਖਕਾਂ ਨੇ ਭਿਰਾਈ ਅਤੇ ਵਿਰਾਈ ਭੀ ਲਿਖਿਆ ਹੈ। ੫. ਦੇਖੋ, ਭਿਰਾਈ.

**ਭਰਾਤ, ਭਰਾਤਾ:** ਭ੍ਰਾਤ੍ਰ- ਭ੍ਰਾਤਾ. ਭਾਈ. ਭਰਾ.

**ਭਰਾਤਿ, ਭਰਾਂਤਿ, ਭਰਾਤੀ, ਭਰਾਂਦਿ, ਭਰਾਨਿ:** ਭ੍ਰਾਨ੍ਤਿ- ਭ੍ਰਾਂਤਿ. ਭ੍ਰਮਣ। ੨. ਝੂਠੀ ਸਮਝ. ਭੁਲੇਖਾ. "ਲਹੈ ਭਰਾਤਿ ਹੋਵੈ ਜਿਸੁ ਦਾਤਿ." (ਮਃ ੧. ਵਾਰ ਮਾਝ) "ਮਨ ਕੀ ਲਾਹਿ ਭਰਾਂਤਿ." (ਸ੍ਰੀ ਮਃ ੫) "ਸਾਧੂ ਸੰਗਿ ਕਛੁ ਭਉ ਨ ਭਰਾਤੀ." (ਗਉ ਮਃ ੫) "ਹਉਮੈ ਗਈ ਭਰਾਤੀ." (ਵਡ ਅਲਾਹਣੀ ਮਃ ੩) "ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ." (ਸ. ਫਰੀਦ) "ਟੂਟੇ ਅਨਿ ਭਰਾਨਿਹਾਂ." (ਆਸਾ ਮਃ ੫) ਅਨਜਭ੍ਰਮ ਟੂਟੇ (ਨਾਸ਼ ਹੋਏ).

**ਭਰਾਵ:** ਦੇਖੋ, ਭਰਾਉ.

**ਭਰਿ:** ਕ੍ਰਿ. ਵਿ- ਭਰਕੇ. ਪੂਰਨ ਕਰਕੇ. "ਸਰ ਭਰਿ ਸੋਖੈ, ਭੀ ਭਰਿ ਪੋਖੈ." (ਓਅੰਕਾਰ) ੨. ਵਾਸਤੇ. ਲਈ. ਸਦਕੇ. "ਏਕ ਬੂੰਦ ਭਰਿ ਤਨੁ ਮਨੁ ਦੇਵਉ." (ਰਾਮ ਕਬੀਰ) ੩. ਲਿਬੜਕੇ. ਆਲੂਦਾ ਹੋਕੇ. "ਅੰਧਾ ਭਰਿਆ ਭਰਿ ਭਰਿ ਧੋਵੈ. (ਪ੍ਰਭਾ ਅਃ ਮਃ ੧)

**ਭਰਿਆ:** ਪੂਰਿਆ ਹੋਇਆ. ਭਰਿਆ ਹੋਇਆ. "ਜਿਸੁ ਮਾਨੁਖ ਪਹਿ ਕਰਉ ਬੇਨਤੀ, ਸੋ ਅਪਨੈ ਦੁਖਿ ਭਰਿਆ." (ਗੂਜ ਮਃ ੫) ੨. ਲਿਬੜਿਆ. ਆਲੂਦਾ ਹੋਇਆ. ਦੇਖੋ, ਭਰਣਾ ੨. ਅਤੇ ਭਰਿ ੩.

**ਭਰਿਸਟ:** ਸੰ. ਭ੍ਰਸ਼੍ਟ. ਵਿ- ਡਿਗਿਆ ਹੋਇਆ. ਪਤਿਤ. "ਥਾਨਸਟ ਜਗ ਭਰਿਸਟ ਹੋਏ, ਡੂਬਤਾ ਇਵ ਜਗੁ." (ਧਨਾ ਮਃ ੧) ਦੇਖੋ, ਥਾਨਸਟ.

**ਭਰਿਸਟਥਾਨੁ:** ਸ੍ਥਾਨਭ੍ਰਸ਼੍ਟ ਥਾਂ (ਪਦਵੀ) ਤੋਂ ਡਿਗਿਆ ਪਤਿਤ. "ਸੁੋ ਫਿਰੈ ਭਰਿਸਟਥਾਨੁ." (ਮਃ ੪. ਵਾਰ ਬਿਲਾ)

**ਭਰਿਸਟੁ:** ਦੇਖੋ, ਭਰਿਸਟ.

**ਭਰਿੰਗੀ:** ਦੇਖੋ, ਭੜਿੰਗੀ ਅਤੇ ਭ੍ਰਿੰਗੀ.

**ਭਰਿੰਡ:** ਸੰ. ਵਰਟੀ. ਸੰਗਯਾ- ਡੇਮੂ. ਭਿਰੜ.

**ਭਰਿੰਡੀ ਤੋਰੀ:** ਦੇਖੋ, ਭਿੰਡੀ.

**ਭਰਿਪੁਰਿ:** ਕ੍ਰਿ. ਵਿ- ਪਰਿਪੂਰ੍ਣ ਹੋਕੇ. ਸਰਵਵ੍ਯਾਪੀ ਹੋਕੇ. "ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ." (ਸੂਹੀ ਮਃ ੧)

**ਭਰੀ:** ਸੰਗਯਾ- ਪੰਡ. ਬੋਝਾ. ਗਠੜੀ। ੨. ਦੇਖੋ, ਭ੍ਰੀ। ੩. ਦੇਖੋ, ਭਰੰਮਭਰੀ। ੪. ਭਰਨਾ ਕ੍ਰਿਯਾ ਦਾ ਭੂਤਕਾਲ, ਇਸਤ੍ਰੀ ਲਿੰਗ.

**ਭਰੀਆ:** ਭਰੀਹੋਈ. ਲਿਬੜੀ. ਅਲੂਦਾ. "ਏਕ ਨ ਭਰੀਆ ਗੁਣ ਕਰਿ ਧੋਵਾ." (ਆਸਾ ਮਃ ੧) ਮੈਂ ਇੱਕ ਅਪਵਿਤ੍ਰਤਾ ਨਾਲ ਹੀ ਨਹੀਂ ਭਰੀਹੋਈ, ਜੋ ਕਿਸੇ ਗੁਣ ਕਰਕੇ ਉਸ ਨੂੰ ਧੋ ਦੇਵਾਂ ਭਾਵ- ਮੈਂ ਬਹੁਤ ਹੀ ਲਿਬੜੀਹੋਈ ਹਾਂ। ੨. ਭਰਣ ਵਾਲਾ.

**ਭਰੀਆਸਿ:** ਸੰ. ਭ੍ਰਾਸ਼੍ਯ. ਵਿ- ਚਕਨਾਚੂਰ, ਹੋਣ (ਟੁੱਟਣ ਫੁੱਟਣ) ਵਾਲਾ. "ਭਾਣੈ ਭਣਜਲੁ ਲੰਘੀਐ, ਭਾਣੈ ਮੰਝਿ ਭਰੀਆਸਿ." (ਸੂਹੀ ਮਃ ੧. ਸੁਚਜੀ) ਹੁਕਮ ਵਿੱਚ ਸੰਸਾਰਸਮੁੰਦਰ ਤੋਂ ਪਾਰ ਪਈਦਾ ਹੈ. ਹੁਕਮ ਵਿੱਚਬੇੜਾ ਤਬਾਹ ਹੁੰਦਾ ਹੈ.

**ਭਰੀਐ:** ਦੇਖੋ, ਭਰਣਾ.

**ਭਰੀਡੁ:** ਮਰਾ. ਭਾਰੂਡ. ਸੰਗਯਾ- ਹੈਰਾਨੀ. ਪਰੇਸ਼ਾਨੀ. "ਅਤਿ ਡਾਹਪਣਿ ਦੁਖੁ ਘਣੋ, ਤੀਨੇ ਥਾਵ ਭਰੀਡੁ." (ਮਃ ੧. ਵਾਰ ਮਾਰੂ ੧) ਤੇਹਾਂ ਲੋਕਾਂ ਵਿੱਚ ਪਰੇਸ਼ਾਨੀ ਹੈ.

**ਭਰੁ:** ਦੇਖੋ, ਭਰ. "ਮੇਦਨਿ ਭਰੁ ਸਹਿਤਾ." (ਸਵੈਯੇ ਮਃ ੫. ਕੇ) ਪ੍ਰਿਥਿਵੀ ਦਾ ਭਾਰ ਸਹਾਰਦਾ ਹੈ। ੨. ਸੰ. ਸ੍ਵਾਮੀ। ੩. ਪਤਿ. ਭਰਤਾ। ੪. ਵਿਸ਼ਨੁ। ੫. ਸੁਵਰਣ. ਸੋਨਾ। ੬. ਸਮੁੰਦਰ. "ਮੇਦਨਿ ਭਰ ਸਹਿਤਾ." ਪ੍ਰਿਥਿਵੀ ਅਤੇ ਭਰੁ (ਸਮੁੰਦਰ) ਨੂੰ ਧਾਰਣ ਕਰਤਾ.

**ਭਰੁਅਨਿ:** ਭੜਵੀ. ਭੜੂਏ ਦੀ ਇਸਤ੍ਰੀ. ਦੇਖੋ, ਭਰੁਵਨਿ. "ਭਰੁਅਨਿ ਕਹੂੰ ਪੁਕਾਰਤ ਜਾਹੀਂ." (ਚਰਿਤ੍ਰ ੧੯੮)

**ਭਰੁਆਪਨ:** ਦੇਖੋ, ਭਰੂਆਪਨ.

**ਭਰੁਹੀ:** ਹਿੰ. ਟਟੀਹਰੀ. ਟਿੱਟਿਭੀ. "ਭਾਰਤ ਮੇ ਭਰੁਹੀ ਕੇ ਅੰਡਾ ਘੰਟਾ ਟੂਟਪਰੇ." (ਸੂਰਸਾਗਰ) ਕਥਾ ਹੈ ਕਿ ਮਹਾਭਾਰਤ ਦੇ ਜੰਗ ਵਿੱਚ ਕਰਤਾਰ ਨੇ ਟਟੀਹਰੀ ਦੇ ਆਂਡੇ ਹਾਥੀ ਦੇ ਘੰਟੇ ਹੇਠ ਬਚਾਲਏ ਸਨ.

**ਭਰੁਟਾ:** ਸੰਗਯਾ- ਭ੍ਰਿਕੁਟਿ. ਭ੍ਰੂ. ਭੌਂਹ.

**ਭਰੁਵਨਿ:** ਵੇਸ਼੍ਯਾ ਦੀ ਦਾਸੀ. ਭੜੂਏ ਦੀ ਇਸਤ੍ਰੀ. "ਭਰੁਵਨਿ ਦਸੋ ਦਿਸ ਨ ਕਹਿਂ ਭਾਜੀ." (ਚਰਿਤ੍ਰ ੧੯੮)

**ਭਰੁਵਾ, ਭਰੂਆ:** ਦੇਖੋ, ਭੜੂਆ. "ਇਹ ਭਰੁਵਾ ਗੁਰੁਦ੍ਰੋਹੀ ਮਹਾਂ." (ਗੁਪ੍ਰਸੂ) "ਭਰੂਆ ਬਹੇਜਾਤ ਨਹਿ ਕਹੇ." (ਚਰਿਤ੍ਰ ੧੬੮) ੨. ਸੰ. ਭਾਯਾਰੁ. ਪਰਾਈ ਇਸਤ੍ਰੀ ਤੋਂ ਬੱਚਾ ਪੈਦਾ ਕਰਨ ਵਾਲਾ.

**ਭਰੂਆਪਨ:** ਸੰਗਯਾ- ਭੜੂਏ ਦੀ ਕ੍ਰਿਯਾ.

**ਭਰੇਪੁਰ:** ਦੇਖੋ, ਭਰਪੁਰ.

**ਭਰੋਸਾ:** ਭਦ੍ਰਾਸ਼ਾ. ਭਦ੍ਰਵਿਸ਼੍ਵਾਸ. ਦੇਖੋ, ਭਰਵਾਸਾ. "ਤੇਰਾ ਭਰੋਸਾ ਪਿਆਰੇ." (ਰਾਮ ਅਃ ਮਃ ੫) "ਤੇਰੈ ਭਰੋਸੈ ਪਿਆਰੇ, ਮੈ ਲਾਡ ਲਡਾਇਆ." (ਸ੍ਰੀ ਮਃ ੫)

**ਭਰੋਚ:** ਸੰ. भरुकच्छ- ਭਰੁਕੱਛ. (Broach) ਬੜੋਚ. ਬੰਬਈ ਦੇ ਇਲਾਕੇ ਗੁਜਰਾਤ ਦਾ ਇੱਕ ਜਿਲਾ, ਜਿਸ ਥਾਂ ਨਰਮਦਾ ਸਮੁੰਦਰ ਨੂੰ ਮਿਲਦੀ ਹੈ. ਗੁਰੂ ਨਾਨਕਦੇਵ ਜੀ ਇਸ ਨਗਰ ਪਧਾਰੇ ਹਨ.

ਯੂਨਾਨੀਆ ਨੇ ਇਸ ਦਾ ਨਾਉਂ Barygada ਲਿਖਿਆ ਹੈ. ਮਤਸਜਪੁਰਾਣ ਅਨੁਸਾਰ ਵਾਮਨ ਨੇ ਰਾਜਾ ਬਲਿ ਤੋਂ ਇੱਥੇ ਹੀ ਢਾਈ ਕਰਮ ਪ੍ਰਿਥਿਵੀ ਮੰਗੀ ਸੀ.

**ਭਰੋਵਾਲ:** ਦੇਖੋ, ਗੁਰੂਆਣਾ ੨.

**ਭਰੰਗੀ:** ਦੇਖੋ, ਭ੍ਰਿੰਗੀ ਅਤੇ ਭੜਿੰਗੀ ੨.

**ਭਰੰਮ:** ਦੇਖੋ, ਭਰਮ ਅਤੇ ਭ੍ਰਮ. "ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ." (ਆਸਾ ਛੰਤ ਮਃ ੫)

**ਭਰੰਮਭਰੀ:** ਸੰਗਯਾ- ਅਵਿਦਯਾ, ਜੋ ਭ੍ਰਮ ਨੂੰ ਭ੍ਰੀ (ਪਾਲਨ) ਕਰਦੀ ਹੈ. ਭ੍ਰਮ ਨੂੰ ਪੁਸ਼੍ਟ ਕਰਨ ਵਾਲੀ. "ਨਾਨਕ ਕਾਟਿ ਭਰੰਮਭਰੀ." (ਸਵੈਯੇ ਸ੍ਰੀ ਮੁਖਵਾਕ ਮਃ ੫) ਦੇਖੋ, ਭ੍ਰੀ.

**ਭਰੰਮਿਆ:** ਭ੍ਰਮਿਆਂ, ਘੁੰਮਿਆਂ. "ਇਹੁ ਜੀਉ ਬਹੁਤੇ ਜਨਮ ਭਰੰਮਿਆ." (ਵਾਰ ਆਸਾ)

**ਭਲ:** ਵਿ- ਭਦ੍ਰਲ. ਭਲਾ. ਨੇਕ. ਉੱਤਮ. ਸ਼੍ਰੇਸ਼੍ਠ. "ਜੇ ਕੋ ਭਲਾ ਲੋੜੈ ਭਲ ਅਪਨਾ." (ਕਾਨ ਅਃ ਮਃ ੪) ਜੇ ਕੋਈ ਭਲਾ ਆਦਮੀ ਆਪਣਾ ਭਲਾ ਚਾਹੇ। ੨. ਸੰ. भल्- ਭਲ. ਧਾ- ਦਾਨ ਦੇਣਾ, ਵਰਣਨ ਕਰਨਾ, ਮਾਰਨਾ ਦੇਖਣਾ.

**ਭਲਉ:** ਵਿ- ਭਦ੍ਰ. ਭਲਾ. ਉੱਤਮ. "ਭਲਉ ਪ੍ਰਸਿਧੁ ਭੇਜੋਤਨੌ." (ਸਵੈਯੇ ਮਃ ੩. ਕੇ) ਬਾਬਾ ਤੇਜਭਾਨ ਦੇ ਸੁਪੁਤ੍ਰ ਗੁਰੂ ਅਮਰਦੇਵ। ੨. ਭੱਲਾ. ਦੇਖੋ, ਭੱਲਾ ੧.

**ਭਲਕ, ਭਲਕਾ:** ਸੰਗਯਾ- ਆਉਣ ਵਾਲਾ ਦਿਨ. ਵਰਤਮਾਨ ਦਿਨ ਤੋਂ ਅਗਲਾ ਰੋਜ਼। ੨. ਸੰ. भल्ल- ਭੱਲ. ਭਾਲਾ. ਨੇਜਾ। ੩. ਤੀਰ ਦੀ ਮੁਖੀ. "ਭਵਾਨੀ ਜੂ ਕੇ ਭਲਕਾਨ ਕੇ ਮਾਰੇ." (ਚਰਿਤ੍ਰ ੧)

"ਸਭ ਭਲਕਨ ਕੇ ਨਾਮ ਲੈ ਆਦਿ, ਅੰਤ ਧਰ ਦੇਹੁ." (ਸਨਾਮਾ) ਭਲਕਧਰ (ਮੁਖੀਵਾਲਾ) ਤੀਰ.

ਭਲਕੇ: ਆਉਣ ਵਾਲੇ ਦਿਨ ਵਿੱਚ ਨਿਤਜ ਆਉਣ ਵਾਲੇ ਦਿਨ. "ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ." (ਮਃ ੪. ਵਾਰ ਗਉ ੧) ੨. ਕੱਲ ਨੂੰ.

ਭਲਭਲਾ, ਭਲਭਾਲ: ਵਿ- ਅਤਿਉੱਤਮ. "ਸੋ ਹਰਿਜਨੁ ਹੈ ਭਲਭਾਲ." (ਨਟ ਪੜਤਾਲ ਮਃ ੪) ੨. ਭਲਾ ਹੈ ਭਾਲ (ਦਿਮਾਗ) ਜਿਸ ਦਾ. ਦਾਨਾ। ੩. ਹੱਛੇ ਮਸੁਕਲੇਖ ਵਾਲਾ. ਖੁਸ਼ਨੀਬ.

ਭਲਮਨਸਊ: ਸੰਗਜਾ- ਭਲਾ ਮਨੁੱਖ ਹੋਣ ਦਾ ਧਰਮ. ਭਲਮਾਨਸੀ.

ਭਲਮਾਨਹਿ: ਵਿ- ਭਲਾ ਮਾਨੁਸ਼ ਨੇਕ ਆਦਮੀ. "ਜਨ ਨਿਰਵੈਰ, ਨਿੰਦਕ ਅਹੰਕਾਰੀ। ਜਨ ਭਲਮਾਨਹਿ, ਨਿੰਦਕ ਵੇਕਾਰੀ." (ਗੌਂਡ ਅਃ ਮਃ ੫)

ਭਲਵਾਨ: ਦੇਖੋ, ਪਹਲਵਾਨ.

ਭਲਾ: ਵਿ- ਭਦ੍ਰਲ. ਸ਼੍ਰੇਸ਼੍ਰ. "ਸਤਿਗੁਰੁ ਭਲਾ ਭਾਇਆ." (ਅਨੰਦੁ) ੨. ਦੇਖੋ, ਭਾਲਾ. "ਭਲਾ ਜੈਸੇ ਭੂਖਨ." (ਚਰਿਤ੍ਰ ੨੦੯) ਤੀਰ ਦੀ ਨੋਕ ਵਾਂਙ ਗਹਿਣੇ ਚੁਭਦੇ ਹਨ। ੩. ਦੇਖੋ, ਭੱਲਾ। ੪. ਦਾਨ. ਭੇਟਾ. ਦੇਖੋ, ਭਲ ਧਾ. "ਮਨਮੁਖਾਂ ਦੇ ਸਿਰਿ ਜੋਰਾ ਅਮਰੁ ਹੈ, ਨਿਤ ਦੇਵਹਿ ਭਲਾ." (ਮਃ ੪. ਵਾਰ ਗਉ ੧)

ਭਲਾਈ: ਸੰਗਜਾ- ਭਦ੍ਰਤਾ. ਨੇਕੀ। ੨. ਢੂੰਢਣ ਦੀ ਕ੍ਰਿਯਾ. ਤਲਾਸ਼. ਖੋਜ। ੩. ਨਿਰਣਯ. ਦੇਖੋ, ਭਾਲਾਈ.

ਭਲਾਣ, ਭਲਾਨ: ਜਿਲਾ ਹੁਸ਼ਿਆਰਪੁਰ, ਤਸੀਲ ਊਂਨਾ, ਥਾਣਾ ਨੂਰਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਨਵਾਂਸ਼ਹਿਰ ਤੋਂ ਸੋਲਾਂ ਮੀਲ ਪੂਰਵ ਹੈ. ਦਿਲਵਰਖਾਨ ਅਤੇ ਉਸ ਦੇ ਪੁਤ੍ਰ ਨੂੰ ਸ਼ਿਕਸਤ ਦੇਣ ਲਈ ਗੁਰੂ ਗੋਬਿੰਦਸਿੰਘ ਜੀ ਇੱਥੇ ਆਏ ਸਨ. ਦੇਖੋ, ਵਿਚਿਤ੍ਰਨਾਟਕ ਅਃ ੧੦. ਪੱਕਾ ਮੰਜੀਸਾਹਿਬ ਬਨਿਆ ਹੋਇਆ ਹੈ. ਪੁਜਾਰੀ ਸਿੰਘ ਹੈ. ਜ਼ਮੀਨ ਜਾਗੀਰ ਕੁਝ ਨਹੀਂ.

ਭਲਾ ਮਾਨੁਸ, ਭਲਾ ਮਾਨੁਖ: ਭਦ੍ਰਮਾਨੁਸ਼. ਨੇਕ ਆਦਮੀ. ਸਦਾਚਾਰੀ ਪੁਰਖ. ਅਸ਼ਰਾਫ਼. Gentleman.

ਭਲਾਵਾ: ਸੰ. ਭੱਲਾਤਕ. ਸੰਗਜਾ- ਇੱਕ ਬਿਰਛ ਅਤੇ ਉਸ ਦਾ ਫਲ. Semecarpus Anacardium ਧੋਬੀ ਇਸ ਦੇ ਰਸ ਨਾਲ ਵਸਤ੍ਰਾਂ ਪੁਰ ਚਿੰਨ੍ਹ ਕਰਦੇ ਹਨ. ਭਲਾਵੇ ਵਿੱਚ ਜ਼ਹਿਰ ਹੁੰਦੀ ਹੈ. ਇਹ ਅਨੇਕ ਦਵਾਈਆਂ ਵਿੱਚ ਜੁਗਤ ਨਾਲ ਸੋਧਕੇ ਵਰਤੀਦਾ ਹੈ. ਇਸ ਦੀ ਤਾਸੀਰ ਗਰਮ ਤਰ ਹੈ.[924] ਇਹ ਮੇਦੇ ਦੇ ਕੀੜੇ ਮਾਰਦਾ ਹੈ. ਭੁੱਖ ਵਧਾਉਂਦਾ ਹੈ. ਵਾਉਗੋਲਾ, ਬਵਾਸੀਰ, ਚਿਤ੍ਰਕੁਸ਼੍ਰ ਆਦਿ ਨੂੰ ਹਟਾਉਂਦਾ ਹੈ. ਕਾਮਸ਼ਕਤਿ ਜਾਦਾ ਕਰਦਾ ਹੈ. ਵਾਈ ਦੇ ਸਾਰੇ ਰੋਗਾਂ ਦੇ ਨਾਸ਼ ਕਰਨ ਵਾਲਾ ਹੈ.

ਭਲੀ, ਭਲੀਅ: ਸ਼੍ਰੇਸ਼੍ਰ. ਉੱਤਮ. "ਭਲੀ ਸੁਹਾਵੀ ਛਾਪਰੀ." (ਸੂਹੀ ਮਃ ੫) "ਭਲੀਅ ਰੁਤੇ." (ਆਸਾ ਛੰਤ ਮਃ ੪)

ਭਲੁ, ਭਲੇਰੜਾ, ਭਲੇਰਾ, ਭਲੇਰੀ, ਭਲੋ: ਵਿ- ਭਲਿਆਈ ਵਾਲਾ. ਹੱਛਾ. ਭਲਾ. ਭਲੀ. ਚੰਗੀ. "ਕਰਤਬ ਕਰਨਿ ਭਲੇਰਿਆ ਮਦਮਾਇਆ ਸੁਤੇ." (ਮਃ ੫. ਵਾਰ ਗਉ ੨) "ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ." (ਮਃ ੫. ਵਾਰ ਗਉ ੨) ਭਾਵੇਂ ਸੁਹਾਵਨੀ ਰੁੱਤ ਹੈ, ਪਰ ਧਿੱਕਾਰ ਯੋਗਯ ਹੈ। ੨. ਸਜਾਵਟ ਵਾਲਾ. ਸ਼ੋਭਾ ਸਹਿਤ. "ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ." (ਮਃ ੪. ਵਾਰ ਗਉ ੧) ਭਾਵੇਂ ਮੂੰਹ ਚੋਪੜੇ ਸਿੰਗਾਰੇ ਭਲੇ ਭਾਸਦੇ ਹਨ। ੩. ਵਜ- ਵਾਹਵਾ ! ਖੂਬ. "ਭਲੋ ਭਲੋ ਸਭੁਕੋ ਕਹੈ." (ਸ. ਕਬੀਰ) ੪. ਸਿੰਧੀ. ਭਲੁ. ਭੋਜਨ. ਖਾਣ ਯੋਗਯ ਪਦਾਰਥ.

ਭਲਜ: ਗੁਰੁਯਸ਼ ਕਰਤਾ ਇੱਕ ਭੱਟ. "ਕਵਿਜਨ ਭਲਜ ਉਨਹ ਜੋ ਗਾਵੈ." (ਸਵੈਯੇ ਮਃ ੩. ਕੇ) ੨. ਦੇਖੋ, ਭਲਯੁ.

ਭਲਯੁ: ਭਲਾ. ਨੇਕ. ਉੱਤਮ. "ਭਲਯੁ ਅਮਲੁ ਸਤਿਗੁਰੁ." (ਸਵੈਯੇ ਮਃ ੪. ਕੇ) ੨. ਭੱਲਾ ਗੋਤ੍ਰ ਦਾ. ਭੱਲਾਵੰਸ਼ ਵਿੱਚ ਹੋਣ ਵਾਲਾ.

ਭੱਲ: ਸੰ. ਸੰਗਜਾ- ਭਾਲਾ. ਨੇਜਾ। ੨. ਤੀਰ ਦਾ ਮੁਖ। ੩. ਤੀਰ.

---

[924] ਯੂਨਾਨੀ ਹਕੀਮ ਗਰਮ ਖੁਸ਼ ਮੰਨਦੇ ਹਨ.

ਭੱਲਣ: ਇਹ ਲਾਲੇ ਦਾ ਭਾਈ ਅਤੇ ਬੈਰਾੜ ਕਪੂਰਸਿੰਘ ਦਾ ਤਾਇਆ ਸੀ, ਇੱਕ ਵਾਰ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਸਰਸੇ ਦਾ ਭੱਟੀ ਸਰਦਾਰ ਮਨਸੂਰ ਅਤੇ ਭੱਲਣ ਦੋਵੇਂ ਹਾਜਿਰ ਹੋਏ. ਮਨਸੂਰ ਨੂੰ ਜੋ ਸਰਦਾਰੀ ਦੀ ਦਸਤਾਰ ਮਿਲੀ ਉਸ ਨੂੰ ਉਹ ਸਿਰ ਬੰਨ੍ਹਣ ਲੱਗਾ, ਭੱਲਣ ਨੇ ਪੱਗ ਦਾ ਦੂਜਾ ਸਿਰਾ ਆਪਣੇ ਸਿਰ ਤੇ ਲਪੇਟਣਾ ਸ਼ੁਰੂ ਕੀਤਾ. ਅੱਧੀ ਪੱਗ ਵਿੱਚੋਂ ਪਾੜ ਸੁੱਟੀ. ਅਕਬਰ ਨੇ ਹੱਸਕੇ ਮਾਲਵੇ ਦੀ ਅੱਧੀ ਸਰਦਾਰੀ ਭੱਲਣ ਨੂੰ ਦੇ ਦਿੱਤੀ. ਕਹਾਵਤ ਪ੍ਰਸਿੱਧ ਹੈ- "ਭੱਲਣ ਚੀਰਾ ਪਾੜਿਆਃ ਅਕਬਰ ਕੇ ਦਰਬਾਰ." ਦੇਖੋ, ਫਰੀਦਕੋਟ.

ਭੱਲਾ: ਸਰੀਣ ਕ਼ਤ੍ਰੀਆਂ ਦੀ ਇੱਕ ਜਾਤਿ. ਗੁਰੂ ਅਮਰਦੇਵ ਦਾ ਇਸੇ ਜਾਤਿ ਵਿੱਚ ਜਨਮ ਹੋਇਆ ਸੀ। ੨. ਮਾਹਾਂ ਦੀ ਪੀਠੀ ਦਾ ਤਲਿਆ ਅਤੇ ਦਹੀਂ ਵਿੱਚ ਡੋਬਿਆ ਬੜਾ.

ਭੱਲੂਕ: ਰਿੱਛ. ਦੇਖੋ, ਭਾਲੂ.

ਭਵ: (ਦੇਖੋ, ਭੂ ਧਾ) ਸੰ. ਸੰਗਯਾ- ਹੋਣਾ. ਸੱਤਾ. ਹੋਂਦ. ਹਸ੍ਤੀ. "ਜਨਮ ਮਰਣ ਭਵਭੰਜਨ ਗਾਈਐ." (ਸੋਰ ਮਃ ੧) ੨. ਸੰਸਾਰ. ਜਗਤ. "ਭਵਸਾਗਰ ਨਾਵ ਹਰਿਸੇਵਾ." (ਸੂਹੀ ਛੰਤ ਮਃ ੫) ੩. ਭਵਸਾਗਰ ਦਾ ਸੰਖੇਪ. "ਭਵਉਤਾਰ ਨਾਮ ਭਨੇ." (ਮਲਾ ਪੜਤਾਲ ਮਃ ੫) ਭਵਸਾਗਰ ਤੋਂ ਪਾਰ ਕਰਨ ਵਾਲਾ ਨਾਮ। ੪. ਸ਼ਿਵ. "ਮਹਾਦੇਵ ਭਵ ਭਦ੍ਰ ਕਰੰਤਾ." (ਗੁਪ੍ਰਸੂ) ੫. ਜਨਮ. "ਭਵਹਰਣ ਹਰਿ ਹਰਿ ਹਰੇ." (ਕੇਦਾ ਮਃ ੫) "ਭਵ ਮੇ ਭਵ ਕੇ ਰੰਕ ਜੇ ਭਵ ਸਮ ਹੋਇ ਕ੍ਰਿਪਾਲ। ਮਾਲਿਕ ਪ੍ਰਿਥਿਵੀ ਕੇ ਕਰੇ ਸ੍ਰੀ ਹਰਿਰਾਇ ਰਸਾਲ." (ਗੁਪ੍ਰਸੂ) ੬. ਵਰਤਮਾਨ ਕਾਲ. "ਭਵ ਭੂਤ ਭਾਵ ਸਮਬਿਅੰ." (ਗੂਜ ਜੈਦੇਵ) ਦੇਖੋ, ਸਮਬਿਅੰ। ੭. ਆਵਾਗਮਨ. ਚੌਰਾਸੀ ਦਾ ਗੇੜਾ. "ਭਵਖੰਡਨ ਦੁਖਨਾਸਦੇਵ." (ਬਸੰ ਮਃ ੫) ੮. ਧਨ. ਵਿਭੂਤਿ। ੯. ਭਵਦ੍ਰ (ਆਪ ਕਾ) ਦਾ ਸੰਖੇਪ. "ਧੰਨ ਨਵਾਬ, ਧੰਨ ਭਵ ਦੀਨ." (ਪੰਪ੍ਰ) ਭਵੱਦੀਨ। ੧੦. ਭਵਨ (ਭ੍ਰਮਣ) ਭਉਣਾ. "ਸਹਿਜ ਭਵੈ ਪ੍ਰਭੁ ਸਭਨੀ ਥਾਈ." (ਗਉ ਅਃ ਮਃ ੩)

ਭਵਇਯਾ: ਵਿ- ਭ੍ਰਮਣ ਕਰੈਯਾ। ੨. ਹੋਣ ਵਾਲਾ। ੩. ਸੰਗਯਾ- ਘੁਮੇਰੀ. ਭੁਆਟਣੀ. "ਨਾਚਤ ਹੈ ਕਰ ਗਾਨ ਭਵਇਆ." (ਕ੍ਰਿਸਨਾਵ)

ਭਵਸਾਗਰ: ਸੰਸਾਰਰੂਪ ਸਮੁੰਦਰ. "ਭਵਸਾਗਰ ਨਾਵ ਹਰਿਸੇਵਾ." (ਸੂਹੀ ਛੰਤ ਮਃ ੫)

ਕਰਮ ਕੀ ਨਦੀ ਜਾਂਮੇ ਭਰਮ ਕੇ ਭੌਰ ਪਰੈਂ

ਲਹਰੈਂ ਮਨੋਰਥ ਕੀ ਕੋਟਿਨ ਗਰਤ ਹੈਂ,

ਕਾਮ ਸ਼ੋਕ ਮਦ ਮਹਾਂ ਮੋਹ ਸੋ ਮਗਰ ਤਾਮੇ,

ਕ੍ਰੋਧ ਸੋ ਫਣਿੰਦ ਜਾਂਸੇ ਦੇਵਤਾ ਡਰਤ ਹੈਂ,

ਲੋਭ ਜਲ ਪੂਰਨ ਅਖੰਡਿਤ "ਅਨਨਜ" ਭਨੈ

ਦੇਖ ਵਾਰ ਪਾਰ ਏਸੋ ਧੀਰ ਨਾ ਧਰਤ ਹੈਂ,

ਧਯਾਨ ਬ੍ਰਹਮਸਤਯ ਜਾਂਕੇ ਗਯਾਨ ਕੋ ਜਹਾਜ ਸਾਜ

ਏਸੇ ਭਵਸਾਗਰ ਕੋ ਵਿਰਲੇ ਤਰਤ ਹੈਂ.

ਭਵਹਾ: ਸੰਗਯਾ- ਗਯਾਨ, ਜਿਸ ਤੋਂ ਫਿਰ ਜਨਮ ਨਹੀਂ ਹੁੰਦਾ। ੨. ਕਾਲ, ਜੋ ਜਗਤ ਦਾ ਨਾਸ਼ ਕਰਦਾ ਹੈ। ੩. ਖੜਗ. (ਸਨਾਮਾ)

ਭਵਕਾਟਨਹਾਰ, ਭਵਖੰਡਨ: ਜਨਮ ਮਰਣ ਮਿਟਾਉਣ ਵਾਲਾ. ਜਿਸ ਦੀ ਕ੍ਰਿਪਾ ਨਾਲ ਪੁਨਰਜਨਮ ਮਿਟਜਾਵੇ, "ਕੈਸੀ ਆਰਤੀ ਹੋਇ, ਭਵਖੰਡਨਾ ਤੇਰੀ." (ਸੋਹਿਲਾ) "ਭਵਖੰਡਨ ਦੁਖਭੰਜਨ ਸੁਆਮੀ." (ਧਨਾ ਮਃ ੫)

ਭਵਗ, ਭਵਗੁ: ਹੋਵੇਗਾ। ੨. ਭ੍ਰਮਣ ਕਰੇਗਾ.

ਭਵਚਕ੍ਰ: ਸੰਗਯਾ- ਸੰਸਾਰ ਦੀ ਦਸ਼ਾ ਦਾ ਪ੍ਰਕ੍ਰਿਤਿ ਦੇ ਨਿਯਮ ਅਨੁਸਾਰ ਬਦਲਣਾ। ੨. ਆਵਾਗਮਨ.

ਭਵਜਲ: ਮਿਥ੍ਯਾ ਪਦਾਰਥਾਂ ਦੀ ਹੋਂਦ (ਅਸ੍ਤਿਤ੍ਵ) ਰੂਪ ਹੈ ਜਲ ਜਿਸ ਵਿੱਚ ਸੰਸਾਰਸਮੁੰਦਰ. "ਭਵਜਲ ਤੇ ਕਾਢਹੁ ਪ੍ਰਭੁ." (ਬਾਵਨ)

ਭਵਜਲ ਹਰਣ: ਸੰਸਾਰ ਸਮੁੰਦਰ ਨੂੰ ਸੋਖਣ ਵਾਲਾ. ਜਿਸ ਵਿੱਚ ਸਭ ਜਗਤ ਲੈ ਹੁੰਦਾ ਹੈ। ੨. ਆਵਾਗਮਨ ਮਿਟਾਉਣ ਵਾਲਾ. "ਸੋਈ ਨਾਮ ਭਗਤ ਭਵਜਲਹਰਣ." (ਸਵੈਯੇ ਮਃ ੩. ਕੇ)

ਭਵਜਲਿ: ਭਵਜਲ ਵਿੱਚ. ਸੰਸਾਰ ਸਮੁੰਦਰ ਵਿੱਚ. ਹਉਮੈ ਕਰਤਾ ਭਵਜਲਿ ਪਰਿਆ." (ਮਾਰੂ ਸੋਲਹੇ ਮਃ ੧)

ਭਵਜਲੁ: ਦੇਖੋ, ਭਵਜਲ.

ਭਵਜਲੁ ਜਗਤੁ: ਮਿਥ੍ਯਾ ਪਦਾਰਥਾਂ ਦੀ ਹੋਂਦ ਰੂਪ ਹੈ ਜਲ ਜਿਸ ਵਿੱਚ ਐਸਾ ਜਗਤਸਾਗਰ. "ਭਵਜਲੁ ਜਗਤੁ ਨ ਜਾਈ ਤਰਣਾ, ਜਪਿ ਹਰਿ ਹਰਿ ਪਾਰਿ ਉਤਾਰੀ." (ਸਾਰ ਮਃ ੪)

ਭਵਣ, ਭਵਣੁ: ਭ੍ਰਮਣ. ਫਿਰਨਾ. ਗੇੜਾ. "ਮਿਟਤ ਜੋਨੀ- ਭਵਣ." (ਗੂਜ ਮਃ ੫) ੨. ਸੰ. ਭੁਵਨ. ਜਗਤ. ਦੇਸ਼. ਖੰਡ। ੩. ਦਿਸ਼ਾ. "ਜਿਨਿ ਕੀਨੇ ਵਸਿ ਅਪਨੇ ਤ੍ਰੈਗੁਣ, ਭਵਣ ਚਤੁਰ ਸੰਸਾਰਾ." (ਧਨਾ ਮਃ ੫)

ਭਵਤਬ੍ਯ: ਦੇਖੋ, ਭਵਿਤਵ੍ਯ.

ਭਵਤਾ: ਸੰ. ਆਪ ਨੇ. ਆਪ ਕਰਕੇ। ੨. ਸੰ. ਭਵ੍ਯਤਾ. ਸੰਗਯਾ- ਸੁੰਦਰਤਾ. ਖ਼ੂਬਸੂਰਤੀ. "ਭਾਨੁ ਭਵਤਾ ਲਖਿ ਭੁੱਲਤ." (ਪਾਰਸਾਵ)

ਭਵਤਾਰਣ: ਵਿ- ਭਵਜਲ ਤੋਂ ਤਾਰਨ ਵਾਲਾ.

ਭਵਤੁ: ਵ੍ਯ. ਹੋਵੇ. ਹੋ.

ਭਵਦੀਯ: ਆਪ ਦਾ. ਤੁਹਾਡਾ.

ਭਵਧਰਾ: ਸੰਗਯਾ- ਭਵ (ਸ਼ਿਵ) ਦੀ ਧਾਰਣ ਕੀਤੀ ਹੋਈ ਗੰਗਾ. (ਸਨਾਮਾ)

ਭਵਨ: ਸੰ. ਸੰਗ੍ਯਾ- ਹੋਣ ਦੀ ਦਸ਼ਾ. ਅਸ੍ਤਿਤ੍ਵ। ੨. ਰਹਾਇਸ਼। ੩. ਘਰ. "ਭਵਨ ਸੁਹਾਵੜਾ." (ਬਿਲਾ ਛੰਤ ਮਃ ੫) ੪. ਖ਼ਾਸ ਕਰਕੇ ਕਾਂਗੜੇ ਜਿਲੇ ਵਿੱਚ ਦੁਰਗਾ ਦਾ ਮੰਦਿਰ, ਜੋ ਜ੍ਵਾਲਾਮੁਖੀ ਦਾ ਭਵਨ ਹੈ। ੫. ਦੇਖੋ, ਭ੍ਰਮਣ. "ਚੂਕੈ ਮਨ ਕਾ ਭਵਨਾ." (ਸਿਧਗੋਸਟਿ) ੬. ਦੇਖੋ, ਭਵਨੁ, ਭੁਵਨ ਅਤੇ ਭਵਨ ਚਤੁਰਦਸ। ੭. ਭ੍ਰਮਰ (ਭੌਰ) ਦੀ ਥਾਂ ਭੀ ਭਵਨ ਸ਼ਬਦ ਆਇਆ ਹੈ. "ਤੁਝਹਿ ਚਰਨਅਰਬਿੰਦ ਭਵਨ ਮਨੁ." (ਆਸਾ ਰਵਿਦਾਸ) ਮੇਰਾ ਮਨ ਤੇਰੇ ਚਰਨ ਕਮਲਾਂ ਦਾ ਭ੍ਰਮਰ ਹੈ.

ਭਵਨ ਚਤੁਰਦਾਸ: ਚਤੁਰਦਸ਼ (ਚੌਦਾ) ਭੁਵਨ. "ਭਵਨ ਚਤੁਰਦਸ ਭਾਠਾ ਕੀਨੀ." (ਰਾਮ ਕਬੀਰ) ਦੇਖੋ, ਚੌਦਾਂ ਲੋਕ.

ਭਵਨਾ: ਭ੍ਰਮਣ. ਦੇਖੋ, ਭਵਨ ੫.

ਭਵਨਿ, ਭਵਨੀ: ਭ੍ਰਮਣ ਕਰਦੇ. ਤੀਰਥ ਆਦਿ ਅਸਥਾਨਾਂ ਪੁਰ ਫਿਰਦੇ. "ਕਹਨਿ ਭਵਨਿ ਨਾਹੀ ਪਾਇਓ." (ਕਾਨ ਮਃ ੫) ੨. ਭਵਨ ਮੇਂ. ਘਰ ਵਿੱਚ. "ਚਿੰਤਭਵਨਿ ਮਨ ਪਰਿਓ ਹਮਾਰਾ." (ਆਸਾ ਕਬੀਰ) ੩. ਸੰਗ੍ਯਾ- ਭ੍ਰਮਣ ਦੀ ਕ੍ਰਿਯਾ. ਤੀਰਥਯਾਤ੍ਰਾ. "ਭੇਖੁ ਭਵਨੀ ਹਠੁ ਨ ਜਾਨਾ." (ਬਿਲਾ ਛੰਤ ਮਃ ੧) ੪. ਘੁੰਮਣਵਾਣੀ. ਜਲਚਕ੍ਰਿਕਾ. ਭੌਰੀ. ਦੇਖੋ, ਉਦਾਹਰਣ ੨. ਅੰਕ ਦਾ.

ਭਵਨੁ: ਦੇਖੋ, ਭਵਨ ੩. ਅਤੇ ਭੁਵਨ। ੨. ਸੰ. ਭਾਵਨਾ. ਸੰਗਜਾ- ਧਜਾਨ. ਖ਼ਿਆਲ. "ਭਾਠੀ ਭਵਨੁ, ਪ੍ਰੇਮ ਕਾ ਪੋਚਾ." (ਆਸਾ ਮਃ ੧)

ਭਵਪਤ੍ਰੀ: ਜਨਮਪਤ੍ਰੀ. ਟੇਵਾ. ਜਨਮਕੁੰਡਲੀ. "ਭਵਪਤ੍ਰੀ ਇਸ ਕੀ ਲਿਖਦੀਜੈ." (ਨਾਪ੍ਰ)

ਭਵਭੂਤ ਭਾਵ: ਭਵ (ਵਰਤਮਾਨ ਕਾਲ) ਭੂਤ (ਵੀਤਿਆ ਸਮਾ) ਭਾਵੀ (ਆਉਣ ਵਾਲਾ ਸਮਾ), ਦੇਖੋ, ਸਮਬਿਅੰ.

ਭਵਭੂਤਿ: ਸੰ. ਸੰਗਜਾ- ਭਲਾਈ. ਨੇਕੀ। ੨. ਕੁਸ਼ਲ, ਖੇਮ। ੩. ਸੰਸਕ੍ਰਿਤ ਦਾ ਇੱਕ ਪ੍ਰਸਿੱਧ ਪੰਡਿਤ ਅਤੇ ਕਵੀ, ਜਿਸ ਨੇ ਉੱਤਮ ਨਾਟਕਰਚਨਾ ਕੀਤੀ ਹੈ. ਭਵਭੂਤਿ ਦੇ ਤਿੰਨ ਗ੍ਰੰਥ- ਮਹਾਵੀਰਚਰਿਤ, ਉੱਤਰਰਾਮਚਰਿਤ ਅਤੇ ਮਾਲਤੀਮਾਧਵ ਜਗਤ ਪ੍ਰਸਿੱਧ ਹਨ. ਇਹ ਵਿਦਰਭ ਦੇਸ਼ ਦੇ ਪਦਮਪੁਰ ਨਗਰ ਵਿੱਚ ਰਹਿਣ ਵਾਲੇ ਪਵਿਤ੍ਰਕੀਤਿੰ ਭੱਟ ਦਾ ਪੁਤ੍ਰ ਸੀ. ਭਵਭੂਤਿ ਦੀ ਮਾਤਾ ਦਾ ਨਾਮ ਜਾਤੁਕਰਣੀ ਸੀ. ਇਹ ਕਵੀ ਈਸਵੀ ਅੱਠਵੀਂ ਸਦੀ ਦੇ ਆਰੰਭ ਵਿੱਚ ਕਨੌਜਪਤਿ ਯਸ਼ੋਵਰਮਾ ਦੇ ਦਰਬਾਰ ਦਾ ਭੂਸ਼ਣ ਸੀ.

ਭਵਭੰਜਨ: ਸੰਸਾਰ ਦਾ ਨਾਸ਼ ਕਰਨ ਵਾਲਾ ਕਾਲ। ੨. ਮਹਾਕਾਲ. ਪਾਰਬ੍ਰਹਮ। ੩. ਆਤਮ ਗਜਾਨ.

ਭਵਰ, ਭਵਰਲਾ, ਭਵਰਾ: ਸੰ. ਭ੍ਰਮਰ. ਭੌਰਾ. ਮਧੁਕਰ. "ਭਵਰਾ ਫੂਲਿ ਭਵੰਤਿਆ." (ਆਸਾ ਛੰਤ ਮਃ ੧) "ਕੁਸਮਬਾਸੁ ਜੈਸੇ ਭਵਰਲਾ." (ਧਨਾ ਨਾਮਦੇਵ) ੨. ਭਾਵ- ਕਾਮੀ ਪੁਰੁਸ਼. ਪਰਇਸਤ੍ਰੀਆਂ ਪੁਰ ਭ੍ਰਮਣਕਰਤਾ. "ਭਵਰੁ ਬੇਲੀ ਰਾਤਓ." (ਆਸਾ ਛੰਤ ਮਃ ੧) ੩. ਭਾਵ- ਕਾਲੇ ਕੇਸ਼. "ਭਵਰ ਗਏ ਬਗ ਬੈਠੇ ਆਇ." (ਸੂਹੀ ਕਬੀਰ) ੪. ਭਾਵ- ਜੀਵਾਤਮਾ. "ਏਕੋ ਭਵਰੁ ਭਵੈ ਤਿਹੁ ਲੋਇ." (ਓਅੰਕਾਰ) ੫. ਭਾਵ- ਜਿਗਜਾਸੁ "ਆਪ ਭਵਰਾ ਫੂਲ ਬੇਲਿ." (ਬਸੰ ਅਃ ਮਃ ੧) ਆਪ ਜਿਗਜਾਸੂ, ਆਪ ਹੀ ਗਜਾਨ ਅਤੇ ਆਪੇ ਸ਼ੁੱਧਾ ਹੈ.

ਭਵਰਾਯੰ: ਭਵਰਿ (ਘੁੰਮਣਘੇਰੀ) ਵਿੱਚ ਆਇਆ ਹੋਇਆ. "ਸਭ ਹੀ ਜਗ ਭਰਮੇ ਭਵਰਾਯੰ." (ਚੌਬੀਸਾਵ) ੨. ਭਵ (ਜਨਮ ਮਰਣ) ਦੇ ਰਯ (ਵੇਗ) ਵਿੱਚ.

ਭਵਰੁ: ਭ੍ਰਮਰ. ਭੌਰਾ. ਮਧੁਕਰ. "ਭਵਰੁ ਲੋਭੀ ਕੁਸਮਬਾਸੁ ਕਾ." (ਵਾਰ ਜੈਤ) ਦੇਖੋ, ਭਵਰ.

ਭਵਾ: ਭਇਆ. ਹੋਇਆ. "ਅਸ ਤੇਜ ਭਵਾ." (ਪ੍ਰਿਥੁਰਾਜ) ੨. ਸੰ. ਸੰਗਜਾ- ਭਵ (ਸ਼ਿਵ) ਦੀ ਇਸਤ੍ਰੀ. ਭਵਾਨੀ. "ਕਵਿ ਨੇ ਮਨ ਮੇ ਲਿਯੋ ਭਾਵ ਭਵਾ ਪੈ." (ਚੰਡੀ ੧)

ਭਵਾਂ: ਭੌਹਾਂ. ਭ੍ਰਿਕੁਟੀਆਂ.

ਭਵਾਉਣਾ: ਕ੍ਰਿ- ਭ੍ਰਮਣ ਕਰਾਉਣਆ. ਘੁਮਾਉਣਾ. ਫੇਰਨਾ. "ਏਕਿ ਨਚਾਵਹਿ, ਏਕਿ ਭਵਾਵਹਿ." (ਰਾਮ ਮਃ ੫) "ਕਿਸੁ ਦੋਸੁ ਨ ਦੀਜੈ, ਕਿਰਤ ਭਵਾਈ." (ਸੂਹੀ ਮਃ ੫)

ਭਵਾਟਣੀ: ਸੰਗਜਾ- ਘੁਮੇਰੀ ਚਕ੍ਰਿਕਾ.

ਭਵਾਣ: ਦੇਖੋ, ਭਵਾਨ.

ਭਵਾਣੀ: ਦੇਖੋ, ਭਵਾਨੀ.

ਭਵਾਂਤਰ: ਭਵ (ਸੰਸਾਰ) ਅੰਦਰ। ੨. ਸੰ. ਸੰਗਜਾ- ਦੂਜਾ ਜਨਮ. ਜਨਮਾਂਤਰ.

ਭਵਾਤਿ: ਭ੍ਰਮਤਿ. ਭ੍ਰਮਦਾ ਹੈ. ਭੌਂਦਾ ਹੈ. "ਮਨਮੁਖ ਸਦਾ ਭਵਾਤਿ." (ਸ੍ਰੀ ਮਃ ੫. ਪਹਰੇ)

ਭਵਾਨ: ਸੰਗਜਾ- ਵਰਤਮਾਨ ਕਾਲ. "ਭੂਤ ਭਵਿੱਖ ਭਵਾਨ ਕਹਾਨੀ." (ਅਕਾਲ) ੨. ਸੰ. ਭਵਾਨ. ਸਰਵ. ਆਪ.

ਭਵਾਨਿਨ: ਭਵਾਨੀਆਂ ਨੇ। ੨. ਦੇਖੋ, ਭਵਾਨੀ ੫.

ਭਵਾਨੀ: ਸੰ. ਸੰਗਯਾ- ਭਵ (ਸ਼ਿਵ) ਦੀ ਇਸਤ੍ਰੀ, ਦੁਰਗਾ. "ਤੂ ਕਹੀਅਤ ਹੀ ਆਦਿ ਭਵਾਨੀ." (ਗੌਂਡ ਨਾਮਦੇਵ) "ਚਰਨ ਸਰਨ ਜਿਹ ਬਸਤ ਭਵਾਨੀ." (ਅਕਾਲ) ੨. ਪ੍ਰਕ੍ਰਿਤਿ. ਮਾਯਾ, "ਪ੍ਰਿਥਮ ਕਾਲ ਸਭ ਜਗ ਕੋ ਤਾਤਾ। ਤਾਂਤੇ ਭਯੋ ਤੇਜ ਵਿਖ੍ਯਾਤਾ। ਸੋਈ ਭਵਾਨੀ ਨਾਮ ਕਹਾਈ। ਜਿਨ ਸਗਰੀ ਇਹ ਸ੍ਰਿਸਟਿ ਬਨਾਈ।।" (ਚੌਬੀਸਾਵ) ੩. ਦੇਖੋ, ਭਗਉਤੀ ੬। ੪. ਮਦਰਾਸ ਦੇ ਨੀਲਗਿਰਿ ਦੀ ਇੱਕ ਨਦੀ। ੫. ਭਾਵਿਨੀ ਦੀ ਥਾਂ ਭੀ ਭਵਾਨੀ ਸ਼ਬਦ ਆਇਆ ਹੈ. ਦੇਖੋ, ਭਾਵਿਨੀ. "ਰਾਨਿਨ ਰਾਵ ਸਵਾਨਿਨ ਸਾਵ ਭਵਾਨਿਨ ਭਾਵ ਭਲੋ ਮਨ ਮਾਨਾ." (ਪਾਰਸਾਵ) ੬. ਦੇਖੋ, ਸ਼ਿਵਾ ਜੀ.

ਭਵਾਨੀਗਢ, ਭਵਾਨੀਗੜ੍ਹ: ਰਿਆਸਤ ਪਟਿਆਲਾ, ਨਜਾਮਤ ਸੁਨਾਮ ਵਿੱਚ ਇੱਕ ਕਸਬਾ ਹੈ, ਜਿੱਥੇ ਤਸੀਲ ਅਤੇ ਥਾਣਾ ਹੈ. ਇਸ ਨੂੰ ਢੋਡੇ ਭੀ ਆਖਦੇ ਹਨ. ਬਾਬਾ ਆਲਾਸਿੰਘ ਨੇ ਇੱਥੇ ਸਨ ੧੭੪੯ ਵਿੱਚ ਕੱਚਾ ਕਿਲਾ ਬਣਾਇਆ ਸੀ. ਇਸ ਨਗਰ ਦੇ ਪੂਰਵ ਵੱਲ ਵਸੋਂ ਦੇ ਨਾਲ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਆਲੋਹਰਖ ਤੋਂ ਇੱਥੇ ਆਏ. ਗੁਰਦ੍ਵਾਰਾ ਪੱਕਾ ਸੁੰਦਰ ਸੰਮਤ ੧੯੭੫ ਵਿੱਚ ਪ੍ਰੇਮੀ ਸਿੱਖਾਂ ਨੇ ਬਣਾਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਅਕਾਲੀਸਿੰਘ ਸੇਵਾ ਕਰਦੇ ਹਨ. ਭਵਾਨੀਗੜ੍ਹ ਰੇਲਵੇ ਸਟੇਸ਼ਨ ਨਾਭੇ ਤੋਂ ਪੱਛਮ ੧੨. ਮੀਲ ਪੱਕੀ ਸੜਕ ਪੁਰ ਹੈ, ਅਤੇ ਸੰਗਰੂਰ ਤੋਂ ਚੜ੍ਹਦੇ ਵੱਲ ੧੨. ਮੀਲ ਪੱਕੀ ਸੜਕ ਦਾ ਰਸਤਾ ਹੈ. ਸਰਕਾਰੀ ਕਾਗਜਾਂ ਵਿੱਚ ਭਵਾਨੀਗੜ੍ਹ ਦਾ ਨਾਮ ਕਰਮਗੜ੍ਹ ਭੀ ਦੇਖਿਆ ਜਾਂਦਾ ਹੈ ਅਤੇ ਇਹ ਬਹੁਤ ਚਿਰ ਨਜਾਮਤ ਦਾ ਸਦਰ ਰਿਹਾ ਹੈ.

ਭਵਾਨੀਦਾਸ: ਨਵਾਬ ਦੌਲਤਖ਼ਾਨ ਦਾ ਖ਼ਜ਼ਾਨਚੀ, ਜਿਸ ਤੋਂ ਗੁਰੂ ਨਾਨਕਦੇਵ ਰੁਪਯਾ ਲੈਕੇ ਮੋਦੀਖਾਨਾ ਚਲਾਇਆ ਕਰਦੇ ਸਨ.

ਭਵਾਬਧਿ: ਸੰ. ਭਵਾਬ੍ਧਿ. ਸੰਗਯਾ- ਭਵ- ਅਪ੍- ਧਿ. ਸੰਸਾਰਸਾਗਰ.

ਭਵਾਂਬੁਧਿ: ਸੰ. ਭਵਾਮਬੁਧਿ ਸੰਗਯਾ- ਭਵ- ਅੰਬੁ- ਧਿ. ਸੰਸਾਰਸਮੁੰਦਰ.

ਭਵਾਰਣਵ: ਸੰ. ਭਵਾਣੰਦ. ਸੰਗਯਾ- ਸੰਸਾਰ ਅਣੰਵ (ਸਮੁੰਦਰ) ਸੰਸਾਰਸਾਗਰ.

ਭਵਾਰਾ: ਸੰਗਯਾ- ਭੁਲੇਖਾ. ਧੋਖਾ. "ਲੋਗਨ ਸੈਰ ਭਵਾਰੋ ਦਿਯੋ," (ਚਰਿਤ੍ਰ ੨੬੭) ੨. ਗੇੜਾ. ਚਕ੍ਰ. ਘੁਮਾਉ. "ਕੋਟਿ ਜਨਮ ਕੇ ਰਹੇ ਭਵਾਰੇ." (ਆਸਾ ਮਃ ੫)

ਭਵਾਰਿ, ਭਵਾਰੀ: ਸੰਗਯਾ- ਘੁਮੇਰੀ. ਭੁਆਟਣੀ. ਚਕਰੀ. ਘੁੰਮਣਵਾਲੀ. "ਭਗਤੀ ਬਿਨ ਭੂਲਿ ਭਵਾਰਿ ਪਰੇ." (ਨਾਪ੍ਰ)

"ਦੀਈ ਭਵਾਰੀ ਪੁਰਖਿਬਿਧਾਤੈ." (ਆਸਾ ਮਃ ੫) ੨. ਪਰਿਕ੍ਰਮਾ. ਪ੍ਰਦਕ੍ਸ਼ਿਣਾ. "ਲੇਇ ਭਵਾਰਿ ਫਿਰੇ ਵਰ ਚਾਰ." (ਨਾਪ੍ਰ)

ਭਵਾਰੋ: ਧੋਖਾ. ਭੁਲੇਖਾ. ਦੇਖੋ, ਭਵਾਰਾ ੧. "ਨ੍ਰਾਵਨ ਕੋ ਸੁ ਭਵਾਰੋ ਦਯੋ." (ਚਰਿਤ੍ਰ ੧੯੫)

ਭਵਾਲੀ: ਸੰਗਯਾ- ਭੁਆਟਣੀ. ਘੁਮੇਰੀ. ਦੇਖੋ, ਭਵਾਰੀ. "ਆਪਿ ਭਵਾਲੀ ਦਿਤੀਅਨੁ." (ਆਸਾ ਅਃ ਮਃ ੩) ੨. ਨ੍ਰਿਤ੍ਯ ਸਮੇਂ ਦੀ ਫੇਰੀ "ਤਾਲ ਮਿਲਾਵਹਿ ਲੇਤ ਭਵਾਲੀ." (ਨਾਪ੍ਰ)

ਭਵਾਵਨਾ: ਦੇਖੋ, ਭਵਾਉਣਾ.

ਭਵਿ: ਭ੍ਰਮਣ ਕਰਕੇ. "ਚਾਰੇ ਕੁੰਡਾ ਭਵਿ ਥਕੇ. ਮਨਮੁਖਿ ਬੂਝ ਨ ਪਾਇ." (ਸ੍ਰੀ ਮਃ ੩) "ਭੇਖਧਾਰੀ ਤੀਰਥੀ ਭਵਿ ਥਕੇ." (ਮਃ ੩. ਵਾਰ ਸੋਰ)

ਭਵਿਓ: ਭ੍ਰਮਣ ਕੀਤਾ. ਫਿਰਿਆ. ਘੁੰਮਿਆ। ੨. ਹੋਇਆ. ਭਇਆ. ਦੇਖੋ, ਭੂ.

ਭਵਿਓਮਿ: ਮੈ ਫਿਰਿਆ (ਭ੍ਰਮਣ ਕੀਤਾ). "ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ." (ਸ. ਫਰੀਦ)

ਭਵਿਆ: ਦੇਖੋ, ਭਵਿਓ.

ਭਵਿਐ: ਭ੍ਰਮਣ ਕਰਨ (ਘੁੰਮਣ) ਤੋਂ "ਜੋਗੁ ਨ ਦੇਸਿ ਦਿਸੰਤਰਿ ਭਵਿਐ." (ਸੂਹੀ ਮਃ ੧)

ਭਵਿਸਜ: ਸੰ. ਭਵਿਸ਼੍ਯ. ਵਿ- ਹੋਣ ਵਾਲਾ. ਅੱਗੋਂ ਹੋਣ ਵਾਲਾ ਆਂਉਣਵਾਲਾ ਸਮਾ.

ਭਵਿਸਜਤ: ਸੰ. ਭਵਿਸ਼੍ਯਤ. ਸੰਗਜਾ- ਹੋਣ ਵਾਲਾ ਸਮਾਂ. ਆਉਣ ਵਾਲਾ ਕਾਲ.

ਭਵਿਸ਼੍ਯਤ ਪੁਰਾਣ: ਅਠਾਰਾਂ ਪੁਰਾਣਾਂ ਵਿੱਚੋਂ ਇੱਕ ਪੁਰਾਣ, ਜਿਸ ਦੇ ਪੰਜ ਪਰਵ ਹਨ. ਇਸ ਪੁਸਤਕ ਦੇ ਕਈ ਪਾਠ ਆਪੋਵਿੱਚੀ ਨਹੀਂ ਮਿਲਦੇ. ਜਿਤਨੇ ਕਲਮੀ ਗ੍ਰੰਥ ਦੇਖੋ, ਉਨ੍ਹਾਂ ਵਿੱਚ ਕਈ ਬਾਤਾਂ ਵੱਧ ਘੱਟ ਹਨ. ਇਸ ਪੁਰਾਣ ਵਿੱਚ ਹਿੰਦੂਰਾਜ ਦਾ, ਗੁਰੂ ਨਾਨਕਦੇਵ ਜੀ ਦਾ,[925] ਮੁਗਲਰਾਜ ਅਤੇ ਅੰਗ੍ਰੇਜ਼ੀਰਾਜ ਦਾ ਭੀ ਜਿਕਰ ਹੈ. ਬਹੁਤ ਹਿੰਦੂਆਂ ਦਾ ਨਿਸ਼ਚਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀਆਂ ਸਾਰੀਆਂ ਗੱਲਾਂ ਇਸ ਗ੍ਰੰਥ ਵਿੱਚ ਹਨ.

ਭਵਿਖ, ਭਵਿੱਖ: ਸੰ. ਭਵਿਸ਼੍ਯ. ਦੇਖੋ, ਭਵਿਸਜਤ. "ਭੂਰ ਭਵਿਖ ਨਹੀ ਤੁਮ ਜੈਸੇ." (ਸਾਰ ਮਃ ੧) ਭੂਤ ਕਾਲ ਅਤੇ ਆਉਣ ਵਾਲੇ ਸਮੇਂ ਵਿੱਚ ਨਹੀਂ ਤੁਮ ਜੈਸੇ.

ਭਵਿੱਖਤ ਪੁਰਾਨ: ਦੇਖੋ, ਭਵਿਸ਼੍ਯਤ ਪੁਰਾਣ.

ਭਵਿੰਗਾ: ਵਿ- ਭਵੇਂ ਹੋਏ ਅੰਗਾਂ ਵਾਲਾ. ਭੈਂਗਾ. ਜਿਸ ਦੀ ਅੱਖ ਟੇਢੀ ਹੋਵੇ. ਟੇਢਾ ਝਾਕਣ ਵਾਲਾ.

ਭਵਿਤ: ਸੰ. ਭਵਨ੍. ਹੋਇਆ ਹੋਇਆ. "ਅਭੈਭਵਿਤ ਭੋਗੈ ਭਵਭੋਗੁ." (ਨਾਪ੍ਰ) ਨਿਰਭੈ ਹੋਇਆ ਸੰਸਾਰ ਦੇ ਭੋਗ ਭੋਗਦਾ ਹੈ.

ਭਵਿਤਵ੍ਯ: ਸੰ. ਵਿ- ਹੋਣ ਯੋਗ੍ਯ. ਹੋਣ ਲਾਇਕ। ੨. ਸੰਗਜਾ- ਭਵਿਤਵ੍ਯਤਾ. ਹੋਣੀ. ਅਵਸ਼੍ਯ ਹੋਣ ਵਾਲੀ ਬਾਤ। ੩. ਭਾਗ੍ਯ, ਕਿਸਮਤ.

ਭਵੀ: ਵਿ- ਫਿਰੀ (ਉਲਟੀ) ਹੋਈ. ਭੌਂ ਗਈ. ਵਿਪਰੀਤ ਹੋਈ. "ਨਾਨਕ ਵਿਣੁ ਸਤਿਗੁਰੁ ਮਤਿ ਭਵੀ." (ਮਃ ੩. ਵਾਰ ਮਾਰੂ ੧) ੨. ਸੰਗਜਾ- ਭਵਾ ਭਵਾਨੀ. "ਭਵੀ ਭਾਰਗਵੀਯੰ." (ਚੰਡੀ ੨)

ਭਵੇ: ਹੋਏ ਪ੍ਰਾਪਤ ਭਏ. (ਭੂ ਹੋਣਾ). "ਜਾਣਾ ਲਖ ਭਵੇ." (ਮਃ ੫. ਵਾਰ ਮਾਰੂ ੨)

ਭਵੇਸ: ਭਵ (ਸੰਸਾਰ) ਦਾ ਈਸ਼. ਜਗਤਨਾਥ.

ਭਵੇਸਭਵਾਨੀ: ਭਵ (ਸ਼ਿਵ) ਦਾ ਅਤੇ ਭਵਾਨੀ ਦੁਰਗਾ ਦਾ ਈਸ਼ (ਸ੍ਵਾਮੀ) ਕਰਤਾਰ। ੨. ਭਵੇ (ਭਏ) ਸ਼ੁਭਵਾਨੀ (ਮੰਗਲਕਾਰੀ)."ਪੂਰਣ ਧ੍ਯਾਇ ਭਯੋ ਤਬ ਹੀ, ਜਯ ਸ੍ਰੀ ਜਗਨਾਥ ਭਵੇਸਭਵਾਨੀ." (ਦੱਤਾਵ)

ਭਵੇਯੰ: ਭਵੇਤ੍- ਅਯੰ. ਹੁੰਦਾ ਹੈ ਇਹ. "ਸੁ ਭੂਤੰ ਭਵਿਖ੍ਯੰ ਭਵਾਨੰ ਭਵੇਯੰ." (ਵਿਚਿਤ੍ਰ) ਤਿੰਨ ਕਾਲਾਂ ਵਿੱਚ ਇਹ (ਅਕਾਲ) ਹੁੰਦਾ

---

[925] ਅਨੇਕ ਸਿੰਘ ਪੰਡਿਤਾਂ ਨੇ ਇਹ ਸ਼ਲੋਕ ਕਈ ਗ੍ਰੰਥਾਂ ਵਿੱਚ ਗੁਰੁਸਾਹਿਬ ਨੂੰ ਅਵਤਾਰ ਸਿੱਧ ਕਰਨ ਲਈ ਲਿਖੇ ਹਨ. ਭਾਵੇਂ ਸਾਡਾ ਨਿਸ਼ਚਾ ਹੈ ਕਿ ਗੁਰੂ ਨਾਨਕਦੇਵ ਨੂੰ ਸੰਸਕ੍ਰਿਤ ਦਾ ਕੋਈ ਮੰਤ੍ਰ ਜਾਂ ਅ਼ਰਬੀ ਦੀ ਆਯਤ, ਅਵਤਾਰ ਜਾਂ ਰਸੂਲ ਸਿੱਧ ਨਹੀਂ ਕਰ ਸਕਦੇ ਗੁਰੂ ਨਾਨਕਸਾਹਿਬ ਆਪਣੀ ਉੱਚੀ ਤੇ ਸੁੱਚੀ ਕਰਨੀ ਦੇ ਪ੍ਰਭਾਵ ਨਾਲ ਅਵਤਾਰਾਂ ਦੇ ਸਿਰ ਅਵਤਾਰ ਅਤੇ ਆਲਾ ਪੈਗੰਬਰ ਹਨ, ਪਰ ਪਾਠਕਾਂ ਦੇ ਗਿਆਨ ਲਈ ਭਵਿਸਜਤ ਪੁਰਾਣ ਦੇ ਪੂਰਵਾਰਧ ਦੇ ੧੨੯ ਵੇਂ ਅਧ੍ਯਾਯ ਦਾ ਪਾਠ, ਜੋ ਬ੍ਰਹ੍ਮਾ ਅਤੇ ਸ੍ਕੰਦ (ਖਡਾਨਨ) ਦਾ ਸੰਵਾਦ ਰੂਪ ਹੈ. ਇੱਥੇ ਲਿਖਦੇ ਹਾਂ-

एवं वैधर्म्य प्राचुर्य्य भविष्यति यदा कलौ ॥३३॥
तदावै लोक रक्षार्थ म्लेच्छानां नाशहेतवे । पश्चिमेतु शुभेदेशे वेदिवंशेच नानक॥३४॥
नाम्नाच भुवि राजर्षि ब्रह्मज्ञानैकमानसः । भविष्यति कलो स्कन्द, तत्त्ववित्कलयाहरेः॥।३५॥
मश्रीमान राजशार्दूलानुपदिश्यचपुनः पुनः। म्लेच्छान हनिष्यति स्कन्द, धर्मतत्त्वोदेशकृत॥३६॥
तेनोपदिष्टं मार्ग वै ये ग्रहीष्यन्ति भृमिपा । ते वै राज्यं करिष्यन्ति तस्य शिक्षानुसारतः॥३७॥

ਇਸ ਦਾ ਭਾਵ ਹੈ-ਬ੍ਰਹਮਾਜੀ ਆਖਦੇ ਹਨ, ਹੇ ਸਕੰਦ ਜਦ ਕਲਿਯੁਗ ਵਿੱਚ ਬਹੁਤ ਅਧਰਮ ਹੋ ਜਾਵੇਗਾ, ਤਦ ਧਰਮ ਦੀ ਰਖ੍ਯਾ ਅਤੇ ਅਧਰਮੀਆਂ ਦੇ ਨਾਸ਼ ਲਈ, ਪੱਛਮ ਦੇਸ਼ ਵਿੱਚ ਵੇਦੀਕੁਲ ਅੰਦਰ ਬ੍ਰਹਮਗ੍ਯਾਨੀ ਰਾਜਰਿਖੀ ਨਾਨਕ, ਕਰਤਾਰ ਦੀ ਕਲਾ ਨਾਲ ਅਵਤਾਰ ਹੋਵੇਗਾ. ਉਹ ਵਾਰ ਵਾਰ ਸ਼ਿਰੋਮਣੀ ਰਾਜਿਆਂ ਨੂੰ ਧਰਮ ਦੇ ਤਤ੍ਵ ਦਾ ਉਪਦੇਸ਼ ਦੇਊ ਅਤੇ ਅਧਰਮੀਆਂ ਦਾ ਨਾਸ਼ ਕਰੂਗਾ. ਉਸ ਦੇ ਦੱਸੇ ਰਾਹ ਨੂੰ ਜੋ ਰਾਜੇ ਅੰਗੀਕਾਰ ਕਰਨਗੇ, ਉਹ ਉਸ ਦੀ ਸਿਖ੍ਯਾ ਅਨੁਸਾਰ ਰਾਜ ਕਰਨਗੇ.

ਹੈ.

ਭਵੈ: ਭ੍ਰਮਣ ਕਰਦਾ ਹੈ। ੨. ਫਿਰ ਜਾਂਦਾ ਹੈ. ਭੌਂ ਜਾਂਦਾ ਹੈ. "ਸੰਤ ਕੈ ਦੂਖਨ ਤੇ ਮੁਖ ਭਵੈ." (ਸੁਖਮਨੀ) ਲਕਵਾ ਰੋਗ ਹੋ ਜਾਂਦਾ ਹੈ। ੩. ਭਯਾਵਹ. ਭਯਾਨਕ. ਭੈੜੇ ਮੂੰਹ ਵਾਲਾ ਹੁੰਦਾ ਹੈ। ੪. ਕਰਤਾਰ ਵੱਲੋਂ ਵਿਮੁਖ ਹੁੰਦਾ ਹੈ.

ਭਵੰ: ਦੇਖੋ, ਭਵ ਅਤੇ ਭਵ੍ਯ.

ਭਵੰਗ: ਭਵ (ਸ਼ਿਵ) ਦੇ ਅੰਗ ਤੇ ਰਹਿਣ ਵਾਲਾ, ਸਰਪ. ਭੁਜੰਗ। ੨. ਦੇਖੋ, ਭਵਿੰਗਾ.

ਭਵੰਤ: ਭ੍ਰਮਣ ਕਰੰਤ। ੨. ਸੰ. ਸਰਵ- ਭਵਤਃ ਆਪ ਦਾ. ਤੁਹਾਡਾ। ੩. ਸੰਗ੍ਯਾ- ਵਰਤਮਾਨ ਕਾਲ.

ਭਵੰਤਰ: ਦੇਖੋ, ਭਵਾਂਤਰ.

ਭਵੰਤਿ: ਭਵਤਿ. ਹੁੰਦਾ. "ਸੋਭਾਹੀਨ ਨਹਿ ਭਵੰਤਿ." (ਸਹਸ ਮਃ ੫) ੨. ਵਰਤਮਾਨ ਸਮਾਂ.

ਭਵੰਤਿਆ: ਭ੍ਰਮਣ ਕਰੰਤਿਆ. ਭੌਂਦਿਆ. "ਭਵਰਾ ਦੂਲਿ ਭਵੰਤਿਆ !" (ਆਸਾ ਛੰਤ ਮਃ ੧)

ਭਵੰਦਿਆਂ: ਭ੍ਰਮਣ ਕਰੰਦਿਆਂ ਭੌਂਦਿਆਂ.

ਭਵੰਦੇ: ਭ੍ਰਮਣ ਕਰੰਦੇ. ਭੌਂਦੇ.

ਭਵ੍ਯ: ਸੰ. ਵਿ- ਹੋਣਵਾਲਾ। ੨. ਸੁੰਦਰ। ੩. ਸ਼ੁਭ। ੪. ਸਤ੍ਯ। ੫. ਸੰਗ੍ਯਾ- ਕਲ੍ਯਾਣ. ਮੰਗਲ। ੬. ਭਲਾਵਾ। ੭. ਕਰੇਲਾ। ੮. ਨਿੰਮ (ਨਿੰਬ). ੯. ਕਮਰਖ। ੧੫. ਧ੍ਰੁਵ ਦਾ ਇੱਕ ਪੁਤ੍ਰ.

ਭੜ: ਦੇਖੋ, ਭਡ। ੨. ਅਗਨਿ ਦੀ ਲਾਟਾ ਤੋਂ ਹੋਇਆ ਸ਼ਬਦ. "ਭੜ ਭੜ ਅਗਨਿਸਾਗਰੁ ਦੇ ਲਹਰੀ." (ਮਾਰੂ ਸੋਲਹੇ ਮਃ ੧) ੩. ਦੇਖੋ, ਭਠ.

ਭੜਸਾਲ: ਦੇਖੋ, ਭਾਂਡਸਾਲ.

ਭੜਹੜ: ਸੰਗ੍ਯਾ- ਘਬਰਾਹਟ। ੨. ਡੰਡ. ਰੌਲਾ. ਦੇਖੋ, ਭਡ। ੩. ਕੰਪ. ਕਾਂਬਾ. "ਭੂਮਿ ਭੜਹੜੀ." (ਰਾਮਾਵ)

ਭੜਹਾਰ, ਭੜਹਾੜੁ: ਵਿ- ਭੜ ਭੜ ਸ਼ਬਦ ਕਰਨ ਵਾਲਾ "ਜਿਥੇ ਅਗਨਿ ਭਖੈ ਭੜਹਾਰੇ." (ਮਾਰੂ ਅੰਜੁਲੀ ਮਃ ੫) "ਅਗਨਿ ਭਖੈ ਭੜਾਹਾੜੁ." (ਮਃ ੧. ਵਾਰ ਮਲਾ)

ਭੜਕ: ਸੰਗ੍ਯਾ- ਅੱਗ ਦਾ ਭਭੂਕਾ। ੨. ਚਮਕ ਦਮਕ.

ਭੜਕਣਾ, ਭੜਕਨਾ: ਕ੍ਰਿ- ਭੜ ਭੜ ਸ਼ਬਦ ਕਰਕੇ ਮੱਚਣਾ। ੨. ਕ੍ਰੋਧਅਗਨਿ ਨਾਲ ਚਮਕ ਉੱਠਣਾ. ਗੁੱਸੇ ਵਿੱਚ ਆਉਣਾ.

ਭੜਕਾਉ: ਭੜਕਣ (ਮੱਚਉੱਠਣ) ਦਾ ਭਾਵ। ੨. ਜੋਸ਼ ਵਿੱਚ ਆਉਣ ਦੀ ਕ੍ਰਿਯਾ.

ਭੜਕਾਰ: ਸੰਗ੍ਯਾ- ਭੜ ਭੜ ਧੁਨਿ. "ਅਗਨਿ ਜਲੈ ਭੜਕਾਰੇ." (ਮਾਰੂ ਸੋਲਹੇ ਮਃ ੧) ੨. ਕ੍ਰੋਧ ਨਾਲ ਚੌਂਕ ਉੱਠਣ ਦੀ ਕ੍ਰਿਯਾ.

ਭੜਥਾ: ਦੇਖੋ, ਭੁੜਥਾ.

ਭੜਥੂ: ਸੰਗ੍ਯਾ- ਡੰਡ ਰੋਲਾ. ਵਡਾ ਸ਼ੋਰ. ਦੇਖੋ, ਭਡ. "ਲਥੇ ਭੜਥੂ ਪਾਇ." (ਮਃ ੧. ਵਾਰ ਮਲਾ) ੨. ਪੰਜਾਬੀ ਵਿੱਚ ਕਈ ਭੁੜਥੇ ਨੂੰ ਭੀ ਭੜਥੂ ਆਖਦੇ ਹਨ. ਦੇਖੋ, ਭੜੂਥਾ.

ਭੜਥੂਆ: ਇਹ ਸ਼ੰਖਨਾਰੀ ਛੰਦ ਦਾ ਹੀ ਨਾਮਾਂਤਰ ਹੈ. ਅਰਥਾਤ ਪ੍ਰਤਿ ਚਰਣ ਦੋ ਯਗਣ. ਜੰਗ ਦਾ ਭੜਥੂ ਇਸ ਵਿੱਚ ਵਰਣਨ ਕਾਰਣ ਇਹ ਸੰਗ੍ਯਾ- ਹੋਗਈ ਹੈ.

ਉਦਾਹਰਣ-

ਢਢੰਕੰਤ ਢੋਲੰ। ਬਬਕੰਤ ਬੋਲੰ।

ਉਛੰਕੰਤ ਤਾਜੀ। ਗਜੰਕੰਤ ਗਾਜੀ ॥ (ਕਲਕੀ)

(ਅ) ਦੂਜਾ ਰੂਪ- ਚਾਰ ਚਰਣ. ਪ੍ਰਤਿ ਚਰਣ ਸ, ਯ, ||S, |SS.

ਉਦਾਹਰਣ-

ਸਟਕੰਤ ਸੂਰੰ। ਬਰਕੰਤ ਹੂਰੰ।

ਬਬਕੰਤ ਬੀਰੰ ਛੁਟਕੰਤ ਤੀਰੰ ॥ (ਗੁਵਿ ੬)

ਭੜਭੂੰਜਾ: ਭ੍ਰਾਸ਼੍ਟ੍ਰਭਜੰਕ. ਭੱਠੀ ਪੁਰ ਭੰਨਣ (ਭਜੰਨ) ਕਰਨ ਵਾਲਾ. ਭੱਠ ਤੇ ਦਾਣੇ ਆਦਿ ਭੁੰਨਣ ਵਾਲਾ.

ਭੜਵਾਉ: ਤੱਤੀ ਪੌਣ। ੨. ਭਾਫ. ਜਲ ਤਪਾਉਣ ਤੋਂ ਪੈਦਾ ਹੋਈ ਬਾਸ਼੍ਪ. "ਅਗਨਿ ਪਾਣੀ ਬੋਲੈ ਭੜਵਾਉ." (ਗਉ ਮਃ ੧) ਦੇਹ ਵਿੱਚ ਅਗਨਿ ਪਾਣੀ ਵਾਯੁ ਦਾ ਸੰਯੋਗ ਹੋਣ ਤੋਂ ਸ੍ਵਾਸ ਸ਼ਬਦ ਕਰਦੇ ਹਨ.

ਭੜਾਸ: ਸੰਗਯਾ- ਭ੍ਰਸ਼੍ਟ ਬਾਸ਼੍ਪ. ਗੰਦੀ ਭਾਪ (ਹਵਾੜ) "ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ." (ਮਃ ੧. ਵਾਰ ਮਾਝ)

ਭੜਾਣਾ: ਦੇਖੋ, ਪਢਾਣਾ.

ਭੜਾਂਬ: ਸੰਗਯਾ- ਭਾਂਬੜ. ਅਗਨਿ ਦੀ ਬਹੁਤ ਵਡੀ ਲਾਟ. "ਬਹੁਤ ਭੜਾਂਬ ਮਚਾਵਤ ਭਯੋ." (ਗੁਪ੍ਰਸੂ)

ਭੜਿੰਗੀ: ਵਿ- ਭਿੜਨ ਵਾਲੀ. ਯੁੱਧ ਕਰਨ ਵਾਲੀ. "ਨਮੋ ਭਾਵਨੀ ਭੂਤਹੰਤਾ ਭੜਿੰਗੀ." (ਚੰਡੀ ੨) ੨. ਸੰਗਯਾ- ਇੱਕ ਬੂਟੀ ਜੋ ਪਹਾੜੀ ਦੇਸਾਂ ਵਿੱਚ ਬਹੁਤ ਹੁੰਦੀ ਹੈ. ਸੰ. ਚਰੰਗੀ L. Picrasma Quassioizes ਇਹ ਲਹੂ ਦੇ ਵਿਕਾਰ ਦੂਰ ਕਰਦੀ ਹੈ.

ਭੜੀ: ਦੇਖੋ, ਪੰਥਪ੍ਰਕਾਸ ੧.

ਭੜੂਆ: ਸੰਗਯਾ- ਭੰਡਪੁਣਾ ਕਰਨ ਵਾਲਾ. ਵੇਸ਼ਯਾ ਨਾਲ ਗਾਉਣ ਵਜਾਉਣ ਵਾਲਾ ਸਾਥੀ। ੨. ਦੱਲਾ. ਵਿਭਚਾਰੀਆਂ ਦਾ ਦੂਤ। ੩. ਵਿ- ਨਿਰਲੱਜ. ਬੇਹਯਾ। ੪. ਦੇਖੋ, ਭਰੂਆ.

ਭੜੋਲਾ: ਸੰਗਯਾ- ਅਨਾਜ ਰੱਖਣ ਦਾ ਮਿੱਟੀ ਦਾ ਬਣਾਇਆ ਗੋਲ ਆਕਾਰ ਦਾ ਵਡਾ ਬਰਤਨ. ਇਸ ਵਿੱਚ ਬਹੁਤ ਦਾਣੇ ਪਾਕੇ ਮੂੰਹ ਬੰਦ ਕਰਦਿੰਦੇ ਹਨ ਅਤੇ ਹੇਠਲੇ ਛੇਕ ਵਿੱਚਦੀਂ ਦਾਣੇ ਕਢਦੇ ਰਹਿੰਦੇ ਹਨ। ੨. ਵਿ- ਭੜੋਲੇ ਜੇਹਾ ਮੋਟਾ. ਮਧਰਾ ਅਤੇ ਮੋਟਾ.

ਭੜੋਲੀ: ਛੋਟਾ ਭੜੋਲਾ.

ਭੜੰਗ: ਵਿ- ਭਿੜਨ ਵਾਲਾ. ਲੜਾਕਾ. "ਸਕ੍ਰੋਧੀ ਭੜੰਗੰ." (ਕਲਕੀ)

ਭਾ: ਭਾਗ ਦਾ ਸੰਖੇਪ. ਹਿੱਸਾ. "ਇੱਕ ਭਉ ਲਥੀ ਨਾਤਿਆਂ, ਦੁਇ ਭਾ ਚੜੀਅਸੁ ਹੋਰ." (ਮਃ ੧. ਵਾਰ ਸੂਹੀ) ੨. ਭਇਆ. ਹੋਇਆ. "ਨਾਨਕਦਾਸ ਤੁਮਨ ਭਾ." (ਪ੍ਰਭਾ ਮਃ ੪) ੩. ਭਾਉ. ਨਿਰਖ. ਮੁੱਲ। ੪. ਮੁਲ- ਅੱਗ. ਅਗਨਿ। ੫. ਸੰ. ਭਾ. ਧਾ- ਚਮਕਣਾ. ਸੁੰਦਰ ਦਿਖਾਈ ਦੇਣਾ। ੬. ਸੰਗਯਾ- ਚਮਕ. ਪ੍ਰਕਾਸ਼. "ਕਿ ਸਰਬਤ੍ਰ ਭਾ ਹੋ." (ਜਾਪੁ) ੭. ਸ਼ੋਭਾ. "ਜਿਹ ਭਾ ਮੁਖ ਕੀ ਸਮ ਜੋਤਿ ਸਸੀ." (ਕ੍ਰਿਸਨਾਵ) ੮. ਭਾਵ ਦਾ ਸੰਖੇਪ.

ਭਾਉ: ਸੰਗਯਾ- ਨਿਰਖ. ਮੁੱਲ। ੨. ਪ੍ਰਭਾਵ. ਅਸਰ. "ਸਿਖਸਭਾ ਦੀਖਿਆ ਕਾ ਭਾਉ." (ਆਸਾ ਮਃ ੧) "ਨਾਰਦ ਨਾਚੈ ਕਲਿ ਕਾ ਭਾਉ." (ਆਸਾ ਮਃ ੧) ੩. ਭਾਗ. ਹਿੱਸਾ. "ਸੁਤਿਆਂ ਮਿਲੈਨ ਭਾਉ." (ਸ. ਫਰੀਦ) ੪. ਸੰ. ਭਾਵ. ਹੋਂਦ. ਹੋਣਾ.

ਮੌਜੂਦਗੀ. "ਤੂ ਹਿਰਦੈ ਗੁਪਤ ਵਸਹਿ ਦਿਨ ਰਾਤੀ, ਤੇਰਾ ਭਾਉ ਨ ਬੁਝਹਿ ਗਵਾਰੀ." (ਸੋਰ ਮਃ ੪) ੫. ਦਸ਼ਾ ਹਾਲਤ "ਰਤੁਪੀਣੇ ਰਾਜੇ ਸਿਰੈ ਉਪਰਿ ਰਖੀਅਹਿ, ਏਵੈ ਜਾਪੈ ਭਾਉ." (ਮਃ ੧. ਵਾਰ ਮਾਝ) ੬. ਸ਼੍ਰੱਧਾ. ਵਿਸ਼੍ਵਾਸ. "ਅਸੰਖ ਜਪ ਅਸੰਖ ਭਾਉ." (ਜਪੁ) "ਸੁਣਿਆ ਮੰਨਿਆ ਮਨਿ ਕੀਤਾ ਭਾਉ." (ਜਪੁ) "ਜੇਹਾ ਭਾਉ ਤੇਹਾ ਫਲ ਪਾਈਐ." (ਸੋਰ ਮਃ ੩) ੭. ਸੰਕਲਪ. ਖ਼ਿਆਲ. "ਨਾ ਤਿਸੁ ਭਾਉ ਨ ਭਰਮਾ." (ਸੋਰ ਮਃ ੧) ੮. ਵਾਕ ਦਾ ਸਿੱਧਾਂਤ. ਮਤਲਬ. "ਪੜਿ ਪੜਿ ਕੀਚੈ ਭਾਉ." (ਸ੍ਰੀ ਮਃ ੧) ੯. ਪ੍ਰੇਮ. ਪਿਆਰ. "ਭਾਉ ਭਗਤਿ ਨਹੀ ਸਾਧੀ." (ਰਾਮ ਕਬੀਰ) ੧੦. ਸੰ. ਭਾ. ਚਮਕ. ਦੀਪ੍ਤਿ. "ਦਾਮਿਨੀ ਅਨੇਕ ਭਾਉ ਕਰਜੋਈ ਕਰਤ ਹੈ." (ਅਕਾਲ)

ਭਾਉ ਅਪਾਰ: ਦੇਖੋ, ਅਪਾਰਭਾਉ.

ਭਾਉ ਅਭਾਉ: ਭਾਵ ਅਤੇ ਅਭਾਵ. ਪਿਆਰ ਅਤੇ ਅਨਾਦਰ. ਮਾਨ ਅਪਮਾਨ. "ਜਉ ਲਉ ਭਾਉ ਅਭਾਉ ਇਹੁ ਮਾਨੈ, ਤਉ ਲਉ ਮਿਲਣੁ ਦੂਰਾਈ." (ਸੋਰ ਮਃ ੫) ੨. ਹੋਂਦ ਅਤੇ ਅਣਹੋਂਦ.

ਭਾਉਣਾ: ਕ੍ਰਿ- ਪਿਆਰਾ ਲੱਗਣਾ. ਭਾਵ- ਆਉਣਾ। ੨. ਦੇਖੋ, ਭਾਵਨਾ.

ਭਾਉਣੀ: ਦੇਖੋ, ਭਾਵਨਾ ਅਤੇ ਭਾਵਨੀ.

ਭਾਉਦੂਜਾ: ਦੇਖੋ, ਦੂਜਾਭਾਉ.

ਭਾਊ: ਦੂਜੇ ਦਰਜੇ ਦੇ ਰਾਜਪੂਤਾਂ ਦੀ ਇੱਕ ਜਾਤਿ। ੨. ਭਾਊ ਜਾਤਿ ਦਾ ਇੱਕ ਯੋਧਾ, ਜਿਸ ਦਾ ਘੇਰੜ ਵਾਂਙ ਨਾਮ ਨਾ ਲਿਖਕੇ, ਕੇਵਲ ਗੋਤ੍ਰਨਾਮ ਲਿਖਿਆ ਹੈ. "ਭਾਊ ਸਿੰਘ ਤਹਾਂ ਬਹੁ ਮਾਰੇ." (ਗੁਪ੍ਰਸੂ) ੩. ਭਾਈ. ਭ੍ਰਾਤਾ। ੪. ਭਾਈ ਨੂੰ ਸੰਬੋਧਨ. ਹੇ ਭਰਾ! ੫. ਭਾਵੇਗਾ.

ਭਾਇ: ਸੰਗਯਾ- ਭਾਵ. ਵਿਚਾਰ. ਖ਼ਿਆਲ. "ਊਜਰੁ ਮੇਰੈ ਭਾਇ." (ਸ. ਕਬੀਰ) ਮੇਰੇ ਖ਼ਿਆਲ ਵਿੱਚ ਉੱਜੜ ਹੈ। ੨. ਭਾਗ. ਹਿੱਸਾ. "ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ." (ਸ. ਕਬੀਰ) ੩. भ्रातृ- ਭ੍ਰਾਤਾ. ਭਾਈ. "ਦੂਸਰ ਭਾਇ ਹੁਤੋ ਜੋ ਏਕਾ." (ਗਯਾਨ) ੪. ਭਾਵ. ਮਨ ਦੇ ਖ਼ਿਆਲ ਨੂੰ ਅੰਗਾਂ ਦ੍ਵਾਰਾ ਪ੍ਰਗਟ ਕਰਨ ਦੀ ਕ੍ਰਿਯਾ. "ਹਾਇ ਭਾਇ ਬਹੁ ਭਾਂਤ ਦਿਖਾਏ." (ਚਰਿਤ੍ਰ ੧੬) ਹਾਵ ਭਾਵ ਦਿਖਾਏ. ਦੇਖੋ, ਹਾਵ ਅਤੇ ਭਾਵ। ੫. ਭਾਵ. ਪ੍ਰੇਮ. "ਭਾਇ ਭਗਤਿ ਪ੍ਰਭਕੀਰਤਨਿ ਲਾਗੈ." (ਗੌਂਡ ਮਃ ੫) ੬. ਸਨਮਾਨ. ਆਦਰ. ਪ੍ਰਤਿਸ਼੍ਠਾ. "ਏਕ ਭਾਇ ਦੇਖਉ ਸਭ ਨਾਰੀ." (ਗਉ ਕਬੀਰ) ੭. ਮਰਜੀ. ਆਸ਼ਯ. "ਚਰਣੀ ਲਗਾ, ਚਲਾ ਤਿਨ ਕੈ ਭਾਇ." (ਸ੍ਰੀ ਮਃ ੩) ੮. ਰੰਗ, ਵਰਣ. ਭਾਹ. "ਚੂਨਾ ਊਜਲ ਭਾਇ." (ਸ. ਕਬੀਰ) ੯. ਪ੍ਰਕਾਰ. ਢੰਗ. ਵਾਂਙ. ਤਰਹਿ. "ਅਟਕਤ ਭਈ ਕੰਜ ਭਵਰ ਕੇ ਭਾਇ." (ਚਰਿਤ੍ਰ ੨) ੧੦. ਹਾਲਤ. ਦਸ਼ਾ. "ਨਾ ਓਹੁ ਬਢੈ ਨ ਘਟਤਾਜਾਇ। ਅਕੁਲ ਨਿਰੰਜਨ ਏਕੈ ਭਾਇ।" (ਗਉ ਕਬੀਰ) ੧੧. ਸਿੱਧਾਂਤ. ਤਤ੍ਵ. "ਮੇਰੀ ਸਖੀ ਸਹੇਲੀ, ਸੁਨਹੁ ਭਾਇ." (ਬਸੰ ਮਃ ੧) ੧੨. ਪ੍ਰਤ੍ਯ- ਤਾ- ਤ੍ਵ ਪਨ. "ਦਾਸ ਦਸੰਤਣਭਾਇ ਤਿਨਿ ਪਾਇਆ." (ਸੁਖਮਨੀ) ਦਾਸਾਂ ਦਾ ਦਾਸਤ੍ਵਪਨ. ਦਾਸਾਨ ਦਾਸਤ੍ਵਭਾਵ.

ਭਾਇਓ: ਪਸੰਦ ਆਇਆ. ਦੇਖੋ, ਭਾਉਣਾ। ੨. ਭਯੋ. ਹੋਇਆ. "ਛਲਿਓ ਬਲਿ ਬਾਵਨ ਭਾਇਓ." (ਸਵੈਯੇ ਮਃ ੧. ਕੇ)

ਭਾਇਸੁਭਾਇ: ਸ੍ਵਾਭਾਵਿਕ ਭਾਵ. ਕੁਦਰਤੀ ਨਿਯਮ.

ਭਾਇ ਸੁਭਾਈ: ਕ੍ਰਿ. ਵਿ- ਸ੍ਵਾਭਾਵਿਕਭਾਵ ਕਰਕੇ. ਕੁਦਰਤੀ ਤੌਰ ਪੁਰ. "ਜੈਸੇ ਬਾਲਕ ਭਾਇਸੁਭਾਈ, ਲਖ ਅਪਰਾਧ ਕਮਾਵੈ." (ਸੋਰ ਮਃ ੫)

ਭਾਇਪ: ਭਾਈਪਨ. ਭ੍ਰਾਤ੍ਰਿਭਾਵ.

ਭਾਇਰ: ਡਿੰਗ. ਭ੍ਰਾਤਾ. ਭਾਈ. "ਭਾਇਰ ਬਾਪ ਨ ਮਾਉ." (ਮਾਰੂ ਅਃ ਮਃ ੧) ੨. ਸੰ. ਭਾਵਰੁਹ. ਵਿ- ਪ੍ਰੇਮ ਤੋਂ ਪ੍ਰਗਟ ਹੋਣ ਵਾਲਾ। ੩. ਸੰਗਯਾ- ਕਰਤਾਰ. "ਏਕੋ ਸਿਮਰਹੁ ਭਾਇਰਹੁ." (ਮਃ ੩. ਵਾਰ ਮਾਰੂ ੧) ੪. ਆਤਮਗਯਾਨ. "ਤਿਸੈ ਪਰਾਪਤਿ

ਭਾਇਰਹੁ ਜਿਸੁ ਦੇਇ ਬਿਧਾਤਾ." (ਮਃ ੫. ਵਾਰ ਗਉ ੨) ੫. ਸੰ. ਭਾਸ੍ਵਰ. ਚਮਕੀਲਾ. ਰੌਸ਼ਨ.

ਭਾਇਰਾ: ਭਾਈ. ਭ੍ਰਾਤਾ. "ਮਾ ਪਿਉ ਭੈਣਾ ਭਾਇਰਾ." (ਭਾਗੁ) "ਸਤਿਗੁਰੁ ਨੋ ਮਿਲੇ ਸਿ ਭਾਇਰਾ ਸਚੈਸਬਦਿ ਲਗੰਨਿ." (ਸੂਹੀ ਅਃ ਮਃ ੩) ੨. ਦੇਖੋ, ਭਾਇਰ ੫.

ਭਾਇੜਾ: ਦੇਖੋ, ਭਾਂਜੜਾ। ੨. ਪਸੰਦ ਆਇਆ ਹੋਇਆ. ਭਾਇਆ ਹੋਇਆ.

ਭਾਈ: ਪਸੰਦ ਆਈ. ਦੇਖੋ, ਭਾਉਣਾ. "ਸਾਈ ਸੋਹਾਗਣਿ, ਜੋ ਪ੍ਰਭੁ ਭਾਈ." (ਆਸਾ ਮਃ ੫) "ਸਤਿਗੁਰ ਕੀ ਸੇਵਾ ਭਾਈ." (ਮਾਰੂ ਸੋਲਹੇ ਮਃ ੪) ੨. ਭ੍ਰਾਤਾ. "ਹਰਿਰਸ ਪੀਵਹੁ ਭ਼ਾਈ." (ਸੋਰ ਮਃ ੫) ੩. ਸਿੱਖਾਂ ਵਿੱਚ ਇੱਕ ਉੱਚ ਪਦਵੀ, ਜੋ ਭ੍ਰਾਤ੍ਰਿਭਾਵ ਪ੍ਰਗਟ ਕਰਦੀ ਹੈ. ਗੁਰੂ ਨਾਨਕਦੇਵ ਨੇ ਸਭ ਤੋਂ ਪਹਿਲਾਂ ਇਹ ਪਦਵੀ ਭਾਈ ਮਰਦਾਨੇ ਅਤੇ ਬਾਲੇ ਨੂੰ ਦਿੱਤੀ. ਸ਼੍ਰੀ ਗੁਰੂ ਗੋਬਿੰਦਸਿੰਘ ਜੀ ਤਕ ਜੋ ਮੁਖੀਏ ਸਿੱਖ ਹੋਏ ਸਭ ਨੂੰ ਭਾਈ ਪਦਵੀ ਮਿਲਦੀ ਰਹੀ, ਜੈਸੇ- ਭਾਈ ਬੁੱਢਾ, ਭਾਈ ਗੁਰਦਾਸ, ਭਾਈ ਰੂਪਚੰਦ, ਭਾਈ ਨੰਦਲਾਲ ਆਦਿ. ਕਲਗੀਧਰ ਨੇ ਜੋ ਹੁਕਮਨਾਮਾ ਬਾਬਾ ਫੂਲ ਦੇ ਸੁਪੁਤ੍ਰਾਂ ਨੂੰ ਲਿਖਿਆ ਹੈ, ਉਸ ਵਿੱਚ ਭੀ ਭਾਈ ਤਿਲੋਕਾ, ਭਾਈ ਰਾਮਾ ਕਰਕੇ ਸੰਬੋਧਨ ਕੀਤਾ ਹੈ। ੪. ਸ਼੍ਰੀ ਗੁਰੂ ਗ੍ਰੰਥਸਾਹਿਬ ਦੀ ਕਥਾ ਅਕੇ ਪਾਠ ਕਰਨ ਵਾਲਾ ਮੰਦਿਰ ਦਾ ਸੇਵਕ, ਅਥਵਾ ਧਰਮਸਾਲੀਆ। ੫. ਸੰ. ਭਵਜ. ਪਿਆਰਾ. "ਰਾਖਿਲੈਹੁ ਭਾਈ ਮੇਰੇ ਕਉ." (ਸੋਰ ਮਃ ੫) ਪਿਆਰੇ ਹਰਿਗੋਬਿੰਦ ਜੀ ਦੀ ਰਖਯਾ ਕਰੋ.

ਭਾਈਅੜਾ: ਭ੍ਰਾਤ੍ਰਿਭਾਵ ਧਾਰਨ ਵਾਲਾ. ਗੁਰਭਾਈ. "ਇਤੁ ਮਾਰਗਿ ਚਲੇ ਭਾਈਅੜੇ." (ਸੂਹੀ ਮਃ ੫. ਗੁਣਵੰਤੀ)

ਭਾਈਕਾ, ਭਾਈਕੇ: ਵਿ- ਭਾਈ ਪਦਵੀ ਮਿਲੀ ਹੈ ਜਿਸ ਨੂੰ, ਉਸ ਦੀ ਵੰਸ਼ ਵਿੱਚ ਹੋਣ ਵਾਲਾ, ਵਾਲੇ. ਖ਼ਾਸ ਕਰਕੇ ਇਹ ਪਦਵੀ ਭਾਈ ਭਗਤੂ, ਭਾਈ ਬਹਿਲੋ, ਭਾਈ ਰੂਪਚੰਦ ਦੀ ਵੰਸ਼ ਲਈ ਹੈ.

ਭਾਈ ਕੇ ਮੱਟੂ: ਦੇਖੋ, ਖਾਰਾਸਾਹਿਬ.

ਭਾਈਚਾਰਾ: ਸੰਗਯਾ- ਬਿਰਾਦਰੀ. ਭਾਈਆਂ ਦਾ ਸਮਾਜ। ੨. ਭਾਈਆਂ ਨਾਲ ਵਰਤੋਂ.

ਭਾਈਜਾ: ਭ੍ਰਾਤ੍ਰਿਜ. ਸੰਗਯਾ- ਭਾਈ ਦਾ ਬੇਟਾ. ਭਤੀਜਾ। ੨. ਵਿ- ਭਾਵ- ਜ. ਪ੍ਰੇਮ ਤੋਂ ਪੈਦਾ ਹੋਇਆ। ੩. ਭਾਇਆ. ਪਸੰਦ ਆਇਆ.

ਭਾਈ ਦਾ ਕੋਟ: ਦੇਖੋ, ਕੋਟਭਾਈ.

ਭਾਈਦੂਜ: ਕੱਤਕ ਸੁਦੀ ਦੂਜ. ਭ੍ਰਾਤ੍ਰਿਦ੍ਵਿਤੀਯਾ. ਹਿੰਦੂਆਂ ਵਿੱਚ ਰੀਤਿ ਹੈ ਕਿ ਇਸ ਦਿਨ ਯਮ ਅਤੇ ਚਿਤ੍ਰਗੁਪਤ ਦਾ ਪੂਜਨ ਕੀਤਾ ਜਾਂਦਾ ਹੈ. ਅਰ ਕਨ੍ਯਾ ਵ੍ਰਤ ਰਖਦੀ ਅਤੇ ਆਪਣੇ ਭਾਈ ਦੇ ਮੱਥੇ ਟਿੱਕਾ ਕੱਢਕੇ ਭੋਜਨ ਕਰਦੀ ਹੈ.[926] ਚਿਤ੍ਰਗੁਪਤ ਨੂੰ ਆਪਣਾ ਵਡੇਰਾ ਮੰਨਣ ਵਾਲੇ ਕਾਇਥ (ਕਾਯਸ੍ਥ) ਇਸ ਤਿਥਿ ਨੂੰ ਮਹਾਨ ਪਰਵ ਸਮਝਦੇ ਹਨ, ਅਤੇ ਇਸ ਦਿਨ ਕਲਮ ਦਵਾਤ ਆਪੋਵਿੱਚੀ ਵੰਡਦੇ ਹਨ. ਦੇਖੋ, ਯਮਦੂਜ.

ਭਾਈ ਫੇਰੂ: ਦੇਖੋ, ਫੇਰੂ ੩.

ਭਾਈ ਬਹਿਲੋ: ਦੇਖੋ, ਬਹਿਲੋ ਭਾਈ.

ਭਾਈ ਬਹਿਲੋਲ: ਦੇਖੋ, ਬਹਿਲੋਲ ਭਾਈ.

ਭਾਈਰੂਪਾ: ਰਿਆਸਤ ਨਾਭਾ, ਨਜਾਮਤ ਫੂਲ, ਥਾਨਾ ਦਯਾਲਪੁਰਾ ਵਿੱਚ ਇੱਕ ਪਿੰਡ, ਜੋ ਰਾਮਪੁਰਾਫੂਲ ਰੇਲਵੇ ਸਟੇਸ਼ਨ ਤੋਂ ੧੧. ਮੀਲ ਉੱਤਰ ਹੈ. ਇਸ ਗ੍ਰਾਮ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਮਹੰਤ ਭਾਈਰੂਪਚੰਦ ਜੀ ਦੀ

[926] ਪੁਰਾਣ ਕਥਾ ਹੈ ਕਿ ਇਸ ਦਿਨ ਯਮ ਨੇ ਆਪਣੀ ਭੈਣ ਯਮੁਨਾ ਦੇ ਘਰ ਭੋਜਨ ਕੀਤਾ ਸੀ.

ਸੰਤਾਨ ਹੈ. ਲੰਗਰ ਦੇ ਨਾਮ ਰਿਆਸਤ ਵੱਲੋਂ ਮੁਆਫੀ ਹੈ. ਮਾਘੀ ਅਤੇ ਵੈਸਾਖੀ ਨੂੰ ਮੇਲਾ ਹੁੰਦਾ ਹੈ. ਭਾਈਰੂਪੇ ਦਾ ਵਿਸ਼ੇਸ਼. ਨਿਰਣਾ ਦੇਖੋ, "ਰੂਪਚੰਦ ਭਾਈ." ਸ਼ਬਦ ਵਿੱਚ.

ਭਾਏ: ਪਸੰਦ ਆਏ. ਪਿਆਰੇ ਲੱਗੇ। ੨. ਕ੍ਰਿ. ਵਿ- ਭਾਵ (ਮਨਸ਼ਾ) ਮੁਤਾਬਿਕ. ਮਰਜੀ ਅਨੁਸਾਰ. "ਤੂ ਚਲੁ ਗੁਰ ਕੈ ਭਾਏ." (ਵਡ ਛੰਤ ਮਃ ੩)

ਭਾਸ: ਸੰ. ਭਾਸ੍. ਧਾ- ਚਮਕਣਾ, ਦਿਖਾਈ ਦੇਣਾ। ੨. ਸੰ. ਭਾਸ਼੍- ਭਾਸ਼੍. ਧਾ- ਬੋਲਣਾ। ੩. ਸੰ. ਭਾਸ. ਸੰਗਜਾ- ਚਮਕ. ਪ੍ਰਕਾਸ਼। ੪. ਵਿ- ਪ੍ਰਗਟ, ਰੌਸ਼ਨ. "ਹੋਵਤ ਪੁਰਾਣ ਤੇ ਨਾਮ ਭਾਸ." (ਮਨੁਰਾਜ) ੫. ਦੇਖੋ, ਭਾਸਜ.

ਭਾਸਕ: ਸੰ. ਵਿ- ਪ੍ਰਕਾਸ਼ਕ। ੨. ਭਾਸ਼ਕ. ਬੋਲਣ ਵਾਲਾ. ਵਕਤਾ.

ਭਾਸਕਰ: ਸੰ. ਭਾਸ੍ਕਰ. ਸੰਗਜਾ- ਪ੍ਰਕਾਸ਼ ਕਰਨ ਵਾਲਾ, ਸੂਰਜ। ੨. ਅਗਨਿ। ੩. ਸੁਵਰਨ. ਸੋਨਾ। ੪. ਵੀਰ. ਬਹਾਦੁਰ ਪੁਰਖ. "ਤਾਹਿ ਬਰਾਬਰ ਭਾਸਕਰ ਯੁੱਧ ਸਮੇ ਮੋ ਨਾਹਿ." (ਚਰਿਤ੍ਰ ੧੪੧)

ਭਾਸਕਾਰ: ਵਿ- ਭਾਸ (ਪ੍ਰਕਾਸ਼) ਕਰਨ ਵਾਲਾ। ੨. ਸੰ. ਭਾਸ਼੍ਯਕਾਰ. ਗ੍ਰੰਥ ਦੀ ਟੀਕਾ ਕਰਨ ਵਾਲਾ. ਵ੍ਯਾਖ੍ਯਾ ਕਰਤਾ.

ਭਾਸਣ: ਦੇਖੋ, ਭਾਸਨ ਅਤੇ ਭਾਖਣ.

ਭਾਸਨ: ਸੰ. ਸੰਗਜਾ- ਚਮਕਣ ਦਾ ਭਾਵ. ਪ੍ਰਕਾਸ਼ਣਾ। ੨. ਦੇਖੋ, ਭਾਖਣ.

ਭਾਸਾ: ਦੇਖੋ, ਭਾਖਾ.

ਭਾਸਾਸਮਕ, ਭਾਸਾਚਿਤ੍ਰ: ਦੇਖੋ, ਚਿਤ੍ਰ ਦਾ ਅੰਗ (ਹ).

ਭਾਸਿਤ: ਵਿ- ਪ੍ਰਕਾਸ਼ਿਤ। ੨. ਭਾਸ਼ਿਤ. ਕਿਹਾ ਹੋਇਆ.

ਭਾਸੀ: ਪ੍ਰਕਾਸ਼ੀ. ਚਮਕੀ. ਦੇਖੋ, ਭਾਸ। ੨. ਸੰ. भाषिन- ਭਾਸ਼ੀ. ਕਹਿਣ ਵਾਲਾ। ੩. ਸੰ. भासिन्. ਚਮਕਣ ਵਾਲਾ.

ਭਾਸੁ: ਦੇਖੋ, ਭਾਸ। ੨. ਸੰ. ਸੂਰਯ. ਪ੍ਰਭਾਕਰ.

ਭਾਸੈ: ਪ੍ਰਕਾਸ਼ੈ, "ਗੁਰੁਤਾ ਭਾਸੈ ਬਿਦਿਤ ਜਗ." (ਗੁਪ੍ਰਸੂ) ਦੇਖੋ, ਭਾਸ.

ਭਾਸਜ: ਸੰ. ਭਾਸ਼੍ਯ. ਸੰਗਜਾ- ਉਹ ਟੀਕਾਰੂਪ ਗ੍ਰੰਥ, ਜਿਸ ਵਿੱਚ ਕਿਸੇ ਸੂਤ੍ਰ ਆਦਿ ਵਾਕਾਂ ਦਾ ਖੋਲ੍ਹਕੇ ਅਰਥ ਲਿਖਿਆ ਜਾਵੇ। ੨. ਵਿਸ੍ਤਾਰ ਸਹਿਤ ਕੀਤੀ ਵ੍ਯਾਖ੍ਯਾ। ੩. ਭਾਸ੍ਯ. ਪ੍ਰਕਾਸ਼ਣ ਯੋਗ੍ਯ। ੪. ਪ੍ਰਗਟ ਕਰਨ ਲਾਇਕ.

ਭਾਸ੍ਵਰ: ਸੰ. ਵਿ- ਚਮਕੀਲਾ. ਦੇਖੋ, ਭਾਸ। ੨. ਸੰਗਜਾ- ਸੂਰਜ. ਪ੍ਰਭਾਕਰ। ੩. ਅਗਨਿ.

ਭਾਹ, ਭਾਹੜੀ, ਭਾਹਿ, ਭਾਹੀ: ਸਿੰਧੀ. ਬਾਹਿ. ਸੰ. ਵਹ੍ਨਿ. ਸੰਗਜਾ- ਅਗਨਿ ਅੱਗ. "ਦੁਰਜਨ ਤੂੰ ਜਲੁ ਭਾਹੜੀ." (ਮਃ ੫. ਵਾਰ ਮਾਰੂ ੨) " ਭਾਹਿ ਨ ਜਾਲੈ, ਜਲਿ ਨਹੀ ਡੂਬੈ." ( ਆਸਾ ਮਃ ੫) "ਭਾਹਿ ਬਲੰਦੀ ਬਿਝਵੀ, ਧੂਉ ਨ ਨਿਕਸਿਓ ਕਾਇ." (ਸ੍ਰੀ ਮਃ ੧) "ਭਾਹੀ ਸੇਤੀ ਜਾਲੇ." (ਸਵਾ ਮਃ ੫) ੨. ਭੋ (ਭੂਸਾ) ਲਈ ਭੀ ਭਾਹਿ ਸ਼ਬਦ ਆਇਆ ਹੈ. "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ." (ਵਾਰ ਆਸਾ) ਭੋ (ਭੂਸੇ) ਨਾਲ ਭਰੀਆਂ ਲੋਥਾਂ ਹਨ.

ਭਾਕ: ਭਾਵਕ ਦਾ ਸੰਖੇਪ. ਦੇਖੋ, ਭਾਵਕ ਅਤੇ ਭਾਵੁਕ.

ਭਾਖ: ਸੰ. ਭਕ੍ਸ਼. ਖਾਣ ਦੀ ਕ੍ਰਿਯਾ. ਖਾਨਪਾਨ. "ਬਹੁ ਜੋਨੀ ਦੁਰਗੰਧ ਭਾਖੁ." (ਮਾਰੂ ਮਃ ੪) "ਭਾਖਿਲੇ ਪੰਚੈ ਹੋਇ ਸਬੂਰੀ." (ਭੈਰ ਕਬੀਰ) ਪੰਜ ਵਿਕਾਰਾਂ ਨੂੰ ਭਕ੍ਸ਼ਣ ਕਰਲੈ। ੨. ਭਾਸ਼ਣ. ਕਥਨ. ਦੇਖੋ, ਭਾਸ ੨. "ਕਹੁ ਕਬੀਰ ਅਖਰ ਦੁਇ ਭਾਖਿ." (ਗਉ ਕਬੀਰ) ੩. ਭਾਸ਼ਾ. ਬੋਲੀ. "ਭਾਖ ਸੁਭਾਖ ਵਿਚਾਰ ਨ ਛਿੱਕ ਮਨਾਇਆ." (ਭਾਗੁ) ੪. ਭਾਸ਼੍ਯ. ਵ੍ਯਾਖ੍ਯਾ. ਟੀਕਾ ਸੂਤ੍ਰਾਂ ਤੇ

ਕੀਤੀ ਵ੍ਯਾਖ੍ਯਾ. "ਕਹੂੰ ਭਾਖ ਬਾਚੈਂ, ਕਹੂੰ ਕੌਮਦੀਸੰ." (ਗ੍ਯਾਨ) ਕਿਤੇ ਪਤੰਜਲਿ ਦਾ ਮਹਾਭਾਸ਼੍ਯ ਪੜ੍ਹਦੇ ਹਨ ਅਤੇ ਕਿਤੇ ਕੌਮੁਦੀ ਨੂੰ ਪੜ੍ਹਦੇ ਹਨ.

ਭਾਖਣ: ਸੰ. ਭਾਸ਼ਣ. ਸੰਗ੍ਯਾ- ਕਥਨ. ਬੋਲਣਾ.

ਭਾਖਨ: ਬਿਆਨ ਕਰਨਾ। ੨. ਵ੍ਯਾਖ੍ਯਾਨ. ਲੈਕ੍ਚਰ.

ਭਾਖਾ: ਸੰ. ਭਾਸ਼ਾ. ਸੰਗ੍ਯਾ- ਬੋਲੀ. ਵਾਣੀ। ੨. ਉਹ ਬੋਲੀ, ਜੋ ਦੇਸ਼ ਵਿੱਚ ਵਰਤੀ ਜਾਵੇ. ਦੇਸ਼ ਭਾਸ਼ਾ. "ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ." (ਕ੍ਰਿਸਨਾਵ)

ਭਾਖਾ ਸੁਣਨੀ, ਭਾਖਾ ਸੁਨਨਾ: ਕ੍ਰਿ- ਵੇਸ਼ ਬਦਲਕੇ ਰਾਤ੍ਰਿ ਦੇ ਸਮੇਂ ਲੋਕਾਂ ਦੇ ਜ਼ਾਤੀ ਮੁਆਮਲਿਆਂ, ਅਥਵਾ ਰਾਜ ਦੇ ਪ੍ਰਬੰਧ ਸੰਬੰਧੀ ਬਾਤਾਂ ਸੁਣਨੀਆਂ ਜਿਸ ਤੋਂ ਅਸਲ ਹਾਲ ਮਲੂਮ ਹੋਸਕੇ. "ਭਾਖਾ ਸੁਨਨ ਸਭਿਨ ਕੀ ਕਾਜਾ। ਅਤਿਥਿ ਭੇਖ ਕਰ ਨਿਕਸ੍ਯੋ ਰਾਜਾ ॥" (ਚਰਿਤ੍ਰ ੩੧੪) ਦੇਖੋ, ਵੀਰਯਾਤ੍ਰਾ.

ਭਾਖਾ ਪਿੰਗਲ ਦੀ ਸੁੰਦਰੀ: ਸੰਸਕ੍ਰਿਤ ਗ੍ਰੰਥਾਂ ਵਿੱਚ ਜੋ ਸੁੰਦਰੀ ਛੰਦ ਦੇ ਨਿਯਮ ਲਿਖੇ ਹਨ, ਉਨ੍ਹਾਂ ਤੋਂ ਭਿੰਨ, ਹਿੰਦੀਭਾਸ਼ਾ ਦੇ ਪਿੰਗਲ ਅਨੁਸਾਰ ਸੁੰਦਰੀ ਛੰਦ, ਅਰਥਾਤ ਪ੍ਰਤਿ ਚਰਣ ੧੬. ਮਾਤ੍ਰਾ, ਅੰਤ ਮਗਣ. ਦੇਖੋ, ਸੁੰਦਰੀ (ੲ).

ਭਾਖਿ: ਭਾਸ਼ਣ ਕਰਕੇ. ਆਖਕੇ। ੨. ਭਾਖਣ ਦਾ ਅਮਰ. ਕਹੁ. ਆਖ. "ਅਖਰ ਦੁਇ ਭਾਖਿ." (ਗਉ ਕਬੀਰ)

ਭਾਖਿਆ: ਭਾਸ਼ਣ (ਕਥਨ) ਕੀਤਾ. "ਸਾਚੈ ਸ਼ਬਦਿ ਸੁਭਾਖਿਆ." (ਵਡ ਛੰਤ ਮਃ ੩) ੨. ਭਾਸ਼ਾ. ਬੋਲੀ. "ਕਹੂੰ ਦੇਸਭਾਖਿਆ." (ਅਕਾਲ) ੩. ਭਕ੍ਸ਼ਣ ਕੀਤਾ. ਖਾਧਾ. "ਸਚੁ ਭੋਜਨੁ ਭਾਖਿਆ." (ਮਾਰੂ ਅਃ ਮਃ ੧)

ਭਾਖਿਲੇ: ਖਾਲੈ. ਦੇਖੋ, ਭਾਖ ੧.

ਭਾਖੀ: ਭਾਸ਼ਣ (ਕਥਨ) ਕੀਤੀ. "ਬਿਨੁ ਗੁਰੁ ਪੂਰੇ ਕਿਨੈ ਨ ਭਾਖੀ." (ਮਾਰੂ ਸੋਲਹੇ ਮਃ ੧) ੨. ਭਕ੍ਸ਼ਣ ਕੀਤੀ. ਖਾਧੀ। ੩. ਭਖੀ. ਗਰਮਹੋਈ. "ਚਲੀ ਬੰਦੂਕੈਂ ਭਾਖੀ." (ਚਰਿਤ੍ਰ ੩੩੧) ੪. ਪੋਠੋਹਾਰ ਵਿੱਚ ਭਾਖੀ ਦਾ ਅਰਥ ਜਾਣਨਾ ਹੈ. ਇਸ ਅਨੁਸਾਰ ਨੰ. ੧. ਦੇ ਉਦਾਹਰਣ ਦਾ ਅਰਥ ਹੋਊ- ਪੂਰੇ ਗੁਰੂ ਬਿਨਾ ਕਿਸੇ ਨੇ ਨਹੀਂ ਜਾਣੀ.

ਭਾਖੀਅਲੇ, ਭਾਖੀਲੇ: ਦੇਖੋ, ਤਤਸਾਰਖਾ.

ਭਾਖੁ: ਦੇਖੋ, ਭਾਖ। ੨. ਦੇਖੋ, ਭਾਸ੍ਯ। ੩. ਦੇਖੋ, ਭਕ੍ਸ਼੍ਯ.

ਭਾਖੇ: ਭਾਸ਼ਣ ਕਰੇ. ਆਖੇ। ੨. ਭਾਸ਼ਾ. ਬੋਲੀ. "ਸਭਹੁ ਨਿਰਾਰੀ ਭਾਖੇ." (ਰਾਮ ਮਃ ੫) ਨਿਰਾਲੀ (ਭਿੰਨ) ਭਾਸ਼ਾ। ੩. ਭਕ੍ਸ਼ਣ ਕੀਤੇ. ਖਾਧੇ। ੪. ਜਾਣੇ. ਸਮਝੇ. ਦੇਖੋ, ਭਾਖੀ ੪.

ਭਾਖੰਤ: ਭਾਸ਼ਣ ਕਰੰਤ. ਕਥੰਤ। ੨. ਭਕ੍ਸ਼ਣ ਕਰੰਤ. "ਲਾਗੰਤ ਬਾਣ ਭਾਖੰਤ ਮਾਸ." (ਕਲਕੀ)

ਭਾਖ੍ਯ: ਦੇਖੋ, ਭਾਸ੍ਯ. "ਸੁ ਭਾਖ੍ਯ ਕੌਮੁਦੀ ਪੜ੍ਹੈਂ" (ਬ੍ਰਹਮਾਵ)

ਭਾਗ: ਦੇਖੋ, ਭਾਗਨਾ. "ਦੂਰਹੁ ਹੀ ਤੇ ਭਾਗਿਗਇਓ ਹੈ." (ਦੇਵ ਮਃ ੫) ੨. (ਦੇਖੋ, ਭਜ੍ ਧਾ) ਸੰ. ਸੰਗ੍ਯਾ- ਹਿੱਸਾ. ਟੁਕੜਾ. ਖੰਡ. "ਚਤੁਰ ਭਾਗ ਕਰਜੋ ਤਿਸੈ." (ਰਾਮਾਵ) ੩. ਭਾਗ੍ਯ. ਕਿਸਮਤ. "ਭਲੇ ਭਾਗ ਜਾਗੇ." (ਗੁਪ੍ਰਸੂ) ੪. ਦੇਸ਼. ਮੁਲਕ "ਹੋਇ ਆਨੰਦ ਸਗਲ ਭਾਗ." (ਮਲਾ ਪੜਤਾਲ ਮਃ ੫)

ਭਾਂਗ: ਸੰ. ਭੰਗਾ- ਭੰਗਾ. ਸੰਗ੍ਯਾ- ਭੰਗ. ਇੱਕ ਬੂਟੀ, ਜਿਸ ਵਿੱਚ ਨਸ਼ਾ ਹੈ. ਦੇਖੋ, ਭੰਗਾ. "ਭਉ ਤੇਰਾ ਭਾਂਗ, ਖਲੜੀ ਮੇਰਾ ਚੀਤੁ." (ਤਿਲੰ ਮਃ ੧)

ਭਾਗਉਤ: ਸੰ. ਭਾਗਵਤ. ਵਿ- ਭਗਵਾਨ ਸੰਬੰਧੀ.

ਭਾਗਉਤੁ: "ਭਗਤਿ ਭਾਗਉਤੁ ਲਿਖੀਐ ਤਿਹ ਊਪਰੇ." (ਮਲਾ ਰਵਿਦਾਸ) ੨. ਸੰਗਯਾ- ਵ੍ਯਾਸ ਕ੍ਰਿਤ ਇੱਕ ਪੁਰਾਣ, ਜਿਸ ਦੇ ੧੨. ਸਕੰਧ, ੩੧੨ ਅਧ੍ਯਾਯ ਅਤੇ ੧੮੦੦੦ ਸ਼ਲੋਕ ਹਨ. ਦੇਖੋ, ਪੁਰਾਣ. "ਦਸਮਕਥਾ ਭਾਗਉਤ ਕੀ ਭਾਖਾ ਕਰੀ ਬਨਾਇ." (ਕ੍ਰਿਸਨਾਵ)

ਭਾਗਸਿੰਘ: ਰਾਜਾ ਗਜਪਤਿਸਿੰਘ ਜੀਂਦਪਤਿ ਦਾ ਦੂਜਾ ਪੁਤ੍ਰ, ਜੋ ਸਨ ੧੭੮੯ ਵਿੱਚ ਇੱਕੀ ਵਰ੍ਹੇ ਦੀ ਉਮਰ ਵਿੱਚ ਜੀਂਦ ਦੀ ਗੱਦੀ ਤੇ ਬੈਠਾ. ਇਸ ਨੇ ਸਨ ੧੮੦੩ ਵਿੱਚ ਬਰਤਾਨੀਆਂ ਸਰਕਾਰ ਨਾਲ ਮਿਤ੍ਰਤਾ ਗੰਢੀ ਅਤੇ ਲਾਰਡ ਲੇਕ Lake ਨੂੰ ਭਾਰੀ ਸਹਾਇਤਾ ਦਿੱਤੀ. ਰਾਜਾ ਭਾਗਸਿੰਘ ਬਹੁਤ ਚਤੁਰ ਅਤੇ ਨੀਤਿਗ੍ਯਾਤਾ ਸੀ. ਇਹ ਬਹੁਤ ਚਿਰ ਅਧਰੰਗ ਨਾਲ ਰੋਗੀ ਰਹਿਕੇ ਸਨ ੧੮੧੯ ਵਿੱਚ ਪਰਲੋਕ ਸਿਧਾਰਿਆ. ਦੇਖੋ, ਜੀਂਦ। ੨. ਦੇਖੋ, ਕਪੂਰਥਲਾ.

ਭਾਗਸੁਧਾ: ਵਿ- ਭਾਗਧੇਯ. ਭਾਗ੍ਯਵਾਨ. ਖ਼ੁਸ਼ਨਸੀਬ. "ਓਹ ਧਨੁ ਭਾਗਸੁਧਾ, ਜਿਨਿ ਪ੍ਰਭੁ ਲਧਾ." (ਸੂਹੀ ਛੰਤ ਮਃ ੫)

ਭਾਗਕੌਰ: ਦੇਖੋ, ਭਾਗੋਮਾਈ.

ਭਾਗਠ, ਭਾਗਠੜਾ, ਭਾਗਠਿ, ਭਾਗਠੁ: ਵਿ- ਇਸ਼੍ਟ- ਭਾਗ੍ਯ- ਵਾਲਾ. ਖ਼ੁਸ਼ਨਸੀਬ. ਭਾਗ੍ਯਵਾਨ. "ਸੋ ਘਰ ਭਾਗਠ ਦੇਖੁ." (ਸੋਰ ਮਃ ੧) ਭਾਗਠੜੇ ਹਰਿ ਸੰਤ ਤੁਮਾਰੇ." (ਸੂਹੀ ਮਃ ੫) "ਭਾਗਠਿ ਗ੍ਰਿਹਿ ਪੜੈ ਨਿਤ ਪੋਥੀ." (ਰਾਮ ਮਃ ੫) "ਭਾਗਠੁ ਸਾਚਾ ਸੋਇ ਹੈ. ਜਿਸੁ ਹਰਿ ਧਨੁ ਅੰਤਰਿ." (ਆਸਾ ਮਃ ੫)

ਭਾਗਣ: ਦੇਖੋ, ਮਹਾਦੇਵੀ ੨। ੨. ਆਗਰੇ ਦੀ ਇੱਕ ਸਿੱਖਣੀ, ਜੋ ਆਨੰਦਪੁਰ ਦਸ਼ਮੇਸ਼ ਦੇ ਦਰਸ਼ਨ ਨੂੰ ਗਈ. ਉਸ ਨੇ ਕਦੀ ਆਪਣੀ ਸੰਤਾਨ ਨੂੰ ਫਿਟਕਾਰ ਨਹੀਂ ਪਾਈ ਸੀ, ਇਸ ਪੁਰ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ.

ਭਾਗਤ੍ਯਾਗ ਲਕ੍ਸ਼ਣਾ: ਜਹਤ ਅਜਹਤ ਲਕ੍ਸ਼ਣਾ. ਦੇਖੋ, ਜਹਤਾਜਹਤਿ.

ਭਾਗਨਾ: ਭਾਗ- ਹਨ. "ਤਿਸਹਿ ਪਰਾਪਤੇ ਜਾਕੈ ਮਸਤਕਿ ਭਾਗਨਾ." (ਮਾਰੂ ਅਃ ਮਃ ੫) ੨. ਕ੍ਰਿ- ਦੌੜਨਾ. ਨੱਠਣਾ.

ਭਾਗਭਰੀ: ਸੇਵਾਦਾਸ ਦੀ ਮਾਈ ਇੱਕ ਬ੍ਰਾਹਮਣੀ, ਜੋ ਕਸ਼ਮੀਰ ਦੇ ਪ੍ਰਧਾਨ ਨਗਰ ਸ਼੍ਰੀਨਗਰ ਵਿੱਚ ਰਹਿੰਦੀ ਸੀ. ਇਸ ਨੇ ਪ੍ਰੇਮ ਨਾਲ ਹੱਥੀਂ ਵਸਤ੍ਰ ਤਿਆਰ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਰਾਧਨ ਕੀਤਾ. ਸਤਿਗੁਰੂ ਜੀ ਪ੍ਰੇਮਡੋਰ ਦੇ ਖਿੱਚੇ ਹੋਏ ਪੰਜਾਬ ਤੋਂ ਸੰਮਤ ੧੬੭੨ ਵਿੱਚ ਮਾਈ ਦੇ ਘਰ ਪਹੁਚੇ ਅਤੇ ਪਹਿਰਨ ਲਈ ਵਸਤ੍ਰ ਮੰਗਿਆ, ਭਾਗਭਰੀ ਦੇ ਘਰ ਦੇ ਅਸਥਾਨ ਹੁਣ ਗੁਰਦ੍ਵਾਰਾ ਵਿਦ੍ਯਮਾਨ ਹੈ, ਅਰ ਇਸ ਮਾਈ ਦੀ ਸੰਤਾਨ ਗੁਰਦ੍ਵਾਰੇ ਦੀ ਸੇਵਾ ਕਰਦੀ ਹੈ। ੨. ਵਿ- ਭਾਗਵਾਲੀ. ਭਾਗ੍ਯ ਕਰਕੇ ਪੂਰਿਤ. "ਆਖ੍ਯ ਭਾਗਭਰੀ ਸੁਭ ਤੇਰਾ। ਸਾਰਥ ਭਾਗਭਰੀ ਅਬ ਹੇਰ॥" (ਗੁਪ੍ਰਸੂ) ਤੇਰਾ ਆਖ੍ਯਾ (ਨਾਮ) ਭਾਗਭਰੀ ਹੁਣ ਅਰਥ ਸਹਿਤ ਹੋਗਿਆ।

੩. ਸਰਦਾਰ ਸ਼ੇਰਸਿੰਘ ਰਈਸ ਸ਼ਾਹਬਾਦ ਦੀ ਸੁਪੁਤ੍ਰੀ, ਜਿਸ ਦੀ ਸ਼ਾਦੀ ਰਾਜਾ ਜਸਵੰਤਸਿੰਘ ਨਾਭਾਪਤਿ ਦੇ ਪੋਤੇ ਕੌਰ ਸੰਤੋਖਸਿੰਘ ਨਾਲ ਹੋਈ, ਸਨ ੧੮੩੦ ਵਿੱਚ ਕੌਰ ਦਾ ਦੇਹਾਂਤ ਹੋਣ ਪੁਰ ਇਸ ਨੇ ਆਪਣੀ ਅਵਸਥਾ ਗੁਰਬਾਣੀ ਦਾ ਪਾਠ ਅਤੇ ਪੁੰਨ ਦਾਨ ਕਰਦੇ ਵਿਤਾਈ.

ਭਾਗਮਣਾ: ਵਿ- ਭਾਗ੍ਯਵਾਨ। ੨. ਦੇਖੋ, ਮਣਾ.

ਭਾਗਮਣੀ: ਭਾਗ੍ਯ ਦੀ ਮਣੀ. ਭਾਗ੍ਯਰੂਪ ਰਤਨ। ੨. ਵਿ- ਭਾਗ੍ਯਮਣਿ ਵਾਲੀ. ਖ਼ੁਸ਼ਨਸੀਬੀ ਦਾ ਰਤਨ ਜਿਸ ਨੂੰ ਭੂਸ਼ਿਤ ਕਰ ਰਿਹਾ ਹੈ. "ਭਾਗਮਣੀ ਸੋਹਾਗਣਿ ਮੇਰੇ ਪਿਆਰੇ." (ਆਸਾ ਛੰਤ ਮਃ ੪)

ਭਾਗਮੱਲ: ਦੇਖੋ, ਭਾਗੋ ਮਲਿਕ.

ਭਾਗਲ: ਵਿ- ਭਗੌੜਾ. ਭੱਜਣ ਵਾਲਾ. "ਤੌ ਲਗ ਭਾਗਲ ਆਦਿ ਕਹਯੋ." (ਕ੍ਰਿਸਨਾਵ)

ਭਾਗਲਪੁਰ: ਬਿਹਾਰ ਦੇ ਇੱਕ ਜਿਲੇ ਦਾ ਪ੍ਰਧਾਨ ਨਗਰ, ਜੋ ਗੰਗਾ ਦੇ ਸੱਜੇ ਕਿਨਾਰੇ ਹੈ. ਇਹ ਈ. ਆਈ. ਰੇਲਵੇ ਦਾ ਸਟੇਸ਼ਨ ਹੈ

ਅਤੇ ਕਲਕੱਤੇ ਤੋਂ ੨੬੩ ਮੀਲ ਹੈ. ਗੁਰੂ ਤੇਗਬਹਾਦੁਰ ਸਾਹਿਬ ਇੱਥੇ ਵਿਰਾਜੇ ਹਨ. ਭਾਗਲਪੁਰ ਦੀ ਆਬਾਦੀ ੬੪, ੮੩੩ ਹੈ.

ਭਾਗਵਤ, ਭਾਗਵਤੁ: ਭਗਵਤ ਨਾਲ ਹੈ ਜਿਸ ਦਾ ਸੰਬੰਧ। ੨. ਪਰਮੇਸ਼ਰ ਦਾ ਭਗਤ. ਕਰਤਾਰ ਦਾ ਉਪਾਸਕ।[927] ੩. ਦੇਖੋ, ਭਾਗਉਤ ੨. "ਜਾਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ." (ਮਲਾ ਰਵਿਦਾਸ) ੪. ਦੇਖੋ, ਪੁਰਾਣ.

ਭਾਗਵਾਨ, ਭਾਗਵੰਤ: ਵਿ- ਭਾਗਜਵਾਨ੍. ਭਾਗਜ ਵਾਲਾ. ਖ਼ੁਸ਼ਨਸੀਬ.

ਭਾਂਗਾ: ਸੰਗਯਾ- ਭੰਗ. ਕਸਰ. ਭੇਦ. ਫਰਕ. ਘਾਟਾ. ਕਮੀ.

ਭਾਗਾਰਤੀ: ਭਾਗਜ ਦੀ ਲਾਲੀ. ਭਾਗਜ ਕਰਕੇ ਚੇਹਰੇ ਤੇ ਹੋਈ ਰਕ੍ਤ ਰੰਗਤ. "ਮੁਖਿ ਭਾਗਾਰਤੀ ਚਾਰੇ." (ਆਸਾ ਛੰਤ ਮਃ ੪) ੨. ਦੇਖੋ, ਭਾਗਾਰਥੀ.

ਭਾਗਾਰਥੀ: ਸੰ. भागार्थिन. ਵਿ- ਹਿੱਸਾ ਚਾਹੁਣ ਵਾਲਾ.

ਭਾਗਿ: ਕ੍ਰਿ. ਵਿ- ਭੱਜ (ਨੱਠ) ਕੇ. "ਸਰਨਿ ਪਰਿਓ ਗੁਰ ਭਾਗਿ." (ਜੈਤ ਮਃ ੫) ੨. ਭਾਗਜ (ਨਸੀਬ) ਨਾਲ. "ਸੰਤ ਭੇਟੇ ਵਡਭਾਗਿ." (ਜੈਤ ਮਃ ੫) ੩. ਵਿ- ਭਾਗਜਵਾਨ, ਸੁਭਾਗੀ. "ਸਚੀ ਬਾਣੀ ਪਾਏ ਭਾਗਿ ਕੋਇ." (ਆਸਾ ਮਃ ੩) ੪. ਦੇਖੋ, ਭਾਗੀ.

ਭਾਗੀ: ਭਾਗੀਂ. ਭਾਗਜ ਸੇ. ਭਾਗਾਂ ਨਾਲ. "ਗੁਰ ਚਰਨ ਬੇਹਿਥ ਮਿਲਿਓ ਭਾਗੀ." (ਸਾਰ ਮਃ ੫) ੨. ਸੰ. भागिन्. ਵਿ- ਹਿੱਸਾ ਲੈਣ ਵਾਲਾ। ੩. ਹਿੱਸੇਦਾਰ. "ਕੇਵਲ ਰਾਮਭਗਤ ਨਿਜ ਭਾਗੀ." (ਗਉ ਕਬੀਰ) ੪. ਭਾਗਜ (ਨਸੀਬ) ਵਾਲਾ, ਵਾਲੇ. "ਵਡਭਾਗੀ ਸੇ ਕਾਢੀਅਹਿ." (ਬਿਲਾ ਮਃ ੫)

ਭਾਗੀਠਾ: ਸੰਗਯਾ- ਇਸ਼੍ਟ- ਭਾਗਜ. ਉੱਤਮ ਭਾਗ. "ਜਿਸੁ ਮੁਸਤਕਿ ਭਾਗੀਠਾ." (ਮਾਝ ਮਃ ੫) ੨. ਵਿ- ਚੰਗੇ ਭਾਗ ਵਾਲਾ.

ਭਾਗੀਬਾਂਦਰ: ਇੱਕ ਪਿੰਡ, ਜੋ ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਭਟਿੰਡਾ, ਥਾਣਾ ਰਾਮਾ ਵਿੱਚ ਰੇਲਵੇ ਸਟੇਸ਼ਨ ਰਾਮੇ ਤੋਂ ਪੰਜ ਕੋਹ, ਅਰ ਕੋਟਫੱਤੇ ਤੋਂ ਸੱਤ ਕੋਹ ਹੈ, ਇਸ ਪਿੰਡ ਤੋਂ ਦੱਖਣ ਪੱਛਮ ਦਸ਼ਮੇਸ਼ ਜੀ ਦਾ ਗੁਰਦ੍ਵਾਰਾ ਹੈ, ਗੁਰੂ ਜੀ ਨੇ ਦਮਦਮੇ ਨੂੰ ਜਾਂਦੇ ਇੱਥੇ ਚਰਨ ਪਾਏ ਹਨ. ਉਦਾਸੀ ਸਾਧੂ ਪੁਜਾਰੀ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ.

ਭਾਗੀਰਥ: ਵਿ- ਭਗੀਰਥ ਨਾਲ ਹੈ ਜਿਸ ਦਾ ਸੰਬੰਧ। ੨. ਦੇਖੋ, ਭਗੀਰਥ.

ਭਾਗੀਰਥਿ: ਭਗੀਰਥ ਨੇ. "ਜਾਹਰਨਵੀ ਤਪੈ ਭਾਗੀਰਥਿ ਆਣੀ." (ਮਲਾ ਮਃ ੪) ਦੇਖੋ, ਜਾਹਰਨਵੀ। ੨. ਦੇਖੋ, ਭਾਗੀਰਥੀ

ਭਾਗੀਰਥੀ: ਭਗੀਰਥ ਦੀ ਲਿਆਂਦੀ ਹੋਈ ਨਦੀ, ਗੰਗਾ. ਦੇਖੋ, ਭਗੀਰਥ। ੨. ਗੰਗਾ ਦੀ ਇੱਕ ਖਾਸ ਸ਼ਾਖ਼, ਜੋ ਮੁਰਸ਼ਦਾਬਾਦ ਦੇ ਜਿਲੇ, ਗੰਗਾ ਤੋਂ ਅਲਗ ਹੋਕੇ ਬਰਦਵਾਨ ਅਤੇ ਨਦੀਆ ਜਿਲੇ ਦੀ ਹੱਦ ਵੱਖ ਕਰਦੀ ਹੋਈ ਜਲੰਗੀ ਨਦੀ ਵਿੱਚ ਜਾ ਮਿਲਦੀ ਹੈ.

ਭਾਗੁ: ਦੇਖੋ, ਭਾਗ. "ਭਾਗੁ ਪੂਰਾ ਤਿਨ ਜਾਗਿਆ." (ਮਃ ੫. ਵਾਰ ਸਾਰ)

ਭਾਗੂ: ਦੇਖੋ, ਭਾਗੋ ਮਲਿਕ। ੨. ਦੇਖੋ, ਭੱਟੂ ੨। ੩. ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਵਿੱਚ ਇੱਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਫੂਸਮੰਡੀ ਤੋਂ ਅੱਧ ਮੀਲ ਦੱਖਣ ਹੈ. ਇਸ ਪਿੰਡ ਤੋਂ ਚੜ੍ਹਦੇ ਵੱਲ ਇੱਕ ਫਰਲਾਂਗ ਪੁਰ ਸ਼੍ਰੀ ਗੁਰ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਦਮਦਮੇ ਸਾਹਿਬ ਤੋਂ ਭਟਿੰਡੇ ਜਾਂਦੇ ਚਰਣ ਪਾਏ ਹਨ, ਛੋਟਾ ਜਿਹਾ ਮੰਦਿਰ ਅਤੇ ਕੱਚੇ ਰਹਾਇਸ਼ੀ ਮਕਾਨ ਬਣੇ ਹੋਏ ਹਨ. ਇਸ ਨਾਲ ੨੦. ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ.

ਭਾਗੋ: ਦੌੜੇ. ਨੱਠੋ. ਦੇਖੋ, ਭਾਗਨਾ. ੨. "ਪਾਪ ਤਜਿ ਭਾਗੋ." (ਹਜਾਰੇ ੧੦) ੨. ਦੇਖੋ, ਭਾਗੋ ਮਲਿਕ। ੩. ਦੇਖੋ, ਭਾਗੋ ਮਾਈ.

---

[927] सर्व भूतेषु यः पश्येद् भगवद्भावमात्मनः
भूतानि भगवत्यान्मन्येष भागवतोत्तम : ॥ (ਭਾਗਵਤ ਸਕੰਧ ੩)

ਭਾਗੋ ਦਾ ਬੁੰਗਾ: ਦੇਖੋ, ਭਾਗੋ ਮਾਈ.

ਭਾਗੋ ਮਲਿਕ: ਇਹ ਖਤ੍ਰੀ, ਸੈਦਪੁਰ (ਏਮਨਾਬਾਦ) ਦੇ ਹਾਕਿਮ ਜਾਲਿਮਖ਼ਾਨ ਦਾ ਅਹਿਲਕਾਰ, ਭਾਰੀ ਰਿਸ਼ਵਤਖ਼ੋਰ ਸੀ. ਇੱਕ ਵਾਰ ਇਸ ਨੇ ਬ੍ਰਹਮਭੋਜ ਕੀਤਾ. ਉਸ ਸਮੇਂ ਗੁਰੂ ਨਾਨਕਦੇਵ ਲਾਲੋ ਤਖਾਣ ਦੇ ਘਰ ਠਹਿਰੇ ਹੋਏ ਸਨ. ਜਦ ਸਤਿਗੁਰੂ ਜੀ ਇਸ ਦਾ ਨਿਉਂਦਾ ਨਾ ਮੰਨਕੇ ਭੋਜਨ ਕਰਨ ਨਾ ਗਏ, ਤਦ ਇਸ ਨੇ ਆਪਣਾ ਅਪਮਾਨ ਸਮਝਕੇ ਗੁਰੂ ਜੀ ਨੂੰ ਹੁਕੂਮਤ ਨਾਲ ਤਲਬ ਕੀਤਾ. ਗੁਰੂ ਸਾਹਿਬ ਨੇ ਭਰੀ ਸਭਾ ਵਿੱਚ ਭਾਗੋ ਦਾ ਅੰਨ ਲਹੂ ਅਤੇ ਲਾਲੋ ਦਾ ਦੁੱਧ ਸਿੱਧ ਕਰਕੇ ਸ਼ੁਭ ਸਿਖ੍ਯਾ ਦਿੱਤੀ.

ਭਾਗੋ ਮਾਈ: ਢਿੱਲੋ ਗੋਤ ਦੀ ਉੱਚ ਆਚਾਰ ਵਾਲੀ ਇਸਤ੍ਰੀ. ਪਿੰਡ ਚੁਭਾਲ (ਝਬਾਲ) ਜਿਲਾ ਅਮ੍ਰਿਤਸਰ ਦੀ ਵਸਨੀਕ, ਜੋ ਸ਼੍ਰੀ ਗੁਰੂ ਅਰਜਨਦੇਵ ਜੀ ਦੇ ਅਨੰਨ ਸਿੱਖ ਭਾਈ ਲੰਗਾਹ ਦੇ ਭਾਈ ਪੇਰੋਸ਼ਾਹ ਦੀ ਔਲਾਦ ਵਿੱਚੋਂ ਸੀ. ਜਦ ਬਹੁਤ ਸਿੱਖ ਆਨੰਦਪੁਰ ਦੇ ਜੰਗ ਵਿੱਚ ਬੇਦਾਵਾ ਲਿਖਕੇ ਘਰੀਂ ਆਏ, ਤਦ ਇਸ ਨੇ ਉਨ੍ਹਾਂ ਨੂੰ ਧਿੱਕਾਰਿਆ ਅਰ ਆਪ ਘੋੜੇ ਤੇ ਸਵਾਰ ਹੋਕੇ ਸਿੰਘਭੇਸ ਧਾਰਕੇ ਅਜੇਹੇ ਤਰਕ ਦੇ ਵਾਕ ਕਹੇ, ਜਿਨ੍ਹਾਂ ਦੇ ਅਸਰ ਨਾਲ ਬਹੁਤ ਸਿੱਖ ਸਤਿਗੁਰੂ ਦੀ ਸੇਵਾ ਵਿੱਚ ਹਾਜਿਰ ਹੋਣ ਲਈ ਤਿਆਰ ਹੋ ਗਏ.

ਸੰਮਤ ੧੭੬੨ ਵਿੱਚ ਭਾਗੋਮਈ ਸਿੰਘਾਂ ਨਾਲ ਸ਼ਾਮਿਲ ਹੋਕੇ ਮੁਕਤਸਰ ਦੇ ਜੰਗ ਵਿੱਚ ਵਡੀ ਬਹਾਦੁਰੀ ਨਾਲ ਲੜੀ ਅਤੇ ਬਹੁਤ ਘਾਇਲ ਹੋਈ, ਦਸ਼ਮੇਸ਼ ਨੇ ਇਸ ਦਾ ਇਲਾਜ ਕਰਵਾਕੇ ਰਾਜੀ ਕੀਤਾ ਅਰ ਅਮ੍ਰਿਤ ਛਕਾਕੇ ਭਾਗਕੌਰ ਬਣਾਈ. ਇਹ ਮੁਰਦਾਵਾਂ ਭੇਸ ਧਾਰ ਕੇ ਸਤਿਗੁਰੂ ਦੀ ਸਦਾ ਅੜਦਲ ਵਿੱਚ ਰਹਿੰਦੀ ਸੀ. ਜਦ ਕਲਗੀਧਰ ਅਬਿਚਲਨਗਰ ਅੰਤਰਧਾਨ (ਲੋਪ) ਹੋਗਏ, ਤਦ ਇਹ ਉਦਾਸ ਹੋਕੇ ਬਿਦਰ ਚਲੀਗਈ ਅਰ ਉਸੇ ਥਾਂ ਦੇਹ ਤਿਆਗੀ. ਇਸ ਦੇ ਨਾਮ ਦਾ ਅਬਿਚਲਨਗਰ ਵਿੱਚ ਇੱਕ ਬੁੰਗਾ ਹੈ, ਜਿਸ ਵਿੱਚ ਦਰਬਾਰ ਦਾ ਵਡਾ ਪੁਜਾਰੀ ਰਹਿੰਦਾ ਹੈ. ਇਸ ਦੇ ਬਰਛੇ ਦਾ ਫਲ ਗੁਰੁਸਾਹਿਬ ਦੇ ਸਿੰਘਾਸਨ ਤੇ ਹੁਣ ਤੀਕ ਸਨਮਾਨ ਪਾ ਰਿਹਾ ਹੈ, ਜਿਸ ਨੂੰ ਅਣਜਾਣ ਅਸ਼੍ਟਭੁਜੀ ਦੇਵੀ ਆਖਦੇ ਹਨ.

ਭਾਗਜ: ਵਿ- ਭਾਗ (ਹਿੱਸਾ) ਕਰਨ ਯੋਗ੍ਯ. ਵੰਡਣ ਲਾਇਕ। ੨. ਹਿੱਸੇਦਾਰ। ੩. ਸੰ. ਸੰਗ੍ਯਾ- ਭਲਾ ਬੁਰਾ ਫਲ ਦੇਣ ਵਾਲਾ ਕਰਮ. ਨਸੀਬ.

ਭਾਗਜੋ: ਭਗ੍ਨ ਹੋਇਆ. ਟੁੱਟਿਆ. "ਨ੍ਰਿਪ ਕੋ ਧਨੁ ਭਾਗਜੋ." (ਕ੍ਰਿਸਨਾਵ) ਧਨੁਖ ਟੁੱਟਿਆ। ੨. ਭੱਜਿਆ. ਨੱਠਿਆ.

ਭਾਜ: ਸੰਗ੍ਯਾ- ਭੱਜਣ (ਨੱਠਣ) ਦੀ ਕ੍ਰਿਯਾ. ਦੌੜ। ੨. ਸੰ. ਭਾਜ੍. ਧਾ- ਹਿੱਸਾ ਕਰਨਾ, ਵੰਡਣਾ, ਟੁਕੜੇ ਟੁਕੜੇ ਕਰਨਾ। ੩. ਸੰ. ਭ ਭ੍ਰਾਜ੍. ਭ੍ਰਾਜ- ਧਾ- ਚਮਕਣਾ. ਪ੍ਰਕਾਸ਼ਣਾ. "ਜਨਕ ਸ ਭਾਜਾ." (ਰਾਮਾਵ) ਰਾਜਾ ਜਨਕ ਪ੍ਰਕਾਸ਼ ਸਹਿਤ। ੪. ਦੇਖੋ, ਭਜ.

ਭਾਜਉ, ਭਾਜਹੁ: ਭੱਜੋ, ਨੱਠੋ। ੨. ਭਜੋ. ਸਿਮਰਨ ਕਰੋ. "ਇਕ ਭਾਜਹੁ ਰਾਮ ਸਨੇਹੀ." (ਸੋਰ ਮਃ ੫)

ਭਾਜਕ: ਸੰ. ਵਿ- ਵੰਡਣਾ ਵਾਲਾ। ੨. ਸੰਗ੍ਯਾ- ਉਹ ਅੰਗ, ਜਿਸ ਤੋਂ ਕਿਸੇ ਰਾਸ਼ਿ ਨੂੰ ਭਾਗ ਦਿੱਤਾ ਜਾਵੇ.

ਭਾਜਨ: ਕ੍ਰਿ- ਭੱਜਣਾ. ਨੱਸਣਾ. "ਭਾਜਨ ਥਾਕੇ." (ਧਨਾ ਮਃ ੫) ੨. ਸੰ. ਸੰਗ੍ਯਾ- ਹਿੱਸਾ ਕਰਾਉਣ ਦੀ ਕ੍ਰਿਯਾ. ਵੰਡਾਉਣਾ। ੩. ਪਾਤ੍ਰ. ਬਰਤਨ. "ਭਾਜਨ ਹੈਂ ਬਹੁ ਨਾਨ੍ਹਾ ਰੇ." (ਮਾਲੀ ਨਾਮਦੇਵ)

ਭਾਂਜਨ: ਬਰਤਨ. ਦੇਖੋ, ਭਾਜਨ ੩. "ਮਾਂਜਨ ਕਰ ਭਾਂਜਨ ਧੋਈਜੈ." (ਤਨਾਮਾ)

ਭਾਜਰ, ਭਾਜੜ: ਸੰਗ੍ਯਾ- ਭੱਜਣ ਦੀ ਕ੍ਰਿਯਾ. ਦੌੜ. "ਭਾਜਰ ਕੋ ਪਾਇ ਸਮੁਦਾਇ ਨਰ ਲਜਾਇ ਸਾਥ." (ਗੁਪ੍ਰਸੂ)

ਭਾਂਜੜਾ: ਇੱਕ ਨੀਚ ਪਹਾੜੀ ਜਾਤਿ. ਡੂਮਣਾ. ਇਸ ਜਾਤਿ ਦੇ ਲੋਕ ਬਾਂਸ ਦੀਆਂ ਟੋਕਰੀਆਂ ਆਦਿਕ ਬਹੁਤ ਬਣਾਉਂਦੇ ਹਨ.

ਭਾਜਾ: ਸੰ. ਭਾਯੑਾ. ਔਰਤ, ਜੋਰੂ। ੨. ਦੇਖੋ, ਭਾਜ ੩। ੩. ਖ਼ਾਲਸਾ ਭਾਜੀ ਦੀ ਥਾਂ ਭਾਜਾ ਆਖਦਾ ਹੈ.

ਭਾਜਿ: ਭੱਜਕੇ. ਦੌੜਕੇ. "ਭਾਜਿ ਪੜਹੁ ਤੁਮ ਹਰਿ ਸਰਣਾ." (ਆਸਾ ਪਟੀ ਮਃ ੧)

ਭਾਜੀ: ਸੰਗ੍ਯਾ- ਭੁਜਿੰਤ (ਭੁੰਨੀ) ਵਸਤੁ. ਘੀ ਆਦਿ ਵਿੱਚ ਤਲੀ ਹੋਈ ਤਰਕਾਰੀ। ੨. ਭਾਈਚਾਰੇ ਵਿੱਚ ਭਾਜ੍ਯ (ਵੰਡਣ ਯੋਗ੍ਯ)

ਮਿਠਾਈ ਆਦਿ. "ਪ੍ਰਿਥੀਏ ਭਾਜੀ ਦਈ ਹਟਾਇ." (ਗੁਵਿ ੬)

ਭਾਂਜੀ: ਸੰਗ੍ਯਾ- ਕਾਰਜ ਭੰਜ ਕਰਨ ਦੀ ਕ੍ਰਿਯਾ. ਵਿਘਨ. ਰੁਕਾਵਟ। ੨. ਚੁਗਲੀ. ਦੇਖੋ, ਭੰਜ। ੩. ਦੇਖੋ, ਭਾਨਜੀ.

ਭਾਜੁ: ਦੇਖੋ, ਭਜ ਅਤੇ ਭਾਜ. "ਰੇ ਮਨ ਮੇਰੇ, ਤੂੰ ਗੋਬਿੰਦ ਭਾਜੁ." (ਭੈਰ ਮਃ ੫) ੨. ਦੇਖੋ, ਭਾਜ੍ਯ.

ਭਾਜ੍ਯ: ਸੰ. ਵਿ- ਵੰਡਣ ਯੋਗ੍ਯ. ਤਕਸੀਮ ਕਰਨ ਲਾਇਕ.

ਭਾਞਨ: ਪਾਤ੍ਰ. ਦੇਖੋ, ਭਾਜਨ ੩. "ਜੂਠੇ ਭਾਂਞਨ ਮਾਂਞਨ ਕਰਹੀ." (ਨਾਪ੍ਰ)

ਭਾਟ: ਦੇਖੋ, ਭੱਟ. "ਅਬ ਰਾਖਹੁ ਦਾਸ ਭਾਟ ਕੀ ਲਾਜ." (ਸਵੈਯੇ ਮਃ ੪. ਕੇ) ੨. ਸੰ. ਭਾੜਾ. ਕਿਰਾਇਆ. ਮਹਿਸੂਲ ਭਾਟਕ.

ਭਾਟਕ: ਭਾੜਾ. ਦੇਖੋ, ਭਾਟ ੨.

ਭਾਟੜਾ: ਇਹ ਇਕ ਸੰਪਰਦਾਇ ਹੈ. ਇਨ੍ਹਾਂ ਦੇ ਵਡੇਰੇ ਭਾਈ ਚੰਗਾ ਜੀ ਨੇ ਗੁਰੂ ਨਾਨਕ ਦੀ ਸਿਖੀ ਧਾਰੀ, ਕੁਝ ਭਾਟੜੇ ਗ੍ਰਹਿਫਲ ਵੀ ਦਸਦੇ ਹਨ। ੨. ਭੱਟਪੁਤ੍ਰ ੩. ਦੇਖੋ. ਚੰਗਾ ਭਾਟੜਾ.

ਭਾਟਿ, ਭਾਟੀ: ਰਾਜਪੂਤਾਂ ਦੀ ਇੱਕ ਜਾਤਿ. ਦੇਖੋ, ਭੱਟੀ.

ਭਾਠ: ਦੇਖੋ, ਭਠ ਅਤੇ ਭਾਠੀ.

ਭਾਠਾ: ਸੰਗ੍ਯਾ- ਸਮੁੰਦਰ ਦੇ ਪਾਣੀ ਦਾ ਉਤਰਾਉ. ਦੇਖੋ, ਜ੍ਵਾਰਭਾਠਾ.

ਭਾਠੀ: ਸੰ. ਭ੍ਰਾਸ਼੍ਟ੍ਰਕ. ਸੰਗ੍ਯਾ- ਭੁੰਨਣ ਦੀ ਕੜਾਹੀ। ੨. ਜਿਸ ਉੱਪਰ ਕੜਾਹੀ ਰੱਖਕੇ ਭੁੰਨੀਏ, ਉਹ ਚੁਲ੍ਹਾ. ਚੁਰ। ੩. ਯੋਗੀਆਂ ਦੇ ਸੰਕੇਤ ਵਿੱਚ ਦਸਮਦ੍ਵਾਰ. ਜਿਸ ਵਿੱਚੋਂ ਅਮ੍ਰਿਤਧਾਰਾ ਦਾ ਟਪਕਣਾ ਮੰਨਦੇ ਹਨ. "ਗਗਨਿ ਰਸਾਲ ਚੁਐ ਮੇਰੀ ਭਾਠੀ." (ਗਉ ਕਬੀਰ)

ਭਾਂਡ: ਸੰ. ਭੰਡ. ਸੰਗ੍ਯਾ- ਨਿਰਲੱਜ ਬਾਤ ਕਹਿਣ ਵਾਲਾ ਪੁਰੁਸ਼. "ਨਿਰਲਜੇ ਭਾਂਡ." (ਬਿਲਾ ਮਃ ੫) ਦੇਖੋ, ਭੰਡ। ੨. ਸੰ. भाण्ड- ਭਾਂਡ. ਭਾਂਡਾ. ਪਾਤ੍ਰ। ੩. ਸੌਦਾਗਰੀ ਦਾ ਸਾਮਾਨ. ਵਪਾਰ ਦੀ ਸਾਮਗ੍ਰੀ.

ਭਾਂਡਸਾਲ, ਭਾਂਡਸਾਲਾ: ਸੰ. ਭਾਂਡਸ਼ਾਲਾ. ਸੰਗ੍ਯਾ- ਸੌਦਾਗਰੀ ਦਾ ਸਾਮਾਨ ਰੱਖਣ ਦਾ ਮਕਾਨ. ਮਾਲਗੁਦਾਮ. ਦੁਕਾਨ. ਕੋਠੀ. ਦੇਖੋ, ਭਾਂਡ ੩. "ਸੁਰਤਿ ਸੋਚ ਕਰਿ ਭਾਂਡਸਾਲ." (ਸੋਰ ਮਃ ੧) ਇਸੇ ਸ਼ਬਦ ਤੋਂ ਪੰਜਾਬੀ ਭੜਸਾਲ ਹੈ.

ਭਾਂਡਣਾ: ਕ੍ਰਿ- ਭੰਡਣਾ. ਬਦਨਾਮ ਕਰਨਾ. ਨਿੰਦਣਾ. ਨਿਰਲੱਜ ਵਾਕ ਕਹਿਣਾ. ਦੇਖੋ, ਭੰਡ.

ਭਾਂਡਾ: ਸੰ. ਭਾਂਡ, ਸੰਗ੍ਯਾ- ਪਾਤ੍ਰ. ਬਰਤਨ. "ਧਨੁ ਭਾਂਡਾ, ਧਨੁ ਮਸੁ." (ਮਃ ੧. ਵਾਰ ਮਲਾ) ਧਨ੍ਯ ਹੈ ਪਾਤ੍ਰ (ਦਵਾਤ) ਧਨ੍ਯ ਹੈ ਮਸਿ (ਰੌਸ਼ਨਾਈ). ੨. ਭਾਵ- ਅੰਤਹਕਰਣ. "ਜਿਨ ਕਉ ਭਾਂਡੈ ਭਾਉ, ਤਿਨਾ ਸਵਾਰਸੀ." (ਸੂਹੀ ਮਃ ੧) ੩. ਸੰਚਾ. ਉਹ ਪਾਤ੍ਰ. ਜਿਸ ਵਿੱਚ ਢਲੀ ਹੋਈ ਧਾਤੁ ਪਾਈਏ. "ਭਾਂਡਾ ਭਾਉ, ਅਮ੍ਰਿਤੁ ਤਿਤੁ ਢਾਲਿ." (ਜਪੁ) ੪. ਉਪਦੇਸ਼ ਦਾ ਪਾਤ੍ਰ. ਉੱਤਮ ਅਧਿਕਾਰੀ। ੫. ਵਿ- ਭੰਡਿਆ. ਨਿੰਦਿਤ. "ਘਿਅ ਪਟ ਭਾਂਡਾ ਕਹੈ ਨ ਕੋਇ." (ਤਿਲੰ ਮਃ ੧) ਘ੍ਰਿਤ ਅਤੇ ਪੱਟ (ਰੇਸ਼ਮ) ਨੂੰ ਕੋਈ ਭਿੱਟੜ ਨਹੀਂ ਆਖਦਾ.

ਭਾਂਡਾਗਾਰ, ਭਾਂਡਾਰ: ਸੰ. ਸੰਗ੍ਯਾ- ਸੌਦਾਗਰੀ ਦਾ ਮਾਲ ਰੱਖਣ ਦਾ ਮਕਾਨ. ਦੇਖੋ, ਭਾਂਡਸਾਲ। ੨. ਰਸੋਈ ਦਾ ਅਸਥਾਨ. ਲੰਗਰ. ਪਾਕਸ਼ਾਲਾ.

ਭਾਡੈ, ਭਾਂਡੈ: ਭਾਂਡੇ (ਪਾਤ੍ਰ) ਵਿੱਚ. ਕਚੈ ਭਾਡੈ ਰਖੀਐ ਕਿਚਰੁ ਤਾਈ ਨੀਰ?" (ਸ. ਫਰੀਦ) ੨. ਭੰਡਣ ਕਰਦਾ ਹੈ. ਬਦਨਾਮ ਕਰਦਾ ਹੈ.

ਭਾਣ: ਸੰ. ਸੰਗਯਾ- ਦੇਖਣ ਯੋਗਯ (ਦ੍ਰਿਸ਼ਯ) ਕਾਵ੍ਯ ਨਾਟਕ.

ਭਾਣਾ: ਸੰਗਯਾ- ਕਰਤਾਰ ਦਾ ਹੁਕਮ (ਭਾਵਨ) ਉਹ ਬਾਤ, ਜੋ ਵਾਹਗੁਰੂ ਨੂੰ ਭਾਈ ਹੈ. "ਭਾਣਾ ਮੰਨੇ, ਸੋ ਸੁਖੁ ਪਾਏ." (ਮਾਰੂ ਸੋਲਹੇ ਮਃ ੩) ੨. ਇੱਛਾ. ਮਰਜੀ. "ਆਪਣਾ ਭਾਣਾ ਤੁਮ ਕਰਹੁ, ਤਾ ਫਿਰਿ ਸਹੁ ਖੁਸ਼ੀ ਨ ਆਵਏ." (ਆਸਾ ਛੰਤ ਮਃ ੩) ੩. ਵਿਭਾਇਆ. ਪਸੰਦ ਆਇਆ.

ਭਾਣਿ: ਭਾਣੇ ਵਿੱਚ. ਹੁਕਮ ਅੰਦਰ. "ਬੋਲੈ ਗੁਰ ਕੇ ਭਾਣਿ." (ਆਸਾ ਮਃ ੫)

ਭਾਣੀ: ਭਾਈ. ਪਸੰਦ ਆਈ. ਹੱਛੀ ਲੱਗੀ. "ਸਾਈ ਸੋਹਾਗਣਿ ਨਾਨਕਾ, ਜੋ ਭਾਣੀ ਕਰਤਾਰਿ." (ਆਸਾ ਮਃ ੫)

ਭਾਣੇ: ਭਾਏ. ਪਸੰਦ ਆਏ। ੨. ਭਾਵ (ਖ਼ਿਆਲ) ਅਨੁਸਾਰ. ਜੈਸੇ- "ਮੇਰੇ ਭਾਣੇ ਸਤਿਗੁਰੁ ਦਾ ਦਰਬਾਰ ਹੀ ਵੈਕੁੰਠ ਹੈ." ਦੇਖੋ, ਭਾਣੈ.

ਭਾਣੈ: ਖ਼ਯਾਲ ਅੰਦਰ. "ਰੋਗੀ ਕੈ ਭਾਣੈ ਸਭ ਰੋਗੀ." (ਸੋਰ ਮਃ ੫)

ਭਾਣੋਖੇੜੀ: ਜਿਲਾ, ਤਸੀਲ ਥਾਣਾ ਅੰਬਾਲਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅੰਬਾਲਾ ਛਾਵਣੀ ਤੋਂ ਚਾਰ ਮੀਲ ਦੱਖਣ ਪੱਛਮ ਹੈ. ਇਸ ਪਿੰਡ ਤੋਂ ਉੱਤਰ ਪੱਛਮ ਪਾਸ ਹੀ ਗੁਰੂ ਗੋਬਿੰਦਸਿੰਘ ਸਾਹਿਬ ਵਿਰਾਜੇ ਹਨ. ਕੱਚਾ ਮੰਜੀਸਾਹਿਬ ਬਨਿਆ ਹੋਇਆ ਹੈ, ਵੀਹ ਵਿੱਘੇ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ.

ਭਾਤ: ਸੰ. ਭਕ੍ਤ. ਰਿੱਝੇ ਹੋਏ ਚਾਵਲ. ਭੱਤ. ਭਾਤੁ. "ਭਾਤੁ ਪਹਿਤਿ ਅਰੁ ਲਾਪਸੀ." (ਆਸਾ ਕਬੀਰ) ੨. ਦੇਖੋ, ਭਾਂਤ.

ਭਾਂਤ: ਸੰਗਯਾ- ਪ੍ਰਕਾਰ. ਰੀਤਿ.

ਭਾਂਤਰਾ: ਦੇਖੋ, ਭਾਦਰਾ.

ਭਾਤਾ: ਦੇਖੋ, ਭਾਤ ੧. "ਭਾਤਾ ਲਏ ਪਾਨ ਚਲ ਆਈ." (ਦੱਤਾਵ) ਭੱਤਾ (ਭੋਜਨ) ਲੈਕੇ.

ਭਾਤਿ, ਭਾਂਤਿ, ਭਾਤੀ, ਭਾਂਤੀ: ਸੰਗਯਾ- ਪ੍ਰਕਾਰ. ਰੀਤਿ. ਢੰਗ. "ਭਾਤਿ ਭਾਤਿ ਬਨ ਬਨ ਅਵਗਾਹੇ." (ਮਾਝ ਮਃ ੫) "ਅਨਿਕ ਭਾਂਤਿ ਹੋਇ ਪਸਰਿਆ." (ਗਉ ਥਿਤੀ ਮਃ ੫) "ਹੋਰਤੁ ਕਿਤੈ ਨਾ ਭਾਤੀ ਜੀਉ." (ਮਾਝ ਮਃ ੫) "ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ." (ਆਸਾ ਮਃ ੧) "ਸਬਹਿਂ ਸੁਹਾਤੀ ਕਹੀ ਚਾਹਿਯਤ ਬਾਤ, ਤਾਹੂੰ ਬਾਤ ਕਹਿਬੇ ਮੇ ਏਕ ਭਾਂਤਿ ਚਾਹਿਯਤ ਹੈ." (ਅਮਰੇਸ਼) ੨. ਸੰ. ਭਾਤਿ. ਸ਼ੋਭਾ. ਚਮਕ. ਮਨੋਹਰਤਾ.

ਭਾਤੀਈ: ਭ੍ਰਾਤ੍ਰਿ ਗਣੋਂ ਨੇ. ਭਾਈਆਂ ਕਰਕੇ। ੨. ਭਾਈਆਂ ਨੂੰ. "ਪੁਤੀ ਭਾਤੀਈ ਜਾਵਾਈ ਸਕੀਂ." (ਮਃ ੪. ਵਾਰ ਬਿਲਾ)

ਭਾਤੀਜ, ਭਾਤੀਜਾ: ਭ੍ਰਾਤ੍ਰਿਜ. ਭਾਈ ਦਾ ਪੁਤ੍ਰ. "ਪੁਤ ਭਾਈ ਭਾਤੀਜੇ ਰੋਵਹਿ." (ਵਡ ਅਲਾਹਣੀ ਮਃ ੧) ਦੇਖੋ, ਭਤੀਜਾ ਅਤੇ ਭਤੀਜੀ.

ਭਾਤੁ: ਦੇਖੋ, ਭਾਤ. "ਦਹੀ ਭਾਤੁ ਖਾਹਿ ਜੀਉ." (ਸਵੈਯੇ ਮਃ ੪. ਕੇ) ੨. ਸੰ. ਸੂਰਜ. ਪ੍ਰਭਾਕਰ.

ਭਾਤੇ: ਪ੍ਰਕਾਰ ਦਾ ਭਾਂਤ ਕਾ. "ਕੋਈ ਅਵੁਰ ਨ ਤੇਰੀ ਭਾਤੇ." (ਸੂਹੀ ਮਃ ੫) ੨. ਰੌਸ਼ਨ ਕੀਤੇ. ਪ੍ਰਕਾਸ਼ੇ. ਦੇਖੋ, ਭਾਤਿ. "ਗੁਰਪੂਰੈ ਉਪਦੇਸਿਆ ਜੀਵਨਗਤਿ ਭਾਤੇ." (ਆਸਾ ਛੰਤ ਮਃ ੫) ੩. ਭਾਂਉਂਦੇ. ਚੰਗੇ ਲਗਦੇ.

ਭਾਥਾ: ਸੰਗਯਾ- ਤੀਰਕਸ਼. ਭੱਥਾ. ਸੰ. ਭਸਤ੍ਰਾ.

ਭਾਥੀ: ਵਿ- ਭੱਥਾ. ਬੰਨ੍ਹਣ ਵਾਲਾ. ਧਨੁਖਧਾਰੀ. "ਭਾਥੀ ਜੁਝੇ ਬਾਂਧ ਸਾਥੀ." (ਚਰਿਤ੍ਰ ੪੦੫)

ਭਾਦਉ: ਸੰ. ਭਾਦ੍ਰ ਅਤੇ ਭਾਦ੍ਰਪਦ. ਵਰਖਾ ਰੁੱਤ ਦਾ ਦੂਜਾ ਮਹੀਨਾ, ਜਿਸ ਦੀ ਪੂਰਣਮਾਸੀ ਨੂੰ ਭਾਦ੍ਰਪਦਾ ਨਛਤ੍ਰ ਦਾ ਯੋਗ ਹੁੰਦਾ ਹੈ.

"ਭਾਦਉ ਭਰਮਿ ਭੁਲੀ ਭਰਿ ਜੋਬਨਿ." (ਤੁਖਾ ਬਾਰਹਮਾਹਾ)

ਭਾਦਨ: ਦੇਖੋ, ਭਦਣ ਅਤੇ ਭਦ੍ਰ ੯। ੨. ਸ਼ਸਤ੍ਰਨਾਮਮਾਲਾ ਵਿੱਚ ਅਞਾਣ ਲਿਖਾਰੀ ਨੇ ਭੇਦਨ ਦੀ ਥਾਂ ਭਾਦਨ ਲਿਖਿਆ ਹੈ- "ਪਬਜਾ ਪ੍ਰਿਥਮ ਬਖਾਨਕੈ ਭਾਦਨ ਈਸ ਬਖਾਨ." (ਸਨਾਮਾ) ਪਰਵਤ ਭੇਦਨੀ ਨਦੀ, ਉਸ ਦਾ ਈਸ਼੍ਵਰ ਵਰੁਣ.

ਭਾਦਰਾ: ਬੀਕਾਨੇਰ ਦੇ ਰਾਜ ਵਿੱਚ ਰਾਜਗੜ੍ਹ ਨਜਾਮਤ ਦੀ ਇੱਕ ਤਸੀਲ ਦਾ ਪ੍ਰਧਾਨ ਨਗਰ. ਇਹ ਸਰਸੇ ਤੋਂ ਬਾਰਾਂ ਮੀਲ ਦੱਖਣ ਪੂਰਵ, ਬੀਕਾਨੇਰ ਤੋਂ ੧੩੬ ਮੀਲ ਉੱਤਰ ਪੂਰਵ ਅਤੇ ਹਿਸਾਰ ਤੋਂ ੩੫ ਮੀਲ ਪੱਛਮ ਹੈ. ਇੱਥੇ ਗੁਰੂ ਗੋਬਿੰਦਸਿੰਘ ਸਾਹਿਬ ਨਦੇੜ ਨੂੰ ਜਾਂਦੇ ਕੁਝ ਕਾਲ ਠਹਿਰੇ ਸਨ, ਪਰ ਕਿਸੇ ਪ੍ਰੇਮੀ ਨੇ ਹੁਣ ਤੋੜੀ. ਗੁਰਦ੍ਵਾਰਾ ਨਹੀਂ ਬਣਾਇਆ ਦੇਖੋ, ਅਜਾਪਾਲਸਿੰਘ ਬਾਬਾ.

ਭਾਦਵ: ਭਾਦ੍ਰਪਦ. ਦੇਖੋ, ਭਾਦਉ. "ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ." (ਰਾਮ ਰੁਤੀ ਮਃ ੫)

ਭਾਦੁਇ: "ਸੇ ਭਾਦੁਇ ਨਰਕਿ ਨ ਪਾਈਅਹਿ." (ਮਾਝ ਬਾਰਹਾਮਾਹਾ)

ਭਾਦੂ, ਭਾਦੋ, ਭਾਦੋਂ, ਭਾਦੌਂ, ਭਾਦ੍ਰ, ਭਾਦ੍ਰਪਦ: ਭਦ੍ਰ. ਦੇਖੋ, ਸੋਭਾਦ੍ਰ. ਦੇਖੋ, ਭਦ੍ਰਪਦਾ ਅਤੇ ਭਾਦਉ.

ਭਾਦ੍ਰਾ: ਦੇਖੋ, ਭਾਦਰਾ.

ਭਾਦ੍ਰੀ: ਵਿ- ਭਾਦ੍ਰਪਦ (ਭਾਦੋਂ) ਨਾਲ ਹੈ ਜਿਸ ਦਾ ਸੰਬੰਧ. ਜਿਵੇਂ ਭਾਦ੍ਰੀ ਮੱਸਿਆ (ਅਮਾਵਸ).

ਭਾਨ: ਸੰਗਯਾ- ਪ੍ਰਕਾਸ਼. "ਭਾਨ ਹੋਤ ਜਗ ਜਾਸ ਤੇ." (ਗੁਪ੍ਰਸੂ) ੨. ਜਾਹਿਰ ਹੋਣਾ. ਪ੍ਰਤੀਤ ਹੋਣਾ। ੩. ਗ੍ਯਾਨ। ੪. ਦੇਖੋ, ਭਾਨੁ. "ਤਮ ਅਨਾਦਿ ਕਹਿਂ ਭਾਨ." (ਗੁਪ੍ਰਸੂ) ੫. ਸਿੰਧੀ. ਅਭਿਮਾਨ. ਗਰਬ। ੬. ਘਰ. ਮਕਾਨ। ੭. ਦੇਖੋ, ਭਾਨਨਾ.

ਭਾਨਜਾ, ਭਾਨਜੀ: ਭਗਿਨੀਜ. ਭੈਣ ਦਾ ਜਾਇਆ ਹੋਇਆ. ਭੈਣ ਦੀ ਪੁਤ੍ਰੀ. "ਸਗਲਿਆ ਕੀ ਹਉ ਬਹਿਨ ਭਾਨਜੀ." (ਆਸਾ ਕਬੀਰ)

ਭਾਨਨਾ: ਕ੍ਰਿ- ਭੰਨਣਾ. ਤੋੜਨਾ. ਭਗ੍ਨ ਕਰਨਾ. "ਭਾਨ ਕੇ ਸਮਾਨ ਤੇਜ ਬੈਰਿਨ ਕੋ ਭਾਨ ਜਗ, ਭਾਨ ਭਾਨ ਡਾਰੇ ਰਹੀ ਤਿਨ ਮੁਖ ਭਾ ਨ ਹੈ." (ਗ੍ਵਾਲ) ਭਾਨੁ (ਸੂਰਜ) ਸਮਾਨ ਦਸ਼ਮੇਸ਼ ਦੀ ਤਲਵਾਰ ਦਾ ਤੇਜ ਵੈਰੀਆਂ ਨੂੰ ਭਾਨ (ਪ੍ਰਤੀਤ) ਹੁੰਦਾ ਹੈ, ਅਤੇ ਉਨ੍ਹਾਂ ਨੂੰ ਭੰਨ ਭੰਨਕੇ ਮੈਦਾਨਜੰਗ ਵਿੱਚ ਸਿੱਟ ਰਹੀ ਹੈ ਅਰ ਵੈਰੀਆਂ ਦੇ ਮੁਖ ਪੁਰ ਭਾ (ਸ਼ੋਭਾ) ਨਹੀਂ ਹੈ.

ਭਾਨਭਾਨ: ਭਾਨੁ (ਸੂਰਜ) ਨੂੰ ਪ੍ਰਕਾਸ਼ ਦੇਣ ਵਾਲਾ. "ਨਮੋ ਭਾਨਭਾਨੇ." (ਜਾਪੁ)

ਭਾਨਮਤੀ: ਦੇਖੋ, ਭਾਨੁਮਤੀ.

ਭਾਨਵੀ: ਭਾਨੁ (ਸੂਰਜ) ਦੀ ਸ਼ਕਤੀ. "ਨਮੋ ਚੰਦ੍ਰਣੀ ਭਾਨਵੀਯੰ." (ਚੰਡੀ ੨)

ਭਾਨਾ: ਭਾਣਾ. ਭਾਇਆ. ਪਸੰਦ ਆਇਆ. "ਕਉੜਾ ਕਿਸੈ ਨ ਲਗਈ, ਸਭਨਾ ਹੀ ਭਾਨਾ." (ਮਃ ੪. ਵਾਰ ਬਿਹਾ) ੨. ਸੁਲਤਾਨਪੁਰ ਨਿਵਾਸੀ ਗੁਰੂ ਅਰਜਨਦੇਵ ਦਾ ਪ੍ਰੇਮੀ ਸਿੱਖ। ੩. ਪ੍ਰਯਾਗ ਨਿਵਾਸੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜੋ ਆਤਮ ਗ੍ਯਾਨੀ ਅਤੇ ਮਹਾਨਯੋਧਾ ਸੀ। ੪. ਬਾਬਾ ਬੁੱਢਾ ਜੀ ਦਾ ਸੁਪੁਤ੍ਰ. ਦੇਖੋ, ਬੁੱਢਾ ਬਾਬਾ.

ਭਾਨਾਨ ਭਾਨ: (ਜਾਪੁ) ਪ੍ਰਕਾਸ਼ ਨੂੰ ਪ੍ਰਕਾਸ਼ ਦੇਣ ਵਾਲਾ. ਭਾਵ- ਸੂਰਜ ਅਗਨਿ ਆਦਿ ਨੂੰ ਰੌਸ਼ਨ ਕਰਨ ਵਾਲਾ. ਦੇਖੋ, ਭਾਨ। ੨. ਸੂਰਜਾਂ ਦਾ ਸੂਰਜ.

ਭਾਨਿ: ਭੰਨਕੇ. ਨਸ਼੍ਟ ਕਰਕੇ. "ਅਬ ਭਉ ਭਾਨਿ ਭਰੋਸਉ ਆਵਾ." (ਗਉ ਬਾਵਨ ਕਬੀਰ)

ਭਾਨੀ: ਭਾਈ ਪਸੰਦ ਆਈ. "ਕਿਆ ਜਾਨਾ ਕਿਉ ਭਾਨੀ ਕੰਤ." (ਆਸਾ ਮਃ ੫) ੨. ਭੰਨੀ. ਤੋੜੀ. "ਲਜ ਭਾਨੀ ਮਟਕੀ ਮਾਟ." (ਮਾਲੀ ਮਃ ੪) ਲੋਕ- ਲੱਜਾ ਰੂਪ ਮਟਕੀ ਮੱਟ (ਝਟਿਤ) ਭੰਨ ਦਿੱਤੀ। ੩. ਭਾਨ (ਰੌਸ਼ਨ) ਹੋਈ। ੪. ਸੰਗ੍ਯਾ- ਭਾ (ਪ੍ਰਭਾ)

ਵਾਲੀ. ਸੈਨਾ. ਫੌਜ. "ਭਾਨੀ ਆਦਿ ਬਖਾਨਨ ਕੀਜੈ." (ਸਨਾਮਾ) ੫. ਦੇਖੋ, ਭਾਨੀ ਬੀਬੀ.

ਭਾਨੀ ਬੀਬੀ: ਸ਼੍ਰੀ ਗੁਰੂ ਅਮਰਦੇਵ ਜੀ ਦੀ ਸੁਪੁਤ੍ਰੀ ਜਿਸ ਦਾ ਜਨਮ ੨੧. ਮਾਘ ਸੰਮਤ ੧੫੯੧ ਨੂੰ ਬਾਸਰਕੇ ਹੋਇਆ. ੨੨ ਫੱਗੁਣ ਸੰਮਤ ੧੬੧੦ ਨੂੰ ਗੁਰੂ ਰਾਮਦਾਸ ਜੀ ਨਾਲ ਵਿਆਹ ਹੋਇਆ. ਇਸ ਦੇ ਉਦਰ ਤੋਂ ਪ੍ਰਿਥੀਚੰਦ, ਮਹਾਦੇਵ ਅਤੇ ਗੁਰੂ ਅਰਜਨ ਜੀ ਤਿੰਨ ਪੁਤ੍ਰ ਹੋਏ. ਸੰਮਤ ੧੬੫੫ ਵਿੱਚ ਗੋਇੰਦਵਾਲ ਦੇਹਾਂਤ ਹੋਇਆ. ਇਹ ਪਿਤਾ ਦੀ ਸੇਵਾ ਕਰਨ ਅਤੇ ਸਿੱਖੀ ਦੇ ਨਿਯਮਾਂ ਦੇ ਪਾਲਨ ਵਿੱਚ ਅਦੁਤੀ ਸੀ. ਇਸੇ ਦੀ ਸੇਵਾ ਤੋਂ ਰੀਝਕੇ ਗੁਰੂ ਅਮਰਦੇਵ ਨੇ ਸੋਢਿ ਵੰਸ਼ ਵਿੱਚ ਗੁਰੁਤਾ ਰਹਿਣ ਦਾ ਵਰ ਦਿੱਤਾ ਸੀ.

ਭਾਨੀ ਬੀਬੀ ਵਾਲਾ ਖੂਹ: ਸ਼੍ਰੀ ਗੁਰੂ ਅਰਜਨਦੇਵ ਜੀ ਦਾ, ਮਾਤਾ ਜੀ ਦੀ ਯਾਦਗਾਰ ਵਿੱਚ ਤਰਨਤਾਰਨ ਲਗਵਾਇਆ ਖੂਹ, ਜੋ ਅਕਾਲੀ ਫੂਲਾਸਿੰਘ ਜੀ ਦੇ ਭਾਈ ਸੰਤਸਿੰਘ ਦੀ ਔਲਾਦ ਸਰਦਾਰ ਬਿਸਨਸਿੰਘ ਅਤੇ ਜਸਵੰਤਸਿੰਘ ਦੇ ਕਬਜੇ ਵਿੱਚ ਹੈ.

ਭਾਨੁ: ਪ੍ਰਭਾ ਵਾਲਾ, ਸੂਰਜ। ੨. ਕਿਰਨ। ੩. ਰਾਜਾ। ੪. ਰੌਸ਼ਨੀ. ਚਾਨਣਾ. ਪ੍ਰਕਾਸ਼. ਦੇਖੋ, ਭਾ.

ਭਾਨੁ ਸੁਅੰ: ਸ੍ਵਯੰ ਭਾਨੁ. ਸੂਰਜ ਆਪ. "ਚਪ ਡਾਰਤ ਚਾਚਰ ਭਾਨੁ ਸੁਅੰ." (ਦੱਤਾਵ) ਚਪ (ਚੌਂਪ ਸਹਿਤ) ਸੂਰਜ ਰਿਖੀ ਤੇ ਖ਼ੁਦ ਗੁਲਾਲ ਛਿੜਕਦਾ ਹੈ। ੨. ਭਾਨੁ ਸੁਵਨ. ਸੂਰਜਪੁਤ੍ਰ. ਦੇਖੋ, ਸੁਤਭਾਨੁ ਅਤੇ ਭਾਨੁਸੁਤ.

ਭਾਨੁਸੁਤ, ਭਾਨੁਜ: ਦੇਖੋ, ਸੁਤਭਾਨੁ। ੨. ਸੂਰਜ ਤੋਂ ਪੈਦਾ ਹੋਇਆ ਯਮ। ੩. ਕਰਣ. "ਭੀਖਮ ਆਗੈ ਭਯੋ ਸੰਗ ਭਾਨੁਜ." (ਕ੍ਰਿਸਨਾਵ) ੪. ਸ਼ਨੈਸ਼੍ਵਰ. ਛਨਿੱਛਰ। ੫. ਅਸ਼੍ਵਿਨੀਕੁਮਾਰ। ੬. ਸੁਗ੍ਰੀਵ। ੭. ਸ਼ਸਤ੍ਰਨਾਮਮਾਲਾ ਵਿੱਚ ਪ੍ਰਕਾਸ਼ ਦਾ ਨਾਮ ਭੀ ਭਾਨੁਜ ਲਿਖਿਆ ਹੈ.

ਭਾਨੁਜ ਅਰਿ: ਭਾਨੁਜ (ਪ੍ਰਕਾਸ਼) ਉਸ ਦਾ ਵੈਰੀ, ਰਾਤ੍ਰੀ (ਸਨਾਮਾ) ੨. ਕਰਣ ਦਾ ਵੈਰੀ ਅਰਜੁਨ.

ਭਾਨੁਜ ਅਰਿ ਰਵਨ: ਭਾਨੁਜ ਅਰਿ (ਰਾਤ੍ਰਿ), ਉਸ ਨੂੰ ਰਮਣ (ਭੋਗਣ) ਵਾਲਾ ਚੰਦ੍ਰਮਾ. (ਸਨਾਮਾ)

ਭਾਨੁਜਾਤ: ਦੇਖੋ, ਭਾਨੁਜ.

ਭਾਨੁਮਤੀ: ਰਾਜਾ ਭਰਤਰੀ (ਭਰ੍ਤ੍ਰਿਹਰਿ) ਦੀ ਰਾਣੀ. "ਭਾਨੁਮਤੀ ਤਾਂਕੇ ਬਰ ਨਾਰੀ." (ਚਰਿਤ੍ਰ ੨੦੯) ੨. ਦੇਖੋ, ਨਿਕੁੰਭ ੩। ੩. ਰਾਜਾ ਭੋਜ ਦੀ ਪੁਤ੍ਰੀ, ਜੋ ਜਾਦੂ ਟੂਣੇ ਦੀ ਵਿਦਯਾ ਵਿੱਚ ਵਡੀ ਨਿਪੁਣ ਸੀ। ੪. ਜਾਦੂ ਦਾ ਖੇਡ ਕਰਨ ਵਾਲੀ ਇਸਤ੍ਰੀ.

ਭਾਨੁਮਤੀ ਦਾ ਖੇਲ: ਤਿਲਸਮ. ਇੰਦ੍ਰਜਾਲ. ਦੇਖੋ, ਭਾਨੁਮਤੀ ੩, ੪. ਅਤੇ ਨਿਕੁੰਭ ੩.

ਭਾਨੂ: ਚੱਢਾ ਜਾਤਿ ਦਾ ਪ੍ਰੇਮੀ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਇਆ। ੨. ਰਾਜਮਹਲ ਦਾ ਨਿਵਾਸੀ ਬਹਲ ਦਾ ਗੁਰੂ ਹਰਿਗੋਬਿੰਦ ਸਾਹਿਬ ਦਾ ਗਯਾਨੀ ਅਤੇ ਮਹਾਨ ਯੋਧਾ ਸਿੱਖ. ਇਹ ਅਮ੍ਰਿਤਸਰ ਦੇ ਜੰਗ ਵਿੱਚ ਸ਼ਮਸਖ਼ਾਨ ਸਰਦਾਰ ਨੂੰ ਮਾਰਕੇ ਸ਼ਹੀਦ ਹੋਇਆ.

ਭਾਨੇ: ਭਾਏ. ਪਸੰਦ ਆਏ। ੨. ਭਗ੍ਨ ਕਰਦਾ ਹੈ. ਭੰਨ (ਤੋੜਦਾ) ਹੈ. "ਨਾਰਾਇਣਾਂ ਦੰਤ ਭਾਨੇ ਡਾਇਣ." (ਗੌਂਡ ਮਃ ੫)

ਭਾਨੈ: ਭੰਨੈ. ਭਗ੍ਨ ਕਰੈ. "ਘਾਲ ਨ ਭਾਨੈ, ਅੰਤਰਬਿਧਿ ਜਾਨੈ." (ਸੋਰ ਮਃ ੫) ੨. ਭਾਣੇ ਅਨੁਸਾਰ. ਆਪਣੀ ਇੱਛਾ ਅਨੁਸਾਰ. "ਮਾਂਗਨ ਕਉ ਸਗਲੀ, ਦਾਨੁ ਦੇਹਿ ਪ੍ਰਭ ਭਾਨੈ." (ਸੋਰ ਮਃ ੫)

ਭਾਪ, ਭਾਫ: ਸੰ. ਬਾਸ਼੍ਪ. Vapours ਅਬਖ਼ਰਹ. ਹਵਾੜ.

ਭਾਂਬੜ: ਬੜ੍ਹੀ (ਵਧੀ) ਹੋਈ ਭਾ. ਅੱਗ ਦਾ ਪ੍ਰਚੰਡ ਭਭੁਕਾ.

ਭਾਬੜਾ: ਉਸਵਾਲ ਬਾਣੀਆਂ ਦਾ ਅੱਲ। ੨. ਅਗਰਵਾਲ ਵਾਣੀਏ ਭੀ ਭਾਬੜੇ ਕਹੇ ਜਾਂਦੇ ਹਨ. "ਗੁਜਰਾਤੈ ਵਿਚ ਜਾਣੀਐ ਭੇਖਾਰੀ ਭਾਬੜਾ ਸੁਲਾਸ." (ਭਾਗੁ) ੩. ਜੇਨਮਤ ਦੇ ਉਪਾਸਕ ਭਾਣੀਏਂ ਭੀ ਭਾਬੜੇ ਸੱਦੀਦੇ ਹਨ. ਇਹ ਜਨੇਊ ਨਹੀਂ ਪਹਿਨਦੇ.

ਭਾਂਬੜੀ: ਖਤ੍ਰੀਆਂ ਦੀ ਇੱਕ ਜਾਤਿ. ਇਨ੍ਹਾਂ ਦੇ ਕਈ ਘਰ ਇਕੁਲਾਹੇ ਅਤੇ ਦਹਿਰਤੂ ਵਿੱਚ ਹਨ.

ਭਾਬੀ, ਭਾਭੀ: ਭ੍ਰਾਤ੍ਰਿ ਵਧੂ. ਭਾਈ ਦੀ ਵਹੁਟੀ. "ਤੀਜੈ ਭਯਾ ਭਾਭੀ ਬੇਬ." (ਮਃ ੧. ਵਾਰ ਮਾਝ)

ਭਾਂਭੀਰੀ: ਭ੍ਰਮਰੀ. ਭੌਰੀ। ੨. ਤਿਤਲੀ. "ਭਾਂਭੀਰੀ ਕੇ ਪਾਤ ਪਾਰਦੇ." (ਸੋਰ ਮਃ ੫) ਭੰਬੀਰੇ ਦੇ ਪਤ੍ਰ (ਪੰਖ) ਜੇਹਾ ਸੂਖਮ ਪੜਦਾ. ਭਾਵ- ਅਵਿਦ੍ਯਾ ਦਾ ਆਵਰਣ.

ਭ੍ਰਾਮ: ਸੰ. ਭ੍ਰਾਮ੍. ਧਾ- ਝਿੜਕਣਾ. ਗੁੱਸਾ ਕਰਨਾ, ਪ੍ਰਕਾਸ਼ਣਾ। ੨. ਸੰਗ੍ਯਾ- ਕ੍ਰੋਧ। ੩. ਪ੍ਰਕਾਸ਼. "ਸਰਬ ਕੇ ਨਿਜ ਭਾਮ." (ਅਕਾਲ) ੪. ਸੂਰਜ। ੫. ਸ਼ਿਵ। ੬. ਭਾਮਿਨੀ ਦੀ ਥਾਂ ਭੀ ਭਾਮ ਸ਼ਬਦ ਆਇਆ ਹੈ. "ਨ੍ਰਿਪ ਧਾਮ ਭਾਮ ਏਕ ਸੈ ਅਧਿਕ ਏਕ." (ਭਾਗੁ ਕ) ਦੇਖੋ, ਭਾਮਿਨੀ ੧। ੭. ਕ੍ਰੋਧ ਵਾਲੀ ਇਸਤ੍ਰੀ। ੭. ਭੈਣ ਦਾ ਪਤਿ, ਭਣੋਈਆ.

ਭਾਮਾ, ਭਾਮਿਨੀ: ਸੰ. ਭਾਮਿਨੀ. ਸੁੰਦਰ ਇਸਤ੍ਰੀ। ੨. ਕ੍ਰੋਧ ਵਾਲੀ ਇਸਤ੍ਰੀ.

ਭਾਮੀ: ਡਿੰਗ. ਬਲੈਯਾਂ ਲੇਨਾ. ਕਿਸੇ ਦੀ ਬਲਾ ਪ੍ਰੇਮਭਾਵ ਨਾਲ ਆਪਣੇ ਸਿਰ ਲੈਣੀ.

ਭਾਯ: ਸੰਗ੍ਯਾ- ਭਾਉ. ਨਿਰਖ. ਮੁੱਲ। ੨. ਭਾਵ, ਪ੍ਰੇਮ। ੩. ਭ੍ਰਾਤਾ. ਭਾਈ. "ਤਾਤ ਮਾਤ ਨ ਭਾਯੰ." (ਵਿਚਿਤ੍ਰ) ੪. ਭਾਵ ਚਿੱਤ ਦੇ ਭਾਵ ਪ੍ਰਗਟ ਕਰਨ ਲਈ ਅੰਗਾਂ ਦੀ ਹਰਕਤ. "ਕਰ ਕਰ ਭਾਯੰ ਤ੍ਰਿਯ ਬਰ ਨਾਚੈਂ." (ਅਜਰਾਜ)

ਭਾਰ: (ਦੇਖੋ, ਭ੍ਰੀ ਧਾ) ਸੰ. ਬੋਝ. ਫ਼ਾ- ਬਾਰ. "ਬੰਨਿਭਾਰ ਉਚਾਇਨਿ ਛਟੀਐ." (ਵਾਰ ਰਾਮ ੩) ੨. ਅੱਠ ਹਜ਼ਾਰ ਤੋਲਾ ਪ੍ਰਮਾਣ. "ਏਕ ਏਕ ਸੁਵਰਣ ਕੋ ਦਿਜ ਏਕ ਦੀਜੈ ਭਾਰ." (ਗ੍ਯਾਨ) "ਜਗਨ ਕਰੈ ਬਹੁ ਭਾਰ ਅਫਾਰੀ." (ਗਉ ਅਃ ਮਃ ੧) ੩. ਅੰਨ ਆਦਿ ਵਸਤੂਆਂ ਦਾ ਭਾਰ ਵੀਹ ਧੜੀਆਂ ਦਾ ਮੰਨਿਆ ਹੈ, ਅਰਥਾਤ ਪੰਜ ਮਣ ਕੱਚਾ. "ਜਉ ਗੁਰਦੇਉ ਅਠਾਰਹ ਭਾਰ." (ਭੈਰ ਨਾਮਦੇਵ) ਅਠਾਰਹ ਭਾਰ ਵਨਸਪਤਿ ਠਾਕੁਰ ਨੂੰ ਭੇਟਾ ਹੋ ਗਈ. ਦੇਖੋ, ਅਠਾਰਹਭਾਰ। ੪. ਆਧਾਰ. "ਤੀਨਿ ਲੋਕ ਜਾਕੈ ਹਹਿ ਭਾਰ." (ਗਉ ਕਬੀਰ) ੫. ਮਾਨ, ਸਤਕਾਰ. "ਅਸਾਂ ਤੇਰਾ ਭਾਰ ਰਖਿਆ ਹੈ." (ਜਸਭਾਮ) ੬. ਅਹਸਾਨ. ਉਪਕਾਰ ਦਾ ਬੋਝ। ੭. ਮੁਸੀਬਤ. "ਜੋ ਤੇਰੀ ਸਰਣਾਗਤਾ, ਤਿਨ ਨਾਹੀ ਭਾਰ." (ਬਿਲਾ ਰਵਿਦਾਸ) ੮. ਕ੍ਰਿ. ਵਿ- ਤੇਰੇ ਮਾਤ੍ਰ. "ਗਛੇਣ ਨੰਣਭਾਰੇਣ." (ਗਾਥਾ) ਨੇਤ੍ਰ ਦੇ ਭੌਰ ਵਿੱਚ (ਪਲਕ ਭਰ ਮੇਂ) ਸਭ ਥਾਂ ਜਾ ਸਕੇ। ੯. ਸਮੁਦਾਯ. ਗਰੋਹ. "ਸਭਿ ਧਰਤੀ ਸਭਿ ਭਾਰ." (ਮਃ ੧. ਵਾਰ ਸਾਰ) ਪ੍ਰਿਥਿਵੀ ਦੇ ਸਾਰੇ ਪਦਾਰਥ.

ਭਾਰਉ: ਵਿ- ਭਾਰੀ. ਬੋਝਲ। ੨. ਪ੍ਰਤਿਸ਼੍ਠਾ ਵਾਲਾ. ਸਨਮਾਨ ਯੋਗ੍ਯ.

ਭਾਰਅਠਾਰ: ਅਠਾਰਾਂ ਪਰਵਾਂ ਵਾਲਾ ਭਾਰਤ. ਮਹਾਭਾਰਤ ਗ੍ਰੰਥ. "ਨਿਸਿ ਦਿਨ ਉਚਰੈ ਭਾਰਅਠਾਰ." (ਮਃ ੧. ਵਾਰ ਸਾਰ) ੨. ਦੇਖੋ, ਅਠਾਰਹ ਭਾਰ.

ਭਾਰ ਅਠਾਰਹ: ਦੇਖੋ, ਅਠਾਰਹ ਭਾਰ. "ਭਾਰ ਅਠਾਰਹ ਮਹਿ ਚੰਦਨ ਊਤਮ." (ਬਿਲਾ ਅਃ ਮਃ ੪)

ਭਾਰਕ: ਸੰ. ਭਾਰ ਉਠਾਉਣ ਵਾਲਾ. ਭਾਰਵਾਹਕ। ੨. ਭਾ- ਅਰ੍ਕ. "ਲਜੰਤ੍ ਭਾਰਕੱਛਟਾ." (ਗ੍ਯਾਨ) ਅਰ੍ਕ (ਸੂਰਜ) ਦੀ ਛਟਾ (ਕਿਰਨ) ਦੀ ਭਾ (ਸ਼ੋਭਾ) ਲਜੰਤ.

ਭਾਰਗਵ: ਸੰ. ਭਾਰ੍ਗਵ. ਵਿ- ਭ੍ਰਿਗੁਵੰਸ਼ ਵਿੱਚ ਹੋਣ ਵਾਲਾ। ੨. ਸੰਗ੍ਯਾ- ਪਰਸ਼ੁਰਾਮ। ੩. ਸ਼ੁਕ੍ਰਾਚਾਰਯ। ੪. ਭਗਵਾਂ (ਗੇਰੂਆ) ਅਰਥ ਵਿੱਚ ਭੀ ਭਾਰਗਵ ਸ਼ਬਦ ਆਇਆ ਹੈ. "ਸੁਭੰਤ ਭਾਰਗਵੰ ਪਟੰ." (ਦੱਤਾਵ) ਸ਼ੋਭਾ ਦਿੰਦੇ ਹਨ ਭਗਵੇਂ ਵਸਤ੍ਰ.

ਭਾਰਗਵੀ: ਸੰ. ਭਾਰ੍ਗਵੀ. ਭ੍ਰਿਗੁਵੰਸ਼ ਨਾਲ ਸੰਬੰਧ ਰੱਖਣ ਵਾਲੀ। ੨. ਸੰਗ੍ਯਾ- ਪਰਸ਼ੁਰਾਮ ਅਤੇ ਸ਼ੁਕ੍ਰ ਦੀ ਪ੍ਰਕਾਸ਼ ਕੀਤੀ ਸ਼ਸਤ੍ਰਵਿਦ੍ਯਾ। ੩. ਦੁਰ੍ਗਾ. ਪਾਰਵਤੀ.

ਭਾਰਗੀ: ਭਾਰਗਵੀ ਦਾ ਸੰਖੇਪ। ੨. ਸੰ. ਭਾਰ੍ਗੀ. ਇੱਕ ਬੂਟੀ ਜੋ ਬੰਗਾਲ ਵਿੱਚ ਬਹੁਤ ਹੁੰਦੀ ਹੈ. ਇਹ ਖੰਘ ਅਤੇ ਦਮੇ ਲਈ ਵਰਤੀ ਜਾਂਦੀ ਹੈ. L. . Clerozen zron Serratifolium.

ਭਾਰਜਾ: ਸੰ. ਭਾਯੰਾ. ਵਹੁਟੀ. ਪਤਨੀ. ਘਰਵਾਲੀ. ਦੇਖੋ, ਭਾਰਯਾ.

ਭਾਰਤ: ਵਿ- ਭਰਤ ਨਾਲ ਹੈ ਜਿਸ ਦਾ ਸੰਬੰਧ. ਭਰਤ ਦਾ। ੨. ਸੰਗ੍ਯਾ- ਰਾਜਾ ਭਰਤ ਦੇ ਨਾਮ ਪੁਰ ਹੈ ਜਿਸ ਦੇਸ਼ ਦਾ ਨਾਮ. ਹਿੰਦੁਸਤਾਨ. ਦੇਖੋ, ਭਰਤ ਅਤੇ ਭਾਰਤਵਰਸ। ੩. ਭਰਤਵੰਸ਼ੀ ਰਾਜਿਆਂ ਦਾ ਹੈ ਵਰਣਨ ਜਿਸ ਗ੍ਰੰਥ ਵਿੱਚ, ਮਹਾਭਾਰਤ, ਇਹ ਵ੍ਯਾਸ ਕ੍ਰਿਤ ੧੮. ਪਰਵਾਂ ਦਾ ਇੱਕ ਲੱਖ ਸ਼ਲੋਕ ਦਾ ਗ੍ਰੰਥ ਹੈ। ੪. ਭਰਤ ਮੁਨਿ ਦਾ ਰਚਿਆ ਨਾਟਕ.

ਭਾਰਤਵਰਸ, ਭਾਰਤਵਰਖ: ਭਾਰਤਵਸ੍ਹੰ. ਭਾਰਤ ਨਾਮ ਦਾ ਵਸ੍ਹੰ (ਪ੍ਰਿਥਿਵੀ ਦਾ ਖੰਡ). ਭਰਤ ਰਾਜਾ ਦਾ ਦੇਸ਼.[928] ਹਿੰਦੁਸਤਾਨ. ਇੰਡੀਆ. ਦੇਖੋ, ਹਿੰਦੁਸਤਾਨ.

ਭਾਰਤੀ: ਸੰਗ੍ਯਾ- ਭਾਰਤ ਦੀ ਪ੍ਰਜਾ. ਹਿੰਦੁਸਤਾਨ ਵਿੱਚ ਵਸਣ ਵਾਲੇ ਲੋਕ। ੨. ਸੰਸਕ੍ਰਿਤ ਭਾਸ਼ਾ (ਬੋੱਲੀ). ੩. ਸਰਸ੍ਵਤੀ। ੪. ਸੰਨ੍ਯਾਸੀਆਂ ਦੀ ਇੱਕ ਸੰਗ੍ਯਾ. ਦੇਖੋ, ਦਸਨਾਮ ਸੰਨ੍ਯਾਸੀ। ੫. ਦੇਖੋ, ਸ਼ੰਕਰਾਚਾਰਯ। ੬. ਭਰਤਵੰਸ਼ ਦੀ ਇਸਤ੍ਰੀ.

ਭਾਰਥ: ਦੇਖੋ, ਭਾਰਤ। ੨. ਯੁੱਧ. ਇਹ ਸ਼ਬਦ ਯੁੱਧ ਅਰਥ ਵਿੱਚ ਕੁਰੁਖੇਤ੍ਰ ਵਾਲੇ ਭਰਤਵੰਸ਼ੀਆਂ ਦੇ ਜੰਗ ਤੋਂ ਆਰੰਭ ਹੋਇਆ ਹੈ.

ਭਾਰਥਖੰਡ: ਦੇਖੋ, ਭਾਰਤ ੨, ਭਾਰਤਵਰਸ਼ ਅਤੇ ਹਿੰਦੁਸਤਾਨ.

ਭਾਰਥੀ: ਦੇਖੋ, ਭਾਰਤੀ.

ਭਾਰਦ: ਭਾ (ਸ਼ੋਭਾ) ਰਦ (ਦੰਦ), "ਭਾਰਦ ਕੁੰਦ." (ਗ੍ਯਾਨ) ਚਿੱਟੀਆਂ ਕਲੀਆਂ ਵਰਗੀ ਦੰਦਾਂ ਦੀ ਸੋਭਾ. ਦੇਖੋ, ਕੁੰਦ। ੨. ਭਾਰ ਦੇਣ ਵਾਲਾ.

ਭਾਰਦੁਆਜ, ਭਾਰਦੁਆਜੀ, ਭਾਰਦ੍ਵਾਜ, ਭਾਰਦ੍ਵਾਜੀ: ਸੰ. भारद्वाजिन. ਭਰਦ੍ਵਾਜਰਿਖੀ ਨਾਲ ਹੈ ਜਿਸ ਦਾ ਸੰਬੰਧ. ਦੇਖੋ, ਭਰਦ੍ਵਾਜ। ੨. ਭਰਦ੍ਵਾਜ ਤੋਂ ਚੱਲਿਆ ਬ੍ਰਾਹਮਣਾਂ ਦਾ ਗੋਤ੍ਰ. "ਵਿੱਸੀ ਗੋਪੀ ਤੁਲਸੀਆ ਭਾਰਦੁਆਜੀ ਸਨਮੁਖ ਸਾਰੇ." (ਭਾਗੁ) ੩. ਭਰਦ੍ਵਾਜ ਦਾ ਪੁਤ੍ਰ ਦ੍ਰੋਣਾਚਾਰਯ। ੪. ਕਈ ਲੇਖਕਾਂ ਨੇ ਭਰਦ੍ਵਾਜ ਦੀ ਥਾਂ ਭੀ ਭਾਰਦ੍ਵਾਜ ਸ਼ਬਦ ਵਰਤਿਆ ਹੈ.

ਭਾਰ ਬਰਦਾਰੀ: ਬਾਰ ਬਰਦਾਰੀ. ਬੋਝ ਲੈਜਾਣ ਵਾਲੀ ਗੱਡੀ ਆਦਿ. ਉੱਠ ਖੱਚਰ ਆਦਿ ਪਸ਼ੂ.

ਭਾਰਬਾਹ, ਭਾਰਬਾਹਕ: ਭਾਰਵਾਹ. ਵਿ- ਭਾਰ ਢੋਣ ਵਾਲਾ. ਬੋਝਾ ਲੈਜਾਣ ਵਾਲਾ। ੨. ਸੰਗ੍ਯਾ- ਬੋਝਾ ਚੁੱਕਣ ਵਾਲਾ ਮਜ਼ਦੂਰ. "ਬਾਕੀ ਭਾਰਬਾਹ ਕੋ ਦੀਨੋ." (ਨਾਪ੍ਰ) ਭਾਰਵਾਹਕ ਅਤੇ ਭਾਰਵਾਹੀ. भारवाहिन.

ਭਾਰਬਾਹੀ: ਵਿ- ਭਾਰ ਢੋਣ ਵਾਲਾ. "ਜੈਸੇ ਭਾਰਬਾਹਕ ਖੋਤ." (ਕੇਦਾ ਮਃ ੫) ਭਾਰ ਢੋਣ ਵਾਲਾ ਖੋੱਤਾ.

ਭਾਰਯਾ: ਸੰ. ਭਾਯੰਾ. ਸੰਗ੍ਯਾ- ਉਹ ਇਸਤ੍ਰੀ, ਜੋ ਪਤਿ ਦ੍ਵਾਰਾ ਭਰਣ (ਪਾਲਨ) ਯੋਗ੍ਯ ਹੈ. ਵਿਧਿ ਨਾਲ ਵਿਆਹੀ ਹੋਈ ਇਸਤ੍ਰੀ. ਵਹੁਟੀ. ਪਤਨੀ. ਮਹਾਭਾਰਤ ਵਿੱਚ ਲਿਖਿਆ ਹੈ- ਜੋ ਘਰ ਦੇ ਕੰਮ ਵਿੱਚ ਨਿਪੁਣ ਹੈ, ਜੋ ਸੰਤਾਨ ਵਾਲੀ ਹੈ, ਜੋ ਪਤੀ ਨੂੰ ਆਪਣੀ ਜਾਨ ਸਮਝਦੀ ਹੈ, ਜੋ ਪਤਿਵ੍ਰਤ ਧਰਮ ਵਿੱਚ ਪੱਕੀ ਹੈ, ਉਹ "ਭਾਯੰਾ" ਹੈ.[929]

ਭਾਰਾ: ਵਿ- ਭਾਰ ਸਹਿਤ. ਬੋਝਲ। ੨. ਵਡਾ ਸ਼੍ਰੇਸ਼੍ਠ. "ਮੇਰਾ ਠਾਕੁਰ ਅਤਿ ਭਾਰਾ." (ਮਾਰੂ ਮਃ ੫) ੩. ਸੰਗ੍ਯਾ- ਬੋਝਾ. ਭਾਰ. "ਚੂਕਾ ਭਾਰਾ ਕਰਮ ਕਾ." (ਮਾਰੂ ਮਃ ੫) ੪. ਦੇਖੋ, ਭਾੜਾ. "ਗਰਧਬ ਕਰ ਭਾਰਾ ਲਿਯੋ." (ਗੁਪ੍ਰਸੂ) ੫. ਗੁਰੂ ਅਮਰਦੇਵ ਜੀ ਦਾ ਆਤਮਗ੍ਯਾਨੀ ਸਿੱਖ ਭਾਈ ਭਾਰਾ.

---

[928] उत्तरं यत समुद्रस्य हिमवद्दक्षिणश्च यत्।
वर्ष तद्भारतं नाम यत्रेयं भारती प्रजा॥ (ਬ੍ਰਹਮਾਂਡ ਪੁਰਾਣ)

[929] सा भायी या गृहे दक्षा. सा भायी या प्रजावती।
सा भायो या पतिप्राणा, सा भायी या पतिव्रता॥ (ਮਹਾਭਾਰਤ ਆਦਿ ਪਰਵ. ਅਃ ੭੪)

ਭਾਰਾਕ੍ਰਾਂਤ: ਭਾਰ- ਆਕ੍ਰਾਂਤ. ਭਾਰ ਨਾਲ ਦਬਿਆ, ਦਬੀ. "ਭਾਰਾਕ੍ਰਾਂਤ ਹੋਤ ਜਬ ਧਰਨੀ." (ਕਲਕੀ)

ਭਾਰਾਤੋਲੀ: ਵਿ- ਭਾਰੇ ਤੋਲ ਵਾਲਾ, ਵਾਲੀ। ੨. ਭਾਵ- ਸਨਮਾਨ ਅਤੇ ਪ੍ਰਤਿਸ਼੍ਠਾ ਸਹਿਤ. "ਭਈ ਅਮੋਲੀ ਭਾਰਾ ਤੋਲੀ." (ਸੂਹੀ ਛੰਤ ਮਃ ੫)

ਭਾਰਿ: ਭਾਰ ਕਰਕੇ. ਭਾਰ ਤੋਂ। ੨. ਸੰ. ਸੰਗਯਾ- ਸਿੰਹ. ਸ਼ੇਰ. ਇਭ (ਹਾਥੀ) ਅਰਿ ਦਾ ਸੰਖੇਪ. ਇਭਅਰਿ.

ਭਾਰਿਆ: ਭਾਲਿਆ. ਖੋਜਿਆ. ਤਲਾਸ਼ ਕੀਤਾ. ਢੂੰਢਿਆ. "ਪ੍ਰਭੁ ਪਾਏ, ਹਮ ਅਵਰੁ ਨ ਭਾਰਿਆ." (ਗਉ ਅਃ ਮਃ ੧)

ਭਾਰੀ: ਵਿ- ਬੋਝਲ. "ਹਲਕੀ ਲਗੈ ਨ ਭਾਰੀ." (ਗਉ ਕਬੀਰ) ੨. ਸੰਗਯਾ- ਵਿਪਦਾ. ਮੁਸੀਬਤ. "ਅੰਤਕਾਲ ਕਉ ਭਾਰੀ." (ਗਉ ਕਬੀਰ) ੩. ਦੇਖੋ, ਭਾਲੀ.

ਭਾਰੀਭੁਜਾਨ: ਭਾਰੀਭੁਜਾਵਾਨ. ਬਹੁਤ ਬਲਵਾਨ ਹਨ ਜਿਸ ਦੀਆਂ ਬਾਹਾਂ. ਜਿਸ ਦੀਆਂ ਬਾਹਾਂ ਦੂਰ ਤੀਕ ਪਹੁਚ ਸਕਦੀਆਂ ਹਨ. ਜਿਸ ਦੀਆਂ ਅਨੰਤ ਭੁਜਾ ਹਨ. ਭਾਵ- ਅਕਾਲ. "ਭਾਰੀਭੁਜਾਨ ਕੋ ਭਾਰੀ ਭਰੋਸੋ." (ਵਿਚਿਤ੍ਰ)

ਭਾਰੁ: ਬੋਝ. ਦੇਖੋ, ਭਾਰ। ੨. ਭਾਰੂਪ (ਪ੍ਰਕਾਸ਼ ਵਾਲਾ) ਦਾ ਸੰਖੇਪ. "ਲਿਖਿ ਪੜਿ ਬੁਝਹਿ ਭਾਰੁ." (ਸ੍ਰੀ ਮਃ ੧) ਜ੍ਯੋਤਿਰੂਪ ਨੂੰ ਲਿਖ ਪੜ੍ਹਕੇ ਬੁੱਝਹਿਂ.

ਭਾਰੂ: ਵਿ- ਭਾਰ ਵਾਲਾ। ੨. ਬੋਝਰੂਪ. ਭਾਰ ਪਾਉਣ ਵਾਲਾ। ੩. ਸੰਗਯਾ- ਸ਼੍ਰੀ ਗੁਰੂ ਰਾਮਦਾਸ ਜੀ ਦਾ ਇੱਕ ਪ੍ਰੇਮੀ ਸਿੱਖ.

ਭਾਰੂਪ: ਸੰ. ਵਿ- ਪ੍ਰਭਾਰੂਪ. ਪ੍ਰਕਾਸ਼ਵੰਤ.

ਭਾਰੇ: ਭਾਰ ਵਾਲੇ। ੨. ਭਾਲੇ. ਖੋਜੇ. "ਰਿਦ ਅੰਤਰਿ ਹਰਿਜਨ ਭਾਰੇ." (ਨਟ ਅਃ ਮਃ ੪) ੩. ਸੰਗਯਾ- ਬੋਝੇ. ਪੰਡਾਂ. "ਜਨਮ ਜਨਮ ਚੂਕੇ ਭੈ ਭਾਰੇ." (ਆਸਾ ਮਃ ੫)

ਭਾਰੋ: ਭਾਰੀ. ਵਡਾ. "ਤੂੰ ਭਾਰੋ ਸੁਆਮੀ ਮੇਰਾ." (ਸੋਰ ਮਃ ੫)

ਭਾਰੋਸਉ, ਭਾਰੋਸਾ: ਦੇਖੋ, ਭਰਵਾਸਾ. "ਕਹੁ ਨਾਨਕ ਏਕੈ ਭਾਰੋਸਉ (ਕਾਨ ਮਃ ੪) "ਠਾਕੁਰ ਕਾ ਭਾਰੋਸਾ." (ਮਲਾ ਮਃ ੫)

ਭਾਰੋਵਾਲ: ਦੇਖੋ, ਛੋਟਾ ਨਾਨਕਿਆਨਾ ੨.

ਭਾਲ: ਸੰਗਯਾ- ਢੂੰਢ. ਤਲਾਸ਼. "ਮਿਟਿ ਗਈ ਭਾਲ ਮਨੁ ਸਹਜਿ ਸਮਾਨਾ." (ਆਸਾ ਮਃ ੫) ੨. ਵਿ- ਭਲਾ. ਨੇਕ. ਦੇਖੋ, ਭਲਭਾਲ। ੩. ਸੰਗਯਾ- ਭਾਲਾ. ਨੇਜ਼ਾ. "ਅਸਿ ਭਾਲ ਗਦਾ ਅਰੁ ਲੋਹਹਥੀ." (ਕ੍ਰਿਸਨਾਵ) ੪. ਸੰ. ਮਸ੍ਤਕ. ਮੱਥਾ. ਲਲਾਟ। ੫. ਤੇਜ। ੬. ਸਿੰਧੀ. ਨੇਕੀ. ਭਲਿਆਈ.

ਭਾਲਚੰਦ, ਭਾਲਚੰਦ੍ਰ: ਸੰ. ਮੱਥੇ ਪੁਰ ਚੰਦ੍ਰਮਾ ਰੱਖਣ ਵਾਲਾ, ਸ਼ਿਵ। ੨. ਦੇਖੋ, ਬਨਖੰਡੀ.

ਭਾਲਣ, ਭਾਲਣਾ: ਕ੍ਰਿ- ਢੂੰਢਣਾ. ਖੋਜਣਾ. "ਸਭ ਏਕੋ ਹੈ ਭਾਲਣਾ." (ਮਾਰੂ ਸੋਲਹੇ ਮਃ ੫) "ਬ੍ਰਹਮਾ ਭਾਲਣ ਸ੍ਰਿਸਟਿ ਗਇਆ." (ਆਸਾ ਮਃ ੧)

ਭਾਲਨੇਤ੍ਰ: ਸੰ. ਜਿਸ ਦੇ ਮੱਥੇ ਪੁਰ ਨੇਤ੍ਰ ਹੈ, ਸ਼ਿਵ.

ਭਾਲਪਤ੍ਰ: ਅਸ਼੍ਵਮੇਧ ਯਗ੍ਯ ਲਈ ਛੱਡੇ ਹੋਏ ਘੋੜੇ ਦੇ ਮੱਥੇ ਪੁਰ ਲਿਖਕੇ ਲਾਇਆ ਪਤ੍ਰ, ਜਿਸ ਵਿੱਚ ਯਗ੍ਯ ਕਰਨ ਵਾਲੇ ਰਾਜੇ ਦਾ ਨਾਮ ਪ੍ਰਤਾਪ ਆਦਿ ਹੁੰਦਾ ਹੈ. "ਜਬੈ ਭਾਲਪਤ੍ਰੰ ਲਵੰ ਛੋਰਿ ਬਾਚ੍ਯੋ." (ਰਾਮਾਵ)

ਭਾਲ ਭਲਾਈ: ਖੋਜ ਦੇ ਨਿਰਣੇ ਕਰਨ ਦੀ ਕ੍ਰਿਯਾ. ਦੇਖੋ, ਭਲਾਈ.

ਭਾਲਾ: ਸੰ. भल्ल- ਭੱਲ. ਸੰਗਯਾ- ਬਰਛਾ. ਨੇਜਾ.

ਭਾਲਾਇ: ਭਾਲ ਕਰਕੇ. ਖੋਜਕੇ। ੨. ਖੋਜ ਕਰਾਕੇ. ਭਲਵਾਕੇ. "ਹਰਿ ਹਿਰਦੈ ਭਾਲਿ ਭਾਲਾਇ." (ਗਉ ਅ: ਮ: ੪) ਆਪ ਖੋਜ ਕਰਕੇ ਅਤੇ ਹੋਰਨਾਂ ਤੋਂ ਕਰਾਕੇ.

ਭਾਲਾਈ: ਭਾਲ ਕਰਾਈ. ਢੂੰਢ ਕਰਾਂਦਾ ਹਾਂ. "ਹਉ ਮਨੁ ਤਨੁ ਖੋਜੀ ਭਾਲਿ ਭਾਲਾਈ." (ਮਾਝ ਮ: ੪)

ਭਾਲਿ: ਭਾਲਕੇ. ਖੋਜਕੇ. "ਓੜਕ ਭਾਲਿ ਥਕੇ." (ਜਪੁ) ੨. ਸੰਗਯਾ- ਢੂੰਢਣ ਦੀ ਕ੍ਰਿਯਾ. ਖੋਜ। ੩. ਨਿਰਣਾ.

ਭਾਲਿਕੈ: ਟੋਲਕੇ. ਖੋਜਕੇ. "ਗੁਰਸਿਖਾ ਲਹਿਦਾ ਭਾਲਿਕੈ." (ਸ੍ਰੀ ਮ: ੫. ਪੈਪਾਇ)

ਭਾਲੀ: ਭਾਲਕੇ. ਖੋਜਕੇ. "ਵਿਚਿ ਕਾਇਆ ਨਗਰ ਲਥਾ ਹਰਿ ਭਾਲੀ." (ਭੈਰ ਮ: ੪) ੨. ਤਲਾਸ਼ ਕੀਤੀ ਢੂੰਢੀ.

ਭਾਲੁ, ਭਾਲੁਕ: ਸੰ. ਭਾਲੁ. ਸੂਰਜ। ੨. ਸੰ. ਭਲ੍ਲੂਕ- ਭੱਲੂਕ. ਭਾਲੂ. ਰਿੱਛ. "ਭਾਲੁਕ ਜਯੋਂ ਭਭਕੈਂ ਬਿਨ ਭੈ." (ਚਰਿਤ੍ਰ ੧)

ਭਾਲੁਕਪਤਿ, ਭਾਲੁਨਾਥ: ਰਿੱਛਾ ਦਾ ਸਰਦਾਰ ਜਾਮਵੰਤ.

ਭਾਲੂ, ਭਾਲੂਕ: ਦੇਖੋ, ਭਾਲੁਕ.

ਭਾਵ: (ਦੇਖੋ, ਭੂ ਧਾ) ਸੰ. ਸੰਗਯਾ- ਸੱਤਾ. ਹੋਂਦ. ਅਸ੍ਤਿਤ੍ਵ। ੨. ਵਿਚਾਰ. ਖ਼ਯਾਲ. "ਸਤਿਆਦਿ ਭਾਵਰਤੰ." (ਗੂਜ ਜੈਦੇਵ) ਸਤਯ ਸੰਤੋਖ ਆਦਿ ਚਿੱਤ ਦੇ ਉੱਤਮ ਭਾਵਾਂ ਨਾਲ ਹੈ ਜਿਸ ਦੀ ਪ੍ਰੀਤਿ. ਅਥਵਾ ਸਤ ਚਿਤ ਆਦਿ ਜੋ ਭਾਵ (ਆਪਣੇ ਸ੍ਵਰੂਪਭੂਤ ਧਰਮ) ਹਨ, ਉਨ੍ਹਾਂ ਵਿੱਚ ਰਤ (ਰਮਣ ਕਰਦਾ) ਹੈ। ੩. ਅਭਿਪ੍ਰਾਯ. ਮਤਲਬ। ੪. ਜਨਮ. "ਤੱਤ ਸਮਾਧਿ ਸੁ ਭਾਵ ਪ੍ਰਣਾਸੀ." (੩੩ ਸਵੈਯੇ) ਆਵਾਗਮਨ ਦੂਰ ਕਰਨ ਵਾਲਾ। ੫. ਆਤਮਾ। ੬. ਪਦਾਰਥ. ਵਸਤੁ। ੭. ਸੰਸਾਰ. ਜਗਤ। ੮. ਪ੍ਰਕ੍ਰਿਤਿ. ਸੁਭਾਵ। ੯. ਪ੍ਰਕਾਰ. ਤਰਹ। ੧੦. ਆਦਰ. ਸਨਮਾਨ. ਭਾਉ. "ਰਾਖਤ ਸਭ ਕੋ ਭਾਵ." (ਚਰਿਤ੍ਰ ੧੦੨) ੧੧. ਪ੍ਰੇਮ. "ਭੈ ਭਾਵ ਕਾ ਕਰੇ ਸੀਗਾਰੁ." (ਆਸਾ ਮ: ੧) ੧੨. ਮਨ ਦੇ ਖ਼ਿਆਲ ਅਨੁਸਾਰ ਅੰਗਾਂ ਦੀ ਚੇਸ਼੍ਟਾ. "ਕਰੇ ਭਾਵ ਹੱਥੰ." (ਵਿਚਿਤ੍ਰ) ੧੩. ਸ਼ੁੱਧਾ। ੧੪. ਅੰਤਹਕਰਣ ਦੀ ਦਸ਼ਾ ਨੂੰ ਪ੍ਰਗਟ ਕਰਨ ਵਾਲਾ ਮਾਨਸਿਕ ਵਿਕਾਰ (emotion) "ਚੰਚਲਿ ਅਨਿਕ ਭਾਵ ਦਿਖਾਵਏ." (ਬਿਲਾ ਛੰਤ ਮ: ੫)

"ਆਨਨ ਲੋਚਨ ਵਚਨ ਮਗ ਪ੍ਰਗਟਤ ਮਨ ਕੀ ਬਾਤ,

ਤਾਹੀਂ ਸੋਂ ਸਬ ਕਹਿਤ ਹੈਂ ਭਾਵ ਕਵਿਨ ਕੇ ਤਾਤ."

(ਰਸਿਕਪ੍ਰਿਯਾ)

ਕਵੀਆਂ ਨੇ ਭਾਵ ਦੇ ਪੰਜ ਭੇਦ ਲਿਖੇ ਹਨ, ਯਥਾ-

"ਭਾਵ ਸੁ ਪਾਂਚ ਪ੍ਰਕਾਰ ਕੋ ਸੁਨ ਵਿਭਾਵ ਅਨੁਭਾਵ,

ਅਸਥਾਈ ਸਾਤ੍ਵਿਕ ਕਹੈਂ ਵਯਭਿਚਾਈ ਕਵਿਰਾਵ."

(ਰਸਿਕਪ੍ਰਿਯਾ)

ਇਨ੍ਹਾਂ ਪੰਜਾਂ ਦਾ ਨਿਰਣਾ ਇਉਂ ਹੈ-

(ੳ) ਵਿਭਾਵ ਉਸ ਨੂੰ ਆਖਦੇ ਹਨ, ਜਿਸ ਤੋਂ ਰਸ ਦੀ ਉਤਪੱਤੀ ਹੁੰਦੀ ਹੈ. ਅੱਗੇ ਉਸ ਦੇ ਦੋ ਭੇਦ ਹਨ, ਆਲੰਬਨ ਅਤੇ ਉੱਦੀਪਨ. ਜਿਸ ਨੂੰ ਆਸ਼੍ਰਯ ਕਰਕੇ ਰਸ ਰਹੇ, ਉਹ ਆਲੰਬਨ ਭਾਵ ਹੈ, ਜੇਹੇ ਕਿ- ਨਾਯਿਕਾ, ਸੁੰਦਰ ਘਰ, ਸੇਜਾ, ਗਾਯਨ, ਨ੍ਰਿਤਯ ਆਦਿਕ ਸਾਮਾਨ ਹਨ. ਉੱਦੀਪਨ ਵਿਭਾਵ ਉਹ ਹੈ ਜੋ ਰਸ ਨੂੰ ਜਾਦਾ ਚਮਕਾਵੇ, ਜੈਸੇ- ਦੇਖਣਾ, ਬੋਲਣਾ, ਸਪਰਸ਼ ਕਰਨਾ ਆਦਿਕ.

(ਅ) ਆਲੰਬਨ ਅਤੇ ਉੱਦੀਪਨ ਕਰਕੇ ਜੋ ਮਨ ਵਿੱਚ ਪੈਦਾ ਹੋਇਆ ਵਿਕਾਰ, ਉਸ ਦਾ ਸ਼ਰੀਰ ਪੁਰ ਪ੍ਰਗਟ ਹੋਣਾ, "ਅਨੁਭਾਵ"

ਹੈ, ਜੈਸੇ ਇੱਕ ਆਦਮੀ ਨੇ ਚੁਭਵੀਂ ਗੱਲ ਆਖੀ, ਸੁਣਨ ਵਾਲੇ ਨੂੰ ਉਸ ਤੋਂ ਕ੍ਰੋਧ ਹੋਇਆ. ਕ੍ਰੋਧ ਤੋਂ ਨੇਤ੍ਰ ਲਾਲ ਹੋ ਗਏ ਅਤੇ ਹੋਠ ਫਰਕਣ ਲੱਗੇ. ਇਸ ਥਾਂ ਸਮਝੋ ਕਿ ਚੁਭਵੀਂ ਗੱਲ ਕਹਿਣ ਵਾਲਾ ਆਲੰਬਨ ਵਿਭਾਲ, ਚੁੱਭਵੀਂ ਬਾਤ ਉੱਦੀਪਨ ਵਿਭਾਵ, ਸੁਣਨ ਵਾਲੇ ਦੀਆਂ ਅੱਖਾਂ ਦਾ ਲਾਲ ਹੋਣਾ ਅਤੇ ਹੋਠ ਫਰਕਣੇ ਅਨੁਭਾਵ ਹੈ. ਜੋ ਚੁੱਭਵੀਂ ਗੱਲ ਕਹਿਣ ਵਾਲੇ ਨੇ ਪਹਿਲਾਂ ਭੀ ਸ਼੍ਰੋਤਾ ਦਾ ਕਦੇ ਅਪਮਾਨ ਕੀਤਾ ਹੈ, ਤਦ ਸੁਣਨ ਵਾਲੇ ਦੇ ਮਨ ਵਿੱਚ ਉਸ ਦਾ ਯਾਦ ਆਉਣਾ ਕ੍ਰੋਧ ਨੂੰ ਹੋਰ ਭੀ ਵਧਾਵੇਗਾ, ਇਸ ਲਈ ਸਿਮ੍ਰਿਤੀ, ਸੰਚਾਰੀਭਾਵ ਹੋ ਜਾਉ.

(ੲ) ਸਥਾਈ ਭਾਵ ਉਹ ਹੈ, ਜੋ ਰਸ ਵਿੱਚ ਸਦਾ ਇਸਥਿਤ ਰਹੇ, ਅਥਵਾ ਇਉਂ ਕਹੋ ਕਿ ਜਿਸ ਦੀ ਇਸਥਿਤੀ ਹੀ ਰਸ ਦੀ ਇਸਥਿਤੀ ਹੈ, ਨੌ ਰਸਾਂ ਦੇ ਨੌ ਹੀ ਸਥਾਈ ਭਾਵ ਹਨ, ਯਥਾ-

"ਰਤਿ ਹਾਸੀ ਅਰੁ ਸ਼ੋਕ ਪੁਨ ਕ੍ਰੋਧ ਉਛਾਹ ਸੁ ਜਾਨ,

ਭਯ ਨਿੰਦਾ ਵਿਸਮਯ ਵਿਰਤਿ ਥਾਈ ਭਾਵ ਪ੍ਰਮਾਨ."

(ਰਸਿਕਪ੍ਰਿਯਾ)

ਸ਼੍ਰਿੰਗਾਰ ਦਾ ਸਥਾਈ ਭਾਵ ਰਤਿ, ਹਾਸ੍ਯਰਸ ਦਾ ਹਾਸੀ. ਕਰੁਣਾਰਸ ਦਾ ਸ਼ੋਕ, ਰੌਦ੍ਰਰਸ ਦਾ ਕ੍ਰੋਧ, ਵੀਰਰਸ ਦਾ ਉਤਸਾਹ, ਭਯਾਨਕਰਸ ਦਾ ਭਯ, ਬੀਭਤਸਰਸ ਦਾ ਗਲਾਨਿ, ਅਦਭੁਤਰਸ ਦਾ ਵਿਸਮਯ (ਆਸ਼ਚਰਯ) ਅਤੇ ਸ਼ਾਂਤਰਸ ਦਾ ਸਥਾਈ ਭਾਵ ਵੈਰਾਗ੍ਯ (ਨਿਰਵੇਦ) ਹੈ.

(ਸ) ਵਿਭਾਵ ਅਨੁਭਾਵ ਦੇ ਅਸਰ ਤੋਂ ਉਤਪੰਨ ਹੋਈ ਕ੍ਰਿਯਾ ਦਾ ਨਾਮ ਸਾਤ੍ਵਿਕ ਭਾਵ ਹੈ, ਯਥਾ- ਰੋਮਾਂਚ, ਪਸੀਨਾ, ਕਾਂਬਾ, ਅੰਝੂ, ਸ੍ਵਰਭੰਗ ਆਦਿਕ.

(ਹ) ਜੋ ਭਾਵ ਅਨੇਕ ਰਸਾਂ ਵਿੱਚ ਵਰਤੇ ਅਤੇ ਇੱਕ ਰਸ ਵਿੱਚ ਹੀ ਇਸਥਿਤ ਨਾ ਰਹੇ, ਉਸ ਦਾ ਨਾਮ ਵ੍ਯਭਿਚਾਰੀ (ਅਥਵਾ ਸੰਚਾਰੀ) ਭਾਵ ਹੈ, ਯਥਾ- ਆਲਸ, ਚਿੰਤਾ, ਸ੍ਵਪਨ, ਮਸ੍ਤੀ, ਨੀਂਦ ਦਾ ਉੱਚਾਟ ਅਤੇ ਵਿਵਾਦ ਆਦਿਕ ਹਨ.

ਭਾਵਉ: ਦੇਖੋ, ਭਾਉਣਾ ਅਤੇ ਭਾਵਨ. "ਆਗੈ ਭਾਵਉ ਕਿ ਨ ਭਾਵਉ." (ਆਸਾ ਮਃ ੫)

ਭਾਵ ਅਭਾਵ: ਦੇਖੋ, ਭਾਵ ਅਤੇ ਅਭਾਵ। ੨. ਭਾਵ (ਹੋਂਦ) ਦਾ ਅਭਾਵ। ੩. ਦੇਖੋ, ਭਾਉ. ਅਭਾਉ.

ਭਾਵਏ: ਭਾਉਂਦਾ ਹੈ. "ਜਿਨ ਭਾਣਾ ਭਾਵਏ." (ਅਨੰਦੁ)

ਭਾਵਕ: ਸੰ. ਸੰਗ੍ਯਾ- ਮਨ ਦਾ ਵਿਕਾਰ। ੨. ਵਿ- ਉਤਪੰਨ (ਪੈਦਾ) ਕਰਨ ਵਾਲਾ। ੩. ਸੋਚਣ ਵਾਲਾ.

ਭਾਵਜਾ: ਵਿ- ਭਾਵ ਤੋਂ ਪੈਦਾ ਹੋਣ ਵਾਲੀ. "ਭੈਹਰੀ ਭੂਤਲਾ ਭਾਵਜਾ." (ਪਾਰਸਾਵ) ੨. ਸੰਗ੍ਯਾ- ਭ੍ਰਾਤ੍ਰਿ ਜਾਯਾ. ਭਾਈ ਦੀ ਵਹੁਟੀ. ਭਾਭੀ.

ਭਾਵਣਾ: ਦੇਖੋ, ਭਾਉਣਾ.

ਭਾਵਨ, ਭਾਵਨਾ, ਭਾਵਨੀ, ਭਾਵਨੁ: ਸੰਗ੍ਯਾ- ਖ਼ਿਆਲ. ਸੰਕਲਪ. "ਆਪਨੋ ਭਾਵਨੁ ਕਰਿ. ਮੰਤ੍ਰਿਨ ਦੂਸਰੋ ਧਰਿ." (ਸਵੈਯੇ ਸ੍ਰੀ ਮੁਖਵਾਕ ਮਃ ੫) "ਭਾਵਨੁ ਤਿਆਗਿਓ ਰੀ ਤਿਆਗਿਓ." (ਗਉ ਮਃ ੫) "ਭਾਵਨੁ ਦੁਬਿਧਾ ਦੂਰਿਟਰਹੁ." (ਬਿਲਾ ਮਃ ੫) ੨. ਭਾਵਨਾ. ਸ਼੍ਰੱਧਾ. "ਭਾਵਨ ਕੋ ਹਰਿਰਾਜਾ." (ਸੋਰ ਰਵਿਦਾਸ) "ਭਾਵਨੀ ਸਾਧਸੰਗੇਣ ਲਭੰਤੰ." (ਗਾਥਾ) ੩. ਧ੍ਯਾਨ. ਚਿੰਤਨ. "ਭਾਵਨ ਪਾਤੀ ਤ੍ਰਿਪਤ ਕਰੈ." (ਸੂਹੀ ਮਃ ੧) ੪. ਭਾਵ ਦੇ ਅਨੁਸਾਰ ਅਭ੍ਯਾਸ. ਅ਼ਮਲ. "ਸੁਹੇਲਾ ਕਹਨੁ ਕਹਾਵਨੁ। ਤੇਰਾ ਬਿਖਮੁ ਭਾਵਨੁ." (ਸ੍ਰੀ ਮਃ ੫) ੫. ਵਿ- ਭਾਵਨੀਯ. ਭਾਉਣ ਵਾਲਾ. ਪਿਆਰਾ. "ਭਾਵਨ ਨਾਹਿ ਹਹਾ ਘਰ ਮਾਈ." (ਕ੍ਰਿਸਨਾਵ)

ਭਾਵਪ੍ਰਣਾਸੀ: ਵਿ- ਆਵਾਗਮਨ ਮਿਟਾਉਣ ਵਾਲਾ. ਦੇਖੋ, ਭਾਵ ੪.

ਭਾਂਵਰ: ਦੇਖੋ, ਭਾਵਰਿ.

ਭਾਵਰਸਾਮ੍ਰਿਤ: ਨਿਰਮਲੇ ਸਾਧੂ ਭਾਈ ਗੁਲਾਬਸਿੰਘ ਜੀ ਦਾ ਰਚਿਆ ਇੱਕ ਛੋਟਾ ਗ੍ਰੰਥ, ਜਿਸ ਵਿੱਚ ਵਿਵੇਕ ਵੈਰਾਗ ਦੇ ਉਪਦੇਸ਼ ਹਨ. ਦੇਖੋ, ਗੁਲਾਬਸਿੰਘ ੪.

ਭਾਵ ਰਤ: ਵਿ- ਪ੍ਰੇਮ ਰਤ. ਦੇਖੋ, ਭਾਵ ੧੧.

ਭਾਵਰਿ, ਭਾਵਰੀ: ਭ੍ਰਮਣ ਦੀ ਕ੍ਰਿਯਾ. ਪਰਿਕ੍ਰਮਾ। ੨. ਵਿਆਹ ਸਮੇਂ ਦੀ ਫੇਰੀ. ਫੇਰੇ "ਰਾਮਰਾਇ ਸਿਉ ਭਾਵਰਿ ਲੈਹਉ." (ਆਸਾ ਕਬੀਰ) "ਦੀਨੀ ਸਾਤ ਭਾਵਰੈਂ." (ਕ੍ਰਿਸਨਾਵ)

ਭਾਵਲੀ: ਸੰਗਯਾ- ਭਾਗ (ਹਿੱਸਾ) ਕਰਨ ਦੀ ਕ੍ਰਿਯਾ. ਵੰਡਾਈ. "ਨ੍ਰਿਪ ਕੋ ਨਰ ਤਿਨ ਕਰੈ ਭਾਵਲੀ." (ਗੁਪ੍ਰਸੂ) ੨. ਹਿੱਸੇ ਵਿੱਚ ਸਾਂਝ. ਸ਼ਰਾਕਤ.

ਭਾਵ ਵਾਚਕ ਸੰਗਯਾ: ਉਹ ਨਾਮ, ਜੋ ਅੱਖਰਾਂ ਦੇ ਅਰਥ ਅਨੁਸਾਰ ਨਾ ਹੋਵੇ, ਕਿੰਤੂ ਭਾਵ ਅਨੁਸਾਰ ਸੰਕੇਤ ਕੀਤਾ ਜਾਵੇ, ਜਿਵੇਂ- ਮੂਰਖ ਦੀ ਪਸ਼ੂ ਸੰਗਯਾ- ਸ਼ਰਾਰਤੀ ਦੀ ਸ਼ੈਤਾਨ ਸੰਗਯਾ ਆਦਿ। ੨. ਕਿਸੇ ਪਦਾਰਥ ਦੇ ਗੁਣ ਧਰਮ ਨੂੰ ਦੱਸਣ ਵਾਲੀ ਸੰਗਯਾ, ਜੈਸੇ- ਸੱਜਨਤਾ, ਦੁਸ਼੍ਟਤਾ, ਉੱਚਤਾ ਆਦਿ (abstract noun)

ਭਾਵਾ: ਭਾਇਆ ਹੋਇਆ. ਪਸੰਦ ਆਇਆ. "ਕਾਮ ਕਰੀਜੈ ਠਾਕੁਰਭਾਵਾ." (ਗਉ ਮਃ ੫) ਠਾਕੁਰਭਾਉਂਦਾ ਕਾਮ ਕਰੀਜੈ। ੨. ਭਾਵਾਂ. ਪਸੰਦ ਹੋਵਾਂ. "ਤੀਰਥ ਨਾਵਾ, ਜੇ ਤਿਸੁ ਭਾਵਾ." (ਜਪੁ) "ਜਾ ਤਿਸੁ ਭਾਵਾ, ਤਦ ਹੀ ਗਾਵਾ." (ਸੋਰ ਮਃ ੧) ੩. ਉੱਜੈਨ ਨਿਵਾਸੀ ਧੀਰ ਗੋਤ ਦਾ ਇੱਕ ਪ੍ਰੇਮੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਇਆ.

ਭਾਵਾਂ: ਦੇਖੋ, ਭਾਵਾ ੨। ੨. ਵ੍ਯ- ਚਾਹੋ. ਯਦਿ. ਭਾਵੇਂ। ੩. ਸ਼ਾਯਦ. ਕਦਾਚਿਤ.

ਭਾਵਾਸਿ: ਭਾਉਂਦੀ ਹੈ. "ਸਾ ਪੂਜਾ, ਜੋ ਹਰਿ ਭਾਵਾਸਿ." (ਕਾਨ ਮਃ ੫) ੨. ਭਾਵਸਿ. ਭਾਵੇਗੀ.

ਭਾਵਾਣੀ: ਦੇਖੋ, ਭਵਾਨੀ.

ਭਾਵਿਕ: (ਸਮੇਂ ਦੀ ਹਾਲਤ ਪ੍ਰਗਟ ਕਰਨ ਵਾਲਾ). ਬੀਤਚੁਕੇ ਅਰ ਆਉਣ ਵਾਲੇ ਸਮੇਂ ਦਾ ਵਰਤਮਾਨ ਵਿੱਚ ਵਰਣਨ "ਭਾਵਿਕ" ਅਲੰਕਾਰ ਹੈ.

ਭੂਤ ਭਵਿਸ਼ਯਤ ਕੀ ਜੋ ਬਾਤ,

ਵਰਤਮਾਨ ਮੇ ਕਹਿ ਵਿਖ੍ਯਾਤ,

ਤਹਿਂ ਭਾਵਕ ਭੂਸ਼ਣ ਹਨਐਜਾਯ,

ਐਸੇ ਕਹੈਂ ਗ੍ਰੰਥ ਸਮੁਦਾਯ.

(ਗਰਬਗੰਜਨੀ)

ਉਦਾਹਰਣ-

ਆਦਿ ਸਚੁ, ਜੁਗਾਦਿ ਸਚੁ,

ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ.

(ਜਪੁ)

ਗੁਣ ਏਹੋ, ਹੋਰੁ ਨਾਹੀ ਕੋਇ,

ਨਾਕੋ ਹੋਆ, ਨਾ ਕੋ ਹੋਇ.

(ਆਸਾ ਮਃ ੧)

ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ,

ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ,

ਮਹਿਲਾ ਅੰਦਰਿ ਹੋਈਆ. ਹੁਣਿ ਬਹਣਿ ਨ ਮਿਲਨਿ ਹਦੂਰਿ.

(ਆਸਾ ਅਃ ਮਃ ੧)

ਕਹਾਂ ਸੁ ਭਾਈ ਮੀਤ ਹੈ, ਦੇਖੁ ਨੈਨਪਸਾਰਿ,

ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ.

(ਬਿਲਾ ਮਃ ੫)

ਇਕ ਦਿਨ ਸੋਵਨ ਹੋਇਗੋ ਲਾਂਬੇ ਗੋਡ ਪਸਾਰਿ.

(ਸ. ਕਬੀਰ)

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ,

ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ.

(ਸਵਾ ਮਃ ੫)

ਨਾਮੁ ਧਿਆਇਨਿ ਸਾਜਨਾ ਜਨਮਪਦਾਰਥੁ ਜੀਤਿ,

ਨਾਨਕ ਧਰਮ ਐਸੇ ਚਵਹਿ, ਕੀਤੋ ਵਭਨੁ ਪੁਨੀਤ.

(ਸਵਾ ਮਃ ੫)

ਬੀਤੇ ਹੈਨ ਹੋਂਹ ਪੰਥ ਬਹੁਤ ਟਹਿਲ ਸਿੰਘ

ਸ਼੍ਰੀ ਗੁਬਿੰਦਸਿੰਘ ਸਿੰਘਪੰਥ ਸੇ ਨ ਜਾਨਿਯੇ.

(ਅਲੰਕਾਰ ਸਾਗਰਸੁਧਾ)

ਭਾਵਿਨੀ: ਵਿ- ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀ। ੨. ਸੰਗ੍ਯਾ- ਉਹ ਨਾਯਿਕਾ, ਜਿਸ ਦੇ ਰਿਦੇ ਵਿੱਚ ਅਨੇਕ ਪ੍ਰਕਾਰ ਦੇ ਸ਼੍ਰਿੰਗਾਰ ਭਾਵਾਂ ਦੀ ਚੇਸ਼੍ਟਾ ਹੋਰਹੀ ਹੈ। ੩. ਸੁੰਦਰ ਇਸਤ੍ਰੀ.

ਭਾਵੀ: ਭਾਵਿਨ੍. ਵਿ- ਅਗਲੇ ਸਮੇਂ ਵਿੱਚ ਹੋਣ ਵਾਲਾ। ੨. ਸੰਗ੍ਯਾ- ਹੋਨਹਾਰ. ਪ੍ਰਾਰਬਧ. ਕਿਸਮਤ. "ਭਾਵੀ ਉਦੋਹ ਕਰਣੰ ਹਰਿਰਣੰ." (ਵਾਰ ਜੈਤ)

ਭਾਵੀਸ: ਭਾਉਂਦਾ ਹੈ. "ਸੋ ਕਰਹਿ ਜਿ ਤੁਧੁ ਭਾਵੀਸ." (ਕਾਨ ਪੜਤਾਲ ਮਃ ੪) ੨. ਭਾਵ- ਈਸ਼. ਅੰਤਹਕਰਣ। ੩. ਜਗਤਪਤਿ ਕਰਤਾਰ. ਦੇਖੋ, ਭਾਵ ੭.

ਭਾਵੀਜਾ: ਭਾਉਂਦਾ. ਚੰਗਾ ਲਗਦਾ। ੨. ਇਜਜਭਾਵ. ਪੂਜਜਭਾਵ. ਦੇਖੋ, ਇਜਜ ਅਤੇ ਭਾਵ.

ਭਾਵੁਕ: ਸੰ. ਸੰਗ੍ਯਾ- ਮੰਗਲ. ਕਲਜਾਣ। ੨. ਵਿ- ਮੰਗਲ ਵਾਲਾ। ੩. ਕਾਵਜਰਸ ਦਾ ਪ੍ਰੇਮੀ.

ਭਾਵੈ: ਰੁਚੇ. ਪਸੰਦ ਆਵੇ. "ਜੋ ਤੁਧੁ ਭਾਵੈ ਸਾਈ ਭਲੀ ਕਾਰੁ." (ਜਪੁ) ੨. ਭਾਉਂਦਾ. "ਜੀਉ ਭਾਵੈ ਅੰਨੁ ਨ ਪਾਣੀ." (ਗਉ ਛੰਤ ਮਃ ੩) ੩. ਵਜ- ਭਾਵੇਂ. ਚਾਹੋਂ, ਖ਼੍ਵਾਹ. "ਜੋ ਦੇਨਾ ਸੋ ਦੇਰਹਿਓ, ਭਾਵੈ ਤਹ ਤਹ ਜਾਹਿ." (ਬਾਵਨ)

ਭਾਵੰਦਾ: ਭਾਉਂਦਾ. ਸਭੇ ਕਾਜ ਸਵਾਰਿਐ ਜਾਂ ਤੁਧੁ ਭਾਵੰਦਾ." (ਮਃ ੫. ਵਾਰ ਮਾਰੂ ੨)

ਭਾੜ: ਸੰਗਯਾ- ਭੱਠੀ. ਭਾਠ. "ਮਨੋ ਭਾੜ ਧਾਨਾ ਭੁਜੇ." (ਗੁਪ੍ਰਸੂ) ਦੇਖੋ, ਭਠ ਅਤੇ ਭਾਠੀ.

ਭਾੜਾ: ਸੰ. ਭਾਟ. ਸੰਗਯਾ- ਕਿਰਾਇਆ। ੨. ਮਜੂਰੀ. "ਭਾੜੀ ਕਉ ਓਹੁ ਭਾੜਾ ਮਿਲਿਆ." (ਗੂਜ ਮਃ ੫)

ਭਾੜਿ: ਮਜ਼ਦੂਰੀ. ਉਜਰਤ. "ਲੈ ਭਾੜਿ ਕਰੇ ਵੀਆਹੁ." (ਵਾਰ ਆਸਾ)

ਭਾੜੀ: ਭਾੜੇ ਤੇ ਕੰਮ ਕਰਨ ਵਾਲਾ. ਮਜ਼ਦੂਰ. ਦੇਖੋ, ਭਾੜਾ.

ਭਿ: ਵਜ- ਭੀ ਆਪਿ. ਪੁਨਹ। ੨. ਔਰ. ਅਤੇ. "ਮਨੁ ਤਨੁ ਤੇਰਾ, ਇਹੁ ਜੀਉ ਭਿ ਵਾਰੇ ਜੀਉ." (ਗਉ ਮਃ ੫)

ਭਿਉਣਾ: ਕ੍ਰਿ- ਗਿੱਲਾ ਕਰਨਾ. ਸੇਚਨ (ਸੇਣਾ). ਭਿਗੋਨਾ. ਜਲ ਨਾਲ ਤਰ ਕਰਨਾ.

ਭਿਆਣੀ: ਭੈਣ. ਭਾਈਚਾਰੇ ਦੀ ਲੜਕੀ. "ਸਭ ਭਿਆਣੀਆਂ ਚਲਕਰ ਆਈਆਂ." (ਗੁਪ੍ਰਸੂ)

ਭਿਸ: ਸੰਗਯਾ- ਕਮਲ ਦੀ ਜੜ. ਭੇਂਹ. ਭਿੰਹ। ੨. ਸੰ. ਭ੍ਰਿਸ਼. ਵਿ- ਪ੍ਰਬਲ. ਦੇਖੋ, ਭ੍ਰਿਸ਼. "ਬਿਲੋਕ ਭਾਰਗਵੰ ਭਿਸੰ." (ਦੱਤਾਵ)

ਭਿਸਜ: ਦੇਖੋ, ਭਿਖਜ.

ਭਿਸਤ: ਫ਼ਾ. بہشت ਬਹਿਸ਼੍ਤ. ਸੰਗਯਾ- ਸ੍ਵਰਗ.

ਭਿਸਤਾਰ: ਕਮਲ ਦੀ ਨਾਲੀ ਦੀ ਤਾਰ. ਮ੍ਰਿਣਾਲ. ਕਮਲ ਦੀ ਡੰਡੀ ਤੋੜਨ ਤੋਂ ਜੋ ਬਹੁਤ ਬਾਰੀਕ ਤਾਰ ਨਿਕਲਦੀ ਹੈ. Lotus-fibre

ਭਿਸਤਿ: ਬਹਿਸ਼੍ਤ. ਸ੍ਵਰਗ। ੨. ਬਹਿਸ਼੍ਤ ਵਿੱਚ. ਸ੍ਵਰਗਲੋਕ ਮੇ, "ਗਲੀਂ ਭਿਸਤਿ ਨ ਜਾਈਐ." (ਮਃ ੧. ਵਾਰ ਮਾਝ)

ਭਿਸਤੀ: ਵਿ ਬਹਿਸ਼੍ਤ (ਸ੍ਵਰਗ) ਨਿਵਾਸੀ. "ਪੀਰੁ ਪਛਾਣੈ ਭਿਸਤੀ ਸੋਈ." (ਮਾਰੂ ਸੋਲਹੇ ਮਃ ੫) ੨. ਫ਼ਾ. بہشتی ਬਹਿਸ਼੍ਤੀ ਸੰਗਯਾ- ਸ਼ੱਕ੍ਾ. ਪਾਣੀ ਢੋਣ ਵਾਲਾ.

ਭਿਸਤੁ: ਦੇਖੋ, ਭਿਸਤ, "ਭਿਸਤੁ ਨਜੀਕਿ ਰਾਖੁ ਰਹਿ ਮਾਨਾ!" (ਭੈਰ ਕਬੀਰ)

ਭਿੰਹ: ਦੇਖੋ, ਭਿਸ.

ਭਿੰਕਾਰ: ਅਨੁ. ਭੀਂ ਭੀਂ ਧੁਨਿ. ਨਫ਼ੀਰੀ ਆਦਿ ਦਾ ਸ਼ਬਦ। ੨. ਮੱਖੀਆਂ ਦੇ ਉਡਣ ਅਤੇ ਬੋਲਣ ਦੀ ਆਵਾਜ਼.

ਭਿਕ੍ਸ਼: ਦੇਖੋ, ਭਿਖ

ਭਿਕ੍ਸ਼ਾ: ਦੇਖੋ, ਭਿਖ ਅਤੇ ਭਿਖਿਆ.

ਭਿਕ੍ਸ਼ੁ, ਭਿਕ੍ਸ਼ੁਕ: ਭੀਖ ਮੰਗਣ ਵਾਲਾ। ੨. ਸੰਨ੍ਯਾਸੀਸਾਧੂ। ੩. ਬੁੱਧਮਤ ਦਾ ਸਾਧੂ। ੪. ਸਿਮ੍ਰਿਤੀਆਂ ਅਨੁਸਾਰ ਕ੍ਸ਼ਤੀ ਕਨ੍ਯਾ ਤੋਂ ਜਾਰ ਬ੍ਰਾਹਮਣ ਦਾ ਪੁਤ੍ਰ.

ਭਿਖ: ਸੰ. भिक्ष्- ਰਿਕ੍. ਧਾ- ਮੰਗਣਾ, ਯਾਚਨਾ ਕਰਨੀ, ਥਕਣਾ, ਪੈਦਾ ਕਰਨਾ। ੨. ਭਿਕ੍ਸ਼ਾ, ਸੰਗਯਾ- ਮੰਗਣਾ. ਯਾਚਨਾ. "ਮੰਨੈ ਨਾਨਕ ਭਵਹਿ ਨ ਭਿਖ." (ਜਪੁ) ਮੰਗਣ ਲਈ ਨਹੀਂ ਦਰ ਬਦਰ ਫਿਰਦਾ। ੩. ਭਵਿਸ਼੍ਯ ਵਾਸਤੇ ਭੀ ਭਿਖ ਸ਼ਬਦ ਆਇਆ ਹੈ. "ਸਦਾ ਸਮਾਲੈ ਭਿਖ." (ਗੁਪ੍ਰਸੂ) ਅੱਗਾ ਯਾਦ ਰਖੇ.

ਭਿਖਕ: ਸੰ, ਭਿਕ੍ਸ਼ੁਕ. ਭੀਖ ਮੰਗਣ ਵਾਲਾ. ਮੰਗਤਾ. ਦੇਖੋ, ਭਿਕ੍ਸ਼ੁਕ। ੨. ਕਈ ਕਵੀਆਂ ਨੇ ਭਿਖਜ ਦੀ ਥਾਂ ਭਿਖਕ ਲਿਖਿਆ ਹੈ. ਦੇਖੋ, ਭਿਖਜ.

ਭਿਖੁਜ: ਸੰ. ਭਿਸ਼ਜ੍- ਭਿਸ਼ਜ. ਅਭਿ- ਸ਼ਜ. ਲੇਪ ਕਰਨਾ. ਇਲਾਜ ਕਰਨਾ. ਔਸ਼ਧ (ਦਵਾਈ) ਦੇਣੀ। ੨. ਸੰਗਯਾ- ਵੈਦ੍ਯ. ਤਬੀਬ। ੩. ਭੈਸ਼ਜ੍ਯ. ਵੈਦ੍ਯ ਕ੍ਰਿਯਾ. ਤਬਾਬਤ. ਹਕੀਮੀ। ੪. ਦਵਾਈ. ਔਖਧ.

ਭਿਖਾ: ਦੇਖੋ, ਭਿਖ ਅਤੇ ਭਿਖਿਆ। ੨. ਗੁਰੁਯਸ਼ ਕਰਨ ਵਾਲਾ ਇੱਕ ਭੱਟ, ਜਿਸ ਦੀ ਰਚਨਾ ਸਵੈਯਾਂ ਵਿੱਚ ਹੈ. "ਗੁਰੂ ਮਿਲਯਉ ਸੋਇ ਭਿਖਾ ਕਹੈ." (ਸਵੈਯੇ ਮਃ ੩. ਕੇ) ੩. ਸੁਲਤਾਨਪੁਰ ਨਿਵਾਸੀ ਇੱਕ ਭੱਟ, ਜੋ ਗੁਰੂ ਅਰਜਨਦੇਵ ਜੀ ਦਾ ਸਿੱਖ ਹੋਇਆ, "ਭਿਖਾ ਟੋਡਾ ਭੱਟ ਦੁਇ ਧਾਰੂ ਸੂਦ ਮਹਲ ਤਿਸ ਭਾਰਾ." (ਭਾਗੁ)

ਭਿਖਾਰੀ: ਭਿਕ੍ਸ਼ੁਕ. ਭੀਖ ਮੰਗਣ ਵਾਲਾ। ੨. ਗੁਰੂ ਅਰਜਨਸਾਹਿਬ ਦਾ ਆਤਮਗ੍ਯਾਨੀ ਅਤੇ ਅਨਨ੍ਯ ਸਿੱਖ ਭਾਈ ਭਿਖਾਰੀ, ਜੋ ਗੁਜਰਾਤ (ਪੰਜਾਬ) ਵਿੱਚ ਰਹਿੰਦਾ ਸੀ. ਕਰਤਾਰ ਦਾ ਭਾਣਾ ਮੰਨਣ ਵਾਲੇ ਸਿੱਖਾਂ ਵਿੱਚੋਂ ਇਹ ਮਿਸਾਲਰੂਪ ਸੀ. ਇੱਕ ਵਾਰ ਭਾਈ ਗੁਰਮੁਖ ਨੇ ਗੁਰੂਸਾਹਿਬ ਪਾਸ ਬੇਨਤੀ ਕੀਤੀ ਕਿ ਕਿਸੇ ਗੁਰਮੁਖ ਸਿੱਖ ਦਾ ਦਰਸ਼ਨ ਕਰਾਓ, ਤਦ ਗੁਰੂ ਅਰਜਨਦੇਵ ਜੀ ਨੇ ਭਾਈ ਗੁਰਮੁਖ ਨੂੰ ਭਾਈ ਭਿਖਾਰੀ ਪਾਸ ਭੇਜਿਆ.

ਜਦ ਭਾਈ ਗੁਰਮੁਖ ਭਿਖਾਰੀ ਪਾਸ ਪੁੱਜਾ, ਤਾਂ ਉਸ ਨੂੰ ਤੱਪੜ ਗੰਢਣ ਅਤੇ ਕਾਠ ਇਕੱਠਾ ਕਰਨ ਆਦਿ ਕੰਮਾਂ ਵਿੱਚ ਰੁੱਝਾ ਵੇਖਿਆ. ਰਾਤ ਨੂੰ ਗੁਜਰਾਤ ਤੇ ਡਾਕੂ ਆਪਏ, ਪਿੰਡ ਦੀ ਵਾਹਰ ਨੇ ਧਾੜਵੀਆਂ ਦਾ ਪਿੱਛਾ ਕੀਤਾ ਅਤੇ ਭਾਰੀ ਟਾਕਰਾ ਹੋਇਆ, ਜਿਸ ਵਿੱਚ ਭਾਈ ਭਿਖਾਰੀ ਦਾ ਬੇਟਾ ਮਾਰਿਆ ਗਿਆ, ਭਿਖਾਰੀ ਨੇ ਜੋ ਲੱਕੜਾਂ ਜਮਾਂ ਕੀਤੀਆਂ ਸਨ ਉਨ੍ਹਾਂ ਨਾਲ ਪੁਤ੍ਰ ਦਾ ਦਾਹ ਕੀਤਾ ਅਤੇ ਬੁਲਾਉਣੀ ਲਈ ਆਏ ਸੱਜਨਾਂ ਨੂੰ ਗੱਠੇ ਹੋਏ ਤੱਪੜ ਵਿਛਾ ਦਿੱਤੇ. ਗੁਰਮੁਖ ਨੇ ਜਾਣਿਆ ਕਿ ਭਿਖਾਰੀ ਅੰਤਰਯਾਮੀ ਹੈ. ਇਸ ਨੂੰ ਹੋਣਹਾਰ ਗੱਲ ਦਾ ਪਹਿਲਾਂ ਹੀ ਗ੍ਯਾਨ ਸੀ. ਨੰਮ੍ਰਤਾ ਨਾਲ ਗੁਰਮੁਖ ਨੇ ਆਖਿਆ ਕਿ ਭਾਈ ਭਿਖਾਰੀ ਜੀ, ਜੇ ਆਪ ਨੂੰ ਪਹਿਲਾਂ ਹੀ ਇਸ ਘਟਨਾ ਦਾ ਗ੍ਯਾਨ ਸੀ ਤਾਂ ਸਤਿਗੁਰਾਂ ਅੱਗੇ ਪੁਤ੍ਰ ਦੀ ਵਡੀ ਉਮਰ ਲਈ ਅਰਦਾਸ ਕਿਉਂ ਨਾ ਕੀਤੀ ਅਤੇ ਬੇਟੇ ਨੂੰ ਵਾਹਕ ਨਾਲ ਜਾਣੋਂ ਕਿਉਂ ਨਾ ਵਰਜਿਆ? ਭਾਈ ਭਿਖਾਰੀ ਨੇ ਉੱਤਰ ਦਿੱਤਾ ਕਿ ਕਰਤਾਰ ਦੇ ਭਾਣੇ ਵਿੱਚ ਕੁਤਰਕ ਕਰਨੀ ਪਾਪ ਹੈ, ਅਤੇ ਸਤਿਗੁਰਾਂ ਤੋਂ ਆਤਮਵਿਚਾਰ ਦਾਤ ਮੰਗਣੀ ਲੋੜੀਏ, ਨਾ ਕਿ ਮਿਥ੍ਯਾ ਪਦਾਰਥਾਂ ਲਈ ਅਰਦਾਸ ਕਰਨੀ ਚਾਹੀਏ.

ਭਿਖਿਆ: ਸੰ. ਭਿਕ੍ਸ਼ਾ. ਸੰਗਯਾ- ਯਾਚਨਾ. ਮੰਗਣ ਦੀ ਕ੍ਰਿਯਾ। ੨. ਮੰਗਕੇ ਲਈ ਹੋਈ ਅੰਨ ਆਦਿ ਵਸ੍ਤੂ. "ਭਿਖਿਆਮਾਨਰਜੇ ਸੰਤੋਖੀ." (ਸੋਰ ਅਃ ਮਃ ੧)

ਭਿਖੀ: ਭਿਕ੍ਸ਼ਾ. ਭੀਖ. "ਚਾਰ ਪਦਾਰਥ ਭਿਖੁਕ ਭਿਖੀ." (ਭਾਗੁ) ੨. ਦੇਖੋ, ਭਿੱਖੀ.

ਭਿਖੀਆ: ਭੀਖ ਮੰਗਣ ਵਾਲਾ. ਭਿਕ੍ਸ਼ੁਕ। ੨. ਸੁਭਿਖੀਆ ਦੀ ਥਾਂ ਇਹ ਸ਼ਬਦ ਆਇਆ ਹੈ. ਸੁਭਿਖੀਆ ਇੱਕ ਖਤ੍ਰੀ ਜਾਤਿ ਹੈ.

ਭਿਖੇਕ, ਭਿਖੇਖ: ਦੇਖੋ, ਅਭਿਖੇਕ. "ਸੁ ਛਬਿ ਬਿਸੇਖਾ ਉੱਤਰ ਸਹਿਤਭਿਭੇਖਾ." (ਕਲਕੀ) ਅਭਿਸ਼ੇਕ (ਰਾਜਤਿਲਕ) ਸਹਿਤ.

ਭਿੱਖੀ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿੱਚ ਇੱਕ ਕਸਬਾ ਹੈ, ਜੋ ਰੇਲਵੇ ਸਟੇਸ਼ਨ ਨਰੇਂਦ੍ਰਪੁਰੇ ਤੋਂ ਅੱਠ ਮੀਲ ਉੱਤਰ ਹੈ. ਇਸ ਤੋਂ ਉੱਤਰ ਪੱਛਮ ਪਾਸ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਇੱਥੇ ੧੦. ਦਿਨ ਨਿਵਾਸ ਕੀਤਾ. ਇੱਥੋਂ ਦੇ ਤਖਾਣਾਂ ਅਤੇ ਬਾਣੀਆਂ ਨੇ ਸੇਵਾ ਕੀਤੀ. ਚੌਧਰੀ ਗੈਂਡਾ ਚਾਹਲ ਗੋਤ ਦਾ ਜੋ ਸੁਲਤਾਨ ਦਾ ਉਪਾਸਕ ਸੀ ਸਤਿਗੁਰਾਂ ਦਾ ਉਪਦੇਸ਼ ਸੁਣਕੇ ਸਿੱਖ ਹੋਇਆ. ਮੰਦਿਰ ਸੁੰਦਰ ਬਣਿਆ ਹੋਇਆ ਹੈ, ਜਿਸ ਦੀ ਸੇਵਾ ਮਹਾਰਾਜਾ ਕਰਮਸਿੰਘ ਪਟਿਆਲਾਪਤਿ ਨੇ ਕਰਾਈ ਹੈ. ਪਾਸ ਰਹਾਇਸ਼ੀ ਮਕਾਨ ਹਨ. ਗੁਰਦ੍ਵਾਰੇ ਨਾਲ ੧੪੦ ਘੁਮਾਉਂ ਜ਼ਮੀਨ ਅਤੇ ੮੦ ਰੁਪਯੇ ਸਾਲਾਨਾ ਪਟਿਆਲੇ ਵੱਲੋਂ ਹਨ. ਪੁਜਾਰੀ ਸਿੰਘ ਹੈ.

ਭਿਖ੍ਯਾ: ਭਿਕ੍ਸ਼ਾ. ਭੀਖ. ਦੇਖੋ, ਭਿਖ ਅਤੇ ਭਿਖਿਆ. "ਇਆ ਸੁਖ ਤੇ ਭਿਖ੍ਯਾ ਭਲੀ." (ਸ. ਕਬੀਰ)

ਭਿਗਾ: ਭਿੱਜਿਆ. ਪਸੀਜਿਆ. "ਗੁਣੇ ਨ ਕਿਤ ਹੀ ਹੈ ਭਿਗਾ." (ਮਾਰੂ ਸੋਲਹੇ ਮਃ ੫) ੨. ਅਭਿਗਜਾ. ਦੇਖੋ, ਅਭਿਗਿਆ.

ਭਿਛਕ: ਦੇਖੋ, ਭਿਕ੍ਸ਼ੁਕ.

ਭਿਛਾ: ਦੇਖੋ, ਭਿਖ ਅਤੇ ਭਿਖਿਆ. "ਕਛੁ ਦੇਹ ਭਿਛਾ ਮ੍ਰਿਗਨੈਨਿ, ਹਮੈ." (ਰਾਮਾਵ)

ਭਿਛਾਹਾ, ਭਿਛਾਹਾਰ: ਭਿਕ੍ਸ਼ਾਹਾਰ. ਭੀਖ ਲੈਜਾਣ ਵਾਲਾ। ੨. ਭਿਕ੍ਸ਼ਾਹਾਰ. ਭਿਕ੍ਸ਼ਾ ਦਾ ਅੰਨ। ੩. ਭਿਖਯਾ ਦਾ ਅੰਨ ਖਾਣਾ.

ਭਿਛੁਕ: ਦੇਖੋ, ਭਿਕ੍ਸ਼ੁਕ.

ਭਿੱਛਿਆ: ਦੇਖੋ, ਭਿਖ ਅਤੇ ਭਿਖਿਆ.

ਭਿੱਛੁ, ਭਿੱਛੁਕ: ਦੇਖੋ, ਭਿਕ੍ਸ਼ੁ ਅਤੇ ਭਿਕ੍ਸ਼ੁਕ.

ਭਿਜਣਾ: ਕ੍ਰਿ- ਭੀਗਨਾ. ਜਲ ਨਾਲ ਤਰ ਹੋਣਾ. "ਭਿਜਉ ਸਿਜਉ ਕੰਬਲੀ." (ਸ. ਫਰੀਦ) ੨. ਪਸੀਜਣਾ. ਰੀਝਣਾ.

ਭਿਟ: ਸੰਗਯਾ- ਭਿੱਟ. ਛੂਤ ਸਪਰਸ਼ ਤੋਂ ਹੋਈ ਅਸ਼ੁੱਧੀ. ਇਸ ਦਾ ਮੂਲ ਸੰਸਕ੍ਰਿਤ ਭ੍ਰਸ਼੍ਟ ਸ਼ਬਦਾ ਹੈ.

ਭਿਟਣਾ, ਭਿਟਨਾ: ਕ੍ਰਿ- ਛੁਹਣਾ. ਸਪਰਸ਼ ਕਰਨਾ. "ਤਿਨ ਕੇ ਨਿਕਟਿ ਨ ਭਿਟੀਐ." (ਗਉ ਮਃ ੪) ੨. ਛੁਹਕੇ ਭ੍ਰਸ਼੍ਟ (ਅਪਵਿਤ੍ਰ) ਕਰਨਾ. "ਚਉਕੇ ਭਿਟੈ ਨ ਕੋਇ." (ਮਃ ੩. ਵਾਰ ਮਾਰੂ ੧) "ਮਤੁ ਭਿਟੈ ਵੇ ਮਤੁ ਭਿਟੈ। ਇਹ ਅੰਨੁ ਅਸਾਡਾ ਫਿਟੈ।।" (ਵਾਰ ਆਸਾ)

ਭਿਟੜ, ਭਿਟਾਰ: ਵਿ- ਭ੍ਰਸ਼੍ਟ ਹੋਇਆ. ਭਿੱਟਿਆ ਹੋਇਆ. ਛਹਕੇ ਅਪਵਿਤ੍ਰ ਕੀਤਾ.

ਭਿਟਿਆਰਿ, ਭਿਟੌਅਨਿ, ਭਿਟਯਾਰਿ: ਭੇਟਾ. (ਮੁਲਾਕਾਤ) ਕਰਾਉਣ ਵਾਲੀ, ਦੱਲੀ. "ਗਹਿ ਨਾਰਿ ਭਿਟਿਆਰਿ." (ਚਰਿਤ੍ਰ ੨੦੯) "ਜਾਨੁਕ ਹੌਂਹੁ ਭਿਟਅਨਿ ਭਈ." (ਚਰਿਤ੍ਰ ੧੩੪)

ਭਿਡਹਾ: ਭੇਡ ਮਾਰਨ ਵਾਲਾ. ਭੇਡੀਆ. ਬਘਿਆੜ. ਭੇੜੀਹਾ. "ਜਸ ਹੇਰਤ ਛੇਰਿਨ ਭੀ ਭਿਡਹਾ." (ਦੱਤਾਵ)

ਭਿੰਡਿਪਾਲ: ਦੇਖੋ, ਭਿੰਦਿਪਾਲ.

ਭਿੰਡੀ, ਭਿੰਡੀ ਤੋਰੀ: ਇੱਕ ਕਿਸਮ ਦੀ ਤਰਕਾਰੀ. ਭਰਿੰਡੀ. ਓਕਰਾ. ਇਹ ਸਾਵਣੀ ਦੀ ਫਸਲ ਹੈ. ਇਸ ਦੇ ਦੋ ਭੇਦ ਹਨ- ਇੱਕ ਉੱਪਰ ਬਾਰੀਕ ਕੰਡੇ ਹੁੰਦੇ ਹਨ, ਦੂਜੀ ਉੱਪਰੋਂ ਸਾਫ ਹੁੰਦੀ ਹੈ. ਇਸ ਦੇ ਬੀਜ ਅਤੇ ਛਿੱਲ ਅਨੇਕ ਰੋਗਾਂ ਲਈ ਵੈਦ ਵਰਤਦੇ ਹਨ. ਖਾਸ ਕਰਕੇ ਇਸ ਦਾ ਕਾੜ੍ਹਾ ਮੂਤ੍ਰ ਦੇ ਰੋਗ ਦੂਰ ਕਰਦਾ ਹੈ. L. Abelmoschus Esculantus ਅੰ. Lady’s finger

ਭਿਣਕ: ਮੱਖੀ ਆਦਿ ਦੇ ਖੰਭਾਂ ਤੋਂ ਹੋਈ ਭਿਣਕਾਰ। ੨. ਭਨਕ. ਕੰਨਸੋ. ਕੰਨ ਵਿੱਚ ਪਈ ਖਬਰ.

ਭਿਣਕਾਰ: ਦੇਖੋ, ਭਿੰਕਾਰ ਅਤੇ ਭਿਣਕ.

ਭਿਤ: ਦੇਖੋ, ਬਹੁਤਭਿਤ। ੨. ਸੰ. ਭਿੱਤ. ਸੰਗਯਾ- ਖੰਡ. ਟੁਕੜਾ। ੩. ਹਿੱਸਾ। ੪. ਕੰਧ. ਦੀਵਾਰ. "ਸੁੰਦਰ ਅਧਿਕ ਮਸੀਤ ਚਿਤ੍ਰ ਭਿਤ ਜਾਨਿਯੇ." (ਨਾਪ੍ਰ)

ਭਿੰਤਰ, ਭਿੰਤਰਿ: ਕ੍ਰਿ. ਵਿ- ਭੀਤਰ. ਵਿੱਚ. ਅਭ੍ਯੰਤਰ. "ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ." (ਸਵੈਯੇ ਮਃ ੪. ਕੇ)

ਭਿਤਾ: ਦੇਖੋ, ਭਿਤ ੪. ਅਤੇ ਭਿਤਿ. "ਓਹੁ ਪਿਆਰਾ ਜੀਅ ਕਾ, ਜੋ ਖੋਲ੍ਹੈ ਭਿਤਾ." (ਮਃ ੫. ਵਾਰ ਰਾਮ ੨) ਜੋ ਪੜਦਾ ਖੋਲ੍ਹੇ। ੨. ਭਾਂਤ. ਪ੍ਰਕਾਰ. "ਅੰਦਰ ਇਕ, ਬਾਹਰ ਬਹੁ ਭਿਤਾ." (ਭਾਗੁ)

ਭਿਤਿ: ਸੰ. ਭਿੱਤਿ. ਸੰਗਯਾ- ਮੌਕਾ, ਅਵਸਰ। ੨. ਤੋੜਨਾ। ੩. ਕੰਧ. ਦੀਵਾਰ। ੪. ਪੜਦਾ। ੫. ਵਿ- ਭੀਤ ਦਾ. ਪ੍ਰਕਾਰ ਦਾ.

"ਬਹੁਭਿਤਿ ਸੰਸਾਰਾ." (ਮਃ ੩. ਵਾਰ ਸੂਹੀ) ੬. ਸਿੰਧੀ. ਸੰਗਯਾ- ਭੀਤੀ. ਚੋਗਾ. ਜੀਵਾਂ ਦੇ ਫਸਾਉਣ ਲਈ ਖਿੰਡਾਇਆ ਦਾਣਾ ਗੁੰਦਾ ਆਦਿ. "ਪਉਦੀ ਭਿਤਿ ਦੇਖਿਕੈ ਸਭਿ ਆਇਪਏ ਸਤਿਗੁਰ ਕੀ ਪੈਰੀ." (ਮਃ ੪. ਵਾਰ ਬਿਲਾ) ਦੇਖੋ, ਭੀਤਿ ੨.

ਭਿਤ੍ਰ: ਭਯਾਤੁਰ. "ਨ ਭਰਮੰ ਨ ਭਿਤ੍ਰੈ." (ਜਾਪੁ) ੨. ਦੇਖੋ, ਭੇਤ੍ਰਿ ਅਤੇ ਭ੍ਰਿਤਯ। ੩. ਸੰ. ਭਿਤ੍ਰ. ਵਿ- ਭੈ ਤੋਂ ਰਖ੍ਯਾ ਕਰਨ ਵਾਲਾ.

ਭਿਦ: ਸੰ. भिद्. ਧਾ- ਚੀਰਨਾ. ਤੋੜਨਾ. ਕਤਰਨਾ. ਦੇਖੋ, ਭੇਦ ਅਤੇ ਭੇਦਨ.

ਭਿੰਦਿਪਾਲ: ਸੰ. भिन्दिपाल. ਸੰਗਯਾ- ਸਵਾ ਹੱਥ ਦਾ ਲੰਮਾ ਮੋਟਾ ਤੀਰ. ਜੋ ਸਾਰਾ ਲੋਹੇ ਦਾ ਵਜ਼ਨਦਾਰ ਹੁੰਦਾ ਹੈ, ਇਹ ਵੈਰੀ ਪੁਰ ਹੱਥ ਨਾਲ ਫੈਂਕੀਦਾ ਹੈ. "ਭਿੰਦਿਪਾਲ ਤੋਮਰ ਅਸਿ ਧਾਰੇ." (ਗੁਪ੍ਰਸੂ)[930] ੨. ਕਈ ਕਵੀਆਂ ਨੇ ਗੋਪੀਆਂ ਅਥਵਾ ਵੈਰੀ ਪੁਰ ਪੱਥਰ ਫੈਂਕਣ ਦਾ ਕੋਈ ਅਸਤ੍ਰ ਭਿੰਦਿਪਲ ਮੰਨਿਆ ਹੈ.

ਭਿੰਨ: ਸੰ. ਵਿ- ਭੇਦ ਨੂੰ ਪ੍ਰਾਪਤ ਹੋਇਆ. ਤੋੜਿਆ ਹੋਇਆ. ਜੁਦਾ ਕੀਤਾ। ੨. ਅਨ੍ਯ. ਹੋਰ। ੩. ਵੱਖ. ਅਲਗ. ਜੁਦਾ "ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ." (ਬਾਵਨ) ੪. ਬਾਹਰ. "ਆਗਿਆ ਭਿੰਨ ਨ ਕੋਇ." (ਬਾਵਨ)

ਭਿੰਨਅੜੇ: ਭਿੱਜੇ ਹੋਏ. "ਰਸਭਿੰਨਅੜੇ ਅਪਨੇ ਰਾਮ ਸੰਗੇ, ਸੇ ਲੋਇਣ ਨੀਕੇ." (ਬਿਲਾ ਛੰਤ ਮਃ ੫)

ਭਿਨਕ: ਦੇਖੋ, ਭਨਕ ਅਤੇ ਭਿਣਕ.

ਭਿਨਕਾਰ: ਦੇਖੋ, ਭਿੰਕਾਰ.

ਭਿੰਨੜੀ: ਭਿੱਜੀ ਹੋਈ. "ਭਿੰਨੜੀ ਰੈਣਿ ਭਲੀ ਦਿਨਸ ਸੁਹਾਏ." (ਬਿਲਾ ਛੰਤ ਮਃ ੧) ਦੇਖੋ, ਭਿੰਨੀਰੈਣਿ.

ਭਿੰਨਾ: ਭਿੱਜਿਆ. ਪਸੀਜਿਆ." ਮੇਰਾ ਮਨੁ ਤਨੋ ਭਿੰਨਾ." (ਆਸਾ ਛੰਤ ਮਃ ੪)

ਭਿੰਨਿਅੜੇ: ਦੇਖੋ, ਭਿੰਨਅੜੇ.

ਭਿੰਨੀ: ਭਿੱਜੀ. ਪਸੀਜੀ.

ਭਿੰਨੀਰੈਣਿ, ਭਿੰਨੀਰੈਨੜੀ: ਭਿੱਜੀ ਹੋਈ ਰਾਤ. ਓਸ (ਸ਼ਬਨਮ) ਵਾਲੀ ਰਾਤ. ਜਿਸ ਰਾਤ ਵਿੱਚ ਬੱਦਲ ਅਤੇ ਹਵਾ ਨਾ ਹੋਵੇ. ਉਸ ਵਿੱਚ ਓਸ ਪੈਂਦੀ ਹੈ. ਭਾਵ- ਸ਼ਾਂਤ ਰਾਤ੍ਰਿ। ੨. ਭਾਵ- ਅੰਤਹਕਰਣ ਦੀ ਸ਼ਾਂਤਵ੍ਰਿੱਤਿ, ਅਤੇ ਵਿਕਾਰ ਤੋਂ ਰਹਿਤ ਅਵਸਥਾ. "ਭਿੰਨੀਰੈਨੜੀਐ ਚਾਮਕਨਿ ਤਾਰੇ." (ਆਸਾ ਛੰਤ ਮਃ ੫) "ਭਿੰਨੀਰੈਣਿ ਜਿਨਾ ਮਨਿ ਚਾਉ." (ਵਾਰ ਆਸਾ) ੩. ਨਿਰਵਿਕਾਰ ਜ਼ਿੰਦਗੀ.

ਭਿੰਨੀਰੈਨੜੀਐ: ਭਿੰਨੀ ਰੈਣ ਵਿੱਚ. ਦੇਖੋ, ਭਿੰਨੀ ਰੈਨੜੀ.

ਭਿੰਨੁ: ਦੇਖੋ, ਭਿੰਨ.

ਭਿਪਣ: ਸੰ. पक्ष्मन्. ਪਕ੍ਸ਼੍ਮਨ੍. ਸੰਗਯਾ- ਨੇਤ੍ਰ ਦੀ ਪਲਕ ਭਿੱਫਣ.

ਭਿਪ੍ਰਾਯ: ਅਭਿਪ੍ਰਾਯ. ਆਸ਼ਯ. ਮਕਸਦ. "ਕਵਨ ਲਖੈ ਭਿਪ੍ਰਾਯ ਤੁਮਾਰਾ." (ਗੁਪ੍ਰਸੂ)

ਭਿਫਣ: ਦੇਖੋ, ਭਿਪਣ.

ਭਿੰਬਰ: ਦੇਖੋ, ਭਿੰਭਰ.

ਭਿਭਰ: ਵਿ- ਭਯ ਨਾਲ ਭਰਿਆ ਹੋਇਆ. ਵ੍ਯਾਕੁਲ. ਘਬਰਾਇਆ ਹੋਇਆ। ੨. ਭ੍ਰਿ (ਧਾਰਣ) ਭਰ (ਜੰਗ). ਭ੍ਰਿਭਰ ਯੁੱਧ ਦੇ

---

[930] ਅਗਨਿਪੁਰਾਣ ਵਿੱਚ ਭਿੰਦਿਪਾਲ ਲੋਹੇ ਅਥਵਾ ਲੱਕੜ ਦਾ ਫੈਂਕਣ ਯੋਗ੍ਯ ਡੰਡਾ ਲਿਖਿਆ ਹੈ, ਜਿਸ ਨੂੰ ਪੈਦਲ ਯੋਧਾ ਵਰਤਦੇ ਸਨ. ਇਹ ਚਾਰ ਉਂਗਲ ਮੋਟਾ ਅਤੇ ਸਵਾ ਹੱਥ ਲੰਮਾ ਹੋਇਆ ਕਰਦਾ ਸੀ.

ਮੋਢੀ. ਜੰਗ ਦੇ ਮੁਖੀ. "ਭਿਭਰੇ ਭਈਰਵ ਭੀਮ ਅਨੇਕਾ." (ਚੰਡੀ ੨) ੩. ਭਯ ਨੂੰ ਪੁਸ਼੍ਰ ਕਰਨ ਵਾਲਾ ਭਯੰਕਰ.

ਭਿੰਭਰ: ਜੰਮੂ ਦੇ ਰਾਜ ਦਾ ਇੱਕ ਪਹਾੜੀ ਇਲਾਕਾ ਅਤੇ ਉਸਦੀ ਤਸੀਲ ਦਾ ਨਗਰ. ਇਸ ਦਾ ਉੱਚਾਰਣ ਭਿੰਬਰ ਭੀ ਹੈ. "ਨ੍ਰਿਭੈ ਭਿੰਭਰੀ ਕਾਸ਼ਮੀਰੀ ਕੰਧਾਰੀ." (ਪਾਰਸਾਵ) ੨. ਗੁਜਰਾਤ ਜਿਲੇ ਦਾ ਇੱਕ ਦਰਿਆ। ੩. ਵਿ- ਭੈ ਨਾਲ ਭਰਿਆ ਹੋਇਆ। ੪. ਡਰਾਉਣਾ ਭਯੰਕਰ ਹੈ. "ਗਿਰੇ ਭਿੰਭਰ ਬਸੁਧਾ ਪਰ." (ਪਾਰਸਾਵ)

ਭਿੰਭਰਾਰਾ: ਵਿ- ਡਰਾਉਣਾ. ਭੈ ਨਾਲ ਭਰਨ ਵਾਲਾ.

ਭਿੰਭਰੀ: ਭਿੰਭਰ ਦਾ ਵਸਨੀਕ. ਦੇਖੋ, ਭਿੰਭਰ ੧.

ਭਿੰਭਰੀਆ: ਭੈ ਨਾਲ ਭਰਨ ਵਾਲੀ ਡਰਾਉਣਵਾਲੀ. "ਭਿੰਭਰੀਆ ਭੀਮਾ ਭੂਪੇਸੀ." (ਦੱਤਾਵ)

ਭਿਰ: ਦੇਖੋ, ਭਿਰਨਾ.

ਭਿਰਟੀ: ਸੰ. भेरुण्डा. ਭੇਰੁੰਡਾ. ਸੰਗਯਾ- ਬਘਿਆੜੀ. ਭੇਡੀਏ ਦੀ ਮਦੀਨ. "ਥੋ ਬਾਲਕ ਜੋਗੀ ਹਰਜੋ, ਹਨਐ ਭਿਰਟੀ ਕੇ ਭੇਸ." (ਚਰਿਤ੍ਰ ੧੯੬) ੨. ਯਖਿਣੀ (ਜੱਛਣੀ).

ਭਿਰਤ: ਭਿੜਤ. ਲੜਦਾ। ੨. ਦੇਖੋ, ਭ੍ਰਿਤਜ.

ਭਿਰਨ, ਭਿਰਨਾ: ਕ੍ਰਿ- ਭਿੜਨਾ. ਲੜਨਾ. "ਭਿਰਬੇ ਹੇਤ ਬੁਲਾਯੋ." (ਕ੍ਰਿਸਨਾਵ)

ਭਿਰੜ: ਦੇਖੋ, ਭਰਿੰਡ.

ਭਿਰਾਈ: ਸ਼੍ਰੀ ਗੁਰੂ ਨਾਨਕਦੇਵ ਜੀ ਦੀ ਨਾਨੀ। ੨. ਸ਼੍ਰੀ ਗੁਰੂ ਅੰਗਦਦੇਵ ਜੀ ਦੀ ਭੂਆ, ਬਾਬਾ ਫੇਰੂ ਦੀ ਭੈਣ, ਜਿਸ ਦਾ ਵਿਆਹ ਖਡੂਰ ਵਿੱਚ ਹੋਇਆ ਸੀ. ਕਈ ਲੇਖਕਾਂ ਨੇ ਇਸ ਦਾ ਨਾਮ ਵਿਰਾਈ ਲਿਖਿਆ ਹੈ। ੩. ਦੇਖੋ, ਭਰਾਈ ੪. ਅਤੇ ਵਿਰਾਈ.

ਭਿਰੰਗ, ਭਿਰੰਗੁ: ਸੰ. भृङ्. ਭ੍ਰਿੰਗ. ਸੰਗਯਾ- ਭੌਰਾ. ਭ੍ਰਮਰ. ਮਧੁਕਰ. "ਤਰਵਰੁ ਏਕੁ ਹੈ, ਏਕੋ ਫੁਲੁ ਭਿਰੰਗੁ." (ਮਃ ੩. ਵਾਰ ਮਾਰੂ ੧) ਬਿਰਛ ਗੁਰੂ, ਫੁੱਲ ਗੁਰਉਪਦੇਸ਼, ਭੌਰਾ ਜਿਗਯਾਸੂ ਗੁਰਸਿੱਖ.

ਭਿਲਣਾ, ਭਿਲਨਾ: ਕ੍ਰਿ- ਮਿਲਣਾ. ਸ਼ਾਮਿਲ ਹੋਣਾ.

ਭਿਲਰਾ: ਸੰਗਯਾ- ਰੱਸਾ. ਬੰਧਨ. "ਭਿਲਰਾ ਡਰ ਨੈਨ ਕੇ ਸੈਨਨ ਕੋ." (ਕ੍ਰਿਸਨਾਵ) ਨੇਤ੍ਰਾਂ ਦੇ ਇਸ਼ਾਰੇ ਦਾ ਬੰਧਨ ਪਾਕੇ। ੨. ਦੇਖੋ, ਭਿਲਵਾ.

ਭਿਲਵਾ: ਸੰਗਯਾ- ਡੀਲਾਂ ਦੀ ਠਗਮੂਰੀ. ਇੱਕ ਪ੍ਰਕਾਰ ਦਾ ਭਲਾਵੇ ਦਾ ਰਸ, ਜਿਸ ਨੂੰ ਪਿਆਕੇ. ਬੇਹੋਸ਼ ਕਰ ਦਿੰਦੇ ਹਨ. "ਨੈਨਨ ਕੋ ਰਸ ਦੇ ਭਿਲਵਾ, ਬ੍ਰਿਖਭਾਨਠਗੀ ਭਗਵਾਨ ਠਗਜੋ ਹੈ." (ਕ੍ਰਿਸਨਾਵ) ਬ੍ਰਿਖਭਾਨੁ ਦੀ ਪੁਤ੍ਰੀ ਠਗਣੀ ਨੇ, ਭਗਵਾਨ (ਕ੍ਰਿਸ਼ਨ) ਨੂੰ ਠਗਿਆ.

ਭਿਲਾ: ਸੰਗਯਾ- ਭੇਲਾ. ਪਿੰਨਾ. ਗੋਲਾ. "ਭੁਜਾ ਬਾਂਧਿ ਭਿਲਾ ਕਰਿਡਾਰਿਓ." (ਗੌਂਡ ਕਬੀਰ) ਮਰਾ- ਭੇਲਾ.

ਭਿਲਾਵਾ: ਦੇਖੋ, ਭਲਾਵਾ.

ਭਿੱਲ: ਸੰ. ਸੰਗਯਾ- ਇੱਕ ਜੰਗਲੀ ਜਾਤਿ. ਦੇਖੋ, ਭੀਲ.

ਭਿਵ: ਸੰਗਯਾ- ਭੇਦ. ਮਰਮ. ਭੇਤ. "ਨਿਰੰਕਾਰ ਕਾ ਚੀਨਤ ਨਹਿ ਭਿਵ." (ਚੌਪਈ)

ਭਿੜ: ਸੰਗਯਾ- ਭੇੜ. ਟਾਕਰਾ. ਜੰਗ। ੨. ਭਿਰੜ. ਭਰਿੰਡ.

ਭਿੜਆਰਾ: ਵਿ- ਭਿੜਨ (ਮੁਕਾਬਲਾ ਕਰਨ) ਵਾਲਾ। ੨. ਲੜਾਕਾ.

**ਭਿੜਨਾ:** ਕ੍ਰਿ- ਲੜਨਾ. ਟਾਕਰਾ ਕਰਨਾ। ੨. ਪਰਸਪਰ ਠੋਕਰ ਖਾਣੀ. " ਅ. ਭਿੜੈ ਮਾਰੇ ਆਪਿ." (ਮਃ ੧. ਵਾਰ ਮਲਾ) "ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ." (ਮਃ ੩. ਵਾਰ ਗੂਜ ੧)

**ਭਿੜਿ:** ਕ੍ਰਿ. ਵਿ- ਭਿੜਕੇ. "ਮਰਹਿ ਭਿੜਿ ਸੂਰ." (ਮਃ ੧. ਵਾਰ ਸਾਰ)

**ਭਿੜੰਗ, ਭਿੜੰਗੀ:** ਵਿ- ਭਿੜਨ ਵਾਲਾ. ਟਾਕਰਾ ਕਰਨ ਵਾਲਾ। ੨. ਲੜਾਕਾ. "ਨੱਚੇ ਬੀਰ ਭਿੜੰਗੀ." (ਸਲੋਹ) ੩. ਭ੍ਰਿੰਗੀ ਗਣ ਜੇਹੇ ਲੜਾਕੇ.

**ਭੀ:** ਵਜ- ਅਪਿ. ਅਪਰੰਚ. "ਭੀ ਸੋ ਸਤੀਆ ਜਾਣੀਅਨ੍ਹਿ, ਸੀਲ ਸੰਤੋਖਿ ਰਹੰਨ੍ਹਿ." (ਮਃ ੩. ਵਾਰ ਸੂਹੀ) ੨. ਨਿਸ਼ਚਯ. ਹੀ "ਤਾਰੇਦੜੋ ਭੀ ਤਾਰਿ." (ਮਃ ੫. ਵਾਰ ਮਾਰੂ ੨) ਤਾਰੂ (ਤੈਰਾਕ) ਹੀ ਦੂਜੇ ਨੂੰ ਤਾਰ ਸਕਦਾ ਹੈ। ੩. ਯਦਿ. ਜੇ. "ਸਤਿਗੁਰ ਕੈ ਭਾਣੈ ਭੀ ਚਲਹਿ, ਤਾ ਦਰਗਹ ਪਾਵਹਿ ਮਾਣੁ." (ਮਃ ੩. ਵਾਰ ਸੋਰ) ੪. ਤਥਾਪਿ. ਤਾਹਮ ਜੇ ਭੁਲੀ ਜੇ ਚੁਕੀ ਸਾਈਂ, ਭੀ ਤਹਿੰਜੀ ਕਾਢੀਆ." (ਸੂਹੀ ਅਃ ਮਃ ੫) ੫. ਭੂਤ ਕਾਲ ਬੋਧਕ. ਭਇਆ. "ਹੇ ਅਪਰੰਪਰ ਹਰਿ ਹਰੇ, ਹਹਿ ਭੀ ਹੋਵਨਹਾਰ." (ਬਾਵਨ) ੬. ਅਤੇ. ਅਰੁ. "ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ." (ਵਾਰ ਆਸਾ) ੭. ਸੰ. ਭੀ. ਧਾ- ਡਰਨਾ, ਭੈ ਕਰਨਾ। ੮. ਸੰਗਯਾ- ਡਰ. ਭੈ.

**ਭੀਸਮ:** ਸੰ. ਭੀਸ਼ਮ. ਵਿ- ਭਯਾਵਨਾ. ਡਰਾਉਣਾ। ੨. ਸੰਗਯਾ- ਸ਼ਿਵ। ੩. ਮੌਤ. ਮ੍ਰਿਤ੍ਯੁ। ੪. ਰਾਜਾ ਸ਼ਾਂਤਨੁ ਦਾ ਪੁਤ੍ਰ ਦੇਵਵ੍ਰਤ, ਜੋ ਗੰਗਾ ਦੇ ਉਦਰ ਤੋਂ ਸੀ.[931] ਰਾਜਾ ਸ਼ਾਂਤਨੁ ਨੇ ਬੁਢਾਪੇ ਵਿੱਚ ਧੀਵਰਪੁਤ੍ਰੀ ਸਤਜਵਤੀ (ਮਤਸਜੋਦਰੀ) ਦੇ ਰੂਪ ਤੇ ਮੋਹਿਤ ਹੋਕੇ ਉਸ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ, ਪਰ ਸਤਜਵਤੀ ਦੇ ਮਾਪਿਆਂ ਨੇ ਆਖਿਆ ਕਿ ਰਾਜਤਿਲਕ ਤਾਂ ਦੇਵਵ੍ਰਤ ਨੂੰ ਹੀ ਮਿਲਣਾ ਹੈ, ਇਸ ਲਈ ਸਾਡੀ ਪੁਤ੍ਰੀ ਦੇ ਲੜਕਿਆਂ ਨੂੰ ਕੀ ਲਾਭ ਪ੍ਰਾਪਤ ਹੋਸਕੇਗਾ? ਪਿਤਾ ਦੀ ਮਨੋਕਾਮਨਾ ਪੂਰੀ ਕਰਨ ਲਈ ਦੇਵਵ੍ਰਤ ਨੇ ਸਤਜਵਤੀ ਦੇ ਮਾਪਿਆਂ ਨਾਲ ਪ੍ਰਤਿਗਜਾ ਕੀਤੀ ਕਿ ਨਾ ਮੈ ਰਾਜਗੱਦੀ ਤੇ ਬੈਠਾਂਗਾ ਨਾ ਆਪ ਵਿਆਹ ਕਰਕੇ ਕੋਈ ਸੰਤਾਨ ਉਤਪੰਨ ਕਰਾਂਗਾ, ਇਸ ਪੁਰ ਉਸ ਦਾ ਨਾਮ ਭੀਸ਼ਮ[932] ਹੋਇਆ, ਅਰ ਸ਼ਾਂਤਨੁ ਦਾ ਵਿਆਹ ਸਤਜਵਤੀ ਨਾਲ ਹੋਗਿਆ ਜਿਸ ਦੇ ਪੇਟੋਂ ਦੋ ਪੁਤ੍ਰ (ਚਿਤ੍ਰਾਂਗਦ ਅਤੇ ਵਿਚਿਤ੍ਰਵੀਰਯ) ਹੋਏ. ਸ਼ਾਂਤਨੁ ਦੇ ਚਲਾਣਾ ਕਰਨ ਪਿੱਛੋਂ ਭੀਸ਼ਮ ਨੇ ਵਡੇ ਪੁਤ੍ਰ ਚਿਤ੍ਰਾਂਗਦ ਨੂੰ ਰਾਜਤਿਲਕ ਦਿੱਤਾ, ਪਰ ਉਹ ਥੋੜੇ ਦਿਨਾਂ ਵਿੱਚ ਹੀ ਇੱਕ ਲੜਾਈ ਅੰਦਰ ਮਰਗਿਆ. ਉਸ ਤੋਂ ਉਪਰੰਤ ਵਿਚਿਤ੍ਰਵੀਰਯ ਰਾਜ ਕਰਨ ਲੱਗਾ ਅਤੇ ਭੀਸ਼ਮ ਉਸ ਦਾ ਸਰਪਰਸਤ ਬਣਿਆ. ਆਪਣੀ ਭੁਜਾ ਦੇ ਬਲ ਨਾਲ ਜਿੱਤਕੇ ਭੀਸ਼ਮ ਨੇ ਕਾਸ਼ੀ ਦੇ ਰਾਜੇ ਦੀਆਂ ਦੋ ਪੁਤ੍ਰੀਆਂ ਅੰਬਿਕਾ ਅਤੇ ਅੰਬਾਲਿਕਾ ਦਾ ਵਿਆਹ ਵਿਚਿਤ੍ਰਵੀਰਯ ਨਾਲ ਕੀਤਾ. ਪਰ ਵਿਚਿਤ੍ਰਵੀਰਯ ਰੋਗੀ ਹੋਕੇ ਬਿਨਾ ਸੰਤਾਨ ਹੀ ਮਰਗਿਆ. ਭੀਸ਼ਮ ਨੇ ਆਪਣੀ ਭਾਈ ਕ੍ਰਿਸ਼ਨ ਦਨਐਪਾਯਨ (ਵਜਾਸ) ਨੂੰ ਸੱਦਕੇ, ਜੋ ਕਿ ਪਰਾਸ਼ਰ ਦੇ ਵੀਰਯ ਤੋਂ ਸਤਜਵੰਤੀ ਦੇ ਉਦਰੋਂ (ਵਿਆਹ ਹੋਣ ਤੋਂ ਪਹਿਲਾਂ ਹੀ) ਜੰਮਿਆ ਸੀ, ਦੋਹਾਂ ਵਿਧਵਾ ਭਰਜਾਈਆਂ ਤੋਂ ਨਿਯੋਗਰੀਤਿ ਨਾਲ ਦੋ ਪੁਤ੍ਰ ਪੈਦਾ ਕਰਾਏ. ਇਹ ਦੋ ਪੁਤ੍ਰ ਧ੍ਰਿਤਰਾਸ਼ਟ੍ਰ ਅਤੇ ਪਾਂਡੁ ਸਨ.

ਭੀਸ਼ਮ ਨੇ ਇਨ੍ਹਾਂ ਦੇ ਪਾਲਨ ਅਤੇ ਵਿਦਜਾ ਦਾ ਯੋਗ ਪ੍ਰਬੰਧ ਕੀਤਾ. ਰਾਜ ਕਾਜ ਵਿੱਚ ਪੂਰੀ ਸਹਾਇਤਾ ਦਿੱਤੀ. ਕੌਰਵਾਂ ਅਤੇ ਪਾਂਡਵਾਂ ਦੋਹਾਂ ਦੀ ਸਰਪਰਸ੍ਤੀ ਭੀ ਉੱਤਮ ਰੀਤਿ ਨਾਲ ਨਿਬਾਹੀ. ਜਦ ਦੋਹਾਂ ਕੁਲਾਂ ਵਿੱਚ ਲੜਾਈ ਹੋਣ ਲੱਗੀ, ਤਦ ਭੀਸ਼ਮ ਨੇ ਮਿਲਾਪ ਲਈ ਬਹੁਤ ਯਤਨ ਕੀਤਾ, ਜੋ ਨਿਸ਼ਫਲ ਹੋਇਆ. ਜਦ ਯੁੱਧ ਆਰੰਭ ਹੋ ਹੀ ਗਿਆ, ਤਾਂ ਇਸ ਨੇ ਕੌਰਵਾਂ ਦਾ ਪੱਖ ਲਿਆ ਅਤੇ ਉਨ੍ਹਾਂ ਦੇ ਦਲ ਦਾ ਸੈਨਾਪਤਿ ਬਣਿਆ. ਲੜਾਈ ਦੇ ਦਸਵੇਂ ਦਿਨ ਇਹ ਅਰਜੁਨ ਦੇ ਸਾਮ੍ਹਣੇ ਹੋਇਆ. ਸ਼ਿਖੰਡੀ ਨੇ ਇਸ ਨੂੰ ਧੋਖੇ ਨਾਲ ਜ਼ਖ਼ਮੀ ਕੀਤਾ ਅਤੇ ਅਰਜੁਨ ਦੇ ਅਨੰਤ ਬਣ ਇਸ ਨੂੰ ਲੱਗੇ, ਏਥੋਂ ਤਕ ਕਿ ਇਸ ਦੇ ਸ਼ਰੀਰ ਤੋਂ ਦੋ ਉਂਗਲ ਭਰ ਥਾਂ ਭੀ ਜ਼ਖ਼ਮ ਤੋਂ ਬਗੈਰ ਨਾ ਰਹੀ. ਅਰ ਜਦੋਂ ਇਹ ਰਥ ਵਿੱਚੋਂ ਡਿੱਗਾ, ਤਾਂ ਤੀਰਾਂ ਤੇ ਹੀ ਟੰਗਿਆ ਰਿਹਾ. ਇਸ ਦਸ਼ਾ ਵਿੱਚ ਹੀ ੫੮ ਦਿਨ ਹੋਰ ਜਿਉਂਦਾ ਰਿਹਾ ਅਤੇ ਯੁਧਿਸ਼੍ਠਿਰ ਨੂੰ ਇਸ ਨੇ ਰਾਜਧਰਮ, ਆਪਦੇ ਧਰਮ ਅਤੇ ਮੋਕ੍ਸ਼ਧਰਮ ਦਾ ਉਪਦੇਸ਼ ਦਿੱਤਾ, ਜੋ ਮਹਾਭਾਰਤ ਦੇ ਸ਼ਾਂਤਿ ਪਰਵ ਵਿੱਚ ਵਿਸ੍ਤਾਰ ਨਾਲ ਹੈ. ਭੀਸ਼ਮ ਨੇ ਦ੍ਰਿੜ੍ਹਤਾ, ਉਪਕਾਰ ਅਤੇ ਭਾਣਾ ਮੰਨਣ

---

[931] ਇਸ ਸਯਣ ਇਸ ਦਾ ਨਾਮ "ਗਾਂਗੇਯ" ਹੈ.

[932] ਘੋਰ ਪ੍ਰਤਿਗਜਾ ਕਰਨ ਵਾਲਾ.

ਦਾ ਪੂਰਾ ਸਬੂਤ ਦਿੱਤਾ ਅਰ ਆਪਣੀ ਜ਼ਿੰਦਗੀ ਤੇ ਕੋਈ ਦਾਗ ਨਹੀਂ ਲੱਗਣ ਦਿੱਤਾ.

ਕ੍ਰਿਸ਼ਨ ਜੀ ਨੇ ਪ੍ਰਤਿਗਜਾ ਕੀਤੀ ਸੀ ਕਿ ਮੈਂ ਕੁਰੁਕ੍ਸ਼ੇਤ੍ਰ ਦੇ ਜੰਗ ਵਿੱਚ ਸ਼ਸਤ੍ਰ ਨਹੀਂ ਫੜਾਂਗਾ, ਕੇਵਲ ਰੱਥ ਹੱਕਾਂਗਾ, ਭੀਸ਼ਮ ਨੇ ਪ੍ਰਣ ਕੀਤਾ ਕਿ ਮੈਂ ਸ਼ਸਤ੍ਰ ਫੜਾਕੇ ਛੱਡਾਂਗਾ, ਸੋ ਭੀਸ਼ਮ ਦੀ ਪ੍ਰਤਿਗਜਾ ਸੱਚੀ ਕਰਨ ਲਈ ਕ੍ਰਿਸ਼ਨ ਜੀ ਨੇ ਚਕ੍ਰ ਫੜਿਆ.

ਭੀਸਮਕ: ਸੰ. ਭੀਸ਼੍ਮਕ੍. ਵਿਦਰਭ ਦਾ ਰਾਜਾ, ਜੋ ਕ੍ਰਿਸ਼ਨ ਜੀ ਦੀ ਪਟਰਾਨੀ ਰੁਕਮਿਣੀ ਦਾ ਪਿਤਾ ਸੀ.

ਭੀਸ਼੍ਮਾਸ਼੍ਟਮੀ: ਮਾਘਸੁਦੀ ੮, ਜਿਸ ਦਿਨ ਭੀਸ਼੍ਮ ਨੇ ਪ੍ਰਾਣ ਤਜਾਗੇ ਸਨ.

ਭੀਹਾਰ, ਭੀਹਾਲਾ: ਵਿ- ਭਯਾਵਨਾ. ਭੈ ਦੇਣ ਹਾਰਾ. ਭਯੰਕਰ.

ਭੀਹਾਵਲ, ਭੀਹਾਵਲਾ: ਵਿ- ਭਯੰਕਰ. ਭਯਾਵਨਾ. ਡਰਾਉਣਾ. "ਭਾਣੈ ਸਹੁ ਭੀਹਾਵਲਾ." (ਸੂਹੀ ਮਃ ੧. ਕੁਚਜੀ) "ਬਨਿ ਭੀਹਾਵਲੈ ਹਿਕੁ ਸਾਥੀ ਲਧਮੁ." (ਮਃ ੫. ਵਾਰ ਗੂਜ ੨) ੨. ਭੈ ਨਾਲ ਵਜਾਕੁਲ. "ਵਿਣੁ ਨਾਵੈ ਬਾਜਾਰੀਆ ਭੀਹਾਵਲ ਹੋਈ." (ਮਃ ੧. ਵਾਰ ਮਲਾ)

ਭੀਕਨ: ਦੇਖੋ, ਭੀਖਨ. ੨.

ਭੀਕਰ: ਵਿ- ਭੈ ਕਰਨ ਵਾਲਾ. ਭਯੰਕਰ। ੨. ਤਾਮਸੀ. ਕ੍ਰੋਧੀ। ੩. ਹਿੰਸਕ. "ਨ ਭੀਲ ਭੀਕਰ." (ਅਕਾਲ) ਦੇਖੋ, ਗੂੜ ੨.

ਭੀਖ: ਦੇਖੋ, ਭਿਖ ਅਤੇ ਭਿਖਿਆ.

ਭੀਖਕ: ਦੇਖੋ, ਭਿਕ੍ਸ਼ੁਕ. "ਹਮ ਭੀਖਕ ਭੇਖਾਰੀ ਤੇਰੇ." (ਧਨਾ ਮਃ ੩) ੨. ਸੰ. ਭੀਸ਼ਕ. ਡਰਾਉਣਾ. ਭਯਾਨਕ.

ਭੀਖਣ: ਸੰ. ਭੀਸ਼ਣ. ਵਿ- ਭਯਾਨਕ. ਖ਼ੌਫਨਾਕ। ੨. ਦੇਖੋ, ਭੀਖਨ ੨.

ਭੀਖਣਸ਼ਾਹ: ਦੇਖੋ, ਸ਼ਾਹਭੀਖ.

ਭੀਖਨ: ਦੇਖੋ, ਭੀਖਣ। ੨. ਲਖਨਊ ਦੇ ਇਲਾਕੇ ਕਕੋਰੀ ਦਾ ਵਸਨੀਕ ਸਾਧੂ. ਇਹ ਵਡਾ ਵਿਦ੍ਵਾਨ ਅਤੇ ਗਜਾਨਵਾਨ ਸੂਫੀ ਫਕੀਰ ਸੀ. ਇਸ ਦਾ ਦੇਹਾਂਤ ਸੰਮਤ ੧੬੩੧ ਵਿੱਚ ਹੋਇਆ ਹੈ. ਖ਼ਿਆਲ ਕੀਤਾ ਜਾਂਦਾ ਹੈ ਕਿ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਸੇ ਮਹਾਤਮਾ ਦੀ ਬਾਣੀ ਹੈ. "ਕਹੁ ਭੀਖਨ ਦੁਇ ਨੈਨ ਸੰਤੋਖੇ, ਜਹ ਦੇਖਾ ਤਹ ਸੋਈ. " (ਸੋਰ)

ਭੀਖਨਸ਼ਾਹ: ਦੇਖੋ, ਸ਼ਾਹਭੀਖ.

ਭੀਖਨਖ਼ਾਂ: ਇਹ ਸੌ ਸਵਾਰ ਦਾ ਸਰਦਾਰ ਨਮਕਹਰਾਮ ਪਠਾਣ ਸੀ. ਜੋ ਗੁਰੂ ਗੋਬਿੰਦਸਿੰਘ ਜੀ ਦੀ ਨੌਕਰੀ ਛੱਡਕੇ ਭੰਗਾਣੀ ਦੇ ਜੰਗ ਸਮੇਂ ਪਹਾੜੀ ਰਾਜਿਆਂ ਨਾਲ ਜਾ ਮਿਲਿਆ ਸੀ. ਇਹ ਕਲਗੀਧਰ ਦੇ ਤੀਰ ਨਾਲ ਮੋਇਆ. ਦੇਖੋ, ਵਿਚਿਤ੍ਰਨਾਟਕ ਅਧਜਾਯ ੮. ਛੰਦ ੨੫.

ਭੀਖਮ: ਦੇਖੋ, ਭੀਸਮ। ੨. ਦੇਖੋ, ਭੀਸਮਕ. "ਭੀਖਮ ਭੂਪ ਬਿਚਾਰ ਕੀਓ, ਦੁਹਿਤਾ ਇਹ ਸ੍ਰੀ ਜਦੁਬੀਰਹਿ ਦੀਜੈ." (ਕ੍ਰਿਸਨਾਵ) ਰਾਜਾ ਭੀਸ਼ਮਕ ਨੇ ਵਿਚਾਰ ਕੀਤਾ ਕਿ ਰੁਕਮਿਣੀ ਪੁਤ੍ਰੀ ਕ੍ਰਿਸ਼ਨ ਜੀ ਨੂੰ ਦੇਵਾਂ.

ਭੀਖਮ ਅਰਿ: ਭੀਸ਼ਮਪਿਤਾਮਾ ਦਾ ਵੈਰੀ, ਅਰਜੁਨ.

ਭੀਖਮਕ: ਦੇਖੋ, ਭੀਸਮਕ.

ਭੀਖਮਜਨਨੀ, ਭੀਖਮਮਾਤ, ਭੀਖਮਮਾਤਾ: ਭੀਸ਼ਮ ਦੀ ਮਾਤਾ ਗੰਗਾ. ਦੇਖੋ, ਭੀਸਮ ੪. "ਭੀਖਮਮਾਤ ਕੋ ਜਗੋਂ ਪਰਸੇ ਛਿਨ ਮੇ ਸਭ ਪਾਪ ਬਿਲਾਇ ਗਏ ਹੈਂ" (ਕ੍ਰਿਸਨਾਵ)

ਭੀਖਾ: ਮਹਿਮਾ ਪ੍ਰਕਾਸ਼ ਵਿੱਚ ਭਿਖਾ ਦਾ ਹੀ ਇਹ ਨਾਮ ਹੈ. ਯਥਾ- "ਭੀਖਾ ਭਾਟ ਸੁਲਤਾਨਪੁਰ ਵਾਸੀ." ਦੇਖੋ, ਭਿਖਾ ੩.

ਭੀਖਿਆ: ਦੇਖੋ, ਭਿਖ ਅਤੇ ਭਿਖਿਆ. "ਚਾਲਹਿ ਸਤਿਗੁਰ ਭਾਇ, ਭਵਹਿ ਨ ਭੀਖਿਆ." (ਸੂਹੀ ਮਃ ੧)

ਭੀਖੂ: ਭਿਖ੍ਯਾ ਮੰਗਣ ਵਾਲਾ. ਭਿਕ੍ਸ਼ੁਕ। ੨. ਜਿਗ੍ਯਾਸੁ.

ਭੀਚ: ਦੇਖੋ, ਭੀਛਣ। ੨. ਡਿੰਗ. ਸੁਭਟ. ਉੱਤਮ ਯੋਧਾ.

ਭੀਚਣ, ਭੀਚਨਾ: ਕ੍ਰਿ- ਨਿਪੀੜਨਾ. ਭਚੀੜਨਾ.

ਭੀਛਨ: ਵਿ- ਭੀਸ਼ਣ. ਡਰਾਉਣਾ. ਭਯੰਕਰ.

ਭੀਜਨਾ: ਕ੍ਰਿ- ਭਿੱਜਣਾ. ਜਲ ਨਾਲ ਤਰ ਹੋਣਾ। ੨. ਪਸੀਜਣਾ. ਰੀਝਣਾ. "ਆਪੇ ਸੁਣਿ ਸੁਣਿ ਭੀਜਾ ਹੇ." (ਮਾਰੂ ਸੋਲਹੇ ਮਃ ੫) ੩. ਦ੍ਰਵਣਾ. ਚਿੱਤ ਦਾ ਕੋਮਲ ਹੋਣਾ. "ਸਬਦਿ ਨ ਭੀਜੈ ਸਾਕਤਾ." (ਸ੍ਰੀ ਮਃ ੧)

ਭੀਜੈ: ਭਿਜਦਾ ਹੈ। ੨. ਪਸੀਜਦਾ (ਰੀਝਦਾ) ਹੈ. "ਚਾੜਸਿ ਪਵਨੁ ਸਿੰਘਾਸਨੁ ਭੀਜੈ." (ਰਾਮ ਅਃ ਮਃ ੧) ਦਸ਼ਮਦ੍ਵਾਰ ਅਮ੍ਰਿਤ ਨਾਲ ਤਰ ਹੁੰਦਾ ਹੈ.

ਭੀਟ: ਦੇਖੋ, ਭਿਟ.

ਭੀਟਿ: ਭਿੱਟਕੇ. "ਅੰਨ ਸਬੈ ਇਨ ਭੀਟਿ ਗਵਾਯੋ." (ਕ੍ਰਿਸਨਾਵ)

ਭੀਤ: ਕੰਧ. ਦੇਖੋ, ਭਿਤ ੪. "ਬਾਰੂਭੀਤ ਬਨਾਈ ਰਚਿ ਪਚਿ." (ਸੋਰ ਮਃ ੯) ੨. ਪੜਦਾ. ਕਿਵਾੜ. "ਨਵੰਤ ਦ੍ਵਾਰੰ ਭੀਤ ਰਹਿਤੰ." (ਸਹਸ ਮਃ ੫) ੩. ਚੰਬਾ- ਪਹਾੜ ਦੀ ਢਲਵਾਨ. ਜੋ ਬਹੁਤ ਤਿੱਖੀ ਹੋਵੇ. "ਭੀਤ ਊਪਰੈ ਕੇਤਕ ਧਾਈਐ." (ਆਸਾ ਮਃ ੫) ੪. ਸੰ. ਭੀਤ. ਡਰਿਆ ਹੋਇਆ. "ਭੈਭੀਤ ਦੂਤਹ." (ਸਹਸ ਮਃ ੫)

ਭੀਤਰ, ਭੀਤਰਿ: ਕ੍ਰਿ. ਵਿ- ਅਭ੍ਯੰਤਰ. ਅੰਦਰ. ਵਿੱਚ. "ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ." (ਮਲਾ ਮਃ ੧) ੨. ਸੰ. ਭੂਤੇਸ਼੍ਵਰ. ਸੰਗ੍ਯਾ- ਸਾਰੇ ਜੀਵਾਂ ਦਾ ਸ੍ਵਾਮੀ ਕਰਤਾਰ. "ਜਹ ਭੀਤਰਿ ਘਟਿ ਭੀਤਰਿ ਵਸਿਆ, ਬਾਹਰਿ ਕਾਹੇ ਨਾਹੀ?" (ਰਾਮ ਮਃ ੧) ਜਦ ਮਨ ਅੰਦਰ ਕਰਤਾਰ ਦਾ ਨਿਵਾਸ ਹੈ, ਫੇਰ (ਮੁਕਤਿ ਲਈ) ਸ਼ਰੀਰ ਧੋਣ ਦੀ ਕੀ ਲੋੜ ਹੈ?

ਭੀਤਾ: ਵਿ- ਭੀਤ ਹੋਇਆ. ਡਰਿਆ। ੨. ਸੰਗ੍ਯਾ- ਭਿੱਤਿ. ਕੰਧ. ਦੀਵਾਰ. ਫਸੀਲ. "ਟੂਟੀ ਭੀਤਾ ਭਰਮਗੜਾ." (ਆਸਾ ਛੰਤ ਮਃ ੫) ਭਰਮਗੜ੍ਹ ਦੀ ਦੀਵਾਰ ਟੁੱਟ ਗਈ.

ਭੀਤਿ: ਸੰ. ਭਿੱਤਿ ਅਤੇ ਭਿੱਤ. ਕੰਧ. ਦੀਵਾਰ। ੨. ਸਿੰਧੀ. ਚੋਗਾ. ਚੋਗ. "ਜਗ ਕਊਆ ਨਾਮ ਨਹੀ ਚੀਤਿ। ਨਾਮ ਬਿਸਾਰਿ ਗਿਰੈ ਦੇਖਿ ਭੀਤਿ।।" (ਆਸਾ ਅਃ ਮਃ ੧) ਭਾਵ- ਸੰਸਾਰ ਦੇ ਪਦਾਰਥਾਂ ਦਾ ਭੋਗ। ੩. ਸੰ. ਭੀਤਿ. ਡਰ. ਭੈ। ੪. ਕਾਂਬਾ. ਕੰਪ.

ਭੀਤਿ: ਦੇਖੋ, ਭੀਤਿ। ੨. ਸੰ. ਡਰ. ਖ਼ੌਫ਼। ੩. ਕੰਪ. ਕਾਂਬਾ.

ਭੀਤੰਤ: ਦੇਖੋ, ਭੈਭੀਤ.

ਭੀਨ, ਭੀਨਾ, ਭੀਨੁ: ਵਿ- ਭਿੱਜਿਆ. ਤਰ ਹੋਇਆ। ੨. ਪਸੀਜਿਆ. ਰੀਝਿਆ। ੩. ਦੇਖੋ, ਭਿੰਨ.

ਭੀਮ: ਸੰ. ਵਿ- ਡਰਾਉਣਾ. ਭਯਾਨਕ। ੨. ਸੰਗ੍ਯਾ- ਯੁਧਿਸ਼੍ਠਿਰ ਦਾ ਛੋਟਾ ਭਾਈ ਭੀਮਸੇਨ. ਦੇਖੋ, ਪਾਂਡਵ. "ਭੀਮ ਗਦਾ ਕਰ ਭੀਮ ਲਈ." (ਕ੍ਰਿਸਨਾਵ) ੩. ਦਮਯੰਤੀ ਦਾ ਪਿਤਾ ਅਤੇ ਨਲ ਦਾ ਸਹੁਰਾ ਰਾਜਾ ਭੀਮ, ਜੋ ਵਿਦਰਭ (ਬਰਾਰ) ਦਾ ਰਾਜਾ ਸੀ। ੪. ਸ਼ਿਵ। ੫. ਰਾਵਣ ਦਾ ਇੱਕ ਮੰਤ੍ਰੀ.

ਭੀਮਸੇਨ, ਭੀਮਸੈਨ: ਦੇਖੋ, ਭੀਮ ੨. ਅਤੇ ਪਾਂਡਵ.

ਭੀਮਚੰਦ: ਕਹਲੂਰ (ਬਿਲਾਸਪੁਰ) ਦਾ ਪਹਾੜੀ ਰਾਜਾ, ਜਿਸ ਨੇ ਅਕਾਰਣ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨਾਲ ਵੈਰ ਕਰਕੇ ਆਪਣੇ

ਭਾਈ ਰਾਜਿਆਂ ਨੂੰ ਪ੍ਰੇਰਕੇ ਭੰਗਾਣੀ ਆਨੰਦਪੁਰ ਆਦਿਕ ਅਸਥਾਨਾਂ ਵਿੱਚ ਜੰਗ ਕਰਵਾਏ. ਦੇਖੋ, ਬਾਈਧਾਰ.

ਭੀਮਜਾ: ਰਾਜਾ ਭੀਮ ਦੀ ਪੁਤ੍ਰੀ ਦਮਯੰਤੀ. ਦੇਖੋ, ਭੀਮ ੩.

ਭੀਮਪਲਾਸ਼ੀ: ਸੰਪੂਰਣ ਜਾਤਿ ਦੀ ਇੱਕ ਰਾਗਿਣੀ, ਜੋ ਧਨਾਸਰੀ ਅਤੇ ਪੂਰਬੀ ਦੇ ਮੇਲ ਤੋਂ ਬਣੀ ਹੈ. ਇਸ ਨੂੰ ਗਾਂਧਾਰ, ਧੈਵਤ ਅਤੇ ਨਿਸ਼ਾਦ ਕੋਮਲ ਅਤੇ ਬਾਕੀ ਸ਼ੁੱਧ ਸੁਰ ਲਗਦੇ ਹਨ. ਪੰਚਮ ਵਾਦੀ ਅਤੇ ਮੱਧਮ ਸੰਵਾਦੀ ਹੈ. ਗਾਉਂਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ। ੨. ਵਿ- ਭਯੰਕਰ ਮਾਸ ਖਾਣ ਵਾਲਾ.

ਭੀਮਪੁਰੀ: ਵਿਕ੍ਰਾਸੁਰ ਦੀ ਰਾਜਧਾਨੀ. ਦੇਖੋ, ਭਸਮਾਂਗਦ.

ਭੀਮਰਾ: ਭਯਾਨਕ ਰਵ (ਸ਼ਬਦ) ਕਰਨ ਵਾਲੀ ਇੱਕ ਨਦੀ, ਜਿਸ ਦਾ ਨਾਮ ਭੀਮਾ ਹੈ. ਦੇਖੋ, ਮਹਾਭਾਰਤ ਬਨ ਪਰਵ, ਅਃ ੨੨੩, "ਸ਼ਬਦ ਆਦਿ ਕਹਿ ਭੀਮਰਾ ਈਸਰਾਸਤ੍ਰ ਕਹਿ ਅੰਤ." (ਸਨਾਮਾ) ਭੀਮਾ ਦਾ ਈਸ਼੍ਵਰ ਵਰੁਣ, ਉਸ ਦਾ ਅਸਤ੍ਰ ਫਾਸੀ (ਪਾਸ਼).

ਭੀਮਰਾਈਸਰਾਸਤ੍ਰ: ਦੇਖੋ, ਭੀਮਰਾ.

ਭੀਮੜਾ: ਭਯਾਵਨੀ. ਡਰਾਉਣ ਵਾਲੀ। ੨. ਦੇਖੋ, ਭੀਮਰਾ.

ਭੀਮਾ: ਸੰਗਯਾ- ਦੇਖੋ, ਭੀਮਰਾ। ੨. ਦੁਰਗਾ. ਦੇਵੀ। ੩. ਕਸ਼ਾ. ਕੋਰੜਾ ਚਾਬੁਕ.

ਭੀਮਾਗ੍ਰ: ਭੀਮਸੇਨ ਤੋਂ ਵਡਾ, ਯੁਧਿਸ਼੍ਰਿਰ (ਸਨਾਮਾ)

ਭੀਰ: ਸੰਗਯਾ- ਭੀੜ. ਮੁਸੀਬਤ. ਵਿਪਦਾ. "ਦਾਸ ਭੀਰ ਕਟਦੇਤ." (ਗੁਪ੍ਰਸੂ) ੨. ਹੁਜੂਮ. ਇਕੱਠ. "ਸਾਧ ਸੰਗਤਿ ਕੀ ਭੀਰ ਜਉ ਪਾਈ." (ਸਾਰ ਮਃ ੫) ੩. ਵਿ- ਭੀੜਾ. ਤੰਗ. "ਜਹਿ ਜਾਨੋ ਤਹਿ ਭੀਰ ਬਾਟੁਲੀ." (ਸਾਰ ਮਃ ੫) ੪. ਦੇਖੋ, ਭੀਰੁ.

ਭੀਰਿ: ਵਿ- ਭੀੜੀ. ਤੰਗ। ੨. ਕ੍ਰਿ. ਵਿ- ਭੀੜ (ਹੁਜੂਮ) ਕਰਕੇ. "ਭਗਵਤ ਭੀਰਿ ਸਕਤਿ ਸਿਮਰਨ ਕੀ." (ਭੈਰ ਕਬੀਰ) ਭਾਗਵਤ (ਭਗਤ ਲੋਕਾਂ) ਦੀ ਜਮਾਤ ਦਾ ਸੰਗ ਕਰਕੇ ਅਤੇ ਨਾਮ ਸਿਮਰਨ ਦੀ ਸ਼ਕਤਿ ਦ੍ਵਾਰਾ.

ਭੀਰੀ: ਵਿ- ਭੀੜੀ. ਤੰਗ.

ਭੀਰੁ: ਸੰ. ਵਿ- ਕਾਇਰ. ਡਰਪੋਕ। ੨. ਡਰ ਦੇਣ ਵਾਲਾ. ਡਰਾਉਣਾ। ੩. ਸੰਗਯਾ- ਬਕਰੀ. ਅਜਾ। ੪. ਗਿੱਦੜ। ੫. ਸ਼ੇਰ। ਬਘਿਆੜ.

ਭੀਰੂ: ਦੇਖੋ, ਭੀਰੁ.

ਭੀਲ: ਸੰ. ਭਿੱਲ. ਇੱਕ ਜੰਗਲੀ ਅਸਭਯ ਜਾਤਿ. ਦ੍ਰਾਵਿੜ ਭਾਸ਼ਾ ਵਿੱਚ ਭੀਲ ਸ਼ਬਦ ਦਾ ਅਰਥ ਕਮਾਣ ਹੈ, ਇਸੇ ਤੋਂ ਧਨੁਖਧਾਰੀ ਜਾਤਿ ਦੀ ਭੀਲ ਸੰਗਯਾ ਹੋਈ ਹੈ.

ਭੀਲਨੀ: ਭੀਲ ਦੀ ਇਸਤ੍ਰੀ. ਭੀਲ ਜਾਤਿ ਦੀ ਨਾਰੀ। ੨. ਦੇਖੋ, ਸਬਰੀ.

ਭੀਲੋਵਾਲ: ਜਿਲਾ ਲਹੌਰ ਦਾ ਇੱਕ ਪਿੰਡ. ਜਿੱਥੇ ਸੰਮਤ ੧੭੬੭ ਵਿੱਚ ਮੁਸਲਮਾਨਾਂ ਨੇ ਸਿੱਖਾਂ ਦੇ ਵਿਰੁੱਧ ਜਹਾਦ ਕਰਨ ਲਈ ਹੈਦਰੀ ਝੰਡਾ ਖੜਾ ਕਰਕੇ ਦੂਰ ਦੂਰ ਦੇ ਮੁਸਲਮਾਨ ਇਕੱਠੇ ਕੀਤੇ ਸਨ. ਉਸ ਵੇਲੇ ਲਹੌਰ ਦਾ ਸੂਬਾ ਇਸਲਾਸਖ਼ਾਂ ਸੀ ਦੇਖੋ, ਇਲਾਮਖ਼ਾਂ.

ਭੀਵਾ: ਸਰਹਿੰਦ ਨਿਵਾਸੀ ਗੁਰੂ ਅਰਜਨਦੇਵ ਦਾ ਪ੍ਰੇਮੀ ਸਿੱਖ। ੨. ਖਤ੍ਰੀਆਂ ਦੀ ਇੱਕ ਜਾਤਿ. "ਜਟੂ ਭੀਵਾ ਜਾਤਿ ਕਾ." (ਗੁਪ੍ਰਸੂ)

ਭੀੜ: ਸੰਗਯਾ- ਸੰਘੱਟ. ਹੁਜੂਮ। ੨. ਮੁਸੀਬਤ. ਅਪਦਾ "ਪ੍ਰਭੁਚਿਤਿ ਆਵੈ, ਤਾ ਕੈਸੀ ਭੀੜ?" (ਬਿਲਾ ਮਃ ੫) ੩. ਤੰਗਦਸ੍ਤੀ "ਭੀੜਹੁ ਮੋਕਲਾਈ ਕੀਤੀਅਨੁ." (ਵਾਰ ਰਾਮ ੨. ਮਃ ੫)

ਭੀੜਾ, ਭੀੜੀ: ਵਿ- ਤੰਗ. "ਭੀੜੀ ਗਲੀ ਫਹੀ." (ਮਃ ੧. ਵਾਰ ਰਾਮ ੧) ੨. ਭੀੜ (ਵਿਪਦਾ) ਅਰਥ ਵਿੱਚ ਭੀ ਭੀੜਾ ਸ਼ਬਦ ਆਇਆ ਹੈ. "ਗਰਬ ਹਾਨ ਭਾ, ਭੀੜਾ ਬਜਾਪੀ." (ਨਾਪ੍ਰ)

ਭੁ: ਦੇਖੋ, ਭੂ। ੨. ਭੂਮਿ (ਪ੍ਰਿਥਿਵੀ) ਦਾ ਸੰਖੇਪ.

ਭੁਅ: ਸੰ. ਭੂਮਿ. ਸੰਗਯਾ- ਜ਼ਮੀਨ. ਪ੍ਰਿਥਿਵੀ.

ਭੁਆਉਣਾ: ਕ੍ਰਿ- ਭ੍ਰਮਾਉਣਾ. ਘੁਮਾਉਣਾ। ੨. ਲੋਟਾਨਾ. ਮੋੜਨਾ.

ਭੁਆਰ, ਭੁਆਲ: ਸੰ. ਭੂਪਾਲ. ਪ੍ਰਿਥਿਵੀ ਦੀ ਪਾਲਨਾ ਕਰਨ ਵਾਲਾ ਰਾਜਾ. "ਦਯਾਸਿੰਧੁ ਰਘੁਰਾਜ ਭੁਆਰਾ." (ਰਘੁਰਾਜ)

ਭੁਅੰਗ, ਭੁਅੰਗਮ, ਭੁਅੰਗਾ: ਦੇਖੋ, ਭੁਜੰਗ ਅਤੇ ਭੁਜੰਗਮ. "ਮਾਇਆ ਭੁਅੰਗ ਬਿਖ ਚਾਖਾ." (ਜੈਤ ਮਃ ੪) ੨. ਭਜੰਗਮਾ ਨਾੜੀ. "ਨਿਵਲਿ ਭੁਅੰਗਮ ਸਾਧੇ." (ਸੋਰ ਅਃ ਮਃ ੫) "ਬੇਧੀਅਲੇ ਚਕ੍ਰਭੁਅੰਗਾ." (ਰਾਮ ਕਬੀਰ) ਪ੍ਰਾਣਾਂ ਦੇ ਬਲ ਭੁਜੰਗਮਾ ਨਾੜੀ ਦਾ ਚਕ੍ਰ ਵੇਧਨ ਕੀਤਾ.

ਭੁਇ: ਸੰ. ਭੂਮਿ. ਪ੍ਰਿਥਿਵੀ. ਜ਼ਮੀਨ. "ਭਉ ਭੁਇ ਪਵਿਤੁ ਪਾਣੀ, ਸਤੁ ਸੰਤੋਖੁ ਬਲੰਦ." (ਮਃ ੧. ਵਾਰ ਰਾਮ ੧) "ਲਾਗਤ ਹੀ ਭੁਇ ਗਿਰਿਪਰਿਆ." (ਸ. ਕਬੀਰ)

ਭੁਇਅੰਗ: ਦੇਖੋ, ਭੁਜੰਗ. "ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ." (ਜੈਤ ਮਃ ੪) "ਮੈਲਾਗਰ ਬੇਰ੍ਹੇ ਹੈਂ ਭੁਇਅੰਗਾ." (ਗੂਜ ਰਵਿਦਾਸ)

ਭੁਇਅੰਗਨਿ: ਭੁਜੰਗਨੀ. ਸਰਪਣੀ. "ਦੂਤਨ ਸੰਗਰੀਆ ਭੁਇਅੰਗਨਿ ਬਸਰੀਆ." (ਬਿਹਾ ਮਃ ੫) ਵਿਕਾਰੀਆਂ ਦੀ ਸੰਗਤਿ ਮਾਨੋ ਸਰਪਨੀ ਨਾਲ ਨਿਵਾਸ ਕਰਨਾ ਹੈ। ੨. ਭੁਜੰਗਮਾ ਨਾੜੀ.

ਭੁਇਅੰਗਮ: ਸਰਪ. ਦੇਖੋ, ਭੁਜੰਗਮ. "ਭੁਇਅੰਗਮ

ਭੁਇਅੰਗਮੁ: ਭ੍ਰਿੰਗ ਮਾਇਆ ਮਹਿ ਖਾਪੇ." (ਭੈਰ ਕਬੀਰ) "ਭੁਇਅੰਗਮ ਫਿਰਹਿ ਡਸੰਤੇ." (ਤੁਖਾ ਬਾਰਹਮਾਹਾ) ਦੇਖੋ, ਤਰਵਰ ਬਿਰਖ। ੨. ਭੁਜੰਗਮਾ ਨਾੜੀ. "ਕਿਨਹੀ ਨਿਵਲ ਭੁਇਅੰਗਮ ਸਾਧੇ." (ਰਾਮ ਅਃ ਮਃ ੫) ੩. ਪੇਚੀਦਾ. ਭਾਵ- ਅਤਿ ਜ਼ਹਿਰੀਲਾ. ਕੁੰਡਲ ਵਿੱਚ ਘੇਰਨ ਵਾਲਾ. "ਮਾਇਆ ਭੁਇਅੰਗਮੁ ਸਰਪੁ ਹੈ, ਜਗ ਘੇਰਿਆ." (ਸਵਾ ਮਃ ੩) ੪. ਭੁਵਿਅੰਗਮ. ਪ੍ਰਿਥਿਵੀ ਦਾ ਪਜਾਰਾ.

ਭੁਇਅੰਗਾ: ਦੇਖੋ, ਭੁਇਅੰਗ ਅਤੇ ਭੁਜੰਗ। ੨. ਭੁਜੰਗਿਨੀ. ਸਰਪਨੀ. ਸੱਪਣ. "ਪਾਇਆ ਵੇੜੁ ਮਾਇਆ ਸਰਬ ਭੁਇਅੰਗਾ." (ਬਿਲਾ ਮਃ ੫) ੩. ਭੁਜਾ ਕਰਕੇ ਅਨਗਾਹ. ਸਮੁੰਦਰ, ਜੋ ਬਾਹਾਂ ਦੇ ਬਲ ਨਾਲ ਤਰਿਆ ਨਹੀਂ ਜਾ ਸਕਦਾ. "ਚੜਿ ਲੰਘਾਂ ਜੀ ਬਿਖਮੁ ਭੁਇਅੰਗਾ." (ਵਡ ਮਃ ੪. ਘੋੜੀਆਂ)

ਭੁਇਸੂਰ: ਖ਼ਾਂ. ਸ਼ਲਜਮ, ਗੋਂਗਲੂ. ਠਿੱਪਰ.

ਭੁਇਚਾਲ: ਦੇਖੋ, ਭੂਚਾਲ.

ਭੁਇਭਾਰ, ਭੁਇਭਾਰੁ: ਭੂਮਿ (ਪ੍ਰਿਥਿਵੀ) ਪੁਰ ਬੋਝਰੂਪ. "ਵਿਸਰਿਆ ਜਿਨ੍ਹ ਨਾਮੁ, ਤੇ ਭੁਇਭਾਰੁ ਥੀਏ." (ਆਸਾ ਫਰੀਦ) ੨. ਭੂਮਿਭਰ. ਪ੍ਰਿਥੀਪਾਲਕ. "ਜੋ ਸਜਣ ਭੁਇਭਾਰੁ ਥੇ, ਸੇ ਕਿਉ ਆਵਹਿ ਅਜੁ?" (ਸ. ਫਰੀਦ)

ਭੁਈ: ਭੋਗੀ. ਰਮਣ ਕੀਤੀ. "ਨ੍ਰਿਪ ਨਾਰ ਸੁਈ। ਤੁਮ ਜੌਨ ਭੁਈ।।" (ਪ੍ਰਿਥੁਰਾਜ) ੨. ਸੰਗਯਾ- ਭੂਮਿ. ਪ੍ਰਿਥਿਵੀ.

ਭੁਸ: ਸੰਗਯਾ- ਅਭ੍ਯਾਸ. ਆਦਤ. ਬਾਣ। ੨. ਭੂਸਾ. ਭੋ. ਸੰ. ਬੁਸ। ੩. ਦੇਖੋ, ਭੁੱਸ.

ਭੁਸਥਲਾ: ਗੁਰੂ ਗੋਬਿੰਦਸਿੰਘ ਸਾਹਿਬ ਪਟਨੇ ਤੋਂ ਆਨੰਦਪੁਰ ਨੂੰ ਆਉਂਦੇ ਜਦ ਲਖਨੌਰ ਵਿਰਾਜੇ, ਤਦ ਇੱਕ ਦਿਨ ਸ਼ਿਕਾਰ ਖੇਡਦੇ ਭੁਸਥਲੇ ਦੇ ਥੇਹ ਘੋੜੇ ਤੇ ਚੜ੍ਹੇ ਹੋਏ ਕੁਝ ਸਮਾਂ ਠਹਿਰੇ ਸਨ. "ਗ੍ਰਾਮ ਭੁਸਥਲੇ ਕੋ ਵਡ ਥੇਹ। ਠਾਢੇ ਭਏ ਜਾਇ ਸੁਖਗ੍ਰੇਹ." (ਗੁਪ੍ਰਸੂ)

ਭੁਸਰੀ: ਭੂਸ਼੍ਰਿਤਾ. ਭੂ (ਪ੍ਰਿਥਿਵੀ) ਸ਼੍ਰਿਤ- ਸ਼੍ਰਤ. (ਭੁੰਨੀ- ਹੋਈ) ਉਹ ਰੋਟੀ, ਜੋ ਤਪੀ ਹੋਈ ਜ਼ਮੀਨ ਪੁਰ ਪਕਾਈ ਜਾਵੇ, ਜਿਵੇਂ- ਸੁਲਤਾਨਪੀਰ ਆਦਿ ਦੀ ਰੋਟੀ ਪਕਾਈ ਜਾਂਦੀ ਹੈ. "ਭੁਸਰੀਆਂ ਪਕਾਈਆਂ, ਪਾਈਆਂ ਥਾਲੇ ਮਾਹਿ." (ਮਃ ੫. ਵਾਰ ਮਾਰੂ ੨) ਭੁਸਰੀ ਨੂੰ ਦਾਦੂਪੰਥੀ ਸਾਧੂ ਬਾਟੀ ਆਖਦੇ ਹਨ.

ਭੁਸਲਨਾ: ਝੁਲਸਣਾ. "ਰਿਪੁਸੈਨ ਭੁਸਲਤ ਜਰਤ ਤਲਫਤ." (ਸਲੋਹ)

ਭੁਸੁ: ਭੂਸਾ. ਦੇਖੋ, ਭੁਸ ੨. "ਕੋਦਉ ਕੋ ਭੁਸੁ ਖਈਹੈ." (ਗੂਜ ਕਬੀਰ)

ਭੁਸੁੰਡੀ: ਦੇਖੋ, ਭਸੁੰਡੀ। ੨. ਦੇਖੋ, ਕਾਕਭੁਸੁੰਡਿ.

ਭੁੱਸ: ਸਟਕਾ ਰੋਗ, ਦੇਖੋ, ਸਟਕਾ.

ਭੁਕ: ਸੰ. ਭੁਕ੍. ਵਿ- ਖਾਣ ਵਾਲਾ. ਪਾਲਣ ਵਾਲਾ. ਧਾਰਨ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ. ਜੈਸੇ ਫਲਭੁਕ. ਭੂਭੁਕ. ਦੇਖੋ, ਜਟਭੁਕ। ੨. ਦੇਖੋ, ਭੁਕਣਾ.

ਭੁਕਣਾ: ਕ੍ਰਿ- ਪੀਠੀਹੋਈ ਬਾਰੀਕ ਸੁੱਕੀ ਵਸ੍ਤੁ ॥ ਬਰੂਰਨਾ. ਇਸ ਦਾ ਮੂਲ ਭੂ- ਕਣ ਹੈ.

ਭੁਕਤ: ਸੰ, ਭੁਕ੍ਤ. ਵਿ- ਖਾਧਾ ਹੋਇਆ. ਭੋਗਿਆ ਹੋਇਆ। ੨. ਸੰਗਯਾ- ਭੋਜਨ.

ਭੁਕਤਿ: ਸੰ. ਭੁਕ੍ਤਿ. ਸੰਗਯਾ- ਭੋਗ। ੨. ਭੋਜਨ.

ਭੁਕੜੀ: ਫਲ ਦੀ ਕੋਕੜ. ਬੇਰ ਆਦਿ ਫਲ, ਜੋ ਸੁੱਕ ਕੇ ਝੁਰੜੀਦਾਰ ਹੋ ਗਏ ਹਨ.

ਭੁਖ: ਸੰ. ਬੁਭ੍ਕ੍ਸ਼ਾ. ਸੰਗਯਾ- ਖਾਣ ਦੀ ਇੱਛਾ ਕ੍ਸ਼ੁਧਾ. ਭੂਖ. "ਭੁਖ ਤਿਖ ਤਿਸੁ ਨ ਵਿਆਪਈ." (ਮਃ ੫. ਵਾਰ ਮਾਰੂ ੨) ੨. ਇੱਛਾ. ਰੁਚਿ. "ਮੈ ਹਰਿ ਪ੍ਰਭੁ ਦਸਹੁ, ਮੈ ਭੁਖ ਲਗਾਈ." (ਮਾਝ ਮਃ ੪)

ਭੁਖਨਾ: ਦੇਖੋ, ਭੂਖ ਭੁਖਨਾ.

ਭੁਖੜੀ: ਦੇਖੋ, ਭੁਖ. "ਬਹੁੜਿ ਨ ਤ੍ਰਿਸਨਾ ਭੁਖੜੀ." (ਸੂਹੀ ਮਃ ੫. ਗੁਣਵੰਤੀ) ੨. ਦੇਖੋ, ਭੁਕੜੀ.

ਭੁਖਾ: ਸੰ. ਬੁਭੁਕ੍ਸ਼ੁ ਵਿ- ਜਿਸ ਨੂੰ ਖਾਣ ਦੀ ਇੱਛਾ ਹੈ. ਭੂਖਾ ਕ੍ਸ਼ੁਧਾ ਵਾਲਾ.

ਭੁਖਾਨਿ, ਭੁਖਾਨੀ: ਬੁਭੁਕ੍ਸ਼ਾਗ੍ਨਿ. ਭੁੱਖ ਦੀ ਅੱਗ. "ਲਾਥੀ ਤਿਸ ਭੁਖਾਨਿਹਾ." (ਆਸਾ ਮਃ ੫) ੨. ਬੁਭੁਕ੍ਸ਼ਾਵਾਨ ਦੀ. ਭੁੱਖੇ ਦੀ. "ਸਭ ਲਾਥੀ ਭੂਖ ਭੁਖਾਨੀ." (ਧਨਾ ਮਃ ੪)

ਭੁਖਿਆ: ਭੁੱਖੇ ਰਹਿਣ ਨਾਲ. ਨਿਰਾਹਾਰ ਰਹਿਣ ਤੋਂ "ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ." (ਜਪੁ) ਨਿਰਾਹਾਰ ਰਹਿਣ ਕਰਕੇ ਵਾਸਨਾ ਸ਼ਾਂਤ ਨਹੀਂ ਹੋ ਸਕਦੀ, ਭਾਵੇਂ ਅਸੀਂ ਸ਼ਰੀਰ ਦੇ ਪੂਰਣ ਕਰਨ ਦੀ ਜ਼ਿੰਮੇਵਾਰੀ ਨੂੰ ਰੋਕ ਲਈਏ.[933] ਦੇਖੋ, ਪੁਰੀਆ ੬.

---

[933] "विषया विनिवर्तन्ते निराहारस्य देहिनः।
रसवर्ज रसोऽप्यस्य परं दृष्ट्वा निवर्त्तते." (ਗੀਤਾ ਅਃ ੨, ਸ ੫੯)

ਭੁੱਖੜ: ਵਿ- ਭੁੱਖ ਕਰਕੇ ਦੁਖੀ. ਭੂਖਾ. ਬੁਭੁਕ੍ਸ਼ਾਧਰ। ੨. ਲਾਲਚੀ. ਤ੍ਰਿਸ਼ਨਾਲੁ.

ਭੁਗ: ਦੇਖੋ, ਭੋਗ.

ਭੁਗਤ: ਦੇਖੋ, ਭੁਕਤ.

ਭੁਗਤਾ: ਸੰ. ਭੋਕ੍ਤਾ. ਭੋਗਣ ਵਾਲਾ. "ਦਾਤਾ ਭੁਗਤਾ ਦੇਨਹਾਰੁ." (ਗਉ ਥਿਤੀ ਮਃ ੫)

ਭੁਗਤਿ: ਦੇਖੋ, ਭੁਕਤਿ. "ਭੁਗਤਿ ਮੁਕਤਿ ਕਾ ਕਾਰਣ ਸੁਆਮੀ." (ਗਉ ਮਃ ੯) ਭੋਗ ਮੋਕ੍ਸ਼ ਦਾ ਕਾਰਣ। ੨. ਭੋਜਨ. ਗਿਜਾ."ਭਗਤਿ ਨਾਮੁ ਗੁਰਸਬਦਿ ਬੀਚਾਰੀ." (ਰਾਮ ਮਃ ੧) "ਭੁਗਤਿ ਗਿਆਨੁ, ਦਇਆ ਭੰਡਾਰਣਿ." (ਜਪੁ)

ਭੁੰਗਰਨੀ: ਜਿਲਾ ਤਸੀਲ ਥਾਣਾ ਹੁਸ਼ਿਆਰਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ਦਸ ਮੀਲ ਦੱਖਣ ਹੈ. ਇਸ ਪਿੰਡ ਦੀ ਆਬਾਦੀ ਵਿੱਚ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇੱਥੇ ਦੇ ਰਾਜਪੂਤਾਂ ਨੇ ਗੁਰੂ ਸਾਹਿਬ ਨੂੰ ਪ੍ਰੇਮ ਨਾਲ ਕਈ ਦਿਨ ਠਹਿਰਾਇਆ ਅਤੇ ਸ਼੍ਰੱਧਾ ਨਾਲ ਉਪਦੇਸ਼ ਸੁਣਿਆ. ਪਹਿਲਾਂ ਇੱਥੇ ਸਾਧਾਰਣ ਅਸਥਾਨ ਸੀ. ਪੁਜਾਰੀ ਭੀ ਮਿਰਾਸੀ ਸਨ. ਹੁਣ ਸੁੰਦਰ ਗੁਰਦ੍ਵਾਰਾ ਬਣ ਗਿਆ ਹੈ. ਗੁਰਦ੍ਵਾਰੇ ਨਾਲ ਜਾਗੀਰ ਜ਼ਮੀਨ ਕੁਝ ਨਹੀਂ, ਨਾ ਕੋਈ ਪੱਕਾ ਪੁਜਾਰੀ ਹੈ.

ਭੁਗਵੈ: ਭੋਗਦਾ ਹੈ. "ਕੋਟਿ ਅਨੰਦ ਰਾਜਸੁਖ ਭੁਗਵੈ." (ਟੋਡੀ ਮਃ ੫)

ਭੁਗਾਉਣਾ: ਕ੍ਰਿ- ਖਵਾਉਣਾ। ੨. ਭੋਗ ਕਰਾਉਣਾ.

ਭੁਗੀਆ: ਵਿ- ਭੋਕ੍ਤਾ. ਭੋਗਣ ਵਾਲਾ. "ਹੈ ਭੁਗੀਆ ਧਰਨੀਧਰ ਨਾਊਂ." (ਕ੍ਰਿਸਨਾਵ)

ਭੁੱਗਾ: ਸੰਗਯਾ- ਭੋਗਜ ਪਦਾਰਥ. ਮਿੱਠਾ ਪਾਕੇ ਕੁੱਟੇ ਹੋਏ ਤਿਲ। ੨. ਥੋਥੇ ਲਈ ਭੀ ਭੁੱਗਾ ਸ਼ਬਦ ਵਰਤਿਆ ਜਾਂਦਾ ਹੈ, ਜਿਵੇਂ- ਦਾਣੇ ਭੁੱਗੇ ਹੋਗਏ ਹਨ, ਕੰਧ ਰੋਹੀ ਨੇ ਭੁੱਗੀ ਕਰ ਦਿੱਤੀ ਹੈ। ੩. ਚੂਰਾ. ਚੂਰਣ.

ਭੁੰਚ, ਭੁੰਚੁ: ਸੰ. ਭੁਜ- ਭੁਜ੍. ਧਾ- ਟੇਢਾ ਹੋਣਾ, ਪਾਲਨਾ, ਝੁਕਣਾ, ਖਾਣਾ, ਭਕ੍ਸ਼ਣਕਰਨਾ, ਭੋਗਣਾ, ਆਨੰਦ ਲੈਣਾ. "ਮਨਇਛੇ ਫਲ ਭੁੰਚਿ ਤੂ." (ਸ੍ਰੀ ਮਃ ੫)

"ਕਮਾਵਦਿਆ ਸੁਖ ਭੁੰਚੁ." (ਮਃ ੫. ਵਾਰ ਗੂਜ ੨)

"ਸੁਖ ਭੁੰਚਹੁ, ਮੇਰੇ ਭਾਈ." (ਸੋਰ ਮਃ ੫)

"ਰਸ ਕਸ ਸਭ ਭੁੰਚਹ." (ਆਸਾ ਮਃ ੫)

"ਭੁਚੰਤੇ ਮਹੀਪਤੇ." (ਸਹਸ ਮਃ ੫)

"ਜੇ ਕੋ ਖਾਵੈ, ਜੇ ਕੋ ਭੁੰਚੈ." (ਮੁੰਦਾਵਣੀ ਮਃ ੫)

ਭੁੰਚਹੁ, ਭੁੰਚਾ: ਦੇਖੋ, ਭੁੰਚ.

ਭੁਚਾਲ: ਦੇਖੋ, ਭੂਚਾਲ.

ਭੁੰਚਾਵਉ, ਭੁੰਚਿਆ, ਭੁਚੰਤੇ, ਭੁੰਚੈ: ਦੇਖੋ, ਭੁੰਚ.

ਭੁੱਚੋ: ਇੱਕ ਪਿੰਡ, ਜੋ ਜਿਲਾ ਫਿਰੋਜਪੁਰ, ਤਸੀਲ ਥਾਣਾ ਨਥਾਣਾ ਵਿੱਚ ਹੈ ਅਤੇ ਭਟਿੰਡਾ ਰਾਜਪੁਰਾ ਲੈਨ ਦਾ ਰੇਲਵੇ ਸਟੇਸ਼ਨ ਹੈ. ਭਾਈ ਭਗਤੂਵੰਸ਼ੀ ਦਿਆਲਦਾਸ ਨੇ ਇਹ ਪਿੰਡ ਆਬਾਦ ਕੀਤਾ ਸੀ, ਹੁਣ ਉਸ ਦੀ ਔਲਾਦ ਇੱਥੇ ਬਿਸਵੇਦਾਰ ਹੈ. ਕਲਗੀਧਰ ਨੇ ਜਿਸ ਵੇਲੇ ਇੱਥੇ ਚਰਣ ਪਾਏ, ਤਦ ਇੱਕ ਝਿੜੀ ਵਿੱਚ ਵਿਰਾਜੇ ਸਨ. ਜਿਸ ਨੂੰ ਲੋਕ "ਗੁਰੂਸਰ" ਆਖਦੇ ਹਨ. ਭਾਈਕਿਆਂ

ਦੀ ਅਨਗਹਿਲੀ ਕਰਕੇ ਸਤਿਗੁਰੂ ਦਾ ਗੁਰਦ੍ਵਾਰਾ ਨਹੀਂ ਬਣ ਸਕਿਆ.

ਭੁਜ: ਦੇਖੋ, ਭੁੰਚ। ੨. ਸੰ. ਸੰਗਜਾ- ਜਿਸ ਨਾਲ ਭੋਜਨ ਕਰੀਏ ਬਾਂਹ ਭੁਜਾ. "ਭੁਜ ਬਲਬੀਰ ਬ੍ਰਹਮ ਸੁਖ ਸਾਗਰ." (ਗਉ ਮਃ ੫) ੩. ਹੱਥ। ੪. ਬੰਬਈ ਹਾਤੇ ਕੱਛ ਰਿਆਸਤ ਦਾ ਪ੍ਰਧਾਨ ਨਗਰ. ਦੇਖੋ, ਕੱਛ ੨। ੫. ਹਾਥੀ ਦੀ ਸੁੰਡ। ੬. ਸ਼ਾਖਾ, ਟਾਹਣੀ। ੭. ਭੋਜਪਤ੍ਰ ਬਿਰਛ। ੮. ਦੋ ਸੰਖਜਾ (ਗਿਣਤੀ) ਬੋਧਕ. ਕਿਉਂਕਿ ਬਾਹਾਂ ਦੋ ਹੁੰਦੀਆਂ ਹਨ.

ਭੁਜਸਾਰ: ਸੰਗਜਾ- ਭੋਜਨਸ਼ਾਲਾ. ਰਸੋਈਘਰ. "ਆ ਬੈਠਜੋ ਜਬ ਹੀ ਭੁਜਸਾਰ। ਲੈ ਤਿਨ ਧਰਜੋ ਪ੍ਰਸਾਦ ਤਯਾਰ." (ਗੁਵਿ ੧੦)

ਭੁਜਕੋਟਰ: ਕੱਛੀ. ਬਾਂਹ ਦੀ ਮੂਲ ਹੇਠ ਦਾ ਟੋਆ (arm- pit)

ਭੁਜਗ: ਜੋ ਭੁਜ (ਟੇਢਾ) ਗਮਨ ਕਰੇ. ਸੱਪ. ਸਰਪ.

ਭੁਜਗਾਰਿ: ਭੁਜਗ (ਸਰਪ) ਦਾ ਵੈਰੀ, ਗਰੁੜ.

ਭੁਜਣਾ: (ਦੇਖੋ, ਭ੍ਰੱਜ ਧਾ) ਕ੍ਰਿ- ਭਜੰਨ ਹੋਣਾ. ਭੁੰਨੇ ਜਾਣਾ. ਰੜ੍ਹਨਾ। ੨. ਕ੍ਰੋਧਰੂਪ ਅਗਨਿ ਨਾਲ ਜਲਣਾ.

ਭੁਜਦੰਡ: ਲੰਮੀ ਬਾਂਹ. "ਭੁਜਦੰਡ ਅਖੰਡੰ." (ਵਿਚਿਤ੍ਰ) ੨. ਡੌਲਾ. ਦੇਖੋ, ਭੁੰਜਾਦੰਡ.

ਭੁਜਬਲਬੀਰ: ਬਾਹੁਬਲ ਵਿਚ ਵਡਾ ਬਹਾਦੁਰ ਦੇਖੋ, ਭੁਜ ੨.

ਭੁਜਬੰਦ, ਭੁਜਬੰਧਨ: ਸੰਗਜਾ- ਬਾਜੂਬੰਦ. ਅੰਗਦ. ਭਵੱਟਾ. ਬਹੁੱਟਾ.

ਭੁਜੱਯਾ: ਵਿ- ਭੋਗੈਯਾ. "ਭੂਮਿ ਕੇ ਭੁਜੱਯਾ." (ਅਕਾਲ) ਭੂਜ੍. ਧਾ- ਖਾਣਾ, ਭੋਗਣਾ.

ਭੁਜਾ: ਦੇਖੋ, ਭੁਜ ੨. "ਭੁਜਾ ਗਹਿ ਕਾਢਿਲੀਓ." (ਬਿਹਾ ਛੰਤ ਮਃ ੫) ੨. ਸੀਤਾ. ਭੂਮਿਜਾ.

ਭੁਜਾਦੰਡ: ਬਾਜ਼ੂ. ਡੌਲਾ. "ਭੁਜਾਦੰਡ ਕੈ ਛੋਣਿ ਛਤ੍ਰੀ ਛਿਨਾਈ." (ਵਿਚਿਤ੍ਰ)

ਭੁਜਾਨ: ਭੁਜਾਵਾਨ. ਦੇਖੋ, ਭਾਰੀਭੁਜਾਨ.

ਭੁਜਿ: ਭੁਜਾ ਕਰਕੇ. ਬਾਹਾਂ ਨਾਲ। ੨. ਸੰ. ਸੰਗਜਾ- ਵਲਗਣ. ਘੇਰਾ। ੩. ਰਕ੍ਸ਼ਾ (ਰਖਜਾ). ੪. ਅਗਨਿ। ੫. ਭੋਗ.

ਭੁਜੈਯਾ: ਭੋਗਣਵਾਲਾ. ਦੇਖੋ, ਭੁਜੱਯਾ.

ਭੁਜੰਗ: ਸੰ. ਸੰਗਜਾ- ਜੋ ਭੁਜ (ਟੇਢਾ) ਹੋਕੇ ਗਮਨ ਕਰਦਾ ਹੈ. ਸਰਪ ਭੁਜੰਗਮ। ੨. ਦੇਖੋ, ਭੁਜੰਗਪ੍ਰਯਾਤ.

ਭੁਜੰਗ ਅਨੰਤਤੁਕਾ: ਉਹ ਭੁਜੰਗਪ੍ਰਯਾਤ, ਜਿਸ ਦਾ ਤੁਕਾਂਤ ਨਾ ਮਿਲੇ. ਦੇਖੋ, ਅਨੰਤਤੁਕਾ.

ਭੁਜੰਗਅਰਧ: ਦੇਖੋ, ਸ਼ੰਖਨਾਰੀ.

ਭੁਜੰਗਸਤ੍ਰੁ: ਭੁਜੰਗ (ਸਰਪ) ਦਾ ਵੈਰੀ, ਗਰੁੜ.

ਭੁਜੰਗਸ਼ਿਸ਼ੁੱਸੁਤਾ: ਭੁਜਗਸ਼ਿਸ਼ੁਭ੍ਰਿਤਾ. ਇੱਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ, ਨ, ਨ, ਮ, ।।।, ।।।, ऽऽऽ. ਸੱਤ ਅਤੇ ਦੋ ਪੁਰ ਵਿਸ਼੍ਰਾਮ.

ਉਦਾਹਰਣ-

ਸਭਹਿਤ ਚਿਤਵੈ. ਜੋਈ,

ਗੁਰੁਮੁਖਪਦ ਲੈ, ਸੋਈ. ×××

ਭੁਜੰਗਪ੍ਰਯਾਤ: ਇੱਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ ਚਾਰ ਯਗਣ. ISS, ISS, ISS, ISS.

ਉਦਾਹਰਣ-

ਨਹੀਂ ਜਾਨਜਾਈ ਕਛੂ ਰੂਪ ਰੇਖੰ,

ਕਹਾਂ ਬਾਸ ਤਾਂਕੋ ਫਿਰੈ ਕੌਨ ਭੇਖੰ

ਕਹਾਂ ਨਾਮ ਤਾਂਕੋ ਕਹਾਂਕੈ ਕਹਾਵੈ,

ਕਹਾਂਕੈ ਬਖਾਨੋ ਕਹੇ ਮੋ ਨ ਆਵੈ. (ਅਕਾਲ)

ਇਸ ਭੇਦ ਦੀ ਸੰਗ੍ਯਾ "ਅਸਤਰ" ਭੀ ਹੈ.

(ਅ) ਜਾਪੁ ਵਿੱਚ "ਅਰਧ ਭੁਜੰਗ" (ਸ਼ੰਖਨਾਰੀ) ਦੀ ਥਾਂ ਭੀ ਭੁਜੰਗਪ੍ਰਯਾਤ ਪਾਠ ਦੇਖਿਆ ਜਾਂਦਾ ਹੈ, ਪਰ ਭਾਵ ਉਸ ਥਾਂ ਅਰਥ ਤੋਂ ਹੈ, ਯਥਾ-

ਨਮੋ ਰਾਜ ਰਾਜੇ। ਨਮੋ ਸਾਜ ਸਾਜੇ।

ਨਮੋ ਸਾਹ ਸਾਹੇ। ਨਮੋ ਮਾਹ ਮਾਹੇ।।੨

(ੲ) ਜੇ ਭੁਜੰਗਪ੍ਰਯਾਤ ਦੇ ਪ੍ਰਤਿ ਚਰਣ ਚਾਰ ਦੀ ਥਾਂ ਛੀ ਯਗਣ ਹੋਣ, ਤਦ "ਕ੍ਰੀੜਾਚਕ੍ਰ" ਸੰਗ੍ਯਾ ਹੈ.

ਉਦਾਹਰਣ-

ਕਹੈ ਵਾਕ ਕੋ ਸੋਚਕੈ ਨਿੱਤ ਜੋਈ ਵਹੀ ਬੁੱਧਿਧਾਰੀ. ××

(ਸ) ਜੇ ਪ੍ਰਤਿ ਚਰਣ ਅੱਠ ਯਗਣ ਹੋਣ, ਤਦ "ਮਹਾ ਭੁਜੰਗਪ੍ਰਯਾਤ" ਸੰਗ੍ਯਾ ਹੈ, ਯਥਾ-

ਨਹੀ ਪੈਰ ਪਾਛੇ ਕਰੈ ਜੰਗ ਮੇ ਧੀਰਕੈ

ਜਾਨਿਯੇ ਤਾਂਹਿ ਕੋ ਬੀਰ ਪੂਰਾ. ×××

ਇਸ ਭੇਦ ਦਾ ਨਾਮ "ਸਵੈਯਾ" ਅਤੇ "ਝੂਲਨਾ" ਭੀ ਹੈ. ਦੇਖੋ, ਝੂਲਨੇ ਦਾ ਰੂਪ ੧. ਅਤੇ ਸਵੈਯੇ ਦਾ ਰੂਪ ੨੧.

ਭੁਜੰਗਮ: ਦੇਖੋ, ਭੁਜੰਗ.

ਭੁਜੰਗਮਾ: ਦੇਖੋ, ਭੁਜੰਗਿਨੀ ੨. .

ਭੁਜੰਗਿਨੀ: ਸਰਪਣੀ. ਸੱਪਣ। ੨. ਯੋਗੀਆਂ ਦੀ ਕਲਪੀ ਹੋਈ ਇੱਕ ਨਾੜੀ, ਕੁੰਡਲਿਨੀ. ਭੁਜੰਗਮਾ. ਦੇਖੋ, ਕੁੰਡਲਨੀ. Vagus, Pneumogastric or 10th Craniel nerve. ਦੇਖੋ, The mysterious Kundalni, by V. G. Rele (1927) ੩. ਦੇਖੋ, ਚੌਪਈ ਦਾ ਰੂਪ (ਅ)

ਭੁਜੰਗੀ: ਵਿ- ਭੌਜੰਗ. ਸੱਪ ਦਾ। ੨. ਸੰਗ੍ਯਾ- ਭੁਜੰਗ- ਪੁਤ੍ਰ. ਸੱਪ ਦਾ ਬੱਚਾ। ੩. ਖੰਡਾਮ੍ਰਿਤਧਾਰੀ ਸਿੰਘ ਦਾ ਬੇਟਾ. ਇਹ ਪਦ ਸਭ ਤੋਂ ਪਹਿਲਾਂ ਸਾਹਿਬਜ਼ਾਦਿਆਂ ਵਾਸਤੇ ਵਰਤਿਆ ਗਿਆ, ਫੇਰ ਸਿੰਘਾਂ ਦੇ ਪੁਤ੍ਰਾਂ ਲਈ ਹੋ ਗਿਆ. ਇਸ ਸੰਗ੍ਯਾ ਦਾ ਮੂਲ ਜ਼ਫ਼ਰਨਾਮੇ ਦਾ ਇਹ ਬੈਤ ਹੈ-

"ਕਿ ਬਾਕੀ ਬਿਮਾਂਦਸ੍ਤ ਪੇਚੀਦਹ ਮਾਰ."

ਭੁਜੰਬ: ਸੰਗ੍ਯਾ- ਅੰਬੁ ਭੁਜ੍ ਪਾਣੀ ਖਾਣ ਵਾਲੀ, ਬਡਵਾਗਨਿ. "ਸਾਇਰੁ ਸੋਖਿ ਭੁਜੰਬ ਲਇਓ." (ਆਸਾ ਕਬੀਰ) ਭੁਜੰਬ (ਜਰਾਰੂਪ ਬਡਵਾਗਨਿ ਨੇ) ਸਾਇਰੁ (ਜੋਬਨ ਦਾ ਸਮੁੰਦਰ) ਸੋਖਿਲਾਇਓ (ਖ਼ੁਸ਼ਕ ਕਰਦਿੱਤਾ).

ਭੁੰਵ, ਭੁੰਵੁ: ਦੇਖੋ, ਭੁੰਚ "ਹਰਿਰਸ ਭੁੰਵੁ." (ਬਸੰ ਮਃ ੪)

ਭੁਟ: ਸੰ. ਸ੍ਫੁਟ. ਸਾਫ. ਸਪਸ਼੍ਟ. ਜਿਵੇਂ- ਉਹ ਭੁਟ ਭੁਟ ਬੋਲਦਾ ਹੈ." (ਲੋਕੋ)

ਭੁਟੰਤ: ਦੇਖੋ, ਭੂਟਾਨ. "ਦੇਸ ਭੁਟੰਤ ਹੁਤੋ ਜਿਹ ਥਾਈ." (ਨਾਪ੍ਰ) "ਰਾਜਾ ਏਕ ਭੁਟੰਤ ਕੋ ਚੰਦ੍ਰਸਿੰਘ ਤਿਹ ਨਾਮ." (ਚਰਿਤ੍ਰ ੯੭)

ਭੁਣਹਣਾ: ਸੰਗਜਾ- ਭੁਣਭੁਣਾ. ਮੱਛਰ ਤੋਂ ਛੋਟਾ ਇੱਕ ਜੀਵ, ਜੋ ਹਵਾ ਵਿੱਚ ਉਡਦਾ ਕੁਝ ਕਠਿਨਾਈ ਨਾਲ ਦੇਖਿਆ ਜਾ ਸਕਦਾ ਹੈ, ਭੂੰਗਾ. "ਓਥੈ ਟਿਕੈ ਨ ਭੁਣਹਣਾ, ਚੱਲ ਨ ਸੱਕੈ ਉੱਪਰਿ ਕੀੜੀ." (ਭਾਗੁ)

ਭੁਨਸਾਰ: ਭਾਨੁ- ਨਿ ਸਾਰ. ਸੂਰਜ ਦੇ ਨਿਕਲਣ ਦਾ ਵੇਲਾ. ਭੋਰ.

ਭੁੰਨਣਾ: ਭਰ੍ਜਨ ਕਰਨਾ. ਅੱਗ ਦੀ ਆਂਚ ਨਾਲ ਰਾੜ੍ਹਨਾ. ਦੇਖੋ, ਭ੍ਰੱਜ ਧਾ.

ਭੁਪਾਲ: ਦੇਖੋ, ਭੂਪਾਲ। ੨. ਦੇਖੋ, ਭੁਪਾਲਾਂ.

ਭੁਪਾਲਾਂ: ਰਿਆਸਤ ਪਟਿਆਲਾ ਨਜਾਮਤ ਬਰਨਾਲਾ, ਤਸੀਲ ਮਾਨਸਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮਾਨਸਾ ਤੋਂ ੭. ਮੀਲ ਉੱਤਰ ਹੈ. ਇਸ ਪਿੰਡ ਤੋਂ ਉੱਤਰ ਪੂਰਵ ਪਾਸ ਹੀ ਗੁਰੂ ਤੇਗਬਹਾਦੁਰ ਸਾਹਿਬ ਇੱਕ ਰਾਤ੍ਰਿ ਵਿਰਾਜੇ ਹਨ, ਕੇਵਲ ਮੰਜੀਸਾਹਿਬ ਬਣਿਆ ਹੋਇਆ ਹੈ. ਪੰਜਾਹ ਘੁਮਾਉਂ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਗੁਰਦ੍ਵਾਰੇ ਦੇ ਨਾਮ ਹੈ, ਪੁਜਾਰੀ ਸਿੰਘ ਹੈ. ਭੁਪਾਲਾਂ ਨੂੰ ਭੁਪਾਲ ਭੀ ਆਖਦੇ ਹਨ.

ਭੁੱਬ: ਸੰਗਜਾ- ਭੂਰਿ ਵਿਲਾਪ. ਦੁੱਖ ਭਰੀ ਚੀਕ. ਵਿਲਾਪ ਦੀ ਉੱਚੀ ਧੁਨਿ.

ਭੁੱਬਲ: ਸੰਗਜਾ- ਗਰਮ ਸੁਆਹ. ਉਹ ਰਾਖ, ਜਿਸ ਵਿੱਚ ਸੇਕ ਹੈ.

ਭੁੰਮਣਸ਼ਾਹ: ਇੱਕ ਪਿੰਡ. ਜੋ ਜਿਲਾ ਮਾਂਟਗੁਮਰੀ, ਤਸੀਲ ਦੀਪਾਲਪੁਰ ਵਿੱਚ ਹੈ. ਇੱਥੇ ਸਤਿਗੁਰੂ ਦੇ ਅਨੰਨਸਿੱਖ ਭਾਈ ਭੁੰਮਣਸ਼ਾਹ ਦਾ ਵਡਾ ਭਾਰੀ ਡੇਰਾ ਹੈ. ਜਿਸ ਨੂੰ ਦਸ਼ਮੇਸ਼ ਜੀ ਨੇ ਵਰ ਬਖਸ਼ਿਆ ਸੀ ਕਿ ਤੇਰਾ ਲੰਗਰ ਚਲੇਗਾ. ਇਸ ਅਸਥਾਨ ਦੇ ਨਾਲ ਬਹੁਤ ਜਾਯਦਾਦ ਹੈ.

ਭੁਮਨ: ਦੇਖੋ, ਭੁਵਨ.

ਭੁਯ: ਸੰ. ਭੂਮਿ. ਸੰਗਜਾ- ਪ੍ਰਿਥਿਵੀ. ਭੂ. "ਜਿਹ ਠੱਟਿਯ ਮੇਰੁ ਅਕਾਸ ਭੁਯੰ." (ਅਕਾਲ)

ਭੁਯੰਗ, ਭੁਯੰਗਮ: ਸੰ. ਭੁਜੰਗ ਅਤੇ ਭੁਜੰਗਮ. ਭੁਜ (ਟੇਢਾ) ਗਮਨ ਕਰਨ ਵਾਲਾ, ਸਰਪ. "ਜਿਉ ਕਾਂਚੁਰੀ ਭੁਯੰਗ." (ਸ. ਕਬੀਰ) "ਬਿਰਹੁ ਭੁਯੰਗਮ ਮਨਿ ਬਸੈ." (ਸ. ਕਬੀਰ)

ਭੁਰਜਨ: ਸੰ. ਭਰ੍ਜਨ. ਭੁੰਨਣਾ. "ਭੁਰਜੇ ਦਾਨੇ ਕਛੁਕ ਤਯਾਰੀ." (ਨਾਪ੍ਰ)

ਭੁਰਜੂ: ਵਿ- ਭੁਜਿੰਤ. ਭੁੰਨਿਆ ਹੋਇਆ। ੨. ਭੁਰਭੁਰਾ. ਆਸਾਨੀ ਨਾਲ ਟੁੱਟਣ ਵਾਲਾ.

ਭੁਰਣਾ: ਕ੍ਰਿ- ਭ੍ਰੂ- ਰੇਣੁ- ਹੋਣਾ. ਖਿੰਡਕੇ ਡਿਗਣਾ. ਬੋੱਦਾ ਹੋਣਾ.

ਭੁਰਤਾ, ਭੁਰਥਾ: ਦੇਖੋ, ਭੁੜਥਾ.

ਭੁਰਭੁਰਾ: ਦੇਖੋ, ਭੁਰਜੂ ੨.

ਭੁਰਾਇਸ: ਭੁਲਾਇਸ. ਭੁਲਾਇਆ। ੨. ਭ੍ਰਮਾਇਸ. ਹੈਰਾਨ ਕੀਤੀ. ਧੋਖਾ ਦਿੱਤਾ. "ਭਾਂਤ ਭਾਂਤ ਤਿਹ ਤ੍ਰਿਅਹਿ ਭੁਰਾਇਸ." (ਚਰਿਤ੍ਰ ੨੪੯)

ਭੁਰਾਵਾ: ਦੇਖੋ, ਭੁਲਾਵਾ.

ਭੁਰਿਜੇਣ: ਭੁੱਜਕੇ. ਖ਼ੁਸ਼ਕ ਹੋਕੇ. "ਪਤ੍ਰ ਭਰਿਜੇਣ ਝੜੀਅੰ." (ਗਾਥਾ) ੨. ਭੂਰੁਹ (ਬਿਰਛ ਤੋਂ

ਭੁਲ: ਸੰਗਯਾ- ਭ੍ਰਮ. ਭੂਲ. ਚੂਕ.

ਭੁਲਸਿਤ: ਵਿ- ਝੁਲਸਿਤ. ਅੰਗ ਦੀ ਲਾਟ ਨਾਲ ਜਲਿਆ. "ਭਟ ਜਰਤ ਦੋ ਦਲ ਮਾਹਿ ਭੁਲਸਿਤ." (ਸਲੋਹ)

ਭੁਲਣਾ, ਭੁਲਨਾ: ਕ੍ਰਿ- ਯਾਦੋਂ ਵਿਸਰਨਾ। ੨. ਚੁੱਕਣਾ. ਗਲਤੀ ਕਰਨੀ. "ਭੁਲਣ ਅੰਦਰਿ ਸਭੁਕੋ." (ਸ੍ਰੀ ਅਃ ਮਃ ੧)

ਭੁਲਾਉਣਾ: ਕ੍ਰਿ- ਚੇਤਿਓਂ ਦੂਰ ਕਰਨਾ। ੨. ਵਿਸ੍ਮਰਣ ਕਰਨਾ ਅਤੇ ਕਰਾਉਣਾ। ੩. ਧੋਖੇ ਵਿੱਚ ਲਿਆਉਣਾ.

ਭੁਲਾਣਾ: ਵਿ- ਭੁੱਲਿਆ ਹੋਇਆ. "ਭਰਮਿ ਭੁਲਾਣਾ ਅੰਧੁਲਾ." (ਸ੍ਰੀ ਮਃ ੩)

ਭੁਲਾਨਥ: ਅਨਜਥਾ ਭ੍ਰਮ. ਝੂਠਾ ਵਹਿਮ. "ਪਰ ਕੀ ਕਉ ਅਪਨੀ ਕਰਿ ਪਕਰੀ, ਐਸੇ ਭੂਲ ਭੁਲਾਨਥ." (ਮਾਰੂ ਮਃ ੫)

ਭੁਲਾਵੜਾ, ਭੁਲਾਵਾ: ਸੰਗਯਾ- ਭ੍ਰਮ। ੨. ਧੋਖਾ. "ਭਰਮ ਭੁਲਾਵਾ ਵਿਚਹੁ ਜਾਇ." (ਸ੍ਰੀ ਕਬੀਰ)

ਭੁਲਿ: ਭੁੱਲਕੇ. "ਭੁਲਿ ਭੁਲਿ ਪਛੋਤਾਣੀ." (ਤੁਖਾ ਮਃ ੧)

ਭੁਲਿਆਂ: ਭੁੱਲਣ ਤੋਂ ਭੂਲਨੇ ਸੇ. "ਪਰਮੇਸਰੁ ਤੇ ਭੁਲਿਆਂ ਵਿਆਪਨਿ ਸਭੇ ਰੋਗ." (ਮਾਝ ਬਾਰਹਮਾਹਾ)

ਭੁਲੇਖਾ, ਭੁਲੇਵਾਂ: ਸੰਗਯਾ- ਭ੍ਰਮ। ੨. ਚੂਕ. ਭੁੱਲ। ੩. ਧੋਖਾ.

ਭੁੱਲਰ: ਇੱਕ ਜੱਟ ਗੋਤ੍ਰ.

ਭੁੱਲਾ: ਝੰਝੂ ਜਾਤਿ ਦਾ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਪ੍ਰੇਮੀ ਸਿੱਖ। ੨. ਵਿ- ਭੁੱਲਿਆ.

ਭੁਵਨ: ਸੰ. ਸੰਗਯਾ- ਜਗਤ. ਸੰਸਾਰ। ੨. ਭੂਗੋਲ। ੩. ਆਕਾਸ਼. ਖਗੋਲ। ੪. ਚੌਦਾਂ ਸੰਖ੍ਯਾਬੋਧਕ, ਕਿਉਂਕਿ ਭੁਵਨ (ਲੋਕ) ਚੌਦਾਂ ਲਿਖੇ ਹਨ.

ਭੁਵਨ ਚਤੁਰਦਸ: ਚੌਦਹ ਭੁਵਨ. ਦੇਖੋ, ਭਵਨ ਚਤੁਰਦਸ਼.

ਭੁਵਨੇਸ਼੍ਵਰ: ਭੁਵਨ (ਜਗਤ) ਦਾ ਈਸ਼੍ਵਰ, ਜਗਤਨਾਥ। ੨. ਪ੍ਰਿਥਿਵੀਪਤਿ. "ਤਯਾਗੀ ਹਠੀ ਸੂਰ ਭੁਵਨੇਸ਼੍ਵਰ." (ਸਲੋਹ)

ਭੁਵਨੇਸ਼੍ਵਰੀ: ਦੁਰਗਾ. ਦੇਖੋ, ਦੇਵੀ ਭਾਗਵਤ ਸਕੰਧ ੭. ਅਃ ੨੯.

ਭੁਵਾਲ, ਭੁਵਾਲੁ: ਭੂਮਿਪਾਲ. ਰਾਜਾ. "ਘਾਇਲ ਭਯੋ ਭੁਵਾਲੁ ਤੈਸੇ." (ਨਾਪ੍ਰ)

ਭੁਵਿ: ਭੂਮਿ. ਪ੍ਰਿਥਿਵੀ.

ਭੁਵਿਖੇਧ: ਸੰ. ਹਵਿਸ਼੍ਯਦ. ਹਵਨ ਕਰਨ ਯੋਗ੍ਯ ਅੰਨ ਨੂੰ ਅਗਨਿ ਵਿੱਚ ਦੇਣ ਵਾਲਾ ਬ੍ਰਾਹਮਣ. ਰਿਤ੍ਵਜ. "ਏਕ ਏਕ ਅਨੇਕ ਸੰਪਤਿ ਦੀਜੀਐ ਭੁਵਿਖੇਧ." (ਪਾਰਸਾਵ)

ਭੁੜਕਨਾ: ਭੂ (ਪ੍ਰਿਥਿਵੀ) ਤੋਂ ਉੱਚਾ ਹੋਣਾ. ਕੁੱਦਣਾ. ਉਛਲਣਾ.

ਭੁੜਥਾ: ਭਜਿੰਤ ਹੋਇਆ ਪਦਾਰਥ. ਕੇਵਲ ਅਗਨਿ ਅਥਵਾ ਭੁੱਬਲ ਵਿੱਚ ਭੁੱਜਿਆ. ਭੜਥਾ.

ਭੂ: ਸੰ. ਧਾ- ਹੋਣਾ, ਪੈਦਾ ਹੋਣਾ. (ਦੇਖੋ, ਅਭੂ) ਸਮਝਣਾ, ਢੂੰਢਣਾ, ਦਿਖਾਈ ਦੇਣਾ, ਅਧਿਕ ਹੋਣਾ, ਘੇਰਨਾ, ਪਾਲਨ ਕਰਨਾ, ਥਾਪਣਾ, ਜਿੱਤਣਾ, ਇਕੱਠਾ ਕਰਨਾ। ੨. ਸੰਗਯਾ- ਪ੍ਰਿਥਿਵੀ। ੩. ਇੱਕ ਦੀ ਗਿਣਤੀ, ਕਿਉਂਕਿ ਪ੍ਰਿਥਿਵੀ ਇੱਕ ਮੰਨੀ ਹੈ। ੪. ਅਸਥਾਨ. ਥਾਂ। ੫. ਯਗ੍ਯ ਦੀ ਅਗਨਿ। ੬. ਭੂਤ (ਤਤ੍ਵ) ਦਾ ਸੰਖੇਪ. "ਪੰਚ ਭੂ ਨਾਇਕੋ ਆਪਿ ਸਿਰੰਦਾ." (ਸੂਹੀ ਛੰਤ ਮਃ ੧) ੭. ਸੰ. ਭ੍ਰੂ. ਭ੍ਰਿਕੁਟਿ. ਭੌਂਹ. "ਰੰਕ ਕਰਹਿ ਰਾਜਾ ਭੂਬੰਕ." (ਗੁਪ੍ਰਸੂ) ਟੇਢੀ ਭੌਂਹ ਕਰਕੇ ਰਾਜੇ ਨੂੰ ਰੰਕ (ਕੰਗਾਲ) ਕਰ

ਦਿੰਦਾ ਹੈ.

ਭੂਅ: ਸੰਗਯਾ- ਭੂ. ਭੂਮਿ. ਪ੍ਰਿਥਿਵੀ.

ਭੂਅਕੰਪ: ਸੰਗਯਾ- ਭੂਕੰਪ. ਭੁਚਾਲ. ਦੇਖੋ, ਭੂਚਾਲ.

ਭੂਅਬਾਲਕ: ਪ੍ਰਿਥਿਵੀ ਦਾ ਪੁਤ੍ਰ. ਦੇਖੋ, ਭੂਮਾਸੁਰ ਅਤੇ ਭੋਮਾਸੁਰ. "ਭੂਅਬਾਲਕ ਤੋ ਇਹ ਭਾਂਤ ਸੁਨਯੋ." (ਕ੍ਰਿਸਨਾਵ)

ਭੂਅਭੰਜਨ: ਦੇਖੋ, ਸਿਰੰ.

ਭੂਅਮੰਡਲ: ਪ੍ਰਿਥਿਵੀ ਮੰਡਲ. ਭੂਗੋਲ.

ਭੂਆ: ਪਿਤਾ ਦੀ ਭੈਣ. ਪਿਤ੍ਰਿਸ੍ਵਸਾ (स्वसृ)

ਭੂਆਰ, ਭੂਆਲ: ਭੂਪਾਲ. ਪ੍ਰਿਥਿਵੀ ਦਾ ਪਾਲਕ ਰਾਜਾ. "ਮਨੁ ਭਯੋ ਰਾਜ ਮਹਿ ਕੋ ਭੂਅਰ." (ਬ੍ਰਹਮਾਵ)

ਭੂਸ: ਸੰ. ਭਸ਼੍. ਧਾ- (ਭੌਂਕਣਾ) "ਸ੍ਵਾਨ ਭੂਸਕੈ ਮਰਤ ਹੈ." (ਭਾਗੁ ਕ) ੨. ਸੰ. ਭੂਸ਼ (भृष्. ) ਧਾ- ਸਵਾਰਨਾ. ਸਿੰਗਾਰਨਾ.

ਭੂਸਣ: ਸੰ. ਭੂਸ਼ਣ. ਸੰਗਯਾ- ਸਜਾਵਟ ਹੋਵੇ ਜਿਸ ਨਾਲ, ਗਹਿਣਾ, ਦੇਖੋ, ਭੂਸ ੨। ੨. ਕਾਵ੍ਯ ਦਾ ਅਲੰਕਾਰ। ੩. ਇੱਕ ਕਵਿ, ਜੋ ਸ਼ਿਵਰਾਜਭੂਸ਼ਣ ਅਤੇ ਭੂਸ਼ਣਹਜ਼ਾਰਾ ਆਦਿ ਦਾ ਕਰਤਾ ਹੈ. ਜਿਲਾ ਕਾਨਪੁਰ ਦੇ ਟਿਕਮਾਪੁਰ (ਤ੍ਰਿਵਿਕ੍ਰਮਪੁਰ) ਨਿਵਾਸੀ ਕਾਨ੍ਯਕੁਬਜ ਬ੍ਰਾਹਮਣ ਰਤਨਾਕਰ ਦੇ ਘਰ ਭੂਸ਼ਣ ਦਾ ਜਨਮ ਸੰਮਤ ੧੭੩੮ ਵਿੱਚ ਹੋਇਆ. ਵੀਰ ਅਤੇ ਰੌਦ੍ਰਰਸ ਦਾ ਇਹ ਅਦੁਤੀ ਕਵੀ ਸੀ. ਕੁਝ ਸਮਾਂ ਇਹ ਪੰਨੇ ਦੇ ਰਾਜਾ ਛਤ੍ਰਸਾਲ (ਸ਼ਤ੍ਰੁਸਾਲ) ਪਾਸ ਰਿਹਾ, ਫੇਰ ਸ਼ਿਵਾ ਜੀ ਦਾ ਦਰਬਾਰੀ ਕਵਿ ਹੋਇਆ.[934] ਭੂਸ਼ਣ ਦੀ ਕਵਿਤਾ ਵਡੀ ਉਤਸਾਹ ਵਧਾਉਣ ਵਾਲੀ ਹੈ.

ਇੰਦ੍ਰ ਜਿਮਿ ਜੰਭ ਪਰ ਵਾੜਵ ਸੁ ਅੰਭ ਪਰ

ਰਾਵਣ ਸਦੰਭ ਪਰ ਰਘੁਕੁਲਰਾਜ ਹੈ,

ਪੌਨ ਵਾਰਿਵਾਹ ਪਰ ਸ਼ੰਭੁ ਰਤਿਨਾਹ ਪਰ

ਜਯੋਂ ਸਹਸ੍ਰਬਾਹੁ ਪਰ ਰਾਮ ਦ੍ਵਿਜਰਾਜ ਹੈ,

ਦਾਵਾ ਦ੍ਰਮਦੁੰਡ ਪਰ ਚੀਤਾ ਮ੍ਰਿਗਝੁੰਡ ਪਰ

ਭੂਸ਼ਣ ਵਿਤੁੰਡ ਪਰ ਜੈਸੇ ਮ੍ਰਿਗਰਾਜ ਹੈ,

ਤੇਜ ਤਿਮਿਰੰਸ਼ ਪਰ ਕਾਨ੍ਹ ਜਿਮਿ ਕੰਸ਼ ਪਰ

ਤਯੋਂ ਮ੍ਲੇੱਛ ਵੰਸ਼ ਪਰ ਸ਼ੇਰ ਸ਼ਿਵਰਾਜ ਹੈ.

੪. ਵਾਣ ਕਵਿ ਦਾ ਪੁਤ੍ਰ ਭੂਸ਼ਣ ਭੱਟ. ਦੇਖੋ, ਵਾਣ. ੬.

ਭੂਸਤ: ਭੌਂਕਣਾ. (ਦੇਖੋ, ਭਸ਼ ਧਾ) "ਭੂਸਤ ਮਨੋ ਬਾਦ ਬਿਦਯਾਧਰ." (ਚਰਿਤ੍ਰ ੨੬੬) ੨. ਦੇਖੋ, ਭੂਸਿਤ.

ਭੂਸਨ: ਭੌਂਕਣਾ, ਦੇਖੋ, ਭਸ਼ ਧਾ. "ਲਹੈ ਨ ਸ੍ਵਾਨ ਨ ਭੂਸਨ ਆਵੈ." (ਚਰਿਤ੍ਰ ੨੯੦) ੨. ਦੇਖੋ, ਭੂਸਣ। ੩. ਦੇਖੋ, ਦੁਆਦਸ ਭੂਸ਼ਣ.

ਭੂਸਲਾ: ਵਿ- ਭੂ (ਪ੍ਰਿਥਿਵੀ) ਦੀ ਸ਼ਕਲ ਦਾ, ਮਿੱਟੀ ਰੰਗਾ। ੨. ਦੇਖੋ, ਭੋਸਲਾ.

---

[934] ਭੂਸ਼ਣ ਦੇ ਭਾਈ-ਚਿੰਤਾਮਣਿ, ਮਤਿਰਾਮ ਅਤੇ ਜਟਾਸ਼ੰਕਰ ਭੀ ਉੱਤਮ ਕਵੀ ਹੋਏ ਹਨ.

ਭੂਸਾ: ਦੇਖੋ, ਭੁਸ ੨। ੨. ਸੰ. ਭੂਸ਼ਾ. ਸ਼੍ਰਿੰਗਾਰ ਸਜਾਵਟ. ਦੇਖੋ, ਭੂਸ ੨.

ਭੂਸਿਤ: ਸੰ. ਭੂਸ਼ਿਤ. ਵਿ- ਸਜਿਆ ਹੋਇਆ. ਸ਼੍ਰਿੰਗਾਰ ਸਹਿਤ ਅਲੰਕ੍ਰਿਤ.

ਭੂਸੀ: ਛਿਲਕਾ. ਤੁਸ਼. ਸੂੜ੍ਹ. ਦੇਖੋ, ਭੁਸ ੨. "ਜਉ ਕੀ ਭੂਸੀ ਖਾਉ." (ਸ. ਕਬੀਰ)

ਭੂਸੁਤ: ਪ੍ਰਿਥਿਵੀ ਦਾ ਪੁਤ੍ਰ ਮੰਗਲ। ੨. ਦੇਖੋ, ਭੂਮਾਸੁਰ। ੩. ਬਿਰਛ. (ਸਨਾਮਾ) ੪. ਘਾਹ (ਸਨਾਮਾ)

ਭੂਸੁਤਾ: ਪ੍ਰਿਥਿਵੀ ਦਾ ਪੁਤ੍ਰੀ ਸੀਤਾ.

ਭੂਸੁਰ: ਪ੍ਰਿਥਿਵੀ ਦਾ ਦੇਵਤਾ. ਸਾਧੁ. ਆਤਮਗ੍ਯਾਨੀ. ਸਦਾਚਾਰੀ। ੨. ਹਿੰਦੂਮਤ ਅਨੁਸਾਰ ਬ੍ਰਾਹਮਣ.

ਭੂਸੈ: ਭੌਂਕਦਾ ਹੈ. ਦੇਖੋ, ਭਸ਼ ਧਾ.

ਭੂਹ: ਸੰਗ੍ਯਾ- ਕ੍ਰੋਧ. ਦੇਖੋ, ਭੂਹੇ। ੨. ਭੂ. ਪ੍ਰਿਥਿਵੀ.

ਭੂਹਾਲ, ਭੂਹਾਲੁ: ਭੂਪਾਲ. ਪ੍ਰਿਥਿਵੀਪਾਲਕ, ਰਾਜਾ. ਬਾਦਸ਼ਾਹ. "ਭਲਉ ਭੂਹਾਲੁ ਤੇਜੋਤਨਾ." (ਸਵੈਯੇ ਮਃ ੩. ਕੇ) ਬਾਬਾ ਤੇਜੋ ਜੀ ਦੇ ਸੁਪੁਤ੍ਰ ਗੁਰੂ ਅਮਰਦੇਵ ਭਲੋ (ਉੱਤਮ) ਮਹਾਰਾਜਾ. ਭਾਵ- ਦੀਨੀ ਬਾਦਸ਼ਾਹ.

ਭੂਹੀ: ਸੰਗ੍ਯਾ- ਭੂ. ਪ੍ਰਿਥਿਵੀ. ਭੂਮਿ। ੨. ਗੁੱਸੇ ਹੋਈ.

ਭੂਹੇ: ਸੰ. भृणि. ਭ੍ਰਿਣਿ. ਵਿ- ਖ਼ਫ਼ਾ. ਗੁੱਸੇ ਹੋਇਆ.

ਭੂਕ: ਸੰਗ੍ਯਾ- ਗੱਠੇ ਆਦਿ ਦਾ ਪੱਤਾ, ਜੋ ਨਲਕੀ ਦੀ ਤਰ੍ਹਾਂ ਵਿੱਚੋਂ ਥੋਥਾ ਹੋਵੇ। ੨. ਸੰ. ਸੂਰਾਖ਼. ਛਿਦ੍ਰ. ਛੇਕ। ੩. ਫੁਹਾਰੇ ਦਾ ਸਿਰ (ਮੁਖ). ੪. ਹਨੇਰਾ ਅੰਧਕਾਰ.

ਭੂਕੰਪ: ਸੰਗ੍ਯਾ- ਪ੍ਰਿਥਿਵੀ ਦਾ ਕੰਪਨ (ਕੰਬਣਾ). ਦੇਖੋ, ਭੂਚਾਲ.

ਭੂਖ: ਦੇਖੋ, ਭੁਖ. "ਸਾਚੇ ਨਾਮ ਕੀ ਲਾਗੈ ਭੂਖ." (ਸੋਦਰੁ) ੨. ਵਿ- ਭੁੱਖਾ. "ਭੂਖ ਪਿਆਸਾ ਜਗਤ ਭਇਆ." (ਪ੍ਰਭਾ ਅਃ ਮਃ ੧) ੩. ਦੇਖੋ, ਭੂਸ ੨.

ਭੂਖਣ: ਭੂਸ਼ਣ. ਗਹਿਣਾ ਜੇਵਰ। ੨. ਸਜਾਵਟ. ਸਿੰਗਾਰ. ਵਿਦ੍ਵਾਨਾਂ ਨੇ ਇਸਤ੍ਰੀ ਪੁਰਖ ਦੇ ਚਾਰ ਭੂਖਣ ਲਿਖੇ ਹਨ- ਰੂਪ, ਵਿਦ੍ਯਾ, ਸਦਾਚਾਰ ਅਤੇ ਉੱਤਮ ਲਿਬਾਸ। ੩. ਕਾਵ੍ਯ ਦਾ ਅਲੰਕਾਰ. ਦੇਖੋ, ਭੂਸ ੨। ੪. ਦੇਖੋ, ਦੁਆਦਸ ਭੂਖਣ। ਗੁਰੁਬਾਣੀ ਵਿੱਚ ਇਨ੍ਹਾਂ ਭੂਖਣਾਂ ਦਾ ਉਪਦੇਸ ਹੈ. "ਸੰਤਜਨਾ ਕੀ ਧੂੜਿ ਨਿਤ ਬਾਛਹਿ, ਨਾਮ ਸਚੇ ਕਾ ਗਹਣਾ." (ਮਾਝ ਮਃ ੫) "ਹਰਿ ਹਰਿ ਹਾਰੁ ਕੰਠਿ ×× ਕਰ ਕਰਿ ਕਰਤਾ ਕੰਗਨਾ ਪਹਿਰੈ." ×× (ਆਸਾ ਮਃ ੧) "ਹਰਿ ਹਰਿ ਹਾਰੁ ਕੰਠਿ ਹੈ ਬਨਿਆ, ਮਨੁ ਮੋਤੀਚੂਰੁ ਵਡ ਗਹਨ ਗਹਨਈਆ." (ਬਿਲਾ ਅਃ ਮਃ ੪)

"ਭਰਤਾ ਕਹੈ ਸੁ ਮਾਨੀਐ, ਇਹੁ ਸੀਗਾਰ ਬਨਾਇਰੀ। ਦੂਜਾਭਾਉ ਵਿਸਾਰੀਐ, ਇਹੁ ਤੰਬੋਲਾ ਖਾਇਰੀ." ×× (ਆਸਾ ਮਃ ੫) "ਹਰਿਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ, ਹਰਿਨਾਮ ਰੰਗ ਆਭਰਣੀ." (ਜੈਤ ਮਃ ੫)

ਭੂਖਨ: ਦੇਖੋ, ਭੂਸਣ ਅਤੇ ਭੂਖਣ। ੨. ਭੂ- ਖਨ. ਸੂਰ, ਜੋ ਹੁੱਡਾਂ ਨਾਲ ਜ਼ਮੀਨ ਖਨਨ ਕਰਦਾ (ਖੂਣਦਾ) ਹੈ। ੩. ਕੁਦਾਲ। ੪. ਹਲ ਦਾ ਫਾਲਾ.

ਭੂਖਨਭੂਖ, ਭੂਖਭੂਖਨਾ: ਬੁਭੁਕ੍ਸ਼ਾ ਨਾਲ ਬੁਭੁਕ੍ਸ਼ੁ. ਤ੍ਰਿਸ਼ਨਾਰੂਪ ਭੁੱਖ ਦ੍ਵਾਰਾ ਹੋਏ ਅਸੰਤੋਖੀ. "ਤਿਨ ਭੂਖਨਭੂਖ ਕਰੀਜੈ." (ਕਲਿ ਅਃ ਮਃ ੪) "ਭੁੰਚਤ ਭੁਗਤਿ ਭੂਖਭੁਖਨਾ." (ਸਵੈਯੇ ਸ੍ਰੀ ਮੁਖਵਾਕ ਮਃ ੫)

ਭੂਖੜੀ: ਦੇਖੋ, ਭੁਖੜੀ। ੨. ਦੇਖੋ, ਭੋਖੜੀ.

ਭੂਖਾ: ਦੇਖੋ, ਭੁਖਾ. "ਭੂਖੇ ਖਾਵਤ ਲਾਜ ਨ ਆਵੈ." (ਸੋਰ ਮਃ ੫) ੨. ਦੇਖੋ, ਭੂਸਾ ੨.

ਭੂਖਾਨਿ: ਦੇਖੋ, ਭੁਖਾਨਿ.

ਭੂਖਿਤ: ਦੇਖੋ, ਭੂਸਿਤ.

ਭੂਖੈ: ਭੁੱਖ ਕਰਕੇ. ਬੁਭੁਕ੍ਸ਼ਾ ਸੇ. "ਉਤੁ ਭੂਖੇ ਖਾਇ ਚਲੀਅਹਿ ਦੂਖ." (ਸੋਦਰੁ)

ਭੂਗਰਭ ਵਿਦ੍ਯਾ: ਇਲਮੇ ਤਬਕ਼ਾਤ ਅਰਜ਼. ਪ੍ਰਿਥਿਵੀ ਦੀ ਬਨਾਵਟ, ਉਸ ਦੇ ਉੱਪਰਲੇ ਅਤੇ ਅੰਦਰ ਦੇ ਭਾਗ ਕਿਨ੍ਹਾਂ ਤੱਤਾਂ ਤੋਂ ਬਣੇ ਹਨ, ਇਸ ਦੇ ਅੰਦਰ ਕੀ ਕੀ ਪਦਾਰਥ ਹਨ, ਇਤ੍ਯਾਦਿ ਜਿਸ ਵਿਦ੍ਯਾ ਤੋਂ ਜਾਣਿਆ ਜਾਵੇ. Geology.

ਭੂਗੋਲ: ਪ੍ਰਿਥਿਵੀ ਦਾ ਗੋਲਾ, ਗੋਲਾਕਾਰ ਭੂਮੰਡਲ. ਭੂਚਕ੍ਰ. Terrestrial globe

ਭੂਗੋਲਵਿਦ੍ਯਾ: ਉਹ ਵਿਦ੍ਯਾ. ਜਿਸ ਦ੍ਵਾਰਾ ਪ੍ਰਿਥਿਵੀ ਦਾ ਆਕਾਰ, ਉਸ ਦੇ ਹਿੱਸੇ, ਚਾਲ ਆਦਿਕ ਦਾ ਪੂਰਾ ਗ੍ਯਾਨ ਹੋਵੇ. Geography.

ਭੂੰਚ: ਦੇਖੋ, ਭੁੰਚ.

ਭੂਚਕ੍ਰ: ਭੂਮਿ (ਜ਼ਮੀਨ) ਦੀ ਗਰਦਿਸ਼. ਪ੍ਰਿਥਿਵੀ ਦੇ ਘੁੰਮਣ ਦੀ ਕ੍ਰਿਯਾ। ੨. ਦੇਖੋ, ਭੂਗੋਲ.

ਭੂਚਣਕ: ਦੇਖੋ, ਮੂੰਗਫਲੀ.

ਭੂਚਰ: ਪ੍ਰਿਥਿਵੀ ਪੁਰ ਵਿਚਰਣ ਵਾਲਾ. ਥਲ (ਸ੍ਥਲ) ਨਿਵਾਸੀ। ੨. ਮ੍ਰਿਗ. (ਸਨਾਮਾ) ੩. ਭੂਚਰੀ ਮੁਦ੍ਰਾ. "ਖੇਚਰ ਭੂਚਰ ਤੁਲਸੀਮਾਲਾ ਗੁਰਪਰਸਾਦੀ ਪਾਇਆ." (ਰਾਮ ਨਾਮਦੇਵ) ਭਾਵ- ਯੋਗਕਰਮ ਅਤੇ ਵੈਸ਼ਨਵਾਂ ਦਾ ਜਪਫਲ ਮੈ ਗੁਰਪਰਸਾਦੀ ਪਾਇਆ. ਦੇਖੋ, ਭੂਚਰੀ ਮੁਦ੍ਰਾ.

ਭੂਚਰਰਿਪੁ: ਭੂਚਰ (ਮ੍ਰਿਗ), ਉਸ ਦਾ ਵੈਰੀ ਸ਼ੇਰ. (ਸਨਾਮਾ)

ਭੂਚਰ ਰਿਪੁ ਅਰਿ: ਸ਼ੇਰ ਦੇ ਮਾਰਣ ਵਾਲੀ ਬੰਦੂਕ. (ਸਨਾਮਾ)

ਭੂਚਰੀ: भृचारिन्- ਭੂਚਾਰੀ. "ਭੂਮਿ ਕੇ ਬਸੈਯਾ ਤਾਹਿ ਭੂਚਰੀ ਕੇ ਜੈਯਾ ਕਹੈਂ." (ਅਕਾਲ) ੨. ਦੇਖੋ, ਭੂਚਰੀ ਮੁਦ੍ਰਾ.

ਭੂਚਰੀ ਮੁਦ੍ਰਾ: ਆਸਣ ਲਗਾਕੇ ਭੌਹਾਂ ਦੇ ਮੱਧ ਨਿਗਾ ਟਿਕਾਕੇ ਪ੍ਰਾਣ ਅਤੇ ਅਪਾਨ ਨੂੰ ਏਕਤ੍ਰ ਕਰਕੇ ਯੋਗਾਭ੍ਯਾਸ ਕਰਨ ਦੀ ਕ੍ਰਿਯਾ.

ਭੂੰਚਾ: ਭੋਗਿਆ. ਦੇਖੋ, ਭੁੰਚ. "ਮਿਲਿ ਸਾਧੂ ਰਸ ਭੂੰਚਾ." (ਦੇਵ ਮਃ ੫)

ਭੂਚਾਲ: ਪ੍ਰਿਥਿਵੀ ਦਾ ਕੰਬਣਾ. ਜ਼ਲਜ਼ਲਾ. Earth- quake ਸ਼ੱਕੁਲਅਰਜ਼. ਭੰਭ. ਪਦਾਰਥਵਿਦ੍ਯਾ ਦੇ ਜਾਣਨ ਵਾਲੇ ਮੰਨਦੇ ਹਨ ਕਿ ਭੂਗਰਭ ਦੀ ਅਗਨੀ ਦੇ ਸੰਯੋਗ ਨਾਲ ਅਨੇਕ ਪਦਾਰਥ ਉਬਾਲਾ ਖਾਂਦੇ ਅਤੇ ਭੜਕ ਉਠਦੇ ਹਨ, ਅਰ ਫੈਲਕੇ ਬਾਹਰ ਨਿਕਲਣ ਨੂੰ ਰਾਹ ਲਭਦੇ ਹੋਏ ਧੱਕਾ ਮਾਰਦੇ ਹਨ. ਇਸ ਹਰਕਤ ਤੋਂ ਪੈਦਾ ਹੋਏ ਫੈਲਾਉ ਦੇ ਕਾਰਣ ਪ੍ਰਿਥਿਵੀ ਦਾ ਉੱਪਰਲਾ ਭਾਗ ਭੀ ਕੰਬ ਉਠਦਾ ਹੈ.

ਭੂਚਾਲ ਕਦੇ ਪ੍ਰਿਥਿਵੀ ਦੇ ਥੋੜੇ ਹਿੱਸੇ ਵਿੱਚ ਅਰ ਕਦੇ ਬਹੁਤੇ ਵਿੱਚ ਹੁੰਦਾ ਹੈ, ਜਿਨ੍ਹਾਂ ਦੇਸ਼ਾਂ ਵਿੱਚ ਜ੍ਵਾਲਾਮੁਖੀ ਪਹਾੜ ਬਹੁਤ ਹਨ, ਉਨ੍ਹਾਂ ਵਿੱਚ ਭੂਕੰਪ ਬਹੁਤ ਹੋਇਆ ਕਰਦੇ ਹਨ.

ਭੂਚਾਲਾਂ ਨਾਲ ਕਦੇ ਕਦੇ ਜ਼ਮੀਨ ਵਿੱਚ ਵਡੇ- ਵਡੇ ਛੇਕ ਹੋ ਜਾਂਦੇ ਹਨ. ਕਈ ਜਮੀਨ ਦੇ ਟੁਕੜੇ ਪਾਣੀ ਵਿੱਚ ਗਰਕ ਹੋ ਜਾਂਦੇ ਅਤੇ ਕਈ ਪਾਣੀ ਵਿੱਚੋਂ ਉਭਰਕੇ ਬਾਹਰ ਆ ਜਾਂਦੇ ਹਨ.

ਭੂਚਾਲ ਵਿਦਜਾ (Seismology) ਦੇ ਪੰਡਿਤਾਂ ਨੇ ਇੱਕ ਆਲਾ (seismograph) ਬਣਾਇਆ ਹੈ, ਜਿਸ ਤੋਂ ਭੂਚਾਲਾਂ ਦੇ ਆਉਣ ਦਾ ਸਮਾ ਦਿਸ਼ਾ ਅਤੇ ਫਾਸਲਾ ਮਲੂਮ ਹੋ ਜਾਂਦਾ ਹੈ.

ਵਿਸ਼ਨੁਪੁਰਾਣ ਅੰਸ਼ ੧. ਅਃ ੫. ਵਿੱਚ ਲਿਖਿਆ ਹੈ ਕਿ ਸ਼ੇਸ਼ਨਾਗ ਜਦ ਅਵਾਸੀ (ਜੰਭਾਈ) ਲੈਂਦਾ ਹੈ, ਤਦ ਭੁਚਾਲ ਹੁੰਦਾ ਹੈ. ਵਾਲਮੀਕ ਰਾਮਾਯਣ ਕਾਂਡ ੧. ਅਃ ੪੦ ਵਿੱਚ ਲੇਖ ਹੈ ਕਿ ਜਦ ਸ਼ੇਸ਼ਨਾਗ ਥੱਕਕੇ ਆਪਣਾ ਸਿਰ ਹਿਲਾਉਂਦਾ ਹੈ, ਤਦ ਭੂਕੰਪ ਹੋਇਆ ਕਰਦਾ ਹੈ. "ਰਾਜੀ ਬਿਰਾਜੀ ਭੂਕੰਪ." (ਭਾਗੁਕ) ਦੇਖੋ, ਰਾਜੀ.

ਭੂਛ: ਸੰ. ਭ੍ਰੇਸ਼. ਗੁੰਮਰਾਹ। ੨. ਅ਼. ਬੂਸ਼. ਡੰਡ. ਰੌਲਾ. ਭਾਵ- ਬਕਬਾਦ. "ਕਿਆ ਗਾਲਾਇਓ ਭੂਛ." (ਮਃ ੫. ਵਾਰ ਮਾਰੂ ੨)

ਭੂਜ: ਭੂ (ਪ੍ਰਿਥਿਵੀ) ਤੋਂ ਜਨਮਿਆ, ਬਿਰਛ ਅਤੇ ਘਾਹ. (ਸਨਾਮਾ) ੨. ਦੇਖੋ, ਭੁੰਨਣਾ. "ਪਾਵਕਬਾਨ ਮੇ ਭੂਜਕੈ ਖੈਹੈਂ." (ਕ੍ਰਿਸਨਾਵ) ਬਾਣਾਂ ਦੀ ਅੱਗ ਵਿੱਚ ਭਜੰਨ ਕਰਕੇ (ਭੁੰਨਕੇ) ਖਾਵਾਂਗੇ.

ਭੂਜਰੀ: ਭੂ (ਪ੍ਰਿਥਿਵੀ) ਦੀ ਜੜੀ (ਬੂਟੀ). ੨. ਖੇਤੀ. "ਹਰੀ ਖਰੀ ਭੂਜਰੀ ਸੁ ਜੋਰੀ." (ਨਾਪ੍ਰ) ੩. ਭਜੰਨ ਹੋਈ. ਭੁੱਜੀ.

ਭੂਜਾ: ਭੁੱਜਿਆ ਹੋਇਆ (ਭੁਤ਼ਥਾ). "ਸਭ ਹੀ ਕਰੋਂ ਅਗਨਿ ਕਾ ਭੂਜਾ." (ਗਜਾਨ) ੨. ਭੂ- ਜਾ. ਜ਼ਮੀਨ ਤੋਂ ਪੈਦਾ ਹੋਇਆ ਘਾਹ. (ਸਨਾਮਾ) ੩. ਬਿਰਛ. (ਸਨਾਮਾ) ੪. ਸੀਤਾ. ਭੂਮਿਜਾ.

ਭੁੰਜਾ: ਭੁਜੰਨ ਹੋਇਆ. ਭੁੱਜਿਆ. "ਕਾਮ ਕ੍ਰੋਧ ਅਗਨੀ ਮਹਿ ਭੂੰਜਾ." (ਪ੍ਰਭਾ ਅਃ ਮਃ ੫)

ਭੂਜਾਚਰ: ਪ੍ਰਿਥਿਵੀ ਤੋਂ ਪੈਦਾ ਹੋਏ ਘਾਹ ਨੂੰ ਚਰਣ ਵਾਲਾ ਮ੍ਰਿਗ. (ਸਨਾਮਾ)

ਭੂਜਾਚਰਰਿਪੁ: ਘਾਹ ਚਰਨ ਵਾਲਾ ਮ੍ਰਿਗ. ਉਸ ਦਾ ਵੈਰੀ ਸਿੰਘ. ਸ਼ੇਰ. (ਸਨਾਮਾ)

ਭੂਜਾਂਤਕ: ਭੂ (ਪ੍ਰਿਥਿਵੀ) ਤੋਂ ਪੈਦਾ ਹੋਇਆ ਘਾਹ, ਉਸ ਦਾ ਅੰਤ ਕਰਨ ਵਾਲਾ ਮ੍ਰਿਗ. (ਸਨਾਮਾ)

ਭੂਜਾਂਤਕਰਿਪੁ: ਮ੍ਰਿਗ ਦਾ ਵੈਰੀ ਸ਼ੇਰ. (ਸਨਾਮਾ)

ਭੂੰਜਿ: ਭਜੰਨ ਕਰਕੇ. ਭੁੰਨਕੇ. "ਭੂੰਜਿ ਨਿਜਗੁਰਹਿ ਖਵਾਰਜੋ." (ਚਰਿਤ੍ਰ ੩੨੧)

ਭੂਟਾਨ: ਸੰ. भोटाङ्ग. ਭੋਟਾਂਗ. ਪੂਰਵੀ ਹਿਮਾਲਯ ਦੀ ਇੱਕ ਰਿਆਸਤ, ਜਿਸ ਦੀ ਸਰਹੱਦ ਤਿੱਬਤ ਅਤੇ ਕਾਮਰੂਪ ਨਾਲ ਲਗਦੀ ਹੈ. ਇਹ ਸਨ ੧੯੬੪ ਤੋਂ ਅੰਗ੍ਰੇਜ਼ੀ ਸਰਕਾਰ ਦੀ ਰਖਜਾ ਅੰਦਰ ਹੈ. ਇਸ ਦਾ ਰਕਬਾ ੨੦, ੦੦੦ ਵਰਗਮੀਲ ਅਤੇ ਜਨਸੰਖਜਾ ੨੫੦, ੦੦੦ ਹੈ.

ਭੂੰਡ, ਭੂਡੜਾ: ਗੋਬਰ ਆਦਿ ਮੈਲ ਖਾਣ ਵਾਲਾ ਭੌਰੇ ਦੀ ਸ਼ਕਲ ਦਾ ਇੱਕ ਜੀਵ। ੨. ਭਾਵ ਵਿਸ਼ਯਲੰਪਟ ਮਲੀਨਮਤਿ. "ਭੂਡੜੈ ਨਾਮ ਵਿਸਾਰਿਆ." (ਵਡ ਅਲਾਹਣੀ ਮਃ ੧) ੩. ਵਿ- ਭੱਦਾ.

ਭੂਡੀ, ਭੂੰਡੀ: ਭੂੰਡ ਦੀ ਮਦੀਨ। ੨. ਛੋਟਾ ਭੂੰਡ। ੩. ਭਾਵ- ਵਿਸ਼ਯਾਂ ਵਿੱਚ ਲੱਗੀ ਹੋਈ, ਮੈਲੀ ਬੁੱਧ ਵਾਲੀ. "ਭੂੰਡੀ ਕਾਮਣਿ ਕਾਮਣਿਆਰਿ." (ਬਿਲਾ ਮਃ ੧) ੪. ਵਿ- ਭੱਦੀ. ਮੰਦ. "ਭੂੰਡੀ ਚਾਰ ਚਰਨ ਕਰ ਖਿਸਰੇ. (ਭੈਰ ਮਃ ੧)

ਭੂਤ: ਇੱਕ ਜੱਟ ਜਾਤਿ। ੨. ਸੰ. ਵਿ- ਭਇਆ. ਵੀਤਿਆ ਗੁਜ਼ਰਿਆ. ਦੇਖੋ, ਭੂ ਧਾ। ੩. ਜੇਹਾ. ਸਮਾਨ. ਤਦ੍ਰੂਪ. "ਸਾਰਭੂਤ ਸਤਿ ਹਰਿ ਕੋ ਨਾਉ." (ਸੁਖਮਨੀ) ਸਾਰਰੂਪ ਹਰਿਨਾਮ। ੪. ਹੋਇਆ. ਭਇਆ. "ਪੰਚ ਦੂਤ ਕਰ ਭੂਤਵਸਿ." (ਭਾਗੁ) ਪੰਜ ਵਿਕਾਰ ਵਸ਼ੀਭੂਤ ਕਰਕੇ। ੫. ਸੰਗਜਾ- ਵੀਤਿਆ ਹੋਇਆ ਸਮਾਂ. "ਭੂਤ ਭਵਿੱਖ ਭਵਾਨ ਅਭੈ ਹੈ." (ਅਕਾਲ) ੬. ਪ੍ਰਿਥਿਵੀ ਆਦਿ ਤਤ੍ਵ. "ਪੰਚ ਭੂਤ ਕਰਿ ਸਾਜੀ ਦੇਹ." (ਗੁਪ੍ਰਸੂ) ੭. ਕਾਮ ਕ੍ਰੋਧ ਆਦਿ ਵਿਕਾਰ. "ਪੰਚ ਭੂਤ ਸਚਿ ਭੈ ਰਤੇ." (ਸ੍ਰੀ ਮਃ ੧) ੮. ਸ਼ਬਦ ਸਪਰਸ਼ ਆਦਿ ਵਿਸ਼ੇ. "ਪੰਚ ਭੂਤ ਸਬਲ ਹੈ ਦੇਹੀ." (ਨਟ ਅਃ ਮਃ ੪) ੯. ਜੀਵ. ਪ੍ਰਾਣੀ. "ਸਰਬ ਭੂਤ ਪਾਰਬ੍ਰਹਮ ਕਰਿ ਮਾਨਿਆ." (ਸੋਰ ਮਃ ੫) ੧੦. ਭੂਤਨਾ. ਮਹਾਭਾਰਤ ਅਤੇ ਵਾਯੁਪੁਰਾਣ ਵਿੱਚ ਲਿਖਿਆ ਹੈ ਕਿ ਦਕ੍ਸ਼ ਦੀ ਪੁਤ੍ਰੀ ਕ੍ਰੋਧਾ ਦੇ ਉਦਰ ਤੋਂ ਕਸ਼ਜਪ ਦੀ ਔਲਾਦ ਭੂਤ ਹਨ, ਜੋ ਸ਼ਿਵ ਦੀ ਅੜਦਲ ਵਿੱਚ ਰਹਿੰਦੇ ਹਨ. "ਕਹੂੰ ਭੂਤ ਪ੍ਰੇਤੰ ਹਸੈਂ

ਮਾਸਹਾਰੰ." (ਵਿਚਿਤ੍ਰ) ੧੧. ਸ਼ਿਵ. ਪ੍ਰਾਣਰਹਿਤ ਦੇਹ. ਮੁਰਦਾ. "ਮਹਤੀਬਾਰ ਲੇਹੁ ਲੇਹੁ ਕਰੀਐ ਭੂਤ ਰਹਨ ਕਿਉ ਦੀਆ?" (ਸੋਰ ਕਬੀਰ) ੧੨. ਸੰਸਾਰ. ਜਗਤ। ੧੩. ਨਿਆਉਂ (ਨ੍ਯਾਯ). ਇਨਸਾਫ। ੧੪. ਤਤ੍ਵ. ਸਾਰ. ਨਿਚੋੜ। ੧੫. ਸਤ੍ਯ। ੧੬. ਮਹੀਨੇ ਦਾ ਹਨੇਰਾ ਪੱਖ. ਵਦੀ.

ਭੂਤਹਾਰ, ਭੂਤਹੰਤਾ: ਜੀਵਾਂ ਨੂੰ ਮਾਰਨ ਵਾਲਾ ਕਾਲ। ੨. ਸ਼ਿਵ। ੩. ਮੰਤ੍ਰ ਜੰਤ੍ਰ ਦ੍ਵਾਰਾ ਕਿਸੇ ਵਿੱਚ ਪ੍ਰਵੇਸ਼ ਹੋਏ ਭੂਤ ਨੂੰ ਕੱਢਣ ਵਾਲਾ. "ਭੂਤਹੰਤਾ ਇੱਕ ਮੰਤ੍ਰ ਉਚਾਰੈ." (ਚਰਿਤ੍ਰ ੩੯੬) ੪. ਭੂਤਹਰ. ਗੁੱਗਲ, ਜਿਸ ਦੀ ਧੂਪ ਭੂਤਾਂ ਨੂੰ ਭਜਾ ਦਿੰਦੀ ਹੈ.

ਭੂਤਕ: ਸੰ. ਭੌਤਿਕ. ਵਿ- ਤੱਤਾਂ ਦਾ. ਜਬ ਹੀ ਤਜਾਗਜੋ ਭੂਤਕ ਦੇਹਾ." (ਨਾਪ੍ਰ)

ਭੂਤਕਾਲ: ਵੀਤਿਆ ਹੋਇਆ ਸਮਾਂ.

ਭੂਤਚਾਰੀ: भूतचारिन्. ਭੂਤਾਂ ਵਿੱਚ ਵਿਚਰਣ ਵਾਲਾ ਸ਼ਿਵ.

ਭੂਤਜ: ਵਿ- ਤੱਤਾਂ ਤੋਂ ਪੈਦਾ ਹੋਇਆ। ੨. ਸੰਗ੍ਯਾ- ਦੇਹ. ਸ਼ਰੀਰ। ੩. ਜਗਤ. ਸੰਸਾਰ। ੪. ਪ੍ਰੇਤ ਦਾ ਪੁਤ੍ਰ। ੫. ਦੈਤ੍ਯ. "ਭਯਾਨਕ ਭੂਤਜ." (ਚਰਿਤ੍ਰ ੧)

ਭੂਤਨਾ: ਇੱਕ ਜੱਟ ਜਾਤਿ. ਇਸ ਨੂੰ ਭੋਤਨਾ ਭੀ ਆਖਦੇ ਹਨ। ੨. ਪ੍ਰੇਤ. ਭੂਤ. "ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ." (ਮਾਰੂ ਮਃ ੧)

ਭੂਤਨਾਥ: ਭੂਤ (ਜੀਵਾਂ) ਦਾ ਸ੍ਵਾਮੀ ਕਰਤਾਰ। ੨. ਭੂਤਾਂ (ਪ੍ਰੇਤਾਂ) ਦੀ ਸ੍ਵਾਮੀ ਸ਼ਿਵ.

ਭੂਤਨੇਸਰੀ: ਭੂਤਾਂ ਦੀ ਈਸ਼੍ਵਰੀ. ਪ੍ਰੇਤਾਂ ਦੀ ਸ੍ਵਾਮਿਨੀ. ਕਾਲੀ। ੨. ਦੁਰ੍ਗਾ.

ਭੂਤਪਤਿ, ਭੂਤਰਾਟ: ਦੇਖੋ, ਭੂਤਨਾਥ। ੨. ਸ਼ਿਵ. "ਭਊਤਰਾਟ ਕੋ ਨਿਰਖ ਅਤੁਲ ਬਲ." (ਰੁਦ੍ਰਾਵ)

ਭੂਤਰਾਟੀ: ਭੂਤ ਪ੍ਰੇਤਾਂ ਦੀ ਰਾਣੀ, ਦੁਰ੍ਗਾ." ਭੂਤਰਾਟੀ ਕ੍ਰਿਪਾਨੀ." (ਚੰਡੀ ੨) ੨. ਕਾਲੀ ਦੇਵੀ.

ਭੂਤਲ: ਜ਼ਮੀਨ ਦੀ ਸਤਹ। ੨. ਕ੍ਰਿ. ਵਿ- ਭੁੰਜੇ. ਜ਼ਮੀਨ ਦੀ ਸਤਹ ਪੁਰ. "ਭੂਤਲ ਸੈਨੇ ਗੁਰੂ ਸਮੇਤ." (ਗੁਪ੍ਰਸੂ)

ਭੂਤਵਸਿ: ਦੇਖੋ, ਵਸ਼ੀਭੂਤ. "ਪੰਜ ਦੂਤ ਕਰ ਭੂਤਵਸਿ." (ਭਾਗੁ)

ਭੂਤਾਂਤਕ: ਭੂਤ (ਜੀਵਾਂ) ਦਾ ਅੰਤ ਕਰਨ ਵਾਲਾ ਸ਼ਿਵ। ੨. ਕਾਲ। ੩. ਖੜਗ. ਤਲਵਾਰ. (ਸਨਾਮਾ)

ਭੂਤਾਤਮਾ: ਸੰ. भूतात्मन. ਪ੍ਰਿਥਿਵੀ ਆਦਿ ਤਤ੍ਵ ਜਿਸ ਦਾ ਰੂਪ ਹਨ. ਭਾਵ- ਵਿਸ਼੍ਵਰੂਪ ਪਾਰਬ੍ਰਹਮ. ਕਰਤਾਰ.[935]

ਭੂਤਿ: ਸੰ. ਸੰਗ੍ਯਾ- ਹੋਂਦ. ਅਸ੍ਤਿਤ੍ਵ। ੨. ਸ਼ਕਤਿ. ਬਲ। ੩. ਧਨ. ਸੰਪਦਾ। ੪. ਜੀਵਸੱਤਾ. ਦੇਖੋ, ਐਤ੍ਰੇਯ ਆਰਣ੍ਯਕ, ਆਰਣ੍ਯਕ ੨, ਅਧ੍ਯਾਯ ੧, ਖੰਡ ੮। ੫. ਅਣਿਮਾ ਆਦਿ ਅੱਠ ਸਿੱਧੀਆਂ। ੬. ਭਸਮ. ਰਾਖ। ੭. ਲਕ੍ਸ਼ਮੀ। ੮. ਜਾਤਿ। ੯. ਉਤਪੱਤਿ.

ਭੂਤੀ: ਡਿੰਗ. ਭਸਮ. ਵਿਭੂਤ. ਸੁਆਹ.

ਭੂਤੇਸ਼, ਭੂਤੇਸ਼੍ਵਰ: ਭੂਤ- ਈਸ਼. ਭੂਤੇਸ਼. ਭੂਤਾਂ (ਜੀਵਾਂ) ਦਾ ਸ੍ਵਾਮੀ ਕਰਤਾਰ। ੨. ਪ੍ਰੇਤਰਾਜ ਸ਼ਿਵ.

ਭੂੰਦੜ: ਇੱਕ ਜੱਟ ਜਾਤਿ। ੨. ਭੂੰਦੜਾਂ ਦਾ ਵਸਾਇਆ ਇੱਕ ਪਿੰਡ, ਜੋ ਜਿਲਾ ਲੁਦਿਆਨਾ ਵਿੱਚ ਹੈ. ਰਾਜਪੁਰਾ ਭਟਿੰਡਾ ਲੈਨ ਤੇ ਲਹਿਰਾਮੁਹੱਬਤ ਰੇਲਵੇ ਸਟੇਸ਼ਨ ਤੋਂ ਇਹ ਦੋ ਕੋਹ ਪੱਛਮ ਦੱਖਣ ਹੈ. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇੱਥੇ ਮਾਲਵੇ ਨੂੰ ਕ੍ਰਿਤਾਰਥ ਕਰਨ ਆਏ ਵਿਰਾਜੇ ਹਨ. ਪੱਕੀ ਮੰਜੀ ਬਣੀ ਹੋਈ ਹੈ. ਸੇਵਾਦਾਰ ਕੋਈ ਨਹੀਂ ਭੂੰਦੜ ਪਿੰਡ ਬੇਰਵਾਲੇ ਫੂਲਵੰਸ਼ੀ ਸਰਦਾਰ ਨੂੰ

---

[935] भूतात्मा जनमावनः । (ਵਿਸ਼ਨੁ ਸਹਸ੍ਰਨਾਮ)

ਜਾਗੀਰ ਵਿੱਚ ਹੈ.

ਭੂਦਾਰਕ: ਜ਼ਮੀਨ ਨੂੰ ਪਾੜਨ ਵਾਲਾ ਕੁਦਾਲ ਹਲ ਆਦਿ ਸੰਦ। ੨. ਸੂਰ.

ਭੂਦੇਵ: ਦੇਖੋ, ਭੂਸੁਰ.

ਭੂਧਰ: ਭੂ (ਪ੍ਰਿਥਿਵੀ) ਨੂੰ ਧਾਰਨ ਵਾਲਾ, ਪਹਾੜ. ਪੁਰਾਣਕਥਾ ਹੈ ਕਿ ਭੂਮਿ ਹਵਾ ਨਾਲ ਚਟਾਈ ਦੀ ਤਰਾਂ ਇਕੱਠੀ ਹੋਜਾਂਦੀ ਸੀ. ਇਸ ਲਈ ਪਹਾੜ ਮੀਰਫਰਸ਼ ਦੀ ਥਾਂ ਰੱਖਕੇ ਜ਼ਮੀਨ ਨੂੰ, ਠਹਿਰਾਇਆ. "ਭੂਧਰ ਸੇ ਜਿਨ ਕੇ ਤਨ ਭਾਰੇ." (ਚਰਿਤ੍ਰ ੧) ੨. ਵਰਾਹ ਅਵਤਾਰ, ਜੋ ਡੁੱਬੀ ਹੋਈ ਪ੍ਰਿਥਿਵੀ ਨੂੰ ਹੁੱਡਾਂ ਤੇ ਰੱਖਕੇ ਲੈਆਇਆ। ੩. ਰਾਜਾ। ੪. ਇੰਦ੍ਰ. "ਭੂਧਰ ਕੇ ਭਯ ਤੇ ਨਗ ਭਾਜੇ." (ਚੰਡੀ ੨)

ਭੂਧ੍ਰ, ਭੂਧ੍ਰਕ: ਭੂਧਰ. ਭੂਧਾਰਕ. ਦੇਖੋ, ਭੂਧਰ। ੨. ਰਾਜਾ. ਪ੍ਰਿਥਿਵੀਪਤਿ. "ਤੋਰ ਤੋਰ ਅਤੋਰ ਭੂਧ੍ਰਕ." (ਪ੍ਰਿਥੁਰਾਜ) ਤੋੜ ਤੋੜਕੇ ਅਤੋੜ (ਅਜਿੱਤ) ਰਾਜੇ.

ਭੂਨਨਾ: ਦੇਖੋ, ਭੁੰਨਣਾ.

ਭੂਪ: ਭੂ (ਪ੍ਰਿਥਿਵੀ) ਦਾ ਪਤਿ. ਪ੍ਰਿਥਿਵੀਪਾਲਕ. "ਨ ਚਿੰਤ ਭੂਪ ਚਿੱਤ ਧਾਰ, ਰਾਮਰਾਇ ਆਇਹੈਂ" (ਰਾਮਾਵ) ੨. ਸੰ. ਭੋਪਜ. ਰਾਜੇ ਦਾ ਸਿਪਾਹੀ. "ਜਹਿ ਹੁਤੀ ਸੂਪ। ਤਹਿਂ ਗਏ ਕੂਪ।।" (ਰਾਮਾਵ) ਜਿੱਥੇ ਸੁਰਪਣਖਾ ਸੀ, ਉੱਥੇ ਰਾਵਣ ਦੇ ਸਿਪਾਹੀ ਪੁੱਜੇ.

ਭੂਪਚੰਦ: ਹੰਡੂਰ (ਹਿੰਡੂਰ- ਨਾਲਾਗੜ੍ਹ) ਦਾ ਰਾਜਾ, ਜੋ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨਾਲ ਆਨੰਦਪੁਰ ਦੇ ਜੰਗ ਵਿੱਚ ਲੜਿਆ.

ਭੂਪਜ: ਰਾਜਪੁਤ੍ਰ. ਰਾਜਕੁਮਾਰ। ੨. ਛਤ੍ਰੀ ਦਾ ਬੇਟਾ.

ਭੂਪਜਾ: ਰਾਜਪੁਤ੍ਰੀ. "ਤਹੀਂ ਭੂਪਜਾ ਬਜਾਹਤ ਭਏ." (ਵਿਚਿਤ੍ਰ) ੨. ਛਤ੍ਰੀ ਦੀ ਕੰਨਜਾ.

ਭੂਪਣਿ: ਰਾਜਾ ਨਾਲ ਹੈ ਜਿਸ ਦਾ ਸੰਬੰਧ. ਰਾਜੇ ਦੀ

ਭੂਪਣੀ: ਸੈਨਾ. (ਸਨਾਮਾ) ੨. ਰਾਣੀ ਜਾ ਛਤ੍ਰਾਣੀ.

ਭੂਪਤਿ: ਭੂ (ਪ੍ਰਿਥਿਵੀ) ਦਾ ਸ੍ਵਾਮੀ. ਪ੍ਰਿਥਿਵੀਪਾਲਕ, ਰਾਜਾ. "ਏ ਭੂਪਤਿ ਸਭ ਦਿਵਸ ਚਾਰਿ ਕੇ." (ਬਿਲਾ ਕਬੀਰ) ੨. ਜ਼ਮੀਨਦਾਰ. ਬਿਸਵੇਦਾਰ। ੩. ਜਗਤਨਾਥ. ਕਰਤਾਰ. "ਭਇਆ ਭੇਦ ਭੂਪਤਿ ਪਹਿਚਾਨਿਆ." (ਗਉ ਬਾਵਨ ਕਬੀਰ)

ਭੂਪਤੀ: ਦੇਖੋ, ਭੂਪਤਿ.

ਭੂਪਮੇਧ: ਦੇਖੋ, ਨ੍ਰਿਪਮੇਧ. "ਭੂਪਮੇਧ ਠਟਜੋ ਨ੍ਰਿਪੋੱਤਮ." (ਪਾਰਸਾਵ)

ਭੂਪਾਲ: ਪ੍ਰਿਥਿਵੀ ਦੀ ਪਾਲਨਾ ਕਰਨ ਵਾਲਾ

ਭੂਪਾਲਕ: ਰਾਜਾ। ੨. ਕਰਤਾਰ.

ਭੂਪਾਲਿਕਾ: ਪ੍ਰਿਥਿਵੀ ਦੀ ਪਾਲਨਾ ਕਰਨ ਵਾਲੀ। ੨. ਭੋਪਾਲੀ ਰਾਗਿਨੀ. "ਕਿ ਟੋਡੀ ਪ੍ਰਭਾ ਹੈ, ਕਿ ਭੂਪਾਲਿਕਾ ਛੈ." (ਦੱਤਾਵ) ਦੇਖੋ, ਭੋਪਾਲੀ.

ਭੂਪੇਸ, ਭੂਪੇਂਦ੍ਰ: ਭੂਪਈਸ਼. ਮਹਾਰਾਜਾਧਿਰਾਜ. ਸ਼ਹਨਸ਼ਾਹ। ੨. ਪਾਰਬ੍ਰਹਮ ਵਾਹਗੁਰੂ.

ਭੂਪੇਂਦ੍ਰਸਿੰਘ ਮਹਾਰਾਜਾ: ਪਟਿਆਲੇ ਦੇ ਵਰਤਮਾਨ ਮਹਾਰਾਜਾ ਸਾਹਿਬ, ਜਿਨ੍ਹਾਂ ਦਾ ਜਨਮ ਅੱਸੂ ਸੁਦੀ ੧੦. ਸੰਮਤ ੧੯੪੮ (੧੨ ਅਕਤੂਬਰ ਸਨ ੧੮੯੧) ਨੂੰ ਹੋਇਆ. ਬਾਲਿਗ ਹੋਣ ਪੁਰ ੧. ਅਕਤੂਬਰ ਸਨ ੧੯੦੯ ਤੋਂ ਰਾਜ ਪ੍ਰਬੰਧ ਆਪਣੇ ਹੱਥ ਲਿਆ. ਵਿਸ਼ੇਸ਼ ਹਾਲ ਜਾਣਨ ਲਈ ਦੇਖੋ, ਪਟਿਆਲਾ ਅਤੇ ਫੂਲਵੰਸ਼.

ਭੂਭਰ, ਭੂੰਭਰ: ਭੂ- ਭਾਰ. ਪਿਥਿਵੀ ਨੂੰ ਬੋਝਰੂਪ. ਦੇਖੋ, ਭਰਭਾ। ੨. ਦੇਖੋ, ਭੁੱਬਲ. "ਭੂਭਰ ਬੀਚ ਪਰੇ ਜਲ ਜਜੋਂ, ਤਿੰਹ ਤੇ ਫੁਨ ਹੋਤ ਮਹਾਧੁਨਿ ਜੈਸੇ." (ਕ੍ਰਿਸਨਾਵ)

ਭੂਭਰਥ: भृभर्तृ. ਭੂ- ਭਰ੍ਤ੍ਰਿ. ਪ੍ਰਿਥਿਵੀ ਦੀ ਪਾਲਨਾ ਕਰਨ ਵਾਲਾ. "ਰਾਜਾ ਯੁਧਿਸਟ੍ਰ ਭੂਭਰਥ ਹੈ." (ਗ੍ਯਾਨ)

ਭੂਭਾਰ: ਪ੍ਰਿਥਿਵੀ ਪੁਰ ਬੋਝਰੂਪ.

ਭੂਭ੍ਰਿਤ: भृभृत्. ਪ੍ਰਿਥਿਵੀ ਨੂੰ ਧਾਰਨ ਕਰਨਵਾਲਾ ਪਰਬਤ। ੨. ਕਰਤਾਰ. ਜਗਤਾਧਾਰ. "ਜਸਤਿਲਕ ਭੂਭ੍ਰਿਤ ਭਾਨੁ." (ਅਕਾਲ) ੩. ਰਾਜਾ. ਬਾਦਸ਼ਾਹ.

ਭੂਮ: ਦੇਖੋ, ਭੂਮਿ.

ਭੂਮਜ: ਦੇਖੋ, ਭੂਮਿਜ.

ਭੂਮਨ: ਭੂਮਾਨ. ਭੂਵਾਨ. ਜ਼ਿਮੀਦਾਰ. ਬਿਸਵੇਦਾਰ. "ਬਡੇ ਬਡੇ ਰਾਜੇ ਅਰੁ ਭੂਮਨ." (ਧਨਾ ਮਃ ੫) "ਧਣੀ ਭੂਮਨ ਚਤੁਰਾਂਗਾ." (ਜੈਤ ਮਃ ੫) ਸ੍ਵਾਮੀ ਹੈ ਜ਼ਿਮੀਦਾਰਾਂ ਅਤੇ ਚਤੁਰੰਗਿਨੀ ਸੈਨਾ ਦਾ। ੨. ਸੰ. भृमन. ਸੰਗ੍ਯਾ- ਬਹੁਤਾਯਤ. ਬਹੁਤ ਜ਼ਜਾਦਤੀ। ੩. ਦੌਲਤ. ਸੰਪਦਾ। ੪. ਦੇਸ਼. ਮੁਲਕ। ੫. ਪ੍ਰਿਥਿਵੀ.

ਭੂਮਭਰਥ: ਭੂਮਿ (ਪ੍ਰਿਥਿਵੀ) ਨੂੰ ਭਰਨ ਵਾਲਾ (ਭਰ੍ਤ੍ਰਿ- भर्तृ) ਪ੍ਰਿਥਿਵੀਪਾਲਕ. "ਭੂਮਭਰਥ ਭਏ ਪਰੀਛਤ." (ਗ੍ਯਾਨ)

ਭੂਮਾ: ਵਡਾ. "ਭੂਮਨ ਮਹਿ ਭੂਮਾ." (ਗੂਜ ਅਃ ਮਃ ੫) ਜ਼ਿਮੀਦਾਰਾਂ ਵਿੱਚ ਵਡਾ ਪ੍ਰਿਥਿਵੀਪਤਿ ਹੈ।

੨. ਸੰਗ੍ਯਾ- ਸਭ ਤੋਂ ਵਡਾ ਬ੍ਰਹਮ। ੩. ਸੰ. ਭੂਮ੍ਨਾ. ਕ੍ਰਿ. ਵਿ- ਬਹੁਤ ਕਰਕੇ.

ਭੂਮਾਸਨ: ਭੂਮਿ- ਆਸਨ. ਜ਼ਮੀਨ ਪੁਰ ਬੈਠਣਾ. ਭੁੰਞੇ ਸੌਂਣਾ.

ਭੂਮਾਸੁਰ: ਦੇਖੋ, ਭੌਮਾਸੁਰ. "ਔਰ ਭੂਮਾਸੁਰ ਭੂਮ ਕੋ ਬਾਲਕ ਭੂਪਤਿ ਹੈ ਇਨਕੋ ਪਹਿਚਾਨਜੋ." (ਕ੍ਰਿਸਨਾਵ)

ਭੂਮਿ: ਜਿਸ ਵਿੱਚ ਜੀਵ ਹੋਣ. ਜੀਵਾਂ ਦੇ ਨਿਵਾਸ ਦੀ ਥਾਂ. ਪ੍ਰਿਥਿਵੀ. "ਭੂਮਿ ਕੋ ਕੌਨ ਗੁਮਾਨ ਹੈ ਭੂਪਤਿ?" (ਦੱਤਾਵ) ੨. ਦੇਸ਼। ੩. ਜਗਾ. ਥਾਂ. "ਭੂਮਿ ਮਸਾਣ ਕੀ ਭਸਮ ਲਗਾਈ." (ਗੂਜ ਤ੍ਰਿਲੋਚਨ) ੪. ਘਰ। ੫. ਦਰਜਾ। ੬. ਰਸਨਾ. ਜੀਭ। ੭. ਚਿੱਤ ਦੀ ਹਾਲਤ। ੮. ਮਿੱਟੀ. "ਅਮ੍ਰਿਤੋ ਡਾਰ ਭੂਮਿ ਪਾਗਹਿ." (ਕਾਨ ਮਃ ੫) ੯. ਇੱਕ ਸੰਖ੍ਯਾ ਬੋਧਕ, ਕਿਉਂਕਿ ਜ਼ਮੀਨ ਇੱਕ ਮੰਨੀ ਹੈ.

ਭੂਮਿਸੁਤ: ਦੇਖੋ, ਭੌਮਾਸੁਰ। ੨. ਬਿਰਛ ਅਤੇ ਘਾਹ. (ਸਨਾਮਾ) ੩. ਮੰਗਲ.

ਭੂਮਿਸੁਤਚਰਅਰਿ: ਪ੍ਰਿਥਿਵੀ ਦੇ ਪੁਤ੍ਰ ਘਾਹ ਨੂੰ ਚਰਨ ਵਾਲਾ ਮ੍ਰਿਗ. ਉਸ ਦਾ ਵੈਰਾ ਸ਼ੇਰ. (ਸਨਾਮਾ)

ਭੂਮਿਸੁਤਾ: ਪ੍ਰਿਥਿਵੀ ਦੀ ਪੁਤ੍ਰੀ ਸੀਤਾ.

ਭੂਮਿਕਾ: ਸੰਗ੍ਯਾ- ਗ੍ਰੰਥ ਦੇ ਮੁੱਢ ਗ੍ਰੰਥ ਸੰਬੰਧੀ ਵ੍ਯਾਖ੍ਯਾ, ਜਿਸ ਵਿੱਚ ਉਸ ਦੇ ਲਿਖੇ ਜਾਣ ਦਾ ਕਾਰਣ ਅਤੇ ਭਾਵ ਆਦਿ ਲਿਖਿਆ ਹੋਵੇ. ਦੀਬਾਚਾ. ਮੁਖਬੰਧ ਤਮਹੀਦ. Preface. Introduction। ੨. ਪ੍ਰਿਥਿਵੀ ੩. ਅਸਥਾਨ. ਥਾਂ। ੪. ਪ੍ਰਕਰਣ. ਪ੍ਰਸੰਗ। ੫. ਅੰਤਹਕਰਣ ਦੀ ਵ੍ਰਿੱਤਿ। ੬. ਗ੍ਯਾਨ ਦੀਆਂ ਸੱਤ ਭੂਮਿਕਾ ਲਿਖੀਆਂ ਹਨ. ਦੇਖੋ, ਸਪਤ ਭੂਮਿਕਾ। ੭. ਯੋਗ ਮਤ ਅਨੁਸਾਰ ਚਿੱਤ ਦੀ ਹਾਲਤ (ਦਸ਼ਾ) ਅਥਵਾ ਅਵਸ੍ਥਾ, ਜਿਸ ਦੇ ਪੰਜ ਭੇਦ ਹਨ- ਕ੍ਸ਼ਿਪ੍ਤ, ਮੂਢ, ਵਿਕ੍ਸ਼ਿਪ੍ਤ, ਏਕਾਗ੍ਰ ਅਤੇ ਨਿਰੁੱਧ.

ਭੂਮਿਚਾਲ: ਭੂਕੰਪ. ਭੂਚਾਲ। ੨. ਪ੍ਰਿਥਿਵੀ ਦੀ ਗਤਿ. ਜ਼ਮੀਨ ਦੇ ਘੁੰਮਣ ਦੀ ਕ੍ਰਿਯਾ.

ਭੂਮਿਜ: ਦੇਖੋ, ਭੌਮਾਸੁਰ। ੨. ਬਿਰਛ ਅਤੇ ਘਾਹ. (ਸਨਾਮਾ) ੩. ਮੰਗਲ.

ਭੂਮਿਜਚਰ ਅਰਿ ਅਰਿ: ਭੂਮਿਜ (ਘਾਹ) ਨੂੰ ਚਰਨ ਵਾਲਾ ਮ੍ਰਿਗ. ਉਸ ਦਾ ਵੈਰੀ ਸ਼ੇਰ, ਉਸ ਦੀ ਵੈਰਣ ਬੰਦੂਕ. (ਸਨਾਮਾ)

ਭੂਮਿਜਪ੍ਰਿਸਟਨਿ: ਭੂਮਿਜ (ਬਿਰਛ ਦੇ ਕਾਠ) ਦੀ ਹੈ ਪਿੱਠ ਜਿਸ ਦੀ. ਕਾਠ ਦੇ ਕੁੰਦੇ ਵਾਲੀ ਬੰਦੂਕ. (ਸਨਾਮਾ)

ਭੂਮਿਜਾ: ਸੀਤਾ.

ਭੂਮਿਦਾਨੁ: ਪ੍ਰਿਥਿਵੀ ਦਾਨ. "ਭੂਮਿਦਾਨੁ ਅਰਪਿ ਧਰਾ." (ਸਾਰ ਪੜਤਾਲ ਮਃ ੫)

ਭੂਮੀ: ਦੇਖੋ, ਭੂਮਿ। ੨. ਭੂਮੀਆ (ਜ਼ਿਮੀਦਾਰ) ਦੀ ਥਾਂ ਭੀ ਭੂਮੀ ਸ਼ਬਦ ਆਇਆ ਹੈ. "ਦਿਵਸ ਚਰ੍ਹੇ ਆਯੋ ਵਹ ਭੂਮੀ." (ਨਾਪ੍ਰ)

ਭੂਮੀਆ: ਜ਼ਮੀਨ ਵਾਲਾ. ਭੂਮਿਪਤਿ. "ਭੂਮੀਆ ਭੂਮਿ ਉਪਰਿ ਨਿਤ ਲੁਝੈ." (ਗਉ ਮਃ ੫) ੨. ਰਾਜਪੂਤਾਨੇ ਵਿੱਚ ਭੂਮੀਆ ਦਾ ਅਰਥ ਹੈ. ਮੁਜ਼ਾਰਅ਼, ਜੋ ਕਾਸ਼ਤਕਾਰ ਜ਼ਮੀਨ ਦਾ ਮਾਲਿਕ (ਬਿਸਵੇਦਾਰ) ਨਹੀਂ.

ਭੂਮੀਆਂਸਿੰਘ: ਬਾਬਾ ਆਲਾਸਿੰਘ ਪਟਿਆਲਾਪਤਿ ਦਾ ਦੂਜਾ ਪੁਤ੍ਰ. ਜਿਸ ਦਾ ਜਨਮ ਸੰਮਤ ੧੭੭੮ ਅਤੇ ਦੇਹਾਂਤ ਪਿਤਾ ਦੇ ਜਿਉਂਦੇ ਹੀ ਸੰਮਤ ੧੭੯੯ ਵਿੱਚ ਹੋਇਆ.

ਭੂਮੰਡਲ: ਪ੍ਰਿਥਿਵੀ ਮੰਡਲ. ਭੂਗੋਲ. "ਸੁਰਗ ਮਿਰਤ ਪਇਆਲ ਭੂਮੰਡਲ." (ਧਨਾ ਮਃ ੫)

ਭੂਯ: ਸੰ. ਭੂਯਸ੍. ਵਜ- ਪੁਨਃ ਫਿਰ। ੨. ਬਹੁਤ ਅਧਿਕ.

ਭੂਰ: ਸੰਗ੍ਯਾ- ਪਾਣੀ ਦੇ ਛੋਟੇ ਕਣ. ਫੁਹਾਰ। ੨. ਭੂਤਕਾਲ. ਭੂਤ. "ਭੂਰ ਭਵਿਖ ਨਾਹੀ ਤੁਮ ਜੈਸੇ." (ਸਾਰ ਮਃ ੧) ੩. ਵਿ- ਭੂਰਾ ਘਸਮੈਲਾ ਚਿੱਟਾ. ਸੰ. ਬਭ੍ਰੁ. "ਦਾੜੀ ਹੋਈ ਭੂਰ." (ਸ. ਫਰੀਦ) ੪. ਦੇਖੋ, ਭੂਰਿ। ੫. ਸੰ. भूर्. ਉੱਪਰਲੇ ਸੱਤ ਲੋਕਾਂ ਵਿੱਚੋਂ ਇੱਕ ਲੋਕ। ੬. ਜ੍ਯੋਤਿਸ਼ ਅਨੁਸਾਰ ਲੰਕਾ ਤੋਂ ਦੱਖਣੀ ਹਿੱਸਾ.

ਭੂਰਸਲਾ: ਭੂਮਾਸੁਰ. ਦੇਖੋ, ਭੌਮਾਸੁਰ. "ਭੂਰਸਲਾ ਤ੍ਰਿਯ ਕੋ ਭਰਤਾ ਹੈ." (ਕ੍ਰਿਸਨਾਵ) ੨. ਦੇਖੋ, ਭੂਰਿਸ੍ਰਵਾ.

ਭੂਰਸ੍ਰਵਾ: ਦੇਖੋ, ਭੂਰਿਸ੍ਰਵਾ.

ਭੂਰਪਾਲ: ਭੂ- ਪਾਲ ਪ੍ਰਿਥਿਵੀਪਾਲਕ ਰਾਜਾ. "ਤਹਾਂ ਭੂਰਪਾਲੰ ਧਰਾਰੰਗ ਰਚ੍ਯੋ." (ਗ੍ਯਾਨ)

ਭੂਰਾ: ਦੇਖੋ, ਭੂਰ ੩। ੨. ਉੱਨ ਦਾ ਆਸਣ. ਛੋਟਾ ਕੰਬਲ.

ਭੂਰਿ: ਸੰ. ਵਿ- ਬਹੁਤ ਅਧਿਕ। ੨. ਬਲਵਾਨ. ਪ੍ਰਬਲ. "ਤਿਨ ਭੂਰਿ ਜਈ." (ਪ੍ਰਿਥੁਰਾਜ) ੩. ਸੰਗ੍ਯਾ- ਸ਼ਿਵ। ੪. ਵਿਸ਼ਨੁ। ੫. ਇੰਦ੍ਰ। ੬. ਸੁਵਰਣ. ਸੋਨਾ.

ਭੂਰਿਸ੍ਰਵਾ: भूरिश्रवस्. ਚੰਦ੍ਰਵੰਸ਼ੀ ਰਾਜਾ ਸੋਮਦੱਤ ਦਾ ਪੁਤ੍ਰ, ਕਾਸ਼ੀ ਪਾਸ ਭੁਇਲੀ ਨਾਮਕ ਨਗਰੀ ਦਾ ਰਾਜਾ. ਇਸ ਨੇ ਮਹਾਭਾਰਤ ਦੇ ਯੁੱਧ ਵਿੱਚ ਦੁਰਯੋਧਨ ਦਾ ਸਾਥ ਦਿੱਤਾ. ਜੰਗ ਵਿੱਚ ਅਰਜੁਨ ਨੇ ਇਸ ਦੇ ਹੱਥ, ਅਤੇ ਸਾਤ੍ਯਕਿ ਨੇ ਸਿਰ ਕੱਟਿਆ. "ਭੂਰਿਸ੍ਰਵਾ ਜਿਨ ਪਾਰਥ ਭ੍ਰਾਤ ਸੋ ਬੈਰ ਉਤਾਰ੍ਯੋ." (ਕ੍ਰਿਸਨਾਵ) ੨. ਵਿ- ਜਿਸ ਦੀ ਬਾਬਤ ਬਹੁਤ ਸੁਣਿਆ ਗਿਆ ਹੈ. ਭਾਵ- ਵਡੇ ਯਸ਼ ਵਾਲਾ.

ਭੂਰਿੰਡੀ: ਦੇਖੋ, ਭੂਰੰਡੀ.

ਭੂਰੁਹ: ਜ਼ਮੀਨ ਤੋਂ ਪੈਦਾ ਹੋਣ ਵਾਲਾ ਬਿਰਛ ਘਾਸ ਆਦਿ.

ਭੂਰੁੰਡੀ: ਸੰ. भूरुण्डी. ਅਜਿਹਾ ਬਿਰਛ, ਜੋ ਜ਼ਮੀਨ ਢਕਲਵੇ। ੨. ਹਸ੍ਤਿਸ਼ੁੰਡਾ ਨਾਮ ਦਾ ਦਰਖ਼ਤ. Heliotropium Indicum.

ਭੂਲ: ਭੁੱਲ. ਚੂਕ. ਖ਼ਤਾ.

ਭੂਲਨਾ: ਦੇਖੋ, ਭੂਲਣਾ. "ਭੂਲਿਓ ਮਨੁ ਮਾਇਆ ਉਰਝਾਇਓ." (ਜੈਤ ਮਃ ੯) "ਭੂਲੀ ਮਾਲਿਨੀ, ਹੈ ਏਉ." (ਆਸਾ ਕਬੀਰ)

ਭੂਲੜਾ, ਭੂਲਾ: ਭੁੱਲਿਆ ਹੋਇਆ. ਜਿਸ ਦੀ ਸਮਰਣ ਸ਼ਕਤਿ (ਯਾਦਦਾਸ਼੍ਤ) ਜਾਂਦੀ ਰਹੀ ਹੈ. "ਆਖਣ ਤਾਕਉ ਜਾਈਐ, ਜੋ ਭੂਲੜਾ ਹੋਈ ××× ਜੇ ਹੋਇ ਭੂਲਾ, ਜਾਇ ਕਹੀਐ." (ਸੂਹੀ ਛੰਤ ਮਃ ੧) ੨. ਗੁਮਰਾਹ ਹੋਇਆ। ੩. ਭ੍ਰਮ ਵਿੱਚ ਪਿਆ.

ਭੂਲਾਨਾ: ਕ੍ਰਿ- ਭੁਲਾਉਣਾ. ਚੇਤਿਓਂ ਦੂਰ ਕਰਨਾ। ੨. ਗੁਮਰਾਹ ਕਰਨਾ. "ਤਪ ਕਰਤੇ ਤਪਸੀ ਭੂਲਾਏ." (ਆਸਾ ਮਃ ੫) ੩. ਭੁੱਲ ਗਿਆ.

ਭੂਲੇ: ਭੁੱਲੇ (ਗੁਮਰਾਹ) ਹੋਏ. "ਦੇਖਾ ਦੇਖੀ ਸ੍ਵਾਂਗ ਧਰਿ ਭੂਲੇ ਭਟਕਾ ਖਾਹਿ." (ਸ. ਕਬੀਰ) ੨. ਭੁੱਲੇ ਹੋਏ ਨੂੰ. "ਭੂਲੇ ਮਾਰਗੁ ਜਿਨਹਿ ਬਤਾਇਆ." (ਬਿਲਾ ਮਃ ੫) ੩. ਭੁੱਲਕੇ. ਭੂਲਕਰ. "ਮਨ ਮੇਰੇ, ਭੂਲੇ ਕਪਟ ਨ ਕੀਜੈ." (ਸੋਰ ਕਬੀਰ)

ਭੇ: ਭਏ ਦਾ ਸੰਖੇਪ. ਹੋਏ. ਦੇਖੋ, ਭੂ ਧਾ। ੨. ਵ੍ਯ- ਦ੍ਵਾਰਾ. ਸੇ. ਤੋਂ "ਬਾਣ ਕਮਾਣ ਭੇ ਐਂਚ ਮਾਰੇ." (ਵਿਚਿਤ੍ਰ)

ਭੇਉ: ਸੰ. ਭੇਦ. ਸੰਗ੍ਯਾ- ਫਰਕ. ਭਿੰਨਤਾ। ੨. ਗੁਪਤ ਬਾਤ. ਰਾਜ਼. "ਜੇ ਕੋ ਜਾਣੈ ਭੇਉ." (ਵਾਰ ਆਸਾ) ੩. ਭਾਵ- ਆਸ਼ਯ. ਮਕ਼ਸਦ. "ਅਖਰ ਕਾ ਭੇਉ ਨ ਲਹੰਤਿ." (ਸਵਾ ਮਃ ੩)

ਭੇਸ: ਸੰ. ਵੇਸ਼. ਸੰਗ੍ਯਾ- ਲਿਬਾਸ. ਭੇਸ ਦਾ ਅਮਲ ਅਰਥ ਅਸਲੀਅਤ ਤੋਂ ਭਿੰਨ ਹੋਰ ਸ਼ਕਲ ਬਣਾਉਣਾ ਹੈ. ਲੋਕਾਂ ਨੂੰ ਧੋਖਾ ਦੇਣ, ਅਥਵਾ ਆਪਣੀ ਉੱਤਮਤਾ ਪ੍ਰਗਟ ਕਰਨ ਲਈ ਦੋ ਲਿਬਾਸ ਅਤੇ ਚਿੰਨ੍ਹ ਧਾਰੇ ਜਾਣ, ਉਹ ਭੇਸ ਹੈ, ਦੇਖੋ, ਭੇਖ.

ਭੇਂਹ: ਕਮਲ ਦੀ ਜੜ. ਭਿਸ। ੨. ਕਮਲ ਦੀ ਡੰਡੀ. ਕਮਲਨਾਲ.

ਭੇਹਰਾ: ਦੇਖੋ, ਭੇਰਾ.

ਭੇਕ: ਸੰ. ਸੰਗ੍ਯਾ- ਡੱਡੂ. ਮੇਂਡਕ (ਮੰਡੂਕ). ੨. ਬੱਦਲ. ਮੇਘ। ੩. ਕਾਲਾ ਅਬਰਕ (ਅਭ੍ਰਕ)

ਭੇਕਜਮੁਕ੍ਤਾ: ਭਾਵ ਪ੍ਰਕਾਸ਼ ਦੇ ਲੇਖ ਅਨੁਸਾਰ ਡੱਡੂ ਦੇ ਸਿਰ ਵਿੱਚ ਹੋਣ ਵਾਲਾ ਮੋਤੀ. ਸੰਸਕ੍ਰਿਤ ਦੇ ਕਵੀਆਂ ਨੇ ਹਾਥੀ, ਸੱਪ, ਅਤੇ ਡੱਡੂ ਦੇ ਸਿਰਾਂ ਵਿੱਚ ਰਤਨਾਂ ਦਾ ਹੋਣਾ ਮੰਨਿਆ ਹੈ.

ਭੇਕੀ: ਭੇਕ ਦੀ ਮਦੀਨ. "ਡੱਡੂ. ਮੰਡੂਕੀ.

ਭੇਖ: ਦੇਖੋ, ਭੇਸ. "ਭੇਖ ਅਨੇਕ ਅਗਨਿ ਨਹੀ ਬੂਝੈ." (ਸੁਖਮਨੀ) ੨. ਭੇਖੀ ਦੀ ਥਾਂ ਭੀ ਭੇਖ ਸ਼ਬਦ ਆਇਆ ਹੈ. "ਪੰਡਿਤ ਮੋਨੀ ਪੜਿ ਪੜਿ ਥਕੇ, ਭੇਖ ਤਕੇ ਦਨੁ ਧੋਇ." (ਮਃ ੩. ਵਾਰ ਸਾਰ) ੩. ਭਿਕ੍ਸ਼ੁ ਭਿਖਾਰੀ. ਦੇਖੋ, ਜੰਤਭੇਖ ੨.

ਭੇਖਕ: ਸੰ. ਭਿਸ਼ਕ. ਇਲਾਜ ਕਰਨ ਵਾਲਾ. ਵੈਦ੍ਯ. ਤਬੀਬ. "ਜਿਉ ਰੋਗੀ ਢਿਗ ਭੇਖਕ ਆਵੈ." (ਨਾਪ੍ਰ) ੨. ਇਲਾਜ. ਰੋਗ ਦੂਰ ਕਰਨ ਦਾ ਜਤਨ। ੩. ਭੇਖ (ਵੇਸ਼) ਕਰਨ ਵਾਲਾ. ਭੇਖੀ.

ਭੇਖਜ: ਸੰ. ਭੇਸ਼ਜ. ਜੋ ਰੋਗ ਦੇ ਡਰ ਨੂੰ ਜਿੱਤਲਵੇ, ਔਸ਼ਧ. ਦਵਾਈ. "ਭਵਬੰਧਨ ਕੇ ਆਮ ਕੋ ਆਖਯ ਭੇਖਜ ਚਾਰ." (ਨਾਪ੍ਰ) ਵਾਹਗੁਰੂ ਨਾਮ ਦੇ ਚਾਰ ਅੱਖਰ ਸੰਸਾਰ ਦੇ ਬੰਧਨ ਆਮਯ (ਰੋਗ) ਲਈ ਦਵਾ ਹਨ। ੨. ਭੈਸ਼ਜ੍ਯ. ਇਲਾਜ.

ਭੇਖਜੀ: ਭੇਸ਼ਜ (ਇਲਾਜ) ਕਰਨ ਵਾਲਾ, ਵੈਦ੍ਯ. ਤਬੀਬ.

ਭੇਖਧਾਰੀ, ਭੇਖਵਾਨ, ਭੇਖਵਾਨੀ: ਵੇਸ਼ ਧਾਰਨ ਵਾਲਾ. ਲਿਬਾਸ ਪਹਿਨਕੇ ਅਨੇਕ ਸ਼ਕਲਾਂ ਬਣਾਉਣ ਵਾਲਾ। ੨. ਮਾਨ ਪ੍ਰਤਿਸ਼੍ਠਾ ਅਥਵਾ ਧੋਖਾ ਦੇਣ ਲਈ ਆਪਣੀ ਅਸਲੀਅਤ ਵਿਰੁੱਧ ਹੋਰ ਸ਼ਕਲ ਕਰਨ ਵਾਲਾ. "ਨ੍ਰਿਪਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ." (ਬਿਲਾ ਸਧਨਾ) ਭਕ੍ਤਮਾਲ ਵਿੱਚ ਕਥਾ ਹੈ ਕਿ ਇਕ ਰਾਜਪੁਤ੍ਰੀ ਨੇ ਪ੍ਰਣ ਕੀਤਾ ਸੀ ਕਿ ਮੈਂ ਵਿਸ਼ਨੁ ਨੂੰ ਵਰਾਂਗੀ. ਇੱਕ ਪਾਖੰਡੀ ਵਿਸ਼ਨੁ ਦਾ ਰੂਪ ਬਣਾਕੇ ਆਇਆ ਅਤੇ ਕਨ੍ਯਾ ਵਰੀ. ਜਦ ਸਹੁਰੇ ਪੁਰ ਵਿਪਦਾ ਆਈ, ਤਦ ਸਭ ਨੇ ਕਿਹਾ

ਕਿ ਵਿਸ਼ਨੁ ਦਾਮਾਦ ਹੁੰਦੇ ਸਤ੍ਰੂ ਦਾ ਕੀ ਡਰ ਹੈ? ਭੇਖੀ ਨੇ ਆਪਣੇ ਤਾਈਂ ਸ਼ਕ੍ਤਿਹੀਨੋ ਜਾਣਕੇ ਪਸ਼ਚਾਤਾਪ ਸਹਿਤ ਆਰਾਧਨਾ ਕੀਤੀ, ਜਿਸ ਪੁਰ ਪਰਮਾਤਮਾ ਨੇ ਸਾਰੇ ਵਿਘਨ ਦੂਰ ਕਰਦਿੱਤੇ.

ਮੀਰਾਂਬਾਈ ਦੀ ਭੀ ਐਸੀ ਹੀ ਕਥਾ ਹੈ ਕਿ ਇੱਕ ਪਾਂਮਰ ਆਪਣੇ ਤਾਈਂ "ਗਿਰਿਧਰ" ਪ੍ਰਗਟ ਕਰਕੇ ਮੀਰਾਂਬਾਈ ਪਾਸ ਖੋਟੀ ਵਾਸਨਾ ਨਾਲ ਆਇਆ, ਜਿਸ ਨੂੰ ਕਰਤਾਰ ਦੀ ਕ੍ਰਿਪਾ ਨਾਲ ਮੀਰਾਂਬਾਈ ਨੇ ਸੁਮਾਰਗ ਪਾਇਆ.

"ਕਰਿ ਭੇਖ ਥਕੇ ਭੇਖਵਾਨੀ." (ਮਃ ੩. ਵਾਰ ਗੂਜ ੧)

ਭੇਖਾਰੀ: ਭਿਕ੍ਸ਼ਾਹਾਰੀ. ਭਿਕ੍ਸ਼ਾ ਮੰਗ ਖਾਣ ਵਾਲਾ. ਭਿਕ੍ਸ਼ੁਕ. ਮੰਗਤਾ. "ਹਮ ਦੀਨ ਭੇਖਾਰੀ ਰਾਮ." (ਬਿਹਾ ਛੰਤ ਮਃ ੫)

ਭੇਖਿ: ਭੇਖ (ਵੇਸ਼). ਕਰਕੇ. ਭੇਖ ਸੇ. "ਬਾਹਰਿ ਭੇਖਿ ਨ ਪਾਈਐ ਪ੍ਰਭੁ." (ਮਃ ੫. ਵਾਰ ਮਾਰੂ ੨)

ਭੇਖੀ: ਭੇਖ (ਵੇਸ਼) ਕਰਨ ਵਾਲਾ. ਦੇਖੋ, ਭੇਖਧਾਰੀ। ੨. ਪਾਖੰਡੀ। ੩. ਭੇਖੀਂ. ਸੇ. ਭੇਸੋਂ ਸੇ. "ਭੇਖੀ ਭੁਖ ਨ ਜਾਇ." (ਮਃ ੩. ਵਾਰ ਵਡ) "ਭੇਖੀ ਪ੍ਰਭੂ ਨ ਲਭਈ." (ਮਃ ੫. ਵਾਰ ਮਾਰੂ ੨)

ਭੇਖੁ: ਦੇਖੋ, ਭੇਸ ਅਤੇ ਭੇਖ. "ਭੇਖੁ ਭਵਨੀ ਹਠੁ ਨ ਜਾਨਾ." (ਬਿਲਾ ਛੰਤ ਮਃ ੧)

ਭੇਜਣਾ, ਭੇਜਨਾ: ਕ੍ਰਿ- ਸੰ. ਪ੍ਰੇਸ਼ਣ. ਘੱਲਣਾ. ਪਠਾਨਾ.

ਭੇਜਾ: ਸੰ. ਮੇਦੁਰ. ਸੰਗਯਾ- ਸਿਰ ਦਾ ਗੁੱਦਾ. ਮਗਜ਼.

ਭੇਟ: ਸੰਗਯਾ- ਮੁਲਾਕਾਤ. ਮਿਲਾਪ। ੨. ਭੇਟਾ. ਨਜ਼ਰ. ਉਪਹਾਰ। ੩. ਦੇਖੋ, ਭੇਟ ਕਰਨਾ.

ਭੇਟ ਕਰਨਾ: ਕ੍ਰਿ- ਦੇਵਤਾ ਅਥਵਾ ਪੂਜਯ ਪੁਰਖ ਦੇ ਅੱਗੇ ਕੋਈ ਵਸਤੁ ਅਰਪਣ ਕਰਨੀ. ਉਪਹਾਰ ਪੇਸ਼ ਕਰਨ ਦੀ ਕ੍ਰਿਯਾ। ੨. ਭੇਟਾ ਕਰਨਾ. ਅਰਦਾਸ ਕਰਕੇ ਪ੍ਰਸਾਦ ਆਦਿ ਵਸ੍ਤੂ ਨੂੰ ਅਕਾਲ ਅੱਗੇ ਅਰਪਣ ਕਰਨਾ. "ਭੇਟ ਕਿਯੇ ਬਿਨ ਕਛੁ ਮੁਖ ਪਾਵੈ." (ਤਨਾਮਾ) ੩. ਵਾਹਗੁਰੂ ਸ਼ਬਦ ਕਹਿਕੇ ਪ੍ਰਸਾਦ ਵਿੱਚ ਕ੍ਰਿਪਾਨ ਫੇਰਨੀ. ਇਹ ਰੀਤਿ ਦਸ਼ਮੇਸ਼ ਦਾ ਅਨੁਕਰਣ ਹੈ. ਨੌ ਸਤਿਗੁਰਾਂ ਅੱਗੇ ਜੋ ਪ੍ਰਸਾਦ ਪੇਸ਼ ਕੀਤਾ ਜਾਂਦਾ ਸੀ, ਉਸ ਵਿੱਚੋਂ ਗੁਰੂ ਸਾਹਿਬ ਕੁਝ ਆਪ ਲੈਕੇ ਬਾਕੀ ਸੰਗਤ ਵਿੱਚ ਵਰਤਾਉਣ ਲਈ ਹੁਕਮ ਦਿੰਦੇ ਸਨ. ਕਲਗੀਧਰ ਹੱਥ ਨਾਲ ਪਸਾਦ ਚੁੱਕਣ ਦੀ ਥਾਂ ਸਰਬਲੋਹ ਦੇ ਤੀਰ ਨਾਲ ਥੋੜਾ ਉਠਾ ਲੈਂਦੇ ਸਨ. ਕਦੇ ਹੱਥ ਵਿੱਚ ਕ੍ਰਿਪਾਨ ਹੁੰਦੀ ਤਾਂ ਉਸ ਨਾਲ ਅੰਗੀਕਾਰ ਕਰਦੇ. ਹਜੂਰਸਾਹਿਬ (ਅਬਿਚਲਨਗਰ) ਹੁਣ ਭੀ ਪ੍ਰਸਾਦ ਤੀਰ ਨਾਲ ਹੀ ਅੰਗੀਕਾਰ ਹੁੰਦਾ ਹੈ.

ਭੇਟਤ: ਕ੍ਰਿ. ਵਿ- ਮਿਲਣਸਾਰ. ਮਿਲਦੇ ਹੀ. "ਭੇਟਤ ਸਾਧਸੰਗ ਪਤੀਆਨਾ." (ਬਾਵਨ) ੨. ਮਿਲਦਾ ਹੈ.

ਭੇਟਨਾ: ਕ੍ਰਿ- ਮਿਲਣਾ. "ਭੇਟਿਓ ਪੂਰਾ ਸਤਿਗੁਰੂ" (ਆਸਾ ਮਃ ੫) "ਹਰਿ ਕਿਰਪਾ ਤੇ ਸੰਤ ਭੇਟਿਆ." (ਸੁਖਮਨੀ)

ਭੇਟਲ: ਭੇਟਿਆ. ਮਿਲਿਆ. "ਨਾਮੇ ਸ੍ਰੀਰੰਗ ਭੇਟਲ." (ਭੈਰ)

ਭੇਟਾ: ਸੰਗਯਾ- ਅਰਪਣ ਯੋਗਯ ਵਸਤੁ. ਉਪਹਾਰ. ਨਜ਼ਰ। ੨. ਧਰਮਗ੍ਰੰਥਾਂ ਦਾ ਮੁੱਲ (ਕੀਮਤ) ਕਹਿਣ ਦੀ ਥਾਂ, ਸਨਮਾਨ ਲਈ ਭੇਟਾ ਸ਼ਬਦ ਵਰਤਿਆ ਜਾਂਦਾ ਹੈ, ਜਿਵੇਂ- ਸ਼੍ਰੀਗੁਰੂ ਗ੍ਰੰਥਸਾਹਿਬ ਜੀ ਦੀ ਜਿਲਦ ਸਮੇਤ ਭੇਟਾ ੫੦ ਰੁਪਯੇ ਹੈ.

ਭੇਟਾਤ, ਭੇਟਾਧ: ਭੇਟਣ (ਮਿਲਣ) ਤੋਂ ਸੰਜੋਗ ਤੋਂ.

ਭੇਟਿ: ਭੇਟਕੇ. "ਪਰਾਛਤ ਦਰਸਨ ਭੇਟਿ ਮਿਟਾਹਿਓ." (ਕਾਨ ਮਃ ੫)

ਭੇਟੀਅਲੇ: ਮਿਲੀਏ। ੨. ਮਿਲਾ ਹੋਇਆ ਹੈ. "ਭੇਟੀਅਲੇ ਰਾਇ ਨਿਸੰਗਾ." (ਕਾਮ ਕਬੀਰ)

ਭੇਟੁਲਾ: ਮਿਲਿਆ. "ਨਾਮਾ ਹਰਿ ਭੇਟੁਲਾ." (ਆਸਾ ਨਾਮਦੇਵ)

ਭੇਟੈ: ਮਿਲਦਾ ਹੈ. "ਭੇਟੈ ਤਾਸੁ ਪਰਮਗੁਰਦੇਉ." (ਰਾਮ ਬੇਣੀ) ੨. ਉਪਹਾਰ. "ਭੇਟੈ ਸਿਉ ਜਾਵਹੁ ਸਚਿ ਸਮਾਵਹੁ." (ਵਡ ਅਲਾਹਣੀ ਮਃ ੧)

ਭੇਡ: ਸੰ. ਭੇਡਾ ਅਤੇ ਭ੍ਰੇਡ. ਗਾਡਰ. "ਲੇਲੇ ਕਉ ਚੂੰਘੇ ਨਿਤ ਭੇਡ." (ਗਉ ਕਬੀਰ) ਦੇਖੋ, ਲੇਲਾ. ਸੰ. ਭਯੇਡਕ. ਜੰਗਲੀ ਮੀਢਾ.

ਭੇਡਚਾਲ: ਸੰਗਯਾ- ਦੇਖਾ ਦੇਖੀ ਕਰਨ ਦੀ ਰੀਤਿ. ਬਿਨਾ ਵਿਚਾਰੇ ਕਿਸੇ ਦੀ ਪੈਰਵੀ ਕਰਨੀ, ਜਿਵੇਂ- ਇੱਕ ਭੇਡ ਪਿੱਛੇ ਸਾਰੀਆਂ ਲਗਤੁਰਦੀਆਂ ਹਨ, ਦੇਖੋ, ਨਯਾਯ ੨੨.

ਭੇਡਾ: ਮੀਢਾ. ਦੇਖੋ, ਭੇਡ। ੨. ਦੇਖੋ, ਭੇਲ ੪.

ਭੇਡਾਰ, ਭੇਡਾਰਾ: ਭੇਡੂ. ਛੱਤਰਾ. ਮੇਢਾ. "ਓਨ੍ਹਾ ਦਾ ਭਖੁ ਸੁ ਓਥੈ ਨਾਹਿ, ਜਾਇ ਕੂੜੁ ਲਹਨਿ ਭੇਡਾਰੇ." (ਮਃ ੪. ਵਾਰ ਗਉ ੧) ੨. ਭੇਡ ਨੂੰ ਹਰਣ (ਲੈਜਾਣ) ਵਾਲਾ. ਭੇਡੀਆ, ਬਿਆੜ.

ਭੇਡਿਯਾ, ਭੇਡੀਆ, ਭੇਡੀਹਾ: ਭੇਡਹਾ. ਭੇਡ ਨੂੰ ਮਾਰਨ ਅਥਵਾ ਹਰਨ ਵਾਲਾ. ਬਘਿਆੜ. ਦੇਖੋ, ਭੇਡ। ੨. ਸੰਸਕ੍ਰਿਤ ਵਿੱਚ ਬਘਿਆੜ ਦਾ ਨਾਮ ਭੇਰੁੰਡ (भेरुण्ड) ਭੀ ਹੈ.

ਭੇਡੂ: ਭੇਡ ਦਾ ਨਰ. ਛੱਤਰਾ। ੨. ਭੇਡ ਦਾ ਬੱਚਾ.

ਭੇਡੂਰੀ: ਭੇਡ ਦੀ "ਹਸਤਿਚਾਲ ਹੈ ਸੱਚ ਦੀ, ਕੂੜ ਕੁਢੰਗੀ ਚਾਲ ਭੇਡੂਰੀ." (ਭਾਗੁ) ੨. ਭੇਡਰੂਹੀ. ਭੇਡ ਜੇਹੇ ਚੇਹਰੇ ਵਾਲੀ.

ਭੇਤ: ਸੰ. ਭੇਦ. ਸੰਗਯਾ- ਭਿੰਨਤਾ. ਜੁਦਾਈ। ੨. ਗੁਪਤਭਾਵ. ਰਾਜ਼.

ਭੇਤਿ: ਭੇਤ ਵਿੱਚ. ਭਾਵ- ਆਸ਼ਯ ਅਨੁਸਾਰ. "ਚਲਾਂ ਗੁਰ ਕੇ ਭੈ ਭੇਤਿ." (ਮਲਾ ਅਃ ਮਃ ੧)

ਭੇਤੀ, ਭੇਤੀਆ: ਭੇਦ (ਰਾਜ਼) ਜਾਣਨ ਵਾਲਾ। ੨. ਜਾਸੂਸ.

ਭੇਤੁ: ਦੇਖੋ, ਭੇਤ ੨. "ਭੇਤੁ ਚੇਤੁ ਹਰਿ ਕਿਸੈ ਨ ਮਿਲਿਓ." (ਸ੍ਰੀ ਮਃ ੧. ਪਹਰੇ) ੨. ਸੰ. ਭਵੇਤ੍. ਹੁੰਦਾ. "ਅਲਿ ਕਮਲ ਭਿੰਨ ਨ ਭੇਤੁ." (ਬਿਲਾ ਅਃ ਮਃ ੫)

ਭੇਤੁਚੇਤੁ: ਚਿੱਤ ਦਾ ਭੇਤ. ਦੇਖੋ, ਚੇਤ ੩। ੨. ਸੰ. ਭਵੇਤ੍ ਚੇਤ੍. ਵਯ- ਹੋਵੇ ਯਦਿ. ਜੇ ਹੋਵੇ.

ਭੇਤ੍ਰਿ: ਸੰ. भेतृ. ਭੇਦਨ (ਵਿੰਨ੍ਹਣ- ਚੀਰਨ) ਵਾਲਾ। ੨. ਜਿੱਤਣ ਵਾਲਾ.

ਭੇਦ: (ਦੇਖੋ, ਭਿਦ੍ ਧਾ) ਸੰ. ਸੰਗਯਾ- ਭਿੰਨਤਾ. ਜੁਦਾਈ. "ਭੇਦ ਸਜਾਤਿ ਵਿਜਾਤੀ ਸੁਗਤ ਨ। ਸਭ ਤੇ ਨਯਾਰੋ ਬ੍ਰਹਮ ਸ ਚੇਤਨ." (ਗੁਪ੍ਰਸੂ) ਦੇਖੋ, ਤਿੰਨ ਭੇਦ. "ਗੁਰ ਕੈ ਬਚਨਿ ਕਟੇ ਭ੍ਰਮ ਭੇਦ." (ਗਉ ਮਃ ੫) ੨. ਅੰਤਰਾ. ਫਰਕ. "ਹੈ ਸਰੂਪ ਮਮ ਨਹਿ ਕਛੁ ਭੇਦ." (ਗੁਪ੍ਰਸੂ) ੩. ਵੈਰੀ ਵਿੱਚ ਫੁੱਟ ਪਾਉਣਾ ਰੂਪ ਨੀਤਿ ਦਾ ਇੱਕ ਅੰਗ. "ਜਿਹਵਾ ਭੇਦ ਨ ਦੇਈ ਚਖਣ." (ਰਤਨਮਾਲਾ ਬੰਨੋ) ਜ਼ੁਬਾਨ ਨੂੰ ਫੁੱਟ ਪਾਉਣ ਵਾਲੀ ਗੱਲ ਦਾ ਚਸਕਾ ਨਹੀਂ ਪੈਂਣ ਦਿੰਦਾ। ੪. ਗੁਪਤ ਗੱਲ. ਰਾਜ਼. "ਸਗਰੋ ਭੇਦ ਕਹੋ ਹਮ ਸੰਗ." (ਗੁਪ੍ਰਸੂ)

ਭੇਦਕ: ਵਿ- ਜੁਦਾ ਕਰਨ ਵਾਲਾ। ੨. ਤੋੜਨ ਵਾਲਾ। ੩. ਦਸ੍ਤਾਵਰ ਦਵਾਈ. ਜੁਲਾਬ ਦੀ ਔਖਧ.

ਭੇਦਨ: ਸੰਗਯਾ- ਪਾੜਨਾ. ਚੀਰਨਾ। ੨. ਵਿੰਨ੍ਹਣਾ. ਵੇਧਨ। ੩. ਦਸ੍ਤਾਵਰ ਦਵਾਈ. ਜੁਲਾਬ ਦੀ ਔਸ਼ਧ। ੪. ਦੇਖੋ, ਭਿਦ੍ ਧਾ.

ਭੇਦਬਿਭੇਦ: ਦੇਖੋ, ਭੇਦੁਬਿਭੇਦ.

ਭੇਦਵਾਦੀ: भेदवादिन्. ਜੋ ਬ੍ਰਹਮ ਤੋਂ ਭਿੰਨ ਹੋਰ ਭੇਦ ਦੀ ਕਲਪਣਾ ਕਰਦਾ ਹੈ. ਦ੍ਵੈਤਵਾਦੀ.

ਭੇਦਿਆ: ਭੇਦਨ ਕੀਤਾ. ਵਿੰਨ੍ਹਿਆ. ਦੇਖੋ, ਚੰਦਸਤ.

**ਭੇਦੀ:** ਭੇਦਨ ਕੀਤੀ। ੨. ਭੇਦੀਂ, ਭੇਦਾਂ ਕਰਕੇ. "ਜੂਠਿ ਨ ਚੰਦ ਸੂਰਜ ਕੀ ਭੇਦੀ." (ਮਃ ੧. ਵਾਰ ਸਾਰ) ਚੰਦ ਸੂਰਜ ਦੇ ਚਾਂਨਣੇ ਹਨੇਰੇ ਪੱਖ ਅਤੇ ਦਕ੍ਸ਼ਿਣਾਯਨ ਤਥਾ ਉੱਤਰਾਯਣ ਕਰਕੇ। ੩. ਭੇਦ (ਮਰਮ) ਜਾਨਣ ਵਾਲਾ. ਭੇਤੀਆ. "ਭੇਦੀ ਕਿਨਹਿ ਬ੍ਰਿਥਾ ਕਹਿ ਦਈ." (ਚਰਿਤ੍ਰ ੩੦੬) ੪. ਭੇਦ (ਫੁੱਟ) ਪਾਉਣ ਵਾਲਾ.

**ਭੇਦੀਐ:** ਭੇਦਨ ਕਰੀਏ। ੨. ਵਿੰਨ੍ਹੇਜਾਈਏ. "ਜਬ ਲਗੁ ਸਬਦਿ ਨ ਭੇਦੀਐ." (ਸ੍ਰੀ ਮਃ ੧) ੩. ਭੇਦ ਪ੍ਰਾਪਤ ਕਰੀਏ. ਰਾਜ਼ ਸਮਝੀਏ. "ਗੁਰਸਬਦੀ ਹਰਿ ਭੇਦੀਐ." (ਮਃ ੩. ਵਾਰ ਮਾਰੂ ੧)

**ਭੇਦੁ:** ਦੇਖੋ, ਭੇਦ. "ਭੇਦੁ ਨ ਜਾਣਹੁ ਮੂਲਿ, ਸਾਈਂ ਜੇਹਿਆ." (ਆਸਾ ਮਃ ੫)

**ਭੇਦੁਬਿਭੇਦੁ:** ਵਿਭੇਦ ਭੇਦ. ਭਿੰਨਤਾ ਦੀ ਤਮੀਜ਼. ਜੁਦਾਇਗੀ ਦੀ ਪ੍ਰਤੀਤਿ. "ਭੇਦੁ ਬਿਭੇਦੁ ਨ ਜਾਨ ਬੀਓ." (ਸਵੈਯੇ ਮਃ ੫. ਕੇ) ੨. ਭੇਦਾਭੇਦਰੂਪ (ਦ੍ਵੈਤ) ਨੂੰ ਨਾ ਜਾਣ.

**ਭੇਦੂ:** ਵਿ- ਭੇਦਨ ਵਾਲਾ. ਭੇਦਕ.

**ਭੇਦ੍ਯ:** ਸੰ. ਵਿ- ਭੇਦਨ ਯੋਗ੍ਯ. ਚੀਰਨ ਪਾੜਨ ਲਾਇਕ। ੨. ਵਿੰਨ੍ਹਣ ਯੋਗ੍ਯ.

**ਭੇਨ:** ਵਿ- ਭਿੰਨਾ. ਭਿੱਜਿਆ. "ਮਨੁ ਕੋਰਾ ਹਰਿਰੰਗ ਭੇਨ." (ਕਾਨ ਮਃ ੪) ੨. ਸੰ. ਕ੍ਰਿ. ਵਿ- ਨਕ੍ਸ਼ਤ੍ਰ ਕਰਕੇ। ੩. ਸੰਗ੍ਯਾ- ਨਕ੍ਸ਼ਤ੍ਰ (ਤਾਰਾ) ਪਤਿ ਚੰਦ੍ਰਮਾ.

**ਭੇਯ:** ਦੇਖੋ, ਭੇਉ ਅਤੇ ਭੇਦ. "ਜਿਤੇ ਅਸਤ੍ਰ ਭੇਯੰ." (ਵਿਚਿਤ੍ਰ) ਜਿਤਨੇ ਅਸਤ੍ਰਾਂ ਦੇ ਭੇਦ ਹਨ.

**ਭੇਰ:** ਦੇਖੋ, ਭੇਰੀ ਅਤੇ ਭੇੜ.

**ਭੇਰਣੀ:** ਭੇਰੀ ਵਾਲੀ ਸੈਨਾ. (ਸਨਾਮਾ)

**ਭੇਰਾ:** ਸ਼ਾਹਪੁਰ ਜਿਲੇ ਦਾ ਇੱਕ ਨਗਰ, ਜੋ ਜੇਹਲਮ ਦਰਿਆ ਕਿਨਾਰੇ ਹੈ. ਇਸ ਦੀ ਆਬਾਦੀ ੧੮, ੭੫੦ ਹੈ.

**ਭੇਰਿ, ਭੇਰੀ:** ਸੰ. ਸੰਗ੍ਯਾ- ਨਫੀਰੀ ਨਾਲ ਵਜਾਉਣ ਵਾਲਾ ਨਗਾਰਾ. "ਅਨਹਤਾਸਬਦ ਵਾਜੰਤ ਭੇਰੀ." (ਸੋਹਿਲਾ) "ਵਾਤ ਵਜਨਿ ਟੰਮਕ ਭੇਰੀਆ." (ਸ੍ਰੀ ਮਃ ੫. ਪੈਪਾਇ) "ਸਨਾਇ ਭੇਰਿ ਸਾਜਹੀਂ." (ਰਾਮਾਵ)

**ਭੇਲ:** ਮਰਾ. ਸੰਗ੍ਯਾ- ਮੇਲ ਸੰਯੋਗ. "ਤੁਰੇ ਉਸਟ ਮਾਇਆ ਮਹਿ ਭੇਲਾ." (ਭੈਰ ਕਬੀਰ) ੨. ਸੰ. ਵਿ- ਬੇਚੈਨ। ੩. ਮੂਰਖ। ੪. ਸੰਗ੍ਯਾ- ਇੱਕ ਰਿਖੀ, ਜਿਸ ਨੇ ਵੈਦ੍ਯਵਿਦ੍ਯਾ ਦਾ ਗ੍ਰੰਥ "ਭੇਲ- ਸੰਹਿਤਾ" ਲਿਖੀ ਹੈ ਇਸ ਦਾ ਨਾਮ 'ਭੇਡਾ' ਭੀ ਕਈ ਗ੍ਰੰਥਾਂ ਵਿੱਚ ਆਇਆ ਹੈ.

**ਭੇਲਾ:** ਸੰਗ੍ਯਾ- ਲੱਸੀ. ਤਕ੍ਰ. ਛਾਛ। ੨. ਦੇਖੋ, ਭੇਲ ੧। ੩. ਬੇਚੈਨ ਹੋਇਆ. ਵ੍ਯਾਕੁਲ ਹੋਇਆ. ਘਬਰਾਇਆ ਹੋਇਆ. ਦੇਖੋ, ਭੇਲ ੨। ੪. ਮਰਾ. ਰੱਸੀ. ਬੰਧਨ। ੫. ਗੁੜ ਮੱਖਣ ਆਦਿ ਦਾ ਗੋਲਾ. ਪਿੰਨਾ.

**ਭੇਲੀ:** ਸੰਗ੍ਯਾ- ਗੁੜ ਦਾ ਡਲਾ। ੨. ਦੇਖੋ, ਭੇਲ ਅਤੇ ਭੇਲਾ.

**ਭੇਲੋ:** ਡਿੰਗ. ਨੌਕਾ. ਕਿਸ਼ਤੀ.

**ਭੇਵ:** ਦੇਖੋ, ਭੇਦ। ੨. ਭਇਆ. ਹੋਇਆ. ਦੇਖੋ, ਭੂ ਧਾ. "ਭਗਤਿ ਹੇਤ ਨਰਸਿੰਘ ਭੇਵ." (ਬਸੰ ਕਬੀਰ)

**ਭੇਵਨ:** ਕ੍ਰਿ- ਭਿਗੋਣਾ. ਭਿਉਣਾ. ਜਲ ਨਾਲ ਤਰ ਕਰਨਾ. "ਵਾਹਗੁਰੂ ਕਹਿ ਛਿਰਕਾ ਦੀਨੋ। ਗਜ ਸ਼ਰੀਰ ਕੋ ਭੇਵਨ ਕੀਨੋ." (ਨਾਪ੍ਰ) ਭੇਦਨ. ਵਿੰਨ੍ਹਣਾ.

**ਭੇਵਾ:** ਵਿ- ਭੇਦ ਜਾਣਨ ਵਾਲਾ. ਭੇਤੀਆ। ੨. ਸੰਗ੍ਯਾ- ਅੰਤਹਕਰਣ. "ਹਠ ਨਿਗ੍ਰਹਿ ਨ ਤ੍ਰਿਪਤਾਵੈ ਭੇਵਾ." (ਰਾਮ ਅਃ ਮਃ

੧) ੩. ਪਹੋਆ (ਪ੍ਰਿਥੂਦਕ) ਤੀਰਥ.

ਭੇੜ: ਸੰਗਯਾ- ਟਾਕਰਾ. ਮੁਕਾਬਲਾ। ੨. ਲੜਾਈ. ਜੰਗ. "ਦਲਾਂ ਮਿਲੰਦਿਆਂ ਭੇੜ ਪਾਇਆ ਨਿਹੰਗਾਂ." (ਚੰਡੀ ੩) ੩. ਦੇਖੋ, ਭੇਟ.

ਭੇੜਨਾ: ਕ੍ਰਿ- ਪਰਸਪਰ ਮਿਲਾਉਣਾ, ਜਿਵੇਂ- ਕਿਵਾੜ ਭੇੜਨਾ। ੨. ਦੇਖੋ, ਭੇਟਨਾ ਅਤੇ ਭੇੜ.

ਭੇੜਿ: ਭੇੜ (ਜੰਗ) ਵਿੱਚ "ਨ ਭੀਜੈ ਭੇੜਿ ਮਰਹਿ ਭਿੜਿ ਸੂਰ." (ਮਃ ੧. ਵਾਰ ਸਾਰ) ੨. ਭੇੜਕੇ. ਮਿਲਾਕੇ. ਜੋੜਕੇ.

ਭੇੜੀ: ਭੇੜੀਂ. ਭੇਟਨ ਕਰਾਂ. ਛੁਹਾਵਾਂ. ਸਪਰਸ਼ ਕਰਾਂ. "ਜਨਮਿ ਨ ਭੇੜੀ ਅੰਗੁ." (ਸ. ਫਰੀਦ) ੨. ਵਿ- ਭਿੜਨਵਾਲਾ.

ਭੇੜੀਆ, ਭੇੜੀਹਾ: ਬਘਿਆੜ. ਦੇਖੋ, ਭੇੜੀਆ.

ਭੈ: ਸੰ. ਭਯ. ਸੰਗਯਾ- ਡਰ. ਖ਼ੌਫ. "ਭੈ ਵਿਚਿ ਸੂਰਜੁ ਭੈ ਵਿਚਿ ਚੰਦੁ." (ਵਾਰ ਆਸਾ) ੨. ਭਵ. ਸੰਸਾਰ. ਜਗਤ. "ਭੈਤ੍ਰਾਸ ਨਾਲ ਕ੍ਰਿਪਾਲੁ ਗੁਣਨਿਧਿ." (ਗੂਜ ਅਃ ਮਃ ੫) ਭਵਤ੍ਰਾਸਨਾਸ਼ਕ.

ਭੈ ਅਟਵੀ: ਭੈ ਦਾਇਕ ਅਟਵੀ (ਜੰਗਲ). ਭਯਾਨਕ ਵਨ. ਦੇਖੋ, ਅਟਵੀ.

ਭੈਆਨ, ਭੈਆਨਕ: ਵਿ- ਭਯਾਨਕ. ਡਰਾਉਣਾ. ਭਯੰਕਰ.

ਭੈਇਲਾ: ਭਇਆ. ਹੋਇਆ. "ਕਾਸਟ ਚੰਦਨੁ ਭੈਇਲਾ." (ਪ੍ਰਭਾ ਨਾਮਦੇਵ)

ਭੈਸ, ਭੈਂਸ: ਸੰ. ਮਹਿਸ਼ ਅਤੇ ਮਹਿਸ਼ੀ. ਝੋਟਾ ਅਤੇ ਮੱਝ। ੨. ਦੇਖੋ, ਪਹਿਲਾਪੂਤੁ.

ਭੈਸਜ, ਭੈਸਜਜ: ਸੰ. भैषज्. भेषज्य. ਸੰਗਯਾ- ਦਵਾ. ਔਖਧ। ਇਲਾਜ. ਰੋਗ ਦੂਰ ਕਰਨ ਦਾ ਜਤਨ.

ਭੈਸਰ: ਦੇਖੋ, ਭੈਂਸ ਅਤੇ ਭੈਂਸਾ. "ਭੈਸਰ ਮਾਥੇ ਸੀਂਗਗੋ." (ਟੋਡੀ ਨਾਮਦੇਵ)

ਭੈਸਾ, ਭੈਂਸਾ: ਸੰ. ਮਹਿਸ਼. ਝੋਟਾ. "ਭੈਸਾ ਭਗਤਿ ਕਰਾਵੈ." (ਆਸਾ ਕਬੀਰ) ਭਾਵ- ਖੋਰੀ (ਦ੍ਵੇਸ਼ ਰੱਖਣ ਵਾਲਾ) ਦਿਲ. ਦੇਖੋ, ਫੀਲੁ.

ਭੈਂਸਾਸੁਰ, ਭੈਸਾਗਰ, ਭੈਸਾਗਰੁ, ਭੈਸਾਗਰੋ: ਦੇਖੋ, ਮਹਿਖਾਸੁਰ. ਭਵਸਾਗਰ. ਸੰਸਾਰ ਸਮੁੰਦਰ। ੨. ਭੈਦਾਇਕ (ਭਯਾਨਕ) ਸਾਗਰ. "ਭੈਸਾਗਰੋ ਭੈਸਾਗਰ ਤਰਿਆ." (ਸੂਹੀ ਛੰਤ ਮਃ ੫) "ਜਿਉ ਬੋਹਿਥੁ ਭੈਸਾਗਰ ਮਾਹਿ." (ਗਉ ਮਃ ੫)

ਭੈਹਾਰਾ, ਭੈਹਾਰੀਆ: ਵਿ- ਭਯਹਾਰਾ. ਭੈ ਦੇਣ ਵਾਲਾ. ਡਰਾਉਣਾ. "ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ." (ਗਉ ਅਃ ਮਃ ੫)

ਭੈਕਰ: ਵਿ- ਭਯੰਕਰ. ਡਰਾਉਣਾ.

ਭੈਕ੍ਸ਼: ਸੰਗਯਾ- ਭਿਖ੍ਯਾ (ਭੀਖ) ਮੰਗਣ ਦਾ ਭਾਵ। ੨. ਭਿਖ੍ਯਾ ਦਾ ਅੰਨ.

ਭੈਖਜ, ਭੈਖਜਜ: ਦੇਖੋ, ਭੇਖਜ ਅਤੇ ਭੈਖਜਜ.

ਭੈਂਗਾ: ਦੇਖੋ, ਭਵਿੰਗਾ.

ਭੈਚਕ: ਵਿ- ਭੈ ਨਾਲ ਚਕਿਤ (ਹੈਰਾਨ).

ਭੈਜਲ, ਭੈਜਲੁ: ਭੈਦਾਇਕ ਜਲ। ੨. ਭਵਜਲ, ਸੰਸਾਰਸਮੁੰਦਰ "ਭੈ ਤੇ ਭੈਜਲੁ ਲੰਘੀਐ." (ਮਃ ੧. ਵਾਰ ਮਲਾ)

ਭੈਣ, ਭੈਣੁ: ਸੰ. ਭਗਿਨੀ. "ਭੈਣ ਭਾਈ ਸਭਿ ਸਜਣਾ." (ਸ੍ਰੀ ਮਃ ੫. ਪੈਪਾਇ) ੨. ਸੰ. ਭ੍ਰਮਣ. ਚੌਰਾਸੀ ਦਾ ਗੇੜਾ. "ਜਿਸਨੋ ਤੂ

ਰਖਵਾਲਾ ਜਿਤਾ ਤਿਨੈ ਭੈਣੁ." (ਵਾਰ ਰਾਮ ੨. ਮः ੫) ੩. ਸੰ. ਭੁਵਨ. ਜਗਤ। ੪. ਮਰਾ. ਭੇਣੇ. ਡਰ. ਖ਼ੌਫ਼.

ਭੈਤਨਿ ਅਗਨਿ ਭਖੈ ਭੈ ਨਾਲਿ: (ਗਉ ਮः ੧) ਕਰਤਾਰ ਦਾ ਭੈ ਅਗਨਿ ਹੈ ਜੋ ਦੇਹ ਨੂੰ ਭਖਾਉਂਦੀ (ਤਪਾਉਂਦੀ) ਹੈ, ਅਤੇ ਕੁਕਰਮਾਂ ਦਾ ਭੈ ਨਾਲਿ (ਫੂਕਣੀ) ਹੈ.

ਭੈਤ੍ਰਾਸ: ਭਵਤ੍ਰਾਸ. ਦੇਖੋ, ਭੈ ੨.

ਭੈਤ੍ਰਾਸ ਨਾਸ: ਵਿ- ਭਵਤ੍ਰਾਸ ਨਾਸ਼ਕ. ਦੇਖੋ, ਭੈ ੨.

ਭੈਨ, ਭੈਨੜੀ: ਸੰ. ਭਗਿਨੀ. "ਗੁਰਮੁਖਿ ਨਾਮ ਸੁਨਹੁ, ਮੇਰੀ ਭੈਨਾ." (ਆਸਾ ਮः ੪)

ਭੈਨਾਸਨ: ਵਿ- ਭਯ ਨਾਸ਼ ਕਰਤਾ. "ਭੈਨਾਸਨ ਦੁਰਮਤਿਹਰਨ ਕਲਿ ਮੈ ਹਰਿ ਕੋ ਨਾਮ." (ਸ: ਮः ੯)

ਭੈਨਿਰਭਉ: ਭਯ ਤੋਂ ਨਿਰਭੈ। ੨. ਭਵ (ਸੰਸਾਰ) ਤੋਂ ਨਿਰਭੈ। ੪. ਭਵ (ਜਨਮ) ਤੋਂ ਨਿਰਭੈ। ੪. ਦੇਖੋ, ਅਟਲ ੨.

ਭੈਪਾਵਕ: ਭੈਦਾਇਕ ਅਗਨਿ। ੨. ਭਯਾਨਕ ਅਗਨਿ ਸਾਗਰ. "ਭੈਪਾਵਕ ਪਾਰਿ ਪਰਾਨਿਹਾਂ." (ਆਸਾ ਮः ੫)

ਭੈਭਉ: ਭਵ (ਸੰਸਾਰ) ਭੈ। ੨. ਭਯ ਤੋਂ ਭਵ (ਪੈਦਾ ਹੋਇਆ). ਡਰ ਤੋਂ ਉਪਜਿਆ. "ਭੈਭਉ ਭਰਮੁ ਖੋਇਆ ਗੁਰਿਪੂਰੈ." (ਮਾਝ ਮः ੫) ੩. ਜਨਮ ਮਰਨ ਦੀ ਚਿੰਤਾ. "ਭੈਭਉ ਦੂਰਿਪਰਾਇਓ." (ਸਾਰ ਮः ੫) ੪. ਭਯ ਦਾ ਭਾਵ (ਖ਼ਿਆਲ) ਕਰਤਾਰ ਦਾ ਭਯ ਰੱਖਣ ਦਾ ਖ਼ਿਆਲ. "ਭੈਭਉ ਘੜੀਐ ਸਬਦਿ ਸਵਾਰਿ." (ਗਉ ਮः ੧)

ਭੈਭਾਇ: ਭਯ ਅਤੇ ਭਾਵ. ਕਰਤਾਰ ਦਾ ਡਰ ਅਤੇ ਪ੍ਰੇਮ. "ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ." (ਮਾਲੀ ਮः ੪)

ਭੈਭੀਤ: ਭਯ ਦ੍ਵਾਰਾ ਡਰਿਆ ਹੋਇਆ. "ਭੈ ਭੀਤ ਦੂਤਹ."(ਸਹਸ ਮः ੫)

ਭੈ ਭੈਤ੍ਰਾਸ: ਭਵ ਭਵ ਤ੍ਰਾਸ. ਭਵ (ਜਨਮ) ਤੋਂ ਭਵ (ਹੋਇਆ) ਭਯ, ਜਨਮ ਮਰਨ ਤੋਂ ਉਪਜਿਆ ਡਰ। ੨. ਭਯ ਭਵ ਤ੍ਰਾਸ. ਨਰਕਾਦਿ ਦੇ ਭਯ ਤੋਂ ਉਪਜਿਆ ਡਰ. "ਭੈ ਭੈ ਤ੍ਰਾਸ ਭਏ ਹੈਂ ਨਿਰਮਲ, ਗੁਰਮਤਿ ਲਾਗਿ ਲਗਾਵੈਗੋ." (ਕਾਨ ਅः ਮः ੪)

ਭੈਭੰਜਨ: ਦੇਖੋ, ਭਉ ਭੰਜਨ. "ਭੈਭੰਜਨ ਅਘਦੂਖ ਨਾਸ" (ਬਾਵਨ)

ਭੈਮੀ: ਭੀਮ ਰਾਜਾ ਦੀ ਪੁਤ੍ਰੀ, ਦਮਯੰਤੀ. ਨਲ ਦੀ ਇਸਤ੍ਰੀ.

ਭੈਯਾ: ਭਾਈ. ਭ੍ਰਾਤਾ.

ਭੈਯਾਦੂਜ: ਦੇਖੋ, ਭਾਈਦੂਜ ਅਤੇ ਯਮਦੂਜ.

ਭੈਯਾਨ: ਵਿ- ਭਯਾਨ. ਭਯੰਕਰ. "ਗਨੰਤ ਸ੍ਵਾਸਾ ਭੈਯਾਨ ਧਰਮੰ." (ਸਹਸ ਮः ੫) ਭੈਦਾਇਕ ਧਰਮਰਾਜ.

ਭੈਰਉ, ਭੈਰਵ: ਸੰ. ਭੈਰਵ. ਵਿ- ਡਰਾਉਣਾ. ਭੈਦਾਇਕ "ਰਨ ਭੈਰਵ ਭੇਰਿ ਬਜਾਇ ਨਗਾਰੇ." (ਚਰਿਤ੍ਰ ੧) ੨. ਸੰਗਯਾ- ਸ਼ਿਵ. ਰੁਦ੍ਰ. "ਭੈਰਵ ਕਹੂੰ ਠਾਢ ਭੁੰਕਾਰੈ." (ਚਰਿਤ੍ਰ ੪੦੪) ੩. ਰੁਦ੍ਰ ਦਾ ਹੀ ਇੱਕ ਭੇਦ, ਜੋ ਕੁੱਤੇ ਦੀ ਸਵਾਰੀ ਕਰਦਾ ਹੈ. "ਭੈਰਉ ਭੂਤ ਸੀਤਲਾ ਧਵੈ." (ਗੌਂਡ ਨਾਮਦੇਵ) ਪੁਰਾਣਾਂ ਵਿੱਚ ਭੈਰਵ ਦੇ ਅੱਠ ਰੂਪ ਲਿਖੇ ਹਨ-

ਅਸਿਤਾਂਗ, ਸੰਹਾਰ, ਰੁਰੁ, ਕਾਲ, ਕ੍ਰੋਧ, ਤਾਮਚੂੜ, ਚੰਦ੍ਰਚੂੜ ਅਤੇ ਮਹਾਨ੍.[936] "ਕਹੂੰ ਭੈਰਵੀ ਭੂਤ ਭੈਰੋਂ ਬਕਾਰੈ." (ਵਿਚਿਤ੍ਰ) ੪. ਇੱਕ ਰਾਗ, ਜਿਸ ਦੀ ਛੀ ਰਾਗਾਂ ਵਿੱਚ ਗਿਣਤੀ ਹੈ. ਇਹ ਸੰਪੂਰਣਜਾਤਿ ਦਾ ਮਾਰਗੀ (ਮਾਰਗੀਯ) ਹੈ. ਇਸ ਦੇ ਆਲਾਪ ਦਾ ਵੇਲਾ ਪ੍ਰਾਤਹਕਾਲ ਹੈ. ਭੈਰਵ ਦੇ ਸੁਰ ਹਨ- ਰਿਸ਼ਭ ਅਤੇ ਧੈਵਤ ਕੋਮਲ. ਆਰੋਹੀ ਵਿੱਚ ਰਿਸ਼ਭ ਕੋਮਲਤਰ. ਅਰ- ਸ਼ੜਜ

---

[936] ਤੰਤ੍ਰਸਾਰ ਵਿੱਚ ਇਹ ਅੱਠ ਭੈਰਵ ਹਨ-ਅਸਿਤਾਂਗ, ਰੁਰੁ, ਚੰਡ, ਕ੍ਰੋਧ, ਉਨਮੱਤ, ਕਪਾਲੀ, ਭੀਸ਼ਣ ਅਤੇ ਸੰਹਾਰ.

ਗਾਂਧਾਰ ਮੱਧਮ ਪੰਚਮ ਨਿਸ਼ਾਦ ਸ਼ੁੱਧ. ਇਸ ਵਿੱਚ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ.

ਆਰੋਹੀ- ਸ਼ ਰਾ ਗ ਮ ਪ ਧਾ ਨ ਸ਼.

ਅਵਰੋਹੀ- ਸ਼ ਨ ਧਾ ਪ ਮ ਗ ਰਾ ਸ਼

ਧਾ ਧਾ ਪ ਧਾ ਧਾ ਪ ਮ ਗ ਰਾ ਗ ਮ ਗ ਰਾ ਰਾ ਰਾ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਰਾਗਾਂ ਵਿੱਚ ਭੈਰਉ ਦਾ ਚੌਬੀਹਵਾਂ ਨੰਬਰ ਹੈ।[937] ੫. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਆਤਮਗਿਆਨੀ ਅਨੰਨ ਸਿੱਖ ਭਾਈ ਭੈਰੋ, ਜਿਸ ਦੀ ਕਥਾ "ਦਬਿਸ੍ਤਾਨਿ ਮਜ਼ਾਹਬ" ਵਿੱਚ ਆਉਂਦੀ ਹੈ. ਦੇਖੋ, ਨੈਣਾਦੇਵੀ.

ਭੈਰਵੀ: ਸੰ. ਵਿ- ਡਰਾਉਣੀ. ਭੈ ਦੇਣ ਵਾਲੀ। ੨. ਸੰਗਯਾ- ਕਾਲੀ. ਚਾਮੁੰਡਾ।

੩. ਇੱਕ ਰਾਗਿਣੀ, ਜੋ ਸੰਪੂਰਣਜਾਤਿ ਦੀ ਹੈ. ਇਸ ਵਿੱਚ ਸ਼ੜਜ ਮੱਧਮ ਅਤੇ ਪੰਚਮ ਸ਼ੁੱਧ ਹਨ. ਰਿਸ਼ਭ ਗਾਂਧਾਰ ਧੈਵਤ ਅਤੇ ਨਿਸ਼ਾਦ ਕੋਮਲ ਹਨ. ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ. ਪੁਰਾਣੇ ਗ੍ਰੰਥਾਂ ਵਿੱਚ ਵਾਦੀ ਧੈਵਤ ਅਤੇ ਸੰਵਾਦੀ ਗਾਂਧਾਰ ਹੈ. ਦੱਖਣੀ ਗਵੈਯਾਂ ਦੀ ਇਹੀ ਸ਼ੁੱਧ ਟੋਡੀ ਹੈ. ਇਸ ਦੇ ਗਾਉਣ ਦਾ ਵੇਲਾ ਦਿਨ ਦੇ ਪਹਿਲੇ ਦੋ ਪਹਿਰ ਹਨ.

ਭੈਰਵੀਸੁਰੀ: ਭੈਰਵ- ਈਸ਼੍ਵਰੀ. ਭਯਾਨਕ ਦੇਵੀ. ਕਾਲੀ.

ਭੈਰਵੀਚਕ੍ਰ: ਤੰਤ੍ਰਸ਼ਾਸਤ੍ਰ ਅਨੁਸਾਰ ਭੈਰਵੀ ਦੇਵੀ ਦੇ ਪੂਜਕਾਂ ਦਾ ਇਕੱਠਾ ਹੋਇਆ ਮੰਡਲ. ਇਸ ਚਕ੍ਰ ਵਿੱਚ ਬੈਠਣ ਤੋਂ ਜਾਤਿ ਵਰਣ ਭੇਦ ਮਿਟ ਜਾਂਦਾ ਹੈ, ਸਭ ਇੱਕੇ ਪਾਤ੍ਰ ਵਿੱਚ ਮਾਂਸ ਖਾਂਦੇ ਅਤੇ ਸ਼ਰਾਬ ਪੀਂਦੇ ਹਨ.[938]

ਭੈਰੋ: ਦੇਖੋ, ਭੈਰਉ। ੨. ਦੇਖੋ, ਭੈਰਉ ੫. ਅਤੇ ਨੈਣਾਦੇਵੀ.

ਭੈਰੋਆਣਾ: ਰਿਆਸਤ ਕਪੂਰਥਲਾ ਤਸੀਲ ਥਾਣਾ ਸੁਲਤਾਨਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਗਿੱਦੜਪਿੰਡੀ" ਤੋਂ ਦੋ ਮੀਲ ਉੱਤਰ ਹੈ. ਇਸ ਪਿੰਡ ਦੇ ਵਿੱਚ ਹੀ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਭਾਈ ਮਰਦਾਨੇ ਨੂੰ ਨਾਲ ਲੈਕੇ ਇੱਥੇ ਭਾਈ ਫਿਰੰਦੇ ਰਬਾਬੀ ਪਾਸੋਂ ਰਬਾਬ ਲੈਣ ਆਏ ਸਨ. ਮੰਜੀਸਾਹਿਬ ਬਣਿਆ ਹੋਇਆ ਹੈ. ਸਰਾਧਾਂ ਦੀ ਦਸਮੀ ਨੂੰ ਮੇਲਾ ਹੁੰਦਾ ਹੈ. ਗੁਰਦ੍ਵਾਰੇ ਨਾਲ ੩. ਘੁਮਾਉਂ ਜ਼ਮੀਨ ਹੈ. ਪੁਜਾਰੀ ਕੋਈ ਨਹੀਂ, ਪਿੰਡ ਵਾਸੀ ਧੂਪਦੀਪ ਦੀ ਸੇਵਾ ਕਰਦੇ ਹਨ. ਜ਼ਮੀਨ ਦੀ ਜੋ ਆਮਦਨ ਹੁੰਦੀ ਹੈ ਓਹ ਦਸਮੀ ਦੇ ਮੇਲੇ ਪੁਰ ਖਰਚ ਕਰ ਦਿੰਦੇ ਹਨ.

ਭੈਰੋਵਾਲ: ਇਹ ਭਰੋਵਾਲ ਦਾ ਹੀ ਨਾਂਉਂ ਹੈ. ਦੇਖੋ, ਗੁਰੂਆਣਾ ੨.

ਭੈਲਾ: ਵਿ- ਭਯ ਵਾਲਾ. ਭੈਦਾਇਕ. ਡਰਾਵਣਾ. "ਬਡ ਨਾਗ ਤਜਯੋ ਸਭ ਤੇ ਦੁਰਕੈ, ਸੁ ਪ੍ਰਵੇਸ਼ ਭਯੋ ਘਰ ਅੰਤਰ ਭੈਲਾ." (ਗੁਪ੍ਰਸੂ) ੨. ਮਿਲਿਆ. ਸੰਯੁਕ੍ਤ ਹੋਇਆ. ਦੇਖੋ, ਭੇਲ. "ਜਤ੍ਰ ਜਾਉ ਤਤ ਬੀਠਲੁ ਭੈਲਾ." (ਆਸਾ ਨਾਮਦੇਵ) ੩. ਹੈ. ਅਸ੍ਤਿ.

ਭੈੜ: ਸੰਗਯਾ- ਭੈਦਾਇਕ ਕਰਮ. ਮੰਦਤਾ, ਨੀਚਤਾ. ਬੁਰਾਈ.

ਭੈੜਾ: ਵਿ- ਬੁਰਾ. ਨੀਚ. ਮੰਦ.

ਭੋ: ਸੰਗਯਾ- ਭੁਸਾ. ਦੇਖੋ, ਭੁਸ ੨। ੨. ਵ੍ਯ- ਸੰਬੋਧਨ. ਹੇ! ਓ! ਐ! "ਭੋ ਮੱਖਣੀਸਿਖ, ਕਾਨ ਦੈ ਸੁਨਹੁ!" (ਗੁਪ੍ਰਸੂ) ੩. ਭਇਆ. ਹੋਇਆ. ਦੇਖੋ, ਭੂ ਧਾ. "ਪੂਰਨ ਭੋ ਮਨ ਠਉਰ ਬਸੋ." (ਸਵੈਯੇ ਮਃ ੪. ਕੇ) "ਬ੍ਰਹਮਰੂਪ ਨਾਨਕਗੁਰੂ ਕੋ ਅਵਤਾਰ

---

[937] ਹਨੁਮੰਤ ਮਤ ਅਨੁਸਾਰ ਇਹ ਪੰਜ ਸੁਰ ਦਾ ਰਾਗ ਹੈ. ਧੈਵਤ, ਨਿਸਾਦ, ਸੜਜ, ਗਾਂਧਾਰ ਅਤੇ ਮਧਜਮ.

[938] प्रवृत्ते वैरवीचक्रे सर्ववर्णाद्विजातयः
निवृत्ते भैरवीचक्रे सर्ववर्णाः पृथक् पृथक् ॥१॥ (ਤੰਤਸ਼ਾਸਤ੍ਰ)

ਭੋ." (ਸ਼ੇਖਰ)

ਭੋਂ: ਸੰਗਯਾ- ਭੂ. ਭੂਮਿ. ਪ੍ਰਿਥਿਵੀ. ਜ਼ਮੀਨ.

ਭੋਆ: ਸੰਗਯਾ- ਭੁਲੇਖਾ. ਭ੍ਰਮ। ੨. ਵਿ- ਮਿਲਿਆ ਹੋਇਆ। ੩. ਭਿਗੋਇਆ. ਭਿੱਜਿਆ.

ਭੋਇ: ਸੰਗਯਾ- ਭੋ. ਭੂਸਾ। ੨. ਕ੍ਰਿ. ਵਿ- ਭਿਗੋਕੇ. ਤਰ ਕਰਕੇ। ੩. ਮਿਲਾਕੇ। ੪. ਭੋਜ ਸ਼ਬਦ ਦਾ ਪੰਜਾਬੀ ਵਿੱਚ ਰੂਪਾਂਤਰ.

ਭੋਈ: ਭਿਗੋਈ. ਤਰ ਕੀਤੀ। ੨. ਮਿਲਾਈ ਹੋਈ. ਮਿਲੀ. "ਅਚਹਿਂ ਸ੍ਵਾਦ ਰਸਭੋਈ." (ਗੁਪ੍ਰਸੂ) ੩. ਸੰਗਯਾ- ਪਾਲਕੀ ਚੁੱਕਣ ਵਾਲਾ ਕਹਾਰ. "ਭੋਈ ਮੇਠ ਮਹਾਵਤ ਮੀਰਾ." (ਭਾਗੁ)

ਭੋਂਸਲੇ: ਮਹਾਰਾਸ਼ਟ੍ਰ (ਮਰਹਟਾ) ਭੋਂਸਾ ਜੀ ਤੋਂ ਚੱਲੀ ਹੋਈ ਵੰਸ਼. ਪ੍ਰਤਾਪੀ ਸ਼ਿਵਾ ਜੀ ਇਸੇ ਕੁਲ ਦਾ ਭੂਸ਼ਣ ਸੀ. ਕਈ ਇਸ ਦਾ ਉੱਚਾਰਣ ਭੌਂਸਲੇ ਕਰਦੇ ਹਨ.

ਭੋਹਰ, ਭੋਹਰਾ: ਭੂ- ਗ੍ਰਹ. ਜ਼ਮੀਨ ਖੋਦਕੇ ਬਣਾਇਆ ਹੋਇਆ ਘਰ. ਭੌਰਾ. ਗੁਫਾ. "ਤਬ ਪਰੀ ਸੂੰਕ ਭੋਹਰ ਮਝਾਰ." (ਕਲਕੀ) ਕਲਕੀ ਅਵਤਾਰ ਦੇ ਪ੍ਰਗਟ ਹੋਣ ਸਮੇ ਭੋਰੇ ਵਿੱਚੋਂ ਸ਼ੋਰ ਹੋਇਆ. "ਯੌ ਕਹਿ ਪਤਿਂਹ ਭੋਹਰੇ ਦੀਨੋ." (ਚਰਿਤ੍ਰ ੯੬)

ਭੋਖੜਾ: ਦੇਖੋ, ਭੱਖੜਾ.

ਭੋਖੜੀ: ਦੇਖੋ, ਭੁਖੜੀ। ੨. ਰਾਜ ਫਰੀਦਕੋਟ ਵਿੱਚ ਥਾਣਾ ਨੇਹੀਆਂਵਾਲੇ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੋਨੇਆਣੇ ਤੋਂ ਤਿੰਨ ਮੀਲ ਪੂਰਵ ਹੈ. ਇਸ ਪਿੰਡ ਤੋਂ ਇੱਕ ਫਰਲਾਂਗ ਚੜ੍ਹਦੇ ਵੱਲ ਗੁਰੂ ਹਰਿਰਾਇ ਸਾਹਿਬ ਅਤੇ ਗੁਰੂ ਗੋਬਿੰਦਸਿੰਘ ਸਾਹਿਬ ਦਾ ਇੱਕੋ ਗੁਰਦ੍ਵਾਰਾ ਹੈ. ਕੇਵਲ ਮੰਜੀਸਾਹਿਬ ਬਣਿਆ ਹੋਇਆ ਹੈ. ਗੁਰਦ੍ਵਾਰੇ ਨਾਲ ੧੮. ਘੁਮਾਉਂ ਜ਼ਮੀਨ ਹੈ. ਪੁਜਾਰੀ ਸਿੰਘ ਹੈ. ਦੇਖੋ, ਜੈਦ ਪਰਾਣਾ.

ਭੋਗ: ਸੰਗਯਾ- ਸਮਾਪਤਿ. ਅੰਤ. "ਜਬਹਿ ਗ੍ਰੰਥ ਕੋ ਪਾਯੋ ਭੋਗ." (ਗੁਪ੍ਰਸੂ) ੨. ਸੰ. (ਭੁਜ੍ ਧ- ਝੁਕਣਾ, ਆਨੰਦ ਲੈਣਾ, ਭੋਗਣਾ (ਖਾਣਾ), ਸੁੱਖ ਦੁੱਖ ਦਾ ਅਨੁਭਵ ਕਰਨਾ। ੩. ਇੰਦ੍ਰੀਆਂ ਕਰਕੇ ਗ੍ਰਹਿਣ ਕਰੇ ਪਦਾਰਥਾਂ ਤੋਂ ਉਪਜਿਆ ਆਨੰਦ. "ਭੋਗਹਿ ਭੋਗ ਅਨੇਕ, ਵਿਣੁ ਨਾਵੈ ਸੁੰਞਿਆ." (ਆਸਾ ਮਃ ੫) ੪. ਇਸਤ੍ਰੀ ਪੁਰਖ ਦਾ ਸੰਗਮ. ਮੈਥੁਨ। ੫. ਸੱਪ ਦਾ ਫਣ. "ਦੂਰ ਪਰਜੋ ਮ੍ਰਿਤ ਭੋਗ ਪਸਾਰਕੈ." (ਗੁਪ੍ਰਸੂ) ੬. ਧਨ। ੭. ਸੁਖ. ਆਨੰਦ। ੮. ਭੋਜਨ. "ਜਿਉ ਮਹਾ ਖਧਿਆਰਥਿ ਭੋਗ." (ਬਿਲਾ ਅਃ ਮਃ ੫) ੯. ਦੇਹ. ਸ਼ਰੀਰ। ੧੦. ਦੇਵਤਾ ਨੂੰ ਅਰਪਿਆ ਪ੍ਰਸਾਦ.

ਭੋਗਈ: ਭੋਗਦਾ ਹੈ। ੨. ਆਨੰਦ ਅਨੁਭਵ ਕਰਦਾ ਹੈ. "ਭੁੰਚੈ ਭੋਗਈ." (ਵਾਰ ਰਾਮ ੨. ਮਃ ੫)

ਭੋਗ ਸੋਨ: ਮਾਇਆ ਦੇ ਭੋਗ. ਦੇਖੋ, ਸੋਨ ੩.

ਭੋਗਣਾ: ਕ੍ਰਿ- ਆਨੰਦ ਲੈਣਾ। ੨. ਪਦਾਰਥ ਦਾ ਰਸ ਲੈਣਾ. ਖਾਣਾ ਪੀਣਾ। ੩. ਦੇਖੋ, ਭੋਗ। ੪. ਸਹਾਰਨਾ. ਸਹਿਣਾ। ੫. ਸੁਖ ਦੁਖ ਦਾ ਅਨੁਭਵ ਕਰਨਾ. "ਮਹਾਂ ਦੁਖ ਭੋਗਤ." (ਗੁਪ੍ਰਸੂ)

ਭੋਗਤਾ: ਸੰ. ਭੋਕ੍ਤਾ. ਵਿ- ਭੋਜਨ ਕਰਨ ਵਾਲਾ। ੨. ਭੋਗਣ ਵਾਲਾ। ੨. ਸੰਗਯਾ- ਪਤਿ. ਭਰਤਾ.

ਭੋਗਨਾ: ਦੇਖੋ, ਭੋਗਣਾ.

ਭੋਗਨੀ: ਸੰਗਯਾ- ਭੋਗਣ ਯੋਗਯ ਪਦਾਰਥ। ੨. ਇਸਤ੍ਰੀ ਰਮਣੀ.

ਭੋਗਵਤੀ: ਸੰ. ਸੰਗਯਾ- ਨਾਗਾਂ ਦੀ ਪੁਰੀ, ਜੋ ਪੁਰਾਣਾਂ ਅਨੁਸਾਰ ਪਾਤਾਲ ਵਿੱਚ ਭੋਗਵਤੀ ਨਦੀ ਦੇ ਕਿਨਾਰੇ ਹੈ. "ਭੋਗਵਤੀ ਸੁਰਪੁਰਿ ਪਿਖ ਲਾਜੇ." (ਗੁਪ੍ਰਸੂ) ੨. ਪਾਤਾਲਗੰਗਾ. ਦੇਖੋ, ਤ੍ਰਿਪਥਗਾ.

ਭੋਗਾ: ਸੰ. भोक्तृ. ਭੋਕ੍ਤਿ. ਭੋਗਣ ਵਾਲਾ. ਭੋਕ੍ਤਾ. "ਆਪਿ ਨਿਰਬਾਣੀ, ਆਪੇ ਭੋਗਾ." (ਮਾਝ ਮਃ ੫) ੨. ਭੋਗ ਦਾ ਬਹੁਵਚਨ.

ਭੋਗਾਣੀ: ਭੋਗਣ ਲਈ. ਭੋਗਣ ਵਾਸਤੇ, "ਅੰਨੁ ਖਾਣਾ ਕਪੜੁ ਪੈਨਣੁ ਦੀਆ, ਰਸ ਅਨਿ ਭੋਗਾਣੀ." (ਗਉ ਮਃ ੪) ਅਨਿ (ਅਨ੍ਯ- ਹੋਰ) ਰਸ ਭੋਗਣ ਲਈ.

ਭੋਗਾਤੀਤ: ਵਿ- ਭੋਗਾਂ ਤੋਂ ਅਤੀਤ. ਭੋਗਾਂ ਤੋਂ ਉਪਰਾਮ. ਭੋਗਤ੍ਯਾਗੀ.

ਭੋਗਾਯਤਨ: ਸੰ. ਸੰਗ੍ਯਾ- ਭੋਗਾਂ ਦਾ ਆਯਤਨ (ਘਰ), ਦੇਹ. ਸ਼ਰੀਰ, ਜੋ ਭੋਗਾਂ ਦਾ ਆਸਾਰ ਹੈ.

ਭੋਗਿ: ਭੋਗਕੇ। ੨. ਭੋਗ ਵਿੱਚ. "ਤਨੁ ਮਨੁ ਰਤਾ ਭੋਗਿ." (ਮਃ ੧. ਵਾਰ ਸਾਰ) ੩. ਦੇਖੋ, ਭੋਗੀ.

ਭੋਗੀ: ਸੰ. भोगिन्. ਵਿ- ਭੋਗਣ ਵਾਲਾ. ਭੋਗਾਂ ਦਾ ਆਨੰਦ ਲੈਣ ਵਾਲਾ. "ਭੋਗੀ ਕਉ ਦੁਖ ਰੋਗ ਵਿਆਪੈ." (ਬਸੰ ਅਃ ਮਃ ੧) ੨. ਸੰਗ੍ਯਾ- ਰਾਜਾ। ੩. ਸੱਪ. ਭੋਗ (ਫਣ) ਵਾਲਾ. "ਭੋਗੀ ਲਖ ਬਡ ਭੋਗਾਕਾਰਾ." (ਨਾਪ੍ਰ) ਸਰਪ ਦੇਖਿਆ ਜਿਸ ਦੇ ਭੋਗ (ਫਣ) ਦਾ ਵਡਾ ਆਕਾਰ ਹੈ.

ਭੋਗੀਆ: ਵਿ- ਭੋਗਣ ਵਾਲਾ. ਭੋਗੀ. "ਜੋਗੀ ਅੰਦਰਿ ਜੋਗੀਆ, ਤੂੰ ਭੋਗੀ ਅੰਦਰਿ ਭੋਗੀਆ." (ਸ੍ਰੀ ਮਃ ੧) ੨. ਦੇਖੋ, ਭੋਗੀ ੩.

ਭੋਗੀਸਰੁ, ਭੋਗੀਸੁਰ: ਭੋਗੀਆਂ ਦਾ ਈਸ਼੍ਵਰ. ਮਹਾਨ ਭੋਗੀ.

ਭੋਗੁ: ਦੇਖੋ, ਭੋਗ ੬. ਅਤੇ ੮. "ਦੇਦਾ ਰਹੈ, ਨ ਚੂਕੈ ਭੋਗੁ." (ਸੋਦਰੁ)

ਭੋਗ੍ਯ: ਸੰ. ਵਿ- ਭੋਗਣ ਯੋਗ੍ਯ। ੨. ਸੰਗ੍ਯਾ- ਧਨ। ੩. ਅੰਨ.

ਭੋਛਣ, ਭੋਛਨ: ਪ੍ਰੋਂਛਨਪਟ. ਸ਼ਰੀਰ ਪੂੰਝਣ ਦਾ ਵਸਤ੍ਰ. ਤੌਲੀਆ. ਪਰਨਾ। ੨. ਇਸਤ੍ਰੀਆਂ ਦੇ ਸਿਰ ਓਢਣ ਦਾ ਵਸਤ੍ਰ.

ਭੋਜ: ਭੁਜ੍ ਧਾ ਭੋਗਣਾ, ਖਾਣਾ। ੨. ਭੋਜ੍ਯ (ਗ਼ਿਜ਼ਾ- ਭੋਜਨ) ਦੀ ਥਾਂ ਭੀ ਭੋਜ ਸ਼ਬਦ ਆਇਆ ਹੈ. "ਨਮੋ ਭੋਜ ਭੋਜ." (ਜਾਪੁ) "ਭਲੇ ਭੋਜ ਦੀਨੇ." (ਗੁਵਿ ੧੦) ੩. ਸੰ. ਭੋਜ. ਵਿ- ਉਦਾਰ। ੪. ਸੰਗ੍ਯਾ- ਭਾਗਲਪੁਰ ਦੇ ਆਸ ਪਾਸ ਦਾ ਦੇਸ਼

੫. ਪ੍ਰਤਿਹਾਰਵੰਸ਼ੀ ਰਾਮਭਦ੍ਰਦੇਵ ਦਾ ਪੁਤ੍ਰ. ਇਸ ਦਾ ਨਾਮ "ਮਿਹਰ" ਸੀ, ਅਤੇ ਉਪਾਧੀ (ਪਦਵੀ) ਭੋਜ ਸੀ. ਇਸ ਨੇ ਸਨ ੮੪੦ ਤੋਂ ੮੯੦ ਤੀਕ ਕਨੌਜ ਵਿੱਚ ਰਾਜ ਕੀਤਾ.[939] ਮਿਹਰ ਦੇ ਪੁਤ੍ਰ ਮਹੇਂਦ੍ਰਪਾਲ ਨੇ ਸਨ ੮੯੦ ਤੋਂ ੯੦੮ ਤੀਕ ਰਾਜ ਕੀਤਾ

੬. ਪ੍ਰਮਰਗੋਤ੍ਰ ਦਾ ਭੂਸ਼ਣ ਮਾਲਵੇ ਦੀ ਪ੍ਰਸਿੱਧ ਨਗਰੀ ਧਾਰਾ ਦਾ ਰਾਜਾ, ਜੋ ਸੰਸਕ੍ਰਿਤ ਦਾ ਮਹਾਨ ਪੰਡਿਤ ਅਤੇ ਅਨੇਕ ਗ੍ਰੰਥਾਂ ਦਾ ਕਰਤਾ ਹੋਇਆ ਹੈ. ਇਹ ਸਨ ੧੦੧੮ ਵਿੱਚ ਗੱਦੀ ਬੈਠਾ ਅਤੇ ਸਨ ੧੦੬੦ ਵਿੱਚ ਮੋਇਆ. ਭੋਜ ਦੇ ਪਿਤਾ ਦਾ ਨਾਮ ਸਿੰਧੁਲ, ਮਾਤਾ ਦਾ ਨਾਮ ਸਾਵਿਤ੍ਰੀ ਅਤੇ ਇਸਤ੍ਰੀ ਦਾ ਨਾਮ ਲੀਲਾਵਤੀ ਸੀ. ਦੇਖੋ, ਮੁੰਜ। ੭. ਵਿੰਧ੍ਯ ਦੇ ਆਸ ਪਾਸ ਰਹਿਣ ਵਾਲੀ ਇੱਕ ਜਾਤਿ.

ਭੋਜਕ, ਭੋਜਕੀ: ਦੁਰਗਾ ਦੇ ਪੁਜਾਰੀ. ਭਵਿਸ਼੍ਯਪੁਰਾਣ ਵਿੱਚ ਲਿਖਿਆ ਹੈ ਕਿ ਕ੍ਰਿਸ਼ਨ ਜੀ ਦੇ ਪੁਤ੍ਰ ਸ਼ਾਂਬ ਨੇ ਇੱਕ ਮੰਦਿਰ ਵਿੱਚ ਸੂਰਜ ਦੀ ਮੂਰਤੀ ਥਾਪਕੇ ਸ਼ਾਕਦ੍ਵੀਪ ਤੋਂ ਮਗ ਜਾਤਿ ਦੇ ਬ੍ਰਾਹਮਣ ਪੂਜਾ ਲਈ ਲਿਆਂਦੇ. ਉਨ੍ਹਾਂ ਬ੍ਰਾਹਮਣਾਂ ਨੇ ਯਾਦਵ ਜਾਤਿ ਦੀ ਕਨ੍ਯਾ ਨਾਲ ਵਿਆਹ ਕਰਕੇ ਜੋ ਸੰਤਾਨ ਪੈਦਾ ਕੀਤੀ, ਉਸ ਦੀ "ਭੋਜਕ" ਸੰਗ੍ਯਾ ਹੋਈ, ਜਿਸ ਤੋਂ ਭੋਜਕੀ ਕੁਲ ਚੱਲੀ। ੨. ਜ੍ਵਾਲਾਮੁਖੀ ਅਤੇ ਨੈਨਾਦੇਵੀ ਦੇ ਨਾਈ ਭੀ ਆਪਣੇ ਤਾਈਂ ਭੋਜਕੀ ਆਖਦੇ ਹਨ.

ਭੋਜਨ: ਸੰਗ੍ਯਾ- ਖਾਣ ਯੋਗ੍ਯ ਪਦਾਰਥ. (ਭੁਜ੍ ਧਾ) ਭੋਗਣਾ, ਖਾਣਾ. "ਭੋਜਨ ਭਾਉ ਨ ਠੰਢਾ ਪਾਣੀ." (ਵਡ ਅਲਾਹਣੀ ਮਃ ੧) ਵਿਦ੍ਵਾਨਾਂ ਨੇ ਭੋਜਨ ਦੇ ਭੇਦ ਪੰਜ ਲਿਖੇ ਹਨ-

(ੳ) ਭਕ੍ਸ਼੍ਯ, ਜੋ ਦੰਦ ਦਾੜ੍ਹਾਂ ਦੀ ਸਹਾਇਤਾ ਨਾਲ ਖਾਧਾ ਜਾਵੇ.

(ਅ) ਭੋਜ੍ਯ, ਜੋ ਕੇਵਲ ਦਾੜ੍ਹਾਂ ਦੀ ਸਹਾਇਤਾ ਨਾਲ ਖਾਧਾ ਜਾਵੇ.

---

[939] ਦੇਵਗੜ੍ਹ ਦੇ ਸ਼ਿਲਾਲੇਖਾਂ ਦੇ ਆਧਾਰ ਤੇ ਕਿਤਨਿਆਂ ਨੇ ਇਸ ਦਾ ਰਾਜ, ਸਨ ੮੬੨ ਤੋਂ ੮੮੩ ਤਕ ਲਿਖਿਆ ਹੈ.

(ੲ) ਲੇਹਜ, ਜੋ ਜੀਭ ਨਾਲ ਚੱਟਿਆ ਜਾਵੇ,

(ਸ) ਪੇਯ, ਜੋ ਪੀਤਾ ਜਾਵੇ.

(ਹ) ਚੋਸ਼ਜ, ਜੋ ਚੂਸਿਆ ਜਾਵੇ. ਜਿਸ ਦਾ ਰਸ ਚੂਸਕੇ ਫੋਗ ਥੁੱਕਿਆ ਜਾਵੇ.[940] ਦੇਖੋ, ਛਤੀਹ ਅੰਮ੍ਰਿਤ.

ਵਿਦ੍ਵਾਨਾਂ ਨੇ ਭੋਜਨ ਦੇ ਤਿੰਨ ਭੇਦ ਹੋਰ ਭੀ ਕੀਤੇ ਹਨ- ਸਾਤਿਕ, ਰਾਜਸਿਕ ਅਤੇ ਤਾਮਸਿਕ. ਚਾਵਲ ਦੁੱਧ ਘੀ ਸਾਗ ਜੌਂ ਆਦਿਕ ਸਾਤ੍ਵਿਕ ਹਨ. ਖੱਟੇ ਚਰਪਰੇ ਮਸਾਲੇਦਾਰ ਰਾਜਸਿਕ ਹਨ. ਬੇਹੇ ਬੁਸੇਹੋਏ ਅਤੇ ਰੁੱਖੇ ਤਾਮਸਿਕ ਹਨ.

ਭੋਜਨ ਬਿੰਜਨ: ਰੋਟੀ ਅਤੇ ਲਾਉਣ ਦੇਖੋ, ਬਿੰਜਨ ੨. "ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ." (ਧਨਾ ਮਃ ੫) "ਨਚ ਦੁਰਲਭੰ ਭੋਜਨੰ. ਬਿਜਨੰ." (ਸਹਸ ਮਃ ੫)

ਭੋਜਪਤ੍ਰ: ਸੰ. ਭੂਜੰਪਤ੍ਰ. ਭੋਜ (ਭੂਜੰ- Birch) ਬਿਰਛ ਦਾ ਛਿਲਕਾ, ਜੋ ਕਾਗਜ ਜੇਹਾ ਹੁੰਦਾ ਹੈ. ਪੁਰਾਣੇ ਜ਼ਮਾਨੇ ਇਸ ਪੁਰ ਗ੍ਰੰਥ ਲਿਖੇ ਜਾਂਦੇ ਸਨ. ਭੁਜੰ ਬਿਰਛ ਬਰਵਾਨੀ ਪਹਾੜਾਂ ਵਿੱਚ ੧੪੦੦੦ ਫੁਟ ਦੀ ਬਲੰਦੀ ਤਕ ਪਾਇਆ ਜਾਂਦਾ ਹੈ. ਤੰਤ੍ਰਸ਼ਾਸਤ੍ਰ ਵਿੱਚ ਭੋਜਪਤ੍ਰ ਪੁਰ ਮੰਤ੍ਰ ਲਿਖਣਾ ਉੱਤਮ ਮੰਨਿਆ ਹੈ.

ਭੋਜ ਭੋਜ: ਗਿਜਾ ਦੀ ਗਿਜਾ. ਭੋਜਨ ਨੂੰ ਭੀ ਆਧਾਰਦਾਤਾ ਕਰਨ ਵਾਲਾ. ਦੇਖੋ, ਭੋਜ. ੨.

ਭੋਜਵਿਦਯਾ: ਜਾਦੂਗਰੀ. ਇੰਦ੍ਰਜਾਲ ਦੀ ਵਿਦਯਾ. ਇਹ ਕਥਾ ਪ੍ਰਚਲਿਤ ਹੈ ਕਿ ਰਾਜਾ ਭੋਜ ਨੇ ਇਸ ਵਿਦਯਾ ਦਾ ਬਹੁਤ ਪ੍ਰਚਾਰ ਕੀਤਾ ਸੀ.

ਭੋਜਯ: ਸੰ. ਵਿ- ਖਾਣ ਯੋਗਯ। ੨. ਸੰਗਯਾ- ਖਾਣ ਯੋਗਯ ਪਦਾਰਥ. ਗਿਜਾ.

ਭੋਟ: ਸੰ. ਸੰਗਯਾ- ਤਿੱਬਤ. ਤ੍ਰਿਵਿਸ਼੍ਟਪ। ੨. ਭੁਟਾਨ ਦੇਸ਼.

ਭੋਟਾਂਗ: ਦੇਖੋ, ਭੂਟਾਨ.

ਭੋਟੀ: ਭੋਟ (ਤਿੱਬਤ) ਦਾ ਵਸਨੀਕ, ਭੋਟੀਯ। ੨. ਭੂਟਾਨ ਨਿਵਾਸੀ। ੩. ਹਿਮਾਲਯ ਦੀ ਇੱਕ ਨਦੀ, ਜੋ ਬਦਰੀਨਾਰਾਯਣ ਦੇ ਆਸ਼੍ਰਮ ਨੂੰ ਜਾਂਦੇ ਰਸਤੇ ਵਿੱਚ ਆਉਂਦੀ ਹੈ. ਇਸ ਦਾ ਸੰਗਮ ਅਲਕਨੰਦਾ ਨਦੀ ਨਾਲ ਹੁੰਦਾ ਹੈ.

ਭੋਡਰ, ਭੋਂਡਰ, ਭੋਡਲ: ਸੰਗਯਾ- ਅਬਰਕ. ਦੇਖੋ, ਅਭ੍ਰਕ.

ਭੋਡਾ: ਵਿ- ਭੱਦਾ. ਬਦਸ਼ਕਲ। ੨. ਜਿਸ ਦੇ ਸਿਰ ਦਾ ਭੱਦਣ ਹੋਇਆ ਹੈ. ਰੋਡਾ. "ਭੋਡਾ ਸਿਖ ਮੈ ਤੁਮਰਾ ਭਯੋ," (ਪੰਪ੍ਰ)

ਭੋਂਡੀ: ਭੱਦੀ. ਭੈੜੀ. "ਭੋਂਡੀ ਕਾਰ ਕਮਾਈ." (ਪ੍ਰਭਾ ਮਃ ੧)

ਭੋਤਨਾ: ਦੇਖੋ, ਭੂਤਨਾ.

ਭੋਥਾ: ਸੰਗਯਾ- ਤੇੜ ਲਪੇਟੀ ਚਾਦਰ, ਜਿਸ ਦਾ ਸਿਰਾ ਜੰਘਾਂ ਦੇ ਵਿੱਚਦੀਂ ਧੋਤੀ ਵਾਂਗ ਪਿੱਛੇ ਨਾ ਟੰਗਿਆ ਹੋਵੇ. ਤਹਮਤ. ਲਾਂਗੜ.

ਭੋਪਾਲੀ: ਇਹ ਕਲਯਾਣ ਠਾਟ ਦੀ ਔੜਵ ਰਾਗਿਣੀ ਹੈ. ਮੱਧਮ ਅਤੇ ਨਿਸ਼ਾਦ ਵਰਜਿਤ ਹਨ. ਸਾਰੇ ਸੁਰ ਸ਼ੁੱਧ ਲਗਦੇ ਹਨ. ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਹੈ. ਗਾਉਣ ਦਾ ਵੇਲਾ ਰਾਤ ਦਾ ਪਹਿਲਾ ਪਹਰ ਹੈ.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਹ ਕਲਿਆਨ ਦੇ ਨਾਲ ਹੀ ਮਿਲਾਕੇ ਲਿਖੀ ਹੈ, ਕਿਉਂਕਿ. ਇਹ ਕਲਿਆਨ ਦੀ ਹੀ ਇੱਕ ਜਾਤਿ

---

[940] ਭਾਵਪ੍ਰਕਾਸ਼ ਵਿੱਚ ਛੀ ਪ੍ਰਕਾਰ ਦੇ ਆਹਾਰ ਹਨ-
आहारं पाडिवधं चांप्यं पय सक्ष्र तथैवच।
भोज्यें भक्ष्यं तथा चर्य्यं गुरु विचात् यथोतग्म॥

ਹੈ. ਦੇਖੋ, ਕਲਿਆਨ ਵਿੱਚ ਸ਼੍ਰੀ ਗੁਰੂ ਰਾਮਦਾਸਸਾਹਿਬ ਜੀ ਦਾ ਸ਼ਬਦ- "ਪਾਰਬ੍ਰਹਮ ਪਰਮੇਸੁਰ ਸੁਆਮੀ ਦੂਖਨਿਵਾਰਣੁ ਨਾਰਾਇਣੇ." ××

ਭੋਮ: ਸੰ. ਭੂਮਿ. ਪ੍ਰਿਥਿਵੀ. "ਆਨੰਦਮਾਨ ਸਭ ਭਈ. ਭੋਮ." (ਦੱਤਾਵ) ੨. ਦੇਖੋ, ਭੌਮ.

ਭੋਂਮਿਣਤੀ: ਕ੍ਸ਼ੇਤ੍ਰਮਿਤਿ. ਮਸਾਹਤ. Mensuration.

ਭੋਰ: ਸੰਗ੍ਯਾ- ਭੁਨਸਾਰ. ਪ੍ਰਭਾਤ. "ਭੋਰ ਭਇਆ ਬਹੁਰਿ ਪਛਤਾਨੀ." (ਆਸਾ ਮਃ ੫) ਭਾਵ ਮਰਨ ਦਾ ਵੇਲਾ ਹੋਇਆ। ੨. ਦੇਖੋ, ਭੋਰਾ, ਭੋਲਾ. "ਸਰਬ ਭਾਂਤ ਮਹਿਂ ਭੋਰ ਸੁਭਾਉ." (ਗੁਪ੍ਰਸੂ) ੩. ਭ੍ਰਮ. ਭੁਲੇਖਾ ਭੁਲਾਵਾ. "ਭੋਰ ਭਰਮ ਕਾਟੇ ਪ੍ਰਭੁ ਸਿਮਰਤ." (ਕਾਨ ਮਃ ੫)

ਭੋਰਣਾ: ਕ੍ਰਿ- ਭੋਰਾ ਭੋਰਾ ਕਰਨਾ. ਕਣ ਕਣ. ਤੋੜਨਾ.

ਭੋਰਾ: ਵਿ ਸਾਦਾ. ਭੋਲਾ. "ਬਾਵਰੇ ਕਹਾਵੈ ਭੋਰਾ." (ਭਾਗੁ ਕੇ) ਦੇਖੋ, ਭੋਰੇ ਭੋਰੇ। ੨. ਦੇਖੋ, ਭੋਰ ੧. "ਨਿਸਿ ਕਹੀਐ ਤਉ ਸਮਝੈ ਭੋਰਾ." (ਸੁਖਮਨੀ) ੩. ਤਨਿਕਮਾਤ੍ਰ. ਜਰਾ. ਥੋੜਾ. "ਕਹਨੁ ਨ ਜਾਇ ਭੋਰਾ." (ਬਿਲਾ ਮਃ ੫) "ਕਿਛੁ ਸਾਥ ਨ ਚਾਲੈ ਭੋਰਾ." (ਗੂਜ ਮਃ ੫) ੪. ਭੂਮਿਗ੍ਰਹ ਤਹਖ਼ਾਨਾ. ਗੁਫਾ. ਦੇਖੋ, ਭੋਰਾਸਾਹਿਬ। ੫. ਭੁਲੇਖਾ. ਭ੍ਰਮ "ਆਦਿਕ ਕੇ ਬਿਖ ਚਾਬਤ ਭੋਰੈਂ." (ਕ੍ਰਿਸਨਾਵ) ਮਿੱਠੇ ਤੇਲਇ ਦੀ ਗੱਠੀ ਨੂੰ ਅਦਰਕ ਦੇ ਭੁਲੇਖੇ ਚੱਬਦਾ ਹੈ.

ਭੋਰਾਸਾਹਿਬ: ਬਕਾਲੇ ਨਗਰ ਵਿੱਚ ਉਹ ਗੁਫਾ, ਜਿਸ ਅੰਦਰ ਸ਼੍ਰੀ ਗੁਰੂ ਤੇਗਬਹਾਦਰ ਸਾਹਿਬ ਬੈਠਕੇ ਨਾਮ ਸਿਮਰਣ ਕਰਦੇ ਸਨ. ਦੇਖੋ, ਬਕਾਲਾ। ੨. ਦੇਖੋ, ਆਨੰਦਪੁਰ ਅੰਗ ੯.

ਭੋਰਾਹਾ: ਭੁਰਨ ਵਾਲਾ. ਜੀਰਣ (ਪੁਰਾਣਾ) ਹੋਕੇ ਬਿਖਰਜਾਣ ਵਾਲਾ. "ਜੈਸੇ ਬਸਤਰ ਦੇਹ ਓਢਾਨੈ, ਦਿਨ ਦੋਇ ਚਾਰ ਭੋਰਾਧਾ." (ਆਸਾ ਮਃ ੫)

ਭੋਰੀ: ਤਨਿਕਮਾਤ੍ਰ. ਕਣਭਰ. ਦੇਖੋ, ਭੋਰਾ ੩. "ਇਕ ਭੋਰੀ ਨਦਰਿ ਨਿਹਾਲੀਐ." (ਮਾਝ ਮਃ ੫) "ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ." (ਆਸਾ ਮਃ ੫) ੨. ਭੋਲੀ ਸਿੱਧੀ ਸਾਦੀ। ੩. ਭੋਰ ਹੀ. ਪ੍ਰਾਤਹਕਾਲ ਹੀ. "ਸਤਿਗੁਰੁ ਮਤਿ ਚਿਤਵੈ ਫਲ ਭੋਰੀ." (ਗੁਪ੍ਰਸੂ)

ਭੋਰੇ ਭੋਰੇ: ਭੋਲੇ ਅਤੇ ਭੁੱਲੇ ਹੋਏ. "ਭੋਰੇ ਭੋਰੇ ਰੂਹੜੇ." (ਮਃ ੫. ਵਾਰ ਮਾਰੂ ੨)

ਭੋਰੈ: ਭੋਰ ਹੋਵੇ. ਪਹ ਫਟੇ. "ਰੈਣਿ ਅੰਧਾਰੀ ਕਾਰੀਆ, ਕਵਨ ਜੁਗਤਿ ਜਿਤੁ ਭੋਰੈ?" (ਗਉ ਮਃ ੫) ਭਾਵ- ਗ੍ਯਾਨ ਦਾ ਪ੍ਰਕਾਸ਼ ਹੋਵੇ.

ਭੋਰੈਂ: ਭ੍ਰਮ ਸੇ. ਭੁਲੇਖੇ ਨਾਲ. ਦੇਖੋ, ਭੋਰਾ ੫.

ਭੋਲ: ਭੁੱਲ. ਭੂਲ. ਖ਼ਤ਼ਾ.

ਭੋਲਸਿਰੀ, ਭੋਲ ਸ਼੍ਰੀ: ਸੰਗ੍ਯਾ- ਕਣੇਰ, ਦੇਖੋ, ਕਨੇਰ. "ਭੋਲ ਸਿਰੀ ਗੁਲਲਾਲ ਗੁਲਾਬ." (ਕ੍ਰਿਸਨਾਵ) ੨. ਸੰਪੂਰਣਜਾਤਿ ਦੀ ਇੱਕ ਰਾਗਿਣੀ. ਇਸ ਨੂੰ ਸ਼ੜਜ ਪੰਚਮ ਧੈਵਤ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਅਤੇ ਗਾਂਧਾਰ ਕੋਮਲ, ਮੱਧਮ ਸ਼ੁੱਧ ਅਤੇ ਤੀਵ੍ਰ ਲਗਦੇ ਹਨ. ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ. ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ. ਇਸ ਦਾ ਨਾਉਂ ਦਸਮਗ੍ਰੰਥ ਦੇ ਕ੍ਰਿਸਨਾਵਤਾਰ ਵਿੱਚ ਆਇਆ ਹੈ.

ਭੋਲਤਣ: ਸੰਗ੍ਯਾ- ਭੋਲਾਪਨ। ੨. ਭੁਲੇਖਾ। ੩. ਭੁੱਲਜਾਣ ਦਾ ਭਾਵ.

ਭੋਲਤਣਿ: ਸੰਗ੍ਯਾ- ਵਿਸਮਰਣ (ਭੁਲਾਦੇਣ) ਤੋਂ "ਭੋਲਤਣਿ ਭੈ ਮਨਿ ਵਸੈ." (ਮਃ ੧. ਵਾਰ ਮਾਰੂ ੧) ਕਰਤਾਰ ਦੇ ਭੁਲਾਉਣ ਤੋਂ

**ਭੋਲੜਾ:** ਭੋਲਾ. ਸਾਦਾ। ੨. ਭੁੱਲਿਆ.

**ਭੋਲੜੈ:** ਭੁਲੇਖੇ ਵਿੱਚ. ਭ੍ਰਮ ਮੇ. "ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ." (ਮਃ ੫. ਵਾਰ ਸ੍ਰੀ)

**ਭੋਲਾ:** ਵਿ- ਭੁੱਲਿਆ ਹੋਇਆ. ਭ੍ਰਮਗ੍ਰਸਿਤ. "ਭੋਲਾ ਵੈਦ ਨ ਜਾਣਈ." (ਮਃ ੧. ਵਾਰ ਮਲਾ) "ਭੋਲਿਆ, ਹਉਮੈ ਸੁਰਤ ਬਿਸਾਰ." (ਬਸੰ ਮਃ ੧) ੨. ਬੁੱਧਿਹੀਨ. ਮੂਰਖ। ੩. ਛਲਰਹਿਤ. ਸਾਦਾ. "ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ." (ਵਡ ਛੰਤ ਮਃ ੩)

੪. ਸੰਗਯਾ- ਭੁਲੇਖਾ. ਭ੍ਰਮ. "ਆਵਣ ਜਾਣ ਰਹੇ ਚੂਕਾ ਭੋਲਾ." (ਤੁਖਾ ਛੰਤ ਮਃ ੧) ੫. ਸੇਖੜ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨਦੇਵ ਜੀ ਦਾ ਸਿੱਖ ਹੋਕੇ ਪਰਮਪਦ ਦਾ ਅਧਿਕਾਰੀ ਹੋਇਆ। ੬. ਇੱਕ ਜੱਟ ਗੋਤ੍ਰ. ਮਾਂਟਗੁਮਰੀ ਦੇ ਇਲਾਕੇ ਇਸ ਜਾਤਿ ਦੇ ਮੁਸਲਮਾਨ ਭੀ ਬਹੁਤ ਹਨ.

**ਭੋਲਾਏ:** ਭੁਲਾਦੇਵੇ. ਭ੍ਰਮ ਵਿੱਚ ਪਾ ਦੇਵੇ. "ਜਾਂ ਭੋਲਾਏ ਸੋਇ." (ਮਃ ੩. ਵਾਰ ਰਾਮ ੨) ੨. ਭੁਲਾ ਦਿੱਤੇ.

**ਭੋਲਾਨਾਥ:** ਇਹ ਨਾਮ ਸ਼ਿਵ ਦਾ ਇਸ ਲਈ ਪ੍ਰਸਿੱਧ ਹੈ ਕਿ ਥੋੜੀ ਸੇਵਾ ਤੋਂ ਹੀ ਰੀਝ ਜਾਂਦਾ ਲਿਖਿਆ ਹੈ.

**ਭੋਲਾਵੜਾ, ਭੋਲਾਵਾ:** ਸੰਗਯਾ- ਭ੍ਰਮ. ਭੁਲੇਖਾ. "ਭੋਲਾਵੜੈ ਭੁਲੀ" (ਤੁਖਾ ਛੰਤ ਮਃ ੧) "ਖੁਦੀ ਮਿਟੀ ਚੂਕਾ ਭੋਲਾਵਾ." (ਮਾਝ ਮਃ ੫) ੨. ਫਿਕਰ. ਚਿੰਤਾ. "ਅੰਦੇਸ਼ਾ. "ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇਜਾਇ." (ਸ. ਫਰੀਦ)

**ਭੋਲੀ:** ਭੋਲਾ ਦਾ ਇਸਤ੍ਰੀ ਲਿੰਗ. ਦੇਖੋ, ਭੋਲਾ.

**ਭੋਲੂ:** ਤਿਵਾੜੀ ਜਾਤਿ ਦਾ ਬ੍ਰਾਹਮਣ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਕੇ ਆਤਮਗਯਾਨੀ ਹੋਇਆ.

**ਭੋਲੇ ਭਾਇ:** ਭੋਲੇ ਭਾਵ ਨਾਲ. ਨਿਸ਼ਕਪਟਤਾ ਦ੍ਵਾਰਾ. "ਭੋਲੇ ਭਾਇ ਮਿਲੇ ਰਘੁਰਾਇਆ." (ਗਉ ਕਬੀਰ)

**ਭੋਲੈ:** ਭ੍ਰਮ ਕਰਕੇ. ਭੁਲੇਖੇ ਵਿੱਚ. "ਦਧਿ ਕੈ ਭੋਲੈ ਬਿਰੋਲੈ ਨੀਰ." (ਗਉ ਕਬੀਰ)

**ਭੋਵਣਾ, ਭੋਵਨ:** ਭਿਗੋਣਾ. ਤਰ ਕਰਨਾ. "ਪਿਰਮਰਸ ਭੋਵੈ." (ਭਾਗੁ) "ਸਿੱਖੀ ਗੁਨ ਭੋਵਾ." (ਗੁਪ੍ਰਸੂ)

**ਭੌ:** ਡਰ ਭੈ. ਦੇਖੋ, ਭਉ ਅਤੇ ਭਯ.

**ਭੌਂਸਲੇ:** ਮਰਹਟਾ (ਮਹਾਰਾਸ਼੍ਟ੍ਰ) ਕੌਮ ਦੀ ਇੱਕ ਖਾਸ ਜਾਤਿ, ਜਿਸ ਵਿੱਚ ਸ਼ਿਵਾ ਜੀ ਹੋਇਆ ਹੈ. ਦੇਖੋ, ਭੋਂਸਲੇ.

**ਭੌਂਹ:** ਸੰ. ਭ੍ਰੂ. ਭ੍ਰਿਕੁਟਿ. ਦੇਖੋ, ਭ੍ਰੂ.

**ਭੌਕਣਾ:** ਦੇਖੋ, ਭਉਕਣਾ.

**ਭੌਂਕਾ:** ਵਿ- ਭੌਂਕਣ (ਭਸ਼ਣ) ਵਾਲਾ. ਭਸ਼ਕ। ੨. ਬਕਬਾਦੀ.

**ਭੌਚਕ:** ਦੇਖੋ, ਭੈਚਕ.

**ਭੌਜਲ:** ਦੇਖੋ, ਭਉਜਲ.

**ਭੌਂਡੀ:** ਦੇਖੋ, ਭੋਂਡੀ. "ਭੌਂਡੀ ਰਾਂਡ ! ਕਹਜੋ ਕਜਾ ਕਰਜੋ ?" (ਚਰਿਤ੍ਰ ੧੨੯)

**ਭੌਣ:** ਦੇਖੋ, ਭਉਣ.

**ਭੌਤ:** ਸੰ. ਵਿ- ਭੂਤ (ਜੀਵਾਂ) ਨਾਲ ਹੈ ਜਿਸ ਦਾ ਸੰਬੰਧ। ੨. ਤੱਤਾਂ ਦਾ। ੩. ਦਿਵਾਨਾ. ਪਾਗਲ. ਸਿਰੜਾ.

**ਭੌਤਿਕ:** ਸੰ. ਸੰਗਯਾ- ਪ੍ਰਿਥਿਵੀ ਆਦਿ ਤਤ੍ਵ ਅਥਵਾ ਭੂਤ ਪ੍ਰੇਤਾਦਿ ਦ੍ਵਾਰਾ ਹੋਣ ਵਾਲਾ ਦੁੱਖ। ੨. ਵਿ- ਭੂਤ (ਤੱਤਾਂ) ਦਾ। ੩. ਭੂਤ

ਪ੍ਰੇਤਾਂ ਦਾ। ੪. ਸੰਗਯਾ- ਸ਼ਿਵ। ੫. ਮੋਤੀ.

ਭੌਤਿਕਵਿਦ੍ਯਾ: ਤੱਤਾਂ ਦੇ ਜਾਣਨ ਦਾ ਇਲਮ। ੨. ਭੂਤ ਪ੍ਰੇਤ ਡਾਕਿਨੀ ਪਿਸ਼ਾਚ ਆਦਿਕ ਦਾ ਗ੍ਯਾਨ ਅਤੇ ਉਨ੍ਹਾਂ ਸੰਬੰਧੀ ਮੰਤ੍ਰ ਜਪ ਆਦਿਕ ਜਿਸ ਤੋਂ ਸਮਝੇ ਜਾਣ.

ਭੌਂਦਲ, ਭੌਂਦੂ: ਵਿ- ਭ੍ਰਮਣ ਕਰਨ ਵਾਲਾ। ੨. ਜਿਸ ਦਾ ਦਿਮਾਗ ਫਿਰ ਗਿਆ ਹੈ. ਪਾਗਲ. "ਭੌਂਦੂ। ਸੁਨੋ ਹਮ ਨਾਨਕਨਾਮ, ਲਗੀ ਲਿਵ ਤੇ ਉਰ ਬਾਲਕ ਪਾਰਾ." (ਨਾਪ੍ਰ)

ਭੌਨ: ਦੇਖੋ, ਭਉਣ ਅਤੇ ਭਉਨ.

ਭੌਮ: ਸੰ. ਵਿ- ਭੂਮਿ (ਪ੍ਰਿਥਿਵੀ) ਨਾਲ ਹੈ ਜਿਸ ਦਾ ਸੰਬੰਧ। ੨. ਮਿੱਟੀ ਦਾ ਬਣਿਆ ਹੋਇਆ। ੩. ਸੰਗ੍ਯਾ- ਅੰਨ, ਜੋ ਜ਼ਮੀਨ ਤੋਂ ਉਪਜਦਾ ਹੈ। ੪. ਪਾਣੀ। ੫. ਰਜ. ਧੂਲਿ. ਧੂੜ। ੬. ਤਾਰਕ ਦੈਤ੍ਯ। ੭. ਮੰਗਲ ਗ੍ਰਹ। ੮. ਮੰਗਲਵਾਰ. "ਆਦਿਤ ਸੋਮ ਭੌਮ ਬੁਧ ਹੁ ਬ੍ਰਿਹਸਪਤਿ." (ਭਾਗੁ ਕ) ੯. ਦੇਖੋ, ਭੌਮਾਸੁਰ.

ਭੌਮਾਸੁਰ: ਭੂਮਿ (ਪ੍ਰਿਥਿਵੀ) ਤੋਂ ਉਪਜਿਆ ਇੱਕ ਅਸੁਰ. ਇਸ ਦਾ ਦੂਜਾ ਨਾਮ ਨਰਕਾਸੁਰ ਹੈ. ਵਿਸ਼ਨੁਪੁਰਾਣ ਵਿੱਚ ਕਥਾ ਹੈ ਕਿ ਜਦ ਵਿਸ਼ਨੁ ਨੇ ਵਰਾਹ (ਸੂਰ) ਦਾ ਰੂਪ ਧਾਰਿਆ, ਤਦ ਪ੍ਰਿਥਿਵੀ ਨੇ ਉਸ ਨਾਲ ਭੋਗ ਕਰਕੇ ਨਰਕ ਨਾਮਕ ਪੁਤ੍ਰ ਪੈਦਾ ਕੀਤਾ. ਭੌਮਾਸੁਰ ਪ੍ਰਾਗਜ੍ਯੋਤਿਸ਼ਪੁਰ ਦਾ (ਜੋ ਪੁਣ ਆਸਾਮ ਵਿੱਚ ਗੋਹਾਟੀ ਨਾਮ ਤੋਂ ਪ੍ਰਸਿੱਧ ਹੈ) ਰਾਜਾ ਸੀ. ਕ੍ਰਿਸ਼ਨ ਜੀ ਨੇ ਇਸ ਨੂੰ ਮਾਰਕੇ ਸੋਲਾਂ ਹਜਾਰ ਇੱਕ ਸੌ ਕੰਨ੍ਯਾ, ਜੋ ਉਸ ਨੇ ਵਰਣ ਲਈ ਜਮਾ ਕੀਤੀਆਂ ਸਨ, ਵਿਆਹੀਆਂ.

ਭੌਰ: ਭ੍ਰਮਰ. ਦੇਖੋ, ਭਉਰ। ੨. ਜੀਵਾਤਮਾ. "ਤਿਸ ਕੋ ਭੌਰ ਹਮਹੁ ਗਹਿਰਾਖਾ." (ਗੁਪ੍ਰਸੂ) ੩. ਘੁਮੇਰੀ. ਚਕ੍ਰ.

ਭੌਰਪਿਲੰਗੀ: ਪਲੰਗ (ਚਿੱਤੇ) ਵਾਂਙ ਕੁੱਦਣ ਵੇਲੇ ਭ੍ਰਮਰੀ (ਚਕਰੀ) ਖਾਣ ਵਾਲਾ. "ਤਾਜੀ ਭੌਰਪਿਲੰਗੀ." (ਕਲਕੀ)

ਭੌਰਾ: ਦੇਖੋ, ਭੌਰ ਅਤੇ ਭ੍ਰਮਰ.

ਭੌਰੀ: ਪੈਰਾਂ ਦੀ ਉਂਗਲਾ ਤੇ ਪਿਆ ਅੱਟਣ, ਜੋ ਗੋਲ ਆਕਾਰ ਦਾ ਹੁੰਦਾ ਹੈ, ਇਸ ਤੋਂ ਤੁਰਣ ਵੇਲੇ ਪੀੜ ਹੁੰਦੀ ਹੈ. Corus। ੨. ਘੇਰਾ. "ਸਰਬ ਨਗਰ ਕੋ ਡੌਰੀ ਪਾਈ." (ਨਾਪ੍ਰ) ੩. ਜਲਚਕ੍ਰਿਕਾ ਘੁੰਮਣਵਾਣੀ. "ਕਹੂੰ ਬੇਗ ਜੋਰ ਤੇ ਮਰੋਰ ਤੇ ਸੁ ਭੌਰੀ ਪਰੈ." (ਗੁਪ੍ਰਸੂ) ੪. ਚੌਕੀ. ਪਹਿਰਾ. ਪਹਿਰਾ ਦੇਣ ਵੇਲੇ ਸਿਪਾਹੀ ਫਿਰਦੇ ਰਹਿੰਦੇ ਹਨ. "ਭੌਰੀ ਦੇਤ ਰਹੋਂ." (ਹਨੂ) ੫. ਭ੍ਰਮਰੀ. ਭ੍ਰਮਰ (ਭੌਰੇ) ਦੀ ਮਦੀਨ. "ਕਮਲ ਖਿਰੇ ਪਰ ਆਵਤ ਭੌਰੀ." (ਗੁਪ੍ਰਸੂ) ੬. ਘੋੜੇ ਨੂੰ ਕੱਟਣ ਵਾਲੀ ਇੱਕ ਜ਼ਹਿਰੀਲੀ ਮੱਖੀ। ੭. ਘੋੜੇ ਦੇ ਚਕ੍ਰਾਕਾਰ ਰੋਮਾਂ ਦਾ ਚਿੰਨ੍ਹ, ਜਿਸ ਦੇ ਅਨੇਕ ਸ਼ੁਭ ਅਸ਼ੁਭ ਫਲ ਸ਼ਾਲਿਹੋਤ੍ਰ ਵਿੱਚ ਲਿਖੇ ਹਨ। ੮. ਤੱਕਲੇ ਨਾਲ ਲਾਈ ਚੰਮ ਦੀ ਗੋਲ ਟਿੱਕੀ, ਜਿਸ ਦੇ ਅੱਗੇ ਗਲੋਟੇ ਦਾ ਮੁੱਢਾ ਲੱਗਦਾ ਹੈ.

ਭੰਗ, ਭੰਗੁ: ਸੰ. ਸੰਗ੍ਯਾ- ਹਾਰ. ਸ਼ਿਕਸ੍ਤ। ੨. ਟੇਢਾਪਨ. ਵਿੰਗਾ ਕਰਨ ਦਾ ਭਾਵ. "ਮੁਹ ਮੈਲਾ ਕਰੈ ਨ ਭੰਗ." (ਵਾਰ ਰਾਮ ੨. ਮਃ ੫) ੩. ਭੈ. ਡਰ. "ਕਹੁ ਨਾਨਕ ਤਿਸੁ ਜਨ ਨਹੀ ਭੰਗ." (ਭੈਰ ਮਃ ੫) ੪. ਭੇਦ. ਫਰਕ। ੫. ਤਰੰਗ. ਲਹਰ। ੬. ਵਿਘਨ. "ਹਰਿ ਰਾਮ ਜਪਤ ਕਬ ਪਰੈ ਨ ਭੰਗੁ." (ਸੁਖਮਨੀ) ੭. ਕਸੂਰ. ਅਪਰਾਧ. "ਨਾਨਕ ਮੈ ਤਨਿ ਭੰਗੁ." (ਸਵਾ ਮਃ ੧) ੮. ਭੰਗਾ. ਵਿਜੀਆ. ਭਾਂਗ. ਦੇਖੋ, ਭੰਗਾ ੧.

ਭੰਗਹੇਰਾ: ਭੰਗ ਵੇਚਣ ਵਾਲਾ। ੨. ਭੰਗ ਪੀਣ ਵਾਲਾ. ਭੰਗੜ.

ਭੰਗ ਕਾ ਭਾਰਾ, ਭੰਗ ਦਾ ਭਾੜਾ: ਭੰਗ ਦਾ ਭਾੜਾ ਕਰਨ ਵਾਲਾ ਪਛਤਾਉਂਦਾ ਹੈ ਕਿਉਂਕਿ ਭਾੜਾ ਵਜ਼ਨ ਪੁਰ ਦਿੱਤਾ ਜਾਂਦਾ ਹੈ. ਭੰਗ ਹਲਕੀ ਹੋਣ ਕਰਕੇ ਬਹੁਤ ਗੱਡੇ ਅਰ ਪਸ਼ੂਆਂ ਪੁਰ ਲੱਦੀਦੀ ਹੈ, ਜਿਸ ਤੋਂ ਮਿਹਨਤ ਬਹੁਤੀ ਅਤੇ ਫਲ ਤੁੱਛ ਹੁੰਦਾ ਹੈ. ਇਸ ਕਹਾਉਤ ਦਾ ਭਾਵ ਹੈ ਵ੍ਰਿਥਾ ਅਤੇ ਨਿਰਰਥਕ. "ਹਨਜੋ ਭਾਂਗ ਕੇ ਭਾਰੇ ਜਾਵੈ." (ਚਰਿਤ੍ਰ ੮੨) "ਮਰਹੋ ਇਹਾਂ ਭੰਗ ਕੇ ਭਾੜੇ." (ਗੁਪ੍ਰਸੂ)

ਭੰਗਨਾ: ਭਗ੍ਨਤਾ. ਵਿਘਨ। ੨. ਨਿਰਾਸਤਾ. ਨਾ ਉਮੇਦੀ. "ਪਰਮੇਸੁਰ ਮਿਲੁ, ਕਦੇ ਨ ਹੋਵੀ ਭੰਗਨਾ." (ਮਾਰੂ ਸੋਲਹੇ ਮਃ ੫) ੩.

ਕ੍ਰਿ- ਤੋੜਨਾ.

ਭੰਗਰ: ਦੇਖੋ, ਭੰਗੁਰ.

ਭੰਗਰਨਾਥ: ਇੱਕ ਯੋਗੀ, ਜਿਸ ਦਾ ਚਰਚਾ ਗੁਰੂ ਨਾਨਕਦੇਵ ਨਾਲ ਹੋਈ.

ਭੰਗਰਾ: ਸੰ. ਭ੍ਰਿੰਗਰਾਜ. ਵਿਜਯਸਾਰ. ਇੱਕ ਪੌਧਾ, ਜੋ ਬਹੁਤ ਕਰਕੇ ਬਰਸਾਤ ਵਿੱਚ ਹੁੰਦਾ ਹੈ. ਇਸ ਦੀ ਜੜ ਅਤੇ ਪੱਤਿਆਂ ਦਾ ਰਸ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਪੁਰਾਣੇ ਲਿਖਾਰੀ ਸਿਆਹੀ ਵਿੱਚ ਇਸ ਦਾ ਰਸ ਪਾਇਆ ਕਰਦੇ ਸਨ. ਦੇਖੋ, ਸਿਆਹੀ ਦੀ ਬਿਧਿ.

ਬਹੁਤ ਲੋਕਾਂ ਦਾ ਖ਼ਿਆਲ ਹੈ ਕਿ ਇਸ ਦਾ ਰਸ ਸੇਵਨ ਤੋਂ ਬਾਲ ਚਿੱਟੇ ਨਹੀਂ ਹੁੰਦੇ ਅਰ ਇਸੇ ਕਾਰਣ ਸੰਸਕ੍ਰਿਤ ਵਿੱਚ ਇਸ ਦਾ ਨਾਮ ਕੇਸ਼ਰੰਜਨ ਭੀ ਹੈ. Verbesina prostrata। ੨. ਭੰਗ ਦੀ ਛਿੱਲ ਤੋਂ ਬਣਿਆ ਇੱਕ ਮੋਟਾ ਵਸਤ੍ਰ.

ਭੰਗੜ: ਬਹੁਤ ਭੰਗ ਪੀਣ ਵਾਲਾ.

ਭੰਗਾ: ਸੰ. ਸੰਗਯਾ- ਭੰਗ ਵਿਜੀਆ (ਵਿਜਯਾ) Canabia Sativa ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਦਿਮਾਗ ਅਤੇ ਪੱਠਿਆਂ ਤੇ ਇਹ ਬੁਰਾ ਅਸਰ ਕਰਦੀ ਹੈ. ਝੂਠੀ ਭੁੱਖ ਲਾਉਂਦੀ ਅਤੇ ਮੇਦੇ ਦੀ ਪਾਚਨ ਸ਼ਕਤੀ ਨੂੰ ਹੌਲੀ ਹੌਲੀ ਘਟਾਉਂਦੀ ਹੈ। ੨. ਗ਼ਲਤ਼ੀ. ਭੁੱਲ. "ਜੀਆਂ ਘਾਇ ਨ ਖਾਈਐ ਭੰਗਾ." (ਭਾਗੁ) ੩. ਕੁਸੂਰ. ਅਪਰਾਧ. ਦੇਖੋ, ਭੰਗ ੭. "ਗੁਰ ਖੋਏ ਭ੍ਰਮ ਭੰਗਾ." (ਆਸਾ ਮਃ ੫) ੪. ਸੰਪ੍ਰਦਾਈ ਗਯਾਨੀ ਭੰਗਾ ਦਾ ਅਰਥ ਮਾਸ ਕਰਦੇ ਹਨ.

ਭੰਗਾਣੀ: ਰਾਜ ਨਾਹਨ (ਸਰਮੌਰ), ਤਸੀਲ ਪਾਂਵਟਾ, ਥਾਣਾ ਮਾਜਰਾ ਦਾ ਇੱਕ ਪਿੰਡ, ਜੋ ਪਾਂਵਟੇ ਤੋਂ ਸੱਤ ਮੀਲ ਪੂਰਵ ਹੈ. ੧੮. ਵੈਸਾਖ ਸੰਮਤ ੧੭੪੬ ਨੂੰ ਗੁਰੂ ਗੋਬਿੰਦਸਿੰਘ ਸਾਹਿਬ ਦਾ ਭੀਮਚੰਦ ਕਹਲੂਰੀ, ਫਤੇ ਸ਼ਾਹ ਗੜ੍ਹਵਾਲੀਆ, ਹਰੀਚੰਦ ਹੰਡੂਰੀਆ ਆਦਿਕ ਪਹਾੜੀ ਰਾਜਿਆਂ ਨਾਲ ਜੰਗ ਹੋਇਆ. ਇਸ ਯੁੱਧ ਵਿੱਚ ਬੀਬੀ ਬੀਰੋ ਦੇ ਸੁਪੁਤ੍ਰ ਸੰਗੋਸ਼ਾਹ ਅਤੇ ਜੀਤਮੱਲ ਜੀ ਸ਼ਹੀਦ ਹੋਏ, ਅਤੇ ਦਸ਼ਮੇਸ਼ ਦੇ ਹੱਥੋਂ ਰਾਜਾ ਹਰੀ ਚੰਦ ਅਤੇ ਅਨੇਕ ਰਾਜਪੂਤਾਂ ਨੇ ਸ਼ਹੀਦੀ ਲਈ, ਜਿਸ ਪੁਰ ਰਾਜੇ ਹਾਰਕੇ ਨੱਠ ਗਏ. ਕਲਗੀਧਰ ਦਾ ਇਹ ਪਹਿਲਾ ਜੰਗ ਸੀ. ਇਸ ਯੁੱਧ ਦਾ ਜਿਕਰ ਵਿਚਿਤ੍ਰ ਨਾਟਕ ਦੇ ਅੱਠਵੇਂ ਅਧ੍ਯਾਯ ਵਿੱਚ ਦਰਜ ਹੈ.[941]

ਜਿੱਥੇ ਕਲਗੀਧਰ ਨੇ ਹਰੀਚੰਦ ਨਾਲ ਧਨੁਸ਼ਯੁੱਧ ਕੀਤਾ ਹੈ ਉੱਥੇ ਪ੍ਰੇਮੀਆਂ ਨੇ ਕੁਝ ਚਿੰਨ੍ਹ ਥਾਪਕੇ ਨਾਮ "ਤੀਰਗੜ੍ਹ" ਰੱਖ ਦਿੱਤਾ ਹੈ. ਹਰੀਚੰਦ ਦੀ ਰਾਣੀ ਅਤੇ ਕਈ ਹੋਰ ਰਾਜਪੂਤਾਂ ਦੀਆਂ ਇਸਤ੍ਰੀਆਂ ਇੱਥੇ ਆਕੇ ਸਤੀ ਹੋਈਆਂ. ਜਿਨ੍ਹਾਂ ਦੀਆਂ ਸਮਾਧਾਂ ਮੌਜੂਦ ਹਨ.

ਗੁਰਦ੍ਵਾਰਾ ਸਾਧਾਰਣ ਬਣਿਆ ਹੋਇਆ ਹੈ, ਰਿਆਸਤ ਵੱਲੋਂ ੧੫੦ ਵਿੱਘੇ ਜ਼ਮੀਨ ਮੁਆਫ ਹੈ ਬਾਰਾਂ ਰੁਪਯੇ ਸਾਲਾਨਾ ਰਿਆਸਤ ਕਲਸੀਆ ਤੋਂ ਮਿਲਦੇ ਹਨ, ਮੇਲਾ ਹੋੱਲੇ ਮਹੱਲੇ ਨੂੰ ਹੁੰਦਾ ਹੈ. ਪੁਜਾਰੀ ਅਕਾਲਸਿੰਘ ਹੈ.

ਇੱਥੇ ਇੱਕ ਕਮਾਣ ਸ਼੍ਰੀ ਦਸ਼ਮੇਸ਼ ਜੀ ਦੀ ਸੀ, ਜੋ ਪੁਜਾਰੀ ਰਣਸਿੰਘ ਵੇਲੇ ਮਕਾਨ ਨੂੰ ਅੱਗ ਲੱਗਣ ਤੋਂ ਭਸਮ ਹੋਗਈ. ਭੰਗਾਣੀ ਰੇਲਵੇ ਸਟੇਸ਼ਨ ਜਗਾਧਰੀ ਤੋਂ ੩੭ ਮੀਲ ਅਤੇ ਨਾਹਨ ਤੋਂ ੩੩ ਮੀਲ ਹੈ.

ਭੰਗਾਰ: ਸੰ. ਭੰਗੁਰ. ਵਿ- ਭੁਰਭੁਰਾ. ਆਪਣੇ ਆਪ ਟੁੱਟਜਾਣ ਵਾਲਾ। ੨. ਸੰਗਯਾ- ਭੁਰਭੁਰੀ ਲਾਖ. "ਬਾਹਰਿ ਕੰਚਨ ਬਾਰਹਾ, ਭੀਤਰਿ ਭਰੀ ਭੰਗਾਰ."[942] (ਸ. ਕਬੀਰ) ੩. ਸਿੰਧੀ. ਤਾਂਬਾ ਅਤੇ ਸਿੱਕਾ ਆਦਿ ਮਿਲਾਕੇ ਬਣਾਈ ਹੋਈ ਧਾਤੁ. ਭਰਤ। ੪. ਸੰ. ਭ੍ਰਿੰਙ੍ਗਾਰ. ਭ੍ਰਿੰਗਾਰ. ਘੜਾ. ਕਲਸ਼। ੫. ਕੂੜਾ ਕਰਕਟ। ੬. ਵਰਖਾ ਦੇ ਜਲ ਨਾਲ ਮਿੱਟੀ ਖਰਕੇ ਬਣਿਆ ਹੋਇਆ ਘਾਰਾ.

ਭੰਗੀ: ਵਿ- ਭੰਗ (ਭੰਗਾ) ਪੀਣ ਵਾਲਾ. ਭੰਗੜ। ੨. ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇੱਕ ਮਿਸਲ, ਜਿਸ ਦਾ ਮੁਖੀਆ ਸਰਦਾਰ ਛੱਜੂਸਿੰਘ ਪਿੰਡ ਪੰਜਵੜ (ਜਿਲਾ ਅਮ੍ਰਿਤਸਰ) ਦਾ ਵਸਨੀਕ ਸੀ. ਫੇਰ ਸਰਦਾਰ ਹਰੀਸਿੰਘ ਚੌਧਰੀ ਭੂਮਾਸਿੰਘ ਦਾ

---

[941] "ਹਰੀਚੰਦ ਮਾਰੇ ਸੁ ਜੋਧਾ ਲਤਾਰੇ। ××× ਰਣੰ ਤ੍ਯਾਗ ਭਾਗੇ। ਸਬੈ ਤ੍ਰਾਸ ਪਾਗੇ। ਕਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ."

[942] ਦੇਖੋ, ਅਰਥ ਨੰਃ ੫.

ਪੁਤ੍ਰ ਢਿੱਲੋਂ ਜੱਟ ਮਾਲਵੇ ਵਿੱਚ ਰੰਗੂ ਪਿੰਡ (ਪਰਗਣੇ ਬਧਣੀ) ਦੇ ਰਹਿਣ ਵਾਲਾ ਜਥੇਦਾਰ ਹੋਇਆ. ਇਹ ਭੰਗ (ਸੁੱਖਾ) ਬਹੁਤ ਪੀਂਦਾ ਅਤੇ ਪਿਆਉਂਦਾ ਸੀ, ਜਿਸ ਤੋਂ ਇਸ ਮਿਸਲ ਦਾ ਨਾਉਂ ਭੰਗੀ ਪੈਗਿਆ. ਭੰਗੀਆਂ ਦੀ ਰਾਜਧਾਨੀ ਪਹਿਲਾਂ ਗਿੱਲਵਾਲੀ ਫੇਰ ਅਮ੍ਰਿਤਸਰ ਸੀ. ਅੰਬਾਲਾ ਜਿਲੇ ਵਿੱਚ ਰਿਆਸਤ ਬੂੜੀਏ ਦੇ ਰਈਸ ਅਤੇ ਦਯਾਲਗੜ੍ਹ ਦੇ ਸਰਦਾਰ, ਅਰ ਫਿਰੋਜਪੁਰ ਜਿਲੇ ਦੇ ਧਰਮ ਸਿੰਘ ਵਾਲੇ ਦੇ ਸਰਦਾਰ ਇਸੇ ਮਿਸਲ ਵਿੱਚੋਂ ਹਨ. ਦੇਖੋ, ਭੰਗੀਆ ਦੀ ਤੋਪ। ੩. ਸੰ. ਜੁਦਾਈ। ੪. ਤਿਰਛਾਪਨ. ਟੇਢ। ੫. ਫ਼ਰੇਬ। ੬. ਏਵੀ ਵਾਣੀ. ਵਜੰਗਜ ਭਰੀ ਰਚਨਾ। ੭. ਸੰ. ਭङ्गिन्. ਵਿ- ਟੁੱਟਣ ਵਾਲਾ। ੮. ਨਾਸ਼ ਹੋਣ ਵਾਲਾ। ੯. ਹਾਰਿਆ ਹੋਇਆ। ੧੦. ਖ਼ਾਕਰੋਬ (ਸੜਕ ਅਤੇ ਟੱਟੀ ਸਾਫ ਕਰਨ ਵਾਲਾ) ਭੀ ਭੰਗੀ ਸੱਦੀਦਾ ਹੈ.

ਭੰਗੀਆਂ ਦੀ ਤੋਪ: ਦੇਖੋ, ਭੰਗੀ ੨. ਇਤਿਹਾਸ ਪ੍ਰਸਿੱਧ ਇਹ ਤੋਪ ਅਹਮਦਸ਼ਾਹ ਅਬਦਾਲੀ ਦੇ ਹੁਕਮ ਨਾਲ ਉਸ ਦੇ ਵਜ਼ੀਰ ਸ਼ਾਹਵਲੀਖਾਂ ਨੇ ਹਿੰਦੂਆਂ ਦੇ ਘਰਾਂ ਤੋਂ ਪਿੱਤਲ ਦੇ ਭਾਂਡੇ ਇਕੱਠੇ ਕਰਕੇ ਸਨ ੧੭੫੭ ਵਿੱਚ ਲਹੌਰ ਦੇ ਨਾਮੀ ਕਾਰੀਗਰ ਸ਼ਾਹਨਜ਼ੀਰ ਤੋਂ ਬਣਵਾਈ ਸੀ. ਪਰ ਕਾਬੁਲ ਨੂੰ ਆਪਣੇ ਨਾਲ ਨਹੀਂ ਲੈ ਜਾ ਸਕਿਆ. ਸਨ ੧੭੬੨ ਵਿੱਚ ਖ੍ਵਾਜਾ ਉਬੇਦਬੇਗ ਲਹੌਰ ਦੇ ਗਵਰਨਰ ਤੋਂ ਜੰਗ ਕਰਕੇ ਹਰੀਸਿੰਘ ਭੰਗੀ ਸਰਦਾਰ ਨੇ ਖੋਹੀ. ਭੰਗੀਆਂ ਨੇ ਇਹ ਤੋਪ ਸਰਦਾਰ ਚੜ੍ਹਤਸਿੰਘ ਸੁਕ੍ਰਚੱਕੀਏ ਨੂੰ ਦਿੱਤੀ. ਚੜ੍ਹਤਸਿੰਘ ਤੋਂ ਜੰਗ ਕਰਕੇ ਛੱਤੇ ਦੇ ਪਠਾਣਾਂ ਨੇ ਖੋਹੀ. ਸਨ ੧੭੭੩ ਵਿੱਚ ਸਰਦਾਰ ਝੰਡਾਸਿੰਘ ਭੰਗੀ ਨੇ ਛੱਤੇ ਦੇ ਪਠਾਣਾਂ ਤੋਂ ਜਿੱਤਕੇ ਇਸ ਦਾ ਨਾਮ ਭੰਗੀਆਂ ਦੀ ਤੋਪ ਰੱਖਿਆ. ਪਹਿਲਾਂ ਇਸ ਦਾ ਨਾਮ "ਜ਼ਮਜ਼ਮ" ਸੀ. ਭੰਗੀਆਂ ਤੋਂ ਸਨ ੧੮੦੨ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਹੱਥ ਆਈ. ੨੧. ਦਿਸੰਬਰ ਸਨ ੧੮੪੫ ਨੂੰ ਫਿਰੋਜ਼ਸ਼ਾਹ (ਫੇਰੂਸ਼ਹਿਰ) ਦੇ ਜੰਗ ਵਿੱਚ ਅੰਗ੍ਰੇਜ਼ਾਂ ਨੇ ਇਸ ਤੋਪ ਪੁਰ ਕਬਜਾ ਕੀਤਾ. ਹੁਣ ਇਹ ਪੰਜਾਬ ਯੂਨੀਵਰਸਿਟੀ ਹਾਲ ਅਤੇ ਅਜਾਯਬਘਰ ਦੇ ਅੱਗੇ ਜੋ ਮੈਦਾਨ ਹੈ, ਉਸ ਵਿੱਚ ਲਹੌਰ ਵਿਰਾਜ ਰਹੀ ਹੈ. ਇਸ ਦੀ ਲੰਬਾਈ ਸਾਢੇ ਚੌਦਾਂ ਫੁਟ ਹੈ ਅਤੇ ਮੁਖ ਦਾ ਛਿਦ੍ਰ (Dore) ਸਾਢੇ ਨੌ ਇੰਚ ਹੈ.

ਭੰਗੀਆਂ ਦੀ ਮਿਸਲ: ਦੇਖੋ, ਭੰਗੀ ੨.

ਭੰਗੁ: ਦੇਖੋ, ਭੰਗ.

ਭੰਗੁਰ: ਸੰ. ਵਿ- ਟੁੱਟ ਜਾਣ ਵਾਲਾ। ੨. ਟੇਢਾ. ਕੁਟਿਲ. ਵਿੰਗਾ.

ਭੰਗੂ: ਇੱਕ ਜੱਟ ਜਾਤਿ. ਧਰਮਵੀਰ ਸਰਦਾਰ ਮਤਾਬ ਸਿੰਘ ਮੀਰਾਂਕੋਟੀਏ ਇਸੇ ਗੋਤ੍ਰ ਵਿੱਚੋਂ ਸਨ.

ਭੰਗੇਰਾ, ਭੰਗੇਰੀ: ਵਿ- ਭੰਗੜ. ਭੰਗ ਪੀਣ ਵਾਲਾ, ਵਾਲੀ. "ਸੋਫਿਹ ਕੂਟ ਭੰਗੇਰੀ ਗਈ." (ਚਰਿਤ੍ਰ ੩੮੫) ਸੋਫੀ ਨੂੰ ਭੰਗੇਰੀ ਕੁੱਟਗਈ.

ਭੰਞ, ਭੰਞੁ: ਦੇਖੋ, ਭੰਗ ਅਤੇ ਭੰਜ. "ਬਹੁੜਿ ਨ ਹੋਵੀ ਭੰਞੁ." (ਸੂਹੀ ਮঃ ੪)

ਭੰਜ: ਸੰ. भञ्ज. ਧਾ- ਚਮਕਣਾ. ਬੋਲਣਾ, ਨਸ਼੍ਟ ਕਰਨਾ, ਤੋੜਨਾ, ਭਜਾਉਣਾ। ੨. ਦੇਖੋ, ਭੰਜਨ. ਜਦ ਭੰਜ ਸ਼ਬਦ ਦੂਜੇ ਸ਼ਬਦ ਦੇ ਅੰਤ ਹੋਵੇ, ਤਦ ਭੰਜਕ ਦਾ ਅਰਥ ਦਿੰਦਾ ਹੈ, ਯਥਾ- "ਦਾਲਦੁਭੰਜ ਸੁਦਾਮੇ ਮਿਲਿਓ." (ਮਾਰੂ ਮঃ ੪)

ਭੰਜਕ: ਵਿ- ਭੰਜਨ ਕਰਤਾ. ਤੋੜਨ ਵਾਲਾ. ਨਸ਼੍ਟ ਕਰਤਾ। ੨. ਸੰਗਯਾ- ਪਾੜ (ਸੰਨ੍ਹ) ਲਾਉਣ ਵਾਲਾ ਚੋਰ.

ਭੰਜਨ: ਸੰਗਯਾ- ਤੋੜਨ ਦੀ ਕ੍ਰਿਯਾ. ਨਸ਼੍ਟ ਕਰਨਾ. ਦੇਖੋ, ਭੰਜ ਧਾ. "ਭੰਜਨ ਗੜਣ ਸਮਥੁ ਤਰਣਤਾਰਣ." (ਸਵੈਯੇ ਮঃ ੪. ਕੇ) "ਅਨੰਤਮੂਰਤਿ ਗੜਨ ਭੰਜਨਹਾਰ." (ਹਜਾਰੇ ੧੦) ੨. ਜਦ ਦੂਜੇ ਸ਼ਬਦ ਦੇ ਅੰਤ ਆਵੇ, ਤਦ ਭੰਜਕ ਅਰਥ ਹੁੰਦਾ ਹੈ. "ਭੈਭੰਜਨ ਅਘ ਦੂਖ ਨਾਸ." (ਬਾਵਨ) ੩. ਦੇਖੋ, ਭੰਜਨੁ.

ਭੰਜਨੁ: ਦੇਖੋ, ਭੰਜਨ. "ਗੁਰਦੇਵ ਸਖਾ ਅਗਿਆਨ ਭੰਜਨੁ." (ਬਾਵਨ) ੨. ਭਾਂਜਨ ਸੰ. ਭਾਜਨ. ਪਾਤ੍ਰ। ੩. ਭਾਵ- ਅਧਿਕਾਰੀ. "ਆਪਿ ਸਭੁ ਬੇਤਾ, ਆਪੇ ਗੁਰਮੁਖਿ ਭੰਜਨੁ." (ਮঃ ੪. ਵਾਰ ਬਿਹਾ)

ਭੰਞ, ਭੰਞੁ: ਦੇਖੋ, ਭੰਜ ਅਤੇ ਭੰਜਨੁ. ਦੂਜੇ ਸ਼ਬਦ ਦੇ ਅੰਤ ਇਹ ਭੰਜੁਕ ਦਾ ਅਰਥ ਦਿੰਦਾ ਹੈ. "ਦੀਨ ਦਿਆਲ ਦੁਖਭੰਞੁ." (ਬਸੰ

ਮਃ ੪) ੨. ਸੰਗਯਾ- ਭਜਨ. ਨਾਮ ਕੀਰਤਨ. ਦੇਖੋ, ਭੰਜ ਧਾ. "ਗੁਰਿ ਮੰਤ੍ਰ ਦੀਓ ਹਰਿਭੰਞੁ." (ਬਸੰ ਮਃ ੪) ਹਰਿਭਜਨ ਗੁਰੂ ਨੇ ਮੰਤ੍ਰ ਦਿੱਤਾ.

ਭੰਡ: ਸੰ. भण्ड. ਧਾ- ਮਖੌਲ ਕਰਨਾ, ਨਿੰਦਾ ਕਰਨਾ। ੨. ਸੰਗਯਾ- ਭਾਂਡ. ਨਿਰਲੱਜ ਗੱਲਾਂ ਕਰਨ ਵਾਲਾ। ੩. ਸੰ. ਭਾਂਡ. ਪਾਤ੍ਰ. ਬਰਤਨ। ੪. ਭਾਵ- ਇਸਤ੍ਰੀ, ਜੋ ਸੰਤਾਨ ਉਤਪੰਨ ਕਰਨ ਲਈ ਸ਼ੁਭ ਪਾਤ੍ਰ ਹੈ. "ਭੰਡਹੁ ਹੀ ਭੰਡ ਊਪਜੈ ਭੰਡੈ ਬਾਝੁ ਨ ਕੋਇ." (ਵਾਰ ਆਸਾ)

ਭੰਡਹੁ: ਭੰਡ (ਭਾਂਡ) ਤੋਂ. ਇਸਤ੍ਰੀ ਸੇ. "ਭੰਡਹੁ ਚਲੈ ਰਾਹੁ."(ਵਾਰ ਆਸਾ)

ਭੰਡਣਾ, ਭੰਡਨ: ਕ੍ਰਿ- ਨਿੰਦਣਾ. ਬਦਨਾਮ ਕਰਨਾ. ਦੇਖੋ, ਭੰਡ ਧਾ. "ਅਭੰਡ ਭੰਡੈ." (ਰਾਮਾਵ) ਅਨਿੰਦਯ ਨਿੰਦੇ.

ਭੰਡਾਈ: ਸੰਗਯਾ- ਭੰਡਪੁਣਾ. ਨਿੰਦਣ ਦੀ ਕ੍ਰਿਯਾ. ਦੇਖੋ, ਭੰਡ ਧਾ.

ਭੰਡਾਰ: ਦੇਖੋ, ਭਾਂਡਾਰ. "ਭੰਡਾਰ ਭਰੇ ਭਗਤੀ ਹਰਿ ਤੇਰੇ." (ਸੂਹੀ ਅਃ ਮਃ ੪)

ਭੰਡਾਰਣ, ਭੰਡਾਰਣਿ: ਭਾਂਡਾਰ ਰੱਖਣ ਵਾਲੀ. "ਦਇਆ ਭੰਡਾਰਣਿ." (ਜਪੁ)

ਭੰਡਾਰਾ: ਦੇਖੋ, ਭਾਂਡਾਰ। ੨. ਯਗਯ. ਸਾਧੂ ਅਤੇ ਅਭ੍ਯਾਗਤਾਂ ਲਈ ਕੀਤਾ ਭੋਜਨ. "ਮਿਸਹਿ ਪਰਸਪਰ ਨਰ ਕਹੈਂ, ਕਿਨ ਭੰਡਾਰਾ ਕੀਨ?" (ਨਾਪ੍ਰ)

ਭੰਡਾਰਾਸਿੰਘ: ਸਰਹਿੰਦ ਦਾ ਬਾਣੀਆ, ਜਿਸ ਨੇ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਤੋਂ ਅਮ੍ਰਿਤ ਛਕਿਆ. ਇਸ ਧਰਮਵੀਰ ਨੇ ਆਨੰਦਪੁਰ ਦੇ ਜੰਗ ਵਿੱਚ ਭਾਰੀ ਵੀਰਤਾ ਦਿਖਾਈ.

ਭੰਡਾਰੀ: ਭਾਂਡਾਰ ਰੱਖਣ ਵਾਲਾ. "ਇਕੁ ਸੰਸਾਰੀ, ਇਕੁ ਭੰਡਾਰੀ." (ਜਪੁ) ੨. ਇੱਕ ਖਤ੍ਰੀ ਗੋਤ੍ਰ। ੩. ਇੱਕ ਜੱਟ ਗੋਤ੍ਰ. ਜੋ ਵਿਸ਼ੇਸ਼ ਕਰਕੇ ਅਮ੍ਰਿਤਸਰ ਦੇ ਜਿਲੇ ਵਿੱਚ ਹੈ. "ਗੁਣ ਗਾਹਕ ਗੋਬਿੰਦ ਭੰਡਾਰੀ." (ਭਾਗੁ) ੪. ਰਸੋਈਆ. ਲਾਂਗਰੀ.

ਭੰਡਾਰੀਆ: ਭਾਂਡਾਰ ਵਾਲਾ। ੨. ਦੇਖੋ, ਪੂਰਭੰਡਾਰੀਆ.

ਭੰਡਿ: ਭਾਂਤ (ਪਾਤ੍ਰ) ਰੂਪ ਇਸਤ੍ਰੀ ਕਰਕੇ. ਇਸਤ੍ਰੀ ਦ੍ਵਾਰਾ. "ਭੰਡਿ ਜੰਮੀਐ. ਭੰਡਿ ਨਿੰਮੀਐ." (ਵਾਰ ਆਸਾ)

ਭੰਡੀ: ਸੰਗਯਾ- ਨਿੰਦਾ. ਬਦਨਾਮੀ. ਦੇਖੋ, ਭੰਡ ਧਾ.

ਭੰਦ: ਸੰ. भन्द्. ਧਾ- ਖ਼ੁਸ਼ ਹੋਣਾ, ਪ੍ਰਸੰਨ ਕਰਨਾ, ਸਲਾਹੇ ਜਾਣਾ, ਚਮਕਣਾ.

ਭੰਦੇਹਰ, ਭੰਦੇਰ: ਇੱਕ ਜੱਟ ਜਾਤਿ। ੨. ਰਾਜ ਨਾਭਾ, ਨਜਾਮਤ ਭੂਲ, ਥਾਣਾ ਧਨੌਲਾ ਵਿੱਚ ਭੰਦੇਰ ਜੱਟਾਂ ਦਾ ਵਸਾਇਆ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਬਰਨਾਲੇ ਤੋਂ ਪੰਦਰਾਂ ਮੀਲ ਦੱਖਣ ਹੈ. ਇਸ ਥਾਂ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਮੌੜ ਪਿੰਡ ਤੋਂ ਚੱਲਕੇ ਆਏ ਹਨ. ਲੋਕਾਂ ਨੂੰ ਸ਼੍ਰੱਧਾਹੀਨ ਜਾਣਕੇ ਡੇਰਾ ਨਹੀਂ ਕੀਤਾ. ਜਿੱਥੇ ਕੁਝ ਸਮਾਂ ਘੋੜਾ ਠਹਿਰਾਇਆ ਹੈ, ਉੱਥੇ ਹੁਣ ਗੁਰਦ੍ਵਾਰਾ ਹੈ, ਪਾਸ ਰਹਿਣ ਦੇ ਮਕਾਨ ਹਨ. ਰਿਆਸਤ ਨਾਭੇ ਵੱਲੋਂ ੧੯੩ ਵਿੱਘੇ ਜ਼ਮੀਨ ਹੈ. ਪੁਜਾਰੀ ਸਿੰਘ ਹੈ. ਇਸ ਪਿੰਡ ਨੂੰ ਪੰਧੇਰ ਭੀ ਆਖਦੇ ਹਨ. ਭੰਦੇਰ ਤੋਂ ਚੱਲਕੇ ਗੁਰੂ ਸਾਹਿਬ ਨੇ ਡੇਰਾ ਅਲੀਸ਼ੇਰ ਕੀਤਾ.

ਭੰਨ: ਦੇਖੋ, ਭੰਨਣਾ.

ਭੰਨਣ, ਭੰਨਣਾ, ਭੰਨਣੁ: ਕ੍ਰਿ- ਭਗ੍ਨ ਕਰਨਾ. ਤੋੜਨਾ. "ਭੰਨਣ ਘੜਨ ਸਮਰਥੁ ਹੈ." (ਮਃ ੫. ਵਾਰ ਮਾਰੂ ੨)

ਭੰਨਾ: ਭਗ੍ਨ ਕੀਤਾ. ਤੋੜਿਆ. "ਦੁਖ ਰੋਗ ਕਾ ਡੇਰਾ ਭੰਨਾ." (ਸੋਰ ਮਃ ੫) ੨. ਭੱਜਾ. ਨੱਠਿਆ. ਦੌੜਿਆ. "ਬਾਮਣ ਭੰਨਾ ਜੀਉ ਲੈ." (ਭਾਗੁ)

ਭੰਨਿ: ਭਗ੍ਨ ਕਰਕੇ. ਭੰਨ (ਤੋੜ) ਕੇ. "ਸਭ ਦਰਵਾਜੇ ਭੰਨਿ." (ਸ. ਫਰੀਦ)

ਭੰਨਿਘੜਾਉਣਾ: ਭਾਵ ਪਹਿਲੀ ਆਦਤ ਮਿਟਾਕੇ ਮਨ ਨੂੰ ਨਵੀਂਨ ਦਸ਼ਾ ਵਿੱਚ ਲਿਆਉਣਾ. "ਸੇ ਕੰਠਿ ਲਾਏ, ਜਿ ਭੰਨਿਘੜਾਇ." (ਮਃ ੩. ਵਾਰ ਸਾਰ)

ਭੰਨੀ, ਭੰਨੇ: ਭਗ੍ਨ ਕੀਤੀ, ਕੀਤੇ। ੨. ਦੌੜੀ. ਦੌੜੇ. "ਭੰਨੇ ਦੈਤ ਪੁਕਾਰੇ." (ਚੰਡੀ ੩)

ਭੰਬਟ: ਭਮੱਕੜ. ਪਤੰਗ. ਪਰਵਾਨਾ. Moth.

ਭੰਬਲਭੂਸਾ: ਦੇਖੋ, ਭੰਭਲਭੂਸਾ.

ਭੰਬੀ: ਦੇਖੋ, ਭੰਭੀ.

ਭੰਭਰੇ: ਭੈ ਨਾਲ ਭਰੇ. "ਭੰਭਰੇ ਭੀਰੁ." (ਕਲਕੀ) ੨. ਕੰਬੇ. ਕੰਪਾਇਮਾਨ ਹੋਏ.

ਭੰਭਲਭੂਸਾ: ਭ੍ਰਮ- ਬਲ ਕਰਕੇ (ਭ੍ਰਮ ਨਾਲ ਭੁੱਲਕੇ) ਭਸ਼ਨ (ਭੌਂਕਣਾ). ਜਿਵੇਂ- ਕੁੱਤਾ ਸ਼ੀਸ਼ੇ ਦੇ ਮਕਾਨ ਵਿੱਚ ਧੋਖਾ ਖਾਕੇ ਆਪਣੇ ਅਕਸ ਨੂੰ ਦੇਖਕੇ ਭੌਂਕਦਾ ਹੈ. ਭਾਵ- ਭੁਲੇਖੇ ਵਿੱਚ ਪੈਣਾ. ਧੋਖਾ ਖਾਣਾ. "ਨਿਤ ਭੰਭਲਭੂਸੇ ਖਾਹੀ." (ਮਃ ੪. ਵਾਰ ਗਉ ੧)

ਭੰਭੀ: ਸਾਰਸ੍ਵਤ ਬ੍ਰਾਹਮਣਾਂ ਦਾ ਇੱਕ ਗੋਤ੍ਰ. "ਹੁਤੋ ਸਾਰਸੁਤ ਭੰਭੀ ਜਾਤਿ." (ਗੁਪ੍ਰਸੂ)

ਭੰਭੀਰੀ: ਫੁੱਲਾਂ ਤੇ ਭ੍ਰਮਣ ਕਰਨ ਵਾਲੀ ਤਿਤਲੀ

ਭੰਭੂਲ: ਸੰ. ਅੰਭੋਰਹੁ. ਸੰਗਯਾ- ਕੁਮੁਦ. ਨੀਲੋਫਰ.

ਭੰਭ: ਭੂਕੰਪ. ਦੇਖੋ, ਭੂਚਾਲ.

ਭੰਭੇ: ਭੰਭੀ ਗੋਤ੍ਰ ਦੇ. ਦੇਖੋ, ਭੰਭੀ। ੨. ਕਸ਼ਮੀਰ ਦੇ ਉਹ ਲੋਕ, ਜੋ ਬ੍ਰਾਹਮਣਾਂ ਤੋਂ ਇਸਲਾਮ ਵਿੱਚ ਆਏ ਹਨ. "ਭੰਭੇ ਨਾਮ ਦਿਜਨ ਕੋ ਚੀਨ." (ਗੁਪ੍ਰਸੂ)

ਭੰਮੀ: ਗੁੱਜਰਾਂ ਦੀ ਇੱਕ ਜਾਤਿ। ੨. ਬੁੰਜਾਹੀ ਖਤ੍ਰੀਆਂ ਦੀ ਇੱਕ ਜਾਤਿ.

ਭੰਮੀਪੁਰਾ: ਇੱਕ ਪਿੰਡ, ਜੋ ਜਿਲਾ ਲੁਦਿਆਨਾ, ਤਸੀਲ ਥਾਣਾ ਜਗਰਾਉ ਵਿੱਚ ਰੇਲਵੇ ਸਟੇਸ਼ਨ ਜਗਰਾਉਂ ਦੇ ਨੇੜੇ ਹੈ. ਮੋਹੀ ਦੇ ਲੁਹਾਰ ਦੀ ਵੰਸ਼, ਜਿਸ ਨੂੰ ਦਸ਼ਮ ਸਤਿਗੁਰੂ ਜੀ ਨੇ ਮੁੰਦ੍ਰੀ ਬਖ਼ਸ਼ੀ ਸੀ. ਇੱਥੇ ਰਹਿੰਦੀ ਹੈ. ਦੇਖੋ, ਮੋਹੀ.

ਭੜਾਂ: ਅਨੁ. ਭੇਡਾਂ ਦਾ ਸ਼ਬਦ.

ਭ੍ਰੰਸ਼: ਸੰ. भ्रश. ਧਾ- ਭ੍ਰਸ਼੍ਟ ਹੋਣਾ. ਪਤਿਤ ਹੋਣਾ. ਡਿਗਣਾ.

ਭ੍ਰਸਟ, ਭ੍ਰਸ੍ਟ: ਸੰ. ਭ੍ਰਸ਼੍ਟ. ਵਿ- ਪਤਿਤ ਹੋਇਆ. ਡਿੱਗਾ. "ਓਹੁ ਹਰਿਦਰਗਹ ਹੈ ਭ੍ਰਸਟੀ." (ਦੇਵ ਮਃ ੪) "ਧ੍ਰਿਗੰਤ ਜਨਮ ਭ੍ਰਸਟਣਹ." (ਸਹਸ ਮਃ ੫) ੨. ਲੁੱਚਾ. ਦੁਸ਼੍ਟ.

ਭ੍ਰੱਜ: ਸੰ. भ्रज्ज्. ਧਾ- ਭੁੰਨਣਾ. ਰਾੜ੍ਹਨਾ.

ਭ੍ਰੱਪਾ: ਭ੍ਰਾਤ੍ਰਿਭਾਵ. ਭਾਈਪੁਣਾ.

ਭ੍ਰਮ: ਸੰ. भ्रम्. ਧਾ- ਘੁੰਮਣਾ. ਚਕ੍ਰਾਕਾਰ ਫਿਰਨਾ, ਭਟਕਣਾ, ਖੇਡਣਾ, ਉਲਟਪੁਲਟ ਹੋਣਾ। ੨. ਸੰਗਯਾ- ਭਰਮ. ਭੁਲੇਖਾ. ਮਿਥ੍ਯਾਗ੍ਯਾਨ. "ਭ੍ਰਮ ਕਾਟੇ ਗੁਰਿ ਆਪਣੈ." (ਆਸਾ ਮਃ ੫) ਦੇਖੋ, ਭਰਮ ੫। ੩. ਭ੍ਰਮਣ. "ਬਿਨਸੈ ਭ੍ਰਮ ਭ੍ਰਾਂਤਿ." (ਬਿਲਾ ਮਃ ੫) ੪. ਇੱਕ ਰੋਗ, ਜਿਸ ਦਾ ਨਾਉਂ ਚਿੱਤਭ੍ਰਮ ਅਤੇ ਭ੍ਰਮਚਿੱਤ ਭੀ ਹੈ. ਗਰਮ ਖ਼ੁਸ਼ਕ ਪਦਾਰਥ ਖਾਣ ਪੀਣ, ਸ਼ਰਾਬ ਆਦਿਕ ਨਸ਼ਿਆਂ ਦੇ ਬਹੁਤਾ ਵਰਤਣ, ਬਹੁਤ ਮੈਥੁਨ ਕਰਨ, ਭੁੱਖ ਤੇਹ ਦਾ ਦੁੱਖ ਸਹਾਰਨ, ਚਿੰਤਾ ਸ਼ੋਕ ਅਪਮਾਨ ਆਦਿਕ

ਕਾਰਣਾਂ ਤੋਂ ਦਿਮਾਗ ਵਿੱਚ ਖਰਾਬੀ ਆ ਜਾਂਦੀ ਹੈ, ਜਿਸ ਤੋਂ ਵਿਚਾਰਸ਼ਕਤੀ ਆਪਣਾ ਕੰਮ ਨਹੀਂ ਕਰਦੀ. ਚਿੱਤ ਡਾਵਾਂਡੋਲ ਦਸ਼ਾ ਵਿੱਚ ਰਹਿੰਦਾ ਹੈ. ਮੂਹੋਂ ਅਰਲ ਬਰਲ ਬਾਤਾਂ ਨਿਕਲਦੀਆਂ ਹਨ. ਭ੍ਰਮ ਦਾ ਰੋਗੀ ਸਭ ਚੀਜਾਂ ਨੂੰ ਭੌਂਦੀਆਂ (ਘੁੰਮਦੀਆਂ) ਕਦੇ ਆਪਣੇ ਆਪ ਨੂੰ ਭੌਂਦਾ ਦੇਖਦਾ ਹੈ.

ਇਸ ਰੋਗ ਦੇ ਸਾਧਾਰਣ ਇਲਾਜ ਇਹ ਹਨ- ਹਰ ਵੇਲੇ ਪ੍ਰਸੰਨਤਾ ਦੇ ਸਾਧਨ ਕਰਨੇ, ਕਬਜ ਦੂਰ ਕਰਨ ਵਾਲੇ ਫਲ ਭੋਜਨ ਆਦਿ ਖਾਣੇ, ਤਾਲੂਏ ਪੁਰ ਬੱਕਰੀ ਦੇ ਦੁੱਧ ਦੀਆਂ ਧਾਰਾਂ ਮਾਰਨੀਆਂ, ਮੱਖਣ ਝੱਸਣਾ, ਦੁੱਧ ਮਲਾਈ ਮੱਖਣ ਬਦਾਮਰੋਗਨ ਖਾਣਾ ਪੀਣਾ, ਬ੍ਰਾਹਮੀਘ੍ਰਿਤ ਸੇਵਨ ਕਰਨਾ, ਧਮਾਸੇ ਦੇ ਕਾੜ੍ਹੇ ਵਿੱਚ ਘੀ ਪਾਕੇ ਪੀਣਾ ਆਦਿਕ. ਉਨਮਾਦ ਰੋਗ ਵਿੱਚ ਜੋ ਇਲਾਜ ਲਿਖਿਆ ਹੈ, ਉਹ ਸਭ ਭ੍ਰਮ ਰੋਗ ਵਾਲੇ ਨੂੰ ਗੁਣਕਾਰੀ ਹੈ। ੫. ਇੱਕ ਕਾਵ੍ਯ ਦਾ ਅਲੰਕਾਰ. ਦੇਖੋ, ਭ੍ਰਾਂਤਿ ੪.

ਭ੍ਰਮਗਿਆਨੀ: ਆਤਮਗ੍ਯਾਨ ਜਿਸ ਨੂੰ ਨਹੀਂ, ਕੇਵਲ ਵਿਦ੍ਯਾ ਦਾ ਪੰਡਿਤ. ਅਗ੍ਯਾਨੀ ਹੋਣ ਤੇ ਭੀ ਜੋ ਭ੍ਰਮ ਦੇ ਕਾਰਣ ਆਪਣੇ ਤਾਈਂ ਗ੍ਯਾਨੀ ਜਾਣਦਾ ਹੈ. "ਪਰਿਓ ਕਾਲੁ ਸਭੈ ਜਗ ਉਪਰਿ, ਮਾਹਿ ਲਿਖੇ ਭ੍ਰਮ ਗਿਆਨੀ." (ਸੋਰ ਕਬੀਰ)

ਭ੍ਰਮਗਿਰਹ: ਸੰਗ੍ਯਾ- ਭ੍ਰਮਗ੍ਰੰਥਿ. ਅਵਿਦ੍ਯਾ ਦੀ ਗੱਠ. "ਮੋਹ ਮਗਨ ਲਪਟਿਓ ਭ੍ਰਮਗਿਰਹ." (ਰਾਮ ਮਃ ੫)

ਭ੍ਰਮਚਿੱਤ: ਦੇਖੋ, ਭ੍ਰਮ ੪। ੨. ਵਿ- ਭ੍ਰਮ ਸਹਿਤ ਹੈ ਜਿਸ ਦਾ ਚਿੱਤ. ਜਿਸ ਦਾ ਮਨ ਭੁਲੇਖੇ ਵਿੱਚ ਪੈ ਗਿਆ ਹੈ.

ਭ੍ਰਮਣ: ਸੰਗ੍ਯਾ- ਘੁੰਮਣਾ. ਚਕ੍ਰਾਕਾਰ ਫਿਰਨਾ। ੨. ਵਿਚਰਨਾ। ੩. ਸ਼ੱਕ ਵਿੱਚ ਪੈਣਾ। ੪. ਮਨ ਦਾ ਕਾਇਮ ਨਾ ਰਹਿਣਾ.

ਭ੍ਰਮਣੀ: ਸੰਗ੍ਯਾ- ਘੁਮੇਰੀ. ਸਿਰ ਨੂੰ ਆਈ ਗਿਰਦਨੀ. "ਚੂਕੀ ਅਹੰਭ੍ਰਮਣੀ." (ਗਉ ਅਃ ਮਃ ੧)

ਭ੍ਰਮਤ: ਘੁੰਮਦਾ. ਚਕ੍ਰ ਦਿੰਦਾ. "ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ." (ਗੂਜ ਕਬੀਰ) ਤੇਲੀ ਦੇ ਬਲਦ ਵਾਂਙ। ੨. ਸੰਗ੍ਯਾ- ਭ੍ਰਮਤ੍ਵ. ਭ੍ਰਮ ਦਾ ਭਾਵ. "ਭ੍ਰਮਤ ਬਿਆਪਤ ਜਰੇ ਕਿਵਾਰਾ। ਜਾਨੁ ਨ ਪਾਈਐ ਪ੍ਰਭਦਰਬਾਰਾ." (ਸੂਹੀ ਅਃ ਮਃ ੫) ਭ੍ਰਮਤ੍ਵ (ਮਿਥ੍ਯਾ ਖ਼ਯਾਲ) ਅਤੇ ਵ੍ਯਾਪੱਤਿ (ਬਦਬਖ਼ਤੀ), ਕਿਵਾੜ ਭਿੜੇ ਹੋਏ ਹਨ.

ਭ੍ਰਮਨ: ਦੇਖੋ, ਭ੍ਰਮਣ.

ਭ੍ਰਮਨਿ: ਸੰਗ੍ਯਾ- ਘੁਮੇਰੀ ਚਕਰੀ। ੨. ਆਵਾਗਮਨ ਦੀ ਗਤਿ. ਜਨਮਾਂ ਵਿੱਚ ਫਿਰਨ ਦੀ ਦਸ਼ਾ. "ਗੁਰਮਤਿ ਭ੍ਰਮਨਿ ਚੁਕਾਈ." (ਗੂਜ ਅਃ ਮਃ ੧)

ਭ੍ਰਮਭਉ: ਵਿ- ਭ੍ਰਮ ਕਰਕੇ ਭਵ (ਉਪਜਿਆ). ਮਿਥ੍ਯਾ- ਗ੍ਯਾਨ ਤੋਂ ਪੈਦਾ ਹੋਇਆ. "ਡਰੁ ਭ੍ਰਮਭਉ ਦੂਰਿ ਕਰਿ." (ਮਃ ੪. ਵਾਰ ਸੀ) ਭ੍ਰਮ ਤੋਂ ਉਪਜਿਆ ਡਰ ਦੂਰਕਰ.

ਭ੍ਰਮਭੀਤ: ਭ੍ਰਮ (ਮਿਥ੍ਯਾਗ੍ਯਾਨ) ਦਾ ਪੜਦਾ. "ਭ੍ਰਮਭੀਤ ਜੀਤਿ ਮਿਟਾਵਉ." (ਆਸਾ ਮਃ ੫. ਪੜਤਾਲ) ਜੀ (ਚਿੱਤ) ਤੋਂ ਭ੍ਰਮ ਦਾ ਪੜਦਾ ਦੂਰ ਕਰੋ। ੨. ਭ੍ਰਮ ਦੀ ਭੀਤ (ਭਿੱਤਿ- ਫਸੀਲ) ਜਿੱਤਕੇ ਹਟਾਓ. ਭਾਵ ਭ੍ਰਮਰੂਪ ਕਿਲੇ ਦੀ ਕੰਧ ਤੋੜ ਸੁੱਟੋ.

ਭ੍ਰਮਭ੍ਰਾਂਤਿ: ਦੇਖੋ, ਭ੍ਰਮਣ ਅਤੇ ਮਿਥ੍ਯਾਗ੍ਯਾਨ.

ਭ੍ਰਮਰ: ਸੰਗ੍ਯਾ- ਫੁੱਲਾਂ ਤੇ ਭ੍ਰਮਣ ਵਾਲਾ. ਭੌਰਾ. ਮਧੁਕਰ। ੨. ਕਾਮੀ ਪੁਰਖ। ੩. ਛੱਪਯ ਦਾ ਇੱਕ ਭੇਦ, ਜਿਸ ਵਿੱਚ ੮. ਗੁਰੁ ਅਤੇ ੧੩੬ ਲਘੁ ਹੁੰਦੇ ਹਨ.

ਭ੍ਰਮਰਪਨਚ: ਸੰਗ੍ਯਾ- ਭੌਰਿਆਂ ਦੀ ਹੈ ਜਿਸ ਦੇ ਧਨੁਸ਼ ਨੂੰ ਪ੍ਰਤ੍ਯੰਚਾ (ਚਿੱਲਾ), ਕਾਮਦੇਵ. ਦੇਖੋ, ਅਲਿਪਨਚ.

ਭ੍ਰਮਰੀ: ਸੰਗ੍ਯਾ- ਭ੍ਰਮਰ (ਭੌਰੇ) ਦੀ ਮਦੀਨ. ਭੌਰੀ। ੨. ਜਲਚਕ੍ਰਿਕਾ. ਪਾਣੀ ਦੀ ਘੁਮੇਰੀ. "ਜਮੁਨਾ ਭ੍ਰਮਰੀ ਨਾਭਿ ਗੰਭੀਰਾ." (ਨਾਪ੍ਰ) ੩. ਪਾਰਵਤੀ। ੪. ਮਿਰਗੀ ਰੋਗ.

ਭ੍ਰਮਾ: ਵਿ- ਭ੍ਰਮਣ ਕਰਨ ਵਾਲੀ. ਹਰ ਥਾਂ ਵਿਚਰਨ ਵਾਲੀ. "ਭ੍ਰਮਾ ਭੈਹਰੀ ਭੀਮਰੂਪਾ." (ਪਾਰਸਾਵ)

ਭ੍ਰਮਾਉ: ਸੰਗਯਾ- ਘੁਮਾਉ. ਗੇੜਾ. ਚਕ੍ਰ। ੨. ਭ੍ਰਮ ਦਾ ਭਾਵ.

ਭ੍ਰਮਾਉਣਾ: ਕ੍ਰਿ- ਘੁਮਾਉਣਾ, ਗੇੜਾ ਦੇਣਾ। ੨. ਫੇਰਨਾ। ੩. ਭ੍ਰਮ ਵਿੱਚ ਪਾਉਣਾ। ੪. ਲੁਭਾਉਣਾ. ਮੋਹਿਤ ਕਰਨਾ.

ਭ੍ਰਮਾਤ, ਭ੍ਰਮਾਦ: ਭ੍ਰਮਣ ਕਰਦਾ. ਭ੍ਰਮਦਾ "ਬਹੁਰਿ ਨ ਜੋਨਿ ਭ੍ਰਮਾਦ." (ਸਾਰ ਮਃ ੫) ੨. ਭ੍ਰਮਾਤ੍. ਭ੍ਰਮ ਤੋਂ.

ਭ੍ਰਮਾਭ੍ਰਮੰ: ਆਉਂਦਾ ਜਾਂਦਾ. ਗਮਾਗਮ. "ਚਲ ਚਿਤ ਵਿਤ ਭ੍ਰਮਾਭ੍ਰਮੰ. (ਗੂਜ ਅਃ ਮਃ ੧)

ਭ੍ਰਮਾਮ: ਭ੍ਰਮਣ ਕਰਦਾ. "ਬਹੁੜਿ ਨ ਜੋਨਿ ਭ੍ਰਮਾਮ." (ਭੈਰ ਮਃ ੫) ੨. ਭ੍ਰਮਾਮਿ. ਮੈ ਭ੍ਰਮਣ ਕਰਦਾ। ੩. ਭ੍ਰਮਾਮ ਅਸੀਂ ਭ੍ਰਮਦੇ.

ਭ੍ਰਮਾਮਿ: ਦੇਖੋ, ਭ੍ਰਮਾਮ.

ਭ੍ਰਮਾਰੀ: ਵਿ- ਭ੍ਰਮਦੀ. ਮਿਥ੍ਯਾਗ੍ਯਾਨ ਦੀ. "ਚੂਕੈ ਭੀਤਿ ਭ੍ਰਮਾਰੀ." (ਸੋਰ ਮਃ ੫) ੨. ਭ੍ਰਮ ਅਰਿ. ਭ੍ਰਮਵਿਨਾਸ਼ਕ ਆਤਮਗ੍ਯਾਨ.

ਭ੍ਰਮਾਵਣ, ਭ੍ਰਮਾਵਣੁ: ਦੇਖੋ, ਭ੍ਰਮਾਉਣਾ. "ਬਹੁ ਜੋਨੀ ਭ੍ਰਮਾਵਣਹ." (ਸਹਸ ਮਃ ੫)

ਭ੍ਰਮਿ: ਭ੍ਰਮਣ ਕਰਕੇ. ਘੁੰਮਕੇ. "ਭ੍ਰਮਿ ਆਏ ਧਰਿ ਸਾਰੀ." (ਗੂਜ ਮਃ ੫) ੨. ਸੰ. ਸੰਗਯਾ- ਗੇੜਾ. ਚਕ੍ਰ. "ਅਪਿਓ ਪੀਵੈ ਜੋ ਨਾਨਕਾ, ਭ੍ਰਮੁ ਭ੍ਰਮਿ ਸਮਾਵੈ." (ਤਿਲੰ ਮਃ ੧) ਭ੍ਰਮ ਅਤੇ ਆਵਾਗਮਨ ਮਿਟ ਜਾਂਦਾ ਹੈ। ੩. ਘੁੰਮਣਵਾਣੀ. ਜਲ ਦੀ ਭੌਰੀ। ੪. ਘੁਮਿਆਰ ਦਾ ਚੱਕ। ੫. ਮੂਰਛਾ. ਗਸ਼.

ਭ੍ਰਮਿੰਨਾ: ਭ੍ਰਮਣ ਕਰਦਾ. "ਉਦਿਆਨ ਭ੍ਰਮਿੰਨਾ." (ਵਾਰ ਜੈਤ)

ਭ੍ਰਮੀ: ਵਿ- ਭ੍ਰਮਣ ਵਾਲਾ। ੨. ਵਹਿਮੀ. ਸ਼ੱਕੀ। ੩. ਸੰਗਯਾ- ਧ੍ਰੁਵ ਦੀ ਇਸਤ੍ਰੀ.

ਭ੍ਰਮੀਆਚਾ: ਭ੍ਰਮਵਾਲਾ ਹੈ. ਭ੍ਰਮਵਾਨ ਹੈ. "ਤਰੁਕ ਨਚਾ ਭ੍ਰਮੀਆਚਾ." (ਧਨਾ ਨਾਮਦੇਵ)

ਭ੍ਰਮੇ: ਘੁੰਮੇ. ਫਿਰੇ। ੨. ਭ੍ਰਮ੍. ਭ੍ਰਮ ਵਿੱਚ। ੩. ਭ੍ਰਮ ਹੋਣ ਪੁਰ.

ਭ੍ਰਮੇਣ: ਭ੍ਰਮੇਣ. ਭ੍ਰਮ ਕਰਕੇ. ਦੇਖੋ, ਭਰਮੇਣ.

ਭ੍ਰਾਜ: ਸੰ. ਭ੍ਰਾਜ. ਧਾ- ਚਮਕਣਾ, ਪ੍ਰਕਾਸ਼ਿਤ ਹੋਣਾ.

ਭ੍ਰਾਜਨ, ਭ੍ਰਾਜਨਾ: ਕ੍ਰਿ- ਸ਼ੋਭਾ ਸਹਿਤ ਹੋਣਾ। ੨. ਚਮਕਣਾ.

ਭ੍ਰਾਤ: ਭਾਈ. ਦੇਖੋ, ਭ੍ਰਾਤਾ.

ਭ੍ਰਾਂਤ: ਸੰ. ਵਿ- ਘੁੰਮਣ ਵਾਲਾ। ੨. ਮਿਥ੍ਯਾਗ੍ਯਾਨ ਵਾਲਾ. ਭੁੱਲਿਆ ਹੋਇਆ। ੩. ਸੰਗਯਾ- ਭ੍ਰਮਣ. ਘੁੰਮਣਾ। ੪. ਮਸ੍ਤ ਹਾਥੀ.

ਭ੍ਰਾਤਰ, ਭ੍ਰਾਤਾ: ਸੰ. ਭ੍ਰਾਤৃ- ਭ੍ਰਾਤ੍ਰਿ. ਸ਼ਕਾ ਭਾਈ। ੨. ਭ੍ਰਾਂਤਿ ਦੀ ਥਾਂ ਭੀ ਭ੍ਰਾਤਾ ਸ਼ਬਦ ਆਇਆ ਹੈ. "ਤਜਿ ਮਾਇਆ ਹਉਮੈ ਭ੍ਰਾਤਾ." (ਮਾਰੂ ਸੋਲਹੇ ਮਃ ੧)

ਭ੍ਰਾਂਤਾਪਹ੍ਨੁਤਿ: ਇੱਕ ਅਰਥਾਲੰਕਾਰ, ਜਿਸ ਵਿੱਚ ਭ੍ਰਮ ਦੂਰ ਕਰਨ ਲਈ ਸਤ੍ਯ ਵਸਤੁ ਦਾ ਵਰਣਨ ਹੁੰਦਾ ਹੈ.

ਭ੍ਰਾਤਿ, ਭ੍ਰਾਂਤਿ: ਸੰ. ਭ੍ਰਾਨ੍ਤਿ- ਸੰਗਯਾ- ਭ੍ਰਮਣ. ਘੁੰਮਣਾ. "ਨਾਮੁ ਜਪਤ ਗੋਬਿੰਦ ਕਾ ਬਿਨਸੈ ਭ੍ਰਮਭ੍ਰਾਂਤਿ." (ਬਿਲਾ ਮਃ ੫) ੨. ਅਯਥਾਰਥਗ੍ਯਾਨ. ਝੂਠੀ ਸਮਝ. "ਭ੍ਰਾਤਿ ਤਜਿਛੋਡਿ ਤਉ ਅਮਿਉ ਪੀਜੈ." (ਮਾਰੂ ਮਃ ੧) ੩. ਸ਼ੱਕ. ਸੰਸਾ. "ਸ਼ਬਦੁ ਵੀਚਾਰਿ ਮਿਲਣੁ ਨਹੀ ਭ੍ਰਾਤਿ." (ਆਸਾ ਅਃ ਮਃ ੧) ੪. ਇੱਕ ਅਰਥਾਲੰਕਾਰ. ਕਿਸੇ ਵਸ੍ਤੁ ਦੇ ਤੁੱਲ ਦੂਜੀ ਵਸ੍ਤੁ ਨੂੰ ਵੇਖਕੇ ਉਸ ਦਾ ਰੂਪ ਹੀ ਮੰਨ ਲੈਣਾ "ਭ੍ਰਾਂਤਿ" ਅਲੰਕਾਰ ਹੈ. ਇਸ ਦਾ ਨਾਮ "ਭ੍ਰਮ" ਭੀ ਹੈ.

ਆਨ ਬਾਤ ਕੋ ਆਨ ਮੇ ਹੋਤ ਜਹਾਂ ਭ੍ਰਮ ਆਯ,

ਤਾਂਸੋਂ ਭ੍ਰਮ ਸਭ ਕਹਿਤ ਹੈਂ ਭੂਸ਼ਣ ਸੁਕਵਿ ਬਨਾਯ.

(ਸ਼ਿਵਰਾਜਭੂਸ਼ਣ)

ਉਦਾਹਰਣ-

ਮ੍ਰਿਗਤ੍ਰਿਸਨਾ ਜਿਉ ਝੂਠੋ ਇਹੁ ਜਗ

ਦੇਖਿ ਤਾਸਿ ਉਠਿ ਧਾਵੈ.

(ਗੁਉ ਮਃ ੯)

ਨਰਪਤਿ ਏਕੁ ਸਿੰਘਾਸਨਿ ਸੋਇਆ,

ਸੁਪਨੇ ਭਇਆ ਭਿਖਾਰੀ,

ਅਛਤ ਰਾਜ ਬਿਛੁਰਤ ਦੁਖੁ ਪਾਇਆ

ਸੋ ਗਤਿ ਭਈ ਹਮਾਰੀ.

(ਸੋਰ ਰਵਿਦਾਸ)

ਜੈਸੇ ਕਚਈ ਮੁਦਿਤ ਪੇਖ ਪ੍ਰਤਿਬਿੰਬ ਨਿਸਿ

ਸਿੰਘ ਪ੍ਰਤਿਬਿੰਬ ਦੇਖ ਕੂਪ ਮੇ ਪਰਤ ਹੈ,

ਜੈਸੇ ਕਾਂਚਮੰਦਿਰ ਮੇ ਮਾਨਸ ਅਨੰਦਮਈ

ਸ਼ਾਨ ਪੇਖ ਆਪਾਆਪ ਭੂਸਕੈ ਮਰਤ ਹੈ.

(ਭਾਗੁ ਕ)

ਬਾਜੀਗਰ ਜੈਸੀ ਬਾਜੀ ਮਾਯਾ ਕੀ ਕਨਾਤ ਸਾਜੀ

ਪਾਜੀ ਕੋ ਅਪਾਜੀ ਲਖ ਤਾਂਸੋਂ ਬਿਰਮਾਯੋ ਹੈ,

ਸੁਪਨੇਪਦਾਰਥ ਸੁਆਰਥ ਮੇ ਰਚਜੋ ਸੰਚੈ

ਸੰਚਿ ਸੰਚਿ ਜਾਗੇ ਤੇ ਬਹੁਰਿ ਪਛਤਾਯੋ ਹੈ,

ਸੁਕਤਾ ਰਜਤ ਮ੍ਰਿਗਤ੍ਰਿਸਨਾ ਮੇ ਨੀਰ ਜੈਸੇ

ਰੱਜੁ ਮੇ ਸਰਪ ਆਦਿ ਅੰਤ ਹੂੰ ਨ ਪਾਯੋ ਹੈ,

ਕੂੜ ਹੈ ਰੇ ਕੂੜ, ਮਨ ਮੂੜ ਲਗ ਨਾਮ ਰੂੜ

ਸਾਚੇ ਕੋ ਬਨਾਯੋ ਤਾਂਤੇ ਸਾਚੋਸੋ ਸੁਹਾਯੋ ਹੈ.

(ਨਾਪ੍ਰ)

(ਅ) ਭਯ, ਕ੍ਰੋਧ ਅਥਵਾ ਆਨੰਦ ਕਰਕੇ ਚਿੱਤ ਦਾ ਐਸਾ ਭ੍ਰਮ ਵਿੱਚ ਪੈਣਾ, ਜਿਸ ਤੋਂ ਯੋਗ ਅਯੋਗ ਦਾ ਧਯਾਨ ਜਾਂਦਾ ਰਹੇ, ਭ੍ਰਾਂਤਿ ਦਾ ਦੂਜਾ ਰੂਪ ਹੈ. ਇਸ ਨੂੰ "ਵਿਭ੍ਰਮ" ਭੀ ਆਖਦੇ ਹਨ.

ਉਦਾਹਰਣ-

ਭਾਈਆਂ ਮਾਰਨ ਭਾਈ ਦੁਰਗਾ ਜਾਣਕੈ.

(ਚੰਡੀ ੩)

ਸ਼੍ਰੋਨਨ ਮੇ ਸੁਨ ਬਾਜਨ ਕੀ ਧੁਨਿ

ਵਿਭ੍ਰਮ ਹੋਤ ਭਯੋ ਮਨ ਨਾਰੀ,

ਹਾਰ ਲਪੇਟਲਯੋ ਕਟਿ ਕੇ ਤਟ

ਕਿੰਕਨਿ ਲੈ ਗਰ ਬੀਚ ਸੁਧਾਰੀ,

ਨੂਪੁਰ ਹਾਥਨ ਮੇ ਪਹੁੱਚੀ ਪਗ

ਅੰਚਰ ਅੰਗਿਨ ਥਾਨ ਸਵਾਰੀ,

ਅੰਜਨ ਅੰਜ ਕਪੋਲਨ ਪੈ, ਚਖ-

ਜਾਵਕ ਡਾਰ ਨ ਧੀਰ ਵਿਚਾਰੀ.

(ਨਾਪ੍ਰ)

ਭ੍ਰਾਤਿਭਾਵ: ਭ੍ਰਾਤ੍ਰਿਭਾਵ. ਭਾਈਪਨ. ਭਾਈਪੁਣੇ ਦਾ ਖ਼ਯਾਲ. "ਭਏ ਏਕਠੇ ਭ੍ਰਾਤਿਭਾਵੰ ਬਿਚਾਰੀ." (ਕੱਛਾਵ) ਦੇਖੋ, ਭ੍ਰਾਤ੍ਰਿਭਾਵ.

ਭ੍ਰਾਤੇ: ਸੰ. भ्रान्ते. ਭ੍ਰਾਂਤਿ ਸੇ. ਭ੍ਰਮ ਤੋਂ. "ਆਪੁ ਗਵਾਇ ਮਿਲਣ, ਨਹਿ ਭ੍ਰਾਤੇ." (ਸਿਧਗੋਸਟਿ) ਆਪ ਗਵਾਕੇ ਮਿਲਣਾ ਹੁੰਦਾ ਹੈ ਭ੍ਰਾਂਤਿ ਸੇ ਨਹੀਂ.

ਭ੍ਰਾਤ੍ਰਿਭਾਵ: ਭਾਈਪਨ ਦਾ ਖਿਆਲ. ਆਪੋ ਵਿੱਚੀ ਭਾਈਪੁਣੇ ਦਾ ਵਰਤਾਉ. ਭਾਈਬੰਦੀ. Brotherhood.

ਭ੍ਰਾਮਰ: ਦੇਖੋ, ਦੋਹਰੇ ਦਾ ਰੂਪ ੧੭। ੨. ਚੁੰਬਕ ਪੱਥਰ। ੩. ਵਿ- ਭ੍ਰਮਰ (ਭੌਰੇ) ਦਾ.

ਭ੍ਰਾਮਰੀ: ਇੱਕ ਖਾਸ ਦੇਵੀ ਜਿਸ ਨੇ ਭ੍ਰਾਮਰੀ (ਭੌਰੀ ਦੀ) ਮੂਰਤਿ ਧਾਰਕੇ ਅਰੁਣਾਖ ਰਾਖਸ ਨੂੰ ਮਾਰਿਆ ਸੀ. ਇਸ ਦੀ ਆਰਾਧਨਾ ਤ੍ਰਿਸ਼ੰਕੁ ਆਦਿ ਰਾਜਿਆਂ ਨੇ ਕੀਤੀ. ਦੇਖੋ, ਦੇਵੀ ਭਾਗਵਤ ਸਕੰਧ ੧੦. ਅः ੧੩.

ਭ੍ਰਿ: ਸੰ. भृ. ਧਾ- ਧਾਰਨ ਕਰਨਾ, ਆਸ਼੍ਰਯ ਦੇਣਾ, ਪੂਰਨ ਕਰਨਾ, ਪਾਲਨ ਕਰਨਾ

ਭ੍ਰਿਸ: ਸੰ. भृश. ਧਾ- ਡਿਗਣਾ, ਬਲਵਾਨ ਹੋਣਾ। ੨. ਸੰ. भृश. ਵਿ- ਬਹੁਤ। ੩. ਪ੍ਰਬਲ. ਜ਼ੋਰਾਵਰ. "ਮਿਲੀ ਹੈ ਭੂਮਿ ਭ੍ਰਿਸ ਮੇ." (ਕ੍ਰਿਸਨਾਵ)

ਭ੍ਰਿਸਟ: ਵਿ- ਪਤਿਤ. ਡਿਗਿਆ ਹੋਇਆ. ਦੇਖੋ, ਭ੍ਰਸਟ। ੨. ਸੰ. भृष्ट- ਭ੍ਰਿਸ਼੍ਰ. ਭੁੱਜਿਆ ਹੋਇਆ. ਭੁੰਨਿਆ.

ਭ੍ਰਿਸਟਥਾਨ: ਦੇਖੋ, ਥਾਨਭ੍ਰਿਸਟ. ਥਾਂ ਤੋਂ ਡਿੱਗਾ. ਪਦਵੀ (ਅਧਿਕਾਰ) ਤੋਂ ਪਤਿਤ ਹੋਇਆ.

ਭ੍ਰਿਕੁਟਿ, ਭ੍ਰਿਕੁਟੀ: ਸੰ. भृकुटी. ਸੰਗਯਾ- ਭ੍ਰੂ. ਭੌਂਹ. "ਤਵ ਵਿਲੋਕਕੈ ਭ੍ਰਿਕੁਟੀ ਬੈਕੀ। ਤ੍ਰਯਲੋਕੀ ਸੁਧ ਰਹੈ ਨ ਕਾਂਕੀ." (ਨਾਪ੍ਰ)

ਭ੍ਰਿੰਗ: ਸੰ. भृङ्ग. ਸੰਗਯਾ ਫੁੱਲਾਂ ਤੇ ਭ੍ਰਮਣ ਵਾਲਾ ਭ੍ਰਮਰ. ਭੌਰਾ. ਮਧੁਕਰ. "ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ." (ਆਸਾ ਰਵਿਦਾਸ) ੨. ਪਰ- ਇਸਤ੍ਰੀਗਾਮੀ. ਜਾਰ.

ਭ੍ਰਿੰਗਾਰਿ: ਸੰ. ਭ੍ਰਿੰਗ- ਅਰਿ. ਕੇਵੜਾ. ਕੇਤਕੀ, ਜੋ ਆਪਣੇ ਕੰਡਿਆਂ ਨਾਲ ਭੌਰੇ ਨੂੰ ਘਾਇਲ ਕਰ ਦਿੰਦਾ ਹੈ.

ਭ੍ਰਿੰਗੀ: ਸੰ. भृङ्गी. ਸੰਗਯਾ- ਭ੍ਰਮਰੀ. ਭੌਰੀ। ੨. ਕਾਲਿਕਾਪੁਰਾਣ ਅਨੁਸਾਰ ਸ਼ਿਵ ਦਾ ਇੱਕ ਪ੍ਰਧਾਨ ਗਣ ਅਤੇ ਪੁਤ੍ਰ. ਦੇਖੋ, ਮਹਾਕਾਲ ੪। ੩. ਇੱਕ ਪ੍ਰਕਾਰ ਦੀ ਤਿਤਲੀ. ਬਿਲਨੀ. ਇਸ ਦਾ ਜਿਕਰ ਅਨੇਕ ਗ੍ਰੰਥਾਂ ਵਿੱਚ ਦੇਖੀਦਾ ਹੈ ਕਿ ਅਨੇਕ ਜਾਤਿ ਦੇ ਕੀੜੇ ਪਤੰਗਿਆ ਨੂੰ ਇਹ ਆਪਣਾ ਸ੍ਵਰੂਪ ਬਣਾ ਲੈਂਦੀ ਹੈ. ਦੇਖੋ, ਗੁਰੁ ੨.

ਭ੍ਰਿਗੁ: ਮਹਾਭਾਰਤ ਵਿੱਚ ਲਿਖਿਆ ਹੈ ਕਿ ਇੱਕ ਵਾਰ ਬ੍ਰਹਮਾ, ਰੁਦ੍ਰ ਦਾ ਯਗ੍ਯ ਕਰਵਾ ਰਿਹਾ ਸੀ, ਉੱਥੇ ਇਕੱਠੀਆਂ ਹੋਈਆਂ ਦੇਵਤਿਆਂ ਦੀਆਂ ਇਸਤ੍ਰੀਆਂ ਅਤੇ ਕਨ੍ਯਾ ਨੂੰ ਦੇਖਕੇ ਬ੍ਰਹਮਾ ਦਾ ਵੀਰਯ ਪਾਤ ਹੋ ਗਿਆ, ਜਿਸ ਨੂੰ ਸੂਰਜ ਨੇ ਇਕੱਠਾ ਕਰਕੇ ਅਗਨਿ ਵਿੱਚ ਹਵਨ ਕੀਤਾ. ਉਸ ਤੋਂ ਤਿੰਨ ਬਾਲਕ ਪੈਦਾ ਹੋਏ. ਸੁੰਦਰ ਬਾਲਕਾਂ ਨੂੰ ਦੇਖਕੇ ਸ਼ਿਵ ਅਗਨਿ ਅਤੇ ਬ੍ਰਹਮਾ ਦਾ ਜੀ ਲਲਚਾਇਆ ਅਰ ਹਰੇਕ ਨੇ ਆਪਣੇ ਬਣਾਉਣੇ ਚਾਹੇ. ਹੋਰ ਦੇਵਤਿਆਂ ਨੇ ਵਿੱਚ ਪੈਕੇ ਝਗੜਾ ਨਿਬੇੜਿਆ ਅਤੇ ਤੇਹਾਂ ਨੂੰ ਇੱਕ ਇੱਕ ਵੰਡ ਦਿੱਤਾ. ਸ਼ਿਵ ਦੇ ਹਿੱਸੇ ਭ੍ਰਿਗ, ਅਗਨਿ ਨੂੰ ਅੰਗਿਰਾ ਅਤੇ ਬ੍ਰਹਮਾ ਨੂੰ ਕਵਿ (ਸ਼ੁਕ੍ਰ) ਮਿਲਿਆ.

ਭ੍ਰਿਗੁ ਦਾ ਜਿਕਰ ਰਿਗਵੇਦ ਵਿੱਚ ਭੀ ਕਈ ਥਾਂ ਆਇਆ ਹੈ. ਮਨੁਸਿਮ੍ਰਿਤਿ ਦਾ ਕਰਤਾ ਇਹੀ ਵਿਦ੍ਵਾਨ ਹੈ. ਭਾਰਗਵ ਵੰਸ਼, ਜਿਸ ਵਿੱਚ ਪਰਸ਼ੁਰਾਮ ਪ੍ਰਤਾਪੀ ਹੋਇਆ ਹੈ ਉਹ ਇਸੇ ਭ੍ਰਿਗੁ ਤੋਂ ਚੱਲਿਆ ਹੈ. ਦਕ੍ਸ਼ ਪ੍ਰਜਾਪਤਿ ਦਾ ਯਗ੍ਯ (ਜਿਸ ਵਿੱਚ ਸ਼ਿਵ ਦਾ ਹਿੱਸਾ ਨਹੀਂ ਕੱਢਿਆ ਗਿਆ ਸੀ) ਭ੍ਰਿਗੁ ਨੇ ਕਰਾਇਆ ਸੀ. ਜਦ ਸ਼ਿਵ ਨੇ ਆਕੇ ਆਪਣੇ ਗਣਾਂ ਤੋਂ ਯਗ੍ਯ ਭ੍ਰਸ਼੍ਟ ਕਰਾਇਆ, ਤਦ ਭ੍ਰਿਗੁ ਦੀ ਭੀ ਦਾੜ੍ਹੀ ਪੁੱਟੀ ਗਈ ਸੀ.

ਪਦਮਪੁਰਾਣ ਵਿੱਚ ਕਥਾ ਹੈ ਕਿ ਇੱਕ ਵਾਰ ਸਾਰੇ ਰਿਖੀਆਂ ਨੇ ਸਭਾ ਕਰਕੇ ਨਿਰਣਾ ਕਰਨਾ ਚਾਹਿਆ ਕਿ ਤੇਹਾਂ ਦੇਵਤਿਆਂ ਵਿੱਚੋਂ ਕੇੜ੍ਹਾ ਪੂਜ੍ਯ ਹੈ. ਭ੍ਰਿਗੁ ਨੇ ਆਖਿਆ ਕਿ ਮੈ ਪਰੀਖ੍ਯਾ ਕਰਕੇ ਇਸ ਦਾ ਫੈਸਲਾ ਕਰਾਂਗਾ. ਸਭ ਤੋਂ ਪਹਿਲਾਂ ਭ੍ਰਿਗੁ ਸ਼ਿਵ ਪਾਸ ਪਹੁੰਚਿਆ, ਅੱਗੇ ਉਹ ਪਾਰਵਤੀ ਨਾਲ ਵਿਲਾਸ ਕਰ ਰਿਹਾ ਸੀ, ਇਸ ਪੁਰ ਰਿਖੀ ਨੇ ਸ਼੍ਰਾਪ ਦਿੱਤਾ ਕਿ ਸ਼ਿਵ ਲਿੰਗਰੂਪ ਬਣਜਾਵੇ. ਫੇਰ ਬ੍ਰਹਮਾ ਪਾਸ ਗਿਆ, ਉੱਥੇ ਭੀ ਭ੍ਰਿਗੁ ਦਾ ਮਾਨ ਨਹੀਂ ਹੋਇਆ, ਇਸ ਲਈ ਬ੍ਰਹਮਾ ਨੂੰ ਭੀ ਪੂਜ੍ਯ ਪਦਵੀ ਤੋਂ ਖਾਰਿਜ ਕੀਤਾ. ਅੰਤ ਜਦ ਵਿਸ਼ਨੁ ਪਾਸ ਗਿਆ ਤਾਂ ਉਹ ਸੁੱਤਾ ਪਿਆ ਸੀ. ਭ੍ਰਿਗੁ ਨੇ ਛਾਤੀ ਵਿੱਚ ਲੱਤ ਮਾਰਕੇ ਜਗਾਇਆ. ਵਿਸ਼ਨੁ ਨੇ ਕ੍ਰੋਧ ਕਰਨ ਦੀ ਥਾਂ ਭ੍ਰਿਗੁ ਦਾ ਪੈਰ ਪ੍ਰੇਮਭਾਵ ਨਾਲ ਮਲਿਆ ਅਰ ਆਖਿਆ ਕਿ ਆਪ ਦੇ ਚਰਣ ਨੂੰ ਮੇਰੇ ਕਠੋਰ ਸ਼ਰੀਰ ਨਾਲ ਲੱਗਕੇ ਸੱਟ ਵੱਜੀ ਹੋਣੀ ਹੈ. ਭ੍ਰਿਗੁ ਨੇ ਮੁੜਕੇ ਰਿਖੀਸਭਾ ਵਿੱਚ ਫੈਸਲਾ ਸੁਣਾਇਆ ਕਿ ਵਿਸ਼ਨੁ ਪੂਜ੍ਯ ਦੇਵ ਹੈ. "ਜਾਪ ਕਿਯੋ ਸਭ ਹੀ ਹਰਿ ਕੋ ਜਬ ਯੌਂ ਭ੍ਰਿਗੁ ਆਯਕੈ ਬਾਤ ਸੁਨਾਈ." (ਕ੍ਰਿਸਨਾਵ) ੨. ਸ਼ਿਵ। ੩. ਸ਼ੁਕ੍ਰਗ੍ਰਹ। ੪. ਪਹਾੜ ਦੀ ਉੱਚੀ ਤਿੱਖੀ ਢਲਵਾਨ। ੫. ਸ਼ੁਕ੍ਰਵਾਰ. ਜੁਮਾ। ੬. ਤੰਤ੍ਰਸ਼ਾਸਤ੍ਰ ਅਨੁਸਾਰ ਸੱਸਾ ਅੱਖਰ. ਸਕਾਰ.

ਭ੍ਰਿਗੁਕੁਲਕੇਤੁ, ਭ੍ਰਿਗਨਾਥ, ਭ੍ਰਿਗੁਨੰਦ, ਭ੍ਰਿਗੁਨੰਦਨ, ਭ੍ਰਿਗੁਪਤਿ, ਭ੍ਰਿਗੁਰਾਮ: ਭਾਰਗੰਵ ਵੰਸ਼ (ਭ੍ਰਿਗੁਵੰਸ਼) ਦੀ ਧੁਜਾ ਰੂਪ. ਭਾਰਗੰਵ ਵੰਸ਼ ਦਾ ਸ੍ਵਾਮੀ. ਭ੍ਰਿਗੁ ਦੀ ਸੰਤਾਨ ਵਿੱਚ ਹੋਣ ਵਾਲਾ ਪਰਸ਼ੁਰਾਮ. ਜਮ- ਦਗਨਿ ਦਾ ਪੁਤ੍ਰ ਕੁਹਾੜਾ ਧਾਰੀ ਰਾਮ.

ਭ੍ਰਿਗੁਰੇਖਾ, ਭ੍ਰਿਗੁਲਤਾ: ਭ੍ਰਿਗੁ ਰਿਖੀ ਦੇ ਪੈਰ ਦਾ ਲਤਾ (ਦਾਗ) ਵਿਸ਼ਨੁ ਦੀ ਛਾਤੀ ਪੁਰ ਉਹ ਦਾਗ (ਲਤਾ), ਜੋ ਭ੍ਰਿਗੁ ਦੇ ਚਰਣਪ੍ਰਹਾਰ ਤੋਂ ਹੋਇਆ ਦੇਖੋ, ਭ੍ਰਿਗੁ.

ਭ੍ਰਿਗੁਵੰਸ਼: ਭ੍ਰਿਗੁ ਰਿਖੀ ਦਾ ਵੰਸ਼. ਭਾਰਗੰਵ ਕੁਲ. ਦੇਖੋ, ਭ੍ਰਿਗੁ.

ਭ੍ਰਿਗੁਵੰਸ਼ੀ: ਭਾਰਗੰਵ. ਭ੍ਰਿਗੁ ਦੀ ਕੁਲ ਵਿੱਚ ਹੋਣ ਵਾਲਾ.

ਭ੍ਰਿਜ: ਸੰ. भृज. ਧਾ- ਭੁੰਨਣਾ, ਰਾੜ੍ਹਨਾ.

ਭ੍ਰਿਤ: (ਦੇਖੋ, ਭ੍ਰਿ ਧਾ) ਸੰ. ਭ੍ਰਿਤ. ਵਿ- ਧਾਰਣ ਕੀਤਾ। ੨. ਪਾਲਨ ਕੀਤਾ। ੩. ਭਰਿਆ। ੪. ਲੱਦਿਆ। ੫. ਕਿਰਾਏ ਪੁਰ ਲਿਆ। ੬. ਸੰ. भृत्य. ਭ੍ਰਿਤ੍ਯ. ਸੰਗ੍ਯਾ- ਪਾਲਨ ਕਰਨ ਯੋਗ੍ਯ, ਸੇਵਕ. ਦਾਸ. "ਅਵਿਲੋਕ੍ਯੋ ਭ੍ਰਿਤ ਏਕ." (ਦੱਤਾਵ) ੭. ਰਾਜਾ ਦਾ ਮੰਤ੍ਰੀ.

ਭ੍ਰਿਤਾਬਰ: ਵਿ- ਵਰ (ਉੱਤਮ ਰੀਤਿ ਨਾਲ) ਭ੍ਰਿਤ (ਧਾਰਣ ਕਰਤਾ) "ਸਸਤ੍ਰ ਸਾਸਤ੍ਰ ਸਬੈ ਭ੍ਰਿਤਾਬਰ." (ਦੱਤਾਵ) ੨. ਦੇਖੋ, ਭ੍ਰਿਤਾਂਬਰ.

ਭ੍ਰਿਤਾਂਬਰ: ਵਿ- ਅੰਬਰ (ਵਸਤ੍ਰ) ਧਾਰੀ. ਜਿਸ ਨੇ ਕਪੜੇ ਪਹਿਨੇ ਹਨ.

ਭ੍ਰਿਤਿ: भृति. ਨੌਕਰੀ। ੨. ਮਜ਼ਦੂਰੀ। ੩. ਪਾਲਨ ਦੀ ਕ੍ਰਿਯਾ. ਪਰਵਰਿਸ਼.

ਭ੍ਰਿਤਿਅ: ਸੰ. ਭ੍ਰਿਤ੍ਯ. ਦਾਸ. ਦੇਖੋ, ਭ੍ਰਿਤ ੬. ਅਤੇ ਭ੍ਰਿਤਿਆਪ੍ਰਿਯ.

ਭ੍ਰਿਤਿਆਪ੍ਰਿਯ: ਵਿ- ਭ੍ਰਿਤ੍ਯਪ੍ਰਿਯ. ਦਾਸਾਂ (ਸੇਵਕਾਂ) ਦਾ ਪਿਆਰਾ. "ਭ੍ਰਿਤਿਆਪ੍ਰਿਯੰ, ਬਿਸ੍ਰਾਮਚਰਣੰ." (ਸਹਸ ਮਃ ੫)

ਭ੍ਰਿਤ੍ਯ: ਦੇਖੋ, ਭ੍ਰਿਤ ੬. ਅਤੇ ੭.

ਭ੍ਰਿਤ੍ਯਾ: ਸੰਗ੍ਯਾ- ਦਾਸੀ. ਟਹਲਣ.

ਭ੍ਰਿੜ: ਡੇਹਮੂ. ਭਰਿੰਡ. ਭਿਰੜ. "ਸੂਲ ਸੰਗ ਭ੍ਰਿੜ ਬੇਧਨ ਕਰੀ." (ਗੁਪ੍ਰਸੂ)

ਭ੍ਰੀ: ਸੰ. भृ. ਧਾ- ਭੁੰਨਣਾ, ਟੇਢਾ ਹੋਣਾ, ਕਲੰਕ ਲਾਉਣਾ। ੨. ਸੰ. भ्री. ਧਾ- ਨੁਕਸਾਨ ਪੁਚਾਉਣਾ, ਹਾਹੁਕੇ ਲੈਣੇ, ਡਰਨਾ.

ਭ੍ਰੂ, ਭ੍ਰੂਅ: ਸੰ. ਭ੍ਰੂ. ਸੰਗ੍ਯਾ- ਭ੍ਰਿਕੁਟੀ. ਭੌਂਹ. ਫ਼ਾ- ਅਬਰੂ. ਅੰ. brow "ਕਾਲਕੀ ਭ੍ਰੂਅ ਬਕ੍ਰ." (ਬ੍ਰਹਮਾਵ)

ਭ੍ਰੂਣ: ਸੰ. भ्रूण. ਧਾ- ਆਸ਼ਾ ਕਰਨਾ, ਭਰੋਸਾ ਕਰਨਾ। ੨. ਸੰਗ੍ਯਾ- ਗਰਭ. ਹਮਲ। ੩. ਬੱਚਾ, ਜੋ ਗਰਭ ਵਿੱਚ ਹੈ.

ਭ੍ਰੂਣਹਤ੍ਯਾ: ਸੰਗ੍ਯਾ- ਗਰਭ ਗਿਰਾਉਣ ਦੀ ਕ੍ਰਿਯਾ। ੨. ਗਰਭ ਵਿੱਚ ਇਸਥਿਤ ਬੱਚੇ ਦਾ ਮਾਰਨਾ.

ਭ੍ਰੂਭੰਗ: ਕ੍ਰੋਧ ਨਾਲ ਭੌਂਹ ਚੜ੍ਹਾਉਣ ਦਾ ਭਾਵ. ਭੌਂਹ ਦਾ ਟੇਢਾ ਹੋਣਾ.

ਭ੍ਰੰਸ: ਸੰ. भ्रंश. ਧਾ- ਭ੍ਰਸ਼੍ਟ ਹੋਣਾ, ਪਤਿਤ ਹੋਣਾ, ਡਿਗਣਾ। ੨. ਸੰਗ੍ਯਾ- ਵਿਨਾਸ਼. ਤਬਾਹੀ। ੩. ਡਿਗਣ ਦਾ ਭਾਵ. ਪਾਤ। ੪. ਹਾਨੀ. ਨੁਕਸਾਨ.

ਮ: ਪੰਜਾਬੀ ਵਰਣਮਾਲਾ ਦਾ ਤੀਹਵਾਂ ਅੱਖਰ। ਇਸ ਦਾ ਉੱਚਾਰਣ ਹੋਠਾਂ ਤੋਂ ਹੁੰਦਾ ਹੈ। ੨. ਸੰ. ਸੰਗ੍ਯਾ- ਚੰਦ੍ਰਮਾ। ੩. ਸ਼ਿਵ ੪. ਬ੍ਰਹਮਾ। ੫. ਯਮਰਾਜ। ੬. ਵੇਲਾ. ਸਮਾਂ। ੭. ਵਿਸ਼. ਜ਼ਹਿਰ। ੮. ਮਗਣ SSS ਦਾ ਸੰਖੇਪ ਨਾਮ। ੯. ਵ੍ਯ- ਨਿਸ਼ੇਧ ਬੋਧਕ. ਨਹੀਂ. ਨਾ. ਇਹ ਸੰਸਕ੍ਰਿਤ ਮਾ ਦਾ ਸੰਖੇਪ ਹੈ. "ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ." (ਸ. ਫਰੀਦ) ਮੂਲੋਂ ਚੰਗਾ ਨਹੀਂ। ੧੦. ਵਿ- ਇਹ ਸੰਖ੍ਯਾ ਬੋਧਕ ਸ਼ਬਦ ਦੇ ਅੰਤ ਲੱਗਕੇ ਵਾਲਾ, ਵਾਂ ਅਰਥ ਦਿੰਦਾ ਹੈ, ਜੈਸੇ- ਪ੍ਰਥਮ, ਦਸ਼ਮ ਆਦਿ। ੧੧. ਫ਼ਾ. م ਸਰਵ- ਪ੍ਰਥਮ ਪੁਰੁਸ਼ ਬੋਧਕ. ਮੈਂ. ਅਹੰ. "ਨ ਦਾਨਮ ਕਿ ਈਂ ਮਰਦ ਰੋਬਾਹਪੇਚ." (ਜਫਰ) ਦੇਖੋ, ਡਿਠਮੁ, ਲਧਮ ਆਦਿ ਸ਼ਬਦ। ੧੨. ਮੇਰਾ ਮੇਰੀ. ਜੈਸੇ- ਕਿਤਾਬਮ (ਮੇਰੀ ਕਿਤਾਬ).

ਮਉ: ਦੇਖੋ, ਮੋ ਅਤੇ ਗੰਗਾ ਮਾਤਾ। ੨. ਕ੍ਰਿ. ਵਿ- ਮੇਂ ਅੰਦਰ. ਵਿੱਚ. "ਦਿਸਾ ਮਉ.[943] ਨ ਆਈ ਅਨੀ ਦੈਤਰਾਜੰ." (ਨਰਨਾਰਾਯਣ) "ਤਦ ਸੰਕ ਭਿਰੈਂ ਦੋਊ ਆਹਵ ਮਉ." (ਕ੍ਰਿਸਨਾਵ)

ਮਉਜ, ਮਉਜਾ, ਮਉਜੀ: ਦੇਖੋ, ਮੌਜ, ਮੌਜਾ ਅਤੇ ਮੌਜੀ.

ਮਉਜੂਦ, ਮਉਜੂਦੁ: ਅ਼. موجود ਵਿ- ਉਪਸਿਥਤ. ਹਾਜਿਰ. "ਜਿਹਿ ਧਿਰਿ ਦੇਖਾ, ਹਿਤ ਧਿਰਿ ਮਉਜੂਦ." (ਮਃ ੧. ਵਾਰ ਸ੍ਰੀ) ੨. ਪ੍ਰਗਟ, ਜਾਹਿਰ, ਵਿਦ੍ਯਮਾਨ। ੩. ਕ੍ਰਿ. ਵਿ- ਸਾਮ੍ਹਣੇ. ਸੰਮੁਖ. "ਧਰਿਆ ਆਣਿ ਮਉਜੂਦ." (ਮਃ ੫. ਵਾਰ ਮਾਰੂ ੨)

ਮਉਤ: ਦੇਖੋ, ਮੌਤ ਅਤੇ ਮ੍ਰਿਤ੍ਯੁ. "ਫਰੀਦਾ, ਮਉਤੈ ਦਾ ਬੰਨਾ ਏਵੈ ਇਸੈ. ਜਿਉ ਦਰੀਆਵੈ ਢਾਹਾ." (ਸਃ)

ਮਉਦੀਫਾ: ਅ਼. مدافعت ਮੁਦਾਫ਼ਅ਼ਤ. ਸੰਗ੍ਯਾ- ਆਤਮਰਖ੍ਯਾ. ਭਾਵ- ਵਿਸ਼ੇ ਵਿਕਾਰਾਂ ਤੋਂ ਆਪਣਾ ਬਚਾਉ। ੨. ਅ਼. وظیفہ

[943] ਪੁਰਾਣੀ ਪੰਜਾਬੀ ਵਿੱਚ ਉ ਕਨੌੜੇ ਦੀ ਥਾਂ ਲਿਖਿਆ ਜਾਂਦਾ ਹੈ, ਦੇਖੋ ਜਉ ਜਉਨ ਤਉ ਤਉਨ ਮਉਨ ਆਦਿ ਸ਼ਬਦ.

ਵਜੀਫ਼ਹ. ਨਿਤ੍ਯਨਿਯਮ। ੩. ਨਿਤ੍ਯ ਦਾ ਭਜਨ. ਵਿਰਦ. "ਸਗਲੀ ਜਾਨਿ ਕਰਹੁ ਮਉਦੀਫਾ." (ਮਾਰੂ ਸੋਲਹੇ ਮਃ ੫) ਥੋੜੇ ਸਮੇਂ ਲਈ ਨਹੀਂ ਸਾਰੀ ਉਮਰ, ਅਰਥਾਤ ਸ੍ਵਾਸ ਸ੍ਵਾਸ ਵਜੀਫ਼ਾ ਕਰੋ.

ਮਉਨ, ਮਉਨੀ: ਦੇਖੋ, ਮੌਨ ਅਤੇ ਮੌਨੀ.

ਮਉਰ: ਦੇਖੋ, ਮੌਰ.

ਮਉਲ: ਦੇਖੋ, ਮੌਲ.

ਮਉਲਸਰੀ: ਦੇਖੋ, ਮਵਲਸਰੀ.

ਮਉਲਣਾ, ਮਉਲਨਾ: ਕ੍ਰਿ- ਮੌਲਿ (ਚੋਟੀ) ਸਹਿਤ ਹੋਣਾ, ਨਵਾਂ ਸ਼ਗੂਫ਼ਾ ਅਥਵਾ ਮੰਜਰੀ (ਵੱਲੀ) ਨਾਲ ਹੋਣਾ. ਫੈਲਣਾ. ਪ੍ਰਫੁੱਲਿਤ ਹੋਣਾ. "ਮਉਲਿਓ ਮਨੁ ਤਨੁ ਹੋਇਓ ਹਰਿਆ." (ਧਨਾ ਮਃ ੫) "ਰਾਜਾਰਾਮ ਮਉਲਿਆ ਅਨਤਭਾਇ." (ਬਸੰ ਕਬੀਰ)

ਮਉਲਵੀ: ਦੇਖੋ, ਮੌਲਵੀ.

ਮਉਲਾ: ਵਿ- ਪ੍ਰਭੁੱਲਿਤ ਕਰਨ ਵਾਲਾ, ਜਿਸ ਦ੍ਵਾਰਾ ਮਉਲਣਾ ਹੁੰਦਾ ਹੈ. ਦੇਖੋ, ਮਉਲਣਾ. "ਸੋਈ ਮਉਲਾ ਜਿਨਿ ਜਗੁ ਮਉਲਿਆ." (ਸ੍ਰੀ ਮਃ ੧) ੨. ਪ੍ਰਫੁੱਲਿਤ. ਆਨੰਦ ਖ਼ੁਸ਼. "ਮੇਰਾ ਮਨ ਤਨ ਮਉਲਾ." (ਵਾਰ ਰਾਮ ੨. ਮਃ ੫) "ਜਿਉ ਬੂੰਦਹਿ ਚਾਤ੍ਰਿਕ ਮਉਲਾ." (ਗੂਜ ਮਃ ੫) ੩. ਅ਼. مؤَلا ਅਥਵਾ مؤَلےٰ ਸੰਗ੍ਯਾ- ਆਜ਼ਾਦ ਕਰਨ ਵਾਲਾ (ਮੁਕ੍ਤਿਦਾਤਾ) ਕਰਤਾਰ. "ਮਉਲਾ ਖੇਲ ਕਰੇ ਸਭਿ ਆਪੇ." (ਮਾਰੂ ਅੰਜੁਲੀ ਮਃ ੫) ੪. ਉਹ ਗ਼ੁਲਾਮ, ਜੋ ਆਜ਼ਾਦ ਕੀਤਾ ਗਿਆ ਹੈ। ੫. ਮਾਲਿਕ. ਸ੍ਵਾਮੀ। ੬. ਅਦਾਲਤੀ। ੭. ਪੰਜਾਬੀ ਵਿੱਚ ਬੁੱਢੇ ਬੈਲ ਨੂੰ ਇਸ ਲਈ ਮਉਲਾ ਸੱਦੀਦਾ ਹੈ ਕਿ ਉਹ ਆਜ਼ਾਦ ਕੀਤਾ ਜਾਂਦਾ ਹੈ.

ਮਉਲਾਣਾ, ਮਉਲਾਨਾ: ਅ਼. مؤَلانا ਮੌਲਾਨਾ. ਹਮਾਰਾ ਮਾਲਿਕ. ਸਾਡਾ ਸ੍ਵਾਮੀ। ੨. ਭਾਵ- ਵਿਦ੍ਵਾਨ. ਪੰਡਿਤ। ੩. ਮਸੀਤ ਦਾ ਮੁੱਲਾ (ਪੁਜਾਰੀ) "ਦੇਹ ਮਸੀਤ, ਮਨੁ ਮਉਲਾਣਾ." (ਮਾਰੂ ਸੋਲਹੇ ਮਃ ੫) "ਦੇਹੀ ਮਹਜਿਦਿ ਮਨੁ ਮਉਲਾਨਾ." (ਭੈਰ ਨਾਮਦੇਵ)

ਮਉਲਿਐ: ਮਉਲਨ ਕਰਕੇ. ਪ੍ਰਫੁੱਲਿਤ ਹੋਣ ਤੋਂ.

ਮਉਲਿਹੁ: ਪ੍ਰਫੁੱਲਿਤ ਕੀਤਾ. "ਤਿਸਹਿ ਨ ਮਉਲਿਹੁ ਕੋਇ." (ਮਃ ੧. ਵਾਰ ਸੂਹੀ)

ਮਉਲੀ: ਪ੍ਰਫੁੱਲਿਤ ਹੋਈ, ਦੇਖੋ, ਮਉਲਣਾ. "ਮਉਲੀ ਧਰਤੀ." (ਬਸੰ ਕਬੀਰ) ੨. ਸੰਗ੍ਯਾ- ਮੰਗਲਸੂਤ੍ਰ. ਖੰਮ੍ਣੀ. ਜੋ ਵਿਆਹ ਆਦਿ ਵਿੱਚ ਹਿੰਦੂ ਹੱਥ ਬੰਨ੍ਹਦੇ ਹਨ.

ਮਉਲੇਰ: ਦੇਖੋ, ਮਾਉਲੇਰੁ.

ਮਅੱਸਿਰ: ਅ਼. مؤّثر ਮਅੱਸ਼ਿਰ. ਵਿ- ਅਸਰ ਕਰਨ ਵਾਲਾ. ਪੁਰਤਾਸੀਰ। ੨. ਦੇਖੋ, ਮੁਯੱਸਰ.

ਮਆਬ: ਅ਼. میاب ਸੰਗ੍ਯਾ- ਠਿਕਾਣਾ। ੨. ਉਹ ਥਾਂ, ਜਿੱਥੇ ਮੁੜ ਘਿੜਕੇ ਆਈਏ.

ਮਇ: ਦੇਖੋ, ਮਯ ਅਤੇ ਮੈ.

ਮਇਓਦਧਿ: ਸੰ. ਮਹੋਦਧਿ. ਸੰਗ੍ਯਾ- ਬਹੁਤ ਪਾਣੀ ਧਾਰਨ ਵਾਲਾ, ਸਮੁੰਦਰ. "ਅਨਲ ਅਗਮ ਜੈਸੇ ਲਹਰਿ ਮਇਓਦਧਿ." (ਸੋਰ ਰਵਿਦਾਸ) ਅਨਿਲ (ਪਵਨ) ਦੇ ਸੰਯੋਗ ਕਰਕੇ ਜੈਸੇ ਮਹੋਦਧਿ (ਸਮੁੰਦਰ) ਵਿੱਚ ਅਗਮ (ਅਨੰਤ) ਤਰੰਗ ਉਠਦੇ ਹਨ.

ਮਇਆ: ਸੰ. ਮਯਾ- ਸੰਗ੍ਯਾ- ਪ੍ਰਸਾਦ. ਕ੍ਰਿਪਾ. ਮਿਹਰਬਾਨੀ. "ਕਰਿ ਅਪੁਨੀ ਧਰਿ ਮਇਆ." (ਸ੍ਰੀ ਮਃ ੫) "ਤਿਨ ਸੰਗਤਿ

ਹਰਿ ਮੇਲਹੁ, ਕਰਿ ਮਇਆ." (ਮਲਾ ਮਃ ੪) ੨. ਸੰ. ਮਯ (ਮਯ) ਸ਼ਬਦ ਜਦ ਦੂਜੇ ਨਾਲ ਮਿਲਦਾ ਹੈ, ਤਦ ਇਸ ਦਾ ਅਰਥ ਹੁੰਦਾ ਹੈ ਮਿਲਿਆ ਹੋਇਆ. ਬਣਿਆ ਹੋਇਆ. ਤਦ੍ਰੂਪ (ਤਨਮਯ). "ਸਾਚੇ ਸੂਚੇ ਏਕਮਇਆ." (ਸਿਧਗੋਸਟਿ) ੩. ਦੇਖੋ, ਦਇਆ ਮਇਆ। ੪. ਮਾਯਾ ਵਾਸਤੇ ਭੀ ਮਇਆ ਸ਼ਬਦ ਆਇਆ ਹੈ. "ਜੋ ਦੀਸੈ ਸਭ ਤਿਸਹਿ ਮਇਆ." (ਰਾਮ ਅਃ ਮਃ ੧)

ਮਇਆਸਾ: ਮਾਯਾ- ਆਸ਼ਾ. "ਚੁਕੀਅਲੇ ਮੋਹ ਮਇਆਸਾ." (ਰਾਮ ਕਬੀਰ)

ਮਈ: ਸੰ. ਮਯ ਅਤੇ ਮਯੀ. ਤਦ੍ਰੂਪ ਦੇਖੋ, ਮਇਆ ੨. "ਪ੍ਰਭੁ ਨਾਨਕ ਨਾਨਕ ਨਾਨਕਮਈ." (ਭੈਰ ਅਃ ਮਃ ੫) ਨਾਨਕ ਦਾ ਪ੍ਰਭੁ ਨਾਨਕਮਈ, ਅਤੇ ਨਾਨਕ ਪ੍ਰਭੁ ਮਈ। ੨. ਅੰਗ੍ਰੇਜ਼ੀ ਪੰਜਵਾਂ ਮਹੀਨਾ May.

ਮਈਆ: ਮੈਯਾ. ਮਾਤਾ. ਮਾਈ। ੨. ਦੁਰਗਾ. ਭਵਾਨੀ। ੩. ਗੁਰੂ ਰਾਮਦਾਸ ਜੀ ਦਾ ਇੱਕ ਪ੍ਰੇਮੀ ਸਿੱਖ.

ਮਈਏ: ਮੁਝੇ. ਮੈਨੂੰ. "ਕੇਸਵਾ ਬਚਉਨੀ, ਅਈਏ ਮਈਏ ਏਕ ਆਨ ਜੀਉ." (ਧਨਾ ਨਾਮਦੇਵ) ਕ੍ਰਿਸ਼ਨਵਾਕ੍ਯ ਹੈ ਕਿ ਇਹ ਵਿਸ਼੍ਣੁ ਅਤੇ ਮੈਨੂੰ ਦਿਲ ਵਿੱਚ ਇੱਕ ਜਾਣ, ਭਾਵ- ਵਿਸ਼੍ਣੁ ਮੇਰਾ ਰੂਪ ਹੈ.[944]

ਮਈਯਾ: ਦੇਖੋ, ਮਈਆ ੧- ੨. "ਮਈਯਾ ਸੰਤੁਬਾਰੇ." (ਚੰਡੀ ੨) ਮਾਤਾ ਨੇ ਸੰਤ- ਉਬਾਰੇ.

ਮਸ: ਦੇਖੋ, ਮਸਿ ਅਤੇ ਮਸੁ। ੨. ਸੰ. ਮਸ. ਧਾ- ਸ਼ਬਦ ਕਰਨਾ, ਭਿਣ ਭਿਣ ਕਰਨਾ। ੩. ਮਸ਼. ਕ੍ਰੋਧ। ੪. ਅ਼. مش ਮਸ਼. ਮਲਣਾ। ੫. ਪੂੰਝਣਾ। ੬. ਅ਼. مس ਸਪਰਸ਼. ਛੁਹਣਾ। ੭. ਅ਼. مص ਮਸ. ਚੂਸਣਾ. ਚੋਸ਼ਣ.

ਮਸਉ: ਦੇਖੋ, ਮਸ਼ੌ.

ਮਸ਼ਅਲ, ਮਸ਼ਅ਼ਲ: ਦੇਖੋ, ਮਸਾਲ ੧.

ਮਸ਼ਅਲਕਸ਼, ਮਸ਼ਅ਼ਲਕਸ਼: ਫ਼ਾ. مشعل کش ਮਸਾਲਚੀ. ਮਸ਼ਅ਼ਲ ਫੜਕੇ ਅੱਗੇ ਜਾਣ ਵਾਲਾ. "ਮਿਹਰੋ ਮਹਮਸ਼ਅ਼ਲਕਸ਼ੇ ਮਜ਼ਦੂਰੇ ਓਸ੍ਤ." (ਜ਼ਿੰਦਗੀ)

ਮਸ਼ਹਦ: ਅ਼. مشہد ਸ਼ਹੀਦ ਹੋਣ ਦੀ ਥਾਂ। ੨. ਫ਼ਾਰਸ ਦਾ ਇੱਕ ਪ੍ਰਸਿੱਧ ਨਗਰ, ਜਿਸ ਦਾ ਪੁਰਾਣਾ ਨਾਮ ਤੂਸ ਹੈ. "ਮਸਹਦ ਕੋ ਰਾਜਾ ਬਡੋ." (ਚਰਿਤ੍ਰ ੨੧੮) ਪੁਰਾਣੇ ਸਮੇਂ ਮਸ਼ਹਦ ਦੀ ਬੰਦੂਕ ਬਹੁਤ ਉੱਤਮ ਸਮਝੀ ਜਾਂਦੀ ਸੀ. "ਬੰਦੂਕੇ ਮਸ਼ਹਦ ਵ ਚੀਨੀ ਕਮਾਂ." (ਹਕਾਯਤ ੮)

ਮਸਹਰ: ਮਾਂਸਾਹਾਰੀ. ਮਾਸ ਖਾਣ ਵਾਲਾ. "ਮਸਹਰ ਭੁਖਿਆਏ ਤਿਮ ਅਰਿ ਧਾਏ." (ਰਾਮਾਵ)

ਮਸਹਰੀ: ਮਸ਼ਕ (ਮੱਛਰ) ਹਰੀ. ਮੱਛਰ ਨੂੰ ਰੋਕਣ ਵਾਲੀ ਬਾਰੀਕ ਜਾਲੀ.

ਮਸਹੂਰ: ਅ਼. مشہوُر ਮਸ਼ਹੂਰ. ਵਿ- ਸ਼ੁਹਰਤ ਵਾਲਾ. ਪ੍ਰਸਿੱਧ. "ਆਬਾਦਾਨੁ ਸਦਾ ਮਸਹੂਰ." (ਗਉ ਰਵਿਦਾਸ)

ਮਸ਼ਹੂਰੀ: ਸੰਗ੍ਯਾ- ਸ਼ੁਹਰਤ ਦਾ ਭਾਵ. ਪ੍ਰਸਿੱਧੀ.

ਮਸਕ: ਸੰ. ਮਸ਼ਕ. ਸੰਗ੍ਯਾ- ਮੱਛਰ. ਜੋ ਭੀਂ ਭੀਂ ਮਸ਼ (ਸ਼ਬਦ) ਕਰਦਾ ਹੈ. "ਮਸਕੰ ਭਗਨੰਤ ਸੈਲੰ." (ਸਹਸ ਮਃ ੫) ਸਪੇਨ ਦੀ ਬੋਲੀ ਵਿੱਚ mosca ਮੱਖੀ ਵਾਚਕ ਹੈ, ਜੋ ਲਾਤੀਨੀ musca ਤੋਂ ਨਿਕਲਿਆ ਹੈ। ੨. ਫ਼ਾ. مشک ਚੰਮ ਦੀ ਥੈਲੀ, ਮੱਖਣ ਅਥਵਾ ਪਾਣੀ ਜਿਸ ਵਿੱਚ ਪਾਇਆ ਜਾਵੇ। ੩. ਅ਼. مشق ਮਸ਼ਕ. ਅਭ੍ਯਾਸ। ੪. ਦ੍ਰਿਸ਼੍ਟਾਂਤ ਮਿਸਾਲ.

ਮਸ਼ਕਕੀਟ: ਸੰ. ਮੱਛਰ. ਦੇਖੋ, ਅੰ. Mosquito

---

[944] ਦੇਖੋ, ਭਗਵਤਗੀਤਾ ਅਃ ੭, ਸਃ ੭। ਅਃ ੧੧, ਸਃ ੧੬.

**ਮਸਕਣ:** ਮਾਂਸ- ਕਣ. ਮਾਸ ਦਾ ਟੁਕੜਾ। ੨. ਪੱਠਾ. ਸ੍ਨਾਯੁ. "ਮਸਕਣ ਤੂਟੈਂ." (ਰਾਮਾਵ) ੩. ਦੇਖੋ, ਮਸਕਨ ੪.

**ਮਸਕਤ, ਮਸਕਤਿ:** ਅ਼. مشقّت ਮਸ਼ੱਕ਼ਤ. ਸੰਗ੍ਯਾ- ਤਕਲੀਫ. ਕਸ਼੍ਟ। ੨. ਮਿਹਨਤ. ਘਾਲਣਾ. "ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ." (ਜਪੁ) "ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ." (ਸ੍ਰੀ ਮਃ ੫)

**ਮਸਕਨ:** ਦੇਖੋ, ਮਸਕਣ। ੨. ਦੇਖੋ, ਮਸਕਨਾ। ੩. ਅ਼. مسکن ਸਕੂਨਤ (ਰਹਿਣ) ਦੀ ਥਾਂ. ਘਰ.

**ਮਸਕਨਾ:** ਕ੍ਰਿ- ਮਲਣਾ. ਮਰਦਨ ਕਰਨਾ. "ਹਾਥੀ ਮਾਥੇ ਮਸਕਤ ਹੈ." (ਕਵਿ ੫੨) "ਗਿਰਿ ਕਉ ਸੰਗ ਪਾਯਨ ਕੇ ਮਸਕ੍ਯੋ." (ਕ੍ਰਿਸਨਾਵ) ੨. ਨਿਪੀੜਨ. ਘੁੱਟਣਾ। ੩. ਘੁਲਣਾ. ਮੱਲਯੁੱਧ ਕਰਨਾ. "ਜਾਤ ਨਹੀ ਤਿਨ ਸੋਂ ਮਸਕ੍ਯੋ." (ਕ੍ਰਿਸਨਾਵ)

**ਮਸਕਰ:** ਮਾਸ (ਚੰਦ੍ਰਮਾ) ਕਰ (ਕਿਰਣ). ਚਾਂਦਨੀ. ਚੰਦ੍ਰਿਕਾ. "ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ." (ਚਉਬੋਲੇ ਮਃ ੫) ੨. ਸੰ. ਮਸ੍ਕਰ. ਬਾਂਸ. ਵੇਣੁ। ੩. ਗ੍ਯਾਨ। ੪. ਸੰ. ਮਯਸ੍ਕਰ. ਵਿ- ਆਨੰਦ (ਖ਼ੁਸ਼) ਕਰਨ ਵਾਲਾ.

**ਮਸਕਰਾ:** ਦੇਖੋ, ਮਸਕਰ ੪. ਅਤੇ ਮਸਖਰਾ.

**ਮਸਕਰੀ:** ਦੇਖੋ, ਮਸਖਰੀ. "ਹਮ ਸੋਂ ਕਰਨ ਮਸਕਰੀ ਲਗੇ." (ਗੁਪ੍ਰਸੂ) ੨. ਸੰ. ਮਸ੍ਕਰੀ (मस्करिन्) ਚੰਦ੍ਰਮਾ। ੩. ਮਸ੍ਕਰ (ਗ੍ਯਾਨ) ਵਾਲਾ. ਗ੍ਯਾਨਵਾਨ। ੪. ਮਸ੍ਕਰ (ਕਰਮ ਦਾ ਤ੍ਯਾਗ) ਕਰਨ ਵਾਲਾ ਸੰਨ੍ਯਾਸੀ.

**ਮਸਕਲ, ਮਸਕਲਾ:** ਅ਼. مصقل ਮਿਸਕ਼ਲ. ਸੰਗ੍ਯਾ- ਸੈਕ਼ਲ ਕਰਨ ਦਾ ਸੰਦ. ਜਰ (ਜ਼ੰਗ) ਉਤਾਰਨ ਦਾ ਔਜ਼ਾਰ. "ਮਸਕਲ ਮਾਨਾ ਮਾਲੁ ਮੁਸਾਵੈ." (ਮਃ ੧. ਵਾਰ ਮਾਲ) ਦੇਖੋ, ਮਾਨਾ. "ਮਸਕਲੈ ਹੋਇ ਜੰਗਾਲੀ." (ਵਾਰ ਰਾਮ ੩)

**ਮਸਕੀਣ, ਮਸਕੀਣੀ:** ਦੇਖੋ, ਮਸਕੀਨ ਅਤੇ ਮਸਕੀਨੀ.

**ਮਸਕੀਨ:** ਅ਼. مسکین ਵਿ- ਸਕਨ (ਚੁਪਚਾਪ) ਰਹਿਣ ਵਾਲਾ। ੨. ਅਧੀਨ. ਹਲੀਮ. ਨੰਮ੍ਰ. "ਹਮ ਗਰੀਬ ਮਸਕੀਨ ਪ੍ਰਭ ਤੇਰੇ." (ਸੋਹਿਲਾ)

**ਮਸਕੀਨੀ:** ਸੰਗ੍ਯਾ- ਮਸਕੀਨ ਹੋਣ ਦਾ ਭਾਵ. ਨੰਮ੍ਰਤਾ. ਹਲੀਮੀ. ਦੇਖੋ, ਮਸਕੀਨ. "ਸਹਜ ਸੁਹੇਲਾ ਫਲੁ ਮਸਕੀਨੀ." (ਗਉ ਅਃ ਮਃ ੫)

**ਮਸਕੀਨੀਆ:** ਵਿ- ਮਸਕੀਨ. ਮਸਕੀਨੀ ਵਾਲਾ. ਨੰਮ੍ਰ. "ਸੁਖੀ ਬਸੈ ਮਸਕੀਨੀਆ." (ਸੁਖਮਨੀ)

**ਮਸ਼ਕੂਕ:** ਅ਼. مشکوٗک ਵਿ- ਸ਼ੱਕੀ. ਸ਼ੱਕ (ਸੰਸ਼ਯ) ਸਹਿਤ.

**ਮਸ਼ਕੂਰ:** ਅ਼. مشکوٗر ਸ਼ੁਕਰ ਕਰਨ ਵਾਲਾ. ਧਨ੍ਯਵਾਦੀ। ੨. ਜਿਸ ਦਾ ਸ਼ੁਕਰ ਕੀਤਾ ਗਿਆ ਹੈ.

**ਮਸ਼ਖ਼ਰਾ:** ਅ਼. مسخرہ ਉਹ ਆਦਮੀ, ਜਿਸ ਨੂੰ ਸਖ਼ਰ (ਮਖ਼ੌਲ) ਕੀਤਾ ਜਾਵੇ। ੨. ਉਹ ਪੁਰੁਸ਼, ਜੋ ਮਖ਼ੌਲ (ਠੱਠਾ) ਕਰਦਾ ਹੈ. ਸੰ. ਮਯਸ੍ਕਰ.

**ਮਸਖ਼ਰੀ:** ਫ਼ਾ. مسخری ਸੰਗ੍ਯਾ- ਮਖ਼ੌਲ. ਠੱਠਾ. ਦੇਖੋ, ਮਸਖਰਾ.

**ਮਸ਼ਗੂਲ:** ਅ਼. مشغول ਵਿ- ਸ਼ਗਲ (ਕਾਰਯ) ਵਿੱਚ ਲੱਗਾ ਹੋਇਆ. ਕਿਰਤਾਪਰਾਇਣ.

**ਮਸਜਦ, ਮਸਜਿਦ:** ਅ਼. مسجد ਸੰਗ੍ਯਾ- ਸਿਜਦਾ (ਪ੍ਰਣਾਮ) ਕਰਨ ਦੀ ਥਾਂ. ਕਰਤਾਰ ਅੱਗੇ ਮੱਥਾ ਟੇਕਣ ਦਾ ਅਸਥਾਨ। ੨. ਮਸੀਤ. ਮੁਸਲਮਾਨਾ ਦਾ ਧਰਮਮੰਦਿਰ, ਜਿੱਥੇ ਨਮਾਜ਼ ਵੇਲੇ ਮੱਥਾ ਟੇਕਦੇ ਹਨ.

**ਮਸਟ:** ਪ੍ਰਾ- ਮਸ਼੍ਟ. ਸੰਗ੍ਯਾ- ਖ਼ਾਮੋਸ਼. ਚੁੱਪ.

**ਮਸਟਿ:** ਪ੍ਰਾ. ਮਸ਼੍ਟਿ. ਸੰਗ੍ਯਾ- ਖ਼ਾਮੋਸ਼ੀ. ਨਾ ਬੋਲਣ ਦਾ ਭਾਵ. "ਮਿਲੈ ਅਸੰਤੁ, ਮਸਟਿ ਕਰਿ ਰਹੀਐ." (ਗੌਂਡ ਕਬੀਰ)

**ਮਸਤ:** ਫ਼ਾ. مست ਮਸ੍ਤ ਵਿ- ਨਸ਼ੇ, ਪ੍ਰੇਮ ਅਥਵਾ ਅਭਿਮਾਨ ਵਿੱਚ ਮਤਵਾਲਾ. "ਗਰੀਬ ਮਸਤ ਸਭੁ ਲੋਕੁ ਸਿਧਾਸੀ." (ਮਃ ੫. ਵਾਰ ਮਾਰੂ ੨) ਹੰਕਾਰੀ ਅਤੇ ਗਰੀਬ। ੨. ਮਸ੍ਤਕ (ਮੱਥੇ) ਦਾ ਸੰਖੇਪ. "ਮਸਤ ਪੁਨੀਤ ਸੰਤਧੂਰਾਵਾ." (ਸਾਰ ਮਃ ੫)

**ਮਸਤਕ, ਮਸਤਕੁ:** ਸੰ. ਮਸ੍ਤਕ. ਸੰਗਯਾ- ਮੱਥਾ, "ਧਰਤੇ ਚਰਨ ਪੈ ਮਸਤਕ ਆਇ." (ਗੁਪ੍ਰਸੂ) ੨. ਸਿਰ ਦੀ ਖੋਪਰੀ। ੩. ਸਿਰ. ਸੀਸ. "ਮਸਤਕੁ ਅਪਨਾ ਭੇਟ ਦੇਉ." (ਬਿਲਾ ਮਃ ੫) ੪. ਵਿ- ਸਰਦਾਰ. ਪ੍ਰਧਾਨ ਮੁਖੀਆ। ੫. ਸੰ. ਮਸ੍ਤਿਸ਼੍ਕ. ਸੰਗਯਾ- ਮੱਥੇ ਦੀ ਚਿਕਨਾਈ. ਮਗ਼ਜ਼, ਭੇਜਾ. ਮਸਤਿਕ.

**ਮਸਤਕਮਾਣਾ:** ਸਿਰ ਦਾ ਮਾਨ। ੨. ਮਸ੍ਤਕਮਣਿ. ਸਿਰ ਨੂੰ ਸ਼ੋਭਾ ਦੇਣ ਵਾਲਾ ਰਤਨ. ਚੂੜਾਮਣਿ. "ਹਰਿ ਮਸਤਕਮਾਣਾ ਰਾਮ." (ਬਿਲਾ ਛੰਤ ਮਃ ੪)

**ਮਸਤਕਿ:** ਮਸ੍ਤਕ ਕਰਕੇ। ੨. ਮੱਥੇ ਪੁਰ. "ਧੂਰਿ ਸਤੰਨ ਕੀ ਮਸਤਕਿ ਲਾਇ." (ਰਾਮ ਮਃ ੫) "ਮਸਤਕਿ ਹੋਵੈ ਲਿਖਿਆ." (ਮਃ ੫. ਵਾਰ ਗਉ ੨)

**ਮਸਤਕਿਮਣੀ:** ਦੇਖੋ, ਮਸਤਕਮਾਣਾ. "ਮਸਤਕਿਮਣੀ ਪ੍ਰੀਤਿ ਬਹੁ ਪ੍ਰਗਟੀ." (ਆਸਾ ਛੰਤ ਮਃ ੪)

**ਮਸਤਕਿ ਲਿਲਾਟ:** ਦੇਖੋ, ਲਿਲਾਟ.

**ਮਸਤਕੁ:** ਦੇਖੋ, ਮਸਤਕ.

**ਮਸਤਗੜ੍ਹ:** ਖ਼ਾ. ਮਸਜਿਦ. ਮਸੀਤ। ੨. ਖ਼ਾਸ ਕਰਕੇ ਉਹ ਮਸੀਤ, ਜਿਸ ਨੂੰ ਸਿੱਖਗੁਰਦ੍ਵਾਰਾ ਬਣਾਇਆ ਗਿਆ ਹੈ. ਜਿਸ ਮਸੀਤ ਅੰਦਰ ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਪ੍ਰਕਾਸ਼ ਹੁੰਦਾ ਹੈ.[945]

**ਮਸਤਣਾ, ਮਸਤਨਾ:** ਕ੍ਰਿ- ਮਸ੍ਤ ਹੋਣਾ. ਮਤਵਾਲੇ ਹੋਣਾ। ੨. ਮਸ੍ਤਿਸ਼੍ਕ (ਦਿਮਾਗ) ਫਿਰਨਾ. ਸਿਰ ਠਿਕਾਨੇ ਸਿਰ ਨਾ ਰਹਿਣਾ.

**ਮਸਤਾਂ:** ਮਸ੍ਤ ਦਾ ਬਹੁਵਚਨ. ਮਸਤਾਨੇ.

**ਮਸਤਾਨਾ:** ਫ਼ਾ. مستانہ ਮਸ੍ਤਾਨਹ. ਵਿ- ਮਤਵਾਲਾ ਹੋਇਆ। ੨. ਪ੍ਰੇਮ ਵਿੱਚ ਮੱਤ. "ਸਗ ਨਾਨਕ ਦੀਬਾਨ ਮਸਤਾਨਾ." (ਮਃ ੧. ਵਾਰ ਮਲਾ) ੩. ਖ਼ਾ. ਪੁਰਾਣਾ. ਟੁਟਿਆ ਅਤੇ ਪਾਟਿਆ, ਜੈਸੇ- ਦਸਤਾਰਾ ਮਸਤਾਨਾ ਹੋ ਗਿਆ ਹੈ.

**ਮਸਤਾਨੀ:** ਮਸਤਾਨਾ ਦਾ ਇਸ੍ਤ੍ਰੀ ਲਿੰਗ.

**ਮਸਤਿਕ:** ਦੇਖੋ, ਮਸਤਕ ੫.

**ਮਸਤੀ:** ਫ਼ਾ. مستی ਮਸ੍ਤੀ, ਸੰਗਯਾ- ਨਸ਼ਾ. ਨਸ਼ੇ ਦਾ ਅਸਰ। ੨. ਪ੍ਰੇਮ ਦੀ ਖ਼ੁਮਾਰੀ। ੩. ਆਸ਼ਕੀ। ੪. ਕਾਮ ਦਾ ਉਨਮਾਦ.

**ਮਸਤੂਰਾਤ:** ਅ਼. مستُورات ਮਸਤੂਰਹ (ਪਰਦਾ ਨਸ਼ੀਨ) ਦਾ ਬਹੁਵਚਨ. ਔਰਤਾਂ.

**ਮਸਤੂਲ:** ਪੁਰਤ. مستُول ਸੰਗਯਾ- ਜਹਾਜ ਦਾ ਥੰਮ੍ਹ, ਜਿਸ ਨਾਲ ਬਾਦਬਾਨ ਬੰਨ੍ਹੀਦਾ ਹੈ. Mast.

**ਮਸਤੇ ਅਲਸ੍ਤ:** ਖ਼ੁਦਾ ਦੇ ਬਚਨ ਤੇ ਮਸ੍ਤ. ਦੇਖੋ, ਅਲਸ੍ਤ.

**ਮਸਦਰ:** ਅ਼. مصدر ਸੰਗਯਾ- ਸ੍ਵਦਰ (ਨਿਕਲਣ) ਦਾ ਥਾਂ। ੨. ਮੂਲ. ਜੜ। ੩. ਸ਼ਬਦਾਂ ਦੇ ਮੂਲਰੂਪ ਧਾਤੁ. ਦੇਖੋ, ਧਾਤੁ ਸ਼ਬਦ ਦਾ ਅੰਗ ੧੬.

**ਮਸਨਦ:** ਅ਼. مسند ਸੰਗਯਾ- ਸਨਦ (ਸਹਾਰਾ ਲਾਉਣ) ਦੀ ਥਾਂ। ੨. ਆਸਰਾ. ਆਧਾਰ। ੩. ਤਕੀਆ। ੪. ਗੱਦੀ. ਤਖ਼ਤ.

---

[945] ਸ਼ਾਹਬਾਦ ਆਦਿਕ ਨਗਰਾਂ ਵਿੱਚ ਕਈ ਮਸਤਗੜ੍ਹ ਹਨ.

ਸਿੰਘਾਸਨ.

ਮਸਨਦਨਸ਼ੀਨ: ਗੱਦੀ ਤੇ ਬੈਠਣ ਵਾਲਾ. ਮਹੰਤ ਮਹਾਰਾਜਾ ਆਦਿਕ ਲੋਕ.

ਮਸਨਵੀ: ਅ਼. مثنوی ਮਥ਼ਨਾ (ਦੋ ਦੋ) ਦਾ ਹੋਵੇ ਮੇਲ ਜਿਸ ਵਿੱਚ. ਅ਼ਰਬੀ ਭਾਸ਼ਾ ਵਿੱਚ ਉਸ ਛੰਦ ਨੂੰ ਮਸਨਵੀ ਆਖਦੇ ਹਨ, ਜਿਸ ਦੇ ਦੋ ਦੋ ਪਦ ਸਮਾਨ ਅਨੁਪ੍ਰਾਸ ਦੇ ਹੋਣ. ਇਸ ਛੰਦ ਦਾ ਵਿਸ਼ੇਸ਼ ਕਰਕੇ ਲੱਛਣ ਹੈ- ਪ੍ਰਤਿ ਚਰਣ ੧੯. ਮਾਤ੍ਰਾ, ੧੨- ੭ ਪੁਰ ਵਿਸ਼੍ਰਾਮ.

ਉਦਾਹਰਣ-

ਜੇ ਕਿਸੇ ਦੇ ਕਰੇ ਗੁਣ, ਹੈ ਖੋਂਵਦਾ,

ਨੀਂਦ ਸੁਖ ਦੀ ਸੋ ਕਦੇ, ਨਾ ਸੋਂਵਦਾ. ×××

(੨) ਜੇ ਇਸ ਛੰਦ ਦੇ ਅੰਤ ਯਗਣ, ।ऽऽ ਦਾ ਨਿਯਮ ਕਰ ਦਿੱਤਾ ਜਾਵੇ, ਤਦ "ਸੁਮੇਰੁ" (ਛੰਦ ਬਣ ਜਾਵੇਗਾ, ਯਥਾ-

ਜਗਤ ਕੇ ਨਾਥ ਕੋ ਨਿਤ, ਚਿੱਤ ਧਜਾਵੋ,

ਜਨਮ ਅਰੁ ਮਰਣ ਮੇ ਨਾ, ਫੇਰ ਆਵੋ. ×××

ਮਸਨੂਈ: ਅ਼. مصنوٗئی ਵਿ- ਸਨਅ਼ (ਬਣਾਉਣ) ਦਾ ਭਾਵ ਹੈ ਜਿਸ ਵਿੱਚ. ਬਣਾਉਟੀ. ਜੋ ਅਸਲ ਨਹੀਂ.

ਮਸਨੰਦ: ਦੇਖੋ, ਮਸਨਦ.

ਮਸਭਿੰਨਾ, ਮਸਭੀਜਤ: ਦੇਖੋ, ਮਸਿਭੀਜਤਮੁਖ.

ਮਸਰ: ਦੇਖੋ, ਮਸਰੀ.

ਮਸਰਕ: ਅ਼. مشرق ਮਸ਼ਰਿਕ਼. ਸੰਗਯਾ- ਸ਼ਰਕ਼ (ਚਮਕਣ) ਦੀ ਥਾਂ. ਸੂਰਜ ਦੇ ਚੜ੍ਹਨ ਦੀ ਦਿਸ਼ਾ. ਪੂਰਵ. ਦੇਖੋ, ਦਿਸਾ.

ਮਸਰਤ: ਅ਼. مسرت ਸੰਗ੍ਯਾ- ਸੱਰ (ਖ਼ੁਸ਼ੀ) ਦਾ ਭਾਵ. ਪ੍ਰਸੰਨਤਾ.

ਮਸਰਫ: ਅ਼. مصرف ਵਿ- ਸਰਫ (ਖ਼ਰਚ) ਕਰਨ ਦੀ ਥਾਂ. ਜਿਸ ਵਿੱਚ ਖ਼ਰਚ ਕੀਤਾ ਜਾਵੇ.

ਮਸਰੀ: ਸੰ. ਮਸੂਰਿਕਾ. ਇੱਕ ਪ੍ਰਕਾਰ ਦਾ ਅੰਨ, ਜਿਸ ਦੀ ਦਾਲ ਬਣਦੀ ਹੈ. L. Lens Esculenta (ਅੰ. Lentils)

ਮਸਰੂ: ਅ਼. مشروٗع ਮਸ਼ਰੂਅ਼. ਇੱਕ ਪ੍ਰਕਾਰ ਦਾ ਧਾਰੀਦਾਰ ਰੇਸ਼ਮੀ ਵਸਤ੍ਰ. "ਅਨਿਕ ਰੰਗ ਕੇ ਮਸਰੂ ਆਵੈਂ." (ਗੁਪ੍ਰਸੂ)

ਮਸਰੂਕਾ, ਮਸਰੂਕ਼ਾ: ਅ਼. مسروٗقہ ਵਿ- ਸਰਕ਼ਹ ਕੀਤਾ (ਚੁਰਾਇਆ) ਹੋਇਆ.

ਮਸਰੂਫ਼: ਅ਼. مصروٗف ਵਿ- ਸਰਫ਼ (ਲੱਗਾ) ਹੋਇਆ. ਧ੍ਯਾਨਪਰਾਇਣ. ਮਸ਼ਗੂਲ.

ਮਸਰੂਰ: ਅ਼. مسروٗر ਵਿ- ਸਰੂਰ (ਖ਼ੁਸ਼ੀ) ਸਹਿਤ. ਮਸ੍ਰ। ੨. ਖ਼ੁਸ਼. ਆਨੰਦ। ੩. ਜਿਸ ਨੂੰ ਨਸ਼ੇ ਦੀ ਖ਼ੁਮਾਰੀ ਹੋਈ ਹੈ.

ਮਸਲ: ਦੇਖੋ, ਮਸਲਾ। ੨. ਅ਼. مثل ਸੰਗ੍ਯਾ- ਮਿਸਾਲ. ਦ੍ਰਿਸ਼੍ਟਾਂਤ। ੩. ਦੇਖੋ, ਮਸਾਲ। ੪. ਮਸਲਨਾ ਕ੍ਰਿਯਾ ਦਾ ਅਮਰ. "ਡਾਰੋ ਮਸਲ ਮਸ਼ਕ ਜਿਮਿ ਸ਼ਤ੍ਰੁਨ." (ਸਲੋਹ)

ਮਸਲਹਤ: ਅ਼. مصلحت ਸੰਗ੍ਯਾ- ਸਲਹ਼ (ਠੀਕ ਹੋਣ) ਦਾ ਭਾਵ। ੨. ਸਲਾਹ ਮੰਤ੍ਰ। ੩. ਕ੍ਰਿਪਾ। ੪. ਭਲਾਈ. ਨੇਕੀ.

ਮਸਲਚੀ: ਫ਼ਾ. مسعلچی ਸੰਗ੍ਯਾ- ਮਸ਼ਅ਼ਲ (ਮਸਾਲ) ਮਚਾਉਣ ਜਾਂ ਫੜਨ ਵਾਲਾ. ਦੇਖੋ, ਮਸ਼ਅ਼ਲਕਸ਼.

**ਮਸਲਤ:** مصلحت ਮਸਲਹ਼ਤ (ਨੇਕ ਸਲਾਹ) ਦੇਣ ਵਾਲਾ. ਮਸਲਹਤੀ. ਮੰਤ੍ਰੀ. ਦੇਖੋ, ਮਸਲਹਤ.

**ਮਸਲਤਿ:** "ਤੂੰ ਹੈ ਮਸਲਤਿ ਤੂੰ ਹੈ ਨਾਲਿ." (ਗਉ ਮਃ ੫) ੨. ਨੇਕ ਸਲਾਹ. ਉੱਤਮ ਮੰਤ੍ਰ "ਬੀਓ ਪੂਛਿ ਨ ਮਸਲਤਿ ਧਰੈ." (ਗੌਂਡ ਮਃ ੩) مشورت ਮਸ਼ਵਰਤ. "ਅਬ ਮਸਲਤਿ ਮੋਹਿ ਮਿਲੀ ਹਦੂਰਿ." (ਆਸਾ ਮਃ ੫)

**ਮਸਲਤੀ:** ਮਸਲਹ਼ਤ ਦੇਣ ਵਾਲਾ. ਸਲਾਹਕਾਰ ਮੰਤ੍ਰ ਦੇਣ ਵਾਲਾ. ਮੰਤ੍ਰੀ ਦੇਖੋ, ਮਸਲਹਤ. "ਹਰਿ ਇਕੋ ਮੇਰਾ ਮਸਲਤੀ." (ਵਾਰ ਰਾਮ ੨. ਮਃ ੫)

**ਮਸਲਨ:** ਅ਼. مثلن ਕ੍ਰਿ. ਵਿ- ਦ੍ਰਿਸ਼੍ਟਾਂਤ ਦੇ ਤੌਰ. ਨਜੀਰਨ.

**ਮਸਲਨਾ:** ਕ੍ਰਿ- ਸੰ. ਮਸ਼ੰਨ. ਮਲਨਾ. ਕੁਚਲਣਾ. ਰਗੜਨਾ.

**ਮਸਲਾ:** ਅ਼. مسلہ ਸੰਗਯਾ- ਵਿਚਾਰ ਯੋਗ੍ਯ ਬਾਤ. ਧਰਮ ਦੀ ਬਾਤ. ਜੋ ਵਿਚਾਰ ਦੇਲਾਇਕ ਹੋਵੇ। ੨. ਅ਼. مثلہ ਮਸ਼ਲਾ. ਕਹਾਵਤ. ਅਖਾਣ. "ਮਸਲਾ ਇਹ ਮਸ਼ਹੂਰ ਜਗਤ ਮੇ ਜਾਨਿਯੇ," (ਚਰਿਤ੍ਰ ੨੨੬)

**ਮਸਲੰਦ:** ਗੱਦੀ. ਦੇਖੋ, ਮਸਨਦ. "ਅਤਿ ਸੁੰਦਰ ਮਸਲੰਦ ਡਸਾਈ." (ਗੁਪ੍ਰਸੂ)

**ਮਸ਼ਵਰਤ, ਮਸ਼ਵਰਾ:** ਅ਼. مشورت ਅਤੇ مشورہ ਸੰਗਯਾ- ਸਲਾਹ. ਮੰਤ੍ਰ.

**ਮਸਵਾਕ:** ਅ਼. مسواک ਮਿਸਵਾਕ. ਸੰਗਯਾ- ਸੌਕ (ਮਲਣ) ਦੀ ਵਸ੍ਤੁ, ਜਿਸ ਨਾਲ ਘਸਾਈਏ. ਦਾਤਣ. ਦੰਤਧਾਵਨ.

**ਮਸਵਾਣੀ, ਮਸਵਾਨੀ:** ਸੰ. ਮਸਿਧਾਨੀ. ਸੰਗਯਾ- ਮਸਿ (ਸਿਆਹੀ) ਰੱਖਣ ਦਾ ਪਾਤ੍ਰ. ਦਵਾਤ. "ਕਰਣੀ ਕਾਗਦੁ ਮਨੁ ਮਸਵਾਣੀ, ਬੁਰਾ ਭਲਾ ਦੁਇ ਲੇਖ ਪਏ." (ਮਾਰੂ ਮਃ ੧) "ਕਲਮ ਜਲਉ ਸਣੁ ਮਸਵਾਣੀਐ." (ਮਃ ੩. ਵਾਰ ਸ੍ਰੀ) "ਬਿਰਹਿ ਅਗਨਿ ਮਸਵਾਨੀ ਮਾਸ ਕ੍ਰਿਸਨ ਹਨਐ." (ਭਾਗੁ ਕ) ਦਤਾਵ ਦੀ ਸੁਫ ਦਾ ਸਿਆਹ ਰੰਗ, ਵਿਰਹਿਅਗਨਿ ਦੇ ਤਾਪ ਨਾਲ ਹੋਇਆ ਹੈ.

**ਮਸਾਂ:** ਕ੍ਰਿ. ਵਿ- ਮੁਸ਼ਕਲ ਨਾਲ ਕਠਿਨਾਈ ਨਾਲ. ਮਸੀਂ.

**ਮਸ਼ਾਅਰਹ, ਮਸ਼ਾਅ਼ਰਹ:** ਅ਼. مشعرہ ਸ਼ਿਅ਼ਰ (ਛੰਦ) ਪੜ੍ਹਨ ਦੀ ਸਭਾ. ਕਵਿਸਮਾਜ.

**ਮਸਾਇਕ:** ਅ਼. مشّاق ਮੱਸ਼ਾਕ਼. ਵਿ- ਮਸ਼ਕ਼ (ਅਭ੍ਯਾਸ) ਕਰਨ ਵਾਲਾ. ਸਾਧਕ. ਜਿਗ੍ਯਾਸੁ. "ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ." (ਸ. ਫਰੀਦ) ੨. ਅ਼. مشایخ ਮਸ਼ਾਯਖ਼. ਸ਼ੇਖ਼ ਦਾ ਬਹੁਵਚਨ. "ਮਸਾਇਕ ਪੀਰ." (ਮਃ ੧. ਵਾਰ ਰਾਮ ੧) ਦੇਖੋ, ਸੇਖ.

**ਮਸਾਈ:** ਦੇਖੋ, ਬਿਲਕ ੩.

**ਮਸਾਹਤ. ਮਸਾਹ਼ਤ:** ਅ਼. مساحت ਸੰਗਯਾ- ਮਸਹ਼ (ਮਿਣਨ) ਦੀ ਕ੍ਰਿਯਾ। ੨. ਜ਼ਮੀਨ ਦੀ ਮਿਣਤੀ। ੩. ਜ਼ਮੀਨ ਦੇ ਪ੍ਰਮਾਣ ਦੀ ਵਿਦ੍ਯਾ. Geometry.

**ਮਸਾਹਬ:** ਅ਼. مصحب ਸੰਗਯਾ- ਸੁਹ਼ਬਤ ਵਿੱਚ ਰਹਿਣ ਵਾਲਾ. ਸਾਥੀ. ਪਾਰਖਦ. A. D. C.

**ਮਸਾਜਨੀ:** ਦੇਖੋ, ਮਸਵਾਣੀ. "ਕਲਉ ਮਸਾਜਨੀ ਕਿਆ ਸਦਾਈਐ?" (ਮਃ ੩. ਵਾਰ ਸ੍ਰੀ) ਕਲਮ ਦਵਾਤ ਦੇ ਮੰਗਾਉਣ ਦੀ ਕੀ ਲੋੜ ਹੈ?

**ਮਸਾਣ:** ਸੰ. ਸ਼ਮਸ਼ਾਨ. ਸੰਗਯਾ- ਸਵ (ਮੁਰਦੇ) ਦੇ ਸੌਣ ਦਾ ਅਸਥਾਨ। ੨. ਮੁਰਦਾ. ਲੋਥ. "ਜਿਤੁ ਤਨਿ ਬਿਰਹੁ ਨ ਊਪਜੈ, ਸੋ ਤਨੁ ਜਾਣੁ ਮਸਾਣ." (ਸ. ਫਰੀਦ) ੩. ਪ੍ਰੇਤ. "ਤਹਿਂ ਹੜਹੜਾਇ ਹੱਸੇ ਮਸਾਣ." (ਵਿਚਿਤ੍ਰ)

ਮਸਾਣਿ: ਸ਼ਮਸ਼ਾਨ ਵਿੱਚ. "ਵੇ ਮਾਰਗਿ ਮੂਸੈ ਮੰਤ੍ਰਿ ਮਸਾਣਿ." (ਸਿਧਗੋਸਟਿ) ੨. ਦੇਖੋ, ਮਸਾਣੀ.

ਮਸਾਣੀ: ਸੰਗਯਾ- ਸ਼ਮਸ਼ਾਨ ਵਿੱਚ ਰਹਿਣ ਵਾਲੀ ਇੱਕ ਦੇਵੀ. ਦੇਖੋ, ਸੀਤਲਾਂ. ਸ਼ਮਸ਼ਾਨ ਵਾਸਿਨੀ। ੨. ਮਸਾਣ (ਸ਼ਮਸ਼ਾਨ) ਵਿੱਚ. "ਰਹੈ ਬੇਬਾਣੀ ਮੜੀ ਮਸਾਣੀ." (ਵਾਰ ਆਸਾ) "ਮੜੀ ਮਸਾਣੀ ਮੂੜੇ! ਜੋਗੁ ਨਾਹਿ." (ਬਸੰ ਅਃ ਮਃ ੧) ਮੜ੍ਹੀਆਂ ਮਸਾਣਾਂ ਵਿੱਚ ਯੋਗਸਿੱਧੀ ਨਹੀਂ.

ਮਸਾਣੁ, ਮਸਾਨ: ਦੇਖੋ, ਮਸਾਣ। ੨. ਪ੍ਰੇਤ. ਭੂਤ. "ਘ੍ਰਿਤ ਬਿਨ ਜੈਸੇ ਭੋਜਨਮਸਾਨ ਹੈ." (ਭਾਗੁ ਕ) ਭੂਤਭੋਜਨ ਹੈ.

ਮਸਾਨ ਜਗਾਉਣਾ: ਕ੍ਰਿ- ਤੰਤ੍ਰਸ਼ਾਸਤ੍ਰ ਅਨੁਸਾਰ ਸ਼ਮਸ਼ਾਨ ਤੋਂ ਮੁਰਦੇ ਨੂੰ ਜਗਾ (ਉਠਾ) ਲੈਣਾ। ੨. ਮੰਤ੍ਰਸ਼ਕਤਿ ਨਾਲ ਪ੍ਰੇਤ ਨੂੰ ਚਿਤਾ ਵਿੱਚੋਂ ਉਠਾਕੇ ਆਪਣੇ ਕਾਬੂ ਕਰ ਲੈਣਾ. "ਅਬ ਲਗ ਜਗਤ ਮਸਾਨ ਕੋ ਨਾਹਿ ਨਿਹਾਰਾ ਨੈਨ." (ਚਰਿਤ੍ਰ ੩੨੧)

ਮਸਾਨ ਵਿੱਚ ਡੇਰਾ ਲੱਗਣਾ: ਭਾਵ- ਮਰਨਾ. ਸ਼ਮਸ਼ਾਨ ਵਿੱਚ ਜਾ ਸੌਣਾ.

ਭਾਈ ਭੈਨ ਭਾਨਜੇ ਭਤੀਜੇ ਭੀਰ ਮੇ ਨ ਕੋਊ

ਸੰਪਤਿ ਹਜਾਰੋਂ ਧਰੀ ਰਹੈਗੀ ਮਕਾਨ ਮੇ,

ਚੰਪਕ ਚੰਬੇਲੀ ਰੋਆ ਚੰਦਨ ਚਢਾਵੈ ਚਾਰੁ

ਚੀਰ ਚੀਰ ਚੀਲ ਕਾਕ ਖਾਵੈਂਗੇ ਮਦਾਨ ਮੇ,

ਕੇਸਰੀ ਨਿਹਾਲ ਖਯਾਲ ਕਾਲ ਕੋ ਨ ਏਰੇ ਮੂਢ!

ਜੇਤੇ ਬਡੇ ਹੁਏ ਦੇਖ! ਮੁਏ ਸੋ ਜਹਾਨ ਮੇ,

ਜਾਮਿਨੀ ਬਸੇਰਾ ਹੈ ਘਨੇਰਾ ਕਯੋਂ ਬਖੇਰਾ ਕੀਨ?

ਅੰਤ ਕੋ ਤੌ ਡੇਰਾ ਤੇਰਾ ਲਾਗੈਗੋ ਮਸਾਨ ਮੇ.

ਮਸਾਨਾ: ਅ਼. مثانہ ਮਸ਼ਾਨਹ. ਸੰਗਯਾ- ਮੂਤ੍ਰ ਦੀ ਥੈਲੀ, ਜਿਸ ਵਿੱਚ ਗੁਰਦੇ ਤੋਂ ਟਪਕਕੇ ਪੇਸ਼ਾਬ ਜਮਾ ਹੁੰਦਾ ਹੈ. Bladder

ਮਸਾਫ: مصاف ਸੰਗਯਾ- ਸਫ਼ (ਕਤਾਰ ਬੰਨ੍ਹਕੇ) ਖੜੇ ਹੋਣ ਦੀ ਥਾਂ, ਰਣਭੂਮਿ.

ਮਸਾਫਹ: ਅ਼. مصافح ਸੰਗਯਾ- ਸਫ਼ਹ਼ (ਚੌੜਾਈ) ਦਾ ਭਾਵ. ਹੱਥ ਚੌੜਾ ਕਰਕੇ ਮਿਲਾਉਣ ਦੀ ਕ੍ਰਿਯਾ. ਦਸ੍ਤਪੰਜਾ ਲੈਣਾ.

ਮਸਾਮ: ਅ਼. مسام ਸੰਗਯਾ- ਸਮ (ਸੁਰਾਖ਼- ਛਿਦ੍ਰ) ਦੀ ਥਾਂ ਮਸਮ, ਇਸ ਦਾ ਬਹੁ ਵਚਨ ਮਸਾਮ. ਮਸਾਮ ਦਾ ਬਹੁਵਚਨ ਮਸਾਮਾਤ. ਸ਼ਰੀਰ ਦੇ ਰੋਮਕੂਪ (Pore of the skin)

ਮਸਾਮਾਤ: ਦੇਖੋ, ਮਸਾਮ.

ਮਸਾਯਖ: ਦੇਖੋ, ਮਸਾਇਕ ੨.

ਮਸਾਰ: ਸੰ. ਸੰਗਯਾ- ਨੀਲਮ. ਨੀਲਮਣਿ. "ਬਰਨੁ ਚਿਹਨੁ ਨਾਹੀ ਮੁਖੁ ਨ ਮਸਾਰਾ." (ਸੂਹੀ ਮਃ ੫) ਨਾ ਸ਼ਯਾਮਰੂਪ ਹੋਂ. "ਨ ਸੰਖੰ ਨ ਚਕ੍ਰੰ ਨ ਗਦਾ ਨ ਸਯਾਮੰ." (ਸਹਸ ਮਃ ੫) ੨. ਸੰ. श्मश्रु- ਸ਼ਮਸ਼੍ਰੁ. ਦਾੜ੍ਹੀ. ਨਾ ਮੁਖ ਹੈ, ਨਾ ਸ਼ਮਸ਼੍ਰੁ (ਦਾੜ੍ਹੀ). ੩. ਮੁੱਛ। ੪. ਅ਼. مُسار ਮੁਸਾਰ. ਵਿ- ਰਾਜ਼ (ਸਿਰਰ) ਦੇ ਕਹਿਣ ਵਾਲਾ.

ਮਸਾਲ: ਅ਼. مشعل ਮਸ਼ਅ਼ਲ ਸੰਗਯਾ- ਸ਼ੁਅ਼ਲਾ (ਅੱਗ ਦੇ ਭੜਕਣ) ਦੀ ਜਗਾ. ਸੋਟੀ ਦੇ ਸਿਰੇ ਪੁਰ ਤੇਲ ਨਾਲ ਤਰ ਕਰਕੇ ਲਪੇਟਿਆ ਅਤੇ ਪ੍ਰਜ੍ਵਲਿਤ ਕੀਤਾ ਵਸਤ੍ਰ. (torch) ੨. ਦੇਖੋ, ਮਿਸਾਲ.

ਮਸਾਲਚੀ: ਦੇਖੋ, ਮਸਲਚੀ.

ਮਸਾਲਾ, ਮਸਾਲਿਹ: ਫ਼ਾ. مصلح ਅਥਵਾ مسله ਸੰਗਯਾ- ਅਨੇਕ ਵਸਤਾਂ ਦਾ ਚੂਰਣ। ੨. ਅ਼. ਸਾਮਗ੍ਰੀ. ਸਾਮਾਨ। ੩. ਪੇਸ਼ਾ. ਕਿੱਤਾ। ੪. ਪ੍ਰਭੁਤਾ.

ਮਸਿ: ਸੰ. ਸੰਗਯਾ- ਸਯਾਹੀ. ਰੌਸ਼ਨਾਈ.

ਮਸਿ ਕੇ ਕਰਮ: ਸੰਗਯਾ- ਸਯਾਹੀ ਦੇ ਕੰਮ. ਲੇਖ. ਤਹਿਰੀਰ। ੨. ਭਾਵ- ਗ੍ਰੰਥ. "ਮਸਿ ਕੇ ਕਰਮ ਕਪਾਟ." (ਸ. ਕਬੀਰ) ਭੁਲੇਖੇ ਵਿੱਚ ਪਾਉਣ ਵਾਲੇ ਗ੍ਰੰਥ ਕਪਾਟਰੂਪ.

ਮਸਿਜੀਵੀ: ਲਿਖਕੇ ਗੁਜਾਰਾ ਕਰਨ ਵਾਲਾ. ਮੁਸਵਪੇ ਅਤੇ ਪੋਥੀਆਂ ਲਿਖਕੇ ਨਿਰਵਾਹ ਕਰਨ ਵਾਲਾ.

ਮਸਿਧਾਨ, ਮਸਿਧਾਨੀ, ਮਸਿਪਾਤ੍ਰ: ਸਿਆਹੀ (ਰੌਸ਼ਨਾਈ) ਦਾ ਭਾਂਡਾ. ਦਵਾਤ. ਦੇਖੋ, ਮਸਵਾਣੀ.

ਮਸਿ ਭੀਜਤ ਮੁਖ: ਸਯਾਹੀ ਭਿਜਦਾ ਚਿਹਰਾ. ਉਹ ਮੁਖ, ਜਿਸ ਪੁਰ ਮੁੱਛਾਂ ਦਾੜ੍ਹੀ ਦੀ ਸਿਆਹੀ ਫੁੱਟਣ ਲੱਗੀ ਹੈ.

ਮਸੀ: ਦੇਖੋ, ਮਸਿ.

ਮਸੀਂ: ਮੁਸ਼ਕਲ ਨਾਲ. ਦੇਖੋ, ਮਸਾਂ.

ਮਸੀਹ, ਮਸੀਹਾ, ਮਸੀਹ਼, ਮਸੀਹ਼ਾ: ਅ਼. مسیح ਫ਼ਾ. مسیحا ਵਿ- ਛੁਹਣ ਵਾਲਾ. ਜੋ ਹੱਥ ਛੁਹਕੇ ਅਰੋਗ ਕਰਦੇਵੇ। ੨. ਸੰਗਯਾ- ਪੈਗ਼ੰਬਰ ਈਸਾ. ਦੀਨੀ ਬਾਦਸ਼ਾਹ.[946]

ਮਸੀਤ, ਮਸੀਤਿ: ਦੇਖੋ, ਮਸਜਿਦ। ੨. ਮਸਜਿਦ ਵਿੱਚ. "ਕਿਆ ਮਸੀਤਿ ਸਿਰ ਨਾਏ?" (ਪ੍ਰਭਾ ਕਬੀਰ)

ਮਸੀਦ: ਦੇਖੋ, ਮਸਜਿਦ.

ਮਸ਼ੀਰ: ਅ਼. مُشیر ਮੁਸ਼ੀਰ. ਮਸ਼ਵਰਾ (ਮੰਤ੍ਰ) ਦੇਣ ਵਾਲਾ. ਮੰਤ੍ਰੀ. ਵਜ਼ੀਰ.

ਮਸੁ, ਮਸੂ: ਸੰ. ਮਸਿ. ਸਿੰਧੀ. ਮਸੁ. ਸਯਾਹੀ. "ਜਾਲਿ ਮੋਹੁ ਘਸਿ ਮਸੁ ਕਰਿ." (ਸ੍ਰੀ ਮਃ ੧) "ਮਸੂ ਤੋਟਿ ਨ ਆਵਈ, ਲੇਖਣਿ ਪਉਣੁ ਚਲਾਉ." (ਸ੍ਰੀ ਮਃ ੧)

ਮਸੂਕ: ਦੇਖੋ, ਮਾਸੂਕ.

ਮਸੂਮ: ਦੇਖੋ, ਮਾਸੂਮ.

ਮਸੂਰ: ਦੇਖੋ, ਮਸਰੀ.

ਮਸੂਰਤ, ਮਸੂਰਤਿ: ਅ਼. مشوُرت ਮਸ਼ਵਰਤ, ਦੇਖੋ, ਮਸਵਰਤ. "ਮਤਾ ਮਸੂਰਤਿ ਅਵਰੁ ਸਿਆਨਪ." (ਗੂਜ ਮਃ ੫)

ਮਸੂਰਪੁਰ: ਦੇਖੋ, ਮਨਸੂਰਪੁਰ.

ਮਸੂਰਿਕਾ: ਦੇਖੋ, ਸੀਤਲਾ ੩. ਅਤੇ ਮਸਰੀ.

ਮਸੂਲ: ਦੇਖੋ, ਮਹਸੂਲ.

ਮਸੂੜਾ: ਸੰਗਯਾ- ਜਬਾੜੇ ਦਾ ਉਹ ਮਾਸ, ਜਿਸ ਵਿੱਚ ਦੰਦ ਦਾੜ੍ਹ ਜੜੇ ਰਹਿੰਦੇ ਹਨ (gum).

---

[946] ਇਬਰਾਨੀ ਬੋਲੀ ਵਿੱਚ Mashah ਦਾ ਅਰਥ ਹੈ ਸਿਰ ਤੇ ਸੁਗੰਧ ਮਲਣਾ (to anoint) ਪੁਰਾਣੇ ਸਮੇਂ ਬਾਦਸ਼ਾਹ ਬਣਾਨ ਵੇਲੇ ਸਿਰ ਤੇ ਤੇਲ ਆਦਿ ਸੁਗੰਧ ਮਲਦੇ ਸਨ.

ਮਸੇਰ, ਮਸੇਰਾ: ਵਿ- ਮਾਸੀ ਦਾ. ਮਾਸੀ ਨਾਲ ਹੈ ਜਿਸ ਦਾ ਸੰਬੰਧ. ਜਿਵੇਂ- ਮਸੇਰਾ ਭਾਈ.

ਮਸੋਲਾ: ਦੇਖੋ, ਮਸਲਾ ੧. "ਸਚੜਾ ਨਿਆਉ ਕਰੇਗੁ ਮਸੋਲਾ." (ਤਿਲੰ ਮਃ ੧)

ਮਸ਼ੌ: ਫ਼ਾ. مشو ਮਤ ਹੋ. ਨਾ ਹੋ.

ਮਸੌਦਾ: ਦੇਖੋ, ਮੁਸਬਦਾ.

ਮਸੰਦ: ਮਸਨਦ (ਗੱਦੀ) ਨਾਲ ਸੰਬੰਧ ਰੱਖਣ ਵਾਲਾ. ਜੋ ਲੋਕ ਸਿੱਖਾਂ ਤੋਂ ਦਸੌਂਧ ਅਤੇ ਕਾਰ ਭੇਟਾ ਉਗਰਾਹੁੰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ, ਉਹ ਮਸੰਦ ਕਹੇ ਜਾਂਦੇ ਸਨ.[947] ਚੌਥੇ ਸਤਿਗੁਰੂ ਦੇ ਸਮੇਂ ਤੋਂ ਲੈਕੇ ਸੰਮਤ ੧੭੫੫ ਤੀਕ ਇਹ ਸਿਲਸਿਲਾ ਰਿਹਾ. ਫੇਰ ਦਸ਼ਮੇਸ਼ ਨੇ ਮਸੰਦਾਂ ਦੀਆਂ ਬੁਰੀਆਂ ਕਰਤੂਤਾਂ ਦੇਖਕੇ ਇਹ ਅਹੁਦਾ ਹਟਾ ਦਿੱਤਾ, ਬਲਕਿ ਅਮ੍ਰਿਤ ਸਮੇਂ ਉਪਦੇਸ਼ ਦਿੱਤਾ ਕਿ ਮਸੰਦਾਂ ਨਾਲ ਨਹੀਂ ਵਰਤਣਾ. "ਤਜ ਮਸੰਦ, ਪ੍ਰਭੁ ਏਕ ਜਪ, ਯਹ ਬਿਬੇਕ ਤਹਿਂ ਕੀਨ." (ਗੁਰੁਸੋਭਾ) "ਜੌ ਕਰ ਸੇਵ ਮਸੰਦਨ ਕੀ, ਕਹਿਂ ਆਨ ਪ੍ਰਸਾਦ ਸਭੈ ਮੁਹਿ ਦੀਜੈ." (੩੩ ਸਵੈਯੇ)

ਮਸੰਦਗੀ: ਸੰਗਯਾ- ਮਸੰਦਪੁਣਾ. ਮਸੰਦ ਦੀ ਕ੍ਰਿਯਾ। ੨. ਮਸਨਦਗੀਰ. ਵਿ- ਕਰਤਾਰ ਦੇ ਸਿੰਘਸਣ ਦਾ ਆਸਾਰਾ ਲੈਣ ਵਾਲਾ. "ਦਰ ਦਰਵੇਸ ਰਸੀਦ ਮਸਤ ਮਸੰਦਗੀ." (ਭਾਗੁ)

ਮੱਸਾ: ਸੰਗਯਾ- ਮਹੁਕਾ. Wart। ੨. ਦੇਖੋ, ਮੱਸਾ ਰੰਘੜ। ੩. ਮਿੱਟੀ ਦਾ ਉਹ ਚੱਪਣ, ਜੋ ਦੀਵੇ ਦੀ ਲੋ ਤੋਂ ਪੈਦਾ ਹੋਈ ਮਸਿ (ਸਿਆਹੀ) ਨੂੰ ਗ੍ਰਹਣ ਕਰਦਾ ਹੈ. ਜਦ ਕੱਜਲ ਬਹੁਤ ਲਗ ਜਾਂਦਾ ਹੈ ਤਾਂ ਮੱਸੇ ਤੋਂ ਉਤਾਰ ਲਈਦਾ ਹੈ.

ਮੱਸ਼ਾਕ, ਮੱਸ਼ਾਕ਼: ਅ਼. مشاق ਵਿ- ਮਸ਼ਕ਼ (ਅਭ੍ਯਾਸ) ਕਰਨ ਵਾਲਾ। ੨. ਮਾਹਿਰ. ਪੂਰਾ ਜਾਣਕਾਰ. ਨਿਪੁਣ.

ਮੱਸਾ ਰੰਘੜ: ਇਹ ਅਮ੍ਰਿਤਸਰ ਦੇ ਪਰਗਣੇ ਦਾ ਹਾਕਿਮ ਅਤੇ ਮੰਡਿਆਲੇ ਪਿੰਡ ਦਾ ਵਸਨੀਕ ਸੀ, ਅਰ ਦਰਬਾਰ ਹਰਿਮੰਦਿਰ ਅੰਦਰ ਕੰਚਨੀ ਦਾ ਨਾਚ ਕਰਾਉਂਦਾ ਅਤੇ ਹੁੱਕਾ ਪੀਂਦਾ ਸੀ. ਸੰਮਤ ੧੭੯੭ ਵਿੱਚ ਮਤਾਬਸਿੰਘ ਮੀਰਾਕੋਟੀਏ ਅਰ ਸੁੱਖਾਸਿੰਘ ਕੰਬੋਮਾੜੀ ਵਾਲੇ ਨੇ ਜਟਕਾ ਲਿਬਾਸ ਪਹਿਨਕੇ ਹਰਿਮੰਦਿਰ ਅੰਦਰ ਮੱਸੇ ਦਾ ਸਿਰ ਵੱਢਿਆ ਅਤੇ ਉਸ ਦੇ ਸਾਥੀ ਕੁਕਰਮੀਆਂ ਨੂੰ ਯੋਗ ਦੰਡ ਦਿੱਤਾ. ਦੇਖੋ, ਮਤਾਬਸਿੰਘ.

ਮਸ੍ਰ: ਦੇਖੋ, ਮਸਟ.

ਮਸ੍ਤ: ਦੇਖੋ, ਮਸਤ.

ਮਸ੍ਤਕ: ਮੱਥਾ, ਦੇਖੋ, ਮਸਤਕ. "ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ." (ਸਹਸ ਮਃ ੫)

ਮਸ੍ਤਕ ਸੁੰਘਣਾ: ਦੇਖੋ, ਮੱਥਾ ਸੁੰਘਣਾ.

ਮਸ੍ਤਪ੍ਰਕਾਸ਼: ਦੇਖੋ, ਮੇਦਿਨੀਪ੍ਰਕਾਸ਼.

ਮਹ: ਵ੍ਯ- ਵਿੱਚ. ਅੰਦਰ. ਮੇਂ ਦੇਖੋ, ਮਹਿ। ੨. ਮਹਕ (ਸੁਗੰਧ) ਦਾ ਸੰਖੇਪ. "ਚੋਆ ਚੰਦਨ ਮਹ ਮਹਕਾਏ." (ਭਾਗੁ) ੩. ਫ਼ਾ. . ਮਾਹ (ਮਾਸ- ਮਹੀਨੇ) ਦਾ ਸੰਖੇਪ. "ਵਰਤ ਨ ਰਹਉ, ਨ ਮਹ ਰਮਦਾਨਾ." (ਭੈਰ ਮਃ ੫) ਨਾ ਰਮਜਾਨ ਦਾ ਮਹੀਨਾ, ਅਰਥਾਤ ਰੋਜ਼ੇ। ੪. ਮਾਹ. ਚੰਦ੍ਰਮਾ. ਚੰਦ। ੫. ਸੰ. ਮਹ੍. ਧਾ ਸਨਮਾਨ ਕਰਨਾ, ਪੂਜਾ ਕਰਨਾ, ਆਨੰਦ ਕਰਨਾ। ੬. ਸੰਗਯਾ- ਯਗ੍ਯ। ੭. ਮਹਿਸ਼. ਭੈਂਸਾ. ਝੋਟਾ। ੮. ਉਤਸਵ। ੯. ਤੇਜ. ਪ੍ਰਤਾਪ.

---

[947] ਦਬਿਸਤਾਨਿ ਮਜਾਹਬ ਦਾ ਕਰਤਾ ਲਿਖਦਾ ਹੈ ਕਿ ਮੰਸਦਾਂ ਨੂੰ "ਰਾਮਦਾਸ" ਭੀ ਆਖਦੇ ਸਨ. ਇਹ ਲੋਕ ਆਪਣੇ ਕਾਰ ਵਿਹਾਰ ਭੀ ਕਰਦੇ ਅਤੇ ਸਤਿਗੁਰੂ ਦੀ ਕਾਰ ਭੇਟਾ ਉਗਰਾਹੁੰਦੇ. ਵਰ੍ਹੇ ਦੀ ਇਕੱਠੀ ਹੋਈ ਪੂਜਾ ਵੈਸਾਖੀ ਤੇ ਸਤਿਗੁਰਾਂ ਪਾਸ ਲੈ ਜਾਂਦੇ ਸਨ.

ਮਹਸਾਈ: ਮਹੇਸ਼ ਕਰਕੇ. ਮਹੇਸ਼ ਦ੍ਵਾਰਾ। ੨. ਮਹੇਸ਼ (ਸ਼ਿਵ) ਨੇ. "ਕੇਦਾਰੁ ਥਾਪਿਓ ਮਹਸਾਈ." (ਮਲਾ ਮਃ ੪) ੩. ਦੇਖੋ, ਮਹੀਸਾਂਈਂ.

ਮਹਸੂਸ, ਮਹ਼ਸੂਸ: ਅ਼. محسُوس ਵਿ- ਹ਼ਿਸ (ਸਪਰਸ਼ਗਜਾਨ) ਸਹਿਤ. ਛੋਹ ਦ੍ਵਾਰਾ ਮਅ਼ਲੂਮ ਕੀਤਾ.

ਮਹਸੂਲ: ਅ਼. محصُول ਸੰਗਜਾ- ਹਾਸਿਲ ਕਰਨ ਦਾ ਭਾਵ। ੨. ਭਾੜਾ. ਸ਼ੁਲ੍ਕ। ੩. ਟੈਕ੍ਸ ਕਰ। ੪. ਚੁੰਗੀ.

ਮਹਕ: ਸੰਗਜਾ- ਮਹੀ (ਪ੍ਰਿਥਿਵੀ) ਦਾ ਗੁਣ, ਗੰਧ। ੨. ਸੁਗੰਧ. ਸੁਬਾਸ. ਖ਼ੁਸ਼ਬੂ. "ਇਆ ਦੇਹੀ ਪਰਮਲ ਮਹਕੰਦਾ." (ਗਉ ਕਬੀਰ)

ਮਹਕਮਾ, ਮਹ਼ਕਮਾ: ਅ਼. محکمہ ਸੰਗਜਾ- ਹੁਕਮ ਦੀ ਥਾਂ. ਕਚਹਿਰੀ. ਅ਼ਦਾਲਤ। ੨. ਸੀਗਾ. ਸਰਿਸ਼੍ਤਾ. Department.

ਮਹਕਾਰ: ਸੰਗਜਾ- ਮਹਕ ਦਾ ਵਿਸ੍ਤਾਰ. ਸੁਗੰਧ ਦੇ ਫੈਲਣ ਦਾ ਭਾਵ. ਦੇਖੋ, ਮਹਕ.

ਮਹਕੂਮ, ਮਹ਼ਕੂਮ: ਅ਼. محکُوم ਵਿ- ਜਿਸ ਉੱਪਰ ਹੁਕਮ ਕੀਤਾ ਜਾਵੇ। ੨. ਸੰਗਜਾ- ਪ੍ਰਜਾ.

ਮਹਖ: ਦੇਖੋ, ਮਹਿਖ। ੨. ਦੇਖੋ, ਮਹਿਖਾਸੁਰ.

ਮਹਖਲ: ਸੰਗਜਾ- ਮਹਿਸ਼ (ਝੋਟੇ) ਜੇਹਾ ਫੇੜ. "ਪਾਏ ਮਹਖਲ ਭਾਰੇ ਦੇਵਾਂ ਦਾਨਵਾਂ!" (ਚੰਡੀ ੩)

ਮਹਖਾ: ਦੇਖੋ, ਮਹਿਖ ਅਤੇ ਮਹਿਖਾਸੁਰ.

ਮਹਖਾਸਾ, ਮਹਖਾਸੁਰ: ਸੰ. ਮਹਿਸ਼ਾਸੁਰ. ਝੋਟੇ ਦੀ ਸ਼ਕਲ ਦਾ ਇੱਕ ਦੈਤ. ਦੇਖੋ, ਮਹਿਖਾਸੁਰ. "ਸਹਸਬਾਹੁ ਮਧੁ ਕੀਟ ਮਹਖਾਸਾ." (ਗਉ ਅਃ ਮਃ ੧) ਸਹਸ੍ਰਬਾਹੁ, ਮਧੁ, ਕੈਟਭ ਅਤੇ ਮਹਿਖਾਸੁਰ.

ਮਹਗਾ, ਮਹਗੀ, ਮਹਘਾ, ਮਹਘੀ, ਮਹਘੋ: ਸੰ. ਮਹਾਰ੍‍ਘ. ਵਿ- ਜਿਸ ਦਾ ਅਰ੍‍ਘ (ਮੁੱਲ) ਮਹਾਨ ਹੈ. ਵਡਮੁੱਲਾ. ਮੁੱਲੀ. "ਮੈ ਤਉ ਮੋਲਿ ਮਹਗੀ ਲਈ." (ਧਨਾ ਰਵਿਦਾਸ) "ਸਿਰ ਵੇਚਿ ਲੀਓ ਮੁਲਿ ਮਹਘਾ." (ਸੂਹੀ ਮਃ ੪) "ਮਹਘੋ ਮੋਲਿ ਭਾਰਿ ਅਫਾਰੁ." (ਆਸਾ ਅਃ ਮਃ ੧)

ਮਹਜ: ਅ਼. محض ਮਹ਼ਜ. ਵਜ- ਸਿਰਫ. ਕੇਵਲ। ੨. ਵਿ- ਖ਼ਾਲਿਸ. ਨਿਰੋਲ.

ਮਹਜਤ: ਸਿਜਦਾ ਕਰਨ ਦਾ ਥਾਂ. ਦੇਖੋ, ਮਸਜਿਦ ਅਤੇ ਮਹਜਿਦ.

ਮਹਜਰ, ਮਹਜਰੁ: ਅ਼. محضر ਮਹ਼ਜ਼ਰ. ਸੰਗਜਾ- ਉਹ ਥਾਂ, ਜਿੱਥੇ ਲੋਕ ਹ਼ਾਜਿਰ (ਉਪਸ੍ਥਿਤ) ਹੋਣ। ੨. ਕੋਈ ਲਿਖਤ, ਜਿਸ ਉੱਪਰ ਬਹੁਤਿਆਂ ਦੇ ਦਸਤਖ਼ਤ਼ ਹੋਣ. ਮਹ਼ਜ਼ਰਨਾਮਹ. "ਮਹਜਰੁ ਝੂਠਾ ਕੀਤੋਨੁ ਆਪਿ." (ਗਉ ਮਃ ੫)

ਮਹਜਾਸ: ਸੰ. महायशस्. ਵਿ- ਵਡੇ ਯਸ਼ ਵਾਲਾ.

ਮਹਜਿਦ: ਸੰਗਜਾ- ਸਿਜਦਾ (ਪ੍ਰਣਾਮ) ਦੀ ਥਾਂ.

ਮਹਜਿਦਿ: ਮਸੀਤ. ਦੇਖੋ, ਮਸਜਿਦ. "ਦੇਹੀ ਮਹਜਿਦਿ, ਮਨੁ ਮਉਲਾਨਾ." (ਭੈਰ ਨਾਮਦੇਵ)

ਮਹਣ: ਡਿੰਗ. ਸਮੁੰਦਰ ਵਾਰਿਧਿ.

ਮਹਤ: ਸੰ. महत. ਵਿ- ਫੈਲਿਆ ਹੋਇਆ। ੨. ਵਡਾ। ੩. ਬੁੱਢਾ। ੪. ਸੰਗਜਾ- ਰਾਜਜ (ਰਾਜ). ੫. ਦੇਖੋ, ਮਹਤੱਤ.

ਮਹਤਉ: ਵਿ- ਮਹਤ੍ਵ (ਬਜ਼ੁਰਗੀ) ਵਾਲਾ ਪ੍ਰਧਾਨ. ਮੁਖੀਆ. ਸੰ. ਮਹੱਤਰ. "ਦੇਹੀ ਗਾਵਾ, ਜੀਉ ਧਰ ਮਹਤਉ, ਬਸਹਿ ਪੰਚ ਕਿਰਸਾਨਾ." (ਮਾਰੂ ਕਬੀਰ) ਸ਼ਰੀਰ ਪਿੰਡ ਹੈ, ਜੀਵ (ਮਨ) ਬਿਸਵੇਦਾਰ ਮਾਲਿਕ ਹੈ, ਪੰਜ ਗਜਾਨਇੰਦ੍ਰੇ ਕਾਸ਼ਤਕਾਰ ਹਨ.

ਮਹਤੱਤ: ਸੰ. ਮਹੱਤਤ੍ਵ. ਸੰਗ੍ਯਾ- ਸਾਂਖ੍ਯਸ਼ਾਸਤ੍ਰ ਅਨੁਸਾਰ ਚੌਬੀਹ ਤੱਤਾਂ ਦੇ ਅੰਤਰਗਤ ਦੂਜਾ ਤਤ੍ਵ. ਪ੍ਰਕ੍ਰਿਤਿ ਦਾ ਕਾਰਯਰੂਪ, ਅਹੰਕਾਰ ਦਾ ਆਦਿ ਕਾਰਣ. ਇਸ ਦਾ ਨਾਮ ਬੁੱਧਿਤਤ੍ਵ ਭੀ ਲਿਖਿਆ ਹੈ. "ਪ੍ਰਕ੍ਰਿਤਿ ਮੂਲ ਮਹਤੱਤ ਉਪਾਵਾ." (ਨਾਪ੍ਰ)

ਮਹਤਰ: ਦੇਖੋ, ਮਹਤਉ ਅਤੇ ਮਿਹਤਰ.

ਮਹਤਰੀਆ: ਸੰਗ੍ਯਾ- ਮਹੱਤਰਾ. ਜੋ ਸਭ ਤੋਂ ਵਡੀ ਸਨਮਾਨ ਯੋਗ੍ਯ ਹੈ, ਮਾਤਾ. ਮਾਂ. "ਸਾਜਨ ਮੀਤ ਪਿਤਾ ਮਹਤਰੀਆ (ਗਉ ਮਃ ੫)

ਮਹਤਾ: ਦੇਖੋ, ਮਹਤਉ। ੨. ਸੰ. ਮਹਤ੍ਵਤਾ. ਸੰਗ੍ਯਾ- ਬਜ਼ੁਰਗੀ. ਮਾਣੁ ਮਹਤਾ ਤੇਜੁ." (ਵਾਰ ਰਾਮ ੨. ਮਃ ੫) ਦੇਖੋ, ਮਹਿਤਾ। ੩. ਸੰ. ਮਹੱਤਰ. ਪ੍ਰਧਾਨ. ਮੁਖੀਆ. ਮੰਤ੍ਰੀ. ਵਜ਼ੀਰ. "ਲਬੁ ਪਾਪੁ ਦੁਇ ਰਾਜਾ ਮਹਤਾ." (ਵਾਰ ਆਸਾ)

ਮਹਤਾਬ: ਫ਼ਾ. مہتاب ਸੰਗ੍ਯਾ- ਮਾਹ (ਚੰਦ੍ਰਮਾ) ਦਾ ਪ੍ਰਕਾਸ਼. ਚੰਦ ਦਾ ਚਾਨਣਾ। ੨. ਗੰਧਕ ਆਦਿ ਪਦਾਰਥ ਮਿਲਾਕੇ ਬਣਾਈ ਬੱਤੀ, ਜਿਸ ਦੇ ਮਚਾਉਣ ਤੋਂ ਚੰਦ ਜੇਹਾ ਪ੍ਰਕਾਸ਼ ਹੋਵੇ, ਇੱਕ ਪ੍ਰਕਾਰ ਦੀ ਆਤਿਸ਼ਬਾਜ਼ੀ. ਪੁਰਾਣੇ ਸਮੇਂ ਮਹਤਾਬ ਨਾਲ ਤੋਪ ਦੇ ਪਲੀਤੇ ਨੂੰ ਭੀ ਅੱਗ ਦਿੱਤੀ ਜਾਂਦੀ ਸੀ.

ਮਹਤਾਬਸਿੰਘ: ਦੇਖੋ, ਮੱਸਾ ਰੰਘੜ ਅਤੇ ਮਤਾਬਸਿੰਘ.

ਮਹਤਾਬਕੌਰ: ਦੇਖੋ, ਮਤਾਬਕੌਰ.

ਮਹਤਾਬੀ: ਫ਼ਾ. مہتابی ਵਿ- ਚੰਦ੍ਰਮਾ ਦੀ ਚਾਂਦਨੀ ਨਾਲ ਹੈ ਜਿਸ ਦਾ ਸੰਬੰਧ। ੨. ਸੰਗ੍ਯਾ- ਛੋਟਾ ਮਹਤਾਬ ਦੇਖੋ, ਮਹਤਾਬ ੨। ੩. ਮਕਾਨ ਦੀ ਉੱਪਰਲੀ ਮੰਜ਼ਿਲ ਦਾ ਖੁਲਾ ਵਰਾਂਡਾ.

ਮਹਤਾਰੀ: ਮਾਂ. ਦੇਖੋ, ਮਹਤਰੀਆ. "ਕਿਆ ਬਸੁ ਜਉ ਬਿਖੁ ਦੇ ਮਹਤਾਰੀ." (ਗਉ ਕਬੀਰ)

ਮਹਤੁ: ਸੰ. ਮਹਤ੍ਵ. ਸੰਗ੍ਯਾ- ਬਜ਼ੁਰਗੀ. ਵਡਿਆਈ. "ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ." (ਸ੍ਰੀ ਅਃ ਮਃ ੧) ੨. ਸੰ. ਮਹਤ (महत्) ਵਿ- ਵਿਸ੍ਤਾਰ ਸਹਿਤ. "ਮਾਤਾ ਧਰਤਿ ਮਹਤੁ." (ਜਪੁ) ਦੇਖੋ, ਮਹਤ.

ਮਹੱਤਰ: ਸੰ. महत्तर. ਵਿ- ਦੋ ਅਥਵਾ ਕਈਆਂ ਵਿੱਚੋਂ ਇੱਕ ਬਹੁਤ ਸ਼੍ਰੇਸ਼੍ਠ. ਬਹੁਤ ਵਡਾ.

ਮਹਤ੍ਵ: ਦੇਖੋ, ਮਹਤੁ.

ਮਹਦੀ: ਅ਼. مہدی ਵਿ- ਜਿਸ ਨੂੰ ਹਦਾਯਤ (ਸਿਖ੍ਯਾ) ਮਿਲੀ ਹੈ। ੨. ਸੰਗ੍ਯਾ- ਭਵਿਸ਼੍ਯ (ਆਉਣ ਵਾਲੇ ਸਮੇ) ਵਿੱਚ ਹੋਣ ਵਾਲਾ ਇੱਕ ਇਮਾਮ. ਇਸਲਾਮਮਤ ਅਨੁਸਾਰ ਇਹ ਕੁਮਾਰਗ ਚਲਦੇ ਲੋਕਾ ਨੂੰ ਸੁਮਾਰਗ ਪਾਵੇਗਾ, ਅਰ ਸੱਤ ਵਰ੍ਹੇ ਮੱਕੇ ਵਿੱਚ ਰਾਜ ਕਰੇਗਾ. ਇਹ ਆਖ਼ਿਰੀ ਇਮਾਮ, ਹਿੰਦੂਆਂ ਦੇ ਕਲਕੀ ਅਵਤਾਰ ਤੁੱਲ ਹੋਊ.

ਸ਼ੀਆ਼ ਮੁਸਲਮਾਨਾਂ ਦੇ ਖ਼ਿਆਲ ਅਨੁਸਾਰ ਮਹਦੀ ਪੈਦਾ ਹੋ ਚੁੱਕਾ ਹੈ, ਜੋ ਹੁਣ ਗੁਪਤ ਹੈ. ਇਹ ਪ੍ਰਗਟ ਹੋਕੇ ਦੁਸ਼੍ਟਾਂ ਨੂੰ ਦੰਡ ਦੇਊ ਅਤੇ ਇਸਲਾਮ ਦੀ ਦਸ਼ਾ ਸੁਧਾਰਕੇ ਦੁਨੀਆਂ ਤੋਂ ਚਲਾਜਾਊ. ਦੇਖੋ, "ਹਦਾਯਤੁਲਕੁਲੂਬ." "ਮਹਦੀ ਭਰਯੋ ਤਬ ਗਰਬ। ਜਗ ਜੀਤਿਓ ਜਬ ਸਰਬ ॥" (ਕਲਕੀ) ੩. ਮਿਰਜ਼ਈ ਮੁਸਲਮਾਨਾ ਦੇ ਖਿਆਲ ਅਨੁਸਾਰ ਮਿਰਜ਼ਾ ਗੁਲਾਮ ਅਹਮਦ ਮਹਦੀ ਸੀ. ਦੇਖੋ, ਗੁਲਾਮਅਹਮਦ। ੪. ਦੇਖੋ, ਮਹਿਦੀ.

ਮਹਦੀਨ: ਦੇਖੋ, ਮਹਿਦੀਨ.

ਮਹਦੂਦ, ਮਹਦੂਦੁ: ਅ਼. محدوُد ਵਿ- ਹ਼ੱਦ ਕੀਤਾ ਗਿਆ. ਪ੍ਰਮਿਤ। ੨. ਸੰਗ੍ਯਾ- ਉਹ ਨਵਿਸ਼੍ਤ, ਜਿਸ ਵਿੱਚ ਨਿਯਮਾਂ ਦੀ ਹੱਦ ਬੰਨ੍ਹ ਦਿੱਤੀ ਜਾਵੇ. "ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ." (ਮਃ ੧. ਵਾਰ ਮਲਾ) ਹੁਣ ਕੋਈ ਮੇਰੇ ਉੱਪਰ ਲਗਾਨ ਵਧਾ ਨਹੀਂ ਸਕਦਾ, ਪੱਕਾ ਬੰਦੋਬਸਤ ਹੋਗਿਆ.

**ਮਹਫ਼ਿਲ, ਮਹ਼ਫ਼ਿਲ:** ਅ਼. محفل ਸੰਗਜਾ- ਹ਼ਫ਼ਲ (ਜਮਾਂ ਹੋਣ) ਦੀ ਥਾਂ. ਸਭਾ ਮੰਡਲੀ.

**ਮਹਫ਼ੂਜ, ਮਹ਼ਫ਼ੂਜ:** ਅ਼. محفوُظ ਮਹ਼ਫ਼ੂਜ਼. ਵਿ- ਹ਼ਿਫਜ (ਰਖ੍ਯਾ) ਕੀਤਾ ਗਿਆ. ਰਕ੍ਸ਼ਿਤ.

**ਮਹਬਦਨ:** ਵਿ- ਮਾਹ (ਚੰਦ੍ਰਮਾ) ਜੇਹਾ ਹੈ ਜਿਸ ਦਾ ਮੁਖ. ਮਾਹਰੂ ਚੰਦ੍ਰਮੁਖ. "ਵਹ ਮਹਬਦਨ ਕਹਾਂ ਹੈ?" (ਰਾਮਾਵ)

**ਮਹਬੂਸ, ਮਹ਼ਬੂਸ:** ਅ਼. محبوُس ਹ਼ਬਸ (ਕ਼ੈਦ) ਕੀਤਾ ਗਿਆ. ਕ਼ੈਦੀ. ਬੰਧੂਆ.

**ਮਹਬੂਬ, ਮਹ਼ਬੂਬ:** ਅ਼. محبوُب ਵਿ- ਜਿਸ ਨਾਲ ਹੁੱਬ (ਪਿਆਰ) ਕਰੀਏ. ਪ੍ਰੇਮਪਾਤ੍ਰ. ਪਿਆਰਾ. ਮਿਤ੍ਰ.

**ਮਹਮਾ:** ਦੇਖੋ, ਧੁਨੀ (ਖ) ੨. ਦੇਖੋ, ਮਹਿਮਾ.

**ਮਹਮਿਲ, ਮਹ਼ਮਿਲ:** ਅ਼. محمل ਸੰਗਜਾ- ਕਚਾਵਾ. ਉੱਠ ਦੀ ਕਾਠੀ, ਜਿਸ ਦੇ ਦੋਹੀਂ ਪਾਸੀਂ ਬੈਠਣ ਨੂੰ ਥਾਂ ਹੋਵੇ। ੨. ਉਹ ਰੇਸ਼ਮੀ ਗਿਲਾਫ਼, ਜੋ ਮਿਸਰ ਤੋਂ ਕਾਬੇ ਚੜ੍ਹਾਉਣ ਲਈ ਹਰ ਸਾਲ ਭੇਜਿਆ ਜਾਂਦਾ ਹੈ. ਪਿਛਲੇ ਸਾਲ ਇਹ ਹਿੰਦੁਸਤਾਨ ਤੋਂ ਭੇਜਿਆ ਗਿਆ ਸੀ.

**ਮਹਮੂਦ, ਮਹ਼ਮੂਦ:** ਅ਼. محموُد ਵਿ- ਹ਼ਮਦ (ਸਲਾਹੁਣ) ਯੋਗ੍ਯ. ਸਲਾਹਿਆ ਹੋਇਆ। ੨. ਮਹ਼ਮੂਦ ਗ਼ਜ਼ਨਵੀ ਦਾ ਸੰਖੇਪ.

**ਮਹਮੂਦ ਗ਼ਜ਼ਨਵੀ, ਮਹ਼ਮੂਦ ਗ਼ਜ਼ਨਵੀ:** محموُدغزنوی ਸੁਬਕਤਗੀਨ ਦਾ ਪੁਤ੍ਰ ਗ਼ਜ਼ਨੀ ਦਾ ਬਾਦਸ਼ਾਹ, ਜੋ ੧੫. ਦਿਸੰਬਰ ਸਨ ੯੬੭ ਨੂੰ ਪੈਦਾ ਹੋਇਆ ਅਤੇ ਸਨ ੯੯੭ ਵਿੱਚ ਤਖ਼ਤ ਪੁਰ ਬੈਠਾ. ਇਸ ਨੇ ਹਿੰਦ ਉੱਪਰ ਬਹੁਤ ਹੱਲੇ ਕੀਤੇ ਅਰ ਬੇਅੰਤ ਧਨ ਲੁੱਟਿਆ. ਸਭ ਤੋਂ ਪਹਿਲਾ ਹੱਲਾ ਇਸ ਦਾ ਸਨ ੧੦੦੧ ਵਿੱਚ ਲਹੌਰ ਅਤੇ ਭਟਿੰਡੇ ਪੁਰ ਹੋਇਆ. ਮਾਰਚ ਸਨ ੧੦੨੪ ਵਿੱਚ ਇਸ ਨੇ ਸੋਮਨਾਥ ਦਾ ਜਗਤਪ੍ਰਸਿੱਧ ਮੰਦਿਰ ਬਰਬਾਦ ਕੀਤਾ. ਅਤੇ ਸ਼ਿਵਮੂਰਤੀ ਨੂੰ ਚੂਰਣ ਕਰਕੇ ਬੇਅੰਤ ਧਨ ਲੁੱਟਿਆ.

ਮਹਮੂਦ ਦਾ ਦੇਹਾਂਤ ੩. ਅਪ੍ਰੈਲ ਸਨ ੧੦੩੦ ਨੂੰ ਗ਼ਜ਼ਨੀ ਵਿੱਚ ਹੋਇਆ, ਜਿੱਥੇ ਇਸ ਦਾ ਸੁੰਦਰ ਕੀਰਤਿਸਤੰਭ ਬਣਿਆ ਹੋਇਆ ਹੈ. ਦੇਖੋ, ਫਰਦੌਸੀ.

**ਮਹਮੂਦਪੁਰ:** ਮਹਮੂਦ ਗ਼ਜ਼ਨਵੀ ਨੇ ਲਹੌਰ ਜਿੱਤਕੇ ਉਸ ਦਾ ਨਾਮ "ਮਹਮੂਦਪੁਰ" ਰੱਖਿਆ ਸੀ, ਜੋ ਉਸ ਦੇ ਸਿੱਕਿਆਂ ਵਿੱਚ ਦੇਖਿਆ ਜਾਂਦਾ ਹੈ. ਪਰ ਮਹਮੂਦ ਪਿੱਛੋਂ ਪੁਰਾਣਾ ਨਾਮ ਲਹੌਰ ਹੀ ਪ੍ਰਸਿੱਧ ਰਿਹਾ.

**ਮਹਮੇ ਹਸਨੇ ਕੀ ਧੁਨੀ:** ਦੇਖੋ, ਧੁਨੀ (ਖ).

**ਮਹਮੇਜ਼:** ਅ਼. مہمیز ਸੰਗਜਾ- ਹਮਜ਼ (ਤੇਜ਼) ਕਰਨ ਦਾ ਸੰਦ. ਜੋੜੇ ਨਾਲ ਲੱਗੀ ਹੋਈ ਆਰ, ਜੋ ਘੋੜੇ ਨੂੰ ਤੇਜ਼ ਚਲਾਉਣ ਵਿੱਚ ਸਹਾਇਤਾ ਦਿੰਦੀ ਹੈ.

**ਮਹਮੰਦ:** ਖਰੋਟਰੀ ਪਠਾਣਾਂ ਦੀ ਇੱਕ ਜਾਤਿ, ਮੋਹ ਮੰਦ. "ਗੁਰੀਖੇਲ ਮਹਮੰਦ ਲੇਜਾਕ ਧਾਏ." (ਚਰਿਤ੍ਰ ੯੬)

**ਮਹਰ:** ਮਾਹਰ ਦਾ ਸੰਖੇਪ। ੨. ਅ਼. مہر ਸੰਗਜਾ- ਇਸਲਾਮਮਤ ਅਨੁਸਾਰ ਉਹ ਰਕਮ, ਜੋ ਨਿਕਾਹ ਸਮੇਂ ਪਤੀ ਵੱਲੋਂ ਇਸਤ੍ਰੀ ਨੂੰ ਦੇਣੀ ਠਹਿਰਾਈ ਜਾਵੇ. ਇਸ ਦੀ ਕੋਈ ਖ਼ਾਸ ਹੱਦ ਨਹੀਂ ਇਸਤ੍ਰੀ ਦਾ ਦਰਜਾ ਅਤੇ ਸੁੰਦਰਤਾ ਪੁਰ ਨਿਰਭਰ ਹੈ, ਪਰ ਦਸ ਦਿਰਹਮ ਅਰਥਾਤ ੨/-) ਤੋਂ ਘੱਟ ਮਹਰ ਨਹੀਂ ਹੋ ਸਕਦਾ. ਇਸਤ੍ਰੀ ਜਦ ਚਾਹੇ ਪਤਿ ਤੋਂ ਮਹਰ ਲੈ ਸਕਦੀ ਹੈ। ੩. ਸੰ. ਸਹਰ੍. ਚੌਥਾ ਆਸਮਾਨੀ ਲੋਕ। ੪. ਮਹੱਤਰ ਦਾ ਸੰਖੇਪ. ਪ੍ਰਧਾਨ. ਮੁਖੀਆ. "ਮਹਰ ਮਲੂਕ ਕਹਾਈਐ." (ਸ੍ਰੀ ਅਃ ਮਃ ੧) ੫. ਕ੍ਰਿਸ਼ਨ ਜੀ ਦੇ ਪਿਤਾ ਨੰਦ ਦੀ ਉਪਾਧੀ (ਲਕ਼ਬ). "ਨੰਦ ਮਹਰ ਲੈ ਭੇਟ ਕੋ ਗਯੋ ਕੰਸ ਕੇ ਪਾਸ." (ਕ੍ਰਿਸਨਾਵ)

**ਮਹਰਟਾ:** ਮਹਾਰਾਸ਼੍ਟ੍ਰ. ਦੇਖੋ, ਮਰਹਟਾ.

**ਮਹਰਮ:** ਅ਼. محرم ਉਹ ਆਦਮੀ, ਜਿਸ ਨੂੰ ਹੁਰਮ (ਜਨਾਨਖਾਨੇ) ਵਿੱਚ ਜਾਣ ਦੀ ਖੁਲ੍ਹ ਹੋਵੇ। ੨. ਭਾਵ- ਪੂਰਾ ਭੇਤੀ. "ਮਹਰਮ

ਮਹਿਲ ਨ ਕੋ ਅਟਕਾਵੈ." (ਗਉ ਰਵਿਦਾਸ)

ਮਹਰਮ, ਮਹ਼ਰਮ ਰਾਜ਼: ਫ਼ਾ. محرم راز ਵਿ- ਗੁਪਤ ਭੇਦ ਦਾ ਜਾਣੂ.

ਮਹਰਮਿੱਠਾ: ਦੇਖੋ, ਜੋਧਰਾਯ.

ਮਹਰਾ: ਸੰਗਯਾ- ਮਾਹੀਗੀਰ। ੨. ਧੀਵਰ. ਝਿਉਰ.

ਮਹਰਾਜ: ਮਹਾਰਾਜਾ. ਬਾਦਸ਼ਾਹ। ੨. ਦੇਖੋ, ਮਹਿਰਾਜ। ੩. ਦੇਖੋ, ਮੇਹਰਾਜ.

ਮਹਰਾਜਰੀ, ਮਹਰਾਜਰੋ: ਮਹਾਰਾਜ (ਕਰਤਾਰ) ਦੀ, ਦਾ. "ਮਹਰਾਜਰੀ ਮਾਇਓ." (ਟੋਢੀ ਮਃ ੫) "ਮਹਰਾਜਰੋ ਗਾਥੁ, ਵਾਹੁ ਸਿਉ ਲੁਭੜਿਓ." (ਟੋਡੀ ਮਃ ੫)

ਮਹਰਾਬ: ਦੇਖੋ, ਮਿਹਰਾਬ.

ਮਹਰਾਵਣ: ਮਹਾਰਾਵਣ. "ਅਦਭੁਤ ਰਾਮਾਯਣ" ਵਿੱਚ, (ਜਿਸ ਨੂੰ ਵਾਲਮੀਕਿ ਰਿਖਿ ਦਾ ਰਚਿਆ ਦੱਸਿਆ ਜਾਂਦਾ ਹੈ), ਲਿਖਿਆ ਹੈ ਕਿ ਇੱਕ ਵਾਰ ਅਯੋਧਯਾ ਵਿੱਚ ਰਾਮਚੰਦ੍ਰ ਜੀ ਨੇ ਰਾਵਣ ਮਾਰਨ ਦਾ ਪ੍ਰਸੰਗ ਛੇੜਕੇ ਆਪਣੇ ਬਲ ਦੀ ਮਹਿਮਾ ਕਹੀ, ਇਸ ਪੁਰ ਸੀਤਾ ਮੁਸਕਰਾਈ ਪੁੱਛਣ ਪੁਰ ਸੀਤਾ ਨੇ ਆਖਿਆ ਕਿ ਰਾਵਣ ਤੋਂ ਭੀ ਵਧਕੇ ਹਜ਼ਾਰ ਸਿਰ ਵਾਲਾ (ਸਹਸ੍ਰਮੁਖ ਰਾਵਣ) ਹੈ, ਉਸ ਦੇ ਮਾਰੇ ਬਿਨਾ ਆਪ ਦੀ ਕੀ ਬਹਾਦੁਰੀ ਹੈ?

ਰਾਮਚੰਦ੍ਰ ਜੀ ਅਤੇ ਸੀਤਾ ਆਪਣੀ ਸੈਨਾ ਲੈਕੇ, ਸੁਗ੍ਰੀਵ, ਹਨੁਮਾਨ, ਅੰਗਦ, ਵਿਭੀਸ਼ਣ ਨੂੰ ਨਾਲ ਮਿਲਾਕੇ, ਸਮੁੰਦਰੋਂ ਪਾਰ ਜਾਕੇ ਮਹਰਾਵਣ ਨਾਲ ਲੜਨ ਲੱਗੇ. ਉਸ ਨੇ ਸਾਰੀ ਸੈਨਾ ਅਰ ਸਰਦਾਰਾਂ ਨੂੰ, ਜਿੱਥੋਂ ਜਿੱਥੋਂ ਆਏ ਸਨ, ਉੱਥੇ ਉੱਥੇ ਤੀਰਾਂ ਨਾਲ ਫੈਂਕ ਦਿੱਤਾ, ਕੇਵਲ ਮੂਰਛਾ ਨੂੰ ਪ੍ਰਾਪਤ ਹੋਏ ਰਾਮ ਅਤੇ ਸੀਤਾ ਮੈਦਾਨ ਜੰਗ ਵਿੱਚ ਰਹਿ ਗਏ. ਸੀਤਾ ਨੇ ਕਾਲੀ ਦਾ ਰੂਪ ਧਾਰਕੇ ਮਹਾਰਾਵਣ ਮਾਰਿਆ ਅਤੇ ਰਾਮਚੰਦ੍ਰ ਜੀ ਨੂੰ ਲੈਕੇ ਅਯੋਧਯਾ ਵਾਪਿਸ ਆਈ. "ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ." (ਵਿਚਿਤ੍ਰ) ਰਾਵਣ, ਮਹਾਰਾਵਣ ਅਤੇ ਕੁੰਭਕਾਨ ਜੇਹੇ ਪਲ ਵਿੱਚ ਪਛਾੜ ਸੁੱਟੇ.

ਮਹਰਿ: ਮਹਰ (ਸਰਦਾਰ) ਦੀ ਇਸਤ੍ਰੀ। ੨. ਨੰਦ ਦੀ ਇਸਤ੍ਰੀ ਯਸ਼ੋਦਾ.

ਮਹਰੀ: ਮਹਰ (ਇਸਤ੍ਰੀਧਨ) ਦੇ ਅਧਿਕਾਰ ਵਾਲੀ, ਭਾਰਯਾ. ਦੇਖੋ, ਮਿਹਰੀ। ੨. ਮਾਹੀਗੀਰ ਦੀ ਇਸਤ੍ਰੀ। ੩. ਝਿਉਰੀ. ਧੀਵਰੀ.

ਮਹਰੂਮ, ਮਹ਼ਰੂਮ: ਅ਼. محروم ਵਿ- ਜੋ ਹ਼ਰਮ (ਰੋਕ) ਰੱਖਿਆ ਜਾਵੇ। ੨. ਵਾਂਜਿਆ ਹੋਇਆ। ੩. ਕਿਸੇ ਚੀਜ਼ ਤੋਂ ਖਾਲੀ ਰਹਿਣ ਵਾਲਾ.

ਮਹਰੇਰੁ: ਦੇਖੋ, ਰੇਰੁ.

ਮਹਲ, ਮਹਲੁ: ਅ਼. محل ਮਹ਼ਲ. ਸੰਗਯਾ- ਹ਼ਲੂਲ (ਉਤਰਨ) ਦੀ ਥਾਂ. ਘਰ. ਰਹਣ ਦਾ ਅਸਥਾਨ. ਪਾਸਾਦ। ੨. ਭਾਵ- ਅੰਤਹਕਰਣ. "ਮਹਲ ਮਹਿ ਬੈਠੇ ਅਗਮ ਅਪਾਰ." (ਮਲਾ ਮਃ ੧) ੩. ਮੌਕ਼ਅ. ਯੋਗਯ ਸਮਾਂ. "ਮਹਲੁ ਕੁਮਹਲੁ ਨ ਜਾਣਨੀ ਮੂਰਖ ਆਪਣੈ ਸੁਆਇ" (ਮਃ ੩. ਵਾਰ ਸੋਰ) ੪. ਅਸਥਾਨ. ਜਗਾ. ਥਾਂ. "ਏਕ ਮਹਲਿ ਤੂੰ ਪੰਡਿਤ ਵਕਤਾ ਏਕ ਮਹਲਿ ਬਲੁ ਹੋਤਾ." (ਗਉ ਮਃ ੫) ੫. ਨਿਜਪਦ. ਨਿਰਵਾਣ. "ਅੰਮ੍ਰਿਤੁ ਪੀਵਹਿ, ਤਾ ਸੁਖ ਲਹਹਿ ਮਹਲੁ." (ਸ੍ਰੀ ਮਃ ੩) ੬. ਅਧਿਕਾਰ. ਪਦਵੀ. ਰੁਤਬਾ. "ਟਹਲ ਮਹਲ ਤਾਕਉ ਮਿਲੈ ਜਾਕਉ ਸਾਧੁ ਕ੍ਰਿਪਾਲੁ." (ਬਾਵਨ) ੭. ਨਿਵਾਸ. ਇਸਥਿਤੀ. "ਹਰਿ ਮਹਲੀ ਮਹਲੁ ਪਾਇਆ." (ਮਾਰੂ ਮਃ ੫) "ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ." (ਸੋਹਿਲਾ) ੮. ਦਬਿਸ੍ਤਾਨੇ ਮਜ਼ਾਹਬ ਦਾ ਕਰਤਾ ਲਿਖਦਾ ਹੈ ਕਿ ਹ਼ਲੂਲ (حلوٗل) ਦਾ ਥਾਂ ਮਹਲ ਹੈ. ਇਸੇ ਲਈ ਸ਼੍ਰੀ ਗੁਰੂ ਨਾਨਕਦੇਵ ਜੀ ਦੇ ਜਾਨਸ਼ੀਨ ਮਹਲ ਕਹੇ ਜਾਂਦੇ ਹਨ ਕਿ ਇੱਕ ਗੁਰੂ ਆਪਣੇ ਤਾਈਂ ਦੂਜੇ ਵਿੱਚ ਹ਼ਲੂਲ (ਉਤਾਰਦਾ) ਹੈ, ਭਾਵ- ਲੀਨ ਕਰਦਾ ਹੈ। ੯. ਮਹਲਾ (ਇਸਤ੍ਰੀ) ਲਈ ਭੀ ਮਹਲ ਸ਼ਬਦ ਆਇਆ ਹੈ. "ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ." (ਮਃ ੧. ਵਾਰ

ਮਾਰੂ ੧)

ਮਹਲਤ, ਮਹਲਤਿ: ਅ਼. مہلت ਮਹ਼ੱਲਤ. ਉਤਰਣ (ਡੇਰਾ ਕਰਨ) ਦੀ ਥਾਂ. "ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ." (ਬਸੰ ਅੰਃ ਮਃ ੧) ਨੌ ਖੰਡ, ਸੱਤ, ਦ੍ਵੀਪ, ਚੌਦਾਂ ਲੋਕ, ਤਿੰਨ ਗੁਣ, ਚਾਰ ਯੁਗਰੂਪ ਮਹਲਤਿ ਰਚਕੇ, ਚਾਰ ਖਾਣੀ ਦੀ ਸ੍ਰਿਸ਼੍ਟੀ ਵਿੱਚ ਬੈਠਾਲੀ। ੨. محلّات ਮਹ਼ੱਲਾਤ. ਮਹਲ ਦਾ ਬਹੁਵਚਨ. "ਵੇਖਿ ਮਹਲਤਿ ਮਰਣੁ ਵਿਸਾਰਿਆ." (ਵਾਰ ਆਸਾ)

ਮਹਲਾ: ਸੰਗ੍ਯਾ- ਮਹਿਲ ਵਿੱਚ ਰਹਿਣ ਵਾਲੀ, ਨਾਰੀ. ਇਸਤ੍ਰੀ। ੨. ਭਾਰਯਾ. ਪਤਨੀ. "ਗੜ ਮੰਦਰ ਮਹਲਾ ਕਹਾਂ?" (ਓਅੰਕਾਰ) ੩. ਦੇਖੋ, ਮਹਲ ੧. ਅਤੇ ੮. "ਗੁਰਬਾਣੀ ਵਿੱਚ ਸਤਿਗੁਰਾਂ ਨੇ ਆਪਣੇ ਲਈ ਮਹਲਾ ਸ਼ਬਦ ਵਰਤਿਆ ਹੈ. ਮਹਲਾ ਦੇ ਅੰਤ ਜੋ ਅੰਗ ਹੋਵੇ ਉਸ ਤੋਂ ਗੁਰੂ ਸਾਹਿਬ ਦਾ ਨਾਮ ਜਾਣਨਾ ਚਾਹੀਏ, ਜਿਵੇਂ- ਮਹਲਾ ੧. ਸ਼੍ਰੀ ਗੁਰੂ ਨਾਨਕ ਦੇਵ, ਮਹਲਾ ੯. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਆਦਿ.

ਮਹਲਾਤ: ਮਹਲ ਦਾ ਬਹੁਵਚਨ. ਦੇਖੋ, ਮਹਲਤ ੨.

ਮਹਲਿ: ਮਹਲ ਵਿੱਚ। ੨. ਥਾਂ ਸਿਰ.

ਮਹਲੀ: ਮਹਲ ਵਿੱਚ ਰਹਿਣ ਵਾਲੀ, ਮਹਲਾ. ਭਾਰਯਾ. ਇਸਤ੍ਰੀ. ਪਤਨੀ. "ਮਹਲੀ ਮਹਲਿ ਬੁਲਾਈਐ ਸੋ ਪਿਰ ਰਾਵੈ ਰੰਗਿ." (ਸ੍ਰੀ ਅਃ ਮਃ ੧) "ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ." (ਸੂਹੀ ਛੰਤ ਮਃ ੩) ੨. ਮਹਲ ਦਾ ਸ੍ਵਾਮੀ. ਮਹਲ ਵਾਲਾ। ੩. ਮਹਲੀਂ. ਮਹਲਾਂ ਵਿੱਚ.

ਮਹਲੁ: ਦੇਖੋ, ਮਹਲ.

ਮਹੱਲ: ਦੇਖੋ, ਮਹਲ। ੨. ਸੰ. ਮਹੱਲ ਅਤੇ ਮਹੱਲਕ. ਸੰਗ੍ਯਾ- ਜ਼ਨਾਨਖ਼ਾਨੇ (ਹਰਮ) ਦੀ ਰਖ੍ਯਾ ਕਰਨ ਵਾਲਾ ਦਾਰੋਗਾ. ਦੇਖੋ, ਖੁਸਰਾ.

ਮਹੱਲਾ: ਅ਼. محلّہ ਮਹ਼ੱਲਹ. ਸੰਗ੍ਯਾ- ਜਿਸ ਥਾਂ ਨੂੰ ਫਤੇ ਕਰਕੇ ਜਾ ਉਤਰੀਏ. ਹ਼ੁਲੂਲ ਦੀ ਥਾਂ ਅਥਵਾ ਦੌੜਨ ਦਾ ਅਸਥਾਨ। ੨. ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨੇ ਖ਼ਾਲਸੇ ਨੂੰ ਯੁੱਧਵਿਦ੍ਯਾ ਵਿੱਚ ਨਿਪੁਣ ਕਰਨ ਲਈ ਚੇਤਬਦੀ ੧. ਨੂੰ ਮਸਨੂਈ ਜੰਗ ਦੇ ਅਭ੍ਯਾਸ (Maneuvre) ਦਾ ਦਿਨ ਠਹਿਰਾਇਆ. ਇਸ ਦਿਨ ਇੱਕ ਥਾਂ ਹਮਲੇ ਲਈ ਨਿਯਤ ਕਰਕੇ ਦੋ ਦਲ ਬਣਾਏ ਜਾਂਦੇ ਸਨ, ਜਿਨ੍ਹਾਂ ਦੇ ਸਰਦਾਰ ਚੁਣਵੇਂ ਸਿੰਘ ਹੋਇਆ ਕਰਦੇ. ਜੋ ਇੱਕ ਦਲ ਦਾ ਵਾਰ ਰੋਕਕੇ ਚਤੁਰਾਈ ਨਾਲ ਖ਼ਾਸ ਥਾਂ ਪੁਰ ਕਬਜ਼ਾ ਕਰ ਲੈਂਦਾ, ਉਹ ਜਿੱਤਿਆ ਸਮਝੀਦਾ ਸੀ. ਹੁਣ ਭੀ ਪ੍ਰਧਾਨ ਗੁਰਦ੍ਵਾਰਿਆਂ ਵਿੱਚ ਮਹੱਲੇ ਦੀ ਰੀਤਿ ਕੁਝ ਬਾਕੀ ਰਹਿ ਗਈ ਦਿਖਾਈ ਦਿੰਦੀ ਹੈ.

ਮਹੱਲਾ ਕਢਣਾ, ਮਹੱਲਾ ਚੜ੍ਹਨਾ, ਮਹੱਲਾ ਨਿਕਾਲਨਾ: ਨਗਾਰੇ ਨਿਸ਼ਾਨ ਸਹਿਤ ਖ਼ਾਲਸਾਦਲ ਨੂੰ ਸਜਧਜ ਨਾਲ ਇੱਕ ਗੁਰਧਾਮ ਤੋਂ ਦੂਜੇ ਗੁਰਦ੍ਵਾਰੇ ਫੌਜੀ ਢੰਗ ਨਾਲ ਲੈ ਜਾਣਾ, ਦੇਖੋ, ਮਹੱਲ ੨.

ਮਹਵ, ਮਹ਼ਵ: ਅ਼. محو ਮਿਟਜਾਣ ਦਾ ਭਾਵ। ੨. ਲੀਨ ਹੋਣਾ.

ਮਹਵਸ਼: ਫ਼ਾ. مہوش ਵਿ- ਮਾਹ (ਚੰਦ) ਵਸ਼ (ਜੇਹਾ). ੨. ਰਹ. ਮਾਸ਼ੂਕ ਪਜਾਰਾ.

ਮਹਵਰ, ਮਹ਼ਵਰ: ਅ਼. محور ਸੰਗ੍ਯਾ- ਚਰਖ਼ੀ ਦੀ ਸ਼ਕਲ ਦਾ ਇੱਕ ਵਾਜਾ. "ਬਹੁ ਬਜਤ ਭੇਰੀ ਸੰਖ ਮਹਵਰ." (ਸਲੋਹ)

ਮਹਾ: ਸੰ. ਮਹਤ੍. ਵਿ- ਵਡਾ. ਮਹਾਨ. ਇਹ ਕਿਸੇ ਸ਼ਬਦ ਦੇ ਮੁੱਢ ਆਉਂਦਾ ਹੈ. "ਮਹਾਅਨੰਦ ਭਏ ਸੁਖ ਪਾਇਆ." (ਸੋਰ ਮਃ ੫)

ਮਹਾਉਤ: ਦੇਖੋ, ਮਹਾਵਤ.

ਮਹਾਅਗਨਿ: ਜਠਰਾਗਨਿ. ਗਰਭ ਦੀ ਅੱਗ। ੨. ਤ੍ਰਿਸਨਾ ਅਗਨਿ. "ਮਹਾਅਗਨਿ ਤੇ ਤੁਧੁ ਹਾਥ ਦੇ ਰਾਖੇ." (ਸੂਹੀ ਮਃ ੫) ੩. ਈਰਖਾ. ਹਸਦ। ੪. ਪ੍ਰਲੈ ਸਮੇ ਦੀ ਅੱਗ.

ਮਹਾ ਅੰਸ ਭੇਵੀ: (ਵਿਚਿਤ੍ਰ) ਮਹਾਨ ਅੰਸ਼ ਤੋਂ ਹੋਣ ਵਾਲੀ. ਕਰਤਾਰ ਤੋਂ ਉਪਜੀ। ੨. ਮਹਾਨ ਅੰਸ਼ੁ (ਪ੍ਰਭਾ) ਤੋਂ ਭਈ.

ਮਹਾਇਣ: ਮਨੁਸ਼੍ਯਗਣ. ਕੁਟੰਬ. ਪਰਿਵਾਰ.

ਮਹਾਸ਼ਯ: ਵਿ- ਵਡੇ ਆਸ਼ਯ (ਖ਼ਿਆਲ) ਵਾਲਾ. ਦਿਲਾਵਰ। ੨. ਸੰਗਯਾ- ਡੂੰਘੇ ਥਾਹ ਵਾਲਾ, ਸਮੁੰਦਰ.

ਮਹਾਸਾਰਥੀ: ਵਿ- ਮਹਾ (ਵਡਾ) ਸਾਰਥਿ (ਰਥ ਹੱਕਣ ਵਾਲਾ) ਵਡਾ ਰਥਵਾਹੀ। ੨. ਸੰਗਯਾ- ਕ੍ਰਿਸ਼ਨਦੇਵ, ਜਿਸ ਨੇ ਕੁਰੁਖੇਤ੍ਰ ਦੇ ਜੰਗ ਵਿੱਚ ਅਰਜੁਨ ਦਾ ਰਥ ਹੱਕਿਆ. "ਮਹਾਸਾਰਥੀ ਸਤਿਸੰਗਾ." (ਮਾਰੂ ਸੋਲਹੇ ਮਃ ੫) ੩. ਅਰੁਣ, ਜੋ ਸੂਰਜ ਦਾ ਰਥਵਾਹੀ ਹੈ। ੪. ਦੇਖੋ, ਮਹਾਰਥ ੩.

ਮਹਾਸਿੰਘ: ਸੰਗਯਾ- ਵਡਾ ਸ਼ੇਰ. ਕੇਸ਼ਰੀ। ੨. ਸ਼ਰਭ, ਜੋ ਸ਼ੇਰ ਨੂੰ ਭੀ ਮਾਰ ਲੈਂਦਾ ਹੈ। ੩. ਚਾਲੀ ਮੁਕਤਿਆਂ ਦੇ ਜਥੇਦਾਰ ਭਾਈ ਮਹਾਸਿੰਘ ਜੀ. ਸੰਮਤ ੧੭੬੨[948] ਵਿੱਚ ਜੋ ਸਿੰਘ, ਸ਼ਾਹੀ ਫੌਜ ਨਾਲ ਮੁਕਤਸਰ ਲੜੇ, ਆਪ ਉਨ੍ਹਾਂ ਵਿੱਚ ਸਨ. ਜਦ ਕਲਗੀਧਰ ਨੇ ਮੈਦਾਨ ਜੰਗ ਵਿੱਚ ਆਕੇ ਸ਼ਹੀਦਾਂ ਦੇ ਸ਼ਰੀਰ ਉਠਵਾਏ ਤਦ ਮਹਾਸਿੰਘ ਜੀ ਵਿੱਚ ਕੁਝ ਪ੍ਰਾਣ ਸਨ. ਦਸ਼ਮੇਸ਼ ਨੇ ਆਪਣੇ ਰੁਮਾਲ ਨਾਲ ਮਹਾਸਿੰਘ ਜੀ ਦਾ ਮੁਖ ਸਾਫ ਕੀਤਾ ਅਰ ਜਲ ਛਕਾਇਆ. ਜਦ ਮਹਾਸਿੰਘ ਜੀ ਦੀ ਮੂਰਛਾ ਖੁੱਲੀ, ਤਾਂ ਕਲਗੀਧਰ ਨੇ ਫਰਮਾਇਆ, ਵਰ ਮੰਗ. ਮਹਾਸਿੰਘ ਨੇ ਅਰਜ ਕੀਤੀ ਕਿ ਜੇ ਤੁੱਠੇ ਹੋ, ਤਾਂ ਸੰਗਤਿ ਦਾ "ਬੇਦਾਵਾਪਤ੍ਰ" ਪਾੜਕੇ ਟੁੱਟੀ ਗੱਢੋ, ਹੋਰ ਕੋਈ ਵਾਸਨਾ ਨਹੀਂ. ਜਗਤਗੁਰੁ ਨੇ ਧੰਨਸਿੱਖ, ਧੰਨ ਸਿੱਖੀ ਕਹਿੰਦੇ ਹੋਏ ਬੇਦਾਵਾਪਤ੍ਰ ਮਹਾਸਿੰਘ ਨੂੰ ਦਿਖਾਕੇ ਚਾਕ ਕਰਦਿੱਤਾ. ਮਹਾਂਸਿੰਘ ਜੀ ਗੁਰੂ ਸਾਹਿਬ ਦਾ ਦਰਸ਼ਨ ਕਰਦੇ ਹੋਏ ਗੁਰਪੁਰੀ ਨੂੰ ਪਧਾਰੇ. ਕਲਗੀਧਰ ਨੇ ਆਪਣੇ ਹੱਥੀਂ ਮੁਕਤੇ ਵੀਰਾਂ ਦਾ ਸਸਕਾਰ ਕੀਤਾ. ਸ਼ਹੀਦਗੰਜ ਮੁਕਤਸਰ ਦੇ ਕਿਨਾਰੇ ਵਿਦਮਾਨ ਹੈ. ਪਹਿਲਾਂ ਇਸ ਤਾਲ ਦਾ ਨਾਮ ਖਿਦਰਾਣਾ ਸੀ। ੪. ਮਹਾਰਾਜਾ ਰਣਜੀਤਸਿੰਘ "ਸ਼ੇਰ ਪੰਜਾਬ" ਦਾ ਪਿਤਾ, ਜਿਸ ਦਾ ਜਨਮ ਸਨ ੧੭੬੦ ਵਿੱਚ ਅਤੇ ਦੇਹਾਂਤ ਸਨ ੧੭੯੨ ਵਿੱਚ ਗੁੱਜਰਾਂਵਾਲੇ ਹੋਇਆ.

ਮਹਾਸਿਲ: ਅ਼. محاصل ਮਹ਼ਾਸਿਲ. ਵਿ- ਹਾਸਿਲ ਕਰਨ ਵਾਲਾ. ਮੁਹ਼ਾਸਿਲ। ੨. ਸੰਗਯਾ- ਮਹਸੂਲ ਦਾ ਬਹੁਵਚਨ। ੩. ਮਹਸੂਲ ਉਗਰਾਹੁਣ ਵਾਲਾ ਕਰਮਚਾਰੀ.

ਮਹਾਸੇਨ: ਡਿੰਗ. ਸ਼ਿਵ ਦਾ ਪੁਤ੍ਰ ਕਾਰ੍ਤਿਕੇਯ, ਜੋ ਦੇਵਤਿਆਂ ਦੀ ਸੈਨਾ ਦਾ ਸਰਦਾਰ ਹੈ.

ਮਹਾਸ੍ਤ੍ਰ: ਵਡਾ ਅਸ੍ਤ੍ਰ (ਸ਼ਸਤ੍ਰ). ੨. ਧਨੁਸ਼। ੩. ਵਰਤਮਾਨ ਕਾਲ ਵਿੱਚ ਤੋਪ ਬੰਦੂਕ ਟਾਰਪੀਡੋ (torpedo) ਆਦਿਕ.

ਮਹਾਸ੍ਤ੍ਰੀ: ਵਿ- ਵਡਾ ਸ਼ਸਤ੍ਰਧਾਰੀ. "ਜੁੱਧ ਜੋਧਾ ਪ੍ਰਬੋਧਾ ਮਹਾਸ੍ਤ੍ਰੀ." (ਗ੍ਯਾਨ) ੨. ਵਡਾ ਧਨੁਖਧਾਰੀ.

ਮਹਾ ਹਤਿਆਰਾ: ਵਿ- ਵਡੀ ਹਤ੍ਯਾ ਕਰਨ ਵਾਲਾ. ਮਹਾਨ ਹਿੰਸਕ. "ਸੰਤ ਕਾ ਦੋਖੀ ਮਹਾ ਹਤਿਆਰਾ." (ਸੁਖਮਨੀ) ਦੇਖੋ, ਮਹਾ ਹਤ੍ਯਾ.

ਮਹਾ ਹਤ੍ਯਾ: ਸੰਗਯਾ- ਭਾਰੀ ਹਿੰਸਾ. ਮਾਤਾ, ਪਿਤਾ, ਗੁਰੂ, ਬਾਲਕ, ਰੋਗੀ, ਸ਼ਰਣਾਗਤ, ਇਸਤ੍ਰੀ ਅਤੇ ਵਿਦ੍ਵਾਨ ਦਾ ਮਾਰਨਾ। ੨. ਕ਼ੌਮ ਅਤੇ ਦੇਸ਼ ਦਾ ਘਾਤ ਕਰਨਾ.

ਮਹਾਹਵ: ਮਹਾਨ ਆਹਵ (ਜੰਗ). Great war.

ਮਹਾ ਕਲਪ: ਪੁਰਾਣਾਂ ਅਨੁਸਾਰ ਉਤਨਾ ਸਮਾਂ, ਜਿਤਨੇ ਵਿੱਚ ਬ੍ਰਹਮਾ ਦੀ ਉਮਰ ਪੂਰੀ ਹੁੰਦੀ ਹੈ। ੨. ਦੇਖੋ, ਕਲਪ ੩.

---

[948] ਕਈ ਲੇਖਕਾਂ ਨੇ ੧੭੬੧ ਲਿਖਿਆ ਹੈ, ਜੋ ਭੁੱਲ ਹੈ. ਮੁਕਤਸਰ ਦਾ ਜੰਗ ਚਮਕੌਰ ਦੇ ਜੰਗ ਤੋਂ ਚਾਰ ਮਹੀਨੇ ਪਿੱਛੇ ਹੋਇਆ ਹੈ.

ਮਹਾਕਾਇ, ਮਹਾਕਾਯ: ਵਿ- ਵਡੀ ਕਾਯ (ਦੇਹ) ਵਾਲਾ. ਕ਼ੱਦਾਵਰ। ੨. ਸੰਗਯਾ- ਹਾਥੀ। ੩. ਸ਼ਿਵ ਦਾ ਨੰਦੀਗਣ। ੪. ਰਾਵਣ ਦਾ ਇੱਕ ਪੁਤ੍ਰ. ਦੇਖੋ, ਅਤਿਕਾਯ ੨. "ਮਹਾਕਾਇ ਨਾਮਾ ਮਹਾ ਬੀਰ ਏਵੰ." (ਰਾਮਾਵ) ੫. ਸਰਬਲੋਹ ਅਨੁਸਾਰ ਬ੍ਰਿਜਨਾਦ (ਵੀਯੰਨਾਦ) ਦਾਨਵ ਦਾ ਇੱਕ ਸੈਨਾਨੀ ਅਤੇ ਮੰਤ੍ਰੀ.

ਮਹਾਕਾਲ: ਸੰਗਯਾ- ਕਾਲ ਦਾ ਭੀ ਕਾਲ ਕਰਨ ਵਾਲਾ. ਯਮ ਸ਼ਿਵ ਆਦਿ ਜਗਤ ਦਾ ਅੰਤ ਕਰਨ ਵਾਲੇ ਭੀ ਜਿਸ ਵਿੱਚ ਲੈ ਹੋ ਜਾਂਦੇ ਹਨ. ਵਾਹਗੁਰੂ. ਪਾਰਬ੍ਰਹਮ. "ਮਹਾਕਾਲ ਰਖਵਾਰ ਹਮਾਰੋ." (ਕ੍ਰਿਸਨਾਵ) ੨. ਉਹ ਲੰਮਾ ਸਮਾਂ, ਜਿਸ ਦਾ ਅੰਤ ਅਸੀਂ ਨਹੀਂ ਜਾਣ ਸਕਦੇ। ੩. ਸਮੇਂ ਨੂੰ ਹੀ ਕਰਤਾ ਹਰਤਾ ਮੰਨਣ ਵਾਲਿਆਂ ਦੇ ਮਤ ਅਨੁਸਾਰ ਅਨੰਤ ਰੂਪ ਕਾਲ। ੪. ਕਾਲਿਕਾ ਪੁਰਾਣ ਅਨੁਸਾਰ ਸ਼ਿਵ ਦਾ ਇੱਕ ਪੁਤ੍ਰ. ਇੱਕ ਵਾਰ ਸ਼ਿਵ ਨੇ ਆਪਣਾ ਵੀਰਯ ਅਗਨਿ ਵਿੱਚ ਅਸਥਾਪਨ ਕੀਤਾ, ਉਸ ਵੇਲੇ ਦੋ ਬੂੰਦਾਂ ਬਾਹਰ ਡਿਗ ਪਈਆਂ. ਇੱਕ ਬੂੰਦ ਤੋਂ ਮਹਾਕਾਲ ਅਤੇ ਦੂਜੀ ਤੋਂ ਭ੍ਰਿੰਗੀ ਪੈਦਾ ਹੋਇਆ. "ਗ੍ਯਾਨ ਹੂੰ ਕੇ ਗ੍ਯਾਤਾ ਮਹਾ ਬੁੱਧਿਤਾ ਕੇ ਦਾਤਾ ਦੇਵ, ਕਾਲ ਹੂੰ ਕੇ ਕਾਲ ਮਹਾਕਾਲ ਹੂੰ ਕੇ ਕਾਲ ਹੈਂ." (ਅਕਾਲ) ੫. ਉੱਜੈਨ ਵਿੱਚ ਮਹਾਕਾਲ ਨਾਮਕ ਸ਼ਿਵਲਿੰਗ.

ਮਹਾਖਇ: ਸੰਗਯਾ- ਮਹਾਨ ਕ੍ਸ਼ਯ ਰੋਗ. ਭਾਰੀ ਤਪਦਿੱਕ। ੨. ਮਹਾਪ੍ਰਲਯ.

ਮਹਾਖਇਆ: ਮਹਾਨ ਕ੍ਸ਼ਯ ਰੋਗ ਤੋਂ। ੨. ਭਾਵ- ਅਵਿਦ੍ਯਾ ਕਰਕੇ. "ਦੇਹ ਬਿਨਾਸੀ ਮਹਾਖਇਆ." (ਨਟ ਅਃ ਮਃ ੪)

ਮਹਾਗੁਰੁ: ਸ਼੍ਰੀ ਗੁਰੂ ਨਾਨਕਦੇਵ। ੨. ਮਾਤਾ ਪਿਤਾ ਵਿਦ੍ਯਾਦਾਤਾ ਆਦਿ ਪੂਜ੍ਯ ਲੋਕ.

ਮਹਾਜਸ: ਸੰ. महायशस्. ਵਿ- ਵਡੇ ਯਸ਼ ਵਾਲਾ. "ਮਹਾਜਸੇ! ਸੁਨ ਭਾਗ ਮਹਾਨੀ." (ਗੁਪ੍ਰਸੂ) ਹੇ ਵਡੇ ਯਸ਼ ਅਤੇ ਭਾਗਾਂ ਵਾਲੀ, ਸੁਣ!

ਮਹਾਜਨ, ਮਹਾਜਨੁ: ਗੁਣ ਵਿਦ੍ਯਾ ਵਿੱਚ ਵਡਾ ਆਦਮੀ। ੨. ਕਰਨੀ ਵਾਲਾ ਪੁਰੁਸ਼. ਸਾਧੁ[949]। ੩. ਪਿੰਡ ਨਗਰ ਦਾ ਮੁਖੀਆ। ੪. ਸ਼ਾਹੂਕਾਰ. "ਆਪ ਮਹਾਜਨੁ, ਆਪੇ ਪੰਚਾ." (ਸਾਰ ਮਃ ੫) "ਮਿਲਿ ਆਏ ਨਗਰ ਮਹਾਜਨਾ, ਗੁਰ ਸਤਿਗੁਰ ਓਟ ਗਹੀ." (ਤੁਖਾ ਛੰਤ ਮਃ ੪)

ਮਹਾਣ: ਦੇਖੋ, ਮਹਾਨ। ੨. ਅ਼. مہان ਮੁਹਾਨ. ਵਿ- ਨਫ਼ਰਤ ਕੀਤਾ ਗਿਆ. ਜ਼ਲੀਲ. ਖ਼ੁਆਰ. "ਬਜਰਕਵਾਰ ਹਜਾਰ ਮਹਾਣੇ." (ਭਾਗੁ) ਹਜਾਰਾਂ ਬਜ਼ੁਰਗਵਾਰ ਖ਼ੁਆਰ ਹੋਏ ਹਨ.

ਮਹਾਤ: ਦੇਖੋ, ਮਹਤ. "ਪ੍ਰਭਾਤ ਉਠਿ ਤਾਸ ਕੋ ਮਹਤ ਨਾਮ ਲੀਜਿਯੇ." (ਕੱਸਪਾਵ)

ਮਹਾਂਤ: ਸੰ. महन्त. ਵਿ- ਵਡਾ ਬਜ਼ੁਰਗ. "ਮਹਾ ਦੁਖ ਏਹੁ ਮਹਾਂਤ ਕਹੈ." (ਧਨਾ ਮਃ ੫) ੨. ਕਰਨੀ ਵਿੱਚ ਵਡਾ. "ਪ੍ਰਗਟੇ ਗੁਪਾਲ ਮਹਾਂਤ ਕੈ ਮਾਥੈ." (ਸੁਖਮਨੀ) ਕਰਤਾਰ ਦਾ ਯਥਾਰਥ ਗ੍ਯਾਨ ਮਹਾਤਮਾ ਦੇ ਦਿਮਾਗ ਵਿੱਚ ਹੋਇਆ ਹੈ। ੩. ਡੇਰੇ, ਜਮਾਤ, ਅਖਾੜੇ ਆਦਿ ਦਾ ਮੁਖੀਆ ਸਾਧੂ.

ਮਹਾਤਮ: ਸੰ. ਮਾਹਾਤਮ੍ਯ (माहात्म्य) ਸੰਗਯਾ- ਵਡਿਆਈ. ਪ੍ਰਤਿਸ਼੍ਠਾ. ਮਹਾਤਮਪੁਣਾ। ੨. ਦੇਖੋ, ਮਹਾਤਮ ਮੈ.

ਮਹਾਤਮ ਮੈ: ਮਹਾਨ ਤਮ (ਅੰਧਕਾਰ) ਵਿੱਚ. ਘੋਰ ਅੰਧੇਰੇ ਮੇਂ, ਦੇਖੋ, ਜਗਅਉਰੁ ਨ.

ਮਹਾਤਮਾ: ਸੰ. महात्मन्. ਵਿ- ਵਡੇ ਦਿਲ ਵਾਲਾ. ਦਿਲਾਵਰ। ੨. ਉਦਾਰਾਤਮਾ। ੩. ਸ਼੍ਰੇਸ਼੍ਠ. ਉੱਤਮ.

ਮਹਾ ਤਰੰਗ: ਵਡੀ ਲਹਿਰ. ਭਾਵ- ਸੰਸਾਰਸਾਗਰ ਦੀ ਕਾਮਨਾ ਆਦਿ ਮੌਜ. "ਮਹਾ ਤਰੰਗ ਤੇ ਕਾਂਢੈ ਲਾਗਾ." (ਪ੍ਰਭਾ ਅਃ ਮਃ ੧) ੨. ਵਡੇ ਤਰੰਗਾਂ ਵਾਲਾ ਸਮੁੰਦਰ.

---

[949] महाजनो येन गतः स पन्थाः (ਮਹਾਭਾਰਤ ੩, ੩੧੨, ੧੧੨)

ਮਹਾਤਰੰਗੀ: ਵਡੀਆਂ ਲਹਿਰਾਂ ਵਾਲਾ. ਸਮੁੰਦਰ। ੨. ਮਨ. ਦਿਲ.

ਮਹਾਤਲ: ਹੇਠਲੇ ਲੋਕਾਂ ਵਿੱਚੋਂ ਛੀਵਾਂ ਪਾਤਾਲ.

ਮਹਾਦਾਨਿ, ਮਹਾਦਾਨੀ: ਵਿ- ਵਡਾ ਦਾਨੀ. "ਮਹਾਦਾਨਿ ਸਤਗੁਰੁ ਗਿਆਨਿ." (ਸੈਵਯੇ ਮਃ ੫. ਕੇ) ੨. ਸੰਗ੍ਯਾ- ਕਰਤਾਰ, ਜਿਸ ਤੋਂ ਵਡਾ ਹੋਰ ਕੋਈ ਦਾਨੀ ਨਹੀਂ. "ਗ੍ਯਾਨ ਕੇ ਬਿਹੀਨ ਮਹਾਦਾਨਿ ਮੈ ਨ ਹੂਜੈ ਲੀਨ." (ਅਕਾਲ)

ਮਹਾਦੀਨ, ਮਹਾਦੇਉ, ਮਹਾਦੇਵ: ਹ਼ਜ਼ਰਤ ਮੁਹ਼ੰਮਦ. "ਮਹਾਦੀਨ ਤਬ ਪ੍ਰਭੁ ਉਪਰਾਜਾ." (ਵਿਚਿਤ੍ਰ) ਦੇਖੋ, ਮੁਹ਼ੰਮਦ. ਵਿ- ਮਹਾ (ਵਡਾ) ਦੇਵਤਾ. ਮਹਾਦੇਵ। ੨. ਸੰਗ੍ਯਾ- ਕਰਤਾਰ ਪਾਰਬ੍ਰਹਮ। ੩. ਸ਼ਿਵ. "ਮਹਾਦੇਉ ਗੁਣ ਰਵੈ ਸਦਾ ਜੋਗੀ." (ਸਵੈਯੇ ਮਃ ੧. ਕੇ) "ਮਹਾਦੇਵ ਕੋ ਕਹਿਤ ਸਦਾਸਿਵ। ਨਿਰੰਕਾਰ ਕਾ ਚੀਨਤ ਨਹਿ ਭਿਵ." (ਚੌਪਈ) ੪. ਸ਼੍ਰੀ ਗੁਰੂ ਰਾਮਦਾਸ ਜੀ ਦਾ ਮਝਲਾ ਸੁਪੁਤ੍ਰ, ਜੋ ੪. ਹਾੜ ਸੰਮਤ ੧੬੧੭ ਨੂੰ ਬੀਬੀ ਭਾਨੀ ਦੇ ਉਦਰ ਤੋਂ ਜਨਮਿਆ, ਅਤੇ ਸੰਮਤ ੧੬੬੨ ਵਿੱਚ ਗੋਇੰਦਵਾਲ ਸਮਾਇਆ. ਇਹ ਕਰਣੀਵਾਲਾ ਆਤਮਗ੍ਯਾਨੀ ਮਹਾਪੁਰੁਸ਼ ਸੀ.

ਮਹਾਦੇਵੀ: ਦੇਵੀਆਂ ਵਿੱਚੋਂ ਪ੍ਰਧਾਨ ਦੇਵੀ। ੨. ਮਾਤਾ ਭਾਗਣ ਦੇ ਉਦਰ ਤੋਂ ਮੰਡਿਆਲੀ ਨਿਵਾਸੀ ਦਯਾਰਾਮ (ਦ੍ਵਾਰਕਾਦਾਸ ਅਥਵਾ ਦ੍ਵਾਰਾ) ਮਰਵਾਹੇ ਖਤ੍ਰੀ ਦੀ ਸੁਪੁਤ੍ਰੀ, ਜਿਸ ਦਾ ਵਿਆਹ ੧੧. ਸਾਉਣ ਸੰਮਤ ੧੬੭੨ ਨੂੰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਹੋਇਆ. ਸੰਮਤ ੧੭੦੨ ਵਿੱਚ ਕੀਰਤਪੁਰ ਜੋਤੀਜੋਤਿ ਸਮਾਈ. ਦੇਹਰਾ ਪਾਤਾਲਪੁਰੀ ਵਿੱਚ ਹੈ. ਗੋਤ੍ਰ ਨਾਮ ਕਰਕੇ ਇਤਿਹਾਸ ਵਿੱਚ ਇਸ ਦਾ ਨਾਮ ਮਾਤਾ "ਮਰਵਾਹੀ" ਭੀ ਲਿਖਿਆ ਹੈ.

ਮਹਾਦੰਡਧਾਰੀ: ਯਮਰਾਜ. ਧਰਮਰਾਜ। ੨. ਵਾਮਨ ਅਵਤਾਰ। ੩. ਦੇਖੋ, ਦੰਡਧਾਰੀ ੮.

ਮਹਾਨ: ਵਿ- ਵਡਾ. ਵਿਸ੍ਤਾਰ ਵਾਲਾ. ਉੱਚਾ। ੨. ਦੇਖੋ, ਮਹਾਣ.

ਮਹਾਨਸ: ਸੰ. ਸੰਗ੍ਯਾ- ਰਸੋਈਖ਼ਾਨਾ. ਪਾਕਸ਼ਾਲਾ. ਲੰਗਰ। ੨. ਵਿ- ਉੱਚੀ ਨਸ (ਨਾਸਿਕ) ਵਾਲਾ.

ਮਹਾਨਦੀ: ਉਡੀਸੇ ਦੀ ਇੱਕ ਪ੍ਰਸਿੱਧ ਨਦੀ। ੨. ਗੰਗਾ.

ਮਹਾਨਰਾਚ: ਦੇਖੋ, ਅਨੰਗਸੇਖਰ.

ਮਹਾਨਰਾਵਣ: ਦੇਖੋ, ਮਹਰਾਵਣ.

ਮਹਾਨਿਸ਼: ਸੰ. ਸੰਗ੍ਯਾ- ਅੱਧੀ ਰਾਤ। ੨. ਹਨੇਰੀ ਰਾਤ. "ਰੈਨ ਅੰਧਪਤਿ ਮਹਾਨਿਸ." (ਸਨਾਮਾ) ੩. ਪ੍ਰਲਯ. ਸੰਸਾਰ ਦੇ ਲੀਨ ਹੋਣ ਦੀ ਦਸ਼ਾ.

ਮਹਾਨਿਦ੍ਰਾ: ਪ੍ਰਲਯ। ੨. ਅਵਿਦ੍ਯਾ.

ਮਹਾਨੁਭਾਵ: ਸੰ. ਵਿ- ਵਡਾ ਹੈ ਅਨੁਭਵ (ਆਸ਼ਯ) ਜਿਸ ਦਾ. ਮਹਾਸ਼ਯ. ਉੱਚੇ ਖ਼ਿਆਲ ਵਾਲਾ.

ਮਹਾਨੰਦ: ਸ਼੍ਰੀ ਗੁਰੂ ਰਾਮਦਾਸ ਜੀ ਦਾ ਇੱਕ ਪ੍ਰੇਮੀ ਸਿੱਖ। ੨. ਵੱਡਾ ਆਨੰਦ। ੩. ਮੁਕ੍ਤਿ. ਮੋਕ੍ਸ਼.

ਮਹਾ ਪਦਾਰਥ: ਵਡਾ ਪਦਾਰ੍‍ਥ. ਆਤਮਗ੍ਯਾਨ. ਨਾਮ ਧਨ। ੨. ਵਿਦ੍ਯਾ.

ਮਹਾ ਪਰਸਾਦ: ਦੇਖੋ, ਮਹਾਪ੍ਰਸਾਦ.

ਮਹਾਪਰਾਧ: ਵਡਾ ਅਪਰਾਧ. ਭਾਰੀ ਗੁਨਾਹ.

ਮਹਾਪਾਤਕ, ਮਹਾਪਾਪ: ਭਾਰੀ ਪਾਪ. ਪਤਿਤ ਕਰਨ ਵਾਲਾ ਵਡਾ ਕੁਕਰਮ. ਕੇਸਾਂ ਦਾ ਮੁੰਡਨ, ਵਿਭਚਾਰ, ਤਮਾਕੂ ਆਦਿ

ਨਸ਼ਿਆਂ ਦਾ ਵਰਤਣਾ ਅਤੇ ਕੁੱਠਾ ਖਾਣਾ।[950] ੨. ਹਿੰਦੂਮਤ ਅਨੁਸਾਰ- ਬ੍ਰਾਹਮਣ ਦਾ ਮਾਰਨਾ, ਸ਼ਰਾਬ ਪੀਣੀ, ਚੋਰੀ ਕਰਨੀ, ਗੁਰੁ- ਇਸਤ੍ਰੀਗਮਨ, ਪਤਿਤ ਦੀ ਸੰਗਤਿ ਕਰਨੀ.[951]

ਮਹਾਪੁਰਸ, ਮਹਾਪੁਰਖ, ਮਹਾਪੁਰਖੁ: ਸੰ. महापुरुष. ਵਡਾ ਆਦਮੀ। ੨. ਨੇਕ ਆਦਮੀ. ਉੱਚੇ ਆਚਾਰ ਵਾਲਾ ਪੁਰੁਸ਼. "ਸਤਿਗੁਰੁ ਸੇਵਹਿ. ਸੇ ਮਹਾਪੁਰਖ ਸੰਸਾਰੇ." (ਗਉ ਮਃ ੩) ੩. ਪਾਰਬ੍ਰਹਮ ਕਰਤਾਰ. "ਮਹਾਪੁਰਖ ਕਾਹੂ ਨ ਪਛਾਨਾ." (ਵਿਚਿਤ੍ਰ) "ਇਹੁ ਬਾਣੀ ਮਹਾਪੁਰਖ ਕੀ." (ਓਅੰਕਾਰ) ੪. ਸਤਿਗੁਰੂ ਨਾਨਕਦੇਵ. "ਹਰਿ, ਮਹਾਪੁਰਖ ਗੁਰੁ ਮੇਲਹੁ." (ਜੈਤ ਮਃ ੪)

ਮਹਾਪ੍ਰਸਾਦ: ਵਡਾ ਆਨੰਦ. ਪਰਮ ਆਨੰਦ। ੨. ਦੇਵਤਾ ਨੂੰ ਅਰਪਿਆ ਹੋਇਆ ਖਾਣ ਯੋਗਜ ਪਦਾਰਥ। ੩. ਕੜਾਹ ਪ੍ਰਸਾਦ ਜੋ ਅਕਾਲ ਨੂੰ ਅਰਪਨ ਕੀਤਾ ਜਾਂਦਾ ਹੈ. "ਏਕ ਮਿਸਟਾਨ ਪਾਨ ਲਾਵਤ ਮਹਾਪ੍ਰਸਾਦ, ਏਕ ਗੁਰਪੁਰਬ ਕੈ ਸਿੱਖਨ ਬੁਲਾਵਹੀ." (ਭਾਗੁ ਕ) ੪. ਝਟਕੇ ਦਾ ਮਾਸ. "ਸੱਤ ਸ੍ਰੀ ਅਕਾਲ" (ਕਹਿਕੇ ਝਟਕਾ ਕੀਤੇ ਜੀਵ ਦਾ ਮਾਸ.

ਮਹਾ ਪ੍ਰਤਿਗ੍ਰਹ: ਮਹਾਦਾਨ. ਰਾਹੁ ਅਤੇ ਸ਼ਨੀ ਦਾ ਦਾਨ. ਗ੍ਰਹਣ ਦਾ ਦਾਨ.

ਮਹਾਪ੍ਰਾਣ: ਉਹ ਅੱਖਰ, ਜਿਸ ਦੇ ਉੱਚਾਰਣ ਵਿੱਚ ਪ੍ਰਾਣ ਪਵਨ ਦਾ ਜਾਦਾ ਵਰਤਾਉ ਹੋਵੇ. ਦੇਖੋ, ਅਲਪਪ੍ਰਾਣ.

ਮਹਾਬ: ਅ਼. مہاب ਵਿ- ਡਰਾਉਣਾ. ਭਯੰਕਰ.

ਮਹਾਬਦਰ: ਦੇਖੋ, ਸੇਉ ੫.

ਮਹਾਬਲ: ਵਿ- ਵਡੇ ਜ਼ੋਰ ਵਾਲਾ. ਅਤਿ ਬਲੀ. "ਗਾਵਹਿ ਜੋਧ ਮਹਾਬਲ ਸੂਰਾ." (ਜਪੁ) ੨. ਸੰਗਯਾ- ਪਵਨ. ਵਾਯੁ.

ਮਹਾਬਲੀ: ਦੇਖੋ, ਮਹਾਬਲ ੧. "ਪੰਜੇ ਬਧੇ ਮਹਾ ਬਲੀ." (ਵਾਰ ਬਸੰ)

ਮਹਾਬਾਹੁ: ਵਿ- ਲੰਮੀ ਬਾਹਾਂ ਵਾਲਾ। ੨. ਸੰਗਯਾ- ਵਿਸ਼ਨੁ। ੩. ਰਾਵਣ, ਜਿਸ ਦੀਆਂ ਵੀਹ ਬਾਹਾਂ ਲਿਖੀਆਂ ਹਨ. "ਭੌ ਭਯਾ ਭਭੀਖਣੇ ਨੂੰ ਲੰਕਾਗੜ੍ਹ ਵੱਸਣੇ ਦਾ, ਫੇਰ ਅਸਵਾਰੀ ਆਂਵਦੀਏ ਮਹਾਬਾਹੁ ਦੀ." (ਕਵਿ ੫੨)

ਮਹਾਬਾਲ: ਮਹਾ ਬਾਲਾ. ਲਕ੍ਸ਼ਮੀ. ਮਾਯਾ. "ਮੁਹੱਯਾ ਮਹਾਬਾਲ ਕੇ." (ਅਕਾਲ) ਮਾਯਾ ਦੇ ਮੋਹਨ ਕਰੈਯਾ (ਕਰਨ ਵਾਲੇ).

ਮਹਾਬਿਕਟ: ਮਹਾਵਿਕਟ. ਬਹੁਤ ਫੈਲਿਆ ਹੋਇਆ। ੨. ਬਹੁਤ ਭਯਾਨਕ। ੩. ਬਹੁਤ ਬੁਰਾ। ੪. ਅਤਿ ਬਿਖੜਾ.

ਮਹਾਬੀਰ: ਵਿ- ਵਡਾਵੀਰ. ਵਡਾਯੋਧਾ। ੨. ਸੰਗਯਾ- ਹਨੁਮਾਨ। ੩. ਜੈਨੀਆਂ ਦਾ ਅੰਤਿਮ (ਚੌਬੀਸਵਾਂ) ਤੀਰਥੰਕਰ, ਜੋ ਸਨ ਈਸਵੀ ਤੋਂ ੪੩੭ ਵਰ੍ਹੇ ਪਹਿਲਾਂ ਹੋਇਆ ਹੈ. ਇਸ ਦਾ ਨਾਮ ਵਰਧਮਾਨ ਭੀ ਹੈ. ਦੇਖੋ, ਤੀਰਥੰਕਰ.

ਮਹਾਬ੍ਰਤ: ਦੇਖੋ, ਮਹਾਵ੍ਰਤ. "ਦਿਯੇ ਬਹੁਦਾਨ ਮਹਾਬ੍ਰਤ ਧਾਰੇ." (ਅਕਾਲ)

ਮਹਾਬ੍ਰਾਹਮਣ: ਦੇਖੋ, ਆਚਾਰਯ ੩.

ਮਹਾਭਾਰਤ: ਭਰਤਵੰਸ਼ੀ ਕੌਰਵ ਅਤੇ ਪਾਂਡਵਾਂ ਦਾ ਜਿਸ ਗ੍ਰੰਥ ਵਿੱਚ ਵਿਸ੍ਤਾਰ ਨਾਲ ਹਾਲ ਹੈ.[952] ਇਹ ਪੁਸ੍ਤਕ ਵ੍ਯਾਸ ਮੁਨਿ ਕ੍ਰਿਤ

---

[950] ਭਾਵੇਂ ਚਾਰ ਤਨਖਾਹਾਂ ਨੂੰ ਮਹਾਪਾਤਕ ਮੰਨਿਆ ਗਿਆ ਹੈ. ਪਰ ਗੁਰਬਾਣੀ ਦੇ ਖੋਜ ਤੋਂ ਪਤਾ ਲਗਦਾ ਹੈ ਕਿ ਨਿੰਦਾ, ਚੋਰੀ, ਵਿਸ਼੍ਵਾਸਘਾਤ, ਹਰਾਮਖੋਰੀ, ਕੰਨਿਆ ਦਾ ਮਾਰਣਾ ਅਤੇ ਵੇਚਣਾ, ਨਾਸ੍ਤਿਕਤਾ, ਆਦਿ ਅਨੇਕ ਮਹਾਪਾਤਕ ਹਨ.

[951] ਦੇਖੋ, ਮਨੁ ਅਃ ੧੧. ਸ਼ਃ ੫੪.

[952] ਮਹਾਭਾਰਤ ਦੇ ਆਦਿ ਪਰਵ ਦੇ ਪਹਿਲੇ ਅਧ੍ਯਾਯ ਵਿੱਚ ਲਿਖਿਆ ਹੈ ਕਿ ਪੁਰਾਣੇ ਸਮੇਂ ਦੇਵਤਿਆਂ ਨੇ ਤਰਾਜੂ ਦੇ ਇੱਕ ਪਲੜੇ ਵਿੱਚ ਵੇਦ ਰੱਖੇ, ਦੂਜੇ ਵਿੱਚ ਭਾਰਤ. ਭਾਰ (ਬੋਝ) ਵਿੱਚ ਵੇਦਾਂ ਤੋਂ ਭੀ ਵੱਧ ਹੋਣ ਕਰਕੇ ਨਾਮ ਮਹਾਭਾਰਤ ਹੋਇਆ.

ਦੱਸਿਆ ਜਾਂਦਾ ਹੈ. ਇਸ ਦੇ ੧੮. ਪਰਵ ਅਤੇ ਸਲੋਕਸੰਖ੍ਯਾ ੯੦੦੦੦ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨੇ ਆਪਣੇ ਦਰਬਾਰੀ ਕਵੀਆਂ ਤੋਂ ਇਸ ਗ੍ਰੰਥ ਦਾ ਹਿੰਦੀ ਵਿੱਚ ਅਨੁਵਾਦ ਕਰਵਾਇਆ ਸੀ, ਜੋ ਆਨੰਦਪੁਰ ਦੇ ਯੁੱਧ ਸਮੇਂ ਵਿਦ੍ਯਾਵਿਰੋਧੀਆਂ ਦ੍ਵਾਰਾ ਨਸ਼੍ਟ ਹੋਗਿਆ. ਕੁਝ ਪਰਵ ਜੋ ਪ੍ਰੇਮੀ ਪਾਠਕਾਂ ਹੱਥ ਪਹੁਚ ਚੁੱਕੇ ਸਨ. ਉਹ ਬਚਗਏ. ਮਹਾਰਾਜਾ ਨਰੇਂਦ੍ਰਸਿੰਘ ਜੀ ਪਟਿਆਲਾ ਪਤਿ ਨੇ ਗੁੰਮ ਹੋਏ ਪਰਵਾਂ ਦਾ ਅਨੁਵਾਦ ਆਪਣੇ ਕਵੀਆਂ ਤੋਂ ਕਰਵਾਕੇ ਪੁਸ੍ਤਕ ਸੰਪੂਰਣ ਕੀਤਾ. ਅਠਾਰਾਂ ਪਰਵਾਂ ਦੇ ਨਾਮ ਇਹ ਹਨ- ਆਦਿ, ਸਭਾ, ਵਨ, ਵਿਰਾਟ, ਉਦਯੋਗ, ਭੀਸ਼ਮ, ਦ੍ਰੋਣ, ਕਰਣ, ਸ਼ਲ੍ਯ, ਸੌਪਤਿਕ, ਸ੍ਤ੍ਰੀ. ਸ਼ਾਂਤਿ, ਅਨੁਸ਼ਾਸਨ, ਅਸ਼੍ਵਮੇਧ. ਆਸ਼੍ਰਮਵਾਸੀ, ਮੌਸ਼ਲ, ਮਹਾਪ੍ਰਸ੍ਥਾਨ ਅਤੇ ਸ੍ਵਰਗਾਰੋਹਣ ਪਰਵ। ੨. ਭਰਤਵੰਸ਼ੀ ਕੌਰਵ ਪਾਂਡਵਾਂ ਦਾ ਕੁਰੁਕ੍ਸ਼ੇਤ੍ਰ ਦੇ ਮੈਦਾਨ ਵਿੱਚ ਕੀਤਾ ਘੋਰ ਸੰਗ੍ਰਾਮ. ਵਿਦ੍ਵਾਨਾਂ ਨੇ ਇਸ ਜੰਗ ਦਾ ਸਮਾਂ ੯੫੦ ਬੀ. ਸੀ. ਮੰਨਿਆ ਹੈ। ੩. ਮਹਾਹਵ. ਵਡਾਜੰਗ.

ਮਹਾਭਾਰਥ: ਦੇਖੋ, ਮਹਾਭਾਰਤ.

ਮਹਾਭੁਜੰਗਪ੍ਰਯਾਤ: ਦੇਖੋ, ਭੁਜੰਗਪ੍ਰਯਾਤ ਦਾ ਰੂਪ (ਸ)

ਮਹਾਮਹੋਪਾਧ੍ਯਾਯ: ਵਡੇ ਤੋਂ ਵਡਾ ਉਸਤਾਦ. ਉਸਤਾਦਾਂ ਵਿੱਚੋਂ ਸ਼ਿਰੋਮਣਿ। ੨. ਸੰਸਕ੍ਰਿਤ ਦੇ ਵਿਦ੍ਵਾਨਾਂ ਨੂੰ ਸਰਕਾਰ ਵੱਲੋਂ ਮਿਲੀ ਇੱਕ ਉਪਾਧੀ (ਪਦਵੀ).

ਮਹਾਮਦ: ਵਡਾ ਨਸ਼ਾ। ੨. ਅਭਿਮਾਨ.

ਮਹਾਮਨ: ਸੰ. महामनस्. ਵਿ- ਵਡੇ ਦਿਲ ਵਾਲਾ. ਉਦਾਰਾਤਮਾ. "ਸੂਰ ਪ੍ਰਮਾਥੰ ਮਹਾਮਨ." (ਰਾਮਾਵ)

ਮਹਾਮਰੀ: ਮਹਾਮਾਰੀ. ਹੈਜ਼ਾ ਪਲੇਗ ਆਦਿ ਘਾਤਕ ਬੀਮਾਰੀ.

ਮਹਾਮਾਇਆ: ਭਾਰੀ ਅਵਿਦ੍ਯਾ। ੨. ਪ੍ਰਕ੍ਰਿਤਿ. "ਮਹਾ ਮਾਇਆ ਤਾਂਕੀ ਹੈ ਛਾਇਆ." (ਗੌਂਡ ਮਃ ੫) ੩. ਦੁਰਗਾ.

ਮਹਾਮਾਈ, ਮਹਾਮਾਤਾ: ਵਡੀ ਮਾਤਾ। ੨. ਲਕ੍ਸ਼ਮੀ। ੩. ਦੁਰਗਾ. "ਮਹਾਮਾਈ ਕੀ ਪੂਜਾ ਕਰੈ। ਨਰ ਸੈ ਨਾਰਿ ਹੋਇ. ਅਉਤਰੈ." (ਗੌਂਡ ਨਾਮਦੇਵ) ੪. ਮਾਤਾ ਸਾਹਿਬਕੌਰ.

ਮਹਾਮਾਯਾ: ਦੇਖੋ, ਮਹਾਮਾਇਆ.

ਮਹਾਮਾਲਿਕਾ: ਦੇਖੋ, ਨਾਰਾਚ ੨.

ਮਹਾਮੋਹਨੀ: ਮਾਯਾ. "ਮਹਾਮੋਹਨੀ ਖਾਇਓ." (ਗੂਜ ਮਃ ੫)

ਮਹਾਮੰਤ੍ਰ: ਬਹੁਤ ਨੇਕ ਸਲਾਹ. ਉੱਤਮ ਰਾਯ. "ਮਹਾ ਮੰਤ੍ਰ ਨਾਨਕ ਕਥੈ ਹਰਿ ਕੇ ਗੁਣ ਗਾਈ." (ਬਿਲਾ ਮਃ ੫) ੨. ਮੰਤ੍ਰਾਂ ਵਿੱਚੋਂ ਉੱਤਮ ਮੰਤ੍ਰ. ਵਾਹਗੁਰੂ ਸਤਿਨਾਮੁ. "ਮਹਾਮੰਤ੍ਰ ਗੁਰ ਹਿਰਦੈ ਬਸਿਓ." (ਆਸਾ ਮਃ ੫)

ਮਹਾਰਣਵ: ਸੰ. ਮਹਾਰ੍‍ਣਵ. ਵਡਾ ਅਰਣਵ (ਸਾਗਰ). ਮਹੋਦਧਿ। ੨. ਭਾਵ- ਸੰਸਾਰ ਸਮੁੰਦਰ.

ਮਹਾਰਤ: ਅ਼. مہارت ਸੰਗ੍ਯਾ- ਅਭ੍ਯਾਸ। ੨. ਲਯਾਕ਼ਤ. ਯੋਗ੍ਯਤਾ.

ਮਹਾਰਥ: ਸੰ. ਵਿ- ਵਡੇ ਰਥ ਵਾਲਾ। ੨. ਸੰਗ੍ਯਾ- ਵਡਾ ਰਥ। ੩. ਵਡਾ ਯੋਧਾ. ਮਹਾਰਥੀ. ਐਸਾ ਬਹਾਦੁਰ, ਜੋ ਇਕੱਲਾ ਹੀ ਦਸ ਹਜ਼ਾਰ ਧਨੁਖਧਾਰੀਆਂ ਦਾ ਮੁਕ਼ਾਬਲਾ ਕਰੇ। ੪. ਉਹ ਯੋਧਾ, ਜਿਸ ਨਾਲ ਦਸ ਹਜ਼ਾਰ ਧਨੁਖਧਾਰੀ ਹੋਵੇ। ੫. ਸ਼ਿਵ. ਮਹਾਦੇਵ। ੬. ਸੰ. ਮਹਾਰ੍‍ਥ. ਗੂਢ ਸਿੱਧਾਂਤ. "ਸਿੱਖਨ ਸੋਂ ਅਸ ਕੋਮਲ ਭਾਖ ਮਹਾਰਥ ਹੈ ਜਿਸ ਮੇਂ ਸੁਖਦਾਈ." (ਗੁਪ੍ਰਸੂ) ੭. ਵਿ- ਬਹੁਤ ਧਨ ਵਾਲਾ. ਵਡਾ ਦੌਲਤਮੰਦ.

ਮਹਾਰਥੀ: ਦੇਖੋ, ਮਹਾਰਥ ੩.

ਮਹਾਰਾਉ: ਵਡਾ ਰਾਉ (ਅਮੀਰ). ਦੇਖੋ, ਰਾਉ.

ਮਹਾਰਾਸ੍ਟ੍ਰ: ਮਹਰੱਟਿਆਂ (ਮਰਹਟਿਆਂ) ਦਾ ਦੇਸ਼. ਨਾਸਿਕ, ਪੂਨਾ, ਸਾਤਾਰਾ ਅਤੇ ਕੋਲ੍ਹਾਪੁਰ ਦਾ ਇਲਾਕਾ, ਜੋ ਬੰਬਈ ਹਾਤੇ ਵਿੱਚ ਹੈ। ੨. ਮਹਾਰਾਸ਼੍ਟ੍ਰ ਦੇਸ਼ ਦਾ ਵਸਨੀਕ। ੩. ਵਡਾ ਦੇਸ਼। ੪. ਵਡਾ ਰਾਜ.

ਮਹਾਰਾਸ੍ਟ੍ਰੀ: ਮਹਾਰਾਸ਼੍ਟ੍ਰ ਦੇਸ਼ ਦੀ ਭਾਸ਼ਾ (ਬੋਲੀ) ਮਰਹਟੀ. ਮਰਾਠੀ। ੨. ਮਹਾਰਾਸ਼੍ਟ੍ਰ ਦੇਸ਼ ਦੀ ਇਸ੍ਤ੍ਰੀ.

ਮਹਾਰਾਜ: ਉਹ ਰਾਜਾ, ਜਿਸ ਦੇ ਅਧੀਨ ਹੋਰ ਰਾਜੇ ਹੋਣ. ਸ਼ਹਨਸ਼ਾਹ। ੨. ਕਰਤਾਰ. ਪਾਰਬ੍ਰਹਮ.

ਮਹਾਰਾਜਸਿੰਘ: ਬਾਬਾ ਬੀਰਸਿੰਘ ਜੀ ਨੌਰੰਗਾਬਾਦ ਵਾਲਿਆਂ ਦਾ ਚਾਟੜਾ ਨਿਹਾਲਸਿੰਘ, ਜੋ ਸਾਧਸੰਗਤਿ ਦੀ ਵਡੇ ਪ੍ਰੇਮਭਾਵ ਨਾਲ ਸੇਵਾ ਕਰਦਾ ਅਤੇ ਆਏ ਸਿੱਖਾਂ ਨੂੰ ਅੰਨ ਜਲ ਆਦਿ ਦੇਣ ਸਮੇਂ "ਲਓ ਮਹਾਰਾਜ! ਲਓ਼ ਮਹਾਰਾਜ! !" ਸ਼ਬਦ ਬੋਲਿਆ ਕਰਦਾ ਸੀ, ਜਿਸ ਕਾਰਣ ਉਸ ਦਾ ਨਾਉਂ "ਮਹਾਰਾਜਸਿੰਘ" ਪ੍ਰਸਿੱਧ ਹੋਗਿਆ.

ਮਹਾਰਾਜਾ: ਦੇਖੋ, ਮਹਾਰਾਜ.

ਮਹਾਰਾਨੀ: ਸੰ. ਮਹਾਰਾਗਜੀ. (महाराज्ञी. ). ਵਡੀ ਰਾਣੀ। ੨. ਪਟਰਾਨੀ.

ਮਹਾਰਾਵ: ਵਡਾ ਰਾਵ (ਸ਼ੋਰ). ੨. ਦੇਖੋ, ਮਹਾਰਾਉ.

ਮਹਾਰਾਵਣ: ਦੇਖੋ, ਮਹਰਾਵਣ.

ਮਹਾਰਿਖੀ: ਸੰ. ਮਹਰ੍ਸ਼ਿ. ਵਡਾ ਰਿਖੀ. ਬ੍ਰਹਮਵੇੱਤਾ. ਆਤਮਗਜਾਨੀ ਸੰਤ.

ਮਹਾਰੁਦ੍ਰ: ਵਿ- ਵਡਾ ਡਰਾਉਣਾ. ਅਤਿ ਭਯਾਨਕ। ੨. ਸੰਗਯਾ- ਮਹਾਕਾਲ, ਜੋ ਸਭ ਨੂੰ ਲਯ ਕਰਨ ਵਾਲਾ ਹੈ.

ਮਹਾਰੋਗ: ਕੁਸ਼੍ਟ. ਕੋੜ੍ਹ। ੨. ਅਗਜਾਨ. "ਮਹਾ ਰੋਗ ਬਿਕਰਾਲ ਤਿੰਨੈ ਬਿਦਾਰੂਓ." (ਮঃ ੫. ਵਾਰ ਗੂਜ ੨)

ਮਹਾਲ: ਅ਼. محال ਵਿ- ਜਿਸ ਤੋਂ ਹੌਲ ਹੋਵੇ, ਮੁਹਾਲ. ਭਯਾਨਕ। ੨. ਸੰਗਯਾ- ਚਿਰ. ਦੇਰੀ। ੩. ਵਿਸ਼੍ਰਾਮ। ੪. ਅ਼. محال ਮਹ਼ਲ ਦਾ ਬਹੁਵਚਨ। ੫. ਪਰਗਨਾ. ਜ਼ਿਲਾ। ੬. ਵਿ- ਮੁਹ਼ਾਲ. ਨਾਮੁਮਕਿਨ. ਅਸੰਭਵ। ੭. ਬਹੁਤ ਮੁਸ਼ਕਿਲ. ਅਤਿ ਕਠਿਨ.

ਮਹਾਲੋਹ: ਮਹਾਨ ਸ਼ਸਤ੍ਰਰੂਪ. ਸਰ੍ਵਕਾਲ. ਅਕਾਲ. "ਮਹਾਲੋਹ ਮੈਂ ਕਿੰਕਰ ਥਾਰੋ." (ਕ੍ਰਿਸਨਾਵ)

ਮਹਾਵਤ: ਸੰ. ਮਹਾਮਾਤ੍ਰ. ਹਾਥੀ ਹੱਕਣ ਵਾਲਾ. "ਰੇ ਮਹਾਵਤ! ਤੁਝੁ ਡਾਰਉ ਕਾਟਿ." (ਗੌਂਡ ਕਬੀਰ)

ਮਹਾਵਰ: ਸੰ. ਸੰਗਯਾ- ਲਾਖ ਤੋਂ ਬਣਿਆਂ ਇੱਕ ਲਾਲ ਰੰਗ, ਜਿਸ ਨਾਲ ਸੁਹਾਗ ਵਾਲੀਆਂ ਇਸਤ੍ਰੀਆਂ ਆਪਣੇ ਪੈਰ ਸੋਭਾ ਲਈ ਰੰਗਦੀਆਂ ਹਨ। ੨. ਮੇਂਹਦੀ. ਜਾਵਕ.

ਮਹਾਵਾਕ, ਮਹਾਵਾਕਯ: ਉੱਤਮ ਵਚਨ। ੨. ਸਤਯ ਅਤੇ ਸਾਰ ਵਾਲਾ ਵਾਕਯ। ੩. ਗੁਰਵਾਕ। ੪. ਹਿੰਦੂਮਤ ਅਨੁਸਾਰ ਉਪਨਿਸ਼ਦਾਂ ਵਿੱਚ ਲਿਖੇ ਚਾਰ ਵੇਦਾਂ ਦੇ ਸਾਰਰੂਪ ਚਾਰ ਬਚਨ-

ਪ੍ਰਗਜਾਨ ਮਾਨੰਦਬ੍ਰਹਮ੍ (ਰਿਗ)

ਅਹੰਬ੍ਰਹਮਸਿਮ (ਯਜੁਰ)

ਤਤ੍ਵਮਸਿ(ਸ਼ਾਮ)

ਅਯਮਾਤਮਾਬ੍ਰਹਮ (ਅਥਰਵੰ)

ਵੈਸ਼ਨਵ ਸੰਪ੍ਰਦਾਯ ਵਾਲਿਆਂ ਨੇ ਇੱਕ ਇੱਕ ਵਾਕ ਦੇ ਤਿੰਨ ਤਿੰਨ ਹਿੱਸੇ ਕਰਕੇ (ਯਥਾ- ਪ੍ਰਗਜਾਨੰ, ਆਨੰਦੰ, ਬ੍ਰਹਮ) ਚਾਰ ਵਾਕਾਂ ਦੇ ਬਾਰਾਂ ਮਹਾਵਾਕ ਕਲਪੇ ਹਨ. ਭਾਈ ਸੰਤੋਖਸਿੰਘ ਨੇ ਭੀ ਇੱਕ ਥਾਂ ਦ੍ਵਾਦਸ਼ ਮਹਾਵਾਕ ਲਿਖੇ ਹਨ, ਯਥਾ- "ਦ੍ਵਾਦਸ ਮਹਾਵਾਕ ਕੋ ਪਾਇ। ਕਮਲਾਸਨ ਵਿਸਤਾਰ ਉਪਾਇ।।" (ਗੁਪ੍ਰਸੂ)

ਮਹਾਵਾਰੁਣੀ: ਚੇਤ ਵਦੀ ੧੩. ਦੇ ਦਿਨ ਛਨਿੱਛਰ (ਸ਼ਨਿ) ਵਾਰ ਅਤੇ ਸ਼ਤਭਿਖਾ ਨਛਤ੍ਰ ਹੋਣ ਤੋਂ ਮਹਾਵਾਰੁਣੀ ਪਰਵ ਹੁੰਦਾ ਹੈ. ਇਸ ਦਿਨ ਗੰਗਾ ਦੇ ਸਨਾਨ ਦਾ "ਤਿਥਿਤਤ੍ਵ" ਵਿੱਚ ਵਡਾ ਮਹਾਤਮ ਲਿਖਿਆ ਹੈ.

ਮਹਾਵਿਦਯਾ: ਆਤਮ ਵਿਦਯਾ। ੨. ਚਾਮੁੰਡਾਤੰਤ੍ਰ ਵਿੱਚ ਦਸ ਦੇਵੀਆਂ (ਕਾਲੀ, ਤਾਰਾ, ਸ਼ੋੜਸ਼ੀ. ਭੁਵਨੇਸ਼੍ਵਰੀ, ਭੈਰਵੀ, ਛਿੰਨਮਸ੍ਤਾ, ਧੂਮਾਵਤੀ, ਬਗਲਾ, ਮਾਤੰਗਾ, ਕਮਲਾਤਮਿਕਾ) ਨੂੰ ਮਹਾਵਿਦਯਾ ਲਿਖਿਆ ਹੈ.

ਮਹਾਵ੍ਰਤ: ਸੰ. ਬਾਰਾਂ ਵਰ੍ਹੇ ਦਾ ਵ੍ਰਤ. ਦੇਖੋ, ਮਹਾਬ੍ਰਤ। ੨. ਵਡਾ ਨਿਯਮ (ਨੇਮ).

ਮਹਿ: ਕ੍ਰਿ. ਵਿ- ਵਿੱਚ. ਅੰਦਰ. ਮੇਂ. "ਬ੍ਰਹਮ ਮਹਿ ਜਨੁ, ਜਨ ਮਹਿ ਪਾਰਬ੍ਰਹਮ." (ਸੁਖਮਨੀ) ੨. ਸੰ. ਸੰਗਯਾ- ਪ੍ਰਿਥਿਵੀ। ੩. ਵਿ- ਅਤਯਤ. ਅਤਿਸ਼ਯ, ਮੋਜ ਮਗਨ ਮਹਿ ਰਹਿਆ ਬਿਆਪੇ." (ਸੂਹੀ ਅਃ ਮਃ ੫) ੪. ਮੁਹਿ (ਮੁਖ) ਦੀ ਥਾਂ ਭੀ ਮਹਿ ਸ਼ਬਦ ਆਇਆ ਹੈ- "ਜਿਉ ਕੂਕਰ ਜੂਠਨ ਮਹਿ ਪਾਇ." (ਗਉ ਅਃ ਮਃ ੫)

ਮਹਿੰ: ਦੇਖੋ, ਮਹਿ ੧। ੨. ਸੰਗਯਾ- ਭੈਂਸ. ਮਹਿਸ਼ੀ. ਮੱਝ.

ਮਹਿਕ, ਮਹਿਕਾਰ: ਦੇਖੋ, ਮਹਕ ਅਤੇ ਮਹਕਾਰ.

ਮਹਿਖ: ਸੰ. ਮਹਿਸ਼. ਵਿ- ਬਲਵਾਨ। ੨. ਸੰਗਯਾ ਝੋਟਾ. ਭੈਂਸਾ। ੩. ਸੂਰਜ। ੪. ਮਹਿਖਾਸੁਰ ਲਈ ਭੀ ਮਹਿਖ ਸ਼ਬਦ ਆਇਆ ਹੈ. "ਮਹਿਖ ਦੈਤ ਸੂਰਯੰ." (ਚੰਡੀ ੨) ੫. ਨਰਮਦਾ ਦੇ ਕਿਨਾਰੇ ਦਾ ਦੱਖਣੀ ਦੇਸ਼, ਜਿਸ ਨੂੰ ਪੁਰਾਣਾਂ ਵਿੱਚ ਮਹਿਸ਼ਮੰਡਲ ਭੀ ਲਿਖਿਆ ਹੈ.

ਮਹਿਖਧੁਜ: ਝੋਟੇ ਦਾ ਨਿਸ਼ਾਨ ਹੈ ਜਿਸ ਦੇ ਝੰਡੇ ਪੁਰ, ਯਮਰਾਜ.

ਮਹਿਖ ਵਾਹਨ: ਝੋਟੇ ਦੀ ਸਵਾਰੀ ਕਰਨ ਵਾਲਾ ਯਮਰਾਜ.

ਮਹਿਖਾ: ਝੋਟਾ. ਦੇਖੋ, ਮਹਿਖ.

ਮਹਿਖਾਸ, ਮਹਿਖਾਸਾ, ਮਹਿਖਾਸੁਰ: ਸੰ. ਮਹਿਸ਼ਾਸੁਰ, ਝੋਟੇ ਦੀ ਸ਼ਕਲ ਦਾ ਇੱਕ ਅਸੁਰ, ਜੋ ਰੰਭ ਦੈਤ ਦੇ ਵੀਰਯ ਤੋਂ ਮੱਝ (ਮਹਿਸ਼ੀ) ਦੇ ਉਦਰ ਤੋਂ ਜਨਮਿਆ. ਇਸ ਨੂੰ ਦੁਰਗਾ ਨੇ ਮਾਰਿਆ. "ਜਬ ਮਹਿਖਾਸੁਰ ਮਾਰਿਓ ਸਭ ਦੈਤਨ ਕੋ ਰਾਜ." (ਚੰਡੀ ੧) ੨. ਮਹਾਭਾਰਤ ਵਿੱਚ, ਇੱਕ ਮਹਿਖਾਸੁਰ ਦੈਤ ਦਾ ਸਕੰਦ (ਸ਼ਿਵਪੁਤ੍ਰ) ਦ੍ਵਾਰਾ ਮਾਰੇਜਾਣਾ ਭੀ ਲਿਖਿਆ ਹੈ.

ਮਹਿਖਾਸੁਰ ਮਰਦਨਿ: ਮਹਿਖ ਅਸੁਰ ਦੇ ਚੂਰਨ ਕਰਨ ਵਾਲੀ ਦੁਰਗਾ. ਦੇਖੋ, ਕਪਰਦਿਨ.

ਮਹਿਖੀ: ਸੰ. ਮਹਿਸ਼ੀ. ਸੰਗਯਾ- ਭੈਂਸ. ਮੱਝ। ੨. ਮਲਿਕਾ. ਮਹਾਰਾਨੀ। ੩. ਵਿ- ਬਲਵਾਲੀ।

ਮਹਿਖੁਆਸ: ਮਹਾ- ਇਸ਼੍ਵਾਸ. ਵਡਾ ਧਨੁਖ. ਕਰੜੀ ਕਮਾਣ. "ਮਹਿਖੁਆਸ ਕਰਖੇ." (ਚੰਡੀ ੨) ਦੇਖੋ, ਇਖੁਆਸ। ੨. ਵਿ- ਵਡੇ ਵਿਸ਼੍ਵਾਸ (ਧਨੁਖ) ਵਾਲਾ.

ਮਹਿਖੇਸ: ਦੇਖੋ, ਮਹਿਖਾਸੁਰ.

ਮਹਿਖੇਤ: ਸੰ. ਮਹੀਕ੍ਸ਼ੇਤ੍ਰ. ਸੰਸਾਰ ਮੰਡਲ. "ਤਨ ਮਨ ਰਮਤ ਰਹੈ ਮਹਿਖਤੈ." (ਗੌਂਡ ਕਬੀਰ) ਸ਼ਰੀਰ ਅਤੇ ਮਨ ਕਰਕੇ ਜਗਤ ਵਿੱਚ ਖਚਿਤ ਰਹਿੰਦਾ ਹੈ.

ਮਹਿਖੋਰ: ਮਹੀ (ਪ੍ਰਿਥਿਵੀ) ਵਿੱਚ ਬਣਾਈ ਖੋਰ (ਖੁੱਭ) ਗੁਫਾ. "ਪ੍ਰੀਤਮ ਬਸਤ ਰਿਦ ਮਹਿਖੋਰ." (ਕੇਦਾ ਮਃ ੫) ਮਨਰੂਪ ਗੁਫਾ ਵਿੱਚ ਪ੍ਰੀਤਮ ਵਸਦਾ ਹੈ.

ਮਹਿੰਗਾ: ਦੇਖੋ, ਮਹਘਾ। ੨. ਭਾਈ ਮਹਿੰਗਾ. ਇਹ ਲਹੌਰ ਨਿਵਾਸੀ ਪ੍ਰੇਮੀ ਗੁਰੂ ਅਮਰਦੇਵ ਜੀ ਦਾ ਸਿੱਖ ਹੋਇਆ ਹੈ. ਕਸੂਰ ਵਿੱਚ ਰਹਿਣ ਵਾਲੀ ਮਾਈ ਮਾਲਾਂ ਦੀ ਸੰਗਤਿ ਤੋਂ ਇਸ ਨੂੰ ਗੁਰਸਿੱਖੀ ਪ੍ਰਾਪਤ ਹੋਈ ਸੀ. ਭਾਈ ਮਹਿੰਗੇ ਨੇ ਆਪਣੀ ਇਸਤ੍ਰੀ ਸੁਹਾਗੋ ਨਾਲ ਮਿਲਕੇ ਸਿੱਖਧਰਮ ਦਾ ਉੱਤਮ ਪ੍ਰਚਾਰ ਕੀਤਾ. ਇਸ ਦਾ ਬੇਟਾ ਭਾਈ ਮਣੀਆ ਭੀ ਗੁਰਸਿੱਖਾਂ ਵਿੱਚ ਮਨਿਰੂਪ ਹੋਇਆ ਹੈ.

ਮਹਿਜਤ, ਮਹਿਜਦ: ਦੇਖੋ, ਮਸਜਿਦ ਅਤੇ ਮਹਜਿਦਿ.

ਮਹਿੰਜਾ, ਮਹਿੰਜੀ, ਮਹਿੰਜੋ, ਮਹਿੰਡਾ, ਮਹਿੰਡੀ: ਸਿੰਧੀ. ਮਹਿੰਜੋ. ਵਿ- ਮੇਰਾ. ਮੇਰੀ. "ਏਹੁ ਮਹਿੰਜਾ ਆਸਰਾ." (ਸੂਹੀ ਅਃ ਮਃ ੫) "ਨੈਣ ਮਹਿੰਜੇ ਤਰਸਦੇ." (ਮਃ ੫. ਵਾਰ ਮਾਰੂ ੨) "ਦਾਨੁ ਮਹਿੰਡਾ ਤਲੀਖਾਕੁ." (ਵਾਰ ਆਸਾ)

ਮਹਿਤ: ਸੰ. ਵਿ- ਸਨਮਾਨਿਆ ਹੋਇਆ. ਆਦਰ ਕੀਤਾ। ੨. ਵਡਾ। ੩. ਦੇਖੋ, ਮਹਤ.

ਮਹਿਤਉ: ਮਹਤ੍ਵਤਾ ਵਾਲਾ. ਵਡਾ. ਬਜ਼ੁਰਗ। ੨. ਦੇਖੋ, ਮਹਤਉ.

ਮਹਿਤਮ: ਰੱਸੀਆਂ ਵੱਟਣ ਅਤੇ ਸਿਰਕੀਆਂ ਬਣਾਉਣ ਵਾਲੀ ਇੱਕ ਜਾਤਿ, ਜਿਸ ਨੂੰ ਕਈ ਅਛੂਤ ਮੰਨਦੇ ਹਨ.

ਮਹਿਤਾ: ਸੰ. ਮਹਿਤਾ. ਸੰਗਯਾ- ਵਡਿਆਈ। ੨. ਤਾਕਤ. ਸ਼ਕਤਿ। ੩. ਪੰਜਾਬੀ ਖਤ੍ਰੀਆਂ ਦੀ ਇੱਕ ਜਾਤਿ ਅਤੇ ਸਨਮਾਨ ਬੋਧਕ ਉਪਾਧਿ. "ਮੋਹਣ ਰਾਮ ਮਹਿਤਿਆ." (ਭਾਗੁ) "ਤਾ ਮਹਿਤਾ ਕਾਲੂ ਨੂੰ ਆਖਿਆ." (ਜਸਾ) ੪. ਦੇਖੋ, ਮਹਤਾ ੨. ਅਤੇ ੩.

ਮਹਿਦ: ਦੇਖੋ, ਮਹਿਤ.

ਮਹਿਦੀ, ਮਹਿੰਦੀ: ਦੇਖੋ, ਮਹਦੀ। ੨. ਸੰ. ਸੇਨ੍ਧੀ. ਮੇਂਧੀ. ਅ਼. ﺡ ਹ਼ਿਨਾ Lawsonia Inermis ਇੱਕ ਪ੍ਰਕਾਰ ਦਾ ਪੌਧਾ, ਜਿਸ ਦੇ ਮੋਤੀਆ ਰੰਗੇ ਸੁਗੰਧ ਵਾਲੇ ਫੁੱਲ ਹੁੰਦੇ ਹਨ, ਜਿਨ੍ਹਾਂ ਤੋਂ ਇਤਰ ਬਣਦਾ ਹੈ. ਮਹਿਦੀ ਦੇ ਪੱਤਿਆਂ ਵਿੱਚੋਂ ਲਾਲ ਰੰਗ ਨਿਕਲਦਾ ਹੈ, ਜੋ ਸਫੇਦ ਰੋਮਾਂ ਦੇ ਰੰਗਣ ਦੇ ਕੰਮ ਆਉਂਦਾ ਹੈ, ਅਤੇ ਇਸਤ੍ਰੀਆਂ ਇਸ ਦੀ ਪੱਤੀ ਨੂੰ ਪੀਸਕੇ ਹੱਥਾਂ ਪੈਰਾਂ ਪੁਰ ਲਾਕੇ ਤੁਚਾ ਨੂੰ ਲਾਲ ਕਰਦੀਆਂ ਹਨ.

"ਮਹਿਦੀ ਕਰਕੈ ਘਾਲਿਆ ਆਪਿ ਪੀਸਾਇ ਪੀਸਾਇ." (ਸ. ਕਬੀਰ) "ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ, ਆਪੇ ਘੋਲਿ ਘੋਲਿ ਅੰਗਿ ਲਈਆ." (ਬਿਲਾ ਅਃ ਮਃ ੪)

ਮਹਿਦੀਨ: ਹ਼ਜ਼ਰਤ ਮੁਹ਼ੰਮਦ. "ਮਹਿਦੀਨ ਕੇ ਦੀਨ ਤਿਸੈ ਗਹਿ ਲਜਾਵੈਂ." (ਸਵੈਯੇ ੩੩)

ਮਹਿਦੀ ਮੀਰ: ਦੇਖੋ, ਮਹਦੀ.

ਮਹਿਦੂ: ਮਹਿਤਾ ਜਾਤਿ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਇਆ. ਇਸ ਨੂੰ ਸਤਿਗੁਰੂ ਨੇ ਗੁਰਬਾਣੀ ਦਾਭਾਵ ਸਮਝਾਇਆ ਸੀ.

ਮਹਿਦੇਵ: ਮਹੀ (ਪ੍ਰਿਥਿਵੀ) ਦਾ ਦੇਵਤਾ. ਸਾਧੁ. ਆਤਮਗਯਾਨੀ. ਸਦਾਚਾਰੀ। ੨. ਹਿੰਦੂਮਤ ਅਨੁਸਾਰ ਬ੍ਰਾਹਮਣ. ਭੂਸੁਰ.

ਮਹਿੰਦ੍ਰ: ਦੇਖੋ, ਮਹੇਂਦ੍ਰ.

ਮਹਿਪਾਲ: ਦੇਖੋ, ਮਹੀਪਾਲ.

ਮਹਿਫੂਜ, ਮਹਿਫੂਜਾ: ਦੇਖੋ, ਮਹਫੂਜ

ਮਹਿਭੂਖਨ: ਦੇਖੋ, ਮਹੀਭੂਖਨ.

ਮਹਿਮਾ, ਮਹਿੰਮਾ: ਸੰ. ਮਹਿਮਨ੍. ਸੰਗ੍ਯਾ- ਬਜੁਰਗੀ. ਵਡਿਆਈ. "ਸਾਧ ਕੀ ਮਹਿਮਾ ਵੇਦ ਨ ਜਾਨਹਿ." (ਸੁਖਮਨੀ) "ਅਗਮ ਅਗੰਮਾ ਕਵਨ ਮਹਿੰਮਾ?" (ਦੇਵ ਮਃ ੫) ੨. ਸ਼ਕਤਿ. ਸਾਮਰਥ੍ਯ। ੩. ਦੇਖੋ, ਮਹਮਾ। ੪. ਦੇਖੋ, ਲੱਖੀ ਜੰਗਲ ੨। ੫. ਖਹਿਰੇ ਗੋਤ ਦਾ ਜੱਟ, ਜੋ ਸ਼੍ਰੀ ਗੁਰੂ ਅੰਗਦਦੇਵ ਜੀ ਦਾ ਸਿੱਖ ਸੀ. ਜਨਮਸਾਖੀ ਅਨੁਸਾਰ ਇਹ ਸਤਿਗੁਰੂ ਨਾਨਕਦੇਵ ਦੀ ਜਨਮਪਤ੍ਰੀ ਦੀ ਨਕਲ ਕਰਨ ਲਈ ਸੁਲਤਾਨਪੁਰ ਤੋਂ ਪੈੜੇ ਮੋਖੇ ਨੂੰ ਬੁਲਾਕੇ ਲਿਆਇਆ ਸੀ.

ਮਹਿਮਾਸਰਜਾ: ਦੇਖੋ, ਲੱਖੀ ਜੰਗਲ ੨.

ਮਹਿਮਾ ਸ਼ਾਹਾਂਵਾਲਾ: ਰਿਆਸਤ ਫਰੀਦਕੋਟ, ਤਸੀਲ ਕੋਟਕਪੂਰਾ, ਥਾਣਾ ਨੇਹੀਆਂਵਾਲਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੋਨੇਆਣੇ ਤੋਂ ਤਿੰਨ ਮੀਲ ਉੱਤਰ ਪੱਛਮ ਹੈ. ਇਸ ਪਿੰਡ ਤੋਂ ਇੱਕ ਫਰਲਾਂਗ ਉੱਤਰ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਰਾਮੇਆਣੇ ਤੋਂ ਇੱਥੇ ਆਏ. ਮੰਜੀਸਾਹਿਬ ਬਣਿਆ ਹੋਇਆ ਹੈ. ਸੇਵਾਦਾਰ ਕੋਈ ਨਹੀਂ.

ਮਹਿਮਾਪ੍ਰਕਾਸ਼: ਭੱਲੇ ਸਾਹਿਬਜ਼ਾਦੇ ਸਰੂਪਚੰਦ ਦੀ, ਕਵਿਤਾ ਵਿੱਚ ਲਿਖੀ ਸ਼੍ਰੀ ਗੁਰੂ ਨਾਨਕਦੇਵ ਜੀ ਦੀ ਸਾਖੀ ਅਤੇ ਸੰਖੇਪ ਨਾਲ ਨੌ ਸਤਿਗੁਰਾਂ ਦਾ ਬੰਦੇ ਸਮੇਤ ਹਾਲ. ਇਸ ਸਾਖੀ ਵਿੱਚ ਭਾਈ ਮਨੀਸਿੰਘ ਜੀ ਦੀ ਸਾਖੀ ਵਾਂਙ ਗੁਰੂ ਨਾਨਕਦੇਵ ਜੀ ਦਾ ਜਨਮ ਵੈਸਾਖ ਸੁਦੀ ੩. ਦਾ ਅਤੇ ਜੋਤੀਜੋਤਿ ਸਮਾਉਣਾ ਅੱਸੂ ਸੁਦੀ ੧੦. ਦਾ ਲਿਖਿਆ ਹੈ. ਸਾਖੀ ਦੀ ਰਚਨਾ ਦਾ ਸਾਲ ਹੈ-

"ਦਸ ਅਸ੍ਵ ਸਹਸ ਸੰਮਤ ਵਿਕ੍ਰਮ,

ਅਵਰ ਅਧਿਕ ਤੇਤੀਸ,

ਸਰੂਪਦਾਸ ਸਤਿਗੁਰੁ ਕਰੀ।

ਮਹਿਮਾਪ੍ਰਕਾਸ ਬਖਸੀਸ." ××× ।

੨. ਬਾਵਾ ਕ੍ਰਿਪਾਲਸਿੰਘ ਭੱਲੇ ਦਾ ਰਚਿਆ ਮਹਿਮਾ ਪ੍ਰਕਾਸ਼ ਇਸ ਤੋਂ ਵੱਖਰਾ ਹੈ.

ਮਹਿਮੂਦਪੁਰ: ਜਿਲਾ ਮਾਂਟਗੁਮਰੀ, ਤਸੀਲ ਪਾਕਪਟਨ, ਥਾਣਾ ਕਬੀਰ ਦਾ ਇੱਕ ਪਿੰਡ, ਜਿਸ ਨੂੰ "ਟਿੱਬਾ ਅਬੋਹਰ" ਭੀ ਆਖਦੇ ਹਨ. ਇਹ ਰੇਲਵੇ ਸਟੇਸ਼ਨ ਪਾਕਪਟਨ ਤੋਂ ੧੨. ਮੀਲ ਦੇ ਕਬੀਰ ਲਹਿੰਦੇ ਵੱਲ ਹੈ. ਇਸ ਪਿੰਡ ਤੋਂ ਉੱਤਰ ਪੱਛਮ ਇੱਕ ਮੀਲ ਦੇ ਕਰੀਬ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਇੱਥੇ ਇੱਕ ਫ਼ਕੀਰ "ਚਿਸ਼ਤੀ" ਨਾਲ ਗੋਸ਼ਟ ਕੀਤੀ. ਦਰਬਾਰ ਛੋਟਾ ਜਿਹਾ ਬਣਿਆ ਹੋਇਆ ਹੈ. ਪੁਜਾਰੀ ਉਦਾਸੀ ਹੈ. ੧੨. ਘੁਮਾਉਂ ਦੇ ਕਰੀਬ ਜ਼ਮੀਨ ਪਿੰਡ ਵੱਲੋਂ ਹੈ. ੧. ਕੱਤਕ ਨੂੰ ਮੇਲਾ ਹੁੰਦਾ ਹੈ.

ਮਹਿਮੰਡਨ: ਮਹੀ (ਪ੍ਰਿਥਿਵੀ) ਦਾ ਗਹਿਣਾ. "ਮਹਿ- ਮੰਡਨ ਹੈ." (ਜਾਪੁ) ਜਗਤ ਨੂੰ ਸ਼ੋਭਾ ਦੇਣ ਵਾਲਾ ਹੈ.

ਮਹਿਯਾਨ: ਦੇਖੋ, ਮਹੀਯਾਨ.

ਮਹਿਯਾਨਾ: ਫ਼ਾ. ماہانہ ਮਾਹਾਨਹ. ਮਾਹਵਾਰੀ ਨੌਕਰੀ. "ਮਹਿਯਾਨਾ ਅਪਨੋ ਕਰਵਾਯੋ," (ਚਰਿਤ੍ਰ ੭੫)

ਮਹਿਰ: ਦੇਖੋ, ਮਹਰ.

ਮਹਿਰਮ: ਦੇਖੋ, ਮਹਰਮ.

ਮਹਿਰਾ: ਦੇਖੋ, ਮਹਰਾ.

ਮਹਿਰਾਜ: ਮਹੀ (ਪ੍ਰਿਥਿਵੀ) ਦਾ ਰਾਜ। ੨. ਰਾਜਾ. ਮੀਹਪਤਿ। ੩. ਇੰਦ੍ਰ. "ਭੇਟਨ ਕੋ ਮਹਿਰਾਜ ਸਭੈ." (ਚਰਿਤ੍ਰ ੧੧੫) ੪. ਦੇਖੋ, ਮੇਹਰਾਜ.

**ਮਹਿਰਾਬ:** ਦੇਖੋ, ਮਿਹਰਾਬ.

**ਮਹਿਰਾਵਣ, ਮਹਿਰਾਵਨ:** ਦੇਖੋ, ਮਹਰਾਵਣ. "ਰਾਵਨ ਕੇ ਮਹਿਰਾਵਨ ਕੇ ਮਨੁ ਕੇ ਨਲ ਕੇ ਚਲਤੇ ਨ ਚਲੀ ਗਉ." (ਦੱਤਾਵ)

**ਮਹਿਰੇਰੁ:** ਦੇਖੋ, ਰੇਰੁ.

**ਮਹਿਰੋਂ:** ਜਿਲਾ ਫੀਰੋਜ਼ਪੁਰ, ਤਸੀਲ ਥਾਣਾ ਮੋਗਾ ਦਾ ਪਿੰਡ, ਜੋ ਰੇਲਵੇ ਸਟੇਸ਼ਨ ਮੋਗੇ ਤੋਂ ਚਾਰ ਮੀਲ ਦੱਖਣ ਹੈ. ਇਸ ਪਿੰਡ ਤੋਂ ਉੱਤਰ ਸਮੀਪ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ "ਗੁਰੂਸਰ" ਨਾਮਕ ਗੁਰਦ੍ਵਾਰਾ ਹੈ. ਸਤਿਗੁਰੂ ਜੀ ਮੱਦੋਕੇ ਤੋਂ ਡਰੋਲੀ ਜਾਂਦੇ ਵਿਰਾਜੇ ਹਨ. ਗੁਰਦ੍ਵਾਰਾ ਨਵਾਂ ਛੋਟਾ ਜਿਹਾ ਬਣਿਆ ਹੋਇਆ ਹੈ. ਅਕਾਲਸਿੰਘ ਪੁਜਾਰੀ ਹੈ.

**ਮਹਿਰੌਲ:** ਮਹੀ (ਪ੍ਰਿਥਿਵੀ) ਤੇ ਰੌਲਾ (ਹਲਚਲ) ਮਚਾਉਣ ਵਾਲਾ ਮਹਾਨ ਯੋਧਾ. "ਐਸੇ ਮਹਿਰੌਲਨ ਕੋ ਹਾਂਕ ਤੈਂ ਦਲਜੋ." (ਅਸਫੋ)

**ਮਹਿਲ:** ਦੇਖੋ, ਮਹਲ.

**ਮਹਿਲ ਗੁਰੂ ਕੇ:** ਦੇਖੋ, ਗੁਰੂ ਕੇ ਮਹਿਲ.

**ਮਹਿਲਾ:** ਸੰ. ਸੰਗਯਾ- ਇਸਤ੍ਰੀ. ਨਾਰੀ। ੨. ਭਾਰਯਾ. ਜੋਰੂ. ਵਹੁਟੀ. ਪਤਨੀ. ਦੇਖੋ, ਮਹਲਾ.

**ਮਹਿਲੀ:** ਮਹਿਲਾਂ ਵਿੱਚ. ਮਹਲੋਂ ਮੇਂ. "ਉਆ ਮਹਿਲੀ ਪਾਵਹਿ ਤੂ ਵਾਸਾ." (ਬਾਵਨ) ੨. ਦੇਖੋ, ਮਹਲੀ.

**ਮਹੀ:** ਕ੍ਰਿ. ਵਿ- ਵਿੱਚ. ਅੰਦਰ. ਮਧ੍ਯ. "ਪੂਰਿ ਰਹਿਓ ਤੂੰ ਸਰਬ ਮਹੀ." (ਆਸਾ ਨਾਮਦੇਵ) ੨. ਸੰ. ਧਾ- ਪੂਜਨੀਯ ਹੋਣਾ। ੩. ਸੰਗਯਾ- ਪ੍ਰਿਥਿਵੀ. "ਧਨ ਪੂਰਨ ਸਭੁ ਮਹੀ." (ਸੋਰ ਮਃ ੯) ੪. ਦੇਖੋ, ਏਕ ਅੱਛਰੀ ਦਾ ਰੂਪ ੨। ੫. ਫ਼ਾ. مہی ਬਜ਼ੁਰਗੀ। ੬. ਸਰਦਾਰੀ. ਇਸ ਦਾ ਉੱਚਾਰਣ. ਮਿਹੀ ਭੀ ਹੈ.

**ਮਹੀਓ, ਮਹੀਅਉ, ਮਹੀਅਲ, ਮਹੀਅਲਿ, ਮਹੀਅਲੁ, ਮਹੀਆ:** ਕ੍ਰਿ. ਵਿ- ਮਧ੍ਯ ਮੇਂ. ਮਧ੍ਯ ਸ੍‍ਥਲ ਮੇਂ. ਵਿਕਾਰ. ਅੰਦਰ. ਭੀਤਰਿ. "ਕੋ ਕਹਤੋ ਸਭ ਬਾਹਰਿ ਬਾਹਰਿ, ਕੋ ਕਹਤੋ ਸਭ ਮਹੀਅਉ." (ਜੈਤ ਮਃ ੫) "ਜਲਿ ਥਲਿ ਮਹੀਅਲਿ ਪੂਰਿਆ." (ਗਉ ਥਿਤੀ ਮਃ ੫) "ਡੋਲਤ ਬਨ ਮਹੀਆ." (ਗੂਜ ਕਬੀਰ)

**ਮਹੀਆਨ:** ਦੇਖੋ, ਮਹੀਯਾਨ.

**ਮਹੀਏ:** ਕ੍ਰਿ. ਵਿ- ਵਿਚਕਾਰ. ਮਧ੍ਯ ਮੇਂ. ਦੇਖੋ, ਮਹੀਆ.

**ਮਹੀਸਾਂਈਂ, ਮਹੀਸ਼੍ਵਰ:** ਸੰਗਯਾ- ਪ੍ਰਿਥਿਵੀ ਦਾ ਸ੍ਵਾਮੀ, ਰਾਜਾ। ੨. ਜਗਤਨਾਥ ਕਰਤਾਰ.

**ਮਹੀਦ, ਮਹ਼ੀਦ:** ਅ਼. محید ਵਿ- ਝੁਕਿਆ ਹੋਇਆ। ੨. ਸੰਗਯਾ- ਪਨਾਹ. ਓਟ. ਆਸਰਾ.

**ਮਹੀਧਰ:** ਸੰਗਯਾ- ਪ੍ਰਿਥਿਵੀ ਨੂੰ ਧਾਰਨ ਵਾਲਾ ਕਰਤਾਰ। ੨. ਪਹਾੜ। ੩. ਇੱਕ ਪੰਡਿਤ, ਜਿਸ ਨੇ ਵਾਜਸਨੇਯ ਸੰਹਿਤਾ ਤੇ "ਵੇਦਦੀਪ" ਨਾਮਕ ਭਾਸ਼੍ਯ ਰਚਿਆ. ਇਹ ਰਾਮਭਕ੍ਤ ਦਾ ਪੁਤ੍ਰ ਸੀ. ਮਹੀਧਰ ਨੇ ਕਈ ਹੋਰ ਟੀਕੇ ਅਤੇ ਗ੍ਰੰਥ ਲਿਖੇ ਹਨ. ਇਹ ਈਸਵੀ ਸੋਲਵੀਂ ਸਦੀ ਵਿੱਚ ਹੋਇਆ ਹੈ। ੪. ਸ਼ੇਸ਼ਨਾਗ. "ਦੇਵ ਅਦੇਵ ਮਹੀਧਰ ਨਾਰਦ." (੩੩ ਸਵੈਯੇ)

**ਮਹੀਧ੍ਰ:** ਦੇਖੋ, ਮਹੀਧਰ.

**ਮਹੀਨ:** ਮਹਾ‌ਕ੍ਸ਼ੀਨ. ਅਥਵਾ ਮਹਾ ਅਣੁ. ਵਿ- ਬਾਰੀਕ. ਸੂਕ੍ਸ਼ਮ। ੨. ਅ਼. مُہین ਮੁਹੀਨ. ਸੁਸਤ। ੩. ਕਮਜ਼ੋਰ। ੪. ਤੁੱਛ. ਅਦਨਾ। ੫. ਫ਼ਾ. ਮਿਹੀਨ. ਬਹੁਤ ਵਡਾ. ਦੇਖੋ, ਸੰ. ਮਹੀਯਾਨ.

**ਮਹੀਨਾ:** ਸੰਗਯਾ- ਸੂਰਜ ਦਾ ਇੱਕ ਰਾਸ਼ਿ ਤੇ ਰਹਿਣ ਦਾ ਸਮਾ ਅਤੇ ਚੰਦ੍ਰਮਾ ਦੇ ਦੋ ਪੱਖ. ਵਰ੍ਹੇ ਦਾ ਬਾਰ੍ਹਵਾਂ ਹਿੱਸਾ. ਦੇਖੋ, ਮਾਸ ੧।

੨. ਮਾਹਵਾਰੀ ਤਨਖ੍ਵਾਹ. "ਅਧਿਕ ਮਹੀਨੋ ਅਪਨ ਕਰਾਯੋ." (ਚਰਿਤ੍ਰ ੯੩)

ਮਹੀਨਿਕ: ਮਹੀਨਾ- ਇੱਕ ਏਕਮਾਸ. "ਜਿਨ ਕੋ ਨ ਦਰਬਾਰ ਪੈਯਤ ਮਹੀਨਿਕ ਲੌਂ, ਤੇਈ ਤੇਰੇ ਦਰਬਾਰ ਦੇਖੇ ਦਰਬਾਨ ਹੈਂ." (ਕਵਿ ੫੨) ਇੱਕ ਮਹੀਨੇ ਵਿੱਚ ਜਿਨ੍ਹਾਂ ਦੇ ਦਰਬਾਰ ਅੰਦਰ ਜਾਣ ਦਾ ਮੌਕਾ ਨਹੀਂ ਮਿਲਦਾ ਸੀ, ਉਹ ਤੇਰੇ ਦ੍ਵਾਰਪਾਲ ਹਨ.

ਮਹੀਪ, ਮਹੀਪਤਿ, ਮਹੀਪਾਲ: ਸੰਗਯਾ- ਮਹੀ (ਪ੍ਰਿਥਿਵੀ) ਦੀ ਪਾਲਨਾ ਕਰਨ ਵਾਲਾ ਪ੍ਰਿਥਿਵੀ ਦਾ ਸ੍ਵਾਮੀ ਰਾਜਾ. ਬਾਦਸ਼ਾਹ। ੨. ਕਰਤਾਰ. ਵਾਹਗੁਰੂ.

ਮਹੀਬ: ਦੇਖੋ, ਮੁਹੀਬ.

ਮਹੀਭੂਖਨ: ਵਿ- ਮਹੀ (ਪ੍ਰਿਥਿਵੀ) ਦਾ ਭੂਸ਼ਣ. ਜਗਤ ਨੂੰ ਸ਼ੋਭਾ ਦੇਣ ਵਾਲਾ.

ਮਹੀਭ੍ਰਿਤ: ਸੰ. महीभृत. ਸੰਗਯਾ ਪ੍ਰਿਥਿਵੀ ਨੂੰ ਪਾਲਨ ਅਤੇ ਧਾਰਨ ਵਾਲਾ ਰਾਜਾ ਅਤੇ ਪਹਾੜ। ੨. ਕਰਤਾਰ.

ਮਹੀਯਾਨ: ਸੰ. महीयस. ਵਿ- ਅਤਿਸ਼ਯ ਮਹਾਨ. ਬਹੁਤ ਵਡਾ. "ਮਹਾਨੰ ਮਹੀਯਾਨ ਰੂਪ ਜਿ ਹੋਈ." (ਨਾਪ੍ਰ) ਫ਼ਾ. ماہیان ਮਿਹੀਨ। ੨. ਸੰ. ਮਹੀਯਮਾਨ. ਪੂਜਾ ਯੋਗਯ। ੩. ਬਹੁਤ ਹੱਛਾ.

ਮਹੀਰੁਹ: ਸੰਗਯਾ- ਪ੍ਰਿਥਿਵੀ ਪੁਰ ਉੱਗਣ ਵਾਲਾ, ਬਿਰਛ। ੨. ਘਾਹ. ਸਾਗ.

ਮਹੀਵਾਲ: ਦੇਖੋ, ਮੇਹੀਵਾਲ.

ਮਹੁਕਾ: ਦੇਖੋ, ਮੱਸਾ ੧.

ਮਹੁਰਾ: ਸੰਗਯਾ- ਮਾਰਕ ਜਹਿਰ. ਵਿਸ਼। ੨. ਸੰਖੀਆ. "ਦੁਖ ਮਹੁਰਾ, ਮਾਰਣ ਹਰਿਨਾਮੁ." (ਮਲਾ ਮਃ ੧) "ਮਹੁਰਾ ਹੋਵੈ ਹਥਿ ਮਰੀਐ ਚਖੀਐ." (ਮਃ ੧. ਵਾਰ ਮਾਝ)

ਮਹੂਆ: ਸੰ. ਮਧੁਕ. ਸੰਗਯਾ- ਧਾਵਾ. Bassia latiofolia ਇੱਕ ਬਿਰਛ. ਜਿਸ ਦੇ ਫੁੱਲਾਂ ਤੋਂ ਸ਼ਰਾਬ ਬਣਦੀ ਹੈ, ਜੋ ਮਾਧਵੀ ਨਾਮ ਤੋਂ ਪ੍ਰਸਿੱਧ ਹੈ. "ਗੁੜੁ ਕਰਿ ਗਿਆਨੁ, ਧਿਆਨੁ ਕਰਿ ਮਹੂਆ." (ਰਾਮ ਕਬੀਰ)

ਮਹੂਰਤ: ਦੇਖੋ, ਮੁਹੂਰਤ. "ਸਿਮਰਿ ਸਮਰਥ ਪਲ ਮਹੂਰਤ." (ਗੂਜ ਅਃ ਮਃ ੫) "ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ." (ਵਾਰ ਜੈਤ)

ਮਹੇਸ, ਮਹੇਸ਼: ਵਿ- ਮਹਾ ਈਸ਼. ਵਡਾ ਸ੍ਵਾਮੀ। ੨. ਸੰਗਯਾ- ਕਰਤਾਰ. ਜਗਤਨਾਥ. "ਮਹੇਸੰ ਮਹੰਤੰ." (ਵਿਚਿਤ੍ਰ) ੩. ਸ਼ਿਵ, ਰੁਦ੍ਰ. "ਕਾਹੇ ਕੋ ਏਸ ਮਹੇਸਹਿ ਭਾਖਤ." (੩੩ ਸਵੈਯੇ) ੪. ਵਿਸ਼ਨੁ. "ਆਪੇ ਸਿਵ ਸੰਕਰ ਮਹੇਸਾ, ਆਪੇ ਗੁਰਮੁਖਿ ਅਕਥ ਕਹਾਣੀ." (ਮਃ ੪. ਵਾਰ ਬਿਹਾ) ਆਪੇ ਸ਼ਿਵ (ਬ੍ਰਹਮਾ) ਸ਼ੰਕਰ (ਰੁਦ੍ਰ) ਮਹੇਸ (ਵਿਸ਼ਨੁ). ੫. ਮਹੀ (ਪ੍ਰਿਥਿਵੀ) ਦਾ ਸ੍ਵਾਮੀ, ਰਾਜਾ. ਮਹੀਈਸ਼. "ਮਹੇਸ ਜੀਤਕੈ ਸਬੈ." (ਰਾਮਾਵ)

ਮਹੇਸਦਾਸ: ਦੇਖੋ, ਬੀਰਬਲ.

ਮਹੇਸਰੁ: ਦੇਖੋ, ਮਹੇਸ਼੍ਵਰ। ੨. ਵਿਸ਼ਨੁ. ਦੇਖੋ, ਈਸ ੫.

ਮਹੇਸਾ: ਸੁਲਤਾਨਪੁਰ ਨਿਵਾਸੀ ਇੱਕ ਧੀਰ ਜਾਤਿ ਦਾ ਖਤ੍ਰੀ, ਜੋ ਗੁਰੂ ਅਮਰਦੇਵ ਦਾ ਅਨੰਨ ਸਿੱਖ ਹੋਕੇ ਆਤਮਗਯਾਨੀ ਹੋਇਆ. ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖ਼ਸ਼ੀ। ੨. ਡੱਲਾ ਨਿਵਾਸੀ ਸ਼੍ਰੀ ਗੁਰੂ ਅਮਰਦੇਵ ਜੀ ਦਾ ਆਤਮਗਯਾਨੀ ਪਰੋਪਕਾਰੀ ਸਿੱਖ.

ਮਹੇਸੁਰ: ਦੇਖੋ, ਮਹੇਸ਼੍ਵਰ.

ਮਹੇਸੁਰਾਚਲ: ਸੰਗਜਾ- ਮਹੇਸ਼੍ਵਰ (ਸ਼ਿਵ) ਦਾ ਅਚਲ (ਪਹਾੜ). ਕੈਲਾਸ. "ਮਹੇਸੁਰਾਚਲੰ ਬਸੇ." (ਚੰਡੀ ੨)

ਮਹੇਸੁਰੀ: ਸੰਗਜਾ- ਮਹੇਸ਼੍ਵਰੀ. ਮਹੇਸ਼੍ਵਰ (ਸ਼ਿਵ) ਦੀ ਇਸਤ੍ਰੀ ਪਾਰਵਤੀ. ਦੁਗਾ। ੨. ਬਾਣੀਆਂ ਦੀ ਇੱਕ ਜਾਤਿ, ਜੋ ਬਹੁਤ ਕਰਕੇ ਮਾਰਵਾੜ ਵਿੱਚ ਹੈ.

ਮਹੇਸ਼੍ਵਰ: ਸੰ. ਵਿ- ਵਡਾ ਈਸ਼੍ਵਰ. ਮਹਾਨ ਸ੍ਵਾਮੀ। ੨. ਸੰਗਜਾ- ਕਰਤਾਰ. ਜਗਤਨਾਥ। ੩. ਸ਼ਿਵ। ੪. ਵਿਸ਼ਨੁ. ਦੇਖੋ, ਈਸ ੫.

ਮਹੇਂਦ੍ਰ: ਸੰ. ਵਿ- ਮਹਾਨ ਇੰਦ੍ਰ. ਵਡਾ ਸ੍ਵਾਮੀ। ੨. ਸੰਗਜਾ- ਕਰਤਾਰ. ਵਾਹਗੁਰੂ। ੩. ਵਡੇ ਐਸ਼੍ਵਰਯ ਵਾਲਾ, ਇੰਦ੍ਰ ਦੇਵਤਾ। ੪. ਜੰਬੂ ਦ੍ਵੀਪ ਦਾ ਇੱਕ ਪਰਵਤ, ਜਿਸ ਦਾ ਜਿਕਰ ਰਾਮਾਯਣ ਵਿੱਚ ਹੈ। ੫. ਸ਼ਹਨਸ਼ਾਹ। ੬. ਅਸ਼ੋਕ ਦਾ ਛੋਟਾ ਭਾਈ. ਜਿਸ ਨੇ ਬੋੱਧਮਤ ਦਾ ਸਾਧੁਭੇਖ ਧਾਰਕੇ ਪ੍ਰਚਾਰ ਕੀਤਾ। ੭. ਵਿਸ਼ਨੁ.

ਮਹੇਂਦ੍ਰਸਿੰਘ: ਮਹਾਰਾਜਾ ਨਰੇਂਦ੍ਰਸਿੰਘ ਜੀ ਦੇ ਸੁਪੁਤ੍ਰ ਪਟਿਆਲੇ ਦੇ ਮਹਾਰਾਜਾ. ਇਨ੍ਹਾਂ ਦਾ ਜਨਮ ੧੬. ਸਿਤੰਬਰ ਸਨ ੧੮੫੨ ਨੂੰ ਹੋਇਆ. ਪਿਤਾ ਦੇ ਪਰਲੋਕ ਜਾਣ ਤੇ ਦਸ ਵਰ੍ਹੇ ਚਾਰ ਮਹੀਨੇ ਦੀ ਉਮਰ ਵਿੱਚ ਮਾਘ ਸੁਦੀ ੧੦. ਸੰਮਤ ੧੯੧੯ (੨੯ ਜਨਵਰੀ ਸਨ ੧੮੬੨) ਨੂੰ ਰਾਜਗੱਦੀ ਤੇ ਬੈਠੇ. ਨਾਬਾਲਗੀ ਦੀ ਹਾਲਤ ਵਿੱਚ ਕੌਂਸਲ (Council of Regency) ਨੇ ਰਾਜਪ੍ਰਬੰਧ ਕੀਤਾ. ਸਨ ੧੮੭੦ ਵਿੱਚ ਮਹਾਰਾਜਾ ਮਹੇਂਦ੍ਰਸਿੰਘ ਜੀ ਨੇ ਰਾਜਕਾਜ ਦੇ ਪੂਰੇ ਅਖ਼ਤਿਆਰ ਆਪਣੇ ਹੱਥ ਲਏ. ਇਹ ਵਿਦਜਾ ਦੇ ਪ੍ਰੇਮੀ ਉਦਾਰਾਤਮਾ ਅਤੇ ਬਹੁਤ ਦਿਲੇਰ ਮਹਾਰਾਜਾ ਸਨ. ੧੪. ਅਪ੍ਰੈਲ ਸਨ ੧੮੭੬ ਨੂੰ ਇਨ੍ਹਾਂ ਦੀ ਅਕਾਲਮ੍ਰਿਤਯੁ ਤੇ ਸਭ ਨੂੰ ਵਡਾ ਸ਼ੋਕ ਹੋਇਆ. ਦੇਖੋ, ਪਟਿਆਲਾ.

ਮਹੇਲੜੀ, ਮਹੇਲਾ, ਮਹੇਲੀ: ਦੇਖੋ, ਮਹਲਾ. "ਸੇਜੈ ਕੰਤ ਮਹੇਲੜੀ ਮਹਲਾ ਸੂਤੀ ਬੂਝ ਨ ਪਾਇ." (ਸ੍ਰੀ ਅਃ ਮਃ ੧) "ਕੰਤਾਂ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ." (ਮਃ ੩. ਵਾਰ ਸੂਹੀ) "ਸਿਖ ਸੁਣਹੁ ਮਹੇਲੀ ਹੋ!" (ਵਡ ਛੰਤ ਮਃ ੧) ਸੰਸਕ੍ਰਿਤ ਵਿੱਚ ਇਸਤ੍ਰੀ ਲਈ ਮਹੇਲਾ ਸ਼ਬਦ ਭੀ ਆਇਆ ਹੈ। ੨. ਮਾਂਹ- ਤੇਲ. ਉਬਾਲੇ ਹੋਏ ਮਾਂਹ ਅਤੇ ਮੋਠਾਂ ਨੂੰ ਗੁੜ ਤੇਲ ਨਾਲ ਗੁੰਨ੍ਹਕੇ ਘੋੜੇ ਲਈ ਤਿਆਰ ਕੀਤਾ ਰਾਤਬ, ਜੋ "ਮਹੇਲਾ" ਨਾਮ ਤੋਂ ਪ੍ਰਸਿੱਧ ਹੈ. "ਲਾਖੋਂ ਕੇ ਹਯ ਖਰੇ ਤਬੇਲੇ। ਖਾਂਇ ਮਲੀਦਾ ਸਦਾ ਮਹੇਲੇ।" (ਗੁਪ੍ਰਸੂ)

ਮਹੋਇ: ਮਤ ਹੋਇ. ਨਹੀਂ ਹੁੰਦਾ. "ਏਕ ਜੋਤਿ ਏਕਾ ਮਿਲੀ, ਕਿੰਬਾ ਹੋਇ? ਮਹੋਇ." (ਗਉ ਕਬੀਰ) ਦੇਖੋ, ਕਿੰਬਾ.

ਮਹੋਛਾ: ਸੰ. महोत्सव. ਮਹੋਤਸਵ. ਸੰਗਜਾ- ਵਡਾ ਆਨੰਦ ਕਾਰਯ। ੨. ਪੰਜਾਬੀ ਵਿੱਚ ਕਿਸੇ ਮੁਖੀਏ ਦੇ ਮਰਨ ਪੁਰ ਯਗਜ ਆਦਿ ਕਰਮ ਭੀ ਮਹੋਛਾ ਸੱਦੀਦਾ ਹੈ। ੩. ਦੇਖੋ, ਮਹੋਤਸਾਹ.

ਮਹੋਤਸਵ: ਦੇਖੋ, ਮਹੋਛਾ.

ਮਹੋਤਸਾਹ: ਸੰ. महोत्साह. ਵਡਾ ਉੱਦਮ. ਚਿੱਤ ਦੀ ਭਾਰੀ ਉਮੰਗ। ੨. ਵਿ- ਵਡਾ ਹਿੰਮਤੀ.

ਮਹੋਤਕਟ: महोत्कट. ਵਿ- ਮਹਾਨ ਉਤਕਟ (ਪ੍ਰਚੰਡ). ੨. ਵਡਾ ਪ੍ਰਬਲ। ੩. ਜਿਸ ਦਾ ਮਨ ਬਹੁਤ ਉਖੜਿਆ ਹੋਇਆ ਹੈ.

ਮਹੋਦਧਿ: ਸੰਗਜਾ- ਸਮੁੰਦਰ, ਜੋ ਬਹੁਤ ਉਦ (ਪਾਣੀ) ਧਾਰਨ ਕਰਦਾ ਹੈ.

ਮਹੋਦਯ: ਸੰਗਜਾ- ਮਹਾ- ਉਦਯ, ਵਡੀ ਸੰਪਦਾ। ੨. ਖ਼ੁਸ਼ਨਸੀਬੀ। ੩. ਵਿ- ਖ਼ੁਸ਼ਨਸੀਬ.

ਮਹੋਦਰ: ਵਿ- ਵਡੇ ਉਦਰ (ਪੇਟ) ਵਾਲਾ. ਢਿੱਡਲ। ੨. ਸੰਗਜਾ- ਵਡਾ ਪੇਟ। ੩. ਰਾਵਣ ਦਾ ਇੱਕ ਮੰਤ੍ਰੀ. "ਹਤਜੋ ਮਹੋਦਰ ਦੇਖਕਰ." (ਰਾਮਾਵ) ੪. ਮਹਾਭਾਰਤ ਅਨੁਸਾਰ ਇੱਕ ਰਿਖੀ. ਦੇਖੋ, ਕਪਾਲਮੋਚਨ ੨। ੫. ਧ੍ਰਿਤਰਾਸ਼੍ਟ੍ਰ ਦਾ ਇੱਕ ਪੁਤ੍ਰ.

ਮਹੋਪਾਧਜਾਯ: ਸੰ. ਸੰਗਜਾ- ਵਡਾ ਉਸਤਾਦ (ਉਪਾਧਜਾਯ). Professor ਦੇਖੋ, ਮਹਾਮਹੋਪਾਧਜਾਯ.

ਮਹੋੜੀ: ਮਹਾ- ਵਡੀ ਬਹੁਤ ਜਾਦਾ. "ਮਾਣਿਕ ਮੋਤੀ ਹੀਰਿਆ ਨਿਰਮੋਲ ਮਹੋੜੀ." (ਭਾਗੁ)

ਮਹੌਸਧਿ, ਮਹੌਖਧਿ: ਸੰ. ਮਹਾ- ਓਸ਼ਧਿ. ਮਹੌਸ਼ਧਿ. ਸੰਗਯਾ- ਵਡਾ ਅਸਰ ਕਰਨ ਵਾਲੀ ਦਵਾਈ ਜੀਵਨਬੂਟੀ। ੨. ਦੁੱਬ। ੩. ਲਾਜ ਵੰਤੀ.

ਮਹੌਜਸ: ਸੰ. ਵਿ- ਵਡੇ ਓਜ (ਬਲ) ਵਾਲਾ ਬਹੁਤ ਜ਼ੋਰਾਵਰ.

ਮਹੰਘਾ: ਦੇਖੋ, ਮਹਘਾ.

ਮਹੰਤ: ਸੰ. ਵਿ- ਸ਼੍ਰੇਸ਼੍ਠ. ਉੱਤਮ। ੨. ਵਡਾ. ਬਜ਼ੁਰਗ। ੩. ਸਾਧੂਆਂ ਦੇ ਡੇਰੇ ਅਖਾੜੇ ਆਦਿ ਦਾ ਮੁਖੀਆ.

ਮਹੰਮਦ: ਦੇਖੋ, ਮੁਹੰਮਦ.

ਮਹੰਮਦੀ: ਦੇਖੋ, ਮੁਹੰਮਦੀ.

ਮਹਜੋ: ਵਿ- ਮਹਿਸ਼ੀ (ਭੈਂਸ) ਦਾ। ੨. ਸੰਗਯਾ- ਭੈਂਸ ਦੀ ਖੱਲ। ੩. ਮੱਝ ਦਾ ਦੁੱਧ ਘੀ ਆਦਿ। ੪. ਤਕ੍ਰ. ਲੱਸੀ। ੫. ਮਾਵਾ. ਖੋਆ. "ਏਕ ਹੀ ਗੋਰਸ ਮੇ ਦਹਜੋ ਮਹਜੋ ਮਾਖਨ ਔ ਘ੍ਰਿਤ." (ਭਾਗੁ ਕ)

ਮਕਈ: ਦੇਖੋ, ਮੱਕੀ.

ਮਕਸਦ: ਅ਼. مقصد ਮਕ਼ਸਦ. ਕ਼ਸਦ (ਇਰਾਦਾ) ਕਰਨ ਦਾ ਭਾਵ. ਧ੍ਯਾਨ। ੨. ਨਤੀਜਾ. ਸਿੱਧਾਂਤ.

ਮਕਸੂਦ, ਮਕਸੂਦ: ਅ਼. مقصُوٗد ਮਕ਼ਸੂਦ. ਜਿਸ ਦਾ ਕ਼ਸਦ (ਸੰਕਲਪ) ਕੀਤਾ ਜਾਵੇ। ੨. ਪ੍ਰਯੋਜਨ. ਮਤਲਬ. "ਨਾਉ ਤੇਰਾ ਗਹਣਾ ਮਤਿ ਮਕਸੂਦੁ." (ਪ੍ਰਭਾ ਮਃ ੧)

ਮਕਸੂਦਾਬਾਦ: ਭਾਗੀਰਥੀ ਦੇ ਕਿਨਾਰੇ ਵਸਿਆ ਇੱਕ ਨਗਰ, ਜੋ ਕਿਸੇ ਵੇਲੇ ਬੰਗਾਲ ਦੀ ਰਾਜਧਾਨੀ ਸੀ. ਹੁਣ ਇਸ ਦਾ ਨਾਮ ਮੁਰਸਿਦਾਬਾਦ ਹੈ. ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਨੂੰ ਕੀਰਤੇਸ਼੍ਵਰੀ ਨਗਰੀ ਲਿਖਿਆ ਹੈ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਇੱਥੇ ਪਧਾਰੇ ਹਨ. ਮਕਸੂਦਾਬਾਦ ਦੀ ਆਬਾਦੀ ੪੦੦੦੦ ਹੈ.

ਮਕਸੂਦੁ: ਦੇਖੋ, ਮਕਸੂਦ.

ਮਕਸੂਮ: ਅ਼. مقسُوٗم ਕ੍ਰਿਸਮ (ਵੰਡਿਆ ਹੋਇਆ). ਪ੍ਰਾਰਬਧ. ਭਾਗ. ਨਸੀਬ.

ਮਕਤਬ: ਅ਼. مکتب ਸੰਗਯਾ- ਕਤਬ (ਲਿਖਣ) ਦੀ ਥਾਂ. ਪਾਠਸ਼ਾਲਾ. ਮਦਰਸਾ. ਸਕੂਲ. "ਮਕਤਬ ਮਾਹਿ ਫਰਜੰਦ ਕੋ ਬਠਾਇਯੇ." (ਨਾਪ੍ਰ)

ਮਕਦਮ: ਅ਼. مقدم ਕ਼ਦਮ ਰੱਖਣ ਦੀ ਥਾਂ। ੨. ਪਧਾਰਨਾ. ਚਰਨ ਪਾਉਣੇ। ੩. ਭਾਵ- ਹੱਛੇ ਆਦਮੀ ਦੀ ਆਉਣਾ.

ਮਕਦੂਰ: ਅ਼. مقدُوٗر ਸੰਗਯਾ- ਕ਼ਦਰ (ਤ਼ਾਕ਼ਤ) ਦਾ ਭਾਵ. ਸ਼ਕਤਿ. ਸਾਮਰਥ੍ਯ. "ਕਯਾ ਗਵਾਰ ਗੀਦੀ ਮਕਦੂਰ?" (ਗੁਪ੍ਰਸੂ)

ਮਕਨਾ: ਸੰ. मत्कुण- ਮਤਕੁਣ. ਸੰਗਯਾ- ਬਿਨਾ ਦੰਦਾਂ ਹਾਥੀ. ਜਿਸ ਦੇ ਬਾਹਰਲੇ ਦੰਦ ਨ ਹੋਣ. ਦੇਖੋ, ਮਤਕੁਣ। ੨. ਅ਼. مقنع ਮਕ਼ਨਅ਼. ਇਸਤ੍ਰੀਆਂ ਦਾ ਪਰਦੇਦਾਰ ਵਸਤ੍ਰ. ਜੋ ਸਾਰੇ ਸ਼ਰੀਰ ਨੂੰ ਢਕ ਲੈਂਦਾ ਹੈ. ਬੁਰਕਾ.

ਮਕਨਾਤੀਸ, ਮਕ਼ਨਾਤ਼ੀਸ: ਯੂ. مقناطیس ਦੇਖੋ, ਚੁੰਬਕ. ੨.

ਮਕਫੂਲ: ਅ਼. مقفُوٗل ਕ਼ੁਫ਼ਲ (ਜਿੰਦੇ) ਵਿੱਚ ਆਇਆ ਹੋਇਆ. ਕੁਫ਼ਲਬੰਦ. ਮੁਕ਼ੱਫ਼ਲ مقفّل। ੨. ਅ਼. مکفُوٗل ਮਕਫ਼ੂਲ. ਕਫ਼ਾਲਤ (ਜ਼ਿੰਮੇਵਾਰੀ) ਵਿੱਚ ਆਈ ਵਸਤੁ.

ਮਕਬਰਾ, ਮਕ਼ਬਰਾ: ਅ਼. مقبرہ ਸੰਗਯਾ- ਕ਼ਬਰ ਦਾ ਅਸਥਾਨ. ਉਹ ਮਕਾਨ, ਜਿਸ ਵਿੱਚ ਮੁਰਦੇ ਦੀ ਕ਼ਬਰ ਹੋਵੇ.

ਮਕਬੂਜਾ, ਮਕ਼ਬੂਜ਼ਾ: ਅ਼. مقبُوٗضہ ਮਕ਼ਬੂਜ਼ਾ. ਵਿ- ਕ਼ਬਜੇ ਵਿੱਚ ਆਇਆ ਹੋਇਆ. ਅਧਿਕਾਰ ਕੀਤਾ.

**ਮਕ਼ਬੂਲ:** ਅ਼. مقبُول ਮਕ਼ਬੂਲ. ਵਿ- ਕ਼ਬੂਲ ਕੀਤਾ ਹੋਇਆ. ਅੰਗੀਕ੍ਰਿਤ। ੨. ਅ਼. مکبُول ਮਕਬੂਲ. ਕਬੂਲ (ਬੰਧਨ) ਸਹਿਤ. ਕ਼ੈਦੀ.

**ਮਕਰ:** ਸੰ. ਸੰਗ੍ਯਾ- ਜੋ ਮਨੁੱਖ ਨੂੰ ਮਾਰੇ, ਮਗਰਮੱਛ. ਨਿਹੰਗ. ਘੜਿਆਲ। ੨. ਮਕਰ ਦੀ ਸ਼ਕਲ ਦੀ ਦਸਵੀਂ ਰਾਸ਼ਿ, ਜਿਸ ਵਿੱਚ ਮਾਘ ਮਹੀਨੇ ਸੂਰਜ ਪ੍ਰਵੇਸ਼ ਕਰਦਾ ਹੈ। ੩. ਮਾਘ ਮਹੀਨਾ. "ਮਕਰ ਪ੍ਰਾਗਿ ਦਾਨੁ ਬਹੁ ਕੀਆ." (ਮਾਲੀ ਮਃ ੪) ੪. ਛੱਪਯ ਦਾ ਇੱਕ ਭੇਦ. ਦੇਖੋ, ਗੁਰੁਛੰਦਦਿਵਾਕਰ। ੫. ਕੁਬੇਰ ਦੀਆਂ ਨੌ ਨਿਧੀਆਂ ਵਿੱਚੋਂ ਇੱਕ ਨਿਧਿ। ੬. ਮੱਛੀ। ੭. ਮਕੜੀ (ਮਕੰਟੀ) ਵਾਸਤੇ ਭੀ ਮਕਰ ਸ਼ਬਦ ਆਇਆ ਹੈ. "ਧਾਰ ਮਕਰ ਕੇ ਜਾਰ ਸਰੂਪਾ." (ਵਾਮਨਾਵ) ੮. ਅ਼. مکر ਛਲ. ਫਰੇਬ. ਕਪਟ। ੯. ਬਹਾਂਨਾ। ੧੦. ਦਾਉ। ੧੧. ਇੱਕ ਜਾਤਿ. ਦੇਖੋ, ਮਕਰਾਨ.

**ਮਕਰਕਾ:** ਸੰਗ੍ਯਾ- ਮਕੰਟੀ. ਮੱਕੜੀ. "ਏਕ ਮਕਰਕਾ

**ਮਕਰਕੀ:** ਦੱਤ ਨਿਹਾਰੀ." (ਦੱਤਾਵ)

**ਮਕਰਕੇਤੁ:** ਸੰਗ੍ਯਾ- ਮਕਰ (ਮਗਰਮੱਛ) ਦਾ ਨਿਸ਼ਾਨ ਹੈ ਜਿਸ ਦੇ ਝੰਡੇ ਪੁਰ, ਕਾਮਦੇਵ. ਮਕਰਧ੍ਵਜ.

**ਮਕਰਕੰਟ:** ਮਗਰਮੱਛ ਦਾ ਕਾਂਟਾ. ਮੱਛ ਦੀ ਹੱਡੀ. "ਮਕਰਕੰਟ ਜਹਿ" ਡਾਰਿਯੈ ਮਛਲੀ ਹੋਇ ਬਨਾਇ." (ਚਰਿਤ੍ਰ ੨੧੭) ਜੇ ਅਮ੍ਰਿਤ ਦੇ ਕੁੰਡ ਵਿੱਚ ਮੱਛੀ ਦੀ ਹੱਡੀ ਸਿੱਟੀਏ, ਤਦ ਜਾਨਦਾਰ ਮੱਛ ਹੋ ਜਾਵੇ.

**ਮਕਰਧ੍ਵਜ:** ਕਾਮਦੇਵ. ਦੇਖੋ, ਮਕਰਕੇਤੁ। ੨. ਲੌਂਗ ਲਵੇਗਾ। ੩. ਵੈਦਕ ਅਨੁਸਾਰ ਇੱਕ ਰਸ, ਜਿਸ ਦੇ ਬਣਾਉਣ ਦੀ ਇਹ ਜੁਗਤ ਹੈ- ਸੋਨਾ ੮. ਤੋਲੇ, ਪਾਰਾ ੧. ਸੇਰ, ਔਲੇਸਾਰ ਗੰਧਕ ੨. ਸੇਰ, ਇਨ੍ਹਾਂ ਤੇਹਾਂ ਨੂੰ ਪਹਿਲਾਂ ਲਾਲ ਕਪਾਹ ਦੇ ਫੁੱਲਾਂ ਦੇ ਰਸ ਵਿੱਚ ਫੇਰ ਘੀਕੁਆਰ ਦੇ ਰਸ ਵਿੱਚ ਘੋਟਕੇ ਆਤਿਸ਼ੀ ਸ਼ੀਸ਼ੇ ਵਿੱਚ ਪਾਕੇ ਮੂੰਹ ਤੇ ਖੜੀਆ ਮਿੱਟੀ ਲਾਕੇ, ਗਾਜਣੀ ਨਾਲ ਪੋਚੇ ਕਪੜੇ ਦੀਆਂ ਸੱਤ ਤੈਹਾਂ ਬੋਤਲ ਤੇ ਲਪੇਟਕੇ ਸੁਕਾ ਲੈਣੀਆਂ. ਇਸ ਸ਼ੀਸ਼ੀ ਨੂੰ ਇੱਕ ਹਾਂਡੀ ਵਿੱਚ ਸਿੱਧਾ ਰੱਖਣਾ ਅਤੇ ਉਸ ਦੇ ਚਾਰੇ ਪਾਸੇ ਬਾਲੂ ਰੇਤਾ ਭਰ ਦੇਣਾ, ਅਰ ੩੨ ਪਹਿਰ ਅੱਗ ਦੀ ਇੱਕ ਰਸ ਆਂਚ ਦੇਣੀ ਬੋਤਲ ਦੇ ਮੂੰਹ ਵਲ ਜੋ ਉਡਕੇ ਲਾਲ ਪਦਾਰਥ ਜਮ ਜਾਵੇਗਾ, ਉਸ ਦੀ "ਮਕਰਧੁਜ" ਸੰਗ੍ਯਾ ਹੈ. ਇਸ ਦੇ ਵਰਤਣ ਦੀ ਵਿਧਿ ਇਹ ਹੈ-

ਅੱਠ ਤੋਲੇ ਮਕਰਧ੍ਵਜ ਰਸ, ਕਪੂਰ, ਜਾਇਫਲ. ਕਾਲੀਆਂ ਮਿਰਚਾਂ, ਲੌਂਗ, ਚਾਰੇ ਬੱਤੀ ਬੱਤੀ ਤੋਲੇ, ਕਸਤੂਰੀ ਅੱਧਾ ਤੋਲਾ, ਇਨ੍ਹਾਂ ਸਾਰੀਆਂ ਨੂੰ ਖਰਲ ਵਿੱਚ ਪੀਹਕੇ ਇੱਕ ਜਾਨ ਬਣਾਕੇ ਦਸ ਦਸ ਰੱਤੀ ਦੀਆਂ ਗੋਲੀਆਂ ਕਰਨੀਆਂ ਇੱਕ ਗੋਲੀ ਪਾਨਾਂ ਦੇ ਰਸ ਨਾਲ ਜਾਂ ਕਪਾਹ ਦੇ ਫੁੱਲਾਂ ਦੇ ਰਸ ਨਾਲ, ਅਥਵਾ ਇੰਦ੍ਰਜੌਂ ਜਾਂ ਲੌਂਗਾਂ ਦੇ ਚੂਰਨ ਨਾਲ ਨਿੱਤ ਖਾਣੀ. ਖਾਣ ਵੇਲੇ ਗੋਲੀ ਦੰਦਾਂ ਨਾਲ ਨਹੀਂ ਛੁਹਣ ਦੇਣੀ. ਇਹ ਰਸ ਕਮਜੋਰੀ ਹਟਾਉਂਦਾ ਹੈ, ਬਲ ਵਧਾਉਂਦਾ ਹੈ, ਵੀਰਯ ਨੂੰ ਪੁਸ਼੍ਟ ਕਰਦਾ ਹੈ, ਦਿਲ ਦਿਮਾਗ ਨੂੰ ਤਾਕਤ ਦਿੰਦਾ ਹੈ.

**ਮਕਰਵਾਹਨ:** ਮਕਰ ਪੁਰ ਸਵਾਰੀ ਕਰਨ ਵਾਲਾ ਵਰੁਣ ਦੇਵਤਾ. ਜਲਪਤਿ.

**ਮਕਰਵਾਹਿਨੀ:** ਗੰਗਾ. ਪੁਰਾਣਾ ਵਿੱਚ ਗੰਗਾ ਦੀ ਸਵਾਰੀ ਮਗਰਮੱਛ ਹੈ.

**ਮਕਰਾ:** ਵਿ- ਮਕਰ (ਛਲ) ਕਰਨ ਵਾਲਾ ਫਰੇਬੀ। ੨. ਇੱਕ ਛੰਦ, ਲੱਛਣ- ਚਾਰ ਚਰਣ, ਪ੍ਰਤਿ ਚਰਣ ੧੨. ਮਾਤ੍ਰਾ, ਅੰਤ ਗੁਰੁ ਲਘੁ ਦਾ ਨਿਯਮ ਨਹੀਂ. ਇਸ ਦੇ ਚਰਣਾਂ ਦਾ ਅੰਤਿਮ ਅਨੁਪ੍ਰਾਸ ਭੀ ਤਿੰਨ ਪ੍ਰਕਾਰ ਦਾ ਹੈ-

(ੳ) ਪਹਿਲੇ ਤਿੰਨ ਚਰਣਾਂ ਦਾ ਸਮਾਨ, ਅਤੇ ਚੌਥੇ ਦਾ ਭਿੰਨ.

(ਅ) ਪਹਿਲੇ ਦੋ ਚਰਣਾਂ ਦਾ ਸਮਾਨ, ਤੀਜੇ ਅਤੇ ਚੌਥੇ ਦਾ ਭਿੰਨ.

(ੲ) ਚੌਹਾਂ ਚਰਣਾਂ ਦਾ ਭਿੰਨ ਤੁਕਾਂਤ. ਦੇਖੋ, ਤਿੰਨੇ ਉਦਾਹਰਣ-

(੧)ਸਿਯ ਲੈ ਸਿਏਸ ਆਏ,

ਮੰਗਲ ਸੁ ਚਾਰੁ ਗਾਏ,

ਆਨੰਦ ਹਿਯੇ ਬਢਾਏ,

ਸ਼ਹਰੋਂ ਅਵਧ ਜਹਾਂ ਰੇ,

(੨)ਕੋਊ ਬਤਾਇ ਦੈ ਰੇ,

ਚਾਹੇ ਸੁ ਆਨ ਲੈ ਰੇ,

ਜਿਨ ਦਿਲ ਹਰਾ ਹਮਾਰਾ,

ਵਹ ਮਨਹਰਨ ਕਹਾਂ ਹੈ?

(੩)ਜੀਤੋ ਬਜੰਗ ਜਾਲਿਮ,

ਕੀਨੇ ਖਤੰਗ ਪਰਰਾਂ,

ਪੁਹਪਕ ਬਿਬਾਨ ਬੈਠੇ,

ਸੀਤਾਰਮਣ ਕਹਾ ਹੇ? (ਰਾਮਾਵ)

ਜੇ ਇਸ ਛੰਦ ਦੇ ਚਾਰੇ ਚਰਣਾਂ ਦਾ ਇੱਕ ਚਰਣ ਮੰਨ ਲਿਆ ਜਾਵੇ, ਤਦ ਇਹ "ਇੰਦੁਮਣਿ" ਦਾ ਰੂਪਾਂਤਰ ਹੈ, ਭੇਦ ਕੇਵਲ ਇਤਨਾ ਹੈ ਕਿ ਇਸ ਦੇ ਹਰੇਕ ਵਿਸ਼੍ਰਾਮ ਦੇ ਅੰਤ ਗੁਰੁ ਅੱਖਰ ਹੋਣ ਦਾ ਨਿਯਮ ਨਹੀਂ. ਦੇਖੋ, ਰੇਖਤਾ ਦਾ ਰੂਪ ੨.

ਮਕਰਾਕਰ: ਸੰ. ਮਕਰ- ਆਕਾਰ. ਸਮੁੰਦਰ, ਜਿਸ ਵਿੱਚ ਬਹੁਤ ਮਗਰਮੱਛ ਹਨ.

ਮਕਰਾਕ੍ਰਿਤਕੁੰਡਲ: ਮੱਛ ਦੀ ਆਕ੍ਰਿਤਿ (ਆਕਾਰ) ਦੇ ਤੁੰਗਲ (ਵਾਲੇ).

ਮਕਰਾਕ੍ਰਿਤਿ: ਮਕਰ (ਮਗਰਮੱਛ) ਦੀ ਆਕ੍ਰਿਤਿ (ਸ਼ਕਲ) ਮਕਰ ਦੇ ਆਕਾਰ ਤੁੱਲ.

ਮਕਰਾਕ੍ਸ਼, ਮਕਰਾਛ: ਮਕਰ- ਅਕ੍ਸ਼ਿ. ਸੰਗ੍ਯਾ- ਮਗਰਮੱਛ ਜੇਹੀਆਂ ਅੱਖਾਂ ਵਾਲਾ ਰਾਵਣ ਦਾ ਇੱਕ ਸਰਦਾਰ, ਜੋ ਖਰ ਦਾ ਪੁਤ੍ਰ ਸੀ. ਇਸ ਨੂੰ ਰਾਮਚੰਦ੍ਰ ਜੀ ਨੇ ਲੰਕਾ ਦੇ ਯੁੱਧ ਵਿੱਚ ਮਾਰਿਆ. "ਤਬ ਰੁਕਯੋ ਸੈਨ ਮਕਰਾਛ ਆਨ." (ਰਾਮਾਵ)

ਮਕਰਾਨ: ਈਰਾਨ ਦਾ ਇੱਕ ਇਲਾਕਾ, ਜਿਸ ਦੀ ਹੱਦ ਬਲੋਚਿਸਤਾਨ ਨਾਲ ਮਿਲਦੀ ਹੈ. "ਮਕਰਾਨ ਕੇ ਮ੍ਰਿਦੰਗੀ." (ਅਕਾਲ) ੨. ਬਲੋਚਿਸਤਾਨ ਵਿੱਚ ਕਲਾਤ ਰਿਆਸਤ ਦਾ ਦੱਖਣ ਪੱਛਮੀ ਹਿੱਸਾ, ਜਿਸ ਦੀ ਹੱਦ ਪਰਸ਼ੀਆ ਦੇ ਮਕਰਾਨ ਅਤੇ ਲਾਸਾ ਬੇਲਾ ਨਾਲ ਮਿਲਦੀ ਹੈ. ਮਕਰ ਜਾਤਿ ਦਾ ਨਿਵਾਸ ਹੋਣ ਕਰਕੇ "ਮਕਰਾਨ" ਸੰਗ੍ਯਾ ਹੋਈ ਹੈ.

ਮਕਰਾਨਾ: ਜੋਧਪੁਰ ਰਿਆਸਤ ਦੇ ਪਰਬਤਸਰ ਜਿਲੇ ਦਾ ਇੱਕ ਪਿੰਡ, ਜਿੱਥੇ ਸੰਗਮਰਮਰ ਦੀਆਂ ਬਹੁਤ ਖਾਣਾਂ ਹਨ. ਆਗਰੇ ਦਾ ਤਾਜਮਹਲ ਅਤੇ ਹੋਰ ਭਾਰਤ ਦੇ ਪ੍ਰਸਿੱਧ ਮਕਾਨ ਇੱਥੋਂ ਦੇ ਹੀ ਪੱਥਰ ਨਾਲ ਬਣਾਏ ਗਏ ਹਨ. ਮਕਰਾਨਾ ਜੋਧਪੁਰ ਰੇਲਵੇ ਦਾ ਸਟੇਸ਼ਨ ਹੈ, ਜੋ ਮੇਰਤਾ ਰੋਡ ਜੰਕਸ਼ਨ ਤੋਂ ੫੫ ਮੀਲ ਹੈ.

ਮਕਰਾਯਤਨ, ਮਕਰਾਲਯ: ਮਕਰ (ਮਗਰਮੱਛ) ਦਾ ਘਰ, ਸਮੁੰਦਰ.

ਮਕਰੀ: ਵਿ- ਮਕਰ (ਛਲ) ਕਰਨ ਵਾਲਾ. ਫਰੇਬੀ। ੨. ਸੰਗ੍ਯਾ- ਮਕੜੀ. ਮੁਕੜੀ। ੩. ਸੰ. ਮਕਰ (ਮਗਰਮੱਛ) ਦੀ ਮਦੀਨ। ੪. ਸਕਰਿਨ. ਸਮੁੰਦਰ.

ਮਕਰੁ: ਦੇਖੋ, ਮਕਰ.

ਮਕਰੂਹ: ਅ਼. مکرُوہ ਵਿ- ਕਰਾਹਤ (ਨਾਪਸੰਦ) ਕੀਤਾ ਗਿਆ. ਘ੍ਰਿਣਾ ਯੋਗ.

ਮਕਰੰਦ: ਸੰ. ਸੰਗ੍ਯਾ- ਫੁੱਲ ਦਾ ਰਸ. ਪੁਸ਼ਪ ਦਾ ਸ਼ਹਿਦ. "ਹਰਿ ਚਰਣਕਵਲ ਮਕਰੰਦ ਲੋਭਿਤ ਮਨੋ." (ਸੋਹਿਲਾ) ੨. ਫੁੱਲ ਦੀ ਤਰੀ। ੩. ਜਲ. "ਘਣ ਉਨਵਿ ਵੁਠੇ ਜਲਿ ਥਲਿ ਪੂਰਿ ਰਹਿਆ ਮਕਰੰਦ ਜੀਉ." (ਰਾਮ ਮਃ ੫. ਰੁਤੀ) ੪. ਭ੍ਰਮਰ. ਭੌਰਾ. "ਮੁਰਾਰਿ ਮਨ ਮੁਕਰੰਦ." (ਗੂਜ ਅਃ ਮਃ ੫) ੫. ਦੇਖੋ, ਸਵੈਯੇ ਦਾ ਰੂਪ ੨੫.

ਮਕਰੰਦੀ: ਸੰਗ੍ਯਾ- ਫੁੱਲ, ਜੋ ਮਕਰੰਦ ਨੂੰ ਧਾਰਨ ਕਰਦਾ ਹੈ। ੨. ਕਮਲ. "ਇਹ ਬਿਧਿ ਕਹਿ ਮਕਰੰਦੀਬਦਨਾ." (ਨਾਪ੍ਰ)

ਮਕਰੰਦੀਬਦਨ: ਕਮਲ ਜੇਹਾ ਹੈ ਜਿਸ ਦਾ ਮੁਖ. ਦੇਖੋ, ਮਕਰੰਦੀ ੨.

ਮਕੜੀ: ਸੰ. ਮਕੰਟੀ. ਅੱਠ ਪੈਰਾਂ ਵਾਲਾ ਇੱਕ ਜੀਵ, ਜੋ ਮੂੰਹ ਤੋਂ ਤੰਦ ਕੱਢਕੇ ਜਾਲ ਫੈਲਾਉਂਦਾ ਹੈ. Spider.

ਮਕਾ: ਦੇਖੋ, ਮੱਕਾ. "ਮਕਾ ਮਿਹਰ, ਰੋਜਾ ਪੈਖਾਕਾ." (ਮਾਰੂ ਸੋਲਹੇ ਮਃ ੫)

ਮਕਾਂ, ਮਕਾਂਨ: ਅ. مکان "ਮਕੀਂ ਤੁਹੀ, ਮਕਾਂ ਤੁਹੀ." (ਅਕਾਲ) ਮਕੀਨ ਤੂੰ ਅਤੇ ਮਕਾਨ ਭੀ ਤੂੰ ਹੈਂ."

ਮਕਾਮ: ਅ਼. مقام ਮਕ਼ਾਮ ਕ਼ਯਾਮ (ਰਹਿਣ) ਦੀ ਥਾਂ. ਠਹਿਰਣ ਦਾ ਅਸਥਾਨ। ੨. ਪੜਾਉ.

ਮਕਾਰ: ਸੰਗ੍ਯਾ- ਮੰਮਾ ਅੱਖਰ। ੨. ਮ ਦਾ ਉੱਚਾਰਣ। ੩. ਦੇਖੋ, ਪੰਚ ਤਤ੍ਵ ਅਤੇ ਪੰਚ ਮਕਾਰ। ੪. ਦੇਖੋ, ਮੱਕਾਰ.

ਮਕਾਰੋਂਪੁਰ: ਰਾਜ ਪਟਿਆਲਾ, ਤਸੀਲ ਸਰਹਿੰਦ, ਥਾਣਾ ਬਸੀ ਦਾ ਪਿੰਡ, ਜੋ ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਦੋ ਮੀਲ ਉੱਤਰ ਪੂਰਵ ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਵਿਰਾਜੇ ਹਨ. ਮੰਦਿਰ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ਪੁਜਾਰੀ ਸਿੰਘ ਹੈ.

ਮਕਾਲ, ਮਕ਼ਾਲ: ਅ਼. مقال ਸੰਗ੍ਯਾ- ਗੁਫ਼ਤਗੂ. ਬਾਤ ਚੀਤ। ੨. ਸ਼ਬਦ। ੩. ਰਾਇ. ਸੰਮਤਿ.

ਮਕਾਲਿਫ: (Mr. M. A. Macauliffe) ਇਹ ਆਯਰਲੈਂਡ ਦਾ ਨਿਵਾਸੀ ਵਿਦ੍ਵਾਨ ਅਤੇ ਸੱਜਨ ਪੁਰਖ ਸੀ. ਇਸ ਦਾ ਜਨਮ ੨੯ ਸਤੰਬਰ ਸਨ ੧੮੩੭ ਅਤੇ ਦੇਹਾਂਤ ੧੫. ਮਾਰਚ ੧੯੧੩ ਨੂੰ ਹੋਇਆ. ਭਾਈ ਗੁਰਮੁਖਸਿੰਘ ਪ੍ਰੋਫੈਸਰ ਓਰੀਏਂਟਲ ਕਾਲਿਜ ਲਹੌਰ ਦੀ ਸੰਗਤਿ ਤੋਂ ਇਸ ਨੂੰ ਸਿੱਖਧਰਮ ਸੰਬੰਧੀ ਪ੍ਰੇਮ ਜਾਗਿਆ. ਸਨ ੧੮੯੩ ਵਿੱਚ ਮਕਾਲਿਫ ਨੇ ਮਹਾਰਾਜਾ ਹੀਰਾਸਿੰਘ ਸਾਹਿਬ ਨਾਭਾਪਤਿ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਕਾਨ੍ਹਸਿੰਘ ਨੂੰ ਆਗ੍ਯਾ ਦਿੱਤੀ ਜਾਵੇ ਕਿ ਉਹ ਮੈਨੂ ਗੁਰੂ ਗ੍ਰੰਥਸਾਹਿਬ ਪੜ੍ਹਾਵੇ, ਮਹਾਰਾਜਾ ਜੀ ਨੇ ਸਾਹਿਬ ਦੀ ਪ੍ਰਾਰਥਨਾ ਪੁਰ ਮੈਨੂੰ ਦੋ ਵਰ੍ਹੇ ਮਕਾਲਿਫ ਪਾਸ ਰਹਿਣ ਦੀ ਪਰਵਾਨਗੀ ਦਿੱਤੀ. ਇਸ ਪਿੱਛੋਂ ਕਈ ਮਹੀਨੇ ਮਕਾਲਿਫਸਾਹਿਬ ਨਾਭੇ ਆਕੇ ਭੀ ਸਹਾਇਤਾ ਲੈਂਦਾ ਰਿਹਾ, ਕਈ ਵਾਰ ਗਰਮੀਆਂ ਵਿੱਚ ਮੈ ਉਸ ਪਾਸ ਪਹਾੜ ਜਾਂਦਾ ਰਿਹਾ.

ਸਨ ੧੮੯੩ ਤੋਂ ਮਕਾਲਿਫ ਸਾਹਿਬ ਨੇ ਸਰਕਾਰੀ ਨੌਕਰੀ ਛੱਡਕੇ ਆਪਣਾ ਸਾਰਾ ਸਮਾ ਗੁਰਮਤ ਸੰਬੰਧੀ ਗ੍ਰੰਥਾਂ ਦੇ ਅਭ੍ਯਾਸ ਵਿੱਚ ਖਰਚ ਕਰਨਾ ਆਰੰਭਿਆ ਅਰ ਡਾਕਟਰ ਟ੍ਰੰਪ (Dr. Trumpp) ਪਾਦਰੀ ਦਾ ਲਿਖਿਆ ਗੁਰਬਾਣੀ ਦਾ ਬਹੁਤ ਅਸ਼ੁੱਧ ਤਰਜੁਮਾ ਵੇਖਕੇ ਉਸ ਨੇ ਬਹੁਤ ਉੱਤਮ ਭਾਵ ਨਾਲ ਸਿੱਖਰੀਲੀਜਨ (The Sikh Religion) ਗ੍ਰੰਥ ਛੀ ਭਾਗਾਂ ਵਿੱਚ ਤਿਆਰ ਕੀਤਾ,[953] ਅਤੇ ਇਸ ਮਹਾਨ ਕਾਰਜ ਨੂੰ ਕਰਦਿਆਂ ਹੋਇਆਂ ਭਾਈ ਦਿੱਤ ਸਿੰਘ, ਭਾਈ ਹਜ਼ਾਰਾਸਿੰਘ, ਗ੍ਯਾਨੀ ਸਰਦੂਲਸਿੰਘ, ਭਾਈ ਸੰਤਸਿੰਘ ਆਦਿਕ ਸੱਜਨਾਂ ਤੋਂ ਸਮੇ ਸਮੇ ਸਿਰ ਸਹਾਇਤਾ ਲੈਂਦਾ ਰਿਹਾ, ਜਿਸ ਦਾ ਜਿਕਰ ਉਸ ਨੇ ਵਿਸ੍ਤਾਰ ਨਾਲ ਗ੍ਰੰਥ ਦੀ ਭੂਮਿਕਾ ਵਿੱਚ ਕੀਤਾ ਹੈ. ਮਕਾਲਿਫ ਸਾਹਿਬ ਦੇ ਦੇਹਾਂਤ ਪੁਰ ਜੋ ਸਿਵਲ ਮਿਲਟਰੀ ਗੈਜ਼ਟ ਨੇ ਨੋਟ ਲਿਖਿਆ ਹੈ, ਉਹ ਪੜ੍ਹਨ ਯੋਗ੍ਯ ਹੈ-[954]

---

ਮਕਾਲਿਫਸਾਹਿਬ ਨੇ ਕ੍ਰਿਤਗ੍ਯਤਾ ਪ੍ਰਗਟ ਕਰਨ ਲਈ ਇਸ ਆਪਣੇ ਗ੍ਰੰਥ ਦਾ ਕਾਪੀਰਾਈਟ (copy right) ਆਪਣੀ ਵਸੀਯਤ (Will) ਵਿੱਚ ਮੈਨੂੰ ਦੇ ਦਿੱਤਾ ਹੈ.

[954] The name of the late Mr. Max Arthur Macauliffe will always be associated with his monumental translation into English of the Granth Sahib, a work on which he was engaged for sixteen years. He

ਮਕੀਂ, ਮਕੀਨ: ਅ਼. مکین ਵਿ- ਮਕਾਨਵਾਲਾ. ਦੇਖੋ, ਮਕਾਂ.

ਮਕੁਨ: ਫ਼ਾ. مکن ਵਯ- ਨਾ ਕਰ. ਮਾਕੁਰੁ.

ਮਕੂਫ: ਦੇਖੋ, ਮੌਕੂਫ. "ਕਰੀ ਮਕੂਫ ਚਲਨ ਕੀ ਤਜਾਰੀ." (ਗੁਪ੍ਰਸੂ)

ਮਕੂਲਾ: ਅ਼. مقوٗلہ ਸੰਗਯਾ- ਕ਼ੌਲ (ਬਾਤ) ਦੀ ਰਚਨਾ. ਬਚਨ। ੨. ਕਹਾਉਤ.

ਮਕੋ, ਮਕੋਇ, ਮਕੋਯ: ਸੰ. ਕਾਕਮਾਚਿਕ. L. Solanum Nigrum. ਇੱਕ ਪੌਧਾ, ਜਿਸ ਨੂੰ ਅਨੇਕ ਰੋਗਾਂ ਵਿੱਚ ਵੈਦਯ ਵਰਤਦੇ ਹਨ. ਇਸ ਦੀ ਤਾਸੀਰ ਗਰਮਖ਼ੁਸ਼ਕ ਹੈ. ਖਾਸ ਕਰਕੇ ਸੋਜ ਦੇ ਦੂਰ ਕਰਨ ਲਈ ਇਸ ਦੀ ਟਕੋਰ ਅਤੇ ਲੇਪ ਗੁਣਕਾਰੀ ਹਨ. ਬਾਈ ਦੇ ਰੋਗਾਂ ਵਿੱਚ ਇਸ ਦੀ ਭੁਰਜੀ ਖਾਣੀ ਭੀ ਬਹੁਤ ਲਾਭਦਾਇਕ ਹੈ. ਇਸ ਦੇ ਪੱਕੇ ਬੀਜ ਸੁੱਜੇ ਥਾਂ ਤੇ ਲੇਪ ਕਰਨ ਤੋਂ ਆਰਾਮ ਹੁੰਦਾ ਹੈ.

ਮਕੋਰੜ: ਇੱਕ ਪਿੰਡ, ਜੋ ਪਟਿਆਲਾ ਨਜਾਮਤ, ਤਸੀਲ ਨਰਵਾਣਾ, ਥਾਣਾ ਮੂਣਕ ਵਿੱਚ ਰੇਲਵੇ ਸਟੇਸ਼ਨ ਟੋਹਾਨਾ ਤੋਂ ਪੂਰਵ ਤਿੰਨ ਮੀਲ ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਪਧਾਰੇ ਹਨ, ਪਰ ਪੰਥ ਦੀ ਅਨਗਹਿਲੀ ਕਰਕੇ ਗੁਰਦ੍ਵਾਰਾ ਨਹੀਂ ਬਣਿਆ.

ਮਕੋਲ: ਸੰ. ਮੱਕੋਲ. ਖੜੀਆ ਮਿੱਟੀ. (chalk)। ੨. ਸੇਲਖੜੀ. ਸੰਗਜਰਾ. ਸੰ. ਸ਼ੈਲਖਟਿਕਾ.

ਮਕੌਰਾ, ਮਕੌੜਾ: ਸੰਗਯਾ- ਮੋਟੇ ਸਿਰ ਵਾਲਾ ਕਾਲਾ ਕੀੜਾ. "ਮਨੋ ਮਕੌਰਨ ਲਾਗੇ ਪੰਖ." (ਗੁਪ੍ਰਸੂ) ਮਕੌੜੇ ਨੂੰ ਖੰਭ ਲੱਗਣ ਦਾ ਭਾਵ ਹੈ ਕਿ ਮੌਤ ਨੇੜੇ ਆਈ ਹੈ.

ਮੱਕੜ: ਵਿ- ਭੜੂਆ. ਲੁੱਚਾ. ਗੁੰਡਾ. "ਕੌਨ ਸੁ ਮੱਕੜ ਤਾਤ ਹਮਾਰੇ." (ਪ੍ਰਬੋਧਚੰਦ੍ਰੋਦਯ) ੨. ਵਡੀ ਮਕੜੀ. ਮਕੜੀ ਦਾ ਨਰ। ੩.

---

was thus an example of an Indian Civilian whose most important work was done after his retirement from the service. Mr. Macauliffe was appointed to the service at the examination of 1862 after an education at Newcastle school, Limerick, Springfield College, and Queen's College, Galway. He was posted to the Punjab, and arrived in the country in 1864. He reached the grade of Deputy Commissioner in 1882 and became a Divisional Judge two years later. During his service in the Punjab Mr. Macauliffe had devoted himself to the study of Sikhism and its literature, and published a series of articles on the subject in the Calcutta Review during 1880. The translation of the Granth Sahib which the India office had commissioned a missionary to udertake was acknowledged to be full of Imperfections, besides offending Sikh susceptibilities in many particulars, and Mr. Macauliffe therefore resolved to devote himself to the preparation of a new translation, a task which he was urged to undertake by representative Sikh societies. For this purpose he resigned the service in 1893. The work occupied him for the next sixteen years, and when completed its great value was acknowledged by many scholars and by the leaders of the Sikh community as well. The work was printed at the cost of the University of Oxford, but this only represented a small part of the translator's expenditure. He himself estimated that he had spent as much as two lakhs on the work. Some years ago the Punjab Goverment offered Mr. Macauliffe a grant of Rs. 5.000 in advance for certain copies of the translation, but the offer was declined. More recently the Punjab Government repeated its offer of Rs. 5000, but Mr. Macauliffe again declined to accept a sum which he regarded as utterly inadequate to his labours and the importance of his work. "its acceptance" he added "would not be of much material advantage to me, neither would it enhance my reputation in the eyes of the Sikhs or general public."

(The Civil and Military Gazette Lahore, March 19th, 1913)

ਦੇਖੋ, ਮਾਕੜ.

ਮੱਕਾ: ਅ਼. مکّہ ਮੱਕਹ਼ (Mecca. ) ਅ਼ਰਬ ਦਾ ਪ੍ਰਸਿੱਧ ਨਗਰ, ਜੋ ਮੁਹੰਮਦ ਸਾਹਿਬ ਦਾ ਜਨਮ ਅਸਥਾਨ ਹੈ, ਅਤੇ ਜਿਸ ਵਿੱਚ ਇਸਲਾਮ ਦਾ ਸਭ ਤੋਂ ਉੱਤਮ ਧਰਮ ਮੰਦਿਰ "ਕਾਬਾ" ਬੈ. ਇਹ ਜੱਦਹ ਬੰਦਰ (Port)[955] ਤੋਂ ਕ਼ਰੀਬ ਸੱਠ ਸੱਤਰ ਮੀਲ ਪਥਰੀਲੀ ਅਤੇ ਰੇਤਲੀ ਜ਼ਮੀਨ ਵਿੱਚ ਹੈ. ਸਿਵਾਹਿ ਹੱਜ ਆਏ ਯਾਤ੍ਰੀਆਂ ਦੇ ਇੱਥੇ ਹੋਰ ਕੋਈ ਰੌਣਕ ਦੀ ਗੱਲ ਨਹੀਂ ਹੈ. ਪਾਣੀ ਖੂਹਾਂ ਦਾ ਬਹੁਤ ਖਾਰਾ ਹੈ. ਛੀ ਸੱਤ ਮੀਲ ਤੋਂ ਪੀਣ ਲਾਇਕ ਪਾਣੀ ਆਉਂਦਾ ਹੈ. ਮੱਕੇ ਦਾ ਪਹਿਲਾ ਨਾਮ "ਬੱਕਾ" ਹੈ. ਮੱਕੇ ਪਾਸ ਜੋ ਖ਼ੁਸ਼ਕ ਪਹਾੜੀਆਂ ਹਨ, ਉਨ੍ਹਾਂ ਦੀ ਬਲੰਦੀ ੫੦੦ ਫੁਟ ਤੋਂ ਵੱਧ ਨਹੀਂ.

ਮਿਸ਼ਕਾਤ ਵਿੱਚ ਲਿਖਿਆ ਹੈ ਕਿ ਹਜਰਤ ਮੁਹੰਮਦ ਨੇ ਆਖਿਆ ਸੀ ਕਿ "ਮੱਕਾ ਆਦਮੀ ਨੇ ਨਹੀਂ, ਕਿੰਤੂ ਖ਼ੁਦਾ ਨੇ ਪਵਿਤ੍ਰ ਥਾਪਿਆ ਹੈ. ਮੇਰੀ ਉੱਤਮ ਇੱਥੇ ਹਮੇਸ਼ਾਂ ਰਕ੍ਸ਼ਿਤ ਰਹੇਗੀ ਅਰ ਇਸ ਨਗਰ ਦਾ ਸਨਮਾਨ ਕਰਨ ਨਾਲ ਅਗਲੀ ਦੁਨੀਆਂ ਵਿੱਚ ਭੀ ਸੁਖੀ ਹੋਵੇਗੀ." ਮੱਕੇ ਦਾ ਨਾਉਂ "ਉੱਮਲਕੁਰਾ اُمّ القریٰ" ਅਰਥਾਤ "ਨਗਰਾਂ ਦੀ ਮਾਂ" ਭੀ ਦੇਖਿਆ ਜਾਂਦਾ ਹੈ, ਦੇਖੋ, ਕਾਬਾ ਸ਼ਬਦ ਵਿੱਚ ਇਸ ਦਾ ਚਿਤ੍ਰ.

ਮੱਕਾਰ: ਅ਼. مکّار ਵਿ- ਮਕਰ (ਛਲ) ਕਰਨ ਵਾਲਾ. ਕਪਟੀ ਛਲੀਆ.

ਮੱਕਾਰੀ: ਫ਼ਾ. مکّاری ਸੰਗਯਾ- ਫਰੇਬ. ਛਲ. ਕਪਟ. ਮਕਰ ਦਾ ਭਾਵ.

ਮੱਕੀ: ਸਾਂਉਣੀ ਦੀ ਫਸਲ ਵਿੱਚ ਹੋਣ ਵਾਲਾ ਇੱਕ ਅੰਨ. Maize. ਮਕਈ। ੨. ਅ਼. مکّی ਮੱਕੇ ਦਾ ਮੱਕੇ ਸ਼ਹਰ ਨਾਲ ਹੈ ਜਿਸ ਦਾ ਸੰਬੰਧ.

ਮੱਕੇ ਦੀ ਗੋਸਟਿ, ਮੱਕੇ ਮਦੀਨੇ ਦੀ ਗੋਸਟਿ: ਇਹ ਗੋਸਟਿ, ਜਿਸ ਦਾ ਨਾਮ 'ਪਾਕਨਾਮਾ' ਭੀ ਹੈ, ਕਿਸੇ ਸਿੱਖ ਨੇ ਆਲਮ ਕਵੀ ਦੀ ਰਾਗਮਾਲਾ ਬਣਨ ਤੋਂ ਪਿੱਛੋਂ ਰਚੀ ਹੈ, ਕਿਉਂਕਿ ਇਸ ਵਿੱਚ ਹੋਰ ਸੰਗੀਤਾਂ ਨਾਲੋਂ ਭਿੰਨ, ਆਲਮ ਦੇ ਕ੍ਰਮ ਅਨੁਸਾਰ ਛੀ ਰਾਗ ਅਤੇ ਰਾਗਨੀਆਂ ਲਿਖੀਆਂ ਹਨ. ਇਸ ਦਾ ਕਰਤਾ ਇਸਲਾਮਮਤ ਦਾ ਭੀ ਕੁਝ ਗਜਾਤਾ ਪ੍ਰਤੀਤ ਹੁੰਦਾ ਹੈ, ਕਿਉਂਕਿ ਉਸ ਨੇ ਸ਼ੈਤਾਨ ਦਾ ਕੇਵਲ ਅਗਨਿ ਤੱਤ ਤੋਂ ਬਣਨਾ, ਫਰਿਸ਼ਤੇ ਦੀ ਤੁਰ੍ਹੀ ਸੁਣਕੇ ਕਬਰਾਂ ਵਿੱਚੋਂ ਮੁਰਦਿਆਂ ਦਾ ਉਠਣਾ, ਅਰ ਆਖ਼ਰੀ ਦਿਨ ਦਾ ਖ਼ੁਦਾਈ ਫੈਸਲਾ ਹੋਣਾ ਆਦਿਕ ਪ੍ਰਸੰਗ ਲਿਖੇ ਹਨ.

ਇਸ ਗ੍ਰੰਥ ਦੇ ਕਵਿ ਨੇ ਕਈ ਕਲਪਿਤ ਕਹਾਣੀਆਂ ਭੀ ਘੜੀਆਂ ਹਨ, ਜਿਵੇਂ- ਮੁਸਲਮਾਨ ਸੂਰ ਇਸ ਲਈ ਨਹੀਂ ਖਾਂਦੇ ਕਿ ਭਗਵਾਨ ਨੇ ਵਰਾਹ ਰੂਪ ਧਾਰਿਆ ਸੀ, ਮੱਕਾ ਸ਼ਿਵਲਿੰਗ ਮੰਦਿਰ ਹੈ, ਰਾਜਾ ਸਾਲਿਵਾਹਨ ਨੇ ਸਿਆਲਕੋਟ ਰਚਣ ਵੇਲੇ ਇੱਕ ਤੁਰਕ ਸਾਲਿਵਾਹਨ ਨੇ ਸਿਆਲਕੋਟ ਰਚਣ ਵੇਲੇ ਇੱਕ ਤੁਰ ਕਿੱਲੇ ਦੀ ਨਿਉਂ ਹੇਠ ਦਿੱਤਾ ਸੀ, ਇਸ ਕਰਕੇ ਭਾਰਤ ਪੁਰ ਮੁਸਲਮਾਨਾਂ ਨੇ ਹਮਲੇ ਕੀਤੇ ਆਦਿਕ.

ਇਸ ਦੀ ਰਚਨਾ ਸਤਿਗੁਰੂ ਨਾਨਕਦੇਵ ਦੀ ਬਾਣੀ ਨਾਲ ਨਹੀਂ ਮਿਲਦੀ.

ਮਕ੍ਸ਼: ਸੰ. ਸਕ੍ਸ਼. ਧਾ- ਬਟੋਰਨਾ (ਜਮਾਂ ਕਰਨਾ), ਕ੍ਰੋਧੀ ਹੋਣਾ, ਢਕਣਾ। ੨. ਸੰਗਯਾ- ਕ੍ਰੋਧ. ਗੁੱਸਾ। ੩. ਢੇਰ. ਅੰਬਾਰ। ੪. ਆਪਣੇ ਐਬ ਢਕਣ ਦੀ ਕ੍ਰਿਯਾ.

ਮਕ੍ਸ਼ਿਕਾ: ਮੱਖੀ. ਦੇਖੋ, ਮਖਿਕਾ.

ਮਖ: ਦੇਖੋ, ਮਖੀ ਅਤੇ ਮਖੁ। ੨. ਸੰ. ਯਗਯ. "ਕਹੂੰ ਅਸ੍ਵਮੇਧ ਮਖ ਕੋ ਬਖਾਨ." (ਅਕਾਲ) "ਮਖ ਕਰ ਜਜਹੁ ਬਿਸਨੁ ਗੁਨਖਾਨੀ." (ਨਾਪ੍ਰ) ੩. ਵਿ- ਪੂਜਾ ਯੋਗ੍ਯ। ੪. ਸੰ. ਮਸ਼ (ਮਸ਼੍) ਧਾ- ਮਾਰਨਾ, ਦੁੱਖ ਦੇਣਾ। ੫. ਸੰਗਯਾ- ਕ੍ਰੋਧ. "ਨਫ ਮੇ ਪ੍ਰਗਟਯੋ ਮਖ ਤੇ ਉਚਰਯੋ." (ਕ੍ਰਿਸਨਾਵ) ੬. ਸੰ. ਸਖ੍. ਧਾ- ਜਾਣਾ, ਹਰਕਤ ਕਰਨਾ.

---

[955] ਜੱਦਾ ਕਰਾਚੀ ਤੋਂ ੨੧੯੦ ਅਤੇ ਮੁੰਬਈ ਤੋਂ ੨੩੫੦ ਮੀਲ ਹੈ.

**ਮਖਸਦ:** ਮਨੋਰਥ ਦੇਖੋ, ਮਕਸਦ. "ਮਖਸਦ ਮੋਰ ਨ ਹਾਸਿਲ ਹੋਯਾ." (ਨਾਪ੍ਰ)

**ਮਖਸਾਲ, ਮਖਸਾਲਾ:** ਸੰਗਯਾ- ਮਖ (ਯਗਯ) ਦੀ ਸ਼ਾਲਾ. ਯਗਯ ਕਰਨ ਦਾ ਮਕਾਨ. "ਇੱਕ ਕੀਜੀਐ ਮਖਸਾਲ." (ਗਯਾਨ)

**ਮਖ਼ਸੂਸ:** ਅ਼. مخصُوص ਵਿ- ਖ਼ਾਸ ਕੀਤਾ ਹੋਇਆ ਵਿਸ਼ੇਸ਼.

**ਮਖਸੂਦ:** ਮਕ਼ਸੂਦ. ਮਨੋਰਥ. "ਦਾਸਨ ਕੇ ਪੂਰਤ ਮਖਸੂਦ." (ਗੁਪ੍ਰਸੂ) ਦੇਖੋ, ਮਕਸੂਦ.

**ਮਖਸੂਦਾਬਾਦ:** ਦੇਖੋ, ਮਕਸੂਦਾਬਾਦ.

**ਮਖਸੂਦੁ:** ਦੇਖੋ, ਮਕਸੂਦ. "ਸਿਦਕੁ ਕਰਿ ਸਿਜਦਾ, ਮਨੁ ਕਰਿ ਮਖਸੂਦੁ." (ਮਃ ੧. ਵਾਰ ਸ਼੍ਰੀ) "ਵਣਜ ਕਰਹੁ ਮਖਸੂਦੁ ਲੈਹੁ." (ਆਸਾ ਅਃ ਮਃ ੧)

**ਮਖਸੂਮ:** ਦੇਖੋ, ਮਕਸੂਮ.

**ਮਖਹਨ:** ਦੈਤ. ਰਾਖਸ, ਜੋ ਮਖ (ਯਗਯ) ਨਾਸ਼ ਕਰਦਾ ਹੈ.

**ਮਖ਼ਜ਼ਨ:** ਅ਼. مخزن ਸੰਗਯਾ ਖ਼ਜ਼ਨ (ਜਮਾਂ ਕਰਨ) ਦਾ ਭਾਵ. ਖ਼ਜ਼ਾਨਾ. ਭੰਡਾਰ. ਇਸੇ ਤੋਂ ਅੰਗ੍ਰੇਜ਼ੀ ਸ਼ਬਦ Magadine ਬਣਿਆ ਹੈ.

**ਮਖਟੂ:** ਵਿ- ਜੋ ਨਹੀਂ ਖਟਦਾ. ਨਾ- ਖੱਟੂ. ਨਕਾਰਾ. "ਮਖਟੂ ਹੋਇਕੈ ਕੰਨ ਪੜਾਏ." (ਮਃ ੧. ਵਾਰ ਸਾਰ)

**ਮਖਣੀ:** ਮੰਥਜ. ਮੱਖਣ. ਨੈਨੂ. ਨਵਨੀਤ.

**ਮਖਤੂਲ:** ਮਰਾ. ਸੰਗਯਾ- ਸਾਫ ਕੀਤਾ ਅਤੇ ਵੱਟਿਆ ਹੋਇਆ ਰੇਸ਼ਮ. ਸੰ. ਮਹਾਘੰਤੂਲ. "ਤੁਮ ਮਖਤੂਲ ਸੁਪੇਦ ਸਪੀਅਲ, ਹਮ ਬਪੁਰੇ ਜ਼ਸ ਕੀਰਾ." (ਆਸਾ ਰਵਿਦਾਸ) ਦੇਖੋ, ਸਪੀਅਲ.

**ਮਖ਼ਦੂਮ:** ਅ਼. مخدُوم ਵਿ- ਜੋ ਖ਼ਾਦਿਮ (ਸੇਵਕ) ਰਖਦਾ ਹੋਵੇ। ੨. ਜਿਸ ਦੀ ਖ਼ਿਦਮਤ ਕੀਤੀ ਜਾਵੇ, ਸ੍ਵਾਮੀ। ੩. ਕੁਰੈਸ਼ੀ ਸੈਯਦਾਂ ਦੀ ਇੱਕ ਉਪਾਧਿ (ਪਦਵੀ).

**ਮਖਦੂਮਸ਼ਾਹ ਸ਼ਮਸੁੱਦੀਨ:** ਦੇਖੋ, ਸ਼ਮਸ ਤਬਰੇਜ਼ ੧.

**ਮਖਦੂਮਪੁਰ:** ਜਿਲਾ ਮੁਲਤਾਨ, ਤਸੀਲ ਥਾਣਾ ਕਬੀਰਵਾਲਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਹੈ. ਇਸ ਪਿੰਡ ਤੋਂ ਪੌਣ ਮੀਲ ਦੱਖਣ ਪੂਰਵ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜਿਸ ਸਮੇ ਏਥੇ ਪਧਾਰੇ ਹਨ, ਤਦ ਪਿੰਡ ਦਾ ਨਾਮ "ਤੁਲੰਭਾ" ਅਥਵਾ "ਡਲੰਬਾ" ਸੀ. ਸੱਜਣ ਠਗ ਇਸੇ ਥਾਂ ਦਾ ਵਸਨੀਕ ਸੀ. ਦੇਖੋ, ਸੱਜਣ ਠਗ.

ਸ਼੍ਰੀ ਗੁਰੂ ਹਰਿਰਾਇ ਸਾਹਿਬ ਦਾ ਸਿੱਖ "ਭਾਈ ਜੋਧ" ਕਰਨੀ ਵਾਲਾ ਸਿੱਖ ਇਸੇ ਪਿੰਡ ਵਿੱਚ ਹੋਇਆ ਹੈ. ਉਸ ਨੇ ਸ਼੍ਰੀ ਗੁਰੂ ਸਾਹਿਬ ਦੀ ਆਗਯਾ ਨਾਲ ਇਲਾਕੇ ਵਿੱਚ ਬਹੁਤ ਧਰਮਪ੍ਰਚਾਰ ਕੀਤਾ. ਭਾਈ ਜੋਧ ਦੀ ਔਲਾਦ ਹੁਣ ਕਈ ਪਿੰਡਾਂ ਵਿੱਚ ਆਬਾਦ ਹੈ. ਅਤੇ ਉਸ ਨੇ ਸੰਮਤ ੧੯੭੦ ਵਿੱਚ ਸੁੰਦਰ ਗੁਰਦ੍ਵਾਰਾ ਬਣਵਾਇਆ ਹੈ. ਗੁਰਦ੍ਵਾਰੇ ਨਾਲ ਵੀਹ ਵਿੱਘੇ ਜ਼ਮੀਨ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ.

**ਮਖਨਪੁਰ:** ਯੂ. ਪੀ. ਵਿੱਚ ਕਾਨਪੁਰ ਦੇ ਇਲਾਕੇ ਇੱਕ ਨਗਰ.

**ਮਖਨੀ:** ਦੇਖੋ, ਮਖਣੀ.

**ਮਖ਼ਫ਼ੀ:** ਅ਼. مخفی ਵਿ- ਖ਼ਫ਼ੀ (ਗੁਪਤ ਹੋਣ) ਦਾ ਭਾਵ. ਗੁਪ੍ਤ. ਪੋਸ਼ੀਦਾ.

**ਮਖਮਲ:** ਸੰ. ਯਗਯ ਦੇ ਹਵਨਕੁੰਡ ਦੀ ਸੁਆਹ। ੨. ਅ਼. مخمل ਮਖ਼ਮਲ. ਸੰਗਯਾ- ਇੱਕ ਪ੍ਰਕਾਰ ਦਾ ਰੇਸ਼ਮੀ ਵਸਤ੍ਰ, ਜੋ ਬਹੁਤ

ਕੋਮਲ ਹੁੰਦਾ ਹੈ.

ਮਖ਼ਮੂਰ: ਅ਼. مخمور ਵਿ- ਖ਼ਮਰ (ਸ਼ਰਾਬ) ਦੇ ਨਸ਼ੇ ਵਿੱਚ ਮਸ੍ਤ. ਜਿਸ ਨੂੰ ਸ਼ਰਾਬ ਦਾ ਨਸ਼ਾ ਚੜ੍ਹਿਆ ਹੈ.

ਮਖ਼ਲੂਕ਼: ਅ਼. مخلوق ਸੰਗਯਾ- ਖ਼ਲਕ਼ (ਪੈਦਾ ਕੀਤੀ ਵਸ੍ਤੁ) ਸ੍ਰਿਸ਼੍ਟੀ. ਰਚਨਾ.

ਮਖ਼ਲੂਕਾਤ, ਮਖ਼ਲੂਕ਼ਾਤ: ਅ਼. مخلوقات ਮਖ਼ਲੂਕ਼ ਦਾ ਬਹੁਵਚਨ.

ਮਖ਼ਲੂਤ, ਮਖ਼ਲੂਤ਼: ਅ਼. مخلوط ਵਿ- ਜੋ ਖ਼ਲਤ਼ (ਮਿਲਣ) ਦਾ ਭਾਵ ਰਖਦਾ ਹੈ. ਮਿਲਿਆ ਹੋਇਆ. ਮਿਸ਼੍ਰਿਤ.

ਮਖਾਣਾ: ਮਾਕ੍ਸ਼ਿਕ- ਦਾਣਾ. ਸ਼ਹਿਦ ਵਿੱਚ ਗਲੇਫਿਆ ਦਾਣਾ। ੨. ਇਲਾਇਚੀ ਆਦਿ ਦਾ ਖੰਡ ਵਿੱਚ ਪਾਗਿਆ ਦਾਣਾ. ਮਖਾਣੇ ਦੇਵਮੰਦਿਰਾਂ ਵਿੱਚ ਅਰਪੇ ਜਾਂਦੇ ਹਨ ਅਤੇ ਲੋਕ ਆਪਣੇ ਘਰੀਂ ਮਖਾਣਿਆਂ ਦਾ ਪ੍ਰਸਾਦ ਲੈ ਜਾਂਦੇ ਹਨ.

ਮਖਿਆਲ: ਸੰ. ਮਾਕ੍ਸ਼ਿਕ. ਸੰਗਯਾ- ਸ਼ਹਿਦ. ਮਧੁ. ਮਖੀਰ। ੨. ਮਕ੍ਸ਼ਿਕਾ- ਆਲਯ. ਸ਼ਹਦ ਦੀਆਂ ਮੱਖੀਆਂ ਦਾ ਛੱਤਾ.

ਮਖਿਕਾ, ਮਖੀ: ਸੰ. ਮਕ੍ਸ਼ਿਕਾ. ਸੰਗਯਾ- ਮੱਖੀ. House- fly ਇੱਕ ਪਰਦਾਰ ਜੀਵ ਜਿਸ ਦੇ ਛੀ ਪੈਰ ਹੁੰਦੇ ਹਨ. ਇਹ ਕੂੜੇ ਅਤੇ ਮੈਲੇ ਅਸਥਾਨਾਂ ਵਿੱਚ ਆਂਡੇ ਦਿੰਦੀ ਹੈ, ਜਿਨ੍ਹਾਂ ਤੋਂ ੧੦- ੧੨ ਦਿਨਾਂ ਅੰਦਰ ਬੱਚੇ ਜੁਆਨ ਹੋ ਜਾਂਦੇ ਹਨ. ਛੂਤ ਦੀਆਂ ਬਹੁਤ ਬੀਮਾਰੀਆਂ ਇਸੇ ਤੋਂ ਫੈਲਦੀਆਂ ਹਨ, ਕਿਉਂਕਿ ਇਹ ਆਪਣੇ ਸ਼ਰੀਰ ਨਾਲ ਰੋਗ ਦੀ ਲਾਗ ਦੂਜੇ ਥਾਂ ਲਾ ਦਿੰਦੀ ਹੈ. "ਮਖਿਕਾ ਅਨਿਕ ਭ੍ਰਮਤ ਚਹੁ ਘਾਈਂ." (ਗੁਪ੍ਰਸੂ) "ਮਖੀ ਮਿਠੈ ਮਰਣਾ." (ਮਃ ੧. ਵਾਰ ਮਲਾ) ੨. ਸ਼ਹਿਦ ਦੀ ਮੱਖੀ, ਜੋ ਮਧੁ ਇਕੱਠਾ ਕਰਦੀ ਹੈ. Bee ਦੇਖੋ, ਮਕ੍ਸ਼ ਧਾ। ੩. ਦੇਖੋ, ਮੱਖੀ ੨.

ਮਖੀਰ: ਸੰਗਯਾ- ਮੱਖੀਆਂ ਦ੍ਵਾਰਾ ਈਰ (ਜਮਾਂ) ਕੀਤਾ ਹੋਇਆ, ਸ਼ਹਿਦ. ਮਾਕ੍ਸ਼ਿਕ. ਮਧੁ. "ਸਤਿਸੰਗਤਿ ਮਿਲਿਰਹੀਐ ਮਾਧਉ, ਜੈਸੇ ਮਧੁਪ ਮਖੀਰਾ." (ਆਸਾ ਰਵਿਦਾਸ)

ਮਖੁ: ਕ੍ਰਿ. ਵਿ- ਸਗੋਂ. ਬਲਕਿ। ੨. ਸੰ. ਮਕ੍ਸ਼ ਅਤੇ ਮਕ੍ਸ਼ਿਕਾ. ਸੰਗਯਾ- "ਮਿਠੈ ਮਖੁ ਮੁਆ ਕਿਉ ਲਏ ਉਡਾਰੀ?" (ਆਸਾ ਛੰਤ ਮਃ ੫) ੩. ਦੇਖੋ, ਮਖ। ੪. ਮੈ ਆਖਦਾ ਹਾਂ ਦਾ ਸੰਖੇਪ.

ਮਖੁਦ: ਫ਼ਾ. مخیده ਮਖ਼ੀਦਹ. ਵਿ- ਡੋਲਿਆ ਹੋਇਆ। ੨. ਆਗਯਾ ਵਿਰੁੱਧ ਚੱਲਣ ਵਾਲਾ. ਇਸ ਦਾ ਮੂਲ ਮਖ਼ੀਦਨ ਹੈ. "ਨੀਚ ਬਾਲ ਜ੍ਵਾਨੀ ਤੁਰਕ ਸੰਕਰ ਆਸ ਮਖੁਦ." (ਗੁਪ੍ਰਸੂ)

ਮਖੇਸ: ਸੰ. ਮਖ- ਈਸ਼ ਯਗ੍ਯ ਦਾ ਸ੍ਵਾਮੀ ਵਿਸ਼ਨੁ.

ਮਖੇਰਨਾ: ਸੰਗਯਾ- ਮੱਖੀ (ਮਕ੍ਸ਼ਿਕਾ) ਨੂੰ ਵਰਜਣ ਵਾਲਾ ਇੱਕ ਜਾਲ, ਜੋ ਘੋੜਿਆਂ ਦੀਆਂ ਅੱਖਾਂ ਪੁਰ ਬੰਨ੍ਹਿਆ ਜਾਂਦਾ ਹੈ.

ਮਖੌਲ, ਮਖੌਲੀਆ: ਸੰਗਯਾ- ਹਾਸੀ- ਠੱਠਾ. ਹਾਸੀ ਕਰਨ ਵਾਲਾ ਇਸ ਦਾ ਮੂਲ ਸੰਸਕ੍ਰਿਤ ਮਖ- ਸਯੁ ਹੈ, ਜਿਸ ਦਾ ਅਰਥ ਹੈ ਖ਼ੁਸ਼ ਅਤੇ ਜ਼ਿੰਦਹਦਿਲ.

ਮੱਖਣ, ਮੱਖਨ: ਸੰ. ਮ੍ਰਿਕ੍ਸ਼ਣ ਅਤੇ ਮੰਥਜ. ਫ਼ਾ. مسکہ ਮਸਕਹ. ਵਿ- ਸੰਗਯਾ- ਮਥਨ (ਰਿੜਕਨ) ਤੋਂ ਪੈਦਾ ਹੋਇਆ ਪਦਾਰਥ. ਨਵਨੀਤ. ਨੈਨੂ. ਮਾਖਨ.

ਮੱਖਨਸ਼ਾਹ: ਜਿਲਾ ਜੇਹਲਮ ਦੇ ਟਾਂਡਾ ਪਿੰਡ ਦਾ ਵਸਨੀਕ ਇਹ ਲੁਬਾਣਾ ਵਪਾਰੀ ਸਿੱਖ ਸੀ. ਅੱਠਵੇਂ ਸਤਿਗੁਰੂ ਦੇ ਜੋਤੀਜੋਤਿ ਸਮਾਉਣ ਪਿੱਛੋਂ ਬਕਾਲੇ ਵਿੱਚ ਅਨੇਕ ਦੰਭੀ ਆਪਣੇ ਆਪ ਨੂੰ ਗੁਰੂ ਸਿੱਧ ਕਰਨ ਲਈ ਗੱਦੀਆਂ ਲਾ ਬੈਠੇ ਸਨ. ਇਸ ਨੇ ਵਾਸਤਵ ਗੁਰੂ ਦੇ ਗੁਣ ਵੇਖਕੇ ਚੇਤ ਸੰਮਤ ੧੭੨੨ ਵਿੱਚ ਸੰਗਤਿ ਨੂੰ ਦੱਸਿਆ ਕਿ ਸਤਿਗੁਰੂ ਤੇਗਬਹਾਦੁਰ ਸ਼੍ਰੀ ਗੁਰੂ ਨਾਨਕ ਦੇਵ ਦੇ ਸਿੰਘਾਸਨ ਦੇ ਵਾਰਿਸ ਹਨ, ਜਿਨ੍ਹਾਂ ਨੂੰ ਗੁਰੂ ਹਰਿਕ੍ਰਿਸਨ ਜੀ ਨੇ "ਬਾਬਾ ਬਕਾਲਾ" ਆਖਿਆ ਹੈ.

ਮੱਖਨਸਿੰਘ: ਭਾਈ ਮੱਖਨਸਿੰਘ ਜੀ ਹਰਿਮੰਦਿਰ ਦੇ ਪ੍ਰਸਿੱਧ ਗ੍ਰੰਥੀ ਹੋਏ ਹਨ. ਇਨ੍ਹਾਂ ਦੇ ਹੀ ਯਤਨ ਨਾਲ ਸਰ ਹੈਨਰੀ ਲਾਰੈਂਸ

(Sir H. Lawrence) ਰੈਜ਼ੀਡੰਟ ਲਹੌਰ ਨੇ ਅਮ੍ਰਿਤਸਰ ਦਰਬਾਰਸਾਹਿਬ ਅਤੇ ਹੋਰ ਗੁਰਦ੍ਵਾਰਿਆਂ ਦੇ ਅਦਬ ਰੱਖਣ ਦਾ ਹੁਕਮ, ੨੪ ਮਾਰਚ ਸਨ ੧੮੪੭ ਨੂੰ ਜਾਰੀ ਕੀਤਾ ਸੀ.[956] ਭਾਈ ਮੱਖਨਸਿੰਘ ਜੀ ਦਾ ਦੇਹਾਂਤ ਸਨ ੧੮੬੩ ਵਿੱਚ ਹੋਇਆ.

ਮੱਖੀ: ਮਕ੍ਸ਼ਿਕਾ. ਦੇਖੋ, ਮੁਖੀ। ੨. ਬੰਦੂਕ ਦੀ ਮੱਖੀ (foresight), ਜਿਸ ਦੇ ਆਧਾਰ ਸ਼ਿਸਤ ਲਈ ਜਾਂਦੀ ਹੈ.

ਮੱਖੀਚੂਸ: ਘੀ ਆਦਿ ਵਿੱਚ ਪਈ ਮੱਖੀ ਨੂੰ ਸਿੱਟਣ ਤੋਂ ਪਹਿਲਾਂ ਚੂਸਲੈਣ ਵਾਲਾ, ਤਾਕਿ ਥੋੜਾ ਜੇਹਾ ਪਦਾਰਥ ਭੀ ਮੱਖੀ ਦੇ ਨਾਲ ਲੱਗਾ ਨਾ ਰਹੇ. ਭਾਵ- ਮਹਾਨ ਕ੍ਰਿਪਣ. ਕੰਜੂਸ.

ਮਗ: ਸੰ. ਮਾਰ੍‍ਗ. ਸੰਗ੍ਯਾ- ਰਸਤਾ. ਰਾਹ. ਪਥ। ੨. ਸੰ. ਮਗ੍ਨ. ਵਿ- ਡੁੱਬਿਆ ਹੋਇਆ. "ਦੇਖਿ ਰੂਪ ਅਤਿ ਅਨੂਪ ਮੋਹ ਮਹਾ ਮਗ ਭਈ." (ਸਵੈਯੇ ਮਃ ੪. ਕੇ) ੩. ਮਕਰ (ਨਿਹੰਗ). ਮਗਰਮੱਛ. "ਮਗ ਮਾਨਹੁ ਨਾਗ ਬਡੇ ਤਿਹ ਮੇ." (ਕ੍ਰਿਸਨਾਵ) ਸੈਨਾਰੂਪ ਨਦੀ ਵਿੱਚ ਨਾਗ (ਹਾਥੀ) ਮਾਨੋ ਮਗਰਮੱਛ ਹਨ। ੪. ਦੇਖੋ, ਭੋਜਕੀ.

ਮਗਉ: ਮਾਂਗਉਂ. ਮੰਗਦਾ ਹਾਂ. "ਗਊ ਭੈਸ ਮਗਉ ਲਾਵੇਰੀ." (ਧਨਾ ਧੰਨਾ)

ਮਗਸ: ਫ਼ਾ. مگس ਸੰਗ੍ਯਾ- ਮੱਖੀ ਲੈਟਿਨ musca.

ਮਗਹ, ਮਗਹਰ: ਯੂ. ਪੀ. ਵਿੱਚ ਬਸਤੀ ਜ਼ਿਲੇ ਦੀ ਖ਼ਲੀਲਾ- ਬਾਦ ਤਸੀਲ ਦਾ ਇੱਕ ਨਗਰ ਅਤੇ ਉਸ ਦੇ ਆਸਪਾਸ ਦੀ ਜਮੀਨ, ਜੋ ਗੰਗਾ ਤੋਂ ਪਾਰ ਅਯੋਧ੍ਯਾ ਤੋਂ ਪਚਾਸੀ ਮੀਲ ਪੂਰਵ ਹੈ. ਹਿੰਦੂਆਂ ਦੇ ਨਿਸ਼ਚੇ ਅਨੁਸਾਰ ਇੱਥੇ ਮਰਕੇ ਗਧਾਯੋਨਿ ਮਿਲਦੀ ਹੈ. ਕਬੀਰ ਜੀ ਨੇ ਇੱਥੇ ਸੰਮਤ ੧੫੭੫ (ਸਨ ੧੫੧੮) ਵਿੱਚ ਸ਼ਰੀਰ ਤਿਆਗਿਆ. "ਕਾਸੀ ਮਗਹਰ ਸਮ ਬੀਚਾਰੀ." (ਗਉ ਕਬੀਰ) ਸਨ ੧੫੫੦ ਵਿੱਚ ਪ੍ਰੇਮੀ ਲੋਕਾਂ ਨੇ ਇੱਥੇ ਕਬੀਰ ਜੀ ਦੀ ਸਮਾਧ ਬਣਾ ਦਿੱਤੀ ਹੈ.

ਮਗਹਾ: ਸੰਗ੍ਯਾ- ਮਾਰ੍‍ਗ ਵਿੱਚ ਮਾਰਨ. ਵਾਲਾ, ਡਾਕੂ. ਰਾਹ ਖੋਹਣ ਵਾਲਾ. ਵਾਟਪਾਰ. ਧਾੜਵੀ. "ਮਗਹਾ ਪਥਹਾ ਪੈਡਹਾ ਧਨਹਾ ਦੂਬਹਾ ਸੋਇ." (ਸਨਾਮਾ)

ਮਗਹਾਅਸਤ੍ਰ: ਡਾਕੂ (ਧਾੜਵੀ) ਦਾ ਸ਼ਸਤ੍ਰ ਫਾਹੀ. ਪਾਸ਼. (ਸਨਾਮਾ) ਦੇਖੋ, ਮਗਹਾ.

ਮਗ਼ਜ਼: ਫ਼ਾ. مغز ਸੰਗ੍ਯਾ- ਭੇਜਾ. ਦਿਮਾਗ. ਗੂਦਾ, ਜੋ ਅਕਲ ਦਾ ਅਸਥਾਨ ਹੈ। ੨. ਗਿਰੂ। ੩. ਸਿੱਧਾਂਤ. ਸਾਰ. "ਸਭ ਕੋ ਸਮਝੋਂ ਮਗਜ ਬਲੰਦ." (ਗੁਪ੍ਰਸੂ)

ਮਗਜੀ: ਸੰਗ੍ਯਾ- ਵਸਤ੍ਰ ਦੇ ਕਿਨਾਰੇ ਲਾਈ ਕੰਨੀ. ਗੋਟ. ਗੋਠ.

ਮਗਣ: ਸੰਗ੍ਯਾ- ਵਰਣਿਕ ਗਣ, ਜਿਸ ਦਾ ਰੂਪ ਹੈ ਸਰਵ ਗੁਰੁ, SSS ਦੇਖੋ, ਗੁਣ ੭.

---

[956] The Priests of Amritsar having complained of annovances, this is to make known to all concerned, that by order of the Governor General. British subjects are forbidden to enter the Temple (caled the Durbar) or its precincts at Amritsar nor are the Seikhs to be molested, or, in any way to be interfered with. Shoes are to be taken off at the Bhoonga at the corner of the Tank and no person is to walk round the Tank with his shoes on.

LAHORE — H.M.Lawrence
March 24th 1847 — Resident

ਇਸ ਦਾ ਅਨੁਵਾਦ ਹੈ

ਅਮ੍ਰਿਤਸਰ ਦੇ ਪੁਜਾਰੀਆਂ ਦੀ ਸ਼ਕਾਯਤ ਪੁਰ, ਗਵਰਨਰ ਜਨਰਲ ਦੇ ਹੁਕਮ ਅਨੁਸਾਰ ਸਭ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਦਰਬਾਰ ਅਮ੍ਰਿਤਸਰ ਅਤੇ ਹੋਰ ਗੁਰਦ੍ਵਾਰਿਆਂ ਵਿੱਚ ਕੋਈ ਜੁੱਤੀ ਪਹਿਨੇ ਹੋਏ ਨਾ ਜਾਵੇ. ਪਰਕੰਮਿਆਂ ਵਿੱਚ ਜਾਣ ਤੋਂ ਪਹਿਲਾਂ ਤਾਲ ਦੇ ਕਿਨਾਰੇ ਦੇ ਬੁੰਗੇ ਜੋੜੇ ਉਤਾਰ ਦਿੱਤੇ ਜਾਣ. ਅੰਮ੍ਰਿਤਸਰ ਗਊ ਹਤ੍ਯਾ ਨਾ ਹੋਵੇ ਅਤੇ ਨਾ ਸਿੱਖਾਂ ਨੂੰ ਕਿਸੇ ਤਰਾਂ ਦੁਖਾਇਆ ਜਾਵੇ ਅਰ ਨਾ ਉਨ੍ਹਾਂ ਦੇ ਮੁਆਮਲਿਆਂ ਵਿੱਚ ਕੋਈ ਮਦਾਖ਼ਲਤ ਕੀਤੀ ਜਾਵੇ.

ਮਗਧ: ਸੰ. ਸੰਗਜਾ- ਦੱਖਣੀ ਬਿਹਾਰ, ਜਿਸ ਵਿੱਚ ਪਟਨਾ ਅਤੇ ਗਯਾ ਦਾ ਇਲਾਕਾ ਹੈ, ਰਿਗਵੇਦ ਵਿੱਚ ਇਸ ਦਾ ਨਾਮ ਕੀਕਟ ਭੀ ਹੈ. ਇਸ ਦੀ ਪੁਰਾਣੀ ਰਾਜਧਾਨੀ "ਗਿਰਿਵ੍ਰਜ" ਸੀ.

ਮਗਧੇਸ਼, ਮਗਧੇਸ਼੍ਵਰ: ਮਗਧ ਦਾ ਸ੍ਵਾਮੀ ਜਰਾਸੰਧ। ੨. ਮਗਧ ਦੇਸ਼ ਦਾ ਰਾਜਾ.

ਮਗਨ: ਮਾਂਗਨਾ. ਮੰਗਣਾ. "ਠਾਕੁਰ ਲੇਖਾ ਮਗਨਹਾਰੁ." (ਬਸੰ ਰਵਿਦਾਸ) ੨. ਸੰ. ਮਗ੍ਨ. ਵਿ- ਡੁੱਬਿਆ. "ਮਗਨ ਰਹਿਓ ਮਾਇਆ ਮੈ ਨਿਸ ਦਿਨਿ." (ਟੋਡੀ ਮਃ ੯) ੩. ਪ੍ਰਸੰਨ. ਆਨੰਦਿਤ. ਖ਼ੁਸ਼। ੪. ਦੇਖੋ, ਮਗਣ.

ਮਗਨਹਾਰੁ: ਵਿ- ਮੰਗਣ ਵਾਲਾ, ਦੇਖੋ, ਮਗਨ ੧.

ਮਗਨੇਰੈ: ਮਗਨ ਹੋ ਰਿਹਾ ਹੈ. "ਮੋਹ ਮਗਨੇਰੈ." (ਕਾਨ ਮਃ ੫)

ਮਗਨੈ: ਮਗ੍ਨ ਕਰੈ. ਡੁਬਾਵੈ. ਡੋਬੇ. "ਅਗਨਿ ਨ ਦਹੈ, ਪਵਨੁ ਨਹੀ ਮਗਨੈ." (ਗਉ ਕਬੀਰ) ਪਵਨ (ਜਲ) ਨਹੀਂ ਮਗਨੈ (ਡੁਬਾਵੈ). ਦੇਖੋ, ਪਵਨ ੩.

ਮਗਰ: ਸੰਗਜਾ- ਪਿਛਵਾੜਾ. ਪਿਛਲਾ ਪਾਸਾ। ੨. ਪਿੱਠ. ਪੀਠ। ੩. ਸੰਬੰਧਕੀ ਪਦ preposition ਜਿਵੇਂ ਉਸ ਦੇ ਮਗਰ ਲੱਗਾ ਹੈ। ੪. ਮਕਰ. ਮਗਰਮੱਛ। ੫. ਫ਼ਾ. مگر ਵਯ- ਪਰੰਤੁ. ਲੇਕਿਨ. ਪਰ. "ਮਗਰ ਪਾਛੇ ਕਛੁ ਨ ਸੂਝੈ." (ਧਨਾ ਮਃ ੧)

ਮਗਰਧਰ: ਡਿੰਗ. ਮਗਰਮੱਛ ਧਾਰਨ ਵਾਲਾ ਸਮੁੰਦਰ.

ਮਗਰਬ: ਅ਼. مغرب ਮਗ਼ਰਿਬ. ਸੰਗਜਾ- ਸੂਰਜ ਦੇ ਗ਼ਰੂਬ ਹੋਣ (ਛਿਪਣ) ਦੀ ਦਿਸ਼ਾ. ਪਸ਼੍ਚਿਮ. ਪੱਛੋਂ. ਦੇਖੋ, ਦਿਸਾ.

ਮਗ਼ਰਬੀ: ਅ਼. مغربی ਵਿ- ਮਗ਼ਰਬ (ਪੱਛਮ) ਨਾਲ ਹੈ ਜਿਸ ਦਾ ਸੰਬੰਧ. ਪੱਛਮੀ। ੨. ਸੰਗਜਾ- ਇੱਕ ਪ੍ਰਕਾਰ ਦੀ ਤਲਵਾਰ, ਜੋ ਈਰਾਨ ਵਿੱਚ ਤਿਆਰ ਹੁੰਦੀ ਸੀ. "ਮਗਰਬੀ ਤੁਹੀ ਹੈਂ" (ਚਰਿ ੧) ੩. ਅਸ਼ਰਫ਼ੀ. ਮੁਹਰ.

ਮਗਰੀ: ਸੰਗਜਾ- ਮਗਰ (ਪਿੱਠ) ਪਿੱਛੇ ਲਾਈ ਡੱਗੀ (ਗਠੜੀ) "ਕਿਨ ਝੋਲੀ ਕਿਨ ਮਗਰੀ ਭਰੀ." (ਪ੍ਰਾਪੰਪ੍ਰ) ੨. ਡਿੰਗ. ਪਹਾੜ. ਗਿਰਿ.

ਮਗ਼ਰੂਰ: ਅ਼. مغرور ਵਿ- ਗ਼ਰੂਰ (ਹੰਕਾਰ) ਕਰਨ ਵਾਲਾ. ਘਮੰਡੀ. ਅਭਿਮਾਨੀ.

ਮਗਰੂਰੀ: ਸੰਗਜਾ- ਅਭਿਮਾਨ. ਘਮੰਡ। ੨. ਵਿ- ਮਗ਼ਰੂਰ. ਅਹੰਕਾਰੀ.

ਮਗਰੋਂ: ਕ੍ਰਿ ਵਿ- ਪਿੱਛੋਂ. ਬਾਦ.

ਮਗ਼ਲੂਬ: ਅ਼. مغلوب ਵਿ- ਜਿਸ ਪੁਰ ਗ਼ਲਬਾ (ਪ੍ਰਬਲਤਾ) ਹੋ ਗਈ ਹੈ. ਜੋ ਜਿੱਤਿਆ ਗਿਆ ਹੈ. ਪਰਾਜਿਤ.

ਮਗੜਸ: ਸੰਗਜਾ- ਮੰਡਾਸਾ. ਵਡਾ ਅਤੇ ਲਟਪਟਾ ਬੰਨ੍ਹਿਆ ਹੋਇਆ ਸਰਬੰਦ. "ਡਾਰੇ ਦਸਤਾਰੇ, ਧਾਰੇ ਮਗੜਸ ਭਾਰੇ ਕਾਹੂੰ." (ਪੰਪ੍ਰ)

ਮਗਿ: ਮਾਰ੍ਗ ਮੇਂ. "ਮਨਮੁਖ ਜਮ ਮਗਿ ਪਾਈਅਨਿ." (ਮਃ ੩. ਵਾਰ ਗੂਜ ੧)

ਮਗੁ: ਸੰਗਜਾ- ਮਾਰਗ. ਰਸਤਾ. ਰਾਹ. "ਪ੍ਰਗਟੁ ਮਗੁ ਦਿਖਾਇਆ." (ਆਸਾ ਛੰਤ ਮਃ ੫) ੨. ਦੇਖੋ, ਮਗ.

ਮਗੋਲ: ਤੁ. مغول- منگل ਮੁਗਲ ਅਥਵਾ ਮਗ਼ੋਲ. ਸੰਗਜਾ- ਤੂਰਾਨ ਦੀ ਰਹਿਣ ਵਾਲੀ ਇੱਕ ਪ੍ਰਸਿੱਧ ਜਾਤਿ (Mangol) ਜਿਸ ਵਿੱਚ ਬਾਬਰ ਪ੍ਰਸਿੱਧ ਹੋਇਆ ਹੈ, ਜਿਸ ਨੇ ਭਾਰਤ ਵਿੱਚ ਮੁਗਲਰਾਜ ਕ਼ਾਇਮ ਕੀਤਾ. "ਦ੍ਵਾਰਿਕਾ ਨਗਰੀ ਕਾਹੇਕੇ ਮਗੋਲ?" (ਤਿਲੰ ਨਾਮਦੇਵ) ਦੇਖੋ, ਮੁਗਲਰਾਜ.

ਮੱਗ: ਮਾਰ੍ਗ. ਰਾਹ.

**ਮਘ:** ਸੰਗਯਾ- ਮਘਪਿੱਪਲੀ. ਸੰ. ਮਗਧਜਾ. ਦੇਖੋ, ਮਘਪਿੱਪਲੀ। ੨. ਮਗਧ ਦੇਸ਼. ਦੇਖੋ, ਪਤਵਾਮਘ ਅਤੇ ਮਘਪਾਲ। ੩. ਮੇਘ (ਬੱਦਲ) ਦਾ ਸੰਖੇਪ (ਸਨਾਮਾ) ਦੇਖੋ, ਮਘਜਾ। ੪. ਸੰ. ਇਨਾਮ ਬਖ਼ਸ਼ਿਸ਼। ੫. ਧਨ ਦੌਲਤ। ੬. ਦੇਖੋ, ਮੱਘ.

**ਮਘਜਾ:** ਸੰਗਯਾ- ਮੇਘਜ. ਮੇਘ ਤੋਂ ਪੈਦਾ ਹੋਇਆ ਜਲ. (ਸਨਾਮਾ)

**ਮਘਜਾ ਧਰ:** ਸੰਗਯਾ- ਮੇਘਜ (ਜਲ) ਧਾਰਨ ਵਾਲਾ ਸਮੁੰਦਰ। ੨. ਤਾਲ. (ਸਨਾਮਾ)

**ਮਘਨਾਥ, ਮਘਪਾਲ:** ਮਗਧਦੇਸ਼ ਦਾ ਸ੍ਵਾਮੀ, ਜਰਾਸੰਧ. "ਮਘਨਾਥ ਕੋ ਜਾਹਿ ਤੇ ਤੇਜ ਅਥਯੋ." (ਗੁਪ੍ਰਸੂ) "ਰਾਮ ਮਘਪਾਲ ਪਰ ਜੈਸੇ ਸਾਵਧਾਨ ਹੈ." (ਨਾਪ੍ਰ) ਜਿੱਕੁਰ ਬਲਰਾਮ ਜਰਾਸੰਧ ਦੇ ਵਿਨਾਸ਼ ਲਈ ਸਾਵਧਾਨ ਹੈ.

**ਮਘਪਿੱਪਲੀ:** ਸੰ. ਮਗਧਜਾ. Piper longum. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਬਾਈ ਦੇ ਰੋਗਾਂ ਵਿੱਚ ਇਸ ਦਾ ਵਰਤਣਾ ਗੁਣਕਾਰੀ ਹੈ. ਇਹ ਕਾਲੀ ਮਿਰਚ ਜੇਹੀ ਚਰਪਰੀ ਹੁੰਦੀ ਹੈ.

**ਮਘਰ:** ਸੰ. ਮਾਰ੍ਗਸ਼ਿਰ. ਸੰਗਯਾ- ਮ੍ਰਿਗਸ਼ਿਰ ਨਕ੍ਸ਼ਤ੍ਰ ਸਹਿਤ ਹੋਵੇ ਜਿਸ ਮਹੀਨੇ ਦੀ ਪੂਰਨਮਾਸੀ. ਹਿਮ ਰੁੱਤ ਦਾ ਪਹਿਲਾ ਮਹੀਨਾ.

**ਮਘਵ, ਮਘਵਤ੍, ਮਘਵਨ੍, ਮਘਵਾ:** (ਦੇਖੋ, ਮੰਹ੍ ਧਾ) ਸੰ. ਮਘਵਤ ਅਤੇ ਮਘਵਨ੍. ਸੰਗਯਾ- ਪੂਜਣ ਯੋਗ੍ਯ, ਇੰਦ੍ਰ. ਸੁਰਪਤਿ। ੨. ਵਿ- ਉਦਾਰਾਤਮਾ. ਬਖਸ਼ਿਸ਼ ਕਰਨ ਵਾਲਾ।

**ਮਘਵਾਜਿਤ:** ਇੰਦ੍ਰਜਿਤ੍ ਰਾਵਣ ਦਾ ਪੁਤ੍ਰ ਮੇਘਨਾਦ.

**ਮਘਾ:** ਸੰਗਯਾ- ਮਘਪਿੱਪਲੀ। ੨. ਮਗਹਰਭੂਮਿ ਦੇਖੋ, ਮਗਹਰ। ੩. ਸੰ. ਅਸ਼੍ਵਿਨੀ ਤੋਂ ਦਸਵਾਂ ਨਕ੍ਸ਼ਤ੍ਰ.

**ਮਘਿਆਨਾ ਕਲਾਂ:** ਜਿਲਾ ਅਤੇ ਤਸੀਲ ਲਹੌਰ ਦਾ ਇੱਕ ਨਗਰ, ਇੱਥੇ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਪਵਿਤ੍ਰ ਅਸਥਾਨ "ਦਾਤਨ ਸਾਹਿਬ" ਨਾਉਂ ਤੋਂ ਪ੍ਰਸਿੱਧ ਹੈ.

**ਮਘੇਸੁਰ:** ਮਗਧ ਈਸ਼੍ਵਰ, ਜਰਾਸੰਧ. "ਰਾਮ ਮਘੇਸੁਰ ਦਲ ਹਨਡਾਰਾ." (ਗੁਪ੍ਰਸੂ) ਬਲਰਾਮ ਨੇ ਜਰਾਸੰਧ ਦਾ ਲਸ਼ਕਰ ਮਾਰ ਸੁੱਟਿਆ.

**ਮਘੇਲਾ:** ਰਾਜਪੂਤ ਜਾਤਿ. "ਮਰਹਟੇ ਮਘੇਲੇ ਤੇਰੀ ਮਨ ਸੋਂ ਤਪਸ੍ਯਾ ਕਰੈਂ." (ਅਕਾਲ) "ਮਘੇਲੇ ਧੱਧੇਲੇ ਬੁੰਦੇਲੇ ਚਦੇਲੇ। ਕਛ੍ਵਾਹੇ ਰਠੌਰੇ ਬਘੇਲੇ ਖੱਡੇਲੇ." (ਚਰਿਤ੍ਰ ੩੨੦) ੨. ਮਗਧ ਦੇਸ਼ ਦਾ ਵਸਨੀਕ. ਦੇਖੋ, ਮਾਘ ੩.

**ਮੱਘ:** ਸੰਗਯਾ- ਜੰਗਲੀ ਬੱਤਖ. ਕ਼ਾਜ਼ Goose। ੨. ਤੰ ਉੱਪਰ ਹਵਾ ਲਈ ਰੱਖਿਆ ਮੋਘਾ.

**ਮੱਘਰ:** ਦੇਖੋ, ਮਘਰ.

**ਮੱਘਾ:** ਛੋਟਾ ਘੜਾ (ਕਲਸ਼).

**ਮਚ:** ਸੰ. ਮਚ੍. ਧਾ- ਅੰਹਕਾਰ ਕਰਨਾ, ਦੁਰਾਚਾਰੀ ਹੋਣਾ, ਬੋਲਣਾ, ਪੀਹਣਾ। ੨. ਸੰਗਯਾ- ਅਸਰ, ਤਾਸੀਰ। ੩. ਸ਼ਕਤਿ. ਬਲ। ੪. ਸੰ. ਮੰਚ. ਮੰਜਾ. ਪਲੰਘ. "ਮਚ ਦੀਨ ਬਿਛਾਇ ਜੁ ਚਾਰੂ." (ਨਾਪ੍ਰ)

**ਮਚਕ:** ਸੰਗਯਾ- ਮਚਾਕਾ. ਖਾਣ ਅਤੇ ਬੋਲਣ ਸਮੇਂ ਹੋਠਾਂ ਤੋਂ ਉਪਜਿਆ ਸ਼ਬਦ. "ਮਚਕ ਮਚਕ ਕਬ ਕਹਿ ਹੈਂ ਬਚਨ ਬਨਾਇਕੈ." (ਚਰਿਤ੍ਰ ੨੦੯) ੨. ਨਖਰੇ ਦੀ ਚਾਲ। ੩. ਦਬਾਉ. ਦਾਬ.

**ਮਚਕੋੜ:** ਸੰਗਯਾ- ਮੋਚ. ਹੱਡੀ ਜਾਂ ਪੱਠੇ ਨੂੰ ਮਰੋੜ ਦੇ ਕਾਰਣ ਹੋਈ ਪੀੜਾ.

**ਮਚਣਾ:** ਕ੍ਰਿ- ਮਹਾਨ ਉੱਚ ਹੋਣਾ. ਫੁੱਲ ਜਾਣਾ. ਖ਼ੁਸ਼ ਹੋਣਾ.

**ਮਚਨਾ:** "ਸਾਚੁ ਛੋਡਿ ਝੂਠ ਸੰਗਿ ਮਚੈ." (ਸੁਖਮਨੀ) ੨. ਪ੍ਰਜ੍ਵਲਿਤ ਹੋਣਾ. "ਅਗਨਿ ਸਮਾਨ ਮੋਹਿ ਕੋ ਜਾਨੋ, ਤੁਝ ਸਮੀਰ ਤੇ ਮਚੈ

ਅਭੰਗ." (ਗੁਪ੍ਰਸੂ) ੩. ਰੌਸ਼ਨ ਹੋਣਾ. ਪ੍ਰਕਾਸ਼ਣਾ. "ਪਰਮਾਨੰਦ ਗੁਰੁਮੁਖਿ ਮਚਾ." (ਸਵੈਯੇ ਮਃ ੪. ਕੇ) ੪. ਰਚਣਾ. ਬਣਾਉਣਾ। ੫. ਭੜਕਣਾ. ਜੋਸ਼ ਵਿੱਚ ਆਉਣਾ.

ਮਚਲਾ: ਵਿ- ਮ (ਨਾ) ਚਲਣ ਵਾਲਾ. ਜੋ ਬੈਠਾ ਰਹਿੰਦਾ ਹੈ. ਕੰਮ ਤੋਂ ਟਲਣ ਵਾਲਾ. ਕੰਮਚੋਰਟਾ.

ਮਚਾਉਣਾ: ਕ੍ਰਿ- ਪ੍ਰਜ੍ਵਲਿਤ ਕਰਨਾ। ੨. ਭੜਕਾਉਣਾ. ਉਭਾਰਨਾ। ੩. ਰਚਣਾ. ਬਣਾਉਣਾ.

ਮਚਾਕਾ: ਦੇਖੋ, ਮਚਕ ੧.

ਮਚਾਂਗਵਾ: ਨਹੀਂ- ਚੰਗਾ. ਹੱਛਾ ਨਹੀਂ. "ਠਾਹਣੁ ਮੂਲਿ ਮਚਾਂਗਵਾ." (ਸ. ਫਰੀਦ) ਦਿਲ ਢਾਹੁਣਾ ਮੂਲਿ ਚੰਗਾ ਨਹੀਂ.

ਮਚਾਨ: ਦੇਖੋ, ਮੰਚਾਨ.

ਮਚਿੰਦੜਾ, ਮਚਿੰਦੜੀ: ਵਿ- ਮਚਾਉਣ (ਪ੍ਰਜ੍ਵਲਿਤ ਕਰਨ) ਵਾਲਾ, ਵਾਲੀ. "ਮਨਹੁ ਮਚਿੰਦੜੀਆ." (ਆਸਾ ਫਰੀਦ) ਇੰਦ੍ਰੀਆਂ ਮਨ ਨੂੰ ਭੜਕਾਉਣ ਵਾਲੀਆਂ ਹਨ.

ਮਚੀਨ: ਚੀਨ ਨਾਲ ਲਗਦਾ ਇੱਕ ਇਲਾਕਾ. Manchuria "ਚੀਨ ਮਚੀਨ ਕੇ ਸੀਸ ਨਾਵੈਂ." (ਅਕਾਲ) ੨. ਦੇਖੋ, ਮਾਚੀਨ.

ਮਚੰਕ: ਮੁਚ- ਅੰਗ. ਅਨੰਗ. ਕਾਮਦੇਵ. "ਮਚੰਕਬਾਣ ਮੋਚਨੰ." (ਗਜਾਨ)

ਮਚੰਕ ਬਾਣ: ਕਾਮ ਦਾ ਤੀਰ. ਦੇਖੋ, ਮਚੰਕ.

ਮਚੰਦੜਾ, ਮਚੰਦੜੀ: ਦੇਖੋ, ਮਚਿੰਦੜਾ, ੜੀ.

ਮਛ, ਮਛੁ: ਸੰ. मत्स्य. ਮਤ੍ਸ੍ਯ. ਸੰਗਯਾ- ਮੱਛ. ਮਤ੍ਸ੍ਯਾ. ਮੱਛੀ. "ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ, ਮਛ ਪਇਆਲੇ." (ਜਪੁ) ਸ੍ਵਰਗ ਵਿੱਚ ਅਪਸਰਾ ਅਤੇ ਪਾਤਾਲ ਵਿੱਚ ਮੱਛ ਗਾਵਹਿਂ।

੨. ਮਤਸ੍ਯ (ਮੱਛ) ਅਵਤਾਰ. "ਦੈ ਕੋਟਿਕ ਦਛਨਾ ਕ੍ਰੋਰ ਪ੍ਰਦਛਨਾ ਆਨ ਸੁ ਮਛ ਕੇ ਪਾਇ ਪਰੇ." (ਮੱਛਾਵ) ਦੇਖੋ, ਮਤਸ੍ਯ ਅਵਤਾਰ। ੩. ਮਧ੍ਯਲੋਕ (ਮਤੰਜ ਲੋਕ) ਲਈ ਭੀ ਮਛ ਸ਼ਬਦ ਆਇਆ ਹੈ. "ਨਾ ਤਦ ਸੁਰਗੁ ਮਛੁ ਪਇਆਲਾ." (ਮਾਰੂ ਸੋਲਹੇ ਮਃ ੧) "ਸੁਰਗਿ ਮਛਿ ਪਇਆਲਿ ਜੀਉ." (ਸ੍ਰੀ ਮਃ ੫. ਜੋਗੀ ਅੰਦਰਿ) ਸ੍ਵਰਗ ਵਿੱਚ, ਮਤੰਜਲੋਕ ਵਿੱਚ ਅਤੇ ਪਾਤਾਲ ਵਿੱਚ.

ਮਛਹਾ: ਦੇਖੋ, ਮੱਛਹਾ.

ਮਛਕੇਤੁ: ਮਕਰਕੇਤੁ ਮਗਰਮੱਛ ਦਾ ਚਿੰਨ੍ਹ ਹੈ ਜਿਸ ਦੇ ਝੰਡੇ ਪੁਰ, ਕਾਮਦੇਵ.

ਮਛਣੀ: ਸੰ. ਮਤ੍ਸ੍ਯਾ. ਮੱਛੀ। ੨. ਮੱਛ ਅਵਤਾਰ ਰੂਪ ਧਾਰਣ ਵਾਲੀ ਸ਼ਕ੍ਤਿ.

ਮਛਰ: ਸੰ. ਮਸ਼ਕ. ਦੇਖੋ, ਮਸਕ ਅਤੇ ਮਸ਼ਕਕੀਟ. ਇਸ ਦੀ ਮਦੀਨ, ਪਸ਼ੂ ਅਤੇ ਮਨੁੱਖਾਂ ਨੂੰ ਡਸਦੀ ਅਰ ਲਹੂ ਚੂਸਦੀ ਹੈ. ਮੱਛਰ ਦੇ ਜ਼ਹਿਰ ਨਾਲ ਮਲੇਰੀਆ ਤਾਪ ਹੁੰਦਾ ਹੈ। ੨. ਦੇਖੋ, ਮੱਛਰ.

ਮਛਰੀ, ਮਛਲੀ: ਸੰਗਯਾ- ਮਤ੍ਸ੍ਯਾ. ਮੱਛੀ। ੨. ਮੱਛੀ ਦੇ ਆਕਾਰ ਦਾ ਗਹਿਣਾ, ਜਿਸ ਨੂੰ ਇਸਤ੍ਰੀਆਂ ਨੱਕ ਵਿੱਚ ਪਹਿਰਦੀਆਂ ਹਨ। ੩. ਨੱਕ ਦੇ ਦੋਹਾਂ ਛੇਕਾਂ ਦੇ ਵਿਚਕਾਰ ਦਾ ਪੜਦਾ, ਜਿਸ ਵਿੱਚ ਮਛਲੀ ਪਹਿਨੀ ਜਾਂਦੀ ਹੈ। ੪. ਅੰਗੂਠੇ ਅਤੇ ਤਰਜਨੀ ਦੇ ਵਿਚਕਾਰ ਦਾ ਥਾਂ.

ਮਛਲੀ ਪੱਤਨ, ਮਛਲੀ ਬੰਦਰ: ਮਦਰਾਸ ਤੋਂ ੨੧. ਮੀਲ ਉੱਤਰ ਮਸੂਲ (ਮਹਿਸੂਲ) ਦਾ ਬੰਦਰ, ਜੋ ਕ੍ਰਿਸ਼ਨਾ ਜਿਲੇ ਵਿੱਚ ਹੈ. Masulipatam. ਦੇਖੋ, ਦਸਮਗ੍ਰੰਥ ਚਰਿਤ੍ਰ ੧੨੨। ੨. ਸਮੁੰਦਰ ਦੀਆਂ ਮੱਛੀਆਂ ਦਾ ਪਹਿਲਾਂ ਇੱਥੇ ਬਹੁਤ ਵਪਾਰ ਹੁੰਦਾ ਸੀ, ਇਸ ਲਈ ਭੀ ਇਹ ਨਾਮ ਹੈ.

ਮਛਿ: ਮੱਛ ਕਰਕੇ। ੨. ਮਧਜਲੋਕ ਮੇਂ ਦੇਖੋ, ਮਛ ੩.

ਮਛਿੰਦ੍ਰ: ਦੇਖੋ, ਮਛੇਂਦ੍ਰਨਾਥ. "ਮੱਛ ਉਦਰ ਮਛਿੰਦ੍ਰ ਜੋਗੀ ਬੈਠ ਹੈ ਬ੍ਰਤਧਾਰ." (ਪਾਰਸਾਵ)

ਮਛੀ, ਮਛੁ, ਮਛੁਲੀ: ਸੰਗਜਾ- ਮਤ੍ਸਜਾ. ਮੱਛੀ. ਮਤ੍ਸਜ. ਮੱਛ. "ਮਛੀ ਮਾਸੁ ਨ ਖਾਂਹੀ." (ਮਃ ੧. ਵਾਰ ਮਲਾ) "ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਮਛੁਲੀ ਨੀਰ." (ਸ੍ਰੀ ਅਃ ਮਃ ੧) ੨. ਦੇਖੋ, ਮਛ ੩। ੩. ਦੇਖੋ, ਮਛਲੀ.

ਮਛੇਂਦ੍ਰਨਾਥ: ਸਂ. ਮਤ੍ਸਜੇਂਦ੍ਰ ਨਾਥ, ਗੋਰਖਨਾਥ ਦਾ ਗੁਰੂ ਇੱਕ ਪ੍ਰਸਿੱਧ ਜੋਗੀ, ਜਿਸ ਦੀ ਉਤਪੱਤੀ ਸ਼ਿਵ ਦੇ ਵੀਰਯ ਦ੍ਵਾਰਾ ਮੱਛੀ ਦੇ ਪੇਟ ਤੋਂ ਲਿਖੀ ਹੈ.

ਯੋਗਗ੍ਰੰਥਾਂ ਵਿੱਚ ਕਥਾ ਹੈ ਕਿ ਸ਼ਿਵ ਦਾ ਉਪਦੇਸ਼ ਸੁਣਕੇ ਇੱਕ ਮੱਛ ਗਜਾਨੀ ਹੋਗਿਆ, ਅਰ ਮਹਾਦੇਵ ਨੇ ਉਸ ਦੀ ਦੇਹ ਮਨੁੱਖ ਦੀ ਕਰਦਿੱਤੀ. ਦਸਮਗ੍ਰੰਥ ਵਿੱਚ ਇਸ ਦੇ ਨਾਮ ਮਛਿੰਦ੍ਰ, ਮਛੰਦਰ ਭੀ ਹਨ. "ਮੱਛ ਸਹਿਤ ਮਛਿੰਦ੍ਰ ਜੋਗੀ ਬਾਂਧ ਜਾਰ ਮਝਾਰੁ." (ਪਾਰਸਾਵ)

ਮਛੋਦਰੀ: ਦੇਖੋ, ਮਤਸਜੋਦਰੀ.

ਮਛੰਦਰ, ਮਛੰਦ੍ਰ: ਦੇਖੋ, ਦੇਖੋ, ਮਛੇਂਦ੍ਰਨਾਥ. "ਸੁਨਹੁ ਮਛੰਦਰ ਬੈਨ, ਕਹੋਂ ਤੁਹਿ ਬਾਤ ਬਿਚੱਛਨ." (ਪਾਰਸਾਵ) ੨. ਸ਼ਰਾਰਤੀ ਅਤੇ ਧੂਰਤ ਨੂੰ ਭੀ ਲੋਕ ਮਛੰਦਰ ਆਖਦੇ ਹਨ.

ਮੱਛ: ਸਂ. ਮਤ੍ਸਜ. ਮੀਨ. ਝਖ. ਮਾਹੀ. "ਚੰਚਲ ਚਖੁ ਚਾਰਣ ਮੱਛ ਬਿਡਾਰਣ." (ਗਜਾਨ) ਮੱਛੀ ਦੀ ਚਪਲਤਾ ਨੂੰ ਨੇਤ੍ਰ ਦੂਰ ਕਰਦੇ ਹਨ। ੨. ਮੱਛ (ਮਤਸਜ) ਅਵਤਾਰ. "ਭਯੋ ਦੁੰਦ ਜੁੱਧੰ ਰਣੰ ਸਖ ਮੱਛੰ." (ਮੱਛਾਵ) ਸੰਖਾਸੁਰ ਅਤੇ ਮੱਛ ਦਾ. ਦੇਖੋ, ਮਤਸਜ ਅਵਤਾਰ। ੩. ਦੇਖੋ, ਦੋਹਰੇ ਦਾ ਰੂਪ ੪.

ਮੱਛਅਛ੍ਰ: ਮੱਛ ਅੱਛ (ਅਖਿ) ਦੀ ਥਾਂ ਇਹ ਪਾਠ ਸ਼ਸਤ੍ਰਨਾਮਮਾਲਾ ਵਿੱਚ ਹੈ.

ਮੱਛਸਤ੍ਰ: ਸੰਗਜਾ ਮੱਛ ਫੜਨ ਦੀ ਕੁੰਡੀ. "ਸਿੰਧੁ ਜਾਰ ਡਰੇ ਜਹਾ ਤਹਿ" ਮੇਛਸਤ੍ਰ ਡਰਾਇ." (ਪਾਰਸਾਵ) ੨. ਮਾਹੀਗੀਰ. ਧੀਵਰ। ੩. ਦੁਧੀਰਾ। ੪. ਮੱਛੀ ਫਸਾਉਣ ਦਾ ਜਾਲ.

ਮੱਛਹਾ: ਸੰਗਜਾ- ਮਾਹੀਗੀਰ. "ਨਿਰਖਾ ਏਕ ਮੱਛਹਾ ਤਹਾਂ." (ਦੱਤਾਵ) ੨. ਦੇਖੋ, ਮੱਛਸਤ੍ਰ.

ਮੱਛਕਟ: ਸੰਗਜਾ- ਮੱਛਕੰਟਕ. ਦੁਧੀਰਾ. ਮਾਹੀਗੀਰ ਪੰਛੀ. "ਥਰਕੰਤ ਰਹਾ ਨਭ ਮੱਛਕਟੰ." (ਦੱਤਾਵ)

ਮੱਛਚਾਸ: ਸਂ. मतस्याश. ਸੰਗਜਾ- ਮੱਛ ਦਾ ਅਸ਼ਨ ਕਰਤਾ. ਮੱਛੀ ਖਾਣ ਵਾਲਾ. ਦੁਧੀਰਾ. ਬਗੁਲਾ. "ਮੱਛ ਚਾਸ ਕਰ ਬੈਠ ਨਿਹਾਰਾ." (ਦੱਤਾਵ)

ਮੱਛਬੰਦਰ, ਮੱਛਬੰਦ੍ਰ: ਦੇਖੋ, ਮਛਲੀ ਬੰਦਰ.

ਮੱਛਬੰਦ੍ਰੀ: ਮਛਲੀ ਬੰਦਰ ਦੇ ਨਿਵਾਸੀ.

ਮੱਛਰ: ਦੇਖੋ, ਮਛਰ। ੨. ਦੇਖੋ, ਮਤਸਰ. "ਮਦ ਮੱਛਰ ਅਰੁ ਮਾਨਾ." (ਸਲੋਹ) ਗਰਬ ਈਰਖਾ ਅਤੇ ਵਡਿਆਈ.

ਮੱਛਰਣਾ: ਕ੍ਰਿ- ਮੱਛਰ ਦੀ ਤਰਾਂ ਉਦਾਲੇ ਹੋ ਜਾਣਾ। ੨. ਮੱਛਰ ਵਾਂਙ ਸ਼ੋਰ ਮਚਾਉਣਾ."

ਮੱਛਰਾ: ਸੰਗਜਾ- ਮਤਸਜਲੋਕ (ਪਾਤਾਲ) ਦੀ ਇਸਤ੍ਰੀ. "ਕਹੂੰ ਅੱਛਰਾ ਪੱਛਰਾ ਮੱਛਰਾ ਹੋ" (ਅਕਾਲ) ਸੁੰਦਰ ਅਖਿ ਵਾਲੀ ਮਤੰਜਲੋਕ ਦੀ, ਅਪਸਰਾ ਸ੍ਵਰਗ ਦੀ, ਅਤੇ ਪਾਤਾਲ ਦੀ ਇਸਤ੍ਰੀ ਹੋਂ.

ਮੱਛਾਂਤਕ: ਸੰਗਜਾ- ਮੱਛ ਦਾ ਅੰਤ ਕਰਨ ਵਾਲਾ, ਬਗੁਲਾ. "ਮੱਛਾਂਤਕ ਲਖਿ ਦੱਤ ਲੁਭਾਨਾ." (ਦੱਤਾਵ) ੨. ਦੇਖੋ, ਮੱਛਸਤ੍ਰ.

ਮਛ੍ਵਾ: ਦੇਖੋ, ਅਛ੍ਵਾ ਅਤੇ ਮੱਛਰਾ.

ਮਜਹਬ: ਅ਼. مذہب ਮਜਹਬ. ਸੰਗ੍ਯਾ- ਜਹਬ (ਚੱਲਣ) ਦਾ ਥਾਂ. ਰਸਤਾ. ਪੰਥ। ੨. ਧਰਮ. ਦੀਨ.

ਮਜਹਬੀ: ਅ਼. مذہبی ਮਜਹਬੀ. ਵਿ- ਮਜਹਬ (ਧਰਮ) ਦੇ ਧਾਰਨ ਵਾਲਾ। ੨. ਮਜਹਬ ਨਾਲ ਹੈ ਜਿਸ ਦਾ ਸੰਬੰਧ. ਦੀਨੀ। ੩. ਸੰਗ੍ਯਾ- ਖ਼ਾਲਸਾਧਰਮ ਧਾਰਨ ਵਾਲਾ ਸਿੰਘ। ੪. ਜਾਤਿਅਭਿਮਾਨੀ ਸਿੱਖਾਂ ਨੇ ਚੂੜ੍ਹਿਆਂ ਵਿੱਚੋਂ ਖ਼ਾਲਸਾਧਰਮ ਧਾਰਨ ਵਾਲਿਆਂ ਦੀ ਖ਼ਾਸ ਕਰਕੇ "ਮਜਹਬੀ" ਸੰਗ੍ਯਾ- ਥਾਪ ਲਈ ਹੈ.

ਮਜਹਰ: ਅ਼. مظہر ਮਜ਼ਹਰ. ਵਿ- ਜ਼ਾਹਿਰ (ਪ੍ਰਗਟ) ਕਰਨ ਵਾਲਾ। ੨. ਆਪਣੇ ਮਨੋਰਥ ਦਾ ਇਜ਼ਹਾਰ ਕਰਨ ਵਾਲਾ। ੩. ਸੰਗ੍ਯਾ- ਨਾਟਕ ਦੇ ਦਿਖਾਉਣ ਦੀ ਥਾਂ. ਰੰਗਸ਼ਾਲਾ.

ਮਜਹੂਲ: ਅ਼. مجہُول ਵਿ- ਜਹਲ (ਅਗ੍ਯਾਨ) ਧਾਰਨ ਵਾਲਾ. ਅਗ੍ਯਾਨੀ. ਵਿਦ੍ਯਾਹੀਨ.

ਮਜਕੂਰ: ਅ਼. مذکُور ਮਜ਼ਕੂਰ. ਵਿ- ਜਿਸ ਦਾ ਜ਼ਿਕਰ ਕੀਤਾ ਗਿਆ ਹੈ. ਕਥਿਤ. ਉਕ੍ਤ.

ਮਜਜੂਬ: ਅ਼. مجذُوب ਮਜਜੂਬ. ਵਿ- ਜੋ ਜਜਬ (ਖਿੱਚਿਆ ਗਿਆ) ਹੈ. ਆਕਸ਼ਿੰਤ। ੨. ਜਿਸ ਦੀ ਵ੍ਰਿੱਤੀ ਕਰਤਾਰ ਵੱਲ ਖਿੱਚੀਗਈ ਹੈ. ਲਿਵਲੀਨ ਹੋਇਆ ਸਾਧੁ. "ਤਾਂ ਅੱਗੇ ਇੱਕ ਦਿਵਾਨਾ ਮਜਜੂਬ ਰਾਹ ਵਿੱਚ ਆਵਾਜ ਕਰਦਾ ਹੈ." (ਜਸਭਾਮ)

ਮਜਦੂਰ, ਮਜਦੂਰੀ: ਦੇਖੋ, ਮਜੂਰ ਅਤੇ ਮਜੂਰੀ.

ਮਜਨ: (ਦੇਖੋ, ਮੱਜ ਧਾ) ਸੰ. ਮੱਜਨ. ਸੰਗ੍ਯਾ- ਗੋਤਾ ਮਾਰਨ ਦੀ ਕ੍ਰਿਯਾ. ਜਲ ਵਿੱਚ ਨਿਮਗ੍ਨ ਹੋਣਾ. ਭਾਵ- ਇਸਨਾਨ। ੨. ਫ਼ਾ. مزن ਮਜ਼ਨ. ਨਾ ਮਾਰ. ਪ੍ਰਹਾਰ ਨਾ ਕਰ. ਦੇਖੋ, ਜ਼ਦਨ. "ਮਜ਼ਨ ਤੇਗ਼ ਬਰ ਖ਼ੂਨ ਕਸ ਬੇਦਰੇਗ." (ਜਫਰ)

ਮਜਨ ਇਸਨਾਨ, ਮਜਨ ਇਸਨਾਨੁ: ਮੱਜਨ- ਸਨਾਨ. ਗੋਤਾ ਮਾਰਕੇ ਨ੍ਹਾਉਣਾ. ਜਲ ਵਿੱਚ ਟੁੱਬੀ ਲਾਕੇ ਇਸਨਾਨ ਕਰਨਾ.

"ਸਗਲ ਤੀਰਥ ਮਜਨ ਇਸਨਾਨੁ." (ਗਉ ਮਃ ੫)

"ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ." (ਸੂਹੀ ਮਃ ੫)

ਮਜਨਾਇਆ: ਗੋਤਾ ਲਾਇਆ. ਮੱਜਨ ਆਇਆ. ਸਨਾਨ ਦਾ ਫਲ ਪ੍ਰਾਪਤ ਹੋਇਆ. "ਨਾਮ ਲੈਤ ਅਠ ਸਠਿ ਮਜਨਾਇਆ." (ਭੈਰ ਮਃ ੫)

ਮਜਨਾਗਾ: ਮੱਜਨ ਆ ਗਿਆ. ਇਸਨਾਨ ਪ੍ਰਾਪਤ ਹੋਇਆ. "ਅਠਸਠਿ ਮਜਨਾਗਾ." (ਵਾਰ ਰਾਮ ੨. ਮਃ ੫) ੨. ਅੰਗ (ਸ਼ਰੀਰ) ਦਾ ਮੱਜਨ। ੩. ਸੰ. मज्जनज्ञ- ਮੱਜਨਗ੍ਯ. ਇਸਨਾਨ ਵਿਧੀ ਦਾ ਗ੍ਯਾਤਾ. ਟੁੱਬੀ ਲਾਉਣ ਵਿੱਚ ਨਿਪੁਣ.

ਮਜਨਿ: ਮੱਜਨ ਸੇ. ਟੁੱਬੀ ਮਾਰਕੇ ਇਸਨਾਨ ਤੋਂ

"ਜਲ ਕੈ ਮਜਨਿ ਜੇ ਗਤਿ ਹੋਵੈ." (ਆਸਾ ਕਬੀਰ)

ਮਜਨੀਠਾ: ਇਸ਼੍ਟ- ਮੱਜਨ. ਮਨ ਭਾਉਂਦਾ ਇਸਨਾਨ

"ਸਗਲ ਤੀਰਥ ਮਜਨੀਠਾ." (ਸਾਰ ਮਃ ੫) ੨. ਮੱਜਨ ਸ੍ਥਾਨ.

ਮਜਨੁ: ਇਸਨਾਨ. ਦੇਖੋ, ਮਜਨ. "ਮਜਨੁ ਦਾਨੁ ਚੰਗਿਆਈਆ." (ਸੋਰ ਅਃ ਮਃ ੧)

ਮਜਨੂੰ: ਅ਼. مجنُوں ਮਜਨੂਨ. ਵਿ- ਜਨੂਨ (ਸਿਰੜ) ਗ੍ਰਸਿਤ. ਸਿਰੜਾ. ਪਾਗਲ। ੨. ਮਸ੍ਤ ਬੇਪਰਵਾ। ੩. ਲੈਲੀ ਦਾ ਪ੍ਰੀਤਮ ਇੱਕ ਪੁਰਖ ਜਿਸ ਦਾ ਨਾਮ ਕ਼ੈਸ ਸੀ. ਇਹ ਈਸਵੀ ਅੱਠਵੀਂ ਸਦੀ ਦੇ ਆਰੰਭ ਵਿੱਚ ਹੋਇਆ ਹੈ. ਦੇਖੋ, ਲੈਲੀ। ੪. ਭਾਵ- ਆਸ਼ਿਕ. ਪ੍ਰੇਮੀ.

**ਮਜਨੂ ਕਾ ਟਿੱਲਾ:** ਦਿੱਲੀ ਪਾਸ ਜਮੁਨਾ ਦੇ ਕਿਨਾਰੇ ਇੱਕ ਥਾਂ, ਜਿੱਥੇ ਸ਼੍ਰੀ ਗੁਰੂ ਨਾਨਕਦੇਵ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿਰਾਜੇ ਹਨ. ਬਾਬਾ ਰਾਮਰਾਇ ਜੀ ਭੀ ਇੱਥੇ ਠਹਿਰੇ ਹਨ. ਦੇਖੋ, ਦਿੱਲੀ ਦਾ ਅੰਗ ੮.

**ਮਜਨੂਨ:** ਦੇਖੋ, ਮਜਨੂੰ.

**ਮਜਬ, ਮਜਬੀ:** ਦੇਖੋ, ਮਜਹਬ ਅਤੇ ਮਜਹਬੀ.

**ਮਜਬੂਤ:** ਅ਼. مضبُوط ਮਜ਼ਬੂਤ਼. ਵਿ- ਜ਼ਬਤੁ. (ਕ਼ਾਬੂ) ਆਇਆ ਹੋਇਆ. ਵਸ਼ ਵਿੱਚ ਆਇਆ।

੨. ਭਾਵ- ਦ੍ਰਿੜ੍ਹ. ਤਕੜਾ. ਪੱਕਾ.

**ਮਜਬੂਰ:** ਅ਼. مجبُور ਵਿ- ਜਿਸ ਪੁਰ ਜਬਰ ਕੀਤਾ ਗਿਆ ਹੈ। ੨. ਬੇਅਖ਼ਤਿਆਰ. ਬੇ ਬਸ (ਵਿਵਸ਼).

**ਮਜਬੂਰੀ:** ਫ਼ਾ. مجبُوری ਸੰਗਯਾ- ਬੇਬਸੀ. ਬੇ ਅਖ਼ਤਿਯਾਰੀ. ਵਿਵਸ਼ਤਾ.

**ਮਜਮੀ:** ਅ਼. مجمع ਮਜਮਅ਼. ਜਮਾਂ ਹੋਏ ਲੋਕਾਂ ਦਾ ਸਮੁਦਾਯ। ੨. ਇਕੱਠ ਦੀ ਥਾਂ.

**ਮਜਮੂਅ, ਮਜਮੂਆ:** ਅ਼. مجمُوع- مجمُوعہ ਮਜਮੂਅ਼ਹ. ਜਮਅ਼ ਹੋਇਆ ਹੋਇਆ. ਦੇਖੋ, ਪੰਚ ਮਜਮੀ.

**ਮਜਮੂਨ:** مضمُون ਮਜ਼ਮੂਨ. ਸੰਗਯਾ- ਜ਼ਮਨ (ਸ਼ਾਮਿਲ ਹੋਣ) ਦਾ ਭਾਵ. ਜਿਸ ਲੇਖ ਵਿੱਚ ਕਈ ਪ੍ਰਕਰਣ ਇਕੱਠੇ ਕੀਤੇ ਗਏ ਹਨ.

**ਮਜੱਮਤ:** ਅ਼. مذمّت ਮਜ਼ੱਮਤ. ਸੰਗਯਾ- ਜ਼ੱਮ (ਬੁਰਾਈ) ਕਰਨ ਦੀ ਕ੍ਰਿਯਾ. ਨਿੰਦਾ. ਹਜਵ.

**ਮਜਰਾ:** ਅ਼. مزرعہ ਮਜ਼ਅ਼ਹ ਜ਼ਰਅ਼ (ਖੇਤੀ) ਦਾ ਥਾਂ. ਜਿੱਥੇ ਖੇਤੀ ਕੀਤੀ ਜਾਵੇ। ੨. ਭਾਵ- ਪਿੰਡ. ਮਾਜਰਾ.

**ਮਜਰੂਆ:** ਅ਼. مزرُوعہ ਮਜਰੁਅ਼ਹ. ਸੰਗਯਾ- ਜਰਅ਼ (ਖੇਤੀ) ਕੀਤੀ ਗਈ ਹੈ ਜਿਸ ਜ਼ਮੀਨ ਵਿੱਚ ਵਾਹਕ ਭੋਂ.

**ਮਜਰੂਹ:** ਅ਼. مجرُوح ਵਿ- ਜਰਹ਼ (ਜ਼ਖ਼ਮ) ਸਹਿਤ. ਘਾਇਲ. ਫੱਟੜ.

**ਮਜਰੂਬ:** ਅ਼. مضرُوب ਮਜ਼ਰੂਬ. ਵਿ- ਜ਼ਰਬ (ਸੱਟ) ਲੱਗੀ ਹੈ ਜਿਸ ਦੇ ਕੁੱਟਿਆ ਹੋਇਆ.

**ਮਜਲ:** ਅ਼. منزل ਮੰਜ਼ਲ. ਸੰਗਯਾ- ਇੱਕ ਦਿਨ ਦਾ ਸਫਰ। ੨. ਪੜਾਉ। ੩. ਸੀਮਾ. ਹੱਦ। ੪. ਮੁਰਦੇ ਨਾਲ ਸ਼ਮਸ਼ਾਨ ਤੀਕ ਜਾਣ ਦੀ ਯਾਤ੍ਰਾ. "ਹੈ ਹਮ ਪੀਰ ਸੁ ਮਜਲ ਪੁਚਾਵੈਂ." (ਨਾਪ੍ਰ) ੫. ਘਰ.

**ਮਜਲਸ, ਮਜਲਸਿ:** ਅ਼. مجلس ਸੰਗਯਾ- ਜਲੂਸ (ਬੈਠਣ) ਦੀ ਥਾਂ। ੨. ਸਭਾ. "ਮਜਲਸ ਕੂੜੇ ਲਬ ਕੀ." (ਵਾਰ ਬਿਹਾ ਮਰਦਾਨਾ)

**ਮਜਲਸੀ:** ਅ਼. مجلسی ਵਿ- ਸਭਾਸਦ. ਮਜਲਿਸ ਵਿੱਚ ਬੈਠਣ ਵਾਲਾ.

**ਮਜਲਾਲਪ:** ਮੰਜ਼ਲ- ਅਲਪ. "ਸਨੇ ਸਨੇ ਮਜਲਾਲਪ ਡਾਲਤ." (ਗੁਪ੍ਰਸੂ) ਥੋੜੀ ਥੋੜੀ ਦੂਰ ਪੜਾਉ ਪਾਂਉਂਦੇ.

**ਮਜਲਿਸ:** ਦੇਖੋ, ਮਜਲਸ.

**ਮਜਲੂਮ:** ਅ਼. مظلُوم ਮਜ਼ਲੂਮ. ਵਿ- ਜਿਸ ਪੁਰ ਜ਼ੁਲਮ ਹੋਇਆ ਹੈ.

**ਮਜਾ:** ਫ਼ਾ. مزہ ਮਜ਼ਹ. ਸੰਗਯਾ- ਰਸ. ਸੁਆਦ। ੨. ਭਾਵਅਰਥ ਅਨੁਸਾਰ ਲੋਕ ਵੀਰਯ (ਸ਼ੁਕ੍ਰ) ਨੂੰ ਭੀ ਮਜ਼ਾ ਆਖਦੇ ਹਨ। ੩. ਸੰ. ਮੱਜਾ. ਮਿੰਜ. ਸ਼ਰੀਰ ਦੀ ਚਿਕਨਾਈ. ਹੱਡੀਆਂ ਦਾ ਸਾਰ. "ਮਜਾ ਰੁਧਿਰ ਦ੍ਰੁਗੰਧਾ." (ਗਾਧਾ)

**ਮਜਾਕ, ਮਜਾਖ:** ਅ਼. مذاق ਮਜ਼ਾਕ਼. ਸੰਗਯਾ- ਚੱਖਣ ਦੀ ਤਾਕਤ. ਰਸ ਲੈਣ ਦੀ ਸ਼ੀਕ੍ਰ। ੨. ਵਜੰਗਜ ਵਚਨ। ੩. ਮਨ ਦਾ

ਲਗਾਉ.

ਮਜਾਜ: ਦੇਖੋ, ਮਿਜਾਜ.

ਮਜਾਨੁ: ਸੰ. ਮੱਜਨ. ਗੋਤਾ ਮਾਰਕੇ ਕੀਤਾ ਇਸਨਾਨ. "ਹਰਿਕੀਰਤਿ ਅਠਸਠਿ ਮਜਾਨੁ." (ਪ੍ਰਭਾ ਪੜਤਾਲ ਮਃ ੪)

ਮਜਾਰ: ਸੰ. ਮਾਜੰਰ. ਸੰਗਜ੍ਞਾ- ਬਿੱਲਾ। ੨. ਅ਼. مزار ਮਜ਼ਾਰ. ਜ਼ਿਆਰਤ (ਦੀਦਾਰ) ਦੀ ਥਾਂ। ੩. ਕਿਸੇ ਸਾਧੁ ਦੀ ਸਮਾਧਿ ਅਥਵਾ ਕ਼ਬਰ.

ਮਜਾਲ: ਅ਼. مجال ਸੰਗਜ੍ਞਾ- ਸੌਲ (ਚੱਕਰ ਲਾਉਣ) ਦਾ ਭਾਵ। ੨. ਨੱਠ ਭੱਜ। ੩. ਭਾਵ- ਤਾਕਤ. ਸ਼ਕਤਿ. ਸਾਮਰਥ੍ਯ.

ਮਜਾਵਰ: ਮਜੌਰ. ਦੇਖੋ, ਮੁਜਾਵਿਰ.

ਮਜੀਠ, ਮਜੀਠੁ: ਸੰ. ਮੰਜਿਸ਼੍ਹਾ. ਸੰਗਜ੍ਞਾ- ਇੱਕ ਬੇਲ, ਜਿਸ ਦੀ ਡੰਡੀ ਵਿੱਚੋਂ ਲਾਲ ਅਤੇ ਪੱਕਾ ਰੰਗ ਨਿਕਲਦਾ ਹੈ. ਰਕ੍ਤਯਸ਼੍ਟਿਕਾ. L. Rubia Cordifolia. ਗੁਰਬਾਣੀ ਵਿੱਚ ਮਜੀਠ ਦੇ ਰੰਗ ਦਾ ਦ੍ਰਿਸ਼੍ਟਾਂਤ ਕਰਤਾਰ ਦੇ ਪ੍ਰੇਮਰੰਗ ਨੂੰ ਦਿੱਤਾ ਹੈ, ਕਿਉਂਕਿ ਇਹ ਪੱਕਾ ਹੁੰਦਾ ਹੈ. "ਕਾਇਆ ਰੰਙਣਿ ਜੇ ਥੀਐ ਪਿਆਰੇ, ਪਾਈਐ ਨਾਉ ਮਜੀਠ." (ਤਿਲੰ ਮਃ ੧)

ਮਜੀਤ: ਦੁਕਾਨ. ਹੱਟ. ਇਹ ਅ਼ਰਬੀ ਸ਼ਬਦ ਮੁਜਤਮਅ਼ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਸਾਮਾਨ ਏਕਤ੍ਰ ਕਰਨ ਦਾ ਥਾਂ. "ਸਰਬ ਮਜੀਤ ਖੋਲ ਕਰ ਦੀਨੀ." (ਗੁਰੁਸੋਭਾ) ੨. ਪ੍ਰਾ. ਸਸਤੇ ਮੁੱਲ ਲੀਤੀ ਪੁਰਾਣੀ ਵਸਤੁ.

ਮਜੀਦ: ਅ਼. مجید ਵਿ- ਮਜਦ (ਬਜ਼ੁਰਗੀ) ਵਾਲਾ. ਬਜ਼ੁਰਗ. ਵਡਾ. ਵ੍ਰਿੱਧ। ੨. ਮਹਿਮਾਵਾਨ। ੩. ਕੁਰਾਨ ਵਿੱਚ ਮਜੀਦ ਨਾਮ ਕਰਤਾਰ ਦਾ ਭੀ ਆਇਆ ਹੈ। ੪. ਅ਼. مزید ਮਜੀਦ. ਜ਼ਜਾਦਹ. ਅਧਿਕ. ਵਿਸ਼ੇਸ਼.

ਮਜਿਰ: ਦੇਖੋ, ਮੰਜੀਰ.

ਮਜੂਦ: ਦੇਖੋ, ਮਉਜੂਦ.

ਮਜੂਨ: ਦੇਖੋ, ਮਾਜੂਨ.

ਮਜੂਰ: ਫ਼ਾ. مزوُر ਮਜ਼ਦੂਰ. ਮੁਜ਼ਦ (ਉਜਰਤ) ਕਰਨ ਵਾਲਾ. ਮੁਜ਼ਦਵਰ, ਮਜ਼ਦੂਰ. ਮਿਹਨਤਾਨਾ ਲੈਕੇ ਕੰਮ ਕਰਨ ਵਾਲਾ. "ਰੋਵਹਿ ਪਾਂਡਵ ਭਏ ਮਜੂਰ." (ਮਃ ੧. ਵਾਰ ਰਾਮ ੧)

ਮਜੂਰੀ: ਫ਼ਾ. مزوُری ਮਜ਼ਦੂਰੀ. ਸੰਗਜ੍ਞਾ- ਮਜ਼ਦੂਰ ਦੀ ਕ੍ਰਿਯਾ। ੨. ਉਜਰਤ. ਮਿਹਨਤਾਨਾ. "ਬਿਨੁ ਮਜੂਰੀ ਭਾਰੁ ਪਹੁਚਾਵਣਿਆ." (ਮਾਝ ਅਃ ਮਃ ੩) "ਮਸਕਤਿ ਲਹਹੁ ਮਜੂਰੀਆ." (ਮਃ ੧. ਵਾਰ ਸੂਹੀ) ਦੇਖੋ, ਮਜੂਰ.

ਮਜੇਜ: ਅ਼. مزاج ਮਿਜ਼ਾਜ ਦਾ ਰੂਪਾਂਤਰ مزیج ਤਬੀਯਤ. ਸੁਭਾਉ। ੨. ਭਾਵ- ਘਮੰਡ. ਅਭਿਮਾਨ. "ਜਿਉ ਉਡੁ ਅਲਪ ਸੁ ਕਰੈ ਮਜੇਜਾ। ਸਵਿਤਾ ਕੋ ਦਬਾਇ ਦਜੋਂ ਤੇਜਾ." (ਨਾਪ੍ਰ) ਜਿਵੇਂ ਤੁੱਛ ਉਡੁ (ਤਾਰਾ) ਅਹੰਕਾਰ ਕਰੇ ਕਿ ਮੈ ਸੂਰਜ ਦਾ ਤੇਜ ਦਬਾ ਦੇਵਾਂਗਾ.

ਮਜੇਜੀ: ਮਿਜ਼ਾਜੀ. ਵਿ- ਅਹੰਕਾਰੀ. ਘੁਮੰਡੀ. ਦੇਖੋ, ਮਜੇਜ. "ਮਹਾਂ ਮੂੜ ਮਾਜਿੰਦਰਾਨੀ ਮਜੇਜੀ." (ਕਲਕੀ) ਦੇਖੋ, ਮਾਜੰਦਰਾਨੀ.

ਮਜੌਰ: ਦੇਖੋ, ਮੋਜਾਵਰ.

ਮੱਜ: ਸੰ. मज्ज्. ਧਾ- ਗੋਤਾ ਮਾਰਨਾ. ਹਿਠਾਹਾਂ ਜਾਣਾ.

ਮੱਜਨ: ਗੋਤਾ ਮਾਰਨਾ. ਇਸਨਾਨ. ਗ਼ੁਸਲ. "ਸੁਧਾ ਸਰੋਵਰ ਮੱਜਨ ਕੀਨ." (ਗੁਪ੍ਰਸੂ)

**ਮੱਜਾ:** ਦੇਖੋ, ਮਿੰਜ.

**ਮਝ:** ਸੰ. ਮਧ੍ਯ. ਵਿੱਚ. ਅੰਦਰ. "ਮਝ ਭਰਿ ਦੁਖ ਬਦੁਖ." (ਮਃ ੧. ਵਾਰ ਮਾਰੂ ੧) ਸੰਸਾਰ ਵਿੱਚ ਦੁੱਖ ਹੀ ਦੁੱਖ ਭਰੇ ਹਨ। ੨. ਦੇਖੋ, ਮੱਝ.

**ਮਝਲਾ:** ਵਿ- ਮਧ੍ਯ ਦਾ. ਵਿਚਕਾਰਲਾ. ਅੰਦਰ ਦਾ. ਮਝੋਲਾ.

**ਮਝਾਊ, ਮਝਾਹਿ, ਮਝਾਹੂ, ਮਝਾਰਿ, ਮਝਿ, ਮਝੀਹ:** ਮਧ੍ਯ. ਵਿੱਚ ਭੀਤਰ. ਅੰਦਰ. "ਹਠ ਮਝਾਹੂ ਮਾਪਿਰੀ." (ਸ੍ਰੀ ਛੰਤ ਮਃ ੫) ਮੇਰਾ ਪਿਆਰਾ ਹੱਟ (ਦਿਲ) ਅੰਦਰ ਹੈ. "ਡਿਠਾ ਹਭ ਮਝਾਹਿ." (ਮਃ ੫. ਵਾਰ ਮਾਰੂ ੨) "ਬਿਮਲ ਮਝਾਰਿ ਬਸਸਿ ਨਿਰਮਲ ਜਲ." (ਮਾਰੂ ਮਃ ੧) "ਮਨਮੁਖ ਭਰਮੈ ਮਝਿ ਗੁਬਾਰ. (ਬਸੰ ਅਃ ਮਃ ੧) "ਸਰੀਤਾ ਮਝੀਹ." (ਦੱਤਾਵ) ਸਰਿਤਾ (ਨਦੀ) ਵਿੱਚ.

**ਮਝੂਣਾ:** ਵਿ- ਮੁਰਝਾਏਮਨ. "ਦੇਹ ਛਿਜੰਦੜੀ ਊਣ ਮਝੂਣਾ, ਗੁਰ ਸਜਣਿ ਜੀਉ ਧਰਾਇਆ." (ਮਃ ੫. ਵਾਰ ਰਾਮ ੨) ੨. ਸਿੰਧੀ. ਮਧ੍ਯ. ਅੰਦਰ.

**ਮਝੂਰਿ:** ਮਧ੍ਯ ਮੇਂ. ਬੀਚ ਹੀ. "ਰਹੁਰੇ ਸੰਖ ! ਮਝੂਰਿ." (ਸ. ਕਬੀਰ) ਹੇ ਸੰਖ ! ਸਮੁੰਦਰ ਵਿੱਚ ਹੀ ਰਹੁ। ੨. ਮਤ ਵਿਸੂਰ (ਝੁਰ) ਝੁਰੇਂਵਾਂ ਨਾ ਕਰ.

**ਮਝੇਰੂ, ਮਝੇਲੁ:** ਵਿ- ਮਧ੍ਯ ਆਉਣ ਵਾਲਾ. ਵਿਚੋਲਾ। ੨. ਸੰਗ੍ਯਾ- ਕਨੈਤਾਂ ਦੀ ਇੱਕ ਜਾਤਿ। ੩. ਦੇਖੋ, ਮੰਝੇਰੂ। ੪. ਸਿੰਧੀ, ਮਾਂਝੇਰੂ. ਗੁਪਤ ਭੇਤ ਜਾਣਨ ਵਾਲਾ. ਰਾਜ਼ਦਾਂ.

**ਮਝੈਲ:** ਮਧ੍ਯ ਦੇਸ਼ (ਮਾਝੇ) ਦਾ ਵਸਨੀਕ. ਦੇਖੋ, ਮਾਝਾ.

**ਮਝੋਲਾ:** ਦੇਖੋ, ਮਝਲਾ.

**ਮਝੋਲੀ:** ਰਥ ਅਤੇ ਗੱਡੇ ਦੇ ਮਧ੍ਯ (ਵਿਚਲੀ) ਸ਼ਕਲ ਦੀ ਸਵਾਰੀ. ਬੈਲਗੱਡੀ.

**ਮੱਝ, ਮੱਝੀ:** ਸੰਗ੍ਯਾ- ਮਹਿਸ਼ੀ. ਭੈਂਸ. ਮੈਂਹ। ੨. ਮਧ੍ਯ. ਮਧ੍ਯਹੀ.

**ਮਟ:** ਸੰ. ਮਠ ਸੰਗ੍ਯਾ- ਵਿਦ੍ਯਾਰਥੀ ਦੇ ਰਹਿਣ ਦਾ ਘਰ। ੨. ਦੇਵਮੰਦਿਰ। ੩. ਯੋਗੀ ਦੇ ਰਹਿਣ ਦਾ ਮਕਾਨ. ਦੇਖੋ, ਮਠ ੨। ੩. ਦੇਖੋ, ਮੱਟ ੧.

**ਮਟਕ:** ਸੰਗ੍ਯਾ- ਬਾਂਕਾਪਨ. "ਮਟੀਕ ਮਟਕਿ ਚਲੁ ਸਖੀ ਸਹੇਲੀ." (ਨਟ ਅਃ ਮਃ ੪) ੨. ਐਂਠ. ਆਕੜ। ੩. ਬਾਂਕੀ ਚਾਲ. ਘੋੜੇ ਦੇ ਛਿੜਨ ਦਾ ਭਾਵ. "ਸਮਾਜ ਮੇ ਬਾਜਿ ਹੁਤੋ ਮਟਕਯੋ." (ਕ੍ਰਿਸਨਾਵ) "ਜਦਿਨ ਤੁਰੰਗ ਮੱਟਕ ਹੈ." (ਪਾਰਸਾਵ) ੪. ਚੋਭ. ਚੁਭਣ ਦਾ ਭਾਵ. "ਯੌਂ ਕੰਟਕ ਜੈਸੇ." (ਕ੍ਰਿਸਨਾਵ) ੫. ਸੰ. ਲੋਥ. ਪ੍ਰਾਣ ਰਹਿਤ ਦੇਹ.

**ਮਟਕਾ:** ਸੰਗ੍ਯਾ- ਮਿੱਟੀ ਦਾ ਬਰਤਨ. ਕੂਜ਼ਾ. ਕੁੱਜਾ। ੨. ਨਖਰਾ.

**ਮਟਕਾਉਣਾ, ਮਟਕਾਨਾ:** ਕ੍ਰਿ- ਕਟਾਕ੍ਸ਼ ਕਰਨਾ, ਨੇਤ੍ਰਾਂ ਦੀ ਚੰਚਲਤਾ ਨਾਲ ਮਨ ਦਾ ਭਾਵ ਪ੍ਰਗਟ ਕਰਨਾ. "ਮਟਕਾਵਤ ਦ੍ਰਿਗ ਦੋਇ." (ਬਸੰਤ ਸਤਸਈ) ੨. ਕੁਦਾਉਣਾ. ਨਚਾਉਣਾ. "ਮਟਕਾਇ ਚਪਲ ਤੁਰੰਗ ਧਾਯੋ." (ਸਲੋਹ) ੩. ਚਟਕਾਉਣਾ, ਜਿਵੇਂ ਉਂਗਲਾਂ ਦਾ ਮਟਕਾਉਣਾ.

**ਮਟਕਿ:** ਬਾਂਕੇਪਨ ਨਾਲ. ਦੇਖੋ, ਮਟਕ ੧. ਅਤੇ ੨.

**ਮਟਕੀ:** ਛੋਟਾ ਮਟਕਾ। ੨. ਭਾਵ- ਦੇਹ. ਸ਼ਰੀਰ। ੩. ਦੇਹਾਭਿਮਾਨ. ਅਹੰਤਾ. "ਮਟੁਕੀ ਡਾਰਿ ਧਰੀ." (ਬਿਲਾ ਛੰਤ ਮਃ ੧) ੪. ਦੇਖੋ, ਮਟਕ.

ਮਟਨ: ਰਾਜ ਜੰਮੂ, ਕਸ਼ਮੀਰ ਵਿੱਚ ਹਰੀ ਪਰਬਤ ਦੀ ਧਾਰਾ ਅੰਦਰ, ਕਿਲਾ ਅਸਕਰਦੂ ਪਾਸ ਇੱਕ ਅਸਥਾਨ. ਇੱਥੇ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ, ਜੋ ਸਾਧਾਰਣ ਬਣਿਆ ਹੋਇਆ ਹੈ. ੫੦ ਰੁਪਯੇ ਸਾਲਾਨਾ ਜਾਗੀਰ ਰਿਆਸਤ ਜੰਮੂ ਵੱਲੋਂ ਹੈ. ਸ਼੍ਰੀਨਗਰ (ਕਸ਼ਮੀਰ ਦੀ ਰਾਜਧਾਨੀ) ਤੋਂ ਮਟਨ ਚਾਲੀ ਮੀਲ ਪੂਰਵ ਹੈ। ੨. ਅੰ Mutton ਦੁੰਬੇ ਅਤੇ ਭੇਡ ਦਾ ਮਾਸ.

ਮਟਰ: ਸੰ. ਮਧੁਰ ਚਣਕ ਇੱਕ ਪ੍ਰਕਾਰ ਦਾ ਅੰਨ, ਜੋ ਹਾੜ੍ਹੀ ਦੀ ਫਸਲ ਨਾਲ ਹੁੰਦਾ ਹੈ. ਇਸ ਦੀਆਂ ਫਲੀਆਂ ਵਿੱਚੋਂ ਦਾਣੇ ਕੱਢਕੇ ਤਰਕਾਰੀ ਬਣਾਈਦੀ ਹੈ, ਅਤੇ ਪੱਕੇ ਮਟਰਾਂ ਦੀ ਦਾਲ ਉੱਤਮ ਬਣਦੀ ਹੈ. L. Pisum Sativum ਅੰ Pea.

ਮਟਾਕ, ਮਟਾਕਾ: ਅਨੁ. ਤੜਾਕਾ. "ਦੇਵਹਿ ਮੂੰਡ ਊਪਰਿ ਮਟਾਕ." (ਸਾਰ ਮਃ ੫) ਸਿਰ ਪੁਰ ਮਾਰ ਪੈਣ ਤੋਂ ਉਪਜੀ ਧੁਨਿ.

ਮਟਿਆ: ਮਟਕੇ ਦੇ ਆਕਾਰ ਦਾ ਬ੍ਰਹਮਾਂਡ. ਗੋਲਾਕਾਰ ਜਗਤ. "ਕੋਇ ਨ ਜਾਣੈ ਕੀਮ ਕੇਵਡੁ ਮਟਿਆ." (ਵਾਰ ਰਾਮ ੨. ਮਃ ੫)

ਮਟੀਆ: ਸੰਗਯਾ- ਮੱਟੀ. ਮਿੱਟੀ. ਮ੍ਰਿੱਤਿਕਾ। ੨. ਮਟਕਾ. ਚਾਟੀ. "ਮਟੀਆ ਜਿਮ ਸੋਟ ਤੇ ਫੋਰਨ ਕੀਜੈ." (ਗੁਪ੍ਰਸੂ) ੩. ਮਿੰਟੀ ਅੰਦਰ. ਜ਼ਮੀਨ ਵਿੱਚ. "ਇਤਨਕੁ ਖਟੀਆ ਗਠੀਆ ਮਟੀਆ, ਸੰਗਿ ਨ ਕਛੁ ਲੈ ਜਾਇ." (ਕੇਦਾ ਕਬੀਰ)

ਮਟੀਆ ਬਾਜ਼ਾਰ: ਦੇਖੋ, ਦਿੱਲੀ ਦਾ ਅੰਗ ੧੦.

ਮਟੀਲਾ, ਮਟੀਲੀ: ਸੰਗਯਾ- ਮਿੱਟੀ ਦਾ ਟਿੱਲਾ. ਮਿੱਟੀ ਦਾ ਉੱਚਾ ਢੇਰ, ਢੇਰੀ.

ਮਟੁ: ਦੇਖੋ, ਮਟ. "ਤਹਾ ਕਬੀਰੈ ਮਟੁ ਕੀਆ." (ਸ. ਕਬੀਰ) "ਚਹੁ ਮਹਿ ਏਕੈ ਮਟੁ ਹੈ ਕੀਆ." (ਰਾਮ ਮਃ ੫) ਚਾਰ ਜੁਗਾਂ ਵਿੱਚ ਇੱਕ ਨੇ ਨਿਵਾਸ ਕੀਤਾ ਹੈ. ਚਾਰ ਅੰਤਹਕਰਣ ਰੂਪ ਮਟਾਂ ਵਿੱਚ ਇੱਕ (ਕਰਤਾਰ) ਨੇ ਵਸੇਰਾ ਲੀਤਾ ਹੈ.

ਮਟੁਕੀ: ਚਾਟੀ. ਦੇਖੋ, ਮਟਕੀ. "ਤਨੁ ਕਰਿ ਮਟੁਕੀ, ਮਨ ਮਾਹਿ ਬਿਲੋਈ." (ਆਸਾ ਕਬੀਰ)

ਮੱਟ: ਸੰਗਯਾ- ਮਿੱਟੀ ਦਾ ਵਡਾ ਪਾਤ੍ਰ। ੨. ਕ੍ਰਿ. ਵਿ- ਛੇਤੀ. ਤੁਰੰਤ. ਝਟ. ਫ਼ੌਰਨ.

ਮੱਟਣ: ਦੇਖੋ, ਮਟਨ.

ਮੱਟਣ ਭਾਈ ਕੇ: ਭਾਈ ਦੇ ਮੱਟੂ. ਦੇਖੋ, ਖਾਰਾਸਾਹਿਬ.

ਮੱਟੀ: ਛੋਟਾ ਮੱਟ. ਚਾਟੀ। ੨. ਮ੍ਰਿੱਤਿਕਾ. ਮਾਟੀ.

ਮੱਟੂ: ਇੱਕ ਜੱਟ ਜਾਤਿ.

ਮੱਟੂ ਭਾਈ ਕੇ: ਭਾਈ ਕੇ ਮੱਟੂ. ਦੇਖੋ, ਖਾਰਾਸਾਹਿਬ.

ਮਠ: ਸੰ. ਮਠ੍- ਧਾ- ਰਹਿਣਾ, ਵਿਚਾਰ ਵਿੱਚ ਮਗਨ ਹੋਣਾ। ੨. ਸੰਗਯਾ- ਸਾਧੁ ਦਾ ਨਿਵਾਸ ਅਸਥਾਨ. "ਹਠਯੋਗ ਪ੍ਰਦੀਪਿਕਾ" ਵਿੱਚ ਲਿਖਿਆ ਹੈ ਕਿ ਨਿਰਜਨ (ਸੁੰਨੇ) ਥਾਂ ਬਣਾਇਆ ਡਾਟਦਾਰ ਮਕਾਨ, ਜਿਸ ਵਿੱਚ ਕੇਵਲ ਇੱਕ ਆਦਮੀ ਲੇਟ ਸਕੇ ਅਤੇ ਇੱਕ ਦਰ ਹੋਵੇ, ਉਸ ਦੀ "ਮਠ" ਸੰਗਯਾ ਹੈ. ਦੇਖੋ, ਅੰ. Monastery। ੩. ਦੇਵਮੰਦਿਰ। ੪. ਵਿਦਯਾ- ਰਥੀ ਦੇ ਰਹਿਣ ਦੀ ਥਾਂ। ੫. ਚਲਦਾ ਹੋਇਆ ਰਥ। ੬. ਭਾਵ- ਦੇਹ. ਸ਼ਰੀਰ। ੭. ਦੇਖੋ, ਮਠਸਾਨ.

ਮਠਸਾਨ: ਮੱਠਾ ਸ਼ਾਣ. ਸ਼ਸਤ੍ਰ. ਤੇਜ ਕਰਨ ਦਾ ਯੰਤ੍ਰ (ਸ਼ਾਣ) ਦੋ ਪ੍ਰਕਾਰ ਦਾ ਹੁੰਦਾ ਹੈ. ਇੱਕ ਖੁਰਦਰਾ (ਖਰਸ਼ਾਣ) ਦੂਸਰਾ ਕੋਮਲ. ਕੋਮਲ ਸ਼ਾਣ ਦਾ ਨਾਮ ਹੀ ਮਠਸਾਨ ਹੈ. ਇਸ ਪੁਰ ਧਾਰ ਤਿੱਖੀ ਹੋਣ ਤੋਂ ਛੁੱਟ ਚਮਕ ਬਹੁਤ ਹੋ ਜਾਂਦੀ ਹੈ. ਇਸ ਨੂੰ ਮੱਚੀ ਸਾਨ ਭੀ ਆਖਦੇ ਹਨ. ਕੁਰੰਡ ਪੱਥਰ, ਲਾਖ ਮੋਮਾ ਆਦਿਕ ਦੇ ਮੇਲ ਤੋਂ ਮਠਸਾਨ ਤਿਆਰ ਕਰੀਦਾ ਹੈ. "ਮਠਸ਼ਾਨ ਚਢੇ ਅਤਿ ਸ੍ਰੋਣ ਤਿਸਾਏ." (ਪਾਰਸਾਵ) "ਬਾਨ ਕਮਾਨ ਧਰੇ ਮਠਸਾਨ." (ਚਰਿਤ੍ਰ ੧੧੦)

ਮਠਾ: ਸੰਗਯਾ- ਮਥਨ ਕੀਤਾ ਹੋਇਆ ਦਹੀ. ਅਧਰਿੜਕਾ.

ਮਠੋਲੀ: ਛੋਟਾ ਮਠ। ੨. ਭਾਵ- ਦੇਹ. ਦੇਖੋ, ਮਠ.

ਮੱਠਾ, ਮੱਠੀ: ਸੰਗਯਾ- ਮੋਣ ਪਾਕੇ ਮੈਦੇ ਦੀ ਵਡੀ ਅਤੇ ਛੋਟੀ ਟਿੱਕੀ, ਜੋ ਘੀ ਵਿੱਚ ਤਲੀ ਹੋਈ ਹੋਵੇ। ੨. ਦੇਖੋ, ਮਠਸਾਨ। ੩. ਵਿ- ਸੁਸਤ੍ਰ, ਜੋ ਚਾਲਾਕ ਨਹੀਂ.

ਮਢਨਾ: ਦੇਖੋ, ਮੜ੍ਹਨਾ.

ਮਢਾਲ: ਸੰ. ਮੰਦਾਰ. ਸੰਗਯਾ- ਇੱਕ ਬਿਰਛ. ਕੈਂਜੂ. ਬੋਦਲ. Erythina Indica. "ਜਹਿ" ਸਾਲ ਤਮਾਲ ਮਢਾਲ ਲਏਂ." (ਦੱਤਾਵ)

ਮਣ: ਵਜ- ਅਨ. ਨਿਸ਼ੇਧ ਬੋਧਕ. "ਕੰਨ੍ਹਾ ਫੜਿ ਮਣਤਾਰੂਆ." (ਭਾਗੁ) ਅਣਤਾਰੂਆਂ ਦਾ ਮੋਢਾ ਫੜਕੇ। ੨. ਸੰਗਯਾ- ਖੂਹ ਦਾ ਸਿਰ ਦੀ ਵਟ. ਮੱਢ। ੩. ਅੰਨ ਦਾ ਬੋਹਲ. "ਹਲੁ ਬੀਚਾਰੁ, ਵਿਕਾਰ ਮਣ." (ਮਃ ੧. ਵਾਰ ਰਾਮ ੧) ਦੇਖੋ, ਬੀਚਾਰੁ ੨। ੪. ਸੰ. ਅੰਨ ਆਦਿ ਦਾ ਇੱਕ ਤੋਲ, ਜੋ ੪੦ ਸੇਰ ਦਾ ਹੁੰਦਾ ਹੈ। ੫. ਦੇਖੋ, ਮਨ। ੬. ਮਾਨ. ਮਾਪ. ਮਿਣਤੀ. ਭਾਵ- ਦੋ ਗਿੱਠ (ਇੱਕ ਹੱਥ). "ਸਾਢੇ ਤ੍ਰੈ ਮਣ ਦੇਹੁਰੀ." (ਸ. ਫਰੀਦ)

ਮਣਸਣਾ: ਦੇਖੋ, ਮਨਸਨਾ.

ਮਣਕੜਾ, ਮਣਕਾ: ਸੰਗਯਾ- ਮਣਿ ਤੁਲ੍ਯ ਪ੍ਰਕਾਸ਼ਣ ਵਾਲਾ ਦਾਣਾ। ੨. ਮਾਲਾ ਦਾ ਦਾਣਾ।

੩. ਜਾਲ ਵਿੱਚ ਪਰੋਤਾ ਧਾਤੁ ਆਦਿ ਦਾ ਗੋਲ ਦਾਣਾ, ਜਿਸ ਦੇ ਬੋਝ ਨਾਲ ਜਾਲ ਪਾਣੀ ਵਿੱਚ ਡੁੱਬਿਆ ਰਹਿ"ਦਾ ਹੈ. "ਆਪੇ ਜਾਲ ਮਣਕੜਾ." (ਸ੍ਰੀ ਮਃ ੧) ੪. ਪੋਠੋਹਾਰ ਵਿੱਚ ਮਣਕੜਾ ਦਾ ਅਰਥ ਮਾਰਣ ਵਾਲਾ. (ਮ੍ਰਿਤ੍ਯੁਕਾਰੀ) ਹੈ.

ਮਣਤਾਰੂ: ਵਿ- ਅਨਤਾਰੂ. ਜੋ ਤਰਨ ਨਹੀਂ ਜਾਣਦਾ. ਦੇਖੋ, ਮਣ ੧.

ਮਣਾ: ਦੇਖੋ, ਮਣਿ. "ਜਿਨੀ ਰਾਵਿਆ ਸੋ ਪ੍ਰਭੂ, ਤਿੰਨਾ ਭਾਗੁ ਮਣਾ." (ਮਾਝ ਬਾਰਹਮਾਹਾ) ਸਿਰੋਮਣਿ (ਉੱਤਮ) ਭਾਗ। ੨. ਸੰ. ਮਾਨ੍ਯ. ਵਿ- ਪੂਜ੍ਯ। ੩. ਸਨਮਾਨ ਯੋਗ੍ਯ.

ਮਣਾਖਾ: ਦੇਖੋ, ਮਨਾਖਾ.

ਮਣਿ: ਸੰ. ਸੰਗਯਾ- ਹੀਰਾ ਪੰਨਾ ਮੋਤੀ ਆਦਿ ਰਤਨ। ੨. ਉੱਤਮ ਵਸਤੁ, ਜੋ ਆਪਣੀ ਜਾਤਿ ਵਿੱਚ ਸਭ ਤੋਂ ਵਧਕੇ ਹੋਵੇ। ੩. ਭੂਸ਼ਣ. ਗਹਿਣਾ। ੪. ਜਲਪਾਤ੍ਰ. ਸੁਰਾਹੀ।

ਮਣਿਆ: ਮਾਣਿਆ. ਦੇਖੋ, ਮਾਣਨਾ. "ਤਿਨਿ ਹਰਿ ਰੰਗੁ ਮਣਿਆ." (ਮਃ ੫. ਵਾਰ ਗਉ ੨)

ਮਣਿਆਰ, ਮਣਿਆਰਾ: ਮਣਿਕਾਰ. ਦੇਖੋ, ਮਨੀਆਰ.

ਮਣਿਕਰਣ: ਸੰ. ਮਣਿਕਰ੍ਣ. ਕਾਮਰੂਪ ਵਿੱਚ ਇੱਕ ਸ਼ਿਵਲਿੰਗ ਦਾ ਮੰਦਿਰ, ਦੇਖੋ, ਕਾਲਿਕਾ ਪੁਰਾਣ ਅਃ ੮੧। ੨. ਦੇਖੋ, ਮਣਿਕਰਣਿਕਾ.

ਮਣਿਕਰਣਿਕਾ: ਸੰ. ਮਣਿਕਰ੍ਣਿਕਾ. ਵਿਸ਼ਨੁ ਦੀ ਤਪਸ੍ਯਾ ਤੋਂ ਅਚਰਜ ਹੋਕੇ ਸ਼ਿਵ ਨੇ ਆਪਣਾ ਸਿਰ ਬਾਰ ਬਾਰ ਹਿਲਾਇਆ, ਜਿਸ ਤੋਂ ਜੜਾਊ ਤੁੰਗਲ ਕੰਨ ਤੋਂ ਡਿਗਪਿਆ, ਜਿੱਥੇ ਇਹ ਤੁੰਗਲ ਡਿੱਗਾ, ਉਹ ਥਾਂ ਕਾਸ਼ੀ ਵਿੱਚ ਮਣਿਕਰਣਿਕਾ ਤੀਰਥ ਪ੍ਰਸਿੱਧ ਹੈ. ਦੇਖੋ, ਕਾਸ਼ੀਖੰਡ ਅਃ ੨੬.

ਮਣਿਕਾਰ: ਰਤਨਾਂ ਦਾ ਕੰਮ ਕਰਨ ਵਾਲਾ. ਜੌਹਰੀ. ਰਤਨ ਜੜਨ ਵਾਲਾ ਜੜੀਆ.

ਮਣਿਗ੍ਰੀਵ: ਵਿ- ਜਿਸ ਦੇ ਕੰਠ ਮਣਿ ਪਹਿਰੀ ਹੋਈ ਹੈ। ੨. ਸੰਗਯਾ- ਕੁਬੇਰ ਦਾ ਇੱਕ ਪੁਤ੍ਰ.

ਮਣਿਦ੍ਵੀਪ: ਦੇਖੋ, ਸੇਸਨਾਗ.

ਮਣਿਧਰ: ਵਿ- ਮਣਿ (ਰਤਨ) ਧਾਰਨ ਵਾਲਾ। ੨. ਸੰਗ੍ਯਾ- ਸਰਪ. ਦੇਖੋ, ਮਣੀਧਰ। ੩. ਦੇਖੋ, ਸਵੈਯੇ ਦਾ ਰੂਪ ੨੧.

ਮਣਿਬੰਧ: ਸੰਗ੍ਯਾ- ਪਹੁਚਾ. ਕਲਾਈ. ਮਣਿ ਬੰਨ੍ਹਣ ਦਾ ਥਾਂ. "ਰੇਖਾ ਲਗ ਮਣਿਬੰਧ ਤੇ ਭਈ ਮੱਛ ਆਕਾਰ." (ਗੁਪ੍ਰਸੂ)

ਮਣਿਭਿੱਤਿ, ਮਣਿਮੰਡਪ: ਦੇਖੋ, ਸੇਸਨਾਗ। ੨. ਰਤਨਾਂ ਨਾਲ ਜੜੀ ਕੰਧ ਅਤੇ ਗੁੰਬਜ.

ਮਣੀ: ਸੰਗ੍ਯਾ- ਮਨੌਤ. ਮਮਤ੍ਵ. "ਝੂਠੀ ਦੁਨੀ ਮਣੀ." (ਸੋਰ ਮਃ ੫) "ਮਣੀ ਮਿਟਾਇ ਜੀਵਤੁ ਮਰੈ." (ਬਾਵਨ) ੨. ਸੰ. ਮਾਨਜਤ੍ਵ. ਪ੍ਰਤਿਸ਼੍ਠਾ. "ਮਾਣਸ ਕੂੜਾ ਗਰਬੁ, ਸਚੀ ਤੁਧੁ ਮਣੀ." (ਮਃ ੧. ਵਾਰ ਮਲਾ) ੩. ਦੇਖੋ, ਮਣਿ। ੪. ਅ਼. منی ਮਨੀ. ਪੁਰਖ ਅਤੇ ਇਸਤ੍ਰੀ ਦਾ ਵੀਰਯ ਅਤੇ ਰਿਤੁ.

ਮਣੀਆ: ਮਣਿ ਦਾ ਬਹੁ ਵਚਨ। ੨. ਮਣਕੇ. ਮਾਲਾ ਦੇ ਦਾਣੇ. "ਕਵਣੁ ਗੁਣੁ ਕਵਣੁ ਸੁ ਮਣੀਆ." (ਸ. ਫਰੀਦ) ਡੋਰਾ ਕੇਹੜਾ ਹੈ ਅਤੇ ਸਣਕੇ ਕੇਹੜੇ? ਦੇਖੋ, ਮਣੀਏ. ਗੁਣੁ ਸ਼ਬਦ ਵਿੱਚ ਸ਼ਲੇਸ਼ ਹੈ। ੩. ਮਾਨਿਤਾ. ਪ੍ਰਤਿਸ਼੍ਠਾ। ੪. ਮਣਕਿਆਂ ਵਾਲੀ ਮਾਲਾ.

ਮਣੀਏ: ਮਣਕੇ. "ਤੂੰ ਸੂਤੁ, ਮਣੀਏ ਭੀ ਤੂੰ ਹੈ." (ਮਾਝ ਮਃ ੫) "ਏਕੈ ਸੂਤਿ ਪਰੋਏ ਮਣੀਏ." (ਰਾਮ ਮਃ ੫) ਸੂਤ ਆਤਮਸੱਤਾ, ਮਣਕੇ ਲਿੰਗ ਸ਼ਰੀਰ.

ਮਣੀਧਰ: ਮਣਿਧਰ. ਸ਼ੇਸ਼ਨਾਗ. "ਦੇਵ ਅਦੇਵ ਮਣੀ ਧਰ ਨਾਰਦ." (੩੩ ਸਵੈਯੇ)

ਮਣੀਨੀਲ: ਦੇਖੋ, ਨੀਲਮਣਿ.

ਮਣੀਮਥੰਨਿ: ਮਸ੍ਤਕਮਣਿ. ਮੌਲਿ (ਮੁਕੁਟ) ਮਣਿ. ਚੂੜਾਮਣਿ. "ਰਤਨ ਜਵੇਹਰ ਮਾਣਿਕਾ, ਹਭੇ ਮਣੀ- ਮਥੰਨਿ." (ਮਃ ੫. ਵਾਰ ਮਲਾ)

ਮਤ, ਮਤੁ: ਵ੍ਯ- ਮਾ, ਨਿਸ਼ੇਧ ਬੋਧਕ. "ਮਤ ਭੂਲਹਿ ਰੇ ਮਨ! ਚੇਤ ਹਰੀ." (ਬਸੰ ਮਃ ੧) ੨. ਕ੍ਰਿ. ਵਿ- ਸ਼ਾਯਦ. ਕਦਾਚਿਤ. "ਆਉ ਸਭਾਗੀ ਨੀਦੜੀਏ, ਮਤੁ ਸਹੁ ਦੇਖਾ ਸੋਇ." (ਵਡ ਮਃ ੧) ੩. ਸੰ. मत. ਸਲਾਹ. ਸੰਮਤਿ। ੪. ਅਭਿਪ੍ਰਾਯ। ੫. ਧਰਮ. "ਭਿੰਨ ਭਿੰਨ ਘਰ ਘਰ ਮਤ ਗਹਿ ਹੈਂ" (ਕਲਕੀ) ੬. ਗ੍ਯਾਨ। ੭. ਪੂਜਾ। ੮. ਵਿ- ਜਾਣਿਆ ਹੋਇਆ। ੯. ਮੰਨਿਆ ਹੋਇਆ। ੧੦. ਪੂਜਿਤ। ੧੧. ਸੰ. ਮੱਤ. ਨਸ਼ੇ ਵਿੱਚ ਮਸ੍ਤ. "ਮਨੁ ਮੈਮਤੁ ਮੈਗਲ ਮਿਕਦਾਰਾ." (ਧਨਾ ਮਃ ੩) ੧੨. ਸੰ. ਮਾਤਾ. "ਪਿਤਸ ਤੁਯੰ। ਮਤਸ ਤੁਯੰ।" (ਗ੍ਯਾਨ)

ਮਤਸ: ਸੰ. ਮਤ੍ਸ੍ਯ. ਮੱਛ. ਮੀਨ। ੨. ਮੱਛ ਅਵਤਾਰ। ੩. ਵਿਰਾਟ ਦੇਸ਼. ਦੇਖੋ, ਵਿਰਾਟ.

ਮਤਸ ਅਛ ਅਰਿ: ਮਤਸ੍ਯ (ਮੱਛੀ) ਦੀ ਅਕ੍ਸ਼ਿ (ਅੱਖ) ਦਾ ਵੈਰੀ ਤੀਰ, ਵਾਣ. (ਸਨਾਮਾ) ਅਰਜੁਨ ਨੇ ਦ੍ਰੋਪਦੀ ਵਰਣ ਸਮੇਂ ਮੱਛੀ ਦੀ ਅੱਖ ਵਿੱਚ ਤੀਰ ਮਾਰਿਆ ਸੀ.

ਮਤਸਕੇਤੁ: ਦੇਖੋ, ਮਕਰਕੇਤੁ.

ਮਤਸ ਚੱਛ ਅਰਿ: ਮਤਸ੍ਯ ਚਕ੍ਸ਼ੁ ਅਰਿ. ਦੇਖੋ, ਮਤਸ ਅੱਛ ਅਰਿ. (ਸਨਾਮਾ)

ਮਤਸਤ੍ਰਾਣ: ਮਤਸ੍ਯ (ਮੱਛੀਆਂ) ਨੂੰ ਪਨਾਹ ਦੇਣ ਵਾਲਾ, ਤਾਲ। ੨. ਜਲ। ੩. ਸਮੁੰਦਰ. (ਸਨਾਮਾ)

ਮਤਸਦੇਸ: ਦੇਖੋ, ਮਤਸ ੩. ਅਤੇ ਵਿਰਾਟ.

ਮਤਸਰ: ਸੰ. मत्सर. ਸੰਗ੍ਯਾ- ਈਰਖਾ. ਹਸਦ. "ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਖ਼ੁਦਗਰਜ਼ੀ। ੩. ਕ੍ਰੋਧ.

**ਮਤਸਰਾਜ:** ਸੰ. ਮਤਸਜਰਾਜ. ਸੰਗਜਾ- ਰੋਹੂ ਮੱਛੀ। ੨. ਵਿਰਾਟ ਦਾ ਰਾਜਾ "ਵਿਰਾਟ", ਜਿਸ ਪਾਸ ਵਿਪਦਾ ਦੇ ਸਮੇਂ ਪਾਂਡਵ ਰਹੇ ਸਨ.

**ਮਤਸਰੀ:** ਸੰ. मत्सरिन. ਵਿ- ਈਰਖਾ ਵਾਲਾ. ਹਾਸਿਦ

**ਮਤਸਜ:** ਸੰਗਜਾ- ਮੱਛ। ੨. ਵਿਰਾਟ ਦੇਸ਼। ੩. ਚੇਦਿ ਦਾ ਰਾਜਾ, ਜੋ ਮੱਛੀ ਦੇ ਉਦਰੋਂ ਉਪਰਿਚਰ ਦਾ ਪੁਤ੍ਰ ਸੀ. ਇਹ ਮਤਸਜੋਦਰੀ ਦਾ ਸਕਾ ਭਾਈ ਸੀ.

**ਮਤਸਜ ਅਵਤਾਰ:** ਮਤਸਜ (ਮੱਛ) ਦੀ ਸ਼ਕਲ ਦਾ ਵਿਸ਼ਨੁ ਦਾ ਪਹਿਲਾ ਅਵਤਾਰ ਭਾਗਵਤ ਵਿੱਚ ਲਿਖਿਆ ਹੈ ਕਿ ਪ੍ਰਲੈ ਵੇਲੇ ਜਦ ਸਾਰੇ ਲੋਕ ਜਲ ਵਿੱਚ ਡੁੱਬ ਗਏ, ਤਦ ਸੁੱਤੇ ਹੋਏ ਵਿਧਾਤਾ ਦੇ ਮੂੰਹ ਵਿੱਚੋਂ ਵੇਦਾਂ ਦੀ ਉਤਪੱਤੀ ਹੋਈ. ਉਸ ਵੇਲੇ ਹਯਗ੍ਰੀਵ ਨੇ ਵੇਦ ਚੁਰਾ ਲਏ. ਵਿਸ਼ਨੁ ਨੇ ਮੱਛ ਦਾ ਰੂਪ ਧਾਰਕੇ ਉਸ ਤੋਂ ਵੇਦ ਵਾਪਿਸ ਲਏ. ਮੱਛ ਭਗਵਾਨ ਦਾ ਹੇਠਲਾ ਧੜ ਮੱਛ ਦਾ ਅਤੇ ਉੱਪਰਲਾ ਹਿੱਸਾ ਮਨੁੱਖ ਜਿਹਾ ਸੀ. ਇਹ ਅਵਤਾਰ ਸਤਯੁਗ ਵਿੱਚ ਹੋਇਆ. ਦੇਖੋ, ਸੰਖ ੭। ੨. ਦੇਖੋ, ਮਨੁ.

**ਮਤਸਜਗੰਧਾ:** ਮੱਛੀ ਦੀ ਗੰਧ ਵਾਲੀ, ਮਤਸਜੋਦਰੀ.

**ਮਤਸਜਾ, ਮਤਸਜੀ:** ਮੱਛੀ. ਮਛਲੀ.

**ਮਤਸਜੋਦਰੀ:** ਚੇਦਿ ਦੇ ਰਾਜਾ ਉਪਰਿਚਰ (ਵਸੁ) ਦੇ ਵੀਰਯ ਤੋਂ ਮੱਛੀ[957] ਦੇ ਉਦਰੋਂ ਪੈਦਾ ਹੋਈ ਕਨਜਾ, ਜਿਸ ਨੂੰ ਮਲਾਹਾਂ ਨੇ ਪਾਲਿਆ. ਮਤਸਜੋਦਰੀ ਦੇ ਰੂਪ ਪੁਰ ਮੋਹਿਤ ਹੋਕੇ ਪਰਾਸ਼ਰ ਰਿਖੀ ਨੇ ਇਸ ਤੋਂ ਦ੍ਵੈਪਾਯਨ (ਵਜਾਸ) ਪੁਤ੍ਰ ਪੈਦਾ ਕੀਤਾ. ਫਿਰ ਏਹ ਰਾਜਾ ਸ਼ਾਂਤਨੁ ਦੀ ਇਸਤ੍ਰੀ ਹੋਈ, ਜਿਸ ਤੋਂ ਵਿਚਿਤ੍ਰਵੀਰਯ ਅਤੇ ਚਿਤ੍ਰਾਂਗਦ ਜਨਮੇ. ਮਤਸਜੋਦਰੀ ਦੇ ਨਾਮ ਮਤਸਜਗੰਧਾ, ਸਤਜਵਤੀ, ਯੋਜਨਗੰਧਾ, ਗੰਧਕਾਲੀ, ਗੰਧਵਤੀ, ਕਾਲਾਂਗਨੀ ਭੀ ਹਨ। ੨. ਕਾਸ਼ੀ ਦਾ ਇੱਕ ਤੀਰਥ, ਜਿਸ ਦੇ ਇਸਨਾਨ ਦਾ ਵਡਾ ਮਹਾਤਮ ਲਿਖਿਆ ਹੈ. ਦੇਖੋ, ਕਾਸ਼ੀ ਖੰਡ, ਅਃ ੬੯.

**ਮਤਕੁਣ:** ਸੰ. मत्कुण. ਸੰਗਜਾ- ਮਾਂਗਣੂ. ਕਟੂਆ. ਖਟਮਲ। ੨. ਮਕਨਾ (ਬਿਨਾ ਦੰਦਾਂ) ਹਾਥੀ। ੩. ਖੋਜਾ. ਦਾੜ੍ਹੀ ਬਿਨਾ ਮਨੁੱਖ.

**ਮਤਨ:** ਅ਼. متن ਸੰਗਜਾ- ਪਿੱਠ। ੨. ਪੁਸ੍ਤਕ ਦਾ ਮੂਲ ਪਾਠ. "ਕਿਤਾਬਾਂ ਦਾ ਮਤਨ ਭੀ ਤੇ ਮਾਇਨੇ ਭੀ ਪੜ੍ਹੀਅਨ." (ਜਸਭਾਮ)

**ਮਤਬਲ:** ਮਤਲਬ ਦਾ ਰੂਪਾਂਤਰ.

**ਮਤਬਾ:** ਅ਼. مطبع ਸੰਗਜਾ- ਤ਼ਬਅ਼ (ਛਾਪਣ) ਦਾ ਅਸਥਾਨ. ਮੁਦ੍ਰਾਯੰਤ੍ਰਾਲਯ. ਛਾਪੇਖ਼ਾਨਾ. Printing Press ਦੇਖੋ, ਛਾਪਾ ੩.

**ਮਤਰੂਕ:** ਅ਼. متروک ਵਿ- ਤਰਕ (ਤਜਾਗ) ਕੀਤਾ ਹੋਇਆ ਛੱਡਿਆ ਹੋਇਆ ਮਤਰੂਕ।

**ਮਤਲ:** ਦੇਖੋ, ਮਾਤਲਿ.

**ਮਤਲਬ, ਮਤ਼ਲਬ:** ਅ਼. مطلب ਸੰਗਜਾ- ਤ਼ਲਬ ਦੀ ਥਾਂ. ਮੁਰਾਦ. ਮਨਸ਼ਾ। ੨. ਮਾਨਸਿਕ ਭਾਵ। ੩. ਸ੍ਵਾਰਥ. "ਹੈਂ ਮਤਲਬ ਕੇ ਮੀਤ ਵਿਸਾਲ." (ਗੁਪ੍ਰਸੂ)

**ਮਤਲਬੀ, ਮਤ਼ਲਬੀ:** ਅ਼. مطلبی ਵਿ- ਸ੍ਵਾਰਥੀ ਆਪਣਾ ਪ੍ਰਯੋਜਨਸਿੱਧ ਕਰਨ ਵਾਲਾ.

**ਮਤਲੂਬ, ਮਤ਼ਲੂਬ:** ਅ਼. مطلوب ਵਿ- ਜੋ ਤ਼ਲਬ ਕੀਤਾ ਗਿਆ ਹੈ। ੨. ਲੋੜੀਂਦਾ.

---

[957] ਇਹ ਮੱਛੀ ਅਦ੍ਰਿਕਾ ਨਾਮਕ ਅਪਸਰਾ ਸੀ, ਜੋ ਬ੍ਰਹਮਾ ਦੇ ਸ੍ਰਾਪ ਨਾਲ ਮੱਛੀ ਦਾ ਰੂਪ ਧਾਰਕੇ ਰਹਿੰਦੀ ਸੀ.

**ਮਤਵਾਰ, ਮਤਵਾਰਾ, ਮਤਵਾਰੋ, ਮਤਵਾਲਾ:** ਵਿ- ਮੱਤਤਾ ਵਾਲਾ. ਮਖ਼ਮੂਰ. ਨਸ਼ੇ ਵਿੱਚ ਮਸ੍ਤ "ਮਨੁ ਸਤਵਾਰ ਸੇਰ ਸਰ ਭਾਤੀ." (ਕੇਦਾ ਕਬੀਰ) "ਮਤਵਾਰੋ ਮਾਇਆ ਸੋਇਆ." (ਗਉ ਮਃ ੫) "ਜਿਉ ਪੀਤੈ ਮਦਿ ਮਤਵਾਲੇ." (ਮਃ ੪. ਵਾਰ ਗਉ ੧)

**ਮਤਵੰਤਾ:** ਵਿ- ਮੱਤਤ ਵੰਤ. ਮਤਵਾਲਾ. ਮਦਮਸ੍ਤ. "ਪੀਓ ਮਦਰੋ ਧਨ ਮਤਵੰਤਾ." (ਸੂਹੀ ਮਃ ੫) ੨. ਸੰ. ਮਤਵੰਤ. ਮਤ (ਗ੍ਯਾਨ) ਵਾਲਾ। ੩. ਸੰ. ਮਤਿਵੰਤ. ਬੁੱਧਿ ਮਾਨ. ਅਕਲਮੰਦ.

**ਮਤੜੀ:** ਸੰਗ੍ਯਾ- ਮਤਿ. ਬੁੱਧਿ. ਸਮਝ. "ਤਿਆਗੇ ਮਨ ਕੀ ਮਤੜੀ." (ਸੂਹੀ ਮਃ ੫. ਗੁਣਵੰਤੀ)

**ਮਤਾ:** ਸੰਗ੍ਯਾ- ਮਤ. ਖ਼ਿਆਲ. ਇਰਾਦਾ. "ਮਤਾ ਕਰੈ ਪਛਮ ਕੈ ਤਾਈ, ਪੂਰਬਹੀ ਲੈਜਾਤ." (ਗੂਜ ਮਃ ੫) ੨. ਮੰਤ੍ਰ. ਮਸ਼ਵਰਾ. "ਉਠਿ ਚਲਤੈ ਮਤਾ ਨ ਕੀਨਾ ਹੇ." (ਮਾਰੂ ਸੋਲਹੇ ਮਃ ੧) ੩. ਵਿ- ਮੱਤ ਹੋਇਆ. ਮੱਤਾ. ਦੇਖੋ, ਮਤਾਗਲੁ.

**ਮਤਾਉਣਾ:** ਕ੍ਰਿ- ਮਤ ਕ਼ਾਇਮ ਕਰਨਾ. ਮਤਾ ਪਕਾਉਣਾ.

**ਮਤਾਅ, ਮਤਾਅ਼:** ਅ਼. متاع ਸੰਗ੍ਯਾ- ਮਤਅ਼ (ਲਾਭ) ਪ੍ਰਾਪਤ ਕਰਨ ਦਾ ਅਸਥਾਨ। ੨. ਉਹ ਵਸ੍ਤੁ, ਜਿਸ ਦ੍ਵਾਰਾ ਲਾਭ ਉਠਾਇਆ ਜਾਵੇ. ਸੌਦਾਗਰੀ ਮਾਲ. "ਚੁਨ ਚੁਨ ਭਲੀ ਮਤਾਅ ਸੁਦਾਗਰ ਲ੍ਯਾਵਈ." (ਚਰਿਤ੍ਰ ੧੪੪)

**ਮਤਾਅਬ, ਮਤਾਅ਼ਬ:** ਅ਼. متاعب ਸੰਗ੍ਯਾ- ਤਅ਼ਬ (ਰੋਗ) ਦਾ ਬਹੁਵਚਨ. ਬੀਮਾਰੀਆਂ। ੨. ਸ਼ੋਕ. ਰੰਜ। ੩. ਥਕਾਣ.

**ਮਤਾਹ:** ਦੇਖੋ, ਮਤਾਅ ੨. ਅਤੇ ਮੁਤਾਹ.

**ਮਤਾਗਲੁ:** ਮਹਾ. ਸੰਗ੍ਯਾ- ਮਤ (ਧਰਮ) ਦਾ ਆਗੂ. ਮਜਹਬੀ ਪੇਸ਼ਵਾ. "ਮਨ ਕੀ ਮਤਿ ਮਤਾਗਲੁ ਮਤਾ। ਜੋ ਕਿਛੁ ਬੋਲੀਐ ਸਭੁ ਖਤੋਖਤਾ." (ਆਸਾ ਮਃ ੧)

**ਮਤਾਤ, ਮਤਾਂਤ, ਮਤਾਂਤੁ:** ਸੰਗ੍ਯਾ- ਮਤ ਦਾ ਸਿੱਧਾਂਤ। ੨. ਫੈਸਲਾ. "ਖਿਨ ਮਹਿ ਥਾਪਿ ਉਥਾਪਨਹਾਰਾ, ਆਪਨ ਹਾਥਿ ਮਤਾਤ." (ਗੂਜ ਮਃ ੫) ੩. ਮਜਹਬ ਦਾ ਸਾਰ. ਧਰਮ ਦਾ ਤਤ੍ਵ. "ਸਗਲ ਮਤਾਂਤ ਕੇਵਲ ਹਰਿਨਾਮ." (ਸੁਖਮਨੀ) ੪. ਪੱਕੀ ਸਲਾਹ. ਸੋਚ ਵਿਚਾਰ ਪਿੱਛੋਂ. ਕ਼ਾਇਮ ਕੀਤੀ ਰਾਇ. ਵਿਚਾਰ ਦਾ ਨਿਚੋੜ. "ਸੁਣਿ ਸਖੀਏ, ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ." (ਗਉ ਛੰਤ ਮਃ ੫)

**ਮਤਾਂਧ:** ਦੇਖੋ, ਦੀਨ ਕਾ ਬਉਰਾ.

**ਮਤਾਨਤ:** ਅ਼. متانت ਸੰਗ੍ਯਾ- ਮਤਨ (ਮਜਬੂਤੀ) ਦਾ ਭਾਵ। ੨. ਬਲ. ਤਾਕਤ.

**ਮਤਾਬ:** ਦੇਖੋ, ਮਹਤਾਬ.

**ਮਤਾਬਸਿੰਘ:** ਇਹ ਧਰਮਵੀਰ ਮੀਰਾਂਕੋਟ (ਜਿਲਾ ਅਮ੍ਰਿਤਸਰ) ਦਾ ਵਸਨੀਕ ਸੀ. ਇਸ ਨੇ ਪੰਥ ਨਾਲ ਮਿਲਕੇ ਵਡੇ ਬਹਾਦੁਰੀ ਦੇ ਕੰਮ ਕੀਤੇ. ਹਰਿਮੰਦਿਰ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਇਸੇ ਨੇ ਸੰਮਤ ੧੭੯੭ ਵਿੱਚ ਵੱਢਿਆ ਸੀ. ਸੰਮਤ ੧੮੦੨ ਵਿੱਚ ਲਹੌਰ ਦੇ ਹਾਕਿਮ ਨੇ ਇਸ ਨੂੰ ਚਰਖੀ ਚਾੜ੍ਹਕੇ ਸ਼ਹੀਦ ਕੀਤਾ. ਦੇਖੋ, ਹਰਿਭਗਤ, ਪੰਥਪ੍ਰਕਾਸ਼, ਅਤੇ ਮੱਸਾਰੰਘੜ. ਭੜੀ. ਅਤੇ ਕੋਟਲਾਬਦਲਾ ਦੇ ਸਰਦਾਰ ਇਸੇ ਦੀ ਵੰਸ਼ ਵਿੱਚੋਂ ਹਨ.

**ਮਤਾਬਕੌਰ:** ਕਨ੍ਹੈਯਾ ਮਿਸਲ ਦੇ ਸਰਦਾਰ ਜੋਸਿੰਘ ਦੀ ਪੋਤੀ ਅਤੇ ਸਰਦਾਰ ਗੁਰਬਖਸ਼ਸਿੰਘ ਦੀ ਸੁਪੁਤ੍ਰੀ, ਜਿਸ ਦੀ ਸ਼ਾਦੀ ਮਹਾਰਾਜਾ ਰਣਜੀਤਸਿੰਘ ਜੀ ਨਾਲ ਸਨ ੧੭੯੫ ਵਿੱਚ ਹੋਈ, ਇਹ ਮਹਾਰਾਜਾ ਸ਼ੇਰਸਿੰਘ ਅਤੇ ਕੌਰ ਤਾਰਾਸਿੰਘ ਦੀ ਮਾਤਾ ਸੀ. ਇਸ ਦਾ ਦੇਹਾਂਤ ਸਨ ੧੮੧੩ ਵਿੱਚ ਹੋਇਆ. ਦੇਖੋ, ਸਦਾਕੌਰ.

**ਮਤਾਬੀ:** ਦੇਖੋ, ਮਹਤਾਬੀ. "ਜਰੈ ਮਤਾਬੀ ਅਦਭੁਤ ਸੋਭਾ." (ਗੁਪ੍ਰਸੂ)

**ਮਤਿ:** ਸੰ. ਮੱਤ. ਮਤਵਾਲਾ. "ਮਾਤੰਗ ਮਤਿ ਅਹੰਕਾਰ." (ਸਾਰ ਮਃ ੫) ੨. ਸੰ. ਮਾਤ੍ਰਿ. ਮਾਂ. "ਮਤਿ ਪਿਤ ਭਰਮੈ." (ਕਲਕੀ) ੩. ਸੰ. ਮਮਤ੍ਵ. ਅਹੰਕਾਰ. ਅੰਤਹਕਰਣ ਦਾ ਚੌਥਾ ਭੇਦ. "ਘੜੀਐ ਸੁਰਤਿ ਮਤਿ ਮਨਿ ਬੁਧਿ." (ਜਪੁ) ਦੇਖੋ, ਅੰਤਹਕਰਣ। ੪. ਸੰ. ਮਦ੍ਯ. ਸ਼ਰਾਬ. "ਪੀਵਹੁ ਸੰਤ ਸਦਾ ਮਤਿ ਦੁਰਲਭ." (ਕੇਦਾ ਕਬੀਰ) ੫. ਸੰ. ਮਤਿ. ਬੁੱਧਿ. ਅਕ਼ਲ. "ਮਤਿ ਹੋਦੀ ਹੋਇ ਇਆਣਾ." (ਸ. ਫਰੀਦ) "ਅਬ ਮੈ ਮਹਾਂ ਸੁੱਧ ਮਤਿ ਕਰਕੈ." (ਕਲਕੀ) ੬. ਗ੍ਯਾਨ। ੭. ਇੱਛਾ। ੮. ਸਿਮ੍ਰਿਤਿ. ਯਾਦ. ਚੇਤਾ। ੯. ਭਕ੍ਤਿ. ਭਗਤਿ। ੧੦. ਪ੍ਰਾਰਥਨਾ. ਅਰਦਾਸ। ੧੧. ਪੂਜਨ। ੧੨. ਧ੍ਯਾਨ। ੧੩. ਨਿਸ਼ਚਾ। ੧੪. ਰਾਇ। ੧੫. ਵ੍ਯ- ਪੰਜਾਬੀ ਵਿੱਚ ਮਤ ਦੀ ਥਾਂ ਭੀ ਮਤਿ ਆਉਂਦਾ ਹੈ. ਮਾ. ਨਾ. ਦੇਖੋ, ਮਤ ੧. "ਮਤਿ ਬਸਿ ਪਰਉ ਲੁਹਾਰ ਕੇ." (ਸ. ਕਬੀਰ)

**ਮਤਿਸਾਗਰ:** ਵਿ- ਅ਼ਕ਼ਲ ਦਾ ਸਮੁੰਦਰ. ਵਡਾ ਦਾਨਾ.

**ਮਤਿਹਾਰੀ:** ਵਿ- ਮਤਿਹੀਨੀ. ਅ਼ਕ਼ਲ ਤੋਂ ਖਾਰਿਜ. "ਟੂਟੀ ਲਾਜੁ ਭਰੈ ਮਤਿਹਾਰੀ." (ਗਉ ਕਬੀਰ)

**ਮਤਿਹੀਨ:** ਵਿ- ਬੁੱਧਿ ਰਹਿਤ. ਬੇਵਕੂਫ਼.

**ਮਤਿਬੁਧਿ:** ਗ੍ਯਾਨ ਅਤੇ ਅ਼ਕ਼ਲ। ੨. ਸਿਮ੍ਰਿਤਿ ਅਤੇ ਸਮਝ. ਦੇਖੋ, ਮਤਿ. "ਮਤਿ ਬੁਧਿ ਭਵੀ ਨ ਬੁਝਈ." (ਸ੍ਰੀ ਮਃ ੩)

**ਮਤਿਭਵੀ:** ਵਿ- ਭ੍ਰਮਿਤਮਤਿ. ਜਿਸ ਦੀ ਸਮਝ ਭ੍ਰਮ ਵਿੱਚ ਪੈਗਈ ਹੈ. "ਮਤਿਭਵੀ ਫਿਰਹਿ ਚਲਚਿਤੁ." (ਸਵਾ ਮਃ ੩)

**ਮਤਿਮਾਣ:** ਬੁੱਧਿ ਅਤੇ ਮਾਨ। ੨. ਸੰ. ਵਿ- ਮਤਿ- ਮਾਨ੍. ਬੁੱਧਿ ਵਾਲਾ. ਦਾਨਾ. ਅਕਲਮੰਦ.

**ਮਤਿ ਮਾਤਾ ਮਤਿ ਜੀਉ ਨਾਮ ਮੁਖਿ ਰਾਮਾ:** (ਗਉ ਮਃ ੪) ਮੁਖੋਂ ਕਰਤਾਰ ਦੇ ਨਾਮ ਜਪਣ ਦੀ ਮਤਿ (ਇੱਛਾ) ਵਾਲੀ ਮਤਿ (ਬੁੱਧਿ) ਨੂੰ, ਹੇ ਜੀਵ! ਮਾਤਾ ਬਣਾ.

**ਮਤਿਮਾਨ, ਮਤਿਮੰਤ:** ਵਿ- ਅ਼ਕ਼ਲਮੰਦ. ਸਮਝਦਾਰ.

**ਮਤਿਮੰਦ:** ਵਿ- ਮੋਟੀ ਅ਼ਕ਼ਲ ਵਾਲਾ. ਕੁੰਦਜਿਹਨ.

**ਮਤਿਵੇਲਾ:** ਗ੍ਯਾਨਮਤਿ ਪ੍ਰਾਪਤ ਕਰਨ ਦਾ ਵੇਲਾ (ਸਮਾਂ). ਦੇਖੋ, ਪਵਨ ਅਰੰਭੁ. "ਕਵਣ ਮੂਲੁ ਕਵਣ ਮਤਿਵੇਲਾ." (ਸਿਧਗੋਸਟਿ) ਗ੍ਯਾਨ ਦਾ ਮੂਲ ਕੀ ਹੈ? ਮਤਿ (ਗ੍ਯਾਨ) ਪ੍ਰਾਪਤ ਕਰਨ ਦਾ ਵੇਲਾ ਕੇਹੜਾ ਹੈ?

**ਮਤੀ:** ਸੰ. ਮਤਿ ਅ਼ਕ਼ਲ. "ਸੁਆਮੀ ਪੰਡਿਤਾ! ਤੁਮ ਦੇਹੁ ਮਤੀ." (ਬਸੰ ਮਃ ੧) ੨. ਮੱਤਤਾ ਕਰਕੇ. ਨਸ਼ੇ ਦੀ ਮਸਤੀ ਵਿੱਚ. "ਅਮਲ ਗਲੋਲਾ ਕੂੜ ਕਾ ××× ਮਤੀ ਮਰਣੁ ਵਿਸਾਰਿਆ." (ਸ੍ਰੀ ਮਃ ੧)

**ਮਤੀਇੰਦ੍ਰ:** ਇੰਦੁਮਤੀ ਦੇ ਥਾਂ ਇਹ ਸ਼ਬਦ ਹੈ. "ਮਤੀਇੰਦ੍ਰ ਨਾਮਾ ਉਦਾਰ." (ਅਜਰਾਜ) ਦੇਖੋ, ਇੰਦੁਮਤੀ.

**ਮਤੀਦਾਸ:** ਇਹ ਧਰਮਵੀਰ ਆਤਮਗ੍ਯਾਨੀ ਸਿੱਖ, ਭਾਈ ਪਰਾਗੇ ਦਾ ਜੇਠਾ ਪੁਤ੍ਰ ਸੀ. ਦੇਖੋ, ਪਰਾਗਾ. ਸਤਿਗੁਰੂ ਤੇਗਬਹਾਦੁਰ ਸਾਹਿਬ ਨੇ ਭਾਈ ਮਤੀਦਾਸ ਨੂੰ ਆਪਣਾ ਦੀਵਾਨ ਥਾਪਿਆ ਅਰ ਇਹ ਨੌਮੇ ਸਤਿਗੁਰੂ ਜੀ ਨਾਲ ਦਿੱਲੀ ਵਿੱਚ ਕੈਦ ਹੋਇਆ ਅਤੇ ਇਸਲਾਮ ਨਾ ਕਬੂਲ ਕਰਨ ਪੁਰ ਸੰਮਤ ੧੭੩੨ ਵਿੱਚ ਆਰੇ ਨਾਲ ਚਿਰਵਾਇਆ ਗਿਆ. ਭਾਈ ਮਤੀਦਾਸ ਦੇ ਸਿਰ ਪੁਰ ਜਦ ਆਰਾ ਚਲ ਰਿਹਾ ਸੀ, ਤਦ ਭੀ ਜਪੁ ਸਾਹਿਬ ਦਾ ਪਾਠ ਮੁਖੋਂ ਨਿਕਲਦਾ ਸੀ. ਇਸ ਧਰਮਵੀਰ ਦਾ ਭਤੀਜਾ ਗੁਰਬਖ਼ਸ਼ਸਿੰਘ ਦਸ਼ਮੇਸ਼ ਦੀ ਹਜੂਰੀ ਵਿੱਚ ਰਿਹਾ ਹੈ. ਕਈ ਲੇਖਕਾਂ ਨੇ ਮਤੀਦਾਸ ਨੂੰ ਮਤੀਰਾਮ ਭੀ ਲਿਖਿਆ ਹੈ.

**ਮਤੀਨ:** ਅ਼. متین ਵਿ- ਮਤਨ (ਬਲ) ਵਾਲਾ. ਬਲੀ. ਤ਼ਾਕ਼ਤਵਰ। ੨. ਸੰਗ੍ਯਾ- ਪਰਮੇਸ਼੍ਵਰ ਦਾ ਇੱਕ ਨਾਮ.

**ਮਤੀਰਾ:** ਸੰਗ੍ਯਾ- ਹਿੰਦਵਾਣਾ. ਤਰਬੂਜ਼. Water melon ਦੇਖੋ, ਤਰਬੂਜ.

**ਮਤੀਰਾਮ:** ਦੇਖੋ, ਮਤੀਦਾਸ.

ਮਤੁ: ਦੇਖੋ, ਮਤ ੧. "ਮਤੁ ਭਰਮਿ ਭੂਲਹੁ." (ਬਸੰ ਮਃ ੫) ੨. ਮੱਤ. ਮਖਮੂਰ. ਦੇਖੋ, ਮਤ ੧੧.

ਮਤੁਹੋਵੈ: ਵ੍ਯ- ਸ਼ਾਯਦ (ਕਦਾਚਿਤ) ਅਜਿਹਾ ਨਾ ਹੋਵੇ. "ਉਡਰਿਆ ਵੇਚਾਰਾ ਬਗੁਲਾ, ਮਤੁ ਹੋਵੈ ਮੰਞੁ ਲਖਾਵੈ." (ਵਾਰ ਰਾਮ ੨. ਮਃ ੫) ਅਜਿਹਾ ਨਾ ਹੋਵੇ ਕਿ ਮੇਰੀ ਅਸਲੀਯਤ ਮਲੂਮ ਹੋ ਜਾਵੇ.

ਮਤੇ: ਮੱਤ ਹੋਏ. ਮਸ੍ਤ ਭਏ. "ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ." (ਸਹਸ ਮਃ ੫) ੨. ਵ੍ਯ- ਅਜਿਹਾ ਨਾ ਹੋਵੇ। ੩. ਸ਼ਾਯਦ. ਕਦਾਚਿਤ.

ਮਤੇਈ: ਸੰਗ੍ਯਾ- ਮਾਤਾ ਜੇਹੀ. ਵਿਜਾਤ੍ਰਿ.

ਮਤੇ ਦੀ ਸਰਾਇ: ਜਿਲਾ ਫਿਰੋਜ਼ਪੁਰ, ਤਸੀਲ ਮੁਕਤਸਰ ਵਿੱਚ, ਮੁਕਤਸਰ ਤੋਂ ਸੱਤ ਕੋਹ ਉੱਤਰ ਪੂਰਵ ਇੱਕ ਪਿੰਡ, ਜਿਸ ਦਾ ਹੁਣ ਨਾਮ "ਨਾਗੇ ਕੀ ਸਰਾਇ" ਹੈ, ਕਿਉਂਕਿ ਇਹ ਉਜੜਿਆ ਥੇਹ ਉਦਾਸੀ ਨਾਗੇ ਸਾਧੂ ਨੇ ਆਬਾਦ ਕੀਤਾ ਸੀ. ਇੱਥੇ ਇੱਕ ਗੁਰਦ੍ਵਾਰਾ ਗੁਰੂ ਨਾਨਕਦੇਵ ਜੀ ਦਾ, ਦੂਜਾ ਸ਼੍ਰੀ ਗੁਰੂ ਅੰਗਦ ਜੀ ਦਾ ਹੈ. ਗੁਰੂ ਅੰਗਦਦੇਵ ਜੀ ਦਾ ਜਨਮਅਸਥਾਨ ਪਿੰਡ ਤੋਂ ਚਾਰ ਸੌ ਕਦਮ ਪੂਰਵ ਵੱਲ ਮਤੇ ਦੀ ਸਰਾਇ ਤੇ ਥੇਹ ਪੁਰ ਹੈ. ਇੱਥੇ ਵੈਸਾਖੀ ਨੂੰ ਮੇਲਾ ਹੁੰਦਾ ਹੈ. ਰੇਲਵੇ ਸਟੇਸ਼ਨ ਬਰੂਵਾਲੀ (ਬੀ. ਬੀ. ਸੀ. ਆਈ. ਰੇਲਵੇ) ਤੋਂ ਇਹ ਥਾਂ ਡੇਢ ਮੀਲ ਦੱਖਣ ਵੱਲ ਹੈ.

ਮਤੇ ਵਾਲੀ ਢਾਬ: ਦੇਖੋ, ਦੋਦੇਵਾਲ.

ਮਤੰਗ: ਸੰ. ਮਤङ्ग. ਸੰਗ੍ਯਾ- ਹਾਥੀ. ਹਸ੍ਤੀ, "ਮੱਤ ਮਤੰਗ ਜਰੇ ਜਰ ਸੰਗ." (ਅਕਾਲ) ੨. ਇੱਕ ਰਿਖੀ, ਜੋ ਮਹਾਭਾਰਤ ਅਨੁਸਾਰ ਨਾਈ ਦੇ ਵੀਰਯ ਤੋਂ ਬ੍ਰਾਹਮਣੀ ਦੇ ਉਦਰੋਂ ਪੈਦਾ ਹੋਇਆ, ਪਰ ਸ਼ੁਭ ਗੁਣਾਂ ਕਰਕੇ ਬ੍ਰਾਹਮਣ ਪਦਵੀ ਨੂੰ ਪਹੁਚਿਆ.[958] ਇਸ ਦਾ ਪੁਤ੍ਰ ਮਾਤੰਗ ਰਿਖੀ ਸ਼ਵਰੀ (ਭੀਲਣੀ) ਦਾ ਗੁਰੂ ਸੀ. ਦੇਖੋ, ਮਾਤੰਗ ੧। ੩. ਮੇਘ. ਬੱਦਲ। ੪. ਬ੍ਰਾਹਮਣੀ ਦੇ ਪੇਟ ਤੋਂ ਨਾਈ ਦਾ ਪੁੱਤ.

ਮਤੰਤ: ਦੇਖੋ, ਮਤਾਂਤ। ੨. ਮਦ ਦਾ ਸਿੱਧਾਂਤ (ਨਿਚੋੜ). "ਬੰਦਬਜਾਸ ਮਤੰਤ." (ਗ੍ਯਾਨ)

ਮੱਤ: ਸੰ. ਵਿ- ਮਤਵਾਲਾ. ਮਸ੍ਤ। ੨. ਪਿੰਗਲ ਗ੍ਰੰਥਾਂ ਵਿੱਚ ਮਾਤ੍ਰਾ ਲਈ ਭੀ ਮੱਤ ਸ਼ਬਦ ਆਇਆ ਹੈ. "ਧਰ ਮੱਤ ਚਾਰ." (ਰੂਪਦੀਪ) ੩. ਸ਼ਸਤ੍ਰਨਾਮਮਾਲਾ ਵਿੱਚ ਮਤਸ (ਮੱਛ) ਦੀ ਥਾਂ ਅਜਾਣ ਲਿਖਾਰੀ ਨੇ ਮੱਤ ਸ਼ਬਦ ਲਿਖਦਿੱਤਾ ਹੈ- "ਮੱਤ ਸ਼ਬਦ ਪ੍ਰਿਥਮੈ ਉਚਰ ਅੱਛ ਸਬਦ ਪੁਨ ਦੇਹੁ। ਅਰਿ ਪਦ ਬਹੁਰ ਬਖਾਨੀਐ ਨਾਮ ਬਾਨ ਲਖਲੇਹੁ ॥" ਮੱਛ ਦੀ ਅੱਖ ਦਾ ਵੈਰੀ, ਤੀਰ. ਅਰਜੁਨ ਨੇ ਮੱਛ ਦੀ ਅੱਖ ਵਿੰਨ੍ਹਕੇ ਦ੍ਰੋਪਦੀ ਵਰੀ ਸੀ.

ਮੱਤਗਯੰਦ: ਦੇਖੋ, ਸਵੈਯੇ ਦਾ ਰੂਪ ੧੦.

ਮੱਤਦੁਰਮਿਲਾ: ਇਸ ਛੰਦ ਦਾ ਨਾਮ "ਸ਼ੋਕਹਰ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ੩੦ ਮਾਤ੍ਰਾ, ਤਿੰਨ ਵਿਸ਼੍ਰਾਮ ਅੱਠ ਅੱਠ ਪੁਰ, ਚੌਥਾ ਛੀ ਮਾਤ੍ਰਾ ਪੁਰ, ਅੰਤ ਗੁਰੁ.

ਉਦਾਹਰਣ-

ਡਰ ਮਰਦਾਨੇ, ਬਚਨ ਬਖਾਨੈ,

ਕੇਚਿਤ ਨਰ ਇਉਂ ਬੈਨ ਕਹੈਂ, ×××

ਡੂਮੰ ਤਾਂਹੀ ਭਾ ਜੁ ਕੁਰਾਹੀ

ਨਹਿ ਰਬਾਬ ਕੋ ਦੈਨ ਚਹੈਂ. (ਨਾਪ੍ਰ)

---

[958] ਦੇਖੋ, ਮਹਾਭਾਰਤ ਅਨੁਸ਼ਾਸਨ ਪਰਵ, ਅਃ ੨੬-੩੦

ਮੱਤਾ: ਵਿ- ਮੱਤ ਹੋਇਆ. ਮਖ਼ਮੂਰ। ੨. ਸੰਗਯਾ- ਮਾਤ੍ਰਾ. "ਤੇਰਹਿ ਮੱਤ ਤਾਖ ਪਦ." (ਰੂਪਦੀਪ)

ਮੱਤਾਕ੍ਰੀੜਾ: ਦੇਖੋ, ਸਵੈਯੇ ਦਾ ਭੇਦ ੨੯.

ਮਤ੍ਰੇਈ: ਮਾਤ੍ਰਿ ਜੇਹੀ. ਵਿਮਾਤ੍ਰਿ. ਮਤੇਈ.

ਮਥ: ਸੰਗਯਾ- ਮੱਥਾ. ਮਸ੍ਤਕ। ੨. ਸੰ. ਸਥ. ਧਾ- ਰਿੜਕਣਾ (ਮਥਣਾ), ਵਿਚਾਰਨਾ, ਰਗੜਨਾ (ਘਸਾਉਣਾ), ਹਿਲਾਉਣਾ, ਨਾਸ਼ ਕਰਨਾ.

ਮਥਈ: ਮਥਨ ਕਰਦਾ (ਰਿੜਕਦਾ) ਹੈ। ੨. ਮਸ੍ਤਕ ਪੁਰ. ਮੱਥੇ ਤੇ. "ਜਿਸੁ ਬਡਭਾਗ ਮਥਈ." (ਕਲਿ ਮਃ ੪) ੩. ਮੱਥੇ ਦਾ.

ਮਥਈਆ: ਵਿ- ਮਥਨ ਕਰੈਯਾ, ਰਿੜਕਣਵਾਲਾ.

ਮਥਣਾ: ਦੇਖੋ, ਮਥਨਾ। ੨. ਦੇਖੋ, ਮਿਥਣਾ.

ਮਥਣੀ: ਵਿ- ਮਥਨ ਕਰਨ ਵਾਲੀ, ਮਰਦਨ ਕਰਨ ਵਾਲੀ. (ਸਨਾਮਾ) ੨. ਸੰਗਯਾ- ਮਧਾਣੀ. ਦੇਖੋ, ਮਥਨੀ.

ਮਥਨ: ਸੰ. ਸੰਗਯਾ- ਰਿੜਕਣ ਦੀ ਕ੍ਰਿਯਾ. ਬਿਲੋਨਾ। ੨. ਦੁੱਖ ਦੇਣਾ। ੩. ਕੁਚਲਣਾ. ਦੇਖੋ, ਮਥ ੨.

ਮਥਨਾ: ਕ੍ਰਿ- ਰਿੜਕਣਾ। ੨. ਵਿਚਾਰਨਾ। ੩. ਦੁੱਖ ਦੇਣਾ। ੪. ਮਲਣਾ. ਕੁਚਲਣਾ। ੫. ਗੁੰਨ੍ਹਣਾ.

ਮਥਨਾਚਲ: ਸਮੁੰਦਰ ਰਿੜਕਣ ਦਾ ਅਚਲ (ਪਹਾੜ) ਮੰਦਰਗਿਰਿ. ਮੰਦਰਾਚਲ.

ਮਥਨਿ: ਮਥਦੇ (ਰਿੜਕਦੇ) ਹਨ. ਰਿੜਕਦੀਆਂ ਹਨ. "ਜਿਉ ਮਥਨਿ ਮਾਧਾਣੀਆ." (ਸਵਾ ਮਃ ੫)

ਮਥਨੀ: ਸੰ. ਮੰਥਾਨ. ਸੰਗਯਾ- ਮਧਾਣੀ.

ਮਥਨੁ: ਦੇਖੋ, ਮਥਨ ੩. "ਕੇਸੀ ਕੰਸ ਮਥਨੁ ਜਿਨਿ ਕੀਆ." (ਗੌਂਡ ਨਾਮਦੇਵ)

ਮਥਰਾ: ਦੇਖੋ, ਮਥੁਰਾ.

ਮਥਾ: ਸੰਗਯਾ- ਮਸ੍ਤਕ. ਮੱਥਾ. "ਨਿਵਾਵਹਿ ਪ੍ਰਭੁ ਮਥਾ." (ਵਾਰ ਜੈਤ)

ਮਥਾਇ, ਮਥਾਇਣਾ, ਮਥਾਹੜੈ, ਮਥਾਣੈ: ਮੱਥੇ ਦਾ, ਮਸ੍ਤਕ ਦਾ. ਮੱਥੇ ਪੁਰ. "ਉਬਰੇ ਭਾਗ ਮਥਾਇ." (ਮਃ ੫. ਵਾਰ ਮਾਰੂ ੨) "ਜਿਸੁ ਬਡਭਾਗ ਮਥਾਇਣਾ." (ਮਾਰੂ ਸੋਲਹੇ ਮਃ ੫) "ਜਿਨਾ ਭਾਗ ਮਥਾਹੜੈ." (ਮਃ ੫. ਵਾਰ ਮਾਰੂ ੨)

"ਜਿਸੁ ਹੋਵੈ ਭਾਗ ਮਥਾਣੈ." (ਮਾਰੂ ਮਃ ੫)

ਮਥਾਨ: ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਦੋ ਤਗਣ, *SSI*, *SSI*.

ਉਦਾਹਰਣ-

ਛਾਜੈ ਮਹਾਂ ਜੋਤ। ਭਾਨੰ ਮਨੋ ਦੋਤ।

ਰਾਜੈ ਮਹਾਂ ਰੂਪ। ਲਾਜੈਂ ਸਭੈ ਭੂਪ ॥ (ਕਲਕੀ)

੨. ਅਧਰਿੜਕ. ਮਠਾ.

ਮਥਾਨਾ, ਮਥਾਨਿ, ਮਥਾਮ, ਮਥਾਮਰ, ਮਥਾਮਾ, ਮਥਾਰੀਐ: ਮਸਤਕ ਦਾ। ੨. ਮੱਥੇ ਪੁਰ. "ਜਿਨ ਕੈ ਭਾਗ ਮਥਾਨਾ." (ਰਾਮ ਛੰਤ ਮਃ ੫) "ਲਹਨੋ ਜਿਸੁ ਮਥਾਨਿਹਾ." (ਆਸਾ ਮਃ ੫) "ਬਡ ਹੋਹੋ ਭਾਗ ਮਥਾਮ." (ਕਾਨ ਪੜਤਾਲ ਮਃ ੪) "ਜਾਕੇ ਲੇਖ ਮਥਾਮਾ." (ਸਾਰ ਮਃ ੫) "ਜਿਸੁ ਭਾਗ ਮਥਾਰੀਐ." (ਵਾਰ ਗੂਜ ੨. ਮਃ ੫)

ਮਥਿ: ਕ੍ਰਿ. ਵਿ- ਮਥਨ ਕਰਕੇ. ਰਿੜਕਕੇ. "ਮਥਿ ਅੰਮ੍ਰਿਤ ਪੀਆ." (ਸੂਹੀ ਮਃ ੧) ੨. ਵੱਟਕੇ. ਮਰੋੜਾ ਦੇਕੇ. "ਧਿਆਨੁ ਕਰਿ ਸੁਈ, ਸਬਦੁ ਤਾਗਾ ਮਥਿ ਘਾਲੈ." (ਆਸਾ ਕਬੀਰ) ੩. ਮੱਥੇ ਪੁਰ. ਮਸ੍ਤਕ ਉਪਰ. "ਜਿਸੁ ਲਿਖਿਆ ਹੋਵੈ ਮਥਿ." (ਸ੍ਰੀ ਮਃ ੫)

ਮਥਿਤ: ਵਿ- ਰਿੜਕਿਆ ਹੋਇਆ। ੨. ਮਸਲਿਆ ਹੋਇਆ। ੩. ਨਾਸ਼ ਕੀਤਾ.

ਮਥੀਆ: ਵਿ- ਮਥਨ ਕਰਤਾ. ਰਿੜਕਣ ਵਾਲਾ। ੨. ਵਿਚਾਰਣ ਵਾਲਾ। ੩. ਕੁਚਲਣ ਵਾਲਾ.

ਮਥੁਰਾ: ਗੁਰਯਸ਼ ਕਰਤਾ ਇੱਕ ਭੱਟ. "ਮਥੁਰਾ ਭਨਿ ਭਾਗ ਭਲੇ ਉਨਕੇ." (ਸਵੈਯੇ ਮਃ ੪. ਕੇ) ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ, ਜੋ ਆਤਮਗਜਾਨੀ ਅਤੇ ਮਹਾਨ ਯੋਧਾ ਸੀ। ੩. ਸੰ. ਮਧੁਪੁਰੀ. ਇਲਾਹਾਬਾਦ ਦੇ ਇਲਾਕੇ ਜਮੁਨਾ ਨਦੀ ਦੇ ਸੱਜੇ ਕਿਨਾਰੇ ਵ੍ਰਜਭੂਮਿ ਵਿੱਚ ਮਥੁਰਾ ਪ੍ਰਸਿੱਧ ਸ਼ਹਿਰ ਹੈ, ਜੋ ਹਿੰਦੁਆਂ ਦੀਆਂ ਸੱਤ ਪਵਿਤ੍ਰ ਨਗਰੀਆਂ ਵਿੱਚੋਂ ਇੱਕ ਹੈ. ਕ੍ਰਿਸ਼ਨ ਜੀ ਨੇ ਏਥੇ ਹੀ ਜਨਮ ਲਿਆ ਸੀ. "ਮਥੁਰਾ ਮੰਡਲ ਕੇ ਬਿਖੇ ਜਨਮ ਧਰਯੋ ਹਰਿ ਰਾਇ." (ਕ੍ਰਿਸਨਾਵ)

ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਏਥੇ ਇੱਕ ਦੈਤ ਮਧੁ ਨਾਮੀ ਰਾਜ ਕਰਦਾ ਸੀ, ਜਿਸ ਤੋਂ ਇਸ ਨਗਰੀ ਦਾ ਨਾਮ "ਮਧੁਪੁਰੀ" ਹੋਇਆ. ਜਦ ਮਧੁ ਦੇ ਪੁਤ੍ਰ ਲਵਣ ਨੂੰ ਰਾਮਚੰਦ੍ਰ ਜੀ ਦੇ ਭਾਈ ਸ਼ਤ੍ਰੁਘਨ ਨੇ ਮਾਰ ਦਿੱਤਾ, ਤਾਂ ਉਸ ਨੇ ਇਸ ਸ਼ਹਰ ਦਾ ਨਾਮ "ਮਧੁਰਾ" ਰੱਖਦਿੱਤਾ, ਜਿਸ ਤੋਂ ਮਥੁਰਾ ਬਣ ਗਿਆ.

ਬਾਦਸ਼ਾਹ ਔਰੰਗਜ਼ੇਬ ਨੇ ਰਮਜ਼ਾਨ ਸਨ ਹਿਜਰੀ ੧੦੮੦ (ਸਨ ੧੬੬੯) ਵਿੱਚ ਇਸ ਪੁਰੀ ਦਾ ਨਾਮ "ਇਸਲਾਮਾਬਾਦ" ਰੱਖਿਆ ਸੀ[959] ਅਤੇ ਕੇਸ਼ਵਦੇਵ ਮੰਦਿਰ ਨੂੰ ਢਾਹਕੇ ਮਸੀਤ ਚਿਣਵਾਈ ਸੀ.

ਇਸ ਸ਼ਹਿਰ ਵਿੱਚ ਚੌਬਿਆਂ ਦੇ ਘਰ ਛੀਂਵੇਂ ਗੁਰੂ ਸਾਹਿਬ ਦਾ ਅਸਥਾਨ ਹੈ. ਆਗਰੇ ਜਾਂਦੇ ਹੋਏ ਇਸ ਥਾਂ ਪਧਾਰੇ ਸਨ. ਕੰਸ ਦੇ ਟਿੱਲੇ ਉੱਪਰ ਨੌਮੇ ਸਤਿਗੁਰੂ ਜੀ ਦਾ ਗੁਰਦ੍ਵਾਰਾ ਹੈ. ਮਥੁਰਾ ਵਿੱਚ ਦਸ਼ਮੇਸ਼ ਨੇ ਭੀ ਪਟਨੇ ਤੋਂ ਪੰਜਾਬ ਨੂੰ ਆਉਂਦੇ ਚਰਣ ਪਾਏ ਹਨ. ਸ਼੍ਰੀ ਗੁਰੂ ਨਾਨਕਦੇਵ ਜੀ ਭੀ ਇਸ ਥਾਂ ਪਧਾਰੇ ਹਨ, ਗੁਰਦ੍ਵਾਰਾ ਪ੍ਰਸਿੱਧ ਨਹੀਂ. ਦੇਖੋ, ਨਾਨਕ ਪ੍ਰਕਾਸ਼ ਉੱਤਰਾਰਧ ਅਃ ੯.

ਮਥੁਰਾਨਾਥ, ਮਥੁਰਾਪਤਿ, ਮਥੁਰੇਸ਼: ਉਗ੍ਰਸੇਨ। ੨. ਕੰਸ। ੩. ਕ੍ਰਿਸ਼ਨਦੇਵ.

ਮਥੇਵਾਲ: ਸਿਰ ਦੇ ਕੇਸ਼. "ਮਥੇਵਾਲ ਦ੍ਰੋਪਤੀ ਆਂਦੀ." (ਭਾਗੁ)

ਮਥੇਵਾਲਿ: ਕੇਸ਼ਾਂ ਤੋਂ. ਕੇਸ਼ ਫੜਕੇ. "ਮਥੇਵਾਲਿ ਪਛਾੜਿਅਨੁ." (ਮਃ ੫. ਵਾਰ ਗੂਜ ੨)

ਮਥੈ: ਮਥਨ ਕਰਦਾ (ਰਿੜਕਦਾ) ਹੈ। ੨. ਮਸਲਦਾ (ਕੁਚਲਦਾ) ਹੈ। ੩. ਮੱਥੇ ਉੱਤੇ. "ਮਥੈ ਟਿਕੇ ਨਾਹੀ." (ਮਃ ੧. ਵਾਰ ਮਾਝ)

ਮਥੈਯਾ: ਵਿ- ਮਥਨ ਕਰੈਯਾ. ਰਿੜਕਨ ਵਾਲਾ। ੨. ਕੁਚਲਣ ਵਾਲਾ.

ਮਥੋਮੁਰਾਰੀ: ਜਿਲਾ ਲਹੌਰ ਦੇ ਖਾਈ ਪਿੰਡ ਦਾ ਵਸਨੀਕ ਪ੍ਰੇਮਾ ਖਤ੍ਰੀ, ਜੋ ਕੋੜ੍ਹੀ ਹੋਗਿਆ ਸੀ, ਸ੍ਰੀ ਗੁਰੂ ਅਮਰਦੇਵ ਜੀ ਦੀ ਕ੍ਰਿਪਾ ਨਾਲ ਅਰੋਗ ਹੋਇਆ. ਸਤਿਗੁਰੂ ਨੇ ਇਸ ਦਾ ਨਾਮ "ਮੁਰਾਰੀ" ਰੱਖਿਆ. ਸੀਂਹੇ ਉੱਪਰ ਖੱਤ੍ਰੀ ਨੇ ਗੁਰੂ ਸਾਹਿਬ ਦੀ ਆਗਜਾ ਅਨੁਸਾਰ ਮੁਰਾਰੀ ਨੂੰ ਆਪਣੀ ਪੁਤ੍ਰੀ "ਮਥੋ" ਵਿਆਹ ਦਿੱਤੀ. ਇਸ ਉੱਤਮ ਜੋੜੀ ਨੇ ਗੁਰੁਮਤ ਦਾ ਭਾਰੀ ਪ੍ਰਚਾਰ ਕੀਤਾ, ਅਰ ਦੋਹਾਂ ਦਾ ਸੰਮਿਲਤ ਨਾਮ ਇਤਿਹਾਸ ਵਿੱਚ ਪ੍ਰਸਿੱਧ ਹੋਗਿਆ. ਗੁਰੂ ਸਾਹਿਬ ਨੇ ਮਥੋਮੁਰਾਰੀ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ.

ਮਥੋਰ, ਮਥੋਰਾ, ਮਥੋਰੀ: ਮੱਥੇ ਦਾ. ਮਸ੍ਤਕ ਪੁਰ. "ਜਾਕੈ ਭਾਗ ਮਥੋਰ." (ਬਾਵਨ) "ਵਡਭਾਗ ਮਥੋਰਾ." (ਸਾਰ ਪੜਤਾਲ ਮਃ

---

[959] ਕਾਈਆਂ ਨੇ "ਮੋਮਿਨਾਬਾਦ" ਨਾਮ ਲਿਖਿਆ ਹੈ.

੪) "ਜਿਨ ਭਾਗ ਮਥੋਰੀ." (ਗਉ ਮਃ ੫)

ਮਥੰ: ਵਿਚਾਰਨਾ. ਦੇਖੋ, ਮਥਨ "ਗੋਪਾਲ ਕਥੰ ਮਥੰ." (ਗਾਥਾ)

ਮਥੰਤ: ਮਥਨ ਕਰੰਤ. ਰਿੜਕਦਾ। ੨. ਵਿਚਾਰ (ਮਥਨ) ਦਾ ਸਾਰ. ਸਿਧਾਂਤ.

ਮਥੰਨਿ: ਮਥਨ ਕਰਦੇ (ਰਿੜਕਦੇ) ਹਨ। ੨. ਦੇਖੋ, ਮਣੀ ਮਥੰਨਿ. ਮੱਥੇ ਪੁਰ. "ਜਿਸ ਕੇ ਭਾਗ ਮਥੰਨਿ." (ਮਾਝ ਬਾਰਹਮਾਹਾ)

ਮੱਥ: ਮਸ੍ਤਕ. ਮੱਥਾ.

ਮੱਥਕਾ: ਸੰਗਯਾ- ਮਥਨ ਕਰਨ ਦੀ ਰੱਸੀ, ਜੋ ਮਧਾਣੀ ਨੂੰ ਲਿਪਟੀ ਰਹਿੰਦੀ ਹੈ. ਨੇਤ੍ਰਾ. "ਕਰੀ ਮੱਥਕਾ ਬਾਸੁਕੰ ਸਿੰਧ ਮੱਥੰ." (ਮੱਛਾਵ)

ਮੱਥਾ ਸੁੰਘਣਾ: ਕ੍ਰਿ- ਪਿਆਰ ਨਾਲ ਪੁਤ੍ਰ ਆਦਿਕ ਦਾ ਮਿਲਣ ਅਥਵਾ ਵਿਦਾ ਸਮੇਂ ਮੱਥਾ ਸੁੰਘਣਾ, ਚੁੰਮਣਾ. ਪੁਰਾਣੇ ਗ੍ਰੰਥਾਂ ਵਿੱਚ ਮੱਥਾ ਸੁੰਘਣ ਦੀ ਰੀਤਿ ਦੇਖੀਜਾਂਦੀ ਹੈ. ਦੇਖੋ, ਕਸ਼ੀਤਕੀ ਉਪਨਿਸ਼ਦ ਅਧ੍ਯਾਯ ੨.

"ਬਦਨ ਵਿਲੋਕਤ ਸੂੰਘਤ ਮਾਥਾ। ਕਰਤ ਨੇਹ ਸਿਰ ਫੇਰਤ ਹਾਥਾ ॥" (ਨਾਪ੍ਰ)

ਮਦ: ਸੰ. ਸਦ. ਧਾ- ਖ਼ੁਸ਼ ਹੋਣਾ, ਥਕਣਾ, ਤ੍ਰਿਪਤ ਕਰਨਾ, ਅਹੰਕਾਰ ਕਰਨਾ, ਮਤਵਾਲਾ ਹੋਣਾ। ੨. ਸੰਗਯਾ- ਹਾਥੀ ਦੀ ਗਲ੍ਹ ਤੋਂ ਟਪਕਿਆ ਮਸ੍ਤੀ ਦਾ ਜਲ. "ਮਦ ਝਰਤ ਹਸਤੀ ਪੁੰਜ ਹੋ." (ਸਲੋਹ) ੩. ਅਹੰਕਾਰ. "ਜੋਬਨ ਧਨ ਪ੍ਰਭੁਤਾ ਕੈ ਮਦ ਮੈ." (ਧਨਾ ਮਃ ੯) ੪. ਵੀਰਯ. ਮਣੀ। ੫. ਮੱਤਤਾ. ਮਤਵਾਲਾਪਨ. "ਮਮ ਮਦ ਮਾਤ ਕੋਪ ਜਰੀਆ." (ਕਾਨ ਮਃ ੫) ੬. ਨਸ਼ਾ. ਮਾਦਕ ਪਦਾਰਥ. "ਮਦਿ ਮਾਇਆ ਕੈ ਭਇਓ ਬਾਵਰੋ." (ਸੋਰ ਮਃ ੯) ੭. ਕਸ੍ਤੂਰੀ. ਮ੍ਰਿਗਮਦ। ੮. ਫ਼ਾ. مد ਤਾਰ। ੯. ਮਹੀਨੇ ਦਾ ਛੀਵਾਂ ਦਿਨ। ੧੦. ਦੇਖੋ, ਮੱਦ.

ਮਦਊ: ਸੰਗਯਾ- ਘੋੜੇ ਦੀ ਪਿੱਠ ਦਾ ਉਹ ਥਾਂ, ਜਿਸ ਪੁਰ ਕਾਠੀ ਰੱਖੀ ਜਾਂਦੀ ਹੈ। ੨. ਅ਼. مدعُوٌ ਮਦਊ਼. ਜੋ ਦਾਵਤ (ਬੁਲਾਇਆ ਗਿਆ) ਹੈ. ਜਿਸ ਨੂੰ ਨਿਮੰਤ੍ਰਣ ਦਿੱਤਾ ਗਿਆ ਹੈ. ਨਿਮੰਤ੍ਰਿਤ.

ਮਦਹੋਸ: ਅ਼. مدہُوش ਵਿ- ਦਹਸ (ਬੇਸੁਧ) ਹੋਣ ਦਾ ਭਾਵ. "ਮਦ ਪੀ ਮਦਹੋਸ ਭਏ ਨਿਸਚਰ." (ਸਲੋਹ)

ਮਦਕ: ਵਿ- ਮਦ ਕਰਨ ਵਾਲਾ. ਜਿਸ ਤੋਂ ਮਦ ਹੋਵੇ. ਮਾਦਕ। ੨. ਸੰਗਯਾ- ਨਾਲੀ. ਬਰਕ ਖਿੱਚਣ ਦੀ ਨਾਲ (Pipe) "ਮੁਦ੍ਰਾ ਮਦਕ ਸਹਜਧੁਨਿ ਲਾਗੀ." (ਰਾਮ ਕਬੀਰ) ਭਾਫ ਬੰਦ ਕਰਨ ਵਾਲਾ ਡੱਟਾ ਮੁਦ੍ਰਾ ਹੈ। ੩. ਵਰਤਮਾਨ ਸਮੇ "ਮਦਕ" ਇੱਕ ਨਸ਼ੀਲਾ ਪਦਾਰਥ ਹੈ, ਜੋ ਅਫੀਮ ਗਾਂਜਾ ਤਮਾਕੂ ਅਤੇ ਪਾਨ ਦੇ ਮੇਲ ਤੋਂ ਬਣਦਾ ਹੈ ਅਰ ਚਿਲਮ ਵਿੱਚ ਰੱਖਕੇ ਪੀਤਾ ਜਾਂਦਾ ਹੈ, ਇਸ ਦਾ ਜ਼ਹਿਰ ਸ਼ਰੀਰ ਵਿੱਚ ਬਹੁਤ ਬੁਰਾ ਅਸਰ ਕਰਦਾ ਹੈ, ਖਾਸ ਕਰਕੇ ਪੱਠਿਆਂ ਨੂੰ ਨਿਕੰਮਾ ਕਰ ਦਿੰਦਾ ਹੈ. ਮਦਕ ਪੀਣ ਵਾਲੇ ਪਾਣੀ ਤੋਂ ਇਤਨਾ ਡਰਦੇ ਹਨ ਕਿ ਕਈ ਕਈ ਵਰ੍ਹੇ ਨ੍ਹਾਉਂਦੇ ਨਹੀਂ। ੪. ਡਿੰਗ. ਸਾਂਡ. ਢੱਟਾ.

ਮਦਕਲ: ਸੰ. ਵਿ- ਮਸ੍ਤ ਹੋਕੇ ਸ਼ਬਦ ਕਰਨ ਵਾਲਾ। ੨. ਸੰਗਯਾ- ਮਸ੍ਤ ਹਾਥੀ। ੩. ਬਹੁਤ ਮਸ੍ਤ। ੪. ਦੇਖੋ, ਦੋਹਰੇ ਦਾ ਰੂਪ ੧੦.

ਮਦਜੀਵਣ: ਡਿੰਗ. ਮਦਯ (ਸ਼ਰਾਬ) ਬਣਾਕੇ ਰੋਜੀ ਕਮਾਉਣ ਵਾਲਾ, ਕਲਾਲ.

ਮਦਤ, ਮਦਦ: ਅ਼. مدد ਸੰਗਯਾ- ਸਹਾਇਤਾ.

ਮਦਦਗਾਰ: ਸਹਾਇਕ.

ਮਦਨ: ਸੰ. ਸੰਗਯਾ- ਜਿਸ ਤੋਂ ਮਦ ਹੋਵੇ, ਕਾਮਦੇਵ. "ਅਸ ਮਦਨ ਰਾਜਰਾਜਾ ਨ੍ਰਿਪਤਿ." (ਪਾਰਸਾਵ) ੨. ਬਸੰਤ ਰੁੱਤ। ੩. ਸ਼ਰਾਬ. ਸੁਰਾ. "ਉਨ ਮਦ ਚਢਾ, ਮਦਨ ਰਸ ਚਾਖਿਆ" (ਰਾਮ ਕਬੀਰ) ਜਿਨ੍ਹਾਂ ਨੇ ਇਸ ਸ਼ਰਾਬ ਦਾ ਰਸ ਚੱਖਿਆ। ੪. ਪ੍ਰੇਮ. ਮੁਹੱਬਤ। ੫. ਭੌਰਾ. ਭ੍ਰਮਰ। ੬. ਮਮੋਲਾ. ਖੰਜਨ। ੭. ਦੇਖੋ, ਰੂਪਮਾਲਾ। ੮. ਡਿੰਗ. ਮਾਂਹ. ਮਾਸ਼. ਉੜਦ.

ਮਦਨਅਰਿ, ਮਦਨਸਤ੍ਰ: ਕਾਮ ਦਾ ਵੈਰੀ ਸ਼ਿਵ.

ਮਦਨਸਿੰਘ: ਇੱਕ ਚਮਾਰ, ਜੋ ਕਲਗੀਧਰ ਤੋਂ ਅਮ੍ਰਿਤ ਛਕਕੇ ਪਰਮਪਦ ਦਾ ਅਧਿਕਾਰੀ ਹੋਇਆ. ਇਹ ਗੁਰੂਸਾਹਿਬ ਦੇ "ਦਲਵਿਦਾਰ" ਘੋੜੇ ਦੀ ਸੇਵਾ ਕੀਤਾ ਕਰਦਾ ਸੀ, ਅਰ ਉੱਤਮ ਕਵੀ ਸੀ.

ਮਦਨਸੂਅਨ: ਮਦਨ (ਕਾਮ) ਸੂਨੁ (ਪੁਤ੍ਰ). ਕਾਮ ਦਾ ਪੁਤ੍ਰ ਬਸੰਤ. "ਮਦਨਸੂਅਨ ਜਬ ਗਰਜ ਹੈ." (ਪਾਰਸਾਵ)

ਮਦਨਹਰ: ਸੰਗਜਾ- ਸ਼ਿਵ. ਦੇਖੋ, ਮਦਨਅਰਿ। ੨. ਦੇਖੋ, ਡਿਉਡਾ ੩.

ਮਦਨਗ੍ਰਿਹ: ਭਗ ਯੋਨਿ.

ਮਦਨਦਾਸ: ਇਕ ਵੈਰਾਗੀ ਸਾਧੂ, ਜੋ ਦਸ਼ਮੇਸ਼ ਦਾ ਸ਼ਰੱਧਾਲੂ ਸੀ ਅਤੇ ਆਨੰਦਪੁਰ ਸਤਿਗੁਰੂ ਦੇ ਦੀਵਾਨ ਵਿੱਚ ਧਰਮਚਰਚਾ ਸੁਣਿਆ ਕਰਦਾ ਸੀ.

ਮਦਨਨਾਥ: ਇੱਕ ਯੋਗੀ, ਜੋ ਦਸ਼ਮੇਸ਼ ਨੂੰ ਥਨੇਸਰ ਮਿਲਿਆ ਅਤੇ ਉਪਦੇਸ਼ ਸੁਣਕੇ ਕ੍ਰਿਤਾਰਥ ਹੋਇਆ। ੨. ਵਿਸ਼ਨੁ। ੩. ਇੰਦ੍ਰ.

ਮਦਨਮੂਰਤਿ: ਮਦਨ (ਕਾਮ) ਮੂਰ੍ਤਿ (ਸ਼ਕਲ). ਕਾਮ ਜੇਹਾ ਸੁੰਦਰ. ਮਨਮੋਹਨ। ੨. ਮਦਨ (ਪ੍ਰੇਮ) ਮੂਰ੍ਤਿ. "ਮਦਨਮੂਰਤਿ ਭੈਤਾਰ ਗੋਬਿੰਦ!" (ਧਨਾ ਸੈਣ)

ਮਦਨਮੋਹਨ: ਕਾਮ ਜੇਹਾ ਮੋਹਣ ਵਾਲਾ, ਸੁੰਦਰ। ੨. ਦੇਖੋ, ਸੂਰਦਾਸ। ੩. ਕ੍ਰਿਸ਼ਨਦੇਵ.

ਮਦਨਰਿਪੁ: ਕਾਮ ਦਾ ਵੇਗ ਸ਼ਿਵ.

ਮਦਨਾਂਕੁਸ਼: ਸੰਗਜਾ- ਕਾਮ ਦਾ ਅੰਕੁਸ਼, ਲਿੰਗ. ਪੁਰਸ਼ਚਿੰਨ੍ਹ.

ਮਦਨਾਤੁਰ: ਮਦਨ (ਕਾਮ) ਦ੍ਵਾਰਾ ਦੁਖੀ. ਕਾਮਪੀੜਿਤ.

ਮਦਨਾਂਧ: ਕਾਮ ਨਾਲ ਅੰਨ੍ਹਾਂ, ਜੋ ਥਾਉਂ ਕੁਥਾਉਂ ਨਹੀਂ ਦੇਖ ਸਕਦਾ.

ਮਦਨਾਰਿ: ਮਦਨ (ਕਾਮ) ਦਾ ਵੈਰੀ ਸ਼ਿਵ.

ਮਦਨੋਦਿਤ ਆਸਨ: ਕੋਕ ਸ਼ਾਸਤ੍ਰ ਅਨੁਸਾਰ ਇੱਕ ਪ੍ਰਕਾਰ ਦਾ ਰਤਿਆਸਨ.

ਮਦਨੰਕੁਸ: ਦੇਖੋ, ਮਦਨਾਂਕੁਸ਼.

ਮਦਮਾਵਤ: ਸੰ. ਮਦਮਾਯੁਕ. ਵਿ- ਮਦ ਨਾਲ ਬੋਲਦਾ ਮਦ ਦੇ ਕਾਰਣ ਸ਼ੋਰ ਮਚਾਉਂਦਾ. "ਸਿਮਰਨ ਨਹੀਂ ਆਵਤ, ਫਿਰਤ ਮਦਮਾਵਤ." (ਬਿਲਾ ਮਃ ੫) ੨. ਦੇਖੋ, ਮਾਵਤ.

ਮਦਯੰਤੀ: मदयन्ती. ਕਲਮਾਸ਼ਪਾਦ ਦੀ ਰਾਣੀ. ਦੇਖੋ, ਕਲਮਾਸਪਾਦ ੨.

ਮਦਰ: ਦੇਖੋ, ਮਦ੍ਰ ਅਤੇ ਮਾਦਰ.

ਮਦਰਸਾ: ਅ਼. مدرسہ ਸੰਗਜਾ- ਦਰਸ (ਸਬਕ) ਲੈਣ ਦਾ ਥਾਂ. ਪਾਠਸ਼ਾਲਾ. school.

ਮਦਰਾ: ਦੇਖੋ, ਮਦਿਰਾ.

ਮਦਰਾਸ: ਸੰ. मन्द्राज. ਭਾਰਤ ਦੇ ਦੱਖਣ ਵੱਲ ਦਾ ਇੱਕ ਪ੍ਰਸਿੱਧ ਸ਼ਹਿਰ, ਜੋ ਸਮੁੰਦਰ ਦੇ ਕਿਨਾਰੇ ਮਦਰਾਸ ਇਲਾਕੇ ਦੀ ਰਾਜਧਾਨੀ ਹੈ. ਇਹ ਸਨ ੧੬੩੯ ਵਿੱਚ ਅੰਗ੍ਰੇਜ਼ਾਂ ਨੇ ਆਬਾਦ ਕੀਤਾ ਹੈ, ਮਦਰਾਸ ਕਲਕੱਤੇ ਤੋਂ ੧੦੩੨ ਮੀਲ ਹੈ. ਇਸ ਦੀ

ਆਬਾਦੀ ੫੨੨, ੯੫੧ ਹੈ. ਮਦਰਾਸ ਪ੍ਰਾਂਤ ਵਿੱਚ ੨੨ ਅੰਗ੍ਰੇਜ਼ੀ ਜਿਲੇ ਅਤੇ ਕਈ ਦੇਸੀ ਰਿਆਸਤਾਂ ਹਨ. ਰਕਬਾ ੧੪੨, ੦੦੦ ਵਰਗਮੀਲ ਅਤੇ ਵਸੋਂ ੪੨, ੫੦੦, ੦੦੦ ਹੈ. ਇਸ ਵਿੱਚ ਦ੍ਰਾਵਿੜ ਅਤੇ ਤੈਲੰਗ ਲੋਕ ਵਸਦੇ ਹਨ.

ਮਦਰੋ: ਸੰਗਯਾ- ਮਦਿਰਾ. ਸ਼ਰਾਬ. ਨਸ਼ਾ. "ਪੀਓ ਮਦਰੋ ਧਨ ਮਤਵੰਤਾ." (ਸੂਹੀ ਮਃ ੫)

ਮਦਾਖ਼ਿਲ: ਅ਼. مداخل ਮਦਖ਼ਲ (ਪ੍ਰਵੇਸ਼ ਹੋਣ ਦਾ ਅਸਥਾਨ), ਉਸ ਦਾ ਬਹੁਵਚਨ। ੨. ਆਮਦਨੀ.

ਮਦਾਂਧ: ਵਿ- ਮਦ ਕਰਕੇ ਅੰਨ੍ਹਾਂ ਹੰਕਾਰੀ। ੨. ਸ਼ਰਾਬ ਆਦਿਕ ਦੇ ਨਸ਼ੇ ਨਾਲ ਅੰਨ੍ਹਾ.

ਮਦਾਨ: ਦੇਖੋ, ਮੈਦਾਨ.

ਮਦਾਨ: ਜਾਣਾ. ਖ਼ਾ. ਕ੍ਰਿ- ਸੋਚ ਲਈ ਜਾਣਾ. ਮਲਤ੍ਯਾਗ ਲਈ ਜੰਗਲ ਜਾਣਾ.

ਮਦਾਰ: ਅ਼. مدار ਸੰਗਯਾ- ਮਧ੍ਯ ਭਾਗ। ੨. ਧੁਰ. ਲੱਠ। ੩. ਨਕ੍ਸ਼ਤ੍ਰਾਂ ਦੇ ਫਿਰਨ ਦੀ ਮਧ੍ਯਰੇਖਾ। ੪. ਭਾਵ- ਉਹ ਬਾਤ, ਜਿਸ ਪੁਰ ਕੋਈ ਗੱਲ ਠਹਿਰੀ (ਨਿਰਭਰ) ਹੋਵੇ। ੫. ਦੇਖੋ, ਮਦਾਰੀ। ੬. ਅ਼. مداره ਮਦਾਰਿਹ. ਮਿਦਰਹ ਦਾ ਬਹੁਵਚਨ. ਕੁਲ ਦੇ ਸਰਤਾਜ। ੭. ਫ਼ੌਜ ਦੇ ਸਰਦਾਰ. ਸੈਨਾਪਤਿ. "ਮੋਨਦੀ ਮਦਾਰ ਕੇਤੇ." (ਅਕਾਲ) ਦੇਖੋ, ਮੋਨਦੀ। ੮. ਸੰ. ਹਾਥੀ। ੯. ਸੂਰ। ੧੦. ਦੇਖੋ, ਮੰਦਾਰ।

ਮਦਾਰਾ: ਫ਼ਾ. مدارا ਸੰਗਯਾ- ਨੰਮ੍ਰਤਾ. ਹਲੀਮੀ। ੨. ਸਭ੍ਯਤਾ. ਭਲਮਨਸਊ.

ਮਦਾਰੀ: ਮਦਾਰ ਦਾ ਚੇਲਾ. ਮਦਾਰ ਪੰਥੀ. ਇੱਕ ਮੁਸਲਮਾਨ ਫਕੀਰ, ਜੋ ਸ਼ੈਖ ਮੁਹੰਮਦ ਤੈਫੂਰੀ ਦਾ ਚੇਲਾ ਸੀ. ਇਸ ਦਾ ਅਸਲ ਨਾਮ ਬਦੀਉੱਦੀਨ ਸੀ, ਸੇਖ਼ਮਦਾਰ ਦਾ ਦੇਹਾਂਤ ੨੦. ਦਿਸੰਬਰ ਸਨ ੧੪੩੪ ਨੂੰ ਹੋਇਆ ਹੈ. ਇਸ ਦਾ ਮਕਬਰਾ ਕਨੌਜ ਵਿੱਚ ਪ੍ਰਸਿੱਧ ਯਾਤ੍ਰਾ ਦਾ ਅਸਥਾਨ ਹੈ. ਇਸ ਦੀ ਸੰਪ੍ਰਦਾਯ ਦੇ ਫਕੀਰ ਮਦਾਰੀ ਸਦਾਉਂਦੇ ਹਨ। ੨. ਅਖਾੜੇ ਵਿੱਚ ਮਦਾਰ (ਘੁੰਮਣ) ਵਾਲਾ. ਜੋ ਤਮਾਸ਼ੇ ਦੇ ਥਾਂ ਗੇੜਾ ਦੇਕੇ ਖੇਡ ਦਿਖਾਵੇ.

ਮਦਾਲਸ: ਸੰ. ਸੰਗਯਾ- ਮਦ ਕਰਕੇ ਹੋਈ ਸੁਸਤੀ. ਕਾਮ ਦੇ ਅਸਰ ਨਾਲ ਸ਼ਰੀਰ ਦੀ ਜੜ੍ਹ ਦਸ਼ਾ। ੨. ਦੇਖੋ, ਮਦਾਲਸਾ.

ਮਦਾਲਸਾ: ਗੰਧਰਵਰਾਜ ਵਿਸ਼੍ਵਕੇਤੁ ਦੀ ਪੁਤ੍ਰੀ, ਜੋ ਰਾਜਾ ਰਿਤੁਧ੍ਵਜ (ਕੁਵਲਯਾਸ਼੍ਵ) ਦੀ ਰਾਣੀ ਸੀ, ਇਸ ਦੇ ਗਰਭ ਤੋਂ ਚਾਰ ਪੁਤ੍ਰ- ਵਿਕ੍ਰਾਂਤ, ਸੁਵਾਹੁ, ਸ਼ਤ੍ਰੁਮਰਦਨ ਅਤੇ ਭੂਮਿਸ਼੍ਰ (ਅਲਰਕ) ਹੋਏ. ਇਹ ਆਤਮਵਿਦ੍ਯਾ ਨੂੰ ਪ੍ਰਾਪਤ ਹੋਕੇ ਆਪਣਾ ਸ਼ੰਤਾਨ ਨੂੰ ਆਤਮਗਿਆਨੀ ਬਣਾਉਣ ਵਿੱਚ ਸਮਰਥ ਹੋਈ. ਦੇਖੋ, ਮਾਰਕੰਡੇਯ ਪੁਰਾਣ ਦਾ "ਮਦਾਲਸੋਪਾਖ੍ਯਾਨ." (ਅਃ ੨੦- ੪੦)

ਮਦਾਲਾ: ਵਿ- ਮਦਵਾਲਾ। ੨. ਡਿੰਗ. ਸੰਗਯਾ- ਹਾਥੀ.

ਮਦਿ: ਸੰ. ਮਦ੍ਯ. ਜਿਸ ਕਰਕੇ ਮਸ੍ਤੀ ਹੋਵੇ. ਸ਼ਰਾਬ. ਮਦਿਰਾ। ੨. ਮਦ੍ਯ ਦੇ. ਸ਼ਰਾਬ ਦੇ. "ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ." (ਮਃ ੧, ਸਃ ਮਰਦਾਨਾ ਵਾਰ ਬਿਹਾ) ੩. ਮਦ (ਨਸ਼ੇ) ਸੇ. "ਮਾਇਆ ਮਦਿ ਬਿਖਿਆ ਰਸਿ ਰਚਿਓ." (ਸਾਰ ਮਃ ੯) ਦੇਖੋ, ਮਦ ੬. ਦਾ ਉਦਾਹਰਣ.

ਮਦਿਯਾ: ਮਦ੍ਯ (ਸ਼ਰਾਬ) ਬਣਾਉਣ ਵਾਲਾ. "ਸਾਤ ਬਾਰ ਮਦਿਯਨ ਤੇ ਮਦਹਿ ਚੁਆਇ ਕਰ." (ਚਰਿਤ੍ਰ ੨੯੬)

ਮਦਿਰਾ: ਸੰ. ਸੰਗਯਾ- ਮਦ੍ਯ. ਸ਼ਰਾਬ. "ਮਨ ਮੋਹ ਮਦਿਰੰ." (ਸਹਸ ਮਃ ੫) ੨. ਉਹ ਵਸ੍ਤੁ, ਜਿਸ ਤੋਂ ਮਦ (ਨਸ਼ਾ) ਹੋਵੇ। ੩. ਮਮੋਲਾ. ਖੰਜਨ। ੪. ਦੇਖੋ ਸਵੈਯੇ ਦਾ ਰੂਪ ੯.

ਮਦਿਰੰ: ਦੇਖੋ, ਮਦਿਰਾ.

ਮਦੀ: ਵਿ- ਮਦ (ਨਸ਼ੇ) ਵਾਲਾ. ਮਤਵਾਲਾ. ਸ਼ਰਾਬੀ. "ਮਦੀ ਜੈਸ ਝੂਮੈ." (ਰਾਮਾਵ) ੨. ਸੰ. ਸ਼ਰਾਬ ਪੀਣ ਦਾ ਭਾਂਡਾ.

ਮਦੀਅ: ਦੇਖੋ, ਮਦੀਯ.

ਮਦੀਆ: ਦੇਖੋ, ਮਦਿਯਾ। ੨. ਸੰ. ਮਦੀਯਾ. ਮੇਰੀ. ਮਦੀਯ ਦਾ ਇਸਤ੍ਰੀ ਲਿੰਗ.

ਮਦੀਨ: ਫ਼ਾ. مادہ ਮਾਦਹ. ਇਸਤ੍ਰੀ. ਨਾਰੀ. ਨਰ ਦਾ ਜੋੜਾ.

ਮਦੀਨਾ: ਅ਼. مدینہ ਸ਼ਹਿਰ. ਨਗਰ। ੨. ਅਰਬ ਦਾ ਇੱਕ ਪ੍ਰਸਿੰਧ ਨਗਰ. ਜਿੱਥੇ ਮਹੁਮੰਦਮ ਸਾਹਿਬ ਦਾ ਦੇਹਾਂਤ ਹੋਇਆ ਅਰ ਉਨ੍ਹਾਂ ਦੀ ਕਬਰ ਵਿਦਮਾਨ ਹੈ. ਹ਼ਜ਼ਰਤ ਮੁਹ਼ੰਮਦ ਨੇ ਆਖਿਆ ਹੈ ਕਿ ਮਦੀਨੇ ਦੀ ਰਖਯਾ ਫ਼ਰਿਸ਼ਤੇ ਕਰਦੇ ਹਨ. ਮਦੀਨਾ ਪਹਾੜਧਾਰਾ ਦੀ ਜੜ ਵਿੱਚ ਪੱਧਰ ਜ਼ਮੀਨ ਪੁਰ ਵਸਿਆ ਹੋਇਆ ਹੈ. ਇਸ ਦੀ ਸ਼ਹਰਪਨਾਹ ੩੫- ੪੦ ਫੁਟ ਉੱਚੀ ਹੈ. ੩੦ ਬੁਰਜ ਅਤੇ ਇਰਦ ਗਿਰਦ ਖਾਈ ਹੈ. ਇਸ ਥਾਂ ਪ੍ਰਸਿੱਧ ਇਮਾਰਤ ਨਬੀ ਦੀ ਮਸੀਤ ਹੈ. ਖੂਹਾਂ ਦਾ ਪਾਣੀ ਮਿੱਠਾ ਹੈ, ਪਾਸ ਇੱਕ ਨਹਿਰ ਭੀ ਵਗਦੀ ਹੈ. ਸ਼ਹਰ ਦੇ ਆਸ ਪਾਸ ਖਜੂਰ ਆਦਿ ਬਿਰਛਾਂ ਦੇ ਬਾਗ ਹਨ. "ਕੇਤੇ ਮਦੀਨਾ ਮਕਾ ਨਿਵਾਸੀ." (ਅਕਾਲ) ਮਦੀਨੇ ਦਾ ਪਹਿਲਾ ਨਾਮ ਯਸਰਿਬ (ਉਜੜਿਆ ਹੋਇਆ) ਸੀ.

ਮਦੀਯ, ਮਦੀਯਾ: ਸੰ. ਸਰਵ ਅਤੇ ਵਿ- ਮੇਰਾ. ਮੇਰੀ.

ਮਦੀਰ, ਮਦੀਰਾ: ਸੰ. ਮੰਜੀਰ ਮञ्जीर. ਸੰਗਯਾ- ਪੈਰਾਂ ਦਾ ਘੁੰਘਰੂ. "ਤਾਲ ਮਦੀਰੇ." (ਆਸਾ ਮਃ ੧) ੨. ਝਾਂਜਰ. ਨੂਪੁਰ.

ਮਦੁ: ਦੇਖੋ, ਮਦ ੬. ਅਤੇ ਮਦਯ. "ਜਿਤੁ ਪੀਤੈ ਮਤਿ ਦੂਰਿ ਹੋਇ ਬਰਲ ਪਵੈ ਵਿਚਿ ਆਇ। ਝੂਠਾ ਮਦੁ ਮੂਲਿ ਨ ਪੀਚਈ." (ਮਃ ੩. ਵਾਰ ਬਿਹਾ)

ਮਦੁਕਲ: ਦੇਖੋ, ਮਦਕਲ.

ਮਦੁਤਕਟ: ਸੰ. ਮਦੋਤ੍ਕਟ. ਮਦੌਤਕਟ. ਵਿ- ਮਸ੍ਤੀ ਦੇ ਜੋਰ ਵਿੱਚ ਆਇਆ ਹੋਇਆ. ਬਹੁਤ ਮੱਤਾ ਹੋਇਆ. "ਅਧਿਕ ਮਦੁਤਕਟ ਸਿੰਘ ਰਿਸਾਯੋ." (ਚਰਿਤ੍ਰ ੫੨)

ਮਦੂਆਤ: ਵਿ- ਮਦੋਨਮੱਤ ਹੋਇਆ. ਮਦ ਕਰਕੇ ਝੂੰਮਦਾ. "ਮਦਸੋਂ ਮਦੂਆਤੇ." (ਪਾਰਸਾਵ)

ਮਦੋਤਕਟ: ਦੇਖੋ, ਮਦੁਤਕਟ.

ਮਦੋਦਰੀ: ਰਾਵਣ ਦੀ ਰਾਣੀ. ਦੇਖੋ, ਮੰਦੋਦਰੀ. "ਰੰਭਾ ਉਰਬਸੀ ਔਰ ਸਚੀ ਸੁ ਮਦੋਦਰੀ." (ਕ੍ਰਿਸ਼ਨਾਵ)

ਮਦੋਨ: ਮਦੋਨਮੱਤ ਦਾ ਸੰਖੇਪ. ਦੇਖੋ, ਮਦੋਨਮੱਤ "ਪ੍ਰੇਮਰਸ ਅੰਮ੍ਰਿਤ ਨਿਧਾਨ ਪਾਨਕੈ ਮਦੌਨ." (ਭਾਗੁ ਕ) ਪ੍ਰੇਮ ਦੇ ਨਸ਼ੇ ਨਾਲ ਮਸਰੂਰ.

ਮਦੋਨਮੱਤ: ਸੰ. ਮਦੋਨਮੱਤ. ਵਿ- ਮਦ (ਕਾਮ) ਕਰਕੇ ਉਨਮੱਤ (ਮਸ੍ਤ). "ਗਰਬੰਤ ਨਾਰੀ ਮਦੋਨਮੱਤੰ." (ਸਹਸ ਮਃ ੫) ੨. ਹੰਕਾਰ ਕਰਕੇ ਮਸ੍ਤ। ੩. ਸ਼ਰਾਬ ਨਾਲ ਮਸ੍ਤ.

ਮੱਦ: ਅ. مد ਕ੍ਰਿ- ਖਿੰਚਣਾ। ੨. ਸੰਗਯਾ- ਖਿੱਚਣ ਦੀ ਕ੍ਰਿਯਾ। ੩. ਲਕੀਰ ਖਿੱਚਕੇ ਫਰਦ ਅਥਵਾ ਹਿਸਾਬ ਆਦਿ ਦੇ ਲਿਖਣ ਦਾ ਚਿੰਨ੍ਹ। ੪. ਸੰ. ਮਦਯ. ਸ਼ਰਾਬ। ੫. ਨਸ਼ੀਲੀ ਵਸ੍ਤੁ.

ਮੱਦਤ: ਦੇਖੋ, ਮਦਦ.

ਮੱਦਰ: ਦੇਖੋ, ਮਦ੍ਰ.

ਮੱਦੂ: ਇੱਕ ਪ੍ਰੇਮੀ ਤਖਾਣ, ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਇਆ. ਇਹ ਲੰਗਰ ਦੀਆਂ ਲੱਕੜਾਂ ਚੀਰਦਾ ਅਤੇ ਪਾੜਦਾ ਸੀ. ਇਸ ਦੀ ਸੇਵਾ ਪੁਰ ਸਤਿਗੁਰੂ ਜੀ ਇਤਨੇ ਪ੍ਰਸੰਨ ਸਨ ਕਿ ਜਦ ਇਸ ਦਾ ਦੇਹਾਂਤ ਹੋਇਆ, ਤਦ ਸਤਿਗੁਰਾਂ ਨੇ ਆਪਣੇ ਹੱਥੀਂ ਸੰਸਕਾਰ ਕੀਤਾ. "ਮੱਦੂ ਸਬਦ ਵੀਚਾਰਾ." (ਭਾਗੁ) ੨. ਇੱਕ ਰਬਾਬੀ ਦੇਖੋ, ਸੱਦੂ। ੩. ਪੰਜਾਬੀ ਵਿੱਚ ਢਿੱਡ ਨੂੰ ਭੀ ਮੱਦੂ ਆਖਦੇ ਹਨ, ਜਿਵੇਂ- "ਭੰਨਾ ਤੇਰਾ ਮਦੂ." (ਲੋਕੋ) ਇਸ ਦਾ ਮੂਲ ਅ਼ਰਬੀ ਮਿਅ਼ਦਹ ਹੈ.

ਮੱਦੋ ਕੇ: ਜਿਲਾ ਫਿਰੋਜ਼ਪੁਰ, ਤਸੀਲ ਥਾਣਾ ਮੋਗਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅਜਿੱਤਵਾਲ ਤੋਂ ਚਾਰ ਮੀਲ ਦੱਖਣ ਪੱਛਮ ਹੈ. ਇਸ ਪਿੰਡ ਤੋਂ ਅੱਧ ਮੀਲ ਦੱਖਣ ਪੂਰਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇੱਥੇ ਸਤਿਗੁਰੂ ਨੇ ਚੋਰਾਂ ਤੋਂ ਚੋਰੀ ਛੁਡਵਾਕੇ ਸਿੱਖੀ ਅਤੇ ਸਦਾਚਾਰ ਦੀ ਦਾਤ ਦਿੱਤੀ. ਗੁਰਦ੍ਵਾਰਾ ਅਤੇ ਰਹਾਇਸ਼ੀ ਮਕਾਨ ਬਣੇ ਹੋਏ ਹਨ. ਪਿੰਡ ਵੱਲੋਂ ਇੱਕ ਘੁਮਾਉਂ ਜ਼ਮੀਨ ਹੈ, ਪੁਜਾਰੀ ਅਕਾਲੀ ਸਿੰਘ ਹੈ.

ਮਦਯ: ਸੰ. ਸੰਗਯਾ- ਨਸ਼ਾ ਕਰਨ ਵਾਲੀ ਵਸ੍ਤੁ ਮਾਦਕ। ੨. ਸ਼ਰਾਬ.

ਮਦਯਪ: ਵਿ- ਨਸ਼ਾ ਪੀਣ ਵਾਲਾ। ੨. ਸ਼ਰਾਬ ਪੀਣ ਵਾਲਾ.

ਮਦ੍ਰ: ਸੰ. ਸੰਗਯਾ- ਆਨੰਦਤਾ. ਖੁਸ਼ੀ। ੨. ਮੰਗਲ. "ਕਹੂੰ ਮਦ੍ਰਬਾਨੀ ਕਹੂੰ ਛਿਦ੍ਰ ਰੂਪੰ." (ਅਕਾਲ) ੩. ਸੰਸਕ੍ਰਿਤ ਗ੍ਰੰਥਾਂ ਵਿੱਚ ਦੇਸ਼ ਦਾ ਨਾਮ ਮਦ੍ਰ ਆਇਆ ਹੈ, ਪਰ ਇਸ ਵਿੱਚ ਮਤਭੇਦ ਹੈ. ਮਤਸਯਪੁਰਾਣ ਅਨੁਸਾਰ ਮਦ੍ਰਦੇਸ ਸਿੰਧੁ ਅਤੇ ਗਾਂਧਾਰ ਨਾਲ ਲਗਦਾ ਹੈ,[960] ਮਹਾਭਾਰਤ ਅਨੁਸਾਰ ਭਾਰਤ ਦੇ ਉੱਤਰ ਵੱਲ ਦਾ ਦੇਸ਼ ਹੈ, ਪੱਛਮੀ ਵਿਦ੍ਵਾਨਾਂ ਨੇ ਬਿਆਸ ਅਤੇ ਜੇਹਲਮ ਅਥਵਾ ਬਿਆਸ ਚਨਾਬ ਦੇ ਮੱਧ ਦਾ ਦੇਸ਼ ਮਦ੍ਰ ਦੱਸਿਆ ਹੈ[961] ਕਿਤਨਿਆਂ ਨੇ ਸਤਲੁਜ ਅਤੇ ਰਾਵੀ ਦੇ ਵਿਚਲਾ ਦੇਸ਼ ਮਦ੍ਰ ਲਿਖਿਆ ਹੈ. ਕਈ ਸੰਸਕ੍ਰਿਤ ਲੇਖਕਾਂ ਨੇ ਮਦਰਾਸ ਦਾ ਹੀ ਪੁਰਾਣਾ ਨਾਮ ਮਦ੍ਰ ਸਿੱਧ ਕੀਤਾ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੇ ਪੰਜਾਬ ਨੂੰ ਮਦ੍ਰਦੇਸ ਕਥਨ ਕੀਤਾ ਹੈ, ਯਥਾ- "ਮਦ੍ਰਦੇਸ ਹਮ ਕੋ ਲੇਆਏ." (ਵਿਚਿਤ੍ਰ)

੪. ਜਿਲਾ ਸ਼ੇਖ਼ੂਪੁਰਾ, ਤਸੀਲ ਥਾਣਾ ਨਾਨਕਿਆਣਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਛਾਂਗਮਾਂਗਾ ਤੋਂ ਬਾਰਾਂ ਮੀਲ ਉੱਤਰ ਹੈ, ਬੱਲੋਕੀ ਨਹਿਰ ਦੇ ਹੈਡ ਤਾਂਈ ਸਵਾਰੀ ਆਮ ਮਿਲਦੀ ਹੈ, ਅੱਗੇ ਤਿੰਨ ਮੀਲ ਹੈ, ਇਸ ਪਿੰਡ (ਮਦ੍ਰ) ਵਿੱਚ ਗੁਰਦ੍ਵਾਰਾ "ਸੱਚੀਮੰਜੀ" ਹੈ. ਇੱਥੇ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਪਲੰਘ ਗਿੱਲ ਜਿਮੀਦਾਰਾਂ ਪਾਸ ਹੈ.

ਸ਼੍ਰੀ ਗੁਰੂ ਅਰਜਨ ਸਾਹਿਬ ਭੀ ਇੱਥੇ ਪਧਾਰੇ ਹਨ ਅਰ ਆਪਣੇ ਪ੍ਰੇਮੀ ਸਿੱਖਾਂ ਨੂੰ ਆਸਾ (ਸੋਟਾ) ਬਖਸ਼ਿਆ, ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜੋੜੇ ਦਾ ਇੱਕ ਪੈਰ ਇਸ ਥਾਂ ਹੈ, ਦੂਜਾ ਧੁੰਨੀ ਵਿੱਚ ਹੈ. ਦੇਖੋ, ਧੁੰਨੀ ੨. ਜਿਨ੍ਹਾਂ ਜਿਮੀਦਾਰਾਂ ਪਾਸ ਇਹ ਵਸਤਾਂ ਹਨ, ਉਹ ਸਵਾ ਰੁਪਯਾ ਭੇਟਾ ਲੈਕੇ ਦਰਸ਼ਨ ਕਰਾਉਂਦੇ ਹਨ. ਭਾਈ ਸੰਤੋਖ ਸਿੰਘ ਜੀ ਨੇ ਕਿਦਾਰੇ ਸਿੱਖ ਦੇ ਪ੍ਰਸੰਗ ਵਿੱਚ ਜੋੜਾ ਸ਼੍ਰੀ ਗੁਰੂ ਅਰਜਨ ਸਾਹਿਬ ਦਾ ਭੁੱਲ ਨਾਲ ਲਿਖਿਆ ਹੈ. ਦੇਖੋ, ਗੁਪ੍ਰਸੂ ਰਾਸਿ ੫, ਅਃ ੫੨ ਅਤੇ ਕਿਦਾਰਾ.

ਮਦ੍ਰਕ: ਸੰ. ਮਦ੍ਰ ਦੇਸ਼ ਨਾਲ ਹੈ ਜਿਸ ਦਾ ਸੰਬੰਧ. ਮਦ੍ਰ ਨਿਵਾਸੀ[962] ਦੇਖੋ, ਮਦ੍ਰ ੩.

ਮਦ੍ਰ ਦੇਸ: ਦੇਖੋ, ਮਦ੍ਰ ੩। ੨. ਮਾਤ੍ਰਿ ਦੇਸ਼, ਮਾਤ੍ਰਿ ਭੂਮਿ.

ਮਦ੍ਰਦੇਸ ਏਸ਼ਵਰਜਾ: ਮਦ੍ਰ (ਪੰਜਾਬ) ਦੇਸ਼ ਦੇ ਈਸ਼੍ਵਰ (ਰਾਜੇ ਦੀ ਪੁਤ੍ਰੀ. "ਮਦ੍ਰਦੇਸ ਏਸ਼੍ਵਰਜਾ ਬਰੀ ਜਬ." (ਵਿਚਿਤ੍ਰ)

ਮਦ੍ਰਬਾਨੀ: ਮੰਗਲਮਈ ਵਾਣੀ. ਦੇਖੋ, ਮਦ੍ਰ ੨.

ਮਦ੍ਰਾਂ: ਦੇਖੋ, ਮਦ੍ਰ ੪.

ਮਧ: ਦੇਖੋ, ਮਧ, ਮਧੁ ਅਤੇ ਮਧਜ.

ਮਧਸੂਦਨ: ਦੇਖੋ, ਮਧੁਸੂਦਨ.

---

[960] ਜੇਹਲਮ ਅਤੇ ਸਿੰਧ ਦਰਿਆ ਦੇ ਦਰਮਿਆਨ "ਮਧਰਾ" ਗ੍ਰਾਮ ਜੋ ਰੇਲਵੇ ਦਾ ਜੰਕਸ਼ਨ ਹੈ, ਸ਼ਾਯਦ ਪੁਰਾਣੇ ਮਦ੍ਰ ਦਾ ਹੀ ਬੋਧਕ ਹੈ.

[961] ਦੇਖੋ Cunningham's Ancient Geography of India (1924) p. 212

[962] गान्धारा यवनाश्चैव सिन्धु सौवीर मद्रकाः (ਮਹਾਭਾਰਤ)

ਮਧਣਾ: ਕ੍ਰਿ- ਮਰਦੰਨ ਕਰਨਾ. ਮਸਲਣਾ। ੨. ਗੁੰਨ੍ਹਣਾ.

ਮਧਪ: ਦੇਖੋ, ਮਧੁਪ.

ਮਧਭਾਰ: ਦੇਖੋ, ਮਧੁਭਾਰ.

ਮਧਮਤੀ: ਦੇਖੋ, ਮਧੁਮਤੀ.

ਮਧਮਿ: ਦੇਖੋ, ਮਧਜਮ.

ਮਧਯਾਨ: ਦੇਖੋ, ਮਧਜਾਨ.

ਮਧਰਾ: ਵਿ- ਮਧਜ ਦਰਜੇ ਦਾ. ਨਾ ਬਹੁਤ ਲੰਮਾ ਅਰ ਨਾ ਬਾਉਨਾ. ਛੋਟੇ ਕੱਦ ਦਾ। ੨. ਦੇਖੋ, ਮਦ੍ਰ ੩. ਦਾ ਫੁਟਨੋਟ.

ਮਧਰਾੜੀ: ਦੇਖੋ, ਮਧੁਰਾੜੀ.

ਮਧਰੀ: ਮਧਰਾ ਦਾ ਇਸ੍ਤ੍ਰੀਲਿੰਗ.

ਮਧਰੇਦ: ਦੇਖੋ, ਮਧੁਰੇਦ ਪ੍ਰਭਾਤਿ.

ਮਧਾਣ, ਮਧਾਣਾ, ਮਧਾਣੀ: ਸੰਗਜਾ- ਮਥਨ ਕਰਨ ਦਾ ਯੰਤ੍ਰ. ਦਹੀਂ ਰਿੜਕਣ ਦਾ ਸੰਦ. ਮੰਥਾਨ, ਮਥਨੀ.

ਮਧਿ: ਸੰ. ਮਧਜ. ਕ੍ਰਿ. ਵਿ- ਵਿਚਕਾਰ। ੨. ਵਿਚਲੇ ਸਮੇਂ ਵਿੱਚ "ਆਦਿ ਮਧਿ ਅੰਤ ਪ੍ਰਭੁ ਸੋਈ." (ਸਾਰ ਮਃ ੫) ੩. ਵਿੱਚੋਂ. "ਕੋਟਿ ਮਧਿ ਇਹੁ ਕੀਰਤਨੁ ਗਾਵੈ." (ਰਾਮ ਮਃ ੫) ਕਰੋੜਾਂ ਵਿੱਚੋਂ ਕੋਈ.

ਮਧਿਭਾਗਿ: ਮਧਜ ਭਾਗ ਮੇਂ। ੨. ਵਰਤਮਾਨ ਕਾਲ ਵਿੱਚ. "ਮਧਿ ਭਾਗਿ ਹਰਿਪ੍ਰੇਮ ਰਸਾਇਣ." (ਭੈਰ ਮਃ ੫)

ਮਧਿਮ: ਸੰ. ਮਧਜਮ. ਵਿ- ਵਿਚਕਾਰ ਦਾ. ਮਧਜ ਦਾ। ੨. ਮੰਦ. "ਅਤੰਰਿ ਅਗਿਆਨੁ ਭਈ ਮਤਿ ਮਧਿਮ." (ਮਃ ੪. ਵਾਰ ਸੋਰ)

ਮਧੁ: ਸੰ. ਸੰਗਜਾ- ਸ਼ਰਾਬ. ਮਦਜ। ੨. ਸ਼ਹਦ. ਮਾਧ੍ਵੀਕ. ਮਾਕ੍ਸ਼ਿਕ. ਮਧੁ ਲਹੂ ਦੇ ਵਿਕਾਰ ਹਟਾਉਂਦਾ ਹੈ. ਨੇਤ੍ਰਾਂ ਦੀ ਜੋਤ ਵਧਾਉਂਦਾ ਹੈ. ਵਸੰਤ ਰੁੱਤ ਦੇ ਸ਼ਹਦ ਹੋਰ ਰੁੱਤਾਂ ਤੋਂ, ਉੱਤਮ ਹੁੰਦਾ ਹੈ. L. Mel (honey). "ਮਧੁ ਲੀਨੋ, ਮੁਖਿ ਦੀਨੋ ਛਾਰੁ." (ਸਾਰ ਨਾਮਦੇਵ) ੩. ਚੇਤ ਦਾ ਮਹੀਨਾ. "ਮਧੁ ਮਾਸ ਕੀ ਪੂਰਨਮਾਸੀ." (ਗੁਪ੍ਰਸੂ) ੪. ਜਲ। ੫. ਮਿੱਠਾ ਰਸ। ੬. ਦੁੱਧ। ੭. ਮਹੂਆ ਬਿਰਛ। ੮. ਮੁਲੱਠੀ। ੯. ਲੇਲਾ ਦਾ ਪੁਤ੍ਰ ਇੱਕ ਦੈਤ, ਜੋ ਲਵਣਾਸੁਰ ਦਾ ਪਿਤਾ ਸੀ. ਇਸ ਦੀ ਵਸਾਈ ਮਧੁਪੁਰੀ (ਮਥੁਰਾ) ਇਤਿਹਾਸ ਪ੍ਰਸਿੱਧ ਹੈ. ਦੇਖੋ ਰਾਮਾਯਣ ਕਾਂਡ ੭, ਅਃ ੬੧। ੧੦. ਕੈਟਭ ਦੈਤ ਦਾ ਭਾਈ. ਮਹਾਭਾਰਤ ਅਤੇ ਕਾਲਿਕਾ ਪੁਰਾਣ[963] ਵਿੱਚ ਕਥਾ ਹੈ ਕਿ ਮਧੁ ਅਤੇ ਕੰਟਭ ਵਿਸ਼ਨੁ ਦੇ ਕੰਨ ਵਿੱਚੋਂ ਉਪਜੇ, ਜਦਕਿ ਉਹ ਸੁੱਤਾ ਪਿਆ ਸੀ, ਅਰ ਬ੍ਰਹਮਾ ਜੋ ਅਜੇ ਨਾ ਭਿਕਮਲ ਵਿੱਚੋਂ ਜੰਮਿਆ ਹੀ ਸੀ, ਉਸ ਦੇ ਖਾਣ ਨੂੰ ਲਪਕੇ, ਇਸ ਪੁਰ ਵਿਸ਼ਨੁ ਨੇ ਦੋਹਾਂ ਨੂੰ ਮਾਰਿਆ, ਜਿਸ ਤੋਂ ਨਾਮ ਮਧੁਸੂਦਨ ਅਤੇ ਕੈਟਭਜਿਤ ਹੋਇਆ. "ਸਹਸਬਹੁ ਮਧੁ ਕੀਟ ਮਹਿ ਖਾਸਾ." (ਗਉ ਅਃ ਮਃ ੧) ਸਹਸ੍ਰਵਾਹੁ, ਮਧੁ, ਕੈਟਭ ਅਤੇ ਮਹਿਖਾਸੁਰ.

ਹਰਿਵੰਸ਼ ਵਿੱਚ ਲਿਖਿਆ ਹੈ ਕਿ ਸੰਧੁ ਅਤੇ ਕੈਟਭ ਦੀ ਮਿੰਜ (ਮੇਦਾ) ਜੋ ਸਮੁੰਦਰ ਤੇ ਫੈਲੀ, ਉਸ ਤੋਂ ਪ੍ਰਿਥਿਵੀ ਬਣੀ ਅਰ ਮੇਦਿਨੀ ਨਾਮ ਦਾ ਮੂਲ ਭੀ ਇਹੀ ਹੈ.

ਰਾਮਾਯਣ ਵਿੱਚ ਲੇਖ ਹੈ ਕਿ ਬ੍ਰਹਮਾ ਦੀ ਕੰਨ ਮੈਲ ਤੋਂ ਮਧੁ ਅਤੇ ਕੈਟਭ ਪੈਦਾ ਹੋਏ. ਦਸਮਗ੍ਰੰਥ ਵਿੱਚ ਇਸੇ ਦਾ ਅਨੁਵਾਦ ਹੈ.

---

[963] ਦੇਖੋ ਕਾਲਿਕਾ ਪੁਰਾਣ ਅਃ ੬੧.

"ਏਕ ਸ੍ਰਵਣ ਤੇ ਮੈਲ ਨਿਕਾਰਾ। ਤਾਂਤੇ ਮਧੁ ਕੈਟਭ ਤਨ ਧਾਰਾ." (ਵਿਚਿਤ੍ਰ) ਦੇਖੋ, ਕੈਟਭ ੨। ੧੧. ਇੱਕ ਪ੍ਰਤਾਪੀ ਯਾਦਵ, ਜਿਸ ਤੋਂ ਮਾਧਵ ਗੋਤ੍ਰ ਚੱਲਿਆ, ਜਿਸ ਵਿੱਚ ਕ੍ਰਿਸ਼ਨ ਜੀ ਸਨ। ੧੨. ਘੀ। ੧੩. ਅਮ੍ਰਿਤ। ੧੪. ਆਕਾਸ਼। ੧੫. ਸ਼ੁਭਾਸ਼ੁਭ ਕਰਮ। ੧੬. ਵਿ- ਪ੍ਰਿਯ, ਜੋ ਮਨ ਨੂੰ ਭਾਵੇ. "ਮਧੁ ਬਾਸੁਰੀ ਬਾਜੈ." (ਰਾਮ ਮਃ ੫)

ਮਧੁਸਾਰਥੀ: ਦੇਖੋ, ਮਧੂਸਾਰਥੀ.

ਮਧੁਸਿੰਘਾਣਾ: ਇੱਕ ਪਿੰਡ, ਜੋ ਜਿਲਾ ਹਿਸਾਰ, ਤਸੀਲ ਥਾਣਾ ਸਰਸਾ ਵਿੱਚ ਰੇਲਵੇ ਸਟੇਸ਼ਨ ਸਰਸੇ ਤੋਂ ਦੱਖਣ ਪੱਛਮ ੧੦. ਮੀਲ ਹੈ. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਰਸੇ ਤੋਂ ਚੱਲਕੇ ਇੱਥੇ ਵਿਰਾਜੇ ਹਨ, ਪਰ ਅਸਥਾਨ ਕੋਈ ਨਹੀਂ ਹੈ. ਇੱਥੇ ਦੇ ਹੁਣ ਵਾਲੇ ਵਸਨੀਕ ਹਿੰਦੂ ਜੱਟ, ਸੰਮਤ ੧੯੮੦ ਵਿੱਚ ਆਬਾਦ ਹੋਏ ਹਨ, ਪਹਿਲਾਂ ਮੁਸਲਮਾਨ ਵਸਦੇ ਸਨ, ਇਸੇ ਕਾਰਣ ਕੋਈ ਯਾਦਗਾਰ ਕਾਇਮ ਨਹੀਂ ਹੋਈ.

ਮਧੁਸੂਦਨ: ਮਧੁਦੈਤ ਦੇ ਮਾਰਨ ਵਾਲਾ, ਵਿਸ਼ਨੁ। ੨. ਕਰਮਜਾਲ ਦੇ ਤੋੜਨ ਵਾਲਾ. ਕਰਤਾਰ. ਦੇਖੋ, ਮਧੁ ੧੫. "ਮਧੁਸੂਦਨ ਮੇਰੇ ਮਨ ਤਨ ਪ੍ਰਾਨਾ." (ਮਾਝ ਮਃ ੪)

ਮਧੁਹਾਰ: ਸ਼ਹਦ ਚੋਣ ਵਾਲਾ. ਮਧੁ ਲੈਜਾਣ ਵਾਲਾ. "ਜੈਸੇ ਮਧੁਮਾਖੀ ਸੰਚ ਸੰਚ ਕੈ ਇਕਤ੍ਰ ਕਰੈ, ਹਰੈ ਮਧੁਹਾਰ ਤਾਂਕੇ ਮੁਖ ਛਾਰ ਡਾਰਕੈ." (ਭਾਗੁ ਕ)

ਮਧੁਕਰ: ਸੰ. ਸੰਗਜਾ- ਮਧੁ (ਸ਼ਹਦ) ਬਣਾਉਣ ਵਾਲਾ. ਸ਼ਹਦ ਦੀ ਮੱਖੀ। ੨. ਭ੍ਰਮਰ. ਭੌਰਾ. "ਮਨੁ ਸੁ ਮਧੁਕਰ ਕਰਉ, ਚਰਨ ਹਿਰਦੈ ਧਰਉ." (ਪੰਨਾ ਰਵਿਦਾਸ)

ਮਧੁਕਰਸ਼ਾਹ: ਡਢਵਾਲੀਆ ਰਾਜਪੂਤ ਸਰਦਾਰ, ਜਿਸ ਨੇ ਭੰਗਾਣੀ ਦੇ ਜੰਗ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹਾਰ ਖਾਧੀ. "ਜਸੋ ਡੱਢਵਾਲੰ ਮਧੁੱਕਰ ਸੁਸਾਹੰ." (ਵਿਚਿਤ੍ਰ)

ਮਧੁਕਰੀ: ਸੰਗਜਾ- ਮਧੁਕਰ (ਭੌਰੇ) ਦੀ ਮਦੀਨ, ਭ੍ਰਮਰੀ। ੨. ਦੇਖੋ, ਮਧੂਕਰੀ.

ਮਧੁਕਾਰ: ਦੇਖੋ, ਮਧੁਕਰ.

ਮਧੁ ਕੀਟ: ਮਧੁ ਅਤੇ ਕੈਟਭ. ਦੇਖੋ, ਕੈਟਭ ੨. ਅਤੇ ਮਧੁ ੧੦.

ਮਧੁ ਕੈਟਭ: ਦੇਖੋ, ਕੈਟਭ ਅਤੇ ਮਧੁ.

ਮਧੁਕੰਠ: ਕੋਇਲ (ਕੋਕਿਲਾ), ਜਿਸ ਦਾ ਕੰਠ (ਸੁਰ) ਮਧੁ (ਮਿੱਠਾ) ਹੈ.

ਮਧੁਜ: ਮਧੁ (ਜਲ) ਤੋਂ ਪੈਦਾ ਹੋਇਆ, ਜਲਜ. ਕਮਲ। ੨. ਮਧੁ (ਸ਼ਹਦ) ਤੋਂ ਉਪਜੀ ਮੋਮ.

ਮਧੁਜਾ: ਸੰ. ਪ੍ਰਿਥਿਵੀ, ਜੋ ਮਧੁਦੈਤ ਦੀ ਮਿੰਜ ਤੋਂ ਬਣੀ ਪੁਰਾਣਾਂ ਨੇ ਮੰਨੀ ਹੈ.

ਮਧੁਜਿਤ, ਮਧੁਦੂਖਨ, ਮਧੁਦ੍ਵਿਸ਼, ਮਧੁਨਿਸੂਦਨ: ਮਧੁਸੂਦਨ ਵਿਸ਼ਨੁ। ੨. ਕ੍ਰਿਸ਼ਨ. "ਮਧੁਦੂਖਨ ਕੋ ਬਹੁ ਬਾਨ ਲਗਾਏ." (ਕ੍ਰਿਸ਼ਨਾਵ)

ਮਧੁਪ: ਫੁੱਲ ਦੀ ਮਧੁ (ਮਿਠਾਸ) ਪੀਣ ਵਾਲਾ, ਭ੍ਰਮਰ. ਭੌਰਾ। ੨. ਵਿ- ਸ਼ਹਦ ਪੀਣ ਵਾਲਾ। ੩. ਸ਼ਰਾਬ ਪੀਣ ਵਾਲਾ.

ਮਧੁਪਤਿ ਪਤਿ ਪਤਿ ਅਰਿ: (ਸਨਾਮਾ) ਮਧੁ (ਅਮ੍ਰਿਤ) ਪਤਿ ਇੰਦ੍ਰ, ਉਸ ਦਾ ਸ੍ਵਾਮੀ ਕਸ਼ਜਪ, ਕਾਸ਼ਜਪੀ ਪ੍ਰਜਾ ਦੀ ਪਤਿ ਸੈਨਾ, ਉਸ ਦੀ ਵੈਰਣ ਬੰਦੂਕ.

ਮਧੁਪਰਕ: ਸੰ. ਮਧੁਪਰ੍ਕ. ਤੰਤ੍ਰਸ਼ਾਸਤ੍ਰ ਅਨੁਸਾਰ ਦੋ ਤੋਲਾ ਘੀ, ਦੋ ਤੋਲਾ ਸ਼ਹਦ, ਤਿੰਨ ਤੋਲਾ ਦਹੀਂ, ਇਨ੍ਹਾਂ ਨੂੰ ਮਿਲਾਕੇ ਬਣਾਇਆ ਹੋਇਆ ਪੀਣ ਯੋਗਜ ਪਦਾਰਥ, ਜੋ ਦੇਵਤਿਆਂ ਨੂੰ ਅਰਪਿਆ ਜਾਂਦਾ ਹੈ ਅਰ ਖਾਸ ਕਰਕੇ ਦੁਲਹਾ (ਲਾੜੇ) ਨੂੰ

ਵਿਆਹ ਸਮੇਂ ਪਿਆਇਆ ਜਾਂਦਾ ਹੈ. ਮਧੁਪਰਕ ਦਾ ਪੀਣਾ ਕਾਂਸੀ ਦੇ ਭਾਂਡੇ ਵਿੱਚ ਵਿਧਾਨ ਹੈ.[964] ਕਾਲਿਕਾ ਪੁਰਾਣ ਅਨੁਸਾਰ- ਦਹੀਂ, ਘੀ, ਜਲ, ਸ਼ਹਦ ਅਤੇ ਖੰਡ, ਇਨ੍ਹਾਂ ਪੰਜ ਪਦਾਰਥਾਂ ਤੋਂ ਮਧੁਪਰਕ ਬਣਦਾ ਹੈ. ਦੇਖੋ, ਅਃ ੬੭.

ਮਧੁਪਾਈ: ਸੰ. मधुपायिन. ਵਿ- ਸ਼ਰਾਬ ਪੀਣ ਵਾਲਾ। ੨. ਸ਼ਹਦ ਪੀਣ ਵਾਲਾ। ੩. ਦੇਖੋ, ਮਧੁ.

ਮਧੁਪਾਨ: ਸੰਗਜਾ- ਸ਼ਰਾਬ ਪੀਣੀ। ੨. ਸ਼ਹਦ ਪੀਣਾ। ੩. ਦੇਖੋ, ਮਧੁ.

ਮਧੁਪੁਰ: ਮਥੁਰਾ ਨਗਰੀ. ਦੇਖੋ, ਮਧੁ ੯. "ਮਦੁਪੁਰ ਬਾਸੀ ਕੰਸ." (ਭਾਗੁ ਕ)

ਮਧੁਬਨ: ਸੰਗਜਾ- ਮਧੁਵਨ ਮਥੁਰਾ ਦੇ ਖਾਸ ਜਮੁਨਾ ਦੇ ਕਿਨਾਰੇ ਇੱਕ ਜੰਗਲ. "ਅਬ ਮਧੁਬਨ ਜਮੁਨਾ ਤਟ ਜਾਈ." (ਨਾਪ੍ਰ) ੨. ਉਹ ਵਨ, ਜਿਸ ਵਿੱਚ ਸ਼ਹਦ ਦੇ ਬਹੁਤ ਛੱਤੇ ਹੋਣ। ੩. ਕਿਸ਼ਕਿੰਧਾ ਵਿੱਚ ਸੁਗ੍ਰੀਵ ਦਾ ਬਾਗ.

ਮਧੁਭਾਰ: ਇਸ ਛੰਦ ਦਾ ਨਾਮ "ਛਬਿ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, ਚਾਰ ਮਾਤ੍ਰਾ ਪਿਛੋਂ ਜਗਣ,

ਉਦਾਹਰਣ-

ਗੁਨਗਨ ਉਦਾਰ। ਮਹਿਮਾ ਅਪਾਰ।

ਆਸਨ ਅਭੰਗ। ਉਪਮਾ ਅਨੰਗ।। (ਜਾਪੁ)

ਮਧੁਮਕ੍ਸ਼ਿਕਾ: ਦੇਖੋ, ਮਧੁਮਾਖੀ.

ਮਧੁਮਤੀ: ਇੱਕ ਛੰਦ, ਜਿਸ ਦੇ ਚਾਰ ਚਰਣ, ਪ੍ਰਤਿ ਚਰਣ ਦੋ ਨਗਣ ਇੱਕ ਗੁਰੁ ਹੁੰਦਾ ਹੈ. ।।।. ।।।. ऽ. "ਭਜ ਨਿਤ ਹਰਿ ਕੋ." ×××। ੨. ਦੇਵਤਿਆਂ ਦੀ ਨਾਇਕਾ। ੩. ਗੰਗਾਨਦੀ। ੫. ਬੰਗਾਲ ਦੇ ਫਰੀਦਪੁਰ ਅਤੇ ਯਸ਼ੋਰ ਜਿਲੇ ਮੱਧ ਵਹਿਣ ਵਾਲੀ ਇੱਕ ਨਦੀ. ੫. ਪਾਤੰਲ ਦਰਸ਼ਨ ਅਨੁਸਾਰ ਸਮਾਧਿ ਦਾ ਇੱਕ ਭੇਦ, ਅਭਯਾਸ ਅਤੇ ਵੈਰਾਗਜ ਤੋਂ ਜਦ ਰਜ ਅਤੇ ਤਮੋ ਮਲ ਦੂਰ ਹੁੰਦੀ ਹੈ, ਤਦ ਰਿਤੰਭਰਾ (ऋतम्भरा) ਪ੍ਰਗਜਾ ਉਤਪੰਨ ਹੁੰਦੀ ਹੈ, ਅਰਥਾਤ ਸਦਜ ਗ੍ਰਹਣ ਵਾਲੀ ਬੁੱਧੀ. ਇਸ ਰਿਤੰਭਰਾ ਤੋ, ਮਧੁਮਤੀ ਸਮਾਧੀ ਸਿੱਧ ਹੁੰਦੀ ਹੈ.

ਮਧੁਮਰਦਨ: ਮਧੁ ਦੈਤ ਦੇ ਮਸਲ ਦੇਣ ਵਾਲਾ. ਵਿਸ਼ਨੁ. "ਮਾਧਵ ਮਹਾਜੋਤਿ ਮਧੁਮਰਦਨ." (ਹਜਾਰੇ ੧੦) ੨. ਅਕਾਲ।

ਮਧੁਮਾਸ: ਚੇਤ ਦਾ ਮਹੀਨਾ, ਜਿਸ ਵਿੱਚ ਬਹੁਤ ਮਧੁ (ਸ਼ਹਦ) ਪੈਦਾ ਹੁੰਦਾ ਹੈ.

ਮਧੁਮਾਖੀ: ਮਧੁਮਕ੍ਸ਼ਿਕਾ. ਸ਼ਹਦ ਦੀ ਮੱਖੀ. ਦੇਖੋ, ਮਧੁਹਾਰ. "ਜਿਉ ਮਧੁਮਾਖੀ ਸੰਚੈ ਅਪਾਰ." (ਸਾਰੇ ਨਾਮਦੇਵ)

ਮਧੁਰ: ਵਿ- ਮਿੱਠਾ। ੨. ਪ੍ਰਿਯ. ਪਜਾਰੀ. ਮਿਨੀ. ਕੰਨਾ ਨੂੰ ਡਾਉਣ ਵਾਲੀ. "ਮਧੁਰ ਬਾਨੀ ਪਿਰਹਿ ਮਲੀ." (ਆਸਾ ਛੰਤ ਮਃ ੫) ੩. ਸੰਗਜਾ- ਗੰਨਾ. ਧੁੜ। ੪. ਮਹੂਆ। ੫. ਚਿੱਟਾ ਸੇਮ। ੬. ਬਾਦਾਮ.

ਮਧੁਰਧੁਨਿ: ਮਿੱਠੀ (ਪਿਆਰੀ) ਆਵਾਜ਼। ੨. ਇੱਕ ਕੰਦ. ਇਸ ਦੇ ਨਾਮ "ਅਕਰਾ" "ਅਣਕਾ" "ਅਨਹਦ" "ਅਨੁਭਵ" "ਸਸਿਵਦਨਾ" ਅਤੇ "ਉਭਰਸਾ" ਭੀ ਹਨ. ਲੱਛਣ- ਚਾਰ ਚਰਣ, ਪ੍ਰਤਿ ਚਰਣ ਨ, ਯ, ।।।, ।ऽऽ.

ਉਦਾਹਰਣ-

ਝਲਹਾਲ ਢਾਲੰ। ਜਿਮ ਗੁਲਲਾਲੰ।

ਖੜਭੜ ਬੀਰੰ। ਤੜਸੜ ਤੀਰੰ।। (ਸੂਰਜਾਵ)

---

[964] ਦੇਖੋ, ਪਾਰਸ੍ਕਰ ਗ੍ਰਿਹਜਸੂਤ੍ਰ ੧-੧-੫.

ਮਧੁਰਪ੍ਰਿਯ: ਵਿ- ਮਿੱਠੇ ਦਾ ਪਿਆਰਾ। ੨. ਸੰਗਜ੍ਞਾ- ਬ੍ਰਾਹਮਣ। ੩. ਅਫ਼ੀਮੀ.

ਮਧੁਰਾਂਨ: ਸੰ. मधुराञ्न. ਮਿੱਠਾ ਅੰਨ. ਮਿਠਾਈ. "ਦਯੋ ਮਧੁਰਾਂਨਹਿ ਕੋ ਦਾਸ ਤੇ ਮੰਗਾਯਕੈ." (ਨਾਪ੍ਰ)

ਮਧੁਰਾੜੀ: ਵਿ- ਮਧੁਰਤਾ (ਮਿਠਾਸ) ਵਾਲੀ. "ਤੇਰੀ ਚਾਲ ਸੁਹਾਵੀ, ਮਧੁਰਾੜੀ ਬਾਣੀ." (ਵਡ ਛੰਤ ਮਃ ੧)

ਮਧੁਰੀ: ਮਿੱਠੀ. ਦੇਖੋ, ਮਧੁਰ। ੨. ਦੇਖੋ, ਮਧਰਾ, ਮਧਰੀ. "ਲਟੂਰੀ ਮਧੁਰੀ ਠਾਕੁਰ ਭਾਈ." (ਦੇਵ ਮਃ ੪)

ਮਧੁਰੇਦ ਪ੍ਰਭਾਤਿ: ਮਥੁ- ਰੂਦ- ਪ੍ਰਭਾ- ਅਤਿ. "ਪੁਤ੍ਰ ਮਨੋਂ ਮਧੁਰੇਦ ਪ੍ਰਭਾਤਿ." (ਕ੍ਰਿਸਨਾਵ) ਮਾਨੋ ਅਮ੍ਰਿਤ ਕੁੰਡ ਦੇ ਪੁਤ੍ਰ ਅਤਿ ਸ਼ੋਭਾ ਵਾਲੇ ਹਨ.

ਮਧੂ: ਵੇਖੋ, ਮਧੁ.

ਮਧੂਸਾਰਥੀ: ਡਿੰਗ. ਮਧੁ (ਵਸੰਤ) ਹੈ ਜਿਸ ਦਾ ਰਥਵਾਨ, ਕਾਮਦੇਵ, ਸੰ. ਮਧੁਸਾਰਥੀ.

ਮਧੂਕ: ਸੰਗਜ੍ਞਾ- ਸ਼ਹਦ ਦੀ ਮੱਖੀ। ੨. ਮੁਲੱਠੀ। ੩. ਦੇਖੋ, ਮਹੂਆ.

ਮਧੂਕਰੀ: ਸੰਗਜ੍ਞਾ- ਮਧੁਕਰ (ਭ੍ਰਮਰ) ਵ੍ਰਿੱਤੀ. ਭੌਰੇ ਵਾਂਙ ਅਨੇਕ ਥਾਂ ਤੋਂ ਅੰਨ ਲੈਣ ਦੀ ਕ੍ਰਿਯਾ. "ਤਾਤੇ ਭਲੀ ਮਧੂਕਰੀ ਸੰਤ ਸੰਗਿ ਗੁਨ ਗਾਇ." (ਸ. ਕਬੀਰ)

ਮਧੂਕੜਉ, ਮਧੂਕੜਾ: ਸੰਗਜ੍ਞਾ- ਮਧੁਕਰ. ਭ੍ਰਮਰ। ੨. ਭੌਰੇ ਸਭ ਥਾਂ ਤੋਂ ਸਾਰ ਲੈਣ ਵਾਲਾ ਵਿਰਕ੍ਤ ਅਤੇ ਵਿਵੇਕੀ ਜਨ. "ਅਲਗਉ ਜੋਇ ਮਧੂਕੜਉ." (ਮਃ ੧. ਵਾਰ ਮਾਰੂ ੧) ਜੋ ਸਭ ਤੋਂ ਅਲਗ ਹੋਇਆ ਸਾਰਗ੍ਰਾਹੀ ਸਾਧੂ ਹੈ.

ਮਧੂਕੜੀ: ਦੇਖੋ, ਮਧੂਕਰੀ.

ਮਧੂਕੜੌ: ਦੇਖੋ, ਮਧੂਕੜਉ.

ਮਧੂਬ੍ਰਿਤ: ਸੰ. ਮਧੁਵ੍ਰਤ. ਸੰਗਜ੍ਞਾ- ਫੁੱਲਾਂ ਦੇ ਸ਼ਹਦ ਪੁਰ ਗੁਜ਼ਾਰਾ ਕਰਨ ਵਾਲਾ, ਭ੍ਰਮਰ. "ਸੁਗੰਧ ਤੇ ਅੰਧ ਮਧੂਬ੍ਰਿਤ." (ਗੁਪ੍ਰਸੂ)

ਮਧੂਵ੍ਰਤ: ਦੇਖੋ, ਮਧੂਬ੍ਰਿਤ.

ਮਧੇ: ਕ੍ਰਿ ਵਿ- ਮਧ੍ਯ ਮੇਂ. ਵਿੱਚੋਂ. "ਕੋਟਿ ਮਧੇ ਕੋਈ ਸੰਤੁ ਦਿਖਾਇਆ." (ਪ੍ਰਭਾ ਅਃ ਮਃ ੫)

ਮਧੇਇ, ਮਧੇਹ: ਦੇਖੋ, ਪੱਕਾਸਾਹਿਬ.

ਮਧੋ: ਮਧੁ ਦੈਤ੍ਯ ਦਾ. "ਮਧੋ ਮਾਨ ਖੰਡੰ." (ਵਿਚਿਤ੍ਰ)

ਮੱਧ, ਮੱਧੇ, ਮਧ੍ਯ: ਵਿ- ਵਿਚਾਲਾ। ੨. ਕ੍ਰਿ. ਵਿ- ਅੰਦਰ. ਦਰਮਯਾਨ। ੩. ਸੰਗਜ੍ਞਾ- ਕਮਰ. ਕਟਿ। ੪. ਵਿਚਾਲੇ ਦੀ ਉਂਗਲ। ੫. ਕਿਸੇ ਵਸ੍ਤੁ ਦਾ ਮਧ੍ਯ ਭਾਗ.

ਮਧ੍ਯਸ੍‍ਥ: ਸੰਗਜ੍ਞਾ- ਵਿੱਚ ਠਹਿਰਣ ਵਾਲਾ. ਮੁਨਸਿਫ. ਦੋ ਪੱਖਾਂ ਦੇ ਵਿਚਾਲੇ ਨਿਆਉਂ ਕਰਨ ਵਾਲਾ. ਸ਼ਾਸ੍ਤ੍ਰਾਰਥ ਵਿੱਚ ਹਾਰ ਜਿੱਤ ਦਾ ਨਿਰਣਾ ਕਰਨ ਵਾਲਾ ਸਾਕ੍ਸ਼ੀ.

ਮਧ੍ਯਦੇਸ਼: ਸੰਗਜ੍ਞਾ- ਕਿਸੇ ਵਸ੍ਤੁ ਦਾ ਵਿਚਕਾਰਲਾ ਭਾਗ। ੨. ਕਮਰ. ਲੱਕ। ੩. ਨਾਗਪੁਰ ਦਾ ਇਲਾਕਾ. Central Provinces. । ੪. ਸਿਮ੍ਰਿਤੀਆਂ ਅਤੇ ਪੁਰਾਣਾ ਅਨੁਸਾਰ ਹਿਮਾਲਯ ਦੇ ਦੱਖਣ, ਵਿੰਧ੍ਯ ਪਰਵਤ ਦੇ ਉੱਤਰ, ਕੁਰੁਕ੍ਸ਼ੇਤ੍ਰ ਦੇ ਪੂਰਵ ਅਤੇ ਪ੍ਰਯਾਗ ਦੇ ਪੱਛਮ ਦਾ ਦੇਸ਼.

ਮਧ੍ਯਮ: ਵਿ- ਵਿਚਕਾਰਲਾ. ਵਿਚਲਾ। ੨. ਸੰਗਜ੍ਞਾ- ਰਾਗ ਦੇ ਸੱਤ ਸੁਰਾਂ ਵਿੱਚੋਂ ਪੰਜਵਾਂ ਸੁਰ। ੩. ਦੇਖੋ, ਨਾਦ.

ਮਧ੍ਯਮਪੁਰਸ਼: ਵ੍ਯਾਕਰਣ ਅਨੁਸਾਰ ਪੁਰਖਵਾਚੀ ਪੜਨਾਂਵ ਦਾ ਦੂਜਾ ਭਾਗ, ਜੋ ਉਸ ਪੁਰਖ ਵੱਲ ਇਸ਼ਾਰਾ ਕਰਦਾ ਹੈ ਜਿਸ ਨਾਲ ਗੱਲ ਕੀਤੀ ਜਾਵੇ (second person)

ਮਧ੍ਯਮਾ: ਸੰਗ੍ਯਾ- ਉਹ ਇਸਤ੍ਰੀ, ਜਿਸ ਨੂੰ ਰਿਤੁ ਆਉਣ ਲਗ ਗਈ ਹੈ। ੨. ਵਿਚਕਾਰਲੀ ਉਂਗਲ। ੩. ਚਾਰ ਪ੍ਰਕਾਰ ਦੀਆਂ ਵਾਣੀਆਂ ਵਿੱਚੋਂ ਇੱਕ ਵਾਣੀ. ਦੇਖੋ, ਚਾਰ ਬਾਣੀਆਂ। ੪. ਕਾਵ੍ਯ ਅਨੁਸਾਰ ਇੱਕ ਨਾਯਿਕਾ. "ਪਿਯ ਗੁਨਾਹ ਚਿਤ ਚਾਹ ਲਖਿ ਕਰੈ ਮਾਨ ਸਨਮਾਨ। ਤਾਹੀ ਤਿਯ ਕੋ ਮਧ੍ਯਮਾ ਭਾਖਤ ਸੁਕਵਿ ਸੁਜਾਨ।। (ਜਗਦਵਿਨੋਦ)

ਮਧ੍ਯਲੋਕ: ਪ੍ਰਿਥਿਵੀ. ਜੋ ਸ੍ਵਰਗ ਅਤੇ ਪਾਤਾਲ ਦੇ ਮਧ੍ਯ ਹੈ.

ਮਧ੍ਯਾ: ਸੰਗ੍ਯਾ- ਵਿਚਕਾਰਲੀ ਉਂਗਲੀ। ੨. ਉਹ ਛੰਦ, ਜਿਸ ਦੇ ਚਰਣ ਵਿੱਚ ਤਿੰਨ ਅੱਖਰ ਹੋਣ, ਜੈਸੇ ਅਨੇਕਾ ਸ਼ਸ਼ੀ ਆਦਿ। ੩. ਕਾਵ੍ਯ ਅਨੁਸਾਰ ਇੱਕ ਨਾਯਿਕਾ. "ਇਕ ਸਮਾਨ ਜਬ ਹ੍ਵੈ ਰਹਤ ਲਾਜ ਮਦਨ ਯੇ ਦੋਯ। ਜਾਂ ਤਿਯ ਕੇ ਤਨ ਮੇ ਤਬਹਿਂ ਮਧ੍ਯਾ ਕਹਿਯੇ ਸੋਯ।।" (ਜਗਦਵਿਨੋਦ)

ਮਧ੍ਯਾ ਅਧੀਰਾ: ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ "ਕਰੈ ਅਨਾਦਰ ਕੰਤ ਕੋ ਪ੍ਰਗਟ ਜਨਾਵੈ ਕੋਪ। ਮਧ੍ਯਅਧੀਰਾ ਨਾਯਿਕ ਤਾਂਹਿ ਕਹਿਤ ਕਰ ਚੋਪ।।" (ਜਗਦਵਿਨੋਦ)

ਮਧ੍ਯਾਹ੍ਨ: ਦੇਖੋ. ਮਧ੍ਯਾਨ.

ਮਧ੍ਯਾਧੀਰਾ: ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ "ਕੋਪ ਜਨਾਵੈ ਵ੍ਯੰਗ ਸੋਂ ਤਜੈ ਨ ਪਤਿ ਸਨਮਾਨ। ਮਧ੍ਯਾਧੀਰਾ ਕਹਿਤ ਹੈਂ ਤਾਂਸੋਂ ਸੁਕਵਿ ਸੁਜਾਨ." (ਜਗਦਵਿਨੋਦ)

ਮਧ੍ਯਾਨ: ਸੰ. ਮਧ੍ਯਾਹ੍ਨ. ਅਹ੍ਨ (ਦਿਨ) ਦਾ ਮਧ੍ਯ. ਦੋਪਹਿਰ ਦਾ ਵੇਲਾ.

ਮਧ੍ਯੰਤ: ਮਧ੍ਯ ਅਤੇ ਅੰਤ. ਭਾਵ- ਜਵਾਨੀ ਅਤੇ ਬੁਢਾਪਾ. "ਮਧ੍ਯੰਤ ਪ੍ਰਭੁ ਜਾਪਣ." (ਧਨਾ ਮਃ ੫)

ਮਧ੍ਵਾਚਾਰਯ: ਦੇਖੋ, ਬੈਸਨਵ (ਅ)

ਮਨ: ਸੰਗ੍ਯਾ- ਜਾਮਨ. ਮੰਨਤ ਕਰਨ ਵਾਲਾ. ਜਿੰਮੇਵਾਰ. "ਰਿਨੀਲੋਕ ਮਨ ਤੈਂ." (ਕ੍ਰਿਸਨਾਵ) ਜਾਮਨ ਮਿਲ ਜਾਣ ਪੁਰ ਕਰਜਾਈ ਪ੍ਰਸੰਨ ਹੁੰਦਾ ਹੈ। ੨. ਮਾਨ. ਪ੍ਰਤਿਸ੍ਹਾ. "ਰਾਮ ਨਾਮੁ ਬਿਨੁ ਜੀਵਨੁ ਮਨ ਹੀਨਾ." (ਬਿਲਾ ਨਾਮਦੇਵ) ੩. ਮਣਿ. ਰਤਨ. "ਕੰਚਨ ਸੇ ਤਨ ਮੇਂ ਮਨ ਕੀ ਮਨ ਤੁੱਲ ਖੁਭਾ ਹੈ." (ਕ੍ਰਿਸਨਾਵ) ੪. ਮਨੁ. ਮਨੁਸ਼੍ਯ. ਮਨੁਜ. "ਸਗਲ ਰੂਪ ਵਰਨ ਮਨ ਮਾਹੀ। ਕਹੁ ਨਾਨਕ ਏਕੋ ਸਾਲਾਹੀ." (ਗਉ ਅਃ ਮਃ ੧) "ਸੁਣਿ ਮਨ! ਮੰਨਿ ਵਸਾਇ ਤੂੰ." (ਆਸਾ ਅਃ ਮਃ ੩) "ਡੋਮ ਚੰਡਾਰ ਮਲੇਛ ਮਨ ਸੋਇ." (ਬਿਲਾ ਰਵਿਦਾਸ) "ਰੇ ਮਨ ਮੁਗਧ ਅਚੇਤ ਚੰਚਲਚਿਤ." (ਸੋਰ ਮਃ ੫) ੫. ਵ੍ਯ- ਨਾ. ਅਨ. "ਮਨ ਅਸਵਾਰ ਜੈਸੇ ਤੁਰੀ ਸੀਗਾਰੀ." (ਗਉ ਮਃ ੫) ੬. ਸੰ. मन् ਧਾ- ਸਮਝਣਾ ਵਿਚਾਰਨਾ, ਆਦਰ ਕਰਨਾ, ਅਭਿਮਾਨ ਕਰਨਾ, ਇੱਛਾ ਕਰਨਾ, ਕਬੂਲ ਕਰਨਾ। ੭. ਸੰ. मनस्. ਸੰਗ੍ਯਾ- ਦਿਲ. "ਜਿਨਿ ਮਨੁ ਰਾਖਿਆ ਅਗਨੀ ਪਾਇ." (ਧਨਾ ਮਃ ੧) ਜਿਸ ਨੇ ਸ਼ਰੀਰ ਵਿੱਚ ਗਰਮੀ (ਉਸ਼੍ਣਤਾ) ਪਾਕੇ ਦਿਲ ਨੂੰ ਹਰਕਤ ਕਰਦਾ ਰੱਖਿਆ ਹੈ। ੮. ਅੰਤਹਕਰਣ. "ਮਨ ਮੇਰੇ, ਗੁਰ ਕੀ ਮੰਨਿਲੈ ਰਜਾਇ." (ਸ੍ਰੀ ਮਃ ੩) ੯. ਖ਼ਿਆਲ. "ਬੀਸ ਬਿਸਵੇ ਗੁਰ ਕਾ ਮਨ ਮਾਨੈ." (ਸੁਖਮਨੀ) ੧੦. ਜੀਵਾਤਮਾ. "ਮਨ. ਤੂੰ ਜੋਤਿਸਰੂਪ ਹੈਂ, ਅਪਣਾ ਮੂਲੁ ਪਛਾਣੁ." (ਆਸਾ ਛੰਤ ਮਃ ੩) "ਇਸੁ ਮਨ ਕਉ ਨਹੀ ਆਵਨ ਜਾਨਾ." (ਗਉ ਕਬੀਰ)

੧੧ ਮਨਨ ਦੀ ਥਾਂ ਭੀ ਮਨ ਸ਼ਬਦ ਆਇਆ ਹੈ. "ਮਨ ਮਹਿ ਮਨੂਆ, ਚਿਤ ਮਹਿ ਚੀਤਾ." (ਬਸੰ ਅਃ ਮਃ ੧) ਮਨਨ ਵਿੱਚ ਮਨ ਅਤੇ ਚਿੰਤਨ ਵਿੱਚ ਚਿੱਤ। ੧੨. ਫ਼ਾ. من ਇੱਕ ਤੋਲ, ਜੋ ਦੇਸ਼ ਕਾਲ ਦੇ ਭੇਦ ਨਾਲ ਬਦਲਦਾ ਰਹਿੰਦਾ ਹੈ, ਅਲਾਉੱਦੀਨ ਖ਼ਿਲਜੀ ਵੇਲੇ ੧੨. ਸੇਰ ਕੱਚੇ ਦਾ ਮਨ ਸੀ. ਕਈ ਦੇਸ਼ਾਂ ਵਿੱਚ ਦੋ ਸੇਰ ਦਾ ਭੀ ਮਨ ਹੋਇਆ ਕਰਦਾ ਸੀ. ਕਰਨਲ ਟਾਡ ਨੇ ਚਾਰ ਸੇਰ ਦੇ ਮਨ ਦਾ ਭੀ ਜਿਕਰ ਕੀਤਾ ਹੈ.

ਇਸ ਵੇਲੇ ਜੋ ਮਨ ਪ੍ਰਚਲਿਤ ਹੈ ਉਹ ਤਾਲੀ ਸੇਰ ਦਾ ਹੈ. ਸੇਰ ੮੦ ਤੋਲੇ ਅਥਵਾ ੧੬. ਛਟਾਂਕ ਦਾ ਹੈ. ਤੋਲਾ ੧੨. ਮਾਸ਼ੇ ਅਥਵਾ ੧੬. ਰਤੀ ਦਾ ਹੈ. "ਮਨ ਦਸ ਨਾਜ, ਟਕਾ ਚਾਰ ਗਾਂਠੀ." (ਸਾਰ ਕਬੀਰ) ਦੇਖੋ, ਤੋਲ ਸ਼ਬਦ। ੧੩. ਸਰਵ- ਮੈਂ. "ਮਨ ਕਮੀਨ ਕਮਤਰੀਨ." (ਮः ੧. ਵਾਰ ਮਲਾ) "ਮਨ ਸਰਨਿ ਤੁਮਾਰੈ ਪਰੀ." (ਗੂਜ ਮः ੫)

ਮਨਉ: ਮੰਨਾਂ ਅੰਗੀਕਾਰ ਕਰਾਂ. "ਆਨ ਮਨਉ, ਤਉ ਪਰਘਰਿ ਜਾਉ." (ਗਉ ਮः ੧) ਕਰਤਾਰ ਤੋਂ ਭਿੰਨ ਜੇ ਹੋਰ ਨੂੰ ਮੰਨਾਂ। ੨. ਕ੍ਰਿ ਵਿ- ਮਾਨੋ. ਗੋਯਾ. ਜਨੁ. ਜਾਣੀਓਂ.

ਮਨਉਤ: ਦੇਖੋ, ਮਨੌਤ.

ਮਨਅਸਵਾਰ: ਵਿ- ਜੋ ਚੰਗਾ ਅਸਵਾਰ ਨਹੀਂ. ਦੇਖੋ. ਮਨ ੫.

ਮਨਆਦਿ: ਅੰਤਹਕਰਣ ਦੀ ਆਦਿ. ਭਾਵ- ਸਭ ਦਾ ਮੁੱਢ ਪਾਰਬ੍ਰਹਮ. ਦੇਖੋ, ਗੁਣਆਦਿ ਅਤੇ ਚੰਦ ਸਤ। ੨. ਮਨ੍ਵਾਦਿ. ਮਨੁ ਆਦਿਕ ਰਿਖੀ.

ਮਨਇੰਛਤ: ਮਨੇਛਿੱਤ. ਮਨ ਕਰਕੇ ਚਾਹਿਆ ਹੋਇਆ ਮਨਭਾਉਂਦਾ. "ਮਨਇੰਛਤ ਹੀ ਫਲ ਪਾਵਤ ਹੈਂ." (ਸਵੈਯੇ ਮः ੪. ਕੇ)

ਮਨਇਛਾ: ਵਿ- ਮਨ ਇੱਛਿਤ. ਮਨੇਛਿੱਤ. ਮਨਵਾਂਛਿਤ. "ਮਨਇਛਾ ਦਾਨ ਕਰਣੰ. (ਵਾਰ ਜੈਤ) ੨. ਕ੍ਰਿ. ਵਿ- ਮਨ ਦੀ ਇੱਛਾ (ਰੁਚਿ) ਅਨੁਸਾਰ.

ਮਨਇਛਿਅੜਾ: ਵਿ- ਮਨਵਾਂਛਿਤ. ਮਨਲੋੜੀਂਦਾ "ਮਨਇਛਿਅੜਾ ਫਲੁ ਪਾਈਐ." (ਵਡ ਛੰਤ ਮः ੫)

ਮਨਇਯਾ, ਮਨਈ, ਮਨਈਆ: ਪੂਰ. ਸੰਗਯਾ- ਮਨੁਸ਼੍ਯ. ਆਦਮੀ "ਪਠੈਦਯੋ ਇਕ ਤਹਾਂ ਮਨਇਯਾ." (ਚਰਿਤ੍ਰ ੩੯੫) ੨. ਮੰਨਣ ਵਾਲਾ। ੩. ਮੰਨਦਾ ਹੈ. "ਧਨਵੰਤਾ ਅਰੁ ਨਿਰਧਨ, ਮਨਈ ਤਾਂਕੀ ਕਛੂ ਨ ਕਾਨੀ ਰੇ." (ਬਿਲਾ ਕਬੀਰ)

ਮਨਸਨਾ: ਸੰ. ਮਨਸਾਦਾਨ ਕਰਾ. ਦਾਨ ਦਾ ਸੰਕਲਪ ਕਰਨਾ. "ਦਸ ਹਜਾਰ ਗਾਈ ਭਲੇ ਮਨਹਿ ਮਨਸ ਕਰ ਦੀਨ." (ਕ੍ਰਿਸਨਾਵ)

ਮਨਸਬ: ਅ਼. منصب ਸੰਗਯਾ- ਨਸਬ (ਕ਼ਾਇਮ) ਹੋਣ ਦੀ ਥਾਂ। ੨. ਅਹੁਦਾ. ਅਧਿਕਾਰ. ਰੁਤਬਾ.

ਮਨਸਬਦਾਰ: ਮਨਸਬ (ਅਹੁਦਾ) ਰੱਖਣ ਵਾਲਾ. ਅਧਿਕਾਰੀ.

ਮਨਸਾ: ਵਿ- ਮਾਨਸ. ਮਨ ਦਾ। ੨. ਮਨ ਕਰਕੇ. "ਮਨਸਾ ਕਰਿ ਸਿਮਰੰਤ ਤੁਝੈ ਨਰ." (ਸਵੈਯੇ ਮः ੪. ਕੇ) ੩. ਸੰਗਯਾ- ਇੱਛਾ. ਕਾਮਨਾ. "ਮਨਸਾ ਧਾਰਿ ਜੋ ਘਰਿ ਤੇ ਆਵੈ." (ਮਾਝ ਮः ੫) ੪. ਧੀਰ ਗੋਤ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਇਆ। ੫. ਬ੍ਰਹਮਵੈਵਰਤ ਅਨੁਸਾਰ ਕਸ਼ਯਪ ਦੀ ਪੁਤ੍ਰੀ, ਵਾਸੁਕਿਨਾਗ ਦੀ ਭੈਣ ਅਤੇ ਆਸ੍ਤੀਕ ਦੀ ਮਾਤਾ, ਜੋ ਪੇਟਬਲ ਚਲਣ ਵਾਲੇ ਜ਼ਹਿਰੀਲੇ ਜੰਤੂਆਂ ਤੋਂ ਰਖ੍ਯਾ ਕਰਨ ਵਾਲੀ ਮੰਨੀ ਗਈ ਹੈ. ਇਸ ਦਾ ਨਾਮ "ਵਿਸ਼ਹਰਾ" ਭੀ ਹੈ, ਇਸ ਦੀ ਪੂਜਾ ਹਾੜ ਦੀ ਪੰਚਮੀ ਨੂੰ ਮਿੱਟੀ ਦਾ ਸੱਪ ਬਣਾਕੇ ਕੀਤੀ ਜਾਂਦੀ ਹੈ.

ਮਹਾਭਾਰਤ ਵਿੱਚ ਕਥਾ ਹੈ ਕਿ ਜਰਤਕਾਰੁ ਵਡਾ ਉੱਤਮ ਰਿਖੀ ਸੀ. ਇੱਕ ਵਾਰ ਓਹ ਵਿਚਰਦਾ ਹੋਇਆ ਅਜੇਹੇ ਥਾਂ ਆਣ ਪੁੱਜਾ, ਜਿੱਥੇ ਕਈ ਆਦਮੀ ਬਿਰਛਾਂ ਨਾਲ ਮੂਧੇ ਲਟਕ ਰਹੇ ਸੀ. ਪੁੱਛਣ ਤੋਂ ਪਤਾ ਲੱਗਾ ਕਿ ਉਹ ਜਰਤਕਾਰੁ ਦੇ ਹੀ ਬਜ਼ੁਰਗ ਹਨ, ਅਰ ਜਰਤਕਾਰੁ ਦੇ ਸੰਤਾਨ ਨਾ ਹੋਣ ਕਾਰਣ ਉਨ੍ਹਾਂ ਦੀ ਇਹ ਦੁਰਗਤਿ ਹੋਈ ਹੈ. ਇਸ ਪੁਰ ਜਰਤਕਾਰੁ ਨੇ ਵਾਸੁਕਿ ਦੀ ਭੈਣ (ਮਨਸਾ) ਵਿਆਹੀ, ਜਿਸ ਤੋਂ ਆਸ੍ਤੀਕ ਜਨਮਿਆ. ਰਾਜਾ ਜਨਮੇਜਯ ਦੇ ਸਰਪਮੇਧ ਜੱਗ੍ਯਸਮੇਂ ਆਸ੍ਤੀਕ ਨੇ ਹੀ ਵਿੱਚ ਪੈਕੇ ਸੱਪਾਂ ਦੀ ਜਾਨ ਬਚਾਈ ਸੀ. ਦੇਖੋ ਆਸਤੀਕ। ੬. ਅ਼. منشا। ਮਨਸ਼ਾ. ਮਕ਼ਸਦ. ਇਰਾਦਾ। ੭. ਨਿਯਮ। ੮. ਅ਼. منصع ਮਨਸਅ਼. ਸੰਗਤਿ. ਸੁਹਬਤ. "ਜੈਸੀ ਆਸਾ. ਤੈਸੀ ਮਨਸਾ." (ਸੂਹੀ ਛੰਤ ਮः ੧) ੯. ਸਭਾ. ਮਜਲਿਸ। ੧੦. ਮਨੁਸ਼੍ਯ ਲਈ ਭੀ ਮਨਸਾ ਸ਼ਬਦ ਆਇਆ ਹੈ. "ਮਨ ਕਾ ਕਹਿਆ ਮਨਸਾ ਕਰੈ." (ਬਿਲਾ ਅः ਮः ੧)

**ਮਨਸਾਈ:** ਦੇਖੋ, ਮਨੁਸਾਈ.

**ਮਨਸਾ ਬਾਚਾ ਕਰਮਨਾ:** (कर्मणा). ਕ੍ਰਿ. ਵਿ- ਤ੍ਰਿਤੀਯਾ ਵਿਭਕ੍ਤਿ. (ਮਾਰੂ ਕਬੀਰ) ਮਨ ਵਾਣੀ ਸ਼ਰੀਰ ਕਰਕੇ. ਦਿਲ ਜ਼ਬਾਨ ਅਤੇ ਅ਼ਮਲ ਤੋਂ.

**ਮਨਸਿਜ:** ਸੰਗਯਾ- ਮਨ ਵਿੱਚ ਪੈਦਾ ਹੋਣ ਵਾਲਾ, ਕਾਮ. ਮਨੋਜ. ਮਨਮਥ.

**ਮਨਸੁਖ:** ਲਹੌਰ ਦਾ ਵਪਾਰੀ. ਜਿਸ ਨੂੰ ਭਾਈ ਭਗੀਰਥ ਦੀ ਸੰਗਤਿ ਤੋਂ, ਪ੍ਰੇਮ ਜਾਗਿਆ ਅਤੇ ਸ਼੍ਰੀ ਗੁਰੂ ਨਾਨਕ ਦੇਵ ਦਾ ਸਿੱਖ ਹੋਇਆ. ਇਹ ਗੁਰੂਸਾਹਿਬ ਦੀ ਆਗਯਾ ਨਾਲ ਸੰਗਲਾਦੀਪ ਵਪਾਰ ਲਈ ਗਿਆ ਅਰ ਉਥੇ ਗੁਰਮਤ ਦਾ ਪ੍ਰਚਾਰ ਕੀਤਾ. ਸੰਗਲਾਦੀਪ ਦੇ ਰਾਜੇ ਨੂੰ ਭੀ ਮਨਸੁਖ ਦੀ ਸੰਗਤਿ ਨਾਲ ਗੁਰਬਾਣੀ ਦਾ ਪ੍ਰੇਮ ਜਾਗਿਆ ਅਤੇ ਗੁਰੂ ਨਾਨਕਦੇਵ ਦੀ ਸਿੱਖੀ ਧਾਰਨ ਕੀਤੀ.

**ਮਨਸੂਖ਼:** ਅ਼. منسُوٗخ ਵਿ- ਨਸਖ਼ (ਨਿਸ਼ੇਧ) ਕਰਨ ਦਾ ਭਾਵ. ਖੰਡਨ. ਰੱਦ.

**ਮਨਸੂਬ:** ਅ਼. منسُوٗب ਵਿ- ਨਿਸਬਤ (ਸੰਬੰਧ) ਰੱਖਣ ਵਾਲਾ। ੨. ਜਿਸ ਦੀ ਮੰਗਣੀ (ਸਗਾਈ) ਹੋ ਗਈ ਹੈ.

**ਮਨਸੂਬਾ:** ਅ਼. منصُوٗبہ ਸੰਗਯਾ- ਨਸਬ (ਕ਼ਾਇਮ) ਕੀਤੀ ਹੋਈ ਬਾਤ। ੨. ਕਿਸੇ ਕੰਮ ਦੀ ਤਦਬੀਰ.

**ਮਨਸੂਰ:** ਅ਼. منصُوٗر ਵਿ- ਨਸ਼ਰ (ਸਹਾਇਤਾ) ਪ੍ਰਾਪਤ ਕਰਨ ਵਾਲਾ। ੨. ਫ਼ਤਹਮੰਦ. ਵਿਜਈ। ੩. ਸੰਗਯਾ- ਇੱਕ ਸੂਫ਼ੀ ਫ਼ਕੀਰ, ਜੋ ਸ਼ੈਖ ਹੁਸੈਨ ਬਿਨ ਹੱਲਾਜ ਦਾ ਪੁਤ੍ਰ ਸੀ. ਇਹ ਈਰਾਨ ਦੇ ਨਗਰ ਬੈਜ਼ੇ ਵਿੱਚ ਪੈਦਾ ਹੋਇਆ. ਇਸਨੇ ਸ਼ੁਸ੍ਤਰ ਨਿਵਾਸੀ ਸੁਹੇਲ ਤੋਂ ਵਿਦਯਾ ਪੜ੍ਹੀ ਅਤੇ ਉੱਤਮ ਕਵੀ ਹੋਗਿਆ.

ਅੱਬੁਲਹੁਸੈਨ ਸੂਰੀ ਅਤੇ ਜੁਦੈਨ ਬਗਦਾਦੀ ਸੂਫ਼ੀਆਂ ਦੀ ਸੰਗਤਿ ਤੋਂ ਇਸ ਨੂੰ ਵੇਦਾਂਤਮਤ ਦਾ ਪ੍ਰੇਮ ਜਾਗਿਆ ਅਰ ਬਸਰਾ ਨਿਵਾਸੀ ਉਮਰ ਅਦ੍ਵੈਤਵਾਦੀ ਪਾਸ ਰਹਿਕੇ ਪੱਕਾ ਵੇਦਾਂਤੀ ਬਣਗਿਆ.

ਦੇਸ਼ ਵਿੱਚ ਫਿਰਕੇ ਮਨਸੂਰ ਆਪਣੇ ਮਤ ਦਾ ਪ੍ਰਚਾਰ ਕਰਨ ਲੱਗਾ ਅਰ ਬਗਦਾਦ ਵਿੱਚ ਰਹਿਕੇ ਅਨੇਕ ਚੇਲੇ ਬਣਾਏ. ਇਹ ਬਿਨਾ ਸ਼ੰਕਾ "ਅਨਾਲ ਹੱਕ਼" (ਅਹੰ ਬ੍ਰਹਮਾਸਿਮ) ਆਖਿਆ ਕਰਦਾ ਸੀ. ਜਿਸ ਪੁਰ ਮੁਲਾਣਿਆਂ ਦੀ ਪ੍ਰੇਰਣਾ ਨਾਲ ਖ਼ਲੀਫ਼ਾ ਮੁਕ਼ਤਦਿਰ ਨੇ ੨੬ ਮਾਰਚ ਸਨ ੯੨੨ (ਸਨ ੩੦੯ ਹਿਜਰੀ) ਨੂੰ ਕੋਰੜਿਆਂ ਦੀ ਮਾਰ ਕਰਾਕੇ ਮਨਸੂਰ ਨੂੰ ਸੂਲੀ[965] ਚੜ੍ਹਵਾਕੇ ਮਰਵਾ ਦਿੱਤਾ ਅਰ ਲੋਥ ਭਸਮ ਕਰਵਾ ਦਿੱਤੀ.

ਮਨਸੂਰ ਦੇ ਮਨੋਹਰ ਵਾਕ ਹੁਣ ਭੀ ਅਦ੍ਵੈਤਵਾਦੀਆਂ ਦੇ ਮੰਤ੍ਰਰੂਪ ਹਨ. ਮਨਸੂਰ ਲਿਖਦਾ ਹੈ- "ਇਸ ਲੋਕ ਦੇ ਪਦਾਰਥਾਂ ਦਾ ਤਯਾਗ ਅਤੇ ਪਰਲੋਕ ਸੁਖਾਂ ਦੀ ਵਾਸਨਾ ਦਾ ਤਯਾਗ, ਪੂਰਣ ਸੰਨਯਾਸ ਹੈ. ਈਸ਼੍ਵਰ ਅਤੇ ਜੀਵ ਦੇ ਵਿੱਚ ਕੇਵਲ ਦੋ ਡਿੰਘ ਦੀ ਵਿੱਥ ਹੈ. ਇੱਕ ਡਗ ਲੋਕ ਅਤੇ ਦੂਜੀ ਪਰਲੋਕ ਤੋਂ ਉਠਾ ਲਓ, ਫੇਰ ਨਿਰਸੰਦੇਹ ਬ੍ਰਹਮ ਨਾਲ ਅਭੇਦਤਾ ਹੈ।" ੪. ਅੱਬਾਸ ਵੰਸ਼ੀ ਬਗਦਾਦ ਦਾ ਦੂਜਾ ਖ਼ਲੀਫ਼ਾ.

**ਮਨਸੂਰਪੁਰ:** ਨਾਭੇ ਤੋਂ ਪੰਜ ਕੋਹ ਪੱਛਮ, ਰਿਆਸਤ ਪਟਿਆਲਾ, ਨਜਾਮਤ ਸੁਨਾਮ, ਥਾਣਾ ਭਵਾਨੀਗੜ੍ਹ ਦੇ ਨਗਰ "ਛੀਟਾਂਵਾਲਾ"[966] ਦਾ ਨਾਉਂ, ਜਿਸ ਨੂੰ ਮਨਸੂਰਅਲੀਖ਼ਾਂ ਕਾਕੜੇ ਵਾਲੇ ਰਾਜਪੂਤ ਨੇ ਵਸਾਇਆ ਸੀ. ਏਥੇ ਸ਼੍ਰੀ ਗੁਰੂ ਨਾਨਕ ਦੇਵ ਚੰਦਨਦਾਸ ਜਾੜੇ ਗੋਤ੍ਰ ਦੇ ਖਤ੍ਰੀ ਭਗਤ ਦੇ ਚੌਬਾਰੇ ਵਿੱਚ ਠਹਿਰੇ ਸਨ. ਇਹ ਪਵਿਤ੍ਰ ਥਾਂ ਜਾੜਿਆਂਵਾਲੀ ਹਵੇਲੀ ਅੰਦਰ ਹੈ. ਹੁਣ ਦੂਜੀ ਛੱਤ ਢਹਿ ਜਾਣ ਕਾਰਣ ਚੌਬਾਰਾ ਨਹੀਂ ਹੈ. ਕੁਝ ਪ੍ਰੇਮੀ ਸਿੱਖਾਂ ਨੇ ਇਸ ਗੁਰਦ੍ਵਾਰੇ ਨੂੰ ਸੁੰਦਰ ਬਣਾਕੇ ਸ਼੍ਰੀ ਗੁਰੂ ਗ੍ਰੰਥਸਾਹਿਬ ਅਸਥਾਪਨ ਦਾ ਪ੍ਰਬੰਧ ਕੀਤਾ ਸੀ, ਪਰ ਸਫਲ ਮਨੋਰਥ ਨਹੀਂ ਹੋਏ. ਰੇਲਵੇ ਸਟੇਸ਼ਨ ਛੀਟਾਂਵਾਲੇ ਤੋਂ ਪੌਣ ਮੀਲ

---

[965] ਲੱਕੜ ਦੇ ਸਿਰੇ ਤੇ ਲੋਹੇ ਦਾ ਤਿੱਖਾ ਸਿਰਾ ਬਰਛੀ ਦੀ ਨੋਕ ਜੇਹਾ ਲਗਾਕੇ ਸੂਲੀ ਬਣਾਈ ਜਾਂਦੀ ਸੀ, ਇਸਨੂੰ ਜਮੀਨ ਵਿੱਚ ਗੱਡਕੇ ਅਪਰਾਧੀ ਨੂੰ ਉਸ ਤੇ ਬੈਠਾ ਦਿੱਤਾ ਜਾਂਦਾ ਸੀ, ਸੂਲੀ ਦੀ ਨੋਕ ਗੁਦਾ ਵਿੱਚ ਪ੍ਰਵੇਸ਼ ਹੋਕੇ ਸਾਰੇ ਸਰੀਰ ਨੂੰ ਵਿੰਨਦੀ ਹੋਈ ਤਾਲੂ ਦੇ ਵਿਚਦੀ ਪਾਰ ਨਿਕਲ ਜਾਂਦੀ ਸੀ.

[966] ਇੱਥੇ ਛੀਟਾ ਬਹੁਤ ਚੰਗੀਆਂ ਬਣਦੀਆਂ ਸਨ, ਇਸ ਲਈ ਨਾਮ "ਛੀਟਾਂਵਾਲ" ਪ੍ਰਸਿੱਧ ਹੋ ਗਿਆ.

ਦੱਖਣ ਪੂਰਵ ਹੈ.

ਮਨਹ: ਦੇਖੋ, ਮਨਹਿ.

ਮਨਹਠ: ਸੰਗ੍ਯਾ- ਮਨਮੁਖਤਾ. ਜੋ ਮਨ ਵਿੱਚ ਅਵਿਦ੍ਯਾ ਦੇ ਕਾਰਣ ਗੱਲ ਬੈਠ ਗਈ ਹੈ, ਉਸ ਨੂੰ ਭ੍ਯਾਗਣ ਵਿੱਚ ਜ਼ਿਦ.

ਮਨਹਠਿ: ਮਨਹਠ ਨਾਲ. "ਮਨਹਠਿ ਕਰਮ ਕਮਾਂਵਦੇ ਨਿਤ ਨਿਤ ਹੋਹਿਖੁਆਰੁ." (ਸ੍ਰੀ ਅਃ ਮਃ ੩)

ਮਨਹਰ, ਮਨਹਰਣ: ਵਿ- ਮਨੋਹਰ ਦਿਲ ਖਿੱਚਣ ਵਾਲਾ। ੨. ਸੰਗ੍ਯਾ- ਦੇਖੋ, ਕਬਿੱਤ। ੩. ਕਈ ਕਵੀਆਂ ਨੇ "ਬਿਸੇਖ" ਅਥਵਾ "ਨੀਲ" ਛੰਦ ਦਾ ਨਾਮ ਭੀ "ਮਨਹਰਣ" ਲਿਖਿਆ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਪੰਜ ਭਗਣ ਅਤੇ ਇੱਕ ਗੁਰੁ. ਦੇਖੋ, ਬਿਸੇਖ ੩.

ਮਨਹਰੀ: ਵਿ- ਦਿਲ ਖਿੱਚਣ ਵਾਲੀ। ੨. ਸੰਗ੍ਯਾ- ਇਕ ਛੰਦ, ਜਿਸ ਦੇ ਨਾਮ "ਮਰਹਟਾ", "ਮਰਹਰੀ" ਅਤੇ "ਮਾਰਹਾ" ਭੀ ਹਨ. ਲੱਛਣ- ਚਾਰ ਚਰਣ. ਪ੍ਰਤਿ ਚਰਣ ੨੯ ਮਾਤ੍ਰਾ. ਪਹਿਲਾ ਵਿਸ਼੍ਰਾਮ ੧੦. ਪੁਰ, ਦੂਜਾ ੮. ਪੁਰ, ਤੀਜਾ ੧੧. ਮਾਤ੍ਰਾ ਪੁਰ, ਅੰਤ ਗੁਰੁ ਲਘੁ.

ਉਦਾਹਰਣ-

ਲਖ ਮੈ ਮਰਦਾਨਾ, ਉਰ ਬਿਸਮਾਨਾ,

ਗੁਰੂ ਰਿਦੈ ਇਹ ਜਾਨ,

ਬੂਝਾ ਪੁਨ ਸੋਈ, ਤੁਮ ਕੋ ਹੋਈ?

ਸਭ ਬਿਧਿ ਕਰੋ ਬਖਾਨ.

ਨਿਜ ਗਾਥ ਉਚਾਰੀ, ਪ੍ਰਭੂ ਅਗਾਰੀ,

ਸੁਨਹੁ ਉਧਾਰਕ ਮੇਰ,

ਜਬ ਜਨਕ ਬਿਦੇਹੀ, ਤਬ ਨਿਰਦੇਹੀ,

ਹੁਤੋ ਰਸੋਈ ਚੇਰ (ਨਾਪ੍ਰ)

ਮਨਹਰੀਆ: मनोहारिन्. ਵਿ- ਮਨ ਚੁਰਾਉਣ ਵਾਲਾ.

ਮਨਹਾ: ਅ਼. منعہ ਮਨਅ਼ਹ ਉਹ ਬੁਲੰਦੀ (ਉਚਿਆਈ), ਜਿੱਥੇ ਹੱਥ ਨਾ ਪਹੁੰਚ ਸਕੇ, ਮਨ੍ਹਾਂ, ਮੰਚਾਨ। ੨. ਛਿੱਕਾ. ਛੀਕਾ. ਛੱਤ ਨਾਲ ਲਟਕਾਇਆ ਪਾਤ੍ਰ- ਆਧਾਰ. "ਮਨਹਾ ਪਰ ਖਾਤ ਹੈਂ ਲੰਗਰ." (ਕ੍ਰਿਸਨਾਵ) ਛਿੱਕੇ ਉੱਪਰੋਂ ਲਾਹਕੇ ਢੀਠ ਬਾਲਕ ਮੱਖਣ ਖਾਂਦੇ ਹਨ। ੩. ਭਾਵ- ਮੰਚ. ਪਲੰਘ. "ਮਨਹਾਤਰ ਤ੍ਰਿਯ ਜਾਰ ਛੁਪਾਯੋ." (ਚਰਿਤ੍ਰ ੩੧੮)

ਮਨਹਾਠੀ: ਮਹਨਠ ਕਰਕੇ. "ਰੇਚਕ ਕੁੰਭਕ ਪੂਰਕ ਮਨਹਾਠੀ." (ਮਾਰੂ ਸੋਲਹੇ ਮਃ ੧) ੨. ਵਿ- ਮਨ- ਹਠ ਕਰਨ ਵਾਲਾ.

ਮਨਹਾਰ: ਦੇਖੋ, ਮਨੁਹਾਰ.

ਮਨਹਿ: ਮਨ ਮੇਂ. ਦਿਲ ਵਿੱਚ "ਮਨਹਿ ਕਮਾਵੈ, ਮੁਖਿ ਹਰਿ ਹਰਿ ਬੋਲੈ." (ਗਉ ਮਃ ੫) ੨. ਮਨ ਕਰਕੇ. ਚਿੱਤ ਦ੍ਵਾਰਾ. "ਮਨਹਿ ਅਰਾਧਿ ਸੋਇ." (ਆਸਾ ਮਃ ੫) ੩. ਮਨ ਹੀ. ਦਿਲ ਹੀ. "ਚਰਨ ਪਖਾਰਿ ਕਰਉ ਗੁਰਸੇਵਾ, ਮਨਹਿ ਚਰਾਵਉ ਭੋਗ." (ਟੋਡੀ ਮਃ ੫) ਮਨ ਹੀ ਨੈਵੇਦ੍ਯ ਚੜ੍ਹਾਵਉਂ। ੪. ਅ਼. منع ਮਨਅ਼. ਰੋਕਣ (ਵਰਜਣ) ਦਾ ਭਾਵ."ਆਪੇ ਦੁਰਮਤਿ ਮਨਹਿ ਕਰੇਇ." (ਆਸਾ ਮਃ ੧) "ਬਿਖਿਆ ਕੀ ਬਾਸਨਾ ਮਨਹਿ ਕਰੇਇ." (ਬਸੰ ਮਃ ੧)

**ਮਨਹੀਨਾ:** ਵਿ- ਖਿੰਨਮਨ. ਮੁਰਝਾਏ ਮਨ ਵਾਲਾ। ੨. ਮਨਹੀਨ. ਅਪਮਾਨਿਤ. ਦੇਖੋ, ਮਨ ੨.

**ਮਨਹੁ:** ਮਨ ਸੇ. ਮਨ ਤੋਂ. "ਮਨਹੁ ਛੋਡਿ ਵਿਕਾਰ." (ਆਸਾ ਮਃ ੧) ੨. ਕ੍ਰਿ. ਵਿ- ਮਾਨੋ. ਜਨੁ. ਗੋਯਾ. ਜਾਣੀਓਂ.

**ਮਨਹੁਚਿੰਦਿਆ:** ਵਿ- ਮਨਚਿਤਵਿਆ. ਮਨਇੱਛਿਤ. ਮਨਭਾਉਂਦਾ.

**ਮਨਹੂਸ:** ਅ਼. منحوُس ਨਹ਼ਸ (ਅਪਸ਼ਕੁਨ) ਵਾਲਾ। ੨. ਭਾਵ- ਮੰਦਬਾਗੀ.

**ਮਨਕ:** ਦੇਖੋ, ਮਾਣਿਕ. "ਕਨਕ ਔ ਮਨਕ ਪੁਨ ਲੋਸਟੰ ਜਾਨਿਯੇ." (ਗੁਵਿ ੧੦) ੨. ਅਭਿਮਾਨ. ਮਾਨ ਦਾ ਖ਼ਿਆਲ. "ਤਨਕ ਮਨਕ ਮਨ ਮੇ ਨਹਿ ਰਹੈ." (ਗੁਰੁਸੋਭਾ)

**ਮਨਕਾ:** ਦੇਖੋ, ਮਣਕਾ. "ਮਨਕਾ ਫੇਰਤ ਦਿਨ ਗਏ ਮਨ ਕਾ ਮਿਟਯੋ ਨ ਫੇਰ। ਕਰਕਾ ਮਨਕਾ ਛਾਡਿਕੇ ਮਨ ਕਾ ਮਨਕਾ ਫੇਰ." (ਕਬੀਰ)

**ਮਨਕਾਮਨਾ:** ਸੰਗਯਾ- ਚਿੱਤ ਦੀ ਇੱਛਾ. ਵਾਸਨਾ. "ਮਨਕਾਮਨਾ ਤੀਰਥਿ ਦੇਹ ਛੁਟੈ." (ਸੁਖਮਨੀ) ੨. ਵਿ- ਮਨ ਦੀ ਕਾਮਨਾ ਪੂਰਨ ਕਰਨ ਵਾਲਾ. "ਸਤਿਗੁਰੁ ਮਨਕਾਮਨਾ ਤੀਰਥੁ ਹੈ." (ਸ੍ਰੀ ਮਃ ੩)

**ਮਨਕੂਹਾ:** ਅ਼. منکوُحہ ਵਿ- ਨਕਾਹ਼ ਕੀਤੀ ਇਸਤ੍ਰੀ ਵਿਆਹੀ ਹੋਈ ਔਰਤ.

**ਮਨਕੂਲਾ:** ਅ਼. منقوُلہ ਮਨਕੂਲਾ. ਵਿ- ਨਕ਼ਲ ਕੀਤਾ ਹੋਇਆ। ੨. ਇੱਕ ਥਾਂ ਤੋਂ ਦੂਜੇ ਥਾਂ ਲੈ ਜਾਣ ਯੋਗ ਪਦਾਰਥ.

**ਮਨਖੋਸਟ, ਮਨਖੋਸਤ:** ਮਨੁਸ਼- ਅਸ਼੍ਟ. ਦੂਜਾ ਪਾਠ- ਮਨਖੋਸਤ ਮਾਨੁਸ਼- ਸ਼ਤ. ਅੱਠ ਅਥਵਾ ਸੌ ਮਾਨੁਸ਼ ਦੋਹਾਂ ਬਾਹਾਂ ਨੂੰ ਸਿੱਧਿਆ ਕਰਕੇ ਤਾਣੀਏ. ਤਦ "ਮਾਨੁਸ਼" ਮਾਪ ਹੁੰਦਾ ਹੈ। ਜੋ ਦੋ ਗਜ਼ ਬਰਾਬਰ ਹੈ. ਅੱਠ ਮਾਨੁਸ਼ ੧੬. ਗਜ਼ ਅਤੇ ਸੌ ਮਾਨੁਸ਼ ਦੋ ਸੌ ਗਜ਼, ਪੰਜਾਬੀ ਵਿਚ ਮਾਨੁਸ਼ "ਪੁਰ" ਹੈ, ਸੰਸਕ੍ਰਿਤ ਵਿੱਚ "ਵਜਾਮ" ਆਖਦੇ ਹਨ. "ਮਨਖੋਸਤ ਲੌ ਜਲ ਉੱਚ ਭਯੋ." (ਕ੍ਰਿਸਨਾਵ) ਕ੍ਰਿਸ਼ਨ ਜੀ ਦੇ ਜਮੁਨਾ ਵਿੱਚ ਕੁੱਦਣ ਤੋਂ ਅੱਠ ਅਥਵਾ ਸੌ ਮਾਨੁਸ਼ ਜਲ ਉਛਲਕੇ ਉੱਚਾ ਹੋਇਆ.

**ਮਨਗ੍ਰੀਵ:** ਦੇਖੋ, ਮਣਿਗ੍ਰੀਵ.

**ਮਨਚਿੰਤਤੁ, ਮਨਚਿੰਤਿਤ, ਮਨਚਿੰਦਿਅੜਾ, ਮਨਚਿੰਦਿਆ:** ਵਿ- ਮਨ ਚਿਤਵਿਆ. ਮਨੋੱਛਿਤ. "ਮਨਚਿੰਤਤੁ ਸਗਲੇ ਫਲ ਪਾਏ." (ਆਸਾ ਮਃ ੫) "ਮਨਚਿੰਦਿਆ ਸਤਿਗੁਰੂ ਦਿਵਾਇਆ." (ਆਸਾ ਮਃ ੫)

**ਮਨਜ, ਮਨਜਾਇਕ, ਮਨਜਾਤ:** ਸੰਗਯਾ- ਮਨੋਜ. ਕਾਮ. "ਮਨਜਾਇਕ ਪਾਇਕ ਹੈ ਇਨ ਕੀ ਦੁਤਿ ਕਾਜੈ." (ਗੁਵਿ ੧੦) ੨. ਸੰਕਲਪ ਖ਼ਿਆਲ.

**ਮਨਜਾਤੁਰ:** ਵਿ- ਮਨੋਜ- ਆਤੁਰ. ਕਾਮ ਕਰਕੇ ਪੀੜਿਤ. ਕਾਮਾਤੁਰ.

**ਮਨਜ਼ੂਰ:** ਅ਼. منظوُر ਮਨਜ਼ੂਰ. ਵਿ- ਨਜ਼ਰ ਕੀਤਾ ਗਿਆ. ਦ੍ਰਿਸ਼੍ਟਿ ਵਿੱਚ ਆਇਆ। ੨. ਅੰਗੀਕਾਰ ਕੀਤਾ। ੩. ਪਸੰਦ ਕੀਤਾ.

**ਮਨਤਾ:** ਸੰਗਯਾ- ਮਾਨਤਾ. ਮਾਨਯਤਾ. ਪੂਜਾ. "ਸ੍ਰੀ ਗੁਰੂ ਕੀ ਮਨਤਾ ਬਹੁ ਹੋਈ." (ਨਾਪ੍ਰ) "ਦੇਵ ਪਿਤਰ ਕੀ ਮਨਤਾ ਛੋਰੀ." (ਗੁਪ੍ਰਸੂ)

**ਮਨਤਾਰੂ:** ਵਿ- ਅਨਤਾਰੂ. ਜੋ ਤਰਨਾ ਨਹੀਂ ਜਾਣਦਾ ਦੇਖੋ, ਮਨ ੧. ਅਤੇ ਮਨ ੫.

**ਮਨਨ:** ਸੰ. ਸੰਗਯਾ- ਵਿਚਾਰ. ਚਿੰਤਨ। ੨. ਅਭ੍ਯਾਸ। ੩. ਵਿ- ਸਾਵਧਾਨ. ਵਿਚਾਰਵਾਨ.

**ਮਨਬਚਕਰਮ:** ਮਨ ਵਾਣੀ ਅਤੇ ਦੇਹ ਦੀ ਕ੍ਰਿਯਾ.

**ਮਨਬਚਕ੍ਰਮ:** ਦਿਲ ਜ਼ੁਬਾਨ ਅਤੇ ਸਰੀਰ ਦੀ ਕ੍ਰਿਯਾ. "ਮਨ ਬਚਕਰਮ ਅਰਾਧੇ ਕਰਤਾ." (ਮਾਰੂ ਸੋਲਹੇ ਮਃ ੫)

**ਮਨਬਚਕ੍ਰਮਿ:** ਮਨ ਵਾਣੀ ਅਤੇ ਕ੍ਰਿਯਾ ਦ੍ਵਾਰਾ. "ਮਨ ਬਚਕ੍ਰਮਿ ਰਾਮ ਨਾਮੁ ਚਿਤਾਰੀ." (ਰਾਮ ਅਃ ਮਃ ੫)

**ਮਨਬਾਂਛਤ, ਮਨਬਾਂਛਿਤ, ਮਨਬੰਛਤ, ਮਨਬੰਛਿਤ:** ਵਿ- ਮਨਵਾਂਛਿਤ. ਮਨ ਲੋੜੀਂਦਾ "ਮਨਬਾਂਛਤ ਫਲ ਮਿਲੇ." (ਸੋਰ ਮਃ ੫) "ਮਨਬੰਛਤ ਫਲ ਪਾਈਐ." (ਗਉ ਮਃ ੫)

**ਮਭਊਆ:** ਦੇਖੋ, ਭਊਆ.

**ਮਨਭਾਇਆ, ਮਨਭਾਯੋ:** ਵਿ- ਮਨਭਾਉਂਦਾ। ੨. ਮਨਭਾਵਨ. ਦਿਲ ਨੂੰ ਪਿਆਰਾ ਲੱਗਣ ਵਾਲਾ ਪ੍ਰੀਤਮ. "ਆਯੋ ਨਹੀਂ ਮਨਭਾਯੋ ਤਹੀਂ." (ਕ੍ਰਿਸਨਾਵ)

**ਮਨਭਾਵਨ:** ਦੇਖੋ, ਮਨਭਾਯੋ.

**ਮਨਭਾਵਨਾ:** ਸੰਗਯਾ- ਚਿੱਤ ਦਾ ਧ੍ਯਾਨ. ਮਨ ਦੀ ਰੁਚੀ। ੨. ਵਿ- ਮਨਭਾਉਂਦਾ.

**ਮਨਭੰਗ:** ਵਿ- ਜਿਸ ਦਾ ਦਿਲ ਟੁੱਟਗਿਆ ਹੈ. ਢਹੇ ਮਨ ਵਾਲਾ। ੨. ਸੰਗਯਾ- ਦਿਲ ਦਾ ਢਹਿਣਾ। ੩. ਉਪਰਾਮਤਾ. ਲਾਪਰਵਾਹੀ. "ਤਿਚਰੁ ਬਾਹ ਨ ਪਾਵਈ, ਜਿਚਰੁ ਸਹਿਬ ਸਿਉ ਮਨਭੰਗੈ." (ਵਾਰ ਮਾਰੂ ੨. ਮਃ ੫)

**ਮਨਮ:** ਫ਼ਾ. منم ਮਨ- ਅਮ ਦਾ ਸੰਖੇਪ. ਮੈਂ ਹਾਂ.

**ਮਨਮਤ, ਮਨਮਤਿ:** ਸੰਗਯਾ- ਮਨ ਦਾ ਥਾਪਿਆ ਨਿਯਮ।

੨. ਮਨ ਦੀ ਇੱਛਾ. ਗੁਰੂ ਅਤੇ ਧਰਮਗ੍ਰੰਥ ਦੇ ਵਿਰੁੱਧ ਆਪਣੇ ਮਨਭਾਉਂਦਾ ਥਾਪਿਆ ਨੇਮ ਅਤੇ ਨਿਸ਼ਚਾ. "ਮਨਮਤਿ ਝੂਠੀ, ਸਚਾ ਸੋਈ." (ਗਉ ਅਃ ਮਃ ੧)

**ਮਨਮਤੀਆਂ:** ਵਿ- ਮਨਮਤ ਧਾਰਨ ਵਾਲਾ. ਗੁਰਮਤ ਦੇ ਵਿਰੁੱਧ ਕੰਮ ਕਰਨ ਵਾਲਾ. ਦੇਖੋ, ਮਨਮਤ.

**ਮਨਮਥ:** ਸੰ. मन्मथ. ਸੰਗਯਾ- ਮਨ ਨੂੰ ਡੁਲਾ ਦੇਣ ਵਾਲਾ. ਵਿਚਾਰ ਦਾ ਨਾਸ਼ ਕਰਨ ਵਾਲਾ. ਦੇਖੋ, ਕੰਦਪੰ. ਕਾਮ. ਅਨੰਗ. ਮਨੋਜ। ੨. ਗੁੱਸਾ. ਕ੍ਰੋਧ.

**ਮਨਮਨੇ, ਮਨਮਨੰ:** ਸੰ. मन्मनस्. ਸੰਗਯਾ- ਧ੍ਯਾਨ. ਵਿਚਾਰ। ੨. ਸ਼੍ਰੱਧਾ. "ਗੁਰਮੁਖਿ ਖੋਜਤ ਮਨਮਨੇ." (ਬਸੰ ਮਃ ੧) ਸ਼੍ਰੱਧਾ ਦ੍ਵਾਰਾ ਖੋਜਤ. "ਮਨਮਨੰ ਸਹਜ ਬੀਚਾਰੰ." (ਗੂਜ ਅਃ ਮਃ ੧) ੩. ਪ੍ਰਾਰਥਨਾ. ਬੇਨਤੀ. ਵਿਨਯ.

**ਮਨਮਾਨਨਾ:** ਕ੍ਰਿ- ਚਿੱਤ ਦਾ ਪਤੀਜਣਾ. ਮਨ ਵਿੱਚ ਵਿਸ਼੍ਵਾਸ ਦਾ ਹੋਣਾ. "ਜਉ ਜਾਨਿਆ, ਤਉ ਮਨੁ ਮਾਨਿਆ." (ਸੋਰ ਕਬੀਰ) "ਜਿਸੁ ਮਨੁ ਮਾਨੈ, ਅਭਿਮਾਨੁ ਨ ਤਾਕਉ." (ਸਾਰ ਮਃ ੧)

**ਮਨਮਾਰਨਾ:** ਕ੍ਰਿ- ਇੱਛਾ ਅਤੇ ਸੰਕਲਪ ਨੂੰ ਦਬਾਉਣਾ. "ਜੋ ਮਨ ਮਾਰਹਿ ਆਪਣਾ, ਸੇ ਪੁਰਖ ਬੈਰਾਗੀ." (ਵਡ ਛੰਤ ਮਃ ੩)

**ਮਨਮਿਤ, ਮਨਮਿਤੁ, ਮਨਮਿਤ੍ਰ:** ਵਿ- ਦਿਲੀਦੋਸ਼. "ਨਾਮ ਜਪਹਿ ਮਨਮਿਤ ਜੀਉ," ਅਤੇ- "ਸੰਤ ਸਜਨ ਮਨਮਿਤ੍ਰ ਸੇ." (ਸੂਹੀ ਅਃ ਮਃ ੫)

**ਮਨਮੁਖ, ਮਨਮੁਖੁ:** ਮਨ (ਨਾ) ਮੁਖ. ਵਿਮੁਖ. ਗੁਰਮਤ ਤੋਂ ਉਲਟ. "ਸੇ ਮਨਮੁਖੁ ਜੋ ਸ਼ਬਦੁ ਨਾ ਪਛਾਣਹਿ। ਗੁਰ ਕੇ ਭੈ ਕੀ ਸਾਰ ਨ ਜਾਣਹਿ।।" (ਮਾਰੂ ਸੋਲਹੇ ਮਃ ੩) ੨. ਜਿਸ ਨੇ ਆਪਣੇ ਮਨ (ਸੰਕਲਪ) ਨੂੰ ਹੀ ਮੁੱਖ ਜਾਣਿਆ ਹੈ. ਮਨਮਤ ਧਾਰਨ ਵਾਲਾ. "ਮਨਮੁਖ ਅਗਿਆਨੁ, ਦੁਰਮਤਿ ਅਹੰਕਾਰੀ." (ਮਃ ੩. ਵਾਰ ਗਉ ੧)

**ਮਨਮੁਖਿ:** ਮਨਮੁਖ ਨੂੰ. "ਮਨਮੁਖਿ ਸੋਝੀ ਨਾ ਪਵੈ." (ਸ੍ਰੀ ਅਃ ਮਃ ੧) ੨. ਮਨਮੁਖ ਨੇ.

**ਮਨਮੁਖੀ:** ਮਨਮੁਖਤਾ ਵਾਲੀ. "ਮਨਮੁਖੀ ਦੁਹਾਗਣਿ ਨਾਹਿ ਕੋਉ." (ਬਸੰ ਮਃ ੧) ੨. ਮਨਮੁਖੀਂ. ਮਨਮੁਖਾਂ ਨੇ. "ਮਨਮੁਖੀ

ਜਨਮੁ ਗਵਾਇਆ." (ਵਾਰ ਆਸਾ)

ਮਨਮੁਖੁ: ਦੇਖੋ, ਮਨਮੁਖ. "ਮਨਮੁਖੁ ਅਹੰਕਾਰੀ ਮਹਲੁ ਨ ਜਾਣੈ." (ਮਃ ੪. ਵਾਰ ਗਉ ੧)

ਮਨਮੋਹਨ: ਵਿ- ਦਿਲ ਨੂੰ ਮੋਹਲੈਣ ਵਾਲਾ. ਮਨੋਹਰ। ੨. ਭਾਵ- ਪਿਆਰਾ ਕਰਤਾਰ. "ਮਨਮੋਹਨ ਸਿਉ ਪ੍ਰੀਤਿਲਾਗੀ." (ਸਾਰ ਪੜਤਾਲ ਮਃ ੪)

ਮਨਮੋਦਕ: ਵਿ- ਮਨ ਨੂੰ ਆਨੰਦ ਕਰਨ ਵਾਲਾ। ੨. ਸੰਗਯਾ- ਖ਼ਿਆਲੀ ਲੱਡੂ.

ਮਨ ਮੰਨਣਾ: ਦੇਖੋ, ਮਨਮਾਨਨਾ.

ਮਨਰਾਜ: ਦੇਖੋ, ਮਨੋਰਾਜ.

ਮਨਰੂਚਾ: ਵਿ- ਮਨਰੁਚਿਆ. ਮਨਭਾਉਂਦਾ. ਦਿਲ ਪਸੰਦ. ਭਾਵ- ਪਿਆਰਾ ਕਰਤਾਰ. "ਕਤ ਪਾਈਐ ਮਨਰੂਚਾ?" (ਦੇਵ ਮਃ ੫)

ਮਨਲ: ਵਿ- ਮਨ ਜੇਹੀ ਚਾਲ ਵਾਲਾ. ਮਨੋਜਵ. "ਅਨਲ ਮਨਲ ਉਡ ਖਬਰ ਨ ਆਵੈ." (ਭਾਗੁ)

ਮਨਵਚਕ੍ਰਮ: ਦੇਖੋ, ਮਨਬਚਕ੍ਰਮ.

ਮਨਵੰਤਰ: ਸੰ. ਸੰਗਯਾ- ਮਨ੍ਵੰਤਰ.

ਮਨਾ: ਸੰ. ਸੰਗਯਾ- ਜੋਸ਼. ਗੁੱਸਾ। ੨. ਈਰਖਾ. ਹਸਦ। ੩. ਅ਼. منع ਮਨਅ਼ ਵਰਜਣ ਦਾ ਭਾਵ. ਵਿਸ਼ਧ. "ਅਬ ਜਗ ਜਾਨਿ ਜਉ ਮਨਾ ਰਹੈ." (ਗਉ ਬਾਵਨ ਕਬੀਰ) ਜਗਤ ਵਿੱਚ ਖਚਿਤ ਹੋਣ ਤੋਂ ਰੁਕੇ। ੪. ਮਨ ਨੂੰ ਸੰਬੋਧਨ. ਹੇ ਮਨ!

ਮਨਾਉਣਾ: ਕ੍ਰਿ- ਮਾਨਯ ਕਰਨਾ. ਪੂਜਣਾ. "ਤਉ ਸੀਗਾਰੁ ਕਰਿ. ਜਾ ਪਹਿਲਾਂ ਕੰਤੁ ਮਨਾਇ." (ਮਃ ੩. ਵਾਰ ਸੂਹੀ) ੨. ਮਨ ਆਪਣੇਂ ਵੱਲ ਲਿਆਉਂਣਾ. ਖੁਸ਼ ਕਰਨਾ. "ਪੈਰੀਂ ਪੈ ਪੈ ਬਹੁਤ ਮਨਾਈ." (ਮਾਝ ਮਃ ੫) ੩. ਮਨਜੂਰ ਕਰਾਉਣਾ. ਅੰਗੀਕਾਰ ਕਰਾਉਣਾ. "ਹੁਕਮ ਭੀ ਤਿਨਾ ਮਨਾਇਸੀ, ਜਿਨ ਕਉ ਨਦਰਿ ਕਰੇਇ." (ਮਃ ੩. ਵਾਰ ਗੂਜ ੧)

ਮਨਾਸਿਲ: ਦੇਖੋ. ਮੈਨਸਿਲ.

ਮਨਾਹ: ਦੇਖੋ, ਮਨਹਿ ੪.

ਮਨਾਹੀ: ਅ਼. مناہی ਮਨਹੀ ਦਾ ਬਹੁਵਚਨ. ਵਿਵਰਜਿਤ ਵਸਤੂਆਂ. ਨਿਸ਼ੇਧ ਕੀਤੀਆਂ ਬਾਤਾਂ। ੨. ਗੁਨਾਹ. ਪਾਪ.

ਮਨਾਕ: ਸੰ. मनाक्. ਵਿ- ਥੋੜਾ. ਤਨਿਕ। ੨. ਸੁਸਤ। ੩. ਕ੍ਰਿ. ਵਿ- ਧੀਰੇ. ਸ਼ਨੇ. ਸ਼ਨੇ.

ਮਨਾਖਾ: ਸੰ. मन्दाक्षः ਵਿ- ਮੰਦ ਅਕ੍ਸ਼ਿ (ਅੱਖ) ਵਾਲਾ, ਜਿਸ ਨੂੰ ਘੱਟ ਨਜਰ ਆਉਂਦਾ ਹੈ.

ਮਨਾਤ: ਅ਼. منات ਸਗੰਜਾ- ਇੱਕ ਸੇਰ ਤੋਲ. ਸੇਰ ਭਰ ਵਜ਼ਨ। ੨. ਪੁਰਾਣੇ ਮੱਕਾ ਨਿਵਾਸੀਆਂ ਦੇ ਤਿੰਨ ਪੂਜਯ ਬੁਤਾਂ ਵਿੱਚੋਂ ਇੱਕ ਬੁਤ, ਜਿਸ ਦੇ ਟੁਕੜੇ ਹੁਣ ਕਾਬੇ ਵਿੱਚ ਲੱਗੇ ਹੋਏ ਹਨ. ਤਿੰਨ ਬੁਤ ਇਹ ਸਨ ਮਨਾਤ, ਅੱਲਾਤ, ਉੱਜ਼ਾ.

ਮਨਾਦੀ: ਅ਼. منادی ਅਥਵਾ ਮੁਨਾਦੀ. ਸੰਗਯਾ- ਨਿਦਾ (ਪੁਕਾਰਣ) ਦੀ ਕ੍ਰਿਯਾ ਕਰਨ ਵਾਲਾ. ਢੰਡੋਰਾ ਦੇਣ ਵਾਲਾ। ੨. ਭਾਵ- ਢੰਡੋਰਾ।

ਮਨਾਰ: ਸੰ. ਮਾਨਾਰ੍ਹ. ਵਿ- ਸਨਮਾਨ ਯੋਗਯ. ਆਦਰ ਲਾਇਕ। ੨. ਅ਼. منار ਸੰਗਯਾ- ਨੂਰ (ਪ੍ਰਕਾਸ਼) ਦੀ ਥਾਂ. ਉਹ ਉੱਚਾ ਬੁਰਜ, ਜਿਸ ਪੁਰ ਜਹਾਜਾਂ ਨੂੰ ਰਾਹ ਦੱਸਣ ਲਈ ਰੌਸ਼ਨੀ ਹੋਵੇ. Lighthouse। ੩. ਦੇਖੋ, ਮਨਾਰਿ ੨.

ਮਨਾਰਿ: ਮਾਨ ਕਰਕੇ. ਮਾਨਯ ਭਾਵ ਕਰਕੇ. ਉਪਾਸਕੇ. ਪੂਜਕੇ. "ਗੁਰ ਮਨਾਰਿ ਪ੍ਰਿਅ ਦਇਆਰਿ ਸਿਉ ਰੰਗੁ ਕੀਆ." (ਮਲਾ

ਪੜਤਾਲ ਮਃ ੫) ੨. ਗੁਰੁ ਮਨਾਰੇ ਪ੍ਰਿਯ ਦਯਾਰ. ਪ੍ਰੀਤਮ ਦੀ ਦਯਾਰ (ਵਲਾਇਤ) ਦੇ ਮੀਨਾਰ (ਲਾਈਟਹਾਊਸ- Lighthouse) ਗੁਰੂ ਨਾਲ ਪ੍ਰੇਮ ਕੀਤਾ. ਗੁਰਬਾਣੀ ਵਿੱਚ ਸਿਆਰੀ ਇਜ਼ਾਫ਼ਤ ਦਾ ਅਰਥ ਭੀ ਦਿੰਦੀ ਹੈ, ਜਿਵੇਂ- "ਯਕ ਅਰਜ ਗੁਫਤਮ ਪੇਸਿ ਤੋ." (ਤਿਲੰ ਮਃ ੫)

ਮਨਾਲ: ਦੇਖੋ, ਤਨਾਲ। ੨. ਇੱਕ ਪ੍ਰਕਾਰ ਦਾ ਪਹਾੜੀ ਮੁਰਗਾ. Pheasant

ਮਨਿ: ਸੰ. ਮਣਿ, ਰਤਨ. "ਮਨਿਜਟਿਤ ਭੂਸਨ ਕੋਟਿ ਹੇ." (ਸਲੋਹ) ੨. ਮਣਕਾ. ਮਾਲਾ ਦਾ ਦਾਣਾ। ੩. ਮਨੁੱਖ (ਮਨੁਸ਼੍ਯ) ਦੇ. "ਮਨਿ ਹਿਰਦੈ ਕ੍ਰੋਧ ਮਹਾਂ ਬਿਸ ਲੋਧੁ." (ਆਸਾ ਛੰਤ ਮਃ ੪) ੪. ਮਨ ਮੇਂ ਦਿਲ ਅੰਦਰ. "ਮਨਿ ਪਿਆਸ ਬਹੁਤੁ ਦਰਸਾਵੈ." (ਨਟ ਮਃ ੫) ੫. ਮਨ ਕਰਕੇ. "ਪਿਆਇ ਸੋ ਪ੍ਰਭੁ ਮਨਿ ਮੁਖੀ." (ਆਸਾ ਛੰਤ ਮਃ ੫) ੬. ਮਨ ਵਿੱਚੋਂ ਦਿਲੋਂ. "ਚੂਕਾ ਮਨਿ ਅਭਿਮਾਨੁ." (ਪ੍ਰਭਾ ਮਃ ੧) ੭. ਮਨ ਦੇ. "ਮਨਿ ਜੀਤੈ ਜਗੁ ਜੀਤੁ." (ਜਪੁ) ਮਨ ਦੇ ਜਿੱਤਣ ਤੋਂ। ੮. ਮਨ ਦੀ. "ਮਨਿ ਪੂਰਨ ਹੋਈ ਆਸਾ." (ਸੋਰ ਮਃ ੫) ੯. ਸੰਕਲਪ ਵ੍ਰਿੱਤਿ. ਦੇਖੋ, ਅੰਤਹਕਰਣ.

ਮਨਿਆਰ: ਦੇਖੋ, ਮਨੀਆਰ.

ਮਨਿਹ: ਫ਼ਾ. منه ਮ (ਨਾ) ਨਿਹ (ਰੱਖ) ਨਾ ਰੱਖ.

ਮਨਿਹਾਲਾ: ਜਿਲਾ ਲਹੌਰ. ਤਸੀਲ ਕੁਸੂਰ, ਥਾਣਾ ਪੱਟੀ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਪੱਟੀ ਤੋਂ ਚਾਰ ਮੀਲ ਪੱਛਮ ਹੈ. ਇਸ ਪਿੰਡ ਦੀ ਆਬਾਦੀ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ.

ਪਹਿਲਾਂ ਇਹ ਅਸਥਾਨ ਚਿਰ ਤੀਕ ਗੁਪਤ ਰਿਹਾ, ਕੁਝ ਵਰ੍ਹੇ ਹੋਏ ਕਿ ਇਸ ਇਲਾਕੇ ਦੇ ਜਿਲੇਦਾਰ ਸਰਦਾਰ ਕਿਸ਼ਨ ਸਿੰਘ ਨੇ ੩੦ ਹਜਾਰ ਦੇ ਕਰੀਬ ਰੁਪਯਾ ਉਗਰਾਹੀ ਕਰਕੇ ਗੁਰਦ੍ਵਾਰੇ ਦੀ ਸੇਵਾ ਕਰਾਈ. ਦਰਬਾਰ ਸੁੰਦਰ ਸੁਨਹਿਰੀ ਕਲਸ ਵਾਲਾ ਬਣਿਆ ਹੋਇਆ ਹੈ. ਪਾਸ ਰਹਿਣ ਲਈ ਮਕਾਨ ਹਨ. ਇਸ ਗੁਰਦ੍ਵਾਰੇ ਨਾਲ ੨੮ ਵਿੱਘੇ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ. ਛੀਵੇਂ ਸਤਿਗੁਰੂ ਜੀ ਦੇ ਅਵਤਾਰ ਧਾਰਨ ਵਾਲੇ ਦਿਨ (੨੧ ਹਾੜ੍ਹ) ਨੂੰ ਮੇਲਾ ਹੁੰਦਾ ਹੈ.

ਮਨਿਕ: ਦੇਖੋ, ਮਾਣਿਕ. "ਮੁਕਤਾ ਨ ਮਨਿਕ ਹੈ." (ਭਾਗੁ ਕ)

ਮਨਿ ਚਿਤਿ: ਕ੍ਰਿ. ਵਿ- ਦਿਲ ਦੇ ਖ਼ਿਆਲ ਮੁਤਾਬਿਕ. ਮਨ ਦੇ ਸ਼ੁੱਧ ਭਾਵ ਕਰਕੇ. ਦੇਖੋ, ਚਿੱਤਿ. "ਸੋ ਜਨੁ ਹਮਰੈ ਮਨਿ ਚਿਤਿ ਭਾਵੈ." (ਗਉ ਮਃ ੪)

ਮਨਿਚਿੰਦਿਅੜਾ: ਦੇਖੋ, ਮਨਚਿੰਦਿਅੜਾ. "ਮਨਿਚਿੰਦਿਅੜਾ ਫਲੁ ਪਾਵਹੁ." (ਰਾਮ ਛੰਤ ਮਃ ੫)

ਮਨਿਚੀਤਿ: ਮਨ ਤੇ ਚਿੱਤ ਵਿੱਚ। ੨. ਮਨੁੱਖ ਦੇ ਮਨ ਵਿੱਚ. "ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ." (ਬਿਲਾ ਅਃ ਮਃ ੩)

ਮਨਿ ਜੀਤੈ ਜਗੁ ਜੀਤੁ: (ਜਪੁ) ਮਨ ਦੇ ਜਿੱਤਣ ਤੋਂ ਸੰਸਾਰ ਜਿੱਤਿਆ ਜਾਂਦਾ ਹੈ. ਜਿਸ ਨੇ ਦਿਲ ਕਾਬੂ ਕੀਤਾ ਹੈ, ਉਹ ਵਿਜਯੀ ਹੈ। ੨. ਜੋਰ ਨਾਲ ਲੋਕਾਂ ਨੂੰ ਜਿੱਤਣ ਵਾਲਾ ਫਤੇ ਨਹੀਂ ਪਾਂਉਂਦਾ, ਜੋ ਪਰਾਏ ਦਿਲ ਮੁੱਠੀ ਵਿੱਚ ਲੈਂਦਾ ਹੈ, ਉਹ ਅਸਲ ਫਤੇ ਹਾਸਿਲ ਕਰਦਾ ਹੈ.

ਮਨਿੰਦ: ਦੇਖੋ, ਮਾਨਿੰਦ.

ਮਨਿਬਾਂਛਤ, ਮਨਿਬੰਛਤ: ਮਨਵਾਂਛਿਤ. ਮਨਲੋੜੀਂਦਾ. "ਮਨਿ- ਬਾਂਛਤ ਚਿਤਵਤ ਨਾਨਕਦਾਸ." (ਸਾਰ ਮਃ ੫) "ਮਨਿਬੰਛਤ ਨਾਨਕ ਫਲ ਪਾਇ." (ਸੁਖਮਨੀ)

ਮਨਿਭਾਵਨੁ: ਮਨ ਨੂੰ ਭਾਉਣ ਵਾਲੀ ਗੱਲ. ਮਨ ਦੀ ਇੱਛਾ ਅਨੁਸਾਰ. "ਕਾਹੇ ਕੀਜਤੁ ਹੈ ਮਨਿਭਾਵਨੁ?" (ਮਾਰੂ ਕਬੀਰ)

ਮਨਿਮੁਕਟ: ਮੀਣ (ਰਤਨ) ਜਟਿਤ ਮੁਕੁਟ (ਤਾਜ)

**ਮਨਿ ਮੁਖਿ, ਮਨਿ ਮੁਖੀ:** ਦਿਲੋਂ ਅਤੇ ਮੂਹੋਂ. ਮਨ ਅਤੇ ਮੁਖ ਕਰਕੇ. "ਮਨਿ ਮੁਖਿ ਨਾਮੁ ਜਪਹੁ ਜਗਜੀਵਨ." (ਮਾਰੂ ਸੋਲਹੇ ਮਃ ੧)

**ਮਨਿਯਾਰਾ:** ਦੇਖੋ, ਮਨੀਆਰ। ੨. ਵਿ- ਮਣਿ ਵਾਲਾ ਰਤਨਾਂ ਵਾਲਾ. "ਭਾਂਤ ਭਾਂਤ ਆਸਨ ਮਨਿਯਾਰੇ." (ਸਲੋਹ)

**ਮਨਿਲੇਤਾ:** ਮਨ ਕਰਕੇ ਅੰਗੀਕਾਰ ਕਰਦਾ. "ਜੋ ਤੁਮ੍ ਕਰਹੁ ਸੋਈ ਭਲਾ, ਮਨਿਲੇਤਾ ਮੁਕਤਾ." (ਬਿਲਾ ਮਃ ੫)

**ਮਨੀ, ਮਨੀਂ:** ਦੇਖੋ, ਮਣੀ। ੨. ਮਾਨੀ. ਮੰਨੀ. ਮਨਨ ਕੀਤੀ. "ਜਿਨਿ ਜਨਿ ਸੁਣੀ, ਮਨੀ ਹੈ ਜਿਨਿ ਜਨਿ." (ਨਟ ਪੜਤਾਲ ਮਃ ੪) ੩. ਅ਼. معین ਮਨੀਹ਼. ਦਾਤਾ. "ਹਾਜਰਾ ਹਜੂਰਿ ਦਰਿਪੇਸਿ. ਤੂੰ ਮਨੀ." (ਤਿਲੰ ਨਾਮਦੇਵ) ੪. ਅ਼. منی ਮਨੀ. ਵੀਰਯ. ਮਣੀ. ਸ਼ੁਕ੍ਰ.

**ਮਨੀਆ:** ਵਿ- ਮਨਨ ਕਰਤਾ। ੨. ਮੰਨਣ ਵਾਲਾ। ੩. ਮਾਨਯ. ਪੂਜਯ। ੪. ਸੰਗਯਾ- ਮਲਕੀਅਤ "ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ." (ਆਸਾ ਮਃ ੫)

**ਮਨੀਆਰ, ਮਨੀਆਰੁ:** ਸੰ. ਮਣਿਕਾਰ. ਸੰਗਯਾ- ਜੌਹਰੀ. ਰਤਨਾਂ ਨੂੰ ਤਰਾਸ਼ਕੇ ਸੁੰਦਰ ਕਰਨ ਵਾਲਾ ਅਤੇ ਸੋਨੇ ਆਦਿ ਵਿੱਚ ਜੜਨ ਵਾਲਾ ਕਾਰੀਗਰ। ੨. ਹੁਣ ਇਹ ਸ਼ਬਦ ਵਿਸ਼ੇਸ਼ ਕਰਕੇ ਕੱਚ (ਕੰਚ) ਦੀ ਵਸਤਾਂ ਚੂੜੀ ਆਦਿ ਬਣਾਉਣ ਅਤੇ ਵੇਚਣ ਵਾਲੇ ਲਈ ਵਰਤਿਆ ਜਾਂਦਾ ਹੈ, "ਨਾ ਮਨੀਆਰੁ ਨ ਚੁੜੀਆਂ." (ਵਡ ਮਃ ੧)

**ਮਨੀਸਿੰਘ ਭਾਈ:** ਕੈਥੋਵਾਲ ਪਿੰਡ ਦੇ, (ਜਿਸ ਦਾ ਪਟਿਆਲੇ ਰਾਜ ਵਿੱਚ ਸੁਨਾਮ ਪਾਸ ਥੇਹ ਦੇਖਿਆ ਜਾਂਦਾ ਹੈ), ਵਸਨੀਕ ਦੁੱਲਟ ਜੱਟ ਚੌਧਰੀ ਕਾਲੇ ਦਾ ਪੁਤ੍ਰ.[967] ਮਨੀਏ ਦੀ ਉਮਰ ਕੇਵਲ ਪੰਜ ਵਰ੍ਹੇ ਦੀ ਸੀ ਜਦ ਕਾਲੇ ਨੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਨੂੰ ਚੜ੍ਹਾ ਦਿੱਤਾ. ਇਹ ਛੋਟੀ ਅਵਸਥਾ ਤੋਂ ਹੀ ਦਸ਼ਮੇਸ਼ ਦੀ ਸੇਵਾ ਵਿਚ ਰਿਹਾ. ਇਸ ਨੇ ਕਲਗੀਧਰ ਤੋਂ ਅਮ੍ਰਿਤ ਛਕਕੇ ਸਿੰਘ ਪਦਵੀ ਧਾਰਨ ਕੀਤੀ. ਸੰਮਤ ੧੭੬੧ ਵਿੱਚ ਜਦ ਗੁਰੂ ਸਾਹਿਬ ਨੇ ਆਨੰਦਪੁਰ ਛੱਡਿਆ ਤਦ ਇਹ ਆਗਯਾ ਅਨੁਸਾਰ ਮਾਤਾ ਸੁੰਦਰੀ ਜੀ ਅਤੇ ਸਾਹਿਬਕੌਰ ਜੀ ਨੂੰ ਲੈਕੇ ਦਿੱਲੀ ਪਹੁੰਚਿਆਂ ਅਰ ਸੇਵਾ ਵਿੱਚ ਹਾਜਿਰ ਰਿਹਾ. ਸੰਮਤ ੧੭੬੨- ੬੩ ਵਿੱਚ ਇਹ ਮਾਤਾ ਸਾਹਿਬਾਨ ਦੇ ਨਾਲ ਦਮਦਮੇ ਪੁੱਜਾ. ਉੱਥੇ ਕਲਗੀਧਰ ਨੇ ਇਸ ਦੀ ਕਲਮ ਤੋਂ ਸ਼੍ਰੀ ਗੁਰੂ ਗ੍ਰੰਥ- ਸਾਹਿਬ ਦੀ ਇੱਕ ਬੀੜ ਲਿਖਵਾਈ. ਦੇਖੋ, ਗ੍ਰੰਥਸਾਹਿਬ.

ਸੰਮਤ ੧੭੭੮ ਵਿੱਚ ਮਾਤਾ ਸੁੰਦਰੀ ਜੀ ਨੇ ਇਸ ਨੂੰ ਹਰਿਮੰਦਿਰ ਦਾ ਗ੍ਰੰਥੀ ਥਾਪਿਆ. ਇਸ ਅਧਿਕਾਰ ਵਿੱਚ ਭਾਈ ਮਨੀ ਸਿੰਘ ਨੇ ਕਈ ਗ੍ਰੰਥ ਲਿਖੇ ਅਤੇ ਸ਼੍ਰੀ ਗੁਰੂ ਗ੍ਰੰਥਸਾਹਿਬ ਦੀ ਇੱਕ ਨਵੀਂ ਬੀੜ ਤਿਆਰ ਕੀਤੀ, ਜਿਸ ਵਿੱਚ ਹਰੇਕ ਸਤਿਗੁਰੂ ਦੀ ਬਾਣੀ ਸਭ ਰਾਗਾਂ ਵਿੱਚੋਂ ਚੁਣਕੇ ਇੱਕ ਇੱਕ ਥਾਂ ਕੀਤੀ ਅਰ ਭਗਤਬਾਣੀ ਨੂੰ ਭੀ ਇਸੇ ਕ੍ਰਮ ਨਾਲ ਲਿਖਿਆ.[968] ਇਸ ਪੁਰ ਪੰਥ ਨੇ ਸ੍ਰਾਪ ਦਿੱਤਾ ਕਿ ਭਾਈ ਮਨੀਸਿੰਘ ਦੇ ਅੰਗ ਅੰਗ ਜੁਦੇ ਹੋਣ.

ਅਮ੍ਰਿਤਸਰ ਜੀ ਦੀਪਮਾਲਾ ਦਾ ਮੇਲਾ ਕਈ ਵਰ੍ਹਿਆਂ ਤੋਂ ਤੁਰਕਾਂ ਨੇ ਹੁਕਮ ਬੰਦ ਕਰ ਦਿੱਤਾ ਸੀ. ਭਾਈ ਮਨੀਸਿੰਘ ਨੇ ਸੂਬਾ ਲਹੌਰ ਨੂੰ ਪੰਜ ਹਜਾਰ ਰੁਪਯਾ ਟੈਕ੍ਸ ਦੇਣਾ ਕਰਕੇ ਮੇਲੇ ਦੀ ਮਨਜ਼ੂਰੀ ਲਈ, ਪਰ ਸੂਬੇ ਨੇ ਅਮ੍ਰਿਤਸਰ ਦੇ ਚੌਹੀਂ ਪਾਸੀਂ ਪਹਿਰੇ ਲਾ ਦਿੱਤੇ, ਜਿਸ ਤੋਂ ਲੋਕ ਡਰਦੇ ਮੇਲੇ ਨਾ ਆਏ ਅਰ ਕੁਝ ਪੂਜਾ ਨਾ ਚੜ੍ਹੀ. ਸੂਬੇ ਨੇ ਰੁਪਯਾ ਨਾ ਅਦਾ ਕਰਨ ਦੇ ਅਪਰਾਧ ਵਿੱਚ ਭਾਈ ਸਾਹਿਬ ਨੂੰ ਕੈਦ ਕਰ ਲਿਆ ਅਰ ਇਸਲਾਮ ਵਿੱਚ ਲਿਆਉਣ ਦੇ ਅਨੇਕ ਯਤਨ ਕੀਤੇ. ਜਦ ਕਾਮਯਾਬੀ ਨਾ ਹੋਈ. ਤਦ ਜੱਲਾਦ ਤੋਂ ਅੰਗ ਅੰਗ ਜੁਦਾ ਕਰਵਾ ਦਿੱਤਾ. ਸੰਮਤ ੧੭੯੪ ਵਿੱਚ[969] ਭਾਈ ਮਨੀਸਿੰਘ ਧਰਮਵੀਰ ਨੇ ਜਿੱਥੇ ਸ਼ਹੀਦੀ

---

[967] ਭਾਈ ਮਨੀ ਸਿੰਘ ਜੀ ਦਾ ਦੁੱਲਟ ਹੋਣਾ ਕੇਵਲ ਗਯਾਨੀ ਗਯਾਨਸਿੰਘ ਦੁੱਲਟ ਦੇ ਲੇਖ ਅਨੁਸਾਰ ਲਿਖਿਆ ਗਿਆ ਹੈ. ਅਨੇਕ ਸੱਜਨ ਭਾਈਸਾਹਿਬ ਦਾ ਜਨਮ ਕੰਬੋ ਵੰਸ਼ ਵਿੱਚ ਮੰਨਦੇ ਹਨ. ਇੱਕ ਸੱਜਨ ਨੇ ਭਾਈਸਾਹਿਬ ਦਾ ਜਨਮ ਕਾਨੋਕਾਛੇ ਦਾ ਲਿਖਿਆ ਹੈ.

[968] ਇਹ ਬੀੜ (ਜਿਲਦ) ਹੁਣ ਅਬਿਚਲ ਨਗਰ ਹੈ.

[969] ਮੁਹੰਮਦਤੀਫ ਨੇ ਭਾਈ ਸਾਹਿਬ ਦਾ ਸ਼ਹੀਦ ਹੋਣਾ ਸਨ ਹਿਜਰੀ ੧੧੪੦ (ਸੰਮਤ ੧੭੮੫) ਮੀਰਮੰਨੂ ਦੀ ਅਮਲਦਾਰੀ ਵਿੱਚ ਲਿਖਿਆ ਹੈ, ਭਾਈ

ਪਾਈ ਹੈ, ਉਹ ਪਵਿਤ੍ਰ ਸ਼ਹੀਦਗੰਜ ਲਹੌਰ ਦੇ ਕਿਲੇ ਪਾਸ ਹੈ.

ਮਨੀਕਰਣ: ਦੇਖੋ, ਮਣਿਕਰਣ ਅਤੇ ਮਣਿਕਰਣਿਕਾ.

ਮਨੀਖਣਾ: ਦੇਖੋ, ਮਨੀਖੀ.

ਮਨੀਖਨਿ: ਸੰਗ੍ਯਾ- ਮਨੀਸ਼ਾ (ਦਾਨਾਈ) ਧਾਰਨ ਵਾਲੀ, ਸੈਨਾ. (ਸਨਾਮਾ)

ਮਨੀਖਾ: ਸੰ. ਮਨੀਸ਼ਾ. ਸੰਗ੍ਯਾ- ਮਨ ਦੀ ਇੱਛਾ। ੨. ਬੁੱਧਿ. ਅਕਲ. ਸਮਝ। ੩. ਖ਼ਿਆਲ. ਸੰਕਲਪ.

ਮਨੀਖੀ: ਸੰ. मनीषिन. ਵਿ- ਮਨੀਸ਼ਾ (ਬੁੱਧਿ) ਵਾਲਾ। ੨. ਸੰਗ੍ਯਾ- ਪੰਡਿਤ. ਵਿਦ੍ਵਾਨ ਪੁਰੁਸ਼.

ਮਨੀਮਾਜਰਾ: ਜਿਲਾ ਅੰਬਾਲਾ ਵਿੱਚ ਇੱਕ ਨਗਰ, ਜਿਸ ਨੂੰ ਗੰਗਾਰਾਮ ਦੇ ਪੁਤ੍ਰ ਗਰੀਬਦਾਸ ਨੇ ਸੰਮਤ ੧੮੨੧ ਵਿੱਚ, ੪੮ ਹੋਰ ਪਿੰਡਾਂ ਸਮੇਤ ਫਤੇ ਕਰਕੇ, ਆਪਣੀ ਰਾਜਧਾਨੀ ਥਾਪਿਆ. ਗਰੀਬਦਾਸ ਦੇ ਮਰਨ ਪੁਰ ਗੋਪਾਲ ਸਿੰਘ ਮਨੀਮਾਜਰੇ ਦਾ ਰਈਸ ਹੋਇਆ, ਜਿਸ ਨੂੰ ਅੰਗ੍ਰੇਜ਼ੀ ਸਰਕਾਰ ਨੇ ਰਾਜਾ ਦੀ ਪਦਵੀ ਦਿੱਤੀ. ਗੋਪਾਲਸਿੰਘ ਦਾ ਪੁਤ੍ਰ ਹਮੀਰਸਿੰਘ, ਉਸ ਦਾ ਪੁਤ੍ਰ ਗੋਵਰਧਨ ਸਿੰਘ, ਉਸ ਦਾ ਗੁਰਬਖ਼ਸ਼ ਸਿੰਘ ਅਤੇ ਉਸ ਦਾ ਭਗਵਾਨ ਸਿੰਘ ਹੋਇਆ, ਜਿਸ ਦੇ ਵੰਸ਼ ਨਾ ਹੋਣ ਕਰਕੇ ਇਹ ਰਿਆਸਤ ਸਰਕਾਰ ਨੇ ਜਬਤ ਕਰ ਲਈ. ਮਨੀਮਾਜਰੇ ਨਾਲ ਰਿਆਸਤ ਨਾਭੇ ਦੀ ਸਾਕਾਗੀਰੀ ਰਹੀ ਹੈ.

ਮਨੀਰਾਮ: ਜਿਲਾ ਮੁਲਤਾਨ ਦੇ ਅਲੀਪੁਰ ਗ੍ਰਾਮ ਦਾ ਵਸਨੀਕ ਰਾਜਪੂਤ, ਜਿਸ ਨੇ ਆਪਣੇ ਪੰਜ ਪੁਤ੍ਰ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਰਪਣ ਕੀਤੇ. ਕਲਗੀਧਰ ਨੇ ੧. ਵੈਸਾਖ ਸੰਮਤ ੧੭੫੬ ਨੂੰ ਅੰਮ੍ਰਿਤ ਛਕਾਕੇ ਇਨ੍ਹਾਂ ਨੂੰ ਸਿੰਘ ਸਜਾਇਆ. ਇਹ ਪੰਜੇ ਵੀਰ (ਉਦਯ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕਸਿੰਘ ਅਤੇ ਵਿਚਿਤ੍ਰ ਸਿੰਘ) ਸਦਾ ਕਲਗੀਧਰ ਦੀ ਸੇਵਾ ਵਿੱਚ ਹਾਜਿਰ ਰਹੇ. ਦੇਖੋ, ਉਦਯਸਿੰਘ ਅਤੇ ਵਿਚਿਤ੍ਰਸਿੰਘ.

ਮਨੁ: ਸੰ. ਵਿ- ਦਾਨਾ. ਵਿਚਾਰਵਾਨ. ਵਿਵੇਕੀ. "ਮਨੁ ਰਾਜਾ ਮਨੁ ਮਨ ਤੇ ਮਾਨਿਆ." (ਭੈਰ ਮਃ ੧) ੨. ਸੰਗਯਾ- ਮਨੁੱਖ. ਆਦਮੀ. "ਜੇਤੇ ਸਾਸ ਗ੍ਰਾਸ ਮਨੁ ਲੇਤਾ." (ਗਉ ਮਃ ੫) ੩. ਹਿੰਦੂਮਤ ਅਨੁਸਾਰ ਮਨੁੱਖਜਾਤਿ ਦਾ ਆਦਿਪੁਰਖ, ਜੇਹਾਕਿ ਬਾਈਬਲ ਅਤੇ ਕੁਰਾਨ ਵਿੱਚ ਆਦਮ ਮੰਨਿਆ ਹੈ. ਇਹ ਬ੍ਰਹਮਾ ਦਾ ਮਾਨਸ ਪੁਤ੍ਰ ਲਿਖਿਆ ਹੈ. ਹਰੇਕ ਕਲਪ ਵਿੱਚ ਚੌਦਾਂ ਮਨੁ ਹੁੰਦੇ ਹਨ ਅਤੇ ਇੱਕ ਮਨੁ ਦਾ ਸਮਾਂ "ਮਨ੍ਵੰਤਰ" ਕਹਾਉਂਦਾ ਹੈ, ਜਿਸ ਦਾ ਪ੍ਰਮਾਣ ਯੁਗਾਂ ਦੀ ੭੧ ਚੌਕੜੀਆਂ ਹੈ. ਚੌਦਾਂ ਮਨੁ ਇਹ ਹਨ:-

ਸ੍ਵਾਯੰਭੁਵ, ਸ੍ਵਾਰੋਚਿਸ਼, ਔਤੱਮ, ਤਾਮਸ, ਰੈਵਤ, ਚਾਕ੍ਸ਼ੁਸ਼. ਵੈਵਸ੍ਵਤ, ਸਾਵਰ੍ਣਿ, ਦਕ੍ਸ਼ਸਾਵਰ੍ਣਿ, ਬ੍ਰਹ੍ਮਸਾਵਰ੍ਣਿ. ਧਰ੍ਮਸਾਵਰ੍ਣਿ, ਰੁਦ੍ਰਸਾਵਰ੍ਣਿ, ਦੇਵਸਾਵਿਰ੍ਣਿ ਅਤੇ ਇੰਦ੍ਰਸਾਵਰ੍ਣਿ.

ਮਤਸ੍ਯਪੁਰਾਣ ਵਿੱਚ ਇਹ ਨਾਮ ਦਿੰਤੇ ਹਨ:-

ਸ੍ਵਾਯੰਭੁਵ. ਸ੍ਵਾਰੋਚਿਸ਼, ਔਤੱਮ, ਤਾਮਸ, ਰੈਵਤ, ਚਾਕ੍ਸ਼ੁਸ਼. ਵੈਵਸ੍ਵਤ, ਸਾਵਿਰ੍ਣ, ਰੌਚ੍ਯ, ਭੌਤ੍ਯ, ਮੇਰੁਸਾਵਰ੍ਣਿ, ਰਿਭੁ (ऋभु), ਰਿਤੁਧਾਮਾ (ऋतुधामा), ਬਿੰਬਕਸੇਨ.

ਸਭ ਤੋਂ, ਪਹਿਲਾ ਸ੍ਵਾਯੰਭੁਵ ਮਨੁ ਬਿਨਾ ਕਿਸੇ ਦੀ ਸਹਾਇਤਾ ਦੇ ਸ੍ਵਯੰ (ਆਪ ਹੀ) ਉਤਪੰਨ ਹੋਇਆ, ਅਤੇ ਆਪ ਨੂੰ ਦੋ ਭਾਗਾਂ ਵਿੱਚ ਕੀਤਾ, ਸੱਜਾ ਪਾਸਾ ਪਰਖ ਅਤੇ ਖੱਬਾ ਨਾਰੀ. ਇਸ ਜੋੜੇ ਨੇ ਪ੍ਰਜਾਪਤਿ ਆਦਿ ਰਚੇ. ਇੱਕ ਥਾਂ ਲਿਖਿਆ ਹੈ ਕਿ ਬ੍ਰਹਮਾ ਨੇ ਮਨੁ ਨੂੰ ਆਪਣੇ ਜੇਹਾ ਪੈਦਾ ਕੀਤਾ ਅਤੇ ਉਸਾ ਦਾ ਅੱਧਾ ਸ਼ਰੀਰ ਸ਼ਤਰੂਪਾ ਬਣਾਕੇ ਮਨੁ ਦੀ ਵਹੁਟੀ ਬਣਾਈ, ਜਿਸ ਤੋਂ ਅਨੇਕ ਪ੍ਰਕਾਰ ਦੀ ਰਚਨਾ ਹੋਈ. ਮਨੁ ਦੇ ਬਣਾਏ ਸੂਤ੍ਰ ਧਰਮ ਦਾ ਮੂਲ ਮੰਨੇ ਜਾਂਦੇ ਹਨ ਅਰ ਇਸੇ ਦਾ ਨਾਮ 'ਮਾਨਵ

---

ਗਜ਼ਾਨ ਸਿੰਘ ਮੱਘਰ ਸੁਦੀ ੫. ਸੰਮਤ ੧੭੯੫ ਲਿਖਦਾ ਹੈ, ਪਰ ਸਹੀ ਸਾਲ ਬਹੁਤ ਖੋਜ ਕਰਨ ਤੋਂ ਮੂਲ ਵਿੱਚ ਦਿੱਤਾ ਹੀ ਨਿਸ਼ਚੇ ਹੋਇਆ ਹੈ, ਜਿਸ ਦੀ ਤਾਈਦ ਪੁਰਾਣੇ ਪੰਥਪ੍ਰਕਾਸ਼ ਤੋਂ ਹੋਂਦੀ ਹੈ.

ਧਰਮਸ਼ਾਸਤ੍ਰ' ਹੈ. ਇਨ੍ਹਾਂ ਸੂਤ੍ਰਾਂ ਦੇ ਆਧਾਰ ਪੁਰ ਭ੍ਰਿਗੁ ਨੇ ਮਨੁਸਿਮ੍ਰਿਤੀ ਅਥਵਾ ਮਨੁਸੰਹਿਤਾ ਲਿਖੀ ਹੈ, ਜਿਸ ਦੇ ੧੨. ਅਧ੍ਯਾਯ ਅਤੇ ੨੭੦੪ ਸ਼ਲੋਕ ਹਨ. ਇਹ ਗ੍ਰੰਥ ਹਿੰਦੂਮਤ ਦਾ ਕਾਨੂਨ (Law) ਹੈ.

ਸ਼ਟਪਥਬ੍ਰਾਹਮਣ ਦੇ ਆਧਾਰ ਪੁਰ ਅਗਨਿ ਪੁਰਾਣ ਆਦਿ ਅਨੇਕ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਇੱਕ ਵਾਰ ਵੈਵਸ੍ਵਤ ਮਨੁ. ਕਿਤਮਾਲਾ.[970] ਨਦੀ ਪੁਰ ਤਰਪਣ ਕਰ ਰਿਹਾ ਸੀ, ਤਾਂ ਉਸ ਦੇ ਹੱਥ ਵਿੱਚ ਇਕ ਮੱਛੀ ਆ ਗਈ ਅਰ ਆਕਾਸ਼ਬਾਣੀ ਹੋਈ ਕਿ- "ਇਸ ਮੱਛੀ ਨੂੰ ਨਾ ਤਿਆਗੀਂ," ਇਹ ਮੱਛੀ ਵੱਡੇ ਆਕਾਰ ਵਾਲੀ ਹੁੰਦੀ ਗਈ. ਪ੍ਰਲਯ ਦੇ ਸਮੇਂ ਮਨੁ ਆਪਣੇ ਪਰਿਵਾਰ ਅਤੇ ਜੀਵ ਜੰਤ ਲੈਕੇ ਇੱਕ ਕਿਸ਼ਤੀ ਵਿਚ ਪ੍ਰਵੇਸ਼ ਹੋਗਿਆ, ਅਰ ਉਸ ਮੱਛੀ ਦੇ ਸਿੰਗ ਨਾਲ ਬੇੜੀ ਬੰਨ੍ਹ ਦਿੱਤੀ, ਜਿਸ ਤੋਂ ਸਾਰੇ ਬਚ ਗਏ.

ਭਾਗਵਤ ਵਿੱਚ ਲੇਖ ਹੈ ਕਿ ਮਹਾਰਿਖੀ ਸਤ੍ਯਵ੍ਰਤ ਹੀ ਵੈਵਸ੍ਵਤ ਮਨੁ ਕਹਾਇਆ ਅਰ ਮੱਛ ਭਗਵਾਨ ਨੇ ਇਸੇ ਨੂੰ ਸੋਨੇ ਦਾ ਮੱਛ ਹੋਕੇ ਪ੍ਰਲਯ ਸਮੇਂ ਕਿਸ਼ਤੀ ਵਿੱਚ ਬਚਾਇਆ ਸੀ.

ਮਹਾਭਾਰਤ ਵਿੱਚ ਕਥਾ ਹੈ ਕਿ ਮੱਛ ਭਗਵਾਨ ਦੇ ਕਹਿਣ ਅਨੁਸਾਰ ਮਨੁ ਨੇ ਪ੍ਰਲਯ ਤੋਂ ਪਹਿਲਾਂ ਹੀ ਕਿਸ਼ਤੀ ਬਣਾਲਈ ਸੀ ਅਤੇ ਪ੍ਰਲਯ ਹੋਣ ਪੁਰ ਮਨੁ ਸੱਤ ਰਿਖੀਆਂ ਅਤੇ ਜੀਵ ਜੰਤੂ ਤਥਾ ਬਿਰਛ ਆਦਿ ਦੇ ਬੀਜ ਲੈਕੇ ਕਿਸ਼ਤੀ ਵਿੱਚ ਪ੍ਰਵੇਸ਼ ਹੋਗਿਆ, ਅਰ ਬੇੜੀ ਮੱਛ ਦੇ ਸਿੰਗ ਨਾਲ ਬੱਧੀ. ਬਹੁਤ ਵਰ੍ਹੇ ਪਿੱਛੋਂ ਇਹ ਕਿਸ਼ਤੀ ਹਿਮਾਲਯ ਦੀ ਚੋਟੀ ਨਾਲ ਬੰਨ੍ਹੀ ਗਈ, ਜਿਸ ਦਾ ਹੁਣ ਭੀ ਨਾਮ "ਨੌਕਾਬੰਧਨ" ਹੈ. ਕਰਨਲ ਟਾਡ (Tod) ਲਿਖਦਾ ਹੈ ਕਿ ਨੂਹ਼ (نُوح) ਇਹੀ ਮਨੁ ਸੀ. ਦੇਖੋ, ਨੂਹ. "ਰਾਜਵਤਾਰ ਭਯੋ ਮਨੁ ਰਾਜਾ। ਸਭ ਹੀ ਸਜੇ ਧਰਮ ਕੇ ਸਾਜਾ." (ਮਨੁਰਾਜ) ੪. ਮਾਨੁਸ਼ਜਨਮ. ਮਨੁਖ ਦੇਹ. "ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ." (ਵਡ ਮਃ ੩) ੫. ਆਸਾਮ ਦਾ ਇੱਕ ਦਰਿਆ, ਜੋ ਤਿਪਰਾ ਰਾਜ ਤੋਂ ਨਿਕਲਦਾ ਹੈ। ੬. ਸੰ. ਮਨਸ੍. ਸੰਗ੍ਯਾ- ਮਨ. ਦਿਲ. "ਮਨੁ ਅਰਪਉ ਧਨੁ ਰਾਖਉ ਆਗੈ." (ਗਉ ਮਃ ੫) ੭. ਹਿੰ. ਵ੍ਯ- ਮਾਨੋ, ਗੋਯਾ. ਜਨੁ. "ਮੇਰਾ ਚਿਤ ਨ ਚਲੈ, ਮਨੁ ਭਇਓ ਪੰਗੁ." (ਬਸੰ ਰਾਮਾਨੰਦ)

ਮਨੁਸ: ਸੰ. ਮਨੁਸ਼. ਸੰਗ੍ਯਾ- ਮਨੁ ਦੀ ਔਲਾਦ, ਮਨੁਖ. ਆਦਮੀ.

ਮਨੁਸਾਈ: ਸੰ. ਮਨੁਸ਼੍ਯਤਾ. ਸੰਗ੍ਯਾ- ਆਦਮੀਪੁਣਾ. ਮਰਦਊ. "ਦੇਖਲੇਂਹਿ ਇਨ ਕੀ ਮਨੁਸਾਈ." (ਨਾਪ੍ਰ)

ਮਨੁਸਿਮ੍ਰਿਤਿ: ਮਨ ਦੇ ਨਾਮ ਪੁਰ ਭ੍ਰਿਗੁ ਦੀ ਲਿਖੀ ਹੋਈ ਹਿੰਦੂਧਰਮ ਦੀ ਪੁਸ੍ਤਕ. ਦੇਖੋ, ਮਨੁ ੩.

ਮਨੁਸ਼੍ਯ: ਸੰ. ਸੰਗ੍ਯਾ- ਮਨੁੱਖ. ਆਦਮੀ. ਇਨਸਾਨ। ੨. ਪਤਿ. ਭਰਤਾ.

ਮਨੁਹਰੀਆ: ਵਿ- ਮਨੋਹਰਤਾ ਵਾਲਾ. ਦਿਲ ਚੁਰਾਉਣ ਵਾਲਾ. ਦੇਖੋ, ਮਨਹਰੀਆ. "ਮਿਲਉ ਲਾਲ ਮਨੁਹਰੀਆ." (ਸਾਰ ਮਃ ੫) ੨. ਮਨੁਹਾਰ (ਆਦਰ ਮਾਨ) ਕਰਨ ਵਾਲਾ.

ਮਨੁਹਾਰ: ਸੰਗ੍ਯਾ- ਮਨ ਹਰਣ ਦੀ ਕ੍ਰਿਯਾ ਦਿਲ ਖਿੱਚਣ ਦਾ ਕੰਮ. ਆਦਰ ਮਾਨ. ਖਾਤਿਰ ਤਵਾਜਾ.

ਮਨੁਖ: ਦੇਖੋ, ਮਨੁਸ.

ਮਨੁਖਹਾ: ਸੰਗ੍ਯਾ- ਮਨੁੱਖ ਨੂੰ ਮਾਰਨ ਵਾਲਾ, ਤੀਰ. (ਸਨਾਮਾ) ੨. ਡਾਕੂ. ਵਾਟਪਾਰ. (ਸਨਾਮਾ)

ਮਨੁਖਾਇ: ਮਨੁਸ਼ ਪ੍ਰਤਿ. ਆਦਮੀ (ਮਨੁੱਖ) ਨੂੰ.

ਮਨੁਖੋਸਤ: ਦੇਖੋ, ਮਨੁਖੋਸਤ.

ਮਨੁੱਖਤਾ: ਸੰ. मनुष्यता- ਮਨੁਸ਼੍ਯਤਾ. ਆਦਮੀਪੁਣਾ. ਇਨਸਾਨੀਯਤ.

---

[970] कृतमाला. ਮਲਯ ਪਰਵਤ ਤੋਂ ਨਿਕਲੀ ਇੱਕ ਨਦੀ, ਦੇਖੋ, ਵਿਸ਼ਨੁ ਪੁਰਾਣ ਅੰਸ਼ ੨. ਅਃ ੩.

ਮਨੁਖਜ: ਸੰਗਯਾ- ਮਨੁਸ਼੍ਯ. ਆਦਮੀ. ਇਨਸਾਨ.

ਮਨੁਛ: "ਸਿਧ ਮਨੁਖ੍ਯ ਦੇਵ ਅਰੁ ਦਾਨਵ." (ਸਵੈਯੇ ਸ੍ਰੀ ਮੁਖਵਾਕ ਮਃ ੫) "ਤਬ ਹਰਿ ਇਨ ਮਨੁਛੰਨ ਠਹਿਰਾਨਾ." (ਵਿਚਿਤ੍ਰ)

ਮਨੁਜ: ਸੰਗ੍ਯਾ- ਮਨੁ ਦੀ ਔਲਾਦ. ਮਨੁਖ. ਆਦਮੀ. ਮਨੁਜਾਤ.

ਮਨੁਜਹਾ: ਦੇਖੋ, ਮਨੁਖਹਾ. (ਸਨਾਮਾ)

ਮਨੁਜਾਤ: ਦੇਖੋ, ਮਨੁਜ.

ਮਨੁਜੁ: ਸੰਗ੍ਯਾ- ਮਨੁਸ਼੍ਯਤਾ. ਇਨਸਾਨਿਯਤ. "ਇਨ ਪੰਚਨ ਮੇਰੋ ਮਨੁਜੁ ਬਿਗਾਰਿਓ." (ਜੈਤ ਰਵਿਦਾਸ)

ਮਨੁਤੀਆ, ਮਨੁਤ੍ਰਿਯ: ਮਨ ਦੀ ਇਸਤ੍ਰੀ ਸ਼ਤਰਪਾ

ਮਨੁ ਮੰਨਣਾ: ਦੇਖੋ, ਮਨਮਾਨਨਾ.

ਮਨੂ: ਦੇਖੋ, ਮਨੁ ੩.

ਮਨੂਆ: ਸੰਗ੍ਯਾ- ਮਨਸ੍. ਅੰਤਹਕਰਣ. "ਮਨੂਆ ਅਸਥਿਰੁ ਸਬਦੇ ਰਾਤਾ." (ਰਾਮ ਅਃ ਮਃ ੧) ੨. ਮਨੁਸ਼. ਆਦਮੀ. "ਮਨੂਆ ਅੰਧ ਨ ਚੇਤਈ." (ਮਃ ੧. ਵਾਰ ਰਾਮ ੧) ੩. ਮਮਤ੍ਵ. ਮਮਤਾ ਦਾ ਭਾਵ. "ਮਨ ਮਹਿ ਮਨੂਆ ਜੇ ਮਰੈ, ਤਾਂ ਪਿਰੁ ਰਾਵੈ ਨਾਰਿ." (ਸ੍ਰੀ ਅਃ ਮਃ ੧) ੪. ਮੰਨਦਾ ਹੈ. "ਜੋ ਪਰਾਈ, ਸੁ ਅਪਨੀ ਮਨੂਆ." (ਟੋਡੀ ਮਃ ੫)

ਮਨੂਰ: ਸੰ. ਮਣ੍ਡਰ- ਮੰਡੂਰ. ਸੰਗ੍ਯਾ- ਲੋਹੇ ਦੀ ਮੈਲ. ਲੋਹਾ ਢਾਲਣ ਪੁਰ, ਜੋ ਖੰਘਰ ਦੀ ਸ਼ਕਲ ਦਾ ਢੇਲਾ ਸ਼ੁੱਧ ਲੋਹੇ ਤੋਂ ਵੱਖ ਹੋ ਜਾਂਦਾ ਹੈ, ਉਹ ਮਨੂਰ ਸੱਦੀਦਾ ਹੈ."ਮਨੂਰੈ ਤੇ ਕੰਚਨ ਭਏ ਭਾਈ, ਗੁਰੁ ਪਾਰਸੁ ਮੇਲਿ ਮਿਲਾਇ." (ਸੋਰ ਅਃ ਮਃ ੩) "ਕੰਚਨ ਭਏ ਮਨੂਰਾ." (ਗਉ ਛੰਤ ਮਃ ੩) ਭਾਵ ਮੈਲਾ ਮਨ ਅਤੇ ਅਨਧਿਕਾਰੀ ਪੁਰਖ.

ਮਨੂਰੀ: ਸੰਗ੍ਯਾ- ਮਨ ਦੀ ਲਹਿਰ. ਮਨਤਰੰਗ. "ਛਡਿ ਮਣੀ ਮਨੂਰੀ." (ਭਾਗੁ) ਦੇਖੋ, ਮਣੀ। ੨. ਵੀ- ਮਨੂਰ ਦਾ.

ਮਨੂਰੁ: ਦੇਖੋ, ਮਨੂਰ. "ਮਨੁ ਮਾਇਆ ਮੋਹਿ ਮਨੂਰੁ."

ਮਨੇ: ਮਨਨ ਕਰੇ. "ਗੁਰ ਕਾ ਸਬਦੁ ਮਨੇ. ਸੋ ਸੂਰਾ." (ਮਾਰੂ ਸੋਲਹੇ ਮਃ ੧) ੨. ਮਨ ਵਿੱਚ। ੩. ਦੇਖੋ, ਮਨਹਿ.

ਮਨੇਸਹਿ: ਮਨਨ ਕਰੇਸਹਿ। ੨. ਮਨ ਸਹਿਤ.

ਮਨੇਛਿੱਤ: ਦੇਖੋ, ਮਨਇੱਛਤ.

ਮਨੈ: ਮਨ ਵਿੱਚ। ੨. ਦੇਖੋ, ਮਨਹਿ। ੩. ਦੇਖੋ, ਮਨਹਿ ੪. "ਭ੍ਰਿੱਤਨ ਕੇ ਕਰਤੇ ਸੁ ਮਨੈ." (ਕ੍ਰਿਸਨਾਵ)

ਮਨੈਤ੍ਰਨਜੋ: ਸੰ. ਅਤ੍ਰਿਨੇਤ੍ਰਜ. ਅਤ੍ਰਿ ਰਿਖਿ ਦੀ ਅੱਖ ਤੋਂ ਪੈਦਾ ਹੋਇਆ ਚੰਦ. "ਸਜਾਮ ਚਕੋਰ ਮਨੈਤ੍ਰਨ ਜੋ." (ਕ੍ਰਿਸਨਾਵ)

ਮਨੋ: ਵ੍ਯ- ਮਾਨੋ. ਗੋਯਾ. ਜਾਣੀਓਂ.

ਮਨੋਹਰ: ਵਿ- ਮਨ ਖਿੱਚਣ ਵਾਲਾ. ਦਿਲਕੰਸ਼. "ਸਾਧ ਕੇ ਸੰਗਿ ਮਨੋਹਰ ਬੈਨ" (ਸੁਖਮਨੀ) ੨. ਸੰਗ੍ਯਾ- ਇੱਕ ਛੰਦ. ਇਹ ਬਿਜੈ ਅਤੇ ਮੱਤਗਯੰਦ ਦਾ ਹੀ ਨਾਮਾਂਤਰ ਹੈ. ਲੱਛਣ- ਚਾਰ ਚਰਣ. ਪ੍ਰਤਿ ਚਰਣ ਸੱਤ ਭਗਣ, ਅੰਤ ਦੋ ਗੁਰੁ. SII, SII, SII, SII, SII, SII, SII, S, S.

ਉਦਾਹਰਣ-

ਸ੍ਰੀ ਜਗਨਾਥ ਕਮਾਨ ਲਿ ਹਾਥ

ਪ੍ਰਮਾਥਿਨ ਸੰਗ ਸਜਯੋ ਜਬ ਜੁੱਧੰ,

ਗਾਹਤ ਸੈਨ ਸ਼ੰਘਾਰਤ ਸੂਰ

ਬਬੰਕਤ ਸਿੰਘ ਭ੍ਰਮੇਯੋ ਕਰ ਕ੍ਰੁੱਧੰ. ××× (ਚੰਡੀ ੨)

ਮਨੋਹਰਦਾਸ: ਸ਼੍ਰੀ ਗੁਰੂ ਅਮਰਦੇਵ ਜੀ ਦਾ ਪੜੋਤਾ। ੨. ਸੰਗਤਸਾਹਿਬ ਦੀ ਪੱਧਤਿ ਵਿੱਚੋਂ ਇੱਕ ਕਰਨੀ ਵਾਲੇ ਉਦਾਸੀ ਸਾਧੂ, ਜੋ ਵਿਸ਼ੇਸ਼ ਕਨਖਲ ਰਹਿੰਦੇ ਸਨ, ਇਨ੍ਹਾਂ ਦਾ ਸਿੱਖਰਿਆਸਤਾਂ ਵਿੱਚ ਵੱਡਾ ਮਾਨ ਸੀ. ਉਦਾਸੀਆਂ ਦਾ ਛੋਟਾ ਅਖਾੜਾ ਕਾਇਮ ਕਰਨ ਵਿੱਚ ਮਨੋਹਰਦਾਸ ਮਹਾਤਮਾ ਦਾ ਭਾਰੀ ਹਿੱਸਾ ਹੈ. ਮਹਾਰਾਜਾ ਕਰਮਸਿੰਘ ਪਟਿਆਲਾਪਤਿ ਨੇ ਇੱਕ ਵਾਰ ਇੱਕ ਲੱਖ ਰੁਪਯਾ ਮਨੋਹਰਦਾਸ ਜੀ ਦੀ ਭੇਟਾ ਕੀਤਾ, ਜਿਸ ਨੂੰ ਉਨ੍ਹਾਂ ਨੇ ਉਪਕਾਰ ਲਈ ਖਰਚਕੇ ਸਨੌਰ ਦੇ ਰਸਤੇ ਨਦੀ ਦਾ ਪੁਲ, ਅਤੇ ਛੋਟੇ ਅਖਾੜੇ ਦੀ ਛਾਉਣੀ ਕਨਖਲ ਬਨਵਾ ਦਿੱਤੀ. ਮਨੋਹਰਦਾਸ ਜੀ ਉੱਤਮ ਵੈਦ੍ਯ ਭੀ ਸਨ. ਇਨ੍ਹਾਂ ਨੇ ਅਨੇਕ ਰੋਗੀਆਂ ਨੂੰ ਅਰੋਗ ਕਰਕੇ ਗੁਰੂ ਨਾਨਕਦੇਵ ਦੀ ਸਿੱਖ ਕੀਤਾ। ੩. ਗੋਇੰਦਵਾਲ ਨਿਵਾਸੀ ਇੱਕ ਪ੍ਰੇਮੀ ਸਿੱਖ, ਜਿਸ ਨੇ ਸ਼੍ਰੀ ਗੁਰੂ ਅਰਜਨਦੇਵ ਨੂੰ ਚਿਰ ਤੀਕ ਗੋਦੀ ਖਿਡਾਇਆ. ਇਸ ਦਾ ਦੇਹਾਂਤ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਫੈਲੇ ਹੋਇਆ.

ਮਨੋਹਾਰ: ਦੇਖੋ, ਮਨੁਹਾਰ.

ਮਨੋਗ: ਸੰ. मनोज्ञ. ਵਿ- ਮਨ (ਦਿਲ) ਪੁਰ ਅਸਰ ਕਰਨ ਵਾਲਾ. ਸੁੰਦਰ. ਮਨੋਹਰ ਦੇਖੋ, ਪ੍ਰਾਵ੍ਰਿਤ.

ਮਨੋਚਰ: ਸੰਗ੍ਯਾ- ਮਨਾ ਦਾ ਵੇਗ. ਚਿੱਤ ਦੇ ਸੰਕਲਪਾਂ ਦਾ ਪ੍ਰਵਾਹ. "ਸੁਰਤਿ ਮਤਿ ਸਬਦ ਮਨੋਚਰ." (ਭਾਗੁ)

ਮਨੋਜ: ਸੰਗ੍ਯਾ- ਮਨ ਤੋਂ ਪੈਦਾ ਹੋਣ ਵਾਲਾ, ਕਾਮ. ਮਨਸਿਜ। ੨. ਸੰਕਲਪ. ਖ਼ਿਆਲ। ੩. ਦੇਖੋ, ਸਵੈਯੇ ਦਾ ਰੂਪ ੨੦। ੪. ਤੋਟਕ ਛੰਦ ਦੇ ਅੰਤ ਇੱਕ ਲਘੁ ਲਾਉਣ ਤੋਂ ਭੀ ਮਨੋਜ ਛੰਦ ਬਣਾਦਾ ਹੈ. ਅਰਥਾਤ ਚਾਰ ਸਗਣ, ਅਤੇ ਇੱਕ ਲਘੁ. ।।S, ।।S, ।।S, ।।S, ।

ਉਦਾਹਰਣ-

ਸਕੁਚੇ ਸਬ ਅੰਗ ਵਿਭੰਗ ਸੁਚਾਲ,

ਪੁਨ ਭਰਸ਼੍ਰ ਸਮਸ਼੍ਰ ਭਈ ਰਦਮਾਲ. ×××

(ਵੈਰਾਗਸ਼ਤਕ, ਹਰਿਦਯਾਲਕ੍ਰਿਤ)

ਮਨੋਜਵ: ਵਿ- ਮਨ ਦੇ ਤੁੱਲ ਹੈ ਜਿਸ ਦੀ ਜਵ (ਚਾਲ) ਵਡੇ ਵੇਗ ਵਾਲਾ। ੨. ਸੰਗ੍ਯਾ- ਨਾਰਦ ਮੁਨਿ. "ਮਨ ਦੋਖ ਮਨੋਜਵ ਕੋ ਬਿਰਮਾਯੋ." (ਚਰਿਤ੍ਰ ੧੦੯) ੩. ਕਾਮ. ਮਨੋਜ. "ਦੁਤਿ ਦੇਖ ਮਨੋਜਵ ਕੋ ਮਨ ਲਾਜੈ." (ਚਰਿਤ੍ਰ ੧੧੪)

ਮਨੋਜਾਤ: ਵਿ- ਮਨ ਵਿੱਚ ਉਪਜਿਆ। ੨. ਸੰਗ੍ਯਾ- ਖ਼ਿਆਲ। ੩. ਕਾਮਦੇਵ. ਦੇਖੋ, ਮਨੋਜ.

ਮਨੋਪਿਮੰ: ਅਨੁਪਮ. ਦੇਖੋ. ਪਰਮਾਦਿ.

ਮਨੋਭਵ: ਸੰਗ੍ਯਾ- ਮਨ ਵਿੱਚ ਹੋਣ ਵਾਲਾ, ਕਾਮ. ਮਨੋਜ। ੨. ਖ਼ਿਆਲ। ੩. ਦੇਖੋ, ਸੁਧਾਨਿਧਿ ੨.

ਮਨੋਮਯਕੋਸ਼: ਦੇਖੋ. ਕੋਸ ੧੦.

ਮਨੋਰਥ, ਮਨੋਰਥੁ: ਸੰਗ੍ਯਾ- ਮਨ ਹੈ ਰਥ ਜਿਸ ਦਾ. ਇੱਛਾ ਚਾਹ. ਵਾਸਨਾ. ਸੰਕਲਪ. "ਮਨੋਰਥ ਪੂਰੇ ਸਤਿਗੁਰੂ ਆਪਿ." (ਸਾਰ ਮਃ ੫) "ਜੇਹਾ ਮਨੋਰਥੁ ਕਰਿ ਆਰਾਧੇ." (ਸੂਹੀ ਮਃ ੫) ੨. ਮਨਃ ਅਰ੍ਥੰ. ਮਤਲਬ. ਪ੍ਰਯੋਜਨ.

ਮਨੋਰਮ: ਵਿ- ਮਨ ਨੂੰ ਪਾਗਲ ਕਰਨ ਵਾਲਾ. ਸੁੰਦਰ। ੨. ਪਿਆਰਾ. "ਮਨੋਰਮੰ ਬਦ." (ਗੂਜ ਜੈਦੇਵ)

ਮਨੋਰਮਾ: ਲਕ੍ਸ਼ਮੀਧਰਾ ਸੂਰਿ ਦਾ ਪੁਤ੍ਰ ਭੱਟੋਜਿ ਦੀਕ੍ਸ਼ਿਤ ਵ੍ਯਾਕਰਣ ਦਾ ਪ੍ਰਸਿੱਧ ਪੰਡਿਤ ਹੋਇਆ ਹੈ. ਉਸ ਨੇ ਪਾਣਿਨੀ ਦੇ ਸੂਤ੍ਰਾਂ

ਨੂੰ ਵਡੇ ਉੱਤਮ ਢੰਗ ਨਾਲ ਸਿਲਸਿਲੇਵਾਰ ਲਗਾਕੇ ਸਿੱਧਾਂਤਕੌਮੁ ਦੀ ਰਚੀ ਹੈ ਅਰ ਉਸ ਪੁਰ ਉੱਤਮ ਟੀਕਾ ਮਨੋਰਮਾ ਦੀ ਰਚਨਾ ਕੀਤੀ ਹੈ. ਦੇਖੋ, ਮਾਨੋਰਮਾ। ੨. ਸਰਸ੍ਵਤੀ ਨਦੀ ਦੀ ਇੱਕ ਧਾਰਾ। ੩. ਕਾਤੰਵੀਯੰ (ਸਹਸ੍ਰਵਾਹੁ) ਦੀ ਰਾਣੀ। ੪. ਸੁਦੰਰ ਇਸਤ੍ਰੀ। ੫. ਦੁਰਗਾ। ੬. ਸੁਰਗ ਦੀ ਇੱਕ ਅਪਸਰਾ.

ਮਨੋਰਾਗ: ਸੰਗਜਾ- ਮਨ ਦਾ ਸਨੇਹ.

ਮਨੋਰਾਜ: ਸੰਗਜਾ- ਖ਼ਿਆਲੀ ਰਾਜਜ. ਮਨ ਦੀ ਕਲਪਨਾਮਾਤ੍ਰ ਰਾਜ.

ਮਨੋਰੰਜਨ: ਸੰਗਜਾ- ਮਨ ਪ੍ਰਸੰਨ ਕਰਨ ਦੀ ਕ੍ਰਿਯਾ.

ਮਨੌਤ: ਸੰਗਜਾ- ਮੰਨਤ. ਮਾਨਜ ਭਾਵ। ੨. ਮਮਤ੍ਰ. ਮਮਤਾ। ੩. ਸੁੱਖਣਾ. ਕਿਸੇ ਵਸਤੁ ਦਾ, ਕਾਰਜ ਹੋ ਜਾਣ ਲਈ ਕੁਛ ਦੇਣਾ ਮੰਨਣਾ. ਜੈਸੇ- ਜੇ ਮੇਰੇ ਪੁਤ੍ਰ ਹੋ ਜਾਵੇ ਤਾਂ ਇਹ ਭੇਟਾ ਅਮੁਕ ਦੇਵਤਾ ਨੂੰ ਅਰਪਾਂਗਾ. ਇਹ ਰਸਮ ਪੁਰਾਣੇ ਗ੍ਰੰਥਾਂ ਵਿਚ ਬਹੁਤ ਦੇਖੀ ਜਾਂਦੀ ਹੈ, ਦੇਖੋ, ਬਾਈਬਲ, ਜ਼ੱਬੂਰ ੬੬ ਆਯਤ ੧੩, ੧੪, ੧੫

ਮਨੰਤਰ: ਮਨ ਅੰਦਰ। ੨. ਦੇਖੋ, ਮਨ੍ਵੰਤਰ. "ਅਨਿਕ ਮਨੰਤਰ ਲੌ ਕਹਿਤ ਨ ਆਵਈ." (ਭਾਗੁ ਕ)

ਮਨ੍ਹਾ: ਸੰਗਜਾ- ਮਚੰਾਨ. ਦੇਖੋ, ਮਨਹਾ.

ਮਨ੍ਯੁ: ਸੰ. ਸੰਗਜਾ- ਮਨ ਦਾ ਭਾਵ। ੨. ਕ੍ਰੋਧ. ਗੁੱਸਾ। ੩. ਸ਼ੋਕ. ਰੰਜ। ੪. ਅਹੰਕਾਰ। ੫. ਸ਼ਿਵ। ੬. ਅਗਨਿ। ੭. ਯਗਜ.

ਮਨ੍ਵੰਤਰ: ਸੰ. ਸੰਗਜਾ- ਮਨੁ ਦੇ ਰਾਜ ਕਰਨ ਦਾ ਸਮਾਂ. ਉਤਨਾ ਵੇਲਾ, ਜਿਤਨੇ ਵਿੱਚ ਇੱਕ ਮਨੁ ਆਪਣਾ ਅਧਿਕਾਰ ਭੋਗਦਾ ਹੈ. ਪੁਰਾਣਾਂ ਅਨੁਸਾਰ ਇਹ ਯੁਗਾਂ ਦੀਆਂ ੭੧ ਚੌਕੜੀਆਂ ਦੇ ਬਰਾਬਰ ਹੈ, ਅਥਵਾ ੩੧੧, ੪੪੮, ੦੦੦ ਵਰ੍ਹੇ ਪ੍ਰਮਾਣ ਜਾਣਨਾ ਚਾਹੀਏ. "ਤਿਸ ਮਨ੍ਵੰਤਰ ਕੇ ਵਿਖੇ ਕਥਾ ਕਈ ਇਹ ਭਾਇ." (ਗੁਪ੍ਰਸੂ) ਕਈ ਗ੍ਰੰਥਾਂ ਵਿੱਚ ਮਨ੍ਵੰਤਰ ਦਾ ਪ੍ਰਮਾਣ ੪੩੨੦੦੦੦ ਵਰ੍ਹੇ ਭੀ ਹੈ, ਜੋ ਦੇਵਤਿਆਂ ਦੇ ੧੨੦੦੦ ਵਰ੍ਹਿਆਂ ਤੁੱਲ ਹੈ.

ਮਪ: ਦੇਖੋ, ਮਾਪ.

ਮਪਿ: ਮਿਣਕੇ. ਮਾਪਕੇ. "ਮਪਿ ਮਪਿ ਕਾਟਉ ਜਮ ਕੀ ਫਾਸੀ." (ਆਸਾ ਨਾਮਦੇਵ)

ਮਫ਼ਰੂਰ: ਅ਼. مفرور ਵਿ- ਫ਼ਰਾਰ ਹੋਇਆ. ਭੱਜਿਆ. ਨੱਠਾ. ਦੌੜਿਆ.

ਮਫੀਟ: ਵਿ- ਅਮਿਟ. ਅਵਸ਼ਜ ਹੋਣ ਵਾਲਾ.

ਮਫੀਟਸਿ: ਅਮਿਟ ਹੈ. "ਕਰਮ ਕਰਿ ਕਲੰਕੁ ਮਫੀਟਸਿ ਰੀ!" (ਧਨਾ ਤ੍ਰਿਲੋਚਨ)

ਮਫੁਟ: ਵਿ- ਅਫੁੱਟ. ਅਟੁੱਟ. ਅਛੇਦਜ. ਅਭੇਦਜ "ਲੀਨ ਸੰਨਾਹ ਮਫੁਟੈ." (ਸਵੈਯੇ ਮਃ ੪. ਕੇ)

ਮਫੂਜ, ਮਫੂਜਾ: ਦੇਖੋ, ਮਹਫੂਜ. "ਮੂਲਕ ਮਫੂਜਾ ਲਿਖਦਯੋ." (ਪ੍ਰਾਪੰਪ੍ਰ)

ਮਬਨੀ: ਅ਼. مبنی ਵਿ- ਬਿਨਾ (ਨਿਉਂ) ਵਾਲਾ। ੨. ਬੁਨਿਯਾਦ ਸਹਿਤ ਠਹਿਰੀ ਹੋਈ, ਹੋਇਆ. ਨਿਰਭਰ.

ਮਬਲਗ਼: ਅ਼. مبلغ ਸੰਗਜਾ- ਬਲਗ (ਪਹੁੰਚਣ) ਦੀ ਥਾਂ। ੨. ਅਸਥਾਨ. ਠਿਕਾਣਾ। ੩. ਹੱਦ। ੪. ਮਿਕਦਾਰ. ਪ੍ਰਮਾਣ। ੫. ਨਕ਼ਦੀ.

ਮਬਾਦਾ: ਫ਼ਾ. مبادا ਵਜ- ਅਜਿਹਾ ਨਾ ਹੋਵੇ.

ਮਮ: ਸੰਗਜਾ- ਮਮਤ੍ਵ. ਮਮਤਾ. "ਮਮ ਮਦ ਮਾਤ ਕੋਪ ਜਰੀਆ." (ਕਾਨ ਮਃ ੫) ਮਮਤਾ ਦੇ ਨਸ਼ੇ ਵਿੱਚ ਮੱਤ। ੨. ਸੰ. ਮਮ. ਮੇਰਾ. ਮੇਰੀ. "ਮਮ ਉਚਾਰ ਤੇ ਭਯੋ ਦਿਵਾਨਾ." (ਵਿਚਿਤ੍ਰ) "ਮਮ ਸਰ ਮੂਇ ਅਜਰਾਈਲ ਗਰਿਫਤਹ." (ਤਿਲੰ ਮਃ ੧)

"ਸਰਬ ਪਾਵਨ ਮਮ ਪਾਵਨਹ." (ਸਹਸ ਮਃ ੫)

ਮਮਸਰ: ਮੇਰੇ ਸਦ੍ਰਿਸ਼. ਮੇਰੇ ਜੇਹਾ। ੨. ਮੇਰਾ ਸਿਰ.

ਮਮਟੀ: ਸੰਗਯਾ- ਅਟਾਰੀ. ਅਟਾ. ਰਾਂਵਟੀ। ੨. ਮਕਾਨ ਦੇ ਸਿਰ ਅਤੇ ਕੂਣੇ ਤੇ ਸ਼ੋਭਾ ਲਈ ਬਣਾਈ ਬੁਰਜੀ.

ਮਮਤਾ, ਮਮਤ੍ਵ: ਸੰਗਯਾ- ਮੇਰਾਪਨ. ਅਪਣੱਤ. "ਮੇਰੀ ਰਾਖੈ ਮਮਤਾ." (ਸ੍ਰੀ ਮਃ ੫) ੨. ਪਦਾਰਥਾਂ ਵਿੱਚ ਸਨੇਹ. "ਮਮਤਾ ਕਾਟਿ ਸਚਿ ਲਿਵ ਲਾਇ." (ਮਾਰੂ ਸੋਲਹੇ ਮਃ ੩) ੩. ਰਜੋਗੁਣ. ਦੇਖੋ, ਨਮਤਾ ੨.

ਮਮਦੂਹ, ਮਮਦੂਹ਼: ਅ਼. ممدُوح ਵਿ- ਜਿਸ ਦੀ ਮਦਾਹ਼ (ਸ਼ਲਾਘਾ) ਹੋਈ ਹੈ. ਸਲਾਹਿਆ ਹੋਇਆ. ਪ੍ਰਸ਼ਸ੍ਤ.

ਮਮਨੂਅ, ਮਮਨੂਅ਼: ਅ਼. ممنُوع ਵਿ- ਮਨਅ਼ (ਫਰਜਨ) ਕੀਤਾ. ਰੋਕਿਆ ਹੋਇਆ. ਨਿਸ਼ਿੱਧ.

ਮਮਨੂਨ: ਅ਼. ممنُون ਵਿ- ਮੰਨ (ਇਹ਼ਸਾਨ) ਮੰਦ. ਕ੍ਰਿਤਗਯ.

ਮਮਰੇਜ: ਦੇਖੋ, ਮਹਮੇਜ਼.

ਮਮਲੁਕਤ: ਅ਼. مملکت ਬਾਦਸ਼ਾਹਤ. ਸਲਤਨਤ.

ਮਮਲੂਕ: ਅ਼. مملُوک ਸੰਗਯਾ- ਮਲਕੀਯਤ ਵਿੱਚ ਆਇਆ ਹੋਇਆ. ਖ਼ਾਨਹਜ਼ਾਦ ਗ਼ੁਲਾਮ। ੨. ਘਰ ਦੇ ਗ਼ੁਲਾਮ ਦੀ ਸੰਤਾਨ.

ਮਮਾ: ਮਕਾਰ. ਮ ਅੱਖਰ। ੨. ਮ ਦਾ ਉੱਚਾਰਣ.

ਮਮਾਲਿਕ: ਅ਼. ممالِک ਮਮਲੁਕਤ (ਮੁਲਕ) ਦਾ ਬਹੁਵਚਨ. ਦੇਸ਼.

ਮਮਿਆਈ: ਦੇਖੋ, ਮੋਮਿਆਈ.

ਮਮੀਰਾ: ਫ਼ਾ. مامیران ਮਾਮੀਰਾਨ. Thalictrum Foliolosum. . ਇੱਕ ਪੌਧਾ, ਜੋ ਸਮਾਗਰਮ ਅਤੇ ਠੰਢੇ ਪਹਾੜਾਂ ਵਿੱਚ ਹੁੰਦਾ ਹੈ. ਇਸ ਦੀ ਜੜ ਸੁਰਮੇ ਵਿੱਚ ਵਰਤੀਦੀ ਹੈ, ਜੋ ਨੇਤ੍ਰਾਂ ਦੇ ਰੋਗਾਂ ਲਈ ਉੱਤਮ ਮੰਨੀ ਗਈ ਹੈ, ਅਰ ਮਮੀਰੇ ਦਾ ਕਾੜ੍ਹਾ ਮਰੋੜੇ ਆਦਿਕ ਆਂਤ ਦੇ ਰੋਗਾਂ ਲਈ ਗੁਣਕਾਰੀ ਹੈ. ਗਲ ਦੀ ਸੋਜ ਅਤੇ ਮੂੰਹ ਦੇ ਛਾਲਿਆਂ ਨੂੰ ਇਸ ਦੇ ਗਰਾਰੇ ਕੀਤੇ ਉਮਦਾ ਅਸਰ ਕਰਦੇ ਹਨ.

ਮਮੁੱਖਤਾ: ਦੇਖੋ, ਮੁਮੁਕ੍ਸ਼ਤਾ.

ਮਮੂਨ: ਜਿਲਾ ਗੁਰਦਾਸਪੁਰ, ਤਸੀਲ ਥਾਣਾ ਪਠਾਨਕੋਟ ਦਾ ਪਿੰਡ, ਜੋ ਰੇਲਵੇ ਸਟੇਸ਼ਨ ਪਠਾਨਕੋਟ ਤੋਂ ਤਿੰਨ ਮੀਲ ਪੂਰਵ ਹੈ. ਇਸ ਪਿੰਡ ਵਿੱਚ ਬਾਬਾ ਸ਼੍ਰੀ ਚੰਦ ਜੀ ਦਾ ਅਸਥਾਨ ਹੈ, ਬਾਬਾ ਜੀ ਬਾਰਠ ਤੋਂ ਚੰਬੇ ਵੱਲ ਜਾਂਦੇ ਇੱਥੇ ਠਹਿਰੇ ਹਨ. ਸਾਧਾਰਨ ਜੇਹਾ ਅਸਥਾਨ ਬਨਿਆ ਹੋਇਆ ਹੈ. ਨਾਲ ੧੨. ਘੁਮਾਉਂ ਜ਼ਮੀਨ ਹੈ. ਪਿੰਡ ਵਾਲੇ ਹੀ ਇਸ ਜ਼ਮੀਨ ਦੀ ਪੈਦਾਵਾਰ ਖਾਂਦੇ ਹਨ. ਗੁਰਦ੍ਵਾਰੇ ਦੀ ਢਿੱਲੀ ਹਾਲਤ ਹੈ. ਪੁਜਾਰੀ ਕੋਈ ਨਹੀਂ ਹੈ.

ਮਮੇਸ: ਮਮ- ਈਸ਼. ਮੇਰਾ ਸ੍ਵਾਮੀ. ਮੇਰੇ ਪਤਿ. "ਮਮੇਸ ਕਹੂੰ ਪਰਦੇਸ ਗਏ." (ਚਰਿਤ੍ਰ ੧੨੯)

ਮਮੈ: ਸੰਗਯਾ- ਮਮਤਾ. ਮਮਤ੍ਵ. "ਤਾਮਸ ਤ੍ਰਿਸਨਾ ਮਮੈ ਤਿਆਗੀ." (ਰਤਨਮਾਲਾ)

ਮਮੋਖੀ, ਮਮੋਖੁ, ਮਮੋਛੀ, ਮਮੋਛੁ: ਮੁਕ੍ਤਿ ਦੀ ਇੱਛਾ ਵਾਲਾ, ਦੇਖੋ, ਮੁਮੁਕ੍ਸ਼. "ਸੁਨੈ ਮਮੋਛੀ ਹਿਰਦੇ ਧਾਰੈ." (ਗੁਪ੍ਰਸੂ)

ਮਮੋਲਾ: ਦੇਖੋ, ਖੰਜਨ.

ਮਮੰ: ਸੰ. ਮਮ. ਮੇਰਾ. "ਸਰਬ ਸੀਲ ਮਮੰ ਸੀਲੰ." (ਸਹਸ ਮਃ ੫)

**ਮਯ:** ਸੰ. ਮਯ. ਧਾ- ਜਾਣਾ, ਇੱਕ ਥਾਂ ਤੋਂ ਦੂਜੇ ਥਾਂ ਕਰਨਾ। ੨. ਸੰਗਯਾ- ਘੋੜਾ। ੩. ਸ਼ੁਤਰ. ਊਠ। ੪. ਰਾਮਾਇਣ ਅਨੁਸਾਰ ਇੱਕ ਦਾਨਵ, ਜੋ ਵਿਪ੍ਰਚਿੱਤੀ ਦਾ ਪੁਤ੍ਰ ਸੀ. ਇਹ ਵਿਸ਼੍ਵਕਰਮਾ ਦੇ ਤੁੱਲ ਸ਼ਿਲਪਵਿਦਯਾ (ਦਸ੍ਤਕਾਰੀ) ਦਾ ਪੂਰਾ ਉਸਤਾਦ ਸੀ. ਰਾਵਣ ਦੀ ਇਸਤ੍ਰੀ ਮੰਦੋਦਰੀ ਇਸੇ ਦੀ ਪੁਤ੍ਰੀ ਸੀ. ਇਸ ਦੇ ਦੋ ਪੁਤ੍ਰ ਮਾਯਾਵੀ ਅਤੇ ਦੁੰਦੁਭਿ ਸਨ, ਅਤੇ ਰਾਜਧਾਨੀ ਦੇਵਗਿਰਿ ਸੀ.[971]

ਮਯ ਨੇ ਪਾਂਡਵਾਂ ਲਈ ਇੱਕ ਅਦਭੁਤ ਸਭਾ ਦਾ ਅਸਥਾਨ ਬਣਾਇਆ ਸੀ, ਜਿਸ ਵਿੱਚ ਸਬਲ ਜਲ, ਅਤੇ ਜਲ ਸੁੱਕੀ ਜ਼ਮੀਨ (ਸ੍ਥਲ) ਭਾਸਦਾ ਸੀ. ਇਸੇ ਥਾਂ ਦੁਰਯੋਧਨ ਨੇ ਜਲ ਨੂੰ ਥਲ ਸਮਝਕੇ ਵਸਤ੍ਰ ਭਿਉਂ ਲਏ ਸਨ, ਜਿਸ ਪੁਰ ਭੀਮਸੇਨ ਨੇ ਤਰਕ ਮਾਰੀ ਸੀ ਕਿ ਅੰਨ੍ਹੇ ਦਾ ਅੰਨ੍ਹਾ ਹੀ ਪੁਤ੍ਰ ਹੋਇਆ. "ਮਯ ਇਕ ਦੈਤ ਹੁਤੋ ਤਿਨ ਆਯਕੈ ਸੁੰਦਰ ਏਕ ਸਭਾ ਸੁ ਬਨਾਈ." (ਕ੍ਰਿਸਨਾਵ) ੫. ਜਦ ਮਯ ਸ਼ਬਦ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਤਦ ਅਰਥ ਹੁੰਦਾ ਹੈ- ਤਦ੍ਰੂਪ ਅਧਿਕਤਾ ਵਾਲਾ ਵਿਕਾਰ ਰੂਪ ਆਦਿ, ਜੈਸੇ- ਮਨਿਮਯੋ ਸੁਵਰਣਮਯ, ਆਨੰਦਮਯ ਆਦਿ। ੬. ਫ਼ਾ. مے ਸ਼ਰਾਬ. ਮਦਿਰਾ। ੭. ਅ਼. مع ਮਅ਼. ਵਯ- ਸਾਥ. ਸਹਿਤ. ਸਣੇ. ਸਮੇਤ.

**ਮਯੱਸਰ:** ਅ਼. مُیّسر ਵਿ- ਯੁਸਰ (ਆਸਾਨੀ) ਨਾਲ ਪ੍ਰਾਪਤ ਹੋਣ ਵਾਲਾ। ੨. ਹਾਸਿਲ ਹੋਇਆ. ਪ੍ਰਾਪਤ.

**ਮਯਨ:** ਪ੍ਰਾ. ਸੰਗਯਾ- ਮਦਨ. ਕਾਮ. ਦਖੋ, ਮਯਮੰਤ ੩.

**ਮਯਮੰਤ:** ਮਯ (ਸ਼ਰਾਬ) ਵਿੱਚ ਮੱਤ। ੨. ਮਦ ਕਰਕੇ ਮਸ੍ਤ। ੩. ਸੰਗਯਾ- ਮਤਵਾਲਾ ਹਾਥੀ. "ਮੇਰੇ ਜਾਨ ਘੰਟਾ ਹੈ ਮਦਨ ਮਯਮੰਤ ਕੋ." (ਹਰਿਜਨ) ਪ੍ਰਾਕ੍ਰਿਤ ਵਿੱਚ ਦ ਦਾ ਯ ਹੋ ਜਾਂਦਾ ਹੈ, ਜੈਸੇ- ਮਦਨ ਦਾ ਮਯਨ ਅਤੇ ਮਦ ਦਾ ਮਯ.

**ਮਯਮੰਤੀ:** ਮਦਮੱਤੀ. "ਜੁੱਬਣ ਮਯਮੰਤੀ ਸੁੱਬਾਲੀ." (ਦੱਤਾਵ). ਉੱਤਮ (ਸੁੰਦਰ) ਬਾਲਾ, ਯੌਵਨ ਦੇ ਨਸ਼ੇ ਵਿੱਚ ਮਸ੍ਤ ਹੋਈ.

**ਮਯਮੰਤੁ:** ਦੇਖੋ, ਮਯਮੰਤ. "ਮਨੁ ਕੁੰਚਰੁ ਮਯਮੰਤੁ." (ਸ. ਕਬੀਰ)

**ਮਯਾ:** ਕ੍ਰਿਪਾ. ਦਯਾ. ਦੇਖੋ, ਮਇਆ. "ਦੀਨਾਨਾਥ ਮਯਾ ਕਰੋ." (ਸਹਸ ਮਃ ੫) ੨. ਮੈਯਾ. ਮਾਂ. "ਮਯਾ! ਜਾਨ ਚੇਰੋ, ਮਯਾ ਮੋਹਿ ਕੀਜੈ." (ਚਰਿਤ੍ਰ ੧) ੩. ਸੰ. ਇਲਾਜ. ਚਿਕਿਤਸਾ। ੪. ਜੀਵ ਅਤੇ ਸਰੀਰ ਦਾ ਸੰਬੰਧ. ਜੀਵਨ। ੪. ਅਸ੍ਮਦ ਸ਼ਬਦ ਦੀ ਤ੍ਰਿਤੀਆ ਦਾ ਏਕ ਵਚਨ. ਮੁਝ ਸੇ. ਮੇਥੋਂ.

**ਮਯਾਂ:** ਫ਼ਾ. میاں ਕ੍ਰਿ. ਵਿ- ਭੀਤਰ. ਅੰਦਰ. ਵਿੱਚ। ੨. ਸੰਗਯਾ- ਕਮਰ. ਲੱਕ. ਸ਼ਰੀਰ ਦਾ ਮੱਧ ਭਾਗ.

**ਮਯਾਦ:** ਦੇਖੋ, ਮਿਆਦ.

**ਮਯਾਪੁਰੀ:** ਦੇਖੋ, ਮਾਯਾਪੁਰੀ.

**ਮਯਾਵਰ:** ਫ਼ਾ. میاور ਨਾ ਲਿਆ. ਮਤ ਲਾ.

**ਮਯੁ:** ਸੰ. ਕਿੰਪੁਰੁਸ਼ ਅਥਵਾ ਕਿੰਨਰ ਦੇਵਤਾ। ੨. ਵਨਮਾਨਸ. ਬਨਜਾਣੂ.

**ਮਯੂਖ:** ਸੰ. ਸੰਗਯਾ- ਕਿਰਨ। ੨. ਚਮਕ। ੩. ਸ਼ੋਭਾ। ੪. ਅਗਨਿ ਦੀ ਲਾਟ। ੫. ਸੰ. ਮਾਕ੍ਸ਼ਿ. ਸ਼ਹਦ. ਮਧੁ. "ਕਤਹੂ ਪਯੂਖ ਹ੍ਵੈਕੈ ਪੀਵਤ ਪਿਵਾਵਤ ਹੋ, ਕਤਹੂ ਮਯੂਖ ਊਖ ਰਹੂੰ ਮਦਪਾਨ ਹੋ." (ਅਕਾਲ) ਕਹੀਂ ਪੀਯੂਸ਼ (ਅਮ੍ਰਿਤ) ਪਾਨ, ਕਹੂੰ ਮਯੂਖ (ਮਾਕ੍ਸ਼ਿ ਸ਼ਹਦ) ਪਾਨ, ਕਹੀਂ ਊਖ (ਇਕ੍ਸ਼ੁ) ਪਾਨ, ਕਹੂੰ ਮਦਜਪਾਨ.

**ਮਯੂਖੀ:** ਸੰਗਯਾ- ਮਯੂਖ (ਕਿਰਨਾਂ) ਧਾਰਨ ਵਾਲਾ, ਸੂਰਜ। ੨. ਚੰਦ੍ਰਮਾ. "ਕਹੂੰ ਚਕੋਰ ਹ੍ਵੈ ਪ੍ਰੀਤਿ ਮਯੂਖੀ." (ਮਲੋਹ)

---

[971] ਦੇਖੋ, ਵਾਲਮੀਕਿ ਰਾਮਾਯਣ ਉੱਤਰ ਕਾਂਡ, ਸਰਗ ੧੨.

**ਮਯੂਰ:** ਸੰਗਯਾ- ਮੋਰ. ਤ੍ਾਊਸ.

**ਮਯੂਰਕੇਤੁ, ਮਯੂਰਧ੍ਵਜ:** ਮੋਰ ਦੀ ਧੁਜਾ ਵਾਲਾ ਸ਼ਿਵਪੁਤ੍ਰ, ਸਕੰਦ. ਖਡਾਨਨ. ਕਾਰ੍ਤਿਕੇਯ। ੨. ਦੇਖੋ, ਮੋਰਧੁਜ.

**ਮਯੂਰਰਥ, ਮਯੂਰਵਾਹਨ:** ਸ਼ਿਵ ਦਾ ਪੁਤ੍ਰ ਕਾਰ੍ਤਿਕੇਯ, ਜੋ ਮੋਰ ਦੀ ਸਵਾਰੀ ਕਰਦਾ ਹੈ.

**ਮਯੂਰੀ:** ਮੋਰ ਦੀ ਮਦੀਨ. ਮੋਰਨੀ.

**ਮਯੰਕ:** ਚੰਦ੍ਰਮਾ. ਦੇਖੋ, ਮ੍ਰਿਗਾਂਕ.

**ਮਰ:** ਸੰ. ਸੰਗ੍ਯਾ- ਮੌਤ. ਮ੍ਰਿਤ੍ਯੁ। ੨. ਸੰਸਾਰ. ਜਗਤ। ੩. ਪ੍ਰਿਥਿਵੀ। ੪. ਫ਼ਾ. مر ਵਿ- ਖਾਸ. ਵਿਸ਼ੇਸ਼.

**ਮਰਉ:** ਮਰੋ। ੨. ਮਰਉਂ. ਮਰਾਂ. "ਮਰਉ ਤ ਹਰਿ ਕੈ ਦੁਆਰਿ." (ਸ. ਕਬੀਰ)

**ਮਰਸ:** ਸੰ. ਮਰ੍ਸ਼. ਸੰਗ੍ਯਾ- ਸਲਾਹ. ਮੰਤ੍ਰ. ਮਸ਼ਵਰਾ। ੨. ਸੰ. ਮਰ੍ਸ਼. ਧੀਰਯ. ਬਰਦਾਸ਼੍ਤ। ੩. ਛਿਮਾ.

**ਮਰਸਨ, ਮਰਸੀ:** ਮਰਨਗੇ. ਮਰੂਗਾ. "ਅੰਧ ਘੋਰ ਸਾਗਰ ਨਹੀ ਮਰਸਨ." (ਕਾਨ ਮਃ ੫) "ਮਰਸੀ ਹੋਇ ਵਿਡਾਣਾ." (ਸੂਹੀ ਅਃ ਮਃ ੧) ੨. ਸੰ. ਮਸ਼ੰਨ. ਸੰਗ੍ਯਾ- ਨਿਰਣਾ. ਵਿਚਾਰ. ਇਮਤਿਹਾਨ। ੩. ਛੁਹਿਣਾ. ਸਪਰਸ਼। ੪. ਮਸ਼ੰਣ. ਛਿਮਾਪਨ ਕਰਨਾ। ੫. ਸਹਾਰਨਾ.

**ਮਰਸੀਆ, ਮਰਸੀਹਾ:** ਫ਼ਾ. مرثیہ ਮਰਸ਼ੀਯਹ. ਸੰਗ੍ਯਾ- ਰਸ਼ੀ (ਮਰੁਦੇ ਪੁਰ ਰੋਣ ਅਥਵਾ ਉਸ ਦੇ ਗੁਣ ਪ੍ਰਗਟ ਕਰਨ) ਦੀ ਕ੍ਰਿਯਾ. ਮਾਤਮੀਗੀਤ. ਅਲਾਹਣੀ। ੨. ਖਾਸ ਕਰਕੇ ਉਹ ਗੀਤ, ਜੋ ਮੁਹ਼ੱਰਮ ਦੇ ਸ਼ੋਕ ਵਿੱਚ ਮੁਸਲਮਾਨ ਗਾਉਂਦੇ ਹਨ.

**ਮਰਹਟ:** ਸੰ. ਮ੍ਰਿਤਘੱਟ. ਸੰਗ੍ਯਾ- ਮੁਰਦਾਘਾਟ. ਨਦੀ ਕਿਨਾਰੇ ਮੁਰਦਾ ਫੂਕਣ ਦੀ ਥਾਂ। ੨. ਸ਼ਮਸ਼ਾਨ. ਮੁਰਦੇ ਜਲਾਉਣ ਦੀ ਥਾਂ, "ਮਰਹਟ ਲਗਿ ਸਭੁ ਲੋਗ ਕੁਟੰਬੁ." (ਕੇਦਾ ਕਬੀਰ) "ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ." (ਸ. ਕਬੀਰ)

**ਮਰਹਟਾ:** ਦੇਖੋ, ਮਹਾਰਾਸ਼੍ਟ੍ਰ। ੨. ਇੱਕ ਛੰਦ. ਦੇਖੋ, ਲੱਛਣ 'ਮਨਹਰੀ' ਦਾ.

ਉਦਾਹਰਣ-

ਹੇਰਤ ਸੁਤ ਕਾਲੂ, ਹਰਖ ਬਿਸਾਲੂ,

ਪਢਨੋਚਿਤ ਮਨ ਜਾਨ,

ਹਮ ਕਾਜ ਵਿਸੇਖਾ, ਸੀਖਹਿ ਲੇਖਾ,

ਬੈਸ ਅਬਹਿ ਪਹਿਚਾਨ,

ਕਾਰੰ ਪਟਵਾਰੀ, ਗ੍ਰਾਮਹਿ ਸਾਰੀ,

ਕਰਨੋਚਿਤ ਤਬ ਹੋਇ,

ਪਾਧੇ ਪਹਿ ਬੈਸੇ, ਹੋ ਮਮ ਜੈਸੇ,

ਸੰਖ੍ਯਾਨਿਪੁਨੰ ਸੋਇਃ (ਨਾਪ੍ਰ)

**ਮਰਹਮ:** ਅ਼. مرہم ਸੰਗ੍ਯਾ- ਮਲ੍ਹਮ. ਜ਼ਖ਼ਮ ਹੱਛਾ ਕਰਨ ਦਾ ਲੇਪ.

**ਮਰਹਮਤ:** ਦੇਖੋ, ਮਿਹਰਾਮਤ.

**ਮਰਹਰੀ:** ਦੇਖੋ, ਮਨਹਰੀ ੨. .

ਮਰਹਲਾ, ਮਰਹ਼ਲਾ: ਅ਼. مرحلہ ਸੰਗਯਾ- ਰਹ਼ਲ (ਕੂਚ ਕਰਨ) ਦੀ ਕ੍ਰਿਯਾ. ਪ੍ਰਸਥਾਨ। ੨. ਮੰਜ਼ਿਲ. ਪੜਾਉ.

ਮਰਹੂਨ: ਅ਼. مرہوُن ਵਿ- ਰਹਨ (ਗਹਿਣੇ) ਰੱਖਿਆ ਹੋਇਆ. ਗਿਰੋ ਰੱਖਿਆ ਹੋਇਆ. ਗਿਰਵੀ.

ਮਰਹੂਮ: ਅ਼. مرحوُم ਵਿ- ਰਹ਼ਮ ਕੀਤਾ ਗਿਆ. ਜਿਸ ਪੁਰ ਕਰਤਾਰ ਨੇ ਕ੍ਰਿਪਾ ਕੀਤੀ ਹੈ। ੨. ਭਾਵ- ਮੋਇਆ ਹੋਇਆ.

ਮਰਕ: ਸੰ. ਸੰਗਯਾ- ਮਾਰਨ ਵਾਲਾ, ਛੂਤ ਦਾ ਭਯੰਕਰ ਰੋਗ. ਵਬਾ. ਮਰੀ. ਪਲੇਗ (plague) ਆਦਿ। ੨. ਸੰ. ਸਰ੍ਕ. ਧਾ- ਜਾਣਾ, ਚਲਣਾ, ਉਛਲਣਾ। ੩. ਸੰਗਯਾ- ਮਰ੍‍ਕ. ਸੂਰਯਗ੍ਰਹ਼ਣ।੪ ਆਮਰ੍‍ਕ. ਦੈਤਾਂ ਦਾ ਇੱਕ ਪੁਰੋਹਿਤ, ਜੋ ਸ਼ੁਕ੍ਰ ਦਾ ਪੁਤ੍ਰ ਸੀ. ਦੇਖੋ, ਸੰਡਾਮਰਕਾ। ੫. ਦੇਹ. ਸਰੀਰ. ੬. ਪੌਣ. ਵਾਯੁ। ੭. ਬਾਂਦਰ। ੮. ਵਿ- ਮਾਂਜਣ ਲਾਇਕ.

ਮਰਕਜ਼: ਅ਼. مرکز ਸੰਗਯਾ- ਰਕਜ਼ (ਨੇਜ਼ਾ ਗੱਡਣ) ਦਾ ਨਿਸ਼ਾਨ। ੨. ਭਾਵ- ਮੱਧਭਾਗ. ਪਰਕਾਰ ਦਾ ਇਕ ਸਿਰਾ ਗੱਡਕੇ ਦਾਯਰਾ ਖਿੱਚੀਦਾ ਹੈ, ਇਸ ਲਈ ਇਹ ਸੰਗਯਾ ਹੈ. ਕੇਂਦ੍ਰ.

ਮਰਕਟ: ਸੰ. ਮਰ੍‍ਕਟ. ਸੰਗਯਾ- ਬਾਨਰ. ਬੰਦਰ. "ਮਰਕਟ ਮੁਸਟਿ ਅਨਾਜ ਕੀ." (ਗਉ ਕਬੀਰ) ਦੇਖੋ, ਮਕੰਧਾ। ੨. ਦੇਖੋ, ਦੋਹਰੇ ਦਾ ਰੂਪ ੧੪.

ਮਰਕਟੀ: ਸੰ. ਮਰ੍‍ਕਟੀ. ਸੰਗਯਾ- ਬਾਂਦਰੀ। ੨. ਲੰਗੂਰ ਦੀ ਮਦੀਨ। ੩. ਮੱਕੜੀ. ਦੇਖੋ, ਮਕੰਧਾ। ੪. ਪਿੰਗਲ ਦਾ ਇੱਕ ਪ੍ਰਤ੍ਯਯ, ਜਿਸ ਤੋਂ ਮਾਤ੍ਰਾ ਤੇ ਵਰਣਾਂ ਦੇ ਪ੍ਰਸ੍ਤਾਰ ਦ੍ਵਾਰਾ, ਛੰਦ ਦੀ ਲਘੁ ਗੁਰੁ ਮਾਤ੍ਰਾ ਅਤੇ ਅੱਖਰਾਂ ਦੀ ਗਿਣਤੀ ਦਾ ਗ੍ਯਾਨ ਹੁੰਦਾ ਹੈ.

ਮਰਕਤ: ਸੰ. ਸੰਗਯਾ- ਹਰੇ ਰੰਗ ਦੀ ਮਣਿ. ਸਬਜ਼ਾ Emerald. "ਮਰਕਤ ਮਣਿ ਭੁ ਚਿਤ੍ਰ ਸਹਾਈ." (ਨਾਪ੍ਰ)

ਮਰਕਬ: ਅ਼. مرکب ਸੰਗਯਾ- ਰਕੂਬ (ਸਵਾਰ) ਹੋਇਆ ਜਾਵੇ ਜਿਸ ਪੁਰ. ਜਿਸ ਉੱਪਰ ਆਰੋਹਣ ਕਰੀਏ. ਸਵਾਰੀ. ਯਾਨ। ੨. ਰਥ ਗੱਡੀ ਸ਼ੁਤਰ ਘੋੜਾ ਆਦਿ. "ਰਵਾਂ ਕਰਦ ਮਰਕਬ ਯਲੋ ਤੇਜ਼." (ਰਾਮਾਵ) ੩. ਅ਼. مرقب ਮਰਕ਼ਬ. ਉੱਚਾ ਬੁਰਜ ਆਦਿ ਥਾਂ, ਜਿਸ ਉੱਪਰੋਂ ਰਕ਼ਬ (ਨਿਗਰਾਨੀ) ਕਰੀਏ.

ਮਰਕਾ: ਆਮਰ੍‍ਕ. ਦੇਖੋ, ਸੰਡਾਮਰਕਾ.

ਮਰਕੂਮ: ਅ਼. مرقوُم ਵਿ- ਰਕ਼ਮ ਕੀਤਾ (ਲਿਖਿਆ ਹੋਇਆ). ੨. ਅ਼. مرکوُم ਢੇਰੀ ਕੀਤਾ. ਤਹਿ ਪੁਰ ਤਹਿ ਲਾਇਆ ਹੋਇਆ। ੩. ਸੰਘਣਾ.

ਮਰਖ: ਸੰ. ਮਰ੍‍ਸ਼. ਖਿਮਾ. ਬਰਦਾਸ਼੍ਤ.

ਮਰਖਣ: ਦੇਖੋ, ਮਰਸਨ ੨- ੪.

ਮਰਗ: ਮਰੇਗਾ. "ਕੋਊ ਕਹੈ ਇਹ ਮਰਗ ਅਬੈ ਹੀ." (ਪੰਪ੍ਰ) ੨. ਫ਼ਾ. مرگ ਸੰਗਯਾ- ਮੌਤ. ਮ੍ਰਿਤ੍ਯੁ. "ਮਰਗ ਸਵਾਈ ਨੀਹਿ." (ਸ. ਫਰੀਦ) ੩. ਅ਼. مرغ ਮਰਗ਼. ਦੁੱਬ. ਦੂਰਵਾ. ਪੀਲਾ ਖੱਬਲ.

ਮਰਗਸਤਾਣ, ਮਰਗਸਤਾਣੀ, ਮਰਗਸਤਾਨ: ਫ਼ਾ. مرگستان ਮਰਗ- ਸ੍ਤਾਂ. ਸ਼ਮਸ਼ਾਨ ਭੂਮਿ. "ਮਰਗਸਤਾਣੀ ਚਿਤਿ ਧਰਿ." (ਸ. ਫਰੀਦ) ੨. ਦੇਖੋ, ਮਰਗ਼ਜ਼ਾਰ.

ਮਰਗ਼ਜ਼ਾਰ: ਫ਼ਾ. مرغزار ਸੰਗਯਾ- ਮਰਗ਼ (ਹਰੀ ਦੁੱਬ) ਵਾਲਾ ਥਾਂ. ਮਰਗ਼ਸ੍ਤਾਂ.

ਮਰਗ਼ੂਬ: ਅ਼. مرغوُب ਵਿ- ਰਗ਼ਬ (ਪਸੰਦ) ਕੀਤਾ.

ਮਰਘਟ: ਮੁਰਦਾਘਾਟ. ਦੇਖੋ, ਮਰਹਟ. "ਮਰਘਟ ਲਉ ਸਭੁ ਲੋਗ ਕੁਟੰਬੁ ਭਇਓ." (ਸੋਰ ਕਬੀਰ)

ਮਰਚ: ਸੰ. ਮਰਿਚ. ਸੰਗਯਾ- ਕਾਲੀ ਮਿਰਚ ਦਾ ਬੂਟਾ ਅਤੇ ਫਲ. "ਮਰਚ ਧਨਿਯ ਸੋਂ ਦਧਿ ਮਹਿ ਬੋਰੇ." (ਨਾਪ੍ਰ) ਲਾਲ ਅਤੇ

ਕਾਲੀ ਮਰਿਚ ਦੋਵੇਂ ਗਰਮ ਖ਼ੁਸ਼ਕ ਹਨ. ਮਰਿਚ ਲਹੂ ਸੁਕਾਂਉਂਦੀ ਅਤੇ ਬਲਗਮ ਘਟਾਂਉਂਦੀ ਹੈ, ਕਾਮਸ਼ਕਤਿ ਅਤੇ ਨੇਤ੍ਰਾਂ ਦੀ ਜੋਤ ਨੂੰ ਕਮ ਕਰਦੀ ਹੈ, ਥੋੜੀ ਵਰਤੀ ਭੁੱਖ ਵਧਾਂਉਂਦੀ ਹੈ.

ਮਰਜ: ਅ਼. مرض ਮਰਜ. ਸੰਗਯਾ- ਰਜ (ਸੁਸਤ ਅਤੇ ਸ਼ਿਕਸ੍ਤ) ਹੋਣ ਦਾ ਭਾਵ. ਰੋਗ. ਬੀਮਾਰੀ. ਮਾਂਦਗੀ। ੨. ਸੰ. ਸਰ੍ਜ. ਸ਼ੁੱਧੀ. ਪਵਿਤ੍ਰਤਾ। ੩. ਧੋਬੀ.

ਮਰਜਤ: ਮਦੰਨ ਕਰਤ. "ਮਰਜਤ ਮੀਚੁ ਅਨਿਕ ਬਰੀਆ." (ਕਾਨ ਮਃ ੫) ੨. ਦੇਖੋ, ਮ੍ਰਿਜ। ੩. ਦੇਖੋ, ਮਾਰਜਿਤ.

ਮਰਜਨ: ਦੇਖੋ, ਮਰਦਨ ਅਤੇ ਮਾਰਜਨ.

ਮਰਜਾਦ, ਮਰਜਾਦੁ: ਸੰ. ਮਯੰਾਦ. ਮਯੰਾ ਦਾ ਅਰਥ ਹੈ ਚਿੰਨ੍ਹ ਅਥਵਾ ਨਿਸ਼ਾਨ. ਜੋ ਦੇਸ਼ ਅਥਵਾ ਸਮਾਜ ਦੀ ਹੱਦ ਬੰਦੀ ਕਰੇ, ਉਹ ਮਰਯਾਦਾ ਹੈ। ੨. ਮੁਨਸਿਫ. ਮਧ੍ਯਸ੍ਥ। ੩. ਮਯੰਾਦਾ. ਸੀਮਾ. ਹੱਦ. "ਅੰਤ ਨਹੀਂ ਮਰਜਾਦ." (ਸਾਰ ਮਃ ੫) ੪. ਕਿਨਾਰਾ. ਤਟ. ਕੰਢਾ। ੫. ਸਮਾਜ ਅਥਵਾ ਰਾਜ ਵੱਲੋਂ ਥਾਪਿਆ ਨਿਯਮ. "ਨਾ ਮਰਜਾਦੁ ਆਇਆ ਕਲਿ ਭੀਤਰਿ." (ਸ੍ਰੀ ਮਃ ੧. ਪਹਰੇ)

ਮਰਜਾਦਕ: ਵਿ- ਮਯੰਾਦਾ ਕ਼ਾਇਮ ਕਰਨ ਵਾਲਾ ਨਿਯਮ ਢਾਪਣ ਵਾਲਾ. "ਰਾਮਚੰਦ ਆਦਿਕ ਮਰਜਾਦਕ." (ਗੁਪ੍ਰਸੂ)

ਮਰਜਾਦਾ, ਮਰਜਾਦੁ: ਦੇਖੋ, ਮਰਜਾਦ.

ਮਰਜਾਮ: ਮਰਨ- ਜਨਮ. ਦੇਖੋ, ਜਾਮ ੨। ੨. ਸੰ. ਮ੍ਰਿਯਮਾਣ. ਮਰਨ ਨੂੰ ਤਿਆਰ.

ਮਰਜਾਰ, ਮਰਜਾਰੀ: ਦੇਖੋ, ਮਾਰਜਾਰ

ਮਰਜੀ: ਅ਼. مرضی ਮਰਜੀ. ਸੰਗਯਾ- ਰਜਵ (ਇੱਛਾ ਪ੍ਰਗਟ ਕਰਨ) ਦਾ ਭਾਵ. ਕਾਮਨਾ. ਇਰਾਦਾ. "ਜਯੋਂ ਰਾਵਰ ਕੀ ਮਰਜੀ ਹੋਇ." (ਗੁਪ੍ਰਸੂ)

ਮਰਜੀਉੜਾ, ਮਰਜੀਆ: ਦੇਖੋ, ਮਰਜੀਵੜਾ.

ਮਰਜੀਵਨ: ਦੇਹਾਭਿਮਾਨ ਤੋਂ ਮਰਕੇ ਆਤਮਿਕ ਜੀਵਨ ਲਾਭ ਕਰਨ ਦੀ ਹਾਲਤ। ੨. ਯੋਗਮਤ ਅਨੁਸਾਰ ਪ੍ਰਾਣਾਂ ਦੀ ਗਤਿ ਰੋਕਣੀ ਮਰਨ ਹੈ, ਅਰ ਸ੍ਵਾਸਾਂ ਨੂੰ ਆਪਣੇ ਵਸ਼ ਕਰਕੇ ਚਲਾਉਣਾ ਜੀਵਨ ਹੈ। ੩. ਲੋਕਰੀਤਿ ਅਤੇ ਜਾਤਿ ਤਯਾਗਕੇ ਸਿੱਖ ਧਰਮ ਵਿੱਚ ਨਵੀਨ ਜੀਵਨ ਲਾਭ ਕਰਨ ਦੀ ਅਵਸਥਾ.

ਮਰਜੀਵੜਾ, ਮਰਜੀਵਾ: ਦੇਹਾਭਿਮਾਨ ਤਯਾਗਕੇ ਆਤਮਜੀਵਨ ਪ੍ਰਾਪਤ ਕਰਨ ਵਾਲਾ ਦੇਖੋ, ਮਰਜੀਵਨ। ੨. ਸਮੁੰਦਰ ਵਿੱਚੋਂ ਰਤਨਾਂ ਦੇ ਕੱਢਣ ਲਈ ਟੁੱਬੀ ਮਾਰਨ ਵਾਲਾ, ਜੋ ਮੁਰਦੇ ਤੁੱਲ ਹੋਕੇ ਜੀਵਨਦਸ਼ਾ ਵਿੱਚ ਆਉਂਦਾ ਹੈ। ੩. ਦੇਖੋ, ਮਾਣਕਚੰਦ ੨.

ਮਰਜੇਸ: ਮਰਜ- ਈਸ਼. ਰਾਜ ਰੋਗ। ੨. ਮ੍ਰਿਜੇਸ਼. ਕਾਲ। ਰੁਦ੍ਰ.

ਮਰਣ: ਸੰ. ਸੰਗਯਾ- ਸ਼ਰੀਰ ਤੋਂ ਪ੍ਰਾਣਾਂ ਦਾ ਵਿਯੋਗ. ਮੌਤ. "ਮਰਣ ਲਿਖਾਇ ਆਏ, ਨਹੀ ਰਹਿਣਾ." (ਗਉ ਮਃ ੧) ੨. ਜ਼ਹਿਰ. ਵਿਸ਼। ੩. ਗੁਰੁਮਤ ਅਨੁਸਾਰ ਹੌਮੈ ਦਾ ਤਿਆਗ. ਦੇਹਾਭਿਮਾਨ ਰਹਿਤ ਹੋਣ ਦੀ ਹਾਲਤ. ਦੇਖੋ, ਜੀਵਤਮਰਨਾ.

ਮਰਣਹਾਰੁ: ਵਿ- ਮਰਣ ਵਾਲਾ. ਬਿਨਸਨਹਾਰੁ. "ਮਰਣਹਾਰੁ ਇਹੁ ਜੀਅਰਾ ਨਾਹੀ." (ਗਉ ਮਃ ੫)

ਮਰਣੁਮੁਕਤਿ: ਮਰਣ (ਮੌਤ) ਤੋਂ ਮੁਕਤਿ (ਛੁਟਕਾਰਾ) ਪਾਉਣਾ. "ਮਰਣਮੁਕਤਿ ਗਤਿ ਸਾਰ ਨ ਜਾਨੈ."

(ਮਲਾ ਅਃ ਮਃ ੧) ੨. ਦੇਖੋ, ਮਰਨਮੁਕਤਿ ੩.

ਮਰਣ ਮੰਡਣਾ: ਕ੍ਰਿ- ਮਰਨ ਲਈ ਤਿਆਰ ਹੋਣਾ. ਯੁੱਧ ਆਦਿ ਵਿੱਚ ਜੀਵਨ ਦੀ ਪਰਵਾ ਨਾ ਕਰਨੀ.

**ਮਰਣਾ:** ਦੇਖੋ, ਮਰਣ ੧। ੨. ਮਰਗਏ ਪ੍ਰਾਣੀ ਨਿਮਿੱਤ ਯਗਜ ਆਦਿ ਕਰਮ। ੩. ਮਾਜਰਤ. ਕਾਣ. ਮੁਕਾਣ. "ਝੁੰਡੀ ਪਾਇ ਬਹਨਿ ਨਿਤਿ ਮਰਣੇ." (ਮਃ ੧. ਵਾਰ ਮਾਝ)

**ਮਰਣਿ:** ਮਰਨੇ ਮੇਂ. ਮਰਣ ਵਿੱਚ. "ਜੋਰੁ ਨ ਜੀਵਣਿ, ਮਰਣਿ ਨ ਜੋਰੁ." (ਜਪੁ) ੨. ਮਰਣ ਤੋਂ.

**ਮਰਣੁ:** ਦੇਖੋ, ਮਰਣ ੧.

**ਮਰਤ:** ਪ੍ਰਾਣ ਤਿਆਗਦਾ. ਮਰਦਾ. "ਮਰਤ ਨ ਸੋਗ ਬਿਓਗੀ." (ਗਉ ਕਬੀਰ) ੨. ਮਰਨ ਪੁਰ. "ਅਵਰ ਮਰਤ ਮਾਇਆ ਮਨੁ ਤੋਲੈ." (ਸ੍ਰੀ ਬੇਣੀ) ੩. ਸੰ. मर्त्. ਮਤੰਜਲੋਕ. "ਮਰਤ ਪਇਆਲ ਅਕਾਸੁ ਦਿਖਾਇਓ." (ਸੋਰ ਮਃ ੧) ੪. ਮਨੁੱਖ। ੫. ਦੇਖੋ, ਮਰਤੁ, ਮਰਤਜ ਅਤੇ ਮਾਰੁਤ.

**ਮਰਤਣੀ:** ਸੰਗਜਾ- ਮਤੰਜ (ਮਨੁੱਖਾਂ) ਵਾਲੀ, ਸੈਨਾ. ਜਿਸ ਵਿੱਚ ਬਹੁਤ ਆਦਮੀਆਂ ਦਾ ਗਰੋਹ ਹੈ. (ਸਨਾਮਾ)

**ਮਰਤਬਾ:** ਅ਼. مرتبہ ਮਰਤਬਹ. ਸੰਗਜਾ- ਰਤਬ (ਉੱਚਾ ਨੀਵਾਂ ਹੋਣ) ਦਾ ਭਾਵ. ਰੁਤਬਾ. ਦਰਜਾ. ਅਧਿਕਾਰ. ਪਦਵੀ. "ਵਡੀਹੂ ਵਡਾ ਅਪਾਰ ਤੇਰਾ ਮਰਤਬਾ." ਵਾਰ ਰਾਮ ੨. ਮਃ ੫)

**ਮਰਤਬਾਨ:** ਫ਼ਾ. مرتبان ਮ੍ਰਿਦ ਬਾਸਨ. ਚੌੜੇ ਮੂੰਹ ਦਾ ਡੂੰਘਾ ਬਰਤਨ, ਜਿਸ ਦੇ ਅੰਦਰ ਲਾਖ ਆਦਿ ਦਾ ਪੋਚਾ ਫਿਰਿਆ ਹੋਵੇ. ਇਸ ਵਿੱਚ ਗੁਲਕੰਦ ਮੁਰੱਬਾ ਆਦਿ ਪਾਈਦਾ ਹੈ.

**ਮਰਤਾ:** ਵਿ- ਮਾਰਨ ਵਾਲੀ. (मारयित्री). "ਮਹਿਖਾਸੁਰ ਕੀ ਮਰਤਾ ਫੁਨ ਜੋਊ." (ਕ੍ਰਿਸ਼ਨਾਵ) ੨. ਮਰਦਾ.

**ਮਰਤੁ:** ਸੰ. ਮਾਰੁਤ. ਸੰਗਜਾ- ਪਛਾਨ. ਦੇਖੋ, ਮਾਰੁਤ। ੨. ਭਾਵ- ਪ੍ਰਾਣ. ਸ੍ਵਾਸ. "ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ." (ਮਾਰੂ ਮਃ ੧) ਪ੍ਰਾਣਾਯਾਮ ਦੀ ਯੁਕ੍ਤਿ ਨਾਲ ਪ੍ਰਾਣਾਂ ਦਾ ਸੁ ਸੰਬੰਧ (ਕੁੰਭਕ) ਕੀਜੈ.

**ਮਰਤੂਬ:** ਅ਼. مرطُوب ਵਿ- ਰਤ਼ਬ (ਤਰ ਹੋਣ) ਦਾ ਭਾਵ. ਤਰਾਵਤ ਵਾਲਾ.

**ਮਰਤਜ:** ਸੰ. ਮਤਜੰ. ਵਿ- ਮਰਨ ਧਰਮਾ. ਮਰਨ ਵਾਲਾ। ੨. ਸੰਗਜਾ- ਆਦਮੀ. ਮਨੁੱਖ। ੩. ਭੂਲੋਕ. ਪ੍ਰਿਥਿਵੀ ਖੰਡ। ੪. ਸ਼ਰੀਰ. ਦੇਹ.

**ਮਰਤਜ ਲੋਕ:** ਮਤੰਜ (ਮਨੁੱਖਾਂ ਦਾ) ਦੇਸ਼. ਪ੍ਰਿਥਿਵੀ.

**ਮਰਦ:** ਫ਼ਾ. مرد ਸੰਗਜਾ- ਆਦਮੀ. ਮਨੁੱਖ। ੨. ਵਿ- ਦਿਲੇਰ. ਬਹਾਦੁਰ. "ਹੋਰ ਕੀ ਉਠਸੀ ਮਰਦ ਕਾ ਚੇਲਾ." (ਤਿਲੰ ਮਃ ੧) ਦੇਖੋ, ਆਵਨਿ ਅਠਤਰੈ। ੩. ਸੰ. ਮਦੰ. ਸੰਗਜਾ- ਸਖਤ ਦਬਾਉ। ੪. ਸਖ਼ਤੀ ਨਾਲ ਮਸਲਣ ਦੀ ਕ੍ਰਿਯਾ. ਰਗੜ. "ਪੀਵਤ ਮਰਦ ਨ ਲਾਗ." (ਗਉ ਕਬੀਰ) ਰਾਮਰਸ ਪੀਣ ਤੋਂ ਮੌਤ ਦੀ ਰਗੜ ਨਹੀਂ ਲਗਦੀ। ੫. ਦੇਖੋ, ਮਰਦਨ ੪.

**ਮਰਦਊ:** ਸੰਗਜਾ- ਮਰਦਪਨ. ਦਿਲੇਰੀ. ਬਹਾਦੁਰੀ. ਮਰਦਾਨਗੀ. ਮਰਦਮੀ.

**ਮਰਦਕ:** ਫ਼ਾ. مردک ਸੰਗਜਾ- ਛੋਟਾ ਆਦਮੀ. ਘਟੀਆ ਮਨੁੱਖ। ੨. ਸੰ. ਸਦੰਕ. ਵਿ- ਮਲਣ (ਮਸਲ ਦੇਣ) ਵਾਲਾ.

**ਮਰਦਨ:** ਦੇਖੋ, ਮ੍ਰਿਦ. ਸੰ. ਮਦੰਨ. ਸੰਗਜਾ- ਮਸਲਣਾ. ਮਲਣਾ. ਮੁੱਠੀ ਚਾਪੀ ਕਰਨੀ। ੨. ਪੀਹਣਾ. ਚੂਰਾ ਕਰਨਾ. "ਚਾਰਿ ਬਰਨ ਚਉਹਾਂ ਕੇ ਮਰਦਨ." (ਆਸਾ ਮਃ ੫) ੩. ਸ਼ਰੀਰ ਉੱਪਰ ਮਲਣ ਦਾ ਪਦਾਰਥ. ਵਟਣਾ. "ਤਨਿ ਮਰਦਨ ਮਾਲਣਾ." (ਆਸਾ ਮਃ ੫) ੪. ਸੰਪ੍ਰਦਾਈ ਗਜਾਨੀ ਮਰਦਨ ਦਾ ਅਰਥ ਕਰਦੇ ਹਨ- ਮਰਦਾਂ ਦੇ. "ਪੀਵਤ ਮਰਦਨ ਲਾਗ." (ਗਉ ਕਬੀਰ) ਰਾਮਰਸ ਪੀਂਦੇ ਹਨ ਮਰਦਾਂ (ਸੰਤਾਂ) ਦ੍ਵਾਰਾ. ਪਰ ਇਹ ਅਰਥ ਸਹੀ ਨਹੀਂ, ਕਿਉਂਕਿ ਲਾਗ ਪਾਠ ਹੈ, ਲਾਗਿ ਨਹੀਂ. ਦੇਖੋ, ਮਰਦ ੪.

**ਮਰਦਮੀ:** ਦੇਖੋ, ਮਰਦਊ.

ਮਰਦਲ: ਦੇਖੋ, ਮਾਂਦਲ.

ਮਰਦਾਨ: ਫ਼ਾ. مردان ਮਰਦ ਦਾ ਬਹੁ ਵਚਨ। ੨. ਪੇਸ਼ਾਵਰ ਜਿਲੇ ਦਾ ਇੱਕ ਨਗਰ, ਜਿਸ ਦਾ ਮਿਲਵਾਂ ਨਾਮ ਹੋਤੀਮਰਦਾਨ ਹੈ.

ਮਰਦਾਨਹਵਾਰ: ਫ਼ਾ. مردانہوار ਮਰਦਾਂ ਵਾਂਙ. ਬਹਾਦੁਰੋਂ ਕੀ ਤਰਹਿ.

ਮਰਦਾਨਗੀ: ਫ਼ਾ. مردنگی ਸੰਗਯਾ- ਮਰਦਪਨ. ਪੁਰੁਸ਼ਤ੍ਵ। ੨. ਬਹਾਦੁਰੀ. ਦਿਲੇਰੀ.

ਮਰਦਾਨਾ: ਫ਼ਾ. مردانہ ਵਿ- ਮਰਦਾਨਹ. ਮਰਦਾਂ ਜੇਹਾ. "ਸੋਈ ਮਰਦ ਮਰਦ ਮਰਦਾਨਾ." (ਮਾਰੂ ਸੋਲਹੇ ਮਃ ੫) ੨. ਦੇਖੋ, ਮਰਦਾਨਾ ਭਾਈ.

ਮਰਦਾਨਾ ਭਾਈ: ਲੱਖੋ ਦੇ ਉਦਰ ਤੋਂ ਬਾਦਰੇ ਮਿਰਾਸੀ ਦਾ ਪੁਤ੍ਰ, ਜੋ ਸੰਮਤ ੧੫੧੬ ਵਿੱਚ ਤਲਵੰਡੀ ਜਨਮਿਆ, ਅਤੇ ਸ਼੍ਰੀ ਗੁਰੂ ਨਾਨਕਦੇਵ ਦਾ ਸਿੱਖ ਹੋਕੇ "ਭਾਈ" ਪਦ ਦਾ ਅਧਿਕਾਰੀ ਹੋਇਆ. ਇਹ ਦੇਸ਼ ਦੇਸ਼ਾਂਤਰਾਂ ਵਿੱਚ ਜਗਤਗੁਰੂ ਦੀ ਸੇਵਾ ਵਿੱਚ ਹਾਜਿਰ ਰਹਿਕੇ ਕੀਰਤਨ ਕਰਦਾ ਰਿਹਾ. ਇਸ ਦਾ ਦੇਹਾਂਤ ੧੩. ਮੱਘਰ ਸੰਮਤ ੧੫੯੧ ਨੂੰ ਅਫ਼ਗਾਨਿਸ੍ਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿੱਚ ਹੋਇਆ, ਜਿੱਥੇ ਸ਼੍ਰੀ ਗੁਰੂ ਨਾਨਕਦੇਵ ਜੀ ਨੇ ਇਸ ਦੀ ਦੇਹ ਆਪਣੇ ਹੱਥੀਂ ਸੰਸਕਾਰੀ.[972] ਰਬਾਬ ਵਜਾਉਣ ਕਰਕੇ ਰਬਾਬੀ ਉਪਾਧੀ ਭਾਈ ਮਰਦਾਨੇ ਦੇ ਨਾਮ ਨਾਲ ਆਉਂਦੀ ਹੈ. ਵਾਰ ਬਿਹਾਗੜਾ ਵਿੱਚ ਭਾਈ ਮਰਦਾਨੇ ਦੇ ਨਾਮ ਪੁਰ ਸ਼੍ਰੀ ਗੁਰੂ ਨਾਨਕਦੇਵ ਜੀ ਦੇ ਦੋ ਸ਼ਲੋਕ ਦੇਖੀਦੇ ਹਨ. ਦੇਖੋ, ਪੌੜੀ ੧੨.

ਮਰਦਾਨੀ: ਦੇਖੋ, ਮਰਦਾਨਗੀ। ੨. ਮਰਦ ਦੀ. ਮਰਦਾਵੀਂ.

ਮਰਦਾਨੇ ਹੱਕ. ਮਰਦਾਨੇ ਹੱਕ਼: ਫ਼ਾ. مردانِ حق ਖ਼ੁਦਾ ਦੇ ਬੰਦੇ ਸਾਧੁਜਨ.

ਮਰਦਾਨੇ, ਮਰਦਾਂ: ਫ਼ਾ. مردانِ مرداں ਵਿ- ਚੁਣਿਆ ਹੋਇਆ ਬਹਾਦੁਰ. ਬਹੁਤਿਆਂ ਵਿੱਚੋਂ ਸ਼ੂਰਵੀਰ.

ਮਰਦੀ: ਫ਼ਾ. ਸੰਗਯਾ- ਮਰਦਉ. ਪੁਰੁਸ਼ਤ੍ਵ ਮਰਦਾਨਗੀ। ੨. ਮਰਦੀਂ. ਮਰਦਾਂ ਨੇ. "ਜਾਂ ਘਾਲ ਮਰਦੀ ਘਾਲੀ." (ਵਾਰ ਰਾਮ ੩)

ਮਰਦੀਆ: ਮਾਰ ਦੀਆ। ੨. ਮਰਦਨ ਕਰ ਦੀਆ. "ਮਹਿਖਾਸੁਰ ਮਰਦੀਆ." (ਪਾਰਸਾਵ) ੩. ਮਦੰਨ (ਚਕਨਾਚੂਰ) ਕਰਨ ਵਾਲੀ, ਵਾਲਾ.

ਮਰਦੁਮ: ਫ਼ਾ. مردم ਲੋਕ. ਜਨ.

ਮਰਦੁਮਸ਼ੁਮਾਰੀ: ਫ਼ਾ. مردم شماری ਸੰਗਯਾ- ਜਨ ਸੰਖ੍ਯਾ. ਦੇਸ਼ ਦੇ ਆਦਮੀਆਂ ਦੀ ਗਿਣਤੀ. ਮਨੁਸ਼੍ਯ ਗਣਨਾ. Census ਮਰਦੁਮਸ਼ੁਮਾਰੀ ਦੀ ਰੀਤਿ ਪਹਿਲਾਂ ਰੋਮ ਤੋਂ ਚੱਲੀ ਹੈ. ਇੰਗਲੈਂਡ ਵਿੱਚ ਪਹਿਲੀ ਜਨਸੰਖ੍ਯਾ ਸਨ ੧੮੦੧ ਵਿੱਚ ਹੋਈ. ਹਿੰਦੁਸਤਾਨ ਵਿੱਚ ਇਸ ਦਾ ਪ੍ਰਚਾਰ ਸਨ ੧੮੬੭ ਵਿੱਚ ਹੋਇਆ, ਪਰ ਪੂਰੇ ਨਿਯਮਾਂ ਅਨੁਸਾਰ ਮੁਰਦੁਮਸ਼ੁਮਾਰੀ ਭਾਰਤ ਵਿੱਚ ੧੭. ਫਰਵਰੀ ਸਨ ੧੮੮੧ ਨੂੰ ਹੋਈ. ਹੁਣ ਹਰ ਦਸ ਵਰ੍ਹੇ ਪਿੱਛੋਂ ਮਰਦੁਮਸ਼ੁਮਾਰੀ ਹੁੰਦੀ ਹੈ, ਜਿਸ ਵਿੱਚ ਹਰੇਕ ਨਗਰ, ਗ੍ਰਾਮ ਦੇ ਵਸਨੀਕਾਂ ਦੀ ਗਿਣਤੀ, ਨਾਮ, ਉਮਰ ਧਰਮ, ਜਾਤਿ, ਸਿਖ੍ਯਾ, ਬੋਲੀ ਅਤੇ ਪੇਸ਼ਾ ਆਦਿ ਲਿਖਿਆ ਜਾਂਦਾ ਹੈ.

ਮਰਦੁਮਕ: ਫ਼ਾ. مردُمک ਸੰਗਯਾ- ਅੱਖ ਦੀ ਧੀਰੀ.

ਮਰਦੁਮਾਨੇ ਚਸ਼ਮ: ਫ਼ਾ. مردمانِ چشم ਅੱਖਾਂ ਦੀਆਂ ਧੀਰੀਆਂ.

ਮਰਦੂਦ: ਅ਼. مردُود ਵਿ- ਰੱਦ ਕੀਤਾ ਹੋਇਆ। ੨. ਕੱਢਿਆ ਹੋਇਆ. ਬਾਹਰ ਕੀਤਾ। ੩. ਬੇਇੱਜ਼ਤ. ਅਪਮਾਨਿਤ। ੪. ਦੇਖੋ,

---

[972] ਗ੍ਯਾਨੀ ਠਾਕੁਰਸਿੰਘ ਜੀ ਨੇ ਭਾਈ ਮਰਦਾਨੇ ਦੇ ਜਨਮ ਦਾ ਮਹੀਨਾ ਫੱਗੁਣ ਅਤੇ ਦੇਹਾਂਤ ਦਾ ਸੰਮਤ ੧੫੯੫ ਲਿਖਿਆ ਹੈ. ਕਈਆਂ ਨੇ ਸੰਮਤ ੧੫੯੧ ਦੱਸਿਆ ਹੈ, ਅਰ ਮਰਦਾਨੇ ਦਾ ਪਰਲੋਕਗਮਨ ਕਰਤਾਰਪੁਰ ਹੋਣਾ ਲਿਖਿਆ ਹੈ, ਅਸੀਂ ੧੫੯੧ ਸਹੀ ਮੰਨਿਆ ਹੈ.

ਖ਼੍ਵਾਜਹ ਮਰਦੂਦ.

ਮਰਦੇ ਤਮਾਮ: ਫ਼ਾ. مردتمام ਵਿ- ਪੂਰਣ ਪੁਰੁਸ਼. ਕਾਮਿਲ ਆਦਮੀ. ਜਿਸ ਵਿੱਚ ਕੋਈ ਘਾਟਾ ਨਹੀਂ.

ਮਰਦੋਂ: ਜਿਲਾ, ਤਸੀਲ ਅਤੇ ਥਾਣਾ ਅੰਬਾਲਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮੋਹੜੀ ਤੋਂ ਤਿੰਨ ਮੀਲ ਦੱਖਣ ਪੱਛਮ, ਅਤੇ ਅੰਬਾਲਾ ਛਾਵਨੀ ਤੋਂ ਚਾਰ ਮੀਲ ਹੈ. ਇਸ ਪਿੰਡ ਤੋਂ ਉੱਤਰ ਪੂਰਵ ਇੱਕ ਫਰਲਾਂਗ ਪੁਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਲਖਨੌਰ ਤੋਂ ਇੱਥੇ ਲੋਕਾਂ ਦੇ ਉੱਧਾਰ ਲਈ ਆਏ ਸਨ. ਪਹਿਲਾਂ ਇੱਥੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਨੇ ਭੀ ਚਰਣ ਪਾਏ ਹਨ. ਨੌਵੇਂ ਗੁਰੂ ਜੀ ਦਾ ਦਰਬਾਰ ਬਣਿਆ ਹੋਇਆ ਹੈ. ਦਸਮ ਪਾਤਸ਼ਾਹ ਜੀ ਦਾ ਕੇਵਲ ਮੰਜੀ ਸਾਹਿਬ ਹੀ ਹੈ. ਪਾਸ ਕੱਚੇ ਰਹਾਇਸ਼ੀ ਮਕਾਨ ਹਨ. ਅਕਾਲਸਿੰਘ ਸੇਵਾ ਕਰਦੇ ਹਨ. ਗੁਰਦ੍ਵਾਰੇ ਨਾਲ ੬੦੦ ਵਿੱਘੇ ਦੇ ਕ਼ਰੀਬ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ.

ਮਰਦੰਗ: ਦੇਖੋ, ਮ੍ਰਿਦੰਗ। ੨. ਮਰਦ- ਅੰਗ.

ਮਰਨ: ਦੇਖੋ, ਮਰਣ. "ਮਰਨ ਜੀਵਨ ਕੀ ਸੰਕਾ ਨਾਸੀ." (ਪ੍ਰਭਾ ਕਬੀਰ)

ਮਰਨਹਾਰੁ: ਦੇਖੋ, ਮਰਣਹਾਰੁ.

ਮਰਨਮੁਕਤਿ: ਮੌਤ ਤੋਂ ਛੁਟਕਾਰਾ. ਦੇਖੋ, ਮਰਣਮੁਕਤਿ। ੨. ਮਰਨ ਵੇਲੇ ਮੋਕ੍ਸ਼। ੩. ਪ੍ਰਾਣਤ੍ਯਾਗਾਮਤ੍ਰ ਤੋਂ ਮੁਕਤਿ. "ਬੇਣੀ ਕਹੈ, ਸੁਨਹੁ ਰੇ ਭਗਤਹੁ! ਮਰਨਮੁਕਤਿ ਕਿਨਿ ਪਾਈ?" (ਸ੍ਰੀ)

ਮਰਨਾ: ਦੇਖੋ, ਮਰਣਾ.

ਮਰਨਿ: ਮਰਦੇ ਹਨ. "ਜੋ ਹੋਇ ਮਰਨਿ ਪਰਵਾਣੋ." (ਵਡ ਅਲਾਹਣੀ ਮਃ ੧) ੨. ਮਰਨ ਤੋਂ.

ਮਰਨੀ: ਸੰਗ੍ਯਾ- ਮਰਨ ਦੀ ਕ੍ਰਿਯਾ. ਮੌਤ. "ਐਸੀ ਮਰਨੀ ਜੋ ਮਰੈ, ਤਾ ਸਦਜੀਵਣੁ ਹੋਇ." (ਮਃ ੩. ਵਾਰ ਬਿਹਾ)

ਮਰਬੋ: ਕ੍ਰਿ- ਮਰਨਾ. ਪ੍ਰਾਣਾਂ ਦਾ ਤ੍ਯਾਗ ਕਰਨਾ.

ਮਰਮ, ਮਰਮੁ: ਸੰ. मर्मन्. ਸੰਗ੍ਯਾ- ਜੀਵਨ ਅਸਥਾਨ ਜੀਵਨ ਦੀ ਜਗਾਹਿ। ੨. ਸ਼ਰੀਰ ਦੇ ਜੋੜਾਂ ਦੀ ਥਾਂ। ੩. ਦਿਲ ਦਿਮਾਗ਼ ਆਦਿ ਪ੍ਰਧਾਨ ਅੰਗ.[973] "ਭੇਦ ਚਲੇ ਮਰਮਸਥਲ ਕੋ ਸਰ." (ਰਾਮਾਵ) ੪. ਤਾਤਪਰਯ. ਮਤਲਬ. ਸਾਰ. "ਉਆ ਕਾ ਮਰਮੁ ਓਹੀ ਪਰੁ ਜਾਨੈ." (ਗਉ ਕਬੀਰ) ੫. ਭੇਤ. ਰਾਜ਼.

ਮਰਮਸਥਲ: ਸੰ. ਮਰ੍‍ਮਸ੍‍ਥਲ. ਦੇਖੋ, ਮਰਮ ੩.

ਮਰਮਹਾਰੀ: ਭੇਤੀਆ. ਜਾਸੂਸ.

ਮਰਮਗ੍ਯ: ਸੰ. मर्मज्ञ. ਵਿ- ਮਰਮ (ਭੇਤ) ਜਾਣਨ ਵਾਲਾ. ਰਾਜ਼ਦਾਂ. ਮਰਮੀ.

ਮਰਮਚਰ: ਡਿੰਗ. ਦਿਲ. ਮਨ. ਦੇਖੋ, ਮਰਮ.

ਮਰਮਰ: ਫ਼ਾ. مرمر ਸੰਗ੍ਯਾ- ਚਿੱਟਾ ਅਤੇ ਨਰਮ ਪੱਥਰ ਸੰਗਮਰਮਰ Marble। ੨. ਬੇਦਾਨਾ ਅਨਾਰ। ੩. ਸੰ. मर्मर.[974] ਮੜ ਮੜ ਸ਼ਬਦ. ਸੁੱਕੇ ਪੱਤੇ ਆਦਿ ਦਾ ਖੜਕਾ। ੪. ਹਲਦੀ.

ਮਰਮਾ, ਮਰਮਾਮ, ਮਰਮਿਕ, ਮਰਮੀ: ਦੇਖੋ, ਮਰਮ ੪. ਅਤੇ ੫. "ਨਹੀ ਜਾਉ ਹਰਿਮਰਮਾਮ." (ਬੈਰਾ ਮਃ ੪) ਦੇਖੋ,

---

[973] सन्निपातः शिरास्नायु सन्धि मांसस्थि सम्भवः
मर्म्माणि तेषु तिष्ठन्ति प्राणाः खलु विशेषतः (ਭਾਵ ਪ੍ਰਕਾਸ਼)

[974] ਦੇਖੋ. ਅੰ. murmur.

ਮਰਮਗਜ. "ਮਰਮੀ ਹੋਇ ਸੁ ਮਨ ਕਉ ਜਾਨੈ. (ਗਉ ਬਾਵਨ ਕਬੀਰ)

ਮਰਮੁ: ਦੇਖੋ, ਮਰਮ.

ਮਰਯਾ, ਮਰਯਾਦ, ਮਰਯਾਦਾ: ਸੰ. मर्य्या ਅਤੇ मर्यादा. ਸੰਗਯਾ- ਰੀਤਿ. ਰਿਵਾਜ। ੨. ਸੀਮਾ. ਹੱਦ। ੩. ਨਦੀ ਦਾ ਕਿਨਾਰਾ। ੪. ਨਿਯਮਾਂ ਦੀ ਪਾਬੰਦੀ. ਦੇਖੋ, ਮਰਜਾਦ.

ਮਰਰਾਨਾ: ਕ੍ਰਿ- ਅੰਗੜਾਈ ਲੈਕੇ ਅੰਗਾਂ ਦਾ ਮੜਕਾਉਣਾ. "ਉਠੀ ਮਰਰਾਇਕੈ." (ਚਰਿਤ੍ਰ ੧੫੩)

ਮਰਲਾ: ਸੰਗਯਾ- ਇੱਕ ਮੁਰੱਬਾ ਕਰਮ ਬਿਸਵਾਸੀ ਹੈ, ੯. ਬਿਸਾਵਸੀ ਦਾ ਇੱਕ ਮਰਲਾ ਹੁੰਦਾ ਹੈ. ਦੇਖੋ, ਮਿਣਤੀ.

ਮਰਵਾਹਾ: ਇੱਕ ਖਤ੍ਰੀ ਜਾਤਿ. "ਬਾਲਾ ਮਰਵਾਹਾ ਬਿਗਸੰਦਾ." (ਭਾਗੁ)

ਮਰਵਾਹੀ, ਮਰਵਾਹੀ ਮਾਤਾ: ਦੇਖੋ, ਮਹਾਦੇਵੀ ੨

ਮਰਵਾਰ: ਦੇਖੋ, ਮਾਰਵਾੜ

ਮਰਵਾਰੀਦ: ਫ਼ਾ. مروارید ਸੰਗਯਾ- ਮੋਤੀ. ਮੁਕ੍ਤਾ.

ਮਰੜਾਇਕੈ: ਦੇਖੋ, ਜਰਵਾਣਾ ੪. ਅਤੇ ਮਿਰੜਾਇਕੈ.

ਮਰਾ: ਸੰਗਯਾ- ਮ੍ਰਿਤ੍ਯੁ. ਮੌਤ. ਦੇਖੋ, ਮਰ. "ਜਰਾ ਮਰਾ ਤਾਪੁ." (ਗਉ ਮਃ ੪) ੨. ਮਰਾਠੀ (ਮਹਾਰਾਸ਼੍ਟ੍ਰੀ) ਦਾ ਸੰਖੇਪ। ੩. ਫ਼ਾ. ਸਰਵ- ਮੈਨੂੰ. ਮੁਝੇ. ਮੇਰੇ ਤਾਈਂ.

ਮਰਾਸੀ: ਦੇਖੋ, ਮੀਰਾਸੀ.

ਮਰਾਕਬ: ਅ਼. مراقب ਮੁਰਾਕ਼ਿਬ. ਵਿ- ਰਕ਼ਬ (ਉਡੀਕਣ) ਵਾਲਾ. ਇੰਤਿਜਾਰ ਕਰਨ ਵਾਲਾ। ੨. ਅ਼. مراکب ਮਰਾਕਬ. ਮਰਕਬ ਦਾ ਬਹੁਵਚਨ ਸਵਾਰੀਆਂ. ਵਾਹਨ.

ਮਰਾਕਬਤ, ਮਰਾਕਬਾ: ਅ਼. مراقبت ਮਰਾਕ਼ਬਤ. ਸੰਗਯਾ- ਰਕ਼ਬ (ਸਮਾਧਿਪਰਾਇਣ) ਹੋਣ ਦੀ ਦਸ਼ਾ. "ਤਾਂ ਪੀਰ ਮਰਾਕਬੇ ਵਿੱਚ ਡਿੱਠਾ ਕਿ ਇਹ ਫਕੀਰ ਬਡਾ ਮਸਤਾਨਾ ਹੈ." (ਜਸਭਾਮ)

ਮਰਾਜ: ਦੇਖੋ, ਮੈਰਾਜ.

ਮਰਾਤਿਬ: ਮਰਤਬਾ ਦਾ ਬਹੁਚਨ. ਪਦੀਵਆਂ. ਰੁਤਬੇ.

ਮਰਾਰਿ: ਵਿ- ਮਾਰਨ ਵਾਲਾ। ੨. ਸੰਗਯਾ- ਵੈਰੀ. ਦੁਸ਼ਮਨ. "ਕਰ ਮੈ ਕਰਵਾਰ ਸੰਭਾਰ ਹਕਾਰ, ਮਰਾਰਿ ਪੈ ਧਾਇਪਰੇ ਅਰਕੈ." (ਕ੍ਰਿਸਨਾਵ) ਲਿਖਾਰੀ ਨੇ ਇਹ ਸ਼ਬਦ ਭੁੱਲ ਨਾਲ ਮੁਰਾਰਿ ਲਿਖ ਦਿੱਤਾ ਹੈ। ੩. ਸੰ. ਖ਼ਲਿਹਾਨ. ਪਿੜ.

ਮਰਾਲ: ਸੰ. ਸੰਗਯਾ- ਰਾਜਹੰਸ. "ਸੰਤ ਮਰਾਲ ਕਰਹਿ ਕੰਤੂਹਲ." (ਸਵੈਯੇ ਮਃ ੪. ਕੇ) ੨. ਘੋੜਾ. ਤੁਰੰਗ. "ਨੱਚੇ ਮਰਾਲੰ. (ਵਿਚਿਤ੍ਰ) ੩. ਬੱਦਲ. ਮੇਘ। ੪. ਹਾਥੀ। ੫. ਅਨਾਰ ਦਾ ਜੰਗਲ। ੬. ਕੱਜਲ। ੭. ਖਲ. ਦੁਸ਼੍ਟ। ੮. ਵਿ- ਚਿਕੁਣਾ (ਚਿਕਨਾ)

ਮਰਾਲਜਾਨ: ਸੰਗਯਾ- ਮਰਾਲ (ਹੰਸ) ਹੈ ਜਿਸ ਦਾ ਯਾਨ (ਸਵਾਰੀ) ਬ੍ਰਹਮਾ. "ਨਮੋ ਨਮੋ ਤਵ ਜਾਨ ਮਰਾਲਾ." (ਨਾਪ੍ਰ) ੨. ਸਰਸ੍ਵਤੀ. ਵਾਣੀ ਦੀ ਦੇਵੀ.

ਮਰਾਲਨ: ਸੰਗਯਾ- ਮਰਾਲ (ਹੰਸ) ਦੀ ਮਦੀਨ. ਹੰਸਣੀ. ਹੰਸੀ. "ਸ੍ਰੀ ਗੁਰੁ ਗੁਨ ਮਾਨਸ ਸਰਸ, ਜੀਹ ਮਰਾਲਨ ਜਾਂਹਿ." (ਨਾਪ੍ਰ)

ਮਰਾਲਯਾਨ: ਦੇਖੋ, ਮਰਾਲਜਾਨ.

ਮਰਾਲਵਾਹਿਨੀ: ਸੰਗਯਾ- ਹੰਸ ਦੀ ਸਵਾਰੀ ਕਰਨ ਵਾਲੀ, ਸਰਸ੍ਵਤੀ ਦੇਵੀ. "ਮਰਾਲਵਾਹਿਨੀ ਕ੍ਰਿਪਾਲੁ ਹਾਥ ਜੋਰਿ ਬੰਦਨਾ." (ਨਾਪ੍ਰ)

ਮਰਿ: ਮਰਕੇ. "ਮਰਿ ਜੰਮਹਿ ਫਿਰਿ ਵਾਰੋਵਾਰਾ." (ਗਉ ਅ: ਮ: ੩)

ਮਰਿਓਦਿ: ਮ੍ਰਿਤ੍ਯੁ ਦਾ ਉਦਯ ਹੋਣਾ. ਮਰਣਾ. ਪ੍ਰਾਣਾਂਤ "ਵਿਣੁ ਡਿਠੇ ਮਰਿਓਦਿ." (ਵਾਰ ਮਾਰੂ ੨. ਮ: ੫)

ਮਰਿਚ: ਦੇਖੋ, ਮਰਚ.

ਮਰਿਜਾਮ: ਮਰਕੇ ਜੰਮਦਾ ਹੈ. "ਅਨਿਕ ਜੋਨਿ ਜਨਮੈ ਮਰਿਜਾਮ." (ਸੁਖਮਨੀ)

ਮਰਿਜੀਵੜਾ, ਮਰਿਜੀਵਾ: ਦੇਖੋ, ਮਰਜੀਵੜਾ. "ਭਗਤਿ ਕਰਹਿ ਮਰਿਜੀਵੜੇ." (ਮ: ੩. ਵਾਰ ਵਡ) "ਰਾਮ ਕਸਉਟੀ ਸੋ ਸਹੈ, ਜੋ ਮਰਿਜੀਵਾ ਹੋਇ." (ਸ. ਕਬੀਰ)

ਮਰਿਬੋ: ਕ੍ਰਿ- ਮਰਣਾ. "ਮੈ ਨ ਮਰਉ, ਮਰਿਬੋ ਸੰਸਾਰਾ." (ਗਉ ਕਬੀਰ)"

ਮਰੀ: ਸੰਗਯਾ- ਮਾਰੀ. ਵਧਾ. ਦੇਖੋ, ਮਰਕ ਅਤੇ ਅੰ. murrain "ਇਸ ਪ੍ਰਕਾਰ ਪੁਰ ਮਰੀ ਹਟਾਈ." (ਗੁਪ੍ਰਸੂ) ੨. ਰਾਵਲਪਿੰਡੀ ਜਿਲੇ ਦਾ ਇੱਕ ਪਹਾੜੀ ਸਟੇਸ਼ਨ, ਜੋ ਰਾਵਲਪਿੰਡੀ ਤੋਂ ੩੯ ਮੀਲ ਹੈ. ਇਸ ਦੀ ਸਮੁੰਦਰ ਤੋਂ ਉਚਿਆਈ ੭੫੧੭ ਫੁਟ ਹੈ.

ਮਰੀਆ: ਸੰਗਯਾ- ਮ੍ਰਿਤ੍ਯੁ. ਮੌਤ. "ਨਹ ਮਰੀਆ ਨਹ ਜਰੀਆ." (ਸੂਹੀ ਪੜਤਾਲ ਮ: ੫) ੨. ਦੇਖੋ, ਮਾਰੀਯ.

ਮਰੀਐ ਰੋਇ: ਦੇਖੋ, ਰੋ ਮਰਣਾ।

ਮਰੀਚ: ਦੇਖੋ, ਮਾਰੀਚ. "ਸੁਬਾਹੰ ਮਰੀਚੰ. ਚਲੇ ਪਾਂਛ ਮੀਚੰ।।" (ਰਾਮਾਵ) ੨. ਦੇਖੋ, ਮਰੀਚਿ.

ਮਰੀਚਿ: ਸੰ. ਸੰਗਯਾ- ਸੱਤ ਲਿਖੀਆਂ ਵਿੱਚੋਂ ਬ੍ਰਹਮਾ ਦਾ ਵਡਾ ਮਾਨਿਸਕ ਪੁਤ੍ਰ। ੨. ਕਿਰਣ. ਰਸ਼ਮਿ। ੩. ਵਿ- ਕੰਜੂਸ. ਸੂਮ. ਕ੍ਰਿਪਣ.

ਮਰੀਚਿਕਾ: ਸੰਗਯਾ- ਮ੍ਰਿਗਤ੍ਰਿਸਨਾ ਦਾ ਜਲ. ਦੇਖੋ, ਹਰਿਸਚੰਦ੍ਰ ਅਤੇ ਮ੍ਰਿਗਤ੍ਰਿਸਨਾ। ੨. ਕਿਰਣ. ਰਸ਼ਮਿ. "ਛਾਈ ਹੈ ਛਪਾਕਰ ਮਰੀਚਿਕਾ ਦਰੀਚਿਨ ਮੇ." (ਜਸਵੰਤ)

ਮਰੀਚਿਮਾਲੀ: ਸੰਗਯਾ- ਕਿਰਣਾਂ ਦੀ ਮਾਲਾ ਵਾਲਾ, ਸੂਰਜ.

ਮਰੀਜ: ਅ਼. مرض ਮਰੀਜ਼. ਮਰਜ (ਰੋਗ) ਵਾਲਾ. ਰੋਗੀ. ਬੀਮਾਰ. ਦੇਖੋ, ਮਰਜ.

ਮਰੀਯਮ: ਅ਼. مریم Mary. ਅਮਰਾਨ ਦੀ ਪੁਤ੍ਰੀ. ਜੋ ਹ਼ਜਰਤ ਈਸਾ ਦੀ ਮਾਤਾ ਸੀ. ਦੇਖੋ, ਈਸਾ.

ਮਰੁ: ਮੌਤ. ਦੇਖੋ, ਮਰ. "ਜੀਵਦਿਆ ਮਰੁ ਮਾਰਿ, ਨ ਪਛੋਤਾਈਐ." (ਮ: ੧. ਵਾਰ ਮਾਝ) ੨. ਸੰ. ਮਰੁ. ਮਾਰੂ. ਜਲ ਰਹਿਤ ਭੂਮਿ. ਮਾਰਵਾੜ। ੩. ਵਿਮਾਰਕ (ਮਾਰਨ ਵਾਲਾ) ਅਰਥ ਵਿੱਚ ਭੀ ਮਰੁ ਸ਼ਬਦ ਆਇਆ ਹੈ. "ਚਾਰੇ ਅਗਨਿ ਨਿਵਾਰਿ ਮਰੁ, ਗੁਰਮੁਖਿ ਹਰਿਜਲੁ ਪਾਇ." (ਸ੍ਰੀ ਮ: ੧)

ਮਰੁਸ੍‍ਥਲ, ਮਰੁਸ੍‍ਥਲੀ: ਸੰਗਯਾ- ਮਰੁਭੂਮਿ. ਰੇਤਲਾਦੇਸ਼. ਜਲ ਰਹਿਤ ਦੇਸ਼.

ਮਰੁਤ: ਸੰ. ਸੰਗਯਾ- ਪਵਨ. ਵਾਯੁ. ਨਿਰੁਕ੍ਤ ਵਿੱਚ ਲਿਖਿਆ ਹੈ "ਮਰਿਮਿਤ" ਸ਼ਬਦ ਹੋਣ ਕਰਕੇ ਵਾਯੁ ਦੀ ਮਰੁਤ ਸੰਗਯਾ ਹੈ. ਵੇਦਾਂ ਵਿੱਚ ਮਰੁਤ ਝੱਖੜ ਦਾ ਦੇਵਤਾ ਹੈ। ੨. ਸੰ. ਮਾਰੁਤ. ਭਾਗਵਤ ਵਿੱਚ ਕਥਾ ਹੈ ਕਿ ਦਿਤਿ ਨੇ ਆਪਣੇ ਪਤਿ ਕਸ਼ਯਪ ਦੇ ਕਹਿਣ ਪੁਰ ਅਜੇਹਾ ਕਠਿਨ ਵ੍ਰਤ ਧਾਰਿਆ, ਜਿਸ ਤੋਂ ਇੰਦ੍ਰ ਨੂੰ ਜਿੱਤਣ ਵਾਲਾ ਪੁਤ੍ਰ ਹੋਵੇ. ਇੰਦ੍ਰ ਇਹ ਮਾਲੂਮ ਕਰਕੇ ਸੇਵਕ

ਦਾ ਰੂਪ ਧਾਰਕੇ ਦਿਤਿ ਦੀ ਸੇਵਾ ਵਿੱਚ ਹਾਜਿਰ ਹੋ ਗਿਆ. ਇੱਕ ਦਿਨ ਦਿਤਿ, ਜੂਠੇ ਮੂੰਹ ਸਿਰ ਦੇ ਕੇਸ਼ ਖੁੱਲੇ ਛੱਡਕੇ ਸੌਂ ਗਈ. ਇੰਦ੍ਰ ਨੇ ਦਿਤਿ ਦਾ ਇਹ ਕਰਮ ਵ੍ਰਤਭੰਗ ਦਾ ਕਾਰਣ ਜਾਣਿਆ, ਅਰ ਸੂਖਮਰੂਪ ਧਾਰਕੇ ਗਰਭ ਵਿੱਚ ਜਾ ਵੜਿਆ ਅਤੇ ਗਰਭ ਦੇ ੪੯ ਟੁਕੜੇ ਕਰ ਦਿੱਤੇ, ਪਰ ਉਹ ਟੋਟੇ ਤਪਪ੍ਰਭਾਵ ਕਰਕੇ ਮੋਏ ਨਹੀਂ, ਸਗੋ, ਰੋਕੇ ਇੰਦ੍ਰ ਨੂੰ ਕਹਿਣ ਲੱਗੇ ਕਿ, ਬੱਸ! ਸਾਨੂੰ ਹੋਰ ਨਾ ਮਾਰ. ਇਸ ਪੁਰ ਇੰਦ੍ਰ ਨੂੰ ਦਯਾ ਆਈ ਅਰ ਆਖਿਆ "ਮਾਰੁਤ" (ਮਤ- ਰੋਓ). ਇਸੇ ਸ਼ਬਦ ਪੁਰ ਨਾਮ ਮਾਰੁਤ ਹੋਇਆ.

ਇੰਦ੍ਰ ਉਨ੍ਹਾਂ ਨੂੰ ਲੈਕੇ ਗਰਭ ਤੋਂ ਬਾਹਰ ਆਇਆ ਅਤੇ ਉਹ ੪੯ ਮਰੁਤ (ਪਵਨ) ਦੇਵਤਾ ਪ੍ਰਸਿੱਧ ਹੋਏ, ਜਿਨ੍ਹਾਂ ਦੇ ਨਾਮ ਇਹ ਹਨ:-

ਏਕਜਯੋਤਿ, ਦ੍ਵਿਜਯੋਤਿ, ਤ੍ਰਿਜਯੋਤਿ, ਜਯੋਤਿ, ਏਕ ਸ਼ਕ੍ਰ, ਦ੍ਵਿਸ਼ਕ੍ਰ, ਤ੍ਰਿਸ਼ਕ੍ਰ, ਇੰਦ੍ਰ, ਗਤਦ੍ਰਿਸ਼ਯ. ਤਤਃ, ਪਤਿਸਕ੍ਰਿਤ, ਪਰ, ਮਿਤ, ਸੰਮਿਤ, ਸੁਮਤਿ, ਰਿਤਜਿਤ, ਸਤਜਜਿਤ, ਸੁਸ਼ੇਣ, ਸੇਨਜਿਤ, ਅੰਤਿਮਿਤ੍ਰ, ਅਨਮਿਤ੍ਰ, ਪੁਰੁਮਿਤ੍ਰ, ਅਪਰਾਜਿਤ, ਰਿਤੁ, ਰਿਤਵਾਹ, ਧਤਾਂ, ਧਰੁਣ, ਧ੍ਰੁਵ, ਵਿਧਾਰਣ, ਦੇਵਦੇਵ, ਈਦ੍ਰਿਕ, ਅਦ੍ਰਿਕ੍ਸ਼, ਵ੍ਰਤਿਨ. ਅਸਦ੍ਰਿਕ੍ਸ਼, ਸਮਰ, ਧਾਤਾ, ਦੁਗੰ, ਧ੍ਰਿਤਿ, ਭੀਮ, ਅਭਿਯੁਕ੍ਰ, ਅਥਾਂਤ, ਸਹ, ਦਯੁਤਿ, ਦਯਪੁ, ਅਨਾਯਜ, ਅਥਵਾਸ, ਕਾਮ, ਜਯ ਅਤੇ ਵਿਰਾਟ.

ਮਰੁਤਸੁਤ, ਮਰੁਤਤਨਯ, ਮਰੁਤਪੁਤ੍ਰ: ਮਰੁਤ (ਪਵਨ) ਦਾ ਪੁਤ੍ਰ ਹਨੂਮਾਨ। ੨. ਭੀਮਸੇਨ. ਦੇਖੋ, ਮਾਰੁਤੀ.

ਮਰੁਦੁਰਗ: ਮਾਰੂ ਦੇਸ਼ ਵਿੱਚ ਕਿਲਾ, ਦੇਖੋ, ਮਰੁ ੨.

ਮਰੁਪ੍ਰਿਯ: ਸੰਗਯਾ- ਰੇਤਲਾ ਦੇਸ਼ (ਮਾਰੂ) ਜਿਸ ਨੂੰ ਪਿਆਰਾ ਹੈ, ਸ਼ੁਤਰ. ਉਠ। ੨. ਭਟਿੱਟਰ.

ਮਰੂ: ਦੇਖੋ, ਮਰੁ ੨. "ਮਰੂ ਦੁਰਗ ਮੇ ਹੋਇ ਪ੍ਰਵੇਸਾ." (ਗੁਪ੍ਰਸੂ) ਨੀਤਿ ਵਿੱਚ ਰਾਜੇ ਨੂੰ ਮਰੁਦਗੰ ਬਣਾਉਣਾ ਭੀ ਲਿਖਿਆ ਹੈ, ਜਿੱਥੇ ਪਾਣੀ ਨਾ ਮਿਲਣ ਦੇ ਡਰ ਤੋਂ ਵੈਰੀ ਹੱਲਾ ਨ ਕਰ ਸਕੇ. ਮਰੁਦੁਰਗ ਵਾਲੇ ਪਾਣੀ ਦਾ ਜਖੀਰਾ ਇਤਨਾ ਜਮਾ ਰਖਦੇ ਕਿ ਕਈ ਮਹੀਨੇ ਜੰਗ ਹੋਣ ਪੁਰ ਭੀ ਨਾ ਮੁੱਕੇ.

ਮਰੂੰ: ਮਰਕੇ. ਮਸੀਂ. ਔਖ (ਕਠਿਨਾਈ) ਨਾਲ. "ਗਹਯੋ ਮਰੂੰ ਕਸ ਜਤਨ ਬਨਾਏ." (ਗੁਪ੍ਰਸੂ)

ਮਰੂਆ: ਸੰ. ਮਰੁਵ ਅਤੇ ਮਰੁਵਕ. ਸੰਗਯਾ- ਮਰਵਾ. ਗੰਧਪਤ੍ਰ. ਤੁਲਸੀ ਦੀ ਜਾਤਿ ਦਾ ਇੱਕ ਪੌਧਾ, ਜੋ ਅਨੇਕ ਦਵਾਈਆਂ ਅਤੇ ਚਟਨੀ ਵਿੱਚ ਵਰਤੀਦਾ ਹੈ ਇਸ ਦੀ ਤਾਸੀਰ ਗਰਮ ਤਰ ਹੈ. ਸੂਲ ਗਠੀਆ ਆਦਿ ਰੋਗਾਂ ਨੂੰ ਦੂਰ ਕਰਦਾ ਅਤੇ ਭੁੱਖ ਵਧਾਉਂਦਾ ਹੈ. L. Origanum marjorana.

ਮਰੂਸ, ਮਰੂਸੀ: ਦੇਖੋ, ਮੌਰੂਸ ਅਤੇ ਮੌਰੂਸੀ.

ਮਰੂਰਾ: ਸੰਗਯਾ- ਮਰੋੜਾ. ਪੇਂਚ. "ਚਿਤ ਮੇ ਚਪ ਰੋਸ ਕੇ ਮਾਰ ਮਰੂਰੇ." (ਕ੍ਰਿਸਨਾਵ) ੨. ਫ਼ਾ. مرورا ਮਰਊ ਰਾ ਦਾ ਸੰਖੇਪ. ਖ਼ਾਸ ਕਰਕੇ ਉਸ ਨੂੰ.

ਮਰੇ: Captain Murray. ਇਹ ਈਸਟ ਇੰਡੀਆ ਕੰਪਨੀ ਦਾ ਨੌਕਰ. ਲੁਦਿਆਨੇ ਫੌਜੀ ਡਾਕਟਰ ਸੀ ਅਤੇ ਸਰ ਡੇਵਿਡ ਆਕਟਰਲੋਨੀ ਪੋਲਿਟੀਕਲ ਰੈਜੀਡੈਂਟ ਦਿੱਲੀ ਦੇ ਮਾਤਹਤ ਅੰਬਾਲੇ ਅਤੇ ਲੁਦਿਆਨੇ ਪੋਲਿਟੀਕਲ ਕੰਮ ਭੀ ਕਰਦਾ ਸੀ. ਇਸ ਨੇ "ਰਣਜੀਤ ਸਿੰਘ" ਨਾਮੇ ਕਿਤਾਬ ਲਿਖੀ ਹੈ. ਮਰੇ ਨੇ ਲੁਦਿਆਨੇ ਮੌਲਵੀ ਬੂਟੇਸ਼ਾਹ ਅਤੇ ਸਰਦਾਰ ਰਤਨ ਸਿੰਘ ਭੜੀ ਵਾਲੇ ਤੋਂ ਸਿੱਖ ਪੰਥ ਦਾ ਹਾਲ ਲਿਖਵਾਇਆ ਸੀ. ਦੇਖੋ, ਪੰਥ ਪ੍ਰਕਾਸ਼ ਅਤੇ ਮਾਲੀ ੬.

ਸਨ ੧੮੨੬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬੀਮਾਰ ਹੋਣ ਪੁਰ ਇਹ ਅੰਗ੍ਰੇਜ਼ੀ ਸਰਕਾਰ ਦੀ ਮਾਰਫਤ ਲਹੌਰ ਸੱਦਿਆ ਗਿਆ ਸੀ, ਜਿੱਥੇ ਇਹ ਦਿਸੰਬਰ ੧੮੨੬ ਤੋਂ ਮਾਰਚ ਸਨ ੧੮੨੭ ਤਕ ਰਿਹਾ. ਮਹਾਰਾਜਾ ਨਾਲ ਜੋ ਇਸ ਦੀ ਗੱਲਬਾਤ ਹੁੰਦੀ ਰਹੀ, ਜਾਂ ਜੋ ਹਾਲ ਇਸ ਨੂੰ ਆਪਣੇ ਢੰਗ ਤੇ ਮਲੂਮ ਹੋਏ, ਉਹ ਪੋਲਿਟੀਕਲ ਅਫਸਰਾਂ ਨੂੰ ਲਿਖਦਾ ਰਿਹਾ. ਇਸ ਦੀਆਂ ਕਈ ਚਿੱਠੀਆਂ "The Panjab as a Sovereign State" ਵਿੱਚ ਛਪੀਆਂ ਹਨ, ਜੋ ਪੜ੍ਹਨ ਲਾਇਕ ਹਨ. "ਮਰੇ

ਸਾਹਿਬ ਤਿੰਹ ਕਹਯੋ ਬਖਾਨ." (ਪੰਪ੍ਰ)

ਮਰੈਯਾ: ਵਿ- ਮਾਰਨ ਕਰੈਯਾ. ਮਾਰਣ ਵਾਲਾ.

ਮਰੋਰ: ਸੰਗਯਾ- ਮਰੋੜ. ਵੱਟ. ਵਲ। ੨. ਐਂਠ. ਆਕੜ.

ਮਰੋਰਨਾ: ਕ੍ਰਿ- ਮਰੋੜਨਾ, ਮਰੋੜਾ ਦੇਣਾ. "ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ." (ਸੂਹੀ ਫਰੀਦ)

ਮਰੋੜ, ਮਰੋੜਨਾ: ਦੇਖੋ, ਮਰੋਰ, ਮਰੋਰਨਾ ਅਤੇ ਮਰੋੜਾ.

ਮਰੋੜਾ: ਦੇਖੋ, ਮਰੋਰ ਅਤੇ ਮਰੋਰਨਾ। ੨. ਢਿੱਡਪੀੜ। ੩. ਸੰ. मुरातिसार- ਮੁਰਰਾਤਿਸਾਰ. ਦੇਖੋ, ਪੈਚਿਸ਼.

ਮਰੰਤੀ: ਵਿ- ਮਾਰਣ ਵਾਲੀ. ਘਾਤ ਕਰਨ ਵਾਲੀ. "ਲਾਜ ਮਰੰਤੀ ਮਰਿਗਈ." (ਓਅੰਕਾਰ) ੨. ਮਰਦੀ ਹੋਈ.

ਮਰੰਦ: ਮਰਦਾ. ਮੌਤ ਨੂੰ ਪ੍ਰਾਪਤ ਹੁੰਦਾ. "ਫਿਰਿ ਨ ਮਰੰਦ." (ਕਾਨ ਮਃ ੫)

ਮਰੰਮ: ਦੇਖੋ, ਮਰਮ ੨. ਅਤੇ ੩. "ਲਾਗੀ ਚੋਟ ਮਰੰਮ ਕੀ."[975] (ਸ. ਕਬੀਰ)

ਮਰੰਮਤ: ਅ਼. مرمت ਸੰਗਯਾ- ਰੰਮ (ਟੁੱਟੇ ਨੂੰ ਜੋੜਨ) ਦਾ ਭਾਵ.

ਮਰ੍ਹਾਜ: ਦੇਖੋ, ਮੇਹਰਾਜ.

ਮਰ੍ਹੀ: ਸੰਗਯਾ- ਮੜ੍ਹੀ. ਠੌਰ ਭਯਾਨਕ ਗੋਰ ਮਰ੍ਹੀਨ ਗਯੋ." (ਨਾਪ੍ਰ)

ਮਲ: ਸੰ. ਸੰਗਯਾ- ਮੈਲ. ਉਹ ਵਸ੍ਤੁ, ਜਿਸ ਨੂੰ ਧੋਕੇ ਸਾਫ ਕਰੀਏ. "ਬਹੁਰ ਨ ਕਬਿ ਲਾਗੋਹਿ ਮਲ ਲੇਸਾ." (ਨਾਪ੍ਰ) "ਮਲਪਾਪ ਕਲਮਲ ਦਹਨ." (ਬਿਲਾ ਅਃ ਮਃ ੫) ੨. ਵਿਸ਼੍ਟਾ. ਗੰਦਗੀ. "ਮਲ ਮੂਤ ਮੂੜ ਜਿ ਮੁਘਦ ਹੋਤੇ." (ਆਸਾ ਮਃ ੫) ੩. ਪਾਪ. ਗੁਨਾਹ. ੪. ਕ੍ਰਿਪਣ. ਸੂਮ। ੫. ਸੰ. ਮੱਲ. ਭੁਜਾ ਨਾਲ ਲੜਨ ਵਾਲਾ. ਪਹਿਲਵਾਨ. "ਮਲ ਲਥੇ ਲੈਦੇ ਫੇਰੀਆ." (ਸ੍ਰੀ ਮਃ ੫. ਪੈਪਾਇ) ੬. ਬਲਵਾਨ ਮਨੁੱਖ. ਭਾਵ ਯਮਦੂਤ. "ਦੇਨਿ ਸੁ ਮਲ ਸਜਾਇ." (ਮਃ ੧. ਵਾਰ ਮਾਝ) ੭. ਦੇਖੋ, ਮੱਲਣਾ. "ਜਿਨੀ ਪਛਾਤਾ ਖਸਮੁ, ਸੇ ਦਰਗਾਹ ਮਲ." (ਮਃ ੫. ਵਾਰ ਰਾਮ ੨)

ਮਲਊਨ: ਅ਼. ملعوُن ਮਲਊਨ. ਵਿ- ਲਅ਼ਨਤ ਕੀਤਾ. ਧਿੱਕਾਰਿਆ ਹੋਇਆ। ੨. ਸੰਗਯਾ- ਸ਼ੈਤਾਨ. . "ਸੋ ਮੁਲਾ, ਮਲਊਨ ਨਿਵਾਰੈ" (ਮਾਰੂ ਸੋਲਹੇ ਮਃ ੫)

ਮਲਆਨਲ, ਮਲਆਨਲੋ: ਸੰ. ਮਲਆਨਿਤ, ਸੰਗਯਾ ਮਲਯ ਨੂੰ ਛੁਹਕੇ ਆਈ ਪੌਣ। ੨. ਮਲਯਅਨਲ. ਮਲਯ ਅਗਨਿ. ਮਲਯਾਨਲ. "ਧੂਪੁਮਨਲਆਨਲੋ ਪਵਣੁ ਚਵਰੋ ਕਰੇ." (ਸੋਹਿਲਾ) ਦੇਖੋ, ਮਲਯ.

ਮਲਇ: ਦੇਖੋ, ਮਲਯ.

ਮਲਕ, ਮਲਕੁ: ਅ਼. ملک ਮਲਿਕ. ਸੰਗਯਾ- ਰਾਜਾ. ਬਾਦਸ਼ਾਹ. "ਮੀਰ ਮਲਕ ਉਮਰੇ ਫਾਨਾਇਆ." (ਮਾਰੂ ਸੋਲਹੇ ਮਃ ੫) ੨. ਲਾੜਾ. ਦੁਲਹਾ। ੩. ਮਲਕ. ਧਨਸੰਪਦਾ. ਵਿਭੂਤਿ। ੪. ਫ਼ਰਿਸ਼੍ਤਾ. ਦੇਵਦੂਤ। ੫. ਮਲਕੁਲਮੌਤ ਮ੍ਰਿਤਯੂ ਦਾ ਫ਼ਰਿਸ਼੍ਤਾ. ਅਜ਼ਰਾਈਲ. "ਮਲਕੁ ਜਿ ਕੰਨੀ ਸੁਣੀਂਦਾ, ਮੁਹੁ ਦੇਖਾਲੇ ਆਇ." (ਸਃ ਫਰੀਦ) "ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ." (ਸਃ ਫਰੀਦ) ੬. ਖਤ੍ਰੀ, ਰਾਜਪੂਤ, ਜੱਟ, ਕਲਾਲ ਆਦਿ ਜਾਤੀਆਂ ਵਿੱਚ ਕਈ ਖ਼ਾਨਦਾਨਾਂ ਦੀ "ਮਲਕ" ਉਪਾਧਿ, ਗੋਤ ਦੀ ਸ਼ਕਲ ਹੋ ਗਈ ਹੈ. "ਮਲਕ ਪੈੜਾ ਹੈ ਕੋਹਲੀ." (ਭਾਗੁ)

ਮਲਕਲਮਉਤ: ਅ਼. ملک الموُت ਮਲਕੁਲਮੌਤ. ਸੰਗਯਾ- ਮ੍ਰਿਤ੍ਯੁ ਦਾ ਫ਼ਰਿਸ਼੍ਤਾ. ਯਮਦੂਤ. ਅਜ਼ਰਾਈਲ. "ਮਲਕਲਮਉਤ ਜਾਂ

---

[975] ਇਹ ਪਾਠ ਮਰੰਮ ਅਤੇ ਮਿਰੰਮ ਲਿਖਤਾਂ ਦੇ ਭੇਦ ਕਰਕੇ ਹੋਇਆ ਕਰਦਾ ਹੈ.

ਆਵਸੀ ਸਭ ਦਰਵਾਜੇ ਭੰਨਿ." (ਸ. ਫਰੀਦ) ਦੇਖੋ, ਫ਼ਰਿਸ਼ਤਾ.

ਮਲਕਮੁਰੀਦ: ਦੇਖੋ, ਧੁਨੀ (ੳ)

ਮਲਕੁ: ਦੇਖੋ, ਮਲਕ.

ਮਲਕੁਲਮੌਤ: ਦੇਖੋ, ਮਲਕਲਮਉਤ.

ਮਲਗਾਰ: ਦੇਖੋ, ਮਲਯਗਿਰਿ.

ਮਲਣ: ਸੰਗਯਾ- ਮਸਲਣਾ. ਮਦੰਨ. ਮਲਨਾ। ੨. ਲੇਪਣ ਲਈ ਗਾਰੇ ਵਿੱਚ ਮਿਲਾਇਆ ਤੂੜੀ ਲਿੱਦ ਫੂਸ ਆਦਿ, ਜਿਸ ਤੋਂ ਮਿੱਟੀ ਪੱਟੇ ਨਾ। ੩. ਦੇਖੋ, ਮੱਲਣ।

ਮਲਣਾ: ਕ੍ਰਿ- ਮਦੰਨ ਕਰਨਾ. ਮਸਲਣਾ. ਕੁਚਲਣਾ.

ਮਲਤਾ: ਸੰਗਯਾ- ਮਲਿਨਤਾ. ਮੈਲਾਪਨ. "ਮੈਲਾ ਮਲਤਾ ਇਹੁ ਸੰਸਾਰੁ." (ਭੈਰ ਕਬੀਰ) ਪਾਪਰੂਪ ਮਲਿਨਤਾ ਕਰਕੇ ਮੈਲਾ। ੨. ਵਿ- ਮਦੰਨ ਕਰਤਾ, ਮਲਣ ਵਾਲਾ.

ਮਲਧਾਰੀ: ਵਿ- ਮੈਲ ਧਾਰਨ ਵਾਲਾ. ਜੋ ਸ਼ਰੀਰ ਵਸਤ੍ਰ ਆਦਿ ਦੀ ਸਫਾਈ ਨਹੀਂ ਕਰਦਾ. ਅਘੋਰੀ ਆਦਿ. "ਹੋਇ ਕੁਚੀਲੁ ਰਹਾਂ ਮਲਧਾਰੀ." (ਮः ੧. ਵਾਰ ਮਾਝ)

ਮਲਨ: ਦੇਖੋ, ਮਲਣ। ੨. ਸੰ. ਸੰਗਯਾ- ਮਸਲਣ (ਮਦੰਨ) ਦੀ ਕ੍ਰਿਯਾ. "ਹਰਿ ਜਪਿ ਮਲਨ ਭਏ ਦੁਸਟਾਰੀ." (ਰਾਮ ਅः ਮः ੫) ੩. ਲੰਮੀ ਕੱਕੜੀ. ਦੇਖੋ, ਅੰ. melon। ੪. ਸੰ. ਮਲਿਨ. ਵਿ- ਮੈਲਾ. ਅਪਵਿਤ੍ਰ। ੫. ਮੁਰਝਾਏ ਮੁਖ. ਸ਼ੋਭਾਹੀਨ। ੬. ਸੰਗਯਾ- ਪਾਪ. ਦੋਸ਼. "ਪ੍ਰਭ ਕਹਨ ਮਲਨ ਦਹਨ." (ਕਾਨ ਮः ੫) "ਮੋਹ ਮਲਨ ਨੀਦ ਤੇ ਛੁਟਕੀ." (ਆਸਾ ਮः ੫) ੭. ਮਲੀਨਤਾ. ਦੇਖੋ, ਮਾਲਿਨਯ. "ਮਲਨ ਮੋਹ ਬਿਕਾਰ ਨਾਠੇ." (ਬਿਲਾ ਛੰਤ ਮः ੫)

ਮਲਨਾ: ਦੇਖੋ, ਮਲਣਾ। ੨. ਮਲਿਨਤਾ. ਅਪਿਵਤ੍ਰਤਾ. "ਜਉ ਘਟ ਭੀਤਰਿ ਹੈ ਮਲਨਾ." (ਸੋਰ ਕਬੀਰ)

ਮਲੱਪ: ਮੈਲ ਪੀਣ ਵਾਲਾ. ਅੰਤੜੀ ਦੀ ਮੈਲ ਅੰਦਰ ਪੈਦਾ ਹੋਇਆ ਕੀੜਾ. ਮਲ- ਸੱਪ. ਸੰ. ਆਂਤ੍ਰਕ੍ਰਿਮਿ. ديدانِ شکم ਦੀਦਾਨੇ ਸ਼ਿਕਮ. Intestinal Worms.

ਜੋ ਭਾਰੀ ਅਤੇ ਲੇਸਲੀਆਂ ਚੀਜਾਂ ਖਾਂਦਾ ਹੈ, ਬਹੁਤ ਖੱਟੇ ਅਰ ਮਿੱਠੇ ਦਾ ਸੇਵਨ ਕਰਦਾ ਹੈ, ਕਸਰਤ ਕੁਝ ਨਹੀਂ ਕਰਦਾ, ਬਹੁਤ ਸੌਂਦਾ ਹੈ ਅਤੇ ਫਲ ਸਾਗ ਆਦਿ ਨਾਲ ਕੀੜਿਆਂ ਦੇ ਆਂਡੇ ਖਾ ਜਾਂਦਾ ਹੈ, ਉਸ ਦੀ ਅੰਤੜੀ ਵਿੱਚ ਮਲੱਪ ਪੈਦਾ ਹੋ ਜਾਂਦੇ ਹਨ, ਇਨ੍ਹਾਂ ਕੀੜਿਆਂ ਦੇ ਹੋਣ ਕਰਕੇ ਪੇਟ ਭਾਰੀ ਰਹਿੰਦਾ ਹੈ, ਮੁਸਮੁਸੀ ਹੁੰਦੀ ਹੈ, ਸੁੱਤੇ ਪਏ ਮੂੰਹ ਤੋਂ ਲਾਲਾਂ ਵਗਦੀਆਂ ਹਨ, ਨੱਕ ਵਿੱਚ ਖੁਰਕ ਹੁੰਦੀ ਹੈ, ਮੂੰਹੋਂ ਦੁਰਗੰਧ ਆਉਂਦੀ ਹੈ, ਭੁੱਖ ਘੱਟ ਲੱਗਦੀ ਹੈ.

ਇਸ ਦਾ ਸਾਧਾਰਣ ਇਲਾਜ ਹੈ- ਅਨਾਰ ਦੀ ਛਿੱਲ ਦਾ ਕਾੜ੍ਹਾ ਤਿਲਾਂ ਦਾ ਤੇਲ ਮਿਲਾਕੇ ਪੀਣਾ.

ਖੈਰ ਦੀ ਛਿੱਲ, ਕੁੜਾ ਦੀ ਛਿੱਲ, ਨਿੰਮ ਦੀ ਛਿੱਲ, ਬਚ, ਤ੍ਰਿਕੁਟਾ, ਤ੍ਰਿਫਲਾ, ਤ੍ਰਿਵੀ, ਇਨ੍ਹਾਂ ਦਾ ਚੂਰਣ ਸੌਂਫ ਦੇ ਅਰਕ ਨਾਲ ਛੱਕਣਾ. ਬਾਇਬੜਿੰਗ ਸਾਢੇ ਤਿੰਨ ਮਾਸ਼ੇ ਨਾਲ, ਬਰੋਬਰ ਖੰਡ ਮਿਲਾਕੇ ਪਾਣੀ ਨਾਲ ਫੱਕਣੀ.

ਮਲ ਖਾਰਿਜ ਕਰਨ ਵਾਲੀਆਂ. ਦਵਾਈਆਂ ਵਰਤਣੀਆਂ.

ਮਲਬਾ: ਸੰਗਯਾ- ਮੈਲ (ਕੂੜੇ) ਦਾ ਢੇਰ। ੨. ਢਹੇ ਮਕਾਨ ਦਾ ਇੱਟ ਪੱਥਰ ਲੱਕੜ ਆਦਿ ਸਾਮਾਨ। ੩. ਪਿੰਡ ਦਾ ਸਾਂਝਾ ਖਰਚ, ਜੋ ਨੰਬਰਦਾਰ ਕਰਦੇ ਹਨ. ਇਸ ਦਾ ਉੱਚਾਰਣ ਮਲਵਾ ਭੀ ਹੈ. ਦੇਖੋ, ਮਲਵਾ.

ਮਲਭਖ, ਮਲਭਖੀ, ਮਲਭਖੁ: ਵਿ- ਮੈਲ ਭਕ੍ਸ਼ਣ ਵਾਲਾ. ਮਲ ਖਾਣ ਵਾਲਾ "ਓਹੁ ਮਲਭਖੁ ਮਾਇਆਧਾਰੀ." (ਗੁਜ ਅः ਮः

੪) ੨. ਰਿਸ਼ਵਤ ਖਾਣ ਵਾਲਾ. ਹਰਾਮਖ਼ੋਰ। ੩. ਸੰਗਜਾ- ਮੈਲਾ ਭਕ੍ਸ਼੍ਯ. ਅਪਵਿਤ੍ਰ ਖ਼ੁਰਾਕ। ੪. ਧਰਮ ਵਿਰੁੱਧ ਭੋਜਨ.

ਮਲਮ: ਦੇਖੋ, ਮਰਹਮ. "ਤਿਹ ਠੌਰ ਮਲਮੰ ਲਗਾਈ." (ਗੁਰੁਸੋਭਾ)

ਮਲਮਲ: ਸੰਗਜਾ- ਇੱਕ ਪ੍ਰਕਾਰ ਦਾ ਬਰੀਕ ਵਸਤ੍ਰ. ਸੰ. ਮਲਮਲੱਕ. ਅੰ. Muslin. ਢਾਕੇ ਦੀ ਮਲਮਲ ਪੁਰਾਣੇ ਸਮੇਂ ਬਹੁਤ ਪ੍ਰਸਿੱਧ ਸੀ। ੨. ਸੂਰ ਅਤੇ ਕਾਉਂ ਦੀ ਵਿਸ਼੍ਟਾ.

ਮਲਮਾਸ: ਸੰਗਜਾ- ਲੌਂਦ ਦਾ ਮਹੀਨਾ. ਚੰਦ੍ਰਮਾ ਦਾ ਅਧਿਕ ਮਾਸ. ਸਾਲ ਦਾ ਹਿਸਾਬ ਠੀਕ ਰੱਖਣ ਵਾਸਤੇ ਤੀਜੇ ਵਰ੍ਹੇ ਵਧਾਇਆ ਹੋਇਆ ਮਹੀਨਾ, ਜਿਸ ਵਿੱਚ ਸੰਕ੍ਰਾਂਤਿ ਨਹੀਂ ਆਉਂਦੀ. ਹਿੰਦੂਮਤ ਅਨੁਸਾਰ ਮਲਮਾਸ ਵਿੱਚ ਕੋਈ ਮੰਗਲਕਾਰਯ ਨਹੀਂ ਹੋ ਸਕਦਾ.

ਮਲਮੂਤ ਮੂੜ: ਵਿ- ਜੋ ਹਗਣਾ ਮੁਤਣਾ ਨਾ ਜਾਣੇ, ਬਾਲਕ। ੨. ਭਾਵ- ਮਹਾ ਅਗਜਾਨੀ. ਧਰਮ ਅਤੇ ਸਮਾਜ ਦੀ ਰੀਤਿ ਤੋਂ ਅਜਾਣ. "ਮਲਮੂਤ ਮੂੜ ਜਿ ਮੁਗਧ ਹੋਤੇ, ਇਸ ਦੇਖਿ ਦਰਸੁ ਸੁਗਿਆਨਾ." (ਗਉ ਛੰਤ ਮਃ ੫)

ਮਲਯ: ਸੰ. ਸੰਗਜਾ- ਦੱਖਣ ਦੀ ਇੱਕ ਪਹਾੜਧਾਰਾ, ਅਤੇ ਉਸ ਦੇ ਆਸਪਾਸ ਦਾ ਦੇਸ਼, ਜਿੱਥੇ ਉੱਤਮ ਚੰਦਨ ਪੈਦਾ ਹੁੰਦਾ ਹੈ, ਇਹ ਮਰਦਾਸ ਦੇ ਗੰਜਮ ਜਿਲੇ ਵਿੱਚ ਹੈ। ੨. ਮਲਯਗਿਰਿ ਵਿੱਚ ਹੋਣ ਵਾਲੇ ਚੰਦਨ ਨੂੰ ਭੀ ਅਨੇਕ ਥਾਂ ਕਵੀ ਮਲਯ ਲਿਖ ਦਿੰਦੇ ਹਨ। ੩. ਛੱਪਯ ਦਾ ਇੱਕ ਭੇਦ. ਦੇਖੋ, ਗੁਰੁਛੰਦ ਦਿਵਾਕਰ। ੪. ਮਲਯ ਨਿਵਾਸੀ ਇੱਕ ਜਾਤਿ। ੫. ਮਲਯ ਦੀ ਬੋੱਲੀ.

ਮਲਯਗਿਰਿ: ਦੇਖੋਂ, ਮਲਯ ੧.

ਮਲਯਜ: ਸੰ. ਸੰਗਜਾ- ਮਲਯ ਪਹਾੜ ਅਥਵਾ ਜੰਗਲ ਤੋਂ ਪੈਦਾ ਹੋਇਆ ਚੰਦਨ। ੨. ਮਲਯ ਦੇਸ਼ ਦਾ ਪਵਨ। ੩. ਵਿ- ਮਲਯ ਤੋਂ ਉਪਜਿਆ.

ਮਲਯਦ੍ਰੁਮ: ਮਲਯ ਦਾ ਬਿਰਛ, ਚੰਦਨ.

ਮਲਯਾਗਰ: ਮਲਯਗਿਰਿ ਦੇਖੋ, ਮਲਯ ੧। ੨. ਮਲਯਗਿਰਿ ਤੋਂ ਉਪਜਿਆ ਚੰਦਨ. ਮਲਯਜ. "ਮਲਯਾਗਰ ਮੂੜਕਾ ਦਯੋ." (ਵਾਮਨਾਵ) ਚੰਦਨ ਦਾ ਮੂੜ੍ਹਾ (ਸਿੰਘਾਸਨ) ਦਿੱਤਾ.

ਮਲਯਾਨਿਲ: ਦੇਖੋ, ਮਲਆਨਲ.

ਮਲਵਾ: ਕੂੜਾ. ਕਤਵਾਰ। ੨. ਢਾਹੀ ਹੋਈ ਇਮਾਰਤ ਦਾ ਇੱਟ ਚੂਨਾ ਪੱਥਰ ਆਦਿ ਸਾਮਾਨ। ੩. ਪਿੰਡ ਦੇ ਪੱਤੀਦਾਰਾਂ ਤੋਂ ਉਗਰਾਹੀ ਹੋਈ ਰਕਮ, ਜੋ ਪਿੰਡ ਦੇ ਸਾਂਝੇ ਖਰਚ ਲਈ ਹੁੰਦੀ ਹੈ.

ਮਲਵਾਣੀ: ਮਲਿਨ ਪਾਨੀਯ. ਮੈਲਾ ਪਾਣੀ. "ਪੀਅਹਿ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ." (ਮਃ ੧. ਵਾਰ ਮਾਝ)

ਮਲਵਾਰ: ਮਦਰਾਸ ਦੇ ਇਲਾਕੇ ਇੱਕ ਦੇਸ਼, ਜਿਸ ਦਾ ਸਦਰ ਕਾਲੀਕਟ ਹੈ. ਇਸ ਦਾ ਰਕਬਾ ੫੭੧੫ ਵਰਗ ਮੀਲ ਹੈ. ਇਸ ਨੂੰ ਮਾਲਾਵਾਰ ਭੀ ਆਖਦੇ ਹਨ.

ਮਲਾ: ਸੰਗਜਾ- ਕੰਡੇਦਾਰ ਝਾੜ। ੨. ਫੋੜਾ। ੩. ਸੰ. ਚਮੜਾ। ੪. ਬਿੱਛੂ ਦਾ ਕੰਡਾ.

ਮਲਾਇਕ: ਅ਼. ملائک ਮਲਾਇਕ. ਮਲਕ ਦਾ ਬਹੁਵਚਨ. ਫ਼ਰਿਸ਼੍ਤੇ. ਦੇਵਤੇ। ੨. ਭਾਵ- ਸਾਧੁਜਨ. "ਸਬਰੁ ਤੋਸਾ ਮਲਾਇਕਾ." (ਮਃ ੧. ਵਾਰ ਸ੍ਰੀ)

ਮਲਾਇਕ ਸਿਫਤ: ਦੇਖੋ, ਮਲਾਯਕ ਸਿਫਤ.

ਮਲਾਈ: ਸੰਗਜਾ- ਮਲਣ ਦੀ ਕ੍ਰਿਯਾ. ਮਾਲਿਸ਼। ੨. ਮਾਲਿਸ਼ ਦੀ ਮਜ਼ਦੂਰੀ। ੩. ਦੁੱਧ ਉੱਪਰ ਆਇਆ ਗਾੜ੍ਹਾ ਪਦਾਰਥ, ਬਾਲਾਈ. ਸੰ. ਸੰਤਾਨਿਕਾ.

ਮਲਾਸ਼ਯ: ਸ਼ਰੀਰ ਦਾ ਉਹ ਅੰਗ, ਜਿਸ ਵਿੱਚ ਗਿਜਾ ਦਾ ਫੋਗ (ਮੈਲ) ਠਹਿਰੇ. ਮਲ (ਗੰਦਗੀ) ਰੱਖਣ ਵਾਲੀ ਅੰਤੜੀ (ਆਂਦ)

ਮਲਾਹ: ਅ਼. ملاح ਮੱਲਾਹ਼. ਸੰਗਜਾ- ਨੌਕਾ ਚਲਾਉਣ ਵਾਲਾ. ਕੈਵਰਤ. ਖੇਵਟ। ੨. ਭਾਵ- ਗੁਰੂ.

ਮਲਾਖਾੜਾ: ਮੱਲ- ਅਖਾੜਾ. ਸੰਗਜਾ- ਰੰਗਭੂਮਿ. ਦੰਗਲ ਦਾ ਅਖਾੜਾ. ਭਾਵ- ਸੰਸਾਰ. ਜਗਤ. "ਆਪੇ ਛਿੰਝ ਪਵਾਇ, ਮਲਾਖਾੜਾ ਰਚਿਆ." (ਮਃ ੧. ਵਾਰ ਮਲਾ) ੨. ਭਾਵ- ਸਤਸੰਗ, ਜਿੱਥੇ ਖੰਡਨ ਮੰਡਨ ਅਤੇ ਆਸੁਰੀ ਸੰਪਦਾ ਨਾਲ ਯੁੱਧ ਹੁੰਦਾ ਹੈ.

ਮਲਾਗੀਰੀ: ਵਿ- ਮਲਯਗੀਰੀ ਦੇ ਚੰਦਨ ਜੇਹਾ ਹੈ ਰੰਗ ਜਿਸ ਦਾ, ਸੰਦਲੀ.

ਮਲਾਨ: ਸੰ. ਮ੍ਲਾਨ. ਵਿ- ਮੈਲਾ. ਮਲਿਨ। ੨. ਕੁਮਲਾਇਆ ਹੋਇਆ। ੩. ਹੈਰਾਨ। ੪. ਮ੍ਲੈ. ਧਾ- ਮੁਰਝਾਉਣਾ, ਕੁਮਲਾਉਣਾ, ਉਦਾਸ ਹੋਣਾ.

ਮਲਾਮਤ: ਅ਼. ملامت ਸੰਗਜਾ- ਲੌਮ (ਬੁਰਾ ਕਹਿਣ) ਦਾ ਭਾਵ. ਫਿਟਕਾਰ.

ਮਲਾਯਕ, ਮਲਾਯਕ ਸਿਫ਼ਤ: ਦੇਖੋ, ਮਲਾਇਕ. ਫ਼ਾ. ملیک صفت ਦੇਵਤਿਆਂ ਦੇ ਗੁਣ ਰੱਖਣ ਵਾਲਾ. ਫ਼ਰਿਸ਼੍ਤਿਆਂ ਦੀ ਸਿਫ਼ਤਾਂ ਵਾਲਾ.

ਮਲਾਰ: ਸੰ. ਮੱਲਾਰ. ਇਸ ਰਾਗ ਦੇ ਕਈ ਭੇਦ ਸੰਪੂਰਣ ਜਾਤਿ ਦੇ ਹਨ. ਪਰ ਇੱਥੇ ਅਸੀਂ ਸ਼ੁੱਧ ਮਲਾਰ ਲਿਖਦੇ ਹਾਂ. ਇਹ ਕਮਾਚਠਾਟ ਦਾ ਔੜਵ ਰਾਗ ਹੈ. ਗਾਂਧਾਰ ਅਤੇ ਨਿਸ਼ਾਦ ਵਰਜਿਤ ਹਨ. ਸ਼ੜਜ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸ਼ੁੱਧ ਹਨ. ਗ੍ਰਹ ਅਤੇ ਵਾਦੀ ਸੁਰ ਮੱਧਮ, ਅਤੇ ਸੰਵਾਦੀ ਸ਼ੜਜ ਹੈ. ਗਾਉਣ ਦਾ ਵੇਲਾ ਵਰਖਾ ਰੁੱਤ ਅਤੇ ਰਾਤ ਹੈ.

ਆਰੋਹੀ. ਸ਼ ਰ ਮ ਪ ਧ ਰ ਸ਼.

ਅਵਰੋਹੀ- ਸ਼ ਧ ਪ ਮ.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਲਾਰ ਦਾ ਨੰਬਰ ਸਤਾਈਵਾਂ ਹੈ.

"ਗੁਰਮੁਖਿ ਮਲਾਰ ਰਾਗੁ ਜੋ ਕਰਹਿ, ਤਿਨ ਮਨੁ ਤਨੁ ਸੀਤਲੁ ਹੋਇ." (ਮਃ ੩. ਵਾਰ ਮਲਾ)

ਮਲਾਰੁ: ਸੰਗਜਾ- ਸਲਾਹ. ਕੈਵਰਤ. ਖੇਵਟ. "ਨਾ ਤਿਸੁ ਵੰਝੁ ਮਲਾਰੁ." (ਸ੍ਰੀ ਅਃ ਮਃ ੧) ੨. ਦੇਖੋਂ, ਮਲਾਰ. "ਮਲਾਰੁ ਸੀਤਲ ਰਾਗ ਹੈ." (ਮਃ ੩. ਵਾਰ ਮਲਾ)-

ਮਲਾਲ: ਅ਼. ملال ਸੰਗਜਾ- ਰੰਜੀਦਗੀ. ਉਦਾਸੀਨਤਾ। ੨. ਅੱਕ ਜਾਣ ਦਾ ਭਾਵ.

ਮਲਾਲਤ: ਦੇਖੋ, ਮਲਾਲੀ ੨.

ਮਲਾਲੀ: ਸੰਗਜਾ- ਕਾਲਕੜਛੀ. ਸ਼ਜਾਮਾ. "ਇੱਲ ਮਲਾਲੀ ਗਿੱਦੜ ਛਾਰਾ." (ਭਾਗੁ) ੨. ਅ਼. ملالت ਮਲਾਲਤ. ਅੱਕ ਜਾਣ ਦੀ ਕ੍ਰਿਯਾ। ੩. ਉਦਾਸੀ. ਰੰਜੀ. ਸੰ. ਮ੍ਲਾਨਤ੍ਵ.

ਮਲਿ: ਮਲਕੇ. ਮਸਲਕੇ. "ਹਮ ਮਲਿ ਮਲਿ ਧੋਵਹਿ ਪਾਵ ਗੁਰੂ ਕੇ. (ਗਉ ਮਃ ੪) "ਅੰਤਰਗਤਿ ਤੀਰਥਿ ਮਲਿ ਨਾਉ." (ਜਪੁ) ੨. ਮੈਲ ਤੋਂ. "ਅੰਤਰੁ ਮਲਿ ਨਿਰਮਲ ਨਹੀ ਕੀਨਾ." (ਗੂਜ ਤ੍ਰਿਲੋਚਨ) ਅਵਿਦਜਾ ਮੈਲ ਤੋਂ ਅੰਤਹਕਰਣ ਨਿਰਮਲ ਨਹੀਂ ਕੀਤਾ। ੩. ਮੱਲਕੇ. ਕਬਜਾ ਕਰਕੇ. "ਜੋਬਨੁ ਗਇਆ ਬਿਤੀਤਿ, ਜਰੁ ਮਲਿ ਬੈਠੀ ਆ." (ਜੈਤ ਛੰਤ ਮਃ ੫)

ਮਲਿਆਗਰ: ਮਲਯਗਿਰਿ। ੨. ਮਲਯਗਿਰਿ ਵਿੱਚ ਹੋਣ ਵਾਲਾ ਉੱਤਮ ਚੰਦਨ. ਮਲਯਜ.

ਮਲਿਆਗਰਸਿੰਘ: ਸ਼੍ਰੀ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਦਾ ਇੱਕ ਅਨੰਨ ਸੇਵਕ, ਜੋ ਮਹਾਨ ਸੰਤੋਖੀ ਸੀ. ਦੇਖੋ, ਬਹਿਬਲ.

ਮਲਿਆਗਰੁ: ਦੇਖੋ, ਮਲਿਆਗਰ. "ਮਲਿਆਗਰੁ ਭੁਯੰਗਮ ਬੇਢਿਓ." (ਸ. ਕਬੀਰ)

ਮਲਿਆਨਲ, ਮਲਿਆਨਿਲ: ਦੇਖੋ, ਮਲਆਨਲ.

ਮਲਿਕ: ਦੇਖੋ, ਮਲਕ.

ਮਲਿਕ ਭਾਗੋ: ਦੇਖੋ, ਭਾਗੋ ਮਲਿਕ.

ਮਲਿਕਾ: ਅ਼. ملکہ ਸੰਗਯਾ- ਮਲਿਕ ਦੀ ਰਾਣੀ. ਮਹਾਰਾਗੀ (ਰਾਜ਼ੀ). ੨. ਅਭ੍ਯਾਸ. ਪਰਿਪਾਟੀ। ੩. ਦੇਖੋ, ਮੱਲਿਕਾ. "ਮਲਿਕਾ ਸੁਮਨ ਬਿਸੇਖ." (ਨਾਪ੍ਰ)

ਮਲਿਗਾਰੇ: ਮਲਯਗਿਰਿ ਦਾ. "ਮੈਲਾਗਰੁ ਮਲਿਗਾਰੇ." (ਨਟ ਅਃ ਮਃ ੪) ਮਲਯ ਪਹਾੜ ਦਾ ਚੰਦਨ.

ਮਲਿਤ: ਸੰ. ਮਲਿਨਿਤ. ਵਿ- ਮੈਲਾ. ਮਲਿਨਤਾ ਸਹਿਤ. "ਮਲਿਤ ਬਸਤ੍ਰ ਤਨ ਧਰੇ." (ਪਾਰਸਾਵ) ੨. ਮਲਿਆ (ਮਸਲਿਆ) ਹੋਇਆ.

ਮਲਿੰਦ: ਵਿ- ਮਾਲੀਦਨ ਕੁਨੰਦਾ. ਦੇਖੋ, ਮਾਲੀਦਨ. "ਮਲਿੰਦ ਮਵਾਸਨ." (ਅਕਾਲ) ਆਕੀਆਂ ਨੂੰ ਮਦੰਨ ਕਰਨ ਵਾਲਾ। ੨. ਸੰ. ਮਿਲਿੰਦ. ਸੰਗਯਾ- ਭ੍ਰਮਰ. ਭੌਰਾ। ੩. ਸ਼ਹਦ ਦੀ ਮੱਖੀ। ੪. ਦੇਖੋ, ਸਵੈਯੇ ਦਾ ਰੂਪ ੫.

ਮਲਿੰਦਾ: ਵਿ- ਮਾਲੀਦਨਕੁਨਿੰਦਾ. ਮਦੰਨ ਕਰਤਾ. "ਮਿਤ੍ਰਮਾਰੀ ਕੇ ਮਲਿੰਦਾ." (ਗ੍ਯਾਨ) ਮਿਤ੍ਰਘਾਤੀ ਦੇ ਨਾਸ਼ ਕਰਤਾ.

ਮਲਿਨ: ਵਿ- ਮੈਲਾ. ਮਲੀਨ. ਮੈਲੀ. "ਮਲਿਨ ਭਈ ਮਤਿ, ਮਾਧਵਾ!" (ਗਉ ਰਵਿਦਾਸ) ੨. ਉਦਾਸ। ੩. ਕਲੰਕਸਹਿਤ. ਪਾਪੀ.

ਮਲਿਨਤਾ: ਸੰਗਯਾ- ਮੈਲਾਪਨ. ਅਪਵਿਤ੍ਰਤਾ.

ਮਲੀ: ਮਰਦਨ ਕੀਤੀ. ਮਸਲੀ। ੨. ਲੇਪਨ ਕੀਤੀ. "ਸੰਤਹ ਧੂਰਿ ਲੇ ਮੁਖਿ ਮਲੀ." (ਕੇਦਾ ਮਃ ੫) ੨. ਮਿਲਾਈ. "ਜੋਤਿ ਲੈ ਆਪਨੇ ਅੰਗ ਮਲੀ ਹੈ." (ਚੰਡੀ ੧)

ਮਲੀਆਗਰ: ਮਲਯਗਿਰਿ। ੨. ਮਲਯਗਿਰਿ ਪੁਰ ਹੋਣ ਵਾਲਾ ਚੰਦਨ. ਮਲਯਜ. "ਤੁਮ ਮਲੀਆਗਰ ਪ੍ਰਗਟ ਸੁਬਾਸੁ. (ਸਵੈਯੇ ਮਃ ੪. ਕੇ)

ਮਲੀਹ: ਸੰਗਯਾ- ਬਕਰੀ ਭੇਡ ਆਦਿ ਦੀ ਮਲ। ੨. ਅ਼. ملیح ਮਲੀਹ਼. ਵਿ- ਮਲਹ਼ (ਲੂਣ) ਸਹਿਤ. ਨਮਕੀਨ। ੩. ਸਲੋਨਾ. ਖ਼ੂਬਸੂਰਤ.

ਮਲੀਣ: ਦੇਖੋ. ਮਲਿਨ.

ਮਲੀਦਾ: ਫ਼ਾ. مالیدہ ਮਾਲੀਦਹ. ਵਿ- ਮਲਿਆ ਹੋਇਆ। ੨. ਸੰਗਯਾ- ਮਰਦਿਤ (ਮਲਿਆ ਹੋਇਆ) ਵਸਤ੍ਰ. ਮਲਕੇ ਗਾੜ੍ਹਾ ਕੀਤਾ ਹੋਇਆ ਉੱਨੀ ਕਪੜਾ। ੩. ਘੋੜੇ ਦਾ ਰਾਤਬ, ਜੋ ਗੁੜ ਆਦਿ ਪਦਾਰਥ ਮਿਲਾਕੇ ਮਲਿਆ ਗਿਆ ਹੈ. "ਖਾਂਇ ਮਲੀਦਾ ਬਲੀ ਤੁਰੰਗ." (ਗੁਪ੍ਰਸੂ) ੪. ਚੂਰੀ. ਚੂਰਮਾ.

ਮਲੀਨ: ਵਿ- ਮੈਲਾ. ਦੇਖੋ, ਮਲਿਨ.

ਮਲੀਨਬੁੱਧਿ: ਮਲਿਨ (ਮੰਦ) ਸਮਝ। ੨. ਵਿ- ਮੈਲੀ ਬੁੱਧਿ ਵਾਲਾ.

ਮਲੁ: ਦੇਖੋ, ਮਲ. "ਮਲੁ ਹਉਮੈ, ਧੋਤੀ ਕਿਵੈ ਨ ਉਤਰੈ." (ਸ੍ਰੀ ਮਃ ੩) ੨. ਦੇਖੋ, ਮੱਲ.

ਮਲੁਭਖਿ: ਸੰਗਯਾ- ਮਲਿਨ ਭਕ੍ਸ਼੍ਯ. ਅਪਵਿਤ੍ਰ ਖ਼ੁਰਾਕ. ਧਰਮ ਅਨੁਸਾਰ ਨਿੰਦਿਤ ਭੋਜਨ. "ਅਸੰਖ ਮਲੇਛ ਮਲੁਭਖਿ ਖਾਹਿ."

(ਜਪੁ) ੨. ਵਿ- ਮਲਭਛੀ. ਹਰਾਮ ਖਾਣ ਵਾਲਾ. ਬਦਮਾਸ਼. ਦੇਖੋ, ਮਲਭਖੁ.

ਮਲੂਕ: ਅ਼. ملوک ਮੁਲੂਕ. ਮਲਿਕ ਦਾ ਬਹੁਵਚਨ. ਬਾਦਸ਼ਾਹ ਲੋਕ. ਮਹਾਰਾਜੇ. "ਖਾਨ ਮਲੂਕ ਕਹਾਇਦੇ, ਕੋ ਰਹਣੁ ਨ ਪਾਸੀ." (ਮਃ ੪. ਵਾਰ ਸਾਰ) ੨. ਵਿ- ਸੁੰਦਰ, ਕੋਮਲ ਅਤੇ ਆਰਾਮਤਲਬ ਲਈ ਪੰਜਾਬੀ ਵਿੱਚ ਮਲੂਕ ਸ਼ਬਦ ਵਰਤਿਆ ਜਾਂਦਾ ਹੈ. ਇਸ ਦਾ ਮੂਲ ਭੀ ਅ਼ਰਬੀ ਮੁਲੂਕ ਹੈ, ਕਿਉਂਕਿ ਇਹ ਸਿਫਤਾਂ ਬਾਦਸ਼ਾਹਾਂ ਵਿੱਚ ਘਟਦੀਆਂ ਹਨ. "ਕੋਮਲ ਬਹੁ ਮਲੂਕ ਤਵ ਹਾਥ." (ਗੁਪ੍ਰਸੂ)

ਮਲੂਕਦਾਸ: ਕੜਾਮਾਨਕਪੁਰ ਦਾ ਵਸਨੀਕ ਵੈਸ਼ਨਵ ਸਾਧੂ, ਜੋ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਜੀ ਦਾ ਸਿੱਖ ਹੋਇਆ. ਇਹ ਹਿੰਦੀ ਦਾ ਉੱਤਮ ਕਵੀ ਹੋਇਆ ਹੈ. ਦੇਖੋ, ਕੜਾਮਾਨਕਪੁਰ.

ਮਲੂਕਾ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਜੈਤੋ ਤੋਂ ਬਾਰਾਂ ਮੀਲ ਪੂਰਵ ਹੈ. ਇਸ ਪਿੰਡ ਤੋਂ ਚੜ੍ਹਦੇ ਵੱਲ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਅਸਥਾਨ ਹੈ. ਸਤਿਗੁਰੂ ਜੀ ਜਲਾਲ ਵੱਲੋਂ ਆਉਂਦੇ ਇੱਥੇ ਵਿਰਾਜੇ ਹਨ. ਇੱਥੇ ਇੱਕ ਦੀਵਾਨਾ ਸਾਧੂ ਗੁਰੂ ਜੀ ਨੂੰ ਮਿਲਣ ਆਇਆ. ਗੁਰੂ ਜੀ ਵਿਰਾਜੇ ਹੋਏ ਸਨ, ਸਿੰਘਾਂ ਨੇ ਰੋਕਿਆ ਪਰ ਦੀਵਾਨਾ ਨਾ ਰੁਕਿਆ, ਇਸ ਪੁਰ ਉਹ ਢੀਠਤਾ ਨਾਲ ਸਿੰਘਾਂ ਨਾਲ ਲੜਕੇ ਬਹੁਤ ਘਾਇਲ ਹੋਗਿਆ. ਇਤਨੇ ਵਿੱਚ ਗੁਰੂ ਜੀ ਜਾਗ ਉੱਠੇ, ਸਾਧੂ ਨੂੰ ਅੰਦਰ ਬੁਲਾਇਆ ਦਰਸ਼ਨ ਦੇਕੇ ਨਿਹਾਲ ਕੀਤਾ. ਦੀਵਾਨਾ ਸਫਲ ਮਨੋਰਥ ਹੋਕੇ ਪਰਲੋਕ ਸਿਧਾਰਿਆ. ਗੁਰੂ ਸਾਹਿਬ ਦੇ ਵਿਰਾਜਣ ਦੇ ਥਾਂ ਦਮਦਮਾ ਬਨਿਆ ਹੋਇਆ ਹੈ. ਪੁਜਾਰੀ ਸਿੰਘ ਹੈ. ਗੁਰਦ੍ਵਾਰੇ ਨਾਲ ਚਾਰ ਘੁਮਾਉਂ ਦੇ ਕ਼ਰੀਬ ਜ਼ਮੀਨ ਹੈ. ਹਰ ਅਮਾਵਸ ਮੇਲਾ ਹੁੰਦਾ ਹੈ.

ਮਲੂਕੀ ਵੇਸੁ: ਮਲਿਕ (ਸਾਧੁ) ਦਾ ਵੇਸ਼ (ਭੇਸ). "ਫਾਹੀ ਸੁਰਤਿ, ਮੂਲੀਕ ਵੇਸ." (ਸ੍ਰੀ ਮਃ ੧) ਧਜਾਨ ਲੋਕਾਂ ਦੇ ਫਸਾਂਉਣ ਵਿੱਚ ਹੈ ਅਤੇ ਲਿਬਾਸ ਸਾਧੂਆਂ ਦਾ ਹੈ.

ਮਲੂਮ: ਦੇਖੋ, ਮਾਲੂਮ.

ਮਲੇਛ: ਸੰ. म्लेच्छ. ਧਾ- ਆਮਪਸ਼੍ਟ ਅਤੇ ਅਸ਼ੁੱਧ ਬੋਲਣਾ, ਜੰਗਲੀ ਬੋਲੀ ਬੋਲਣਾ। ੨. ਸੰਗਯਾ- ਵਿਗੜਿਆ ਹੋਇਆ ਸ਼ਬਦ, ਜਿਸ ਦਾ ਅਰਥ ਨਾ ਸਮਝਿਆ ਜਾਵੇ.

म्लेच्छोह वाएष यदपशब्द:

੩. ਉਹ ਆਦਮੀ, ਜਿਸ ਦੀ ਬੋਲੀ ਸਮਝ ਵਿੱਚ ਨਾ ਆਵੇ। ੪. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਇਹ ਸ਼ਬਦ ਵਿਦੇਸ਼ੀਆਂ ਅਤੇ ਆਰਯਧਰਮ ਵਿਰੁੱਧ ਲੋਕਾਂ ਲਈ ਭੀ ਵਰਤਿਆ ਹੈ। ੫. ਪਾਪ ਕਰਨ ਵਾਲਾ ਪੁਰੁਖ ਕੁਕਰਮ ਅਤੇ ਅਨਜਾਯ ਕਰਨ ਵਾਲਾ. "ਮਲੇਛੁ ਪਾਪੀ ਪਚਿਆ ਭਇਆ ਨਿਰਾਸੁ." (ਭੈਰ ਮਃ ੫) "ਅਸੰਖ ਮਲੇਛ ਮਲੁਭਖਿ ਖਾਹਿ." (ਜਪੁ) ੬. ਵੌਧਾਯਨ ਰਿਖਿ ਲਿਖਦਾ ਹੈ-

गोमांसखादको यस्तु विरुद्धं बहु भाषते।

सर्वाचार विहीनश्च म्लेच्छ इत्यभिधीयते।

ਜੋ ਗਉ ਦਾ ਮਾਸ ਖਾਂਦਾ ਹੈ, ਵੇਦ ਵਿਰੁੱਧ ਬੋਲਦਾ ਹੈ ਅਤੇ ਜਿਸ ਦਾ ਉੱਤਮ ਆਚਾਰ ਨਹੀਂ, ਉਹ ਮਲੇਛ ਹੈ.

ਮਲੇਛਭਾਖਾ, ਮਲੇਛਭਾਖਿਆ: ਸੰਗਯਾ- म्लेच्छभाषआ. ਗੰਵਾਰੂ ਬੋਲੀ. ਅਸ਼ੁੱਧ ਭਾਸ਼ਾ। ੨. ਉਹ ਬੋਲੀ, ਜੋ ਸਮਝ ਵਿੱਚ ਨਾ ਆਵੇ. ਦੇਖੋ, ਮਲੇਛ ਧਾ। ੩. ਹਿੰਦੂ ਧਰਮਸ਼ਾਸਤ੍ਰ ਅਨੁਸਾਰ ਯੂਨਾਨੀ ਅਤੇ ਅ਼ਰਬੀ ਆਦਿ ਬੋਲੀ. "ਖਤ੍ਰੀਆਂਤ ਧਰਮੁ ਛੋਡਿਆ, ਮਲੇਛਭਾਖਿਆ ਗਹੀ." (ਧਨਾ ਮਃ ੧) ਇੱਥੇ ਇਹ ਭਾਵ ਹੈ ਕਿ ਹਿੰਦੂਆਂ ਨੇ ਸ੍ਵਾਰਥ ਦੇ ਵਸ਼ ਹੋਕੇ ਗਾਯਤ੍ਰੀ ਆਦਿ ਛੱਡਕੇ ਕਲਮਾ ਅੰਗੀਕਾਰ ਕਰ ਲਿਆ ਹੈ.

ਮਲੇਛੁ: ਵੇਖੋ, ਮਲੇਛ.

ਮਲੇਰਕੋਟਲਾ: ਨਾਭੇ ਤੋਂ ੧੨. ਕੋਹ ਉੱਤਰ ਪੱਛਮ ਇੱਕ ਰਿਆਸਤ, ਜਿਸ ਦਾ ਵਧੇਰਾ ਸ਼ੈਖ਼ ਸਦਰੋਦੀਨ ਸੇਲਬਾਨੀ ਅਫ਼ਗਾਨ (ਪਠਾਣ) ਸੀ, ਇਸ ਦੀ ਸ਼ਾਦੀ ਸੁਲਤਾਨ ਬਹਲੋਲ ਲੋਦੀ ਦੀ ਪੁਤ੍ਰੀ ਨਾਲ ਹੋਈ, ਜਿਸ ਕਰਕੇ ਬਹੁਤ ਧਨ ਅਤੇ ੬੮ ਪਿੰਡ ਦਾਜ ਵਿੱਚ ਮਿਲੇ. ਰਾਜਪੂਤ ਮਹਲੇਰਸਿੰਘ ਦਾ ਵਸਾਇਆ ਗ੍ਰਾਮ ਮਹਲੇਰ, ਜੋ ਬਰਬਾਦ ਹੋ ਚੁੱਕਾ ਸੀ, ਮਲੇਰ ਨਾਮ ਤੋਂ ਨਵੇਂ ਸਿਰੇ ਆਬਾਦ ਕੀਤਾ ਗਿਆ, ਅਰ ਸਨ ੧੬੫੭ ਵਿੱਚ ਨਵਾਬ ਬੈਜ਼ੀਦਖ਼ਾਨ ਨੇ ਕੋਟਲਾ ਨਾਮ ਦੀ ਆਬਾਦੀ ਬਣਾਈ. ਦੋ ਨਾਮ ਮਿਲਕੇ "ਮਲੇਰਕੋਟਲਾ" ਸੰਗ੍ਯਾ ਪ੍ਰਸਿੱਧ ਹੋਈ. ਹੁਣ ਇਹ ਰਿਆਸਤ ਪੰਜਾਬ ਵਿੱਚ ਦਸਵੇਂ ਦਰਜੇ ਪੁਰ ਗਿਣੀ ਗਈ ਹੈ. ਇਸ ਦਾ ਰਕਬਾ ੧੬੭ ਵਰਗਮੀਲ, ਆਬਾਦੀ ੮੦, ੩੨੨ ਹੈ. ਰਿਆਸਤ ਦਾ ਨੀਤਿਸੰਬੰਧ ੧. ਨਵੰਬਰ ਸਨ ੧੯੨੧ ਤੋਂ ਏ. ਜੀ. ਜੀ. ਪੰਜਾਬ ਸਟੇਟਸ ਨਾਲ ਹੈ. ਇਸ ਵੇਲੇ ਗੱਦੀ ਤੇ ਕਰਨੈਲ ਹਿਜ਼ ਹਾਈਨੈਸ ਨਵਾਬਸਰ ਮੁਹੰਮਦ ਅਹਮਦਅਲੀਖ਼ਾਨ ਕੇ. ਸੀ. ਐਸ. ਆਈ. ਕੇ. ਸੀ. ਆਈ. ਈ. ਹਨ, ਜਿਨ੍ਹਾਂ ਦਾ ਜਨਮ ੧੦. ਸਿਤੰਬਰ ਸਨ ੧੮੮੧ ਨੂੰ ਹੋਇਆ ਹੈ.

ਇੱਥੋਂ ਦੇ ਹਾਕਮ ਸ਼ੇਰਮੁਹੰਮਦ ਨੇ ਸਰਹਿੰਦ ਵਿੱਚ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਦੇ ਮਾਰਨ ਦਾ ਹੁਕਮ ਸੁਣਕੇ ਆਹ ਦਾ ਨਾਰਾ ਮਾਰਿਆ ਸੀ ਅਰ ਸੂਬੇ ਨੂੰ ਆਖਿਆ ਸੀ ਕਿ ਇਨ੍ਹਾਂ ਸ਼ੀਰਖ਼ੋਰ ਬੱਚਿਆਂ ਦਾ ਕੀ ਦੋਸ਼ ਹੈ, ਇਸ ਲਈ ਸਿੱਖ ਇਸ ਰਿਆਸਤ ਨੂੰ ਸਨਮਾਨ ਨਾਲ ਦੇਖਦੇ ਹਨ. ਗੁਰਪ੍ਰਤਾਪਸੂਰਯ ਵਿੱਚ ਭੀ ਲਿਖਿਆ ਹੈ ਕਿ ਦਸਮ ਗੁਰੂ ਜੀ ਨੇ ਫਰਮਾਇਆ "ਇਕ ਮਲੇਰੀਅਨ ਕੀ ਜੜ ਹਰੀ."

ਮਲੈ: ਮਲਯਗਿਰਿ। ੨. ਮਲਯਜ. ਮਲਯਗਿਰਿ ਵਿੱਚ ਹੋਣ ਵਾਲਾ ਚੰਦਨ. "ਮਲੈ ਨ ਲਾਛੈ ਪਾਰਮਲੋ, ਪਰਮਲੀਓ ਬੈਠੋ ਰੀ ਆਈ." (ਗੂਜ ਨਾਮਦੇਵ) ਮਲਯਜ (ਚੰਦਨ) ਵਿੱਚ ਕੋਈ ਪ੍ਰਤੱਖ ਪਰਮਲ (ਸੁਗੰਧ) ਦਾ ਲਾਂਛਨ (ਚਿੰਨ੍ਹ) ਨਹੀਂ, ਕੇਵਲ ਉਸਦੀ ਪਰਮਲ ਸਾਥ ਦੇ ਬਿਰਛਾਂ ਵਿੱਚ ਆ ਬੈਠੀ ਹੈ, ਤੈਸੇ, ਪਰਮਾਤਮਾ ਭਗਤਾਂ ਦੇ ਮਨ ਆ ਵਸਦਾ ਹੈ.

ਮਲੋਵਉ: ਮਰਦਨ ਕਰੋ. ਮਲੋ। ੨. ਮਲੋਵਉਂ ਮਰਦਨ ਕਰਦਾ (ਕਰਦੀ) ਹਾਂ. "ਪਾਵ ਮਲੋਵਉ ਸੰਗਿ ਨੈਨ ਭਤੀਰੀ." (ਸੂਹੀ ਮਃ ੫)

ਮਲੋਵਾ: ਮਲੋਵਾਂ ਮਰਦਨ ਕਰਾਂ. "ਪਾਵ ਮਲੋਵਾ ਆਪੁ ਤਿਆਗਿ." (ਬਿਲਾ ਮਃ ੫)

ਮਲੌਨੀ: ਸੰਗ੍ਯਾ- ਖਾਰ ਅਤੇ ਸੁਗੰਧ ਵਾਲੇ ਪਦਾਰਥ ਮਿਲਾਕੇ ਕੇਸ ਧੋਣ ਦਾ ਬਣਾਇਆ ਹੋਇਆ ਝੋਲ. "ਸੀਸ ਮੇ ਮਲੌਨੀ ਮੇਲ." (ਭਾਗੁ ਕ) ੨. ਦੇਖੋ, ਮਿਲੌਨੀ.

ਮਲੰਗ: ਵਿ- ਮਲਾਂਗ. ਜਿਸ ਦੇ ਅੰਗਾਂ ਨੂੰ ਮੈਲ ਲਗੀ ਹੈ। ੨. ਫ਼ਾ. ملنگ ਬੇਹੋਸ਼. ਇਸ ਦਾ ਮੂਲ ਲੰਗੀਦਨ (ਲੋਟਪੋਟ ਹੋਣਾ) ਹੈ। ੩. ਸੰਗ੍ਯਾ- ਮੁਸਲਮਾਨਾਂ ਦਾ ਇੱਕ ਫਿਰਕਾ, ਜੋ ਜ਼ਿੰਦਾਸ਼ਾਹ ਮਦਾਰ ਤੋਂ ਚੱਲਿਆ ਹੈ. ਮਲੰਗਸਿਰ ਦੇ ਕੇਸ ਨਹੀਂ ਮੁਨਾਉਂਦੇ, ਜੂੜਾ ਗਿੱਚੀ ਵਿੱਚ ਕਰਦੇ ਹਨ, ਨਸ਼ਿਆਂ ਦਾ ਖਾਣਾ ਪੀਣਾ ਇਨ੍ਹਾਂ ਦਾ ਧਾਰਮਿਕ ਨਿਯਮ ਬਣ ਗਿਆ ਹੈ, "ਭੰਗ ਕੋ ਖਾਇ ਮਲੰਗ ਪਰੇ ਜਨੁ." (ਗੁਪ੍ਰਸੂ)

ਮਲੰਦ: ਫ਼ਾ. ملند ਮੁਲੰਦ. ਵਿ- ਬਕਬਾਦੀ. ਬਹੁਤ ਬੋਲਣ ਵਾਲਾ. "ਪੇਟ ਮਲੰਦੇ ਲਾਈ ਮਹਿਖੇ ਦੈਤ ਨੂੰ." (ਚੰਡੀ ੩) ਬਕਬਾਦੀ ਮਹਿਖਾਸੁਰ ਦੇ ਪੇਟ ਵਿੱਚ ਤਲਵਾਰ ਲਾਈ.

ਮਲੰਦਾ: ਵਿ- ਮਰਦਨ ਕਰੰਦਾ.

ਮਲ੍ਹਮ: ਦੇਖੋ, ਮਰਹਮ.

ਮਲ੍ਹਾ: ਦੇਖੋ, ਚੌਤਰਾਸਾਹਿਬ ੨। ੨. ਦੇਖੋ, ਬਾਬੇ ਦੀ ਬੇਰ ੪.

ਮਲੂ੍ਹਨੰਗਲ: ਇੱਕ ਪਿੰਡ, ਜੋ ਜਿਲਾ ਅਮ੍ਰਿਤਸਰ ਤਸੀਲ ਅਜਨਾਲਾ ਵਿੱਚ ਹੈ. ਇੱਥੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦ੍ਵਾਰਾ ਹੈ.

ਮੱਲ: ਸੰ. मल्ल. ਧਾ- ਧੀਰਜ ਕਰਨਾ, ਰੱਖਣਾ। ੨. ਸੰਗ੍ਯਾ- ਭੁਜਾ ਨਾਲ ਲੜਨ ਵਾਲਾ, ਪਹਿਲਵਾਨ. "ਮੱਲਨ ਸੋਂ ਜਦੁਰਾਇ ਲਰਾਯੋ." (ਕ੍ਰਿਸਨਾਵ) ੩. ਬਲਵਾਨ ਆਦਮੀ। ੪. ਪਾਤ੍ਰ. ਭਾਂਡਾ। ੫. ਭੇਪੱਲ ਗਲ੍ਹ। ੬. ਸੰਘੀਆ। ੭. ਪੰਜੀਬ ਵਿੱਚ ਮੱਲਣ

(ਕਬਜਾ ਕਰਨ) ਯੋਗਯ ਵਸਤੁ ਧਨ ਸੰਪਦਾ ਆਦਿ ਦਾ ਨਾਉਂ ਭੀ ਮੇਲ ਹੈ, ਜੈਸੇ- "ਉਸ ਨੇ ਵਡੀ ਮੀਝ ਮੱਲੀ ਹੈ." (ਲੋਕੇ) ੮. ਕਈ ਲੇਖਕਾਂ ਨੇ ਮਲ੍ਹੰ ਪਿੰਡ ਦਾ ਨਾਮ ਲਿਖ ਦਿੱਤਾ ਹੈ, ਦੇਖੋ, ਚੌਤਰਾਸਾਹਿਬ ੨.

ਮੱਲਣ: ਸ਼੍ਰੀ ਗੁਰੂ ਅਮਰਦੇਵ ਜੀ ਦਾ ਸਿੱਖ, ਜਿਸ ਨੂੰ ਸਤਿਗੁਰੂ ਨੇ ਵਿਦ੍ਯਾਅਭ੍ਯਾਸ ਦਾ ਉਪਦੇਸ਼ ਦੇਕੇ ਵਿਦ੍ਯਾਪ੍ਰਚਾਰਕ ਥਾਪਿਆ। ੨. ਰਾਜਪੂਤਾਂ ਦੀ ਇੱਕ ਜਾਤਿ. "ਮੱਲਣ ਹਾਸ ਚੌਹਾਣ ਚਿਤਾਰੀ." (ਭਾਗੁ) ੩. ਜਿਲਾ ਫਿਰੋਜਪੁਰ, ਤਸੀਲ ਮੁਕਤਸਰ ਥਾਣਾ ਕੋਟਭਾਈ ਦਾ ਇਕ ਪਿੰਡ, ਜੋ ਰੇਲਵੇ ਸਟੇਸ਼ਨ ਜੈਤੋਂ ਤੋਂ ਛੀ ਕੋਹ ਹੈ. ਇਸ ਪਿੰਡ ਤੋਂ ਉੱਤਰ ਵੱਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਮੁਕਤਸਰ ਵੱਲ ਜਾਂਦੇ ਇੱਥੇ ਥੋੜਾ ਸਮਾਂ ਠਹਿਰੇ ਹਨ. ਦਰਬਾਰ ਬਣਿਆ ਹੋਇਆ ਹੈ. ਪਿੰਡ ਦੇ ਸਿੰਘ ਹੀ ਸੇਵਾ ਕਰਦੇ ਹਨ. ਮੱਲਣ ਵਿੱਚ ਬਾਬਾ ਕੌਲ ਜੀ ਦੀ ਵੰਸ਼ ਦੇ ਸੋਢੀ ਜਾਗੀਰਦਾਰ ਹਨ. ਜਿਨ੍ਹਾਂ ਨੂੰ ਸਿੱਖਰਾਜ ਵੇਲੇ ਦੀ ਜਾਗੀਰ ਲੁਹਾਰਾ ਅਤੇ ਸਮਾਘ ਪਿੰਡ ਹਨ, ਪਟਿਆਲੇ ਵੱਲੋਂ ਰੋਗਲਾ ਅਤੇ ਬੁਚੜਾ ਪਿੰਡ ਨਜਾਮਤ ਸੁਨਾਮ ਵਿੱਚ ਹਨ, ਨਾਭੇ ਤੋਂ ਜੈਦ ਪਿੰਡ ਨਜਾਮਤ ਫੂਲ ਵਿੱਚ ਹੈ. ਖਾਨਦਾਨ ਦੇ ਮੁਖੀਏ ਇਸ ਵੇਲੇ ਸੋਢੀ ਨਗੀਨ ਸਿੰਘ ਜੀ ਅਤੇ ਬਸੰਤ ਸਿੰਘ ਜੀ ਹਨ। ੪. ਦੇਖੋ, ਮੱਲਣਾ.

ਮੱਲਣਾ: ਕ੍ਰਿ- ਕਬਜਾ ਕਰਨਾ. ਬਲ ਨਾਲ ਕਿਸੇ ਵਸਤੁ ਨੂੰ ਆਪਣੇ ਅਧਿਕਾਰ ਵਿੱਚ ਲੈਣਾ.

ਮੱਲਭੇੜ, ਮੱਲਯੁੱਧ: ਮੱਲਾਂ ਦਾ ਘੋਲ. ਪਹਿਲਵਾਨਾਂ ਦੀ ਕੁਸ਼੍ਤੀ.

ਮੱਲਵੰਡ: ਪੁਰਾਣੇ ਸਮੇਂ ਦੀ ਇਕ ਵੰਡ, ਜੋ ਖਾਸ ਕਰਕੇ ਸਿੱਖਾਂ ਵਿੱਚ ਬਹੁਤ ਪ੍ਰਚਲਿਤ ਸੀ. ਅਰਥਾਤ- ਜੋ ਇਲਾਕਾ ਕਿਸੇ ਨੇ ਮੱਲ ਲਿਆ, ਉਹ ਉਸੇ ਦੇ ਕਬਜੇ ਰਿਹਾ. ਜੇ ਇੱਕ ਜਥੇ ਜਾਂ ਕੁਲ ਦੇ ਚਾਰ ਸਰਦਾਰ ਜਾਂ ਭਾਈ ਹਨ ਤਦ ਇੱਕ ਨੇ ਲੱਖ ਦਾ ਇਲਾਕਾ, ਦੂਜੇ ਨੇ ਪੰਜਾਹ ਹਜਾਰ ਦਾ, ਤੀਜੇ ਨੇ ਵੀਹ ਹਜਾਰ ਦਾ, ਚੌਥੇ ਨੇ ਪੰਜ ਹਜਾਰ ਦਾ, ਮੱਲਿਆ. ਇਸ ਮੱਲ ਅਨੁਸਾਰ ਆਪਣੇ ਆਪਣੇ ਇਲਾਕੇ ਦੇ ਮਾਲਿਕ ਰਹੇ. ਦੇਖੋ, ਕਾਠੀਵੰਡ, ਚੂੰਡਾਵੰਡ ਅਤੇ ਪੱਗਵੰਡ.

ਮੱਲਾ: ਇੱਕ ਛੀਂਬਾ, ਜੋ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ ਹੋਕੇ ਪਰਮਪਦ ਦਾ ਅਧਿਕਾਰੀ ਹੋਇਆ। ੨. ਦੇਖੋ, ਮਲ੍ਹਾ। ੩. ਸੰ. ਇਸਤ੍ਰੀ. ਨਾਰੀ। ੪. ਚਮੇਲੀ. ਦੇਖੋ, ਮੱਲਿਕਾ.

ਮੱਲਾਰ, ਮੱਲਾਰਿਕਾ, ਮੱਲਾਰੀ: ਦੇਖੋ, ਮਲਾਰ.

ਮੱਲਿਕਾ: ਸੰ. ਸੰਗ੍ਯਾ- ਚਮੇਲੀ ਦੀ ਕਿਸਮ ਦਾ ਇੱਕ ਸੁਗੰਧ ਵਾਲੇ ਫੁੱਲਾਂ ਦਾ ਪੌਧਾ. ਮੱਲੀ. Jasminum Zambac। ੨. ਇੱਕ ਛੰਦ. ਲੱਛਣ- ਚਾਰ ਚਰਣ. ਪ੍ਰਤਿ ਚਰਣ ਰ, ਜ, ਗ, ਲ, SIS, ISI, S, I, ਅਥਵਾ ਗੁਰੁ ਲਘੁ ਕ੍ਰਮ ਨਾਲ ਅੱਠ ਅੱਖਰ. ਇਸ ਦਾ ਨਾਮ "ਸਾਮਾਨੀ" ਭੀ ਹੈ.

ਉਦਾਹਰਣ-

ਪ੍ਰਾਤ ਹੀ ਸਨਾਨਾ ਠਾਨ,

ਸ਼੍ਰੀ ਅਕਾਲ ਲਾਯ ਧ੍ਯਾਨ,

ਫੇਰ ਕੀਜਿਯੇ ਵਿਹਾਰ,

ਰੀਤਿ ਸਿੱਖ ਹੈ ਵਿਚਾਰ.

੩. ਸਵੈਯੇ ਦੀ ਇੱਕ ਜਾਤਿ. ਦੇਖੋ, ਸਵੈਯੇ ਦਾ ਰੂਪ ੨੮.

ਮੱਲੀ: ਦੇਖੋ, ਮੱਲਿਕਾ ੧। ੨. ਦੇਖੋ, ਸਵੈਯੇ ਦਾ ਰੂਪ ੧੬.

ਮੱਲੂ: ਡੱਲਾ ਨਿਵਾਸੀ ਸ਼੍ਰੀ ਗੁਰੂ ਅਮਰਦਾਸ ਸਾਹਿਬ ਦਾ ਪ੍ਰੇਮੀ ਸਿੱਖ.

ਮੱਲੂਸ਼ਾਹ: ਇੱਕ ਖਤ੍ਰੀ, ਜੋ ਸ਼੍ਰੀ ਗੁਰੂ ਅੰਗਦਦੇਵ ਜੀ ਦਾ ਸਿੱਖ ਹੋਕੇ ਰਾਜਯੋਗ ਦਾ ਪਾਤ੍ਰ ਹੋਇਆ.

**ਮਵੱਸਰ:** ਅ. مئوثر ਮੁਅਸਿਰ ਅਥਵਾ ਮੁਵੱਸਿਰ. ਵਿ- ਅਸਰ ਕਰਨ ਵਾਲਾ। ੨. ਅ. مئیّسر ਮੁਯੱਸਰ. ਹਾਸਿਲ. ਪ੍ਰਾਪਤ. ਦੇਖੋ, ਮਯੱਸਰ. "ਨਹੀ ਮਵੱਸਰ ਅਪਰ ਮਹੀਪ." (ਗੁਪ੍ਰਸੂ)

**ਮਵਹਿਦ:** ਦੇਖੋ, ਮਵਾਹਿਦ.

**ਮਵੱਕਲ:** ਦੇਖੋ, ਮੁਵੱਕਲ.

**ਮਵਲਸਰਾ, ਮਵਲਸਰੀ:** ਸੰਗਯਾ- ਮੌਲਸਰੀ. ਵਕੁਲ. ਜਮੋਏ ਜੇਹੇ ਪੱਤਿਆਂ ਵਾਲਾ ਇੱਕ ਬਿਰਛ, ਜਿਸ ਦੇ ਵਰਸ਼ਾ ਰੁੱਤ ਵਿੱਚ ਸੁਗੰਧ ਵਾਲੇ ਫੁੱਲ ਲਗਦੇ ਹਨ. Mimusops Elengi ਇਸ ਦੇ ਫੁੱਲਾਂ ਤੋਂ ਖ਼ੁਸ਼ਬੂਦਾਰ ਤੇਲ ਅਤੇ ਇਤਰ ਬਣਦਾ ਹੈ, ਅਰ ਪੱਕੇ ਫਲ ਖਾਣ ਦੇ ਕੰਮ ਆਉਂਦੇ ਹਨ. "ਸਾਖ ਤਰੋਵਰ ਮਵਲਸਰਾ." (ਸਵੈਯੇ ਮਃ ੩. ਕੇ) ਮੌਲਸਰੀ ਦੀ ਸ਼ਾਖਾ ਤੋਂ ਸੁਗੰਧ ਰੂਪ ਹੋਕੇ ਆਪ ਦੀ ਕੀਰਤਿ ਫੈਲ ਰਹੀ ਹੈ.

**ਮਵਾਸ, ਮਵਾਸੀ:** ਮਤਾ ਆਕੀ। ੨. ਖ਼ੁਦਮੁਖ਼ਤਾਰ. Molesworth ਨੇ ਮਰਾਠੀ ਕੋਸ਼ ਵਿੱਚ ਇਸ ਦਾ ਮੂਲ ਅ. مواثی ਮੁਵਾਸ਼ੀ ਦਿੱਤਾ ਹੈ, ਜਿਸ ਦਾ ਅਰਥ ਹੈ ਬਦਖ਼੍ਵਾਹ, ਅਸ਼ੁਭ ਚਿੱਤਕ। ੩. ਸੰ. ਰਕ੍ਸ਼ਾ ਦਾ ਥਾਂ. ਪਨਾਹ ਲੈਣ ਦੀ ਜਗਾ.

**ਮਵਾਹਿਦ:** ਅ. مواحد ਮੁਵੱਹ਼ਿਦ. ਵਿ- ਵਾਹ਼ਿਦ (ਇੱਕ) ਦਾ ਉਪਾਸਕ. ਇੱਕ ਕਰਤਾਰ ਦਾ ਸੇਵਕ (unitarian. )

**ਮਵਾਦ:** ਅ. مواد ਸੰਗਯਾ- ਮਾਦਹ ਦਾ ਬਹੁਵਚਨ. ਦੇਖੋ, ਮਾਦਾ ੨.

**ਮਵਾਲੀ:** ਅ. موالی ਮੌਲਾ ਦਾ ਬਹੁਵਚਨ. ਦੇਖੋ, ਮਉਲਾ ੩.

**ਮਵੇਸੀ:** ਦੇਖੋ, ਬਵਾਸੀਰ. "ਖਈ ਸੁ ਬਾਈ ਭਈ ਮਵੇਸੀ." (ਚਰਿਤ੍ਰ ੪੦੫) ੨. ਅ. مویشی ਮਵੇਸ਼ੀ. ਮਾਸ਼ੀਯਹ (ਚਲਣ ਵਾਲਾ) ਦਾ ਬਹੁਵਚਨ. ਚੁਪਾਏ ਜੀਵ.

**ਮੜ:** ਦੇਖੋ, ਮਰ। ੨. ਦੇਖੋ, ਮਠ। ੩. ਮੜ੍ਹਾ. ਮੜ੍ਹੀ.

**ਮੜਕ:** ਸੰਗਯਾ- ਐਂਠ. ਆਕੜ। ੨. ਭੁਰਭੁਰਾਪਨ। ੩. ਵਜੰਗਯ. ਕਟਾਕ੍ਸ਼.

**ਮੜਕਨਾ:** ਕ੍ਰਿ- ਸੁੱਕਕੇ ਟੁੱਟਣਾ। ੨. ਮੜਮੜ ਸ਼ਬਦ ਕਰਨਾ.

**ਮੜਵੜੀ:** ਮੜ (ਸ਼ਮਸ਼ਾਨ) ਵਿੱਚ ਵਸਣ ਵਾਲੀ, ਚੁੜੇਲ. ਭੂਤਨੀ. "ਮਹਲ ਕੁਰਜੀ ਮੜਵੜੀ, ਕਾਲੀ ਮਨਹੁ ਕਸੁਧ." (ਮਃ ੧. ਵਾਰ ਮਾਰੂ ੧)

**ਮੜਾ:** ਸੰਗਯਾ- ਲੋਥ. ਸ਼ਵ. ਪ੍ਰਾਣ ਰਹਿਤ ਦੇਹ. "ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ." (ਮਃ ੩. ਵਾਰ ਸੂਹੀ) ੨. ਮਠ. ਮੰਦਿਰ. "ਨਿਰਜੀਉ ਪੂਜਹਿ ਮੜਾ ਸਰੇਵਹਿ." (ਮਲਾ ਮਃ ੪) ੩. ਦੇਖੋ, ਮਿਰਤਕ ਮੜਾ। ੪. ਗੱਠਾ. ਪੂਲਾ. "ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ." (ਆਸਾ ਮਃ ੧) ੫. ਵਿ- ਮੜ੍ਹਿਆ ਹੋਇਆ. ਲਪੇਟਿਆ. "ਦੁਰਗੰਧ ਮੜੈ ਚਿਤੁ ਲਾਇਆ." (ਆਸਾ ਛੰਤ ਮਃ ੪) ਭਾਵ- ਸ਼ਰੀਰ.

**ਮੜਿ:** ਮੜ੍ਹਕੇ. ਲਪੇਟਕੇ। ੨. ਦੇਖੋ, ਮੜੀ.

**ਮੜਿਹਾਣ:** ਸ਼ਵਗੰਧ. ਮੜ੍ਹੇ (ਚਿਖਾ) ਤੋਂ ਪੈਦਾ ਹੋਈ ਮੁਰਦਾ ਜਲਨ ਦੀ ਗੰਧ.

**ਮੜੀ:** ਸੰ. ਮਠ. ਕੋਠੜੀ. ਮੰਦਿਰ. "ਜਗੁ ਪਰਬੋਧਹਿ ਮੜੀ ਬਧਾਵਹਿ." (ਰਾਮ ਅਃ ਮਃ ੧) "ਭਿਖਿਆ ਨਾਮੁ, ਸੰਤੋਖ ਮੜੀ." (ਮਃ ੩. ਵਾਰ ਮਾਰੂ ੧) ੨. ਦੇਹ. ਸ਼ਰੀਰ. "ਰਕਤੁ ਬਿੰਦ ਕੀ ਮੜੀ ਨ ਹੋਤੀ." (ਸਿਧ ਗੋਸਟਿ) ੩. ਮੁਰਦੇ ਦੇ ਦਾਹ ਅਥਵਾ ਦਫਨ ਦੇ ਥਾਂ ਬਣਾਈ ਇਮਾਰਤ। ੪. ਦੇਖੋ, ਸ਼੍ਰਿੰਗਮੜੀ.

**ਮੜੋਲਾ, ਮੜੋਲੀ:** ਸੰ. ਮਠ. ਮੰਦਿਰ. ਕੁਟੀ. ਕੋਠਾ। ੨. ਭਾਵ- ਦੇਹ. "ਉਸਾਰਿ ਮੜੋਲੀ ਰਾਖੈ ਦੁਆਰਾ." (ਗਉ ਮਃ ੧)

ਮੜ੍ਹਨਾ: ਕ੍ਰਿ- ਮਢਨਾ. ਆਛਾਦਨ ਕਰਨਾ. ਢਕਣਾ.

ਮੜ੍ਹੀ: ਦੇਖੋ, ਮੜੀ.

ਮਾ: ਸੰ. ਸੰਗਯਾ- ਮਾਤਾ. ਮਾਂ. "ਮਾ ਕੀ ਰਕਤ." (ਮਾਰੂ ਸੋਲਹੇ ਮਃ ੧) ੨. ਲਕ੍ਸ਼੍ਮੀ. "ਗੁਰੁ ਪਾਰਬਤੀ ਮਾ ਈ." (ਜਪੁ) ੩. ਵਯ- ਮਤ. ਨਾ. "ਮਾਭਯ ਮਾਭਯ ਸ਼ੰਕ ਨ ਰੰਚਕ, ਕਰੋਂ ਤ੍ਰਾਣ ਤਵ ਮੇਕ ਘਰੀ." (ਸਲੋਹ) ੪. ਮਾਪਣਾ. ਮਿਣਨ ਦੀ ਕ੍ਰਿਯਾ। ੫. ਸੰ. ਧਾ- ਨਾਪਣਾ, ਤੋਲਣਾ, ਉਪਮਾ ਦੇਣੀ, ਸਮਾਨ ਕਰਨਾ। ੬. ਵਯ ਮੇਰਾ. "ਡੁਬਣ ਦੇਇ ਨ ਮਾਪਿਰੀ." (ਵਾਰ ਗੂਜ ੨. ਮਃ ੫) ੭. ਕ੍ਰਿ. ਵਿ- ਅੰਦਰ. ਵਿੱਚ. ਮੇਂ. ਮਧ੍ਯ. "ਤਾਨ ਕ੍ਰਿਪਾਨ ਲਗਾਈ ਹੈ ਕਹਰਿ ਕੇ ਉਰ ਮਾ." (ਚੰਡੀ ੧) ੮. ਫ਼ਾ. ما ਸਰਵ- ਅਸੀਂ. ਹਮ। ੯. ਵਿ- ਸਾਡਾ. ਹਮਾਰਾ.

ਮਾਉ: ਸੰਗਯਾ- ਮਾਤਾ. ਮਾਂ. "ਤਿਨ ਧੰਨੁ ਜਣੇਦੀ ਮਾਉ." (ਆਸਾ ਫਰੀਦ)

ਮਾਉਣਾ: ਕ੍ਰਿ- ਸਮਾਉਣਾ। ੨. ਮਾਪ (ਮਰਯਾਦਾ) ਵਿੱਚ ਰਹਿਣਾ. "ਊਚੇ ਪਦ ਕੋ ਪਾਇ, ਨ ਮਾਈ." (ਨਾਪ੍ਰ)

ਮਾਉਲੇਰ: ਸੰਗਯਾ- ਮਾਮੇ ਦੀ ਵੰਸ਼. "ਮਾਉਲੇਰ ਫੁਫੇਰ ਅਵੱਤਾ." (ਭਾਗੁ)

ਮਾਊ: ਸੰਗਯਾ- ਮਾਤਾ. ਮਾਂ. "ਛੋਡਹਿ ਨਾਹੀ ਬਾਪ ਨ ਮਾਊ." (ਆਸਾ ਮਃ ੫) ੨. ਵਿ- ਮਾਤਾ ਦਾ. "ਮਾਊ ਪੀਊ ਕਿਰਤੁ ਗਵਾਇਨਿ." (ਮਃ ੧. ਵਾਰ ਮਾਝ) ਮਾਤਾ ਪਿਤਾ ਦਾ ਕ੍ਰਿਤ (ਉਪਕਾਰ) ਗਵਾ ਦਿੰਦੇ ਹਨ.

ਮਾਂਊਂ: ਸੰ. ਮਾਯੁ. ਸੰਗਯਾ- ਜਾਦੂ। ੨. ਭਯੰਕਰ ਆਵਾਜ ਨਾਲ ਬੋਲਦਾ ਹੋਇਆ ਪਸ਼ੂ। ੩. ਇਸਤ੍ਰੀਆਂ ਨੇ ਬੱਚਿਆਂ ਨੂੰ ਡਰਾਉਣ ਵਾਸਤੇ ਮਾਂਊਂ ਇੱਕ ਕਲਪਿਤ ਬਲਾ ਸਮਝ ਰੱਖੀ ਹੈ.

ਮਾਇ: ਸੱਗਯਾ- ਮਾਤਾ. ਮਾਂ. "ਮਾਇ ਨ ਹੋਤੀ ਬਾਪ ਨ ਹੋਤਾ." (ਰਾਮ ਨਾਮਦੇਵ) ੨. ਮਾਯਾ. "ਤਾ ਕਉ ਕਹਾਂ ਬਿਆਪੈ ਮਾਇ?" (ਗਉ ਮਃ ੫) ੨. ਅਵਿਦ੍ਯਾ. "ਕਾਟੇ ਰੇ ਬੰਧਨ ਮਾਇ." (ਧਨਾ ਅਃ ਮਃ ੫) ੪. ਮਯਾ. ਕ੍ਰਿਪਾ. "ਜੇ ਭਾਵੈ ਕਰੈ ਤ ਮਾਇ." (ਸ੍ਰੀ ਮਃ ੧) ਜੇ ਭਾਵੇ. ਤਾਂ ਮਯਾ ਕਰੇ। ੫. ਦੇਖੋ, ਮਾਉਣਾ ੧. "ਮਨ ਮੈ ਹਰਖ ਨ ਮਾਇ." (ਗੁਪ੍ਰਸੂ) ੬. ਅ਼. ماء ਜਲ. ਪਾਨੀ.

ਮਾਇਓ: ਵਿ- ਮਾਯਾ ਦਾ. "ਮਤਵਾਰੋ ਮਦਿ ਮਾਇਓ." (ਟੋਡੀ ਮਃ ੫) ੨. ਸਮਾਇਆ. ਦੇਖੋ, ਮਉਣਾ ੧.

ਮਾਇਆ: ਸੰਗਯਾ- ਮਾਤਾ. ਮਾਂ. "ਆਪਿ ਪਿਤਾ, ਆਪਿ ਮਾਇਆ." (ਸੂਹੀ ਛੰਤ ਮਃ ੫) "ਤੂ ਹਰਿ ਪਿਤਾ ਮਾਇਆ." (ਸ੍ਰੀ ਮਃ ੫) ੨. ਸੰ. ਮਾਯਾ. ਕਪਟ. ਛਲ. ਦੰਭ. ਦੇਖੋ, ਮਾ ਧਾ. "ਇਹੁ ਤਨੁ ਮਾਇਆ ਪਾਹਿਆ ਪਿਆਰੇ, ਲੀਤੜਾ ਲਬਿ ਰੰਗਾਏ." (ਤਿਲੰ ਮਃ ੧) ੩. ਭੁਲੇਖਾ. ਭ੍ਰਮ. ਅਵਿਦ੍ਯਾ. "ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਿਤ." (ਧਨਾ ਅਃ ਮਃ ੫) "ਏਹ ਮਾਇਆ, ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ." (ਅਨੰਦੁ) ੪. ਲਕ੍ਸ਼੍ਮੀ. ਧਨ ਸੰਪਦਾ. "ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ." (ਸਃ ਮਃ ੯) ੫. ਜਗਤਰਚਨਾ ਦਾ ਕਾਰਣ ਰੂਪ ਈਸ਼੍ਵਰ ਦੀ ਸ਼ਕਤਿ. "ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ." (ਮਾਰੂ ਸੋਲਹੇ ਮਃ ੩) ੬. ਮਯਾ. ਕ੍ਰਿਪਾ. ਪ੍ਰਸਾਦ. "ਤਿੰਹ ਮੇਲਹੁ ਜਿੰਹ ਕਰਹੋ ਮਾਇਆ." (ਗੁਪ੍ਰਸੂ) "ਨਹੀ ਮਾਇਆ ਮਾਖੀ." (ਮਾਰੂ ਸੋਲਹੇ ਮਃ ੧) ਨ ਮਯਾ ਹੈ ਨ ਮਾਸ਼ (ਕ੍ਰੋਧ) ਹੈ. ਦੇਖੋ, ਮਾਖੀ ੪। ੭. ਬੁੱਧ ਭਗਵਾਨ ਦੀ ਮਾਤਾ। ੮. ਹਿੰਦੂਆਂ ਦੀਆਂ ਪ੍ਰਧਾਨ ਪੁਰੀਆਂ ਵਿੱਚੋਂ ਇੱਕ ਪੁਰੀ. ਹਰਿਦ੍ਵਾਰ ਤੋਂ ਕਨਖਲ ਤੀਕ ਦੀ ਆਬਾਦੀ. "ਮਥੁਰਾ ਮਾਇਆ ਅਜੁੱਧਿਆ." (ਭਾਗੁ ਕ)

ਮਾਇਆਧਾਰੀ: ਦੌਲਤਮੰਦ. ਜਿਸ ਨੇ ਅਗ੍ਯਾਨ ਦ੍ਵਾਰਾ ਧਨ ਸੰਪਦਾ ਆਪਣੀ ਮੰਨੀ ਹੈ. "ਮਾਇਆਧਾਰੀ ਅਤਿ ਅੰਨ੍ਹਾ ਬੋਲਾ." (ਮਃ ੩. ਵਾਰ ਗਉ ੧)

ਮਾਇਆਮੂਠਾ, ਮਾਇਆਮੂਠੁ: ਮਾਯਾਮੁਸ਼ਿਤ. ਮਾਯਾ ਕਰਕੇ ਠਗਿਆ ਹੋਇਆ. "ਤੇ ਸਭਿ ਮਾਇਆਮੂਠੁ ਪਰਾਨੀ." (ਰਾਮ ਮਃ ੫)

ਮਾਇਆਮੋਹਿਤ: ਮਾਇਆ ਕਰਕੇ ਭੁਲੇਖੇ ਵਿੱਚ ਪਿਆ ਹੋਇਆ.

ਮਾਇਨਾ: ਅਰਥ. ਦੇਖੋ, ਮਾਯਨਾ.

ਮਾਇ ਮੂੰਡਉ: ਮਾਤਾ ਦਾ ਸਿਰ ਮੁੰਨੋ. "ਮਾਇ ਮੂੰਡਉ ਤਿਹ ਗੁਰੂ ਕੀ, ਜਾਤੇ ਭਰਮੁ ਨ ਜਾਇ." (ਸ. ਕਬੀਰ) ਭਾਵ- ਮਾਂ ਵਿਧਵਾ ਹੋ ਜਾਵੇ ਤਾਕਿ ਹੋਰ ਅਜੇਹਾ ਪਾਖੰਡੀ ਗੁਰੂ ਨਾ ਪੈਦਾ ਕਰ ਸਕੇ. ਵਿਧਵਾ ਦਾ ਸਿਰ ਮੁੰਨਣਾ ਹਿੰਦੂਮਤ ਵਿੱਚ ਵਿਧਾਨ ਹੈ.

विधवा कवरी बन्धो भर्तृ बन्धाय जायते।

शिरसो मुण्डनं कार्य्यं तस्माद्विधवया सदा॥ [976] (ਸਕੰਦ ਪੁਰਾਣ)

ਮਾਇਲ: ਆਸ਼ਕ. ਦੇਖੋ, ਮਾਯਲ. "ਹਰਿ ਊਪਰਿ ਹ੍ਵੈ ਅਤਿ ਮਾਇਲ." (ਕ੍ਰਿਸਨਾਵ)

ਮਾਈ: ਸੰਗਯਾ- ਮਾਤਾ. ਮਾਂ. "ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ." (ਗੂਜ ਮਃ ੪) ੨. ਮਾਯਾ. ਜਗਤ ਦਾ ਕਾਰਣ ਰੂਪ ਈਸ਼੍ਵਰ ਦੀ ਸ਼ਕਤਿ. "ਏਕਾ ਮਾਈ ਜੁਗਤਿ ਵਿਆਈ." (ਜਪੁ) ੩. ਅਵਿਦ੍ਯਾ. "ਤਾਂਕੈ ਨਿਕਟਿ ਨ ਆਵੈ ਮਾਈ." (ਗਉ ਮਃ ੫) ੪. ਮਮਤਾ. "ਮੁਈ ਮੇਰੀ ਮਾਈ ਹਉ ਖਰਾ ਸੁਖਾਲਾ." (ਆਸਾ ਕਬੀਰ) ੫. ਸੰ. मायिन्. ਮਾਯੀ. ਵਿ- ਮਾਯਾ ਵਾਲਾ. ਮਾਇਆਪਤਿ। ੬. ਸੰਗਯਾ- ਕਰਤਾਰ. "ਮਾਇਆ ਮਾਈ ਤ੍ਰੈ ਗੁਣ ਪਰਸੂਤਿ." (ਮਾਰੂ ਸੋਲਹੇ ਮਃ ੩) ਮਾਈ (ਕਰਤਾਰ) ਨੇ ਮਾਯਾ ਦ੍ਵਾਰਾ ਤ੍ਰਿਗੁਣਾਤਮਕ ਸੰਸਾਰ ਉਪਾਇਆ. "ਜੋ ਜੋ ਚਿਤਵੈ ਦਾਸਹਰਿ ਮਾਈ." (ਗਉ ਮਃ ੫) ਮਾਯਾਪਤਿਹਰਿਦਾ ਦਾਸ ਜੋ ਚਿਤਵੈ.

ਮਾਈਆ: ਸ਼੍ਰੀ ਗੁਰੂ ਅਮਰਦੇਵ ਜੀ ਦਾ ਅਨੰਨ ਸਿੱਖ। ੨. ਲੰਬ ਜਾਤਿ ਦਾ ਸਰਹਿੰਦ ਨਿਵਾਸੀ ਸ਼੍ਰੀ ਗੁਰੂ ਹਰਿਗੋਬਿੰਦਸਾਹਿਬ ਜੀ ਦਾ ਆਤਮਗ੍ਯਾਨੀ ਅਤੇ ਧਰਮਵੀਰ ਸਿੱਖ.

ਮਾਈਸਰ ਖਾਨਾ: ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਭਟਿੰਡਾ, ਥਾਣਾ ਰਾਮਾ ਦਾ ਇੱਕ ਪਿੰਡ. ਇਸ ਦੀ ਵਸੋਂ ਦੇ ਨਾਲ ਹੀ ਦੱਖਣ ਵੱਲ ਸ਼੍ਰੀ ਗਰੂ ਤੇਗਬਹਾਦੁਰ ਸਾਹਿਬ ਦਾ ਗੁਰਦ੍ਵਾਰਾ ਹੈ. ਛੋਟਾ ਜਿਹਾ ਮੰਦਿਰ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਹਨ. ਢਾਈ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ ਪੁਜਾਰੀ ਉਦਾਸੀ ਹੈ. ਗੁਰਦ੍ਵਾਰੇ ਨਾਲ ਦਾ ਟੋਭਾ "ਤਿੱਤਰਸਰ" ਨਾਮ ਤੋਂ ਪ੍ਰਸਿੱਧ ਹੈ. ਇੱਥੇ ਗੁਰੂਸਾਹਿਬ ਨੇ ਇੱਕ ਤਿੱਤਰ ਸ਼ਿਕਾਰ ਕਰਕੇ ਕਰਮਜਾਲ ਤੋਂ ਮੁਕਤ ਕੀਤਾ ਸੀ. ਇੱਕ ਗੁਰਦ੍ਵਾਰਾ ਪਿੰਡ ਦੇ ਅੰਦਰ ਭੀ ਹੈ.

ਮਾਈਬਾਨ: ਦੇਖੋ, ਆਗਰਾ.

ਮਾਈਦਾਸ: ਨਰੋਲੀ ਪਿੰਡ (ਮਾਝੇ) ਦਾ ਵਸਨੀਕ ਇੱਕ ਸ੍ਵਯੰਪਾਕੀ ਵੈਸ਼ਨਵ, ਜੋ ਸਤਿਗੁਰੂ ਅਮਰਦੇਵ ਜੀ ਦੀ ਸ਼ਰਣ ਆਇਆ ਅਤੇ ਗੁਰਸਿੱਖ ਮਾਣਕਚੰਦ ਦੀ ਸੰਗਤਿ ਨਾਲ ਆਤਮਗ੍ਯਾਨ ਨੂੰ ਪ੍ਰਾਪਤ ਹੋਇਆ. ਸ਼੍ਰੀ ਗੁਰੂ ਅਮਰਦੇਵ ਜੀ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ. ਇਸ ਨੇ ਮਾਝੇ ਦੇ ਇਲਾਕੇ ਗੁਰਸਿੱਖੀ ਦਾ ਵਡਾ ਪ੍ਰਚਾਰ ਕੀਤਾ.

ਮਾਈਪੋਤ੍ਰੇ: ਇੱਕ ਸੁਨਿਆਰੀ ਵ੍ਰਿੱਧਾ, ਸ਼੍ਰੀ ਗੁਰੂ ਅਮਰਦੇਵ ਜੀ ਦੇ ਵਰਦਾਨ ਕਰਕੇ ਸੰਤਾਨ ਨੂੰ ਪ੍ਰਾਪਤ ਹੋਈ, ਉਸ ਦੀ ਔਲਾਦ ਹੁਣ ਗੋਇੰਦਵਾਲ ਵਿੱਚ ਮਾਈਪੋਤ੍ਰੇ ਨਾਮ ਤੋਂ ਸੱਦੀ ਜਾਂਦੀ ਹੈ.

ਮਾਈਭੋਗੁ ਕਰੇਇ: ਦੇਖੋ, ਰਾਮ ਰਵੰਤਾ.

ਮਾਈਲ: ਦੇਖੋ, ਮੀਲ ੨.

---

[976] ਇਸ ਦੇ ਮੁਕਾਬਲੇ ਸੁਹਾਗਣ ਦਾ ਸਿਰ ਮੁੰਨਣਾ ਵਰਜਿਆ ਹੈ-
"सभर्तृकाणां नारीणां वपनन्तु विसर्जयेत्."
(ਵ੍ਰਿੱਧ ਵਾਰੀਤਸੰਹਿਤਾ ਅਃ ੬)

ਮਾਏ: ਸੰਬੋਧਨ. ਹੇ ਮਾਤਾ! ੨. ਕ੍ਰਿ. ਵਿ- ਭੀਤਰ. ਮਾਂਹਿ. ਮਧ੍ਯ. "ਸੰਤ ਸੰਗਿ ਪੇਖਿਓ ਮਨ ਮਾਏ." (ਭੈਰ ਮਃ ੫)

ਮਾਸ: ਸੰ. ਮਾਸ੍. ਸੰਗ੍ਯਾ- ਮਹੀਨਾ. ਨਿਰੁਕ੍ਤ ਨੇ ਅਰਥ ਕੀਤਾ ਹੈ ਕਿ ਜੋ ਸਮੇਂ ਨੂੰ ਮਾਪੇ (ਮਿਣੇ) ਉਹ ਮਾਸ ਹੈ. ਵਿਸ਼ਨੁਪੁਰਾਣ ਵਿੱਚ ਮਹੀਨੇ ਦੇ ਚਾਰ ਭੇਦ ਲਿਖੇ ਹਨ-

(ੳ) ਚਾਨਣੇ ਪੱਖ ਦੀ ਏਕਮ ਤੋਂ ਅਮਾਵਸ੍ਯਾ ਤੀਕ ਦਾ "ਚਾਂਦ੍ਰਮਾਸ" ਇਹ ੩੦ ਤਿਥਾਂ ਦਾ ਹੁੰਦਾ ਹੈ. ਹਨੇਰੇ ਪੱਖ ਦੀ ਏਕਮ ਤੋਂ ਪੂਰਨਮਾਸ਼ੀ ਤਕ ੩੦ ਤਿਥਾਂ ਦੀ ਭੀ ਚਾਂਦ੍ਰਮਾਸ ਹੈ.

(ਅ) ਕਿਸੇ ਤਿਥਿ ਤੋਂ ਕਿਸੇ ਤਿਥਿ ਤੀਕ ਤੀਹ ਦਿਨ ਗਿਣਨ ਕਰਕੇ ਹੋਇਆ ਮਹੀਨਾ "ਸਾਵਨਮਾਸ."

(ੲ) ਜਿਤਨੇ ਸਮੇਂ ਵਿੱਚ ਸੂਰਜ ਇੱਕ ਰਾਸ਼ਿ ਨੂੰ ਭੋਗੇ "ਸੌਰਮਾਸ." ਇਹ ੨੯, ੩੦, ੩੧ ਅਤੇ ੩੨ ਦਿਨਾਂ ਦਾ ਹੁੰਦਾ ਹੈ.

(ਸ) ਜਿਤਨੇ ਦਿਨਾਂ ਵਿੱਚ ਸਾਰੇ ਨਕ੍ਸ਼ਤ੍ਰ ਆਪਣਾ ਚਕ੍ਰ ਪੂਰਾ ਕਰਨ, ਉਹ "ਨਾਕ੍ਸ਼ਤ੍ਰਮਾਸ." ਇਹ ਅਸ਼੍ਵਿਨੀ ਨਛਤ੍ਰ ਤੋਂ ਆਰੰਭ ਹੋਕੇ ਰੇਵਤੀ ਨਕ੍ਸ਼ਤ੍ਰ ਤੇ ਸਮਾਪਤ ਹੁੰਦਾ ਹੈ. "ਉਰਜ ਮਾਸ ਕੀ ਪੂਰਨਮਾਸੀ." (ਨਾਪ੍ਰ) ਉਰ੍‍ਜ (ਕੱਤਕ) ਦੀ ਪੂਰਨਮਾਸੀ। ੨. ਚੰਦ੍ਰਮਾ। ੩. ਸੰ. ਮਾਂਸ. "ਹਡੁ ਚੰਮੁ ਤਨੁ ਮਾਸ." (ਮਃ ੧. ਵਾਰ ਮਲਾ) ੪. ਭਾਵ- ਦੇਹ. ਸ਼ਰੀਰ. "ਸਾਸੁ ਮਾਸੁ ਸਭ ਜੀਉ ਤੁਮਾਰਾ." (ਧਨਾ ਮਃ ੧) "ਪ੍ਰਿਥਮੇ ਸਾਸ ਨ ਮਾਸ ਸਨ." (ਭਾਗੁ) ੫. ਫ਼ਾ. ماش ਮਾਸ਼. ਮਾਂਹ. ਸੰ. ਮਾਸ਼. ਉੜਦ. ਦੇਖੋ, ਮਾਂਹ ੨। ੬. ਅ਼. معش ਮਅ਼ਾਸ਼. ਗੁਜ਼ਾਰਾ. ਨਿਰਵਾਹ ਦਾ ਸਾਧਨ। ੭. ਰੋਜ਼ੀ. ਉਪਜੀਵਿਕਾ.

ਮਾਂਸ: ਸੰ. ਪ੍ਰਾਣੀ ਦੇ ਸ਼ਰੀਰ ਦਾ ਇੱਕ ਧਾਤੁ. ਗੋਸ਼੍ਤ. ਮਨੁ ਨੇ ਮਾਂਸ ਦਾ ਅਰਥ ਲਿਖਿਆ ਹੈ ਕਿ- ਮਾਂ (ਮੈਨੂੰ) ਸ (ਉਹ) ਜਿਸ ਨੂੰ ਮੈਂ ਖਾਂਦਾ ਹਾਂ, ਉਹੀ ਮੈਨੂੰ ਕਿਸੇ ਵੇਲੇ ਖਾਵੇਗਾ.

ਪੁਰਾਣੇ ਸਮੇਂ ਮਾਂਸ ਬਿਨਾਂ ਸੰਕੋਚ ਖਾਧਾ ਜਾਂਦਾ ਸੀ ਅਤੇ ਸ਼੍ਰਾੱਧ ਆਦਿ ਕਰਮਾਂ ਵਿੱਚ ਵਰਤੀਦਾ ਸੀ. ਦੇਖੋ, ਵਿਸ਼ਨੁਪੁਰਾਣ ਅੰਸ਼ ੩, ਅਃ ੧੬, ਵਸ਼ਿਸ਼੍ਠ ਸਿਮ੍ਰਿਤਿ ਅਃ ੪, ਮਨੁ ਸਿਮ੍ਰਿਤ ਅਃ ੩, ਸ਼ਲੋਕ ੨੬੮ ਤੋਂ ੨੭੧ ਅਤੇ ਗੋਘਨ.

ਯਜੁਰਵੇਦ ਦੀ ਬ੍ਰਿਹਦਾਰਣ੍ਯਕ ਉਪਨਿਸ਼ਦ ਵਿੱਚ ਪੁਤ੍ਰਇੱਛਾਵਾਨਾ ਇਸਤ੍ਰੀ ਪੁਰਖ ਨੂੰ ਮਾਸ ਚਾਉਲ ਪਕਾਕੇ ਖਾਣੇ ਦੱਸੇ ਹਨ.[977] ਜੈਮਿਨੀ ਅਸ਼੍ਵਮੇਧ ਵਿੱਚ ਅਨੇਕ ਪ੍ਰਕਾਰ ਦੇ ਮਾਸ ਕ੍ਰਿਸ਼ਨ ਜੀ ਨੇ ਜੋ ਖਾਧੇ ਹਨ, ਉਨ੍ਹਾਂ ਦਾ ਵਿਸ੍ਤਾਰ ਨਾਲ ਜਿਕਰ ਕੀਤਾ ਹੈ.[978] ਮਨੁ ਨੇ ਸ਼੍ਰਾੱਧ ਯੱਗ ਆਦਿ ਵਿੱਚ ਵਿਧਾਨ ਕੀਤੇ ਮਾਸ ਨੂੰ ਨਾ ਖਾਣ ਵਾਲੇ ਲਈ ੨੧. ਜਨਮ ਪਸ਼ੂ ਦੇ ਪ੍ਰਾਪਤ ਹੋਣੇ ਦੱਸੇ ਹਨ.[979]

ਭਾਰਤ ਵਿੱਚ ਮਾਸ ਦਾ ਤ੍ਯਾਗ ਬੁੱਧਧਰਮ ਦੇ ਪ੍ਰਚਾਰ ਤੋਂ ਹੋਇਆ ਹੈ. ਇਸ ਤੋਂ ਪਹਿਲਾਂ ਹਰੇਕ ਮਤ ਦੇ ਲੋਕ ਮਾਂਸਾਹਾਰੀ ਸਨ.

ਸਿੱਖਧਰਮ ਵਿੱਚ ਮਾਸ ਦਾ ਖਾਣਾ ਹਿੰਦੂ ਧਰਮ- ਸਾਸ਼ਤ੍ਰਾਂ ਵਾਂਙ ਵਿਧਾਨ ਨਹੀਂ, ਅਰ ਨ ਬੌਧ ਜੈਨੀਆਂ ਵਾਂਙ ਇਸ ਦਾ ਤ੍ਯਾਗ ਹੈ.

ਮਾਸਹਾਰੀ: ਵਿ- ਮਾਂਸਾਹਾਰੀ. ਮਾਂਸ- ਅਹਾਰ ਕਰਨ ਵਾਲਾ. ਮਾਸ ਖਾਣ ਵਾਲਾ। ੨. ਮਾਸ ਲੈ ਜਾਣ ਵਾਲਾ.

ਮਾਸ਼ਕੀ: ਮਸ਼ਕ ਚੁੱਕਣ ਵਾਲਾ. ਬਹਿਸ਼ਤੀ. ਸੱਕਾ.

ਮਾਸਪੁਰੀ: ਦੇਹ. ਸ਼ਰੀਰ।੨ ਸ਼ਸਤ੍ਰਾਂ ਨਾਲ ਕੱਟੇ ਹੋਏ ਮਾਂਸ ਨਾਲ ਪੂਰਨ ਹੋਈ ਨਗਰੀ. ਭਾਵ- ਸੈਦਪੁਰ. ਦੇਖੋ, ਏਮਨਾਬਾਦ, "ਮਾਸਪੁਰੀ ਵਿਚਿ ਆਖੁ ਮਸੋਲਾ." (ਤਿਲੰ ਮਃ ੧)

---

[977] मांसौदनं पाचयित्वा सर्पिष्मन्त मश्नीयाताम. (ਅਃ ੬)

[978] शाशिकं रौहिकं चैव चैत्तल मेपसंभवम्।
मत्स्यमांसं लाविकं च तैत्तिरं रुचिदायकम।
नाना रसयुतं रम्यं बुभुजे देवकी सुतः॥ (ਅਃ ੯, ਸ ੫੬-੫੭)

[979] नियुक्तस्तु यथान्यायं यो मांसं नात्ति मानवः।
स प्रेत्य पशुतांयाति संभवानेक विंशतिम्॥ (ਅਃ ੫, ਸਃ ੩੫)

ਮਾਸਲ: ਸੰ. ਮਾਂਸਲ. ਵਿ- ਮੋਟਾ. ਸ੍ਥੂਲ. ਜਿਸ ਦਾ ਮਾਸ ਫੁੱਲਿਆ ਹੋਇਆ ਹੈ.

ਮਾਸੜ: ਮਾਸੀ ਦਾ ਪਤਿ. ਮਾਸੀਵਰ.

ਮਾਸਾ: ਸੰ. ਮਾਸ਼ਕ. ਸੰਗ੍ਯਾ- ਅੱਠ ਰੱਤੀ ਭਰ ਤੋਲ. ਫ਼ਾ. ماشہ ਮਾਸ਼ਹ. "ਖਿਨੁ ਤੋਲਾ ਖਿਨੁ ਮਾਸਾ." (ਬਸੰ ਮਃ ੧) ੨. ਭਾਵ- ਤਨਿਕ. ਥੋੜਾ ਜੇਹਾ. "ਗੁਰਮੁਖਿ ਲੇਪੁ ਨ ਮਾਸਾ ਹੇ." (ਮਾਰੂ ਸੋਲਹੇ ਮਃ ੫) ੩. ਮਹਾਸ਼ਯ ਦਾ ਸੰਖੇਪ. ਦੇਖੋ, ਮਹਾਸ਼ਯ। ੪. ਸੰ. ਸ੍ਮਸ਼੍ਰ. ਮੁੱਛ. ਦਾੜ੍ਹੀ. "ਜਾਕੈ ਰੂਪੁ ਨਾਹੀ ਜਾਤਿ ਨਾਹੀ, ਨਾਹੀ ਮੁਖੁ ਮਾਸਾ." (ਪ੍ਰਭਾ ਮਃ ੧)

ਮਾਸਾਹਾਰੀ: ਦੇਖੋ, ਮਾਸਹਾਰੀ ੧.

ਮਾਸਾਰਾ: ਵਿ- ਮਸਾਰ (ਨੀਲਮ) ਰੰਗਾ. ਦੇਖੋ, ਮਸਾਰ ੧। ੨. ਸ਼੍ਮਸ਼੍ਰ. ਦਾੜ੍ਹੀ. "ਬਰਨੁ ਚਿਹਨੁ ਨਾਹੀ ਮੁਖ ਨ ਮਾਸਾਰਾ." (ਸੂਹੀ ਪੜਤਾਲ ਮਃ ੫)

ਮਾਸਿਕ: ਵਿ- ਮਹੀਨੇ ਦਾ। ੨. ਸੰਗ੍ਯਾ- ਮਹੀਨੇ ਪਿੱਛੋਂ ਹੋਣ ਵਾਲਾ ਸ਼੍ਰਾੱਧ ਆਦਿ ਕਰਮ। ੩. ਮਹੀਨੇ ਦੀ ਨੌਕਰੀ.

ਮਾਸਿਵਾ: ਅ਼. ماسوا ਬਿਨਾ. ਬਗੈਰ। ੨. ਕਰਤਾਰ ਬਿਨਾ ਬਾਕੀ ਹੋਰ ਜਗਤ.

ਮਾਸੀ: ਸੰ. मातृ स्वसृ- ਮਾਤ੍ਰਿ ਸ੍ਵਸ੍ਰਿ. ਮਾਂ ਦੀ ਭੈਣ. "ਫੁਫੀ ਨਾਨੀ ਮਾਸੀਆ." (ਮਾਰੂ ਅਃ ਮਃ ੧) ਦੇਖੋ, ਮਾਸੁਰੀ ੨। ੨. ਮਾਸੀਂ. ਮਹੀਨਿਆਂ ਕਰਕੇ। ੩. ਮਹੀਨਿਆਂ ਪਿੱਛੋਂ. "ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ." (ਆਸਾ ਮਃ ੫)

ਮਾਸੁ: ਮਾਂਸ. ਦੇਖੋ, ਮਾਸ ੩. ਅਤੇ ਮਾਂਸ, "ਮਾਸੁ ਮਾਸੁ ਕਰਿ ਮੂਰਖੁ ਝਗੜੇ." (ਮਃ ੧. ਵਾਰ ਮਲਾ) ੨. ਭਾਵ ਪਦਾਰਥਾਂ ਦੇ ਭੋਗ. "ਦੀਸਤ ਮਾਸੁ ਨ ਖਾਇ ਬਲਾਈ." (ਰਾਮ ਮਃ ੫) ਭੋਗਾਂ ਦੀ ਇੱਛਾ, ਹੁਣ ਭੋਗਾਂ ਦੀ ਸਾਮਗ੍ਰੀ ਮੌਜੂਦ ਹੋਣ ਤੇ ਭੀ ਸ਼ਾਂਤ ਹੋ ਗਈ ਹੈ.

ਮਾਸੁਰੀ: ਸੰ. ਸੰਗ੍ਯਾ- ਦਾੜ੍ਹੀ. ਰੀਸ਼. ਸਮਸ਼੍ਰੁ। ੨. ਮਾਂ ਦੀ ਭੈਣ. ਮਾਸੀ.

ਮਾਸੂਕ: ਅ਼. معشُوق ਮਅ਼ਸ਼ੂਕ. ਜਿਸ ਨਾਲ ਇ਼ਸ਼ਕ਼ (ਪ੍ਰੇਮ) ਕਰੀਏ. ਪ੍ਰੇਮਪਾਤ੍ਰ.

ਮਾਸੂਮ: ਅ਼. معصُوم ਮਅ਼ਸੂਮ. ਵਿ- ਅ਼ਸਮ (ਗੁਨਾਹ) ਰਹਿਤ. ਪਾਪ ਤੋਂ ਬਚਿਆ ਹੋਇਆ.

ਮਾਹ: ਸੰ. माह. ਧਾ- ਮਿਣਨਾ, ਤੋਲਣਾ, ਗਿਣਨਾ, ਫੈਲਾਉਣਾ। ੨. ਸੰਗ੍ਯਾ- ਮਾਸ. ਫ਼ਾ. ماہ ਮਾਹ. ਮਹੀਨਾ. "ਮਾਹ ਦਿਵਸ ਮੂਰਤ ਭਲੇ." (ਮਾਝ ਬਾਰਹਮਾਹਾ) ੩. ਚੰਦ੍ਰਮਾ. "ਨਮੋ ਮਾਹਮਾਹੇ." (ਜਾਪੁ) ੪. ਮਾਘ ਮਹੀਨੇ ਲਈ ਭੀ ਕਈ ਕਵੀਆਂ ਨੇ ਮਾਹ ਸ਼ਬਦ ਵਰਤਿਆ ਹੈ। ੫. ਕ੍ਰਿ. ਵਿ- ਵਿੱਚ. ਭੀਤਰ. "ਮਾਹ ਮੇ ਨਾਹ ਨਹੀਂ ਘਰ ਮਾਹ." (ਕ੍ਰਿਸਨਾਵ) ਮਾਘ ਵਿੱਚ ਪਤੀ ਘਰ ਅੰਦਰ ਨਹੀਂ

ਮਾਂਹ: ਕ੍ਰਿ ਵਿ- ਅੰਦਰ. ਭੀਤਰ। ੨. ਸੰ. माष- ਮਾਸ਼. ਮਾਂਹ. ਉੜਦ. Black- gram. L. Phaseolus Radiatus.

ਮਾਹਖ: ਸੰ. ਮਾਹਿਸ਼. ਵਿ- ਭੈਂਸ (ਮੱਝ) ਦਾ। ੨. ਸੰਗ੍ਯਾ- ਮੈਂਹ ਦਾ ਦੁੱਧ ਘੀ ਆਦਿ। ੩. ਮਹਿਖਾਸੁਰ (ਮਹਿਸ਼ਾਸੁਰ) ਲਈ ਭੀ ਮਾਹਖ ਸ਼ਬਦ ਆਇਆ ਹੈ. "ਮਾਹਖ ਸੇ ਪਲ ਬੀਚ ਨਿਵਾਰੇ." (ਵਿਚਿਤ੍ਰ)

ਮਾਹਤਾਬ: ਫ਼ਾ. ماہتاب ਸੰਗ੍ਯਾ ਚੰਦ੍ਰਮਾ ਦੀ ਰੌਸ਼ਨੀ। ੨. ਮਤਾਬ. ਚੰਦ੍ਰਮਾ ਜੇਹਾ ਪ੍ਰਕਾਸ਼ ਕਰਨ ਵਾਲੀ ਇੱਕ ਆਤਿਸ਼ਬਾਜ਼ੀ.

ਮਾਹਤਾਬੀ: ਮਤਾਬੀ. ਛੋਟਾ ਮਾਹਤਾਬ.

ਮਾਹਦੀਨ: ਹਜਰਤ ਮੁਹੰਮਦ. "ਕਰਜੋ ਮਾਹਦੀਨੰ." (ਗੁਵਿ ੧੦) ੨. ਵਿ- ਦੀਨ (ਧਰਮ) ਦਾ ਮਾਹ (ਚੰਦ੍ਰਮਾ)

ਮਾਹਮ: ਫ਼ਾ. ماہم ਸਰਵ- ਹਮ ਭੀ. ਅਸੀਂ ਭੀ.

**ਮਾਹਮਾਹ:** ਵਿ- ਚੰਦ੍ਰਮਾ ਨੂੰ ਭੀ ਪ੍ਰਕਾਸ਼ਣ ਵਾਲਾ. ਦੇਖੋ ਮਾਹ ੩.

**ਮਾਹਰ:** ਅ਼. ماہر ਮਾਹਿਰ. ਵਿ- ਮਹਾਰਤ (ਯੋਗਜਤਾ) ਰੱਖਣ ਵਾਲਾ. ਹੁਨਰ ਵਿੱਚ ਉਸਤਾਦ। ੨. ਤਜੁਰਬੇਕਾਰ। ੩. ਪੂਰਾ ਵਾਕ਼ਿਫ਼. "ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ." (ਮਾਝ ਮਃ ੫) ੪. ਮਹਰ (ਸੰ. ਮਹੱਤਰ). ਪ੍ਰਧਾਨ. ਮੁਖੀਆ. "ਹਉ ਹੋਆ ਮਾਹਰੁ ਪਿੰਡ ਦਾ." (ਸ੍ਰੀ ਮਃ ੫. ਪੈਪਾਇ) ੫. ਦੇਖੋ, ਮਹਰਿ ਅਤੇ ਮਾਹਿਰ.

**ਮਾਹਰਿ:** ਕ੍ਰਿ. ਵਿ- ਮਧ੍ਯ ਮੇਂ. ਭੀਤਰ."ਜਾਂ ਪਿਰੁ ਬਾਹਰਿ, ਤਾਂ ਧਨ ਮਾਹਰਿ." (ਵਾਰ ਰਾਮ ੨. ਮਃ ੫) ਜਦ ਕਰਤਾਰ ਮਨੋ ਬਾਹਰ, ਤਦ ਮਾਯਾ ਅੰਦਰ ਆ ਪ੍ਰਵੇਸ਼ ਹੁੰਦੀ ਹੈ.

**ਮਾਹਰੀਚੰਦ:** ਬੀਬੀ ਬੀਰੋ ਜੀ ਦਾ ਸੁਪੁਤ੍ਰ, ਜੋ ਮਹਾਨ ਯੋਧਾ ਸੀ. ਦੇਖੋ, ਬੀਰੋ ਬੀਬੀ. "ਹਠਿਓ ਮਾਹਰੀਚੰਦਯੰ." (ਵਿਚਿਤ੍ਰ)

**ਮਾਹਰੁ:** ਦੇਖੋ, ਮਾਹਰ.

**ਮਾਹਰੂ:** ਵਿ- ਮਾਹ (ਚੰਦ੍ਰਮਾ) ਜੇਹਾ ਹੈ ਰੂ (ਮੁਖ) ਜਿਸ ਦਾ। ੨. ਸੰਗਯਾ- ਮਾਹਰੀਚੰਦ. "ਕੁਪਯੋ ਮਾਹਰੂ ਕਾਹਰੂ ਰੂਪ ਧਾਰੇ." (ਵਿਚਿਤ੍ਰ) ਦੇਖੋ, ਬੀਰੋ ਬੀਬੀ.

**ਮਾਹਰੋ:** ਪੂਰਾ ਗਯਾਨੀ. ਦੇਖੋ ਮਾਹਰ. "ਸਾਚਾ ਸਾਹਿਬੁ ਮਾਹਰੋ." (ਮਲਾ ਅਃ ਮਃ ੩)

**ਮਾਹਲ:** ਦੇਖੋ, ਮਾਲ੍ਹ.

**ਮਾਹਾ:** ਵਿ- ਮਹਾਨ. ਵਡਾ. "ਮਾਹਾ ਸੁਖ ਪਾਇਆ ਬਰਨਿ ਨ ਸਾਕਉ." (ਮਲਾ ਮਃ ੫) ੨. ਕ੍ਰਿ. ਵਿ- ਮਧ੍ਯ. ਵਿੱਚ. ਅੰਦਰ. "ਜਗਦੀਸ ਜਪਉ ਮਨ ਮਾਹਾ." (ਜੈਤ ਮਃ ੪) ੩. ਸੰ. ਸੰਗਯਾ- ਗਊ.

**ਮਾਹਾਂ:** ਸੰਗਯਾ- ਸਰਪੰਖਾ. ਇੱਕ ਪੌਧਾ, ਜੋ ਰੇਤਲੀ ਜ਼ਮੀਨ ਵਿੱਚ ਗਰਮੀਆਂ ਦੀ ਰੁੱਤ ਪੈਦਾ ਹੁੰਦਾ ਹੈ. ਇਹ ਊਠਾਂ ਦੀ ਪਿਆਰੀ ਖ਼ੁਰਾਕ ਹੈ. ਇਸ ਦੀ ਜੜ ਦੀ ਦਾਤਨ ਚੰਗੀ ਹੁੰਦੀ ਹੈ, ਮਾਹਾਂ ਲਹੂ ਦੇ ਵਿਕਾਰ ਦੂਰ ਕਰਦਾ ਹੈ.

**ਮਾਹਾਂ ਸਿੰਘ:** ਦੇਖੋ, ਮਹਾਸਿੰਘ.

**ਮਾਹਾਮਾਹ:** ਮਹੀਨਿਆਂ ਵਿੱਚੋਂ ਉੱਤਮ ਮਾਹ (ਮਹੀਨਾ) "ਮਾਹਾਮਾਹ ਮੁਮਾਰਖੀ ਚੜਿਆ ਸਦਾ ਬਸੰਤੁ." (ਬਸੰ ਮਃ ੧)

**ਮਾਹਾਰੁਤੀ:** ਸੰਗਯਾ- ਰਿਤੁਰਾਜ. ਬਸੰਤ. "ਮਾਹਾਰੁਤੀ ਆਵਣਾ." (ਬਸੰ ਮਃ ੧) ੨. ਮਹੀਨੇ ਅਤੇ ਰੁੱਤਾਂ। ੩. ਭਾਵ- ਮਾਨੁਸ਼ ਜਨਮ.

**ਮਾਹਿ:** ਕ੍ਰਿ- ਵਿ ਮਧ੍ਯ ਮੇਂ. ਭੀਤਰ. ਅੰਦਰਿ. "ਮਾਹਿ ਨਿਰੰਜਨੁ ਤ੍ਰਿਭਵਣ ਧਣੀ." (ਰਾਮ ਬੇਣੀ) ੨. ਅ਼. میاہ ਮਿਆਹ. ਸੰਗਯਾ- ਮਾਯ (ਜਲ) ਦਾ ਬਹੁਵਚਨ. "ਅਗਨਿ ਮਰੈ ਗੁਣ ਮਾਹਿ." (ਸ੍ਰੀ ਮਃ ੧) ੩. ਦੇਖੋ, ਮਾਹ.

**ਮਾਹਿਖ:** ਸੰ. ਮਾਹਿ. ਵਿ- ਮੱਝ (ਭੈਂਸ) ਨਾਲ ਹੈ ਜਿਸ ਦਾ ਸੰਬੰਧ। ੨. ਦੇਖੋ, ਮਾਹਖ.

**ਮਾਹਿਖੀ:** ਸੰ. ਮਾਹਿਸ਼ੀ. ਵਿ- ਮੱਝ (ਭੈਂਸ) ਨਾਲ ਹੈ. ਜਿਸ ਦਾ ਸੰਬੰਧ। ੨. ਸੰਗਯਾ- ਭੈਂਸ ਦਾ ਪੁਤ੍ਰ ਝੋਟਾ. ਮਹਿਸ਼. "ਮਾਹਿਖੀ ਪੈ ਚੜ੍ਹੇ ਦੈਤ ਢੂਕੋ." (ਚਰਿਤ੍ਰ ੪੦੫)

**ਮਾਹਿਖੀਸੰ:** ਮਹਿਸ਼- ਈਸ਼. ਯਮਰਾਜ. ਝੋਟੇ ਪੁਰ ਚੜ੍ਹਨ ਵਾਲਾ. "ਚੜੇ ਮਾਹਿਖੀਸੰ. (ਅਜਰਾਜ)

**ਮਾਹਿਰ:** ਦੇਖੋ, ਮਾਹਰ। ੨. ਸੰ. ਇੰਦ੍ਰ ਦੇਵਤਾ. ਦੇਵਰਾਜ.

**ਮਾਹੀ:** ਕ੍ਰਿ. ਵਿ- ਮੇ. ਅੰਦਰ. "ਪ੍ਰੀਤਮ ਜਾਨਿਲੇਹੁ ਮਨ ਮਾਹੀ." (ਸੋਰ ਮਃ ੯) ੨. ਸੰਗਯਾ- ਮਾਹਿਸ਼ੀ (ਮੈਂਹ) ਚਰਾਉਣ ਵਾਲਾ. ਮੱਝਾਂ ਦਾ ਪਾਲੀ। ੩. ਰਾਂਝਾ, ਜੋ ਮਹੀਆਂ ਚਰਾਇਆ ਕਰਦਾ ਸੀ। ੪. ਪਿਆਰਾ. ਪ੍ਰੇਮੀ. ਮਿਤ੍ਰ- ਹੀਰ ਰਾਂਝੇ ਨੂੰ ਮਾਹੀ

ਨਾਮ ਤੋਂ ਪੁਕਰਾਦੀ ਸੀ, ਇਸ ਕਰਕੇ ਪਿਆਰੇ ਅਰਥ ਵਿੱਚ ਮਾਹੀ ਸ਼ਬਦ ਵਰਤਿਆ ਗਿਆ ਹੈ. "ਸੁਣਕੈ ਸੱਦ ਮਾਹੀ ਦਾ ਮੇਹੀ ਪਾਣੀ ਘਾਹ ਮੁਤੋਨੇ." (ਦਸਮਗ੍ਰੰਥ) ੫. ਜੱਟਾਂ ਦੀ ਇੱਕ ਜਾਤਿ। ੬. ਫ਼ਾ. ماہی ਮੱਛੀ.

ਮਾਹੀਆ ਜੋਹੜ: ਦੇਖੋ, ਜੋਹੜ ਜੀ.

ਮਾਹੀਗੀਰ: ਸੰਗਯਾ- ਮੱਛੀਆਂ ਫੜਨ ਵਾਲਾ ਧੀਵਰ। ੨. ਦੁਧੀਰਾ (Cormorant). ੩. ਬਗੁਲਾ.

ਮਾਹੀਤ, ਮਾਹੀਤਿ: ਅ਼. ماہیت ਮਾਹੀਯਤ. ਸੰਗਯਾ- ਅਸਲੀਯਤ. ੨. ਸਾਰ. ਤਤ੍ਵ. "ਮੰਗਲਵਾਰੇ ਲੇ ਮਾਹੀਤਿ." (ਗਉ ਕਬੀਰ ਵਾਰ ੭) ੩. ਦੇਖੋ, ਮੁਹੀਤ.

ਮਾਹੀ ਮਰਾਤਬ, ਮਾਹੀ ਮਰਾਤਿਬ: ਫ਼ਾ. ماہی مراتب ਸੰਗਯਾ- ਬਾਦਸ਼ਾਹਾਂ ਵੱਲੋਂ ਪ੍ਰਤਿਸ਼੍ਰਿਤ ਆਦੀਮੀਆਂ ਨੂੰ ਮਿਲਿਆ ਹੋਇਆ ਇੱਕ ਖਿਤਾਬ ਅਤੇ ਉਸ ਦਾ ਖਾਸ ਚਿੰਨ੍ਹ, ਜੋ ਧੁਜਾ ਵਿੱਚ ਮੱਛੀ ਦੇ ਆਕਾਰ ਵਾਲਾ ਹੁੰਦਾ ਸੀ. ਇਹ ਅਮੀਰਾਂ ਦੀ ਸਵਾਰੀ ਅੱਗੇ ਹਾਥੀ ਪੁਰ ਹੋਇਆ ਕਰਦਾ ਸੀ.

ਮਾਹੀਯਤ: ਦੇਖੋ, ਮਾਹੀਤਿ.

ਮਾਹ: ਮਹੀਨਾ. ਦੇਖੋ, ਮਾਹ. "ਮਾਹੁ ਪਖੁ ਕਿਹੁ ਚਲੈ ਨਾਹੀ." (ਮਃ ੧. ਵਾਰ ਰਾਮ ੧)

ਮਾਹੁਰ, ਮਾਹੁਰਾ: ਦੇਖੋ, ਮਹੁਰਾ। ੨. ਵਿ- ਮੁਹਰੇ ਦਾ.

ਮਾਹੇ ਦੋ ਹਫ਼ਤਾ: ਫ਼ਾ. ماہِ دوہفتہ ਚੌਦਵੀਂ ਰਾਤ ਦਾ ਚੰਦ.

ਮਾਹੋ: ਫ਼ਾ. ਮਾਹਰੂ. ਚੰਦ੍ਰਮੁਖੀ. ਦੇਖੋ, ਗਜਨਵ। ੨. ਸਿੰਧੀ. ਸੂਤ. ਤਾਣਾ. "ਗਈ ਬੁਨਾਵਨ ਮਾਹੋ." (ਗਉ ਕਬੀਰ)

ਮਾਹੰਤ: ਦੇਖੋ, ਮਹੰਤ. "ਮਨੋ ਖੇਲ ਬਾਸੰਤ ਮਾਹੰਤ ਸੋਹੰ." (ਵਿਚਿਤ੍ਰ) ੨. ਮਾਹ (ਮਹੀਨੇ) ਦਾ ਅੰਤ.

ਮਾਕਉ: ਡਿੰਗ. ਮੁਝੇ. ਮੈਨੂੰ. "ਮਾਕਉ ਅਵਰੁ ਨ ਢੰਗੁ." (ਸਵਾ ਮਃ ੧) ੨. ਮੇਰਾ.

ਮਾਕੜ: ਡਿੰਗ. ਲੰਗੂਰ। ੨. ਸਿੰਧੀ. ਓਸ. ਤ੍ਰੇਲ. ਸ਼ਬਨਮ.

ਮਾਕਾ: ਦੇਖੋ, ਮਾਕਉ.

ਮਾਕੁਰੀ: ਸੰ. ਮਕੰਟੀ. ਮਕੜੀ. "ਇਨ ਬਿਧਿ ਡੂਬੀ ਮਾਕੁਰੀ ਭਾਈ, ਉਂਡੀ ਸਿਰ ਕੈ ਭਾਰੀ." (ਸੋਰ ਅਃ ਮਃ ੧)

ਮਾਕੂਲ: ਅ਼. معقوٗل ਮਅ਼ਕੂਲ. ਵਿ- ਅ਼ਕ਼ਲ ਵਿੱਚ ਲਿਆਂਦਾ ਗਿਆ। ੨. ਯੋਗਜ. ਠੀਕ. ਉਚਿਤ.

ਮਾਕੰਦਰ: ਡਿੰਗ. ਅੰਬ, ਆਮ੍ਰ. ਆਮ.

ਮਾਢਿਕ: ਦੇਖੋ, ਮਾਖਿਉ.

ਮਾਖ: ਸੰ. ਮਾਸ਼. ਫ਼ਾ. ਮਾਸ਼. ਮਾਂਹ. ਉੜਦ. "ਮਾਖਦਾਰ ਲੋਨ ਘ੍ਰਿਤ ਬਹੁ." (ਨਾਪ੍ਰ) ੨. ਪ੍ਰਾ. ਕ੍ਰੋਧ. ਗੁੱਸਾ। ੩. ਮਤ ਆਖ ਦਾ ਸੰਖੇਪ. ਮਾ (ਮਤ) ਆਖ (ਕਥਨਕਰ). ਮਤ ਬੋਲ.

ਮਾਖਣ: ਦੇਖੋ, ਮਾਖਨ.

ਮਾਖਤਾ: ਸੰਗਯਾ- ਮਾਖ (ਕ੍ਰੋਧ) ਦਾ ਖ਼ਿਆਲ. ਮਾਖਤ੍ਵ. ਰੰਜ. "ਨਹਿ ਰਹੈ ਮਾਖਤਾ ਹੇਰਲੇਹੁ." (ਗੁਪ੍ਰਸੂ)

ਮਾਖਨ, ਮਾਖਨੁ: ਸੰ. ਮੰਬਜ. ਮਥਨ ਤੋਂ ਪੈਦਾ ਹੋਇਆ. ਨਵਨੀਤ. ਦੇਖੋ, ਮੱਖਣ। ੨. ਭਾਵ- ਸਾਰ. ਤਤ੍ਵ. "ਸੰਤਹੁ ਮਾਖਨੁ ਖਾਇਆ." (ਸ. ਕਬੀਰ) ੩. ਦੁੱਧ. "ਥਨ ਚੋਖਤਾ ਮਾਖਨੁ ਘੂਟਲਾ." (ਗੌਂਡ ਨਾਮਦੇਵ) ੪. ਦੇਖੋ, ਮਾਖਨੁ.

ਮਾਖਨਾ: ਖ੍ਰਿ- ਮਾਖ (ਕ੍ਰੋਧ) ਕਰਨਾ. ਗੁੱਸੇ ਹੋਣਾ.

ਮਾਖਨੁ: ਦੇਖੋ, ਮਾਖਨ ੨. "ਪ੍ਰਥਮੈ ਮਾਖਨੁ, ਪਾਛੈ ਦੂਧ." (ਰਾਮ ਮਃ ੫) ਭਾਵ- ਵਿਦ੍ਯਾ ਦਾ ਤਤ੍ਵ ਪਹਿਲਾਂ ਪ੍ਰਾਪਤ ਹੋਗਿਆ, ਕਿਤਾਬੀ ਇਲਮ ਪਿੱਛੋਂ.

ਮਾਖਾ: ਮਾਖ (ਕ੍ਰੋਧ) ਸਹਿਤ ਹੋਇਆ. ਮਾਖਿਤ.

ਮਾਖਿ: ਕ੍ਰੋਧ ਕਰਕੇ. ਗੁੱਸੇ ਨਾਲ। ੨. ਸੰਗ੍ਯਾ- ਮਕ੍ਸ਼ਿ. ਮੱਖੀ. "ਉਡੀ ਜਾਨੁ ਮਾਖੀਰ ਕੀ ਮਾਖਿ ਮਾਨੋ." (ਚਰਿਤ੍ਰ ੧੭੫)

ਮਾਖਿਉ, ਮਾਖਿਓ: ਸੰ. ਮਾਕ੍ਸ਼ਿਕ. ਸੰਗ੍ਯਾ- ਮੱਖੀਆਂ ਕਰਕੇ ਜਮਾਂ ਕੀਤਾ ਮਿੱਠਾ. ਸ਼ਹਦ. ਮਧੁ. "ਕੂੜ ਮਿਠਾ ਕੂੜ ਮਾਖਿਉ." (ਵਾਰ ਆਸਾ)

ਮਾਖਿਅ: "ਮਾਖਿਅ ਨਈ ਵਹੰਨਿ." (ਸ. ਫਰੀਦ) ਬਹਿਸ਼੍ਤ ਵਿੱਚ ਸ਼ਹਦ ਦੀਆਂ ਨਦੀਆਂ ਵਗਦੀਆਂ ਹਨ. ਦੇਖੋ, ਕ਼ੁਰਾਨ, ਸੂਰਤ ਮੁਹੰਮਦ, ਆਯਤ ੧੫। ੨. ਭਾਵ- ਸਤਸੰਗ ਵਿੱਚ ਪ੍ਰੇਮਕਥਾ.

ਮਾਖਿਅਨਈ: ਸ਼ਹਦ ਦੀ ਨਦੀ, ਦੇਖੋ, ਮਾਖਿਅ.

ਮਾਖੀ: ਸੰਗ੍ਯਾ- ਮਕ੍ਸ਼ਿ. ਮੱਖੀ. ਮਕ੍ਸ਼ਿਕਾ. "ਮਾਖੀ ਚੰਦਨ ਪਰਹਰੈ." (ਸ. ਕਬੀਰ) ੨. ਭਾਵ- ਮਾਯਾ. "ਮਾਖੀ ਰਾਮ ਕੀ ਤੂੰ ਮਾਖੀ." (ਸਾਰ ਮਃ ੫) ੩. ਵਿ- ਮਾਖ (ਕ੍ਰੋਧ) ਵਾਲਾ ਕ੍ਰੋਧੀ। ੪. ਸੰਗ੍ਯਾ- ਮਾਖਤਾ. ਕ੍ਰੋਧ ਭਾਵ. "ਨਹੀਂ ਮਾਇਆ ਮਾਖੀ." (ਮਾਰੂ ਸੋਲਹੇ ਮਃ ੧) ਨਾ ਤਦ ਮਾਯਾ (ਮਯਾ- ਪ੍ਰਸੰਨਤਾ), ਅਤੇ ਨਾ ਮਾਖ (ਕ੍ਰੋਧਭਾਵ) ਸੀ.

ਮਾਖੀਰ: ਸੰਗ੍ਯਾ- ਮੱਖੀਆਂ ਕਰਕੇ ਈਰਿਤ (ਜਮਾਂ ਕੀਤਾ ਹੋਇਆ), ਸ਼ਹਦ, ਮਾਕ੍ਸ਼ਿਕ. ਮਾਕ੍ਸ਼ੀਕ. ਦੇਖੋ, ਮਖਿ.

ਮਾਖ਼ੂਜ: ਅ਼. ماخوذ ਮਾਖ਼ੂਜ. ਵਿ- ਜੋ ਅਖ਼ਜ਼ (ਪਕੜਿਆ ਗਿਆ) ਹੈ. ਗਰਿਫ਼ਤਾਰ। ੨. ਕਿਸੇ ਪੁਸਤਕ ਤੋਂ ਲਿਆ ਹੋਇਆ ਮਜ਼ਮੂਨ.

ਮਾਖੋ: ਦੇਖੋ, ਮਾਖਿਉ। ੨. ਇੱਕ ਡਾਕੂ, ਜੋ ਭਾਰੀ ਫਿਸਾਦੀ ਸੀ, ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਨੇ ਜਦ ਅਨੰਦਪੁਰ ਆਬਾਦ ਕੀਤਾ, ਤਦ ਸਤਿਗੁਰੂ ਦੇ ਪ੍ਰਭਾਵ ਕਰਕੇ ਇਹ ਇਲਾਕਾ ਛੱਡ ਗਿਆ. ਇਸ ਦਾ ਪਿੰਡ ਮਾਖੋਵਾਲ ਉਜਾੜਕੇ ਸਿੱਖਾਂ ਨੇ ਅਨੰਦਪੁਰ ਵਿੱਚ ਸ਼ਾਮਿਲ ਕੀਤਾ. ਕਈ ਇਤਿਹਾਸਕਾਰਾਂ ਨੇ ਇਸ ਨੂੰ ਦੇਉ ਲਿਖਿਆ ਹੈ. ਅਨੰਦਪੁਰ ਨਾਮ ਹੋਣ ਪੁਰ ਭੀ ਕਈ ਇਤਿਹਾਸਕਾਰ ਮਾਖੋਵਾਲ ਲਿਖਦੇ ਰਹੇ ਹਨ. "ਮਾਖੋਵਾਲ ਸੁਹਾਵਨਾ ਸਤਿਗੁਰੁ ਕੋ ਅਸਥਾਨ." (ਗੁਰੁਸੋਭਾ)

ਮਾਖੋਵਾਲ: ਦੇਖੋ, ਮਾਖੋ ੨.

ਮਾਂਗ: ਸੰਗ੍ਯਾ- ਮੰਗ. ਯਾਚਨਾ। ੨. ਕੁਆਰੀ ਕਨ੍ਯਾ, ਜਿਸ ਦੀ ਸਗਾਈ ਹੋ ਗਈ ਹੈ। ੩. ਇਸਤ੍ਰੀਆਂ ਦੇ ਕੇਸ਼ਾਂ ਦੀ ਰੇਖਾ, ਜੋ ਮੀਢੀ ਬਣਾਉਣ ਸਮੇਂ ਹੋ ਜਾਂਦੀ ਹੈ. ਜਦ ਚੀਰਣੀ ਪਾਕੇ ਕੇਸ਼ ਦੋਹੀਂ ਪਾਸੀਂ ਕੀਤੇ ਜਾਣ, ਤਦ ਵਿਚਕਾਰ ਸਿਰ ਦੀ ਤੁਚਾ ਦਿਖਾਈ ਦੇਣ ਲਗਦੀ ਹੈ, ਇਸੇ ਰੇਖਾ ਦਾ ਨਾਮ ਮਾਂਗ ਹੈ. ਸ਼ੋਭਾ ਲਈ ਇਸ ਰੇਖਾ ਪੁਰ ਸੰਧੂਰ ਆਦਿ ਰੰਗ ਲਗਾਇਆ ਜਾਂਦਾ ਹੈ. "ਭਰੀਐ ਮਾਂਗ ਸੰਧੂਰੇ." (ਵੰਡ ਮਃ ੧) ੪. ਸਿੰਧੀ. ਉਹ ਡੋਰਾ ਅਥਵਾ ਜੰਜੀਰੀ, ਜੋ ਨੱਥ ਦੇ ਗਹਿਣੇ ਨਾਲ ਬੰਨ੍ਹੀ ਜਾਕੇ ਕੇਸਾਂ ਨਾਲ ਅਟਕਾਈ ਜਾਂਦੀ ਹੈ, ਜਿਸ ਤੋਂ ਗਹਿਣੇ ਦਾ ਭਾਰ ਨੱਕ ਪੁਰ ਨਾ ਪਵੇ.

ਮਾਂਗਟ: ਜਿਲਾ ਗੁਜਰਾਤ, ਤਸੀਲ ਫਾਲੀਆ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮੰਡੀ ਬਹਾਉੱਦੀਨ ਤੋਂ ਛੀ ਮੀਲ ਹੈ. ਸ਼੍ਰੀ ਗੁਰੂ ਅਰਜਨਸਾਹਿਬ ਦੇ ਪ੍ਰੇਮੀ ਸਿੱਖ ਭਾਈ ਬੰਨੋ ਜੀ ਇੱਥੇ ਨਿਵਾਸ ਕਰਦੇ ਸਨ.

ਭਾਈ ਬੰਨੋ ਵਾਲੀ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਕਿਤਾਬੀ ਸ਼ਕਲ ਦੀ ਬੀੜ ਇੱਥੇ ਹੈ, ਜਿਸਦੇ ਪਤ੍ਰੇ ੪੬੭ ਹਨ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦੇ ਸਲੋਕ ਪਿੱਛੋਂ ਲਿਖੇ ਗਏ ਹਨ.

ਸਿੱਖਰਾਜ ਵੇਲੇ ਗੁਰੂ ਗ੍ਰੰਥਸਾਹਿਬ ਜੀ ਦੇ ਪ੍ਰਕਾਸ਼ ਲਈ ਇੱਕ ਸੁੰਦਰ ਮੰਦਿਰ ਤਾਲ ਦੇ ਕਿਨਾਰੇ ਬਣਵਾਇਆ ਗਿਆ ਅਤੇ ਚੋਖੀ

ਜਾਗੀਰ ਨਾਲ ਲਾਈ ਗਈ ਸੀ, ਪਰ ਪੁਜਾਰੀਆਂ ਨੇ ਜਾਗੀਰ ਆਪਣੇ ਨਾਉਂ ਕਰਾ ਲਈ. ਪ੍ਰਾਚੀਨ ਗੁਰੂ ਗ੍ਰੰਥਸਾਹਿਬ ਜੀ ਨੂੰ ਭਾਈ ਬੰਨੋ ਜੀ ਦੀ ਔਲਾਦ ਦੇ ਲੋਕ ਵਾਰੋਵਾਰੀ ਆਪਣੇ ਘਰੀਂ ਰੱਖਦੇ ਹਨ. ਮਸਜਾ (ਅਮਾਵਸ) ਅਤੇ ਸੰਕ੍ਰਾਂਤਿ ਨੂੰ ਮੰਦਿਰ ਵਿੱਚ ਲਿਆਕੇ ਪ੍ਰਕਾਸ਼ ਕਰਦੇ ਹਨ, ਪੂਜਾ ਵਾਰੀ ਵਾਲਾ ਲੈਂਦਾ ਹੈ, ਦੇਖੋ, ਗ੍ਰੰਥਸਾਹਿਬ ਸ਼ਬਦ.

ਮਾਂਗਣੂ: ਸੰ. मत्कुण- ਮਤਕੁਣ. ਸੰਗਜਾ- ਖਟਮਲ. ਕਟੂਆ.

ਮਾਗਧ: ਵਿ- ਮਗਧ ਦੇਸ਼ ਦਾ। ੨. ਸੰਗਜਾ- ਇੱਕ ਜਾਤਿ ਜੋ ਭੱਟਾਂ ਦੀ ਸ਼ਾਖ਼ ਹੈ. ਵਿਸ਼ਨੁਪੁਾਣ ਵਿੱਚ ਲਿਖਿਆ ਹੈ ਕਿ ਪ੍ਰਿਥੁ ਰਾਜਾ ਦੇ ਯਗਜਕੁੰਡ ਤੋਂ ਮਾਗਧ ਪੈਦਾ ਹੋਏ, ਔਸ਼ਨਸੀ ਸਿਮ੍ਰਿਤਿ ਦੇ ਸ਼ਃ ੭. ਵਿੱਚ ਲਿਖਿਆ ਹੈ ਕਿ ਬ੍ਰਾਹਮਣੀ ਦੇ ਪੇਟ ਤੋਂ ਵੈਸ਼ਜ ਦਾ ਪੁਤ੍ਰ ਮਾਗਧ ਹੁੰਦਾ ਹੈ. ਮਨੁ ਦੇ ਲੇਖ ਅਨੁਸਾਰ ਵੈਸ਼ਜ ਦੇ ਵੀਰਯ ਤੋਂ ਛਤ੍ਰਾਣੀ ਦੇ ਪੇਟੋਂ ਮਾਗਧਾਂ ਦੀ ਉਤਪੱਤੀ ਹੈ.[980] ਮਾਗਧ ਲੋਕ ਪੁਰਾਣੇ ਸਮੇਂ ਰਾਜਿਆਂ ਦੀ ਉਸਤਤਿ ਪੜ੍ਹਨ ਤੋ, ਫੁੱਟ, ਚਿੱਠਿਆਂ ਲੈ ਜਾਣ ਦਾ ਭੀ ਕੰਮ ਕੀਤਾ ਕਰਦੇ ਸਨ. "ਪਠਏ ਮਾਗਧ." (ਰਾਮਾਵ) ੩. ਜਰਾਸੰਧ। ੪. ਚਿੱਟਾ ਜੀਰਾ। ੫. ਸੌਂਚਰ ਲੂਣ.

ਮਾਗਧੀ: ਸੰਗਜਾ- ਮਗਧ ਦੇਸ਼ ਦੀ ਭਾਸ਼ਾ, ਪਾਲੀ। ੨. ਮਘਪਿੱਪਲ। ੩. ਵਿ- ਮਗਧ ਦੇਸ਼ ਦਾ. ਮਾਗਧ.

ਮਾਗਨ, ਮਾਂਗਨ, ਮਾਂਗਨਾ: ਕ੍ਰਿ- ਸੰ. मार्गण- ਮਾਰਗੰਣ. ਖੋਜਣਾ. ਤਲਾਸ਼ ਕਰਨਾ। ੨. ਯਾਚਨਾ. ਮੱਗਣਾ. "ਮਾਂਗਨ ਤੇ ਜਿਹ ਤੁਮ ਰਖਉ." (ਬਾਵਨ) "ਮਾਂਗਨਾ ਮਾਗਨ ਨੀਕਾ ਹਰਿਜਸ ਗੁਰੁ ਤੇ ਮਾਂਗਨਾ." (ਮਾਰੂ ਅਃ ਮਃ ੫) ੩. ਕਨਜਾ ਲਈ ਵਰ ਮਾਰਗੰਣ (ਢੂੰਢਣਾ) ੪. ਕਨਜਾ ਦੀ ਸਗਾਈ ਕਰਨੀ.

ਮਾਂਗਨਿ: ਸੰਗਜਾ- ਯਾਚਨ ਦੀ ਕ੍ਰਿਯਾ। ੨. ਮਾਂਗਨੇ ਯੋਗਜ ਵਸ੍ਤੁ. ਉਹ ਚੀਜ਼, ਜਿਸ ਦੀ ਯਾਚਨਾ ਕਰੀਏ. ਮਾਂਗਨੀਯ ਪਦਾਰਥ. "ਕੇਤੀ ਕੇਤੀ ਮਾਂਗਨਿ ਮਾਗੈ." (ਕਲਿ ਮਃ ੫) "ਮਾਗਨਿ ਮਾਂਗਉ ਹੋਇ ਅਚਿੰਤਾ." (ਸਾਰ ਮਃ ੫)

ਮਾਗਰਮਛੁ: ਮਕਰ ਮਤਸਜ. ਮਗਰਮੱਛ. "ਮਾਰਮਛੁ ਫਹਾਈਐ." (ਮਾਰੂ ਅਃ ਮਃ ੧)

ਮਾਂਗਾ: ਜਿਲਾ ਤਸੀਲ ਲਹੌਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਕੱਟਰਾਧਾਕਿਸਨ ਤੋਸ਼ ਨੌ ਮੀਲ ਦੱਖਣ ਹੈ. ਪਿੰਡ ਦੇ ਚੜ੍ਹਦੇ ਵੱਲ ਸ਼੍ਰੀ ਗੁਰੂ ਨਾਨਕਸਾਹਿਬ ਦੇ ਵਿਰਾਜਣ ਦਾ ਅਸਥਾਨ "ਛੋਟਾ ਨਾਨਕਿਆਨਾ" ਹੈ. ਗੁਰਦ੍ਵਾਰੇ ਨਾਲ ੧੩੫ ਘੁਮਾਉਂ ਜ਼ਮੀਨ ਹੈ, ਜਿਸ ਵਿੱਚੋਂ ੫੦ ਘੁਮਾਉਂ ਮੁਆਫ਼ ਹੈ. ਪੁਜਾਰੀ ਸਿੰਘ ਹੈ. ਮੇਲਾ ਵੈਸਾਖੀ ਨੂੰ ਹੁੰਦਾ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਭੀ ਨਾਨਕਿਆਣੇ ਦੀ ਯਾਤ੍ਰਾ ਤੋਂ ਮੁੜਦੇ ਹੋਏ ਵਿਰਾਜੇ ਹਨ.

ਇਸ ਪਿੰਡ ਤੋਂ ਅਠਾਰਾਂ ਕੋਹ ਪੱਛਮ ਅਲਪੇ ਪਿੰਡ ਵਿੱਚ ਭੀ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਅਸਥਾਨ "ਛੋਟਾ ਨਾਨਕਿਆਨਾ" ਹੈ.

ਮਾਂਗੀ: ਮਾਂਗੀਂ. ਮਾਂਗਾਂ ਵਿੱਚ. ਦੇਖੋ, ਮਾਂਗ ੩. "ਮਾਂਗੀ ਪਾਇ ਸੰਧੂਰ." (ਆਸਾ ਅਃ ਮਃ ੧) ੨. ਮੰਗੀ. ਯਾਚਨ ਕੀਤੀ.

ਮਾਂਗੋ: ਦੇਖੋ, ਮਾਲੋ। ੨. ਮੰਗੋ. ਯਾਚਨ ਕਰੋ.

ਮਾਘ: ਸੰਗਜਾ- ਮਘਾ ਨਕ੍ਸ਼ਤ੍ਰ ਵਾਲੀ ਪੂਰਣਮਾਸੀ ਦਾ ਮਹੀਨਾ। ੨. ਇੱਕ ਪ੍ਰਸਿੱਧ ਕਵਿ, ਜੋ ਦੱਤਕ ਦਾ ਪੁਤ੍ਰ "ਸ਼ਿਸ਼ੁਪਾਲਵਧ" ਕਾਵ੍ਯ ਦਾ ਕਰਤਾ ਹੋਇਆ ਹੈ.[981] ਦੇਖੋ, ਖਟਕਾਵ੍ਯ। ੩. ਮਗਧ ਦੇਸ਼ ਨੂੰ ਭੀ ਕਈ ਕਵੀਆਂ ਨੇ ਮਾਘ ਲਿਖਿਆ ਹੈ. "ਮਾਘ ਦੇਸ ਕੇ ਮਘੇਲੇ." (ਅਕਾਲ)

ਮਾਘਦ: ਦੇਖੋ, ਮਾਗਧ.

ਮਾਘਿ: ਮਾਘ ਮਹੀਨੇ ਵਿੱਚ. "ਨਾਨਕ ਮਾਘਿ ਮਹਾਰਸੁ ਹਰਿ ਜਪਿ." (ਤੁਖਾ ਬਾਰਹਮਾਹਾ) "ਮਾਘਿ ਮਜਨੁ ਸੰਗਿ ਸਾਧੂਆ."

---

[980] ਦੇਖੋ, ਮਨੁ ਅਃ ੧੦, ਸ਼ਃ ੧੧.

[981] ਮਾਘ ਈਸਵੀ ਛੇਵੀਂ ਸਦੀ ਵਿੱਚ ਹੋਇਆ ਹੈ.

(ਮਾਝ ਬਾਰਹਮਾਹਾ)

ਮਾਘੀ: ਸੰਗਯਾ- ਮਘਾ ਨਕ੍ਸ਼ਤ੍ਰ ਵਾਲੀ ਮਾਘ ਦੀ ਪੂਰਣਮਾਸੀ। ੨. ਮਾਘ ਦੀ ਪਹਿਲੀ ਤਾਰੀਖ (ਪ੍ਰਵਿਸ਼੍ਟਾ).

ਮਾਙਣੂ: ਦੇਖੋ, ਮਾਂਗਣੂ.

ਮਾਚ: ਸੰਗਯਾ- ਪ੍ਰਕਾਸ਼. ਪ੍ਰਭਾ। ੨. ਆਨੰਦ. ਖ਼ੁਸ਼ੀ। ੩. ਮਰਾ- ਮੰਜਾ. ਮੰਚ। ੪. ਮਚੰਨ. ਮਨ੍ਹਾ। ੫. ਦੇਖੋ, ਮਾਚਨਾ। ੬. ਸਿੰਧੀ. ਮੰਗਤਾ. ਯਾਚਕ.

ਮਾਚਨਾ: ਕ੍ਰਿ- ਪ੍ਰਜ੍ਵਲਿਤ ਹੋਣਾ. ਮੱਚਣਾ। ੨. ਪ੍ਰਕਾਸ਼ਣਾ। ੩. ਖ਼ੁਸ਼ ਹੋਣਾ. "ਜਾ ਸਿਉ ਰਾਚਿ ਮਾਚਿ ਤੁਮ ਲਾਗੇ." (ਬਿਲਾ ਮਃ ੫) "ਜਪਿ ਹਰਿ ਹਰਿ ਮਨ ਮਾਚੇ." (ਗਉ ਮਃ ੪)

ਮਾਚਿ: ਚਮਕਕੇ। ੨. ਖ਼ੁਸ਼ਹੋਕੇ, ਦੇਖੋ, ਮਾਚਨਾ.

ਮਾਚੀਨ: ਦੇਖੋ, ਮਚੀਨ। ੨. ਮਹਾਭਾਰਤ ਅਨੁਸਾਰ ਦੱਖਣ ਦਾ ਇੱਕ ਦੇਸ਼ "ਨਾਚੀਨ", ਜਿਸ ਨੂੰ ਯੁਧਿਸ਼੍ਟਿਰ ਨੇ ਅਸ਼੍ਵਮੇਧ ਯਗਯ ਸਮੇਂ ਫਤੇ ਕੀਤਾ.

ਮਾਚੇ: ਦੇਖੋ, ਮਾਚਨਾ.

ਮਾਚੇਤੋੜ: ਵਿ- ਮੰਚ (ਮੰਜਾ) ਤੋੜਨ ਵਾਲਾ. ਰਾਜਪੂਤਾਨੇ ਵਿੱਚ ਮਾਚੇਤੋੜ ਉਸ ਨੂੰ ਆਖਦੇ ਹਨ, ਜੋ ਬਹੁਤ ਅਫੀਮ ਖਾਕੇ ਮੰਜਿਓਂ ਹੀ ਨਾ ਉੱਠੇ, ਹੋਰ ਸਾਰੇ ਕੰਮ ਛੱਡਕੇ ਕੇਵਲ ਮੰਜਾ ਤੋੜਨਾ ਹੀ ਜਿਸ ਦਾ ਕਰਮ ਹੈ.

ਮਾਛਲੀ, ਮਾਛਲੋ: ਮਤਸਯਾ. ਮਤਸਯ. ਮੱਛੀ. ਮੱਛ. "ਜਿਉ ਜਲ ਮਾਝੈ ਮਾਛਲੋ." (ਗੂਜ ਨਾਮਦੇਵ)

ਮਾਛਿੰਦ, ਮਾਛਿੰਦ੍ਰ: ਦੇਖੋ, ਮਛਿੰਦ੍ਰਨਾਥ. "ਨਾ ਤਦਿ ਗੋਰਖੁ, ਨਾ ਮਾਛਿੰਦੋ." (ਮਾਰੂ ਸੋਲਹੇ ਮਃ ੧) "ਸੁਣਿ ਮਾਛਿੰਦ੍ਰਾ, ਅਉਧੂ ਨੀਸਾਣੀ." (ਰਾਮ ਮਃ ੧) ੨. ਵਿ- ਮਛਿੰਦ੍ਰ (ਮਤਯੇਂਦ੍ਰ) ਨਾਲ ਹੈ ਜਿਸ ਦਾ ਸੰਬੰਧ.

ਮਾਛੀ: ਸੰਗਯਾ- ਮਾਹੀਗੀਰ. ਫੰਧਕ. ਧੀਵਰ. "ਆਪੇ ਮਾਛੀ, ਮਾਛਲੀ ਆਪੇ." (ਸ੍ਰੀ ਮਃ ੧) ੨. ਮੱਛੀ। ੩. ਨੌਕਾ ਚਲਾਉਣ ਵਾਲੀ ਇੱਕ ਜਾਤਿ. ਇਹ ਸੰਗਯਾ ਮੱਛੀਆਂ ਫੜਨ ਤੋਂ ਹੋਈ ਹੈ.

ਮਾਛੀਵਾੜਾ: ਜਿਲਾ ਲੁਦਿਆਨੇ ਦੀ ਸਮਰਾਲਾ ਤਸੀਲ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਲੁਦਿਆਨੇ ਤੋਂ ਉੱਤਰ ਪੂਰਵ ੨੭, ਅਤੇ ਖੰਨੇ ਤੋਂ ੧੬. ਮੀਲ ਹੈ. ਇੱਥੇ ਗੁਲਾਬਚੰਦ ਮਸੰਦ ਦੇ ਘਰ ਚਮਕੌਰ ਤੋਂ ਆਕੇ ਸ੍ਰੀ ਗੁਰੂ ਗੋਬਿੰਦਸਿੰਘ ਜੀ ਪੋਹ ਸੰਮਤ ੧੭੬੧ ਵਿੱਚ ਠਹਿਰੇ ਸਨ. ਇਸੇ ਥਾਂ ਨੀਲਾਬਾਣਾ ਧਾਰਕੇ ਉੱਚ ਦੇ ਪੀਰ ਬਣੇ ਹਨ. ਗਨੀਖ਼ਾ ਅਤੇ ਨਬੀਖਾਂ ਪਠਾਣ ਇਸੇ ਪਿੰਡ ਦੇ ਵਸਨੀਕ ਸਨ, ਜਿਨ੍ਹਾਂ ਨੇ ਕਲਗੀਧਰ ਦੀ ਤਨ ਮਨ ਤੋਂ ਸੇਵਾ ਕੀਤੀ ਅਰ ਕਈ ਮੰਜ਼ਿਲ ਗੁਰੂ ਸਾਹਿਬ ਦਾ ਪਲੰਘ ਉਠਾਕੇ ਲੈ ਗਏ. ਉਨ੍ਹਾਂ ਨੂੰ ਜੋ ਹੁਕਮਨਾਮਾ ਸਤਿਗੁਰੂ ਨੇ ਬਖ਼ਸ਼ਿਆ ਹੈ ਉਹ ਹੁਣ ਉਨ੍ਹਾਂ ਦੀ ਔਲਾਦ ਪਾਸ ਹੈ. ਦੇਖੋ, ਗਨੀਖ਼ਾਂ.

ਗੁਲਾਬੇ ਦੇ ਘਰ ਵਾਲਾ ਗੁਰਦੁਆਰਾ ਨਹੀ, ਬਣਾਇਆ ਗਿਆ. ਗੁਲਾਬੇ ਦੇ ਬਾਗ ਵਿੱਚ ਜਿੱਥੇ ਕਲਗੀਧਰ ਪਹਿਲਾਂ ਠਹਿਰੇ ਸਨ, ਅਤੇ ਜਿਸ ਥਾਂ ਭਾਈ ਧਰਮਸਿੰਘ, ਮਾਨਸਿੰਘ ਅਤੇ ਦਯਾਸਿੰਘ ਜੀ ਚਮਕੌਰ ਤੋਂ ਆਕੇ ਸਤਿਗੁਰੂ ਨੂੰ ਮਿਲੇ, ਉੱਥੇ ਗੁਰਦੁਆਰਾ ਹੈ, ਜੋ ਕਸਬੇ ਤੋਂ ਇੱਕ ਮੀਲ ਪੂਰਵ ਹੈ. ਮਹਾਰਾਜਾ ਰਣਜੀਤ ਸਿੰਘ ਦੀ ਲਗਾਈ ੨੭੦ ਵਿੱਘੇ ਜ਼ਮੀਨ ਹੈ. ਪੁਜਾਰੀ ਨਿਹੰਗਸਿੰਘ ਹੈ.

ਮਾਛੂਲੀ: ਮੱਛੀ. ਦੇਖੋ, ਮਾਛਲੀ "ਜਲ ਕੀ ਮਾਛੁਲੀ ਚਰੈ ਖਜੂਰਿ." (ਟੋਡੀ ਨਾਮਦੇਵ) ਭਾਵ- ਅਣਹੋਂਦੀਆਂ ਗੱਲਾਂ ਕਰਦੇ ਹਨ.

ਮਾਂਜਣਾ, ਮਾਂਜਨਾ: ਸੰ. ਮਾਰ੍ਜਨ. ਕੂਚਣਾ. ਮਲਕੇ ਸਾਫ ਕਰਨਾ. "ਕਾਂਇਆ ਮਾਂਜਸਿ ਕਉਨ ਗੁਨਾ?" (ਸੋਰ ਕਬੀਰ) "ਮਾਂਜਨ ਕਰ ਭਾਂਜਨ ਧੋਵੀਜੈ." (ਰਹਿਤ)

ਮਾਜਰਤ: ਅ਼. معذرت ਮਅ਼ਜਰਤ. ਸੰਗਯਾ- ਉਜਰਖ਼੍ਵਾਹੀ. ਸਬਬ (ਕਾਰਣ) ਪੁੱਛਣ ਦੀ ਕ੍ਰਿਯਾ। ੨. ਮੋਏ ਪ੍ਰਾਣੀ ਦੀ ਮੌਤ ਦਾ ਕਾਰਣ ਪੁੱਛਣਾ.

ਮਾਜਰਾ: ਅ਼. ماجرا ਸੰਗਯਾ- ਭੂਤ ਕਾਲ. ਗੁਜ਼ਰਿਆ ਸਮਾਂ। ੨. ਪਿਛਲਾ ਵ੍ਰਿੱਤਾਂਤ। ੩. ਦੇਖੋ, ਮਜਰਾ.

ਮਾਜਾਰ: ਸੰ. ਮਾਜੰਰ. ਬਿੱਲਾ. "ਮਾਜਾਰ ਗਾਡਰ ਅਰੁ ਲੂਬਰਾ." (ਭੈਰ ਕਬੀਰ)

ਮਾਂਜਾਰ: ਦੇਖੋ, ਮਾਜਾਰ। ੨. ਮੇਰਾ ਜਾਰ. "ਮਾਂਜਾਰ ਇਹ ਠਾਂ ਇਕ ਆਯੋ." (ਚਰਿਤ੍ਰ ੧੧੫) ਇਸ ਥਾਂ ਮਾਂਜਾਰ ਸ਼ਬਦ ਦੋ ਅਰਥ ਰਖਦਾ ਹੈ, ਬਿੱਲਾ ਅਤੇ ਮੇਰਾ ਜਾਰ.

ਮਾਜਾਰੀ: ਸੰ. ਮਾਜੰਰੀ. ਬਿੱਲੀ.

ਮਾਂਜਿ: ਮਾਂਜਕੇ. ਕੂਚਕੇ. "ਬਾਸਨੁ ਮਾਂਜਿ ਚਰਾਵਹਿ ਊਪਰਿ." (ਆਸਾ ਕਬੀਰ)

ਮਾਜਿੰਦਰਾਨੀ: ਮਾਜ਼ੰਦਰਾਂ ਦਾ ਵਸਨੀਕ. ਦੇਖੋ, ਮਾਜ਼ੰਦਰਾਂ ਅਤੇ ਮਾਜ਼ੰਦਰਾਨੀ. "ਮਹਮੂੜ ਮਾਜਿੰਦਰਾਨੀ ਮਜੇਜੀ." (ਕਲਕੀ)

ਮਾਜੀ: ਅ਼. ماضی ਮਾਜ਼ੀ. ਸੰਗਯਾ- ਭੂਤਕਾਲ. ਵੀਤਿਆ ਸਮਾ। ੨. ਵਿ- ਲੰਘਿਆ ਹੋਇਆ, ਹੋਈ.

ਮਾਜੀਠਾ: ਵਿ- ਮਜੀਠ (ਮੰਜਿਸ਼੍ਠਾ) ਨਾਲ ਰੰਗਿਆ. "ਜਿਉ ਮਾਜੀਠੇ ਕਪੜੇ." (ਮਃ ੩. ਵਾਰ ਸੋਰ)

ਮਾਜੂਨ: ਅ਼. معجوٗن ਮਅ਼ਜੂਨ. ਮਦਿੰਤ ਚੂਰਣ. ਦਵਾਈਆਂ ਦਾ ਚੂਰਣ, ਜੋ ਸ਼ਹਦ ਅਥਵਾ ਖੰਡ ਦੀ ਚਾਸ਼ਨੀ ਵਿੱਚ ਮਿਲਾਇਆ ਗਿਆ ਹੈ.

ਮਾਜੂਲ: ਅ਼. معزوٗل ਮਅ਼ਜ਼ੂਲ. ਵਿ- ਅ਼ਜ਼ਲ (ਹਟਾਇਆ ਹੋਇਆ) ਨੌਕਰੀ ਤੋਂ ਅਲਗ ਕੀਤਾ ਹੋਇਆ.

ਮਾਜ਼ੰਦਰਾਂ: مازندران ਈਰਾਨ ਦੇ ਉੱਤਰ ਵੱਲ ਦਾ ਇੱਕ ਇਲਾਕਾ.

ਮਾਜ਼ੰਦਰਾਨੀ: ਮਾਜ਼ੰਦਰਾਂ ਨਾਲ ਹੈ ਜਿਸ ਦਾ ਸੰਬੰਧ. ਦੇਖੋ, ਮਜ਼ੰਦਰਾਂ ਅਤੇ ਮਾਜਿੰਦਰਾਨੀ.

ਮਾਝ: ਸੰ. ਮਧ੍ਯ. ਵਿੱਚ. ਭੀਤਰ. "ਮਾਝ ਬਨਾਰਸਿ ਗਾਉ ਰੇ." (ਗਉ ਕਬੀਰ) ੨. ਇੱਕ ਰਾਗ, ਜੋ ਸੰਪੂਰਣ ਜਾਤਿ ਦਾ ਹੈ ਇਸ ਵਿੱਚ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸ਼ੁਧ, ਗਾਂਧਾਰ ਅਤੇ ਨਿਸ਼ਾਦ ਦੋਵੇ, ਸ਼ੁੱਧ ਅਤੇ ਕੋਮਲ ਲਗਦੇ ਹਨ. ਗ੍ਰਹਸੁਰ ਅਤੇ ਵਾਦੀ ਸ਼ੜਜ, ਸੰਵਾਦੀ ਰਿਸ਼ਟ ਅਤੇ ਅਨੁਵਾਦੀ ਗਾਂਧਾਰ ਹੈ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ, ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਮਾਝ ਦਾ ਨੰਬਰ ਦੂਜਾ ਹੈ.

ਬਾਣੀਬਿਉਰੇ ਵਿੱਚ "ਬੁਧਪ੍ਰਕਾਸ਼ ਦਰਪਨ" ਦਾ ਹਵਾਲਾ ਦੇਕੇ ਲਿਖਿਆ ਹੈ-

ਸਿਰੀ ਰਾਗ ਮਧੁ ਮਾਧਵੀ ਅਰ ਮਲਾਰ ਸੁਰ ਜਾਨ,

ਇਨ ਮਿਲ ਮਾਝ ਬਖਾਨਹੀ ਲੀਜੋ ਗੁਨਿਜਨ ਮਾਨ.

ਮਾਂਝ: ਦੇਖੋ, ਮਾਝ ੧.

ਮਾਝਲਾ, ਮਾਝਲੀ: ਵਿ- ਵਿਚਕਾਰਲਾ, ਲੀ. ਮਧ੍ਯ ਦਾ, ਦੀ.

ਮਾਝਾ, ਮਾਂਝਾ: ਵਿ- ਮਧ੍ਯ ਦਾ. ਵਿਚਕਾਰ ਦਾ। ੨. ਮੱਝ (ਭੈਂਸ) ਦਾ. "ਮਾਖਿਓ ਮਾਝਾਦੁਧ." (ਸ. ਫਰੀਦ) ੩. ਸੰਗਯਾ- ਦੋ ਦਰਿਆਵਾਂ ਦੇ ਮਧ੍ਯ ਦਾ ਦੇਸ਼. ਦੋਆਬ। ੪. ਵਿਪਾਸ਼ (ਬਿਆਸ) ਅਤੇ ਰਾਵੀ ਦੇ ਮਧ੍ਯ ਦਾ ਦੇਸ਼। ੫. ਪਤੰਗ ਦੀ ਡੋਰ ਪੁਰ ਲਾਇਆ ਕੱਚ ਦਾ ਮਸਾਲਾ, ਜਿਸ ਨਾਲ ਪਤੰਗ ਦੀ ਡੋਰ ਕੱਟੀ ਜਾਂਦੀ ਹੈ। ੬. ਪੜਦਾ. ਦੀਵਾਰ, ਜੋ ਕੇ ਕਮਰਿਆਂ ਦੇ ਮਧ੍ਯ ਕੀਤੀ ਜਾਵੇ। ੭. ਅਟੇਰਨ ਦੇ ਵਿਚਕਾਰ ਦਾ ਡੱਕਾ.

ਮਾਝੀ: ਮੱਝਾਂ (ਭੈਂਸਾ) ਚਰਾਉਣ ਵਾਲਾ, ਮਾਹੀ। ੨. ਦੇਖੋ, ਮਾਂਝੀ.

ਮਾਂਝੀ: ਨੌਕਾ ਮਧ੍ਯ ਰਹਿਣ ਵਾਲਾ, ਮਲਾਹ। ੨. ਸਿੱਧੀ. ਬਹਾਦੁਰ. ਦਿਲੇਰ.

ਮਾਝੈ: ਮਧ੍ਯ ਮੇਂ। ੨. ਮੁਝੇ. ਮੈਨੂੰ. "ਸੰਤਪ੍ਰੇਮ ਮਾਝੈ ਦੀਜੈ." (ਆਸਾ ਰਵਿਦਾਸ)

ਮਾਞਨ: ਦੇਖੋ, ਮਾਂਜਣਾ.

ਮਾਞੀ: ਸੰਗ੍ਯਾ- ਕਨ੍ਯਾ ਦੀ ਮਾਤਾ ਦੇ ਸੰਬੰਧੀ. ਕਨ੍ਯਾ ਦੇ ਵਿਆਹ ਸਮੇਂ ਉਸ ਉਸ ਦੇ ਸੰਬੰਧੀਆਂ ਦਾ ਜੁੜਿਆ ਮੇਲ. "ਮਨਿ ਪ੍ਰੀਤਿ ਉਪਜੀ ਮਾਞੀਆ." (ਬਿਲਾ ਛੰਤ ਮਃ ੫) "ਆਪੇ ਜਾਞੀ ਆਪੇ ਮਾਞੀ." (ਆਸਾ ਛੰਤ ਮਃ ੫)

ਮਾਟ: ਸੰਗ੍ਯਾ- ਮਟਕਾ. ਮਿੱਟੀ ਦਾ ਵਡਾ ਬਰਤਨ. ਮੱਟ. "ਮਿਤ੍ਰਹਿ ਡਾਰ ਮਾਟ ਮਹਿ ਦਯੋ." (ਚਰਿਤ੍ਰ ੪੧) ੨. ਬੱਚੇਦਾਨ. ਰਿਹਮ. "ਬਹੁਰਿ ਨ ਜੋਨੀ ਮਾਟ." (ਮਲਾ ਮਃ ੫) ੩. ਕ੍ਰਿ. ਵਿ- ਛੇਤੀ. ਝਟਿਤ. "ਲਜ ਭਾਨੀ ਮਟੁਕੀ ਮਾਟ." (ਮਾਲੀ ਮਃ ੪)

ਮਾਟਕਾ: ਸੰਗ੍ਯਾ- ਮਟਕਾ. ਮੱਟ. "ਮਥਜੋ ਛੀਰਸਿੰਧੰ ਮਨੋ ਮਾਟਕੇਵੰ." (ਕੱਛਾਵ) ਮਟਕੇ- ਇਵ. ਮਟਕੇ ਵਾਂਙ.

ਮਾਟਕੇਵੰ: ਦੇਖੋ, ਮਾਟਕਾ.

ਮਾਟਾ: ਮਟਕਾ. ਮੱਟ. "ਸਮੁੰਦ ਬਿਲੋਵਨ ਕਉ ਮਾਟਾ." (ਸੋਰ ਕਬੀਰ)

ਮਾਟੀ: ਸੰਗ੍ਯਾ- ਮਿੱਟੀ. ਮ੍ਰਿੱਤਿਕਾ. "ਮਾਟੀ ਕੇ ਕਰਿ ਦੇਵੀ ਦੇਵਾ." (ਗਉ ਕਬੀਰ) ੨. ਭਾਵ- ਸਰੀਰ ਦੇਹ. "ਮਾਟੀ ਅੰਧੀ ਸੁਰਤ ਸਮਾਈ." (ਮਾਝ ਮਃ ੫) ਜੜ੍ਹ ਦੇਹ ਵਿੱਚ ਚੇਤਨ ਸੱਤਾ ਮਿਲਾਈ। ੩. ਮੱਟੀ. ਵਡਾ ਮਟਕਾ. ਚਾਟੀ.

ਮਾਟੀ ਕਾ ਪੁਤਲਾ, ਮਾਟੀ ਕੀ ਪੁਤਲੀ, ਮਾਟੀ ਕੋ ਪੁਤਰਾ: ਸੰ. मृत् पुत्तलिका. ਭਾਵ- ਸ਼ਰੀਰ ਦੇਹ. "ਮਾਟੀ ਕੋ ਪੁਤਰਾ ਕੈਸੇ ਨਚਤੁ ਹੈ." (ਆਸਾ ਰਵਿਦਾਸ)

ਮਾਟੀ ਲੇਨੀ: ਜੀਵਨਦਸ਼ਾ ਵਿੱਚ ਆਪਣੇ ਸ਼ਰੀਰ ਪੁਰ ਮਿੱਟੀ ਪਵਾਕੇ ਪ੍ਰਾਣ ਤਿਆਗਣ ਦੀ ਕ੍ਰਿਯਾ. "ਜੁਗਿਯਾ ਮਾਟੀ ਲਈ ਤਿਹਾਰੇ." (ਚਰਿਤ੍ਰ ੮੧) ਸੰਨ੍ਯਾਸੀ ਅਤੇ ਯੋਗੀ ਇਸ ਕਰਮ ਨੂੰ ਵਡਾ ਉੱਤਮ ਮੰਨਦੇ ਸਨ. ਪੁਰਾਣੇ ਸਮੇ ਮਿੱਟੀ ਲੈਣ ਦਾ ਦਿਨ ਠਹਿਰਾਕੇ ਚੇਲਿਆਂ ਨੂੰ ਖ਼ਬਰ ਦਿੱਤੀ ਜਾਂਦੀ ਸੀ, ਅਤੇ ਵਡਾ ਇਕੱਠ ਹੋਇਆ ਕਰਦਾ. ਸਾਧੂ ਦੇ ਅੰਤਿਮ ਵਚਨ ਵਡੀ ਸ਼੍ਰੱਧਾ ਨਾਲ ਸੁਣੇ ਜਾਂਦੇ ਸਨ.

ਮਾਟੁ: ਦੇਖੋ, ਮਾਟ. "ਕਾਮ ਕ੍ਰੋਧ ਫੂਟੇ ਬਿਖੁ ਮਾਟੁ." (ਗਉ ਮਃ ੧)

ਮਾਟੁਕਾ: ਦੇਖੋ, ਮਾਟਕਾ। ੨. ਅੱਖ ਦੇ ਮਟਕਣ (ਝਪਕਣ) ਦੀ ਕ੍ਰਿਯਾ। ੩. ਨਿਮੇਸ਼. ਅੱਖ ਝਪਕਣ ਦਾ ਵੇਲਾ. "ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ." (ਸ. ਕਬੀਰ)

ਮਾਟੁਲੀ: ਮਟਕੀ. ਚਾਟੀ। ੨. ਭਾਵ- ਸ਼ਰੀਰ. ਦੇਹ. "ਅਤਿ ਜਜਰੀ ਤੇਰੀ ਰੇ! ਮਾਟਲੀ." (ਸਾਰ ਮਃ ੫)

ਮਾਠ: ਮਰਾ. ਵਿ- ਚਪਟਾ. ਚਪੇਤਲਾ। ੨. ਹਮਵਾਰ. ਜੋ ਉੱਚਾ ਨੀਵਾਂ ਨਹੀਂ.

ਮਾਠਾ: ਵਿ- ਮੱਠਾ. ਸੁਸਤ. "ਕਾਮਾਮਨ ਕਾ ਮਾਠਾ." (ਮਾਰੂ ਮਃ ੫) ਕਮਾਉਣ (ਅ਼ਮਲ) ਲਈ ਸੁਸਤ ਹੈ। ੨. ਦੇਖੋ, ਮਠਾ.

ਮਾਠਿ: ਹਮਵਾਰ ਕਰਕੇ. ਕੰਘੀ ਨਾਲ ਵਾਹਕੇ ਦੇਖੋ, ਮਾਠ. "ਮਾਠਿ ਗੁੰਦਾਈ ਪਟੀਆ." (ਵਡ ਮਃ ੧)

ਮਾਂਡ: ਸੰ. मण्ड. ਸੰਗ੍ਯਾ- ਚਾਉਲਾਂ ਦੀ ਪਿੱਛ। ੨. ਸ਼ੋਰਵਾ. ਯਖਨੀ। ੩. ਯਖਨੀ। ੩. ਚਿੱਕੜ. ਗਾਰਾ। ੪. ਬੁਛਾੜ. "ਗਾਰਨ ਕੀ ਤਹਿਂ ਮਾਂਡ ਪਰੀ." (ਕ੍ਰਿਸਨਾਵ)

ਮਾਂਡਨੇ: ਮਰਾ. ਸਿੰਗਾਰਨਾ. ਮੰਡਨ ਕਰਨਾ। ੨. ਵਪਾਰ ਆਰੰਭਣਾ। ੩. ਲੇਖਾ ਲਿਖਣ.

ਮਾਡਨ, ਮਾਂਡਨਾ: ਸੰ. ਮੰਡਨ (ਸਣਡਨ) ਸੰਗਯਾ- ਭੂਸ਼ਣ. ਗਹਿਣਾ। ੨. ਸਜਾਉਣਾ. ਸਿੰਗਾਰਨਾ. "ਸਾਚੁ ਧੜੀ ਧਨ ਮਾਡੀਐ." (ਸ੍ਰੀ ਅਃ ਮਃ ੧) ੩. ਪੱਕਾ ਇਰਾਦਾ ਕਰਨਾ. "ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ." (ਬਸੰ ਨਾਮਦੇਵ) ੪. ਮਰਦਨ ਕਰਨਾ. ਮੁੱਠੀ ਚਾਪੀ ਕਰਨੀ। ੫. ਆਟਾ ਗੁੰਨ੍ਹਣਾ.

ਮਾਂਡਵ: ਸੰ. ਮਾਂਡਵ੍ਯ. ਇੱਕ ਰਿਖੀ, ਜੋ ਮੰਡੁ ਦੀ ਸੰਤਾਨ ਸੀ. ਪੁਰਾਣਕਥਾ ਹੈ ਕਿ ਪਤਿਵ੍ਰਤਾ "ਨਰਮਦਾ" ਦੇ ਪਤਿ "ਕੌਸ਼ਿਕ" ਨੂੰ ਮਾਂਡਵ੍ਯ ਨੇ ਦਿਨ ਚੜ੍ਹਨਸਾਰ ਮਰਨ ਦਾ ਸਾਪ ਦਿੱਤਾ ਸੀ. ਪਤਿਵ੍ਰਤਾ ਨੇ ਆਪਣੀ ਸ਼ਕਤਿ ਨਾਲ ਸੂਰਜ ਹੀ ਨਾ ਚੜ੍ਹਨ ਦਿੱਤਾ, ਇਸ ਪੁਰ ਸਾਰਾ ਸੰਸਾਰ ਵ੍ਯਾਕੁਲ ਹੋਗਿਆ. ਦੇਵਤਿਆਂ ਦੀ ਪ੍ਰਾਰਥਨਾ ਅਨੁਸਾਰ ਅਨੁਸੂਯਾ ਨੇ ਨਰਮਦਾ ਨੂੰ ਪ੍ਰੇਰਕੇ ਸੂਰਜ ਚੜ੍ਹਨ ਦਾ ਵਾਕ ਲਿਆ ਅਰ ਦੇਵਤਿਆਂ ਨੇ ਉਸ ਦੇ ਪਤਿ ਨੂੰ ਅਮਰ ਹੋਣ ਦਾ ਵਰ ਦਿੱਤਾ. ਇਸੇ ਰਿਖਿ ਦੀ ਅਣਿ ਮਾਂਡਵ੍ਯ ਸੰਗਯਾ ਭੀ ਹੈ, ਕਿਉਂਕਿ ਸੂਲੀ ਦੀ ਅਣਿ ਇਸ ਦੇ ਸ਼ਰੀਰ ਵਿੱਚ ਟੁੱਟਕੇ ਰਹਿ ਗਈ ਸੀ. ਦੇਖੋ, ਕੌਸ਼ਿਕ ੯. ਦਾ ਫੁਟਨੋਟ ਅਤੇ ਵਿਦੁਰ.

ਮਾਂਡਵੀ: ਦੇਖੋ. ਭਰਤ ੭.

ਮਾਂਡਵ੍ਯ: ਦੇਖੋ, ਮਾਂਡਵ.

ਮਾਡੈ: ਡਿੰਗ. ਧੱਕੇਬਾਜ਼ੀ. ਸੀਨਹਜ਼ੋਰੀ। ੨. ਮੰਡੇ. ਮੰਡਦਾ ਹੈ. ਦੇਖੋ, ਮਾਂਡਨਾ.

ਮਾਣ: ਦੇਖੋ, ਮਾਣਨਾ. "ਰੰਗੁ ਮਾਣਿਲੈ ਪਿਆਰਿਆ." (ਸ੍ਰੀ ਮਃ ੧) ੨. ਦੇਖੋ, ਮਾਨ. "ਤੂ ਮੇਰਾ ਬਹੁ ਮਾਣ. ਕਰਤੇ !" (ਗਉ ਮਃ ੫) "ਦਰਗਹਿ ਮਾਣ ਪਾਵਹਿ." (ਵਡ ਅਲਾਹਣੀ ਮਃ ੧) ੩. ਫ਼ਖ਼ਰ. "ਜਾ ਤੂੰ. ਤਾ ਮੈ ਮਾਣ ਕੀਆ ਹੈ." (ਵਡ ਮਃ ੧) ੪. ਵਾਨ. ਵੰਤ. ਵਾਲਾ. "ਨਮੋ ਅਸਤ੍ਰਮਾਣੇ." (ਜਾਪੁ)

ਮਾਣਸ, ਮਾਣਸੁ: ਦੇਖੋ, ਮਾਨਸ। ੨. ਸੰ. ਮਾਨੁਸ਼. ਮਨੁ ਦੀ ਔਲਾਦ. ਮਨੁੱਖ. ਮਾਨਵ. "ਮਾਣਸਜਨਮ ਵਡਪੁੰਨੇ ਪਾਇਆ." (ਵਾਰ ਘੋੜੀਆਂ ਮਃ ੪) ੩. ਮਾਂਸ. ਮਾਸ. "ਮਾਣਸੁ ਭਰੀਆ ਆਣਿਆ ਮਾਣਸੁ ਭਰਿਆ ਆਇ." (ਮਃ ੩. ਵਾਰ ਬਿਹਾ) ੪. ਸੰ. ਮਨਸ੍ਯੁ. ਵਿ- ਕਾਮਨਾਵਾਨ. ਇੱਛਾਵਾਨ. ਮਾਯਾ ਦਾ ਸੇਵਕ. "ਮਾਣਸ ਸੇਵਾ ਖਰੀ ਦੁਹੇਲੀ। ਸਾਧ ਕੀ ਸੇਵਾ ਸਦਾ ਸੁਹੇਲੀ." (ਬਸੰ ਮਃ ੫)

ਮਾਣਕ: ਸੰ. ਮਾਣਿਕ੍ਯ. ਸੰਗਯਾ- ਲਾਲ ਰੰਗ ਦਾ ਰਤਨ. "ਮਾਣਕ ਮੋਤੀ ਨਾਮੁ ਪ੍ਰਭ." (ਮਾਝ ਬਾਰਹਮਾਹਾ) ੨. ਭਾਵ- ਕਰਤਾਰ ਦਾ ਨਾਮ। ੩. ਸ਼ੁਭਗੁਣ.

ਮਾਣਕਚੌਕ: ਦੇਖੋ, ਬਬਾਲ

ਮਾਣਕਚੰਦ: ਬਾਬਾ ਧਰਮਚੰਦ ਜੀ ਦਾ ਪੁਤ੍ਰ. ਸ਼੍ਰੀ ਗੁਰੂ ਨਾਨਕਦੇਵ ਜੀ ਦਾ ਪੜੋਤਾ. ਦੇਖੋ, ਮਾਨਕਚੰਦ। ੨. ਵੈਰੋਵਾਲ ਦਾ ਵਸਨੀਕ ਇੱਕ ਪਥਰੀਆ ਖਤ੍ਰੀ. ਜਿਸ ਨੇ ਗੋਇੰਦਵਾਲ ਦੀ ਬਾਉਲੀ (ਵਾਪੀ) ਦਾ ਕੜ ਤੋੜਿਆ ਅਰ ਡੁੱਬਕੇ ਮਰ ਗਿਆ. ਸ਼੍ਰੀ ਗੁਰੂ ਅਮਰਦਾਸ ਸਾਹਿਬ ਨੇ ਉਸ ਨੂੰ ਜੀਵਨ ਬਖਸ਼ਿਆ ਅਰ ਨਾਉਂ ਜੀਵੜਾ ਰੱਖਿਆ. ਇਹ ਵਡਾ ਕਰਨੀ ਵਾਲਾ ਗੁਰਮੁਖ ਹੋਇਆ ਹੈ. ਤੀਜੇ ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ. ਇਸ ਦੀ ਔਲਾਦ ਹੁਣ ਵੈਰੋਵਾਲ ਵਿੱਚ "ਜੀਵੜੇ" ਪ੍ਰਸਿੱਧ ਹੈ. ਇਸੇ ਦੀ ਸੰਗਤਿ ਕਰਕੇ ਮਾਈਦਾਸ ਬੈਰਾਗੀ ਗੁਰੁਸਿੱਖੀ ਦਾ ਅਧਿਕਾਰੀ ਹੋਇਆ ਸੀ। ੩. ਸ਼੍ਰੀ ਗੁਰੂ ਰਾਮਦਾਸ ਜੀ ਦਾ ਇੱਕ ਆਤਮਗ੍ਯਾਨੀ ਸਿੱਖ.

ਮਾਣਕ ਟਬਰਾ: ਇੱਕ ਪਿੰਡ. ਜੋ ਜਿਲਾ ਅੰਬਾਲਾ, ਤਸੀਲ ਨਰਾਇਨਗੜ੍ਹ, ਥਾਣਾ ਰਾਣੀ ਕੇ ਰਾਇਪੁਰ ਵਿੱਚ, ਰੇਲਵੇ ਸਟੇਸ਼ਨ ਘੱਗਰ ਤੋਂ ਚੜ੍ਹਕੇ ਵੱਲ ੧੨. ਮੀਲ ਹੈ. ਇਸ ਪਿੰਡ ਤੋਂ ਦੱਖਣ ਪੂਰਵ ਅੱਧ ਮੀਲ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ "ਗੁਰੂਆਣਾ" ਹੈ. ਗੁਰੂ ਜੀ ਪਾਉਂਟੇ ਸਾਹਿਬ ਵੱਲੋਂ ਇੱਥੇ ਆਏ ਹਨ. ਇੱਥੇ ਹੀ ਰਾਇਪੁਰ ਵਾਲੀ ਰਾਣੀ ਦੇ ਘਰ ਪ੍ਰਸਾਦ ਛਕਣ

ਗਏ. ਗੁਰਦ੍ਵਾਰੇ ਨਾਲ ੮੦ ਵਿੱਘੇ ਜਮੀਨ ਹੈ. ਗੁਰਸਿੱਖਾਂ ਦੀ ਕਮੇਟੀ ਹੱਥ ਇਸਦਾ ਪ੍ਰਬੰਧ ਹੈ.

ਮਾਣਕ ਦੇਕੇ: ਜਿਲਾ ਲਹੌਰ. ਤਸੀਲ ਚੂਣੀਆਂ, ਥਾਣਾ ਕੰਗਣਪੁਰ ਦਾ ਪਿੰਡ, ਜੋ ਰੇਲਵੇ ਸਟੇਸ਼ਨ "ਕੰਗਣਪੁਰ" ਤੋਂ ਉੱਤਰ ਪੂਰਵ ਦੋ ਮੀਲ ਹੈ. ਇਸ ਪਿੰਡ ਤੋਂ ਪੱਛਮ ਵੱਲ ਸਮੀਪ ਹੀ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ. ਜਦੋਂ ਸਤਿਗੁਰੂ ਜੀ ਇੱਥੇ ਆਏ, ਤਾਂ ਲੋਕਾਂ ਬਹੁਤ ਸੇਵਾ ਕੀਤੀ. ਗੁਰੂ ਜੀ ਨੇ ਵਚਨ ਕੀਤਾ ਕਿ ਤੁਸੀਂ ਉਜੜ ਜਾਓ, ਭਾਈ ਮਰਦਾਨੇ ਨੇ ਹੈਰਾਨ ਹੋਕੇ ਪੁੱਛਿਆ ਕਿ ਮਹਾਰਾਜ! ਕੰਗਣਪੁਰ ਦੇ ਲੋਕਾਂ ਸੇਵਾ ਨਾ ਕੀਤੀ ਤਾਂ ਵਚਨ ਹੋਇਆ, ਵਸਦੇ ਰਹੋ. ਇੱਥੋਂ ਦੇ ਲੋਕਾਂ ਸੇਵਾ ਕੀਤੀ ਤਾਂ ਵਚਨ ਹੋਇਆ, ਉੱਜੜ ਜਾਓ. ਸਤਿਗੁਰੂ ਨੇ ਫਰਮਾਇਆ ਕਿ ਜਿਨ੍ਹਾਂ ਨੇ ਸੇਵਾ ਨਹੀਂ ਕੀਤੀ ਜੇ ਉਹ ਬਾਹਰ ਜਾਣਗੇ ਤਾਂ ਆਪਣੀ ਮੱਤ ਹੋਰਨਾਂ ਨੂੰ ਦੇਣਗੇ, ਜਿਨ੍ਹਾਂ ਸੇਵਾ ਕੀਤੀ ਹੈ, ਉਹ ਉੱਜੜਕੇ ਸਾਧੂ ਸੰਤ ਦੀ ਸੇਵਾ ਅਤੇ ਧਰਮ ਦਾ ਪ੍ਰਚਾਰ ਕਰਨਗੇ. ਕੇਵਲ ਮੰਜੀਸਾਹਿਬ ਬਣਿਆ ਹੋਇਆ ਹੈ. ਨਗਰਵਾਸੀ ਪ੍ਰੇਮੀ ਹਨ ਆਏ ਸਿੱਖ ਦੀ ਯੋਗ ਸੇਵਾ ਕਰਦੇ ਹਨ.

ਮਾਣਕੂ: ਦੇਖੋ, ਮਾਣਕ. "ਮਾਣਕੂ ਮੋਹਿ ਮਾਉ ਡਿੰਨਾ." (ਮਃ ੫. ਵਾਰ ਮਾਰੂ ੨)

ਮਾਣਨਾ: ਕ੍ਰਿ- ਭੋਗਣਾ. ਆਨੰਦ ਲੈਣਾ. "ਰਾਜ ਜੋਗ ਜਿਨਿ ਮਾਣਿਓ." (ਸਵੈਯੇ ਮਃ ੧. ਕੇ) ੨. ਮਿਣਨਾ. ਮਾਪ ਕਰਨਾ. ਤੋਲਣਾ। ੩. ਮਾਨ (ਸਨਮਾਨ) ਸਹਿਤ ਕਰਨਾ. "ਸਤਿਜੁਗਿ ਤੈ ਮਾਣਿਓ." (ਸਵੈਯੇ ਮਃ ੧. ਕੇ)

ਮਾਣਵ, ਮਾਣਵਕ: ਸੰ. ਬੱਚਾ. ਬਾਲਕ। ੨. ਮਨੁੱਖ. ਮਾਨਵ। ੩. ਸੋਲਾਂ ਲੜੀਆਂ ਦਾ ਹਾਰ। ੪. ਵਿਦ੍ਯਾਰਥੀ. ਤ਼ਾਲਬੇਇ਼ਲਮ.

ਮਾਣਾ: ਦੇਖੋ, ਮਾਣਨਾ। ੨. ਮਣਿ. ਰਤਨ. "ਹਰਿ ਮਸਤਕਮਾਣਾ." (ਬਿਲਾ ਛੰਤ ਮਃ ੪) ਦੇਖੋ, ਮਸਤਕ- ਮਾਣਾ.

ਮਾਣਿਕ: ਸੰ. ਸੰਗ੍ਯਾ- ਜੌਹਰੀ. ਰਤਨ ਜੜਨ ਅਤੇ ਵੇਚਣ ਵਾਲਾ। ੨. ਸੰ. ਮਾਣਿਕ੍ਯ. ਲਾਲ ਰਤਨ. "ਸਭਨਾ ਮਨ ਮਾਣਿਕ." (ਸ. ਫਰੀਦ) ੩. ਮਦੂ ਪਿੰਡ ਦਾ ਵਸਨੀਕ ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ ਜਦ ਛੀਵੇਂ ਸਤਿਗੁਰੂ ਜੀ ਮਦ੍ਰੀਂ ਗਏ, ਤਦ ਇਹ ਸੇਵਾ ਕਰਦਾ ਰਿਹਾ.

ਮਾਣਿਕੂ, ਮਾਣਿਕ੍ਯ: ਦੇਖੋ, ਮਾਣਕ ਅਤੇ ਮਾਣਕੂ.

ਮਾਣੀ: ਸੰਗ੍ਯਾ- ਸਾਢੇ ਬਾਰਾਂ ਸੇਰ ਕੱਚਾ ਤੇਲ। ੨. ਦੇਖੋ, ਮਾਣਨਾ। ੩. ਦੇਖੋ, ਮਾਣੀ ਦੇਵਾਣੀ.

ਮਾਣੀਆ: ਵਿ- ਮਾਨ ਵਾਲੀ. ਫ਼ਖ਼ਰਵਾਲੀ. "ਤੁਝ ਊਪਰਿ ਬਹੁ ਮਾਣੀਆ." (ਸੂਹੀ ਅਃ ਮਃ ੫)

ਮਾਣੀ ਦੇਵਾਣੀ: (ਪਾਰਸਾਵ) ਮਾਨ ਦੇਣ ਵਾਲੀ. ਇ਼ੱਜ਼ਤ ਬਖ਼ਸ਼ਣ ਵਾਲੀ.

ਮਾਣੁ, ਮਾਣੂ: ਸੰਗ੍ਯਾ- ਮਾਨ. ਸਨਮਾਨ. "ਤਾ ਦ੍ਰਗਹ ਪਾਵਹਿ ਮਾਣੁ." (ਮਃ ੩. ਵਾਰ ਸੋਰ) ਸਿੰਧੀ ਅਤੇ ਪਹਾ. ਮਾਨੁਸ਼. ਮਾਣਵ. ਮਨੁੱਖ. "ਮਾਣੂ ਘਲੈ ਉਠੀ ਚਲੈ." (ਸਵਾ ਮਃ ੧)

ਮਾਣੂਆ, ਮਾਣੂਕਾ: ਮਨੁੱਖਾਂ ਨੂੰ. ਮਾਣਵਾਂ ਨੂੰ. "ਮਾਣੂਆ ਮੰਗਿ ਮੰਗਿ ਪੈਨ੍ਹੇ ਖਾਇ." (ਮਃ ੧. ਵਾਰ ਸਾਰ) ਜਿਲਾ. ਲੁਦਿਆਨਾ. ਤਸੀਲ ਥਾਣਾ ਜਗਰਾਉਂ ਦਾ ਪਿੰਡ, ਜੋ ਰੇਲਵੇ ਸਟੇਸ਼ਨ ਜਗਰਾਉਂ ਤੋਂ ਨੌ ਮੀਲ ਦੇ ਕਰੀਬ ਦੱਖਣ ਹੈ. ਇਸ ਪਿੰਡ ਤੋਂ ਦੱਖਣ ਵੱਲ ਸਮੀਪ ਹੀ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਲੰਮੇ ਤੋਂ ਚਕਰ ਵੱਲ ਜਾਂਦੇ ਇੱਥੇ ਚਰਣ ਪਾਏ ਹਨ. ਸੰਮਤ ੧੯੮੦ ਤੋਂ ਨਗਰਵਾਸੀਆਂ ਨੇ ਨਵਾਂ ਗੁਰਦ੍ਵਾਰਾ ਬਣਾਉਣਾ ਆਰੰਭ ਕੀਤਾ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਲੋਕਲ ਕਮੇਟੀ ਵੱਲੋਂ ਸਿੰਘ ਸੇਵਾਦਾਰ ਹਨ.

ਮਾਣੋ: ਦੇਖੋ, ਮਾਣ. "ਮਾਣੋ ਪ੍ਰਭੁ ਮਾਣੋ ਮੇਰੇ ਪ੍ਰਭ ਕਾ ਮਾਣੋ." (ਰਾਮ ਛੰਤ ਮਃ ੫) ਮਾਨਾਂ ਵਿੱਚੋਂ ਮਾਨ ਮੇਰੇ ਸ੍ਵਾਮੀ ਦਾ ਦਿੱਤਾ ਮਾਨ ਹੈ. ਦੁਨਿਆਵੀ ਫ਼ਖ਼ਰਾਂ ਵਿੱਚੋਂ ਕਰਤਾਰ ਦਾ ਫ਼ਖ਼ਰ ਪ੍ਰਧਾਨ ਹੈ। ੨. ਦੇਖੋ, ਮਾਣਨਾ। ੩. ਬੱਚੇ ਬਿੱਲੀ ਨੂੰ ਮਾਣੋ ਆਖਦੇ ਹਨ.

ਮਾਣੋਤਾ: ਵਿ- ਮਿਣਨ ਵਾਲਾ। ੨. ਮਾਨ ਰਹਿਤ. ਹਲੀਮ.

ਮਾਤ: ਸੰਗ੍ਯਾ- ਮਾਤਾ. ਮਾਂ. "ਮਾਤ ਪਿਤਾ ਭਾਈ ਸੁਤ ਬਨਿਤਾ." (ਧਨਾ ਮਃ ੯) ੨. ਮਾਤ੍ਰਾ. "ਆਪਸ ਕਉ ਦੀਰਘ ਕਰਿ ਮਾਨੈ

ਅਉਰਨ ਕਉ ਲਗਮਾਤ." (ਮਾਰੂ ਕਬੀਰ) ਲਘੁ ਮਾਤ੍ਰਾ ਜਾਣਦਾ ਹੈ। ੩. ਕ੍ਰਿ. ਵਿ- ਕੇਵਲ. ਮਾਤ੍ਰ। ੪. ਪ੍ਰਮਾਣ. ਭਰ. "ਤੁਛਮਾਤ ਸੁਣਿ ਸੁਣਿ ਵਖਾਣਹਿ." (ਮਾਰੂ ਸੋਲਹੇ ਮਃ ੫) "ਜੈਸੇ ਭੂਖੇ ਭੋਜਨ ਮਾਤ." (ਮਾਲੀ ਮਃ ੫) ਭੋਜਨਮਾਤ੍ਰ। ੫. ਤਨਿਕ. ਥੋੜਾ. "ਸੰਗਿ ਨ ਨਿਬਹਤ ਮਾਤ." (ਕੇਦਾ ਮਃ ੫) ੬. ਵਿ- ਮੱਤ. ਮਸ੍ਤ. "ਮਮ ਮਦ ਮਾਤ ਕੋਪ ਜਰੀਆ." (ਕਾਨ ਮਃ ੫) ੭. ਫ਼ਾ. مات ਹੈਰਾਨ ਹੋਇਆ। ੮. ਹਾਰਿਆ, ਜੋ ਜਿੱਤਿਆ ਗਿਆ ਹੈ.

ਮਾਤਹਤ: ਅ਼. ਅਧੀਨ. ਵਸ਼ਵਰਤੀ.

ਮਾਤਬਰ: ਫ਼ਾ. معتبر ਮੁਅ਼ਤਬਰ. ਵਿ- ਇਅ਼ਤਬਾਰ ਯੋਗਯ. ਜਿਸ ਪੁਰ ਭਰੋਸਾ ਕੀਤਾ ਜਾਵੇ.

ਮਾਤਮ: ਫ਼ਾ. ماتم ਸੰਗਯਾ- ਯਤਮ (ਮਾਂ ਬਾਪ ਬਿਨਾ ਹੋਣ) ਦਾ ਭਾਵ। ਸ਼ੋਕ. ਰੰਜ। ੩. ਕੁੱਤੀ.

ਮਾਤਰ, ਮਾਤਰਿ: ਸੰ. मातृ- ਮਾਤ੍ਰਿ. ਮਾਤਾ. ਮਾਂ. ਫ਼ਾ. ਮਾਦਰ. ਅੰ. Mother "ਮਾਤਰ ਪਿਤਰ ਤਿਆਗਿ ਕੈ." (ਸਰ ਪੜਤਾਲ ਮਃ ੫)

ਮਾਤਲ: ਦੇਖੋ, ਮਾਤੁਲ। ੨. ਮਹਾਤਲ ਦਾ ਸੰਖੇਪ. ਪਾਤਾਲ. "ਨਹਿ ਭੂਤਲ ਮੇ ਅਰ ਮਾਤਲ ਮੇ ਇਨ ਸੋ ਨਹਿ ਦੇਵਨ ਕੇ ਗਨ ਮੇ." (ਕ੍ਰਿਸਨਾਵ) ਭੂਤਲ (ਪ੍ਰਿਥਿਵੀ) ਮਹਾਤਲ (ਪਾਤਾਲ) ਦੇਵਨ ਕੇ ਗਨ ਮੇ (ਸ੍ਵਰਗ ਮੇ).

ਮਾਤਲਿ: ਸੰ. ਸੰਗਯਾ- ਮਤਲ ਦੀ ਔਲਾਦ, ਇੰਦ੍ਰ ਦਾ ਰਥਵਾਹੀ.

ਮਾਤਲੀ: ਦੇਖੋ, ਮਾਤਲਿ। ੨. ਦੇਖੋ, ਮਾਤੁਲੀ.

ਮਾਤਲੀਸ: ਮਾਤਲਿ- ਈਸ਼. ਮਾਤਲਿ ਦਾ ਸ੍ਵਾਮੀ, ਇੰਦ੍ਰ. ਦੇਖੋ, ਮਾਤਲਿ.

ਮਾਤਲੇਇ: ਦੇਖੋ, ਮਾਤੁਲੇਯ.

ਮਾਤਲੇਸ: ਇੰਦ੍ਰ. ਦੇਖੋ, ਮਾਤਲੀਸ.

ਮਾਤਲੋਕ: ਸੰਗਯਾ- ਮਾਤ੍ਰਿਭੂਮਿ. ਜਨਮ ਦਾ ਦੇਸ਼. "ਮਾਤਲੋਕ ਵਿੱਚ ਕਿਆ ਵਰਤਾਰਾ?" (ਭਾਗੁ) ੨. ਮਰ੍ਤ੍ਯਲੋਕ. ਮੱਨੁਖਾਂ ਦਾ ਦੇਸ਼. ਮਰਣ ਵਾਲੇ ਜੀਵਾਂ ਦਾ ਲੋਕ। ੩. ਮਰ੍ਤ੍ਯ- ਲੋਕ. ਮਰਣਧਰਮਾ ਲੋਕ. ਚੌਰਾਸੀ ਵਿੱਚ ਭ੍ਰਮਣ ਵਾਲੇ ਪ੍ਰਾਣੀ. "ਨੇੜੈ ਦਿਸੈ ਮਾਤਲੋਕ, ਤੁਧੁ ਸੁਝੈ ਦੂਰੁ." (ਵਾਰ ਰਾਮ ੩) ਦੁਨਿਆਵੀ ਲੋਕ ਤੁੱਛਦ੍ਰਿਸ਼੍ਟਿ ਵਾਲੇ ਹਨ, ਆਪ ਦੀਰਘਦ੍ਰਸ਼੍ਟਾ ਹੋ.

ਮਾਤਵ: ਸੰਗਯਾ- ਮੱਤਤਾ. ਨਸ਼ੇ ਦੀ ਮਸ੍ਤੀ. "ਮਾਤਵੰ ਮਦਿਯੰ." (ਕਲਕੀ)

ਮਾਤਾ: ਸੰ. ਸੰਗਯਾ- ਮਾਂ. ਮਾਤ੍ਰਿ. "ਗੁਰਦੇਵ ਮਾਤਾ ਗੁਰਦੇਵ ਪਿਤਾ." (ਬਾਵਨ) ੨. ਦੁਰ੍‍ਗਾ. ਭਵਾਨੀ। ੩. ਚੇਚਕ ਦੀ ਦੇਵੀ. ਸ਼ੀਤਲਾ। ੪. ਵਿ- ਮੱਤ. ਮਸ੍ਤ ਹੋਇਆ. "ਤੇਰਾ ਜਨੁ ਰਾਮਰਸਾਇਣਿ ਮਾਤਾ." (ਦੇਵ ਮਃ ੫) ੫. ਅਭਿਮਾਨੀ. ਅਹੰਕਾਰੀ. "ਮਾਤਾ ਭੈਸਾ ਅਮੁਹਾ ਜਾਇ." (ਗਉ ਕਬੀਰ) ਭਾਵ- ਅਹੰਕਾਰੀ ਮਨ ਅਥਵਾ ਮਾਯਾਮਦ ਵਿੱਚ ਮਸ੍ਤ ਖੋਰੀ ਆਦਮੀ.

ਮਾਤਾਮਹ: ਸੰ. ਸੰਗਯਾ- ਮਾਤਾ ਦਾ ਪਿਤਾ, ਨਾਨਾ.

ਮਾਤਾਮਹੀ: ਸੰ. ਸੰਗਯਾ- ਮਾਤਾ ਦੀ ਮਾਂ, ਨਾਨੀ.

ਮਾਤੀ: ਮੱਤ (ਮਸ੍ਤ) ਹੋਈ. "ਨਾਹਿਨ ਦਰਬੁ, ਨ ਜੋਬਨ ਮਾਤੀ." (ਗਉ ਮਃ ੫) ੨. ਅ਼. معطی ਮੁਅ਼ਤ਼ੀ. ਅ਼ਤਾ ਕਰਨ ਵਾਲਾ. ਦਾਤਾ. "ਹਮ ਲਹਿ ਨ ਸਕਹਿ ਅੰਤੁ ਮਾਤੀ." (ਧਨਾ ਮਃ ੪)

ਮਾਤੁਰ: ਸੰਗਯਾ- ਮਾਤ੍ਰਿ. ਮਾਂ. ਮਾਦਰ. "ਮਾਤੁਰਸਿਤਾਬ ਧਾਈ." (ਰਾਮਾਵ) ੨. ਮਾਤੁਃ ਮਾਤਾ ਦਾ.

ਮਾਤੁਲ: ਸੰਗਯਾ- ਮਾਂ ਦਾ ਭਾਈ, ਮਾਮਾ। ੨. ਧਤੂਰਾ. Thorn- apple। ੩. ਮਦਨ ਬਿਰਛ. ਮੈਨਫਲ. L. Ranzia

Dumetorim

**ਮਾਤੁਲਾ, ਮਾਤੁਲਾਨੀ, ਮਾਤੁਲੀ:** ਸੰਗਯਾ- ਮਾਤਾ ਦੇ ਭਾਈ (ਮਾਮੇ) ਦੀ ਵਹੁਟੀ, ਮਾਮੀ

**ਮਾਤੁਲੇਯ:** ਵਿ- ਮਾਮੇ ਦਾ. ਮਾਮੇ ਦੀ ਸੰਤਾਨ। ੨. ਸੰਗ੍ਯਾ- ਮਾਮਾ. ਮਾਤੁਲ. "ਤਹਾਂ ਮਾਤੁਲੇਯੰ ਕ੍ਰਿਪਾਲੰ ਕਰੁੱਧੰ." (ਵਿਚਿਤ੍ਰ)

**ਮਾਤੰਗ:** ਵਿ- ਮਤੰਗ ਮੁਨਿ ਦਾ ਪੁਤ੍ਰ, ਜੋ ਮਾਤੰਗੀ ਦੇਵੀ ਦਾ ਉਪਾਸਕ ਸੀ. ਇਹ ਮੋਨਵ੍ਰਤ ਧਾਰਕੇ ਜਿਸ ਪਹਾੜ ਤੇ ਰਹਿੰਦਾ ਸੀ, ਉਸ ਦਾ ਨਾਮ "ਰਿਸ਼੍ਯਮੂਕ" ਪ੍ਰਸਿੱਧ ਹੋਗਿਆ. ਮਾਤੰਗ ਦੀ ਮੁਲਾਕਾਤ ਰਾਮਚੰਦ੍ਰ ਜੀ ਨਾਲ ਹੋਈ. ਇਹ ਸ਼ਵਰੀ (ਭੀਲਣੀ) ਦਾ ਗੁਰੂ ਸੀ। ੨. ਸੰਗ੍ਯਾ- ਹਾਥੀ. ਮਤੰਗ. ਗਜ. "ਮਾਤੰਗ ਮਤਿ ਅਹੰਕਾਰ." (ਸਾਰ ਮਃ ੫) ੩. ਪਿੱਪਲ ਬਿਰਛ। ੪. ਇੱਕ ਨਾਗ ਦਾ ਨਾਮ.

**ਮਾਤੰਗਨਿ:** ਸੰਗ੍ਯਾ- ਗਜਸੈਨਾ. ਹਾਥੀਆਂ ਦੀ ਫੌਜ. (ਸਨਾਮਾ)

**ਮਾਤੰਗੀ:** ਮਾਤੰਗ ਦੀ ਮਦੀਨ, ਹਥਣੀ। ੨. ਡਿੰਗ. ਭੰਗ. ਬਿਜੀਆ (ਵਿਜਯਾ)

**ਮਾਤ੍ਰ:** ਸੰ. ਕ੍ਰਿ. ਵਿ- ਕੇਵਲ. ਸਿਰਫ। ੨. ਥੋੜਾ. ਤਨਿਕ। ੩. ਉਤਨਾਹੀ। ੪. ਪ੍ਰਮਾਣ. ਭਰ। ੫. ਤੀਕ. ਤੋੜੀ। ੬. ਸੰਗ੍ਯਾ- ਮਾਤ੍ਰਿ. ਮਾਤਾ. "ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ." (ਬਸੰ ਅਃ ਮਃ ੧) ਮਾਤਾ ਦੀ ਰਕਤ ਤੋਂ ਧਰ (ਰਿਹਮ) ਰੂਪੀ ਚਕ੍ਰ ਪੁਰ ਫੇਰਕੇ ਸ਼ਰੀਰ ਘੜ ਦਿੱਤਾ ਹੈ.

**ਮਾਤ੍ਰਾ:** ਸੰ. ਸੰਗ੍ਯਾ- ਅੱਖਰ ਦੇ ਉੱਚਾਰਣ ਵਿੱਚ ਜੋ ਸਮਾਂ ਲਗਦਾ ਹੈ, ਉਸ ਨੂੰ "ਮਾਤ੍ਰਾ" ਆਖਦੇ ਹਨ. ਪਿੰਗਲਗ੍ਰੰਥਾਂ ਵਿੱਚ ਕਲ, ਕਲਾ, ਮੱਤ, ਮੱਤਾ ਆਦਿ ਮਾਤ੍ਰਾ ਦੇ ਨਾਮ ਹਨ. "ਗਿਣੈ ਵੀਰ ਮਾਤ੍ਰਾ ਕਲੀ ਏਕ ਰਾਨੈ." (ਰੂਪਦੀਪ) ੨. ਸ੍ਵਰ ਅੱਖਰਾਂ ਦੇ ਵਜੰਜਨਾ ਨਾਲ ਲੱਗੇ ਚਿੰਨ੍ਹ. ਲਗ. (ਾ) (ਿ) (ੀ)(ੁ) (ੂ) (ੇ) (ੈ) (ੋ) (ੌ) (ੰ) (ः)। ੩. ਇੰਦ੍ਰੀਆਂ ਦੀਆਂ ਵ੍ਰਿੱਤੀਆਂ, ਜਿਨ੍ਹਾਂ ਦ੍ਵਾਰਾ ਵਿਸ਼ੇ ਜਾਣੇ ਜਾਂਦੇ ਹਨ. "ਏਕੈ ਰਸ ਮਾਤ੍ਰਾ ਕੇ ਰਾਤਾ." (ਦੱਤਾਵ) ੪. ਹੱਦ. ਸੀਮਾਂ. ਅਵਧਿ. "ਜੀਵਨ ਕੇ ਬਲ ਕੀ ਪਰ ਮਾਤ੍ਰਾ." (ਕ੍ਰਿਸ਼ਨਾਵ) ੫. ਉਦਾਸੀਨ ਸਾਧੂਆਂ ਦੇ ਨਿਯਮ ਪ੍ਰਗਟ ਕਰਣ ਵਾਲੇ ਮੰਤ੍ਰ, ਜੋ ਸ਼੍ਰੀ ਗੁਰੂ ਨਾਨਕ ਦੇਵ, ਬਾਬਾ ਸ਼੍ਰੀ ਚੰਦ ਜੀ, ਬਾਬਾ ਗੁਰਦਿੱਤਾ ਜੀ, ਸੰਤ ਅਲਮਸਤ ਜੀ ਅਤੇ ਫੂਲਸਾਹਿਬ ਆਦਿਕਾਂ ਦੇ ਨਾਮ ਤੋਂ ਰਚੇ ਗਏ ਹਨ.[982] ਮਾਤ੍ਰਾ ਦਾ ਕੁਝ ਨਮੂਨਾ ਇਹ ਹੈ- ਮਾਤ੍ਰਾ ਗੁਰੂ ਨਾਨਕਦੇਵ ਜੀ ਕੀ-

ਪ੍ਰਿਥਮ ਗੁਰੁ ਕੋ ਨਮਸਕਾਰ। ਸਗਲ ਜਗਤ ਜਾਕੇ ਆਧਾਰ।

ਓਅੰਕਾਰ ਕੀ ਰਾਹ ਚਲਾਈ। ਸਤਿਗੁਰੁ ਹੋਏ ਆਪ ਸਹਾਈ।

ਓਅੰ ਆਦਿ ਉਦਾਸੀ ਆਇ। ਸਤਿਨਾਮ ਕਾ ਜਾਪ ਜਪਾਇ।

ਓਅੰ ਆਦਿ ਉਦਾਸੀ ਆਏ। ਉਦਾਸਧਰਮ ਕਾ ਰਾਹ ਚਲਾਏ।

ਓਅੰ ਅੱਖਰ ਨਾਮ ਉਦਾਸੀ। ਸੋਹੰ ਅੱਖਰ ਨਾਮ ਸੰਨਯਾਸੀ।

ਓਅੰ ਸੋਹੰ ਆਪੋ ਆਪ। ਆਪ ਜਪਾਏ ਸੋਹੰ ਕਾ ਜਾਪ।

ਉਦਾਸ ਮਾਰਗ ਮੇ ਰਹੇ ਉਦਾਸੀ। ਨਾਨਕ ਸੋ ਕਹੀਏ ਉਦਾਸੀ। ×××

ਮਾਤ੍ਰਾ ਬਾਬੇ ਸ਼੍ਰੀ ਚੰਦ ਜਤੀ ਜੀ ਕਾ-[983]

ਗੁਰੁ ਅਬਿਨਾਸੀ ਖੇਲ ਰਚਾਯਾ। ਅਗਮਨਿਗਮ[984] ਕਾ ਪੰਥ ਬਤਾਯਾ। ਿ

---

[982] ਇਨ੍ਹਾਂ ਦੀ ਗਿਣਤੀ ੨੪ ਹੈ.

[983] ਉਦਾਸੀਨ ਸਾਧੂ ਮਾਤ੍ਰਾ ਸ਼ਬਦ ਨੂੰ ਪੁਲਿੰਗ ਕਰਕੇ ਭੀ ਬੁਲਾਉਂਦੇ ਹਨ.

ਗਆਨ ਕੀ ਗੋਦੜੀ ਖਿਮਾ ਕੀ ਟੋਪੀ। ਜਤ ਕਾ ਆੜਬੰਦ ਸੀਲ ਲਿੰਗੋਟੀ।

ਅਕਾਲ ਖਿੰਥਾ ਨਿਰਾਸ ਝੋਲੀ। ਜੁਗਤ ਕਾ ਟੋਪ ਗੁਰਮੁਖੀ ਬੋਲੀ।

ਧਰਮ ਕਾ ਚੋਲਾ ਸਤ ਕੀ ਸੇਲੀ। ਮਰਯਾਦ ਮੇਖਲੀ ਲੈ ਗਲੇ ਸੇਲੀ। × × × × × ×

ਸਾਹ ਸੁਪੈਦ ਜਰਦ ਸੁਰਖਾਈ ਜੋ ਲੈ ਪਹਿਰੈ ਸੋ ਗੁਰਭਾਈ।× × × × × ×

ਨਾਨਕਪੂਤਾ ਸ਼੍ਰੀਚੰਦ ਬੋਲੇ। ਜੁਗਤ ਪਛਾਣੇ ਤਤੁ ਵਿਰੋਲੇ।

ਐਸੀਮਾਤ੍ਰਾ[985] ਲੈ ਪਹਿਰੈ ਕੋਇ। ਆਵਾਗਵਣ ਮਿਟਾਵੈ ਸੋਇ.

੬. ਤੀਜਾ ਕਾਰਕ. ਮਾਤਾ ਨੇ. ਮਾਤਾ ਕਰਕੇ.

ਮਾਤ੍ਰਿ: ਸੰ. मातृ. ਸੰਗਯਾ- ਮਾਤਾ. ਮਾਂ। ੨. ਪ੍ਰਿਥਿਵੀ। ੩. ਲਕ੍ਸ਼ਮੀ। ੪. ਦੁਰਗਾਂ. ਭਵਾਨੀ। ੫. ਵਿ- ਜਾਣਨ ਵਾਲਾ. ਗਯਾਨੀ। ੬. ਮਾਪਣ (ਮਿਣਨ) ਵਾਲਾ.

ਮਾਤ੍ਰਿਕ: ਸੰ. मातृक. ਵਿ- ਮਾਤਾ ਦਾ. "ਮਾਤ੍ਰਿਕ ਸਪਤ, ਸਪਤ ਪਿਤਰਨ ਕੁਲ." (ਪਾਰਸਾਵ) ਸੱਤ ਮਾਂ ਦੀਆ ਅਤੇ ਸੱਤ ਪਿਤਾ ਦੀਆਂ ਕੁਲਾਂ। ੨. ਸੰ. मात्रिक. ਮਾਤ੍ਰਾ ਦਾ. ਜੈਸੇ- ਮਾਤ੍ਰਿਕ ਛੰਦ. ਮਾਤ੍ਰਿਕ ਗਣ.

ਮਾਤ੍ਰਿਕ ਗਣ: ਛੰਦਸ਼ਾਸਤ੍ਰਾਂ ਵਿੱਚ ਪੰਜ ਮਾਤ੍ਰਿਕ ਗਣ ਕਲਪੇ ਹਨ- ੧. ਟਗਣ, ਛੀ ਮਾਤ੍ਰਾ ਦਾ, ੨. ਠਗਣ, ਪੰਜ ਮਾਤ੍ਰਾ ਦਾ, ੩. ਡਗਣ, ਚਾਰ ਮਾਤ੍ਰਾ ਦਾ, ੪. ਢਗਣ, ਤਿੰਨ ਮਾਤ੍ਰਾ ਦਾ, ੫. ਣਗਣ, ਦੋ ਮਾਤ੍ਰਾ ਦਾ. ਇਸੇ ਹਿਸਾਬ ਨੂੰ ਧਯਾਨ ਵਿੱਚ ਰੱਖਕੇ ਛੈਕਲ, ਪੰਚਕਲ, ਚੌਕਲ, ਤ੍ਰਿਕਲ ਅਤੇ ਦੁਕਲ ਯਥਾਕ੍ਰਮ ਮਾਤ੍ਰਿਕ ਗਣਾਂ ਦੇ ਨਾਮ ਹਨ.

ਇਨ੍ਹਾਂ ਗਣਾਂ ਦੇ ਅਨੇਕ ਰੂਪ ਛੰਦਾਂ ਵਿੱਚ ਵਰਤੇ ਜਾਂਦੇ ਹਨ, ਯਥਾ-

ਟਗਣ ਦੇ ਰੂਪ:- SSS, IISS, ISIS, SIIS, IIIIS, ISSI, SISI, IIISI, SSII, IISII, ISIII, SIIII, IIIIII.

ਠਗਣ ਦੇ ਰੂਪ:- ISS, SIS, IIIS, SSI, IISI, ISII, SIII, IIIII.

ਡਗਣ ਦੇ ਰੂਪ:- SS, IIS, ISI, SII, IIII.

ਢਗਣ ਦੇ ਰੂਪ:- IS, SI, III.

ਣਗਣ ਦੇ ਰੂਪ:- S, II.

ਮਾਤ੍ਰਿਕਛੰਦ: ਉਹ ਛੰਦ, ਜਿਨ੍ਹਾਂ ਵਿਚ ਅੱਖਰਾਂ ਦਾ ਹਿਸਾਬ ਨਹੀਂ, ਕਿੰਤੁ ਮਾਤ੍ਰਾ ਦਾ ਹਿਸਾਬ ਹੈ, ਜੈਸੇ- ਚੌਪਈ, ਦੋਹਰਾ ਆਦਿ. ਦੇਖੋ, ਗੁਰੁਛੰਦ ਦਿਵਾਕਰ.

ਮਾਤ੍ਰਿਭਕ੍ਤ, ਮਾਤ੍ਰਿਭਗਤ: ਮਾਤਾ ਦੀ ਸੇਵਾ ਕਰਨਾ ਵਾਲਾ. ਮਾਤਾ ਵਿੱਚ ਸ਼੍ਰੱਧਾ ਰੱਖਣ ਵਾਲਾ.

ਮਾਥ: ਸੰ. ਮਸ੍ਤਕ. ਮੱਥਾ. "ਨਾਨਕ ਲਿਖਿਆ ਮਾਥ." (ਰਾਚ ਛੰਤ ਮਃ ੫) ੨. ਸੰ. ਮਾਥ. ਮਾਰਗ. ਰਸ੍ਤਾ. ਪੰਥ। ੩. ਮਥਨ. ਰਿੜਕਣ ਦੀ ਕ੍ਰਿਯਾ। ੪. ਮਥਨ ਦੀ ਰੱਸੀ. ਮਧਾਣੀ ਨਾਲ ਲਿਪਟੀ ਹੋਈ ਰੱਸੀ. ਨੇਤ੍ਰਾ। ੫. ਰੋਗ. ਬੀਮਾਰੀ। ੬. ਵਿਨਾਸ਼. ਤਬਾਹੀ. ਬਰਬਾਦੀ.

---

[984] ਜੋ ਵੇਦ ਕਰਕੇ ਅਗਮ੍ਯ ਹੈ. ਜਿਸ ਵਿੱਚ ਵੇਦ ਦੀ ਪਹੁੰਚ ਨਹੀਂ.

[985] ਇਸ ਤੋਂ "ਮਾਤ੍ਰਾ" ਦਾ ਅਰਥ ਪੋਸ਼ਾਕ ਭੀ ਸਿੱਧ ਹੁੰਦਾ ਹੈ.

**ਮਾਥਰ:** ਦੇਖੋ, ਮਾਥੁਰ.

**ਮਾਥਾ:** ਸੰਗਯਾ- ਮਸ੍ਤਕ. ਮੱਥਾ. "ਗੁਰਿ ਹਾਥੁ ਧਰਿਓ ਮੇਰੈ ਮਾਥਾ." (ਜੈਤ ਮਃ ੪) ੨. ਸਿਰ. ਸੀਸ. "ਨਾਮ ਬਿਹੂਣੈ ਮਾਥੇ ਛਾਈ." (ਆਸਾ ਅਃ ਮਃ ੧) ੩. ਦਿਮਾਗ. "ਪ੍ਰਗਟੇ ਗੁਪਾਲ ਮਹਾਂਤ ਕੈ ਮਾਥੈ." (ਸੁਖਮਨੀ) ਦੇਖੋ, ਮਾਥੈ.

**ਮਾਥਿ:** ਮੱਥੇ ਪੁਰ. ਮਸ੍ਤਕ ਮੇਂ. ੨. ਮੱਥੇ ਨਾਲ.

**ਮਾਥੁਰ:** ਵਿ- ਮਥੁਰਾ ਦਾ। ੨. ਸੰਗਯਾ- ਬ੍ਰਾਹਮਣਾਂ ਦਾ ਇੱਕ ਗੋਤ੍ਰ.

**ਮਾਥੁਰੇਸ:** ਮਥੁਰਾ ਦਾ ਈਸ਼. ਮਥੁਰਾਪਤਿ. "ਕਰਜੋ ਮਾਥੁਰੇਸੰ ਤਿਸੈ ਗਵਨਾਰੰ." (ਰਾਮਾਵ) ਰਾਵਣ ਦੇ ਵੈਰੀ (ਰਾਮ) ਨੇ ਤਿਸ (ਲਛਮਣ) ਨੂੰ ਮਥੁਰਾ ਦਾ ਰਾਜਾ ਕੀਤਾ। ੨. ਦੇਖੋ, ਮਥੁਰਾਪਤਿ.

**ਮਾਥੈ:** ਮੱਥੇ ਪੁਰ. ਸਿਰ ਉੱਪਰ. "ਪ੍ਰਭ ਕੀ ਆਗਿਆ ਮਾਨੈ ਮਾਥੈ." (ਸੁਖਮਨੀ) ੨. ਕਿਸਮਤ ਵਿੱਚ. ਭਾਗ ਮੇਂ. "ਜਾਕੈ ਮਾਥੈ ਏਹੁ ਨਿਧਾਨੁ." (ਗਉ ਮਃ ੫) ੩. ਮਥਨ ਕਰਦਾ. ਮਸਲਦਾ. ਕੁਚਲਦਾ. "ਰਣ ਸਤ੍ਰੁਨ ਮਾਥੈ." (ਸਲੋਹ)

**ਮਾਦ:** ਸੰ. ਸੰਗਯਾ- ਅਹੰਕਾਰ. ਗ਼ਰੂਰ। ੨. ਨਸ਼ੇ ਦੀ ਮਸ੍ਤੀ. ਖ਼ੁਮਾਰੀ. "ਬਿਨਸੇ ਮਾਇਆ ਮਾਦ." (ਸਾਰ ਮਃ ੫) ੩. ਖ਼ੁਸ਼ੀ. ਆਨੰਦ.

**ਮਾਦਹ:** ਦੇਖੋ, ਮਾਦਾ.

**ਮਾਦਕ:** ਸੰ. ਵਿ- ਮਸ੍ਤ ਕਰਨਾ ਵਾਲਾ। ੨. ਸੰਗਯਾ- ਨਸ਼ਾ. ਮਤਵਾਲਾ ਕਰਨ ਵਾਲਾ ਪਦਾਰਥ.

**ਮਾਦਗਾਉ:** ਫ਼ਾ. مادہگاؤ ਮਾਦਹਗਾਉ. ਗਊ. ਗਾਂ.

**ਮਾਂਦਗੀ:** ਸੰ. ਮਾਂਦ੍ਯ. ਸੰਗਯਾ- ਸੁਸਤੀ. ਜੜ੍ਹਤਾ। ੨. ਮੂਰਖਤਾ। ੩. ਰੋਗ. ਬੀਮਾਰੀ। ੪. ਬੁਰਾਈ. ਬਦੀ.

**ਮਾਦਨ:** ਸੰ. ਸੰਗਯਾ- ਕਾਮਦੇਵ। ੨. ਭੰਗ। ੩. ਲੌਂਗ। ੪. ਸ਼ਰਾਬ। ੫. ਧਤੂਰਾ। ੬. ਮੈਨਫਲ. ਦੇਖੋ, ਮਾਤੁਲ ੩.

**ਮਾਂਦਨ:** ਫ਼ਾ. ماندن ਕ੍ਰਿ- ਰਹਿਣਾ। ੨. ਥਕ ਜਾਣਾ.

**ਮਾਦਰ:** ਫ਼ਾ. مادر ਸੰਗਯਾ- ਮਾਤਾ, ਮਾਤ੍ਰਿ. "ਮਾਦਰ ਖੁਸਾਲ ਖਾਤਰ." (ਰਾਮਾਵ) ਦੇਖੋ, ਅੰ. Mother.

**ਮਾਦਲ, ਮਾਂਦਲ, ਮਾਦਲੁ:** ਸੰ. ਮਦੰਲ. ਸੰਗਯਾ- ਟੰਮਕ. ਨਗਾਰਾ. "ਸਭੁ ਜਗੁ ਹਉ ਫਿਰਿਓ ਮਾਂਦਲ ਕੰਧਿ ਚਢਾਇ." (ਸ. ਕਬੀਰ) "ਮਾਂਦਲੁ ਬੇਦਿ ਸਿ ਬਾਜਣੋ." (ਮਃ ੧. ਵਾਰ ਮਾਰੂ ੧) ਸਿ (ਤਿੰਨ) ਵੇਦਾਂ ਦਾ ਢੋਲ। ੨. ਮ੍ਰਿਦੰਗ.

**ਮਾਦਾ:** ਫ਼ਾ. مادہ ਮਾਦਹ. ਮਾਦੀਨ. ਨਾਰੀ। ੨. ਅ਼. مادہ ਮਾੱਦਹ. ਮੂਲ ਕਾਰਣ। ੩. ਹਰੇਕ ਵਸਤੁ ਦੀ ਅਸਲ। ੪. ਉਹ ਵਸ੍ਤੁ, ਜਿਸ ਨਾਲ ਸਾਮਗ੍ਰੀ ਰਚੀ ਜਾਵੇ। ੫. ਪ੍ਰਕ੍ਰਿਤਿ.

**ਮਾਂਦਾ:** ਵਿ ਰੋਗੀ. ਮਾਂਦ੍ਯ ਵਾਲਾ. ਦੇਖੋ, ਮਾਂਦ੍ਯ। ੨. ਫ਼ਾ. ماندہ ਮਾਂਦਹ. ਰਿਹਾ ਹੋਇਆ। ੩. ਥਕਿਆ ਹੋਇਆ. ਦੇਖੋ. ਮਾਂਦਨ। ੪. ਰੋਗੀ.

**ਮਾਦਿ:** ਮਦ ਕਰਕੇ. ਨਸ਼ੇ ਨਾਲ. "ਮਾਇਆ ਮਾਦਿ ਸੋਇਓ." (ਆਸਾ ਪੜਤਾਲ ਮਃ ੫) ੨. ਦੇਖੋ, ਮਦ੍ਯ.

**ਮਾਦੇ:** ਮਦ ਸਹਿਤ ਹੋਏ. ਮਤਵਾਲੇ ਹੋਏ. "ਮਹਾਂ ਮੱਦ ਮਾਦੇ." (ਵਿਚਿਤ੍ਰ)

**ਮਾਂਦੇ:** ਦੇਖੋ, ਦਰਮਾਂਦਾ। ੨. ਮਾਂਦਾ ਦਾ ਬਹੁਵਚਨ. ਦੇਖੋ, ਮਾਂਦਾ।

**ਮਾਦੋਕੇ ਬੈਰਾੜ:** ਬੈਰਾੜ ਮਾਦੋਕੇ ਦੇਖੋ, ਗੁਰੂਸਰ ਨੰਃ ੯

ਮਾਦ੍ਰੀ: ਮਦ੍ਰ ਦੇਸ਼ ਦੇ ਰਾਜਾ ਭਦ੍ਰਰਾਜ ਦੀ ਪੁਤ੍ਰੀ, ਜੋ ਪਾਂਡੁ ਦੀ ਇਸਤ੍ਰੀ ਸੀ. ਇਸ ਦੇ ਉਦਰ ਤੋਂ ਅਸ਼੍ਵਿਨੀਕੁਮਾਰ ਦੇਵਤਿਆਂ ਦੇ ਸੰਯੋਗ ਦ੍ਵਾਰਾ ਨਕੁਲ ਅਤੇ ਸਹਦੇਵ ਜੌੜੇ ਪੁਤ੍ਰ ਜਨਮੇ. ਇਹ ਆਪਣੇ ਪਤਿ ਪਾਂਡੁ ਨਾਲ ਸਤੀ ਹੋਈ ਸੀ.

ਮਾਂਦ੍ਰੀ: ਮੰਦਲ (ਮਦੰਲ) ਵਜਾਉਣ ਵਾਲਾ। ੨. ਮਾਂਤ੍ਰਿਕ. ਮੰਤ੍ਰ ਜਾਣਨ ਵਾਲਾ.

ਮਾਦ੍ਰੀਸੁਤ: ਮਾਦ੍ਰੀ ਦਾ ਪੁਤ੍ਰ ਨਕੁਲ ਅਤੇ ਸਹਦੇਵ.

ਮਾਦ੍ਰੀਸੁਤ ਅਗ੍ਰ ਅਨੁਜ ਸੁਤਰਿ: ਸੰਗ੍ਯਾ- ਮਾਦ੍ਰੀ ਦਾ ਪੁਤ੍ਰ ਨਕੁਲ, ਉਸ ਦਾ ਵਡਾ ਭਾਈ ਯੁਧਿਸ਼੍ਠਿਰ, ਉਸ ਦਾ ਛੋਟਾ ਭਾਈ ਅਰਜੁਨ, ਉਸ ਦਾ ਸੂਤ (ਰਥਵਾਹੀ) ਸ਼੍ਰੀ ਕ੍ਰਿਸ਼ਨ, ਉਸ ਦਾ ਵੈਰੀ, ਤੀਰ. (ਸਨਾਮਾ)

ਮਾਧਉ, ਮਾਧਵ: ਮਾਯਾ ਦਾ ਧਵ (ਪਤਿ) ਪਾਰਬ੍ਰਹਮ. ਕਰਤਾਰ. "ਮੇਰੇ ਮਾਧਉ ਜੀ ! ਸਤਸੰਗਤਿ ਮਿਲੇ ਸੁ ਤਰਿਆ." (ਸੋਦਰੁ) "ਮਲਿਨ ਭਈ ਮਤਿ, ਮਾਧਵਾ !" (ਗਉ ਰਵਿਦਾਸ) ੨. ਮਧੁ ਨਾਮਕ ਯਦੁਵੰਸ਼ੀ ਰਾਜਾ ਦੀ ਕੁਲ ਵਿੱਚ ਹੋਣ ਵਾਲਾ ਕ੍ਰਿਸ਼ਨਦੇਵ। ੩. ਮਧੁ (ਵਸੰਤ) ਦਾ ਮਹੀਨਾ. ਵੈਸ਼ਾਖ. "ਜਿਸ ਦਿਨ ਮਾਧਵ ਕੀ ਸੰਕ੍ਰਾਂਤਿ." (ਗੁਪ੍ਰਸੂ) ੪. ਬਸੰਤ ਰੁੱਤ। ੫. ਮਹੂਆ. ਮਧੂਕ। ੬. ਭੌਰਾ. ਭ੍ਰਮਰ. "ਮਾਧਵ ਭਵਰ ਔ ਅਟੇਰੂ ਕੋ ਕਨ੍ਹੈਯਾ ਨਾਮ." (ਅਕਾਲ) ੭. ਮਧੁ (ਸ਼ਹਦ) ਦਾ ਬਣਿਆ ਹੋਇਆ ਪਦਾਰਥ। ੮. ਮਾਧਵਾਨਲ ਦਾ ਸੰਖੇਪ ਨਾਮ. "ਮਾਧਵ ਤੌਨ ਸਭਾ ਮਹਿ ਆਯੋ." (ਚਰਿਤ੍ਰ ੯੧) ੯. ਦੇਖੋ, ਮਾਧਵਾਚਾਰਯ.

ਮਾਧਵਦਾਸ: ਮਾਧੋਦਾਸ. ਦੇਖੋ, ਬੰਦਾਬਹਾਦੁਰ.

ਮਾਧਵਨਲ: ਮਾਧਵਾਨਲ. ਕਾਮਕੰਦਲਾ ਦਾ ਪ੍ਰੇਮੀ. ਸੰਗੀਤਵਿਦ੍ਯਾ ਦਾ ਪੰਡਿਤ ਇੱਕ ਬ੍ਰਾਹਮਣ. "ਗੋਬਿੰਦਚੰਦ ਨਰੇਸ ਕੋ ਮਾਧਵਨਲ ਨਿਜ ਮੀਤ." (ਚਰਿਤ੍ਰ ੯੧)

ਮਾਧਵਾਚਾਰਯ: ਮਾਧਵ- ਆਚਾਰਯੰ. ਇੱਕ ਪ੍ਰਸਿੱਧ ਵਿਦ੍ਵਾਨ, ਜੋ ਮਹਾਲਕ੍ਸ਼ਮੀ ਦੇ ਪੇਟੋਂ ਵਿਸ਼੍ਵੇਸ਼੍ਵਰ ਦਾ ਪੁਤ੍ਰ ਸੀ. ਇਹ ਤੁਲੁਵਾ ਦੇ ਰਹਿਣ ਵਾਲਾ, ਅਤੇ ਈਸਵੀ ਚੌਦਵੀਂ. ਸਦੀ ਵਿੱਚ ਵਿਜਯ ਨਗਰ ਦੇ ਰਾਜਾ ਦਾ ਮੰਤ੍ਰੀ ਸੀ. ਇਹ ਸਾਯਣਾਚਾਰਯ ਦਾ, (ਜਿਸ ਨੇ ਵੇਦਾਂ ਦਾ ਭਾਸ਼੍ਯ ਲਿਖਿਆ ਹੈ) ਭਾਈ ਸੀ. ਕਹਿੰਦੇ ਹਨ ਕਿ ਮਾਧਵ ਨੇ ਭੀ ਇਸ ਵਿੱਚ ਉਸ ਨੂੰ ਮਦਦ ਦਿੱਤੀ ਸੀ. ਵਿਲਸਨ ਲਿਖਦਾ ਹੈ ਕਿ ਇਹ ਦੋਵੇਂ ਭਾਈ ਵਡੇ ਵਿਦ੍ਵਾਨ ਸਨ ਅਤੇ ਇਨ੍ਹਾਂ ਨੇ ਹੋਰ ਭੀ ਕਈ ਪੁਸ੍ਤਕਾਂ ਰਚੀਆਂ ਹਨ, ਜੋ ਵਿਦ੍ਵਾਨਾਂ ਲਈ ਵਡੀਆਂ ਲਾਭਦਾਇਕ ਹਨ, ਜੋ ਵਿਦ੍ਵਨਾਂ ਲਈ ਵਡੀਆਂ ਲਾਭਦਾਇਕ ਹਨ. ਮਾਧਵ ਵਿਸ਼ਨੁਪੂਜਕ ਅਤੇ ਦ੍ਵੈਤਵਾਦੀ ਸੀ. ਮਾਧਵਾਚਾਰਯ ਦੀ ਗੱਦੀ ਉਡਪੀ ਨਗਰ (ਜਿਲਾ ਕਨਾਰਾ) ਦੱਖਣ ਵਿੱਚ ਹੈ। ੨. ਮਧ੍ਵਾਚਾਰਯ ਇਸ ਤੋਂ ਭਿੰਨ ਹੈ. ਦੇਖੋ, ਬੈਸਨਵ (ਅ)

ਮਾਧਵਾਨਲ: ਦੇਖੋ, ਮਾਧਵਨਲ।੭ ਮਾਧਵਾਨਲ ਦੀ ਕਥਾ ਲਿਖਣ ਵਾਲਾ ਇੱਕ ਕਵਿ.

ਮਾਧਵਾਨਲਸੰਗੀਤ: ਮਾਧਵਾਨਲ ਗਵੈਯੇ ਦਾ ਬਣਾਇਆ ਇੱਕ ਸੰਗੀਤ ਸ਼ਾਸਤ੍ਰ, ਜਿਸ ਦਾ ਅਨੁਵਾਦ ਆਲਮ ਕਵੀ ਨੇ ਹਿੰਦੀ ਭਾਸ਼ਾ ਵਿੱਚ ਕੀਤਾ ਹੈ. ਰਾਗ ਮਾਲਾ ਇਸ ਗ੍ਰੰਥ ਦਾ ਇੱਕ ਪਾਠ ਹੈ. ਦੇਖੋ, ਰਾਗਮਾਲਾ

ਮਾਧਵੀ: ਸੰ. ਮਧੁ ਦੈਤ ਦੀ ਮਿੰਜ ਤੋਂ ਬਣੀ ਹੋਈ ਪ੍ਰਿਥਿਵੀ। ੨. ਮਹੂਏ ਅਥਵਾ ਸ਼ਹਦ ਤੋਂ ਬਣੀ ਹੋਈ ਸ਼ਰਾਬ। ੩. ਸ਼ਹਦ ਦੀ ਕੋਈ ਵਸਤੂ। ੪. ਤੁਲਸੀ। ੫. ਅਮਰਬੇਲ। ੬. ਬਸੰਤੀ ਚਮੇਲੀ। ੭. ਗੁਰ ਪ੍ਰਤਾਪਸੂਰਯ ਅਨੁਸਾਰ ਇੱਕ ਰਿਖੀ, ਜਿਸ ਨੇ ਅਮ੍ਰਿਤਸਰ ਸਰੋਵਰ ਦੇ ਥਾਂ ਸਤਯੁਗ ਵਿੱਚ ਤਪ ਕੀਤਾ, ਅਤੇ ਜਿਸ ਨੂੰ ਵਿਸ਼ਨੁ ਤੋਂ ਅਮ੍ਰਿਤ ਪ੍ਰਾਪਤ ਹੋਇਆ. ਦੇਖੋ, ਰਾਸਿ ੭. ਅਃ ਸੰ. ਮਨਿਰਖ ਮਾਧਵੀ ਵਿਸਮੈ ਭਯੋ." ੮. ਦੇਖੋ, ਸਵੈਯੇ ਦਾ ਰੂਪ ੨੫.

ਮਾਧਵੀਯ: ਵਿ ਮਾਧਵ ਨਾਲ ਸੰਬੰਧਿਤ. ਮਾਧਵ ਦਾ. ਦੇਖੋ, ਮਾਧਵ.

ਮਾਧਵੇ: ਸੰਬੋਧਨ. ਹੇ ਮਾਧਵ ! "ਮਾਧਵੇ ! ਐਸੀ ਦੇਹੁ ਬੁਝਾਈ." (ਸੋਰ ਮਃ ੫)

ਮਾਧਾਣ, ਮਾਧਾਣਾ, ਮਾਧਾਣੀ: ਸੰਗ੍ਯਾ- ਮੰਥਾਨ. ਮਧਨ ਕਾ ਯੰਤ੍ਰ."ਮਾਧਾਣਾ ਪਰਬਤ ਕਰਿ." (ਵਾਰ ਰਾਮ ੩) "ਪਾਣੀ ਵਿਚਹੁ

ਰਤਨ ਉਪੰਨੇ ਮੇਰੁ ਕੀਆ ਮਾਧਾਣੀ." (ਮਃ ੧. ਵਾਰ ਮਾਝ)

ਮਾਂਧਾਤਾ: ਸੰ. मान्धातृ- ਮਾਂਧਾਤ੍ਰਿ. ਇਹ ਇਕ੍ਸ਼ਾਕੁਵੰਸ਼ੀ ਰਾਜਾ ਯੁਵਨਾਸ਼੍ਵ ਦਾ ਪੁਤ੍ਰ ਸੀ. ਹਰਿਵੰਸ਼ ਅਤੇ ਹੋਰ ਕਈ ਪੁਰਾਣਾਂ ਵਿੱਚ ਲਿਖਿਆ ਹੈ ਕਿ ਇਹ ਕੁਦਰਤ ਦੇ ਨਿਯਮ ਅਨੁਸਾਰ ਅਪਣੀ ਮਾਤਾ ਗੌਰੀ ਦੇ ਉਦਰੋਂ ਉਤਪੰਨ ਹੋਇਆ ਸੀ, ਪਰ ਵਿਸ਼ਨੁਪੁਰਾਣ ਅਤੇ ਭਾਗਵਤ ਵਿੱਚ ਇੱਕ ਵਿਚਿਤ੍ਰ ਕਥਾ ਲਿਖੀ ਹੈ ਕਿ ਯੁਵਨਾਸ਼੍ਵ ਦੇ ਕੋਈ ਪੁਤ੍ਰ ਨਹੀਂ ਸੀ, ਇਸ ਲਈ ਉਸ ਨੂੰ ਵਡਾ ਫਿਕਰ ਹੋਇਆ. ਕਈ ਰਿਖੀਆਂ ਨੇ ਹਵਨ ਆਦਿ ਕੀਤੇ ਕਿ ਰਾਜੇ ਦੇ ਘਰ ਪੁੱਤ ਹੋਵੇ. ਇੱਕ ਦਿਨ ਉਨ੍ਹਾਂ ਨੇ ਇੱਕ ਪਵਿਤ੍ਰ ਜਲ ਦਾ ਘੜਾ ਇੱਕ ਉੱਚੀ ਜੇਹੀ ਥਾਂ ਤੇ ਪੂਜਾ ਲਈ ਰੱਖਿਆ, ਤਾਂ ਉਸ ਜਲ ਵਿੱਚ ਬੱਚਾ ਪੈਦਾ ਕਰਨ ਦੀ ਸ਼ਕਤਿ ਆ ਗਈ. ਰਾਤ ਨੂੰ ਯੁਵਨਾਸ਼੍ਵ ਨੂੰ ਪਿਆਸ ਲੱਗੀ. ਤਾਂ ਉਸ ਨੇ ਓਹ ਜਲ ਪੀਲਿਆ. ਜਲ ਦੇ ਪੀਣ ਨਾਲ ਉਸ ਨੂੰ ਗਰਭ ਹੋਗਿਆ, ਅਤੇ ਠੀਕ ਸਮੇਂ ਪੁਰ ਸੱਜੀ ਵੱਖੀ ਵਿੱਚੋਂ ਬਾਲਕ ਜਨਮਿਆ, ਜਦ ਰਿਖੀਆਂ ਨੇ ਪੁੱਛਿਆ ਕਿ ਇਸ ਬਾਲਕ ਨੂੰ ਦੁੱਧ ਕੌਣ ਪਿਆਵੇਗਾ, ਤਦ ਇੰਦ੍ਰ ਨੇ ਮੰਮੇ ਦੀ ਥਾਂ ਆਪਣੀ ਇੱਕ ਉਂਗਲ ਦੇਕੇ ਆਖਿਆ ਕਿ ਮੈਂ ਇਸ ਨੂੰ ਧਾਰਨ (ਪਾਲਨ) ਕਰਾਂਗਾ. ਇਸ ਲਈ ਬਾਲਕ ਦਾ ਨਾਮ "ਮਾਂਧਾਤ੍ਰਿ" ਰੱਖਿਆ ਗਿਆ। "ਮਾਂਧਾਤਾ ਗੁਣ ਰਵੈ." (ਸਵੈਯੇ ਮਃ ੧. ਕੇ)

ਮਾਧੁਰ: ਵਿ- ਮਧੁ (ਮਿਠਾਸ) ਦੇਣ ਵਾਲਾ ਮਿੱਠਾ. "ਇਕ ਸਕੰਧ ਕੇ ਮਾਧੁਰ ਹੈਂ ਫਲ." (ਗੁਪ੍ਰਸੂ) ਇੱਕ ਟਾਹਣੇ (ਡਾਹਣੇ) ਦੇ ਮਿੱਠੇ ਫਲ ਹਨ। ੨. ਮਿੱਠੇ ਦਾ। ੩. ਸੰਗਜਾ- ਮਾਲਤੀ ਦਾ ਫੁੱਲ, ਜੋ ਭੌਰਿਆਂ ਨੂੰ ਮਧੁ ਦਿੰਦਾ ਹੈ.

ਮਾਧੁਰਯ, ਮਾਧੁਰਯਤਾ, ਮਾਧੁਰੀ: ਸੰਗਜਾ- ਮਾਧੁਰ੍‍ਯੰ. ਮਿਠਾਸ. ਮਿੱਠਾਪਨ। ੨. ਪ੍ਰਿਯਤਾ. ਮੁਹੱਬਤ. ਸਨੇਹ। ੩. ਕਾਵ੍ਯ ਦਾ ਇੱਕ ਗੁਣ, ਜਿਸ ਤੋਂ ਚਿੱਤ ਬਹੁਤ ਪ੍ਰਸੰਨ ਹੁੰਦਾ ਹੈ. "ਮਾਧੁਰਯਤਾ ਮ੍ਰਿਦੁਲ ਜਿੰਹ ਰਚਨਾ." (ਨਾਪ੍ਰ)

ਮਾਧੋ: ਦੇਖੋ, ਮਾਧਵ. "ਕਰਿ ਸਾਧ ਸੰਗਤਿ, ਸਿਮਰੁ ਮਾਧੋ." (ਸੋਰ ਮਃ ੯) ੨. ਇੱਕ ਸੋਢੀ. ਜਿਸ ਨੂੰ ਸ਼੍ਰੀ ਗੁਰੂ ਅਰਜਨਦੇਵ ਨੇ ਧਰਮਪ੍ਰਚਾਰ ਲਈ ਕਸ਼ਮੀਰ ਭੇਜਿਆ। ੩. ਇੱਕ ਛੰਦ. ਇਸ ਦਾ ਨਾਮ "ਕ੍ਰੀੜਾ" ਭੀ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਯ, ਗ, ।, SS, S

ਉਦਾਹਰਣ-

ਪਿਤਾ ਮਾਤਾ। ਮਤੀਦਾਤਾ।

ਗੁਰੂ ਜਾਨੋ। ਸਦਾ ਮਾਨੋ।।

(ਅ) ਮਾਧੋ ਦਾ ਦੂਜਾ ਰੂਪ ਹੈ, ਚਾਰ ਚਰਣ, ਪ੍ਰਤਿਚਰਣ ਸ, ਭ, ਗ, ਗ, ।।S, S।।, S।।, S, S.

ਉਦਾਹਰਣ- ਦੇਖੋ, ਤੀਜੇ ਰੂਪ ਦੇ ਉਦਾਹਰਣ ਦੀ ਪਹਿਲੀ ਤੁਕ.

(ੲ) ਮਾਧੋ ਦਾ ਤੀਜਾ ਰੂਪ ਹੈ- ਪ੍ਰਤਿ ਚਰਣ ੧੬. ਮਾਤ੍ਰਾ, ਅੰਤ ਦੋ ਗੁਰੁ. ਇਹ ਅੜਿੱਲ ਦਾ ਦੂਜਾ ਭੇਦ ਹੈ.

ਉਦਾਹਰਣ-

ਜਬ ਕੋਪਾ ਕਲਕੀ ਅਵਤਾਰਾ,

ਬਾਜਤ ਤੂਰ ਹੋਤ ਝੁਨਕਾਰਾ,

ਹਾਹਾ ਮਾਧੋ[986] ! ਬਾਨ ਕਮਾਨ ਕ੍ਰਿਪਾਨ ਸੰਭਾਰੇ,

ਪੈਠੇ ਭੇਟੇ ਹਥਿਆਰੇ ਉਘਾਹੇ. (ਕਲਕੀ)

ਮਾਧੋਦਾਸ: ਦੇਖੋ, ਬੰਦਾ ਬਹਾਦਰ.

---

[986] ਹਾਹਾ ਮਾਧੋ ੟ ਪਾਠ ਟੇਕ ਹੈ, ਜੋ ਗਿਣਤੀ ਤੋਂ ਬਾਹਰ ਹੈ.

**ਮਾਧੌ:** ਦੇਖੋ, ਮਾਧਵ. "ਉਸਤਤਿ ਕਰਹਿ ਤੁਮਰੀ ਜਨ, ਮਾਧੋ!" (ਕਲਿ ਮਃ ੪)

**ਮਾਧ੍ਵ:** ਮਧ੍ਵਾਚਾਰਯ ਵੈਸ਼ਨਵ ਦਾ ਚਲਾਇਆ ਮਤ. ਦੇਖੋ, ਬੈਸਨਵ (ਅ). ਮਾਧ੍ਵਲੋਕਾਂ ਦਾ ਸ਼ਾਸਤ੍ਰ "ਪੂਰਣ- ਪ੍ਰਗਯਦਸ਼ੰਨ" ਹੈ। ੨. ਮਹੂਏ ਦੀ ਸ਼ਰਾਬ। ੩. ਸ਼ਹਦ ਤੋਂ ਬਣਿਆ ਪਦਾਰਥ.

**ਮਾਨ:** ਸੰ. ਸਾਨ. ਧਾ- ਗਜਾਨਪ੍ਰਾਪਤਿ ਦੀ ਇੱਛਾ ਕਰਨਾ, ਆਦਰ ਕਰਨਾ, ਵਿਚਾਰਨਾ, ਤੋਲਣਾ, ਮਿਣਨਾ। ੨. ਸੰਗਜਾ- ਅਭਿਮਾਨ. ਗਰੂਰ. "ਸਾਧੋ! ਮਨ ਕਾ ਮਾਨ ਤਿਆਗੋ." (ਗਉ ਮਃ ੯) ੩. ਆਦਰ. "ਰਾਜਸਭਾ ਮੇ ਪਾਯੋ ਮਾਨ." (ਗੁਪ੍ਰਸੂ) ੪. ਰੋਸਾ. ਰੰਜ. "ਰਾਜੰ ਤ ਮਾਨੰ." (ਸਹਸ ਮਃ ੫) ਜੇ ਰਾਜ ਹੈ, ਤਦ ਉਸ ਦੇ ਸਾਥ ਹੀ ਉਸ ਦੇ ਨਾਸ਼ ਤੋਂ ਮਨ ਦਾ ਗਿਰਾਉ ਹੈ। ੫. ਪ੍ਰਮਾਣ. ਵਜ਼ਨ. ਤੋਲ. ਮਿਣਤੀ. * ਮਾਪ. ਦੇਖੋ, ਤੋਲ ਅਤੇ ਮਿਣਤੀ। ੬. ਘਰ. ਮੰਦਿਰ. "ਬਾਨ ਪਵਿਤ੍ਰਾ ਮਾਨ ਪਵਿਤ੍ਰਾ." (ਸਾਰ ਮਃ ੫) ੭. ਮਾਨਸਰ ਦਾ ਸੰਖੇਪ. "ਮਾਨ ਤਾਲ ਨਿਧਿਛੀਰ ਕਿਨਾਰਾ." (ਗੁਵਿ ੧੦) ੮. ਮਾਂਧਾਤਾ ਦਾ ਸੰਖੇਪ. "ਸੁਭ ਮਾਨ ਮਹੀਪਤਿ ਛੇਤ੍ਰਹਿ" ਦੈ." (ਮਾਂਧਾਤਾ) ੯. ਜੱਟਾਂ ਦਾ ਇੱਕ ਪ੍ਰਸਿੱਧ ਗੋਤ. ਹੁਸ਼ਿਆਰਪੁਰ ਦੇ ਜਿਲੇ ਮਾਨਾਂ ਦਾ ਬਾਰ੍ਹਾ (ਬਾਰਾਂ ਪਿੱਡਾਂ ਦਾ ਸਮੁਦਾਯ) ਹੈ। ੧੦. ਦੇਖੋ, ਮਾਨੁ। ੧੧. ਦੇਖੋ, ਮਾਨਸਿੰਘ ੨। ੧੨. ਸੰ. ਵਿ- ਮਾਨਜ. ਪੂਜਯ. "ਸਰਵਮਾਨ ਤ੍ਰਿਮਾਨ ਦੇਵ." (ਜਾਪੁ) ੧੩. ਮੰਨਿਆ ਹੋਇਆ. ਸ਼੍ਰੱਧਾਵਾਨ. "ਮਿਲਿ ਸਤਿਗੁਰੁ ਮਨੂਆ ਮਾਨ ਜੀਉ." (ਆਸਾ ਛੰਤ ਮਃ ੪) ੧੪. ਫ਼ਾ. مان ਸ੍ਵਾਮੀ. ਸਰਦਾਰ। ੧੫. ਕੁਟੰਬ. ਪਰਿਵਾਰ। ੧੬. ਘਰ ਦਾ ਸਾਮਾਨ। ੧੭. ਸਰਵਅਸੀਂ. ਹਮ.

**ਮਾਨਅ, ਮਾਨਅ਼:** ਅ਼. مانع ਵਿ- ਮਨਅ਼ (ਵਰਜਣ) ਵਾਲਾ. ਰੋਕਣ ਵਾਲਾ.

**ਮਾਨਅਭਿਮਾਨ:** ਮਾਨਾਪਮਾਨ. ਆਦਰ ਅਤੇ ਨਿਰਾਦਰ. "ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ." (ਸ੍ਰੀ ਮਃ ੫)

**ਮਾਨਈ:** ਮਾਨਵ. ਮਾਨੁਸ਼. ਆਦਮੀ. "ਨਰਕਿ ਪਰਹਿ ਤੇ ਮਾਨਈ, ਜੋ ਹਰਿਨਾਮ ਉਦਾਸ." (ਸ. ਕਬੀਰ) ੨. ਮੰਨਦਾ ਹੈ.

**ਮਾਨਸ:** ਸੰ. ਮਾਨੁਸ਼. ਮਨੁੱਖ. "ਮਾਨਸ ਕੋ ਜਨਮੁਲੀਨ, ਸਿਮਰਨੁ ਨਹ ਨਿਮਖ ਕੀਨ." (ਜੈਜਾ ਮਃ ੯) ੨. ਸੰ. ਸਾਨਸ. ਮਨ. ਦਿਲ। ੩. ਮਾਨਸਰੋਵਰ. ਤਿੱਬਤ ਦੀ ਇੱਕ ਪ੍ਰਸਿੱਧ ਝੀਲ, ਜੋ ਪੁਰਾਣਾਂ ਅਨੁਸਾਰ ਬ੍ਰਹਮਾ ਨੇ ਕੈਲਾਸ ਪਾਸ ਰਚੀ ਹੈ. ਮਾਨਸਰੋਵਰ ਤਾਲ ਦਾ ਵਿਸਤਾਰ ੫੦- ੬੦ ਮੀਲ ਹੈ. ਇਹ ਕੈਲਾਸ ਦੇ ਦੱਖਣ ਵੱਲ ੧੫੩੦੦ ਫੁਟ ਦੀ ਬਲੰਦੀ ਤੇ ਹੈ. ਕਵੀਆਂ ਨੇ ਇਸ ਨੂੰ ਹੰਸਾਂ ਦਾ ਨਿਵਾਸ ਅਸਥਾਨ ਲਿਖਿਆ ਹੈ। ੪. ਮਨੋਰਥ, ਸੰਕਲਪ. "ਸਭਿ ਪੂਰੇ ਮਾਨਸ ਤਿਨਛੇ." (ਬਸੰ ਮਃ ੪) ੫. ਵਿ- ਮਨ ਦਾ. ਮਨ ਨਾਲ ਹੈ ਜਿਸ ਦਾ ਸੰਬੰਧ। ੬. ਮਾਨਸਰ ਨਾਲ ਹੈ ਜਿਸ ਦਾ ਸੰਬੰਧ. ਮਾਨਸਰ ਪੁਰ ਰਹਿਣ ਵਾਲਾ। ੭. ਭੂਟਾਨ ਦੇ ਪਹਾੜਾਂ ਤੋਂ ਨਿਕਲਿਆ ਆਸਾਮ ਦਾ ਇੱਕ ਦਰਿਆ ਜੋ ਗੋਆਲਪਾਰਾ ਪਾਸ ਬ੍ਰਹਮਪੁਤ੍ਰ ਨਦ ਵਿੱਚ ਮਿਲਦਾ ਹੈ.

**ਮਾਨਸਓਕ:** ਸੰ. ਮਾਨਸੌਕਸ੍. ਮਾਨਸਰੋਵਰ ਹੈ ਜਿਸ ਦਾ ਓਕ (ਘਰ), ਹੰਸ.

**ਮਾਨਸਰ, ਮਾਨਸਰੋਵਰ:** ਦੇਖੋ, ਮਾਨਸ ੩। ੨. ਭਾਵ ਸਤਸੰਗ. ਗੁਰਮੁਖਾਂ ਦਾ ਸਮਾਜ.

**ਮਾਨਸਰੋਵਰਿ:** ਮਾਨਸਰੋਵਰ (ਸ਼ੁੱਧ ਅੰਤਹਕਰਣ ਅਥਵਾ ਦਸ਼ਮਦ੍ਵਾਰ) ਵਿੱਚ. "ਮਾਨਸਰੋਵਰਿ ਕਰਿ ਇਸਨਾਨੁ." (ਭੈਰ ਅਃ ਕਬੀਰ) ੨. ਸਤਸੰਗ ਵਿੱਚ.

**ਮਾਨਸਿਕ:** ਵਿ- ਮਨ ਨਾਲ ਹੈ ਜਿਸ ਦਾ ਸੰਬੰਧ. ਦਿਲੀ.

**ਮਾਨਸਿੰਘ:** ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਨੰਨ ਸੇਵਕ ਭਾਈ ਮਾਨ ਸਿੰਘ, ਜਿਸ ਨੂੰ ਭਾਈ ਸੰਤੋਖ ਸਿੰਘ ਨੇ ਗੁਰਪ੍ਰਤਾਪਸੂਰਜ ਵਿੱਚ ਨਿਹੰਗਪੰਥ ਦਾ ਬਾਨੀ ਮੰਨਿਆ ਹੈ. ਇਹ ਆਨੰਦਪੁਰ ਤੋਂ ਚਮਕੌਰ, ਅਤੇ ਉਸ ਥਾਂ ਤੇ ਦਸ਼ਮੇਸ਼ ਨਾਲ ਮਾਲਵੇ ਅਤੇ ਦੱਖਣ ਦੀ ਯਾਤ੍ਰਾ ਵਿੱਚ ਸਾਥ ਰਿਹਾ. ਨਰਮਦਾ ਦੇ ਕਿਨਾਰੇ ਇੱਕ ਮਤਾਂਧ ਮੁਸਲਮਾਨ ਦੇ ਹੱਥੋਂ ਗੋਲੀ ਨਾਲ ਮਾਰਿਆ ਗਿਆ। ੨. ਜੈਪੁਰ ਪਤਿ ਭਗਵਾਨਦਾਸ (ਅਕਬਰ ਦੇ ਸਾਲੇ) ਦਾ ਭਤੀਜਾ, ਜੋ ਭਗਵਾਨਦਾਸ ਨੇ ਮੁਤਬੰਨਾ ਬਣਾਇਆ ਸੀ. ਭਗਵਾਨ ਦਾਸ ਪਿੱਛੋਂ ਇਹ ਜੈਪੁਰ ਦੀ ਗੱਦੀ ਪੁਰ ਬੈਠਾ. ਅਕਬਰ ਨੇ ਇਸ ਨੂੰ ਅਫਗਾਨਿਸ੍ਤਾਨ ਦੀ ਮੁਹਿੰਮ

ਪੁਰ ਭੇਜਿਆ ਸੀ. ਇਹ ਰਾਣਾ ਪ੍ਰਤਾਪ ਦੇ ਵਿਰੁੱਧ ਭੀ ਲੜਿਆ ਸੀ. ਸਨ ੧੫੮੭ ਵਿੱਚ ਇਹ ਬਿਹਾਰ ਦਾ ਗਵਰਨਰ ਹੋਇਆ, ੧੫੮੯ ਵਿੱਚ ਬੰਗਾਲ ਭੀ ਇਸ ਦੇ ਅਧੀਨ ਕੀਤਾ ਗਿਆ. ਮਾਨ ਸਿੰਘ ਨੂੰ ਹਫ਼ਤਹਜ਼ਾਰੀ ਮਨਸਬ ਸੀ. ਇਹ ਜਹਾਂਗੀਰ ਦੇ ਵੇਲੇ ਸਨ ੧੬੧੫ ਵਿੱਚ ਮੋਇਆ.

ਮਾਨਸੀ: ਦੇਖੋ. ਮਾਨਸਿਕ.

ਮਾਨਹ: ਦੇਖੋ, ਮਾਨਅ਼। ੨. ਦੇਖੋ, ਮਾਨਨਾ.

ਮਾਨਹਾ: ਵਿ- ਮਾਨ ਭੰਗ ਕਰਨਾ ਵਾਲਾ.

ਮਾਨਹੁ: ਜਨੁ. ਜਾਣਿਓ. ਗੋਯਾ. ਦੇਖੋ, ਮਾਨੋ ੪. "ਮਾਨਹੁ ਭਾਦਵ ਮਾਸ ਕੀ ਰੈਨ ਲਸੈ ਪਟਬੀਜਨ ਕੀ ਚਮਕਾਰੀ." (ਚੰਡੀ ੧) ਦੇਖੋ, ਉਤਪ੍ਰੇਕ੍ਸ਼ਾ.

ਮਾਨਕ: ਦੇਖੋ, ਮਾਣਕ। ੨. ਸੰ. ਤੋਲ. ਵਜ਼ਨ। ੩. ਤੋਲਣ ਵਾਲਾ. ਮਿਣਨ ਵਾਲਾ। ੪. ਫ਼ਾ. ماهک ਚੰਦ੍ਰਮਾ। ੫. ਸੂਰਜ.

ਮਾਨਕਚੰਦ: ਬਾਬਾ ਲਖਮੀਦਾਸ ਜੀ ਦੇ ਸੁਪੁਤ੍ਰ ਧਰਮਚੰਦ ਦਾ ਬੇਟਾ, ਜਿਸ ਦਾ ਜਨਮ ਸੰਮਤ ੧੬੦੪ ਵਿੱਚ ਹੋਇਆ। ੨. ਦੇਖੋ, ਮਾਣਕਚੰਦ.

ਮਾਨਕੋਟੀਆ: ਰਾਜਪੂਤਾ ਜਾਤਿ. ਮਾਨਕੋਟ ਦੇ ਰਈਸ ਇਸੇ ਗੋਤ੍ਰ ਦੇ ਹਨ. ਦੇਖੋ, ਬਾਈਧਾਰ.

ਮਾਨਕੌਰ: ਸਰਦਾਰ ਵਜੀਰਸਿੰਘ ਰਈਸ ਰੰਗੜ ਨੰਗਲ (ਜਿਲਾ ਗੁਰਦਾਸਪੁਰ) ਦੀ ਸੁਪੁਤ੍ਰੀ, ਜਿਸ ਦਾ ਜਨਮ ਮਾਘ ਵਦੀ ੭. ਸੰਮਤ ੧੮੮੩ ਨੂੰ ਹੋਇਆ. ਇਹ ਰਾਜਾ ਦੇਵੇਂਦ੍ਰਸਿੰਘ ਨਾਭਾਪਤਿ ਨੂੰ ਵਿਆਹੀ ਗਈ. ਇਸ ਦੀ ਕੁੱਖ ਤੋਂ ਰਾਜਾ ਭਰਪੂਰ ਸਿੰਘ ਅਤੇ ਭਗਵਾਨ ਸਿੰਘ ਜੀ ਜਨਮੇ. ਇਹ ਵਡੀ ਉਮਰ ਭੋਗਕੇ ੨. ਮਾਘ ਸੰਮਤ ੧੯੫੭ ਨੂੰ ਨਾਭੇ ਗੁਰਪੁਰਿ ਸਿਧਾਰੀ. ਮਹਾਰਾਜਾ ਹੀਰਾਸਿੰਘ ਜੀ ਇਸ ਦਾ ਸਨਮਾਨ ਆਪਣੀ ਸਕੀ ਮਾਤਾ ਤੋਂ ਭੀ ਵਧਕੇ ਕਰਦੇ ਸਨ.

ਮਾਨਚੰਦ: ਅਫ਼ਗਾਨਿਸ੍ਤਾਨ ਨਿਵਾਸੀ ਇੱਕ ਖਤ੍ਰੀ, ਜੋ ਸਤਿਗੁਰੂ ਨਾਨਕਦੇਵ ਜੀ ਦਾ ਸਿੱਖ ਹੋਕੇ ਉੱਤਮ ਪ੍ਰਚਾਰਕ ਹੋਇਆ.

ਮਾਨਦ: ਸੰ. ਵਿ- ਮਾਨ ਦੇਣ ਵਾਲਾ। ੨. ਫ਼ਾ. ماند ਰਹਿੰਦਾ ਹੈ. ਰਹੇ. ਰਹੇਗਾ. ਦੇਖੋ, ਮਾਂਦਨ.

ਮਾਨਧਾਤਾ: ਇਹ ਮਾਂਧਾਤਾ ਦਾ ਰੂਪਾਂਤਰ ਹੈ. ਦੇਖੋ, ਮਾਂਧਾਤਾ. "ਬਲੀ ਪ੍ਰਿੱਥੀਅੰ ਮਾਨਧਾਤਾ ਮਹੀਪੰ." (ਵਿਚਿਤ੍ਰ)

ਮਾਨਨਾ: ਕ੍ਰਿ- ਮਨ ਵਿੱਚ ਲਿਆਉਣਾ। ੨. ਅੰਗੀਕਾਰ ਕਰਨਾ। ੩. ਮਨਨ ਕਰਨਾ. ਵਿਚਾਰ ਕਰਨਾ। ੪. ਉਪਾਸਨਾ. ਪੂਜਣਾ. "ਮ੍ਰਾਨਹਿ ਬ੍ਰਹਮਾਦਿਕ ਰੁਦ੍ਰਾਦਿਕ." (ਸਵੈਯੇ ਮਃ ੪. ਕੇ)

ਮਾਨਨਿ, ਮਾਨਨੀ: ਸੰ. ਮਾਨਿਨੀ. ਵਿ- ਮਾਨਵਾਲੀ. "ਮਾਨਨਿ! ਮਾਨ ਵਵਾਈਐ." (ਬਿਲਾ ਛੰਤ ਮਃ ੫)

ਮਾਨਨੀਯ: ਵਿ- ਸਨਮਾਨ ਯੋਗਯ। ੨. ਮੰਨਣ ਲਾਇਕ.

ਮਾਨਭੰਗ: ਹੰਕਾਰ ਟੁੱਟਣ ਦਾ ਭਾਵ। ੨. ਸਨਮਾਨ (ਆਦਰ) ਦਾ ਮਿਟਣਾ. ਦੇਖੋ, ਮਾਨ ਅਤੇ ਭੰਗ.

ਮਾਨਮਹਤ, ਮਾਨਮਹਤੁ: ਦੇਖੋ, ਮਾਨ ਅਤੇ ਮਹਤੁ.

ਮਾਨਮਾਨ: ਮਾਪ ਦਾ ਮਾਪ। ੨. ਸਨਮਾਨ ਦਾ ਮਾਨ (ਆਦਰ) ੩. ਮਾਨਯ ਦੇਵਤਾਦਿ ਕਰਕੇ ਮਾਨਨੀਯ. "ਨਮੋ ਮਾਨਮਾਨੇ." (ਜਾਪੁ)

ਮਾਨਮੀ: ਦੇਖੋ, ਮਾਨਵੀ. ੪

ਮਾਨਯ: ਦੇਖੋ. ਮਾਨਯ

ਮਾਨਯਧਾਤ: ਦੇਖੋ. ਮਾਂਧਾਤਾ. "ਮਾਨਯਧਾਤ ਭਏ ਬਸੁਧਾਧਰ." (ਮਾਂਧਾਤਾ)

ਮਾਨਯੈ: ਮਾਨਯ ਹੈ. ਪੂਜਯ ਹੈ. "ਚਤੁਰਚਕ੍ਰ ਮਾਨਯੈ." (ਜਾਪੁ)

ਮਾਨਵ: ਸੰਗ੍ਯਾ- ਮਨੁ ਦੀ ਔਲਾਦ. ਮਾਨੁਸ਼. ਮਨੁੱਖ "ਮਾਨਵਇੰਦ੍ਰ ਰਾਜਿੰਦ੍ਰ ਨਾਰਧਿਪ." (ਅਕਾਲ) ਕੁਬੇਰ ਇੰਦ੍ਰ ਅਤੇ ਬਾਦਸ਼ਾਹ. ਦੇਖੋ, ਮਾਨਵੇਸਦ੍ਰ ੨.

ਮਾਨਵਇੰਦ੍ਰ: ਦੇਖੋ, ਮਾਨਵੇਂਦ੍ਰ.

ਮਾਨਵ ਧਰਮਸ਼ਾਸਤ੍ਰ: ਮਨੁ ਦਾ ਬਣਾਇਆ ਹਿੰਦੂਮਤ ਦੇ ਧਰਮ ਦਾ ਸ਼ਾਸਤ੍ਰ. ਦੇਖੋ, ਮਨੁ.

ਮਾਨਵੀ: ਵਿ- ਮਨੁੱਖ ਦੀ. "ਮਾਨਵੀਦੇਹ ਕਰੋ ਇਨ ਕੀ." (ਨਾਪ੍ਰ) ੨. ਸੰਗ੍ਯਾ- ਮਨੁ ਦੀ ਪੁਤ੍ਰੀ। ੩. ਨਾਰੀ. ਮਾਨੁਸ਼ੀ। ੪. ਚੱਕੀ ਦੇ ਉੱਪਰਲੇ ਪੁੜ ਦੇ ਗੱਭੇ ਕਾਠ ਦਾ ਟੁਕੜਾ, ਜਿਸ ਦੇ ਛੇਕ ਵਿੱਚ ਲੋਹੇ ਦੀ ਕਿੱਲੀ ਫਿਰਦੀ ਹੈ.

ਮਾਨਵੇਂਦ੍ਰ: ਸੰ. ਸੰਗ੍ਯਾ- ਮਨੁੱਖਾਂ ਦਾ ਸ੍ਵਾਮੀ, ਰਾਜਾ. ਬਾਦਸ਼ਾਹ। ੨. ਨਰਵਾਹਨ. ਕੁਬੇਰ.

ਮਾਨੜਾ: ਮਾਨਭਾਵ. "ਇਆਨੜੀਏ! ਮਾਨੜਾ ਕਾਇ ਕਰੇਹਿ?" (ਤਿਲੰ ਮਃ ੧)

ਮਾਨਾ: ਸ਼੍ਰੀ ਗੁਰੂ ਅੰਗਦਸਾਹਿਬ ਦਾ ਇੱਕ ਪ੍ਰੇਮੀ ਸਿੱਖ। ੨. ਫ਼ਾ. مانا ਵਿ- ਮਾਨਿੰਦ. ਤੁਲ੍ਯ. ਜੇਹਾ. ਸਮਾਨ. "ਮਸਕਲ ਮਾਨਾ ਮਾਲੁ ਮੁਸਾਵੈ." (ਮਃ ੧. ਵਾਰ ਮਾਝ) ਮਸ਼ਕ਼ਲ ਵਾਂਙ ਮੈਲ ਖੁਰਚ ਦੇਵੇ.

ਮਾਨਾ ਦਾ ਬੁਰਜ: ਦੇਖੋ, ਰਾਜਗੜ੍ਹ.

ਮਾਨਿ: ਮੰਨਕੇ. "ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ." (ਭੈਰ ਮਃ ੫) ੨. ਮਨ ਵਿੱਚ। ੩. ਮਾਨ੍ਯ. ਪੂਜ੍ਯ. "ਤੇਰੈ ਮਾਨਿ ਹਰਿ ਹਰਿ ਮਾਨਿ." (ਕਲਿ ਮਃ ੫)

ਮਾਨਿਐ: ਮਾਨ੍ਯ (ਪੂਜ੍ਯ) ਹੈ. "ਕਿ ਸਰਬਤ੍ਰ ਮਾਨਿਐ." (ਜਾਪੁ)

ਮਾਨਿਕ: ਸੰ. ਮਾਣਿਕ੍ਯ. ਲਾਲ ਰਤਨ.

ਮਾਨਿੰਦ: ਫ਼ਾ. مانِند ਵਿ- ਤੁਲ੍ਯ. ਜੇਹਾ. ਸਦ੍ਰਿਸ਼.

ਮਾਨਿਨੀ: ਦੇਖੋ, ਮਾਨਨੀ। ੨. ਸੰਗ੍ਯਾ- ਹੰਕਾਰ ਵਾਲੀ ਨਦੀ, ਜੋ ਕੰਢੇ ਢਾਹੁੰਦੀ ਹੈ. (ਸਨਾਮਾ) ੩. ਕਾਵ੍ਯ ਅਨੁਸਾਰ ਇੱਕ ਨਾਯਿਕਾ. "ਪਿਯ ਸੋਂ ਕਰੈ ਜੁ ਮਾਨ ਤਿਯ ਵਹੈ ਮਾਨਿਨੀ ਜਾਨ." (ਜਗਦਵਿਨੋਦ) ੪. ਫਲੀ ਬਿਰਛ. Aglaia Odorata.

ਮਾਨਿਯ: ਵਿ- ਮਾਨਨੀਯ. ਮਾਨ੍ਯ. ਸਨਮਾਨ ਯੋਗ੍ਯ. ਪੂਜ੍ਯ.

ਮਾਨੀ: ਮੰਨੀ. ਕ਼ਬੂਲ ਕੀਤੀ. "ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ." (ਧਨਾ ਮਃ ੪) ੨. ਜਾਨਵਾਲਾ. ਸਨਮਾਨ ਸਹਿਤ. "ਮਾਨੀ ਤੂੰ ਰਾਮ ਕੈ ਦਰਿ ਮਾਨੀ." (ਸਾਰ ਮਃ ੫) ੩. ਹੰਕਾਰੀ (मानिन्) ਅਭਿਮਾਨੀ। ੪. ਸੰਗ੍ਯਾ- ਕਾਵ੍ਯ ਅਨੁਸਾਰ ਨਾਯਕ. "ਕਰੈ ਜੁ ਤਿਯ ਪੈ ਮਾਨ ਪਿਯ ਮਾਨੀ ਕਹਿਯੈ ਸੋਇ." (ਜਗਦਵਿਨੋਦ) ੫. ਫ਼ਾ. مانی ਦੁਰਲਭ. ਅਲੌਕਿਕ. ਨਾਯਾਬ। ੬. ਦੇਖੋ, ਮੋਰੰਡਾ.

ਮਾਨੀਕ: ਵਿ- ਮਾਨਯੋਗ੍ਯ. ਮੰਨਣ ਲਾਇਕ.

ਮਾਨੀਖ਼ਾਨ: ਦੇਖੋ, ਮੋਰੰਡਾ.

ਮਾਨੁ: ਅਭਿਮਾਨ. ਦੇਖੋ, ਮਾਨ ੨. "ਮਾਨੁ ਨ ਕੀਜੈ ਸਰਣਿ ਪਰੀਜੈ." (ਸੋਰ ਮਃ ੫) ੨. ਸਨਮਾਨ. ਆਦਰ. "ਨਿਮਾਨੇ ਕਉ ਜੋ ਦੇਤੋ ਮਾਨੁ." (ਗੋਂਡ ਮਃ ੫)

**ਮਾਨੁਸ, ਮਾਨੁਖ, ਮਾਨੁਖਜ:** ਸੰ. ਮਨੁਸ਼- ਮਨੁਸ਼ਜ- ਮਾਨੁਸ਼- ਮਾਨੁਸ਼ਜ. ਸੰਗਜਾ- ਆਦਮੀ. ਮਨੁੱਖ. "ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ." (ਸੁਖਮਨੀ) "ਪਰਸ ਮਾਨੁਖਜ ਦੇਹੰ ਮਲੀਣੰ." (ਗਾਥਾ) ੨. ਚਾਰਹੱਥਭਰ. ਦੇਖੋ, ਮਨਖੋਸਟ.

**ਮਾਨੁਜ, ਮਾਨੁਜਾ, ਮਾਨੁਨੀ, ਮਾਨੂਸ:** ਦੇਖੋ, ਮਨੁਜ. ਮਨੁਜ ਦੀ ਮਦੀਨ. ਨਾਰੀ. ਮਨੁੱਖਾਂ ਦੇ ਸਮੁਦਾਯ ਵਾਲੀ. ਸੈਨਾ. (ਸਨਾਮਾ) ਅ਼. مانوس ਵਿ- ਜਿਸ ਨਾਲ ਉਨਸ (ਦਿਲ ਦਾ ਲਗਾਉ) ਹੋਵੇ. ਮਨਭਾਵਨ.

**ਮਾਨੈ:** ਮਨ ਹੀ. ਦਿਲ ਹੀ. "ਮਾਨੈ ਹਾਟੁ ਮਾਨੈ ਪਾਟੁ, ਮਨੈ ਹੈ ਪਾਸਾਰੀ." (ਪ੍ਰਭਾ ਨਾਮਦੇਵ) ਮਨਹੀ ਦੁਕਾਨ ਮਨ ਹੀ ਪੱਤਨ (ਨਗਰ) ਮਨ ਹੀ ਪਨਸਾਰੀ (ਦੁਕਾਨਦਾਰ). ੨. ਮੰਨਦਾ ਹੈ. ਕ਼ਬੂਲ ਕਰਦਾ ਹੈ. "ਮਾਨੈ ਹੁਕਮੁ ਤਜੈ ਅਭਿਮਾਨੈ." (ਸੂਹੀ ਮਃ ੫) ੩. ਦੇਖੋ, ਮ੍ਰਾਨੈ.

**ਮਾਨੋ:** ਦੇਖੋ, ਮਾਨ. "ਕਿਆ ਕੀਚੈ ਕੂੜਾ ਮਾਨੋ." (ਸੂਹੀ ਛੰਤ ਮਃ ੫) ੨. ਮੰਨੋ. ਜਾਣੋ. ਤਸਲੀਮ ਕਰੋ. "ਮਾਨੋ ਸਭ ਸੁਖ ਨਉ ਨਿਧਿ ਤਾਂਕੈ." (ਬਿਲਾ ਕਬੀਰ) ੩. ਮਨ. ਅੰਤਹਕਰਣ. "ਅਵਿਗਤ ਸਿਉ ਮਾਨਿਆ ਮਾਨੋ." (ਮਾਰੂ ਮਃ ੫) ੪. ਕ੍ਰਿ. ਵਿ- ਜਾਣੀਓ. ਗੋਯਾ. ਜਨੁ. "ਮਾਨੋ ਮਹਾ ਪ੍ਰਿਥੁ ਲੈਕੈ ਕਮਾਨ, ਸੁ ਭੂਧਰ ਭੂਮਿ ਤੇ ਨਜਾਰੇ ਕਰੇ ਹੈਂ." (ਚੰਡੀ ੧)

**ਮਾਨੋਰਥ:** ਦੇਖੋ, ਮਨੋਰਥ. "ਮਾਨੋਰਥੋ ਪੂਰਾ." (ਆਸਾ ਛੰਤ ਮਃ ੫)

**ਮਾਨੋਰਮਾ:** ਦੇਖੋ, ਮਨੋਰਮਾ. "ਕਹੂੰ ਬੈਠ ਮਾਨੋਰਮਾ ਗ੍ਰੰਥ ਬਾਚੈਂ." (ਅਜੈਸਿੰਘ) ੨. ਮਨੋਰਮਾ ਦਾ ਟੀਕਾ.

**ਮਾਨੰ:** ਦੇਖੋ, ਮਾਨ.

**ਮਾਨਯ:** ਵਿ- ਸਨਮਾਨ ਯੋਗਯ. ਆਦਰ ਲਾਇਕ। ੨. ਪੂਜਯ.

**ਮਾਨਿਜਉ:** ਮੰਨਿਆ. ਪਤੀਜਿਆ. ਸ਼੍ਰੱਧਾਵਾਨ ਹੋਇਆ. "ਸਭ ਬਿਧਿ ਮਾਨਿਜਉ ਮਨ." (ਸਵੈਯੇ ਮਃ ੪. ਕੇ)

**ਮਾਪ:** ਸੰ. ਸੰਗਜਾ- ਮਿਣਤੀ. ਦੇਖੋ, ਮਿਣਤੀ.

**ਮਾਪਕ:** ਵਿ- ਮਿਣਨ ਵਾਲਾ। ੨. ਤੋਲਣ ਵਾਲਾ. ਤੋੱਲਾ.

**ਮਾਪਨਾ:** ਕ੍ਰਿ- ਮਿਣਨਾ. ਮਿਣਤੀ ਕਰਨਾ. "ਡੋਰੀ ਪੂਰੀ ਮਾਪਹਿ ਨਾਹੀ." (ਸੂਹੀ ਕਬੀਰ) ੨. ਤੋਲਣਾ. ਵਜ਼ਨ ਕਰਨਾ.

**ਮਾਪਿਰੀ:** ਮਮ- ਪ੍ਰਿਯ. ਮੇਰਾ ਪਿਆਰਾ. "ਜਿਤੁ ਮਿਲੰਦੜੋ ਮਾਪਿਰੀ." (ਵਾਰ ਜੈਤ)

**ਮਾਪੇ:** ਮਾ- ਪਿਉ. ਮਾਤਾ ਪਿਤਾ. ਵਾਲਦੈਨ.

**ਮਾਫ:** ਅ਼. مُعاف ਮੁਆ਼ਫ਼. ਵਿ- ਅ਼ਫ਼ਵ ਕੀਤਾ. ਬਖ਼ਸ਼ਿਆ.

**ਮਾਫਕ:** ਅ਼. مُوافِق ਮਵਾਫ਼ਿਕ਼. ਵਿ- ਵਫ਼ਕ਼ (ਤੁਲ੍ਯ ਹੋਣ) ਦਾ ਭਾਵ ਹੋਵੇ ਜਿਸ ਵਿੱਚ। ੨. ਤੁਲ੍ਯ. ਸਮਾਨ. ਬਰਾਬਰ. "ਮਾਫਕ ਗੁਜਰ ਤਹਾਂ ਧਨ ਪਾਵੋਂ." (ਗੁਪ੍ਰਸੂ)

**ਮਾਫੀ:** ਫ਼ਾ. مُعافی ਮੁਆ਼ਫ਼ੀ. ਅ਼ਫ਼ਵ (ਬਖ਼ਸ਼ਣ) ਦਾ ਭਾਵ. ਖਮਾਪਨ. "ਹੋਇ ਤੁਮੈ ਨ ਮਰੇ ਫੁਨ ਮਾਫੀ." (ਕ੍ਰਿਸਨਾਵ)

**ਮਾਬ:** ਦੇਖੋ, ਮਆਬ.

**ਮਾਬੈਨ:** ਅ਼. مابین ਕ੍ਰਿ. ਵਿ- ਦੋ ਦੇ ਵਿਚਕਾਰ ਮਧ੍ਯ ਮੇਂ.

**ਮਾਮਕ:** ਸੰ. ਸਰਵ- ਮੇਰਾ.

**ਮਾਮਲਤ:** ਸੰਗਜਾ- ਮਾਲੋ ਮਤਾਅ਼. ਧਨ ਅਤੇ ਸਾਮਾਨ. "ਸਭਾ ਮਾਮਲਤ ਕਢ ਦਿੱਤੀ." (ਜਸਭਾਮ) ੨. ਅ਼. مُعاملت ਮੁਆ਼ਮਲਤ. ਅ਼ਮਲ (ਕਾਰਜ) ਦੇ ਕਰਨ ਦੀ ਕ੍ਰਿਯਾ. ਲੈਣ ਦੇਣ. ਵਰਤਾਉ.

ਮਾਮਲਾ: ਅ. معاملہ ਮੁਆ਼ਮਲਹ. ਅ਼ਮਲ ਵਿੱਚ ਲਿਆਂਦਾ ਹੋਇਆ. ਕੰਮ ਕਾਜ. ਧੰਦਾ. "ਵਾਟ ਨ ਕਰਈ ਮਾਮਲਾ, ਜਾਣੈ ਮਿਹਮਾਣੁ." (ਮਃ ੨. ਵਾਰ ਮਾਝ) ਰਾਹ ਵਿੱਚ ਧੰਦੇ ਨਾ ਫੈਲਾਵੇ, ਆਪਣੇ ਤਾਂਈ ਮੁਸਾਫਰ ਜਾਣੇ. ਭਾਵ- ਜੀਵਨਯਾਤ੍ਰਾ ਇੱਕ ਪ੍ਰਕਾਰ ਦਾ ਸਫਰ ਹੈ. "ਪਵਨਿ ਨ ਇਤੀ ਮਾਮਲੇ." (ਸ. ਫਰੀਦ) "ਵੀਵਾਹੀ ਤਾ ਮਾਮਲੇ." (ਸ. ਫਰੀਦ) ੨. ਜਮੀਨ ਪੁਰ ਲਗਾਇਆ ਰਾਜਕਰ. ਪੁਰਾਣੇ ਸੰਸਕ੍ਰਿਤਗ੍ਰੰਥਾਂ ਤੋਂ ਮਲੂਮ ਹੁੰਦਾ ਹੈ ਕਿ ਪ੍ਰਜਾ ਤੋਂ ਪੈਦਾਵਾਰ ਦਾ ਛੀਵਾਂ ਹਿੱਸਾ ਰਾਜਾ ਲਿਆ ਕਰਦਾ ਸੀ. ਦੇਖੋ ਰਾਜਕਰ.

ਮਾਮਾ: ਮਾਤੁਲ. ਮਾਂ ਦਾ ਭਾਈ। ੨. ਫ਼ਾ. ماما ਬੁੱਢੀ ਇਸਤ੍ਰੀ. ਵ੍ਰਿਧਾ। ੩. ਮਾਤਾ. mamma.

ਮਾਮਾਣੀ: ਮਾਤੁਲ ਦੀ. ਮਾਮੇ ਦੀ। ੨. ਮਾਮੀ. ਮਾਤੁਲਾਨੀ.

ਮਾਮੀ: ਦੇਖੋ, ਮਾਮਾਣੀ.

ਮਾਮੂਰ: ਅ. مامۇر ਅਮਰ ਕੀਤਾ ਗਿਆ. ਨਿਯਤ ਕੀਤਾ ਗਿਆ. ਕਿਸੇ ਕੰਮ ਪੁਰ ਜੋ ਆਗਜਾ ਨਾਲ ਲਗਾਇਆ ਗਿਆ ਹੈ। ੨. ਅ. معمۇر ਮਅ਼ਮੂਰ. ਅ਼ਮਰ (ਖ਼ੁਸ਼ਹਾਲਤ) ਸਹਿਤ. "ਊਹਾਂ ਗਨੀ ਬਸਹਿ ਮਾਮੂਰ." (ਗਉ ਰਵਿਦਾਸ)

ਮਾਮੂਲ: ਅ. مامۇل ਉਹ ਵਸ੍ਤੁ, ਜਿਸ ਦੀ ਅਮਲ਼. (ਆਸ) ਕੀਤੀ ਹੋਵੇ, ਵਾਂਛਿਤ। ੨. ਅ. معمۇل ਮਅ਼ਮੂਲ. ਅ਼ਮਲ (ਕੰਮ) ਵਿੱਚ ਆਇਆ ਹੋਇਆ. ਭਾਵ- ਵਰਤਿਆ ਹੋਇਆ। ੩. ਜਿਸ ਉੱਤੇ ਅ਼ਮਲ ਕੀਤਾ ਜਾਵੇ, ਜਿਵੇਂ- ਮੈਸਮਿਰੇਜ਼ਮ (meamerism) ਵਿੱਚ ਹੁੰਦਾ ਹੈ.

ਮਾਮੂਲੀ: ਅ. معمۇلی ਵਿ- ਜੋ ਅ਼ਮਲ (ਵਰਤੋਂ) ਵਿੱਚ ਆਇਆ ਅਥਵਾ ਆਈ ਹੈ। ੨. ਸਾਧਾਰਣ. ਆਮ. ਸਾਮਾਨ੍ਯ.

ਮਾਯ: ਮਾਯਾ. "ਤੁਹੀ ਏਕ ਨਜੰਤਾ ਸਦਾ ਮਾਯ ਕੇਰੋ." (ਨਾਪ੍ਰ) ੨. ਦੇਖੋ, ਮਾਇ.

ਮਾਯਨਾ: ਅ. ماعنیٰ ਮਅ਼ਨੀ. ਸੰਗਜਾ- ਅ਼ਨੀ (ਇਰਾਦਾ) ਕਰਨ ਦਾ ਭਾਵ. ਮਤਲਬ. ਅਭਿਪ੍ਰਾਯ। ੨. ਅਰਥ. "ਇਕ ਪਦ ਕੋ ਨ ਮਾਯਨਾ ਆਯੋ." (ਨਾਪ੍ਰ)

ਮਾਯਲ: ਅ. مائِل ਵਿ- ਜੋ ਮੈਲ (ਝੁਕਾਉ) ਸਹਿਤ ਹੈ. ਕਿਸੇ ਵੱਲ ਮਨ ਦੀ ਲਗਨ ਵਾਲਾ.

ਮਾਯਵੀ: ਸੰ. मायाविन. ਵਿ- ਮਾਯਾਵਾਨ. ਧੋਖਾ ਦੇਣ ਵਾਲਾ. ਭੁਲਾ ਲੈਣ ਵਾਲਾ। ੨. ਛਲੀਆਂ. ਜਾਲ ਸਾਜ਼। ੩. ਇੰਦ੍ਰਜਾਲ ਦਾ ਜਾਣੂ. ਜਾਦੂਗਰ.

ਮਾਯੜ: ਡਿੰਗ. ਮਾਤਾ. ਮਾਂ.

ਮਾਯਾ: ਦੇਖੋ, ਮਾਇਆ. "ਮਾਯਾਮੋਹ ਭਰਮਪੈ ਭੂਲੇ." (ਸਵੈਯੇ ਮਃ ੪. ਕੇ) ੨. ਸਮਾਯਾ. ਖਟਾਯਾ. "ਨਹਿ ਏਕਨ ਕੇ ਉਰ ਆਨਂਦ ਮਾਯੋ." (ਕ੍ਰਿਸਨਾਵ)

ਮਾਯਾਪੁਰ, ਮਾਯਾਪੁਰੀ: ਦੇਖੋ, ਹਰਿਦ੍ਵਾਰ ਅਤੇ ਮਾਇਆ ੮.

ਮਾਯਾਮੋਹ: ਦੌਲਤ ਦਾ ਪਿਆਰ। ੨. ਅਵਿਦ੍ਯਾ ਦਾ ਭੁਲੇਖਾ। ੩. ਵਿਸ਼ਨੁਪੁਰਾਣ ਵਿੱਚ ਕਥਾ ਹੈ ਕਿ ਜਦ ਦੈਤ ਯਗ੍ਯ ਆਦਿ ਕਰਮਾਂ ਦ੍ਵਾਰਾ ਦੇਵਤਿਆਂ ਤੋਂ ਪ੍ਰਬਲ ਹੋ ਗਏ, ਤਦ ਭਗਵਾਨ ਵਿਸ਼ਨੁ ਨੇ ਆਪਣੇ ਸ਼ਰੀਰ ਤੋਂ "ਮਾਯਾਮੋਹ" ਨਾਮਕ ਪੁਰਖ ਪੈਦਾ ਕਰਕੇ ਦੇਵਤਿਆਂ ਨੂੰ ਦਿੱਤਾ, ਜਿਸ ਨੇ ਰਾਖਸਾਂ ਨੂੰ ਯਗ੍ਯ ਕਰਨ ਤੋਂ ਵਰਜਿਆ ਅਤੇ ਅਹਿੰਸਾ ਧਰਮ ਦ੍ਰਿੜ੍ਹਾਇਆ, ਜਿਸ ਤੋਂ ਦੈਤਾਂ ਦਾ ਰਾਜ ਭਾਗ ਨਸ਼੍ਟ ਹੋਗਿਆ.[987]

---

[987] ਦੇਖੋ, ਵਿਸ਼ਨੁਪੁਰਾਣ ਅੰਸ਼ ੩, ਅਃ ੧੭-੧੮-੧੯.

ਇਹੀ ਮਾਯਾਮੋਹ ਬੋੱਧ ਅਤੇ ਜੈਨ ਧਰਮ ਦਾ ਮੂਲ ਹੈ, ਇਸੀ ਕਥਾ ਦੇ ਆਧਾਰ ਪੁਰ ਦਸਮਗ੍ਰੰਥ ਵਿੱਚ ਲੇਖ ਹੈ."ਜਾਕੋ ਨਾਮ ਨ ਗਾਂਵ ਨ ਨਾਉ। ਬੁਧ ਅਵਤਾਰ ਤਿਸੀ ਕੋ ਨਾਉ." (ਚੋਬੀਸਾਵ)

ਮਾਯਿਕ: ਸੰ. ਵਿ- ਮਾਯਾ ਵਾਲਾ। ੨. ਫ਼ਰੇਬੀ. ਛਲੀਆ। ੩. ਇੰਦ੍ਰਜਾਲੀਆ.

ਮਾਯੂਸ: ਅ਼. مایوس ਵਿ- ਯਾਸ (ਨਾ ਉਮੇਦੀ) ਸਹਿਤ. ਨਿਰਾਸ.

ਮਾਯੰਦਰਾਨੀ: ਦੇਖੋ, ਮਾਜ਼ੰਦਰਾਂ ਅਤੇ ਮਾਜ਼ੰਦਰਾਨੀ.

ਮਾਰ: ਸੰ. ਸੰਗਯਾ- ਮੋਤ. ਮ੍ਰਿਤ੍ਯੁ. ਦੇਖੋ, ਮਾਰਿ ੨। ੨. ਜੋ ਲੋਕਾਂ ਨੂੰ ਮਾਰ ਸਿਟਦਾ ਹੈ, ਕਾਮਦੇਵ. ਅਨੰਗ. "ਰਦ੍ਰ ਜਿਮ ਮਾਰ ਪਰ." (ਗੁਪ੍ਰਸੂ) ੩. ਸ਼ਿਕਾਰ. "ਮਾਰ ਪਰ ਸਿੰਘ ਹੈ." (ਗੁਪ੍ਰਸੂ) ੪. ਪ੍ਰਹਾਰ. ਆਘਾਤ. ਤਾੜਨ ਦੀ ਕ੍ਰਿਯਾ. "ਏਤੀ ਮਾਰ ਪਈ ਕੁਰਲਾਣੇ." (ਆਸਾ ਮਃ ੧) "ਸਿਮਰਤ ਰਾਮ ਨਾਹੀ ਜਮਮਾਰ." (ਗਉ ਮਃ ੫) ੫. ਵਿਘਨ। ੬. ਜ਼ਹਿਰ. ਵਿਸ਼. "ਇਸ ਕੋ ਮਾਰ ਗਾਢ ਬਹੁ ਹੋਈ." (ਨਾਪ੍ਰ) ੭. ਲਾਟਾ. ਅਗਨਿ ਦੀ ਸ਼ਿਖਾ. "ਪੌਨ ਦੀਪਮਾਰ ਪਰ." (ਗੁਪ੍ਰਸੂ) ੮. ਬੌੱਧਮਤ ਅਨੁਸਾਰ ਵਾਸਨਾ ਦਾ ਨਾਮ ਮਾਰ ਹੈ। ੯. ਫ਼ਾ. مار ਸਰਪ. "ਵੈਨਤੇਯ ਮਾਰ ਪਰ." (ਗੁਪ੍ਰਸੂ) ੧੦. ਬੀਮਾਰੀ. ਰੋਗ। ੧੧. ਦੇਖੋ, ਮਾਰਗਣ.

ਮਾਰਹ, ਮਾਰਹਾ: ਦੇਖੋ, ਲੱਛਣ "ਮਨਹਰੀ" ਛੰਦ ਦਾ.

ਉਦਾਹਰਣ-

ਹਿਤ ਸੰਗ ਕੁਨਾਰਨ, ਅਤਿ ਬਿਭਚਾਰਨ,

ਜਿਨ ਕੇ ਐਸ ਪ੍ਰਕਾਰ।

ਚਿਤ੍ਰਿਤ ਬਹੁ ਚਿਤ੍ਰਨ, ਰੂਪ ਵਿਚਿਤ੍ਰਨ,

ਸੁੰਦਰ ਰੂਪ ਆਪਾਰ। ××× (ਕਲਕੀ)

ਮਾਰਕ: ਸੰਗਯਾ- ਕਾਲ. ਯਮ। ੨. ਵਿਸ਼. ਜ਼ਹਿਰ। ੩. ਬਾਜ਼ ਪੰਛੀ। ੪. ਵਿ- ਮਾਰਣਵਾਲਾ.

ਮਾਰਕੰਡ, ਮਾਰਕੰਡਾ, ਮਾਰਕੰਡੇਯ: ਮ੍ਰਿਕੰਡੁ ਰਿਖੀ ਦਾ ਪੁਤ੍ਰ- मार्कण्डेय. ਨ੍ਰਿਸਿੰਘ ਪੁਰਾਣ ਵਿੱਚ ਕਥਾ ਹੈ ਕਿ ਜਦ ਮਨਸ੍ਵਿਨੀ ਦੇ ਗਰਭ ਤੋਂ ਮਾਰਕੰਡੇਯ ਜਨਮਿਆ, ਤਾਂ ਮ੍ਰਿਕੰਡੁ ਨੇ ਜਾਣ ਲਿਆ ਕਿ ਬਾਲਕ ਬਾਰਾਂ ਵਰ੍ਹੇ ਦਾ ਹੋਕੇ ਮਰ ਜਾਵੇਗਾ, ਇਸ ਲਈ ਮਾਤਾ ਪਿਤਾ ਸਦਾ ਦੁਖੀ ਰਹਿੰਦੇ ਸਨ. ਇੱਕ ਦਿਨ ਮਾਂ ਬਾਪ ਨੂੰ ਉਦਾਸ ਦੇਖਕੇ ਮਾਰਕੰਡੇਯ ਨੇ ਕਾਰਣ ਪੁੱਛਿਆ, ਤਾਂ ਉਨ੍ਹਾਂ ਨੇ ਪੁਤ੍ਰ ਨੂੰ ਉਸ ਦੀ ਥੋੜੀ ਉਮਰ ਹੋਣ ਦਾ ਸਬਬ ਦੱਸਿਆ. ਇਸ ਪੁਰ ਮਾਰਕੰਡੇਯ ਨੇ ਐਸਾ ਘੋਰ ਤਪ ਕੀਤਾ ਕਿ ਵਿਸ਼ਨੁ ਤੋਂ ਦੀਰਘਜੀਵੀ ਹੋਣ ਦਾ ਵਰ ਪਾਇਆ.

ਪਦਮਪੁਰਾਣ ਵਿੱਚ ਕਥਾ ਹੈ ਕਿ ਮ੍ਰਿਕੰਡੁ ਰਿਖੀ ਦੇ ਘਰ ਸੱਤ ਰਿਖੀ ਆਏ, ਬਾਲਕ ਮਾਰਕੰਡੇਯ ਨੇ ਉਨਾ ਨੂੰ ਪ੍ਰਣਾਮ ਕੀਤਾ, ਰਿਖੀਆਂ ਨੇ ਆਸ਼ੀਰਵਾਦ ਦਿੱਤਾ ਕਿ ਦੀਰਘਜੀਵੀ ਹੋਵੇ. ਪਿੱਛੋਂ ਰਿਖੀਆਂ ਨੇ ਦੇਖਿਆ ਕਿ ਮਾਰਕੰਡੇਯ ਦੀ ਉਮਰ ਬਹੁਤ ਛੋਟੀ ਹੇ ਅਰ ਅਸੀਂ ਦੀਰਘਜੀਵੀ ਹੋਣ ਦਾ ਵਰ ਦੇ ਚੁੱਕੇ ਹਾਂ, ਇਸ ਕਾਰਣ ਬਾਲਕ ਨੂੰ ਬ੍ਰਹਮਾ ਪਾਸ ਲੈਗਏ ਅਰ ਵਡੀ ਉਮਰ ਵਾਲਾ ਹੋਣ ਦਾ ਵਰ ਦਿਵਾਇਆ. ਮਾਰਕੰਡੇਯ ਦੀ ਇਸਤ੍ਰੀ ਧੂਮਾਵਤੀ ਅਤੇ ਪੁਤ੍ਰ ਵੇਦਸ਼ਿਰਾ ਸੀ. "ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ." (ਧਨਾ ਨਾਮਦੇਵ)

੨. ਮਾਰਕੰਡੇਯ ਦੇ ਨਾਮ ਪੁਰ ਇੱਕ ਨੋ ਹਜ਼ਾਰ ਸ਼ਲੋਕ ਦਾ ਪੁਰਾਣ ਪ੍ਰਸਿੱਧ ਹੈ, ਜਿਸ ਵਿੱਚ ਹੋਰ ਪ੍ਰਸੰਗਾਂ ਤੋਂ ਛੁੱਟ ਦੁਰਗਾ ਦੀ ਕਥਾ ਹੈ. ਜਿਸ ਨੂੰ ਚੰਡੀ ਪਾਠ ਅਤੇ ਦੁਰਗਾਸਤਸ਼ਤੀ ਆਖਦੇ ਹਨ. ਇਸੇ ਦਾ ਸ੍ਵਤੰਤ੍ਰ ਅਨੁਵਾਦ ਦਸਮਗ੍ਰੰਥ ਵਿੱਚ ਦੋ ਚੰਡੀਚਰਿਤ੍ਰ ਅਤੇ ਚੰਡੀ ਦੀ ਵਾਰ ਹੈ।

੩. ਨਾਹਨ ਰਾਜ ਦੇ ਬੜਾਬਨ ਅਸਥਾਨ ਤੋਂ, ਜੋ ਕਟਾਸਨ ਦੁਰਗਾਮੰਦਿਰ ਦੇ ਹੇਠ ਹੈ, ਨਿਕਲਿਆ ਇੱਕ ਛੋਟਾ ਦਰਿਆ, ਜੋ ਨਾਹਨ ਦੇ ਇਲਾਕੇ ਬਹੁਤ ਆਬਪਾਸ਼ੀ ਕਰਦਾ ਹੈ. ਇਹ ਕਾਲਾ ਅੰਬ ਪਾਸ ਅੰਬਾਲੇ ਦੇ ਜਿਲੇ ਅੰਦਰ ਪ੍ਰਵੇਸ਼ ਹੁੰਦਾ ਹੈ.

ਮਾਰਕੰਡੇਯ ਪੁਰਾਣ: ਦੇਖੋ ਮਾਰਕੰਡੇਯ ੨.

ਮਾਰਗ: ਸੰ. मार्ग. ਧਾ- ਤਿਆਰ ਕਰਨਾ, ਢੂੰਡਣਾ (ਖੋਜਣਾ), ਜਾਣਾ। ੨. ਸੰਗਯਾ- ਮਾਰਗੰ. ਰਸ੍ਤਾ. ਰਾਹ। ੩. ਖੋਜ. ਭਾਲ. ਤਲਾਸ਼। ੪. ਰੀਤਿ. ਚਾਲ. "ਇਹੁ ਮਾਰਗ ਸੰਸਾਰ ਕੋ." (ਸਃ ਮਃ ੯) ੫. ਭਲਾ ਦਸ੍ਤੂਰ. ਨੇਕ ਰਿਵਾਜ.

ਮਾਰਗਣ: ਯਮਦੂਤ। ੨. मार्गण- ਮਾਰਗੰਣ. ਮੰਗਣਾ। ੩. ਖੋਜਣਾ. ਢੂੰਡਣਾ। ੪. ਤੀਰ. ਵਾਣ. "ਤਜੇ ਮਾਰਗਣ ਅਸੁਰ ਮਾਰ ਗਣ, ਯਥਾ ਮਾਰ ਗਣ ਹਤ ਖਗਰਾਇ." (ਗੁਪ੍ਰਸੂ) ਤੀਰ ਛੱਡੇ ਬਹੁਤ ਦੈਤ ਮਾਰੇ, ਜਿਵੇਂ ਸੱਪਾਂ ਨੂੰ ਗਰੁੜ ਮਾਰਦਾ ਹੈ.

ਮਾਰਗਪੰਥ: ਮਾਰਗੰ- ਪਾਂਥ. ਰਾਹੀ (ਮੁਸਾਫਿਰ) ਦਾ ਰਾਹ। ੨. ਕਰਤਾਰ ਦੇ ਰਾਹ ਤੁਰਣ ਵਾਲਿਆਂ (ਸਾਧੁਜਨਾਂ) ਦਾ ਦੱਸਿਆ ਰਾਹ. "ਅਗਿਆਨੀ ਕਿਉ ਚਾਲਹ ਮਾਰਗ ਪੰਥਾ?" (ਜੈਤ ਮਃ ੪) ੩. ਦੱਸੇ ਹੋਏ ਪੰਥ ਦੇ ਰਸਤੇ.

ਮਾਰਗ ਮੁਕਤਾ: ਖੁਲ੍ਹਾ ਰਾਹ। ੨. ਸਿੱਖ ਧਰਮ.

ਮਾਰਗਿ: ਮਾਰਗੰ (ਰਸ੍ਤੇ) ਮੇਂ. "ਮਾਰਗਿ ਮੋਤੀ ਬੀਥਰੇ." (ਸ. ਕਬੀਰ) "ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ." (ਗੂਜ ਮਃ ੩)

ਮਾਰਗਿ ਪੰਥ: ਰਸਤੇ ਵਿੱਚ ਪਾਂਥ (ਰਾਹੀ). "ਮਾਰਗਿ ਪੰਥਿ ਚਲੇ ਗੁਰਸਤਿਗੁਰ ਸੰਗਿ ਸਿਖਾ." (ਤੁਖਾ ਛੰਤ ਮਃ ੪) ਰਸਤੇ ਵਿੱਚ ਗੁਰਸਿੱਖਾਂ ਦੇ ਨਾਲ ਮੁਸਾਫਿਰ (ਤੀਰਥਯਾਤ੍ਰੀ) ਚਲੇ.

ਮਾਰਗੀ: ਮਾਰਗ ਵਿੱਚ ਜਾਣ ਵਾਲਾ. ਰਾਹੀ. "ਸੁਨਤ ਮਾਰਗੀ ਦੇਤ ਬਤਾਇ." (ਗੁਪ੍ਰਸੂ) ੨. ਕਾਨੀਆਵਾੜ ਵਿੱਚ ਇੱਕ ਜਾਤਿ, ਜੋ ਵਾਮਮਾਰਗ ਦੀ ਸ਼ਾਖ ਹੈ.

ਮਾਰਗੀਯ: ਮਾਰਗੰ ਨਾਲ ਹੈ ਜਿਸ ਦਾ ਸੰਬੰਧ। ੨. ਦੇਖੋ, ਰਾਗ ਸ਼ਬਦ.

ਮਾਰਗੁ: ਰਾਹ. ਪੰਥ. ਦੇਖੋ, ਮਾਰਗ. "ਮਾਰਗੁ ਬਿਖਮੁ ਡਰਾਵਣਾ." (ਮਃ ੪. ਵਾਰ ਸਾਰ) "ਮਾਰਗੁ ਪ੍ਰਭੁ ਕੋ ਸੰਤਿ ਬਤਾਇਓ." (ਗਉ ਮਃ ੫)

ਮਾਰਜਨ: (ਦੇਖੋ, ਮ੍ਰਿਜ) ਸੰ. मार्ज. ਧਾ- ਆਵਾਜ਼ ਕਰਨਾ, ਸਾਫ ਕਰਨਾ। ੨. ਮਾਜੰਨ (मार्ज्जन. ). ਸੰਗਯਾ- ਮਾਂਜਣ ਕੂਚਣ ਦੀ ਕ੍ਰਿਯਾ ੩. ਮੰਤ੍ਰਜਪ ਤੋਂ ਪਹਿਲਾਂ ਮੂੰਹ ਦੀ ਸਫਾਈ.

ਮਾਰਜਨੀ: ਸੰ. ਮਾਜਾਂਨੀ. ਸ਼ੁੱਧ ਕਰਨ ਵਾਲੀ. ਦੋਸ਼ਾਂ ਨੂੰ ਦੂਰ ਕਰਨ ਵਾਲੀ. "ਨਮੋ. ਆਰਜਨੀ ਮਾਰਜਨੀ ਕਾਲਰਾਤ੍ਰੀ." (ਚੰਡੀ ੨) ੨. ਬੁਹਾਰੀ. ਝਾੜੂ.

ਮਾਰਜਾਰ, ਮਾਰਜਾਰੀ: ਮਾਜੰਰ- ਮਾਜੰਰੀ. ਆਪਣੇ ਤਾਈਂ ਸਾਫ ਰੱਖਣ ਵਾਲਾ, ਬਿੱਲਾ- ਬਿੱਲੀ. ਦੇਖੋ, ਮਾਰਜਨ. ਬਿੱਲੀ ਮੂੰਹ ਨੂੰ ਬਹੁਤ ਸਾਫ ਕਰਕੇ ਰਖਦੀ ਹੈ, ਜਰਾ ਮੈਲ ਨਹੀਂ ਰਹਿਣ ਦਿੰਦੀ, ਇਸ ਲਈ ਇਹ ਨਾਮ ਹੈ.

ਮਾਰਜਿਤ: ਵਿ- ਮਾਜਿੰਤ. ਮਾਂਜਿਆ ਹੋਇਆ. ਸਾਫ ਕੀਤਾ.

ਮਾਰਣ: ਸੰਗਯਾ- ਉਹ ਮਸਾਲਾ ਹੈ, ਜੋ ਪਕਾਉਣ ਵੇਲੇ ਸਖ਼ਤ ਚੀਜ਼ ਨੂੰ ਗਾਲ ਦੇਵੇ. "ਖਟਤੁਰਸੀ ਮੁਖਿ ਬੋਲਣਾ, ਮਾਰਣ ਨਾਦ ਕੀਏ." (ਸ੍ਰੀ ਮਃ ੧) "ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ." (ਮਃ ੧. ਵਾਰ ਮਾਝ) ੨. ਧਾਤੁ ਦੇ ਪਿਘਾਰਨ ਦੀ ਭੱਠੀ। ੩. ਉਲਟਾ ਅਸਰ ਰੱਖਣ ਵਾਲੀ ਦਵਾਈ. ਤਿਰਿਯਾਕ. antidote. ੪. ਸੰ. ਵਧ (ਕਤਲ) ਕਰਨ ਦੀ ਕ੍ਰਿਯਾ. ਹਤਯਾ। ੫. ਤੰਤ੍ਰਸ਼ਾਸਤ੍ਰ ਅਨੁਸਾਰ ਇੱਕ ਮੰਤ੍ਰ ਪ੍ਰਯੋਗ.

ਮਾਰਣਿ: ਭੱਠੀ ਵਿੱਚ. "ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ." (ਮਃ ੧. ਵਾਰ ਮਾਝ)

ਮਾਰਣੁ: ਦੇਖੋ, ਮਾਰਣ ੩. "ਮਾਇਆ ਕਾ ਮਾਰਣੁ ਹਰਿਨਾਮੁ ਹੈ." (ਮਃ ੩. ਵਾਰ ਗੂਜ) ੨. ਦੇਖੋ, ਮਾਰਣ ਸ਼ਬਦ ਦੇ ਹੋਰ ਅਰਥ.

ਮਾਰਤ: ਮਾਰਦਾ. ਵਧ ਕਰਦਾ। ੨. ਦੇਖੋ, ਮਰੁਤ.

ਮਾਰਤਕੀ: ਵਿ- ਮਰੁਤ (ਪਵਨ) ਦੀ। ੨. ਮਾਤ੍ਰਿੰਕੀ. ਮਿੱਟੀ ਦੀ.

ਮਾਰਤਲੋਕ: ਦੇਖੋ, ਮਾਤਲੋਕ ੨. "ਮਾਰਤਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ." (ਸਹਸ ਮਃ ੫)

ਮਾਰਤੰਡ: ਸੰ. मार्त्तण्ड. ਮਾਤੰਡ. ਮੋਏ ਹੋਏ ਆਂਡੇ ਵਿੱਚੋਂ ਪੈਦਾ ਹੋਇਆ, ਸੂਰਜ. ਮਾਰਕੰਡੇਯ ਪੁਰਾਣ ਵਿੱਚ ਕਥਾ ਹੈ ਕਿ ਬੁਧ ਦੇ ਸ੍ਰਾਪ ਨਾਲ ਅਦਿਤੀ ਦੇ ਗਰਭ ਵਿੱਚ ਸੂਰਜ ਦਾ ਪਿੰਡ ਗਲ ਗਿਆ ਸੀ. ਕਸ਼ਯਪ ਨੇ ਆਪਣੀ ਸ਼ਕਤਿ ਨਾਲ ਮੋਏ ਹੋਏ ਆਂਡੇ ਨੂੰ ਜੀਵਨਦਾਨ ਦਿੱਤਾ. ਇਸੇ ਮੁਰਦਾ ਹਿੱਸੇ ਨੂੰ ਪੁਰਾਣਾਂ ਵਿੱਚ ਵਿਸ਼੍ਵਕਰਮਾ ਦ੍ਵਾਰਾ ਖਰਾਦੇਜਾਣਾ ਦੱਸਿਆ ਹੈ. ਦੇਖੋ, ਵਿਸ਼੍ਵਕਰਮਾ.

ਰਾਜਾ ਲਲਿਤਾਦਿਤ੍ਯ ਦਾ ਈਸਵੀ ਅੱਠਵੀਂ ਸਦੀ ਵਿੱਚ ਬਣਵਾਇਆ ਮਾਰਤੰਡ ਦਾ ਮੰਦਿਰ ਕਸ਼ਮੀਰ ਵਿੱਚ ਇਤਿਹਾਸ ਪ੍ਰਸਿੱਧ ਹੈ. ਭਾਵੇਂ ਇਹ ਰੱਦੀ ਹਾਲਤ ਵਿੱਚ ਹੈ. ਪਰ ਦੇਖਣ ਤੋਂ ਇਸ ਦੀ ਵਿਸ਼ਾਲਤਾ ਅਤੇ ਮਨੋਹਰਤਾ ਅਜੇ ਭੀ ਪ੍ਰਗਟ ਹੁੰਦੀ ਹੈ.

ਮਾਰਦਵ: ਸੰ. ਮਾਦੑਵ. ਸੰਗ੍ਯਾ- ਮ੍ਰਿਦੁਲਤਾ. ਕੋਮਲਤਾ. ਨਰਮੀ। ੨. ਗਰੀਬੀ. ਹਲੀਮੀ। ੨. ਕ੍ਰਿਪਾਲੁਤਾ.

ਮਾਰਫਤ, ਮਾਰਫਤਿ: ਅ਼. معرفت ਮਅ਼ਰਿਫ਼ਤ. ਸੰਗ੍ਯਾ- ਉਰਫ਼ (ਗ੍ਯਾਨ) ਦਾ ਭਾਵ. ਆਤਮਗ੍ਯਾਨ. "ਮਾਰਫਤਿ ਮਨੁ ਮਾਰਹੁ ਅਬਦਾਲਾ." (ਮਾਰੂ ਸੋਲਹੇ ਮਃ ੫)

ਮਾਰਫਤੀ: ਵਿ- ਆਤਮਗ੍ਯਾਨੀ. ਦੇਖੋ, ਮਾਰਫਤ.

ਮਾਰਬਕਾਰਾ: ਦੇਖੋ, ਮਾਰਾਬਕਾਰਾ. "ਮਾਰਬਕਾਰਾ ਸੁਭਟਨ ਕਰਜੋ." (ਗੁਪ੍ਰਸੂ)

ਮਾਰਵੜੀਆ: ਦੇਖੋ, ਮਾਰਵਾੜੀ। ੨. ਪੰਜਾਬ ਵਿੱਚ ਸਿਕਲੀਗਰ ਪਹਿਲਾਂ ਮਾਰਵਾੜ ਤੋਂ ਆਏ, ਇਸ ਤੋਂ ਮਾਰਵੜੀਆ ਸੰਗ੍ਯਾ ਹੋਈ.

ਮਾਰਵਾਰ, ਮਾਰਵਾੜ: ਮਰੁ ਭੂਮਿ. ਉਹ ਜ਼ਮੀਨ, ਜੋ ਸਿੰਜੀ ਨਾ ਜਾਵੇ। ੨. ਜੋਧਪੁਰ ਰਿਆਸਤ ਦਾ ਇਲਾਕਾ ਜੋ ਰਾਜਪੂਤਾਨੇ ਵਿੱਚ ਹੈ. ਥਲੀ ਦੇਸ਼.

ਮਾਰਵਾੜਿ: ਮਾਰਵਾੜ ਵਿੱਚ. ਮਰੁ ਦੇਸ਼ ਵਿੱਚ "ਮਾਰਵਾੜਿ ਜੈਸੇ ਨੀਰੁ ਬਾਲਹਾ." (ਧਨਾ ਨਾਮਦੇਵ)

ਮਾਰਵਾੜੀ: ਮਾਰਵਾੜ ਦਾ ਵਸਨੀਕ। ੨. ਸਿਕਲੀਗਰ. ਦੇਖੋ, ਮਾਰਵੜੀਆ ੨.

ਮਾਰਾਸਟ੍ਰ: ਦੇਖੋ, ਮਹਾਰਾਸ਼੍ਟ੍ਰ.

ਮਾਰਾਂਕੁਸ਼: ਮਾਰ (ਕਾਮ) ਦਾ ਅੰਕੁਸ਼, ਲਿੰਗ. ਦੇਖੋ, ਮਦਨਾਂਕਸ। ੨. ਡਿੰਗ. ਨਹੁੰ. ਨਾਖੂਨ. ਕਾਮੀ ਲੋਕ ਰਤਿ ਸਮੇਂ ਜਿਨ੍ਹਾਂ ਨਾਲ ਨਖਛਤ (ਕ੍ਸ਼ਤ) ਕਰਦੇ ਹਨ.

ਮਾਰਾਬਕਾਰਾ: ਖ਼ਾ. ਮਾਰੋ! ਮਾਰੋ! ਐਸਾ ਬੁੱਕਾਰ (ਸਿੰਘਨਾਦ) ਸ਼ਤ੍ਰੁ ਨੂੰ ਧਮਕਾਉਣ ਲਈ ਕੀਤੀ ਗਰਜ. ਖ਼ਾਲਸੇ ਵਿੱਚ ਮਾਰਾਬਕਾਰਾ ਸ਼ਬਦ ਇਉਂ ਪਵ੍ਰਿੱਤ ਹੋਇਆ ਹੈ- ਤਰੁਣਦਲ ਦੇ ਸਿੰਘ ਜਦ ਸੁੱਖੇ ਦੀ ਦੇਗ ਤਿਆਰ ਕਰਕੇ ਛਕਣ ਲਈ ਜਮਾਂ ਹੁੰਦੇ, ਤਦ "ਮਾਰਾ ਬਕਾਰਸ੍ਤ ਦਰ ਵਕਤੇ ਜੰਗ"- ਗੱਜਕੇ ਪੜ੍ਹਕੇ ਅਤੇ ਨੁਗਦੇ ਮਾਰਦੇ, ਇਸ ਤੋਂ ਸਿੰਘਨਾਦ ਦਾ ਨਾਉ "ਮਾਰਾਬਕਾਰਾ" ਹੋ ਗਿਆ ਹੈ.

ਮਾਰਿ: ਮਾਰਕੇ. "ਹਉਮੈ ਵਿਚਹੁ ਮਾਰਿ." (ਸ੍ਰੀ ਮਃ ੩) "ਦੁਸਮਨ ਦੂਤ ਸਭਿ ਮਾਰਿ ਕਢੀਏ." (ਮਃ ੪. ਵਾਰ ਬਿਲਾ) ੨.

ਸੰਗਜਾ- ਮਾਰਣ ਵਾਲੀ, ਮ੍ਰਿਤ੍ਯੁ. ਮੌਤ "ਸਬਦ ਮਰੈ ਤਾਂ ਮਾਰਿ ਮਰੁ." (ਮਾਰੂ ਅਃ ਮਃ ੧)

ਮਾਰਿਕਾ: ਵਿ- ਮਾਰਨ ਵਾਲੀ। ੨. ਸੰਗਜਾ- ਕਾਲੀ ਦੇਵੀ। ੩. ਮੌਤ. ਮ੍ਰਿਤ੍ਯੁ.

ਮਾਰੀ: ਦੇਖੋ, ਮਾੜੀ। ੨. ਵਿ- ਮਾਰਣ ਵਾਲਾ। ੩. ਫ਼ਾ. ماری ਵਿ- ਮਾਰਿਆ ਹੋਇਆ. ਕ਼ਤਲ ਕੀਤਾ। ੪. ਕੁਚਲਿਆ ਹੋਇਆ. ਮਰਦਿਤ.

ਮਾਰੀਚ: ਤਾਰਕਾ ਰਾਖਸੀ ਦਾ ਪੁਤ੍ਰ, ਜੋ ਰਾਵਣ ਦਾ ਫੌਜੀ ਸਰਦਾਰ ਸੀ. ਇਹ ਸੀਤਾ ਦੇ ਚੁਰਾਉਣ ਸਮੇਂ ਸੋਨੇ ਦਾ ਮ੍ਰਿਗ ਬਣਿਆ ਸੀ. ਦੇਖੋ, ਮਰੀਚ.

ਮਾਰੀਯ: ਵਿ- ਮਾਰ (ਕਾਮ) ਨਾਲ ਸੰਬੰਧ ਰੱਖਣਵਾਲਾ.

ਮਾਰੁੱਚਰੰ: ਮਾਰ ਮਾਰ ਸ਼ਬਦ ਉੱਚਾਰਣ ਕਰਦੇ ਹਨ.

ਮਾਰੁਤ: ਪੌਣ. ਹਵਾ. ਦੇਖੋ, ਮਰੁਤ ੨.

ਮਾਰੁਤਸੁਤ, ਮਾਰੁਤਿ: ਮਾਰੁਤ (ਪਵਨ) ਦਾ ਪੁਤ੍ਰ ਹਨੂਮਾਨ। ੨. ਭੀਮਸੇਨ.

ਮਾਰੂ: ਸੰਗਜਾ- ਮਾਰ. ਕਾਮ. ਅਨੰਗ. "ਸੁਰੂਪ ਸੁਭੈ ਸਮ ਮਾਰੂ." (ਗੁਪ੍ਰਸੂ) ੨. ਮਰੁਭੂਮਿ. ਰੇਗਿਸ੍ਤਾਨ. "ਮਾਰੂ ਮੀਹਿ ਨ ਤ੍ਰਿਪਤਿਆ." (ਮਃ ੧. ਵਾਰ ਮਾਝ) ੩. ਨਿਰਜਨ ਬਨ. ਸੁੰਨਾ ਜੰਗਲ. "ਮਾਰੂ ਮਾਰਣ ਜੋ ਗਏ." (ਮਃ ੩. ਵਾਰ ਮਾਰੂ ੧) ਜੋ ਜੰਗਲ ਵਿੱਚ ਮਨ ਮਾਰਣ ਗਏ। ੪. ਇੱਕ ਸ਼ਾੜਵ ਜਾਤਿ ਦਾ ਰਾਗ. ਇਸ ਵਿੱਚ ਪੰਚਮ ਵਰਜਿਤ ਹੈ. ਮਾਰੂ ਨੂੰ ਸ਼ੜਜ ਗਾਂਧਾਰ ਧੈਵਤ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲਗਦਾ ਹੈ. ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ.[988] ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਮਾਰੂ ਦਾ ਇਕੀਹਵਾਂ ਨੰਬਰ ਹੈ. ਇਹ ਰਾਗ ਯੁੱਧ ਅਤੇ ਚਲਾਣੇ ਸਮੇਂ ਖਾਸ ਕਰਕੇ, ਅਤੇ ਦਿਨ ਦੇ ਤੀਜੇ ਪਹਿਰ ਸਾਧਾਰਣ ਰੀਤਿ ਅਨੁਸਾਰ ਗਾਈਦਾ ਹੈ.

"ਆਗੇ ਚਲਤ ਸੁ ਮਾਰੂ ਗਾਵਤ ××× ਚੰਦਨ ਚਿਤਾ ਬਿਸਾਲ ਬਨਾਈ." (ਗੁਪ੍ਰਸੂ) ੫. ਜੰਗੀ ਨਗਾਰਾ. ਉੱਚੀ ਧੁਨੀ ਵਾਲਾ ਧੌਂਸਾ. "ਉੱਮਲ ਲੱਥੇ ਜੋਧੇ ਮਾਰੂ ਵੱਜਿਆ." (ਚੰਡੀ ੩) ੬. ਵਿ- ਮਾਰਣ ਵਾਲਾ. "ਮਾਰੂ ਰਿਪੂਨ ਕੋ, ਸੇਵਕ ਤਾਰਕ." (ਗੁਪ੍ਰਸੂ)

ਮਾਰੂਫ: ਅ਼. معروُف ਮਅ਼ਰੂਫ਼. ਵਿ- ਉਰਫ਼ (ਗਯਾਨ) ਹੋਇਆ ਹੈ ਜਿਸ ਦਾ. ਜਾਣਿਆ ਹੋਇਆ। ੨. ਪ੍ਰਸਿੱਧ. "ਮਾਰਫਤੀ ਮਾਰੂਫ ਲੱਖ, ਹੱਕ ਹਕੀਕਤ ਹੁਕਮ ਸਮਾਣੇ." (ਭਾਗੁ) ੩. ਸੰਗਜਾ- ਅਹ਼ਿਸਾਨ। ੪. ਨੇਕੀ.

ਮਾਰੇਹਿ: ਮਾਰਣ ਕਰ. ਭਾਵ- ਪਰਾਸ੍ਤਕਰ. "ਮਾਰੇਹਿ ਸੁ ਵੇ ਜਨ ਹਉਮੈ." (ਸੂਹੀ ਛੰਤ ਮਃ ੫) ੨. ਮਾਰਦਾ ਹੈ.

ਮਾਲ: ਸੰ. ਮਾਲਾ. "ਮੁਕਤਿਮਾਲ ਕਨਿਕ ਲਾਲ ਹੀਰਾ." (ਜ਼ੈਤ ਮਃ ੫) "ਰਤਨ ਪਦਾਰਥਾ ਸਾਧੁ ਸੰਗਤਿ ਮਿਲ ਮਾਲ ਪਰੋਈਐ." (ਭਾਗੁ) ੨. ਹਰਟ (ਘਟਿਯੰਤ੍ਰ) ਦੀ ਮਾਲਾ, ਮਾਲ. "ਕਰ ਹਰਿ ਹਰਮਾਲ ਟਿੰਡ ਪਰੋਵਹੁ." (ਬਸੰ ਮਃ ੧) ੩. ਕਤਾਰ. ਸ਼੍ਰੇਣੀ। ੪. ਚਰਖੇ ਦੀ ਸੂਤਮਾਲਾ, ਜਿਸ ਨਾਲ ਚਕ੍ਰ ਫਿਰਦਾ ਹੈ। ੫. ਪੀਲੂ ਦਾ ਬਿਰਛ. ਜਾਲ. ਵਣ. ਦੇਖੋ, ਮਾਲਸਾਹਿਬ। ੬. ਅ਼. مال ਦੌਲਤ. ਧਨ. ਸੰਪਦਾ. "ਮਾਲ ਜੋਬਨ ਛੋਡਿ ਵੈਸੀ." (ਆਸਾ ਛੰਤ ਮਃ ੫) ੭. ਫ਼ਾ. ਵਿ- ਮਲਿਆ ਹੋਇਆ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ- ਪਾਮਾਲ। ੮. ਸੰਗਜਾ- ਵਿਸ਼੍ਰਾਮ। ੯. ਸਮਾਨਤਾ. ਤੁਲਯਤਾ.

ਮਾਲਉਡੁ: ਤਾਰਿਆਂ ਦੀ ਪੰਡਿਤ. ਉਡੁਮਾਲਾ. "ਮਾਲਉਡੁ ਕਲਮਲ ਕੰਦਲ ਦੁਰਾਇ ਦਲ." (ਨਾਪ੍ਰ) ਪਾਪ ਰੂਪ ਤਾਰੇ ਅਤੇ ਕੰਦਲ (ਸ਼ਲੀਂਧ੍ਰ) ਦਾ ਸਮੂਹ ਗੁਰੂਰੂਪ ਸੂਰਜ ਨੇ ਛੁਪਾਦਿੱਤੇ. ਦੇਖੋ, ਕੰਦਲ.

ਮਾਲਸਾਹਿਬ: ਨਾਨਕਿਆਨੇ ਉਹ ਮਾਲ (ਪੀਲੂ) ਬਿਰਛ, ਜਿਸ ਦੀ ਛਾਂ ਸ਼੍ਰੀ ਗੁਰੂ ਨਾਨਕਦੇਵ ਦੇ ਸੌਣ ਸਮੇਂ ਅਚਲ ਰਹੀ ਸੀ. ਸੱਪ

---

[988] ਕਈ ਸੰਗੀਤ ਗ੍ਰੰਥਾਂ ਨੇ ਇਸ ਨੂੰ ਸੰਪੂਰਣ ਰਾਗ ਲਿਖਿਆ ਹੈ ਅਤੇ ਸਾਰੇ ਸੁਰ ਸ਼ੁੱਧ ਲਗਦੇ ਹਨ.

ਦੇ ਫਣ ਦੀ ਛਾਇਆ ਦਾ ਹੋਣਾ ਭੀ ਇਸੇ ਥਾਂ ਲਿਖਿਆ ਹੈ. ਦੇਖੋ, ਨਾਨਕਿਆਨਾ (ਹ). ੨. ਦੇਖੋ, ਕੰਗਣਪੁਰ.

ਮਾਲਸਿਰੀ: ਸੰ. ਮਾਲਵਸ਼੍ਰੀ. ਸੰਗੀਤਮਤ ਅਨੁਸਾਰ ਸ਼੍ਰੀ ਰਾਗ ਦੀ ਰਾਗਿਣੀ, ਜੋ ਸੰਪੂਰਣ ਜਾਤਿ ਦੀ ਹੈ. ਇਸ ਦੇ ਗਾਉਣ ਦਾ ਵੇਲਾ ਸੰਝ ਹੈ. ਹਨੁਮਤ ਮਤ ਅਨੁਸਾਰ ਇਹ ਹਿੰਡੋਲ ਦੀ ਰਾਗਿਣੀ ਹੈ, ਅਤੇ ਧੈਵਤ ਗਾਂਧਾਰ ਵਰਜਕੇ ਔੜਵ ਮੰਨੀ ਹੈ. ਬਹੁਸੰਮਤਿ ਨਾਲ ਇਹ ਕਲਜਾਨ ਠਾਟ ਦੀ ਔੜਵ ਰਾਗਿਣੀ ਹੈ. ਰਿਸ਼ਭ ਅਤੇ ਧੈਵਤ ਵਿਵਰਜਿਤ ਹਨ. ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਹੈ, ਮੱਧਮ ਤੀਵ੍ਰ ਅਤੇ ਬਾਕੀ ਸੁਰ ਸ਼ੁੱਧ ਹਨ.

ਆਰੋਹੀ- ਸ਼ ਗ ਮੀ ਪ ਨ ਸ਼.

ਅਵਰੋਹੀ- ਸ਼ ਨ ਪ ਮੀ ਗ ਸ਼.

ਮਾਲਕ: ਸੰ. ਸੰਗਯਾ- ਨਾਰਿਅਲ ਦਾ ਬਣਿਆ ਹੋਇਆ ਪਿਆਲਾ। ੨. ਅ਼. مالک ਮਾਲਿਕ. ਸ੍ਵਾਮੀ. ਆਕ਼ਾ ਦੇਖੋ, ਮਾਲਿਕ.

ਮਾਲਕਉਸ: ਦੇਖੋ, ਮਾਲਕੌਸ.

ਮਾਲ ਕਾਲ ਜਾਲ: ਸੰਗਯਾ- ਮਾਲ (ਧਨ) ਦਾ ਕਾਲ ਕਰਨ ਵਾਲਾ ਠਗ, ਉਸ ਦਾ ਜਾਲ (ਫਾਹੀ), ਪਾਸ਼. (ਸਨਾਮਾ)

ਮਾਲਕੀ, ਮਾਲਕੀਯਤ: ਫ਼ਾ. مالکیت ਮਾਲਿਕੀਯਤ. ਮਾਲਿਕ- ਪਨ. ਸ੍ਵਾਮੀਪੁਣਾ.

ਮਾਲਕੁ: ਸ੍ਵਾਮੀ. ਦੇਖੋ, ਮਾਲਕ ੨. "ਘਟਿ ਘਟਿ ਮਾਲਕੁ ਦਿਲਾ ਕਾ." (ਤਿਲੰ ਮਃ ੫)

ਮਾਲਕੌਸ: ਇਹ ਭੈਰਵੀ ਠਾਟ ਦਾ ਔੜਵ ਰਾਗ ਹੈ. ਇਸ ਵਿੱਚ ਰਿਸ਼ਭ ਅਤੇ ਪੰਚਮ ਵਰਜਿਤ ਹਨ. ਸ਼ੜਜ ਮੱਧਮ ਸ਼ੁੱਧ ਅਤੇ ਗਾਂਧਾਰ ਧੈਵਤ ਨਿਸ਼ਾਦ ਕੋਮਲ ਹਨ. ਵਾਦੀ ਮੱਧਮ ਅਤੇ ਸੰਵਾਦੀ ਸ਼ੜਜ ਹੈ. ਗਾਉਣ ਦਾ ਵੇਲਾ ਅੱਧੀ ਰਾਤ ਹੈ. ਇਸ ਦਾ ਜਿਕਰ ਦਸਮਗ੍ਰੰਥ ਅਤੇ ਸਰਵਲੋਹ ਵਿੱਚ ਹੈ.

ਮਾਲਕੌਸ ਕੀ ਵਾਰ: ਦਸਮਗ੍ਰੰਥ ਦੀ ਇੱਕ ਨਿਰਾਲੀ ਬੀੜ ਹੈ,[989] ਜਿਸ ਵਿੱਚ ਕਈ ਬਾਣੀਆਂ ਵਾਧੂ ਹਨ, ਉਨ੍ਹਾਂ ਵਿੱਚ ਕਿਸੇ ਸਿੱਖ ਦੀ ਲਿਖੀ ਹੋਈ ਗਜਾਰਾਂ ਪੌੜੀਆਂ ਦੀ ਇੱਕ ਇਸ ਸਿਰਲੇਖ ਦੀ ਰਚਨਾ ਹੈ, ਜਿਸ ਦਾ ਆਰੰਭ ਇਉਂ ਹੁੰਦਾ ਹੈ-

ਵਾਰ ਮਾਲਕੌਸ ਕੀ ਪਾਤਸਾਹੀ ੧੦. ਪਉੜੀ-

ਮਾਲਕੌਸ ਧੁਨਿ ਬਿਮਲ ਬਨਾਈ।

ਅਲਖ ਨਾਮ ਸਚਾ ਖੁਦਾਈ।

ਜਬ ਦੋਨੋ ਹੱਦਾਂ ਏਕ ਰਖਾਈ।

ਨਾਨਕ ਇਹ ਬਿਧਿ ਸੱਚੇ ਕੋ ਬਣ ਆਈ।

ਨਾਨਕ ਜੋ ਪ੍ਰਭੁ ਭਾਵਹਿੰਗੇ।

ਹਰਿ ਜੀ ਹਰਿਮੰਦਿਰ ਆਵਹਿੰਗੇ ॥ ×××

੨. ਰਾਵਲਪਿੰਡੀ ਭਾਈ ਬੂਟਾਸਿੰਘ ਹਕੀਮ ਦੀ ਧਰਮਸਾਲਾ ਇੱਕ ਪੁਰਾਣੀ ਲਿਖਤ ਦਾ ਗੁਰੂ ਗ੍ਰੰਥਸਾਹਿਬ ਹੈ,[990] ਉਸ ਵਿੱਚ ੩੫ ਪੌੜੀਆਂ ਦੀ ਮਾਲਕੌਸ ਦੀ ਵਾਰ ਹੈ, ਜਿਸ ਦਾ ਆਰੰਭ ਇਉਂ ਹੁੰਦਾ ਹੈ-

"ਮਾਲਕੌਸ ਕੀ ਵਾਰ ਮਹਲਾ ੧. (ਪੰਨਾ ੧੩੨੧)

---

[989] ਇਸ ਦੀ ਇੱਕ ਕਾਪੀ ਰਿਆਸਤ ਸੰਗਰੂਰ ਦੇ ਸਰਕਾਰੀ ਗੁਰਦ੍ਵਾਰੇ ਵਿੱਚ ਭੀ ਹੈ.

[990] ਇਸ ਵਿੱਚ ਰਾਗਾਂ ਦਾ ਕ੍ਰਮ ਨਿਰਾਲਸੇ ਢੰਗ ਦਾ ਹੈ ਅਤੇ ਕਈ ਵਾਧੂ ਬਾਣੀਆਂ ਹਨ.

ਸਚਾ ਅਲਖ ਅਪਾਰ ਸਰੰਦਾ ਜਾਣੀਐ।

ਬੱਲੇ ਸੱਚਿਆ ॥ ਰਹਾਉ ॥

ਦੁਇ ਪੁੜ ਜੋੜ ਵਿਛੋੜਿ ਧਰੇ ਆਡਾਣੀਐ।

ਸੂਰਜ ਚੰਦ ਉਪਾਇ ਜਗਿ ਜੋਤਿ ਸਮਾਣੀਐ।

ਬਾਸਕੁ ਨੇਤ੍ਰੈ ਪਾਇ ਮੇਰੁ ਮਧਾਣੀਐ।

ਸਾਇਰੁ ਮਥਿ ਵਿਰੋਲਿ ਗੁਰੁ ਅਮਰ ਸਤਾਣੀਐ।

ਅਠਛਿਅ ਰਤਨ ਉਪਾਇ ਸੁਤੁਧਹਿ ਸਮਾਣੀਐ।

ਬ੍ਰਹਮਾ ਬਿਸਨੁ ਮਹੇਸ ਸਿਰੇ ਤਿਨਿ ਜਾਣੀਐ।

ਆਪੇ ਅਲਖ ਅਪਾਰੁ ਗੁਰਸਬਦਿ ਪਛਾਣੀਐ ॥ (੧)

× × × × × × ×

ਗੁਰਪਰਸਾਦੀ ਨਾਨਕਾ ਸਚੇ ਗੁਣ ਗਾਵਾ,

ਤੁਧੁ ਭਾਵੈ ਤੂ ਸਲਾਹਣਾ ਸਚੁ ਪੂਰਾ ਪਾਵਾ." (੩੫)

ਮਾਲਣਾ: ਕ੍ਰਿ- ਮਲਣਾ. ਮਦੰਨ. "ਤਨਿ ਮਰਦਨ ਮਾਲਣਾ." (ਆਸਾ ਮਃ ੫)

ਮਾਲਣਿ, ਮਾਲਣੀ: ਦੇਖੋ, ਮਾਲਿਨੀ. "ਭਾਰ ਅਠਾਰਹ ਮਾਲਣਿ ਤੇਰੀ." (ਮਾਰੂ ਸੋਲਹੇ ਮਃ ੧)

ਮਾਲਤ: ਮੱਲਦਾ. ਕਬਜਾ ਕਰਦਾ. ਮੱਲਦੇ ਹੋਏ. "ਕਾਹੂਬਿਹਾਵੈ ਸੋ ਪਿੜੁ ਮਾਲਤੁ." (ਰਾਮ ਅਃ ਮਃ ੫)

ਮਾਲਤਿ: ਦੇਖੋ, ਮਾਲਤੀ.

ਮਾਲਤੀ: ਸੰ. ਸੰਗ੍ਯਾ- ਚਮੇਲੀ ਦੀ ਇੱਕ ਜਾਤਿ. Jasminum Grandiflorum। ੨. ਚੰਦ੍ਰਮਾ ਦੀ ਚਾਂਦਨੀ। ੩. ਇੱਕ ਨਦੀ। ੪. ਇੱਕ ਛੰਦ. ਦੇਖੋ, ਸਵੈਯੇ ਦਾ ਰੂਪ ੧੦.

(ਅ) ਦੂਜਾ ਰੂਪ- ਚਾਰ ਚਰਣ, ਪ੍ਰਤਿ ਚਰਣ ਦੋ ਜਗਣ ।S।, ।S।.

ਉਦਾਹਰਣ-

ਗੁਰੂਸਿਖ ਮਾਨ। ਰਹੋ ਪ੍ਰਭੁ ਧ੍ਯਾਨ।

ਵਿਕਾਰਨ ਹਾਨ। ਲਹੋ ਨਿਰਵਾਨ ॥

(ੲ) ਤੀਜਾ ਰੂਪ- ਪ੍ਰਤਿ ਚਰਣ ਨ, ਰ, ਗ, ਲ. ।।।, S।S, S, ।.

ਉਦਾਹਰਣ-

ਸੁਮਤਿ ਵਾਨ ਹੈ ਸੋਯ। ਰਹਿਤ ਨਾਹਿ ਜੋ ਸੋਯ।

ਕਰਤ ਕਾਮ ਕੋ ਨਿੱਤ। ਧਰਤ ਨਾਮ ਮੇ ਚਿੱਤ ॥

(ਸ) ਚੌਥਾ ਰੂਪ- ਪ੍ਰਤਿ ਚਰਣ ੧੧. ਮਾਤ੍ਰਾ ਅੰਤ ਗੁਰੁ ਲਘੁ.

ਉਦਾਹਰਣ-

ਮਾਤਾ ਪਿਤਾ ਸਨਮਾਨ,

ਕਰਤ ਜੁ ਹਿਤ ਚਿਤ ਠਾਨ,

ਤੇ ਹੈਂ ਸੁਘੜ ਸੁਜਾਨ,

ਕਵਿਜਨ ਕਰਤ ਬਖਾਨ.

(ਹ) ਪੰਜਵਾਂ ਰੂਪ- ਇਸ ਭੇਦ ਦਾ ਨਾਮਾਂਤਰ "ਯਮੁਨਾ" ਭੀ ਹੈ. ਪ੍ਰਤਿ ਚਰਣ, ਨ, ਜ, ਜ, ਰ. ।।।, ।ऽ।, ।ऽ।, ऽ।ऽ.

ਉਦਾਹਰਣ-

ਪਢ ਗੁਰੁਗ੍ਰੰਥ ਅਨੰਦ ਪਾਗਹੀਂ,

ਗੁਰੁਸਿਖ ਪਾਦ ਸਨੰਮ੍ਰ ਲਾਗਹੀਂ,

ਪਰਵਸ੍ਤੁ ਕੋ ਨਹਿ ਲੋਭ ਧਾਰਤੇ,

ਕਹਿਕਰ ਵਾਕ ਸਦੀਵ ਪਾਲਤੇ.

ਮਾਲਤੀਮਿਤ੍ਰ, ਮਾਲਤੀਮੀਤ: ਭ੍ਰਮਰ. ਭੌਰਾ. ਮਧੁਕਰ. ਖਟਪਦ. ਦੇਖੋ, ਮਾਲਤੀ ੧.

ਮਾਲਦਾ: ਪੂਰਵੀ ਬੰਗਾਲ ਅਤੇ ਆਸਾਮ ਵਿੱਚ ਕਾਲਿੰਦ੍ਰੀ ਅਤੇ ਮਹਾਨੰਦਾ ਦੇ ਸੰਗਮ ਤੇ ਇੱਕ ਨਗਰ, ਜੋ ਕਲਕੱਤੇ ਤੋਂ ੨੦੭ ਮੀਲ ਹੈ. ਇੱਥੋਂ ਦੇ ਅੰਬਾਂ ਦੀ ਜਾਤਿ ਭਾਰਤ ਵਿੱਚ ਬਹੁਤ ਪ੍ਰਸਿੱਧ ਹੈ. ਇਸ ਸ਼ਹਿਰ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਵਿਰਾਜੇ ਹਨ. "ਚਲ ਕ੍ਰਿਪਾਲੁ ਜਬ ਆਗੇ ਗਏ। ਨਗਰ ਮਾਲਦਾ ਪ੍ਰਾਪਤ ਭਏ ॥" (ਗੁਪ੍ਰਸੂ)

ਮਾਲਦਾਰ: ਫ਼ਾ. مالدار ਦੌਲਤਮੰਦ. ਧਨਵਾਨ.

ਮਾਲਦੇ: ਮਾਲਦੇਵ. ਦੇਖੋ, ਧੁਨੀ (ਗ).

ਮਾਲਨੀ: ਸੰ. ਮਾਲਿਨੀ. ਮਾਲਾ ਬਣਾਉਣ ਵਾਲੀ. ਮਾਲੀ ਦੀ ਇਸਤ੍ਰੀ.

ਮਾਲਨੇਰ: ਰਾਜਪੂਤਾਨੇ ਵਿੱਚ ਜੋਧਪੁਰ ਦਾ ਇਲਾਕਾ "ਮੱਲਾਨੀ" ਜੋ ਰਾਜਧਾਨੀ ਦੇ ਪੱਛਮ ਹੈ. ਇਸ ਦਾ ਰਕਬਾ ੫੭੫੦ ਵਰਗਮੀਲ ਹੈ. "ਮਾਲਨੇਰ ਮੁਲਤਾਨ ਮਾਲਵਾ ਵਸ਼ਿ ਕਿਯੋ." (ਚਰਿਤ੍ਰ ੨੧੭)

ਮਾਲਮ: ਦੇਖੋ, ਮਾਲੂਮ. "ਹੈ ਯਹ ਕਥਾ ਜਗਤ ਮੇ ਮਾਲਮ." (ਚੌਬੀਸਾਵ)

ਮਾਲਮਤਾ, ਮਾਲਮਤਾਹ: ਅ਼. مال ومتاع ਮਾਲੋ ਮਤਾਅ਼ ਧਨ ਅਤੇ ਵਸਤ੍ਰ ਪਾਤ੍ਰ ਆਦਿ ਸਾਮਾਨ "ਮਾਲ ਮਤਾਹ ਲੁਟਾਯ ਅਤਿਥਿ ਹਨਐ- ਜਾਤ ਭਜੋ." (ਚਰਿਤ੍ਰ ੨੬੨)

ਮਾਲ ਲਾਲ ਅਰ ਸਾਲ: ਦੇਖੋ, ਖਾਲ ੧੪.

ਮਾਲਵ: ਸੰ. ਸੰਗ੍ਯਾ- ਅਵੰਤਿ ਦੇ ਆਸ ਪਾਸ ਦਾ ਦੇਸ਼. ਮਧ੍ਯ ਭਾਰਤ (ਸੇਂਟ੍ਰਲ ਇੰਡੀਆ) ਵਿੱਚ ਇੱਕ ਇਲਾਕਾ, ਜਿਸ ਵਿੱਚ ਇੰਦੌਰ, ਭੋਪਾਲ, ਧਾਰ, ਰਤਲਾਮ, ਜੌਰਾ, ਰਾਜਗੜ੍ਹ ਅਤੇ ਨਰਸਿੰਘਗੜ੍ਹ ਆਦਿ ਰਿਆਸਤਾਂ ਹਨ. ਮਾਲਵਾ। ੨. ਮਾਲਵ ਰਾਗ. ਦੇਖੋ, ਮਾਲਵਾ ੨.

ਮਾਲਵਈ: ਮਾਲਵ ਦੇਸ਼ ਦਾ। ੨. ਮੁਲਵਈ. ਦੇਖੋ, ਮਾਲਵਾ ੩.

ਮਾਲ ਵਕਫ: ਦੇਖੋ, ਵਕਫ.

**ਮਾਲਵਾ:** ਦੇਖੋ, ਮਾਲਵ। ੨. ਮਾਲਵਰਾਗ. "ਕਿਦਾਰਾ ਔਰ ਮਾਲਵਾ." (ਕ੍ਰਿਸਨਾਵ) ਇਸ ਨੂੰ ਮਾਲਵੀ ਭੀ ਆਖਦੇ ਹਨ. ਇਹ ਪੂਰਬੀ ਠਾਟ ਦਾ ਸ਼ਾੜਵ ਸੰਪੂਰਣ ਰਾਗ ਹੈ, ਆਰੋਹੀ ਵਿੱਚ ਨਿਸ਼ਾਦ ਵਰਜਿਤ ਹੈ. ਜੇ ਲਾਇਆ ਜਾਵੇ, ਤਾਂ ਬਹੁਤ ਹੀ ਕੋਮਲ ਹੋਕੇ ਲਗਦਾ ਹੈ. ਸ਼ੜਜ ਗਾਂਧਾਰ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ ਅਤੇ ਮੱਧਮ ਤੀਵ੍ਰ ਹੈ. ਰਿਸ਼ਭ ਵਾਦੀ ਅਤੇ ਧੈਵਤ ਸੰਵਾਦੀ ਹੈ. ਪੰਚਮ ਅਤੇ ਗਾਂਧਾਰ ਦੀ ਸੰਗਤਿ ਰਹਿੰਦੀ ਹੈ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ.

ਆਰੋਹੀ- ਸ਼ ਰਾ ਗ ਮੀ ਪ ਧਾ ਸ਼.

ਅਵਰੋਹੀ- ਸ਼ ਨ ਪ ਮੀ ਗ ਰਾ ਸ਼

ਦਸਮਗ੍ਰੰਥ ਵਿੱਚ ਇਸ ਰਾਗ ਦਾ ਨਾਉਂ ਆਇਆ ਹੈ ਅਤੇ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਗਉੜੀ ਨਾਲ ਮਿਲਾਕੇ ਲਿਖਿਆ ਗਿਆ ਹੈ.

੩. ਫਿਰੋਜਪੁਰ, ਲੁਦਿਆਨਾ ਅਤੇ ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਦਾ ਮਾਰੂ ਇਲਾਕਾ, ਜਿਸ ਨੂੰ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੇ ਵਰਦਾਨ ਨਾਲ ਸਰਸਬਜ਼ ਕੀਤਾ ਅਤੇ ਜੰਗਲ ਤੋਂ ਮਾਲਵਾ ਨਾਮ ਰੱਖਿਆ। ਇਤਿਹਾਸਾਂ ਵਿੱਚ ਕਥਾ ਹੈ ਕਿ ਜਦ ਦਸ਼ਮੇਸ਼ ਦਮਦਮੇ ਵਿਰਾਜ ਰਹੇ ਸਨ, ਤਦ ਇੱਕ ਦਿਨ ਉੱਚੇ ਟਿੱਬੇ ਪੁਰ ਖੜੇ ਹੋਕੇ ਫਰਮਾਉਣ ਲੱਗੇ ਕਿ- ਅਹੋ! ਕੇਹੀ ਸੁੰਦਰ ਨਹਿਰ ਚਲ ਰਹੀ ਹੈ, ਕੈਸੇ ਮਨੋਹਰ ਅੰਬ ਫਲੇ ਹਨ, ਕੇਹੀ ਉੱਤਮ ਕਣਕ ਖੜੀ ਹੈ! ਇਸ ਪੁਰ ਡੱਲੇ ਨੇ ਕਿਹਾ, ਮਹਾਰਾਜ! ਆਪ ਨੂੰ ਭੁਲੇਖਾ ਲੱਗਾ ਹੈ. ਏਥੇ ਇਹ ਵਸਤਾਂ ਕਿੱਥੇ? ਸੂਰਜ ਦੀ ਚਮਕ ਨਾਲ ਰੇਤ ਨਹਿਰ ਭਾਸਦਾ ਹੈ, ਅੱਕ ਅੰਬ ਪ੍ਰਤੀਤ ਹੁੰਦੇ ਹਨ, ਅਰ ਕਾਹੀਂ ਘਾਹ ਕਣਕ ਜੇਹਾ ਦਿਖਾਈ ਦਿੰਦਾ ਹੈ. ਦਸ਼ਮੇਸ਼ ਨੇ ਬਚਨ ਕੀਤਾ, ਓ ਡੱਲਾ ਝੱਲਾ! ਤੂੰ ਨਹੀਂ ਜਾਣਦਾ ਕਿ ਮੈ ਇਸ ਮੁਲਕ ਨੂੰ "ਮਾਲਵਾ" ਬਣਾਦਿੱਤਾ ਹੈ ਅਰ ਸਭ ਪਦਾਰਥ ਇਸ ਦੇਸ਼ ਨੂੰ ਬਖ਼ਸ਼ੇ ਹਨ? ਇਹ ਉਸ ਵੇਲੇ ਦੀ ਕਥਾ ਹੈ ਜਦ ਕਿਸੇ ਨੂੰ ਨਹਿਰਾਂ ਕੱਢਣ ਦਾ ਸੁਪਨਾ ਭੀ ਨਹੀਂ ਸੀ. ਅੱਜ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪੇਸ਼ੀਨਗੋਈ ਪੂਰੀ ਹੋਈ ਦੇਖਕੇ ਮਾਲਵਾਵਾਸੀ ਪਰਮਕ੍ਰਿਤਗ੍ਯ ਅਤੇ ਅਚਰਜ ਹੋ ਰਹੇ ਹਨ.

**ਮਾਲਵੀ:** ਉੱਤਰ ਪੱਛਮ ਰਹਿਣ ਵਾਲੀ ਇੱਕ ਬ੍ਰਾਹਮਣ ਜਾਤਿ। ੨. ਵਿ- ਮਾਲਵੀਯ. ਮਾਲਵੇ ਦਾ.

**ਮਾਲਾ:** ਸੰ. ਸੰਗ੍ਯਾ- ਪੰਕ੍ਤਿ. ਸ਼੍ਰੇਣੀ. ਕ਼ਤਾਰ। ੨. ਫੁੱਲ ਅਥਵਾ ਰਤਨਾਂ ਦਾ ਹਾਰ। ੩. ਸਿਮਰਨੀ. ਜਪਨੀ. ਦੇਖੋ, ਜਪਮਾਲਾ. "ਹਰਿ ਹਰਿ ਅਖਰ ਦੁਇ ਇਹ ਮਾਲਾ." (ਆਸਾ ਮਃ ੫)

**ਮਾਲਾਸਿੰਘ:** ਦੇਖੋ, ਲਾਹੌਰਾਸਿੰਘ.

**ਮਾਲਾਕਾਰ:** ਸੰਗ੍ਯਾ- ਮਾਲੀ. ਹਾਰ ਬਣਾਉਣ ਵਾਲਾ। ੨. ਰਤਨਾਂ ਦਾ ਹਾਰ ਬਣਾਉਣ ਵਾਲਾ ਮਣਿਕਾਰ.

**ਮਾਲਾਦੀਪਕ:** ਦੇਖੋ, ਦੀਪਕ (ੲ)

**ਮਾਲਾਵਾਰ:** ਦੇਖੋ, ਮਲਵਾਰ.

**ਮਾਲਿ:** ਮਾਲ (ਧਨ) ਨਾਲ. ਦੇਖੋ, ਰਾਜਿਮਾਲਿ। ੨. ਦੇਖੋ, ਮਾਲੀ.

**ਮਾਲਿਸ਼:** ਫ਼ਾ. مالش ਮਸਲਣ (ਮਰ੍‍ਦਨ) ਦੀ ਕ੍ਰਿਯਾ. ਮਲਣਾ.

**ਮਾਲਿਕ:** ਦੇਖੋ, ਮਾਲਕ ੨। ੨. ਸੰ. ਮਾਲਾ ਬਣਾਉਣ ਵਾਲਾ. ਮਾਲਾਕਾਰ. ਮਾਲੀ। ੩. ਰਤਨਾਂ ਦੀ ਮਾਲਾ ਬਣਾਉਣ ਵਾਲਾ ਮਣਿਕਾਰ.

**ਮਾਲਿਕਾ:** ਸੰ. ਸੰਗ੍ਯਾ- ਮਾਲਤੀ (ਚਮੇਲੀ) ਦੀ ਬੇਲ। ੨. ਹਾਰ. ਮਾਲਾ। ੩. ਸ਼ਰਾਬ. ਸੁਰਾ.

**ਮਾਲਿਦੁਲੀਚੈ:** ਮਾਲਦਾਰ (ਕੀਮਤੀ) ਕਾਲੀਨ ਪੁਰ. "ਮਾਲਿਦੁਲੀਚੈ ਬੈਠੀਲੇ ਮਿਰਤਕੁ, ਨੈਨ ਦਿਖਾਲਨੁ ਧਾਇਆ ਰੇ." (ਆਸਾ ਮਃ ੫) ਮੁਰਦਾ (ਆਤਮਗ੍ਯਾਨ ਰਹਿਤ ਜੜ੍ਹਮਤਿ) ਸਿੰਘਾਸਨ ਪੁਰ ਬੈਠਾ ਹੈ, ਭਾਵ- ਉੱਚ ਪਦ ਨੂੰ ਪ੍ਰਾਪਤ ਹੋਇਆ ਹੈ.

ਨੇਤਾਂ ਦਾ ਦਿਖਾਵਾ ਆਡੰਬਰ ਦੌੜਗਿਆ, ਭਾਵ- ਦਿਖਾਵੇ ਤੋਂ ਗਿਲਾਨਿ ਹੈ.

ਮਾਲਿਨਿ, ਮਾਲਿਨੀ: ਮਾਲਾ ਬਣਾਉਣ ਵਾਲੀ. "ਭੂਲੀ ਮਾਲਿਨੀ ਹੈ ਏਉ." ਅਤੇ "ਮਾਲਿਨਿ ਭੂਲੀ, ਜਗੁ ਭੁਲਾਨਾ." (ਆਸਾ ਕਬੀਰ) ੨. ਦੇਖੋ, ਸਵੈਯੇ ਦਾ ਰੂਪ ੨੮.

ਮਾਲਿਨ੍ਯ: ਸੰ. ਸੰਗਯਾ- ਮਲਿਨਪਨ. ਮਲੀਨਤਾ. ਅਪਵਿਤ੍ਰਤਾ। ੨. ਉਦਾਸੀਨਤਾ। ੩. ਮੁਖ ਮੁਰਝਾਉਣ ਦਾ ਭਾਵ.

ਮਾਲੀ: ਭਾਈ ਫੇਰੂ ਦਾ ਪੋਤਾਚੇਲਾ ਮਹਾਤਮਾ ਸਾਧੂ, ਜੋ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੀ ਸੇਵਾ ਵਿੱਚ ਹਾਜਿਰ ਰਿਹਾ। ੨. ਸੰ. ਮਾਲਿਨ੍. ਵਿ- ਮਾਲਾ ਬਣਾਉਣ ਵਾਲਾ। ੩. ਸੰਗਯਾ- ਬਾਗ਼ਬਾਨ. "ਅਹਿਨਿਸ ਫੂਲ ਬਿਛਾਵੈ ਮਾਲੀ." (ਗਉ ਅ: ਮ: ੧) ੪. ਭਾਵ- ਕਰਤਾਰ, ਜਿਸ ਦਾ ਬਾਗ ਸੰਸਾਰ ਹੈ. "ਤਉ ਮਾਲੀ ਕੇ ਹੋਵਹੁ." (ਬਸੰ ਮ: ੧) ੫. ਅ਼. مالی ਵਿ- ਮਾਲ (ਦੌਲਤ) ਸੰਬੰਧੀ। ੬. ਪੰਥ ਪ੍ਰਕਾਸ਼ ਦੇ ਕਰਤਾ ਸਰਦਾਰ ਰਤਨਸਿੰਘ ਨੇ ਕਪਤਾਨ ਮਰੇ Captain Murray ਨੂੰ ਭੀ ਮਾਲੀ ਲਿਖਿਆ ਹੈ. "ਜਰਨੈਲ ਆਗੇ ਥੋ ਮਾਲੀ ਕਪਤਾਨ." ਦੇਖੋ, ਮਰੇ.

ਮਾਲੀਸਿੰਘ: ਦੇਖੋ, ਆਲੀਸਿੰਘ.

ਮਾਲੀਹ: ਦੇਖੋ, ਮਲੀਹ. "ਧੁਖਾ ਜਿਉ ਮਾਲੀਹ." (ਸ. ਫਰੀਦ)

ਮਾਲੀਖ਼ੌਲੀਆ: ਅ਼. مالیخولیا Melancholia ਸੰਗਯਾ- ਸਿਰੜ ਦਾ ਰੋਗ, ਝੱਲਾਪਨ. ਦੇਖੋ, ਉਦਮਾਦ.

ਮਾਲੀਗੌੜਾ: ਸੰ. ਮਾਲਵਗੌੜ. ਇਹ ਮਾਰੂਠਾਟ ਦਾ ਸੰਪੂਰਣ ਰਾਗ ਹੈ.[991] ਇਸ ਵਿੱਚ ਧੈਵਤ ਦੋਵੇਂ ਲਗ ਜਾਂਦੇ ਹਨ. ਪੂਰੀਆ ਅਤੇ ਸ੍ਰੀਰਾਗ ਦੇ ਮੇਲ ਤੋਂ ਬਣਦਾ ਹੈ. ਰਿਸ਼ਭ ਵਾਦੀ ਅਤੇ ਧੈਵਤ ਸੰਵਾਦੀ ਹੈ. ਗਾਂਧਾਰ ਅਤੇ ਪੰਚਮ ਇਸ ਨੂੰ ਬਹੁਤ ਹੀ ਸਪਸ਼ਟ ਕਰਦੇ ਹਨ, ਕਈਆਂ ਦੇ ਮਤ ਵਿੱਚ ਇਹੀ ਵਾਦੀ ਅਤੇ ਸੰਵਾਦੀ ਹਨ. ਸ਼ੜਜ ਗਾਂਧਾਰ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਕੋਮਲ, ਧੈਵਤ ਦੋਵੇਂ ਅਤੇ ਮੱਧਮ ਤੀਵ੍ਰ ਲਗਦਾ ਹੈ. ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ.

ਆਰੋਹੀ- ਸ਼ ਰਾ ਗ ਮੀ ਪ ਧ ਨ ਸ਼.

ਅਵਰੋਹੀ- ਸ਼ ਨ ਧ ਪ ਮੀ ਗ ਰਾ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਮਾਲੀਗੌੜੇ ਦਾ ਨੰਬਰ ਵੀਹਵਾਂ ਹੈ.

ਮਾਲੀਦਨ: ਫ਼ਾ. مالیدن ਕ੍ਰਿ- ਮਰਦੰਨ. ਮਲਣਾ.

ਮਾਲੁ: ਦੇਖੋ, ਮਾਲ. "ਮਾਲੁ ਧਨੁ ਜੋਰਿਆ." (ਸੂਹੀ ਕਬੀਰ) ੨. ਮੈਲ ਲਈ ਭੀ ਮਾਲੁ ਸ਼ਬਦ ਹੈ. ਦੇਖੋ, ਮਾਨਾ ੨.

ਮਾਲੀਯਤ: ਅ਼. مالیت ਸੰਗਯਾ- ਮਾਲੀ ਹਾਲਤ। ੨. ਕੀਮਤ. ਮੁੱਲ.

ਮਾਲੁਮ: ਦੇਖੋ, ਮਾਲੂਮ.

ਮਾਲੂਸ਼ਾਹ: ਡੱਲਾ ਨਿਵਾਸੀ ਸ਼੍ਰੀ ਗੁਰੂ ਅਮਰਦੇਵ ਜੀ ਦਾ ਪਰਮ ਪ੍ਰੇਮੀ ਸਿੱਖ.

ਮਾਲੂਮ, ਮਾਲੂਮੁ: ਅ਼. معلوم ਮਅ਼ਲੂਮ. ਵਿ- ਇ਼ਲਮ (ਗਯਾਨ) ਵਿੱਚ ਆਇਆ ਹੋਇਆ. ਜਾਣਿਆ ਗਿਆ. "ਹਵਾਲ ਮਾਲੂਮ ਕਰਦੰ ਪਾਕ ਅਲਾਹ." (ਤਿਲੰ ਮ: ੫)

ਮਾਲੋ: ਮਾਂਗੋ ਅਤੇ ਮਾਲੋ ਦੋ ਜਿਗਯਾਸੂ ਸਤਿਗੁਰੂ ਨਾਨਕ ਦੇਵ ਪਾਸ ਆਏ, ਜਿਨ੍ਹਾਂ ਨੂੰ ਭਕ੍ਤਿਯੋਗ ਦਾ ਉਪਦੇਸ਼ ਦਿੱਤਾ। ੨. ਸ਼ੇਖ਼ ਮਾਲੋ ਇੱਕ ਵਿਦ੍ਵਾਨ ਮੁਸਲਮਾਨ ਸੀ. ਇਹ ਸ਼੍ਰੀ ਗੁਰੂ ਨਾਨਕਸ੍ਵਾਮੀ ਨਾਲ ਕਰਤਾਰਪੁਰ ਚਰਚਾ ਕਰਨ ਆਇਆ. ਗੁਰਦੇਵ ਦੇ

---

[991] ਕਿਤਨਿਆ ਨੇ ਪੰਚਮ ਵਰਜਕੇ ਸਾੜਕ ਮੰਨਿਆ ਹੈ.

ਵਚਨਾਂ ਦਾ ਇਸ ਪੁਰ ਅਜੇਹਾ ਅਸਰ ਹੋਇਆ ਕਿ ਸਤਿਗੁਰੂ ਦਾ ਸੇਵਕ ਹੋਕੇ ਆਪਣਾ ਜਨਮ ਸਫਲ ਕੀਤਾ.

ਮਾਲੋਸ਼ੇਖ਼: ਦੇਖੋ, ਮਾਲੋ ੨.

ਮਾਲੋਪਮਾ: ਦੇਖੋ, ਉਪਮਾ (ੲ)

ਮਾਲੁ: ਦੇਖੋ, ਮਾਲ ੨. ਅਤੇ ੪.

ਮਾਵਸ, ਮਾਵਸਿ: ਮੌਸ. ਦੇਖੋ, ਅਮਾਵਸ੍ਯਾ। ੨. ਦੇਖੋ, ਮਾਵਨਾ.

ਮਾਵਸੀ: ਵਿ- ਅਮਾਵਸ੍ਯਾ ਦਾ (ਦੀ). "ਨਿਸਾ ਮਾਵਸੀ." (ਚੰਡੀ ੨) ੨. ਸਮਾਵੇਗਾ. ਦੇਖੋ, ਮਾਵਨਾ.

ਮਾਵਣਾ: ਦੇਖੋ, ਮਾਵਨਾ.

ਮਾਵਤ: ਸਮਾਉਂਦਾ. "ਏਤਾ ਗਬੁ ਅਕਾਸਿ ਨ ਮਾਵਤ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਮਦਵੰਤ. ਵਿ- ਮਤਵਾਲਾ. ਨਸ਼ੇ ਵਿੱਚ ਮਸ੍ਤ. "ਸੋਇ ਰਹਿਓ ਮਦ ਮਾਵਤ ਹੇ." (ਬਿਲਾ ਮਃ ੫) ਦੇਖੋ, ਮਦ ਮਾਵਤ.

ਮਾਵਨ, ਮਾਵਨਾ: ਕ੍ਰਿ- ਸਮਾਉਣਾ. ਖਟਾਨਾ. ਅੰਦਰ ਆਉਣਾ. "ਜੋ ਅਸਮਾਨਿ ਨ ਮਾਵਨੀ." (ਸੋਰ ਮਃ ੧) "ਏਵਡੁ ਵਧਾ, ਮਾਵਾ ਨਾਹੀ." (ਮਃ ੧. ਵਾਰ ਮਾਝ) ਇਤਨਾ ਵਧਾਂ ਕਿ ਸਮਾ ਨਾ ਸਕਾਂ.

ਮਾਵੜੀ: ਡਿੰਗ- ਮਾਤਾ. ਮਾਂ. ਮਾਤ੍ਰਿ.

ਮਾਵਾ: ਸੰਗ੍ਯਾ- ਪਾਣ। ੨. ਕਲਫ. ਮਾਯਾ। ੩. ਦੁੱਧ ਦਾ ਖੋਆ। ੪. ਅਫੀਮ ਦੀ ਗੋਲੀ.

ਮਾਵਾਸੀ: ਦੇਖੋ, ਮਵਾਸੀ. "ਤਹ ਮਨੁ ਮਾਵਾਸੀ ਰਾਜਾ." (ਭੈਰ ਕਬੀਰ)

ਮਾਵਾਯ: ਅ਼. ماوائ ਸੰਗ੍ਯਾ- ਪਨਾਹ ਲੈਣ ਦੀ ਥਾਂ. ਓਟ.

ਮਾੜਤੀ: ਸੰਗ੍ਯਾ- ਮਠ. ਮਾੜੀ. ਮੰਦਿਰ. "ਪਿਰੁ ਉਚੜੀਐ ਮਾੜਤੀਐ, ਤਿਹੁ ਲੋਆ ਸਿਰਤਾਜਾ." (ਸੂਹੀ ਛੰਤ ਮਃ ੧)

ਮਾੜਾ: ਵਿ- ਅਮਾਂਸ. ਜਿਸ ਦੇ ਸ਼ਰੀਰ ਉੱਪਰ ਮਾਂਸ ਨਹੀਂ. ਕ੍ਰਿਸ਼. ਪਤਲਾ। ੨. ਦੁਬਲਾ. ਕਮਜ਼ੋਰ। ੩. ਖੋਟਾ. ਬੁਰਾ.

ਮਾੜੀ: ਵਿ- ਮਾੜਾ ਦਾ ਇਸਤ੍ਰੀ ਲਿੰਗ। ੨. ਸੰਗ੍ਯਾ- ਮਠ. ਹਵੇਲੀ. ਮਹਲ. ਸੰ. ਮਾਡਿ. "ਕੂੜੁ ਮੰਡਪ ਕੂੜੁ ਮਾੜੀ." (ਵਾਰ ਆਸਾ) "ਕੋਠੇ ਮੰਡਪ ਮਾੜੀਆਂ." (ਮਃ ੩. ਵਾਰ ਸੂਹੀ) ੩. ਗੁੱਗੇ ਦਾ ਮੰਦਿਰ ਪੰਜਾਬ ਵਿੱਚ ਖਾਸ ਕਰਕੇ "ਮਾੜੀ" ਸਦਾਉਂਦਾ ਹੈ. ਦੇਖੋ, ਗੁੱਗਾ.

ਮਾੜੀ ਕੰਬੋ ਕੀ: ਕੰਬੋ ਮਾੜੀ. ਜਿਲੇ ਲਹੌਰ ਦਾ ਇੱਕ ਪਿੰਡ, ਜਿਸ ਦਾ ਡਾਕਖਾਨਾ ਖਾਲੜਾ ਹੈ. ਇੱਥੋਂ ਦਾ ਵਸਨੀਕ ਧਰਮਵੀਰ ਸੁੱਖਾਸਿੰਘ ਮਤਾਬਸਿੰਘ ਮੀਰਾਂਕੋਟੀਏ ਦਾ ਸਾਥੀ ਸੀ. ਇਨ੍ਹਾਂ ਦੋਹਾਂ ਨੇ ਅਨੇਕ ਪੰਥ ਦੇ ਕੰਮ ਸੁਧਾਰੇ. ਦੇਖੋ, ਮੱਸਾ ਰੰਘੜ, ਸੁੱਖਾਸਿੰਘ ਅਤੇ ਮਤਾਬਸਿੰਘ.

ਮਾੜੀ ਮੁਸਤਫਾ: ਇੱਕ ਪਿੰਡ, ਜੋ ਜਿਲਾ ਫਿਰੋਜ਼ਪੁਰ, ਤਸੀਲ ਮੋਗਾ ਵਿੱਚ ਹੈ. ਇੱਥੇ ਛੀਵੇਂ ਸਤਿਗੁਰੂ ਜੀ ਦਾ ਗੁਰਦ੍ਵਾਰਾ ਹੈ.

ਮਿ: ਸੰ. ਧਾ- ਮਿਣਨਾ, ਉਸਾਰਨਾ, ਕ਼ਾਇਮ ਕਰਨਾ, ਖਿਆਲ ਕਰਨਾ.

ਮਿਅੱਸਰ: ਦੇਖੋ, ਮਅੱਸਿਰ। ੨. ਦੇਖੋ, ਮੁਯੱਸਰ.

ਮਿਆਂ: ਫ਼ਾ. میاں ਮਯਾਂ. ਕ੍ਰਿ. ਵਿ- ਭੀਤਰ. ਅੰਦਰ. ਦਰਮਯਾਨ। ੨. ਸੰਗ੍ਯਾ- ਕੋਸ਼. ਮਿਆਂਨ. ਨਿਯਾਮ.

ਮਿਆਦ: ਅ਼. میعاد ਸੰਗ੍ਯਾ- ਵਅ਼ਦ (ਪ੍ਰਤਿਗ੍ਯਾ) ਦੀ ਹੱਦ. ਕਿਸੇ ਕਾਰਜ ਲਈ ਠਹਿਰਾਈ ਹੋਈ ਵੇਲੇ ਦੀ ਅਵਧਿ.

ਮਿਆਨ: ਫ਼ਾ. میان ਕ੍ਰਿ. ਵਿ- ਭੀਤਰ. ਅੰਦਰ। ੨. ਸੰਗ੍ਯਾ- ਵਿਚਕਾਰਲਾ ਭਾਗ. "ਆਪੇ ਨੇੜੈ ਦੂਰਿ ਆਪੇ ਹੀ, ਆਪੇ ਮੰਝਿ ਮਿਆਨੋ." (ਸ੍ਰੀ ਮਃ ੧) ਦੂਰ ਨੇੜੇ ਅਤੇ ਮਧ੍ਯ ਦੇ ਮੰਝ (ਵਿੱਚ) ਆਪ ਹੀ ਹੈ। ੩. ਪੇਟ. ਉਦਰ। ੪. ਕੋਸ਼. ਗਿਲਾਫ। ੫. ਕਮਰ. ਲੱਕ.

ਮਿਆਨਾ: ਫ਼ਾ. میانہ ਸੰਗ੍ਯਾ- ਮਧ੍ਯਭਾਗ। ੨. ਵਿ- ਦਰਮਯਾਨੇ ਦਰਜੇ ਦਾ.

ਮਿਆਨੇ: ਦੇਖੋ, ਮਿਆਨ ਅਤੇ ਮ੍ਯਾਨੇ.

ਮਿਆਨੋ: ਦੇਖੋ, ਮਿਆਨ ੨.

ਮਿਆਲ: ਅ਼. مُعال ਮੁਅ਼ਾਲ. ਸੰਗ੍ਯਾ- ਉੱਚਾ ਥਾਂ। ੨. ਬੱਟ. ਡੌਲ. "ਖੇਤਿ ਮਿਆਲਾ ਉਚੀਆ." (ਮਃ ੩. ਵਾਰ ਗੂਜ ੧) ਦੇਖੋ, ਨਿਰਣਉ ੩.

ਮਿਸ, ਮਿਸੁ: ਸੰ. ਮਿਸ਼. ਸੰਗ੍ਯਾ- ਬਹਾਨਾਂ. ਛਲ. ਧੋਖਾ. "ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ." (ਸ੍ਰੀ ਬੇਣੀ) ੨. ਫ਼ਾ. مِس ਤਾਂਬਾ। ੩. ਦੇਖੋ, ਮਿੱਸ। ੪. ਅੰ. miss. ਕਨ੍ਯਾ. ਕੁਆਰੀ ਲੜਕੀ.

ਮਿਸਕਾਤ, ਮਿਸ਼ਕਾਤੁਲਮਸਾਬਿਹ: ਅ਼. مشکات المصابیح ਮਿਸ਼ ਕਾਤੁਲਮਸਾਬੀਹ਼. ਅ਼ਰਬੀ ਭਾਸ਼ਾ ਵਿੱਚ ਇਹ ਸੁੰਨੀ ਮੁਸਲਮਾਨਾਂ ਦੀ ਪ੍ਰਾਮਾਣਿਕ ਪੁਸ੍ਤਕ ਹੈ. ਜੇਹਾ ਹਿੰਦੂਆਂ ਵਿੱਚ ਮਨੁਸਿਮ੍ਰਿਤਿ ਦਾ ਅਤੇ ਸਿੱਖਾਂ ਵਿੱਚ ਭਾਈ ਗੁਰੁਦਾਸ ਦੀ ਬਾਣੀ ਦਾ ਮਾਨ ਹੈ, ਤਿਹਾ ਹੀ ਮੁਸਲਮਾਨ ਮਿਸ਼ਕਾਤ ਦਾ ਸਨਮਾਨ ਕਰਦੇ ਹਨ. ਇਹ ਸ਼ੇਖ਼ ਹੁਸੈਨ ਅਲੀ ਬਗਵੀ ਨੇ ਰਚੀ ਹੈ, ਜੋ ਸਨ ੫੧੦ ਹਿਜਰੀ ਵਿੱਚ ਮੋਇਆ ਹੈ. ਸਨ ੭੩੭ ਹਿਜਰੀ ਵਿੱਚ ਸ਼ੈਖ ਵਲੀਉੱਦੀਨ ਨੇ ਇਸ ਵਿੱਚ ਕਈ ਗੱਲਾਂ ਹੋਰ ਮਿਲਾਕੇ ਕੁਝ ਵਾਧਾ ਕੀਤਾ ਹੈ. ਅਕਬਰ ਦੇ ਜ਼ਮਾਨੇ ਸ਼ੈਖ ਅ਼ਬਦੁਲਹ਼ੱਕ਼ ਨੇ ਇਸ ਦਾ ਫਾਰਸੀ ਵਿੱਚ ਅਨੁਵਾਦ ਕੀਤਾ ਹੈ.

ਮਿਸਕਾਲ: ਅ਼. مشقال ਮਿਸਕ਼ਾਲ. ਸਾਢੇ ਚਾਰ ਮਾਸ਼ੇ ਚਾਂਦੀ ਦਾ ਇੱਕ ਪੁਰਾਣਾ ਸਿੱਕਾ। ੨. ਸਾਢੇ ਚਾਰ ਮਾਸ਼ੇ ਭਰ ਤੋਲ.

ਮਿਸਕੀਨ: ਦੇਖੋ, ਮਸਕੀਨ.

ਮਿਸਟ: ਸੰ. ਮਿਸ਼੍ਟ. ਵਿ- ਮਿੱਠਾ. ਮਧੁਰ. "ਨਚ ਭੋਗ ਰਸ ਮਿਸਟੰ." (ਵਾਰ ਜੈਤ) ੨. ਪ੍ਰਿਯ. ਪਿਆਰਾ. "ਮਿਸਟ ਲਗੇ ਪ੍ਰਿਅ ਬੋਲਾ." (ਸਾਰ ਮਃ ੫)

ਮਿਸਟਾਏ: ਵਿ- ਮਿਠਾਸ ਵਾਲੇ. ਮਿਸ਼੍ਟ ਹੋਏ. "ਬਹੁ ਬਿੰਜਨ ਮਿਸਟਾਏ." (ਮਲਾ ਮਃ ੫)

ਮਿਸਟਾਨ: ਸੰ. ਮਿਸ਼੍ਟਾੱਨ. ਸੰਗ੍ਯਾ- ਮਿੱਠਾ ਅੰਨ. ਮਿਠਾਈ. "ਏਕ ਮਿਸਟਾਨ ਪਾਨ ਲਾਵਤ ਮਹਾ ਪ੍ਰਸਾਦ" (ਭਾਗੁ ਕ)

ਮਿਸਤਰ: ਅ਼. مسطر ਸੰਗ੍ਯਾ- ਸਤ਼ਰ ਖਿੱਚਣ ਦਾ ਸੰਦ। ੨. ਗੱਤੇ ਜਾਂ ਤਖ਼ਤੀ ਤੇ ਡੋਰੇ ਬੰਨ੍ਹਕੇ ਕਾਗਜਾਂ ਪੁਰ ਸਤਰਾਂ (ਲੀਕਾਂ) ਕੱਢਣ ਦਾ ਸੰਦ. ਲਿਖਣ ਤੋਂ ਪਹਿਲਾਂ ਕਾਗਜ ਤੇ ਸਤਰਾਂ ਦੇ ਨਿਸ਼ਾਨ ਲਾਉਣ ਤੋਂ ਸਤਰ ਵਿੰਗੀ ਨਹੀਂ ਲਿਖੀ ਜਾਂਦੀ.

ਮਿਸਤਰੀ: ਅ਼. مستری- مسطری ਮਿਸਤ਼ਰੀ. ਸੰਗ੍ਯਾ- ਸਤ਼ਰ (ਰੇਖਾ) ਕੱਢਣ ਦੇ ਸੰਦ ਨੂੰ ਵਰਤਣ ਵਾਲਾ. ਜੋ ਮਕਾਨ ਦੇ ਵਜੋਂਤਣ ਦੀ ਰੇਖਾ ਜਮੀਨ ਤੇ ਖਿੱਚਦਾ ਹੈ. ਮਕਾਨ ਆਦਿ ਦਾ ਨਕਸ਼ਾ ਬਣਾਉਣ ਵਾਲਾ ਕਾਰੀਗਰ। ੨. ਸਤਰਾਂ ਖਿੱਚਣ ਵਾਲਾ, ਲਿਖਾਰੀ.

ਮਿਸ਼ਨ: ਅੰ. Mission ਉੱਦੇਸ਼. ਖਾਸ ਮਨੋਰਥ। ੨. ਕਿਸੇ ਖਾਸ ਕੰਮ ਲਈ ਭੇਜੀ ਜਮਾਤ। ੩. ਧਰਮਪ੍ਰਚਾਰਕ ਮੰਡਲੀ। ੪. ਏਲਚੀ ਅਥਵਾ ਏਲਚੀਆਂ (ਰਾਜਦੂਤਾਂ) ਦਾ ਟੋਲਾ, ਜੋ ਇੱਕ ਰਿਆਸਤ ਵੱਲੋਂ ਦੂਜੀ ਰਿਆਸਤ ਪਾਸ ਕਿਸੇ ਮੁਆਮਲੇ ਦੇ ਨਿਜਿੱਠਣ ਲਈ ਭੇਜਿਆ ਜਾਵੇ.

ਮਿਸ਼ਨਰੀ: ਅੰ. Missionary. ਮਿਸ਼ਨੇਰੀ. ਧਰਮਪ੍ਰਚਾਰ ਦਾ ਮਨੋਰਥ ਲੈਕੇ ਜਾਣ ਵਾਲਾ ਪੁਰਖ। ੨. ਈਸਾਈਮਤ ਦਾ ਪਾਦਰੀ। ੩. ਵਿ- ਮਿਸ਼ਨ ਸੰਬੰਧੀ.

ਮਿਸਮਾਰ: ਅ਼. مسمار ਸੰਗਜ੍ਞਾ- ਕੀਲ. ਮੇਖ਼। ੨. ਫ਼ਾ. ਵਿ- ਢਾਹਿਆ ਹੋਇਆ. ਤੋੜਿਆ ਹੋਇਆ.

ਮਿਸਮਿਲ: ਦੇਖੋ, ਬਿਸਮਿਲ ਅਤੇ ਮਿਸਿਮਿਲਿ.

ਮਿਸਰ: ਅ਼. مصر ਮਿਸਰ. ਸੰਗਜ੍ਞਾ- ਸ਼ਹਿਰ. ਨਗਰ। ੨. ਮਿਸਰ ਦੇਸ਼ (Egypt), ਜਿਸ ਦੀ ਰਾਜਧਾਨੀ ਕਾਹਿਰਾ Cairo ਹੈ. ਮਿਸਰ ਦਾ ਰਕਬਾ ੩੫੦, ੦੦੦ ਵਰਗਮੀਲ ਅਤੇ ਮਰਦੁਮਸ਼ੁਮਾਰੀ ੧੨, ੭੫੦, ੦੦੦ ਹੈ। ੩. ਸੰ. ਮਿਸ਼੍ਰ. ਵਿ- ਮਿਲਿਆ ਹੋਇਆ. ਮਿੱਸਾ।

੪. ਉੱਤਮ. ਸ਼੍ਰੇਸ਼੍ਠ। ੫. ਸੰਗਜ੍ਞਾ- ਪ੍ਰਤਿਸ਼੍ਠਾ ਵਾਲਾ ਪੁਰਖ। ੬. ਬ੍ਰਾਹਮਣ ਦੀ ਉਪਾਧਿ. "ਇਕਿ ਪਾਧੇ ਪੰਡਿਤ ਮਿਸਰ ਕਹਾਵਹਿ." (ਰਾਮ ਅਃ ਮਃ ੧) ਉਪਾਧ੍ਯਾਯ, ਪੰਡਿਤ, ਜਾਤਿਬ੍ਰਾਹਮਣ। ੭. ਵੈਦ੍ਯ. ਤਬੀਬ। ੮. ਲਹੂ. ਖ਼ੂਨ। ੯. ਸੰਨਿਪਾਤ ਰੋਗ.

ਮਿਸਰਾ: ਅ਼. مصرع ਮਿਸਰਅ਼ ਸੰਗਜ੍ਞਾ- ਤਖ਼ਤੇ ਦਾ ਇੱਕ ਫੱਟ. ਕਿਵਾੜ ਦਾ ਪੱਲਾ। ੩. ਛੰਦ ਦੀ ਤੁਕ. ਪਦ.

ਮਿਸਰੀ: ਅ਼. مصری ਮਿਸਰੀ. ਸੰਗਜ੍ਞਾ- ਕਲਮ। ੨. ਤਲਵਾਰ. "ਸ੍ਰੀ ਗੁਰੂ ਤੁਮਰੇ ਹਾਥ ਕੀ ਮਿਸਰੀ ਕਲਮਾ ਜਾਨ." (ਗੁਪ੍ਰਸੂ) ੩. ਮਿਸਰ ਦਾ ਵਸਨੀਕ। ੪. ਕੁੱਜੇ ਦੀ ਮਿਠਾਈ, ਕੂਜ਼ੇ ਵਿੱਚ ਜਮਾਇਆ ਸਾਫ ਖੰਡ ਦਾ ਪਿੰਡ. ਸਭ ਤੋਂ ਪਹਿਲਾਂ ਇਹ ਮਿਸਰ ਵਿੱਚ ਬਣੀ, ਇਸ ਲਈ ਨਾਮ ਮਿਸਰੀ ਪ੍ਰਸਿੱਧ ਹੋਇਆ.

ਮਿਸਲ: ਅ਼. مثل ਮਿਸਲ. ਸੰਗਜ੍ਞਾ- ਦਰਜਾ. ਰੁਤਬਾ. "ਮਿਸਲ ਫਕੀਰਾਂ ਗਾਖੜੀ." (ਸ. ਫਰੀਦ) ੨. ਕਾਗਜਾਂ ਦੀ ਨੱਥੀ। ੩. ਵਿ- ਤੁਲ੍ਯ. ਸਮਾਨ. ਸਦ੍ਰਿਸ਼। ੪. ਦੇਖੋ, ਬਾਰਾਂ ਮਿਸਲਾਂ

ਮਿਸਵਾਕ: ਅ਼. مسواک ਸੰਗਜ੍ਞਾ- ਦਾਤਣ. ਦੰਤ- ਧਾਵਨ.

ਮਿਸਾਲ: ਅ਼. مثال ਮਿਸ਼ਾਲ. ਸੰਗਜ੍ਞਾ- ਦ੍ਰਿਸ਼੍ਟਾਂਤ. ਉਦਾਹਰਣ। ੨. ਤਸਵੀਰ. ਮੂਰਤਿ। ੩. ਪਰਵਾਨਾ. ਸ਼ਾਹੀ ਹੁਕਮਨਾਮਾ.

ਮਿਸਿਮਿਲਿ: ਬਿਸਮਿਲ ਕਰਕੇ. "ਮਿਸਿਮਿਲਿ ਤਾਮਸੁ." (ਭੈਰ ਕਬੀਰ) ਦੇਖੋ, ਬਿਸਮਿਲ.

ਮਿਸੁ: ਦੇਖੋ, ਮਿਸ.

ਮਿੱਸ: ਮਿਸ਼੍ਰਿਤ ਹੋਣ ਦਾ ਭਾਵ. ਮਿਲਾਵਟ.

ਮਿੱਸਾ: ਵਿ- ਮਿਲਿਆ ਹੋਇਆ. ਮ੍ਰਿਸ਼੍ਰਿਤ. ਦੇਖੋ, ਮਿਸਰ ੩। ੨. ਕਣਕ ਛੋਲੇ ਆਦਿਕ ਦਾ ਮਿਲਿਆ ਅੰਨ.

ਮਿੱਸੀ: ਵਿ- ਮਿਸ਼੍ਰਿਤ. ਮਿਲੀ ਹੋਈ। ੨. ਸੰਗਜ੍ਞਾ- ਦੰਦਾਂ ਦਾ ਇੱਕ ਮਸਾਲਾ, ਜੋ ਕਾਲੇ ਰੰਗ ਦਾ ਹੁੰਦਾ ਹੈ. ਪੂਰਵ ਦੇਸ਼ ਵਿੱਚ ਇਸ ਦੇ ਵਰਤਣ ਦਾ ਬਹੁਤ ਰਿਵਾਜ ਹੈ. ਖ਼ਾਸ ਕਰਕੇ ਇਸਤ੍ਰੀਆਂ ਦੰਦਾਂ ਦੀ ਸ਼ੋਭਾ ਅਧਿਕ ਕਰਨ ਲਈ ਲਾਉਂਦੀਆਂ ਹਨ.

ਮਿਸ੍ਰਿ, ਮਿਸ਼੍ਟਾਨ: ਦੇਖੋ, ਮਿਸਟ ਅਤੇ ਮਿਸਟਾਨ. "ਸਦਾ ਚਾਯ ਮੁਖਿ ਮਿਸ੍ਰਿਬਾਣੀ." (ਸਵੈਯੇ ਮਃ ੩. ਕੇ) ਮੂੰਹ ਵਿੱਚ ਮਿੱਠੀ ਬਾਣੀ.

ਮਿਸ੍ਰ: ਦੇਖੋ, ਸਿਰ ੩. ਤੋਂ ੯.

ਮਿਸ਼੍ਰਤ: ਸੰ. ਵਿ- ਮਿਲਿਆ ਹੋਇਆ. ਮਿੱਸਾ.

ਮਿਹ: ਸੰ. ਮਿਹ੍. ਧਾ- ਗਿੱਲਾ ਕਰਨਾ, ਮੂਤਣਾ। ੨. ਸੰਗਜ੍ਞਾ- ਸ਼ਬਨਮ. ਓਸ. ਤ੍ਰੇਲ। ੩. ਧੁੰਦ. ਨੀਹਾਰ। ੪. ਧੁੰਦ ਦਾ ਦੇਵਤਾ। ੫. ਵਰਖਾ. ਮੀਂਹ.

ਮਿਹਡਾ, ਮਿਹਡੀ: ਵਿ- ਮੇਰਾ- ਮੇਰੀ. ਦੇਖੋ, ਮਹਿੰਜਾ. "ਪੰਜਿ ਕਿਰਸਾਣ ਮੁਜੇਰੇ ਮਿਹਡਿਆ." ਅਤੇ "ਗੁਰਿ ਕਟੀ ਮਿਹਡੀ ਜੇਵੜੀ." (ਸ੍ਰੀ ਮਃ ੫. ਪੈਪਾਇ)

ਮਿਹਤਰ: ਫ਼ਾ. مہتر ਮਿਹ (ਵਡਾ) ਤਰ (ਬਹੁਤ) ਸਰਦਾਰ ਬਜ਼ੁਰਗ. ਸੰ. ਮਹੱਤਰ। ੨. ਚਿਤਰਾਲ ਦੇ ਰਾਜਵੰਸ਼ ਦੀ ਉਪਾਧਿ। ੩. ਭੰਗੀ (ਚੂੜੇ) ਨੂੰ ਮਾਨ ਦੇਣ ਲਈ ਮਿਹਤਰ ਪਦ ਵਰਤੀਦਾ ਹੈ, ਜਿਵੇਂ ਨਾਈ ਨੂੰ ਰਾਜਾ.

ਮਿਹਦੀ: ਦੇਖੋ, ਮਹਿੰਦੀ.

ਮਿਹਨਤ, ਮਿਹ਼ਨਤ: ਅ਼. محنت ਸੰਗਯਾ- ਰੰਜ. ਸ਼ੋਕ। ੨. ਦੁੱਖ. ਕਸ਼੍ਟ। ੩. ਮੁਸ਼ੱਕ਼ਤ. ਘਾਲਣਾ. ਕਮਾਈ.

ਮਿਹਨਤੀ: ਵਿ- ਮਿਹ਼ਨਤ (ਕਸ਼੍ਟ) ਉਠਾਉਣ ਵਾਲਾ.

ਮਿਹਮਾਣ: ਦੇਖੋ, ਮਿਹਮਾਨ. "ਆਗੈ ਸਰਪਰ ਜਾਣਾ ਜਿਉ ਮਿਹਮਾਣਾ." (ਵਡ ਅਲਾਹਣੀ ਮਃ ੧)

ਮਿਹਮਾਣੀ: ਦੇਖੋ, ਮਿਹਮਾਨੀ. "ਤੋਸਾ ਦਿਚੈ ਸਚੁਨਾਮੁ ਨਾਨਕ ਮਿਹਮਾਣੀ." (ਮਃ ੫. ਵਾਰ ਗਉ ੨)

ਮਿਹਮਾਣੁ: ਦੇਖੋ, ਮਹਿਮਾਨ. "ਤੂ ਹੋਇਰਹੁ ਮਿਹਮਾਣੁ." (ਮਃ ੩. ਵਾਰ ਸੋਰ)

ਮਿਹਮਾਨ: ਫ਼ਾ. مہمان ਸੰਗਯਾ- ਮਿਹ (ਬਜ਼ੁਰਗ) ਮਾਨ (ਮਾਨਿੰਦ). ਜਿਸ ਦਾ ਬਜ਼ੁਰਗ ਸਮਾਨ ਆਦਰ ਕਰੀਏ, ਪਰਾਹੁਣਾ. ਅਭ੍ਯਾਗਤ. ਅਤਿਥਿ.

ਮਿਹਮਾਨੀ: ਸੰਗਯਾ- ਮੇਹਮਾਨਦਾਰੀ ਪਰਾਹੁਣੇ ਦੀ ਖਾਤਿਰ ਤਵਾਜਾ। ੨. ਮਿਹਮਾਨ ਹੋਣ ਦੀ ਕ੍ਰਿਯਾ.

ਮਿਹਮਾਨੁ: ਦੇਖੋ, ਮਿਹਮਾਨ. "ਗੁਰਪਰਸਾਦਿ ਜਾਣੈ ਮਿਹਮਾਨੁ." (ਆਸਾ ਮਃ ੧)

ਮਿਹਰ: ਫ਼ਾ. مہر ਸੰਗਯਾ- ਪਿਆਰ. ਪ੍ਰੇਮ। ੨. ਕ੍ਰਿਪਾ. "ਨਾਨਕ ਤਰੀਐ ਤੇਰੀ ਮਿਹਰ." (ਰਾਮ ਮਃ ੫) ੩. ਸੂਰਜ. ਦੇਖੋ, ਮਿਹਿਰ.

ਮਿਹਰਗੀਨ: ਫ਼ਾ. مہرآگین ਮਿਹਰ- ਆਗੀਂਨ. ਵਿ- ਮੁਹੱਬਤ ਨਾਲ ਭਰਿਆ ਹੋਇਆ। ੨. ਕ੍ਰਿਪਾਲੁ.

ਮਿਹਰਚੰਦ: ਬਾਬਾ ਧਰਮਚੰਦ ਜੀ ਦਾ ਪੁਤ੍ਰ. ਮਾਣਿਕਚੰਦ ਦਾ ਸਕਾ ਭਾਈ, ਬਾਬਾ ਲਖਮੀਦਾਸ ਜੀ ਦਾ ਪੋਤਾ। ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਆਤਮਗ੍ਯਾਨੀ ਧਰਮਵੀਰ ਸਿੱਖ, ਜਿਸ ਨੇ ਕਰਤਾਰਪੁਰ ਦੇ ਜੰਗ ਵਿੱਚ ਵਡੀ ਬਹਾਦੁਰੀ ਦਿਖਾਈ.

ਮਿਹਰਦਇਆ: ਪ੍ਰੇਮ ਅਤੇ ਕ੍ਰਿਪਾ. ਦੇਖੋ, ਮਿਹਰ. "ਆਪੇ ਮਿਹਰ ਦਇਆਪਤਿ ਦਾਤਾ." (ਮਾਰੂ ਸੋਲਹੇ ਮਃ ੧)

ਮਿਹਰਬਾਨ: ਫ਼ਾ. مہربان ਵਿ- ਕ੍ਰਿਪਾਲੁ. ਦਯਾਲੁ। ੨. ਪਿਆਰ ਕਰਨ ਵਾਲਾ। ੩. ਬਾਬਾ ਪ੍ਰਿਥੀਚੰਦ ਦਾ ਪੁਤ੍ਰ, ਜੋ ਦਿਵਾਨੇ ਭੇਖ ਦਾ ਮੁਖੀਆ ਹੋਇਆ. ਇਸ ਨੇ ਭੀ ਪਿਤਾ ਵਾਂਙ ਗੁਰੂ ਸਾਹਿਬ ਨਾਲ ਝਗੜਾ ਰੱਖਿਆ, ਅਰ ਇੱਕ ਜਨਮਸਾਖੀ ਸ਼੍ਰੀ ਗੁਰੂ ਨਾਨਕਦੇਵ ਜੀ ਦੀ ਲਿਖੀ, ਜਿਸ ਵਿੱਚ ਬਹੁਤ ਬਾਤਾਂ ਗੁਰਮਤ ਵਿਰੁੱਧ ਹਨ.

ਮਿਹਰਬਾਨੀ: ਫ਼ਾ. مہربانی ਸੰਗਯਾ- ਕ੍ਰਿਪਾ. ਦਯਾ। ੨. ਪਿਆਰ. ਮੁਹੱਬਤ.

ਮਿਹਰਬਾਨੀਏ: ਦੇਖੋ, ਮਿਹਰਬਾਨ ੩. ਅਤੇ ਦਿਵਾਨੇ.

ਮਿਹਰਬਾਨੁ: ਦੇਖੋ, ਮਿਹਰਬਾਨ.

ਮਿਹਰਮਿਹਰ: ਵਿ- ਮਿਹਰ (ਕ੍ਰਿਪਾ) ਦਾ ਮਿਹਰ (ਸੂਰਜ). "ਜਾਕਉ ਮਿਹਰ ਮਿਹਰ ਮਿਹਰਵਾਨਾ." (ਮਾਰੂ ਸੋਲਹੇ ਮਃ ੫)

ਮਿਹਰਵਾਣ, ਮਿਹਰਵਾਣੁ, ਮਿਹਰਵਾਨ, ਮਿਹਰਵਾਨੁ: ਦੇਖੋ, ਮਿਹਰਬਾਨ. "ਹੁਕਮ ਹੋਆ ਮਿਹਰਵਾਣ ਦਾ." (ਸ੍ਰੀ ਮਃ ੫. ਪੈਪਾਇ) "ਬੇਅੰਤ ਸਾਹਿਬੁ ਮੇਰਾ ਮਿਹਰਵਾਣ." (ਰਾਮ ਅਃ ੫) "ਜੀਅ ਹੋਏ ਮਿਹਰਵਾਨ." (ਸੋਰ ਮਃ ੫) "ਸਾਹਿਬੁ ਮੇਰਾ ਮਿਹਰਾਵਾਨੁ." (ਤਿਲੰ ਮਃ ੫)

ਮਿਹਰਾ: ਇੱਕ ਖਤ੍ਰੀ ਜਾਤਿ। ੨. ਬਕਾਲਾ ਨਿਵਾਸੀ ਇੱਕ ਸਿੱਖ, ਜਿਸ ਨੇ ਨਵਾਂ ਘਰ ਬਣਾਕੇ ਪ੍ਰਤਿਗ੍ਯਾ ਕੀਤੀ ਸੀ ਕਿ ਜਦ

ਤੀਕ ਗੁਰੂ ਸਾਹਿਬ ਇਸ ਵਿੱਚ ਨਿਵਾਸ ਨਾ ਕਰਨ, ਮੈਂ ਨਹੀਂ ਵਸਾਂਗਾ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਉਸ ਦਾ ਮਨੋਰਥ ਪੂਰਾ ਕਰਨ ਲਈ ਮਾਤਾ ਗੰਗਾ ਜੀ ਸਮੇਤ ਕੁਝ ਕਾਲ ਬਕਾਲੇ ਜਾਕੇ ਉਸ ਦੇ ਘਰ ਰਹੇ. ਮਾਤਾ ਗੰਗਾ ਜੀ ਦਾ ਦੇਹਾਂਤ ਇਸੇ ਘਰ ਵਿੱਚ ਹੋਇਆ. ਦੇਖੋ, ਗੰਗਾ ਮਾਤਾ ਅਤੇ ਬਕਾਲਾ.

ਮਿਹਰਾਬ: ਅ਼. محراب ਮਿਹ਼ਰਾਬ. ਸੰਗਯਾ- ਡਾਟ. ਕਮਾਣ ਦੀ ਸ਼ਕਲ ਦੀ ਦਰਵਾਜ਼ੇ ਆਦਿ ਦੀ ਚਿਣਾਈ। ੨. ਮਸੀਤ ਦਾ ਉਹ ਡਾਟ, ਜੋ ਮੱਕੇ ਵੱਲ ਹੁੰਦਾ ਹੈ, ਜਿਸ ਦੇ ਸਾਮ੍ਹਣੇ ਖੜੇ ਹੋਕੇ ਨਮਾਜ਼ ਪੜ੍ਹੀ ਜਾਂਦੀ ਹੈ. "ਸੁੱਤਾ ਜਾਇ ਮਸੀਤ ਵਿੱਚ ਵਲ ਮਿਹਰਾਬੇ ਪਾਇ ਪਸਾਰੀ." (ਭਾਗੁ)

ਮਿਹਰਾਮਤ, ਮਿਹਰਾਮਤਿ: ਅ਼. مرحمت ਮਰਹ਼ਮਤ. ਕ੍ਰਿਪਾ. ਦਯਾ. ਰਹ਼ਮ ਦਾ ਭਾਵ. "ਤੂ ਕਰਿ ਮਿਹਰਾਮਤਿ ਸਾਈ." (ਪ੍ਰਭਾ ਕਬੀਰ) "ਤਰਸੁ ਪਇਆ ਮਿਹਰਾਮਤਿ ਹੋਈ." (ਮੁੰਦਾਵਣੀ ਮਃ ੫)

ਮਿਹਰੀ: ਮਹਰ (ਇਸਤ੍ਰੀਧਨ) ਲੈਣ ਵਾਲੀ, ਭਾਰਯਾ. ਵਹੁਟੀ. "ਦੇਹਰੀ ਬੈਠੀ ਮਿਹਰੀ ਰੋਵੈ." (ਕੇਦਾ ਕਬੀਰ) ਦੇਖੋ, ਮਹਰ ੨. "ਇਕ ਦਿਨ ਰਾਜਾ ਚੜ੍ਹਾ ਸਿਕਾਰਾ। ਸੰਗ ਲਏ ਮਿਹਰਿਯੈਂ ਅਪਾਰਾ." (ਚਰਿਤ੍ਰ ੩੭੫) ੨. ਫ਼ਾ. مہری ਸਾਰੰਗੀ। ੩. ਬਾਂਸੁਰੀਂ ਮੁਰਲੀ.

ਮਿਹਰੰਮਤ, ਮਿਹਰੰਮਤਿ: ਦੇਖੋ, ਮਿਹਰਾਮਤ. "ਕਰਿ ਮਿਹਰੰਮਤਿ ਸਾਈ." (ਸੂਹੀ ਛੰਤ ਮਃ ੫) ੨. ਵਿ- ਮਰਹਮਤ ਵਾਲਾ. ਰਹ਼ਮ (ਕ੍ਰਿਪਾ) ਧਾਰਨ ਵਾਲਾ. "ਸਰਬ ਜੀਆ ਮਿਹਰੰਮਤਿ ਹੋਇ, ੩. ਮੁਸਲਮਾਣੁ ਕਹਾਵੈ." (ਮਃ ੧. ਵਾਰ ਮਾਝ)

ਮਿਹਵਾਰ: ਮਹੀਆਂ (ਭੈਂਸਾਂ) ਵਾਲਾ. ਮਾਹੀ. "ਮੰਝੀ ਲੈ ਮਿਹਵਾਰ." (ਭਾਗੁ)

ਮਿਹੜਾ: ਦੇਖੋ, ਦੁਰਗਾ. ੪.

ਮਿਹਿੰਡਾ, ਮਿਹਿੰਡੀ: ਮੇਰਾ. ਮੇਰੀ. ਦੇਖੋ, ਮਹਿੰਡਾ ਅਤੇ ਮਿਹਡਾ.

ਮਿਹਿਰ: ਸੰ. ਸੰਗਯਾ- ਸੂਰਜ। ੨. ਅੱਕ। ੩. ਬੱਦਲ। ੪. ਚੰਦ੍ਰਮਾ। ੫. ਪਵਨ. ਵਾਯੁ। ੬. ਵਰਾਹ ਮਿਹਿਰ ਦਾ ਸੰਖੇਪ ਨਾਮ. ਦੇਖੋ, ਵਰਾਹ ਮਿਹਿਰਾਚਾਰਯ। ੭. ਤਾਂਬਾ। ੮. ਰਾਜਾ. ਭੂਪ.

ਮਿਹੰਡਾ: ਮੇਰਾ. "ਗੋਸਾਈ ਮਿਹੰਡਾ ਇਠੜਾ." (ਸ੍ਰੀ ਮਃ ੫. ਪੈਪਾਇ)

ਮਿਕ: ਇੱਕ. ਏਕ. ਦੇਖੋ, ਮਿਕਨ। ੨. ਦੇਖੋ, ਮਿੱਕ.

ਮਿਕਦਾਰ: ਅ਼. مقدار ਸੰਗਯਾ- ਕ਼ਦਰ (ਅੰਦਾਜ਼ਾ ਕਰਨ) ਦਾ ਭਾਵ. ਅੰਦਾਜ਼ਾ. ਪ੍ਰਮਾਣ। ੨. ਮੁੱਦਤ. ਚਿਰ। ੩. ਸਾਮਰਥ੍ਯ. ਸ਼ਕਤਿ। ੪. ਵਿ- ਤੁਲ੍ਯ. ਸਮਾਨ. "ਦੇਹੀ ਕਾਚੀ ਕਾਗਦ ਮਿਕਦਾਰਾ." (ਗਉ ਮਃ ੩) "ਮਨੁ ਸੈਮਤੁ ਮੈਗਲ ਮਿਕਦਾਰਾ." (ਗਉ ਮਃ ੩) ਮਯਮੱਤ (ਮਦਮਸ੍ਤ) ਹਾਥੀ ਸਮਾਨ ਮਨ.

ਮਿਕਨ: ਕ੍ਰਿ- ਮਿਲਣਾ. ਇੱਕ ਹੋਵਨ. ਅਭੇਦ ਹੋਣਾ.

ਮਿਕਰਾਜ: ਅ਼. مقراض ਮਿਕ਼ਰਾਜ਼. ਸੰਗਯਾ- ਕ਼ਰਜ਼ (ਕੱਟਣ) ਦਾ ਸੰਦ. ਕਤਰਨੀ. ਕੈਂਚੀ.

ਮਿਕਾ: ਇੱਕੋ। ੨. ਕੇਵਲ। ੩. ਦੇਖੋ, ਮਿਕਨ ਅਤੇ ਮਿਕਿਓਨੁ.

ਮਿਕਿਓਨੁ: ਮਿਲਿਆ. ਇੱਕ ਹੋਇਆ. ਦੇਖੋ, ਮਿਕਨ. "ਆਪੁ ਆਪੈ ਸੇਤੀ ਮਿਕਿਓਨੁ." (ਵਾਰ ਰਾਮ ੩) ੨. ਉਸ ਨੇ ਮਿਲਾਇਆ.

ਮਿੱਕ: ਵਿ- ਮਿਲਿਆ ਹੋਇਆ. ਮਿਸ਼੍ਰਿਤ। ੨. ਸੰਗਯਾ- ਬਾਲਕਾਂ ਦੇ ਖੇਡ ਦੀ ਸ਼ਰਤ। ੩. ਖੇਡਣ ਵਾਲੇ ਦਲ ਦਾ ਮੁਖੀਆ." ਆਵਹੁ ਮਿੱਕ ਚਹੁੰ ਦਿਸ ਤੇ." (ਕ੍ਰਿਸਨਾਵ) ੪. ਮਸਲਣਾ. ਕੁਚਲਣਾ. ਸੰ. ਮ੍ਰਕ੍ਸ਼ਣ. "ਦਦਿਨ ਸਸਤ੍ਰ ਗਹਿ ਮਿੱਕ ਹੈ."

(ਪਾਰਸਾਵ)

ਮਿਖ: ਸੰਗਯਾ- ਮੇਖ. ਧੁਰ. ਲੱਠ। ੨. ਸੰ. ਆਮਿਸ਼. ਵੰਸ਼. ਕੁਲ. "ਏਕ ਮਿਖ ਸੇ ਉਪਜੇ ਭਾਈਓਂ ਨੇ ਆਪਸ ਮੇ ਕਿਉਂ ਵਿਰੋਧ ਕੀਆ?" (ਜਸਭਾਮ) ਦੇਖੋ, ਮਿਸ.

ਮਿਚਣਾ: ਕ੍ਰਿ- ਕੁੰਚਿਤ ਹੋਣਾ. ਮੁੰਦੇ ਜਾਣਾ. ਬੰਦ ਹੋਣਾ.

ਮਿਚਲ: ਸੰਗਯਾ- ਮਿਤਿ (ਮਰਯਾਦਾ) ਤੋਂ ਚਲ (ਉਲੰਘਨ) ਦਾ ਭਾਵ. ਦੇਖੋ, ਮਿਚਲਿ.

ਮਿਚਲਾਉਣਾ: ਕ੍ਰਿ- ਜੀ ਕੱਚਾ ਹੋਣਾ. ਕੈ (ਛਰਦਿ) ਲਈ ਉਬਕਾਈ ਆਉਣੀ.

ਮਿਚਲਿ: ਮਰਯਾਦਾ ਤੋਂ ਉਲੰਘਕੇ ਨਿਯਮ ਭੰਗ ਕਰਕੇ. ਦੇਖੋ, ਮਿਚਲ. "ਲਬੋ ਮਾਲੇ ਘੁਲਿ ਮਿਲਿ ਮਿਚਲਿ." (ਮਃ ੧. ਵਾਰ ਮਲਾ) ਲਾਲਚੀ ਮਾਲ (ਧਨ) ਨੂੰ ਘੁਲਕੇ, ਮਿਲਾਪ ਕਰਕੇ ਅਤੇ ਨਿਯਮ ਉਲੰਘਕੇ, ਹਾਸਿਲ ਕਰਨ ਵਿੱਚ ਪ੍ਰੇਮ ਕਰਦਾ ਹੈ. ਭਾਵ- ਲੱਬ ਦੀ ਧਨ ਨਾਲ ਮਿਤ੍ਰਤਾ ਹੈ, ਜਿਵੇਂ- "ਊਘੈ ਸਉੜ ਪਲੰਘ."

ਮਿਜ, ਮਿੰਜ: ਸੰ. ਮੱਜਾ. ਸੰਗਯਾ- ਹੱਡੀਆਂ ਦਾ ਗੁੱਦਾ. ਸ਼ਰੀਰ ਦੀ ਚਿਕਨਾਈ.

ਮਿਜਗਾਨ: ਫ਼ਾ. مژگاں ਮਿਜ਼ਗਾਨ. ਸੰਗਯਾ- ਅੱਖ ਦੀਆਂ ਪਲਕਾਂ। ੨. ਪਲਕਾਂ ਦੇ ਰੋਮ.

ਮਿਜਮਾਨ: ਸੰਗਯਾ- ਜਵਾਈ. ਜਮਾਤਾ. ਮਿਹਮਾਨ. ਦਾਮਾਦ. "ਮਿਜਮਾਨ ਹੋਏ ਬਿਨਾ ਤੂ ਨਹੀ. ਦੇਵਣੇ." (ਭਗਤਾਵਲੀ) ੨. ਦੇਖੋ, ਮੇਜ਼ਬਾਨ.

ਮਿਜਮਾਨੀ: ਪ੍ਰੀਤਿਭੋਜਨ. ਦੇਖੋ, ਮੇਜ਼ਬਾਨੀ. "ਇਕ ਦਿਨ ਕਰੀ ਸਭਿਨ ਮਿਜਮਾਨੀ." (ਚਰਿਤ੍ਰ ੩੫੦)

ਮਿਜਰਾਬ: ਅ਼. مضراب ਸੰਗਯਾ- ਜਰਬ ਲਾਉਣ ਦਾ ਕਾਠ ਦੰਦ ਧਾਤੁ ਆਦਿ ਦਾ ਡੱਕਾ ਅਥਵਾ ਛੱਲਾ, ਜਿਸ ਨਾਲ ਰਬਾਬ ਸਿਤਾਰ ਆਦਿ ਵਜਾਈਦੇ ਹਨ. Plectrum.

"ਦੀਪਕ ਕੋ ਗਾਇ ਗਾਇ ਭਾਰਤਤਵਾ ਸੋ ਤਪਜੋ
ਕਰਕੈ ਆਲਾਪ ਮੇਘ ਯਾਂਕੋ ਸਿਯਰਾਇਦੇ,
ਚਪਲਾ ਤੇ ਚੰਚਲ ਔ ਪਵਨ ਤੇ ਵੇਗਵਾਨ
ਤਾਰਫੰਧਾ ਮੇ ਫਸਾਯ ਚਿੱਤ ਠਹਿਰਾਇਦੇ,
ਭੂਲਜੋ ਲਯ ਨਾਮ ਤਾਰ ਪ੍ਰਭੁ ਕੋ ਵ੍ਰਿਜੇਸ਼ਹਰਿ
ਦੈਕੈ ਕਰਤਾਰ ਕਰਤਾਰ ਤੂੰ ਸੁਝਾਇਦੇ,
ਬਾਬਾ ਕੇ ਰਬਾਬੀ ਭਾਈ ਮਰਦਾਨਾ! ਕ੍ਰਿਪਾ ਕਰ
ਨੇਸੁਕ ਰਬਾਬ ਪਰ ਮਿਜ਼ਰਾਬ ਲਾਇਦੇ.

ਮਿਜ਼ਾਜ: ਅ਼. مزاج ਸੰਗਯਾ- ਸੁਭਾਵ. ਪ੍ਰਕ੍ਰਿਤਿ। ੨. ਤਾਸੀਰ। ੩. ਅਭਿਮਾਨ। ੪. ਵਿ- ਮਿਲਿਆ ਹੋਇਆ.

ਮਿਜ਼ਾਜਪੁਰਸੀ: ਫ਼ਾ. مزاج پرسی ਸੰਗਯਾ- ਮਿਜ਼ਾਜ (ਤ਼ਬੀਅ਼ਤ) ਦੀ ਖ਼ਬਰ ਪੁੱਛਣੀ. ਕੁਸ਼ਲ ਪ੍ਰਸ਼ਨ.

ਮਿਜਾਜੀ: ਅ਼. مزاجی ਵਿ- ਮਿਜ਼ਾਜ (ਸੁਭਾਵ) ਨਾਲ ਹੈ ਜਿਸ ਦਾ ਸੰਬੰਧ। ੨. ਅ਼. مجازی ਮਿਜਾਜ਼ੀ. ਮਾਯਾਵੀ. ਸਾਂਸਾਰਿਕ. ਪ੍ਰਕ੍ਰਿਤਿ ਦੇ ਪਦਾਰਥਾਂ ਨਾਲ ਹੈ ਜਿਸ ਦਾ ਸੰਬੰਧ. "ਚੌਥਾ ਇਸ਼ਕ ਮਿਜਾਜੀ ਹੈ." (ਮਗੋ)

ਮਿਟਈਆ: ਵਿ- ਮਿਟਾਉਣ ਵਾਲਾ। ੨. ਮੇਟਿਆ ਹੋਇਆ. "ਜੋ ਧੁਰਿ ਲਿਖਿਆ, ਸੁ ਮਿਟੈ ਨ ਮਿਟਈਆ." (ਬਿਲਾ ਅਃ ਮਃ ੪)

ਮਿਟਣਾ, ਮਿਟਣੇ: ਕ੍ਰਿ- ਹਟਣਾ. ਦੂਰ ਹੋਣਾ. "ਮਿਟੇ ਜੰਜਾਲ ਹੋਏ ਪ੍ਰਭੁ ਦਿਆਲ." (ਰਾਮ ਮਃ ੫) "ਮਿਟਿਗਏ ਗਵਨ, ਪਾਏ ਬਿਸ੍ਰਾਮ." (ਸੁਖਮਨੀ) ੨. ਮ੍ਰਿਤ੍ਯੁ ਹੋਣਾ. ਮਰਣਾ. ਨਾਸ਼ ਹੋਣਾ। ੩. ਲੋਪ ਹੋਣਾ. ਮਰਾ- ਮਿਟਣੇ. "ਮਿਟਿਓ ਅੰਧੇਰ ਮਿਲਤ ਹਰਿ ਨਾਨਕ." (ਗਉ ਮਃ ੫)

ਮਿਟਤ: ਮਿਟਦਾ. ਮਿਟਦੀ "ਉਆ ਕੀੜਾੜਿ ਮਿਟਤ." (ਬਾਵਨ)

ਮਿਟਨਾ: ਦੇਖੋ ਮਿਟਣਾ.

ਮਿਟਨਾਈ: ਸੰਗਯਾ- ਮਿਟਣ ਦੀ ਕ੍ਰਿਯਾ. ਖ਼ਾਤਿਮਾ. ਸਮਾਪ੍ਤੀ "ਪਰਪਚ ਧਰੋਹ ਮੋਹ ਮਿਟਨਾਈ." (ਬਾਵਨ) ਪ੍ਰਪੰਚ ਦ੍ਰੋਹ ਅਤੇ ਮੋਹ ਦੀ ਸਮਾਧੀ ਹੋ ਗਈ.

ਮਿਟ ਨਾਵਉ: ਨਾਮ ਹੀ ਮਿਟ ਗਿਆ ਹੈ. ਭਾਵ- ਹੁਣ ਕੋਈ ਨਾਮ ਨਹੀਂ ਲੈਂਦਾ. "ਪੰਚਹੁ ਕਾ ਮਿਟ ਨਾਵਉ." (ਧਨਾ ਨਾਮਦੇਵ)

ਮਿਟਵਾ: ਸੰਗਯਾ- ਮਿੱਟੀ ਦਾ ਪਾਤ੍ਰ. ਮਟਕਾ. ਭਜਾ "ਪਾਂਚ ਨਾਰਦ ਕੇ ਮਿਟਵ ਫੂਟੇ." (ਗੌਂਡ ਕਬੀਰ) ਪੰਜ ਵਿਸ਼ਿਆਂ ਦੇ ਭਾਂਡੇ ਫੁੱਟ ਗਏ.

ਮਿਟਵੀ: ਮ੍ਰਿਤ ਭਈ. ਨਾਸ਼ ਹੋਈ. "ਜਨਮ ਮਰਣ ਕੀ ਮਿਟਵੀ ਡੰਝਾ." (ਮਾਰੂ ਸੋਲਹੇ ਮਃ ੫)

ਮਿਟਵੈ: ਮਿਟਦਾ. ਹਟਦਾ. "ਜਲਤ ਰਹੈ ਮਿਟਵੈ ਕਬਿ ਨਾਹਿ." (ਭੈਰ ਨਾਮਦੇਵ)

ਮਿਟਾਉਣਾ: ਕ੍ਰਿ- ਹਟਾਉਣਾ. ਦੂਰ ਕਰਨਾ। ੨. ਨਾਸ਼ ਕਰਨਾ। ੩. ਲੋਪ ਕਰਨਾ. ਦੇਖੋ, ਮਿਟਣਾ.

ਮਿਟਾਊ: ਵਿ- ਮਿਟਾਉਣ ਵਾਲਾ। ੨. ਮਿਟਾਵੇਗਾ.

ਮਿਟਾਇ: ਮਿਟਾਕੇ. ਦੂਰ ਕਰਕੇ. "ਮਣੀ ਮਿਟਾਇ ਜੀਵਤ ਮਰੈ." (ਬਾਵਨ) ਦੇਖੋ, ਮਣੀ.

ਮਿਟਾਹਿਓ: ਮਿਟਾਇਆ. ਮਿਟਾਦਿੱਤਾ. ਲੋਪ ਕੀਤਾ. "ਪਰਾਛਤ ਦਰਸਨ ਭੇਟਿ ਮਿਟਾਹਿਓ." (ਕਾਨ ਮਃ ੫)

ਮਿਟਾਨੇ: ਮਿਟਗਏ. "ਮਿਟਾਨੇ ਸਭਿ ਕਲਿਕਲੇਸ." (ਰਾਮ ਮਃ ੫) ੨. ਮਿਟਾਏ. ਮੇਟੇ.

ਮਿਟੀ: ਮਿਟਗਈ. "ਮਿਟੀ ਬਿਆਧਿ ਸਰਬ ਸੁਖ ਹੋਏ." (ਗੂਜ ਮਃ ੫) ੨. ਸੰਗਯਾ- ਮਿੱਟੀ. ਮ੍ਰਿੱਤਿਕਾ. "ਮਿਟੀ ਪਈ ਅਤੋਲਵੀ." (ਸ. ਫਰੀਦ)

ਮਿਟੀਆ: ਸੰਗਯਾ- ਮ੍ਰਿੱਤਿਕਾ. ਮਿੱਟੀ.

ਮਿੰਟੋ: Gilbert Elliot, first Earl of Minto ਇਸ ਦਾ ਜਨਮ ਸਨ ੧੭੫੧ ਵਿੱਚ ਸਕਾਟਲੈਂਡ ਹੋਇਆ. ਸਨ ੧੭੭੬ ਵਿੱਚ ਇਹ ਇੰਗਲੈਂਡ ਦੀ ਨੀਤਿਸਭਾ ਦਾ ਮੈਂਬਰ ਬਣਿਆ ਈਸ੍ਟ ਇੰਡੀਆ ਕੰਪਨੀ ਦੇ "ਬੋਰਡ ਆਫ ਕਾਂਟ੍ਰੋਲ" ਦਾ ਪ੍ਰਧਾਨ ਹੋਇਆ. ਸਨ ੧੮੦੭- ੧੩ ਵਿੱਚ ਇਹ ਹਿੰਦੁਸਤਾਨ ਦਾ ਮੁਲਕੀ ਲਾਟ (ਗਵਰਨਰ ਜਨਰਲ) ਰਿਹਾ. ਇਸੇ ਨੇ ਸਰ ਚਾਰਲਸ ਮੈਟਕਾਫ ਨੂੰ ਮਹਾਰਾਜਾ ਰਣਜੀਤਸਿੰਘ ਪਾਸ ਸਿੱਖ ਅਤੇ ਅੰਗ੍ਰੇਜ਼ੀ ਰਾਜ ਦਾ ਸੰਧੀਪਤ੍ਰ ਲਿਖਾਣ ਲਈ ਭੇਜਿਆ ਸੀ, ਫੂਲਕੀਆਂ ਰਿਆਸਤਾਂ ਇਸੇ ਦੇ ਅਹਿਦ ਵਿੱਚ ਅੰਗ੍ਰੇਜ਼ੀ ਸਰਕਾਰ ਦੀ ਰਖ੍ਯਾ ਵਿੱਚ (੨੫ ਅਪ੍ਰੈਲ ਸਨ ੧੮੦੯ ਨੂੰ) ਆਈਆਂ. ੨੧. ਜੂਨ ਸਨ ੧੮੧੪ ਨੂੰ ਇਸ ਦਾ ਦੇਹਾਂਤ ਇੰਗਲੈਂਡ ਹੋਇਆ. ਇਸ ਦਾ ਪੋਤਾ ਲਾਰਡ ਮਿੰਟੋ ਭੀ ਹਿੰਦੁਸਤਾਨ ਦਾ ਮੁਲਕੀ ਲਾਟ ਸਨ ੧੯੦੫- ੧੦ ਵਿੱਚ ਰਿਹਾ ਹੈ.

ਮਿੱਟੀ: ਦੇਖੋ, ਮਿਟੀ ਅਤੇ ਮਿਟੀਆ.

ਮਿੱਟੀ ਲੈਣੀ: ਦੇਖੋ, ਮਾਟੀ ਲੇਨੀ.

ਮਿਠ: ਸੰ. ਮਿਸ਼੍ਰ. ਵਿ- ਮਿੱਠਾ. "ਮਿਠਰਸੁ ਖਾਇ ਸੁ ਰੋਗਿ ਭਰੀਜੈ." (ਭੈਰ ਅਃ ਮਃ ੧)

ਮਿਠਤੁ: ਸੰਗ੍ਯਾ- ਮਿਸ਼੍ਟਪਨ. ਮੀਠਾਪਨ. ਮਿਸ਼੍ਟਤ੍ਵ. "ਮਿਠਤੁ ਨੀਵੀ ਨਾਨਕਾ." (ਵਾਰ ਆਸਾ)

ਮਿਠਬੋਲੜਾ, ਮਿਠਬੋਲਾ: ਵਿ- ਮਿੱਠਾ (ਮਿਸ਼੍ਟ) ਬੋਲਣ ਵਾਲਾ. ਪਿਆਰੇ ਵਚਨ ਕਹਿਣ ਵਾਲਾ. ਮਧੁਰਭਾਸ਼ੀ. "ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ." (ਸੂਹੀ ਛੰਤ ਮਃ ੫)

ਮਿਠੜਾ: ਵਿ- ਮਿਠਾਸ ਵਾਲਾ. ਮਿਸ਼੍ਟ। ੨. ਪਿਆਰਾ. ਪ੍ਰਿਯ. "ਅੰਮ ਅਬੇ ਥਾਵਹੁ ਮਿਠੜਾ." (ਸ੍ਰੀ ਮਃ ੫) ਮਾਂ ਬਾਪ ਨਾਲੋਂ ਪਿਆਰਾ. "ਮੁਖਿ ਬੋਲੀ ਮਿਠੜੇ ਬੈਣ." (ਮਾਝ ਮਃ ੫. ਦਿਨਰੈਣਿ)

ਮਿਠਾ: ਸੰ. ਮਿਸ਼੍ਟ. ਮਧੁਰ. "ਮਿਠਾ ਕਰਿਕੈ ਖਾਇਆ." (ਸੋਰ ਅਃ ਮਃ ੫) ੨. ਪ੍ਰਿਯ. ਪਿਆਰਾ. "ਮਿਠਾ ਬੋਲਹਿ ਨਿਵਿ ਚਲਹਿ." (ਸ੍ਰੀ ਮਃ ੩) "ਹੁਕਮ ਮਿਠਾ ਮੰਨਿਆ ਹੈ." (ਜਸਭਾਮ) ੩. ਸੰਗ੍ਯਾ- ਗੁੜ ਖੰਡ ਆਦਿ ਪਦਾਰਥ. "ਕੂੜੁ ਮਿਠਾ ਕੂੜੁ ਮਾਖਿਓ." (ਵਾਰ ਆਸਾ) ੪. ਕਮਾਦ. ਇਖ. "ਵੇਖੁ ਜਿ ਮਿਠਾ ਕਟਿਆ." (ਮਃ ੧. ਵਾਰ ਮਾਝ) ੫. ਮਿੱਠਾ ਤੇਲੀਆ. ਇੱਕ ਪ੍ਰਕਾਰ ਦੀ ਵਿਸ਼. ਦੇਖੋ, ਤੇਲੀਆ ੪. "ਮਹੁਰਾ ਮਿਠਾ ਆਖੀਐ." (ਭਾਗੁ) "ਘੋਲ ਮਿਠਾ ਲਪਟੋ ਥਨ ਪੈ." (ਕ੍ਰਿਸਨਾਵ) ਕ੍ਰਿਸ਼ਨ ਜੀ ਦੇ ਮਾਰਨ ਲਈ ਪੂਤਨਾ ਨੇ ਮਿੱਠਾ ਤੇਲੀਆ ਥਣਾਂ ਪੁਰ ਲੇਪਨ ਕੀਤਾ.

ਮਿਠਾਈ: ਸੰਗ੍ਯਾ- ਮਿਠਾਸ. ਮਿਸ਼੍ਟਤਾ। ੨. ਮਿੱਠਾ ਅੰਨ. ਮਿਸ਼੍ਟਾੱਨ.

ਮਿਠਾਸ: ਮਿਸ਼੍ਟ ਰਸ. ਮਧੁਰਤਾ.

ਮਿੱਠਾ: ਦੇਖੋ, ਮਿਠਾ। ੨. ਦੇਖੋ, ਮੀਆਂ ਮਿੱਠਾ.

ਮਿੱਠਾਮੱਲ: ਦੇਖੋ, ਕੌੜਾਮੱਲ.

ਮਿਣਤੀ: ਸੰਗ੍ਯਾ- ਮਾਪਨ. ਮਿਣਨ ਦੀ ਕ੍ਰਿਯਾ. ਪੈਮਾਯਸ਼. ਨਾਮ. ਪੁਰਾਣੇ ਗ੍ਰੰਥਾਂ ਵਿੱਚ ਮਿਣਤੀ ਇਉਂ ਹੈ-

੩. ਜੌਆਂ ਦੀ ਲੰਬਾਈ ਪਲ.

੪. ਪਲ ਮੁਸ਼੍ਟਿ.

੬. ਮੁਸ਼੍ਟਿ ਹਸ੍ਤ (ਹੱਥ)

੪. ਹਸ੍ਤ ਧਨੁਸ਼.

੨੦੦੦ ਧਨੁਸ਼ ਕ੍ਰੋਸ਼ (ਕੋਸ- ਕੋਹ).

੪. ਕੋਸ ਯੋਜਨ

ਵਰਤਮਾਨ ਸਮੇਂ ਦੀ ਮਿਣਤੀ-

੧੨ ਇੰਚ ਦਾ ਇੱਕ ਫੁਟ.

੩. ਫੁਟ ਦਾ ਗਜ਼.

੨੨੦ ਗਜ਼ ਦਾ ਫਰਲਾਂਗ (furlong)

੮. ਫਰਲਾਂਗ ਅਥਵਾ ੧੭੬੦ ਗਜ਼ ਦਾ ਮੀਲ (Mile- ਮਾਈਲ).

੩. ਹੱਥ ਦੀ ਕਰਮ. ਦੇਖੋ, ਕਰਮ ਸ਼ਬਦ.

੧੦ ਕਰਮਾਂ ਦੀ ਜਰੀਬ. ਦੇਖੋ, ਜਰੀਬ ਸ਼ਬਦ.

੩. ਉਂਗਲ ਦੀ ਗਿਰਹ.

੪. ਗਿਰਹ ਦੀ ਗਿੱਠ.

੨. ਗਿੱਠ ਦਾ ਹੱਥ.

੨. ਹੱਥ ਜਾਂ ੧੬. ਗਿਰਹ (੩੬ ਇੰਚ) ਦਾ ਗਜ.

੯. ਸਰਸਾਹੀ ਅਥਵਾ ਬਿਸਵਾਸੀ ਦਾ ਇੱਕ ਮਹਲਾ.

੨੦ ਮਰਲੇ ਦੀ ਇੱਕ ਕਨਾਲ.

੪. ਕਨਾਲ ਦਾ ਵਿੱਘਾ.

੨. ਵਿੱਘੇ ਦਾ ਘੁਮਾਉਂ.

ਦੇਖੋ, ਹਲ, ਚੜਸਾ ਅਤੇ ਮੁਰੱਬਾ.

ਮਿਣਨਾ: ਕ੍ਰਿ- ਮਾਪਣਾ. ਮਿਣਤੀ ਕਰਨਾ। ੨. ਤੋਲਣਾ. ਵਜ਼ਨ ਕਰਨਾ.

ਮਿਤ: ਸੰ. ਵਿ- ਮਿਣਿਆ ਹੋਇਆ. ਦੇਖੋ, ਮਿ ਧਾ। ੨. ਅੰਦਾਜੇ ਦਾ. ਥੋੜਾ. ਕਮ. ਜਿਵੇਂ- ਮਿਤਭਾਸ਼ੀ। ੩. ਫੈਂਕਿਆ (ਵਗਾਹਿਆ) ਹੋਇਆ। ੪. ਸੰ. ਮਿਤ੍ਰ. ਸੰਗਯਾ- ਦੋਸ੍ਤ. "ਮਿਤ ਕਾ ਚਿਤੁ ਅਨੂਪ." (ਫੁਨਹੇ ਮਃ ੫)

ਮਿਤਵਾ, ਮਿਤੜਾ: ਮਿਤ੍ਰ. ਦੋਸ੍ਤ. ਮਿਤਤਾ ਵਾਲਾ. "ਮਿਤਵਾ ਜਿੰਹ ਤੇ ਹਿਤ ਮਾਨਤ ਹੈ." (ਕ੍ਰਿਸਨਾਵ) "ਅਨ ਕੋ ਕੀਜੈ ਮਿਤੜਾ." (ਸੂਹੀ ਅਃ ਮਃ ੧)

ਮਿਤਾ: ਮਿਤ੍ਰ. "ਇਕੋ ਹਰਿ ਮਿਤਾ." (ਮਃ ੩. ਵਾਰ ਗੂਜ ੧) ੨. ਮਿਣਿਆ ਤੋਲਿਆ.

ਮਿਤਾਹਾਰ: ਸੰਗਯਾ- ਮਿਣਿਆ ਹੋਇਆ (ਅੰਦਾਜ਼ੇ ਦਾ) ਅਹਾਰ. ਸੰਯਮ ਨਾਲ ਖਾਣਾ. ਥੋੜਾ ਖਾਣਾ। ੨. ਵਿ- ਕਮ ਖਾਣ ਵਾਲਾ.

ਮਿਤਾੱਕਰਾ: ਯਾਗਯਵਲਕ੍ਯ ਸਿਮ੍ਰਿਤਿ ਦਾ ਟੀਕਾ, ਜੋ ਕਲਯਾਣ[992] ਦੇ ਰਾਜਾ ਵਿਕ੍ਰਮਾਂਕ ਦੇ ਸਮੇਂ ਸਨ ੧੦੭੬ ਵਿੱਚ ਵਿਗ੍ਯਾਨੇਸ਼੍ਵਰ ਨੇ ਬਣਾਇਆ. ਇਹ ਹਿੰਦੂ ਕਾਨੂਨ ਦੀ ਮਸ਼ਹੂਰ ਕਿਤਾਬ ਹੈ. ਦੇਖੋ, ਯਾਗਯਵਲਕ੍ਯ। ੨. ਮਿਣਵੇਂ (ਗਿਣਵੇਂ) ਅੱਖਰਾਂ ਦੀ ਵ੍ਯਾਖ੍ਯਾ ਅਥਵਾ ਲਿਖਤ. ਭਾਵ- ਥੋੜੇ ਅੱਖਰਾਂ ਵਿੱਚ ਲਿਖੀ ਵਡੇ ਭਾਵ ਦੀ ਰਚਨਾ.

ਮਿਤਿ: ਸੰ. ਗ੍ਯਾਨ। ੨. ਮਾਪ. ਮਿਣਤੀ. "ਹਰਿ ਬਿਅੰਤੁ. ਹਉ ਮਿਤਿ ਕਰਿ ਬਰਨਉ." (ਸੋਰ ਮਃ ੫) ੩. ਪ੍ਰਮਾਣ. ਸਬੂਤ। ੪. ਹੱਦ. ਅਵਧਿ. "ਸੁਖਾ ਕੀ ਮਿਤਿ ਕਿਆ ਗਣੀ?" (ਸ੍ਰੀ ਮਃ ੫) ੫. ਕੀਮਤ. "ਤੁਮਰੀ ਗਤਿ ਮਿਤਿ ਤੁਮ ਹੀ ਜਾਨੀ." (ਸੁਖਮਨੀ) ੬. ਕ਼ਾਯਮੀ. ਇਸਥਿਤਿ.

ਮਿਤੀ: ਹੱਦ. ਦੇਖੋ, ਮਿਤਿ. "ਸੁਖ ਮਿਤੀ ਹੂੰ ਬਾਹਰੇ." (ਵਾਰ ਜੈਤ) ੨. ਤਿਥਿ. ਤਾਰੀਖ. ਜੈਸੇ- ਮਿਤੀ ਪੋਹ ਸੁਦੀ ੭। ੩. ਵਿਆਜ. ਸੂਦ, ਜੋ ਪ੍ਰਤਿ ਤਿਥਿ (ਦਿਨ ਦਿਨ) ਵਧਦਾ ਹੈ। ੪. ਸੂਦ (ਵਿਆਜ) ਦਾ ਨਿਰਖ (rate of interest).

ਮਿਤੁ: ਮਿਤ੍ਰ. ਦੋਸ੍ਤ. "ਪ੍ਰਭੁ ਮਿਤੁ ਮਿਲੈ ਸੁਖ ਪਾਈ." (ਗਉ ਮਃ ੪) ੨. ਦੇਖੋ, ਮਿਤ.

ਮਿੱਤਾ: ਸੁਲਤਾਨਪੁਰ ਨਿਵਾਸੀ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਪਰਮ ਪ੍ਰੇਮੀ ਸਿੱਖ ਭਾਈ ਮਿੱਤਾ.

---

[992] ਇਹ ਹੁਣ ਨਿਜ਼ਾਮ ਰਾਜ ਵਿੱਚ ਕਲ੍ਯਾਨੀ ਨਾਮ ਤੋਂ ਪ੍ਰਸਿੱਧ ਹੈ.

ਮਿਤ੍ਰ: ਸੰਗਜਾ- ਸਨੇਹ ਕਰਨ ਵਾਲਾ. ਦੋਸ੍ਤ. "ਮਿਤ੍ਰ ਘਣੇਰੇ ਕਰਿ ਥਕੀ." (ਸ੍ਰੀ ਮਃ ੩) ਦੇਖੋ, ਮੀਤ[993]।

੨. ਸੂਰਜ. ਪ੍ਰਭਾਕਰ. "ਤਵ ਅਖਿਆਨ ਮੇ ਮਿਤ੍ਰ ਕੀ ਰਹੀ ਨ ਜਬ ਪਹਿਚਾਨ। ਕਹਨ ਲਗਯੋ ਸਭ ਜਗਤ ਤੁਹਿ ਨਾਮ ਉਲੂਕ ਬਖਾਨ."[994] (ਬਸੰਤ ਸਤਸਈ) ੩. ਇੱਕ ਵਿਦ੍ਵਾਨ ਬ੍ਰਾਹਮਣ, ਜਿਸ ਦੀ ਪੁਤ੍ਰੀ ਮੈਤ੍ਰੇਯੀ ਪ੍ਰਸਿੱਧ ਪੰਡਿਤਾ ਹੋਈ ਹੈ. ਦੇਖੋ, ਯਾਗਜਵਲਕਜ। ੪. ਅੱਕ ਦਾ ਪੌਧਾ। ੫. ਦੇਖੋ, ਮਿਤ੍ਰਾਵਰੁਣ.

ਮਿਤ੍ਰਚਾਰੀ: ਸੰਗਜਾ- ਮਿਤ੍ਰਤਾ ਦਾ ਆਚਾਰ. ਦੋਸ੍ਤੀ ਦਾ ਵਿਹਾਰ.

ਮਿਤ੍ਰਤਾ, ਮਿਤ੍ਰਤਾਈ: ਸੰਗਜਾ- ਮਿਤ੍ਰਪੁਣਾ. ਦੋਸ੍ਤੀ. ਮਿਤ੍ਰਤ੍ਵ. ਮਿਤ੍ਰਤਾ ਦਾ ਭਾਵ.

ਮਿਤ੍ਰਦ੍ਰੋਹ: ਸੰਗਜਾ- ਮਿਤ੍ਰ ਨਾਲ ਛਲ ਕਰਨ ਦੀ ਕ੍ਰਿਯਾ। ੨. ਮਿਤ੍ਰ ਨਾਲ ਵੈਰਭਾਵ.

ਮਿਤ੍ਰਦ੍ਰੋਹੀ: ਵਿ- ਮਿਤ੍ਰਦ੍ਰੁਹ. ਮਿਤ੍ਰ ਨਾਲ ਛਲ ਅਥਵਾ ਵੈਰ ਕਰਨ ਵਾਲਾ.

ਮਿਤ੍ਰਧ੍ਰੋਹ: ਦੇਖੋ, ਮਿਤ੍ਰਦ੍ਰੋਹ.

ਮਿਤ੍ਰਮਾਰ, ਮਿਤ੍ਰਮਾਰੀ: ਵਿ- ਮਿਤ੍ਰ ਦੇ ਮਾਰਨ ਵਾਲਾ. ਮਿਤ੍ਰਘਾਤੀ। ੨. ਸੰਗਜਾ- ਕੱਕਰ, ਜੋ ਮਿਤ੍ਰ (ਅੱਕ) ਨੂੰ ਮਾਰ ਦਿੰਦਾ ਹੈ.

ਮਿਤ੍ਰਮਿਲਾਪ: ਦੋਸ੍ਤ ਦੀ ਮੁਲਾਕਾਤ.

ਕੇਤੇ ਰਾਜ ਕਾਜ ਦੇਖੋ, ਸੁਖਨ ਕੇ ਸਾਜ ਦੇਖੋ,

ਦੀਰਘ ਸਮਾਜ ਦੇਖੇ ਖਰੇ ਖਾਨ ਪਾਨ ਮੇ,

ਦ੍ਵਿਜ "ਬਲਦੇਵ" ਕਹੈ ਦਾਨਿਨ ਕੇ ਦਾਨ ਦੇਖੋ

ਮਾਨਿਨ ਕੇ ਮਾਨ ਦੇਖੇ ਧਜਾਨੀ ਦੇਖੇ ਧਜਾਨ ਮੇ,

ਸੁੰਦਰ ਸੁਚਾਲ ਦੇਖੇ ਬਡੇ ਬਡੇ ਮਾਲ ਦੇਖੇ

ਲਾਲ ਦੇਖੇ ਤੌਨ ਜੌਨ ਪੂਰੇ ਪੂਰੀ ਸ਼ਾਨ ਮੇ,

ਦੇਖੇ ਸਬ ਲੇਖੇ ਹੈਂ ਅਲੇਖੋ ਏਕ ਯਹੀ ਪ੍ਰਭੁ

ਮਿਤ੍ਰ ਕੇ ਮਿਲਨ ਸਮ ਸੁਖ ਨ ਜਹਾਨ ਮੇ.

ਮਿਤ੍ਰਾਈ: ਸੰਗਜਾ- ਮਿਤ੍ਰਤਾ. ਦੋਸ੍ਤੀ. "ਕਰਿ ਮਿਤ੍ਰਾਈ ਸਾਧੁ ਸਿਉ." (ਆਸਾ ਮਃ ੫)

ਮਿਤ੍ਰਾਚਾਰ: ਮਿਤ੍ਰਤਾ ਦਾ ਆਚਾਰ. ਦੋਸ੍ਤੀ ਦਾ ਵਿਹਾਰ. ਦੇਖੋ, ਮਿਤ੍ਰਚਾਰੀ। ੨. ਮਿਤ੍ਰ (ਅੱਕ) ਦਾ ਅਚਾਰ. ਇਹ ਬਾਈ ਦੇ ਰੋਗ ਹਟਾਉਂਦਾ ਹੈ. ਅੱਕ ਦੇ ਪੱਤਿਆਂ ਨੂੰ ਉਬਾਲਕੇ ਲੂਣ ਮਿਰਚ ਸਿਰਕਾ ਮਿਲਾਉਣ ਤੋਂ ਇਹ ਤਿਆਰ ਕੀਤਾ ਜਾਂਦਾ ਹੈ.

ਮਿਤ੍ਰਾਵਰੁਣ: ਵੈਦਿਕ ਸਮੇਂ ਵਿੱਚ ਮੰਨੇ ਹੋਏ ਪ੍ਰਿਥਿਵੀ ਅਤੇ ਆਕਾਸ਼ ਦੇ ਰੱਛਕ ਦੋ ਦੇਵਤੇ, ਮਿਤ੍ਰ ਅਤੇ ਵਰੁਣ.[995] ਅਸ਼੍ਵਿਨੀਕੁਮਾਰਾਂ ਵਾਂਙ ਇਹ ਇਕੱਠਾ ਨਾਉਂ ਆਉਂਦਾ ਹੈ. ਇਨ੍ਹਾਂ ਦੇ ਹੀ ਵੀਰਯ ਤੋਂ ਵਸ਼ਿਸ਼੍ਠ ਅਤੇ ਅਗਸ੍ਤ੍ਯ ਰਿਖੀ ਜਨਮੇ ਸਨ.

---

[993] ਚਾਣਕ੍ਯ ਨੇ ਆਪਣੇ ਸੂਤ੍ਰਾਂ ਵਿੱਚ ਮਿਤ੍ਰ ਦਾ ਲੱਛਣ ਕੀਤਾ ਹੈ-आपत्सु स्नेहसंयुक्त मित्रम् । (੩੫)

[994] ਮਿਤ੍ਰ ਦੀ ਪਛਾਣ ਨਾ ਹੋਣ ਤੋਂ ਹੀ ਨਾਮ ਤੇਰਾ ਉੱਲੂ ਹੋਇਆ ਹੈ. ਭਾਵ-ਜਿਨ੍ਹਾਂ ਨੂੰ ਮਿਤ੍ਰ ਦੀ ਪਰਖ ਨਹੀਂ, ਉਹ ਉੱਲੂ ਹਨ. ਮਿਤ੍ਰ ਸ਼ਬਦ ਵਿੱਚ ਸ਼ਲੇਸ਼ ਹੈ.

[995] ਇਹ ਵਰੁਣ ਜਲਪਤਿ ਨਹੀਂ.

ਮਿਤ੍ਰੇਖੁ: ਸੰ. ਮਿਤ੍ਰੇਸ਼ੁ. ਸਪਤਮੀ ਵਿਭਕਤਿ. ਮਿਤ੍ਰੋਂ ਮੇਂ. "ਇਸਟ ਮਿਤ੍ਰੇਖੁ ਬਾਂਧਵਹ." (ਗਾਥਾ)

ਮਿਥ: ਸੰ. ਮਿਥ. ਧਾ- ਸਮਝਣਾ. ਜੁੜਨਾ. ਮਿਲਣਾ। ੨. ਦੇਖੋ, ਮਿਥਯਾ. "ਉਰਝਿਓ ਮਿਥਬਿਓਹਾਰ." (ਚਉਬੋਲੇ ਮਃ ੫)

ਮਿਥ: ਸੰ. ਵ੍ਯ- ਆਪਸ ਮੇ. ਪਰਸਪਰ। ੨. ਏਕਾਂਤ ਵਿੱਚ.

ਮਿਥਣਾ: ਕ੍ਰਿ- ਸੋਚਣਾ. ਵਿਚਾਰਨਾ। ੨. ਸਮਝਣਾ। ੩. ਖਿਆਲ ਨੂੰ ਪੱਕਿਆਂ ਕਰਨਾ. ਦੇਖੋ, ਮਿਥ ੧.

ਮਿਥਨ: ਵਿ- ਮਿਥ੍ਯਾਰੂਪ. ਅਸਤ੍ਯ. ਜੋ ਯਥਾਰਥ ਨਹੀਂ "ਮਿਥਨ ਮਨੋਰਥ ਸੁਪਨਆਨੰਦ." (ਆਸਾ ਮਃ ੫) "ਮਿਥਨ ਸਭ ਬਿਸਥਾਰ." (ਸਾਰ ਮਃ ੫) ੨. ਦੇਖੋ, ਮਿਥੁਨ ਅਤੇ ਮੈਥੁਨ.

ਮਿਥਨਮੋਹਾਸਾ: ਦੇਖੋ, ਮੋਹਾਸਾ.

ਮਿਥਨਾ: ਦੇਖੋ, ਮਿਥਣਾ.

ਮਿਥਨੀ: ਮਿਥ੍ਯਾ ਹਨ. ਦੇਖੋ, ਮਿਥਨ. "ਮਿਥਨੀ ਬਿਸਥਾਰ." (ਸਾਰ ਪੜਤਾਲ ਮਃ ੫)

ਮਿੰਥਰ: ਸੰਗ੍ਯਾ- ਥਮਲਾ. ਸੁੰਭ. ਸ੍ਤੂਨ। ੨. ਬੁਰਜ. ਮਸੀਤ ਆਦਿ ਦਾ ਮੀਨਾਰ. "ਮਸੀਤ ਦੇ ਮਿੰਥਰ ਨਾਲ ਸਮਾਧਿ ਲਾਇ ਬੈਠਾ." (ਜਸਭਾਮ)

ਮਿਥਲ, ਮਿਥਲਾ: ਦੇਖੋ, ਮਿਥਿਲਾ.

ਮਿਥਿਆ: ਸੰ. ਮਿਥ੍ਯਾ. ਵਿ- ਅਸਤ੍ਯ. ਜੋ ਸਦਾ ਇੱਕਰਸ ਨਹੀਂ. "ਮਿਥਿਆ ਹਉਮੈ ਮਮਤਾ ਮਾਇਆ." (ਸੁਖਮਨੀ) ੨. ਸੰਗ੍ਯਾ- ਝੂਠ. ਅਨ੍ਰਿਤ. "ਮਿਥਿਆ ਨਾਹੀ ਰਸਨਾ ਪਰਸ." (ਸੁਖਮਨੀ) ੩. ਵਿ- ਨਿਸ਼ਫਲ. ਵ੍ਰਿਥਾ. "ਮਿਥਿਆ ਤਨ ਨਹੀ ਪਰਉਪਕਾਰਾ" (ਸੁਖਮਨੀ) ੪. ਨਾਪਾਯਦਾਰ. ਵਿਨਸਨਹਾਰ. "ਮਿਥਿਆ ਰਾਜ ਜੋਬਨ ਧਨ ਮਾਲ." (ਸੁਖਮਨੀ) ੫. ਕ੍ਰਿ. ਵਿ- ਝੂਠੇ ਤੌਰ ਪੁਰ. ਅਸਤ੍ਯਤਾ ਸੇ। ੬. ਮਿਥਣਾ ਕ੍ਰਿਯਾ ਦਾ ਭੂਤਕਾਲ, ਜਿਵੇਂ- ਉਸ ਨੇ ਆਪਣੇ ਹਿਤ ਲਈ ਇਹ ਮਿਥਿਆ.

ਮਿਥਿਲਾ: ਨਿਮਿ ਦੇ ਪੁਤ੍ਰ ਮਿਥਿ ਦਾ ਦੇਸ਼, ਜਿਸ ਨੂੰ ਤਿਰਹੁਤ ਅਤੇ ਵਿਦੇਹ ਭੀ ਆਖਦੇ ਸਨ. ਇਸ ਦੇ ਪੂਰਵ ਕੌਸ਼ਿਕੀ ਨਦੀ, ਪੱਛਮ ਗੰਡਕਾ, ਉੱਤਰ ਹਿਮਾਲਯ ਅਤੇ ਦੱਖਣ ਗੰਗਾ ਹੈ. ਹੁਣ ਇਹ ਇਲਾਕਾ ਦਰਭੰਗਾ, ਚੰਪਾਰਨ, ਮੁਜੱਫਰਪੁਰ ਵਿੱਚ ਵੱਡਿਆ ਹੋਇਆ ਹੈ। ੨. ਜਨਕ ਰਾਜਾ ਦੀ ਪੁਰੀ. ਜਨਕ ਦੀ ਰਾਜਧਾਨੀ. ਹੁਣ "ਸੀਤਾਮਾੜੀ" ਨਾਮਕ ਥਾਂ ਹੀ ਜਨਕਪੁਰੀ ਮੰਨੀ ਜਾਂਦੀ ਹੈ. ਇਸ ਤੋਂ ਇੱਕ ਮੀਲ ਉੱਤਰ ਸੀਤਾ ਦੇ ਜਨਮ ਦਾ ਥਾਂ ਹੈ, ਜਿੱਥੇ ਹਲਵਾਹੁੰਦੇ ਜਨਕ ਨੂੰ ਸੀਤਾ ਲੱਭੀ ਸੀ. ਸੀਤਾਮਾੜੀ ਤੋਂ ਛੀ ਮੀਲ ਤੇ ਸ਼ਿਵਧਨੁਖ ਤੋੜਨ ਦਾ ਥਾਂ "ਧੇਨੁਕਾ" ਦੱਸਿਆ ਜਾਂਦਾ ਹੈ.

ਮਿਥਿਲੇਸ: ਮਿਥਿਲਾ ਦਾ ਈਸ਼, ਰਾਜਾ ਜਨਕ.

ਮਿਥਿਲੇਸ ਕੁਮਾਰੀ: ਜਨਕਪੁਤ੍ਰੀ. ਸੀਤਾ.

ਮਿਥੁ: ਸੰ. ਕ੍ਰਿ. ਵਿ- ਭੱਲ ਨਾਲ ਗ਼ਲਤ਼ੀ ਸੇ। ੨. ਅੱਗੋ ਪਿੱਛੀ.

ਮਿਥੁਨ: ਸੰ. ਸੰਗ੍ਯਾ- ਨਰ ਨਾਰੀ ਦਾ ਜੋੜਾ। ੨. ਇਸਤ੍ਰੀ ਅਤੇ ਪਤਿ ਦਾ ਮਿਲਾਪ (ਸੰਗਮ) ੩. ਤੀਜੀ ਰਾਸ਼ਿ.

ਮਿਥੇਨਾ: ਮਿਥ੍ਯਾਰੂਪ. "ਦ੍ਰਿਸਟਿਮਾਨ ਹੈ ਸਗਲ ਮਿਥੇਨਾ." (ਮਾਰੂ ਸੋਲਹੇ ਮਃ ੫)

ਮਿਥ੍ਯਾ: ਦੇਖੋ, ਮਿਥਿਆ। ੨. ਝੂਠ. ਅਨ੍ਰਿਤ. ਦਰੋਗ਼. "ਇਹ ਛਬਿ ਪ੍ਰਭਾਵ ਮਿਥ੍ਯਾ ਸੁਭਟ." (ਪਾਰਸਾਵ) ੩. ਬਿਨਸਨਹਾਰ. "ਮਿਥ੍ਯੰਤ ਦੇਹੰ." (ਸਹਸ ਮਃ ੫)

ਮਿਥ੍ਯਾਧ੍ਯਵਸਾਨ, ਮਿਥ੍ਯਾਧ੍ਯਵਸਿਤਿ: ਝੂਠੀ- ਪ੍ਰਤੀਤਿ. ਝੂਠੀ ਗੱਲ ਵਾਸਤੇ ਝੂਠਾ ਹੀ ਪ੍ਰਮਾਣ ਦੇਕੇ ਕਿਸੇ ਬਾਤ ਨੂੰ ਸਾਬਤ ਕਰਨਾ, "ਮਿਥ੍ਯਾਧ੍ਯਵਸਿਤਿ" ਅਲੰਕਾਰ ਹੈ.

ਝੂਠ ਅਰਥ ਕੀ ਸਿੱਧਿ ਕੋ ਝੂਠੇ ਵਰਣਨ ਆਨ,

ਮਿਥ੍ਯਧ੍ਯਵਸਿਤਿ ਕਹਿਤ ਹੈਂ ਭੂਸ਼ਣ ਸੁਕਵਿ ਸੁਜਾਨ.

(ਸ਼ਿਵਰਾਜਭੂਸ਼ਣ)

ਉਦਾਹਰਣ-

ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ,

ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ,

× × × × × ×

ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲ ਉਰੇ ਲਿਆਵੈ,

ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ,

× × × × × ×

ਕਹਤ ਕਬੀਰ ਸੁਨਹੁ ਰੇ ਸੰਤਹੁ, ਕੀਟੀ ਪਰਬਤੁ ਖਾਇਆ,

ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ. (ਆਸਾ ਕਬੀਰ)

ਨਿਸ਼ਚੈ ਜਾਨਹੁ ਝੂਠੀ ਮਾਯਾ, ×××

ਤੈਸੇ ਝੂਠੇ ਤਿਹ ਬਿਵਹਾਰਾ, ×××

ਸੁਪਨ ਵਿਖੇ ਜਿਉ ਸਰਿਤਾ ਵਾਰਾ,

ਚਹਿਤ ਨਾਉ ਚਢ ਉਤਰਜੋ ਪਾਰਾ,

ਸੁਪਨ ਟਕਾ ਦੇ ਸੋ ਲੱਘਜਾਈ,

ਇਸੀ ਰੀਤਿ ਤਿੰਹ ਲੇਹੁ ਲਖਾਈ.

(ਨਾਪ੍ਰ)

ਸਸੇਸਿੰਗ ਕੇ ਨਾਦ ਸੇ ਮੰਤ੍ਰ ਨਿਰੱਖਰ ਗਾਇ,

ਸ੍ਵਾਰਥਿ ਨਰ ਕੋ ਮਨ ਤਬੈ ਅਪਨੇ ਕਰ ਮੇ ਆਇ.

ਸ੍ਵਾਰਥੀ ਦਾ ਮਨ ਵਸ਼ਿ ਕਰਨਾ ਮਿਥ੍ਯਾ ਗੱਲ ਹੈ, ਉਸ ਵਾਸਤੇ ਮਿਥ੍ਯਾ ਯਤਨ ਦੱਸਿਆ ਹੈ.

ਰਵਿ ਰਸ਼ਮੇਂ ਲੈ ਗਗਨ ਮੇ ਸੁੰਦਰ ਮੰਦਿਰ ਛਾਇ,

ਬਚਯੋ ਚਹੈਂ ਜੇ ਕਾਲ ਤੇ ਰਾਖਹੁ ਦੇਹ ਦੁਰਾਇ.

(ਅਲੰਕਾਰ ਸਾਗਰਸੁਧਾ)

ਮਿਦ: ਸੰ. ਮਿਦ੍. ਧਾ- ਮੋਟਾ ਹੋਣਾ, ਮੋਟਾ ਕਰਨਾ. ਦੇਖੋ, ਮੇਦ.

ਮਿਦੰ: ਦੇਖੋ, ਇਦੰ.

ਮਿਧ: ਸੰ. ਮਿਧ੍. ਧਾ- ਸਮਝਣਾ, ਜਾਣਨਾ, ਦੁੱਖ ਦੇਣਾ, ਜੋੜਨਾ, ਮਿਲਾਉਣਾ.

ਮਿਧਣਾ: ਕ੍ਰਿ- ਗੁੰਨ੍ਹਣਾ. ਮਸਲਣਾ. ਦੇਖੋ, ਮਿਧ ਧਾ.

ਮਿਨਹਾ: ਅ਼. منہا ਵਜ- ਮਿਨ (ਸੇ) ਹਾ (ਉਸ). ਉਸ ਮੇਂ ਸੇ. ਉਸ ਵਿੱਚੋਂ। ੨. ਭਾਵ- ਕਿਸੇ ਵਿੱਚੋਂ ਕਮ ਕਰਨਾ. ਘਟਾ ਦੇਣਾ.

ਮਿਨਕਾਰ, ਮਿਨਕ਼ਾਰ: ਅ਼. منقار ਸੰਗਯਾ- ਚੁੰਜ. ਇਸ ਦਾ ਮੂਲ ਨਕ਼ਰ (ਦਾਣਾ ਚੁਗਣਾ) ਹੈ.

ਮਿਨਕਾਲ, ਮਿਨਕ਼ਾਲ: ਅ਼. منقال ਸੰਗਯਾ- ਘੋੜੇ ਦੀ ਤੇਜ਼ ਚਾਲ. ਪੋਈਆ.

ਮਿੰਨਤ, ਮਿੰਨਤਿ: ਅ਼. منّت ਮਿੱਨਤ. ਸੰਗਯਾ- ਇਹਸਾਨ। ੨. ਬੇਨਤੀ. ਪ੍ਰਾਰਥਨਾ. "ਕਰਿ ਮਿੰਨਤਿ ਲਗਿ ਪਾਵਉ." (ਧਨਾ ਨਾਮਦੇਵ)

ਮਿਨਤੀ: ਦੇਖੋ, ਮਿਣਤੀ.

ਮਿਨਨਾ: ਦੇਖੋ, ਮਿਣਨਾ. "ਅਤੁਲੁ ਨ ਜਾਈ ਕਿਆ ਮਿਨਾ." (ਮਾਰੂ ਸੋਲਹੇ ਮਃ ੫)

ਮਿਨਾਰ: ਦੇਖੋ, ਮਨਾਰ ੨. ਅਤੇ ਮੀਨਾਰ.

ਮਿਮਾਰ: ਦੇਖੋ, ਮੇਮਾਰ.

ਮਿਮਿਆਈ, ਮਿਮਿਯਾਈ: ਦੇਖੋ, ਮੋਮਿਆਈ. "ਕਰਿ ਮਿਮਿਯਾਦੀ ਨ੍ਰਿਪਹਿ ਖਵਾਵੈ." (ਚਰਿਤ੍ਰ ੨੭੪)

ਮਿਮੋਲਾ: ਮਮੋਲਾ. ਦੇਖੋ, ਖੰਜਨ. "ਮ੍ਰਿਗ ਔ ਮਿਮੋਲਨ ਕੀ ਮਾਨੋ ਇਹ ਖਾਨਿ ਹੈ." (ਕ੍ਰਿਸਨਾਵ)

ਮਿਮਜਾਈ: ਦੇਖੋ, ਮੋਮਿਆਈ.

ਮਿਰਗ, ਮਿਰਗੁ: ਸੰ. ਮ੍ਰਿਗ- ਮ੍ਰਿਗ. ਢੂੰਡਣ (ਤਲਾਸ਼ ਕਰਨ) ਦੀ ਕ੍ਰਿਯਾ. ਖੋਜ। ੨. ਚੁਪਾਇਆ ਜੀਵ. "ਬਨ ਕਾ ਮਿਰਗੁ ਮੁਕਤਿ ਸਭੁ ਹੋਗੁ." (ਗਉ ਕਬੀਰ) ੩. ਹਰਿਣ. "ਪਾਂਚ ਮਿਰਗ ਬੇਧੇ ਸਿਵ ਕੀ ਬਾਨੀ." (ਭੈਰ ਮਃ ੫) ਭਾਵ ਪੰਜ ਕਾਮਾਦਿ ਵਿਕਾਰ.

ਮਿਰਗਮੈ: ਸੰਗਯਾ- ਮ੍ਰਿਗਮਦ. ਕਸਤੂਰੀ. "ਕੇਸਰਿ ਕੁਸਮ ਮਿਰਗਮੈ." (ਤਿਲੰ ਮਃ ੧)

ਮਿਰਗਾਇਲ: ਸੰਗਯਾ- ਮ੍ਰਿਗਾਵਲੀ. ਮ੍ਰਿਗਾਂ ਦੀ ਕਤਾਰ ( ਡਾਰ). "ਜਿਮ ਘੰਟਕਹੇਰਿ ਬਜੈ ਮਿਰਗਾਇਲ." (ਕ੍ਰਿਸਨਾਵ)

ਮਿਰਗਾਏ: ਸੰ. ਮ੍ਰਿਗਯਸ੍. ਸੰਗਯਾ- ਚੁਪਾਇਆ ਜੀਵ। ੨. ਹਰਿਣ. "ਨਾਦ ਭ੍ਰਮੇ ਜੈਸੇ ਮਿਰਗਾਏ." (ਗੌਂਡ ਨਾਮਦੇਵ)

ਮਿਰਗਾਣੀ, ਮਿਰਗਾਨੀ: ਸੰਗਯਾ- ਮ੍ਰਿਗਚਰਮ. ਮ੍ਰਿਗ ਦੀ ਖਲੜੀ. ਮ੍ਰਿਗ ਚਰਮ ਦਾ ਆਸਨ ਯੋਗੀ ਆਦਿ ਸਾਧੂ ਵਰਤਦੇ ਹਨ. "ਪੰਚ ਤਤ ਕੀ ਕਰਿ ਮਿਰਗਾਣੀ." (ਆਸਾ ਕਬੀਰ)

ਮਿਰਗਾਵਲੀ: ਮ੍ਰਿਗ- ਆਵਲਿ. ਮ੍ਰਿਗਾਂ ਦੀ ਡਾਰ. "ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ." (ਭਾਗੁ)

ਮਿਰਗੀ: ਮ੍ਰਿਗੀ. ਮ੍ਰਿਗੀ. ਹਰਿਣੀ. "ਦਸ ਮਿਰਗੀ ਸਹਜੇ ਬੰਧਿ ਆਨੀ." (ਭੈਰ ਮਃ ੫) ਭਾਵ- ਦਸ ਇੰਦ੍ਰੀਆਂ। ੨. ਇੱਕ ਰੋਗ. ਸੰ. अपस्मार- ਅਪਸ੍ਮਾਰ.[996] ਅ਼. ਸਰਅ਼. ਅੰ. Epilepsy.

ਇਹ ਰੋਗ ਮਾਤਾ ਪਿਤਾ ਤੋਂ ਕਦੇ ਮਰੂਸੀ, ਜਾਂ ਬਹੁਤ ਮੈਥੁਨ, ਹੱਥੀਂ ਵੀਰਯ ਨਸ਼੍ਟ ਕਰਨ, ਅਤੀ ਦਿਮਾਗ਼ੀ ਮਿਹਨਤ, ਚਿੰਤਾ, ਸ਼ੋਕ,

[996] ਜਿਸ ਤੋਂ ਸਮਰਣ (ਚੇਤਾ) ਜਾਂਦਾ ਰਹੇ.

ਪੇਟ ਵਿੱਚ ਕੀੜੇ ਪੈਦਾ ਹੋਣ, ਮਲ ਮੂਤ ਦੇ ਰੁਕਣ, ਜ਼ਹਿਰ ਖਾਣ, ਸ਼ਰਾਬ ਆਦਿਕ ਨਸ਼ਿਆਂ ਦੇ ਬਹੁਤ ਵਰਤਣ, ਉੱਚੀ ਅਥਵਾ ਨੀਵੀਂ ਥਾਂ ਚੜ੍ਹਨ ਉਤਰਣ, ਅਚਾਨਕ ਡਰਨ ਦੇ ਕਾਰਣ, ਭਰੇ ਪੇਟ ਭੋਗ ਅਥਵਾ ਮੁਸ਼ੱਕਤ ਕਰਨ ਤੋਂ ਉਤਪੰਨ ਹੁੰਦਾ ਹੈ.

ਇਸ ਰੋਗ ਵਿੱਚ ਚਲਦੇ ਫਿਰਦੇ ਰੋਗੀ ਨੂੰ ਅੱਚਨਚੇਤ ਧੂੰਏ ਦਾ ਗੁਬਾਰ ਜੇਹਾ ਹੋਕੇ ਅਥਵਾ ਸ਼ਰੀਰ ਵਿੱਚ ਝਰਨਾਟਾ ਪੈਕੇ ਦਿਮਾਗ਼ ਨੂੰ ਚੱਕਰ ਆਉਣ ਲਗ ਪੈਂਦੇ ਹਨ ਅਤੇ ਬੇਹੋਸ਼ੀ ਹੋ ਜਾਂਦੀ ਹੈ. ਸਾਹ ਔਖਾ ਆਉਂਦਾ ਹੈ. ਮਿਰਗੀ ਵਾਲਾ ਮੂਰਛਾ ਦੀ ਦਸ਼ਾ ਵਿੱਚ ਹੱਥ ਪੈਰ ਮਾਰਦਾ ਅਤੇ ਦੰਦ ਕਰੀਚਦਾ ਹੈ, ਕਦੇ ਦੰਦਣ ਭੀ ਪੈ ਜਾਂਦੀ ਹੈ. ਮੂਹੋਂ ਝੱਗ ਆਉਂਦੀ ਹੈ, ਅੰਗ ਮੁੜ ਜਾਂਦੇ ਹਨ, ਸ਼ਰੀਰ ਦਾ ਰੰਗ ਬਦਲ ਜਾਂਦਾ ਹੈ, ਦਿਲ ਬਹੁਤ ਧੜਕਣ ਲਗਦਾ ਹੈ. ਕਈ ਵਾਰ ਮਲ ਮੂਤ੍ਰ ਭੀ ਨਿਕਲ ਜਾਂਦਾ ਹੈ.

ਜੇ ਵਾਤ (ਬਾਇ) ਦੀ ਅਧਿਕਤਾ ਹੋਵੇ ਤਾਂ ਮਿਰਗੀ ਦਾ ਦੌਰਾ ੧੨. ਦਿਨ ਪਿੱਛੋਂ, ਪਿੱਤ ਵਧੇਰੇ ਹੋਵੇ ਤਦ ੧੫. ਦਿਨ ਪਿੱਛੋਂ ਕਫ ਬਹੁਤ ਹੋਣ ਤੋਂ ਮਹੀਨੇ ਪਿੱਛੋਂ, ਜੇ ਤਿੰਨੇ ਦੋਸ਼ ਮਿਲੇ ਹੋਣ ਤਾਂ ਨਿੱਤ ਜਾਂ ਪੰਜ ਸੱਤ ਦਿਨਾਂ ਪਿੱਛੋਂ ਹੁੰਦਾ ਹੈ, ਰੋਗ ਦੇ ਨਵੇਂ ਪੁਰਾਣੇ ਹੋਣ ਅਤੇ ਰੋਗੀ ਦੇ ਸ਼ਰੀਰ ਦੇ ਬਲ ਅਨੁਸਾਰ ਦੌਰੇ ਦਾ ਸਮਾਂ ਥੋੜਾ ਅਥਵਾ ਬਹੁਤਾ ਹੋਇਆ ਕਰਦਾ ਹੈ.

ਦੌਰੇ ਦੇ ਵੇਲੇ ਛਿੱਕਾਂ ਦੀ ਨਸਵਾਰ ਦੇਣੀ, ਹਿੰਗ ਸੁੰਘਾਉਣੀ, ਅੱਕ ਦੇ ਦੁੱਧ ਵਿੱਚ ਤਿੰਨ ਵਾਰੀ ਤਰ ਕਰਕੇ ਸੁਕਾਏ ਹੋਏ ਚਾਉਲਾਂ ਨੂੰ ਬਾਰੀਕ ਪੀਹਕੇ ਨਸਵਾਰ ਦੇਣੀ, ਤੁਲਸੀ ਦੇ ਪੱਤਿਆਂ ਦਾ ਰਸ ਨਾਸਾਂ ਵਿੱਚ ਟਪਕਾਉਣਾ, ਰੀਠਾ ਅਤੇ ਅਕਰਕਰਾ ਪਾਣੀ ਵਿੱਚ ਘਸਾਕੇ ਨਸਵਾਰ ਦੇਣੀ ਲਾਭਦਾਇਕ ਹੈ. ਖਟਮਲ (ਕਟੂਏ) ਦਾ ਲਹੂ ਨੱਕ ਵਿੱਚ ਟਪਕਾਉਣਾ ਭੀ ਗੁਣਕਾਰੀ ਹੈ. ਗਸ਼ ਦੀ ਹਾਲਤ ਵਿੱਚ ਰੋਗੀ ਦੇ ਮੂੰਹ ਵਿੱਚ ਕਾਗ (cork) ਰੱਖ ਦੇਣਾ ਚਾਹੀਏ, ਜਿਸ ਤੋਂ ਜੀਭ ਨਾ ਟੁੱਕੀ ਜਾਵੇ, ਮਿਰਗੀ ਪੱਚੀ ਵਰ੍ਹਿਆਂ ਦੀ ਉਮਰ ਤੀਕ ਦੇ ਰੋਗੀ ਦੀ ਇਲਾਜ ਕੀਤਿਆਂ ਬਹੁਤ ਛੇਤੀ ਹਟ ਜਾਂਦੀ ਹੈ, ਪਰ ਇਸ ਤੋਂ ਵੱਧ ਉਮਰ ਵਾਲੇ ਦੀ ਘੱਟ ਦੂਰ ਹੁੰਦੀ ਹੈ. ਇਸ ਰੋਗ ਲਈ ਹੇਠ ਲਿਖੇ ਉੱਤਮ ਇਲਾਜ ਹਨ-

(ੳ) ਵਰਚ ਪੀਹਕੇ ਸ਼ਹਦ ਵਿੱਚ ਮਿਲਾਕੇ ਰੋਜ਼ ਚਟਾਉਣੀ.

(ਅ) ਗੋਰੋਚਨ ਜਾਂ ਦਰਿਆਈ ਨਾਰੀਅਲ ਜਲ ਵਿੱਚ ਘਸਾਕੇ ਰੋਜ਼ ਪਿਆਉਣਾ.

(ੲ) ਮਘਪਿੱਪਲਾਂ ਚਾਲੀ ਦਿਨ ਹਾਥੀ ਦੇ ਮੂਤ੍ਰ ਵਿੱਚ ਭਿਉਂਕੇ ਰੱਖਣੀਆਂ, ਮੂਤ੍ਰ ਰੋਜ਼ ਨਵਾਂ ਬਦਲਦੇ ਰਹਿਣਾ, ਫੇਰ ਇਨ੍ਹਾਂ ਨੂੰ ਸੁਕਾਕੇ ਇੱਕ ਮਘਪਿੱਪਲ ਪੀਹਕੇ ਸ਼ਹਦ ਵਿੱਚ ਮਿਲਾਕੇ ਰੋਜ਼ ਚਟਾਉਣੀ.

(ਸ) ਬ੍ਰਹਮੀ ਬੂਟੀ ਦਾ ਰਸ ਸ਼ਹਦ ਵਿੱਚ ਮਿਲਾਕੇ ਚਟਾਉਣਾ.

(ਹ) ਅਕਰਕਰੇ ਵਿੱਚ ਚਾਰ ਗੁਣਾਂ ਸ਼ਹਦ ਮਿਲਾ ਕੇ ਛੀ ਮਾਸ਼ੇ ਰੋਜ਼ ਖਵਾਉਣਾ.

(ਕ) ਸੁਹਾਂਜਣੇ ਦੀਆਂ ਕੂਮਲਾਂ ਜਲ ਵਿੱਚ ਪੀਹਕੇ ਪੀਣੀਆਂ ਅਤੇ ਨਸਵਾਰ ਲੈਣੀ.

(ਖ) ਰੋਗਨ ਬਨਫ਼ਸ਼ਾ ਅਤੇ ਰੋਗ਼ਨ ਸੋਸਨ ਦੀ ਸਿਰ ਤੇ ਮਾਲਿਸ਼ ਕਰਨੀ ਅਤੇ ਪੈਰ ਦੀਆਂ ਪਾਤਲੀਆਂ ਨੂੰ ਅੱਕ ਦਾ ਦੁੱਧ ਮਲਣਾ.

(ਗ) ਪੋਟਾਸੀਅਮ ਬ੍ਰੋਮਾਈਡ(potassium bromide) ੫. ਤੋਂ ੪੦ ਗ੍ਰੇਨ[997] ਤਕ ਰੋਜ਼ ਖਵਾਉਣਾ.

(ਘ) ਬ੍ਰਾਹਮੀ ਘ੍ਰਿਤ ਖਵਾਉਣਾ.[998]

ਮਿਰਗੀ ਵਾਲੇ ਨੂੰ ਹੇਠ ਲਿਖੇ ਕੁਪੱਥ ਨਹੀਂ ਕਰਨੇ ਚਾਹੀਏ-

ਮਾਸ, ਖਟਿਆਈ, ਕੱਚਾ ਮਿੱਠਾ, ਮਿਰਚਾਂ ਖਾਣੀਆਂ, ਸ਼ਰਾਬ ਪੀਣੀ, ਮੈਥੁਨ, ਕ੍ਰੋਧ, ਚਿੰਤਾ, ਸ਼ੋਕ ਕਰਨਾ, ਬਹੁਤ ਖਾਣਾ ਅਰ ਸੌਣਾ, ਭੈਦਾਇਕ ਉੱਤੇ ਨੀਵੇ ਥਾਵਾਂ ਉੱਤੇ ਚੜ੍ਹਨਾ ਉਤਰਨਾ, ਸੂਰਜ ਵੱਲ ਤੱਕਣਾ, ਹਨੇਰੀ ਥਾਂ ਅਤੇ ਵਰਖਾ ਵਿੱਚ ਰਹਿਣਾ,

---

[997] ਇਕ ਗ੍ਰੇਨ (grain) ਅੱਧੀ ਰੱਤੀ ਬਰਾਬਰ ਹੈ.

[998] ਬ੍ਰਾਹਮੀ ਘ੍ਰਿਤ ਬਾਬਤ ਦੇਖੋ, ਸਿਰੜ.

ਘੁੰਮਦੀਆਂ ਚੀਜਾਂ ਅਰ ਨਦੀ ਦੇ ਵਹਿੰਦੇ ਪਾਣੀ ਵੱਲ ਤੱਕਣਾ.

ਇਸ ਰੋਗ ਵਾਲੇ ਨੂੰ ਸਾਦੀ ਖ਼ੁਰਾਕ ਖਾਣੀ ਚਾਹੀਏ. ਸਬਜ਼ੀਆਂ ਅਤੇ ਅੰਜੀਰ ਅੰਗੂਰ ਆਦਿ ਫਲਾਂ ਦਾ ਬਹੁਤਾ ਇਸਤਾਮਾਲ ਕਰਨਾ ਲੋੜੀਏ. ਚਾਉਲ, ਦਲੀਆ, ਦੁੱਧ, ਘਿਉ, ਬਦਾਮਰੋਗਨ, ਗੁਲਕੰਦ, ਪੋਦੀਨੇ ਦੀ ਚਟਣੀ ਦਾ ਖਾਣਾ, ਸ਼ੁੱਧ ਪੌਣ ਵਿੱਚ ਫਿਰਨਾ ਅਤੇ ਪ੍ਰਸੰਨ ਰਹਿਣਾ ਗੁਣਕਾਰੀ ਹੈ. ਰੋਗੀ ਨੂੰ ਇਸ ਗੱਲ ਦਾ ਖ਼ਾਸ ਖਿਆਲ ਰੱਖਣਾ ਲੋੜੀਏ ਕਿ ਕਦੇ ਕਬਜ਼ ਨਾ ਹੋਣੀ ਪਾਵੇ. "ਮਿਰਗੀ ਰੋਗ ਹੁਤੋ ਤਿਸ ਭਾਰੀ." (ਗੁਪ੍ਰਸੂ)

ਮਿਰਗੁ: ਦੇਖੋ, ਮਿਰਗ.

ਮਿਰਚ: ਮਰਿਚ. ਦੇਖੋ, ਮਰਚ। ੨. ਲਾਲ ਮਿਰਚ ਨੂੰ ਭੀ ਇਹ ਨਾਮ ਦਿੱਤਾ ਜਾਂਦਾ ਹੈ.

ਮਿਰਜਾ: ਫ਼ਾ. مرزا ਸੰਗਯਾ- ਅਮੀਰਜ਼ਾਦਹ ਦਾ ਸੰਖੇਪ. ਅਮੀਰ ਦਾ ਪੁਤ੍ਰ। ੨. ਸਾਹਿਬਾਂ ਦਾ ਪ੍ਰੇਮੀ. "ਰਾਵੀ ਨਦ ਊਪਰ ਵਸੈ ਨਾਰਿ ਸਾਹਿਬਾਂ ਨਾਮ। ਮਿਰਜਾ ਕੇ ਸੰਗ ਦੋਸਤੀ ਕਰਤ ਆਠ ਹੂੰ ਜਾਮ." (ਚਰਿਤ੍ਰ ੧੨੯)

ਦਾਨਾਬਾਦ ਦੇ ਵਸਨੀਕ ਖਰਲ ਜਾਤਿ ਦੇ ਮੁਸਲਮਾਨ ਬਿੰਝਲ ਦਾ ਪੁਤ੍ਰ, ਜਿਸ ਦੇ ਨਾਨਕੇ ਝੰਗ ਸਨ. ਮਿਰਜਾ ਨਾਨਕਿਆਂ ਵਿੱਚ ਹੀ ਪਲਿਆ ਅਤੇ ਮਕਤਬ ਵਿੱਚ ਪੜ੍ਹਦਾ ਰਿਹਾ. ਝੰਗ ਵਿੱਚ ਹੀ ਸਿਆਲ ਜਾਤਿ ਦੇ ਖੀਵੇਖ਼ਾਨ ਦੀ ਪੁਤ੍ਰੀ ਸਾਹਿਬਾਂ ਸੁੰਦਰ ਕੰਨਜਾ ਸੀ, ਜਿਸ ਨਾਲ ਮਿਰਜ਼ੇ ਦਾ ਪ੍ਰੇਮ ਹੋਗਿਆ. ਜਦ ਘਰ ਦੇ ਲੋਕਾਂ ਨੂੰ ਪ੍ਰੇਮ ਦਾ ਹਾਲ ਮਲੂਮ ਹੋਇਆ, ਤਦ ਉਨ੍ਹਾਂ ਨੇ ਚੰਧੜ ਜਾਤਿ ਦੇ ਤਾਹਰ ਨਾਮਕ ਨੌਜਵਾਨ ਨੂੰ ਸਾਹਿਬਾਂ ਮੰਗ ਦਿੱਤੀ, ਅਤੇ ਸ਼ਾਦੀ ਦਾ ਦਿਨ ਪੱਕਾ ਕਰ ਦਿੱਤਾ. ਇਸ ਵੇਲੇ ਮਿਰਜਾ ਆਪਣੇ ਬਾਪ ਦੇ ਘਰ ਗਿਆ ਹੋਇਆ ਸੀ, ਸਾਹਿਬਾਂ ਨੇ ਉਸ ਪਾਸ ਖਬਰ ਭੇਜੀ ਕਿ ਮੇਰੀ ਸ਼ਾਦੀ ਹੋਣ ਵਾਲੀ ਹੈ ਤੂੰ ਆਕੇ ਮੈਨੂੰ ਤੁਰੰਤ ਲੈਜਾ. ਮਿਰਜੇ ਪਾਸ ਇੱਕ ਚਾਲਾਕ ਘੋੜੀ "ਬੱਕੀ" ਸੀ, ਉਸ ਤੇ ਅਸਵਾਰ ਹੋਕੇ ਬਿਨਾ ਢਿੱਲ ਝੰਗ ਪੁੱਜਾ, ਅਤੇ ਸਾਹਿਬਾਂ ਨੂੰ ਆਪਣੇ ਪਿੱਛੇ ਚੜ੍ਹਾਕੇ ਚਲਾ ਗਿਆ. ਜਦ ਘਰਦਿਆਂ ਨੂੰ ਖਬਰ ਹੋਈ ਤਾਂ ਖੋਜ ਲੈ ਕੇ ਪਿੱਛਾ ਕੀਤਾ ਅਰ ਮਿਰਜੇ ਨੂੰ ਸੁੱਤੇ ਪਏ ਜਾ ਫੜਿਆ ਅਰ ਵਡੀ ਬੇਰਹਿਮੀ ਨਾਲ ਕਤਲ ਕਰ ਦਿੱਤਾ. ਮਿਰਜੇ ਨੂੰ ਮੋਇਆ ਵੇਖਕੇ ਸਾਹਿਬਾਂ ਨੇ ਆਪਣੇ ਭਾਈ ਦੀ ਕਟਾਰੀ ਲੈਕੇ ਦਿੱਲ ਵਿੱਚ ਮਾਰੀ ਅਤੇ ਉੱਥੇ ਹੀ ਪ੍ਰਾਣ ਦੇ ਦਿੱਤੇ.

"ਕਮਰ ਭ੍ਰਾਤ ਕੀ ਤੁਰਤ ਹੀ ਜਮਧਰ ਲਈ ਨਿਕਾਰ,

ਕਰਜੋ ਪਯਾਨੋ ਮੀਤ ਪਹਿ ਉਦਰ ਕਟਾਰੀ ਮਾਰ."

(ਚਰਿਤ੍ਰ ੧੨੯)

੩. ਮੁਗਲ ਬਾਦਸ਼ਾਹਾਂ ਵੇਲੇ ਦੀ ਇੱਕ ਪਦਵੀ, ਜੋ ਮੁਸਲਮਾਨਾਂ ਤੋਂ ਛੁੱਟ ਹਿੰਦੂਆਂ ਨੂੰ ਭੀ ਮਿਲਦੀ ਸੀ, ਜਿਵੇਂ- ਮਿਰਜ਼ਾ ਜਯਸਿੰਘ ਆਦਿ.

ਮਿਰਜਾਪੁਰ: ਯੂ. ਪੀ. ਵਿੱਚ ਇੱਕ ਨਗਰ, ਜੋ ਜਿਲੇ ਦਾ ਪ੍ਰਧਾਨ ਸ਼ਹਰ ਹੈ. ਇਹ ਗੰਗਾ ਦੇ ਸੱਜੇ ਕਿਨਾਰੇ ਆਬਾਦ ਹੈ. ਈਸਟ ਇੰਡੀਅਨ ਰੇਲਵੇ ਦਾ ਸਟੇਸ਼ਨ ਹੈ. ਕਲਕੱਤੇ ਤੋਂ ੫੦੯ ਅਤੇ ਬੰਬਈ ਤੋਂ ੯੯੧ ਮੀਲ ਹੈ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਇੱਥੇ ਵਿਰਾਜੇ ਹਨ. "ਪਹੁਚਤਭੇ ਮਿਰਜਾਪੁਰ ਤਬ ਹੀ" (ਗੁਪ੍ਰਸੂ) ਗੁਰਦ੍ਵਾਰਾ ਗਊਘਾਟ ਪਾਸ ਸੁੰਦਰ ਬਣਿਆ ਹੋਇਆ ਹੈ. ਸਹਜਧਾਰੀ ਖਤ੍ਰੀ ਪ੍ਰੇਮੀ ਸੇਵਕ ਹਨ. ਨਿਰਮਲੇ ਸਿੰਘ ਪੁਜਾਰੀ ਹਨ। ੨. ਦੇਖੋ, ਕਾਸੀ ਸਬਦ ਵਿੱਚ ਛੋਟਾ ਮਿਰਜਾਪੁਰ.

ਮਿਰਜਾਬੇਗ: ਸ਼ਾਹਜਹਾਂ ਦੀ ਫੌਜ ਦਾ ਸਰਦਾਰ, ਜੋ ਮੁਖ਼ਲਿਸਖ਼ਾਨ ਨਾਲ ਮਿਲਕੇ ਅਮ੍ਰਿਤਸਰ ਦੇ ਜੰਗ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਲੜਿਆ।

੨. ਬਾਦਸ਼ਾਹ ਔਰੰਗਜ਼ੇਬ ਦਾ ਭੇਜਿਆ ਇੱਕ ਅਹਦੀ, ਜਿਸ ਨੇ ਪਹਾੜੀ ਰਾਜਿਆਂ ਤੋਂ ਕਰ (ਟੈਕਸ) ਵਸੂਲ ਕੀਤਾ ਅਤੇ ਕਈ ਮਨਮੁਖ ਮਸੰਦਾਂ ਨੂੰ ਭੀ ਸਜ਼ਾ ਦੇਕੇ ਧਨ ਲੁੱਟਿਆ. "ਮਿਰਜਾਬੇਗ ਹੁਤੋ ਤਿਹ ਨਾਮੰ। ਜਿਨ ਢਾਹੇ ਵਿਮੁਖਨ ਕੇ ਧਾਮੰ ॥" (ਵਿਚਿਤ੍ਰ ਅਃ ੧੩) ਇਹ ਘਟਨਾ ਸਨ ੧੭੦੧ ਦੀ ਹੈ.

ਮਿਰਤ: ਸੰਗਯਾ- ਮਤੰਜਲੋਕ. ਮਰਣ ਵਾਲੇ ਲੋਕਾਂ ਦਾ ਦੇਸ਼. ਪ੍ਰਿਥਿਵੀ ਮੰਡਲ. "ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ ਪਇਆਲ ਪਵਿਤ੍ਰ ਅਲੋਗਨੀ." (ਰਾਮ ਮਃ ੫) ੨. ਮਾਰੁਤ ਮੰਡਲ. ਹਵਾਭਰਿਆ ਗਗਨ (ਆਕਾਸ਼) ਮੰਡਲ. "ਸੁਰਗ ਮਿਰਤ ਪਇਆਲ ਭੂਮੰਡਲ ਸਗਲ ਬਿਆਪੇ ਮਾਇ." (ਧਨਾ ਮਃ ੫) ੩. ਸੰ. ਮ੍ਰਿਤ (मृत्) ਵਿ- ਮੁਰਦਾ. "ਏ ਮਨ ਮਿਰਤ !" (ਗੂਜ ਅਃ ਮਃ ੧) ੪. ਸੰਗ੍ਯਾ- ਮੰਗਣ ਦੀ ਕ੍ਰਿਯਾ. ਯਾਚਨਾ.

ਮਿਰਤਕ, ਮਿਰਤਕੁ: ਸੰ. मृतक- ਮ੍ਰਿਤਕ. ਸੰਗ੍ਯਾ- ਪ੍ਰਾਣ ਰਹਿਤ ਦੇਹ. ਸ਼ਵ. ਲੋਥ. "ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ." (ਬਾਵਨ) "ਮਨ ਮਿਰਤਕ ਕੀ ਪਾਏ ਗੰਠ." (ਰਤਨਮਾਲਾ ਬੰਨੋ) ਮੁਰਦੇ ਮਨ ਦਾ ਜੋੜ ਚੇਤਨ ਕਰਤਾਰ ਨਾਲ ਪਾਵੇ, ਜਿਸ ਤੋਂ ਚੇਤਨ ਦਸ਼ਾ ਵਿੱਚ ਆਵੇ। ੨. ਮੌਤ. ਮ੍ਰਿਤ੍ਯੁ. "ਮਿਰਤਕ ਫਾਸੁ ਗਲੈ ਸਿਰਿ ਪੈਰੇ." (ਬਿਲਾ ਮਃ ੫)

ਮਿਰਤਕਪਿੰਡ: ਮ੍ਰਿਤਿੱਕਾ ਪਿੰਡ. ਮਿੱਟੀ ਦਾ ਪਿੰਨਾ। ੨. ਭਾਵ- ਦੇਹ. ਸ਼ਰੀਰ। ੩. ਦੇਖੋ, ਮਾਰਤੰਡ.

ਮਿਰਤਕਪਿੰਡਿ: ਮਿੱਟੀ ਦੇ ਪਿੰਨੇ (ਸ਼ਰੀਰ) ਵਿੱਚ. "ਮਿਰਤਕਪਿੰਡਿ ਪਦ ਮਦ ਨਾ." (ਸ੍ਰੀ ਬੇਣੀ) ਦੇਹ ਵਿੱਚ ਤੈਨੂੰ ਆਪਣੀ ਪਦਵੀ ਦਾ ਮਾਨ ਨਹੀਂ ਸੀ.

ਮਿਰਤਕਫਾਸ: ਮ੍ਰਿਤ੍ਯੁ (ਮੌਤ) ਦੀ ਫਾਹੀ. ਦੇਖੋ, ਮਿਰਤਕ ੨.

ਮਿਰਤਕੜਾ: ਮੋਇਆ ਹੋਇਆ. ਮ੍ਰਿਤਕ. ਮੁਰਦਾ.

ਮਿਰਤਕੁ: ਦੇਖੋ, ਮਿਰਤਕ.

ਮਿਰਤਕੁ ਮੜਾ: ਮ੍ਰਿਤਕਮਠ. ਕ਼ਬਰ ਅਥਵਾ ਮੜ੍ਹੀ. "ਇਹੁ ਮਿਰਤਕੁ ਮੜਾ ਸਰੀਰ ਹੈ ਜਿਤੁ ਰਾਮ ਨਾਮ ਨਹੀ ਵਸਿਆ." (ਬਸੰ ਅਃ ਮਃ ੪)

ਮਿਰਤਲੋਕ: ਮਤੰਜਲੋਕ. ਮਰਨ ਵਾਲਿਆਂ ਮਨੁੱਖਾਂ ਦਾ ਦੇਸ਼. "ਮਿਰਤਲੋਕ ਪਇਆਲ." (ਮਾਰੂ ਸੋਲਹੇ ਮਃ ੫)

ਮਿਰਤੁ: ਸੰਗ੍ਯਾ- ਮ੍ਰਿਤ੍ਯੁ. ਮੌਤ. "ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ." (ਬਿਲਾ ਮਃ ੫)

ਮਿਰਯਾਦ: ਦੇਖੋ, ਮਰਯਾਦ.

ਮਿਰੜ: ਸ਼ਿਵ. ਮਹਾਦੇਵ. ਦੇਖੋ, ਮ੍ਰਿੜ.

ਮਿਰੜਾਇਕੈ: ਮ੍ਰਿੜ (ਸ਼ਿਵ) ਦੇ ਦੇਖੋ, ਜਰਵਾਣਾ ੪.

ਮਿਰਾਸੀ: ਦੇਖੋ, ਮੀਰਾਸੀ.

ਮਿਰਿਆ: ਮ੍ਰਿਗਾਂ ਨੂੰ. "ਸਕਤਾ ਸੀਹੁ ਮਾਰੇ ਸੈ ਮਿਰਿਆ." (ਮਃ ੧. ਵਾਰ ਮਲਾ) ਬਲਵਾਨ ਸ਼ੇਰ ਮਾਰਦਾ ਹੈ ਸੈਂਕੜੇ ਮ੍ਰਿਗਾਂ ਨੂੰ.

ਮਿਰੀ: ਮਿਸਰੀ ਦਾ ਸੰਖੇਪ। ੨. ਮੇਰੀ ਦਾ ਸੰਖੇਪ। ੩. ਦੇਖੋ, ਮ੍ਰਿ.

ਮਿਰੀਆ: ਮਿਲਿਆ. "ਨਾਨਕ ਗੁਰੁ ਮਿਰੀਆ." (ਸੂਹੀ ਪੜਤਾਲ ਮਃ ੫) ੨. ਮਿਲ ਗਈ. "ਪ੍ਰਿਅ ਸੰਗਿ ਮਿਰੀਆ." (ਗਉ ਮਃ ੫)

ਮਿਰੰਮ: ਦੇਖੋ, ਮਰਮ. "ਲਾਗੀ ਚੋਟ ਮਿਰੰਮ ਕੀ ਰਹਿਓ ਕਬੀਰਾ ਠਉਰੁ." (ਸ. ਕਬੀਰ)[999]

ਮਿਲ: ਸੰ. मिल्. ਧਾ- ਜੁੜਨਾ, ਮਿਲਣਾ, ਸੰਯੁਕ੍ਤ ਹੋਣਾ.

---

[999] ਦੇਖੋ, ਮਰੰਮ ਦਾ ਫੁਟਨੋਟ.

ਮਿਲਈਆ: ਵਿ- ਮਿਲਾਉਣ ਵਾਲਾ. "ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ." (ਬਿਲਾ ਅਃ ਮਃ ੪) ੨. ਮਿਲ ਗਈਆ. "ਜੋਤੀ ਜੋਤਿ ਮਿਲਈਆ." (ਬਿਲਾ ਅਃ ਮਃ ੪)

ਮਿਲਸੀ: ਮਿਲੇਗਾ.

ਮਿਲਕ, ਮਿਲਖ: ਅ਼. ملک ਸੰਗਯਾ- ਮਾਲਿਕ ਹੋਣ ਦਾ ਭਾਵ। ੨. ਬਾਦਸ਼ਾਹ। ੩. ਸੰਪਦਾ. ਵਿਭੂਤੀ। ੪. ਜਾਗੀਰ. "ਰਾਜ ਮਿਲਕ ਸਿਕਦਾਰੀਆ." (ਸ੍ਰੀ ਅਃ ਮਃ ੫) "ਜਿਹ ਪ੍ਰਸਾਦਿ ਬਾਗ ਮਿਲਖ ਧਨਾ." (ਸੁਖਮਨੀ)

ਮਿਲਖਵੰਤ: ਵਿ- ਮਾਲਕ (ਸੰਪਦਾ) ਵਾਲਾ. "ਮਿਲਖਵੰਤ ਦਸਹਿ ਮਨ ਮੇਰੇ ! ਸਭਿ ਬਿਨਸ ਜਾਹਿ." (ਗੌਂਡ ਮਃ ੪)

ਮਿਲਗਿਲ: ਇਕੱਠੇ ਹੋਕੇ. ਜੁੜਕੇ. "ਸਭ ਹੂ ਮਿਲ ਗਿਲ ਕੀਓ ਉਛਾਹਾ." (ਰਾਮਾਵ)

ਮਿਲਛੇ: ਮਿਲੇ ਹਨ. "ਹਰਿ ਧਾਰਿ ਕ੍ਰਿਪਾ ਪ੍ਰਭੁ ਮਿਲਛੇ." (ਬਸੰ ਮਃ ੪)

ਮਿਲਣਾ: ਦੇਖੋ, ਮਿਲਨ.

ਮਿਲਤ: ਮਿਲਦਾ. "ਮਿਲਤ ਪਿਆਰੋ ਪ੍ਰਾਨਨਾਥੁ ਕਵਨ ਭਗਤਿ ਤੇ?" (ਮਲਾ ਰਵਿਦਾਸ) ੨. ਦੇਖੋ, ਮਿਲਿਤ ਅਤੇ ਮਿੱਲਤ.

ਮਿਲਥੇ: ਮਿਲੇ ਹੋਏ. ਮਿਲਿਤ. "ਕੋਈ ਮੇਰੇ ਪ੍ਰਭੁ ਮਿਲਥੇ." (ਕਲਿ ਮਃ ੪) ਕਰਤਾਰ ਨਾਲ ਮਿਲੇ ਪੁਰਖ ਨਾਲ ਕੋਈ ਮੇਲੇ.

ਮਿਲਦੋ: ਮਿਲਨਸਾਰ. ਮਿਲਦੇ ਹੀ. "ਸਤਿਗੁਰ ਕਉ ਮਿਲਦੋ ਮਰੈ, ਗੁਰ ਕੈ ਸਬਦਿ ਫਿਰਿ ਜੀਵੈ." (ਵਡ ਮਃ ੩) ੨. ਮਿਲਣ ਵਾਲਾ.

ਮਿਲਨ: ਸੰ. ਸੰਗਯਾ- ਮਿਲਾਪ. ਮੁਲਾਕਾਤ। ੨. ਇਕੱਠਾ ਹੋਣ ਦੀ ਕ੍ਰਿਯਾ. ਸੰਗਮ. ਦੇਖੋ, ਮਿਲ ਧਾ. "ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ। ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਈ." (ਮਃ ੨. ਵਾਰ ਸੂਹੀ) ਸ਼ਰੀਰ ਦ੍ਵਾਰਾ ਮਿਲਣ ਤੋਂ ਮਿਲਿਆ ਹੋਇਆ ਨਹੀਂ ਸਮਝਿਆ ਜਾਂਦਾ, ਜੇ ਦਿਲੋਂ ਮਿਲੇ, ਤਦ ਮਿਲਿਆ ਹੋਇਆ ਜਾਣੀਦਾ ਹੈ.

ਮਿਲਨੀ: ਸੰਗਯਾ- ਮਿਲਣ ਦੀ ਕ੍ਰਿਯਾ. ਮੁਲਾਕਾਤ। ੨. ਵਿਆਹ ਸਮੇਂ ਲਾੜੀ ਲਾੜੇ ਦੇ ਪਿਤਾ ਆਦਿ ਦੀ ਪਰਸਪਰ ਮੁਲਾਕਾਤ. ਇਹ ਕਈ ਥਾਂ ਵਿਆਹ ਤੋਂ ਪਹਿਲਾਂ ਅਤੇ ਅਨੇਕ ਥਾਂ ਵਿਆਹ ਪਿੱਛੋਂ ਹੋਇਆ ਕਰਦੀ ਹੈ. ਲਾੜੀ ਦਾ ਪਿਤਾ ਧਨ ਵਸਤ੍ਰ ਆਦਿ ਸਾਮਾਨ ਲੈਕੇ ਸਮਧੀ ਨੂੰ ਜੱਫੀ ਪਾਕੇ ਮਿਲਦਾ ਹੈ. ਹੁਣ ਇਹ ਰੀਤਿ ਘਟਾਉ ਤੇ ਹੈ.

ਮਿਲਬੋ: ਮਿਲਣਾ. ਦੇਖੋ, ਮਿਲਨ. "ਮਿਲਬੇ ਕੀ ਮਹਿਮਾ ਬਰਨ ਨ ਸਾਕਉ." (ਗੂਜ ਮਃ ੫)

ਮਿਲਾਉਣਾ: ਕ੍ਰਿ- ਮਿਲਾਪ ਕਰਾਉਣਾ। ੨. ਇੱਕ ਵਸ੍ਤੁ ਨਾਲ ਦੂਜੀ ਦਾ ਮੇਲ ਕਰਨਾ. ਰਲਾਉਣਾ। ੩. ਤੁਲਯਤਾ ਕਰਨੀ.

ਮਿਲਾਸਿ, ਮਿਲਾਸੀ: ਮਿਲੇਗਾ. ਮਿਲਸੀ. "ਜੋ ਤੁਧ ਜੰਤੁ ਮਿਲਾਸਿ." (ਕਾਨ ਮਃ ੫) "ਜਾਕਉ ਹੋਹਿ ਕ੍ਰਿਪਾਲ ਸੁ ਜਨ ਪ੍ਰਭ ਤੁਮਹਿ ਮਿਲਾਸੀ." (ਸਵੈਯੇ ਸ੍ਰੀ ਮੁਖਵਾਕ ਮਃ ੫)

ਮਿਲਾਤ: ਸੰ. ਮਿਲੰਤਿ. ਮਿਲਦੇ. "ਤੇ ਸਤਿਸੰਗਿ ਮਿਲਾਤ." (ਸਾਰ ਕਬੀਰ) ਮਿਲਦੇ ਹਨ.

ਮਿਲਾਪ: ਸੰਗਯਾ- ਮਿਲਨ. ਮੁਲਾਕਾਤ. ਮੇਲ. "ਸੰਗਤਿ ਮੀਤ ਮਿਲਾਪ." (ਧਨਾ ਮਃ ੧)

ਮਿਲਾਵੜਾ, ਮਿਲਾਵਾ: ਸੰਗਯਾ- ਮਿਲਨ. ਮੇਲ. ਭੇਂਟ. "ਸਹਜੇ ਹੋਇ ਮਿਲਾਵੜਾ." (ਸ੍ਰੀ ਅਃ ਮਃ ੧) ੨. ਵਿ- ਮਿਲਾਉਣ ਵਾਲਾ। ੩. ਮਿਲਾਪੜਾ.

ਮਿਲਿ: ਮਿਲਕੇ. ਮਿਲਾਪ ਕਰਕੇ. "ਮਿਲਿ ਸਤਿਗੁਰ ਨਿਸਤਾਰਾ." (ਮਾਰੂ ਮਃ ੫) "ਮਿਲਿ ਪਾਣੀ ਜਿਉ ਹਰੇ ਬੂਟ." (ਬਸੰ ਮਃ ੫)

ਮਿਲਿਐ: ਮਿਲਣ ਤੋਂ "ਸਤਿਗੁਰਿ ਮਿਲਿਐ ਸਚੁ ਪਾਇਆ." (ਵਾਰ ਆਸਾ)

ਮਿਲਿਗਿਲਿ: ਦੇਖੋ, ਮਿਲਗਿਲ.

ਮਿਲਿਤ: ਵਿ- ਮਿਲਿਆ ਹੋਇਆ। ੨. ਦੇਖੋ, ਮੀਲਿਤ.

ਮਿਲਿੰਦ: ਭੌਰਾ. ਭ੍ਰਮਰ. ਦੇਖੋ, ਮਲਿੰਦ ੨. ਅਤੇ ੩.

ਮਿਲੀਜੈ: ਮਿਲਨ ਕਰੀਜੈ. ਮਿਲੀਏ. "ਬੇਗਿ ਮਿਲੀਜੈ ਅਪਨੇ ਰਾਮ ਪਿਆਰੇ." (ਗਉ ਰਵਿਦਾਸ) ੨. ਮਿਲਣ ਯੋਗਜ ਨੂੰ. "ਹਮ ਕਿਉ ਕਰਿ ਮਿਲਹਿ ਮਿਲੀਜੈ." (ਕਲਿ ਅਃ ਮਃ ੪)

ਮਿਲੀਤਾ: ਮਿਲਿਤ. ਮਿਲਿਆ ਹੋਇਆ। ੨. ਮਿਲਾ ਦਿੱਤਾ. ਮਿਲਾਇਆ.

ਮਿਲੋਗਨੀ: ਮਿਲਿਤ- ਗਨੀ. "ਅੰਭੈ ਅੰਭ ਮਿਲੋਗਨੀ." (ਰਾਮਾ ਮਃ ੫)

ਮਿਲੌਨੀ: ਸੰਗਯਾ- ਮਿਲਾਪ. ਮਿਤ੍ਰਤਾ. ਮੇਲ. ਸੰਯੋਗ.

ਮਿਲੰਥਾ: ਮਿਲਿਤ ਹੋਇਆ. ਸ਼ਾਮਿਲ ਹੋਇਆ. ਨਾਲ ਜੁੜਿਆ. "ਹਮ ਅੰਧੁਲੇ ਕਉ ਗੁਰੁ ਅੰਚਲੁ ਦੀਜੈ, ਜਨ ਨਾਨਕ ਚਲਹ ਮਿਲੰਥਾ." (ਜੈਤ ਮਃ ੪)

ਮਿਲੰਦਾ: ਮਿਲਦਾ. ਮਿਲਾਪ ਕਰਦਾ। ੨. ਸਮਾਨਤਾ ਵਾਲਾ. ਮਿਲਦਾ ਜੁਲਦਾ.

ਮਿੱਲਤ: ਅ਼. ملّت ਸੰਗਯਾ- ਗਰੋਹ. ਸਮੁਦਾਯ। ੨. ਸਮਾਜ। ੩. ਕ਼ੌਮ। ੪. ਮਜਹਬੀ ਜਮਾਤ.

ਮਿਲ੍ਯੋ: ਮਿਲਿਆ. ਸ਼ਾਮਿਲ ਹੋਇਆ. "ਕੁਲ ਜਨ ਮਧੇ ਮਿਲ੍ਯੋ ਸਾਰਗਪਾਨ ਰੇ." (ਧਨਾ ਤ੍ਰਿਲੋਚਨ) ਜਿਸ ਦੀ ਕੁਲ ਦੇ ਲੋਕਾਂ ਵਿੱਚ ਵਿਸ਼ਨੁ ਨੇ ਜਨਮ ਧਾਰਿਆ.

ਮਿੜਾ, ਮਿੜਾਨੀ: ਸੰ. मृडा- मृडानी. ਮ੍ਰਿੜਾ- ਮ੍ਰਿੜਾਨੀ. ਮ੍ਰਿੜ (ਸ਼ਿਵ) ਦੀ ਇਸਤ੍ਰੀ. ਪਾਰਵਤੀ. ਦੁਰਗਾ. ਸ਼ਿਵਾ. "ਮਿੜਾ ਮਾਰਜਨੀ ਸੂਰਤਵੀ ਮੋਹ ਕਰਤਾ." (ਚੰਡੀ ੨) "ਕਹੂੰ ਮੰਗਲਾ ਮਿੜਾਨੀ." (ਅਕਾਲ)

ਮੀਆ, ਮੀਆਂ: ਸੰ. ਮੀਹਯਮਾਨ. ਵਿ- ਪੂਜਾ ਯੋਗਜ. ਸ਼੍ਰੇਸ਼੍ਠ। ੨. ਸੰਗਯਾ- ਸਰਦਾਰ. "ਤੂ ਸੁਲਤਾਨ ਕਹਾ ਹਉ ਮੀਆ, ਤੇਰੀ ਕਵਨ ਵਡਾਈ?" (ਬਿਲਾ ਮਃ ੧) ੩. ਪਤਿ. ਭਰਤਾ। ੪. ਪਿਤਾ। ੫. ਰਾਜਪੂਤਾਂ ਦੀ ਇੱਕ ਜਾਤਿ। ੬. ਪਹਾੜੀ ਰਾਜਿਆਂ ਦੇ ਰਾਜਕੁਮਾਰਾਂ ਦੀ ਉਪਾਧੀ (ਲਕ਼ਬ).

ਮੀਆਂਖਾਨ: ਔਰੰਗਜ਼ੇਬ ਦਾ ਅਹਿਲਕਾਰ, ਜੋ ਜੰਮੂ ਆਦਿਕ ਪਹਾੜੀ ਰਿਆਸਤਾਂ ਤੋਂ ਰਾਜਯਕਰ (ਟੈਕ੍ਸ) ਲੈਣ ਗਿਆ ਸੀ. "ਮੀਆਂਖਾਨ ਜੰਮੂ ਕਹਿ" ਆਯੋ." (ਵਿਚਿਤ੍ਰ ਅਃ ੯) ਦੇਖੋ, ਮੀਰਖਾਨ। ੨. ਸ਼ਾਹਜਹਾਂ ਦੇ ਵਜ਼ੀਰ ਨਵਾਬ ਸਾਦੁੱਲਾਖਾਨ ਦਾ ਪੁਤ੍ਰ, ਜੋ ਚਿਨੋਟ ਦਾ ਵਸਨੀਕ ਸੀ. ਇਸ ਦਾ ਮਕਬਰਾ ਲਹੌਰ ਵਿੱਚ ਪਿੰਡ ਭੋਗੀਵਾਲ ਦੇ ਪੱਛਮ ਹੈ.

ਮੀਆਂ ਬੀਬੀ: ਪਤਿ ਅਤੇ ਭਾਰਯਾ. ਖਸਮ ਅਤੇ ਵਹੁਟੀ. "ਕੂੜੁ ਮੀਆ ਕੂੜੁ ਬੀਬੀ." (ਵਾਰ ਆਸਾ)

ਮੀਆਂ ਮਿੱਠਾ: ਮਿਠਨਕੋਟ (ਡੇਰਾ ਗਾਜੀਖਾਂ ਦੇ ਇਲਾਕੇ) ਦਾ ਵਸਨੀਕ ਇੱਕ ਫ਼ਕੀਰ, ਜੋ ਸ੍ਰੀ ਗੁਰੂ ਨਾਨਕਦੇਵ ਜੀ ਦਾ ਸੇਵਕ ਹੋਇਆ. "ਤਬ ਮੀਆਂ ਮਿੱਠਾ ਦੀਦਾਰ ਦੇਖਣ ਆਇਆ." (ਜਸਾ)

ਮੀਆਂਮੀਰ: ਮੀਰਸ਼ਾਹ (ਸ਼ੇਖ਼ ਮੁਹੰਮਦ) ਜੋ ਕਰਨੀ ਵਾਲਾ ਦਰਵੇਸ਼ ਸੀ. ਇਹ ਸ਼੍ਰੀ ਗੁਰੂ ਅਰਜਨਦੇਵ ਜੀ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪਰਮ ਸਨੇਹੀ ਸੀ. "ਮੀਆਂਮੀਰ ਜੁ ਧੀਰ ਗੰਭੀਰ। ਸਨ ਕਰ ਉਚਰਤ ਵਚ ਗੁਰੁ ਤੀਰ ॥" (ਗੁਪ੍ਰਸੂ)

ਮੀਆਂਮੀਰ ਖ਼ਲੀਫ਼ਾ ਉਮਰ ਦੀ ਵੰਸ਼ ਵਿੱਚ ਹੋਇਆ ਹੈ. ਇਸ ਦਾ ਜਨਮ ਸੀਸਤਾਨ ਵਿੱਚ ਸਨ ੧੫੫੦ ਨੂੰ ਹੋਇਆ. ਇਸ ਨੇ

ਉਮਰ ਦਾ ਬਹੁਤ ਹਿੱਸਾ ਲਹੌਰ ਵਿਤਾਇਆ ਅਰ ਉਸੇ ਥਾਂ ੧੧. ਅਗਸ੍ਤ ਸਨ ੧੬੩੫ ਨੂੰ ਦੇਹਾਂਤ ਹੋਇਆ. ਕ਼ਬਰ ਹਾਸ਼ਿਮਪੁਰ (ਲਹੌਰ ਦੇ ਪਾਸ) ਹੈ. ਮੀਆਂਮੀਰ ਪ੍ਰਾਣਾਯਾਮ (ਹਬਸੇ ਦਮ) ਦਾ ਵਡਾ ਅਭ੍ਯਾਸੀ ਸੀ. ਇਸ ਦਾ ਪ੍ਰਸਿੱਧ ਚੇਲਾ ਮੁੱਲਾਸ਼ਾਹ (ਸ਼ਾਹ ਮੁਹੰਮਦ) ਸ਼ਾਹਜ਼ਾਦਾ ਦਾਰਾਸ਼ਿਕੋਹ ਦਾ ਪੀਰ ਸੀ.

ਮੀਂਏ ਕੇ ਮੌੜ: ਦੇਖੋ, ਫੇਰੂ ੩.

ਮੀਹ, ਮੀਂਹ: ਸੰਗ੍ਯਾ- ਵਰਖਾ. ਬਾਰਿਸ਼ (ਸੰ. ਮਿਹ੍. ਧਾ- ਗਿੱਲਾ ਕਰਨਾ, ਸਿੰਜਣਾ). ਦੇਖੋ, ਮੀਹਿ ਅਤੇ ਮੀਹੁ.

ਮੀਹਾਂਸਾਹਿਬ, ਮੀਹਾਂਸ਼ਾਹੀ: ਰਾਮਦੇਵ ਨਾਮਕ ਇੱਕ ਸ਼੍ਰੱਧਾਵਾਨ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਸਿੱਖ ਹੋਇਆ, ਜੋ ਲੰਗਰ ਦਾ ਜਲ ਭਰਨ ਅਤੇ ਛਿੜਕਾਉ ਦੀ ਸੇਵਾ ਕਰਦਾ ਸੀ. ਧਮਧਾਨ ਦੇ ਮਕਾਨ ਇਸ ਦੀ ਸੇਵਾ ਤੋਂ ਪ੍ਰਸੰਨ ਹੋਕੇ ਸਤਿਗੁਰੂ ਨੇ ਇਸ ਦਾ ਨਾਮ ਭਾਈ ਮੀਹਾਂ ਰੱਖਿਆ ਅਰ ਨਗਾਰਾ, ਨਸ਼ਾਨ ਤਥਾ ਲੰਗਰ ਚਲਾਉਣ ਲਈ ਲੋਹ ਬਖ਼ਸ਼ਕੇ ਮਹੰਤ ਥਾਪਿਆ. ਇਸ ਮਹਾਤਮਾ ਨੇ ਦਸ਼ਮੇਸ਼ ਦੀ ਭੀ ਸੇਵਾ ਕੀਤੀ ਹੈ, ਜਿਸ ਪੁਰ ਪ੍ਰਸੰਨ ਹੋਕੇ ਕਲਗੀਧਰ ਨੇ ਦਸਤਾਰ ਅਤੇ ਸ਼ਸਤ੍ਰ ਬਖ਼ਸ਼ਿਆ. ਇਸ ਦੀ ਸੰਪ੍ਰਦਾਯ ਦੇ ਉਦਾਸੀ ਸਾਧੂ ਮੀਹਾਂਸ਼ਾਹੀ ਅਰ ਮੀਹਾਂਦਾਸੀਏ ਕਹਾਂਉਂਦੇ ਹਨ.

ਭਾਈ ਮੀਹਾਂਸਾਹਿਬ ਦੇ ਬਾਵਾਮੱਲ, ਬਾਵਾ ਸਰਤਰਾਮ ਜੀ, ਬਾਵਾ ਮਜਨੂਸਾਹਿਬ, ਬਾਵਾ ਲਖ ਮੀਰ ਜੀ, ਬਾਵਾ ਭੋਲਾਦਾਸ ਜੀ ਅਤੇ ਬਾਵਾ ਰਾਮਦਾਸ ਜੀ ਆਦਿ ਕਰਨੀਵਾਲੇ ਚੇਲੇ ਹੋਏ. ਉਦਾਸੀਨਮਤ ਦੇ ਭੂਸ਼ਣ ਸਾਧੁਬੇਲੇ ਵਾਲੇ ਬਾਵਾ ਬਨਖੰਡੀ ਜੀ ਇਸੇ ਸੰਪ੍ਰਦਾਯ ਦੇ ਸਾਧੂ ਸਨ. ਪਟਿਆਲੇ ਵਿੱਚ ਬਾਵਾ ਮਗਨੀਰਾਮ ਜੀ ਦਾ, ਲਖਨਊ ਵਿੱਚ ਬਾਵਾ ਗੁਰੁਨਾਰਾਯਣ ਜੀ ਦਾ ਮਸ਼ਹੂਰ ਡੇਰਾ ਅਤੇ ਸਿੰਧ ਵਿੱਚ ਸਾਧੁਬੇਲਾ ਤੀਰਥ, ਮੀਹਾਂਸ਼ਾਹੀਆਂ ਦੇ ਪਵਿਤ੍ਰ ਅਸਥਾਨ ਹਨ.

ਮੀਹਾਹੁ: ਮੀਂਹ (ਵਰਖਾ) ਤੋਂ "ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ." (ਸ. ਫਰੀਦ)

ਮੀਹਾਂਦਾਸੀਏ: ਦੇਖੋ, ਮੀਹਾਂਸ਼ਾਹੀ.

ਮੀਹਿ: ਦੇਖੋ, ਮੀਹ। ੨. ਮੀਹ (ਵਰਖਾ) ਦੇ. "ਮੀਹਿ ਵੁਠੈ ××× ਜਲੁ ਜਾਇ ਪਵੈ ਵਿਚਿ ਸੁਰਸਰੀ." (ਮਃ ੪. ਵਾਰ ਬਿਲਾ) ਮੀਂਹ ਦੇ ਵਰ੍ਹਣ ਤੋਂ ਗੰਗਾ ਵਿੱਚ ਜਲ ਜਾ ਪੈਂਦਾ ਹੈ.

ਮੀਹੁ: ਦੇਖੋ, ਮੀਹ. "ਮੀਹੁ ਪਇਆ ਪਰਮੇਸਰਿ ਪਾਇਆ." (ਮਾਝ ਮਃ ੫)

ਮੀਕ: ਇੱਕ. ਏਕ. "ਗੁਰਬਚਨਿ ਧਿਆਇਓ ਘਰੀ ਮੀਕ." (ਪ੍ਰਭਾ ਮਃ ੪) ੨. ਵਿਕ੍ਰਯ. ਵੇਚਣ ਦੀ ਕ੍ਰਿਯਾ. "ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ." (ਬਿਲਾ ਕਬੀਰ) ਕਉਡੀ ਵਾਸਤੇ (ਬਦਲੇ) ਵੇਚਦਿੱਤਾ। ੩. ਮਿਲਾਪ. "ਜੋਤੀ ਜੋਤਿ ਮੀਕੇ." (ਬਿਲਾ ਛੰਤ ਮਃ ੫)

ਮੀਕਾਈਲ: ਦੇਖੋ, ਫਰਿਸਤਾ.

ਮੀਕਾ ਕਾਖਾ: ਇੱਕ ਕੱਖ ਦਾ. "ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕੁ ਮੀਕਾ ਕਾਖਾ." (ਜੈਤ ਮਃ ੪)

ਮੀਂਗਣ, ਮੀਙਣ: ਬਕਰੀ ਚੂਹੇ ਆਦਿ ਦੀ ਗੋਲੀ ਦੇ ਆਕਾਰ ਦੀ ਵਿਸ਼੍ਟਾ.

ਮੀਚ: ਸੰਗ੍ਯਾ- ਮ੍ਰਿਤ੍ਯੁ. ਮੌਤ. "ਮੀਚ ਹੁਟੈ ਜਮ ਤੇ ਛੁਟੈ." (ਗਉ ਥਿਤੀ ਮਃ ੫) "ਬੇਮੁਖ ਕਉ ਆਇ ਪਹੂਚੀ ਮੀਚ." (ਸਾਰ ਮਃ ੫) ੨. ਮੀਚਣਾ ਦਾ ਅਮਰ.

ਮੀਚਕਾ: ਦੇਖੋ, ਕਰੰਜੁਵਾ.

ਮੀਚਣਾ, ਮੀਚਨਾ: ਬੰਦ ਕਰਨਾ. ਸੰ. ਮੀਲਨ। ੨. ਅੱਖਾਂ ਬੰਦ ਕਰਨੀਆਂ.

ਮੀਜਨ: ਦੇਖੋ, ਮ੍ਰਿਜ ਧਾ. ਸੰਗ੍ਯਾ- ਮਦੰਨ. ਮਲਣਾ. ਮਸਲਣਾ. ਰਗੜਨਾ. "ਦਲ ਮੀਜਦਯੋ." (ਚੰਡੀ ੧) "ਤਬ ਪਛੁਤਾਇ ਮੀਜ

ਹੈ ਪਾਨਾ." (ਨਾਪ੍ਰ) ਹੱਥ ਮਲੇਗਾ.

ਮੀਜਾ: ਮਦੰਨ ਕੀਤਾ. ਦੇਖੋ, ਮੀਜਨ। ੨. ਮੀਜਾਨ ਦਾ ਸੰਖੇਪ. ਦੇਖੋ, ਮੀਜ਼ਾਨ.

ਮੀਜ਼ਾਨ: ਅ਼. ميزان ਸੰਗਯਾ- ਵਜ਼ਨ ਕਰਨ ਦਾ ਸੰਦ. ਤਕੜੀ. ਤਰਾਜ਼ੂ. ਤੁਲਾ। ੨. ਤੋਲ. ਵਜ਼ਨ। ੩. ਜੋੜ। ੪. ਤੁਲਾ ਰਾਸ਼ਿ.

ਮੀਝ: ਦੇਖੋ, ਮਿੰਜ. ਮੱਜਾ. "ਨਿਕਸੰਤ ਮੀਝ ਬਿਥਰੰਤ ਪਾਸ." (ਗੁਪ੍ਰਸੂ)

ਮੀਟਣਾ: ਕ੍ਰਿ- ਮੀਲਨ. ਬੰਦ ਕਰਨਾ. "ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ." (ਸੂਹੀ ਮਃ ੪) ੨. ਅੱਖਾਂ ਬੰਦ ਕਰਨ ਦੀ ਕ੍ਰਿਯਾ. ਦੇਖੋ, ਮੀਲਨ.

ਮੀਟਿ: ਮੀਟਕੇ. ਬੰਦ ਕਰਕੇ. "ਅਖੀ ਮੀਟਿ ਪਵਾਰਿ ਗਇਆ." (ਮਃ ੧. ਵਾਰ ਮਾਝ) ਦੇਖੋ, ਪਵਾਰਿ.

ਮੀਠ: ਮਿਸ਼੍ਟ. ਮਿੱਠਾ. ਪਿਆਰਾ. "ਮਨ ਮੀਠ ਤੁਹਾਰੋ ਕੀਓ." (ਨਵ ਮਃ ੫)

ਮੀਠਾ: ਮਿਸ਼੍ਟ. ਪ੍ਰਿਯ. "ਮੀਠਾ ਬੋਲੇ ਅੰਮ੍ਰਿਤਬਾਣੀ." (ਮਃ ੩. ਵਾਰ ਬਿਲਾ) ੨. ਮਿੱਠਾ ਨਿੰਬੂ. L. Citrus Limetta ਇਸ ਦਾ ਰਸ ਪਿੱਤ ਦੇ ਤਾਪ ਅਤੇ ਯਰਕਾਨ ਨੂੰ ਹਟਾਉਂਦਾ ਹੈ. "ਨਾਰੰਜੀ ਮੀਠਾ ਬਹੁ ਲਗੇ." (ਚਰਿਤ੍ਰ ੨੫੬)

ਮੀਠੀ: ਮਿੱਠੀ. ਪਜਾਰੀ. "ਮੀਠੀ ਆਗਿਆ ਪਿਰ ਕੀ ਲਾਗੀ." (ਆਸਾ ਮਃ ੫)

ਮੀਠੁਲਾ: ਮਿਠਾਸ ਵਾਲਾ.

ਮੀਂਡ: ਸੰਗਯਾ- ਮਰੋੜ. ਐਂਠ। ੨. ਖਿੱਚ. ਕਸਣ ਦੀ ਕ੍ਰਿਯਾ। ੩. ਵੀਣਾ ਮਧਯਮ ਆਦਿ ਸਾਜਾਂ ਦੀ ਤਾਰ ਨੂੰ ਖਿੱਚਣ ਦੀ ਕ੍ਰਿਯਾ, ਜਿਸ ਤੋਂ ਅਗਲੇ ਉੱਚ ਸੁਰ ਅਤੇ ਸੁਰਾਂ ਦੀਆਂ ਸ਼ੁਤੀਆਂ ਉਤਪੰਨ ਹੁੰਦੀਆਂ ਹਨ.

ਮੀਂਡਕ, ਮੀਂਡਕੋ: ਸੰ. ।मण्डूक- ਮੰਡੂਕ. ਸੰਗਯਾ- ਡੱਡੂ. ਭੇਕ. ਮੇਂਡਕ.

ਮੀਂਡਨਾ: ਕ੍ਰਿ- ਮਰੋੜਨਾ. ਐਂਠਣਾ। ੨. ਖਿੱਚਣਾ. ਕਸਣਾ। ੩. ਮਲਣਾ. ਮਸਲਣਾ. "ਹਾਥਨ ਕੋ ਮੀਂਡਤ ਰਹਿਜੈ ਹੈ." (ਗੁਪ੍ਰਸੂ) ੪. ਮੇਟਣਾ. ਹਟਾਉਣਾ. "ਮੀਂਡ ਮ੍ਰਯਾਦ ਕਰੀ ਵਿਪਰੀਤ." (ਗੁਪ੍ਰਸੂ)

ਮੀਢਾ: ਸੰ. ਮੇਢ੍ਰ. ਸੰਗਯਾ- ਛੱਤਰਾ. ਮੇਸ਼. ਮੇਢਾ। ੨. ਦੇਖੋ, ਮੇਢ੍ਰ.

ਮੀਢੀ: ਮੀਢੇ ਦੀ ਮਦੀਨ, ਭੇਡ। ੨. ਇਸਤ੍ਰੀਆਂ ਦੇ ਕੇਸ਼ਾਂ ਦੀ ਗੁੰਦੀ ਹੋਈ ਲਟ.

ਮੀਣਾ: ਵਿ- ਮਿਨ੍ਹਾਂ. ਕਪਟੀ. ਜੋ ਮਨ ਦੇ ਛਲ ਨੂੰ ਪ੍ਰਗਟ ਨਾ ਹੋਣ ਦੇਵੇ। ੨. ਭਾਈ ਗੁਰਦਾਸ ਦੀ ਦਿੱਤੀ ਹੋਈ ਪ੍ਰਿਥੀਚੰਦ ਜੀ ਨੂੰ ਉਪਾਧਿ, ਕਿਉਂਕਿ ਉਹ ਸਦਾ ਕਪਟਵਿਹਾਰ ਕਰਦੇ ਸਨ. ਦੇਖੋ, ਵਾਰ ੩੬. "ਸਤਿਗੁਰੁ ਸੱਚਾ ਪਾਤਸ਼ਾਹ, ਮੁਹ ਕਾਲੇ ਮੀਣਾ." (ਭਾਗੁ) ੩. ਪ੍ਰਿਥੀਚੰਦ ਜੀ ਦੀ ਵੰਸ਼ ਦਾ ਸੋਢੀ, ਜਿਸ ਨੇ ਅਮ੍ਰਿਤ ਨਹੀਂ ਛਕਿਆ. ਦੇਖੋ, ਪੰਜਮੇਲ।

੪. ਸੰਗਯਾ- ਉਹ ਬੈਲ, ਜਿਸ ਦੇ ਸਿੰਗ ਹੇਠਾਂ ਨੂੰ ਝੁਕੇ ਹੋਣ। ੫. ਇੱਕ ਚੋਰੀਪੇਸ਼ਾ ਜਾਤਿ, ਜੋ ਵਿਸ਼ੇਸ਼ ਕਰਕੇ ਰਾਜਪੂਤਾਨੇ ਵਿੱਚ ਹੈ. ਮੀਣਾ ਜਾਤਿ ਦਾ ਆਦਮੀ ਜੇ ਰਖਯਾ ਦਾ ਭਾਰ ਆਪਣੇ ਪੁਰ ਲੈ ਲਵੇ, ਤਦ ਕਦੇ ਚੋਰੀ ਨਹੀਂ ਹੋਣ ਦਿੰਦਾ.

ਮੀਤ, ਮੀਤੁ: ਸੰ. ਮਿਤ੍ਰ. ਦੋਸ੍ਤ. "ਮੀਤ੍ਰ ਹਮਾਰਾ ਵੇਪਰਵਾਹਾ." (ਗਉ ਮਃ ੫) "ਮੀਤ ਕੇ ਕਰਤਬ ਕੁਸਲ ਸਮਾਨ." (ਗਉ ਮਃ ੫) ਦੇਖੋ, ਮਿਤ੍ਰ.

ਮੀਤ ਜੋ ਕਹਾਇ, ਪਰੇ ਦੁਖ ਨ ਸਹਾਇ ਕਰੈ

ਜਾਨਿਯੈ ਨ ਮੀਤ ਤਾਂ ਕੋ ਪਾਤਕੀ ਸੋ ਭਾਰੀ ਹੈ,

ਨਿਜ ਦੁਖ ਮੇਰੁ ਕੈਸੋ ਜਾਨ ਹੈ ਤਿਨੁਕਾ ਤੁੱਲ

ਮਿਤ੍ਰ ਦੁਖ ਤਿਨ ਕਾ ਸੋ ਮੇਰੁ ਤੇ ਅਪਾਰੀ ਹੈ,

ਕੁਪਥ ਮਿਟਾਵੈ ਔਰ ਸੁਪਥ ਲਗਾਵੈ

ਅਵਗੁਨਨ ਦੁਰਾਵੈ ਪ੍ਰਗਟਾਵੈ ਗੁਨਕਾਰੀ ਹੈ,

ਲੇਤ ਦੇਤ ਸ਼ੰਕ ਨ ਬਿਪੱਤ ਮੈ ਸਨੇਹੀ ਚੌਨੋ

ਐਸੋ ਜੌ ਨ ਮੀਤ, ਤਾਂਕੇ ਸੀਸ ਛਾਰ ਡਾਰੀ ਹੈ.

ਮੁਖ ਪੈ ਮਧੁਰ ਅਰੁ ਪੀਠ ਪੈ ਨਿਠੁਰ ਬੋਲੈ

ਊਪਰ ਤੇ ਆਦਰ ਹਿਯੇ ਮੇ ਕੁਟਲਾਈ ਹੈ,

ਸਦਾ ਹੀ ਸੁਹਿਤ ਕੋ ਨ ਮਿਤ ਕੋ ਮਨਾਵੈ ਹਿਤ

ਦੀਖਤ ਸਨੇਹੀ ਰਹੈ ਦਾਵ ਕੋ ਤਕਾਈ ਹੈ,

ਲੋਭੀ ਔਰ ਲੰਪਟ ਕੁਹਠੀ ਬਾਕਚਲੀ ਛਲੀ

ਭਲੀ ਭਾਂਤਿ ਵਾਂਕੀ ਗਤਿ ਪਾਸ਼ ਕੀ ਸੀ ਗਾਈ ਹੈ,

ਮੂਢ ਹੋ ਨਰੇਸ, ਮੀਤ ਕੁਟਿਲ, ਛਨਾਰਿ ਨਾਰਿ

ਚੌਥੇ ਸਠ ਸੇਵਕ ਤੇ ਹੋਤ ਨ ਭਲਾਈ ਹੈ.

੨. ਕਰਤਾਰ. ਜਗਤਨਾਥ. "ਤੇ ਤੇ ਮੀਤ ਮਿਲਨ ਤੇ ਬਾਚੇ." (ਚੌਬੀਸਾਵ)

ਮੀਤ ਸਾਜਨ: ਮਿਤ੍ਰ- ਸੁਜਨ. ਦੋਸ੍ਤ ਅਤੇ ਨੇਕ ਆਦਮੀ. ਭਲਾਮਾਨਸ ਮਿਤ੍ਰ.

ਮੀਤਿ: ਮਿਤ੍ਰ ਨੇ. "ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ." (ਤਿਲੰ ਮਃ ੪)

ਮੀਤੁ: ਮਿਤ੍ਰ. "ਅਪਨਾ ਮੀਤੁ ਸੁਆਮੀ ਗਾਈਐ." (ਸਾਰ ਮਃ ੫) ਦੇਖੋ, ਮੀਤ.

ਮੀਤੁਲਾ: ਮਿਤ੍ਰਤਾ ਵਾਲਾ. "ਦਯੁ ਗੁਸਾਈ ਮੀਤੁਲਾ." (ਗਉ ਮਃ ੫)

ਮੀਨ: ਸੰ. ਸੰਗਯਾ- ਮੱਛ. ਮੱਛੀ. ਮਤਸਯ. ਮਤਸਯਾ. "ਜਿਉ ਮੀਨ ਜਲ ਸਿਉ ਹੇਤ." (ਬਿਲਾ ਅਃ ਮਃ ੫)

"ਤੁਮ ਜਲਨਿਧਿ, ਹਮ ਮੀਨ ਤੁਮਾਰੇ." (ਕਲਿ ਮਃ ੪) ੨. ਬਾਰਵੀਂ ਰਾਸ਼ਿ। ੩. ਮੱਛ ਅਵਤਾਰ। ੪. ਮਤਸਯੋਦਰੀ ਲਈ ਭੀ ਮੀਨ ਸ਼ਬਦ ਆਇਆ ਹੈ. "ਬ੍ਰਹਮ ਕਮਲਪੁਤੁ ਮੀਨ ਬਿਆਸਾ." (ਕਾਨ ਅਃ ਮਃ ੪) ਦੇਖੋ, ਮਤਸਯੋਦਰੀ.

ਮੀਨਸੁਤ: ਮਤਸਯੋਦਰੀ ਦਾ ਪੁਤ੍ਰ ਵ੍ਯਾਸਦੇਵ. ਦੇਖੋ, ਮੀਨ ੪। ੨. ਮਤ੍ਸਯੇਂਦ੍ਰਨਾਥ. ਦੇਖੋ, ਮਛੇਂਦ੍ਰਨਾਥ.

ਮੀਨਸੈ: ਮੱਛੀ ਹੈ. ਦੇਖੋ, ਸੈ ੩.

ਮੀਨਕੇਤਨ, ਮੀਨਕੇਤੁ: ਮਕਰ ਦਾ ਨਿਸ਼ਾਨ ਹੈ ਜਿਸ ਦੇ ਝੰਡੇ ਪੁਰ, ਕਾਮਦੇਵ. ਮਕਰਕੇਤੁ. ਮਨਮਥ. ਅਨੰਗ.

ਮੀਨਕੇਤੁ ਚਖ ਅਰਿ: ਕੇਤੁ (ਨਿਸ਼ਾਨ) ਪੁਰ ਲਾਈ ਮੱਛ ਦੀ ਅੱਖ ਦਾ ਵੈਰੀ, ਤੀਰ. (ਸਨਾਮਾ) ਅਰਜੁਨ ਨੇ ਦ੍ਰੌਪਦੀ ਵਿਆਹੁਣ ਸਮੇਂ ਮੱਛੀ ਦੀ ਅੱਖ ਤੀਰ ਨਾਲ ਵਿੰਨ੍ਹੀ ਸੀ.

ਮੀਨਕੇਤ੍ਵਾਯੁਧ: ਮੀਨਕੇਤੁ (ਕਾਮ) ਦਾ ਆਯੁਧ (ਸ਼ਸਤ੍ਰ), ਤੀਰ. (ਸਨਾਮਾ)

ਮੀਨਤਨ: ਮੱਛ ਦਾ ਹੈ ਸ਼ਰੀਰ ਜਿਸ ਦਾ, ਮੱਛ ਅਵਤਾਰ. "ਖਗਤਨ ਮੀਨਤਨ ਮ੍ਰਿਗਤਨ ਬਰਾਹਤਨ." (ਮਲਾ ਮਃ ੫) ੨. ਮੀਨ

ਦਾ ਤਨਯ (ਪੁਤ੍ਰ), ਮਛੇਂਦ੍ਰਨਾਥ। ੩. ਦੇਖੋ, ਮੀਨਸੁਤ.

ਮੀਨਧ੍ਵਜ: ਸੰਗਯਾ- ਮਕਰ ਦਾ ਨਿਸ਼ਾਨ ਹੈ ਜਿਸ ਦੇ ਝੰਡੇ ਪੁਰ, ਕਾਮ. ਮੀਨਕੇਤੁ. ਮਕਰਧ੍ਵਜ.

ਮੀਨਮੁਖਾ: ਸੰਗਯਾ- ਇੱਕ ਪ੍ਰਕਾਰ ਦਾ ਤੀਰ, ਜਿਸ ਦੀ ਮੁਖੀ ਮੱਛੀ ਜੇਹੀ ਹੁੰਦੀ ਹੈ. "ਤੁੱਕੇ ਮੀਨਮੁਖ ਪਰ ਧਾਰ." (ਗੁਪ੍ਰਸੂ)

ਮੀਨਮੇਖ: ਮੀਨ ਅਤੇ ਮੇਗ ਰਾਸ਼ਿ, ਭਾਵ- ਗਣਿਤ. ਜ੍ਯੋਤਿਸ਼ ਦਾ ਹਿਸਾਬ. ਜਨਮਕੁੰਡਲੀ ਅਤੇ ਗ੍ਰਹ ਰਾਸਿ ਦਾ ਵਿਚਾਰ. "ਮੀਨ ਮੇਖ ਤਜ ਚਲੋ ਸੰਗ ਮਮ." (ਸਲੋਹ)

ਮੀਨਰਿਪੁ: ਮੱਛੀ ਦਾ ਵੈਰੀ ਦੁਧੀਰਾ. "ਮੀਨਨ ਕੇ ਰਿਪੁ ਜ੍ਯੋਂ ਥਹਰਾਨੇ." (ਚੰਡੀ ੧) ੨. ਧੀਵਰ. ਮਾਹੀਗੀਰ.

ਮੀਨਾ: ਦੇਖੋ, ਮੀਣਾ। ੨. ਅ਼. منیٰ ਮੱਕੇ ਤੋਂ ਤਿੰਨ ਮੀਲ ਦੇ ਫਾਸਲੇ ਪੁਰ ਇੱਕ ਪਹਾੜੀ ਟਿੱਬਾ, ਜਿੱਥੇ ਆਦਮ ਦੀ ਕ਼ਬਰ ਹੈ, ਦੇਖੋ, ਹੱਜ। ੩. ਫ਼ਾ. مینا ਨੀਲਾ ਪੱਥਰ. ਇਸ ਪੱਥਰ ਨੂੰ ਸੋਨੇ ਆਦਿ ਪੁਰ ਚੜ੍ਹਾਕੇ ਅਨੇਕ ਪ੍ਰਕਾਰ ਦੇ ਬੇਲ ਬੂਟੇ ਅਤੇ ਤਸਵੀਰਾਂ ਬਣਾਈਆਂ ਜਾਂਦੀਆਂ ਹਨ. ਦੇਖੋ, ਮੀਨਾਕਾਰੀ। ੪. ਮੀਨ. ਮੱਛੀ. ਮੀਨ ਦਾ ਬਹੁਵਚਨ. "ਮੀਨਾ ਜਲਹੀਨ." (ਆਸਾ ਮਃ ੫)

ਮੀਨਾਕਾਰੀ: ਸੰਗਯਾ- ਸੋਨੇ ਆਦਿ ਧਾਤੁ ਪੁਰ ਮੀਨਾ ਕਰਨ ਦੀ ਕ੍ਰਿਯਾ. ਦੇਖੋ, ਮੀਨਾ ੩.

ਮੀਨਾਬਾਜ਼ਾਰ: ਉਹ ਵਪਾਰ ਦਾ ਥਾਂ. ਜਿੱਥੇ ਮੀਨਾ ਹੋਏ ਸਾਮਾਨ ਵੇਚਣ ਲਈ ਰੱਖੇ ਜਾਣ. ਦੇਖੋ, ਮੀਨਾਕਾਰੀ ਅਤੇ ਮੀਨਾ ੩। ੨. ਤਾਤਾਰ ਦੇ ਰਿਵਾਜ ਅਨੁਸਾਰ, ਮੁਗਲ ਬਾਦਸ਼ਾਹਾਂ ਦਾ ਭਾਰਤ ਵਿੱਚ ਲਿਆਂਦਾ ਇੱਕ ਵਪਾਰ. ਸ਼ਾਹੀਮਹਿਲਾਂ ਵਿੱਚ ਅਹਿਲਕਾਰਾਂ, ਅਮੀਰਾਂ ਅਤੇ ਸੌਦਾਗਰਾਂ ਦੀਆਂ ਔਰਤਾਂ ਜਮਾਂ ਹੁੰਦੀਆਂ ਅਤੇ ਅਨੇਕ ਵਸਤਾਂ ਦਾ ਬਾਜ਼ਾਰ ਲਗਦਾ, ਜਿਸ ਵਿੱਚ ਖਰੀਦ ਫਰੋਖ਼ਤ ਹੁੰਦੀ. ਭਾਵੇਂ ਇਸ ਬਾਜ਼ਾਰ ਵਿੱਚ ਕੇਵਲ ਇਸਤ੍ਰੀਆਂ ਨੂੰ ਹੀ ਜਾਣ ਦੀ ਆਗਯਾ ਸੀ. ਪਰ ਕਈ ਕੁਕਰਮੀ ਬਾਦਸ਼ਾਹ ਇਸ ਨਿਯਮ ਨੂੰ ਭੰਗ ਕਰ ਦਿੰਦੇ ਸਨ.

ਮੀਨਾਰ: ਅ਼. منار ਸੰਗਯਾ- ਨੂਰ ਦਾ ਥਾਂ. ਉੱਚਾ ਬੁਰਜ, ਜਿਸ ਪੁਰ ਰੌਸ਼ਨੀ ਰੱਖੀ ਜਾਵੇ. ਦੇਖੋ, ਮਨਾਰ.

ਮੀਨੁ: ਮੱਛੀ. ਮੱਛ. "ਮੀਨੁ ਬਿਛੋਹਾ ਨ ਸਹੈ ਜਲ." (ਕੇਦਾ ਮਃ ੫)

ਮੀਨੇ: ਦੇਖੋ, ਮੀਨ. "ਤੁਮ ਜਲਨਿਧਿ ਹਮ ਮੀਨੇ ਤੁਮਰੇ." (ਕਲਿ ਮਃ ੪)

ਮੀਮਾਂਸਕ: ਵਿ- ਵਿਚਾਰ ਕਰਨ ਵਾਲਾ। ੨. ਸੰਗਯਾ- ਮੀਮਾਂਸਾ ਸ਼ਾਸਤ੍ਰ ਦਾ ਪੰਡਿਤ। ੩. ਮੀਮਾਂਸਾ ਸ਼ਾਸਤ੍ਰ ਦੇ ਨਿਯਮ ਮੰਨਣ ਵਾਲਾ.

ਮੀਮਾਂਸਾ: ਸੰ. ਸੰਗਯਾ- ਵਿਚਾਰ। ੨. ਪਰੀਖ੍ਯਾ। ੩. ਇਨਸਾਫ. ਨਿਆਉਂ। ੪. ਛੀ ਸ਼ਾਸਤ੍ਰਾਂ ਵਿੱਚੋਂ ਇੱਕ ਦਰਸ਼ਨ, ਜਿਸ ਦੇ ਦੋ ਭਾਗ ਹਨ- ਕਰਮਾਂ ਦੇ ਪ੍ਰਤਿਪਾਦਨ ਵਾਲਾ ਜੈਮਿਨੀ ਦਾ ਰਚਿਆ ਹੋਇਆ ਪੂਰਵਮੀਮਾਂਸਾ. ਬ੍ਰਹਮਵਿਦ੍ਯਾ ਦੇ ਦੱਸਣ ਵਾਲਾ ਵ੍ਯਾਸ ਕ੍ਰਿਤ ਵੇਦਾਂਤ ਸ਼ਾਸਤ੍ਰ, ਉੱਤਰਮੀਮਾਂਸਾ. ਦੇਖੋ, ਖ਼ਟਸ਼ਾਸਤ੍ਰ.

ਮੀਰ: ਫ਼ਾ. میر ਅਮੀਰ ਦਾ ਸੰਖੇਪ. "ਮੀਰ ਮਲਕ ਉਮਰੇ ਫਾਨਾਇਆ." (ਮਾਰੂ ਸੋਲਹੇ ਮਃ ੫)

੨. ਬਾਦਸ਼ਾਹ। ੩. ਮੀਰਾਸੀ ਨੂੰ ਭੀ ਸਨਮਾਨ ਵਾਸਤੇ ਮੀਰ ਆਖਦੇ ਹਨ.

ਮੀਰਸਾਮਾ: ਫ਼ਾ. میر سامان ਸੰਗਯਾ- ਅਮੀਰ ਦੇ ਸਾਮਾਨ ਸੰਭਾਲਨ ਦਾ ਸਰਦਾਰ। ੨. ਖਾਣ ਦੇ ਸਾਮਾਨ ਦਾ ਜੋ ਪ੍ਰਬੰਧ ਕਰੇ, ਖ਼ਾਨਸਾਮਾ. ਲੰਗਰਖਾਨੇ ਦਾ ਪ੍ਰਬੰਧ ਕਰਨ ਵਾਲਾ ਦਾਰੋਗਾ.

ਮੀਰਸ਼ਿਕਾਰ, ਮੀਰਸ਼ਿਕਾਰੀ: ਸੰਗਯਾ- ਸ਼ਿਕਾਰੀਆਂ ਦਾ ਸਰਦਾਰ. ਬਾਦਸ਼ਾਹ ਦੇ ਸ਼ਿਕਾਟੀ ਅਮਲੇ ਦਾ ਮੁੱਖ ਅਹੁਦੇਦਾਰ. "ਮੀਰਸ਼ਿਕਾਰ ਸੰਗ ਗਮਨੰਤੇ." (ਗੁਪ੍ਰਸੂ)

ਮੀਰਖ਼ਾਨ: ਇਹ ਔਰੰਗਜ਼ੇਬ ਦਾ ਮੰਤ੍ਰੀ ਸੀ. ਇਸ ਨੇ ਚੰਬੇ ਦੇ ਰਾਜਾ ਸ਼ਤ੍ਰੁਸਿੰਘ ਨੂੰ ਸਨ ੧੬੬੬ ਵਿੱਚ ਸਨਦ ਦਿੱਤੀ ਹੈ, ਇਸ ਤੋਂ

ਇਸ ਦੇ ਅਧਿਕਾਰ ਦਾ ਸਮਾਂ ਮਲੂਮ ਹੋ ਸਕਦਾ ਹੈ. ਕਈ ਵਿਦ੍ਵਾਨ ਖ਼ਿਆਲ ਕਰਦੇ ਹਨ ਕਿ ਵਿਚਿਤ੍ਰਨਾਟਕ ਵਿੱਚ ਮੀਆਂਖਾਨ ਇਹੀ ਹੈ, ਪਰ ਸਾਨੂੰ ਇਸ ਵਿੱਚ ਸੰਸਾ ਹੈ.

ਮੀਰਪੁਰ: ਦੇਖੋ, ਟੋਕਾਸਾਹਿਬ.

ਮੀਰਫ਼ਰਸ਼: ਸੰਗਮਰਮਰ ਜਾਂ ਧਾਤੁ ਦੇ ਪਿੰਡ, ਜੋ ਫ਼ਰਸ਼ ਦੀ ਚਾਂਦਨੀ ਦੇ ਕਣਿਆ ਤੇ ਰੱਖੇ ਜਾਂਦੇ ਹਨ, ਤਾਕਿ ਹਵਾ ਨਾਲ ਵਸਤ੍ਰ ਨਾ ਉਡੇ। ੨. ਬੁੱਧੀ ਵਿਦ੍ਯਾ ਅਤੇ ਤਜਰਬੇ ਤੋਂ ਖਾਲੀ ਅਹਿਲਕਾਰ ਜੋ ਮੀਰਫ਼ਰਸ਼ ਵਾਂਙ ਚਾਂਦਨੀ ਤੇ ਹੀ ਬੈਠਣ ਵਾਲਾ ਹੈ. ਉਸ ਨੂੰ ਭੀ ਵ੍ਯੰਗ੍ਯ ਨਾਲ ਮੀਰਫ਼ਰਸ਼ ਆਖਦੇ ਹਨ.

ਮੀਰਮ: ਫ਼ਾ. میرم ਮੈਂ ਮਰਦਾ ਹਾਂ.

ਮੀਰ ਮਜਲਿਸ: ਫ਼ਾ. ਸਭਾਪਤਿ. ਸਮਾਜ ਦਾ ਪ੍ਰਧਾਨ.

ਮੀਰਮਾਹੀ: ਉਹ ਅਮੀਰ, ਜਿਸ ਨੂੰ ਮਾਹੀਮਰਾਤਬ ਰੁਤਬਾ ਮਿਲਿਆ ਹੈ। ੨. ਮਾਹੀਮਰਾਤਬ ਅਮੀਰ ਦਾ ਚਿੰਨ੍ਹ. ਦੇਖੋ, ਮਾਹੀਮਰਾਤਬ. "ਅਜਬ ਮੀਰਮਾਹੀ ਕੇ ਦਸਤੇ." (ਗੁਪ੍ਰਸੂ) ਪੇਸ਼ਕਬਜ਼ਾਂ ਦੇ ਮੁੱਠੇ ਜਿਨ੍ਹਾਂ ਤੇ ਮਾਹੀਮਰਾਤਬ ਦੇ ਚਿੰਨ੍ਹ ਸੁਨਹਿਰੀ ਬਣੇ ਹੋਏ ਹਨ.

ਮੀਰ ਮੁਨਸ਼ੀ: ਫ਼ਾ. میر مُنشی ਮੁਨਸ਼ੀਆਂ ਦਾ ਸਰਦਾਰ। ੨. ਮਹਿਕਮੇ ਖ਼ਾਰਜੀਆ ਦਾ ਪ੍ਰਧਾਨ ਮੰਤ੍ਰੀ. Foreign Minister.

ਮੀਰਮੰਨੂ: معین الدین معین الملک رستمہند ਇਸ ਦਾ ਅਸਲ ਨਾਮ ਮੁਇ਼ਨੁੱਦੀਨ ਅਤੇ ਖ਼ਿਤਾਬ ਮੁਈ਼ ਨੁਲਮੁਲਕ ਰੁਸ੍ਤਮਹਿੰਦ ਸੀ. ਇਹ ਕ਼ਮਰੁੱਦੀਨਖ਼ਾਂ ਦਿੱਲੀ ਦੇ ਵਜ਼ੀਰ ਦਾ ਪੁਤ੍ਰ ਅਤੇ ਲਹੌਰ ਦਾ ਸੂਬਾ ਸੀ. ਇਸ ਨੇ ਅਹ਼ਮਦਸ਼ਾਹ ਦੀ ਤਾਬੇਦਾਰੀ ਮਨਜ਼ੂਰ ਕਰ ਲਈ ਸੀ, ਇਸ ਲਈ ਬਾਦਸ਼ਾਹ ਦਿੱਲੀ ਨੇ ਇਸ ਨੂੰ ਹਟਾਕੇ ਸ਼ਾਹਨਿਵਾਜ਼ ਨੂੰ ਸੂਬਾ ਥਾਪਿਆ. ਸੰਮਤ ੧੮੦੮ ਵਿੱਚ ਮੰਨੂ ਨੇ ਦੀਵਾਨ ਕੌੜਾਮੱਲ ਦੀ ਰਾਹੀਂ ਸਿੱਖਾਂ ਦੀ ਸਹਾਇਤਾ ਚਾਹੀ. "ਸਿੱਖਾਂ ਨੇ ਜੰਗ ਵਿੱਚ ਪੂਰੀ ਇਮਦਾਦ ਦਿੱਤੀ ਅਰ ਭੀਮਸਿੰਘ ਨੇ ਸ਼ਾਹਨਵਾਜ਼ ਦਾ ਸਿਰ ਵੱਢਿਆ. ਇਸ ਦੇ ਬਦਲੇ ਇਸ ਨੇ ਕੌੜਾਮੱਲ ਨੂੰ ਮਹਾਰਾਜਗੀ ਦਾ ਖਿਤਾਬ ਦਿੱਤਾ, ਪਰ ਕੌੜਾਮੱਲ ਦੇ ਮਰਣ ਪਿੱਛੋਂ ਇਸ ਨੇ ਸਿੱਖਾਂ ਨਾਲ ਬਹੁਤ ਜਾਲਿਮਾਨਾ ਵਰਤਾਉ ਕੀਤਾ. ਇਹ ਸ਼ਿਕਾਰ ਖੇਡਦਾ ੨੪ ਕੱਤਕ ਸੰਮਤ ੧੮੧੦[1000] ਨੂੰ ਘੋੜੇ ਤੋਂ ਡਿਗਕੇ ਲਹੌਰ ਮੋਇਆ.

ਪ੍ਰਾਚੀਨ ਪੰਥਪ੍ਰਕਾਸ਼ ਦਾ ਕਰਤਾ ਲਿਖਦਾ ਹੈ ਕਿ ਮੀਰਮੰਨੂ ਨੇ ਕਮਾਦ ਵਿੱਚ ਲੁਕੇ ਸਿੱਖਾਂ ਨੂੰ ਆ ਘੇਰਿਆ. ਜਦ ਫ਼ੌਜ ਦੇ ਆਦਮੀ ਇੱਖ ਝਾੜਨ ਲੱਗੇ ਤਦ ਸਿੱਖਾਂ ਦਾ ਅਜੇਹਾ ਸ਼ੋਰ ਹੋਇਆ ਕਿ ਮੀਰਮੰਨੂ ਦਾ ਘੋੜਾ ਡਰਕੇ ਸੀਖਪਾਲ ਹੋਗਿਆ. ਜਿਸ ਤੋਂ ਡਿਗਕੇ ਉਸ ਦੀ ਮੌਤ ਹੋਈ. ਮੀਰਮੰਨੂ ਦੀ ਕ਼ਬਰ ਲਹੌਰ ਰੇਲਵੇ ਸਟੇਸ਼ਨ ਪਾਸ ਹੈ.

ਖਾਨਬਹਾਦੁਰ, ਮੀਰਮੰਨੂ ਆਦਿਕਾਂ ਦਾ ਨਾਉਂ ਸਾਡੀਆਂ ਪੋਥੀਆਂ ਵਿੱਚ ਅਨੇਕ ਵਾਰ ਆਉਂਦਾ ਹੈ, ਇਸ ਲਈ ਇੱਥੇ ਸ਼ਜਰਾ (ਵੰਸ਼ਾਵਲੀ) ਲਿਖਦੇ ਹਾਂ::-

ਮੁਹੰਮਦ ਅਮੀਨਖ਼ਾਨ (ਇਤਿਮਾਦੁੱਦੌਲਾ)
|
| |
ਅਬਦੁਲਸਮਦਖ਼ਾਨ (ਦਿਲੇਰਜੰਗ) |
| |
ਜ਼ਕਰੀਆਖ਼ਾਨ (ਖ਼ਾਨ ਬਹਾਦੁਰ) | |
|

[1000] ਮੁਹੰਮਦ ਲਤੀਫ ਮੀਰਮੰਨੂ ਦੀ ਮੌਤ ਸਨ ੧੭੫੨ ਵਿੱਚ ਲਿਖਦਾ ਹੈ, ਜੋ ਉੱਪਰ ਦਿੱਤੇ ਸੰਮਤ ਦਾ ਮੁਕਾਬਲਾ ਕਰਣ ਤੋਂ ਸਹੀ ਜਾਪਦੀ ਹੈ.

ਯਹੀਆਖਾਨ    ਸ਼ਾਹਨਵਾਜ਼ਖ਼ਾਨ (ਹਯਾਤੁੱਲਾਖ਼ਾਨ)

ਕਮਰੁੱਦੀਨਖ਼ਾਨ (ਨੁਸਰਤਜੰਗ)

ਮੀਰਮੰਨੂ (ਮੁਈਨੁਲਮੁਲਕ)

ਅਮੀਨੁੱਦੀਨਖ਼ਾਨ

ਮੀਰਾ: ਦੇਖੋ, ਮੀਰਾਂ. "ਤੂੰ ਮੀਰਾ ਸਾਚੀ ਠਕੁਰਾਈ." (ਮਾਝ ਅਃ ਮਃ ੫) "ਤੂੰ ਪ੍ਰਭ ਹਮਰੋ ਮੀਰਾ." (ਟੋਡੀ ਮਃ ੫)

ਮੀਰਾਂ: ਫ਼ਾ. ਮੀਰੇਮੀਰਾਨ ਦਾ ਸੰਖੇਪ. ਸਰਦਾਰਾਂ ਦਾ ਸਰਦਾਰ. ਬਜ਼ੁਰਗਾਂ ਦਾ ਬਜ਼ੁਰਗ। ੨. ਬਾਦਸ਼ਾਹਾਂ ਦਾ ਬਾਦਸ਼ਾਹ। ੩. ਇੱਕ ਸੰਤ, ਜਿਸ ਦੀ ਕਬਰ ਅਮਰੋਹੇ (ਜਿਲਾ ਮੁਰਾਦਾਬਾਦ ਯੂ. ਪੀ. ਵਿੱਚ) ਹੈ। ੪. ਮਲੇਰਕੋਟਲੇ ਦਾ ਇੱਕ ਪੀਰ, ਜਿਸ ਦੀ ਕਬਰ ਤੇ ਬਹੁਤ ਇਸਤ੍ਰੀਆਂ ਜਾਕੇ ਚੌਕੀ ਭਰਦੀਆਂ ਹਨ. ਕਈ ਆਪਣੇ ਵਿੱਚ ਮੀਰਾਂ ਪ੍ਰਵੇਸ਼ ਹੋਇਆ ਦੱਸਕੇ ਸਿਰ ਹਲਾਕੇ ਖੇਡਦੀਆਂ ਅਤੇ ਪ੍ਰਸ਼ਨਾਂ ਦਾ ਉੱਤਰ ਦਿੰਦੀਆਂ ਹਨ. "ਖੇਲਤ ਤੂ ਪਰਤ੍ਰਿਯਨ ਮੇ ਢੋਲ ਬਜਾਇ ਸ੍ਵਛੰਦ। ਫਿਰ ਬੈਠਤ ਪੀਰਾਨ ਮੇ ਰੇ ਮੀਰਾਂ! ਮਤਿਮੰਦ." (ਬਸੰਤ ਸਤਸਈ) ੫. ਮੀਰਾਂਬਾਈ ਦਾ ਸੰਖੇਪ ਨਾਉਂ.

"ਮੀਰਾਂ ਕੋ ਪ੍ਰਭੁ ਗਿਰਿਧਰ ਸ੍ਵਾਮੀ." ਦੇਖੋ, ਮੀਰਾਂਬਾਈ.

ਮੀਰਾਸ: ਅ. میراث ਮੀਰਾਸ. ਸੰਗਯਾ- ਵਿਰਾਸਤ. ਪ੍ਰਸ਼੍ਰੈਨੀ ਜਾਯਦਾਦ. ਵਿਰਸੇ ਵਿੱਚ ਆਈ ਵਸ੍ਤੁ.

ਮੀਰਾਸੀ: ਵਿ- ਮੀਰਾਸ ਸਾਂਭਣ ਵਾਲਾ। ੨. ਸੰਗਯਾ- ਇੱਕ ਮੁਸਲਮਾਨ ਜਾਤਿ, ਜੋ ਭੱਟਾਂ ਤੁੱਲ ਹੈ ਅਰ ਆਪਣੇ ਜਜਮਾਨਾਂ ਦੀ ਵੰਸ਼ਾਵਲੀ (ਮੁਰਿਸ਼ਾਂ ਦੀ ਪੀੜ੍ਹੀਆਂ) ਪੜ੍ਹਦੀ ਹੈ ਅਰ ਉਨ੍ਹਾਂ ਤੋਂ ਮੁਕ਼ੱਰਿਰ ਆਮਦਨ ਨੂੰ ਆਪਣੀ ਮੀਰਾਸ ਜਾਣਦੀ ਹੈ. ਭਾਈ ਮਰਦਾਨਾ ਇਸੇ ਜਾਤਿ ਤੋਂ ਸ਼੍ਰੀ ਗੁਰੂ ਨਾਨਕਦੇਵ ਦਾ ਸਿੱਖ ਹੋਇਆ. "ਭਲਾ ਰਬਾਬ ਵਜਾਇੰਦਾ ਮਜਲਿਸ ਮਰਦਾਨਾ ਮੀਰਾਸੀ." (ਭਾਗੁ)

ਮੀਰਾਂਕੋਟ: ਦੇਖੋ, ਮਤਾਬਸਿੰਘ.

ਮੀਰਾਖੋਰ: ਫ਼ਾ. میرآخور ਆਖ਼ੁਰ (ਤਬੇਲੇ) ਦਾ ਮੀਰ (ਦਾਰੋਗਾ) ਅਸ਼੍ਵਸ਼ਾਲਾ (ਅਸੁਬਲ) ਦਾ ਪ੍ਰਬੰਧ ਕਰਤਾ. "ਮੀਰਾਖੋਰ ਸਈਸ ਵਹੀਰਾਂ." (ਭਾਗੁ)

ਮੀਰਾਨਮੀਰ: ਵਿ- ਅਮੀਰਾਂ ਦਾ ਸਰਦਾਰ। ੨. ਸ਼ਹਨਸ਼ਾਹ.

ਮੀਰਾਂਬਾਈ: ਇਹ ਰਾਜਾ ਰਤਨਸਿੰਘ ਰਾਠੌਰ ਮਰਤਾ[1001] ਪਤਿ ਦੀ ਪੁਤ੍ਰੀ ਸੀ. ਇਸ ਦਾ ਜਨਮ ਸੰਮਤ ੧੫੪੮ ਵਿੱਚ ਹੋਇਆ ਅਰ ਮੇਵਾਰ ਦੇ ਰਾਜਕੁਮਾਰ ਭੋਞ ਰਾਜ ਨਾਲ, ਜੋ ਚਤੌੜਪਤਿ ਰਾਨਾਸਾਂਗਾ ਦਾ ਪੁਤ੍ਰ ਸੀ, ਸੰਮਤ ੧੫੭੩ ਵਿੱਚ ਸ਼ਾਦੀ ਹੋਈ. ਮੀਰਾਂਬਾਈ ਦਾ ਗ੍ਰਿਹਸ੍ਥ ਜੀਵਨ ਸੁਖ ਪੂਰਵਕ ਹੀ ਵੀਤਿਆ, ਕਿਉਂਕਿ ਰਾਨਾ ਦੁਰਗਾਭਗਤ ਸੀ ਅਤੇ ਇਹ ਕ੍ਰਿਸ਼ਨ ਉਪਾਸਿਕਾ ਸੀ.

ਪਤਿ ਦੇ ਮਰਣ ਪਿੱਛੋਂ ਮੀਰਾਂਬਾਈ ਘਰ ਬਾਰ ਤਿਆਗਕੇ ਵ੍ਰਿੰਦਾਵਨ ਆਦਿ ਤੀਰਥਾਂ ਦੀ ਯਾਤ੍ਰਾ ਕਰਦੀ ਹੋਈ ਸੰਮਤ ੧੬੦੩ ਵਿੱਚ ਦ੍ਵਾਰਿਕਾ ਦੇਹ ਤਿਆਗਕੇ ਜੀਵਨਯਾਤ੍ਰਾ ਸਮਾਪਤ ਕਰ ਗਈ. ਇਸ ਦਾ ਸ਼ਬਦ ਭਾਈ ਬੰਨੋ ਦੀ ਬੀੜ ਵਿੱਚ ਮਾਰੂ ਰਾਗ ਦਾ ਇਹ ਹੈ-

[1001] ਮੇਰਤਾ (ਮੇੜਤਾ) ਰਾਜਪੂਤਾਨੇ ਵਿੱਚ, ਬੀਕਾਨੇਰ ਅਤੇ ਜੋਧਪੁਰ ਦੇ ਮੱਧ ਹੈ, ਇਸ ਦਾ ਸਟੇਸ਼ਨ ਮੇਰਤਾਰੋਡ ਜੋਧਪੁਰ ਰੇਲਵੇ ਲੈਨ ਤੇ, ਜੋਧਪੁਰੋਂ ੬੪ ਮੀਲ ਹੈ.

"ਮਨੁ ਹਮਾਰਾ ਬਾਧਿਓ, ਮਾਈ! ਕਵਲਨੈਨ ਆਪਨੇ ਗੁਨ,

ਤੀਖਣ ਤੀਰ ਬੇਧ ਸਰੀਰ ਦੂਰਿ ਗਯੋਮਾਈ,

ਲਾਗਿਓ ਤਬ ਜਾਨਿਓ ਨਹੀ, ਅਬ ਨ ਸਹਿਓ ਜਾਈ, ਰੀ ਮਾਈ।

ਤੰਤ ਮੰਤ ਅਉਖਦ ਕਰਉ ਤਊ ਪੀਰ ਨ ਜਾਈ,

ਹੈ ਕੋਊ ਉਪਕਾਰ ਕਰੈ? ਕਠਿਨ ਦਰਦੁ ਰੀ ਮਾਈ!

ਨਿਕਟਿ ਹਉ ਤੁਮ ਦੂਰਿ ਨਹੀ, ਬੇਗਿ ਮਿਲਹੁ ਆਈ,

ਮੀਰਾਂ ਗਿਰਧਰ ਸੁਆਮੀ ਦਇਆਲ ਤਨ ਕੀ ਤਪਤਿ ਬੁਝਾਈ, ਰੀ ਮਾਈ!

ਕਵਲ ਨੈਨ ਆਪਨੇ ਗੁਨ ਬਾਧਿਓ ਮਾਈ."

ਮੀਰਾਂ ਮਿਰੰਨ: ਵਿ- ਅਮੀਰਾਂ ਦਾ ਅਮੀਰ। ੨. ਬਾਦਸ਼ਾਹਾਂ ਦਾ ਮੁਖੀਆ. ਸ਼ਹਨਸ਼ਾਹ. "ਜੋ ਮੀਰਾਂ- ਮਰਿੰਨ ਸਿਰ." (ਮਃ ੫. ਵਾਰ ਮਾਰੂ ੨)

ਮੀਰੀ: ਸੰਗਯਾ- ਅਮੀਰੀ. ਸਰਦਾਰੀ। ੨. ਬਾਦਸ਼ਾਹਤ.

ਮੀਰੀਸਿੰਘ: ਬਾਬਾ ਕਾਨ੍ਹਸਿੰਘ ਤੇਹਣ ਦਾ ਬੇਟਾ ਅਤੇ ਬਿਨੋਦਸਿੰਘ ਦਾ ਪੋੱਤਾ. ਇਸ ਨੇ ਆਪਣੇ ਪਿਤਾ ਅਤੇ ਦਾਦੇ ਦੀ ਤਰਾਂ ਪੰਥ ਦੀ ਭਾਰੀ ਸੇਵਾ ਕੀਤੀ ਅਰ ਅਨੇਕ ਜੰਗਾਂ ਵਿੱਚ ਬਹਾਦੁਰੀ ਨਾਲ ਲੜਿਆ.

ਮੀਰੀ ਪੀਰੀ ਦਾ ਮਾਲਿਕ: ਅਮੀਰੀ ਅਤੇ ਗੁਰਤਾ ਦੇ ਸ੍ਵਾਮੀ ਸ੍ਰੀ ਗੁਰੂ ਹਰਿਗੋਬਿੰਦ ਜੀ.

ਮੀਲ: ਸੰ. ਮੀਲ੍. ਧਾ- ਅੱਖਾਂ ਮੁੰਦਣੀਆਂ, ਪਲਕਾਂ ਮਾਰਨੀਆਂ, ਖਿੜਨਾ, ਫੈਲਣਾ। ੨. ਅੰ. Mile ੧੭੬੦ ਗਜ਼ ਦੀ ਲੰਬਾਈ ਅਥਵਾ ਅੱਠ ਫਰਲਾਂਗ (furlong)

ਮੀਲਨ: ਸੰਗਯਾ- ਮੀਟਣ ਦੀ ਕ੍ਰਿਯਾ. ਬੰਦ ਕਰਨਾ. ਮੁੰਦਣਾ। ੨. ਅੱਖਾਂ ਬੰਦ ਕਰਨੀਆਂ. ਦੇਖੋ, ਮੀਲ ਧਾ.

ਮੀਲਾ: ਵਿ- ਮਿਲਿਆ ਹੋਇਆ. ਮਿਲਿਤ. ਦੇਖੋ, ਸੁਮੀਲਾ.

ਮੀਲਿਤ: ਵਿ- ਜੋ ਖਿੜਿਆ ਨਹੀਂ. ਮਿਚਿਆ ਹੋਇਆ।

੨. ਮਿਲਵਾਂ। ੩. ਜਿਸ ਨੇ ਅੱਖਾਂ ਮੁੰਦੀਆਂ ਹਨ। ੪. ਸੰਗਯਾ- ਇੱਕ ਅਰਥਾਲੰਕਾਰ. ਤੁਲਯ ਗੁਣ ਵਾਲੀ ਵਸਤੁ ਨਾਲ ਮਿਲਕੇ ਪਦਾਰਥ ਦਾ ਅਜੇਹਾ ਅਭੇਦ ਹੋਣਾ ਕਿ ਵੱਖ ਪ੍ਰਤੀਤ ਨਾ ਹੋਵੇ, ਐਸੀ ਉਕਤਿ "ਮੀਲਿਤ" ਅਲੰਕਾਰ ਹੈ.

ਦੋਇ ਵਸ੍ਤੁ ਮਿਲ ਭੇਦ ਨ ਫੁਰੈ,

ਮੀਲਿਤ ਅਲੰਕਾਰ ਉੱਚਰੈ.

(ਗਰਬਗੰਜਨੀ)

ਉਦਾਹਰਣ-

ਨਦੀਆਂ ਅਤੈ ਵਾਹ, ਪਵਹਿ ਸਮੁੰਦਿ ਨ ਜਾਣੀਅਹਿ.

(ਜਪੁ)

ਜਿਉ ਜਲ ਮਹਿ ਜਲ ਆਇ ਖਟਾਨਾ.

ਤਿਉ ਜੋਤੀ ਸੰਗਿ ਜੋਤਿ ਸਮਾਨਾ.

(ਸੁਖਮਨੀ)

ਨਾਨਕ ਗੁਰਿ ਖੋਏ ਭ੍ਰਮ ਭੰਗਾ,

ਹਮ ਓਇ ਮਿਲਿ ਹੋਏ ਇਕਰੰਗਾ

(ਆਸਾ ਮਃ ੫)

ਚਾਂਦਨੀ ਮੇ ਰਾਧਾ ਮਾਨੋ ਚਾਂਦਨੀ ਸੀ ਹ੍ਵੈਗਈ.

(ਕ੍ਰਿਸਨਾਵ)

ਮੁਅੱਸਰ: ਦੇਖੋ, ਮਵੱਸਰ ਅਤੇ ਮੁਯੱਸਰ.

ਮੁਅੱਜ਼ਜ਼, ਮੁਅ਼ੱਜ਼ਜ਼: ਅ਼. مُعزّز ਵਿ- ਜਿਸ ਨੂੰ ਇ਼ੱਜ਼ਤ ਦਿੱਤੀ ਗਈ ਹੈ. ਪ੍ਰਤਿਸ਼੍ਠਿਤ.

ਮੁਅੱਜ਼ਮ, ਮੁਅ਼ੱਜ਼ਮ: ਅ਼. مُعظّم ਵਿ- ਅ਼ਜਮਤ (ਵਡਿਆਈ) ਰੱਖਣ ਵਾਲਾ ਪਤਿਸ਼੍ਠਾਵਾਨ.

ਮੁਅੱਜਮਹ: ਅ਼. مُعظّمہ ਵਿ- ਮੁਅ਼ੱਜ਼ਮਹ. ਮੁਅ਼ੱਜ਼ਮ ਦਾ ਇਸਤ੍ਰੀਲਿੰਗ.

ਮੁਅੱਜਿਨ: ਮੁਅੱਜਿਨ. ਦੇਖੋ, ਅਜਾਨ.

ਮੁਅੱਤਰ, ਮੁਅ਼ੱਤ਼ਰ: ਅ਼. مُعطّر ਵਿ- ਇ਼ਤ਼ਰ (ਸੁਗੰਧ) ਸਹਿਤ.

ਮੁਅੱਤਲ, ਮੁਅ਼ੱਤ਼ਲ: ਅ਼. مُعطّل ਵਿ- ਅ਼ਤ਼ਲ (ਬੇਕਾਰੀ) ਵਾਲਾ. ਜੋ ਕੰਮ ਤੋਂ ਅਲਗ ਕੀਤਾਗਿਆ ਹੈ.

ਮੁਅੱਮਾ, ਮੁਅ਼ੱਮਾ: ਅ਼. مُعمّا ਸੰਗਯਾ- ਅ਼ਮਾ (ਅੰਧਾਪਨ) ਦਾ ਭਾਵ. ਗੂਢੋਕ੍ਤਿ. ਅਜੇਹਾ ਕਥਨ, ਜਿਸ ਦਾ ਮਤਲਬ ਛੇਤੀ ਸਮਝ ਵਿੱਚ ਆ ਸਕੇ.

ਮੁਅੱਰਿਖ਼: ਦੇਖੋ, ਮੁਵੱਰਿਖ.

ਮੁਅੱਲਾ, ਮੁਅ਼ੱਲਾ: ਅ਼. مُعلّا ਵਿ- ਅ਼ਲੂ (ਬਲੰਦੀ) ਵਾਲਾ. ਵਡਾ. ਉੱਚਾ.

ਮੁਅੱਲਮ, ਮੁਅ਼ੱਲਮ: ਅ਼. مُعلّم ਇ਼ਲਮ ਸਿਖਾਉਣ ਵਾਲਾ. ਵਿਦਯਾਦਾਤਾ.

ਮੁਆ: ਮੋਇਆ ਹੋਇਆ. ਮ੍ਰਿਤ। ੨. ਭਾਵ- ਦੇਹ ਦੇ ਅਭਿਮਾਨ ਦਾ ਤ੍ਯਾਗੀ. "ਮੁਆ ਹੋਵੈ ਤਿਸੁ ਨਿਹਚਲੁ ਰਹਿਣਾ." (ਆਸਾ ਮਃ ੫)

ਮੁਆਹਦਾ. ਮੁਆ਼ਹਦਾ: ਅ਼. مُعاہدہ ਸੰਗਯਾ- ਅ਼ਹਦ (ਪ੍ਰਤਿਗ੍ਯਾ) ਦਾ ਭਾਵ.

ਮੁਆਠਾ, ਮੁਆਠੀ, ਮਆਤਾ, ਮੁਆਤੀ: ਚੁਆਤਾ- ਚੁਆਤੀ. ਮਵਾਤਾ- ਮਵਾਤੀ. ਮਚਦਾ ਹੋਇਆ ਘਾਹ ਦਾ ਪੂਲਾ ਜਾਂ ਲੱਕੜ ਦਾ ਸਿਰਾ, ਜਿਸ ਦੇ ਦੂਜੇ ਕਿਨਾਰੇ ਨੂੰ ਅੱਗ ਨਹੀਂ ਲੱਗੀ, ਇਸ ਨੂੰ ਮਸਾਲ ਦੀ ਤਰਾਂ ਹੱਥ ਵਿੱਚ ਫੜਕੇ ਹੋਰ ਥਾਂ ਅੱਗ ਲਾਈਦੀ ਅਤੇ ਰੌਸ਼ਨੀ ਕਰੀਦੀ ਹੈ.

ਮੁਆਫ਼ਿਕ, ਮੁਆਫ਼ਿਕ਼: ਅ਼. مُوافِق ਵਿ- ਵਫ਼ਕ਼ (ਪੂਰਾ ਹੋਣ ਅਥਵਾ ਤੁੱਲ ਹੋਣ) ਦਾ ਭਾਵ. ਅਨੁਕੂਲ.

ਮੁਆਮਲਾ: ਦੇਖੋ, ਮਾਮਲਾ.

ਮੁਆਲਿਜ, ਮੁਅ਼ਾਲਿਜ: ਅ਼. مُعالِج ਇ਼ਲਾਜ (ਉਪਾਯ) ਕਰਨ ਵਾਲਾ. ਰੋਗ ਦੇ ਦੂਰ ਕਰਨ ਦਾ ਜੋ ਯਤਨ ਕਰੇ.

ਮੁਆਵਿਨ, ਮੁਆਵਿਨ: ਅ. معاون ਔਨ (ਸਹਾਇਤਾ) ਦੇਣ ਵਾਲਾ. ਸਹਾਇਕ.

ਮੁਅੰਨਸ: ਅ. مؤنث ਮੁਅੰਨਸ. ਇਸ੍ਤ੍ਰੀਲਿੰਗ. (Feminine gender)

ਮੁਇਆਂ: ਮਰਣ ਪੁਰ. ਮਰਣ ਵੇਲੇ. "ਮੁਇਆਂ ਸਾਥਿ ਨ ਜਾਈ." (ਆਸਾ ਅਃ ਮਃ ੧) ੨. ਮੋਇਆਂ ਦੀ. ਮੋਏ ਹੋਇਆਂ ਦੀ. "ਮੁਇਆਂ ਜੀਵਦਿਆਂ ਗਤਿ ਹੋਵੈ." (ਮਃ ੧. ਵਾਰ ਮਾਝ)

ਮੁਈ: ਮੋਈ. ਮ੍ਰਿਤ ਭਈ (ਹੋਈ). "ਮੁਈ ਪਰੀਤਿ ਪਿਆਰੁ ਗਇਆ." (ਸ੍ਰੀ ਮਃ ੧)

ਮੁਈਆਸੁ: ਮਰ ਗਈਸੁ. "ਵਡੀ ਥੀ ਮੁਈਆਸੁ." (ਸ. ਫਰੀਦ)

ਮੁਈਏ: ਸੰਬੋਧਨ. ਹੇ ਮੋਈ ਹੋਈਏ! ਭਾਵ- ਅਗਯਾਨ- ਦਸ਼ਾ ਵਾਲੀਏ. "ਵਖਰੁ ਰਾਖੁ ਮੁਈਏ! (ਤੁਖਾ ਛੰਤ ਮਃ ੧) ੨. ਦੁਨੀਆਂ ਵੱਲੋਂ ਮ੍ਰਿਤ ਹੋਈਏ! "ਆਪਣੈ ਪਿਰ ਕੈ ਰੰਗਿ ਰਤੀ ਮੁਈਏ!" (ਵਡ ਛੰਤ ਮਃ ੩)

ਮੁਸ: ਸੰ. ਮੁਸ਼੍. ਧਾ- ਚੁਰਾਉਣਾ, ਖੋਹਣਾ, ਤੋੜਨਾ, ਚੀਰਨਾ, ਮਾਰਣਾ, ਤੜਫਣਾ। ੨. ਸੰ. ਮੁਸ੍. ਧਾ ਟੁਕੜੇ ਕਰਨਾ, ਨਾਸ਼ ਕਰਨਾ.

ਮੁਸਹਫ: ਅ. مصحف ਮੁਸਹ਼ਫ. ਸਹ਼ੀਫ਼ਹ (ਰਸਾਲੇ) ਜਿਸ ਵਿੱਚ ਇਕੱਠੇ ਕੀਤੇ ਹੋਣ. ਉਹ ਗ੍ਰੰਥ. ਜਿਸ ਵਿੱਚ ਕਈ ਗ੍ਰੰਥਾਂ ਦਾ ਸੰਗ੍ਰਹ ਹੋਵੇ। ੨. ਕੁਰਾਨ. ਮੁਸਲਮਾਨਾਂ ਦਾ ਧਰਮਪੁਸ੍ਤਕ. ਕ਼ੁਰਾਨ ਵਿੱਚ ਪੁਰਾਣੇ ਪੈਗੰਬਰ ਅਤੇ ਨਬੀਆਂ ਦੇ ਵਰਣਨ ਸੰਬੰਧੀ ਰਸਾਲੇ ਹਨ, ਇਸ ਲਈ ਇਹ ਸੰਗਯਾ ਹੈ. "ਕ਼ਸਮ ਮੁਸਹ਼ਫੇ ਖ਼ੁਫ਼ਿਯਹ ਗਰ ਮਨ ਖ਼ੁਰਮ." (ਜਫਰ) ਦੇਖੋ, ਮੁਸਫ। ੩. ਮਾਸ਼ੂਕ ਦੇ ਕਪੋਲ ਨੂੰ ਭੀ ਕਵੀਆਂ ਨੇ ਮੁਸਹਫ ਲਿਖਿਆ ਹੈ, ਕਿਉਂਕਿ ਆਸ਼ਕ ਲੋਕ ਕ਼ੁਰਾਨ ਦੀ ਤਰਾਂ ਉਸ ਨੂੰ ਭੀ ਚੁੰਮਦੇ ਹਨ. "ਹੈਂ ਸਦਾ ਮੁਸਹ਼ਫ਼ੇ ਰੁਖ਼ਸਾਰ ਪਿਹ ਆਸ਼ਾਰੇ ਗ਼ਜ਼ਬ." (ਮੀਰ ਮਜਰੂਹ਼)

ਮੁਸਕ: ਫ਼ਾ. مشک ਮੁਸ਼ਕ. ਸੰਗਯਾ- ਕਸਤੂਰੀ. ਮ੍ਰਿਗਮਦ। ੨. ਭਾਵ- ਸੁਗੰਧ. ਖ਼ੁਸ਼ਬੂ. "ਹੂਰ ਨੂਰ ਮੁਸਕ ਖੁਦਾਇਆ." (ਮਾਰੂ ਸੋਲਹੇ ਮਃ ੫) ੩. ਸੰ. ਮੁਸ਼੍ਕ. ਫ਼ੋਤਾ. ਅੰਡਕੋਸ਼। ੪. ਚੋਰ। ੫. ਢੇਰ. ਰਾਸ਼ਿ। ੬. ਵਿ- ਮਾਂਸਲ. ਮੋਟਾ.

ਮੁਸ਼ਕਸਾ: ਫ਼ਾ. مشک سا ਕਸਤੂਰੀ ਘਸਾਉਣਵਾਲਾ। ੨. ਕਸਤੂਰੀ ਜੇਹੀ ਸੁਗੰਧ ਦੇਣ ਵਾਲਾ.

ਮੁਸ਼ਕ ਕਪੂਰ, ਮੁਸ਼ਕ ਕਾਫ਼ੂਰ: ਫ਼ਾ. مشک کافور ਮੁਸ਼ਕ ਕਾਫ਼ੂਰ. ਸੰਗਯਾ- ਇੱਕ ਬਿਰਛ, ਜਿਸ ਦਾ ਸਾਰ ਕੱਢਕੇ ਅਥਵਾ ਉਸ ਦੇ ਟਪਕੇ ਰਸ ਤੋਂ ਸਫੇਦ ਪਦਾਰਥ ਬਣਾਇਆ ਜਾਂਦਾ ਹੈ, ਜਿਸ ਦੀ ਤਾਸੀਰ ਸਰਦ ਖ਼ੁਸ਼ਕ ਹੈ. ਵੈਦ ਇਸ ਨੂੰ ਅਨੇਕ ਦਵਾਈਆਂ ਵਿੱਚ ਵਰਤਦੇ ਹਨ, ਅਤੇ ਇਹ ਮੰਦਿਰਾਂ ਵਿੱਚ ਧੂਪ ਦੀਪ ਦੀ ਥਾਂ ਜਲਾਇਆ ਜਾਂਦਾ ਹੈ. ਦੇਖੋ, ਕਪੂਰ.

ਮੁਸਕਤਿ: ਦੇਖੋ, ਮਸਕਤਿ.

ਮੁਸ਼ਕਬਿਲਾਈ, ਮੁਸ਼ਕਬਿਲਾਵ, ਮੁਸ਼ਕਬਿੱਲੀ: ਸੰ. ਗੰਧਮਾਜੰਰ. ਇੱਕ ਪ੍ਰਕਾਰ ਦਾ ਜੰਗਲੀ ਬਿੱਲਾ, ਜਿਸ ਦੇ ਅੱਡਕੋਸ਼ (ਫੋਤਿਆਂ) ਅਤੇ ਗੁਦਾ ਪਾਸ ਦੀ ਗਿਲਟੀ ਤੋਂ ਸੁਗੰਧ ਵਾਲੀ ਚਿਕਨਾਈ ਪੈਦਾ ਹੁੰਦੀ ਹੈ. ਦੇਖੋ, ਗੰਧਬਿਲਾਵ.

ਮੁਸਕਰਾਨਾ: ਕ੍ਰਿ- ਸੰ. ਮੰਦ- ਸ੍ਮਯਨ. ਹੌਲੀ ਹੌਲੀ ਹੱਸਣ ਦੀ ਕ੍ਰਿਯਾ. ਮੁਸਕਾਉਣਾ. ਦੇਖੋ, ਮੁਸਕਾਰੈ.

ਮੁਸਕਲ: ਅ. مشکل ਮੁਸ਼ਕਿਲ. ਸ਼ਕਲ (ਪੈਰ ਬੰਨ੍ਹਣ) ਦਾ ਭਾਵ. ਜਕੜਨ ਦੀ ਕ੍ਰਿਯਾ। ੨. ਔਖ. ਕਠਿਨਾਈ. "ਜਹਿ ਮੁਸਕਲ ਹੋਵੈ ਅਤਿ ਭਾਰੀ." (ਸੁਖਮਨੀ)

ਮੁਸ਼ਕਲਕੁਸ਼ਾ: ਫ਼ਾ. مشکلکشا ਵਿ- ਕਠਿਨਾਈ ਦੂਰ ਕਰਨ ਵਾਲਾ. ਔਖ ਮਿਟਾਉਣ ਵਾਲਾ.

ਮੁਸ਼ਕਾਂ: ਸੰਗਯਾ- ਪਿੱਠ ਪਿੱਛੇ ਹੱਥ ਜਕੜਨ ਦੀ ਕ੍ਰਿਯਾ. ਸੰਸਕ੍ਰਿਤ ਵਿੱਚ ਮੁਸ਼੍ਕ ਨਾਮ ਚੋਰ ਦਾ ਹੈ. ਚੋਰ ਵਾਂਙ ਬੰਨ੍ਹ ਲੈਣਾ. "ਤਿਸ ਕੀ ਭੁਜ ਮੁਸਕਾਂ ਬੰਧਵਾਈ." (ਗੁਪ੍ਰਸੂ)

ਮੁਸਕਾਉਣਾ: ਦੇਖੋ, ਮੁਸਕਰਾਨਾ.

ਮੁਸਕਾਕ: ਅਰਕ਼ ਮੁਸ਼ਕ (ਅੱਕ ਦੀ ਬੂ). "ਤਿਨ ਹਰਿ ਹਿਰਦ ਬਾਸੁ ਬਸਾਨੀ, ਛੁਟਿਗਈ ਮੁਸਕੀ ਮੁਸਕਾਕ." (ਕਾਨ ਮਃ ੪) ਜਿਨ੍ਹਾਂ ਦੇ ਹਿਰਦੇ ਵਿੱਚ ਹਰਿ (ਕਰਤਾਰ ਰੂਪ ਹਰਿ (ਚੰਦਨ) ਦੀ ਸੁਗੰਧ ਵਸੀ ਹੈ, ਉਨ੍ਹਾਂ ਦੇ ਅੰਦਰੋਂ ਮੁਸ਼ਕੀ (ਤੂੱਕੀ ਹੋਈ) ਅੱਕ ਦੀ ਬੂ (ਭਾਵ- ਮੰਦਵਾਸਨਾ) ਦੂਰ ਹੋ ਗਈ.

ਮੁਸਕਾਨ: ਮੰਦ ਹਮਯਨ. ਦੇਖੋ, ਮੁਸਕਰਾਨਾ.

ਮੁਸਕਾਰੈ: ਮੁਸਕਰਾਉਂਦਾ ਹੈ. "ਖਾਇ ਖਾਇ ਮੁਸਕਾਰੈ." (ਸਾਰ ਮਃ ੫)

ਮੁਸਕਿ: ਕਸਤੂਰੀ ਵਿੱਚ. ਸੁਗੰਧ ਮੇਂ. "ਜਨ ਨਾਨਕ ਮੁਸਕਿ ਝਕੋਲਿਆ." (ਆਸਾ ਛੰਤ ਮਃ ੪) ਦੇਖੋ, ਮੁਸਕ.

ਮੁਸ਼ਕਿਲ: ਦੇਖੋ, ਮੁਸਕਲ.

ਮੁਸ਼ਕੀ: ਫੈਲਾਈ. ਵਿਸ੍ਾਰੀ. "ਹਰਿ ਮੁਸਕੀ ਮੁਸਕ ਗੰਧਾਰੇ." (ਨਟ ਅਃ ਮਃ ੪) ਕਸ੍ਤੂਰੀ ਦੀ ਸੁਗੰਧ ਫੈਲਾਈ. ਭਾਵ- ਕੀਰਤਿ ਫੈਲਾ ਗਈ। ੨. ਫ਼ਾ. مُشکیِن ਮੁਸ਼ਕੀਨ. ਵਿ- ਮੁਸ਼ਕ (ਕਸਤੂਰੀ) ਦੇ ਰੰਗ ਜੇਹਾ. ਭੂਰੇ ਨਾਲ ਮਿਲਿਆ ਕਾਲਾ ਰੰਗ. "ਮੁਸਕੀ ਘੋੜੇ ਪਰ ਅਸਵਾਰ." (ਗੁਪ੍ਰਸੂ) ੩. ਪੰਜਾਬੀ ਵਿੱਚ ਸੜੀ (ਤੂੱਕੀ) ਚੀਜ ਨੂੰ ਭੀ ਮੁਸ਼ਕੀ ਆਖਦੇ ਹਨ. ਦੇਖੋ, ਮੁਸਕਾਨ.

ਮੁਸ਼ਕੀਂ: ਦੇਖੋ, ਮੁਸਕੀ ੨.

ਮੁਸ਼ੱਕਤ: ਦੇਖੋ, ਮਸਕਤਿ.

ਮੁਸ਼ੱਜਰ: ਅ਼. مُشجّر ਉਹ ਵਸਤ੍ਰ. ਜਿਸ ਪੁਰ ਸ਼ਜਰ (ਬੇਲ ਬੂਟਾ) ਕੱਢਿਆ ਹੋਵੇ. "ਅੰਬਰ ਮੁਸ਼ੱਜਰ ਫ਼ਾਮ ਨਾਨਾ." (ਸਲੋਹ) ਮੁਸ਼ੱਜਰ ਵਸਤ੍ਰ ਅਨੇਕ ਫ਼ਾਮ (ਰੰਗਾਂ) ਦੇ.

ਮੁਸਟ: ਸੰ. ਮੁਸ਼੍ਰਿਕ. ਇੱਕ ਮੁੱਕੀਮਾਰ (boxer) ਪਹਲਵਾਨ, ਜੋ ਕੰਸ ਦੇ ਅਖਾੜੇ ਦਾ ਭੂਸ਼ਣ ਸੀ. ਇਹ ਚੰਡੂਰ (ਚਾਣੂਰ) ਅਤੇ ਤੋਸ਼ਲ ਨਾਲ ਮਿਲਕੇ ਵਡੇ ਵਡੇ ਪਹਲਵਾਨਾਂ ਨੂੰ ਅਖਾੜੇ ਵਿੱਚ ਪਛਾੜਿਆ ਕਰਦਾ ਸੀ. ਕੰਮ ਨੇ ਇਸ ਨੂੰ ਬਲਭਦ੍ਰ ਅਤੇ ਕ੍ਰਿਸ਼ਨ ਜੀ ਦੇ ਮਾਰਣ ਲਈ ਸਮਝਾ ਰੱਖਿਆ ਸੀ. "ਮੁਸਟ ਕੇ ਸਾਥ ਲਰਯੋ ਮੁਸਲੀ, ਸੁ ਚੰਡੂਰ ਸੋਂ ਸਜਾਮ ਜੁ ਜੁੱਧ ਮਚਾਯੋ." (ਕ੍ਰਿਸਨਾਵ) ਦੇਖੋ, ਚੰਡੂਰ। ੨. ਸੰ. ਮੁਸ਼੍ਰ. ਵਿ- ਚੁਰਾਇਆ ਹੋਇਆ. ਜਿਸ ਦਾ ਮਾਲ ਖੋਹਿਆ ਗਿਆ ਹੈ। ੩. ਦੇਖੋ, ਮੁਸਟਿ.

ਮੁਸਟਿ: ਸੰ. ਮੁਸ਼੍ਰਿ. ਸੰਗਯਾ- ਮੁੱਕੀ. ਮੁੱਠ। ੨. ਤਲਵਾਰ ਆਦਿ ਦਾ ਕਬਜਾ. ਫ਼ਾ. مُشت ਮੁਸ੍ਤ.

ਮੁਸਟਿਕ: ਦੇਖੋ, ਮੁਸਟ

ਮੁਸਟਿਯੁੱਧ: ਮੁਸ਼੍ਰਿ (ਮੁੱਕੀ) ਦੀ ਲੜਾਈ. ਘਸੁੰਨੋ ਘਸੁੰਨੀ ਹੋਣਾ. Boxing. Pugilism. "ਮੁਸਟਿਯੁੱਧ ਦੋਨੋ ਅਰਪਰੇ." (ਗੁਪ੍ਰਸੂ) ਦੋਵੇਂ ਅੜਪਏ.

ਮੁਸਟੀ: ਦੇਖੋ, ਮੁਸਟਿ ੧. "ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ! ਲੀਨੀ." (ਗਉ ਕਬੀਰ)

ਮੁਸਣਾ: ਕ੍ਰਿ- ਚੁਰਾਉਣਾ. ਖੋਹਣਾ. ਲੁੱਟਣਾ. ਦੇਖੋ, ਮੁਸ.

ਮੁਸ਼ਤ: ਦੇਖੋ, ਮੁਸਟਿ.

ਮੁਸਤਸਨਾ: ਅ਼. مُستثنا ਵਿ- ਸ਼ਨੀ (ਦੂਜਾ ਕਰਨ) ਦਾ ਭਾਵ. ਇੱਕ ਤੋਂ ਦੂਜੇ ਨੂੰ ਵੱਖ ਕਰਨ ਦੀ ਕ੍ਰਿਯਾ. ਜੋ ਅਲਗ ਕੀਤਾ ਗਿਆ ਹੈ. ਭਾਵ- ਜੋ ਕਿਸੇ ਨਿਯਮ ਅਥਵਾ ਪਾਬੰਦੀ ਤੋਂ ਬਰੀ ਕੀਤਾ ਗਿਆ ਹੈ.

ਮੁਸਤਹੱਕ, ਮੁਸਤਹ਼ੱਕ਼: ਅ਼. مستحق ਹ਼ੱਕ਼ ਰੱਖਣ ਵਾਲਾ. ਅਧਿਕਾਰੀ.

ਮੁਸ਼ਤਹਰ: ਅ਼. مشتہر ਵਿ- ਸ਼ੁਹਰਤ ਵਾਲਾ. ਮਸ਼ਹੂਰ ਕੀਤਾ ਗਿਆ.

ਮੁਸਤਕਿਲ, ਮੁਸਤਕ਼ਿਲ: ਅ਼. مستقل ਵਿ- ਕ਼ੱਲ (ਕ਼ਮੀ) ਵਾਲਾ. ਭਾਵ- ਜੋ ਆਪਣੀ ਕਮੀ ਪੂਰੀ ਕਰਨ ਲਈ ਹੋਰ ਕਿਸੇ ਦੀ ਸਹਾਇਤਾ ਨਹੀਂ ਚਾਹੁੰਦਾ. ਦ੍ਰਿੜ੍ਹ. ਪੱਕਾ. ਕ਼ਾਇਮ.

ਮੁਸਤਕੀਮ, ਮੁਸਤਕ਼ੀਮ: ਅ਼. مستقیم ਵਿ- ਜੋ ਕ਼ਵਮ (ਰਾਸ੍ਤੀ) ਸਹਿਤ ਹੈ. ਸਿੱਧਾ. ਇਰਾਦੇ ਪੁਰ ਪੱਕਾ ਰਹਿਣ ਵਾਲਾ. ਜੋ ਆਪਣਾ ਰਾਹ ਨਾ ਛੱਡੇ.

ਮੁਸਤਗੀਸ: ਅ਼. مستغیث ਮੁਸਤਗ਼ੀਸ. ਇਸਤਗ਼ਾਸ਼ਹ (ਫ਼ਰਿਆਦ) ਕਰਨ ਵਾਲਾ.

ਮੁਸਤਨਦ: ਅ਼. مستند ਵਿ- ਸਨਦ (ਦਲੀਲ) ਵਾਲਾ. ਯੁਕ੍ਤਿ ਸਹਿਤ. ਬਾਸਬੂਤ.

ਮੁਸਤਫਾ: ਅ਼. مصطفیٰ ਮੁਸ੍ਤਫ਼ਾ. ਵਿ- ਜੋ ਸਫ਼ਵ (ਖ਼ਾਲਿਸ) ਕੀਤਾ ਗਿਆ ਹੈ. ਚੁਣਿਆ ਹੋਇਆ। ੨. ਅ਼. مستعفی ਇਸਤੀਅ਼ਫਾ ਦੇਣ ਵਾਲਾ. ਨੌਕਰੀ ਤੋਂ ਛੁਟਕਾਰਾ ਚਾਹੁਣ ਵਾਲਾ.

ਮੁਸਤਫਾਬਾਦ: ਇੱਕ ਸ਼ਹਿਰ, ਜੋ ਜਿਲਾ ਅੰਬਾਲਾ, ਤਸੀਲ ਜਗਾਧਰੀ, ਥਾਣਾ ਛਾਪਰ ਵਿੱਚ ਰੇਲਵੇ ਸਟੇਸ਼ਨ ਮੁਸਤਫਾਬਾਦ ਤੋਂ ਦੋ ਮੀਲ ਪੂਰਵ ਹੈ. ਸਢੌਰਾ ਫਤੇ ਕਰਨ ਤੋਂ ਪਹਿਲਾਂ ਬੰਦਾ ਬਹਾਦੁਰ ਨੇ ਖਾਲਸਾਦਲ ਨਾਲ ਮੁਸਤਫਾਬਾਦ ਨੂੰ ਸਰ ਕੀਤਾ ਸੀ.

ਮੁਸਤਫੀ: ਦੇਖੋ, ਮੁਸਤਫਾ ੨.

ਮੁਸ਼ਤਬਹ: ਅ਼. مشتبہ ਵਿ- ਸ਼ੁਬਹ (ਸੰਸ਼ਯ) ਸਹਿਤ. ਸੰਦਿਗਧ. ਸ਼ੱਕੀ.

ਮੁਸ਼ਤਰੀ: ਅ਼. مشتری ਸੰਗਜਾ- ਸ਼ਿਰਾ (ਖ਼ਰੀਦ) ਕਰਨ ਵਾਲਾ. ਖ਼ਰੀਦਾਰ। ੨. ਇੱਕ ਨਕ੍ਸ਼ਤ੍ਰ. ਵ੍ਰਿਹਸਪਤਿ. ਦੇਖੋ, ਗ੍ਰਹ.

ਮੁਸਤਾਕ, ਮੁਸਤਾਕੁ: ਅ਼. مشتاق ਮੁਸ਼ਤਾਕ. ਵਿ- ਇਸ਼ਤਯਾਕ਼ (ਸ਼ੌਕ਼) ਰੱਖਣ ਵਾਲਾ. "ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ." (ਆਸਾ ਅਃ ਮਃ ੫) "ਕਰਤੇ ਕੁਦਰਤੀ ਮੁਸਤਾਕੁ" (ਤਿਲੰ ਮਃ ੫)

ਮੁਸਤਾਬਾਦ: ਮੁਸਤਫਾਬਾਦ ਦਾ ਰੂਪਾਂਤਰ.

ਮੁਸਤੈਦ: ਅ਼. مستعد ਵਿ- ਅ਼ਦ ਤਿਆਰ ਹੋਇਆ. ਆਮਾਦਹ. ਕਿਸੇ ਕੰਮ ਕਰਨ ਨੂੰ ਤਿਆਰ.

ਮੁਸਤੌਫ਼ੀ: ਅ਼. مستوفی ਵਿ- ਵਫ਼ਾ (ਪੂਰਾ ਕਰਾਉਣ) ਵਾਲਾ। ੨. ਸੰਗਜਾ- ਹਿਸਾਬ ਦਾ ਪੜਤਾਲੀਆ। ੩. ਗਰੋਹ ਦਾ ਮੁਖੀਆ.

ਮੁਸੱਦਸ: ਅ਼. مسدّس ਸੰਗਜਾ- ਛੀ ਪਦ ਦਾ ਛੰਦ, ਛੱਪਯ। ੨. ਛੀ ਕੋਣੀ ਵਸਤੁ (hexagon)

ਮੁਸੱਦੀ: ਅ਼. مصدّی ਮੁਤਸੱਦੀ. ਵਿ- ਸਦਦ (ਨਜ਼ਦੀਕ) ਹੋਣ ਵਾਲਾ। ੨. ਸੰਗਜਾ- ਮੁਨਸ਼ੀ. ਦਫ਼ਤਰ ਦਾ ਕਲਰਕ.

ਮੁਸੱਨਾ: ਅ਼. مثنّا ਮੁਸੰਨਾ. ਸੰਗਜਾ- ਸ਼ਨਿਯ (ਦੁਹਰਾ ਹੋਣਾ) ਦਾ ਭਾਵ। ੨. ਦੂਜੀ ਵਾਰ ਲਿਖਿਆ ਹੋਇਆ ਲੇਖ. ਨਕ਼ਲ. ਕਾਪੀ.

ਮੁਸੱਨਿਫ: ਅ਼. مصنّف ਮੁਸੱਨਿਫ਼. ਸੰਗਜਾ- ਸਿਨਫ਼ (ਪ੍ਰਕਾਰ) ਰਚਣ ਵਾਲਾ. ਗ੍ਰੰਥਕਰਤਾ. ਕਵਿ.

ਮੁਸਫ: ਕ਼ੁਰਾਨ. ਦੇਖੋ, ਮੁਸਹਫ ੨. "ਆਪ ਮੁਸਫ ਬਾਚਤ ਭਈ." (ਚਰਿਤ੍ਰ ੪੬)

ਮੁੰਸਫ: ਅ਼. منصف ਮੁਨਸਿਫ਼. ਵਿ- ਇਨਸਾਫ ਕਰਨ ਵਾਲਾ. ਨਿਆਉਂ ਕਰਤਾ। ੨. ਸੰਗਜਾ- ਨਿਸ਼ਫ਼ਾ ਨਿਸ਼ਫ਼ (ਅੱਧੋ ਅੱਧ), ਭਾਵ- ਸੱਚ ਝੂਠ ਦਾ ਨਿਤਾਰਾ ਕਰਨ ਵਾਲਾ ਅਹੁਦੇਦਾਰ। ੩. ਜ਼ਮੀਨ ਦੀ ਕੂਤ ਪੁਰ ਲਗਾਨ ਦਾ ਫੈਸਲਾ ਕਰਨ ਵਾਲਾ ਮਾਲੀ ਅਫਸਰ. "ਦਸ ਮੁੰਸਫ ਧਾਵਹਿ." (ਸੂਹੀ ਕਬੀਰ) ਭਾਵ- ਕਰਮ ਅਤੇ ਗ੍ਯਾਨਇੰਦ੍ਰਿਯ.

ਮੁਸ਼ਫ਼ਿਕ, ਮੁਸ਼ਫ਼ਿਕ਼: ਅ਼. مُشفِق ਵਿ- ਸ਼ਫ਼ਕ਼ਤ (ਕ੍ਰਿਪਾ) ਕਰਨ ਵਾਲਾ ਦਯਾਲ. ਮਿਹਰਬਾਨ.

ਮੁਸਫੀ: ਸੰਗਜਾ- ਮੁਨਸਿਫੀ. ਇਨਸਾਫ (ਨਜਾਯ) ਕਰਨ ਦੀ ਕ੍ਰਿਯਾ. "ਮੁਸਫੀ ਏਹ ਕਰੇਇ." (ਵਾਰ ਆਸਾ)

ਮੁਸੱਫਾ: ਅ਼. مُصفّا ਮੁਸੱਫ਼ਾ. ਵਿ- ਸਫ਼ਾ (ਨਿਰਮਲਤਾ) ਸਹਿਤ.

ਮੁਸੱਫ਼ਾਖ਼ੂਨ: ਲਹੂ ਨੂੰ ਸਾਫ ਕਰਨ ਵਾਲੀ ਦਵਾ.

ਮੁਸਬਦਾ: ਦੇਖੋ, ਮੁਸਵਦਾ.

ਮੁਸਮੁਸੀ: ਸੰਗਜਾ- ਮਰੋੜਾ. ਢਿੱਡਪੀੜ। ੨. ਦੇਖੋ, ਮੁਸ਼ ਧਾ.

ਮੁਸੱਮਮ: ਅ਼. مُصمّم ਮੁਸੱਮਮ. ਵਿ- ਸਮ (ਬੋਲਾਪਨ) ਸਹਿਤ। ੨. ਜੋ ਕਿਸੇ ਦੀ ਨਹੀਂ ਸੁਣਦਾ ਅਤੇ ਆਪਣੇ ਇਰਾਦੇ ਤੇ ਪੱਕਾ ਹੈ। ੩. ਪੱਕਾ. ਦ੍ਰਿੜ੍ਹ.

ਮੁਸੱਮਾਤ: ਅ਼. مُسمّات ਵਿ- ਇਸਮ (ਨਾਉਂ) ਵਾਲੀ.

ਮੁਸੱਮੀ: ਅ਼. مُسمّی ਮੁਸੱਮਾ. ਵਿ- ਜਿਸ ਦਾ ਇਸਮ (ਨਾਉਂ) ਰੱਖਿਆ ਗਿਆ ਹੈ. ਨਾਮਕ. ਨਾਉਂ ਵਾਲਾ.

ਮੁਸਰਫ: ਅ਼. مُشرف ਮੁਸ਼ਰਿਫ਼. ਵਿ- ਸ਼ਰਫ਼ (ਵਡਿਆਈ) ਰੱਖਣ ਵਾਲਾ। ੨. ਪੜਤਾਲੀਆ. ਨਿਗਹਬਾਨ। ੩. ਸੰਗਜਾ- ਟਕਸਾਲ ਵਿੱਚ ਰੋਜ਼ਾਨਾ ਹਿਸਾਬ ਰੱਖਣ ਵਾਲਾ ਕਰਮਚਾਰੀ. "ਮੁਸਰਫਦਾਰ ਦਰੋਗੇ ਓਲੀ." (ਭਾਗੁ)

ਮੁਸਰਫਦਾਰ: ਦੇਖੋ, ਮੁਸਰਫ ੩.

ਮੁਸ਼ਰਿਕ: ਅ਼. مُشرک ਸ਼ਿਰਕ ਕਰਨ ਵਾਲਾ. ਅਰਥਾਤ ਕਰਤਾਰ ਦੀ ਸਮਾਨਤਾ ਕਿਸੇ ਹੋਰ ਨੂੰ ਦੇਣ ਵਾਲਾ.

ਮੁਸਰੀ: ਸੰਗਜਾ- ਮੂਸ਼ਿਕਾ. ਚੂਹੀ. "ਘਰਿ ਘਰਿ ਮੁਸਰੀ ਮੰਗਲ ਗਾਵਹਿ." (ਆਸਾ ਕਬੀਰ) ਦੇਖੋ, ਫੀਲੁ.

ਮੁਸਲ: ਸੰ. ਮੁਸ਼ਲ ਅਥਵਾ ਮੁਸ਼ਲ. ਸੰਗਜਾ- ਕੁਤਕਾ. ਮੂਸ਼ਲ। ੨. ਗਦਾ. ਦੇਖੋ, ਮੁਸ ਧਾ। ੩. ਅ਼. ਮੁਸੁਲ. ਪ੍ਰਵਾਹ. ਵਹਾਉ। ੪. ਭਾਵ- ਦਸਤ. ਮਲ ਦਾ ਅੰਤੜੀ ਤੋਂ ਵਹਿਣਾ.

ਮੁਸਲਮਾਣ, ਮੁਸਲਮਾਣੁ, ਮੁਸਲਮਾਨ: ਫ਼ਾ. مُسلمان ਇਸਲਾਮ ਦੇ ਮੰਨਣ ਵਾਲਾ ਮੁਸਲਿਮ, ਮੁਸਲਿਮ ਦਾ ਬਹੁ ਵਚਨ ਮੁਸਲਮੀਨ. ਮੁਸਲਮੀਨ ਸ਼ਬਦ ਦਾ ਹੀ ਦੂਜਾ ਰੂਪ ਮੁਸਲਮਾਨ ਹੈ। ੨. ਭਾਵ- ਮੁਹੰਮਦ ਸਾਹਿਬ ਦੇ ਦੱਸੇ ਧਰਮ ਨੂੰ ਧਾਰਨ ਵਾਲਾ. "ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣੁ." (ਮਃ ੧. ਵਾਰ ਮਾਝ) "ਮੁਸਲਮਾਨ ਦਾ ਏਕ ਖੁਦਾਇ." (ਭੈਰ ਕਬੀਰ)

ਮੁਸਲਮਾਨਾਂ ਦਾ ਭਾਰਤ ਵਿੱਚ ਰਾਜ: ਮੁਹੰਮਦ ਸਾਹਿਬ ਦਾ ਦੇਹਾਂਤ ਸਨ ੬੩੨ ਵਿੱਚ ਹੋਇਆ. ਉਨ੍ਹਾਂ ਦੇ ਪਿੱਛੋਂ ਇਸਲਾਮ ਦੀ ਬਾਗ ਡੋਰ ਉਨ੍ਹਾਂ ਦੇ ਜਾ- ਨਸ਼ੀਨਾਂ ਦੇ ਹੱਥ ਆਈ, ਜਿਨ੍ਹਾਂ ਨੂੰ ਖ਼ਲੀਫ਼ੇ ਕਹਿੰਦੇ ਸਨ. ਇਨ੍ਹਾਂ ਦੇ ਉੱਦਮ ਨਾਲ ਇੱਕ ਸੌ ਵਰ੍ਹੇ ਦੇ ਅੰਦਰ ਅੰਦਰ ਇਸਲਾਮ ਦਾ ਝੰਡਾ ਇੱਕ ਪਾਸੇ ਮਿਸਰ, ਉੱਤਰੀ ਅਫਰੀਕਾ, ਸਪੇਨ ਅਤੇ ਦੂਜੇ ਪਾਸੇ- ਸੀਰੀਆ, ਫਾਰਸ, ਅਫਗਾਨਿਸਤਾਨ ਆਦਿ ਦੇਸਾਂ ਤੇ ਝੂਲਣ ਲੱਗਾ, ਅੱਗੋਂ ਵਾਰੀ ਆਈ ਭਾਰਤ ਦੀ. ਕੁਝ ਚਿਰ ਤਾਂ ਸਾਡੇ ਉੱਤਰੀ ਪੱਛਮੀ ਪਹਾੜਾਂ ਨੇ ਇਸਲਾਮੀ ਵਾਧੇ ਨੂੰ ਠਲ੍ਹਾ ਦਿੱਤਾ, ਪਰ ਅੱਠਵੀਂ ਸਦੀ ਦੇ ਸ਼ੁਰੂ ਵਿੱਚ ਸਿੰਧ ਦੇ ਰਾਹੀਂ ਹੱਲਾ ਹੋ ਹੀ ਗਿਆ.

ਸਭ ਤੋਂ ਪਹਿਲਾਂ ਬਸਰੇ ਦੇ ਹਾਕਿਮ ਹੱਜਾਜ ਦਾ ਸੈਨਾਪਤਿ ਮੁਹੰਮਦ ਬਿਨ ਕਾਸਿਮ ਖ਼ਲੀਫ਼ਾ ਵਲੀਦ ਦੀ ਆਗਜਾ ਨਾਲ ੨੧. ਜੂਨ ਸਨ ੭੧੨ ਨੂੰ ਮਕਰਾਨ ਅਤੇ ਬਲੋਚਿਸਤਾਨ ਹੁੰਦਾ ਹੋਇਆ ਭਾਰਤ ਪੁਰ ਚੜ੍ਹਕੇ ਆਇਆ, ਜਿਸ ਨੇ ਚਚ ਦੇ ਪੁਤ੍ਰ ਰਾਜਾ ਦਾਹਿਰ (ਅਥਵਾ ਦਾਹੂ) ਨੂੰ ਜਿੱਤਕੇ ਰਾਜਧਾਨੀ ਦੇਵਲ, ਅਤੇ ਸਨੇ ਸਨੇ ਸਾਰੇ ਸਿੰਧ ਉੱਤੇ ਕਬਜਾ ਕਰ ਲੀਤਾ, ਪਰ ਇਹ ਕਬਜਾ ਬਹੁਤ ਚਿਰ ਨਾ ਰਿਹਾ, ਕਿਉਂਕਿ ਸੁਮੇਰ ਰਾਜਪੂਤਾਂ ਨੇ ਮੁੜ ਸਿੰਧ ਫਤੇ ਕਰ ਲਿਆ.

ਇਸ ਪਿੱਛੋਂ ਸਨ ੯੯੬ ਤੋਂ ਲੈਕੇ ਮਾਮੂਰਸ਼ੀਦ, ਸੁਬਕਤਗੀਨ ਅਰ ਮਹਮੂਦ ਗਜਨਵੀ ਆਦਿ ਨੇ ਉੱਤਰ ਪੱਛਮ ਵੱਲੋਂ ਕਈ ਹਮਲੇ

ਕੀਤੇ ਅਤੇ ਦੇਸ ਲੁੱਟਿਆ, ਪਰ ਭਾਰਤ ਵਿੱਚ ਮੁਸਲਮਾਨਾਂ ਦਾ ਰਾਜ ਸ਼ਹਾਬੁੱਦੀਨ ਮੁਹੰਮਦ ਗੋਰੀ ਨੇ ਥਾਪਿਆ, ਜਿਸ ਨੇ ਸਨ ੧੧੯੨ ਵਿੱਚ ਪ੍ਰਿਥੀਰਾਜ ਚੌਹਾਨ ਨੂੰ ਜਿੱਤਕੇ ਹਿੰਦੁਸਤਾਨ ਦੀ ਗੱਦੀ ਸਾਂਭੀ ਅਤੇ ਆਪਣਾ ਗੁਲਾਮ ਕੁਤਬੁੱਦੀਨ ਐਬਕ ਪ੍ਰਤਿਨਿਧਿ ਬਣਾਕੇ ਦਿੱਲੀ ਵਿੱਚ ਕਾਇਮ ਕੀਤਾ.

ਭਾਰਤ ਦੇ ਪ੍ਰਾਂਤਾਂ (ਇਲਾਕਿਆਂ) ਵਿੱਚ ਅਨੇਕ ਮੁਸਲਮਾਨ ਰਾਜੇ ਹੋਏ ਹਨ, ਪਰ ਦਿੱਲੀ ਦੇ ਤਖਤ ਤੇ ਬੈਠਣ ਵਾਲੇ ਹੀ ਹਿੰਦੁਸਤਾਨ ਦੇ ਸ਼ਹਨਸ਼ਾਹ ਮੰਨੇ ਜਾਂਦੇ ਹਨ, ਅਰ ਸਿੱਖ ਇਤਿਹਾਸ ਨਾਲ ਖਾਸ ਕਰਕੇ ਮੁਗ਼ਲਵੰਸ਼ੀ ਬਾਦਸ਼ਾਹਾਂ ਦਾ ਸੰਬੰਧ ਹੈ, ਇਸ ਲਈ ਦਿੱਲੀ ਦੇ ਤਖਤ ਪੁਰ ਬੈਠਣ ਵਾਲੇ ਬਾਦਸ਼ਾਹ ਇੱਥੇ ਲਿਖੇ ਜਾਂਦੇ ਹਨ-

(ਗ਼ੁਲਾਮਵੰਸ਼)

(੧) ਕੁਤਬੁੱਦੀਨ ਐਬਕ. ਸਨ ੧੨੦੬ ਤੋਂ ੧੨੧੦. ਸ਼ਹਾਬੁੱਦੀਨ ਮੁਹੰਮਦ ਗੋਰੀ ਨੇ ਦਿੱਲੀਪਤਿ ਪ੍ਰਿੱਥੀਰਾਜ ਨੂੰ ਸਨ ੧੧੯੨ ਵਿੱਚ ਫਤੇ ਕਰਕੇ ਆਪਣੇ ਗੁਲਾਮ ਕੁਤਬੁੱਦੀਨ ਨੂੰ ਭਾਰਤ ਦੀ ਹੁਕੂਮਤ ਸੌਂਪੀ. ਸ਼ਹਾਬੁੱਦੀਨ ਦੇ ਮਰਨ ਤੇ ਸਨ ੧੨੦੬ ਵਿੱਚ ਇਹ ਹਿੰਦੁਸਤਾਨ ਦਾ ਸ਼ਹਨਸ਼ਾਹ ਬਣਿਆਂ. ਇਹ ਖਾਨਦਾਨ ਗੁਲਾਮਾਂ ਦਾ ਪਹਿਲਾ ਬਾਦਸ਼ਾਹ ਹੋਇਆ.

(੨) ਆਰਾਮਸ਼ਾਹ. ਸਨ ੧੨੧੦ ਤੋਂ ੧੨੧੧. ਇਹ ਨੰਃ ੧. ਦਾ ਬੇਟਾ ਸੀ. ਕੇਵਲ ਬਾਰਾਂ ਮਹੀਨੇ ਬਾਦਸ਼ਾਹ ਰਿਹਾ, ਇਸ ਦੀ ਥਾਂ ਇਸ ਦੇ ਭਣੋਈਏ ਨੰਃ ੩. ਨੇ ਸਾਂਭੀ.

(੩) ਸ਼ਮਸੁੱਦੀਨ ਅਲਤਮਸ਼ (ਇਲਤ ਤਮਸ਼). ਜਨਵਰੀ ਸਨ ੧੨੧੧ ਤੋਂ ਅਪ੍ਰੈਲ ੧੨੩੫. ਇਹ ਨੰਃ ੧. ਦਾ ਗੁਲਾਮ ਅਤੇ ਜਵਾਈ ਸੀ. ਦਿੱਲੀ ਦਾ ਕੁਤਬ ਮੀਨਾਰ ਇਸੇ ਨੇ ਬਣਵਾਇਆ ਹੈ.

(੪) ਰੁਕਨੁੱਦੀਨ ਫੀਰੋਜ਼ਸ਼ਾਹ. ਸਨ ੧੨੩੫ ਤੋਂ ੧੨੩੬. ਇਹ ਨੰ. ੩. ਦਾ ਬੇਟਾ ਸੀ. ਕੇਵਲ ਸੱਤ ਮਹੀਨੇ ਤਖਤ ਪੁਰ ਰਿਹਾ, ਇਸ ਦੀ ਥਾਂ ਇਸ ਦੀ ਭੈਣ ਨੰਃ ੫. ਨੇ ਸਾਂਭੀ.

(੫) ਸੁਲਤਾਨਹ ਰਜੀਯਾ. ਸਨ ੧੨੩੬- ੪੦. ਇਹ ਨੰਃ ੩. ਦੀ ਬੇਟੀ ਸੀ. ਇਹ ੨੪ ਅਕਤੂਬਰ ਸਨ ੧੨੩੯ ਨੂੰ ਤਖਤੋਂ ਉਤਾਰੀ ਗਈ ਅਤੇ ਕੁਝ ਮਹੀਨੇ ਕੈਦ ਰਹਿਕੇ ਸਨ ੧੨੪੦ ਵਿੱਚ ਆਪਣੇ ਭਾਈ ਨੰਃ ੬. ਦੇ ਹੱਥੋਂ ਮਾਰੀ ਗਈ. ਇਹ ਇੱਕੋ ਇਸਤ੍ਰੀ ਸੀ, ਜੋ ਦਿੱਲੀ ਦੇ ਤਖ਼ਤ ਤੇ ਬੈਠੀ.

(੬) ਬਹਿਰਾਮਸ਼ਾਹ ਮੁਇਜ਼ੁੱਦੀਨ. ਸਨ ੧੨੪੦ ਤੋਂ ੧੨੪੧. ਇਹ ਨੰਃ ੩. ਦਾ ਬੇਟਾ ਸੀ. ਮਈ ਸਨ ੧੨੪੧ ਵਿੱਚ ਗੱਦੀਓਂ ਲਾਹਿਆ ਗਿਆ ਅਤੇ ਕਤਲ ਕੀਤਾ ਗਿਆ.

(੭) ਅਲਾਉੱਦੀਨ ਮਸਊਦ. ਸਨ ੧੨੪੨ ਤੋਂ ੧੨੪੬. ਇਹ ਨੰਃ ੪. ਦਾ ਬੇਟਾ ਸੀ.

(੮) ਨਾਸਿਰੁੱਦੀਨ ਮਹ਼ਮੂਦ. ਸਨ ੧੨੪੬ ਤੋਂ ੧੨੬੬. ਇਹ ਨੰਃ ੩. ਦਾ ਪੁਤ੍ਰ ਸੀ. ਇਹ ਨਿਰਾ ਤਖਤ ਤੇ ਹੀ ਬੈਠਣ ਵਾਲਾ ਸੀ, ਰਾਜ ਇਸ ਦਾ ਵਜੀਰ ਬਲਬਨ ਕਰਦਾ ਸੀ.

(੯) ਗਯਾਸੁੱਦੀਨ ਬਲਬਨ. ਸਨ ੧੨੬੬ ਤੋਂ ੧੨੮੬. ਇਹ ਨੰਃ ੩. ਦਾ ਗੁਲਾਮ ਅਤੇ ਨੰਃ ੮. ਦਾ ਸਹੁਰਾ ਅਤੇ ਵਜੀਰ ਸੀ. ਇਸ ਦੀ ਮੌਤ ੧੨੮੬ ਵਿੱਚ ਹੋਈ.

(੧੦) ਮੁਇਜ਼ੁੱਦੀਨ ਕੈਕ਼ੂਬਾਦ. ਸਨ ੧੨੮੬ ਤੋਂ ੧੨੯੦. ਇਹ ਬੰਗਾਲ ਦੇ ਸੂਬੇਦਾਰ ਬੁਗ਼ਰਾਖ਼ਾਨ ਦਾ ਪੁਤ੍ਰ ਅਤੇ ਨੰਃ ੯. ਦਾ ਪੋਤਾ ਸੀ, ਜੋ ਗੱਦੀਓਂ ਲਾਹਿਆ ਅਤੇ ਕਤਲ ਕੀਤਾ ਗਿਆ. ਕੈਕ਼ੂਬਾਦ ਗੁਲਾਮਾਂ ਦੀ ਸਲਤਨਤ ਦਾ ਅੰਤਿਮ ਬਾਦਸ਼ਾਹ ਸੀ.

(ਖ਼ਲਜੀ[1002] ਵੰਸ਼)

(੧੧) ਜਲਾਲੁੱਦੀਨ ਫ਼ੀਰੋਜ਼ ਖ਼ਲਜੀ. ਸਨ ੧੨੯੦ ਤੋਂ ੧੨੯੬. ਇਹ ਕਾਯਮਖ਼ਾਨ ਦਾ ਪੁਤ੍ਰ ਸੀ. ਇਸ ਨੇ ਆਪਣੀ ਹਿੰਮਤ ਨਾਲ

---

[1002] ਅਫਗਾਨਿਸਤਾਨ ਵਿੱਚ ਇੱਕ ਨਗਰ. ਖ਼ਲਜ ਹੈ, ਜਿਸ ਦੇ ਰਹਿਣ ਵਾਲੇ ਪਠਾਣਾਂ ਦੀ ਸੰਗ੍ਯਾ ਖ਼ਲਜੀ ਹੋਈ. ਕਈਆਂ ਨੇ ਉੱਚਾਰਣ ਖ਼ਿਲਜੀ ਲਿਖਿਆ ਹੈ.

ਗ਼ੁਲਾਮਵੰਸ਼ ਤੋਂ ਦਿੱਲੀ ਦਾ ਤਖ਼ਤ ਖੋਹਿਆ.

(੧੨) ਅਲਾਉੱਦੀਨ ਖ਼ਲਜੀ. ਸਨ ੧੨੯੬ ਤੋਂ ੧੩੧੬. ਇਹ ਨੰঃ ੧੧. ਦਾ ਭਤੀਜਾ ਅਤੇ ਜਵਾਈ ਸੀ. ਇਸ ਨੇ ਜਲਾਲੁੱਦੀਨ ਨੂੰ ਮਾਰਕੇ ਉਸ ਦਾ ਰਾਜ ਸਾਂਭਿਆ, ਅਤੇ ਆਪਣੀ ਪਦਵੀ ਸਿਕੰਦਰ ਸਾਨੀ ਠਹਿਰਾਈ. ਮੁਗਲਰਾਜ ਤੋਂ ਪਹਿਲਾਂ ਇਹ ਸਾਰੇ ਮੁਸਲਮਾਨ ਬਾਦਸ਼ਾਹਾਂ ਵਿੱਚੋਂ ਵਡਾ ਪ੍ਰਤਾਪੀ ਹੋਇਆ ਹੈ.[1003]

(੧੩) ਕ਼ੁਤਬੁੱਦੀਨ ਮੁਬਾਰਕਸ਼ਾਹ ਖ਼ਲਜੀ. ਸਨ ੧੩੧੬ ਤੋਂ ੧੩੨੦. ਇਹ ਨੰঃ ੧੨. ਦਾ ਬੇਟਾ ਅਤੇ ਖ਼ਲਜੀਵੰਸ਼ ਦਾ ਅਖ਼ੀਰੀ ਬਾਦਸ਼ਾਹ ਸੀ.

(ਤੁਗ਼ਲਕ਼ ਵੰਸ਼)

(੧੪) ਗਯਾਸੁੱਦੀਨ ਤੁਗ਼ਲਕ਼. ਸਨ ੧੩੨੧ ਤੋਂ ੧੩੨੫. ਇਹ ਗਯਾਸੁੱਦ੍ਰੀਨ ਬਲਬਨ ਦੇ ਤੁਗ਼ਲਕ਼ ਗ਼ੁਲਾਮ ਦਾ ਬੇਟਾ ਇੱਕ ਹਿੰਦੂ ਜੱਟ ਇਸਤ੍ਰੀ ਦੇ ਪੇਟੋਂ ਸੀ. ਇਸ ਦਾ ਨਾਉਂ ਗਾਜੀ ਮਲਿਕ ਸੀ. ਇਹ ਪੰਜਾਬ ਦਾ ਸੂਬੇਦਾਰ ਸੀ. ਤੁਗ਼ਲਕ ਵੰਸ਼ ਦੀ ਬਾਦਸ਼ਾਹਤ ਇਸ ਨੇ ਕਾਇਮ ਕੀਤੀ.

(੧੫) ਮੁਹ਼ੰਮਦਸ਼ਾਹ ਤੁਗ਼ਲਕ਼. ਸਨ ੧੩੨੫ ਤੋਂ ੧੩੫੧. ਇਹ ਨੰঃ ੧੪. ਦਾ ਵਡਾ ਬੇਟਾ ਸੀ. ਇਹ ਆਪਣੇ ਬਾਪ ਨੂੰ ਮਾਰਕੇ ਤਖ਼ਤ ਤੇ ਬੈਠਾ. ਇਸ ਦਾ ਅਸਲ ਨਾਮ ਫ਼ਖ਼ਰੁੱਦੀਨ ਜੂਨਾਖ਼ਾਨ ਸੀ.

(੧੬) ਫ਼ੀਰੋਜ਼ਸ਼ਾਹ ਤੁਗ਼ਲਕ਼. ਸਨ ੧੩੫੧ ਤੋਂ ੧੩੮੮. ਇਹ ਗ਼ਯਾਸੁੱਦੀਨ ਤੁਗ਼ਲਕ਼ ਦੇ ਭਾਈ ਰਜਬ ਦਾ ਬੇਟਾ ਅਤੇ ਨੰঃ ੧੫. ਦਾ ਚਚੇਰਾ ਭਾਈ ਸੀ.

(੧੭) ਗ਼ਯਾਸੁੱਦੀਨ ਤੁਗ਼ਲਕ਼ ੨. ਸਨ ੧੩੮੮ ਤੋਂ ੧੩੮੯. ਇਹ ਫ਼ਤੇਖ਼ਾਨ ਦਾ ਬੇਟਾ ਅਤੇ ਨੰঃ ੧੬. ਦਾ ਪੋਤਾ ਸੀ.

(੧੮) ਅਬੂਬਕਰ ਤੁਗ਼ਲਕ਼. ਸਨ ੧੩੮੯ ਤੋਂ ੧੩੯੦. ਇਹ ਜਫ਼ਰਖ਼ਾਨ ਦਾ ਬੇਟਾ ਅਤੇ ਨੰঃ ੧੬. ਦਾ ਪੋਤਾ ਸੀ. ਕਰੀਬ ਡੇਢ ਵਰ੍ਹਾ ਬਾਦਸ਼ਾਹ ਰਿਹਾ.

(੧੯) ਨਾਸਿਰੁੱਦੀਨ ਮੁਹ਼ੰਮਦਸ਼ਾਹ ਤੁਗ਼ਲਕ਼. ਸਨ ੧੩੯੦ ਤੋਂ ੧੩੯੪. ਇਹ ਨੰঃ ੧੬. ਦਾ ਬੇਟਾ ਸੀ. ਇੱਕ ਵਾਰ ਸਨ ੧੩੮੭ ਵਿੱਚ ਇਹ ਆਪਣੇ ਬਾਪ ਦੇ ਹੁੰਦੇ ਤਖ਼ਤ ਪੁਰ ਬੈਠ ਗਿਆ ਸੀ, ਪਰ ਥੋੜੇ ਚਿਰ ਵਿੱਚ ਹੀ ਗੱਦੀਓਂ ਲਾਹਿਆ ਗਿਆ, ਫੇਰ ੧੩੯੦ ਵਿੱਚ ਅਬੂਬਕਰ ਪਿੱਛੋਂ ਬਾਦਸ਼ਾਹ ਹੋਇਆ.

(੨੦) ਹੁਮਾਯੂੰ ਤੁਗ਼ਲਕ਼ ਸਿਕੰਦਰਸ਼ਾਹ. ਸਨ ੧੩੯੪. ਇਹ ਨੰঃ ੧੯. ਦਾ ਬੇਟਾ ਸੀ. ਕੇਵਲ ੪੫ ਦਿਨ ਬਾਦਸ਼ਾਹ ਰਹਿਕੇ ਮਰ ਗਿਆ.

(੨੧) ਮੁਹ਼ੰਮਦਸ਼ਾਹ ਤੁਗ਼ਲਕ (ਠੀਕ ਨਾਉਂ ਮਹਮੂਦ ਤੁਗ਼ਲਕ਼) ਸਨ ੧੩੯੪ ਤੋਂ ੧੪੧੨. ਇਹ ਨੰঃ ੧੯. ਦਾ ਬੇਟਾ ਅਤੇ ਨੰঃ ੨੦. ਦਾ ਭਾਈ ਸੀ. ਤੈਮੂਰਸ਼ਾਹ ਇਸੇ ਦੇ ਰਾਜ ਸਮੇਂ ਭਾਰਤ ਵਿੱਚ ਆਇਆ. ਇਹ ਸਨ ੧੪੦੦ ਵਿੱਚ ਤਖ਼ਤੋਂ ਉਤਾਰਿਆ ਗਿਆ ਸੀ, ਪਰ ਫੇਰ ੧੪੦੫ ਵਿੱਚ ਇਸ ਨੇ ਬਾਦਸ਼ਾਹਤ ਲਈ. ਇਹ ਤੁਗ਼ਲਕ਼ ਵੰਸ਼ ਦਾ ਅੰਤਿਮ ਬਾਦਸ਼ਾਹ ਸੀ.

(ਲੋਦੀ[1004])

(੨੨) ਦੌਲਤਖ਼ਾਂ ਲੋਦੀ. ਸਨ ੧੪੧੨ ਤੋਂ ੧੪੧੪. ਇਸ ਨੇ ਮਹਮੂਦ ਤੁਗ਼ਲਕ਼ ਪਿੱਛੋਂ ਇੱਕ ਵਰ੍ਹਾ ਦਿੱਲੀ ਦੀ ਬਾਦਸ਼ਾਹਤ ਕੀਤੀ.

(ਸੈਯਦ)

(੨੩) ਖ਼ਿਜ਼ਰਖ਼ਾਨ ਸੈਯਦ. ਸਨ ੧੪੧੪ ਤੋਂ ੧੪੨੧. ਇਹ ਮਲਿਕ ਸੁਲੈਮਾਨ ਦਾ ਪੁਤ੍ਰ ਮੁਲਤਾਨ ਦਾ ਗਵਰਨਰ ਸੀ. ਇਸ ਨੇ

---

[1003] ਅਲਾਉੱਦੀਨ ਪਿੱਛੋਂ ਉਸ ਦਾ ਪੁਤ੍ਰ ਉਮਰ, ਜੋ ਅਜੇ ਬੱਚਾ ਹੀ ਸੀ ਤਖ਼ਤ ਤੇ ਬੈਠਾਇਆ ਗਿਆ, ਪਰ ਉਸ ਨੂੰ ਛੇਤੀ ਹੀ ਅੰਨ੍ਹਾ ਕਰਕੇ ਹਟਾਇਆ ਗਿਆ.

[1004] ਲੋਦੀ ਪਠਾਣਵੰਸ਼ ਹੈ.

ਦੌਲਤਖ਼ਾਂ ਤੋਂ ਦਿੱਲੀ ਦਾ ਤਖਤ ਖੋਹਿਆ.

(੨੪) ਮੁਬਾਰਿਕਸ਼ਾਹ ਸੈਯਦ. ਸਨ ੧੪੨੧ ਤੋਂ ੧੪੩੫. ਇਹ ਨੰਃ ੨੩ ਦਾ ਬੇਟਾ ਸੀ.

(੨੫) ਮੁਹ਼ੰਮਦਸ਼ਾਹ ਸੈਯਦ. ਸਨ ੧੪੩੫ ਤੋਂ ੧੪੪੫. ਇਹ ਫ਼ਰੀਦੁੱਦੀਨ ਦਾ ਬੇਟਾ, ਨੰਃ ੨੩ ਦਾ ਪੋਤਾ ਅਤੇ ਨੰਃ ੨੪ ਦਾ ਭਤੀਜਾ ਸੀ.

(੨੬) ਅਲਾਉੱਦੀਨ ਸੈਯਦ. ਸਨ ੧੪੪੫ ਤੋਂ ੧੪੫੦. ਇਹ ਸੈਯਦ ਕੁਲ ਦਾ ਅਖ਼ੀਰੀ ਬਾਦਸ਼ਾਹ ਸੀ.[1005]

(ਲੋਦੀ)

(੨੭) ਬਹਲੋਲਖ਼ਾਂ ਲੋਦੀ. ਸਨ ੧੪੫੦ ਤੋਂ ੧੪੮੯. ਇਹ ਮਲਿਕ ਕਾਲਾ ਦਾ ਬੇਟਾ ਸੀ. ਇੱਕ ਵਾਰ ਜਦ ਨੰਃ ੨੬ ਬਦਾਊਂ ਵੱਲ ਰਾਜਪ੍ਰਬੰਧ ਕਰਨ ਗਿਆ, ਤਦ ਮੌਕਾ ਪਾਕੇ ਇਸ ਨੇ ਤਖਤ ਤੇ ਕਬਜਾ ਕਰ ਲੀਤਾ. ਕੁੱਝ ਚਿਰ ਤਾਂ ਇਸ ਨੇ ਅਲਾਉੱਦੀਨ ਨੂੰ ਨਾਉਂ ਮਾਤ੍ਰ ਬਾਦਸ਼ਾਹ ਮੰਨੀ ਰੱਖਿਆ. ਪਰ ਸਨ ੧੪੫੨ ਵਿੱਚ ਸ੍ਵਤੰਤ੍ਰ ਹੋ ਗਿਆ. ਜਗਤਗੁਰੂ ਨਾਨਕਦੇਵ ਇਸੇ ਦੀ ਅਮਲਦਾਰੀ ਵਿੱਚ ਪ੍ਰਗਟੇ ਸਨ.

(੨੮) ਸਿਕੰਦਰਸ਼ਾਹ ਲੋਦੀ. ਸਨ ੧੪੮੯ ਤੋਂ ੧੫੧੭. ਇਹ ਨੰਃ ੨੭ ਦਾ ਬੇਟਾ ਸੀ. ਇਸ ਦਾ ਪਹਿਲਾ ਨਾਉਂ ਨਿਜਾਮਖ਼ਾਨ ਸੀ. ਆਗਰੇ ਨੂੰ ਸਭ ਮੁਸਲਮਾਨ ਬਾਦਸ਼ਾਹਾਂ ਤੋਂ ਪਹਿਲਾਂ ਇਸੇ ਨੇ ਰਾਜਧਾਨੀ ਥਾਪਿਆ. ਇਸ ਨੇ ਮਜਹਬੀ ਜੋਸ਼ ਵਿੱਚ ਆਪਣਾ ਨਾਉਂ ਸੁਲਤਾਨ ਸਿਕੰਦਰ ਗ਼ਾਜ਼ੀ ਰੱਖਿਆ ਸੀ.

(੨੯) ਇਬਰਾਹੀਮ ਹੁਸੈਨ ਲੋਦੀ. ਸਨ ੧੫੧੭ ਤੋਂ ੧੫੨੬. ਇਹ ਨੰਃ ੨੮ ਦਾ ਬੇਟਾ ਅਤੇ ਅੰਤਿਮ ਲੋਦੀ ਕੁਲ ਦਾ ਪਠਾਣ ਬਾਦਸ਼ਾਹ ਸੀ. ਇਸ ਨੂੰ ਪਾਨੀਪਤ ਦੇ ਜੰਗ ਵਿੱਚ ਮਾਰਕੇ ਸਨ ੧੫੨੬ ਵਿੱਚ ਮੁਗਲ ਬਾਬਰ ਹਿੰਦੁਸਤਾਨ ਦਾ ਸ਼ਹਨਸ਼ਾਹ ਬਣਿਆ.

(ਮੁਗਲਵੰਸ਼)

(੩੦) ਜਹੀਰੁੱਦੀਨ ਮੁਹੰਮਦ ਬਾਬਰ. ਸਨ ੧੫੨੬- ੧੫੩੦. ਇਸ ਨੇ ਭਾਰਤ ਵਿੱਚ ਮੁਗਲਰਾਜ ਕਾਇਮ ਕੀਤਾ. ਦੇਖੋ, ਬਾਬਰ.

(੩੧) ਹੁਮਾਯੂੰ ਸ਼ਾਹ, ਸਨ ੧੫੩੦- ੧੫੫੬. ਇਹ ਨੰ. ੩੦ ਦਾ ਬੇਟਾ ਸੀ. ਇਸ ਨੂੰ ਸ਼ੇਰਸ਼ਾਹ ਸੂਰ ਪਠਾਣ ਨੇ ਜਿੱਤਕੇ ਸਨ ੧੫੪੦ ਵਿੱਚ ਦਿੱਲੀ ਦਾ ਤਖਤ ਸਾਂਭਿਆ. ਇਸ ਨੇ ਫੇਰ ਸਨ ੧੫੫੫ ਵਿੱਚ ਫਾਰਸ ਦੇ ਬਾਦਸ਼ਾਹ ਦੀ ਸਹਾਇਤਾ ਨਾਲ ਸੂਰਵੰਸ਼ ਤੋਂ ਹਿੰਦੁਸਤਾਨ ਦੀ ਬਾਦਸ਼ਾਹਤ ਖੋਹੀ, ਪਰ ਕੇਵਲ ਛੀ ਮਹੀਨੇ ਰਾਜ ਕਰਕੇ ਮਰ ਗਿਆ. ਦੇਖੋ, ਹੁਮਾਯੂੰ.

(ਸੂਰ[1006] ਵੰਸ਼)

(੩੨) ਸ਼ੇਰਸ਼ਾਹ ਸੂਰ. ਸਨ ੧੫੪੦ ਤੋਂ ੧੫੪੫. ਇਹ ਸੂਰਵੰਸ਼ੀ ਪਠਾਣ ਸਹਸਰਾਮ ਦੇ ਜਾਗੀਰਦਾਰ ਹਸਨਖ਼ਾਂ ਦਾ ਪੁਤ੍ਰ ਸੀ. ਇਸ ਦਾ ਪਹਿਲਾ ਨਾਉਂ ਫ਼ਰੀਦ ਸੀ. ਇਸ ਨੇ ਹਿੰਮਤ ਨਾਲ ਹੁਮਾਯੂੰ ਤੋਂ ਭਾਰਤ ਦਾ ਰਾਜ ਖੋਹਿਆ. ਦੇਖੋ, ਸ਼ੇਰਸ਼ਾਹ.

(੩੩) ਸਲੀਮ (ਇਸਲਾਮ) ਸ਼ਾਹ ਸੂਰ. ਸਨ ੧੫੪੫ ਤੋਂ ੧੫੫੩. ਇਹ ਨੰਃ ੩੨ ਦਾ ਛੋਟਾ ਬੇਟਾ ਸੀ. ਇਸ ਦਾ ਅਸਲ ਨਾਉਂ ਜਲਾਲਖ਼ਾਨ ਸੀ.

(੩੪) ਮੁਹੰਮਦਸ਼ਾਹ ਆਦਿਲ. ਸਨ ੧੫੫੪- ੧੫੫੫. ਇਹ ਸ਼ੇਰਸ਼ਾਹ ਦੇ ਭਾਈ ਨਜਾਮਖ਼ਾਂ ਦਾ ਪੁਤ੍ਰ ਸੀ. ਇਸ ਦਾ ਨਾਉਂ

---

[1005] ਨੰਬਰ ੨੩, ੨੪, ੨੫ ਅਤੇ ੨੬ ਨੇ ਆਪਣਾ ਸਿੱਕਾ ਨਹੀਂ ਚਲਾਇਆ.

[1006] ਸੂਰ ਪਠਾਣ ਗੋਤ੍ਰ ਹੈ.

ਮੁਬਾਰਿਕਖ਼ਾਨ ਸੀ. ਇਸ ਨੇ ਸਲੀਮਸ਼ਾਹ ਦੇ ਪੁਤ੍ਰ ਫ਼ੀਰੋਜ਼ਖ਼ਾਨ ਨੂੰ ਮਾਰਕੇ ਤਖਤ ਸਾਂਭਿਆ, ਅਰ ਇਸ ਨੂੰ ਇਬਰਾਹੀਮਖ਼ਾਨ ਸੂਰ (ਮਹੰਮਦਸ਼ਾਹ ਦੇ ਭਣੋਈਏ) ਨੇ ਤਖਤ ਤੋਂ ਲਾਹ ਦਿੱਤਾ. ਇਬਰਾਹੀਮ ਭੀ ਥੋੜੇ ਅਰਸੇ ਵਿੱਚ ਸਿਕੰਦਰਸ਼ਾਹ ਸੂਰ ਤੋਂ ਹਾਰ ਖਾਕੇ ਤਖਤ ਛੱਡ ਗਿਆ. ਸਿਕੰਦਰਸ਼ਾਹ ਭੀ ਰਾਜ ਦਾ ਆਨੰਦ ਨਾ ਭੋਗ ਸਕਿਆ, ਕਿਉਂਕਿ ਹੁਮਾਯੂੰ ਨੇ ਇਸ ਤੋਂ ਦਿੱਲੀ ਦਾ ਤਖਤ ਸਾਂਭ ਲਿਆ ਅਰ ਸੂਰ ਵੰਸ਼ ਦੀ ਹਕੂਮਤ ਸਮਾਪਤ ਹੋ ਗਈ.

(ਮੁਗਲਵੰਸ਼)

(੩੫) ਜਲਾਲੁੱਦੀਨ ਮੁਹ਼ੰਮਦ ਅਕਬਰ. ਸਨ ੧੫੫੬ ਤੋਂ ੧੬੦੫. ਇਹ ਨੰਃ ੩੧ ਦਾ ਬੇਟਾ ਸੀ. ਮੁਗਲ ਬਾਦਸ਼ਾਹਾਂ ਵਿੱਚੋਂ ਇਹ ਸਭ ਤੋਂ ਉੱਤਮ ਹੋਇਆ ਹੈ. ਦੇਖੋ, ਅਕਬਰ.

(੩੬) ਨੂਰੁੱਦੀਨ ਮੁਹ਼ੰਮਦ ਜਹਾਂਗੀਰ. ਸਨ ੧੬੦੫ ਤੋਂ ੧੬੨੭. ਇਹ ਨੰਃ ੩੫ ਦਾ ਬੇਟਾ ਸੀ. ਦੇਖੋ, ਜਹਾਂਗੀਰ.

(੩੭) ਸ਼ਹਾਬੁੱਦੀਨ ਮੁਹ਼ੰਮਦ ਸ਼ਾਹਜਹਾਂ. ਸਨ ੧੬੨੭[1007] ਤੋਂ ੧੬੫੮. ਇਸ ਨੂੰ ਇਸ ਦੇ ਬੇਟੇ ਨੰਃ ੩੮ ਨੇ ਸਨ ੧੬੫੮ ਵਿੱਚ ਕੈਦ ਕਰਕੇ ਤਖਤ ਸਾਂਭਿਆ. ਸ਼ਾਹਜਹਾਂ ਦੀ ਮੌਤ ਸਨ ੧੬੬੬ ਵਿੱਚ ਹੋਈ ਹੈ. ਦੇਖੋ, ਸ਼ਾਹਜਹਾਂ.

(੩੮) ਮੁਹੀਯੁੱਦੀਨ ਮੁਹ਼ੰਮਦ ਔਰੰਗਜ਼ੇਬ ਆਲਮਗੀਰ. ਸਨ ੧੬੫੮ ਤੋਂ ੧੭੦੭. ਇਹ ਨੰਃ ੩੭ ਦਾ ਪੁਤ੍ਰ ਸੀ. ਦੇਖੋ, ਔਰੰਗਜ਼ੇਬ.

(੩੯) ਮੁਅ਼ੱਜ਼ਮ ਬਹਾਦੁਰਸ਼ਾਹ. ਸਨ ੧੭੦੭ ਤੋਂ ੧੭੧੨ ਇਹ ਨੰਃ ੩੮ ਦਾ ਪੁਤ੍ਰ ਸੀ. ਦੇਖੋ, ਬਹਾਦੁਰਸ਼ਾਹ.

(੪੦) ਜਹਾਂਦਾਰਸ਼ਾਹ. ਸਨ ੧੭੧੨ ਤੋਂ ੧੭੧੩. ਇਹ ਨੰਃ ੩੯ ਦਾ ਪੁਤ੍ਰ ਸੀ. ਦੇਖੋ, ਜਹਾਂਦਾਰਸ਼ਾਹ.

(੪੧) ਫ਼ਰਰੁਖ਼ਸਿਯਰ. ਸਨ ੧੭੧੩ ਤੋਂ ੧੭੧੯. ਇਹ ਅ਼ਜੀਮੁੱਸ਼ਾਨ ਦਾ ਪੁਤ੍ਰ ਅਤੇ ਨੰਃ ੩੯ ਦਾ ਪੋਤਾ ਸੀ. ਦੇਖੋ, ਫ਼ਰਰੁਖ਼ਸਿਯਰ.

(੪੨) ਮੁਹੰਮਦਸ਼ਾਹ. ਸਨ ੧੭੧੯ ਤੋਂ ੧੭੪੮. ਇਹ ਜਹਾਨਸ਼ਾਹ ਦਾ ਪੁਤ੍ਰ ਅਤੇ ਨੰਃ ੩੯ ਦਾ ਪੋਤਾ ਸੀ. ਇਸ ਦੇ ਰਾਜ ਵਿੱਚ ਅਨੇਕ ਸੂਬੇ ਸ੍ਵਤੰਤ੍ਰ ਹੋ ਗਏ. ਇਹ ਰਾਗ ਰੰਗ ਵਿੱਚ ਮਗਨ ਰਹਿੰਦਾ ਸੀ. ਇਸੇ ਕਾਰਣ ਇਸ ਦੀ ਉਪਾਧੀ "ਰੰਗੀਲਾ" ਸੀ. ਨਾਇਰਸ਼ਾਹ ਨੇ ਇਸੇ ਦੇ ਸਮੇਂ ਦਿੱਲੀ ਲੁੱਟੀ ਅਤੇ ਕਤਲਾਮ ਕੀਤੀ. ਦੇਖੋ, ਮੁਹੰਮਦਸ਼ਾਹ.

(੪੩) ਅਹ਼ਮਦਸ਼ਾਹ. ਸਨ ੧੭੪੮ ਤੋਂ ੧੭੫੪. ਇਹ ਨੰਃ ੪੨ ਦਾ ਬੇਟਾ ਸੀ. ਇਸ ਨੂੰ ਇਸ ਦੇ ਵਜ਼ੀਰ ਨੇ ਕੈਦ ਕਰਕੇ ਅੰਨ੍ਹਾ ਕਰ ਦਿੱਤਾ. ਦੇਖੋ, ਅਹ਼ਮਦਸ਼ਾਹ.

(੪੪) ਆਲਮਗੀਰ ੨. ਸਨ ੧੭੫੪ ਤੋਂ ੧੭੫੯. ਇਹ ਨੰਃ ੪੦ ਦਾ ਬੇਟਾ ਸੀ.

(੪੫) ਸ਼ਾਹਆਲਮ. ਸਨ ੧੭੬੦ ਤੋਂ ੧੮੦੬. ਇਹ ਨੰਃ ੪੪ ਦਾ ਬੇਟਾ ਸੀ. ਇਸ ਦੀ ਕਮਜ਼ੋਰੀ ਵੇਖਕੇ ਜਨਵਰੀ ਸਨ ੧੭੮੫ ਵਿੱਚ ਮਾਧਵਰਾਉ ਸੇਂਧੀਆ ਨੇ ਦਿੱਲੀ ਤੇ ਆ ਕਬਜਾ ਕੀਤਾ, ਅਰ ਨਾਮਮਾਤ੍ਰ ਸ਼ਾਹਆਲਮ ਨੂੰ ਬਾਦਸ਼ਾਹ ਰੱਖਕੇ ਮਨਭਾਉਂਦੀ ਹੁਕੂਮਤ ਕੀਤੀ. ਸਨ ੧੭੮੭ ਵਿੱਚ ਜ਼ਾਬਿਤਾਖ਼ਾਨ ਦੇ ਪੁਤ੍ਰ ਗ਼ੁਲਾਮਕ਼ਾਦਿਰ (ਸਹਾਰਨਪੁਰ ਅਤੇ ਮੇਰਟ ਦੇ ਜਾਗੀਰਦਾਰ) ਨੇ ਮਰਹਟਿਆਂ ਨੂੰ ਜਿੱਤਕੇ ਦਿੱਲੀ ਆ ਮੱਲੀ. ੧੦. ਅਗਸ੍ਤ ਸਨ ੧੭੮੮ ਵਿੱਚ ਗੁਲਾਮਕ਼ਾਦਿਰ ਨੇ ਖੰਜਰ ਨਾਲ ਸ਼ਾਹਆਲਮ ਦੀਆਂ ਅੱਖਾਂ ਕੱਢ ਦਿੱਤੀਆਂ. ੨੧. ਦਿਸੰਬਰ ਸਨ ੮੮ ਨੂੰ ਮਰਹਟਿਆਂ ਨਾਲ ਫੇਰ ਗੁਲਾਮਕਾਦਿਰ ਦਾ ਮੇਰਟ ਮੁਠਭੇੜ ਹੋਇਆ, ਅਰ ਜੰਗ ਤੋਂ ਨੱਠਾ ਜਾਂਦਾ ਫੜਕੇ ਲੋਹੇ ਦੇ ਪਿੰਜਰੇ ਪਾਇਆ ਗਿਆ, ਅਤੇ ਹੱਥ ਪੈਰ ਵੱਢਕੇ ਦਿੱਲੀ ਭੇਜਿਆ ਗਿਆ, ਪਰ ਰਾਹ ਵਿੱਚ ਹੀ ਮਰ ਗਿਆ.

ਇਸ ਪਿੱਛੋਂ ਸ਼ਾਹਆਲਮ ਫੇਰ ਮਰਹਟਿਆਂ ਦੇ ਵਸ਼ ਪੈਗਿਆ. ਅੰਤ ਨੂੰ ਅੰਗ੍ਰੇਜ਼ਾਂ ਨੇ ਇਸ ਨੂੰ ਕੈਦ ਤੋਂ ਛੁਡਾਕੇ ਗੁਜ਼ਾਰਾ ਮੁਕੱਰਰ ਕਰ

---

[1007] ਇਸ ਦੀ ਬਾਦਸ਼ਾਹਤ ਜਹਾਂਗੀਰ ਦੇ ਮਰਨ (ਸਨ ੧੬੨੭) ਤੋਂ ਸਮਝੀ ਜਾਂਦੀ ਹੈ, ਪਰ ਬਾਕਾਇਦਾ ਇਸ ਦੀ ਤਖਤਨਸ਼ੀਨੀ ੪. ਫਰਵਰੀ ਸਨ ੧੬੨੮ ਨੂੰ ਹੋਈ ਹੈ.

ਦਿੱਤਾ ਅਤੇ ਨਾਉਂ ਮਾਤ੍ਰ ਨੂੰ ਬਾਦਸ਼ਾਹ ਥਾਪੀ ਰੱਖਿਆ.

(੪੬) ਅਕਬਰਸ਼ਾਹ ੨. ਇਹ ਨੰਃ ੪੫ ਦਾ ਬੇਟਾ ਸੀ. ਇਸ ਦੇ ਨਾਉਂ ਨਾਲ ਭੀ ਸਨ ੧੮੩੭ ਤੀਕ ਨਾਉਂਮਾਤ੍ਰ ਬਦਸ਼ਾਹ ਪਦਵੀ ਰਹੀ.

(੪੭) ਬਹਾਦੁਰਸ਼ਾਹ ੨. ਇਸ ਨੰਃ ੪੬ ਦਾ ਬੇਟਾ ਅਤੇ ਮੁਗਲਵੰਸ਼ ਦਾ ਅੰਤਿਮ ਬਾਦਸ਼ਾਹ ਸੀ, ਜੋ ਬਾਪ ਵਾਂਙ ਕਹਿਣਮਾਤ੍ਰ ਨੂੰ ਹਿੰਦੁਸਤਾਨ ਦਾ ਸ਼ਹਨਸ਼ਾਹ ਸੀ. ਸਨ ੧੮੫੭ (ਸੰਮਤ ੧੯੧੪) ਦੇ ਗ਼ਦਰ ਵਿੱਚ ਅੰਗ੍ਰੇਜਾਂ ਨੇ ਇਸ ਨੂੰ ਬਾਗੀਆਂ ਦਾ ਮੁਖੀਆ ਸਮਝਕੇ ਦੇਸ਼ਨਿਕਾਲਾ ਦੇਕੇ ਰੰਗੂਨ ਭੇਜ ਦਿੱਤਾ, ਜਿੱਥੇ ਇਸ ਦੀ ਮੌਤ ਸਨ ੧੮੬੨ ਵਿੱਚ ਹੋਈ. ਦੇਖੋ, ਬਹਾਦੁਰਸ਼ਾਹ ੨.

ਮੁਸਲਮਾਨਾਂ ਦੇ ਪਰਵ: ਦੇਖੋ, ਈਦ.

ਮੁਸਲਮਾਨਾਂ ਦੇ ਬਹੱਤਰ ਫਿਰਕੇ: ਦੇਖੋ, ਇਸਲਾਮ ਦੇ ਫਿਰਕੇ.

ਮੁਸਲਮਾਨੀ: ਸੰਗਯਾ- ਇਸਲਾਮ ਦੇ ਧਾਰਨ ਵਾਲੀ ਇਸਤ੍ਰੀ। ੨. ਇਸਲਾਮਮਤ. ਮੁਸਲਮਾਨ ਪੁਣਾ। ੩. ਵਿ- ਇਸਲਾਮ ਮਤ ਦੀ. "ਮੁਸਲਮਾਨੀਆ ਪੜਹਿ ਕਤੇਬਾ." (ਤਿਲੰ ਮਃ ੧) ੪. ਪੰਜਾਬ ਵਿੱਚ ਸੁੰਨਤ (ਖ਼ਤਨੇ) ਦੀ ਰਸਮ ਭੀ 'ਮੁਸਲਮਾਨੀ' ਆਖਦੇ ਹਨ, ਜਿਵੇਂ- ਅੱਜ ਉਸ ਦੀ ਮੁਸਲਮਾਨੀ ਹੋਣ ਵਾਲੀ ਹੈ.

ਮੁਸਲਮੀਨ: ਅ਼. مسلمین ਮੁਸਲਿਮ ਦਾ ਬਹੁਵਚਨ.

ਮੁਸਲਾ: ਇਸਲਾਮ ਧਾਰਨ ਵਾਲਾ, ਮੁਸਲਮਾਨ[1008]। ੨. ਅ਼. مصلا ਮੁਸੱਲਾ. ਸੱਲਤ (ਨਮਾਜ਼) ਪੜ੍ਹਨ ਦਾ ਆਸਣ. "ਮਿਹਰ ਮਸੀਤਿ ਸਿਦਕੁ ਮੁਸਲਾ." (ਮਃ ੧. ਵਾਰ ਮਾਝ) "ਸਚੁ ਨਿਵਾਜ ਯਕੀਨ ਮੁਸਲਾ." (ਮਾਰੂ ਸੋਲਹੇ ਮਃ ੫) ੩. ਦੇਖੋ, ਮੁਸੱਲਾ ੨.

ਮੁਸਲਿਮ: ਅ਼. مسلم ਇਸਲਾਮਮਤ ਧਾਰਨ ਵਾਲਾ। ੨. ਤਸਲੀਮ ਕਰਨ ਵਾਲਾ. ਮੰਨਣ ਵਾਲਾ. "ਹੋਇ ਮੁਸਲਿਮ ਦੀਨ ਮੁਹਾਣੈ." (ਮਃ ੧. ਵਾਰ ਮਾਝ)

ਮੁਸਲਿਮਖ਼ਾਂ: ਦੇਖੋ, ਇਸਲਾਮਖ਼ਾਂ.

ਮੁਸਲਿਮੁ: ਦੇਖੋ, ਮੁਸਲਿਮ.

ਮੁਸਲੀ: ਇਸਲਾਮ ਮਤ ਦੀ ਇਸਤ੍ਰੀ. ਮੁਸਲਮਾਨੀ।[1009] ੨. ਦੇਖੋ, ਮੁਸੱਲੀ। ੩. ਸੰ. ਮੁਸਲਿਨ੍.[1010] ਵਿ- ਮੁਸਲ (ਕੁਤਕਾ) ਰੱਖਣ ਵਾਲਾ। ੪. ਸੰਗਯਾ- ਕ੍ਰਿਸ਼ਨ ਜੀ ਦਾ ਵਡਾ ਭਾਈ ਬਲਰਾਮ, ਜੋ ਹਲ ਅਤੇ ਮੂਸਲ (ਮੁਸਲ) ਸ਼ਸਤ੍ਰ ਰਖਦਾ ਸੀ. ਇਸੇ ਕਰਕੇ ਉਸ ਦੇ ਨਾਮ ਹਲੀ ਅਤੇ ਮੁਸਲੀ ਹਨ. "ਮੁਸਟ ਕੇ ਸਾਥ ਲਰਯੋ ਮੁਸਲੀ." (ਕ੍ਰਿਸਨਾਵ) ਦੇਖੋ, ਸੁਨੰਦ। ੫. ਸੰ. ਮੁਸ਼ਲੀ. ਕਿਰਲੀ. ਛਿਪਕਲੀ.

ਮੁਸਲੀਧਾਰ: ਖ਼ਾ. ਮੁਸਲਮਾਨੀ ਦੇ ਧਾਰਨ ਵਾਲਾ. ਜਿਸ ਨੇ ਸਿੱਖਧਰਮ ਵਿੱਚ ਲਿਆਂਦੇ ਬਿਨਾ ਇਸਲਾਮ ਮਤ ਦੀ ਇਸਤ੍ਰੀ ਧਾਰਨ ਕੀਤੀ ਹੈ। ੨. ਮੁਸਲ (ਮੂਸਲ) ਧਾਰਨ ਵਾਲਾ ਬਲਭਦ੍ਰ. ਦੇਖੋ, ਮੁਸਲੀ ੪. "ਇਹ ਭਾਂਤ ਬੁਲਯੋ ਮੁਸਲੀਧਰ ਭਾਈ." (ਕ੍ਰਿਸਨਾਵ)

ਮੁਸਲੀਧਰ ਬੱਲਭਾ: ਯਮੁਨਾ ਨਦੀ, ਇਹ ਨਦੀ ਕ੍ਰਿਸ਼ਨ ਜੀ ਦੀ ਬੱਲਭਾ (ਪਿਆਰੀ) ਹੈ, ਪਰ ਬਲਰਾਮ ਨੇ ਜਦ ਹਲ ਨਾਲ ਖਿੱਚਕੇ ਆਪਣੇ ਪਾਸ ਲਿਆਂਦੀ, ਤਦ ਤੋਂ ਉਸ ਦੀ ਬੱਲਭਾ ਭੀ ਕਹਾਈ. ਦੇਖੋ, ਸਨਾਮਾ ੮੪੧.

---

[1008] ਮੁਸਲਾ ਅਨਾਦਰ ਬੋਧਕ ਸ਼ਬਦ ਹੈ.

[1009] ਇਹ ਅਪਮਾਨ ਵਾਚਕ ਸ਼ਬਦ ਹੈ.

[1010] ਇਹ ਮੁਸ਼ਲੀ ਭੀ ਸ਼ੁੱਧ ਹੈ.

ਮੁਸੱਲਸ: ਅ਼. مُثلّث ਮੁਸ਼ੱਲਸ. ਵਿ- ਸਲਸ (ਤਿੰਨ ਭਾਗ) ਸਹਿਤ. ਤ੍ਰਿਕੋਣ (triangle)

ਮੁਸੱਲਾ: ਦੇਖੋ, ਮੁਸਲਾ ੨। ੨. ਅ਼. مُسلّح ਮੁਸੱਲਹ਼. ਸਲਹ਼ (ਸ਼ਸਤ੍ਰ) ਧਾਰੀ. ਜਿਸ ਨੇ ਅੰਗਾਂ ਨਾਲ ਸ਼ਸਤ੍ਰ ਬੱਧੇ ਹਨ.

ਮੁਸੱਲੀ: ਚੂੜ੍ਹੇ ਤੋਂ ਮੁਸਲਮਾਨ ਹੋਇਆ। ੨. ਅ਼. ਸਲਵਾਤ (ਨਮਾਜ਼) ਪੜ੍ਹਨ ਦੀ ਥਾਂ.

ਮੁਸਵਦਾ: ਅ਼. مُسوّدہ ਮੁਸੱਵਦਹ. ਸਵਾਦ (ਕਾਲਾ) ਕੀਤਾ ਹੋਇਆ. ਲਿਖਕੇ ਕਾਲਾ ਕੀਤਾ ਕਾਗ਼ਜ਼ ਖਰੜਾ (draft).

ਮੁਸੱਵਿਰ: ਅ਼. مُصوّر ਤਸਵੀਰ ਬਣਾਉਣ ਵਾਲਾ. ਚਿਤ੍ਰਕਾਰ.

ਮੁਸਾਉਣਾ: ਕ੍ਰਿ- ਚੁਰਵਾਉਣਾ. ਲੁਟਵਾਉਣਾ. ਦੇਖੋ, ਮੁਸ ਧਾ.

ਮੁਸਾਹਦ, ਮੁਸਾਹਦਾ: ਅ਼. مُشاہد ਮੁਸ਼ਾਹਿਦ. ਦੇਖਣ ਵਾਲਾ. ਦ੍ਰਸ਼੍ਟਾ। ੨. ਮਸ਼ਾਹਿਦ. ਮਸ਼ਹਦ ਦਾ ਬਹੁਵਚਨ. ਲੋਕਾਂ ਦੇ ਜਮਾਂ ਹੋਣ ਦੀ ਥਾਂ. ਭਾਵ- ਰਣਭੂਮਿ. ਜੰਗ ਦੇ ਮੈਦਾਨ. "ਬੱਜੇ ਨਾਦ ਕਰਾਰੇ ਦਲਾਂ ਮੁਸਾਹਦਾ." (ਰਾਮਾਵ) ੩. ਸ਼ਹਾਦਤ ਦੇਣ ਵਾਲਾ. ਗਵਾਹ. ਸਾਕੀ.

ਮੁਸਾਹਬ: ਦੇਖੋ, ਮਸਾਹਬ.

ਮੁਸਾਹਰਾ: ਅ਼. مِسعار ਮਿਸਅ਼ਾਰ ਅੱਗ ਭੜਕਾਉਣ ਦੀ ਚਿਕਣੀ ਲੱਕੜ. ਮਿਸਅ਼ਰ ਦਾ ਬਹੁਵਚਨ ਮਿਸਾਈਰ. "ਗੰਡੀ ਜਲਨਿ ਮੁਸਾਹਰੇ." (ਭਾਗੁ) ਚੀਲ੍ਹ ਦੀਆਂ ਗੱਠਾਂ ਅੱਗ ਮਚਾਉਣ ਲਈ ਜਲਦੀਆਂ ਹਨ। ੨. ਅ਼. مُشاہرہ ਮੁਸ਼ਾਹਰਾ. ਸ਼ਹਰ (ਮਹੀਨੇ) ਵਾਰ। ੩. ਮਾਹਵਾਰੀ ਨੌਕਰੀ। ੪. ਅ਼. مُشاعرہ ਮੁਸ਼ਾਅ਼ਰਹ. ਸ਼ਿਅ਼ਰ (ਛੰਦ) ਪੜ੍ਹਨ ਦੀ ਥਾਂ. ਕਾਵ੍ਯਸਭਾ.

ਮੁਸਾਹਿਬ: ਦੇਖੋ, ਮਸਾਹਬ.

ਮੁਸਾਫ: ਅ਼. مُصاف ਮੁਸਾਫ. ਮਸਫ਼ ਦਾ ਬਹੁਵਚਨ, ਸਫ਼ (ਕ਼ਤ਼ਾਰ) ਬੰਨ੍ਹਣ ਦੀ ਥਾਂ. ਰਣਭੂਮੀਆਂ. ਜੰਗ ਦੇ ਖੇਤ.

ਮੁਸਾਫਰ: ਅ਼. مُسافر ਮੁਸਾਫ਼ਿਰ. ਸਫ਼ਰ ਕਰਨ ਵਾਲਾ. ਰਾਹੀ. "ਹੋਇ ਪੈਖਾਕ ਫਕੀਰ ਮੁਸਾਫਰ." (ਮਾਰੂ ਸੋਲਹੇ ਮਃ ੫)

ਮੁਸਾਫ਼ਾ: ਅ਼. مُشافہ ਮੁਸ਼ਾਫ਼ਹ. ਰੂਬਰੂ ਉੱਤਰ ਦੇਣ ਦੀ ਕ੍ਰਿਯਾ. ਹ਼ਾਜਿਰਜਵਾਬੀ. "ਮੁਸਾਫਾ ਸਿਫਤ ਹੈ." (ਨਾਪ੍ਰ) ੨. ਅ਼. مُسافع ਮੁਸਾਫ਼ਿਅ਼. ਸ਼ੇਰ. ਸਿੰਘ। ੩. ਯੋਧਾ। ੪. ਦੇਖੋ, ਮੁਸਾਫ। ੫. ਦੇਖੋ, ਜੰਗ ਮੁਸਾਫਾ.

ਮੁਸ਼ਾਬਹ: ਅ਼. مُشابہ ਵਿ- ਸ਼ਿਬਹ (ਹਮਸ਼ਕਲ) ਹੋਣ ਵਾਲਾ. ਤੁਲ੍ਯ. ਸਮਾਨ. ਜਿਸ ਦੀ ਸ਼ਕਲ ਮਿਲਦੀ ਹੈ.

ਮੁਸਾਵੈ: ਲੁਟਾਵੈ. "ਮਾਲ ਮੁਸਾਵੈ." (ਮਃ ੧. ਵਾਰ ਮਾਝ) ਦੇਖੋ, ਮੁਸ ਧਾ.

ਮੁਸਿ: ਲੁੱਟਕੇ. ਖੋਹਕੇ. "ਪਾਚਉ ਮੁਸਿ, ਮੁਸਲਾ ਬਿਛਾਵੈ." (ਆਸਾ ਕਬੀਰ) "ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ." (ਸ. ਕਬੀਰ) ੨. ਤੜਫਕੇ. "ਮੁਸਿ ਮੁਸਿ ਰੋਵੈ ਕਬੀਰ ਕੀ ਮਾਈ." (ਗੂਜ ਕਬੀਰ)[1011] ੩. ਜਿਬਹ ਕਰਕੇ. "ਮੁਸਿ ਮੁਸਿ ਮਨੂਆ ਸਹਜ ਸਮਾਨਾ." (ਭੈਰ ਕਬੀਰ) ਦੇਖੋ, ਮੁਸ.

ਮੁਸਿਆ: ਸੰ. ਮੁਸ਼ਿਤ. ਚੁਰਾਇਆ. ਖੋਹਿਆ. ਜਿਸ ਦਾ ਮਾਲ ਧਨ ਲੁੱਟਿਆ ਗਿਆ ਹੈ.

ਮੁਸ਼ਿਤ: ਦੇਖੋ, ਮੁਸਿਆ.

ਮੁਸੀਅਤ ਹੋਂ: ਲੁਟੀਂਦੇ ਹੋਂ. ਚੁਰਾਏ ਜਾ ਰਹੇ ਹੋਂ. "ਜਾਗਤ ਮੁਸੀਅਤ ਹੋ, ਰੇ ਭਾਈ!" (ਰਾਮ ਕਬੀਰ)

ਮੁਸੀਬਤ: ਅ਼. مُصیبت ਸੰਗ੍ਯਾ- ਵਿਪਦਾ. ਆਫ਼ਤ.

---

[1011] ਗਜਾਨੀ ਮੁਸਿ ਮੁਸਿ ਦਾ ਅਰਥ ਬੁਸ ਬੁਸ, ਭੁਸਗ ਭੁਸਕੇ ਕਰਦੇ ਹਨ.

ਮੁਸ਼ੀਰ: ਅ਼. مشیر ਵਿ- ਇਸ਼ਾਰਾ ਕਰਨ ਵਾਲਾ। ੨. ਸੰਗਯਾ- ਮੰਤ੍ਰੀ. ਸਲਾਹਕਾਰ.

ਮੁਸੈ: ਚੁਰਾਉਂਦਾ ਹੈ। ੨. ਚੁਰਾਈਦਾ ਹੈ. ਮੁਸਿਆ ਜਾਂਦਾ ਹੈ. "ਨਾਨਕ ਮੁਸੈ ਗਿਆਨ ਵਿਹੂਣੀ." (ਵਾਰ ਆਸਾ) ਦੇਖੋ, ਮੁਸ ਧਾ.

ਮੁਸੰਮਨ: ਦੇਖੋ, ਸੰਮਨ ਬੁਰਜ.

ਮੁਸ਼੍ਟਿ: ਦੇਖੋ, ਮੁਸਟਿ.

ਮੁਸ਼੍ਟਿਕ: ਦੇਖੋ, ਮੁਸਟ.

ਮੁਸ਼੍ਟਿਯੁੱਧ: ਦੇਖੋ, ਮੁਸਟਿਯੁੱਧ.

ਮੁਸ਼੍ਟੁ: ਦੇਖੋ, ਮੁਸਟਿ.

ਮੁਹ: ਸੰਗਯਾ- ਮੁਖ. ਮੂੰਹ. ਚੇਹਰਾ. "ਮੁਹ ਕਾਲੇ ਤਿਨਾ ਨਿੰਦਕਾਂ." (ਮਃ ੩. ਵਾਰ ਸੋਰ) ੨. ਸੰ. ਸੁਹ੍. ਧਾ- ਪਾਗਲ ਹੋਣਾ. ਅਕਲ ਟਿਕਾਣੇ ਨਾ ਰਹਿਣੀ, ਬੇਹੋਸ਼ ਹੋਣਾ, ਭੁੱਲਣਾ, ਧੋਖਾ ਖਾਣਾ. ਇਸੇ ਤੋਂ ਮੂਢ ਆਦਿ ਸ਼ਬਦ ਬਣਦੇ ਹਨ। ੨. ਦੇਖੋ, ਮੋਹ। ੪. ਸਰਵਮੇਰਾ. ਮੇਰੇ. "ਕੋ ਨ ਭਯੋ ਮੁਹ ਸਾਨੀ." (ਕ੍ਰਿਸਨਾਵ)

ਮੁਹਸਿਨ, ਮੁਹ਼ਸਿਨ: ਅ਼. محسن ਵਿ- ਇਹ਼ਸਾਨ ਕਰਨ ਵਾਲਾ. ਉਪਕਾਰੀ.

ਮੁਹਸਿਨਫ਼ਾਨੀ, ਮੁਹ਼ਸਿਨਫ਼ਾਨੀ: محسن فانی ਦੇਖੋ, ਦਬਿਸਤਾਨੇ ਮਜ਼ਾਹਬ.

ਮੁਹੱਸਿਲ: ਅ਼. محصل ਮੁਹ਼ੱਸਿਲ. ਹਾਸਿਲ. ਕਰਨ ਵਾਲਾ। ੨. ਉਗਰਾਹੁਣ ਵਾਲਾ. ਮੁਆ਼ਮਲਾ ਆਦਿ ਲੈਣ ਵਾਲਾ.

ਮੁਹਹਿ: ਪਾਗਲ ਕਰਦਾ, (ਮੁਹਹਿ") ਕਰਦੇ ਹਨ. ਦੇਖੋ, ਮੁਹ ਧਾ. "ਪੰਚ ਦੂਤ ਮੁਹਹਿਂ ਸੰਸਾਰਾ." (ਮਾਝ ਅਃ ਮਃ ੩) ੨. ਮੁਸ਼ਦੇ (ਲੁਟਦੇ) ਹਨ.

ਮੁਹਹੁ: ਮੁਖ ਤੋਂ. ਮੂਹੋਂ. "ਮੁਹਹੁ ਕੂੜੁ ਕੁਸਤ ਤਿਨੀ ਢਾਹਿਆ." (ਮਃ ੪. ਵਾਰ ਸ੍ਰੀ)

ਮੁਹਕਮ, ਮੁਹ਼ਕਮ: ਅ਼. محکم ਵਿ- ਹ਼ੁਕਮ (ਮਜਬੂਤ਼ੀ) ਵਾਲਾ. ਦ੍ਰਿੜ੍ਹ. "ਮੁਹਕਮ ਫਉਜ ਹਠਲੀ ਰੇ." (ਆਸਾ ਮਃ ੫)

ਮੁਹਕਮ ਸਿੰਘ: ਦੇਖੋ, ਪੰਜ ਪਿਆਰੇ.

ਮੁਹਕਮਚੰਦ: ਇਹ ਬੈਸਾਖੀਮੱਲ ਦਾ ਪੁਤ੍ਰ ਸਹਜਧਾਰੀ ਸਿੱਖ ਕੁਲੀਨ ਖਤ੍ਰੀ ਵਡਾ ਯੋਧਾ ਸੀ. ਪਹਿਲਾਂ ਸਾਹਿਬ ਸਿੰਘ ਗੁਜਰਾਤੀਏ ਪਾਸ ਫੌਜੀ ਅਫਸਰ ਸੀ, ਇਸ ਦੀ ਵੀਰਤਾ ਅਰ ਦਿਲੇਰੀ ਦੇਖਕੇ ਮਹਾਰਾਜਾ ਰਣਜੀਤ ਸਿੰਘ ਨੇ ਸੰਮਤ ੧੮੬੪ ਵਿੱਚ ਇਸ ਨੂੰ ਆਪਣੀ ਫੌਜ ਦਾ ਜਰਨੈਲ ਥਾਪਿਆ, ਮੁਹਕਮ ਚੰਦ ਨੇ ਬਹੁਤ ਜੰਗਾਂ ਵਿੱਚ ਫਤੇ ਹਾਸਿਲ ਕੀਤੀ ਅਰ ਮਹਾਰਾਜਾ ਤੋਂ ਜਲੰਧਰ ਅਤੇ ਫਲੌਰ ਜਾਗੀਰ ਅਰ "ਦੀਵਾਨ" ਪਦਵੀ ਪ੍ਰਾਪਤ ਕੀਤੀ. ੧੫. ਕੱਤਕ ਸੰਮਤ ੧੮੭੧ (ਸਨ ੧੮੧੪) ਨੂੰ ਇਸ ਰਾਜਭਗਤ ਵੀਰ ਦਾ ਫਲੌਰ ਦੇਹਾਂਤ ਹੋਇਆ. ਫਲੌਰ ਦਾ ਕਿਲਾ ਜੋ ਦਰਿਆ ਸਤਲੁਜ ਦੇ ਕਿਨਾਰੇ ਹੈ, ਮੁਹਕਮਚੰਦ ਦਾ ਬਣਿਾਇਆ ਹੋਇਆ ਹੈ. ਇਸ ਦੀ ਔਲਾਦ ਹੁਣ ਕੁੰਜਾਹ (ਜਿਲਾ ਗੁਜਰਾਤ) ਵਿੱਚ ਰਹਿੰਦੀ ਹੈ. ਇਸ ਦਾ ਪੁਤ੍ਰ ਮੋਤੀਰਾਮ ਭੀ ਲਹੌਰ ਦਰਬਾਰ ਦਾ ਆਲਾ ਅਹਿਲਕਾਰ ਰਿਹਾ. ਦੇਖੋ, ਮੋਤੀਰਾਮ.

ਮੁਹਕਿਕ, ਮੁਹੱਕ਼ਿਕ਼: ਅ਼. محقق ਵਿ- ਹ਼ੱਕ਼ (ਸੱਚਾਈ) ਮਾਲੂਮ ਕਰਨ ਵਾਲਾ. ਅਸਲਿਯਤ ਢੂੰਡਣ ਵਾਲਾ.

ਮੁਹਚਲਾ: ਵਿ- ਬਕਬਾਦੀ. ਜਿਸ ਦੀ ਜ਼ਬਾਨ ਬੰਦ ਨਹੀਂ ਰਹਿ ਸਕਦੀ। ੨. ਖਾਣ ਦਾ ਲਾਲਚੀ. ਪੇਟਦਾਸੀਆ.

ਮੁਹਛੰਦ, ਮੁਹਛੰਦਗੀ, ਮੁਹਛੰਦਾ: ਸੰ. ਮੋਹ- ਛੰਦ. ਅਗਯਾਨ ਭਰੀ ਇੱਛਾ. ਝੂਠੀ ਉਮੀਦ। ੨. ਭਾਵ- ਮਾਯਾਧਾਰੀ ਲੋਕਾਂ ਦੀ ਆਸ। ੩. ਮੁਹਤਾਜੀ. ਮੁਥਾਜੀ. "ਜਿਸਨੋ ਤੂ ਪ੍ਰਭ ਵਲਿ, ਤਿਸੁ ਕਿਆ ਮੁਹਛੰਦਗੀ?" (ਵਾਰ ਰਾਮ ੨. ਮਃ ੫) "ਜਾ ਤੂੰ ਮੇਰੈ

ਵਲਿ ਹੈ, ਤਾ ਕਿਆ ਮੁਹਛੰਦਾ?" (ਵਾਰ ਮਾਰੂ ੨. ਮਃ ੫)

ਮੁਹਜੰਗ: ਦੇਖੋ, ਮੁਜੰਗ.

ਮੁਹਡੜਾ, ਮੁਹਡਾ: ਸੰਗਯਾ- ਮੋਢਾ. ਕੰਨ੍ਹਾ. ਸ੍ਕੰਧ. "ਪਿਛਾ ਫੇਰਿ ਨ ਮੁਹਡੜਾ." (ਵਾਰ ਮਾਰੂ ੨. ਮਃ ੫)

ਮੁਹਣਾ: ਕ੍ਰਿ- ਪਾਗਲ ਕਰਨਾ. ਦੇਖੋ, ਮੁਹ ਧਾ। ੨. ਦੇਖੋ, ਮੋਹਨ। ੩. ਦੇਖੋ, ਮੁਸਣਾ.

ਮੁਹਣੈਹਾਰ, ਮੁਹਣੈਹਾਰੁ: ਵਿ- ਪਾਗਲ ਕਰਨਾ ਵਾਲਾ. ਦੇਖੋ, ਮੁਹ ਧਾ। ੨. ਮੋਹਣ ਵਾਲਾ। ੩. ਮੁਸਣ (ਚੁਰਾਉਣ) ਵਾਲਾ. ਦੇਖੋ, ਮੁਸ ਧਾ.

ਮੁਹਤ: ਸੰ. ਮੁਹੂਰ੍‍ਤ. ਸੰਗਯਾ- ਦੋ ਘੜੀ ਦਾ ਸਮਾਂ. ੪੮ ਮਿਨਟਾਂ ਦਾ ਵੇਲਾ। ੨. ਲਹਜਾ. ਛਿਣ. "ਘੜੀ ਮੁਹਤ ਕਾ ਪਾਹੁਣਾ." (ਸ੍ਰੀ ਮਃ ੫)

ਮੁਹਤਕ: ਮੁਹੂਰ੍‍ਤ- ਇਕ. "ਘਰੀ ਮੁਹਤਕ ਬੇਲਾ ਆਈ." (ਸਾਰ ਛੰਤ ਮਃ ੫)

ਮੁਹਤਮਿਮ: ਅ਼. مہتمم ਵਿ- ਇਹਤਿਮਾਮ (ਪ੍ਰਬੰਧ) ਕਰਨ ਵਾਲਾ.

ਮੁਹਤਾਈ: ਮੁਹਤਾਜੀ. ਹਾਜਮੰਦੀ. ਲੋੜ. "ਸਗਲ ਚੁਕੀ ਮੁਹਤਾਈਐ." (ਸਾਰ ਮਃ ੫)

ਮੁਹਤਾਜ, ਮੁਹ਼ਤਾਜ: ਅ਼. محتاج ਵਿ- ਹ਼ਾਜਤਮੰਦ. ਲੋੜਵਾਲਾ.

ਮੁਹਤਾਜਿ, ਮੁਹਤਾਜੀ: ਫ਼ਾ. محتاجی ਸੰਗਯਾ- ਹਾਜਤਮੰਦੀ. ਲੋੜ। ੨. ਖ਼ੁਸ਼ਾਮਦ. "ਸਭ ਮੁਹਤਾਜੀ ਕਢੈ ਤੇਰੀ." (ਮਃ ੪. ਵਾਰ ਬਿਹਾ) "ਤਿਨ ਚੂਕੀ ਮੁਹਤਾਜੀ ਲੋਕਨ ਕੀ." (ਭੈਰ ਮਃ ੪)

ਮੁਹਤਾਜੁ: ਦੇਖੋ, ਮੁਹਤਾਜ. "ਮਾਇਆ ਕਾ ਮੁਹਤਾਜੁ ਭਇਆ." (ਆਸਾ ਪਟੀ ਮਃ ੩) "ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ." (ਗਉ ਅਃ ਮਃ ੩)

ਮੁਹਤਾਣਾ: ਵਿ- ਮੂੰਹਜ਼ੋਰ. ਉਹ ਘੋੜਾ, ਜੋ ਲਗਾਮ ਦੀ ਖਿੱਚ ਤੋਂ ਨਾ ਰੁਕੇ। ੨. ਉਹ ਆਦਮੀ ਜੋ ਜ਼ਬਾਨ ਨੂੰ ਕਾਬੂ ਨਾ ਰਖ ਸਕੇ। ੩. ਜ਼ਿੱਦੀ.

ਮੁਹਤਿਕ: ਮੁਹੂਰ੍‍ਤ- ਇਕ. ਦੋ ਘੜੀ ਮਾਤ੍ਰ। ੨. ਛਿਣ ਭਰ. ਦੇਖੋ, ਮੁਹਤ.

ਮੁਹਤੁ: ਮੁਹੂਰ੍‍ਤ. ਦੇਖੋ, ਮੁਹਤ. "ਸਾ ਘੜੀ ਸੋ ਮੁਹਤੁ ਸਫਲੁ ਹੈ, ਜਿਤ ਹਰਿ ਮੇਰਾ ਚਿਤੁ ਆਵੈ." (ਬਿਹਾ ਛੰਤ ਮਃ ੪) "ਮੁਹਲਤਿ ਮੁਹਤੁ ਨ ਜਾਣਾ." (ਧਨਾ ਮਃ ੧) ੨. ਮੋਹਿਤ. ਭੁਲੇਖੇ ਵਿੱਚ ਪਿਆ.

ਮੁਹਨ: ਮੋਹਨ ਕਰਨਾ। ੨. ਮੁਸ਼ਨ. ਚੁਰਾਉਂਦੇ ਹਨ. ਦੇਖੋ, ਮੁਸ ਧਾ. "ਪੰਚ ਚੋਰ ਤਿਨਾ ਘਰ ਮੁਹਨ." (ਮਃ ੩. ਵਾਰ ਬਿਲਾ)

ਮੁਹਨ੍ਹੇਰਾ: ਸੰਗਯਾ- ਅਜੇਹਾ ਨ੍ਹੇਰਾ (ਅੰਧਕਾਰ), ਜਿਸ ਵਿੱਚ ਆਦਮੀ ਦਾ ਮੂੰਹ ਚੰਗੀ ਤਰਾਂ ਨਾ ਪਛਾਣਿਆ ਜਾਵੇ. ਪਹਿ ਫਟਣ ਤੋਂ ਪਹਿਲਾ ਵੇਲਾ.

ਮੁਹਫੇਰਣਾ: ਕ੍ਰਿ- ਵਿਮੁਖ ਹੋਣਾ. "ਮੁਧਿ ਫੇਰਿਐ ਮੁਹੁ ਜੂਠਾ ਹੋਇ." (ਮਃ ੧. ਵਾਰ ਸਾਰ) ਕਰਤਾਰ ਤੋਂ ਵਿਮੁਖ ਹੋਣ ਕਰਕੇ ਮੁਖ ਅਪਵਿਤ੍ਰ ਹੁੰਦਾ ਹੈ.

ਮੁਹਬਤਿ: ਅ਼. محبّت ਮੁਹੱਬਤ. ਸੰਗਯਾ- ਹੁੱਬ (ਪਿਆਰ) ਦਾ ਭਾਵ. ਪ੍ਰੇਮ. ਸਨੇਹ. "ਦਿਲਹੁ ਮੁਹਬਤਿ ਜਿਨ੍ਹ, ਸੇਈ ਸਚਿਆ." (ਆਸਾ ਫਰੀਦ) "ਮੁਹਬਤੇ ਮਨਿ ਤਨਿ ਬਸੈ." (ਤਿਲੰ ਮਃ ੫)

ਮੁਹਬਲ: ਅ਼. مہبل ਮਿਹਬਲ. ਵਿ- ਚਾਲਾਕ. ਫੁਰਤੀਲਾ. ਚਪਲ. ਚੰਚਲ। ੨. ਸਾਵਧਾਨ। ੩. ਕੰਮ ਵਿੱਚ ਲੱਗਾ. ਤਤਪੁਰ.

"ਬਹੁਰ ਫੌਜ ਕਹਿਲੂਰ ਕੀ ਭਈ ਮੁਹਬਲ ਆਨ." ਅਰ- "ਦੁਇ ਰਾਜਾ ਜੋਧਾ ਬਲੀ ਭਏ ਮੁਹਬਲ ਆਨ." (ਗੁਰਸੋਭਾ)

ਮੁਹੱਬਤ: ਦੇਖੋ, ਮੁਹਬਤਿ.

ਮੁਹੱਬਤੀ: ਵਿ- ਪ੍ਰੇਮ ਕਰਨ ਵਾਲਾ. ਪ੍ਰੇਮੀ.

ਮੁਹਮਲ: ਅ਼. مُہمل ਵਿ- ਇਹਮਾਲ (ਅਧੂਰਾ ਛੱਡਿਆ) ਹੋਇਆ। ੨. ਅਰਥ ਬਿਨਾਂ ਨਿਰਰਥਕ.

ਮੁਹ ਮੁੰਦਣਿ: ਸੰਗਜਾ- ਖ਼ਾਮੋਸ਼ੀ. ਮੌਨ.

ਮੁਹੱਯਾ: ਵਿ- ਮੋਹਨ ਕਰੈਯਾ। ੨. ਅ਼. مُہیّا ਵਿ- ਹਯਤ (ਸ਼ਕਲ ਵਿੱਚ) ਆਇਆ ਹੋਇਆ। ੩. ਤਿਆਰ ੪. ਪ੍ਰਾਪਤ ਕੀਤਾ.

ਮੁਹੱਯੁੱਦੀਨ, ਮੁਹ਼ੱਯੁੱਦੀਨ: ਅ਼. مُحی الدین ਵਿ- ਦੀਨ (ਧਰਮ) ਨੂੰ ਜੀਵਨ ਦੇਣ ਵਾਲਾ. ਮਜਹਬ ਵਿੱਚ ਜਾਨ ਪਾਉਣ ਵਾਲਾ.

ਮੁਹਰ: ਫ਼ਾ. مُہر ਸੰਗਜਾ- ਮੁਦ੍ਰਾ. ਛਾਪ। ੨. ਸੁਵਰਣ ਮੁਦ੍ਰਾ. ਅਸ਼ਰਫ਼ੀ.

ਮੁਹਰਖ, ਮੁਹਰਖਾ: ਦੇਖੋ, ਮੁਰੱਖਾ ੨. "ਕਹਿ ਸਤਗੁਰੁ ਮੁਹਰਖੇ ਦੁੜਾਏ." (ਪ੍ਰਾਪੰਪ੍ਰ) ੨. ਦੇਖੋ, ਮੁਵੱਰਿਖ.

ਮੁਹਰਾ: ਸੰਗਜਾ- ਅਗਲਾ ਹਿੱਸਾ. ਅੱਗਾ। ੨. ਫ਼ਾ. مُہرا ਮੋਹਰਾ. ਮਣਕਾ। ੩. ਸ਼ਤਰੰਜ ਦੀ ਗੋਟੀ.

ਮੁਹਰਾਲੀ: ਵਿ- ਆਲਾ ਦਰਜੇ ਦੀ. ਬਹੁਤ ਵਧਕੇ. ਅਤਜੰਤ. "ਮਾਰ ਮਚੀ ਮੁਹਰਾਲੀ ਅੰਦਰ ਖੇਤ ਦੇ." (ਚੰਡੀ ੩) ੨. ਦੇਖੋ, ਮੁਰੈਲੀ.

ਮੁਹਰੀ: ਸੰਗਜਾ- ਘੋੜੇ ਗਊ ਆਦਿ ਦੇ ਮੁਖ ਪੁਰ ਪਹਿਰਾਇਆ ਰੱਸਾ. ਮੁਖਬੰਧਨ। ੨. ਅਗ੍ਰਭਾਗ. ਮੁਖ ਅਸਥਾਨ. "ਕਿਤਕ ਦਿਵਸ ਮੇ ਮੁਹਰੀ ਖੋਲ੍ਹੀ." (ਗੁਪ੍ਰਸੂ) ਆਵੇ ਦਾ ਮੂੰਹ ਖੋਲਿਆ। ੩. ਵਿਆਹ ਵਿੱਚ ਮੁਖਬੰਧਨ ਸਹਿਤ ਦਿੱਤਾ ਘੋੜਾ ਭੈਂਸ ਊਠ ਬੈਲ ਆਦਿ ਪਸ਼ੁ। ੪. ਦਹਾਨਾ. ਲਗਾਮ.

ਮੁਹਰੂ: ਰੰਧਾਵਾ ਜਾਤਿ ਦਾ ਪ੍ਰੇਮੀ, ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਹੋਕੇ ਆਤਮਗਜਾਨੀ ਅਤੇ ਧਰਮਵੀਰ ਹੋਇਆ. "ਛੱਜੂ ਗੱਜੂ ਮੁਹਰੂ ਰੰਧਾਵਾ ਤੇ ਸੁਜਾਨਾ ਬੀਰ." (ਗੁਪ੍ਰਸੂ)

ਮੁਹਰੇਲੀ, ਮੁਹਰੈਲੀ: ਵਿ- ਆਗੂ. ਮੁਰੈਲੀ. "ਇਕ ਤੋ ਸੰਗਤ ਕੋ ਮੁਹਰੇਲੀ." (ਗੁਪ੍ਰਸੂ)

ਮੁਹੱਰਮ, ਮੁਹ਼ੱਰਮ: ਅ਼. مُحرّم ਵਿ- ਹ਼ਰਾਮ ਕੀਤਾ ਹੋਇਆ। ੨. ਸੰਗਜਾ- ਮੁਸਲਮਾਨੀ ਸਾਲ ਦਾ ਪਹਿਲਾ ਮਹੀਨਾ, ਜਿਸ ਵਿੱਚ ਜੰਗ ਕਰਨਾ ਹ਼ਰਾਮ ਹੈ. ਇਸ ਮਹੀਨੇ ਦੇ ਪਹਿਲੇ ਦਸ ਦਿਨ ਇਮਾਮ ਹੁਸੈਨ ਦੀ ਯਾਦਗਾਰ ਵਿੱਚ ਵਡੇ ਸ਼ੋਕ ਨਾਲ ਸ਼ੀਆ਼ ਲੋਕ ਮਨਾਉਂਦੇ ਹਨ, ਅਰ ਤਾਜ਼ੀਏ ਬਣਾਕੇ ਵਿਲਾਪ ਕਰਦੇ ਹੋਏ ਇਮਾਮ ਬਾੜੇ ਵਿੱਚ ਜਾਕੇ ਦਫਨ ਕਰਦੇ ਹਨ. ਦੇਖੋ, ਹੁਸੈਨ.

ਮੁਹ਼ੱਰਮ ਦਾ ਦਸਵਾਂ ਦਿਨ ਸੁੰਨੀ ਲੋਕ ਭੀ ਤਿਉਹਾਰ ਮੰਨਦੇ ਹਨ. ਉਨ੍ਹਾਂ ਦਾ ਨਿਸ਼ਚਾ ਹੈ ਕਿ ਇਸ ਦਿਨ ਖ਼ੁਦਾ ਨੇ ਆਦਮ ਹਵਾ, ਜ਼ਿੰਦਗੀ ਅਤੇ ਮੌਤ, ਬਹਿਸ਼ੁ ਅਤੇ ਦੋਜ਼ਖ ਆਦਿ ਦੀ ਰਚਨਾ ਕੀਤੀ ਸੀ.

ਮੁਹਰਿਰ, ਮੁਹ਼ੱਰਿਰ: ਅ਼. مُحرّر ਤਹ਼ਰੀਰ ਕਰਨ ਵਾਲਾ ਮੁਨਸ਼ੀ. ਲੇਖਕ. ਲਿਖਾਰੀ.

ਮੁਹਲਕ: ਦੇਖੋ, ਮੁਹਲਿਕ.

ਮੁਹਲਤ: ਅ਼. مُہلت ਸੰਗਜਾ- ਅਵਧਿ. ਵੇਲੇ ਦੀ

ਮੁਹਲਤਿ: ਹੱਦ. "ਮੁਹਲਤਿ ਪੁੰਨੀ ਚਲਣਾ." (ਸ੍ਰੀ ਮਃ ੫) ੨. ਵੇਲਾ. ਸਮਾਂ.

ਮੁਹਲਾ: ਸੰਗਜਾ- ਮੁਸ਼ਲ. ਮੂਸਲ. ਮੂਲ੍ਹਾ.

ਮੁਹਲਿਕ: ਅ਼. مُہلِک ਵਿ- ਹਿਲਾਕ (ਵਧ) ਕਰਨ ਵਾਲਾ. ਮਾਰ ਦੇਣ ਵਾਲਾ.

ਮੁਹਲੀ: ਛੋਟਾ ਮੂਸਲ. ਮੂਲ੍ਹੀ. "ਤੁਖ ਕਉ ਮੁਹਲੀ ਲਾਇ." (ਮਃ ੫. ਵਾਰ ਰਾਮ ੨)

ਮੁਹਾਉਣਾ: ਕ੍ਰਿ- ਲੁਟਵਾਉਣਾ. ਚੁਰਵਾਉਣਾ. ਦੇਖੋ, ਮੁਸ ਧਾ। ੨. ਧੋਖੇ ਵਿੱਚ ਪਾਉਣਾ। ੩. ਠਗਾ ਹੋਣਾ. ਦੇਖੋ, ਮੁਹ ਧਾ. "ਸੂਤੇ ਗਏ ਮੁਹਾਇ." (ਸ੍ਰੀ ਮਃ ੩) "ਮੁਠਾ ਆਪਿ ਮੁਹਾਏ ਸਾਥੈ." (ਮਃ ੧. ਵਾਰ ਮਾਝ)

ਮੁਹਾਸਰਾ, ਮੁਹ਼ਾਸਰਾ: ਅ਼. مُحاصرہ ਹ਼ਸਰ (ਰੋਕਣ) ਦਾ ਭਾਵ। ੨. ਘੇਰਾ. ਚਾਰੇ ਪਾਸਿਓਂ ਬੰਦ ਕਰਨ ਦੀ ਕ੍ਰਿਯਾ.

ਮੁਹਾਸਿਬ, ਮੁਹ਼ਾਸਿਬ: ਅ਼. مُحاسِب ਹ਼ਿਸਾਬ ਰੱਖਣ ਵਾਲਾ. ਹ਼ਿਸਾਬੀ ਗਣਿਕ.

ਮੁਹਾਸਿਲ: ਅ਼. مُحاصِل ਮੁਹ਼ਾਸਿਲ. ਵਿ- ਹ਼ਾਸਿਲ ਕਰਨ ਵਾਲਾ। ੨. ਸੰਗਯਾ- ਜ਼ਮੀਨ ਦੀ ਪੈਦਾਵਾਰ ਲੈਣ ਵਾਲਾ ਕਰਮਚਾਰੀ. "ਸਦਾ ਮੁਹਾਸਿਲ ਬੰਟੈ ਦਾਨਾ." (ਗੁਪ੍ਰਸੂ)

ਮੁਹਾਕਾ: ਦੇਖੋ, ਮੋਹਾਕਾ.

ਮੁਹਾਣ, ਮੁਹਾਣਾ: ਮੁਖਾਗ੍ਰ. ਨੈਕਜ਼ਬਾਂ. ਕੰਠ. "ਰੜੋ ਦੇਸ ਦੇਸਾਨ ਵਿਦਯਾ ਮੁਹਾਣੰ." (ਪਾਰਸਾਵ) ੨. ਅਗ੍ਰ ਭਾਗ. ਅੱਗਾ। ੩. ਮੁਖੀਆ. ਆਗੂ. "ਹੋਇ ਮੁਸਲਿਮ ਦੀਨਮੁਹਾਣੈ." (ਮਃ ੧. ਵਾਰ ਮਾਝ) ੪. ਸਿੰਧੀ. ਮਾਹੀਗੀਰ. ਧੀਵਰ। ੫. ਮਲਾਹ. "ਬਿਚ ਜਹਾਜ ਸਮ ਸ੍ਰੀ ਹਰਿਮੰਦਿਰ। ਤਿਸ ਮੇ ਨਾਮ ਮੁਹਾਣਾ ਸੁੰਦਰ ॥ " (ਗੁਪ੍ਰਸੂ)

ਮੁਹਾਫਾ: ਅ਼. مُحافہ ਮੁਹ਼ਾਫ਼ਹ. ਸੰਗਯਾ- ਹ਼ੋਫ਼ (ਹੌਦੇ ਦੀ ਸ਼ਕਲ ਦੀ ਵਸ੍ਤੁ). ਡੋਲੀ ਪਾਲਕੀ। ੨. ਜ਼ਨਾਨੀ ਸਵਾਰੀ ਦਾ ਡੋਲਾ. "ਏਕ ਮੁਹਾਫਾ ਮੁਠ ਬਨਵਾਯੋ." (ਗੁਪ੍ਰਸੂ)

ਮੁਹਾਫਿਜ: ਅ਼. مُحافِظ ਮੁਹ਼ਾਫ਼ਿਜ. ਵਿ- ਹ਼ਿਫ਼ਾਜ਼ਤ ਕਰਨ ਵਾਲਾ. ਰਕ੍ਸ਼ਕ. ਰਾਖਾ.

ਮੁਹਾਬ: ਅ਼. مہاب ਮਹਾਬ. ਵਿ- ਹੈਬਤਨਾਕ. ਭਯਾਨਕ. "ਸਭੈ ਮੁਹਾਬ ਸ਼ਹੀਦ ਗਨ." (ਗੁਪ੍ਰਸੂ) "ਨ ਮੋਹ ਮੁਹਾਬਾ." (ਭਾਗੁ)

ਮੁਹਾਰ: ਅ਼. مہار ਮਿਹਾਰ. ਸੰਗਯਾ- ਊਠ ਦੀ ਨਕੇਲ. "ਚਲਯੋ ਜਾਤ ਬਿਨ ਗਹੇ ਮੁਹਾਰੀ." (ਨਾਪ੍ਰ) ੨. ਮਹਾਰ ਅਥਵਾ ਮੁਹਾਰ. ਘੋੜੇ ਆਦਿ ਦੇ ਮੁਖ ਮਸੂਕ ਪੁਰ ਪਹਿਰਾਇਆ ਸਾਜ. ਪੂਜ਼ੀ. "ਦੇਇ ਮੁਹਾਰ ਲਗਾਮੁ ਪਹਿਰਾਵਉ." (ਗਉ ਕਬੀਰ) ੩. ਜੱਟਾਂ ਦੀ ਇੱਕ ਜਾਤਿ.

ਮੁਹਾਰਨੀ: ਸੰਗਯਾ- ਪੰਜਾਬੀ ਦੀ ਬਾਰਾਂ ਅੱਖਰੀ. ਮਾਤ੍ਰਾ ਸਹਿਤ ਵਰਣਮਾਲਾ। ੨. ਸੰਥਾ ਦੇ ਪਾਠ ਨੂੰ ਦੁਹਰਾਉਣ ਦੀ ਕ੍ਰਿਯਾ.

ਮੁਹਾਰੀ: ਦੇਖੋ, ਮੁਹਾਰ ੧. ਅਤੇ ੨.

ਮੁਹਾਲ, ਮੁਹ਼ਾਲ: ਅ਼. مُحال ਵਿ- ਜੋ ਹ਼ਵਲ (ਅਣਹੋਂਦ) ਦਾ ਭਾਵ ਰਖਦਾ ਹੈ. ਅਸੰਭਵ. ਜਿਸ ਦਾ ਹੋਣਾ ਨਾ ਮੁਮਕਿਨ ਹੋਵੇ.

ਮੁਹਾਵਰਾ, ਮੁਹ਼ਾਵਰਾ: ਅ਼. مُحورہ ਸੰਗਯਾ- ਹ਼ੌਰ (ਕਥਨ) ਦੀ ਕ੍ਰਿਯਾ. ਬੋਲ ਚਾਲ। ੨. ਭਾਵ- ਯੋਗਜ ਰੀਤਿ ਨਾਲ ਸ਼ਬਦਾਂ ਦਾ ਵਰਤਣਾ। ੩. ਸ਼ਬਦ ਅਤੇ ਵਾਕਾਂ ਦਾ ਖਾਸ ਅਰਥ ਵਿੱਚ ਵਰਤਾਉ (idiom) ੪. ਅਭ੍ਯਾਸ.

ਮੁਹਿ: ਮੁਖ. "ਮੁਹਿ ਡਿਠੈ ਤਿਨ ਕੈ ਜੀਵੀਐ." (ਮਃ ੫. ਵਾਰ ਗਉ ੨) ੨. ਮੁਸ਼ਕੇ (ਚੁਰਾਕੇ). "ਘਰੁ ਮੁਹਿ ਪਿਤਰੀ ਦੇਇ." (ਵਾਰ ਆਸਾ) ੩. ਮੁਹਰੇ. ਅੱਗੇ. "ਮੁਹਿ ਚਲੈ ਸੁ ਅਗੈ ਮਾਰੀਐ." (ਵਾਰ ਆਸਾ) ਦੇਖੋ, ਓਮੀ। ੪. ਵਿ- ਮੋਹਿਤ. "ਮ੍ਰਿਗਨੀ ਮੁਹਿ ਜਾਤ." (ਕ੍ਰਿਸਨਾਵ) ਮੋਹਿਤ ਹੋਜਾਤ। ੫. ਮੁਖ ਪੁਰ. ਮੂੰਹ ਉੱਪਰ. "ਮੰਨੈ ਮੁਹਿ ਚੋਟਾ ਨਾ ਖਾਇ." (ਜਪੁ) "ਮੂਰਖ ਮੰਢੁ ਪਵੈ ਮੁਹਿਮਾਰ." (ਮਃ ੧. ਵਾਰ ਮਾਝ) ੬. ਸਰਵ- ਮੁਝੇ. ਮੈਨੂੰ. "ਮੁਹਿ ਆਗਯਾ ਕਰੀ." (ਗੁਪ੍ਰਸੂ)

ਮੁਹਿੰਜਾ, ਮੁਹਿੰਜੋ: ਸਿੰਧੀ. ਮੇਰਾ. ਦੇਖੋ, ਮਹਿੰਜਾ.

ਮੁਹਿੰਜੋਪਿਰੀ: ਮੇਰਾ ਪ੍ਰਿਯ. ਮੇਰਾ ਪਿਆਰਾ.

ਮੁਹਿੱਬ, ਮੁਹਿੱਬ: ਅ਼. ਵਿ- ਹ਼ੱਬ (ਪਜਾਰ) ਰੱਖਣ ਵਾਲਾ। ੨. ਸੰਗਜਾ- ਮਿਤ੍ਰ. ਦੋਸ੍ਤ.

ਮੁਹਿਮ, ਮੁਹਿੰਮ: ਅ਼. مُہِم ਮੁਹਿੱਮ. ਸੰਗਜਾ- ਹੱਮ (ਫ਼ਿਕਰ) ਵਿੱਚ ਪਾਉਣ ਵਾਲਾ ਕੰਮ। ੨. ਭਾਵ- ਲਸ਼ਕਰਕਸ਼ੀ. ਦੁਸ਼ਮਨ ਨੂੰ ਫਤੇ ਕਰਨ ਲਈ ਫ਼ੌਜ ਦਾ ਲੈ ਜਾਣਾ।

ਮੁਹਿਮਾਰਿ: ਮੂੰਹ ਨੂੰ ਮਾਰਕੇ. ਖ਼ਾਮੋਸ਼ੀ ਅਖ਼ਤਜਾਰ ਕਰਕੇ। ੨. ਦੇਖੋ, ਮੁਹਿ ੫.

ਮੁਹਿਰ: ਸੰ. ਸੰਗਜਾ- ਕਾਮਦੇਵ. ਅਨੰਗ। ੨. ਮੂਰਖ. ਬੇ ਸਮਝ। ੩. ਦੇਖੋ, ਮੁਹਰ.

ਮੁਹੀਤ, ਮੁਹ਼ੀਤ਼: ਅ਼. محیط ਵਿ- ਹੌਤ਼ (ਘੇਰਨ) ਵਾਲਾ। ੨. ਸੰਗਜਾ- ਸਮੁੰਦਰ.

ਮੁਹੀਬ: ਅ਼. مُہیب ਵਿ- ਹੈਬਤਨਾਕ. ਭਯੰਕਰ. ਡਰਾਉਣਾ.

ਮੁਹੀਮ: ਦੇਖੋ, ਮੁਹਿੰਮ. "ਲੜ ਲੜ ਕਰਨ ਮੁਹੀਮ." (ਭਾਗੁ)

ਮੁਹੀਯਾ: ਦੇਖੋ, ਮੁਹੱਯਾ.

ਮੁਹੁ: ਸਿੰਧੀ. ਸੰਗਜਾ- ਮੁਖ. "ਮੁਹੁ ਮਾਸੈ ਕਾ ਜੀਭ ਮਾਸੈ ਕੀ." (ਮਃ ੧. ਵਾਰ ਮਲਾ) ੨. ਸੰ. ਕ੍ਰਿ. ਵਿ- ਵਾਰ. ਫੇਰ. ਪੁਨਃ (ਸੁਹੁਰ੍. )

ਮੁਹੁਰਮੁਹੁ: ਸੰ. ਸੁਹੁਰ ਸੁਹ: ਕ੍ਰਿ. ਵਿ- ਵਾਰ. ਫਿਰ ਫਿਰ. ਪੁਨਃ ਪੁਨਃ ਹਟ ਹਟਕੇ.

ਮੁਹੂਰਤ: ਦੋ ਘੜੀਆਂ ਦਾ ਸਮਾ. ਦੇਖੋ, ਮੁਹਤ.

ਮੁਹੂਰ ਮੁਹੂ: ਦੇਖੋ, ਮੁਹੁਰ ਮੁਹੁ. "ਚਾਤ੍ਰਕ ਚੀਤ ਮੁਹੂਰ ਮੁਹੂ ਰਟ." (ਨਾਪ੍ਰ)

ਮੁਹੇ: ਮੋਹਿਤ ਹੋਏ। ੨. ਮੁਸ਼ੇ. ਲੁੱਟੇ. ਚੁਰਾਏ. "ਤੇ ਸਾਕਤ ਮੂੜ ਮੁਹੇ." (ਪ੍ਰਭਾ ਮਃ ੪)

ਮੁਹੇਮੁਹਿ: ਦੇਖੋ, ਮੁਹੁਰਮੁਹੁ. "ਮੁਹੇ ਮੁਹਿ ਪਾਣਾ ਖਾਇ." (ਵਾਰ ਆਸਾ) ਵਾਰ ਵਾਰ (ਪੁਨਃ ਪੁਨਃ (ਜੁੱਤੀਆਂ ਖਾਂਦਾ ਹੈ। ੨. ਆਮ੍ਹੋ ਸਾਮ੍ਹਣੇ। ੩. ਮੁਸ਼ ਮੁਸ਼ (ਚੁਰਾ ਚੁਰਾ) ਕੇ.

ਮੁਹੈ: ਮੋਹਨ ਕਰਦਾ ਹੈ। ੨. ਮੁਸ਼ਦਾ ਹੈ. ਚੁਰਾਉਂਦਾ ਹੈ। ੩. ਚੁਰਾਵੇ. "ਜੇ ਮੋਹਾ ਕਾ ਘਰੁ ਮੁਹੈ." (ਮਾਰ ਆਸਾ) ੪. ਦੇਖੋ, ਮੁਹੈ ਮੁਹਿ.

ਮੁਹੈ ਮੁਹਿ: ਦੇਖੋ, ਮੁਹੁਰਮੁਹੁ. "ਮਾਰ ਮੁਹੈ ਮੁਹਿ ਖਾਇ." (ਸ. ਕਬੀਰ) ੨. ਦੇਖੋ, ਮੁਹੇ ਮੁਹਿ ੨.

ਮੁਹੈਯਾ: ਦੇਖੋ, ਮੁਹੱਯਾ.

ਮੁਹੋ: ਦੇਖੋ, ਮੁਹੋ.

ਮੁਹੋ ਮੁਹੁ: ਦੇਖੋ, ਮੁਹੁਰ ਮੁਹੁ। ੨. ਦੇਖੋ, ਮੁਹੇ ਮੁਹਿ ੨.

ਮੁਹੌ: ਮੁਖ ਤੋਂ. ਮੁਖ ਸੇ. "ਮੁਹੌ ਕਿ ਬੋਲਣੁ ਬੋਲੀਐ?" (ਜਪੁ)

ਮੁਹੰਦਾ: ਮੋਹਨ ਕਰੰਦਾ। ੨. ਮੁਸ਼ਦਾ. ਚੁਰਾਉਂਦਾ। ੩. ਚੁਰਾਇਆ ਜਾਂਦਾ.

ਮੁਹੰਮਦ: ਅ਼. مُحمّد ਮੁਹ਼ੰਮਦ. ਵਿ- ਹ਼ਮਦ (ਸਲਾਹਿਆ) ਹੋਇਆ. ਪ੍ਰਸ਼ੰਸਿਤ. ਤਅ਼ਰੀਫ਼ ਕੀਤਾ ਗਿਆ। ੨. ਸੰਗਜਾ- ਇਸਲਾਮ ਦਾ ਆਚਾਰਯ, ਕੁਰੇਸ਼ਵੰਸ਼ੀ ਅ਼ਬਦੁੱਲਾ ਦਾ ਪੁਤ੍ਰ, ਜੋ ਆਮਿਨਾ ਦੇ ਗਰਭ ਤੋਂ ਅਰਬ ਦੇਸ਼ ਦੇ ਮੱਕੇ ਸ਼ਹਿਰ ਵਿੱਚ

੨੦. ਅਪ੍ਰੈਲ ਸਨ ੫੭੧ ਨੂੰ ਜਨਮਿਆ. ਹਜ਼ਰਤ ਮੁਹੰਮਦ ਦਾ ਵੰਸ਼ ਮੱਕੇ ਵਿੱਚ ਪ੍ਰਤਿਸ਼੍ਰਤ ਗਿਣਿਆ ਜਾਂਦਾ ਸੀ. ਮੰਦਿਰ ਕਾਬਾ, ਜੋ ਉਸ ਵੇਲੇ ਮੂਰਤੀਆਂ ਨਾਲ ਪੂਰਣ ਸੀ, ਉਹ ਅਬਦੁੱਲਾ ਦੇ ਪਿਤਾ ਅਬਦੁਲ ਮੁਤੱਲਿਬ ਦੇ ਹੀ ਸਪੁਰਦ ਸੀ. ਬਾਲ ਅਵਸਥਾ ਮੁਹੰਮਦ ਸਾਹਿਬ ਦੀ ਬਕਰੀ ਭੇਡਾਂ ਚਾਰਣ ਵਿੱਚ ਵਿਤੀਤ ਹੋਈ. ੨੦. ਵਰ੍ਹੇ ਦੀ ਉਮਰ ਵਿੱਚ ਮੱਕੇ ਦੀ "ਖ਼ਦੀਜਾ" ਨਾਮਿਕ ਧਨਵਾਨ ਬਿਧਵਾ ਦੀ ਨੌਕਰੀ ਕਰਕੇ ਬਸਰੇ ਦਮਿਸ਼ਕ ਆਦਿਕ ਅਸਥਾਨਾਂ ਵਿੱਚ ਵਪਾਰ ਕਰਦੇ ਰਹੇ. ਖ਼ਦੀਜਾ ਇਨ੍ਹਾਂ ਦੀ ਈਮਾਨਦਾਰੀ ਅਤੇ ਕਾਰਗੁਜ਼ਾਰੀ ਤੋਂ ਇਤਨੀ ਪ੍ਰਸੰਨ ਹੋਈ ਕਿ ਉਸ ਨੇ ਆਪਣੀ ੪੦ ਵਰ੍ਹੇ ਦੀ ਉਮਰ ਵਿੱਚ ਮੁਹੰਮਦ ਸਾਹਿਬ ਨਾਲ ਪੁਨਰਵਿਆਹ ਕਰ ਲਿਆ. ਖ਼ਦੀਜਾ ਤੋਂ ਦੋ ਬੇਟੇ ਅਤੇ ਚਾਰ ਬੇਟੀਆਂ ਉਤਪੰਨ ਹੋਈਆਂ.

ਜਦ ਮੁਹੰਮਦ ਸਾਹਿਬ ਦੀ ਉਮਰ ੩੫ ਵਰ੍ਹੇ ਦੀ ਸੀ, ਤਦ ਕਾਬੇ ਨੂੰ ਦੁਬਾਰਾ ਬਣਾਉਣ ਦੀ ਲੋੜ ਪਈ, ਕਿਉਂਕਿ ਮੰਦਿਰ ਬਹੁਤ ਨੀਵੀਂ ਥਾਂ ਸੀ. ਸ਼ਹਿਰ ਦੇ ਲੋਕਾਂ ਨੇ ਇਕੱਠੇ ਹੋਕੇ ਜਦ ਨਵੀਂ ਉਸਾਰੀ ਆਰੰਭੀ, ਤਦ ਇਹ ਸਵਾਲ ਹੋਇਆ ਕਿ "ਸੰਗ ਅਸਵਦ" ਨੂੰ ਕਣ ਆਪਣੇ ਹੱਥ ਨਾਲ ਨਵੇਂ ਮੰਦਿਰ ਦੀ ਉਸਾਰੀ ਵਿੱਚ ਰੱਖ. ਉਸ ਵੇਲੇ ਸਰਵਸੰਮਤੀ ਨਾਲ ਮੁਹੰਮਦ ਸਾਹਿਬ ਦੀ ਹੀ ਚੋਣ ਹੋਈ, ਜਿਨ੍ਹਾਂ ਨੇ ਸਿਆਹ ਪੱਥਰ ਉਠਾਕੇ ਕਾਬੇ ਦੀ ਕੰਧ ਵਿੱਚ ਰੱਖਿਆ. ਮੰਦਿਰ ਤਿਆਰ ਹੋਣ ਪੁਰ ਪਹਿਲੇ ਵਾਂਙ "ਹਬਲ" ਦੇਵਤਾ ਵਿਚਕਾਰ ਥਾਪਿਆ ਗਿਆ ਅਰ ਉਸ ਦੇ ਆਸ ਪਾਸ ਹੋਰ ਬੁਤ ਰੱਖੇ ਗਏ.

੩੯ ਵਰ੍ਹੇ ਦੀ ਉਮਰ ਵਿੱਚ ਮੁਹੰਮਦ ਸਾਹਿਬ ਬਹੁਤ ਉਦਾਸ ਅਤੇ ਧ੍ਯਾਨਪਰਾਇਣ ਜਾਪਦੇ ਸਨ. ਬਾਹਰ ਏਕਾਂਤ ਜਾਕੇ ਬਹੁਤ ਸਮਾਂ ਵਿਤਾਇਆ ਕਰਦੇ ਅਰ ਦੀਵਾਨੀ ਹਾਲਤ ਵਿੱਚ ਰਹਿੰਦੇ. ਮੱਕੇ ਪਾਸ ਦਾ "ਹਿਰਾ" ਪਹਾੜ ਉਨ੍ਹਾਂ ਨੂੰ ਬਹੁਤ ਪਿਆਰਾ ਸੀ.

੪੦ ਵਰ੍ਹੇ ਦੀ ਅਵਸਥਾ ਵਿੱਚ ਹਜ਼ਰਤ ਮੁਹੰਮਦ ਨੇ ਪ੍ਰਗਟ ਕੀਤਾ ਕਿ ਹਿਰਾ ਪਹਾੜ ਦੀ ਕੰਦਰਾਂ ਵਿੱਚ ਮੈਨੂੰ ਫਰਿਸ਼੍ਤਾ ਜਬਰਾਈਲ ਮਿਲਿਆ. ਜਿਸ ਨੇ ਖ਼ੁਦਾ ਵੱਲੋਂ ਪੈਗ਼ਾਮ ਦਿੱਤਾ, ਇਸੇ ਸਮੇਂ ਤੋਂ ਮੁਹੰਮਦ ਸਾਹਿਬ "ਪੈਗ਼ੰਬਰ" ਪ੍ਰਸਿੱਧ ਹੋਏ. ਮੁਹੰਮਦ ਸਾਹਿਬ ਨੇ ਇਸਲਾਮ ਦਾ ਪ੍ਰਚਾਰ ਆਰੰਭ ਕੀਤਾ. ਸਭ ਤੋਂ ਪਹਿਲਾਂ ਉਨ੍ਹਾਂ ਦੇ ਮਤ ਵਿੱਚ ਉਨ੍ਹਾਂ ਦੀ ਪਿਆਰੀ ਇਸਤ੍ਰੀ ਖ਼ਦੀਜਾ, ਫੇਰ ਅ਼ਲੀ, ਜੈਦ ਅਤੇ ਅਬੂਬਕਰ ਆਏ.

ਮੁਹੰਮਦ ਸਾਹਿਬ ਨੂੰ ਜਬਰਾਈਲ ਫ਼ਰਿਸ਼ਤੇ ਰਾਹੀਂ ਵਹੀ ਉਤਰਦੀ ਸੀ, ਕਦੇ ਧ੍ਯਾਨਪਰਾਇਣ ਹੋਣ ਪੁਰ ਉਨ੍ਹਾਂ ਨੂੰ ਖ਼ੁਦਾ ਵੱਲੋਂ ਸਿੱਧਾ ਪੈਗ਼ਾਮ ਪੁੱਜਦਾ. ਇਨ੍ਹਾਂ ਪੈਗਾਮਾਂ ਨੂੰ ਉਹ ਲੋਕਾਂ ਵਿੱਚ ਸੁਣਾਕੇ ਪ੍ਰਚਾਰ ਕਰਦੇ. ਜਿਨ੍ਹਾਂ ਪਦਾਂ ਵਿੱਚ ਮੁਹੰਮਦ ਸਾਹਿਬ ਨੂੰ ਖ਼ੁਦਾ ਦੇ ਹੁਕਮ ਪੁੱਜੇ, ਉਨ੍ਹਾਂ ਦੀ "ਆਯਤ" ਸੰਗਜ੍ਯਾ ਹੈ. ਜਿਨ੍ਹਾਂ ਦਾ ਸੰਗ੍ਰਹ ਇਸਲਾਮ ਦਾ ਧਰਮ ਪੁਸ੍ਤਕ ਕੁਰਾਨ ਹੈ. ਦੇਖੋ, ਕੁਰਾਨ.

ਜਦ ਮੁਹੰਮਦ ਸਾਹਿਬ ਦੀ ਉਮਰ ੫੦ ਵਰ੍ਹੇ ਦੀ ਸੀ. ਤਦ ਖ਼ਦੀਜਾ ਦਾ ਦੇਹਾਂਤ ਹੋ ਗਿਆ. ਇਸ ਪਿੱਛੋਂ "ਸੌਦਾਹ" ਨਾਮਕ ਬਿਧਵਾ ਨਾਲ ਪੈਗ਼ੰਬਰ ਨੇ ਸ਼ਾਦੀ ਕੀਤੀ ਅਰ ਅਬੂਬਕਰ ਦੀ ਪੁਤ੍ਰੀ "ਆ਼ਯਸ਼ਾ"ਜੋ ਉਸ ਵੇਲੇ ਕੇਵਲ ੭. ਵਰ੍ਹੇ ਦੀ ਸੀ, ਉਸ ਨਾਲ ਮੰਗਨੀ ਹੋਈ ਅਰ ਦੋ ਵਰ੍ਹੇ ਪਿੱਛੋਂ ਨਿਕਾਹ ਹੋਇਆ. ਆ਼ਯਸ਼ਾ ਹਜ਼ਰਤ ਮੁਹੰਮਦ ਨੂੰ ਸਭ ਤੋਂ ਪਿਆਰੀ ਸੀ. ਇਹ ਪੈਗ਼ੰਬਰ ਦੇ ਮਰਨ ਪਿੱਛੋਂ ੫੮ ਸਨ ਹਿਜਰੀ ਵਿੱਚ ੬੭ ਵਰ੍ਹੇ ਦੀ ਉਮਰ ਭੋਗਕੇ ਮਦੀਨੇ ਮੋਈ. ਮੁਸਲਮਾਨਾਂ ਵਿੱਚ ਇਹ "ਅੰਮੁਲ ਮੋਮਨੀਨ" (ਵਿਸ਼੍ਵਾਸੀਆਂ ਦੀ ਮਾਂ) ਪ੍ਰਸਿੱਧ ਹੈ.

ਹਜ਼ਰਤ ਮੁਹੰਮਦ ਮੂਰਤੀ ਪੂਜਾ ਦੇ ਵਿਰੁੱਧ ਉਪਦੇਸ਼ ਕਰਦੇ ਸਨ ਅਰ ਮੱਕੇ ਦੀਆਂ ਪ੍ਰਚਲਿਤ ਕੁਰੀਤੀਆਂ ਨੂੰ ਨਿੰਦਿਆ ਕਰਦੇ ਸਨ. ਇਸ ਕਰਕੇ ਸ਼ਹਿਰ ਦੇ ਲੋਕਾਂ ਨਾਲ ਵਿਰੋਧ ਵਧ ਗਿਆ, ਪਰ ਮਦੀਨੇ ਦੇ ਯਾਤ੍ਰੀ ਜੋ ਕਾਬੇ ਆਉਂਦੇ ਸਨ ਉਨ੍ਹਾਂ ਵਿੱਚੋਂ ਬਹੁਤ ਇਸਲਾਮ ਦੇ ਪ੍ਰੇਮੀ ਹੋ ਗਏ, ਅਰ ਮੱਕੇ ਨਾਲੋਂ ਮਦੀਨੇ ਵਿੱਚ ਮੁਸਲਮਾਨਾਂ ਦੀ ਤਾਦਾਦ ਵਧ ਗਈ.

ਲੋਕਾਂ ਦੀ ਵਧੀਕੀ ਤੋਂ ਤੰਗ ਆਕੇ ਸਨ ੬੨੨ ਈਸਵੀ ਵਿੱਚ ਮੁਹੰਮਦ ਸਾਹਿਬ ਨੂੰ ਮੱਕੇ ਤੋਂ ਭੱਜਕੇ ਮਦੀਨੇ ਜਾਣਾਪਿਆ, ਇਸੇ ਸਮੇਂ ਤੋਂ ਸਨ ਹਿਜਰੀ ਆਰੰਭ ਹੋਇਆ, ਜਿਸ ਦਾ ਅਰਥ ਹੈ ਜੁਦਾਈ. ਸੋ ਮੱਕੇ ਤੋਂ ਹਿਜਰ (ਵਿਛੁੜਨ) ਦਾ ਜੋ ਸਮਾਂ ਸੀ, ਉਹ ਇਸਲਾਮ ਦੀ ਤਾਰੀਖ ਵਿੱਚ ਆਰੰਭਿਕ ਸਾਲ ਗਿਣਿਆ ਗਿਆ. ਮਦੀਨੇ ਪਹੁੰਚਕੇ ਮੁਹੰਮਦ ਸਾਹਿਬ ਨੇ ਆਪਣੇ ਰਹਿਣ ਦੇ ਘਰ ਅਤੇ ਇੱਕ ਮਸਜਿਦ ਬਣਵਾਈ, ਜੋ ਹੁਣ "ਮਸਜਿਦੁਲਨਬੀ" ਅਖਉਂਦੀ ਹੈ.

ਮੱਕੇ ਦੇ ਲੋਕਾਂ ਨੇ ਮਦੀਨੇ ਭੀ ਮੁਹੰਮਦ ਸਾਹਿਬ ਨੂੰ ਚੈਨ ਨਾਲ ਨਹੀਂ ਬੈਠਣ ਦਿੱਤਾ. ਬਹੁਤ ਲੋਕ ਜਮਾਂ ਹੋਕੇ ਲੜਾਈ ਕਰਨ ਚੜ੍ਹ ਆਏ. ਪਹਿਲਾ ਜੰਗ ਰਮਜ਼ਾਨ ਹਿਜਰੀ ੨. (ਮਾਰਚ ਸਨ ੬੨੪) ਨੂੰ "ਬਦਰ" ਦੇ ਮਕਾਮ ਹੋਇਆ, ਜਿਸ ਵਿੱਚ ਚਾਹੇ

ਮੁਸਲਮਾਨ ਥੋੜੇ ਸਨ. ਪਰ ਜਿੱਤ ਇਨ੍ਹਾਂ ਦੇ ਹੱਥ ਰਹੀ. ਇਸ ਦਿਨ ਤੋਂ ਮੁਸਲਮਾਨਾਂ ਦੇ ਹੌਸਲੇ ਵਧ ਗਏ ਅਰ ਦਿਨ ਬਦਿਨ ਇਸਲਾਮ ਦੀ ਤਰੱਕੀ ਹੋਣ ਲੱਗੀ. ਇਸ ਪਿੱਛੋਂ ਵੈਰੀਆਂ ਨੇ ਕਈ ਵਾਰ ਹਮਲੇ ਕੀਤੇ, ਪਰ ਹਜ਼ਰਤ ਮੁਹੰਮਦ ਹੀ ਫ਼ਤੇ ਪਾਉਂਦੇ ਰਹੇ.

ਸਨ ੬੩੦ ਈਸਵੀ ਵਿੱਚ ਮੁਹੰਮਦ ਸਾਹਿਬ ਨੇ ੧੦੦੦੦ ਮੁਸਲਮਾਨ ਨਾਲ ਲੈਕੇ ਮੱਕੇ ਨੂੰ ਜਿੱਤਕੇ ਕਾਬਾ ਮੱਲਿਆ, ਅਤੇ "ਸੰਗ ਅਸਵਦ" ਨੂੰ ਚੁੰਮਕੇ "ਹਬਲ" ਦੇਵਤਾ ਨੂੰ ਆਪਣੇ ਹੱਥੀਂ ਗੁਰਜ ਨਾਲ ਚੂਰਣ ਕੀਤਾ, ਅਰ ੩੬੦ ਬੁੱਤ ਭੰਨਕੇ ਮੰਦਿਰ ਤੋਂ ਬਾਹਰ ਸੁੱਟੇ. ਕਾਬੇ ਵਿੱਚ ਪਹਿਲੀ ਨਮਾਜ਼ ਆਪਣੇ ਸੰਗੀਆਂ ਨਾਲ ਪੜ੍ਹਕੇ ਹਜ਼ਰਤ ਮੁਹੰਮਦ ਨੇ ਉਸ ਮੰਦਿਰ ਨੂੰ "ਕਿਬਲਾ" ਥਾਪਿਆ, ਅਰ ਖ਼ੁਦਾ ਵੱਲੋਂ ਹੁਕਮ ਸੁਣਾਇਆ ਕਿ ਨਮਾਜ਼ ਪੜ੍ਹਨ ਵੇਲੇ ਮੂੰਹ ਕਿਬਲੇ ਵੱਲ ਕਰਕੇ ਪ੍ਰਾਰਥਨਾ ਕਰੋ.

ਸਨ ੬੩੨ ਈਸਵੀ ਵਿੱਚ ਤਾਪ ਨਾਲ ਕੁਝ ਸਮਾਂ ਬੀਮਾਰ ਰਹਿਕੇ, ੮. ਜੂਨ ਨੂੰ ਮਦੀਨੇ ਵਿੱਚ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ. ਉਨ੍ਹਾਂ ਦੀ ਕਬਰ "ਹੁਜਰਾ" ਕਰਕੇ ਮਸ਼ਹੂਰ ਹੈ. ਹੁਜਰੇ ਵਿੱਚ ਅਬੂਬਕਰ ਅਤੇ ਉਮਰ ਦੀ ਭੀ ਕਬਰ ਹੈ ਅਰ ਇੱਕ ਕ਼ਬਰ ਦੀ ਥਾਂ ਖ਼ਾਲੀ ਛੱਡੀ ਹੋਈ ਹੈ.

ਜਿਸ ਵੇਲੇ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ, ਉਸ ਸਮੇਂ ਉਨ੍ਹਾਂ ਦੀਆਂ ਨੌ ਵਿਵਾਹਿਤਾ ਅਤੇ ਦੋ ਦਾਸੀਆਂ ਜਿਉਂਦੀਆਂ ਸਨ. ਸਾਰੀਆਂ ਸ਼ਾਦੀਆਂ ਮੁਹੰਮਦ ਸਾਹਿਬ ਦੀਆਂ ੧੧ਸਨ. ਜਿਨ੍ਹਾਂ ਵਿੱਚੋਂ ੯. ਬਿਧਵਾ ਇਸਤ੍ਰੀਆਂ ਨਾਲ ਹੋਈਆਂ ਅਰ ਇੱਕ ਕੁਆਰੀ ਆ਼ਯਸ਼ਾ ਨਾਲ ਹੋਈ ਅਤੇ ਇੱਕ ਜ਼ੈਦ ਦੀ ਤਲਾਕੀ ਹੋਈ "ਜੈਨਬ" ਨਾਲ ਹੋਈ. ਜ਼ੈਦ ਮੁਹੰਮਦ ਸਾਹਿਬ ਦਾ ਮੁਤਬੰਨਾ ਸੀ ਇਸ ਕਰਕੇ ਉਸ ਦੀ ਔਰਤ ਨਾਲ ਸ਼ਾਦੀ ਸ਼ਰਾ ਤੋਂ ਵਿਰੁੱਧ ਸੀ, ਪਰ ਖ਼ੁਦਾ ਵੱਲੋਂ ਖ਼ਾਸ ਹੁਕਮ ਇਸ ਸ਼ਾਦੀ ਲਈ ਆਗਿਆ ਸੀ. ਦੇਖੋ, ਕ਼ੁਰਾਨ ਸੂ਼ਰਤ ੩੩, ਆਯਤ ੩੬.

ਇਨ੍ਹਾਂ ੧੧. ਤੋਂ ਛੁੱਟ ਦੋ ਦਾਸੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਈਸਾਇਨ ਮੇਰੀ ਅਤੇ ਦੂਜੀ ਯਹੂਦਮਤ ਦੀ "ਰਿਹਾਨਹ" ਸੀ.

ਮੁਹੰਮਦ ਸਾਹਿਬ ਦੇ ਕੁੱਲ ਬੱਚੇ ਸੱਤ ਸਨ, ਜਿਨ੍ਹਾਂ ਵਿੱਚੋਂ ਦੋ ਬੇਟੇ ਅਤੇ ਚਾਰ ਬੇਟੀਆਂ ਖ਼ਦੀਜਾ ਤੋਂ ਹੋਏ. ਪਰ ਇਨ੍ਹਾਂ ਵਿੱਚੋਂ ਕੇਵਲ ਸੁਪੁਤ੍ਰੀ ਫਾਤਿਮਾ ਸੰਤਾਨ ਵਾਲੀ ਹੋਈ, ਬਾਕੀ ਪੰਜ ਛੋਟੀ ਉਮਰ ਵਿੱਚ ਹੀ ਮਰ ਚੁੱਕੇ ਸਨ. ਇੱਕ ਬੇਟਾ ਮੇਰੀ ਤੋਂ ਜਨਮਿਆ, ਜੋ ਦੋ ਵਰ੍ਹੇ ਦੀ ਉਮਰ ਵਿੱਚ ਹੀ ਮਰ ਗਿਆ.

ਹਜ਼ਰਤ ਮੁਹੰਮਦ ਲਿਖਣ ਪੜ੍ਹਨ ਤੋਂ ਅਗਜਾਤ ਸਨ. ਇਸੇ ਕਰਕੇ ਉਨ੍ਹਾਂ ਨੂੰ "ਉੱਮੀ" ਆਖਦੇ ਹਨ.

ਮੁਹੰਮਦ ਸਾਹਿਬ ਦੇ ਚਲਾਏ ਹੋਏ ਧਰਮ ਦਾ ਨਾਮ "ਇਸਲਾਮ" ਹੈ. ਦੇਖੋ, ਇਸਲਾਮ.

ਮੁਹੰਮਦ ਅਲੀ: ਸ਼ਾਹਜਹਾਂ ਬਾਦਸ਼ਾਹ ਦਾ ਫ਼ੌਜੀ ਸਰਦਾਰ, ਜੋ ਮੁਖ਼ਲਸਖ਼ਾਂ ਨਾਲ ਮਿਲਕੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਅਮ੍ਰਿਤਸਰ ਦੇ ਜੰਗ ਵਿੱਚ ਲੜਿਆ.

ਮੁਹੰਮਦਸ਼ਾਹ: ਫ਼ਰਰੁਖ਼ ਸਿਯਰ ਪਿੱਛੋਂ ਇਹ ਸੰਮਤ ੧੭੭੬ (ਸਨ ੧੭੧੯) ਵਿੱਚ ਦਿੱਲੀ ਦੇ ਤਖ਼ਤ ਪੁਰ ਬੈਠਾ. ਇਹ ਵਡਾ ਆਰਾਮਤਲਬ ਅਤੇ ਕੁਕਰਮੀ ਸੀ. ਇਸ ਦੇ ਸਮੇਂ ਨਾਦਰਸ਼ਾਹ ਨੇ ਦਿੱਲੀ ਵਿੱਚ ਕਤਲਾਮ ਕੀਤੀ ਅਰੇ ੩੨ ਕਰੋੜ ਰੁਪਯੇ ਦਾ ਮਾਲ ਲੁੱਟਕੇ ਲੈਗਿਆ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰਃ ੪੨.

ਮੁਹੰਮਦ ਕਾਸਿਮ, ਮੁਹੰਮਦ ਕ਼ਾਸਿਮ: ਦੇਖੋ, ਫਰਿਸਤਾ ੫.

ਮੁਹੰਮਦਖ਼ਾਨ: ਬਾਦਸ਼ਾਹ ਸ਼ਾਹਜਹਾਂ ਦਾ ਫੌਜੀ ਸਰਦਾਰ, ਜੋ ਹਰਿਗੋਬਿੰਦਪੁਰ ਦੇ ਜੰਗ ਵਿੱਚ ਭਾਈ ਜੱਟੂ ਦੇ ਹੱਥੋਂ ਮੋਇਆ.

ਮੁਹੰਮਦ ਗੋਰੀ: ਦੇਖੋ, ਸ਼ਾਹਬੁੱਦੀਨ. ਮੁਹੰਮਦ ਗ਼ੌਰੀ.

ਮੁਹੰਮਦਾਬਾਦ: ਦੇਖੋ, ਕਾਸੀ.

ਮੁਹੰਮਦੀ: ਹਜ਼ਰਤਮੁਹੰਮਦ ਨਾਲ ਹੈ ਜਿਸ ਦਾ ਸੰਬੰਧ। ੨. ਇਸਲਾਮਮਤ ਧਾਰਨ ਵਾਲਾ, ਮੁਸਲਮਾਨ.

ਮੁਹੰਮਦੀ ਪੌੱਲਾ: ਖ਼ਾ. ਉਸਤਰਾ. ਕੁਰ.

ਮੁਹਜਤਿ: ਮੋਹ (ਅਗ੍ਯਾਨ) ਨੂੰ ਪ੍ਰਾਪਤ ਹੁੰਦਾ ਹੈ.

ਮੁਕੱਸ਼ਰ, ਮੁਕ਼ੱਸ਼ਰ: ਅ਼. مقشّر ਵਿ- ਜੋ ਕ਼ਸ਼ਰ (ਛਿਲਕੇ ਬਿਨਾ) ਕੀਤਾ ਗਿਆ ਹੈ. ਛਿੱਲਿਆ ਹੋਇਆ.

ਮੁਕਟ: ਸੰ. ਮੁਕੁਟ. ਸੰਗ੍ਯਾ- ਸਿਰ ਦਾ ਭੂਸ਼ਣ। ੨. ਤਾਜ। ੩. ਕੇਸ਼ਾਂ ਦਾ ਜੂੜਾ. "ਜਟਾ ਮੁਕਟ ਤਨਿ ਭਸਮ ਲਗਾਈ." (ਭੈਰ ਮਃ ੧)

ਮੁਕਣਾ: (ਸੰ. ਮੁਕ੍. ਛੁਟਕਾਰਾ- ਤ੍ਯਾਗ) ਕ੍ਰਿ- ਮਰਣਾ ਖ਼ਤਮ ਹੋਣਾ। ੨. ਚੁੜਨਾ. ਕੰਮ ਹੋਣਾ.

ਮੁਕਤ: ਸੰ. ਮੁਕ੍ਤ. ਵਿ- ਛੁਟਿਆ ਹੋਇਆ. ਆਜ਼ਾਦ. ਨਿਰਬੰਧ. "ਮੁਕਤ ਭਏ ਪ੍ਰਭ ਰੂਪ ਨ ਰੇਖੰ." (ਗਉ ਅਃ ਮਃ ੧) ੨. ਦੇਖੋ, ਸਸਤ੍ਰ। ੩. ਸੰਗ੍ਯਾ- ਮੁਕ੍ਤਾ. ਮੋਤੀ. "ਮੁਕਤ ਲਾਲ ਅਨਿਕ ਭੋਗ." (ਕਾਨ ਮਃ ੫)

ਮੁਕਤਸਰ: ਜਿਲਾ ਫ਼ਿਰੋਜ਼ਪੁਰ ਵਿੱਚ ਪ੍ਰਸਿੱਧ ਨਗਰ, ਜਿਸ ਵਿੱਚ ਸਿੱਖਾਂ ਦਾ ਪਵਿਤ੍ਰ "ਮੁਕਤਸਰ" ਸਰੋਵਰ ਹੈ. ਇਸ ਤਾਲ ਦਾ ਨਾਮ ਪਹਿਲਾਂ "ਖਿਦਰਾਣਾ" ਸੀ. ਵਰਖਾ ਦਾ ਚਾਰੇ ਪਾਸਿਓਂ ਪਾਣੀ ਆਕੇ ਇੱਥੇ ਇਤਨਾ ਜਮਾਂ ਹੁੰਦਾ ਸੀ ਕਿ ਸਾਲ ਭਰ ਦੂਰ ਦੂਰ ਦੇ ਪਿੰਡਾਂ ਦੇ ਆਦਮੀ ਅਤੇ ਪਸ਼ੂ ਜਲ ਪੀਣ ਲਈ ਇਸ ਥਾਂ ਆਉਂਦੇ. ਵੈਸਾਖ ਸੰਮਤ ੧੭੬੨ ਵਿੱਚ ਸਰਹਿੰਦ ਦਾ ਸੂਬਾ ਵਜ਼ੀਰ ਖ਼ਾਂ ਜਦ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਤਾਕੁਬ ਕਰਦਾ ਮਾਲਵੇ ਆਇਆ, ਤਦ ਸਿੰਘਾਂ ਨੇ ਇਸ ਤਾਲ ਨੂੰ ਕਬਜੇ ਕਰਕੇ ਵੈਰੀ ਦਾ ਮੁਕਾਬਲਾ ਕੀਤਾ. ਸਭ ਤੋਂ ਪਹਿਲਾਂ ਮਾਈ ਭਾਗੋ ਅਰ ਉਸ ਦੇ ਸਾਥੀ ਸਿੰਘਾਂ ਦਾ ਸ਼ਾਹੀ ਫੌਜ ਨਾਲ ਟਾਕਰਾ ਹੋਇਆ ਅਰ ਵੱਡੀ ਵੀਰਤਾ ਨਾਲ ਸ਼ਹੀਦੀ ਪਾਈ. ਭਾਈ ਮਹਾਸਿੰਘ ਨੇ ਦਸ਼ਮੇਸ਼ ਤੋਂ ਬੇਦਾਵਾਪਤ੍ਰ ਚਾਕ ਕਰਵਾਕੇ ਇੱਥੇ ਟੁੱਟੀ ਸਿੱਖੀ ਗੰਢੀ ਹੈ. ਕਲਗੀਧਰ ਨੇ ਸ਼ਹੀਦਸਿੰਘਾਂ ਨੂੰ ਮੁਕਤ ਪਦਵੀ ਬਖ਼ਸ਼ਕੇ ਤਾਲ ਦਾ ਨਾਮ "ਮੁਕਤਸਰ" ਰੱਖਿਆ ਅਰ ਆਪਣੇ ਹੱਥੀਂ ਸ਼ਹੀਦਾਂ ਦੇ ਦੇਹ ਸਸਕਾਰੇ. ਸ਼ਹੀਦਗੰਜ ਤਾਲ ਦੇ ਕਿਨਾਰੇ ਵਿਦ੍ਯਮਾਨ ਹੈ. ਇਸ ਥਾਂ ਇਤਨੇ ਗੁਰਦ੍ਵਾਰੇ ਹਨ-

(ੳ) ਸ਼ਹੀਦਗੰਜ. ਇੱਥੇ ਕਲਗੀਧਰ ਜੀ ਨੇ ਚਾਲੀ ਮੁਕਤੇ ਅਤੇ ਹੋਰ ਸਿੰਘ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਹੈ.

(ਅ) ਟਿੱਬੀਸਾਹਿਬ. ਸ਼ਹਿਰ ਤੋਂ ਅੱਧ ਮੀਲ ਉੱਤਰ ਪੱਛਮ ਉਹ ਟਿੱਬੀ, ਜਿੱਥੋਂ ਕਲਗੀਧਰ ਤੁਰਕੀ ਸੈਨਾ ਪੁਰ ਬਾਣ ਵਰਖਾ ਕਰਦੇ ਰਹੇ.

(ੲ) ਤੰਬੂ ਸਾਹਿਬ. ਜਿੱਥੇ ਸਿੰਘਾਂ ਦਾ ਕੈਂਪ ਸੀ.

(ਸ) ਵਡਾ ਦਰਬਾਰ, ਜਿੱਥੇ ਗੁਰੂ ਸਾਹਿਬ ਵਿਰਾਜੇ ਸਨ. ਗੁਰਦ੍ਵਾਰਾ ਸਰੋਵਰ ਦੇ ਕਿਨਾਰੇ ਸੁੰਦਰ ਬਣਿਆ ਹੋਇਆ ਹੈ. ੪੩੦੦ ਰੁਪਯੇ ਦੀ ਸਾਲਾਨਾ ਜਾਗੀਰ ਸਿੱਖਰਾਜ ਦੇ ਸਮੇਂ ਤੋਂ ਹੈ.

ਇਸ ਗੁਰਧਾਮ ਪੁਰ ਹਰ ਸਾਲ ਮਾਘੀ ਨੂੰ ਭਾਰੀ ਮੇਲਾ ਭਰਦਾ ਹੈ. ਮੁਕਤਸਰ ਬੀ. ਬੀ. ਐਂਡ ਸੀ. ਆਈ. ਰੇਲਵੇ ਦਾ ਸਟੇਸ਼ਨ ਹੈ, ਜੋ ਕੋਟਕਪੂਰਾ ਜੰਕਸ਼ਨ ਤੋਂ ਵੀਹ ਮੀਲ ਹੈ.

ਮੁਕਤਹਰਾ: ਦੇਖੋ, ਸਵੈਯੇ ਦਾ ਰੂਪ ੩੧.

ਮੁਕਤਨਾਮਾ: ਇੱਕ ਰਹਿਤਨਾਮਾ, ਜਿਸ ਵਿੱਚ ਮੁਕਤਿ ਦੇ ਸਾਧਨ ਦੱਸੇ ਹਨ. ਇਹ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਨਾਮ ਕਿਸੇ ਪ੍ਰੇਮੀ ਦੀ ਰਚਨਾ ਹੈ ਅਰੇ ਸੌ ਸਾਖੀ ਵਿੱਚ ਦਰਜ ਹੈ. ਗੁਰੁਪ੍ਰਤਾਪਸੂਰਯ ਵਿੱਚ ਭਾਈ ਸੰਤੋਖਸਿੰਘ ਨੇ ਇਸ ਦੀ ਕਾਵ੍ਯਰਚਨਾ ਕੁਝ ਵੱਧ ਘੱਟ ਕਰਕੇ ਤੀਜੀ ਰੁੱਤ ਦੇ ਪੰਜਾਹਵੇਂ ਅਧ੍ਯਾਯ ਵਿੱਚ ਲਿਖਿਆ ਹੈ.

ਮੁਕਤਪ੍ਰਾਣ: ਵਿ- ਜਿਸ ਦੇ ਪ੍ਰਾਣ ਛੁਟਗਏ ਹਨ, ਮੁਰਦਾ। ੨. ਪ੍ਰਾਣ ਹੁੰਦੇ ਹੀ ਮੁਕਤ. ਜੀਵਨਮੁਕ੍ਤ.

ਮੁਕਤਭਾਸਾ, ਮੁਕਤਭਾਖਾ: ਖੁਲ੍ਹੀ ਬੋਲੀ. ਜੋ ਭਾਸ਼ਾ ਛੰਦਬੱਧ ਨਹੀਂ. ਵਾਰਤਿਕ. ਨਸਰ। ੨. ਜੋ ਭਾਸ਼ਾ (ਬੋਲੀ), ਵ੍ਯਾਕਰਣ ਦੇ ਨਿਯਮਾਂ ਤੋਂ ਬਾਹਰ ਹੈ.

**ਮੁਕਤਮਾਰਗ:** ਸ੍ਰੀ ਗੁਰੂ ਗੋਬਿੰਦਸਿੰਘ ਜੀ ਦੇ ਨਾਮ ਪੁਰ ਕਿਸੇ ਪ੍ਰੇਮੀ ਸਿੱਖ ਦਾ ਬਣਾਇਆ ਰਹਿਤਨਾਮਾ. ਇਹ ਮੁਕਤਨਾਮੇ ਤੋਂ ਭਿੰਨ ਹੈ.

**ਮੁਕਤਮਾਲ:** ਮੁਕ੍ਤਾ (ਮੋਤੀ) ਮਾਲਾ. ਮੋਤੀਆਂ ਦੀ ਮਾਲਾ. ਮੌਕ੍ਤਿਕਹਾਰ. ਮੌਕ੍ਤਿਕਮਾਲਾ. ਦੇਖੋ, ਮੁਕਤ ੩.

**ਮੁਕਤਾ:** ਵਿ- ਮੁਕ੍ਤ. ਬੰਧਨ ਰਹਿਤ. ਮੁਕ੍ਤਿ ਨੂੰ ਪ੍ਰਾਪਤ ਹੋਇਆ. ਭੇਦ ਅਤੇ ਭਰਮ ਦੀ ਗੱਠ ਜਿਸ ਦੇ ਦਿਲ ਵਿੱਚ ਨਹੀਂ. "ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ." (ਸ॰ ਮ॰ ੯) "ਮੁਕਤੇ ਸੇਵੇ, ਮੁਕਤਾ ਹੋਵੈ." (ਮਾਝ ਅ॰ ਮ॰ ੩) "ਹਿਰਦੇ ਕਾ ਮੁਕਤਾ ਮੁਖ ਕਾ ਸਤੀ." (ਰਤਨਮਾਲਾ ਬੰਨੋ) ੨. ਅਲਗ. ਕਿਨਾਰੇ. "ਹਰਖ ਸੋਗ ਦੁਹਾ ਤੇ ਮੁਕਤਾ." (ਧਨਾ ਛੰਤ ਮ॰ ੪) ੩. ਅਲੇਪ. "ਸੂਰ ਮੁਕਤਾ ਸਸੀ ਮੁਕਤਾ." (ਮਾਰੂ ਮ॰ ੫) ੪. ਖੁਲ੍ਹਾ. ਕੁਸ਼ਾਦਾ. "ਸਤਿਗੁਰਿ ਮਿਲਿਐ ਮਾਰਗੁ ਮੁਕਤਾ." (ਰਾਮ ਮ॰ ੫) ੫. ਅਤੁੱਟ. ਜੋ ਮੁੱਕੇ ਨਾ. "ਮੁਕਤੇ ਭੰਡਾਰਾ." (ਮਾਰੂ ਅ॰ ਮ॰ ੧) ੬. ਸੰਗਜਾ- ਮਾਤ੍ਰਾ ਬਿਨਾ ਅੱਖਰ. ਜਿਸ ਅੱਖਰ ਨੂੰ ਕੋਈ ਲਗ ਨਹੀਂ। ੭. ਦੇਖੋ, ਮੁਕਤੇ। ੮. ਸੰ. ਮੁਕ੍ਤਾ ਮੋਤੀ. ਦੇਖੋ, ਗਜਮੁਕਤਾ। ੯. ਅ. مقطع ਮੁਕ਼ਤ਼ਅ਼. ਵਿ- ਕ਼ਤਅ਼ ਕੀਤਾ ਹੋਇਆ. ਕੱਟਿਆ ਹੋਇਆ। ੧੦. ਤ਼ਯ (ਤੈ) ਕੀਤਾ ਹੋਇਆ. ਫੈਸਲਾਸ਼ੁਦਾ. ਦੇਖੋ, ਮੁਕਾਤੀ। ੧੧. ਸਾਧੂਆਂ ਦੇ ਸੰਕੇਤ ਵਿੱਚ ਰੋੜੇ ਦੀ ਮੁਕਤਾ ਸੰਗਜਾ ਹੈ. "ਜਟਾਜੂਟ ਮੁਕਤ ਸਿਰ ਹੋਇ। ਮੁਕਤਾ ਫਿਰੈ ਬੰਧ ਨਹੀ ਕੋਇ." (ਮਾਤ੍ਰਾ ਬਾਬਾ ਸ੍ਰੀਚੰਦ ਜੀ ਦੀ)

**ਮੁਕਤਾ ਉਪਬਨ:** ਮੋਤੀ ਬਾਗ.

**ਮੁਕਤਾਹਲ:** ਸੰ. ਮੁਕ੍ਤਾਫਲ. ਸੰਗਜਾ- ਮੋਤੀ।

੨. ਮੁਕ੍ਤਾਵਲਿ. ਮੋਤੀਆਂ ਦੀ ਲੜੀ. ਮੋਤੀਆਂ ਦਾ ਹਾਰ. "ਕਾਹੂ ਮਹਿ ਮੋਤੀ ਮੁਕਤਾਹਲ." (ਆਸਾ ਕਬੀਰ)

**ਮੁਕਤਾਫਲ:** ਦੇਖੋ, ਮੁਕਤਾਹਲ ੧.

**ਮੁਕਤਾਮਣਿ:** ਸੰ. ਮੁਕ੍ਤਾਮਣਿ. ਸੰਗਜਾ- ਮੋਤੀ ਰਤਨ। ੨. ਮੋਤੀਆਂ ਦਾ ਗਹਿਣਾ। ੩. ਦੇਖੋ, ਤੋਮਰ ਦਾ ਰੂਪ (ੲ). ੪. ਦੇਖੋ, ਪਉੜੀ ਦਾ ਰੂਪ ੧੫.

**ਮੁਕਤਾ ਮੁਕਤ:** ਮੁਕ੍ਤ- ਅਮੁਕ੍ਤ. ਦੇਖੋ, ਸਸਤ੍ਰ.

**ਮੁਕਤਾਵਲਿ:** ਦੇਖੋ, ਮੁਕਤਾਹਲ ੨.

**ਮੁਕਤਿ:** ਸੰ. ਮੁਕ੍ਤਿ. ਸੰਗਜਾ- ਛੁਟਕਾਰਾ ਰਿਹਾਈ. ਇਸ ਦਾ ਮੂਲ ਮੁਚੁ ਧਾਤੁ ਹੈ. "ਹਉਮੈ ਪੈਖੜੁ ਤੇਰੇ ਮਨੈ ਮਾਹਿ। ਹਰਿ ਨ ਚੇਤਹਿ ਮੂੜੇ, ਮੁਕਤਿਜਾਹਿ." (ਬਸੰ ਅ॰ ਮ॰ ੧) ਤਾਕਿ ਛੁਟ ਜਾਵੇਂ। ੨. ਅਵਿਦਜਾ ਦੇ ਬੰਧਨਾਂ ਤੋਂ ਛੁਟਕਾਰਾ. ਕਲੇਸ਼ਾਂ ਤੋਂ ਰਿਹਾਈ. "ਮੁਕਤਿ ਪਾਈਐ ਸਾਧ ਸੰਗਤਿ." (ਧਨਾ ਮ॰ ੫)

ਮਤਾਂ ਦੇ ਭੇਦ ਕਰਕੇ ਮੁਕਤਿ ਦੇ ਸਰੂਪ ਭੀ ਜੁਦੇ ਜੁਦੇ ਹਨ-

(ੳ) ਨਜਾਯ ਸ਼ਾਸਤ੍ਰ ਅਨੁਸਾਰ ਸ਼ਰੀਰ, ਮਨ ਸਮੇਤ ਛੀ ਇੰਦ੍ਰੀਆਂ, ਇੰਦ੍ਰੀਆਂ ਦੇ ਛੀ ਵਿਸ਼ੇ, ਇੰਦ੍ਰੀਆਂ ਦੇ ਛੀ ਗਜਾਨ, ਸੁਖ ਦੁਖ, ਇਨ੍ਹਾਂ ਇੱਕੀਆਂ ਦੁੱਖਾਂ ਦਾ ਜੋ ਨਾਸ਼ ਹੋਜਾਣਾ ਹੈ, ਇਹ ਮੁਕਤਿ ਹੈ.

(ਅ) ਵੈਸ਼ੇਸ਼ਿਕਮਤ ਅਨੁਸਾਰ ਜੀਵਾਤਮਾ, ਨੌ ਗੁਣ (ਗਜਾਨ, ਸੁਖ, ਦੁਖ ਇੱਛਾ, ਦ੍ਵੇਸ਼, ਪ੍ਰਯਤਨ, ਧਰਮ, ਅਧਰਮ ਅਤੇ ਭਾਵਨਾ) ਧਾਰਨ ਵਾਲਾ ਵਿਆਪਕ ਹੈ. ਵਿਚਾਰ ਅਤੇ ਅਭਜਾਸ ਨਾਲ ਨੌ ਗੁਣਾਂ ਤੋਂ ਜੀਵਾਤਮਾ ਦਾ ਅਸੰਗ ਹੋ ਜਾਣਾ ਮੁਕਤਿ ਹੈ.

(ੲ) ਪ੍ਰਕ੍ਰਿਤਿ ਅਤੇ ਪੁਰੁਸ਼ ਦਾ ਭਿੰਨ ਭਿੰਨ ਗਜਾਨ ਹੋਣ ਤੋਂ ਆਧਜਾਤਮਿਕ ਆਧਿਭੌਤਿਕ ਅਤੇ ਆਧਿਦੈਵਿਕ ਤਿੰਨ ਪ੍ਰਕਾਰ ਦੇ ਦੁੱਖਾਂ ਦਾ ਪੂਰੀ ਤਰਾਂ ਹਟ ਜਾਣਾ, ਸਾਂਖਜਮਤ ਦੀ ਮੁਕਤਿ ਹੈ.

(ਸ) ਯੋਗਮਤ ਅਨੁਸਾਰ ਅਵਿਦ੍ਯਾ ਆਦਿ ਪੰਜ ਕਲੇਸ਼ਾਂ ਦਾ*[1012] ਸਮਾਧਿ ਅਤੇ ਅਭ੍ਯਾਸ ਦ੍ਵਾਰਾ ਮਿਟਜਾਣਾ ਅਤੇ ਜੀਵਾਤਮਾ ਨੂੰ ਸ੍ਵਤੰਤ੍ਰਤਾ ਦੀ ਪ੍ਰਾਪਤੀ ਹੋਣੀ ਮੁਕਤਿ ਹੈ.

(ਹ) ਅਗਨਿਹੋਤ੍ਰ ਜਪ ਦਾਨ ਆਦਿ ਕਰਮਾਂ ਤੋਂ ਅਖੈ ਸੁਰਗਸੁਖ ਦੀ ਪ੍ਰਾਪਤੀ, ਮੀਮਾਂਸਾਮਤ ਦੀ ਮੁਕਤਿ ਹੈ.

(ਕ) ਆਤਮਗ੍ਯਾਨ ਦ੍ਵਾਰਾ ਅਵਿਦ੍ਯਾ ਉਪਾਧੀ ਦੂਰ ਕਰਕੇ ਜੀਵ ਦਾ ਬ੍ਰਹਮ ਨਾਲ ਅਭੇਦ ਹੋਣਾ, ਵੇਦਾਂਤਮਤ ਦੀ ਮੁਕਤਿ ਹੈ.

(ਖ) ਸ਼ੈਵ ਵੈਸ਼ਨਵ ਆਦਿ ਮਤਾਂ ਦੀ ਮੁਕਤਿ ਹੈ ਕਿ ਆਪਣੇ ਆਪਣੇ ਇਸ਼੍ਟ ਦੇਵਤਾ ਦਾ ਪੂਜਨ ਧ੍ਯਾਨ ਕਰਨ ਤੋਂ ਉਪਾਸ੍ਯ ਦੇਵਤਾ ਦੇ ਲੋਕ ਵਿੱਚ ਜਾਕੇ ਅਖੈਸੁਖ ਭੋਗਣੇ.

(ਗ) ਜੈਨਮਤ ਅਨੁਸਾਰ ਤਪ ਅਹਿੰਸਾ ਆਦਿ ਕਰਮ ਕਰਨ ਤੋਂ ਕਰਮਾਂ ਦੇ ਬੰਧਨਾਂ ਦਾ ਅਭਾਵ ਹੋਣ ਤੇ ਜੀਵ ਦਾ ਉੱਚੇ ਲੋਕ ਵਿੱਚ ਲਗਾਤਾਰ ਚਲੇਜਾਣਾ ਅਤੇ ਮੁੜ ਹੇਠਾਂ ਨਾ ਆਉਣਾ ਹੀ ਮੁਕਤਿ ਹੈ.

(ਘ) ਇਸਲਾਮ ਮਤ ਅਨੁਸਾਰ ਕ਼ੁਰਾਨਸ਼ਰੀਫ ਦੇ ਵਚਨਾਂ ਤੇ ਅਮਲ ਕਰਨਾ ਅਤੇ ਨਮਾਜ਼ ਰੋਜ਼ੇ ਆਦਿ ਪੰਜ ਨਿਜਮਾਂ[1013] ਤੇ ਪੱਕੇ ਰਹਿਣਾ, ਪੈਗੰਬਰ ਮੁਹੰਮਦ ਤੇ ਨਿਸ਼ਚਾ ਰੱਖਣਾ, ਇਸ ਤੋਂ ਕ਼ਯਾਮਤ ਦੇ ਦਿਨ ਦੇ ਫੈਸਲੇ ਅਨੁਸਾਰ ਹਮੇਸ਼ਾ ਲਈ ਬਹਿਸ਼ਤ ਦੀ ਪ੍ਰਾਪਤੀ ਮੁਕਤਿ ਹੈ.

ਸੂਫ਼ੀ ਮੁਸਲਮਾਨ ਪਰਮਾਤਮਾ ਵਿੱਚ ਰੂਹ ਦੇ ਮਿਲਾਪ ਨੂੰ ਮੁਕਤਿ ਮੰਨਦੇ ਹਨ ਇਹ ਮਤ ਵੇਦਾਂਤ ਨਾਲ ਹੀ ਜਾ ਮਿਲਦਾ ਹੈ.

(ਙ) ਈਸਾਈ ਮਤ ਅਨੁਸਾਰ ਖੁਦਾ ਦੇ ਪੁਤ੍ਰ ਹਜਰਤ ਈਸਾ ਤੇ ਪੂਰਾ ਭਰੋਸਾ ਕਰਨ ਤੋਂ ਪਾਪਾਂ ਤੋਂ ਛੁਟਕਾਰਾ ਅਤੇ ਅਖੈਜੀਵਨ ਪਾਉਣਾ ਮੁਕਤਿ ਹੈ. ਉਨ੍ਹਾਂ ਦਾ ਖਿਆਲ ਹੈ ਕਿ ਕੋਈ ਆਦਮੀ ਬਿਨਾ ਪਾਪ ਨਹੀਂ ਅਰ ਪਾਪ ਦਾ ਫਲ ਮੌਤ ਹੈ. ਪੈਗੰਬਰ ਈਸਾ ਨੇ ਆਪਣੇ ਪ੍ਰਾਣ ਦੇਕੇ ਲੋਕਾਂ ਦੇ ਪਾਪਾਂ ਦਾ ਪ੍ਰਾਯਸ਼ਚਿੱਤ ਕੀਤਾ ਹੈ. ਜੋ ਉਸ ਤੇ ਈਮਾਨ ਲਿਆਉਣਗੇ. ਉਹ ਪਾਪਾਂ ਤੋਂ ਛੁਟਕਾਰਾ ਪਾਉਣਗੇ ਅਤੇ ਅਵਿਨਾਸ਼ੀ ਜੀਵਨ ਪ੍ਰਾਪਤ ਕਰਨਗੇ.

(ਚ) ਬੌੱਧਮਤ ਅਨੁਸਾਰ ਅੱਠ ਸ਼ੁਭ ਗੁਣਾਂ[1014] ਦੇ ਧਾਰਨ ਤੋਂ ਸਰਵ ਇੱਛਾ ਦਾ ਤ੍ਯਾਗ ਹੋਣ ਤੇ ਨਿਰਵਾਣਪਦ ਦੀ ਪ੍ਰਾਪਤੀ ਮੁਕਤਿ ਹੈ.

(ਛ) ਸਿੱਖਮਤ ਦੀ ਮੁਕਤੀ ਹੈ- ਗੁਰਮੁਖਾਂ ਦੀ ਸੰਗਤਿ ਦ੍ਵਾਰਾ ਨਾਮ ਦੇ ਤਤ੍ਵ ਅਤੇ ਅਭ੍ਯਾਸ ਦੇ ਪ੍ਰਕਾਰ ਨੂੰ ਜਾਣਕੇ ਸਿਰਜਨਹਾਰ ਨਾਲ ਲਿਵ ਦਾ ਜੋੜਨਾ. ਹੌਮੈ ਤ੍ਯਾਗਕੇ ਪਰੋਪਕਾਰ ਕਰਨਾ. ਅੰਤਹਕਰਣ ਨੂੰ ਅਵਿਦ੍ਯਾ ਅਤੇ ਭ੍ਰਮਜਾਲ ਤੋਂ ਸ਼ਰੀਰ ਨੂੰ ਅਪਵਿਤ੍ਰਤਾ ਤੋਂ ਪਾਕ ਰੱਖਣਾ. ਅਰਥਾਤ- ਨਾਮ ਦਾਨ ਇਸਨਾਨ ਦਾ ਸੇਲਨ ਕਰਨਾ.

ਉੱਪਰ ਲਿਖੇ ਮੁਕਤਿ ਦੇ ਸਾਧਨਾਂ ਦਾ ਗੁਰਬਾਣੀ ਵਿੱਚ ਇਉਂ ਵਰਣਨ ਹੈ-

"ਕਰਮ ਧਰਮ ਕਰਿ ਮੁਕਤਿ ਮੰਗਾਹੀ।

ਮੁਕਤਿ ਪਦਾਰਥੁ ਸਬਦਿ ਸਲਾਹੀ।

ਬਿਨ ਗੁਰਸਬਦੈ ਮੁਕਤਿ ਨ ਹੋਈ,

ਪਰਪੰਚੁ ਕਰਿ ਭਰਮਾਈ ਹੇ.

(ਮਾਰੂ ਸੋਲਹੇ ਮਃ ੧)

---

[1012] ਦੇਖੋ, ਪੰਜ ਕਲੇਸ਼.

[1013] ਦੇਖੋ, ਇਸਲਾਮ ੪.

[1014] ਦੇਖੋ, ਬੁੱਧ ਸ਼ਬਦ ਵਿੱਚ ਮੁਕਤਿਮਾਰਗ ਦੇ ਅੱਠ ਸਾਧਨ.

ਮੁਕਤੇ ਸੋਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ.

(ਸ੍ਰੀ ਮਃ ੫)

ਤ੍ਰੈਗੁਣ ਵਖਾਣੈ ਭਰਮੁ ਨ ਜਾਇ।

ਬੰਧਨ ਨ ਤੂਟਹਿ ਮੁਕਤਿ ਨ ਪਾਇ।

ਮੁਕਤਿਦਾਤਾ ਸਤਿਗੁਰੁ ਜਗ ਮਾਹਿ। (ਗਉ ਮਃ ੩)

ਮੁਕਤਿ ਪਾਈਐ ਸਾਧਸੰਗਤਿ

ਬਿਨਸਜਾਇ ਅੰਧਾਰੁ. (ਧਨਾ ਮਃ ੫)

ਮੁਕਤਿਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ.

(ਮਲਾ ਅਃ ਮਃ ੩)

ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ।

ਮੁਕਤਿ ਭਇਆ ਜਿਸੁ ਰਿਦੈ ਵਸੇਰਾ. (ਮਾਝ ਮਃ ੫)

ਮੁਕਤਿ ਭਇਆ ਬੰਧਨ ਗੁਰਿ ਖੋਲੇ,

ਜਨ ਨਾਨਕ ਹਰਿਗੁਣ ਗਾਏ. (ਗਉ ਮਃ ੫)

ਮੁਕਤਿ ਭਏ ਸਾਧਸੰਗਤਿ ਕਰਿ,

ਤਿਨ ਕੇ ਅਵਗਨ ਸਭਿ ਪਰਹਰਿਆ.

(ਸਾਰ ਅਃ ਮਃ ੫)

ਕਹੁ ਨਾਨਕ ਗੁਰਿ ਖੋਲੇ ਕਪਾਟ।

ਮੁਕਤੁ ਭਏ ਬਿਨਸੇ ਭ੍ਰਮਥਾਟ." (ਗਉ ਮਃ ੫)

(ਜ) ਹੋਰ ਚਾਰਵਾਕ ਆਦਿ ਅਨੰਤਮਤ ਹਨ, ਜਿਨ੍ਹਾਂ ਦੀਆਂ ਮੁਕਤੀਆਂ ਅਨੇਕ ਹਨ. ਮੁਕਤਿ ਵਿਸ਼ਯ ਸਭ ਦਾ ਸਿੱਧਾਂਤ ਵਿਚਾਰੀਏ ਤਾਂ ਦੁੱਖਾਂ ਤੋਂ ਛੁਟਕਾਰਾ ਅਤੇ ਆਨੰਦ ਦੀ ਪ੍ਰਾਪਤੀ ਹੀ ਮੁਕਤਿ ਸਿੱਧ ਹੁੰਦੀ ਹੈ।

੩. ਵਿ- ਮੁਕ੍ਤ ਦੀ ਥਾਂ ਭੀ ਮੁਕਤਿ ਸ਼ਬਦ ਆਇਆ ਹੈ. "ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ ×× ਮੁਕਤਿ ਤਾਹਿ ਤੈ ਜਾਨ." (ਸਃ ਮਃ ੯) ੪. ਸੰਗ੍ਯਾ- ਮੌਕ੍ਤਿਕ (ਮੁਕ੍ਤਾ) ਮੋਤੀ. "ਮੁਕਤਿਮਾਲ ਕਨਿਕ ਲਾਲ ਹੀਰਾ." (ਜੈਤ ਮਃ ੫)

**ਮੁਕਤਿ ਗਤਿ:** ਮੁਕਤਿ ਦੀ ਗਤਿ (ਸਮਝ). ੨. ਮੁਕ੍ਤਿ ਪਾਉਣ ਦਾ ਢੰਗ (ਰੀਤਿ). "ਗੁਰਪਰਸਾਦਿ ਮੁਕਤਿ- ਗਤਿ ਪਾਏ." (ਮਾਝ ਅਃ ਮਃ ੩) ੩. ਮੁਕ੍ਤਿ ਦੀ ਪ੍ਰਾਪ੍ਤੀ.

**ਮੁਕਤਿ ਦੁਆਰਾ, ਮੁਕਤਿਦ੍ਵਾਰ:** ਮੁਕ੍ਤਿ ਦਾ ਦਰਵਾਜ਼ਾ, ਗ੍ਯਾਨ। ੨. ਗੁਰੂ। ੩. ਸਿੱਖਧਰਮ. "ਗੁਰਿ ਕੀਨੋ ਮੁਕਤਿਦੁਆਰਾ." (ਸਿਰ ਮਃ ੫)

**ਮੁਕਤਿ ਪਦਾਰਥ:** ਮੋਖਰੂਪ ਧਨ. ਮੌਕ੍ਸ਼ ਵਸ੍ਤੁ। ੨. ਮੁਕ੍ਤ ਪਦਾਰ੍ਥ. ਖੁਲ੍ਹੇ ਪਦਾਰਥ. ਅਣਮੁੱਕ ਪਦਾਰਥ. "ਧਰਮ ਅਰਥ ਅਰੁ ਕਾਮ ਮੋਖ, ਮੁਕਤਿਪਦਾਰਥ ਨਾਥ." (ਰਾਮ ਛੰਤ ਮਃ ੫)

**ਮੁਕਤਿਪੰਥ, ਮੁਕਤਿਪੰਥੁ:** ਮੁਕ੍ਤਿ ਦਾ ਤਰੀਕਾ। ੨. ਮੋਕ੍ਸ਼ਮਾਰਗ. "ਮੁਕਤਿਪੰਥੁ ਜਾਨਿਓ ਤੈ ਨਾਹਨਿ." (ਸੋਰ ਮਃ ੯) ੩.

ਸਿੱਖਧਰਮ.

ਮੁਕਤਿਪ੍ਰਾਨ: ਜੀਵਨਮੁਕ੍ਤਿ "ਮੁਕ੍ਤਿਪਾਲ ਜਪਿ ਹਰਿ ਕਿਰਤਾਰਥਿ." (ਰਾਮ ਅਃ ਮਃ ੧)

ਮੁਕਤਿਮਾਲ: ਮੌਕ੍ਤਿਕਮਾਲਾ ਦੇਖੋ, ਮਾਲ ੧. ਅਤੇ ਮੁਕ੍ਤਿ ੪.

ਮੁਕਤਿ ਮੋਖ: ਮੁਕ੍ਤਿ (ਨਿਰਬੰਧਤਾ) ਮੋਖ (ਤ੍ਯਾਗ)

"ਸਰਬ ਬੈਕੁੰਠ ਮੁਕਤਿ ਮੋਖ ਪਾਏ." (ਸੁਖਮਨੀ)

ਮੁਕਤੀ: ਦੇਖੋ, ਮੁਕਤਿ। ੨. ਛੁੱਟੀ. ਰਹੀ. "ਮੁਕਤ ਭੇਡ ਨ ਗਈਆ ਕਾਈ." (ਗਉ ਕਬੀਰ) ਕੋਈ ਭੇਡ ਮੁੰਨਣ ਤੋਂ ਨਹੀਂ ਛੁੱਟੀ, ਅਰਥਾਤ ਸਭ ਮੁੰਨੀਆਂ ਗਈਆਂ ਹਨ. ਅਥਵਾ ਮੁਕ੍ਤਿ ਨੂੰ ਕੋਈ ਭੇਡ ਨਹੀਂ ਪ੍ਰਾਪ੍ਤ ਹੋਈ.

ਮੁਕਤੀਸਰੁ: ਮੋਕ੍ਸ਼ਨਿਧਿ. ਮੁਕਿਤ ਦਾ ਸਮੁੰਦਰ. "ਆਪੇ ਮੁਕਿਤਦਾਨੁ ਮੁਕਤੀਸਰੁ." (ਮਾਰੂ ਸੋਲਹੇ ਮਃ ੧) ੨. ਮੁਕਤਿ ਦਾ ਸ੍ਵਾਮੀ. ਮੁਕਤਿ- ਈਸ਼੍ਵਰ. ਮੁਕਤੀਸ਼੍ਵਰ.

ਮੁਕਤੁ: ਬੰਧਨ ਰਹਿਤ. ਦੇਖੋ, ਮੁਕਤ. "ਮੁਕਤੁ ਭਏ ਬਿਨਸੇ ਭ੍ਰਮਥਾਟ." (ਗਉ ਮਃ ੫)

ਮੁਕਤੇ: ਬੰਧਨ ਰਹਿਤ ਹੋਏ. ਆਜ਼ਾਦ. ਨਿਰਬੰਧ। ੨. ਖੁਲ੍ਹੇ. "ਬਜਰਕਪਾਟ ਮੁਕਤੇ ਗੁਰਮਤੀ." (ਸੋਰ ਮਃ ੧) ਦ੍ਰਿਢ ਕਿਵਾੜ ਖੁਲ੍ਹ ਗਏ। ੩. ਪੰਜ ਸਿੰਘ, ਜਿਨ੍ਹਾਂ ਨੇ ਪੰਜਾਂ ਪਿਆਰਿਆਂ ਪਿੱਛੋਂ ੧. ਵੈਸਾਖ ਸੰਮਤ ੧੭੫੬ ਨੂੰ ਦਸ਼ਮੇਸ਼ ਤੋਂ ਅਮ੍ਰਿਤ ਛਕਿਆ- ਦੇਵਾਸਿੰਘ, ਰਾਮਸਿੰਘ, ਟਹਿਲਸਿੰਘ. ਈਸਰਸਿੰਘ ਫਤੇਸਿੰਘ ਦੇਖੋ, ਗੁਪ੍ਰਸੂ ਰੁੱਤ ੩, ਅਃ ੨੦। ੪. ਚਮਕੌਰ ਵਿੱਚ ਸ਼ਹੀਦ ਹੋਣ ਵਾਲੇ ੪੦ ਸਿੰਘ, ਜਿਨ੍ਹਾਂ ਦਾ ਜਿਕਰ ਜਫ਼ਰਨਾਮਹ ਵਿੱਚ ਹੈ, "ਗੁਰਸਨਹ ਚਿਕਾਰੇ ਕੁਨਦ ਚਿਹਲ ਨਰ." ਚਾਲੀ ਮੁਕਤਿਆਂ ਦੇ ਨਾਮ ਇਹ ਹਨ-

ਸਹਜਸਿੰਘ, ਸਰਦੂਲਸਿੰਘ, ਸਰੂਪਸਿੰਘ, ਸਾਹਿਬਸਿੰਘ, ਸੁਜਾਨਸਿੰਘ, ਸ਼ੇਰਸਿੰਘ, ਸੇਵਾਸਿੰਘ, ਸੰਗੋਸਿੰਘ, ਸੰਤਸਿੰਘ, ਹਰਦਾਸਸਿੰਘ, ਹਿੰਮਤਸਿੰਘ, ਕਰਮਸਿੰਘ ਕ੍ਰਿਪਾਲਸਿੰਘ, ਖੜਗਸਿੰਘ, ਗੁਰਦਾਸਸਿੰਘ, ਗੁਰਦਿੱਤਸਿੰਘ, ਗੁਲਾਬਸਿੰਘ, ਗੰਗਾਸਿੰਘ, ਗੰਡਾਸਿੰਘ, ਚੜ੍ਹਤਸਿੰਘ, ਜਵਾਹਰਸਿੰਘ, ਜੈਮਲਸਿੰਘ, ਜ੍ਵਾਲਾਸਿੰਘ, ਝੰਡਾਸਿੰਘ ਟੇਕਸਿੰਘ, ਠਾਕੁਰਸਿੰਘ, ਤ੍ਰਿਲੋਕਸਿੰਘ, ਦਯਾਲਸਿੰਘ, ਦਾਮੋਦਰਸਿੰਘ, ਨਰਾਯਣਸਿੰਘ, ਨਿਹਾਲਸਿੰਘ, ਪੰਜਾਬਸਿੰਘ, ਪ੍ਰੇਮਸਿੰਘ, ਬਸਾਵਾਸਿੰਘ, ਬਿਸਨਸਿੰਘ, ਭਗਵਾਨਸਿੰਘ, ਮਤਾਬਸਿੰਘ, ਮੁਹਕਮਸਿੰਘ, ਰਣਜੀਤਸਿੰਘ, ਰਤਨ ਸਿੰਘ। ੫. ਮੁਕਤਸਰ ਦੇ ਧਰਮਯੁੱਧ ਵਿੱਚ ਪ੍ਰਾਣ ਅਰਪਣ ਵਾਲੇ ੪੦ ਸ਼ਹੀਦ, ਜਿਨ੍ਹਾਂ ਦੇ ਨਾਮ ਇਹ ਹਨ-

ਸਮੀਰਸਿੰਘ, ਸਰਜਾਸਿੰਘ, ਸਾਧੂਸਿੰਘ, ਸੁਹੇਲਸਿੰਘ, ਸੁਲਤਾਨਸਿੰਘ, ਸੋਭਾਸਿੰਘ, ਸੰਤਸਿੰਘ ਹਰਸਾਸਿੰਘ, ਹਰੀਸਿੰਘ, ਕਰਨਸਿੰਘ, ਕਰਮਸਿੰਘ, ਕਾਲ੍ਹਾਸਿੰਘ, ਕੀਰਤਿਸਿੰਘ, ਕ੍ਰਿਪਾਲਸਿੰਘ, ਖੁਸ਼ਾਲਸਿੰਘ, ਗੁਲਾਬਸਿੰਘ, ਗੰਗਾਸਿੰਘ, ਗੰਡਾਸਿੰਘ, ਘਰਬਾਰਾਸਿੰਘ, ਚੰਬਾਸਿੰਘ, ਜਾਦੋਸਿੰਘ, ਜੋਗਾਸਿੰਘ, ਜੰਗਸਿੰਘ ਦਯਾਲਸਿੰਘ ਦਰਬਾਰਾਸਿੰਘ, ਦਿਲਬਾਗਸਿੰਘ, ਧਰਮਸਿੰਘ, ਧੰਨਾਸਿੰਘ, ਨਿਹਾਲਸਿੰਘ, ਨਿਧਾਨਸਿੰਘ, ਬੂੜਸਿੰਘ, ਭਾਗਸਿੰਘ, ਭੋਲਾਸਿੰਘ, ਭੰਗਾਸਿੰਘ, ਮਹਾਸਿੰਘ ਮੱਜਾਸਿੰਘ, ਮਾਨਸਿੰਘ, ਮੈਯਾਸਿੰਘ, ਰਾਇਸਿੰਘ, ਲਛਮਣਸਿੰਘ. ਦੇਖੋ, ਮਹਾਸਿੰਘ। ੬. ਮੁਕਤ (ਬੰਧਨ ਰਹਿਤ) ਨੂੰ. "ਮੁਕਤੇ ਸੇਵੇ, ਮੁਕਤਾ ਹੋਵੈ." (ਮਾਝ ਅਃ ਮਃ ੩) ਅਵਿਦ੍ਯਾ ਬੰਧਨਾ ਤੋਂ ਰਹਿਤ ਤਤ੍ਵਗ੍ਯਾਨੀ ਨੂੰ ਜੋ ਸੇਵਦਾ ਹੈ, ਉਹ ਮੁਕਤਾ ਹੁੰਦਾ ਹੈ.

ਮੁਕਤੇ ਬੀਬੀ: ਖੁਲ੍ਹੀ ਸੜਕ. ਸ਼ਾਹੀ ਸੜਕ. "ਨਾਮ ਤੇਰੇ ਕੀ ਮੁਕਤੇ ਬੀਬੀ." (ਆਸਾ ਮਃ ੫) ੨. ਸਿੱਖਧਰਮ.

ਮੁਕਤੈ: ਮੁਕਤਰੂਪ ਨੇ. ਬੰਧਨ ਰਹਿਤ ਨੇ. "ਮੁਕਤੈ ਗੁਰਿ ਅਨਲੁ ਬੁਝਾਇਆ." (ਰਾਮ ਕਬੀਰ)

ਮੁਕਤਰ, ਮੁਕ਼ਤ਼ਰ: ਅ਼. مقطر ਵਿ- ਕ਼ਤ਼ਰਾ ਕ਼ਤ਼ਰਾ (ਬੂੰਦ ਬੂੰਦ) ਟਪਕਾਇਆ ਹੋਇਆ. ਅ਼ਰਕ਼ ਖਿੱਚਿਆ ਹੋਇਆ.

ਮੁਕਦਮ: ਅ਼. مقدّم ਮੁਕ਼ੱਦਮ. ਵਿ- ਅੱਗੇ ਕ਼ਦਮ ਰੱਖਣ ਵਾਲਾ. ਅੱਗੇ ਵਧਿਆ ਹੋਇਆ. ਮੁਖੀਆ। ੨. ਸੰਗ੍ਯਾ- ਕ਼ਦਮ ਰੱਖਣ ਦੀ ਥਾਂ। ੩. ਚੌਧਰੀ. "ਮਹਰ ਮੁਕਦਮ ਸਿਕਦਾਰੈ." (ਗਉ ਅਃ ਮਃ ੧) ੫. ਮੁਗਲ ਅਤੇ ਸਿੱਖ ਰਾਜ ਸਮੇਂ ਕਲੈਕਟਰ ਦਾ. ਨਾਇਬ, ਜੋ ਮੁਆਮਲਾ ਉਗਰਾਹਿਆ ਕਰਦਾ (foreman). "ਰਾਜੇ ਸੀਹ, ਮੁਕਦਮ ਕੁਤੇ." (ਮਃ ੧. ਵਾਰ ਮਲਾ)

ਮੁਕਦਮਾ: ਅ਼. مقدّمہ ਮੁਕ਼ੱਦਮਹ. ਵਿ- ਅੱਗੇ ਕ਼ਦਮ ਰੱਖਣ ਵਾਲਾ। ੨. ਸੰਗ੍ਯਾ- ਫ਼ੌਜ ਦੇ ਅੱਗੇ ਜਾਣ ਵਾਲਾ ਟੋੱਲਾ। ੩. ਕਿਤਾਬ ਦਾ ਖ਼ੁਲਾਸਾ। ੪. ਮਿਸਲ ਦਾ ਤਤ੍ਵ.

ਮੁਕਦਮੀ: ਸੰਗ੍ਯਾ- ਮੁਕ਼ੱਦਮ ਦੀ ਪਦਵੀ. ਸਰਦਾਰੀ. "ਅਕੈ ਤ ਲੋੜ ਮੁਕਦਮੀ, ਅਕੈ ਤ ਅਲਾ ਲੋੜ." (ਜਸਾ) ੩. ਮੁਗਲ ਬਾਦਸ਼ਾਹਾਂ ਵੇਲੇ ਦਾ ਇੱਕ ਟੈਕਸ (tax), ਜੋ ਕਾਨੂਗੋ ਦੀ ਨੌਕਰੀ ਬਾਬਤ ਪ੍ਰਜਾ ਤੋਂ ਲਿਆ ਜਾਂਦਾ ਸੀ. ਦੇਖੋ, ਰਾਜਕਰ.

ਮੁਕੱਦਸ, ਮੁਕ਼ੱਦਸ: ਅ਼. مقدّس ਵਿ- ਕ਼ੁਦਸ (ਪਵਿਤ੍ਰਤਾ) ਵਾਲਾ. ਪਾਕ. ਪਵਿਤ੍ਰ.

ਮੁਕੱਦਮ, ਮੁਕ਼ੱਦਮ: ਦੇਖੋ, ਮੁਕਦਮ.

ਮੁਕੱਫਲ, ਮੁਕ਼ੱਫਲ: ਅ਼. مقفّل ਵਿ- ਕ਼ੁਫਲ (ਜਿੰਦਾ) ਲ਼ਾਇਆ ਗਿਆ ਹੈ ਜਿਸ ਨੂੰ. ਕ਼ੁਫਲਬੰਦ.

ਮੁਕੱਯਦ, ਮੁਕ਼ੱਯਦ: ਅ਼. مقیّد ਵਿ- ਕ਼ੈਦ ਕੀਤਾ ਹੋਇਆ. ਬੰਧੂਆ। ੨. ਸੰਗ੍ਯਾ- ਕ਼ਲਮਬੰਦ ਮਜਮੂਨ.

ਮੁਕਰ: ਸੰ. ਮੁਕੁਰ. ਸੰਗ੍ਯਾ- ਦਰਪਣ. ਸ਼ੀਸ਼ਾ. "ਮੁਕਰ ਮਾਹਿ ਜੈਸੇ ਛਾਈ." (ਧਨਾ ਮਃ ੯) ਦੇਖੋ, ਮੁਕਰਨਾ.

ਮੁਕਰਨਾ: ਕ੍ਰਿ- ਮੁਨਕਿਰ ਹੋਣਾ. ਇਨਕਾਰ ਕਰਨਾ. "ਕੇਤੇ ਲੈ ਲੈ ਮੁਕਰੁਪਾਹਿ." (ਜਪੁ)

ਮੁਕਰਾਈ: ਮੁਨਕਿਰ ਹੋਣ ਦੀ ਕ੍ਰਿਯਾ। ੨. ਤਰਕ. ਹੁੱਜਤ. "ਤੁਮ ਸਿਉ ਕਿਆ ਮੁਕਰਾਈ ਹੇ?" (ਮਾਰੂ ਸੋਲਹੇ ਮਃ ੧)

ਮੁਕਰੁ: ਦੇਖੋ, ਮੁਕਰ ਅਤੇ ਮੁਕਰਨਾ.

ਮੁਕੱਰਮ: ਅ਼. مکرّم ਵਿ- ਕਰਮ (ਇੱਜ਼ਤ) ਵਾਲਾ. ਜਿਸ ਦਾ ਮਾਨ ਕੀਤਾ ਜਾਵੇ.

ਮੁਕੱਰਰ, ਮੁਕ਼ੱਰਰ: ਅ਼. مقرّر ਵਿ- ਕ਼ੱਰ (ਥਾਪਿਆ) ਹੋਇਆ. ਠਹਿਰਾਇਆ। ੨. ਤਯ ਕੀਤਾ। ੩. ਅ਼. مکرّر ਮੁਕੱਰਰ. ਵਜ- ਦੁਬਾਰਾ. ਫਿਰ. ਪੁਨਃ.

ਮੁਕਲਨਾ: ਕ੍ਰਿ- ਮੁਕੁਲ (ਪ੍ਰਫੁੱਲ) ਹੋਣਾ. ਖਿੜਨਾ। ੨. ਜਾਣਾ. ਰਵਾਨਾ ਹੋਣਾ. ਭੇਜਣਾ. ਦੇਖੋ, ਮੁਕੁ. "ਨ੍ਰਿਪੰ ਮੁਕਲਿਅੰ ਦੂਤ ਸੋ ਕਾਸਿ ਆਯੰ." (ਵਿਚਿਤ੍ਰ) ਰਾਜਾ ਦਾ ਭੇਜਿਆ ਦੂਤ ਕਾਸ਼ੀ ਆਇਆ.

ਮੁਕਲਾਊ: ਵਿ- ਰਿਹਾਈ ਦਿਹੰਦਾ. ਛੁਡਾਉਣ ਵਾਲਾ। ੨. ਮੁਕਲਾਵਾ ਲੈਣ ਵਾਲਾ. ਦੇਖੋ, ਮੁਕਲਾਵਾ. "ਪਾਹੂ ਘਰਿ ਆਏ ਮੁਕਲਾਊ ਆਏ." (ਗਉ ਕਬੀਰ) ਭਾਵ- ਯਮਗਣ.

ਮੁਕਲਾਈ: ਪਿਤਾ ਦੇ ਬੰਧਨ ਤੋਂ ਛੁਡਾਕੇ ਆਪਣੇ ਨਾਲ ਲਿਆਂਦੀ. ਮੁਕਲਾਵੇ ਲਿਆਂਦੀ. "ਸੁਤਿ ਮੁਕਲਾਈ ਅਪਨੀ ਮਾਉ." (ਬਸੰ ਕਬੀਰ) ਦੇਖੋ, ਜੋਇ ਖਸਮੁ.

ਮੁਕਲਾਵਾ: ਸੰਗ੍ਯਾ- ਜਾਣ ਆਉਣ ਦੀ ਆਜ਼ਾਦੀ. ਛੋਟੀ ਉਮਰ ਵਿੱਚ ਸ਼ਾਦੀ ਕਰਨ ਵਾਲੇ, ਕਨ੍ਯਾ ਨੂੰ ਸਹੁਰੇ ਘਰ ਭੇਜਣਾ ਅਯੋਗ ਜਾਣਦੇ ਹਨ. ਜਦ ਕਨ੍ਯਾ ਹੋਸ਼ ਸੰਭਾਲਦੀ ਹੈ, ਤਦ ਇੱਕ ਰਸਮ ਕੀਤੀ ਜਾਂਦੀ ਹੈ, ਜਿਸ ਤੋਂ ਸਹੁਰੇ ਘਰ ਜਾਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ, ਇਸ ਦਾ ਨਾਮ "ਮੁਕਲਾਵਾ" ਹੈ. "ਸਭਨਾ ਸਾਹੁਰੈ ਵੰਞਣਾ, ਸਭਿ ਮੁਕਲਾਵਣਹਾਰ." (ਸ੍ਰੀ ਮਃ ੫) ਸਹੁਰਾ ਪਰਲੋਕ ਅਤੇ ਮੁਕਲਾਵਾ ਮ੍ਰਿਤ੍ਯੁ ਹੈ.

ਮੁਕੱਲਫ਼: ਅ਼. مکلّف ਵਿ- ਕਲਫ (ਖ਼ਰਚ) ਨਾਲ ਤਿਆਰ ਹੋਇਆ. ਕੀਮਤੀ. "ਪਾਖਰ ਜੀਨ ਮੁਕੱਲਫ ਸਾਫ." (ਸਲੋਹ)

ਮੁਕੱਵੀ, ਮੁਕ਼ੱਵੀ: ਅ਼. مقّوی ਵਿ- ਕ਼ੁੱਵਤ ਦੇਣ ਵਾਲਾ. ਬਲ (ਤਾਕਤ) ਦੇਣ ਵਾਲਾ.

ਮੁਕਾਉਣਾ: ਕ੍ਰਿ- ਖ਼ਤਮ ਕਰਨਾ. ਭੋਗ ਪਾਉਣਾ। ੨. ਨਿਬੇੜਨਾ.

ਮੁਕਾਣ: ਸਿੰਧੀ ਮੇਕਣੁ. ਵਿਲਾਪ. ਰੋਣਾ। ੨. ਮੋਏ ਸੰਬੰਧੀ ਨੂੰ ਰੋਣ ਦੀ ਕ੍ਰਿਯਾ.

ਮੁਕਾਣ ਜਾਣਾ: ਕ੍ਰਿ- ਮੋਏ ਸੰਬੰਧੀ ਅਥਵਾ ਮਿਤ੍ਰ ਦੇ ਘਰ ਰੋਣ ਪਿੱਟਣ ਜਾਣਾ. ਦੇਖੋ, ਮੁਕਾਣ। ੨. ਮਾਤਮਪੁਰਸੀ ਲਈ ਜਾਣਾ.

ਮੁਕਾਤੀ: ਦੇਖੋ, ਮੁਕਤਿ। ੨. ਦੇਖੋ, ਮੁਕਤਾ ੯. ਮੁਕ਼ੜਅ਼ (ਵਿਭਾਗ) ਕੀਤੀ. ਟੁਕੜੇ ਕੀਤੀ. "ਤੁਲਿ ਨਹੀ ਚਢੈ, ਜਾਇ ਨ ਮੁਕਾਤੀ, ਹੁਲਕੀ ਲਗੈ ਨ ਭਾਰੀ." (ਗਉ ਕਬੀਰ)

ਮੁਕਾਨ: ਦੇਖੋ, ਮੁਕਾਣ.

ਮੁਕਾਬਲਾ, ਮੁਕ਼ਾਬਲਾ: ਅ਼. مقابلہ ਸੰਗਯਾ- ਕ਼ਬਲ (ਅੱਗੇ) ਆਉਣ ਦਾ ਭਾਵ. ਇੱਕ ਦੂਜੇ ਦਾ ਆਮੋ ਸਾਹਮਣੇ ਹੋਣਾ. ਟਾਕਰਾ.

ਮੁਕਾਮ: ਠਹਿਰਣ ਦੀ ਥਾਂ. ਦੇਖੋ, ਮਕਾਮ. "ਦੁਨੀਆ ਕੈਸਿ ਮੁਕਾਮੇ?" (ਸ੍ਰੀ ਅਃ ਮਃ ੧)

ਮੁਕਾਮਿ: ਮਕ਼ਾਮ (ਕ਼ਾਯਮ ਹੋਣ ਦੀ ਥਾਂ) ਉੱਤੇ. ਤਕੀਏ ਅਤੇ ਮਦਰਸੇ ਆਦਿ ਥਾਵਾਂ ਤੇ. "ਮੁਲਾ ਬਹੈ ਮੁਕਾਮਿ." (ਸ੍ਰੀ ਅਃ ਮਃ ੧)

ਮੁਕਾਮੁ: ਦੇਖੋ, ਮਕਾਮ. "ਏਕੁ ਮੁਕਾਮੁ ਖੁਦਾਇ ਦਰਾ." (ਮਾਰੂ ਸੋਲਹੇ ਮਃ ੫)

ਮੁਕਿ: ਮੁਕ੍ਤਿ ਦਾ ਸੰਖੇਪ. "ਪਉ ਮੁਕਿਹ." (ਸਵੈਯੇ ਮਃ ੩. ਕੇ) ਮੁਕ੍ਤਿ ਪ੍ਰਾਪਤ ਹੁੰਦੀ ਹੈ। ੨. ਦੇਖੋ, ਮੁਕੀ.

ਮੁਕੀ: ਸੰਗਯਾ- ਮੁਸ਼੍ਟਿ. ਮੁੱਕੀ. ਘਸੁੰਨ. "ਜੋ ਤੈ ਮਾਰਨਿ ਮੁਕੀਆਂ, ਤਿਨ੍ਹਾ ਨ ਮਾਰੇ ਘੁੰਮਿ." (ਸ. ਫਰੀਦ)

ਮੁਕੀਮ, ਮੁਕ਼ੀਮ: ਅ਼. مقیم ਵਿ- ਕ਼ਯਾਮ (ਰਹਾਇਸ਼) ਕਰਨ ਵਾਲਾ. ਡੇਰਾ ਜਮਾਉਣ ਵਾਲਾ.

ਮੁਕੁ: ਸੰ. ਸੰਗਯਾ- ਮੋਕ੍ਸ਼. ਛੁਟਕਾਰਾ। ੨. ਤਿਆਗ. ਤਰਕ ਦਾ ਭਾਵ.

ਮੁਕੁੰਦ: ਸੰ. ਵਿ- ਮੁਕੁ (ਮੋਕ੍ਸ਼) ਦੇਣ ਵਾਲਾ.[1015] ਦੇਖੋ, ਮੁਕੰਦੁ। ੨. ਕਰਤਾਰ. ਪਾਰਬ੍ਰਹਮ। ੩. ਗੁਰੂ.

ਮੁਕੁਲ: ਸੰ. ਸੰਗਯਾ- ਅਧਖਿੜੀ ਕਲੀ। ੨. ਸ਼ਰੀਰ. ਦੇਹ। ੩. ਆਤਮਾ. ਰੂਹ.

ਮੁਕੇਸ਼: ਫ਼ਾ. مقیش ਮੁਕ਼ੈਸ਼. ਸੰਗਯਾ- ਚਾਂਦੀ ਦੀਆਂ ਪਤਲੀਆਂ ਅਤੇ ਚਪਟੀਆਂ ਤਾਰਾਂ.

ਮੁਕੇਸੀ: ਵਿ- ਮੁਕ਼ੈਸ਼ ਦਾ ਬਣਿਆ ਵਸਤ੍ਰ ਆਦਿ.

ਮੁਕੈਸ਼ੀ: ਦੇਖੋ, ਮੁਕੇਸ਼.

ਮੁਕੰਦ: ਮੁਕ੍ਤਿਦਾਤਾ. ਦੇਖੋ, ਮੁਕੁੰਦ. "ਮੁਕੰਦ ਮੁਕੰਦ ਜਪਹੁ ਸੰਸਾਰ." (ਗੌਂਡ ਰਵਿਦਾਸ)

ਮੁਕੰਦਪੁਰ:[1016] ਕਿਤਨਿਆਂ ਨੇ ਮੁਕੰਦਪੁਰ ਵਿੱਜ ਗੁਰਦ੍ਵਾਰੇ ਦਾ ਹੋਣਾ ਲਿਖਿਆ ਹੈ, ਪਰ ਮੁਕੰਦਪੁਰ ਕੋਈ ਗੁਰਦ੍ਵਾਰਾ ਨਹੀਂ ਹੈ. ਇਸ ਦੇ ਪਾਸ ਹੀ ਹਕੀਮਪੁਰ ਪਿੰਡ ਹੈ, ਉੱਥੇ "ਨਾਨਕਸਰ" ਗੁਰਦ੍ਵਾਰਾ ਹੈ. ਦੇਖੋ, ਨਾਨਕਸਰ ਨੰਃ ੬.

ਮੁਕੰਦਾ: ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ, ਜੋ ਰਾਗਵਿਦ੍ਯਾ ਦਾ ਪੰਡਿਤ ਸੀ। ੨. ਬੇਰੀ ਜਾਤਿ ਦਾ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਪਰੋਪਕਾਰੀ ਸਿੱਖ। ੩. ਸੰਬੋਧਨ. ਹੇ ਮੁਕੁੰਦ!

---

[1015] ਦੇਖੋ, ਬ੍ਰਹਮਵੈਵਰਤ ਪੁਰਾਣ, ਜਨਮਖੰਡ, ਅਃ ੧੧੦.
[1016] ਭਾਈ ਸੰਤੋਖਸਿੰਘ ਨੇ ਇਸ ਦਾ ਨਾਉਂ ਮੁਕੰਦਪੁਰਾ ਲਿਖਿਆ ਹੈ. ਦੇਖੋ, ਰਾਸ਼ਿ ੧੦. ਅਃ ੪.

ਮੁਕੰਦੁ: ਦੇਖੋ, ਮੁਕੁੰਦ. "ਸੋਈ ਮੁਕੰਦੁ ਮੁਕਤਿ ਕਾ ਦਾਤਾ." (ਗੌਂਡ ਰਵਿਦਾਸ)

ਮੁਕੰਮਲ: ਅ਼. مکمّل ਵਿ- ਕਮਾਲ (ਪੂਰਣਤਾ) ਰੱਖਣ ਵਾਲਾ. ਪੂਰਾ. ਕਮੀ ਤੋਂ ਬਿਨਾ. ਪੂਰਣ.

ਮੁੱਕਾ, ਮੁੱਕੀ: ਮੁਸ਼੍ਰਿਕਾ. ਘਸੁੰਨ.

ਮੁਕੁ: ਦੇਖੋ, ਮਕਤ.

ਮੁਕ੍ਤਕੇਸ਼: ਜਿਸ ਦਾ ਜੂੜਾ ਖੁਲ੍ਹ ਗਿਆ ਹੈ. ਖੁਲ੍ਹੇ ਕੇਸ਼ਾਂ ਵਾਲਾ. ਪੁਰਾਣੇ ਸਮੇਂ ਜੰਗ ਵਿੱਚ ਜਿਸ ਦਾ ਜੂੜਾ ਖੁਲ੍ਹ ਜਾਂਦਾ ਸੀ, ਉਹ ਅਬਧਜ ਹੋਇਆ ਕਰਦਾ. ਜਦ ਤਕ ਜੂੜਾ ਬੰਨ੍ਹਕੇ ਜੰਗ ਲਈ ਫੇਰ ਤਿਆਰ ਨਾ ਹੋਵੇ, ਤਦ ਤਕ ਉਸ ਤੇ ਸ਼ਸਤ੍ਰ ਦਾ ਵਾਰ ਨਹੀਂ ਕੀਤਾ ਜਾਂਦਾ ਸੀ. ਦੇਖੋ, ਮਨੁ ਸਿਮ੍ਰਿਤਿ ਅਃ ੭, ਸ਼ਃ ੯੧.[1017]

ਮੁਕ੍ਤਾ: ਦੇਖੋ, ਮੁਕਤਾ.

ਮੁਕ੍ਤਿ: ਦੇਖੋ, ਮੁਕਤਿ.

ਮੁਖ: ਸੰਗਜਾ- ਮੂੰਹ. "ਮੁਖ ਤੇ ਪੜਤਾ ਟੀਕਾ ਸਹਿਤ." (ਰਾਮ ਮਃ ੫) ੨. ਚੇਹਰਾ. "ਮੁਖ ਊਜਲ ਮਨੁ ਨਿਰਮਲੁ ਹੋਈ ਹੈ." (ਟੋਡੀ ਮਃ ੫)

੩. ਉਪਾਇ. ਯਤਨ। ੪. ਦਰਵਾਜ਼ਾ। ੫. ਵਿਮੁਖਜ. ਪ੍ਰਧਾਨ. ਮੁਖੀਆ.

ਮੁਖਆਗਰ: ਦੇਖੋ, ਮੁਖਾਗਰ. "ਨਵ ਛਿਅ ਖਟੁ ਬੋਲਹਿ ਮੁਖਆਗਰ." (ਧਨਾ ਮਃ ੪) ਨੌ ਵਜਾਕਰਣ, ਛੀ ਸ਼ਾਸਤ੍ਰ, ਵੇਦ ਦੇ ਛੀ ਅੰਗ ਕੰਠ ਤੋਂ ਪੜ੍ਹਦਾ ਹੈ.

ਮੁਖਸੁਧੀ: ਮੁਖ- ਅਸ਼ੁੱਧੀ. ਬਦਜ਼ਬਾਨੀ. "ਮੁਖਸੁਧੀ ਅਗਨਿ, ਕ੍ਰੋਧ ਚੰਡਾਲ." (ਸ੍ਰੀ ਮਃ ੧)

ਮੁਖਸੰਜਮ: ਸੰਗਜਾ- ਮੌਨਵ੍ਰਤ. ਚੁੱਪ ਰਹਿਣ ਦਾ ਨਿਯਮ। ੨. ਜੁਬਾਨ ਕਾਬੂ ਰੱਖਣ ਦਾ ਨਿਯਮ.

ਮੁਖਕੀਬਾਤ: ਜ਼ਾਹਰਾ ਬਾਤਚੀਤ. "ਮੁਖ ਕੀ ਬਾਤ ਸਗਲ ਸਿਉ ਕਰਤਾ। ਜੀਅ ਸੰਗਿ ਪ੍ਰਭੁ ਅਪਨਾ ਧਰਤਾ ॥" (ਆਸਾ ਮਃ ੫)

ਮੁਖਚਾਰ: ਬ੍ਰਹਮਾ. ਦੇਖੋ, ਚਤੁਰਮੁਖ. "ਮੁਖਚਾਰ ਗਾਵਤ ਬੇਦ." (ਅਕਾਲ)

ਮੁਖਜੋਰਨਾ: ਕ੍ਰਿ- ਮੁਕ਼ਾਬਲਾ ਕਰਨਾ. ਟਾਕਰਾ ਕਰਨਾ। ੨. ਸੰਮੁਖ ਹੋਣਾ. ਸਾਮ੍ਹਣੇ ਹੋਣਾ। ੩. ਸਲਾਹ ਕਰਨੀ. ਦੋਸਤੀ ਗੰਢਣੀ. ਦੇਖੋ, ਮੁਖਜੋਰਿਐ.

ਮੁਖਜੋਰਿਐ: ਮੂੰਹ ਜੋੜਨ (ਦੋਸਤੀ ਕਰਨ) ਤੋਂ.

"ਸਾਕਤ ਸਿਉ ਮੁਖਜੋਰਿਐ." (ਬਿਲਾ ਮਃ ੫)

ਮੁਖਜੋਵਣਾ: ਕ੍ਰਿ- ਮੂੰਹ ਦੇਖਣਾ। ੨. ਆਗਜਾ ਪ੍ਰਾਪਤ ਕਰਨ ਲਈ ਮੂੰਹ ਵੱਲ ਤੱਕਣਾ. "ਸਿਧਿ ਸਨਮੁਖ ਮੁਖੁ ਜੋਵੈ." (ਸਵੈਯੇ ਮਃ ੩. ਕੇ)

ਮੁਖਜੋੜਨਾ: ਦੇਖੋ, ਮੁਖਜੋਰਨਾ.

ਮੁਖਤ: ਦੇਖੋ, ਮੁਫਤ.

---

[1017] नच हन्यात्स्थलारूढ़ं, न क्लीवं, न कृताञ्जलिम्।
न मुक्तकेशं. नासीनं, न तवास्मीति वादिनम ॥

ਮੁਖ਼ਤਸਰ: ਅ਼. مُختصر ਵਿ- ਇਖ਼ਤਸਾਰ (ਸੰਖੇਪ) ਕੀਤਾ ਗਿਆ. ਸੰਖ੍ਯਿਪ੍ਤ.

ਮੁਖਤਖੋਰਾ: ਦੇਖੋ, ਮੁਫ਼ਤਖੋਰਾ.

ਮੁਖ਼ਤਲਿਫ਼: ਅ਼. مُختلِف ਵਿ- ਇਖਤਲਾਫ਼ (ਭਿੰਨਤਾ) ਵਾਲਾ. ਭੇਦ (ਫ਼ਰਕ਼) ਰੱਖਣ ਵਾਲਾ. ਭਿੰਨ.

ਮੁਖਤਾਨ: ਵਿ- ਮੂੰਹਤਾਣਾ. ਮੂੰਹਜ਼ੋਰ. "ਜਜੋਂ ਤੁਰੰਗ ਮੁਖਤਾਨ." (ਨਾਪ੍ਰ)

ਮੁਖਤਾਰ, ਮੁਖਤਿਆਰ: ਅ਼. مُختار ਸੰਗਯਾ- ਇਖ਼ਤਯਾਰ ਰੱਖਣ ਵਾਲਾ. ਜਿਸ ਨੂੰ ਕਿਸੇ ਵੱਲੋਂ ਕਿਸੇ ਕਾਰਜ ਕਰਨ ਦਾ ਇਖ਼ਤਯਾਰ ਪ੍ਰਾਪਤ ਹੋਇਆ ਹੈ.

ਮੁਖਨੇ: ਮੁਖ- ਨਯ. ਪ੍ਰਧਾਨ ਰਹਨੁਮਾ। ੨. ਦੇਖੋ, ਮੋਖਮੁਖਨੇ.

ਮੁਖ਼ੱਨਸ: ਅ਼. مُخنّث ਮੁਖ਼ੱਨਸ. ਸੰਗਯਾ- ਖ਼ੁਨਸਾ (ਨਪੁੰਸਕਤਾ) ਵਾਲਾ. ਹੀਜੜਾ. ਪੁਰੁਸ਼ਤ੍ਵ ਰਹਿਤ.

ਮੁਖਪਾਂਚ: ਪੰਚਾਨਨ. ਸ਼ਿਵ. "ਬ੍ਰਹਮਾ ਬਿਸਨੁ ਅੰਤ ਨਹਿ ਪਾਯੋ। ਨੇਤਿ ਨੇਤਿ ਮੁਖਾਪਾਂਚ[1018] ਬਤਾਯੋ." (ਅਕਾਲ)

ਮੁਖਫ, ਮੁਖਫਾ: ਅ਼. مُخِف ਮੁਖ਼ਿਫ਼. ਵਿ- ਖ਼ਿਫ਼ (ਹਲਕਾ) ਕਰਨ ਵਾਲਾ. ਜੋ ਦੂਜੇ ਦਾ ਬੋਝ ਹਲਕਾ ਕਰੇ. "ਪ੍ਰਭੁ ਜਾਨਿਓ, ਤੇ ਜਨ ਮੁਖਫਾ." (ਪ੍ਰਭਾ ਮਃ ੪)

ਮੁਖ਼ੱਫ਼ਫ਼: ਅ਼. مُخفّف ਵਿ- ਖ਼ਿਫ਼ (ਹਲਕਾ) ਕੀਤਾ ਹੋਇਆ. ਸੰਖੇਪ ਕੀਤਾ.

ਮੁਖਬਚਨੀ: ਮੂੰਹ ਜ਼ਬਾਨੀ. ਕੰਠਾਗ੍ਰ. ਨੋਕਜ਼ਬਾਂ.

ਮੁਖਬਰ: ਅ਼. مُخبر ਮੁਖ਼ਬਿਰ. ਖ਼ਬਰ ਦੇਣ ਵਾਲਾ.

ਮੁਖਬਲ ਅਸੁ: ਮੂੰਹਤਾਣਾ ਅਸ਼੍ਵ (ਘੋੜਾ). "ਮੁਖਬਲ ਅਸੁ ਕਵਿਕਾ ਜਿਮ ਮਾਨੀ." (ਨਾਪ੍ਰ) ਮੂੰਹਤਾਣੇ ਘੋੜੇ ਨੂੰ ਲਗਾਮ ਸਮਾਨ.

ਮੁਖਬਾਕ, ਮੁਖਬਾਕਯ: ਦੇਖੋ, ਸ੍ਰੀ ਮੁਖਵਾਕ.

ਮੁਖਬੰਧ: ਸੰਗਯਾ- ਗ੍ਰੰਥ ਦੇ ਮੁੱਢ ਲਿਖਿਆ ਲੇਖ, ਜਿਸ ਵਿੱਚ ਗ੍ਰੰਥ ਲਿਖਣ ਦਾ ਕਾਰਣ ਅਤੇ ਸੰਖੇਪ ਨਾਲ ਗ੍ਰੰਥ ਦਾ ਵਿਸ਼ਯ ਲਿਖਿਆ ਹੋਵੇ. Introduction ਭੂਮਿਕਾ. ਦੀਬਾਚਾ.

ਮੁਖਭਉਣਾ, ਮੁਖਭਵਨਾ: ਮੁਖ ਦਾ ਭ੍ਰਮਣ. ਲਕਵਾ ਰੋਗ ਹੋਣਾ। ੨. ਲੋਕਾਂ ਦਾ ਕਿਸੇ ਵੱਲੋਂ ਵਿਮੁਖ ਹੋਣਾ. "ਸੰਤ ਕੈ ਦੂਖਨਿ ਤੇ ਮੁਖ ਭਵੈ." (ਸੁਖਮਨੀ) ਸੰਤਦੋਖੀ ਤੋਂ ਸਾਰੇ ਮੂੰਹ ਮੋੜ ਲੈਂਦੇ ਹਨ.

ਮੁਖ ਮਸਤਕ: ਮੂੰਹ ਅਤੇ ਮੱਥਾ। ੨. ਚੇਹਰਾ ਅਤੇ ਦਿਮਾਗ (ਮਸ੍ਤਿਸ਼੍ਕ).

ਮੁਖਮਾਂਜਣਾ: ਖ਼ਾ. ਸੰਗਯਾ- ਜਿਸ ਨਾਲ ਮੂੰਹ ਮਾਜੰਨ ਕਰੀਏ. ਦਾਤਣ. ਦੰਤਧਾਵਨ.

ਮੁਖਮੰਗਿਆ ਦਾਨ: ਯਾਚਕ ਦੇ ਮੂਹੋਂ ਨਿਕਲੀ ਮੰਗ ਅਨੁਸਾਰ ਬਖ਼ਸ਼ਿਸ਼.

ਮੁਖਰ: ਸੰ. ਸੰਗਯਾ- ਸ਼ੰਖ। ੨. ਕਾਗ. ਕਾਉਂ। ੩. ਸ਼ਬਦ. ਧੁਨਿ. "ਮਧੁਰ ਮੁਖਰ ਗਤਿਦੈਨ." (ਨਾਪ੍ਰ) "ਭਯੋ ਜੈਕਾਰ ਮੁਖਰ ਬਰ." (ਨਾਪ੍ਰ) ੪. ਵਿ- ਆਗੂ. ਮੁਖੀਆ। ੫. ਵਿ- ਰੁੱਖਾ ਬਚਨ ਬੋਲਣ ਵਾਲਾ। ੬. ਬਕਬਾਦੀ.

ਮੁਖਰਾ: ਦੇਖੋ, ਮੁਖੜਾ.

ਮੁਖ ਰੇਤੁ ਪੈਣਾ: ਕ੍ਰਿ- ਮੂੰਹ ਵਿੱਚ ਖ਼ਾਕ ਪੈਣੀ. "ਅਵਰਹ ਕਉ ਉਪਦੇਸਤੇ ਮੁਖ ਮੈ ਪਰਿਹੈ ਰੇਤੁ." (ਸ. ਕਬੀਰ) ਜਦ ਉਪਦੇਸ਼ਕ

---

[1018] ਕਈ ਥਾਂ ਲਿਖਾਰੀਆਂ ਨੇ ਅਸ਼ੁੱਧ ਪਾਠ "ਮੁਖਦਾਰ" ਲਿਖ ਦਿੱਤਾ ਹੈ

ਆਪ ਆ਼ਮਿਲ ਨਾ ਹੋਵੇ, ਤਦ ਲੋਕ ਉਸ ਪੁਰ ਖ਼ਾਕ ਸਿਟਦੇ ਹਨ.

ਮੁਖ਼ਲਿਸ: ਅ਼. مخلص ਵਿ- ਖ਼ਲੂਸ (ਬਿਨਾ ਮਿਲਾਵਟ) ਹੋਣ ਵਾਲਾ। ੨. ਸੰਗ੍ਯਾ- ਸੱਚਾ ਮਿਤ੍ਰ.

ਮੁਖ਼ਲਿਸਖ਼ਾਨ: ਸ਼ਾਹਜਹਾਂ ਬਾਦਸ਼ਾਹ ਦਾ ਫ਼ੌਜੀ ਸਰਦਾਰ, ਜੋ ਸਿੱਖਾਂ ਨਾਲ ਸ਼ਾਹੀ ਬਾਜ਼ ਪਿੱਛੇ ਝਗੜਾ ਹੋਣ ਤੋਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉੱਤੇ ਅਮ੍ਰਿਤਸਰ ਚੜ੍ਹ ਆਇਆ ਅਤੇ ਜੰਗ ਵਿੱਚ ਮਾਰਿਆ ਗਿਆ. ਭਾਈ ਸੰਤੋਖਸਿੰਘ ਨੇ ਇਸ ਦਾ ਨਾਮ ਮੁਗਲਸਖਾਂ ਲਿਖਿਆ ਹੈ। ੨. ਦੇਖੋ, ਮੁਖਲਿਸਗੜ੍ਹ.

ਮੁਖਲਿਸਗੜ੍ਹ, ਮੁਖਲਿਸਪੁਰ: ਅਮੀਰ ਮੁਖ਼ਲਿਸਖ਼ਾਨ ਦਾ ਬਾਦਸ਼ਾਹ ਸ਼ਾਹਜਹਾਂ ਦੇ ਹੁਕਮ ਨਾਲ ਬਣਾਇਆ ਇੱਕ ਕਿਲਾ, ਅਤੇ ਉਸ ਦੇ ਪਾਸ ਦੀ ਬਸਤੀ ਮੁਖਲਿਸਪੁਰਾ. ਬੰਦਾ ਬਹਾਦੁਰ ਨੇ ਸਰਹਿੰਦ ਇਲਾਕੇ ਉੱਪਰ ਕਬਜਾ ਕਰਕੇ ਕਿਲਾ ਮੁਖਲਿਸਗੜ੍ਹ ਨੂੰ ਆਪਣੇ ਨਿਵਾਸ ਦਾ ਅਸਥਾਨ ਬਣਾਇਆ ਅਤੇ ਇਸ ਦਾ ਨਾਉਂ ਲੋਹਗੜ੍ਹ ਰੱਖਿਆ. ਦੇਖੋ, ਲੋਹਗੜ੍ਹ ੪. ਬਹਾਦੁਰਸ਼ਾਹ ਬਹੁਤ ਫੌਜ ਲੈਕੇ ਇੱਥੇ ਬੰਦੇ ਬਹਾਦੁਰ ਨਾਲ ਜੰਗ ਕਰਨ ਆਇਆ ਅਤੇ ਕਈ ਮਹੀਨੇ ਲੋਹਗੜ੍ਹ ਘੇਰ ਰੱਖਿਆ, ਪਰ ਬੰਦਾ ਬਹਾਦੁਰ ਅਜੇਹੀ ਫੁਰਤੀ ਨਾਲ ਪਹਾੜੀਂ ਜਾ ਵੜਿਆ ਕਿ ਵੈਰੀ ਨੂੰ ਕੁਝ ਪਤਾ ਨਾ ਲੱਗਾ.

ਮੁਖਵਾਕ: ਦੇਖੋ, ਸ੍ਰੀ ਮੁਖਵਾਕ.

ਮੁਖੜਾ: ਮੁਖ. ਮੂੰਹ। ੨. ਚੇਹਰਾ.

ਮੁਖਾਗਰ: ਮੁਖ- ਅਗ੍ਰ. ਕੰਠਾਗ੍ਰ. ਹ਼ਿਫ਼ਜ. ਨੋਕ- ਜ਼ਬਾਨ. "ਬੇਦ ਚਾਰਿ ਮੁਖਾਗਰ ਬਿਚਰੇ." (ਸ੍ਰੀ ਅਃ ਮਃ ੫) "ਚਾਰੇ ਬੇਦ ਮੁਖਾਗਰ ਪਾਠਿ." (ਬਸੰ ਮਃ ੧)

ਮੁਖਾਤਬ. ਮੁਖ਼ਾਤ਼ਬ: ਅ਼. مخاطب ਵਿ- ਖ਼ਤ਼ਾਬ ਕੀਤਾ ਗਿਆ. ਜਿਸ ਨੂੰ ਸੰਬੋਧਨ ਕਰਕੇ ਗੱਲ ਕਰੀਏ.

ਮੁਖਾਰਬਿੰਦ, ਮੁਖਾਰਵਿੰਦ: ਮੁਖ- ਅਰਵਿੰਦ. ਮੁਖਕਮਲ. ਮੁਖਾਂਬੁਜ "ਅਵਿਲੋਕਉ ਰਾਮ ਕੋ ਮੁਖਾਰਬਿੰਦ." (ਕਾਨ ਮਃ ੫)

ਮੁਖ਼ਾਲਿਸ: ਅ਼. مخلص ਦੇਖੋ, ਮੁਖ਼ਲਿਸ. ਵਿ- ਇਖਲਾਸ (ਪਵਿਤ੍ਰਤਾ) ਵਾਲਾ. "ਮਨ ਕਰੈ ਮੁਖਾਲਿਸ." (ਗੁਪ੍ਰਸੂ)

ਮੁਖ਼ਾਲਿਫ਼: ਅ਼. مخالف ਵਿ- ਖ਼ਿਲਾਫ਼ (ਉਲਟ) ਕਰਨ ਵਾਲਾ. ਵਿਰੁੱਧ. ਪ੍ਰਤਿਕੂਲ। ੨. ਸੰਗ੍ਯਾ- ਦੁਸ਼ਮਨ. ਵਿਰੋਧੀ.

ਮੁਖਿ: ਮੁਖ ਕਰਕੇ. ਮੁਖ ਦ੍ਵਾਰਾ. ਭਾਵ- ਕੰਠ ਤੋਂ. "ਮੁਖਿ ਬੇਦ ਚਤੁਰ ਪੜਤਾ." (ਗੌਂਡ ਨਾਮਦੇਵ) ੨. ਮੁਖ ਤੋਂ. ਮੁਖ ਸੇ. "ਮੁਖਿ ਆਵਤ ਤਾਕੈ ਦੁਰਗੰਧ." (ਸੁਖਮਨੀ) ੩. ਮਸ੍ਤਕ ਪੁਰ. ਮੱਥੇ ਉੱਤੇ. "ਮੋਹਣੀ ਮੁਖਿ ਮਣੀ ਸੋਹੈ." (ਸ੍ਰੀ ਮਃ ੧) "ਤਿਨ ਮੁਖਿ ਟਿਕੇ ਨਿਕਲਹਿ." (ਸ੍ਰੀ ਮਃ ੧) ੪. ਮੁਖ ਮੇਂ. ਮੂੰਹ ਵਿੱਚ. "ਮੁਖਿ ਝੂਠ ਬਿਭੁਖਨ ਸਾਰੰ." (ਵਾਰ ਆਸਾ) ੫. ਮੂੰਹ ਦੇ ਸੁਆਦਾਂ (ਜੁਬਾਨ ਦੇ ਰਸਾਂ) ਵਿੱਚ. "ਭਗ ਮੁਖਿ ਜਨਮ ਵਿਗੋਇਆ." (ਸ੍ਰੀ ਬੇਣੀ) ੬. ਕਾਰਣ ਕਰਕੇ. ਹੇਤੁ ਦ੍ਵਾਰਾ. "ਕਵਨ ਮੁਖਿ ਕਾਲੁ ਜੋਹਤ ਨਿਤ ਰਹੈ." (ਸਿਧਗੋਸਟਿ) ੭. ਵਿ- ਮੁਖ੍ਯ. ਪ੍ਰਧਾਨ. ਸ਼੍ਰੇਸ਼੍ਠ. ਉੱਤਮ. "ਮੇਲ ਗੁਰੂ ਮੁਖਿ." (ਆਸਾ ਛੰਤ ਮਃ ੪) "ਚੰਦ ਸੂਰਜ ਮੁਖਿ ਦੀਏ." (ਰਾਮ ਮਃ ੧)

ਮੁਖਿ ਸੰਚਹੁ: ਮੂੰਹ ਵਿੱਚ ਸੇਚਨ ਕਰੋ. ਭਾਵ- ਛਕਾਓ. "ਤਿਸੁ ਗੁਰੁ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ." (ਮਲਾ ਮਃ ੪) ਉੱਤਮ ਵਸਤ੍ਰ ਅਰਪੋ ਅਤੇ ਸ਼੍ਰੱਧਾ ਨਾਲ ਭੋਜਨ ਛਕਾਓ.

ਮੁਖਿਸੰਜਮ: ਜੁਬਾਨੀ ਸੰਯਮ ਦੀ ਗੱਲਾਂ ਨਾਲ. ਭਾਵ- ਕਰਨੀ ਬਿਨਾ ਕੇਵਲ ਕਹਿਣ ਨਾਲ. "ਮੁਖਿਸੰਜਮ ਹਛਾ ਨ ਹੋਵਈ." (ਸਵਾ ਮਃ ੩)

ਮੁਖਿਖੀਰੰ: ਸੰਗ੍ਯਾ- ਕ੍ਸ਼ੀਰਿਨ (ਗੋ) ਮੁਖ. ਗੋਮੁਖੀ. ਉਹ ਥੈਲੀ, ਜਿਸ ਉੱਪਰ ਗਊ ਦੇ ਮੁਖ ਦਾ ਚਿੰਨ੍ਹ ਹੁੰਦਾ ਹੈ ਅਤੇ ਜਪ ਕਰਨ ਵਾਲੇ ਉਸ ਵਿੱਚ ਹੱਥ ਪਾਕੇ ਮਾਲਾ ਫੇਰਦੇ ਹਨ. "ਦੁਇ ਧੋਤੀ ਕਰਮ ਮੁਖਿਖੀਰੰ." (ਪ੍ਰਭਾ ਬੇਣੀ) ਦੋ ਧੋਤੀਆਂ ਰਖਦਾ ਹੈ ਅਰ ਕਰ (ਹੱਥ) ਮੇਂ ਗੋਮੁਖੀ ਹੈ.

ਮੁਖਿਗਿਆਨ: ਕਰਨੀ ਬਾਝੋਂ ਜੁਬਾਨੀ ਗਜਾਨ ਕਥਨ. "ਖਟੁ ਸਾਸਤ ਬਿਚਰਤ ਮੁਖਿਗਿਆਨਾ." (ਮਾਝ ਮਃ ੫)

ਮੁਖਿਗਿਆਨੀ, ਮੁਖਿਙਿਆਨੀ: ਕੇਵਲ ਗੱਲਾਂ ਦਾ ਗਜਾਨੀ. ਅ਼ਮਲ ਬਿਨਾ ਮੂੰਹੋਂ ਗਜਾਨ ਦਾ ਵਕਤਾ. "ਮੁਖਿਙਿਆਨੀ ਧਨਵੰਤ." (ਬਾਵਨ)

ਮੁਖਿਬੇਨ: ਸੰਗਜਾ- ਬੇਣੁਮੁਖੀ ਕ੍ਰਿਸ਼ਨਦੇਵ, ਬੰਸਰੀ ਬਜਾਉਣ ਵਾਲਾ. "ਅਨਿਕ ਪਾਰਜਾਤ, ਅਨਿਕ ਮੁਖਿਬੇਨ." (ਸਾਰ ਅਃ ਮਃ ੫)

ਮੁਖਿਭਾਖਿਤ: ਵਿ- ਮੂੰਹਮੰਗਿਆ. ਮੁਖੋਂ ਆਖਿਆ. "ਤਿਤੁ ਫਲ ਰਤਨ ਲਗਹਿ ਮੁਖਿਭਾਖਿਤ." (ਮਃ ੧. ਵਾਰ ਮਾਝ)

ਮੁਖ਼ਿਲ: ਅ਼. مُخِل ਵਿ- ਖ਼ਲਲ (ਵਿਘਨ) ਪਾਉਣ ਵਾਲਾ.

ਮੁਖੀ: ਵਿ- ਮੁਖੀਆ, ਪ੍ਰਧਾਨ. "ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ." (ਸੁਖਮਨੀ)

੨. ਸੰਗਜਾ- ਤੀਰ ਆਦਿ ਸ਼ਸਤ੍ਰਾਂ ਦੀ ਨੋਕ.

ਮੁਖੀਆ: ਵਿ- ਪ੍ਰਧਾਨ. ਆਗੂ. ਪੇਸ਼ਵਾ.

ਮੁਖੁ: ਮੂੰਹ ਅਤੇ ਚੇਹਰਾ. ਦੇਖੋ, ਮੁਖ. "ਮੁਖੁ ਊਜਲੁ ਸਦਾ ਸੁਖੀ." (ਰਾਮ ਅਃ ਮਃ ੫)

ਮੁਖ਼ੈਯਰ: ਅ਼. مُخَیِّر ਵਿ- ਖ਼ੈਰ (ਦਾਨ) ਕਰਨ ਵਾਲਾ. ਉਦਾਰ. ਦਾਤਾ.

ਮੁਖ਼ੰਨਸ: ਦੇਖੋ, ਮੁਖੱਨਸ.

ਮੁੱਖ, ਮੁਖਜ: ਵਿ- ਪ੍ਰਧਾਨ. ਮੁਖੀਆ। ੨. ਮੁੱਢ ਵਿੱਚ ਹੋਇਆ। ੩. ਸ਼੍ਰੇਸ਼੍ਰ. ਉੱਤਮ.

ਮੁਗ਼ਤਨਮ: ਅ਼. مُغتنم ਸੰਗਜਾ- ਗ਼ਨੀਮਤ ਦਾ ਭਾਵ. ਲਾਭ. ਲਾਧਾ.

ਮੁਗਦਰ: ਦੇਖੋ, ਮੁਦਗਰ.

ਮੁਗਧ: ਸੰ. मुग्ध. ਵਿ- ਮੋਹ (ਅਗਜਾਨ) ਨੂੰ ਪ੍ਰਾਪਤ ਹੋਇਆ. ਮੂਰਖ. "ਮੁਗਧ ਮਨ. ਭ੍ਰਮ ਤਜਹੁ ਨਾਮ ਗੁਰਮੁਖਿ ਭਜਹੁ." (ਸਵੈਯੇ ਮਃ ੪. ਕੇ) ੨. ਅਲਬੇਲਾ. ਬੇਪਰਵਾ। ੩. ਸੁੰਦਰ। ੪. ਪਿਆਰਾ.

ਮੁਗਧਾ: ਵਿ- ਮੁਗਧਤਾ (ਅਗਜਾਨਪਨ) ਸਹਿਤ. "ਮੂਰਖ ਮੁਗਧਾ ਜਨਮੁ ਭਇਆ." (ਸੋਪੁਰਖੁ) ੨. ਸੰਗਜਾ- ਕਾਵਜ ਅਨੁਸਾਰ ਨਾਯਿਕਾ ਦਾ ਭੇਦ-

"ਝਲਕਤ ਆਵੇ ਤਰੁਣਈ ਨਈ ਜਾਸੁ ਅੱਗ ਅੰਗ।

ਮੁਗਧਾ ਤਾਂਸੋਂ ਕਹਿਤ ਹੈਂ ਜੇ ਪ੍ਰਬੀਨ ਰਸਰੰਗ।।"

(ਜਗਦਵਿਨੋਦ)

ਮੁਗਧਾਨਾ: ਮੁਗਧਤਾ ਵਾਨ. ਮੂਰਖਪੁਣਾ ਧਾਰਨਵਾਲਾ.

ਮੁਗਧਾਰੀ: ਮੁਗਧਤਾਧਾਰੀ. ਮੂਰਖ. "ਪੰਡਿਤ ਤੇ ਮੁਗਧਾਰੀ." (ਸਾਰ ਕਬੀਰ)

ਮੁੱਗਰਾ, ਮੁੰਗਰੀ: ਸੰਗਜਾ- ਮੂੰਗਲਾ. ਮੂਸਲ. ਮੁਗਦਰ. ਮੁੰਗਲੀ. "ਲੈ ਮੁੱਗਰਾ ਜਨੁ ਧਾਨ ਕੁਟੇ ਹੈਂ." (ਕ੍ਰਿਸਨਾਵ) "ਮੁੰਗਰੀ ਗਹਿ ਭਾਰੀ ਕੋ ਫੇਰੈਂ." (ਗੁਪ੍ਰਸੂ)

ਮੁਗਲ: ਤੁ. مُغل ਮੁਗ਼ਲ. ਵਿ- ਸਾਦਾਦਿਲ. ਭੋਲਾ. ਸਿੱਧਾ ਸਾਦਾ। ੨. ਸੰਗਜਾ- ਤਾਤਾਰ ਦੀ ਇੱਕ ਸੂਰਵੀਰ ਜਾਤਿ, ਜੋ ਪਹਿਲਾਂ

ਆਤਿਸ਼ਪਰਸੂ ਸੀ ਅਤੇ ਫੇਰ ਇਸਲਾਮ ਮਤ ਵਿੱਚ ਆਈ. ਦਿੱਲੀ ਦੇ ਬਾਦਸ਼ਾਹਾਂ ਦੀ ਨੌਕਰੀ ਵਿੱਚ ਆਕੇ ਭੀ ਕਈ ਮੁਗਲ ਚਿਰ ਤੀਕ ਮੁਸਲਮਾਨ ਨਹੀਂ ਹੋਏ ਸਨ. ਜਲਾਲੁੱਦੀਨ ਫ਼ੀਰੋਜ਼ ਖ਼ਲਜੀ ਨੇ, ਜੋ ਦਿੱਲੀ ਦੇ ਤਖ਼ਤ ਪੁਰ ਸਨ ੧੨੯੦ ਤੋਂ ੯੬ ਤਕ ਰਿਹਾ, ਬਹੁਤ ਮੁਗਲ ਮੁਸਲਮਾਨ ਕੀਤੇ. ਦਿੱਲੀ ਪਾਸ ਜੋ ਮੁਗ਼ਲਪੁਰਾ ਹੈ, ਇਹ ਉਸੀ ਸਮੇਂ ਬਣਾਇਆ ਗਿਆ ਸੀ. ਮੁਗਲਾਂ ਵਿੱਚ ਤੈਮੂਰ ਪ੍ਰਤਾਪੀ ਹੋਇਆ, ਜਿਸ ਨੇ ਭਾਰਤ ਨੂੰ ਫਤੇ ਕੀਤਾ, ਅਰ ਜਿਸ ਦੇ ਵੰਸ਼ ਵਿੱਚੋਂ ਬਾਬਰ ਹਿੰਦੁਸਤਾਨ ਅੰਦਰ ਮੁਗਲਰਾਜ ਕ਼ਾਇਮ ਕਰਨ ਵਾਲਾ ਹੋਇਆ. ਦਿੱਲੀ ਦੇ ਤਖਤ ਪੁਰ ੧੫. ਮੁਗਲ ਬਾਦਸ਼ਾਹ ਬੈਠੇ ਹਨ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ. "ਮੁਗਲ ਪਠਾਣਾ ਭਈ ਲੜਾਈ." (ਆਸਾ ਮਃ ੧)

ਮੁਗਲਸਖ਼ਾਂ: ਦੇਖੋ, ਮੁਖ਼ਲਿਸਖ਼ਾਨ.

ਮੁਗਲਪੁਰਾ: ਲਹੌਰ ਪਾਸ ਇੱਕ ਬਸਤੀ, ਜਿੱਥੇ ਛਾਉਣੀ ਹੈ. ਇਹ ਜਿਲਾ ਤਸੀਲ ਲਹੌਰ ਵਿੱਚ ਹੈ. ਇੱਥੇ ਬਾਬਾ ਰਾਮਰਾਇ ਜੀ ਦਾ ਅਸਥਾਨ "ਚੁਬੱਚਾ ਗੁਰੂ ਰਾਮਰਾਇ" ਨਾਮਕ ਹੈ.

ਮੁਗਲਰਾਜ: ਸਨ ੧੫੨੬ ਤੋਂ ਸਨ ੧੮੫੭ ਤਕ ਦਿੱਲੀ ਦੇ ਤਖਤ ਤੇ ਬੈਠਣ ਵਾਲੇ ਮੁਗਲਾਂ ਦਾ ਰਾਜ. ਦੇਖੋ, ਬਾਬਰ ਅਤੇ ਮੁਸਲਮਾਨਾਂ ਦਾ ਭਾਰਤ ਵਿੱਚ ਰਾਜ.

ਮੁੰਗਲੀ: ਮੂੰਗਲੀ. ਗਦਾ. ਮੁਗਦਰ.

ਮੁੱਗਵਾਲ: ਦੇਖੋ, ਨਾਨਕਿਆਨਾ ਨੰ. ੨.

ਮੁੰਗੀਪਟਨ, ਮੁੰਗੀਪੱਤਨ: ਮਦਰਾਸ ਦੇ ਵਿਜ਼ਗਪੱਤਮ ਜਿਲੇ ਵਿੱਚ ਨਗਰ. Mungapatam. ਦਸਮਗ੍ਰੰਥ ਦੀਆਂ ਹਕਾਯਤਾਂ ਵਿੱਚ ਮੂੰਗੀ ਦਾ ਦਾਣਾ ਇਸ ਨਗਰ ਦੇ ਨਾਉਂ ਦਾ ਕਾਰਣ ਦੱਸਿਆ ਹੈ, ਯਥਾ- "ਦਿਗਰ ਦਾਨਹ ਰਾ ਬਸਤ ਮੁੰਗੀਪਟਨ." (ਹਕਾਯਤ ੨)

ਮੁੰਗੇਰ: ਸੰ. ਮਨਿਗਿਰਿ.[1019] Monghyr ਬੰਗਾਲ ਦੇ ਇਲਾਕੇ ਇੱਕ ਨਗਰ, ਜੋ ਗੰਗਾ ਦੇ ਦੱਖਣੀ ਕਿਨਾਰੇ ਹੈ. ਇਹ ਹਾਵੜੇ (ਕਲਕੱਤੇ) ਤੋਂ ੨੯੬ ਮੀਲ ਹੈ. ਆਬਾਦੀ ੩੫੫੦੦ ਹੈ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਕਾਮਰੂਪ ਨੂੰ ਜਾਂਦੇ ਇੱਥੇ ਵਿਰਾਜੇ ਹਨ.

"ਹੁਤੋ ਮੁੰਗੇਰ ਨਗਰ ਇਕ ਭਾਰੇ।

ਬਸਹਿ" ਬ੍ਰਿੰਦ ਨਰ ਗੰਗ ਕਿਨਾਰੇ।

ਸ੍ਰੀ ਸਤਿਗੁਰ ਤਹਿ" ਉਤਰੇ ਜਾਇ।

ਸੰਗਤਿ ਸੁਨਿ ਆਈ ਸਮੁਦਾਇ ॥"

(ਗੁਪ੍ਰਸੂ)

ਮੁਘਦ, ਮੁਘਧ: ਦੇਖੋ, ਮੁਗਧ. "ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ." (ਸੁਖਮਨੀ)

ਮੁਘਨਾ: ਮੁਗਧ ਹੋਇਆ. "ਕਰਤਬ ਕਰਤ ਮਹਾਂ ਮੁਘਨਾ." (ਸਵੈਯੇ ਸ੍ਰੀ ਮੁਖਵਾਕ ਮਃ ੫)

੨. ਮਖ- ਹਨ (ਦੈਂਤਾ) ਦੇ ਰਾਖਸੀ ਕਰਮ. ਦੇਖੋ, ਮਖਹਨ.

ਮੁਚ: ਸੰ. ਮੁਚ੍. ਧਾ- ਛੱਡਣਾ (ਨਿਰਬੰਧ ਕਰਨਾ), ਤਜਾਗ ਕਰਨਾ, ਖੁਸ਼ ਕਰਨਾ, ਠਗਣਾ। ੨. ਸੰਗਯਾ- ਪਤਨ. ਡਿਗਣ ਦੀ

[1019] ਕਿਤਨਿਆਂ ਨੇ ਮੁਦਗਲ ਰਿਖੀ ਦਾ ਇਹ ਨਿਵਾਸ ਅਸਥਾਨ ਹੋਣ ਕਰਕੇ ਮੁਦਗਲਗਿਰਿ ਮੰਨਿਆ ਹੈ.

ਕ੍ਰਿਯਾ. "ਗਰਭਣੀਆਨ ਕੇ ਗਰਭ ਮੁੱਚੰ." (ਚਰਿਤ੍ਰ ੨)

ਮੁੰਚ: ਸੰ. ਮੁਞ੍ਚ. ਧਾ- ਬੋਲਣਾ, ਪੀਹਣਾ, ਠਗਣਾ, ਹੰਕਾਰ ਕਰਨਾ. ਛੱਡਣਾ, ਦੇਣਾ.

ਮੁਚਕੁੰਦ, ਮੁਚਕੰਦ: ਸੰ. ਮੁਚਕੁੰਦ. ਇੱਕ ਸੂਰਜਵੰਸ਼ੀ ਰਾਜਾ, ਜੋ ਮਾਂਧਾਤਾ ਦਾ ਪੁਤ੍ਰ ਸੀ. ਪੁਰਾਣਕਥਾ ਹੈ ਕਿ ਇੱਕ ਵਾਰ ਦੇਵਤਿਆਂ ਦੀ ਸਹਾਇਤਾ ਲਈ ਮੁਚਕੁੰਦ ਰਾਖਸ਼ਾਂ ਨਾਲ ਲੜਿਆ ਅਤੇ ਫਤੇ ਪਾਈ, ਅਰ ਦੇਵਤਿਆਂ ਤੋਂ ਵਰ ਲਿਆ ਕਿ ਮੈਂ ਦੇਰ ਤੀਕ ਸੁੱਤਾ ਰਹਾਂ, ਅਰ ਜੋ ਮੈਨੂੰ ਜਗਾਵੇ ਉਹ ਮੇਰੇ ਸ਼ਰੀਰ ਤੋਂ ਉਪਜੀ ਅਗਨਿ ਨਾਲ ਭਸਮ ਹੋ ਜਾਵੇ.

ਜਦ ਕਾਲਯਵਨ ਨੇ ਕ੍ਰਿਸ਼ਨ ਜੀ ਨੂੰ ਜੰਗ ਵਿੱਚ ਭਜਾ ਦਿੱਤਾ, ਤਦ ਕ੍ਰਿਸ਼ਨ ਜੀ ਭਜਦੇ ਹੋਏ ਉਸ ਨੂੰ ਆਪਣੇ ਪਿੱਛੇ ਲਾਕੇ ਉੱਥੇ ਲੈ ਗਏ, ਜਿੱਥੇ ਮੁਚਕੁੰਦ ਸੁੱਤਾ ਪਿਆ ਸੀ. ਮੁਚਕੁੰਦ ਨੂੰ ਠੋਕਰ ਮਾਰਕੇ ਆਪ ਓਲ੍ਹੇ ਹੋਗਏ ਅਰ ਕਾਲਯਵਨ ਸਾਮ੍ਹਣੇ ਆਉਂਦਾ ਹੀ ਮੁੰਚਕੁੰਦ ਦੇ ਸ਼ਰੀਰ ਤੋਂ ਪੈਦਾ ਹੋਈ ਅਗਨਿ ਨਾਲ ਭਸਮ ਹੋਗਿਆ. "ਆਪਨ ਕੋ ਬਚਵਾਇ, ਗਯੋ ਕਾਨ੍ਹ ਮੁਚਕੰਦ ਤੇ। ਤਜੀ ਨੀਂਦ ਤਿੰਹ ਰਾਇ, ਹੇਰਤ ਭਸਮ ਮਲੇਛ ਭੋ." (ਕ੍ਰਿਸਨਾਵ)

ਮੁੰਚਨ: ਤਜਾਗਣਾ. ਛੱਡਣਾ. ਦੇਖੋ, ਮੁੰਚ ਅਤੇ ਮੋਚਨ. "ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ." (ਆਸਾ ਮਃ ੫)

ਮੁਚਨਕਪਾਲ: ਦੇਖੋ, ਕਪਾਲਮੋਚਨ. "ਨਦਿ ਜਮਨਾ ਕੇ ਤੀਰ ਮੈ ਤੀਰਥ ਮੁਚਨਕਪਾਲ." (ਚਰਿਤ੍ਰ ੭੧)

ਮੁਚਲਕਾ: ਤੁ. مُچلکہ ਸੰਗਯਾ- ਪ੍ਰਣ. ਪ੍ਰਤਿਗਯਾ. ਇਕ਼ਰਾਰ. ਅ਼ਹਿਦਨਾਮਾ। ੨. ਮੁਜਰਮ ਵੱਲੋਂ ਪ੍ਰਤਿਗਯਾਪਤ੍ਰ.

ਮੁਚਾਨਾ: ਮੋਚਨ ਕਰਾਉਣਾ. ਛੁਟਕਾਰਾ ਦਿਵਾਉਣਾ. "ਇਸ ਰਾਖਸ ਤੇ ਕਰਹੁ ਮੁਚਾਨਾ." (ਨਾਪ੍ਰ)

ਮੁਚਿ: ਛੱਡਕੇ. ਤਿਆਗਕੇ. ਦੇਖੋ, ਮੁਚ ਧਾ। ੨. ਡਿਗਕੇ. ਪਤਨ ਹੋਕੇ.

ਮੁਚੁ: ਸੰਗਯਾ- ਡਿਗਣ ਦਾ ਭਾਵ. ਪਤਨ. "ਮੁਚੁ ਮੁਚੁ ਗਰਭ ਗਏ." (ਗਉ ਕਬੀਰ) ਗਰਭ ਸ੍ਰਾਵ ਹੋਏ. ਦੇਖੋ, ਮੁਚ ਧਾ। ੨. ਵਿ- ਅਧਿਕ. ਬਹੁਤ. "ਅੰਨ ਪਾਣੀ ਮੁਚੁ ਉਪਾਇ." (ਮਃ ੫. ਵਾਰ ਸਾਰ) ਦੇਖੋ, ਅੰ. Much ੩. ਮੋਟਾ. "ਅਤਿ ਦੀਰਘ ਅਤਿ ਮੁਚੁ." (ਵਾਰ ਆਸਾ) ੪. ਛਤਰੀਦਾਰ. ਗੁੱਫੇਦਾਰ (tufted)

ਮੁਚੰਗ: ਵਡੀ ਚੌੜੀ ਡਫ.[1020] "ਮੁਰਜ ਤੁਰ ਮੁਚੰਗ ਮੰਦਲ." (ਯੁਧਿਸਟਰਰਾਜ) ੨. ਕਿਤਨੇ ਵਿਦ੍ਵਾਨ ਤੰਬੂਰ ਨੂੰ ਮੁਚੰਗ ਖਿਆਲ ਕਰਦੇ ਹਨ.

ਮੁਛਹਰਾ, ਮੁਛਹਿਰਾ: ਖ਼ਾ. ਮੁੱਛ. ਮੂਛ. ਦੇਖੋ, ਅੰ. Moustaches ਦੇਖੋ, ਮੌਂਸਰਾ.

ਮੁਛਣਾ, ਮੁਛਨਾ: ਕ੍ਰਿ- ਤਰਾਸ਼ਣਾ. ਕੱਟਣਾ. ਕਤਰਨਾ.

ਮੁਛਭੇਉ: ਮੁਛਾਂ ਦੀ ਸਿਆਹੀ ਜਿਸ ਦੇ ਆਉਣ ਲੱਗੀ ਹੈ. ਚੜ੍ਹਦੀ ਜੁਆਨੀ ਵਾਲਾ. ਦੇਖੋ, ਮਸਿਭੀਜਤਮੁਖ.

ਮੁਛਲੀਆਲਾ, ਮੁਛਾਲਾ: ਮੁੱਛਾਂ ਵਾਲਾ, ਜੋ ਵੀਰਰਸ ਦੇ ਗਰਵ ਵਿੱਚ ਮੁੱਛਾਂ ਮੋੜਕੇ ਰਖਦਾ ਹੈ. "ਧਾਏ ਦੇਵੀ ਸਾਮਣੇ ਵੀਰ ਮੁਛਲੀਆਲੇ." (ਚੰਡੀ ੨) "ਭਟ ਮੁੱਛਾਲੇ." (ਰਾਮਾਵ)

ਮੁਛਿ: ਵੱਢ ਟੁੱਕਕੇ. "ਮੁਛਿ ਮੁਛਿ ਕੁਇਰ ਰੁਲਾਇਆ." (ਆਸਾ ਅਃ ਮਃ ੧)

ਮੁਛੰਦਗੀ: ਦੇਖੋ, ਮੁਹਛੰਦ ਅਤੇ ਮੁਹਛੰਦਗੀ. "ਰਖਤ ਨ ਔਰਨ ਕੀ ਮੁਛੰਦਗੀ." (ਪੰਪ੍ਰ)

ਮੁੱਛਲ, ਮੁੱਛਾਲ: ਦੇਖੋ, ਮੁਛਾਲਾ। ੨. ਪੰਖ ਵਾਲੇ ਤੀਰਾਂ ਨੂੰ ਭੀ ਮੁੱਛਾਲ ਲਿਖਿਆ ਹੈ. "ਛੁੱਟੇ ਸਿਲਸਿਤਿਯੰ ਮੁੱਛਾਲੇ." (ਰਾਮਾਵ)

---

[1020] ਫਾਰਸੀ ਵਿੱਚ ਰੰਗ ਨਾਮ ਸਾਰੰਗੀ ਦਾ ਹੈ, ਇਸ ਤੋਂ ਕਈ ਨੜੀ ਸਾਰੰਗੀ ਨੂੰ ਮੁਚੰਗ ਸਮਝਦੇ ਹਨ.

ਮੁਜ: ਸੰ. ਮੁਜ. ਧਾ- ਖੜਕਣਾ, ਸ਼ਬਦ ਕਰਨਾ.

ਮੁੰਜ: ਸੰ. ਮੁਞ੍ਜ. ਦੇਖੋ, ਮੁਜ ਧਾ. ਸੰਗਯਾ- ਸਰਕੁੜੇ ਦੀਆਂ ਤੀਲਾਂ ਉੱਪਰ ਦਾ ਖੜਕਣ ਵਾਲਾ ਛਿਲਕਾ, ਜਿਸ ਨੂੰ ਕੁੱਟਕੇ ਵਾਣ ਬਣਾਈਦਾ ਹੈ। ੨. ਰਾਜਾ ਭੋਜ ਦਾ ਚਾਚਾ, ਜਿਸ ਨੇ ਉੱਜੈਨ ਵਿੱਚ ਸਨ ੬੭੪ ਤੋਂ ੬੯੫ ਤੀਕ ਰਾਜ ਕੀਤਾ.

ਮੁੰਜਸ: ਦੇਖੋ, ਮੁਨਜਿਜ.

ਮੁਜੱਸਿਮ: ਅ. مجسّم ਵਿ- ਜਿਸਮ (ਦੇਹ) ਧਾਰੀ.

ਮੁਜੱਕਰ: ਅ. مذکّر ਮੁਜ਼ੱਕਰ. ਵਿ- ਜਕਰ (ਨਰ) ਬੋਧਕ ਸ਼ਬਦ. ਪੁੱਲਿੰਗ.

ਮੁਜ਼ੱਫ਼ਰ: ਅ. مظفّر ਮੁਜ਼ੱਫ਼ਰ. ਵਿ- ਜਫ਼ਰ (ਫ਼ਤਹ਼) ਮੰਦ. ਵਿਜਯੀ.

ਮੁਜੱਫਰਖਾਨ: ਮੁਸਤਾਨ ਦਾ ਹਾਕਿਮ, ਜਿਸ ਨੂੰ ਮਹਾਰਾਜਾ ਰਣਜੀਤਸਿੰਘ ਦੇ ਸ਼ਾਹਜ਼ਾਦਾ ਖੜਗਸਿੰਘ ਨੇ ਅਕਾਲੀ ਫੂਲਾਸਿੰਘ ਜੀ ਦੀ ਸਹਾਇਤਾ ਨਾਲ ਸੰਮਤ ੧੮੭੫ ਵਿੱਚ ਫਤੇ ਕਰਕੇ ਮੁਲਤਾਨ ਨੂੰ ਸਿੱਖ ਰਾਜ ਨਾਲ ਮਿਲਾਇਆ. ਇਸ ਜੰਗ ਵਿੱਚ ਮੁਜੱਫਰਖਾਨ ਅਤੇ ਉਸ ਦਾ ਵਡਾ ਪੁਤ੍ਰ ਸ਼ਾਹਨਵਾਜ਼ ਭੀ ਮਾਰਿਆ ਗਿਆ.

ਮੁਜੱਫਰਾਬਾਦ: ਸ਼੍ਰੀਨਗਰ (ਕਸ਼ਮੀਰ) ਤੋਂ ੮੦ ਕੋਹ ਪੱਛਮ ਕ੍ਰਿਸ਼ਨਗੰਗਾ ਦੇ ਕਿਨਾਰੇ ਇੱਕ ਨਗਰ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਵਿਰਾਜੇ ਹਨ.

ਮੁਜਬਜਬ: ਅ. مزبذب ਮੁਜਬਜਬ. ਵਿ- ਜਬਜਬਾ (ਡੋਲਣ ਦਾ ਭਾਵ) ਰੱਖਣ ਵਾਲਾ. ਜਿਸ ਦਾ ਦਿਲ ਡਾਵਾਂਡੋਲ ਹੈ.

ਮੁੰਜਰ: ਅ. منجر ਵਿ- ਖਿੱਚਿਆ ਹੋਇਆ. ਇਸ ਦਾ ਮੂਲ ਜਰ (ਖਿੱਚਣਾ) ਹੈ.

ਮੁਜਰਮ: ਅ. مجرم ਜੁਰਮ (ਅਪਰਾਧ) ਕਰਨ ਵਾਲਾ. "ਇੱਕਤ ਨਕਤੈ ਹੋਇਜਾਇ ਮਹਰਮ ਮੁਜਰਮ ਖੈਰ ਖੁਆਰੀ." (ਭਾਗੁ)

ਮੁਜਰਾ: ਅ. مجرہ ਵਿ- ਜਾਰੀ ਕੀਤਾ. ਪ੍ਰਚਲਿਤ। ੨. ਸੰਗਯਾ- ਸਲਾਮ. ਪ੍ਰਣਾਮ. "ਹਜਰਤ ਸਭ ਕਾ ਮੁਜਰਾ ਲੇਹੀ." (ਗੁਪ੍ਰਸੂ) ੩. ਮੁਜਰਾਈ. ਹਿਸਾਬ ਦੀ ਕਟੌਤੀ. "ਗੁਰੁਘਰ ਤਿਸ ਮੁਜਰੇ ਸਭ ਦੇਤੁ." (ਗੁਪ੍ਰਸੂ)

ਮੁਜਰਾਈ: ਅ. مجرائی ਜਾਰੀ ਰੱਖਣ ਦੀ ਕ੍ਰਿਯਾ. ਚਲਦਾ ਰੱਖਣਾ। ੨. ਕਿਸੇ ਰਕਮ ਦੀ ਹਿਸਾਬ ਵਿੱਚ ਕਟੌਤੀ.

ਮੁਜੱਰਦ: ਅ. مجرّد ਵਿ- ਸਾਦਾ. ਛੜਾ. ਇਸ ਦਾ ਮੂਲ ਜਰਦ ਹੈ, ਜਿਸ ਦਾ ਅਰਥ ਹੈ ਘਾਹ ਅਤੇ ਸਬਜ਼ੀ ਤੋਂ ਜਮੀਨ ਦਾ ਖਾਲੀ ਹੋਣਾ.

ਮੁਜੱਰਿਬ: ਅ. مجرّب ਵਿ- ਪਰਖਣ ਵਾਲਾ. ਤਜਰਬੇਕਾਰ। ੨. ਮੁਜੱਰਬ. ਪਰਖਿਆ ਹੋਇਆ. ਤਜਰਬੇ ਵਿੱਚ ਆਇਆ. ਇਸ ਦਾ ਧਾਤੁ ਜਰਬ ਹੈ, ਜਿਸ ਦਾ ਅਰਥ ਹੈ ਪੱਥਰ ਘੜਨਾ, ਤਰਾਸ਼ਣਾ.

ਮੁਜੱਲਾ: ਅ. مجلّا ਵਿ- ਜਿਸ ਦੀ ਜਿਲੌ ਹੋਈ ਹੈ. ਚਮਕੀਲਾ.

ਮੁਜੱਲਿਦ: ਅ. مجلّد ਵਿ- ਜਿਸ ਦੀ ਜਿਲਦ ਬੰਨ੍ਹੀ ਗਈ ਹੈ. ਜਿਲਦ ਵਾਲਾ.

ਮੁਜਾਹਮ, ਮੁਜਾਹਿਮ: ਅ. مزاحم ਮੁਜ਼ਾਹ਼ਿਮ. ਵਿ- ਜ਼ਹ਼ਮ (ਰੁਕਾਵਟ) ਪਾਉਣ ਵਾਲਾ. ਤੰਗ ਕਰਨ ਵਾਲਾ. ਵਿਘਨ ਕਰਤਾ. "ਕੌਨ ਮੁਜਾਹਮ ਹੋਵਹਿ ਤੇਰੀ?" (ਗੁਪ੍ਰਸੂ)

ਮੁਜਾਯਕਾ: ਅ. مضائقہ ਮੁਜਾਯਕ਼ਹ. ਸੰਗਯਾ- ਜ਼ੈਕ਼ (ਤੰਗ) ਹੋਣ ਦਾ ਭਾਵ. ਤੰਗਦਿਲੀ ਕਰਨਾ. ਸੰਕੋਚ.

ਮੁਜਾਰਾ: ਅ. مزارع ਮੁਜ਼ਾਰਿਅ਼. ਸੰਗਯਾ- ਜ਼ਰਅ਼ (ਖੇਤੀ) ਕਰਨ ਵਾਲਾ. ਕਾਸ਼ਤਕਾਰ. ਕ੍ਰਿਸਾਣ.

ਮੁਜਾਵਰ, ਮੁਜਾਵਿਰ: ਅ. مجاور ਵਿ- ਜੁਰ (ਸਮੀਪ) ਹੋਣ ਵਾਲਾ. ਨਜ਼ਦੀਕੀ। ੨. ਸੰਗਯਾ- ਮੰਦਿਰ ਅਥਵਾ ਮਕ਼ਬਰੇ ਦਾ

ਪੁਜਾਰੀ। ੩. ਪੜੋਸੀ. ਹਮਸਾਯਹ.

ਮੁੰਜਿਤ: ਸੰ. ਸੌਞ੍ਜਿਨ. ਮੁੰਜ ਦੀ ਤੜਾਗੀ ਵਾਲਾ. ਬ੍ਰਹਮਚਾਰੀ। ੨. ਬੈਰਾਗੀ ਸਾਧੂ. "ਲੁੰਜਿਤ ਮੁੰਜਿਤ ਮੋਨਿ ਜਟਾਧਾਰ." (ਆਸਾ ਕਬੀਰ) ਲੁੰਚਿਤ, ਮੌਂਜੀ ਵਾਲਾ, ਮੌਨੀ ਅਤੇ ਜਟਾਧਾਰੀ. ਦੇਖੋ, ਮੌਂਜੀ ਨਿਬੰਧਨ.

ਮੁਜਿਰ: ਅ਼. مُضِر ਵਿ- ਜ਼ਰਰ (ਨੁਕ਼ਸਾਨ) ਦੇਣ ਵਾਲਾ. ਹਾਨਿਕਾਰਕ.

ਮੁਜੇਰਾ: ਦੇਖੋ, ਮੁਜਾਰਾ. "ਪੰਜਿ ਕਿਰਸਾਣ ਮੁਜੇਰੇ ਮਿਹਡਿਆ." (ਸ੍ਰੀ ਮਃ ੫. ਪੈਪਾਇ)

ਮੁਜੌਰ: ਦੇਖੋ, ਮੁਜਾਵਰ. "ਗਏ ਜਬ ਪੌਰ ਤਹਾਂ ਬੈਸੇ ਹੈਂ ਮੁਜੌਰ." (ਨਾਪ੍ਰ)

ਮੁਜੰਗ: ਮੋਜੰਗ ਗੋਤ ਦੇ ਪਠਾਣ ਅ਼ਜ਼ੀਜ਼ ਦਾ ਵਸਾਇਆ ਇੱਕ ਮਹੱਲਾ, ਜੋ ਲਹੌਰ ਦਾ ਇੱਕ ਭਾਗ ਹੈ. ਇਹ ਸ਼ਹਰ ਤੋਂ ਇੱਕ ਕੋਹ ਦੱਖਣ ਵੱਲ ਹੈ. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਇੱਥੇ ਕਈ ਮਹੀਨੇ ਵਿਰਾਜੇ ਹਨ. ਦਰਬਾਰ ਬਣਿਆ ਹੋਇਆ ਹੈ, ਪਾਸ ਕੁਝ ਮਕਾਨ ਹਨ, ਜਿਨ੍ਹਾਂ ਦੇ ਕਿਰਾਏ ਨਾਲ ਪੁਜਾਰੀ ਦਾ ਨਿਰਵਾਹ ਹੁੰਦਾ ਹੈ, ਜੇਠ ਸੁਦੀ ੪. ਅਤੇ ਬਸੰਤ ਪੰਚਮੀ ਨੂੰ ਮੇਲਾ ਲਗਦਾ ਹੈ. ਰੇਲਵੇ ਸਟੇਸ਼ਨ ਲਹੌਰ ਤੋਂ ਡੇਢ ਮੀਲ ਦੱਖਣ ਪੱਛਮ ਹੈ.

ਮੁਜੰਨਾ: ਅ਼. مُزَمّہ ਮੁਜ਼ੰਮਹ. ਸੰਗ੍ਯਾ- ਘੋੜੇ ਦੀ ਪਿਛਾੜੀ ਨਾਲ ਲੱਗਾ ਹੋਇਆ ਉਹ ਬੰਧਨ, ਜੋ ਪਿਛਲੇ ਪੈਰੀਂ ਪਹਿਨਾਈਦਾ ਹੈ.

ਮੁਜੰਮਤ: ਅ਼. مذمّت ਮੁਜ਼ੰਮਤ. ਸੰਗ੍ਯਾ- ਜ਼ਮ (ਨਿੰਦਾ) ਕਰਨਾ. ਹਜਵ ਕਰਨ ਦਾ ਭਾਵ.

ਮੁਜੰਮਾ: ਦੇਖੋ, ਮੁਜੰਨਾ.

ਮੁਝ: ਸਰਵ- ਮੇਰਾ. ਪ੍ਰਾ- ਮਹਜ. "ਮੁਝ ਅਵਗਨ, ਸਹ ਨਾਹੀ ਦੋਸ." (ਸੂਹੀ ਕਬੀਰ)

ਮੁਝਹਿ, ਮੁਝੇ: ਸਰਵ- ਮੈਨੂੰ. ਮੇਰੇ ਤਾਈਂ। ੨. ਮੇਰੇ. "ਕਬੀਰ ਆਈ ਮੁਝਹਿ ਪਹਿ." (ਸ. ਕਬੀਰ) ਮਾਯਾ ਮੇਰੇ ਪਾਸ ਆਈ.

ਮੁਝੈ: ਸਰਵ- ਮੈਨੂੰ. ਮੇਰੇ ਤਾਈਂ। ੨. ਮੈਨੇ. "ਬੀਚਾਰਿ ਸਤਿਗੁਰੁ ਮੁਝੈ ਪੁਛਿਆ." (ਆਸਾ ਛੰਤ ਮਃ ੧)

ਮੁੰਞੁ: ਮੋਚਨ ਕਰ. ਤਿਆਗ. ਦੇਖੋ, ਮੁੰਚ ਧਾ. "ਹਉਮੈ ਮਮਤਾ ਮੁੰਞੁ." (ਬਸੰ ਮਃ ੪)

ਮੁਟ: ਸੰ. ਮੁਟ. ਧਾ- ਘਸਾਉਣਾ, ਮਲਣਾ, ਦਬਾਉਣਾ, ਨਿੰਦਾ ਕਰਨਾ. ਬੰਨ੍ਹਣਾ.

ਮੁਟੜ: ਵਿ- ਨਿੰਦਿਤ। ੨. ਦੇਖੋ, ਮੁੱਤੜ.

ਮੁਟਿਆਰ: ਯੁਵਾ ਅਵਸਥਾ ਵਾਲੀ ਇਸਤ੍ਰੀ.

ਮੁਟੁ: ਸਿੰਧੀ. ਮੂਤ੍ਰ. ਪੇਸ਼ਾਬ.

ਮੁਠ: ਸੰਗ੍ਯਾ- ਮੁਸ਼੍ਟਿ. ਮੁੱਠੀ। ੨. ਮੁੱਠੀ ਭਰ ਵਸ੍ਤੁ। ੩. ਤਲਵਾਰ ਆਦਿ ਦਾ ਕਬਜਾ. ਦੇਖੋ, ਮੁਸਟਿ, ਮੁਠਾ ੨. ਅਤੇ ਮੁੱਠ.

ਮੁਠਣਾ: ਕ੍ਰਿ- ਮੁਸ਼ਨ. ਚੁਰਾਉਣਾ. ਲੁੱਟਣਾ.

ਮੁਠੜਾ: ਮੁਸ਼ਨ ਹੋਇਆ, ਹੋਈ. ਲੁੱਟਿਆ- ਲੁੱਟੀ ਹੋਈ. "ਮੁਠੜੇ ਸੇਈ ਸਾਥੁ, ਜਿਨ੍ਹੀਂ ਸਚੁ

ਮੁਠੜੀ: ਨ ਲਦਿਆ." (ਵਾਰ ਗਉ ੨. ਮਃ ੫) ੨. ਫਾਹੀ. ਫੰਧਾ. "ਮੈ ਗਲਿ ਅਉਗਣ ਮੁਠੜੀ." (ਮਾਰੂ ਅਃ ਮਃ ੧)

ਮੁਠਾ: ਮੁਸ਼ਨ ਹੋਇਆ. ਲੁੱਟਿਆ ਹੋਇਆ. "ਮੁਠਾ ਆਪਿ, ਮੁਹਾਏ ਸਾਥੈ." (ਮਃ ੧. ਵਾਰ ਮਾਝ) ੨. ਦਸ੍ਤਾ ਕਬਜ਼ਾ. ਮੁਸ਼੍ਟਿ. "ਕੂੜ ਛੁਰਾ, ਮੁਠਾ ਮੁਰਦਾਰੁ." (ਸ਼੍ਰੀ ਮਃ ੧) ਝੂਠ ਛੁਰਾ ਹੈ, ਉਸ ਦਾ ਦਸ੍ਤਾ ਹਰਾਮਖ਼ੋਰੀ ਹੈ.

ਮੁਠਿ: ਦੇਖੋ, ਮੁਸਟਿ.

ਮੁਠੀ: ਲੁੱਟੀ. ਖੋਹੀ. ਚੁਰਾਈ ਗਈ. "ਮੁਠੀ ਦੂਜੈਭਾਇ." (ਸ੍ਰੀ ਮਃ ੧) ੨. ਕਬਜ਼ਾਧਾਰੀ. ਛੁਰਾਧਾਰੀ. ਸ਼ਸਤ੍ਰ ਦਾ ਮੁੱਠਾ (ਮੁਸ਼੍ਟਿ) ਹੈ ਜਿਸ ਦੇ ਹੱਥ ਵਿੱਚ. "ਮੁਠੀ ਕ੍ਰੋਧਿ ਚੰਡਾਲਿ." (ਮਃ ੧. ਵਾਰ ਸ੍ਰੀ) ਛੁਰਾਧਾਰੀ ਕ੍ਰੋਧਵ੍ਰਿੱਤਿ ਚੰਡਾਲੀ ਹੈ। ੩. ਸੰਗ੍ਯਾ- ਮੁਸ਼੍ਟਿ. ਮੁੱਠੀ. ਮੂਠ.

ਮੁੱਠ: ਦੇਖੋ, ਮੁਸਟਿ ਅਤੇ ਮੂਠ। ੨. ਤੁ. ਜਲਕ਼ (masturbation)

ਮੁੱਠ ਚਲਾਉਂਣੀ: ਤੰਤ੍ਰਸ਼ਾਸਤ੍ਰ ਅਨੁਸਾਰ ਮੰਤ੍ਰ ਪੜ੍ਹਕੇ ਮੁੱਠੀ ਵਿੱਚੋਂ ਕੋਈ ਵਸਤੁ ਵੈਰੀ ਦਾ ਨਾਮ ਲੈਕੇ ਉਸ ਵੱਲ ਵਗਾਹੁਣੀ. ਅਜੇਹਾ ਕਰਨ ਨਾਲ ਵੈਰੀ ਦਾ ਨਾਸ਼ ਹੋਣਾ ਮੰਨਿਆ ਹੈ.

ਮੁੱਠਿਆਂ ਵਾਲਾ: ਇੱਕ ਪਿੰਡ, ਜੋ ਜਿਲਾ ਲਹੌਰ, ਤਸੀਲ ਕੁਸੂਰ ਵਿੱਚ ਹੈ. ਬਾਬਾ ਬੀਰਸਿੰਘ ਜੀ ਭਜਨੀਕ ਮਹਾਤਮਾ, ਜਿਨ੍ਹਾਂ ਨੇ ਆਪਣੀ ਬਹੁਤ ਅਵਸਥਾ ਨੌਰੰਗਾਬਾਦ ਅਤੇ ਰੱਤੋਕੀ ਗੁਜਾਰੀ, ਉਹ ਇੱਥੇ ਸ਼ਹੀਦ ਹੋਏ ਸਨ. ਦੇਖੋ, ਬੀਰਸਿੰਘ ਬਾਬਾ.

ਮੁੱਠੀਆਂ ਭਰਣੀਆਂ, ਮੁੱਠੀਚਾਪੀ: ਮੁਸ਼੍ਟਿ ਨਾਲ ਸ਼ਰੀਰ ਨੂੰ ਚਾਪਨ ਕਰਨਾ (ਦਬਾਉਣਾ). ਮੁਸ਼੍ਟਿ- ਚਾਪਨ.

ਮੁੰਡ: ਸੰ. मुण्ड. ਧਾ- ਚੂਰਣ ਕਰਨਾ, ਮੁੰਨਣਾ (ਹਜਾਮਤ ਕਰਨਾ), ਡੁੱਬਣਾ. ਸ੍ਵੱਛ (ਨਿਰਮਲ) ਕਰਨਾ।

੨. ਸੰਗ੍ਯਾ- ਮੱਥਾ. ਮਸ੍ਤਕ। ੩. ਸਿਰ। ੪. ਇੱਕ ਦੈਤ, ਜਿਸ ਨੂੰ ਦੁਰਗਾ ਨੇ ਮਾਰਿਆ. "ਮੁੰਡ ਕੋ ਮੁੰਡ ਉਤਾਰਦਿਯੋ" (ਚੰਡੀ ੧) ੫. ਕੇਤੁਗ੍ਰਹ। ੬. ਨਾਈ। ੭. ਸ਼ਾਖਾ ਰਹਿਤ ਬਿਰਛ ਦਾ ਧੜ. ਠੂਠ। ੮. ਚਰਖੇ ਆਦਿਕ ਦਾ ਮੁੰਨਾ. "ਮੁੰਡ ਭਰਥਰਿ ਘ੍ਰਿਤ ਚੁਅਤ ਨਿਹਾਰਿਓ." (ਚਰਿਤ੍ਰ ੨੦੯) ਸੂਰਜ ਦੀ ਗਰਮੀ ਕਰਕੇ ਜਿਸ ਵਿੱਚੋਂ ਚਿਕਨਾਈ ਟਪਕ ਰਹੀ ਹੈ, ਅਜੇਹਾ ਮੁੰਨਾ ਦੇਖਿਆ.

ਮੁੰਡਕ: ਸੰ. ਸੰਗ੍ਯਾ- ਮੁੰਨਣ ਵਾਲਾ, ਨਾਈ. ਹੱਜਾਮ.

ਮੁੰਡਨ: ਸੰ. ਸੰਗ੍ਯਾ- ਮੁੰਨਣ (ਹਜਾਮਤ) ਦੀ ਕ੍ਰਿਯਾ. ਮੁੰਨਣਾ. ਪੁਰਾਣੇ ਸਮੇਂ ਸਭ ਲੋਕ ਕੇਸ ਰਖਦੇ ਸਨ ਅਤੇ ਕੇਸਾਂ ਦਾ ਕੱਟਣਾ ਵਡਾ ਪਾਪ ਸੀ. ਦੇਖੋ, ਅਥਰਵ ਵੇਦ ਅਃ ੬, ਮੰਤ੍ਰ ੩੦ ਅਤੇ ੧੩੬. ਯਮਸਿਮ੍ਰਿਤਿ ਸ਼ਃ ੫੩ ਤੋਂ ੫੯ ਆਪਸਤੰਬ ਸਿਮ੍ਰਿਤ ਅਃ ੧, ਸ਼ਃ ੩੨- ੩੩. ਪਾਰਾਸ਼ਰ ਸਿਮ੍ਰਿਤਿ ਅਃ ੯. ਸ਼ਃ ੫੨ ਤੋਂ ੫੪, ਤਥਾ ਅਃ ੧੦. ਸ਼ਃ ੧੨.

ਬਾਈਬਲ ਵਿੱਚ ਭੀ ਇਸ ਵਿਸ਼ੇ ਪੁਰ ਇੱਕ ਅਨੋਖਾ ਪ੍ਰਸੰਗ ਹੈ ਕਿ ਜ਼ੋਰਹ (Zorah) ਦਾ ਨਿਵਾਸੀ ਸੈਮਸਨ (Samson) ਵਡਾ ਬਲਵਾਨ ਸੀ, ਜਿਸ ਨੇ ਬਿਨਾ ਸ਼ਸਤ੍ਰ ਸ਼ੇਰ ਨੂੰ ਮਾਰਿਆ ਅਰ ੧੦੦੦ ਆਦਮੀ ਖੋਤੇ ਦੀ ਹੱਡੀ ਨਾਲ ਹੀ ਕਤਲ ਕਰਦਿੱਤੇ. ਇੱਕ ਵਾਰ ਵੈਰੀਆਂ ਨੇ ਸੰਗਲਾਂ ਨਾਲ ਜਕੜਕੇ ਇਸ ਨੂੰ ਮਕਾਨ ਵਿੱਚ ਬੰਦ ਕਰ ਦਿੱਤਾ, ਪਰ ਸੈਮਸਨ ਸਾਰੇ ਬੰਧਨ ਤੋੜ ਅਤੇ ਬੂਹੇ ਭੰਨਕੇ ਬਾਹਰ ਆਗਿਆ. ਫਿਰ ਇਸ ਦਾ ਪ੍ਰੇਮ ਇੱਕ ਇਸਤ੍ਰੀ ਦੇਲਿਲਾ (Delilah) ਨਾਲ ਹੋਗਿਆ. ਲੋਕਾਂ ਨੇ ਦੇਲਿਲਾ ਨੂੰ ਬਹੁਤ ਲਾਲਚ ਦੇਕੇ ਆਖਿਆ ਕਿ ਤੂੰ ਸੈਮਸਨ ਨੂੰ ਪੁੱਛ ਕਿ ਉਸ ਵਿੱਚ ਇਤਨਾ ਬਲ ਕਿਉਂ ਹੈ. ਇਸਤ੍ਰੀ ਦੇ ਪ੍ਰੇਮ ਵਿੱਚ ਆਕੇ ਸੈਮਸਨ ਨੇ ਦੱਸ ਦਿੱਤਾ ਕਿ ਮੇਰਾ ਸਿਰ ਨਹੀਂ ਮੁੰਨਿਆ ਗਿਆ, ਕੇਸਾਂ ਦੇ ਕਾਰਣ ਮੇਰੇ ਵਿੱਚ ਇਹ ਤਾਕਤ ਹੈ. ਵੈਰੀਆਂ ਨੇ ਦੇਲਿਲਾ ਨੂੰ ਸਿਖਾਕੇ ਸੁੱਤੇ ਪਏ ਸੈਮਸਨ ਦੇ ਕੇਸ਼ ਕਟਵਾ ਦਿੱਤੇ ਅਰ ਸਵੇਰੇ ਆਕੇ ਚਾਰੇ ਪਾਸਿਓਂ ਘੇਰ ਕੇ ਜਕੜ ਲਿਆ. ਸੈਮਸਨ ਨੇ ਛੁਟਕਾਰੇ ਲਈ ਬਹੁਤ ਜੋਰ ਮਾਰਿਆ, ਪਰ ਕੁਝ ਨਾ ਕਰ ਸਕਿਆ, ਅੰਤ ਨੂੰ ਵੈਰੀਆਂ ਨੇ ਇਸ ਦੀਆਂ ਅੱਖਾਂ ਕੱਢਕੇ ਜੇਲ ਵਿੱਚ ਪਾਦਿੱਤਾ. ਦੇਖੋ, Judges ਕਾਂਡ ੧੩. ਤੋਂ ੧੬.

ਮੁੰਡਮਾਲ, ਮੁੰਡਮਾਲਾ: ਸੰਗ੍ਯਾ- ਮੁਰਦਿਆਂ ਦੇ ਸਿਰਾਂ ਦੀ ਮਾਲਾ. ਇਸ ਨੂੰ ਕਾਲੀ ਦੇਵੀ ਅਤੇ ਸ਼ਿਵ ਪਹਿਰਦੇ ਹਨ. "ਮੁੰਡ ਕੀ ਮਾਲ ਦਿਸਾਨ ਕੇ ਅੰਬਰ." (ਚਰਿਤ੍ਰ ੧) "ਸ਼ਿਵ ਨੇ ਸਿਰ ਲੈ ਜੋੜਿਆ ਸਿਰ ਮੇਰੁ ਉਸ ਕਰਿਆ." (ਜੰਗਨਾਮਾ)

ਮੁੰਡਮਾਲੀ: मुण्डमालिन्. ਵਿ- ਮੁੰਡਮਾਲਾ ਪਹਿਰਨ ਵਾਲਾ। ੨. ਸੰਗ੍ਯਾ- ਸ਼ਿਵ.

ਮੁੰਡਾ: ਵਿ- ਮੁੰਨਿਆ ਹੋਇਆ. ਮੁੰਡਿਤ। ੨. ਸੰਗਜਾ- ਬਾਲਕ. ਲੜਕਾ।[1021] ੩. ਸਤਨਾਮੀ ਸਾਧੁ, ਜੋ ਭੌਹਾਂ ਭੀ ਮੁਨਾਦਿੰਦਾ ਹੈ. ਦੇਖੋ, ਸਤਨਾਮੀ। ੪. ਵਾਯੁਪੁਰਾਣ ਅਨੁਸਾਰ ਛੋਟੇ ਨਾਗਪੁਰ ਦਾ ਇਲਾਕਾ। ੫. ਛੋਟੇ ਨਾਗਪੁਰ ਰਹਿਣ ਵਾਲੀ ਇੱਕ ਅਸਭ੍ਯ ਜਾਤਿ, ਜੋ ਸ਼ਰਾਬ ਮਾਸ ਵਰਤਦੀ ਹੈ.

ਮੁੰਡਾਉਣਾ, ਮੁੰਡਾਉਨਾ: ਕ੍ਰਿ- ਮੁੰਡਨ ਕਰਾਉਣਾ. ਹਜਾਮਤ ਕਰਾਉਣੀ. "ਕੇਸ ਮੁੰਡਾਏ ਕਾਇ?" (ਸ. ਕਬੀਰ)

ਮੁੰਡਾਲ: ਡਿੰਗ. ਨਾਈ ਜੋ ਮੁੰਡਨ (ਹਜਾਮਤ) ਕਰਦਾ ਹੈ.

ਮੁੰਡਿਤ: ਵਿ- ਮੰਨਿਆ ਹੋਇਆ. ਜਿਸ ਦੀ ਹਜਾਮਤ ਹੋਈ ਹੈ. "ਮੁੰਡਿਤ ਏਕੈ ਸਬਦੀ." (ਗਉ ਕਬੀਰ) ੨. ਸੰਗਜਾ- ਲੋਹਾ.

ਮੁੰਡਿਯਾ: ਰਾਮਾਨੰਦੀ ਬੈਰਾਗੀ. "ਦੇਖੋ, ਮੁੰਡੀਆ ੩. "ਸਭ ਮੁੰਡਿਯਾ ਕ੍ਰੁੱਧਿਤ ਭਏ." (ਚਰਿਤ੍ਰ ੧੫੮)

ਮੁੰਡੀ: ਸਿਰ. ਦੇਖੋ, ਮੁੰਡ। ੨. ਗਰਦਨ. ਗ੍ਰੀਵਾ. "ਸਿਰ ਮੁੰਡੀ ਕਟਿਜਾਵਹਿ." (ਮਃ ੧. ਵਾਰ ਮਾਝ)

"ਸਿਰ ਮੁੰਡੀ ਤਲੈ ਦੇਇ." (ਮਃ ੩. ਵਾਰ ਸਾਰ) ਭਾਵ- ਕਪਾਲੀ ਆਸਨ ਕਰੇ। ੩. ਮੁੰਡਨ ਕੀਤੀ. ਮੁੰਨੀ.

ਮੁੰਡੀਆ: ਵਿ- ਮੁੰਡਿਤ. ਮੋਨਾ. ਰੋਡਾ। ੨. ਸੰਗਜਾ- ਸੰਨਜਾਸੀ ਸਾਧੂ। ੩. ਰਾਮਾਨੰਦੀ ਸਾਧੂ. ਬੈਰਾਗੀ. "ਕੋਊ ਭਯੋ ਮੁੰਡੀਆ, ਸੰਨਜਾਸੀ ਕੋਊ ਜੋਗੀ ਭਯੋ." (ਅਕਾਲ)

ਮੁਢ, ਮੁੰਢ: ਸੰਗਜਾ- ਮੂਲ. ਜੜ. "ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ." (ਮਃ ੫. ਵਾਰ ਗਉ ੧)

੨. ਆਦਿ. ਮੁੱਢ. "ਮੁੰਢਹੁ ਘੁਥਾਜਾਇ." (ਸ੍ਰੀ ਅਃ ਮਃ ੩) "ਮੁੰਢੈ ਦੀ ਖਸਲਤਿ ਨ ਗਈਆ." (ਮਃ ੩. ਵਾਰ ਬਿਹਾ) ੩. ਭਾਵ- ਕਰਤਾਰ, ਜੋ ਸਭ ਦਾ ਮੂਲ ਹੈ. "ਮੁੰਢਹੁ ਭੁਲੇ ਮੁੰਢ ਤੇ, ਕਿਥੈ ਪਾਇਨਿ ਹਥੁ?" (ਮਃ ੫. ਗਉ ਵਾਰ ੧)

ਮੁੰਢਲਾ, ਮੁੰਢਲੀ: ਵਿ- ਮੁੱਢ ਦਾ, ਦੀ ਬੁਨਿਆਦੀ.

ਮੁਣਸ: ਸੰ. ਮਨੁਸ਼੍ਯ. ਸੰਗਜਾ- ਮਨੁ ਦੀ ਔਲਾਦ. ਆਦਮੀ. ਮਨੁੱਖ. "ਮਰਣੁ ਮੁਣਸਾ ਸੂਰਿਆ ਹਕੁ ਹੈ." (ਵਡ ਅਲਾਹਣੀ ਮਃ ੧)

ਮੁਤ: ਸੰ. ਮੁਕ੍ਤ. ਵਿ- ਛੱਡਿਆ ਹੋਇਆ। ੨. ਬੰਧਨ ਰਹਿਤ. ਖੁਲ੍ਹਾ। ੩. ਤਿਆਗਿਆ. ਤਰਕ ਕੀਤਾ. "ਪਾਣੀ ਘਾਹ ਮੁਤੋਨੇ." (ਦਸਮਗ੍ਰੰਥ) ਪਾਣੀ ਪੀਣਾ ਅਤੇ ਘਾਹ ਚਰਨਾ ਛੱਡਦਿੱਤਾ.

ਮੁਤਸੱਦੀ: ਦੇਖੋ, ਮੁਸੱਦੀ.

ਮੁਤਸਾਵੀ: ਅ਼. متساوی ਵਿ- ਸਵੀ (ਤੁਲਜਤਾ) ਰੱਖਣ ਵਾਲਾ. ਸਮਾਨ ਦਰਜੇ ਦਾ.

ਮੁੰਤਸ਼ਿਰ: ਅ਼. منتشر ਵਿ- ਸ਼ਰ (ਫੈਲਿਆ) ਹੋਇਆ. ਖਿੰਡਿਆ ਹੋਇਆ.

ਮੁਤਸਿਲ: ਅ਼. متصل ਮੁਤਸਿਲ. ਵਿ- ਵਸਲ (ਜੁੜਿਆ) ਹੋਇਆ। ੨. ਕ੍ਰਿ. ਵਿ- ਪਾਸ. ਨੇੜੇ. ਸਮੀਪ.

ਮੁਤੱਸਿਬ: ਅ਼. متعصب ਵਿ- ਤਅ਼ੱਸੁਬ ਰੱਖਣ ਵਾਲਾ. ਦੇਖੋ, ਤਅ਼ੱਸੁਬ.

ਮੁਤਹਰਾ, ਮੁਤਹਰੀ: ਸੰਗਜਾ- ਕੁਤਕਾ. ਮੋਟਾ ਅਤੇ ਮਧਰਾ ਸੋਟਾ. ਮੋਟੀ ਲਾਠੀ. "ਚੋਰ ਚੋਰ ਕਰ ਤਿੰਹ ਗਹਜੋ, ਦ੍ਵੈਕ ਮੁਤਹਰੀ ਝਾਰਿ." (ਚਰਿਤ੍ਰ ੨੨)

ਮੁੰਤਹੀ: ਅ਼. منتہی ਵਿ- ਇੰਤਹਾ (ਹੱਦ) ਨੂੰ ਪਹੁਚਣ ਵਾਲਾ.

---

[1021] ਜਦ ਹਿੰਦੁਸਤਾਨ ਵਿੱਚ ਬਾਲਕਾਂ ਦੇ ਕੇਸ਼ ਮੁੰਨਣ ਲੱਗੇ ਤਦ ਤੋਂ ਮੁੰਡ ਸੰਗਜਾ ਹੋਈ. ਸਿੰਘਾਂ ਦੇ ਬਾਲਕਾਂ ਨੂੰ ਮੁੰਡਾਂ ਕਹਿਣਾ ਭਾਰੀ ਅਪਮਾਨ ਸਮਝਿਆ ਜਾਂਦਾ ਹੈ.

ਮੁਤਕੱਬਿਰ: ਅ਼. مُتکبّر ਤਕੱਬਰ (ਅਹੰਕਾਰ) ਵਾਲਾ. ਅਭਿਮਾਨੀ.

ਮੁਤਕਾ: ਅ਼. مُتّکا ਮੁਤੱਕਾ. ਸੰਗ੍ਯਾ- ਸੇਲੀ. ਸਜਾਹ ਡੋਰਾ, ਜੋ ਫ਼ਕ਼ੀਰ ਗਲ ਵਿੱਚ ਪਹਿਰਦੇ ਹਨ. "ਤਬ ਮੁਤਕਾ ਗਲ ਵਿੱਚ ਪਾਇ ਗਇਆ." (ਦਸਾ)

ਮੁੰਤਕਿਲ, ਮੁੰਤਕ਼ਿਲ: ਅ਼. مُنتقِل ਵਿ- ਨਕ਼ਲ ਕੀਤਾ ਹੋਇਆ। ੨. ਇੱਤਕ਼ਾਲ ਕੀਤਾ. ਇੱਕ ਥਾਂ ਤੋਂ ਦੂਜੇ ਥਾਂ ਬਦਲਿਆ.

ਮੁੱਤੱਕੀ, ਮੁਤੱਕ਼ੀ: ਅ਼. مُتّقی ਵਿ- ਵਕ਼ੀ (ਪਰਹੇਜ਼) ਕਰਨ ਵਾਲਾ. ਗੁਨਾਹ ਤੋਂ ਬਚਣ ਵਾਲਾ.

ਮੁੰਤਖ਼ਬ, ਮੁੰਤਖ਼ਿਬ: ਅ਼. مُنتخِب ਵਿ- ਇੰਤਖ਼ਾਬ ਕੀਤਾ. ਚੁਣਿਆ ਹੋਇਆ। ੨. ਮੁੰਤਖ਼ਿਬ. ਇੰਤਖ਼ਾਬ ਕਰਨ ਵਾਲਾ. ਚੁਣਨ ਵਾਲਾ.

ਮੁਤਜਾਦ: ਅ਼. مُتجاد ਮੁਤਜਾਦ. ਵਿ- ਜਿਦ (ਉਲਟ) ਹੋਣ ਵਾਲਾ. ਵਿਰੁੱਧ. ਵਿਪਰੀਤ.

ਮੁੰਤਜਿਮ: ਅ਼. مُنتظِم ਮੁੰਤਜਿਮ. ਵਿ- ਇੰਤਜਾਮ (ਪ੍ਰਬੰਧ) ਕਰਨ ਵਾਲਾ

ਮੁੰਤਜਿਰ: ਅ਼. مُنتظِر ਮੁੰਤਜਿਰ. ਵਿ- ਇੰਤਜਾਰ ਕਰਨ. (ਉਡੀਕਣ) ਵਾਲਾ.

ਮੁਤੱਜਿਬ: ਅ਼. مُتعّجب ਵਿ- ਤਅ਼ੱਜੁਬ (ਹ਼ੈਰਾਨੀ) ਵਿੱਚ ਆਇਆ ਹੋਇਆ. ਵਿਸਮਿਤ.

ਮੁਤਨਾਸਿਬ: ਅ਼. مُتناسِب ਵਿ- ਤਨਾਸੁਬ (ਸਮਾਨਤਾ) ਰੱਖਣ ਵਾਲਾ। ੨. ਠੀਕ ਅੰਦਾਜ਼ ਪੁਰ ਹੋਣ ਵਾਲਾ.

ਮੁਤਫ਼ੱਕਿਰ: ਅ਼. مُتفکّر ਵਿ- ਫ਼ਿਕਰ (ਚਿੰਤਾ) ਵਾਲਾ. ਚਿੰਤਾਤੁਰ.

ਮੁਤਫ਼ਿਕ, ਮੁਤਫ਼ਿਕ਼: ਅ਼. مُتفِق ਵਿ- ਇਤਫ਼ਾਕ਼ ਵਾਲਾ. ਸਹਮਤ.

ਮੁਤਬੱਰਕ: ਅ਼. مُتبرّک ਵਿ- ਬਰਕਤ ਵਾਲਾ. ਭਾਗ ਦੀ ਵ੍ਰਿੱਧੀ ਕਰਨ ਵਾਲਾ। ੨. ਆਨੰਦ ਦੇਣ ਵਾਲਾ.

ਮੁਤਬੰਨਾ: ਅ਼. مُتبنّا ਸੰਗ੍ਯਾ- ਇਬਨ (ਬੇਟਾ) ਬਣਾਇਆ ਹੋਇਆ. ਗੋਦੀ ਲਿਆ ਪੁਤ੍ਰ.

ਮੁਤਮੱਵਿਲ: ਅ਼. مُتموّل ਵਿ- ਤਮੱਵੁਲ (ਦੌਲਤਮੰਦੀ) ਵਾਲਾ. ਧਨੀ.

ਮੁਤਰਜਿਮ, ਮੁਤਰੱਜਿਮ: ਅ਼. مُترجِم ਵਿ- ਤਰਜੁਮਾ (ਉਲਥਾ) ਕਰਨ ਵਾਲਾ। ੨. ਸੰਗ੍ਯਾ- ਉਲਥਾਕਾਰ (translator).

ਮੁਤਰਬ, ਮੁਤ਼ਰਿਬ: ਅ਼. مُطرِب ਵਿ- ਤ਼ਰਬ (ਆਨੰਦ) ਦੇਣ ਵਾਲਾ. ਖ਼ੁਸ਼ ਕਰਨ ਵਾਲਾ. ਮਨਪਰਚਾਊ.

ਮੁਤਲਕ, ਮੁਤ਼ਲਕ਼: ਅ਼. مُطلق ਵਿ- ਤ਼ਲਕ਼ (ਨਿਰਬੰਧਤਾ) ਵਾਲਾ. ਆਜ਼ਾਦ। ੨. ਕ੍ਰਿ. ਵਿ- ਬਿਲਕੁਲ. ਮੂਲੋਂ. ਮੁੱਢੋਂ.

ਮੁਤਲਾਸ਼ੀ: ਅ਼. مُتلاشی ਵਿ- ਤਲਾਸ਼ (ਢੂੰਡ) ਕਰਨ ਵਾਲਾ. ਖੋਜੀ.

ਮੁਤੱਲਿਕ: ਅ਼. مُتعلق ਵਿ- ਤਅ਼ੱਲੁਕ਼ (ਸੰਬੰਧ) ਰੱਖਣ ਵਾਲਾ.

ਮੁਤਲੱਵਿਨ: ਅ਼. مُتلوّن ਵਿ- ਤਲੱਵੁਨ (ਰੰਗ ਬਰੰਗਾ) ਹੋਣ ਵਾਲਾ. ਅਨੇਕ ਰੰਗ ਬਦਲਣ ਵਾਲਾ. ਕਿਸੇ ਬਾਤ ਪੁਰ ਪੱਕਾ ਨਾ ਰਹਿਣ ਵਾਲਾ.

ਮੁਤਵੱਫ਼ੀ: ਅ਼. مُتوفّی ਵਿ- ਵਫ਼ਾਤ (ਮੌਤ) ਨੂੰ ਪ੍ਰਾਪਤ ਹੋਇਆ. ਮ੍ਰਿਤ. ਮੋਇਆ ਹੋਇਆ.

ਮੁਤਵਾਤਿਰ: ਅ਼. مُتواتِر ਕ੍ਰਿ. ਵਿ- ਤਵਾਤੁਰ (ਨਿਰੰਤਰਤਾ) ਵਾਲਾ. ਲਗਾਤਾਰ. ਉੱਪਰੋਥਲੀ.

ਮੁਤਾ: ਵਿ- ਮੁਕ੍ਤ ਕੀਤਾ. ਛੱਡਿਆ। ੨. ਮੁਲ. ਭੇਜਿਆ ੩. ਸੱਦਿਆ.

**ਮੁਤਾਅ, ਮੁਤਾਅ਼:** ਅ਼. متاع ਸੰਗਜਾ- ਸਾਮਾਨ. ਸਾਮਗ੍ਰੀ। ੨. ਲਾਭ. ਨਫਾ। ੩. ਪੂੰਜੀ। ੪. ਅ਼. مطاع ਮੁਤ਼ਾਅ਼. ਵਿ- ਜਿਸ ਦੇ ਲੋਕ ਮੁਤ਼ੀਅ਼ (ਅਧੀਨ) ਹੋਣ ੫. ਸੰਗਜਾ- ਸਰਦਾਰ. ਪ੍ਰਧਾਨ। ੬. ਦੇਖੋ, ਮੁਤਾਹ.

**ਮੁਤਾਸਿਰ:** ਅ਼. متأثر ਮੁਤੱਸ਼ਿਰ. ਵਿ- ਅਸ਼ਰ ਵਾਲਾ ੨. ਤਾਸ਼ੁਰ (ਅਸ਼ਰ ਸਹਿਤ) ਹੋਣ ਵਾਲਾ. ਜਿਸ ਉੱਤੇ ਕਿਸੇ ਦਾ ਪ੍ਰਭਾਵ ਪਿਆ ਹੈ.

**ਮੁਤਾਹ:** ਅ਼. متاعہ ਸੰਗਜਾ- ਲਾਭ ਉਠਾਉਣ ਦੀ ਕ੍ਰਿਯਾ ੨. ਨਫੇ ਦੀ ਵਸ੍ਤੁ। ੩. ਇਸਲਾਮ ਮਤ ਅਨੁਸਾਰ ਇੱਕ ਸ਼ਾਦੀ, ਜੋ ਕਿਸੇ ਖ਼ਾਸ ਸਮੇਂ ਤੀਕ ਰਹਿੰਦੀ ਹੈ ਅਰ ਸਮਾਂ ਮੁੱਕਣ ਪੁਰ ਸੰਬੰਧ ਟੁੱਟਜਾਂਦਾ ਹੈ. ਹੁਣ ਇਸ ਨੂੰ ਸ਼ੀਅ਼ਹ ਮੁਸਲਮਾਨ ਤਾਂ ਧਰਮ ਅਨੁਸਾਰ ਜਾਣਦੇ ਹਨ, ਪਰ ਸੁੰਨੀ ਜਮਾਤ ਸ਼ਰਅ਼ ਦੇ ਵਿਰੁੱਧ ਮੰਨਦੀ ਹੈ.

**ਮੁਤਾਜ:** ਦੇਖੋ, ਮੁਹਤਾਜ.

**ਮੁਤਾਬਿਕ, ਮੁਤ਼ਾਬਿਕ਼:** ਅ਼. مطابق ਵਿ- ਤ਼ਬਕ਼ (ਸਮਾਨ) ਹੋਰ ਵਾਲਾ. ਤੁੱਲ. ਸਦ੍ਰਿਸ਼। ੨. ਅਨੁਸਾਰ.

**ਮੁਤਾਲਬਾ, ਮੁਤ਼ਾਲਬਾ:** ਅ਼. مطالبہ ਸੰਗਜਾ- ਤ਼ਲਬ ਕਰਨ (ਮੰਗਣ) ਦਾ ਭਾਵ.

**ਮੁਤਾਲਾ:** ਅ਼. مطالعہ ਸੰਗਜਾ- ਤ਼ਲਅ਼ (ਵਾਕਿਫ਼) ਹੋਣ ਦੀ ਕ੍ਰਿਯਾ. ਗਜਾਤ ਹੋਣ ਦਾ ਕਰਮ। ੨. ਅਭ੍ਯਾਸ (study)

**ਮੁਤੀ:** ਮੁਲ. ਭੇਜੀ. ਘੱਲੀ. "ਹੇੜੇ ਮੁਤੀ ਧਾਹ, ਜਾਨੀ ਚਲਿਗਏ." (ਸ. ਫਰੀਦ) ੨. ਛੱਡੀ. ਤਿਆਗੀ "ਕੂੜਿ ਵਿਗੁਤੀ, ਤਾ ਪਿਰਿ ਮੁਤੀ." (ਗਉ ਛੰਤ ਮਃ ੩) ਮੁਕ੍ਤ (ਆਜ਼ਾਦ) ਕੀਤੀ. ਤਰਕ ਕੀਤੀ "ਗਿਆਨ ਵਿਹੂਣੀ ਪਿਰਮੁਤੀਆ." (ਸ੍ਰੀ ਮਃ ੩) ੩. ਪਾ- ਸੰਗਜਾ- ਮੁਕ੍ਤਿ. ਮੋਕ੍ਸ਼। ੪. ਸੰ. ਮੁਕ੍ਤਾ. ਮੋਤੀ "ਦਏ ਮੁਤੀਅੰ." (ਰਾਮਾਵ)

**ਮੁਤੀਅ, ਮੁਤ਼ੀਅ਼:** ਅ਼. مطیع ਵਿ- ਤ਼ੌਅ਼ (ਤਾਬੇਦਾਰੀ) ਕਰਨ ਵਾਲਾ. ਅਧੀਨ.

**ਮੁਤੀਆ:** ਦੇਖੋ, ਮੁਤੀ ੨। ੨. ਮੁਤ਼ੀਅ਼ ਵਿ- ਅਧੀਨ ਤਾਬੇਦਾਰ. ਦੇਖੋ, ਮੁਤ਼ੀਅ਼. "ਕਬੀਰ ਕੂਕਰ ਰਾਮ ਕੋ ਮੁਤੀਆ ਮੇਰੋ ਨਾਉ." (ਸ. ਕਬੀਰ) ੩. ਦੇਖੋ, ਮੁਤੀ ੪.

**ਮੁਤੀਹ:** ਦੇਖੋ, ਮੁਤੀਆ ੨.

**ਮੁਤੇ:** ਭੇਜੇ ਘੱਲੇ. "ਜਮਮਾਰਗਿ ਮੁਤੇ." (ਗਉ ਵਾਰ ੨. ਮਃ ੫) ੨. ਤਿਆਗੇ. ਛੱਡੇ.

**ਮੁਤੋਨੇ:** ਤਿਆਗਦਿੱਤਾ. ਦੇਖੋ, ਮੁਤ ੩.

**ਮੁਤੰਜਨ:** ਫ਼ਾ. مُتنجن ਇੱਕ ਪ੍ਰਕਾਰ ਦਾ ਪੁਲਾਉ, ਜਿਸ ਦੇ ਬਣਾਉਣ ਦੀ ਇਹ ਜੁਗਤ ਹੈ-

ਦੋ ਸੇਰ ਮਾਸ ਦੀ ਯਖਨੀ ਕੱਢਕੇ ਪਾਉ ਭਰ ਘੀ ਵਿੱਚ ਲੌਂਗ ਇਲਾਇਚੀ ਦਾ ਤੜਕਾ ਲਾਕੇ ਅਤੇ ਸਵਾ ਸੇਰ ਸਾਫ ਖੰਡ ਯਖਨੀ ਵਿੱਚ ਮਿਲਾਕੇ ਚਾਸ਼ਨੀ ਬਣਾਈ ਜਾਵੇ.

ਇੱਕ ਸੇਰ ਚਾਉਲਾਂ ਨੂੰ ਦੋ ਤੋਲੇ ਲੂਣ ਪਾਕੇ ਉਬਾਲ ਲਿਆ ਜਾਵੇ, ਜਦ ਦੋ ਕਣੀਆਂ ਰਹਿ ਜਾਣ, ਤਾਂ ਛਾਲਣੀ ਵਿੱਚ ਪਾਕੇ ਪਿੱਛ ਕੱਢੀ ਜਾਵੇ ਅਤੇ ਠੰਢੇ ਪਾਣੀ ਨਾਲ ਚਾਉਲ ਧੋ ਦਿੱਤੇ ਜਾਣ ਅਰ ਇੱਕ ਘੰਟਾ ਉਨ੍ਹਾਂ ਨੂੰ ਠੰਢਾ ਕੀਤਾ ਜਾਵੇ. ਫੇਰ ਇਨ੍ਹਾਂ ਚਾਉਲਾਂ ਨੂੰ ਯਖਨੀ ਵਿੱਚ ਮਿਲਾਕੇ ਪਕਾਇਆ ਜਾਵੇ. ਜਦ ਯਖਨੀ ਚਾਉਲਾਂ ਨਾਲ ਰਸ ਮਿਸੀ ਹੋ ਜਾਵੇ, ਤਦ ਇੱਕ ਛਟਾਂਕ ਬਦਾਮਾਂ ਦੀਆਂ ਛਿੱਲੀਆਂ ਅਤੇ ਕਤਰੀਆਂ ਗਿਰੀਆਂ, ਨਿੰਬੂ ਦਾ ਰਸ ਤਿੰਨ ਤੋਲੇ, ਗੁਲਾਬ ਅਤੇ ਕਿਉੜੇ ਦਾ ਅਰਕ ਇੱਕ ਇੱਕ ਤੋਲਾ, ਅੱਧੀ ਛਟਾਂਕ ਛੋਟੀ. ਇਲਾਇਚੀ ਦੇ ਬੀਜ, ਪਾਉ ਭਰ ਘੀ, ਇਹ ਸਾਰੇ ਪਦਾਰਥ ਪੁਲਾਉ ਵਿੱਚ ਮਿਲਾਕੇ ਦਮਪੁਖਤ ਕੀਤਾ ਜਾਵੇ. ਜਦ ਸਾਰੀਆਂ ਚੀਜਾਂ ਇੱਕ ਰੂਪ ਹੋ ਜਾਣ ਅਤੇ ਚਾਸ਼ਨੀ ਨੂੰ ਪੂਰੀ ਤਰਾਂ ਚਾਉਲ ਸੋਖ ਲੈਣ ਤਾਂ ਅੱਗ ਤੋਂ ਉਤਾਰ ਲਿਆ ਜਾਵੇ.

ਮੁੱਤੜ: ਵਿ- ਮੁਕ੍ਤ ਕੀਤਾ. ਤਜ੍ਯਕ੍ਤ. ਤਰਕ ਕੀਤਾ, ਕੀਤੀ. "ਵੱਤੇ ਮੁੱਤੜ ਰੰਨ ਜਿਉ." (ਭਾਗੁ) ੨. ਮੁਨਕਿਰ. ਨਾਸ੍ਤਿਕ. "ਮੁੱਤੜ ਥੀਏ ਰੱਬ ਦੇ." (ਮਗੋ) ੩. ਦੇਖੋ, ਮੁਟੜ.

ਮੁਥਾਜ: ਦੇਖੋ, ਮੁਹਤਾਜ.

ਮੁਦ: ਸੰ. ਮੁਦ੍. ਧਾ- ਆਨੰਦ ਹੋਣਾ, ਆਨੰਦ ਕਰਨਾ, ਏਕਤ੍ਰ ਕਰਨਾ। ੨. ਸੰਗਯਾ- ਮੋਦ. ਆਨੰਦ. ਖ਼ੁਸ਼ੀ.

ਮੁੰਦ: ਦੇਖੋ, ਮੁੰਦਣਾ। ੨. ਇੱਕ ਰੋਗ, ਜਿਸ ਦਾ ਨਾਉਂ ਪੰਜਾਬੀ ਵਿੱਚ "ਬੰਨ੍ਹ" ਭੀ ਹੈ. ਮਲ ਮੂਤ੍ਰ ਦਾ ਬੰਦ ਹੋਣਾ ਅਥਵਾ ਆਂਤ ਵਿੱਚ ਵਲ ਪੈ ਜਾਣਾ. Volvolus

"ਕੇਤਿਕ ਮਰੇ ਮੁੰਦ ਕੀ ਪੀਰਾ." (ਚਰਿਤ੍ਰ ੪੦੫)

ਮੁਦਕੀ: ਜਿਲਾ ਫ਼ਿਰੋਜ਼ਪੁਰ ਦੀ ਤਸੀਲ ਵਿੱਚ ਇੱਕ ਪਿੰਡ, ਜੋ ਲੁਦਿਆਨੇ ਦੀ ਸੜਕ ਪੁਰ ਹੈ. ਇੱਥੇ ੧੮. ਦਿਸੰਬਰ ਸਨ ੧੮੪੫ ਨੂੰ ਅੰਗ੍ਰੇਜ਼ਾਂ ਦਾ ਸਿੱਖਾਂ ਨਾਲ ਪਹਿਲਾ ਜੰਗ, ਕ਼ੌਮਘਾਤਕਾਂ ਦੀ ਚਾਲਬਾਜ਼ੀ ਕਰਕੇ ਹੋਇਆ, ਅਰ ਵਜ਼ੀਰ ਅਤੇ ਸੈਨਾਪਤਿ ਦੀ ਬੇ- ਈਮਾਨੀ ਦੇ ਕਾਰਣ ਮੈਦਾਨ ਅੰਗ੍ਰੇਜ਼ਾਂ ਦੇ ਹੱਥ ਆਇਆ. ਇਸ ਵਿਸ਼ਯ ਦੇਖੋ, ਕਨਿੰਗਮ (J. D. Cunningham) ਦੇ ਸਿੱਖਇਤਿਹਾਸ ਦਾ ਬਾਬ ੯[1022] ਅਤੇ ਫਿਰੋਜ਼ਸ਼ਾਹ ੨. ਦਾ ਫੁਟਨੋਟ.

ਮੁਦਗ: ਦੇਖੋ, ਮੂੰਗੀ.

ਮੁਦਗਰ: ਸੰ. ਮੁਦ੍ਗਰ. ਸੰਗਯਾ- ਮੂਹਲਾ. ਮੁਸਲ. ਮੁਗਦਰ. ਗਦਾ ਹਥੌੜਾ. "ਪੂੰਜੀ ਮਾਰ ਪਵੈ ਨਿਤ ਮੁਦਗਰ." (ਬਸੰ ਅ: ਮ: ੧)

ਮੁੰਦਘਾਲਣਾ: ਕ੍ਰਿ- ਮੰਦ ਦੇਣਾ. ਬੰਦ ਕਰ ਸਿੱਟਣਾ. "ਕਰਨ ਨ ਸੁਨਹੀ ਨਾਦੁ, ਕਰਨ ਮੁੰਦਿਘਾਲਿਆ." (ਫੁਨਹੇ ਮ: ੫)

ਮੁੰਦਣ, ਮੁੰਦਣਾ: ਸੰ. ਮੁਦ੍ਰਣ. ਬੰਦ ਕਰਨ ਦੀ ਕ੍ਰਿਯਾ. ਮੂੰਦਨਾ। ੨. ਛਾਪਣਾ. ਮੁਹਰ ਲਾਉਣੀ.

ਮੁੰਦਣਿ: ਸੰਗਯਾ- ਮੋਂਦ. ਬੰਦੀ. "ਜਗਾਤੀਆ ਮੋਹਣ ਮੁੰਦਣਿ ਪਈ." (ਤੁਖਾ ਛੰਤ ਮ: ੪) ਮੂੰਹਾਂ ਨੂੰ ਮੋਂਦ ਪੈਗਈ. ਖ਼ਾਮੋਸ਼ੀ (ਚੁੱਪ) ਛਾਗਈ.

ਮੁਦਤ: ਦੇਖੋ, ਮੁਦਿਤ। ੨. ਮੁਦ੍ਰਿਤ. ਮਿਚਿਆ ਬੰਦ ਹੋਇਆ. "ਦਿਪਤ ਜੋਤਿ ਦਿਨਮਣਿ ਦੁਤਿ ਮੁਖ ਤੇ ਕਬਹੁ ਨ ਮੁਦਤ ਭਏ." (ਕ੍ਰਿਸਨਾਵ) ੩. ਦੇਖੋ, ਮੁੱਦਤ.

ਮੁਦਤਾ: ਦੇਖੋ, ਮੁਦਿਤਾ

ਮੁਦਤਿ: ਦੇਖੋ, ਮੁੱਦਤ. "ਏਤੀ ਨ ਜਾਨਉ ਕੇਤੀਕ ਮੁਦਤਿ." (ਮਾਰੂ ਮ: ੫) "ਮੁਦਤਿ ਪਈ ਚਿਰਾਣੀਆ." (ਵਾਰ ਮਾਰੂ ੨. ਮ: ੫)

ਮੁੰਦਨਾ: ਦੇਖੋ, ਮੁੰਦਣਾ.

---

[1022] The Object, indeed of Lal Singh & Tej Singh was not to compromise themselves with the English by destroying an isolated divison, but to get their own troops dispersed by the converging forces of their opponents. Their desire was to be upheld as the ministers of a dependent kingdom by greatful conquerors, and they thus depreated an attack on Ferozpoor, and assured the local British authorities of their secret and efficient good will. ×××

Lal Singh headed, the attack but, in accordence with his original design, he involved his followers iin an engagement, and then left them to fight as their undirected valor might prompt. (P.304,306)

ਮੁਦਫੀ: ਅ਼. مُدفِی ਵਿ- ਘਾਇਲ ਆਦਮੀ ਪੁਰ ਹੱਲਾ ਕਰਨ ਅਤੇ ਮਾਰਨ ਵਾਲਾ.

ਮੁਦਬਖਾਨਾ: ਫ਼ਾ. مودب خانہ ਮੁਅ਼ੱਦਬਖ਼ਾਨਹ. ਉਹ ਘਰ, ਜਿੱਥੇ ਅਦਬ ਸਿਖਾਇਆ ਜਾਵੇ. ਉਹ ਥਾਂ ਜਿੱਥੇ ਸਿਖ੍ਯਾ ਦਿੱਤੀ ਜਾਵੇ, "ਪੀਰ ਦੇ ਮੁਦਬਖਾਨੇ ਦੀਆਂ ਲਕੜੀਆਂ ਚੁਣਨੇ ਗਿਆ." (ਜਸਾ)

ਮੁਦੱਬਿਰ: ਅ਼. مدّبِر ਵਿ- ਤਦਬੀਰ ਕਰਨ ਵਾਲਾ. ਲਾਇਕ ਪ੍ਰਬੰਧ ਕਰਤਾ.

ਮੁੰਦਰੀ: ਸੰ. ਮੁਦ੍ਰਿਕਾ. ਸੰਗ੍ਯਾ- ਮੁਹਰਛਾਪ. ਉਹ ਛਾਪ, ਜਿਸ ਪੁਰ ਅੱਖਰ ਖੁਦੇ ਹੋਣ। ੨. ਅੰਗੂਠੀ. "ਮਧੁਸੂਦਨੁ ਕਰ ਮੁੰਦਰੀ ਪਹਿਰੈ." (ਆਸਾ ਮਃ ੧) ੩. ਰੁਪਯਾ. ਸਿੱਕਹ.

ਮੁਦੱਰਿਸ: ਅ਼. مدّرِس ਦਰਸ (ਸਬਕ਼) ਦੇਣ ਵਾਲਾ. ਸੰਥਾ ਪੜ੍ਹਾਉਣ ਵਾਲਾ.

ਮੁਦੱਲਲ: ਅ਼. مدلّل ਵਿ- ਦਲੀਲ (ਯੁਕ੍ਤਿ) ਸਹਿਤ.

ਮੁਦੱਵਰ: ਅ਼. مدوّر ਵਿ- ਦੌਰ (ਗੁਲਾਈ) ਸਹਿਤ. ਗੋਲ. ਚਕ੍ਰਾਕਾਰ.

ਮੁੰਦੜਾ: ਦੇਖੋ, ਮੁੰਦਰੀ. "ਲਖ ਟਕਿਆ ਕੇ ਮੁੰਦੜੇ." (ਵਾਰ ਆਸਾ)

ਮੁੰਦਾ: ਸੰ. ਮੁਦ੍ਰਾ. ਸੰਗ੍ਯਾ- ਮੁਹਰਛਾਪ। ੨. ਬੰਦ ਕਰਨ ਦੀ ਕ੍ਰਿਯਾ। ੩. ਭੇਤ. ਰਾਜ਼। ੪. ਯੋਗੀਆਂ ਦੇ ਕੰਨ ਵਿੱਚ ਪਹਿਰਿਆ ਮੁੰਦਰੀ ਦੇ ਆਕਾਰ ਦਾ ਕੁੰਡਲ. "ਮੁੰਦਾ ਸੰਤੋਖੁ." (ਜਪੁ) ਸੰਤੋਖ ਦੀਆਂ ਮੁਦ੍ਰਾਂ.

ਮੁਦਾਖ਼ਲਤ: ਅ਼. مداخلت ਸੰਗ੍ਯਾ- ਦਖ਼ਲ ਦੇਣ ਦਾ ਭਾਵ ਬੀਚ ਬਿਚਾਉ (Interference)

ਮੁਦਾਮ: ਅ਼. مدام ਵਿ- ਦਵਾਮ (ਨਿਤ੍ਯ) ਰਹਿਣ ਵਾਲਾ। ੨. ਇਸਥਿਤ. ਕ਼ਾਯਮ. "ਜਲਥਲ ਮੁਦਾਮ." (ਜਾਪੁ) ੩. ਫ਼ਾ. ਸੰਗ੍ਯਾ- ਸ਼ਰਾਬ. ਮਦਿਰਾ.

ਮੁਦਾਵਣੀ, ਮੁੰਦਾਵਣੀ: ਮੁਦ੍ਰਣ (ਮੁਹਰਛਾਪ ਲਾਉਣ) ਦੀ ਕ੍ਰਿਯਾ. ਮੁੰਦਣਾ. ਸ੍ਰੀ ਗੁਰੂ ਗ੍ਰੰਥਸਾਹਿਬ ਵਿੱਚ ਮੁੰਦਾਵਣੀ ਸ਼ਬਦ ਦੋ ਥਾਂਈਂ ਆਇਆ ਹੈ.

ਭਾਰਤ ਵਿੱਚ ਰੀਤਿ ਹੈ ਕਿ ਮਹਾਰਾਜਿਆਂ ਦੇ ਖਾਨ ਪਾਨ ਦਾ ਪ੍ਰਬੰਧ ਕਰਨ ਵਾਲਾ ਸਰਦਾਰ, ਆਪਣੇ ਸਾਮ੍ਹਣੇ ਭੋਜਨ ਤਿਆਰ ਕਰਵਾਕੇ ਦੇਗਚੇ ਆਦਿ ਬਰਤਨਾਂ ਪੁਰ ਮੁਹਰ ਲਾਦਿੰਦਾ ਹੈ, ਤਾਕਿ ਕੋਈ ਅਸ਼ੁਭਚਿੰਤਕ ਜ਼ਹਿਰ ਆਦਿ ਭੋਜਨ ਵਿੱਚ ਨਾ ਮਿਲਾ ਸਕੇ. ਫੇਰ ਜਦ ਥਾਲ ਪਰੋਸਦਾ ਹੈ ਤਦ ਕੀ ਥਾਲ ਪੁਰ ਸਰਪਸ਼ ਦੇਕੇ ਮੁਹਰ ਲਾ ਦਿੰਦਾ ਹੈ, ਅਰ ਉਹ ਮੁਹਰ ਜਿੰਮੇਵਾਰ ਸਰਦਾਰ ਦੇ ਰੂਬਰੂ ਮਹਾਰਾਜਾ ਦੇ ਸੰਮੁਖ ਖੋਲ੍ਹੀ ਜਾਂਦੀ ਹੈ. ਇਸ ਉੱਪਰਲੇ ਭਾਵ ਨੂੰ ਲੈਕੇ ਇਹ ਵਾਕ ਹੈ- "ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾਂ ਲਧੀ ਭਾਲਿ." (ਮਃ ੩. ਵਾਰ ਸੋਰ) ਭਾਵ ਇਹ ਹੈ ਕਿ ਗੁਰਉਪਦੇਸ਼ ਸਿੱਖਾਂ ਦੇ ਮਨ ਦ੍ਰਿੜ੍ਹ ਕਰਾਕੇ ਸਤਿਗੁਰੂ ਨੇ ਸਿੱਖ ਮਰਯਾਦਾ ਦੀ ਮੁਹਰਛਾਪ ਲਾ ਦਿੱਤੀ ਹੈ, ਤਾਕਿ ਨਿਯਮਾਂ ਵਿੱਚ ਗੜਬੜ ਨਾ ਹੋਵੇ.

ਦੂਜਾ "ਮੁੰਦਾਵਣੀ ਮਃ ੫" ਸਰਲੇਖ ਹੇਠ ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਭੋਗ ਪੁਰ ਪਾਠ ਹੈ, ਜਿਸ ਦਾ ਭਾਵ ਅੰਤਿਮ ਮੁਹਰਛਾਪ ਹੈ. ਸਮਾਪਤੀ ਪੁਰ ਮੁਦ੍ਰਣ ਕਰਕੇ ਇਹ ਉਪਦੇਸ਼ ਹੈ ਕਿ ਇੱਥੇ ਧਰਮਗ੍ਰੰਥ ਦੇ ਪਾਠ ਦਾ ਭੋਗ ਹੈ। ੨. ਬੁਝਾਰਤ. ਅਦ੍ਰਿਸ਼ਟਕੂਟ.

ਮੁਦਾਵਾ: ਫ਼ਾ. مداوا ਸੰਗ੍ਯਾ- ਦਵਾਦਾਰੂ ਕਰਨ ਦੀ ਕ੍ਰਿਯਾ. ਇ਼ਲਾਜ ਮੁਆ਼ਲਜਾ ਕਰਨਾ.

ਮੁਦਿਤ: ਸੰ. ਵਿ- ਖ਼ੁਸ਼. ਪ੍ਰਸੰਨ. ਮੌਦ ਨੂੰ ਪ੍ਰਾਪਤ ਹੋਇਆ.

ਮੁਦਿਤਾ: ਸੰ. ਸੰਗ੍ਯਾ- ਪ੍ਰਸੰਨਤਾ. ਖ਼ੁਸ਼ੀ। ੨. ਦੂਜੇ ਦੀ ਮਾਨ ਵਡਿਆਈ ਦੇਖ ਸੁਣਕੇ ਪ੍ਰਸੰਨ ਹੋਣ ਦੀ ਕ੍ਰਿਯਾ. ਦੇਖੋ, ਉਪੇਖ੍ਯਾ। ੩. ਕਾਵ੍ਯ ਅਨੁਸਾਰ ਇੱਕ ਨਾਯਿਕਾ-

"ਸੁਨਤ ਲਖਤ ਚਿਤ ਚਾਹ ਕੀ ਬਾਤ ਭਾਂਤਿ ਅਭਿਰਾਮ।

ਮੁਦਿਤ ਹੋਯ ਜੋ ਨਾਯਿਕਾ ਤਾਕੋ ਮੁਦਿਤਾ ਨਾਮ ॥"

(ਜਗਦਵਿਨੋਦ)

ਮੁਦਿਰ: ਸੰ. ਬੱਦਲ. ਮੇਘ.

ਮੁੰਦੀ: ਮੁਦ੍ਰਾ ਸੇ. ਕੰਨਾਂ ਵਿੱਚ ਮੁਦ੍ਰਾ ਪਹਿਰਨ ਤੋਂ. "ਜੋਗੁ ਨ ਮੁੰਦੀ, ਮੂੰਡਿ ਮੁਡਾਇਐ." (ਸੂਹੀ ਮਃ ੧) ੨. ਮੁਦ੍ਰਣ ਕੀਤੀ.

ਮੁੱਦਈ, ਮੁੱਦਈ: ਅ਼. مُدّعی ਦਾਵਾ ਕਰਨਵਾਲਾ.

ਮੁੱਦਤ: ਅ਼. مُدّت ਸੰਗਯਾ- ਦੇਰ. ਚਿਰ। ੨. ਲੰਬਾਈ.

ਮੁੱਦਾ: ਅ਼. مدعا ਮੁੱਦਆ਼. ਸੰਗਯਾ- ਮਤ਼ਲਬ. ਅਭਿਪ੍ਰਾਯ. ਭਾਵ। ੨. ਦਾਵਾ.

ਮੁੱਦਾਲਾ: ਅ਼. مدعالیہ ਮੁੱਦਆ਼ਲਹ. ਜਿਸ ਪੁਰ ਦਾਵਾ ਕੀਤਾ ਗਿਆ ਹੈ.

ਮੁੱਦੀ: ਦੇਖੋ, ਮੁੱਦਈ. "ਹੋਇ ਮੁੱਦੀ ਦਾਵਾ." (ਭਾਗੁ)

ਮੁਦ੍ਰ: ਸੰ. ਵਿ- ਪ੍ਰਸੰਨ. ਖ਼ੁਸ਼। ੨. ਦੇਖੋ, ਮੁਦ੍ਰਾ.

"ਹਮਰੀ ਮੁਦ੍ਰ ਨਾਮਹਰਿ ਸੁਆਮੀ." (ਦੇਵ ਮਃ ੪) ਸਾਡੀ ਮੁਦ੍ਰਾ (ਭੇਖ ਚਿੰਨ੍ਹ) ਪ੍ਰਭੂ ਦਾ ਨਾਮ ਹੈ.

ਮੁਦ੍ਰਕਕਾ: ਸੰ. ਮੁਦ੍ਰਿਕਾ. ਮੁਹਰਛਾਪ। ੨. ਕੰਨਾਂ ਵਿੱਚ ਪਹਿਰਣ ਦਾ ਕੁੰਡਲ. "ਮੁਦ੍ਰਕਕਾ ਪਹਿਰੈਂ ਹਮ ਕਾਨ." (ਕ੍ਰਿਸਨਾਵ)

ਮੁਦ੍ਰਕਾ: ਸੰ. ਮੁਦ੍ਰਿਖਾ. ਮੁਹਰਛਾਪ। ੨. ਰੁਪਯਾ ਅਸ਼ਰਫੀ ਆਦਿ ਸਿੱਕਾ, ਜਿਸ ਤੇ ਅੱਖਰ ਮੂਰਤੀ ਆਦਿ ਦਾ ਚਿੰਨ੍ਹ ਲੱਗਿਆ ਹੈ। ੩. ਵੈਸ਼ਨਵਾਂ ਦੇ ਸ਼ਰੀਰ ਪੁਰ ਲੱਗਾ ਸ਼ੰਖ ਚਕ੍ਰ ਆਦਿ ਦਾ ਛਾਪਾ. "ਨ ਮੁਦ੍ਰਕਾ ਸੁਧਾਰ ਹੋਂ." (ਵਿਚਿਤ੍ਰ)

ਮੁਦ੍ਰਣ: ਦੇਖੋ, ਮੁੰਦਣਾ.

ਮੁਦ੍ਰਾ: ਦੇਖੋ, ਮੁੰਦਾ। ੨. ਸੰਗਯਾ- ਧਾਰਨਾ. ਮਰਯਾਦਾ. "ਗਿਆਨ ਕੀ ਮੁਦ੍ਰਾ ਕਵਨ ਅਉਧੂ?" (ਸਿਧਗੋਸਟਿ) ੩. ਕੰਨ ਵਿੱਚ ਪਹਿਰਿਆ ਯੋਗੀਆਂ ਦਾ ਕੁੰਡਲ. ਦੇਖੋ, ਮੁੰਦ੍ਰਾ ੨। ੪. ਭੇਤ. ਰਾਜ਼। ੫. ਇੱਕ ਅਰਥਾਲੰਕਾਰ. ਪ੍ਰਕਰਣ ਅਨੁਸਾਰ ਕਿਸੇ ਪ੍ਰਸੰਗ ਨੂੰ ਕਹਿੰਦੇ ਹੋਏ ਕਿਸੇ ਪਦ ਦ੍ਵਾਰਾ ਜੇ ਹੋਰ ਅਰਥ ਭੀ ਬੋਧਨ ਕਰੀਏ, ਤਦ "ਮੁਦ੍ਰਾ" ਅਲੰਕਾਰ ਹੁੰਦਾ ਹੈ.

ਮੁਦ੍ਰਾ ਪ੍ਰਸ੍ਤੁਤ ਪਦ ਵਿਖੈ ਔਰੈਂ ਅਰਥ ਪ੍ਰਕਾਸ਼

(ਕਾਵ੍ਯਪ੍ਰਭਾਕਰ)

ਉਦਾਹਰਣ-

ਜਿਸ ਨੇ ਜਾਨੀ ਚਿੱਤ ਮੇ ਹੌਮੈ ਦੁਖਦ ਮਹਾਨ,

ਰਹਿਤਾ ਹੈ ਸੁਖ ਸੇਂ ਸਦਾ ਸੋ "ਨਰ" ਨਿਸ਼ਚੈ ਜਾਨ.

ਇਸ ਦੋਹੇ ਵਿੱਚ ਸਾਧਾਰਣ ਪ੍ਰਕਰਣ ਤੋਂ ਛੁੱਟ, "ਨਰ" ਸ਼ਬਦ ਨਾਲ ਇਹ ਭੀ ਜਣਾਇਆ ਕਿ ਇਹ ਨਰ ਦੋਹਾ ਹੈ. ਜਿਸ ਵਿੱਚ ੧੫. ਗੁਰੁ ਅਤੇ ੧੮. ਲਘੁ ਹੋਣ, ਉਹ ਨਰ ਦੋਹਾ ਹੁੰਦਾ ਹੈ.

(ਅ) ਕਿਸੇ ਵਰਣਨੀਯ ਵਸ੍ਤੁ ਦਾ ਕੇਵਲ ਨਿਯਮ ਅਥਵਾ ਚਿੰਨ੍ਹ ਨਾਲ ਬੋਧ ਕਰਾਉਣਾ ਮੁਦ੍ਰਾ ਦਾ ਦੂਜਾ ਰੂਪ ਹੈ.

ਉਦਾਹਰਣ-

ਹਕੁ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ.

(ਮਃ ੧. ਵਾਰ ਮਾਝ)

ਸੂਅਰ ਅਤੇ ਗਾਇ ਸ਼ਬਦ ਦ੍ਵਾਰਾ ਮੁਸਲਮਾਨ ਅਤੇ ਹਿੰਦੂ ਦਾ ਬੋਧ ਕਰਾਇਆ.

ਨੀਲੇ ਘੋੜੇ ਪਰ ਚਢਤੋ ਸ੍ਵੇਤ ਹਾਥ ਪਰ ਬਾਜ,

ਕਲਗੀ ਲਹਰੈ ਸੀਸ ਪੈ ਕਰੈ ਹਮਾਰੇ ਕਾਜ.

ਚਿੰਨ੍ਹਾਂ ਦ੍ਵਾਰਾ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਬੋਧ ਹੋਇਆ

(ੲ) ਕੇਵਲ ਕ੍ਰਿਯਾ ਦੱਸਕੇ ਕਰਤਾ ਦਾ ਬੋਧ ਕਰਾਉਣਾ "ਮੁਦ੍ਰਾ" ਦਾ ਤੀਜਾ ਰੂਪ ਹੈ.

ਉਦਾਹਰਣ-

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ,

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀ ਬਾਣੁ. (ਜਪੁ)

ਇੱਥੇ ਸੰਸਾਰ ਰਚਨਾ ਪਾਲਨ ਅਤੇ ਲੈ ਕਰਨ ਦੀ ਕ੍ਰਿਯਾ ਦੱਸਕੇ ਰਜ ਸਤ ਤਮ ਦਾ ਬੋਧ ਕਰਾਇਆ।

੬. ਵਾਮਮਾਰਗੀਆਂ ਦੇ ਸੰਕੇਤ ਅਨੁਸਾਰ ਭੁੰਨੇਹੋਏ ਜੌਂ ਅਤੇ ਚਿੜਵੇ, ਜੋ ਸ਼ਰਾਬ ਪੀਣ ਵੇਲੇ ਵਰਤੀਦੇ ਹਨ।[1023] ੭. ਯੋਗਮਤ ਅਨੁਸਾਰ ਨਿਸ਼ਸ੍ਰੁ ਦੀ ਇੱਕ ਰੀਤਿ, ਇਸ ਦਾ ਨਾਮ ਮੁਦ੍ਰਾ ਇਸ ਲਈ ਹੈ ਕਿ ਇਹ ਕਲੇਸ਼ਾਂ ਨੂੰ ਮੁੰਦ ਦਿੰਦੀ ਹੈ। ੮. ਮੋਹਰਛਾਪ। ੯. ਰੁਪਯਾ ਅਸ਼ਰਫੀ ਆਦਿ ਜਿਨ੍ਹਾਂ ਤੇ ਰਾਜ ਦਾ ਚਿੰਨ੍ਹ ਹੈ। ੧੦. ਅਰਕ ਖਿੱਚਣ ਵੇਲੇ ਭਾਂਡੇ ਦੇ ਮੂੰਹ ਤੇ ਲਾਇਆ ਡੱਟਾ, ਜਿਸ ਤੋਂ ਭਾਪ ਨਾ ਨਿਕਲੇ. ਦੇਖੋ, ਮਦਕ ੨.

ਮੁੰਦ੍ਰਾ: ਦੇਖੋ, ਮੁਦ੍ਰਾ। ੨. ਯੋਗੀਆਂ ਦੇ ਕਰਣਕੁੰਡਲ. "ਡੰਡਾ ਮੁੰਦ੍ਰਾ ਖਿੰਬਾ ਆਧਾਰੀ." (ਬਿਲਾ ਕਬੀਰ) ਮੁੰਦ੍ਰਾ, ਬਲੌਰ ਗੈਂਡੇ ਦੇ ਸਿੰਗ ਅਤੇ ਸੁਵਰਣ ਦੀ ਹੋਇਆ ਕਰਦੀ ਹੈ। ੩. ਸੰਯਮ. ਵਿਕਾਰਾਂ ਨੂੰ ਮੁੰਦਣ ਦੀ ਕ੍ਰਿਯਾ. "ਮੁੰਦ੍ਰਾ ਤੇ ਘਟ ਭੀਤਰਿ ਮੁਦ੍ਰਾ." (ਗਉ ਮਃ ੧)

ਮੁਦ੍ਰਾਯੰਤ੍ਰ: ਦੇਖੋ, ਛਾਪਾ ੩.

ਮੁਦ੍ਰਾਲਿਪਿ: ਛਪੀ ਹੋਈ ਲਿਖਤ. ਛਾਪੇਖਾਨੇ ਛਪਿਆ ਲੇਖ.

ਮੁਦ੍ਰਿਕਾ: ਸੰਗ੍ਯਾ- ਮੋਹਰਛਾਪ। ੨. ਰੁਪਯਾ ਅਸ਼ਰਫੀ ਆਦਿ.

ਮੁਦ੍ਰਿਤ: ਵਿ- ਮੁੰਦਿਆ ਹੋਇਆ। ੨. ਛਾਪਿਆ ਹੋਇਆ.

ਮੁੰਧ: ਸਿੰਧੀ. ਇਸਤ੍ਰੀ. ਨਾਰੀ. "ਮੁੰਧ ਇਆਣੀ ਮਨਮੁਖੀ." (ਸੂਹੀ ਮਃ ੪) "ਤੇਰੇ ਮੁੰਧ ਕਟਾਰੇ ਜੇਵਡਾ, ਤਿਨਿ ਲੋਭੀ ਲੋਭ ਲੁਭਾਇਆ." (ਵਡ ਮਃ ੧) ਹੇ ਮੁੰਧ! ਤੇਰੇ ਕਟਾਰੇ (ਕਟਾਕ੍ਸ਼) ਜੇਵੜਾ (ਫੰਧਾ) ਹਨ, ਤਿਨ੍ਹਾਂ ਨੇ ਲੋਭੀ (ਪ੍ਰੇਮੀ) ਨੂੰ ਮੋਹਿਤ ਕਰ ਲਿਆ ਹੈ। ੨. ਸੰ. ਮੁਗਧਾ (ਮੁਗ੍ਧਾ). ਦੇਖੋ, ਮੁਗਧਾ. ੨.

ਮੁਧਾ: ਸੰ. ਵ੍ਯ- ਵ੍ਰਿਥਾ. ਬੇਫ਼ਾਇਦਾ। ੨. ਮਿਥ੍ਯਾ. ਝੂਠ। ੩. ਮੁਗਧਾ ਦਾ ਸੰਖੇਪ.

ਮੁੰਧੁ: ਦੇਖੋ, ਮੁੰਧ.

ਮੁੰਧੇ: ਸੰਬੋਧਨ. ਹੇ ਨਾਰੀ! "ਸੁਣਿ ਮੁੰਧੇ ਹਰਣਾਖੀਏ!" (ਸਵਾ ਮਃ ੧) ੨. ਹੇ ਮੁਗਧਾ!

---

[1023] ਦੇਖੋ, ਨਿਰਵਾਣ ਤੰਤ੍ਰ, ਪਟਲ ੧੧.

**ਮੁਨਸਫ, ਮੁਨਸਬ:** ਇਨਸਾਫ ਕਰਨ ਵਾਲਾ. ਦੇਖੋ, ਮੁੰਸਫ "ਨਿਜ ਮਤ ਕੋ ਮੁਨਸਬ ਹ੍ਵੈ ਤਬ ਹੀ." (ਨਾਪ੍ਰ) "ਦੇਖੋ ਬਨ ਮੁਨਸਬ, ਮਨਸਬ ਕੌਨ ਬਡੋ?" (ਅਲੰਕਾਰ ਸਾਗਰਸੁਧਾ)

**ਮੁਨਸਰਿਮ:** ਅ਼. منصرم ਮੁਨਸਰਿਮ. ਵਿ- ਇਨਸਿਰਾਮ (ਪ੍ਰਬੰਧ) ਕਰਨ ਵਾਲਾ. ਇੰਤਜਾਮ ਕਰਨ ਵਾਲਾ.

**ਮੁਨਸਿਕ:** ਸੂਮ. ਕ੍ਰਿਪਣ. ਦੇਖੋ, ਮੁਸਸਿਕ.

**ਮੁਨਸਿਫ, ਮੁਨਸਿਫੀ:** ਦੇਖੋ, ਮੁੰਸਫ ਅਤੇ ਮੁਸਫੀ.

**ਮੁਨਸ਼ੀ:** ਅ਼. منشی ਸੰਗਜਾ- ਇਨਸ਼ਾ (ਤਹ਼ਰੀਰ) ਕਰਨ ਵਾਲਾ. ਲਿਖਾਰੀ.

**ਮੁਨਹਸਰ:** ਅ਼. منحصر ਮੁਨਹ਼ਸਰ. ਸੰਗਜਾ- ਹ਼ਸਰ (ਨਿਰਭਰਤਾ) ਦਾ ਭਾਵ. ਦਾਰੋਮਦਾਰ.

**ਮੁਨਹਜਮ:** ਅ਼. منہضم ਮੁਨਹਜਮ. ਵਿ- ਹਜਮ ਹੋਇਆ. ਪਚਿਆ ਹੋਇਆ। ੨. ਹਜਮ ਹੋਣ ਵਾਲਾ. ਪਚਣ ਵਾਲਾ.

**ਮੁਨਹਦਮ:** ਅ. منہدم ਵਿ- ਹਦਮ (ਢਾਹਿਆ) ਹੋਇਆ. ਮੇਟਿਆ. ਗਿਰਾਇਆ.

**ਮੁਨਹਰਿਖ਼, ਮੁਨਹ਼ਰਿਫ਼:** ਅ਼. منحرف ਵਿ- ਇਨਹ਼ਿਰਾਫ਼ ਹੋਇਆ. ਮੂੰਹ ਫੇਰੇ ਹੋਏ. ਮੁੜਿਆ ਹੋਇਆ. ਵਿਮੁਖ ਹੋਇਆ.

**ਮੁਨਕਜੀ:** ਅ਼. منقضی ਮੁਨਕ਼ਜੀ. ਵਿ- ਇਨਕ਼ਜਾ ਕਰਨ ਵਾਲਾ. ਗੁਜਰ ਜਾਣ ਵਾਲਾ. ਵੀਤਿਆ ਹੋਇਆ.

**ਮੁਨਕਦ, ਮੁਨਕ਼ਦ:** ਅ਼. منعقد ਮੁਨਅ਼ਕ਼ਦ. ਵਿ- ਅ਼ਕ਼ਦ (ਬੰਧਨ) ਵਿੱਚ ਆਇਆ. ਕ਼ਾਇਮ ਹੋਇਆ.

**ਮੁਨਕਿਰ:** ਅ਼. منکر ਇਨਕਾਰ ਕਰਨ ਵਾਲਾ। ੨. ਮੁਕਰਨ ਵਾਲਾ.

**ਮੁਨੱਕਾ:** ਅ਼. منقّا ਵਿ- ਨਕ਼ੀ (ਸਾਫ) ਕੀਤਾ ਹੋਇਆ। ੨. ਸੰਗਜਾ- ਉਹ ਦਾਖ, ਜਿਸ ਦਾ ਬੀਜ ਕੱਢਕੇ (ਸਾਫ ਕਰਕੇ) ਖਾਈਏ. ਮੁਨੱਕ਼ੇ ਦੀ ਤਾਸੀਰ ਗਰਮਤਰ ਹੈ.

**ਮੁਨਜਿਜ:** ਅ਼. منضج ਮੁਨਜਿਜ. ਪਕਾਉਣ ਵਾਲਾ। ੨. ਸਰੀਰ ਦੇ ਖਿਲਤ ਨੂੰ ਪਕਾਉਣ ਵਾਲਾ ਪਦਾਰਥ. ਉਹ ਔਸ਼ਧ, ਜੋ ਜੁਲਾਬ ਤੋਂ ਪਹਿਲਾਂ ਮੇਦੇ ਨੂੰ ਨਰਮ ਕਰਨ ਲਈ ਖਾਧੀ ਜਾਵੇ.

**ਮੁੰਨਣਾ:** ਦੇਖੋ, ਮੁੰਡਨ.

**ਮੁਨਦੇਵ:** ਦੇਖੋ, ਮੁਨਿਦੇਵ.

**ਮੁਨਫ਼ਿਕ, ਮੁਨਫ਼ਿਕ਼:** ਅ਼. منفق ਵਿ- ਖਰਚ ਦੇਣ ਵਾਲਾ. ਇਸ ਦਾ ਮੂਲ ਨਫ਼ਕ਼ (ਖਰਚ ਹੋਣਾ) ਹੈ.

**ਮੁਨੱਵਰ:** ਅ਼. منوّر ਵਿ- ਨੂਰ (ਪ੍ਰਕਾਸ਼) ਸਹਿਤ. ਰੌਸ਼ਨ.

**ਮੁਨਾਉਣਾ:** ਦੇਖੋ, ਮੁੰਡਾਉਣਾ.

**ਮੁਨਾਸਿਬ:** ਅ਼. مناسب ਵਿ- ਨਿਸਬਤ (ਯੋਗਜਤਾ) ਰੱਖਣ ਵਾਲਾ. ਠੀਕ ਯੋਗਜ.

**ਮੁਨਾਜਾਤ:** ਅ਼. مناجات ਸੰਗਜਾ- ਨਜੀ (ਭੇਤ ਦੀ ਬਾਤ ਕਹਿਣ) ਦਾ ਭਾਵ. ਕਰਤਾਰ ਅੱਗੇ ਮਨੋਰਥ ਪ੍ਰਗਟ ਕਰਨ ਦੀ ਕ੍ਰਿਯਾ. ਅਰਦਾਸ। ੨. ਪ੍ਰਾਰਥਨਾ ਦੀ ਕਵਿਤਾ. ਸਤੋਤ੍ਰ.

**ਮੁਨਾਦੀ:** ਦੇਖੋ, ਮਨਾਦੀ.

**ਮੁਨਾਫ਼ਅ, ਮੁਨਾਫ਼ਅ਼:** ਅ਼. منافع ਸੰਗਜਾ- ਮਨਫ਼ਅ਼ਤ (ਨਫ਼ਾ) ਦਾ ਬਹੁਵਚਨ. ਲਾਭ ਨਫੇ.

**ਮੁਨਾਫਕ, ਮੁਨਾਫਿਕ:** ਅ਼. مُنافق ਮੁਨਾਫ਼ਿਕ਼. ਵਿ- ਨਫ਼ਾਕ਼ (ਫੁੱਟ) ਰੱਖਣ ਵਾਲਾ। ੨. ਪਾਖੰਡੀ. ਦੰਭੀ. "ਮੁਲਹਦ ਹੋਇ ਮੁਨਾਫਕਾ." (ਭਾਗੁ)

੩. ਜਨਮਸਾਖੀ ਵਿੱਚ ਕਾਫ਼ਿਰਸ੍ਤਾਨ ਲਈ ਮੁਨਾਫਕ ਸ਼ਬਦ ਵਰਤਿਆ ਹੈ.

**ਮੁਨਾਬਰ:** ਮੁਨਿਵਰ. ਉੱਤਮ ਸਾਧੁ. "ਯੌਂ ਨ ਪਾਨਿ ਪਰੇ ਮੁਨਾਬਰ." (ਪਾਰਸਾਵ) ੨. ਦੇਖੋ, ਮੁਨੱਵਰ.

**ਮੁਨਾਰ, ਮੁਨਾਰਾ:** ਦੇਖੋ, ਮੀਨਾਰ. "ਬਡੋ ਮੁਨਾਰ ਉਸਾਰ." (ਚਰਿਤ੍ਰ ੧੭੫) "ਮੁਲਾਂ, ਮੁਨਾਰੇ ਕਿਆ ਚਢਹਿ?" (ਸ. ਕਬੀਰ)

**ਮੁਨਿ:** ਸੰ. ਸੰਗ੍ਯਾ- ਜਿਸ ਦਾ ਮਨ ਦੁੱਖ ਨਾਲ ਵ੍ਯਾਕੁਲ ਨਾ ਹੋਵੇ. ਸਾਧੁ. ਰਿਖਿ. ਸੰਤ.[1024] "ਸੋ ਮੁਨਿ. ਜਿ ਮਨ ਕੀ ਦੁਬਿਧਾ ਮਾਰੇ." (ਭੈਰ ਮਃ ੩) ੨. ਮਨਨਸ਼ੀਲ ਵਿਚਾਰ ਕਰਨ ਵਾਲਾ। ੩. ਸ਼ਿਵ. ਮਹਾਦੇਵ. "ਪੂਜਨ ਕਾਲ੍ਹ ਜਾਂਉਂਗੀ ਮੈ ਮੁਨਿ." (ਚਰਿਤ੍ਰ ੨੧੫) ੪. ਸੱਤ ਸੰਖ੍ਯਾ ਬੋਧਕ, ਕਿਉਂਕਿ ਪੁਰਾਣਾਂ ਨੇ ਮੁਨਿ (ਰਿਸ਼ਿ), ਸੱਤ ਮੰਨੇ ਹਨ. ਦੇਖੋ, ਸਪਤ ਰਿਖੀ। ੫. ਮੌਨ ਧਾਰਨ ਵਾਲਾ ਪੁਰਖ. ਚੁਪ ਕੀਤਾ. ਮੌਨੀ.

**ਮੁਨਿਅਯਨ:** ਸੰ. ਜੰਗਲ. ਬਣ (ਵਨ). ੨. ਕੰਦਰਾ. ਗੁਫਾ.

**ਮੁਨਿਆਦ:** ਫ਼ਾ. مُنِیاد ਬੁਨਯਾਦ. ਸੰਗ੍ਯਾ- ਮੂਲ. ਜੜ। ੨. ਨਿਉਂ. ਨੀਂਹ.

**ਮੁਨਿਆਰ:** ਦੇਖੋ, ਮਨੀਆਰ.

**ਮੁਨਿਚਰਜ:** ਸੰਗ੍ਯਾ- ਮੁਨਿਚਯੰ. ਮੁਨਿਕਰਮ। ੨. ਸਾਧੁ ਦੀ ਤਰਾਂ ਵਿਚਰਨ ਦੀ ਕ੍ਰਿਯਾ। ੩. ਬ੍ਰਹਮਚਯੰ.

**ਮੁਨਿਜਨ, ਮੁਨਿਜੰਨ:** ਮੁਨਿਲੋਕ. ਸਾਧੁਜਨ. "ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿਜੰਨ ਰੇ." (ਸਵੈਯੇ ਮਃ ੪. ਕੇ) ੨. ਦੇਖੋ, ਮੁਨਿ ਅਤੇ ਜਨ.

**ਮੁਨਿੰਦ, ਮੁਨਿੰਦ੍ਰ:** ਦੇਖੋ, ਮੁਨੀਂਦ੍ਰ.

**ਮੁਨਿਦੇਵ:** ਦੇਵਮੁਨਿ. ਅਗਸ੍ਤ੍ਯ। ੨. ਅਗਸ੍ਤ੍ਯ ਤਾਰਾ. "ਸੀਤ ਭਈ ਰੁਤ ਕਾਤਕ ਕੀ, ਮੁਨਿਦੇਵ ਚੜ੍ਹ੍ਯੋ ਜਲ ਹਨਐਗਯੋ ਥੋਰੋ." (ਕ੍ਰਿਸਨਾਵ)

**ਮੁਨਿਮਨ:** ਮੁਨਿਮਾਨ੍ਯ. ਰਿਸ਼ੀਆਂ ਦ੍ਵਾਰਾ ਪੂਜ੍ਯ.

**ਮੁਨਿਮਨਿ:** ਮੁਨਿਮਣਿ. ਰਿਸ਼ੀਆਂ ਵਿੱਚੋਂ ਉੱਤਮ.

**ਮੁਨਿਯਾਂ:** ਦੇਖੋ, ਮੁਨੀਆਂ.

**ਮੁਨਿਰਾਜ:** ਰਿਸ਼ਿਰਾਜਾ. ਪ੍ਰਧਾਨ ਸੰਤ.

**ਮੁਨਿਵਰ:** ਸ਼੍ਰੇਸ਼੍ਠ ਮੁਨਿ. ਉੱਤਮ ਰਿਖੀ. "ਆਪਸ ਕਉ ਮੁਨਿਵਰ ਕਰਿ ਥਾਪਹੁ." (ਮਾਰੂ ਕਬੀਰ)

**ਮੁਨੀ:** ਦੇਖੋ, ਮੁਨਿ ੫. "ਮਾਨ ਮੁਨੀ ਮੁਨਿਵਰ ਗਲੇ." (ਸ. ਕਬੀਰ) ਉੱਤਮ ਮੌਨੀ ਅਤੇ ਮੁਨੀ ਨਿਗਲ ਲਏ। ੨. ਮੌਨਵ੍ਰਤ. ਖ਼ਾਮੋਸ਼ੀ. "ਅਨਿਕ ਧਾਰ ਮੁਨੀ." (ਭੈਰ ਪੜਤਾਲ ਮਃ ੫)

---

[1024] ਕ੍ਰਿਸ਼ਨ ਜੀ ਨੇ ਮੁਨਿ ਦਾ ਲੱਛਣ ਕੀਤਾ ਹੈ-

दुःखेष्वनुद्विग्नमनाः सुखेषु विगतस्पृहः
वीतराग भय क्रोधः स्थितधीर्मुनिरुच्यते॥

(ਗੀਤਾ ਅਃ ੨. ਸ ੫੬)

ਮੁੰਨੀ: ਸੰਗਯਾ- ਪਸੁਬੰਧਨ ਦਾ ਵਡਾ ਕਿੱਲਾ। ੨. ਪੰਜਾਬ ਵਿੱਚ ਲੜਕੀ ਲਈ "ਮੁੰਨੀ" ਸ਼ਬਦ ਵਰਤਦੇ ਹਨ, ਜੋ ਅਨਾਦਰ ਬੋਧਕ ਹੈ. ਅਸਲ ਵਿੱਚ ਮੁੰਨੀ ਨਾਮ ਵਿਧਵਾ ਦਾ ਹੈ, ਕਿਉਂਕਿ ਉਸ ਦੇ ਤੀਰਥ- ਸ਼੍ਰਾੱਧ ਪੁਰ ਕੇਸ਼ ਮੁੰਨਣੇ ਹਿੰਦੂਮਤ ਵਿੱਚ ਵਿਧਾਨ ਹਨ. ਦੇਖੋ, ਮਾਇਮੂੰਡਉ.

ਮੁੰਨੀਅਨਿ: ਮੁੰਨੇ ਜਾਂਦੇ ਹਨ. ਮੁੰਡਨ ਕਰੀਦੇ ਹਨ. "ਸੇ ਸਿਰ ਕਾਤੀ ਮੁੰਨੀਅਨਿ." (ਆਸਾ ਮਃ ੧)

ਮੁਨੀਆਂ: ਪ੍ਰਾ. ਸੰਗਯਾ- ਲਾਲ ਪੰਛੀ ਦੀ ਮਦੀਨ. ਦੇਖੋ, ਲਾਲ. "ਉਡਕੈ ਸੁਚਲੀ ਜੁ ਮਨੋ ਮੁਨੀਆਂ ਹੈ." (ਕ੍ਰਿਸਨਾਵ)

ਮੁਨੀਸ਼: ਮੁਨਿ- ਈਸ਼. ਰਿਸ਼ਿਰਾਜ. ਰਿਖੀਆਂ ਦਾ ਸ੍ਵਾਮੀ.

ਮੁਨੀਂਦ੍ਰ: ਮੁਨਿ- ਇੰਦ੍ਰ. ਮੁਨਿਰਾਜ.

ਮੁਨੀਬ: ਅ਼. منیب ਵਿ- ਨਾਯਬ ਬਣਾਉਣ ਵਾਲਾ. ਉਹ ਪੁਰਖ, ਜੋ ਕਿਸੇ ਨੂੰ ਆਪਣਾ ਨਾਯਬ ਬਣਾਉਂਦਾ ਹੈ. ਮਾਲਿਕ। ੨. ਹੁਣ ਨਾਯਬ ਲਈ ਭੀ ਮੁਨੀਬ ਸ਼ਬਦ ਲੋਕ ਵਰਤਦੇ ਹਨ.

ਮੁਨੀਮ: ਅ਼. منعم ਮੁਨਿਅ਼ਮ. ਵਿ- ਨਿਅ਼ਮਤ ਦੇਣ ਵਾਲਾ। ੨. ਸੰਗਯਾ- ਕਰਤਾਰ। ੩. ਮੁਨੀਬ ਦੀ ਥਾਂ ਭੀ ਪੰਜਾਬੀ ਵਿੱਚ ਮੁਨੀਮ ਸ਼ਬਦ ਵਰਤੀਦਾ ਹੈ.

ਮੁਨੀਰ: ਅ਼. منیر ਵਿ- ਨੂਰ (ਪ੍ਰਕਾਸ਼) ਸਹਿਤ, ਰੌਸ਼ਨ. ਪ੍ਰਕਾਸ਼ਯੁਕ੍ਤ. "ਕਲਗੀ ਕੁਲਹ ਮੁਨੀਰ." (ਸਲੋਹ)

ਮੁਨੀਰਪੁਰ: ਇੱਕ ਪਿੰਡ, ਜੋ ਜਿਲਾ ਕਰਨਾਲ, ਤਸੀਲ ਥਾਨੇਸਰ ਵਿੱਚ ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ "ਮੰਜੀਸਾਹਿਬ" ਗੁਰਦ੍ਵਾਰਾ ਹੈ.

ਮੁਨੀਰਾਜ, ਮੁਨੀਵਰ: ਦੇਖੋ, ਮੁਨਿਜਨ ਅਤੇ ਮੁਨਿਵਰ.

ਮੁਨੇਰਾ: ਸੰਗਯਾ- ਘਰ ਦੇ ਮੁੰਡ (ਸਿਰ) ਪੁਰ ਕੀਤੀ ਵੱਟ. ਮੁੰਡੇਰ। ੨. ਮੁਨ੍ਹੇਰਾ. ਦੇਖੋ, ਮੁਹਨ੍ਹੇਰਾ.

ਮੁਫ਼ਸਿਦ: ਅ਼. مفسد ਵਿ- ਫ਼ਿਸਾਦ (ਉਪਦ੍ਰਵ) ਕਰਨ ਵਾਲਾ.

ਮੁਫ਼ੱਸਲ: ਅ਼. مفصّل ਮੁਫ਼ੱਸਲ. ਵਿ- ਤਫ਼ਸੀਲ (ਵਿਰਵੇ) ਸਹਿਤ.

ਮੁਫ਼ਤ: ਫ਼ਾ. مفت ਵਿ- ਬਿਨਾ ਮੁੱਲ। ੨. ਵ੍ਰਿਥਾ.

ਮੁਫ਼ਤਖ਼ੋਰਾ: ਮੁਫ਼ਤ ਖਾਣ ਵਾਲਾ. ਦੇਖੋ, ਤੁਫ਼ੈਲ ਅਤੇ ਨੇਂਬੂਨਿਚੋੜ.

ਪਿਕਦਾਨੋ ਚਪਰਗੱਟੂ ਹੈ ਬਸ ਨਾਮ ਹਮਾਰਾ,

ਇਕ ਮੁਫ਼ਤ ਕਾ ਖਾਨਾ ਹੈ ਸਦਾ ਕਾਮ ਹਮਾਰਾ,

ਉਮਰਾ ਜੋ ਕਹੇ ਰਾਤ, ਹਮ ਚਾਂਦ ਦਿਖਾਦੇਂ

ਰਹਿਤਾ ਹੈ ਸਿਫ਼ਾਰਿਸ਼ ਸੇ ਭਰਾ ਜਾਮ ਹਮਾਰਾ,

ਕਪੜਾ ਕਿਸੀ ਕਾ ਖਾਨਾ ਕਹੀਂ ਸੋਨਾ ਕਿਸੀ ਜਾ

ਗ਼ੈਰੋਂ ਹੀ ਸੇ ਹੈ ਸਾਰਾ ਸਰੰਜਾਮ ਹਮਾਰਾ,

ਹੋ ਰੰਜ ਜਹਾਂ ਪਾਸ ਨ ਜਾਂਯ ਕਬੀ ਉਸ ਕੇ

ਆਰਾਮ ਜਹਾਂ ਹੋ, ਹੈ ਵਹਾਂ ਕਾਮ ਹਮਾਰਾ,

ਜ਼ਰ ਦੀਨ ਹੈ ਕੁਰਆਨ ਹੈ ਈਮਾਂ ਹੈ ਨਬੀ ਹੈ

ਜ਼ਰ ਹੀ ਮੇਰਾ ਅੱਲਾਹ ਹੈ ਜ਼ਰ ਰਾਮ ਹਮਾਰਾ.

(ਹਰਿਸ਼ਚੰਦ੍ਰ)

ਮੁਫ਼ਤੀ: ਅ਼. مفتی ਸੰਗਜਾ- ਫ਼ਤਵਾ (فتوا) ਦੇਣ ਵਾਲਾ. ਫੈਸਲਾ ਦੇਣ ਵਾਲਾ ਜੱਜ। ੨. ਕ਼ਾਜ਼ੀ ਦਾ ਫ਼ੈਸਲਾ ਜਾਰੀ ਕਰਨ ਵਾਲਾ ਕਰਮਚਾਰੀ.

ਮੁਫ਼ੱਰਹ, ਮੁਫ਼ੱਰਹ਼: ਅ਼. مفرّح ਵਿ- ਫ਼ਰਹ਼ (ਖ਼ੁਸ਼ੀ) ਦੇਣ ਵਾਲਾ, ਵਾਲੀ.

ਮੁਫ਼ਲਿਸ: ਅ਼. مفلس ਵਿ- ਇਫ਼ਲਾਸ (ਨਿਰਧਨਤਾ) ਵਾਲਾ. ਕੰਗਾਲ.

ਮੁਫ਼ੀਦ: ਅ਼. مفید ਵਿ- ਫ਼ਾਯਦੇਮੰਦ. ਲਾਭਦਾਇਕ.

ਮੁੰਬਈ: Bombay ਸਨ ੧੬੬੧ ਵਿੱਚ ਦੂਜੇ ਚਾਰਲਸ (Charlies II) ਇੰਗਲੈਂਡ ਦੇ ਬਾਦਸ਼ਾਹ ਨਾਲ ਪੁਰਤਗਾਲ ਦੇ ਬਾਦਸ਼ਾਹ ਦੀ ਬੇਟੀ ਵਿਆਹੀ ਗਈ ਸੀ, ਜਿਸ ਦੇ ਰਾਜ ਵਿੱਚ ਇਹ ਇਲਾਕਾ ਚਾਰਲਸ ਨੂੰ ਦਿੱਤਾ ਗਿਆ ਸੀ, ਜਿਸ ਦੀ ਆਮਦਨ ਉਸ ਵੇਲੇ ੬੫੦੦ ਪੌਂਡ ਸੀ. ਸਨ ੧੬੬੮ ਵਿੱਚ ਇੰਗਲੈਂਡ ਦੇ ਬਾਦਸ਼ਾਹ ਨੇ ਮੁੰਬਈ ਈਸਟ ਇੰਡੀਆ ਕੰਪਨੀ ਦੇ ਹਵਾਲੇ ਕੀਤੀ. ਲਹੌਰ ਤੋਂ ਮੁੰਬਈ ਬੀ. ਬੀ. ਐਂਡ ਸੀ. ਆਈ. ਰੇਲਵੇ ਦੇ ਰਸਤੇ ੧੧੬੨ ਮੀਲ ਹੈ. ਇਹ ਭਾਰਤ ਵਿੱਚ ਸਭ ਤੋਂ ਵਡਾ ਸਮੁੰਦਰੀ ਬੰਦਰ (port) ਹੈ. ਇਸ ਦੀ ਜਨਸੰਖ੍ਯਾ ੧੧੭੨੯੫੩ ਹੈ.

ਮੁਬਤਲਾ: ਅ਼. مبتلا ਵਿ- ਬਲਾ ਦੇ ਕ਼ਾਬੂ ਆਇਆ। ੨. ਵਿਪਦਾ ਗ੍ਰਸਿਤ. ਮੁਸੀਬਤ ਦਾ ਮਾਰਿਆ, ਮਾਰੀ. "ਰਹੀ ਮੁਬਤਲਾ ਹਨਐ. ਇਮ ਚਰਿਤ੍ਰ ਬਿਚਾਰ ਕਰ" (ਚਰਿਤ੍ਰ ੩੯੨)

ਮੁਬੱਰਾ: ਅ਼. مبّرا ਵਿ- ਬਰੀ. ਬਚਿਆ ਹੋਇਆ। ੨. ਪਾਕ. ਪਵਿਤ੍ਰ.

ਮੁੰਬਾ: ਦੇਖੋ, ਮੁੰਬਈ। ੨. ਦੇਖੋ, ਮੰਬਾ.

ਮੁਬਾਹਸਾ, ਮੁਬਾਹ਼ਸਾ: ਅ਼. مباحسہ ਸੰਗਜਾ- ਬਹ਼ਸ (ਚਰਚਾ) ਕਰਨ ਦੀ ਕ੍ਰਿਯਾ. ਖੰਡਨ ਮੰਡਨ.

ਮੁਬਾਰਕੀ: ਸੰਗਜਾ- ਬਰਕਤ ਦੇਣ ਲਈ ਦੁਆ. ਆਸ਼ੀਰਵਾਦ. ਵਧਾਈ.

ਮੁਬਾਰਿਕ: ਅ਼. مبارک ਵਿ- ਬਰਕਤ ਸਹਿਤ.

ਮੁਬਾਲਗ਼ਾ: ਅ਼. مبالغا ਸੰਗਜਾ- ਬਲੂਗ਼ (ਹੱਦ ਨੂੰ ਪਹੁਚਾਉਣ) ਦੀ ਕ੍ਰਿਯਾ. ਕਿਸੇ ਬਾਤ ਨੂੰ ਹੱਦੋਂ ਟਪਾ ਦੇਣਾ. ਅਤਜੰਤ ਵਧਕੇ ਕਹਿਣਾ. ਅਤਿਸ਼ਯੋਕ੍ਤਿ.

ਮੁਮਸਿਕ: ਅ਼. ممسک ਇਮਸਾਕ (ਰੋਕ ਰੱਖਣ) ਵਾਲਾ. ਜੋ ਧਨ ਨੂੰ ਛਡਦਾ ਨਹੀਂ. ਕੰਜੂਸ. ਕ੍ਰਿਪਣ. ਇਸੇ ਦਾ ਰੂਪਾਂਤਰ ਮੁਨਸਿਕ ਹੋਗਿਆ ਹੈ.

ਮੁਮਕਿਨ: ਅ਼. ممکن ਇਮਕਾਨ (ਹੋ ਸਕਣ) ਦਾ ਭਾਵ. ਸੰਭਵ.

ਮੁਮਤਹਿਨ, ਮੁਮਤਹ਼ਿਨ: ਅ਼. ممتحن ਸੰਗਜਾ- ਇਮਤਹ਼ਾਨ ਲੈਣ ਵਾਲਾ. ਪਰੀਖ੍ਯਾ ਕਰਨ ਵਾਲਾ. ਪਰੀਕ੍ਸ਼ਕ.

ਮੁਮਤਾਜ਼: ਅ਼. ممتاز ਇਮਤਯਾਜ਼ (ਫ਼ਰਕ਼) ਸਹਿਤ. ਜੋ ਦਰਜੇ ਗੁਣ ਰੂਪ ਆਦਿ ਵਿੱਚ ਵਿਸ਼ੇਸ਼ ਹੈ.

ਮੁਮਾਨਅਤ, ਮੁਮਾਨਅ਼ਤ: ਅ਼. ممانعت ਸੰਗਜਾ- ਮਨਅ਼ (ਵਰਜਣ) ਦਾ ਭਾਵ. ਰੋਕ. ਬੰਦਿਸ਼.

ਮੁਮਾਰਖ, ਮੁਮਾਰਖੀ: ਦੇਖੋ, ਮੁਬਾਰਕੀ ਅਤੇ ਮੁਬਾਰਿਕ.

ਮੁਮਿਆਈ: ਦੇਖੋ, ਮੋਮਿਆਈ.

ਮੁਮੁਕ੍ਸ਼ਾ, ਮੁਮੁਕ੍ਸ਼, ਮੁਮੁਕ੍ਸ਼ਤਾ, ਮੁਮੱਖੂ, ਮੁਮੱਛੂ, ਮੁਮੋਖੂ, ਮੁਮੋਛੂ: ਸੰਗ੍ਯਾ- ਮੋਕ੍ਸ਼ (ਮੁਕਤਿ) ਦੀ ਇੱਛਾ, ਮੁਕ੍ਤਿ ਪ੍ਰਾਪਤ ਕਰਨ ਦੀ ਚਾਹ। ੨. ਵਿ- ਮੋਕ੍ਸ਼ ਦੀ ਇੱਛਾ ਵਾਲਾ.

ਮੁਯਉ: ਮੋਇਆ. ਮ੍ਰਿਤ੍ਯੁ ਨੂੰ ਪ੍ਰਾਪਤ ਹੋਇਆ. "ਕਵਣੁ ਕਹੈ ਸ੍ਰੀ ਗੁਰੁ ਮੁਯਉ?" (ਸਵੈਯੇ ਮਃ ੫. ਕੇ)

ਮੁਯਸਰ: ਅ਼. مُیسّر ਵਿ- ਜੋ ਯੁਸਰ (ਆਸਾਨੀ) ਨਾਲ ਮਿਲਿਆ ਹੈ. ਪ੍ਰਾਪ੍ਤ. ਹ਼ਾਸਿਲ.

ਮੁਯੇ: ਦੇਖੋ, ਮੁਈਏ. "ਰਸਨਾ ਹਰਿਰਸੁ ਚਾਖੁ, ਮੁਯੇ!" (ਗਉ ਛੰਤ ਮਃ ੩) ਹੇ ਮੋਈਏ! (ਇਖ਼ਲਾਕੀ ਜ਼ਿੰਦਗੀ ਅਤੇ ਪੁਰੁਸ਼ਾਰਥ ਰਹਿਤ ਜਿਗ੍ਯਾਸੁ ਰੂਪ ਇਸਤ੍ਰੀਏ!)

ਮੁਰ: ਦੇਖੋ, ਮੁੜ. "ਮੁਰ ਕੀਨ ਪਿਆਨ." (ਸਲੋਹ) ੨. ਪੂਰ. ਸਰਵ- ਮੇਰਾ. ਮੇਰੀ. ਮੇਰੇ. "ਮੁਰ ਪਿਤ ਪੂਰਬ ਕਿਯਸ ਪਯਾਨਾ." (ਵਿਚਿਤ੍ਰ) "ਮੁਰ ਕਰੀ ਸਹਾਯ." (ਵਿਚਿਤ੍ਰ) ੩. ਮਯੂਰ. ਮੋਰ. "ਜਨੁ ਮੁਰ ਬੋਲੈਂ ਸੁਨ ਘਨਗਾਜਾ" (ਅਜਰਾਜ) ੪. ਸੰ. ਮੁਰ (ਸੁਰ੍). ਧਾ- ਘੇਰਨਾ, ਲਪੇਟਣਾ। ੫. ਸੰਗ੍ਯਾ- ਇੱਕ ਦੈਤ, ਜਿਸ ਦੇ ਪੁਰਾਣਾਂ ਅਨੁਸਾਰ ਪੰਜ ਸਿਰ ਅਤੇ ਸੱਤ ਹਜ਼ਾਰ ਪੁਤ੍ਰ ਮਹਾ ਬਲਵਾਨ ਸਨ. ਇਹ ਭੌਮਾਸੁਰ (ਨਰਕ) ਦਾ ਮਿਤ੍ਰ ਸੀ. ਇਸ ਲਈ ਉਸ ਦੀ ਸਹਾਇਤਾ ਲਈ ਜੰਗ ਵਿੱਚ ਕ੍ਰਿਸ਼ਨ ਜੀ ਨਾਲ ਲੜਕੇ ਮੋਇਆ। ੬. ਘੇਰਣ ਦੀ ਕ੍ਰਿਯਾ. ਲਪੇਟਣਾ। ੭. ਅਗ੍ਯਾਨ, ਜੋ ਸਭ ਨੂੰ ਆਪਣੇ ਘੇਰੇ ਵਿੱਚ ਲੈਕੇ ਚੌਰਾਸੀ ਭ੍ਰਮਾਉਂਦਾ ਹੈ.

ਮੁਰਸ਼ਦ: ਦੇਖੋ, ਮੁਰਸ਼ਿਦ.

ਮੁਰਸਲਾ: ਅ਼. مُرسلہ ਵਿ- ਜੋ ਇਰਸਾਲ ਕੀਤਾ ਗਿਆ ਹੈ. ਭੇਜਿਆ ਹੋਇਆ.

ਮੁਰਸ਼ਿਦ: ਅ਼. مُرشِد ਇਰਸ਼ਾਦ (ਆਗ੍ਯਾ) ਕਰਨ ਵਾਲਾ. ਹਦਾਇਤ ਕਰਨ ਵਾਲਾ, ਗੁਰੂ. ਪੀਰ.

ਮੁਰਸ਼ਿਦਾਬਾਦ: ਦੇਖੋ, ਮੁਕਸੂਦਾਬਾਦ.

ਮੁਰੱਸਾ: ਅ਼. مُرصّع ਵਿ- ਰਸਅ਼ (ਜੜਤੀ) ਸਹਿਤ. ਰਤਨ ਜਟਿਤ. ਜੜਾਊ. "ਲਾਲਨ ਮੁਰੱਸੇ ਕਾਰ." (ਸਲੋਹ)

ਮੁਰਕਹਿ: ਮੇਰੇ ਪਾਸ. "ਪੂਜ ਜਾਨ ਕਰ ਜੋ ਤਰੁਨਿ ਮੁਰਕਹਿ ਕਰਤ ਪਯਾਨ." (ਚਰਿਤ੍ਰ ੨੨) ੨. ਮੁੜਕੇ. ਲੌਟਕਰ.

ਮੁਰੱਕਬ: ਅ਼. مُرکّب ਵਿ- ਤਰਕੀਬ ਸਹਿਤ. ਮਿਲਾਇਆ ਹੋਇਆ. ਮਿਸ਼੍ਰਿਤ.

ਮੁਰੱਖਾ, ਮੁਰ਼ੱਖਾ: ਮੁਹਰੇ ਰੱਖਿਆ ਹੋਇਆ. ਮੁਖੀਆ। ੨. ਬਦਰੱਕਾ ਰਾਹ ਦੱਸਣ ਵਾਲਾ. "ਸੰਗ ਮੁਰੱਖੇ ਦੋਇ ਸਊਰ." (ਗੁਪ੍ਰਸੂ) ਰਾਹ ਦੱਸਣ ਵਾਲੇ ਦੋ ਸਵਾਰ.

ਮੁਰਗ਼: ਫ਼ਾ. مُرغ ਸੰਗ੍ਯਾ- ਪੰਛੀ। ੨. ਸੂਰਜ। ੩. ਕੁੱਕੜ.

ਮੁਰਗਾਈ, ਮੁਰਗਾਬੀ: ਸੰਗ੍ਯਾ- ਆਬੀ ਮੁਰਗ਼. ਜਲ ਦਾ ਪੰਛੀ. "ਮੁਰਗਾਈ ਨੈਸਾਣੇ." (ਸਿਧਗੋਸਟਿ)

ਮੁਰਗੀ: ਦੇਖੋ, ਮੁਰਗ। ੨. ਮੁਰਗ (ਕੁੱਕੜ) ਦੀ ਮਦੀਨ. "ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ਮਾਰੈ?" (ਪ੍ਰਭਾ ਕਬੀਰ)

ਮੁਰਛ: ਸੰ. ਸੂਰ੍ਛ੍. ਧਾ- ਕਰੜਾ ਹੋਣਾ, ਬੇਹੋਸ਼ ਹੋਣਾ, ਬੇਸਮਝ ਹੋਣਾ। ੨. ਦੇਖੋ, ਮੂਰਛਿਤ. "ਮੂਰਛ ਭਏ ਸਭ ਲਏ ਉਠਾਈ." (ਰਾਮਾਵ)

ਮੁਰਛਾਯੋ: ਮੂਰਛਿਤ ਕੀਤਾ. ਬੇਹੋਸ਼ ਕੀਤਾ. "ਗਨੇਸ਼ ਕੋ ਘਾਯਲਕੈ ਮੁਰਛਾਯੋ." (ਕ੍ਰਿਸਨਾਵ)

ਮੁਰਛਾਲਾ: ਮੂਰਛਾ ਵਾਲਾ. ਬੇਹੋਸ਼ ਹੋਇਆ. "ਬਿਕਲ ਪਰਜੋ ਧਰਨੀ ਮੁਰਛਾਲਾ." (ਨਾਪ੍ਰ)

ਮੁਰਜ: ਸੰ. ਸੰਗਯਾ- ਚੰਮ ਦੀਆਂ ਵੱਧਰੀਆਂ ਨਾਲ ਲਪੇਟਿਆ ਬਾਜਾ, ਮ੍ਰਿਦੰਗ. ਦੇਖੋ, ਮੁਰ ਧਾ। ੨. ਖੰਜਰੀ. "ਮੁਰਜ ਤੂਰ ਮੁਚੰਗ ਮੰਦਲ." (ਯੁਧਿਸਟਰਰਾਜ) ਦੇਖੋ, ਮੁਚੰਗ.

ਮੁਰਝਾਉਣਾ: ਕ੍ਰਿ- ਮੁਰਦਾ- ਝਾਂਈ- ਆਉਣਾ. ਮੁਰਦਾ ਹੋਣ ਦੀ ਝਲਕ ਦਿਖਾਈ ਦੇਣੀ. ਮੁਰਛਾਉਣਾ.

ਮੁਰਟੀਐ: ਦੇਖੋ, ਕੰਨ ਮੁਰਟਨਾ.

ਮੁਰਤਹਿਨ: ਅ਼. مرتہن ਵਿ- ਰਹਨ (ਗਿਰੋ) ਲੈਣ ਵਾਲਾ. ਜੋ ਕਿਸੇ ਦੀ ਵਸ੍ਤੁ ਆਪਣੇ ਪਾਸ ਗਹਿਣੇ ਰਖਦਾ ਹੈ.

ਮੁਰਤਕਿਬ: ਅ਼. مرتکب ਵਿ- ਇਰਤਕਾਬ (ਕਰਮ) ਕਰਨ ਵਾਲਾ. ਕਿਸੇ ਕ੍ਰਿਯਾ ਦਾ ਕਰਤਾ. ਖ਼ਾਸ ਕਰਕੇ ਕੁਕਰਮ ਕਰਨ ਵਾਲਾ.

ਮੁਰਤਜਾ: ਅ਼. مرتجا ਵਿ- ਇਰਤਜਾ (ਉਮੀਦ) ਕੀਤਾ ਗਿਆ. ਜਿਸ ਤੋਂ ਕਿਸੇ ਬਾਤ ਦੀ ਆਸ਼ਾ ਰੱਖੀ ਜਾਵੇ। ੨. ਅ਼. مرتضا ਮੁਰਤਜ਼ਾ. ਇਰਤਜਾ (ਪ੍ਰਸੰਨਤਾ) ਪ੍ਰਾਪਤ ਕਰਨ ਵਾਲਾ. ਖ਼ੁਸ਼ੀ ਹਾਸਿਲ ਕਰਨ ਵਾਲਾ.

ਮੁਰਦਗਾਂ: ਫ਼ਾ. مردگان ਬਹੁਵਚਨ ਹੈ ਮੁਰਦਹ ਦਾ. ਮ੍ਰਿਤਕਗਣ.

ਮੁਰਦਨ: ਫ਼ਾ. مردن ਕ੍ਰਿ- ਮਰਣਾ. ਪ੍ਰਾਣ ਤਿਆਗਣੇ.

ਮੁਰਦਨਿ: ਵਿ- ਫਾਹੁਣ ਵਾਲੀ. ਮਾਰਣ ਵਾਲੀ। ੨. ਸੰਗਯਾ- ਫਾਹੀ. ਪਾਸ਼. (ਸਨਾਮਾ)

ਮੁਰਦਾ: ਫ਼ਾ. مردہ ਵਿ- ਮੋਇਆ ਹੋਇਆ. ਮ੍ਰਿਤਕ. ਪ੍ਰਾਣ ਰਹਿਤ.

ਮੁਰਦਾਸਿੰਗ, ਮੁਰਦਾਸੰਗ: ਫ਼ਾ. مرداسنگ ਮੁਰਦਾਰਸੰਗ. ਸੰ. ਬੋਦਾਰ Massicot. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਇਹ ਕਬਜ ਅਤੇ ਵਮਨ (ਕ਼ਯ) ਕਰਨ ਵਾਲੀ ਹੈ. ਖਲੜੀ ਦੀਆਂ ਬੀਮਾਰੀਆਂ ਨੂੰ, ਕਫ ਅਤੇ ਵਾਉਗੋਲੇ ਆਦਿ ਰੋਗਾਂ ਨੂੰ ਦੂਰ ਕਰਦੀ ਹੈ.

ਮੁਰਦਾਰ, ਮੁਰਦਾਰੁ: ਫ਼ਾ. مردار ਲੋਥ. ਸ਼ਵ. ਪ੍ਰਾਣ ਰਹਿਤ ਦੇਹ। ੨. ਸ੍ਵਸਤਕਾਰ ਅਤੇ ਸ਼ੂਰਵੀਰਤਾ ਰਹਿਤ. "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ." (ਵਾਰ ਆਸਾ) ਭੋਹ (ਭੂਸੇ) ਨਾਲ ਭਰੀਆਂ ਲੇਖਾਂ। ੩. ਭਾਵ ਮੁਰਦਾਰ ਤੱਲ ਅਪਵਿਤ੍ਰ ਚੀਜ਼. ਧਰਮ ਅਨੁਸਾਰ ਨਾ ਖਾਣ ਯੋਗਯ. ਹਰਾਮ.

"ਕੂੜੁ ਬੋਲਿ ਮੁਰਦਾਰੁ ਖਾਇ." (ਮਃ ੧. ਵਾਰ ਮਾਝ)

"ਦੁਨੀਆ ਮੁਰਦਾਰਖੁਰਦਨੀ." (ਤਿਲੰ ਮਃ ੫) "ਠਗਿ ਖਾਧਾ ਮੁਰਦਾਰੁ." (ਸ੍ਰੀ ਮਃ ੧)

ਮੁਰਦਿਹਾਣ: ਮੁਰਦੇ ਦੀ ਹਾਲਤ. ਮ੍ਰਿਤਕ ਦਸ਼ਾ। ੨. ਮੁਰਦੇ ਦੀ ਗੰਧ. ਮੜਿਹਾਣ.

ਮੁਰਨਾ: ਕ੍ਰਿ- ਮੁੜਨਾ. ਹਟਣਾ. ਲੌਟਣਾ. "ਮੁਰਜੋ ਧਾਮ ਆਯੰ." (ਨਾਪ੍ਰ) ੨. ਲਚਕਣਾ. ਝੁਕਣਾ. "ਜਿਹ ਜਿਹ ਡਾਲੀ ਪਗੁ ਧਰਉ, ਸੋਈ ਮੁਰਿ ਮੁਰਿ ਜਾਇ." (ਸ. ਕਬੀਰ)

ਮੁਰੱਬਾ: ਅ਼. مربا ਸੰਗਯਾ- ਤਰਬੀਯਤ ਪਾਇਆ ਹੋਇਆ. ਪਰਵਰਿਸ਼ ਕੀਤਾ ਹੋਇਆ। ੨. ਸ਼ਹਦ ਅਥਵਾ ਖੰਡ ਆਦਿ ਦੇ ਗਾੜ੍ਹੇ ਰਸ ਵਿੱਚ ਪਾਇਆ ਹੋਇਆ. ਫਲ. "ਆਨ ਮੁਰੱਬੇ ਜੇ ਫਲ ਨਾਨਾ." (ਗੁਪ੍ਰਸੂ) ੩. ਅ਼. مربع ਮੁਰੱਬਅ਼ ਵਿ- ਚੌਕੋਣਾ (square). ੪. ਵਰਤਮਾਨ ਸਮੇਂ "ਮੁਰੱਬਾ" ਜ਼ਮੀਨ ਦਾ ਇੱਕ ਪਾਪ ਹੈ, ਜਿਸ ਦੀ ਮਿਣਤੀ ਕਿਤੇ ਪੱਚੀ ਏਕੜ ਕਿਤੇ ਵੀਹ ਏਕੜ ਹੈ.

ਮੁਰੱਬੀ: ਅ਼. مربی ਵਿ- ਤਰਬੀਯਤ (ਪਰਵਰਿਸ਼) ਕਰਨ ਵਾਲਾ। ੨. ਸਹਾਇਕ.

ਮੁਰਮਰਦਨ: ਮੁਰ ਦੈਤ ਦੇ ਨਾਸ਼ ਕਰਨ ਵਾਲਾ, ਕ੍ਰਿਸ਼ਨਦੇਵ। ੨. ਚਕ੍ਰ.[1025] (ਸਨਾਮਾ) ੩. ਅਗ੍ਯਾਨ ਵਿਨਾਸ਼ਕ ਸਤਿਗੁਰੂ. ਦੇਖੋ, ਮੁਰ ੪. ਅਤੇ ੭.

ਮੁਰਮਰਦਨਨਿ: ਮੁਰਮਰਦਨ (ਕ੍ਰਿਸ਼ਨ) ਦੀ ਵਹੁਟੀ ਯਮੁਨਾ. (ਸਨਾਮਾ)

ਮੁਰਰਾ: ਸੰ. ਮੁਰਰਾਤਿਸਾਰ. ਮਰੋੜਾ. ਪੇਚਿਸ਼. "ਬਾਇ ਭਈ ਮੁਰਰਾ ਧੌਂ ਦਈ ਉਡਾਇਕੈ." (ਚਰਿਤ੍ਰ ੨੩੧) ਬਾਈ (ਵਾਤ ਰੋਗ) ਨਾਲ ਮਰੋੜਾ ਹੋਗਿਆ, ਦੇਖੋ, ਮਰੋੜਾ। ੨. ਗਿਆਨੀ ਅਰਥ ਕਰਦੇ ਹਨ-

ਮੁਰ (ਮੇਰੇ) ਰਾ (ਰਾਜਾ) ਨੂੰ ਬਾਈ ਦਾ ਰੋਗ ਹੋਗਿਆ.

ਮੁਰਲਾ: ਮੋਰ ਦਾ ਬੱਚਾ. ਮਯੂਰਪੁਤ੍ਰ. "ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ." (ਨਟ ਮਃ ੪) ੨. ਸੰ. ਨਰਮਦਾ ਨਦੀ। ੩. ਮੁਰਲੀ. ਵੰਸ਼ਰੀ.

ਮੁਰਲਿਕਾ, ਮੁਰਲੀ: ਵੰਸ਼ਰੀ. ਦੇਖੋ, ਮੁਰਲਾ ੩. "ਸੁਤਨੰਦ ਬਜਾਵਤ ਹੈ ਮੁਰਲੀ." (ਕ੍ਰਿਸਨਾਵ)

ਮੁਰਲੀਧਰ: ਮੁਰਲੀ (ਵੰਸ਼ਰੀ) ਰੱਖਣ ਵਾਲਾ ਕ੍ਰਿਸ਼ਨਦੇਵ.

ਮੁਰਲੀ ਮਨੋਹਰ: ਮੁਰਲੀ ਦੀ ਧੁਨਿ ਨਾਲ ਮਨ ਚੁਰਾਉਣ ਵਾਲਾ. "ਮੁਰਲੀ ਮਨੋਹਰ ਹਰਿ ਰੰਗਾ." (ਮਾਰੂ ਸੋਲਹੇ ਮਃ ੫)

ਮੁਰਵਾ: ਮੋਰ। ੨. ਮੋਰ ਦਾ ਬੱਚਾ। ੩. ਸਰਵ- ਮੇਰਾ.

ਮੁਰਵੀ: ਸੰ. ਮੌਰਵੀ. ਸੰਗਯਾ- ਰੱਸੀ। ੨. ਚਿੱਲਾ. ਧਨੁਖ ਦੀ ਡੋਰੀ. "ਬਾਕੋਂ ਕੀ ਕੈ ਮੁਰਵੀ ਤਨਕੈ ਧਨੁ." (ਕ੍ਰਿਸਨਾਵ) ਬਚਨਾਂ ਦੀ ਜਿਹ ਕਰਕੇ.

ਮੁਰੱਵਜ: ਅ਼. مُروّج ਵਿ- ਰਿਵਾਜ ਵਿੱਚ ਆਇਆ ਹੋਇਆ. ਪ੍ਰਚਲਿਤ.

ਮੁਰੱਵਤ: ਅ਼. مُروّت ਸੰਗਯਾ- ਮੁਰੁਵਤ. ਮਰਦਮੀ. ਮਰਦਊ। ੨. ਭਲਾ ਵਰਤਾਉ.

ਮੁਰੜ: ਡਿੰਗ. ਅਹੰਕਾਰ. ਘਮੰਡ. ਮਰੋੜਾ. ਐਂਠ.

ਮੁਰਾਸਲਾ, ਮੁਰਾਸਿਲਾ: ਅ਼. مُراسلہ ਵਿ- ਇਰਸਾਲ (ਭੇਜਿਆ) ਹੋਇਆ। ੨. ਸੰਗਯਾ- ਭੇਜੀ ਹੋਈ ਚਿੱਠੀ। ੩. ਮਹਾਰਾਜਾ ਅਥਵਾ ਬਾਦਸ਼ਾਹ ਵੱਲੋਂ ਭੇਜਿਆ ਹੋਇਆ ਖ਼ਤ.

ਮੁਰਾਦ: ਅ਼. مُراد ਜਿਸ ਲਈ ਇਰਾਦਾ (ਸੰਕਲਪ) ਕੀਤਾ ਜਾਵੇ. ਇੱਛਾ ਕੀਤੀ ਵਸ੍ਤੁ। ੨. ਮਤਲਬ. ਮਕਸਦ. "ਜਬ ਮੁਰਾਦ ਤਿਨੋ ਹਾਸਿਲ ਹੁਈ." (ਗੁਪ੍ਰਸੂ) ੩. ਮੁਰਾਦਬਖ਼ਸ਼ ਦਾ ਸੰਖੇਪ ਨਾਮ, ਜੋ ਸ਼ਾਹਜਹਾਂ ਬਾਦਸ਼ਾਹ ਦਾ ਪੁਤ੍ਰ ਸੀ. ਦੇਖੋ, ਸ਼ਾਹਜਹਾਂ.

ਮੁਰਾਦਬੇਗਮ: ਮੀਰਮੰਨੂ ਦੀ ਬੇਗਮ, ਜਿਸ ਨੇ ਪਤੀ ਦੇ ਮਰਣ ਪਿੱਛੋਂ ਆਪਣੇ ਨਾਬਾਲਗ ਪੁਤ੍ਰ ਅਮੀਨੁੱਦੀਨ ਨੂੰ ਲਹੌਰ ਦਾ ਸੂਬਾ ਥਾਪਕੇ ਹੁਕੂਮਤ ਆਪਣੇ ਹੱਥ ਲਈ. ਅਦੀਨਾਬੇਗ ਸੂਬਾ ਜਲੰਧਰ ਨੇ ਸ਼ਾਹ ਦਿੱਲੀ ਦੇ ਹੁਕਮ ਨਾਲ ਮੁਰਾਦਬੇਗਮ ਨੂੰ ਹਟਾਕੇ ਲਹੌਰ ਦੀ ਸਰਦਾਰੀ ਸਾਂਭੀ. ਦੇਖੋ, ਅਦੀਨਾ ਬੇਗ ਅਤੇ ਮੀਰ ਮੰਨੂ.

ਮੁਰਾਦਾਬਾਦ: ਯੂ. ਪੀ. ਵਿੱਚ ਇੱਕ ਸ਼ਹਰ, ਜੋ ਜਿਲੇ ਦਾ ਪ੍ਰਧਾਨ ਅਸਥਾਨ ਹੈ. ਇਹ ਰਾਮਗੰਗਾ ਦੇ ਸੱਜੇ ਕਿਨਾਰੇ ਆਬਾਦ ਹੈ. ਇਹ ਨਗਰ ਰੁਸ੍ਤਮਖ਼ਾਨ ਸ਼ਾਹਜਹਾਂ ਦੇ ਅਹਿਲਕਾਰ ਨੇ ਸ਼ਾਹਜ਼ਾਦਾ ਮੁਰਾਦਬਖ਼ਸ਼ ਦੇ ਨਾਮ ਪੁਰ ਵਸਾਇਆ ਸੀ. ਮੁਰਾਦਾਬਾਦ ਕਲਕੱਤੇ ਤੋਂ ੮੬੮ ਅਤੇ ਬੰਬਈ ਤੋਂ ੧੦੮੭ ਮੀਲ ਹੈ. ਆਬਾਦੀ ੮੨੭੧੩ ਹੈ.

ਮੁਰਾਰਿ: ਮੁਰ- ਅਰਿ. ਮੁਰ ਦੈਤ ਦਾ ਵੈਰੀ ਕ੍ਰਿਸ਼ਨਦੇਵ।

---

[1025] ਕ੍ਰਿਸ਼ਨ ਜੀ ਨੇ ਮੁਰ ਨੂੰ ਚਕ੍ਰ ਨਾਲ ਮਾਰਿਆ ਸੀ.

੨. ਅਗਜਾਨ ਵਿਨਾਸ਼ਕ ਗੁਰੁ. ਦੇਖੋ, ਮੁਰ ਧਾ।

੩. ਕਰਤਾਰ. "ਮੁਰਾਰਿ, ਸਹਾਇ ਹੋਹੁ ਦਾਸ ਕਉ." (ਧਨਾ ਮਃ ੫) ੪. ਦੇਖੋ, ਮਰਾਰਿ ੨.

ਮੁਰਾਰੀ: ਦੇਖੋ, ਮੁਰਾਰਿ। ੨. ਧੌਣ ਗੋਤ ਦਾ ਖਤ੍ਰੀ ਰੋਹਤਾਸ ਨਿਵਾਸੀ, ਜੋ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ ਹੋਕੇ ਆਤਮਗਜਾਨੀ ਹੋਇਆ। ੩. ਅਣਦ ਗੋਤ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨਦੇਵ ਜੀ ਤੋਂ ਉਪਦੇਸ਼ ਲੈ ਕੇ ਪਰੋਪਕਾਰੀ ਹੋਇਆ। ੪. ਦੇਖੋ, ਮਥੋ ਮੁਰਾਰੀ.

ਮੁਰਾਲਾ: ਡਿੰਗ. ਘੋੜੇ ਦੀ ਦੁੰਮ। ੨. ਮੋਰ ਦੀ ਪੂਛਲ.

ਮੁਰਿ: ਮੁੜਕੇ. ਲੌਟਕੇ. ਪਰਤਕੇ.

ਮੁਰੀਂਡਾ: ਦੇਖੋ, ਮੁਰੰਡਾ.

ਮੁਰੀਦ: مُرید ਵਿ- ਇਰਾਦਾ ਕਰਨ ਵਾਲਾ। ੨. ਸੰਗਜਾ- ਮੁਕਤਿ ਦਾ ਇਰਾਦਾ (ਸੰਕਲਪ) ਕਰਕੇ ਗੁਰੂ ਦੀ ਸ਼ਰਣ ਗ੍ਰਹਣ ਕਰਨ ਵਾਲਾ। ੩. ਚੇਲਾ। ੪. ਦੇਖੋ, ਧੁਨੀ (ਓ).

ਮੁਰੇਲਾ: ਮੋਰ ਦਾ ਬੱਚਾ.

ਮੁਰੰਡਾ: ਭੁੰਨੀਹੋਈ ਕਣਕ ਨਾਲ ਗੁੜ ਮਿਲਾਕੇ ਬਣਾਇਆ ਹੋਇਆ ਪਿੰਨਾ. ਇਸ ਨੂੰ ਮੁਰੀਂਡਾ ਭੀ ਆਖਦੇ ਹਨ। ੨. ਦੇਖੋ, ਮੋਰੰਡਾ.

ਮੁਰੰਮਤ: ਦੇਖੋ, ਮਰੰਮਤ.

ਮੁਰੈਲਾ, ਮੁਰੈਲੀ: ਮੁਹਰੇ (ਅੱਗੇ) ਹੋਣ ਵਾਲਾ. ਆਗੂ. ਮੁਖੀਆ. ਪੇਸ਼ਵਾ.

ਮੁਲ: ਸੰ. ਮੂਲਜ. ਸੰਗਜਾ- ਕ਼ੀਮਤ.

ਮੁਲਹਦ, ਮੁਲਹ਼ਦ, ਮੁਲਹਿਦ, ਮੁਲਹ਼ਿਦ: ਅ਼. مُلحِد ਵਿ- ਇਲਹ਼ਾਦ (ਬੇਦੀਨੀ) ਰੱਖਣ ਵਾਲਾ. ਧਰਮ ਤੋਂ ਵਿਮੁਖ. ਦੇਖੋ, ਮੁਨਾਫਿਕ.

ਮੁਲਕ: ਅ਼. مُلک ਸੰਗਜਾ- ਦੇਸ਼। ੨. ਰਾਜ. ਬਾਦਸ਼ਾਹਤ.

ਮੁਲਕੀ ਲਾਟ: ਹਿੰਦੁਸਤਾਨ ਦੇ ਪ੍ਰਬੰਧ ਦਾ ਵਡਾ ਅਹੁਦੇਦਾਰ. ਗਵਰਨਰ ਜਨਰਲ. ਵਾਇਸਰਾਇ.

ਮੁਲਖ: ਦੇਖੋ, ਮੁਲਕ.

ਮੁਲਖਈਆ: ਮੁਲਕ (ਦੇਸ਼) ਨਿਵਾਸੀ ਲੋਕਾਂ ਦਾ ਗਰੋਹ. ਮੁਲਕ ਦੀ ਪ੍ਰਜਾ.

ਮੁਲਖਰੀਦੀ: ਦਾਮ ਦੇਕੇ ਲਿਆ ਹੋਇਆ. "ਮੁਲਖਰੀਦੀ ਲਾਲਾ ਗੋਲਾ." (ਮਾਰੂ ਮਃ ੧)

ਮੁਲਖੁ: ਦੇਖੋ, ਮੁਲਕ. "ਅਲਹੁ ਏਕੁ ਮਸੀਤਿ ਬਸਤੁ ਹੈ, ਅਵਰੁ ਮੁਲਖੁ ਕਿਸੁ ਕੇਰਾ?" (ਪ੍ਰਭਾ ਕਬੀਰ)

ਮੁਲਖੈਯਾ: ਦੇਖੋ, ਮੁਲਖਈਆ.

ਮੁਲਜ਼ਮ: ਅ਼. مُلزم ਵਿ- ਜਿਸ ਉੱਪਰ ਇਲਜ਼ਾਮ (ਦੋਸ਼) ਲਾਇਆ ਗਿਆ ਹੈ.

ਮੁਲੱਠੀ: ਸੰ. ਯਸ਼੍ਟਿਮਧੁ. Glycyrrhiza glabra ਇਸ ਦੀ ਤਾਸੀਰ ਸਰਦ ਤਰ[1026] ਹੈ. ਇਹ ਖਾਂਸੀ ਨਜਲੇ ਨੂੰ ਹਟਾਉਂਦੀ

---

[1026] ਯੂਨਾਨੀ ਹਕੀਮ ਗਰਮ ਖੁਸ਼ਕ ਮੰਨਦੇ ਹਨ.

ਹੈ. ਅੰਤੜੀ ਤੋਂ ਮਲ ਝਾੜਦੀ ਹੈ. ਮੇਦੇ ਦੀ ਸੋਜ ਦੂਰ ਕਰਦੀ ਅਤੇ ਪਿਆਸ ਬੁਝਾਉਂਦੀ ਹੈ. ਪੱਠਿਆਂ ਨੂੰ ਤਾਕਤ ਦਿੰਦੀ ਹੈ. ਫੇਫੜੇ ਅਤੇ ਗਲੇ ਨੂੰ ਸਾਫ ਕਰਦੀ ਹੈ. ਮੁਲੱਠੀ ਨੂੰ ਛਿੱਲੇ ਬਿਨਾ ਵਰਤਣਾ ਚੰਗਾ ਨਹੀਂ, ਛਿਲਕਾ ਕਈ ਵਿਕਾਰ ਕਰਦਾ ਹੈ.

ਮੁਲਤਮਿਸ: ਅ਼. مُلتمِس ਵਿ- ਇਲਤਮਾਸ (ਪ੍ਰਾਰਥਨਾ) ਕਰਨ ਵਾਲਾ. ਪ੍ਰਾਰਥਕ. ਅਰਦਾਸ ਕਰਨ ਵਾਲਾ.

ਮੁਲਤਵੀ: ਅ਼. مُلتوی ਵਿ- ਜੋ ਇਲਤਿਵਾ (ਅਟਕਾਇਆ) ਹੋਇਆ ਹੈ। ੨. ਲਪੇਟਕੇ ਰੱਖਿਆ ਹੋਇਆ.

ਮੁਲਤਾਨ: ਸੰ. मूलत्राण- ਮੂਲਤ੍ਰਾਣ. ਪੂਰਵ ਕਾਲ ਵਿੱਚ ਜਿੱਥੇ ਭਗਤ ਦੀ ਤ੍ਰਾਣ (ਰਖ੍ਯਾ) ਹੋਈ ਹੈ.[1027] ਪੰਜਾਬ ਦੀ ਇੱਕ ਕਮਿਸ਼ਨਰੀ ਦਾ ਪ੍ਰਧਾਨ ਨਗਰ. ਇਹ ਬਹੁਤ ਪੁਰਾਣਾ ਸ਼ਹਿਰ ਹੈ. ਹਰਨਾਖਸ ਅਤੇ ਹਿਰਨਕਸ਼ਿਪੁ ਇਸੇ ਥਾਂ ਹੋਏ ਹਨ. ਪ੍ਰਹਲਾਦ ਦੀ ਰਖ੍ਯਾ ਨਰਸਿੰਘ ਨੇ ਜਿਸ ਜਗਾ ਕੀਤੀ ਹੈ. ਉਸ ਦਾ ਸਮਾਰਕ ਮੰਦਿਰ ਕਿਲੇ ਅੰਦਰ ਵਿਦ੍ਯਮਾਨ ਹੈ. ਸਤਿਗੁਰੂ ਨਾਨਕਦੇਵ ਦੇ ਵਿਰਾਜਣ ਦਾ ਅਸਥਾਨ ਪੀਰਾਂ ਦੇ ਮਕਾਨ ਵਿੱਚ ਹੈ, ਪੁਜਾਰੀ ਮੁਸਲਮਾਨ ਹਨ. ਮੁਲਤਾਨ ਵਿੱਚ ਸੂਰਜ ਦਾ ਮੰਦਿਰ ਭੀ ਬਹੁਤ ਪ੍ਰਾਚੀਨ ਹੈ.

ਮੁਲਤਾਨ ਤੇ ਚਿਰਤੀਕ ਮੁਗਲ ਬਾਦਸ਼ਾਹਾਂ ਦਾ ਕਬਜਾ ਰਿਹਾ. ਸਨ ੧੭੫੨ ਤੋਂ ਅਫਗਾਨਿਸਤਾਨ ਦੀ ਹੁਕੂਮਤ ਰਹੀ. ਫੇਰ ਸ਼ੁਜਾਖਾਨ ਅਤੇ ਉਸ ਦਾ ਪੁਤ੍ਰ ਮੁਜ਼ਫ਼ਰਖਾਨ ਸ੍ਵਤੰਤ੍ਰ ਮਾਲਿਕ ਬਣ ਬੈਠੇ.

ਸਨ ੧੮੧੮ ਵਿੱਚ ਮਹਾਰਾਜਾ ਰਣਜੀਤਸਿੰਘ ਨੇ ਮੁਲਤਾਨ ਨੂੰ ਫਤੇ ਕੀਤਾ, ਅਰ ਜਨਵਰੀ ਸਨ ੧੮੪੯ ਵਿੱਚ ਇਸ ਪੁਰ ਅੰਗ੍ਰੇਜ਼ਾਂ ਦਾ ਕਬਜਾ ਹੋਇਆ.

ਮੁਲਤਾਨ ਲਹੌਰ ਤੋਂ ੨੦੭, ਕਰਾਚੀ ਤੋਂ ੫੪੮ ਮੀਲ ਹੈ ਅਤੇ N. W. R. ਦਾ ਭਾਰੀ ਸਟੇਸ਼ਨ ਹੈ. ਇੱਥੇ ਅੰਗ੍ਰੇਜ਼ੀ ਫ਼ੌਜ ਦੀ ਵਡੀ ਛਾਉਣੀ ਹੈ. ਮੁਲਤਾਨ ਦੀ ਆਬਾਦੀ ੮੬੨੫੧ ਹੈ.

ਮੁਲਵਈ: ਮਾਲਵੇ ਦੇਸ਼ ਦਾ ਵਸਨੀਕ.

ਮੁਲਵਾਣਾ: ਦੇਖੋ, ਮਉਲਾਣਾ.

ਮੁਲਾ, ਮੁਲਾਂ, ਮੁੰਲਾ: ਅ਼. مُلّا ਮੁੱਲਾ. ਸੰਗ੍ਯਾ- ਮਲ਼ਅ੍ਹ (ਪੂਰਣ) ਹੋਇਆ. ਜੋ ਵਿਦ੍ਯਾ ਨਾਲ ਪੂਰਣ ਹੈ. ਆ਼ਲਿਮ. ਵਿਦ੍ਵਾਨ. "ਪੰਡਿਤ ਮੁਲਾਂ ਛਾਡੇ ਦੋਊ." (ਭੈਰ ਕਬੀਰ) "ਨਾ ਓਇ ਕਾਜੀ ਮੁੰਲਾ." (ਮਃ ੧. ਵਾਰ ਮਾਝ)

ਮੁਲਾਇਮ: ਦੇਖੋ, ਮੁਲਾਯਮ.

ਮੁਲਾਈ: ਮੁੱਲ ਪਵਾਈ. ਕੀਮਤ ਕਰਾਈ। ੨. ਮੁੱਲ ਲੈਣ ਦੀ ਕ੍ਰਿਯਾ. "ਅਗਮ ਅਗੋਚਰ ਨ ਮੋਲਕੈ ਮੁਲਾਈ ਹੈ." (ਭਾਗੁ ਕ) "ਮੁੱਲਿ ਨ ਜਾਇ ਮੁਲਾਈ." (ਭਾਗ)

ਮੁਲਾਹਜਾ: ਅ਼. مُلاحظہ ਮੁਲਾਹ਼ਜ਼ਾ. ਲਹ਼ਜ (ਨਜਰ ਵਿੱਚ ਲਿਆਉਣ) ਦਾ ਭਾਵ. ਦੇਖਣਾ. "ਹਜਰਤ ਜਬ ਮੁਲਾਹਜੇ ਭਯੋ." (ਗੁਪ੍ਰਸੂ) ੨. ਲਿਹ਼ਾਜ਼. ਰਿਆ਼ਯਤ. "ਕਰ ਮੁਲਾਹਜਾ ਕੀਨ ਫਰੇਬੇ." (ਗੁਪ੍ਰਸੂ)

ਮੁਲਾਕਾਤ, ਮੁਲਾਕ਼ਾਤ: مُلاقات ਸੰਗ੍ਯਾ- ਲਕ਼ੀ (ਮਿਲਾਪ) ਦਾ ਭਾਵ. ਮੇਲ. ਭੇਂਟ.

ਮੁਲਾਜ਼ਿਮ: ਅ਼. مُلازِم ਸੰਗ੍ਯਾ- ਲਜ਼ਮ (ਮਿਹਨਤ ਕਰਨ) ਵਾਲਾ. ਕਿਸੇ ਦਾ ਆਸਰਾ ਲੈਣ ਵਾਲਾ. ਨੌਕਰ. ਚਾਕਰ.

ਮੁਲਾਝਾ: ਦੇਖੋ, ਮੁਲਾਹਜਾ.

---

[1027] ਸਿੰਕਦਰ ਦੇ ਇਤਿਹਾਸ ਲੇਖਕਾਂ ਨੇ ਇਸ ਦਾ ਨਾਮ ਮੰਲ (malli) ਲੋਕਾਂ ਦਾ ਦੇਸ਼ ਹੋਣ ਕਰਕੇ "ਮੁਲਸਤ" ਨਾਉਂ ਦਿੱਤਾ ਹੈ. ਬਹੁਤ ਗ੍ਰੰਥਾਂ ਵਿੱਚ ਇਸ ਦਾ ਨਾਮ ਪ੍ਰਹਲਾਦਪੁਰੀ ਭੀ ਹੈ.

ਮੁਲਾਣਾ: ਦੇਖੋ, ਮਉਲਾਣਾ.

ਮੁਲਾਯਮ: ਅ਼. ملایم ਵਿ- ਕੋਮਲ. ਨਰਮ। ੨. ਮੁਨਾਸਿਬ. ਯੋਗਜ.

ਮੁਲਿ: ਮੂਲ੍ਯ (ਕ਼ੀਮਤ) ਕਰਕੇ। ੨. ਮੋਲ ਸੇ. ਮੁੱਲ ਨਾਲ. "ਮੁਲਿ ਨ ਘਿਧਾ, ਮੈਕੂ ਸਤਿਗੁਰਿ ਦਿਤਾ." (ਮਃ ੫. ਵਾਰ ਰਾਮ ੨) ਦੇਖੋ, ਘਿਧਾ.

ਮੁਲੀਐ: ਮੁੱਲ ਪਾਈਐ. ਕੀਮਤ ਕਰੀਐ। ੨. ਮੁੱਲ ਪਾਈਦਾ। ੩. ਕੀਮਤ ਦਾ ਅੰਦਾਜਾ ਕਰੀਦਾ. "ਤੋਲਿ ਨ ਤੁਲੀਐ, ਮੋਲਿ ਨ ਮੁਲੀਐ." (ਦੇਵ ਮਃ ੫)

ਮੁਲੂਕ: ਅ਼. ملوک ਮਲਿਕ ਦਾ ਬਹੁਵਚਨ. ਮਹਾਰਾਜੇ. ਬਾਦਸ਼ਾਹ.

ਮੁਲੰਮਾ: ਅ਼. ملمّع ਮੁਲੰਮਅ਼. ਵਿ- ਲਮਅ਼ (ਚਮਕ) ਸਹਿਤ. ਚਮਕੀਲਾ। ੨. ਗਿਲਟ ਕੀਤਾ ਹੋਇਆ. "ਮੁਲੰਮਾ ਪਾਜੁ ਲਹਿਜਾਇ." (ਮਃ ੪. ਵਾਰ ਗਉ ੧)

ਮੁਵੱਕਲ: ਅ਼. موکّل ਮੁਵੱਕਿਲ. ਸੰਗਜਾ- ਤੌਕੀਲ (ਸਿਪੁਰਦ) ਕਰਨ ਵਾਲਾ. ਉਹ ਆਦਮੀ, ਜੋ ਕਿਸੇ ਦੇ ਕੰਮ ਸਿਪੁਰਦ ਕਰਦਾ ਹੈ. ਵਕੀਲ ਬਣਾਉਣ ਵਾਲਾ। ੨. ਮੁਵੱਕਲ. ਭੂਤ. ਪ੍ਰੇਤ। ੩. ਖਾਸ ਕਰਕੇ ਉਹ ਭੂਤ ਅਥਵਾ ਜਿੰਨ, ਜੋ ਦੱਬੇ ਹੋਏ ਖਜਾਨਿਆਂ ਦੇ ਪਹਿਰੂ ਮੰਨੇ ਗਏ ਹਨ। ੪. ਜੇਲ ਦਾ ਦਾਰੋਗਾ.

ਮੁਵੱਰਿਖ਼: ਅ਼. مورّخ ਸੰਗਜਾ- ਤਾਰੀਖ਼ ਲਿਖਣ ਵਾਲਾ. ਇਤਿਹਾਸ ਦਾ ਲਿਖਾਰੀ.

ਮੁਵਾਖ਼ਿਜਹ: ਅ਼. مواخذہ ਮੁਵਾਖ਼ਿਜਹ. ਸੰਗਜਾ- ਅਖ਼ਜ (ਪਕੜ) ਦਾ ਭਾਵ. ਬਾਜ਼ਪੁਰਸ. ਕਿਸੇ ਬਾਤ ਦਾ ਜਵਾਬ ਲੈਣਾ.

ਮੁੜਨਾ: ਕ੍ਰਿ- ਹਟਣਾ. ਲੌਟਣਾ. ਪਰਤਣਾ.

ਮੁੜਘਿੜ: ਕ੍ਰਿ. ਵਿ- ਬਾਰ ਬਾਰ. ਪੁਨਹ ਪੁਨਹ। ੨. ਹਟ ਹਟਕੇ.

ਮੁੜਦਾ: ਲੌਟਦਾ. ਹਟਦਾ। ੨. ਦੇਖੋ, ਮੁਰਦਾ.

ਮੁੜਿਘਿੜਿ: ਕ੍ਰਿ. ਵਿ- ਫਿਰ ਲੌਟਕੇ। ੨. ਦੇਖੋ, ਮੁੜਘਿੜ.

ਮੁੜਕਾ: ਵਿ- ਮੁਅ਼ਰਕ. ਅਰਕ (ਪਸੀਨੇ) ਸਹਿਤ. ਸ੍ਵਿੰਨ। ੨. ਸੰਗਜਾ- ਪਸੀਨਾ. ਸ੍ਵੇਦ. ਅ਼ਰਕ਼.

ਮੁ: ਸਰਵ- ਮੇਰਾ. ਮੇਰੀ. "ਮੁ ਲਾਲਨ ਸਿਉ ਪ੍ਰੀਤਿ ਬਨੀ." (ਬਿਲਾ ਮਃ ੫) "ਮੁ ਜੇਹੀਆ ਕਿਤੀਆ." (ਮਾਰੂ ਅਃ ਮਃ ੧) ੨. ਮੁਝੇ. ਮੈਨੂੰ. "ਜੇ ਕੋ ਮੁ ਉਪਦੇਸ ਕਰਤੁ ਹੈ." (ਸ੍ਰੀ ਤ੍ਰਿਲੋਚਨ) ੩. ਮੈਂ. "ਮੁ ਥੀਆਊ ਸੇਜ." (ਵਾਰ ਮਾਰੂ ੨. ਮਃ ੫) ੪. ਫ਼ਾ. مو ਸੰਗਜਾ- ਕੇਸ਼. ਰੋਮ। ੫. ਸੰ. ਮੂ. ਧਾ- ਬੰਨ੍ਹਣਾ.

ਮੂੰ: ਮੈਂ. "ਚੁੰਮਾ ਪੈਰ ਮੂੰ?" (ਆਸਾ ਫਰੀਦ)

੨. ਮੈਨੂੰ. ਮੇਰੇ ਪੁਰ. "ਕਿਰਪਾ ਕਰਹੁ ਮੂੰ." (ਆਸਾ ਮਃ ੫)

ਮੂਆ: ਸਿੰਧੀ. ਮੋਇਆ. ਮ੍ਰਿਤ. "ਜੀਵਤ ਕਉ ਮੂਆ ਕਹੈ." (ਗਉ ਅਃ ਮਃ ੧) "ਹਰਿ ਬਿਸਰਤ, ਸੋ ਮੂਆ." (ਆਸਾ ਮਃ ੫)

ਮੂਐ: ਮਰਨ ਤੋਂ "ਪਿੰਡਿ ਮੂਐ ਜੀਉ ਕਿਹ ਘਰਿ ਜਾਤਾ?" (ਗਉ ਕਬੀਰ)

ਮੂਇ: ਫ਼ਾ. ਮੂਯ. ਕੇਸ਼. ਰੋਮ. "ਮਮ ਸਰਮੂਇ ਅਜਰਾਈਲ ਗਰਿਫਤਹ." (ਤਿਲੰ ਮਃ ੧)

ਮੂਈ: ਮਰੀ. ਮ੍ਰਿਤ ਹੋਈ. "ਮੂਈ ਸੁਰਤਿ ਬਾਦੁ ਅਹੰਕਾਰੁ." (ਗਉ ਮਃ ੧)

ਮੂਸ: ਸੰ. ਮ�ृष्. ਧਾ- ਚੋਰੀ ਕਰਨਾ (ਚਰਾਉਣਾ). ੨. ਸੰਗਯਾ- ਮੂਸ਼. ਚੂਹਾ ਮੂਸ਼ਕ. "ਰੇ ਮਨ ਮੂਸ। ਬਿਲਾ ਮਹਿ ਗਰਬਤ." (ਸਵੈਯੇ ਸ੍ਰੀ ਮੁਖਵਾਕ ਮਃ ੫) ਦੇਖੋ, ਅੰ. Mouse ਲੈਟਿਨ Mus ਅਤੇ ਫ਼ਾ. موُش

ਮੂਸਕ: ਸੰ. ਮੂਸ਼ਕ ਅਤੇ ਮੋਸ਼ਕ. ਚੋਰ। ੨. ਚੂਹਾ. ਦੇਖੋ, ਮੂਸ ਧਾ.

ਮੂਸ਼ਖੋਰ: ਪੰਜਾਬੀ ਵਿੱਚ ਇਸ ਨੂੰ ਚੂਹਮਾਰ ਆਖਦੇ ਹਨ. ਇਹ ਸਜਾਹਚਸ਼ਮ ਸ਼ਿਕਾਰੀ ਪੰਛੀ ਹੈ. ਇਸ ਦਾ ਘਰ ਪੱਛਮੀ ਠੰਢੇ ਪਹਾੜ ਹਨ. ਪੰਜਾਬ ਵਿੱਚ ਸਰਦੀ ਭਰ ਰਹਿੰਦਾ ਹੈ. ਇਸ ਦਾ ਰੰਗ ਚਰਗ ਜੇਹਾ, ਪਰ ਕਦ ਵਿੱਚ ਉਸ ਨਾਲੋਂ ਵਡਾ ਹੁੰਦਾ ਹੈ. ਜੰਗਲੀ ਚੂਹੇ ਇਸ ਦੀ ਮੁੱਖ ਖੁਰਾਕ ਹੈ, ਪਰ ਛੋਟੇ ਪੰਛੀ ਭੀ ਮਾਰ ਲੈਂਦਾ ਹੈ ਅਰ ਡੱਡੂ ਕਿਰਲੇ ਭੀ ਖਾਂਦਾ ਹੈ. ਇਸ ਨੂੰ ਸ਼ਿਕਾਰ ਲਈ ਕੋਈ ਨਹੀਂ ਪਾਲਦਾ. ਟੋਪਰਾ ਮੂਸ਼ਖੋਰ, ਜਿਸ ਦਾ ਰੰਗਸੁਰਖੀ ਮਾਇਲ ਕਾਸਨੀ ਹੁੰਦਾ ਹੈ, ਉਹ ਪੰਜਾਬ ਵਿੱਚ ਸਦਾ ਰਹਿੰਦਾ ਅਤੇ ਇੱਥੇ ਹੀ ਆਂਡੇ ਦਿੰਦਾ ਹੈ. ਦੇਖੋ, ਸ਼ਿਕਾਰੀ ਪੰਛੀ.

ਮੂਸਤ: ਸੰ. ਮੂਸ਼ਿਤ. ਚੁਰਾਇਆ. ਲੁੱਟਿਆ. "ਅਪਨਾ ਘਰ ਮੂਸਤ ਰਾਖਿ ਨ ਸਾਕਹਿ." (ਸੋਰ ਮਃ ੧) ਦੇਖੋ, ਮੂਸ ਧਾ.

ਮੂਸਨ: ਇੱਕ ਪ੍ਰੇਮੀ ਭਗਤ ਸ਼੍ਰੀ ਗੁਰੂ ਅਰਜਨ ਦੇਵ ਦਾ ਅਨੰਨ ਸੇਵਕ. "ਮੂਸਨ ਤਬਹੀ ਮੂਸੀਐ ਬਿਸਰਤ ਪੁਰਖ ਦਇਆਲ." (ਚਉਬੋਲੇ ਮਃ ੫) ੨. ਸੰ. ਮੂਸ਼ਣ ਅਤੇ ਮੋਸ਼ਣ. ਚੁਰਾਉਣਾ. ਦੇਖੋ, ਮੁਸ ਅਤੇ ਮੂਸ ਧਾ. "ਮੂਸਨਹਾਰ ਪੰਚ ਬਟਵਾਰੇ." (ਗਉ ਮਃ ੫)

ਮੂਸਰ, ਮੂਸਲ: ਦੇਖੋ, ਮੁਸਲ. "ਕੋਪ ਕੀਓ ਗਹਿ ਮੂਸਰ ਧਾਯੋ." (ਕ੍ਰਿਸਨਾਵ) "ਤੁਹ ਮੂਸਲਹਿ ਛਰਾਇਆ." (ਟੋਡੀ ਮਃ ੫)

ਮੂਸਲਧਰ: ਦੇਖੋ, ਮੁਸਲੀ ੪. ਅਤੇ ਮੁਸਲੀਧਰ ੨.

ਮੂਸਲਧਾਰ: ਮੂਸਲ (ਮੋਹਲੇ) ਜੇਹੀ ਮੋਟੀ ਧਾਰਾ. ਜ਼ੋਰ ਦਾ ਮੀਂਹ.

ਮੂਸ੍ਵਾਹਨ: ਚੂਹੇ ਪੁਰ ਸਵਾਰ ਹੋਣ ਵਾਲਾ, ਗਣੇਸ਼.

ਮੂਸਾ: مُوسےٰ Moses ਇਸਰਾਈਲ ਵੰਸ਼ੀ ਇਮਰਾਨ (عِمران) Amran ਦਾ ਪੁਤ੍ਰ, ਜੋ ਈਸਾ ਦੇ ਜਨਮ ਤੋਂ ਬਾਰਾਂ ਸੌ ਵਰ੍ਹੇ ਪਹਿਲਾਂ ਹੋਇਆ ਹੈ. ਇਸ ਦਾ ਜਨਮ ਮਿਸਰ ਵਿੱਚ ਹੋਇਆ. ਉਸ ਸਮੇਂ ਫ਼ਰਊਨ ਬਾਦਸ਼ਾਹ ਇਸਰਾਈਲ ਵੰਸ਼ ਦੇ ਬਾਲਕਾਂ ਨੂੰ ਮਰਵਾ ਦਿੰਦਾ ਸੀ, ਇਸ ਲਈ ਇਸ ਦਾ ਮਾਤਾ ਨੇ ਇੱਕ ਸੰਦੂਕ ਵਿੱਚ ਰੱਖਕੇ ਮੂਸਾ ਨੂੰ ਦਰਿਆ ਵਿੱਚ ਵਹਾ ਦਿੱਤਾ. ਮਿਸਰ ਦੀ ਸ਼ਾਹਜ਼ਾਦੀ ਜੋ ਦਰਿਆ ਦੇ ਕਿਨਾਰੇ ਤੇ ਵਿਚਰ ਰਹੀ ਸੀ. ਉਸ ਦੀ ਨਿਗਾਹ ਇਹ ਬਾਲਕ ਪਿਆ, ਉਸ ਨੇ ਪਾਣੀ ਵਿੱਚੋਂ ਕੱਢਕੇ ਆਪਣਾ ਪਾਲਿਤ ਬਣਾ ਲਿਆ, ਇਬਰਾਨੀ ਭਾਸ਼ਾ ਵਿੱਚ ਮਾਸ਼ਾਹ ਦਾ ਅਰਥ ਹੈ ਖਿੱਚਿਆ, ਸੋ ਨਦੀ ਵਿੱਚੋਂ ਖਿੱਚਕੇ ਕਢਣੇ ਕਾਰਣ ਨਾਉਂ "ਮੂਸਾ" ਹੋਇਆ.

ਚਾਲੀਹ ਵਰ੍ਹੇ ਦੀ ਉਮਰ ਵਿੱਚ ਮੂਸਾ ਅਰਬ ਵੱਲ ਆਇਆ ਅਤੇ ਸ਼ਾਦੀ ਕਰਕੇ ਗ੍ਰਿਹਸਥੀ ਬਣਿਆ. ਬਾਈਬਲ ਅਤੇ ਕ਼ੁਰਾਨ ਵਿੱਚ ਲਿਖਿਆ ਹੈ ਕਿ ਮੂਸਾ ਨੂੰ ਖ਼ੁਦਾ ਵੱਲੋਂ ਹੁਕਮ ਆਇਆ ਕਰਦਾ ਸੀ ਅਰ ਤੂਰ (sinal) ਪਹਾੜ ਪੁਰ ਖ਼ੁਦਾ ਨਾਲ ਉਸ ਦੀਆਂ ਗੱਲਾਂ ਭੀ ਹੋਈਆਂ ਸਨ, ਬਲਕਿ ਖ਼ੁਦਾ ਨੇ ਆਪਣੀਆਂ ਉਂਗਲਾਂ ਨਾਲ ਲਿਖੀਆਂ ਹੋਈਆਂ ਸਲੇਟਾਂ ਮੂਸਾ ਨੂੰ ਦਿੱਤੀਆਂ ਸਨ, ਅਰ ਇੱਕ ਬਾਰ ਚਾਲੀ ਦਿਨ ਅੰਨ ਪਾਣੀ ਬਿਨਾ ਤੂਰ ਉੱਪਰ ਮੂਸਾ ਖ਼ੁਦਾ ਨਾਲ ਗੋਸਟਿ ਕਰਦਾ ਰਿਹਾ, ਇਸੇ ਕਾਰਣ ਯਹੂਦੀ ੪੦ ਰੋਜ਼ੇ ਰਖਦੇ ਹਨ.

ਯਹੂਦੀਆਂ ਦਾ ਧਰਮਗੁਰੂ ਅਤੇ ਤੌਰੇਤ ਦੇ ਪ੍ਰਗਟ ਕਰਨ ਵਾਲਾ ਇਹੀ ਪੈਗੰਬਰ ਹੈ. ਬਾਈਬਲ ਵਿੱਚ ਖ਼ੁਦਾ ਦੇ ਦਸ ਹੁਕਮ ਜੋ ਲਿਖੇ ਹਨ, ਉਹ ਮੂਸਾ ਨੂੰ ਹੀ ਪ੍ਰਾਪਤ ਹੋਏ ਸਨ. ਉਹ ਹੁਕਮ ਇਹ ਹਨ-

(ੳ) ਮੇਰੇ ਮੁਕਾਬਲੇ, ਤੇਰੇ ਤਾਂਈ ਦੂਜਾ ਪਰਮੇਸ਼੍ਵਰ ਨਾ ਹੋਵੇ.

(ਅ) ਮੂਰਤੀਪੂਜਾ ਨਾ ਕਰੀ.

(ੲ) ਖ਼ੁਦਾ ਦਾ ਨਾਮ ਅਕਾਰਥ ਨਾ ਲਈਂ.

(ਸ) ਸਨਚਿਰ (ਛਨਿੱਚਰ) ਦਾ ਦਿਨ ਪਵਿਤ੍ਰ ਜਾਣਕੇ ਕੋਈ ਕੰਮ ਨਾ ਕਰੀਂ, ਕਿਉਂਕਿ ਇਸ ਦਿਨ ਦੁਨੀਆਂ ਰਚਕੇ ਮੈ ਆਰਾਮ ਕੀਤਾ ਹੈ.

(ਹ) ਮਾਂ ਪਿਉ ਦਾ ਆਦਰ ਕਰੀਂ.

(ਕ) ਖ਼ੂਨ ਨਾ ਕਰੀਂ

(ਖ) ਜਾਰੀ ਨਾ ਕਰੀਂ.

(ਗ) ਚੋਰੀ ਨਾ ਕਰੀਂ.

(ਘ) ਗਵਾਂਢੀ ਪੁਰ ਝੂਠੀ ਗਵਾਹੀ ਨਾ ਦੇਵੀਂ.

(ਙ) ਗਵਾਂਢੀ ਦੀ ਕਿਸੇ ਚੀਜ ਦਾ ਲਾਲਚ ਨਾ ਕਰੀਂ.

ਮੂਸਾ ਦੀ ਸਾਰੀ ਉਮਰ ੧੨੦ ਵਰ੍ਹੇ ਦੀ ਸੀ.[1028] "ਨਾਉ ਧਾਰਇਨ ਈਸੇ ਮੂਸੇ, ××× ਈਸਾਈ ਮੂਸਾਈਆ ਹਉਮੈ ਹੈਰਾਣੇ." (ਭਾਗੁ) ਦੇਖੋ, ਫਰਊਨ।

੨. ਸਂ. ਮृष. ਚੂਹਾ. ਦੇਖੋ, ਮੂਸ ੨. "ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ." (ਧਨਾ ਮਃ ੫)

੩. ਦੇਖੋ, ਧੁਨੀ (ਘ). ੪. ਭਾਵ- ਵਿਸ਼ਿਆਂ ਦੇ ਰਸ. "ਘਰ ਕੀ ਬਿਲਾਈ ਅਵਰ ਸਿਖਾਈ, ਮੂਸਾ ਦੇਖਿ ਡਰਾਈ." (ਆਸਾ ਮਃ ੫) ਭੋਗਇੱਛਾ ਰੂਪ ਘਰ ਦੀ ਬਿੱਲੀ ਨੂੰ ਹੁਣ ਹੋਰ ਗੱਲ ਸਿਖਾਈ ਗਈ ਹੈ, ਵਿਸ਼ਿਆਂ ਦੇ ਰਸਾਂ ਨੂੰ ਦੇਖਕੇ ਡਰਨ ਲੱਗੀ ਹੈ। ੫. ਭਾਵ- ਕਾਲ. "ਅਨੁਦਿਨ ਮੂਸਾ ਲਾਜੁ ਟੁਕਾਈ." (ਆਸਾ ਮਃ ੫) ਉਮਰਰੂਪ ਰੱਸੀ ਨੂੰ.

ਮੂਸਾਈ: ਮੂਸਾ ਪੈਗੰਬਰ ਦਾ ਮਤ ਧਾਰਨ ਵਾਲਾ. ਯਹੂਦੀ. Jew "ਈਸਾਈ ਮੂਸਾਈਆ." (ਭਾਗੁ)

ਮੂਸਿ: ਚੁਰਾਕੇ. ਚੋਰੀ ਕਰਕੇ. ਦੇਖੋ, ਮੂਸ ਧਾ. "ਬਾਟ ਪਾਰਿ ਘਰੁ ਮੂਸਿ ਬਿਰਾਨੋ." (ਸਾਰ ਪਰਮਾਨੰਦ)

ਮੂਸ੍ਿਕ: ਚੂਹਾ। ੨. ਚੋਰ.

ਮੂਸ੍ਿਕਰਥ: ਚੂਹਾ ਹੈ ਜਿਸ ਦੀ ਸਵਾਰੀ, ਗਣੇਸ਼.

ਮੂਸ੍ਿਕਾ: ਚੂਹੀ.

ਮੂਸੀਐ: ਮੁਸ਼ਨ ਹੋਈਐ. ਚੁਰਾਏ ਜਾਈਦਾ ਹੈ.

"ਮੂਸਨ ਤਬਹੀ ਮੂਸੀਐ." (ਚਉਬੋਲੇ ਮਃ ੫)

ਮੂਸੀਕੀ, ਮੂਸੀਕ਼ੀ: ਯੂ. مۇسیقی ਸੰਗਯਾ- ਰਾਗਵਿਦਯਾ. ਦੇਖੋ, ਅੰ. Music.

ਮੂਸੇ: ਚੁਰਾਏ ਗਏ. ਠਗੇ ਗਏ। ੨. ਹ਼ਜਰਤ ਮੂਸਾ ਦੇ ਪੈਰੋ. ਮੂਸਾਈ. Jews "ਨਾਉ ਧਰਾਇਨ ਈਸੇ ਮੂਸੇ." (ਭਾਗੁ)

ਮੂਸੇ ਕੀ ਵਾਰ ਕੀ ਧੁਨੀ: ਦੇਖੋ, ਧੁਨੀ (ਘ)

ਮੂਸੈ: ਚੁਰਾਉਂਦਾ ਹੈ. ਠਗਦਾ ਹੈ.

---

[1028] ਭਾਈ ਸੰਤੋਖ ਸਿੰਘ ਜੀ ਨੇ ਸਾਖੀ ਰਤਨਮਾਲ ਦੇ ਆਧਾਰ ਤੇ ਗੁਰ ਪ੍ਰਤਾਪ ਸੂਰਯ ਵਿੱਚ ਹਜਰਤ ਈਸਾ ਅਤੇ ਮੂਸਾ ਦੀ ਨਿਰਮੂਲ ਅਤੇ ਹਾਸੀ ਯੋਗ ਕਥਾ ਲਿਖੀ ਹੈ.

ਮੂਹ, ਮੂੰਹ: ਮੁਖ। ੨. ਚੇਹਰਾ.

ਮੂੰਹ ਵਿੱਚ ਘਾਹ ਲੈਣਾ: ਕ੍ਰਿ- ਦੀਨ ਹੋਕੇ ਸ਼ਰਨ ਲੈਣੀ. ਇਹ ਸਿੱਧ ਕਰਨਾ ਕਿ ਮੈ ਆਪ ਦੀ ਗਊ ਅਥਵਾ ਪਸ਼ੂ ਹਾਂ.

ਮੂਹਾਂ, ਮੂਹੀਂ: ਸੰਗਜਾ- ਦਹਾਨਾ. ਮੋਘਾ. ਨੱਕਾ. ਮੁਖਸ੍ਥਾਨ। ੨. ਕੁਲ ਅਥਵਾ ਗੋਤ ਦੇ ਨਿਕਾਸ ਦਾ ਮੁੱਢ ਅਤੇ ਸ਼ਾਖ਼.

ਮੂਕ: ਸੰਗਜਾ- ਮੁੱਕਾ. ਮੁਸ਼੍ਟਿ. "ਮੂਕਨ ਸੋਂ ਧਰ ਮਾਰ ਗਿਰਾਯੋ." (ਕ੍ਰਿਸਨਾਵ) ੨. ਸੰ. ਸੰਗਜਾ- ਮੱਛੀ। ੩. ਵਿ- ਗੂੰਗਾ. ਬੋਲਣ ਦੀ ਸ਼ਕਤਿ ਤੋਂ ਰਹਿਤ. ਜਿਸ ਦੀ ਜੀਭ ਬੰਨ੍ਹੀ ਗਈ ਹੈ. ਦੇਖੋ, ਮੂ ੫. "ਮੂਕ ਉੱਚਰੈ ਸਾਸਤ੍ਰ ਖਟ." (ਚਰਿਤ੍ਰ ੧)

ਮੂਕਨਾ: ਦੇਖੋ, ਮੁਕਣਾ. "ਖਜਾਨਾ ਸਤਿਗੁਰਿ ਦੀਆ ਤੋਟਿ ਨਾਹੀ ਰੇ ਮੂਕੇ." (ਗਉ ਮਃ ੫)

ਮੂਕਪ੍ਰਸ਼੍ਨ: ਉਹ ਸਵਾਲ, ਜੋ ਮੂਹੋਂ ਬੋਲਕੇ ਨਾ ਦੱਸਿਆ ਜਾਵੇ, ਕਿੰਤੁ ਮਨ ਵਿੱਚ ਹੀ ਕੀਤਾ ਜਾਵੇ.

ਮੂਕਰਨਾ: ਮੁਨਕਿਰ ਹੋਣਾ. ਦੇਖੋ, ਮੁਕਰਨਾ. "ਆਪ ਕਰੇ ਕਰਿ ਮੂਕਰਪਾਵੈ." (ਧਨਾ ਮਃ ੫) "ਲੈਤ ਦੇਤ ਉਨ ਮੂਕਰਿਪਰਨਾ." (ਆਸਾ ਮਃ ੫)

ਮੂਕਾ: ਸੰਗਜਾ- ਮੁੱਕਾ. ਮੁਸ਼੍ਟਿ. ਘਸੁੰਨ। ੨. ਸਿਰ ਪੁਰ ਲੀਤਾ ਧੁੱਪ ਸਰਦੀ ਤੋਂ ਬਚਾਉਣ ਵਾਲਾ ਤੌਲੀਏ ਦੀ ਸ਼ਕਲ ਦਾ ਵਸਤ੍ਰ। ੩. ਵਿ- ਮੁੱਕਿਆ. ਘਟਿਆ. ਖ਼ਤਮ ਹੋਇਆ. "ਛੋਡਿਆਜਾਇ ਨ ਮੂਕਾ." (ਸੋਰ ਕਬੀਰ)

ਮੂਖ: ਮੁਖ. ਮੂੰਹ। ੨. ਮੂਸ਼. ਚੂਹਾ. ਮੂਸ਼ਕ। ੩. ਮੂਰਖ ਦਾ ਸੰਖੇਪ. "ਮਾਨੁਸ ਕੋ ਜਗ ਮੂਖ ਪਿਖੀਜੈ." (ਗੁਵਿ ੬)

ਮੂਖਕ: ਸੰ. ਮੂਸ਼ਕ. ਚੂਹਾ. ਦੇਖੋ, ਮੂਸ.

ਮੂਖਿ: ਮੁਖ ਵਿੱਚ. ਮੂੰਹ ਮੇ. ਦੇਖੋ, ਗਰੁੜਾਰੀ ੩.

ਮੂਖਿਕਾ: ਸੰ. ਮੂਸ਼ਿਕਾ. ਚੂਹੀ (mice. )

ਮੂੰਗ: ਦੇਖੋ, ਮੂੰਗਾ ਅਤੇ ਮੂੰਗੀ.

ਮੂੰਗਫਲੀ: ਇੱਕ ਬੇਲ, ਜੋ ਸਾਉਣੀ ਦੀ ਫਸਲ ਹੈ. ਇਸ ਦੀ ਜੜ ਵਿੱਚ ਫਲ ਲਗਦੇ ਹਨ, ਜੋ ਨਰਮ ਛਿਲਕੇ ਵਾਲੇ ਹੁੰਦੇ ਹਨ, ਜਿਨ੍ਹਾਂ ਅੰਦਰ ਬਦਾਮਾਂ ਜੇਹੀ ਗਿਰੀ ਹੁੰਦੀ ਹੈ. ਇਸ ਨੂੰ ਚੀਨੀ ਬਦਾਮ ਆਖਦੇ ਹਨ. ਮੂੰਗਫਲੀ ਗਰਮਤਰ ਹੈ. Ground nut. L. Arachis Hypogeae. ਸੰ. ਭੂਚਣਕ.

ਮੂੰਗਰ: ਸੰਗਜਾ- ਮੂੰਗਲਾ. ਮੂਸਲ. ਮੁਗਦਰ. ਮੋਟਾ ਡੰਡਾ. ਕੁਤਕਾ. "ਮੂੰਗਰ ਲਾਇ ਹਲਾਇ ਮਨੋ ਤਰੁ ਕਾਛੀ ਨੇ ਪੇਡ ਤੇ ਤੂਤ ਗਿਰਾਏ." (ਚੰਡੀ ੧)

ਮੂੰਗਰਾ: ਦੇਖੋ, ਮੂੰਗਰ। ੨. ਮੂਲੀ ਦਾ ਫਲ। ੩. ਇੱਕ ਬੇਸਣਾ ਨਮਕੀਨ ਪਕਵਾਨ.

ਮੂੰਗਲਾ, ਮੂੰਗਲੀ: ਮੁਗਦਰ. ਮੁਸ਼ਲ. ਮੂਸਲ. ਮੂਹਲਾ.

ਮੂੰਗਾ: ਸੰਗਜਾ- ਲਾਲ ਰੰਗ ਦਾ ਇੱਕ ਰਤਨ, ਜੋ ਸਮੁੰਦਰ ਵਿੱਚੋਂ ਨਿਕਲਦਾ ਹੈ. ਵਿਦ੍ਰੁਮ. ਪ੍ਰਵਾਲ. Coral. ਇਹ ਇੱਕ ਪ੍ਰਕਾਰ ਦੇ ਕੀੜੇ (Coral Polyp) ਦੀ ਰਚਨਾ ਹੈ.

ਮੂੰਗੀ: ਸੰ. मृद्ग. ਮੁਦ੍ਗ. ਮੂੰਗ. ਇੱਕ ਪ੍ਰਕਾਰ ਦਾ ਸਾਉਣੀ ਦਾ ਹਰੇ ਰੰਗ ਦਾ ਅੰਨ, ਜਿਸ ਦੀ ਦਾਲ ਬਣਾਈਦੀ ਹੈ. Phaseolus Mungo ਅੰ. Green gram.

ਮੂੰਗੀਪਟਨ: ਦੇਖੋ, ਮੁੰਗੀਪੱਤਨ.

ਮੂਚ, ਮੂਚਉ, ਮੂਚਾ: ਵਿ- ਮਹਾਨ- ਉੱਚ. "ਊਚੰਤ ਨੀਚੰ, ਨਾਨਾ ਸੁ ਮੂਚੰ." (ਸਹਸ ਮਃ ੫) ੨. ਅਧਿਕ.

ਵਿਸ਼ੇਸ਼. "ਹਮ ਥੋਰੇ ਤੁਮ ਬਹੁਤ ਮੂਚ." (ਬਸੰ ਮਃ ੫) "ਸਭ ਕਿਛੁ ਤਾਕਾ ਕਾਢੀਐ ਥੋਰਾ ਅਰੁ ਮੂਚਾ." (ਆਸਾ ਮਃ ੫) ੩. ਸਥੂਲ. ਵਿਸਤਾਰ ਵਾਲਾ. "ਸਾਧ ਕੀ ਸੋਭਾ ਊਚ ਤੇ ਊਚੀ। ਸਾਧ ਕੀ ਸੋਭਾ ਮੂਚ ਤੇ ਮੂਚੀ." (ਸੁਖਮਨੀ)

੪. ਮੁੰਚਨ ਹੋਇਆ. ਛੁਟਗਿਆ. ਦੇਖੋ, ਮੁਚ. "ਜਮ ਕਾ ਭਉ ਮੂਚਾ." (ਗਉ ਮਃ ੧)

ਮੂਚੋਮੂਚਾ: ਵਿ- ਵਡੇ ਤੋਂ ਵਡਾ. "ਤੂੰ ਬੇਅੰਤੁ ਅਤਿ ਮੂਚੋ ਮੂਚਾ." (ਮਾਝ ਅਃ ਮਃ ੩)

ਮੂਛਤ: ਮੂਛਿੰਤ. ਬੇਹੋਸ਼ ਹੋਇਆ. "ਮੂਛਤ ਹੋਇ ਜੁੱਧ ਫਿਰ ਚਹੈ." (ਕ੍ਰਿਸਨਾਵ)

ਮੂਜਬ: ਅ਼. موُجب ਸੰਗਯਾ- ਵਾਜਬ ਕਰਨ ਵਾਲਾ। ੨. ਕਾਰਣ. ਸਬਬ. ਹੇਤੁ। ੩. ਪੰਜਾਬੀ ਵਿੱਚ ਅਨੁਸਾਰ (ਬ ਮੂਜਬ) ਦਾ ਅਰਥ ਭੀ ਦਿੰਦਾ ਹੈ, ਜੈਸੇ ਉਸ ਦੇ ਕਹੇ ਮੂਜਬ ਮੈ ਇੱਥੇ ਆਇਆ ਹਾਂ.

ਮੂਜਰੀ: ਮੌਜ. ਲਹਿਰ. ਆਨੰਦ ਦਾ ਤਰੰਗ. "ਸੁਨੇ ਤੇ ਆਵੈ ਮੂਜਰੀ." (ਕ੍ਰਿਸਨਾਵ)

ਮੂਜਿਦ: ਅ਼. موُجِد ਵਿ- ਜੋ ਕਿਸੇ ਬਾਤ ਨੂੰ ਈਜਾਦ ਕਰੇ. ਨਵੀਂ ਕਾਢ ਕੱਢਣ ਵਾਲਾ. ਜਾਰੀ ਕਰਨ ਵਾਲਾ.

ਮੂਜੀ: ਅ਼. موُذی ਮੂਜੀ. ਵਿ- ਈਜਾ (ਦੁੱਖ) ਦੇਣ ਵਾਲਾ। ੨. ਕ੍ਰਿਪਣ. ਕੰਜੂਸ। ੩. ਕਾਇਰ. ਡਰਪੋਕ. "ਚਿੱਤ ਮੂਜੀਅਨ ਅਧਿਕ ਡਰਾਨਾ." (ਵਿਚਿਤ੍ਰ)

ਮੂਠ, ਮੂਠੁ: ਮੁਸ਼੍ਟਿ. ਮੁੱਕੀ। ੨. ਕਬਜ਼ਾ. ਸ਼ਸਤ੍ਰ ਦਾ ਦਸਤਾ। ੩. ਦੇਖੋ, ਮੂਠਣਾ। ੪. ਵਿ- ਖਾਲੀ. ਮਹਰੂਮ. "ਸਾਚੀ ਦਰਗਹਿ ਸਾਕਤ ਮੂਠੁ." (ਭੈਰ ਮਃ ੫)

ਮੂਠੜਾ, ਮੂਠੜੀ, ਮੂਠਾ: ਚੁਰਾਇਆ ਗਿਆ. ਠਗਿਆ ਗਿਆ. "ਮਾਇਆ ਮੂਠਾ ਚੇਤਸਿ ਨਾਹੀ." (ਸ੍ਰੀ ਤ੍ਰਿਲੋਚਨ) ੨. ਮਹਰੂਮ ਹੋਇਆ, ਹੋਈ. "ਪਿਰ ਸੰਗਿ ਮੂਠੜੀਏ, ਖਬਰਿ ਨ ਪਾਈਆ." (ਧਨਾ ਛੰਤ ਮਃ ੧)

ਮੂਠਾਲੀ: ਡਿੰਗ. ਤਲਵਾਰ. ਸ਼ਮਸ਼ੇਰ. ਮੁਸ਼੍ਟਿ (ਕਬਜੇ) ਵਾਲੀ.

ਮੂਠੀ, ਮੂਠੋ: ਦੇਖੋ, ਮੂਠੜੀ ਅਤੇ ਮੂਠਾ.

ਮੂਡ, ਮੂੰਡ: ਸਿਰ. ਦੇਖੋ, ਮੁੰਡ. "ਕਹਾ ਭਇਓ ਜਉ ਮੂਡ ਮੁਡਾਇਓ?" (ਸੋਰ ਮਃ ੯) ੨. ਦੇਖੋ, ਮੁੰਡਨ. "ਗਹਿਕੈ ਤਹਿ ਮੂੰਡ ਕੋ ਮੂੰਡ ਦਯੋ." (ਕ੍ਰਿਸਨਾਵ)

ਮੂੰਡਹਿ: ਮੁੰਡਨ ਕਰਦਾ ਹੈ. ਮੁੰਨਦਾ ਹੈ। ੨. ਮੁੰਡ (ਸਿਰ) ਉੱਤੇ. "ਪੋਟ ਉਠਾਵੈ ਮੂੰਡਹਿ." (ਸਾਰ ਮਃ ੫)

ਮੂੰਡਨ, ਮੂੰਡਨਾ: ਦੇਖੋ, ਮੁੰਡਨ. "ਕਬੀਰ ਮਨੁ ਮੂੰਡਿਆ ਨਹੀਂ, ਕੇਸ ਮੁੰਡਾਏ ਕਾਂਇ? ਜੋ ਕਿਛੁ ਕੀਆ ਸੋ ਮਨ ਕੀਆ, ਮੂੰਡਾ ਮੂੰਡੁ ਅਜਾਂਇ." (ਸਃ)

ਮੂਢ: ਸੰ. ਵਿ- ਭੁੱਲਿਆ ਹੋਇਆ. ਗੁਮਰਾਹ। ੨. ਜੜ੍ਹ। ੩. ਮੂਰਖ। ੪. ਸੰਗਯਾ- ਬਾਲਕ. ਦੇਖੋ, ਮੁਹ ਧਾ.

ਮੂਢਤਾ, ਮੂਢਤ੍ਵ: ਸੰਗਯਾ- ਮੂਰਖਪੁਣਾ. ਨਾਦਾਨੀ. ਬੇਸਮਝੀ.

ਮੂਣਕ: ਰਾਜ ਪਟਿਆਲਾ, ਨਜਾਮਤ ਸੁਨਾਮ ਵਿੱਚ ਜਾਖਲ ਜੰਕਸ਼ਨ ਤੋਂ ਤਿੰਨ ਕੋਹ ਪੂਰਵ ਇੱਕ ਨਗਰ, ਜਿੱਥੇ ਪੁਰਾਣਾ ਕਿਲਾ ਹੈ. ਇਸ ਤੋਂ ਇੱਕ ਫਰਲਾਂਗ ਉੱਤਰ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਵਿਰਾਜੇ ਹਨ. ਕੇਵਲ ਮੰਜੀਸਾਹਿਬ ਬਣਿਆ ਹੋਇਆ ਹੈ. ਰਿਆਸਤ ਵੱਲੋਂ ੮੪ ਵਿੱਘੇ ਜ਼ਮੀਨ ਹੈ. ਪੁਜਾਰੀ ਸਿੰਘ ਹੈ.

ਮੂਤ: ਸੰ. ਵਿ- ਕਾਮ ਨਾਲ ਵਿਆਕੁਲ। ੨. ਸੰਗਯਾ- ਤੀਲੀਆਂ ਦੀ ਬੁਣੀ ਹੋਈ ਟੋਕਰੀ। ੩. ਸੰ. ਮੂਤ੍ਰ. ਪੇਸ਼ਾਬ. "ਮੂਤ ਪਲੀਤੀ ਕਪੜੁ ਹੋਇ." (ਜਪੁ)

ਮੂਤ੍ਰ: ਦੇਖੋ, ਮੂਤ ੩.

ਮੂਤ੍ਰਧਾਮ, ਮੂਤ੍ਰਪਾਤ੍ਰ: ਸੰਗਯਾ- ਭਗ. ਯੋਨਿ. ਦੇਖੋ, ਚਰਿਤ੍ਰ ੨੧। ੨. ਪੇਸ਼ਾਬ ਕਰਨ ਦਾ ਕਮਰਾ. ਮੂਤਣ ਦਾ ਭਾਂਡਾ. ਪੇਸ਼ਾਬਦਾਨ.

ਮੂਤ੍ਰ ਪੁਰੀਖ: ਮੂਤ੍ਰ (ਪੇਸ਼ਾਬ) ਅਤੇ ਪੁਰੀਸ਼ (ਵਿਸ਼੍ਟਾ).

ਮੂਤ੍ਰਾਸ਼ਯ: ਗੁਰਦਾ ਅਤੇ ਮਸਾਨਾ.

ਮੂਤ੍ਰਾਸ਼੍ਟਕ: ਵੈਦਯਕ ਗ੍ਰੰਥਾਂ ਵਿੱਚ ਦੱਸੇ ਅੱਠ ਮੂਤ੍ਰ (ਪੇਸ਼ਾਬ) ਜੋ ਅਨੇਕ ਰੋਗਾਂ ਲਈ ਵਰਤੀਦੇ ਹਨ- ਗਾਂ, ਬਕਰੀ, ਭੇਡ, ਮੱਝ, ਘੋੜੀ, ਗਧੀ, ਊਟਣੀ ਅਤੇ ਹਥਣੀ ਦਾ ਮੂਤ.

ਮੂੰਦਨਾ: ਦੇਖੋ, ਮੁੰਦਣਾ. "ਮੁੰਦਿਲੀਏ ਦਰਵਾਜੇ." (ਸੋਰ ਕਬੀਰ) ਵਿਸ਼ਯਾਂ ਵੱਲੋਂ ਇੰਦ੍ਰਿਯ ਬੰਦ ਕਰ ਲਏ.

ਮੂੰਦਿ: ਮੰਦਕੇ.

ਮੂਧਾ: ਵਿ- ਅਧੋਮੁਖ. ਔਂਧਾ. ਉਲਟਾ. ਪੁੱਠਾ.

ਮੂਨ: ਸੰਗਯਾ- ਕਾਲੇ ਹਰਿਣ ਦੀ ਮਦੀਨ. ਹਰਿਣੀ (doe). "ਘੰਟਕਹੇਰ ਬਜੇ ਮਿਲ ਮੂਨਾ." (ਕ੍ਰਿਸਨਾਵ) ੨. ਅੰ. moon. ਚੰਦ੍ਰਮਾ.

ਮੂਪਿਰੀ: ਮਮਪ੍ਰਿਯ. ਮੇਰਾ ਪਿਆਰਾ.

ਮੂਰ: ਮੂਲ. ਜੜ. "ਵਿਚਾਰ ਕੋ ਮੂਰ ਉਦਾਰ ਸੁਹਾਵੈ." (ਨਾਪ੍ਰ) ੨. ਸੰ. ਵਿ- ਮੂਰਖ "ਤਿਸ ਕੋ ਬੁਰਾ ਚਿਤੈ ਜੋ ਮੂਰ." (ਗੁਪ੍ਰਸੂ) ੩. ਜੜ੍ਹ. ਸੁਸ੍ਤ. "ਦੁਸਟ ਮੁਏ ਹੋਇ ਮੂਰੇ." (ਮਾਝ ਅਃ ਮਃ ੫) ੪. ਕ੍ਰਿ. ਵਿ- ਮੂਲੋਂ. ਬਿਲਕੁਲ. "ਨਹੀਂ ਸੁਖ ਮੂਰ." (ਨਾਪ੍ਰ)

ਮੂਰਕ: ਦੇਖੋ, ਮੂਲਿਕ.

ਮੂਰਕ੍ਰੌਫਟ: William Moorcroft ਸਨ ੧੭੭੦ ਵਿੱਚ ਇੰਗਲੈਂਡ ਜਨਮਿਆ. ਇਹ ਪ੍ਰਸਿੱਧ ਸਲੋਤਰੀ (ਸ਼ਾਲਹੋਤ੍ਰੀ Veterinary surgeon) ਸੀ. ਸਨ ੧੮੦੮ ਵਿੱਚ ਇਹ ਬੰਗਾਲ ਦੇ ਰਸਾਲਿਆਂ ਦਾ ਇਨਸਪੈਕਟਰ ਹੋਇਆ. ਸਨ ੧੮੧੯ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਲਹੌਰ ਮਿਲਿਆ. ਮਹਾਰਾਜਾ ਨੇ ਇਸ ਨੂੰ ਆਪਣੇ ਰਸਾਲੇ ਵਖਾਕੇ ਕਈ ਨੇਕਸਲਾਹਾਂ ਲਈਆਂ ਅਤੇ ਇਸ ਦੀ ਭਾਰੀ ਮਾਨ ਕੀਤਾ.

ਮੂਰਕ੍ਰੌਫਟ ੨੭ ਅਗਸਤ ਸਨ ੧੮੨੫ ਨੂੰ ਤਾਪ ਨਾਲ ਰੋਗੀ ਹੋਕੇ ਤੁਰਕਿਸਤਾਨ ਵਿੱਚ ਮੋਇਆ.

ਮੂਰਖ: ਦੇਖੋ, ਮੁਛੰ ਧਾ. ਸੰ. ਮੂਖੰ. ਵਿ- ਬੁੱਧਿ ਰਹਿਤ. ਦੇਖੋ, ਮੂਰ ੨. "ਪੜਿਆ ਮੂਰਖ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ." (ਮਃ ੧. ਵਾਰ ਮਾਝ) ੨. ਨਾ- ਤਜਰਬੇਕਾਰ. "ਹਮ ਮੂਰਖ ਮੂਰਖ ਮਨ ਮਾਹਿ." (ਧਨਾ ਮਃ ੩) ੩. ਸੰਗਯਾ- ਮਾਂਹ. ਉੜਦ. ਮਾਸ਼। ੪. ਬਨਮੂੰਗੀ.

ਮੂਰਖ਼ੱਤ੍ਰ: ਮੂਖੰਤ੍ਰ. ਸੰਗਯਾ- ਮੂਰਖਪੁਣਾ. ਬੇਸਮਝੀ.

ਮੂਰਖਿ: ਮੂਖੰ. ਬੇਸਮਝ ਇਸਤ੍ਰੀ. "ਪਿਰ ਕਾ ਸਾਉ ਨ ਜਾਣੈ ਮੂਰਖਿ." (ਮਾਰੂ ਸੋਲਹੇ ਮਃ ੩) ੨. ਮੂਰਖ ਨੇ. "ਮੂਰਖਿ ਅੰਧੈ ਪਤਿ ਗਵਾਈ." (ਵਾਰ ਆਸਾ)

ਮੂਰਖੁ: ਦੇਖੋ, ਮੂਰਖ. "ਸੋ ਮੂਰਖੁ, ਜੋ ਆਪੁ ਨ ਪਛਾਣਈ." (ਗੂਜ ਮਃ ੩) "ਮੂਰਖਾਂ ਸਿਰਿ ਮੂਰਖੁ ਹੋ ਜਿ ਮੰਨੇ ਨਾਹੀ ਨਾਉ." (ਮਾਰੂ ਅਃ ਮਃ ੧)

ਮੂਰਛਨਾ: ਸੰ. ਮੂਰ੍ਛਨਾ. ਸੂਛੰਨਾ. ਸੰਗਯਾ- ਸੰਗੀਤਸ਼ਾਸ੍ਤ੍ਰ ਅਨੁਸਾਰ ਸ੍ਵਰ ਦੀ ਇਸਥਿਤੀ ਦਾ ਨਾਮ ਮੂਰਛਨਾ ਹੈ. ਜੋ ਸ੍ਵਰ ਦੇ ਅੰਸ਼ (ਸ਼੍ਰੁਤਿ) ਨੂੰ ਮੂਰਛਨਾ ਮੰਨਦੇ ਹਨ, ਉਹ ਭੁੱਲ ਕਰਦੇ ਹਨ. ਤਿੰਨ ਸਪਤਕਾਂ ਦੇ ਇੱਕੀ ਸੁਰ ਹੁੰਦੇ ਹਨ, ਇਨ੍ਹਾਂ ਇੱਕੀ ਸੁਰਾਂ ਦੀ ਆਪਣੇ ਠੀਕ ਥਾਂ ਜੋ ਇਸਥਿਤੀ ਹੈ, ਇਹੀ ਮੂਰਛਨਾ ਹੈ, ਇਸੇ ਲਈ ੨੧. ਮੂਰਛਨਾ ਤਿੰਨ ਗ੍ਰਾਮਾ ਦੀਆਂ ਹਨ, ਯਥਾ-

ਸ਼ੜਜਗ੍ਰਾਮ ਦੀ ਮੂਰਛਨਾ- ਲਲਿਤਾ, ਮਧ੍ਯਮਾ, ਚਿਤ੍ਰਾ, ਰੋਹਿਣੀ, ਮਤੰਗਜਾ, ਸੌਵੀਰੀ ਅਤੇ ਸ਼ਡਮਧ੍ਯਾ.

ਮਧ੍ਯਮਗ੍ਰਾਮ ਦੀ- ਪੰਚਮਾ, ਮਤਸਰੀ, ਮ੍ਰਿਦੁਮਧ੍ਯਾ, ਸ਼ੁੱਧਾ, ਅੰਤਾ, ਕਲਾਵਤੀ ਅਤੇ ਤੀਵ੍ਰਾ.

ਗਾਂਧਾਰਗ੍ਰਾਮ ਦੀ- ਰੌਦ੍ਰੀ, ਬ੍ਰਾਹਮੀ, ਵੈਸ਼ਨਵੀ, ਖੇਦਰੀ, ਸੁਰਾ, ਨਾਦਾਵਤੀ ਅਤੇ ਵਿਸ਼ਾਲਾ. (ਸਾਂਗੀਤ ਦਾਮੋਦਰ) ੨. ਮੂਛਾਂ. ਗ਼ਸ਼. ਬੇਹੋਸ਼ੀ. "ਛੁਟੀ ਮੂਰਛਨਾਯੰ ਹਰੀਚੰਦ ਜਾਗੇ." (ਵਿਚਿਤ੍ਰ)

ਮੂਰਛਾ: ਸੰ. ਮੂਰ੍ਛਾ. ਇਨਮਾ. ਗ਼ਸ਼ੀ. fainting ਦਿਮਾਗ ਦਿਲ ਦੀ ਕਮਜ਼ੋਰੀ, ਨਰਮ ਅਸਥਾਨ ਤੇ ਸੱਟ ਵੱਜਣੀ, ਲਹੂ ਦਾ ਨਿਕਲ ਜਾਣਾ, ਨਿਰਬਲਤਾ, ਦੁਖਦਾਈ ਅਤੇ ਅਤੀ ਆਨੰਦਦਾਇਕ ਖ਼ਬਰ, ਪਿਆਰੇ ਸੰਬੰਧੀ ਦਾ ਵਿਛੋੜਾ ਆਦਿ ਮੂਰਛਾ ਦੇ ਕਾਰਣ ਹਨ.

ਮੂਰਛਾ ਵਾਲਾ ਮੁਰਦੇ ਜੇਹਾ ਜੜ੍ਹ ਹੋ ਜਾਂਦਾ ਹੈ, ਕੋਈ ਸੁਧ ਨਹੀਂ ਰਹਿੰਦੀ, ਕਦੇ ਦੰਦਣ ਭੀ ਪੈ ਜਾਂਦੀ ਹੈ. ਇਸ ਦੇ ਸਾਧਾਰਣ ਇਲਾਜ ਹਨ- ਜਿਸ ਕਾਰਣ ਤੋਂ ਮੂਰਛਾ ਹੋਈ ਹੋਵੇ ਉਸ ਦੇ ਅਨੁਸਾਰ ਵਿਚਾਰਕੇ ਜਤਨ ਕਰਨਾ, ਠੰਢਾ ਜਲ, ਬੇਦਮੁਸ਼ਕ, ਕੇਉੜਾ, ਗੁਲਾਬ ਮੁਖ ਤੇ ਛਿੜਕਣਾ, ਕਪੂਰ ਚੰਦਨ ਆਦਿਕ ਸੁੰਘਾਉਣੇ ਅਤੇ ਇਨ੍ਹਾਂ ਦਾ ਮੱਥੇ ਤੇ ਲੇਪ ਕਰਨਾ. ਪੱਖੇ ਦੀ ਸੀਤਲ ਹਵਾ ਦੇਣੀ, ਬੱਕਰੀ ਦੇ ਦੁੱਧ ਦੀ ਹੱਥਾਂ ਪੈਰਾਂ ਤੇ ਮਾਲਿਸ਼ ਕਰਨੀ, ਨੱਕ ਘੁੱਟਣਾ, ਗਊ ਦਾ ਦੁੱਧ ਪਿਆਉਣਾ, ਮਾਸ ਦਾ ਸ਼ੋਰਵਾ ਦੇਣਾ, ਦਿਲ ਦਿਮਾਗ਼ ਨੂੰ ਤਾਕਤ ਦੇਣ ਵਾਲੀਆਂ ਚੀਜਾਂ ਵਰਤਣੀਆਂ ਆਦਿ.

ਮੂਰਛਿਤ: ਵਿ- ਮੂਛਿੰਤ. ਬੇਹੋਸ਼ ਹੋਇਆ. ਬੇਸੁਧ.

ਮੂਰਜ: ਦੇਖੋ, ਮੌਰਜ.

ਮੂਰਤ: ਦੇਖੋ, ਮੁਹੂਰਤ. "ਮੂਰਤ ਘਰੀ ਚਸਾ ਪਲੁ ਸਿਮਰਨ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਸੰ. ਮੂਤੰ (ਮੂਰ੍ਤ ) ਵਿ- ਮੂਰਛਾ ਵਾਲਾ. ਬੇਹੋਸ਼। ੩. ਮੂਰਖ. ਮੂਢ। ੪. ਸਖ਼ਤ. ਕਠੋਰ। ੫. ਮੂਰਤਿਮਾਨ੍। ੬. ਦੇਖੋ, ਮੂਰਤਿ.

ਮੂਰਤਿ: ਸੰ. ਮੂਰ੍ਤਿ. ਮੂਤਿੰ. ਸੰਗਯਾ- ਦੇਹ. ਸ਼ਰੀਰ. "ਮੂਰਤਿ ਪੰਚ ਪ੍ਰਮਾਣ ਪੁਰਖ." (ਸਵੈਯੇ ਮਃ ੫. ਕੇ) ੨. ਆਕਾਰ. ਸ਼ਕਲ। ੩. ਪ੍ਰਤਿਮਾ. ਤਸਵੀਰ. "ਨਾਨਕ ਮੂਰਤਿਚਿਤ੍ਰ ਜਿਉ ਛਾਡਤਿ ਨਾਹਨ ਭੀਤ." (ਸਃ ਮਃ ੯) ੪. ਸਖ਼ਤੀ. ਕਠੋਰਤਾ। ੫. ਨਮੂਨਾ. ਉਦਾਹਰਣ. ਮਿਸਾਲ. "ਤਾਂ ਨਾਨਕ ਕਹੀਐ. ਮੂਰਤਿ." (ਮਃ ੨. ਵਾਰ ਸਾਰ) ੬. ਹਸ੍ਤਿ. ਹੋਂਦ. ਭਾਵ. ਸੱਤਾ. "ਅਕਾਲਮੂਰਤਿ" (ਜਪੁ) "ਕਹੁ ਕਬੀਰੁ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ." (ਸਾਰ ਕਬੀਰ)

ਮੂਰਤਿਚਿਤ੍ਰ: ਚਿਤ੍ਰਿਤ ਮੂਤਿੰ. ਲਿਖੀਹੋਈ ਤਸਵੀਰ. ਦੇਖੋ, ਮੂਰਤਿ. ੩.

ਮੂਰਤਿ ਨਾਮ: ਖ਼ਾਸ ਮੂਰਤਿ. ਵਿਸ਼ੇਸ਼ ਕਰਕੇ ਕੋਈ ਇੱਕ ਪ੍ਰਤਿਮਾ. "ਹਿੰਦੂ ਮੂਰਤਿ ਨਾਮ ਨਿਵਾਸੀ, ਦਹ ਮਹਿ ਤਤੁ ਨ ਹੇਰਾ." (ਪ੍ਰਭਾ ਕਬੀਰ) ਹਿੰਦੂ ਖ਼ਾਸ ਖ਼ਾਸ ਮੂਰਤੀਆਂ ਵਿੱਚ ਨਿਵਾਸ ਕਰਨ ਵਾਲਾ ਕਰਤਾਰ ਨੂੰ ਮੰਨਦੇ ਹਨ.

ਮੂਰਤੁ: ਦੇਖੋ, ਮੁਹੂਰਤ. "ਮਰਣਿ ਨ ਮੂਰਤੁ ਪੁਛਿਆ." (ਮਃ ੧. ਵਾਰ ਸਾਰ) ੨. ਦੇਖੋ, ਮੂਰਤ ੨, ੩, ੪.

ਮੂਰਧ: ਸੰ. ਮੂਰ੍ਧ- ਮੂਧੰ. ਸੰਗਯਾ- ਮੱਥਾ। ੨. ਸਿਰ.

ਮੂਰਧਨ: ਸੰ. ਮੂਰ੍ਧਨ. ਸੰਗਯਾ- ਮੱਥਾ। ੨. ਸਿਰ। ਸਰਦਾਰ. ਪ੍ਰਧਾਨ. "ਅਤਿ ਕ੍ਰੁੱਧਿਤ ਹਨਐ ਰਣਮੂਧੰਨ ਮੋ, ਸਰ ਓਘ ਪ੍ਰਯੋਘ ਚਲਾਵਹਿੰਗੇ." (ਕਲਕੀ)

ਮੂਰਧਨੀ: ਸੰ. ਮੂਰ੍ਧਨ੍ਯ. ਮੂਧੰਨਜ. ਵਿ- ਮੱਥੇ ਤੋਂ ਪੈਦਾ ਹੋਇਆ. ਸਿਰ ਤੋਂ ਉਪਜਿਆ। ੨. ਸੰਗਯਾ- ਟ ਠ ਡ ਢ ਣ ਰ ਸ਼ ਅਤੇ

ਰ਼ਿ (ऋ). ਇਹ ਅੱਖਰ, ਜਿਨ੍ਹਾਂ ਦਾ ਉੱਚਾਰਣ ਅਸਥਾਨ ਮੂਧੰ ਹੈ.

ਮੂਰਧਨਜ: ਦੇਖੋ, ਮੂਰਧਨੀ.

ਮੂਰਾ: ਮੂਢ, ਮੂਰਖ. ਦੇਖੋ, ਮੂਰ ੨. "ਕੋਊ ਸੁਘਰ ਨ ਕੋਊ ਮੂਰਾ." (ਬਾਵਨ) ੨. ਘਾਹ ਫੂਸ ਨਾਲ ਭਰੀ ਵੱਛੇ ਕੱਟੇ ਦੀ ਖੱਲ.

ਮੂਰਾਖਾ: ਮੂਰਖਤਾ ਵਾਲਾ. ਬੇਸਮਝ. "ਹਉਮੈ ਪਚੈ ਮਨਮੁਖ ਮੂਰਾਖਾ." (ਆਸਾ ਮਃ ੫)

ਮੂਰਿ: ਦੇਖੋ, ਮੂਰੀ। ੨. ਦੇਖੋ, ਮੂਲਿ.

ਮੂਰਿਸ: ਅ਼. مُوَرِث ਵਾਰਿਸ ਬਣਾਉਣ ਵਾਲਾ. ਵਿਰਸਾ ਪਹੁਚਾਉਣ ਵਾਲਾ. ਵੰਸ਼ ਦਾ ਵਡੇਰਾ.

ਮੂਰੀ: ਮੂਲੀ. ਮੂਲਿਕਾ. "ਮੂਰੀ ਔ ਤੰਬੋਲਰਸ ਖਾਇ ਪਹਿਚਾਨੀਐ." (ਭਾਗੁ ਕ) ਮੂਲੀ ਅਤੇ ਪਾਨ ਖਾਧੇ, ਗੰਧ ਤੋਂ ਪਛਾਣੇ ਜਾਂਦੇ ਹਨ। ੨. ਬੂਟੀ. "ਭੂਲੋ ਰ ਠਗਮੂਰੀ ਖਾਇ." (ਸਾਰ ਨਾਮਦੇਵ) ੩. ਦੇਖੋ, ਮੂੜੀ.

ਮੂਲ: ਕ੍ਰਿ. ਵਿ- ਬਿਲਕੁਲ. ਮੂਲੋਂ "ਐਸਾ ਕੰਮ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ." (ਅਨੰਦੁ) ੨. ਸੰ. ਸੰਗਯਾ- ਜੜ. "ਮੂਲ ਬਿਨਾ ਸਾਖਾ ਕਤੁ ਆਹੈ?" (ਭੈਰ ਮਃ ੫) ੩. ਵਪਾਰ ਲਈ ਪੂੰਜੀ. ਮੂਲਧਨ. "ਖੋਵੈ ਮੂਲ ਲਾਭ ਨਹਿ" ਪਾਵੈ." (ਗੁਪ੍ਰਸੂ) ੪. ਅਸਲ ਮਜਮੂਨ, ਜਿਸ ਪੁਰ ਟੀਕਾ ਟਿੱਪਣੀ ਲਿਖੀ ਜਾਵੇ. Text। ੫. ਮੁੱਢ. ਆਦਿ. ਭਾਵ- ਕਰਤਾਰ. "ਮੂਲਿ ਲਾਗੇ ਸੇ ਜਨ ਪਰਵਾਣੁ। ××× ਡਾਲੀ ਲਾਗੈ ਨਿਹਫਲ ਜਾਈ ॥" (ਆਸਾ ਮਃ ੩) ਡਾਲੀ ਤੋਂ ਭਾਵ ਦੇਵੀ ਦੇਵਤਾ ਅਤੇ ਜਗਤ ਹੈ। ੬. ਅਸਲਿਯਤ। ੭. ਉੱਨੀਹਵਾਂ ਨਛਤ੍ਰ। ੮. ਗਾਜਰ ਮੂਲੀ ਆਦਿਕ ਜ਼ਮੀਨ ਅੰਦਰ ਹੋਣ ਵਾਲੇ ਪਦਾਰਥ। ੯. ਸੰ. मूल्. ਧਾ- ਜੜੇ ਜਾਣਾ, ਦ੍ਰਿੜ੍ਹ ਹੋਣਾ, ਵਧਣਾ, ਜੜ ਪਕੜਨਾ। ੧੦. ਦੇਖੋ, ਮੂਲਜ.

ਮੂਲਚੰਦ: ਜਿਲਾ ਗੁਰਦਾਸਪੁਰ ਦੇ ਪੱਖੋਕੇ ਅਤੇ ਬਟਾਲੇ ਪਿੰਡਾਂ ਦਾ ਵਸਨੀਕ ਚੋਣਾਖਤ੍ਰੀ ਬਾਬਾ ਮੂਲਚੰਦ, ਜਿਸ ਦੀ ਸੁਪੁਤ੍ਰੀ ਸ਼੍ਰੀ ਮਤੀ ਸੁਲਖਣੀ ਜੀ ਦਾ ਵਿਆਹ ਸ਼੍ਰੀਗੁਰੂ ਨਾਨਕਦੇਵ ਜੀ ਨਾਲ ਹੋਇਆ. ਦੇਖੋ, ਸੁਲਖਣੀ ਮਾਤਾ। ੨. ਭਾਈ ਮੂਲਚੰਦ, ਜਿਸ ਦਾ ਜਨਮ ਸੰਮਤ ੧੭੦੫ ਵਿੱਚ ਹੋਇਆ. ਇਹ ਕਰਨੀ ਵਾਲਾ ਗੁਰਸਿੱਖ ਹੋਇਆ ਹੈ. ਦੇਖੋ, ਗੰਗਾਰਾਮ.

ਮੂਲਜੰਤ੍ਰ: ਮੂਲਯੰਤ੍ਰ. ਉਹ ਕਲ, ਜਿਸ ਨਾਲ ਹੋਰ ਕਲਾਂ ਫਿਰਨ. ਸਭ ਨੂੰ ਚਲਾਉਣ ਵਾਲੀ ਮਸ਼ੀਨ. ਭਾਵ- ਮਾਯਾ। ੨. ਚੇਤਨਸੱਤਾ.

ਮੂਲਦੁਆਰ: ਸੰਗਯਾ- ਮੂਲਦ੍ਵਾਰ. ਗੁਦਾ. "ਮੂਲਦੁਆਰੈ ਬੰਧਿਆ ਬੰਧੁ." (ਭੈਰ ਕਬੀਰ) ਪ੍ਰਾਣਾਯਾਮ ਕਰਨ ਸਮੇਂ ਅੱਡੀ ਨਾਲ ਗੁਦਾ ਦਾ ਮੁਖ ਬੰਦ ਕੀਤਾ.

ਮੂਲਬੰਧ: ਹਠਯੋਗ ਅਨੁਸਾਰ ਅੱਡੀ ਨਾਲ ਗੁਦਾ ਦਾ ਮੁਖ ਬੰਦ ਕਰਨ ਦੀ ਕ੍ਰਿਯਾ.

ਮੂਲਮੰਤ੍ਰ, ਮੂਲਮੰਤ੍ਰੁ: ਸਾਰੇ ਮੰਤ੍ਰਾਂ ਦੀ ਜੜ ਓਅੰਕਾਰ। ੨. ਸਿੱਖ ਮਤ ਅਨੁਸਾਰ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ." "ਮੂਲਮੰਤ੍ਰੁ ਹਰਿਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ." (ਮਾਰੂ ਸੋਲਹੇ ਮਃ ੧)

ਮੂਲਰਾਜ: ਦੀਵਾਨ ਸਾਵਨਮੱਲ ਚੋਪੜੇ ਖਤ੍ਰੀ ਦਾ ਪੁਤ੍ਰ, ਜੋ ਲਹੌਰ ਦਰਬਾਰ ਵੱਲੋਂ ਮੁਲਤਾਨ ਦਾ ਹਾਕਿਮ ਸੀ. ਇਸ ਦੀ ਅਮਲਦਾਰੀ ਵਿੱਚ ਦੋ ਅੰਗ੍ਰੇਜ਼ ਅਹੁਦੇਦਾਰ, ਲਹੌਰ ਦੇ ਫੌਜੀਆਂ ਹੱਥੋਂ ਮਾਰੇ ਗਏ, ਜਿਸ ਪਰ ਝਗੜਾ ਵਧ ਗਿਆ ਅਰ ਅੰਗ੍ਰੇਜ਼ਾਂ ਨੇ ੨੨ ਜਨਵਰੀ ਸਨ ੧੮੪੯ ਨੂੰ ਮੁਲਤਾਨ ਪੁਰ ਕਬਜਾ ਕਰਕੇ ਮੂਲ ਰਾਜ ਨੂੰ ਕੈਦ ਕਰਲਿਆ. ਕਲਕੱਤੇ ਦੀ ਜੇਲ ਵਿੱਚ ਇਸ ਦਾ ਦੇਹਾਂਤ ਸਨ ੧੮੫੦ ਵਿੱਚ ਹੋਇਆ.

ਮੂਲਾ: ਸਿਆਲਕੋਟ ਦਾ ਵਸਨੀਕ ਕਿਰਾੜ, ਜਿਸ ਨੇ ਮਰਦਾਨੇ ਨੂੰ ਟਕੇ ਦਾ ਸੌਦਾ ਦਿੱਤਾ ਸੀ ਕਿ "ਮਰਣਾ ਸੱਚ ਅਤੇ ਜੀਉਣਾ ਝੂਠ ਹੈ." ਇਹ ਸਤਿਗੁਰੂ ਨਾਲ ਕੁਝ ਸਮਾਂ ਸਫਰ ਵਿੱਚ ਰਹਿਕੇ ਸਤਸੰਗ ਕਰਦਾ ਰਿਹਾ. ਇੱਕ ਵਾਰ ਇਹ ਆਪਣੀ ਇਸਤ੍ਰੀ ਦੇ

ਆਖੇ ਲਗਕੇ ਸ਼੍ਰੀ ਗੁਰੂ ਨਾਨਕਦੇਵ ਤੋਂ ਮੁਖ ਮੋੜਕੇ ਹਨੇਰੇ ਵਿੱਚ ਜਾ ਲੁਕਿਆ ਅਰ ਸੱਪ ਦੇ ਡੰਗਣ ਤੋਂ ਮਰ ਗਿਆ. ਦੇਖੋ, ਸਿਆਲਕੋਟ। ੨. ਕੀੜ ਗੋਤ੍ਰ ਦਾ ਮੂਲਾ ਸਤਿਗੁਰੂ ਨਾਨਕਦੇਵ ਦਾ ਸਿੱਖ. "ਮੂਲਾ ਕੀੜ ਨਾਮ ਨਰ ਏਕੂ." (ਨਾਪ੍ਰ) ੩. ਸਤਿਗੁਰੂ ਨਾਨਕਦੇਵ ਦਾ ਸਹੁਰਾ. ਦੇਖੋ, ਮੂਲਚੰਦ। ੪. ਧਾਵਣ ਗੋਤ ਦਾ ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ। ੫. ਭੀਵਾ ਗੋਤ ਦਾ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ। ੬. ਕਪੂਰ ਗੋਤ ਦਾ ਸ਼੍ਰੀ ਗੁਰੂ ਅਰਜਨ ਦੇਵ ਦਾ ਸਿੱਖ। ੭. ਕਪਾਹੀ ਗੋਤ ਦਾ ਸੁਲਤਾਨਪੁਰ ਨਿਵਾਸੀ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ। ੯. ਭਾਈ ਮੂਲਚੰਦ. ਦੇਖੋ, ਗੰਗਾਰਾਮ। ੧੦. ਡਿੰਗ. ਪ੍ਰਿਥਿਵੀ. ਜਮੀਨ.

ਮੂਲਾਧਾਰ: ਦੇਖੋ, ਖਟਚਕ੍ਰ.

ਮੂਲਾ ਭਾਈ: ਦੇਖੋ, ਗੰਗਾਰਾਮ.

ਮੂਲਿ: ਕ੍ਰਿ. ਵਿ- ਮੂਲੋਂ. ਬਿਲਕੁਲ. "ਮੰਦਾ ਮੂਲਿ ਨ ਕੀਚਈ." (ਵਾਰ ਆਸਾ) "ਫਿਰਿ ਲੇਖਾ ਮੂਲਿ ਨ ਲਾਇਆ." (ਸੋਰ ਮਃ ੫) "ਤਿਚਰੁ ਮੂਲਿ ਨ ਥੁੜੀਦੋ." (ਸਵਾ ਮਃ ੫) ੨. ਮੂਲ (ਮੁੱਢ ਨੂੰ). ਦੇਖੋ, ਮੂਲ ੫। ੩. ਦੇਖੋ, ਮੂਲੀ। ੪. ਦੇਖੋ, ਮੂਲ.

ਮੂਲਿਕ: ਸੰ. ਵਿ- ਅਸਲੀ। ੨. ਮੁੱਢ ਦਾ. ਆਦਿ ਕਾ.

ਮੂਲੀ: ਸੰ. ਮੂਲਿਕਾ. ਸੰਗਯਾ- ਇੱਕ ਕੰਦ, ਜਿਸ ਦੀ ਤਰਕਾਰੀ ਬਣਦੀ ਹੈ. (radish)

ਮੂਲੁ: ਸੰਗਯਾ- ਮੂਰੀ. ਮੂਲ. ਬੂਟੀ. "ਮੂਲੁ ਕਤ ਲਾਵਉ?" (ਗਉ ਕਬੀਰ) ਦਵਾ ਦਾ ਲੇਪ ਕਿੱਥੇ ਕਰਾਂ? ੨. ਸੰ. ਮੂਲ੍ਯ. ਮੁੱਲ. ਕੀਮਤ. "ਕੌਡੀ ਕਾ ਲਖ ਹੂਆ ਮੂਲੁ." (ਰਾਮ ਮਃ ੫) ਨਾਚੀਜ਼ਾਂ ਦਾ ਮਾਨ ਹੋ ਗਿਆ. ਕਮੀਨੇ ਆਦਮੀ ਉੱਚੇ ਦਰਜੇ ਤੇ ਪਹੁੰਚ ਗਏ। ੩. ਦੇਖੋ, ਮੂਲ। ੪. ਮੁੱਢ. ਜੜ. "ਮੂਲੁ ਛੋਡਿ ਡਾਲੀ ਲਗੇ." (ਆਸਾ ਅਃ ਮਃ ੧) ੫. ਮੂਲਧਨ. ਪੂੰਜੀ. "ਜਿਹ ਘਟੈ ਮੂਲੁ, ਨਿਤ ਬਢੈ ਬਿਆਜ" (ਬਸੰ ਕਬੀਰ) ੬. ਅਸਲਿਯਤ. "ਮੂਲੁ ਨ ਬੂਝਹਿ ਆਪਣਾ." (ਸੂਹੀ ਮਃ ੧) ੭. ਕਾਰਣ. ਸਬਬ. "ਕੋਟਿ ਕਰਮ ਬੰਧਨ ਕਾ ਮੂਲੁ." (ਭੈਰ ਮਃ ੫) ੮. ਵੇਲਿ ਅਤੇ ਬਿਰਛਾਂ ਦੀ ਜੜ ਵਿੱਚ ਹੋਣ ਵਾਲੇ ਖਾਣ ਯੋਗ੍ਯ ਪਦਾਰਥ. "ਇਕਿ ਕੰਦ ਮੂਲੁ ਚੁਣਿ ਖਾਵਹਿ." (ਮਃ ੧. ਵਾਰ ਮਾਝ)

ਮੂਲੇ: ਕ੍ਰਿ. ਵਿ- ਮੂਲੋਂ. ਬਿਲਕੁਲ. "ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ." (ਅਨੰਦੁ)

ਮੂਲੋਵਾਲ: ਪਟਿਆਲੇ ਦੀ ਨਜਾਮਤ ਸਨਾਮ, ਤਸੀਲ ਧੂਰੀ, ਥਾਣਾ ਸ਼ੇਰਪੁਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅਲਾਲ ਤੋਂ ਇੱਕ ਮੀਲ ਦੱਖਣ ਹੈ. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਇੱਥੇ ਵਿਰਾਜੇ ਹਨ. ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਸ ਪਿੰਡ ਦਾ ਖਾਰਾ ਜਲ ਮਿੱਠਾ ਹੋਇਆ. ਸਤਿਗੁਰਾਂ ਨੇ ਪਿੰਡ ਦਾ ਚੌਧਰੀ ਗੋਂਦਾ ਥਾਪਿਆ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ, ਜਿਸ ਦੀ ਸੇਵਾ ਮਹਾਰਾਜਾ ਕਰਮਸਿੰਘ ਨੇ ਕਰਵਾਈ ਹੈ. ਸੌ ਵਿੱਘੇ ਜ਼ਮੀਨ ਅਤੇ ਸੌ ਰੁਪਯਾ ਨਕਦ ਰਿਆਸਤ ਵੱਲੋਂ ਹੈ. ਪੁਜਾਰੀ ਸਿੰਘ ਹੈ. ਮੇਲਾ ਮਾਘੀ ਨੂੰ ਹੁੰਦਾ ਹੈ. ਜਿਨ੍ਹਾਂ ਜੰਡਾਂ ਨਾਲ ਸਤਿਗੁਰੂ ਦੇ ਘੋੜੇ ਬੱਧੇ ਸਨ, ਉਹ ਮੌਜੂਦ ਹਨ.

ਮੂਲ੍ਯ: ਸੰ. ਸੰਗਯਾ- ਮੁੱਲ. ਕੀਮਤ। ੨. ਵਿ- ਖਰੀਦਣ ਯੋਗ੍ਯ. ਕੀਮਤ ਲਾਇਕ.

ਮੂੜ: ਦੇਖੋ, ਮੂਢ ਅਤੇ ਮੂੜ੍ਹ.

ਮੂੜਕਾ: ਸੰਗਯਾ- ਮੂੜ੍ਹਾ. ਆਸਣ. ਦੇਖੋ, ਮਲਯਾਗਰ ੨.

ਮੂੜਤਾ: ਸੰਗਯਾ- ਮੂਢਤਾ. ਮੂਰਖਤਾ. ਨਾਦਾਨੀ.

ਮੂੜ ਮੁਗਧ: ਵਿ- ਅਤ੍ਯੰਤ ਮੂਰਖ. ਮੋਹ (ਅਗ੍ਯਾਨ) ਨੂੰ ਪ੍ਰਾਪਤ ਹੋਇਆ ਜੜ੍ਹਮਤਿ. "ਮੂੜ ਮੁਗਧ ਹੋਇ ਚਤੁਰ ਸੁਗਿਆਨੁ." (ਭੈਰ ਮਃ ੫)

ਮੂੜਾ: ਮੂਢ. ਮੂਰਖ. "ਅੰਤਰਿ ਵਸਤੁ, ਮੂੜਾ ਬਾਹਰੁ ਭਾਲੇ." (ਮਾਝ ਅਃ ਮਃ ੩) ੨. ਦੇਖੋ, ਮੂੜ੍ਹਾ.

ਮੂੜੀ: ਮੂਲਧਨ. ਪੂੰਜੀ। ੨. ਮੂਰੀ. ਜੜੀ. ਬੂਟੀ। ੩. ਗਾਂ ਮਹਿ" ਦਾ ਦੁੱਧ ਚੋਣ ਲਈ ਗਵਾਲਿਆਂ ਦੀ ਇੱਕ ਨੀਚ ਕ੍ਰਿਯਾ,[1029] ਜਿਸ ਤੋਂ ਦੁਖੀ ਹੋਕੇ ਪਸ਼ੂ ਦੁੱਧ ਦੇ ਦਿੰਦੇ ਹਨ. "ਮੂੜੀ ਦੀਨ ਗੋਡਬੌ ਕਰੇ." (ਗੁਪ੍ਰਸੂ) ੪. ਦੇਖੋ, ਮੂੜ੍ਹੀ.

ਮੂੜ੍ਹ: ਮੂਢ. ਮੂਰਖ.

ਮੂੜ੍ਹਾ: ਦੇਖੋ, ਮੂੜਾ ੧। ੨. ਸੰਗਜਾ- ਪੀਠ. ਮੋੱਢਾ. ਮ੍ਰਿਦੰਗ ਦੀ ਸ਼ਕਲ ਦਾ ਮੜ੍ਹਿਆ ਹੋਇਆ ਆਸਨ.

ਮੂੜ੍ਹੀ: ਮੂੜ੍ਹਾ ਦਾ ਇਸ੍ਤ੍ਰੀਲਿੰਗ. ਛੋਟਾ ਮੂੜ੍ਹਾ. ਪੀਠਿਕਾ.

ਮੇ: ਵਜ- ਮਧਜ. ਵਿੱਚ. ਮੇਂ. "ਕਹੂੰ ਦੇਵਤਾਨ ਕੇ ਦਿਵਾਨ ਮੇ ਵਿਰਾਜਮਾਨ." (ਅਕਾਲ) ੨. ے ਫ਼ਾਰਸੀ ਵਿੱਚ ਇਹ ਵਰਤਮਾਨ ਕ੍ਰਿਯਾ ਦਾ ਪ੍ਰਤਜਯ, ਪਦਪੂਰਤੀ ਅਤੇ ਰਚਨਾ ਦੀ ਸ਼ੋਭਾ ਲਈ ਬਿਨਾ ਅਰਥ ਹੀ ਆ ਜਾਂਦਾ ਹੈ, ਜੈਸੇ- ਮੇ ਕੁਨਦ, ਮੇ ਆਯਦ ਆਦਿ. "ਮੇ ਰਵਦਿ ਬਾਦਸਾਹਾ ਅਫਜੁ ਖੁਦਾਇਆ." (ਮਃ ੧. ਵਾਰ ਮਾਝ)

ਮੇਉ: ਸੰਗਜਾ- ਮੇਵਾਤ ਇਲਾਕੇ ਦਾ ਵਸਨੀਕ. ਮੇਵਾਤ ਪਹਾੜ ਦੀ ਧਾਰਾ ਹੈ, ਜੋ ਦਿੱਲੀ ਅਤੇ ਗੁੜਗਾਂਵੇ ਦੇ ਇਲਾਕੇ ਦੀ ਵੰਡ ਕਰਦੀ ਹੈ. ਮੇਉ ਲੋਕ ਰਾਜਪੂਤਾਂ ਵਿੱਚੋਂ ਨਿਕਲੇ ਹਨ। ੨. ਮਾਹੀਗੀਰ. ਧੀਵਰ. "ਨ ਜਾਣਾ ਮੇਉ, ਨ ਜਾਣਾ ਜਾਲੀ." (ਸ੍ਰੀ ਮਃ ੧) ਇੱਥੇ ਮੇਉ ਤੋਂ ਭਾਵ ਯਮ ਹੈ। ੩. ਮਲਾਹ. ਕੇਵਟ। ੪. ਦੇਖੋ, ਮੇਯ.

ਮੇਉੜਾ: ਦੇਖੋ, ਮੇਵੜਾ.

ਮੇਅਰਾਜ, ਮੇਅ਼ਰਾਜ: ਅ਼. معراج ਸੰਗਜਾ- ਪੌੜੀ. ਸੀਢੀ। ੨. ਮੁਹ਼ੰਮਦ ਸਾਹਿਬ ਦਾ ਆਸਮਾਨੀ ਸਫਰ. ਦੇਖੋ, ਬੁਰਾਕ ੨.

ਮੇਸ: ਸੰ. ਮੇਸ਼. ਸੰਗਜਾ- ਮੀਢਾ. ਛੱਤਰਾ. ਫ਼ਾ. میش। ੨. ਮੇਸ਼ ਰਾਸ਼ਿ. ਦੇਖੋ, ਬਾਰਹ ਰਾਸ਼ਿ.

ਮੇਸਣਾ: ਕ੍ਰਿ- ਮੇਟਣਾ. ਮਸਲਣਾ.

ਮੇਹ, ਮੇਂਹ: ਦੇਖੋ, ਮਿਹ ਧਾ. ਸੰ. ਸੰਗਜਾ- ਮੇਘ. ਬੱਦਲ. "ਹਰਿ ਸਿਉ ਪ੍ਰੀਤਿ ਕਰਿ, ਜੈਸੀ ਚਾਤ੍ਰਿਕ ਮੇਹ." (ਸ੍ਰੀ ਅਃ ਮਃ ੧) ੨. ਮੀਂਹ. ਵਰਖਾ. "ਚਾਤ੍ਰਿਕ ਚਿਤਵਤ ਬਰਸਤ ਮੇਂਹ." (ਜੈਤ ਮਃ ੫) ੩. ਦੇਖੋ, ਪ੍ਰਮੇਹ.

ਮੇਹਣਾ: ਸੰਗਜਾ- ਤਾਨਾ. ਤਰਕ. ਉਲਾਭਾ। ੨. ਦੇਖੋ, ਮੇਹਨ ਅਤੇ ਮੇਹਨਾ.

ਮੇਂਹਦੀ: ਦੇਖੋ, ਮਹਿੰਦੀ.

ਮੇਹਨ: ਸੰ. ਸੰਗਜਾ- ਮੂਤ੍ਰਤਜਾਗ. ਪੇਸ਼ਾਬ ਕਰਨਾ। ੨. ਲਿੰਗ। ੩. ਵੀਰਯਪਾਤ. ਮਣੀ ਦਾ ਖ਼ਾਰਿਜ ਹੋਣਾ.

ਮੇਹਨਾ: ਕ੍ਰਿ- ਮੂਤਣਾ। ੨. ਦੇਖੋ, ਮੇਹਣਾ.

ਮੇਹਰ: ਦੇਖੋ, ਮਿਹਰ.

ਮੇਹਰਕੁਲੀ: ਸੰਗਜਾ- ਮਖ਼ਮਲ. "ਮੇਹਰਕੁਲੀ ਅਉ ਧੜੀ ਤੁੱਪਾ." (ਭਾਗੁ) ਮੂਰਖ ਦੇ ਨਜ਼ਦੀਕ ਮਖ਼ਮਲ ਅਤੇ ਧੌੜੀ ਦਾ ਤੋਪਾ ਇੱਕੋ ਹੈ.

ਮੇਹਰਚੰਦ: ਦੇਖੋ, ਧਰਮਚੰਦ.

ਮੇਹਰਵਾਨ: ਦੇਖੋ, ਮਿਹਰਬਾਨ. "ਕਰਉ ਜਤਨ, ਜੇ ਹੋਇ ਮੇਹਰਵਾਨਾ." (ਵਡ ਮਃ ੫)

ਮੇਹਰਾ: ਦੇਖੋ, ਮਿਹਰਾ। ੨. ਇੱਕ ਪਹਾੜੀ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਆਤਮਗਜਾਨੀ ਹੋਇਆ.

---

[1029] ਪੇਸ਼ਾਬ ਦੇ ਥਾਂ ਪਸ਼ੂ ਦੀ ਪੂਛ ਦੇਣੀ, ਜਾਂ ਨਲਕੀ ਨਾਲ ਫੂਕ ਮਾਰਨੀ.

ਮੇਹਰਾਜ: ਬੈਰਾੜਵੰਸ਼ ਦਾ ਰਤਨ ਵਰਿਆਮ ਦਾ ਪੁੱਤ ਅਤੇ ਸਤੋਹ ਦਾ ਪਿਤਾ. ਦੇਖੋ, ਫੂਲਵੰਸ਼।

੨. ਮੇਹਰਾਜ ਦੇ ਨਾਮ ਪੁਰ ਗੁਰੂ ਸਾਹਿਬ ਦੀ ਆਗਯਾ ਨਾਲ ਸੰਮਤ ੧੬੮੪ ਵਿੱਚ ਮੋਹਨ ਦਾ ਵਸਾਇਆ ਨਗਰ, ਜੋ ਜਿਲਾ ਫਿਰੋਜਪੁਰ ਵਿੱਚ ਬਾਹੀਏ ਦਾ ਪ੍ਰਧਾਨ ਗ੍ਰਾਮ ਹੈ. ਦੇਖੋ, ਫੂਲਵੰਸ਼, ਬਾਹੀਆ ਅਤੇ ਜੈਦ ਪਰਾਣਾ. ਮੇਹਰਾਜ ਵਿੱਚ ਦੋ ਗੁਰਦ੍ਵਾਰੇ ਹਨ-

(੧) ਗੁਰੂਸਰ ਛੋਟਾ. ਇਹ ਪਿੰਡ ਤੋਂ ਪੌਣ ਮੀਲ ਦੱਖਣ ਪੱਛਮ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਮੋਹਨ ਦਾ ਪ੍ਰੇਮ ਦੇਖਕੇ ਠਹਿਰੇ ਹਨ. ਛੋਟਾ ਜਿਹਾ ਗੁਰਦ੍ਵਾਰਾ ਹੈ. ਪੁਜਾਰੀ ਸਿੰਘ ਹੈ.

(੨) ਗੁਰੂਸਰ. ਇਹ ਮੇਹਰਾਜ ਤੋਂ ਦੋ ਮੀਲ ਦੱਖਣ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹੀ ਸੈਨਾ ਨਾਲ ਜੰਗ ਕੀਤਾ ਸੀ. ਤਾਲ ਤੋਂ ਕੁਝ ਵਿੱਥ ਪੁਰ ਇੱਕ ਦਮਦਮਾ ਹੈ, ਜਿਸ ਵਿੱਚ ਫੌਜੀ ਸਰਦਾਰ ਦੱਬੇ ਗਏ ਸਨ. ਗੁਰੂ ਸਾਹਿਬ ਦਾ ਜਿੱਥੇ ਤੰਬੂ ਸੀ, ਉੱਥੇ ਮਹਾਰਾਜਾ ਹੀਰਾਸਿੰਘ ਨਾਭਾਪਤਿ ਨੇ ਸੁੰਦਰ ਦਰਬਾਰ ਬਣਵਾਇਆ ਹੈ. ਗੁਰਦ੍ਵਾਰੇ ਨਾਲ ੨੫੦ ਘੁਮਾਉਂ ਜ਼ਮੀਨ ਸਿੱਖਰਾਜ ਸਮੇਂ ਦੀ ਹੈ. ਸਵਾ ਸੌ ਰੁਪਯਾ ਸਾਲਾਨਾ ਰਿਆਸਤ ਪਟਿਆਲੇ ਤੋਂ ਅਤੇ ੩੧ ਰੁਪਯੇ ਰਿਆਸਤ ਨਾਭੇ ਤੋਂ ਮਿਲਦੇ ਹਨ. ਸ਼੍ਰੀ ਗੁਰੂ ਹਰਿਰਾਇ ਸਾਹਿਬ ਭੀ ਇਸੇ ਥਾਂ ਵਿਰਾਜੇ ਹਨ. ਮੇਹਰਾਜ, ਰੇਲਵੇ ਸਟੇਸ਼ਨ ਰਾਮਪੁਰਾਫੂਲ ਤੋਂ ਚਾਰ ਮੀਲ ਉੱਤਰ ਪੱਛਮ ਹੈ.

ਮੇਹਰਾਜਕੇ: ਦੇਖੋ, ਬਾਹੀਆ ਅਤੇ ਮੇਹਰਾਜ.

ਮੇਹਾ: ਮੇਘ. ਦੇਖੋ, ਮੇਹ. "ਹੁਕਮੀ ਵਰਸਣ ਲਾਗੇ ਮੇਹਾ." (ਮਾਝ ਮਃ ੫)

ਮੇਹੀ: ਸੰਗਯਾ- ਮਹਿਸ਼ੀ. ਭੈਂਸ. ਮੈਂਹ. ਮੱਝ. "ਸੁਣਕੈ ਸਦ ਮਾਹੀ ਦਾ ਮੇਹੀ ਪਾਣੀ ਘਾਹ ਮੁਤੋਨੇ." (ਦਸਮਗ੍ਰੰਥ) ਮਾਹੀ ਦਾ ਸੱਦ ਸੁਣਕੇ ਮੱਝਾਂ ਨੇ ਪੀਣਾ ਚਰਨਾ ਛੱਡ ਦਿੱਤਾ.

ਮੇਹੀਵਾਲ: ਸੋਹਨੀ ਦਾ ਪ੍ਰੇਮੀ, ਜੋ ਸੰਮਤ ੧੭੮੯ ਵਿੱਚ ਨਦੀ ਵਿੱਚ ਡੁੱਬਕੇ ਮੋਇਆ. ਦੇਖੋ, ਸੋਹਨੀ ੨. "ਰਾਵੀ ਤੀਰ ਜਾਟ ਇਕ ਰਹੈ। ਮੇਹੀਂ ਵਾਲ ਨਾਮ ਜਗ ਕਹੈ ॥" (ਚਰਿਤ੍ਰ ੧੦੧)

ਮੇਹੁ: ਸੰਗਯਾ- ਮੇਘ. ਦੇਖੋ, ਮੇਹ. "ਸਭ ਜਗ ਮਹਿ ਵਰਸੈ ਮੇਹੁ." (ਮਃ ੪. ਵਾਰ ਸੋਰ) ੨. ਮੀਂਹ. ਵਰਖਾ.

ਮੇਕ: ਇੱਕ. ਅਦੁਤੀ. "ਮਨਿ ਅਰਾਧਿ ਪ੍ਰਭੁ ਮੇਕ." (ਪ੍ਰਭਾ ਪੜਤਾਲ ਮਃ ੫) "ਹਰਿ ਬਿਨੁ ਨਿਹਫਲ ਮੇਕ ਘਰੀ." (ਗੂਜ ਅਃ ਮਃ ੧) ੨. ਸੰ. ਵਿ- ਮਜ਼ਬੂਤ. ਦ੍ਰਿੜ੍ਹ. ਪੱਕਾ.

ਮੇਕਰਾਨ: ਦੇਖੋ, ਮਕਰਾਨ.

ਮੇਕਲ: ਮੱਧਭਾਰਤ (ਸੀ. ਪੀ. ) ਵਿੱਚ ਵਿੰਧ੍ਯਧਾਰਾ ਦਾ ਇੱਕ ਪਹਾੜ, ਜੋ ਰੀਵਾਰਾਜ ਵਿੱਚ ਹੈ. ਇਸ ਤੋਂ ਨਰਮਦਾ ਨਦੀ ਨਿਕਲੀ ਹੈ। ੨. ਸੰ. ਬਕਰਾ. ਛਾਗ. ਅਜ। ੩. ਇੱਕ ਰਿਖੀ.

ਮੇਕਲਸੁਤਾ, ਮੇਕਲਕਨ੍ਯਾ, ਮੇਕਲਾ: ਮੇਕਲ ਪਹਾੜ ਤੋਂ ਨਿਕਲੀ ਨਰਮਦਾ ਨਦੀ, ਅਥਵਾ ਮੇਕਲ ਰਿਖੀ ਦੀ ਪੁਤ੍ਰੀ. ਦੇਖੋ, ਨਰਮਦਾ.

ਮੇਕਾ: ਇੱਕੋ. "ਮੇਕਾ ਘੜੀ ਸਮਾਲੀ." (ਬਸੰ ਅਃ ਮਃ ੧)

ਮੇਖ: ਫ਼ਾ. میخ ਮੇਖ਼. ਸੰਗਯਾ- ਕਿੱਲ. ਪਰੇਗ. "ਜਿੰਦ ਨ ਕੋਈ ਮੇਖ." (ਸ. ਫਰੀਦ) ੨. ਕਿੱਲਾ. ਕੀਲਾ. ਖੂੰਟਾ। ੩. ਸੰ. ਮੇਸ਼. ਮੀਢਾ. ਛੱਤਰਾ। ੪. ਪਹਿਲੀ ਰਾਸ਼ੀ, ਜਿਸ ਦੇ ਨਛਤ੍ਰਾਂ ਦੀ ਸ਼ਕਲ ਮੀਢੇ ਜੇਹੀ ਹੈ.

ਮੇਖਜੀਨ: ਅੰ. Magadine ਬਾਰੂਦ ਗੋਲੀ ਆਦਿ ਦਾ ਗੋਦਾਮ। ੨. ਮਾਲਗੋਦਾਮ। ੩. ਅਨੇਕ ਮਜਮੂਨਾਂ ਦਾ ਰਸਾਲਾ.

ਮੇਖਲਾ: ਸੰ. ਸੰਗਯਾ- ਰੱਸੀ। ੨. ਤੜਾਗੀ। ੩. ਹੋਮ ਦੇ ਕੁੰਡ ਦਾ ਘੇਰਾ। ੪. ਤਲਵਾਰ ਦਾ ਗਾਤ੍ਰਾ। ੫. ਸੋੱਟੀ ਆਦਿ ਦਾ ਸੰਮ.

ਮੇਖਲਾ ਸਾਜਨਾ: ਕ੍ਰਿ- ਤੜਾਗੀ ਪਹਿਰਨੀ. ਫਕੀਰੀ ਲਿਬਾਸ ਕਰਨਾ. "ਤਾਂਕੋ ਬੇਚ ਮੇਖਲਾ ਸਾਜੀ." (ਚਰਿਤ੍ਰ ੯੮) ਪੁਤ੍ਰ ਵੇਚਕੇ ਫਕੀਰੀ ਭੇਖ ਧਾਰਲੀਤਾ.

ਮੇਖਲੀ: ਦੇਖੋ, ਮੇਖਲਾ ੧. ਅਤੇ ੨। ੨. ਕਫ਼ਨੀ.

ਮੇਖੀ: ਵਿ- ਮੇਖ ਵਾਲਾ. ਜਿਸ ਵਿੱਚ ਮੇਖ ਲਗਾਈ ਗਈ ਹੈ. "ਜਾਣ ਰੁਪਈਆ ਮੇਖੀ ਸੋਈ." (ਭਾਗੁ) ਭਾਵ- ਦਾਗੀ. ਘੋਟਾ। ੨. ਵੈਸ਼ਾਖੀ. ਮੇਸ਼ ਦੀ ਸੰਕ੍ਰਾਂਤਿ.

ਮੇਖੁਲਾ, ਮੇਖੁਲੀ: ਦੇਖੋ, ਮੇਖਲਾ ੧. ਅਤੇ ੨. "ਤ੍ਰਿਭਵਣ ਮੇਖੁਲੀ ਲਾਈ." (ਸ੍ਰੀ ਕਬੀਰ)

ਮੇਗ਼: ਫ਼ਾ. میغ ਬੱਦਲ. ਦੇਖੋ, ਸੰ. ਮੇਘ.

ਮੇਗਜੀਨ: ਦੇਖੋ, ਮੇਖਜੀਨ.

ਮੇਘ, ਮੇਘੁ: ਸੰ. ਸੇਬ. ਸੰਗਯਾ- ਧੂਆਂ। ੨. ਬੱਦਲ. ਜਲਧਰ. ਦੇਖੋ, ਮਿਹ ਧਾ. "ਤ੍ਰਿਣ ਕੀ ਅਗਨਿ, ਮੇਘ ਕੀ ਛਾਇਆ." (ਟੋਡੀ ਮਃ ੫) ਦੇਖੋ, ਮੇਗ। ੩. ਮੋਥਾ। ੪. ਨਿਘੰਟੁ ਵਿੱਚ ਯਗਯ ਦਾ ਨਾਮ ਭੀ ਮੇਘ ਹੈ। ੫. ਭਾਵ- ਸਤਿਗੁਰੂ, ਜੋ ਉਪਦੇਸ਼ ਦੀ ਵਰਖਾ ਕਰਦਾ ਹੈ. "ਮੇਘੁ ਵਰਸੈ ਦਇਆ ਕਰਿ." (ਮਃ ੩. ਵਾਰ ਮਲਾ) ੬. ਇੱਕ ਰਾਗ, ਜਿਸ ਦੀ ਛੀ ਮੁੱਖ ਰਾਗਾਂ ਵਿੱਚ ਗਿਣਤੀ ਹੈ. ਇਹ ਕਾਫੀਠਾਟ ਤਾ ਸ਼ਾੜਵ ਰਾਗ ਹੈ. ਧੈਵਤ ਵਰਜਿਤ ਹੈ. ਗਾਂਧਾਰ ਬਹੁਤ ਹੀ ਸੂਖਮ ਲਗਦਾ ਹੈ. ਰਿਸ਼ਭ ਬਹੁਤ ਸਪਸ਼੍ਟ ਹੈ. ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ. ਸਾਰੰਗ ਵਾਂਙ ਰਿਸ਼ਭ ਅਤੇ ਮੱਧਮ ਦੀ ਸੰਗਤਿ ਹੈ.

ਆਰੋਹੀ- ਸ਼ ਰ ਗਾ ਮ ਪ ਨਾ ਸ਼.

ਅਵਰੋਹੀ- ਸ਼ ਨਾ ਪ ਮ ਗਾ ਸ਼.

੭. ਇੱਕ ਕਪੜਾ ਬੁਣਨ ਵਾਲੀ ਜਾਤਿ, ਜਿਸ ਨੂੰ ਕਈ ਅਛੂਤ ਮੰਨਦੇ ਹਨ.

ਮੇਘਅਡੰਬਰ, ਮੇਘਆਡੰਬਰ: ਸੰਗਯਾ- ਮੇਘਾਡੰਬਰ. ਛਤ੍ਰਦਾਰ ਹਾਥੀ ਦੀ ਅੰਬਾਰੀ. ਘਟਾਟੋਪ. "ਨ੍ਰਿਪ ਰੀਝਕੈ ਮੇਘਅੰਡਬਰ ਦੀਨੋ." (ਚੰਡੀ ੧) "ਰੁਚਿਰ ਮਤੰਗ ਕਰੋ ਅਸਵਾਰੀ। ਮੇਘਅਡੰਬਰ ਪਾਇ ਸਿੰਗਾਰੀ ॥" (ਗੁਪ੍ਰਸੂ)

੨. ਵਡਾ ਤੰਬੂ ਜਾਂ ਸਾਯਬਾਨ, ਜਿਸ ਹੇਠ ਸ਼ਾਹੀ ਦਰਬਾਰ ਲਗ ਸਕੇ.

ਮੇਘਸਿੰਘ: ਰਾਮਗੜ੍ਹੀਆ ਵੰਸ਼ ਦਾ ਰਤਨ, ਗਯਾਨੀ ਸੰਤਸਿੰਘ ਜੀ ਦਾ ਚਾਟੜਾ, ਜਿਸ ਦਾ ਜਨਮ ਸੰਮਤ ੧੮੫੯ ਵਿੱਚ ਅਮ੍ਰਿਤਸਰ ਹੋਇਆ. ਇਹ ਯੋਗਯ ਕਵਿ ਅਤੇ ਚਿਤ੍ਰਕਾਰ (ਮੁਸੱਵਰ) ਸੀ.

ਕਵਿਤਾ ਇਹ ਹੈ-

ਕੰਪਤ ਮੇਰੁ ਕੁਮੇਰੁ ਦੇਰ ਲਗ ਦਿੱਗਜ ਡੋਲਤ,

ਵਿੰਧਯ ਟੂਕ ਹ੍ਵੈਜਾਤ ਸਿੰਧੁ ਸੂਕਤ ਜਿਯ ਬੋਲਤ,

ਧੂਰਿ ਪੂਰ ਨਭ ਰਹਿਤ ਸੂਰਰਥ ਪੰਥ ਨ ਸੂਝਤ,

ਧਰਤਿ ਪਰਤ ਸੁਰਯਾਨ ਪ੍ਰਾਨ ਨਿਕਰਤ ਅਰਿ ਲੂਝਤ,

ਹਰਿ ਹਰ ਵਿਰੰਚਿ ਚਿਤ ਚਕਿਤ ਫਨਿ ਕੱਛਪ ਕੋਲ ਬਿਸੁੱਧ ਹਨਐ,

ਗੋਬਿੰਦਸਿੰਘ ਗੁਰੁ ਵੀਰ ਜਬ ਚਢ ਤੁਰੰਗ ਪਰ ਕ੍ਰੱਧ ਹਨਐ.

ਮੇਘਕਾਲ: ਸੰਗਯਾ- ਵਰਖਾ ਦੀ ਰੁੱਤ. ਸਾਉਣ ਭਾਦੋਂ ਦਾ ਮਹੀਨਾ.

ਮੇਘਜ: ਬੱਦਲ ਤੋਂ ਪੈਦਾ ਹੋਇਆ ਜਲ (ਸਨਾਮਾ)

ਮੇਘਜਨੀ: ਮੇਘਜ (ਜਲ) ਵਾਲੀ, ਪ੍ਰਿਥਿਵੀ ਅਤੇ ਨਦੀ. (ਸਨਾਮਾ)

ਮੇਘਜੀਵਨ: ਚਾਤਕ. ਪਪੀਹਾ.

ਮੇਘਦੂਤ: ਕਵਿ ਕਾਲਿਦਾਸ ਦਾ ਰਚਿਆ ਇੱਕ ਮਨੋਹਰ ਕਾਵਯ, ਜਿਸ ਵਿੱਚ ਮੇਘ ਨੂੰ ਦੂਤ ਠਹਿਰਾਇਆ ਹੈ. ਦੇਖੋ, ਸ਼ਟਕਾਵਯ.

ਮੇਘਧਰਣ: ਮੇਘ (ਬੱਦਲ) ਜੇਹੇ ਸ਼ਬਦ ਦੇ ਧਾਰਨ ਵਾਲਾ, ਮੇਘਨਾਦ. (ਸਨਾਮਾ) ੨. ਆਕਾਸ਼, ਜੋ ਬੱਦਲਾਂ ਨੂੰ ਧਾਰਦਾ ਹੈ.

ਮੇਘਧੁਨਿ: ਮੇਘਨਾਦ. ਰਾਵਣ ਦਾ ਪੁਤ੍ਰ ਇੰਦ੍ਰਜਿਤ. ਦੇਖੋ, ਮੇਘਨਾਦ.

ਮੇਘਧੁਨਿ ਪਿਤਾ ਅਰਿ: ਮੇਘਨਾਦ ਦਾ ਪਿਤਾ ਰਾਵਣ, ਉਸ ਦਾ ਵੈਰੀ ਤੀਰ. (ਸਨਾਮਾ)

ਮੇਘਨਾਦ: ਬੱਦਲ ਦੀ ਗਰਜ। ੨. ਮੰਦੋਦਰੀ ਦੇ ਉਦਰ ਤੋਂ ਰਾਵਣ ਦਾ ਪੁਤ੍ਰ, ਜੋ ਬੱਦਲ ਵਾਂਙ ਗਰਜਦਾ ਸੀ. ਇਸ ਦਾ ਨਾਮ ਇੰਦ੍ਰ ਨੂੰ ਜਿੱਤਣ ਕਰਕੇ ਇੰਦ੍ਰਜਿਤ ਭੀ ਹੈ. ਇਸ ਨੇ ਲੰਕਾਯੁੱਧ ਵਿੱਚ ਲਛਮਣ ਨੂੰ ਬਰਛੀ ਮਾਰਕੇ ਬੇਹੋਸ਼ ਕੀਤਾ ਸੀ, ਅੰਤ ਨੂੰ ਇਹ ਲਛਮਣ ਅਤੇ ਰਾਮਚੰਦ੍ਰ ਜੀ ਦੇ ਹੱਥੋਂ ਮਾਰਿਆ ਗਿਆ। ੩. ਮੋਰ, ਜੋ ਮੇਘ ਦੀ ਧੁਨਿ ਸੁਣਕੇ ਬੋਲਦਾ ਹੈ.

ਮੇਘਪਤਿ: ਬੱਦਲਾਂ ਦਾ ਸ੍ਵਾਮੀ ਇੰਦ੍ਰ.

ਮੇਘਮਾਲਾ: ਬੱਦਲਾਂ ਦੀ ਪੰਕਤਿ. ਘਟਾ.

ਮੇਘਮਾਲੀ: मेघमालिन्. ਇੰਦ੍ਰ। ੨. ਸ਼ਿਵ ਦੇ ਪੁਤ੍ਰ ਕਾਰ੍ਤਿਕੇਯ ਦਾ ਇੱਕ ਗਣ.

ਮੇਘਲਾ: ਦੇਖੋ, ਮੇਘੁਲਾ.

ਮੇਘਵੰਨ੍ਹਿ: ਬੱਦਲ ਦੀ ਅੱਗ, ਬਿਜਲੀ.

ਮੇਘਾ: ਸੰ. ਮੇਸ਼ੀ. ਭੇਡ. "ਧਨਿ ਧਨਿ ਮੇਘਾ ਰੋਮਾਵਲੀ." (ਮਾਲੀ ਨਾਮਦੇਵ)

ਮੇਘਾਡੰਬਰ: ਦੇਖੋ, ਮੇਘਾਅਡੰਬਰ। ੨. ਮੇਘ (ਬੱਦਲ) ਦੀ ਗਰਜ. ਘਨਘੋਰ.

ਮੇਘਾਰਿ: ਮੇਘ ਦਾ ਵੈਰੀ ਪਵਨ. ਜੋ ਬੱਦਲਾਂ ਨੂੰ ਉਡਾ ਲੈ ਜਾਂਦਾ ਹੈ.

ਮੇਘੁ, ਮੇਘੁਲਾ: ਬੱਦਲ. ਦੇਖੋ, ਮੇਘ. "ਮੇਘੁ ਵਰਸੈ ਸਭਨੀ ਥਾਈ." (ਮਾਝ ਮਃ ੫) "ਜੈਸੇ ਧਰਤੀ ਉਪਰ ਮੇਘੁਲਾ ਬਰਸਤੁ ਹੈ." (ਗਉ ਮਃ ੩)

ਮੇਘੇਸ਼੍ਵਰ: ਮੇਘ- ਈਸ਼੍ਵਰ. ਇੰਦ੍ਰ.

ਮੇਙਣ, ਮੇਙਨ: ਦੇਖੋ, ਮੀਂਗਣ. "ਮੇਙਣ ਆਗ ਸੁਲਗਤੀ ਲੈਕੈ." (ਗੁਪ੍ਰਸੂ)

ਮੇਚ: ਸੰਗਯਾ- ਮਾਪ. ਮਿਣਤੀ.

ਮੇਚਕ: ਸੰ. ਸੰਗਯਾ- ਹਨ੍ਹੇਰਾ. ਤਮ। ੨. ਸੁਰਮਾ. ਨੀਲਾ ਅੰਜਨ. "ਮੇਚਕ ਪੱਬਨ ਸੇ ਜਿਨ ਕੇ ਤਨ." (ਚੰਡੀ ੧) ਕਾਲੇ ਪਰਵਤਾਂ ਜੇਹੇ ਕਾਲੇ ਜਿਸਮ। ੩. ਬੱਦਲ. ਮੇਘ। ੪. ਕਾਲਾ ਰੰਗ। ੫. ਧੂੰਆਂ। ੬. ਸੁਹਾਂਜਣਾ। ੭. ਕਾਲਾ ਲੂਣ। ੮. ਵਿ- ਸਿਆਹ. ਕਾਲਾ.

ਮੇਚਕਦ: ਫ਼ਾ. میچکد ਟਪਕਦਾ ਹੈ. ਚੁਇੰਦਾ ਹੈ.

ਮੇਚਕਪੱਬ: ਸਿਆਹ ਪਹਾੜ. ਸੁਰਮੇ ਦਾ ਪਰਵਤ. ਦੇਖੋ, ਮੇਚਕ. ੨.

ਮੇਜ: ਮਿੰਜ. ਮੱਜਾ. "ਕਢਾ ਮੇਜ ਜੋਰੰ." (ਵਿਚਿਤ੍ਰ)

੨. ਫ਼ਾ. میز ਮੇਜ਼. ਪਾਵਿਆਂ ਵਾਲਾ ਤਖਤਾ, ਜਿਸ ਉੱਪਰ ਭੋਜਨ ਪਰੋਸਿਆ ਜਾਂਦਾ ਅਤੇ ਲਿਖੀਦਾ ਹੈ (table)

ਮੇਜ਼ਬਾਨ: ਫ਼ਾ. میزبان ਜ਼ਯਾਫ਼ਤ ਕਰਨ ਵਾਲਾ.

ਮੇਜ਼ਬਾਨੀ: ਫ਼ਾ. میزبانی ਜ਼ਯਾਫ਼ਤ. ਮੇਹਮਾਨ ਨਵਾਜ਼ੀ.

ਮੇਜਾ: ਮੱਜਾ. ਮਿੰਜ. "ਤਿਨਕੀ ਭੂਮਿ ਜੁ ਮੇਜਾ ਪਰੀ." (ਚਰਿਤ੍ਰ ੪੦੫)

ਮੇਟਣ, ਮੇਟਣਾ: ਕ੍ਰਿ- ਮਿਟਾਉਣਾ. ਮਸਲਣਾ। ੨. ਰੱਦ ਕਰਨਾ. "ਆਈ ਨ ਮੇਟਣ ਕੋ ਸਮਰਥੁ." (ਓਅੰਕਾਰ) ੩. ਡੋਲ੍ਹਣਾ. ਵੀਟਣਾ. "ਜਲੁ ਮੇਟਿਆ ਊਭਾ ਕਰਿਆ." (ਸੋਰ ਕਬੀਰ)

ਮੇਟਤ: ਮਿਟਾਉਂਦਾ. ਮੇਟਦਾ ਹੈ। ੨. ਮੇਟਦੇ ਹੀ. ਮੇਟਣਸਾਰ.

ਮੇਟਨ, ਮੇਟਨਾ: ਦੇਖੋ, ਮੇਟਣ, ਮੇਟਣਾ.

ਮੇਟਿ: ਮੇਟਕੇ. ਮਿਟਾਕੇ. "ਹਉਮੈ ਮੇਟਿ ਚਲੈ ਗੁਰਸਬਦਿ." (ਬਿਲਾ ਮਃ ੧)

ਮੇਠ: ਸੰ. मेण्ठ. ਮੇਂਠ. ਸੰਗਯਾ- ਹਾਥੀ ਦਾ ਚਰਕਟਾ.[1030] "ਮੇਠ ਮਹਾਵਤ ਮੀਰਾ." (ਭਾਗੁ)

ਮੇਂਡਕ: ਸੰ. मण्डूक. ਮੰਡੂਕ. ਸੰਗਯਾ- ਡੱਡੂ. ਭੇਕ. ਦਾਦੁਰ.

ਮੇਂਡਕਿ, ਮੇਂਡਕੀ: ਮੇਂਡਕ (ਮੰਡੂਕ) ਦੀ ਮਦੀਨ. ਮੰਡੂਕਾ. ਡੱਡ.

ਮੇਡਿ, ਮੇਡੀ: ਸੰ. ਮੇਡਿ. ਸੰਗਯਾ- ਛਣਕਾਰ. ਝਨਤਕਾਰ.

ਮੇਂਡੁਕ: ਡੱਡੂ. ਦਾਦੁਰ. ਦੇਖੋ, ਮੇਂਡਕ. "ਜਲ ਕੈ ਮਜਨਿ ਜੇ ਗਤਿ ਹੋਵੈ, ਨਿਤਿ ਨਿਤਿ ਮੇਂਡੁਕ ਨਾਵਹਿ." (ਆਸਾ ਕਬੀਰ)

ਮੇਢਾ: ਦੇਖੋ, ਮੀਢਾ ਅਤੇ ਮੇਢ੍ਰ.

ਮੇਢ੍ਰ: ਸੰ. ਸੰਗਯਾ- ਬੱਦਲ. ਮੇਘ। ੨. ਮੀਢਾ. ਛੱਤਰਾ। ੩. ਲਿੰਗ. ਦੇਖੋ, ਮਿਹ ਧਾ.

ਮੇਥੀ: ਸੰ. मन्था- ਮੰਥਾ. ਇੱਕ ਸੁਗੰਧ ਵਾਲੀ ਸਬਜੀ, ਜਿਸ ਦੀ ਭਾਜੀ ਬਣਦੀ ਅਤੇ ਮਸਾਲੇ ਵਿੱਚ ਵਰਤੀਦੀ ਹੈ. ਅੰ. Fenugreek. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਖਾਂਸੀ ਬਲਗਮ ਦੂਰ ਕਰਦੀ ਹੈ.

ਮੇਦ: ਸੰ. मेदस्. ਸੰਗਯਾ- ਚਰਬੀ. ਦੇਖੋ, ਮਿਦ ਧਾ। ੨. ਮੁਸ਼ਕਬਿਲਾਈ ਤੋਂ ਪੈਦਾ ਹੋਈ ਸੁਗੰਧ ਵਾਲੀ ਚਿਕਨਾਈ. "ਮੁਸਕਬਿੱਲੀਅਹੁ" ਮੇਦ ਕਰ." (ਭਾਗੁ) ਦੇਖੋ, ਗੰਧਬਿਲਾਵ ਅਤੇ ਮੁਸ਼ਕਲਬਿੱਲੀ.

ਮੇਦਕ: ਇਹ "ਤੋਟਕ" ਛੰਦ ਦਾ ਹੀ ਨਾਮਾਂਤਰ ਹੈ. ਲੱਛਣ- ਪ੍ਰਤਿ ਚਰਣ ਚਾਰ ਸਗਣ ।।S, ।।S, ।।S, ।।S.

ਉਦਾਹਰਣ-

ਅਬ ਏਕ ਕਿਯੇ ਬਿਨ ਯੌਂ ਨ ਟਰੈਂ,

ਦੁਉ ਦਾਂਤਨ ਪੀਸ ਹਕਾਰ ਪਰੈਂ,

---

[1030] ਚਰਕਟਾ ਚਾਰਾ ਕੱਟਕੇ ਲਿਆਉਂਦਾ ਹਾਥੀ ਅਤੇ ਮਕਾਨ ਦੀ ਸਫਾਈ ਰਖਦਾ ਹੈ. ਮਹਾਵਤ ਹਾਥੀ ਨੂੰ ਹੱਕਦਾ ਹੈ.

ਜਬਲੌ ਨ ਸੁਨੋ ਲਵ ਖੇਤ ਮਰਾ,

ਤਬਲੌ ਨ ਲਖੋਂ ਰਣ ਬਾਜਿ ਟਰਾ.

(ਮਾਂਧਾਤਾ)

੨. ਚਰਬੀ ਵਧਾਉਣ ਵਾਲੀ ਗਿਜਾ.

ਮੇਦਨਿ, ਮੇਦਨੀ: ਸੰ. ਮੇਦਿਨੀ. ਮੇਦ (ਚਰਬੀ) ਤੋਂ ਹੋਈ, ਪ੍ਰਿਥਿਵੀ. ਦੇਖੋ, ਮਧੁ ੧੦. "ਵਡਹੁ ਵਡਾ ਵਡ ਮੇਦਨੀ." (ਵਾਰ ਆਸਾ)

ਮੇਦਨੀਪ੍ਰਕਾਸ਼: ਦੇਖੋ, ਮੇਦਿਨੀਪ੍ਰਕਾਸ਼.

ਮੇਦਾ: ਦੇਖੋ, ਮੇਦ ੧। ੨. ਅ਼. معدہ ਮਿਅ਼ਦਹ. ਸੰਗਯਾ- ਪਕ੍ਵਾਸ਼ਯ. ਜਠਰਾਗਨਿ ਦੇ ਨਿਵਾਸ ਦਾ ਥਾਂ.[1031] ਓਝਲੀ. ਸ਼ਰੀਰ ਦੀ ਉਹ ਥੈਲੀ, ਜਿਸ ਵਿੱਚ ਜਾਕੇ ਗਿਜਾ ਹਜਮ ਹੁੰਦੀ ਹੈ. Stomach ਮੇਦੇ ਦਾ ਖੱਬਾ ਸਿਰਾ ਤਿੱਲੀ ਨਾਲ ਅਤੇ ਸੱਜਾ ਜਿਗਰ ਨਾਲ ਸੰਬੰਧ ਰਖਦਾ ਹੈ. ਮੇਦੇ ਤੋਂ ਹਜਮ ਹੋਈ ਖੁਰਾਕ ਆਂਦਰਾਂ ਵਿੱਚ ਜਾਂਦੀ ਹੈ. ਜੋ ਲੋਕ ਮੰਦੇ ਨੂੰ ਬਹੁਤ ਅੰਨ ਜਲ ਨਾਲ ਭਰ ਲੈਂਦੇ ਹਨ, ਮਹੀਨ ਚੱਬੇ ਅਤੇ ਬਿਨਾਂ ਭੁੱਖ ਤੇਹ ਖਾਂਦੇ ਪੀਂਦੇ ਹਨ, ਉਨ੍ਹਾਂ ਦਾ ਮੇਦਾ ਰੋਗੀ ਹੋਜਾਂਦਾ ਹੈ, ਜਿਸ ਤੋਂ ਅਨੇਕ ਰੋਗ ਉਪਜਦੇ ਹਨ.

ਮੇਦਿਨੀ: ਪ੍ਰਿਥਿਵੀ. ਦੇਖੋ, ਮੇਦਨੀ.

ਮੇਦਿਨੀਪ੍ਰਕਾਸ਼: ਰਾਜੇ ਬੁਧਪ੍ਰਕਾਸ਼ ਦਾ ਪੁਤ੍ਰ, ਜੋ ਨਾਹਨ (ਸਰਮੌਰ) ਦਾ ੩੩ ਵਾਂ ਰਾਜਾ ਸੀ. ਇਸ ਦਾ ਉਪਨਾਮ ਮਸ੍ਤੁਪ੍ਰਕਾਸ਼,[1032] ਅਤੇ ਗੱਦੀ ਬੈਠਣ ਤੋਂ ਪਹਿਲਾ ਨਾਮ ਜੋਗਰਾਜ ਸੀ. ਮੇਦਿਨੀਪ੍ਰਕਾਸ਼ ਸੰਮਤ ੧੭੩੫ ਵਿੱਚ ਗੱਦੀ ਤੇ ਬੈਠਾ ਅਤੇ ਸੰਮਤ ੧੭੫੧ ਵਿੱਚ ਮੋਇਆ. ਇਹ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨਾਲ ਪ੍ਰੇਮ ਰਖਦਾ ਸੀ. ਇਸ ਦਾ ਨਿਮੰਤ੍ਰਣ ਮੰਨਕੇ ਕਲਗੀਧਰ ੧੭. ਵੈਸਾਖ ਸੰਮਤ ੧੭੪੨ ਨੂੰ ਨਾਹਨ ਪਧਾਰੇ ਸਨ. ਗੁਰੂ ਸਾਹਿਬ ਨੇ ਮੇਦਿਨੀਪ੍ਰਕਾਸ਼ ਅਤੇ ਸ਼੍ਰੀਨਗਰ (ਗੜ੍ਹਵਾਲ) ਦੇ ਰਾਜੇ ਫਤੇਸ਼ਾਹ ਦਾ ਪਰਸਪਰ ਵੈਰ ਭਾਵ ਹਟਾਕੇ ਮਿਤ੍ਰਤਾ ਕਰਾਈ ਅਤੇ ਨਾਹਨ ਰਾਜ ਵਿੱਚ ਜਮਨਾ ਦੇ ਕਿਨਾਰੇ "ਪਾਂਵਟਾ" ਕਿਲਾ ਬਣਾਇਆ, ਜੋ ਨਾਹਨ ਤੋਂ ੨੬ ਮੀਲ ਹੈ.[1033] ਮੇਦਿਨੀਪ੍ਰਕਾਸ਼ ਦੇ ਲਾਵਲਦ ਮਰਨ ਪੁਰ ਉਸ ਦਾ ਛੋਟਾ ਭਾਈ, (ਬੁਧਪ੍ਰਕਾਸ਼ ਦਾ ਛੋਟਾ ਬੇਟਾ) ਹਰੀਪ੍ਰਕਾਸ਼, ਸੰਮਤ ੧੭੫੧ ਵਿੱਚ ਨਾਹਨ ਦਾ ੩੪ਵਾਂ ਰਾਜਾ ਹੋਇਆ. ਵੰਸ਼ਾਵਲੀ ਇਉਂ ਹੈ::-

ਮਾਂਧਾਤਾ ਪ੍ਰਕਾਸ਼
।
ਸੁਭਾਗਪ੍ਰਕਾਸ਼
।
ਬੁਧਪ੍ਰਕਾਸ਼ (ਉਰਫ਼ ਮਹੀਪ੍ਰਕਾਸ਼)
।
ਮੇਦਿਨੀਪ੍ਰਕਾਸ਼

"ਮੇਦਿਨੀਪ੍ਰਕਾਸ਼ ਕੋ ਸੁਨਾਇ ਨਿਜ ਬਾਸ ਕੋ ਸੁ ਹੋਇ ਜਲ ਪਾਸ ਕੋ ਤੁਰੰਗ ਕੋ ਟਿਕਾਇਕੈ." (ਗੁਪ੍ਰਸੂ) ਦੇਖੋ, ਪਾਂਵਟਾ ਅਤੇ

---

[1031] ਦੇਖੋ ਜਠਰਾਗਨਿ ਸ਼ਬਦ. ਅੱਜਕੱਲ ਦੇ ਵਿਦ੍ਵਾਨਾਂ ਨੇ ਜਠਰਾਗਨਿ (digestive stomach fire) ਮੇਦੇ ਦੀ ਗਿਲਟੀਆਂ ਤੋਂ ਪੈਦਾ ਹੋਇਆ ਪਾਚਕਰਸ (gastric juice) ਮੰਨਿਆ ਹੈ.

[1032] ਕਈਆਂ ਨੇ ਮਤਪ੍ਰਕਾਸ਼ ਭੀ ਲਿਖਿਆ ਹੈ.

[1033] ਹੁਣ ਕਿਲਾ ਢਹਿ ਚੁੱਕਾ ਹੈ, ਪਰ ਪੁੱਟਣ ਤੋਂ ਨੀਹਾਂ ਦੇ ਨਿਸ਼ਾਨ ਮਿਲਦੇ ਹਨ.

ਭੰਗਾਣੀ। ੨. ਮੇਦਿਨੀ (ਪ੍ਰਿਥਿਵੀ) ਨੂੰ ਰੌਸ਼ਨ ਕਰਨ ਵਾਲਾ ਸੂਰਜ.

ਮੇਧ: ਸੰ. ਸੰਗਯਾ- ਮਾਸ ਦਾ ਰਸ. ਸ਼ੋਰਵਾ। ੨. ਯਗ੍ਯ ਵਿੱਚ ਕ਼ੁਰਬਾਨੀ ਕਰੇਂ ਜਾਣ ਵਾਲਾ ਪਸ਼ੂ। ੩. ਕ਼ੁਰਬਾਨੀ। ੪. ਬੁੱਧੀ. ਦਾਨਾਈ। ੫. ਸੰ. ਮੇਧ੍. ਧਾ- ਸਮਝਣਾ, ਮਾਰਨਾ.

ਮੇਧਣਿ: ਮੇਧਾ (ਬੁੱਧਿ) ਵਾਲੀ, ਸੈਨਾ (ਫ਼ੌਜ). (ਸਨਾਮਾ)

ਮੇਧਣਿ ਰਿਪੁ: ਸੈਨਾ ਦੀ ਵੈਰਣ ਬੰਦੂਕ਼. (ਸਨਾਮਾ)

ਮੇਧਾ: ਸੰ. ਮੇਦਸ੍. ਪ੍ਰਿਥਿਵੀ. "ਹਰੋ ਭਾਰ ਮੇਧਾ." (ਗੁਵਿ ੬) ੨. ਸੰ. ਮੇਧਾ. ਇਨਾਮ। ੩. ਦਾਨਾਈ. ਬੁੱਧਿ। ੪. ਦੌਲਤ. ਸੰਪਦਾ। ੫. ਦੇਖੋ, ਮੇਦ. "ਬਹੁਤਿਨ ਕੀ ਮੇਧਾ ਕਢਡਾਰੀ." (ਚਰਿਤ੍ਰ ੪੦੫) ਮਿੰਜ (ਮੱਜਾ) ਕੱਢਸਿੱਟੀ.

ਮੇਧਾਵੀ: ਸੰ. ਮੇਧਾਵਿਨ੍. ਵਿ- ਦਾਨਾ. ਬੁੱਧਿ ਵਾਲਾ। ੨. ਸੰਗਯਾ- ਦੈਤਾਂ ਦਾ ਗੁਰੂ, ਸ਼ੁਕ੍ਰ। ੩. ਤੋਤਾ. ਦੇਖੋ, ਮੈਜਨ.

ਮੇਧਿ: ਡਿੰਗ. ਮੋਗਰੀ. ਮੂੰਗਲੀ.

ਮੇਂਧੀ: ਸੰ. ਮੇਨ੍ਧੀ. ਸੰਗਯਾ- ਮੇਂਹਦੀ. ਹ਼ਿਨਾ.

ਮੇਧੁ: ਸੰ. ਮਧੁ. ਸ਼ਰਾਬ. ਮਦਿਰਾ. "ਰਸੁ ਮਿਸੁ ਮੇਧੁ ਅਮ੍ਰਿਤੁ ਬਿਖੁ ਚਾਖੀ, ਤਉ ਪੰਚ ਪ੍ਰਗਟ ਸੰਤਾਪੇ." (ਸ੍ਰੀ ਬੇਣੀ) ੨. ਦੇਖੋ, ਮੇਧ੍ਯ.

ਮੇਧ੍ਯ: ਸੰ. ਵਿ- ਪਵਿਤ੍ਰ। ੨. ਕ਼ੁਰਬਾਨੀ ਯੋਗ੍ਯ। ੩. ਬੁੱਧਿ ਵਧਾਉਣ ਵਾਲਾ। ੪. ਸੰਗਯਾ- ਬਕਰਾ, ਜੋ ਕ਼ੁਰਬਾਨੀ ਯੋਗ੍ਯ ਹੈ। ੫. ਜੌਂ. ਯਵ.

ਮੇਨ: ਮੇਨਕਾ ਦਾ ਪਿਤਾ ਵ੍ਰਿਸ਼ਨਾਸ਼੍ਵ.

ਮੇਨਕਾ: ਸੰ. ਸੰਗਯਾ- ਹਿਮਾਲਯ ਦੀ ਇਸਤ੍ਰੀ. ਗੰਗਾ ਅਤੇ ਸਤੀ ਦੀ ਮਾਤਾ. ਮੇਨਾ। ੨. ਸ੍ਵਰਗ ਦੀ ਇੱਕ ਅਪਸਰਾ. ਦੇਖੋ, ਸਕੁੰਤਲਾ ਅਤੇ ਹੀਰ। ੩. ਰਿਗਵੇਦ ਅਨੁਸਾਰ ਵ੍ਰਿਸ਼ਨਾਸ਼੍ਵ ਦੀ ਪੁਤ੍ਰੀ. ਜਿਸ ਨਾਲ ਇੰਦ੍ਰ ਦਾ ਪ੍ਰੇਮ ਸੀ.

ਮੇਨਾ: ਦੇਖੋ ਮੇਨਕਾ ੧। ੨. ਪਿਤਰਾਂ ਦੇ ਮਨ ਤੋਂ ਉਪਜੀ ਇੱਕ ਕੰਨਯਾ.

ਮੇਮ: ਅੰ. Madam ਬੇਗਮ, ਖ਼ਾਨਮ. ਸ੍ਨਮਾਨ ਯੋਗ੍ਯ ਇਸਤ੍ਰੀ.

ਮੇਮਾਰ: ਅ਼. معمار ਮਿਅ਼ਮਾਰ ਇ਼ਮਾਰਤ (ਉਸਾਰੀ) ਕਰਨ ਵਾਲਾ, ਰਾਜ (mason)

ਮੇਮੂ: ਅ਼. میموُن ਮੈਮੂ. ਮੁਬਾਰਿਕ.

ਮੇਮੂਖਾਨ: ਮੇਮੂਖ਼ਾਨ. ਬਾਦਸ਼ਾਹ ਔਰੰਗਜ਼ੇਬ ਦੀ ਫ਼ੌਜ ਦਾ ਇੱਕ ਸਰਦਾਰ, ਜੋ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨਾਲ ਲੜਨ ਆਇਆ, ਪਰ ਦਰਸ਼ਨ ਕਰਕੇ ਅਤੇ ਸਤਿਗੁਰੂ ਨੂੰ ਉਪਕਾਰੀ ਜਾਣਕੇ ਮੁਰੀਦ ਹੋ ਗਿਆ, ਅਰ ਸਿੱਖਾਂ ਨਾਲ ਮਿਲਕੇ ਆਨੰਦਪੁਰ ਦੇ ਜੰਗ ਵਿੱਚ ਧਰਮ ਅਤੇ ਦੇਸ਼ ਦੀ ਰਖ੍ਯਾ ਲਈ ਲੜਦਾ ਰਿਹਾ.

ਮੇਯ: ਸੰ. ਵਿ- ਮਿਣਨ ਯੋਗ੍ਯ। ੨. ਜਾਣਨ ਲਾਇਕ਼.

ਮੇਰ: ਸੰਗਯਾ- ਮੇਰਾਪਨ. ਮਮਤ੍ਵ. "ਮੇਰ ਤੇਰ ਜਬ ਇਨਹਿ ਚੁਕਾਈ." (ਗਉ ਅਃ ਮਃ ੫) ੨. ਦੇਖੋ, ਮੇਰੁ. "ਕੇਤੀਆ ਕਰਮਭੂਮੀ ਮੇਰ ਕੇਤੇ." (ਜਪੁ) ੩. ਸੰ. ਮੈਰ. ਵਿ- ਮਸ੍ਤ ਮਖ਼ਮੂਰ. ਦੇਖੋ, ਮੈਰੇਯ. "ਮੇਰ ਚਚਾ ਗੁਨ ਰੇ." (ਮਾਰੂ ਮਃ ੧) ਕਮਲ ਦੀ ਗੁਨਚਰਚਾ ਵਿੱਚ ਮਸ੍ਤ. ਦੇਖੋ, ਚਚਾ ੪.

ਮੇਰਉ: ਸਰਵ- ਮੇਰਾ. "ਮੇਰਉ ਮੇਰਉ ਸਭੈ ਕਹਤ ਹੈ." (ਦੇਵ ਮਃ ੯)

ਮੇਰਡੰਡ: ਮੇਰੁਦੰਡ. ਕੰਗਰੋੜ ਨਾਲ ਲੱਗੀ ਹੋਈ ਸੁਖਮਨਾ ਨਾੜੀ, ਜੋ ਦਿਮਾਗ ਵਿੱਚ ਯੋਗੀ ਦੇ ਸ੍ਵਾਸ ਲੈ ਜਾਂਦੀ ਹੈ. "ਮੇਰਡੰਡ ਸਿਰ ਊਪਰਿ ਬਚੈ." (ਭੈਰ ਕਬੀਰ) ੨. ਕੰਗਰੋੜ ਰੀੜ.

ਮੇਰਤੇਸ: ਮੇਰਤਾ- ਈਸ਼. ਮੇਰਤਾ ਨਗਰ ਦਾ ਰਾਜਾ. ਇਹ ਜੋਧਪੁਰ ਰਾਜ ਵਿੱਚ ਹੈ. ਦੇਖੋ, ਮੀਰਾਂਬਾਈ। ੨. ਦੇਖੋ, ਮੇੜਤੇਸ.

ਮੇਰ ਤੇਰ: ਮਮਤ੍ਵ ਅਤੇ ਤ੍ਵੰਤਾ. ਮੇਰਾ ਤੇਰਾਪਨ. ਦੇਖੋ, ਮੇਰ ੧.

ਮੇ ਰਵਦ, ਮੇ ਰਵਦਿ: ਫ਼ਾ. میرود ਜਾਂਦਾ ਹੈ. ਜਾ ਰਿਹਾ ਹੈ. ਵੀਤਦਾ ਹੈ। ੨. ਮੇ ਰਵੰਦ. ਜਾਂਦੇ ਹਨ. "ਮੇਰਵਦਿ ਬਾਦਸਾਹਾ, ਅਫਜੂ ਖੁਦਾਇਆ." (ਮः ੧. ਵਾਰ ਮਾਝ)

ਮੇ ਰਵਮ: ਫ਼ਾ. میروم ਮੈ ਜਾਂਦਾ ਹਾਂ.

ਮੇ ਰਵੀ: ਫ਼ਾ. میروی ਤੂੰ ਜਾਂਦਾ ਹੈਂ. "ਕੁਜਾ ਆਮਦ ਕੁਜਾ ਮੇਰਵੀ." (ਤਿਲੰ ਨਾਮਦੇਵ)

ਮੇਰਾ: ਸਰਵ- ਮਾਮਕ. ਬੋਲਣ ਵਾਲੇ ਦਾ ਆਪਣਾ. "ਮੇਰਾ ਸਾਹਿਬ ਅਤਿ ਵਡਾ." (ਮः ੩. ਵਾਰ ਗੂਜ ੧) ੨. ਵਿ- ਮੁੱਖ. ਪ੍ਰਧਾਨ. ਦੇਖੋ, ਮੇਰੁ. "ਸਿਰੁ ਕੀਨੋ ਮੇਰਾ." (ਰਾਮ ਅः ਮः ੫) ਸਾਰੇ ਅੰਗਾਂ ਵਿੱਚੋਂ ਸਿਰ ਨੂੰ ਪ੍ਰਧਾਨ ਬਣਾਇਆ ਹੈ.

ਮੇਰਾਜ: ਦੇਖੋ, ਮੇਅ਼ਰਾਜ। ੨. ਦੇਖੋ, ਮੇਹਰਾਜ.

ਮੇਰੀ: ਮੇਰਾ ਦਾ ਇਸਤ੍ਰੀਲਿੰਗ. "ਮੇਰੀ ਇਛ ਪੁੰਨੀ." (ਗਉ ਛੰਤ ਮः ੧) ੨. ਮੇਲੀ. ਮਿਲਾਈ. "ਗੁਰਿ ਪਿਰ ਸੰਗਿ ਮੇਰੀ." (ਆਸਾ ਮः ੫) ੩. ਵਿ- ਮੇਰ (ਅਪਣੱਤ) ਰੱਖਣਵਾਲਾ. "ਮਿਲਿਆ ਆਇ ਪ੍ਰਭੁ ਮੇਰੀ." (ਗਉ ਮः ੪)

ਮੇਰੁ: ਸੰ. ਸੰਗ੍ਯਾ- ਪੁਰਾਣਾਂ ਅਨੁਸਾਰ ਪ੍ਰਿਥਿਵੀ ਦੇ ਮੱਧ ਇੱਕ ਵਡਾ ਪਹਾੜ, ਜਿਸ ਪੁਰ ਇੰਦ੍ਰ ਕੁਬੇਰ ਆਦਿ ਦੇਵਤਿਆਂ ਦੀਆਂ ਪੁਰੀਆਂ ਹਨ. ਇਸ ਦੇ ਨਾਮ ਸੁਮੇਰੁ. ਹੇਮਾਦ੍ਰਿ. ਰਤਨਸਾਨੁ, ਅਮਰਾਦ੍ਰਿ ਆਦਿ ਅਨੇਕ ਹਨ. "ਤ੍ਰਿਣ ਮੇਰੁ ਦਿਖੀਤਾ." (ਬਿਲਾ ਮः ੫) ੨. ਮੰਦਰਾਚਲ. "ਮੇਰੁ ਕੀਆ ਮਾਧਾਣੀ.") (ਮः ੧. ਵਾਰ ਮਾਝ) ੩. ਮਾਲਾ ਦਾ ਸ਼ਿਰੋਮਣਿ ਮਣਕਾ. "ਤੂੰ ਗੰਠੀ, ਮੇਰੁ ਸਿਰਿ ਤੂੰ ਹੈ." (ਮਾਝ ਮः ੫) ੪. ਪਹਾੜ. ਗਿਰਿ. "ਮੇਰੁ ਮੇ ਸੁਮੇਰੁ ਬਡੋ." (ਭਾਗੁ ਕ) "ਕੂਪ ਤੇ ਮੇਰੁ ਕਰਾਵੈ." (ਸਾਰ ਕਬੀਰ) ਨੀਵੇਂ ਥਾਂ ਤੋਂ ਉੱਚਾ ਪਹਾੜ ਕਰਦਾ ਹੈ। ੫. ਕੰਗਰੋੜ ਦੀ ਹੱਡੀ. ਰੀੜ. ਦੇਖੋ, ਮੇਰਡੰਡ। ੬. ਯੋਗਮਤ ਅਨੁਸਾਰ ਦਸ਼ਮਦ੍ਵਾਰ। ੭. ਛੱਖਜ ਦਾ ਇੱਕ ਰੂਪ. ਦੇਖੋ, ਗੁਰੁ ਛੰਦ ਦਿਵਾਕਰ। ੮. ਵਿ- ਪ੍ਰਧਾਨ ਸ਼ਿਰੋਮਣਿ.

ਮੇਰੁਸਰੀਰ: ਮਨੁੱਖ ਦੇਹ, ਜੋ ਸਭ ਸ਼ਰੀਰਾਂ ਵਿੱਚੋਂ ਪ੍ਰਧਾਨ ਹੈ. "ਨਾਨਕ ਮੇਰੁਸਰੀਰ ਕਾ ਇਕੁ ਰਥੁ, ਇਕੁ ਰਥਵਾਹੁ." (ਵਾਰ ਆਸਾ)

ਮੇਰੁਗਿਰਿ: ਦੇਖੋ, ਮੇਰੁ ੧.

ਮੇਰੁਡੰਡ: ਮੇਰੁਦੰਡ. ਕੰਗਰੋੜ ਦੀ ਹੱਡੀ. ਰੀੜ। ੨. ਦੇਖੋ, ਮੇਰਡੰਡ.

ਮੇਰੁਰੱਜੁ: ਬੱਤੀ ਦੇ ਆਕਾਰ ਦੀ ਇੱਕ ਚਿਕਣੀ ਡੋਰੀ, ਜੋ ਦਿਮਾਗ ਨਾਲ ਜੁੜੀ ਰਹਿੰਦੀ ਹੈ, ਅਰ ਕੰਗਰੋੜ (ਰੀੜ) ਵਿੱਚਦੀਂ ਹੋਕੇ ਕਮਰ ਦੇ ਜੋੜ ਤੀਕ ਪਹੁੱਚਦੀ ਹੈ. ਇਸ ਦ੍ਵਾਰਾ ਦਿਮਾਗ ਨੂੰ ਸਰਵ ਪ੍ਰਕਾਰ ਦਾ ਗ੍ਯਾਨ ਹੁੰਦਾ ਹੈ. Spinal marrow ਅਤੇ Spinal cord.

ਮੇਰੈ ਸੰਮਾਨੈ: ਮੇਰੁ- ਸਮ- ਮਾਨੈ. "ਕੀਤੇ ਕਉ ਮੇਰੈ ਸੰਮਾਨੈ, ਕਰਣਹਾਰੁ ਤ੍ਰਿਣ ਜਾਨੈ." (ਸੋਰ ਮः ੫) ਕਰਤਾਰ ਦੇ ਕੀਤੇ (ਰਚੇ ਹੋਏ) ਪਦਾਰਥਾਂ ਨੂੰ ਮੇਰੁ ਤੁੱਲ, ਅਤੇ ਕਰਤਾਰ ਨੂੰ ਤ੍ਰਿਣ ਜਾਣਦਾ ਹੈ.

ਮੇਰੋ: ਦੇਖੋ, ਮੇਰਾ. "ਮੇਰੋ ਗੁਰੁ ਰਖਵਾਰੋ ਮੀਤ." (ਸੋਰ ਮः ੫)

ਮੇਲ: ਸੰਗ੍ਯਾ- ਮਿਲਾਪ. ਮਿਲਣ ਦਾ ਭਾਵ। ੨. ਵਿਆਹ ਸਮੇਂ ਮਿਲੇ ਸੰਬੰਧੀਆਂ ਦਾ ਗਰੋਹ. "ਫਸਜੋ ਬਜਾਹ ਕੇ ਕਾਜ ਮੇ, ਬਹੁ

ਮੇਲ ਬੁਲਾਏ." (ਗੁਪ੍ਰਸੂ)

ਮੇਲਈ: ਮੇਲਦਾ ਹੈ.

ਮੇਲਗੇਲ: ਗਾੜ੍ਹਾ ਮਿਲਾਪ.

ਮੇਲਨ, ਮੇਲਨਾ: ਮਿਲਾਉਣਾ. "ਮੇਲਿਲੈਹੁ ਦਇਆਲ." (ਵਾਰ ਜੈਤ) "ਵਿਛੁੜਿਆਂ ਮੇਲੇ ਪ੍ਰਭੁ." (ਵਾਰ ਰਾਮ ੨. ਮਃ ੫)

ਮੇਲਾ: ਸੰਗ੍ਯਾ- ਮਿਲਾਪ. "ਮੇਲਾ ਸੰਜੋਗੀ ਰਾਮ." (ਆਸਾ ਛੰਤ ਮਃ ੧) ੨. ਲੋਕਾਂ ਦਾ ਏਕਤ੍ਰ ਹੋਇਆ ਸਮੁਦਾਯ. ਬਹੁਤ ਮਿਲੇ ਹੋਏ ਲੋਕ. "ਮੇਲਾ ਸੁਣਿ ਸਿਵਰਾਤਿ ਦਾ." (ਭਾਗੁ)

ਮੇਲਾਸਿੰਘ: ਦੇਖੋ, ਪੁਣਛ.

ਮੇਲਾਪ: ਦੇਖੋ, ਮਿਲਾਪ. "ਸਤਸੰਗਤਿ ਮੇਲਾਪ ਕਰਿ." (ਮਾਰੂ ਮਃ ੪)

ਮੇਲਾਵੜਾ: ਵਿ- ਮਿਲਾਉਣ ਵਾਲਾ. ਮੇਲ ਕਰਾਉਣ ਵਾਲਾ। ੨. ਸੰਗ੍ਯਾ- ਮੇਲ. ਮਿਲਾਪ. "ਵਡਭਾਗੀ ਮੇਲਾਵੜਾ." (ਬਿਲਾ ਛੰਤ ਮਃ ੫)

ਮੇਲਾਵਾ: ਵਿ- ਮੇਲ ਕਰਾਉਣ ਵਾਲਾ। ੨. ਸੰਗ੍ਯਾ- ਮਿਲਾਪ. "ਨਦਰਿ ਕਰੇ ਮੇਲਾਵਾ ਹੋਇ." (ਧਨਾ ਮਃ ੩)

ਮੇਲਿ: ਮੇਲਕੇ. ਮਿਲਾਕਰ। ੨. ਮੇਲ ਮੇਂ. ਸਾਧੁ ਸਮਾਗਮ ਵਿੱਚ. "ਆਪੇ ਮੇਲਿ ਮਿਲਾਇਦਾ." (ਮਃ ੩. ਵਾਰ ਰਾਮ ੧)

ਮੇਲਿਮੁ: ਸਿੰਧੀ. ਮੈਨੂ ਮਿਲਾਇਆ. "ਗੁਰੁ ਪਿਰ ਮੇਲਿਮੁ." (ਮਾਰੂ ਅਃ ਮਃ ੧)

ਮੇਲੀ: ਮਿਲਾਲਈ। ੨. ਮਿਲਣ ਵਾਲਾ. ਮੁਲਾਕਾਤੀ. "ਮੇਲੀ ਅਪਨੇ ਉਨਿ ਲੇ ਬਾਂਧੇ." (ਆਸਾ ਮਃ ੫) ੩. ਡਾਲੀ. ਪਾਈ. "ਕਾਲ ਫਾਸਿ ਜਬ ਗਰ ਮੈ ਮੇਲੀ." (ਮਾਰੂ ਮਃ ੯) "ਮਾਲਾ ਮੇਲੀ ਚਾਰ." (ਸ. ਕਬੀਰ) ਦੇਖੋ, ਚਾਰ ਮਾਲਾ। ੪. ਸ਼ਾਦੀ ਦੇ ਮੌਕੇ ਮਿਲਣ ਵਾਲਾ ਸੰਬੰਧੀ.

ਮੇਲੁ: ਮਿਲਾਪ. ਦੇਖੋ, ਮੇਲ. "ਮੇਲੁ ਭਇਆ ਸਤਿਗੁਰੂ ਮਿਲਾਇਆ." (ਓਅੰਕਾਰ)

ਮੇਲੰਗਾ: ਅੰਗਾਂ ਨੂੰ ਮਿਲਾਕੇ. "ਪੂਜਾਚਾਰ ਕਰਤ ਮੇਲੰਗਾ." (ਕਾਨ ਮਃ ੫) ਪੂਜਨ ਦੇ ਸਾਰੇ ਅੰਗ ਮਿਲਾਕੇ. ਦੇਖੋ, ਖੋੜਸੋਪਚਾਰ। ੨. ਅੰਗਾਂ (ਅੰਕਾਂ) ਨੂੰ ਮਿਲਾਕੇ, ਅਰਥਾਤ ਯੰਤ੍ਰ ਲਿਖਕੇ ਪੂਜਾ ਕਰਦਾ ਹੈ.

ਮੇਵਣੀ: ਸੰਗ੍ਯਾ- ਜੋੜ ਮੇਲ. ਮਿਲਾਪ। ੨. ਛੁਟਕਾਰਾ. ਰਿਹਾਈ. "ਕਾਈ ਗਲੀਂ ਨ ਮੇਵਣੀ." (ਮਃ ੧. ਬੰਨੋ) ੩. ਸਮਾਉਂਦੇ ਹਨ. ਦੇਖੋ, ਮਾਵਨਾ ਅਤੇ ਮੇਵਨਾ.

ਮੇਵਨਾ: ਕ੍ਰਿ- ਮੇਯ ਹੋਵਨ. ਮਿਣਤੀ ਅੰਦਰ ਹੋਣਾ. ਮਰਯਾਦਾ ਵਿੱਚ ਰਹਿਣਾ. "ਮੇਵਹਿ ਨਹੀ ਆਪਨੇ ਅੰਗ." (ਗੁਪ੍ਰਸੂ) ੨. ਸਮਾਉਣਾ. ਵਸਣਾ. "ਨਾਮੁ ਕਰਤਾ ਮੁਖਿ ਮੇਵਾ." (ਸਵੈਯੇ ਮਃ ੩. ਕੇ)

ਮੇਵਰਾ, ਮੇਵੜਾ: ਆਈਨ ਅਕਬਰੀ ਵਿੱਚ ਲਿਖਿਆ ਹੈ ਕਿ ਮੇਵਾੜ ਦੇ ਵਸਨੀਕ ਲੋਕ ਸਭ ਤੋਂ ਪਹਿਲਾਂ ਬਾਦਸ਼ਾਹ ਅਕਬਰ ਨੇ ਡਾਕ ਦੇ ਇੰਤਜਾਮ ਲਈ ਰੱਖੇ, ਜੋ ਮੇਵੜੇ ਸੱਦੀਦੇ ਸਨ. ਇਹ ਚੱਲਣ ਵਿੱਚ ਬਹੁਤ ਤੇਜ਼ ਸਨ. ਜ਼ੁਬਾਨੀਸੁਨੇਹਾ ਲੈਜਾਣ ਅਤੇ ਲਿਆਉਣ ਵਿੱਚ ਇਹ ਵਡਾ ਕੰਮ ਦਿੰਦੇ ਸਨ। ੨. ਸਤਿਗੁਰੂ ਦੇ ਹਜੂਰ ਸੰਗਤਾਂ ਦੀ ਅਰਜ ਕਰਨ ਅਤੇ ਪਰਾਹੁਣਿਆਂ ਦੀ ਖ਼ਾਤਿਰ ਤਵਾਜਾ ਕਰਨ ਵਾਲਾ ਕਰਮਚਾਰੀ. "ਖਰੋ ਮੇਵਰੋ ਕਰ ਅਰਦਾਸ." ਅਤੇ- "ਕਰਹਿ ਮੇਵੜਾ ਸਭ ਮਹਿ ਫੇਰਾ। ਸਿੱਖ ਵਿਦੇਸਿਨ ਕੋ ਜਹਿ" ਡੇਰਾ ॥ " (ਗੁਪ੍ਰਸੂ)

ਮੇਵਾ: ਫ਼ਾ. میوہ ਮੇਵਹ. ਫਲ. "ਕੂਜਾ ਮੇਵਾ ਮੈ ਸਭਕਿਛੁ ਚਾਖਿਆ." (ਗਉ ਮਃ ੧) ੨. ਦੇਖੋ, ਮੇਵਨਾ.

ਮੇਵਾਰ, ਮੇਵਾੜ: ਸੰ. ਮੇਦਪਾਲ. ਮੇਦ ਜਾਤਿ ਦਾ ਦੇਸ਼. ਰਿਆਸਤ ਉਦਯਪੁਰ ਦਾ ਪੁਰਾਣਾ ਨਾਮ. ਗਹਲੋਤਵੰਸ਼ੀ ਰਾਜਪੂਤਾਂ ਦਾ ਰਾਜ੍ਯ.

ਮੇੜਤੇਸ: ਦੇਖੋ, ਮੇਰਤੇਸ। ੨. ਮੇਵਾਰਪਤਿ. "ਮੇੜਤੇਸ ਅੰਬੇਰਪਤਿ ਅਮਿਤ ਸੈਨ ਲੈ ਸਾਥ." (ਚਰਿਤ੍ਰ ੫੧) ੩. ਮਾਰਵਾਰ ਦਾ ਪਤਿ. "ਮੇੜਤੇਸ ਬਾਰੇ ਉਦਰ ਸੁਨ ਰਾਨੀ ਮਮ ਬੈਨ." (ਚਰਿਤ੍ਰ ੧੯੫)

ਮੈ: ਸਰਵ- ਅਹੰ ਮੈਂ. "ਮੈਂ ਆਪਣਾ ਗੁਰੁ ਪੂਛਿਦੇਖਿਆ." (ਸ੍ਰੀ ਮਃ ੧) ੨. ਸੰਗ੍ਯਾ- ਅਭਿਮਾਨ. ਹੌਮੈ. "ਨਾ ਮੈ ਨਾਹੀ ਦੋਸਾ." (ਮਃ ੫. ਵਾਰ ਰਾਮ ੨) ੩. ਮਦ. "ਕੇਸਰਿ ਕੁਸਮ ਮਿਰਗਮੈ." (ਤਿਲੰ ਮਃ ੧) ਮ੍ਰਿਗਮਦ. ਕਸਤੂਰੀ। ੪. ਸਰਵ- ਮੇਰਾ. "ਜੇ ਤੁਧੁ ਭਾਵੈ ਸਾਹਿਬਾ, ਤੂ ਮੈ, ਹਉ ਤੈਡਾ." (ਆਸਾ ਅਃ ਮਃ ੧) ੫. ਮੁਝੇ. ਮੈਨੂੰ. "ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ." (ਮਾਝ ਮਃ ੪) ੬. ਦੇਖੋ, ਮਯ ੫. "ਗਗਨਮੈ ਥਾਲੁ ਰਵਿ ਚੰਦੁ ਦੀਪਕ ਬਨੇ." (ਸੋਹਿਲਾ) ਆਕਾਸ਼ਰੂਪ ਥਾਲ. "ਜਾਕੇ ਭਗਤ ਆਨੰਦਮੈ." (ਬਸੰ ਮਃ ੫) ਆਨੰਦਰੂਪ। ੭. ਵ੍ਯ- ਅੰਦਰ. ਵਿੱਚ ਮੇਂ. "ਜਗਤ ਮੈ ਝੂਠੀ ਦੇਖੀ ਪ੍ਰੀਤਿ." (ਦੇਵ ਮਃ ੯) "ਕਰ ਮੈ ਅਸਿ ਲੈ ਬਰ ਚੰਡ ਸੰਭਾਰਜੋ." (ਚੰਡੀ ੧) ੮. ਮਯ ਨਾਮਕ ਅਸੁਰ. ਦੇਖੋ, ਮਯ ੪. "ਮੈ ਇਕ ਦੈਤ ਹੁਤੋ ਤਿਨ ਆਇਕੈ." (ਕ੍ਰਿਸਨਾਵ) ੯. ਫ਼ਾ. مے ਮਯ. ਸ਼ਰਾਬ. "ਮਨੁ ਮੈਮਤੁ ਮੈਗਲ ਮਿਕਦਾਰਾ." (ਧਨਾ ਮਃ ੩) ਮਨ ਮਯ- ਮੱਤ (ਸ਼ਰਾਬ ਵਿੱਚ ਮਸ੍ਤ) ਹਾਥੀ ਤੁੱਲ ਹੈ। ੧੦. ਸਮੇਤ. ਸਾਥ. ਦੇਖੋ, ਮਯ ੭.

ਮੈਂਸ, ਮੈਂਹ: ਸੰਗ੍ਯਾ- ਮਹਿਸ਼ੀ. ਭੈਂਸ. ਮੱਝ.

ਮੈਂਹਗਾ: ਦੇਖੋ, ਮਹਗਾ.

ਮੈਹਾਂ: ਸੰਗ੍ਯਾ- ਮਹਿਸ਼. ਝੋਟਾ.

ਮੈਕ: ਛਲੀਆ. ਦੇਖੋ, ਮਾਯਿਕ. "ਕਰ ਆਨੰਦ ਭਾਮਨਿ ਮੈਕ ਪੀਆ." (ਕ੍ਰਿਸਨਾਵ)

ਮੈਕਾ: ਮਾਯਕਾ. ਮਾਤ੍ਰਿਕ. ਨੈਹਰ. ਪਿਉਕਾ. ਪੇਕਾ.

ਮੈਕੀ, ਮੈਕੂ: ਸਰਵ- ਮੈਨੂੰ. ਮੁਝੇ. ਮੇਰੇ ਪ੍ਰਤਿ. "ਮੈਕੀ ਨਦਰਿ ਨ ਆਵਹੀ." (ਵਡ ਮਃ ੧) "ਹਭਿ ਗੁਣ ਤੈਡੇ ਨਾਨਕ ਜੀਉ, ਮੈਕੁ ਥੀਏ." (ਮਃ ੫. ਵਾਰ ਰਾਮ ੨)

ਮੈਖੀ: ਦੇਖੋ, ਮਹਿਖੀ.

ਮੈਗਲ: ਮਦ ਟਪਕਦਾ ਹੈ ਜਿਸ ਦੇ ਗਲ ਤੋਂ, ਐਸਾ ਮਸ੍ਤ ਹਾਥੀ. "ਮੈਗਲ ਜਿਉ ਫਾਸਸਿ ਕਾਮਹਾਰ." (ਬਸੰ ਅਃ ਮਃ ੧) ੨. ਦੇਖੋ, ਮਦਕਲ.

ਮੈਗੂੰ: ਫ਼ਾ. مےگُوں ਵਿ- ਮਯ (ਸ਼ਰਾਬ) ਗੂੰ (ਰੰਗਾ). ਸ਼ਰਾਬ ਰੰਗਾ. ਭਾਵੇਂ ਸ਼ਰਾਬ ਦੇ ਕਈ ਰੰਗ ਹੁੰਦੇ ਸਨ, ਪਰ ਮੁੱਖ ਲਾਲ ਰੰਗ ਹੋਇਆ ਕਰਦਾ.

ਮੈਜਨ: ਸੰ. ਮੇਧਾਵਿਨੑ. ਤੋਤਾ. ਸ਼ੁਕ. "ਸਿੰਮਲ ਰੁਖੁ ਸਰੀਰੁ ਮੈ, ਮੈਜਨ ਦੇਖਿ ਭੁਲੰਨਿ." (ਸੂਹੀ ਮਃ ੧)

ਮੈਟ੍ਕਾਫ਼: Sir Charles T. Metcalfe. ੩੦ ਜਨਵਰੀ ਸਨ ੧੭੮੫ ਨੂੰ ਇਸ ਦਾ ਜਨਮ ਕਲਕੱਤੇ ਹੋਇਆ. ਇਹ ਕਈ ਬੋਲੀਆਂ ਦਾ ਚੰਗਾ ਜਾਣੂ ਸੀ. ਪਹਿਲਾਂ ਇਹ ਬੰਗਾਲ ਦੀ ਫੌਜ ਵਿੱਚ ਭਰਤੀ ਹੋਇਆ ਅਤੇ ਆਪਣੀ ਲਿਆਕਤ ਨਾਲ ਜਨਰਲ ਲੇਕ ਦਾ ਨਾਇਬ ਬਣਿਆ. ਸਨ ੧੮੦੮ ਵਿੱਚ ਇਸ ਨੂੰ ਲਾਰਡ ਮਿੰਟੋ ਨੇ ਮਹਾਰਾਜ ਰਣਜੀਤ ਸਿੰਘ ਪਾਸ ਅਹਿਦਨਾਮਾ ਲਿਖਾਣ ਲਈ ਭੇਜਿਆ, ਜੋ ੨੫ ਅਪ੍ਰੈਲ ਸਨ ੧੮੦੯ ਨੂੰ ਲਿਖਿਆ ਗਿਆ, ਕੁਝ ਚਿਰ ਦਿੱਲੀ ਵਿੱਚ ਰੈਜ਼ੀਡੰਟ ਰਿਹਾ ਅਤੇ ਆਗਰੇ ਦਾ ਗਵਰਨਰ ਬਣਿਆ. ੨੦. ਮਾਰਚ ਸਨ ੧੮੩੫ ਤੋਂ ੪. ਮਾਰਚ ਸਨ ੧੮੩੮ ਤੀਕ ਹਿੰਦੁਸਤਾਨ ਦਾ ਗਵਰਨਰ ਜਨਰਲ ਰਿਹਾ. ਸਨ ੧੮੩੮ ਵਿੱਚ ਪੈਨਸ਼ਨ ਲੈਕੇ ਇੰਗਲੈਂਡ ਚਲਾ ਗਿਆ ਅਤੇ ੧੮੪੨ ਵਿੱਚ ਕੈਨੇਡਾ ਦਾ ਗਵਰਨਰ ਜਨਰਲ ਬਣਿਆ. ੫. ਸਿਤੰਬਰ ਸਨ ੧੮੪੬ ਨੂੰ ਮੈਟਕਾਫ ਦਾ ਦੇਹਾਂਤ ਹੋਇਆ.

**ਮੈਡੜਾ, ਮੈਡੜੀ, ਮੈਡਾ, ਮੈਂਡਾ, ਮੈਂਡੀ:** ਸਿੰਧੀ. ਸਰਵ- ਮੇਰਾ. ਮੇਰੀ. "ਸੁਣਿ ਸਜਣ ਜੀ ਮੈਡੜੇ ਮੀਤਾ ਰਾਮ." (ਵਡ ਛੰਤ ਮਃ ੫) "ਤੂ ਕਰਤਾ ਸਚਿਆਰੁ, ਮੈਡਾ ਸਾਂਈ." (ਸੋਪੁਰਖੁ)

**ਮੈਣ:** ਸੰ. ਮਦਨ.[1034] ਮੋਮ. ਦੇਖੋ, ਮੈਣੁ. "ਮੈਣ ਕੇ ਦੰਤ ਕਿਉ ਖਾਈਐ ਸਾਰੁ?" (ਸਿਧਗੋਸਟਿ)

੨. ਮਦਨ. ਕਾਮ. "ਜਨੁ ਰੂਪ ਮੈਣ." (ਬੇਨਰਾਜ)

੩. ਮਾਬੈਨ ਦਾ ਸੰਖੇਪ. ਵਿਚਕਾਰ. ਮੱਧ.

**ਮੈਣਦੁਆਬ:** ਫ਼ਾ. میان دوٗیاب ਅਥਵਾ مابیَن دوٗیاب ਮਾਬੈਨ (ਵਿਚਕਾਰ) ਦੋ ਆਬ (ਪਾਣੀਆਂ) ਦੇ ਦੇਸ਼. ਖ਼ਾਸ ਕਰਕੇ ਘੱਗਰ ਅਤੇ ਜਮੁਨਾ ਦੇ ਵਿਚਕਾਰਲਾ ਇਲਾਕਾ.

**ਮੈਣੀ, ਮੈਣੀਸੰਗਤ:** ਦੇਖੋ, ਮੈਨੀਸੰਗਤਿ.

**ਮੈਣੁ:** ਸਿੰਧੀ. ਸੰਗਯਾ- ਮੋਮ. ਦੇਖੋ, ਮੈਣ.

**ਮੈਤਨਿ:** ਮੇਰੇ ਤਨ ਮੇਂ. ਮੇਰੇ ਸ਼ਰੀਰ ਵਿੱਚ. "ਮੈ ਤਨਿ ਅਵਗੁਣ ਬਹੁਤੁ." (ਫੁਨਹੇ ਮਃ ੫) ੨. ਮੇਰੇ ਵੱਲ. ਮੇਰੀ ਓਰ.

**ਮੈਤੇ:** ਮੇਰੇ ਨਾਲੋਂ. ਮੁਝ ਸੇ. "ਮੈਤੇ ਵਧਵੀ ਏਹ." (ਤਿਲੰ ਮਃ ੫)

**ਮੈਤ੍ਰੀ:** ਸੰ. ਸੰਗਯਾ- ਮਿਤ੍ਰਤਾ ਦਾ ਭਾਵ. ਦੋਸ੍ਤੀ.

**ਮੈਤ੍ਰੇਯੀ:** ਮਿਤ੍ਰ ਰਿਖੀ ਦੇ ਵੰਸ਼ ਵਿੱਚ ਹੋਣ ਵਾਲੀ ਯਾਗਯਵਲਕ੍ਯ ਦੀ ਇਸਤ੍ਰੀ, ਜੋ ਮਹਾਨ ਪੰਡਿਤਾ ਸੀ। ੨. ਇਸ ਨਾਮ ਦੀ ਇੱਕ ਉਪਨਿਸ਼ਦ.

**ਮੈਥਿਲੀ:** ਮਿਥਿਲਾ ਵਿੱਚ ਉਪਜੀ, ਸੀਤਾ. ਜਨਕਪੁਤ੍ਰੀ.

**ਮੈਥੁਨ:** ਮਿਥੁਨ (ਜੋੜੇ) ਦਾ ਮਿਲਾਪ. ਇਸਤ੍ਰੀ ਪੁਰੁਸ਼ ਦਾ ਸੰਗਮ. ਰਤਿਕ੍ਰੀੜਾ. ਦੇਖੋ, ਮਿਥ ਧਾ. ਚਰਕ- ਸੰਹਿਤਾ ਵਿੱਚ ਵਸੰਤ ਅਤੇ ਸਰਦ ਰੁੱਤ ਵਿੱਚ ਤਿੰਨ ਦਿਨਾਂ ਪਿੱਛੋਂ, ਵਰਖਾ ਅਤੇ ਗਰਮੀ ਦੀ ਰੁੱਤ ਵਿੱਚ ਪੰਦਰਾਂ ਦਿਨਾਂ ਪਿੱਛੋਂ ਭੋਗ ਕਰਨਾ, ਅਰੋਗਤਾ ਦਾ ਵਿਚਾਰ ਕਰਕੇ ਲਿਖਿਆ ਹੈ.[1035]

**ਮੈਥੁਨੀ:** ਮੈਥੁਨ ਤੋਂ ਉਪਜੀ ਸੰਤਾਨ। ੨. ਮਿਥੁਨ ਸੰਬੰਧੀ.

**ਮੈਥੈ:** ਮੇਰੇ ਪਾਸ. ਮੇਰੇ ਸਮੀਪ. "ਸਰ ਪਰ ਮੈਥੈ ਆਵਣਾ." (ਸ. ਫਰੀਦ) ੨. ਮੇਰੇ ਪਾਸੋਂ. ਮੁਝ ਸੇ.

**ਮੈਦ:** ਮੇਦ (ਮਿੰਜ) ਤੋਂ ਬਣੀ ਹੋਈ, ਪ੍ਰਿਥਿਵੀ. (ਸਨਾਮਾ)

**ਮੈਦ ਏਸਣੀ:** ਮੇਦਿਨੀ ਈਸ਼ (ਰਾਜੇ) ਦੀ ਸੈਨਾ. (ਸਨਾਮਾ)

**ਮੈਦਾ:** ਫ਼ਾ. میَدہ ਮਰਦੰਨ ਕੀਤਾ ਹੋਇਆ ਅੰਨ. ਬਾਰੀਕ ਆਟਾ. ਚੂੰਨ.

**ਮੈਦਾਨ:** ਫ਼ਾ. میَدان ਸੰਗਯਾ- ਜ਼ਮੀਨ ਦੀ ਸਾਫ ਪੱਧਰ ਸਤ਼ਹ਼. "ਮਨ ਮੈਦਾਨ ਕਰਿ, ਟੋਏ ਟਿਬੇ ਲਾਹ." (ਸ. ਫਰੀਦ)

---

[1034] ਮੋਮ ਦਾ ਨਾਮ ਸੰਸਕ੍ਰਿਤ ਵਿੱਚ ਮਧੁਅਧਨ ਭੀ ਹੈ.

[1035] "व्यहाद्वसन्त शरदोः, पक्षाद्वपी निदाघयोः" ( ਚਰਕਸੰਹਿਤਾ)
ਇਸ ਦਾ ਭਾਵ ਇਹ ਹੈ ਕਿ ਬਹੁਤ ਮੈਥੁਨ ਤੋਂ ਰੁਕਣਾ ਚਾਹੀਏ. ਚਾਣਕ੍ਯ ਨੇ ਆਪਣੇ ਸੂਤ੍ਰਾਂ ਵਿੱਚ ਲਿਖਿਆ ਹੈ ਕਿ -"ਮੈਥੁਨ ਮਨੁੱਖ ਦਾ ਬੁਢਾਪਾ ਹੈ." "पुरुषस्य मैथुनं जरा." (ਸੂਤ੍ਰ ੨੮੪)

ਮੈਦਾਨ ਜਾਣਾ: ਕ਼੍ਰਾ- ਮਲ ਤਿਆਗਣ ਲਈ ਜੰਗਲ ਜਾਣਾ. ਸੁਚੇਤੇ ਜਾਣਾ.

ਮੈਨ: ਮੋਮ. ਦੇਖੋ, ਮੈਣ. "ਮੈਨਦੰਤ ਨਿਕਸੇ ਗੁਰਬਚਨੀ, ਸਾਰੁ ਚਬਿ ਚਬਿ ਹਰਿਰਸੁ ਪੀਜੈ." (ਕਲਿ ਅਃ ਮਃ ੪) ੨. ਮਦਨ. ਕਾਮ। ੩. ਪ੍ਰਭਾ. ਸ਼ੋਭਾ. "ਮੈਨ ਗਈ ਉਡਕੇ ਮੁਖਰਾ ਤੇ." (ਕ੍ਰਿਸਨਾਵ)

ਮੈਨਸਤ੍ਰੁ: ਮਦਨ (ਕਾਮ) ਦਾ ਵੈਰੀ, ਸ਼ਿਵ.

ਮੈਨਸਿਲ: ਸੰ. मनःशिला- ਮਨਃ ਸਿਲਾ. ਖਾਨਿ ਤੋਂ ਪੈਦਾ ਹੋਈ ਇੱਕ ਉਪ ਧਾਤੁ, ਜੋ ਅਨੇਕ ਦਵਾਈਆਂ ਵਿੱਚ ਵਰਤੀਦੀ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਕਫਨਾਸ਼ਕ ਅਤੇ ਲਹੂ ਦੇ ਵਿਕਾਰ ਦੂਰ ਕਰਦੀ ਹੈ. ਸੋਜ ਹਟਾਉਂਦੀ ਅਤੇ ਸਰਦੀ ਦੀ ਖਾਂਸੀ ਨੂੰ ਦਬਾਉਂਦੀ ਹੈ. ਸਰੀਰ ਦੇ ਮੋਟਾਪੇ ਨੂੰ ਘਟਾਉਂਦੀ ਹੈ. ਇਸ ਦੀ ਅਤੇ ਬਰਕੀ ਹੜਤਾਲ ਦੀ ਤਾਸੀਰ ਇੱਕੋ ਹੈ. Realgar.

ਮੈਨਕਲਾ: ਦੇਖੋ, ਮੇਨਕਾ। ੨. ਰਾਧਾ ਅਤੇ ਕ੍ਰਿਸ਼ਨ ਜੀ ਦੀ ਇੱਕ ਸਖੀ. "ਮੈਨਕਲਾ ਇਕ ਮੈਨ ਕੀ ਮੂਰਤਿ." (ਕ੍ਰਿਸਨਾਵ) ੩. ਮਦਨਕਲਾ. ਕਾਮਕਲਾ.

ਮੈਨਕਾ: ਦੇਖੋ, ਮੇਨਕਾ.

ਮੈਨਕੇਤੁ: ਮਦਨ (ਮੈਨ) ਦੀ ਧੁਜਾ ਵਿੱਚ ਰਹਿਣ ਵਾਲਾ, ਮੱਛ. (ਸਨਾਮਾ)

ਮੈਨਕੇਤੁ ਤ੍ਰਾਣ: ਮੈਨਕੇਤੁ (ਮੱਛ) ਨੂੰ ਪਨਾਹ ਦੇਣ ਵਾਲਾ, ਤਾਲ. ਸਮੁੰਦਰ. (ਸਨਾਮਾ)

ਮੈਨਤਾ: ਮਦਨ (ਕਾਮ) ਦਾ ਭਾਵ. ਰਾਮ ਦਾ ਅਸਰ. "ਜਬ ਤਿੰਹ ਅੰਗ ਮੈਨਤਾ ਭਈ." (ਚਰਿਤ੍ਰ ੨੯੮)

ਮੈਨ ਦੁਆਬ: ਦੇਖੋ, ਮੈਣਦੁਆਬ.

ਮੈਨਦੁਲਾਰੀ: ਮਦਨ (ਕਾਮ) ਦੀ ਲਾਡਲੀ ਇਸਤ੍ਰੀ, ਰਤਿ. "ਤਹਿ ਸਮ ਰੂਪ ਨ ਮੈਨਦੁਲਾਰੀ." (ਚਰਿਤ੍ਰ ੨੬੭)

ਮੈਨਪ੍ਰਭਾ: ਮਦਨ (ਕਾਮ) ਜੇਹੀ ਹੈ ਸ਼ੋਭਾ (ਸੁੰਦਰਤਾ) ਜਿਸ ਦੀ, ਐਸੀ ਕ੍ਰਿਸ਼ਨ ਜੀ ਅਤੇ ਰਾਧਾ ਦੀ ਸਹੇਲੀ. "ਮੈਨਪ੍ਰਭਾ ਹਰਿ ਪਾਸ ਹੁਤੀ." (ਕ੍ਰਿਸਨਾਵ)

ਮੈਨਭੋਗ: ਮਦਨ ਭੋਗ. ਮੈਥੁਨ. ਇਸਤ੍ਰੀ ਪੁਰਖ ਦਾ ਸੰਗਮ.

ਮੈਨਵਤੀ: ਮਦਨਵਤੀ. ਰਤਿ ਦਾ ਅਵਤਾਰ ਸੰਬਰ ਦੀ ਰਾਣੀ, ਜਿਸ ਨੇ ਕ੍ਰਿਸ਼ਨ ਜੀ ਦੇ ਪੁਤ੍ਰ ਪ੍ਰਦੁਮਨ ਨੂੰ ਪਤਿ ਧਾਰਨ ਕੀਤਾ. "ਮੈਨਵਤੀ ਤਬ ਬੈਨ ਸੁਨਾਏ." (ਕ੍ਰਿਸਨਾਵ)

ਮੈਨਾ: ਸੰਗਯਾ- ਸਾਰਿਕਾ. ਗੁਟਾਰ ਜਾਤਿ ਦੀ ਇੱਕ ਚਿੜੀ, ਜੋ ਮਨੁੱਖ ਦੀ ਬੋਲੀ ਦੀ ਨਕਲ ਕਰਨ ਵਿੱਚ ਪ੍ਰਸਿੱਧ ਹੈ। ੨. ਦੇਖੋ, ਮੇਨਾ ੨। ੩. ਰਾਜਾ ਰਸਾਲੂ ਦੀ ਇੱਕ ਰਾਣੀ। ੪. ਦੇਖੋ, ਮੇਨਕਾ ੧.

ਮੈਨਾਕ: ਮੇਨਕਾ ਤੋਂ ਹਿਮਾਲਯ ਦਾ ਪੁਤ੍ਰ ਇੱਕ ਪਹਾੜ, ਜੋ ਪਰਾਣਾਂ ਅਨੁਸਾਰ ਕੈਲਾਸ ਦੇ ਉੱਤਰ ਵੱਲ ਹੈ. ਰਾਮਾਯਣ ਵਿੱਚ ਲੇਖ ਹੈ ਕਿ ਇਹ ਇੰਦ੍ਰ ਤੋਂ ਡਰਕੇ ਸਮੁੰਦਰ ਵਿੱਚ ਜਾ ਲੁਕਿਆ ਸੀ.

ਮੈਨਾਕ ਅਰਿ: ਇੰਦ੍ਰ. ਦੇਖੋ, ਮੈਨਾਕ.

ਮੈਨਾਕਪੁਰ: ਭਾਈ ਸੰਤੋਖਸਿੰਘ ਨੇ ਲਿਖਿਆ ਹੈ ਕਿ ਇਸ ਨਾਉਂ ਦੇ ਟਾਪੂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਬਿਧੀਚੰਦ ਨੂੰ ਗੁਰਮਤ ਦਾ ਪ੍ਰਚਾਰ ਕਰਨ ਲਈ ਭੇਜਿਆ ਸੀ. "ਸਾਗਰ ਟਾਪੂ ਮਹਿ" ਅਭਿਰਾਮੂ। ਪੁਰਮੈਨਾਕ ਤਾਹਿ" ਕੋ ਨਾਮੂ." (ਗੁਪ੍ਰਸੂ) ਅਸੀਂ ਇਸ ਦਾ ਕੁਝ ਪਤਾ ਨਹੀਂ ਕਰ ਸਕੇ.

ਮੰਨਾਵੰਤੀ: ਗੋਪੀਚੰਦ ਦੀ ਮਾਤਾ.

ਮੈਨੀ: ਵਿ- ਮੈਨ (ਮੋਮ) ਦਾ ਬਣਿਆ ਹੋਇਆ, ਮੋਮੀ। ੨. ਮਦਨ (ਕਾਮ) ਨਾਲ ਹੈ. ਜਿਸ ਦਾ ਸੰਬੰਧ ੩. ਸੰਗ੍ਯਾ- ਖਤ੍ਰੀਆਂ ਦੀ ਇੱਕ ਜਾਤਿ.

ਮੈਨੀਸੰਗਤਿ: ਪਟਨਾ ਨਿਵਾਸੀ ਫਤੇ ਚੰਦ ਮੈਨੀ (ਗੋਤ੍ਰ ਦਾ) ਖਤ੍ਰੀ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਸਿੱਖ ਹੋਇਆ. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਬਾਲ ਲੀਲ੍ਹਾ ਕਰਦੇ ਫਤੇਚੰਦ ਦੇ ਘਰ ਜਾਇਆ ਕਰਦੇ ਸਨ. ਇਸ ਦੀ ਧਰਮਾਤਮਾ ਇਸਤ੍ਰੀ ਗੁਰੂ ਸਾਹਿਬ ਨੂੰ ਪੂਰੀ, ਦੁੱਧ, ਤਲੇ ਹੋਏ ਚਣੇ ਅਰਪਿਆ ਕਰਦੀ, ਫਤੇਚੰਦ ਦੇ ਘਰ ਜੋ ਸੰਗਤਿ (ਸਿੱਖ ਸਮਾਜ) ਦੇ ਇਕੱਠੇ ਹੋਣ ਦਾ ਅਸਥਾਨ ਸੀ, ਉਹ "ਮੈਨੀਸੰਗਤਿ" ਨਾਮ ਤੋਂ ਪ੍ਰਸਿੱਧ ਹੋਇਆ. ਹੁਣ ਭੀ ਇਸ ਥਾਂ ਚਣੇ ਅਤੇ ਪੂਰੀ ਪ੍ਰਸਾਦ ਵਰਤਿਆ ਕਰਦਾ ਹੈ. ਇਹ ਥਾਂ ਹਰਿਮੰਦਿਰ (ਜਨਮ ਅਸਥਾਨ) ਤੋਂ ਬਹੁਤ ਦੂਰ ਨਹੀਂ ਹੈ. ਗੁਰੂ ਸਾਹਿਬ ਦੇ ਜੋੜੇ ਅਤੇ ਉਸੇ ਸਮੇਂ ਦਾ ਕਰੌਂਦੇ ਦਾ ਬੂਟਾ ਇੱਥੇ ਦੇਖੀਦਾ ਹੈ. ਇਸ ਗੁਰਦ੍ਵਾਰੇ ਦਾ ਨਾਮ ਛੋਟੀ ਸੰਗਤਿ ਭੀ ਹੈ. ਪੁਜਾਰੀ ਨਿਰਮਲ ਸਿੰਘ ਹਨ.

ਮੈਨੁ: ਦੇਖੋ, ਮੈਨ.

ਮੈਨੂੰ, ਮੈਨੋ: ਮੁਝੇ. ਮੇਰੇ ਤਾਈਂ. "ਸਤਿਗੁਰਿ ਮੈਨੋ ਏਕੁ ਦਿਖਾਇਆ." (ਬਸੰ ਮਃ ੩)

ਮੈਮਤੁ: ਮਯ (ਮਦਿਰਾ) ਮੱਤ (ਮਸ੍ਤ). ਸ਼ਰਾਬ ਨਾਲ ਮਤਵਾਲਾ. ਦੇਖੋ, ਮੈ ੯। ੨. ਮੇਂ (ਵਿੱਚ) ਮਤੁ (ਪਾਗਲ). "ਸਰ ਲਹਰੀ ਮੈ ਮਤੁ." (ਮਾਰੂ ਮਃ ੧) ਲਹਿਰਾਂ (ਤਰੰਗਾਂ) ਨਾਲ ਪਾਗਲ ਹੋਇਆ.

ਮੈ ਮੋਰ: ਮੈਂ ਅਤੇ ਮੇਰਾ. ਅਹੰਤਾ ਅਤੇ ਮਮਤਾ. "ਚੂਕੇ ਮੈ ਮੋਰ." (ਪ੍ਰਭਾ ਮਃ ੧)

ਮੈਯਾ: ਮਾਤਾ. ਮਾਂ। ੨. ਦੁਰਗਾ। ੩. ਮਹਾਮਾਯਾ. "ਮੈਯਾ ਕੋ ਨ ਜਾਨੈ, ਮਹਾਕਾਲੈਂ ਨ ਮਨਾਵੈਂਮੂੜ੍ਹ." (ਚਰਿਤ੍ਰ ੨੬੬) ੪. ਬਿਹਾਰ ਦੇਸ਼ ਦਾ ਮਸੰਦ, ਜੋ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਸਮੇਂ ਸੰਮਤ ੧੭੫੬ ਤੋਂ ਪਹਿਲਾਂ ਮਸੰਦੀ ਦੇ ਅਧਿਕਾਰ ਪੁਰ ਕ਼ਾਇਮ ਸੀ.

ਮੈਰਵ: ਸੰ. ਵਿ- ਮੇਰੁ (ਸੁਮੇਰੁ ਪਹਾੜ) ਨਾਲ ਹੈ ਜਿਸ ਦਾ ਸੰਬੰਧ.

ਮੈਰਾਜ: ਦੇਖੋ, ਮੇਅ਼ਰਾਜ ੨. ਅਤੇ ਬੁਰਾਕ ੨. "ਇਕ ਸਮੇਂ ਪੈਗੰਬਰ ਮੈਰਾਜ ਨੂੰ ਗਯਾ ਸੀ." (ਜਸਭਾਮ)

ਮੈਰੇਯ: ਸੰ. ਮਹੂਏ ਅਤੇ ਗੁੜ ਤੋਂ ਤਿਆਰ ਕੀਤਾ ਨਸ਼ਾ। ੨. ਮਾਰ (ਕਾਮ) ਵਧਾਉਣ ਵਾਲੀ, ਸ਼ਰਾਬ. ਮਦਿਰਾ.

ਮੈਲ: ਸੰਗ੍ਯਾ- ਮਲ. ਮਲਿਨਤਾ। ੨. ਗੰਦਗੀ. ਵਿਸ਼੍ਟਾ ੩. ਸੁਸਤੀ. ਆਲਸ. "ਜਾਗ੍ਰਣ ਕਰਹਿ ਹਉਮੈ ਮੈਲ ਉਤਾਰਿ." (ਪ੍ਰਭਾ ਅਃ ਮਃ ੩) ੪. ਫ਼ਾ. میل ਲੋੜ. ਚਾਹ. ਇੱਛਾ.

ਮੈਲਕਮ: Sir John Malcolm ਇਹ ੨. ਮਈ ਸਨ ੧੭੩੯ ਨੂੰ ਸਕਾਟਲੈਂਡ ਜਨਮਿਆ. ਤੇਰ੍ਹਾਂ ਸਾਲ ਦੀ ਉਮਰ ਵਿੱਚ ਮਦਰਾਸ ਦੀ ਫ਼ੌਜ ਵਿੱਚ ਭਰਤੀ ਹੋਇਆ. ਇਹ ਫਾਰਸੀ ਦਾ ਚੰਗਾ ਜਾਣੂ ਸੀ, ਇਸ ਲਈ ਗਵਰਨਰ ਜਨਰਲ ਕਾਰਨਵਾਲਿਸ (C. Cornwallis) ਦਾ ਮੁਤਰੱਜਿਮ (ਉਲਥਾਕਾਰ) ਅਤੇ ਸਨ ੧੭੯੬ ਵਿੱਚ ਫ਼ੌਜੀ ਸਕੱਤਰ ਬਣਿਆ. ਸਨ ੧੭੯੯ ਵਿੱਚ ਸਫ਼ੀਰ ਹੋਕੇ ਫਾਰਸ ਗਿਆ ਅਤੇ ਫਾਰਸ ਦੀ ਹਿਸਟਰੀ ਫਾਰਸੀ ਵਿੱਚ ਲਿਖੀ. ਸਨ ੧੮੦੩ ਵਿੱਚ ਮੈਸੂਰ ਦਾ ਰੈਜ਼ੀਡੰਟ ਥਾਪਿਆ ਗਿਆ. ਸਨ ੧੮੧੨ ਵਿੱਚ ਇਸ ਨੇ ਇੱਕ ਸੰਖੇਪ ਹਾਲ ਸਿੱਖਾਂ ਦਾ (The Sketch of the Sikhs) ਲਿਖਿਆ. ਸਨ ੧੮੧੭ ਵਿੱਚ ਲਾਰਡ ਮਯੂਰ (Muir) ਦਾ ਦੱਖਣ ਵੱਲ ਨਾਇਬ ਰਿਹਾ. ੩੦ ਮਈ ਸਨ ੧੮੩੩ ਨੂੰ ਇਸ ਦਾ ਇੰਗਲੈਂਡ ਦੇਹਾਂਤ ਹੋਇਆ.

ਮੈਲਾ: ਵਿ- ਮਲਿਨ. ਮਲੀਨ. "ਮੈਲਾ ਹਰਿ ਕੇ ਨਾਮ ਬਿਨ ਜੀਉ." (ਸਾਰ ਮਃ ੫) ੨. ਅਪਵਿਤ੍ਰ। ੩. ਸੰਗ੍ਯਾ ਗੰਦਗੀ. ਵਿਸ਼੍ਟਾ.

ਮੈਲਾ ਕਰਮ: ਨਿੰਦਿਤ ਕਰਮ. ਨੀਚ ਕਰਮ. "ਮੈਲੇ ਕਰਮ ਕਰੇ ਦੁਖ ਪਾਏ." (ਮਾਰੂ ਸੋਲਹੇ ਮਃ ੩)

ਮੈਲਾ ਖਾਣਾ: ਅਧਰਮ ਦੀ ਕਮਾਈ ਖਾਣੀ. ਰਿਸ਼ਵਤ ਖਾਣੀ. "ਮੈਲਾ ਖਾਇ ਫਿਰਿ ਮੈਲੁ ਵਧਾਏ, ਮਨਮੁਖ ਮੈਲੁ ਦੁਖ

ਪਾਵਣਿਆ." (ਮਾਝ ਅ: ਮ: ੩)

ਮੈਲਾਗਰ: ਮਲਯਗਿਰਿ। ੨. ਮਲਜਗਿਰਿ ਪੁਰ ਹੋਣ ਵਾਲਾ ਚੰਦਨ. "ਹਮ ਨੀਚਬਿਰਖ, ਤੁਮ ਮੈਲਾਗਰ." (ਸਾਰ ਮ: ੫) "ਮੈਲਾਗਰ ਸੰਗੇਣ ਨਿੰਮ ਬਿਰਖ ਸਿ ਚੰਦਨਹ." (ਗਾਥਾ)

ਮੈਲਾਗਰਸਿੰਘ: ਦੇਖੋ, ਬਹਿਬਲ ਅਤੇ ਮਲਿਆਗਰ ਸਿੰਘ.

ਮੈਲਾਗਰੁ: ਦੇਖੋ, ਮੈਲਾਗਰ.

ਮੈਲਾਗਿਰ, ਮੈਲਾਗਿਰੁ: ਦੇਖੋ, ਮਲਜਗਿਰਿ ਅਤੇ ਮੈਲਾਗਰ.

ਮੈਲਾਣਾ: ਵਿ- ਮਲਿਨ. ਮਲੀਨਤਾ ਵਾਲਾ. ਆਲੂਦਾ. "ਦਿਲ ਦਰਿਆਵ ਧੋਵਹੁ ਮੈਲਾਣਾ." (ਮਾਰੂ ਸੋਲਹੇ ਮ: ੫)

ਮੈਲਾਨ: ਅ਼. میلان ਮਯਲਾਨ. ਸੰਗਯਾ- ਚਿੱਤ ਦਾ ਝੁਕਾਉ। ੨. ਮੁਹੱਬਤ। ੩. ਖ਼ਾਹਿਸ਼. ਇੱਛਾ.

ਮੈਲਾ ਵੇਸ, ਮੈਲਾ ਵੇਸੁ: ਪਤਿ ਦੇ ਵਿਯੋਗ, ਪਤਿ ਤੋਂ ਤਯਾਗੀਜਾਣ ਪੁਰ ਅਤੇ ਵਿਧਵਾ ਹੋਣ ਦੀ ਹਾਲਤ ਵਿੱਚ ਇਸਤ੍ਰੀ ਦਾ ਮਲੀਨ ਵੇਸ ਅਤੇ ਸਿੰਗਾਰ ਦਾ ਅਭਾਵ "ਸਦਾ ਹੋਵਹਿ ਸੋਹਾਗਣੀ, ਫਿਰਿ ਮੈਲਾ ਵੇਸੁ ਨ ਹੋਈ ਰਾਮ." (ਸੂਹੀ ਛੰਤ ਮ: ੩) ਭਾਵ- ਕਰਤਾਰ ਤੋਂ ਵਿਛੁੜੇ ਜੀਵਾਂ ਦੀ ਅਵਸਥਾ ਦੁਰਦਸ਼ਾ ਅਤੇ ਦੁੱਖ ਵਿੱਚ ਵੀਤਦੀ ਹੈ.

ਮੈਲੁ: ਦੇਖੋ, ਮੈਲ. "ਮੈਲੁ ਖੋਈ ਕੋਟਿ ਅਘ ਹਰੇ." (ਬਿਲਾ ਮ: ੫)

ਮੈਲੂ: ਵਿ- ਮਲਿਨਤਾ ਨੇ. "ਮੈਲੂ ਕੀਨੋ ਸਾਬਨੁ ਸੁਧੁ." (ਰਾਮ ਮ: ੫) ਭਾਵ- ਨੀਚ ਅਤੇ ਤੁੱਛ ਲੋਕਾਂ ਨੇ ਸੁਧਾਰਕ ਪੰਡਿਤਾਂ ਨੂੰ ਸ਼ੁੱਧ ਕਰ ਦਿੱਤਾ.

ਮੈਵੰ: ਸੰ. ਵ੍ਯ- ਮਾ- ਏਵੰ. ਮਤ ਐਸੇ. ਇਸ ਤਰਾਂ ਨਾ.

ਮੋ: ਸਰਵ- ਮੇਰਾ. ਮੇਰੇ. "ਘਰ ਮੋ ਸੁਤ ਕੋ ਦੀਜੀਐ, ਬਨਬਾਸੈ ਰਘੁਰਾਇ." (ਰਾਮਾਵ) ਮੇਰੇ ਪੁਤ੍ਰ ਨੂੰ ਰਾਜ ਦੇਓ। ੨. ਵ੍ਯ- ਵਿੱਚ. ਮੇਂ. "ਛਿਲ ਮੋ ਭਈ ਪਰਾਈ." (ਮਾਰੂ ਮ: ੯) "ਬਾਰ ਬਾਰ ਜਗ ਮੋ ਬਪੁ ਧਰਹੀ." (ਵਿਚਿਤ੍ਰ)

ਮੋਅੱਨਸ: ਦੇਖੋ, ਮੁਅੰਨਸ.

ਮੋਅੱਜਮ: ਦੇਖੋ, ਮੁਅੱਜਮ.

ਮੋਅਤਬਰ, ਮੋਅ਼ਤਬਰ: ਅ਼. معتبر ਜਿਸ ਪੁਰ ਇਅ਼ਤਬਾਰ (ਭਰੋਸਾ) ਕੀਤਾ ਗਿਆ ਹੈ. ਵਿਸ਼੍ਵਾਸਪਾਤ੍ਰ.

ਮੋਆ: ਮੋਇਆ. ਮ੍ਰਿਤ। ੨. ਸੰਗਯਾ- ਮੌਤ. ਮ੍ਰਿਤ੍ਯੁ. ਕਾਲ. "ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ." (ਵਾਰ ਬਸੰ)

ਮੋਇਆ: ਮਰਿਆ ਮ੍ਰਿਤ ਭਇਆ. "ਮੋਇਆ ਕਉ ਕਿਆ ਰੋਵਹੁ ਭਾਈ?" (ਆਸਾ ਅ: ਮ: ੧)

ਮੋਸ: ਡਿੰਗ. ਚੋਰ. ਦੇਖੋ, ਮੁਸ ਧਾ.

ਮੋਸਉ, ਮੋਸੋ: ਮੇਰੇ ਜੇਹਾ. ਮਮ ਸਦ੍ਰਿਸ਼. "ਤੋ ਸੋ ਨ ਦਾਤਾ ਨ ਮੋ ਸੋ ਭਿਖਾਰੀ." (ਭਾਗੁ ਕ) ੨. ਮੁਝ ਸੇ. ਮੈਨੂੰ. ਮੁਝੇ. "ਮੋ ਸਉ ਕੋਊ ਨ ਕਹੈ ਸਮਝਾਇ." (ਗਉ ਰਵਿਦਾਸ)

ਮੋਹ: ਦੇਖੋ, ਮੁਹ ਧਾ. ਸੰ. ਸੰਗਯਾ- ਬੇਹੋਸ਼ੀ।

੨. ਅਗ੍ਯਾਨ। ੩. ਸਨੇਹ. ਮੁਹੱਬਤ. "ਮੋਹ ਕੁਟੰਬ ਬਿਖੈ ਰਸ ਮਾਤੇ." (ਆਸਾ ਮ: ੫) ੪. ਭ੍ਰਮ. ਭੁਲੇਖਾ। ੫. ਦੁੱਖ. ਕਲੇਸ਼.

**ਮੋਹਕਮ:** ਦੇਖੋ, ਮੁਹਕਮ.

**ਮੋਹਕਮਸਿੰਘ:** ਦੇਖੋ, ਮੁਹਕਮਸਿੰਘ.

**ਮੋਹਡੜਾ, ਮੋਹਡਾ:** ਦੇਖੋ, ਮੁਹਡੜਾ.

**ਮੋਹਣ:** ਦੇਖੋ, ਮੋਹਨ। ੨. ਮੂੰਹਾਂ (ਮੁਖਾਂ) ਨੂੰ. ਮੁਖੋਂ ਮੇ. "ਜਾਗਾਤੀਆ ਮੋਹਣ ਮੁੰਦਣਿ ਪਈ." (ਤੁਖਾ ਛੰਤ ਮਃ ੪) ੩. ਕੁੱਕ ਗੋਤ ਦਾ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ। ੪. ਲਹੌਰ ਦਾ ਮਸੰਦ, ਜੋ ਸ਼੍ਰੀ ਗੁਰੂ ਅਰਜਨਦੇਵ ਜੀ ਦੇ ਦਰਬਾਰ ਹਾਜ਼ਰ ਰਹਿੰਦਾ ਸੀ। ੫. ਢਾਕਾ ਨਿਵਾਸੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ। ੬. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਦਾ ਸਰਦਾਰ, ਜੋ ਅਮ੍ਰਿਤਸਰ ਜੀ ਦੇ ਜੰਗ ਵਿੱਚ ਸ਼ਹੀਦ ਹੋਇਆ। ੭. ਦੇਖੋ, ਮੋਹਣਾ ੨.

**ਮੋਹਣਮੱਲ:** ਸ਼੍ਰੀ ਗੁਰੂ ਅਮਰਦੇਵ ਜੀ ਦਾ ਪ੍ਰੇਮੀ ਸਿੱਖ.

**ਮੋਹਣਾ:** ਕ੍ਰਿ- ਮੋਹਨ ਕਰਨਾ. ਦੇਖੋ, ਮੋਹ।

੨. ਸੰਗਯਾ- ਇੱਕ ਛੰਦ. ਏਹ ਮਧੁਭਾਰ ਛੰਦ ਦਾ ਹੀ ਨਾਮਾਂਤਰ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, ਚਾਰ ਮਾਤ੍ਰਾ ਪਿੱਛੋਂ, ਇੱਕ ਜਗਣ। ।S।.

ਉਦਾਹਰਣ-

ਅਤਿ ਰੂਪਧਾਮ। ਸੁੰਦਰ ਸੁ ਬਾਮ ॥ ×××

(ਦੱਤਾਵ)

ਕੇਸ਼ਵਦਾਸ ਨੇ ਰਾਮਚੰਦ੍ਰਿਕਾ ਵਿੱਚ ਭੀ ਇਹੀ ਰੂਪ ਦਿੱਤਾ ਹੈ, ਯਥਾ-

ਧਰ ਚਿੱਤ ਧੀਰ। ਸੁਚਿ ਹ੍ਵੈ ਸ਼ਰੀਰ ॥ ×××

**ਮੋਹਣੀ:** ਵਿ- ਮੋਹਿਤ ਕਰਨ ਵਾਲੀ। ੨. ਸੰਗਯਾ- ਸੁੰਦਰ ਇਸਤ੍ਰੀ. "ਮੋਹਣੀ ਮੁਖਿ ਮਣੀ ਸੋਹੈ." (ਸ੍ਰੀ ਮਃ ੧) ੩. ਅਪਸਰਾ. "ਗਾਵਹਿ ਮੋਹਣੀਆ ਮਨੁ ਮੋਹਨਿ." (ਜਪੁ) ੪. ਮਾਯਾ. "ਨ ਮੋਹੈ ਮੋਹਣੀ." (ਸੂਹੀ ਅਃ ਮਃ ੧) ੫. ਵਿਸ਼ਨੁ ਦਾ ਇੱਕ ਅਵਤਾਰ. ਦੇਖੋ, ਮੋਹਨੀ ੫। ੬. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਹਰੇਕ ਚਰਣ ਦੇ ਆਦਿ ਸਗਣ ॥ ।।S ਅਤੇ ਅੰਤ ਮਗਣ. SSS.

ਉਦਾਹਰਣ-

ਭਰਣੰਕ ਸੁ ਭੇਰੀ ਘੋਰਾਣੰ,

ਜਣ ਸਾਵਣ ਭਾਦੋਂ ਮੋਰਾਣੰ,

ਰਿਸ ਬਾਹੈ ਗਾਹੈ ਜੋ ਧਾਣੰ,

ਰਣ ਰੋਹੈ ਜੋਹੈ ਕ੍ਰੋਧਾਣੰ.

(ਰਾਮਾਵ)

(ਅ) ਦਸਮਗ੍ਰੰਥ ਵਿੱਚ "ਮੋਦਕ" ਦਾ ਨਾਮਾਂਤਰ ਭੀ "ਮੋਹਣੀ" ਛੰਦ ਹੈ, ਅਰਥਾਤ ਪ੍ਰਤਿ ਚਰਣ ਚਾਰ ਭਗਣ, S।।, S।।, S।।, S।।.

ਉਦਾਹਰਣ-

ਗੌਰ ਸਰੂਪ ਮਹਾਂ ਛਬਿ ਸੋਹਤ,

ਦੇਖਤ ਸੂਰਨ ਕੋ ਮਨ ਮੋਹਤ,

ਰੀਝਤ ਤਾਕ ਬਡੇ ਨ੍ਰਿਪ ਐਸਹਿ",

ਸੋਭਹਿ" ਕੌਨ ਸਕੈ ਕਹਿ ਕੈਸਹਿ",

(ਅਜਰਾਜ)

ਮੋਹਤਮਿਮ: ਦੇਖੋ, ਮੁਹਤਮਿਮ.

ਮੋਹਨ: ਸੰ. ਵਿ- ਬੇਹੋਸ਼ ਕਰਨ ਵਾਲਾ। ੨. ਮੋਹਿਤ ਕਰਨ ਵਾਲਾ. "ਮੋਹਨ ਨਾਮ ਸਦਾ ਰਵਿਰਹਿਓ." (ਗਉ ਅঃ ਮঃ ੫) ੩. ਸੰਗਜ੍ਞਾ- ਕਾਮਦੇਵ ਦਾ ਇੱਕ ਤੀਰ। ੪. ਬੇਹੋਸ਼ ਕਰਨ ਦੀ ਕ੍ਰਿਯਾ। ੫. ਗੁਮਰਾਹ ਕਰਨਾ। ੬. ਭੁਲਾਉਣਾ. ਧੋਖੇ ਵਿੱਚ ਫਸਾਉਣਾ। ੭. ਬਾਬਾ ਮੋਹਨ. ਸ਼੍ਰੀ ਗੁਰੂ ਅਮਰਦਾਸ ਜੀ ਦਾ ਵਡਾ ਸੁਪੁਤ੍ਰ, ਜਿਸ ਦਾ ਜਨਮ ਸੰਮਤ ੧੫੯੩ ਵਿੱਚ ਹੋਇਆ. ਇਸੇ ਮਹਾਤਮਾ ਤੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਸੰਮਤ ੧੬੬੦ ਵਿੱਚ ਗੁਰਬਾਣੀ ਦੀਆਂ ਪੋਥੀਆਂ ਲੈ ਗਏ ਸਨ. ਇਨ੍ਹਾਂ ਨੇ ਸਾਰੀ ਅਵਸਥਾ ਗੋਇੰਦਵਾਲ ਰਹਿਕੇ ਵਿਤਾਈ. "ਮੋਹਨ ਤੇਰੇ ਊਚੇ ਮੰਦਿਰ ਮਹਿਲ ਅਪਾਰਾ." (ਗਉ ਛੰਤ ਮঃ ੫) ਇਸ ਥਾਂ ਮੋਹਨ ਸ਼ਬਦ ਦੇ ਦੋ ਅਰਥ ਹਨ ਕਰਤਾਰ ਅਤੇ ਬਾਬਾ ਮੋਹਨ। ੮. ਅਮ੍ਰਿਤਸਰ ਨਿਵਾਸੀ ਸੁਇਨੀ ਗੋਤ ਦੇ ਖਤ੍ਰੀ ਗੁਰਮੁਖ ਦਾ ਪੁਤ੍ਰ, ਜਿਸ ਨੂੰ ਬਾਬਾ ਅਟਲ ਜੀ ਨੇ ਪ੍ਰਾਣ ਬਖਸ਼ੇ ਸਨ। ੯. ਢਾਕਾ ਨਿਵਾਸੀ ਸ਼੍ਰੀ ਗੁਰੂ ਅਰਜਨਦੇਵ ਦਾ ਉਪਕਾਰੀ ਸਿੱਖ। ੧੦. ਰੂਪਚੰਦ ਦਾ ਪਿਤਾ ਅਤੇ ਫੂਲ ਦਾ ਦਾਦਾ ਚੌਧਰੀ ਮੋਹਨ, ਜਿਸ ਨੇ ਆਪਣੇ ਵਡੇਰੇ ਦੇ ਨਾਮ ਪੁਰ ਮੇਹਰਾਜ ਗ੍ਰਾਮ ਵਸਾਇਆ. ਦੇਖੋ, ਬਾਹੀਆ ਅਤੇ ਮੇਹਰਾਜ। ੧੧. ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੮ ਮਾਤ੍ਰਾ. ਪਹਿਲਾ ਵਿਸ਼੍ਰਾਮ ੧੬. ਪੁਰ, ਦੂਜਾ ੧੨. ਪੁਰ, ਅੰਤ ਰਗਣ SIS.

ਉਦਾਹਰਣ-

ਧਰਦਾੜ੍ਹ ਜਯੋਂ ਰਣ ਗਾੜ੍ਹ ਹਨਐ,

ਤ੍ਰਯ ਲੋਕ ਜੀਤ ਸਭੈ ਲਿਯੇ,

ਬਹੁ ਦਾਨ ਦੈ ਸਨਮਾਨ ਸੇਵਕ,

ਭੇਜ ਭੇਜ ਤਹਾਂ ਦਿਯੇ. ×××

(ਕਲਕੀ)

ਦੇਖੋ, "ਹਰਿਗੀਤਿਕਾ" ਦਾ ਪਹਿਲਾ ਰੂਪ.

(ਅ) ਕੇਸ਼ਵਦਾਸ ਨੇ "ਰਾਮਚੰਦ੍ਰਿਕਾ" ਵਿੱਚ ਮੋਹਨ ਦਾ ਸਰੂਪ ਦਿੱਤਾ ਹੈ-

ਪ੍ਰਤਿ ਚਰਣ ਭ, ਨ, ਜ, ਯ. SII, III, ISI, ISS

ਉਦਾਹਰਣ-

ਸੁੰਦਰ ਵਪੁ ਅਤਿ ਸ਼ਜਾਮਲ ਸੋਹੈ,

ਦੇਖਤ ਸੁਰ ਨਰ ਕੋ ਮਨ ਮੋਹੈ. ×××

(ੲ) ਮੋਹਨ ਦਾ ਤੀਜਾ ਰੂਪ- ਚਾਰ ਚਰਣ, ਪ੍ਰਤਿ ਚਰਣ ੨੩ ਮਾਤ੍ਰਾ, ੧੩- ੧੦ ਪੁਰ ਵਿਸ਼੍ਰਾਮ. ਅੰਤ ਦੋ ਗੁਰੁ.

ਜੋ ਗੁਰੁ ਗੋਪੇ ਆਪਣਾ, ਸੋ ਠੌਰ ਨ ਪਾਵੈ,

ਚੌਰਾਸੀ ਭਟਕਤਾ ਫਿਰੈ, ਮਨ ਸਾਂਤਿ ਨ ਆਵੈ. ××

ਜੇ ਤੁਕ ਦੇ ਅੰਤ ਦੀ ਥਾਂ ਵਿਚਕਾਰ ਅਨੁਪ੍ਰਾਸ ਹੋਵੇ, ਤਦ ਇਹ ੨੩ ਮਾਤ੍ਰਾ ਦਾ ਸਿਰਖਿੰਡੀ (ਸ਼੍ਰੀਖੰਡ) ਬਣ ਜਾਂਦਾ ਹੈ.

ਮੋਹਨ ਕਾ ਚੌਬਾਰਾ: ਗੋਇੰਦਵਾਲ ਵਿੱਚ ਉਹ ਚੌਬਾਰਾ, ਜਿਸ ਵਿੱਚ ਬਾਬਾ ਮੋਹਨ ਜੀ ਨਿਵਾਸ ਕਰਦੇ ਸਨ. ਸ਼੍ਰੀ ਗੁਰੂ ਅਰਜਨਦੇਵ ਨੇ ਇਸੇ ਚੌਬਾਰੇ ਹੇਠ ਗਲੀ ਵਿੱਚ ਬੈਠਕੇ "ਮੋਹਨ ਤੇਰੇ ਊਚੇ ਮੰਦਿਰ" ਸ਼ਬਦ ਗਾਇਆ ਸੀ. ਹੁਣ ਚੌਬਾਰੇ ਦੇ ਥਾਂ ਸਾਧਾਰਣ ਜੇਹਾ ਮਕਾਨ ਹੈ. ਦੇਖੋ, ਗੋਇੰਦਵਾਲ ਦਾ ਨੰः ੫.

ਮੋਹਨ ਬਾਬਾ: ਦੇਖੋ, ਮੋਹਨ ੭.

ਮੋਹਨ ਮਾਈ ਕੀ ਸੰਗਤਿ: ਦੇਖੋ, ਪਟਨਾ ਨੰः ੬.

ਮੋਹਨਿ, ਮੋਹਨੀ: ਵਿ- ਮੋਹ ਲੈਣ ਵਾਲੀ। ੨. ਸੰਗਯਾ- ਸੁੰਦਰ ਇਸਤ੍ਰੀ। ੩. ਸੁਰਗ ਦੀ ਅਪਸਰਾ। ੪. ਮਾਯਾ. "ਮੋਹਨਿ ਸਿਉ ਬਾਵਰ ਮਨੁ ਮੋਹਿਓ." (ਸਾਰ ਮਃ ੫) "ਮੋਹਨੀ ਮੋਹਿਲੀਏ ਤ੍ਰੈ ਗੁਨੀਆ." (ਮਾਰੂ ਮਃ ੫) ੫. ਵਿਸ਼ਨੁ ਦਾ ਇੱਕ ਅਵਤਾਰ, ਜੋ ਦੇਵ ਦੈਤਾਂ ਦੇ ਅਮ੍ਰਿਤ ਵੰਡਣ ਦਾ ਝਗੜਾ ਨਿਬੇੜਨ ਲਈ ਸੁੰਦਰ ਇਸਤ੍ਰੀ ਦੇ ਰੂਪ ਵਿੱਚ ਪ੍ਰਗਟ ਹੋਇਆ ਸੀ. "ਮਹਾ ਮੋਹਨੀ ਰੂਪ ਧਾਰਯੋ ਅਨੂਪੰ." (ਚੌਬੀਸਾਵ) ੬. ਦੇਖੋ, ਮੋਹਿਨੀ ੨.

ਮੋਹ ਪਿਆਰ: ਮੋਹ (ਅਗਯਾਨ) ਦਾ ਪਯਾਰ. ਬਿਨਾ ਸਮਝੇ ਮੁਹੱਬਤ. "ਦੁਸਟਾਂ ਨਾਲਿ ਮੋਹ ਪਿਆਰ." (ਮਃ ੩. ਵਾਰ ਸੋਰ)

ਮੋਹ ਮਇਆਸਾ: ਮੋਹ (ਅਗਯਾਨ) ਮਯੀ- ਆਸ਼ਾ. ਮੂਰਖਤਾ ਭਰੀ ਵਾਸਨਾ. "ਚੂਕੀਅਲੇ ਮੋਹ ਮਇਆਸਾ." (ਰਾਮ ਕਬੀਰ)

ਮੋਹ ਮਗਨ: ਵਿ- ਮੋਹ ਵਿੱਚ ਮਗ੍ਨ (ਡੁੱਬਿਆ). "ਮੋਹ ਮਗਨ ਪਤਿਤ." (ਬਿਲਾ ਮਃ ੫) ੨. ਸੰਗਯਾ- ਅਵਿਦਯਾਰੂਪ ਜਿਲ੍ਹਣ (ਮਾਗ੍ਨ). ਮੋਹ ਦੀ ਖੁਭਣ. "ਮੋਹ ਮਗਨ ਮਹਿ ਰਹਿਓ ਬਿਆਪੇ." (ਸੂਹੀ ਅਃ ਮਃ ੫)

ਮੋਹਮਲ: ਦੇਖੋ, ਮੁਹਮਲ.

ਮੌਹਮੰਦ: ਦੇਖੋ, ਮੁਹਮੰਦ.

ਮੋਹਰ: ਦੇਖੋ, ਮੁਹਰ.

ਮੋਹਰਾ: ਦੇਖੋ, ਮੁਹਰਾ। ੨. ਮੂੜ੍ਹਾ. ਪੀਠ. "ਬੈਠ ਮੋਹਰੇ ਪਰ ਢਿਗ ਮਾਤਾ." (ਗੁਪ੍ਰਸੂ) ੩. ਦੇਖੋ, ਮੋੜ੍ਹਾ.

ਮੋਹਰੀ: ਮੁਖੀਆ। ੨. ਆਰੰਭ ਕਰਨ ਵਾਲਾ। ੩. ਜਿਸ ਪਾਸ ਮੋਹਰ (ਮੁਹਰਛਾਪ) ਹੈ। ੪. ਸ਼੍ਰੀ ਗੁਰੂ ਅਮਰਦਾਸ ਜੀ ਦਾ ਛੋਟਾ ਸੁਪੁਤ੍ਰ, ਜਿਸ ਦਾ ਜਨਮ ਸੰਮਤ ੧੫੯੬ ਵਿੱਚ ਹੋਇਆ. "ਮੋਹਰੀ ਪੁਤ੍ਰ ਸਨਮੁਖ ਹੋਆ ਰਾਮਦਾਸੈ ਪੈਰੀ ਪਾਇ ਜੀਉ." (ਸਦੁ) "ਭਯੋ ਮੋਹਰੀ ਮੋਹਰੀ ਠਾਨ ਮਹਾ ਉਪਕਾਰ." (ਗੁਪ੍ਰਸੂ)

ਮੋਹਲਿਕ: ਦੇਖੋ, ਮੁਹਲਿਕ.

ਮੋਹੜਾ: ਮੋਹ. ਸਨੇਹ. "ਹਉਮੈ ਤੁਟਾ ਮੋਹੜਾ." (ਵਾਰ ਰਾਮ ੨. ਮਃ ੫) ੨. ਦੇਖੋ, ਮੋੜ੍ਹਾ। ੩. ਪਿੰਡ ਦੀ ਆਬਾਦੀ ਕਰਨ ਲਈ ਧਾਰਮਿਕ ਰੀਤਿ ਪਿੱਛੋਂ ਗੱਡਿਆ ਕੀਲਾ, ਖੰਭਾ ਅਥਵਾ ਵਲਗਣ ਲਈ ਝਾਫਾ. "ਮੋਹੜਾ ਗਾਡ ਰਿਦੇ ਹਰਖਾਇ." (ਗੁਪ੍ਰਸੂ)

ਮੋਹੜੀ: ਦੇਖੋ, ਮੋੜ੍ਹੀ.

ਮੋਹੜੀ ਗੱਡਣੀ: ਦੇਖੋ, ਮੋਹੜਾ ੩.

ਮੋਹਾਸਲ: ਦੇਖੋ, ਮੁਹਾਸਿਲ.

ਮੋਹਾਸਾ: ਮੋਹ (ਅਗਿਆਨ ਭਰੀ) ਆਸ਼ਾ. "ਨਾਨਕ ਮਿਥਨ ਮੋਹਾਸਾ ਹੇ." (ਮਾਰੂ ਸੋਲਹੇ ਮਃ ੫)

ਮੋਹਾਕਾ: ਮੁਹਾਕਾ. ਸੰ. ਮੋਸ਼ਕ. ਮੁਸ਼ਨ ਕਰਤਾ. ਚੋਰ. "ਜੇ ਮੋਹਾਕਾ ਘਰੁ ਮੁਹੈ, ਘਰੁ ਮੁਹਿ ਪਿਤਰੀ ਦੇਇ." (ਵਾਰ ਆਸਾ)

ਮੋਹਾਣਾ: ਦੇਖੋ, ਮੁਹਾਣਾ.

ਮੋਹਾਰਾ: ਵਿ- ਮੋਹਵਾਲਾ। ੨. ਮੋਹਿਤ ਹੋਇਆ. "ਉਰਝਿਪਰਿਓ ਮਨ ਮੀਠ ਮੋਹਾਰਾ." (ਪ੍ਰਭਾ ਅਃ ਮਃ ੫) ੩. ਮੋਹ ਦਾ. ਅਵਿਦ੍ਯਾ ਦਾ. "ਮਿਥਨ ਮੋਹਾਰਾ ਝੂਠੁ ਪਸਾਰਾ." (ਮਾਰੂ ਸੋਲਹੇ ਮਃ ੫)

ਮੋਹਾਵਤ: ਵਿ- ਮੋਹਵੰਤ। ੨. ਮੋਹ ਲੇਵਤ. "ਓਹ ਮੋਹਨੀ ਮੋਹਾਵਤ ਹੇ." (ਬਿਲਾ ਮਃ ੫)

ਮੋਹਿ: ਮੁਝੇ. ਮੈਨੂੰ. "ਮੋਹਿ ਸੰਤਹ ਟਹਲ ਦੀਜੈ ਗੁਣਤਾਸਿ." (ਆਸਾ ਮਃ ੫) ੨. ਮੈ. ਅਹੰ. "ਮੋਹਿ ਅਨਾਥ ਤੁਮਰੀ ਸਰਨਾਈ." (ਬਿਲਾ ਮਃ ੫) ੩. ਮੈਨੇ. "ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ." (ਗਉ ਅਃ ਮਃ ੫) ੪. ਮੁਹੱਬਤ ਮੇਂ. ਸਨੇਹ ਵਿੱਚ. "ਮਾਇਆ ਮੋਹਿ ਮਨੁ ਰੰਗਿਆ, ਮੁਹਿ ਸੁਧਿ ਨ ਕਾਈ." (ਵਡ ਛੰਤ ਮਃ ੩) ੫. ਮੁਝ ਮੇਂ. ਮੇਰੇ ਵਿੱਚ. "ਮੋਹਿ ਅਵਗਨ ਪ੍ਰਭੁ ਸਦਾ ਦਇਆਲਾ." (ਮਲਾ ਮਃ ੫) ੬. ਮੈਥੋਂ. ਮੇਰੇ ਸੇ. "ਐਸੇ ਬਿਪ੍ਰ ਫਜੂਲ ਕੋ ਮੋਹਿ ਨ ਰਾਖ੍ਯੋ ਜਾਇ." (ਚਰਿਤ੍ਰ ੯੧) ੭. ਦੇਖੋ, ਮੋਹ ਅਤੇ ਮੋਹੁ.

ਮੋਹਿਓ, ਮੋਹਿਅੜਾ, ਮੋਹਿਅੜੀ, ਮੋਹਿਆ: ਬੇਸੁਧ ਹੋਇਆ, ਹੋਈ। ੨. ਮੋਹਿਤ ਹੋਇਆ, ਹੋਈ. "ਹਰਿ ਮੋਹਿਅੜੀ ਸਾਚਸਬਦਿ." (ਸੂਹੀ ਛੰਤ ਮਃ ੧)

ਮੋਹਿਆਈ: ਮੋਹਿਆ ਹੈ.

ਮੋਹਿਤ: ਵਿ- ਮੋਹਿਆ ਹੋਇਆ। ੨. ਬੇਹੋਸ਼ ਹੋਇਆ. ਮੂਰਛਿਤ. "ਲਾਗਤ ਹੀ ਸਰ ਮੋਹਿਤ ਭਯੋ." (ਕ੍ਰਿਸਨਾਵ) "ਕਰ ਮੋਹਿਤ ਕੇਸਨ ਤੇ ਗਹਿਲੀਨੋ," (ਕ੍ਰਿਸਨਾਵ)

ਮੋਹਿਨੀ: ਦੇਖੋ, ਮੋਹਨੀ। ੨. ਇੱਕ ਛੰਦ. ਲੱਛਣ- ਦੋ ਚਰਣ, ਪ੍ਰਤਿ ਚਰਣ ੧੯. ਮਾਤ੍ਰਾ ੧੨- ੭ ਪੁਰ ਵਿਸ਼੍ਰਾਮ, ਅੰਤ ਸਗਣ ।।ऽ.

ਉਦਾਹਰਣ-

ਸ਼ਸ੍ਤ੍ਰ ਸ਼ਾਸ੍ਤ੍ਰ ਕੋ ਗ੍ਯਾਤਾ, ਜਗਹਿਤ ਕਰੈ,

ਦੇਸ਼ ਕੌਮ ਕੋ ਤ੍ਰਾਤਾ. ਕਬਿ ਨਹਿ" ਮਰੈ. ×××

(ਅ) ਵਰਣਿਕ ਮੋਹਿਨੀ ਦਾ ਰੂਪ ਹੈ, ਚਾਰ ਚਰਣ ਪ੍ਰਤਿ ਚਰਣ ਸ, ਭ, ਤ, ਯ, ਸ. ।।ऽ, ऽ।।, ऽऽ।, ।ऽऽ, ।।ऽ. ੭- ੮ ਅੱਖਰਾਂ ਪੁਰ ਵਿਸ਼੍ਰਾਮ.

ਉਦਾਹਰਣ-

ਜਿਸ ਨੇ ਸ਼੍ਰੀ ਗੁਰੂ ਕੇ, ਵਾਕਨ ਕੋ ਹੈ ਮਿਸਰਾ,

ਨਹਿ ਵ੍ਯਾਪੈ ਉਸ ਕੋ, ਮ੍ਰਿਤ੍ਯੁ ਨ ਦੰਡੈ ਜਮਰਾ. ×××

ਮੋਹੀ: ਮੇਰੇ ਮੇਂ. ਮੇਰੇ ਵਿੱਚ. "ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ." (ਸ਼੍ਰੀ ਰਵਿਦਾਸ) ੨. ਵਿ- ਮੋਹਵਾਲਾ. (ਸੋਹਿਤ) ੩. ਮੋਹਿਤ ਹੋਈ. "ਮੋਹੀ ਦੇਖਿ ਦਰਸੁ." (ਬਾਵਨ) ੪. ਮੋਹ ਲਈ. ਮੋਹਿਤ ਕੀਤੀ। ੫. ਸੰਗ੍ਯਾ- ਜਿਲਾ ਲੁਦਿਆਨਾ, ਤਸੀਲ ਜਗਰਾਉਂ, ਥਾਣਾ ਦਾਖਾ ਦਾ ਪਿੰਡ, ਜੋ ਰੇਲਵੇ ਸਟੇਸ਼ਨ ਮੁੱਲਾਪੁਰ ਤੋਂ ਤਿੰਨ ਮੀਲ ਦੱਖਣ ਪੂਰਵ ਹੈ. ਇਸ ਪਿੰਡ ਤੋਂ ਉੱਤਰ ਪੂਰਵ ਦੋ ਫਰਲਾਂਗ ਦੇ ਕਬੀਰ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਨੇ ਇੱਥੇ ਆਪਣੇ ਹੱਥ ਦੀ ਮੁੰਦਰੀ, ਜੋ ਉਂਗਲ ਵਿੱਚ ਵਿੜ੍ਹਗਈ ਸੀ ਇੱਕ ਲੁਹਾਰ ਪਾਸੋਂ ਉਤਰਵਾਈ ਅਤੇ ਉਸੇ ਨੂੰ ਬਖਸ਼ ਦਿੱਤੀ, ਜੋ ਹੁਣ ਉਸ ਦੀ ਸੰਤਾਨ ਪਾਸ ਨਗਰ ਭੰਮੀਪੁਰੇ ਹੈ. ਦਰਬਾਰ ਬਣਿਆ ਹੋਇਆ ਹੈ. ਪੁਜਾਰੀ ਨਿਹੰਗਸਿੰਘ ਹੈ. ਗੁਰਦ੍ਵਾਰੇ ਨਾਲ ੧੫. ਵਿੱਘੇ ਦੇ ਕ਼ਰੀਬ ਜ਼ਮੀਨ ਹੈ. ਕਈ ਇਸ ਨੂੰ ਮੌਹੀ ਭੀ ਆਖਦੇ ਹਨ.

ਮੋਹੁ: ਦੇਖੋ, ਮੋਹ। ੨. ਸਨੇਹ. ਮੁਹੱਬਤ. "ਮੋਹੁ ਤੁਮ ਤਜਹੁ ਸਗਲ ਵੇਕਾਰ." (ਆਸਾ ਮਃ ੧) ੩. ਅਵਿਦ੍ਯਾ ਅਗ੍ਯਾਨ. "ਰਿਧਿ ਸਿਧਿ ਸਭੁ ਮੋਹੁ ਹੈ." (ਮਃ ੩. ਵਾਰ ਵਡ) ੪. ਬੇਹੋਸ਼ੀ. "ਤਿੰਨ ਕਉ ਮੋਹੁ ਭਯਾ ਮਨ ਮਦ ਕਾ." (ਸਵੈਯੇ ਮਃ ੪. ਕੇ) ਅਹੰਕਾਰਰੂਪ ਮਦਿਰਾ ਨਾਲ ਬੇਹੋਸ਼ੀ ਹੋਈ.

ਮੋਕ: ਸੰਗ੍ਯਾ- ਗਊ ਆਦਿ ਪਸ਼ੂ ਦੀ ਪਤਲੀ ਮੈਲ. ਦਸਤ। ੨. ਸੰ. ਪਸ਼ੂ ਦੀ ਲਾਹੀ ਹੋਈ ਖੱਲ.

ਮੋਕਉ: ਮੁਝੇ. ਮੈਨੂੰ. "ਮੋ ਕਉ ਕੀਜੈ ਦਾਸੁ ਦਾਸਨ ਕੋ." (ਜੈਤ ਮਃ ੪) ੨. ਮੇਰਾ. "ਸਫਲ ਜਨਮੁ ਮੋਕਉ ਗੁਰ ਕੀਨਾ। ××× ਗਿਆਨ ਅੰਜਨੁ ਮੋਕਉ ਗੁਰਿ ਦੀਨਾ ॥" (ਬਿਲਾ ਨਾਮਦੇਵ)

ਮੋਕਤਾ: ਸੰ. ਮੋਕ੍ਤਾ. ਛੱਡਣ ਵਾਲਾ. ਨਿਰਬੰਧ ਕਰਤਾ.

ਮੋਕਲ: ਇੱਕ ਖਤ੍ਰੀ ਜਾਤਿ। ੨. ਦੇਖੋ, ਮੋਕਲਾ.

ਮੋਕਲਨਗਰ: ਦੇਖੋ, ਫਰੀਦਕੋਟ.

ਮੋਕਲਾ: ਮੁਕੁਲ ਹੋਇਆ. ਖਿੜਿਆ। ੨. ਖੁਲ੍ਹਾ. ਕੁਸ਼ਾਦਾ. "ਮੁਕਤਿ ਦੁਆਰਾ ਮੋਕਲਾ." (ਸ. ਕਬੀਰ)

ਮੋਕਲਾਈ: ਖੁਲ੍ਹ. ਕੁਸ਼ਾਦਗੀ। ੨. ਆਜਾਦੀ। ੩. ਖ਼ੁਸ਼ਹਾਲੀ. "ਭੀੜਹੁ ਮੋਕਲਾਈ ਕੀਤੀਆਨੁ." (ਮਃ ੫. ਵਾਰ ਰਾਮ ੨)

ਮੋਕੀ: ਵਿ- ਜਿਸ ਨੂੰ ਮੋਕ ਲਗੀ ਹੈ. ਦੇਖੋ ਮੋਕ। ੨. ਸੰ. ਸੰਗ੍ਯਾ- ਰਾਤ੍ਰਿ. ਰਾਤ.

ਮੋਕ੍ਸ਼: ਮੁਕ੍ਤਿ. ਛਟਕਾਰਾ ਰਿਹਾਈ ਨਿਰਬੰਧਤਾ

ਮੋਖ: ਮੁਕਤਿ ਦਾ ਨਿਰਣਾ ਦੇਖੋ, ਮੁਕਤਿ ਸ਼ਬਦ ਵਿੱਚ.

ਮੋਖਇੱਛਾ: ਦੇਖੋ, ਮੁਮੁਕ੍ਸ਼ਤਾ.

ਮੋਖਦ: ਵਿ- ਮੋਕ੍ਸ਼ (ਮੋਖ) ਦੇਣ ਵਾਲਾ. ਮੁਕ੍ਤਿਦਾਤਾ। ੨. ਸੰਗ੍ਯਾ- ਗੁਰੂ। ੩. ਆਤਮਗ੍ਯਾਨ.

ਮੋਖਦੁਆਰ, ਮੋਖਦੁਆਰਾ, ਮੋਖਦੁਆਰੁ: ਮੁਕ੍ਤਿ ਦਾ ਦਰਵਾਜਾ। ੨. ਗੁਰੂ। ੩. ਸਤਸੰਗ। ੪. ਗ੍ਯਾਨ. "ਮੰਨੈ ਪਾਵਹਿ ਮੋਖਦੁਆਰ." (ਜਪੁ) ੫. ਖੁਲ੍ਹਾਦ੍ਵਾਰ ਬੇ ਰੋਕ ਟੋਕ ਦਾਖ਼ਿਲਾ. "ਐਥੈ ਮਿਲਨਿ ਵਡਿਆਈਆ, ਦਰਗਹਿ ਮੋਖਦੁਆਰਾ." (ਮਃ ੩. ਵਾਰ ਵਡ)

ਮੋਖ ਪਇਆਣ: ਮੋਕ੍ਸ਼ (ਮੁਕ੍ਤਿ) ਦਾ ਪ੍ਰਯਾਣ (ਆਰੰਭ). ਦੇਖੋ, ਪਇਆਣ ੩.

ਮੋਖ ਪਦਵੀ: ਮੁਕ੍ਤਿ ਪਦ. ਨਿਰਬੰਧਤਾ ਦਾ ਅਧਿਕਾਰ.

ਮੋਖ ਮੁਕਤਿ: ਮੋਕ੍ਸ਼ (ਤ੍ਯਾਗ) ਅਤੇ ਮੁਕ੍ਤਿ (ਛੁਟਕਾਰਾ). "ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ?" (ਮਾਰੂ ਸੋਲਹੇ ਮਃ ੧) ਸੰਸਾਰ ਦੇ ਵਿਹਾਰ ਕਰਦੇ ਹੋਏ ਤਿਆਗੀ ਹੋਣਾ ਅਤੇ ਅਵਿਦ੍ਯਾ ਦੇ ਬੰਧਨਾਂ ਤੋਂ ਛੁਟਣਾ.

ਮੋਖਮੁਖਨੇ: ਮੋਕ੍ਸ਼੍ਯ ਮੋਕ੍ਸ਼ਣ. ਨਿਰਬੰਧ ਕਰਨ ਯੋਗ੍ਯ ਦਾ ਛੁਟਕਾਰਾ ਕਰਨਾ. "ਜਿਉ ਜਲ ਕੁੰਚਰੁ ਤਦੂਐ ਬਾਧਿਓ, ਹਰਿ ਚੇਤਿਓ ਮੋਖ ਮੁਖਨੇ ." (ਨਟ ਮਃ ੪)

ਮੋਖਾ: ਇੱਕ ਖਤ੍ਰੀ ਜਾਤਿ. ਭਾਈ ਪੈੜਾ ਸਿੱਖ, ਜਿਸ ਨੇ ਸ਼੍ਰੀ ਗੁਰੂ ਨਾਨਕਦੇਵ ਜੀ ਦੀ ਜਨਮਸਾਖੀ ਲਿਖੀ ਸੀ, ਇਸੇ ਗੋਤ ਦਾ ਸੀ.

ਮੋਖਾਰੋਹਣ: ਮੋਕ੍ਸ਼ (ਮੁਕਤਿ) ਦੀ ਆਰੋਹਣ (ਪੌੜੀ). "ਮੋਖਾਰੋਹਣ ਪ੍ਰਗਟ ਗਿਰਾ ਅਘ ਖੰਡਣੀ." (ਗੁਪ੍ਰਸੂ) ਗੁਰਬਾਣੀ ਮੁਕਤਿ ਦੀ ਪੌੜੀ (ਸੀੜ੍ਹੀ) ਹੈ। ੨. ਮੁਕ੍ਤਿ- ਆਰੋਹਣ. ਮੁਕ੍ਤਿ ਨੂੰ ਪ੍ਰਾਪਤ ਹੋਣਾ.

ਮੋਖੁ: ਸੰਗ੍ਯਾ- ਮੋਕ੍ਸ਼. ਛੁਟਕਾਰਾ. ਮੁਕ੍ਤਿ. "ਸੰਤ ਭਾਵੈ, ਤਾ ਉਸ ਕਾ ਭੀ ਹੋਇ ਮੋਖੁ." (ਸੁਖਮਨੀ)

ਮੋਖੁਦੁਆਰੁ: ਦੇਖੋ, ਮੋਖਦੁਆਰ.

ਮੋਖੰਤਰੁ: ਮੋਖ- ਅੰਦਰ. ਅੰਦਰ ਹੀ ਮੁਕਤਿ। ੨. ਸੰ. ਸੋਕ੍ਸ਼ਯਿਤ੍ਰ. ਮੁਕਤਿ ਦਾਤਾ. ਨਿਰਬੰਧ ਕਰਨ ਵਾਲਾ. ਭਾਵ- ਸਤਿਗੁਰੂ। ੩. ਸੰ. ਸੋਕ੍ਸ਼ਤਰੁ. ਆਤਮਗਜਾਨ. "ਤਉ ਨਾਨਕ ਮੋਖੰਤਰੁ ਪਾਏ." (ਵਾਰ ਆਸਾ)

ਮੋਗਰਾ: ਇੱਕ ਪ੍ਰਕਾਰ ਦਾ ਮੋਤੀਆ, ਜਿਸ ਦਾ ਫੁੱਲ ਬਹੁਤ ਵਡਾ ਹੁੰਦਾ ਹੈ। ੨. ਮੁਦਗਰ. ਮੂਸਲ.

ਮੋਗਰੀ: ਮੂੰਗਲੀ. ਛੋਟਾ ਮੁਦਗਰ. ਘੰਟਾ ਵਜਾਉਣ ਦੀ ਮੂੰਗਲੀ. "ਮੋਗਰੀ ਨ ਮਾਰ, ਮੋ ਗਰੀਬਨੀ ਕੀ ਰਾਤ ਹੈ." (ਰਾਮਦਾਸ ਜੀ)

ਮੋਘ: ਸੰ. ਵਿ- ਨਿਰਰਥਕ. ਨਿਸਫਲ। ੨. ਕਮ. ਘੱਟ। ੩. ਖਾਲੀ. ਮਹਰੂਮ. "ਜੋ ਕ੍ਰਿਪਾਲੁ, ਨਹਿ ਮੋਘ ਪਠਾਵੈ." (ਨਾਪ੍ਰ)

ਮੋਚ: ਸੰਗਜਾ- ਮਰੋੜ. ਕਿਸੇ ਅੰਗ ਦੇ ਜੋੜ ਨੂੰ ਆਈ ਮਰੋੜ (ਲਚਕ). ੨. ਦੇਖੋ, ਮੁਚ ਧਾ ਅਤੇ ਬੰਦੀਮੋਚ। ੩. ਸੰ. ਕੇਲਾ। ੪. ਸਿੰਮਲ.

ਮੋਚਕ: ਵਿ- ਛੁਡਾਉਣ ਵਾਲਾ. ਮੋਕ੍ਸ਼ਦਾਤਾ.

ਮੋਚਨ: ਸੰ. ਸੰਗਜਾ- ਛੁਡਾਉਣ ਦਾ ਭਾਵ. ਬੰਧਨ ਰਹਿਤ ਕਰਨਾ. "ਦਰਸਨੁ ਨਿਮਖ ਤਾਪ ਦ੍ਰਈ ਮੋਚਨ." (ਸਾਰ ਨਾਮਦੇਵ) ੨. ਮੋਕ੍ਸ਼. ਮੁਕ੍ਤਿ। ੩. ਦੇਖੋ, ਮੋਚਨਾ. "ਮੋਚਨ ਕੋ ਗਹਿ ਕੈ ਇੱਕ ਹਾਥਨ ਸੀਸ ਹੂੰ ਕੇ ਸਭ ਕੇਸ ਉਪਾਰੈਂ." (ਚਰਿਤ੍ਰ ੨੬੬)

ਮੋਚਨਾ: ਰੋਮਾਂ ਨੂੰ ਸ਼ਰੀਰ ਤੋਂ ਮੋਚਨ ਕਰਨ ਲਈ ਚਿਮਟੀ। ੨. ਕ੍ਰਿ- ਮੋਚਨ ਕਰਨਾ. ਛੱਡਣਾ.

ਮੋਚੜਾ: ਸਿੰਧੀ. ਜੁੱਤਾ. ਪਾਪੋਸ਼. ਇਸ ਦਾ ਮੂਲ ਮੋਜ਼ਹ ਹੈ. "ਮੋਚੜੇ ਕੀ ਮਾਰ ਪੜੀ ਸੁਧ ਨਾ ਸਰੀਰ ਕੀ." (ਲੋਕੋ)

ਮੋਚੜੀ: ਡਿੰਗ. ਜੁੱਤੀ. ਪਾਪੋਸ਼.

ਮੋਚਾ: ਡਿੰਗ. ਕੇਲਾ. ਕਦਲੀ. ਦੇਖੋ, ਮੋਚ ੩.

ਮੋਚੀ: ਸੰਗਜਾ- ਜੁੱਤੀ ਬਣਾਉਣ ਵਾਲਾ ਚਰਮਕਾਰ। ੨. ਚਿਤਰਾਲ ਅਤੇ ਗਿਲਗਿਤ ਵਿੱਚ ਮੋਚੀ ਦਾ ਅਰਥ ਲੁਹਾਰ (ਲੋਹਕਾਰ) ਹੈ.

ਮੋਚੀਪਤ੍ਰਾ: ਸੰਗਜਾ- ਜੁੱਤੀ. ਜੁਤਾ.

ਮੋਛ: ਸੰਗਜਾ- ਮੋਕ੍ਸ਼. ਮੁਕ੍ਤਿ. ਛੁਟਕਾਰਾ.

ਮੋਜਦੀ: ਦੇਖੋ, ਧੁਨੀ (ਅ).

ਮੋਜਿਜਾ: ਅ਼. معجزہ ਮੁਅ਼ਜਜ਼ਾ. ਸੰਗਜਾ- ਇ਼ਜਜ਼ (ਲਾਚਾਰ ਕਰਨ) ਵਾਲਾ ਕੰਮ. ਅਜੇਹੀ ਸਿੱਧੀ (ਕਰਾਮਾਤ), ਜਿਸ ਦੇ ਕਰਨ ਲਈ ਸਾਧਾਰਣ ਲੋਕ ਲਾਚਾਰ ਹੋ ਜਾਣ। ੨. ਜਿਸ ਸ਼ਕਤਿ ਅੱਗੇ ਬਲਵਾਨ ਭੀ ਲਾਚਾਰ ਹੋਣ. ਕਰਮਾਤ. ਸਿੱਧੀ.

ਮੋਜੰਗ: ਦੇਖੋ, ਮੁਜੰਗ.

ਮੋਟਉ, ਮੋਟਾ, ਮੋਟਿਯਾ: ਵਿ- ਪੁਸ਼੍ਟ. ਸ੍ਥੂਲ. ਭਾਰੀ. ਮੁਟਿਆਈ ਵਾਲਾ। ੨. ਵਡਾ. "ਮੋਟਉ ਠਾਕੁਰ ਮਾਣ." (ਮਃ ੧. ਵਾਰ ਮਾਰੂ ੧) "ਮੋਟਾ ਨਾਉ ਧਰਾਈਐ." (ਮਾਰੂ ਅਃ ਮਃ ੧) ੩. ਡਿੰਗ. ਧਨੀ. ਦੌਲਤਮੰਦ.

ਮੋਟੀ: ਮੋਟਾ ਦਾ ਇਸਤ੍ਰੀਲਿੰਗ.

ਮੋੱਟਾ: ਦੇਖੋ, ਮੋਟਾ.

ਮੋੱਟਾਯਤਹਾਵ: ਕਾਵਜ ਅਨੁਸਾਰ-

"ਸੁਨਤ ਭਾਵਤੇ ਕੀ ਕਥਾ ਭਾਵ ਪ੍ਰਗਟ ਜਹਁ ਹੋਤ।

ਮੋੱਟਾਯਤ ਤਾਸੋਂ ਕਹੈਂ ਹਾਵ ਕਵਿਨ ਕੇ ਗੋਤ ॥"

(ਜਗਦਵਿਨੋਦ)

"ਹੇਲਾ ਲੀਲਾ ਕਰ ਜਹਾਂ ਪ੍ਰਗਟਤ ਸਾਤ੍ਵਿਕਭਾਵ।

ਬੁਧਿਬਲ ਰੋਕਤ ਸੋ ਹਿਯੇ ਸੋ ਮੋੱਟਾਯਤ ਹਾਵ ॥"

(ਰਸਿਕਪ੍ਰਿਯਾ)

ਮੋਠ: ਸੰ. ਮਕੁਸ਼੍ਠ. ਸੰਗਯਾ- ਮੂੰਗੀ ਦੀ ਕਿਸਮ ਦਾ ਇੱਕ ਅੰਨ, ਜੋ ਸਾਵਣੀ ਦੀ ਫਸਲ ਵਿੱਚ ਹੁੰਦਾ ਹੈ. ਬਾਜਰੇ ਨਾਲ ਮਿਲਾਕੇ ਇਸ ਦੀ ਖਿਚੜੀ ਬਣਦੀ ਹੈ. ਦਾਲ ਭੀ ਬਹੁਤ ਲੋਕ ਬਣਾਉਂਦੇ ਹਨ. ਘੋੜਿਆਂ ਲਈ ਇਹ ਉੱਤਮ ਰਾਤਬ ਹੈ. Phaseolus-Aconitifolius. "ਪੰਡਿਤੁ ਆਖਾਏ ਬਹੁਤ ਰਾਹੀ ਕੋਰੜ ਮੋਠ ਜਿਨੇਹਾ." (ਮਃ ੫. ਵਾਰ ਰਾਮ ੨) ਦੇਖੋ, ਕੋਰੜ.

ਮੋਡਾ: ਵਿ- ਮੁੰਡਿਤ. ਮੁੰਨਿਆ ਹੋਇਆ। ੨. ਬਾਂਗਰ ਵਿੱਚ ਸਾਧੁਮਾਤ੍ਰ ਨੂੰ ਮੋਡਾ ਬੋਲਦੇ ਹਨ.

ਮੋਢਾ: ਸੰਗਯਾ- ਕੰਨ੍ਹਾ. ਸ੍ਕੰਧ। ੨. ਦੇਖੋ, ਮੋੜ੍ਹਾ.

ਮੋਢੀ: ਵਿ- ਕਿਸੇ ਕੰਮ ਵਿੱਚ ਮੋਂਢਾ ਦੇਣ ਵਾਲਾ. ਸਹਾਇਕ। ੨. ਆਗੂ. ਮੁਖੀਆ। ੩. ਦੇਖੋ, ਮੋੜ੍ਹੀ.

ਮੋਣ: ਸੰਗਯਾ- ਸੁੱਕੇ ਆਟੇ ਵਿੱਚ ਘੀ ਦਾ ਮੇਲ. ਮੋਣ ਵਾਲੀ ਪੂਰੀ ਰੋਟੀ ਆਦਿ ਬਹੁਤ ਖ਼ਸਤਾ ਹੁੰਦੀ ਹੈ। ੨. ਸੰ. ਸੁੱਕਾ ਫਲ। ੩. ਨਾਕੂ. ਮਗਰਮੱਛ। ੪. ਮੱਖੀ। ੫. ਬਾਂਸ ਦਾ ਬਣਿਆ ਟੋਕਰਾ.

ਮੋਤਸਰੀ, ਮੋਤਸਿਰੀ: ਸੰ. ਮੁਕ੍ਤਾਸ਼੍ਰੀ. ਸੰਗਯਾ- ਮੋਤੀਆਂ ਦੀ ਲੜੀ. ਮੋਤੀਆਂ ਦਾ ਹਾਰ. "ਤੁਟਨਿ ਮੋਤਸਰੀਆ." (ਆਸਾ ਅਃ ਮਃ ੧) "ਮੋਤਸਿਰੀ ਉਰਲਸਤ ਛਟਾਧਰ." (ਸਲੋਹ)

ਮੋਤਕਿਦ: ਅ਼. معتقد ਮੁਅ਼ਤਕ਼ਿਦ. ਵਿ- ਇ਼ਤਕ਼ਾਦ (ਸ਼੍ਰੱਧਾ) ਰੱਖਣ ਵਾਲਾ.

ਮੋਤਦਿਲ: ਅ਼. معتدل ਮੁਅ਼ਤਦਿਲ. ਵਿ- ਇ਼ਤਿਦਾਲ (ਮਧ੍ਯ ਦਰਜੇ ਦੀ ਦਸ਼ਾ) ਵਾਲਾ.

ਮੋਤਬਰ: ਦੇਖੋ, ਮੋਅ਼ਤਬਰ.

ਮੋਤਮਦ: ਅ਼. معتمد ਸੰਗਯਾ- ਜਿਸ ਪੁਰ ਇ਼ਤਮਾਦ (ਭਰੋਸਾ) ਕੀਤਾ ਗਿਆ ਹੈ. ਵਿਸ਼੍ਵਾਸਪਾਤ੍ਰ। ੨. ਰਿਆਸਤ ਦਾ ਉਹ ਕਰਮਚਾਰੀ, ਜੋ ਦੂਜੀ ਰਿਆਸਤ ਵਿੱਚ ਪ੍ਰਤਿਨਿਧਿ ਹੋਕੇ ਰਹਿੰਦਾ ਹੈ.

ਮੋਤਿਯਦਾਮ: ਮੌਕ੍ਤਿਕਦਾਮ. ਇੱਕ ਛੰਦ, ਲੱਛਣ ਹਾਰ ਚਰਣ, ਪ੍ਰਤਿ ਚਰਣ ਚਾਰ ਜਗਣ. ।S।, ।S।, ।S।, ।S।.

ਉਦਾਹਰਣ-

ਜਪ੍ਯੋ ਨਹਿ ਨਾਮ ਕਰ੍ਯੋ ਕਛੁ ਕਾਮ,

ਤਜੀ ਕੁਲਲਾਜ ਫਿਰੇ ਪਰਧਾਮ,

ਪੜ੍ਹੇ ਬਹੁ ਗ੍ਰੰਥ ਲਖ੍ਯੋ ਨਹਿ ਸਾਰ,

ਵ੍ਰਿਥਾ ਜਨਮੇ ਨਰ ਸੇ ਭੁਵਿਭਾਰ.

੨. ਦੇਖੋ, ਮੌਕ੍ਤਿਕਦਾਮ ੨.

ਮੋਤੀ: ਸੰਗਯਾ- ਮੁਕ੍ਤਾ. ਸਿੱਪੀ ਵਿੱਚੋਂ ਪੈਦਾ ਹੋਇਆ ਇੱਕ ਚਮਤਕਾਰੀ ਰਤਨ. "ਮੋਤੀ ਤ ਮੰਦਿਰ ਊਸਰਹਿ." (ਸ੍ਰੀ ਮਃ ੧) ਦੇਖੋ, ਗਜਮੁਕਤਾ। ੨. ਭਾਵ- ਉੱਜਲਦੰਦ. "ਉਜਲ ਮੋਤੀ ਸੋਹਣੇ ਰਤਨਾ ਨਾਲਿ ਜੜੰਨਿ। ਤਿਨ ਜਰੁ ਵੈਰੀ ਨਾਨਕਾ ਜਿ ਬੁੱਢੇ ਥੀਇ ਮਰੰਨਿ." (ਮਃ ੧. ਵਾਰ ਸੂਹੀ) ਮੋਤੀ ਦੰਦ, ਰਤਨ ਨੇਤ੍ਰ, ਜਰੁ ਬੁਢਾਪਾ, ਬੁੱਢਾ ਵਿਸ਼ਯ ਵਿਕਾਰਾਂ ਨਾਲ ਆਪਣੇ ਤਾਈਂ ਕਮਜ਼ੋਰ ਕਰਨ ਵਾਲਾ.

ਮੋਤੀਆ: ਸੰਗਯਾ- ਮੋਤੀ ਜੇਹੀ ਕਲੀ ਵਾਲਾ ਇੱਕ ਪੌਧਾ, ਜੋ ਰਾਇਬੇਲਿ ਦੀ ਜਾਤਿ ਹੈ. ਇਸ ਦੇ ਫੁੱਲਾਂ ਵਿੱਚ ਬਹੁਤ ਸੁਗੰਧ ਹੁੰਦੀ ਹੈ. ਇਹ ਬਸੰਤ ਰੁੱਤ ਵਿੱਚ ਵਿਸ਼ੇਸ਼ ਖਿੜਦਾ ਹੈ. ਮੋਤੀਏ ਦਾ ਹਾਰ ਬਹੁਤ ਸੁੰਦਰ ਹੁੰਦਾ ਹੈ ਅਰ ਇਸ ਦਾ ਇ਼ਤਰ ਭੀ ਬਣਦਾ ਹੈ. Jasminum sambac। ੨. ਦੇਖੋ, ਮੋਤੀਆਬਿੰਦ.

ਮੋਤੀਆਬਿੰਦ, ਮੋਤੀਆਬਿੰਦੁ: ਸੰਗਯਾ- ਮੁਕ੍ਤਾਵਿੰਦੁ. ਮੋਤੀ ਦੇ ਆਕਾਰ ਦਾ ਇੱਕ ਰਤੂਬਤ ਦਾ ਦਾਣਾ, ਜੋ ਅੱਖ ਦੀ ਨਜਰ ਨੂੰ ਰੋਕ ਲੈਂਦਾ ਹੈ. نزوُل الما ਨਜ਼ੂਲੁਲਮਾ. Cataract ਪਹਿਲਾਂ ਝਾਉਲਾ ਦਿਖਾਈ ਦਿੰਦਾ ਹੈ. ਫੇਰ ਜਿਉਂ ਜਿਉਂ ਰਤੂਬਤ ਗਾੜ੍ਹੀ ਹੁੰਦੀ ਜਾਂਦੀ ਹੈ ਤਿਉਂ ਤਿਉਂ ਨਿਗਾਹ ਘਟਦੀ ਜਾਂਦੀ ਹੈ. ਅੰਤ ਨੂੰ ਰਤੂਬਤ ਬਹੁਤ ਗਾੜ੍ਹੀ ਹੋਕੇ ਮੋਤੀ ਦੇ ਆਕਾਰ ਦੀ ਬਣਕੇ ਨਜਰ ਨੂੰ ਪੂਰੀ ਤਰਾਂ ਰੋਕ ਲੈਂਦੀ ਹੈ, ਇਸੇ ਕਾਰਣ ਇਸ ਰੋਗ ਦਾ ਨਾਉਂ ਮੋਤੀਆਬਿੰਦ (ਵਿੰਦੁ) ਹੈ.

ਇਸ ਦੇ ਕਾਰਣ ਹਨ- ਬੁਢਾਪਾ, ਮਧੁਪ੍ਰਮੇਹ (ਜਯਾਬੀਤੁਸ), ਆਤਸ਼ਕ, ਮਿਰਗੀ, ਜ਼ਹਿਰੀਲੀ ਵਸਤੂ ਦਾ ਖਾਣਾ, ਸਿਰ ਤੇ ਸੱਟ ਵੱਜਣੀ, ਦਿਮਾਗ ਦੀ ਕਮਜੋਰੀ, ਵਮਨ ਦਾ ਰੋਕਣਾ, ਬਹੁਤ ਮੈਥੁਨ ਕਰਨਾ, ਬਹੁਤ ਰੋਣਾ, ਮਿਰਚ ਮਸਾਲੇ ਅਚਾਰ ਬਹੁਤ ਖਾਣੇ, ਨੰਗੇ ਪੈਰੀਂ ਧੁੱਪ ਵਿੱਚ ਫਿਰਨਾ, ਬਹੁਤ ਨਸ਼ਿਆਂ ਦਾ ਵਰਤਣਾ ਆਦਿ.

ਮੋਤੀਏ ਦਾ ਉੱਤਮ ਇਲਾਜ ਇਹ ਹੈ ਕਿ ਸਿਆਣੇ ਡਾਕਟਰ ਤੋਂ ਓਪਰੇਸ਼ਨ (Operation) ਕਰਵਾਕੇ ਮੋਤੀਦਾਨਾ ਕਢਵਾ ਦਿੱਤਾ ਜਾਵੇ. ਜਦ ਇਸ ਰੋਗ ਦਾ ਮੁੱਢ ਬੱਝਣ ਲੱਗੇ, ਤਦ ਹੇਠ ਲਿਖੀਆਂ ਦਵਾਈਆਂ ਵਰਤਣੀਆਂ ਗੁਣਕਾਰੀ ਹਨ-

(੧) ਨੀਲ ਦੇ ਬੀਜ ਬਹੁਤ ਬਰੀਕ ਪੀਹਕੇ ਸੁਰਮੇਂ ਵਾਂਙ ਅੱਖਾਂ ਵਿੱਚ ਪਾਉਣੇ.

(੨) ਦ੍ਰਾਵਕ (ਕਬਜਕੁਸ਼ਾ) ਦਵਾਈਆਂ ਅਤੇ ਭੋਜਨ ਖਾਣੇ.

(੩) ਦਿਮਾਗ ਨੂੰ ਤਾਕਤ ਦੇਣ ਵਾਲੇ ਪਦਾਰਥਾਂ ਦਾ ਵਰਤਣਾ.

(੪) ਹਰੜ, ਬਹੇੜੇ, ਆਉਲੇ, ਮੁਰਗੀ ਦੇ ਆਂਡਿਆਂ ਦੀ ਛਿੱਲ, ਕਸੀਸ, ਲੋਹੇ ਦੀ ਭਸਮ, ਨੀਲਾ ਕਮਲ, ਬਾਇਬੜਿੰਗ. ਸਮੁੰਦਰੀ ਝੱਗ, ਇਨ੍ਹਾਂ ਸਭਨਾਂ ਨੂੰ ਸਮਾਨ ਲੈਕੇ ਤਾਂਬੇ ਦੇ ਖਰਲ ਵਿੱਚ ਬੱਕਰੀ ਦੇ ਦੁੱਧ ਨਾਲ ੩੦ ਪਹਿਰ ਘਸਾਕੇ ਸੁਰਮੇ ਜੇਹਾ ਬਣਾ ਲੈਣਾ, ਫੇਰ ਬੱਕਰੀ ਦੇ ਦੁੱਧ ਨਾਲ ਨਰਮ ਕਰਕੇ ਪਤਲੀ ਬੱਤੀਆਂ ਬਣਾ ਲੈਣੀਆਂ. ਸਲਾਈ ਵਾਂਙ ਇਹ ਬੱਤੀ ਅੱਖਾਂ ਵਿੱਚ ਫੇਰਨੀ ਬਹੁਤ ਲਾਭਦਾਇਕ ਹੈ.

(੫) ਕਾਲਾ ਸੱਪ ਮਾਰਕੇ ਉਸ ਦੇ ਮੂੰਹ ਵਿੱਚ ਕਾਲੇ ਸੁਰਮੇਂ ਦੀ ਡਲੀ ਰਖਕੇ ਹਾਂਡੀ ਵਿੱਚ ਪਾਕੇ ਇੱਕ ਮਹੀਨਾ ਜਮੀਨ ਵਿੱਚ ਦੱਬ ਰੱਖਣੀ, ਫੇਰ ਉਸ ਨੂੰ ਕੱਢਕੇ ਖਰਲ ਕਰਨਾ. ਇਸ ਇੱਕ ਤੋਲਾ ਸੁਰਮੇ ਨਾਲ ਚਮੇਲੀ ਦੇ ਫੁੱਲਾਂ ਦੀ ਭਸਮ ਛੀ ਮਾਸ਼ੇ, ਸ਼ੀਸ਼ਾ ਲੂਣ ੩. ਮਾਸ਼ੇ ਮਿਲਾਕੇ ਨੇਤ੍ਰਾਂ ਵਿੱਚ ਅੰਜਨ ਪਾਉਣਾ.

ਮੋਤੀਸਾਲੁ: ਜੌਹਰੀ. ਮੋਤੀ ਵਿੱਚ ਸੱਲ (ਵੇਧ) ਕਰਨ ਵਾਲਾ. "ਮਨੁ ਮੋਤੀਸਾਲੁ ਹੈ ਗੁਰਸਬਦੀ, ਜਿਤੁ ਹੀਰਾ ਪਰਖਿ ਲਈਜੈ." (ਕਲਿ ਅਃ ਮਃ ੪) ਗੁਰਸ਼ਬਦੀ ਮਨੁ, ਮੋਤੀਸਾਲੁ ਹੈ.

ਮੋਤੀਚੂਰ, ਮੋਤੀਚੂਰੁ: ਸੰਗਯਾ- ਮੋਤੀ ਆਕਾਰ ਦੇ ਘੀ ਵਿੱਚ ਤਲੇ ਬੇਸਣ ਦੇ ਪਕੌੜਿਆਂ ਨੂੰ ਖੰਡ ਦੀ ਚਾਸ਼ਨੀ ਵਿੱਚ ਮਿਲਾ ਅਤੇ ਚੂਰਣ ਕਰਕੇ ਬਣਾਈ ਇੱਕ ਮਿਠਾਈ. ਸੰ. ਮੁਕ੍ਤਾਮੋਦਕ। ੨. ਮੁਕਤਾ ਚੂੜ. ਸਿਰ ਤੇ ਪਹਿਰਣ ਦਾ ਮੋਤੀ ਜੜਿਆ ਗਹਿਣਾ. "ਮਨੁ ਮੋਤੀਚੂਰ ਵਡ ਗਹਨ ਗਹਨਈਆ." (ਬਿਲਾ ਅਃ ਮਃ ੪) ਮਨ ਦਾ ਗ੍ਰਹਣ (ਫੜਨਾ), ਵਡਾ ਮੁਕ੍ਤਾਚੂੜ ਭੂਸ਼ਣ ਹੈ.

ਮੋਤੀਦਾਨ: ਸੰਗਯਾ- ਉਹ ਸਿੱਪੀ, ਜਿਸ ਵਿੱਚ ਮੋਤੀ ਹੈ। ੨. ਮੋਤੀ ਰੱਖਣ ਦਾ ਡੱਬਾ। ੩. ਮੋਤੀ (ਰਤਨ) ਦਾਨ ਕਰਨ ਦੀ ਕ੍ਰਿਯਾ.

ਮੋਤੀਬਾਗ: ਇਸ ਨਾਉਂ ਦੇ ਅਨੇਕ ਬਾਗ ਭਾਰਤ ਵਿੱਚ ਹਨ। ੨. ਦਿੱਲੀ ਵਿੱਚ ਉਹ ਬਾਗ, ਜਿਸ ਵਿੱਚ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਵਿਰਾਜੇ ਸਨ. ਹੁਣ ਇੱਥੇ ਕੋਈ ਬਾਗ ਨਹੀਂ ਕੇਵਲ ਗੁਰਦ੍ਵਾਰਾ ਹੈ. ਦੇਖੋ, ਦਿੱਲੀ। ੩. ਰਿਆਸਤ ਪਟਿਆਲੇ ਦਾ ਪ੍ਰਸਿੱਧ ਮੋਤੀ ਬਾਗ, ਜੋ ਮਹਾਰਾਜਾ ਦਾ ਨਿਵਾਸ ਅਸਥਾਨ ਹੈ.

ਮੋਤੀਰਾਮ: ਦੀਵਾਨ ਮੁਹਕਮਚੰਦ ਦਾ ਵਡਾ ਪੁਤ੍ਰ, ਜਿਸ ਨੂੰ ਮਹਾਰਾਜਾ ਰਣਜੀਤਸਿੰਘ ਨੇ ਪਹਿਲਾਂ ਜਲੰਧਰ ਦਾ ਫੇਰ ਕਸ਼ਮੀਰ ਦਾ ਗਵਰਨਰ ਬਣਾਇਆ, ਇਹ ਸਨ ੧੮੧੯ ਤੋਂ ੨੬ ਤਕ ਕਸ਼ਮੀਰ ਦਾ ਹਾਕਿਮ ਰਿਹਾ. ਇਹ ਕਈ ਵਾਰ ਸਰਕਾਰ ਅੰਗ੍ਰੇਜ਼ੀ ਪਾਸ ਮਹਾਰਾਜਾ ਦਾ ਏਲਚੀ ਹੋਕੇ ਗਿਆ ਅਰ ਸਨ ੧੮੩੦ ਵਿੱਚ ਜੋ ਮਿਸ਼ਨ ਲਹੌਰ ਦਰਬਾਰ ਵੱਲੋਂ ਲਾਰਡ ਬੈਂਟਿਕ ਪਾਸ ਸ਼ਿਮਲੇ ਭੇਜਿਆ ਗਿਆ ਸੀ, ਇਹ ਉਸ ਦਾ ਮੈਂਬਰ ਸੀ.

ਇਸ ਦੇ ਪੁਤ੍ਰ ਦੇਵੀਦਿਆਲ ਅਤੇ ਕਿਰਪਾਰਾਮ ਭੀ ਮਹਾਰਾਜਾ ਰਣਜੀਤ ਸਿੰਘ ਦੀ ਉੱਤਮ ਸੇਵਾ ਕਰਦੇ ਰਹੇ. ਦੇਵੀਦਿਆਲ ੨੧. ਵਰ੍ਹੇ ਦੀ ਉਮਰ ਵਿੱਚ ਫੌਜੀ ਅਫਸਰ ਹੋਇਆ ਅਤੇ ਇੱਕ ਜੰਗ ਵਿੱਚ ਮਾਰਿਆ ਗਿਆ. ਕਿਰਪਾਰਾਮ ਆਪਣੇ ਪਿਤਾ ਵਾਂਙ ਜਲੰਧਰ ਅਤੇ ਕਸ਼ਮੀਰ ਦਾ ਗਵਰਨਰ ਬਣਿਆ.

ਡੋਗਰਾ ਧਯਾਨਸਿੰਘ, ਮੋਤੀਰਾਮ ਅਤੇ ਉਸ ਦੀ ਔਲਾਦ ਨਾਲ ਦਿਲੀ ਵੈਰ ਰਖਦਾ ਸੀ ਅਤੇ ਅਨੇਕ ਤਰਾਂ ਦੇ ਜਾਲ ਬਣਾਉਂਦਾ ਰਹਿੰਦਾ. ਅੰਤ ਨੂੰ ਉਸ ਨੇ ਮਹਾਰਾਜਾ ਦੀ ਨਾਰਾਜਗੀ ਕਰਵਾ ਹੀ ਦਿੱਤੀ. ਬਾਪ ਬੇਟਾ ਪੰਜਾਬ ਛੱਡਕੇ ਕਾਸ਼ੀ ਜਾ ਰਹੇ, ਜਿੱਥੇ ਮੋਤੀਰਾਮ ਦਾ ਸਨ ੧੮੩੯ ਅਤੇ ਕਿਰਪਾਰਾਮ ਦਾ ਸਨ ੧੮੪੨ ਵਿੱਚ ਦੇਹਾਂਤ ਹੋਇਆ.

ਮੋਥਾ: ਸੰ. ਮੁਸ੍ਤਾ. ਸੰਗਯਾ- ਇੱਕ ਪ੍ਰਕਾਰ ਦਾ ਘਾਹ, ਜਿਸ ਦੀ ਜੜ ਵਿੱਚ ਇੱਕ ਗੱਠੀ ਹੁੰਦੀ ਹੈ, ਜੋ ਵਿੱਚੋਂ ਚਿੱਟੀ ਅਤੇ ਸੁਗੰਧ ਵਾਲੀ ਹੁੰਦੀ ਹੈ. ਇਸ ਨੂੰ ਨਾਗਰ ਮੋਥਾ ਭੀ ਸਦਦੇ ਹਨ. ਦੇਖੋ, ਨਾਗਰਮੋਥਾ.

ਮੋਦ: ਸੰ. ਸੰਗਯਾ- ਆਨੰਦ. ਖ਼ੁਸ਼ੀ. ਦੇਖੋ, ਮੁਦ ਧਾ। ੨. ਪਿਆਰੀ ਵਸਤੁ ਦੀ ਪ੍ਰਾਪਤੀ ਤੋਂ ਹੋਇਆ ਆਨੰਦ। ੩. ਸੁਗੰਧ. ਖ਼ੁਸ਼ਬੂ.

ਮੋਦਕ: ਸੰ. ਵਿ- ਮੋਦ (ਖੁਸ਼) ਕਰਨ ਵਾਲਾ. ਆਨੰਦਦਾਇਕ। ੨. ਸੰਗਯਾ- ਲੱਡੂ. "ਮੋਦਕ ਬਨਾਏ ਜੋਊ ਮੋਦਕ ਮਹਾਨ ਕੋ." (ਗੁਪ੍ਰਸੂ) ੩. ਇੱਕ ਛੰਦ, ਜਿਸ ਦੇ ਚਾਰ ਚਾਰ ਭਗਣ ਗਣ ਵਾਲੇ ਚਾਰ ਚਰਣ ਹੁੰਦੇ ਹਨ. ਰਾਮਚੰਦ੍ਰਿਕਾ ਵਿੱਚ ਇਸ ਦਾ ਨਾਮ ਸੁੰਦਰੀ ਭੀ ਹੈ. ਦੇਖੋ, ਸੁੰਦਰੀ (ਅ). ੪. ਗੁੜ. ਕੰਦਸਯਾਹ.

ਮੋਦਨ: ਸੰ. ਸੰਗਯਾ- ਖ਼ੁਸ਼ ਕਰਨ ਦੀ ਕ੍ਰਿਯਾ। ੨. ਮੋਮ। ੩. ਆਨੰਦ. ਪ੍ਰਸੰਨਤਾ। ੪. ਸੁਗੰਧ ਫੈਲਾਉਣੀ.

ਮੋਦੀ: ਸੰ. ਮੋਦਿਨ੍. ਵਿ- ਆਨੰਦ ਦੇਣ ਵਾਲਾ। ੨. ਖ਼ੁਸ਼ ਹੋਇਆ. ਪ੍ਰਸੰਨ। ੩. ਅ਼. مؤدی ਅਦਾ ਕਰਨ ਵਾਲਾ. ਪਹੁਚਾਉਣ ਵਾਲਾ. ਜੋ ਰਸਦ ਆਦਿ ਸਾਮਾਨ ਪਹੁਚਾਉਣ ਵਾਲਾ. ਜੋ ਰਸਦ ਆਦਿ ਸਾਮਾਨ ਪਹੁਚਾਉਂਦਾ ਹੈ, ਉਸ ਦਾ ਇਸੇ ਅਰਥ ਨੂੰ ਲੈਕੇ ਨਾਮ ਮੋਦੀ ਹੋ ਗਿਆ ਹੈ. ੪. ਅ਼. مؤدی ਮੂਦੀ. ਮਿਹਰਬਾਨ. "ਮੋਦੀ ਕੇ ਘਰਿ ਖਾਣਾ ਪਾਕਾ, ਵਾਕ੍ਰਾ ਲੜਕਾ ਮਾਰਿਆ ਥਾ." (ਗੌਂਡ ਨਾਮਦੇਵ) ਕ੍ਰਿਪਾਲੁ ਪਾਰਵਤੀ ਦੇ ਘਰ ਜਦ ਕਿ ਪ੍ਰਸਾਦ ਤਿਆਰ ਸੀ, ਉਸ ਵੇਲੇ ਸ਼ਿਵ ਨੇ ਲੜਕਾ ਮਾਰ ਦਿੱਤਾ. ਦੇਖੋ, ਗਣੇਸ਼.

ਮੋਦੀਖਾਨਾ: ਸੰਗਯਾ- ਮੋਦੀ ਦਾ ਘਰ. ਦੇਖੋ, ਮੋਦੀ ੩। ੨. ਰਸਦ ਆਦਿ ਸਾਮਾਨ ਦਾ ਗੋਦਾਮ.

ਮੋਨ: ਦੇਖੋ, ਮੋਣ। ੨. ਦੇਖੋ, ਮੋਨਿ ਅਤੇ ਮੌਨ। ੩. ਇੱਕ ਪ੍ਰਾਚੀਨ ਹਿੰਦੂ ਜਾਤਿ, ਜੋ ਕੁੱਲੂ ਦੀ ਘਾਟੀ ਵਿੱਚ ਰਾਜ ਕਰਦੀ ਸੀ. ਦੇਖੋ, ਮੌਨ ੨. ਅਤੇ ੩.

ਮੋਨਦੀ: ਅ਼. معاون الدین ਮੁਆ਼ਵਨੁੱਦੀਨ. ਧਰਮ ਦਾ ਸਹਾਇਕ. ਦੀਨ ਦੀ ਰਖ੍ਯਾ ਕਰਨ ਵਾਲਾ.

"ਮੋਨਦੀ ਮਦਾਰ ਕੇਤੇ." (ਅਕਾਲ)

ਮੋਨਨੇਸ: ਮੁਨੀਆਂ ਦਾ ਈਸ਼੍ਵਰ. ਮੁਨਿਰਾਜ. "ਸੁਨਜੋ ਮੋਨਨੇਸੰ." (ਰਾਮਾਵ)

**ਮੋਨਬ੍ਰਤ:** ਦੇਖੋ, ਮੌਨਵ੍ਰਤ.

**ਮੋਨਾ:** ਵਿ- ਮੁੰਡਿਤ. ਜਿਸ ਦਾ ਸਿਰ ਮੁੰਨਿਆ ਹੋਇਆ ਹੈ. ਮੋਡਾ.

**ਮੋਨਿ, ਮੋਨੀ:** ਖ਼ਾਮੋਸ਼ੀ ਅਤੇ ਖ਼ਾਮੋਸ਼. ਚੁੱਪ ਅਤੇ ਚੁਪ ਕੀਤਾ. ਦੇਖੋ, ਮੌਨ ਅਤੇ ਮੌਨੀ. "ਕੋਟਿ ਮੁਨੀਸਰੁ ਮੋਨਿ ਮਹਿ ਰਹਿਤੇ." (ਭੈਰ ਅਃ ਮਃ ੫) "ਮੋਨਿ ਭਇਓ ਕਰਪਾਤੀ ਰਹਿਓ." (ਸੋਰ ਅਃ ਮਃ ੫) "ਮੋਨਿ ਭਇਓ ਕਰਪਾਤੀ ਰਹਿਓ." (ਸੋਰ ਅਃ ਮਃ ੫) "ਆਪੇ ਮੋਨੀ ਵਰਤਦਾ, ਆਪੈ ਕਥੈ." (ਮਃ ੪. ਵਾਰ ਬਿਹਾ) "ਮੁਦ੍ਰਾ ਮੋਨਿ ਦਇਆ ਕਰਿ ਝੋਲੀ." (ਰਾਮ ਕਬੀਰ) ੨. ਮੁਨਿ. ਰਿਖਿ. "ਪੰਡਿਤ ਮੋਨੀ ਪੜਿ ਪੜਿ ਥਕੇ." (ਮਃ ੩. ਵਾਰ ਸਾਰ) "ਸਿਵ ਬਿਰੰਚਿ ਅਰੁ ਸਗਲ ਮੋਨਿਜਨ" (ਗੂਜ ਮਃ ੫) ਦੇਖੋ, ਮੁਨਿ ੧.

**ਮੋਪੈ:** ਮੇਥੋਂ. ਮੇਰੇ ਪਾਸੋਂ. ਮੁਝ ਸੇ. "ਮੋ ਪੈ ਜਬਾਬੁ ਨ ਹੋਇ." (ਸਾਰ ਨਾਮਦੇਵ)

**ਮੋਮ:** ਫ਼ਾ. موم ਸੰਗਯਾ- ਮੱਖੀਆਂ ਕਰਕੇ ਬਣਾਇਆ ਹੋਇਆ ਇੱਕ ਲੇਸਦਾਰ ਪਦਾਰਥ, ਜਿਸ ਵਿੱਚ ਸ਼ਹਦ ਹੁੰਦਾ ਹੈ. ਸੰ. ਮਦਨ, ਮਧੁਅਯਨ, ਮਧੁਜ ਅਤੇ ਮਕ੍ਸ਼ਿਕਾਮਲ. ਦੇਖੋ, ਮੈਣ.

**ਮੋਮਜਾਮਾ:** ਫ਼ਾ. موم جامہ ਸੰਗਯਾ- ਮੋਮੀ ਵਸਤ੍ਰ. ਮੋਮਜਾਮੇ ਵਿੱਚ ਪਾਣੀ ਦਾ ਅਸਰ ਨਹੀਂ ਹੁੰਦਾ. ਜਦ ਰਬੜ ਦਾ ਪ੍ਰਚਾਰ ਨਹੀਂ ਹੋਇਆ ਸੀ, ਤਦ ਮੋਮ ਦੇ ਪਾਹ ਨਾਲ ਬਰਸਾਤੀ ਵਸਤ੍ਰ ਬਣਾਏ ਜਾਂਦੇ ਸਨ.

**ਮੋਮਦਿਲ:** ਫ਼ਾ. موم دِل ਵਿ- ਜਿਸ ਦਾ ਚਿੱਤ ਦੂਜੇ ਦਾ ਦੁੱਖ ਦੇਖਕੇ ਦ੍ਰਵ ਜਾਂਦਾ ਹੈ. ਮੋਮ ਜੇਹਾ ਨਰਮ ਦਿਲ. "ਮੁਸਲਮਾਣੁ ਮੋਮਦਿਲ ਹੋਵੈ." (ਮਾਰੂ ਸੋਲਹੇ ਮਃ ੫)

**ਮੋਮਨ:** ਦੇਖੋ, ਮੋਮਿਨ.

**ਮੋਮਨਖਾਨ:** ਦੇਖੋ, ਮੋਮਿਨਖਾਨ.

**ਮੋਮਾਹਾ:** ਮਹਾਨ ਮੋਹ. ਮਹਾ ਮੋਹ। ੨. ਮੋਮ ਦਾ. ਮੋਮੀ.

**ਮੋਮਿਆਈ:** ਫ਼ਾ. مومیائی ਸੰਗਯਾ- ਪੱਥਰ ਜਾਂ ਖਾਣਿ ਤੋਂ ਨਿਕਲੀ ਸਯਾਹ ਰੰਗ ਦੀ ਥੰਧਿਆਈ, ਜਿਸ ਦੀ ਤਾਸੀਰ ਗਰਮਤਰ ਹੈ. ਇਸ ਵਿਸ਼ੇਸ਼ ਕਰਕੇ ਨਿਰਬਲਾਂ ਨੂੰ ਖਵਾਈ ਜਾਂਦੀ ਹੈ, ਸੱਟਾਂ ਅਤੇ ਫੱਟਾਂ ਤੇ ਭੀ ਲਾਈਦੀ ਹੈ. ਦੇਖੋ, ਸਿਲਾਜੀਤ.

**ਮੋਮਿਨ:** ਅ਼. مومِن ਵਿ- ਇਮਾਨ ਲਿਆਉਣ ਵਾਲਾ. ਸ਼੍ਰੱਧਾਵਾਨ। ੨. ਇਸਲਾਮ ਦਾ ਵਿਸ਼੍ਵਾਸੀ.

**ਮੋਮਿਨਖ਼ਾਨ:** ਦੇਖੋ, ਅਘੜਸਿੰਘ.

**ਮੋਮਿਨੀਨ:** ਮੋਮਿਨ ਦਾ ਬਹੁਵਚਨ. مومنین ਇਮਾਨਦਾਰ ਲੋਕ.

**ਮੋਰ:** ਸਰਵ- ਮੇਰਾ. "ਜਮੁ ਮੰਜਾਰੁ ਕਹਾ ਕਰੈ ਮੋਰ." (ਗਉ ਕਬੀਰ) ੨. ਮੋੜਨਾ. ਹਟਾਉਣਾ. "ਮੋਰ ਸਕੋਂ ਨ ਕਹਯੋ ਤੁਮਰੋ." (ਨਾਪ੍ਰ) ੩. ਮਯੂਰ. ਤਾਊਸ. "ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ." (ਮਲਾ ਪੜਤਾਲ ਮਃ ੪) "ਮੋਰ ਤੁਰੰਗ ਕੋ ਮੋਰ ਨਚਾਵੈ." (ਗੁਪ੍ਰਸੂ) ਘੋੜੇ ਨੂੰ ਮੋੜਕੇ ਮੋਰ ਤੁੱਲ ਨਚਾਉਂਦੇ ਹਨ। ੪. ਮੌਰ. ਮੌਲ. ਮੁਕੁਟ. ਤਾਜ। ੫. ਮੁਰ ਦੈਤ. "ਮੋਰ ਮਰਯੋ ਜਿਨ." (ਕ੍ਰਿਸਨਾਵ) ਦੇਖੋ, ਮੁਰ ੫। ੬. ਫ਼ਾ. مور ਕੀੜੀ. "ਹਮਜ਼ ਪੀਰ ਮੋਰੋ ਹਮਜ਼ ਪੀਲਤਨ." (ਜਫਰ)

**ਮੋਰੰਗ:** ਦੇਖੋ, ਮੋਰੰਗ.

**ਮੋਰਚਾ:** ਫ਼ਾ. مورچہ ਮੋਰਚਹ ਅਥਵਾ ਮੋਰਚਾਲ. ਸੰਗਯਾ- ਕਿਲੇ ਦੀ ਕੰਧ ਜਾਂ ਵੱਟ ਆਦਿ ਵਿੱਚ ਬਣਾਇਆ ਛੇਕ, ਜਿਸ ਵਿੱਚਦੀਂ ਦੁਸ਼ਮਨ ਪੁਰ ਤੀਰ ਗੋਲੀ ਆਦਿ ਚਲਾਇਆ ਜਾਵੇ। ੨. ਵੈਰੀ ਦੇ ਸ਼ਸਤ੍ਰਾਂ ਤੋਂ ਬਚਾਉ ਲਈ ਖੋਦਿਆ ਟੋਆ ਅਥਵਾ ਖਾਈ, ਜਿਸ ਵਿੱਚ ਸਿਪਾਹੀ ਲੁਕਕੇ ਬੈਠਦੇ ਅਤੇ ਦੁਸ਼ਮਨ ਤੇ ਵਾਰ ਕਰਦੇ ਹਨ। ੩. ਜ਼ੰਗਾਰ. ਜਰ. "ਜਨਮ ਜਨਮ ਦੇ ਲਾਗੇ ਬਿਖੁ

ਮੋਰਚਾ." (ਪਨਾ ਮਃ ੪) "ਕਹੁ ਨਾਨਕ ਮੋਰਚਾ ਗੁਰਿ ਲਾਹਿਓ." (ਨਟ ਮਃ੫)

੪. ਦਾਗ. "ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ। ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥" (ਮਾਝ ਅਃ ਮਃ ੩) ੪. ਕੀੜੀ. ਕੀਟ.

ਮੋਰਚਾਲ: ਦੇਖੋ, ਮੋਰਚਾ ੧. ਅਤੇ ੨.

ਮੋਰਛੜ: ਮੋਰ ਦੀ ਪੂਛ ਦੇ ਲੰਮੇ ਖੰਭਾਂ ਦਾ ਮੁੱਠਾ, ਜੋ ਚੌਰ ਵਾਂਙ ਰਾਜੇ ਅਤੇ ਦੇਵਤਾ ਉੱਪਰ ਫੇਰੀਦਾ ਹੈ. ਦੇਖੋ, ਮੋਰਪੁੱਛ ੨.

ਮੋਰਧੁਜ, ਮੋਰਧ੍ਵਜ: ਸੰ. ਮਯੂਰਧ੍ਵਜ. ਜਿਸ ਦੇ ਝੰਡੇ ਤੇ ਮੋਰ ਦਾ ਨਿਸ਼ਾਨ ਹੈ. ਸ਼ਿਵ ਦਾ ਪੁਤ੍ਰ ਕਾਰਤਿਕੇਯ. ਖਡਾਨਨ। ੨. ਰਤਨਪੁਰ ਦਾ ਇੱਕ ਧਰਮਾਤਮਾ ਸਤਜਵਾਦੀ ਰਾਜਾ, ਜਿਸ ਨੇ ਅਸ਼੍ਵਮੇਧ ਯਗਜ ਕਰਨ ਲਈ ਆਪਣੇ ਪੁਤ੍ਰ ਤਾਮ੍ਰਧਜ ਦੀ ਨਿਗਰਾਨੀ ਵਿੱਚ ਘੋੜਾ ਛੱਡਿਆ. ਉਸੇ ਸਮੇਂ ਰਾਜਾ ਯੁਧਿਸ਼੍ਰਿਰ ਨੇ ਭੀ ਅਸ਼੍ਵਮੇਧ ਦਾ ਘੋੜਾ ਅਰਜੁਨ ਅਤੇ ਕ੍ਰਿਸ਼ਨ ਜੀ ਦੀ ਨਿਗਰਾਨੀ ਵਿੱਚ ਛੱਡਿਆ. ਜਦ ਦੋਹਾਂ ਦਲਾਂ ਦਾ ਟਾਕਰਾ ਹੋਇਆ, ਤਾਂ ਤਾਮ੍ਰਧ੍ਵਜ ਨੇ ਅਰਜੁਨ ਅਤੇ ਕ੍ਰਿਸ਼ਨ ਜੀ ਨੂੰ ਮੂਰਛਿਤ ਕਰਕੇ ਅਰ ਸਾਰੀ ਪਾਂਡਵਸੈਨਾ ਨੂੰ ਜਿੱਤਕੇ ਦੋਵੇਂ ਘੋੜੇ ਪਿਤਾ ਪਾਸ ਲੈਆਂਦੇ.

ਹੋਸ਼ ਆਉਣ ਤੇ ਕ੍ਰਿਸ਼ਨ ਜੀ ਨੇ ਬ੍ਰਾਹਮਣ ਦਾ ਰੂਪ ਧਾਰਿਆ ਅਤੇ ਅਰਜੁਨ ਨੂੰ ਆਪਣਾ ਚੇਲਾ ਬਣਾਇਆ. ਦੋਹਾਂ ਨੇ ਰਾਜਾ ਮਯੂਰਧ੍ਵਜ ਨੂੰ ਜਾਕੇ ਆਸ਼ੀਰਵਾਦ ਦਿੱਤਾ. ਰਾਜੇ ਨੇ ਆਉਣ ਦਾ ਕਾਰਣ ਪੁੱਛਿਆ ਤਾਂ ਬ੍ਰਾਹਮਣ ਨੇ ਆਖਿਆ ਕਿ ਇੱਕ ਕਾਲ ਰੂਪ ਸਿੰਹ ਮੇਰੇ ਪੁਤ੍ਰ ਨੂੰ ਲੈਕੇ ਚਲਾ ਗਿਆ ਹੈ, ਤੇ ਤੂੰ ਅਪਣਾ ਅੱਧਾ ਸ਼ਰੀਰ ਮੈਨੂੰ ਦੇਵੇਂ, ਤਾਂ ਮੇਰਾ ਬੇਟਾ ਮੁੜ ਸਕਦਾ ਹੈ. ਇਸ ਪੁਰ ਮੋਰਧੁਜ ਆਪਣਾ ਅੱਧਾ ਸ਼ਰੀਰ ਚਿਰਵਾਉਣ ਨੂੰ ਤਿਆਰ ਹੋ ਗਿਆ. ਰਾਜੇ ਦੀ ਆਗਜਾ ਨਾਲ ਉਸ ਦੀ ਰਾਣੀ ਕੁਮੁਦਵਤੀ ਅਤੇ ਪੁਤ੍ਰ ਤਾਮ੍ਰਧ੍ਵਜ ਆਰਾ ਫੜਕੇ ਰਾਜੇ ਨੂੰ ਚੀਰਣ ਲੱਗੇ, ਇਸ ਪੁਰ ਕ੍ਰਿਸ਼ਨ ਜੀ ਨੇ ਪ੍ਰਸੰਨ ਹੋਕੇ ਆਪਣਾ ਅਸਲੀ ਰੂਪ ਵਿਖਾਇਆ ਅਤੇ ਰਾਜੇ ਨੂੰ ਛਾਤੀ ਨਾਲ ਲਾਕੇ ਅਸ਼੍ਵਮੇਧ ਯਗਜ ਪੂਰਾ ਕਰਨ ਦੀ ਆਗਜਾ ਦਿੱਤੀ. "ਮੋਰਧ੍ਵਜ ਭਗਤੀ ਮਤਿ ਭੀਨੀ." (ਨਾਪ੍ਰ)

ਮੋਰਨਾ: ਕ੍ਰਿ- ਮੋੜਨਾ. ਹਟਾਉਣਾ. ਲੌਟਾਨਾ. "ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖ ਨਹੀ ਮੋਰਿਓ." (ਮਾਰੂ ਮਃ ੫)

ਮੋਰਪੁੱਛ: ਮਯੂਰ ਦੀ ਪੂਛ। ੨. ਮੋਰਪੰਖਾਂ ਦਾ ਮੁੱਠਾ. "ਫਿਰੈ ਮੋਰਪੁੱਛੰ ਢੁਰੈ ਚੌਰ ਚਾਰੰ." (ਰਾਮਾਵ)

ਮੋਰਪੰਖ: ਮਯੂਰਪਕ੍ਸ਼. ਮੋਰ ਦਾ ਖੰਭ.

ਮੋਰਮੁਕਟ: ਮਯੂਰ ਦੇ ਖੰਭਾਂ ਦਾ ਬਣਿਆ ਮੁਕੁਟ (ਤਾਜ). ੨. ਮੋਰਮੁਕਟ ਧਾਰਨ ਵਾਲਾ ਕ੍ਰਿਸ਼੍ਨਦੇਵ.

ਮੋਰਲੋ: ਦੇਖੋ, ਮੁਰਲਾ। ੨. ਸਰਵ- ਮੇਰਾ. "ਸੰਤਹ ਚਰਨ, ਮੋਰਲੋ ਮਾਥਾ." (ਸਾਰ ਮਃ ੫)

ਮੋਰਾ: ਸਰਵ- ਮੇਰਾ। ੨. ਸੰਗਜਾ- ਛੇਕ. ਛਿਦ੍ਰ. ਸੂਰਾਖ਼. ਮੋਘਾ.

ਮੋਰਿ: ਮੋੜਕੇ. "ਮੋਰਿ ਬਾਗ ਬਾਹਿਨ ਕੀ." (ਚਰਿਤ੍ਰ ੨੦੦)

ਮੋਰੀ: ਸਰਵ- ਮੇਰੀ. "ਕਹੁ ਨਾਨਕ ਮੋਰੀ ਪੂਰਨ ਆਸਾ." (ਆਸਾ ਮਃ ੫) ੨. ਅਪਨੀ. ਆਪਣੀ. "ਤੇਰੋ ਨਹੀ ਸੁਜਾਨੀ ਮੋਰੀ." (ਟੋਡੀ ਮਃ ੫) ੩. ਦੇਖੋ, ਮੋਰ੍ਹੀ। ੪. ਮੋਰੀਂ. ਮੋਰਾਂ ਨੇ. "ਮੋਰੀ ਰੁਣ ਝੁਣ ਲਾਇਆ." (ਵਡ ਮਃ ੧) ੫. ਸੰਗਜਾ- ਤਾਕੀ. ਦਰੀਚੀ. ਸੰ. ਮੋਰਿਕਾ। ੬. ਛਿਦ੍ਰ. ਸੁਰਾਖ. "ਗੁਰਿ ਦਿਖਲਾਈ ਮੋਰੀ। ਜਿਤੁ ਮਿਰਗ ਪੜਤ ਹੈ ਚੋਰੀ." (ਸੋਰ ਕਬੀਰ) ਮੋਰੀ ਇੰਦ੍ਰੀਆਂ, ਮ੍ਰਿਗ ਵਿਸ਼ੇ। ੭. ਚੌਹਾਨ ਛਤ੍ਰੀਆਂ ਵਿੱਚੋਂ ਇੱਕ ਜਾਤਿ.

ਮੋਰੋ: ਸਰਵ- ਮੇਰਾ। ੨. ਮੋੜੋ. ਹਟਾਓ. ਪਰਤੋ.

ਮੋਰੰਗ: ਸੰ. मोरङ्ग. ਨੇਪਾਲ ਦਾ ਪੂਰਵੀ ਹਿੱਸਾ, ਜੋ ਕੋਸ਼ੀ ਨਦੀ ਦੇ ਪੂਰਵ ਹੈ. ਇਸ ਦਾ ਕੁਝ ਭਾਗ ਪੂਰਨੀਏ ਜਿਲੇ ਨਾਲ ਭੀ ਲਗਦਾ ਹੈ. "ਮੋਰੰਗ ਗੋਰ ਨੈਪਾਲ ਭੀਤ." (ਕਲਕੀ)

**ਮੋਰੰਡਾ:** ਜਿਲਾ ਅੰਬਾਲਾ, ਤਸੀਲ ਰੋਪੜ ਦਾ ਇੱਕ ਪਿੰਡ, ਜਿਸ ਦਾ ਰੇਲਵੇ ਸਟੇਸ਼ਨ ਮੋਰੰਡਾ ਹੈ. ਇੱਥੋਂ ਦੇ ਰਹਿਣ ਵਾਲੇ ਜਾਨੀ ਅਤੇ ਮਾਨੀ ਰੰਘੜ ਸੰਮਤ ੧੭੬੧ ਵਿੱਚ ਮਾਤਾ ਗੂਜਰੀ ਜੀ ਨੂੰ ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਫੜਕੇ ਖੇੜੀ (ਸਹੇੜੀ) ਤੋਂ ਸਰਹਿੰਦ ਲੈ ਗਏ ਸਨ, ਮੱਘਰ ਸੰਮਤ ੧੮੧੯ ਵਿੱਚ ਖ਼ਾਲਸੇ ਦੇ ਬੁੱਢੇ ਦਲ ਨੇ ਇਸ ਪਿੰਡ ਨੂੰ ਸੋਧਕੇ ਜਾਨੀ ਅਤੇ ਮਾਨੀ ਨੂੰ ਲੁਹਾਰ ਦੇ ਵਦਾਣਾਂ ਨਾਲ ਚੂਰ, ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਕ੍ਰਿਪਾਨ ਭੇਟ ਕੀਤਾ. ਇਸ ਕਸਬੇ ਤੋਂ ਉੱਤਰ ਵੱਲ ਪਾਸ ਹੀ ਸਾਹਿਬਜ਼ਾਦਿਆਂ, ਅਤੇ ਮਾਤਾ ਜੀ ਦਾ ਗੁਰਦ੍ਵਾਰਾ ਹੈ. ਪਿੰਡ ਸਹੇੜੀ ਤੋਂ ਫੜੇ ਹੋਏ ਇਹ ਧਰਮਰੱਖਕ ਇਸ ਥਾਂ ਲਿਆਂਦੇ ਗਏ ਸਨ. ਗੁਰਦ੍ਵਾਰੇ ਨਾਲ ੧੬. ਵਿੱਘੇ ਜ਼ਮੀਨ ਹੈ, ਜਿਸ ਵਿੱਚ ਇੱਕ ਬਾਗ ਹੈ, ਜੋ ਰੋਪੜ ਦੇ ਰਾਜਾ ਭੂਪਸਿੰਘ ਨੇ ਅਰਪਿਆ ਸੀ. ਇੱਕ ਬ੍ਰਾਹਮਣੀ ਝਾੜੂ ਦੀ ਸੇਵਾ ਕਰਦੀ ਹੈ. ਦੇਖੋ, ਸਹੇੜੀ ੨. ਅਤੇ ਖੇੜੀ ੩.

ਸੰਮਤ ੧੮੨੦ ਵਿੱਚ ਮੋਰੰਡੇ ਤੇ ਸਰਦਾਰ ਧਰਮਸਿੰਘ ਅਮ੍ਰਿਤਸਰੀ ਨੇ ਕਬਜਾ ਕੀਤਾ, ਇਸ ਪਿੱਛੋਂ ਮਹਾਰਾਜਾ ਰਣਜੀਤਸਿੰਘ ਨੇ ਇਹ ਸਾਰਾ ਇਲਾਕਾ ਲਹੌਰ ਰਾਜ ਨਾਲ ਮਿਲਾ ਲਿਆ, ਅਰ ਲੁਦਿਆਨੇ ਅਤੇ ਮੋਰੰਡੇ ਦਾ ਪਰਗਨਾ ਰਾਜਾ ਭਾਗਸਿੰਘ ਜੀਂਦਪਤਿ ਨੂੰ ਦੇ ਦਿੱਤਾ. ਰਾਜਾ ਸੰਗਤਸਿੰਘ ਦੇ ਲਾਵਲਦ ਮਰਣ ਪੁਰ ਸਨ ੧੮੩੪ ਵਿੱਚ ਸਰਕਾਰ ਅੰਗ੍ਰੇਜ਼ੀ ਨੇ ਜਬਤ ਕਰਕੇ ਇਹ ਆਪਣੇ ਰਾਜ ਨਾਲ ਮਿਲਾਇਆ.

**ਮੋਰ੍ਹੀ:** ਵਿ- ਮੋਹਰੀ. ਮੁਹਰੇ ਹੋਣ ਵਾਲਾ. ਆਗੂ.

**ਮੋਲ:** ਸੰਗਯਾ- ਮੂਲ੍ਯ. ਕੀਮਤ. ਮੁੱਲ.

**ਮੋਲਿ:** ਮੂਲ੍ਯ (ਕੀਮਤ) ਨਾਲ. ਮੋਲ ਸੇ. "ਮੋਲਿ ਨ ਪਾਈਐ ਗੁਣਹ ਅਮੋਲ." (ਸੁਖਮਨੀ) ੨. ਸੰਗਯਾ- ਮੂਲ੍ਯ. ਕੀਮਤ. "ਮਾਣਕ ਮੋਲਿ ਅਮੋਲ." (ਸ੍ਰੀ ਮः ੧)

**ਮੋਲੀ:** ਮੁੱਲ ਨਾਲ ਮੂਲ੍ਯ ਬਦਲੇ. ਕੀਮਤਨ. "ਸਿਰੁ ਬੇਚਿਓ ਗੁਰ ਪਹਿ ਮੋਲੀ." (ਗਉ ਮः ੪)

**ਮੋਲੀਐ:** ਦੇਖੋ, ਮੁਲੀਐ.

**ਮੋਲੁ:** ਦੇਖੋ, ਮੋਲ. "ਮੋਲੁ ਨਾਹੀ ਕਰੁ ਕਰਣੈਜੋਗਾ." (ਰਾਮ ਮः ੫)

**ਮੋੜ:** ਸੰਗਯਾ- ਘੁਮਾਉ. ਖ਼ਮ। ੨. ਮੁੜਨ ਦਾ ਭਾਵ। ੩. ਮੋੜਨਾ ਕ੍ਰਿਯਾ ਦਾ ਅਮਰ. ਦੇਖੋ, ਮੋੜਿ ੨.

**ਮੋੜਨਾ:** ਕ੍ਰਿ- ਹਟਾਉਣਾ. ਵਰਜਣਾ। ੨. ਲੌਟਾਉਣਾ. "ਵਣਿ ਕੰਡਾ ਮੋੜੇਹਿ" (ਸ. ਫਰੀਦ) ਜੰਗਲ ਦੇ ਕੰਡੇ ਵਸਤ੍ਰਾਂ ਵਿੱਚ ਫਸਕੇ ਮੋੜਦੇ ਹਨ, ਭਾਵ- ਉਪਦੇਸ਼ ਕਰਦੇ ਹਨ ਕਿ ਘਰ ਨੂੰ ਪਰਤਜਾ.

**ਮੋੜਿ:** ਮੋੜਕੇ। ੨. ਮੋੜਨਾ ਕ੍ਰਿਯਾ ਦਾ ਅਮਰ. ਹਟਾ. ਲੌਟਾ. ਮੋੜਲੈ.

**ਮੋੜੰਨਿ:** ਮੋੜਦੇ ਹਨ.

**ਮੋੜ੍ਹਾ, ਮੋੜ੍ਹੀ:** ਬਿਰਛ ਦਾ ਕੰਡੇਦਾਰ ਜਾਂ ਬਿਨਾ ਕੰਡੇ ਵੱਢਿਆ ਹੋਇਆ ਟਾਹਣਾ, ਟਾਹਣੀ (ਝਾਫਾ), ਜੋ ਬਾੜ ਆਦਿ ਦੇ ਕੰਮ ਆਉਂਦਾ ਹੈ। ੨. ਪੋਠੋਹਾਰ ਵਿੱਚ ਛੋਟੇ ਪਿੰਡ ਨੂੰ ਮੋੜ੍ਹਾ ਸਦਦੇ ਹਨ.

**ਮੋੜ੍ਹੀ ਗੱਡਣੀ:** ਦੇਖੋ, ਮੋਹੜਾ ੩.

**ਮੌ, ਮੌਉ:** ਜਿਲਾ ਜਲੰਧਰ, ਤਸੀਲ ਥਾਣਾ ਫਲੌਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਪ੍ਰਤਾਪਪੁਰੇ ਤੋਂ ਢਾਈ ਮੀਲ ਦੱਖਣ ਹੈ. ਇਸ ਪਿੰਡ ਤੋਂ ਉੱਤਰ ਪੱਛਮ ਦੇ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਗੁਰਦ੍ਵਾਰਾ ਹੈ. ਇੱਥੇ ੨੩ ਹਾੜ ਸੰਮਤ ੧੬੩੬ ਨੂੰ ਗੁਰੂ ਜੀ ਦਾ ਵਿਆਹ ਕ੍ਰਿਸ਼ਨਚੰਦ ਦੀ ਬੇਟੀ ਗੰਗਾ ਜੀ ਨਾਲ ਹੋਇਆ. ਵਿਆਹ ਦੀ ਥਾਂ ਬਹੁਤ ਸੁੰਦਰ ਦਰਬਾਰ ਬਣਿਆ ਹੋਇਆ ਹੈ. ਪਾਸ ਹੀ ਪੱਕੇ ਰਹਾਇਸ਼ੀ ਮਕਾਨ ਹਨ. ਇੱਕ ਖੂਹ ਗੁਰੂ ਜੀ ਦੇ ਸਮੇਂ ਦਾ ਹੈ. ੮. ਘੁਮਾਉਂ ਜ਼ਮੀਨ ਗੁਰਦ੍ਵਾਰੇ ਨਾਲ ਹੈ. ੨੧- ੨੨- ੨੩ ਹਾੜ ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ.

ਮੌਸ: ਦੇਖੋ, ਅਮਾਵਸ.

ਮੌਸਮ: ਅ਼. مَوسِم ਮੌਸਿਮ. ਸੰਗਯਾ- ਰੁੱਤ. ਰਿਤੁ.

ਮੌਂਸਰਾ: ਡਿੰਗ. ਮੁਛਹਰਾ. ਮੁੱਛ. ਦੇਖੋ, ਮੁਛਹਰਾ.

ਮੌਸਾ: ਮਾਸੜ. ਮਾਸੀ ਦਾ ਪਤਿ. "ਮਾਸੀ ਔਰ ਮੌਸਾ ਜਗ ਵਿਵਿਧ ਵਿਖਯਾਤਾ ਹੈ." (ਭਾਗੁ ਕ)

ਮੌਸੀ: ਮਾਸੀ. ਮਾਂ ਧੀ ਭੈਣ. ਮਾਂ ਸਰੀਖੀ (ਜੇਹੀ).

ਮੌਸੂਫ: ਅ਼. مَوصُوف ਮੌਸੂਫ਼. ਵਿ- ਸਿਫ਼ਤ ਵਾਲਾ. ਜਿਸ ਦੀ ਸਿਫ਼ਤ ਕੀਤੀ ਗਈ ਹੈ.

ਮੌਸੂਮ: ਅ਼. مَوسُوم ਵਿ- ਜਿਸ ਦਾ ਇਸਮ (ਨਾਮ) ਰੱਖਿਆ ਗਿਆ ਹੈ. ਨਾਮਧਾਰੀ. ਨਾਮਕ.

ਮੌਹੀ: ਦੇਖੋ, ਮੋਹੀ ੫.

ਮੌਕਾ: ਅ਼. مَوقع ਮੌਕ਼ਅ਼. ਸੰਗਯਾ- ਵਾਕ਼ਅ਼ ਹੋਣ ਦੀ ਥਾਂ. ਉਹ ਥਾਂ, ਜਿੱਥੇ ਕੋਈ ਘਟਨਾ ਹੋਈ ਹੈ। ੨. ਸਮਾਂ (ਵੇਲਾ), ਜਿਸ ਵਿੱਚ ਕੋਈ ਘਟਨਾ ਹੋਈ ਹੈ.

ਮੌਕੂਫ਼, ਮੌਕੂਫ਼: ਅ਼. مَوقُوف ਵਿ- ਅਟਕਾਇਆ ਹੋਇਆ. ਠਹਿਰਾਇਆ ਹੋਇਆ। ੨. ਕੰਮ ਤੋਂ ਅਲਗ ਕੀਤਾ ਹੋਇਆ। ੩. ਵ੍ਯਾਕਰਣ ਅਨੁਸਾਰ ਮਾਤ੍ਰਾ ਰਹਿਤ ਅੱਖਰ. ਮੁਕਤਾ. ਜੈਸੇ ਇਸਲਾਮ ਸ਼ਬਦ ਵਿੱਚ ਮੀਮ ਮੌਕੂਫ਼ ਹੈ.

ਮੌਕ੍ਤਿਕਦਾਮ: ਦੇਖੋ, ਮੋਤਿਯਦਾਮ। ੨. ਮੋਤੀਆਂ ਦੀ ਲੜੀ.

ਮੌਕ੍ਤਿਕਮਾਲਾ: ਮੋਤੀਆਂ ਦੀ ਮਾਲਾ। ੨. ਦੇਖੋ, ਅਨੁਕੂਲਾ.

ਮੌਚ: ਸੰ. ਮੋਚ (ਕੇਲੇ) ਦਾ ਫਲ. ਦੇਖੋ, ਮੋਚ ੩.

ਮੌਜ: ਅ਼. مَوج ਸੰਗਯਾ- ਤਰੰਗ. ਲਹਰ। ੨. ਮਨ ਦੀ ਉਮੰਗ। ੩. ਇਨਾਮ. ਬਖ਼ਸ਼ਿਸ਼. "ਰੀਝ ਰੀਝ ਦੇਂ ਮੌਜ ਘਨੇਰੀ। ਲਾਖਹੁੱ ਦਰਬ ਕਰੋਰਨ ਕੇਰੀ." (ਗੁਪ੍ਰਸੂ)

ਮੌਜੜਾ, ਮੌਜਾ: ਫ਼ਾ. مَوجہ ਮੌਜ਼ਹ. ਸੰਗਯਾ- ਜੁਰਾਬ। ੨. ਦਸ੍ਤਾਨਾ। ੩. ਦੱਤੀ। ੪. ਅ਼. مَوضع ਮੌਜਅ਼. ਜਗਾ. ਥਾਂ। ੫. ਪਿੰਡ. ਗ੍ਰਾਮ.

ਮੌਜੀ: ਵਿ- ਲਹਰੀ. ਅਨੇਕ ਤਰੰਗਾਂ ਵਾਲਾ। ੨. ਵਿਲਾਸੀ, ਆਨੰਦੀ। ੩. ਮਨਆਈ ਕਰਨ ਵਾਲਾ.

ਮੌਂਜੀ: ਸੰ. ਸੰਗਯਾ- ਮੁੰਜ ਦੀ ਤੜਾਗੀ। ੨. ਮੁੰਜ ਦੀ ਰੱਸੀ। ੩. ਮੌਂਜਿਨ੍. ਮੁੰਜ ਦੀ ਤੜਾਗੀ ਵਾਲਾ.

ਮੌਂਜੀ ਨਿਬੰਧਨ, ਮੌਂਜੀ ਬੰਧਨ: ਸੰਗਯਾ- ਮੁੰਜ ਦੀ ਤੜਾਗੀ ਬੰਨ੍ਹਣ ਦਾ ਸੰਸਕਾਰ. ਬ੍ਰਹਮਚਰਯ ਧਾਰਣ. "ਸੰਸਕਾਰ ਤਤ੍ਵ" ਵਿੱਚ ਲਿਖਿਆ ਹੈ ਕਿ ਬ੍ਰਹਮਚਰਯ ਧਾਰਣ ਸਮੇਂ ਬ੍ਰਾਹਮਣ ਦੇ ਮੁੰਜੇ ਦੀ, ਛਤ੍ਰੀ ਦੇ ਧਨੁਖ ਦੇ ਚਿੱਲੇ ਦੀ ਅਤੇ ਵੈਸ਼੍ਯ ਦੇ ਸਣ ਦੀ ਤੜਾਗੀ ਹੋਣੀ ਚਾਹੀਏ.

ਮੌਜੂੰ: ਅ਼. مَوزُوں ਵਿ- ਵਜਨਦਾਰ. ਤੌਲ ਵਿੱਚ ਠੀਕ ਯਥਾਰਥ। ੨. ਸਜਦਾ ਫਬਦਾ.

ਮੌਜੂਦ: ਅ਼. مَوجُود ਵਿ- ਵਜੂਦ ਕੀਤਾ ਗਿਆ. ਹਸ੍ਤੀ ਵਿੱਚ ਆਇਆ। ੨. ਉਪਸਿਥਤ. ਹ਼ਾਜਿਰ.

ਮੌਜੂਦਾਤ: ਅ਼. مَوجُودات ਮੌਜੂਦਹ ਦਾ ਬਹੁ ਵਚਨ। ੨. ਹ਼ਾਜਿਰੀ. "ਮੌਜੂਦਾਤ ਲੀਨ ਸਭਹਿਨ ਕੀ." (ਗੁਪ੍ਰਸੂ)

ਮੌਤ: ਅ਼. مَوت ਸੰਗਯਾ- ਮ੍ਰਿਤ੍ਯੁ. ਅਜਲ. ਕਾਲ ਦੇਖੋ, ਮ੍ਰਿਤ੍ਯੁ.

ਮੌਨ: ਸੰ. ਸੰਗਯਾ- ਮੁਨਿ ਦਾ ਭਾਵ. ਮੁਨਿਪਨ। ੨. ਬੋਲਣ ਤੋਂ ਬੰਦ ਹੋਣ ਦੀ ਕ੍ਰਿਯਾ. ਖ਼ਾਮੋਸ਼ੀ. ਚੁੱਪ। ੩. ਇੱਕ ਛਤ੍ਰੀ ਜਾਤਿ ਜਿਸ ਦਾ ਜਿਕਰ ਭਵਿਸ਼ਯ ਪੁਰਾਣ ਵਿੱਚ ਆਇਆ ਹੈ। ੪. ਕਈ ਲੇਖਕਾਂ ਨੇ ਅੰਗ੍ਰੇਜ਼ਾਂ ਨੂੰ ਹੀ ਮੌਨ ਸਮਝਿਆ ਹੈ.

ਮੌਨਭਜਨ: ਚੁੱਪ ਫੜਨੀ. ਮੌਨਵ੍ਰਤ ਧਾਰਣ. ਦੇਖੋ, ਭਜਨ ੬.

ਮੌਨਵ੍ਰਤ: ਸੰਗਯਾ- ਚੁੱਪ ਰਹਿਣ ਦਾ ਨਿਯਮ.

ਮੌਨੀ: ਸੰ. ਸੌਨਿਨ. ਵਿ- ਚੁੱਪ ਰਹਿਣ ਵਾਲਾ। ੨. ਸੰਗਯਾ- ਮੁਨਿ. ਰਿਸ਼ਿ. ਰਿਖੀ.

ਮੌਰ: ਸੰਗਯਾ- ਸਿੱਟਾ. ਬੱਲੀ. ਮੰਜਰੀ। ੨. ਸਿਰ। ੩. ਤਾਜ. ਮੁਕੁਟ. ਦੇਖੋ, ਮੌਲਿ। ੪. ਗਰਦਨ ਦਾ ਪਿਛਲਾ ਭਾਗ, ਜੋ ਮੋਢਿਆਂ ਨਾਲ ਮਿਲਦਾ ਹੈ.

ਮੌਰਜ, ਮੌਰਯ: ਸੰ. ਮੌਰ੍ਯ. ਮੁਰਾ ਦਾ ਪੁਤ੍ਰ ਚੰਦ੍ਰਗੁਪ੍ਤ. ਮੁਰਾ ਦੀ ਔਲਾਦ ਦੇ ਲੋਕ, ਜਿਨ੍ਹਾਂ ਨੇ B. C. ੩੨੨ ਤੋਂ ੧੮੫ ਤਕ ਰਾਜ ਕੀਤਾ. ਚਾਹੋ ਇਸ ਵੰਸ਼ ਦੇ ਛੋਟੇ ਛੋਟੇ ਰਾਜੇ, ਸਰਦਾਰ ਚਿਰ ਤੀਕ ਰਹੇ, ਪਰ ਅਖੀਰੀ ਰਾਜਾ ਵ੍ਰਿਹਦਰਥ ਹੋਇਆ, ਜੋ ਆਪਣੇ ਸਿਪਹਸਾਲਾਰ ਪੁਸ਼੍ਯਮਿਤ੍ਰ ਦੇ ਹੱਥੋਂ B. C. ੧੮੫ ਵਿੱਚ ਮਾਰਿਆ ਗਿਆ.

ਮੌਰੀ: ਖੰਮ੍ਹਣੀ. ਦੇਖੋ, ਮੌਲੀ. "ਗਲ ਮਹਿ ਮੌਰੀ ਪਾਵਹਿ ਸੋਇ." (ਨਾਪ੍ਰ)

ਮੌਰੂਸ, ਮੌਰੂਸੀ: ਅ਼. مؤرُوث ਮੌਰੂਸ مؤرُوثی ਮੌਰੂਸੀ. ਵਿ- ਵਰਾਸਤ ਵਿੱਚ ਆਇਆ ਹੋਇਆ, ਬਾਪ ਦਾਦੇ ਤੋਂ ਪ੍ਰਾਪ੍ਤ ਹੋਇਆ.

ਮੌਲ: ਸੰ. ਵਿ- ਮੂਲ (ਜੜ) ਨਾਲ ਹੈ ਜਿਸ ਦਾ ਸੰਬੰਧ। ੨. ਮੂਲ ਨੂੰ ਜਾਣਨ ਵਾਲਾ। ੩. ਹੱਛੇ ਵੰਸ਼ ਦਾ। ੪. ਦੇਖੋ, ਮੌਲਿ.

ਮੌਲਸਰੀ: ਦੇਖੋ, ਮਵਲਸਰੀ.

ਮੌਲਣਾ: ਦੇਖੋ, ਮਉਲਣਾ.

ਮੌਲਵੀ: ਅ਼. مؤلوی ਸੰਗਯਾ- ਜਿਸ ਦਾ ਮੌਲਾ (ਪਰਮੇਸ਼੍ਵਰ) ਨਾਲ ਸੰਬੰਧ ਹੈ. ਕਰਤਾਰ ਨਾਲ ਜੁੜਿਆ ਹੋਇਆ ਸਾਧੂ। ੨. ਭਾਵ ਆ਼ਲਿਮ. ਵਿਦ੍ਵਾਨ। ੩. ਅ਼ਰਬੀ ਦੀ ਪਹਿਲੀ ਪਰੀਖ੍ਯਾ (ਇਮਤਿਹਾਨ)

ਮੌਲਾ: ਦੇਖੋ, ਮਉਲਾ.

ਮੌਲਾਨਾ: ਦੇਖੋ, ਮਉਲਾਨਾ.

ਮੌਲਿ: ਸੰ. ਵਿ- ਜੋ ਮੂਲ ਤੋਂ ਦੂਰ ਨਹੀਂ. ਮੂਲ ਦੇ ਨੇੜੇ ਹੋਣ ਵਾਲਾ। ੨. ਸੰਗਯਾ- ਸਿਰ। ੩. ਚੋਟੀ. ਸ਼ਿਖਾ. ਜੂੜਾ। ੪. ਮੁਕਟ. ਤਾਜ। ੫. ਪ੍ਰਿਥਿਵੀ.

ਮੌਲੀ: ਸੰਗਯਾ- ਮੌਲੀ (ਜੂੜੇ) ਨੂੰ ਬੰਨ੍ਹਣ ਦਾ ਮੰਗਲ ਸੂਤ੍ਰ. ਖੰਮ੍ਹਣੀ। ੨. ਸੌਲਿਨ. ਮੁਖੀਆ. ਸਰਦਾਰ.

ਮੌੜ: ਰਿਆਸਤ ਨਾਭਾ, ਨਜਾਮਤ ਫੂਲ, ਤਸੀਲ ਥਾਣਾ ਧਨੌਲਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਤਪੇ ਤੋਂ ਚਾਰ ਮੀਲ ਉੱਤਰ ਪੂਰਵ ਹੈ. ਇਸ ਪਿੰਡ ਦਾ ਕੁਝ ਹਿੱਸਾ ਰਿਆਸਤ ਪਟਿਆਲਾ ਅਤੇ ਜਿਲਾ ਫਿਰੋਜ਼ਪੁਰ ਵਿੱਚ ਭੀ ਹੈ. ਇਸ ਪਿੰਡ ਦੀ ਨਾਭਾ ਪੱਤੀ ਤੋਂ ਚੜ੍ਹਦੇ ਵੱਲ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਢਿੱਲਵੀ ਨਿਵਾਸ ਰੱਖਦੇ ਹੋਏ ਇੱਥੇ ਲੋਕਾਂ ਦੇ ਕਲ੍ਯਾਣ ਹਿਤ ਆਕੇ ਕੁਝ ਸਮਾਂ ਵਿਰਾਜੇ ਹਨ. ਇੱਥੋਂ ਦੇ ਸਿੱਖਾਂ ਦਾ ਪ੍ਰੇਮਭਾਵ ਦੇਖਕੇ ਸਤਿਗੁਰਾਂ ਨੇ ਆਪਣਾ ਚੋਲਾ ਬਖ਼ਸ਼ਿਆ, ਜੋ ਹੁਣ ਭਾਈ ਬਸੰਤਸਿੰਘ ਦੇ ਘਰ ਹੈ. ਇਸੇ ਚੋਲੇ ਦੇ ਨਾਮ ੨੦. ਘੁਮਾਉਂ ਜ਼ਮੀਨ ਰਿਆਸਤ ਨਾਭੇ ਵੱਲੋਂ ਹੈ.

ਗੁਰੂ ਜੀ ਦੇ ਚਰਣ ਪਾਉਣ ਵਾਲੀ ਥਾਂ ਕੇਵਲ ਮੰਜੀਸਾਹਿਬ ਹੈ. ਹੁਣ ਸੰਗਤਿ ਗੁਰਦ੍ਵਾਰਾ ਬਣਾਉਣ ਦਾ ਉੱਦਮ ਕਰ ਰਹੀ ਹੈ ਸਿੰਘ ਸੇਵਾਦਾਰ ਹੈ. ਦੇਖੋ, ਮੌੜਕਲਾਂ.

**ਮੌੜਕਲਾਂ, ਮੌੜਵਡੇ:** ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿੱਚ ਇੱਕ ਪਿੰਡ ਹੈ. ਜੋ ਰੇਲਵੇ ਸਟੇਸ਼ਨ ਮੌੜ ਤੋਂ ਪੌਣ ਮੀਲ ਉੱਤਰ ਪੂਰਵ ਹੈ. ਇਸ ਪਿੰਡ ਤੋਂ ਉੱਤਰ ਵੱਲ ਪਾਸ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਦਰਬਾਰ ਉੱਚਾ ਸੁੰਦਰ ਬਣਿਆ ਹੋਇਆ ਹੈ. ਰਹਿਣ ਲਈ ਦੋ ਮੰਜਲੇ ਪੱਕੇ ਮਕਾਨ ਹਨ, ਜੋ ਮਹੰਤ ਹਰੀਸਿੰਘ ਨੇ ਗੁਰਦ੍ਵਾਰੇ ਦੇ ਗੱਫੇ ਨਾਲ ਬਣਵਾਏ ਹਨ. ਉਸ ਦੇ ਦੇਹਾਂਤ ਪਿੱਛੋਂ ਨਗਰਵਾਸੀਆਂ ਨੇ ਇੱਕ ਕਮੇਟੀ ਬਣਾਕੇ ੧੪. ਮੱਘਰ ਸੰਮਤ ੧੯੮੦ ਨੂੰ ਗੁਰਦ੍ਵਾਰੇ ਦੀ ਸੇਵਾ ਆਪਣੇ ਹੱਥ ਲਈ. ਗੁਰਦ੍ਵਾਰੇ ਨਾਲ ੧੦੦ ਘੁਮਾਉਂ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਅਤੇ ੩੦ ਘੁਮਾਉਂ ਜ਼ਮੀਨ ਮੁੱਲ ਲੀਤੀ ਹੋਈ ਹੈ.

**ਮੰਸ, ਮੰਸੁ:** ਸੰ. ਮਸਿ. ਸੰਗਯਾ- ਸਯਾਹੀ. ਰੋਸ਼ਨਾਈ. "ਕਹੁ ਕਬੀਰ ਇਹੁ ਰਾਮ ਕੀ ਅੰਸੁ। ਜਸ ਕਾਗਦ ਪਰ ਮਿਟੈ ਨ ਮੰਸੁ ॥" (ਗੌਂਡ) ਜੀਵਾਤਮਾ ਦਾ ਯਸ਼ ਕਾਗਜਾਂ ਪੁਰ ਲਿਖਦੇ, ਸਯਾਹੀ ਖ਼ਤਮ ਨਹੀਂ ਹੁੰਦੀ, ਭਾਵ- ਲਗਾਤਾਰ ਵਿਦ੍ਵਾਨ ਲਿਖ ਰਹੇ ਹਨ.

**ਮੰਹ:** ਸੰ. मंह. ਧਾ- ਵਧਾਉਣਾ (ਅਧਿਕ ਕਰਨਾ), ਦੇਣਾ, ਚਮਕਣਾ.

**ਮੰਹਨ:** ਸੰ. ਸੰਗਯਾ- ਬਖ਼ਸ਼ਿਸ਼। ੨. ਕ੍ਰਿ. ਵਿ- ਝਟ- ਪਟ. ਫੌਰਨ.

**ਮੰਕਣ, ਮੰਕਣਕ, ਮੰਕਿ:** ਇਹ ਤਿੰਨ ਨਾਮ ਇੱਕ ਹੀ ਰਿਖੀ ਦੇ ਸੰਸਕ੍ਰਿਤ ਗ੍ਰੰਥਾਂ ਵਿੱਚ ਆਏ ਹਨ. ਪਦਮ- ਪੁਰਾਣ ਅਤੇ ਮਹਾਭਾਰਤ ਵਿੱਚ ਲਿਖਿਆ ਹੈ ਕਿ ਪੱਤੇ ਖਾਣ ਤੋਂ ਮੰਕਣ ਦੇ ਸ਼ਰੀਰ ਵਿੱਚ ਲਹੂ ਦੀ ਥਾਂ ਹਰੇ ਪੱਤਿਆਂ ਦਾ ਰਸ ਭਰ ਗਿਆ, ਜਿਸ ਨੂੰ ਦੇਖਕੇ ਉਹ ਤਪ ਦੇ ਹੰਕਾਰ ਵਿੱਚ ਆਕੇ ਨੱਚਣ ਲੱਗਾ. ਮਹਾਦੇਵ ਨੇ ਆਪਣੇ ਸ਼ਰੀਰ ਵਿੱਚ ਲਹੂ ਦੀ ਥਾਂ ਭਸਮ ਦਿਖਾਕੇ ਰਿਖੀ ਦਾ ਹੰਕਾਰ ਦੂਰ ਕੀਤਾ. ਮੰਕਣ ਦਾ ਆਸ਼੍ਰਮ ਪਹੋਏ ਤੀਰਥ ਪਾਸ ਸੀ. "ਅਹੈ ਪਹੋਏ ਤੇ ਤ੍ਰੈ ਕੋਸ। ਇਕ ਮੰਕਣ ਮੁਨਿ ਹੁਤੋ ਅਦੋਸ ॥" (ਗੁਪ੍ਰਸੂ)

**ਮੰਗ:** ਸੰਗਯਾ- ਮੰਗਣ ਦੀ ਕ੍ਰਿਯਾ. ਯਾਚਨਾ। ੨. ਮੰਗੀ- ਹੋਈ ਵਸਤੁ। ੩. ਨਾਤਾ ਹੋਈ ਕਨ੍ਯਾ। ੪. ਸੰ. मङ्ग. ਧਾ- ਜਾਣਾ, ਹਰਕਤ ਕਰਨਾ, ਆਨੰਦ ਹੋਣਾ। ੫. ਸੰਗਯਾ- ਨੌਕਾ ਦਾ ਅਗਲਾ ਭਾਗ.

**ਮੰਗਣ, ਮੰਗਣਾ:** ਦੇਖੋ, ਮਾਂਗਨਾ। ੨. ਦੇਖੋ, ਮੰਹਨ. "ਗੁਰੂ ਪੀਰੁ ਸਦਾਏ ਮੰਗਣ ਜਾਇ." (ਮ: ੧. ਵਾਰ ਸਾਰ) "ਮੰਗਣਾ ਤ ਸਚੁ ਇਕੁ." (ਮ: ੫. ਵਾਰ ਗਉ ੨) ੩. ਦੇਖੋ, ਮੰਗਨੀ ੨. ਅਤੇ ਮੰਗੇਵਾ.

**ਮੰਗਣਿ:** ਮੰਗਣ ਵਿੱਚ. ਮਾਂਗਨੇ ਮੇਂ. "ਜੋਰੁ ਨ ਮੰਗਣਿ, ਦੇਣਿ ਨ ਜੋਰੁ." (ਜਪੁ)

**ਮੰਗਤ, ਮੰਗਤਾ:** ਮੰਗਣ ਵਾਲਾ. ਯਾਚਕ. "ਲੋਕੁ ਧਿਕਾਰ ਕਹੈ ਮੰਗਤਜਨ." (ਰਾਮ ਮ: ੫)

**ਮੰਗਨ:** ਦੇਖੋ, ਮੰਗਣ.

**ਮੰਗਨਾ:** ਦੇਖੋ, ਮੰਗਣਾ। ੨. ਮੰਗਤਾ. ਯਾਚਕ. "ਹਰਿ ਨਿਰਮਲੁ ਰਾਪੈ ਮੰਗਨਾ." (ਮਾਰੂ ਸੋਲਹੇ ਮ: ੫) ੩. ਕ੍ਰਿ- ਮਗ੍ਨ ਹੋਣਾ.

**ਮੰਗਨੀ:** ਸੰਗਯਾ- ਮੰਗਣ ਦੀ ਕ੍ਰਿਯਾ। ੨. ਸਗਾਈ. ਪੁਤ੍ਰ ਵਾਲੇ, ਕਨ੍ਯਾ ਦੇ ਪਰਿਵਾਰ ਤੋਂ ਲਾੜੀ ਦੀ ਮੰਗ ਕਰਦੇ ਹਨ, ਇਸ ਲਈ ਇਹ ਨਾਮ ਹੈ.

**ਮੰਗ ਮੰਗਨਾ:** ਦਾਨ ਮੰਗਣਾ. ਬਖ਼ਸ਼ਿਸ਼ ਚਾਹੁਣੀ. ਇੱਛਿੱਤ ਵਸਤੁ ਦੀ ਯਾਚਨਾ ਕਰਨੀ. "ਹਰਿ ਜਾਚਹਿ ਸਭਿ ਮੰਗ ਮੰਗਨਾ." (ਮ: ੪. ਵਾਰ ਕਾਨ)

**ਮੰਗਲ:** ਸੰ. ਸੰਗਯਾ- ਆਨੰਦ. ਖ਼ੁਸ਼ੀ. ਦੇਖੋ, ਮੰਗ ੪. "ਮੰਗਲ ਸੂਖ ਕਲਿਆਣ ਤਿਥਾਈਂ." (ਪ੍ਰਭਾ ਅ: ਮ: ੫)

੨. ਉਤਸਵ. "ਮੰਗਲਸਾਜੁ ਭਇਆ ਪ੍ਰਭੁ ਅਪਨਾ ਗਾਇਆ." (ਬਿਲਾ ਛੰਤ ਮ: ੫)

੩. ਸੌਭਾਗ੍ਯਤਾ. ਖ਼ੁਸ਼ਨਸੀਬੀ। ੪. ਗ੍ਰੰਥ ਦੇ ਮੁੱਢ ਕਰਤਾਰ ਅਤੇ ਇਸ਼੍ਟਦੇਵਤਾ ਦਾ ਨਿਰਵਿਘਨ ਸਮਾਪਤੀ ਲਈ ਕੀਤਾ ਆਰਾਧਨ. ਦੇਖੋ, ਮੰਗਲਾਚਰਣ।

੫. ਪ੍ਰਿਥਿਵੀ ਦਾ ਪੁਤ੍ਰ ਮੰਗਲ ਗ੍ਰਹ, ਜਿਸ ਦੇ ਨਾਮ ਤੋਂ ਮੰਗਲਵਾਰ ਹੈ. Mars. ਕਵੀਆਂ ਨੇ ਇਸ ਦਾ ਲਾਲ ਰੰਗ ਵਰਣਨ ਕੀਤਾ ਹੈ, ਇਸੇ ਲਈ ਲਾਲ ਤਿਲਕ ਨੂੰ ਮੰਗਲ ਦਾ ਦ੍ਰਿਸ਼੍ਟਾਂਤ ਦਿੱਤਾ ਹੈ. ਇਸ ਦੇ ਨਾਮ ਭੌਮ, ਮਹੀਸੁਤ, ਲੋਹਿਤਾਂਗ, ਵਕ, ਕੁਜ, ਅੰਗਾਰਕ ਆਦਿ ਅਨੇਕ ਹਨ.

"ਟੀਕਾ ਸੁ ਚੰਡ ਕੇ ਭਾਲ ਮੇ ਦੀਨੋ. ×××

ਮਾਨਹੁ ਚੰਦ ਕੇ ਮੰਡਲ ਮੇ ਸੁਭ ਮੰਗਲ ਆਨ ਪ੍ਰਵੇਸਹਿ ਕੀਨੋ." (ਚੰਡੀ ੧)

ਦੁਰਗਾ ਦਾ ਮੁਖ ਚੰਦ੍ਰਮਾ ਅਤੇ ਲਾਲ ਟਿੱਕਾ ਮੰਗਲ ਹੈ.

ਬ੍ਰਹ੍ਮਵੈਵਰਤਪੁਰਾਣ ਵਿੱਚ ਲਿਖਿਆ ਹੈ ਕਿ ਵਿਸ਼ਨੁ ਦੇ ਵੀਰਯ ਤੋਂ ਮੰਗਲ ਪ੍ਰਿਥਿਵੀ ਦਾ ਪੁਤ੍ਰ ਹੈ. ਪਦਮਪੁਰਾਣ ਵਿਸ਼ਨੁ ਦੇ ਪਸੀਨੇ ਤੋਂ ਉਤਪੱਤੀ ਦੱਸਦਾ ਹੈ. ਮਤਸ੍ਯਪੁਰਾਣ ਦੇ ਲੇਖ ਅਨੁਸਾਰ ਵੀਰਭਦ੍ਰ ਹੀ ਮੰਗਲ ਨਾਮ ਤੋਂ ਪ੍ਰਸਿੱਧ ਹੋਇਆ. ਵਾਮਨਪੁਰਾਣ ਵਿੱਚ ਲਿਖਿਆ ਹੈ ਕਿ ਸ਼ਿਵਜੀ ਦੇ ਮੂੰਹ ਵਿੱਚੋਂ ਡਿਗੇ ਥੁੱਕ ਦੇ ਕਣਕੇ ਤੋਂ ਮੰਗਲ ਜੰਮਿਆ।

੬. ਮੰਗਲਵਾਰ. "ਮੰਗਲ ਮਾਇਆ ਮੋਹੁ ਉਪਾਇਆ." (ਬਿਲਾ ਮਃ ੩. ਵਾਰ ੭)

੭. ਖ਼ੁਸ਼ੀ ਦਾ ਗੀਤ. "ਮੰਗਲ ਗਾਵਹੁ ਨਾਰੇ." (ਸੂਹੀ ਛੰਤ ਮਃ ੧)

੮. ਗੋਰਖਨਾਥ ਦਾ ਚੇਲਾ ਇੱਕ ਸਿੱਧ, ਜੋ ਗੁਰੂ ਨਾਨਕਦੇਵ ਵਿੱਚ ਸ਼੍ਰੱਧਾ ਰਖਦਾ ਸੀ- "ਮੰਗਲ ਬੋਲਤ, ਹੇ ਗੁਰ ਗੋਰਖ! ਪੂਰਨ ਸੋ ਜੁਗਿਯਾ ਸਬ ਲਾਯਕ." (ਨਾਪ੍ਰ)

੯. ਗੁਰੂ ਅਰਜਨਦੇਵ ਦਾ ਇੱਕ ਪਰੋਪਕਾਰੀ ਸਿੱਖ. ਢਿੱਲੀ ਮੰਗਲ ਗੁਰੁ ਢਿਗ ਆਏ। ਬੰਦਨ ਕਰ ਸੁਭ ਦਰਸਨ ਪਾਏ." (ਗੁਪ੍ਰਸੂ)

੧੦. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੇ ਦਰਬਾਰ ਭਾਸ਼ਾ ਦੀ ਉੱਤਮ ਕਵਿਤਾ ਕਰਦਾ ਸੀ. ਇਸ ਨੇ ਮਹਾਭਾਰਤ ਦੇ ਸ਼ਲ੍ਯ ਪਰਵ ਦਾ ਮਨੋਹਰ ਅਨੁਵਾਦ (ਉਲਥਾ) ਕੀਤਾ ਹੈ. ਯਥਾ-

ਗੁਰੂ ਗੋਬਿੰਦ ਮਨ ਹਰਖ ਹਨਐ ਮੰਗਲ ਲਿਯੋ ਬੁਲਾਇ,

ਸ਼ਲ੍ਯ ਪਰਬ ਆਗ੍ਯਾ ਕਰੀ ਲੀਜੈ ਤੁਰਤ ਬਨਾਇ.

ਸੰਬਤ ਸਤ੍ਰਹਸੈ ਬਰਖ ਤ੍ਰੇਪਨ[1036] ਬੀਤਨਹਾਰ,

ਮਾਧਵ ਰਿਤੁ ਤਿਥਿ ਤ੍ਰੌਦਸੀ ਤਾਂ ਦਿਨ ਮੰਗਲਵਾਰ.

ਸ਼ਲ੍ਯ ਪਰਬ ਭਾਸ਼ਾ ਭਯੋ ਗੁਰੂ ਗੋਬਿੰਦ ਕੇ ਰਾਜ,

ਅਰਬ ਖਰਬ ਬਹੁ ਦਰਬ ਦੈ ਕਰਿ ਕਵਿਜਨ ਕੋ ਕਾਜ.

ਜੌਲੌ ਧਰਨਿ ਅਕਾਸ ਗਿਰਿ ਚੰਦ ਸੂਰ ਸੁਰ ਇੰਦ,

ਤੌਲੌ ਚਿਰਜੀਵੈ ਜਗਤ ਸਾਹਿਬ ਗੁਰੁ ਗੋਬਿੰਦ.

ਕ਼ਬਿੱਤ

ਆਨੰਦ ਦਾ ਵਾਜਾ ਨਿਤ ਵੱਜਦਾ ਅਨੰਦਪੁਰ

ਸੁਣ ਸੁਣ ਸੁਧ ਭੁਲਦੀਏ ਨਰਨਾਹ ਦੀ,

ਭੌ ਭਿਆ ਭਭੀਖਣੇ ਨੂੰ ਲੰਕਾਗੜ ਵੱਸਣੇ ਦਾ

---

[1036] ਸੰਮਤ ੧੭੫੩.

ਫੇਰ ਅਸਵਾਰੀ ਆਂਵਦੀਏ ਮਹਾਬਾਹ[1037] ਦੀ,

ਬਲ ਛੱਡ ਬਲਿ ਜਾਇ ਛਪਿਆ ਪਤਾਲ ਵਿੱਚ

ਫਤੇ ਦੀ ਨਿਸ਼ਾਨੀ ਜੈਂਦੇ ਦ੍ਵਾਰ ਦਰਗਾਹ ਦੀ,

ਸਵਣੇ ਨਾ ਦੇਂਦੀ ਸੁਖ ਦੁੱਜਨਾਂ ਨੂੰ ਰਾਤ ਦਿਨ

ਨੌਬਤ ਗੋਬਿੰਦਸਿੰਘ ਗੁਰੂ ਪਾਤਸ਼ਾਹ ਦੀ.[1038]

੧੧ ਡਿੰਗ- ਅਗਨਿ. ਅੱਗ.

ਮੰਗਲਕਵਿ: ਦੇਖੋ, ਮੰਗਲ ੧੦.

ਮੰਗਲਚਰਣ: ਦੇਖੋ, ਮੰਗਲਾਚਰਣ। ੨. ਦੇਖੋ, ਸਰਬਲੋਹ ੭.

ਮੰਗਲਚਾਰ: ਸੰ. ਮੰਗਲਾਚਾਰ. ਉਤਸਵ ਦੀ ਰਸਮ. ਆਨੰਦ ਦਾਇਕ ਕ੍ਰਿਯਾ. "ਆਜੁ ਹਮਾਰੈ ਮੰਗਲਚਾਰ." (ਬਸੰ ਮਃ ੫)

ਮੰਗਲਵਾਰ: ਦੇਖੋ, ਮੰਗਲ ੫. ਅਤੇ ੬. "ਮੰਗਲਵਾਰੇ ਲੇ ਮਾਹੀਤਿ." (ਗਉ ਕਬੀਰ ਵਾਰ ੭) ਦੇਖੋ, ਮਾਹੀਤਿ.

ਮੰਗਲਾ: ਦੇਖੋ, ਮੰਗਲ. "ਮੰਗਲਾ ਹਰਿ ਮੰਗਲਾ." (ਰਾਮ ਛੰਤ ਮਃ ੫) ੨. ਸੰ. ਦੁਰਗਾ. "ਸਰਵ ਮੰਗਲਾ ਕੀ ਬਲਿ ਦੀਨੇ." (ਚਰਿਤ੍ਰ ੧੬੫) ੩. ਪਤਿਵ੍ਰਤਾ- ਇਸਤ੍ਰੀ। ੪. ਹਲਦੀ। ੫. ਦੁੱਬ. ਦੂਵੀਂ.

ਮੰਗਲਾਚਰਣ: ਸੰਗ੍ਯਾ- ਮੰਗਲਾਚਾਰ. ਉਤਸਵ ਦੀ ਰਸਮ। ੨. ਗ੍ਰੰਥ ਦੇ ਮੁੱਢ ਇਸ਼੍ਟਦੇਵ ਦਾ ਆਰਾਧਨ. ਵਿਦ੍ਵਾਨਾਂ ਨੇ ਮੰਗਲਾਚਰਣ ਦੇ ਤਿੰਨ ਭੇਦ ਮੰਨੇ ਹਨ-

(ੳ) ਵਸ੍ਤੁ ਨਿਰਦੇਸ਼ਾਤ੍ਮਕ. ਗ੍ਰੰਥ ਵਿੱਚ ਜਿਸ ਦਾ ਜ਼ਿਕਰ ਕਰਨਾ ਹੈ, ਉਸ ਦੇ ਹੀ ਗੁਣ ਮਹਿਮਾ ਲੱਛਣ ਬੋਧ ਕਰਾਉਣ ਵਾਲਾ ਮੰਗਲ. ਜੈਸੇ- ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ." ਆਦਿ.

(ਅ) ਆਸ਼ੀਰਵਾਦਾਤ੍ਮਕ. ਜਿਸ ਤੋਂ ਕਲ੍ਯਾਣ ਦੀ ਕਾਮਨਾ ਕੀਤੀ ਜਾਵੇ, ਜੈਸੇ- "ਵਾਹਗੁਰੂ ਜੀ ਕੀ ਫਤਹ" ਅਤੇ "ਜੈ ਤੇਗੰ ਸ੍ਰੀ ਜੈ ਤੇਗੰ."

(ੲ) ਨਮਸ੍ਕਾਰਾਤ੍ਮਕ. ਜਿਸ ਵਿੱਚ ਪ੍ਰਣਾਮ ਕੀਤਾ ਜਾਵੇ, ਜੈਸੇ- "ਪ੍ਰਣਮੋ ਆਦੀ ਏਕੰਕਾਰਾ" ਅਤੇ "ਨਮਸਕਾਰ ਗੁਰਦੇਵ ਕਉ."

ਮੰਗਲਾਚਾਰ: ਦੇਖੋ, ਮੰਗਲਚਾਰ.

ਮੰਗਲੀ: ਜਿਸ ਦੀ ਜਨਮਕੁੰਡਲੀ ਦੇ ਚੌਥੇ, ਅੱਠਵੇਂ ਜਾਂ ਬਾਰ੍ਹਵੇਂ ਘਰ ਮੰਗਲਗ੍ਰਹ ਹੋਵੇ. ਮੰਗਲੀਕ। ੨. ਆਨੰਦੀ. ਮੰਗਲਵਾਲਾ.

ਮੰਗਵਾ: ਸੰਗ੍ਯਾ- ਇੰਦ੍ਰ. ਦੇਖੋ, ਮਘਵਾ. "ਬਰਖੰਜੋ ਸਰ ਬੂੰਦਨ ਜਜੋਂ ਮੰਗਵਾ." (ਕ੍ਰਿਸਨਾਵ)

ਮੰਗਾ: ਵਿ- ਮੰਗਣ ਵਾਲਾ. ਮੰਗਤਾ. "ਇਕ ਦਾਤਾ, ਸਭ ਹੈ ਮੰਗਾ." (ਮਾਰੂ ਸੋਲਹੇ ਮਃ ੫)

ਮੰਗਿ: ਮੰਗਕੇ. ਮਾਂਗ ਕਰ. ਦੇਖੋ, ਦਰਾਹੁ.

ਮੰਗੁਮਟ, ਮੰਗੂਮਠ: ਉਡੀਸਾ ਜਗੰਨਾਥਪੁਰੀ ਵਿੱਚ ਮੰਦਿਰ ਦੇ ਪਾਸ ਸ਼੍ਰੀ ਗੁਰੂ ਨਾਨਕਦੇਵ ਦਾ ਉਹ ਅਸਥਾਨ, ਜਿੱਥੇ ਜਗਤਗੁਰੂ

---

[1037] ਬਹੁਤ ਬਾਹਾਂ ਵਾਲਾ ਰਾਵਣ.

[1038] ਮੰਗਲ ਦਾ ਇਹ ਕਬਿੱਤ ਅਮ੍ਰਿਤਸੰਸਕਾਰ ਤੋਂ ਪਿਛਲੀ ਰਚਨਾ ਹੈ.

ਵਿਰਾਜੇ ਹਨ. ਹੁਣ ਇੱਥੇ ਗੁਰਦ੍ਵਾਰਾ ਸ਼ੋਭਾ ਦੇ ਰਿਹਾ ਹੈ. ਬਾਲੂਹਸਨਾ ਜੀ ਦੀ ਸੰਪ੍ਰਦਾਯ ਦੇ ਸਾਧੂ ਬਾਵਾ ਮੰਗੂ ਜੀ ਨੇ ਇਸ ਗੁਰਦ੍ਵਾਰੇ ਦੀ ਇਮਾਰਤ ਬਣਵਾਈ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ, ਇਸ ਲਈਂ ਅਸਥਾਨ ਦਾ ਨਾਮ "ਮੰਗੂਮਠ" ਪ੍ਰਸਿੱਧ ਹੋਗਿਆ. ਦੇਖੋ, ਜਗੰਨਾਥ.

ਮੰਗੇਸੀ, ਮੰਗੇਸੀਆ: ਮੰਗੇਗਾ. "ਲੇਖਾ ਰਬੁ ਮੰਗੇਸੀਆ." (ਮਃ ੧. ਵਾਰ ਰਾਮ ੧)

ਮੰਗੇਰ: ਦੇਖੋ, ਮੁੰਗੇਰ.

ਮੰਗੇਵਾ: ਸੰਗਜਾ- ਮੰਗਨੀ. ਸਗਾਈ. "ਬਾਲਕ ਕਰਹੁ ਮੰਗੇਵਾ." (ਰਾਮ ਮਃ ੫. ਬੰਨੋ)

ਮੰਗੋਲ: ਮਧਯ ਏਸ਼ੀਆ ਅਤੇ ਉਸ ਦੇ ਪੂਰਵ ਵੱਲ ਤਾਤਾਰ, ਚੀਨ. ਜਾਪਾਨ ਆਦਿ ਵਿੱਚ ਵਸਣ ਵਾਲੀ ਇੱਕ ਜਾਤਿ. ਜਿਸ ਦਾ ਨੱਕ ਚਿਪਟਾ, ਚੇਹਰਾ ਚੌੜਾ ਅਤੇ ਰੰਗ ਪਿਲੱਤਣ ਦੀ ਝੱਲਕ ਵਾਲਾ ਹੁੰਦਾ ਹੈ.

ਮੰਘਰ, ਮੰਘਿਰ: ਸਿੰਧੀ. ਮੰਘਿਰੁ. ਸੰ. ਮਾਰ੍ਗਸ਼ਿਰ. ਮ੍ਰਿਗਸ਼ਿਰ ਨਕ੍ਸ਼ਤ੍ਰ ਵਾਲੀ ਜਿਸ ਮਹੀਨੇ ਦੀ ਪੂਰਣਮਾਸੀ ਹੋਵੇ. ਹਿਮਰਿਤੁ ਦਾ ਪਹਿਲਾ ਮਹੀਨਾ. "ਮੰਘਰ ਮਾਹੁ ਭਲਾ." (ਤਖਾ ਬਾਰਹਮਾਹਾ)

ਮੰਘਿਰਿ: ਮੱਘਰ (ਮਾਰ੍ਗਸ਼ਿਰ) ਵਿੱਚ "ਮੰਘਿਰਿ ਪ੍ਰਭੁ ਆਰਾਧਣਾ." (ਮਾਝ ਬਾਰਹਮਾਹਾ)

ਮੰਘਿਰੁ: ਦੇਖੋ, ਮੰਘਰ.

ਮੰਙ: ਦੇਖੋ, ਮੰਗ.

ਮੰਚ: ਸੰ. मञ्च. ਧਾ- ਧਾਰਨ ਕਰਨਾ, ਉੱਚਾ ਹੋਣਾ, ਚਮਕਣਾ। ੨. ਸੰਗਜਾ- ਚਬੂਤਰਾ. ਚੌਤਰਾ. ਥੜਾ। ੩. ਤਖ਼ਤਪੋਸ਼। ੪. ਪਲੰਗ. ਮੰਜਾ.

ਮੰਚਕ: ਸੰ. ਮੰਜਾ.

ਮੰਚਾਨ: ਸੰਗਜਾ- ਮਨ੍ਹਾਂ. ਉੱਚੀ ਬੈਠਕ. ਦੇਖੋ, ਮੰਚ.

ਮੰਜ: ਸੰ. मञ्ज. ਧਾ- ਸ਼ਬਦ ਕਰਨਾ. ਸ਼ੁੱਧ ਕਰਨਾ, ਮਾਂਜਣਾ। ੨. ਵਿ- ਮਨਜ. ਮਨ ਤੋਂ ਪੈਦਾ ਹੋਇਆ। ੩. ਸੰਗਜਾ- ਮਨੋਜ. ਕਾਮ। ੪. ਨਾਰਦ ਮੁਨਿ। ੫. ਦੇਖੋ, ਮੰਜੁ। ੬. ਚੰਦ੍ਰਵੰਸ਼ੀ ਰਾਜਪੂਤਾਂ ਦੀ ਇੱਕ ਜਾਤਿ. ਸ਼ਾਲਿਵਾਹਨ ਇਸੇ ਗੋਤ ਵਿੱਚੋਂ ਹੋਇਆ ਹੈ. ਜਲੰਧਰ ਅਤੇ ਹੁਸ਼ਿਆਰਪੁਰ ਦੇ ਜਿਲੇ ਇਸ ਜਾਤਿ ਦੇ ਬਹੁਤ ਪਿੰਡ ਹਨ. ਭਾਈ ਮੰਜ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ ਭੀ ਇਸੇ ਜਾਤਿ ਵਿੱਚੋਂ ਸੀ. ਦੇਖੋ, ਮੰਢ ੨। ੭. ਸ਼ਿਗੂਫਾ. ਸਿੱਟਾ ਦੇਖੋ, ਮੰਜਰਿ ੧. ਅਤੇ ੨. "ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ." (ਅਕਾਲ)

ਮੰਜਤ: ਸੰ. ਮਾਜਿੰਤ. ਵਿ- ਮਾਂਜਿਆ. ਸਾਫ ਕੀਤਾ. ਨਿਰਮਲ. "ਮੰਜਤ ਮੁਖ ਰੰਜਤ ਨਿਜ ਬਰ ਕੋ." (ਗੁਪ੍ਰਸੂ)

ਮੰਜਨ: ਸੰ. ਮੱਜਨ. ਸੰਗਜਾ- ਸਨਾਨ. "ਜਤ ਕੀ ਜਟਾ, ਜੋਗ ਕੋ ਮੰਜਨ." (ਹਜਾਰੇ ੧੦) ੨. ਸੰ. ਮਾਜੰਨ. ਮਾਂਜਣਾ. ਸ਼ੁੱਧ ਕਰਨਾ। ੩. ਦੰਦਾਂ ਦਾ ਮਾਂਜਣ ਦਾ ਮਸਾਲਾ.

ਮੰਜਰ: ਸੰ. ਮੋਤੀ. ਮੁਕ੍ਤਾ। ੨. ਅ. منظر ਮੰਜਰ. ਨਜਾਰਾ. ਦ੍ਰਿਸ਼ਯ.

ਮੰਜਰਿ, ਮੰਜਰੀ: ਸੰ. मञ्जरी. ਸੰਗਜਾ- ਨਵਾਂ ਕੋਮਲ ਸ਼ਿਗੂਫਾ। ੨. ਬਹੁਤ ਕੋਮਲ ਨਵਾਂ ਸਿੱਟਾ। ੩. ਮੋਤੀ। ੪. ਬੇਲ ਲਤਾ। ੫. ਦੇਖੋ, ਸਵੈਯੇ ਦਾ ਰੂਪ ੨੫.

ਮੰਜਲ: ਮੰਜਲ. ਦੇਖੋ, ਮਜਲ.

**ਮੰਜਾ:** ਦੇਖੋ, ਮੰਚ। ੨. ਸੰ. ਸਭਾ ਬਕਰੀ। ੩. ਮੰਜਰੀ. ਬੱਲੀ. ਸਿੱਟਾ.

**ਮੰਜਾਈ:** ਸੰਗਯਾ- ਮਾਜੰਨ (ਮਾਂਜਣ) ਦੀ ਕ੍ਰਿਯਾ। ੨. ਮਾਂਜਣ ਦੀ ਮਜ਼ਦੂਰੀ। ੩. ਵਿ- ਮਾਂਜੀ. ਮਾਜੰਨ ਕੀਤੀ. "ਸਾਧੂਧੂਰਿ ਕਰਿ ਸੁਧ ਮੰਜਾਈ." (ਗਉ ਮਃ ੫)

**ਮੰਜਾਰ, ਮੰਜਾਰੁ:** ਸੰ. ਮਾਜੰਾਰ. ਸੰਗਯਾ- ਬਿੱਲਾ. "ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ." (ਸਵੈਯੇ ਸ੍ਰੀ ਮੁਖਵਾਕ ਮਃ ੫) "ਜਮੁ ਮੰਜਾਰੁ ਕਹਾ ਕਰੈ ਮੋਰ?" (ਗਉ ਕਬੀਰ)

**ਮੰਜਿਲ:** ਦੇਖੋ, ਮਜਲ.

**ਮੰਜੀ:** ਛੋਟਾ ਮੰਜਾ. ਦੇਖੋ, ਮੰਚ। ੨. ਗੁਰਦ੍ਵਾਰੇ ਦਾ ਉਹ ਥੜਾ (ਚਬੂਤਰਾ), ਜੋ ਗੁਰੂ ਸਾਹਿਬ ਦੇ ਬੈਠਣ ਦੀ ਥਾਂ ਸਨਮਾਨ ਵਾਸਤੇ ਬਣਾਇਆ ਹੈ। ੩. ਮਹੰਤ ਦੀ ਗੱਦੀ. ਸ਼੍ਰੀ ਗੁਰੂ ਅਮਰਦੇਵ ਜੀ ਨੇ ੨੨ ਧਰਮਪ੍ਰਚਾਰਕ ਮਹੰਤ ਭਾਰਤ ਵਿੱਚ ਥਾਪੇ ਸਨ. ਇਸੇ ਨੂੰ ਇਤਿਹਾਸਕਾਰਾਂ ਨੇ ਬਾਈ ਮੰਜੀਆਂ ਬਖ਼ਸ਼ਣ ਦਾ ਪ੍ਰਸੰਗ ਲਿਖਿਆ ਹੈ. ਦੇਖੋ, ਬਾਈ ਮੰਜੀਆਂ। ੪. ਸੰ. ਸਞ੍ਜੀ. ਮੰਜਰੀ. ਸਿੱਟਾ. ਬੱਲੀ.

**ਮੰਜੀਐ:** ਮਾਜੰਨ ਕਰੀਏ. ਮਾਂਜੀਏ। ੨. ਮੱਜਨ ਕਰੀਏ। ੩. ਗੋਤੇ ਖਾਈਦੇ ਹਨ। ੪. ਦੇਖੋ, ਸਮੰਜੀਐ.

**ਮੰਜੀਸਾਹਿਬ:** ਦੇਖੋ, ਮੰਜੀ ੨। ੨. ਦੇਖੋ, ਆਨੰਦਪੁਰ ਅੰਗ ੭. ਅਤੇ ੮.

**ਮੰਜੀਠ:** ਮੰਜਿਸ਼੍ਠਾ. ਦੇਖੋ, ਮਜੀਠ. "ਅੰਦਰੁ ਰਚੈ ਸਚਰੰਗਿ ਜਿਉ ਮੰਜੀਠੈ ਲਾਲੁ." (ਮਃ ੩. ਵਾਰ ਮਲਾ)

**ਮੰਜੀਠੜਾ:** ਵਿ- ਮੰਜਿਸ਼੍ਠਾ (ਮਜੀਠ) ਦੇ ਰੰਗ ਦਾ. "ਮੰਜੀਠੜਾ ਰਤਾ ਮੇਰਾ ਚੋਲਾ." (ਸੂਹੀ ਮਃ ੧) ਭਾਵ- ਪੱਕੇ ਰੰਗ ਵਿੱਚ. ਦੇਖੋ, ਮਜੀਠ.

**ਮੰਜੀਰ:** ਸੰ. ਸੰਗਯਾ- ਮੰਜ (ਸ਼ਬਦ) ਕਰਨ ਵਾਲਾ ਇੱਕ ਗਹਿਣਾ. ਝਾਂਜਰ. ਨੂਪਰ। ੨. ਪੈਰਾਂ ਨੂੰ ਬੱਧੇ ਘੁੰਘਰੂ.

**ਮੰਜੁ:** ਸੰ. ਸਞ੍ਜੁ. ਵਿ- ਸਾਫ. ਨਿਰਮਲ। ੨. ਮਨੋਹਰ. ਸੁੰਦਰ। ੩. ਪਿਆਰਾ। ੪. ਸੰਗਯਾ- ਇੱਕ ਛੰਦ. ਬਾਵਾ ਸੁਮੇਰਸਿੰਘ ਨੇ "ਤਾਟੰਕ" ਦਾ ਹੀ ਨਾਮ ਮੰਜੁ ਲਿਖਿਆ ਹੈ. ਅਰਥਾਤ ਚਾਰ ਚਰਣ, ਪ੍ਰਤਿ ਚਰਣ ੩੦ ਮਾਤ੍ਰਾ. ੧੬- ੧੪ ਪੁਰ ਵਿਸ਼੍ਰਾਮ, ਅੰਤ ਮਗਣ SSS.

ਉਦਾਹਰਣ-

ਮਹਾਸਿੰਘ ਤਬ ਕਹੀ ਕ੍ਰਿਪਾਨਿਧਿ,

ਬਾਤ ਨ ਕੋਈ ਬਾਕੀ ਹੈ,

ਅੰਤ ਸਮੇਂ ਪ੍ਰਭੁ ਦਰਸ਼ਨ ਪਾਯੋ,

ਯਮ ਤੇ ਭਈ ਬਿਬਾਕੀ ਹੈ,

ਬੇਦਾਵੇ ਵਾਰੋ ਪ੍ਰਭੁ ਕਾਗਜ ਫਾਰੋ

ਕਰੋ ਨਿਹਾਲਾ ਹੈ,

ਭਲੇ ਬੁਰੇ ਸਭ ਨਾਥ ਤਿਹਾਰੇ

ਟੂਟੀ ਮੇਲੋ ਮਾਲਾ ਹੈ.

(ਗੁਰੁਪਦਪ੍ਰੇਮਪ੍ਰਕਾਸ਼)

ਮੰਜੁਘੋਸ਼ਾ: ਪਿਆਰਾ ਸ਼ਬਦ ਕਰਨ ਵਾਲੀ ਇੱਕ ਸ੍ਵਰਗ ਦੀ ਅਪਸਰਾ। ੨. ਅਪਸਰਾ. ਸ੍ਵਰਗ ਦੀ ਇਸਤ੍ਰੀ। ੩. ਵਿ- ਮਿੱਠੇ ਸੁਰ ਨਾਲ ਗਾਂਉਣ ਵਾਲੀ.

ਮੰਜੁਲ: ਸੰ. ਵਿ- ਮਨੋਹਰ. ਸੁੰਦਰ। ੨. ਸੰਗਜਾ- ਮਮੋਲਾ. ਖੰਜਨ। ੩. ਜਲਮੁਰਗ। ੪. ਬਿਰਛਾਂ ਦੀਆਂ ਟਾਹਣੀਆਂ ਅਤੇ ਬੇਲਾਂ ਨਾਲ ਢਕਿਆ ਹੋਇਆ ਅਸਥਾਨ। ੫. ਅੰਜੀਰ.

ਮੰਜੂਖਾ: ਸੰ. मञ्जूषा- ਮੰਜੂਸ਼ਾ. ਸੰਗਜਾ- ਪਿਟਾਰੀ। ੨. ਟੋਕਰੀ। ੩. ਮਜੀਠ.

ਮੰਜੂਰ: ਦੇਖੋ, ਮਨਜੂਰ. "ਸਿੱਖੀ ਮੰਜੂਰ ਕਰੋ ਮਨ ਮਾਹੀ." (ਨਾਪ੍ਰ) ੨. ਦੇਖੋ, ਮਜੂਰ.

ਮੰਝ: ਵਜ- ਮਧਜ. ਵਿੱਚ। ੨. ਦੇਖੋ, ਮੰਝਿ। ੩. ਦੇਖੋ, ਮੱਝ.

ਮੰਝਹੁ: ਮੈਥੋਂ. ਮੁਝ ਸੇ.

ਮੰਝਾ: ਮਧਜ. ਬੀਚਹੀ. ਵਿੱਚੇ. "ਨਾਨਕ ਲਧਾ ਮਨ ਤਨ ਮੰਝਾ." (ਆਸਾ ਮਃ ੫)

ਮੰਝਾਹੂ: ਦੇਖੋ, ਮਝਾਹੂ.

ਮੰਝਾਂਰ, ਮੰਝਾਰਿ: ਮਧਜ. ਮੇ. ਵਿੱਚ. "ਬਾਹੁੜਿ ਗ੍ਰਿਹ ਨ ਮੰਝਾਰ." (ਧਨਾ ਮਃ ੫) "ਹਰਿ ਪਾਇਆ ਉਦਰ ਮੰਝਾਰਿ." (ਸ੍ਰੀ ਪਹਰੇ ਮਃ ੪)

ਮੰਝਿ: ਮਧਜ ਮੇ. ਦਰਮਯਾਨ. "ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ." (ਵਾਰ ਮਾਰੂ ੨. ਮਃ ੫) "ਟੀਡੁ ਲਵੈ ਮੰਝਿ ਬਾਰੇ." (ਤੁਖਾ ਬਾਰਹਮਾਹਾ) ੨. ਮੁਝੇ. ਮੈਨੂੰ. "ਮੰਝਿ ਮੁਹਬਤਿ ਨੇਹ." (ਵਾਰ ਜੈਤ)

ਮੰਝਿਮਿਆਨੋ: ਦੇਖੋ, ਮਿਆਨ ੨.

ਮੰਝੀ: ਸੰਗਜਾ- ਮਹਿਸ਼ੀ. ਭੈਂਸ. ਮੱਝ। ੨. ਮਾਝੀ. ਮੱਝੀਆਂ (ਭੈਂਸਾਂ) ਚਰਾਉਣ ਵਾਲਾ.

ਮੰਝੇ: ਮਧਜ ਮੇਂ ਵਿੱਚ. "ਠਾਕੁਰ ਸਗਲ ਮੰਝੇ ਬਾਹਰਾ." (ਆਸਾ ਛੰਤ ਮਃ ੫)

ਮੰਝੇਰੂ: ਸੰਗਜਾ- ਚਰਖੇ ਦੀਆਂ ਥੰਮੀਆਂ ਦੇ ਮਧਜ ਦਾ ਬੇਲਣ, ਜੋ ਗੱਡੇ ਦੀ ਨਾਭਿ ਦੇ ਆਕਾਰ ਦਾ ਹੁੰਦਾ ਹੈ.

ਮੰਝੈਲ: ਦੇਖੋ, ਮਝੈਲ.

ਮੰਞ: ਦੇਖੋ, ਮੰਞੁ। ੨. ਸ਼੍ਰੀ ਗੁਰੂ ਅਰਜਨਦੇਵ ਜੀ ਦਾ ਇੱਕ ਅਨੰਨ ਸੇਵਕ, ਜੋ ਪਹਿਲਾ ਸੁਲਤਾਨੀਆਂ ਸੀ ਅਤੇ ਗੁਰਬਾਣੀ ਦੇ ਅਸਰ ਨਾਲ ਇੱਕ ਕਰਤਾਰ ਦਾ ਉਪਾਸਕ ਹੋਇਆ. ਇਸ ਨੇ ਸੇਵਾ ਕਰਨ ਦਾ ਅਜੇਹਾ ਨਮੂਨਾ ਦੱਸਿਆ ਕਿ ਭਾਈ ਮੰਜ (ਮੰਞ) ਦੀ ਸੇਵਾ ਸਿੱਖਾਂ ਵਿੱਚ ਉਦਾਹਰਣਰੂਪ ਹੋ ਗਈ. ਇਸ ਪ੍ਰੇਮੀ ਦਾ ਅਸਲ ਨਾਮ ਤੀਰਥਾ ਸੀ, ਪਰ ਗੋਤ ਦਾ ਨਾਮ ਕਰਕੇ ਮੰਜ ਜਾਂ ਮੰਞ ਪ੍ਰਸਿੱਧ ਹੈ. ਦੇਖੋ, ਮੰਜ ੬. ਅਤੇ ਕੰਗਮਾਈ.

ਮੰਞਹੁ: ਮੈਥੋਂ. ਮੇਰੇ ਪਾਸੋਂ. "ਮੰਞਹੁ ਦੂਰਿ ਨ ਜਾਹਿ, ਪਿਰਾ!" (ਗਉ ਛੰਤ ਮਃ ੩)

ਮੰਞੁ: ਮੈਂ. ਅਹੰ. "ਮੰਞੁ ਕੁਚਜੀ, ਅੰਮਾਵਣਿ ਡੋਸੜੇ." (ਸੂਹੀ ਮਃ ੧. ਕੁਚਜੀ) ੨. ਮੈਨੂੰ. ਮੁਝੇ. "ਮਤੁ ਹੋਵੈ ਮੰਞੁ ਲਖਾਵੈ." (ਵਾਰ ਰਾਮ ੨. ਮਃ ੫)

ਮੰਡ: ਸੰ. मण्ड. ਧਾ- ਸਿੰਗਾਰਨਾ, ਭੂਸ਼ਣ ਸਹਿਤ ਕਰਨਾ, ਖ਼ੁਸ਼ ਕਰਨਾ, ਘੇਰਨਾ, ਵਾੜ ਲਾਉਣਾ, ਵੱਖ ਕਰਨਾ। ੨. ਸੰਗਜਾ- ਅੰਨ ਦਾ ਰਸ. ਚਾਉਲ ਆਦਿ ਦੀ ਪਿੱਛ. ਮਾਂਡ। ੩. ਆਉਲਾ ਆਮਲਕ। ੪. ਸ਼ਰਾਬ, ਜੋ ਚਾਉਲ ਜੌਂ ਆਦਿ ਦੇ ਸਾੜੇ ਤੋਂ ਬਣਾਈ ਜਾਵੇ। ੫. ਇਰੰਡ ਬਿਰਛ। ੬. ਅਧਰਿੜਕ. ਮਠਾ। ੭. ਡੱਡੂ. ਮੇਂਡਕ। ੮. ਦੇਖੋ, ਮੰਡੁ। ੯. ਮੰਡਨ ਦਾ ਸੰਖੇਪ. "ਸ੍ਰੀ

ਸਤਿਗੁਰੁ ਗੋਬਿੰਦਸਿੰਘ ਮੀਰ ਪੀਰ ਸੁਖਮੰਡ (ਪਿੰਗਲਸਾਰ)

ਮੰਡਕ: ਮੰਡਨ ਕਰਤਾ. ਸਿੰਗਾਰਣ ਵਾਲਾ.

ਮੰਡਕਾ: ਵਿ- ਮੰਡਿਕਾ. ਭੂਸ਼ਿਤ ਕਰਨ ਵਾਲੀ। ੨. ਸੰ. ਮੰਡਲਿਕਾ. ਸੰਗ੍ਯਾ- ਸੈਨਾ. ਫੌਜ. "ਚਲੰਤ ਚੰਡ ਮੰਡਕਾ." (ਗ੍ਯਾਨ) ਚਲਾਯਮਾਨ ਹੁੰਦੀ ਹੈ ਪ੍ਰਚੰਡ ਸੈਨਾ.

ਮੰਡਣਾ: ਕ੍ਰਿ- ਮੁੱਠੀ ਚਾਪੀ ਕਰਨਾ। ੨. ਗੁੰਨ੍ਹਣਾ. "ਮੰਡਤ ਆਟਾ ਕਰ ਸੋਂ ਲਾਗਜੋ." (ਨਾਪ੍ਰ) ੩. ਸਿੰਗਾਰਨਾ। ੪. ਦ੍ਰਿੜ੍ਹ ਸੰਕਲਪ ਕਰਨਾ. ਦੇਖੋ, ਮਰਣ ਮੰਡਣਾ। ੫. ਦੇਖੋ, ਮੰਡਨ.

ਮੰਡਨ: ਸੰ. ਸੰਗ੍ਯਾ- ਸਿੰਗਾਰਣ ਦੀ ਕ੍ਰਿਯਾ. ਸਜਾਉਣਾ। ੨. ਅਲੰਕਾਰ. ਭੂਸ਼ਣ. ਗਹਿਣਾ। ੩. ਖੰਡਨ ਦੇ ਵਿਰੁੱਧ ਦਲੀਲ ਅਤੇ ਪ੍ਰਮਾਣ ਨਾਲ ਪੱਖ ਦੀ ਪ੍ਰੌਢਤਾ। ੪. ਦੇਖੋ, ਮੰਡਣਾ.

ਮੰਡਪ: ਸੰ. ਸੰਗ੍ਯਾ- ਦੇਵਮੰਦਿਰ, ਜੋ ਮੰਡ (ਸ਼ੋਭਾ) ਦੀ ਪ. (ਰਖ੍ਯਾ) ਕਰਦਾ ਹੈ। ੨. ਮਹਲ. "ਗਹਰੀ ਕਰਿ ਕੈ ਨੀਵ ਖੁਦਾਈ, ਊਪਰਿ ਮੰਡਪ ਛਾਏ." (ਧਨਾ ਨਾਮਦੇਵ) ੩. ਯਗ੍ਯਵੇਦੀ. "ਸੁਇਨੇ ਮੰਡਪ ਛਾਏ." (ਆਸਾ ਕਬੀਰ) ੪. ਵਿ- ਮੰਡ (ਪਿੱਛ ਅਥਵਾ ਮਠਾ) ਪੀਣ ਵਾਲਾ.

ਮੰਡਰਾਨਾ: ਕ੍ਰਿ- ਮੰਡਲਾਕਾਰ ਫਿਰਨਾ. ਗੋਲ ਚੱਕਰ ਦੇਕੇ ਘੁੰਮਣਾ. "ਰਹੇ ਗਿੱਧ ਆਕਾਸ ਮੰਡਰਾਇ ਭਾਰੀ." (ਚਰਿਤ੍ਰ ੯੬)

ਮੰਡਲ: ਸੰ. ਸੰਗ੍ਯਾ- ਗੋਲਾਕਾਰ ਘੇਰਾ. ਦਾਯਰਹ (Circle). ੨. ਸੌ ਯੋਜਨ ਦਾ ਦੇਸ਼। ੩. ਉਹ ਇਲਾਕਾ, ਜਿਸ ਵਿੱਚ ਬਾਰਾਂ ਰਾਜੇ ਜੁਦੇ ਜੁਦੇ ਰਾਜ ਕਰਦੇ ਹੋਣ. "ਕੇਤੇ ਮੰਡਲ ਦੇਸ਼." (ਜਪੁ) ੪. ਸੰਸਾਰ. ਜਗਤ. "ਮਰਣ ਲਿਖਾਇ ਮੰਡਲ ਮਹਿ ਆਏ." (ਧਨਾ ਅਃ ਮਃ ੧) "ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ." (ਮਾਲੀ ਮਃ ੫) ੫. ਸਭਾ. ਦੀਵਾਨ. "ਸੰਤਮੰਡਲ ਮਹਿ ਹਰਿ ਮਨਿ ਵਸੈ." (ਭੈਰ ਮਃ ੫) ੬. ਸਮੁਦਾਯ. ਗਰੋਹ. "ਤਾਰਿਕਾ ਮੰਡਲ ਜਨਕ ਮੋਤੀ." (ਸੋਹਿਲਾ) ੭. ਫੌਜ ਦਾ ਕੈਂਪ। ੮. ਰਿਗਵੇਦ ਦੇ ਹਿੱਸੇ, ਜੈਸੇ ਰਾਮਾਯਣ ਦੇ ਕਾਂਡ ਅਤੇ ਭਾਗਵਤ ਦੇ ਸਕੰਧ ਹਨ। ੯. ਗ੍ਰੰਥ ਦਾ ਭਾਗ. ਕਾਂਡ. ਪਰਵ। ੧੦. ਯੋਗਮਤ ਅਤੇ ਵੈਦ੍ਯਕ ਅਨੁਸਾਰ ੪੦ ਦਿਨਾਂ ਦਾ ਸਮਾਂ। ੧੧. ਕੁੱਤਾ। ੧੨. ਸੱਪ। ੧੩. ਚਾਲੀ ਯੋਜਨ ਲੰਮਾ ਅਤੇ ਵੀਹ ਯੋਜਨ ਚੌੜਾ ਇਲਾਕਾ। ੧੪. ਗੇਂਦ. ਫਿੰਡ। ੧੫. ਰਥ ਦਾ ਪਹੀਆ। ੧੬. ਭੋਜਨ ਕਰਨ ਵੇਲੇ ਹਿੰਦੂਮਤ ਅਨੁਸਾਰ ਚਾਰੇ ਪਾਸੇ ਕੱਢੀ ਹੋਈ ਲੀਕ (ਕਾਰ).

ਮੰਡਲਵੈ: ਵਿ- ਮੰਡਲ (ਅਸਥਾਨ) ਵਾਲਾ. "ਗਾਵੈ ਗੁਣ ਧੋਮੁ ਅਚਲ ਮੰਡਲਵੈ." (ਸਵੈਯੇ ਮਃ ੧. ਕੇ)

ਮੰਡਲਾਕਾਰ: ਗੋਲਾਕਾਰ. ਚਕ੍ਰਾਕਾਰ. "ਹੋਇ ਮੰਡਲਾਕਾਰ ਚਲਾਇ." (ਗੁਪ੍ਰਸੂ)

ਮੰਡਲਾਧਿਪ, ਮੰਡਲਾਧੀਸ਼: ਮੰਡਲ ਦਾ ਸ੍ਵਾਮੀ. ਦੇਖੋ, ਮੰਡਲੀਕ.

ਮੰਡਲੀ: ਸੰਗ੍ਯਾ- ਟੋਲੀ. ਜਮਾਤ. "ਸੁਨਤ ਮੁਨਿ ਜਨਾ ਮਿਲਿ ਸੰਤਮੰਡਲੀ." (ਕਲਿ ਮਃ ੫) ੨. ਸੰ. ਸਣ੍ਡਲਿਨ੍. ਵਿ- ਕੁੰਡਲ ਵਾਲਾ। ੩. ਸੰਗ੍ਯਾ- ਸੱਪ। ੪. ਬਿੱਲਾ। ੫. ਵਟ. ਬਰੋਟਾ.

ਮੰਡਲੀਕ, ਮੰਡਲਸ਼, ਮੰਡਲੇਸ਼੍ਵਰ: ਸੰ. ਮਾਂਡਲਿਕ. ਮੰਡਲਾਧੀਸ਼. ਦੇਸ਼ ਦਾ ਸ੍ਵਾਮੀ. ਜਿਸ ਦੀ ਹੁਕੂਮਤ ਵਿੱਚ ਚਾਰ ਸੌ ਯੋਜਨ ਦੇਸ਼ ਹੈ. "ਮੰਡਲੀਕ ਬੋਲ ਬੋਲਹਿ ਕਾਛੇ." (ਮਲਾ ਨਾਮਦੇਵ) ੨. ਬਾਰਾਂ ਰਾਜਿਆਂ ਦਾ ਸ੍ਵਾਮੀ. ਜਿਸ ਦੇ ਅਧੀਨ ਬਾਰਾਂ ਰਿਆਸਤਾਂ ਹਨ.

ਮੰਡਾ: ਸੰਗ੍ਯਾ- ਪਤਲੀ ਅਤੇ ਚੌੜੀ ਚਪਾਤੀ. "ਗਿਆਨੁ ਗੁੜ, ਸਾਲਾਹ ਮੰਡੇ, ਭਉ ਮਾਸੁਅਹਾਰੁ." (ਵਾਰ ਬਿਹਾ ਸਃ ਮਰਦਾਨਾ) ੨. ਵਿ- ਮੰਡਿਤ. ਭੂਸ਼ਿਤ. ਸਜਿਆ. ਸ਼ੋਭਾ ਸਹਿਤ ਹੋਇਆ. "ਮਨਿ ਹਰਿਲਿਵ ਮੰਡਲ ਮੰਡਾ ਹੇ." (ਸੋਹਿਲਾ) ੩. ਭੋਗਿਆ. ਅਨੁਭਵ ਕੀਤਾ. "ਹਰਿਨਾਮੇ ਹੀ ਸੁਖ ਮੰਡਾ ਹੇ." (ਸੋਹਿਲਾ) ੪. ਸੰ. ਸਣ੍ਡਾ. ਸੁਰਾ. ਸ਼ਰਾਬ. ਮਦਿਰਾ.

ਮੰਡਾਸਾ: ਸੰਗਯਾ- ਮੰਡਲ- ਵਾਸ. ਮੰਡਲਾਕਾਰ ਵਸਤ੍ਰ. ਸਿਰ ਨੂੰ ਲਪੇਟਿਆ ਵਡਾ ਸਾਫਾ. ਪੱਗੜ। ੨. ਮੁੰਡ (ਸਿਰ) ਦੇ ਆਸ਼੍ਰਿਤ ਵਸਤ੍ਰ.

ਮੰਡਾਲ, ਮੰਡਿਆਲ: ਇੱਕ ਰਾਜਪੂਤ ਜਾਤਿ. ਮੰਡੀ ਰਿਆਸਤ ਦੇ ਰਾਜੇ ਇਸੇ ਗੋਤ੍ਰ ਦੇ ਹਨ.

ਮੰਡਿਆਲੀ: ਦੇਖੋ, ਮੰਡੀ. ਦੇਖੋ, ਮਹਾਦੇਵੀ.

ਮੰਡਿਤ: ਸੰ. ਮਣ੍ਡਿਤ. . ਵਿ- ਭੂਸ਼ਿਤ. ਸਜਿਆ ਹੋਇਆ. "ਖਟੁ ਕਰਮ ਸਹਿਤ ਸਿਉ ਮੰਡਿਤ." (ਰਾਮ ਅਃ ਮਃ ੧) ਸ਼ਿਵਮੰਡਿਤ. ਸ਼ਿਵ ਦੇ ਚਿੰਨ੍ਹ ਭਸਮ ਰੁਦ੍ਰਾਕ੍ਸ਼ ਆਦਿ ਨਾਲ ਸ਼ਰੀਰ ਨੂੰ ਸਜਾਏ ਹੋਏ ਹੈ.

ਮੰਡੀ: ਮੰਡਿਆਲ ਰਾਜਪੂਤਾਂ ਦੀ ਰਾਜਧਾਨੀ, ਜੋ ਕਾਂਗੜੇ ਪਹਾੜ ਦੀ ਪ੍ਰਸਿੱਧ ਰਿਆਸਤ ਹੈ, ਇਸ ਦਾ ਪ੍ਰਧਾਨ ਨਗਰ "ਮੰਡੀ" ਦਰਿਆ ਬਿਆਸ ਦੇ ਕਿਨਾਰੇ ਅਜਬਰਸੇਨ ਨੇ ਸਨ ੧੫੨੭ ਵਿੱਚ ਵਸਾਇਆ ਸੀ. ਮੰਡੀ ਪਠਾਨਕੋਟ ਤੋਂ ੧੩੧ ਅਤੇ ਸ਼ਿਮਲੇ ਤੋਂ ੮੮ ਮੀਲ ਹੈ. ਇਸ ਦੀ ਉਚਿਆਈ ਸਮੁੰਦਰ ਤੋਂ ੨੦੦੦ ਫੁਟ ਹੈ. ਰਿਆਸਤ ਮੰਡੀ ਦਾ ਰਕਬਾ ੧੨੦੦ ਵਰਗ ਮੀਲ ਅਤੇ ਆਬਾਦੀ ੧੮੫, ੦੪੮ ਹੈ. ਮੰਡੀ ਦਾ ਨੰਬਰ ਪੰਜਾਬ ਵਿੱਚ ਛੇਵਾਂ[1039] ਹੈ. ੧. ਨਵੰਬਰ ਸਨ ੧੯੨੧ ਤੋਂ ਇਸ ਦਾ ਗਵਰਨਮੇਂਟ ਨਾਲ ਨੀਤਿ ਸੰਬੰਧ ਏ. ਜੀ. ਜੀ. ਪੰਜਾਬ ਸਟੇਟਸ ਦ੍ਵਾਰਾ ਹੈ. ਵਰਤਮਾਨ ਰਾਜਾ ਸਾਹਿਬ ਦਾ ਨਾਮ ਜੋਗੇਂਦ੍ਰਸੇਨ ਹੈ, ਜਿਨ੍ਹਾਂ ਦਾ ਜਨਮ ੧੯. ਅਗਸਤ ਸਨ ੧੯੦੪ ਨੂੰ ਹੋਇਆ ਹੈ. ਫਰਵਰੀ ੧੯੨੩ ਵਿੱਚ ਰਾਜਾ ਸਾਹਿਬ ਦੀ ਸ਼ਾਦੀ ਮਹਾਰਾਜਾ ਜਗਤਜੀਤ ਸਿੰਘ ਜੀ ਕਪੂਰਥਲਾ ਦੀ ਸੁਪੁਤ੍ਰੀ ਬੀਬੀ ਅਮ੍ਰਿਤਕੌਰ ਨਾਲ ਵਡੀ ਧੂਮਧਾਮ ਨਾਲ ਹੋਈ.

ਇਸ ਰਿਆਸਤ ਦਾ ਰਾਜਾ ਸਿੱਧਸੇਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਦਾ ਪ੍ਰੇਮਭਾਵ ਰਖਦਾ ਰਿਹਾ ਅਰ ਗੁਰੂ ਸਾਹਿਬ ਨੂੰ ਰਿਆਸਤ ਵਿੱਚ ਬੁਲਾਕੇ ਸੇਵਾ ਕੀਤੀ. ਇੱਕ ਗੁਰਦ੍ਵਾਰਾ ਵਿਪਾਸ਼ਾ ਦੇ ਕਿਨਾਰੇ, ਦੂਜਾ ਰਾਜਮਹਿਲ ਵਿੱਚ ਹੈ. ਦੇਖੋ, ਸਿੱਧਸੇਨ ਅਤੇ ਪਾਡਲ ਸਾਹਿਬ। ੨. ਬਹੁਤ ਕਲੀਆਂ ਦਾ ਘੇਰਦਾਰ ਅੰਗਾ। ੩. ਫਲ ਅੰਨ ਸਬਜ਼ੀ ਪਸ਼ੂ ਆਦਿ ਦੇ ਵਿਕਣ ਦਾ ਬਾਜ਼ਾਰ.

ਮੰਡੁ: ਦੇਖੋ, ਮੰਡ ਧਾ। ੨. ਆਨੰਦ ਅਨੁਭਵ ਕਰਨ ਦੀ ਕ੍ਰਿਯਾ. "ਸੁਖ ਨਾਨਕ ਮਨ ਮਹਿ ਮੰਡੁ." (ਸ਼੍ਰੀ ਮਃ ੫) ੩. ਸੰ. ਮਣਡੁ. ਇੱਕ ਵੈਦਿਕ ਰਿਖੀ.

ਮੰਡੂਆ: ਚੀਣੇ ਜੇਹਾ ਇੱਕ ਅੰਨ, ਜੋ ਸਾਂਉਣੀ ਦੀ ਫਸਲ ਵਿੱਚ ਹੁੰਦਾ ਹੈ। ੨. ਮੰਡਪ ਦੀ ਥਾਂ ਭੀ ਮੰਡੂਆ ਸ਼ਬਦ ਵਰਤਿਆ ਜਾਂਦਾ ਹੈ.

ਮੰਡੂਕ: ਸੰ. ਵਰਖਾ ਰੁੱਤ ਨੂੰ ਸ਼ੋਭਾ ਦੇਣ ਵਾਲਾ. ਜੀਵ, ਮੇਂਡਕ. ਡੱਡੂ. ਡੇਕ। ੨. ਇੱਕ ਵੈਦਿਕ ਰਿਖੀ। ੩. ਦੇਖੋ, ਦੋਹਰੇ ਦਾ ਰੂਪ. ੧੫.

ਮੰਡੂਕੀ: ਮੰਡੂਕ ਦੀ ਮਦੀਨ. ਡੱਡ. ਮੇਂਡਕੀ.

ਮੰਡੂਰ: ਸੰ. ਸੰਗਯਾ- ਲੋਹੇ ਦੀ ਮੈਲ. ਮਨੂਰ.

ਮੰਤ, ਮੰਤਰ, ਮੰਤਰੜਾ, ਮੰਤਰੁ: ਸੰ. ਮੰਤ੍ਰ. ਦੇਖੋ, ਮੰਤ੍ਰ.

ਮੰਤਵ੍ਯ: ਸੰ. ਵਿ- ਧ੍ਯਾਨ ਕਰਨ ਯੋਗ੍ਯ. ਵਿਚਾਰਣ ਲਾਇਕ। ੨. ਸੰਗ੍ਯਾ- ਸਲਾਹ. ਰਾਇ। ੩. ਖ਼ਿਆਲ. ਸੰਕਲਪ. ਇਰਾਦਾ। ੪. ਮਤ.

ਮੰਤਾ, ਮੰਤਾਨੀ: ਦੇਖੋ, ਮੰਤ੍ਰ. "ਅਵਰੁ ਨ ਅਉਖਧੁ ਤੰਤੁ ਨ ਮੰਤਾ." (ਆਸਾ ਅਃ ਮਃ ੧) "ਗੁਰਿ ਦੀਨੋ ਮੰਤਾਨੀ." (ਧਨਾ ਮਃ ੫)

---

[1039] ਰਿਆਸਤ ਸਰਮੌਰ (ਨਾਹਨ) ਅਤੇ ਮੰਡੀ, ਦੋਵੇਂ ਸਮਾਨ ਦਰਜਾ ਰਖਦੀਆਂ ਹਨ. ਦੋਹਾਂ ਦਾ ਛੇਵਾਂ ਨੰਬਰ ਹੈ, ਪਰ ਸਰਕਾਰੀ ਦਰਬਾਰ ਵਿੱਚ ਮੰਡੀ ਦੇ ਰਾਜਾਂ ਦੀ ਕੁਰਸੀ ਨਾਹਨ ਤੋਂ ਹੇਠਾਂ ਹੈ.

ਮੰਤੁ: ਸੰ. मन्त्र- ਮੰਤ੍ਰ. ਦੇਖੋ, ਮੰਤ੍ਰ. "ਹਰਿ ਹਰਿ ਤੰਤੁ ਮੰਤੁ ਗੁਰਿ ਦੀਨਾ." (ਆਸਾ ਮਃ ੫) ੨. ਸੰ. मन्तु. ਅਪਰਾਧ. ਕ਼ੁਸੂਰ। ੩. ਮਨੁੱਖ. ਆਦਮੀ। ੪. ਪ੍ਰਜਾਪਤਿ. ਪ੍ਰਜਾ ਦਾ ਮਾਲਿਕ.

ਮੰਤ੍ਰ, ਮੰਤ੍ਰੜਾ: ਸੰ. मन्त्र. ਧਾ- ਗੁਪਤ ਬਾਤ ਕਰਨਾ, ਆਦਰ ਕਰਨਾ, ਬੁਲਾਉਣਾ (ਸੱਦਣਾ), ਵਿਚਾਰ ਕਰਨਾ। ੨. ਸੰਗ੍ਯਾ- ਸਲਾਹ. ਮਸ਼ਵਰਾ. "ਇਹ ਭਾਂਤ ਮੰਤ੍ਰ ਵਿਚਾਰਿਓ." (ਰਾਮਾਵ) ੩. ਵੇਦ ਦਾ ਪਦ ਅਤੇ ਮੂਲ ਪਾਠ। ੪. ਗੁਰਉਪਦੇਸ਼. "ਜੋ ਇਹੁ ਮੰਤ ਕਮਾਵੈ ਨਾਨਕ." (ਆਸਾ ਮਃ ੫) "ਗੁਰਮੰਤ੍ਰੜਾ ਚਿਤਾਰਿ." (ਵਾਰ ਗੂਜ ੨. ਮਃ ੫) ੫. ਨਿਰੁਕ੍ਤ ਨੇ ਅਰਥ ਕੀਤਾ ਹੈ ਕਿ ਜੋ ਮਨਨ ਕਰੀਏ ਉਹ ਮੰਤ੍ਰ ਹੈ। ੬. ਤੰਤ੍ਰਸ਼ਾਸਤ੍ਰ ਅਨੁਸਾਰ ਕਿਸੇ ਦੇਵਤਾ ਨੂੰ ਰਿਝਾਉਣ ਅਥਵਾ ਕਾਰਯਸਿੱਧੀ ਲਈ ਜਪਣ ਯੋਗ੍ਯ ਸ਼ਬਦ. "ਨ ਜੰਤ੍ਰ ਮੇ ਨ ਤੰਤ੍ਰ ਮੇ ਨ ਮੰਤ੍ਰ ਵਸ ਆਵਈ." (ਅਕਾਲ)

ਮੰਤ੍ਰਿ: ਸੰ. मन्तृ. ਮਨਨ (ਵਿਚਾਰ) ਕਰਨ ਵਾਲਾ। ੨. ਵਿਦ੍ਵਾਨ. ਗ੍ਯਾਨੀ.

ਮੰਤ੍ਰਿਤ੍ਵ: ਸੰ. ਮੰਤ੍ਰੀਪਨ. ਮੰਤ੍ਰੀ ਦੀ ਪਦਵੀ. ਵਜ਼ਾਰਤ.

ਮੰਤ੍ਰੀ: ਸੰ. मन्त्रिन्. ਜਿਸ ਨਾਲ ਸਲਾਹ ਕਰੀਏ, ਵਜੀਰ, ਅਮਾਤ੍ਯ. ਰਾਜੇ ਨੂੰ ਨੇਕ ਸਲਾਹ ਦੇਣ ਵਾਲਾ, ਚਾਣਕ੍ਯ ਆਪਣੇ ਸੂਤ੍ਰਾਂ ਵਿੱਚ ਲਿਖਦਾ ਹੈ ਕਿ ਕਰਨ ਅਤੇ ਨਾ ਕਰਨ ਯੋਗ੍ਯ ਕੰਮ ਦੀ ਅਸਲੀਯਤ ਨੂੰ ਸਮਝਣ ਵਾਲੇ ਹੀ ਮੰਤ੍ਰੀ ਹਨ.[1040] "ਮੰਤ੍ਰੀ ਮਿਤ੍ਰ ਸਭੈ ਅਕੁਲਾਨੇ." (ਰਾਮਾਵ) ਕੋਟਿਲੀ ਅਰਥਸ਼ਾਸਤ੍ਰ ਦੇ ਪਹਿਲੇ ਅਧਿਕਰਣ ਦੇ ਨੌਵੇਂ ਅਧ੍ਯਾਯ ਦੇ ਪਹਿਲੇ ਸੂਤ੍ਰ ਵਿੱਚ ਮੰਤ੍ਰੀ ਦੇ ਗੁਣ ਲਿਖੇ ਹਨ-

"ਆਪਣੇ ਇਲਾਕੇ ਦਾ, ਕੁਲੀਨ, ਹਾਥੀ ਘੋੜੇ ਰਥ ਆਦਿ ਨੂੰ ਚਲਾਉਣ ਜਾਣਨ ਵਾਲਾ, ਰਾਗਵਿਦ੍ਯਾ ਵਿੱਚ ਨਿਪੁਣ, ਨੀਤਿਸ਼ਾਸਤ੍ਰ ਦਾ ਗ੍ਯਾਤਾ, ਯੁੱਧ ਵਿਦ੍ਯਾ ਵਿੱਚ ਕਮਾਲ ਰੱਖਣ ਵਾਲਾ, ਤੀਕ੍ਸ਼ਣ ਬੁੱਧਿ ਵਾਲਾ, ਚੰਗੇ ਚੇਤੇ ਵਾਲਾ, ਦਿਲ ਦਾ ਪਵਿਤ੍ਰ, ਸਭ ਨਾਲ ਪ੍ਯਾਰ ਨਾਲ ਬਰਤਣ ਵਾਲਾ, ਸ੍ਵਾਮੀ ਨਾਲ ਮੁਹੱਬਤ ਰੱਖਣ ਵਾਲਾ, ਉਤਸਾਹੀ, ਨਿਰਵਿਕਾਰ, ਕਲੇਸ਼ਾਂ ਨੂੰ ਸਹਾਰਨ ਵਾਲਾ, ਬਲੀ, ਅਰੋਗ, ਨਿਧੜਕ ਗੱਲ ਕਹਿਣ ਵਾਲਾ, ਧੀਰਯਵਾਨ, ਨਿਰਭਿਮਾਨ, ਇਰਾਦੇ ਦਾ ਪੱਕਾ, ਇਸਤ੍ਰੀ ਜਮੀਨ ਆਦਿ ਵਾਸਤੇ ਕਿਸੇ ਨਾਲ ਝਗੜਾ ਨਾ ਕਰਨ ਵਾਲਾ, ਮੰਤ੍ਰੀ ਹੋਣਾ ਚਾਹੀਏ."

ਜੈਸੇ ਜਤੀ ਸੰਗ ਤੇ ਸੁਮਤੀ ਜ੍ਯੋਂ ਅਨੰਗ ਤੇ, ਜ੍ਯੋਂ-

ਪਾਪ ਨੀਰਗੰਗ ਧਨ ਬਢ੍ਯੋ ਜੂਪਹਾਰ ਤੇ,

ਜ੍ਯੋਂ ਕੁਲ ਕੁਪੂਤ ਤੇ ਜ੍ਯੋਂ ਦਾਰਿਦ ਸੁਪੂਤ ਤੇ, ਜ੍ਯੋਂ-

ਬਾਮਨ ਕੋ ਪੂਤ ਬਿਨਾ ਪਢੇ ਚਟਸਾਰ ਤੇ,

ਦੇਖੇ ਬਿਨ ਖੇਤੀ ਜੈਸੇ ਸਾਵਨ ਮੈ ਰੇਤੀ, ਔਰ-

ਬਾਂਤੇਂ ਕਹੋਂ ਕੇਤੀ ਜੈਸੇ ਤਾਰ[1041] ਲੋਭਧਾਰ ਤੇ,

ਸਾਵਧਾਨ ਹੂਜੇ ਤਾਂਹਿ ਦੇਸ ਤੇ ਨਿਕਾਰ ਦੀਜੋ

ਬੂਡਜੈਹੈ ਰਾਜ ਤੈਸੇ ਮੰਤ੍ਰੀ ਦੁਰਾਚਾਰ ਤੇ. (ਹਨੂ)

ਹਿਤਕਾਰੀ ਹ੍ਵੈਕੇ ਦਸੈ ਦਾਯ ਨਿਜ ਸਾਹਿਬ ਕੋ

ਹਿਤ ਕੀ ਕਹੈ ਨ ਤੋ ਹਿਤੂਪਨੇ ਮੈ ਖਾਮੀ ਹੈ,

ਵੈਸੇ ਸਭਾਸਦ ਕੀ ਸੁਬੁੱਧਿ ਨੀਕੀ ਹੱਦ ਕੀਜੈ

---

[1040] कार्याकार्य तत्त्वार्थ द्रर्शिनो मन्त्रिण: । ३३।

[1041] ਵ੍ਰਿੱਤਿ ਦੀ ਏਕਾਗ੍ਰਤਾ.

ਸੁਨੈ ਨਾਂਹਿ "ਦੇਵੀਦਾਸ" ਸੋ ਤੋ ਸਠ ਸ੍ਵਾਮੀ ਹੈ,

ਮੰਤ੍ਰੀ ਹੋਯ ਹਿਤ ਕੋ ਕਹੈਯਾ ਔਰ ਰਾਜਾ ਹੋਯ-

ਸਾਰ ਕੋ ਗਹੈਯਾ, ਤੌ ਤੋ ਜੋਰਾ ਵਹ ਨਾਮੀ ਹੈ,

ਨਾਤਰੁ ਨ੍ਰਿਪਤਿ ਬਿਪਰੀਤਿ ਹੀਂ ਕੋ ਗਾਮੀ, ਅਰੁ

ਮੰਤ੍ਰੀ ਵਹ ਨਿਹਚੇ ਨਰਕ ਹੀ ਕੋ ਗਾਮੀ ਹੈ.

੨. ਮੰਤ੍ਰਵਿਦ੍ਯਾ ਦਾ ਜਾਣੂ. "ਮੰਤ੍ਰੀ ਹੋਇ ਅਠੂਹਿਆ

ਨਾਗੀ ਲਗੈ ਜਾਇ." (ਮਃ ੨. ਵਾਰ ਮਾਝ)

ਮੰਤ੍ਰੀਅਤ੍ਰ, ਮੰਤ੍ਰੀਅਤ੍ਵ: ਸੰਗ੍ਯਾ- ਮੰਤ੍ਰਿਤ੍ਵ. ਮੰਤ੍ਰੀਪਨ. ਵਜ਼ਾਰਤ."ਦਯੋ ਮੰਤ੍ਰੀਅਤ੍ਰੰ[1042] ਮਹਾਭ੍ਰਾਤ ਭਰਥੰ." (ਰਾਮਾਵ)

ਮੰਤ੍ਰੁ: ਦੇਖੋ, ਮੰਤ੍ਰ. "ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰ." (ਗਉ ਮਃ ੫)

ਮੰਤ੍ਰੋਦਕ: ਉਹ ਉਦਕ (ਜਲ), ਜੋ ਮੰਤ੍ਰ ਪੜ੍ਹਕੇ ਪਵਿਤ੍ਰ ਕੀਤਾ ਗਿਆ ਹੈ.

ਮੰਥ: ਸੰ. मन्थ्. ਧਾ- ਘਸਾਉਣਾ (ਰਗੜਨਾ), ਦੁਖਾਉਣਾ, ਰਿੜਕਣਾ. ਦੇਖੋ, ਮਥ ਧਾ। ੨. ਸੰਗ੍ਯਾ- ਮਥਨ ਦੀ ਕ੍ਰਿਯਾ. "ਪੰਚ ਦੂਤਹ ਮੰਥ." (ਗੌਂਡ ਮਃ ੫) ੩. ਮਧਾਣੀ। ੪. ਅੱਖ ਦੀ ਮੈਲ. ਗਿੱਡ। ੫. ਕਿਰਣ. ਰਸ਼ਮਿ.

ਮੰਥਜ: ਸੰ. ਸੰਗ੍ਯਾ- ਮਥਨ (ਰਿੜਕਣ) ਤੋਂ ਪੈਦਾ ਹੋਇਆ, ਮੱਖਣ. ਨਵਨੀਤ.

ਮੰਥਨ: ਸੰ. ਸੰਗ੍ਯਾ- ਮਥਨ (ਰਿੜਕਣ) ਦਾ ਭਾਵ। ੨. ਮਧਾਣੀ. ਮੰਥਨੀ.

ਮੰਥਰ: ਸੰ. ਵਿ- ਮੂਰਖ। ੨. ਸੁਸ੍ਤ। ੩. ਟੇਢਾ. ਝੁਕਿਆ ਹੋਇਆ. ਕੁੱਬਾ। ੪. ਸੰਗ੍ਯਾ- ਖ਼ਜ਼ਾਨਾ। ੫. ਕ੍ਰੋਧ. ਗੁੱਸਾ। ੬. ਸਿਰ ਦਾ ਵਾਲ. ਕੇਸ਼। ੭. ਤਾਜ਼ਾ ਮੱਖਣ। ੮. ਮਧਾਣੀ। ੯. ਵਿਘਨ। ੧੦. ਕਿਲਾ. ਦੁਰਗ। ੧੧. ਵੈਸਾਖ ਦਾ ਮਹੀਨਾ। ੧੨. ਜਾਸੂਸ. ਭੇਤੀਆ। ੧੩. ਦੇਖੋ, ਖਸਰਾ ੧.

ਮੰਥਰਾ: ਵਿ- ਕੁੱਬੀ. ਕੁਬੜੀ। ੨. ਸੰਗ੍ਯਾ- ਕੈਕੇਯੀ ਦੀ ਇੱਕ ਦਾਸੀ. "ਮੰਥਰਾ ਇਕ ਗਾਂਧ੍ਰਬੀ ਬ੍ਰਹਮਾ ਪਠੀ ਤਿਹ ਕਾਲ." (ਰਾਮਾਵ) ਇਸੇ ਨੇ ਕੈਕੇਯੀ ਨੂੰ ਪ੍ਰੇਰਕੇ ਰਾਮ ਨੂੰ ਬਨਵਾਸ ਦਿਵਾਇਆ ਸੀ.

ਮੰਥਾਨ: ਦੇਖੋ, ਮਥਾਨ। ੨. ਸੰ. ਸੰਗ੍ਯਾ- ਰਿੜਕਣ ਦਾ ਡੰਡਾ. ਮਧਾਣੀ। ੩. ਸ਼ਿਵ। ੪. ਮੰਦਰਾਚਲ.

ਮੰਦ: ਸੰ. मन्द्. ਧਾ- ਉਸਤਤਿ ਕਰਨਾ, ਆਨੰਦ ਕਰਨਾ, ਹੰਕਾਰ ਕਰਨਾ, ਥਕਣਾ, ਸੁਸ੍ਤ ਹੋਣਾ, ਚਮਕਣਾ, ਸੌਣਾ, ਚਾਹੁਣਾ। ੨. ਵਿ- ਮੂਰਖ. ਬੇਸਮਝ। ੩. ਕੋਮਲ. ਨਰਮ। ੪. ਰੋਗੀ। ੫. ਬਦਨਸੀਬ. ਅਭਾਗਾ। ੬. ਥੋੜਾ. ਕਮ. ਘੱਟ। ੭. ਨੀਚ. ਕਮੀਨਾ। ੮. ਕ੍ਰਿ. ਵਿ- ਧੀਰੇ ਧੀਰੇ. ਹੌਲੀ- ਹੌਲੀ. "ਨਗਰ ਗਰੀ ਗੁਰੁ ਮੰਦ ਪਯਾਨਤ." (ਗੁਪ੍ਰਸੂ) ੯. ਸੰਗ੍ਯਾ- ਸ਼ਨਿਗ੍ਰਹ. ਛਨਿੱਛਰ। ੧੦. ਪ੍ਰਬਲ. ਜ਼ੋਰਾਵਰ। ੧੧. ਯਮ। ੧੨. ਫ਼ਾ. مند ਵਿ- ਵਾਲਾ. ਵਾਨ. ਇਸ ਦਾ ਪ੍ਰਯੋਗ ਦੂਜੇ ਸ਼ਬਦ ਦੇ ਅੰਤ ਹੁੰਦਾ ਹੈ, ਜੈਸੇ- ਅਕਲਮੰਦ, ਦੌਲਤਮੰਦ ਆਦਿ.

ਮੰਦਤਾ: ਸੰਗ੍ਯਾ- ਨੀਚਤਾ। ੨. ਸੁਸ੍ਤੀ। ੩. ਮੂਰਖਤਾ। ੪. ਬੀਮਾਰੀ. ਮਾਂਦਗੀ। ੫. ਕਮੀ. ਨਯੂਨਤਾ.

ਮੰਦਧੀ, ਮੰਦਬੁੱਧਿ: ਵਿ- ਮੰਦ (ਘੱਟ) ਧੀ (ਸਮਝ) ਰੱਖਣ ਵਾਲਾ. ਮੰਦਮਤਿ. ਕਮਅ਼ਕ਼ਲ.

---

[1042] ਅਜਾਣ ਲਿਖਾਰੀ ਦੀ ਭੁੱਲ ਨਾਲ ਅਤ੍ਵ ਦੀ ਥਾਂ ਅਤ੍ਰ ਪਾਠ ਬਣ ਗਿਆ ਹੈ.

ਮੰਦਭਾਗੀ: सन्दभागिन्. ਵਿ- ਥੋੜੇ ਭਾਗਾਂ ਵਾਲਾਂ ਕਮਨਸੀਬ. "ਮੰਦਭਾਗੀ ਤੇਰੋ ਦਰਸਨ ਨਾਹਿ." (ਗਉ ਕਬੀਰ)

ਮੰਦਮਤਿ: ਦੇਖੋ, ਮੰਦਧੀ.

ਮੰਦਰ: ਸੰ. ਸੰਗਯਾ- ਪੁਰਾਣਾਂ ਅਨੁਸਾਰ ਇੱਕ ਪਹਾੜ, ਜਿਸ ਨਾਲ ਦੇਵ ਦੈਤਾਂ ਨੇ ਖੀਰਸਮੁੰਦਰ ਰਿੜਕਿਆ ਸੀ. ਮੰਦਰਾਚਲ. ਮਹਾਭਾਰਤ ਵਿੱਚ ਲਿਖਿਆ ਹੈ ਕਿ ਇਹ ਪਹਾੜ ਗਿਆਰਾਂ ਹਜਾਰ ਯੋਜਨ ਹੇਠਾਂ ਗਡਿਆ ਹੋਇਆ ਸੀ. ਵਿਸ਼ਨੁ ਦੀ ਆਗਯਾ ਨਾਲ ਵਾਸੁਕਿਨਾਗ ਇਸ ਨੂੰ ਪੁੱਟਕੇ ਸਮੁੰਦਰ ਦੇ ਕਿਨਾਰੇ ਲੈ ਗਿਆ ਸੀ।[1043] ੨. ਸ੍ਵਰਗ. ਬਹਿਸ਼੍ਤ। ੩. ਦਰਪਣ. ਸ਼ੀਸ਼ਾ। ੪. ਵਿ- ਸੁਸ੍ਤ। ੫. ਵਡਾ। ੬. ਦ੍ਰਿੜ੍ਹ. ਪੱਕਾ। ੭. ਦੇਖੋ, ਮੰਦਿਰ. "ਮੰਦਰ ਮੇਰੇ ਸਭ ਤੇ ਊਚੇ." (ਭੈਰ ਮਃ ੫) ੮. ਦੇਖੋ, ਮੰਦਲ. "ਬਜਾਵਨਹਾਰੋ ਕਹਾ ਗਇਓ ਜਿਨਿ ਇਹ ਮੰਦਰੁ ਕੀਨਾ." (ਆਸਾ ਕਬੀਰ) ਜਿਸ ਨੇ ਇਹ ਸ਼ਰੀਰ ਰੂਪ ਮਦੰਲ (ਮ੍ਰਿਦੰਗ) ਰਚਿਆ। ੯. ਦੇਖੋ, ਮੰਦ੍ਰ.

ਮੰਦਰਗਿਰਿ, ਮੰਦਰਾਚਲ: ਮੰਦਰ ਪਹਾੜ. ਦੇਖੋ, ਮੰਦਰ ੧। ੨. ਭਾਗਲਪੁਰ ਜਿਲੇ ਦਾ ਇੱਕ ਪਹਾੜ.

ਮੰਦਰਿ: ਮੰਦਿਰ ਮੇਂ. ਮਹਲ ਮੇਂ. ਮਕਾਨ ਵਿੱਚ. "ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ." (ਸੁਖਮਨੀ) ੨. ਮਹਲ ਉੱਪਰ. "ਮੰਦਰਿ ਚਰਿਕੈ ਪੰਥੁ ਨਿਹਾਰਉ." (ਸੋਰ ਸਃ ੫)

ਮੰਦਰਿਭਾਗੁ: ਭਾਗਯਮੰਦਿਰ ਮੇਂ (ਭਾਵ- ਸੰਪਾਦਭਰੇ ਘਰ ਵਿੱਚ) "ਮੰਦਰਿਭਾਗੁ ਜੁਗਤਿ ਸਿਵ ਰਹਿਤਾ." (ਸਵੈਯੇ ਮਃ ੫. ਕੇ) ਸੰਪਦਾ ਦਾ ਆਨੰਦ ਭੋਗਦਾ ਭੀ, ਸ਼ਿਵ ਦੀ ਤਰਾਂ ਵਿਰਕ੍ਤ ਰਹਿੰਦਾ ਹੈ.

ਮੰਦਰੀਆ: ਦੇਖੋ, ਮੰਦਲ. "ਮੇਰਾ ਮਨੁ ਮੰਦਰੀਆ ਨ ਬਜਾਵੈ." (ਆਸਾ ਕਬੀਰ) ਦ੍ਵੈਤਰੂਪ ਮ੍ਰਿਦੰਗ.

ਮੰਦਰੁ: ਦੇਖੋ, ਮੰਦਰ ੮. ਅਤੇ ਮੰਦਿਰ.

ਮੰਦਲ, ਮੰਦਲੁ: ਸੰ. ਮਦੰਲ. ਸੰਗਯਾ- ਢੋਲ। ੨. ਮ੍ਰਿਦੰਗ। ੩. ਪਖਾਵਜ. "ਮੁਰਜ ਤੂਰ ਮੁਚੰਗ ਮੰਦਲ." (ਯੁਧਿਸਟਰਰਾਜ) "ਮੰਦਲੁ ਨ ਬਾਜੈ ਨਟ ਪੈ ਸੂਤਾ." (ਆਸਾ ਕਬੀਰ) ਜੀਵਨ ਨਟ ਤੋਂ ਹੁਣ ਕਪਟ ਵਿਹਾਰ ਦਾ ਵਾਜਾ ਠੀਕ ਨਹੀਂ ਵਜਦਾ। ੪. ਮੰਦਿਰ ਦੀ ਥਾਂ ਭੀ ਮੰਦਲ ਸ਼ਬਦ ਆਇਆ ਹੈ. "ਬਿਹਾਰ ਦੇਵਮੰਦਲੰ." (ਰਾਮਾਵ)

ਮੰਦਾ: ਮੰਦਤਾ. ਦੇਖੋ, ਮੰਦਤਾ. "ਕਿਉ ਮਰੈ ਮੰਦਾ, ਕਿਉ ਜੀਵੈ ਜੁਗਤਿ?" (ਮਃ ੧. ਵਾਰ ਰਾਮ ੧) ੨. ਵਿ- ਬੁਰਾ. ਮਾੜਾ. . ਦੇਖੋ, ਮੰਦ. "ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ." (ਮਃ ੪. ਵਾਰ ਰਾਮ ੧) "ਮੰਦਾ ਕਿਸੈ ਨ ਆਖਿ ਝਗੜਾ ਪਾਵਣਾ." (ਵਡ ਛੰਤ ਮਃ ੧) ੨. ਸੰ. मन्दा. ਜਯੋਤਿਸ਼ ਅਨੁਸਾਰ ਉਹ ਸੰਕ੍ਰਾਂਤਿ, ਜੋ ਉੱਤਰ ਫਾਲਗੁਨੀ, ਉੱਤਰਾਸ਼ਾਢਾ, ਉੱਤਰ ਭਾਦ੍ਰਪਦ ਅਤੇ ਰੋਹਿਣੀ ਨਛਤ੍ਰਾਂ ਵਿੱਚ ਆਵੇ.

ਮੰਦਾਕਿਨੀ: ਸੰਗਯਾ- ਮੰਦ ਮੰਦ ਜਾਣ ਵਾਲੀ ਸ੍ਵਰਗ ਦੀ ਗੰਗਾ. "ਬ੍ਰਹਮਵੈਵਰਤ ਪੁਰਾਣ ਅਨੁਸਾਰ ਇਸ ਦੀ ਧਾਰਾ ਦਸ ਹਜ਼ਾਰ ਯੋਜਨ ਵਹਿੰਦੀ ਹੈ। ੨. ਕੇਦਾਰਨਾਥ ਪਾਸ ਇੱਕ ਗੰਗਾ ਦੀ ਧਾਰਾ। ੩. ਚਿਤ੍ਰਕੂਟ ਪਾਸ ਵਹਿਣ ਵਾਲੀ ਇੱਕ ਨਦੀ, ਜੋ ਬੁੰਦੇਲਖੰਡ ਵਿੱਚ ਹੈ.

ਮੰਦਾਗਨਿ, ਮੰਦਾਨਲ: ਭੋਜਨ ਨੂੰ ਪਚਾਉਣ ਵਾਲੀ ਪਕ੍ਵਾਸ਼ਯ (ਮੇਦੇ) ਦੀ ਗਰਮੀ ਦਾ ਮੱਠਿਆਂ ਪੈਣਾ. ਦੇਖੋ, ਅਜੀਰਣ.

ਮੰਦਾਰ: ਸੰ. ਸੰਗਯਾ- ਇੱਕ ਸ੍ਵਰਗ ਦਾ ਬਿਰਛ, ਜਿਸ ਦੇ ਫੁੱਲ ਵਡੇ ਸੁਗੰਧ ਵਾਲੇ ਮੰਨੇ ਗਏ ਹਨ. ਦੇਖੋ, ਸੁਰਤਰੁ. "ਮੰਦਾਰਨ ਕੁਸਮਾਂਜੁਲਿ ਅਰਪਹਿ"." (ਨਾਪ੍ਰ) ੨. ਮੂੰਗੇ ਦਾ ਪਿੰਡ। ੩. ਅੱਕ। ੪. ਧਤੂਰਾ। ੫. ਦੇਖੋ, ਮਢਾਲ। ੬. ਮੰਦ (ਛਨਿੱਛਰ) ਆਰ (ਮੰਗਲ). ਭਾਵ ਛਨਿੱਛਰ ਤੇ ਮੰਗਲਗ੍ਰਹ.

---

[1043] ਦੇਖੋ, ਮਹਾਭਾਰਤ ਆਦਿ ਪਰਵ, ਅਃ ੧੭-੧੯.

ਮੰਦਾਰੀ: ਦੇਖੋ, ਮਦਾਰੀ. "ਤਿਸ ਛਿਨ ਇਕ ਫਕੀਰ ਮੰਦਾਰੀ." (ਗੁਪ੍ਰਸੂ) ੨. ਵਿ- ਮੰਦਾਰ ਬਿਰਛ ਨਾਲ ਹੈ ਜਿਸ ਦਾ ਸੰਬੰਧ. ਮੰਦਾਰ ਦਾ. ਦੇਖੋ, ਮਢਾਲ.

ਮੰਦਾਲਸਾ: ਦੇਖੋ, ਮਦਾਲਸਾ.

ਮੰਦਿਰ: ਸੰ. ਸੰਗਯਾ- ਦੇਵਤਾ ਦਾ ਘਰ। ੨. ਰਾਜਭਵਨ, ਜਿਸ ਵਿੱਚ ਮੰਦ (ਆਨੰਦ) ਕੀਤਾ ਜਾਂਦਾ ਹੈ. ਦੇਖੋ, ਮੰਦ ਧਾ। ੩. ਸ਼ਹਰ. ਨਗਰ। ੪. ਸਮੁੰਦਰ।੫ ਗੋਡੇ ਦਾ ਪਿਛਲਾ ਹਿੱਸਾ, ਖੁੱਚ.

ਮੰਦੀ: ਮੰਦਾ ਦਾ ਇਸਤ੍ਰੀਲਿੰਗ। ੨. ਦੇਖੋ, ਮੰਦੀ ਕੰਮੀ.

ਮੰਦੀ ਕੰਮੀ: ਮੰਦੇ (ਬੁਰੇ) ਕਰਮੋਂ ਸੇ, ਨੀਚ ਕਰਮਾਂ ਦ੍ਵਾਰਾ. ਭੈੜੇ ਅਮਲਾਂ ਕਰਕੇ.

ਮੰਦੁ: ਦੇਖੋ, ਮੰਦ. "ਸੁਣਿਐ ਮੁਖਿ ਸਲਾਹਣ ਮੰਦੁ." (ਜਪੁ)

ਮੰਦੇਰਾ: ਵਿ- ਮੰਦਤਾ ਵਾਲਾ. ਮਾੜਾ. ਬੁਰਾ. ਘੱਟ. "ਤਿਨ ਮਸਤਕਿ ਭਾਗੁ ਮੰਦੇਰਾ." (ਟੋਡੀ ਮਃ ੪)

ਮੰਦੈ: ਨੀਚ ਕਰਮਾਂ ਵਿੱਚ. "ਓਨੀ ਮੰਦੈ ਪੈਰੁ ਨ ਰਖਿਓ." (ਵਾਰ ਆਸਾ) ਦੇਖੋ, ਮੰਦ ਅਤੇ ਮੰਦਤਾ.

ਮੰਦੋਦਰੀ: ਵਿ- ਮੰਦ (ਪਤਲੀ) ਉਦਰ (ਕਮਰ) ਵਾਲੀ।੨ ਸੰਗਯਾ- ਹੇਮਾ ਅਪਸਰਾ ਦੇ ਪੇਟੋਂ ਮਯ ਦਾਨਵ ਦੀ ਕਨ੍ਯਾ, ਜੋ ਰਾਵਣ ਦੀ ਰਾਣੀ ਅਤੇ ਇੰਦ੍ਰਜਿਤ (ਮੇਘਨਾਦ) ਦੀ ਮਾਤਾ ਸੀ. ਇਹ ਵਡੀ ਦਾਨਾ ਰਾਣੀ ਸੀ, ਅਰ ਆਪਣੇ ਪਤੀ ਨੂੰ ਹਿਤ ਦੀ ਸਲਾਹ ਸਮੇਂ ਸਮੇਂ ਸਿਰ ਦਿੰਦੀ ਰਹਿੰਦੀ ਸੀ, ਯਥਾ-

ਸੂਰਬੀਰਾ ਸਜੇ ਘੋਰ ਬਾਜੇ ਬਜੇ

ਭਾਜ ਕੰਤਾ ! ਸੁਣੇ ਰਾਮ ਆਏ,

ਬਾਲਿ ਮਾਰ੍ਯੋ ਬਲੀ ਸਿੰਧੁ ਪਾਟ੍ਯੋ ਜਿਨੈ

ਤਾਹਿ ਸੋ ਬੈਰ ਕੈਸੇ ਰਚਾਏ ?

ਬਯਾਧ ਜੀਤ੍ਯੋ ਜਿਨੈ ਜੰਭ ਮਾਰ੍ਯੋ ਉਨੈ

ਰਾਮ ਔਤਾਰ ਸੋਈ ਸੁਹਾਏ,

ਦੇ ਮਿਲੋ ਜਾਨਕੀ ਬਾਤ ਹੈ ਸਜਾਨ ਕੀ

ਚਾਮ ਕੇ ਦਾਮ ਕਾਹੇ ਚਲਾਏ ? (ਰਾਮਾਵ)

ਮੰਦੋਦਰੀਸ਼, ਮੰਦੋਦਰੀਪਤਿ: ਰਾਵਣ.

ਮੰਦ੍ਰ: ਸੰ. ਸੰਗਯਾ- - ਗੰਭੀਰ ਧੁਨਿ। ੨. ਮ੍ਰਿਦੰਗ। ੩. ਵਿ- ਮਿੱਠੀ ਅਤੇ ਗੰਭੀਰ ਆਵਾਜ਼ ਵਾਲਾ। ੪. ਦੇਖੋ, ਮੰਦਰ। ੫. ਦੇਖੋ, ਨਾਦ ੬.

ਮੰਦ੍ਰਾਚਲ: ਦੇਖੋ, ਮੰਦਰਾਚਲ.

ਮੰਧ: ਦੇਖੋ, ਮਧ੍ਯ। ੨. ਦੇਖੋ, ਮੰਦ.

ਮੰਧਾਹੀ: ਮਧ੍ਯੇਹਿ. ਵਿੱਚੋਂ. ਬੀਚ ਮੇ ਸੇ. "ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ." (ਸ੍ਰੀ ਮਃ ੫)

ਮੰਧੁ: ਦੇਖੋ, ਮਧ੍ਯ। ੨. ਦੇਖੋ, ਮੰਦ. "ਇਸਤ੍ਰੀ ਪੁਰਖੈ ਜਾ ਨਿਸਿ ਮੇਲਾ ਓਥੈ ਮੰਧੁ ਕਮਾਹੀ." (ਮਃ ੧. ਵਾਰ ਮਲਾ) ਭਾਵ- ਹੋਠ

ਚੁੰਬਨ ਤੋਂ ਹੈ. ਅਰਥਾਤ ਮਾਸ ਦਾ ਟੁਕੜਾ ਹੋਠ, ਮੂੰਹ ਵਿੱਚ ਲੈਂਦੇ ਹਨ। ੩. ਮਦਨਾਂਧ ਦੀ ਸੰਖੇਪ. ਕਾਮ ਨਾਲ ਅੰਨ੍ਹਾ.

ਮੰਧੇ: ਮਧ੍ਯ ਮੇਂ. "ਮਨ ਮੰਧੇ ਪ੍ਰਭੁ ਅਵਗਾਹੀਆ." (ਮਾਝ ਅਃ ਮਃ ੫)

ਮੰਨ: ਸੰਗ੍ਯਾ- ਮਹਦ੍- ਅੰਨ. ਮੋਟੀ ਰੋਟੀ. ਵਡੀ ਮੰਨੀ। ੨. ਸੰ. ਮਨ (ਮਨਸ੍) "ਸੁਣਿ ਮੂਰਖ ਮੰਨ ਅਜਾਣਾ!" (ਗਉ ਮਃ ੧) "ਹਰਿ ਨਾਲ ਰਹੁ ਤੂੰ ਮੰਨ ਮੇਰੇ!" (ਅਨੰਦੁ) ੩. ਸੰ. ਮਾਨ੍ਯ. ਵਿ- ਮੰਨਣ (ਪੂਜਣ) ਯੋਗ੍ਯ "ਸ਼੍ਰੀ ਨਾਨਕ ਜੀ ਧੰਨ ਅਮਰ ਗਣ ਮੰਨ ਹੈਂ." (ਨਾਪ੍ਰ) ਦੇਵਤਿਆਂ ਦ੍ਵਾਰਾ ਮਾਨ੍ਯ ਹਨ.

ਮੰਨਣਾ: ਕ੍ਰਿ- ਮਨਨ ਕਰਨਾ. ਵਿਚਾਰਨਾ। ੨. ਅੰਗੀਕਾਰ ਕਰਨਾ. ਮਨਜ਼ੂਰ ਕਰਨਾ. ਮੰਨ ਲੈਣਾ. "ਮੰਨੇ ਕੀ ਗਤਿ ਕਹੀ ਨ ਜਾਇ." (ਜਪੁ) "ਜਿਨੀ ਸੁਣਿਕੈ ਮੰਨਿਆ." (ਸ੍ਰੀ ਮਃ ੩) ੩. ਮਾਨ੍ਯ ਠਹਿਰਾਉਣਾ. ਪੂਜਣਾ. ਉਪਾਸਨਾ. "ਸਤਿਗੁਰੁ ਪੁਰਖੁ ਨ ਮੰਨਿਓ." (ਸ੍ਰੀ ਮਃ ੩)

ਮੰਨਤ, ਮੰਨਤਾ: ਸੰਗ੍ਯਾ- ਪੂਜਾ। ੨. ਮੰਨ ਲੈਣ ਦੀ ਕ੍ਰਿਯਾ। ੩. ਸੁੱਖ. ਮਨੌਤ. ਕਿਸੇ ਦੇਵਤਾ ਨੂੰ ਭੇਟਾ ਆਦਿ ਦੇਣ ਦਾ ਪ੍ਰਣ. ਦੇਖੋ, ਮਨਤਾ.

ਮੰਨਿ: ਮਨ ਮੇਂ. ਦਿਲ ਵਿੱਚ। ੨. ਮੰਨਕੇ। ੩. ਸੰ. ਮਾਨ੍ਯ. ਪੂਜ੍ਯ। ੪. ਦੇਖੋ, ਮੰਨਿ ਜਾਣੈ.

ਮੰਨਿਆ: ਮਨਨ ਕੀਤਾ। ੨. ਮਨਜ਼ੂਰ ਕੀਤਾ। ੩. ਸੰ. ਮਾਨ੍ਯ. ਵਿ- ਪੂਜ੍ਯ. "ਨਾਨਕ ਮੰਨਿਆ ਮੰਨੀਐ." (ਮਃ ੧. ਵਾਰ ਰਾਮ ੧) ਮਾਨ੍ਯ ਨੂੰ ਮੰਨੀਏ.

ਮੰਨਿ ਜਾਣੈ: ਮੰਨਣਾ ਜਾਣੇ. ਸ਼੍ਰੱਧਾ ਸਹਿਤ ਅੰਗੀਕਾਰ ਕਰਨਾ ਸਮਝੇ, "ਜੇ ਕੋ ਮੰਨਿ ਜਾਣੈ ਮਨਿ ਕੋਇ." (ਜਪੁ)

ਮੰਨੀ: ਮੋਟੀ ਅਤੇ ਛੋਟੀ ਰੋਟੀ. ਦੇਖੋ, ਮੰਨ ੧। ੨. ਦੇਖੋ. ਮੰਨਣਾ.

ਮੰਨੁ: ਦੇਖੋ, ਮਨ. "ਮਨਮੁਖ ਮੰਨੁ ਅਜਿਤੁ ਹੈ." (ਮਃ ੩. ਵਾਰ ਸੋਰ)

ਮੰਨੂ: ਦੇਖੋ, ਮੀਰਮੰਨੂ। ੨. ਦੇਖੋ, ਮਨੁ੍ਯ.

ਮੰਨੇ: ਦੇਖੋ. ਮੰਨਣਾ। ੨. ਅ਼. منع ਮਨਅ਼. "ਮਹਰਮ ਹੋਇ ਵਜੀਰ ਸੋ ਮੰਤ੍ਰ ਪਿਆਲਾ ਮੂਲ ਨ ਮੰਨੇ." (ਭਾਗੁ) ਜੋ ਬਾਦਸ਼ਾਹ ਦਾ ਭੇਤੀ ਮੰਤ੍ਰੀ ਹੈ, ਉਸ ਨੂੰ ਸ੍ਵਾਮੀ ਨਾਲ ਮੰਤ੍ਰ ਕਰਨਾ ਅਤੇ ਖਾਨ ਪਾਨ ਕਦੇ ਮਨਅ਼ ਨਹੀਂ ਹੈ, ਭਾਵ- ਹਰ ਵੇਲੇ ਕਰ ਸਕਦਾ ਹੈ.

ਮੰਨੇਨਿ: ਮੰਨਦੇ ਹਨ. "ਮੰਨੇਨਿ ਹੁਕਮ ਅਪਾਰ." (ਵਾਰ ਰਾਮ ੨. ਮਃ ੫)

ਮੰਨੈ: ਮੰਨਣ ਤੋਂ. "ਮੰਨੈ ਸਗਲ ਭਵਣ ਕੀ ਸੁਧਿ." (ਜਪੁ) ੨. ਮੰਨਦਾ ਹੈ.

ਮੰਨ੍ਯ: ਦੇਖੋ, ਮਨੁ੍ਯ.

ਮੰਬਾ: ਅ਼. منبع ਮੰਬਅ਼. ਸੰਗ੍ਯਾ- ਪਾਣੀ ਨਿਕਲਣ ਦਾ ਥਾਂ. ਸੋਤ (spring) ੨. ਫੱਵਾਰਾ (ਫੁਹਾਰਾ).

ਮੰਮਾ: ਸੰਗ੍ਯਾ- ਕੁਚ. ਸ੍ਤਨ। ੨. ਮ ਅੱਖਰ. "ਮੰਮਾ ਮਾਂਗਨਹਾਰ ਇਆਨਾ." (ਬਾਵਨ) ੩. ਮ ਦਾ ਉੱਚਾਰਣ. ਮਕਾਰ.

ਮ੍ਯਾਨੈ: ਡਿੰਗ. ਮੈਨੂੰ. ਮੁਝੇ. "ਬਰੋ ਰਾਜ ਮ੍ਯਾਨੈ." (ਰਾਮਾਵ) ਹੇ ਰਾਜਾ! ਮੈਨੂੰ ਵਿਆਹੋ.

ਮ੍ਯਾਨ: ਦੇਖੋ, ਮਿਆਨ.

ਮ੍ਯਾਨੇ, ਮਿਯਾਨੇ: ਬੀਚ ਮੇਂ. ਦੇਖੋ, ਮਿਆਨ ਅਤੇ ਮਿਆਨਾ. , "ਅਸਮਾਨ ਮਿਯਾਨੇ ਲਹੰਗ ਦਰੀਆ." (ਤਿਲੰ ਕਬੀਰ) ਭਾਵ- ਦਿਮਾਗ ਵਿੱਚ ਕਰਤਾਰ ਦੇ ਗੁਣਾਂ ਦਾ ਚਿੰਤਨਰੂਪ ਨਦ. ਅਥਵਾ ਆਤਮਾਕਾਰ ਹੋਈ ਵ੍ਰਿੱਤਿ.

ਮ੍ਯੰਕ: ਦੇਖੋ, ਮਯੰਕ ਅਤੇ ਮ੍ਰਿਗਾਂਕ.

ਮ੍ਰਿ: ਸੰ. मृ. ਧਾ- ਮਰਨਾ, ਦੇਹ ਤਜਾਗ ਕਰਨਾ, ਵਧ (ਕਤਲੀ) ਕਰਨਾ, ਰੋਗੀ ਹੋਣਾ.

ਮ੍ਰਿਸ਼: ਸੰ. मृश. ਧਾ ਸੋਚਣਾ (ਵਿਚਾਰ ਕਰਨਾ), ਖ਼ਿਆਲ ਵਿੱਚ ਲਿਆਉਣਾ। ੨. ਸੰ. मृष. ਧਾ- ਸਹਾਰਨਾ, ਭੁੱਲਣਾ, ਮੁਆਫ਼ ਕਰਨਾ.

ਮ੍ਰਿਕੰਡੁ: ਸੰ. मृकण्ड. ਮ੍ਰਿਗ- ਕੰਡੁ. ਇੱਕ ਰਿਖੀ, ਜਿਸ ਨੂੰ ਸੁੱਕੀ ਲੱਕੜ ਸਮਝਕੇ ਮ੍ਰਿਗ ਕੰਡੁ (ਖੁਰਕ) ਕੀਤਾ ਕਰਦੇ ਸਨ. ਇਸ ਦਾ ਪੁਤ੍ਰ ਮਾਰਕੰਡੇਯ ਪ੍ਰਸਿੱਧ ਰਿਖੀ ਹੋਇਆ ਹੈ. ਦੇਖੋ, ਮਾਰਕੰਡਾ.

ਮ੍ਰਿਖਾ: ਸੰ. मृषा- ਮ੍ਰਿਸ਼ਾ. ਵ੍ਯ- ਨਿਰਰਥਕ. ਬਿਨਾ ਪ੍ਰਯੋਜਨ। ੨. ਸੰਗ੍ਯਾ- ਮਿਥ੍ਯਾ. ਅਸਤ੍ਯ. ਝੂਠ. "ਹਿੰਸਾ ਮ੍ਰਿਖਾ ਸੁ ਦ੍ਵੇਸਤਾ." (ਗੁਪ੍ਰਸੂ)

ਮ੍ਰਿਗ: ਸੰ. मृग्. ਧਾ- ਢੂੰਡਣ. ਤਲਾਸ਼ ਕਰਨਾ), ਸ਼ਿਕਾਰ ਕਰਨਾ। ੨. ਸੰਗ੍ਯਾ- ਚਾਰ ਪੈਰ ਵਾਲਾ ਪਸ਼ੁ। ੩. ਰਹਿਣ. "ਮ੍ਰਿਗ ਮੀਨ ਭ੍ਰਿੰਗ ਪਤੰਗ." (ਆਸਾ ਰਵਿਦਾਸ) ੪. ਦੇਖੋ, ਪੁਰੁਖਜਾਤਿ (ਅ)

ਮ੍ਰਿਗਅਰਿ: ਸੰਗ੍ਯਾ- ਮ੍ਰਿਗ ਦਾ ਵੈਰੀ, ਸ਼ੇਰ, ਸਿੰਘ। ੨. ਖੜਗ. ਤਲਵਾਰ. (ਸਨਾਮਾ)

ਮ੍ਰਿਗਆਸਣੁ, ਮ੍ਰਿਗਆਸਨ: ਮ੍ਰਿਗਚਰਮ ਦਾ ਆਸਨ. "ਮ੍ਰਿਗ- ਆਸਣੁ ਤੁਲਸੀਮਾਲਾ." (ਪ੍ਰਭਾ ਬੇਣੀ) ੨. ਮ੍ਰਿਗ ਵਾਂਙ ਬੈਠਣ ਦੀ ਕ੍ਰਿਯਾ.

ਮ੍ਰਿਗਅੰਕ: ਦੇਖੋ, ਮ੍ਰਿਗਾਂਕ.

ਮ੍ਰਿਗਸ਼ਿਰਾ: ਸੰ. मृगाशिरस् ਸੰਗ੍ਯਾ- ਹਰਿਣ ਜੇਹੇ ਸਿਰ ਵਾਲਾ ਪੰਜਵਾਂ ਨਛਤ੍ਰ. ਤਾਰਾਮ੍ਰਿਗ (Orionis). ਮਹਾਭਾਰਤ ਦਾ ਟੀਕਾਕਾਰ ਨੀਲਕੰਠ ਲਿਖਦਾ ਹੈ ਕਿ ਬ੍ਰਹਮਾ ਨੇ ਆਪਣੀ ਪੁਤ੍ਰੀ ਨਾਲ ਮ੍ਰਿਗਰੂਪ ਹੋਕੇ ਭੋਗ ਕੀਤਾ, ਇਸ ਪੁਰ ਸ਼ਿਵ ਨੇ ਉਸ ਦਾ ਸਿਰ ਵੱਢ ਦਿੱਤਾ. ਇਹੀ ਸ਼ਿਰ, ਮ੍ਰਿਗਸ਼ਿਰਾ ਨਛਤ੍ਰ ਹੋਗਿਆ.[1044]

ਮ੍ਰਿਗਹਾ: ਸੰਗ੍ਯਾ- ਸ਼ਿਕਾਰੀ। ੨. ਖੜਗ। ੩. ਤੀਰ. (ਸਨਾਮਾ) ੪. ਸ਼ੇਰ. ਸਿੰਘ.

ਮ੍ਰਿਗਚਰਮ, ਮ੍ਰਿਗਛਾਲਾ: ਮ੍ਰਿਗ (ਹਰਿਣ) ਦਾ ਚਮੰ. ਮ੍ਰਿਗ ਦੀ ਖੱਲ." (ਮ੍ਰਿਗਛਾਲਾ ਪਰ ਬੈਠੇ ਕਬੀਰ." (ਭੈਰ ਕਬੀਰ) ਅਤ੍ਰਿ ਰਿਖੀ ਲਿਖਦਾ ਹੈ ਕਿ ਸਿੰਗ ਖੁਰਾਂ ਸਮੇਤ ਮ੍ਰਿਗਚਰਮ ਦਾਨ ਕਰਨ ਤੋਂ ੧੦੧ ਕੁਲਾਂ ਦਾ ਉੱਧਾਰ ਹੁੰਦਾ ਹੈ. ਦੇਖੋ, ਅਤ੍ਰਿਸਿਮ੍ਰਿਤਿ ਸ਼ਃ ੩੩੨.

ਮ੍ਰਿਗਜਾ: ਮ੍ਰਿਗਜਾਨ ਦਾ ਸੰਖੇਪ. (ਸਨਾਮਾ) ੨. ਕਸਤੂਰੀ. ਮੁਸ਼ਨ.

ਮ੍ਰਿਗਜਾਨ: ਸੰਗ੍ਯਾ- ਮ੍ਰਿਗ ਹੈ ਯਾਨ (ਸਵਾਰੀ) ਜਿਸ ਦੀ, ਵਾਯੁ. ਪਵਨ. ਮ੍ਰਿਗਵਾਹਨ। ੨. ਸ਼ਸਤ੍ਰਨਾਮ- ਮਾਲਾ ਵਿੱਚ ਚੰਦ੍ਰਮਾ ਦਾ ਨਾਮ ਮ੍ਰਿਗਜਾਨ ਹੈ. ਦੇਖੋ, ਮ੍ਰਿਗਾਂਕ ਦਾ ਫੁਟਨੋਟ.

ਮ੍ਰਿਗਤਨ: ਪਸ਼ੁਦੇਹ. ਮ੍ਰਿਗ (ਚੌਪਾਏ) ਦਾ ਸ਼ਰੀਰ। ੨. ਮ੍ਰਿਗੀ- ਤਨਯ. ਹਰਿਣੀ ਦਾ ਪੁਤ੍ਰ ਸ਼੍ਰਿੰਗੀਰਿਖੀ.[1045] "ਖਗਤਨ ਮੀਨਤਨ ਮ੍ਰਿਗਤਨ ਬਰਾਹਤਨ, ਸਾਧੂ ਸੰਗਿ ਉਧਾਰੇ." (ਮਲਾ ਮਃ ੫) ਦੇਖੋ, ਖਗਤਨ ੨.

ਮ੍ਰਿਗਤਿਸਨਾ: ਸੰ. मृगतृष्णा. mirage. ਅ਼. ਸਰਾਬ. ਰੇਤਲੇ ਮੈਦਾਨਾਂ ਵਿੱਚ ਜਦ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ, ਤਦ ਰੇਤ ਦੀ ਚਮਕ ਅਰ ਅਬਖ਼ਰਾਤ ਦੀ ਲਹਿਰ ਨੇਤ੍ਰਾਂ ਨੂੰ ਜਲਭਰੀ ਝੀਲ ਭਾਸਣ ਲਗ ਜਾਂਦੀ ਹੈ. ਜਿਉਂ ਜਿਉਂ ਪਿਆਸੇ ਆਦਮੀ ਅਥਵਾ ਮ੍ਰਿਗ ਆਦਿਕ ਜੀਵ ਉਸ ਵੱਲ ਜਾਂਦੇ ਹਨ, ਤਿਉਂ ਤਿਉਂ ਜਲ ਦੂਰ ਪ੍ਰਤੀਤ ਹੁੰਦਾ ਹੈ. ਅੰਤ ਨੂੰ

---

[1044] प्रजापतिः स्वा दुहितरं मृगो भूत्वा जगाम,
तस्य रुद्र शिरोऽच्छिनत, तदैव मृगशिरो नक्षत्रम्.

[1045] ऋष्यशृङ्ग.

ਸੂਰਜ ਦੀਆਂ ਕਿਰਨਾਂ ਢਲਕੇ ਤਿਰਛੀਆਂ ਹੋ ਜਾਂਦੀਆਂ ਹਨ ਅਰ ਜਲ ਦੀ ਥਾਂ ਸਾਫ ਥਲ ਪ੍ਰਤੀਤ ਹੋਣ ਲਗਦਾ ਹੈ. ਗੁਰਬਾਣੀ ਵਿੱਚ ਸੰਸਾਰ ਦੇ ਛਿਨ- ਭੰਗੁਰ ਮਾਯਾ ਦੇ ਵਿਲਾਸਾਂ ਨੂੰ ਮ੍ਰਿਗਤ੍ਰਿਸ਼ਨਾ ਦਾ ਦ੍ਰਿਸ਼੍ਟਾਂਤ ਦਿੱਤਾ ਹੈ. "ਮ੍ਰਿਗਤ੍ਰਿਸਨਾ ਜਿਉ ਝੂਠੋ ਇਹੁ ਜਗ." (ਗਉ ਮਃ ੯) ਦੇਖੋ, ਹਰਿਸਚੰਦ੍ਰ.

ਮ੍ਰਿਗਨਾਂਤ: ਮ੍ਰਿਗਨ- ਅੰਤਕ. ਮ੍ਰਿਗਾਂ ਦਾ ਅੰਤ ਕਰਨ ਵਾਲਾ ਸ਼ਿਕਾਰੀ. (ਸਨਾਮਾ)

ਮ੍ਰਿਗਨਾਥ: ਮ੍ਰਿਗਪਤਿ, ਸ਼ੇਰ। ੨. ਚੰਦ੍ਰਮਾ (ਸਨਾਮਾ)

ਮ੍ਰਿਗਨਾਥਭਗਨਿਜਚਰ ਨਾਥ ਰਿਪੁ: (ਸਨਾਮਾ) ਮ੍ਰਿਗਪਤਿ ਚੰਦ੍ਰਮਾ, ਉਸ ਦੀ ਭੈਣ ਚੰਦ੍ਰਭਾਗਾਨਦੀ, ਉਸ ਤੋਂ ਪੈਦਾ ਹੋਇਆ ਘਾਹ, ਉਸ ਦੇ ਚਰਨ ਵਾਲਾ ਮ੍ਰਿਗ, ਉਸ ਦਾ ਸ੍ਵਾਮੀ ਸ਼ੇਰ, ਉਸ ਦੀ ਵੈਰਣ ਬੰਦੂਕ.

ਮ੍ਰਿਗਨਾਭਿ: मृगनाभि. ਸੰਗਜਾ- ਮ੍ਰਿਗ ਦੀ ਨਾਭਿ ਤੋਂ ਪੈਦਾ ਹੋਈ ਕਸ੍ਤੂਰੀ। ੨. ਕਸ੍ਤੂਰੀ ਵਾਲਾ ਮ੍ਰਿਗ. ਕਸ੍ਤੂਰਾ. "ਜਿਉ ਮ੍ਰਿਗਨਾਭਿ ਬਸੈ ਬਾਸੁ." (ਪ੍ਰਭਾ ਮਃ ੪)

ਮ੍ਰਿਗਨੈਨੀ: ਵਿ- ਮ੍ਰਿਗ ਜੇਹੇ ਨੇਤ੍ਰਾਂ ਵਾਲੀ. ਮ੍ਰਿਗਾਕ੍ਸ਼ੀ.

ਮ੍ਰਿਗਪਤਿ: ਪਸ਼ੂਆਂ ਦਾ ਸ੍ਵਾਮੀ. ਸ਼ੇਰ. ਸਿੰਘ। ੨. ਚੰਦ੍ਰਮਾ. (ਸਨਾਮਾ)

ਮ੍ਰਿਗਬਾਹਨ: ਦੇਖੋ, ਮ੍ਰਿਗਜਾਨ.

ਮ੍ਰਿਗਮਦ, ਮ੍ਰਿਗਮਯ: मृगमद. ਸੰਗਜਾ- ਕਸ੍ਤੂਰੀ, ਜਿਸ ਨਾਲ ਮ੍ਰਿਗ (ਹਰਿਣ) ਨੂੰ ਮਦੰ (ਅਭਿਮਾਨ) ਹੁੰਦਾ ਹੈ.

ਮ੍ਰਿਗ ਮੀਨ ਪੰਖੇਰੂ: ਜਦ ਗੁਰਬਾਣੀ ਵਿੱਚ ਇਹ ਸ਼ਬਦ ਇਕੱਠੇ ਆਉਂਦੇ ਹਨ, ਤਦ ਅਰਥ ਹੁੰਦਾ ਹੈ ਖ਼ੁਸ਼ਕੀ, ਜਲ ਅਤੇ ਹਵਾ ਵਿੱਚ ਰਹਿਣ ਵਾਲੇ ਜੀਵ. "ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ. ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ." (ਮਲਾ ਮਃ ੪)

ਮ੍ਰਿਗਮੈ: ਦੇਖੋ, ਮ੍ਰਿਗਮਦ.

ਮ੍ਰਿਗਯਾ: ਸੰ. ਸੰਗਜਾ- ਸ਼ਿਕਾਰ ਪੁਰ ਝਪਟਣ ਦੀ ਕ੍ਰਿਯਾ। ੨. ਜੀਵਾਂ ਨੂੰ ਟੋਲਣ ਦਾ ਕਰਮ, ਸ਼ਿਕਾਰ. ਅਹੇਰ. ਦੇਖੋ, ਮ੍ਰਿਗ੍ ਧਾ.

ਮ੍ਰਿਗਰਾਜ: ਪਸ਼ੁਰਾਜ, ਸ਼ੇਰ। ੨. ਦੇਖੋ, ਮ੍ਰਿਗਪਤਿ.

ਮ੍ਰਿਗਲੋਚਨਾ, ਮ੍ਰਿਗਲੋਚਨੀ: ਦੇਖੋ, ਮ੍ਰਿਗਨੈਨੀ.

ਮ੍ਰਿਗਵਾ: ਮ੍ਰਿਗ. ਸ਼ਾਵ. ਮ੍ਰਿਗ ਦਾ ਬੱਚਾ। ੨. ਦੇਖੋ, ਮ੍ਰਿਗਯਾ.

ਮ੍ਰਿਗਾਂਕ: ਸੰ. मृगाङ्क. ਸੰਗਜਾ- ਮ੍ਰਿਗ ਦੇ ਚਿੰਨ੍ਹ ਵਾਲਾ, ਚੰਦ੍ਰਮਾ. ਮ੍ਰਿਗਲਕ੍ਸ਼ਣ. ਮ੍ਰਿਗਲਾਂਛਨ।[1046] ੨. ਕਪੂਰ। ੩. ਪੌਣ. ਹਵਾ.

ਮ੍ਰਿਗਾਕ੍ਸ਼ੀ: ਦੇਖੋ, ਮ੍ਰਿਗਨੈਨੀ.

ਮ੍ਰਿਗਾਚ: ਮ੍ਰਿਗ ਨੂੰ ਅਚ (ਖਾਣ) ਵਾਲਾ, ਸ਼ੇਰ. ਮ੍ਰਿਗਾਦ੍. "ਸੂਕਰ ਮ੍ਰਿਗਾਚ." (ਸੁਖਮਨੀ) ੨. ਮ੍ਰਿਗਾਸ਼੍ਹ.

ਮ੍ਰਿਗਾਛੀ: ਦੇਖੋ, ਮ੍ਰਿਗਨੈਨੀ.

ਮ੍ਰਿਗਾਧਿਪ, ਮ੍ਰਿਗਾਧਿਪਤਿ: ਮ੍ਰਿਗਾਂ ਦਾ ਅਧਿਪਤਿ (ਸ੍ਵਾਮੀ) ਸ਼ੇਰ.

---

[1046]ਕਿਤਨਿਆਂ ਨੇ ਚੰਦ੍ਰਮਾ ਦਾ ਵਾਹਨ ਮ੍ਰਿਗ ਲਿਖ ਦਿਤਾ ਹੈ, ਕਿਸੇ ਨੇ ਚੰਦ੍ਰਮਾ ਦੀ ਧੁਜਾ ਵਿੱਚ ਮ੍ਰਿਗ ਦਾ ਨਿਸ਼ਾਨ ਦੱਸਿਆ ਹੈ. ਪਰ ਚੰਦ੍ਰਮਾ ਦੇ ਕਾਲੇ ਦਾਗ ਜੋ ਪ੍ਰਿਥਵੀ ਦਾ ਪ੍ਰਤੀਬਿੰਬ ਹਨ ਮ੍ਰਿਗ ਜਾਂ ਸਹੇ ਜੇਹੇ ਭਾਸਣ ਤੋਂ ਮ੍ਰਿਗਾਂਕ ਤੇ ਸ਼ਸ਼ਾਂਕ ਨਾਉਂ ਹੋ ਗਏ

ਮ੍ਰਿਗਾਨ, ਮ੍ਰਿਗਾਨੀ: ਸੰਗਯਾ- ਮ੍ਰਿਗਚਰਮ. ਮ੍ਰਿਗ ਦੀ ਖੱਲ. "ਸੇਲੀ ਨ ਬਾਂਧੋਂ, ਨ ਪਹਿਰੋਂ ਮ੍ਰਿਗਾਨੀ." (ਮਾਤ੍ਰਾ ਚਰਪਟਨਾਥ ਦੇ ਸੰਵਾਦ ਦੀ)

ਮ੍ਰਿਗਾਰਿ: ਮ੍ਰਿਗ- ਅਰਿ. ਮ੍ਰਿਗਾਰਾਤਿ. ਪਸ਼ੂਆਂ ਦਾ ਵੈਰੀ, ਸ਼ੇਰ। ੨. ਭੇਡੀਆ. ਬਘਿਆੜ। ੩. ਕੁੱਤਾ.

ਮ੍ਰਿਗਿਤ: ਸੰ. मृगित. ਵਿ- ਟੋਲਿਆ (ਤਲਾਸ਼) ਕੀਤਾ ਹੋਇਆ.

ਮ੍ਰਿਗਿੰਦ: ਮ੍ਰਿਗ- ਇੰਦ੍ਰ. ਦੇਖੋ, ਮ੍ਰਿਗੇਂਦ੍ਰ.

ਮ੍ਰਿਗੀ: ਹਰਿਣੀ. ਮ੍ਰਿਗ ਦੀ ਮਦੀਨ। ੨. ਕਸਤੂਰੀ। ੩. ਮਿਰਗੀ ਰੋਗ. ਅਪਸ੍ਮਾਰ। ੪. ਪੀਲੀ ਕੌਡੀ.

ਮ੍ਰਿਗੀਆ: ਦੇਖੋ, ਮ੍ਰਿਗੀ ੧. "ਜੈਸੇ ਮ੍ਰਿਗ ਮ੍ਰਿਗੀਆ ਕੇ ਲਹੇ." (ਚਰਿਤ੍ਰ ੯੮)

ਮ੍ਰਿਗੀਏਸ, ਮ੍ਰਿਗੀਪਤਿ, ਮ੍ਰਿਗੀਰਾਜ, ਮ੍ਰਿਗੀਰਾਟ: ਮ੍ਰਿਗੀ ਦਾ ਪਤਿ, ਮ੍ਰਿਗ. ਹਰਿਣ. "ਮ੍ਰਿਗੀਏਸ ਨੈਨ." (ਦੱਤਾਵ) "ਮ੍ਰਿਗੀ ਰਾਜ ਨੈਣੀ." (ਰਾਮਾਵ)

ਮ੍ਰਿਗੇਸ਼, ਮ੍ਰਿਗੇਂਦ੍ਰ: ਮ੍ਰਿਗਾਂ ਦਾ ਸ੍ਵਾਮੀ, ਸ਼ੇਰ. ਸਿੰਘ। ੨. ਕਾਲਾ ਹਰਿਣ. (ਸਨਾਮਾ) ੩. ਦੇਖੋ, ਏਕਅੱਛਰੀ ਦਾ ਰੂਪ ੩.

ਮ੍ਰਿਗਜਾ: ਦੇਖੋ, ਮ੍ਰਿਗਯਾ.

ਮ੍ਰਿਜ: ਸੰ. मृज. ਧਾ- ਮਾਂਜਣਾ, ਸਾਫ ਕਰਨਾ, ਮਸਲਣਾ, ਸ਼ਬਦ ਕਰਨਾ, ਝਾੜਨਾ, ਬੁਹਾਰਨਾ.

ਮ੍ਰਿਜਾਦ, ਮ੍ਰਿਜਾਦਾ: ਦੇਖੋ, ਮਰਯਾਦਾ.

ਮ੍ਰਿਜਯ: ਸੰ. मृज्य. ਵਿ- ਮਾਂਜਣ ਯੋਗਯ। ੨. ਮਸਲਣ ਲਾਇਕ.

ਮ੍ਰਿਡ, ਮ੍ਰਿਡਾ: ਦੇਖੋ, ਮ੍ਰਿੜ ਅਤੇ ਮ੍ਰਿੜਾ.

ਮ੍ਰਿਣ: ਸੰ. मृण. ਧਾ- ਕੱਤਣਾ, ਝਾੜਨਾ, ਚੂਰਣ ਕਰਨਾ.

ਮ੍ਰਿਣਾਲ: ਸੰ. मृणाल. ਸੰਗਯਾ- ਕਮਲ ਦੀ ਨਾਲੀ ਦਾ ਬਾਰੀਕ ਸੂਤ, ਜੋ ਆਸਾਨੀ ਨਾਲ ਤੋੜਿਆ ਜਾ ਸਕਦਾ ਹੈ. ਇਹ ਮੱਕੜੀ ਦੇ ਤੰਦ ਜੇਹਾ ਸੂਖਮ ਹੁੰਦਾ ਹੈ। ੨. ਕਮਲ ਦੀ ਨਾਲ (ਡੰਡੀ) ਨੂੰ ਭੀ ਕਈਆਂ ਨੇ ਮ੍ਰਿਣਾਲ ਲਿਖਿਆ ਹੈ.

ਮ੍ਰਿਣਾਲੀ: मृणालिन्. ਮ੍ਰਿਣਾਲ ਵਾਲਾ, ਕਮਲ. ਦੇਖੋ, ਮ੍ਰਿਣਾਲ.

ਮ੍ਰਿਤ: ਸੰ. मृत. ਮੁਰਦਾ. ਮੋਇਆ ਹੋਇਆ। ੨. ਮ੍ਰਿੱਤਿਕਾ (ਮਿੱਟੀ). ਮ੍ਰਿਦ. "ਕਈ ਕਰਤ ਕੋਟਿ ਮ੍ਰਿਤ ਕੋ ਅਹਾਰ." (ਅਕਾਲ) ਕਈ ਕਰੋੜ ਮਿੱਟੀ ਖਾਂਦੇ ਹਨ.

ਮ੍ਰਿਤਸੰਖ: ਮੁਰਦਾਸਿੰਗ. "ਮ੍ਰਿਤਸੰਖ ਮਨਾਸਿਲ ਅਭ੍ਰਕਯੰ." (ਸਮੁਦ੍ਰਮਥਨ) ਦੇਖੋ, ਮੁਰਦਾਸਿੰਗ.

ਮ੍ਰਿਤਸੰਜੀਵਨੀ: ਦੇਖੋ, ਕਚ ੭। ੨. ਦੇਖੋ, ਵਿਸ਼ਲਯਕਰਣੀ.

ਮ੍ਰਿਤਕ: ਸੰ. मृतक. ਸੰਗਯਾ- ਮੁਰਦਾ. ਲੋਥ। ੨. ਮਰਣ ਸਮੇਂ ਦੀ ਅਪਵਿਤ੍ਰਤਾ. ਪਾਤਕ। ੩. ਇੱਕ ਕਾਵ੍ਯ ਦੋਸ਼, ਅਰਥਾਤ ਐਸੇ ਪਦਾਂ ਦਾ ਵਰਤਣਾ, ਜੋ ਕੇਵਲ ਅਨੁਪ੍ਰਾਸ ਅਤੇ ਤੁਕਬੰਦੀ ਤੋਂ ਛੁੱਟ ਹੋਰ ਕੁਝ ਅਰਥ ਨਾ ਦੇਣ, ਯਥਾ- "ਆਨਨ ਮਾਨਨ ਸੋਹਤੋ ਤਾਨਨ ਭਾਨਨ ਜਾਨ."

ਮ੍ਰਿਤਕ ਸੰਸਕਾਰ: ਧਰਮਵਿਧੀ ਨਾਲ ਮੋਏ ਪ੍ਰਾਣੀ ਦੀ ਅੰਤਿਮ ਕ੍ਰਿਯਾ. ਦੇਖੋ, ਪਿਤ੍ਰਿਮੇਧ। ੨. ਸਿੱਖਧਰਮ ਅਨੁਸਾਰ ਇਸ ਸੰਸਕਾਰ ਦੀ ਵਿਧਿ ਇਹ ਹੈ-

(ੳ) ਮ੍ਰਿਤ ਸ਼ਰੀਰ ਨੂੰ ਸਨਾਨ ਕਰਾਕੇ ਤਖ਼ਤੇ ਸੰਦੂਕ ਆਦਿਕ ਵਿੱਚ ਰੱਖਕੇ, ਕੰਨ੍ਹਿਆਂ ਜਾਂ ਗੱਡੀ ਆਦਿਕ ਉੱਤੇ ਸਸਕਾਰ ਦੇ ਥਾਂ ਲੈਜਾਕੇ, ਅੰਗੀਠੇ (ਚਿਤਾ) ਅਥਵਾ ਚਿਮਨੀ ਵਿੱਚ ਅਰਦਾਸ ਕਰਕੇ ਦਾਹ ਕੀਤਾ ਜਾਵੇ.

(ਅ) ਰਾਗੀ ਅਥਵਾ ਹੋਰ ਸਿੱਖ ਮਾਰੂ ਅਤੇ ਵਡਹੰਸ ਰਾਗ ਦੇ ਵੈਰਾਗਮਈ ਸ਼ਬਦ ਗਾਉਣ.

(ੲ) ਕਪਾਲੁਕ੍ਰਿਯਾ ਕਰਨੀ ਗੁਰਮਤ ਵਿੱਚ ਵਿਵਰਜਿਤ ਹੈ.

(ਸ) ਦਾਹ ਦੇ ਥਾਂ ਤੋਂ ਮੁੜਕੇ ਸੋਹਲੇ ਦਾ ਪਾਠ ਕਰਕੇ ਕੜਾਹਪ੍ਰਸਾਦ ਵਰਤੇ.

(ਹ) ਸਸਕਾਰ ਵਾਲੇ ਦਿਨ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਦਾ ਆਰੰਭ ਕੀਤਾ ਜਾਵੇ, ਜਿਸ ਨੂੰ ਸਭ ਸੰਬੰਧੀ ਇੱਕਮਨ ਹੋਕੇ ਸੁਣਨ ਅਰ ਕਰਤਾਰ ਦਾ ਭਾਣਾ ਮੰਨਕੇ ਧੀਰਜ ਕਰਨ.

(ਕ) ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ. "ਦਸਹਰੇ" ਪਿੱਛੋਂ ਚਲਾਣੇ ਦੀ ਕ੍ਰਿਯਾ ਕੋਈ ਬਾਕੀ ਨਹੀਂ ਰਹਿੰਦੀ.

(ਖ) ਪਿੱਟਣਾ ਅਤੇ ਸਿਆਪਾ ਸਿੱਖਮਤ ਵਿੱਚ ਨਿਸ਼ੇਧ ਕੀਤਾ ਗਿਆ ਹੈ.

(ਗ) ਅਸਥੀਆਂ ਚੁਗਕੇ ਕਿਸੇ ਖਾਸ ਥਾਂ ਭੇਜਣੀਆਂ, ਪਰਲੋਕ ਵਿੱਚ ਮੋਏ ਹੋਏ ਪ੍ਰਾਣੀ ਨੂੰ ਪੁਚਾਣ ਲਈ ਕੋਈ ਵਸਤੂ ਦੇਣੀ ਗੁਰਮਤ ਤੋਂ ਵਿਰੁੱਧ ਹੈ.

(ਘ) ਖਿਆਹੀ ਆਦਿਕ ਸ਼੍ਰਾੱਧਕਰਮਾਂ ਦਾ ਭੀ ਸਿੱਖਮਤ ਵਿੱਚ ਤਿਆਗ ਹੈ.

ਮ੍ਰਿਤਕ ਮੜਾ: ਦੇਖੋ, ਮਿਰਤਕੁ ਮੜਾ.

ਮ੍ਰਿਤਕਾ: ਦੇਖੋ, ਮ੍ਰਿੱਤਿਕਾ.

ਮ੍ਰਿਤਗਤਿ: ਅਮ੍ਰਿਤਗਤਿ ਦਾ ਸੰਖੇਪ. ਦੇਖੋ, ਅਮ੍ਰਿਤਗਤਿ.

ਮ੍ਰਿਤਮੋਹ: ਵਿ- ਮੋਹ (ਅਗਯਾਨ) ਕਰਕੇ ਮੋਇਆ ਹੋਇਆ. ਅਵਿਦ੍ਯਾ ਦੇ ਕਾਰਣ ਮੁਰਦਾ। ੨. ਮੋਏ ਹੋਏ ਦੀ ਮੁਹੱਬਤ.

ਮ੍ਰਿਤਮੰਡਲ, ਮ੍ਰਿਤਲੋਕ: ਮਰ੍ਤ੍ਯ ਮੰਡਲ ਅਤੇ ਲੋਕ. ਮਰਨ ਵਾਲੇ ਮਨੁੱਖਾਂ ਦਾ ਦੇਸ਼. "ਮ੍ਰਿਤਮੰਡਲ ਜਗੁ ਸਾਜਿਆ ਜਿਉ ਬਾਲੂ ਘਰਬਾਰ." (ਬਿਲਾ ਮਃ ੫)

ਮ੍ਰਿਤਿ: ਮ੍ਰਿੱਤਿਕਾ (ਮਿੱਟੀ) ਦਾ ਸੰਖੇਪ। ੨. ਸੰ. मृति. ਮੌਤ. ਮ੍ਰਿਤ੍ਯੁ.

ਮ੍ਰਿੱਤਿਕਾ: ਸੰ. मृतिका. ਸੰਗ੍ਯਾ- ਮਿੱਟੀ.

ਮ੍ਰਿਤ੍ਯੁ: ਸੰ. ਸੰਗ੍ਯਾ- ਮੌਤ. ਪ੍ਰਾਣਵਿਯੋਗ. "ਮ੍ਰਿਤ੍ਯੁ ਜਨਮ ਭ੍ਰਮੰਤਿ ਨਰਕਹ." (ਸਹਸ ਮਃ ੫) ਸੁਸ਼੍ਰੁਤ ਸੰਹਿਤਾ ਵਿੱਚ ਲਿਖਿਆ ਹੈ ਕਿ ਆਯੁਰਵੇਦ ਦੇ ਗ੍ਯਾਤਾ, ਮ੍ਰਿਤ੍ਯੁ ੧੦੧ ਪ੍ਰਕਾਰ ਦੀ ਆਖਦੇ ਹਨ. ਇਨ੍ਹਾਂ ਵਿੱਚੋਂ ਇੱਕ ਮੌਤ ਉਹ ਹੈ, ਜੋ ਕੁਦਰਤੀ ਤੌਰ ਤੇ ਪੂਰੀ ਉਮਰ ਭੋਗਣ ਪਿੱਛੋਂ ਆਉਂਦੀ ਹੈ ਅਤੇ ਉਸੇ ਦਾ ਨਾਉਂ ਕਾਲ ਹੈ, ਬਾਕੀ ਸੌ ਪ੍ਰਕਾਰ ਦੀ ਮੌਤ ਅਕਾਲ- ਮ੍ਰਿਤ੍ਯੁ ਹੈ, ਅਰਥਾਤ ਜੀਵਨ ਦੇ ਨਿਯਮ ਭੰਗ ਕਰਨ ਤੋਂ ਰੋਗਾਂ ਦੇ ਕਾਰਣ ਹੁੰਦੀ ਹੈ.

ਮ੍ਰਿਤ੍ਯੁੰਜਯ: ਸੰ. मृत्युञ्जय. ਸੰਗ੍ਯਾ- ਮੌਤ ਦੇ ਜਿੱਤਣ ਵਾਲਾ, ਸ਼ਿਵ। ੨. ਬ੍ਰਹਮਗ੍ਯਾਨੀ। ੩. ਤੰਤ੍ਰਸ਼ਾਸਤ੍ਰ ਅਨੁਸਾਰ ਇੱਕ ਮੰਤ੍ਰ, ਜਿਸ ਦੇ ਜਪ ਨਾਲ ਅਕਾਲ ਮੌਤ ਦਾ ਜਿੱਤਣਾ ਲਿਖਿਆ ਹੈ.[1047]

ਮ੍ਰਿਦ: ਸੰ. मृद्. ਧਾ- ਮਲਣਾ, ਰਗੜਨਾ, ਦਬਾਉਣਾ। ੨. ਸੰਗ੍ਯਾ- ਮਿੱਟੀ। ੩. ਢੇਲਾ. ਡਲਾ.

---

[1047] उों त्र्यम्बकं यजामहं सुगन्धि पुष्टिवर्धनम्।
उर्वारुकमिव बन्धनान्मृत्योर्मुक्षीयमाऽमृतात् ॥
(ਯਜੁਰਵੇਦ ਅਃ ੩. ਮੰਤ੍ਰ ੬੦)

ਮ੍ਰਿਦਅੰਗ: ਦੇਖੋ, ਮ੍ਰਿਦੁ ਅਤੇ ਅੰਗ। ੨. ਦੇਖੋ, ਮ੍ਰਿਦੰਗ. "ਦ੍ਰਮ ਦ੍ਰਮ ਦ੍ਰਮਕੀ ਮ੍ਰਿਦਅੰਗਾ." (ਨਾਪ੍ਰ) ਦ੍ਰਮ ਦ੍ਰਮ ਸ਼ਬਦ ਕਰਦੀ ਮ੍ਰਿਦੰਗ ਵੱਜੀ.

ਮ੍ਰਿਦਜਨ: ਮ੍ਰਿਦ (ਮਿੱਟੀ) ਜਨਜ (ਪੈਦਾ ਹੋਇਆ). (ਨਾਪ੍ਰ) ਮਿੱਟੀ ਤੋਂ ਉਪਜਿਆ ਠੂਠੀ ਘੜਾ ਆਦਿ.

ਮ੍ਰਿਦੁ, ਮ੍ਰਿਦਕੁ, ਮ੍ਰਿਦੁਲ: ਸੰ. ਵਿ- ਕੋਮਲ. ਨਰਮ. ਮੁਲਾਯਮ. ਕੂਲਾ.

ਮ੍ਰਿਦੰਕ, ਮ੍ਰਿਦੰਗ: ਸੰ. मृदङ्ग. ਮ੍ਰਿਦੰਗ. ਸੰਗਜਾ- ਢੋਲ ਦੇ ਆਕਾਰ ਦਾ ਇੱਕ ਵਾਜਾ, ਜੋ ਮੱਧਭਾਗ ਤੋਂ ਮੋਟਾ ਅਤੇ ਦੋਹਾਂ ਸਿਰਿਆਂ ਤੋਂ ਪਤਲਾ ਹੁੰਦਾ ਹੈ.[1048] ਇਹ ਚੰਮ ਨਾਲ ਮੜ੍ਹਿਆ ਅਤੇ ਚੰਮ ਦੀ ਵੱਧਰੀਆਂ ਨਾਲ ਖਿੱਚਿਆ ਜਾਂਦਾ ਹੈ. ਇਸ ਦਾ ਸੱਜਾ ਪੁੜਾ ਸਿਆਹੀ ਵਾਲਾ ਅਤੇ ਖੱਬੇ ਪਾਸੇ ਦਾ ਖਾਲੀ ਹੁੰਦਾ ਹੈ, ਜਿਸ ਪੁਰ ਆਟਾ ਲਾਈਦਾ ਹੈ. "ਬਾਜੇ ਬਜਹਿ" ਮ੍ਰਿਦੰਗ ਅਨਾਹਦ." (ਮਲਾ ਪੜਤਾਲ ਮਃ ੫)

ਮ੍ਰਿਦੰਗੀ: ਛੋਟਾ ਮ੍ਰਿਦੰਗ। ੨. ਮ੍ਰਿਦੰਗ ਆਕਾਰ ਦਾ ਕੱਚ ਦਾ ਪਾਤ੍ਰ, ਜੋ ਦੀਵੇ ਦੇ ਦੁਆਲੇ ਗਿਲਾਫ ਦੀ ਤਰਾਂ ਰੱਖੀਦਾ ਹੈ। ੩. ਮਕਰਾਨ ਦੇਸ਼ ਦਾ ਨਿਵਾਸੀ. "ਮਕਰਾਨਂ ਕੇ ਮ੍ਰਿਦੰਗੀ." (ਅਕਾਲ) ੪. ਮ੍ਰਿਦੰਗ ਬਜਾਉਣ ਵਾਲਾ.

ਮ੍ਰਿਦੰਗੀਆ: ਮ੍ਰਿਦੰਗ ਬਜਾਉਣ ਵਾਲਾ.

ਮ੍ਰਿਨਾਲ: ਦੇਖੋ, ਮ੍ਰਿਣਾਲ.

ਮ੍ਰਿਨਾਲ ਕੀ ਤਾਰ: ਕਮਲ ਨਾਲ ਦੀ ਤੰਦ, ਜੋ ਮਕੜੀ ਦੇ ਸੂਤ ਜੇਹੀ ਬਰੀਕ ਹੁੰਦੀ ਹੈ. "ਟੂਟ ਗਏ ਜਸੋਂ ਮ੍ਰਿਨਾਲ ਕੀ ਤਾਰਾ." (ਕ੍ਰਿਸਨਾਵ)

ਮ੍ਰਿਯਮਾਣ, ਮ੍ਰਿਯਮਾਨ: ਸੰ. म्रियमाण. ਮੁਰਦੇ ਜੇਹਾ। ੨. ਮਰਨ ਵਾਲਾ. ਜਿਸ ਦੀ ਜਾਨ ਨਿਕਲਣ ਵਾਲੀ ਹੈ.

ਮ੍ਰਿੜ: ਸੰ. मृड्. ਧਾ- ਸੁਖ ਦੇਣਾ, ਖ਼ੁਸ਼ ਕਰਨਾ, ਚੂਰਣ ਕਰਨਾ (ਪੀਹਣਾ), ਡੁੱਬਣਾ। ੨. ਸੰਗਜਾ- ਸ਼ਿਵ. ਮਹਾਦੇਵ. "ਸੰਭੂ ਚੰਦ੍ਰਚੂੜ ਮ੍ਰਿੜ ਅਹੇ." (ਗੁਪ੍ਰਸੂ)

ਮ੍ਰਿੜਾ, ਮ੍ਰਿੜਾਨੀ, ਮ੍ਰਿੜਾਲੀ: ਸੰਗਜਾ- ਮ੍ਰਿੜ (ਸ਼ਿਵ) ਦੀ ਇਸਤ੍ਰੀ. ਦੁਗੀਂ. ਪਾਰਵਤੀ. "ਹੱਸਤ ਹਾਸ ਮ੍ਰਿੜਾ." (ਕਲਕੀ) "ਨਮੋ ਪੋਖਣੀ ਸੋਖਣੀਯੰ ਮ੍ਰਿੜਾਲੀ." (ਚੰਡੀ ੨)

ਮ੍ਰਜ: ਦੇਖੋ, ਮੁਰਜ.

ਮ੍ਲੇਛ: ਦੇਖੋ, ਮਲੇਛ.

ਯ[1049]: ਪੰਜਾਬੀ ਵਰਣਮਾਲਾ ਦਾ ਇਕਤੀਹਵਾਂ ਅੱਖਰ. ਇਸ ਦਾ ਉੱਚਾਰਣ ਤਾਲੂ ਤੋਂ ਹੁੰਦਾ ਹੈ. ਪੰਜਾਬੀ ਵਿੱਚ ਇਹ ਅਨੇਕ ਥਾਂ ਜੱਜਾ ਹੋ ਜਾਂਦਾ ਹੈ, ਜਿਵੇਂ- ਯਤੀ ਦੀ ਥਾਂ ਜਤੀ, ਯੁਗ ਦੀ ਥਾਂ ਜੁਗ, ਯੋਗ ਦੀ ਥਾਂ ਜੋਗ ਆਦਿ, ਅਰ ਬਹੁਤ ਜਗਾ ਈੜੀ ਅਤੇ ਦੋਲਾਵਾਂ ਦੇ ਥਾਂ ਭੀ ਆਉਂਦਾ ਹੈ,[1050] ਜਿਵੇਂ- ਸਹਾਯ- ਸਹਾਇ, ਜਇ- ਜਯ- ਜੈ, ਭਇ- ਭਯ- ਭੈ ਆਦਿ। ੨. ਸੰ. ਸੰਗਜਾ- ਪਵਨ. ਹਵਾ। ੩. ਯਸ਼. ਕੀਰਤਿ। ੪. ਯਗਜ. ਜੱਗ। ੫. ਗਤਿ. ਚਾਲ। ੬. ਸੰਯਮ. ਰੋਕਣ ਦੀ ਕ੍ਰਿਯਾ। ੭. ਇੰਦ੍ਰੀਆਂ ਦਾ ਰੋਕਣਾ। ੮. ਯਗਣ ਦਾ ਸੰਖੇਪ ਨਾਮ. ਦੇਖੋ, ਯਗਣ। ੯. ਯਾਨ ਸਵਾਰੀ। ੧੦. ਜੋ. ਯਵ। ੧੧. ਪ੍ਰਕਾਸ਼। ੧੨. ਫ਼ਾ. ے ਇਹ ਅੱਖਰ ਸ਼ਬਦ ਦੇ ਅੰਤ ਲਗਕੇ ਇੱਕ ਦਾ ਅਰਥ ਦਿੰਦਾ ਹੈ, ਜੈਸੇ- ਮਰਦੇ

---

[1048] ਸਭ ਤੋਂ ਪਹਿਲਾਂ ਇਹ ਘੜੇ ਵਾਕਰ ਆਵੀ ਵਿੱਚ ਪਕਾਇਆ ਮਿੱਟੀ ਦਾ ਹੋਇਆ ਕਰਦਾ ਸੀ, ਜਿਸ ਤੋਂ "ਮ੍ਰਿਦੰਗ" ਸੰਗਜਾ ਹੋਈ. ਹੁਣ ਕਾਠ ਜਾਂ ਧਾਤੁ ਦਾ ਹੋਇਆ ਕਰਦਾ ਹੈ.

[1049] "ਯ" ਦੇ ਬਹੁਤ ਸ਼ਬਦ ਪੰਜਾਬੀ ਵਿੱਚ "ਜ" ਨਾਲ ਬਦਲ ਗਏ ਹਨ, ਇਸ ਲਈ ਜੋ ਇਸ ਅੱਖਰ ਵਿੱਚ ਨਾ ਮਿਲੇ, ਉਹ ਜੱਜੇ ਵਿੱਚ ਦੇਖਣਾ ਚਾਹੀਏ.

[1050] ਖ਼ਾਸ ਕਰਕੇ ਦਸਮਗ੍ਰੰਥ ਦੀ ਵ੍ਰਿਜਭਾਸ਼ਾ ਮਿਲੀ ਕਵਿਤਾ ਵਿੱਚ.

ਯਸ਼: ਸੰ. यशस्. ਕੀਰਤਿ. ਵਡਿਆਈ. ਨੇਕਨਾਮੀ.

ਯਸ਼ਸ੍ਵੀ: ਸੰ. यशस्विन. ਵਿ- ਯਸ਼ ਵਾਲਾ. ਨੇਕਨਾਮ.

ਯਸਟੀ: ਲਾਠੀ. ਸੋਟੀ. ਦੇਖੋ, ਯਸ਼੍ਟਿ.

ਯਸਟੀ ਅਰਧੰਗ: ਸੰਗਯਾ- ਯਸ਼੍ਟਿ (ਲਾਠੀ) ਹੈ ਜਿਸ ਦੇ ਅੱਧੇ ਅੰਗ ਵਿੱਚ, ਨੇਜ਼ਾ. ਭਾਲਾ. (ਸਨਾਮਾ)

ਯਸ਼ੋਦਾ, ਯਸ਼ੋਧਾ: ਕ੍ਰਿਸ਼ਨ ਜੀ ਦੀ ਪਾਲਕ ਮਾਤਾ. ਦੇਖੋ, ਜਸੁਦਾ। ੨. ਇੱਕ ਛੰਦ. ਦੇਖੋ, ਉਗਾਧ.

ਯਸ਼੍ਟਿ: ਸੰ. ਸੰਗਯਾ- ਧੁਜਾ ਨੇਜ਼ੇ ਆਦਿ ਦਾ ਡੰਡਾ। ੨. ਸੋਟੀ. ਲਾਠੀ। ੩. ਮੁਲੱਠੀ। ੪. ਬਾਂਹ. ਭੁਜਾ.

ਯਹ, ਯਹਿ: ਸਰਵ- ਇਹ. ਏਹ. "ਯਹ ਮਨੁ ਨੈਕ ਨ ਕਹਿਓ ਕਰੈ." (ਦੇਵ ਮਃ ੯)

ਯਹਿਯਾਖ਼ਾਨ, ਯਹ੍ਹਿਯਾਖ਼ਾਨ, ਯਹੀਯਾਖ਼ਾਨ, ਯਹ੍ਹੀਯਾਖ਼ਾਨ: یحیٰ خاں ਜ਼ਕਰੀਆਖ਼ਾਨ (ਖ਼ਾਨ- ਬਹਾਦੁਰ) ਦਾ ਬੇਟਾ ਅਤੇ ਸ਼ਾਹਨਵਾਜ਼ਖ਼ਾਨ ਦਾ ਭਾਈ. ਇਹ ਦੋ ਸਾਉਂਣ ਸੰਮਤ ੧੮੦੨ (ਸਨ ੧੭੪੫) ਨੂੰ ਖ਼ਾਨਬਹਾਦੁਰ ਦੇ ਮਰਣ ਪੁਰ ਕੁਝ ਸਮਾਂ ਲਹੌਰ ਦਾ ਹਾਕਿਮ ਰਿਹਾ ਹੈ. ਇਸ ਨੇ ਸਿੱਖਾਂ ਨਾਲ ਲੜਦੇ ਭਿੜਦੇ ਸਮਾਂ ਵਿਤਾਇਆ ਅਤੇ ਅਨੇਕ ਧਰਮਵੀਰਾਂ ਨੂੰ ਵਡੇ ਦੁੱਖ ਦੇਕੇ ਮਾਰਿਆ. ਇਸ ਦਾ ਮਕਬਰਾ ਲਹੌਰ ਪਾਸ ਬੇਗਮਪੁਰੇ ਦੇ ਪੂਰਵ "ਬੱਗਾ ਗੁੰਬਜ" ਨਾਮ ਤੋਂ ਪ੍ਰਸਿੱਧ ਹੈ. ਦੇਖੋ, ਮੀਰਮੰਨੂ

ਯਹੂਦੀ: یہوُدی ਹੀ. Jew. Paleatine ਦੇ Juzea ਇਲਾਕੇ ਦਾ ਵਸਨੀਕ। ੨. ਮਹਾਤਮਾ ਮੂਸਾ ਨੂੰ ਪੈਗ਼ੰਬਰ ਅਤੇ ਤੌਰੇਤ ਨੂੰ ਧਰਮਪੁਸ੍ਤਕ ਮੰਨਣ ਵਾਲਾ. ਯਹੂਦੀ ਲੋਕ ਸਾਰੇ ਦੇਸ਼ਾਂ ਵਿੱਚ ਪਾਏ ਜਾਂਦੇ ਹਨ ਅਰ ਵਪਾਰ ਵਿੱਚ ਵਡੇ ਨਿਪੁਣ ਹਨ. ਇਹ ਈਸਾਈਆਂ ਦੇ ਹੱਥੋਂ ਤੰਗ ਆਕੇ ਬੇਘਰੇ ਹੋਕੇ ਦੇਸ਼ ਦੇਸ਼ਾਂਤਰਾਂ ਵਿੱਚ ਭਟਕਦੇ ਰਹੇ ਹਨ. ਇਨ੍ਹਾਂ ਦੇ ਤਸੀਹਿਆਂ ਦਾ ਜਿਕਰ ਕਰਦੇ ਰੋਮ ਖੜੇ ਹੁੰਦੇ ਹਨ. ਇਸ ਵਡੇ ਜੰਗ ਮਗਰੋਂ ਅੰਗ੍ਰੇਜਾਂ ਨੇ ਯਹੂਦੀਆਂ ਤੇ ਕਰਸ ਖਾਕੇ ਮੁੜ ਇਨ੍ਹਾਂ ਨੂੰ ਆਪਣੇ ਪੁਰਾਣੇ ਵਤਨ ਵਸਾਣ ਦਾ ਜਤਨ ਕੀਤਾ ਹੈ.

ਯਹੂਦੀ ਖ਼ੁਦਾ ਦੇ ਹੁਕਮ ਅਨੁਸਾਰ ਛਨਿੱਛਰਵਾਰ ਨੂੰ ਪਵਿਤ੍ਰ ਦਿਨ ਮੰਨਦੇ, ਸੱਤ ਵਾਰ ਨਮਾਜ਼ ਪੜ੍ਹਦੇ ਅਤੇ ਚਾਲੀਹ ਰੋਜ਼ੇ ਰਖਦੇ ਹਨ. ਦੇਖੋ, ਮੂਸਾ.

ਯਕ: ਸੰ. ਸਰਵ- ਕੌਣ. ਕੇਹੜਾ। ੨. ਫ਼ਾ. یک ਇੱਕ. ਏਕ. "ਯਕ ਅਰਜ ਗੁਫਤਮ ਪੇਸਿ ਤੋ." (ਤਿਲੰ ਮਃ ੧)

ਯਕਸਾਂ: ਫ਼ਾ. یکساں ਕ੍ਰਿ. ਵਿ- ਇੱਕੋ ਜੇਹਾ. ਸਮਾਨ. ਤੁਲ੍ਯ.

ਯਕਜ਼ਮਾਂ: ਫ਼ਾ. یکزماں ਕ੍ਰਿ. ਵਿ- ਇੱਕ ਵੇਲੇ. ਇੱਕ ਸਮੇਂ.

ਯਕਤਾ: ਫ਼ਾ. یکتا ਵਿ- ਅਦੁਤੀ. ਲਾਸਾਨੀ। ੨. ਸੰਗਯਾ- ੧ਓ ਕਰਤਾਰ.

ਯਕਦਸ੍ਤ: ਫ਼ਾ. یکدست ਕ੍ਰਿ. ਵਿ- ਇੱਕੋ ਜੇਹਾ. ਯਕਸਾਂ। ੨. ਵਿ- ਇਤਿਫ਼ਾਕ਼ (ਮੇਲ) ਰੱਖਣ ਵਾਲਾ। ੩. ਕ੍ਰਿ. ਵਿ- ਬਯਕ ਦਸ੍ਤ. ਇੱਕ ਹੱਥ ਨਾਲ। ੪. ਇੱਕੋ ਵੇਰ at once.

ਯਕਦਿਗਰ: ਫ਼ਾ. یکدِگر ਕ੍ਰਿ. ਵਿ- ਇੱਕ ਦੂਜਾ। ੨. ਬਯਕ ਦਿਗਰ. ਇੱਕ ਦੂਜੇ ਨਾਲ.

ਯਕਬਾਰ: ਫ਼ਾ. یک بار ਕ੍ਰਿ. ਵਿ- ਇੱਕੋ ਵੇਰ. ਏਕ ਦਫ਼ਅ਼ਹ.

ਯਕਬਾਰਗੀ: ਫ਼ਾ. یک بارگی ਕ੍ਰਿ. ਵਿ- ਇੱਕੇ ਵੇਰ. ਦਫ਼ਅ਼ਤਨ. ਅਚਾਨਕ.

ਯਕਾਪ: ਯਕ (ਇੱਕ) ਆਪ. "ਯਕਸਤ੍ਵਾ ਯਕਾਪੰ." (ਗਜਾਨ)

ਯਕੀਦਾ: ਅ਼. عقیدہ ਅ਼ਕ਼ੀਦਹ. ਸੰਗਯਾ- ਨਿਸ਼ਚਾ. ਭਰੋਸਾ. ਸ਼੍ਰੱਧਾ.

**ਯਕੀਨ:** ਅ. یقین ਯਕ਼ੀਨ. ਸੰਗਯਾ- ਸ਼੍ਰੱਧਾ. ਵਿਸ਼੍ਵਾਸ਼. ਭਰੋਸਾ. "ਯਕੀਨ ਮੁਸਲਾ." (ਮਾਰੂ ਸੋਲਹੇ ਮਃ ੫) ਸ਼੍ਰੱਧਾ ਮੁਸੱਲਾ ਹੈ. ਦੇਖੋ, ਐਨੁਲਯਕੀਨ.

**ਯਕੀਨਨ, ਯਕ਼ੀਨਨ:** ਅ. یقیناً ਕ੍ਰਿ. ਵਿ- ਨਿਸਚੇ ਕਰਕੇ. ਬਿਨਾ ਸੰਸੇ.

**ਯਕੀਨਾ:** ਦੇਖੋ, ਯਕੀਨਨ। ੨. ਦੇਖੋ, ਯਕੀਨ. "ਜਿਨਾ ਯਕੀਨਾ ਹਿਕ ਸਿਉ." (ਵਾਰ ਮਾਰੂ ੨. ਮਃ ੫)

**ਯਕੂਬ:** ਅ. یعقوب ਯਅ਼ਕੂਬ (Jacob) ਇੱਕ ਪੈਗ਼ੰਬਰ, ਜੋ ਇਸਹਾਕ ਦਾ ਪੁਤ੍ਰ ਅਤੇ ਇਬਰਾਹੀਮ ਦਾ ਪੋਤਾ ਸੀ. ਇਸ ਦਾ ਪ੍ਰਸੰਗ ਦੇਖੋ, ਕ਼ੁਰਾਨ ਦੀ ਸੂਰਤ ੧੨. ਵਿੱਚ. ਬਾਈਬਲ ਵਿੱਚ ਇਸ ਦੀ ਉਮਰ ੧੪੭ ਵਰ੍ਹੇ ਦੀ ਲਿਖੀ ਹੈ, ਅਰ ਇਸੇ ਦਾ ਨਾਮ ਇਸਰਾਈਲ ਹੈ.

**ਯਕੇ:** ਫ਼ਾ. یکے ਇੱਕ। ੨. ਕੋਈ ਇੱਕ.

**ਯਕੇਸ੍ਤ:** ਫ਼ਾ. یکیست ਇੱਕ ਹੈ.

**ਯੱਕਾ:** ਫ਼ਾ. یکّہ ਸੰਗਯਾ- ਦੋ ਪਹੀਆ ਗੱਡੀ, ਜਿਸ ਨੂੰ ਇੱਕ ਘੋੜਾ ਜੋਤਿਆ ਜਾਂਦਾ ਹੈ। ੨. ਤਾਸ਼ ਦਾ ਉਹ ਪੱਤਾ, ਜਿਸ ਤੇ ਹਰੇਕ ਰੰਗ ਦਾ ਪਹਿਲਾ ਚਿੰਨ੍ਹ ਹੁੰਦਾ ਹੈ। ੩. ਵਿ- ਕੱਲਾ. ਏਕਲਾ.

**ਯਕ੍ਰਿਤ:** ਸੰ. यकृत. ਸੰਗਯਾ- ਸੰਯਮ ਕਰਨ ਵਾਲਾ, ਕਲੇਜਾ. Liver. ਦੇਖੋ, ਜਿਗਰ। ੨. ਤਿੱਲੀ. ਦੇਖੋ, ਲਿੱਫ.

**ਯਕ੍ਸ਼:** ਸੰ. यक्ष्. ਧਾ- ਆਰਾਧਨ ਕਰਨਾ, ਪੂਜਨ ਕਰਨਾ, ਸਤਕਾਰ (ਆਦਰ) ਕਰਨਾ। ੨. ਸੰਗਯਾ- ਦੇਵਤਾ, ਜੋ ਪੂਜਿਆ ਜਾਂਦਾ ਹੈ। ੩. ਦੇਵਤਿਆਂ ਦੀ ਇੱਕ ਖਾਸ ਜਾਤਿ. ਗੁਹਜਕ. ਕੁਬੇਰ ਦੀ ਸੇਵਾ ਵਿੱਚ ਰਹਿਣ ਵਾਲੇ ਦੇਵਤੇ. ਵਿਸ਼ਨੁਪੁਰਾਣ ਅੰਸ਼ ੧, ਅਃ ੫. ਵਿੱਚ ਲਿਖਿਆ ਹੈ ਕਿ ਇੱਕ ਵੇਰ ਬ੍ਰਹਮਾ ਨੂੰ ਭੁੱਖ ਲੱਗੀ, ਉਸ ਤਮੋ ਪ੍ਰਕ੍ਰਿਤਿ ਤੋਂ ਯਕ੍ਸ਼ ਪੈਦਾ ਹੋਏ। ੪. ਇੰਦ੍ਰ ਦਾ ਘਰ। ੫. ਯਕ੍ਸ਼ਾਂ ਦਾ ਸ੍ਵਾਮੀ ਕੁਬੇਰ.

**ਯਕ੍ਸ਼ਕਰਦਮ:** ਸੰਗਯਾ- ਯਕ੍ਸ਼ਾਂ ਦਾ ਪਿਆਰਾ, ਕਦੰਮ (ਗਾਰਾ). ਕੇਸਰ. ਕਸਤੂਰੀ, ਕਪੂਰ, ਚੰਦਨ ਅਤੇ ਅਗਰ ਇੱਕੋ ਜਿੰਨੇ ਲੈਕੇ ਬਣਾਇਆ ਹੋਇਆ ਲੇਪ, ਜੋ ਵਟਣੇ ਵਾਂਙ ਸ਼ਰੀਰ ਤੇ ਮਲਿਆ ਜਾਂਦਾ ਹੈ.

**ਯਕ੍ਸ਼ਤਰੁ:** ਸੰ. ਵਟ. ਬਰੋਟਾ. ਬੋਹੜ.

**ਯਕ੍ਸ਼ਨਾਥ, ਯਕ੍ਸ਼ਪਤਿ:** ਸੰਗਯਾ- ਯਕ੍ਸ਼ਾਂ ਦਾ ਸ੍ਵਾਮੀ ਕੁਬੇਰ. ਯਕ੍ਸ਼ਰਾਜ. ਯਕ੍ਸ਼ੇਸ਼੍ਵਰ. ਦੇਵਤਿਆਂ ਦਾ ਖ਼ਜ਼ਾਨਚੀ.

**ਯਕ੍ਸ਼ਮ:** ਸੰ. यक्ष्मन. ਸੰਗਯਾ- ਰੋਗ. ਬੀਮਾਰੀ। ੨. ਮਿਰਗੀ ਰੋਗ। ੩. ਤਪਦਿੱਕ਼ Consumption.

**ਯਕ੍ਸ਼ਮਾ:** यक्ष्मा. ਖਈ ਰੋਗ. ਤਪਦਿੱਕ. ਦੇਖੋ, ਖਈ ੩

**ਯਕ੍ਸ਼ਰਾਜ:** ਦੇਖੋ, ਯਕ੍ਸ਼ਨਾਥ.

**ਯਕ੍ਸ਼ਿਣੀ:** ਸੰ. ਸੰਗਯਾ- ਯਕ੍ਸ਼ ਦੀ ਇਸਤ੍ਰੀ.

**ਯਕ੍ਸ਼ੇਸ਼੍ਵਰ:** ਯਕ੍ਸ਼- ਈਸ਼੍ਵਰ. ਦੇਖੋ, ਯਕ੍ਸ਼ਪਤਿ.

**ਯਖ਼:** ਫ਼ਾ. یخ ਸੰਗਯਾ- ਕੱਕਰ. ਬਰਫ਼.

**ਯਖ਼ਨੀ:** ਫ਼ਾ. یخنی ਸੰਗਯਾ- ਜ਼ਖ਼ੀਰਾ। ੨. ਪੱਕਿਆ ਹੋਇਆ ਮਾਸ। ੩. ਮਾਸ ਦਾ ਗਾੜ੍ਹਾ ਰਸਾ (ਸ਼ੋਰਵਾ).

**ਯਗਣ:** ਇਕ ਵਰਣਿਕ ਗਣ, ਜਿਸ ਦਾ ਰੂਪ ਆਦਿ ਲਘੁ ਹੈ. ISS.

**ਯਗਾਨਗਤ:** ਫ਼ਾ. یگانگت ਸੰਗਯਾ- ਅਪਣੱਤ. ਅਪਨਾਪਨ। ੨. ਏਕਾ. ਐਕਯ.

ਯਗਾਨਾ: ਫ਼ਾ. یگانہ ਵਿ- ਆਪਣਾ। ੨. ਅਦੁਤੀ. ਬੇਮਿਸਲ.

ਯੱਗ, ਯਗਯ: ਦੇਖੋ, ਜੱਗ.

ਯਗੋਪਵੀਤ: ਸੰ. यज्ञोपवीत. ਸੰਗਯਾ- ਯਗਯ ਕਰੇ ਸੰਸਕਾਰ ਕੀਤਾ ਗਿਆ ਸੂਤ੍ਰ, ਜੰਞੂ. ਜਨੇਊ. ਉਪਨਯਨ ਸੰਸਕਾਰ ਨਾਲ ਪਵਿਤ੍ਰ ਕੀਤਾ ਤਿਹਰਾ ਸੂਤ, ਜੋ ਸੱਜੇ ਕੰਨ੍ਹੇ ਤੋਂ ਖੱਬੀ ਕੁਖ ਪੁਰ ਲਟਕਾਇਆ ਜਾਂਦਾ ਹੈ. ਦੇਖੋ, ਜਨੇਊ.

ਯਜ: ਸੰ. यज्. ਧਾ- ਯਗਯ ਕਰਨਾ, ਹਵਨ ਕਰਨਾ, ਅਰਪਨ ਕਰਨਾ, ਸੰਯੋਗ ਕਰਨਾ.

ਯਜ਼ਦਾਂ: ਫ਼ਾ. یزداں ਸੰਗਯਾ- ਕਰਤਾਰ. ਪਾਰਬ੍ਰਹਮ. "ਯਜ਼ਦਾਂ ਸਿਮਰਨ ਮੇ ਅਨੁਰਾਗ." (ਗੁਪ੍ਰਸੂ)

ਯਜ਼ਦਾਨ ਪਾਕ: ਫ਼ਾ. یزداں پاک ਪਵਿਤ੍ਰਰੂਪ ਕਰਤਾਰ. ਸ਼ੁੱਧ ਬ੍ਰਹਮ.

ਯਜਨ: ਸੰ. ਸੰਗਯਾ- ਯਗਯ ਕਰਨ ਅਤੇ ਪੂਜਣ ਦੀ ਕ੍ਰਿਯਾ. ਦੇਖੋ, ਯਜ ਧਾ.

ਯਜਮਾਨ: ਸੰ. ਸੰਗਯਾ- ਯਜਨ ਵਾਲਾ, ਯਗਯ ਕਰਨ ਵਾਲਾ. ਉਹ ਪੁਰੁਸ਼, ਜਿਸ ਤੋਂ ਬ੍ਰਾਹਮਣ (ਪੁਰੋਹਿਤ) ਯਗਯ, ਹਵਨ ਆਦਿ ਕਰਮ ਕਰਵਾਕੇ ਦੱਛਣਾ ਲੈਂਦੇ ਹਨ, ਦੇਖੋ, ਯਜ ਧਾ. "ਭਾ ਯਜਮਾਨ ਬ੍ਰਹਮੰਡ ਨਿਕੇਤਾ." (ਨਾਪ੍ਰ)

ਯਜ਼ੀਦ: ਅ਼. یزید ਉੱਮੀਯਾ ਖ਼ਾਨਦਾਨ ਦੇ ਤਿੰਨ ਖ਼ਲੀਫ਼ੇ ਇਸ ਨਾਮ ਦੇ ਹੋਏ ਹਨ, ਜਿਨ੍ਹਾਂ ਵਿੱਚੋਂ ਪਹਿਲੇ ਨੇ[1051] ਇਮਾਮ ਹੁਸੈਨ ਨੂੰ ਕਰਬਲਾ ਦੇ ਮੁਕਾਮ ਕਤਲ ਕਰਵਾਇਆ ਸੀ. ਦੇਖੋ, ਹੁਸੈਨ। ੨. ਵਿ- ਸ਼ਰੀਰ. ਖੋਟਾ। ੩. ਬੇਰਹ਼ਮ. ਨਿਰਦਯ.

ਯਜੁਰਵੇਦ: ਦੇਖੋ, ਵੇਦ.

ਯਤ: ਸੰ. यत. ਧਾ- ਨਿਸ਼ਚਾ ਕਰਨਾ, ਜਤਨ ਕਰਨਾ, ਦੁੱਖ ਦੇਣਾ, ਦੰਡ ਦੇਣਾ, ਹੁਕਮ ਕਰਨਾ, ਏਕਤ੍ਰ ਕਰਨਾ, ਮਿਹਨਤ ਕਰਨਾ, ਰੋਕਣਾ, ਵਾਪਿਸ ਦੇਣਾ, ਸ੍ਵੱਛ ਕਰਨਾ। ੨. ਵ੍ਯ- ਜੋ. ਜਿਤਨਾ। ੩. ਸੰਗਯਾ- ਰੋਕਣ (ਨਿਗ੍ਰਹ) ਦੀ ਕ੍ਰਿਯਾ. ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਵਰਜਣ ਦਾ ਭਾਵ। ੪. ਵਿ- ਰੋਕਿਆ. ਵਰਜਿਆ। ੫. ਵ੍ਯ- ਯਤਃ (यतस्). ਜਿਸ ਸੇ. ਜਿਸ ਲਿਯੇ। ੬. ਕਿਉਂਕਿ.

ਯਤਹ: ਦੇਖੋ, ਯਤ ੫. ਅਤੇ ੬.

ਯਤਨ: ਸੰ. यत्न. ਸੰਗਯਾ- ਜਤਨ. ਉਪਾਯ. ਕੋਸ਼ਿਸ਼

ਯਤਮਾਨ: ਦੇਖੋ, ਵੈਰਾਗ.

ਯਤਿ: ਸੰ. ਸੰਗਯਾ- ਮੁਕ੍ਤਿ ਵਾਸਤੇ ਯਤਨ ਕਰਨ ਵਾਲਾ, ਸਾਧੁ। ੨. ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣ ਵਾਲਾ ਅਭਿਆਸੀ। ੩. ਛੰਦਪਾਠ ਵਿੱਚ ਜ਼ਬਾਨ ਦੇ ਰੁਕਣ ਦਾ ਅਸਥਾਨ, ਪਾਠ ਦਾ ਠਹਿਰਾਉ. ਵਿਸ਼੍ਰਾਮ. ਜੈਸੇ ਦੋਹਾ ਛੰਦ ਦੀ ਪਹਿਲੀ ਯਤਿ ਤੇਰਾਂ ਮਾਤ੍ਰਾ ਪੁਰ ਹੈ ਅਰ ਅਨੰਗਸ਼ੇਖਰ ਦੀ ਯਤਿ ਅੱਠ ਅੱਠ ਅੱਖਰਾਂ ਤੇ ਹੈ, ਆਦਿ.

ਯਤੀ: ਜਤੀ. यतिन्. ਦੇਖੋ, ਯਤਿ.

ਯਤੀਮ: ਅ਼. یتیم ਜੋ ਯਤਮ (ਮਾਂ ਬਾਪ ਰਹਿਤ) ਹੈ. ਮਹਿੱਟਰ. ਅਨਾਥ. ਦੇਖੋ, ਅਤੀਮ.

ਯਤੀਮਖ਼ਾਨਾ: ਯਤੀਮਾਂ (ਮਹਿੱਟਰਾਂ) ਦੇ ਰਹਿਣ ਦਾ ਘਰ. ਅਨਾਥਾਲਯ (orphanage)

ਯਤੀਮਾਂ: ਅ਼. یتامیٰ ਫ਼ਾ. یتیماں ਯਤੀਮ ਦਾ ਬਹੁਵਚਨ. ਦੇਖੋ, ਅਤੀਮ.

---

[1051] ਇਹ ਸੱਤਵਾਂ ਖ਼ਲੀਫਾ ਸੀ.

ਯਤ੍ਰ: ਸੰ. ਵਯ- ਜਿਸ ਤੋਂ। ੨. ਜਹਾਂ. ਜਿੱਥੇ.

ਯਤ੍ਰਤਤ੍ਰ: ਕ੍ਰਿ ਵਿ- ਜਿੱਥੇ ਕਿੱਥੇ. ਜਹਾਂ ਤਹਾਂ.

ਯਥਾ: ਵਯ- ਜਿਸ ਤਰਹ. ਜਿਸ ਪ੍ਰਕਾਰ ਸੇ. ਜੈਸੇ. ਜਿਵੇਂ। ੨. ਬਰਾਬਰ. ਤੁੱਲ. ਸਮਾਨ.

ਯਥਾਸ਼ਕਤਿ: ਵਯ- ਤ਼ਾਕ਼ਤ ਬਮੂਜਿਬ. ਸ਼ਕਤਿ ਅਨੁਸਾਰ.

ਯਥਾਸੰਖਯ: ਸੰ. यथासंख्यम्. ਕ੍ਰਿ. ਵਿ- ਸਿਲਸਿਲੇ ਵਾਰ. ਯਥਾਕ੍ਰਮ। ੨. ਸੰਗਯਾ- ਇੱਕ ਅਰਥਾਲੰਕਾਰ. ਸੰਬੰਧਿਤ ਪਦਾਰਥਾਂ ਦਾ ਕ੍ਰਮ (ਸਿਲਸਿਲਾ), ਪੂਰਵ ਕਹੇ ਪਦਾਂ ਦੇ ਕ੍ਰਮ ਅਨੁਸਾਰ ਜਿਸ ਥਾਂ ਵਰਣਨ ਕਰੀਏ, ਇਹ "ਯਥਾਸੰਖਯ" ਅਲੰਕਾਰ ਹੈ. ਇਸ ਦਾ ਨਾਮ "ਪ੍ਰਸੰਖਯਾ" ਅਤੇ "ਯਥਾਕ੍ਰਮ" ਭੀ ਹੈ.

ਕ੍ਰਮ ਸੋਂ ਕਹਿ ਤਿਨ ਕੇ ਅਰਥ ਕ੍ਰਮ ਸੋਂ ਬਹੁਰ ਮਿਲਾਯ,

ਯਥਾਸੰਖਯ ਤਾਂਕੋ ਕਹੈਂ ਭੂਸ਼ਣ ਜੇ ਕਵਿਰਾਯ.

(ਸ਼ਿਵਰਾਜਭੂਸ਼ਣ)

ਉਦਾਹਰਣ-

ਗੁਰੁ ਈਸਰੁ ਗੁਰੁ ਗੋਰਖੁ ਬਰਮਾ,

ਗੁਰੁ ਪਾਰਬਤੀ ਮਾਈ. (ਜਪੁ)

ਇਸ ਤੁਕ ਵਿੱਚ ਈਸਰ (ਸ਼ਿਵ), ਗੋਰਖ (ਵਿਸ਼ਨੁ) ਅਤੇ ਬ੍ਰਹਮਾ ਦਾ ਨਾਮ ਆਇਆ ਹੈ, ਅੱਗੇ ਇਸੇ ਸਿਲਸਿਲੇ ਨਾਲ ਇਨ੍ਹਾਂ ਤੇਹਾਂ ਦੇਵਤਿਆਂ ਦੀਆਂ ਸ਼ਕਤੀਆਂ ਦਾ ਵਰਣਨ ਕੀਤਾ ਹੈ, ਅਰਥਾਤ- ਪਾਰਬਤੀ, ਮਾ (ਲਕ੍ਸ਼ਮੀ) ਅਤੇ ਈ (ਸਰਸ੍ਵਤੀ).

ਪਰਤ੍ਰਿਯ ਦੀਰਘ ਸਮਾਨ ਲਘੁ ਯਾਵਦੇਕ, ਜਨਨਿ ਭਗਨਿ ਸੁਤਾ ਰੂਪਕੈ ਨਿਹਾਰਿਯੇ. (ਭਾਗੁ ਕ)

ਇਸ ਤੁਕ ਵਿੱਚ ਦੀਰਘ ਸਮਾਨ ਲਘੁ ਪਦਾਂ ਨਾਲ ਜਨਨਿ ਭਗਨਿ ਸਤਾ ਦਾ ਯਥਾਕ੍ਰਮ ਸੰਬੰਧ ਹੈ.

(ਅ) ਇੱਕ ਦੋ ਤਿੰਨ ਆਦਿਕ ਗਿਣਤੀ ਦਾ ਕ੍ਰਮ ਸਿਲਸਿਲੇਵਾਰ ਕਿਸੇ ਨੰਬਰ ਨੂੰ ਵਿੱਜ ਛੱਡੇ ਬਿਨਾ ਵਰਣਨ ਕਰਨਾ, "ਯਥਾਸੰਖਯ" ਦਾ ਦੂਜਾ ਰੂਪ ਹੈ.

ਉਦਾਹਰਣ-

ਪਹਿਲੈ ਪਿਆਰਿ ਲਗਾ ਥਣ ਦੁਧਿ,

ਦੂਜੈ ਮਾਇ ਬਾਪ ਕੀ ਸੁਧਿ,

ਤੀਜੈ ਭਯਾ ਭਾਭੀ ਬੇਬ,

ਚਉਥੈ ਪਿਆਰਿ ਉਪੰਨੀ ਖੇਡ,

ਪੰਜਵੈ ਖਾਣ ਪੀਅਣ ਕੀ ਧਾਤੁ,

ਛਿਵੈ ਕਾਮੁ ਨ ਪੁਛੈ ਜਾਤਿ,

ਸਤਵੈ ਸੰਜਿ ਕੀਆ ਘਰਵਾਸੁ,

ਅਠਵੈ ਕ੍ਰੋਧੁ ਹੋਆ ਤਨ ਨਾਸੁ,

ਨਾਵੈ ਧਉਲੇ ਉਭੇਸਾਹ,

ਦਸਵੈ ਦਧਾ ਹੋਆ ਸੁਆਹ.

(ਮਃ ੧. ਵਾਰ ਮਾਝ)

(ੲ) ਕਿਸੇ ਵਸਤੁ ਦਾ ਨਾਮ ਨਾ ਲੈਕੇ, ਪ੍ਰਸਿੱਧ ਗਿਣਤੀ ਦ੍ਵਾਰਾ ਉਸ ਦਾ ਵਰਣਨ ਕਰਨਾ, "ਯਥਾਸੰਖ੍ਯ" ਦਾ ਤੀਜਾ ਰੂਪ ਹੈ.

ਉਦਾਹਰਣ-

ਤੀਹ ਕਰਿ ਰਖੇ ਪੰਜ ਕਰਿ ਸਾਥੀ,

ਨਾਉ ਸੈਤਾਨੁ ਮਤੁ ਕਟਿਜਾਈ. (ਸ੍ਰੀ ਮਃ ੧)

ਇਸ ਥਾਂ ਤੀਹ ਦੀ ਗਿਣਤੀ ਤੋਂ ਤੀਹ ਰੋਜ਼ੇ ਕਹੇ ਅਤੇ ਪੰਜ ਤੋਂ ਨਮਾਜ਼ਾਂ.

ਚਾਰਿ ਪੁਕਾਰਹਿ ਨਾ ਤੂ ਮਾਨਹਿ,

ਖਟੁ ਭੀ ਏਕਾ ਬਾਤ ਵਖਾਨਹਿ,

ਦਸਅਸਟੀ ਮਿਲਿ ਏਕੋ ਕਹਿਆ,

ਤਾਂ ਭੀ ਜੋਗੀ ਭੇਦੁ ਨ ਲਹਿਆ. (ਰਾਮ ਮਃ ੫)

ਇਸ ਸ਼ਬਦ ਵਿੱਚ ਚਾਰ ਸੰਖ੍ਯਾ ਪ੍ਰਸਿੱਧ ਚਾਰ ਵੇਦਾਂ ਦੀ ਹੈ, ਖਟ ਛੀ ਸ਼ਾਸਤ੍ਰਾਂ ਦਾ ਬੋਧਕ ਹੈ ਅਤੇ ਦਸ਼ਅਸ਼੍ਰ ਅਠਾਰਾਂ ਪੁਰਾਣਾਂ ਦਾ ਗ੍ਯਾਨ ਕਰਾਉਂਦਾ ਹੈ.

ਯਥਾਕ੍ਰਮ: ਸਿਲਸਿਲੇ ਵਾਰ. ਦੇਖੋ, ਯਥਾਸੰਖ੍ਯ.

ਯਥਾਮਤਿ: ਕ੍ਰਿ ਵਿ- ਬੁੱਧਿ ਅਨੁਸਾਰ. ਜੇਹੀ ਕਿ ਸਮਝ ਹੈ ਕਿ ਉਸ ਅਨੁਸਾਰ.

ਯਥਾਯੋਗ, ਯਥਾਯੋਗ੍ਯ: ਸੰ. यथायोग्यस्. ਕ੍ਰਿ. ਵਿ- ਜੈਸੇ ਕਿ ਮੁਨਾਸਿਬ ਹੈ. ਯੋਗ੍ਯਤਾ ਅਨੁਸਾਰ.

ਯਥਾਰਥ: ਸੰ. ਯਥਾਰ੍ਥੰ. ਵ੍ਯ- ਅਰਥ ਦੇ ਅਨੁਸਾਰ। ੨. ਸਤ੍ਯਤਾ। ੩. ਸੱਚ. ਠੀਕ.

ਯਥਾਲਾਭ: ਕ੍ਰਿ. ਵਿ- ਲਾਭ ਅਨੁਸਾਰ. ਜੇਹਾ ਕਿ ਮਿਲ ਜਾਵੇ ਉਸ ਅਨੁਸਾਰ। ੨. ਸੁਭਾਵਿਕ ਜੋ ਲੱਭੇ.

ਯਥਾਵਤ: ਕ੍ਰਿ ਵਿ- ਜੈਸੇ ਕਿ ਜੋਗ ਹੈ। ੨. ਮੁਨਾਸਿਬ ਰੀਤਿ ਨਾਲ.

ਯਥੇਸ਼੍ਟ, ਯਥੇੱਛ, ਯਥੇਪਸਿਤ: ਸੰ. यथेच्छ- यथेप्सित. ਕ੍ਰਿ. ਵਿ- ਯਥਾ- ਇੱਛ. ਯਥਾ- ਈਪ੍ਸਿਤ. ਇੱਛਾ ਅਨੁਸਾਰ. ਦਿਲਖ਼੍ਵਾਹ. ਮਨਚਾਹਿਆ.

ਯਥੋਚਿਤ: ਸੰ. ਯਥਾ- ਉਚਿਤ. ਕ੍ਰਿ. ਵਿ- ਜਿਵੇਂ ਚਾਹੀਏ. ਯਥਾਯੋਗ੍ਯ. ਜੈਸੇ ਕਿ ਮੁਨਾਸਿਬ.

ਯਦ: ਸੰ. यद्. ਸਰਵ- ਜੋ। ੨. ਵ੍ਯ- ਜਿਸ ਤੋਂ। ੩. ਅ਼ਜ. ਹੱਥ। ੪. ਹਥੇਲੀ। ੫. ਬਾਂਹ. ਭੁਜਾ। ੬. ਜੱਦ. ਕੁਲ. ਖ਼ਾਨਦਾਨ। ੭. ਗਰੋਹ. ਜਮਾਤ. ਫ਼ੌਜ. ਝੁੰਡ। ੮. ਬਲ. ਸ਼ਕਤਿ। ੯. ਸਹਾਇਤਾ। ੧੦. ਧਨ ਸੰਪਦਾ.

ਯਦਖ਼ੂਬਾਂ: ਕੁਲੀਨ। ੨. ਸੁੰਦਰ ਬਾਹਾਂ ਵਾਲਾ. ਦੇਖੋ, ਯਦ ੩. ਤੋਂ ੧੦। ੩. ਦੇਖੋ, ਯੱਦ ਖ਼ੂਬਾਂ.

ਯਦਪਿ: ਦੇਖੋ, ਯਦ੍ਯਪਿ.

ਯਦਵਾ: ਸੰ. ਯਦ੍ਵਾ. ਵ੍ਯ- ਅਥਵਾ. ਜਾਂ ਇਸ ਤਰਾਂ। ੨. ਜਿਉਂ. ਜਿਵੇਂ.

ਯਦਾ: ਸੰ. ਵਯ- ਜਿਸ ਵੇਲੇ. ਜਬ.

ਯਦਿ: ਸੰ. ਵਯ- ਅਗਰ. ਜੇ.

ਯਦੁ: ਦੇਵਯਾਨੀ ਦੇ ਪੇਟੋਂ ਰਾਜਾ ਯਯਾਤਿ ਦਾ ਪੁਤ੍ਰ, ਜੋ ਪੱਜਵਾਂ ਚੰਦ੍ਰਵੰਸ਼ੀ ਰਾਜਾ ਸੀ. ਇਸ ਤੋਂ ਯਦੁਵੰਸ਼ (ਯਾਦਵ ਕੁਲ) ਚੱਲਿਆ ਹੈ, ਜਿਸ ਵਿੱਚ ਕ੍ਰਿਸ਼ਨ ਜੀ ਪ੍ਰਤਾਪੀ ਪੁਰਖ ਹੋਏ ਹਨ. ਦੇਖੋ, ਯਯਾਤਿ.

ਯਦੁਨਾਥ, ਯਦੁਪਤਿ, ਯਦੁਰਾਜ: ਸੰਗ੍ਯਾ- ਯਦੁਵੰਸ਼ੀਆਂ ਦਾ ਸ੍ਵਾਮੀ ਸ਼੍ਰੀ ਕ੍ਰਿਸ਼ਨਦੇਵ.

ਯੱਦ ਖ਼ੂਬਾਂ: ਵਿ- ਯੱਦ (ਫ਼ੌਜ) ਖ਼ੂਬਾਂ (ਉੱਤਮ). ਚੰਗੀ ਹੈ. ਫ਼ੌਜ ਜਿਨ੍ਹਾਂ ਦੀ. "ਹਠੇ ਪਾਰਸੀ ਯੱਦ ਖ਼ੂਬਾਂ ਸਕ੍ਰੋਧੀ." (ਕਲਕੀ) ੨. ਦੇਖੋ, ਯਦ ਅਤੇ ਯਦਖ਼ੂਬਾਂ.

ਯਦ੍ਯਪਿ: ਸੰ. ਵਯ- ਅਗਰਚਿ. ਭਾਵੇਂ. ਚਾਹੋ, ਖ਼੍ਵਾਹ.

ਯਬੂਸਤ: ਅ਼. یبُوست ਸੰਗ੍ਯਾ- ਖ਼ੁਸ਼ਕੀ.

ਯਭ: ਸੰ. ਯਭ੍. ਧਾ- ਮੈਥੁਨ ਕਰਨਾ (ਇਸਤ੍ਰੀ ਸੰਗਮ ਕਰਨਾ).

ਯਭਲਾ: ਵਿ- ਵਿਸ਼ਯਲੰਪਟ. ਕਾਮ ਨਾਲ ਮਤਵਾਲਾ. ਕਾਮ ਕਰਕੇ ਪਾਗਲ ਹੋਇਆ. ਦੇਖੋ, ਯਭ ਧਾ। ੨. ਪੰਜਾਬੀ ਵਿੱਚ ਮਚਲੇ ਨੂੰ ਭੀ ਯਭਲਾ ਆਖਦੇ ਹਨ.

ਯਮ: ਸੰ. ਯਮ੍. ਧਾ- ਰੋਕਣਾ. ਖਿੱਚਣਾ, ਜਤਨ ਕਰਨਾ, ਮਿਹਨਤ ਕਰਨਾ, ਸੰਜੋਗ ਕਰਨਾ। ੨. ਸੰਗ੍ਯਾ- ਮਨ ਅਤੇ ਇੰਦ੍ਰੀਆਂ ਦੇ ਰੋਕਣ ਦਾ ਵ੍ਰਤ. ਦੇਖੋ, ਯਮ ਨਿਯਮ। ੩. ਜੋੜਾ. ਦੋ ਦਾ ਇਕੱਠ। ੪. ਮੌਤ ਦਾ ਦੇਵਤਾ. ਕਾਲ। ੫. ਰਥ ਅਥਵਾ ਬੱਘੀ ਹੱਕਣ ਵਾਲਾ ਜਿਸ ਦੇ ਹੱਥ ਘੋੜਿਆਂ ਦੇ ਰੋਕਣ ਲਈ ਬਾਗ ਫੜੀ ਹੋਈ ਹੈ। ੬. ਯਮਰਾਜ. ਦੇਖੋ, ਧਰਮਰਾਇ ੩.

ਯਮਕ: ਸੰ. ਵਿ- ਦੁਹਰਾ। ੨. ਸੰਗ੍ਯਾ- ਇੱਕ ਸ਼ਬਦਾਲੰਕਾਰ, ਜਿਸ ਦਾ ਲੱਛਣ ਹੈ ਕਿ ਸ਼ਬਦ ਅਨੇਕ ਵਾਰ ਆਵੇ, ਪਰ ਉਸ ਦਾ ਅਰਥ ਜੁਦਾ ਹੋਵੇ.

ਇਕ ਪਦ ਵਾਰ ਅਨੇਕ ਜਿ ਆਵੈ,

ਅਰਥਹਿ ਭਿੰਨ ਭਿੰਨ ਪ੍ਰਗਟਾਵੈ,

ਸੋ ਯਮਕਾਲੰਕਾਰ ਬਖਾਨੈ,

ਕਵਿ ਸੰਤੋਖਸਿੰਘ ਗੁਣੀ ਪ੍ਰਮਾਨੈ. (ਗਰਬਗੰਜਨੀ)

ਉਦਾਹਰਣ-

ਭਾਂਤਿ ਭਾਂਤਿ ਬਨ ਬਨ ਅਵਗਾਹੇ. (ਮਾਝ ਮਃ ੫)

ਇੱਕ ਬਨ ਸ਼ਬਦ ਜੰਗਲ ਦਾ ਬੋਧਕ ਹੈ, ਦੂਜੇ ਦਾ ਅਰਥ ਜਲ (ਤੀਰਥ) ਹੈ.

ਸੋ ਜੀਵਤ ਜਿੰਹਿ ਜੀਵਤ ਜਪਿਆ. (ਬਾਵਨ) ਇੱਕ ਜੀਵਤ ਦਾ ਅਰਥ ਜੀਉਂਦਾ ਅਤੇ ਦੂਜੇ ਦਾ ਚੇਤਨਰੂਪ ਪਰਮਾਤਮਾ ਹੈ.

ਮੁੰਡ ਕੋ ਮੁੰਡ ਉਤਾਰ ਦਯੋ,

ਅਬ ਚੰਡ ਕੋ ਹਾਥ ਲਗਾਵਤ ਚੰਡੀ. (ਚੰਡੀ ੧)

ਭਾਜਤ ਦੇਵ ਵਿਲੋਕਤ ਮੋਹਿ ਸੋ

ਤੂੰ ਲਰਕਾ ਲਰ ਕਾ ਫਲ ਪੈਹੈਂ? ××

ਏਕਹਿ ਬਾਨ ਲਗੇ ਹਮਰੇ,

ਉਡਮੰਡਲ[1052] ਮੇ ਅਬ ਹੀ ਉਡ ਜੈਹੋ××

ਸ਼੍ਰੀ ਹਰਿ ਕੇ ਸਰ ਭੂਪਤਿ ਕੇ

ਤਨ ਕੋ ਤਨਕੋ ਨਹਿ ਭੇਟਨ ਪਾਏ. (ਕ੍ਰਿਸਨਾਵ)

ਸਤਿਗੁਰੁ, ਮਮ ਬੇਰੀ ਕਟੋ, ਨਿਜ ਬੇਰੀ ਪਰਚਾਰ,

ਇਹ ਬੇਰੀ ਹੁਇ ਭਵ ਸਫਲ, ਬਿਨ ਬੇਰੀ ਕਰ ਪਾਰ. (ਨਾਪ੍ਰ)

ਇਸ ਦੋਹੇ ਵਿੱਚ ਬੇਰੀ ਸ਼ਬਦ ਦਾ ਅਰਥ ਬੇੜੀ (ਬੰਧਨ) ਨੌਕਾ (ਕਿਸ਼ਤੀ), ਵੇਲਾ ਅਤੇ ਦੇਰੀ ਹੈ. ਦੇਖੋ, ਹਰਿ ਸ਼ਬਦ.

ਯਮਕਿੰਕਰ, ਯਮਗਣ: ਯਮ (ਧਰਮਰਾਜ) ਦੇ ਕਿੰਕਰ (ਸੇਵਕ). ਯਮਦੂਤ। ੨. ਉਹ ਅਨਾੜੀ ਹਕੀਮ ਡਾਕਟਰ ਅਤੇ ਵੈਦ, ਜੋ ਮਨੁੱਖਾਂ ਦੇ ਭੇਸ ਵਿੱਚ ਯਮਦੂਤਾਂ ਦਾ ਕੰਮ ਕਦੇ ਹਨ.[1053]

ਯਮਦਗਨਿ: ਸੰ. यमदग्नि. ਇੱਕ ਮੁਨਿ, ਜੋ ਜਮਦਗ੍ਨਿ ਤੋਂ ਜੁਦਾ ਹੈ। ੨. ਦੇਖੋ, ਜਮਦਗਨਿ.

ਯਮਦਾੜ: ਦੇਖੋ, ਜਮਦਾੜ੍ਹ

ਯਮਦੁਤੀਆ, ਯਮਦੂਜ: ਯਮਦ੍ਵਿਤੀਯਾ. ਕੱਤਕ ਸੁਦੀ ੨. ਮਹਾਭਾਰਤ ਵਿੱਚ ਲਿਖਿਆ ਹੈ ਕਿ ਇਸ ਦਿਨ ਯਮ ਨੇ ਆਪਣੀ ਭੈਣ ਯਮੁਨਾ ਦੇ ਘਰ ਭੋਜਨ ਕੀਤਾ ਸੀ. ਇਸ ਲਈ ਇਸ ਦੂਜ ਨੂੰ ਭੈਣ ਦੇ ਹੱਥੋਂ ਭੋਜਨ ਛਕਣਾ ਮੰਗਲਕਾਰੀ ਹੈ. ਜਯੋਤਿਸ਼ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਯਮਦੂਤ ਨੂੰ ਯਾਤ੍ਰਾ ਕਰਨ ਵਾਲਾ ਮਰ ਜਾਂਦਾ ਹੈ. ਇਸ ਦਿਨ ਵਿਦਯਾ ਪੜ੍ਹਨੀ ਅਤੇ ਪੜ੍ਹਾਉਣੀ ਭੀ ਵਰਜੀ ਹੈ. ਇਸ ਦਾ ਨਾਮ ਭਾਈ ਦੂਜ ਭੀ ਹੈ. ਦੇਖੋ, ਭਾਈਦੂਜ.

ਯਮਦੂਤ: ਦੇਖੋ, ਜਮਦੂਤ ਅਤੇ ਯਮਕਿੰਕਰ.

ਯਮਦੰਡ: ਸੰਗਯਾ- ਯਮ ਦਾ ਸੋਟਾ। ੨. ਯਮ ਦੀ ਦਿੱਤੀ ਹੋਈ ਸਜ਼ਾ.

ਯਮਧਾਨੀ, ਯਮਧਾਮ: ਸੰਯਮਨੀ. ਯਮਪੁਰੀ. ਯਮ ਦੀ ਰਾਜਧਾਨੀ. ਯਮਲੋਕ. ਯਮਨਗਰੀ.

ਯਮਧਾਰ: ਯਮਰੂਪ ਹੈ ਜਿਸ ਦੀ ਧਾਰਾ, ਕਟਾਰ. ਦੇਖੋ, ਸਸਤ੍ਰ। ੨. ਯਮਦੂਤਾਂ ਦੀ ਧਾੜ.

ਯਮਨ: ਸੰ. ਸੰਗਯਾ- ਬੰਨ੍ਹਣ ਦੀ ਕ੍ਰਿਯਾ. ਬੰਧਨ। ੨. ਯਮਰਾਜ। ੩. ਅ਼. یمن Yemen. ਅ਼ਰਬ ਦੇ ਦੱਖਣ ਪੱਛਮ ਵੱਲ ਦਾ ਦੇਸ਼, ਜੋ ਬਹੁਤ ਸਰਸਬਜ਼ ਹੈ. ਇਸ ਦੀ ਲੰਬਾਈ ੪੦੦ ਮੀਲ ਹੈ. ਜਨਸੰਖਯਾ ੭੫੦, ੦੦੦ ਹੈ. ਯਮਨ ਦਾ ਪ੍ਰਧਾਨ ਨਗਰ ਸਨਾ ਅਤੇ ਸਮੁੰਦ੍ਰੀ ਬੰਦਰ ਮੋਚਾ (ਮੋਖਾ) ਹੈ. ਪੁਰਾਣੇ ਅ਼ਰਬੀ ਫ਼ਾਰਸੀ ਕਵੀਆਂ ਨੇ ਯਮਨ ਨੂੰ ਅਰਸ਼ ਦਾ ਬਾਗ ਲਿਖਿਆ ਹੈ. ਇਸ ਦੇਸ਼ ਦੀ ਚਾਦਰ ਅਤੇ ਤਲਵਾਰ ਕਿਸੇ ਸਮੇਂ ਬਹੁਤ ਪ੍ਰਸਿੱਧ ਸੀ. ਦੇਖੋ, ਆਫਤਾਬੇ ਯਮਨ ਅਤੇ ਯਾਮਾਨੀ.

ਯਮਨਿਕਾ: ਸੰ. ਕਨਾਤ. ਇਸ ਲਈ ਜਵਨਿਕਾ ਸ਼ਬਦ ਭੀ ਹੈ.

ਯਮ ਨਿਯਮ: ਮਨ ਅਤੇ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਵਰਜਨ ਅਤੇ ਸ਼ੁਭ ਗੁਣਾਂ ਦੇ ਨੇਮ ਧਾਰਣ ਰੂਪ ਦਸ ਸਾਧਨ.

---

[1052] ਉਡੁਮੰਡਲ-ਆਕਾਸ਼

[1053] ਚੂਰਨ ਤੇ ਕਿਯੇ ਚੂਰ ਅਨੇਕ, ਜੁਲਾਬ ਕੇ ਜੋਰਨ ਲਾਖਨ ਮਾਰੇ ×××
ਵੈਦ ਭਏ ਜਬ ਤੇ ਹਰਿ ਜੂ, ਤਬ ਤੇ ਯਮਰਾਜ ਰਹੈ ਬਿਨਕਾਰੇ.
चिता प्रज्वलितां दृष्टवा वैद्यो विस्मय मागतः
नाहं गतो न मेभ्राता कस्येदं हस्तलाघवम्। (ਸੁਭਾਸਿਤ ਰਤਨ ਭਾਂਡਾਗਰ)

ਯਮ:[1054] ਅਹਿੰਸਾ (ਜੀਵਾਂ ਨੂੰ ਮਾਰਣ ਅਤੇ ਦੁਖਾਉਂਣ ਦਾ ਤਯਾਗ), ਸਤ੍ਯ (ਸੱਚ, ਝੂਠ ਦੇ ਤਯਾਗ ਦਾ ਵ੍ਰਤ), ਅਸ੍ਤੇਯ (ਚੋਰੀ ਦਾ ਤਯਾਗ), ਬ੍ਰਹਮਚਰਯ (ਯਤ ਰੱਖਕੇ ਵਿਦ੍ਯਾ ਦਾ ਅਭ੍ਯਾਸ, ਅਪਰਿਗ੍ਰਹ (ਧਨ ਆਦਿ ਜੋੜਨ ਦਾ ਤਯਾਗ)

ਨਿਯਮ[1055] ਸ਼ੌਚ (ਪਵਿਤ੍ਰਤਾ), ਸੰਤੋਖ (ਸਬਰ), ਤਪ (ਸੁਖ ਦੁੱਖ ਆਦਿ ਦੁੰਦਾਂ (ਦ੍ਵੰਦ੍ਵ) ਦਾ ਸਮਭਾਵ ਨਾਲ ਸਹਿਣਾ), ਸ੍ਵਾਧ੍ਯਾਯ (ਮੁਕਤਿਦਾਇਕ ਗ੍ਰੰਥਾਂ ਦਾ ਪੜ੍ਹਨਾ ਅਥਵਾ ਓਅੰਕਾਰ ਦਾ ਜਾਪ), ਈਸ਼੍ਵਰ ਪ੍ਰਣਿਧਾਨ (ਹੌਮੈ ਤ੍ਯਾਗਕੇ ਕਰਮਾਂ ਨੂੰ ਈਸ਼੍ਵਰ ਅਰਪਣ ਕਰਨਾ)

ਯਮਪੁਰ: ਦੇਖੋ, ਯਮਧਾਨੀ.

ਯਮਰਾਜ: ਦੇਖੋ, ਧਰਮਰਾਜ.

ਯਮਲ: ਜੋੜਾ. ਦੋ। ੨. ਜੌੜੇ, ਜੋ ਇਕੱਠੇ ਜੰਮੇ ਹੋਣ (twins)

ਯਮਲਾਰਜੁਨ: ਦੇਖੋ, ਜਮਲਾਰਜਨ.

ਯਮਲੋਕ: ਦੇਖੋ, ਯਮਧਾਨੀ.

ਯਮਾਨੀ: ਅ਼. یمانی ਵਿ- ਯਮਨ ਦੇਸ਼ ਦਾ. ਯਮਨ ਦੀ ਤਲਵਾਰ ਬਹੁਤ ਪ੍ਰਸਿੱਧ ਹੈ. ਤੇਗ਼ੋ ਯਮਾਨੀ.

ਯਮੀ: ਸੰਗਯਾ- ਯਮ ਦੀ ਭੈਣ, ਜੋ ਯਮੁਨਾ ਨਦੀ ਹੋਕੇ ਵਗੀ. ਦੇਖੋ, ਧਰਮਰਾਜ। ੨. ਵਿ- यमिन्. ਮਨ ਇੰਦ੍ਰੀਆਂ ਨੂੰ ਰੋਕਣ ਵਾਲਾ. ਯਮ ਸਾਧਨ ਦਾ ਕਰਤਾ. ਦੇਖੋ, ਯਮ ਨਿਯਮ.

ਯਮੁਨਾ: ਇੱਕ ਨਦੀ, ਜੋ ਪੁਰਾਣਾਂ ਅਨੁਸਾਰ ਸੰਜਨਾ ਦੇ ਪੇਟ ਤੋਂ ਸੂਰਜ ਦੀ ਪੁਤ੍ਰੀ ਹੈ. ਇਸ ਨੂੰ ਕ੍ਰਿਸ਼ਨ ਜੀ ਦੀ ਇਸਤ੍ਰੀ ਭੀ ਮੰਨਿਆ ਹੈ. ਯਮੁਨਾ ਹਿਮਾਲਯ ਦੇ ਕਲਿੰਦ ਅਸਥਾਨ ਤੋਂ ਨਿਕਲਕੇ ੮੬੦ ਮੀਲ ਵਹਿੰਦੀ ਹੋਈ ਪ੍ਰਯਾਗ ਪਾਸ ਗੰਗਾ ਵਿੱਚ ਮਿਲਦੀ ਹੈ. ਦੇਖੋ, ਜਮਨਾ। ੨. ਦੁਰਗਾ। ੩. ਦੇਖੋ, ਮਾਲਤੀ (ਹ)

ਯੁਮਨੋੱਤਰੀ: ਦੇਖੋ, ਜਮਨੋੱਤਰੀ.

ਯਮੇਸ਼੍ਵਰ: ਸ਼ਿਵ। ੨. ਮਹਾਕਾਲ.

ਯਯਦਾਂ: ਦੇਖੋ, ਯਜ਼ਦਾਂ.

ਯਯਾ: ਯ ਅੱਖਰ. "ਯਯਾ, ਜਾਰਉ ਦੁਰਮਤਿ ਦੋਊ." (ਬਾਵਨ) ੨. ਯ ਦਾ ਉੱਚਾਰਣ. ਯਕਾਰ.

ਯਯਾਤਿ: ਪੌਣ ਸਮਾਨ ਹੋਵੇ ਜਿਸ ਦੀ ਗਤਿ, ਐਸਾ ਨਹੁਸ਼ ਦਾ ਪੁਤ੍ਰ, ਜੋ ਪੰਜਵਾਂ ਚੰਦ੍ਰਵੰਸ਼ੀ ਰਾਜਾ ਸੀ. ਇਸ ਦੇ ਦੋ ਇਸਤ੍ਰੀਆਂ ਦੇਵਯਾਨੀ ਅਤੇ ਸਰਮਿਸ਼੍ਠਾ ਸਨ, ਜਿਨ੍ਹਾਂ ਤੋਂ ਯਦੁ ਅਤੇ ਪੁਰੁ ਪੁਤ੍ਰ ਪੈਦਾ ਹੋਏ. ਯਦੁ ਯਦੁਵੰਸ਼ ਦਾ ਅਤੇ ਪੁਰੁ ਪੁਰੁਵੰਸ਼ ਦਾ ਮੋਢੀ ਸੀ. ਮਹਾਭਾਰਤ ਆਦਿਕ ਗ੍ਰੰਥਾਂ ਵਿੱਚ ਇਹ ਭੀ ਲਿਖਿਆ ਹੈ ਕਿ ਪੁਰੁ ਨੇ ਆਪਣੀ ਜੁਆਨੀ ਬਾਪ ਨੂੰ ਦੇਕੇ ਉਸ ਦਾ ਬੁਢਾਪਾ ਲੈ ਲਿਆ ਸੀ, ਜਿਸ ਪੁਰ ਰੀਝਕੇ ਪੁਰੁ ਨੂੰ ਰਾਜ ਦੇਕੇ ਯਯਾਤਿ ਵਨ ਨੂੰ ਚਲਾ ਗਿਆ.

ਯਰਕਾਨ: ਅ਼. یرقان ਸੰ. ਹਲੀਮਕ. Jaundice ਪੀਲੀਆ ਰੋਗ. ਇਸ ਰੋਗ ਦੇ ਕਾਰਣ ਹਨ- ਬਹੁਤ ਤੇਜ਼ ਅਤੇ ਗਰਮ ਚੀਜਾਂ ਖਾਣੀਆਂ, ਤੇਜ ਜੁਲਾਬ ਲੈਣੇ, ਜ਼ਹਿਰੀਲੀ ਵਸਤੂ ਖਾਣੀ, ਬਹੁਤ ਮੈਥੁਨ ਕਰਨਾ, ਨਸ਼ੇ ਦੀਆਂ ਚੀਜਾਂ ਦਾ ਜਾਦਾ ਵਰਤਣਾ, ਗਰਭ ਦੀ ਹਾਲਤ ਵਿੱਚ ਇਸਤ੍ਰੀ ਦਾ ਬਹੁਤ ਸੌਣਾ, ਬਹੁਤ ਖਟਾਈਆਂ ਦਾ ਵਰਤਣਾ ਆਦਿ. ਜਿਗਰ ਦਾ ਵਿਗਾੜ ਹੀ ਇਸ ਦਾ

---

1054 अहिंसा सत्याऽस्तेय ब्रह्मचर्याऽपरिग्रहा यमाः (ਯੋਗਦਰਸ਼ਨ, ਸਾਧਨਪਾਦ, ਸੂਦ੍ਰ ੩੦)

1055 शौच सन्तोष तपः स्वाध्यायश्वरग्प्रणिधानानि नियमाः (ਸੂਤ੍ਰ ੩੨)

ਪ੍ਰਧਾਨ ਕਾਰਣ ਹੈ.

ਯਰਕਾਨ ਵਿੱਚ ਅੱਖਾਂ ਪੀਲੀਆਂ ਹੋ ਜਾਂਦੀਆਂ ਹਨ, ਸਾਰੇ ਪਦਾਰਥ ਪੀਲੇ ਦਿਖਾਈ ਦਿੰਦੇ ਹਨ, ਤੁਚਾ ਮੂਤ੍ਰ ਪਸੀਨਾ ਨਹੁੰ ਪੀਲੇ ਹੁੰਦੇ ਹਨ, ਪਰ ਪਾਖਾਨਾ ਚਿੱਟਾ ਹੁੰਦਾ ਹੈ.

ਇਸ ਰੋਗ ਦੇ ਸਾਧਾਰਣ ਇਲਾਜ ਹਨ-

ਅਨਾਰ, ਹਿੰਦਵਾਣਾ (ਮਤੀਰਾ), ਸੰਗਤਰੇ, ਮਿੱਠੇ ਆਦਿ ਫਲ ਖਾਣੇ ਅਰ ਗੋਕੇ ਦਹੀਂ ਦਾ ਅਧਰਿੜਕ ਪੀਣਾ. ਕਾਸਨੀ. ਆਉਲੇ ਕੁੱਟਕੇ ਰਾਤ ਨੂੰ ਭਿਉਂ ਰੱਖਣੇ, ਸਵੇਰੇ ਇਸ ਪਾਣੀ ਨਾਲ ਸੰਦਲ ਦਾ ਸ਼ਰਬਤ ਮਿਲਾਕੇ ਪੀਣਾ. ਕਾਹੂ, ਕੁਲਫਾ, ਕਾਸਨੀ, ਖੀਰੇ ਦੇ ਬੀਜ, ਇਲਾਚੀਆਂ, ਮਿਸ਼ਰੀ ਘੋਟਕੇ ਸਰਦਾਈ ਪੀਣੀ. ਨੇਂਬੂ ਦਾ ਸ਼ਰਬਤ ਪੀਣਾ. ਦੁੱਧ ਚਾਉਲ ਮੁੰਗੀ ਆਦਿਕ ਨਰਮ ਭੋਜਨ ਕਰਨਾ.

ਯਰਾਕ, ਯਰਾਕ਼: ਤੁ. یراق ਸੰਗਯਾ- ਸ਼ਸਤ੍ਰ. ਹਥਿਆਰ। ੨. ਜੰਗ ਦਾ ਸਾਮਾਨ.

ਯਰਾਕਪੋਸ਼, ਯਰਾਕ਼ਪੋਸ਼: ਵਿ- ਸ਼ਸਤ੍ਰ ਪਹਿਰਨ ਵਾਲਾ. ਦੇਖੋ, ਯਰਾਕ਼. "ਥਕ ਥਕ ਯਰਾਕਪੋਸ਼ਾਂ, ਸ਼ੁਦ ਰੁਬਰੂ ਖ਼ਰੋਸ਼ਾਂ." (ਸਲੋਹ)

ਯਰਾਨਾ: ਦੇਖੋ, ਯਾਰਾਨਹ.

ਯਲ: ਫ਼ਾ. یل ਵਿ- ਬਹਾਦੁਰ. ਦਿਲੇਰ। ੨. ਆਜ਼ਾਦ. ਨਿਰਬੰਧ। ੩. ਸੰਗਯਾ- ਲਾਭ. ਨਫ਼ਾ.

ਯਲਾ: ਡਿੰਗ. ਪ੍ਰਿਥਿਵੀ. ਜ਼ਮੀਨ. ਸੰ. ਇਲਾ.

ਯਲਾਂ: ਫ਼ਾ. یلاں ਯਲ ਦਾ ਬਹੁ ਵਚਨ.

ਯਲਾਪਤਿ: ਡਿੰਗ. ਪ੍ਰਿਥਿਵੀਪਤਿ. ਭੂਪਤਿ. ਰਾਜਾ.

ਯਲੋ: ਫ਼ਾ. یلہ ਯਲਹ. ਸੰਗਯਾ- ਰਿਹਾਈ. ਛੁਟਕਾਰਾ। ੨. ਵੇਸ਼੍ਯਾ. ਕੰਚਨੀ। ੩. ਨੱਠਦਾ ਹੋਇਆ। ੪. ਟੇਢਾ. ਕੁਟਿਲ। ੫. ਮੂਰਖ। ੬. ਦੇਖੋ, ਯਲ.

ਯਵ: ਸੰ. ਸੰਗਯਾ- ਜੌਂ। ੨. ਅੰਨ ਦਾ ਦਾਣਾ। ੩. ਇੱਕ ਮਿਣਤੀ, ਜੋ ਇੰਚ ਦੀ ਇੱਕ ਤਿਹਾਈ ਹੈ। ੪. ਦੇਖੋ, ਜਵ.

ਯਵਨ: ਸੰ. ਸੰਗਯਾ- ਯੂਨਾਨ ਦੇਸ਼ Greece. ਫ਼ਾ. یُونان ੨. ਯੂਨਾਨ ਦੇ ਰਹਿਣ ਵਾਲਾ. ਯੂਨਾਨੀ. Greek। ੩. ਬਹੁਤ ਲੋਕ ਤੁਰਕ ਅਤੇ ਮੁਸਲਮਾਨ ਮਾਤ੍ਰ ਨੂੰ ਯਵਨ ਆਖਦੇ ਹਨ, ਪਰ ਵ੍ਯਾਕਰਣ ਦੇ ਆਚਾਰਯ ਪਾਣਿਨੀ ਨੇ ਯੂਨਾਨ ਅਤੇ ਯੂਨਾਨੀਆਂ ਲਈ ਯਵਨ ਸ਼ਬਦ ਵਰਤਿਆ ਹੈ. ਡਾਕਟਰ ਸਪੂਨਰ (Spooner) ਪਾਰਸੀਆਂ ਨੂੰ ਯਵਨ ਆਖਦਾ ਹੈ. ਮਿਲਟਨ ਆਦਿ ਪੱਛਮੀ ਕਵੀਆਂ ਨੇ ਯੂਨਾਨੀਆਂ ਲਈ Javan ਸ਼ਬਦ ਵਰਤਿਆ ਹੈ.[1056] ੩. ਵੇਗ. ਤੇਜ਼ੀ। ੪. ਤੇਜ਼ ਘੋੜਾ.

ਯਵਨਪ੍ਰਿਯ: ਸੰਗਯਾ- ਲਾਲ ਮਿਰਚ.

ਯਵਨਭਾਸ਼ਾ, ਯਵਨਭਾਖਾ: ਯੂਨਾਨ ਦੀ ਭਾਸ਼ਾ (ਬੋੱਲੀ). ਯੂਨਾਨੀ ਬੋੱਲੀ। ੨. ਪੱਛਮੀ ਲੋਕਾਂ ਦੀ ਫਾਰਸੀ ਅ਼ਰਬੀ ਆਦਿ ਭਾਸ਼ਾ.

ਯਵਨਾਚਾਰਯ: ਇੱਕ ਯੂਨਾਨੀ, ਜੋ ਸੰਸਕ੍ਰਿਤ ਦਾ ਮਹਾਨ ਪੰਡਿਤ ਅਤੇ ਜੋਤਿਸ਼ੀ ਸੀ, ਜਿਸ ਦੇ ਲਿਖੇ ਅਨੇਕ ਗ੍ਰੰਥ ਦੇਖੇ ਜਾਂਦੇ ਹਨ. ਇਸ ਦਾ ਨਾਮ ਯਵਨੇਸ਼੍ਵਰ ਭੀ ਹੈ.

---

[1056] ਹਿੰਦੀ ਸ਼ਬਦਸਾਗਰ ਵਿੱਚ ਲਿਖਿਆ ਹੈ ਕਿ ਯੂਨਾਨ ਵਿੱਚ "ਆਯੋਨਿਯਾ" ਨਾਮ ਦਾ ਇੱਕ ਪ੍ਰਾਂਤ ਜਾਂ ਦ੍ਵੀਪ ਹੈ, ਇਸ ਦਾ ਲਗਾਉ ਪੂਰਵੀ ਦੇਸਾਂ ਨਾਲ ਪਹਿਲਾਂ ਹੋਇਆ ਉੱਥੇ ਦੇ ਲੋਕਾਂ ਨੂੰ ਭਾਰਤਵਾਸੀ ਯਵਨ ਕਹਿਣ ਲੱਗੇ, ਫੇਰ ਸਾਰੇ ਪੱਛਮੀ ਦੇਸਾਂ ਦੇ ਵਸਨੀਕਾਂ ਦੀ ਇਹ ਸੰਗਯਾ ਹੋ ਗਈ.

ਯਵਨਿਕਾ: ਸੰ. ਸੰਗ੍ਯਾ- ਰੰਗਸ਼ਾਲਾ (ਥੀਏਟਰ) ਦਾ ਪਰਦਾ। ੨. ਕਨਾਤ.

ਯਵਨੀ: ਯਵਨ ਦੀ ਇਸਤ੍ਰੀ. ਦੇਖੋ, ਯਵਨ.

ਯਵਨੇਸ਼੍ਵਰ: ਦੇਖੋ, ਯਵਨਾਚਾਰਯ.

ਯਵਾਸ: ਦੇਖੋ, ਜਵਾਸਾ.

ਯਾ: ਸੰ. ਧਾ- ਜਾਣਾ (ਗਮਨ ਕਰਨਾ), ਪਹੁੰਚਣਾ, ਸਾਮ੍ਹਣੇ ਜਾਣਾ, ਵੈਰੀ ਦਾ ਟਾਕਰਾ ਕਰਨ ਲਈ ਜਾਣਾ। ੨. ਅ਼. یا ਵ੍ਯ- ਸੰਬੋਧਨ ਹੇ! ਐ! "ਯਾ ਖੁਦਾਇ! ਇਹ ਕਯਾ ਭਯੋ." (ਗੁਪ੍ਰਸੂ) ੩. ਫ਼ਾ. ਅਥਵਾ. ਵਾ. ਜਾਂ। ੪. ਪ੍ਰਾ. ਸਰਵ- ਇਹ. ਯਹ. "ਰਾਮਨਾਮ ਬਿਨੁ ਯਾ ਸੰਕਟ ਮੇ ਕੋ ਅਬ ਹੋਤ ਸਹਾਈ?" (ਮਾਰੂ ਮਃ ੯) "ਯਾ ਭੀਤਰਿ ਜੋ ਰਾਮੁ ਬਸਤ ਹੈ." (ਬਸੰ ਮਃ ੯)

ਯਾਸ, ਯਾਸੁ: ਸੰ. यशस्. ਸੰਗ੍ਯਾ- ਯਸ਼. ਕੀਰਤਿ. ਜਸ। ੨. ਦੇਖੋ, ਜਾਸੁ। ੩. ਯਸ੍ਯ. ਜਿਸ ਦਾ. ਜਿਸ ਕੋ. "ਯਾਸੁ ਜਪਤ ਮਨਿ ਹੋਇ ਅਨੰਦੁ." (ਬਾਵਨ) ੪. ਅ਼. یاس ਸੰਗ੍ਯਾ- ਨਾਉਮੇਦੀ. ਨਿਰਾਸਤਾ. *

ਯਾਸ੍ਕ: ਨਿਰੁਕ੍ਤ ਦਾ ਕਰਤਾ ਰਿਖੀ. ਈਸਾ ਦੇ ਜਨਮ ਤੋਂ ਪਹਿਲਾਂ ਪੰਜਵੀ ਸਦੀ ਵਿੱਚ ਇਸ ਦੇ ਹੋਣ ਦਾ ਅਨੁਮਾਨ ਕੀਤਾ ਗਿਆ ਹੈ. ਦੇਖੋ, ਨਿਘੰਟੁ ਅਤੇ ਨਿਰੁਕਤ ੨.

ਯਾਹਿ: ਸਰਵ- ਇਸ ਨੂੰ

ਯਾਹੂ: ਸਰਵ- ਯਹੀ. ਇਹੋ. "ਯਾਹੂ ਤਰਨਤਾਰਨ ਸਮਰਾਥਾ." (ਬਾਵਨ) ੨. ਯਾਹੂੰ. ਇਸ ਨੂੰ ਹੀ.

ਯਾਕਉ: ਸਰਵ- ਇਸ ਨੂੰ. "ਸਾਚ ਕਹਿਤ ਮੈ ਯਾ ਕਉ." (ਬਿਲਾ ਮਃ ੯)

ਯਾਕੀ: ਸਰਵ- ਇਸ ਦੀ। ੨. ਤੁ. ਤਾਤਾਰੀ. Seythian। ੩. ਦਾਗ. ਗੁਲ.

ਯਾਕੀਨ: ਦੇਖੋ, ਯਕੀਨ.

ਯਾਕੂਤ: ਅ਼. یاقوت ਸੰਗ੍ਯਾ- ਮਾਣਿਕ. ਲਾਲ.

ਯਾਕੂਬ: ਦੇਖੋ, ਯਕੂਬ। ੨. ਵਿ- ਯਕੂਬ ਨਾਲ ਹੈ ਜਿਸ ਦਾ ਸੰਬੰਧ ਯਕੂਬ ਦਾ.

ਯਾਗ: ਸੰ. ਸੰਗ੍ਯਾ- ਯਜਨ ਦੀ ਕ੍ਰਿਯਾ. ਅਗਨਿ ਵਿੱਚ ਹਵਨ ਆਦਿ ਸਾਮਗ੍ਰੀ ਪਾਉਣ ਦਾ ਕਰਮ. ਯਗ੍ਯ. ਜੱਗ. ਦੇਖੋ, ਯਜਧਾ.

ਯਾਗਸੇਨਿ: ਸੰ. याज्ञसेनी- ਯਾਗ੍ਯਸੇਨੀ. ਯਗ੍ਯਸੇਨ (ਦ੍ਰੁਪਦ) ਦੀ ਪੁਤ੍ਰੀ, ਦ੍ਰੌਪਦੀ. ਦੇਖੋ, ਜਾਗਸੇਨਿ ਅਤੇ ਜਾਗਮੇਨਿ.

ਯਾਗਵਲਕ: ਦੇਖੋ, ਯਾਗ੍ਯਵਲਕ੍ਯ.

ਯਾਗਯਸੇਨੀ: ਦੇਖੋ, ਜਾਗਸੇਨਿ, ਜਾਗਮੇਨਿ ਅਤੇ ਯਾਗਸੇਨਿ.

ਯਾਗ੍ਯਵਲਕ੍ਯ: ਸੰ. याज्ञवल्क्य. ਵੈਸ਼ੰਪਾਯਨ ਦਾ ਚੇਲਾ ਇੱਕ ਪ੍ਰਸਿੱਧ ਵੈਦਿਕ ਰਿਖੀ, ਜੋ ਆਤਮ ਗਿਆਨੀ ਸੀ. ਇਸ ਦੀਆਂ ਇਸਤ੍ਰੀਆਂ ਮੈਤ੍ਰੇਯੀ ਅਤੇ ਕਾਤ੍ਯਾਯ ਨੀ ਭੀ ਪੂਰਣ ਪੰਡਿਤਾ ਸਨ. ਰਾਜਾ ਜਨਕ ਦੀ ਸਭਾ ਵਿੱਚ ਯਾਗ੍ਯਵਲਕ੍ਯ ਦਾ ਭਾਰੀ ਮਾਨ ਸੀ. ਇਸ ਦੀ ਬਣਾਈ ਸੰਹਿਤਾ, ਜਿਸ ਦੇ ਤਿੰਨ ਅਧ੍ਯਾਯ ਅਤੇ ੧੦੧੨ ਸ਼ਲੋਕ ਹਨ, ਹਿੰਦੂਆਂ ਲਈ ਹੁਣ ਭੀ ਕਾਨੂਨ ਰੂਪ ਹੈ. ਸ਼ੁਕਲ ਯਜੁਰਵੇਦ ਸੰਹਿਤਾ ਦਾ ਭੀ ਇਹੀ ਆਚਾਰਯ ਹੈ. ਦੇਖੋ, ਮਿਤਾਕ੍ਸ਼ਰਾ ਅਤੇ ਵੇਦ.

ਯਾਚ: ਸੰ. याच्. ਧਾ- ਮੰਗਣਾ (ਯਾਚਨਾ ਕਰਨਾ).

ਯਾਚਕ: ਸੰ. ਵਿ- ਮੰਗਣ ਯੋਗ੍ਯ. ਦੇਖੋ, ਯਾਚ ਧਾ. ੨. ਸੰਗ੍ਯਾ- ਮੰਗਤਾ.

ਯਾਚਨ: ਸੰ. ਸੰਗ੍ਯਾ- ਮੰਗਣ ਦੀ ਕ੍ਰਿਯਾ. ਦੇਖੋ, ਯਾਚ ਧਾ.

ਯਾਚਨੀਯ: ਸੰ. ਵਿ- ਮੰਗਣ ਯੋਗ੍ਯ. ਦੇਖੋ, ਯਾਚ ਧਾ.

ਯਾਜਕ: ਸੰ. ਸੰਗ੍ਯਾ- ਯਜਨ ਕਰਾਉਣ ਵਾਲਾ. ਜੋ ਵਿਧਿ ਸਹਿਤ ਯਗ੍ਯ ਕਰਾਵੇ. ਪੁਰੋਹਿਤ. ਦੇਖੋ, ਯਜ ਧਾ.

ਯਾਜਨ: ਸੰ. ਸੰਗ੍ਯਾ- ਯਜਨ ਕਰਾਉਣ ਦੀ ਕ੍ਰਿਯਾ. ਯਗ੍ਯ ਕਰਾਉਣਾ. ਦੇਖੋ, ਯਜ ਧਾ.

ਯਾਤਨਾ: ਸੰ. ਸੰਗ੍ਯਾ- ਸਖ਼ਤ ਦਰਦ. ਵਡੀ ਪੀੜ। ੨. ਸਜ਼ਾ. ਤਾੜਨਾ. ਦੇਖੋ, ਯਤ ਧਾ.

ਯਾਤਾ: ਸੰ. ਦੇਰਾਨੀ ਜੇਠਾਨੀਆਂ (ਭਾਈਆਂ ਦੀਆਂ ਇਸਤ੍ਰੀਆਂ) ਆਪੋ ਵਿੱਚੀ ਯਾਤਾ ਆਖੀਆਂ ਜਾਂਦੀਆਂ ਹਨ.

ਯਾਤਿ: ਸੰ. ਜਾਂਦਾ (ਗਮਨ ਕਰਦਾ) ਹੈ.

ਯਾਤੁ: ਸੰ. ਉਹ ਜਾਵੇ। ੨. ਸੰਗ੍ਯਾ- ਰਾਹੀ. ਮੁਸਾਫਿਰ। ੩. ਰਾਖਸ। ੪. ਕਾਲ। ੫. ਪੌਣ. ਹਵਾ। ੬. ਹਿੰਸਾ। ੭. ਅਸਤ੍ਰ.

ਯਾਤੁਯਾਨ: ਸੰ. ਸੰਗ੍ਯਾ- ਰਾਖਸ। ੨. ਜਾਦੂਗਰ. ਦੇਖੋ, ਜਾਤੁਧਾਨ.

ਯਾਤੇ: ਕ੍ਰਿ. ਵਿ- ਇਸ ਵਾਸਤੇ. ਇਸ ਲਈ. "ਚੰਚਲ ਤ੍ਰਿਸ਼ਨਾ ਸੰਗਿ ਬਸਤੁ ਹੈ, ਯਾਤੇ ਥਿਰੁ ਨ ਰਹਾਈ." (ਗਉ ਮਃ ੯)

ਯਾਤ੍ਰਾ: ਸੰ. ਭਾਈ ਦੀ ਇਸ੍ਤ੍ਰੀ ਨੇ, ਅਥਵਾ ਭਾਈ ਦੀ ਇਸ੍ਤ੍ਰੀ ਕਰਕੇ। ੨. ਸੰਗ੍ਯਾ- ਜਿੱਤਣ ਦੀ ਇੱਛਾ ਕਰਕੇ ਧਾਵਾ ਕਰਨਾ। ੩. ਸਫਰ ਕਰਨ ਦੀ ਕ੍ਰਿਯਾ. ਦੇਖੋ, ਯਾ ਧਾ.

ਯਾਤ੍ਰਿ, ਯਾਤ੍ਰੀ: ਸੰ. यात्रिन्. ਵਿ- ਸਫਰ ਕਰਨ ਵਾਲਾ। ੨. ਸੰਗ੍ਯਾ- ਮੁਸਾਫਿਰ। ੩. ਜਿੱਤਣ ਦੀ ਇੱਛਾ ਨਾਲ ਧਾਵਾ ਕਰਨ ਵਾਲਾ। ੪. ਤੀਰਥਯਾਤ੍ਰੀ ਦੇਖੋ, ਯਾ- ਧਾ.

ਯਾਦ: ਫ਼ਾ. یاد ਸੰਗ੍ਯਾ- ਸਮਰਣ. ਸਿਮਰਣ. ਚੇਤਾ। ੨. ਵਿ- ਕੰਠਾਗ੍ਰ. ਹਿਫਜ਼.

ਯਾਦਗਾਰ, ਯਾਦਗਾਰੀ, ਯਾਦਗੀਰੀ: ਫ਼ਾ. یادگاری ਸੰਗ੍ਯਾ- ਸ੍‍ਮਰਣ ਕਰਨ ਦੀ ਕ੍ਰਿਯਾ. ਚੇਤੇ ਕਰਨਾ.

ਯਾਦਦਾਸ਼੍ਤ: ਫ਼ਾ. یادداشت ਸੰਗ੍ਯਾ- ਯਾਦ (ਸ੍‍ਮਰਣ) ਰੱਖਣ ਦਾ ਭਾਵ. ਸਿਮ੍ਰਿਤਿ. ਚੇਤਾ.

ਯਾਦਵ: ਯਦੁ ਦੀ ਔਲਾਦ ਦੇ ਲੋਕ. ਯਾਦੋ. ਦੇਖੋ, ਯਯਾਤਿ. ਯਾਦਵਾਂ ਵਿੱਚ ਕ੍ਰਿਸ਼ਨ ਜੀ ਵਡੇ ਨੀਤਿਵੇੱਤਾ ਅਤੇ ਪ੍ਰਤਾਪੀ ਹੋਏ ਹਨ. ਇਨ੍ਹਾਂ ਦੀ ਰਾਜਧਾਨੀ ਪਹਿਲਾਂ ਮਥੁਰਾ, ਫੇਰ ਦ੍ਵਾਰਕਾ ਰਹੀ ਹੈ. ਹੁਣ ਵਿਜਯਨਗਰ ਦੇ ਰਾਜਾ ਆਪਣੇ ਤਾਂਈ ਯਾਦਵ ਕੁਲ ਦੇ ਸਰਤਾਜ ਸਮਝਦੇ ਹਨ. ਵਿਸ਼ਨੁਪੁਰਾਣ ਵਿੱਚ ਲੇਖ ਹੈ ਕਿ ਯਾਦਵ ਕੁਲ ਦੀ ਕੋਈ ਗਿਣਤੀ ਨਹੀਂ ਕਰ ਸਕਦਾ. ਕਈ ਗ੍ਰੰਥਾਂ ਵਿੱਚ ਯਾਦਵ ੫੬ ਕਰੋੜ ਲਿਖੇ ਹਨ.[1057] ਮਹਾਭਾਰਤ ਦੇ ਜੰਗ ਪਿੱਛੋਂ ਆਪੋਵਿੱਚੀ ਲੜਾਈ ਹੋਣ ਕਰਕੇ ਯਾਦਵਵੰਸ਼ ਰਾਜ ਪ੍ਰਤਾਪ ਖੋ ਬੈਠਾ.

ਯਾਦਵਨਾਥ, ਯਾਦਵਪਤਿ, ਯਾਦਵਰਾਇ, ਯਾਦਵਰਾਜ: ਯਾਦਵਵੰਸ਼ ਦੇ ਸ੍ਵਾਮੀ ਕ੍ਰਿਸ਼ਨਦੇਵ। ੨. ਦੇਖੋ, ਜਾਦਮਰਾਇ ੨.

ਯਾਦੋ: ਦੇਖੋ, ਯਾਦਵ.

ਯਾਦੋਰਾਇ: ਦੇਖੋ, ਯਾਦਵਰਾਜ.

ਯਾਦ੍ਰਿਸ਼: ਸੰ. यादृश. ਵਿ- ਯਾਦ੍ਰਿਕ੍ਸ਼. ਦੇਖਣ ਵਿੱਚ ਉਹੋ ਜੇ. ਜੈਸਾ.

---

[1057] ਜਿਵੇਂ ਤ੍ਰਯਃ ਤ੍ਰਿੰਸ਼ਤਕੋਟਿ ਤੋਂ ਤੇਤੀ ਕਰੋੜ ਸ਼ਬਦ ਬਣ ਗਿਆ ਹੈ, ਇਵੇਂ ਹੀ ਸਟ੍ ਪੰਚਾਸ਼ਤ ਕੋਟਿ ਤੋਂ ਛਪੰਜਾ ਕਰੋੜ ਬਣ ਗਿਆ ਹੈ. ਇਸ ਦਾ ਅਸਲ ਭਾਵ ਹੈ ਛਪੰਜਾ ਪ੍ਰਧਾਨ ਗੋਤਾਂ ਦੇ ਬਾਵਨ, ਅਰਥਾਤ ਸੁਰ ਵ੍ਰਿਸ੍ਟਿ ਆਦਿ. ਦੇਖੋ, ਤੇਤੀਸ ਕੋਟਿ.

ਯਾਨ: ਸੰ. ਸੰਗਯਾ- ਗਮਨ. ਜਾਣਾ। ੨. ਹਮਲਾ. ਆਕ੍ਰਮਣ. ਧਾਵਾ। ੩. ਜਾਣ ਦਾ ਸਾਧਨ ਰਥ ਘੋੜਾ ਆਦਿ ਸਵਾਰੀ. ਦੇਖੋ, ਯਾ ਧਾ.

ਯਾਨੜਾ: ਵਿ- ਅਗ੍ਯਾਨ ਵਾਲਾ. ਅਣਜਾਣਪੁਣੇ ਵਾਲਾ। ੨. ਗਮਨ ਕਰਨ ਵਾਲਾ. ਮੁਸਾਫਿਰ। ੩. ਯਾਨ (ਸਵਾਰੀ) ਰੱਖਣ ਵਾਲਾ.

ਯਾਨੜੀਏ ਕੈ ਘਰਿ ਗਾਵਣਾ: "ਇਆਨੜੀਏ ਮਾਨੜਾ ਕਾਇ ਕਰੇਹਿ." ਜਿਸ ਧਾਰਣ ਵਿੱਚ ਇਹ ਸ਼ਬਦ ਗਾਇਆ ਜਾਂਦਾ ਹੈ, ਉਸੇ ਵਿੱਚ- "ਮੈ ਮਨਿ ਤੇਰੀ ਟੇਕ, ਮੇਰੇ ਪਿਆਰੇ." (ਬਿਲਾ ਮਃ ੫) ਸ਼ਬਦ ਗਾਉਣ ਦੀ ਹਦਾਇਤ ਹੈ.

ਯਾਨਾ, ਯਾਨੀ: ਵਿ- ਅਨਜਾਨ. ਅਗ੍ਯਾਨੀ. ਅਣਜਾਣਪੁਣੇ ਵਾਲੀ. "ਭਈ ਅਤਿ ਯਾਨੀ." (ਚਰਿਤ੍ਰ ੧੦੮) ੨. ਅ਼. يعني ਵਜ- ਅਰਥਾਤ. ਗੋਯਾ ਕਿ.

ਯਾਫ਼ਤ: ਫ਼ਾ. یافت ਵਿ- ਪਾਇਆ. ਪ੍ਰਾਪਤ ਕੀਤਾ. ਲੱਭਿਆ. "ਯਾਫਤਜ਼ ਨਾਨਕ ਗੁਰੂ ਗਬਿੰਦਸਿੰਘ." ਦੇਖੋ, ਸਿੱਕਾ ਅਤੇ ਦੇਗ ਤੇਗ ਫ਼ਤਹ਼। ੨. ਸੰਗਯਾ- ਪ੍ਰਾਪਤੀ. ਆਮਦਨੀ.

ਯਾਫ਼ਤਨ: ਫ਼ਾ. یافتن ਕ੍ਰਿ- ਪਾਉਣਾ. ਪ੍ਰਾਪਤ ਕਰਨਾ. ਲੱਭਣਾ.

ਯਾਫ਼ਤਮ: ਫ਼ਾ. یافتم ਮੈ ਪਾਇਆ. ਮੈਂ ਪ੍ਰਾਪਤ ਕੀਤਾ (ਲੱਭਿਆ).

ਯਾਫ਼ਤੀ: ਫ਼ਾ. یفتی ਤੂੰ ਪ੍ਰਾਪਤ ਕੀਤਾ.

ਯਾਬ: ਫ਼ਾ. یاب ਯਾਫ਼ਤਨ ਦਾ ਅਮਰ. ਪਾ. ਪ੍ਰਾਪਤ ਕਰ। ੨. ਵਿ- ਪਾਉਣ ਵਾਲਾ. ਐਸੀ ਦਸ਼ਾ ਵਿੱਚ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ ਕਾਮਯਾਬ। ੩. ਹਾਸਿਲ. ਪ੍ਰਾਪਤ ਹੋਇਆ. ਜੈਸੇ- ਕਾਮਯਾਬ, ਨਾਯਾਬ.

ਯਾਬਦ: ਫ਼ਾ. یابد ਪਾਉਂਦਾ (ਮਾਲੂਮ) ਕਰਦਾ ਹੈ. ਲੱਭਦਾ ਹੈ.

ਯਾਬਿੰਦਹ: ਫ਼ਾ. یابندہ ਵਿ- ਪ੍ਰਾਪ੍ਰ ਕਰਨ ਵਾਲਾ. ਲੱਭਣ ਵਾਲਾ. ਮਾਲੂਮ ਕਰਨ ਵਾਲਾ.

ਯਾਬੂ: ਫ਼ਾ. یابُو ਸੰਗਯਾ- ਟੱਟੂ. ਛੋਟੇ ਕੱਦ ਦਾ ਘੋੜਾ.

ਯਾਮ: ਸੰ. ਸੰਗਯਾ- ਸਮਾਂ. ਵੇਲਾ। ੨. ਦਿਨ ਅਥਵਾ ਰਾਤ ਦਾ ਚੌਥਾ ਹਿੱਸਾ। ੩. ਇੱਕ ਪਹਰ ਦਾ ਸਮਾਂ ਤਿੰਨ ਘੰਟੇ ਪ੍ਰਮਾਣ। ੪. ਵਿ- ਯਮ ਦਾ. ਯਮ ਨਾਲ ਹੈ ਜਿਸ ਦਾ ਸੰਬੰਧ.

ਯਾਮਲ, ਯਾਮਲੰ: ਸੰ. ਸੰਗਯਾ- ਜੋੜਾ, ਯੁਗਲ। ੨. ਤੰਤ੍ਰ- ਸ਼ਾਸਤ੍ਰ, ਜਿਸ ਵਿੱਚ ਸੰਸਾਰ ਦੀ ਰਚਨਾ, ਨਿੱਤਕਰਮ, ਜ੍ਯੋਤਿਸ਼ ਅਤੇ ਵਰਣ ਜਾਤਿ ਦੇ ਭੇਦਾਂ ਦਾ ਵਰਣਨ ਹੈ. ਸੰਸਕ੍ਰਿਤ ਦੇ ਛੀ ਯਾਮਲ ਹਨ- ਆਦਿ ਯਾਮਲ, ਬ੍ਰਹ੍ਮਯਾਮਲ, ਵਿਸ਼ਨੁਯਾਮਲ, ਰੁਦ੍ਰਯਾਮਲ, ਗਣੇਸ਼ਯਾਮਲ ਅਤੇ ਆਦਿਤ੍ਯਯਾਮਲ.

ਯਾਮਾਨੀ: ਵਿ- ਯਮਨ (ਯੂਨਾਨ) ਦੀ. "ਕਤਿਯਾ ਯਾਮਾਨੀ ਹਿੰਦਵੀ." (ਸਨਾਮਾ) ਯੂਨਾਨੀ ਅਤੇ ਹਿੰਦੁਸਤਾਨ ਦੀ ਕੱਤੀ (ਤਲਵਾਰ)

ਯਾਮਿਨੀ: ਸੰ. ਸੰਗਯਾ- ਯਾਮ (ਪਹਰਾਂ) ਵਾਲੀ ਰਾਤ੍ਰਿ. ਜਿਸ ਦੇ ਤਿੰਨ ਪਹਰਾਂ ਦੀ ਗਿਣਤੀ ਹੈ. ਤ੍ਰਿਯਾਮਾ.

ਯਾਮੁਨ ਮੁਨਿ: ਵੈਸ਼ਨਵਮਤ ਦੇ ਇੱਕ ਪ੍ਰਸਿੱਧ ਆਚਾਰਯ. ਦੇਖੋ, ਰਾਮਾਨੁਜ.

ਯਾਰ: ਫ਼ਾ. یار ਸੰਗਜਾ- ਮਿਤ੍ਰ ਦੋਸ੍ਤ.[1058] "ਯਾਰ ਵੇ, ਤੈ ਰਾਵਿਆ ਲਾਲਨ." (ਜੈਤ ਛੰਤ ਮਃ ੫) ੨. ਸਹਾਇਕ। ੩. ਸਾਥੀ. ਸੰਗੀ.

ਯਾਰਖਾਨ: ਨਵਾਬ ਦੌਲਤਖ਼ਾਂ ਲੋਦੀ ਦਾ ਮੁਸਾਹ਼ਬ, ਜਿਸ ਨਾਲ ਸ਼੍ਰੀ ਗੁਰੂ ਨਾਨਕਦੇਵ ਦੀ ਕਈ ਵਾਰ ਧਰਮਚਰਚਾ ਹੋਈ.

ਯਾਰ: ਮੀਤ ਸਾਜਨ. ਵਿ- ਯਾਰ (ਸਹਾਇਕ) ਮੀਤ (ਮਿਤ੍ਰ) ਸਾਜਨ (ਸੁਜਨ) ਸਹਾਇਤਾ ਕਰਨ ਵਾਲਾ ਨੇਕ ਦੋਸ੍ਤ. "ਯਾਰ ਮੀਤ ਸੁਨਿ ਸਾਜਨਹੁ! ਬਿਨੁ ਹਰਿ ਛੂਟਨੁ ਨਾਹਿ." (ਬਾਵਨ)

ਯਾਰਵਲੀ: ਕੰਧਾਰ ਨਿਵਾਸੀ ਇੱਕ ਪੀਰ, ਜੋ ਸਤਿਗੁਰੂ ਨਾਨਕਦੇਵ ਦਾ ਮੁਰੀਦ ਹੋਇਆ.

ਯਾਰੜਾ: ਯਾਰ. ਮਿਤ੍ਰ. ਮਿਤ੍ਰਤਾ ਧਾਰਨ ਵਾਲਾ. ਸਹਾਇਤਾ ਕਰਨ ਵਾਲਾ.

ਯਾਰਾਂ: ਵਿ- ਗਿਆਰਾਂ. ਏਕਾਦਸ਼ (੧੧). ੨. ਮਿਤ੍ਰਾਂ ਦੋਸਤਾਂ, ਜਿਵੇਂ- ਯਾਰਾਂ ਨਾਲ ਬਹਾਰਾਂ. (ਲੋਕੋ)

ਯਾਰਾਨਹ, ਯਾਰਾਨਾ: ਫ਼ਾ. یارانہ ਸੰਗਜਾ- ਯਾਰਪਨ. ਮਿਤ੍ਰਤਾ. ਮਿਤ੍ਰਭਾਵ.

ਯਾਰੀ: ਸੰਗਜਾ- ਮਿਤ੍ਰਤਾ. ਦੋਸ੍ਤੀ। ੨. ਦੇਖੋ, ਜਾਰੀ ੩.

ਯਾਲੀ: ਸੰਗਜਾ- ਅਯਾਲੀ. ਅਜਾਪਾਲ (ਪਾਲੀ) ੨. ਯਾ- ਅਲੀ! ਹੇ ਅ਼ਲੀ!

ਯਾਵਕ: ਸੰ. ਵਿ- ਜੌਂ (ਯਵ) ਦਾ ਬਣਿਆ ਹੋਇਆ। ੨. ਸੰਗਜਾ- ਜੌਂ ਦਾ ਬਣਿਆ ਹੋਇਆ ਭੋਜਨ। ੩. ਲਾਖ ਦਾ ਰੰਗ. ਦੇਖੋ, ਜਾਵਟ.

ਯਾਵਤ: ਸੰ. यावत्. ਵਜ- ਜਿਤਨੇ ਮਾਪ ਵਾਲਾ. ਜਿਤਨਾ। ੨. ਸਾਰਾ. ਸਭ। ੩. ਜਬ ਤਕ. ਜਦ ਤੋੜੀ. ਦੇਖੋ, ਜਾਵਤ.

ਯਾਵਰ: ਫ਼ਾ. یاور ਵਿ- ਸਹਾਇਕ. ਮਦਦਗਾਰ.

ਯਿਆ: ਸਰਵ- ਇਸ. "ਕਹਉ ਕਹਾ ਯਿਆ ਮਨ ਬਉਰੇ ਕਉ." (ਸੋਰ ਮਃ ੯)

ਯੁ: ਸੰ. ਧਾ- ਜੋੜਨਾ (ਮਿਲਾਉਣਾ), ਇਕੱਠਾ ਕਰਨਾ, ਗੁੰਦਣਾ.

ਯੁਸ਼ਮ: ਸੰ. युष्. ਧਾ- ਸੇਵਾ ਕਰਨਾ, ਚਾਕਰੀ ਕਰਨਾ, ਪ੍ਰੇਮ ਕਰਨਾ. ਦੇਖੋ, ਯੋਖਿਤਾ.

ਯੁਸ਼੍ਮਦ, ਯੁਸ਼੍ਮਦੀਯ: ਸੰ. युष्मद्. ਸਰਵ- ਮਧ੍ਯਮ ਪੁਰੁਸ਼. ਤੁਮ. ਤੁਸੀ। ੨. युष्मदीय. ਆਪ ਦਾ. ਤੁਹਾਡਾ.

ਯੁਕ੍ਤ: ਸੰ. ਵਿ- ਮਿਲਿਆ ਹੋਇਆ। ੨. ਜੁੜਿਆ ਹੋਇਆ। ੩. ਉਚਿਤ. ਮੁਨਾਸਿਬ। ੪. ਸੰਗਜਾ- ਯੋਗੀ. ਖ਼ਾਸ ਕਰਕੇ ਉਹ ਯੋਗੀ, ਜਿਸ ਨੂੰ ਯੋਗਾਭ੍ਯਾਸ ਦੇ ਬਲ ਦ੍ਵਾਰਾ ਸਰਵਗ੍ਯਤਾ ਪ੍ਰਾਪਤ ਹੋਈ ਹੈ. ਯੁਕ੍ਤ ਯੋਗੀ। ੫. ਦ੍ਵਿਤ੍ਵ ਅੱਖਰ. ਜੁੜਿਆ ਹੋਇਆ ਅੱਖਰ. ਦੁੱਤ.

ਯੁਕ੍ਤਯੋਗੀ: ਦੇਖੋ, ਯੁਕ੍ਤ ੪. ਅਤੇ ਯੁੰਜਾਨਯੋਗੀ.

ਯੁਕ੍ਤਿ: ਸੰ. ਸੰਗਜਾ- ਅਨੁਮਾਨ। ੨. ਦਲੀਲ। ੩. ਮੇਲ. ਮਿਲਾਪ। ੪. ਯੋਗ੍ਯਤਾ। ੫. ਰੀਤਿ. ਢੰਗ। ੬. ਚਤੁਰਾਈ। ੭. ਇੱਕ ਅਰਥਾਲੰਕਾਰ. ਚਤੁਰਾਈ ਦੀ ਕ੍ਰਿਯਾ ਨਾਲ ਮਨ ਦਾ ਭਾਵ ਪ੍ਰਗਟ ਕੀਤਾ ਅਥਵਾ ਛੁਪਾਇਆ ਜਾਵੇ, ਇਹ "ਯੁਕ੍ਤਿ" ਅਲੰਕਾਰ ਦਾ ਰੂਪ ਹੈ.

ਮਰਮ ਛਪਾਵੈ ਕਰ ਕ੍ਰਿਯਾ ਸੰਗਿ ਸੁਮਤਿ ਵ੍ਯਾਪਾਰ,

---

[1058] ਪੰਜਾਬੀ ਵਿੱਚ ਬਹੁਤ ਅਵਾਣ ਲਿਖਾਰੀ ਯਾਰ ਦੀ ਥਾਂ ਜਾਰ ਅਤੇ ਜਾਰ ਜੀ ਥਾਂ ਯਾਰ, ਅਰਥ ਸਮਝੇ ਬਿਨਾ ਲਿਖਦੇ ਹਨ. ਦੇਖੋ, ਜਾਰ ਸ਼ਬਦ ਦੋ ਦਾ ਫੁਟ ਨੋਟ.

ਅਲੰਕਾਰ ਤਹਿਂ ਯੁਕ੍ਤਿ ਵਰ ਵਰਣਤ ਰਸਅਵਤਾਰ. (ਰਾਮਚੰਦ੍ਰਭੂਸ਼ਣ)

ਉਦਾਹਰਣ-

ਪੁਤ੍ਰ ਮਰਣ ਪੰਡਿਤ ਸੁਨ੍ਯੋ ਬਹੀ ਨੈਨ ਜਲਧਾਰ,

ਗੋਪਨ ਹਿਤ ਵੈਰਾਗ ਕੇ ਕਰੇ ਸ਼ਲੋਕ ਉਚਾਰ.

ਪੰਡਿਤ ਨੇ ਇਹ ਜਾਣਕੇ ਕਿ ਲੋਕ ਮੈਨੂੰ ਆਗ੍ਯਾਨੀ ਨਾ ਜਾਣਨ, ਵੈਰਾਗਪੂਰਿਤ ਸ਼ਲੋਕ ਪੜ੍ਹਨੇ ਸ਼ੁਰੂ ਕੀਤੇ, ਜਿਸ ਤੋਂ ਸਭ ਨੇ ਜਾਣਿਆ ਕਿ ਪੰਡਿਤ ਕੈਸਾ ਆ਼ਮਿਲ ਹੈ ਕਿ ਵੈਰਾਗ ਦੇ ਵਾਕ ਪੜ੍ਹਦੇ ਹੀ ਨੇਤ੍ਰਾਂ ਤੋਂ ਜਲਧਾਰਾ ਬਹਿ ਚਲੀ.

(ਅ) ਕਿਸੀ ਬਾਤ ਨੂੰ ਦਲੀਲ ਨਾਲ ਖੰਡਨ ਮੰਡਨ ਕਰਨਾ, "ਯੁਕ੍ਤਿ" ਦਾ ਦੂਜਾ ਰੂਪ ਹੈ.

ਖੰਡਨ ਮੰਡਨ ਜਹਾਂ ਹ੍ਵੈ ਯੁਕ੍ਤਿ ਉਕ੍ਤਿ ਕੀ ਬਾਤ,

ਹਰਿਵ੍ਰਿਜੇਸ਼ ਭੂਸ਼ਣ ਤਹਾਂ ਯੁਕ੍ਤਿ ਅਹੈ ਵਿਖ੍ਯਾਤ.

ਉਦਾਹਰਣ-

ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ,

ਤਉ ਆਨ ਬਾਟ ਕਾਹੇ ਨਹੀ ਆਇਆ?

ਤੁਮ ਕਤ ਬ੍ਰਾਹਮਣ, ਹਮ ਕਤ ਸੂਦ?

ਹਮ ਕਤ ਲੋਹੂ, ਤੁਮ ਕਤ ਦੂਧ? (ਗਉ ਕਬੀਰ)

ਜੇਕਰਿ ਸੂਤਕੁ ਮੰਨੀਐ ਸਭਤੈ ਸੂਤਕੁ ਹੋਇ,

ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ,

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ,

ਪਹਿਲਾ ਪਾਣੀ ਜੀਉ ਹੈ ਜਿਤੁ ਹਾਰਿਆ ਸਭੁ ਕੋਇ,

ਸੂਤਕੁ ਕਿਉ ਕਰਿ ਰਖੀਐ? ਸੂਤਕੁ ਪਵੈ ਰਸੋਇ,

ਨਾਨਕ ਸੂਤਕੁ ਏਵ ਨ ਉਤਰੈ,

ਗਿਆਨੁ ਉਤਾਰੈ ਧੋਇ. (ਵਾਰ ਆਸਾ)

ਨਗਨ ਫਿਰਤ ਜੋ ਪਾਈਐ ਜੋਗੁ,

ਬਨ ਕਾ ਮਿਰਗੁ ਮੁਕਤਿ ਸਭੁ ਹੋਗੁ, ×××

ਮੂੰਡ ਮੁੰਡਾਏ ਜੋ ਸਿਧਿ ਪਾਈ,

ਮੁਕਤੀ ਭੇਡ ਨ ਗਈਆ ਕਾਈ,

ਬਿੰਦੁ ਰਾਖਿ ਜੋ ਤਰੀਐ ਭਾਈ,

ਖੁਸਰੈ ਕਿਉ ਨ ਪਰਮਗਤਿ ਪਾਈ? (ਗਉ ਕਬੀਰ)

ਮਿਲੈ ਨ ਤੀਰਥਨ੍ਹਾਤਿਆਂ ਡੱਡਾਂ ਜਲਵਾਸੀ,

ਵਾਲ ਵਧਾਇਐ ਪਾਈਐ ਵੜ ਜਟਾਂ ਪਲਾਸੀ,

ਨੰਗੇ ਰਹਿਆਂ ਜੇ ਮਿਲੈ ਵਣ ਮਿਰਗ ਉਦਾਸੀ,

ਭਸਮ ਲਾਇ ਜੇ ਪਾਈਐ ਖਰ ਖੇਹ ਨਿਵਾਸੀ,

ਜੇ ਪਾਈਏ ਚੁਪਕੀਤਿਆਂ ਪਸ਼ੂਆਂ ਜੜ੍ਹ ਹਾਸੀ,

ਵਿਣ ਗੁਰੁ ਮੁਕਤਿ ਨ ਹੋਵਈ, ਗੁਰੁ ਮਿਲੈ ਖਲਾਸੀ. (ਭਾਗੁ. )

ਯੁਗ: ਸੰ. ਸੰਗਜਾ- ਜੋੜਾ. ਯੁਗਮ। ੨. ਚਾਰ ਹੱਥ ਦਾ ਮਾਪ. ਦੋ ਗਜ਼। ੩. ਰਥ ਗੱਡੇ ਆਦਿ ਦਾ ਜੂਲਾ। ੪. ਸਤਜ, ਤ੍ਰੇਤਾ, ਦ੍ਵਾਪਰ ਅਤੇ ਕਲਿ ਰੂਪ ਇੱਕ ਖਾਸ ਸਮਾਂ. ਹਿੰਦੂਮਤ ਦੇ ਗ੍ਰੰਥਾਂ ਅਨੁਸਾਰ ਯੁਗ ਦੇ ਆਰੰਭ ਦਾ ਸਮਾਂ "ਸੰਧਜਾ" ਅਤੇ ਸਮਾਪਤੀ ਦਾ "ਸੰਧਜਾਂਸ਼" ਕਹਾਉਂਦਾ ਹੈ ਅਤੇ ਇਨ੍ਹਾਂ ਦੋਹਾਂ ਦਾ ਪ੍ਰਮਾਣ ਹਰੇਕ ਯੁਗ ਦਾ ਦਸਵਾਂ ਦਸਵਾਂ ਹਿੱਸਾ ਹੁੰਦਾ ਹੈ. ਚੌਹਾਂ ਯੁਗਾਂ ਦੀ ਗਿਣਤੀ ਦੇਵਤਿਆਂ ਦੇ ਵਰ੍ਹਿਆਂ ਅਨੁਸਾਰ ਇਸ ਤਰਾਂ ਹੈ::-

| | | | |
|---|---|---|---|
| (ੳ) | ਕ੍ਰਿਤ ਅਥਵਾ ਸਤਯੁਗ | ੪੦੦੦, | |
| | ਸੰਧਜਾ | ੪੦੦, | |
| | ਸੰਧਯਾਂਸ਼ | ੪੦੦ | (੪੮੦੦) |
| (ਅ) | ਤ੍ਰੇਤਾ ਯੁਗ | ੩੦੦੦, | |
| | ਸੰਧਜਾ | ੩੦੦, | |
| | ਸੰਧਜਾਂਸ਼ | ੩੦੦ | (੩੬੦੦) |
| (ੲ) | ਦ੍ਵਾਪਰ ਯੁਗ | ੨੦੦੦, | |
| | ਸੰਧਜਾ | ੨੦੦ | |
| | ਸੰਧਜਾਂਸ਼ | ੨੦੦ | (੨੪੦੦ |
| (ਸ) | ਕਲਿਯੁਗ | ੧੦੦੦, | |
| | ਸੰਧਜਾ | ੧੦੦ | |
| | ਸੰਧਜਾਂਸ਼ | ੧੦੦ | (੧੨੦੦) |

ਇਹ ਭੀ ਮਾਲੂਮ ਰਹੇ ਕਿ ਦੇਵਤਿਆਂ ਦਾ ਇੱਕ ਵਰ੍ਹਾ ਲੋਕਾਂ ਦੇ ੩੬੦ ਵਰ੍ਹਿਆਂ ਦੇ ਬਰਾਬਰ ਹੈ, ਇਸ ਲਈ ਮਨੁੱਖਾਂ ਦੇ ਸਾਲਾਂ ਅਨੁਸਾਰ ਗਿਣਤੀ ਇਉਂ ਹੈ:-

| | |
|---|---|
| ਸਤਯੁਗ | ੧੭੨੮੦੦੦ |
| ਤ੍ਰੇਤਾ ਯੁਗ | ੧੨੯੬੦੦੦ |
| ਦ੍ਵਾਪਰ ਯੁਗ | ੮੬੪੦੦੦ |
| ਕਲਿਯੁਗ | ੪੩੨੦੦੦ |
| ਜੋੜ | ੪੩੨੦੦੦੦ ਵਰ੍ਹੇ. |

ਯੁਗਾਂ ਦੀ ਇੱਕ ਚੌਕੜੀ ਦਾ ਨਾਮ "ਮਹਾਯੁਗ" ਹੈ. ਦੋ ਹਜ਼ਾਰ ਮਹਾਯੁਗ ਅਥਵਾ ੮੬੪੦੦੦੦੦੦੦ ਵਰ੍ਹਿਆਂ ਦਾ ਇੱਕ

"ਕਲਪ" ਅਥਵਾ ਬ੍ਰਹਮਾ ਦੀ ਇੱਕ ਰਾਤ ਤੇ ਦਿਨ ਬੁਣਦਾ ਹੈ. ਇਹ ਯੁਗਾਂ ਦੀ ਗਿਣਤੀ ਵੇਦਾਂ ਵਿੱਚ ਨਹੀਂ ਹੈ, ਪਰ ਪੁਰਾਣਾਂ, ਮਹਾਭਾਰਤ ਅਤੇ ਰਾਮਾਯਣ ਵਿੱਚ ਪਾਈ ਜਾਂਦੀ ਹੈ. ਵਨਚਰਾਂ ਦੇ ਸਰਦਾਰ ਹਨੁਮਾਨ ਨੇ ਚਾਰ ਯੁਗਾਂ ਦਾ ਵਰਣਨ ਵਾਲਮੀਕਿ ਵਿੱਚ ਵਡੇ ਵਿਸਤਾਰ ਨਾਲ ਕੀਤਾ ਹੈ, ਜਿਸ ਦਾ ਸੰਖੇਪ ਇਹ ਹੈ:-

(ੳ) ਕ੍ਰਿਤਯੁਗ (ਸਤਯੁਗ) ਵਿੱਚ ਲੋਕ ਸਦਾ ਹੀ ਭਲੇ ਕਰਮ ਕਰਦੇ ਸਨ. ਨਾ ਧਰਮ ਦੀ ਅਤੇ ਨਾਂ ਹੀ ਲੋਕਾਂ ਦੀ ਹਾਨਿ ਹੁੰਦੀ ਸੀ. ਲੋਕਾਂ ਨੂੰ ਬਹੁਤ ਪੁਰੁਸ਼ਾਰਥ ਭੀ ਨਹੀਂ ਕਰਨਾ ਪੈਂਦਾ ਸੀ, ਜੋ ਕੁਛ ਉਨ੍ਹਾਂ ਦੇ ਚਿੱਤ ਦੀ ਇੱਛਾ ਹੁੰਦੀ ਆਪ ਤੋਂ ਆਪ ਹੀ ਪੂਰੀ ਹੋ ਜਾਂਦੀ ਸੀ. ਨਾ ਕੋਈ ਰੋਂਦਾ ਸੀ ਨਾ ਕਿਸੇ ਵਿੱਚ ਅਭਿਮਾਨ ਸੀ ਅਤੇ ਨਾ ਹੀ ਕੋਈ ਧੋਖਾ ਦੇਂਦਾ ਸੀ, ਨਾ ਕੋਈ ਝਗੜਦਾ ਸੀ, ਨਾ ਈਰਖਾ ਸੀ, ਨਾ ਕੋਈ ਸਖਤੀ ਕਰਦਾ ਤੇ ਨਾ ਕੋਈ ਡਰਦਾ ਸੀ, ਨਾ ਸਾੜਾ ਨਾ ਵੈਰ ਸੀ. ਹਰ ਇੱਕ ਜਾਤਿ ਦੇ ਆਦਮੀ ਆਪੋ ਆਪਣੇ ਨੇਮ ਅਤੇ ਕਰਮ ਨਿਬਾਹੀ ਚਲੇ ਜਾਂਦੇ ਸਨ. ਭਾਵੇਂ ਏਨ੍ਹਾਂ ਦੇ ਧਰਮ ਤਾਂ ਕਈ ਸਨ, ਪਰ ਵੇਦ ਅਨੁਸਾਰ ਸਭ ਦਾ ਇੱਕੋ ਹੀ ਧਰਮ ਸੀ.

(ਅ) ਤ੍ਰੇਤਾ ਯੁਗ ਵਿੱਚ ਯਗਯ ਆਦਿ ਹੋਣ ਲੱਗੇ, ਧਰਮ ਦਾ ਚੌਥਾ ਹਿੱਸਾ ਘਟ ਗਿਆ. ਲੋਕ ਸੱਚ ਤਾਂ ਬੋਲਦੇ, ਪਰ ਕਈ ਆਪਣੇ ਹਿਤ ਦੇ ਨਿਯਮਾਂ ਅਨੁਸਾਰ ਹੀ ਕਰਦੇ ਸਨ. ਬਲਿਦਾਨ ਅਤੇ ਹੋਮ ਪੂਜਨ ਆਦਿ ਕਰਮਾਂ ਦਾ ਪ੍ਰਚਾਰ ਸੀ. ਲੋਕ ਚਿੱਤ ਵਿੱਚ ਕਾਮਨਾ ਰੱਖਕੇ ਭਗਤਿ ਕਰਦੇ ਸਨ.

(ੲ) ਦ੍ਵਾਪਰ ਯੁਗ ਵਿੱਚ ਨੇਕੀ ਅੱਧੀ ਰਹਿਗਈ. ਵੇਦ ਚਾਰ ਹੋ ਗਏ. ਕਈ ਲੋਕ ਚਾਰ ਵੇਦ ਪੜ੍ਹਨ. ਕਈ ਤਿੰਨ, ਕਈ ਦੋ ਅਤੇ ਕਈ ਇੱਕ, ਅਤੇ ਕਈ ਇੱਕ ਭੀ ਨਾ ਪੜ੍ਹਨ. ਰਸਮਾਂ ਕਈ ਯੁਕਤੀਆਂ ਅਨੁਸਾਰ ਹੋਣ ਲਗ ਪਈਆਂ. ਨੇਕੀ ਭੀ ਘਟ ਗਈ, ਤੇ ਝੂਠ ਭੀ ਕਈ ਬੋਲਣ ਲੱਗ ਪਏ. ਜਦ ਲੋਕ ਸਚਾਈ ਦੇ ਰਸਤੇ ਤੋਂ ਪਰੇ ਹੋ ਗਏ, ਤਾਂ ਕਈ ਵਯਾਧੀਆਂ ਕਾਮਨਾ ਅਤੇ ਉਪਾਧੀਆਂ ਕਰਮਾਂ ਅਨੁਸਾਰ ਆ ਗਈਆਂ, ਜਿਸ ਨਾਲ ਉਨ੍ਹਾਂ ਨੂੰ ਸੰਤਾਪ ਹੋਇਆ, ਤਾਂ ਤਪ ਕਰਨ ਲੱਗ ਪਏ. ਕਈ ਸ੍ਵਰਗਲੋਕ ਦੇ ਸੁਖ ਲੈਣ ਲਈ ਯਗਯ ਕਰਨ ਲੱਗੇ, ਪਰ ਬੁੱਧੀ ਲੋਕਾਂ ਦੀ ਮਲੀਨ ਹੀ ਹੁੰਦੀ ਚਲੀ ਗਈ.

(ਸ) ਜਦ ਕਲਿਯੁਗ ਦਾ ਪ੍ਰਭਾਵ ਹੋਇਆ ਤਾਂ ਭਲਾਈ ਕੇਵਲ ਚੌਥਾ ਹਿੱਸਾ ਹੀ ਰਹਿ ਗਈ. ਵੇਦਸ਼ਾਸਤ੍ਰ ਦੇ ਨੇਮ, ਨੇਕੀ ਦੇ ਕੰਮ ਅਤੇ ਯਗਯ ਹੋਮ ਆਦਿਕ ਸਭ ਬੰਦ ਹੋ ਗਏ, ਮੁਸੀਬਤਾਂ, ਰੋਗ, ਥਕਾਣ, ਕ੍ਰੋਧ, ਸੰਤਾਪ, ਭੁਖ ਅਤੇ ਡਰ ਨੇ ਆਕੇ ਲੋਕਾਂ ਨੂੰ ਗ੍ਰਸ ਲਿਆ.

ਸਤਯੁਗ ਵਿੱਚ ਲੋਕਾਂ ਦੀ ਉਮਰ ਚਾਰ ਹਜ਼ਾਰ ਵਰ੍ਹੇ ਦੀ, ਤ੍ਰੇਤੇ ਵਿੱਚ ਤਿੰਨ ਹਜ਼ਾਰ ਦੀ, ਦ੍ਵਾਪਰ ਵਿੱਚ ਦੋ ਹਜ਼ਾਰ ਦੀ ਰਹਿ ਗਈ ਅਤੇ ਕਲਯੁਗ ਦੀ ਉਮਰ ਦਾ ਕੋਈ ਨੇਮ ਹੀ ਨਹੀਂ.

ਮਨੁ ਨੇ ਸਤਿਯੁਗ ਦੀ ਉਮਰ ੪੦੦, ਤ੍ਰੇਤਾ ਦੀ ੩੦੦, ਦ੍ਵਾਪਰ ਦੀ ੨੦੦ ਅਤੇ ਕਲਿਯੁਗ ਦੀ ੧੦੦ ਵਰ੍ਹਾ ਲਿਖੀ ਹੈ. ਦੇਖੋ, ਮਨੁਸਿਮ੍ਰਿਤਿ ਅਃ ੧, ਸ਼ਃ ੮੩.

ਸ਼੍ਰੀ ਗੁਰੂ ਨਾਨਕਦੇਵ ਨੇ ਯੁਗਾਂ ਦੀ ਵੰਡ ਪੁਰਾਣਾਂ ਅਨੁਸਾਰ ਨਹੀਂ ਮੰਨੀ[1059] ਅਰ ਨਾ ਯੁਗਾਂ ਨੂੰ ਕਰਮਾਂ ਦਾ ਕਾਰਣ ਮੰਨਿਆਂ ਹੈ. ਕਿੰਤੁ ਜੀਵਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ ਯੁਗ (ਸਮਾਂ) ਹੁੰਦਾ ਹੈ, ਅਰਥਾਤ ਜਿਸ ਦੇਸ਼ ਵਿੱਚ ਨੇਕ ਆਦਮੀ ਜਿਸ ਸਮੇਂ ਵਿੱਚ ਹੁੰਦੇ ਹਨ ਉਸ ਵੇਲੇ ਸਤਯੁਗ ਵਰਤਦਾ ਹੈ ਅਰ ਜਿਸ ਦੇਸ਼ ਤਥਾ ਸਮੇਂ ਵਿੱਚ ਨੀਚ ਕਰਮਾਂ ਦੇ ਕਰਨ ਵਾਲੇ ਹੁੰਦੇ ਹਨ, ਉਸ ਸਮੇਂ ਕਲਿਯੁਗ ਕਿਹਾ ਜਾਂਦਾ ਹੈ.

ਮਨੁ ਨੇ ਨੋਮੇਂ ਅਧ੍ਯਾਯ ਦੇ ੩੦੧ ਸ਼ਲੋਕ ਵਿੱਚ ਯੁਗ ਦਾ ਕਾਰਣ ਰਾਜਾ ਨੂੰ ਲਿਖਿਆ ਹੈ. ਮਹਾਭਾਰਤ ਨੇ ਭੀ ਇਸ ਦੀ ਪੁਸ਼ਟੀ ਕੀਤੀ ਹੈ, ਯਥਾ- "राजा कालस्य कारणम्"

ਯੁਗ ਧਰਮ: ਚਾਰੇ ਯੁਗਾਂ ਦੇ ਜੁਦੇ ਜੁਦੇ ਧਰਮ. ਪੁਰਾਣਾਂ ਅਨੁਸਾਰ ਸਤਯੁਗ ਵਿੱਚ ਧਿਆਨ, ਤ੍ਰੇਤਾ ਵਿੱਚ ਯਗਯ. ਦ੍ਵਾਪਰ ਵਿੱਚ

---

[1059] "ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ।
ਸਾ ਧਰਤੀ ਸਾ ਪਉਣੁ ਝੁਲਾਰੇ, ਜੁਗ ਜੀਅ ਖੇਲੈ ਥਾਵ ਕੈਸੇ?"
(ਰਾਮ ਅਃ ਮਃ ੧)

ਪੂਜਨ ਅਤੇ ਕਲਿਯੁਗ ਵਿੱਚ ਹਰਿਨਾਮ ਕੀਰਤਨ[1060] ਮਨੁਸਿਮ੍ਰਿਤਿ ਅਨੁਸਾਰ ਚਾਰੇ ਯੁਗਾਂ ਦੇ ਯਥਾਕ੍ਰਮ ਤਪ, ਗ੍ਯਾਨ, ਯਗ੍ਯ ਅਤੇ ਦਾਨ[1061] "ਸਤਯੁਗਿ ਸਤੁ, ਤੇਤਾ ਜਗੀ, ਦੁਆਪਰਿ ਪੂਜਾਚਾਰ। ਤੀਨੋ ਜੁਗਿ ਤੀਨੋ ਦਿੜੈ, ਕਲਿ ਕੇਵਲ ਨਾਮ ਆਧਾਰ." (ਗਉ ਰਵਿਦਾਸ)

ਯੁਗਮ, ਯੁਗਲ: ਸੰ. युग्म. ਸੰਗ੍ਯਾ- ਜੋੜਾ। ੨. ਵਿ- ਦੋ ਦੀ ਗਿਣਤੀ ਵਾਲਾ.

ਯੁਗਾਂਤ: ਸੰ. ਸੰਗ੍ਯਾ- ਯੁਗ ਦਾ ਅੰਤ। ੨. ਪ੍ਰਲਯ. ਪਰਲੋਂ.

ਯੁਗਾਂਤ ਅਗਨਿ, ਯੁਗਾਂਤਆਗ: ਸੰਗ੍ਯਾ- ਪੁਰਾਣਾਂ ਅਨੁਸਾਰ ਯੁਗ ਦੇ ਅੰਤ ਦੀ ਅਗਨਿ, ਜਿਸ ਨਾਲ ਪ੍ਰਲਯ ਸਮੇਂ ਜਗਤ ਭਸਮ ਹੁੰਦਾ ਹੈ.

ਯੁਗਾਦਿ: ਯੁਗ ਦਾ ਮੁੱਢ. ਯੁਗ ਦੇ ਆਰੰਭ ਦਾ ਸਮਾਂ। ੨. ਕ੍ਰਿ. ਵਿ- ਯੁਗ ਆਰੰਭ ਹੋਣ ਵੇਲੇ.

ਯੁਜ: ਸੰ. ਯੁਜ੍, ਧਾ- ਬੰਨ੍ਹਣਾ, ਚਿੱਤ ਨੂੰ ਰੋਕਣਾ, ਮਿਲਾਪ ਕਰਨਾ, ਅਧੀਨ ਕਰਨਾ, ਇਕੱਠਾ ਕਰਨਾ, ਯਤਨ ਕਰਨਾ.

ਯੁੰਜਾਨਯੋਗੀ: ਸੰ. युञ्जानयोगिन्. ਸੰਗ੍ਯਾ- ਯੋਗਵਿਦ੍ਯਾ- ਦੇ ਪ੍ਰਭਾਵ ਕਰਕੇ ਸਭ ਕੁਝ ਜਾਣਨ ਵਾਲਾ ਯੋਗੀ. ਕਿਤਨੇ ਵਿਦ੍ਵਾਨਾਂ ਦੇ ਮਤ ਅਨੁਸਾਰ ਯੁਕ੍ਤਯੋਗੀ ਉਹ ਹੈ, ਜਿਸ ਨੂੰ ਬਿਨਾ ਕਿਸੇ ਸਾਧਨ ਦੇ ਸਰਵਗ੍ਯਤਾ ਹੈ, ਯਥਾ ਈਸ਼੍ਵਰ ਅਤੇ ਉਸ ਦੇ ਅਵਤਾਰ. ਅਰ ਯੁੰਜਾਨ ਯੋਗੀ ਉਹ ਹੈ, ਜਿਸ ਨੂੰ ਸਾਧਨਾ ਦੇ ਬਲ ਦ੍ਵਾਰਾ ਸਰਵਗ੍ਯਤਾ ਪ੍ਰਾਪਤ ਹੋਈ ਹੈ.

ਯੁਤ: ਸੰ. युत. ਧਾ- ਚਮਕਣਾ (ਪ੍ਰਕਾਸ਼ਿਤ ਹੋਣਾ). ੨. ਵਿ- ਮਿਲਿਆ ਹੋਇਆ. ਸਾਥ. ਸਹਿਤ.

ਯੁਧ: ਸੰ. युध. ਧਾ- ਜੰਗ ਕਰਨਾ, ਝਗੜਾ ਕਰਨਾ। ੨. ਦੇਖੋ, ਯੁੱਧ.

ਯੁਧਿਸਟਰ, ਯੁਧਿਸਟ੍ਰ, ਯੁਧਿਸ੍ਟ੍ਰ, ਯੁਧਿਸ਼੍ਠਿਰ: ਯੁੱਧ ਵਿੱਚ ਸ੍ਥਿਰ (ਕ਼ਾਯਮ) ਰਣਿ ਵਾਲਾ. ਕੁੰਤੀ ਦੇ ਉਦਰ ਤੋਂ ਪਾਂਡੁ ਦਾ ਵਡਾ ਪੁਤ੍ਰ, ਯੁਧਿਸ਼੍ਠਿਰ. ਦੇਖੋ, ਪਾਂਡਵ.

ਯੁੱਧ: ਸੰ. युद्ध. ਸੰਗ੍ਯਾ- ਜੰਗ. ਲੜਾਈ. ਦੇਖੋ, ਯੁਧ ਧਾ.

ਯੁੱਯੰ: ਦਖੋ, ਯੁਸ਼੍ਮਦ.

ਯੁਵਕ: ਸੰ. ਜਵਾਨ. ਤਰੁਣ. ਸੋਲਾਂ ਵਰ੍ਹੇ ਤੋਂ ਤੀਹ ਵਰ੍ਹੇ ਦੀ ਉਮਰ ਵਾਲਾ. Young.

ਯੁਵਤਿ, ਯੁਵਤੀ: ਸੰ. ਜਵਾਨ ਇਸਤ੍ਰੀ. ਸੋਲਾਂ ਵਰ੍ਹੇ ਤੋਂ ਤੀਹ ਵਰ੍ਹੇ ਤੀਕ ਦੀ ਇਸਤ੍ਰੀ. ਮੁਟਿਆਰ.

ਯੁਵਨ: युवन. ਤਰੁਣ. ਸੋਲਾਂ ਵਰ੍ਹੇ ਤੋਂ ਲੈਕੇ ਤੀਹ ਵਰ੍ਹੇ ਦੀ ਉਮਰ ਵਾਲਾ. ਜੁਆਨ। ੨. ਜੁਆਨੀ. ਤਰੁਣਤਾ.

ਯੁਵਨਾਸ਼੍ਵ: ਸੂਰਯਵੰਸ਼ੀ ਪ੍ਰਤਾਪੀ ਰਾਜਾ, ਜੋ ਗੌਰੀ ਦੇ ਗਰਭ ਤੋਂ ਪ੍ਰਸੇਨਜਿਤ ਦਾ ਪੁਤ੍ਰ ਅਤੇ ਮਾਂਧਾਤਾ ਦਾ ਪਿਤਾ ਸੀ. ਦੇਖੋ, ਮਾਂਧਾਤਾ। ੨. ਰਾਮਾਯਣ ਅਨੁਸਾਰ ਧੁੰਧੁਮਾਰ ਦਾ ਇੱਕ ਪੁਤ੍ਰ। ੩. ਜੁਆਨ ਘੋੜਾ.

ਯੁਵਰਾਜ: ਸੰ. ਸੰਗ੍ਯਾ- ਜੁਆਨ ਰਾਜਾ. ਵਲੀਅਹਿਦ. ਟਿੱਕਾ. ਰਾਜਪ੍ਰਬੰਧ ਕਰਨ ਵਾਲਾ ਰਾਜਕੁਮਰ। ੨. ਰਾਜੇ ਦਾ ਨਾਇਬ। ੩.

---

[1060] ध्यायन्कृते यजन्यज्ञैस्त्रेतायां द्वापरेऽर्चयन
यदाप्रोति तदाप्रोति कलौ श्री राम कीर्तनात
(ਵਿਸ਼ਨੁਪੁਰਾਣ, ਅੰਸ਼ ੬, ਅਃ ੨)

[1061] तपः परं कृतयुगे त्रेतायां ज्ञानमुच्तेपंत
द्वापरे यज्ञमेवाहुर्दानमकं कलौयुगे
(ਮਨੁ ਅਃ ੧, ਸਃ ੮੬ ਅਤੇ ਪਾਰਾਸ਼ਰ ਸਿਮ੍ਰਿਤਿ ਅਃ ੧. ਸ਼ਃ ੨੩ ਅਤੇ ੨੪)

ਦਸਮਗ੍ਰੰਥ ਚੌਬੀਸਾਵਤਾਰ ਵਿੱਚ ਵਾਮਨ (ਉਪੇਂਦ੍ਰ) ਲਈ ਯੁਵਰਾਜ ਸ਼ਬਦ ਆਇਆ ਹੈ, ਕਿਉਂਕਿ ਉਹ ਦੇਵਰਾਜ ਦਾ ਛੋਟਾ ਭਾਈ ਸੀ.

ਯੁਵਾ: ਵਿ- ਜਵਾਨੀ ਵਾਲਾ. ਤਰੁਣ ਅਵਸਥਾ ਵਾਲਾ। ੨. ਸੰਗਜਾ- ਜਵਾਨੀ. ਤਰੁਣਤਾ.

ਯੂਸ: ਸੰ. यूष. ਸੰਗਜਾ- ਸ਼ੋਰਵਾ. ਰਸਾ. ਦੇਖੋ, ਅੰ. Juice.

ਯੂਸਫ਼: یُوسف ਯੂਸੁਫ਼ (Joseph). ਇਹ ਯਅ਼ਕੂਬ ਦਾ ਪੁਤ੍ਰ ਅਤੇ ਇਬਰਾਹੀਮ ਦਾ ਪੜੋਤਾ ਸੀ. ਕੁਰਾਨ ਵਿੱਚ ਇਸ ਨਾਮ ਦੀ ਬਾਰਵੀਂ ਸੂਰਤ ਹੈ, ਜਿਸ ਵਿੱਚ ਕਥਾ ਹੈ ਕਿ ਯੂਸਫ ਬਹੁਤ ਹੀ ਸੁੰਦਰ ਸੀ. ਇਸ ਦੇ ਮਤੇਰ ਭਾਈਆਂ ਨੇ ਈਰਖਾ ਦੇ ਸਾੜੇ ਨਾਲ ਇਸ ਨੂੰ ਜੰਗਲ ਦੇ ਅੰਨ੍ਹੇ ਖੂਹ ਵਿੱਚ ਸੁੱਟ ਦਿੱਤਾ. ਇੱਕ ਵਪਾਰੀਆਂ ਦਾ ਟੋਲਾ ਉਸ ਪਾਸਦੀ ਲੰਘਦਾ ਹੋਇਆ ਯੂਸਫ ਨੂੰ ਕੱਢਕੇ ਮਿਸਰ ਲੈ ਗਿਆ ਅਰ ਕਿਤਫ਼ੀਰ ਧਨੀ ਪਾਸ ਗੁਲਾਮ ਕਰਕੇ ਬੇਚ ਦਿੱਤਾ. ਕਿਤਫੀਰ ਦੀ ਇਸਤ੍ਰੀ ਜ਼ੁਲੈਖਾਂ ਨੇ ਯੂਸਫ਼ ਪਰ ਮੋਹਿਤ ਹੋਕੇ ਅਯੋਗ ਸੰਬੰਧ ਕਰਨਾ ਚਾਹਿਆ, ਪਰ ਧਰਮੀ ਯੂਸਫ਼ ਨੇ ਇਨਕਾਰ ਕੀਤਾ. ਜ਼ੁਲੈਖਾਂ ਨੇ ਰੰਜ ਵਿੱਚ ਆ ਕੇ ਪਤਿ ਨੂੰ ਆਖਿਆ ਕਿ ਯੂਸਫ਼ ਪਾਂਮਰ ਹੈ ਅਰ ਮੇਰੇ ਨਾਲ ਅਯੋਗ ਵਰਤਾਉ ਕਰਨਾ ਚਾਹੁੰਦਾ ਸੀ, ਇਸ ਪੁਰ ਯੂਸਫ਼ ਨੂੰ ਅਪਰਾਧੀ ਠਹਿਰਾਇਆ ਜਾਕੇ ਕੈਦ ਕੀਤਾ ਗਿਆ.

ਯੂਸਫ਼ ਨੂੰ ਸੁਪਨੇ ਦਾ ਫਲ ਅਜੇਹਾ ਦੱਸਣਾ ਆਉਂਦਾ ਸੀ ਕਿ ਜੋ ਉਹ ਬਿਆਨ ਕਰਦਾ, ਉਸ ਸੱਚ ਹੀ ਹੁੰਦਾ. ਦੈਵਯੋਗ ਨਾਲ ਮਿਸਰ ਦੇ ਬਾਦਸ਼ਾਹ ਨੂੰ ਇੱਕ ਸੁਪਨਾ ਆਇਆ, ਜਿਸ ਦਾ ਫਲ ਕੋਈ ਠੀਕ ਨਾ ਦੱਸ ਸਕਿਆ, ਪਰ ਯੂਸਫ਼ ਨੇ ਉੱਤਮ ਰੀਤਿ ਨਾਲ ਵਰਣਨ ਕਰਕੇ ਤਸੱਲੀ ਕੀਤੀ. ਬਾਦਸ਼ਾਹ ਨੇ ਪ੍ਰਸੰਨ ਹੋਕੇ ਕੈਦ ਤੋਂ ਰਿਹਾਈ ਦਿੱਤੀ ਅਰ ਗੁਲਾਮੀ ਤੋਂ ਛੁਡਾਕੇ ਆਪਣਾ ਅਹਿਲਕਾਰ ਥਾਪਿਆ.

ਮਿਸਰਰਾਜ ਦਾ ਮੰਤ੍ਰੀ ਹੋਕੇ ਯੂਸਫ਼ ਨੇਕ ਕੰਮ ਕਰਦਾ ਰਿਹਾ. ਦੁਰਭਿੱਖ (ਕ਼ਹਤ) ਤੋਂ ਦੁਖੀ ਹੋਏ ਯੂਸਫ਼ ਦੇ ਭਾਈ, ਜਿਨ੍ਹਾਂ ਨੇ ਇਸ ਨੂੰ ਖੂਹ ਵਿੱਚ ਸੁੱਟ ਦਿੱਤਾ ਸੀ, ਅੰਨ ਲੈਣ ਮਿਸਰ ਆਏ, ਤਦ ਯੂਸਫ਼ ਨੇ ਉਨ੍ਹਾਂ ਨਾਲ ਚੰਗਾ ਸਲੂਕ ਕੀਤਾ. ਅੰਨ ਦੇਣ ਤੋਂ ਛੁੱਟ ਉਨ੍ਹਾਂ ਦੀ ਰਕਮ ਭੀ ਮੋੜ ਦਿੱਤੀ. ਜਦ ਉਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਲੱਗਾ, ਤਾਂ ਬਹੁਤ ਪਛਤਾਏ ਅਰ ਯੂਸਫ਼ ਤੋਂ ਮੁਆਫ਼ੀ ਮੰਗੀ. ਯੂਸਫ਼ ਨੇ ਉਦਾਰਭਾਵ ਨਾਲ ਆਖਿਆ ਕਿ ਮੈਂ ਤੁਹਾਡੇ ਅਪਰਾਧ ਛਿਮਾ ਕੀਤੇ, ਖ਼ੁਦਾ ਭੀ ਕ੍ਰਿਪਾ ਕਰਕੇ ਤੁਹਾਨੂੰ ਮੁਆਫ਼ ਕਰੇ. ਯੂਸਫ਼ ਦੀ ਸਾਰੀ ਉਮਰ ੧੧੦ ਵਰ੍ਹੇ ਦੀ ਸੀ. "ਜਬੈ ਜੁਲੈਖਾਂ ਯੂਸਫਹਿ ਰੂਪ ਵਿਲੋਕ੍ਯੋ ਜਾਇ। ਬਸੁ ਅਸੁ ਦੈ ਤਾਂਕੋ ਤੁਰਤ ਲਿਯੋ ਸੁ ਮੋਲ ਬਨਾਇ." (ਚਰਿਤ੍ਰ ੨੦੧)[1062]

ਯੂਕ, ਯੂਕਾ: ਦੇਖੋ, ਜੂੰ ਅਤੇ ਜੂੰਕ। ੨. ਖਟਮਲ. ਕਟੂਆ. ਮਾਂਗਣੂ.

ਯੂਜ਼: ਫ਼ਾ. یُوز ਸੰਗਜਾ- ਚਿੱਤਾ. ਚਿਤ੍ਰਕ। ੨. ਤੁ. ਯੋਜ਼. ਸੌ. ਸ਼ਤ।੩ ਫ਼ਾ. ਵਿ- ਢੂੰਢਣ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ. ਜੈਸੇ- ਦਰ- ਯੂਜ਼। ੪. ਕ੍ਰਿ- ਢੂੰਡਣਾ. ਖੋਜਣਾ.

ਯੂਥ: ਸੰ. यूथ्. ਧਾ- ਮਾਰਨਾ, ਦੁੱਖ ਦੇਣਾ। ੨. ਸੰਗਜਾ- ਦੇਖੋ, ਯੁ ਧਾ. ਇੱਕ ਜਾਤ ਦਾ ਗਰੋਹ. ਸਜਾਤਿ ਜੀਵਾਂ ਦਾ ਟੋਲਾ. ਝੁੰਡ. ਪੰਜਾਬੀ "ਜਥਾ" ਸ਼ਬਦ ਦਾ ਮੂਲ ਇਹੀ ਹੈ.

ਯੂਥਨਾਥ, ਯੂਥਪ: ਯੂਥ (ਗਰੋਹ) ਦਾ ਸਰਦਾਰ. ਟੋਲੀ ਦਾ ਪਤਿ. ਜਥੇਦਾਰ। ੨. ਜੰਗਲੀ ਹਾਥੀਆਂ ਦੇ ਟੋਲੇ ਦਾ ਪ੍ਰਧਾਨ ਹਸ੍ਤੀ. ਦੇਖੋ, ਯੁ ਧਾ.

ਯੂਨਾਨ, ਯੂਨਾਨੀ: ਦੇਖੋ, ਯਵਨ.

---

[1062] ਦਸਮਗ੍ਰੰਥ ਵਿੱਚ ਇਹ ਕਥਾ ਹੋਰ ਢੰਗ ਨਾਲ ਲਿਖੀ ਹੋਈ ਹੈ, ਅਰ ਬਾਈਬਲ ਵਿੱਚ ਜ਼ਿਕਰ ਹੈ ਕਿ ਯੂਸਫ ਦੇ ਭਾਈਆਂ ਨੇ ਪਹਿਲਾਂ ਉਸ ਨੂੰ ਅੰਨ੍ਹੇ ਖੂਹ ਵਿੱਚ ਸੁੱਟਿਆ, ਫੇਰ ਆਪ ਹੀ ਕੱਢਕੇ ਸੁਦਾਗਰਾਂ ਪਾਸ ਵੇਚਿਆ. ਇਨ੍ਹਾਂ ਸੁਦਾਗਰਾਂ ਨੇ ਮਿਸਰ ਦੇ ਬਾਦਸ਼ਾਹ ਦੇ ਇੱਕ ਸਰਦਾਰ Potiphar ਪਾਸ ਵੇਚ ਦਿੱਤਾ.

ਯੂਪ: ਸੰ. ਸੰਗ੍ਯਾ- ਦਾ ਪਸ਼ੂ ਬੰਨ੍ਹਣ ਦਾ ਕਿੱਲਾ. ਦੇਖੋ, ਯੁ ਧਾ। ੨. ਯਗ੍ਯ ਦਾ ਖੰਭਾ. ਥਮ੍ਹਲਾ। ੩. ਯਗ੍ਯ ਅਸਥਾਨ ਪੁਰ ਬਣਾਇਆ ਥਮ੍ਹਲਾ (ਸ੍ਤੰਭ) ੪. ਕੀਰਤਿਸ੍ਤੰਭ. ਕਿਸੇ ਦਾ ਜਸ ਕਾਇਮ ਰੱਖਣ ਲਈ ਬਣਾਇਆ ਮੁਨਾਰਾ.

ਯੂ. ਪੀ.: United Provinces of Agra and Oudh ਆਗਰੇ ਅਤੇ ਅਵਧ ਦੇ ਸੰਯੁਕ੍ਤ ਪ੍ਰਾਂਤ. ਪਹਿਲਾਂ ਇਸ ਦਾ ਨਾਮ ਉੱਤਰ ਪੱਛਮੀ ਸੂਬਾ N. W. P. ਸੀ, ਪਰ ਜਦ ਸਨ ੧੯੦੧ ਵਿੱਚ ਪੰਜਾਬ ਦੇ ਉੱਤਰ ਪੱਛਮੀ ਹਿੱਸੇ ਨੂੰ ਵੱਖਰਾ ਕਰਕੇ ਉਸਦਾ ਨਾਮ ਨਾਰਥ ਵੈਸ੍ਟ੍ਰਨ ਫ੍ਰਾਂਟੀਅਰ ਪ੍ਰਾਵਿੰਸ (N. W. F. P) ਰੱਖਿਆ, ਤਾਂ ਝਮੇਲੇ ਤੋਂ ਬਚਣ ਲਈ ਇਹ ਸੰਗ੍ਯਾ ਥਾਪੀ ਗਈ. ਇਸ ਇਲਾਕੇ ਦਾ ਰਕਬਾ ੧੦੭, ੦੦੦ ਅਤੇ ਜਨਸੰਖ੍ਯਾ ੪੫, ੫੦੦, ੦੦੦ ਹੈ. ਪ੍ਰਧਾਨ ਸ਼ਹਿਰ ਪ੍ਰਯਾਗ ਲਖਨਊ ਕਾਸ਼ੀ ਆਦਿ ਹਨ. ਇਸ ਦੀ ਰਾਜਧਾਨੀ ਅਲਾਹਾਬਾਦ (ਪ੍ਰਯਾਗ) ਹੈ, ਪਰ ਅਵਧ ਵਾਲਿਆਂ ਨੂੰ ਪ੍ਰਸੰਨ ਕਰਨ ਲਈ ਇਸ ਸੂਬੇ ਦੀ ਸਰਕਾਰ ਕੁਝ ਚਿਰ ਲਖਨਊ ਭੀ ਰਹਿੰਦੀ ਹੈ.

ਯੇਹ: ਸਰਵ- ਇਹ. ਯਹ.

ਯੇਨ: ਜਿਸ ਕਰਕੇ। ੨. ਜਿਸ ਨੇ.

ਯੇਨਕੇਨ: ਜਿਸ ਕਿਸ ਤਰਾਂ. ਦੇਖੋ, ਜੇਨ ਕੇਨ.

ਯੋਸਿਤਾ, ਯੋਖਤ, ਯੋਖਤਾ, ਯੋਖਾ, ਯੋਖਿਤ, ਯੋਖਿਤਾ: ਸੰ. ਯੋਸ਼ਿਤ੍- ਯੋਸ਼ਿਤਾ. ਯੁਸ਼ (ਸੇਵਾ ਅਤੇ ਪ੍ਰੀਤਿ) ਕਰਨ ਵਾਲੀ, ਵਹੁਟੀ, ਭਾਰਯਾ. ਦੇਖੋ, ਯੁਸ਼ ਧਾ.

ਯੋਗ: ਦੇਖੋ, ਯੁਜ੍ ਧਾ. ਸੰਗ੍ਯਾ- ਸੰਯੋਗ. ਜੜ. ਮਿਲਾਪ। ੨. ਉਪਾਯ. ਜਤਨ। ੩. ਚਿੱਤ ਦੀ ਵ੍ਰਿੱਤਿ ਦਾ ਰੋਕਣਾ. योगश्चित्तवृत्ति निरोधः (ਪਾਤੰਜਲ ਦਰਸ਼ਨ. ਪਾਦ ੧. ਸੂਤ੍ਰ ੨[1063]) ਦੇਖੋ, ਸਹਜ ਜੋਗ ਅਤੇ ਜੋਗ। ੪. ਪਤੰਜਲਿ ਰਿਖਿ ਦਾ ਦੱਸਿਆ ਅੱਠ ਅੰਗ ਰੂਪ ਯੋਗਸਾਧਨ, ਜੋ ਮੁਕਤਿ ਦਾ ਕਾਰਣ ਹੈ।[1064] ੫. ਯੁਕ੍ਤਿ. ਦਲੀਲ। ੬. ਜੀਵਾਤਮਾ ਅਤੇ ਪਰਮਾਤਮਾ ਦਾ ਇੱਕ ਹੋਣਾ। ੭. ਜੋ ਵਸਤੂ ਨਹੀਂ ਮਿਲੀ, ਉਸ ਦੀ ਪ੍ਰਾਪਤੀ ਦੀ ਚਿੰਤਾ। ੮. ਦੇਹ (ਸ਼ਰੀਰ) ਦੀ ਇਸਥਿਤੀ। ੯. ਨੁਸਖ਼ਾ। ੧੦. ਗ੍ਰਹਾਂ ਦਾ ਮੇਲ.

ਯੋਗਸ਼ਾਸਤ੍ਰ, ਯੋਗਸੂਤ੍ਰ: ਪਤੰਜਲਿ ਰਿਖੀ ਦਾ ਰਚਿਆ ਯੋਗਸਾਧਨ ਦਾ ਸ਼ਾਸਤ੍ਰ, ਜਿਸ ਵਿੱਚ ਅਸ਼ਾਂਗਯੋਗ ਦਾ ਵਰਣਨ ਹੈ. ਪਾਤੰਜਲ ਦਸ਼ੇਨ. ਯੋਗ ਦਸ਼ੰਨ. ਇਹ ਸਾਸਤ੍ਰ ਚਾਰ ਪਾਦ ਵਿੱਚ ਹੈ- ਸਮਾਧੀ ਪਾਦ, ਸਾਧਨ ਪਾਦ, ਵਿਭੂਤੀ ਪਾਦ ਅਤੇ ਕੈਵਲਯ ਪਾਦ. ਇਸਦੇ ਸਾਰੇ ਸੂਤ੍ਰ ੧੯੫ ਹਨ.

ਯੋਗਤਾ: ਦੇਖੋ, ਯੋਗ੍ਯਤਾ.

ਯੋਗਦਰਸ਼ਨ: ਦੇਖੋ, ਯੋਗਸ਼ਾਸਤ੍ਰ.

ਯੋਗਨਿਦ੍ਰਾ: ਸੰਗ੍ਯਾ- ਸਮਾਧਿ. ਯੋਗਾਭ੍ਯਾਸ ਦੀ ਨੀਂਦ। ੨. ਮਹਾਮਾਯਾ, ਜੋ ਜਗਤ ਨੂੰ ਲਯ ਕਰਕੇ ਸ਼ਾਂਤ ਹੋ ਜਾਂਦੀ ਹੈ। ੩. ਵਿਸ਼ਨੁ ਦੀ ਉਹ ਸ੍ਵਪਨ ਅਵਸਥਾ, ਜਦ ਸੰਸਾਰ ਨੂੰ ਲਯ ਕਰਕੇ ਸੌਂਦਾ ਹੈ. ਇਸ ਦਾ ਨਾਮ "ਚੰਡ" ਭੀ ਹੈ. ਦੇਖੋ, ਚੰਡ ੮.

ਯੋਗਮਾਯਾ: ਸੰ. ਸੰਗ੍ਯਾ- ਜਗਤ ਰਚਣ ਵਾਲੀ ਈਸ਼੍ਵਰ ਦੀ ਸ਼ਕਤਿ। ੨. ਦੁਰਗਾ. ਪਾਰਵਤੀ.

ਯੋਗਰਾਜ ਗੁੱਗਲ: ਇਸ ਦਵਾ ਦੇ ਬਣਾਉਣ ਦੀ ਇਹ ਜੁਗਤਿ ਹੈ:-

ਸੁੰਢ, ਮਘਪਿੱਪਲ, ਚਵ, ਪਿੱਪਲਾਮੂਲ, ਚਿੱਤੇ ਦੀ ਛਿੱਲ, ਭੁੰਨੀ ਹੋਈ ਹਿੰਗ, ਸਰ੍ਹੋਂ, ਅਜਮੋਦ, ਕਾਲਾ ਜੀਰਾ, ਚਿੱਟਾ ਜੀਰਾ,

---

[1063] ਦੇਖੋ, ਦਕ੍ਸ਼ਸਿਮ੍ਰਿਤਿ ਅਃ ੭, ਸਃ ੧੬

[1064] यम नियमासन प्राणायाम प्रत्याहार धारणा ध्यान समाधयोऽष्टावङ्गानि.
(ਯੋਗਦਰਸ਼ਨ, ਸਾਧਨਪਾਦ, ਸੂਤ੍ਰ ੨੯)

ਰੇਣੁਕਾ, ਇੰਦ੍ਰਜੌਂ, ਪਾਢਲ, ਬਾਇਬੜਿੰਗ, ਗਜਪਿੱਪਲ, ਕਤੂ, ਅਤੀਸ, ਭਰੰਗੀ, ਬਚ, ਮੂਰਵਾ, ਇਹ ਵੀਹ ਦਵਾਈਆਂ ਚਾਰ ਚਾਰ ਮਾਸ਼ੇ, ਇਨ੍ਹਾਂ ਤੋਂ ਦੁਗਣਾ ਤ੍ਰਿਫਲਾ ਲੈਕੇ ਸਭ ਨੂੰ ਕੁੱਟਕੇ ਬਰੀਕ ਚੂਰਣ ਬਣਾਉਣਾ. ਇਸ ਚੂਰਣ ਦੇ ਬਰਾਬਰ ਸ਼ੁੱਧ ਗੁੱਗਲ ਲੈਕੇ ਖਰਲ ਵਿੱਚ ਚੰਗੀ ਤਰ੍ਹਾਂ ਪੀਹਣੀ. ਗੁੱਗਲ ਨੂੰ ਲੇਸਦਾਰ ਕਰਕੇ ਚੂਰਣ ਮਿਲਾ ਦੇਣਾ, ਫੇਰ ਬੰਗ, ਰੂਪਰਸ, ਨਾਗੇਸ਼੍ਵਰ, ਸਾਰ, ਅਭਰਕ, ਮੰਡੂਰ, ਸੰਦੂਰ, ਇਨ੍ਹਾਂ ਸੱਤ ਦਵਾਈਆਂ ਦੀ ਭਸਮ ਚਾਰ ਚਾਰ ਤੋਲੇ ਲੈਕੇ ਗੁੱਗਲ ਵਿੱਚ ਮਿਲਾ ਦੇਣੀ. ਜਦ ਸਭ ਚੀਜਾਂ ਇੱਕ ਜਾਨ ਹੋ ਜਾਣ, ਤਾਂ ਇੱਕ ਇੱਕ ਮਾਸ਼ੇ ਦੀਆਂ ਗੋਲੀਆਂ ਬਣਾਕੇ ਚਿਕਨੇ ਭਾਂਡੇ ਵਿੱਚ ਪਾ ਰੱਖਣੀਆਂ.

ਇਹ ਯੋਗਰਾਜ ਗੁੱਗਲ- ਕੁਸ਼੍ਟ, ਬਵਾਸੀਰ, ਸੰਗ੍ਰਹਣੀ, ਪ੍ਰਮੇਹ, ਸ਼ੂਲ, ਭਗੰਦਰ, ਖਾਂਸੀ, ਮਿਰਗੀ, ਮੰਦਾਗਨਿ, ਦਮਾ ਆਦਿ ਰੋਗਾਂ ਨੂੰ ਨਾਸ਼ ਕਰਦੀ ਹੈ.

ਯੋਗਰੂਢ: ਸੰ. ਸੰਗ੍ਯਾ- ਉਹ ਸ਼ਬਦ, ਜਿਸ ਦੀ ਯੋਗ ਅਤੇ ਰੂਢ ਸ਼ਕਤਿ ਹੋਵੇ. ਅਵਯਵ ਅਤੇ ਸਮੁਦਾਯ ਸ਼ਕਤਿ ਵਾਲਾ. ਯੋਗ (ਅਵਯਵ) ਸ਼ਕਤਿ ਉਹ ਹੈ, ਜੋ ਧਾਤੁ ਅਤੇ ਪ੍ਰਤ੍ਯਯ ਨਾਲ ਅਰਥ ਦਾ ਬੋਧ ਕਰਾਵੇ, ਜੈਸੇ- ਪੰਕਜ. ਪੰਕ (ਚਿੱਕੜ) ਤੋਂ ਪੈਦਾ ਹੋਣ ਵਾਲਾ ਰੂਢ (ਸਮੁਦਾਯ) ਸ਼ਕਤਿ ਉਹ ਹੈ, ਜੋ ਬਿਨਾ ਧਾਤੁ ਆਦਿ ਵਿਚਾਰ ਦੇ ਸਾਰੇ ਸ਼ਬਦ ਦਾ ਅਰਥ ਮੰਨ ਲਿਆ ਜਾਵੇ, ਜੈਸੇ- ਪੰਕਜ, ਜੇ ਇੱਥੇ ਪੱਕ (ਚਿੱਕੜ) ਤੋਂ ਪੈਦਾ ਹੋਇਆ ਅਰਥ ਮੰਨੀਏ, ਤਦ ਡੀਲਾ ਧਾਨ੍ ਆਦਿ ਅਨੰਤ ਹਨ, ਪਰ ਪੰਕਜ ਸ਼ਬਦ ਤੋਂ ਕੇਵਲ ਕਮਲ ਦਾ ਅਰਥ ਜਾਣਿਆ ਗਿਆ, ਇਸ ਲਈ ਪੰਕਜ ਸ਼ਬਦ ਯੋਗਰੂਢ ਹੈ.

ਯੋਗਾਸਨ: ਯੋਗਸਾਧਨਾ ਲਈ ਆਸਣ ਲਾਉਣ ਦੇ ਪ੍ਰਕਾਰ. ਬੈਠਣ ਦੇ ਤਰੀਕੇ. ਇਹ ਪਸ਼ੂ ਪੰਖੀਆਂ ਦੀ ਬੈਠਕ ਤੋਂ ਲਏ ਗਏ ਹਨ, ਜਿਵੇਂ- ਸਿੰਹਾਸਨ, ਮਯੂਰਾਸਨ, ਉਸ਼੍ਟ੍ਰਾਸਨ, ਮਕਰਾਸਨ, ਭੁਜੰਗਾਸਨ ਆਦਿ ਦੇਖੋ, ਆਸਣ ੩.

ਯੋਗਾਰੂਢ: ਸੰ. ਉਹ ਯੋਗੀ, ਜੋ ਯੋਗ ਪੁਰ ਸਵਾਰ ਹੋ ਗਿਆ ਹੈ, ਜੋ ਇੰਦ੍ਰੀਆਂ ਦੇ ਵਿਸ਼ਿਆਂ ਵਿੱਚ ਮਗਨ ਨਹੀਂ ਹੁੰਦਾ ਅਰ ਜਿਸ ਨੇ ਸਾਰੇ ਸੰਕਲਪਾਂ ਦਾ ਤਿਆਗ ਕੀਤਾ ਹੈ.

ਯੋਗਿਨੀ: ਸੰ. ਸੰਗ੍ਯਾ- ਦੁਰਗਾ ਅਤੇ ਕਾਲੀ ਦੀ ਸਹੇਲੀ ਅਰ ਸੇਵਾ ਵਿੱਚ ਰਹਿਣ ਵਾਲੀ ਘੋਰ ਦੇਵੀ. ਪੁਰਾਣਾਂ ਵਿੱਚ ਅੱਠ ਯੋਗਿਨੀਆਂ ਹਨ- ਮਾਜੰਨੀ, ਕਪੰਰਾ, ਤਿਲਕਾ, ਮਲਯਗੰਧਿਨੀ, ਕੌਮੁਦਿਕਾ, ਭੇਰੁੰਡਾ, ਨਾਯਕੀ ਅਤੇ ਜਯਾ.

ਤੰਤ੍ਰਸ਼ਾਸਤ੍ਰ ਵਿੱਚ ਅੱਠ ਯੋਗਿਨੀਆਂ ਇਹ ਭੀ ਹਨ- ਸੰਕਟਾ, ਮੰਗਲਾ, ਪਿੰਗਲਾ, ਧਨ੍ਯਾ. ਭ੍ਰਾਮਰੀ, ਭਦ੍ਰਿਕਾ, ਉਲਕਾ ਅਤੇ ਸਿੱਧਾ.

ਕਾਲਿਕਾਪੁਰਾਣ ਦੇ ੫੨- ੫੩ ਅਧ੍ਯਾਯ ਵਿੱਚ ਚੌਸਠ ਯੋਗਿਨੀਆਂ ਲਿਖੀਆਂ ਹਨ:-

ਬ੍ਰਹ੍ਮਾਣੀ, ਚੰਡਿਕਾ, ਰੌਦ੍ਰੀ, ਇੰਦ੍ਰਾਣੀ, ਕੌਮਾਰੀ, ਵੈਸ਼ਨਵੀ, ਦੁਰ੍ਗਾ, ਨਾਰਸਿੰਹੀ, ਕਾਲਿਕਾ, ਚਾਮੁੰਡਾ, ਸ਼ਿਵਦੂਤੀ, ਵਾਰਾਹੀ, ਕੌਸ਼ਿਕੀ, ਮਾਹੇਸ਼੍ਵਰੀ, ਸ਼ਾਂਕਰੀ, ਜਯੰਤੀ, ਸਵੰਮੰਗਲਾ, ਕਾਲੀ, ਕਪਾਲਿਨੀ, ਮੇਘਾ, ਸ਼ਿਵਾ, ਸ਼ਾਕੰਭਰੀ, ਭੀਮਾ, ਸ਼ਾਂਤਾ, ਭ੍ਰਾਮਰੀ, ਰੁਦ੍ਰਾਣੀ, ਅੰਬਿਕਾ, ਕ੍ਸ਼ਮਾ, ਧਾਤ੍ਰੀ, ਸ੍ਵਾਹਾ, ਸ੍ਵਧਾ, ਅਪਰ੍ਣਾ, ਮਹੋਦਰੀ, ਘੋਰਰੂਪਾ, ਮਹਾਕਾਲੀ, ਭਦ੍ਰਕਾਲੀ, ਭਯੰਕਰੀ, ਕ੍ਸ਼ੇਮੰਕਰੀ, ਉਗ੍ਰਚੱਡਾ, ਚੰਡੋਗ੍ਰਾ, ਚੰਡਨਾਯਿਕਾ, ਚੰਡਾ, ਚੰਡਵਤੀ, ਚੰਡੀ, ਮਹਾਮੋਹਾ, ਪ੍ਰਿਯੰਕਰੀ, ਬਲਵਿਕਾਰਿਣੀ, ਬਲਪ੍ਰਮਥਿਨੀ, ਮਨੋਨਮਥਿਨੀ, ਸਵੰਭੂਤਿਦਾਯਿਨੀ, ਉਮਾ, ਤਾਰਾ, ਮਾਤ੍ਰਿਕਾ, ਮਹਾਨਿਦ੍ਰਾ, ਵਿਜਯਾ, ਜਯਾ, ਸ਼ੈਲਪੁਤ੍ਰੀ, ਚੰਡਘੰਟਾ, ਸ੍ਕੰਦਮਾਤਾ, ਕਾਲਰਾਤ੍ਰਿ, ਚੰਡਿਕਾ, ਕੂਸ਼੍ਮਾਂਡੀ, ਕਾਤ੍ਯਾਯਨੀ ਅਤੇ ਮਹਾਗੌਰੀ.

ਵ੍ਰਿਹੱਨੰਨਿਦਕੇਸ਼੍ਵਰ ਪੁਰਾਣ ਵਿੱਚ ਚੌਸਠ ਯੋਗਿਨੀਆਂ ਦੇ ਨਾਮ ਕਾਲਿਕਾਪੁਰਾਣ ਨਾਲੋਂ ਕਈ ਵੱਧ ਘੱਟ ਲਿਖੇ ਹਨ. ਕਿਤਨਿਆਂ ਨੇ ਅਠਸਠ ਯੋਗਿਨੀਆਂ ਮੰਨੀਆਂ ਹਨ. ਦੇਖੋ, ਚਉਸਠ ਚਾਰ। ੨. ਯੋਗਸਾਧਨਾ ਕਰਨ ਵਾਲੀ ਇਸਤ੍ਰੀ। ੩. ਹਾੜ ਬਦੀ ੧੧.

ਯੋਗਿਰਾਜ: ਦੇਖੋ, ਯੋਗੀਸ਼੍ਵਰ.

ਯੋਗੀ: ਸੰ. योगिन्. ਵਿ- ਯੋਗ ਵਾਲਾ. ਦੇਖੋ, ਯੁਜ ਧਾ। ੨. ਸੰਗ੍ਯਾ- ਆਤਮਾ ਵਿੱਚ ਮਨ ਜੋੜਨ ਵਾਲਾ ਪੁਰਖ। ੩. ਗੋਰਖਪੰਥੀ ਸਾਧਾਂ ਦਾ ਇੱਕ ਫਿਰਕਾ. ਦੇਖੋ, ਜੋਗੀ ੩. ਅਤੇ ਬਾਰਹ ੨.

**ਯੋਗੀਆਂ ਦੇ ਪੰਥ:** ਦੇਖੋ, ਬਾਰਹ ੨.

**ਯੋਗੀਸ਼, ਯੋਗੀਸ਼੍ਵਰ, ਯੋਗੀਂਦ੍ਰ, ਯੋਗੇਸ਼੍ਵਰ, ਯੋਗੇਂਦ੍ਰ:** ਵਿ- ਯੋਗੀਆਂ ਦਾ ਈਸ਼੍ਵਰ. ਯੋਗਿਰਾਜ। ੨. ਸੰਗਯਾ- ਸ਼ਿਵ। ੩. ਯਾਗਯਵਲਕ੍ਯ ਮੁਨੀ। ੪. ਗੋਰਖਨਾਥ। ੫. ਬਾਬਾ ਸ਼੍ਰੀਚੰਦ ਜੀ.

**ਯੋਗ੍ਯ:** ਸੰ. ਵਿ- ਯੋਗ (ਸੰਬੰਧ) ਲਾਇਕ। ੨. ਉਚਿਤ. ਮੁਨਾਸਿਬ। ੩. ਚਤੁਰ. ਦਾਨਾ। ੪. ਲਾਇਕ. ਨਿਪੁਣ। ੫. ਤਾਕਤ ਵਾਲਾ.

**ਯੋਗ੍ਯਤਾ:** ਸੰ. ਸੰਗਯਾ- ਲਾਇਕਪੁਣਾ. ਲਿਆਕਤ। ੨. ਤਾਕਤ. ਸ਼ਕਤਿ। ੩. ਸ਼ਬਦਾਂ ਦੇ ਅਰਥਬੋਧ ਦਾ ਸਾਧਨ. ਅਰਥਾਤ ਪਦਾਰਥਾਂ ਦੇ ਪਰਸਪਰ ਸੰਬੰਧ ਵਿੱਚ ਰੁਕਾਵਟ ਅਤੇ ਅਯੋਗ੍ਯਤਾ ਦਾ ਨਾ ਹੋਣਾ.

**ਯੋਜਕ:** ਸੰ. ਜੋੜਨ ਵਾਲਾ। ੨. ਵ੍ਯਾਕਰਣ ਅਨੁਸਾਰ ਪਦਾਂ ਨੂੰ ਜੋੜਨ ਵਾਲੇ ਅਵ੍ਯਯ, ਅਤੇ, ਅਰੁ, ਔਰ, ਜਾਂ, ਤਾਂ ਆਦਿ. Conjunction.

**ਯੋਜਨ:** ਸੰ. ਸੰਗਯਾ- ਜੋੜਨ ਦਾ ਭਾਵ. ਸੰਯੋਗ. ਮੇਲ. ਦੇਖੋ, ਯੁਜ ਧਾ। ੨. ਚਾਰ ਕੋਸ ਪ੍ਰਮਾਣ. ਅਸਲ ਵਿੱਚ ਯੋਜਨ ਦਾ ਮੂਲ ਜੋਤਣਾ ਹੈ. ਪੁਰਾਣੇ ਸਮੇਂ ਬੈਲਾਂ ਦੀ ਇੱਕ ਜੋਤ ਜਿੱਥੋਂ ਤੀਕ ਗੱਡਾ ਲੈ ਜਾਂਦੀ ਸੀ, ਉਤਨੀ ਲੰਬਾਈ "ਯੋਜਨ" ਆਖੀ ਜਾਂਦੀ ਸੀ. ਕੋਹ ਅਤੇ ਯੋਜਨ ਦੇ ਭੇਦ ਦੇਸ਼ ਦੀ ਹਾਲਤ ਅਨੁਸਾਰ ਹੋਇਆ ਕਰਦੇ ਸਨ. ਮਗਧ ਵਾਲਿਆਂ ਨੇ ਸੋਲਾਂ ਹਜ਼ਾਰ ਹੱਥ (ਅੱਠ ਹਜਾਰ ਗਜ) ਦਾ ਯੋਜਨ ਮੰਨਿਆ ਹੈ. ਲੀਲਾਵਤੀ ਵਿੱਚ ਬੱਤੀ ਹਜਾਰ ਹੱਥ ਦਾ ਯੋਜਨ ਲਿਖਿਆ ਹੈ, ਚੀਨੀ ਯਾਤ੍ਰੀਆਂ ਨੇ ੧੬. ਲੀ Li ਅਤੇ ਲੀ ਅਤੇ ੪੦ ਲੀ ਦਾ ਯੋਜਨ ਦੱਸਿਆ ਹੈ. (ਕਨਿੰਗਮ Sir A. cunningham ਦੇ ਲੇਖ ਅਨੁਸਾਰ ੬. ਲੀ ਦਾ ਇੱਕ ਮੀਲ ਹੁੰਦਾ ਹੈ. )

**ਯੋਜਨਗੰਧਾ:** ਦੇਖੋ, ਸਤ੍ਯਵਤੀ.

**ਯੋਜਨਾ:** ਸੰ. ਸੰਗਯਾ- ਜੋੜਨ ਦੀ ਕ੍ਰਿਯਾ. ਦੇਖੋ, ਯੁਜ ਧਾ। ੨. ਜੋੜ. ਮੀਜ਼ਾਨ। ੩. ਵਰਤੋਂ. ਇਸ੍ਤੇਮਾਲ। ੪. ਬਣਾਉਣ. ਰਚਨਾ। ੫. ਕਿਸੇ ਕੰਮ ਵਿੱਚ ਲਾਉਣ ਦੀ ਕ੍ਰਿਯਾ.

**ਯੋਧ:** ਸੰ. ਸੰਗਯਾ- ਜੰਗ ਕਰਨ ਵਾਲਾ, ਯੋਧਾ. ਦੇਖੋ, ਯੁਧ ਧਾ.

**ਯੋਧਨ:** ਸੰ. ਸੰਗਯਾ- ਯੁੱਧ. ਲੜਾਈ. ਜੰਗ। ੨. ਯੁੱਧ ਦਾ ਸਧਨ. ਸ਼ਸਤ੍ਰ. ਦੇਖੋ, ਯੁਧ ਧਾ.

**ਯੋਧਾ:** ਸੰ. योद्धृ- ਯੋਧ੍ਰਿ. ਯੁੱਧ ਕਰਨ ਵਾਲਾ. ਲੜਾਕਾ. ਵੀਰ.

**ਯੋਧਾਬਾਈ:** ਜੋਧਪੁਰ ਦੇ ਰਾਜਾ ਮਾਲਦੇਵ ਦੀ ਪੁਤ੍ਰੀ, ਜਿਸ ਦਾ ਅਕਬਰ ਨਾਲ ਵਿਆਹ ਸਨ ੧੫੬੯ ਵਿੱਚ ਹੋਇਆ. ਇਹ ਸਲੀਮ (ਜਹਾਂਗੀਰ) ਦੀ ਮਾਤਾ ਸੀ। ੨. ਜੋਧਪੁਰ ਦੇ ਰਾਜਾ ਉਦਯਸਿੰਘ ਦੀ ਪੁਤ੍ਰੀ, ਜਿਸ ਦਾ ਵਿਆਹ ਜਹਾਂਗੀਰ ਨਾਲ ਸਨ ੧੫੮੫ ਵਿੱਚ ਹੋਇਆ, ਇਸ ਦਾ ਨਾਮ ਬਾਲਮਤੀ ਪ੍ਰਸਿੱਧ ਹੈ. ਇਹ ਸ਼ਾਹਜਹਾਂ ਦੀ ਮਾਤਾ ਸੀ। ੩. ਬੀਕਾਨੇਰ ਦੇ ਰਾਜਾ ਰਾਯਸਿੰਘ ਦੀ ਪੁਤ੍ਰੀ, ਜਿਸ ਦੀ ਸ਼ਾਦੀ ਜਹਾਂਗੀਰ ਨਾਲ ਹੋਈ.

**ਯੋਧ੍ਯ:** ਸੰ. ਵਿ- ਯੁੱਧ ਕਰਨ ਲਾਇਕ. ਜਿਸ ਨਾਲ ਯੁੱਧ ਕਰੀਏ। ੨. ਜਿਸ ਵਾਸਤੇ ਯੁੱਧ ਕਰੀਏ.

**ਯੋਨਿ:** ਸੰ. ਸੰਗਯਾ- ਆਕਰ. ਕਾਨ. ਖਾਨਿ. ਖਾਣਿ. ੨. ਕਾਰਣ. ਸਬਬ। ੩. ਭਗ। ੪. ਜਲ. ਦੇਖੋ, ਯੁ ਧਾ। ੫. ਪ੍ਰਾਣੀਆਂ ਦਾ ਉਤਪੱਤਿਸ੍‍ਥਾਨ. ਅੰਡਜ, ਸ੍ਵੇਦਜ, ਉਦ੍‍ਭਿੱਜ ਅਤੇ ਜਰਾਯੁਜ. ਇਨ੍ਹਾਂ ਚਾਰ ਯੋਨੀਆਂ ਤੋਂ ਹੀ ਅੱਗੋ ਚੌਰਾਸੀ ਲੱਖ ਭੇਦ ਹੋ ਗਏ ਹਨ.

**ਯੌਂ:** ਕ੍ਰਿ. ਵਿ- ਇਉਂ. ਇਸ ਤਰਾਂ. ਐਸੇ. ਐਦਾਂ. ਇੱਕੁਰ. ਐਂ.

**ਯੌਗਿਕ:** ਸੰ. ਵਿ- ਉਹ ਸ਼ਬਦ, ਜੋ ਧਾਤੁ ਅਤੇ ਪ੍ਰਤ੍ਯਯ ਦੇ ਸੰਬੰਧ ਕਰਕੇ ਅਰਥ ਦੇਵੇ, ਜੈਸੇ- ਪਾਚਕ. ਜੋ ਪਾਚਨ ਕਰੇ, ਉਹ

ਪਾਚਕ (ਲਾਂਗਰੀ).

ਯੌਮ: ਅ਼. يوم ਸੰਗਯਾ- ਦਿਨ. ਅੱਠ ਪਹਰ ਦਾ ਸਮਾਂ.

ਯੌਵਨ: ਸੰ. ਸੰਗ੍ਯਾ- ਯੁਵਾ ਹੋਣ ਦਾ ਭਾਵ. ਤਾਰੁਣ੍ਯ. ਜਵਾਨੀ.

ਯੰਗੜਾ: ਦੇਖੋ, ਯੋਗਨਿਦ੍ਰਾ। ੨. ਦੇਖੋ, ਜੰਗੜਾ.

ਯੰਤ੍ਰ: ਸੰ. यन्त्र्. ਧਾ- ਆਪਣੇ ਅਧੀਨ ਰੱਖਣਾ, ਸਿਕੋੜਨਾ। ੨. ਸੰਗ੍ਯਾ- ਕਲ. ਮਸ਼ੀਨ। ੩. ਬਾਜਾ। ੪. ਸ਼ਸਤ੍ਰ। ੫. ਜਿੰਦਾ. ਤਾਲਾ। ੬. ਤੰਤ੍ਰਸ਼ਾਸਤ੍ਰ ਅਨੁਸਾਰ ਦੇਵਤਾ ਗ੍ਰਹ ਆਦਿ ਦਾ ਲੀਕਾਂ ਖਿੱਚਕੇ ਬਣਾਇਆ, ਗੋਲ ਚੁਕੋਣਾ ਅੱਠ ਪਹਿਲੂ ਆਦਿ ਘੇਰਾ ਜਿਵੇਂ- ਜਨਮ ਕੁੰਡਲੀ ਦਾ ਬਾਰਾਂ ਖਾਨੇ ਦਾ ਯੰਤ੍ਰ ਹੁੰਦਾ ਹੈ.

ਯੰਤ੍ਰਣ: ਸੰ. ਸੰਗ੍ਯਾ- ਰਖ੍ਯਾ ਕਰਨਾ। ੨. ਬੰਨ੍ਹਣਾ। ੩. ਨਿਯਮ. ਨੇਮ.

ਯੰਤ੍ਰਣਾ: ਸੰ. ਸੰਗ੍ਯਾ- ਕਾਬੂ ਰੱਖਣ ਦੀ ਕ੍ਰਿਯਾ। ੨. ਆਪਣੀ ਇੱਛਾਨੁਸਾਰ ਚਲਾਉਣਾ। ੩. ਦੁੱਖ- ਪੀੜ.

ਯੰਤ੍ਰਾਲਯ: ਯੰਤ੍ਰ (ਕਲ- ਮਸ਼ੀਨ) ਆਲਯ (ਘਰ) ਉਹ ਮਕਾਨ ਜਿਸ ਵਿੱਚ ਕਲਾਂ ਹੋਣ।੨ ਛਾਪੇਖਾਨਾ. ਪ੍ਰੇਸ (Press)

ਯੰਤ੍ਰਿ, ਯੰਤ੍ਰੀ: ਸੰ. यन्त्रिन्. ਵਿ- ਚਲਾਉਣ ਵਾਲਾ. ਪ੍ਰੇਰਨ. ਵਾਲਾ। ੨. ਦੁੱਖ ਦੇਣ ਵਾਲਾ। ੩. ਵਾਜਾ ਵਜਾਉਣ ਵਾਲਾ। ੪. ਕਲ (ਮਸ਼ੀਨ) ਚਲਾਉਣ ਵਾਲਾ। ੫. ਜੰਤ੍ਰ ਮੰਤ੍ਰ ਕਰਨ ਵਾਲਾ। ੬. ਬੰਨ੍ਹਣ ਵਾਲਾ। ੭. ਸੰਗ੍ਯਾ- ਪੰਚਾਂਗਪਤ੍ਰ. ਤਿਥਿ ਵਾਰ ਨਛਤ੍ਰ ਯੋਗ ਕਰਨ ਦਾ ਹਿਸਾਬ ਦੱਸਣ ਵਾਲੀ ਪਤ੍ਰੀ.

ਰ: ਪੰਜਾਬੀ ਵਰਣਮਾਲਾ ਦਾ ਬਤੀਹਵਾਂ ਅੱਖਰ. ਇਸ ਦੇ ਉੱਚਾਰਣ ਦਾ ਅਸਥਾਨ ਮੁਖ ਹੈ. ਪੰਜਾਬੀ ਵਿੱਚ "ਰ" ਲੱਲੇ ਅਤੇ ੜਾੜੇ ਦੀ ਥਾਂ ਭੀ ਆ ਜਾਂਦਾ ਹੈ. ਦੇਖੋ, ਨਾਰ, ਬੇਰਾ, ਬੇਰੀ ਆਦਿ ਸ਼ਬਦ। ੨. ਸੰ. ਸੰਗ੍ਯਾ- ਅਗਨਿ। ੩. ਕਾਮ ਦਾ ਸੰਤਾਪ। ੪. ਦਾਨ। ੫. ਰਗਣ ਦਾ ਸੰਖੇਪ ਨਾਮ। ੬. ਵਿ- ਕ੍ਰੋਧ ਕਰਨ ਵਾਲਾ. ਉਗ੍ਰ.

ਰਉ: ਸੰਗ੍ਯਾ- ਰੌ. ਜਲ ਦਾ ਪ੍ਰਵਾਹ. ਦੇਖੋ, ਰੀ ਧਾ. ਸੰ. ਰਯ. ਪ੍ਰਵਾਹ. "ਜਨੁ ਡਾਰ ਦਯੋ ਜਲ ਕੋ ਛਲਕੈ ਰਉ." (ਕ੍ਰਿਸਨਾਵ) ੨. ਨਦੀ। ੩. ਸੰ. ਰਵ. ਸ਼ਬਦ. ਆਵਾਜ਼. ਉੱਚਾਰਣ. "ਗੁਣ ਗੋਬਿੰਦ ਰਉ." (ਗੌਂਡ ਮਃ ੫) "ਰਾਮ ਰਉ ਨਿਤ ਨੀਤਿ." (ਮਾਰੂ ਅਃ ਮਃ ੫) ੪. ਫ਼ਾ. رو ਰੂ. ਚੇਹਰਾ। ੫. ਅਭਿਲਾਖਾ. ਇੱਛਾ. "ਏਨ੍ਹੀ ਫੁਲੀ ਰਉ ਕਰੇ, ਅਵਰ ਕਿ ਚੁਣੀਅਹਿ ਡਾਲ?" (ਮਃ ੧. ਵਾਰ ਸੂਹੀ) ੬. ਫ਼ਾ. رو ਰੌ. ਵਿ- ਜਾਣ ਵਾਲਾ. ਗਮਨ ਕਰਤਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ- ਪੇਸ਼ਰੋ.

ਰਉਸ: ਦੇਖੋ, ਰਵਸ.

ਰਉਹਣਾਯ, ਰਉਹਣੇਯ: ਸੰ. ਰੌਹਿਣੇਯ. ਸੰਗ੍ਯਾ- ਰੋਹਿਣੀ ਤੋਂ ਪੈਦਾ ਹੋਇਆ ਬਲਰਾਮ. ਕ੍ਰਿਸ਼ਨ ਜੀ ਦਾ ਵਡਾ ਭਾਈ. "ਰਉਹਣਾਯ ਮੁਸਲੀ ਹਲੀ ਰੇਵਤੀਸ ਬਲਰਾਮ" (ਸਨਾਮਾ) ਰੌਹਿਣੇਯ, ਮੂਸ਼ਲੀ, ਹਲੀ, ਰੇਵਤੀਸ਼, ਬਲਰਾਮ, ਇਹ ਬਲਭਦ੍ਰ ਦੇ ਨਾਮ ਹਨ.

ਰਉਣ: ਸੰ. ਰਮਣ. ਪਤਿ. ਸ੍ਵਾਮੀ. "ਮੇਰੇ ਟਾਕੁਰ ਸਗਲ ਰਉਣ." (ਵਾਰ ਮਾਰੂ ੨. ਮਃ ੫) ੨. ਦੇਖੋ, ਰਵਣ। ੩. ਦੇਖੋ, ਰੌਣ.

ਰਉਣਕ: ਦੇਖੋ, ਰੌਨਕ.

ਰਉਣੀ: ਦੇਖੋ, ਰਾਉਣੀ ਅਤੇ ਰੌਣੀ.

ਰਉਦਨਿ: ਸੰਗ੍ਯਾ- ਰੌਦੇਵਾਲੀ, ਸੈਨਾ. ਧਨੁਖ ਧਾਰਨ ਵਾਲੀ ਫ਼ੌਜ. (ਸਨਾਮਾ) ਦੇਖੋ, ਰਉਦਾ.

ਰਉਦਾ: ਫ਼ਾ. رودہ ਰੂਦਹ. ਸੰਗ੍ਯਾ- ਤੰਦ. ਅੰਤੜੀ ਦੀ ਰੱਸੀ. ਤੰਦ ਦੀ ਤਾਰ। ੨. ਕਮਾਣ, ਜਿਸ ਨੂੰ ਰੌਦਾ (ਤੰਦ) ਲਗੀ ਹੁੰਦੀ ਹੈ.

ਰਉਂਦਾ: ਕ੍ਰਿ. ਵਿ- ਰਵਣ ਕਰਦਾ, ਬੋਲਦਾ, ਉੱਚਾਰਣ ਕਰਦਾ। ੨. ਰਮਣ ਕਰਦਾ. ਭੋਗਦਾ. ਆਨੰਦ ਲੈਂਦਾ.

ਰਉਰ, ਰਉਰਾ: ਸੰਗਯਾ- ਰੌਲਾ. ਸ਼ੋਰ. ਦੇਖੋ, ਰਵ. "ਰਉਰ ਪਰਾ ਸਗਰੇ ਪੁਰ ਮਾਹੀ." (ਰਾਮਾਵ)

ਰਉੜ: ਸੰਗਯਾ- ਰੜਾ. ਮੈਦਾਨ। ੨. ਕੱਲਰ. ਉਹ ਜ਼ਮੀਨ. ਜਿਸ ਵਿੱਚ ਘਾਹ ਅਤੇ ਖੇਤੀ ਨਾ ਉੱਗੇ। ੩. ਗੁਰੂ ਕੀ ਰਉੜ. ਦੇਖੋ, ਘੁੱਕੇਵਾਲੀ ਅਤੇ ਰੌੜ.

ਰਅਨਾ, ਰਅ਼ਨਾ: ਅ਼. رعنا ਵਿ- ਸੁੰਦਰ. ਖੂਬਸੂਰਤ. ਸੋਹਣਾ.

ਰਈ: ਰਹੀ. ਹੋਈ. ਭਈ. "ਮੋਦ ਮਹਾਂ ਮਨ ਮਾਹਿ ਰਈ ਹੈ." (ਚੰਡੀ ੧) ੨. ਦੇਖੋ, ਰਯਿ। ੩. ਦੇਖੋ, ਰੈ.

ਰਈਅਤ, ਰਈਅਤਿ: ਅ਼. رعیت ਰਈ਼ਯਤ. ਸੰਗਯਾ- ਪ੍ਰਜਾ. "ਰਈਅਤਿ ਬਸਨ ਨ ਦੇਹੀ." (ਸੂਹੀ ਕਬੀਰ) "ਰਈਅਤਿ ਰਾਜੇ ਦੁਰਮਤਿ ਦੋਈ." (ਮਾਰੂ ਸੋਲਹੇ ਮਃ ੩)

ਰਈਸ: ਅ਼. رئیس ਰਿਆਸਤ ਵਾਲਾ। ੨. ਰਾਜਾ. ਮਹਾਰਾਜਾ.

ਰਏ: ਸੰ. ਰਯਿ, ਸੰਗਯਾ- ਖ਼ਜ਼ਾਨਾ. ਨਿਧਿ. "ਰਸ ਰੂਪ ਰਏ." (ਪ੍ਰਿਥੁਰਾਜ)

ਰਸ: ਸੰ. ਰਸ੍. ਧਾ- ਸ਼ਬਦ ਕਰਨਾ, ਸ੍ਵਾਦ ਲੈਣਾ (ਚੱਖਣਾ), ਪ੍ਰੀਤਿ ਕਰਨਾ। ੨. ਸੰਗਯਾ- ਰਸਨਾ ਨਾਲ ਗ੍ਰਹਣ ਕਰਨ ਯੋਗ੍ਯ ਮਿਠਾਸ ਆਦਿ ਗੁਣ. ਦੇਖੋ, ਖਟਰਸ. "ਰਸ ਭੋਗਹਿ ਖੁਸ਼ੀਆ ਕਰਹਿ, ਮਾਣਹਿ ਰੰਗ ਅਪਾਰ." (ਸ੍ਰੀ ਮਃ ੫) ੩. ਅੰਨ ਆਦਿ ਖਾਧੇ ਪਦਾਰਥਾਂ ਦਾ ਪਰਿਣਾਮ, ਜੋ ਸ਼ਰੀਰ ਨੂੰ ਪੁਸ਼੍ਟ ਕਰਨ ਵਾਲਾ ਧਾਤੁ ਹੈ। ੪. ਫੁੱਲ ਦੀ ਮਿਠਾਸ. ਮਧੁ। ੫. ਵੀਰਯ. ਮਨੀ। ੬. ਪ੍ਰੇਮ. ਪਿਆਰ. "ਮਾਤ ਪਿਤਾ ਭਾਈ ਸੁਤ ਬਨਿਤਾ, ਤਾਕੈ ਰਸ ਲਪਟਾਨਾ." (ਧਨਾ ਮਃ ੯) ੭. ਪਾਰਾ। ੮. ਜਲ. "ਅਗਨਿ ਰਸ ਸੋਖੈ." (ਤੁਖਾ ਬਾਰਹਮਾਹਾ) ੯. ਕਾਵ੍ਯ ਅਨੁਸਾਰ ਮਨ ਵਿੱਚ ਉਤਪੰਨ ਹੋਣ ਵਾਲਾ ਉਹ ਭਾਵ, ਜੋ ਕਾਵ੍ਯ ਪੜ੍ਹਨ, ਸੁਣਨ ਅਥਵਾ ਨਾਟਕ ਆਦਿ ਦੇਖਣ ਤੋਂ ਉਤਪੰਨ ਹੁੰਦਾ ਹੈ. "ਰਸ ਰੂਪ ਰੰਗ ਅਨੰਤ ਬੀਠਲ, ਸਾਸਿ ਸਾਸਿ ਧਿਆਇਣਾ." (ਰਾਮ ਛੰਤ ਮਃ ੫)

ਰਤਿ, ਹਾਸ. ਸ਼ੋਕ, ਕ੍ਰੋਧ. ਉਤਸਾਹ. ਭਯ, ਨਿਦੰਾ. ਆਸ਼ਚਰਯ ਅਤੇ ਨਿਰਵੇਦ ਸਥਾਈ ਭਾਵਾਂ ਦੀ ਪਰਿਪੱਕ ਅਵਸਥਾ ਹੀ ਨੌ ਰਸ- ਸ਼੍ਰਿੰਗਾਰ, ਹਾਸ੍ਯ, ਕਰੁਣ, ਰੌਦ੍ਰ, ਵੀਰ, ਭਯਾਨਕ, ਬੀਛਤਸ, ਅਦਭੁਤ ਅਤੇ ਸ਼ਾਂਤ ਹਨ. ਇਨ੍ਹਾਂ ਰਸਾਂ ਦੇ ਸਮਝਣ ਲਈ ਭਾਵ ਸ਼ਬਦ ਦਾ ਅੰਗ ੧੪. ਚੰਗੀ ਤਰਾਂ ਵਿਚਾਰਨਾ ਚਾਹੀਐ. ਇੱਥੇ ਨੌ ਰਸਾਂ ਦੇ ਉਦਾਹਰਣ ਦਿਖਾਏ ਜਾਂਦੇ ਹਨ-

(ੳ) ਸ਼੍ਰਿੰਗਾਰ.

"ਕਾਜਲ ਹਾਰ ਤੰਬੋਲ ਸਭੈਕਿਛੁ ਸਾਜਿਆ।

ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ." (ਫੁਨਹੇ ਮਃ ੫)

(ਅ) ਹਾਸ੍ਯ. "ਮੋਰ ਮੋਰ ਕਰਿ ਅਧਿਕ ਲਾਡੁ ਧਰਿ, ਪੇਖਤ ਹੀ ਜਮਰਾਉ ਹਸੈ." (ਸ੍ਰੀ ਕਬੀਰ)

ਜਦ ਮਾਂ ਅਨੇਕ ਪ੍ਰਕਾਰ ਦਾ ਮੂੰਹ ਬਣਾਕੇ ਮੇਰਾ ਬੱਚਾ, ਮੇਰਾ ਲਾਲ, ਮੇਰਾ ਸੋਹਣਾ ਆਖਦੀ ਹੈ, ਤਾਂ ਯਮਰਾਜ ਨੂੰ ਉਸ ਦੀ ਹਰਕਤ ਤੇ ਹਾਸਾ ਆਉਂਦਾ ਹੈ.

ਸੀਸ ਦੁਮਾਲਾ ਧਰੇ ਸੁਰਮਈ ਕੰਧੇ ਮੋਟਾ ਸੋਟਾ ਹੈ,

ਮਸਤਾਨੇ ਪਟ ਕਮਰਕਸੇ ਯੁਤ ਸਜਜੋ ਵਿਚਿਤ੍ਰ ਕਛੋਟਾ ਹੈ,

ਫਤੇਸਿੰਘ ਕੇ ਪਿਖ਼ ਸਰੂਪ ਅਸ

ਕਲਗੀਧਰ ਬਿਕਸਾਵਤ ਹੈਂ,

ਸਿੰਘਸਮਾਜ ਕਵੀਗਣ ਹੱਸ ਹੱਸ

ਲੋਟਪੋਟ ਹ੍ਵੈਜਾਵਤ ਹੈਂ.

(ੲ) ਕਰੁਣਾ.

"ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ,

ਸੇ ਸਿਰ ਕਾਤੀ ਮੁੰਨੀਅਨਿ, ਗਲ ਵਿਚਿ ਆਵੈ ਧੂੜਿ,

ਮਹਲਾ ਅੰਦਰਿ ਹੋਦੀਆ,

ਹੁਣਿ ਬਹਿਣ ਨ ਮਿਲਨਿ ਹਦੂਰਿ." (ਆਸਾ ਅਃ ਮਃ ੧)

"ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇਗਏ ਭਾਈ,

ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ." (ਆਸਾ ਕਬੀਰ)

(ਸ) ਰੌਦ੍ਰ. "ਜਾ ਤੁਧ ਭਾਵਹਿ ਤੇਗ ਵਗਾਵਹਿ ਸਿਰ ਮੁੰਡੀ ਕਟਿਜਾਵਹਿ." (ਮਃ ੧. ਵਾਰ ਮਾਝ)

(ਹ) ਵੀਰ. "ਰਣੁ ਦੇਖਿ ਸੂਰੇ ਚਿਤ ਉਲਾਸ." (ਬਸੰ ਮਃ ੫)

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ,

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ,

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ,

ਪੁਰਜਾ ਪੁਰਜਾ ਕਟਿਮਰੈ ਕਬਹੂ ਨ ਛਾਡੈ ਖੇਤੁ." (ਮਾਰੂ ਕਬੀਰ)

ਦੇਖੋ, ਵੀਰ ੭.

(ਕ) ਭਯਾਨਕ. "ਲਟ ਛੂਟੀ ਵਰਤੈ ਬਿਕਰਾਲ." (ਭੈਰ ਅਃ ਕਬੀਰ)

(ਖ) ਬੀਭਤਸ. "ਬਿਸਟਾ ਅਸਤ ਰਕਤ ਪਰੇਟੇ ਚਾਮ." (ਆਸਾ ਮਃ ੫)

(ਗ) ਅਦਭੁਤ. "ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ." (ਗਉ ਮਃ ੯)

(ਘ) ਸ਼ਾਂਤ

"ਕਹਾ ਮਨ, ਬਿਖਿਆ ਸਿਉ ਲਪਟਾਹੀ?

ਯਾ ਜਗ ਮੈ ਕੋਊ ਰਹਨੁ ਨ ਪਾਵੈ

ਇਕਿ ਆਵਹਿ ਇਕਿ ਜਾਹਾਂ.

ਕਾਂਕੋ ਤਨੁ ਧਨੁ ਸੰਪਤਿ ਕਾਂਕੀ

ਕਾ ਸਿਉ ਨੇਹੁ ਲਗਾਹੀ?

ਜੋ ਦੀਸੈ ਸੋ ਸਗਲ ਬਿਨਾਸੈ

ਜਿਉ ਬਾਦਰ ਕੀ ਛਾਹੀ.

ਤਜਿ ਅਭਿਮਾਨੁ ਸਰਣਿ ਸੰਤਨ ਗਹੁ

ਮੁਕਤਿ ਹੋਹਿ ਛਿਨ ਮਾਹੀ.

ਜਨ ਨਾਨਕ ਭਗਵੰਤ ਭਜਨ ਬਿਨੁ

ਸੁਖੁ ਸੁਪਨੈ ਭੀ ਨਾਹੀ." (ਸਾਰ ਮਃ ੯)

ਭਕ੍ਤਿਮਤ ਵਾਲੇ ਸ਼ਾਂਡਿਲਜ ਰਿਖੀ ਆਦਿ ਕੇਵਲ ਪੰਜ ਰਸ ਮੰਨਦੇ ਹਨ- ਸ਼੍ਰਿੰਗਾਰ, ਸ਼ਾਂਤ, ਵਾਤਸਲਜ ਦਾਸਜ ਅਤੇ ਸਖਜ. ਇਨ੍ਹਾਂ ਵਿੱਚੋਂ ਸ਼੍ਰਿੰਗਾਰ ਅਤੇ ਸ਼ਾਂਤ ਉੱਪਰ ਆ ਗਏ ਹਨ, ਬਾਕੀ ਤਿੰਨਾਂ ਦੇ ਉਦਾਹਰਣ ਇਹ ਹਨ-

ਵਾਤਸਲਜ- "ਭਗਤਿਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ." (ਵਾਰ ਜੈਤ)

"ਭਵਖੰਡਨ ਦੁਖਭੰਜਨ ਸ੍ਵਾਮੀ ਭਗਤਿਵਛਲ ਨਿਰੰਕਾਰੇ." (ਧਨਾ ਮਃ ੫)

"ਹਮਰੇ ਪਿਤਾ, ਗੋਪਾਲ ਦਇਆਲ। ਜਿਉ ਰਾਖੈ ਮਹਤਾਰੀ ਬਾਰਿਕ ਕਉ, ਤੈਸੇ ਹੀ ਪ੍ਰਭ ਪਾਲ." (ਧਨਾ ਮਃ ੫)

ਦਾਸਜ- "ਰਾਖਹੁ ਰਾਖਨਹਾਰ ਦਇਆਲਾ, ਨਾਨਕ ਘਰ ਕੇ ਗੋਲੇ." (ਧਨਾ ਮਃ ੫)

"ਨਾਨਕ ਗਰੀਬ ਬੰਦਾ ਜਨ ਤੇਰਾ। ਰਾਖਿਲੇਇ ਸਾਹਿਬ ਪ੍ਰਭੁ ਮੇਰਾ." (ਧਨਾ ਮਃ ੫)

"ਦਾਸ ਦਾਸ ਕੋ ਦਾਸਰਾ ਨਾਨਕ ਕਰਿਲੇਹ." (ਬਿਲਾ ਮਃ ੫)

ਸਖਜ- "ਅਪਨਾ ਮੀਤੁ ਸੁਆਮੀ ਗਾਈਐ। ਆਸ ਨ ਅਵਰ ਕਾਹੂ ਕੀ ਕੀਜੈ, ਸੁਖਦਾਤਾ ਹਰਿ ਧਿਆਈਐ." (ਸਾਰ ਮਃ ੫) "ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ। ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ." (ਗਉ ਮਃ ੫) "ਮੀਤੁ ਹਮਾਰ ਅੰਤਰਜਾਮੀ। ਸਮਰਥ ਪੁਰਖੁ ਪਾਰਬ੍ਰਹਮ ਸੁਆਮੀ." (ਗਉ ਮਃ ੫) ੧੦. ਛੋਗਰ ਦਾ ਆਨੰਦ. ਮਜ਼ਾ। ੧੧. ਤਤ੍ਵ. ਸਾਰ. "ਸਬਦਿ ਰਤੇ ਮੀਠੇ ਰਸ ਈਖ." (ਗਉ ਮਃ ੧) ੧੨. ਅਸਰ. ਪ੍ਰਭਾਵ. "ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ." (ਗਉ ਥਿਤੀ ਮਃ ੫)"ਸੋਹਾਗਨਿ ਭਵਨ ਤ੍ਰੈ ਲੀਆ। ਦਸਅਠ ਪੁਰਾਣ ਤੀਰਥਿ ਰਸ ਕੀਆ." (ਗੌਂਡ ਕਬੀਰ) ੧੩. ਸਿਧਾਂਤ. ਤਾਤਪਰਯ. "ਗਿਆਨੁ ਗਿਆਨੁ ਕਥੈ ਸਭੁਕੋਈ। ਬਿਨੁ ਰਸ ਰਾਤੇ ਮੁਕਤਿ ਨ ਹੋਈ." (ਬਿਲਾ ਅਃ ਮਃ ੧) "ਦੀਪਕ ਰਸ ਤੋਲੇ." (ਤੁਖਾ ਬਾਰਹਮਾਹਾ) ਗਜਾਨ ਦੀਪਕ, ਸਿੱਧਾਂਤ ਵਿਚਾਰਰੂਪ ਤੇਲ। ੧੪. ਵਿਸ਼ ਜ਼ਹਿਰ। ੧੫. ਅੰਨ। ੧੬. ਛੀ ਸੰਖਜਾਬੋਧਕ, ਕਿਉਂਕਿ ਰਸਨਾ ਕਰਕੇ ਗ੍ਰਹਣ ਯੋਗ ਛੀ ਰਸ ਹਨ। ੧੭. ਨੌ. ਸੰਖਜਾਬੰਧਕ, ਕਿਉਂਕਿ ਕਾਵਜ ਦੇ ਨੌ ਰਸ ਹਨ। ੧੮. ਫ਼ਾ. رس ਵਿ- ਪਹੁਚਣ ਵਾਲਾ. ਇਹ ਦੂਜੇ ਸ਼ਬਦ ਤੇ ਅੰਤ ਆਉਣਾ ਹੈ, ਜਿਵੇਂ- ਦੂਰਰਸ, ਦਾਦਰਸ ਆਦਿ. ਦੇਖੋ, ਰਸੀਦਨ.

ਰਸਉਲੀ: ਦੇਖੋ, ਰਸੌਲੀ.

ਰਸਕ: ਸੰ. ਸੰਗਜਾ- ਫਟਕੜੀ। ੨. ਫ਼ਾ. رشک ਰਸ਼ਕ. ਸੰਗਜਾ- ਰੀਸ. ਦੂਜੇ ਜੇਹਾ ਹੋਣ ਦੀ ਇੱਛਾ। ੩. ਦੇਖੋ, ਰਸਿਕ.

ਰਸਕਸ, ਰਸਕਸੁ: ਕਸ਼ਾਯ ਆਦਿ ਖਟ ਰਸ. "ਰਸਕਸ ਖਾਏ ਪਿੰਡ ਵਧਾਏ." (ਮਾਰੂ ਸੋਲਹੇ ਮਃ ੩) ੨. ਕਸ਼ਜ ਰਸ. ਸ਼ਰਾਬ ਦਾ ਰਸ। ੩. ਕਸ਼ਜ (ਸ਼ਰਾਬ) ਅਤੇ ਜੀਭ ਦੇ ਸੁਆਦ। ੪. ਦੇਖੋ, ਰਸੁ ਕਸੁ.

ਰਸਕਪੂਰ: ਸੰ. ਰਸਕਪੂੰਰ. ਰਸ (ਪਾਰੇ) ਤੋਂ ਬਣਾਇਆ ਇੱਕ ਪਦਾਰਥ, ਜੋ ਕਪੂਰ ਜੇਹਾ ਚਿੱਟਾ ਹੁੰਦਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਇਹ ਦੱਦ (ਧਦ੍ਰ) ਆਤਸ਼ਕ ਆਦਿ ਰੋਗ ਦੂਰ ਕਰਦਾ ਹੈ, ਅਤੇ ਹੋਰ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. Sublimate of Mercury. "ਰਸਾਯਣਸਾਰ" ਵਿੱਚ ਇਸ ਦੇ ਬਣਾਉਣ ਦੀ ਵਿਧੀ ਇਉਂ ਲਿਖੀ ਹੈ-

ਲਾਲ ਇੱਟ ਦਾ ਖੋਰਾ, ਸੁਇਨਾ, ਗੇਰੂ, ਫਟਕੜੀ ਖੜੀਆ ਮਿੱਟੀ, ਸੇਂਧਾ ਲੂਣ, ਖਾਰਾ ਲੂਣ, ਵਰਮੀ ਦੀ ਮਿੱਟੀ, ਬਰਤਨ ਰੰਗਣ ਦੀ ਲਾਲ ਮਿੱਟੀ, ਇਹ ਸਾਰੇ ਸਮਾਨ ਤੋਲ ਦੇ ਲੈਕੇ ਇਨ੍ਹਾਂ ਸਭ ਦੇ ਬਰਾਬਰ ਸਿੰਗਰਫ ਵਿੱਚੋਂ ਨਿਕਲਿਆ ਪਾਰਾ ਲੈਕੇ ਉਸ ਨਾਲ ਮਿਲਾਕੇ ਸਭ ਨੂੰ ਖਰਲ ਕਰਨਾ. ਫੇਰ ਸਭ ਨੂੰ ਦੋ ਪਿਆਲਿਆਂ ਵਿੱਚ ਸੰਪੁਟ ਕਰਕੇ ਚਾਰ ਦਿਨ ਬਰਾਬਰ ਅੱਗ ਮਚਾਉਣੀ. ਇਸ ਤਰਾਂ ਇਹ ਰਸ ਸਿੱਧ ਹੋ ਜਾਂਦਾ ਹੈ.

**ਰਸਕਿ:** ਕ੍ਰਿ. ਵਿ- ਰਸ ਗ੍ਰਹਣ ਕਰਕੇ. ਆਨੰਦ ਲੈਕੇ. "ਰਸਕਿ ਰਸਕਿ ਗੁਨ ਗਾਵਹੁ ਗੁਰਮਤਿ." (ਪ੍ਰਭਾ ਮः ੪)

**ਰਸਗ:** ਦੇਖੋ, ਰਸਗਜ.

**ਰਸਗਾ:** ਦੇਖੋ, ਰਸਗਜਾ.

**ਰਸਗੇ:** ਸੰਬੋਧਨ. ਹੇ ਰਸਗਜੇ! ਹੇ ਰਸ ਦਾ ਗਜਾਨ ਕਰਨ ਵਾਲੀਐ! "ਹੇ ਜਿਹਬੇ ਰਸਗੇ." (ਸਹਸ ਮः ੫)

**ਰਸਗਜ:** ਸੰ. ਰਸਜ੍ਞ. ਵਿ- ਰਸ ਦਾ ਗਜਾਤਾ.

**ਰਸਗਜਾ:** ਸੰ. ਰਸਜ੍ਞਾ. ਸੰਗਜਾ- ਜਿਸ ਨਾਲ ਰਸ ਜਾਣੀਏ. ਜੀਭ. ਰਸਨਾ। ੨. ਵਿ- ਰਸ ਜਾਣਨ ਵਾਲੀ.

**ਰਸਜ:** ਸੰ. ਰਸੋਂਤ. ਦੇਖੋ, ਰਸੌਂਤ। ੨. ਗੁੜ। ੩. ਰਸਜ਼ ਸ਼ਬਦ ਜਲਜ ਦਾ ਭੀ ਅਰਥ ਰਖਦਾ ਹੈ. ਦੇਖੋ, ਰਸ ੯.

**ਰਸਟਰੀ:** ਸੰ. ਰਾਸ਼੍ਟ੍ਰੀ. ਰਾਜਜ ਕਰਨ ਵਾਲੀ, ਰਾਣੀ. "ਰਸਟਰੀ ਕਾਮਰੂਪਾ ਕੁਮਾਰੀ." (ਚੰਡੀ ੨)

**ਰਸਣਾ:** ਕ੍ਰਿ- ਰਸ ਚੁਇਣਾ. ਟਪਕਣਾ. "ਭਉ ਨਿਸੈ ਅੰਮ੍ਰਿਤ ਰਸੈ." (ਗਉ ਥਿਤੀ ਮः ੫) ੨. ਰਸ ਸਹਿਤ ਹੋਣਾ, "ਫਿਰਿ ਹਰਿਆ ਹੋਆ ਰਸਿਆ." (ਬਸੰ ਅः ਮः ੪) ੩. ਅੰਕੁਰਿਤ ਹੋਣਾ. ਸ਼ਿਗੂਫ਼ਾ ਨਿਕਲਨਾ.

**ਰਸਤ:** ਦੇਖੋ, ਰਸਦ। ੨. ਦੇਖੋ, ਰਸਤਨ.

**ਰਸਤਖ਼ੇਜ਼:** ਫ਼ਾ. رستخیز ਸੰਗਜਾ- ਉਠ ਖੜਾ ਹੋਣਾ. ਕ਼ਯਾਮਤ, ਜਿਸ ਵੇਲੇ ਇਸਲਾਮ ਮਤ ਅਨੁਸਾਰ ਮੁਰਦੇ ਕ਼ਬਰਾਂ ਤੋਂ ਉਠਕੇ ਨੱਠਣਗੇ.

**ਰਸਤਨ:** ਫ਼ਾ. رستن ਕ੍ਰਿ- ਛੁੱਟਣਾ. ਛੁਟਕਾਰਾ ਪਾਉਣਾ.

**ਰਸਤਾ:** ਫ਼ਾ. رسته ਰਾਸ੍ਤਹ. ਸੰਗਜਾ- ਮਾਰਗ. ਰਾਹ. ਸੰ. ਰਥਜਾ.

**ਰਸਦ:** ਸੰ. ਵਿ- ਰਸ ਦੇਣ ਵਾਲਾ। ੨. ਆਨੰਦਦਾਇਕ। ੩. ਫ਼ਾ. رسد ਸੰਗਜਾ- ਪਹੁਚਾਈ ਹੋਈ ਵਸਤੁ. ਭਾਵ- ਖਾਣ ਪੀਣ ਦੀ ਸਾਮਗ੍ਰੀ.

**ਰਸਨ:** ਸੰਗਜਾ- ਰਸਨਾ. ਜੀਭ. "ਰਾਮ ਰਸਨ ਵਖਾਣੀ." (ਗਉ ਮः ੫) "ਹਰਿ ਹਰਿ ਨਾਮੁ ਰਸਨ ਆਰਾਧੇ." (ਗਉ ਮः ੫) ੨. ਭਾਵ- ਬਚਨ. ਵਾਕਜ. "ਸੰਤ ਰਸਨ ਕਉ ਬਸਹੀਅਉ." (ਭੈਰ ਮः ੫) ੩. ਰਸਾਂ ਦਾ ਬਹੁ ਵਚਨ. ਰਸਾਂ ਵਿੱਚ. "ਗੁਰਮੁਖਿ ਰਸਨਾ ਹਰਿ ਰਸਨ ਰਸਾਈ." (ਗਉ ਮः ੩) ੪. ਸੰ. ਰਸ਼ਨਾ. ਸੰਖਜਾ- ਰੱਸੀ. ਰੱਸਾ. "ਬਾਂਧ ਰਸਨ ਤਾਂਸੋਂ ਇਕ ਲਯੋ." (ਚਰਿਤ੍ਰ ੧੪੦) ਫ਼ਾ. رسن ੫. ਰਸ- ਜਾਨਾ. ਰਸ ਸਹਿਤ. "ਕੈਫਨ ਸਾਥ ਰਸਨ ਸੇ ਹ੍ਵੈਕਰ." (ਚਰਿਤ੍ਰ ੩੨੬) ਨਸ਼ਿਆਂ ਨਾਲ ਮਸ਼ਹੂਰ ਹੋਕੇ.

**ਰਸਨਰਸ:** ਰਸਾਂ ਵਿੱਚੋਂ ਸਾਰ ਰਸ. ਭਾਵ- ਨਾਮਰਸ। ੨. ਆਤਮਰਸ.

**ਰਸਨਰ ਕਸਨਿਨ:** ਰੱਸਿਆਂ ਦ੍ਵਾਰਾ ਕਸੇ ਜਾਣ ਵਾਲੇ ਦੀ. (ਸਨਾਮਾ) ਦੇਖੋ, ਦਾਮੋਦਰ ਸ਼ਬਦ, ਰੱਸਿਆਂ ਨਾਲ ਕਸੇ ਜਾਣ ਵਾਲੇ ਕ੍ਰਿਸ਼ਨ ਜੀ, ਉਨ੍ਹਾਂ ਦੀ ਵਹੁਟੀ ਜਮੁਨਾ.

**ਰਸਨਾ:** ਸੰਗਜਾ- ਰਸ ਕਰੀਏ ਗ੍ਰਹਣ ਜਿਸ ਨਾਲ, ਜੀਭ. "ਏ ਰਸਨਾ, ਤੂੰ ਅਨਰਸਿ ਰਾਚਿਰਹੀ." (ਅਨੰਦੁ) ੨. ਸੰ. ਰਸ਼ਨਾ. ਰੱਸੀ. ਡੋਰ। ੩. ਤੜਾਗੀ. ਕਾਂਚੀ। ੪. ਘੋੜੇ ਦੀ ਬਾਗ.

**ਰਸਨਾਗਰ:** ਰਸ਼ਨਾ (ਜ਼ੁਬਾਨ) ਅਗ੍ਰ. ਨੋਕਜ਼ਬਾਂ ਕੰਠਾਗ੍ਰ. "ਖਟ ਸਾਸਤ੍ਰ ਉਚਰਤ ਰਸਨਾਗਰ." (ਸਾਰ ਮः ੫)

**ਰਸਨਾਰੀ:** ਰਸਨਾ ਕਰਕੇ. ਜੀਭ ਨਾਲ. "ਗਾਵਉ ਸਾਸਿ ਸਾਸਿ ਰਸਨਾਰਿ." (ਆਸਾ ਮः ੫)

ਰਸਨਿ: ਰਸਨਾ ਕਰਕੇ. ਰਸਨਾ ਨਾਲ. "ਰਸਨਿ ਰਸਨਿ ਰਸਿ ਗਾਵਹਿ ਹਰਿਗੁਣ." (ਗੂਜ ਅਃ ਮਃ ੪) ੨. ਪ੍ਰੇਮ ਕਰਕੇ. ਪਿਆਰ ਨਾਲ.

ਰਸਨੋਪਮਾ: ਦੇਖੋ, ਉਪਮਾ (ਸ)

ਰਸਪਤਿ: ਰਸਾਂ (ਜਲਾਂ) ਦਾ ਸ੍ਵਾਮੀ. ਵਰੁਣ ਦੇਵਤਾ। ੨. ਚੰਦ੍ਰਮਾ। ੩. ਰਸਨਾ. ਜੀਭ. "ਨੈਨੂ ਨਕਟੂ ਸ੍ਰਵਨੂ ਰਸਪਤਿ." (ਮਾਰੂ ਕਬੀਰ) ਨੇਤ੍ਰ. ਨੱਕ. ਕੰਨ ਅਤੇ ਜੀਭ.

ਰਸਪਾਡੰਟ: ਅੰ. Respondent ਸੰਗਯਾ- ਜਵਾਬਦਿਹ. ਪ੍ਰਤਿਵਾਦੀ.

ਰਸਭਾ: ਰਸ ਭਇਆ. ਸਵਾਦ ਆਇਆ. ਆਨੰਦ ਆਇਆ. "ਰਸ ਪੀਆ ਗੁਰਮਤਿ ਰਸਭਾ." (ਪ੍ਰਭਾ ਮਃ ੪)

ਰਸਮ: ਅ਼. رسم ਸੰਗਯਾ- ਰੀਤਿ. ਰਿਵਾਜ। ੨. ਨਿਯਮ. ਕਾਨੂਨ. ਦਸ੍ਤੂਰ.

ਰਸਮਸ, ਰਸਮਸਾ: ਰਸ ਮਿਸ਼੍ਰਿਤ. ਰਸ ਨਾਲ ਮਿਲਿਆ ਹੋਇਆ। ੨. ਰਸ ਵਿੱਚ ਸਮ੍ਯ. "ਕੀਨਾ ਕੈਫ ਰਸਮਸੋ ਜਬਹੀ." (ਚਰਿਤ੍ਰ ੩੩੩)

ਰਸਮਿ: ਸੰ. ਰਸ਼ਿਮ. ਸੰਗਯਾ- ਰੱਸੀ. ਡੋਰ। ੨. ਘੋੜੇ ਦੀ ਵਾਗ। ੩. ਕਿਰਣ. ਅੰਸ਼ੁ.

ਰਸਮਿਸਿ: ਰਸਮਿਸ਼੍ਰਿਤ. ਰਸਸਾਨਾ। ੨. ਰਸ ਦੇ ਬਹਾਨੇ. ਦੇਖੋ, ਮਿਸ.

ਰਸਮੀ: ਦੇਖੋ, ਰਸਮਿ। ੨. ਵਿ- ਰਸਮ ਨਾਲ ਹੈ ਜਿਸਦਾ ਸੰਬੰਧ. ਰਿਵਾਜੀ. ਦੇਖੋ, ਰਸਮ.

ਰਸਰਾ: ਸੰਗਯਾ- ਰੱਸਾ. ਰਸੜਾ। ੨. ਵਿ- ਰਸ ਵਾਲਾ ਰਸੀਆ.

ਰਸਰਾਜ: ਸੰ. ਸੰਗਯਾ- ਪਾਰਾ। ੨. ਮਤਿਰਾਮ ਕਵਿ ਦਾ ਬਣਾਇਆ ਇੱਕ ਕਾਵ੍ਯਗ੍ਰੰਥ, ਜਿਸ ਵਿੱਚ ਨਾਯਿਕਾ ਭੇਦ ਅਤੇ ਰਸਾਂ ਦਾ ਵਰਣਨ ਹੈ। ੩. ਜਲਪਤਿ. ਵਰੁਣ.

ਰਸਰੀ, ਰਸੜੀ: ਸੰਗਯਾ- ਰੱਸੀ. ਰੱਜੁ. ਰਸ਼ਿ. "ਦ੍ਰਿੜ ਕਰ ਬਾਂਧਯੋ ਰਸਰੀ ਨਾਲ." (ਗੁਪ੍ਰਸੂ)

ਰਸਾ: ਸੰਗਯਾ- ਤਰੀ. ਸ਼ੋਰਵਾ. ਰਸ। ੨. ਰਸ ਦਾ ਬਹੁ ਵਚਨ. "ਰੰਗ ਰਸਾ ਜੈਸੇ ਸੁਪਨਾਹਾ." (ਆਸਾ ਮਃ ੫) ੩. ਦੇਖੋ, ਰੱਸਾ। ੪. ਸੰ. ਦਾਖ। ੫. ਪ੍ਰਿਥਿਵੀ. "ਰੰਗ ਰਸਾ ਤੂੰ ਮਨਹਿ ਅਧਾਰੁ." (ਗਉ ਮਃ ੫) "ਰਸਾ ਪਾਦ ਤੂਰਨ ਧਰੇ." (ਨਾਪ੍ਰ) ੬. ਜੀਭ। ੭. ਨਦੀ.

ਰਸਾਉਣਾ: ਰਸ (ਜਲ) ਸਹਿਤ ਕਰਨਾ, ਜੈਸੇ ਦਵਾਤ ਰਸਾਉਣੀ। ੨. ਰਸ ਆਉਣਾ. ਸਵਾਦ ਲੈਣਾ। ੩. ਕ਼ਾਇਮ ਕਰਨਾ. ਠੀਕ ਥਾਂ ਪੁਰ ਜੜਨਾ। ੪. ਟਾਂਕਾ ਲਾਉਣਾ. ਮੁੰਦਣਾ.

ਰਸਾਇ: ਕ੍ਰਿ. ਵਿ- ਰਸ ਲੈਕੇ. "ਜਿਹਵਾ ਜਲਉ, ਨਾਮੁ ਨ ਜਪੈ ਰਸਾਇ." (ਸ੍ਰੀ ਅਃ ਮਃ ੧) "ਰਸਾਇ ਰਸਾਇ ਹਰਿ ਜੀ ਕੇ ਗੁਣ ਗਾਵਤਾ ਰਹੁ." (ਰਸਭਾਮ)

ਰਸਾਇਣ: ਦੇਖੋ, ਰਜਾਇਨ.

ਰਸਾਇਣਿ: ਰਸਾਇਣ ਵਿੱਚ, ਰਸਾਯਨ ਮੇ, "ਤੇਰਾ ਜਨੁ ਰਾਮ ਰਸਾਇਣਿ ਮਾਤਾ." (ਦੇਵ ਮਃ ੫) ੨. ਰਸਾਯਨ ਦ੍ਵਾਰਾ. ਰਸਾਇਨ ਨਾਲ.

ਰਸਾਇਣੁ: ਦੇਖੋ, ਰਸਾਇਨ.

ਰਸਾਇਨ: ਸੰ. ਰਸਾਯਨ. ਸੰਗਯਾ- ਰਸ ਦਾ ਆਯਨ (ਘਰ). ੨. ਲੱਸੀ. ਛਾਛ. ਤਕ੍ਰ। ੩. ਕਮਰ. ਕਟਿ. ਲੱਕ। ੪. ਰਸ

(ਪਾਰੇ) ਨਾਲ ਬਣਾਈ ਹੋਈ ਦਵਾਈ। ੫. ਅਜੇਹੀ ਦਵਾ, ਜਿਸ ਨਾਲ ਮੁਰਝਾਇਆ ਅਤੇ ਪੁਰਾਣਾ ਸ਼ਰੀਰ ਨਵੇਂ ਸਿਰੇ ਜਵਾਨ ਹੋ ਜਾਵੇ। ੬. ਕਲੀ ਨੂੰ ਚਾਂਦੀ ਅਤੇ ਤਾਂਬੇ ਨੂੰ ਸੋਨਾ ਬਣਾਉਣ ਵਾਲੀ ਸਾਮਗ੍ਰੀ ਅਤੇ ਵਿਦਯਾ। ੭. ਗੁਰਮਤ ਅਨੁਸਾਰ ਕਰਤਾਰ ਦਾ ਨਾਮ, ਜੋ ਸਾਰੇ ਰਸਾਂ ਦਾ ਘਰ ਹੈ, ਦੇਖੋ, ਰਸਾਇਣਿ ੧। ੮. ਰਸਾਯਨ ਵਿਦਯਾ. Chemistry। ੯. ਭਾਈ ਗੁਰਦਾਸ ਜੀ ਨੇ ਪ੍ਰੇਮ (ਮਿਲਾਪ) ਦਾ ਨਾਮ ਰਸਾਇਨ ਲਿਖਿਆ ਹੈ. "ਝਗਰੋ ਮਿਟਤ ਰੋਸ ਮਾਰੇ ਸੇ ਰਸਾਇਨ ਹ੍ਵੈ." (ਭਾਗੁ ਕ)

ਰਸਾਇਨਿ: ਦੇਖੋ, ਰਸਾਇਣਿ.

ਰਸਾਇਨੀ: ਰਸਾਯਣ ਵਿਦਯਾ ਦੇ ਜਾਣਨ ਵਾਲਾ. Alchemist "ਪਾਰਾ ਮਾਰਡਾਰਤ ਹੈ ਪਲ ਮੇ ਰਸਾਇਨੀ." (ਹਨੂ)

ਰਸਾਈ: ਦੇਖੋ, ਰਸਾਉਣਾ ੪. "ਦੁਇ ਪੁਰ ਜੋਰਿ ਰਸਾਈ ਭਾਠੀ, ਪੀਉ ਮਹਾ ਰਸ ਭਾਰੀ." (ਰਾਮ ਕਬੀਰ) ੨. ਰਸ ਵਾਲੀ ਹੋਈ. ਦੇਖੋ, ਰਸਾਉਣਾ ੨. "ਹਰਿਰਸ ਰਸਨ ਰਸਾਈ." (ਸੋਰ ਮਃ ੩) ੩. ਸੰਗ੍ਯਾ- ਰੁਸੂਖ਼। ੪. ਪਹੁਚ. ਗਮ੍ਯਤਾ. ਫ਼ਾ. رسائی.

ਰਸਾਕ: ਵਿ- ਰਸ ਕਰਨ ਵਾਲਾ. ਜਿਸ ਤੋਂ ਰਸ ਪੈਦਾ ਹੋਵੇ. "ਉਰਿ ਧਾਰਿਓ ਹਰਿ ਰਸਿਕ ਰਸਾਕ." (ਕਾਨ ਮਃ ੪) ੨. ਰਸਾਕਰ. ਰਸ- ਆਕਰ ਦਾ ਸੰਖੇਪ. ਰਸ ਦੀ ਖਾਣ। ੩. ਰਸਾ (ਪ੍ਰਿਥਿਵੀ) ਕਰਨ (ਰਚਨ) ਵਾਲਾ.

ਰਸਾਤਲ: ਸੰਗ੍ਯਾ- ਪ੍ਰਿਥਿਵੀ ਦੇ ਹੇਠ ਦਾ ਦੇਸ਼। ੨. ਪੁਰਾਣਾਂ ਅਨੁਸਾਰ ਸੱਤਵਾਂ ਪਾਤਾਲ। ੩. ਨਰਕ.

ਰਸਾਤਲਿ: ਰਸਾਤਲ (ਨਰਕ) ਵਿੱਚ. "ਚਿਤਿ ਨ ਆਇਓ ਪਾਰਬ੍ਰਹਮ, ਤਾ ਖੜਿ ਰਸਾਤਲਿ ਦੀਤ." (ਸ੍ਰੀ ਅਃ ਮਃ ੫) "ਇਨ ਸਨਬੰਧੀ ਰਸਾਤਲਿ ਜਾਇ." (ਪ੍ਰਭਾ ਅਃ ਮਃ ੫)

ਰਸਾਦਨ, ਰਸਾਦੰ: ਰਸ- ਆਸ੍ਵਾਦਨ. ਰਸ ਚੱਖਣਾ. "ਬ੍ਰਹਮ ਕਮਲ ਮਧੁ ਤਾਸ- ਰਸਾਦੰ, ਜਗਤ ਨਾਹੀ ਸੂਤਾ." (ਗੂਜ ਅਃ ਮਃ ੧) ਪਾਰਬ੍ਰਹਮ ਰੂਪ ਕਮਲ ਦੇ ਸ਼ਹਦ ਦਾ ਜਿਸ ਨੇ ਸੁਆਦ ਚੱਖਿਆ ਹੈ, ਉਹ ਗਿਆਨ ਅਵਸਥਾ ਵਿੱਚ ਹੁੰਦਾ ਹੈ, ਉਸ ਨੂੰ ਆਵਿਦਯਾ ਨਹੀਂ. ਵਿਆਪਦੀ.

ਰਸਾਨ: ਫ਼ਾ. رسان ਵਿ- ਪਹੁਚਾਉਣ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਚਿੱਠੀਰਸਾਨ.

ਰਸਾਨਦ: ਫ਼ਾ. رساند ਪਹੁਚਾਵੇ.

ਰਸਾਨਮ: ਫ਼ਾ. رسانم ਮੈਂ ਪਹੁਚਾਵਾਂਗਾ. ਮੈਂ ਪਹੁਚਾਂਉਨਾ ਹਾਂ. ਮੈਂ ਪਹੁਚਾਵਾਂ.

ਰਸਾਨੀਦਨ: ਫ਼ਾ. رسانیدن ਕ੍ਰਿ- ਪਹੁਚਾਉਣਾ.

ਰਸਾਭਾਸ: ਰਸ ਦਾ ਆਭਾਸ (ਝਲਕ). ੨. ਰਸ ਦਾ ਅਯੋਗ ਥਾਂ ਵਰਣਨ, ਜੈਸੇ- ਗੁਰੂ ਦੀ ਇਸਤ੍ਰੀ ਦੇ ਸੰਬੰਧ ਵਿੱਚ ਸ਼੍ਰਿੰਗਾਰ ਰਸ ਦਾ ਵਰਣਨ.

ਰਸਾਯਣ, ਰਸਾਯਨ, ਰਸਾਯਨੀ: ਦੇਖੋ, ਰਸਾਇਣ ਅਤੇ ਰਸਾਇਨੀ.

ਰਸਾਰ, ਰਸਾਲ: ਵਿ- ਰਸ ਵਾਲਾ. ਰਸਦਾਇਕ. "ਤੁਮਰੋ ਬਚਨ ਅਨੂਪ ਰਸਾਲ." (ਧਨਾ ਮਃ ੫) "ਉਪਜੈ ਰਾਗ ਰਸਾਰੰ." (ਹਜਾਰੇ ੧੦) ੨. ਸੰਗ੍ਯਾ- ਗੰਨਾ. ਪੋਂਡਾ। ੩. ਅੰਬ.

ਰਸਾਲਾ: ਵਿ- ਰਸ ਵਾਲਾ. "ਨਾਨਕ ਰੰਗਿ ਰਸਾਲਾ ਜੀਉ." (ਮਾਝ ਮਃ ੫) ੨. ਰਸ ਆਲਯ. ਰਸ ਦਾ ਘਰ. ਪ੍ਰੇਮ ਦਾ ਨਿਵਾਸ. "ਰਤੇ ਤੇਰੇ ਭਗਤ ਰਸਾਲੇ." (ਜਪੁ) ੩. ਅ. رسالہ ਰਿਸਾਲਾ. ਵਿ- ਭੇਜਿਆ ਹੋਇਆ। ੪. ਸੰਗ੍ਯਾ- ਘੁੜਚੜ੍ਹੀ ਫ਼ੌਜ. ਅਸ਼੍ਵਸੈਨਾ। ੫. ਭੇਜੀ ਹੋਈ ਵਸਤ। ੬. ਰਿਸਾਲਹ. ਛੋਟੀ ਕਿਤਾਬ Pamphlet ੭. ਸੰ. ਦੁੱਬ। ੮. ਦਾਖ। ੯. ਜੀਭ.

ਰਸਾਲੀ: ਵਿ- ਰਸ ਵਾਲੀ। ੨. ਰਸਦਾਇਕ.

ਰਸਾਲੁ: ਦੇਖੋ, ਰਸਾਲ. "ਬੇਣੁ ਰਸਾਲੁ ਵਜਾਇਆ." (ਮਾਰੂ ਸੋਲਹੇ ਮਃ ੧)

ਰਸਾਲੂ: ਸ਼ਾਲਿਵਾਹਨ ਦਾ ਪੁਤ੍ਰ ਅਤੇ ਪੂਰਨ ਦਾ ਭਾਈ, ਜੋ ਸਿਆਲਕੋਟ ਵਿੱਚ ਰਾਜ ਕਰਦਾ ਸੀ. ਗੱਖਰਾਂ ਦੇ ਰਾਜਾ ਹੂਡੀ ਨੇ ਇਸ ਨੂੰ ਫਤੇ ਕਰਕੇ ਇਸ ਦੀ ਪੁਤ੍ਰੀ ਵਿਆਹੀ. ਦੇਖੋ, ਸ਼ਾਲਿਬਾਹਨ ਅਤੇ ਪੂਰਨ ੨.

ਰਸਾਲੇ: ਰਸਾਲਾ ਦਾ ਬਹੁਵਚਨ. ਦੇਖੋ, ਰਸਾਲਾ ੨. ਅਤੇ ੪.

ਰਸਾਲੰਬਨ: ਰਸ- ਆਲੇਬਨ. ਦੇਖੋ, ਆਲੰਬਨ ਵਿਭਾਵ ਅਤੇ ਭਾਵ ੧੪.

ਰਸਾਵਲ: ਇੱਕ ਛੰਦ. ਜਾਪੁ ਵਿੱਚ ਅਰਧਭੁਜੰਗ ਦਾ ਹੀ ਨਾਮ ਰਸਾਵਲ ਆਇਆ ਹੈ, ਯਥਾ-

ਨਮੋ ਨਰਕੰ ਨਾਸੇ। ਸਦੈਵੰ ਪ੍ਰਕਾਸੇ।

ਅਨੰਗੰ ਸਰੂਪੇ। ਅਭੰਗੰ ਬਿਭੂਤੇ।।

ਵਿਚਿਤ੍ਰਨਾਟਕ ਵਿੱਚ ਭੀ ਰਸਾਵਲ ਦਾ ਇਹੀ ਰੂਪ ਹੈ, ਯਥਾ-

ਸੁਭੰ ਜੀਭ ਜ੍ਵਾਲੰ। ਸੁ ਦਾੜ੍ਹਾ ਕਰਾਲੰ।

ਬਜੀ ਬੰਬ ਸੰਖੰ। ਉਠੇ ਨਾਦ ਬੰਖੰ।।

(੨) ਰਸਾਵਲ ਦਾ ਹੋਰ ਰੂਪ- ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ, ੧੧, ੧੩. ਪੁਰ ਵਿਸ਼੍ਰਾਮ, ਅੰਤ ਭਗਣ, SII.

ਉਦਾਹਰਣ-

ਪ੍ਰਾਤ ਕਰੈ ਇਸਨਾਨ, ਧ੍ਯਾਨ ਗੁਰੁਪਗ ਮੇ ਲਾਵਤ,

ਧਰਮਕਿਰਤ ਕਰ ਛਕੈ, ਯਾਚਨਾ ਹਿਤ ਨਹਿ" ਜਾਵਤ,

ਰਹਿਣੀ ਕਹਿਣੀ ਤੁੱਲ, ਗੁਰੂਉਪਦੇਸ਼ ਕਮਾਵਤ,

ਹਰਿਵ੍ਰਿਜੇਸ਼ ਕੋ ਸਦਾ, ਸਿੱਖ ਐਸੋ ਹੈ ਭਾਵਤ.

(੩) ਰੋਲਾ ਛੰਦ ਨੂੰ ਭੀ ਕਈ ਕਵੀਆਂ ਨੇ "ਰਸਾਵਲ" ਮੰਨਿਆ ਹੈ. ਦੇਖੋ, ਰੋਲਾ ੨.

(੪) ਜੇ ਰਸਾਵਲ ਦੇ ਦੂਜੇ ਰੂਪ ਦੇ ਅੰਤ ਭਗਣ ਦੀ ਥਾਂ ਦੋ ਗੁਰੂ ਹੋਣ, ਤਦ ਇਸ ਛੰਦ ਦੀ "ਚੌਪਦ" ਸੰਖ੍ਯਾ ਹੋ ਜਾਂਦੀ ਹੈ.

(੫) ਅਨੇਕ ਗ੍ਰੰਥਾਂ ਵਿੱਚ ਤੁਕ ਦੇ ਅੰਤ ਭਗਣ ਅਥਵਾ ਗੁਰੁ ਅੱਖਰਾਂ ਦਾ ਕੋਈ ਨੇਮ ਨਹੀਂ, ਕੇਵਲ ੨੪ ਮਾਤ੍ਰਾ ਅਰ ੧੧- ੧੩ ਪੁਰ ਵਿਸ਼੍ਰਾਮ ਹੀ ਰਸਾਵਲ ਦਾ ਲੱਛਣ ਹੈ.

ਰਸਿ: ਰਸ (ਪ੍ਰੇਮ) ਕਰਕੇ. ਅਨੁਰਾਗ ਸੇ. "ਰਸਿ ਗਾਏ ਗੁਨ ਪਰਮਾਨੰਦੁ." (ਗਉ ਮਃ ੫) ੨. ਰਸ ਵਿੱਚ. "ਨਾਮ ਰਸਿ ਜਨ ਮਾਤੇ." (ਮਲਾ ਛੰਤ ਮਃ ੫) ਰਸ (ਜਲ) ਮੇਂ. ਜਲ ਵਿੱਚ. "ਗਿਆਨਿ ਮਹਾ ਰਸਿ ਨਾਈਐ ਭਾਈ, ਮਨੁ ਤਨੁ ਨਿਰਮਲੁ ਹੋਇ." (ਸੋਰ ਅਃ ਮਃ ੧) ੩. ਰਸ (ਸੁਆਦ) ਵਿੱਚ. "ਏ ਰਸਨਾ, ਤੂ ਅਨ ਰਸਿ ਰਾਚਿ ਰਹੀ." (ਅਨੰਦੁ) ੪. ਖ਼ੁਸ਼ ਹੋਕੇ. ਪ੍ਰਸੰਨਤਾ ਨਾਲ. "ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ." (ਮਾਰੂ ਮਃ ੧) ੫. ਸੰ. ਰਹਸ੍ਯ. ਸੰਗ੍ਯਾ- ਗੁਪਤਸਿੱਧਾਂਤ. "ਜਿਨਾ ਸਤਿਗੁਰੁ ਰਸਿ ਮਿਲੈ, ਸੇ ਪੂਰੇ ਪੁਰਖ ਸੁਜਾਣੁ." (ਸ੍ਰੀ ਮਃ ੧) ੬. ਰਸ਼ਿਮ. ਕਿਰਣ. "ਜਲ ਰਸਿ ਕਮਲ ਬਿਗਾਸੀ." (ਸਾਰ ਮਃ ੧) ਪਾਣੀ ਅਤੇ ਕਿਰਣਾਂ ਤੋਂ ਕਮਲ ਖਿੜਦਾ ਹੈ.

ਰਸਿਆ: ਰਸ ਸਹਿਤ ਹੋਇਆ. "ਰਾਮ ਨਾਮ ਗੁਰਿ ਉਦਕੁ ਚੁਆਇਆ ਫਿਰਿ ਕਰਿਆ ਹੋਆ ਰਸਿਆ." (ਬਸੰ ਅਃ ਮਃ ੪) ੨. ਸੁਰੀਲਾ. ਰਸਦਾਇਕ ਸੁਰਵਾਲਾ. "ਹੌਂ ਮਨ ਇਹ ਚਾਹੋਂ ਰਸ੍ਯੋ ਲਿਆਵੋਂ." (ਨਾਪ੍ਰ) ਮੈ ਚਾਹੁਨਾ ਹਾਂ ਕਿ ਰਸਿਆ ਹੋਇਆ ਰਬਾਬ ਲਿਆਵਾਂ. ਭਾਵ ਜਿਸ ਦਾ ਸੁਰ ਚੰਗੀ ਤਰਾਂ ਕ਼ਾਇਮ ਹੋ ਗਿਆ ਹੈ ਅਤੇ ਮਿੱਠੇ ਸੁਰ ਵਾਲਾ ਹੈ.

ਰਸਿਕ: ਵਿ- ਰਸ ਜਾਣਨ ਵਾਲਾ। ੨. ਰਸਵਾਲਾ. ਰਸੀਆ। ੩. ਸੰਗ੍ਯਾ- ਸਾਰਸ ਪੰਛੀ। ੪. ਘੋੜਾ। ੫. ਹਾਥੀ। ੬. ਪ੍ਰੇਮੀ

ਭਗਤ। ੭. ਕਾਵ੍ਯਵੇੱਤਾ.

ਰਸਿਕਪ੍ਰਿਯਾ: ਕਾਵ੍ਯ ਦੇ ਪੰਡਿਤ ਕਵਿ ਕੇਸ਼ਵਦਾਸ ਦਾ ਰਚਿਆ ਹੋਇਆ ਸਾਹਿਤ੍ਯ ਦਾ ਉੱਤਮ ਗ੍ਰੰਥ, ਜੋ ਸੰਮਤ ੧੬੪੮ ਵਿੱਚ ਲਿਖਿਆ ਗਿਆ ਹੈ.

ਰਸਿਕ ਬੈਰਾਗੀ: ਵਿ- ਰਸੀਆ ਅਤੇ ਵੈਰਾਗ੍ਯਵਾਨ. ਸਭ ਰਸਾਂ ਨੂੰ ਭੋਗਦਾ ਹੋਇਆ ਰਸਾਂ ਤੋਂ ਉਦਾਸੀਨ। ੨. ਸੰਗ੍ਯਾ- ਸ਼੍ਰੀ ਗੁਰੂ ਨਾਨਕਦੇਵ. "ਭਾਟਿਓ ਪੁਰਖੁ ਰਸਿਕ ਬੈਰਾਗੀ." (ਗਉ ਮਃ ੫) ੩. ਪਾਰਬ੍ਰਹਮ. ਕਰਤਾਰ.

ਰਸਿਕ ਰਸਾਕ: ਵਿ- ਰਸਿਕਾਂ ਨੂੰ ਰਸ ਦੇਣ ਵਾਲਾ. ਰਸੀਆਂ ਵਿੱਚ ਰਸਭਾਵ ਉਤਪੰਨ ਕਰਨ ਵਾਲਾ. "ਜਿਨਿ ਉਰਿ ਧਾਰਿਓ ਹਰਿ ਰਸਿਕ ਰਸਾਕ." (ਕਾਨ ਮਃ ੪)

ਰਸਿਤ: ਸੰ. ਵਿ- ਗਰਜਦਾ ਹੋਇਆ। ੨. ਸੰਗ੍ਯਾ- ਟਨਕਾਰ. ਖੜਕਾਰ. "ਰਸਿਤ ਤੇਗ ਜਗੀ." (ਕਲਕੀ)

ਰਸਿਯਾ, ਰਸੀਅੜਾ, ਰਸੀਆ: ਸੰ. रसिन्. ਵਿ- ਰਸ ਵਾਲਾ. ਰਸ ਲੈਣ ਵਾਲਾ. ਰਸਿਕ. "ਆਪੇ ਰਸੀਆ, ਆਪਿ ਰਸ." (ਸ੍ਰੀ ਮਃ ੧) "ਇਕ ਅਧ ਨਾਇਰਸੀਅੜਾ." (ਗਉ ਮਃ ੫) ਕੋਈ ਵਿਰਲਾ ਨਾਮਰਸੀਆ.

ਰਸੀਕ: ਦੇਖੋ, ਰਸਿਕ.

ਰਸੀਣਾ: ਵਿ- ਰਸ ਲੀਣਾ. ਰਸ ਵਿੱਚ ਲੀਨ ਹੋਇਆ। ੨. ਰਸ ਲੀਨਾ. ਰਸਲੀਆ. "ਜਿਹਵਾ ਰੰਗਿ ਰਸੀਣਾ." (ਰਾਮ ਅਃ ਮਃ ੧)

ਰਸੀਦ: ਫ਼ਾ. رسیدہ ਰਸੀਦਹ. ਰਸੀਦਾ. ਵਿ- ਪਹੁਚਿਆ ਹੋਇਆ. "ਦਰਿ ਦਰਵੇਸ ਰਸੀਦ." (ਸ੍ਰੀ ਅਃ ਮਃ ੧) ਦਰਰਸੀਦਹ ਦਰਵੇਸ਼। ੨. ਰਸੀਦ. ਸੰਗ੍ਯਾ- ਪਹੁਚ. ਗਮ੍ਯਤਾ. "ਜੇ ਕਰ ਤਹਾਂ ਰਸੀਦ ਤੁਮਾਰੀ." (ਗੁਪ੍ਰਸੂ) ੩. ਫ਼ਾ. رسید ਕਿਸੇ ਵਸ੍ਤੁ ਦੇ ਪਹੁਚਣ ਦਾ ਇਕਰਾਰਨਾਮਾ. Receipt "ਨਿਤ ਦੇਹੁ ਰਸੀਦ." (ਗੁਪ੍ਰਸੂ) ੪. ਛੁੱਟੀ. ਰੁਖਸਤ. "ਸੰਧ੍ਯਾ ਹੋਤ ਰਸੀਦ." (ਗੁਪ੍ਰਸੂ) ੫. ਅ਼. رشید ਰਸ਼ੀਦ. ਹਦਾਯਤ ਪ੍ਰਾਪਤ ਕਰਨ ਵਾਲਾ। ੬. ਹਦਾਯਤ ਪੁਰ ਚਲਣ ਵਾਲਾ। ੭. ਸਮਝ ਵਾਲਾ.

ਰਸੀਦਨ: ਫ਼ਾ. رسیدن ਕ੍ਰਿ- ਪਹੁਚਣਾ. ਪੁੱਜਣਾ.

ਰਸੀਦਾ: ਦੇਖੋ, ਰਸੀਦ ੧

ਰਸੀਲਾ: ਵਿ- ਰਸ ਵਾਲਾ.

ਰਸੁ: ਦੇਖੋ, ਰਸ। ੨. ਸਾਰ. ਤਤ੍ਵ. "ਸਭਹੂ ਕੋ ਰਸੁ ਹਰਿ ਹੋ." (ਗਉ ਮਃ ੫) ੩. ਭੋਗਣ ਯੋਗ੍ਯ ਪਦਾਰਥ. "ਰਸੁ ਸੋਇਨਾ ਰਸੁ ਰੁਪਾ ਕਾਮਣਿ." (ਸ੍ਰੀ ਮਃ ੧) ੪. ਪ੍ਰੇਮ. ਪ੍ਰੀਤਿ. "ਰਸੁ ਸੰਤਨਾ ਸਿਉ ਤਿਸੁ." (ਮਃ ੩. ਵਾਰ ਬਿਲਾ) ੫. ਸੰ. ਰਸ੍ਯ. ਸਵਾਦ ਲੈਣ ਯੋਗ੍ਯ ਪਦਾਰਥ. "ਤਨੁ ਧਨੁ ਸਭ ਰਸੁ ਗੋਬਿੰਦ ਤੇਰਾ." (ਗਉ ਕਬੀਰ)

ਰਸੁਕਸੁ: ਦੇਖੋ, ਟਸਕਸੁ। ੨. ਕਸ਼ੀਦਹ ਰਸ. ਗੰਨੇ ਨੂੰ ਪੀੜਕੇ ਕੱਢਿਆ ਹੋਇਆ ਰਸ. "ਰਸੁਕਸੁ ਟਟਰਿ ਪਾਈਐ." (ਮਃ ੧. ਵਾਰ ਮਾਝ) ਕਮਾਦ ਦਾ ਰਸ ਕੜਾਹੇ ਵਿੱਚ ਪਾਈਦਾ ਹੈ। ੩. ਕਸ਼ਜਰਸ. ਸ਼ਰਾਬ.

ਰਸੁਨਥੇ: ਦੇਖੋ, ਬਹੁ ਰਸੁਨਥੇ.

ਰਸੂਆ: ਰਸ ਦਾ ਬਹੁ ਵਚਨ. "ਛੋਡਿ ਛੋਡਿ ਰੇ ਬਿਖਿਆ ਕੇ ਰਸੂਆ." (ਗਉ ਮਃ ੫) ੨. ਰਸ ਲੈਣ ਵਾਲਾ.

ਰਸੂਮ: ਰਸਮ ਦਾ ਬਹੁਵਚਨ. ਰੀਤਾਂ.

ਰਸੂਲ: ਅ਼. رسوُل ਵਿ- ਭੇਜਿਆ ਹੋਇਆ। ੨. ਸੰਗ੍ਯਾ- ਨਬੀ. ਪੈਗ਼ੰਬਰ। ੩. ਭਾਵ- ਮੁਹੰਮਦ. ਰਾਮ ਰਸੂਲ ਨ ਬਾਚਨ ਪਾਏ." (੩੩ ਸਵੈਯੇ) ੪. ਸ਼੍ਰੀ ਗੁਰੂ ਨਾਨਕਦੇਵ, ਜੋ ਕਰਤਾਰ ਨੇ ਜਗਤ ਦੇ ਉੱਧਾਰ ਲਈ ਭੇਜਿਆ. "ਸੁਣੀ ਪੁਕਾਰ ਦਾਤਾਰ

ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ." (ਭਾਗੁ)

ਰਸੂਲਿ, ਰਸੂਲੀ: ਫ਼ਾ. رسُولی ਸੰਗਯਾ- ਪੈਗ਼ੰਬਰੀ. ਮਿਸ਼ਨ. Mission. ੨. ਅ਼. ਰਸੂਲ ਦੀ ਸਿਖ੍ਯਾ. "ਦੋਜਕਿ ਪਉਦਾ ਕਿਉ ਰਹੈ, ਜਾ ਚਿਤਿ ਨ ਹੋਇ ਰਸੂਲਿ?" (ਗਉ ਵਾਰ ੨. ਮਃ ੫)

ਰਸੇਂਦ੍ਰ: ਸੰਗਯਾ- ਰਸਾਂ ਦਾ ਇੰਦ੍ਰ, ਪਾਰਾ। ੨. ਗੁਰਮਤ ਅਨੁਸਾਰ ਨਾਮਰਸ. ਆਤਮਰਸ.

ਰਸੇਰਾ: ਵਿਕਲਪ ਵਾਲਾ. ਰਸਦਾਇਕ. ਰਸ ਸਹਿਤ ਹੋਇਆ. "ਹਰਿਗੁਣ ਗਾਵਹਿ ਰਸਨਿ ਰਸੇਰੇ." (ਮਾਰੂ ਸੋਲਹੇ ਮਃ ੧)

ਰਸੈ: ਰਸਦਾ (ਟਪਕਦਾ) ਹੈ. ਦੇਖੋ, ਰਸਣਾ। ੨. ਰਸ ਨੂੰ. "ਨਾਨਕ ਉਧਰੈ ਸਾਧ ਸੁਨਿ ਰਸੇ." (ਸਖੁਮਨੀ) ਨਾਮ ਅਤੇ ਪ੍ਰੇਮਰਸ ਨੂੰ ਸੁਣਕੇ.

ਰਸੋਇ, ਰਸੋਈ: ਸੰਗਯਾ- ਰਸ ਪਕਾਉਣ ਦੀ ਥਾਂ (ਪਾਕਸ਼ਾਲਾ). ਜਿੱਥੇ ਖਟਰਸ ਸਿੱਧ ਕੀਤੇ ਜਾਂਦੇ ਹਨ. "ਸੂਤਕ ਪਵੈ ਰਸੋਇ."(ਵਾਰ ਆਸਾ) "ਉਚੇ ਮੰਦਰ ਸਾਲ ਰਸੋਈ." (ਸੂਹੀ ਰਵਿਦਾਸ) ੨. ਸਿੱਧ ਕੀਤਾ ਹੋਇਆ ਅੰਨ. ਭੋਜਨ. ਪ੍ਰਸਾਦ. ਜਿਵੇਂ- ਰਸੋਈ ਤਿਆਰ ਹੈ.

ਰਸੋਈਆ: ਰਸ ਪਕਾਉਣ ਵਾਲਾ, ਲਾਂਗਰੀ. ਸੂਪਕਾਰ.

ਰਸੌਤ, ਰਸੌਂਤ: ਸੰ. रसोद्भृत. ਰਸੋਦ੍ਭੂਤ. ਇੱਕ ਪਹਾੜੀ ਝਾੜੀ "ਦਾਰੁਹਲਦੀ" (ਦਾਰੁਹਰਿਦ੍ਰਾ) ਅਤੇ ਉਸ ਦੀ ਜੜ ਦਾ ਕਾੜ੍ਹਕੇ ਬਣਾਇਆ ਰਸ. ਜੋ ਅਨੇਕ ਲੇਪ ਅਤੇ ਖਾਣ ਲਈ ਵੈਦ ਦਿੰਦੇ ਹਨ. ਇਹ ਲਹੂ ਸਾਫ ਕਰਨ ਵਾਲੀ ਅਤੇ ਦ੍ਰਾਵਕ ਔਖਧ ਹੈ. Berberis Lycium ਸੰਸਕ੍ਰਿਤ ਵਿੱਚ ਇਸ ਦੇ ਨਾਮ ਰਸਜ ਅਤੇ ਰਸਾਂਜਨ ਭੀ ਹਨ.

ਰੱਸਤ: ਦੇਖੋ, ਰਸਿਤ.

ਰੱਸਾ: ਸੰਗਯਾ- ਰੱਜੁ. ਰਸਨ. ਰਸ਼ਨਾ. ਰਸ਼ਿਮ. ਸੂਤ ਸਣੀ ਮੁੰਜ ਆਦਿ ਦੀ ਵੱਟੀਹੋਈ ਲੱਜ। ੨. ਸੱਤ ਹੱਥ ਦਾ ਪ੍ਰਮਾਣ, ਸਾਢੇ ਤਿੰਨ ਗਜ। ੩. ਪੁਰਾਣੇ ਸਮੇਂ ਦਿਨ ਦਾ ਪ੍ਰਮਾਣ ਭੀ ਰੱਸੇ ਦੀ ਮਿਣਤੀ ਅਨੁਸਾਰ ਕਰਦੇ ਸਨ, ਜਿਵੇਂ- ਦੋ ਰੱਸੇ ਦਿਨ ਚੜ੍ਹਿਆ ਹੈ, ਅਰ ਸੂਰਜ ਇੱਕ ਰੱਸਾ ਰਹਿੰਦਾ ਹੈ, ਆਦਿ.

ਰੱਸੀ: ਛੋਟਾ ਰੱਸਾ.

ਰਸਜ: ਸੰ. ਵਿ- ਰਸ ਲੈਣ ਯੋਗਯ. ਚੱਖਣ ਲਾਇਕ੍। ੨. ਸੰਗਯਾ- ਰਸ ਤੋਂ ਪੈਦਾ ਹੋਇਆ ਰੁਧਿਰ. ਲਹੂ.

ਰਸਜਉ: ਰਸ ਸ਼ਹਿਤ ਹੋਇਆ. "ਗਯਾਨਰਸ ਰਸਜਉ. ਹੀਅਉ." (ਸਵੈਯੇ ਮਃ ੪. ਕੇ)

ਰਹ: ਸੰ. रह. ਧਾ- ਛੱਡਣਾ (ਤਿਆਗ ਕਰਨਾ), ਵੱਖ ਕਰਨਾ। ੨. ਫ਼ਾ. رہ ਸੰਗਯਾ- ਰਾਹ. ਮਾਰਗ.

ਰਹਉ: ਰਹੋ। ੨. ਰਹਉਂ. ਰਹਿੰਦਾ ਹਾਂ. "ਰਹਉ ਸਾਹਿਬ ਕੀ ਟੇਕ, ਨ ਮੋਹੈ ਮੋਹਣੀ." (ਸੂਹੀ ਅਃ ਮਃ ੧)

ਰਹਸ: ਸੰ. रहस्. ਏਕਾਂਤ। ੨. ਛੁਪਾਉਣ ਲਾਇਕ ਬਾਤ. ਗਪਤ ਭੇਤ। ੩. ਆਨੰਦ. "ਅਤਿ ਹੋਇ ਰਹਸ ਮਨਿ." (ਸਵੈਯੇ ਮਃ ੪. ਕੇ) ੪. रहस. ਸੁਰਗ. ਬਹਿਸ਼੍ਤ। ੫. ਸਮੁਦ੍ਰ। ੬. ਦੇਖੋ, ਰਹਸ੍ਯ.

ਰਹਸਣੁ: ਸਿੰਧੀ. ਕ੍ਰਿ- ਪ੍ਰਸੰਨ ਹੋਣਾ, ਆਨੰਦ ਲੈਣਾ. ਦੇਖੋ, ਰਹਸਨਾ.

ਰਹਸਨਾ: ਕ੍ਰਿ- ਰਹਸ (ਆਨੰਦ) ਸਹਿਤ ਹੋਣਾ. "ਰਣ ਦੇਖ ਸਭੈ ਰਹਸਾਵਹਿਗੇ." (ਕਲਕੀ) "ਫਿਰੈਂ ਰਨ ਮੋ ਰਹਸਾਨੇ." (ਰਾਮਾਵ) "ਰਹਸਿਅੜੀ ਨਾਮਿਭਤਾਰੇ." (ਵਡ ਅਲਾਹਣੀ ਮਃ ੧) "ਰਹਸੀ ਵੇਖਿ ਹਦੂਰਿ." (ਸੂਹੀ ਛੰਤ ਮਃ ੧)

ਰਹਸਿ: ਸਹਰ੍ਸ਼. ਦੇਖੋ, ਰਹਸ ਅਤੇ ਰਹਸ੍ਯ.

**ਰਹਸਿਅੜੀ, ਰਹਸੀ:** ਸਹਰ੍ਸ਼ ਹੋਈ. ਦੇਖੋ, ਰਹਸਨਾ

**ਰਹਸੁ:** ਦੇਖੋ, ਰਹਸ। ੨. ਹਰ੍ਸ਼. ਆਨੰਦ. "ਸਾਂਤਿ ਸਹਜੁ ਰਹਸੁ ਮਨਿ ਉਪਜਿਓ." (ਟੋਡੀ ਮਃ ੫)

**ਰਹਸੈ, ਰਹੁਸੰਤ:** ਹਰ੍ਸ਼ ਸਹਿਤ ਹੁੰਦਾ ਹੈ. ਹਰ੍ਸ਼ਵੰਤ. ਦੇਖੋ, ਰਹਸਨਾ. "ਜਨ ਨਾਨਕ ਗੁਰ ਮਿਲਿ ਰਹਸੈ ਜੀਉ." (ਮਾਝ ਮਃ ੪) "ਦਾਗੜਦੀ ਦੇਵ ਰਹਸੰਤ." (ਰਾਮਾਵ) ਦੇਵਤੇ ਪ੍ਰਸੰਨ ਹੁੰਦੇ ਹਨ.

**ਰਹਸ੍ਯ:** ਸੰ. ਵਿ- ਏਕਾਂਤ ਦਾ. ਏਕਾਂਤ ਵਿੱਚ ਹੋਇਆ। ੨. ਛੁਪਾਉਣ ਲਾਇਕ। ੩. ਸੰਗ੍ਯਾ- ਗੁਪਤ ਭਾਵ। ੪. ਗੁਪਤ ਨਿਯਮ। ੫. ਸਿੱਧਾਂਤ. ਨਿਚੋੜ.

**ਰਹਕਲਾ:** ਰਥ- ਕਲਾ. ਹਲਕੀ ਤੋਪ, ਜੋ ਛੋਟੇ ਪਹੀਆਂ ਪੁਰ ਰੱਖਕੇ ਲੈਜਾਈਦੀ ਹੈ. ਇਸ ਨੂੰ ਆਦਮੀ ਖਿੱਚ ਲੈ ਜਾਂਦੇ ਹਨ, ਘੋੜੇ ਆਦਿ ਦੀ ਲੋੜ ਨਹੀਂ. ਤੋਪ ਤੁਪਕ ਰਹਕਲਾ ਜੰਜੈਲ। ਬ੍ਰਿੰਦ ਜਮੂਰੇ ਤੋਰੈਂ ਸੈਲ ॥" (ਗੁਪ੍ਰਸੂ) "ਤੁਸੀਂ ਭੇਜੋ ਤੋਪਾਂ ਰਹਕਲੇ." (ਜੰਗਨਾਮਾ)

**ਰਹਜ਼ਨ:** ਫ਼ਾ. رہزن ਸੰਗ੍ਯਾ- ਵਾਟਪਾਰ. ਡਾਕੂ. ਰਾਹ ਮਾਰਨ ਵਾਲਾ.

**ਰਹਟ:** ਸੰਗ੍ਯਾ- ਅਰਘੱਟ. ਘਟਿਯੰਤ੍ਰ. ਹਰਟ.

**ਰਹਣ:** ਸੰ. ਸੰਗ੍ਯਾ- ਤਿਆਗ. "ਰਹਣ ਕਹਣ ਤੇ ਰਹੈ ਨ ਕੋਈ." (ਓਅੰਕਾਰ) ਤਿਆਗ ਦੀਆਂ ਗੱਲਾਂ ਕਰਨ ਤੋਂ ਕੋਈ ਨਹੀਂ ਹਟਦਾ. ਭਾਵ ਜ਼ਬਾਨੀ ਤਿਆਗੀ ਬਣ ਬੈਠਦੇ ਹਨ। ੨. ਦੇਖੋ, ਰਹਣਾ ਅਤੇ ਰਹਣੁ.

**ਰਹਣਾ:** ਕ੍ਰਿ- ਤਿਆਗ ਕਰਨਾ. ਛੱਡਣਾ. ਦੇਖੋ, ਰਹ ਧਾ ਅਤੇ ਰਹਣ। ੨. ਰਹਿਣਾ. ਨਿਵਾਸ ਕਰਨਾ. ਵਸਣਾ.

**ਰਹਣੀ:** ਸੰਗ੍ਯਾ- ਧਾਰਨਾ. ਅ਼ਮਲ. ਰਹਿਤ. "ਕਥਨੀ ਝੂਠੀ ਜਗੁ ਭਵੈ, ਰਹਣੀ ਸਬਦੁ ਸੁਸਾਰੁ." (ਸ੍ਰੀ ਅਃ ਮਃ ੧)

**ਰਹਣੁ:** ਦੇਖੋ, ਰਹਣਾ ੨. "ਰਹਣੁ ਨਹੀ ਸੰਸਾਰੇ." (ਓਅੰਕਾਰ)

**ਰਹਤ:** ਦੇਖੋ, ਰਹਿਤ। ੨. ਦੇਖੋ, ਰਾਹਤ। ੩. ਵਿ- ਰਹਿਣੀ ਵਾਲਾ. ਅ਼ਾਮਿਲ. "ਕਹਤ ਮੁਕਤ ਸੁਣਤ ਮੁਕਤ, ਰਹਤ ਜਨਮ ਰਹਤੇ." (ਸਾਰ ਪੜਤਾਲ ਮਃ ੫) ੪. ਸੰਗ੍ਯਾ- ਧਾਰਨਾ. ਰਹਣੀ. ਅ਼ਮਲ. "ਰਹਤ ਰਹਤ ਰਹਿਜਾਹਿ ਬਿਕਾਰਾ." (ਬਾਵਨ) "ਰਹਤ ਅਵਰ, ਕਛੁ ਅਵਰ ਕਮਾਵਤ." (ਸੁਖਮਨੀ) ੫. ਹਾਲਤ. ਦਸ਼ਾ. "ਸਭੁ ਕਛੁ ਜਾਨੈ ਆਤਮ ਕੀ ਰਹਤ." (ਸੁਖਮਨੀ) ੬. ਰਹਾਇਸ਼ ਇਸਥਿਤੀ. "ਦਸਵੈ ਦੁਆਰਿ ਰਹਤੇ ਕਰੇ, ਤ੍ਰਿਭਵਣ ਸੋਝੀ ਪਾਇ." (ਗੂਜ ਮਃ ੩) ੭. ਕ੍ਰਿ. ਵਿ- ਰਹਿੰਦੇ ਹੋਏ. ਦੇਖੋ, ਉਦਾਹਰਣ ੪. ਦਾ.

**ਰਹਤਨਾਮਾ:** ਦੇਖੋ, ਰਹਿਤਨਾਮਾ.

**ਰਹਦਾ ਖੁਹਦਾ, ਰਹਦੀ ਖੁਹਦੀ:** ਵਿ- ਬਾਕੀ ਬਚਿਆ. ਸ਼ੇਸ਼. ਰਿਹਾ, ਰਹੀ. "ਰਹਦੀ ਖੁਹਦੀ ਸਭ ਪਤਿ ਗਵਾਈ." (ਮਃ ੪. ਵਾਰ ਗਉ ੧)

**ਰਹਨ:** ਅ਼. رہن ਸੰਗ੍ਯਾ- ਗਹਿਣੇ ਰੱਖਣ ਦੀ ਕ੍ਰਿਯਾ. ਗਿਰੋ ਰੱਖਣਾ। ੨. ਗਹਿਣੇ ਰੱਖੀ ਵਸਤੁ.

**ਰਹਨਮੂੰ:** ਫ਼ਾ. رہنمُوں ਵਿ- ਰਾਹ ਦਿਖਾਉਣ ਵਾਲਾ। ੨. ਸੰਗ੍ਯਾ- ਸਤਿਗੁਰੁ.

**ਰਹਨਿ:** ਦੇਖੋ, ਰਹਣੀ। ੨. ਰਹਿੰਦੇ ਹਨ.

**ਰਹਨੁ:** ਦੇਖੋ, ਚਰਣਾ ੨. "ਰਹਨੁ ਨਹੀ, ਗਹੁ ਕਿਤਨੋ." (ਗਉ ਮਃ ੫) ਰਹਿਣਾ ਨਹੀਂ, ਪਰ ਪਕੜ (ਗਰਿਫ਼੍ਤ) ਕਿੰਨੀ ਹੈ!

**ਰਹਨੁਮਾ:** ਫ਼ਾ. رہنُما ਸੰਗ੍ਯਾ- ਰਾਹ ਦਿਖਾਉਣ ਵਾਲਾ. ਬਦਰੱਕ਼ਾ। ੨. ਸਤਿਗੁਰੂ.

ਰਹਨੁਮਾਈ: ਫ਼ਾ. رہنُمائی ਸੰਗਯਾ- ਰਾਹ ਦਿਖਾਉਣ ਦੀ ਕ੍ਰਿਯਾ.

ਰਹਬਰ: ਫ਼ਾ. رہبر ਸੰਗਯਾ- ਰਾਹ ਉੱਪਰ ਲੈਜਾਣ ਵਾਲਾ. ਆਗੂ। ੨. ਧਰਮ ਦਾ ਆਗੂ. ਪੇਸ਼ਵਾ.

ਰਹਬਰੀ: ਫ਼ਾ. رہبری ਸੰਗਯਾ- ਰਾਹ ਦੱਸਣ ਦੀ ਕ੍ਰਿਯਾ.

ਰਹਮ: ਅ਼. رحم ਰਹ਼ਮ. ਸੰਗਯਾ- ਦਯਾ. ਕ੍ਰਿਪਾ. "ਰਹਮ ਤੇਰੀ ਸੁਖੁ ਪਾਇਆ." (ਤਿਲੰ ਮਃ ੫) ੨. ਦੇਖੋ, ਰਹਿਮ.

ਰਹਮਤ, ਰਹ਼ਮਤ: ਅ਼. رحمت ਸੰਗਯਾ- ਦਯਾ. ਕ੍ਰਿਪਾ.

ਰਹਮਾਣ, ਰਹਮਾਣੁ, ਰਹਮਾਨ: ਅ਼. رحمان ਰਹ਼ਮਾਨ. ਵਿ- ਰਹ਼ਮ ਕਰਨ ਵਾਲਾ. ਦਯਾਲੁ. "ਨਾਨਕ ਨਾਉ ਭਇਆ ਰਹਮਾਣੁ." (ਰਾਮ ਅਃ ਮਃ ੧) ੨. ਸੰਗਯਾ- ਕ੍ਰਿਪਾਲੁ ਕਰਤਾਰ. "ਭਿਸਤੁ ਨਜੀਕਿ ਰਾਖੁ, ਰਹਮਾਨਾ!" (ਭੈਰ ਕਬੀਰ)

ਰਹਰਾਸ, ਰਹਰਾਸਿ: ਸੰਗਯਾ- ਪ੍ਰਾਰਥਨਾ. ਵਿਨਯ. "ਤਿਸੁ ਆਗੈ ਰਹਰਾਸਿ ਹਮਾਰੀ, ਸਾਚਾ ਅਪਰ ਅਪਾਰੋ," (ਸਿਧਗੋਸਟਿ) ੨. ਰੀਤਿ. ਮਰਯਾਦਾ. "ਹਰਿਕੀਰਤਿ ਹਮਰੀ ਰਹਰਾਸਿ." (ਸੋਦਰੁ) "ਗੁਰੁਸਿੱਖਾਂ ਰਹਰਾਸ ਸਿਵਾਪੈ." (ਭਾਗੁ) "ਇਹ ਰਹਰਾਸ ਕਦੀਮੀ ਚਲਹਿ." (ਗੁਪ੍ਰਸੂ) ੩. ਸ਼ਿਸ਼੍ਟਾਚਾਰ. ਸ੍ਵਾਗਤ ਨਮਸਕਾਰ ਕੁਸ਼ਲਪ੍ਰਸ਼ਨ ਆਦਿ. "ਸਭਿ ਜਨ ਕਉ ਆਇ ਕਰਹਿ ਰਹਰਾਸਿ." (ਮਃ ੪. ਵਾਰ ਗਉ ੧) ੪. ਫ਼ਾ. راہراست ਰਾਹੇ ਰਾਸ੍ਤ. ਸਿੱਧਾ ਰਾਹ। ੫. ਇੱਕ ਗੁਰਬਾਣੀ, ਜਿਸ ਦਾ ਪਾਠ ਸੰਝ ਸਮੇਂ ਕਰਨਾ ਵਿਧਾਨ ਹੈ. ਇਸ ਵਿੱਚ ਸੋਦਰੁ, ਸੋਪੁਰਖੁ, ਬੇਨਤੀ ਚੌਪਈ, ਅਨੰਦੁ ਅਤੇ ਮੁੰਦਾਹਣੀ ਦਾ ਪਾਠ ਹੈ.

ਰਹਰੀਤਿ: ਰਾਹ ਅਤੇ ਰਸਮ. ਧਾਰਮਿਕ ਮਰਯਾਦਾ ਅਤੇ ਲੋਕ ਰੀਤਿ.

ਰਹਰੌ: ਫ਼ਾ. رہرو ਰਾਹ ਜਾਣ ਵਾਲਾ. ਪੰਥੀ. ਪਾਂਧੀ.

ਰਹਾ: ਵਿ- ਰਹਿਆ। ੨. ਠਹਿਰਿਆ. ਰੁਕਿਆ। ੩. ਫ਼ਾ. رہا ਛੁੱਟਿਆ ਹੋਇਆ. ਮੁਕ੍ਤ.

ਰਹਾਉ: ਸੰਗਯਾ- ਰਹਿਣ ਦਾ ਭਾਵ. ਇਸਥਿਤਿ. ਵਿਸ਼੍ਰਾਮ. "ਭਾਈ ਰੇ! ਗੁਰਮਤਿ ਸਾਚਿ ਰਹਾਉ." (ਸ੍ਰੀ ਮਃ ੩) ੨. ਸ੍ਵਰ। ੩. ਪਾਠ ਦੀ ਧਾਰਨਾ। ੪. ਟੇਕ ਸਥਾਈ. ਉਹ ਪਦ, ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿੱਛੋਂ ਵਰਤਿਆ ਜਾਵੇ. ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਸ਼ਬਦਾਂ ਵਿੱਚ ਜੋ ਰਹਾਉ ਸ਼ਬਦ ਆਉਂਦਾ ਹੈ, ਉਸ ਦਾ ਇਹੀ ਭਾਵ ਹੈ.[1065] ਦੇਖੋ, ਰਾਮਕਲੀ ਦੀ ਪਹਿਲੀ ਵਾਰ ਦੀ ਪਹਿਲੀ ਪੌੜੀ ਦੇ ਅੰਤ "ਰਹਾਉ" ਸ਼ਬਦ. ਇਸ ਦਾ ਭਾਵ ਹੈ ਕਿ ਹਰੇਕ ਪੌੜੀ ਦੇ ਅੰਤ ਪਿਛਲੀ ਤੁਕ ਜੋੜਕੇ ਪਾਠ ਕਰੋ. ਦੇਖੋ, ਰਹਾਉ ਦੂਜਾ.

ਰਹਾਉ ਦੂਜਾ: ਇੱਕ ਸ਼ਬਦ ਵਿੱਚ ਜਿੱਥੇ ਸਥਾਈ ਲਈ ਦੋ ਤੁਕਾਂ ਰਚੀਆਂ ਹਨ, ਉੱਥੇ ਇਹ ਪਦ ਵਰਤਿਆ ਹੈ, ਅਰ ਦੋਹਾਂ ਵਿੱਚੋਂ ਗਾਉਣ ਵਾਲੇ ਦੀ ਮਰਜੀ ਹੈ, ਜਿਸ ਟੇਕ ਨੂੰ ਚਾਹੇ ਵਰਤੇ. ਜੈਸੇ- ਸੋਰਠ ਮਃ ੫. ਦੀ ਅਸਟਪਦੀ "ਪਾਠ ਪੜਿਓ ਅਰੁ ਬੇਦੁ ਬੀਚਾਰਿਓ" ਵਿੱਚ ਦੋ ਰਹਾਉ ਹਨ- "ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ."××× ਅਤੇ "ਤੇਰੋ ਸੇਵਕ ਇਹ ਰੰਗਿ ਮਾਤਾ. ×××"

ਰਹਾਇਆ: ਰੱਖਿਆ. ਠਹਿਰਾਇਆ. ਥਾਪਿਆ। ੨. ਵਰਜਿਆ. ਰੋਕਿਆ.

ਰਹਾਇਸ: ਨਿਵਾਸ. ਦੇਖੋ, ਰਹਾਯਿਸ਼.

ਰਹਾਈ: ਰੱਖੀ। ੨. ਰਹੀ। ੩. ਵਰਜੀ। ੪. ਦੇਖੋ, ਰਿਹਾਈ.

ਰਹਾਕ: ਦੇਖੋ, ਰਿਹਾਕ.

---

[1065] ਸੰਪ੍ਰਦਾਈ ਗ੍ਯਾਨੀ ਆਖਦੇ ਹਨ ਕਿ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦ੍ਰੀ ਖਿਆਲ ਰਹਾਉ ਦੀ ਤੁਕ ਵਿੱਚ ਹੋਂਦਾ ਹੈ.

**ਰਹਾਨੀਦਨ:** ਫ਼ਾ. رہانیدن ਕ੍ਰਿ- ਛੁਟਕਾਰਾ ਦੇਣਾ. ਨਿਰਬੰਧ ਕਰਨਾ. ਆਜ਼ਾਦ ਕਰਨਾ.

**ਰਹਾਯਿਸ਼:** ਫ਼ਾ. رہایش ਸੰਗਯਾ- ਨਿਰਬੰਧਤਾ. ਛੁਟਕਾਰਾ. ਮੁਕਤਿ। ੨. ਹਿੰ- ਨਿਵਾਸ. ਰਹਿਣ ਦਾ ਭਾਵ. ਇਹ ਰਹਾਇਸ ਭੀ ਸਹੀ ਹੈ.

**ਰਹਿ:** ਕ੍ਰਿ. ਵਿ- ਰਹਿਕੇ. ਨਿਵਾਸ ਕਰਕੇ। ੨. ਰੁਕਕੇ. "ਰਹਿ ਰਹਿ ਬੋਲੈ." (ਕਲਕੀ) ਰੁਕ ਰੁਕਕੇ ਬੋਲਦਾ ਹੈ.

**ਰਹਿਸ:** ਦੇਖੋ, ਰਹਸ.

**ਰਹਿਸਮਾ:** ਜਿਲਾ ਤਸੀਲ ਸਿਆਲਕੋਟ, ਥਾਣਾ ਚਪਰਾੜ ਦਾ ਪਿੰਡ, ਜੋ ਰੇਲਵੇ ਸਟੇਸ਼ਨ "ਰਣਬੀਰਸਿੰਘ ਵਾਲੇ" ਤੋਂ ਉੱਤਰ ਵੱਲ ੬. ਮੀਲ ਦੇ ਕਰੀਬ ਹੈ. ਇਸ ਪਿੰਡ ਵਿੱਚ ਤਿੰਨ ਗੁਰੁਅਸਥਾਨ ਹਨ-

(੧) ਕੁੰਡਸਾਹਿਬ. ਪਿੰਡ ਦੇ ਵਿੱਚ ਸ਼੍ਰੀਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਜਦੋਂ ਸਤਿਗੁਰੂ ਜੀ ਕਸ਼ਮੀਰ ਜਾਂਦੇ ਇਸ ਪਿੰਡ ਠਹਿਰੇ ਹੋਏ ਸਨ, ਤਦ ਇਸ ਨਗਰ ਦੇ ਇੱਕ ਗੁਸਾਈਂ ਸਾਧੂ ਦੀ ਲੜਕੀ ਦਾ ਵਿਆਹ ਸੀ, ਉਸ ਦੀ ਬੇਨਤੀ ਕਰਨ ਪੁਰ ਗੁਰੂ ਸਾਹਿਬ ਨੇ ਉਸ ਦੇ ਘਰ ਚਰਣ ਪਾਏ. ਸਤਿਗੁਰੂ ਨੇ ਜਿਸ ਕੁੰਡ ਵਿੱਚ ਚਰਣ ਧੋਤੇ, ਉਹ ਹੁਣ ਪੂਜਯਅਸਥਾਨ ਹੈ. ਗੁਰੂਸਾਹਿਬ ਨੇ ਸਾਧੂ ਨੂੰ ਸੌ ਰੁਪਯੇ ਇੱਕ ਬਟੂਏ ਵਿੱਚ ਪਾਕੇ ਦਿੱਤੇ ਅਰ ਸੇਲੀ ਟੋਪੀ ਬਖ਼ਸ਼ੀ. ਹੁਣ ਇਹ ਤਿੰਨੇ ਗੁਰਵਸਤਾਂ ਇੱਥੇ ਹਨ. ਪੁਜਾਰੀ ਬ੍ਰਾਹਮਣ ਹੈ.

(੨) ਗੁਰੂਸਰ. ਪਿੰਡ ਤੋਂ ਪੂਰਵ ਇੱਕ ਫਰਲਾਂਗ ਦੇ ਕਬੀਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤਾਲ ਹੈ. ਜਦ ਗੁਰੂਸਾਹਿਬ ਇੱਥੇ ਪਧਾਰੇ, ਤਦ ਇਹ ਸੁੱਕਾ ਸੀ. ਸਤਿਗੁਰੂ ਨੇ ਨੇਜਾ ਮਾਰਕੇ ਜਲ ਕੱਢਿਆ, ਜਿਸ ਤੋਂ ਇਹ ਜਲ ਨਾਲ ਭਰ ਗਿਆ. ਹੁਣ ਇਸ ਦਾ ਨਾਮ "ਗੁਰੂਸਰ" ਹੈ. ਗੁਰਦ੍ਵਾਰਾ ਬਨਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ.

(੩) ਟਾਲ੍ਹੀ ਸਾਹਿਬ. ਪਿੰਡ ਤੋਂ ਪੂਰਵ ਇੱਕ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਕਸ਼ਮੀਰ ਜਾਂਦੇ ਇੱਥੇ ਵਿਰਾਜੇ ਹਨ. ਜਿਨ੍ਹਾਂ ਟਾਲ੍ਹੀਆਂ ਨਾਲ ਘੋੜਾ ਬੱਧਾ ਹੈ, ਉਹ ਮੌਜੂਦ ਹਨ. ਇਸੇ ਕਾਰਣ ਨਾਮ ਟਾਲ੍ਹੀ ਸਾਹਿਬ ਪ੍ਰਸਿੱਧ ਹੋ ਗਿਆ ਹੈ.

ਗੁਰਦ੍ਵਾਰਾ ਸੁੰਦਰ ਬਨਿਆ ਹੋਇਆ ਹੈ. ਅਮ੍ਰਿਤਸਰ ਦੀ ਸੰਗਤਿ ਨੇ ਇਹ ਦਰਬਾਰ ਬਣਵਾਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਸਿੰਘ ਪੁਜਾਰੀ ਹਨ. ੧- ੨- ੩ ਹਾੜ ਨੂੰ ਮੇਲਾ ਜੁੜਦਾ ਹੈ. ਤਿੰਨ ਘੁਮਾਉਂ ਦੇ ਕ਼ਰੀਬ ਜ਼ਮੀਨ ਗੁਰਦ੍ਵਾਰੇ ਨਾਲ ਹੈ.

**ਰਹਿਕਲਾ:** ਦੇਖੋ, ਰਹਕਲਾ.

**ਰਹਿਣਾ:** ਕ੍ਰਿ- ਨਿਵਾਸ ਕਰਨਾ. ਰਹਾਇਸ਼ ਕਰਨੀ. "ਏਕ ਦਿਵਸ ਰਹਿ ਗਮਨ ਕਰੀਜੈ." (ਗੁਪ੍ਰਸੂ) ੨. ਰੁਕਣਾ. ਠਹਿਰਨਾ. "ਹਉਮੈ ਮੇਰਾ ਰਹਿਗਇਆ." (ਸ੍ਰੀ ਮਃ ੩) ੩. ਥਕਣਾ. "ਰਹਿਓ ਸੰਤ ਹਉ ਟੋਲਿ." (ਸਵੈਯੇ ਮਃ ੩. ਕੇ)

**ਰਹਿਣੀ:** ਦੇਖੋ, ਰਹਣੀ.

**ਰਹਿਣੁ:** ਦੇਖੋ, ਰਹਿਣਾ.

**ਰਹਿਤ:** ਸੰਗਯਾ- ਰਹਤ. ਰਹਣੀ. ਧਾਰਨਾ। ੨. ਸਿੱਖ ਨਿਯਮਾਂ ਦੀ ਪਾਬੰਦੀ. ਸਿੱਖ ਧਰਮ ਦੇ ਨਿਯਮ ਅਨੁਸਾਰ ਰਹਿਣ ਦੀ ਕ੍ਰਿਯਾ। ੩. ਸੰ. ਵਿ- ਬਿਨਾ. "ਰਹਿਤ ਬਿਕਾਰ ਅਲਿਪ ਮਾਇਆ ਤੇ." (ਸਾਰ ਮਃ ੫) ਵਿਕਾਰ ਰਹਿਤ, ਮਾਇਆ ਤੋਂ ਨਿਰਲੇਪ। ੪. ਤਿਆਗਿਆ ਹੋਇਆ. ਛੱਡਿਆ। ੫. ਦੇਖੋ, ਤੱਤਾਂ ਦੀ ਰਹਿਤ.

**ਰਹਿਤ ਦਰਪਣ:** ਪੰਡਿਤ ਭਗਵਾਨ ਸਿੰਘ ਦਾ ਲਿਖਿਆ ਇੱਕ ਗ੍ਰੰਥ, ਜਿਸ ਵਿੱਚ ਉਸ ਨੇ ਆਪਣੇ ਨਿਸ਼ਚੇ ਅਨੁਸਾਰ ਸਿੱਖ ਧਰਮ ਦੀ ਰਹਿਤ ਲਿਖੀ ਹੈ. ਦੇਖੋ, ਰਹਿਤਨਾਮਾ.

ਰਹਿਤਨਾਮਾ: ਉਹ ਪੁਸਤਕ, ਜਿਸ ਵਿੱਚ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਰੀਤਿ ਦੱਸੀ ਹੋਵੇ, ਸਿੱਖਾਂ ਲਈ ਵਿਧਿਨਿਸ਼ੇਧ ਕਰਮਾਂ ਦਾ ਜਿਸ ਵਿੱਚ ਵਰਣਨ ਹੋਵੇ. ਰਹਿਤਨਾਮੇ ਅਨੰਤ ਹਨ, ਜੋ ਪ੍ਰੇਮੀ ਸਿੱਖਾਂ ਨੇ ਆਪਣੀ ਆਪਣੀ ਬੁੱਧਿ ਅਤੇ ਨਿਸ਼ਚੇ ਅਨੁਸਾਰ ਲਿਖੇ ਹਨ, ਪਰ ਉਨ੍ਹਾਂ ਦੇ ਵਾਕ ਉਹੀ ਮੰਨਣ ਯੋਗ ਹਨ, ਜੋ ਗੁਰਬਾਣੀ ਅਤੇ ਭਾਈ ਗੁਰੁਦਾਸ ਜੀ ਦੀ ਬਾਣੀ ਨਾਲ ਵਿਰੋਧ ਨਾ ਰਖਦੇ ਹੋਣ. ਇਸ ਵਿਸ਼ੇ ਪੁਰ ਦੇਖੋ, "ਗੁਰੁਮਤ ਸੁਧਾਕਰ" ਦੀ ਭੂਮਿਕਾ ਅਰ ਉਸ ਵਿੱਚ ਲਿਖਿਆ ਰਹਿਤਨਾਮਿਆਂ ਦਾ ਪਾਠ.

ਪੰਡਿਤ ਭਗਵਾਨਸਿੰਘ (ਬਾਬਾ ਸੁਮੇਰਸਿੰਘ ਦੇ ਚਾਟੜੇ) ਨੇ ਇੱਕ "ਬਿਬੇਕਵਾਰਧਿ" ਗ੍ਰੰਥ ਸੰਮਤ ੪੦੮ ਨਾਨਕਸ਼ਾਹੀ ਵਿੱਚ ਲਿਖਿਆ ਹੈ, ਜਿਸ ਵਿੱਚ ੩੭ ਰਹਿਤਨਾਮਿਆਂ ਦਾ ਸੰਗ੍ਰਹ ਹੈ, ਪਰ ਉਸ ਨੇ ਆਪਣੀ ਮਨਮਤ ਮਿਲਾਕੇ ਗੁਰਮਤ ਦੇ ਲੋਪ ਕਰਨ ਦਾ ਯਤਨ ਕੀਤਾ ਹੈ.

ਸਿੱਖ ਧਰਮ ਦੇ ਪ੍ਰਸਿੱਧ ਰਹਿਤਨਾਮੇ ਇਹ ਹਨ- ਗੁਰਬਾਣੀ, ਭਾਈ ਗੁਰਦਾਸ ਜੀ ਦੀ ਬਾਣੀ, ਭਾਈ ਨੰਦਲਾਲ ਜੀ ਦੀ ਰਚਨਾ, ਸਰਬਲੋਹ ਪ੍ਰਕਾਸ਼, ਤਨਖਾਹਨਾਮਾ ਚੌਪਾਸਿੰਘ ਦਾ ਰਹਿਤਨਾਮਾ, ਪ੍ਰਹਲਾਦਸਿੰਘ ਦਾ ਰਹਿਤਨਾਮਾ, ਪ੍ਰੇਮ ਸੁਮਾਰਗ, ਪ੍ਰਸ਼ਨੋੱਤਰ ਭਾਈ ਨੰਦਲਾਲ ਦਾ, ਦੇਸਾਸਿੰਘ ਦਾ ਰਹਿਤਨਾਮਾ, ਦਯਾਸਿੰਘ ਜੀ ਦਾ ਰਹਿਤਨਾਮਾ, ਸੰਗਤਿ ਦਾ ਪ੍ਰਸ਼ਨ, ਗੁਰੁਸ਼ੋਭਾ, ਰਤਨਮਾਲ (ਸੌਸਾਖੀ), ਵਾਜਬੁਲਅ਼ਰਜ਼, ਮਹਿਮਾਪ੍ਰਕਾਸ਼. ਗੁਰੁਵਿਲਾਸ ਭਾਈ ਸੁੱਖਾਸਿੰਘ ਦਾ, ਗੁਰੁਪ੍ਰਤਾਪ ਸੂਰਯ.

ਰਹਿਤੀਆ: ਸਿੱਖਧਰਮ ਦੇ ਨਿਯਮਾਂ ਦੀ ਪਾਬੰਦੀ ਵਾਲਾ। ੨. ਆ਼ਮਿਲ. ਰਹਣੀ ਵਾਲਾ। ੩. ਚਮਾਰ ਜਾਤਿ ਤੋਂ ਜਿਸ ਨੇ ਸਿੱਖ ਧਰਮ ਧਾਰਣ ਕੀਤਾ ਹੈ, ਲੋਕ ਉਸ ਨੂੰ ਭੀ ਰਹਿਤੀਆ ਆਖਦੇ ਹਨ.

ਰਹਿੰਦ: ਵਿ- ਰਹਿਣ ਵਾਲਾ. ਨਿਵਾਸ ਕਰਤਾ। ੨. ਫ਼ਾ. رہانِندہ ਰਹਾਨਿੰਦਹ. ਵਿ- ਰਿਹਾਈ ਦਿਹੰਦਾ. ਛੁਟਕਾਰਾ ਦੇਣ ਵਾਲਾ. "ਕਿ ਰਾਜਕ ਰਹਿੰਦ ਹੈ." (ਜਾਪੁ)

ਰਹਿੰਦਾ ਖੁਹਿੰਦਾ: ਦੇਖੋ, ਰਹਦਾ ਖੁਹਦਾ.

ਰਹਿਨ: ਦੇਖੋ, ਰਹਨ। ੨. ਦੇਖੋ, ਰਹਿਣਾ.

ਰਹਿਨਾ: ਦੇਖੋ, ਰਹਿਣਾ.

ਰਹਿਨੀ: ਦੇਖੋ, ਰਹਣੀ.

ਰਹਿਮ: ਦੇਖੋ, ਰਹਮ। ੨. رحم ਰਿਹ਼ਮ. ਬੱਚੇਦਾਨ. ਗਰਭਾਸ਼ਯ.

ਰਹਿਮਤ: ਦੇਖੋ, ਰਹਮਤ.

ਰਹਿਮਨ: ਦੇਖੋ, ਰਹੀਮ ੪.

ਰਹਿਰਾਸ: ਦੇਖੋ, ਰਹਰਾਸਿ.

ਰਹੀ: ਵਸੀ। ੨. ਠਹਿਰੀ. ਰੁਕੀ। ੩. ਬੰਦ ਹੋਈ.

ਰਹੀਆ: ਰੁਕਦੀ ਹੈ. ਬੰਦ ਹੁੰਦੀ ਹੈ. "ਅਧਿਕ ਬਕਉ, ਤੇਰੀ ਲਿਵ ਰਹੀਆ." (ਪ੍ਰਭਾ ਮਃ ੧) ੨. ਰਹਿਣ ਵਾਲਾ.

ਰਹੀਜੈ: ਨਿਵਾਸ ਕਰੀਜੈ (ਕਰੀਏ) "ਸਾਧੂ ਸੰਗਿ ਰਹੀਜੈ." (ਕਲਿ ਅਃ ਮਃ ੪)

ਰਹੀਮ: ਅ਼. رحیم ਰਹ਼ੀਮ. ਵਿ- ਰਹ਼ਮ ਕਰਨ ਵਾਲਾ. ਕ੍ਰਿਪਾਲੁ। ੨. ਸੰਗਯਾ- ਕ੍ਰਿਪਾਲੁ ਕਰਤਾਰ. "ਕਰੀਮਾ ਰਹੀਮਾ ਅਲਾਹ ਤੂ ਗਨੀ." (ਤਿਲੰ ਨਾਮਦੇਵ) ੩. ਦਸਮਗ੍ਰੰਥ ਵਿੱਚ ਮੁਹੰਮਦਸਾਹਿਬ ਲਈ ਭੀ ਰਹੀਮ ਸ਼ਬਦ ਵਰਤਿਆ ਹੈ. "ਕ੍ਰਿਸਨ ਔ ਬਿਸਨ

ਜਪੇ ਤੁਹਿ ਕੋਟਿਕ, ਰਾਮ ਰਹੀਮ ਭਲੀ ਬਿਧਿ ਧਯਾਯੋ." (ਵਿਚਿਤ੍ਰ) "ਰਾਮ ਰਹੀਮ ਉਬਾਰ ਨ ਸਾਕਹਿ." (ਹਜਾਰੇ ੧੦) ੪. ਖ਼ਾਨਖ਼ਾਨਾ ਦਾ ਤਖ਼ੱਲੁਸ. ਦੇਖੋ, ਅਬਦੁਲਰਹੀਮਖਾਨ.

ਰਹੁ: ਸੰਗਯਾ- ਇੱਖ ਦਾ ਰਸ। ੨. ਵਰਜਨ ਅਰਥ ਵਿੱਚ ਆਗਯਾ. ਰੁਕ. ਹਟ. "ਇਨ ਸੰਗਤਿ ਤੇ ਤੂੰ ਰਹੁ ਰੇ." (ਕੇਦਾ ਮਃ ੪) "ਰਹੁ ਰਹੁ ਰੀ ਬਹੁਰੀਆ, ਘੂੰਘਟੁ ਜਿਨਿ ਕਾਢੈ." (ਆਸਾ ਕਬੀਰ) ੩. ਰਹਿ. ਨਿਵਾਸ ਕਰ.

ਰਹੁਰਾਸ: ਦੇਖੋ, ਰਹਰਾਸ ਅਤੇ ਰਹਿਰਾਸ.

ਰਹੁਰੀਤਿ: ਦੇਖੋ, ਰਹੁਰੀਤਿ.

ਰਹੂੜਾ: ਇੱਕ ਦਰਖ਼ਤ, ਜਿਸ ਨੂੰ ਰਹੀੜਾ, ਰੋਹੀੜਾ ਅਤੇ ਲਹੂੜਾ ਭੀ ਆਖਦੇ ਹਨ, ਸੰ. ਰੋਹਿਤ. ਇਹ ਪਲਾਸ (ਢੱਕ) ਜਾਤਿ ਵਿੱਚੋਂ ਹੈ. ਇਸ ਨੂੰ ਬਸੰਤ ਰੁੱਤ ਵਿੱਚ ਕੇਸੂ ਜੇਹੇ ਫੁੱਲ ਲਗਦੇ ਹਨ. ਇਸ ਦੀ ਲੱਕੜ ਸਰੰਗੀ ਆਦਿ ਸਾਜ ਬਣਾਉਣ ਦੇ ਕੰਮ ਆਉਂਦੀ ਹੈ. ਦੇਖੋ, ਘਵਿੰਡੀ.

ਰਹੈਯਾ: ਵਿ- ਨਿਵਾਸ ਕਰੈਯਾ. ਰਹਿਣ ਵਾਲਾ.

ਰਹੋਆ: ਇੱਕ ਪ੍ਰਕਾਰ ਦੀ ਧਾਰਣਾ ਦਾ ਪੰਜਾਬੀ ਗੀਤ, ਜੋ ਲੰਮੀ ਹੇਕ ਨਾਲ, ਗਾਂਵੀਂਦਾ ਹੈ. ਇਸ ਨੂੰ ਖਾਸ ਕਰਕੇ ਇਸਤ੍ਰੀਆਂ ਵਿਆਹ ਦੇ ਸਮੇਂ ਅਥਵਾ ਦੇਵਮੰਦਿਰਾਂ ਵਿੱਚ ਗਾਉਂਦੀਆਂ ਹਨ. ਇਸ ਗੀਤ ਵਿੱਚ ਲੰਮੇ ਰਹਾਉ ਤੋਂ ਛੁੱਟ ਟੇਕ ਦੀ ਤੁਕ ਵਾਰ ਵਾਰ ਗਾਉਣੀ ਹੁੰਦੀ ਹੈ, ਜਿਸ ਕਾਰਣ ਰਹੋਆ ਸੰਗਯਾ ਹੈ. ਗਉੜੀ ਰਾਗ ਦਾ ਸ਼ਬਦ- "ਹੈ ਕੋਈ ਰਾਮ ਪਿਆਰੋ ਗਾਵੈ"- ਰਹੋਆ ਗੀਤ ਦੀ ਧਾਰਨਾ ਪੁਰ ਹੀ ਗਾਉਣਾ ਦੱਸਿਆ ਹੈ.

ਰਹੋਏ: ਰਹੋਆ ਦਾ ਬਹੁਵਚਨ.

ਰਹੋਏ ਕੈ ਛੰਤ ਕੇ ਘਰਿ: ਉਸ ਸ੍ਵਰ ਪ੍ਰਸ੍ਤਾਰ ਅਤੇ ਧਾਰਨਾ ਅਨੁਸਾਰ ਗਾਉਣ ਦੀ ਹਦਾਇਤ ਹੈ, ਜਿਸ ਵਿੱਚ ਰਹੋਆ ਛੰਤ ਗਾਈਦਾ ਹੈ. ਦੇਖੋ, ਰਹੋਆ.

ਰਹੰਸ, ਰਹੰਸੀ, ਰਹੰਸੇ: ਦੇਖੋ, ਰਹਸ. "ਠਾਕੁਰ ਦੇਖਿ ਰਹੰਸੀ." (ਸੂਹ ਛੰਤ ਮਃ ੧) ਹਰ੍ਸ਼ ਸਹਿਤ ਹੋਈ. "ਸਾਜਨ ਰਹੰਸੇ." (ਗਉ ਛੰਤ ਮਃ ੧)

ਰਹੰਤ, ਰਹੰਤਾ: ਰਹਿੰਦਾ. ਨਿਵਾਸ ਕਰਦਾ। ੨. ਰਹਿਤ. ਬਿਨਾ. "ਜਨਮ ਮਰਣ ਰਹੰਤ ਜੀਉ." (ਰਾਮ ਰੁਤੀ ਮਃ ੫) "ਰਹੰਤਾ ਜਨਮ ਮਰਣੇਨ." (ਗਾਥਾ)

ਰਹੰਦੇ: ਰਹਿੰਦੇ "ਜਿਉ ਭਾਵੈ ਤਿਵੈ ਰਹੰਦੈ." (ਬਿਲਾ ਮਃ ੪)

ਰਹੰਨਿ: ਰਹਿੰਦੇ ਹਨ. "ਸਚੈ ਮਹਲਿ ਰਹੰਨਿ." (ਸ੍ਰੀ ਅਃ ਮਃ ੫) "ਅਨਦਿਨੁ ਅਨਦ ਰਹੰਨਿ." (ਸਵਾ ਮਃ ੩)

ਰਹੰਮ: ਦੇਖੋ, ਰਹਮ. "ਜਿਸ ਨੋ ਕਰੇ ਰਹੰਮ, ਤਿਸੁ ਨ ਵਿਸਾਰਦਾ." (ਵਾਰ ਗੂਜ ੨. ਮਃ ੫)

ਰਕਸ: ਅ਼. رکس ਸਿੱਟਣਾ. ਪਛਾੜਨਾ. ਉਲਟਾ ਦੇਣਾ। ੨. ਅ਼. رقص ਰਕ਼ਸ ਨ੍ਰਿਤ੍ਯ. ਨਾਚ.

ਰਕਸੀ: ਉਲਟਾ ਸਿੱਟਿਆ. ਪਛਾੜਿਆ. ਦੇਖੋ, ਰਕਸ ੧. "ਨਰਕਾਸੁਰ ਜਾਹਿ ਕਰਜੋ ਰਕਸੀ." (ਕ੍ਰਿਸਨਾਵ)

ਰਕਤ: ਸੰ. ਰਕ੍ਤ. ਵਿ- ਲਾਲ ਰੰਗ ਵਾਲਾ. ਸੁਰਖ। ੨. ਪ੍ਰੇਮ ਸਹਿਤ. ਅਨੁਰਕ੍ਤ। ੩. ਸੰਗਯਾ- ਲਹੂ. ਖ਼ੂਨ। ੪. ਮਾਤਾ ਦਾ ਵੀਰਯ. "ਰਕਤ ਬਿੰਦੁ ਕਾ ਇਹੁ ਤਨੋ." (ਸ੍ਰੀ ਅਃ ਮਃ ੧) ੫. ਕੇਸਰ। ੬. ਤਾਂਬਾ। ੭. ਸੰਧੂਰ। ੮. ਮੁਹੱਬਤ। ੯. ਲਾਲ ਰੰਗ.

ਰਕਤਕਿਰਮ: ਇਸਤ੍ਰੀ ਦੇ ਰਕਤ ਵਿੱਚ ਉਹ ਸੂਖਮ ਅਣੁਕੀਟ, ਜਿਨ੍ਹਾਂ ਤੋਂ ਮਨੁਖ ਦੇ ਵੀਰਯ ਨਾਲ ਮਿਲਕੇ ਸੰਤਾਨ ਦੀ ਉਤਪੱਤੀ ਹੁੰਦੀ ਹੈ. Ovum ਦੇਖੋ, ਗਰਭ. "ਰਕਤ ਕਿਰਮ ਮਹਿ ਨਹੀ ਸੰਘਾਰਿਆ." (ਮਾਰੂ ਸੋਲਹੇ ਮਃ ੫) ਜੇ ਇਹ ਕੀੜੇ ਕਿਸੇ ਦੋਸ਼

ਨਾਲ ਮੁਰਦਾ ਹੋਜਾਣ, ਤਾਂ ਸੰਤਾਨ ਨਹੀਂ ਹੁੰਦੀ. ਇਹ ਅਕਾਲ ਦੀ ਕ੍ਰਿਪਾ ਹੈ ਕਿ ਤੈਨੂੰ ਸੰਘਾਰ ਨਹੀਂ ਕੀਤਾ, ਸਗੋਂ ਅਣੁਕੀਟ ਤੋਂ ਸੁੰਦਰ ਦੇਹ ਬਣਾ ਦਿੱਤੀ ਹੈ.

ਰਕਤਦੰਤਾ: ਲਹੂ ਪੀਣ ਨਾਲ ਹੋਗਏ ਹਨ ਜਿਸ ਦੇ ਲਾਲ ਦੰਦ, ਕਾਲੀ ਦੇਵੀ. "ਤੁਹੀ ਆਪ ਕੋ ਰਕਤਦੰਤਾ ਕਹੈ ਹੈਂ." (ਚੰਡੀ ੧)

ਰਕਤਪ: ਰਕ੍ਤ (ਲਹੂ) ਪੀਣ ਵਾਲਾ, ਰਾਖਸ। ੨. ਕਟੂਆ. ਖਟਮਲ. ਮਾਙਣੂ। ੩. ਚਿੱਚੜ.

ਰਕਤਪਾ: ਲਹੂ ਪੀਣ ਵਾਲੀ, ਜੋਕ। ੨. ਕਾਲੀ ਦੇਵੀ.

ਰਕਤਬਿੰਦੁ: ਲਹੂ ਦੀ ਬੂੰਦ। ੨. ਰਕਤ ਅਤੇ ਵਿੰਦੁ. ਦੇਖੋ, ਰਕਤ ਬਿੰਦੁ ਕੀ ਮੜੀ.

ਰਕਤਬਿੰਦੁ ਕੀ ਮੜੀ: ਮਾਤਾ ਦੀ ਰਿਤੁ ਅਤੇ ਪਿਤਾ ਦੇ ਵੀਰਯ ਤੋਂ ਬਣੀ ਦੇਹ. "ਰਕਤ ਬਿੰਦੁ ਕੀ ਮੜੀ ਨ ਹੋਤੀ." (ਸਿਧਗੋਸਟਿ)

ਰਕਤਬੀਜ, ਰਕਤਬੀਜੁ: ਰਕ੍ਤ (ਲਾਲ) ਹੋਵੇ ਜਿਸ ਦਾ ਦਾਣਾ, ਅਨਾਰ ਦਾੜਿਮ। ੨. ਇੱਕ ਦੈਤ, ਜੋ ਸ਼ੁੰਭ ਦਾ ਸੈਨਾਪਤਿ ਸੀ. ਇਸ ਦੇ ਰਕ੍ਤ (ਲਹੂ) ਦੀਆਂ ਬੂੰਦਾਂ ਤੋਂ ਅਨੇਕ ਰਾਖਸ ਪੈਦਾ ਹੋ ਜਾਂਦੇ ਸਨ. ਮਾਰਕੰਡੇਯ ਪੁਰਾਣ ਅਨੁਸਾਰ ਇਸ ਨੂੰ ਕਾਲੀ ਅਤੇ ਦੁਰਗਾ ਨੇ ਮਿਲਕੇ ਮਾਰਿਆ. "ਚੰਡੀ ਦਯੋ ਵਿਦਾਰ, ਸ੍ਰੌਨਪਾਨ ਕਾਲੀ ਕਰਯੋ. ××× ਰਕਤ ਬੀਜ ਜਬ ਮਾਰਿਓ ਦੇਵੀ ਇਹ ਪਰਕਾਰ." (ਚੰਡੀ ੧) "ਰਕਤਬੀਜੁ ਕਾਲਨੇਮੁ ਬਿਦਾਰੇ." (ਗਉ ਅਃ ਮਃ ੧) ਦੇਖੋ, ਸ੍ਰੋਣਤਬੀਜ। ੩. ਮਾਤਾ ਦੇ ਰਕਤ ਵਿੱਚ ਰਹਿਣ ਵਾਲੇ ਉਹ ਅਣੁ ਜੀਵ, ਜੋ ਵੀਰਯ ਨਾਲ ਮਿਲਕੇ ਸ਼ਰੀਰ ਦੀ ਰਚਨਾ ਦਾ ਕਾਰਣ ਹੁੰਦੇ ਹਨ. ਦੇਖੋ, ਰਕਤਕਿਰਮ। ੪. ਰਕ੍ਤ ਅਤੇ ਵੀਰਯ. ਮਾਤਾ ਦੀ ਰਜ ਅਤੇ ਪਿਤਾ ਦਾ ਵੀਰਯ.

ਰਕਤਾ: ਸੰ. रकता. ਸੰਗਯਾ- ਰੱਤਕ. ਲਾਲੜੀ. ਘੁੰਘਚੀ। ੨. ਮਜੀਠ। ੩. ਲਾਖ.

ਰਕਤਾਸਯ: ਰਕ੍ਤ (ਲਹੂ) ਦਾ ਅਸਥਾਨ. ਦਿਲ ਦੇਖੋ, ਦਿਲ.

ਰਕਤਾਸੁਰ: ਰਕ੍ਤ ਬੀਜ ਅਸੁਰ ਲਈ ਇਹ ਸ਼ਬਦ ਆਇਆ ਹੈ. ਦੇਖੋ, ਸ੍ਰੋਣਤਬੀਜ. "ਰਕਤਾਸੁਰ ਆਚਨ ਜੁੱਧ ਪ੍ਰਮਾਚਨ." (ਅਕਾਲ)

ਰਕਤਾਕ੍ਸ਼: ਸੰ. ਰਕ੍ਤਾਕ੍ਸ਼. ਵਿ- ਲਾਲ ਅੱਖਾਂ ਵਾਲਾ। ੨. ਸੰਗਯਾ- ਕਬੂਤਰ। ੩. ਚਕੋਰ। ੪. ਸਾਰਸ। ੫. ਝੋਟਾ। ੬. ਮਹਿਖਾਸੁਰ ਦੈਤ। ੭. ਅਰੁਣਾਕ ਦਾਨਵ. ਦੇਖੋ, ਭ੍ਰਾਮਰੀ.

ਰਕਤਾਕ੍ਸ਼ੀ: ਲਾਲ ਅੱਖਾਂ ਵਾਲੀ ਭੈਂਸ. ਮਹਿ". ਮੱਝ.

ਰਕਤਾਂਗ: रक्ताङ्ग. ਮੂੰਗਾ. ਵਿਦ੍ਰੁਮ.

ਰਕਤਾਛ: ਦੇਖੋ, ਰਕਤਾਕ੍ਸ਼.

ਰਕਤਾਲੀ: ਵਿ- ਰਕ੍ਤਵਾਲੀ. ਲਹੂ ਪੀਣ ਵਾਲੀ। ੨. ਰਕ੍ਤਤਾਵਾਲੀ. ਲਾਲ ਰੰਗ ਦੀ.

ਰਕਤਿੱਛਣ, ਰਕਤਿੱਛਰ: ਸੰ. ਰਕ੍ਤੇਕ੍ਸ਼ਣ. ਰਕ੍ਤ (ਲਾਲ) ਈਕ੍ਸ਼ਣ (ਨੇਤ੍ਰਾਂ) ਵਾਲਾ. ਦੇਖੋ, ਰਕਤਾਕ੍ਸ਼. "ਰਕਤਿੱਛਣ ਸੇ ਝਟਦੈ ਝਟਕਾਰੇ." (ਵਿਚਿਤ੍ਰ)

ਰਕਤੁ: ਦੇਖੋ, ਰਕਤ. "ਨਾ ਇਸੁ ਪਿੰਡੁ, ਨ ਰਕਤੁ ਰਾਤੀ." (ਗੌਂਡ ਕਬੀਰ)

ਰਕਤੋਤਪਲ: ਦੇਖੋ, ਰਕ੍ਤੋਤਪਲ ਅਤੇ ਰਤੋਪਲ.

ਰਕਤ੍ਰ: ਦੇਖੋ, ਰਕਤ.

ਰਕਤ੍ਰਬੀਜ: ਦੇਖੋ, ਰਕਤਬੀਜ.

**ਰਕਬਾ, ਰਕ਼ਬਾ:** ਅ਼. رقبہ ਸੰਗਯਾ- ਗਰਦਨ. ਗ੍ਰੀਵਾ। ੨. ਜ਼ਮੀਨ (ਭੂਮਿ) ਦਾ ਲੰਬਾਉ ਚੌੜਾਉ. ਵਿਸ੍ਤਾਰ. area । ੩. ਗ਼ੁਲਾਮ। ੪. ਜਿਲਾ ਲੁਦਿਆਨਾ, ਤਸੀਲ ਜਗਰਾਉਂ, ਥਾਣਾ ਦਾਖਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ "ਮੁੱਲਾਪੁਰ" ਤੋਂ ਦੋ ਮੀਲ ਦੱਖਣ ਹੈ. ਇਸ ਪਿੰਡ ਤੋਂ ਉੱਤਰ ਪੱਛਮ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਜਦ ਇੱਥੇ ਵਿਰਾਜੇ ਹੋਏ ਸਨ, ਤਾਂ ਇੱਕ ਦਾਖੇ ਪਿੰਡ ਦੀ ਮਾਈ ਗੁਰੂ ਜੀ ਲਈ ਮਿੱਸੇ ਪ੍ਰਸਾਦੇ ਲੈਕੇ ਆਈ. ਸਤਿਗੁਰਾਂ ਪ੍ਰਸਾਦੇ ਛਕਕੇ ਉਸ ਮਾਈ ਨੂੰ ਨਿਹਾਲ ਕੀਤਾ. ਗੁਰਦ੍ਵਾਰਾ ਬਣਿਆ ਹੋਇਆ ਹੈ. ਨਿਹੰਗਸਿੰਘ ਪੁਜਾਰੀ ਹੈ. ਗੁਰਦ੍ਵਾਰੇ ਨੂੰ "ਦਮਦਮਾ" ਸਾਹਿਬ ਆਖਦੇ ਹਨ.

**ਰਕਮ, ਰਕ਼ਮ:** ਅ਼. رقم ਸੰਗਯਾ- ਲਿਖਣਾ। ੨. ਭਾਵ- ਨਕ਼ਦੀ.

**ਰਕਾਅਤ, ਰਕਾਤ:** ਅ਼. رکعت ਸੰਗਯਾ- ਨਮਾਜ਼ ਦਾ ਹਿੱਸਾ. ਨਮਾਜ਼ ਵਿੱਚ ਕਈ ਰਕਾਤਾਂ ਹੁੰਦੀਆਂ ਹਨ. ਨਿਯਤ ਬੰਨ੍ਹਕੇ ਖੜੇ ਹੋਣਾ, ਫੇਰ ਝੁਕਣਾ, ਇਸ ਪਿੱਛੋਂ ਸਿਜਦਾ ਕਰਨਾ, ਇਹ ਇੱਕ ਰਕਾਤ ਹੈ. ਦੇਖੋ, ਦੁਗਾਨਾ ੩.

**ਰਕਾਨ:** ਫ਼ਾ. ਗੁੱਸੇ ਨਾਲ ਬੁੜ ਬੁੜਾਉਂਦਾ. ਪੰਜਾਬੀ ਵਿੱਚ ਸੁਘੜ ਅਤੇ ਬਾਂਕੀ ਇਸਤ੍ਰੀ ਨੂੰ ਰਕਾਨ ਆਖਦੇ ਹਨ.

**ਰਕਾਨਾ:** ਅ਼. ਤਿਕ਼ਾਨਾ. ਪੰਨਾ. ਸਫਾ Page

**ਰਕਾਬ:** ਅ਼. رکاب ਰਿਕਾਬ. ਸੰਗਯਾ- ਕਾਠੀ ਦੇ ਤਸਮੇ ਨਾਲ ਬੱਧਾ ਪੈਰ ਰੱਖਣ ਦੀ ਕੁੰਡਲ Stirrup ੨. ਜਹਾਜ਼. ਬੋਹਿਥ। ੩. ਫ਼ਾ. ਪਿਆਲਾ। ੪. ਥਾਲ। ੫. ਸਵਾਰੀ ਦਾ ਘੋੜਾ.

**ਰਕਾਬਸਰ:** ਪਿੰਡ ਬਾਹਗਾਭੈਣੀ (ਰਿਆਸਤ ਪਟਿਆਲਾ ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ) ਤੋਂ ਪੱਛਮ ਵੱਲ ਵਸੋਂ ਦੇ ਨਾਲ ਹੀ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਦੀ ਰਕਾਬ ਦਾ ਘਾਸਾ (ਤਸਮਾ) ਟੁੱਟ ਗਿਆ, ਤਾਂ ਸਤਿਗੁਰੂ ਜੀ ਇੱਥੇ ਉਤਰ ਪਏ ਅਤੇ ਟੁੱਟਾ ਘਾਸਾ ਗੰਢਾਇਆ. ਮੰਜੀਸਾਹਿਬ ਬਣਿਆ ਹੋਇਆ ਹੈ. ਪਾਸ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਪ੍ਰਕਾਸ਼ ਲਈ ਪੱਕਾ ਕਮਰਾ ਹੈ. ਗੁਰਦ੍ਵਾਰੇ ਨਾਲ ੨੪ ਵਿੱਘੇ ਜ਼ਮੀਨ ਪਿੰਡ ਅਤੇ ਭਾਈ ਦਾਨਸਿੰਘ ਵੱਲੋਂ ਹੈ. ਇਸੀ ਜ਼ਮੀਨ ਵਿੱਚ ਦਰਖਤਾਂ ਦੀ ਝਿੜੀ ਹੈ. ਪੁਜਾਰੀ ਨਿਹੰਗਸਿੰਘ ਹੈ. ਰੇਲਵੇ ਸਟੇਸ਼ਨ ਸੱਦਾਸਿੰਘ ਵਾਲੇ ਤੋਂ ਉੱਤਰ ਵੱਲ ਤਿੰਨ ਮੀਲ ਕੱਚਾ ਰਸਤਾ ਹੈ.

**ਰਕਾਬਗੰਜ:** ਸ਼ਹਨਸ਼ਾਹ ਸ਼ਾਹਜਹਾਂ ਦੇ ਹਮਰਕਾਬ ਰਹਿਣ ਵਾਲਾ ਅਸਤਬਲ ਦਾ ਇੱਕ ਅਹੁਦੇਦਾਰ, ਜਿਸ ਨੇ ਸ਼ਾਹਜਹਾਂਨਾਬਾਦ ਪਾਸ ਇਸ ਨਾਉਂ ਦਾ ਪਿੰਡ ਵਸਾਇਆ। ੨. ਰਕਾਬਗੰਜ ਗ੍ਰਾਮ ਪਾਸ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਪਵਿਤ੍ਰ ਗੁਰਦ੍ਵਾਰਾ, ਜਿੱਥੇ ਲਬਾਣੇ ਸਿੱਖਾਂ ਨੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਕੀਤਾ. ਸੰਮਤ ੧੭੬੪ (ਸਨ ੧੭੦੭) ਵਿੱਚ ਜਦ ਦਸ਼ਮੇਸ਼ ਦਿੱਲੀ ਪਧਾਰੇ, ਤਦ ਇਸ ਥਾਂ ਮੰਜੀਸਾਹਿਬ ਬਣਵਾਇਆ. ਫੇਰ ਬਘੇਲਸਿੰਘ ਜੀ ਨੇ ਸੰਮਤ ੧੮੪੭ (ਸਨ ੧੭੯੦) ਵਿੱਚ ਗੁੰਬਜਦਾਰ ਮੰਦਿਰ ਬਣਵਾਇਆ. ਹੁਣ ਇਹ ਅਸਥਾਨ ਨਵੀਂ ਦਿੱਲੀ ਵਿੱਚ ਗੁਰਦ੍ਵਾਰਾ ਰੋਡ ਤੇ, ਵਡੇ ਸਰਕਾਰੀ ਦਫਤਰ ਪਾਸ ਹੈ. ਦੇਖੋ, ਦਿੱਲੀ ਦਾ ਅੰਗ ੨.

**ਰਕਾਬ ਦਿਵਾਲ, ਰਕਾਬ ਦੁਆਲ:** ਫ਼ਾ. رکاب دوال ਸੰਗਯਾ- ਰਕਾਬ ਦਾ ਤਸਮਾ Stirrupleather ਘਾਸਾ.

**ਰਕੀਕ, ਰਕ਼ੀਕ਼:** ਅ਼. رقیق ਵਿ- ਪਤਲਾ. ਦ੍ਰਵਿਆ ਹੋਇਆ। ੨. ਸੰਗਯਾ- ਗੁਲਾਮ. ਗੋੱਲਾ.

**ਰਕੀਬ, ਰਕ਼ੀਬ:** ਅ਼. رقیب ਵਿ- ਨਿਗਹਬਾਨ. ਤਾੜ ਵਿੱਚ ਰੱਖਣ ਵਾਲਾ। ੨. ਮੁਕ਼ਾਬਲਾ ਕਰਨ ਵਾਲਾ। ੩. ਪਰਸਪਰ ਉਹ ਦੋ ਆਦਮੀ, ਜੋ ਇੱਕ ਹੀ ਪਿਆਰੇ ਨਾਲ ਪ੍ਰੇਮ ਕਰਨ ਵਾਲੇ ਹੋਣ ਅਰ ਆਪਵਿੱਚੀ ਈਰਖਾ ਰਖਦੇ ਹੋਣ.

**ਰਕੀਬੀ, ਰਕ਼ੀਬੀ:** ਫ਼ਾ. رقیبی ਸੰਗਯਾ- ਰਕ਼ੀਬਪਨ. ਦੇਖੋ, ਰਕ਼ੀਬ.

**ਰਕੇਬ, ਰਕੇਬੀ:** ਫ਼ਾ. رکیب ਸੰਗਯਾ- ਥਾਲ. ਥਾਲੀ. ਇਮਾਲਹ ਹੋਕੇ ਰਕਾਬ ਦਾ ਰਕੇਬ ਹੋ ਗਿਆ ਹੈ, ਜਿਵੇਂ- ਕਿਤਾਬ ਦਾ ਕਤੇਬ. "ਸਿਪਰਨ ਕੇ ਬਡ ਹੋਇ ਰਕੇਬ." (ਗੁਪ੍ਰਸੂ) ਢਾਲਾਂ ਦੇ ਵਡੇ ਰਕੇਬ ਹੋਗਏ.

ਰਕੇਬੀ ਮਜਹਬ, ਰਕੇਬੀ ਮਜਬ: ਖਾਣ ਪਿੱਛੇ ਧਾਰਣ ਕੀਤਾ ਮਜਹਬ ਟੁਕੜੇ ਪੁਰ ਬਦਲ ਜਾਣ ਵਾਲਾ ਧਰਮ. ਹਰਦੇਗੀ ਚਮਚ Parasite ਦਾ ਮਤ.

ਰਕੁ: ਦੇਖੋ, ਰਕਤ.

ਰਕ੍ਤੋਤਪਲ: ਸੰ. रक्तोत्पल. ਰਕ੍ਤ (ਲਾਲ) ਉਤਪਲ (ਕਮਲ). ਲਾਲ ਰੰਗ ਦਾ ਕਮਲ. Bombax Heptaphyllum

ਰਕ੍ਸ਼: ਸੰ. रक्ष्. ਧਾ- ਰਖ੍ਯਾ ਕਰਨਾ, ਪਾਲਨ ਕਰਨਾ। ੨. ਵਿ- ਰਖਵਾਲਾ ਰਕ੍ਸ਼ਕ। ੩. ਸੰਗ੍ਯਾ- ਰਖਵਾਲੀ. ਰਕ੍ਸ਼ਾ। ੪. ਲਾਖ. ਲਾਕ੍ਸ਼ਾ.

ਰਕ੍ਸ਼ਕ: ਵਿ- ਰਖ੍ਯਾ ਕਰਨ ਵਾਲਾ. ਰੱਛਕ. ਬਚਾਉਣ ਵਾਲਾ। ੨. ਪਾਲਨ ਵਾਲਾ.

ਰਕ੍ਸ਼ਣ: ਸੰ. ਸੰਗ੍ਯਾ- ਰਖ੍ਯਾ ਕਰਨ ਦਾ ਭਾਵ. ਰਖਵਾਲੀ.

ਰਕ੍ਸ਼ਣੀਯ: ਵਿ- ਰਖ੍ਯਾ ਕਰਨ ਯੋਗ੍ਯ. ਜਿਸ ਦੀ ਰਖਵਾਲੀ ਕਰਨੀ ਯੋਗ੍ਯ ਹੈ. ਰਕ੍ਸ਼੍ਯ.

ਰਕ੍ਸ਼ਾ: ਸੰ. ਸੰਗ੍ਯਾ- ਬਚਾਉਣ ਦਾ ਭਾਵ। ੨. ਪਾਲਨ ਦੀ ਕ੍ਰਿਯਾ। ੩. ਲਾਖ। ੪. ਭਸਮ. ਰਾਖ. ਸੁਆਹ.

ਰਕ੍ਸ਼ਾ ਬੰਧਨ: ਦੇਖੋ, ਰੱਖੜੀ.

ਰਕ੍ਸ਼ਿਤ: ਵਿ- ਜਿਸ ਦੀ ਰਖ੍ਯਾ ਕੀਤੀ ਗਈ ਹੈ। ੨. ਪਾਲਿਆ ਹੋਇਆ.

ਰਕ੍ਸ਼੍ਯ: ਦੇਖੋ, ਰਕ੍ਸ਼ਣੀਯ.

ਰਖ: ਦੇਖੋ, ਰਕ੍ਸ਼ਾ। ੨. ਦੇਖੋ, ਰਖਣਾ। ੩. ਦੇਖੋ, ਰੱਖ.

ਰਖ਼ਸ਼: ਫ਼ਾ. رخش ਸੰਗ੍ਯਾ- ਨੁਕ਼ਰਾ ਘੋੜਾ। ੨. ਖ਼ਾਸ ਕਰਕੇ ਰੁਸ੍ਤਮ ਦਾ ਘੋੜਾ। ੩. ਚਮਕ। ੪. ਸੂਰਜ। ੫. ਇੰਦ੍ਰਧਨੁਖ.

ਰਖ਼ਸ਼ਿੰਦਹ: ਫ਼ਾ. رخشندہ ਵਿ- ਚਮਕਣ ਵਾਲਾ.

ਰਖ਼ਸ਼ਿੰਦਹ ਦੁਰ: ਫ਼ਾ. رخشندہدُر ਸੰਗ੍ਯਾ- ਚਮਕੀਲਾ ਮੋਤੀ.

ਰਖ਼ਸ਼ਿੰਦਹ ਮਾਹ: ਫ਼ਾ. رخشندہماہ ਸੰਗ੍ਯਾ- ਪ੍ਰਕਾਸ਼ ਵਾਲਾ ਚੰਦ੍ਰਮਾ.

ਰਖ਼ਸ਼ੀਦਨ: ਫ਼ਾ. رخشیدن ਕ੍ਰਿ- ਚਮਕਣਾ. ਪ੍ਰਕਾਸ਼ਣਾ.

ਰਖਕ, ਰਖਕੁ: ਦੇਖੋ, ਰਕ੍ਸ਼ਕ. "ਸੋ ਸੁਆਮੀ ਪ੍ਰਭੁ ਰਖਕੋ." (ਰਾਮ ਛੰਤ ਮਃ ੫)

ਰਖਣ: ਸੰ. ਰਕ੍ਸ਼ਣ. ਸੰਗ੍ਯਾ- ਰਖ੍ਯਾ ਕਰਨ ਦਾ ਭਾਵ. "ਰਖੈ ਰਖਣਹਾਰੁ." (ਮਃ ੧. ਵਾਰ ਮਲਾ)

ਰਖਣਹਾਰਿ: ਰਖ੍ਯਾ ਕਰਣ ਵਾਲੇ ਨੇ. "ਰਖੇ ਰਖਣਹਾਰਿ." (ਵਾਰ ਗੂਜ ੨. ਮਃ ੫)

ਰਖਣਹਾਰੁ: ਵਿ- ਰਖ੍ਯਾ ਕਰਨ ਵਾਲਾ. ਦੇਖੋ, ਰਖਣ.

ਰਖਣਾ: ਕ੍ਰਿ- ਰਕ੍ਸ਼ਣ. ਰਖ੍ਯਾ ਕਰਨਾ. ਹਿਫ਼ਾਜ਼ਤ ਕਰਨੀ। ੨. ਧਾਰਨ ਕਰਨਾ। ੩. ਠਹਿਰਾਉਣਾ. ਟਿਕਾਉਣਾ। ੪. ਦੇਖੋ, ਰਖਨ ੨.

ਰਖ਼ਤ: ਫ਼ਾ. رخت ਸੰਗ੍ਯਾ- ਸਾਮਾਨ. ਅਸਬਾਬ। ੨. ਗ਼ਮ. ਰੰਜ। ੩. ਕ੍ਰੋਧ. ਗੁੱਸਾ। ੪. ਇੱਕ ਆਦਮੀ ਜੋੱਗੀ ਖ਼ੁਰਾਕ. ਪਰੋਸਾ.

ਰਖਦਾ: ਕ੍ਰਿ. ਵਿ- ਧਾਰਨ ਕਰਦਾ। ੨. ਰਖ੍ਯਾ ਕਰਦਾ. ਬਚਾਉਂਦਾ. "ਪੈਜ ਰਖਦਾ ਆਇਆ." (ਆਸਾ ਛੰਤ ਮਃ ੪)

ਰਖਨਹਾਰ, ਰਖਨਹਾਰਾ: ਦੇਖੋ, ਰਖਣਹਾਰੁ.

ਰਖਨਹਾਰਿ: ਰਖਯਾ ਕਰਨ ਵਾਲੇ ਨੇ. "ਰਾਖਿ ਲੀਏ ਤਿਨਿ ਰਖਨਹਾਰਿ, ਸਭ ਬਿਆਧਿ ਮਿਟਾਈ." (ਬਿਲਾ ਮਃ ੫)

ਰਖਨਾ: ਦੇਖੋ, ਰਖਣਾ। ੨. ਫ਼ਾ. رخنہ ਰਖ਼ਨਹ. ਸੰਗਯਾ- ਛਿਦ੍ਰ. ਸੂਰਾਖ਼। ੩. ਵਿਘਨ. ਰੁਕਾਵਟ. "ਸ਼ਰਾ ਬਿਖੈ ਰਖਨਾ ਇਕ ਗੇਰਾ." (ਨਾਪ੍ਰ) ੪. ਦੋਸ਼. ਨੁਕ਼ਸ.

ਰਖਵਾਰਾ: ਵਿ- ਰਖਯਾ ਕਰਨ ਵਾਲਾ. ਰਖਵਾਲਾ. "ਆਪਿ ਗੁਰੂ ਰਖਵਾਰਾ." (ਬਿਲਾ ਮਃ ੫)

ਰਖਵਾਰੀ: ਸੰਗਯਾ- ਰਖਯਾ. ਰਖਵਾਲੀ. ਰੱਛਾ। ੨. ਰਖਯਾ ਕਰਨ ਵਾਲੀ.

ਰਖਵਾਰੋ: ਰਖਵਾਲਾ. ਦੇਖੋ, ਰਖਵਾਰਾ. "ਮੇਰੋ ਗੁਰੁ ਰਖਵਾਰੋ ਮੀਤ." (ਸੋਰ ਮਃ ੫)

ਰਖਵਾਲਾ: ਵਿ- ਰਖਯਾ ਕਰਨ ਵਾਲਾ. ਰੱਛਕ. "ਰਖ ਵਾਲਾ ਗੋਬਿੰਦਰਾਇ." (ਬਿਲਾ ਮਃ ੫) ੨. ਸੰਗਯਾ- ਦੁਰਗਪਾਲ. ਕਿਲੇ ਦਾ ਰਾਖਾ. "ਦੂਖ ਦਰਵਾਜਾ, ਰੋਹ ਰਖਵਾਲਾ." (ਰਾਮ ਮਃ ੧) ੩. ਭਾਈ ਸੰਤੋਖਸਿੰਘ ਜੀ ਲਿਖਦੇ ਹਨ ਕਿ ਦੀਨੇ ਤੋਂ ਚੱਲਕੇ ਗੁਰੂ ਗੋਬਿੰਦ ਸਿੰਘ ਸਾਹਿਬ ਰੁਖਾਲੇ ਪਿੰਡ ਪਹੁਚੇ ਅਤੇ ਉਸ ਦਾ ਨਾਉਂ ਰਖਵਾਲਾ ਰੱਖਿਆ.

"ਸ਼੍ਰੀ ਪ੍ਰਭੁ ਦੀਨੇ ਤੇ ਚਢੇ ਪਿਖ ਪਹੁਚੇ ਇਕ ਗ੍ਰਾਮ।

ਖਰੇ ਹੋਇ ਬੂਝਨ ਕਿਯੋ, ਕਹਾਂ ਗ੍ਰਾਮ ਕੋ ਨਾਮ?

ਸੁਨ ਰਾਹਕ ਭਾਖ੍ਯੋ ਤਿਸ ਕਾਲਾ।

ਇਸੀ ਗ੍ਰਾਮ ਕੋ ਨਾਮ ਰੁਖਾਲਾ।

ਸ਼੍ਰੀ ਗੁਰੂ ਵਰਜਨ ਕੀਨਸ ਤਾਹਿ"।

ਨਾਮ ਰੁਖਾਲਾ ਕਹੀਐ ਨਾਹਿ"।

ਅਬ ਤੇ ਕਹੋ ਨਾਮ ਰਖਵਾਲਾ।

ਤਿਸ ਹੀ ਥਲ ਡੇਰਾ ਗੁਰੁ ਘਾਲਾ."(ਗੁਪ੍ਰਸੂ)

ਰਖਵਾਲੀ: ਰਖਯਾ. ਰੱਛਾ. ਦੇਖੋ, ਰਖਵਾਰੀ. "ਹੋਈ ਰਾਜੇ ਰਾਮ ਕੀ ਰਖਵਾਲੀ." (ਸੋਰ ਮਃ ੫) ੨. ਰਾਜਪੂਤਾਨੇ ਵਿੱਚ ਇੱਕ ਸਾਲਾਨਾ ਰਕਮ, ਜੋ ਮੀਣੇ ਆਦਿਕ ਚੋਰੀਪੇਸ਼ਾ ਲੋਕਾਂ ਨੂੰ ਇਸ ਲਈ ਦਿੱਤੀ ਜਾਂਦੀ ਹੈ, ਕਿ ਉਹ ਰਖਵਾਲੀ ਅਦਾ ਕਰਨ ਵਾਲਿਆਂ ਦੇ ਇਲਾਕੇ ਚੋਰੀ ਨਾ ਹੋਣ ਦੇਣ। ੩. ਰਖਯਾ ਕਰਨ ਵਾਲੀ.

ਰਖਿ: ਦੇਖੋ, ਰਖਿਲੇਵਹੁ। ੨. ਕ੍ਰਿ. ਵਿ- ਰੱਖਕੇ. ਧਰਕੇ. "ਨਾਚਹੁ ਰਖਿ ਰਖਿ ਪਾਉ." (ਆਸਾ ਮਃ ੧) ੩. ਬਚਾਕੇ. ਰੁਕਕੇ. "ਰਖਿ ਰਖਿ ਚਰਨ ਧਰੇ ਵੀਚਾਰੀ." (ਧਨਾ ਅਃ ਮਃ ੧)

ਰਖਿਅਨੁ: ਉਸ ਨੇ ਰੱਖੇ. ਬਚਾ ਲਏ.

ਰਖਿਆ: ਦੇਖੋ, ਰਕ੍ਾ. "ਰਖਿਆ ਕਰਹੁ, ਗੁਸਾਈ ਮੇਰੇ." (ਆਸਾ ਮਃ ੫)

ਰਖਿਲੇਵਹੁ: ਰਖਯਾ ਵਿੱਚ ਲਓ. ਬਚਾ ਲਓ. "ਰਖਿ ਲੇਵਹੁ ਦੀਨਦਿਆਲੁ, ਭ੍ਰਮਤ ਬਹੁ ਹਾਰਿਆ." (ਵਾਰ ਜੈਤ)

ਰਖੀਐ: ਰਖਯਾ ਕਰੀਐ। ੨. ਰੋਕੀਏ, ਵਰਜੀਏ. "ਸੂਤਕੁ ਕਿਉਕਰਿ ਰਖੀਐ, ਸੂਤਕੁ ਪਵੈ ਰਸੋਇ." (ਵਾਰ ਆਸਾ)

ਰਖੀਸਰ, ਰਖੀਸਰੁ, ਰਖੀਸੁਰ: ਰਿਖਿ (ऋषि) ਈਸ਼੍ਵਰ. ਰਿਖਿਰਾਜ. "ਗਾਵਨਿ ਤੁਧ ਨੋ ਪੰਡਿਤ ਪੜਨਿ ਰਖੀਸੁਰ." (ਜਪੁ)

ਰਖੀਜੈ: ਰੱਖ ਲੀਜੈ. ਰਖ੍ਯਾ ਕਰੀਜੈ (ਕਰੀਏ). ੨. ਧਾਰਣ ਕਰੀਏ.

ਰਖੁ: ਸੰਗ੍ਯਾ- ਰਖ੍ਯਾ. ਹ਼ਿਫ਼ਾਜਤ. ਰਖਵਾਲੀ. "ਨਾਮੁ ਬੀਜੁ ਸੰਤੋਖੁ ਸੁਹਾਗਾ, ਰਖੁ ਗਰੀਬੀਵੇਸੁ." (ਸੋਰ ਮਃ ੧) ਨੰਮ੍ਰਤਾ ਦਾ ਵੇਸ ਖੇਤੀ ਦੀ ਰਖਵਾਲੀ ਹੈ। ੨. ਰਖ੍ਯਾ ਕਰੋ. "ਰਖੁ ਜਗਤੁ ਸਗਲ ਦੇ ਹਥਾ ਰਾਮ." (ਵਡ ਛੰਤ ਮਃ ੫) "ਰਖੁ ਧਰਮ, ਭਰਮ ਬਿਦਾਰਿ ਮਨ ਤੇ." (ਗੂਜ ਅਃ ਮਃ ੫)

ਰਖੇਣ: रक्षणे. ਰਕ੍ਸ਼ਣੇ. ਰਖ੍ਯਾ ਕਰਨ ਵਿੱਚ. "ਅਹੋ ਜਸ੍ਯ ਰਖੇਣ ਗੋਪਾਲਹ." (ਸਹਸ ਮਃ ੫) ਜਿਸ ਦੀ ਰਖ੍ਯਾ ਕਰਨ ਵਿੱਚ ਜਗਤਨਾਥ ਹੈ.

ਰਖੈ: ਧਾਰਣ ਕਰਦਾ ਹੈ। ੨. ਰਖ੍ਯਾ ਕਰਦਾ ਹੈ.

ਰਖੈਯਾ: ਵਿ- ਰਖ੍ਯਾ ਕਰਨ ਵਾਲਾ। ੨. ਧਾਰਨ ਕਰੈਯਾ। ੩. ਰੱਖਣ (ਧਰਨ) ਵਾਲਾ. ਟਿਕਾਉਣ ਵਾਲਾ.

ਰਖੰਦੜਾ, ਰਖੰਦੜੋ: ਵਿ- ਰਖ੍ਯਾ ਕਰਨ ਵਾਲਾ. "ਰਖੰਦੜੋ ਪ੍ਰਭੁ ਆਪਿ." (ਵਾਰ ਜੈਤ)

ਰੱਖ: ਸੰਗ੍ਯਾ- ਰਖ੍ਯਾ. ਰੱਛਾ। ੨. ਉਹ ਬੰਨਾ ਅਥਵਾ ਜੰਗਲ, ਜੋ ਰਕ੍ਸ਼ਿਤ ਹੋਵੇ. ਜਿਸ ਵਿੱਚ ਬਿਨਾ ਮਾਲਿਕ ਦੀ ਆਗ੍ਯਾ ਕੋਈ ਪ੍ਰਵੇਸ਼ ਨਾ ਕਰ ਸਕੇ.

ਰੱਖੜੀ, ਰੱਖੀ: ਹਿੰਦੂਮਤ ਅਨੁਸਾਰ ਰਖ੍ਯਾ ਕਰਨ ਵਾਲਾ ਡੋਰਾ. ਰਕ੍ਸ਼ਾਬੰਧਨ. ਰਕ੍ਸ਼ਾਸੂਤ੍ਰ. ਇਹ ਸਾਵਣ ਸੁਦੀ ੧੫. ਨੂੰ ਬੰਨ੍ਹਿਆ ਜਾਂਦਾ ਹੈ. ਭੈਣ ਭਾਈ ਦੇ ਹੱਥ, ਅਤੇ ਪ੍ਰੋਹਿਤ ਯਜਮਾਨ ਦੇ ਹੱਥ ਬੰਨ੍ਹਕੇ ਧਨ ਪ੍ਰਾਪਤ ਕਰਦੇ ਹਨ. ਦੇਖੋ, ਸਲੂੱਨੋ.

ਰਖ੍ਯਾ: ਦੇਖੋ, ਰਕ੍ਸ਼ਾ. "ਸਰਬ ਰਖ੍ਯਾ ਗੁਰ ਦਯਾਲਹ." (ਸਹਸ ਮਃ ੫)

ਰਗ: ਫ਼ਾ. رگ ਸੰਗ੍ਯਾ- ਨਾੜੀ. ਨਸ. "ਹਰਿ ਜੌ ਰਗ ਜਾਰੀ." (ਕ੍ਰਿਸਨਾਵ) ਕ੍ਰਿਸ਼ਨ ਜੀ ਨੇ ਵਕਾਸੁਰ ਦੈਤ ਦੀ ਕੰਠਨਾੜੀ ਅਗਨਿਰੂਪ ਹੋਕੇ ਜਲਾ ਦਿੱਤੀ.

ਰਗਣ: ਇੱਕ ਵਰਣਿਕ ਗਣ, ਜਿਸ ਦਾ ਲੱਛਣ ਮੱਧ ਲਘੁ ਹੈ. SIS.

ਰਗ਼ਬਤ: ਅ਼. رغبت ਸੰਗ੍ਯਾ- ਇੱਛਾ. ਚਾਹ। ੨. ਰੁਚਿ.

ਰਗਰ: ਦੇਖੋ, ਰਗੜ। ੨. ਹਠਵ੍ਰਿੱਤਿ. "ਜਨਮ ਕੋਟਿ ਲਗ ਰਗਰ ਹਮਾਰੀ." (ਤੁਲਸੀ)

ਰਗਰਨਾ: ਦੇਖੋ, ਰਗੜਨਾ.

ਰਗੜ: ਸੰਗ੍ਯਾ- ਘਸਾਉਣ ਦੀ ਕ੍ਰਿਯਾ। ੨. ਝਰੀਟ। ੩. ਝਗੜਾ। ੪. ਹਠ. ਜਿਦ.

ਰਗੜਨਾ: ਕ੍ਰਿ- ਘਸਾਉਣਾ. ਮਰਦਨ ਕਰਨਾ. ਦਰੜਨਾ.

ਰਗੜਾ: ਸੰਗ੍ਯਾ- ਘਸਾਉਣ ਦਾ ਭਾਵ। ੨. ਝਗੜਾ. "ਮਨਮੁਖਿ ਕਮਲਾ ਰਗੜੈ ਲੁਝੈ." (ਸਵਾ ਮਃ ੩)

ਰਗ਼ੀਬ: ਅ਼. رغیب ਵਿ- ਚਾਹੁਣ ਵਾਲਾ. ਇੱਛਾ ਕਰਨ ਵਾਲਾ. ਦੇਖੋ, ਰਗਬਤ.

ਰਗੀਲਾ: ਦੇਖੋ, ਰੰਗੀਲਾ. "ਲਾਲੁ ਰਗੀਲਾ ਸਹਜੇ ਪਾਇਓ." (ਸਾਰ ਮਃ ੫)

ਰਘ: ਦੇਖੋ, ਰਘੁ.

ਰਘਨਾਥ: ਸੰ. ਰਘੁਨਾਥ ਰਘੁਵੰਸ਼ ਦੇ ਨਾਥ, ਰਾਮਚੰਦ੍ਰ ਜੀ। ੨. ਰਘੁ (ਪ੍ਰਕਾਸ਼) ਦਾ ਸ੍ਵਾਮੀ ਜ੍ਯੋਤਿਰੂਪ, ਕਰਤਾਰ.[1066] ਦੇਖੋ,

---

[1066] "ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ." (ਸੋਹਿਲਾ)

ਰਘੁ ੨. "ਇਹ ਬਿਪਤ ਮੈ ਟੇਕ ਏਕ ਰਘਨਾਥ." (ਸਃ ਮਃ ੯)

ਰਘਵਾ: ਰਾਘਵ. ਸ਼੍ਰੀ ਰਾਮਚੰਦ੍ਰ. "ਤੀਸਰ ਜੁੱਗ ਭਯੋ ਰਘਵਾ." (ਕ੍ਰਿਸਨਾਵ) ਤੀਸਰ ਦਾ ਅਰਥ ਤ੍ਰੇਤਾ ਹੈ। ੨. ਸੰ. ਰਘੂਦ੍ਵਹ. ਰਘੁਵੰਸ਼ੀਆਂ ਦੀ ਰਖ੍ਯਾ ਦਾ ਬੋਝ ਉਠਾਉਣ ਵਾਲਾ. ਸ਼੍ਰੀ ਰਾਮਚੰਦ੍ਰ.

ਰਘੁ: ਸੰ. ਵਿ- ਤੇਜ਼ ਚਾਲ ਵਾਲਾ. ਦੇਖੋ, ਰੰਘ੍ ਧਾ। ੨. ਸੰਗ੍ਯਾ- ਰੌਸ਼ਨੀ. ਪ੍ਰਕਾਸ਼। ੩. ਹਰਕਾਰਾ. ਦੂਤ। ੪. ਸੁਦਕ੍ਸ਼ਿਣਾ ਦੇ ਗਰਭ ਤੋਂ ਦਿਲੀਪ ਦਾ ਪੁਤ੍ਰ ਅਤੇ ਅਜ ਦਾ ਪਿਤਾ ਸੂਰਜਵੰਸ਼ੀ ਅਯੋਧ੍ਯਾ ਦਾ ਰਾਜਾ, ਜਿਸ ਤੋਂ ਵੰਸ਼ ਦਾ ਨਾਮ ਰਘੁਵੰਸ਼ ਹੋਇਆ. "ਤਿਨ ਕੇ ਬੰਸ ਬਿਖੇ ਰਘੁ ਭਯੋ। ਰਘੁਬੰਸਹਿ ਜਿਨ ਜਗਹਿ ਚਲਯੋ ॥" (ਵਿਚਤ੍ਰਿ) ੫. ਰਘੁ ਦੀ ਕੁਲ ਦੇ ਲੋਕ. ਰਘੁਵੰਸ਼. "ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ." (ਸਵੈਯੇ ਮਃ ੧. ਕੇ)

ਰਘੁਇੰਦ੍ਰ, ਰਘੁਇੰਦ੍ਰਬੀਰ, ਰਘੁਏਸ, ਰਘੁਕੁਲ ਤਿਲਕ, ਰਘੁਨਾਥ, ਰਘੁਨਾਯਕ, ਰਘੁਨੰਦਨ, ਰਘੁਪਤਿ, ਰਘੁਬਰ, ਰਘੁਬੀਰ: ਰਘੁਵੰਸ਼ ਦੇ ਮੁਖੀਏ ਸ਼੍ਰੀ ਰਾਮਚੰਦ੍ਰ ਜੀ. "ਸੰਧਿਅੰ ਬਾਣ ਰਘੁਇੰਦ੍ਰ ਬੀਰੰ." (ਸਮੁਦ੍ਰਮਥਨ) "ਰੋਸ ਭਰਜੋਰਨ ਮੋ ਰਘੁਨਾਥ ×× ਪ੍ਰਾਪਤ ਭੇ ਰਘੁਨੰਦ ਤਹੀਂ ਤਬ ×× ਬਨ ਬਨ ਚਲਤ ਭਏ ਰਘੁਨੰਦਨ ×× ਉਤ ਰਘੁਬਰ ਬਨ ਕੋ ਚਲੇ ×× ਸ਼੍ਰੀ ਰਘੁਬੀਰ ਸਿਰੋਮਨਿ ਸੂਰ ×× (ਰਾਮਾਵ) ੨. ਗੁਰਬਾਣੀ ਵਿੱਚ ਰਘੁਨਾਥ, ਰਘੁਰਾਇ ਸ਼ਬਦ ਕਰਤਾਰ ਦਾ ਬੋਧਕ ਭੀ ਹੈ. ਇਸ ਦਾ ਮੂਲ ਰਘੁ (ਪ੍ਰਕਾਸ਼) ਹੈ. ਦੇਖੋ, ਰਘਨਾਥ ੨. "ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ." (ਭੈਰ ਮਃ ੩) ਪ੍ਰਹਲਾਦ ਵੇਲੇ ਰਾਮਚੰਦ੍ਰ ਜੀ ਨਹੀਂ ਸਨ.

ਰਘੁਬੀਰਸਿੰਘ: ਰਾਜਾ ਸਰੂਪਸਿੰਘ ਜੀਂਦਪਤਿ ਦਾ ਪੁਤ੍ਰ. ਜਿਸ ਦਾ ਜਨਮ ੧੧. ਜਨਵਰੀ ਸਨ ੧੮੩੩ ਨੂੰ ਹੋਇਆ. ਇਹ ਪਿਤਾ ਦੇ ਪਰਲੋਕ ਸਿਧਾਰਨ ਪਿੱਛੋਂ ਤੀਹ ਵਰ੍ਹੇ ਦੀ ਉਮਰ ਵਿੱਚ ੩੧ ਮਾਰਚ ਸਨ ੧੮੬੪ ਨੂੰ ਗੱਦੀ ਤੇ ਬੈਠਾ. ਇਹ ਬਹੁਤ ਸਿਆਣਾ, ਦੂਰੰਦੇਸ਼, ਰਾਜਪ੍ਰਬੰਧ ਵਿੱਚ ਨਿਪੁਣ ਅਤੇ ਕਠੋਰਚਿੱਤ ਸੀ. ਇਸ ਨੇ ਸੰਗਰੂਰ ਨੂੰ ਪਿੰਡ ਤੋਂ ਸੁੰਦਰ ਨਗਰ ਬਣਾਇਆ ਅਤੇ ਰਾਜ ਕਾਜ ਦੇ ਚੰਗੇ ਨੇਮ ਥਾਪੇ. ੭. ਮਾਰਚ ਸਨ ੧੮੮੭ ਨੂੰ ਇਸ ਦਾ ਦੇਹਾਂਤ ਸੰਗਰੂਰ ਹੋਇਆ. ਦੇਖੋ, ਜੀਂਦ.

ਰਘੁਬੰਸਿ ਤਿਲਕੁ, ਰਘੁਰਾਇ, ਰਘੁਰਾਜ, ਰਘੁਰਾਯ, ਰਘੁਵਰ, ਰਘੁਵੀਰ: ਰਘੁਵੰਸ਼ ਦਾ ਟਿੱਕਾ. ਦੇਖੋ, ਰਘੁਇੰਦ੍ਰ. "ਰਘੁਬੰਸਿ ਤਿਲਕ ਸੁੰਦਰੁ ਦਸਰਥ ਘਰਿ." (ਸਵੈਯੇ ਮਃ ੪. ਕੇ) "ਭੇਟ ਭੁਜਾ ਨਿਰਖੇ ਰਘੁਰਾਈ ਸ੍ਰੀ × ਰਘੁਰਾਜ ਬਰਜ ਸਿਯਕੋ ×× ਮਨ ਰਘੁਵਰ ਜਾਨੀ. ×× (ਰਾਮਾਵ)

ਰਘੁਵੰਸ: ਰਘੁ ਰਾਜਾ ਦਾ ਵੰਸ਼. ਦੇਖੋ, ਰਘੁ ੪। ੨. ਕਾਲਿਦਾਸ ਕਵਿ ਦਾ ਰਚਿਆ ੧੯. ਸਰਗ ਦਾ ਮਹਾਕਾਵ੍ਯ, ਜਿਸ ਵਿੱਚ ਰਾਜਾ ਦਿਲੀਪ ਤੋਂ ਲੈਕੇ ਰਾਜਾ ਅਗਨਿਵਰਣ ਤੀਕ ਦਾ ਹਾਲ ਹੈ. ਦੇਖੋ, ਖਟਕਾਵ੍ਯ.

ਰਘੁਵੰਸੀ: ਵਿ- ਰਘੁ ਦੀ ਵੰਸ਼ ਵਿੱਚ ਹੋਣ ਵਾਲਾ.

ਰਘੂੱਤਮ: ਰਾਘਵਾਂ ਵਿੱਚੋਂ ਉੱਤਮ ਰਾਮਚੰਦ੍ਰ ਜੀ.

ਰਘੂਦ੍ਵਹ: ਦੇਖੋ, ਰਘਵਾ ੨.

ਰਘੇਸ, ਰਘ੍ਵੇਸ: ਰਾਘਵ ਈਸ਼. ਰਾਘਵੇਸ਼. ਰਘੁਵੰਸ਼ੀਆਂ ਦਾ ਸ੍ਵਾਮੀ, ਸ਼੍ਰੀ ਰਾਮ. "ਹੈ ਨ ਰਘ੍ਵੇਸ[1067] ਜਦ੍ਵੇਸ ਰਮਾਪਤਿ." (੩੩ ਸਵੈਯੇ)

ਰਚ: ਸੰ. रच्. ਧਾ- ਰਚਨਾ ਕਰਨਾ, ਉਸਾਰਨਾ, ਗ੍ਰੰਥ ਬਣਾਉਣਾ। ੨. ਸਿੰਧੀ ਸੰਗ੍ਯਾ- ਇੱਛਾ. ਚਾਹ.

---

[1067] ਆ ਉਪਸਰਗ ਈਸ਼ ਨਾਲ ਲੱਗਣ ਤੋਂ ਏਸ ਬਣ ਗਿਆ. ਏਸ ਦੇ ਮੁੱਢ ਰੱਘੁ ਸ਼ਬਦ ਦੇ ਉਕਾਰ ਨੂੰ ਵਕਾਰ ਹੋਣ ਤੋਂ 'ਰਘ੍ਵੇਸ਼' ਸਿੱਧ ਹੋਇਆ.

ਰਚਕ: ਸੰ. ਵਿ- ਰਚਣ ਵਾਲਾ.

ਰਚਣਾ, ਰਚਣੁ: ਕ੍ਰਿ- ਬਣਾਉਣਾ। ੨. ਉਸਾਰਨਾ। ੩. ਕਾਵ੍ਯ ਕਰਨਾ. ਦੇਖੋ, ਰਚ ਧਾ। ੪. ਮਿਲਣਾ. ਅਭੇਦ ਹੋਣਾ. ਲੀਨ ਹੋਣਾ। ੫. ਪ੍ਰਸੰਨ ਹੋਣਾ.

ਰਚਨ: ਸੰ. ਸੰਗਯਾ- ਬਣਾਉਣ ਦੀ ਕ੍ਰਿਯਾ। ੨. ਕਾਵ੍ਯ ਬਣਾਉਣ ਦਾ ਕਰਮ। ੩. ਪ੍ਰਬੰਧ. ਇੰਤਜਾਮ। ੪. ਰਾਵੀ ਅਤੇ ਚਨਾਬ ਦੇ ਮੱਧ ਦਾ ਦੋਆਬ. ਰਚਨ ਦੋਆਬ। ੫. ਰਚਨਾ. ਸ੍ਰਿਸ਼੍ਟਿ. "ਜਿਨਿ ਆਪੇ ਰਚਨ ਰਚਾਈ." (ਮਃ ੧. ਵਾਰ ਰਾਮ ੧)

ਰਚਨਾ: ਸੰ. ਸੰਗਯਾ- ਬਣਾਉਣ ਦੀ ਕ੍ਰਿਯਾ। ੨. ਕਰਤਾਰ ਦੀ ਰਚੀ ਹੋਈ ਸ੍ਰਿਸ਼੍ਟਿ. "ਵਾਹਗੁਰੂ ਤੇਰੀ ਸਭ ਰਚਨਾ." (ਸਵੈਯੇ ਮਃ ੪. ਕੇ) ੩. ਕਵਿ ਦਾ ਰਚਿਆ ਕਾਵ੍ਯ. Composition। ੪. ਰੌਨਕ. "ਕੁਛ ਰਚਨਾ ਤੁਮਰੇ ਢਿਗ ਹੈਨ." (ਗੁਪ੍ਰਸੂ) ੫. ਅਭੇਦ ਹੋਣਾ. ਲੀਨ ਹੋਣਾ. "ਮਨ ਸਚੈ ਰਚਨੀ." (ਮਃ ੩. ਵਾਰ ਸੂਹੀ) "ਗੁਰਸਬਦੀ ਰਚਾ." (ਮਃ ੩. ਵਾਰ ਮਾਰੂ ੧)

ਰਚਨੁ: ਰਚਨਾ. ਸ੍ਰਿਸ਼੍ਟਿ. "ਆਪੇ ਰਚਨੁ ਰਚਾਇ, ਆਪੇ ਹੀ ਪਾਲਿਆ." (ਵਾਰ ਗੂਜ ੨. ਮਃ ੫) ੨. ਰਚਣ ਦੀ ਕ੍ਰਿਯਾ. ਬਣਾਉ. "ਜਿਨਿ ਹਰਿ ਤੇਰਾ ਰਚਨੁ ਰਚਿਆ." (ਅਨੰਦੁ)

ਰਚਯਿਤਾ: रचयितृ. ਵਿ- ਰਚਣ ਵਾਲਾ.

ਰਚਾਉਣਾ: ਕ੍ਰਿ- ਰਚਨਾ ਕਰਵਾਉਣਾ. ਬਣਾਵਾਉਣਾ. "ਸਚੈ ਤਖਤੁ ਰਚਾਇਆ." (ਮਃ ੩. ਵਾਰ ਰਾਮ ੧) ੨. ਮਿਲਾਉਣਾ. ਲੀਨ ਕਰਨਾ.

ਰਚਿ: ਕ੍ਰਿ. ਵਿ- ਰਚਕੇ. ਬਣਾਕੇ. "ਰਚਿ ਰਚਨਾ ਅਪਨੀ ਕਲ ਧਾਰੀ." (ਸੁਖਮਨੀ) ੨. ਬਣਾਕੇ. ਸਵਾਰਕੇ. "ਜਿਹਿ ਸਿਰਿ ਰਚਿ ਰਚਿ ਬਾਂਧਤ ਪਾਗ." (ਗਉ ਕਬੀਰ)

ਰਚਿਤ: ਵਿ- ਰਚੀਆ ਹੋਇਆ. ਬਣਾਇਆ.

ਰਚਿਪਚਿ: ਕ੍ਰਿ. ਵਿ- ਵਡੀ ਮਿਹਨਤ ਨਾਲ ਰਚਕੇ. ਮਰ ਖਪਕੇ. "ਬਾਰੂ ਭੀਤਿ ਬਨਾਈ ਰਚਿ ਪਚਿ, ਰਹਤ ਨਹੀ ਦਿਨ ਚਾਰਿ." (ਸੋਰ ਮਃ ੯)

ਰਚੰਨਿ: ਰਚਨਾ ਕਰਦੇ ਹਨ। ੨. ਲੀਨ ਹੁੰਦੇ ਹਨ. "ਸਚੈ ਨਾਮਿ ਰਚੰਨਿ." (ਸ੍ਰੀ ਅਃ ਮਃ ੩)

ਰਛ: ਰਖ੍ਯਾ ਰੱਛਾ। ੨. ਜੁਲਾਹੇ ਦਾ ਕੁੱਚ. ਰੱਛ। ੩. ਔਜ਼ਾਰ. ਸੰਦ। ੪. ਰਾਛਸ. ਰਾਕ੍ਸ਼ਸ. ਰਾਖਸ.

ਰਛਕ: ਦੇਖੋ, ਰਕ੍ਸ਼ਕ.

ਰਛਾ: ਦੇਖੋ, ਰੱਛਾ.

ਰਛੈਣਾ: ਸੰਗਯਾ- ਰੋਮ ਕ੍ਸ਼ਯ ਕਰਨ ਵਾਲਾ. ਉਸਤਰਾ. ਪੱਛਣਾ. ਕ੍ਸ਼ੁਰ.

ਰੱਛਣ: ਦੇਖੋ, ਰਕ੍ਸ਼ਣ ਅਤੇ ਰਖਣ.

ਰੱਛਪਾਲ: ਸੰਗਯਾ- ਪਹਿਰੂ. ਚੌਕੀਦਾਰ. "ਭੇਦ ਰੱਛਪਾਲਨ ਕੋ ਦੀਨੋ." (ਚਰਿਤ੍ਰ ੨੦੬)

ਰੱਛਾ: ਸੰ. ਰਕ੍ਸ਼ਾ. ਰਖ੍ਯਾ. "ਹਮਰੀ ਕਰੋ ਹਾਥ ਦੈ ਰੱਛਾ." (ਚੌਪਈ)

ਰਜ: (ਦੇਖੋ, ਰੰਜ ਧਾ) ਸੰ. रजस्. ਸੰਗਯਾ- ਇਸਤ੍ਰੀ ਦਾ ਫੁੱਲ. ਰਿਤੁ। ੨. ਧੂਲਿ. ਧੂੜ। ੩. ਫੁੱਲ ਦੀ ਰੇਣੁ. ਪਰਾਗ. "ਰਜ ਪੰਕਜ ਮਹਿ ਲੀਓ ਨਿਵਾਸ." (ਭੈਰ ਅਃ ਕਬੀਰ) ੪. ਮਾਯਾ ਦਾ, ਤਿੰਨ ਗੁਣਾਂ ਵਿੱਚੋਂ ਇੱਕ ਗੁਣ, ਜੋ ਮੋਹ ਅੰਹਕਾਰ ਆਦਿ ਦਾ ਕਾਰਣ ਹੈ. "ਰਜ ਤਮ ਸਤ ਕਲ ਤੇਰੀ ਛਾਇਆ." (ਮਾਰੂ ਸੋਲਹੇ ਮਃ ੧) ੫. ਆਕਾਸ਼। ੬. ਪਾਪ। ੭. ਜਲ। ੮.

ਬੱਦਲ। ੯. ਵਾਹਿਆਹੋਇਆ ਖੇਤ.

ਰਜਉ: ਰਜਦਾ (ਤ੍ਰਿਪਤ ਹੁੰਦਾ) ਹਾਂ. "ਗੁਰੁ ਸਾਲਾਹਿ ਨ ਰਜਉ." (ਸ੍ਰੀ ਮਃ ੪) ੨. ਸੰਗਯਾ- ਰਾਜਾਪਾਨ. ਰਾਜਪੁਣਾ.

ਰਜਸ੍ਵਲਾ: ਵਿ- ਰਿਤੁਮਤੀ. ਰਜ (ਹ਼ੈਜ) ਵਾਲੀ ਇਸਤ੍ਰੀ.

ਰਜਕ: ਸੰ. ਸੰਗਯਾ- ਕਪੜੇ ਪੁਰ ਰੰਗ ਚੜ੍ਹਾਉਣ ਵਾਲਾ ਛੀਂਬਾ. ਰੰਗਰੇਜ਼। ੨. ਧੋਬੀ। ੩. ਔਸ਼ਨਸੀ ਸਿਮ੍ਰਿਤਿ ਅਨੁਸਾਰ ਵੈਸ਼੍ਯ ਦੀ ਕਨ੍ਯਾ ਤੋਂ ਕਲਾਲ ਦਾ ਪੁਤ੍ਰ। ੪. ਫ਼ਾ. رجک ਡਕਾਰਨਾ. ਡਕਾਰ ਲੈਣਾ. ਡਕਾਰ. ਉਦਗਾਰ.

ਰਜਗੁਣ: ਰਜੋ ਗੁਣ. ਦੇਖੋ, ਰਜ ੪. "ਰਜ ਗੁਣ ਤਮਗੁਣ ਸਤਗੁਣ ਕਹੀਐ, ਏਹ ਤੇਰੀ ਸਭ ਮਾਇਆ." (ਕੇਦਾ ਕਬੀਰ)

ਰਜਣਾ: ਕ੍ਰਿ- ਤ੍ਰਿਪਤ ਹੋਣਾ.

ਰਜਤ: ਸੰ. ਸੰਗਯਾ- ਚਮਕਣ ਵਾਲੀ ਧਾਤੁ। ੨. ਚਾਂਦੀ। ੩. ਹਾਥੀ ਦੰਦ। ੪. ਲਹੂ ਰੁਧਿਰ। ੫. ਪਰਵਤ। ੬ ਸੁਵਰਣ. ਸੋਨਾ। ੭. ਵਿ- ਚਿੱਟਾ.

ਰਜਤਪਣ, ਰਜਤਪਨ: ਸੰਗਯਾ- ਚਾਂਦੀ ਦਾ ਪਣ (ਸਿੱਕਾ), ਰੁਪਯਾ. ਰਜਤਮੁਦ੍ਰਾ.

ਰਜਤਾਚਲ, ਰਜਤਾਦ੍ਰਿ: ਚਾਂਦੀ ਦਾ ਅਚਲ (ਪਹਾੜ), ਕੈਲਾਸ.

ਰਜਧਾਨੀ: ਦੇਖੋ, ਰਾਜਧਾਨੀ.

ਰਜਨ: ਸੰ. ਸੰਗਯਾ- ਰੰਗਣ ਦੀ ਕ੍ਰਿਯਾ.

ਰਜਨਾ: ਤ੍ਰਿਪਤ ਹੋਣਾ. ਦੇਖੋ, ਰਜਣਾ.

ਰਜਨਿ, ਰਜਨੀ: ਸੰ. ਸੰਗਯਾ- ਰਾਤ੍ਰਿ. ਰਾਤ. "ਰਜਨਿ ਸਬਾਈ ਜੰਗਾ." (ਸਾਰ ਮਃ ੫) ਦੇਖੋ, ਜੰਗਾ. "ਰਵਿ ਪ੍ਰਗਾਸ ਰਜਨੀ ਜਥਾ." (ਗਉ ਰਵਿਦਾਸ) ੨. ਹਲਦੀ.

ਰਜਨੀਸ: ਰਜਨੀ (ਰਾਤ੍ਰਿ) ਦਾ ਈਸ਼ (ਸ੍ਵਾਮੀ) ਚੰਦ੍ਰਮਾ.

ਰਜਨੀਸ ਸੁਤ, ਰਜਨੀਸ ਨੰਦ: ਰਸਨੀਸ਼ (ਚੰਦ੍ਰਮਾ) ਦਾ ਪੁਤ੍ਰ ਬੁਧ। ੨. ਬੁਧਵਾਰ. ਦੇਖੋ, ਨੰਦ ਰਜਨੀਸ.

ਰਜਨੀਸੁਰ, ਰਜਨੀਸੁਰ, ਰਜਨੀਸ੍ਵਰ: ਰਾਤ੍ਰਿ ਦਾ ਈਸ਼੍ਵਰ (ਸ੍ਵਾਮੀ) ਚੰਦ੍ਰਮਾ. ਨਿਸ਼ਾਪਤਿ.

ਰਜਨੀਸ਼੍ਵਰ ਧਰ: ਰਾਤ੍ਰਿ ਦੇ ਈਸ਼੍ਵਰ (ਚੰਦ੍ਰਮਾ) ਨੂੰ ਧਾਰਨ ਵਾਲਾ, ਆਕਾਸ਼. (ਸਨਾਮਾ)

ਰਜਨੀਸ਼੍ਵਰ ਧਰ ਧਰ: ਚੰਦ੍ਰਮਾ ਦੇ ਧਾਰਨ ਵਾਲਾ ਆਕਾਸ਼, ਉਸ ਵਿੱਚ ਵਿਚਰਣ ਵਾਲਾ ਤੀਰ. (ਸਨਾਮਾ)

ਰਜਨੀਕਰ: ਰਾਜ ਨੂੰ ਕਰਨ ਵਾਲਾ. ਚੰਦ੍ਰਮਾ.

ਰਜਨੀਗੰਧਾ: ਨਿਸ਼ਿਪੁਸ਼੍ਪੀ. ਰਾਤ ਨੂੰ ਸੁਗੰਧ ਦੇਣ ਵਾਲੀ, ਗੁਲਸ਼ੱਬੋ. Polianthes Tuberosa.

ਰਜਨੀਚਰ: ਵਿ- ਰਾਤ ਨੂੰ ਫਿਰਨ ਵਾਲਾ। ੨. ਸੰਗਯਾ- ਚੋਰ। ੩. ਰਾਖਸ। ੪. ਉੱਲੂ। ੫. ਚੰਦ੍ਰਮਾ। ੬. ਚੋਰਪਹਿਰਾ ਦੇਣ ਵਾਲਾ. ਰਾਤ ਨੂੰ ਗਸ਼੍ਤ ਕਰਨ ਵਾਲਾ ਚੌਕੀਦਾਰ। ੭. ਪਰਇਸਤ੍ਰੀਗਾਮੀ ਵਿਭਚਾਰੀ। ੮. ਸ਼ੇਰ ਗਿੱਦੜ ਆਦਿ ਜੀਵ.

ਰਜਨੀਜਲ: ਸੰਗਯਾ- ਓਸ. ਸ਼ਬਨਮ. ਕੁਹੇੜੀ. ਤ੍ਰੇਲ.

ਰਜਨੀਪਤਿ: ਰਾਤ ਦਾ ਸ੍ਵਾਮੀ. ਚੰਦ੍ਰਮਾ.

ਰਜਨੀਮੁਖ: ਸੰਗਯਾ- ਸੰਧ੍ਯਾ. ਸੰਝ. ਸਾਯੰਕਾਲ.

ਰਜਪੂਤ: ਦੇਖੋ, ਰਾਜਪੂਤ.

ਰਜ ਪੰਕਜ ਮਹਿ ਲੀਓ ਨਿਵਾਸ: (ਭੈਰ ਅਃ ਕਬੀਰ) ਧੂਲਿ ਅਤੇ ਕਮਲ ਵਿੱਚ ਜਿਸ ਨੇ ਨਿਵਾਸ ਕੀਤਾ ਹੈ. ਥਲ ਅਤੇ ਜਲ, ਗਰਦ ਅਤੇ ਫੁੱਲ ਵਿੱਚ ਵਸਣ ਵਾਲਾ। ੨. ਜਿਸ ਦੀ ਚਰਣਰਜ ਵਿੱਚ ਸਾਧੁਜਨਾਂ ਨੇ ਨਿਵਾਸ ਲੀਤਾ ਹੈ.

ਰਜਬ: ਦੇਖੋ, ਰੱਜਬ। ੨. ਅ਼. رجب ਵਿ- ਸਨਮਾਨਿਤ. ਜਿਸ ਦੀ ਇੱਜ਼ਤ ਕੀਤੀ ਗਈ ਹੈ। ੩. ਸੰਗਯਾ- ਹਿਜਰੀ ਸਾਲ ਦਾ ਸੱਤਵਾਂ ਮਹੀਨਾ। ੪. ਇਸਲਾਮਮਤ ਅਨੁਸਾਰ ਬਹਿਸ਼੍ਤ (ਸੁਰਗ) ਦੀ ਇੱਕ ਨਦੀ, ਜਿਸ ਦਾ ਠੰਢਾ ਪਾਣੀ ਉਨ੍ਹਾਂ ਨੂੰ ਮਿਲੇਗਾ, ਜੋ ਰਜਬ ਮਹੀਨੇ ਵ੍ਰਤ ਰੱਖਣਗੇ.

ਰਜ਼ਮ: ਫ਼ਾ. رزم ਜੰਗ। ੨. ਬਾਲਣ. ਈਂਧਨ.

ਰਜਮਟ: ਅੰ Regiment ਪਲਟਣ. ਪੈਦਲ ਫ਼ੌਜ ਦਾ ਜਥਾ (ਬੇੜਾ)

ਰਜਵਟ: ਦੇਖੋ, ਰਜਮਟ। ੨. ਡਿੰਗ. ਰਾਜਪੂਤੀ. ਰਾਜਪੂਤਪੁਣਾ.

ਰਜਵਾਹਾ: ਰਿਜੁ (ਸਿੱਧਾ) ਵਹਿਣਵਾਲਾ ਜਲ ਦਾ ਪ੍ਰਵਾਹ. ਨਹਿਰ ਵਿੱਚੋਂ ਕੱਢਿਆ ਸੂਆ ਕੱਸੀ ਆਦਿ.

ਰਜਵਾਰਾ, ਰਜਵਾੜਾ: ਰਿਆਸਤ. ਰਾਜ੍ਯ। ੨. ਰਾਜ੍ਯਵਾਲਾ. ਰਾਜਾ. "ਰੋਹ ਭਰੇ ਰਜਵਾਰੇ." (ਪਾਰਸਾਵ)

ਰਜਾ: ਰੱਜਾਂ. ਤ੍ਰਿਪਤ ਹੋਵਾਂ. "ਤੁਧੁ ਸਾਲਾਹਿ ਨ ਰਜਾ ਕਬਹੂੰ." (ਮਾਝ ਅਃ ਮਃ ੩) ੨. ਅ਼. رضا ਰਜ਼ਾ. ਪ੍ਰਸੰਨਤਾ. ਖ਼ੁਸ਼ਨੂਦੀ। ੩. ਮਨਜੂਰੀ. ਅੰਗੀਕਾਰ। ੪. ਕਰਤਾਰ ਦਾ ਭਾਣਾ. "ਰਜਾ ਮਹਿ ਰਹਿਨਾ ਰਾਜੀ." (ਗੁਪ੍ਰਸੂ) ੫. ਫੌਜੀਆਂ ਦੇ ਸੰਕੇਤ ਵਿੱਚ ਛੁੱਟੀ ਨੂੰ ਭੀ ਰਜਾ[1068] ਆਖਦੇ ਹਨ। ੬. ਅ਼. ਰਜਾ. ਆਸ਼ਾ. ਉਮੀਦ.

ਰਜਾਇ: ਦੇਖੋ, ਰਜਾ ੨. ਅਤੇ ੪. "ਰਬ ਕੀ ਰਜਾਇ ਮੰਨੇ ਸਿਰ ਉਪਰਿ." (ਮਃ ੧. ਵਾਰ ਮਾਝ) "ਸੋ ਕਰੇ, ਜਿ ਤਿਸੈ ਰਜਾਇ." (ਵਾਰ ਆਸਾ) ੨. ਵਿ- ਰਜਾਵਾਲਾ. ਦੇਖੋ, ਰਜਾ ੨. ਅਤੇ ੪. "ਹਰਿ ਹਰਿ ਨਾਮੁ ਧਿਆਈਐ, ਜਿਸ ਨਉ ਕਿਰਪਾ ਕਰੇ ਰਜਾਇ." (ਸ੍ਰੀ ਮਃ ੩)

ਰਜਾਇਕ: ਦੇਖੋ, ਰਜਾਕ. "ਰਜਾਇਕ ਯਕੀਨੈ." (ਜਾਪੁ) ਬਿਨਾ ਸੰਸੇ ਰਿਜ਼ਕ. ਦੇਣ ਵਾਲਾ ਹੈ.

ਰਜਾਈ: ਰਜਾ ਵਾਲਾ. ਕਰਤਾਰ. "ਹੁਕਮਿ ਰਜਾਈ ਚਲਣਾ." (ਜਪੁ) ੨. ਰਜਾ. ਹੁਕਮ. ਆਗਯਾ. "ਕਹੈ ਬਹੁਰ ਮੁਝ ਦੇਹੁ ਰਜਾਈ." (ਨਾਪ੍ਰ) ੩. ਰਜ਼ਾ ਵਿੱਚ. ਭਾਣੇ ਮੇਂ. "ਨਾਨਕ ਰਹਣੁ ਰਜਾਈ." (ਜਪੁ) "ਚਾਲਉ ਸਦਾ ਰਜਾਈ." (ਸੋਰ ਅਃ ਮਃ ੧) "ਜੇ ਧਨ ਖਸਮੈ ਚਲੈ ਰਜਾਈ." (ਮਃ ੩. ਵਾਰ ਸ੍ਰੀ) ੪. ਤ੍ਰਿਪਤ ਹੋਇਆ. ਆਨੰਦ. ਸੰਤੁਸ਼੍ਟ. "ਜੈਸੇ ਸਚ ਮਹਿ ਰਹਉ ਰਜਾਈ." (ਬਿਲਾ ਮਃ ੧) ੫. ਸੰਗਯਾ- ਲੇਫ. ਲਿਹ਼ਾਫ਼. ਰੂਈਦਾਰ ਓਢਣ ਦਾ ਵਸਤ੍ਰ.

ਰਜਾਕ: ਅ਼. رزاق ਰੱਜ਼ਾਕ਼. ਵਿ- ਰਿਜ਼ਕ਼ ਦੇਣ ਵਾਲਾ. "ਕਿ ਰੋਜੀ ਰਜਾਕੈ." (ਜਾਪੁ) ੨. ਸੰਗਯਾ- ਕਰਤਾਰ, ਜੋ ਸਭ ਨੂੰ ਰੋਜੀ ਦਿੰਦਾ ਹੈ.

ਰਜਾਣ: ਫ਼ਾ. راجگان ਰਾਜਗਾਨ. ਰਾਜਾਗਣ. "ਸੁ ਬੀਰੰ ਰਜਾਣੰ." (ਗ੍ਯਾਨ)

ਰਜਾਦੀ: ਰਾਯਜ਼ਾਦੀ. ਰਾਜਕੁਮਾਰੀ. "ਜਾਣੁ ਰਜਾਈ ਉੱਤਰੀ ਪੈਨ੍ਹਿ ਸੂਹੀ ਸਾਰੀ." (ਚੰਡੀ ੩) "ਭਾਖੈ ਮਰਦਾਨਾ ਯੌਂ ਰਜਾਦੀ ਸੁਨ ਲੀਜੈ." (ਨਾਪ੍ਰ)

---

[1068] ਖ਼ਾਸ ਕਰਕੇ furlough ਨੂੰ.

ਰਜ਼ਾਬਖ਼ਸ਼: ਰਜਾ (ਆਸ਼ਾ) ਪੂਰੀ ਕਰਨ ਵਾਲਾ. ਦੇਖੋ, ਰਜਾ ੬.

ਰਜਾਮੰਦ: ਫ਼ਾ. رضامند ਰਜ਼ਾਮੰਦ. ਵਿ- ਜੋ ਕਿਸੇ ਗੱਲ ਪੁਰ ਰਾਜੀ ਅਥਵਾ ਸਹਮਤ ਹੋ ਗਿਆ ਹੈ.

ਰਜਾਮੰਦੀ: ਫ਼ਾ. رضامندی ਰਜਾਮੰਦੀ. ਸੰਗਜਾ- ਆਪਣੀ ਪ੍ਰਸੰਨਤਾ ਜਾਂ ਸਹਮਤ ਹੋਣ ਦੀ ਕ੍ਰਿਯਾ.

ਰਜਾਲ: ਅ਼. رذال ਰਜਾਲ. ਵਿ- ਨੀਚ. ਅਧਮ. ਕਮੀਨਾ.

ਰਜਿ: ਕ੍ਰਿ. ਵਿ- ਰੱਜਕੇ. ਤ੍ਰਿਪਤ ਹੋਕੇ. "ਰਜਿ ਰਜਿ ਭੋਜਨੁ ਖਾਵਹੁ, ਮੇਰੇ ਭਾਈ." (ਬਿਲਾ ਮਃ ੫) ੨. ਸੰਗਜਾ- ਵਿਸ਼ਨੁਪੁਰਾਣ ਅਨੁਸਾਰ ਇੱਕ ਰਾਜਾ, ਜਿਸ ਨੇ ਇੰਦ੍ਰ ਦੀ ਸਹਾਇਤਾ ਕਰਕੇ ਦੈਤਾਂ ਨੂੰ ਭਾਰੀ ਹਾਰ ਦਿੱਤੀ ਸੀ.

ਰਜਿਕਾ: ਸੰਗਜਾ- ਰਜਕ ਦੀ ਇਸਤ੍ਰੀ. ਕਪੜੇ ਰੰਗਣ ਅਤੇ ਧੋਣ ਵਾਲੀ ਇਸਤ੍ਰੀ.

ਰਜਿੰਦ: ਰਾਜ- ਇੰਦ੍ਰ. ਰਾਜੇਂਦ੍ਰ। ੨. ਰਾਜ- ਦਿਹੰਦ. ਭੇਤ ਦੇਣ ਵਾਲਾ. "ਕੋਊ ਜੌ ਨ੍ਰਿਪਤਿ ਭ੍ਰਿਤ ਭਾਗ ਜਾਇ ਭੂਮੀਆ ਪੈ, ਧਾਇ ਮਾਰੇ ਭੂਮੀਆ ਕੋ ਸਹਿਤ ਰਜਿੰਦ ਜੀ." (ਭਾਗੁ ਕ)

ਰਜਿਯਾ: ਰਾਜਪੂਤ। ੨. ਰਾਜਕੁਮਾਰ। ੩. ਦੇਖੋ, ਰਜੀ ੩. ਅਤੇ ਰਜੀਪੁਤ੍ਰ.

ਰਜੀ: ਰੱਜੀ. ਤ੍ਰਿਪਤ ਹੋਈ. ਦੇਖੋ, ਧਾਈ ੪। ੨. ਦੇਖੋ, ਰੱਜੀ ੨। ੩. ਰਾਜਾ ਦੀ ਕੁਆਰੀ ਦਾਸੀ, ਜੋ ਰਣਵਾਸ ਵਿੱਚ ਰਹੇ। ੪. ਅ਼. رضی ਰਜ਼ੀ. ਉੱਤਮ ਸੁਭਾਉ ਵਾਲਾ. "ਗਾਜੀ ਰਜੀ ਰੋਹ ਰੂਮੀ." (ਕਲਕੀ) ੫. ਰਜੀਲ ਦਾ ਸੰਖੇਪ. ਦੇਖੋ, ਰਜੀਲ ੧. ਅਤੇ ੨.

ਰਜੀਆ: ਦੇਖੋ, ਰਜੀ ੩। ੨. ਦੇਖੋ, ਰਜਿਕਾ। ੩. ਦੇਖੋ, ਰਜਿਯਾ.

ਰਜੀਪੁਤ੍ਰ: ਰਾਜਾ ਦਾ ਪੁਤ੍ਰ, ਜੋ ਰਜੀ (ਦਾਸੀ) ਤੋਂ ਪੈਦਾ ਹੋਇਆ ਹੈ. "ਅਜੈਸਿੰਘ ਰਾਖਯੋ ਰਜੀਪੁਤ੍ਰ ਸੂਰੰ." (ਜਨਮੇਜਯ)

ਰਜੀਲ, ਰਜੀਲਾ: ਅ਼. رجیل ਵਿ- ਕਰੜਾ. ਕਠੋਰ। ੨. ਚਾਲਾਕ. ਚੁਸ੍ਤ. "ਰਜੀਲੋ ਰਣਰੰਗ ਧੀਰ." (ਕਵਿ ੫੨) ੩. ਅ਼. رذیل ਰਜੀਲ. ਕਮੀਨਾ. ਨੀਚ. ਅਦਨਾ.

ਰਜੂਲ: ਫ਼ਾ. رنجوُر ਰੰਜੂਰ. ਵਿ- ਦੁਖੀ. ਸ਼ੋਕਾਤੁਰ. "ਮੁੱਲਾ ਕਾਜੀ ਭਏ ਰਜੂਲ." (ਪ੍ਰਾਪੰਪ੍ਰ) ੨. ਰੋਗੀ. ਬੀਮਾਰ.

ਰਜੋਗੁਣ: ਦੇਖੋ, ਰਜ ੪. ਅਤੇ ਰਜਗੁਣ.

ਰਜੌਤੀ: ਸੰਗਜਾ- ਰਾਜਪੂਤੀ. ਰਾਜਪੂਤਪਨ. ਰਾਜਪੂਤ ਦਾ ਧਰਮ. "ਰਜੌਤੀ ਨਿਬਾਹੀ." (ਵਿਚਿਤ੍ਰ)

ਰੱਜਬ: ਦਾਦੂ ਦਾ ਚੇਲਾ ਅਤੇ ਵ੍ਰਿਜਭਾਸ਼ਾ ਦਾ ਉੱਦਮ ਕਵੀ ਇੱਕ ਸਾਧੂ. ਇਸ ਦੇ ਦੇਹੇ ਅਤੇ ਛੱਪਯ ਕਵਿ- ਸਮਾਜ ਵਿੱਚ ਆਦਰ ਨਾਲ ਪੜ੍ਹੇ ਜਾਂਦੇ ਹਨ.

ਦੋਹਾ

ਸਾਧੁ ਸਰਾਹੈ ਸੋ ਸਤੀ, ਯਤੀ ਯੋਸ਼ਿਤਾ ਜਾਨ,

ਰੱਜਬ ਸਾਚੇ ਸੂਰ ਕੀ ਵੈਰੀ ਕਰੈ ਬਖਾਨ.

ਛੱਪਯ

ਪਾਰਸ ਪਲਟੈ ਲੋਹ ਬਨੀ ਸੰਗਤਿ ਜਯੋਂ ਬਾਵਨ,

ਵਾਰਿ ਵਾਰੁਣੀ ਵਿਵਿਧ ਪੈਠਿ ਗੰਗਾ ਮਧ ਪਾਵਨ,

ਚੁੰਬਕ ਹਲਚਲ ਲੋਹ ਆਂਖ ਆਦਿਤ ਸੰਗ ਖੋਲਹਿ,

ਰੋਗੀ ਹੋਇ ਨਿਰੋਗ ਔਖਧੀ ਮੁਖ ਮਧ ਮੇਲਹਿ,

ਸਾਧੂ ਸੰਗ ਸਮਾਜ ਜਗ ਯਥਾ ਸ੍ਵਾਤਿ ਸੀਪਹਿ" ਪੜੀ,

ਰੱਜਬ ਛਾਂਹਿ, ਹੁਮਾਯੁ ਸਿਰ ਤਜੋਂ ਸਤਿਸੰਗਤਿ ਕੀ ਘੜੀ.

ਰੱਜੀ: ਤ੍ਰਿਪਤ ਹੋਈ. ਧ੍ਰਾਪੀ। ੨. ਬਾਬਾ ਗੁੱਦੜਸਿੰਘ ਜੀ ਦੀ ਧਰਮ ਪਤਨੀ, ਜੋ ਬਾਗੜੀਆਂ ਵਿੱਚ ਅਤੁੱਟ ਲੰਗਰ ਵਰਤਾਕੇ ਅਭ੍ਯਾਗਤਾਂ ਦੀ ਪਾਲਨਾ ਕਰਦੀ ਸੀ. ਮਾਈ ਰੱਜੀ ਬਾਣੀ ਦਾ ਪਾਠ ਕਰਦੀ ਹੋਈ ਆਪ ਚੱਕੀ ਪੀਂਹਦੀ ਅਤੇ ਰਾਤ ਦਿਨ ਸੇਵਾ ਵਿੱਚ ਲਗੀ ਰਹਿੰਦੀ. ਇਸ ਦਾ ਦੇਹਾਂਤ ਸੰਮਤ ੧੯੪੧ ਵਿੱਚ ਹੋਇਆ ਹੈ.

ਰਜਜਾਰੇ: ਰਾਜਜ ਵਾਲੇ, ਰਾਜੇ. "ਮਚੇ ਕੋਪ ਕੈਕੈ ਹਠੀਲੇ ਰਜਜਾਰੇ." (ਚਰਿਤ੍ਰ ੪੦੫) ੨. ਰਜਵਾੜਾ ਦਾ ਬਹੁ ਵਚਨ. ਰਜਵਾੜੇ. ਰਿਆਸਤਾਂ.

ਰਵਾਣਨਾ: ਕ੍ਰਿ- ਰੰਜ ਦੇਣਾ. ਦੁਖੀ ਕਰਨਾ. "ਕੋਇ ਨ ਕਿਸੈ ਰਵਾਣਦਾ." (ਸ੍ਰੀ ਮः ੫. ਪੈਪਾਇ) "ਤਉ ਕੜੀਐ, ਜੇ ਭੂਲਿ ਰੰਵਾਣੈ." (ਭੈਰ ਮः ੫)

ਰਵਾਣਿ: ਕ੍ਰਿ. ਵਿ- ਰੰਜ ਕਰਕੇ. ਦੁਖਾਕੇ. "ਅਨਾਥ ਰਵਾਣਿ ਉਦਰੁ ਲੇ ਪੋਖਹਿ." (ਸਾਰ ਮः ੫)

ਰਵਾਣੀ: ਦੇਖੋ, ਰੰਵਾਣੀ.

ਰਟ: ਸੰ. रट्. ਧਾ- ਬੋਲਣਾ, ਪੁਕਾਰਨਾ.

ਰਟਣਾ: ਦੇਖੋ, ਰਟਨ.

ਰਟਤ: ਪੁਕਾਰਦਾ ਹੈ. ਦੇਖੋ, ਰਟ ਧਾ. "ਆਰਤ ਦੁਆਰਿ ਰਟਤ ਪਿੰਗੁਰੀਆ." (ਗਉ ਮः ੫)

ਰਟਨ: ਸੰ. ਸੰਗਯਾ- ਪੁਕਾਰਣ ਦੀ ਕ੍ਰਿਯਾ. ਉੱਚਾਰਣ.

ਰਟਾ: ਸੰਗ੍ਯਾ- ਮੋਰ, ਜੋ ਉੱਚੇ ਸੁਰ ਨਾਲ ਰਟ (ਬੋਲਦਾ) ਹੈ. "ਸ਼ੋਰ ਕਰੈਂ ਚਹੁੰ ਓਰ ਰਟਾ ਸੀ." (ਕ੍ਰਿਸਨਾਵ)

ਰਟਿਆ: ਉੱਚਾਰਣ ਕੀਤਾ. ਦੇਖੋ, ਰਟ ਧਾ। ੨. ਰਤਿਆ. ਰੰਗਿਆ ਹੋਇਆ. "ਮਾਇਆ ਰੰਗਿ ਰਟਿਆ." (ਜੈਤ ਛੰਤ ਮः ੫)

ਰਟਿਤ: ਸੰ. ਵਿ- ਪੁਕਾਰਿਆ ਹੋਇਆ। ੨. ਸੰਗ੍ਯਾ- ਪੁਕਾਰ. ਸੱਦ.

ਰਟੈਯਾ: ਵਿ- ਰਟਨ (ਪੁਕਾਰਨ) ਵਾਲਾ। ੨. ਉੱਚੇ ਸੁਰ ਨਾਲ ਕਿਸੇ ਪਾਠ ਨੂੰ ਰਟਨ (ਘੋਖਣ) ਵਾਲਾ.

ਰਠੌਰ: ਰਾਜਪੂਤਾਂ ਦੀ ਇੱਕ ਜਾਤਿ, ਜੋ ਸੂਰਯਵੰਸ਼ੀ ਹੈ. ਮਾਰਵਾਰ ਤਥਾ ਬੀਕਾਨੇਰ ਵਿੱਚ ਇਹ ਜਾਤਿ ਵਿਸ਼ੇਸ਼ ਹੈ. ਇਸ ਦਾ ਮੂਲ ਰਾਸ਼੍ਟ੍ਰਕੂਟ ਸ਼ਬਦ ਹੈ.

ਰਡ, ਰੱਡ: ਮਰਾ. ਸੰਗ੍ਯਾ- ਧ੍ਵਨਿ. ਸ਼ਬਦ. "ਭੇਰੀ ਸਡੋ ਰਡ." (ਸ. ਫਰੀਦ) ੨. ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪਹਿਲੇ ਚਰਣ ਦੀਆਂ ੪੧ ਮਾਤ੍ਰਾ ੧੫- ੧੧- ੧੫ ਪੁਰ ਤਿੰਨ ਵਿਸ਼੍ਰਾਮ, ਦੂਜੇ ਚਰਣ ਦੀਆਂ ੨੬ ਮਾਤ੍ਰਾ. ੧੧- ੧੫ ਪੁਰ ਵਿਸ਼੍ਰਾਮ, ਅੰਤ ਦੋ ਚਰਣ ਦੋਹਾ. ਇਹ ਵਿਖਮਤਰ ਛੰਦ ਹੈ.

ਉਦਾਹਰਣ-

ਕੀਜੈ ਸਦਾ ਧਰਮ ਪਰਿਚਾਰ, ਦੇਸ਼ਪ੍ਰੇਮ ਕੋ ਧਾਰ,

ਕਦੇ ਨ ਦਨਐਤਭਾਵ ਕਰਿਯੇ,

ਮਨ ਨੀਵਾਂ ਮਤਿ ਉੱਚ, ਹਿਤ ਕੀ ਸਿਖਯਾ ਕੰਨ ਧਰਿਯੇ,

ਜੋ ਨਰ ਸਤਗੁਰਬਚਨ ਪੈ, ਅਮਲ ਕਰਤ ਦਿਨ ਰੈਨ,

ਹਰਿਵ੍ਰਿਜੇਸ਼ ਸੁਖ ਸੰਪਦਾ, ਬਸਤੀ ਹੈ ਤਿਸ ਐਨ.

ਇਹੀ ਰੂਪ ਰਡ ਦਾ ਭੱਟਾਂ ਦੇ ਸਵੈਯਾਂ ਵਿੱਚ ਆਇਆ ਹੈ, ਯਥਾ-

ਜਿਸਹਿ ਧਾਰਜਉ ਧਰਤਿ ਅਰ ਵਿਉਮੁ,

ਅਰੁ ਪਵਣੁ ਤੇ ਨੀਰ ਸਰ,

ਅਵਰ ਅਨਲ ਅਨਾਦਿ ਕੀਅਉ,

ਸਸਿ ਰਿਖਿ ਨਿਸਿ ਸੂਰ ਦਿਨਿ

ਸੈਲ ਤਰੂਅ ਫਲ ਫੁਲ ਦੀਅਉ,

ਸੁਰਿ ਨਰ ਸਪਤ ਸਮੁਦ੍ਰ ਕਿਅ,

ਧਾਰਿਓ ਤ੍ਰਿਭਵਣ ਜਾਸੁ,

(ਸੋਈ) ਏਕੁ ਨਾਮੁ ਹਰਿਨਾਮੁ ਸਤਿ

ਪਾਇਓ (ਗੁਰ) ਅਮਰ ਪ੍ਰਗਾਸੁ.[1069]

(ਸਵੈਯੇ ਮਃ ੪. ਕੇ)

ਰਣ, ਰਣੁ: ਸੰ. रण्. ਧਾ- ਜਾਣਾ, ਸ਼ਬਦ (ਸ਼ੋਰ) ਕਰਨਾ, ਖ਼ੁਸ਼ ਹੋਣਾ। ੨. ਸੰਗਯਾ- ਜੰਗ, ਜਿਸ ਵਿੱਚ ਬਹੁਤ ਰੌਲਾ ਹੁੰਦਾ ਹੈ. "ਰਣੁ ਦੇਖਿ ਸੂਰੇ ਚਿਤ ਉਲਾਸ." (ਬਸੰ ਮਃ ੫)

ਰਣਉੱਧਿਤ: ਦੇਖੋ, ਰਣੋਧਿੱਤ ਅਤੇ ਕਰਖਾ.

ਰਣਸਿੰਹਾ, ਰਣਸਿੰਗਾ, ਰਣਸਿੰਘਾ: ਸੰਗਯਾ- ਰਣਸ਼੍ਰਿੰਗ. ਸਿੰਗ ਦੇ ਆਕਾਰ ਦਾ ਇੱਕ ਤਿੰਨ ਵਿੰਗਾਂ ਵਾਲਾ ਧਾਤੁ ਦਾ ਵਾਜਾ, ਜਿਸ ਦਾ ਇੱਕ ਸਿਰਾ ਪਤਲਾ ਅਤੇ ਦੂਜਾ ਬਹੁਤ ਚੌੜਾ ਹੁੰਦਾ ਹੈ. ਇਸ ਨਾਲ ਰਣ ਵੇਲੇ ਸਿੰਘਾਨਾਦ ਕਰੀਦਾ ਹੈ. ਹੁਣ ਇਹ ਵਾਜਾ ਸਾਧਾਂ ਦੇ ਅਖਾੜਿਆਂ ਅਤੇ ਦੇਵਮੰਦਿਰਾਂ ਵਿੱਚ ਵਜਾਇਆ ਜਾਂਦਾ ਹੈ.

ਰਣਕ: ਸੰਗਯਾ- ਘੁੰਘਰੂ ਝਾਂਝਰ ਆਦਿ ਦੀ ਧੁਨਿ. ਦੇਖੋ, ਰਣ ਧਾ. ਦੇਖੋ, ਰਣਤਕਾਰ.

ਰਣਕ੍ਸ਼ੇਤ੍ਰ, ਰਣਖੇਤ: ਸੰਗਯਾ- ਜੰਗ ਦਾ ਮੈਦਾਨ. ਰਣਭੂਮਿ.

ਰਣਖੰਭ: ਰਣਸ੍ਤੰਭ. ਜੰਗਭੂਮਿ ਵਿੱਚ ਗੱਡਿਆ ਨਿਸ਼ਾਨ। ੨. ਜੰਗ ਦੀ ਥਾਂ ਯਾਦਗਾਰ ਲਈ ਬਣਾਇਆ ਥਮਲਾ (ਸਤੂਨ) ਮੁਨਾਰਾ.

ਰਣਗਾਮੀ: ਜੰਗ ਵਿੱਚ ਜਾਣ ਵਾਲਾ, ਯੋਧਾ. "ਧਜਾਨ ਧਰੈਂ ਇਹ ਕੋ ਰਣਗਾਮੀ." (ਕ੍ਰਿਸਨਾਵ)

ਰਣ ਚਕ੍ਸ਼ਣ, ਰਣ ਚੱਖਣ: ਸੰਗਯਾ- ਰਣ ਵਿੱਚ ਬਹੁਤ ਚਕ੍ਸ਼ਣ (ਬੋਲਣ) ਵਾਲਾ ਦੈਤ, ਜੋ ਰਕ੍ਤਬੀਜ ਦਾ ਸਾਥੀ ਸੀ.

ਰਣਛੇਤ੍ਰ: ਦੇਖੋ, ਰਣਕ੍ਸ਼ੇਤ੍ਰ.

---

[1069] ਇਸ ਛੰਦ ਵਿੱਚ ਧਾਰਿਓ ਅਤੇ ਪਾਇਓ ਦਾ ਉੱਚਾਰਣ ਧਾਰਯੋ ਅਤੇ ਪਾਯੋ ਹੈ. ਸੋਈ ਅਤੇ ਗੁਰ ਸ਼ਬਦ ਗਾਉਣ ਦੀ ਧਾਰਨਾ ਲਈ ਹਨ.

**ਰਣਛੋੜ:** ਵਿ- ਜੰਗ ਨੂੰ ਛੱਡਣ ਵਾਲਾ. ਭਗੌੜਾ। ੨. ਸੰਗਯਾ- ਜਰਾਸੰਧ ਅਤੇ ਕਾਲਯਮਨ (ਯਵਨ) ਤੋਂ ਭੱਜ ਜਾਣ ਵਾਲਾ, ਕ੍ਰਿਸ਼ਨਦੇਵ. ਦ੍ਵਾਰਿਕਾ ਵਿੱਚ "ਰਣਛੋੜ" ਦਾ ਪ੍ਰਸਿੱਧ ਮੰਦਿਰ ਹੈ. ਦੇਖੋ, ਦ੍ਵਾਰਾਵਤੀ.

**ਰਣਜੀਤ:** ਵਿ- ਜੰਗ ਜਿੱਤਣ ਵਾਲਾ. "ਰਣਜੀਤ ਬੜਾ ਅਖਾੜਾ." (ਆਸਾ ਮਃ ੫) ਭਾਵ- ਵਿਕਾਰਦੰਗਲ ਫਤੇ ਕਰਨ ਵਾਲਾ। ੨. ਸੰਗਯਾ- ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਨਗਾਰਾ, ਜੋ ਸਵਾਰੀ ਦੇ ਅੱਗੇ ਵੱਜਿਆ ਕਰਦਾ ਸੀ. "ਗੁਰੁਘਰ ਕੋ ਰਣਜੀਤ ਨਗਾਰਾ." (ਗੁਪ੍ਰਸੂ) ਇਹ ਨਗਾਰਾ ਸੰਮਤ ੧੭੪੧ ਵਿੱਚ ਆਨੰਦਪੁਰ ਤਿਆਰ ਹੋਇਆ ਸੀ। ੩. ਕਵਿ ਸੈਨਾਪਤਿ ਨੇ ਗੁਰੁਸੋਭਾ ਗ੍ਰੰਥ ਵਿੱਚ ਸਾਹਿਬਜ਼ਾਦਾ ਅਜੀਤਸਿੰਘ ਜੀ ਲਈ ਰਣਜੀਤ ਅਤੇ ਰਣਜੀਤਸਿੰਘ ਨਾਮ ਵਰਤਿਆ ਹੈ- "ਲਰਤ ਸਿੰਘਰਣਜੀਤ ਤਹਿਂ ਫੌਜ ਦਈ ਸਭ ਮੋਰ." (ਗੁਰੁਸ਼ੋਭਾ)

**ਰਣਜੀਤਸਿੰਘ:** ਦੇਖੋ, ਰਣਜੀਤ ੩। ੨. ਸਰਦਾਰ ਜੈਸਿੰਘ ਰਈਸ ਲੱਧੜਾਂ ਦੀ ਪੁਤ੍ਰੀ ਦਯਾਕੌਰ ਦੇ ਉਦਰੋਂ ਰਾਜਾ ਜਸਵੰਤਸਿੰਘ ਨਾਭਾਪਤਿ ਦਾ ਵਡਾ ਪੁਤ੍ਰ. ਜੋ ਕੁਸੰਗਤਿ ਦੇ ਕਾਰਣ ਸਨ ੧੮੧੮ ਵਿੱਚ ਪਿਤਾ ਦਾ ਵਿਰੋਧੀ ਹੋਗਿਆ. ਇਸ ਦੀ ਸਾਰੀ ਉਮਰ ਕਲੇਸ਼ ਵਿੱਚ ਵੀਤੀ. ੧੭. ਜੂਨ ਸਨ ੧੮੩੨ ਨੂੰ ਇਸ ਦਾ ਦੇਹਾਂਤ ਸਹੁਰੇਘਰ ਪਤਰਹੇੜੀ (ਜਿਲਾ ਅੰਬਾਲਾ) ਵਿੱਚ ਹੋਇਆ। ੩. ਦੇਖੋ, ਰਣਜੀਤਸਿੰਘ ਮਹਾਰਾਜਾ.

**ਰਣਜੀਤਸਿੰਘ ਮਹਾਰਾਜਾ:** ਮਿਸਲ ਸੁਕ੍ਰਚੱਕੀਆ ਦੇ ਜਥੇਦਾਰ ਸਰਦਾਰ ਮਹਾਸਿੰਘ ਦੇ ਘਰ, ਜੀਂਦਪਤਿ ਰਾਜਾ ਗਜਪਤਿਸਿੰਘ ਦੀ ਸੁਪੁਤ੍ਰੀ, ਰਾਜਕੌਰ ਦੇ ਉਦਰ ਤੋਂ ਸੰਮਤ ੧੮੩੭ (੨ ਨਵੰਬਰ ਸਨ ੧੭੮੦) ਵਿੱਚ ਰਣਜੀਤਸਿੰਘ ਦਾ ਜਨਮ ਹੋਇਆ.[1070] ਛੋਟੀ ਉਮਰ ਵਿੱਚ ਚੇਚਕ (ਮਾਤਾ) ਨਿਕਲਣ ਕਰਕੇ ਇਸ ਦੀ ਖੱਬੀ ਅੱਖ ਜਾਂਦੀ ਰਹੀ ਅਰ ਚੇਹਰੇ ਤੇ ਮਾਤਾ ਦੇ ਬਹੁਤ ਦਾਗ ਹੋ ਗਏ. ਪਿਤਾ ਦਾ ਦੇਹਾਂਤ ਹੋਣ ਪੁਰ ਰਣਜੀਤ ਸਿੰਘ ਦਸ ਵਰ੍ਹੇ ਦੀ ਉਮਰ ਵਿੱਚ ਗੱਦੀ ਤੇ ਬੈਠਾ. ਇਸ ਦੀ ਛੋਟੀ ਉਮਰ ਵਿੱਚ ਇਸ ਦੇ ਪਿਤਾ ਦੇ ਅਹਿਲਕਾਰ ਸਰਦਾਰ ਦਲਸਿੰਘ ਅਤੇ ਦੀਵਾਨ ਲਖਪਤਿਰਾਇ ਮਾਈ ਰਾਜਕੌਰ ਦੀ ਹਦਾਇਤ ਅਨੁਸਾਰ ਰਿਆਸਤ ਦਾ ਕੰਮ ਚਲਾਉਂਦੇ ਰਹੇ. ਭਾਈ ਫੇਰੂਸਿੰਘ ਗੁੱਜਰਾਂਵਾਲੇ ਦੀ ਸਰਕਾਰੀ ਧਰਮਸ਼ਾਲਾ ਦਾ ਗ੍ਰੰਥੀ ਧਾਰਮਿਕ ਸਿਖ੍ਯਾ ਲਈ ਮੁਕੱਰਿਰ ਕੀਤਾ ਗਿਆ. ਰਣਜੀਤਸਿੰਘ ਨੂੰ ਸਭ ਤੋਂ ਵਧਕੇ ਸ਼ਸਤ੍ਰਵਿਦ੍ਯਾ ਅਤੇ ਘੋੜੇ ਦੀ ਸਵਾਰੀ ਦਾ ਸ਼ੌਕ ਸੀ, ਇਸ ਲਈ ਦੋਹਾਂ ਵਿੱਚ ਬਹੁਤ ਛੇਤੀ ਕਮਾਲ ਹਾਸਿਲ ਕਰ ਲਿਆ.

ਹੋਨਹਾਰ ਰਣਜੀਤਸਿੰਘ ਦੀ ਉਮਰ ਦੇ ਨਾਲ ਹੀ ਪ੍ਰਤਾਪ ਦੀ ਅਜੇਹੀ ਵ੍ਰਿੱਧੀ ਹੋਈ ਕਿ ਸੰਮਤ ੧੮੫੬ (ਸਨ ੧੭੯੯) ਵਿੱਚ ਇਸ ਨੇ ਲੌਹਰ ਪੁਰ ਕਬਜਾ ਕਰ ਲਿਆ ਅਰ ਸੰਮਤ ੧੮੫੮ ਵਿੱਚ ਭਾਰੀ ਦਰਬਾਰ ਕਰਕੇ "ਮਹਾਰਾਜਾ" ਪਦਵੀ ਧਾਰਣ ਕੀਤੀ, ਪਰ ਮਹਾਰਾਜਾ ਰਣਜੀਤਸਿੰਘ "ਸਿੰਘਸਾਹਿਬ" ਸ਼ਬਦ ਜਾਦਾ ਪਸੰਦ ਕਰਦਾ ਸੀ.[1071] ਇਹ ਐਸਾ ਪ੍ਰਤਾਪੀ ਹੋਇਆ ਹੈ ਕਿ ਜਿਸ ਪਾਸੇ ਮੂੰਹ ਕਰਦਾ, ਵਿਜੈ ਲੱਛਮੀ ਭੁਜਾ ਪਸਾਰਕੇ ਇਸ ਨੂੰ ਵਰਨ ਲਈ ਅੰਗੇ ਵਧਦੀ. ਇਸ ਨੇ ਛੋਟੇ ਸਰਦਾਰ ਦੇ ਘਰ ਪੈਦਾ ਹੋਕੇ ਸਤਲੁਜ ਤੋਂ ਪੇਸ਼ਾਵਰ ਅਤੇ ਤਿੱਬਤ ਦੀ ਹੱਦ ਤੋਂ ਸਿੰਧ ਤੀਕ ਆਪਣਾ ਰਾਜ ਫੈਲਾਕੇ ਚਾਰ ਸੂਬੇ (ਲਹੌਰ, ਪੇਸ਼ਾਵਰ, ਕਸ਼ਮੀਰ, ਮੁਲਤਾਨ) ਕਾਇਮ ਕੀਤੇ. ਮਹਾਰਾਜਾ ਦਾ ਖਿਆਲ ਸੀ ਕਿ ਸਿੱਖਾਂ ਦੀ ਸਾਰੀ ਖਿੰਡੀ ਹੋਈ ਤਾਕਤ ਨੂੰ ਇਕੱਠੀ ਕਰਕੇ ਇੱਕ ਕੇਂਦ੍ਰੀ ਸਲਤਨਤ ਬਣਾਈ ਜਾਵੇ.

ਅੰਗ੍ਰੇਜ਼ੀ ਇਤਿਹਾਸਾਂ ਵਿੱਚ ਮਹਾਰਾਜਾ ਦੀ ਪਦਵੀ "ਸ਼ੇਰੇ ਪੰਜਾਬ" (The Lion of the Punjab) ਹੈ. ਇਸ ਦਾ ਦਰਬਾਰ ਲਾਇਕ ਅਹਿਲਕਾਰਾਂ ਅਤੇ ਯੋਗ੍ਯ ਜਰਨੈਲਾਂ ਨਾਲ ਭਰਪੂਰ ਸੀ. ਸੈਨਾ ਇਸ ਦੀ ਵਡੀ ਬਲਵਾਨ ਅਤੇ ਮਾਲਿਕ ਤੋਂ ਪ੍ਰਾਣ ਵਾਰਨ ਵਾਲੀ ਸੀ, ਇਸ ਪੁਰ ਭੀ ਇਹ ਨੰਮ੍ਰ ਐਸਾ ਸੀ ਕਿ ਜਦ ਦਿੱਲੀ ਦੇ ਗੁਰਦੁਆਰਿਆਂ ਦੇ ਪੁਜਾਰੀ ਇਸ ਨੂੰ ਲਹੌਰ ਮਿਲਣ ਆਏ, ਤਦ ਉਨ੍ਹਾਂ ਦੇ ਚਰਣ ਭਰੇ ਦਰਬਾਰ ਆਪਣੀ ਦਾੜ੍ਹੀ ਨਾਲ ਝਾੜੇ, ਅਰ ਜਦ ਅਕਾਲੀ ਫੂਲਾਸਿੰਘ ਨੇ ਤਖ਼ਤ ਅਕਾਲਬੁੰਗੇ ਦੇ ਦੀਵਾਨ ਵਿੱਚ ਇਸ ਨੂੰ ਤਨਖਾਹੀਆ ਕਰਕੇ ਖੜਾ ਕੀਤਾ, ਤਦ ਅਕਾਲੀ ਜੀ ਦੇ ਹੱਥੋਂ ਕੌਰੜੇ ਲਗਵਾਉਣ ਲਈ ਆਪਣੀ

---

[1070] ਫੂਲਵੰਸ਼ ਦੇ ਬਜ਼ੁਰਗ ਦੱਸਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਨਾਨਕੇ ਪਿੰਡ ਬਡਰੁੱਖੀਂ ਹੋਇਆ ਹੈ, ਇਤਿਹਾਸਕਾਰਾਂ ਨੇ ਗੁੱਜਰਾਂਵਾਲੇ ਨੂੰ ਜਨਮਭੂਮਿ ਲਿਖਿਆ ਹੈ.

[1071] ਸਰਕਾਰੀ ਕਾਗਜ਼ਾਂ ਵਿੱਚ ਸਿੰਘਸਾਹਿਬ ਹੀ ਲਿਖਿਆ ਜਾਂਦਾ ਸੀ.

ਪਿੱਠ ਨੰਗੀ ਕਰ ਦਿੱਤੀ.

ਇਹ ਆਪਣੇ ਨਾਮ ਨਾਲੋਂ ਸਤਿਗੁਰੂ ਦੇ ਨਾਮ ਦੀ ਪ੍ਰਸਿੱਧ ਜਾਦਾ ਚਾਹੁੰਦਾ ਸੀ. ਅਮ੍ਰਿਤਸਰ ਵਿੱਚ ਇਸ ਨੇ ਕਿਲਾ ਗੋਬਿੰਦਗੜ੍ਹ ਕਲਗੀਧਰ ਦੇ ਨਾਮ ਪੁਰ ਬਣਾਇਆ. ਬਾਗ ਸਤਿਗੁਰੂ ਰਾਮਦਾਸ ਜੀ ਦੇ ਨਾਮ ਪੁਰ ਲਵਾਇਆ. ਇਸ ਦੀ ਮੋਹਰ ਅਤੇ ਨਾਨਕਸ਼ਾਹੀ ਸਿੱਕਹ ਦੀ ਇਬਾਰਤ ਸੀ- "ਅਕਾਲ ਪੁਰਖ ਜੀ ਸਹਾਯ. ਦੇਗੋ ਤੇਗੋ ਫ਼ਤਹ਼ ਨੁਸਰਤ. ਬੰਦਰੰਗ। ਯਾਫ਼ਤਜ਼ ਨਾਨਕ ਗੁਰੂ ਗੋਬਿੰਦਸਿੰਘ."[1072]

੨੫ ਅਪ੍ਰੈਲ ਸਨ ੧੮੦੯ (ਸੰਮਤ ੧੮੬੬) ਨੂੰ ਇਸ ਦਾ ਸਰਕਾਰ ਅੰਗ੍ਰੇਜ਼ੀ ਨਾਲ ਅਹਿਦਨਾਮਾ ਹੋਕੇ ਦੋਹਾਂ ਰਾੱਜਾਂ ਦੀ ਸਰਹੱਦ ਸਤਲੁਜ ਕਾਇਮ ਹੋਈ, ਅਰ ਮਹਾਰਾਜੇ ਨੇ ਅਹਿਦਨਾਮੇ (treaty) ਅਨੁਸਾਰ ਅੰਗ੍ਰੇਜ਼ੀ ਸਰਕਾਰ ਨਾਲ ਪੂਰਣ ਮਿਤ੍ਰਭਾਵ ਰੱਖਿਆ.

ਮਹਾਰਾਜਾ ਰਣਜੀਤਸਿੰਘ ਨੂੰ ਆਦਮੀ ਦੀ ਪਰਖ ਕਰਤਾਰ ਨੇ ਅਜੇਹੀ ਬਖ਼ਸ਼ੀ ਸੀ. ਕਿ ਉਹ ਦੇਖਦੇ ਹੀ ਗੁਣ ਔਗੁਣ ਜਾਣ ਲੈਂਦਾ. ਰਿਆਸਤ ਦਾ ਕੋਈ ਸੀਗਾ ਅਜੇਹਾ ਨਹੀਂ ਸੀ ਜਿਸ ਦੀ ਰੋਜ਼ਾਨਾ ਰਪੋਟ ਉਸ ਪਾਸ ਨਾ ਪੁਜਦੀ. ਸਮੇਂ ਦੀ ਵੰਡ ਅਜੇਹੀ ਕਰ ਰੱਖੀ ਸੀ ਕਿ ਕੋਈ ਵੇਲਾ ਭੀ ਨਿਕੰਮਾ ਨਾ ਜਾਵੇ[1073] ਮਹਾਰਾਜਾ ਨੂੰ ਆਪਣੇ ਸਿਵਲੀ ਅਤੇ ਫੌਜੀ ਅਹੁਦੇਦਾਰਾਂ ਦੇ ਗੁਪਤ ਭੇਤ ਪੂਰੀ ਤਰਾਂ ਮਲੂਮ ਰਹਿੰਦੇ ਸਨ. ਆਲਸ ਕਦੇ ਉਸ ਦੇ ਨੇੜੇ ਨਹੀਂ ਆਉਂਦਾ ਸੀ. ਕਵਿ ਸਾਹਿਬਸਿੰਘ ਜੀ ਲਿਖਦੇ ਹਨ-

"ਸਦ ਹੀ ਕਮਰ ਕਸੀ ਹਮ ਦੇਖੀ,

ਕਬਹੁੰ ਨ ਸੁਸਤੀ ਮੁਖ ਪਰ ਪੇਖੀ."

ਸੂਰਵੀਰਤਾ ਦੇ ਨਾਲ ਹੀ ਇਸ ਦੀ ਉਦਾਰਤਾ ਜਗਤਪ੍ਰਸਿੱਧ ਸੀ. ਜਾਗੀਰਾਂ ਅਤੇ ਇਨਾਮਾਂ ਤੋਂ ਵੱਖ ਬਾਰਾਂ ਲੱਖ ਰੁਪਯਾ ਦਾਨ ਵਿੱਚ

---

[1072] Ranjit Singh never forgot to humour the democratic feeling, or rather, the theocratic feeling of the Sikhs. He professed to rule "by the grace of God" like any Christian king; the name of the Guru was on his coins, and he was no more than chosen leader of the people, with whom he was always popular, though the chiefs had little love for him.
(The Rajas of the Panjab by L.H. Griffin.)

[1073] ਇਸ ਵਿਸ਼ਯ ਦੇਖੋ, 'The Panjab as a Sovereign State' ਵਿੱਚ ਅੰਗ੍ਰੇਜ਼ੀ ਏਲਚੀ ਕਪਤਾਨ ਵੇਡ ਦੀ ਅਦੀਨਾਨਗਰ ਤੋਂ ਲਿਖੀ ਚਿੱਠੀ-

In the hot weather the Maha Raja goes out about 5 a.m. and spends an hour or two in riding and inspecting his troops, then takes his first meal, often without dismounting from his horse. About 9 a.m. he retires to his residence and holds a court, receiving reports, issuing orders to his officers, and examining minutely into the financial accounts of his Goverment himself. At noon he reclines for an hour, having a secretary by his side to write from his dictation, as different things requiring execution cross his mind. At 1 p.m. he rises and passes an hour in having a portion of the Granth read to him, after which he resumes his Court, which lasts till the day begins to close, when he either sends for repast. He goes to bed between 8 and 9 p.m. a secretary still being in attendance to whom he frequently dictates his orders in the night. In the cold weather he does not go abroad until near 9 a.m.. His habits in other respects are the same, with the exception of mounting and promenading his horse in the evening along the parterves of his garden."

(Letter from Captain C.M. Wade. Political, Assistant, to the Secretary to the Governor General, Simla dated 31st. may 1831)

ਖਰਚ ਕਰਦਾ ਸੀ.[1074]

ਜਿਸ ਵੇਲੇ ਮਹਾਰਾਜਾ ਸਰਦਾਰ ਹਾਥੀ[1075] ਜਾਂ ਲੈਲਾ ਘੋੜੇ[1076] ਤੇ ਸਵਾਰ ਹੋਕੇ ਗੁਰੂ ਹਰਿਰਾਇ ਸਾਹਿਬ ਦੇ ਰਸਾਲੇ[1077] ਸਮੇਤ ਸਜ ਧਜ ਨਾਲ ਖਾਸ ਖਾਸ ਮੌਕਿਆਂ ਤੇ ਸ਼ਾਹੀ ਜਲੂਸ ਕਢਦਾ, ਤਾਂ ਲੋਕ ਉਸ ਦੀ ਪ੍ਰਭੁਤਾ ਦੇਖਕੇ ਦੰਗ ਰਹਿ ਜਾਂਦੇ ਸਨ.

ਮਹਾਰਾਜਾ ਰਣਜੀਤਸਿੰਘ ਨਾਲ ਪੜੋਸੀ ਅਤੇ ਵਿਦੇਸ਼ੀ ਬਾਦਸ਼ਾਹ ਮਿਤ੍ਰਤਾ ਰੱਖਣ ਦਾ ਸਦਾ ਯਤਨ ਕਰਦੇ ਸਨ. ਪੰਜਾਬ ਦੀ ਯਾਤ੍ਰਾ ਕਰਣ ਆਏ ਵਿਦੇਸ਼ੀ ਇਸ ਦੀ ਚਮਤਕਾਰੀ ਬੁੱਧੀ ਅਤੇ ਯੋਗ੍ਯ ਪ੍ਰਬੰਧ ਦੇਖਕੇ ਵਾਹ ਵਾਹ ਕਰ ਉਠਦੇ ਸਨ. ਮੂਰਕ੍ਰਾਫਟ W. Moorcroft ਨੇ ਆਪਣੇ ਸਫਰਨਾਮੇ ਵਿੱਚ ਲਿਖਿਆ ਹੈ ਕਿ- "ਮੈ ਏਸ਼ੀਆ ਵਿੱਚ ਮਹਾਰਾਜਾ ਰਣਜੀਤਸਿੰਘ ਜੇਹਾ ਸਿਆਣਾ ਰਾਜਾ ਅਜੇ ਤਕ ਨਹੀਂ ਡਿੱਠਾ."

ਪੰਜਾਬ ਵਿੱਚ ਸਿੱਖ ਸਲਤਨਤ ਕਾਇਮ ਕਰਕੇ ਸਿੰਘਸਾਹਿਬ ਨੇ ਆਪਣੀ ਬੁੱਧਿਮੱਤਾ ਦਾ ਪੂਰਾ ਸਬੂਤ ਦਿੱਤਾ. ਇਹ ਪ੍ਰਤਾਪੀ ਮਹਾਰਾਜਾ ਆਪਣੇ ਕਈ ਮਨੋਰਥ ਸਫਲ ਹੋਏ ਦੇਖਣ ਤੋਂ ਪਹਿਲਾਂ ਹੀ ੧੫. ਹਾੜ ਸੰਮਤ ੧੮੯੬ (੨੭ ਜੂਨ ਸਨ ੧੮੩੯) ਨੂੰ ਅਧਰੰਗ ਰੋਗ ਦੇ ਕਾਰਣ ਵਿਨਸ਼੍ਵਰ ਸੰਸਾਰ ਤੋਂ ਵਿਦਾ ਹੋ ਗਿਆ. ਇਸ ਦੀ ਸੁੰਦਰ ਸਮਾਧ ਕਿਲੇ ਦੇ ਸਾਮ੍ਹਣੇ ਬਣੀਹੋਈ ਹੈ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ.

ਮਹਾਰਾਜਾ ਦੇ ਪਰਲੋਕਗਮਨ ਪੁਰ ਕਵਿ ਜਯਸਿੰਘ ਲਿਖਦਾ ਹੈ:-

ਕੀਨੋ ਤੈਂ ਪਯਾਨ ਸੁਰਲੋਕ ਹੂੰ ਕੋ ਮਹਾਰਾਜ,

ਪੁੰਨ ਪੁੰਜ ਪੁਹਮੀ ਕੇ ਪਲ ਮੇ ਪਲਾਨੇ ਹੈਂ,

---

[1074] "Finally from the information gathered by Col. Lawrence from his counsellers, we find that he (Maharaja Ranjit Singh) spent Rs 12,00,000 a year in charity."
(Vide Punjab Government Records 1847 48, page 372)

[1075] ਇਹ ਹਾਥੀ ਬਹੁਤ ਹੀ ਉੱਚੇ ਕੱਦ ਦਾ ਅਤੇ ਸੁੰਦਰ ਸੀ. ਇਸ ਦੇ ਸਿੰਗਾਰ ਦਾ ਸਾਮਾਨ ਡੇਢ ਲੱਖ ਰੁਪਯੇ ਦਾ ਸੀ.

[1076] ਦੇਖੋ, ਲੈਲਾ ਘੋੜਾ.

[1077] ਬਾਈ ਸੋ ਸਵਾਰ ਗੁਰੂ ਹਰਿਰਾਇ ਸਾਹਿਬ ਜੀ ਦੀ ਅੜਦਲ ਵਿੱਚ ਰਹਿੰਦੇ ਸਨ, ਇਸ ਲਈ ਗੁਰੂ ਸਾਹਿਬ ਦੇ ਨਾਮ ਦਾ ਇਹ ਰਸਾਲਾ ਮਹਾਰਾਜ ਨੇ ਬਣਾਇਆ ਸੀ, ਜਿਸ ਵਿੱਚ ਸਭ ਖ਼ਾਨਦਾਨੀ ਅਤੇ ਕੱਦਾਵਰ ਸਵਾਰ ਸਨ. ਇਸ ਰਸਾਲੇ ਦਾ ਜਿਕਰ ਕਪਤਾਨ ਵੇਡ (Captain Wade) ਪੋਲਿਟੀਕਲ ਐਸਿਸਟੈਂਟ ਨੇ, ਜੋ ਅੰਗ੍ਰੇਜ਼ੀ ਸਫ਼ੀਰ ਹੋਕੇ ਮਹਾਰਾਜ ਪਾਸ ਆਇਆ ਸੀ, ਆਪਣੀ ਰਪੋਟ ੧੫. ਅਪ੍ਰੈਲ ਸਨ ੧੮੨੭ ਦੇ ਅੰਗ ੪੭ ਵਿੱਚ ਇਉਂ ਲਿਖਿਆ ਹੈ:-

" × × × the Raja ordered a large body of Ghorcherahs (ਘੋੜਚੜ੍ਹੇ) which had been standing in rear of the battalion to advance and pass in front of him. Every man as he passed the Raja saluted him with the Sikh expression of "Wah Guru Khalsa ke Fateh" They were all dressed in yellow silk and there might have been about 2,000 of them. Generally they were well mounted and old looking men. Many of them had been in the Raja's father's service. Their arms were a sword shield, and matchlock. Some instead of the matchlock had spears and bows and arrows. There are altogether about 3,000 of them. Some were attending the Raja's eldest son Kour Kherek Singh who was absent exacting a tribute from Bhowlpur. Others were at their homes. The Corps had peculiar privileges of its own. The men are not paid in money. Every man has a jageer varying from 500 to 5,000 rupees a year and some less. They are chosen by the Maharaja himself from his personal Guard and acknowledge no chief but him."
ਦੇਖੋ THE panjab as a Sovereign State - ਪੰਨਾ ੩੧੦-੧੧

ਕਾਂਕੀ ਕੀਜੈ ਓਟ ਕੌਨ ਸਤ੍ਰ ਕੀ ਬਚਾਵੈ ਚੋਟ?

ਗੋ ਗਰੀਬ ਗੁਣੀ ਗੌਣ ਅਤਿ ਬਿਲਖਾਨੇ ਹੈਂ,

ਕਹੈ ਜਯਸਿੰਘ ਸੁਰੀਸੰਪਦਾ ਬਿਲਾਨੀ ਬੀਰ

ਆਸੁਰੀ ਨੇ ਆਨ ਦੀਹ ਦੁੰਦਭਿ ਧਰਾਨੇ ਹੈਂ,

ਹਾਯ ਮਰਦਾਨੇ ਜਗ ਜਾਨੇ ਰਣਜੀਤਸਿੰਘ !

ਤੇਰੇ ਬਿਨ ਕਾਨੇ ਜਗ ਬੀਚ ਤੀਨ ਕਾਨੈ ਹੈਂ.

ਮਹਾਰਾਜਾ ਰਣਜੀਤਸਿੰਘ ਪਾਸ ੯੨੦੦੦ ਪੈਦਲ ਫੌਜ, ੩੧੯੦੦ ਘੁੜਚੜ੍ਹੇ ਅਤੇ ੭੮੪ ਵਡੀ ਛੋਟੀ ਤੋਪਾਂ ਸਨ.[1078] ਸਰਦਾਰ ਸ਼ਾਮਸਿੰਘ ਅਟਾਰੀ ਵਾਲਾ, ਸਰਦਾਰ ਹਰੀਸਿੰਘ ਨਲਵਾ, ਸਰਦਾਰ ਗ਼ੌਸਖਾਨ, ਫੂਲਾਸਿੰਘ ਅਕਾਲੀ ਅਤੇ ਦੀਵਾਨ ਮੋਹਕਮਚੰਦ ਆਦਿਕ ਵੀਰਰਤਨ ਸੈਂਕੜੇ ਸੈਨਾਪਤੀਆਂ ਤੋਂ ਛੁੱਟ ਬਹੁਤ ਵਿਦੇਸ਼ੀ (ਅੰਗ੍ਰੇਜ, ਫਰਾਂਸੀਸੀ, ਇਟੇਲੀਅਨ, ਰੂਸੀ, ਅਮਰੀਕਨ ਆਦਿ) ਅਹੁਦੇਦਾਰ ਸਨ.[1079] ਰਿਆਸਤ ਦੀ ਆਮਦਨ ੩੨੪੭੫੦੦੦ ਰੁਪਯਾ ਸੀ.

---

[1078] This force consisting of about 110,000 men is divided into regulars and irregulars; the former of whom, about 70,000 strong, are drilled and appointed according to the European system. The cavalry branch of the disciplined force amounts to nearly 13,000 and the infantry and artillery to 60,000 more. The irregulars, variously armed and equipped, are nearly 40,000 strong, of which number upwards of 20,000 are cavalry, the remainder consisting of infantry and matchlock men, while the contingents, which the Sirdars or Chiefs are obliged to parade on the requisition of the sovereign, amount to considerably above 30,000 more. The artillery consisted in Runjeet's time of 376 guns, and 370 swivels mounted on camels or on light carriages adapted to their side. There is no distinct corps of artillery as in other services, but there are 4,000 or 5,000 men under a darogha, trained of the duty of gunners and these are distributed with the ordinance throughout the regular army. (The Punjab by Lt. Col. Steinbach)

[1079] The following is the list of European and Americal Officers who were employed by Ranjit Singh. A few of them died while in the Panjab, others left the Sikh service either in Ranjit's life time or after his death.

| | | | | |
|---|---|---|---|---|
| 1 | Alvarine | Italian | Infantry | Died at Lahore |
| 2 | Aliard | French | Cavalry | Died at Peshawar. |
| 3 | Amise | Do | Infantry | |
| 4 | Argowd | Do | Do | |
| 5 | Avitabile | Italian | Civil employment | |
| 6 | Battice | Do | | |
| 7 | Barlow | English | Infantry | |
| 8 | Bianchi | Italian | Medical Officer | |
| 9 | Benet | French | Do | |
| 10 | Canora | Americar | Artillery | |
| 11 | Court | French | Do | |
| 12 | Cortlandt | English | Infantry | |
| 13 | Campbell | Do | Do | |

| | | | | |
|---|---|---|---|---|
| 14 | Dottenweiss | German | Engineer | |
| 15 | Dubuignon | French | Inafntry | |
| 16 | De l' Ust | Do | Do | |
| 17 | De l' Roche | Do | Do | (killed by fall from horse) |
| 18 | De la Font (1st) | Do | Do | |
| 19 | De la Fond (2nd) | Do | Do | |
| 20 | De Fasheye] Father | Do | Cavalry | |
| 21 | De Fasheye] & son | Do | Do | Died at Lahore. |
| 22 | Ferris | Do | Do | |
| 23 | Foulkes | English | Cavalry (killed by rebel soldiers) | |
| 24 | Fendrid | | | |
| 25 | Ford | English | Infantry | |
| 26 | Fitzroy | Do | Do | |
| 27 | Gillmore | Do | Do | |
| 28 | Gordon | Do | Cavalry | |
| 29 | Guthrie | | | |
| 30 | Gardner | Irish | Artillery | died in kashmir. |
| 31 | Garron | French | Cavalry | |
| 32 | Hommus | Spaniard | Infantry | died at Lahore. |
| 33 | Honigberger | German | Medical Officer | |
| 34 | Harlan | American | Civil employment | |
| 35 | Holmes | English | Infantry | |
| 36 | Hest | Greek | Do | |
| 37 | Hureleek | Do | Do | |
| 38 | Hurbon | Spaniard | Engineer | |
| 39 | Harvey | English | Medical Officer | |
| 40 | Jervais | French | Infantry | |
| 41 | Leslie alias Rattray | English | Do | |
| 42 | Mouton | French | Cavalry | |
| 43 | Martindale | English | Infantry | |
| 44 | Moevius | Russian | Do | |
| 45 | Metui | Do | Do | |
| 46 | Macpherson | English | Infantry | |
| 47 | Rossaix | French | Engineer | |
| 48 | Steinbach | Austrian | Infantry | |
| 49 | Storr | Do | Do | |
| 50 | Sheaf | Do | Do | |
| 51 | Thomas | English | Infantry | |
| 52 | Ventura | Italian | Do | |
| 53 | Vochus | Russian | Do | |
| 54 | Weir | Do | | |

(The Panjab as a Sovereign State P. 230-31-32)

ਮਹਾਰਾਜਾ ਦੀ ਵੰਸ਼ਾਵਲੀ ਇਉਂ ਹੈ::-

ਬੁਧਸਿੰਘ ਦੇਹਾਂਤ ਸਨ ੧੭੧੬

ਨੋਧਸਿੰਘ ਦੇ: ੧੭੫੨ | ਚੰਦਾਸਿੰਘ (ਇਹ ਸੰਧਾਵਾਲੀਆਂ ਦਾ ਵਡੇਰਾ)

ਜ: ੧੭੨੧ ਚੜ੍ਹਤਸਿੰਘ ਦੇ: ੧੭੭੪

ਜ: ੧੭੬੦ ਮਹਾਸਿੰਘ ਦੇ: ੧੭੯੨ਹੋਇਆ

ਜ: ੧੭੮੦ ਮਹਾਰਾਜਾ ਰਣਜੀਤਸਿੰਘ ਦੇ: ੧੮੩੯

ਖੜਗਸਿੰਘ (੧੮੦੨-੧੮੪੦) | ਸ਼ੇਰਸਿੰਘ (੧੮੦੭-੧੮੪੩) | ਦਲੀਪਸਿੰਘ (੧੮੩੭-੧੮੯੩)

੧੮੨੧ ਨੌਨਿਹਾਲਸਿੰਘ ੧੮੪੦

ਮਹਾਰਾਜ ਰਣਜੀਤਸਿੰਘ ਜੀ ਦੇ ਪੁਤ੍ਰ ਤਾਰਾਸਿੰਘ, ਮੁਲਤਾਨਸਿੰਘ, ਕਸ਼ਮੀਰਸਿੰਘ ਅਤੇ ਪਸ਼ੌਰਾਸਿੰਘ ਭੀ ਹੋਏ ਹਨ, ਪਰ ਸਿੱਖ ਇਤਿਹਾਸ ਵਿੱਚ ਇਹ ਬਹੁਤ ਪ੍ਰਸਿੱਧ ਨਹੀਂ.

ਰਣਜੀਤਗੜ੍ਹ: ਕਿਲਾ ਸਿਆਲਕੋਟ ਤੋਂ ਚਾਰ ਕੋਹ ਉੱਤਰ ਇੱਕ ਗ੍ਰਾਮ. ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਰਛਾ ਮਾਰਕੇ ਜਲ ਕੱਢਿਆ. ਤੀਰਥ ਦਾ ਨਾਉਂ. "ਗੁਰੂਸਰ" ਹੈ.

ਰਣਜੀਤ ਨਗਾਰਾ: ਦੇਖੋ, ਰਣਜੀਤ ੨.

ਰਣਝਣਕਾਰ, ਰਣਝੁੰਝਣਾ, ਰਣਝੁਝਨੜਾ, ਰਣਝੁੰਝਨੜਾ: ਸੰ. रणत्कार, झणत्कार- ਰਣਤਕਾਰ, ਝਣਤਕਾਰ. ਸੰਗ੍ਯਾ- ਛੁਦ੍ਰਘੰਟਿਕਾ ਅਤੇ ਝਾਂਝਰ ਆਦਿ ਦਾ ਸ਼ਬਦ. ਘੁੰਘਰੂਆਂ ਦਾ ਛਣਕਾਰ। ੨. ਰਣ- ਛਣਤਕਾਰ. ਜੰਗ ਵਿੱਚ ਵਾਜੇ ਸ਼ਸਤ੍ਰ ਆਦਿ ਦੀ ਧੁਨਿ। ੩. ਕੋਲਾਹਲ ਦੀ ਆਵਾਜ਼. ਖ਼ੁਸ਼ੀ ਦੇ ਮੌਕੇ ਦਾ ਗੀਤ, ਜਿਸ ਨਾਲ ਘੁੰਘਰੂ ਟੱਲੀ ਢੋਲਕ ਆਦਿ ਦਾ ਸ਼ਬਦ ਹੁੰਦਾ ਹੈ. "ਰਣਝੁੰਝਨੜਾ ਗਾਉ ਸਖੀ, ਹਰਿ ਏਕੁ ਧਿਆਵਹੁ." (ਰਾਮ ਛੰਤ ਮਃ ੫)[1080] "ਜੰਮਦਿਆਂ ਰਣਝੁੰਝਣਾ, ਨਾਨਕ ਦਾਦਕ ਹੋਇ ਵਧਾਈ." (ਭਾਗੁ)

ਰਣਣੰਕ, ਰਣਤਕਾਰ: ਸੰ. रणत्कार. ਸੰਗ੍ਯਾ- ਘੁੰਘਾਰੂ ਆਦਿ ਦਾ ਖੜਕਾਰ. ਝਨਕਾਰ.

ਰਣਥੰਭ, ਰਣਥੰਭਾ: ਦੇਖੋ, ਰਣਖੰਭ.

ਰਣਧਾਨੀ: ਜੰਗ ਦਾ ਮੈਦਾਨ. ਲੜਾਈ ਦਾ ਖੇਤ. ਰਣਕ੍ਸ਼ੇਤ੍ਰ. ਰਣਾਂਗਣ.

ਰਣਧੀਰਸਿੰਘ: ਦੇਖੋ, ਕਪੂਰਥਲਾ.

ਰਣਧੀਰਗੜ੍ਹ: ਦੇਖੋ, ਲੰਮੇ ੩.

---

[1080] ਸ੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਸ ਛੰਦ ਦੀਆਂ ਕੇਵਲ ਦੋ ਤੁਕਾਂ ਹਨ, ਪਰ ਭਾਈ ਬੰਨੋ ਜੀ ਦੀ ਬੀੜ ਵਿੱਚ ਚਾਰ ਪਦ ਦਾ ਪੂਰਾ ਛੰਤ ਹੈ, ਦੇਖੋ, ਗ੍ਰੰਥਸਾਹਿਬ ਸ਼ਬਦ.

ਰਣਬੀਰਸਿੰਘ ਮਹਾਰਾਜਾ: ਦੇਖੋ, ਜੀਂਦ.

ਰਣਭੂਮਿ: ਜੰਗਭੂਮਿ. ਮੈਦਾਨੇ ਜੰਗ.

ਰਣਰੰਗ: ਜੰਗ ਦਾ ਉਤਸਾਹ। ੨. ਜੰਗ ਦਾ ਮੈਦਾਨ.

ਰਣਵਾਸ: ਰਾਣੀਆਂ ਦੇ ਵਸਣ ਦਾ ਮਹਲ. ਹਰਮ. ਅੰਤਹਪੁਰ.

ਰਣਾਕਟ: ਵਿ- ਰਣ- ਅਕਟ. ਰਣ ਵਿੱਚ ਜੋ ਨਾ ਕੱਟਿਆ ਜਾ ਸਕੇ.

ਰਣਾਚਲ: ਵਿ- ਜੋ ਰਣ ਵਿੱਚ ਅਚਲ ਹੋਵੇ. ਜੰਗ ਵਿੱਚੋਂ ਨਾ ਭੱਜਣ ਵਾਲਾ.

ਰਣਿਆਰਾ: ਵਿ- ਰਣ ਕਰਨ ਵਾਲਾ. ਲੜਾਕਾ. "ਸਰਦਾਰ ਰਣਿਆਰੇ." (ਚਡੀ ੩)

ਰਣੁ: ਦੇਖੋ, ਰਣ.

ਰਣੁਤਕਟ, ਰਣੋਤਕਟ: ਸੰ. रणोत्कट. ਵਿ- ਜੰਗ ਵਿੱਚ ਉਤਕਟ (ਤੇਜ਼) ਯੁੱਧ ਵਿੱਚ ਜੋਸ਼ ਦਿਖਾਉਣ ਵਾਲਾ। ੨. ਸੰਗਯਾ- ਕਾਰਤਿਕੇਯ (ਖੜਾਨਨ) ਦਾ ਇੱਕ ਗਣ.

ਰਣੋਧਿੱਤ: ਇਹ ਕਰਖਾ ਛੰਦ ਦਾ ਦੂਜਾ ਨਾਮ ਹੈ. ਦੇਖੋ, ਕਰਖਾ.

ਰਣੰਕ: ਦੇਖੋ, ਰਣਣੰਕ.

ਰਤ: ਸੰ. ਦੇਖੋ, ਰਮ੍ ਧਾ. ਵਿ- ਪ੍ਰੀਤਿ ਵਾਲਾ. ਅਨੁਰਕ੍ਤ. ਆਸ਼ਕ। ੨. ਖ਼ੁਸ਼. ਪ੍ਰਸੰਨ। ੩. ਸੰਗਯਾ- ਰਮਣ. ਕ੍ਰੀੜਾ। ੪. ਮੈਥੁਨ। ੫. ਲਿੰਗ। ੬. ਸੰ. ਰਕ੍ਤ. ਲਹੂ. ਰੁਧਿਰ. ਦੇਖੋ, ਰਤੁ.

ਰਤਕ: ਸੰ. ਰਕ੍ਤਿਕਾ. ਸੰਗਯਾ- ਲਾਲੜੀ. ਘੁੰਘਚੀ. ਰੱਤੀ. Abrus Precatorious ਸੋਨਾ ਆਦਿ ਧਾਤੁ ਅਤੇ ਦਵਾਈਆਂ ਦੇ ਤੋਲਣ ਲਈ ਇਸ ਨੂੰ ਵੱਟੇ ਦੇ ਥਾਂ ਵਰਤਦੇ ਹਨ. ਦੇਖੋ, ਤੋਲ. "ਤੋਲਾ ਮਾਸਾ ਰਤਕ ਪਾਇ." (ਮਃ ੧. ਵਾਰ ਸਾਰ)

ਰਤਨ: ਸੰ. रत्न. (ਦੇਖੋ, ਰਮ੍ ਧਾ) ਸੰਗਯਾ- ਜਿਸ ਤੋਂ ਖ਼ੁਸ਼ ਹੋਈਏ, ਮਾਣਿਕ ਆਦਿ ਕੀਮਤੀ ਪੱਥਰ, ਅਥਵਾ ਅਦਭੁਤ ਵਸ੍ਤੁ. "ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ." (ਸਵੈਯੇ ਸ੍ਰੀ ਮੁਖਵਾਕ ਮਃ ੫) ਦੇਖੋ, ਨਵਰਤਨ। ੨. ਉੱਤਮ ਪਦਾਰਥ. "ਹੋਮੇ ਬਹੁ ਰਤਨਾ." (ਸੁਖਮਨੀ) ਘ੍ਰਿਤ ਆਦਿਕ ਪਦਾਰਥ ਹੋਮੇ (ਹਵਨ ਕੀਤੇ). ੩. ਅੱਖ ਦੀ ਪੁਤਲੀ। ੪. ਪੁਰਾਣਕਥਾ ਅਨੁਸਾਰ ਖੀਰਸਮੁੰਦਰ ਨੂੰ ਰਿੜਕਕੇ ਕੱਢੇ ਹੋਏ ਅਦਭੁਤ ਪਦਾਰਥ, ਜਿਨ੍ਹਾਂ ਦੀ ਚੌਦਾਂ ਗਿਣਤੀ ਹੈ- ਉੱਚੈਃ ਸ਼੍ਰਵਾ ਘੋੜਾ, ਕਾਮਧੇਨੁ, ਕਲਪਵ੍ਰਿਕ੍ਸ਼, ਰੰਭਾ ਅਪਸਰਾ, ਲਕ੍ਸ਼ਮੀ, ਅਮ੍ਰਿਤ, ਕਾਲਕੂਟ (ਜ਼ਹਿਰ) ਸ਼ਰਾਬ (ਸੁਰਾ), ਚੰਦ੍ਰਮਾ, ਧਨ੍ਵੰਤਰਿ, ਪਾਂਚਜਨਯ ਸ਼ੰਖ, ਕੌਸ੍ਤੁਭਮਣਿ, ਸਾਰੰਗ ਧਨੁਖ, ਅਤੇ ਐਰਾਵਤ ਹਾਥੀ. "ਰਤਨ ਉਪਾਇ ਧਰੇ ਖੀਰੁ ਮਥਿਆ." (ਆਸਾ ਮਃ ੧)

ਰਤਨਸਿੰਘ: ਦੇਖੋ, ਪੰਥਪ੍ਰਕਾਸ਼.

ਰਤਨ ਹਾਜੀ: ਇੱਕ ਪ੍ਰਸਿੱਧ ਫਕੀਰ, ਜਿਸ ਦਾ ਅਸਥਾਨ ਭਟਿੰਡੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਬਾਹਰਲੇ ਗੁਰਦ੍ਵਾਰੇ ਪਾਸ ਹੈ.

ਰਤਨ ਕੋਠੜੀ: ਗੁਰਮਤ ਅਨੁਸਾਰ ਗੁਰਮੁਖ ਦਾ ਅੰਤਹਕਰਣ, ਜੋ ਸ਼ੁਭਗੁਣਾਂ ਨਾਲ ਭਰਪੂਰ ਹੈ। ੨. ਆਤਮਵਿਚਾਰ। ੩. ਕਰਤਾਰ ਦਾ ਨਾਮ. "ਰਤਨ ਕੋਠੜੀ ਅੰਮ੍ਰਿਤ ਸੰਪੂਰਨ, ਸਤਿਗੁਰ ਕੈ ਖਜਾਨੈ." (ਰਾਮ ਮਃ ੫) ੪. ਸ਼੍ਰੀ ਗੁਰੂ ਗ੍ਰੰਥਸਾਹਿਬ.

ਰਤਨਕੌਰ: ਭੰਗੀ ਮਿਸਲ ਦੇ ਸਰਦਾਰ ਗੰਡਾਸਿੰਘ ਦੀ ਸੁਪੁਤ੍ਰੀ. ਜੋ ਪਟਿਆਲੇ ਦੇ ਰਾਜਾ ਸਾਹਿਬਸਿੰਘ ਨੂੰ ਸਨ ੧੭੯੨ ਵਿੱਚ ਵਿਆਹੀ ਗਈ। ੨. ਸਰਦਾਰ ਸਾਹਿਬਸਿੰਘ ਰਈਸ ਗੁਜਰਾਤ ਦੀ ਸਰਦਾਰਨੀ. ਇਸ ਦੇ ਵਿਧਵਾ ਹੋਣ ਪੁਰ ਮਹਾਰਾਜਾ ਰਣਜੀਤਸਿੰਘ ਨੇ ਸਨ ੧੮੧੧ ਵਿੱਚ ਇਸ ਨਾਲ ਪੁਨਰ ਵਿਵਾਹ ਕੀਤਾ. ਇਸ ਦੀ ਕੁੱਖ ਤੋਂ ਕੌਰ ਮੁਲਤਾਨਾਸਿੰਘ ਪੈਦਾ

ਹੋਇਆ.

ਰਤਨਗਰਭ: ਸੰਗਯਾ- ਜਿਸ ਦੇ ਗਰਭ ਵਿੱਚ ਰਤਨ ਹਨ, ਸਮੁੰਦਰ। ੨. ਕੁਬੇਰ. ਧਨਦ.

ਰਤਨਗਰਭਾ: ਪ੍ਰਿਥਿਵੀ, ਜਿਸ ਵਿੱਚੋਂ ਸਾਰੇ ਉੱਤਮ ਪਦਾਰਥ ਪੈਦਾ ਹੁੰਦੇ ਹਨ.

ਰਤਨਗਿਆਨ, ਰਤਨਗਿਆਨੁ: ਰਤ੍ਨਗ੍ਯਾਨ ਗਿਆਨਰੂਪ ਰਤਨ। ੨. ਪਰਮਾਰਥ ਗਿਆਨ.

ਰਤਨਚੰਦ: ਭਗਵਾਨਦਾਸ ਘੇਰੜ, ਰੁਹੇਲਾ ਨਿਵਾਸੀ ਦਾ ਪੁਤ੍ਰ, ਜੋ ਹਰਿਗੋਬਿੰਦਪੁਰ ਦੇ ਜੰਗ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਹੱਥੋਂ ਮੋਇਆ। ੨. ਚੰਦੂ ਦਾ ਪੁਤ੍ਰ, ਜੋ ਹਰਿਗੋਬਿੰਦਪੁਰ ਦੇ ਜੰਗ ਵਿੱਚ ਮੋਇਆ. ਦੇਖੋ, ਚੰਦੂ ੨.

ਰਤਨਜਨਮ, ਰਤਨਜਨਮੁ: ਰਤਨ ਰੂਪ ਜਨਮ. ਮਨੁੱਖ ਜਨਮ. "ਰਤਨਜਨਮੁ ਅਪਨੋ ਤੈ ਹਾਰਿਓ." (ਗਉ ਮਃ ੯)

ਰਤਨਜੋਤਿ: ਰਤਨ (ਮਣਿ) ਜ੍ਯੋਤਿ (ਦੀਪਕ). ਮਣਿਦੀਪਕ. ਰਤਨ ਦਾ ਦੀਵਾ. ਪੁਰਾਣਾਂ ਵਿੱਚ ਲਿਖਿਆ ਹੈ ਕਿ ਰਾਜਮਹਿਲਾਂ ਵਿੱਚ ਦੀਵੇ ਦੀ ਥਾਂ ਰਤਨ ਪ੍ਰਕਾਸ਼ ਕਰਦੇ ਸਨ। ੨. ਨੇਤ੍ਰ ਦੀ ਸਾਫ ਨਜਰ। ੩. ਇੱਕ ਬੂਟੀ, ਜੋ ਕਸ਼ਮੀਰ ਅਤੇ ਕਮਾਊਂ ਵਿੱਚ ਬਹੁਤ ਹੁੰਦੀ ਹੈ. ਇਸ ਦੀ ਤਾਸੀਰ ਗਰਮਤਰ ਹੈ. ਇਹ ਲਿੱਫ, ਪੁਰਾਣੇ ਤਾਪ, ਗਠੀਆ, ਦਿਲ ਦਾ ਧੜਕਣਾ ਆਦਿ ਰੋਗ ਮਿਟਾਉਣ ਵਾਲੀ ਹੈ. Onosma Echiozes ੪. ਰਾਤ ਨੂੰ ਚਮਕਣ ਵਾਲੀ ਇੱਕ ਬੂਟੀ, ਜੋ ਪਾਰੇ ਨੂੰ ਇਕੱਠਾ ਕਰ ਦਿੰਦੀ ਹੈ. ਪੰਜਾਬ ਵਿੱਚ ਰਤਨਜੋਤ ਕਰੀਰਾਂ ਦੀ ਛਾਂ ਹੇਠ ਪਾਈ ਜਾਂਦੀ ਹੈ. ਇਹ ਸਲੂਨਕ ਦੀ ਸ਼ਕਲ ਦੀ ਲਾਲਰੰਗੀ ਹੋਇਆ ਕਰਦੀ ਹੈ. ਇਹ ਧਾਤੁ ਨੂੰ ਪੁਸ਼੍ਟ ਕਰਦੀ ਹੈ. ਤਾਸੀਰ ਸਰਦ ਤਰ ਹੈ.

ਰਤਨਪੁਰਾ: ਇੱਕ ਪਿੰਡ, ਜੋ ਜਿਲਾ ਅੰਬਾਲਾ, ਥਾਣਾ ਜਗਾਧਰੀ ਵਿੱਚ ਰੇਲਵੇ ਸਟੇਸ਼ਨ ਜਗਾਧਰੀ ਤੋਂ ਦੱਖਣ ਢਾਈ ਮੀਲ ਹੈ. ਇੱਥੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਨੇ ਬੂੜੀਏ ਨੂੰ ਜਾਂਦੇ ਚਰਣ ਪਾਏ ਹਨ. ਮੰਜੀਸਾਹਿਬ ਬਣਿਆ ਹੋਇਆ ਹੈ. ਉਦਾਸੀ ਸਾਧੂ ਸੇਵਾ ਕਰਦਾ ਹੈ.

ਰਤਨਮਾਲ: ਦੇਖੋ, ਰਤਨਮਾਲਾ ੩। ੨. ਸੌਸਾਖੀ ਨਾਮ ਤੋਂ ਪ੍ਰਸਿੱਧ ਪੋਥੀ ਦਾ ਅਸਲ ਨਾਉਂ. ਦੇਖੋ, ਸੌਸਾਖੀ.

ਰਤਨਮਾਲਾ: ਰਤਨਾਂ ਦੀ ਮਾਲਾ. ਮਣਿਹਾਰ। ੨. ਰਾਜਾ ਬਲਿ ਦੀ ਪੁਤ੍ਰੀ. ਵਾਮਨ ਭਗਵਾਨ ਨੂੰ ਦੇਖਕੇ ਇਸ ਦੇ ਮਨ ਭਾਵਨਾ ਹੋਈ, ਕਿ ਮੈ ਅਜੇਹੇ ਬਾਲਕ ਨੂੰ ਦੁੱਧ ਚੁੰਘਾਵਾਂ, ਇਹ ਮਰਕੇ ਪੂਤਨਾ ਹੋਈ ਅਤੇ ਕ੍ਰਿਸ਼ਨ ਜੀ ਨੂੰ ਮੰਮਾ ਚੁੰਘਾਇਆ। ੩. ਭਾਈ ਬੰਨੋ ਦੀ ਬੀੜ ਵਿੱਚ "ਰਾਮਕਲੀ ਮਃ ੧. ਰਤਨਮਾਲਾ" ਸਿਰਲੇਖ ਹੇਠ ੨੫ ਪਦਾਂ ਦੀ ਇੱਕ ਬਾਣੀ, ਜਿਸ ਵਿੱਚ ਹਠਯੋਗ ਦੇ ਨਿਯਮਾਨੁਸਾਰ ਪ੍ਰਾਣਾਯਾਮ ਆਦਿ ਸਾਧਨਾ ਦਾ ਵਰਣਨ ਹੈ. ਇਸ ਦੇ ਕਠਿਨ ਸ਼ਬਦਾਂ ਦੇ ਅਰਥ ਇਸ ਕੋਸ਼ ਵਿੱਚ ਯਥਾਮਤਿ ਯਥਾਕ੍ਰਮ ਕੀਤੇ ਗਏ ਹਨ.

ਰਤਨਮਾਲਿਕਾ: ਦੇਖੋ, ਸਵੈਯੇ ਦਾ ਰੂਪ ੧੭.

ਰਤਨਮਾਲੀ: ਸੰ. रत्नमालिन्. ਵਿ- ਰਤਨਾਂ ਦੀ ਮਾਲਾ (ਹਾਰ) ਵਾਲਾ.

ਰਤਨਰਾਇ, ਰਤਨਰਾਯ: ਸੂਰਣਮਤੀ ਦੇ ਉਦਰ ਤੋਂ ਰਾਜਾ ਰਾਮਰਾਇ ਦਾ ਪੁਤ੍ਰ, ਆਸਾਮ ਦਾ ਰਈਸ, ਜਿਸ ਦਾ ਜਨਮ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦੇ ਵਰਦਾਨ ਦ੍ਵਾਰਾ ਹੋਇਆ ਸੀ. ਇਹ ਸੰਮਤ ੧੭੩੫ ਵਿੱਚ ਪੰਚਕਲਾ ਸ਼ਸਤ੍ਰ, ਸੰਦਲ ਦੀ ਕਲਦਾਰ ਚੌਕੀ, ਪੰਜ ਘੋੜੇ, ਪ੍ਰਸਾਦੀ ਹਾਥੀ, ਆਦਿਕ ਭੇਟਾ ਲੈਕੇ ਆਨੰਦਪੁਰ ਕਲਗੀਧਰ ਜੀ ਦੇ ਦਰਬਾਰ ਹਾਜਿਰ ਹੋਇਆ ਅਤੇ ਸਿੱਖ ਬਣਿਆ.

ਰਤਨਵਰ੍ਸ਼ਕ, ਰਤਨਵਰਖਕ: ਦੇਖੋ, ਪੁਸਪਕ ੬.

ਰਤਨਾਕਰ, ਰਤਨਾਕਰੁ: ਸੰ. रत्नाकर. ਸੰਗਯਾ- ਰਤਨ- ਆਕਰ. ਰਤਨਾਂ ਦੀ ਖਾਨਿ (ਕਾਨ) ਜਿੱਥੋਂ ਰਤਨ ਨਿਕਲਣ। ੨. ਸਮੁੰਦਰ। ੩. ਦੇਖੋ, ਰਤਨਾਕੁਰ। ੪. ਰਾਮੇਸ਼੍ਵਰ ਦੇ ਆਸ ਪਾਸ ਰਹਿਣ ਵਾਲੇ "ਰਤਨਾਕਰ" ਉਸ ਸਮੁੰਦਰ ਨੂੰ ਆਖਦੇ ਹਨ, ਜੋ

ਪੱਛਮ ਵੱਲੋਂ ਪੂਰਵ ਦੇ ਸਾਗਰ ਨਾਲ ਉਛਲਕੇ ਮਿਲਦਾ ਹੈ.

ਰਤਨਾਕੁਰ, ਰਤਨਾਗਰ: ਸੰ. रत्नाङ्कुर. ਮੋਤੀ ਮੁਕ੍ਤਾ। ੨. ਮੂੰਗਾ. ਰਤਨਾਗਰੁ. ਦੇਖੋ, ਰਤਨਾਕਰ. "ਗੁਰੁ ਬੋਹਿਥ ਤਾਰੇ ਰਤਨਾਗਰੁ." (ਆਸਾ ਮਃ ੫) ਰਤਨਾਕਰ (ਸਮੁੰਦਰ) ਤੋਂ ਤਾਰਦਾ ਹੈ। ੨. ਵਿ- ਰਤਨਾਂ ਦੀ ਉਤਪੱਤਿ ਕਰਨ ਵਾਲਾ. "ਤੂੰ ਸਾਗਰੋ ਰਤਨਾਗਰੋ, ਹਉ ਸਾਰ ਨ ਜਾਣਾ ਤੇਰੀ." (ਸੂਹੀ ਛੰਤ ਮਃ ੫)

ਰਤਨਾਗੀ: ਰਤਨਾਂ ਦੀ ਆਕਰ ਕਰਕੇ. ਰਤਨਾਂ ਦੀ ਖਾਨਿ (ਕਾਨ) ਨਾਲ. "ਕ੍ਰਿਪਾ ਸਿੰਧੁ ਪੂਰਨ ਰਤਨਾਗੀ." (ਕਾਨ ਮਃ ੫) ੨. ਸੰ. रत्नाङ्गिन. ਰਤਨਾਂਗੀ. ਵਿ- ਰਤਨ ਹਨ ਜਿਸ ਦੇ ਅੰਗਾਂ ਵਿੱਚ.

ਰਤਨਾਗੁਰੁ: ਦੇਖੋ, ਰਤਨਾਕਰ। ੨. ਰਤਨਾਂ ਵਿੱਚੋਂ ਉੱਤਮ, ਚਿੰਤਾਮਣਿ. "ਹਰਿ ਹਰਿ ਨਾਮ ਸਿਮਰਿ ਰਤਨਾਗੁਰੁ." (ਸੂਹੀ ਮਃ ੫)

ਰਤਨਾਵਲਿ, ਰਤਨਾਵਲੀ: ਰਤਨਾਂ ਦੀ ਆਵਲਿ (ਪੰਕ੍ਤਿ) ਰਤਨਾਂ ਦਾ ਹਾਰ। ੨. ਇੱਕ ਅਰਥਾਲੰਕਾਰ, ਜਿੱਥੇ ਕਿਸੇ ਵਿਸ਼ੇਸ਼ ਨੂੰ ਅਨੇਕ ਵਿਸ਼ੇਸ਼ਣਾਂ ਨਾਲ ਵਰਣਨ ਕਰੀਏ, ਅਰ ਉਨ੍ਹਾਂ ਵਿਸ਼ੇਸ਼ਣਾਂ ਤੋਂ ਦੂਜਾ ਅਰਥ ਭੀ ਪ੍ਰਗਟ ਹੋਵੇ, ਤਦ "ਰਤਨਾਵਲਿ" ਅਲੰਕਾਰ ਹੁੰਦਾ ਹੈ.

ਕ੍ਰਮ ਸੇ ਵਰਣਨ ਕੀਜਿਯੇ ਪ੍ਰਕ੍ਰਿਤ ਅਰਥ ਸੁਖ ਸਾਜ,

ਭੂਸ਼ਣ ਭਨ ਰਤਨਾਵਲੀ ਜੇ ਪ੍ਰਭਾਵ ਸਿਰਤਾਜ.

(ਰਾਮਚੰਦ੍ਰਭੂਸ਼ਣ)

ਉਦਾਹਰਣ-

ਅਸਪਤਿ ਗਜਪਤਿ ਨਰਹ, ਨਰਿੰਦ,

ਨਾਮੇ ਕੇ ਸੁਆਮੀ ਮੀਰ ਮੁਕੰਦ.

(ਤਿਲੰ ਨਾਮਦੇਵ)

ਇੱਥੇ ਨਾਮਦੇਵ ਦਾ ਸ੍ਵਾਮੀ ਘੋੜੇ ਹਾਥੀ ਅਰ ਮਨੁੱਖਾਂ ਦਾ ਪਤਿ (ਬਾਦਸ਼ਾਹ) ਕਥਨ ਕੀਤਾ, ਪਰ ਇਨ੍ਹਾਂ ਵਿਸ਼ੇਸ਼ਣਾਂ ਤੋਂ ਅਸ੍ਵਪਤਿ (ਸੂਰਜ) ਗਜਪਤਿ (ਇੰਦ੍ਰ) ਨਰਪਤਿ (ਕੁਬੇਰ) ਅਰਥ ਭੀ ਨਿਕਲੇ, ਅਰਥਾਤ ਨਾਮਦੇਵ ਦਾ ਸ੍ਵਾਮੀ ਸੂਰਜ, ਇੰਦ੍ਰ, ਕੁਬੇਰ ਆਦਿਕ ਦਾ ਭੀ ਪਤਿ ਹੈ.

(ਅ) ਅਨੇਕ ਰਤਨਰੂਪ ਗੁਣਾਂ ਦਾ ਇੱਕ ਵਿਸ਼ੇਸ਼ ਵਿੱਚ ਇਕੱਠੇ ਹੋਣਾ, ਐਸਾ ਵਰਣਨ ਰਤਨਾਵਲੀ ਦਾ ਦੂਜਾ ਰੂਪ ਹੈ.

ਉਦਾਹਰਣ-

ਕੀਜਿਯੇ ਪ੍ਰਤੀਤ ਮੋਰੀ ਬਾਤ ਪੈ ਪ੍ਰਬੀਨ ਪਜਾਰੇ!

ਲੀਜਿਯੇ ਵਿਚਾਰ ਚੀਤ ਸਾਚ ਮੈ ਅਲਾਯੋ ਹੈ,

ਧਾਵਾ ਲੈ ਖਗੇਸ਼ ਕੋ ਦਿਨੇਸ਼ ਕੋ ਪ੍ਰਤਾਪ ਲੀਨ

ਜੋਰ ਲੈ ਜਮੇਸ਼ ਕੋ ਜਲੇਸ਼ ਗਜਾਨ ਪਾਯੋ ਹੈ,

ਵੈਸ ਲੀਨੀ ਸ਼ੇਸ਼ ਕੀ ਨਿਸੇਸ਼ ਜੂ ਕੀ ਸ਼ਾਂਤਿ ਲੀਨੀ

ਚਾਤੁਰੀ ਗਨੇਸ਼ ਕੀ ਰਮੇਸ਼ ਰੂਪ ਨਾਯੋ ਹੈ,

ਛੀਨਕੈ ਧਨੇਸ਼ ਕੇ ਖਜ਼ਾਨੇ ਔ ਸੁਰੇਸ਼ ਰਾਜ

ਦੇਵਨ ਕੇ ਵੇਸ਼ ਨਾਥ ਪੰਥ ਏ ਸਜਾਯੋ ਹੈ.

(ਸਿੱਖੀਪ੍ਰਭਾਕਰ)

ਰਤਨੀ: ਸੰਗਯਾ- ਰਤਨਾਂ ਦਾ ਪਰੀਖਕ ਅਤੇ ਵਪਾਰ ਕਰਨ ਵਾਲਾ, ਜੌਹਰੀ. "ਰਤਨਾ ਕੇਰੀ ਗੁਥਲੀ, ਰਤਨੀ ਖੋਲੀ ਆਇ." (ਮਃ ੨. ਵਾਰ ਰਾਮ ੧) ਰਤਨ ਤੋਂ ਭਾਵ ਸ਼ੁਭ ਗੁਣ ਅਤੇ ਰਤਨੀ ਤੋਂ ਗੁਰੂ ਹੈ। ੨. ਰਤਨੀਂ. ਰਤਨਾ ਕਰਕੇ.

ਰਤਨੁ: ਦੇਖੋ, ਰਤਨ.

ਰਤਨੁਗਿਆਨੁ: ਦੇਖੋ, ਰਤਨਗਿਆਨੁ. "ਰਤਨੁ ਗਿਆਨੁ ਸਭ ਕੋ ਹਿਰਿਲੀਨਾ." (ਗਉ ਮਃ ੯)

ਰਤਬਿੰਦੁ: ਰਜ (ਰਿਤੁ) ਅਤੇ ਵੀਰਯ। ੨. ਰਕਤਬੀਜ ਦੈਤ ਲਈ ਭੀ ਇਹ ਸ਼ਬਦ ਵਰਤਿਆ ਹੈ.

ਰਤਵਾਈ: ਵਿ- ਰਕ੍ਤਾ ਵਾਲਾ ਲਾਲ. "ਨਿਰਖਤ ਨੈਨ ਰਹੇ ਰਤਵਾਈ." (ਗਉ ਬਾਵਨ ਕਬੀਰ) ੨. ਰਤਿਵਾਨ. ਪ੍ਰੀਤਿ ਸਹਿਤ.

ਰਤੜਾ, ਰਤਾ: ਵਿ- ਰਕ੍ਤ ਲਾਲ। ੨. ਰਤ. ਪ੍ਰੀਤਿਸਹਿਤ. "ਰਤਾ ਪੈਨਣੁ ਮਨ ਰਤਾ, ਸੁਪੇਦੀ ਸਤੁ ਦਾਨੁ." (ਸ੍ਰੀ ਮਃ ੧) "ਨਾਮਿ ਰਤਾ ਸਤਿਗੁਰੂ ਹੈ." (ਮਃ ੩. ਵਾਰ ਬਿਹਾ)

ਰਤਾਲੂ: ਸੰ. ਰਕ੍ਤਾਲੁ. ਸੰਗਯਾ- ਇੱਕ ਪ੍ਰਕਾਰ ਦਾ ਕੰਦ, ਜਿਸ ਦੀ ਤਰਕਾਰੀ ਉੱਤਮ ਬਣਦੀ ਹੈ. ਇਹ ਕਚਾਲੂ ਦੀ ਤਰਾਂ ਜ਼ਮੀਨ ਵਿੱਚ ਵਧਦਾ ਹੈ ਅਰ ਪੱਤੇ ਬੇਲਦਾਰ ਹੁੰਦੇ ਹਨ. ਪਿੰਡਾਲੂ. Sweet yam L. Dioscorea Aculeata.

ਰਤਿ: ਸੰ. ਦੇਖੋ, ਰਮੑ ਧਾ. ਸੰਗਯਾ- ਪ੍ਰੀਤਿ. ਮੁਹੱਬਤ. "ਜਉਪੈ ਰਾਮਨਾਮ ਰਤਿ ਨਾਹੀ." (ਗਉ ਕਬੀਰ) ੨. ਕਾਮ ਦੀ ਇਸਤ੍ਰੀ. ਪੁਰਾਣਾਂ ਵਿੱਚ ਇਹ ਦਕ੍ਸ਼ ਪ੍ਰਜਾਪਤਿ ਦੇ ਪਸੀਨੇ ਤੋਂ ਪੈਦਾ ਹੋਈ ਦੱਸੀ ਹੈ. ਇਸ ਨੂੰ ਦੇਖਕੇ ਸਾਰੇ ਦੇਵਤਿਆਂ ਦੇ ਚਿੱਤ ਵਿੱਚ ਪਿਆਰ ਉਪਜਿਆ, ਇਸ ਲਈ ਨਾਮ ਰਤਿ ਹੋਇਆ। ੩. ਮੈਥੁਨ. ਕਾਮਕ੍ਰੀੜਾ। ੪. ਸ਼ੋਭਾ. ਛਬਿ। ੫. ਸੌਭਾਗਯਤਾ. ਖ਼ੁਸ਼ਨਸੀਬੀ। ੬. ਪ੍ਰਸੰਨਤਾ. ਖ਼ੁਸ਼ੀ। ੭. ਰਤਿਪਤਿ (ਕਾਮ) ਦਾ ਸੰਖੇਪ. "ਲਖ ਤਾਂਹਿ ਰਿਸਜੋ ਰਤਿ." (ਚਰਿਤ੍ਰ ੨੫੦)

ਰਤਿਸ਼ਾਸਤ੍ਰ: ਕੋਕਸ਼ਾਸਤ੍ਰ. ਕਾਮਸ਼ਾਸਤ੍ਰ.

ਰਤਿਕਾਂਤ, ਰਤਿਕੰਤ: ਰਤਿ ਦਾ ਕਾਂਤ (ਪਤਿ) ਕਾਮ. ਅਨੰਗ.

ਰਤਿਦਾਨ: ਭੋਗ. ਮੈਥੁਨ। ੨. ਦੇਖੋ, ਰਿਭੁਦਾਨ.

ਰਤਿਨਾਹ, ਰਤਿਨਾਥ, ਰਤਿਪਤਿ: ਰਤਿ ਦਾ ਸ੍ਵਾਮੀ, ਕਾਮ. ਕੰਦਰ੍‍ਪ ਮਨੋਜ.

ਰਤਿਪ੍ਰਿਯ: ਸੰਗਯਾ- ਕਾਮਦੇਵ। ੨. ਵਿ- ਕਾਮੀ. ਜਿਸ ਨੂੰ ਭੋਗ ਪਿਆਰਾ ਹੈ.

ਰਤਿਪ੍ਰਿਯਾ: ਕਾਵ੍ਯ ਅਨੁਸਾਰ ਪ੍ਰੌਢਾ ਨਾਯਿਕਾ ਦਾ ਇੱਕ ਭੇਦ। ੨. ਉਹ ਇਸਤ੍ਰੀ, ਜਿਸ ਨੂੰ ਮੈਥੁਨ ਬਹੁਤ ਪਿਆਰਾ ਹੋਵੇ.

ਰਤਿਭਵਨ: ਉਹ ਮਕਾਨ, ਜਿਸ ਵਿੱਚ ਮੈਥੁਨ ਕਰੀਏ। ੨. ਯੋਨਿ. ਭਗ.

ਰਤਿਰਮਣ, ਰਤਿਰਾਇ, ਰਤਿਰਾਜ: ਕਾਮਦੇਵ. ਦੇਖੋ, ਰਤਿਪਤਿ.

ਰਤੀ: ਸੰ. ਰਕ੍ਤਿਕਾ. ਸੰਗਯਾ- ਰੱਤੀ. ਘੁੰਘਚੀ. ਦੇਖੋ, ਰਤਕ। ੨. ਅੱਠ ਚਾਵਲ ਭਰ ਪ੍ਰਮਾਣ. ਦੇਖੋ, ਤੋਲ। ੩. ਮੱਥੇ ਦੀ ਸੁਰਖੀ. ਰਕ੍ਤ ਵਰਣ. "ਜਿਸ ਭਾਲ ਜਗੀ ਬਡ ਭਾਗ ਰਤੀ." (ਗੁਪ੍ਰਸੂ). ੪. ਵਿ- ਥੋੜਾ. ਤਨਿਕ. ਰੱਤੀਭਰ. "ਰਤੀ ਰਤੁ ਨ ਨਿਕਲੈ." (ਸ. ਫਰੀਦ) ੫. ਰਤ ਹੋਈ. ਰੰਗੀ ਹੋਈ। ੬. ਸੰਗਯਾ- ਰਤਿ. ਪ੍ਰੀਤਿ. "ਏਕ ਰਤੀ ਬਿਨ ਏਕ ਰਤੀ ਕੇ." (ਅਕਾਲ)

ਰਤੀਅਾਂਧਾ, ਰਤੀਆਨ੍ਹਾ: ਵਿ- ਜੋ ਰਾਤ੍ਰਿ ਸਮੇਂ ਅੰਨ੍ਹਾ ਹੈ. ਰਾਤ੍ਰ੍ਯੰਧਯਰੋਗ ਵਾਲਾ। ਸੰਗਯਾ- ਰਾਤ੍ਰ੍ਯੰਧਯ. ਰਾਤ ਨੂੰ ਦਿਖਾਈ ਨਾ ਦੇਣਾ. ਦੇਖੋ, ਅੰਧਨੇਤ੍ਰਾ.

**ਰਤੁ:** ਸੰ. ਰਕ੍ਤ. ਲਹੂ. "ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ?" (ਮਃ ੧. ਵਾਰ ਮਾਝ) ਜੋ ਮਨੁੱਖਾਂ ਦਾ ਲਹੂ ਪੀਂਦੇ ਹਨ, ਭਾਵ- ਰਿਸ਼ਵਤ ਲੈਂਦੇ ਅਰ ਜੁਲਮ ਨਾਲ ਧਨ ਖੋਂਹਦੇ ਹਨ। ੨. ਸੰ. ਰਤ. ਪ੍ਰੀਤਿਵਾਨ. "ਨਾਮ ਰਤੁ, ਸੋ ਭਗਤੁ ਪਰਵਾਨੁ." (ਗਉ ਮਃ ੫)

**ਰਤੁਪਿਤੁ:** ਦੇਖੋ, ਪਿਤੁ ੪.

**ਰਤੇ:** ਪ੍ਰੇਮ ਵਾਲੇ, ਦੇਖੋ. ਰਤ. "ਰਤੇ ਸੇਈ ਜਿ ਮੁਖੁ ਨ ਮੋੜੰਨਿ." (ਸਵਾ ਮਃ ੫)

**ਰਤੋਪਲ:** ਦੇਖੋ, ਰਕ੍ਤੋਤਪਲ. ਲਾਲ ਰੰਗ ਦਾ ਕਮਲ. "ਰੂਪ ਅਨੂਪ ਦਿਪੈ ਜੁ ਸਿੰਘਾਸਨ, ਤਾਂ ਪਰ ਪਾਵ ਰਤੋਪਾਲ ਧਾਰੀ." (ਗੁਵਿ ੧੦) "ਭਏ ਦ੍ਰਿਗ ਸ਼ੀਤਲ, ਸੰਪਤਿ ਦੇਖਿ ਰਤੋਪਲ ਕੀ." (ਹਨੂ)

**ਰਤੰਨ, ਰਤੰਨੁ:** ਦੇਖੋ, ਰਤਨ. "ਗੁਰ ਕਾ ਸਬਦੁ ਰਤੰਨੁ ਹੈ." (ਅਨੰਦ) ੨. ਰਤਨਰੂਪ ਨੇਤ੍ਰ "ਚੁਬਣ ਚਲਣ ਰਤੰਨ." (ਸ. ਫਰੀਦ) ਦੰਦ, ਪੈਰ ਅਤੇ ਨੇਤ੍ਰ। ੩. ਰਕ੍ਤ- ਵਰ੍ਣ. ਭਾਵ- ਪ੍ਰੇਮ ਦਾ ਰੰਗ. "ਮਨੁ ਪ੍ਰੇਮਿ ਰਤੰਨਾ." (ਆਸਾ ਛੰਤ ਮਃ ੪) ਪ੍ਰੇਮ ਵਿੱਚ ਰੰਗਿਆ ਗਿਆ.

**ਰੱਤਕ, ਰੱਤੀ:** ਸੰ. ਰਕ੍ਤਿਕਾ. ਸੰਗਯਾ- ਲਾਲੜੀ. ਘੁੰਘਚੀ. ਦੇਖੋ, ਰਤਕ। ੨. ਅੱਠ ਚਾਵਲ ਭਰ ਤੋਲ. ਦੇਖੋ, ਤੋਲ.

**ਰੱਤੂ:** ਰਕ੍ਤ. ਲਹੂ. "ਰੱਤੂ ਦੇ ਪਰਨਾਲੇ ਚੱਲੇ ਵੀਰਖੇਤ." (ਚੰਡੀ ੩)

**ਰੱਤੋਕੀ:** ਇੱਕ ਪਿੰਡ, ਜੋ ਜਿਲਾ ਲਹੌਰ, ਤਸੀਲ ਕੁਸੂਰ, ਥਾਣਾ ਵਲਟੋਹਾ ਵਿੱਚ ਰੇਲਵੇ ਸਟੇਸ਼ਨ ਰੱਤੋ ਕੀ ਗੁਰਦ੍ਵਾਰਾ ਤੋਂ ਨੇੜੇ ਹੈ. ਇਸ ਪਿੰਡ ਵਿੱਚ ਬਾਬਾ ਬੀਰਸਿੰਘ ਜੀ ਨੌਰੰਗਾਬਾਦੀਆਂ ਦਾ ਅਸਥਾਨ ਹੈ. ਇਸ ਨਾਲ ੯੩ ਘੁਮਾਉਂ ਜ਼ਮੀਨ ਇਸੇ ਪਿੰਡ ਵਿੱਚ ਹੈ, ਅਰ ਹੋਰ ਜ਼ਮੀਨ ਪਿੰਡ ਰਸੂਲਪੁਰ, ਭੰਗਾਲਾ, ਭੈਣੀ, ਚੱਕਬਾਹਤੀਆਂ, ਬੰਦਾਲਾ, ਕੋਟਲੀ ਬਸਾਵਾਸਿੰਘ, ਸਰਾਂ ਵਲਟੋਹਾ, ਮੁਠਿਆਂਵਾਲਾ, ਵਲਟੋਹਾ ਸਹਿਜਰਾ ਵਿੱਚ ਅਰ ਮੁਆਫੀ ਕਈ ਪਿੰਡਾਂ ਵਿੱਚ ਹੈ. ੨੭ ਵੈਸਾਖ ਨੂੰ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹਨ.

**ਰਤਜੰਕੁਰ:** ਰਤਿ (ਪ੍ਰੀਤਿ) ਦਾ ਅੰਕੁਰ (ਉਦਯ ਹੋਣਾ).

**ਰਥ:** ਸੰ. ਸੰਗਯਾ- ਜਿਸ ਨਾਲ ਛੇਤੀ ਜਾ ਸਕੀਏ. ਦੇਖੋ, ਰਿ ਧਾ। ੨. ਦੋ ਅਥਵਾ ਚਾਰ ਪਹੀਏ ਦੀ ਗੱਡੀ, ਜਿਸ ਉੱਪਰ ਗੋਲ ਆਕਾਰ ਦੀ ਛੱਤ ਹੁੰਦੀ ਹੈ. "ਰਥ ਅ ਅਸ੍ਵ ਨ ਗ੍ਰਜ ਸਿੰਘਾਸਨ." (ਸਵੈਯੇ ਸ੍ਰੀ ਮੁਖਵਾਕ ਮਃ ੫) ੩. ਸ਼ਰੀਰ. ਦੇਹ. "ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ." (ਸਵੈਯੇ ਮਃ ੨. ਕੇ) ਸ਼ਰੀਰ (ਰਥ) ਅਤੇ ਆਤਮਿਕ ਵ੍ਰਿੱਤਿ (ਉਨਾਮਤਿ) ਦੀ ਲਿਵ ਨਿਰੰਕਾਰ ਵਿੱਚ ਰੱਖਕੇ। ੪. ਅੰਤਹਕਰਣ। ੫. ਯੋਧਾ. ਬਹਾਦੁਰ ਪੁਰੁਸ਼। ੬. ਆਨੰਦ. ਪ੍ਰਸੰਨਤਾ. ਖ਼ੁਸ਼ੀ.

**ਰਥਈਆ:** ਵਿ- ਰਥ ਵਾਲਾ. ਰਥੀ. ਰਥਵਾਹੀ.

**ਰਥਸ਼ਾਲਾ:** ਸੰਗਯਾ- ਰਥਖ਼ਾਨਾ.

**ਰਥਕਾਰ:** ਰਥ ਬਣਾਉਣ ਵਾਲਾ ਕਾਰੀਗਰ.

**ਰਥਨੀ:** ਦੇਖੋ, ਰਥਿਨੀ.

**ਰਥ ਫਿਰਣਾ:** ਸੂਰਜ ਦਾ ਦੱਖਿਣਾਯਨ ਅਥਵਾ ਉੱਤਰਾਯਣ ਵੱਲ ਹੋਣਾ. "ਰਥੁ ਫਿਰੈ, ਛਾਇਆ ਧਨ ਤਾਕੈ." (ਤੁਖਾ ਬਾਰਹਮਾਹਾ)

**ਰਥਯਾਤ੍ਰਾ:** ਦੇਖੋ, ਜਗੰਨਾਥ.

**ਰਥਵਾਹ, ਰਥਵਾਹਕ, ਰਥਵਾਹੀ, ਰਥਵਾਹੁ:** ਰਥਵਾਹਕ. ਰਥ ਹੱਕਣ ਵਾਲਾ. "ਇਕ ਰਥੁ, ਇਕ ਰਥਵਾਹੁ." (ਵਾਰ ਆਸਾ)

ਰਥਵਾਨ: ਰਥ ਵਾਲਾ। ੨. ਰਥ ਹੱਕਣ ਵਾਲਾ.

ਰਥਾਂਗ: ਸੰਗਜਾ- ਰਥ ਦਾ ਪਹੀਆ। ੨. ਚਕ ਸ਼ਸਤ੍ਰ. ਜੋ ਪਹੀਏ ਦੀ ਸ਼ਕਲ ਦਾ ਹੁੰਦਾ ਹੈ.

ਰਥਾਂਬਰ: ਰਥ ਦਾ ਅੰਬਰ (ਵਸਤ੍ਰ). ਰਥ ਦਾ ਉਛਾੜ (ਗਿਲਾਫ).

ਰਥਿਕ: ਵਿ- ਰਥ ਵਾਲਾ। ੨. ਸੰਗਜਾ- ਰਥਵਾਨ. ਰਥ ਹੱਕਣ ਵਾਲਾ.

ਰਥਿਨੀ: ਰਥਸੈਨਾ. ਰਥਾਂ ਦੀ ਫੌਜ. (ਸਨਾਮਾ)

ਰਥੀ: ਸੰ. ਰਥਿਨ੍. ਵਿ- ਰਥ ਵਾਲਾ। ੨. ਸੰਗਜਾ- ਮਹਾਨ ਯੋਧਾ. ਹਜ਼ਾਰ ਯੋਧਿਆਂ ਨਾਲ ਇਕੱਲਾ ਲੜਨ ਵਾਲਾ ਯੋਧਾ। ੩. ਦਸ ਖੂਹਣਿ (ਅਕੌਹਿਣੀ) ਸੈਨਾ ਦਾ ਸ੍ਵਾਮੀ. ਦੇਖੋ, ਸੈਨਾ ੨.

ਰਥੁ: ਦੇਖੋ, ਰਥ, ਰਥ ਫਿਰਣਾ ਅਤੇ ਰਥਵਾਹ.

ਰਥਜਾ: ਸੰ. ਸੰਗਜਾ- ਉਹ ਸੜਕ ਅਥਵਾ ਗਲੀ, ਜਿਸ ਵਿੱਚ ਆਸਾਨੀ ਨਾਲ ਰਥ ਚਲ ਸਕੇ. "ਜਾਤ ਰਥਜਾ ਤਿਯ ਸੋਉ ਮਿਲੀ." (ਨਾਪ੍ਰ) ੨. ਸੜਕ. ਰਸਤਾ.

ਰਦ: ਸੰ. रद्. ਧਾ- ਚੀਰਨਾ, ਖੋਦਣਾ (ਪੁੱਟਣਾ), ਤੋੜਨਾ, ਟੁੱਕਣਾ। ੨. ਸੰਗਜਾ- ਦੰਦ. ਦਾਂਤ। ੩. ਦੇਖੋ, ਰੱਦ.

ਰਦਛਦ: ਸੰ. रदच्छद. ਸੰਗਜਾ- ਦੰਦਾਂ ਨੂੰ ਢਕਣ ਵਾਲੇ, ਹੋਠ ਓਸ਼੍ਠ. ਬੁਲ੍ਹ. ਲਬ.

ਰਦਧਾਵਨ: ਸੰਗਜਾ- ਰਦ (ਦੰਦ) ਧੋਣ ਦੀ ਕੂਚੀ, ਦਾਤਣ. "ਪਾਵਨ ਹੋਨ ਕਰੈਂ ਰਦਧਾਵਨ." (ਨਾਪ੍ਰ).

ਰਦਨ: ਸੰ. ਸੰਗਜਾ- ਵਿਦਾਰਣ (ਪਾੜਨ) ਦੀ ਕ੍ਰਿਯਾ. ਵਿਨਾਸ਼. ਦੇਖੋ, ਰਦ ਧਾ. "ਤਵ ਪ੍ਰਸਾਦਿ ਕਰ ਦਾਰਦ ਰਦਨਾ." (ਨਾਪ੍ਰ) ੨. ਦੰਦ, ਜਿਸ ਨਾਲ ਟੁੱਕੀਦਾ ਹੈ. "ਰਦਨ ਪਾਂਤਿ ਮੁਕਤਾ ਸੀ ਸੋਹਤ." (ਸਲੋਹ) ੩. ਹਾਥੀ ਦਾ ਦੰਦ. "ਲੰਬੋਦਰ ਏਕੈ ਰਦਨ." (ਜੈਸਿੰਘ) ਦੇਖੋ, ਏਕਰਦਨ.

ਰਦਨਛਦ: ਦੇਖੋ, ਰਦਛਦ.

ਰਦਨਪਟ: ਦੰਦਾਂ ਦਾ ਪੜਦਾ, ਹੋਠ. ਬੁਲ੍ਹ.

ਰਦਨੀ: ਦੇਖੋ, ਰਦਿਨੀ.

ਰਦਾ: ਫ਼ਾ. رده ਸੰਗਜਾ- ਕਤਾਰ. ਸ਼੍ਰੇਣੀ। ੨. ਤਹਿ. ਪਰਤ. ਜੈਸੇ- ਇੱਟਾਂ ਦਾ ਰਦਾ.

ਰਦਿਨੀ: ਹਾਥੀਆਂ ਦੀ ਫੌਜ. ਰਦੀ (ਦੰਤੀ) ਵਾਲੀ. (ਸਨਾਮਾ)

ਰਦੀ: रदिन्. ਦੰਦਾਂ ਵਾਲਾ, ਹਾਥੀ। ੨. ਦੇਖੋ, ਰੱਦੀ.

ਰਦੀਫ: ਅ਼. ردیف ਸੰਗਜਾ- ਅ਼ਰਬੀ ਫ਼ਾਰਸੀ ਦੇ ਕਾਵ੍ਯ ਵਿੱਚ ਛੰਦ ਦਾ ਅੰਤਿਮ ਅੱਖਰ ਅਥਵਾ ਪਦ, ਰਦੀਫ਼ ਹੈ. ਜਿਵੇਂ- ਪ੍ਰਕਾਸ਼ ਭਯਾ- ਹੁਲਾਸ ਭਯਾ, ਵਿਕਾਸ ਭਯਾ. ਨਿਵਾਸ ਭਯਾ ਇਥੇ ਭਯਾ ਸ਼ਬਦ ਰਦੀਫ਼ ਹੈ. ਪ੍ਰਕਾਸ਼ ਹੁਲਾਸ ਆਦਿ ਕਾਫੀਯਹ ਹੈ. ਦੇਖੋ, ਅਨੁਪ੍ਰਾਸ। ੨. ਘੁੜਸਵਾਰ ਦੇ ਪਿੱਛੇ ਬੈਠਣ ਵਾਲਾ ਆਦਮੀ। ੩. ਪਿਛਲੇ ਪਾਸੇ ਰਹਿਣ ਵਾਲੀ ਫੌਜ.

ਰੱਦ: ਅ਼. رّد ਸੰਗਜਾ- ਖੰਡਨ। ੨. ਵਮਨ. ਡਾਕੀ. ਕ਼ਯ. ਛਰਦਿ.

ਰੱਦੀ: ਅ਼. ردّی ਵਿ- ਬੁਰਾ. ਖੋਟਾ. ਇਸ ਦਾ ਮੂਲ ਰਦਾਯਤ (ਖ਼ਰਾਬ ਹੋਣਾ) ਹੈ.

ਰੱਧ: ਦੇਖੋ, ਰੱਧ.

ਰਨ: ਦੇਖੋ, ਰਣ। ੨. ਜੰਗ ਦਾ ਮੈਦਾਨ. ਰਣਭੂਮਿ. "ਜੁੱਧ ਕਰਜੋ ਰਨ ਮੱਧ ਰੁਹੇਲੀ." (ਚੰਡੀ ੧) ੩. ਸਿੰਧੀ. ਵਿਧਵਾ ਇਸਤ੍ਰੀ। ੪. ਵੇਸ਼੍ਯਾ. ਕੰਚਨੀ। ੫. ਦੇਖੋ, ਰੰਨ.

ਰਨਐਨ: ਯੁੱਧ ਦਾ ਅਯਨ (ਘਰ). ਮੈਦਾਨ ਜੰਗ. "ਚੜ੍ਹ ਆਯੋ ਰਨਐਨ." (ਚੰਡੀ ੧) ਰਣ- ਅਵਨਿ. ਰਣਭੂਮਿ. ਰਣਾਂਗਣ.

ਰਨਖੰਭ: ਦੇਖੋ, ਰਣਖੰਭ.

ਰਨਜੀਤ: ਦੇਖੋ, ਰਣਜੀਤ.

ਰਨਜੀਤਸਿੰਘ: ਦੇਖੋ, ਰਣਜੀਤਸਿੰਘ.

ਰਨਥੰਭੌਰ: ਸੰ. ਰਣਸ੍ਤੰਭਪੁਰ. ਰਾਜਪੂਤਾਨੇ ਵਿੱਚ ਜੈਪੁਰ ਰਾਜ ਅੰਦਰ ਇੱਕ ਕਿਲਾ, ਜਿਸ ਪਾਸ ਕਿਸੇ ਸਮੇਂ ਭਾਰੀ ਆਬਾਦੀ ਸੀ ਅਰ ਅਨੇਕ ਪ੍ਰਤਾਪੀ ਰਾਜਿਆਂ ਦੀ ਰਾਜਧਾਨੀ ਰਹੀ ਹੈ. ਕਈ ਲੇਖਕਾਂ ਨੇ ਇਸ ਨੂੰ ਕੇਵਲ ਥੰਭੌਰ ਭੀ ਲਿਖਿਆ ਹੈ. "ਰਾਜਾ ਰਨਥੰਭੌਰ ਕੋ ਜਾਂਕੋ ਪ੍ਰਬਲ ਪ੍ਰਤਾਪ." (ਚਰਿਤ੍ਰ ੬੦) ਦੇਖੋ, ਤਨਸੁਖ ੨.

ਰਨਬਾਸ, ਰਨਵਾਰਾ: ਰਾਗ੍ਯੀ (ਰਾਜ਼ੀ) ਵਾਸ. ਰਾਣੀਆਂ ਦੇ ਰਹਿਣ ਦਾ ਮਹਿਲ, ਹਰਮ. ਅੰਤਹਪੁਰ.

ਰਨਾਚਲ: ਦੇਖੋ, ਰਣਾਚਲ.

ਰਨਿਯਹਿਂ: ਰਾਣੀ ਨੂੰ. ਦੇਖੋ, ਰਨਿਯਾ.

ਰਨਿਯਾ, ਰਨੀਆ: ਰਾਣੀ. ਰਾਗ੍ਯੀ. "ਤਿਸੀ ਠੌਰ ਰਹਿਯਹਿ" ਲੈ ਜਾਵੈ." (ਚਰਿਤ੍ਰ ੮੫)

ਰਪ: ਦੇਖੋ, ਰਪਣਾ.

ਰਪਟਨਾ: ਕ੍ਰਿ- ਫਿਸਲਣਾ. ਤਿਲ੍ਹਕਣਾ.

ਰਪਣਾ: ਕ੍ਰਿ- ਰੰਗੇ ਜਾਣਾ. (ਮਰਾ- ਪੋਚਣਾ) ਅਸਲ ਵਿੱਚ ਰਪਣਾ ਦਾ ਅਰਥ ਹੈ ਰੰਗ ਪੋਚਿਆ ਜਾਣਾ. ਰੰਗ ਦੋ ਤਰਾਂ ਵਸਤ੍ਰ ਨੂੰ ਲਾਈਦਾ ਹੈ. ਇੱਕ ਪਾਣੀ ਵਿੱਚ ਪਤਲਾ ਘੋਲਕੇ ਉਸ ਵਿੱਚ ਵਸਤ੍ਰ ਡੋਬੀਦਾ ਹੈ. ਦੂਜਾ ਗਾੜ੍ਹਾ ਰੰਗ ਛਾਪੇ ਨਾਲ ਅਥਵਾ ਕੂਚੀ ਨਾਲ ਵਸਤ੍ਰ ਦੇ ਉੱਪਰ ਲਗਾਈਦਾ ਹੈ. "ਨਾਨਕ ਭਗਤੀ ਜੇ ਰਪੈ." (ਵਾਰ ਆਸਾ) "ਜਿਸਨੋ ਆਪੇ ਰੰਗੇ, ਸੁ ਰਪਸੀ." (ਆਸਾ ਅ: ਮ: ੩) "ਰਪਹੁ ਏਕ ਪ੍ਰਭੁਰੰਗ." (ਨਾਪ੍ਰ)

ਰਪੋਟ: ਅੰ. Report ਸੰਗ੍ਯਾ- ਸਮਾਚਾਰ. ਖ਼ਬਰ.

ਰਫ਼ਅ, ਰਫ਼ਅ਼: ਅ਼. رفع ਉਠਾਉਣਾ। ੨. ਮਿਟਾਉਣਾ। ੩. ਰੱਦ ਕਰਨਾ। ੪. ਵਿ- ਰੱਦ ਕੀਤਾ। ੫. ਹਟਾਇਆ ਹੋਇਆ.

ਰਫ਼ਤ: ਫ਼ਾ. رفت ਵਿ- ਗਿਆ. ਚਲਾ ਗਿਆ.

ਰਫ਼ਤਨ: ਫ਼ਾ. رفتن ਕ੍ਰਿ- ਜਾਣਾ. ਗਮਨ। ੨. ਭਾਵ- ਮਰਨਾ. ਪਰਲੋਕਗਮਨ.

ਰਫ਼ਤਾਰ: ਫ਼ਾ. رفتار ਸੰਗ੍ਯਾ- ਚਾਲ. ਰੀਤਿ। ੨. ਦੇਖੋ, ਗਤਿਵਿਦ੍ਯਾ.

ਰਫ਼ਤਾ ਰਫ਼ਤਾ: ਫ਼ਾ. رفتہ رفتہ ਕ੍ਰਿ. ਵਿ- ਧੀਰੇ ਧੀਰੇ. ਸਨੇ ਸਨੇ. ਹੌਲੀ ਹੌਲੀ. ਕ੍ਰਮ ਕ੍ਰਮ ਕਰਕੇ.

ਰਫ਼ਤੀ: ਫ਼ਾ. رفتی ਤੂੰ ਗਿਆ. "ਕੁਜਾ ਆਮਦ, ਕੁਜਾ ਰਫ਼ਤੀ?" (ਤਿਲੰ ਨਾਮਦੇਵ)

ਰਫਲ: ਅੰ. Rifle. ਰਾਇਫ਼ਲ. ਖ਼ਾਰਦਾਰ ਬੰਦੂਕ. ਗੋਲੀ ਦੀ ਬੰਦੂਕ.

ਰਫਾ: ਦੇਖੋ, ਰਫ਼ਅ਼। ੨. ਦੇਖੋ, ਰਫਾਹ.

**ਰਫਾਹ:** ਅ਼. رفاہ ਸੰਗਯਾ- ਆਰਾਮ. ਆਸੂਦਗੀ.

**ਰਫਾਕਤ:** ਅ਼. رفاقت ਰਿਫ਼ਾਕ਼ਤ ਸੰਗਯਾ- ਸਾਥ. ਸੰਗ. ਨਾਲ ਹੋਣ ਦਾ ਭਾਵ। ੨. ਭਾਵ- ਮਿਤ੍ਰਤਾ. ਦੋਸਤੀ.

**ਰਫੀਕ:** ਅ਼. رفیق ਰਫ਼ੀਕ਼. ਸੰਗਯਾ- ਰਫ਼ਾਕ਼ਤ ਰੱਖਣ ਵਾਲਾ. ਸਾਥੀ. ਹਮਰਾਹੀ। ੨. ਭਾਵ- ਮਿਤ੍ਰ. ਦੋਸਤ. "ਰਫੀਕ ਹੈ." (ਜਾਪੁ)

**ਰਫੂ:** ਅ਼. رفو ਰਫ਼ਵ. ਸੰਗਯਾ- ਪੈਵੰਦ ਕਰਨ ਦੀ ਕ੍ਰਿਯਾ. ਛੇਕ ਬੰਦ ਕਰਨੇ. ਪੁਣਨਾ.

**ਰਫੂਗਰ:** ਫ਼ਾ. رفوگر ਸੰਗਯਾ- ਰਫੂ ਕਰਨ ਵਾਲਾ. ਪੁਣਨ ਵਾਲਾ ਕਾਰੀਗਰ.

**ਰਬ, ਰਬੁ:** ਅ਼. رّب ਰੱਬ. ਪ੍ਰਤਿਪਾਲਕ ਵਾਹਗੁਰੂ. "ਓਨਾ ਪਿਆਰਾ ਰਬੁ." (ਵਾਰ ਰਾਮ ੨. ਮਃ ੫) ੨. ਮਾਲਿਕ. ਸ੍ਵਾਮੀ.

**ਰਬਖਜੂਰੀ:** ਕਰਤਾਰ ਦੀਆਂ ਖਜੂਰਾਂ. ਭਾਵ- ਸੰਤਜਨਾਂ ਦੀ ਸੁਭ ਸਿਖ੍ਯਾ. ਗੁਰਮੁਖਾਂ ਦੀ ਸੰਗਤਿ. "ਰਬਖਜੂਰੀ ਪਕੀਆ." (ਸਃ ਫਰੀਦ) ਦੇਖੋ, ਮਾਖਿਅ.

**ਰਬਤ, ਰਬਤ਼:** ਅ਼. ربط ਸੰਗਯਾ- ਲਗਾਉਣ. ਸੰਬੰਧ. ਜੋੜ। ੨. ਅਭ੍ਯਾਸ। ੩. ਬੰਨ੍ਹਣਾ.

**ਰਬਧ:** ਆਰਬਧ ਅਤੇ ਪ੍ਰਾਰਬਧ ਦਾ ਸੰਖੇਪ.

**ਰਬਧਾ:** रब्धा. ਸੰਗਯਾ- ਭੋਜਨ. ਖੁਰਾਕ. ਗਿਜ਼ਾ.

**ਰਬਰ, ਰਬੜ:** ਇੱਕ ਬੋਹੜ ਦੀ ਜਾਤਿ ਦਾ ਬਿਰਛ. ਇਸ ਦੇ ਲੇਸ ਤੋਂ ਜੋ ਪਦਾਰਥ ਬਣਦਾ ਹੈ, ਉਹ ਭੀ ਰਬਰ ਅਖਾਉਂਦਾ ਹੈ. Rubber L. Ficus Elastica

**ਰਬਾਣਾ, ਰਬਾਣੀ, ਰਬਾਨੀ:** ਅ਼. رّبانی ਰੱਬਾਨੀ. ਵਿ- ਰੱਬ (ਕਰਤਾਰ) ਨਾਲ ਹੈ ਜਿਸ ਦਾ ਸੰਬੰਧ. "ਇਕਨਾ ਗਲੀ ਜੰਜੀਰ, ਬੰਦਿ ਰਬਾਣੀਐ." (ਮਃ ੧. ਵਾਰ ਮਲਾ) ਕਰਤਾਰ ਦੀ ਬੰਦਿਸ਼. "ਜਾਇ ਜੰਗ ਕਰਨ ਵਾਲਾ ਗੁਰੂ ਦੇ ਦੇਖ ਖੇਲ ਰਬਾਣੇ." (ਜੰਗਨਾਮਾ)

**ਰਬਾਬ:** ਅ਼. رباب ਸੰਗਯਾ- ਤਾਰ ਅਤੇ ਤੰਦ ਦਾ ਇੱਕ ਵਾਜਾ, ਜੋ ਭਾਈ ਮਰਦਾਨੇ ਦਾ ਪਿਆਰਾ ਸਾਜ ਸੀ. Rebeck. ਸੰਗੀਤ ਵਿੱਚ ਇਸ ਦਾ ਨਾਮ "ਰਾਵਣ ਵੀਣਾ" ਹੈ. ਇਸ ਦੇ ਦੋ ਭੇਦ ਹਨ- ਇੱਕ ਨਿਬੱਧ (ਜਿਸ ਦੇ ਤੰਦਾਂ ਦੇ ਬੰਦ, ਸੁਰਾਂ ਦੇ ਚਿੰਨ੍ਹ ਲਈ ਬੱਧੇ ਹੋਣ), ਦੂਜਾ ਅਨਿਬੱਧ (ਜਿਸ ਦੇ ਬੰਦ ਨਾ ਹੋਣ). "ਰਬਾਬ ਪਖਾਵਜ ਤਾਲ." (ਆਸਾ ਮਃ ੫) "ਤੂਟੀ ਤੰਤੁ ਨ ਬਜੈ ਰਬਾਬ." (ਆਸਾ ਕਬੀਰ) ਅਖੰਡਾਕਾਰ ਵ੍ਰਿੱਤਿ ਟੁੱਟਣ ਤੋਂ ਮਨਰੂਪ ਰਬਾਬ ਬਜਦਾ ਨਹੀਂ.

**ਰਬਾਬੀ:** ਵਿ- ਰਬਾਬ ਬਜਾਉਣ ਵਾਲਾ। ੨. ਸੰਗਯਾ- ਸਤਿਗੁਰੂ ਦੇ ਦਰਬਾਰ ਵਿੱਚ ਕੀਰਤਨ ਕਰਨ ਵਾਲੇ ਉਹ ਰਾਗੀ, ਜੋ ਭਾਈ ਮਰਦਾਨਾ ਰਬਾਬੀ ਦੀ ਵੰਸ਼ ਦੇ ਅਥਵਾ ਉਸ ਦੀ ਸੰਪ੍ਰਦਾਯ ਦੇ ਰਬਾਬ ਵਜਾਕੇ ਗੁਰਬਾਣੀ ਗਾਂਉਂਦੇ ਹਨ.

**ਰਬਾਰਾ, ਰਬਾਰੀ:** ਵਿ- ਰਹਬਰੀ ਕਰਨ ਵਾਲਾ. ਰਾਹ ਦੱਸਣ ਵਾਲਾ। ੨. ਸੰਗਯਾ- ਦੂਤ. ਏਲਚੀ. "ਤੂੰ ਕਰੀਂ ਸੁਲਾ ਨਾਲ ਗੁਰੂ ਦੇ ਘਲ ਖੂਬ ਰਬਾਰੇ." (ਜੰਗਨਾਮਾ) ੩. ਉੱਠ ਵਾਹੁਣ ਵਾਲੀ ਇੱਕ ਜਾਤਿ. ਇਹ ਰਾਹ ਦੇ ਭੇਤੀ ਹੁੰਦੇ ਹਨ, ਇਸ ਲਈ ਰਹਬਰੀ ਕਰਦੇ ਹਨ.

**ਰਬੀ:** ਅ਼. ربیع ਰਬੀਅ਼ ਸੰਗਯਾ- ਬਸੰਤ ਰੁੱਤ। ੨. ਉਹ ਫਸਲ, ਜੋ ਬਸੰਤ ਰੁੱਤ ਵਿੱਚ ਕੱਟੀ ਜਾਵੇ. ਜੈਸੇ- ਕਣਕ ਛੋਲੇ ਜੌਂ ਆਦਿ। ੩. ਦੇਖੋ, ਰੱਬੀ.

**ਰਬੁ:** ਦੇਖੋ, ਰਬ.

**ਰਬੂਦ:** ਫ਼ਾ. ربود ਲੈਗਿਆ.

ਰਬੂਦਨ: ਫ਼ਾ. ربُودن ਕ੍ਰਿ- ਲੈਜਾਣਾ.

ਰਬੇਲ: ਦੇਖੋ, ਰਾਇਬੇਲ.

ਰੱਬ: ਦੇਖੋ, ਰਬ.

ਰੱਬੀ: ਵਿ- ਰੱਬ ਦਾ. ਅਕਾਲ ਦਾ.

ਰਭਸ: ਸੰ. ਸੰਗਯਾ- ਆਨੰਦ. ਪ੍ਰਸੰਨਤਾ। ੨. ਪਛਤਾਵਾ। ੩. ਵੇਗ.

ਰਮ: ਸੰ. ਰਸ. ਧਾ- ਕੀੜਾ ਕਰਨਾ, ਖੇਲਣਾ, ਆਰਾਮ ਕਰਨਾ, ਠਹਿਰਨਾ, ਖ਼ੁਸ਼ ਕਰਨਾ, ਪ੍ਰਸੰਨ ਹੋਣਾ, ਭੋਗ ਕਰਨਾ. ਇਸੇ ਧਾਤੁ ਤੋਂ ਰਤਨ ਰਤਿ ਆਦਿ ਸ਼ਬਦ ਬਣੇ ਹਨ। ੨. ਸੰਗਯਾ- ਪਤਿ. ਭਰਤਾ। ੩. ਕਾਮਦੇਵ। ੪. ਅਸ਼ੋਕ ਬਿਰਛ। ੫. ਵਿ- ਪਿਆਰਾ। ੬. ਸੰ. ਰਮਯ. ਮਨੋਹਰ. ਸੁੰਦਰ. "ਭਵ ਭੂਖਣ ਪੂਖਣ ਸੋਹਤ ਰਮ." (ਗੁਵਿ ੧੦) ੭. ਗੁਰਬਾਣੀ ਵਿੱਚ ਰਵ (ਉੱਚਾਰਣ) ਦੀ ਥਾਂ ਭੀ ਰਮ ਸ਼ਬਦ ਆਇਆ ਹੈ, ਯਥਾ- "ਰਮ ਨਾਮ, ਕਰਿ ਕਰਣੀ." (ਗੂਜ ਅਃ ਮਃ ੫) "ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ." (ਆਸਾ ਮਃ ੫) ੮. ਰਮ ਸ਼ਬਦ ਵੀਤਣਾ, ਗੁਜ਼ਰਨਾ ਅਰਥ ਵਿੱਚ ਭੀ ਵਰਤਿਆ ਹੈ, ਯਥਾ- "ਨਾਨਕ ਸਮਿਓ ਰਮਿਗਇਓ." (ਸ. ਮਃ ੯)

ਰਮਊਆ: ਵਿ- ਕ੍ਰੀੜਾ ਕਰਨ ਵਾਲਾ. ਖੇਲ ਕਰਨ ਵਾਲਾ. ਦੇਖੋ, ਰਮ ਧਾ। ੨. ਰਵ (ਉੱਚਾਰਣ) ਕਰਨ ਵਾਲਾ। ੩. ਸੰਗਯਾ- ਰਵਣ ਦੀ ਕ੍ਰਿਯਾ. ਉੱਚਾਰਣ. ਜਾਪ. "ਬਿਟਵਹਿ ਰਾਮ ਰਮਊਆ ਲਾਵਾ." (ਆਸਾ ਕਬੀਰ) ਰਾਮ ਦੇ ਜਾਪ ਵਿੱਚ ਲਾ ਦਿੱਤਾ ਹੈ.

ਰਮਈਆ: ਰਮਣ ਕਰੈਯਾ. ਕਰਤਾਰ. ਪਾਰਬ੍ਰਹਮ. "ਰਮਈਆ ਕੇ ਗੁਨ ਚੇਤਿ ਪਰਾਨੀ." (ਸੁਖਮਨੀ) "ਸਰਬ ਨਿਵਾਸੀ ਨਾਨਕ ਰਮਈਆ ਡੀਠਾ." (ਧਨਾ ਮਃ ੫)

ਰਮਹੁ: ਰਮਣ ਕਰੋ। ੨. ਰਵਹੁ. ਉੱਚਾਰਣ ਕਰੋ. "ਰਾਮ ਰਮਹੁ ਬਡਭਾਗੀ ਹੋ!" (ਵਾਰ ਗੂਜ ੨. ਮਃ ੫)

ਰਮਕ, ਰਮਕ਼: ਅ਼. رمق ਸੰਗਯਾ- ਥੋੜੀ ਜੇਹੀ ਜਾਨ. ਪ੍ਰਾਣ ਨਿਕਲਣ ਵੇਲੇ ਜੋ ਥੋੜੇ ਸ੍ਵਾਸ ਬਾਕੀ ਹੋਣ.

ਰਮਕਣਾ: ਕ੍ਰਿ- ਪੌਣ ਦਾ ਹੌਲੀ ਹੌਲੀ ਚੱਲਣਾ. ਦੇਖੋ, ਰਮਕ ਅਤੇ ਰੁਮਕਣਾ.

ਰਮਜ਼: ਅ਼. رمز ਸੰਗਯਾ- ਇਸ਼ਾਰਾ (Inuendo) ੨. ਵਯੰਗ ਵਚਨ.

ਰਮਜਾਨ: ਅ਼. رمضان ਰਮਜਾਨ. ਵਿ- ਜਲਾਉਣ ਵਾਲਾ. ਭਾਵ, ਪਾਪਾਂ ਦਾ ਨਾਸ਼ਕ। ੨. ਸੰਗਯਾ- ਹਿਜਰੀ ਸਾਲ ਦਾ ਨੌਵਾਂ ਮਹੀਨਾ. ਇਸ ਮਹੀਨੇ ਵਿੱਚ ਵ੍ਰਤ ਰੱਖਣਾ ਇਸਲਾਮ ਦਾ ਧਾਰਮਿਕ ਨਿਯਮ ਹੈ. ਮਿਸ਼ਕਾਤ ਵਿੱਚ ਲਿਖਿਆ ਹੈ ਕਿ ਹ਼ਜਰਤ ਮੁਹ਼ੰਮਦ ਦਾ ਬਚਨ ਹੈ ਕਿ- "ਰਮਜਾਨ ਵਿੱਚ ਸ੍ਵਰਗ ਦੇ ਦਰਵਾਜ਼ੇ ਖੁਲੇ ਅਤੇ ਨਰਕ ਦੇ ਬੰਦ ਰਹਿੰਦੇ ਹਨ, ਅਰ ਇਸ ਮਹੀਨੇ ਸ਼ੈਤਾਨ ਦੇ ਪੈਰਾਂ ਵਿੱਚ ਬੰਧਨ ਪਾਕੇ ਕ਼ੈਦ ਰੱਖਿਆ ਜਾਂਦਾ ਹੈ. ਰਮਜਾਨ ਵਿੱਚ ਰੋਜ਼ਾ ਰੱਖਣ ਵਾਲੇ ਦੇ ਪਾਪ ਬਖ਼ਸ਼ੇ ਜਾਂਦੇ ਹਨ."

ਕ਼ੁਰਾਨ ਦੀ ਸੂਰਤ ਬਕਰਹ ਦੀ ੧੮੩ ਆਯਤ ਤੋਂ ੧੮੭ ਆਯਤ ਤੀਕ ਰੋਜ਼ੇ ਦਾ ਖ਼ਾਸ ਹੁਕਮ ਹੈ. ਇਸ ਵਿੱਚ ਇਹ ਭੀ ਦੱਸਿਆ ਹੈ ਕਿ ਜੋ ਰੋਗੀ ਹੋਵੇ ਜਾਂ ਸਫਰ ਕਰਦਾ ਹੋਵੇ, ਓਹ ਜਿਤਨੇ ਦਿਨ ਰਮਜਾਨ ਵਿੱਚ ਵ੍ਰਤ ਨਾ ਰਖ ਸਕੇ, ਉਤਨੇ ਦਿਨ ਹੋਰ ਮਹੀਨੇ ਵਿੱਚ ਵ੍ਰਤ ਰੱਖਕੇ ਗਿਣਤੀ ਪੂਰੀ ਕਰ ਦੇਵੇ.

ਪਹਿ ਫਟਣ ਦੇ ਸਮੇਂ ਤੋਂ ਲੈਕੇ ਸੂਰਜ ਛਿਪਣ ਤੀਕ ਰਮਜਾਨ ਦੇ ਦਿਨਾਂ ਵਿੱਚ ਅੰਨ ਜਲ ਦਾ ਤਿਆਗ ਕੀਤਾ ਜਾਂਦਾ ਹੈ. ਦਸਵੇਂ ਮਹੀਨੇ ਦਾ ਚੰਦ ਦੇਖਕੇ ਵ੍ਰਤ ਦੀ ਸਮਾਪਤੀ ਹੁੰਦੀ ਹੈ.

ਰਮਜਾਨ ਵਿੱਚ ਹਰ ਰੋਜ਼ ਰਾਤ ਦੀ ਨਮਾਜ ਪਿੱਛੋਂ ਵੀਹ ਰਕਾਤਾਂ ਦਾ ਪੜ੍ਹਨਾ ਜਰੂਰੀ ਹੈ, ਜਿਨ੍ਹਾਂ ਦੀ ਸੰਗਯਾ "ਤਰਾਵੀਹ਼" تراویح ਹੈ.

ਗਰਭਵਤੀ ਇਸਤ੍ਰੀ, ਬੱਚੇ ਨੂੰ ਚੁੰਘਾਉਂਣ ਵਾਲੀ ਅਰ ਛੋਟੀ ਉਮਰ ਦੇ ਬਾਲ ਨੂੰ ਇਸ ਵ੍ਰਤ ਤੋਂ ਮੁਆ਼ਫ਼ੀ ਹੈ. ਰਮਜਾਨ ਦੀ

ਸਤਾਈਵੀਂ ਰਾਤ "ਲੈਲਤੁਲ ਮੁਬਾਰਕ" لیَلتہ اُلمُبارک ਅਥਵਾ "ਲੈਲਤੁਲਕ਼ਦਰ" لیَلتہ اُلقدر ਆਖੀ ਜਾਂਦੀ ਹੈ. ਇਸ ਰਾਤ ਨੂੰ ਕ਼ੁਰਾਨ "ਲੌਹ਼ਮਹ਼ਿਫ਼ੂਜ"[1081] ਤੋਂ ਹੇਠਲੇ ਆਸਮਾਨ ਪੁਰ ਉਤਾਰਿਆ ਗਿਆ ਸੀ. ਇਸ ਰਾਤ ਵਿੱਚ ਜਾਗ ਕੇ. ਕ਼ੁਰਾਨ ਪੜ੍ਹਨਾ ਵਿਧਾਨ ਹੈ. ਕਈ ਆਖਦੇ ਹਨ ਕਿ ਇਹ ਰਾਤ ਰਮਜਾਨ ਵਿੱਚ ਤਾਂ ਜਰੂਰ ਆਉਂਦੀ ਹੈ, ਪਰ ਪਤਾ ਨਹੀਂ ਕਿ ਰਾਤ ਕੇਹੜੀ ਹੈ. ਕਿਉਂਕਿ ਕ਼ੁਰਾਨ ਵਿੱਚ ਖ਼ਾਸ ਗਿਣਤੀ ਦੀ ਰਾਤ ਨਹੀਂ ਦੱਸੀ. "ਕਾਜੀ ਮਹ ਰਮਜਾਨਾ." (ਪ੍ਰਭਾ ਕਬੀਰ) ਕਾਜੀ ਰਮਜਾਨ ਦਾ ਮਹੀਨਾ ਵ੍ਰਤ ਰਖਦੇ ਹਨ। ੩. ਔਰੰਗਜ਼ੇਬ ਦੀ ਫ਼ੌਜ ਦਾ ਇੱਕ ਸਰਦਾਰ, ਜੋ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਤੀਰ ਨਾਲ ਆਨੰਦਪੁਰ ਦੇ ਤੀਜੇ ਜੰਗ ਵਿੱਚ ਮੋਇਆ.

ਰਮਣ: ਸੰ. ਸੰਗਯਾ- ਪਤਿ. ਭਰਤਾ। ੨. ਕਾਮਦੇਵ। ੩. ਭੋਗ ਵਿਲਾਸ। ੪. ਖੇਲ ਕ੍ਰੀੜਾ। ੫. ਜਾਣਾ. ਫਿਰਨਾ. ਵਿਚਰਨਾ। ੬. ਗਧਾ। ੭. ਅੰਡਕੋਸ਼. ਫੋਤੇ। ੮. ਰਮਣ ਇੱਕ ਵਰਣਿਕ ਛੰਦ ਭੀ ਹੈ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਇੱਕ ਸਗਣ.

ਉਦਾਹਰਣ-

ਸਤ ਕੋ। ਰਰਿਯੇ। ਜਤ ਕੋ। ਧਰਿਯੇ ॥

੯. ਵਿ- ਮਨੋਹਰ. ਸੁੰਦਰ। ੧੦. ਸੰ. ਰਵਣ. ਉੱਚਾਰਣ. ਕਥਨ. "ਰਾਮ ਰਮਣ ਤਰਣ ਭੈਸਾਗਰ." (ਗਉ ਮਃ ੫) "ਰਮਣ ਕਉ ਰਾਮ ਕੇ ਗੁਣਬਾਦ." (ਸਾਰ ਮਃ ੫) ਗੁਣਾਨੁਵਾਦ.

ਰਮਣਸੀਲ: ਰਮਣਸ਼ੀਲ. ਵਿ- ਕ੍ਰੀੜਾ ਕਰਨ ਵਾਲਾ. "ਰਮਣਸੀਲ ਪਰਮੇਸੁਰਹ." (ਸਹਸ ਮਃ ੫)

ਰਮਣਜੋਗ: ਰਮਣ ਯੋਗ੍ਯ. ਭੋਗਣ ਯੋਗ੍ਯ। ੨. ਰਵਣ ਯੋਗ੍ਯ. ਉੱਚਾਰਣ (ਜਪਣ) ਯੋਗ੍ਯ.

ਰਮਣਾ: ਕ੍ਰਿ- ਕ੍ਰੀੜਾ ਕਰਨਾ। ੨. ਵਿਚਰਨਾ. ਫਿਰਨਾ. "ਕਤ ਆਵੈ ਕਤ ਰਮਤੈ." (ਕਾਨ ਮਃ ੫) ੩. ਸ਼ੌਚ ਜਾਣਾ. "ਬਾਹਰ ਨਾ ਜਾਵਹੁ, ਇੱਥੇ ਹੀ ਰਮਣੇ ਫਿਰਹੁ." (ਭਗਤਾਵਲੀ) ੪. ਵਜਾਪਣਾ.

ਰਮਣੀ: ਸੰ. ਰਮਣ ਯੋਗ੍ਯ ਸੁੰਦਰ ਇਸਤ੍ਰੀ। ੨. ਭਾਰਯਾ. ਵਹੁਟੀ. ਪਤਨੀ.

ਰਮਣੀਅ, ਰਮਣੀਕ, ਰਮਣੀਯ: ਸੰ. ਰਮਣੀਯ. ਵਿ- ਸੁੰਦਰ. ਮਨੋਹਰ. "ਕੰਠ ਰਮਣੀਯ ਰਾਮ ਰਾਮ ਮਾਲਾ." (ਸਹਸ ਮਃ ੫)

ਰਮਤ: ਕ੍ਰਿ. ਵਿ- ਰਮਣ ਕਰਦਾ. "ਰਮਤ ਰਾਮੁ ਸਭ ਰਹਿਓ ਸਮਾਇ." (ਗੌਂਡ ਮਃ ੫) ੨. ਰਵਤ ਉੱਚਾਰਣ ਕਰਕੇ. ਉੱਚਾਰਣ ਕਰਦਿਆਂ. "ਰਸਨਾ ਰਮਤ ਸੁਨਤ ਸੁਖ ਸ੍ਰਵਨਾ." (ਸੋਰ ਭੀਖਨ)

ਰਮਤਾ: ਵਿ- ਫਿਰਦਾ. ਵਿਚਰਦਾ. ਜੋ ਇੱਕ ਥਾਂ ਨਹੀਂ ਠਹਿਰਦਾ.

ਰਮਤਿ: ਸੰ. ਸੰਗ੍ਯਾ- ਸੁਰਗ। ੨. ਕਾਮਦੇਵ। ੩. ਕਾਉਂ। ੪. ਨਾਯਕ. ਪਤਿ.

ਰਮਤੁ: ਰਮਣ ਕਰਤਾ, ਪਤਿ. ਨਾਯਕ. "ਸੇਜੈ ਰਮਤੁ. ਨੈਨ ਨਹੀ ਪੇਖਉ." (ਆਸਾ ਕਬੀਰ) ਦੇਖੋ, ਰਮਤਿ ੪। ੨. ਰਮਣ ਕਰਦਾ. ਭੋਗਦਾ.

ਰਮਦਾਸ: ਇੱਕ ਨਗਰ, ਜੋ ਜਿਲਾ ਅਮ੍ਰਿਤਸਰ, ਤਸੀਲ ਅਜਨਾਲਾ ਵਿੱਚ ਹੈ. ਇਸ ਦਾ ਰੇਲਵੇ ਸਟੇਸ਼ਨ "ਰਮਦਾਸ" ਅੰਮ੍ਰਿਤਸਰ ਨਾਰੋਵਾਲ ਸਿਆਲਕੋਟ ਰੇਲਵੇ, ਅਮ੍ਰਿਤਸਰੋਂ ੨੭ ਮੀਲ ਹੈ. ਬਾਬਾ ਬੁੱਢਾ ਜੀ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਇੱਥੇ ਰਹਿੰਦਿਆਂ ਵਿਤਾਇਆ ਅਤੇ ਉਨ੍ਹਾਂ ਦਾ ਇੱਥੇ ਹੀ ਦੇਹਾਂਤ ਹੋਇਆ. ਬਾਬਾ ਜੀ ਦੀ ਸਮਾਧ ਬਹੁਤ ਸੁੰਦਰ ਬਣੀ ਹੋਈ ਹੈ, ਅਰ ਰਹਿਣ ਲਈ ਮਕਾਨ ਬਹੁਤ ਹਨ. ਇਸ ਅਸਥਾਨ ਨਾਲ ਪਿੰਡ ਰਮਦਾਸ, ਫੀਰੋਜ਼ਕੇ, ਨੰਗਲ, ਮੁਹਾਰ, ਸਰਾਜ, ਲੌਂਗ,

---

[1081] ਕ਼ੁਰਾਨ ਅਨੁਸਾਰ ਇਹ ਤਖਤੀ ਖੁਦਾ ਪਾਸ ਹੈ, ਇਸ ਤੇ ਸਾਰਾ ਕ਼ੁਰਾਨ ਲਿਖਿਆ ਹੋਇਆ ਹੈ. ਕ਼ੁਰਾਨ ਤੋਂ ਛੁੱਟ ਇਸ ਤਖਤੀ ਤੇ ਸਾਰੇ ਜੀਵਾਂ ਦੇ ਕਰਮ ਭੀ ਲਿਖੇ ਰਹਿੰਦੇ ਹਨ.

ਸਾਹਦਕੇ, ਮਾਂਗੀਆਂ, ਚੱਕ ਨੰਬਰ ੩੧, ਸ਼ਾਹਪੁਰ ਗੁਰੂ ਚੱਕ, ਤੀਹੜਕੇ, ਬਸਾਊਕੋਟ, ਛੰਨੀ ਗੁੱਜਰਾਂ, ਛੰਨੀਨੈਕਾਂ, ਜਨਮੀਆਂ, ਮੋਹਨਪੁਰਾ, ਜੰਡਿਆਲਾ, ਪੁਰੀਆਂ, ਗੋਰਸੀਆਂ, ਮੰਗੂਮਹਲ, ਨਾਸਰ, ਦਯਾਲਪੁਰਾ, ਅਬੋਸੈਯਦ, ਮੱਜੂਪੁਰਾ, ਸ਼ਾਹਜ਼ਾਦਾਬਾਦ, ਡੱਡੀਆਂ, ਗਾਲਬ, ਜਗਦੇਵਕਲਾਂ, ਬਲ, ਮਾਛੀਵਾਲਾ, ਗਣੀਆਂ ਵਾਲਾ, ਮਾਲੋਵਾਲ, ਠੱਕਾ ਕਲਾਂ, ਦਰੀਆਂ ਮੂਸਾ, ਕੋਟ ਗੁਰਬਖਸ਼ ਅਤੇ ਦਯਾਲਬਿੜੰਗ ਵਿੱਚ ਜਮੀਨਾਂ ਹਨ. ਗੁਰਦ੍ਵਾਰਾ ਪ੍ਰਬੰਧਕ ਕਮੇਟੀ ਵੱਲੋਂ ਸਿੰਘ ਸੇਵਾਦਾਰ ਹਨ.

ਬਾਹਰਵਾਰ ਉਹ ਅਸਥਾਨ ਭੀ ਹੈ, ਜਿੱਥੇ ਸ਼੍ਰੀ ਗੁਰੂ ਨਾਨਕ ਜੀ ਨੂੰ ਬਾਬਾ ਬੁੱਢਾ ਜੀ ਮਿਲੇ ਸਨ. ਦੇਖੋ, ਬੁੱਢਾ ਬਾਬਾ। ੨. ਦੇਖੋ, ਰਮਦਾਸੀਆ ੧.

ਰਮਦਾਸਕੇ: ਬਾਬਾ ਬੁੱਢਾ ਜੀ ਦੀ ਵੰਸ਼ ਦੇ. ਦੇਖੋ, ਰਮਦਾਸ। ੨. ਦੇਖੋ, ਰਾਮਦਾਸਕੇ.

ਰਮਦਾਸੀਆ: ਲਖਮੀਰ ਸਾਧ ਦਾ ਚੇਲਾ ਰਮਦਾਸ, ਜੋ ਜੁਲਾਹੇ ਦਾ ਕੰਮ ਕਰਦਾ ਸੀ. ਇਸ ਦੀ ਸੰਪ੍ਰਦਾਯ ਦੇ ਜੁਲਾਹੇ ਰਮਦਾਸੀਏ ਪ੍ਰਸਿੱਧ ਹਨ। ੨. ਬਾਬਾ ਬੁੱਢਾ ਜੀ ਦੀ ਵੰਸ਼ ਦਾ. ਰਮਦਾਸ ਪਿੰਡ ਕਰਕੇ ਇਹ ਸੰਗਯਾ ਹੈ। ੩. ਦੇਖੋ, ਰਵਦਾਸੀਆ.

ਰਮਦਾਨ: ਦੇਖੋ, ਰਮਜਾਨ ੨. "ਵਰਤ ਨ ਰਹਉ, ਨ ਮਹ ਰਮਦਾਨਾ." (ਭੈਰ ਮਃ ੫) ਹਿੰਦੂਆਂ ਦੇ ਵ੍ਰਤ ਨਹੀਂ ਰਖਦਾ, ਅਰ ਨਾ ਰਮਜਾਨ ਦਾ ਮਹੀਨਾ, ਅਰਥਾਤ ਰੋਜ਼ੇ.

ਰਮਨ: ਦੇਖੋ, ਰਮਣ.

ਰਮਨਾ: ਦੇਖੋ, ਰਮਣਾ। ੨. ਫਿਰਨਾ. ਵਿਚਰਨਾ। ੩. ਸ਼ੌਚ ਜਾਣਾ. ਜੰਗਲ ਜਾਣਾ. "ਰਮਨੇ ਬੈਠੋ ਅਜਿਰ ਮਹਿ." (ਨਾਪ੍ਰ) ੪. ਸੰ. ਰਮਣੀ. ਇਸਤ੍ਰੀ. ਵਹੁਟੀ. "ਬਹੁ ਸੁੰਦਰਿ ਰਮਨਾ." (ਆਸਾ ਕਬੀਰ) ੫. ਡਿੰਗ. ਸੈਰਗਾਹ.

ਰਮਨਿ, ਰਮਨੀ: ਦੇਖੋ, ਰਮਣੀ.

ਰਮਨੀਕ: ਦੇਖੋ, ਰਮਣੀਕ.

ਰਮਨੀਯ: ਦੇਖੋ, ਰਮਣੀਯ.

ਰਮਯ: ਦੇਖੋ, ਰਮਜ.

ਰਮਯਾ: ਦੇਖੋ, ਰਮਈਆ. "ਸੋ ਰਮਯੇ ਕਉ ਮਿਲੈ ਨ ਸੁਪਨੈ." (ਗਉ ਕਬੀਰ) ੨. ਸੰ. ਲਕ੍ਸ਼ਮੀ ਨੇ. ਲੱਛਮੀ ਕਰਕੇ.

ਰਮਰਈ: ਦੇਖੋ, ਰਾਮਰਾਈਆ.

ਰਮਲ: ਅ਼. رمل ਸੰਗਯਾ- ਰੇਤਾ। ੨. ਅ਼ਰਬ ਦੇਸ਼ ਵਿੱਚੋਂ ਆਇਆ ਇੱਕ ਜ੍ਯੋਤਿਸ਼ ਦਾ ਅੰਗ. ਰਮਲ (ਰੇਤੇ) ਪੁਰ ਲੀਕਾਂ ਖਿੱਚਕੇ ਫਲ ਦੱਸਣ ਤੋਂ, ਵਿਦ੍ਯਾ ਦਾ ਨਾਮ ਰਮਲ ਹੋ ਗਿਆ ਹੈ, ਅਰ ਹੁਣ "ਰਮਲ" ਸ਼ਬਦ ਸੰਸਕ੍ਰਿਤ ਦਾ ਬਣ ਗਿਆ ਹੈ. ਡਾਲਣੇ ਸਿੱਟਕੇ ਲਗਨ ਗ੍ਰਹ ਆਦਿ ਦੇ ਵਿਚਾਰਣ ਦੀ ਵਿਦ੍ਯਾ. "ਰਮਲ ਜੋਤਿਸ ਬੀਚ ਦੇਖਹੁ." (ਸਲੋਹ) ਰਮਲ ਦਾ ਜਾਣੂ ਅਤੇ ਡਾਲਣੇ ਸਿੱਟਕੇ ਫਲ ਦੱਸਣ ਵਾਲਾ ਰੱਮਾਲ ਕਹਾਉਂਦਾ ਹੈ.

ਰਮਲੀ, ਰਮਲੀਆ: ਰੱਮਾਲ. ਰਮਲ ਵਿਦ੍ਯਾ ਦੇ ਜਾਣਨ ਵਾਲਾ. ਰਮਲ ਦੇ ਨਿਯਮਾਨੁਸਾਰ ਕਰਮਫਲ ਅਤੇ ਪ੍ਰਸ਼ਨ ਦਾ ਉੱਤਰ ਦੱਸਣ ਵਾਲਾ. ਦੇਖੋ, ਰਮਲ.

ਰਮਾ: ਸੰ. ਸੰਗਯਾ- ਆਨੰਦ ਦੇਣ ਵਾਲੀ, ਮਾਯਾ. ਲੱਛਮੀ। ੨. ਸ਼ੋਭਾ, ਛਬਿ। ੩. ਕਲਕੀ ਅਵਤਾਰ ਦੀ ਇਸਤ੍ਰੀ। ੪. ਦੇਖੋ, ਤ੍ਰਿਗਤਾ ਦਾ ਰੂਪ ੨.

ਰਮਾਉਣਾ: ਕ੍ਰਿ- ਸੇਚਨ ਕਰਨਾ. ਸਿੰਜਣਾ। ੨. ਲੇਪਨ ਕਰਨਾ. ਲਿੱਪਣਾ.

ਰਮਾਸਾਸਤ੍ਰ: ਸੰਪੱਤਿਸ਼ਾਸਤ੍ਰ. ਧਨ ਕਮਾਉਣ ਦੀ ਵਿਦ੍ਯਾ। ੨. ਇਸਤ੍ਰੀਆਂ ਦਾ ਸ਼ਾਸਤ੍ਰ. ਭਾਵ- ਇਸਤ੍ਰੀਆਂ ਦੀ ਚਾਲਾਕੀ ਦਾ

ਇਲਮ. "ਰਮਾਸਾਸਤ੍ਰ ਕੋ ਸੁਰ ਅਸੁਰ, ਉਚਰ ਨ ਸਾਕਹਿ ਬੇਦ." (ਚਰਿਤ੍ਰ ੫੭)

ਰਮਾਕੰਤ, ਰਮਾਕਾਂਤ, ਰਮਾਣ, ਰਮਾਣਕਾ: ਲੱਛਮੀ ਦਾ ਪਤਿ ਵਿਸ਼ਨੁ। ੨. ਮਾਯਾ- ਪਤਿ ਕਰਤਾਰ। ੩. ਕਲਕੀ ਅਵਤਾਰ. ਇੱਕ ਛੰਦ, ਜੋ ਰਮਣ ਦਾ ਦੁਗਣਾ ਰੂਪ ਹੈ. ਇਸ ਦਾ ਨਾਮਾਂਤਰ ਤਿਲਕਾ ਹੈ. ਲੱਛਣ- ਚਾਰ ਚਰਣ, ਪ੍ਰਤਿ ਚਰਣ ਦੋ ਸਗਣ. ||S, ||S.

ਉਦਾਹਰਣ-

ਸੁਕ੍ਰਿਤੰ ਤਜ ਹੈਂ। ਕੁਕ੍ਰਿਤੰ ਭਜ ਹੈਂ।

ਭ੍ਰਮਣੰ ਭਰ ਹੈਂ। ਜਸ ਤੇ ਟਰ ਹੈਂ ॥

(ਕਲਕੀ)

ਰਮਾਣਾ: ਵਿ- ਰਾਮ ਦਾ. ਵਾਹਗੁਰੂ ਦਾ. "ਜਪਿਆ ਨਾਮੁ ਰਮਾਣਾ." (ਸੋਰ ਮਃ ੫) ੨. ਸੰਗਯਾ- ਇੱਕ ਜੱਟ ਜਾਤਿ। ੩. ਰਮਾਣਾ ਜਾਤਿ ਦੇ ਜੱਟਾਂ ਦਾ ਵਸਾਇਆ ਪਿੰਡ। ੪. ਕ੍ਰਿ- ਰਮਾਨਾ. ਆਨੰਦ ਸਹਿਤ ਕਰਨਾ। ੫. ਭੋਗਾਉਣਾ.

ਰਮਾਨਾਥ: ਸੰਗਯਾ- ਰਮਾ (ਲੱਛਮੀ) ਦਾ ਪਤਿ, ਵਿਸ਼ਨੁ। ੨. ਕਰਤਾਰ। ੩. ਕਲਕੀ ਅਵਤਾਰ.

ਰਮਾਨੁਜ: ਸੰਗਯਾ- ਰਮਾ (ਲੱਛਮੀ) ਦਾ ਅਨੁਜ (ਛੋਟਾ ਭਾਈ), ਅਮ੍ਰਿਤ. (ਸਨਾਮਾ) ਸਮੁੰਦਰ ਵਿੱਚੋਂ ਲੱਛਮੀ ਨਿਕਲਨ ਪਿੱਛੋਂ ਅਮ੍ਰਿਤ ਨਿਕਲਿਆ ਸੀ। ੨. ਦੇਖੋ, ਰਾਮਾਨੁਜ.

ਰਮਾਪਤਿ: ਦੇਖੋ, ਰਮਾਨਾਥ.

ਰਮਾਵਤ: ਰਾਮ ਉਪਾਸਕ. ਰਾਮਾਨੰਦੀ ਬੈਰਾਗੀਆਂ ਦੀ ਇਹ ਖਾਸ ਅੱਲ ਹੈ.

ਰਮਿ: ਰਮਣ ਕਰਕੇ। ੨. ਰਵਣ (ਉੱਚਾਰਣ) ਕਰਕੇ. "ਰਾਮੈ ਰਮਿ ਛੂਟਉ." (ਮਾਰੂ ਕਬੀਰ)

ਰਮਿਆਣਾ: ਦੇਖੋ, ਰਾਮੇਆਣਾ.

ਰਮੀਤਿ: ਰਮਤਿ. ਰਮਣ ਕਰਦਾ ਹੈ. "ਰਾਮੋਰਾਮੁ ਰਮੀਤਿ." (ਮਃ ੪. ਵਾਰ ਕਾਨ) ੨. ਰਾਮ- ਇਤਿ.

ਰਮੁ: ਦੇਖੋ, ਰਮ। ੨. ਸੁੰਦਰ. ਮਨੋਹਰ. ਦੇਖੋ, ਰਮਯ. "ਰਾਮ ਨਾਮੁ ਰਮੁ ਰਵਿ ਰਹੇ." (ਮਃ ੪. ਵਾਰ ਕਾਨ)

ਰਮੂਜ: ਰਮਜ਼ ਦਾ ਬਹੁਵਚਨ. ਦੇਖੋ, ਰਮਜ. "ਪਰਸਪਰ ਕਰਤੇਭਏ ਰਮੂਜ." (ਗੁਪ੍ਰਸੂ)

ਰਮੇ: ਗਏ. ਵਿਚਰੇ. ਦੇਖੋ, ਰਮਣਾ. "ਬਿਨ ਹਰਿ- ਭਗਤਿ ਨ ਮੁਕਤਿ ਹੋਇ, ਇਉ ਕਹਿ ਰਮੇ ਕਬੀਰ." (ਸ. ਕਬੀਰ) ਕਬੀਰ (ਬਜ਼ੁਰਗ) ਇਉਂ ਆਖ ਗਏ ਹਨ.[1082]

ਰਮੇਸ, ਰਮੇਸੁਰ, ਰਮੇਸ਼੍ਵਰ: ਸੰਗਯਾ- ਰਮਾ- ਈਸ਼- ਈਸ਼੍ਵਰ. ਰਮੇਸ਼. ਰਮੇਸ਼੍ਵਰ. ਲੱਛਮੀਪਤਿ ਕਰਤਾਰ। ੨. ਵਿਸ਼ਨੁ। ੩. ਦੇਖੋ, ਰਾਮੇਸ਼੍ਵਰ.

ਰਮੈਯਾ: ਦੇਖੋ, ਰਮਈਆ.

ਰਮੋ: ਰਮਣ (ਉੱਚਾਰਣ) ਕਰੋ. "ਰਾਮੋ ਰਾਮੁ ਰਮੋ." (ਆਸਾ ਛੰਤ ਮਃ ੪) ੨. ਭੋਗੋ. ਰਮਣ ਕਰੋ.

ਰਮਾਲ: ਅ਼. ਰਮਲਵਿਦ੍ਯਾ ਦਾ ਪੰਡਿਤ, ਚੇਤੇ ਤੇ ਲੀਕਾਂ ਕੱਢਕੇ ਅਤੇ ਡਾਲਣੇ ਸਿੱਟਕੇ ਫਲ ਦੱਸਣ ਵਾਲਾ. ਦੇਖੋ, ਰਮਲ ਅਤੇ

---

[1082] ਗਯਾਨੀ ਇਹ ਭੀ ਅਰਥ ਕਰਦੇ ਹਨ ਕਿ ਇਹ ਉਪਦੇਸ਼ ਦੇ ਕੇ ਕਬੀਰ ਜਾਂ ਕਾਸ਼ੀ ਤੋਂ ਮਰਾਹਰ ਨੂੰ ਚਲੇ ਗਏ.

ਰਮਲੀਆ.

ਰਮਯ: ਸੰ. ਵਿ- ਸੁੰਦਰ. ਮਨੋਹਰ। ੨. ਭੋਗਣ ਯੋਗਯ। ੩. ਸੰਗ੍ਯਾ- ਚੰਪਕ ਬਿਰਛ. ਚੰਬਾ। ੪. ਜੰਬੁਦ੍ਵੀਪ ਦੇ ਨੌ ਖੰਡਾਂ ਵਿੱਚੋਂ ਇੱਕ ਦੀਪ। ੫. ਦੇਖੋ, ਸਵੈਯੇ ਦਾ ਰੂਪ ੧੩.

ਰਮਯਤਾ: ਸੰਗ੍ਯਾ- ਸੁੰਦਰਤਾ. ਮਨੋਹਰਤਾ.

ਰਯ: ਸੰ. रय्. ਧਾ- ਜਾਣਾ, ਗਮਨ ਕਰਨਾ, ਹਿੱਲਣਾ (ਹਰਕਤ ਕਰਨਾ). ੨. ਸੰਗ੍ਯਾ- ਵੇਗ. ਤੇਜ਼ੀ। ੩. ਪ੍ਰਵਾਹ. ਵਹਿਣ. ਹੜ੍ਹ। ੪. ਨਦੀ। ੫. ਕ੍ਰਿ. ਵਿ- ਛੇਤੀ. ਸ਼ੀਘ੍ਰਤਾ ਨਾਲ. ਦੇਖੋ, ਪਵਲਿਰਯ.

ਰਯਣ, ਰਯਣਿ: ਸੰਗ੍ਯਾ- ਰਜਨੀ. ਰਾਤ੍ਰਿ.

ਰਯਣੀ: ਦੇਖੋ, ਰੈਣੀ.

ਰਯਤ, ਰਯਤਿ: ਦੇਖੋ, ਰਈਅਤ. "ਰਾਜੇ ਰਯਤਿ ਸਿਕਦਾਰ." (ਮਃ ੧. ਵਾਰ ਮਾਝ) "ਅੰਧੀ ਰਯਤਿ ਗਿਆਨ ਵਿਹੂਣੀ." (ਵਾਰ ਆਸਾ)

ਰਯਨ, ਰਯਨਿ: ਸੰ. ਰਜਨੀ. ਰਾਤ੍ਰਿ "ਬਾਸੁਰ ਰਯਨਿ ਬਾਸੁ ਜਾਕੋ ਹਿਤੁ ਨਾਮ ਸਿਉ." (ਸਵੈਯੇ ਮਃ ੫. ਕੇ)

ਰਯਵਾਰਿ: ਵਾਰਿਰਯ. ਜਲ ਦਾ ਪ੍ਰਵਾਹ. ਨਦੀ ਨਦ. ਦੇਖੋ, ਅੰ. River.

ਰਯਾਸਤ: ਦੇਖੋ, ਰਿਆਸਤ.

ਰਯਾਜਤ: ਅ਼. ریاضت ਰਯਾਜ਼ਤ. ਸੰਗ੍ਯਾ- ਸਿਖ੍ਯਾ ਦੇਣ ਦੀ ਕ੍ਰਿਯਾ। ੨. ਮਿਹਨਤ ਕਰਨਾ. ਘਾਲਣਾ ਕਰਨੀ। ੩. ਤਪ ਕਰਨਾ.

ਰਯਾਜੀ: ਅ਼. ریاضی ਰਯਾਜ਼ੀ. ਸੰਗ੍ਯਾ- ਗਣਿਤ- ਵਿਦ੍ਯਾ. ਹਿਸਾਬ ਦਾ ਇ਼ਲਮ Mathematics.

ਰਯਿ: ਸੰ. ਸੰਗ੍ਯਾ- ਧਨ ਸੰਪਦਾ. ਵਿਭੂਤਿ.

ਰਯੀ: ਦੇਖੋ, ਰਯਿ। ੨. ਡਿੰਗ. ਮਧਾਣੀ. ਮੰਥਨੀ.

ਰਰਤਾ: ਵਿ- ਰਟਤਾ. ਵਕਤਾ. ਸੰ. रवितृ. ਪੁਕਾਰਨ ਵਾਲਾ. "ਜਲਿ ਥਲਿ ਬਨਿ ਰਰਤਾ." (ਗ੍ਯਾਨ)

ਰਰਨਾ: ਕ੍ਰਿ- ਰਟਣਾ. ਉੱਚਾਰਣ ਕਰਨਾ. ਬੋਲਣਾ.

ਰਲਣਾ, ਰਲਨਾ: ਕ੍ਰਿ- ਮਿਲਣਾ। ੨. ਇਕੱਠੇ ਹੋਣਾ। ੩. ਅਭੇਦ ਹੋਣਾ.

ਰਲਾਉ: ਸੰਗ੍ਯਾ- ਮਿਲਾਪ. ਮੇਲ। ੨. ਰਲਾਉਣ ਦਾ ਭਾਵ.

ਰਲਾਉਣਾ: ਕ੍ਰਿ- ਮਿਲਾਉਣਾ. ਸ਼ਾਮਿਲ ਕਰਨਾ. "ਸੋ ਜਨੁ ਰਲਾਇਆ ਨਾ ਰਲੈ, ਜਿਸੁ ਅੰਤਰਿ ਬਿਬੇਕ." (ਸ੍ਰੀ ਮਃ ੩)

ਰਲਾਧਿਆ: ਵਿ- ਰਲ ਗਿਆ. ਅਭੇਦ ਹੋਇਆ. "ਸਚੁ ਸੇਵਨਿ, ਸੇ ਸਚੁ ਰਲਾਧਿਆ." (ਮਃ ੪. ਵਾਰ ਗਉ ੧)

ਰਲਿ: ਰਲਕੇ. ਮਿਲਕੇ। ੨. ਦੇਖੋ, ਰਲੀ.

ਰਲਿਮਿਲਿ: ਕ੍ਰਿ. ਵਿ- ਸਾਥ ਮਿਲਕੇ. ਏਕਤ੍ਰ ਹੋਕੇ.

ਰਲਿਯਾ: ਭਾਈ ਸੰਤੋਖਸਿੰਘ ਨੇ ਰੱਲੇ ਦਾ ਨਾਉਂ ਰਲਿਆ ਲਿਖਿਆ ਹੈ. "ਰਲਿਯੇ ਉਤਰਹੁ ਗੁਰੁ ਮਹਰਾਜ." (ਗੁਪ੍ਰਸੂ) ਦੇਖੋ, ਰੱਲਾ.

ਰਲੀ: ਸੰਗਯਾ- ਖ਼ੁਸ਼ੀ. ਪ੍ਰਸੰਨਤਾ. ਦੇਖੋ, ਸੰ. ਲਲਨ. "ਭਾਣੈ ਚਲੈ ਕੰਤ ਕੈ, ਸੁ ਮਾਣੇ ਸਦਾ ਰਲੀ." (ਮਃ ੩. ਵਾਰ ਮਲਾ) "ਪਿਰੁ ਰਲੀਆ ਰਸਿ ਮਾਣਸੀ." (ਸ੍ਰੀ ਅਃ ਮਃ ੧)

ਰਲੀਆਲਾ: ਵਿ- ਪ੍ਰਸੰਨਤਾ ਵਾਲਾ. ਰਲੀ- ਵਾਲਾ. "ਮੇਰਾ ਪਿਰੁ ਰਲੀਆਲਾ." (ਆਸਾ ਛੰਤ ਮਃ ੧)

ਰਲੇਤ: ਰਲੇ (ਮਿਲੇ) ਹੋਏ, ਮਿਲਿਤ. "ਸੇ ਸਚਿ ਰਲੇਤ." (ਮਃ ੪. ਵਾਰ ਸ੍ਰੀ)

ਰੱਲਾ: ਨਜਾਮਤ ਬਰਨਾਲਾ (ਰਾਜ ਪਟਿਆਲਾ) ਵਿੱਚ ਜੋਗੇ ਦੇ ਪਾਸ ਰੱਲਾ ਪਿੰਡ ਹੈ. ਇਥੇ ਗੁਰੂ ਤੇਗਬਹਾਦੁਰ ਸਾਹਿਬ ਮਾਲਵੇ ਵਿੱਚ ਵਿਚਰਦੇ ਹੋਏ ਵਿਰਾਜੇ ਹਨ, ਭਾਈ ਸੰਤੋਖ ਸਿੰਘ ਨੇ ਇਸ ਦਾ ਨਾਉਂ ਰਲਿਯਾ ਲਿਖਿਆ ਹੈ.

ਰਵ: ਸੰ. रव. ਧਾ- ਜਾਣਾ (ਗਮਨ ਕਰਨਾ), ਆਵਾਜ਼ ਕਰਨਾ। ੨. ਸੰਗਯਾ- ਧ੍ਵਨਿ. ਸ਼ਬਦ. ਆਵਾਜ਼. "ਕਰੀ ਸਲਖ ਰਵ ਸੁਨਿਯਤ ਦੂਰੇ." (ਗੁਪ੍ਰਸੂ) ੩. ਦੇਖੋ, ਰਵੀ.

ਰਵਈਆ: ਵਿ- ਰਵ (ਸ਼ਬਦ) ਕਰੈਯਾ। ੨. ਉੱਚਾਰਣ ਕੀਤਾ. "ਰਸਿ ਰਸਾਲ ਰਸਿ ਸਬਦ ਰਵਈਆ." (ਬਿਲਾ ਅਃ ਮਃ ੪)

੩. ਫ਼ਾ. رویّہ ਰਵੱਯਹ. ਸੰਗਯਾ- ਤਰੀਕਾ. ਢੰਗ. ਦਸ੍ਤੂਰ. ਰੀਤਿ.

ਰਵਸ਼: ਫ਼ਾ. روش ਸੰਗਯਾ- ਤਰੀਕਾ. ਢੰਗ। ੨. ਕਾਨੂਨ ਨਿਯਮ। ੩. ਬਾਗ ਦੀ ਪਟੜੀ। ੪. ਵਿ- ਤੁੱਲ. ਜੇਹਾ. ਸਮਾਨ.

ਰਵਕ: ਵਿ- ਰਵ (ਸ਼ਬਦ) ਕਰਨ ਵਾਲਾ.

ਰਵਣ: ਸੰ. ਸੰਗਯਾ- ਸ਼ਬਦ ਕਰਨ ਦੀ ਕ੍ਰਿਯਾ। ੨. ਗਾਯਨ. ਆਲਾਪ. "ਰਵਣ ਗੁਣਾ ਕਟੀਐ ਜਮਜਾਲਾ." (ਸੂਹੀ ਅਃ ਮਃ ੫) "ਆਠ ਪਹਰ ਹਰਿ ਕਾ ਜਸੁ ਰਵਣਾ." (ਸੋਰ ਮਃ ੫) ੩. ਕੋਇਲ। ੪. ਵਿ- ਸ਼ਬਦ ਕਰਨ ਵਾਲਾ। ੫. ਗੁਰਬਾਣੀ ਵਿੱਚ ਰਮਣ ਦੀ ਥਾਂ ਭੀ ਰਵਣ ਸ਼ਬਦ ਆਇਆ ਹੈ। ੬. ਦੇਖੋ, ਰਵਣੁ.

ਰਵਣਕ: ਵਿ- ਰਵਣ (ਸ਼ਬਦ) ਕਰਨ ਵਾਲਾ। ੨. ਸੰਗਯਾ- ਦੇਖੋ, ਰੌਨਕ. "ਬਹੁ ਰਵਣਕ ਹੋਈ ਪੁਰ ਸਾਰੇ." (ਗੁਪ੍ਰਸੂ)

ਰਵਣਜੋਗ: ਉੱਚਾਰਣ (ਜਪਣ) ਯੋਗਯ. "ਤੁਮ ਰਵਹੁ ਗੋਬਿੰਦੈ ਰਵਣਜੋਗ." (ਬਸੰ ਮਃ ੫) ੨. ਦੇਖੋ, ਰਮਣਜੋਗ.

ਰਵਣਾ: ਉੱਚਾਰਣ ਕਰਨਾ. ਦੇਖੋ, ਰਵ ਧਾ, ਅਤੇ ਰਵਣ.

ਰਵਣਿ: ਸੰਗਯਾ- ਰਮਣ ਯੋਗਯ ਅਵਸਥਾ. ਜਵਾਨੀ. "ਦਸ ਬਾਲਤਣਿ, ਬੀਸ ਰਵਣਿ." (ਮਃ ੧. ਵਾਰਮਾਝ)

ਰਵਣੁ: ਸਿੰਧੀ- ਕ੍ਰਿ- ਆਨੰਦ ਨਾਲ ਵਿਚਰਨਾ। ੨. ਪ੍ਰਸੰਨ ਹੋਣਾ। ੩. ਆਨੰਦ ਭੋਗਣਾ। ੪. ਦੇਖੋ, ਰਵਣ.

ਰਵਤ: ਕ੍ਰਿ ਵਿ- ਉੱਚਾਰਣ ਕਰਦਾ। ੨. ਰਮਤ. ਰਮਣ ਕਰਦਾ. ਭੋਗਦਾ. "ਬੇਸੁਆ ਰਵਤ ਅਜਾਮਲੁ ਉਧਰਿਓ." (ਮਾਰੂ ਮਃ ੪) ੩. ਸੰਗਯਾ- ਸਤੋਤ੍ਰਪਾਠ. ਮਹਿਮਾ ਗਾਉਣ ਦੀ ਕ੍ਰਿਯਾ. "ਐਸੀ ਰਵਤ ਰਵਹੁ, ਮਨ ਮੇਰੇ." (ਸਾਰ ਅਃ ਮਃ ੧) ਦੇਖੋ, ਰਵ. ਐਸੀ ਰਵਤ ਰਵੈ ਸੰਨਿਆਸੀ." (ਮਾਰੂ ਅਃ ਮਃ ੧) ੪. ਦੇਖੋ, ਰਬਤ.

ਰਵਤਾਸ: ਦੇਖੋ, ਰੋਹਤਾਸ. "ਸਿੱਖ ਭਲਾ ਰਵਤਾਸ ਵਿਚ." (ਭਾਗੁ)

ਰਵਦ: ਫ਼ਾ. رود ਜਾਂਦਾ ਹੈ. ਇਸ ਦਾ ਮੂਲ ਰਫ਼ਤਨ ਹੈ.

ਰਵਦਾਸ: ਦੇਖੋ, ਰਵਿਦਾਸ.

ਰਵਦਾਸੀਆ: ਰਵਦਾਸ ਭਗਤ ਦਾ ਮਤ ਧਾਰਨ ਵਾਲਾ। ੨. ਚਮਾਰ ਆਪਣੇ ਤਾਈਂ ਰਵਦਾਸੀਆ ਕਹਾਉਣ ਵਿੱਚ ਸਨਮਾਨ ਸਮਝਦੇ ਹਨ. ਉਹ ਪ੍ਰਗਟ ਕਰਦੇ ਹਨ ਕਿ ਓਹ ਰਵਿਦਾਸ ਭਗਤ ਦੀ ਸੰਤਾਨ ਅਥਵਾ ਬਿਰਾਦਰੀ ਹਨ.

ਰਵਨ: ਦੇਖੋ, ਰਵਣ। ੨. ਦੇਖੋ, ਰਮਣ. "ਸੋ ਪਦੁ ਰਵਹੁ, ਜਿ ਬਹੁਰਿ ਨ ਰਵਨਾ." (ਗਉ ਕਬੀਰ)

੩. ਗਮਨ. ਰਵਾਨਾ ਹੋਣ ਦੀ ਕ੍ਰਿਯਾ. "ਸਫਲ ਚਰਨ ਗੁਰੁਮਾਰਗ ਰਵਨਕੈ." (ਭਾਗੁ ਕ)

ਰਵਨਕ: ਦੇਖੋ, ਰਵਣਕ ਅਤੇ ਰੌਨਕ.

ਰਵਨੀ: ਸੰਗ੍ਯਾ- ਰਵ (ਉੱਚਾਰਣ) ਦੀ ਕ੍ਰਿਯਾ. ਕਹਿਣੀ. "ਰਵਨੀ ਰਵੈ ਬੰਧਨ ਨਹੀ ਤੂਟਹਿ." (ਆਸਾ ਮਃ ੧) ਕਥਨੀ ਕਹਿਣ ਤੋਂ ਬੰਧਨ ਨਹੀਂ ਟੁੱਟਦੇ। ੨. ਸੁੰਦਰ. ਮਨੋਹਰ. ਦੇਖੋ, ਰਮਣੀਯ. "ਦੂਲਹੁ ਜੁਤ ਬਰਾਤ ਬਨਿ ਰਵਨੀ." (ਗੁਪ੍ਰਸੂ)

ਰਵੱਯਾ: ਦੇਖੋ, ਰਵਈਆ ੩.

ਰਵਾ: ਸੰਗ੍ਯਾ- ਧਾਤੁ ਅੰਨ ਮਿਸ਼ਰੀ ਆਦਿ ਦਾ ਛੋਟਾ ਦਾਣਾ। ੨. ਛਿੱਲ ਉਤਾਰਕੇ ਕਣਕ ਦੀ ਗਿਰੂ ਦਾ ਦਾਣੇਦਾਰ ਆਟਾ. ਸੂਜੀ। ੩. ਨਸਲ. ਵੰਸ਼। ੪. ਫ਼ਾ. روا ਵਿ- ਉਚਿਤ. ਯੋਗ੍ਯ। ੫. ਜਾਯਜ਼. ਵਿਧਾਨ. "ਕੇਸ ਰਾਖਨੇ ਰਵਾ ਸਭਨ ਕੋ." (ਗੁਪ੍ਰਸੂ)

ਰਵਾਂ: ਰਵ (ਸ਼ਬਦ) ਕਰਾਂ. ਉੱਚਾਰਣ ਕਰਾਂ. "ਸੁਣਿ ਕੀਰਤਨੁ ਹਰਿਗੁਣ ਰਵਾਂ." (ਮਃ ੪. ਵਾਰ ਸੋਰ) ੨. ਫ਼ਾ. رواں ਜਾਰੀ. ਰਵਾਨਾ. "ਰਵਾ ਕੁਨਦ ਬਡ ਦੇ ਸਮਾਜ." (ਗੁਪ੍ਰਸੂ) ੩. ਲਵਾਂ (ਲੇਵਾਂ) ਦੀ ਥਾਂ ਭੀ ਰਵਾਂ ਸ਼ਬਦ ਆਇਆ ਹੈ. ਲ ਨਾਲ ਰ ਬਦਲ ਗਿਆ ਹੈ. "ਅਵਗਣ ਵਿਕਣਾ, ਗੁਣ ਰਵਾਂ ਬਲਿਰਾਮ ਜੀਉ." (ਸੂਹੀ ਛੰਤ ਮਃ ੪)

ਰਵਾਇਆ: ਰਵ (ਉੱਚਾਰਣ) ਕਰਾਇਆ।

੨. ਵਸਾਇਆ. ਰਮਾਇਆ. "ਮੈ ਹਿਰਦੈ ਰਾਮੁ ਰਵਾਇਆ." (ਆਸਾ ਛੰਤ ਮਃ ੪)

ਰਵਾਇਤ: ਦੇਖੋ, ਰਵਾਯਤ.

ਰਵਾਈ: ਰਵ (ਉੱਚਾਰਣ) ਕਰਾਈ। ੨. ਰਵਾਈਂ. ਰਵਣ ਕਰਾਂ. "ਅੰਤਰਜਾਮੀ ਰਾਮ ਰਵਾਈ." (ਪ੍ਰਭਾ ਨਾਮਦੇਵ) ੩. ਰਮਣ ਕਰਾਈ. "ਜਿਨਿ ਉਪਾਈ ਰੰਗਿ ਰਵਾਈ, ਬੈਠਾ ਵੇਖੈ ਵਖਿ ਇਕੇਲਾ." (ਤਿਲੰ ਮਃ ੧)

ਰਵਾਜ: ਦੇਖੋ, ਰਿਵਾਜ.

ਰਵਾਣੀ: ਰਵ (ਸ਼ਬਦ ਕਰਨ) ਦੀ ਕ੍ਰਿਯਾ. ਡੰਡ. ਸ਼ੋਰ. ਰੌਲਾ। ੨. ਫ਼ਾ. روانی ਰਵਾਨੀ. ਜਾਰੀ ਹੋਣ ਦੀ ਕ੍ਰਿਯਾ. "ਚਿਤੁ ਜਿਨ ਕਾ ਹਿਰਿ ਲਇਆ ਮਾਇਆ, ਬੋਲਨਿ ਪਏ ਰਵਾਣੀ." (ਅਨੰਦੁ) ਰਵਾਨਗੀ ਨਾਲ ਪਏ ਬੋਲਦੇ ਹਨ. ਭਾਵ- ਨਿੱਤ ਜਪਣ ਦੀ ਇੱਕ ਪਰਿਪਾਟੀ ਪੈ ਗਈ ਹੈ, ਪਾਠ ਦੇ ਸਿੱਧਾਂਤ ਵੱਲ ਧ੍ਯਾਨ ਨਹੀਂ.

ਰਵਾਂਤਉ: ਰਵ (ਉੱਚਾਰਣ) ਕਰਦਾ। ੨. ਉੱਚਾਰਣ ਕਰਾਉਂਦਾ. "ਮੁਕਤੋ ਰਾਤਉ ਰੰਗਿ ਰਵਾਂਤਉ." (ਆਸਾ ਮਃ ੧)

ਰਵਾਨ: ਫ਼ਾ. روان ਸੰਗ੍ਯਾ- ਗਮਨ. ਗਤਿ। ੨. ਜ਼ਿੰਦਗੀ। ੩. ਮਨ। ੪. ਜੀਵਾਤਮਾ.

ਰਵਾਨਗੀ: ਫ਼ਾ. روانگی ਸੰਗ੍ਯਾ- ਰਵਾਨਾ ਹੋਣਾ. ਜਾਣ (ਗਮਨ) ਦੀ ਕ੍ਰਿਯਾ। ੨. ਕੂਚ. ਪ੍ਰਸਥਾਨ.

ਰਵਾਨਾ: ਫ਼ਾ. روانہ ਜਾਣ ਵਾਲਾ. ਚਲਣ ਨੂੰ ਤਿਆਰ.

ਰਵਾਨੀਦਨ: ਫ਼ਾ. روانیدن ਕ੍ਰਿ- ਪ੍ਰਵਾਹ ਚਲਾਉਣਾ। ੨. ਵਪਾਰ ਦਾ ਸਾਮਾਨ ਚਲਾਉਣਾ.

ਰਵਾਯਤ: ਅ਼. روایت ਰਿਵਾਯਤ. ਸੰਗ੍ਯਾ- ਕਥਾ. ਪ੍ਰਸੰਗ. ਧਰਮਗ੍ਰੰਥ ਦਾ ਪ੍ਰਮਾਣ.

ਰਵਾਰ: ਸੰਗ੍ਯਾ- ਰੇਣੁ. ਧੂੜਿ. ਰਜ. "ਛੁਟਕਟ ਹੋਇ ਰਵਾਰੈ." (ਸਾਰ ਮਃ ੫) "ਬਾਂਛਹਿ ਚਰਨਰਵਾਰੋ." (ਗੂਜ ਮਃ ੫)

ਰਵਾਰੀ: ਦੇਖੋ, ਰਬਾਰੀ। ੨. ਦੇਖੋ, ਰਵਾਹ.

ਰਵਾਲ: ਰਜ. ਧੂੜ. ਦੇਖੋ, ਰਵਾਰ. "ਕੇਤੇ ਰਾਮ ਰਵਾਲ." (ਵਾਰ ਆਸਾ) ੨. ਕ੍ਰਿ. ਵਿ- ਤਨਿਕ. ਥੋੜੀ ਜੇਹੀ. "ਲੇ ਗੁਰੁਪਗ ਰੇਨ ਰਵਾਲ." (ਨਟ ਪੜਤਾਲ ਮਃ ੪).

**ਰਵਾਲਸਰ:** ਰਿਆਸਤ ਮੰਡੀ ਵਿੱਚ ਪਹਾੜ ਦੀ ਸਿਕੰਦਰਧਾਰਾ ਦਾ ਇੱਕ ਤਾਲ, ਜੋ ਪ੍ਰਸਿੱਧ ਤੀਰਥ ਹੈ. ਇਹ ਰਾਜਧਾਨੀ ਮੰਡੀ ਤੋਂ ਦਸ ਮੀਲ ਪੱਛਮ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਇਸ ਤੀਰਥ ਦੇ ਵੈਸਾਖੀ ਮੇਲੇ ਪੁਰ ਪਹਾੜੀ ਰਾਜਿਆਂ ਨੂੰ ਸੁਮਤਿ ਦੇਣ ਲਈ ਇੱਕ ਵਾਰ ਪਧਾਰੇ ਸਨ. ਤਾਲ ਦੇ ਕਿਨਾਰੇ ਇੱਕ ਉੱਚੇ ਥਾਂ ਗੁਰੂਸਾਹਿਬ ਦੇ ਵਿਰਾਜਨ ਦੇ ਥਾਂ ਦਮਦਮਾ ਬਣਿਆ ਹੋਇਆ ਹੈ. ਰਵਾਲਸਰ ਤਾਲ ਪਾਸ ਜੋ ਵਸਤੀ ਹੈ, ਉਸ ਦਾ ਨਾਮ ਭੀ ਰਵਾਲਸਰ ਹੋ ਗਿਆ ਹੈ. ਇਹ ਅਸਥਾਨ ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ ੭੫ ਮੀਲ ਪੂਰਵ ਹੈ. ਜੇਜੋਂ ਦੁਆਬਾ ਸਟੇਸ਼ਨ ਤੋਂ ੬੪ ਮੀਲ ਹੈ. ਪੜਾਉ ਭਾਂਬਲਾ ਤੋਂ ਜੋ ਜਰਨੈਲੀ ਸੜਕ ਮੰਡੀ ਨੂੰ ਜਾਂਦੀ ਹੈ, ਉਸ ਦੇ ਨੌਵੇਂ ਮੀਲ ਤੋਂ ਤਿੰਨ ਮੀਲ ਉੱਤਰ ਹੈ. ਹੁਣ ਪਠਾਨਕੋਟ ਤੋਂ ਛੋਟੀ ਪਟੜੀ ਦੀ ਰੇਲ ਮੰਡੀ ਲਈ ਤਿਆਰ ਹੋ ਗਈ ਹੈ.

**ਰਵਿ:** ਸੰ. ਸੰਗ੍ਯਾ- ਸੂਰਜ. "ਰਵਿ ਸਸਿ ਪਵਣੁ ਪਾਵਕੁ ਨੀਰਾਰੇ." (ਗਉ ਅ: ਮ: ੫) ੨. ਅਗਨਿ। ੩. ਅੱਕ ਦਾ ਪੌਧਾ। ੪. ਬਾਰਾਂ ਸੰਖ੍ਯਾ ਬੋਧਕ, ਕਿਉਂਕਿ ਪੁਰਾਣਾਂ ਨੇ ਸੂਰਜ ਬਾਰਾਂ ਮੰਨੇ ਹਨ। ੫. ਯੋਗ ਮਤ ਅਨੁਸਾਰ ਸੱਜਾ ਸੁਰ. ਦੇਖੋ, ਰਵਿਊਪਰਿ.

**ਰਵਿ ਊਪਰਿ ਗਹਿ ਰਾਖਿਆ ਚੰਦੁ:** (ਭੈਰ ਕਬੀਰ) ਜੀਭ ਨਾਲ ਤਾਲੂਏ ਦਾ ਛੇਕ ਬੰਦ ਕਰਕੇ, ਚੰਦ੍ਰਮਾ ਦਾ ਅਮ੍ਰਿਤ ਰੋਕ ਰੱਖਿਆ, ਤਾਕਿ ਸੂਰਜ ਉਸ ਨੂੰ ਖ਼ੁਸ਼ਕ ਨਾ ਕਰੇ। ੨. ਰਵਿ (ਪਿੰਗਲਾ) ਪੁਰ ਚੰਦੁ (ਇੜਾ) ਨੂੰ ਰੱਖਿਆ। ੩. ਤਮੋਗੁਣ ਪੁਰ ਸਤੋਗੁਣ ਰੱਖਿਆ.

**ਰਵਿਓ, ਰਵਿਆ:** ਰਮਿਆ. ਫੈਲਿਆ. ਪਸਰਿਆ. "ਰਵਿਓ ਸਰਬ ਥਾਨ ਹਾਂ." (ਆਸਾ ਮ: ੫) ੨. ਰਵ (ਉੱਚਾਰਣ) ਕੀਤਾ। ੩. ਰਮਣ ਕੀਤਾ. ਭੋਗਿਆ.

**ਰਵਿਆਸੁ:** ਫਿਰਦੇ ਹਨ. "ਜਿਨਾ ਪਿਛੈ ਹਉ ਗਈ, ਸੇ ਮੈ ਪਿਛੈ ਭੀ ਰਵਿਆਸੁ." (ਵਾਰ ਮਾਰੂ ੨. ਮ: ੫)

**ਰਵਿਐ:** ਰਵ (ਉੱਚਾਰਣ) ਤੋਂ ਜਪਣ ਨਾਲ. "ਜਿਤੁ ਰਵਿਐ ਸੁਖ ਸਹਜ ਭੋਗ." (ਬਸੰ ਮ: ੫) ੨. ਰਮਣ (ਭੋਗਣ) ਤੋਂ। ੩. ਵਿਚਰਨ ਨਾਲ. ਫਿਰਣ ਤੋਂ

**ਰਵਿ ਸਸਿ ਏਕੋ:** ਦੇਖੋ, ਸਮਾਨੈ.

**ਰਵਿ ਸਾਰਥਿ:** ਸੂਰਜ ਦੀ ਰਥਵਾਹੀ ਅਰੁਣ.

**ਰਵਿਸੁਤ:** ਸੂਰਜ ਦਾ ਪੁਤ੍ਰ ਯਮ. "ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾਂ?" (ਸਵੈਯੇ ਮ: ੪. ਕੇ) ੨. ਸ਼ਨਿ. ਛਨਿੱਛਰ। ੩. ਵੈਵਸ੍ਵਤ ਮਨੁ। ੪. ਸੁਗ੍ਰੀਵ ਵਾਨਰ। ੫. ਕੁੰਤੀ ਦੇ ਪੇਟੋਂ ਸੂਰਜ ਦਾ ਪੁਤ੍ਰ ਕਰਣ.

**ਰਵਿਸੁਤਾ:** ਸੂਰਜ ਦੀ ਪੁਤ੍ਰੀ ਯਮੁਨਾ. ਯਮੀ.

**ਰਵਿ ਹਰਨਿ:** ਸੂਰਜ ਦੇ ਹਰਣ (ਲੋਪ ਕਰਨ) ਵਾਲੀ ਰਾਤ. (ਸਨਾਮਾ)

**ਰਵਿ ਹਰਨਿ ਚਰ:** ਰਵਿਹਰਨਿ (ਰਾਤ) ਨੂੰ ਫਿਰਨ ਵਾਲਾ. ਦੇਖੋ, ਨਿਸਚਰ.

**ਰਵਿਕ:** ਸੰ. ਸੰਗ੍ਯਾ- ਨਿੰਮ ਦਾ ਬਿਰਛ.

**ਰਵਿਜ:** ਦੇਖੋ, ਰਵਿਸੁਤ। ੨. ਦਿਨ. (ਸਨਾਮਾ)

**ਰਵਿਜਾ:** ਦੇਖੋ, ਰਵਿਸੁਤਾ.

**ਰਵਿ ਜਾਇਕ:** ਸੰਗ੍ਯਾ- ਪ੍ਰਕਾਸ਼। ੨. ਦਿਨ. (ਸਨਾਮਾ) ੩. ਦੇਖੋ, ਰਵਿਸੁਤ.

**ਰਵਿਤਨਯ, ਰਵਿਤਨਯਾ:** ਦੇਖੋ, ਰਵਿਸੁਤ ਅਤੇ ਰਵਿਸੁਤਾ.

**ਰਵਿਤਾਤ:** ਸੂਰਜ ਦਾ ਪੁਤ੍ਰ ਯਮ. "ਸੋ ਰਵਿਤਾਤ ਨ ਖੇਦ ਨਿਹਾਰੈ." (ਗੁਵਿ ੬) ੨. ਸ਼ਨੈਸ਼੍ਚਰ ਛਨਿੱਛਰ। ੩. ਕਰਣ। ੪. ਸੁਗ੍ਰੀਵ.

ਰਵਿੰਦ: ਅਰਵਿੰਦ (ਕਮਲ) ਦਾ ਸੰਖੇਪ। ੨. ਰਵ (ਸ਼ਬਦ) ਕਰਦਾ. ਗੱਜਦਾ ਹੋਇਆ. "ਚਤ੍ਰ ਦਲ ਰਵਿੰਦ ਜੀਉ." (ਸਵੈਯੇ ਮਃ ੪. ਕੇ) ੩. ਦੇਖੋ, ਰਵਿੰਦੁ ੨.

ਰਵਿੰਦਾ: ਵਿ- ਰਮਣ ਕਰਿੰਦਾ. "ਅੰਤਰਿ ਰਵਤੌ ਰਾਜ ਰਵਿੰਦਾ." (ਪ੍ਰਭਾ ਮਃ ੧)

ਰਵਿਦਾਸ, ਰਵਿਦਾਸੁ: ਸੂਰਜ ਦਾ ਸੇਵਕ. ਰਵਿ ਉਪਾਸਕ. ਸੌਰ। ੨. ਕਾਸ਼ੀ ਦਾ ਵਸਨੀਕ ਚਮਾਰ, ਜੋ ਰਾਮਾਨੰਦ ਦਾ ਚੇਲਾ ਸੀ. ਇਹ ਗਿਆਨ ਦੇ ਬਲ ਕਰਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ. ਰਵਿਦਾਸ ਕਬੀਰ ਦਾ ਸਮਕਾਲੀ ਸੀ. ਇਸ ਨੂੰ ਬਹੁਤ ਪੁਸ੍ਤਕਾਂ ਵਿੱਚ ਰੈਦਾਸ ਭੀ ਲਿਖਿਆ ਹੈ. ਰਵਿਦਾਸ ਦੀ ਬਾਣੀ ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਦਰਜ ਹੈ. "ਕਹਿ ਰਵਿਦਾਸ ਖਲਾਸ ਚਮਾਰਾ." (ਗਉ) "ਰਵਿਦਾਸੁ ਜਪੈ ਰਾਮਨਾਮਾ." (ਸੋਰ)

ਰਵਿੰਦੁ: ਵਿ- ਰਮਣ ਕਰਤਾ. "ਘਟਿ ਘਟਿ ਬ੍ਰਹਮੁ ਰਵਿੰਦੁ." (ਸ੍ਰੀ ਮਃ ੫) ੨. ਰਵਿ (ਸੂਰਜ) ਇੰਦੁ (ਚੰਦ੍ਰਮਾ)

ਰਵਿਨੰਦਨ, ਰਵਿਨੰਦਿਨੀ: ਦੇਖੋ, ਰਵਿਸੁਤ ਅਤੇ ਰਵਿਸੁਤਾ.

ਰਵਿਭੇਦਨ: ਸੂਰਜਲੋਕ ਨੂੰ ਲੰਘਕੇ ਉੱਪਰ ਜਾਣ ਦੀ ਕ੍ਰਿਯਾ. ਭਾਵ ਸਾਰੇ ਲੋਕਾਂ ਤੋਂ ਉੱਚਾ ਪਹੁਚਣਾ. "ਯੋਗ ਸਾਧਿ, ਰਵਿ ਭੇਦਤ ਗਯੋ." (ਗੁਪ੍ਰਸੂ) ਸਿਮ੍ਰਿਤੀਆਂ ਅਤੇ ਪੁਰਾਣਾਂ ਅਨੁਸਾਰ ਯੋਗੀ ਅਤੇ ਯੋਧਾ ਸੂਰਯਮੰਡਲ ਤੋਂ ਲੰਘਕੇ "ਸਤਜਲੋਕ" ਪਹੁਚਦੇ ਹਨ.[1083]

ਰਵਿਲੋਇ: ਰਵਿਲੋਕ, ਸੂਰਜਲੋਕ। ੨. ਸੂਰਜਮੰਡਲ। ੩. ਸੂਰਜ ਦਾ ਆਲੋਕ (ਪ੍ਰਕਾਸ਼)

ਰਵਿਲੋਕ: ਸੂਰਜਲੋਕ.

ਰਵਿਵਾਸਰ, ਰਵਿਵਾਰ: ਸੂਰਜ ਦਾ ਦਿਨ. ਆਦਿਤਜ (ਐਤ) ਵਾਰ.

ਰਵੀ: ਦੇਖੋ, ਰਵਿ। ੨. ਰਵਿ (ਸੂਰਜ) ਦੀ ਇਸਤ੍ਰੀ. "ਸਿਵੀ ਵਾਸਵੀ ਰਵੀ ਪਛਾਨੀ." (ਚਰਿਤ੍ਰ ੨੬੪) ੩. ਰਵ (ਉੱਚਾਰਣ) ਕੀਤੀ.

ਰਵੀਐ: ਰਵ (ਉੱਚਾਰਣ) ਕਰੀਏ. ਜਪੀਏ.

ਰਵੀਜੈ: ਰਵਣ (ਉੱਚਾਰਣ) ਕਰੀਜੈ. "ਰਸਨਾ ਰਾਮ ਰਵੀਜੈ." (ਮਾਰੂ ਸੋਲਹੇ ਮਃ ੩)

ਰਵੀਤ: ਸੰ. रवितृ. ਵਿ- ਰਵਣ (ਉੱਚਾਰਣ) ਵਾਲਾ. ਪੁਕਾਰਨ ਵਾਲਾ। ੨. ਰਵਿਤ. ਉੱਚਾਰਣ ਕੀਤਾ.

ਰਵੈ: ਰਵ (ਬੋਲ) ਦਾ ਹੈ. ਆਖਦਾ ਹੈ. "ਗਿਆਨੁ ਧਿਆਨੁ ਸਭ ਕੋਈ ਰਵੈ." (ਸੂਹੀ ਮਃ ੧)

ਰਵੈਯਾ: ਦੇਖੋ, ਰਵਈਆ ੩। ੨. ਉੱਚਾਰਣ ਕਰੈਯਾ.

ਰਵੰਨ: ਦੇਖੋ, ਰਵਾਨ. "ਹਮੇਸੁਲ ਰਵੰਨ ਹੈ." (ਜਾਪੁ) ੨. ਉੱਚਾਰਣ ਕਰਦੇ ਹਨ.

ਰਵੰਨਾ: ਫ਼ਾ. روانہ ਸੰਗਯਾ- ਰਵਾਨਾ ਕੀਤੀ ਵਸ੍ਤੁ ਨਾਲ ਦਿੱਤਾ ਆਗਯਾਪਤ੍ਰ.

ਰਵੰਨਿ: ਰਵ (ਸ਼ਬਦ) ਕਰੰਨਿ. ਜਪਦੇ ਹਨ.

---

[1083] द्वाविमौ पुरुषौ लोके सूर्य्यमण्डलभेदिनौ।
परिव्राड् योगयुक्तश्च रणे चाभिमुखो हतः
(ਪਰਾਸ਼ਰ ਸਿਮ੍ਰਿਤਿ, ਅਃ ੩, ਸਃ ੩੨)

ਰੜ: ਸੰਗਯਾ- ਮੈਦਾਨ. ਰੜਾ। ੨. ਕੱਲਰ। ੩. ਮਰੁਭੂਮਿ। ੪. ਦੇਖੋ, ਰਟ.

ਰੜਕ: ਸੰਗਯਾ- ਚੁਭਵੀਂ ਪੀੜ. ਚੀਸ। ੨. ਮਨ ਦਾ ਵੈਰਭਾਵ। ੩. ਵਿਘਨ.

ਰੜਕਣਾ, ਰੜਕਨਾ: ਕ੍ਰਿ- ਚੁਭਣਾ। ੨. ਚੁਭਵਾਂ ਦਰਦ ਹਣਾ. "ਸੇਲ ਸਮ ਰੜਕਤ ਛਾਤੀ." (ਗੁਪ੍ਰਸੂ)

ਰੜਣੁ, ਰੜਨਾ: ਦੇਖੋ, ਰਟਨਾ. "ਹੜੈ ਗ੍ਰਿਧ ਖ਼੍ਰਿੰਦੰ." (ਚੰਡੀ ੨) "ਮਾਸ ਨਿਹਾਰਕੈ ਗਿੱਧ ਰੜੈ." (ਚੰਡੀ ੧) "ਰੜੋ ਦੇਸ ਦੇਸਾਨ ਵਿਦਯਾ." (ਪਾਰਸਾਵ) "ਚਟਸਾਰ ਰੜੈਂ ਜਿਮ ਬਾਰਕ ਸੰਥਾ." (ਚੰਡੀ ੧) ੨. ਦੇਖੋ, ਰੜ੍ਹਨਾ.

ਰੜਤੰਕ: ਰਟ- ਆਨਕ. ਸੰਗਯਾ- ਰਟਣ ਦਾ ਸ਼ੋਰ. ਬੋਲਣ ਦਾ ਰੌਲਾ.

ਰੜਾ: ਦੇਖੋ, ਰੜ. "ਰੜੇ ਵਿੱਚ ਜੋ ਜਲ ਭਾਸਤਾ ਹੈ." (ਜਸਭਾਮ)

ਰੜਿ: ਮੈਦਾਨ ਵਿੱਚ, ਯੁੱਧ ਭੂਮਿ ਵਿੱਚ. ਦੇਖੋ, ਗਾਡਾ ੫.

ਰੜ੍ਹਨਾ: ਕ੍ਰਿ- ਭੁੱਜਣਾ. ਪੱਕਣਾ। ੨. ਕ੍ਰੋਧ ਨਾਲ ਸੜਨਾ.

ਰਾ: ਡਿੰਗ- ਵਜ- ਨੂੰ. ਕੋ. ਦਾ. ਤਾਂਈਂ ਪ੍ਰਤਿ. ਦੇਖੋ, ਫ਼ਾ. را ਦੇਖੋ, ਛਬਿ ੫। ੨. ਸੰ. ਦੇਣਾ. ਬਖ਼ਸ਼ਣਾ.

ਰਾਉ: ਸੰਗਯਾ- ਉਪਰਾਜ. ਅਮੀਰ। ੨. ਮਹਾਰਾਸ਼੍ਟ੍ਰ ਅਤੇ ਰਾਜਪੂਤਾਨੇ ਵਿੱਚ ਅਮੀਰਾਂ ਦੀ ਇੱਕ ਪਦਵੀ. "ਰਾਜਾਰਾਉ ਕਿ ਖਾਨੁ." (ਸ੍ਰੀ ਅਃ ਮਃ ੧) ੩. ਰਾਜਾ.

ਰਾਉਟੀ, ਰਾਉਂਟੀ: ਸੰਗਯਾ- ਰਾਜਮਹਲ ਦੀ ਅੱਟਾਲਿਕਾ. ਅਟਾਰੀ. ਮੰਮਟੀ.

ਰਾਉਣ: ਦੇਖੋ, ਰਾਵਣ। ੨. ਦੇਖੋ, ਰਮਣ। ੩. ਦੇਖੋ, ਰਵਣ.

ਰਾਉਣੀ: ਕੱਚਾ ਵਲਗਣ, ਜੋ ਗੜ੍ਹੀ ਵਾਂਙ ਵੈਰੀ ਦੇ ਹੱਲੇ ਤੋਂ ਬਚਣ ਲਈ ਬਣਿਆ ਹੋਵੇ. ਦੇਖੋ, ਰਾਮਰੌਣੀ.

ਰਾਉਰ: ਆਪ. ਦੇਖੋ, ਰਾਵਰ. "ਇਹ ਬਿਧ ਕੀ ਸੁਧ ਰਾਉਰ ਜਾਨੋ." (ਨਾਪ੍ਰ)

ਰਾਉਲ: ਦੇਖੋ, ਰਾਵਲ.

ਰਾਊ: ਦਿਆਲਪੁਰੇ ਦਾ ਵਸਨੀਕ ਕੰਬੋ (ਕਮੋ) ਸਿੱਖ, ਜੋ ਮਸੰਦੀ ਦਾ ਕੰਮ ਕਰਦਾ ਸੀ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੇ ਇਸ ਦੇ ਅਪਰਾਧ ਬਖ਼ਸ਼ਕੇ ਅੱਗੋਂ ਨੂੰ ਸੁਮਾਰਗ ਪਾਇਆ। ੨. ਦੇਖੋ, ਰਾਉ.

ਰਾਇ: ਸੰਗਯਾ- ਰਾਜਾ. ਅਮਰੀ. ਦੇਖੋ, ਰਾਉ। ੨. ਕਰਤਾਰ. ਪਾਰਬ੍ਰਹਮ. "ਜਾਕੇ ਬੰਧਨ ਕਾਟੇ ਰਾਇ." (ਰਾਮ ਮਃ ੫) ੩. ਭੱਟ ਦੀ ਪਦਵੀ. ਇਹ ਸਨਮਾਨ ਬੋਧਕ ਸ਼ਬਦ ਹੈ। ੪. ਅ਼. رای ਸਲਾਹ। ੫. ਇਰਾਦਾ. ਸੰਕਲਪ। ੬. ਬੁੱਧਿ. ਅਕਲ. "ਦੋਸ ਨ ਦੇਅਹੁ ਰਾਇ ਨੋ, ਮਤਿ ਚਲੈ ਜਾ ਬੁਢਾ ਹੋਵੈ." (ਸਵਾ ਮਃ ੧) ਬੁੱਢੇ ਤੋਂ ਭਾਵ ਵਿਸ਼ਯਾਂ ਦੇ ਕਾਰਣ ਆਤਮਿਕ ਕਮਜ਼ੋਰੀ ਹੈ. ਇਸ ਤੁਕ ਵਿੱਚ ਰਾਇਬੁਲਾਰ ਤੋਂ ਭਾਵ ਨਹੀਂ, ਜੇਹਾ ਕਿ ਕਈ ਅਗਯਾਨੀ ਕਲਪਦੇ ਹਨ.

ਰਾਇਆ: ਸੰਗਯਾ- ਰਾਜਾ. ਅਮੀਰ. "ਭੈਭੰਜਨ ਹਰਿ ਰਾਇਆ. (ਗੂਜ ਮਃ ੫) ੨. ਸੰਬੋਧਨ. ਹੇ ਰਾਇ। "ਭਗ਼ਤਿ ਕਰਉ ਤੇਰੀ ਰਾਇਆ!" (ਮਾਰੂ ਮਃ ੧) ੩. رعایا ਰਅ਼ਾਯਾ. ਪ੍ਰਜਾ. ਰਈਅਤ ਦਾ ਬਹੁਵਚਨ. "ਆਪੇ ਹੀ ਰਾਜਨ, ਆਪੇ ਹੀ ਰਾਇਆ." (ਬਿਲਾ ਮਃ ੫) ੪. ਦੇਖੋ, ਰਾਯਾ.

ਰਾਇਸਾ: ਡਿੰਗ. ਸੰਗਯਾ- ਰਾਯਸੋ. ਕਥਾ. ਇਤਿਹਾਸ. ਪ੍ਰਸੰਗ. ਕਥਾ ਦਾ ਰਹਸ੍ਯ. "ਰਾਇਸਾ ਪਿਆਰੇ ਕਾ ਰਾਇਸਾ." (ਤਿਲੰ ਮਃ ੧)

ਰਾਇਸਿੰਘ: ਦੇਖੋ, ਪੰਥਪ੍ਰਕਾਸ.

ਰਾਇਸੋ: ਦੇਖੋ, ਰਾਇਸਾ.

ਰਾਇਕੋਟ: ਦੇਖੋ, ਰਾਯਕੋਟ.

ਰਾਇਗਾਂ: ਫ਼ਾ. رایگان ਨਿਰਰਥਕ. ਬੇਫਾਇਦਾ. ਵ੍ਰਿਥਾ.

ਰਾਇਜ: ਅ਼. رائج ਵਿ- ਰਿਵਾਜ ਪਾਇਆ ਹੋਇਆ. ਪ੍ਰਚਲਿਤ। ੨. ਜਾਰੀ ਹੋਇਆ.

ਰਾਇਤਾ: ਸੰ. ਰਾਜਿਕਾਕ੍ਰ. ਸੰਗਜਾ- ਕੱਦੂ, ਗਾਜਰ, ਦਾਖ ਆਦਿ ਨੂੰ ਦਹੀਂ ਵਿੱਚ ਮਿਲਾਕੇ ਬਣਾਇਆ ਭੋਜਨ. "ਮੇਵੇ ਸੋਂ ਅਮੇਜ ਕਰ ਰਾਇਤਾ ਸਲੋਨ ਬਡੋ." (ਗੁਪ੍ਰਸੂ)

ਰਾਇਨਿ: ਰਾਇ ਦੀ ਇਸਤ੍ਰੀ। ੨. ਰਾਇ (ਰਾਜਾ) ਦੀ ਅਨੀ (ਫੌਜ). (ਸਨਾਮਾ)

ਰਾਇਪੁਰ: ਦੇਖੋ, ਗੁੱਜਰਵਾਲ, ਘੱਲੂਘਾਰਾ ਅਤੇ ਰਾਣੀ ਕਾ ਰਾਇਪੁਰ.

ਰਾਇਬਲਵੰਡ: ਦੇਖੋ, ਬਲਵੰਡ.

ਰਾਇ ਬਲਵੰਡਿ: ਰਾਇ ਬਲਵੰਡ ਨੇ. ਦੇਖੋ, ਬਲਵੰਡਿ.

ਰਾਇ ਬੁਲਾਰ: ਦੇਖੋ, ਰਾਇਭੋਇ.

ਰਾਇਬੇਲ: ਰਾਜਵੱਲਿ. ਮੋਤੀਏ ਦੀ ਜਾਤਿ ਦੀ ਇੱਕ ਬੇਲ, ਜਿਸ ਨੂੰ ਸੁਗੰਧ ਵਾਲੇ ਚਿੱਟੇ ਫੂੱਲ ਲਗਦੇ ਹਨ. Jasminum Sambac

ਰਾਇਭੋਇ: ਭੱਟੀ ਮੁਸਲਮਾਨ ਸਰਦਾਰ, ਜੋ ਲੋਦੀ ਵੰਸ਼ ਦਾ ਮਾਲਗੁਜ਼ਾਰ ਅਤੇ ਤਲਵੰਡੀ ਦੇ ਆਸ ਪਾਸ ਦੇ ਪਰਗਨਿਆਂ ਦਾ ਮਾਲਿਕ ਸੀ. ਇਸ ਦਾ ਪੁਤ੍ਰ ਰਾਇ ਬੁਲਾਰ ਗੁਰੁ ਨਾਨਕਦੇਵ ਦਾ ਪਰਮ ਸੇਵਕ ਅਤੇ ਸ਼੍ਰੱਧਾਲੂ ਹੋਇਆ ਹੈ.

ਰਾਇਭੋਇ ਦੀ ਤਲਵੰਡੀ: ਦੇਖੋ, ਤਲਵੰਡੀ ੧.

ਰਾਇਰੋਸਨਾ: ਇਹ ਰੌਸ਼ਨਾਰਾ ਦਾ ਹੀ ਨਾਮਾਂਤਰ ਹੈ. ਦੇਖੋ, ਰੌਸ਼ਨਾਰਾ.

ਰਾਈ: ਸੰ. ਰਾਜਿਕਾ ਅਥਵਾ ਰਾਜਸਸ਼ੰਪ. ਸਰ੍ਹੋਂ ਦੀ ਜਾਤਿ ਦਾ ਇੱਕ ਅੰਨ. Brassica Juncea (Mustard) ਇਹ ਖਾਣ ਵਿੱਚ ਚਟਪਟੀ ਹੁੰਦੀ ਹੈ ਅਤੇ ਚਟਨੀ ਅਚਾਰ ਆਦਿ ਵਿੱਚ ਵਰਤੀਦੀ ਹੈ. ਰਾਈ ਬਹੁਤ ਦਵਾਈਆਂ ਵਿੱਚ ਭੀ ਵਰਤੀ ਜਾਂਦੀ ਹੈ. ਦੇਖੋ, ਰਾਈ ਲੂਣ ਵਾਰਨਾ। ੨. ਵਿ- ਤਨਿਕ. ਥੋੜਾ. "ਮਨੁ ਟਿਕਣੁ ਨ ਪਾਵੈ ਰਾਈ." (ਮਾਰੂ ਮਃ ੫) ੩. ਸੰਗਜਾ- ਰਾਜਾ ਦੀ ਪਦਵੀ. ਰਾਇਪਨ। ੪. ਰਾਣੀ. ਰਾਗਜੀ. "ਨਾਨਕ ਸਾ, ਸਭ ਰਾਈ." (ਤਿਲੰ ਮਃ ੧) ੫. ਰਾਜਜ ਵਿਭੂਤਿ. ਸੰ. ਰਯਿ.

ਰਾਂਈਂ: ਦੇਖੋ, ਅਰਾਂਈਂ.

ਰਾਈਆਂ ਵਾਲਾ: ਕਪਾਲਮੋਚਨ ਤੋਂ ਬਾਰਾਂ ਕੋਹ ਪੂਰਵ ਇੱਕ ਪਿੰਡ, ਇੱਥੇ ਰਾਮਰਾਇ ਜੀ ਦੇਹਰਾਦੂਨ ਨੂੰ ਜਾਂਦੇ ਠਹਿਰੇ ਸਨ.

ਰਾਈ ਲੂਣ ਵਾਰਨਾ: ਭਾਰਤ ਵਿੱਚ ਰੀਤਿ ਹੈ ਕਿ ਬਲਾ ਦੂਰ ਕਰਨ ਲਈ ਇਸਤ੍ਰੀਆਂ ਆਪਣੀ ਸੰਤਾਨ ਦੇ ਸਿਰ ਉੱਪਰਦੀ ਰਾਈ ਅਤੇ ਲੂਣ ਵਾਰਕੇ ਸੁਟਦੀਆਂ ਹਨ. "ਸਹਿਤ ਸਨੁਖਾ ਸੁਤਹਿ ਸੁਹਾਈ। ਵਾਰਤ ਮਾਤ ਲਵਣ ਅਰੁ ਰਾਈ ॥" (ਨਾਪ੍ਰ)

ਰਾਸ: ਸੰ. रास्. ਧਾ- ਸ਼ਬਦ ਕਰਨਾ, ਵਿਲਾਪ ਕਰਨਾ। ੨. ਸੰਗਜਾ- ਸ਼ਬਦ. ਧ੍ਵਨਿ. ਕੋਲਾਹਲ। ੩. ਖੇਲ. ਕ੍ਰੀੜਾ। ੪. ਗੋਪੀਆਂ ਨਾਲ ਕ੍ਰਿਸ਼ਨ ਜੀ ਦੀ ਖੇਲ ਵਿਲਾਸ ਦਾ ਨਾਟਕ[1084]। ੫. ਸੰ. ਰਸ਼ਿਮ. ਡੋਰ. ਵਾਗ। ੬. ਫ਼ਾ. راس ਮਾਰਗ. ਸੜਕ। ੭. ਫ਼ਾ.

---

[1084] ਸਤਿਗੁਰੂ ਨਾਨਕਦੇਵ ਜੀ ਨੇ ਇਸ ਖੇਲ ਨੂੰ ਇਖਲਾਕ ਵਿਰੁੱਧ ਜਾਣਕੇ ਨਿਸ਼ੇਧ ਕੀਤਾ ਹੈ, ਯਥਾ-
"ਜਾਮਿਨਿ ਮਹਿਂ ਕੁਕਰਮ ਅਸ ਕਰਹੀ।

ڑاس ਗਾਹੇਹੋਏ ਅੰਨ ਦੀ ਧੜ। ੮. ਦੇਖੋ, ਰਾਸਿ. ੯. ਦੇਖੋ, ਰਾਸੁ.

ਰਾਸਤ: ਦੇਖੋ, ਰਾਸੁ.

ਰਾਸਤਾ: ਦੇਖੋ, ਰਸਤਾ.

ਰਾਸਤੀ: ਦੇਖੋ, ਰਾਸ੍ਤੀ.

ਰਾਸਧਾਰੀ, ਰਾਸਧਾਰੀਆ: ਕ੍ਰਿਸ਼ਨ ਜੀ ਦੀ ਗੋਪੀਆਂ ਨਾਲ ਕੀਤੀ ਲੀਲਾ (ਰਾਸ) ਵਿੱਚ ਹਿੱਸਾ ਲੈਣ ਵਾਲਾ ਮਨੁੱਖ. ਰਾਮਮੰਡਲ ਦਾ ਨਾਟਕ ਖੇਡਣ ਵਾਲਾ. ਦੇਖੋ, ਰਾਸ ੪.

ਰਾਸਭ: ਸੰ. ਸੰਗਯਾ- ਬਹੁਤ ਰਾਸ (ਸ਼ੋਰ) ਕਰਨ ਵਾਲਾ, ਗਧਾ. ਖੋਤਾ.

ਰਾਸਭਾਸਾ, ਰਾਸਭਾਖਾ: ਨਾਟਕ ਦੀ ਪ੍ਰਾਕ੍ਰਿਤ ਭਾਸ਼ਾ. "ਕਹੂੰ ਸਾਂਭਵੀ ਰਾਸਭਾਖਾ ਸੁ ਰਾਚੈਂ." (ਅਜੈ ਸਿੰਘ ਰਾਜ) ਕਿਤੇ ਸ਼ਾਵਰਮੰਤ੍ਰ (ਤੰਤ੍ਰਸ਼ਾਸਤ੍ਰ) ਦੀ ਭਾਸ਼ਾ, ਕਿਤੇ ਨਟਾਂ ਦੀ ਬੋਲੀ ਹੈ। ੨. ਰਾਸ਼੍ਟ੍ਰ ਭਾਸ਼ਾ. ਦੇਸ ਦੀ ਬੋਲੀ.

ਰਾਸਭੀ: ਸੰਗਯਾ- ਰਾਸਭ (ਗਧੇ) ਦੀ ਮਦੀਨ. ਗਧੀ.

ਰਾਸਮੰਡਲ: ਰਾਸ ਦੇ ਖੇਲ ਕਰਨ ਦੀ ਥਾਂ। ੨. ਰਾਮਖੇਲ ਵਿੱਚ ਗੋਲਾਕਾਰ ਹੋਕੇ ਨੱਚਣ ਵਾਲਾ ਟੋਲਾ. ਦੇਖੋ, ਰਾਸਿਮੰਡਲੁ.

ਰਾਸਲੀਲਾ: ਕ੍ਰਿਸ਼ਨ ਜੀ ਦੇ ਖੇਲ ਦਾ ਨਾਟਕ. ਦੇਖੋ, ਰਾਸ ੪.

ਰਾਸਾ: ਸੰਗਯਾ- ਕਥਾ. ਪ੍ਰਸੰਗ. ਕਿੱਸਾ. ਦੇਖੋ, ਰਾਇਸਾ. "ਰੰਕ ਸੇ ਰਾਮ ਕਾ ਛੋਡ ਰਾਸਾ." (ਰਾਮਾਵ)

ਰਾਸਿ: ਸੰ. ਰਾਸ਼ਿ. ਸੰਗਯਾ- ਸਮੂਹ. ਢੇਰ. ਸਮੁਦਾਯ। ੨. ਜ੍ਯੋਤਿਸ਼ਚਕ੍ਰ ਦਾ ਬਾਰ੍ਹਵਾਂ ਅੰਸ਼। ੩. ਮੇਸ਼ ਆਦਿ ਰਾਸ਼ਿ ਵਾਲਾ ਚਕ੍ਰ। ੪. ਮੂਲਧਨ. "ਜਿਨਾ ਰਾਸਿ ਨ ਸਚੁ ਹੈ, ਕਿਉ ਤਿਨਾ ਸੁਖ ਹੋਇ?" (ਸ੍ਰੀ ਮਃ ੧) ੫. ਖਰੀਦਿਆ ਹੋਇਆ ਮਾਲ. "ਪੂੰਜੀ ਸਾਬਤੁ, ਰਾਸਿ ਸਲਾਮਤਿ," (ਮਾਰੂ ਸੋਲਹੇ ਮਃ ੧) ੬. ਫ਼ਾ. راست ਰਾਸੁ. ਵਿ- ਸਿੱਧਾ। ੭. ਸੰਗਯਾ- ਸਤ੍ਯ. ਸੱਚ. "ਦ੍ਵਾਰਿਕਾ ਨਗਰੀ, ਰਾਸਿ ਬੁਗੋਈ." (ਤਿਲੰ ਨਾਮਦਵ) ੮. ਸਹੀ. ਦੁਰੁਸ੍ਤ ਠੀਕ. "ਤਿਸੁ ਸੇਵਕ ਕੇ ਕਾਰਜ ਰਾਸਿ." (ਸੁਖਮਨੀ) "ਕਾਰਜੁ ਸਗਲਾ ਰਾਸਿ ਥੀਆ" (ਪ੍ਰਭਾ ਮਃ ੫) ੯. ਫ਼ਾ. راستی ਰਾਸ੍ਤੀ. "ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੈ ਰਾਸਿ." (ਵਾਰ ਆਸਾ) ਰਾਸ੍ਤੀ ਤੇ ਕਿਸ ਨੂੰ ਲਿਆਵੇਗਾ। ੧੦. ਫ਼ਾ. آراستہ ਆਰਾਸ੍ਤਹ. ਸਵਾਰਿਆ ਹੋਇਆ. ਸਜਾਇਆ ਹੋਇਆ. "ਜੋ ਨ ਢਹੰਦੋ ਮੂਲਿ, ਸੋ ਘਰੁ ਰਾਸਿ ਕਰਿ." (ਆਸਾ ਮਃ ੫) ਉਹ ਘਰ ਆਰਾਸ੍ਤਹ ਕਰ। ੧੧. ਦੇਖੋ, ਰਾਸ ੭. "ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ." (ਸ. ਕਬੀਰ) ੧੨. ਗੁਰਬਾਣੀ ਵਿੱਚ ਕ੍ਰਿਸ਼ਨਲੀਲਾ ਦੀ ਰਾਸ ਲਈ ਭੀ ਰਾਸਿ ਸ਼ਬਦ ਆਉਂਦਾ ਹੈ. ਦੇਖੋ, ਰਾਸਿਮੰਡਲੁ ੧.

ਰਾਸਿ ਪੂੰਜੀ: ਖਰੀਦਿਆ ਹੋਇਆ ਮਾਲ ਅਤੇ ਮੂਲ ਧਨ. "ਚਰਨ ਕਮਲ ਅਧਾਰੁ ਜਨ ਕਾ, ਰਾਸਿ ਪੂੰਜੀ ਏਕ." (ਧਨਾ ਮਃ ੫)

---

ਕ੍ਰਿਸ਼ਨ ਰਾਧਿਕਾ ਵੇਖਨ ਧਰਹੀ.
ਸਿਸੁ ਕੁਮਾਰ ਨਾਰੀ ਧਰ ਵੇਖਹਿ"
ਕਰਹਿ" ਨ੍ਰਿਤ੍ਯਕਾਰੀ ਨਰ ਦੇਖਹਿ"
ਬਾਲਕ ਔਰ ਅੰਗਨਾ ਦੋਊ।
ਰਾਧਾ ਕ੍ਰਿਸ਼ਨ ਸਾਂਗ ਕਰ ਸੋਊ।
ਨਰ ਮਲੀਨਬੁੱਧੀ ਖਿਨ ਦੇਖਿਹਿ"
ਉਪਜਾਵਤ ਤਨ ਕਾਮ ਵਿਸੇਖਹਿ"
ਬਾਲਕ ਪੁਨ ਤਿਨ ਅੰਗਨਾ ਸੰਗਾ।
ਭੋਗਕਰਹਿੰ ਨਰ ਹੋਇ ਨਿਸੰਗਾ ॥ (ਨਾਪ੍ਰ)

ਰਾਸਿਮੰਡਲੁ: ਕ੍ਰਿਸ਼ਨ ਜੀ ਦੀ ਰਾਸਲੀਲ੍ਹਾ ਦਾ ਸਮਾਜ। ੨. ਕਰਤਾਰ ਦੀ ਰਾਸ ਰੂਪ ਖੇਲ, ਜਿਸ ਦਾ ਆਸਾ ਦੀ ਵਾਰ ਵਿੱਚ ਵਰਣਨ ਹੈ.[1085] "ਰਾਸਿਮੰਡਲੁ ਕੀਨੋ ਅਖਾਰਾ." (ਸੂਹੀ ਪੜਤਾਲ ਮਃ ੫)

ਰਾਸੀ: ਦੇਖੋ, ਰਾਸਿ। ੨. ਮੇਸ਼ ਵ੍ਰਿਸ਼ ਆਦਿ ਬਾਰਾਂ ਰਾਸ਼ਿ. "ਕੇਤੇ ਸਸਿ ਰਾਸੀ, ਕਿਤੇ ਸੂਰਜ ਪ੍ਰਕਾਸ਼ੀ." (ਅਕਾਲ) ੩. ਮੂਲਧਨ. "ਵਿਣੁ ਰਾਸੀ ਵਾਪਾਰੀਆ." (ਸ੍ਰੀ ਅਃ ਮਃ ੧) ੪. ਵਿ- ਰਾਸ੍ਤ ਕਰਨ ਵਾਲਾ. ਜੋ ਇੰਦ੍ਰੀਆਂ ਨੂੰ ਟੇਢੇ ਰਾਹ ਨਹੀਂ ਜਾਣ ਦਿੰਦਾ. "ਜਾਂ ਪੰਚਰਾਸੀ, ਤਾਂ ਤੀਰਥਿਵਾਸੀ." (ਆਸਾ ਮਃ ੧) ੫. ਰਸਿਕ ਹੋਈ. ਰਸੀ. "ਰਸਨਾ ਹਰਿਰਸਿ ਰਾਸੀ." (ਮਾਰੂ ਸੋਲਹੇ ਮਃ ੩) ੬. ਵਪਾਰ ਦੀ ਸਾਮਗ੍ਰੀ. "ਇਸ ਰਾਸੀ ਕੇ ਵਾਪਾਰੀਏ." (ਆਸਾ ਅਃ ਮਃ ੩) ੭. ਰਾਸ਼ੀ. ਪਠਾਨਾਂ ਦੀ ਇੱਕ ਮਿਹਨਤ ਕਰਨ ਵਾਲੀ ਜਾਤਿ, ਇਸੇ ਤੋਂ ਰਾਸ਼ਾ ਸ਼ਬਦ ਹੈ। ੮. ਅ਼. راشی ਰਿਸ਼ਵਤ (ਵੱਢੀ) ਖਾਣ ਵਾਲਾ.

ਰਾਸੋ: ਦੇਖੋ, ਰਾਇਸਾ.

ਰਾਸ਼੍ਟ੍ਰ: ਸੰ. ਸੰਗ੍ਯਾ- ਦੇਸ਼. ਮੁਲਕ। ੨. ਰਾਜ੍ਯ. ਰਿਆਸਤ। ੩. ਮਹਾਰਾਸ਼੍ਟ੍ਰ ਦਾ ਸੰਖੇਪ.

ਰਾਸ਼੍ਟ੍ਰਾਂਗ: ਰਾਸ਼੍ਟ੍ਰ (ਰਾਜ੍ਯ) ਦੇ ਅੰਗ. ਰਾਜ੍ਯਾਂਗ. ਦੇਖੋ, ਪ੍ਰਕ੍ਰਿਤਿ ੮. ਅਤੇ ਰਾਜੰਗਾ.

ਰਾਸ੍ਤ: ਫ਼ਾ. راست ਵਿ- ਸਿੱਧਾ। ੨. ਸਤ੍ਯ। ੩. ਠੀਕ ਦੁਰਸ੍ਤ.

ਰਾਸ੍ਤਬਾਜ਼ੀ, ਰਾਸ੍ਤੀ: ਫ਼ਾ. راستبازی ਅਤੇ راستی ਸੰਗ੍ਯਾ- ਸੱਚਾਈ। ੨. ਬਿਨਾ ਕਪਟ ਹੋਣ ਦਾ ਭਾਵ. "ਹਰਾਂਕਸ ਕਿ ਓ ਰਾਸ੍ਤਬਾਜ਼ੀ ਕੁਨਦ। ਰਹ਼ੀਮੇ ਬਰੋ ਰਹ਼ਮਸਾਜ਼ੀ ਕੁਨਦ." (ਜ਼ਫਰ)

ਰਾਹ: ਫ਼ਾ. راہ ਸੰਗ੍ਯਾ- ਮਾਰਗ. ਰਾਸ੍ਤਹ. ਪੰਥ। ੨. ਮਜ਼ਹਬ. ਧਰਮ. "ਰਾਹ ਦੋਵੈ ਇਕੁ ਜਾਣੈ." (ਮਃ ੧. ਵਾਰ ਮਾਝ) ੩. ਕ਼ਾਇ਼ਦਾ. ਨਿਯਮ ਕ਼ਾਨੂਨ. "ਇਹੁ ਕਿਸ ਰਾਹ ਸੁ ਰੋਕੈ ਜਾਗਾ?" (ਗੁਪ੍ਰਸੂ) ੪. ਤਰੀਕਾ. ਢੰਗ. "ਘਾਹੁ ਖਾਨਿ ਤਿਨਾ ਮਾਸੁ ਖਵਾਲੇ, ਏਹਿ ਚਲਾਏ ਰਾਹ." (ਮਃ ੧. ਵਾਰ ਮਾਝ) ੫. ਰਾਹਣਾ ਕ੍ਰਿਯਾ ਦਾ ਅਮਰ. ਜਿਵੇਂ- ਚੱਕੀ ਰਾਹ ਦੇ। ੬. ਅ਼. راح ਰਾਹ਼, ਖ਼ੁਸ਼ੀ. ਪ੍ਰਸੰਨਤਾ. ਰਾਹ਼ਤ.

ਰਾਹ ਹਕੀਕਤ ਮੁਕਾਮ ਸਿਵਨਾਭਿ ਰਾਜੇ ਕੀ: ਦੇਖੋ, ਹਕੀਕਤ ਰਾਹ ਮੁਕਾਮ.

ਰਾਹਕ, ਰਾਹਕੁ: ਸੰਗ੍ਯਾ- ਹਲ ਨਾਲ ਜ਼ਮੀਨ ਪੁਰ ਲੀਕ ਕੱਢਣ ਵਾਲਾ, ਕਿਰਸਾਣ. "ਆਪੇ ਧਰਤੀ, ਆਪੇ ਹੈ ਰਾਹਕੁ." (ਮਃ ੪. ਵਾਰ ਬਿਹਾ) ੨. ਚੱਕੀ ਦੇ ਪੁੜ ਉੱਤੇ ਟੱਕ ਲਾਕੇ ਖੁਰਦਰਾ (ਖਰ੍ਹਵਾ) ਕਰਨ ਵਾਲਾ ਕਾਰੀਗਰ.

ਰਾਹਜਨ: ਦੇਖੋ, ਰਹਜ਼ਨ.

ਰਾਹਣਾ: ਕ੍ਰਿ- ਜ਼ਮੀਨ ਪੁਰ ਹਲ ਨਾਲ ਲੀਕ ਕੱਢਣੀ. ਵਾਹੁਣਾ. "ਸਹਜੇ ਖੇਤੀ ਰਾਹੀਐ. ਸਚੁਨਾਮੁ ਬੀਜੁ ਪਾਇ." (ਸ੍ਰੀ ਮਃ ੩) ੨. ਭਾਵ- ਬੀਜਣਾ. "ਇਬ ਕੇ ਰਾਹੇ ਜੰਮਨਿ ਨਾਹੀ." (ਵਡ ਅਲਾਹਣੀ ਮਃ ੧) ੩. ਚੱਕੀ ਦੇ ਪੁੜ ਨੂੰ ਲੋਹੇ ਦੇ ਸ਼ਾਸਤ੍ਰ ਨਾਲ ਖਰ੍ਹਵਾ ਕਰਨਾ, ਤਾਕਿ ਦਾਣਿਆਂ ਨੂੰ ਚੰਗੀ ਤਰਾਂ ਪੀਹ ਸਕੇ.

ਰਾਹਤ, ਰਾਹ਼ਤ: ਅ਼. راحت ਸੰਗ੍ਯਾ- ਪ੍ਰਸੰਨਤਾ. ਖ਼ੁਸ਼ੀ.

ਰਾਹਦਾਰੀ: ਫ਼ਾ. راہداری ਸੰਗ੍ਯਾ- ਰਸਤੇ ਜਾਣ ਦਾ ਹੁਕਮਨਾਮਾ (ਆਗ੍ਯਾਪਤ੍ਰ). ੨. ਸੜਕ ਦਾ ਮਹਿਸੂਲ.

ਰਾਹਨੁਮਾ: ਦੇਖੋ, ਰਹਨੁਮਾ.

ਰਾਹਰਸਾਂ: ਫ਼ਾ. رہرساں ਰਸਤੇ ਪੁਰ ਪੁਚਾਉਣ ਵਾਲਾ।

---

[1085] "ਘੜੀਆ ਸਭੇ ਗੋਪੀਆ ਪਹਰ ਕੰਨ ਗੋਪਾਲ। ਗਹਣੇ ਪਉਣੁ ਪਾਣੀ ਬੈਸਤੁਰ ਚੰਦੁ ਸੂਰਜੁ ਅਵਤਾਰ." (ਪਉੜੀ ੫)

**ਰਾਹਾ:** ਦਸਮਗ੍ਰੰਥ ਦੇ ਚਰਿਤ੍ਰ ੨੪੯ ਅਨੁਸਾਰ ਸ਼ੇਰਸ਼ਾਹ ਦੇ ਘੋੜੇ, ਰਾਹਾ ਅਤੇ ਸੁਰਾਹਾ, ਜੋ ਸੁੰਦਰਤਾ ਅਤੇ ਚਾਲਾਕੀ ਵਿੱਚ ਜਗਤ ਪ੍ਰਸਿੱਧ ਸਨ.

**ਰਾਹਿਤ:** ਦੇਖੋ, ਰਾਹਤ.

**ਰਾਹਿਨ:** ਅ਼. ਰਹਨ (ਗਿਰੋ- ਗਹਿਣੇ) ਰੱਖਣ ਵਾਲਾ. ਦੇਖੋ, ਰਹਨ.

**ਰਾਹੀ:** ਰਾਹ (ਮਾਰਗ) ਜਾਣ ਵਾਲਾ. ਰਾਹਗੀਰ. ਮੁਸਾਫਿਰ. ਪਾਂਸ਼.

**ਰਾਹੁ:** ਮਾਰਗ. ਰਾਸਤਾ. ਦੇਖੋ, ਰਾਹੁ. "ਰਾਹੁ ਬੁਰਾ ਭੀਹਾਵਲਾ." (ਓਅੰਕਾਰ) ੨. ਵੰਸ਼ ਦਾ ਸਿਲਸਿਲਾ. "ਭੰਡਹੁ ਚਲੈ ਰਾਹੁ." (ਵਾਰ ਆਸਾ) ੩. ਸੰ. ਪੁਰਾਣਾਂ ਅਨੁਸਾਰ ਸਿੰਹਿਕਾ ਦੇ ਉਦਰ ਤੋਂ ਵਿਪ੍ਰਚਿੱਤਿ ਦਾਨਵ ਦਾ ਪੁਤ੍ਰ, ਜਿਸ ਦੀਆਂ ਚਾਰ ਬਾਹਾਂ ਅਤੇ ਹੇਠਲਾ ਧੜ ਮੱਛ ਦੀ ਪੂਛ ਜੇਹਾ ਹੈ. ਜਦ ਸਮੁੰਦਰ ਰਿੜਕ ਕੇ ਰਤਨ ਕੱਢੇ, ਤਦ ਇਹ ਰੂਪ ਵਟਾਕੇ ਦੇਵਤਿਆਂ ਦੀ ਪੰਗਤਿ ਵਿੱਚ ਜਾ ਬੈਠਾ, ਅਰ ਅਮ੍ਰਿਤ ਦਾ ਵਰਤਾਰਾ ਲੈਕੇ ਪੀਗਿਆ. ਸੂਰਜ ਅਤੇ ਚੰਦ੍ਰਮਾ ਨੇ ਇਸ ਨੂੰ ਪਛਾਣਕੇ ਵਿਸ਼ਨੁ ਨੂੰ ਦੱਸਿਆ, ਜਿਸ ਪੁਰ ਇਸ ਦਾ ਸਿਰ ਅਤੇ ਦੋ ਬਾਹਾਂ ਵਿਸ਼ਨੁ ਨੇ ਵੱਢ ਦਿੱਤੀਆਂ, ਪਰ ਇਹ ਅੰਮ੍ਰਿਤ ਪੀਕੇ ਅਮਰ ਹੋਗਿਆ ਸੀ. ਇਸ ਲਈ ਦੋ ਸ਼ਰੀਰ ਬਣ ਗਏ, ਅਰਥਾਤ ਕੇਤੁ ਅਰੇ ਰਾਹੁ. ਪੁਰਾਣਾ ਵੈਰ ਚਿਤਾਰਕੇ ਇਹ ਸੂਰਜ ਚੰਦ੍ਰਮਾ ਨੂੰ ਗ੍ਰਸਦੇ ਹਨ, ਜਿਸ ਤੋਂ ਗ੍ਰਹਣ ਲਗਦਾ ਹੈ. ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਅੱਠ ਕਾਲੇ ਰੰਗ ਦੇ ਘੋੜੇ ਰਾਹੁ ਦੇ ਰਥ ਨੂੰ ਖਿੱਚਦੇ ਹਨ. "ਆਪ ਗਰਹ ਦੁਇ ਰਾਹੁ." (ਮਃ ੧. ਵਾਰ ਮਾਝ) ੪. ਜੋਤਿਸ਼ ਅਨੁਸਾਰ ਇੱਕ ਗ੍ਰਹ. The Seizer। ੫. ਵਿ- ਛੱਡਣ ਵਾਲਾ. ਦੇਖੋ, ਰਹ ਧਾ

**ਰਾਹੁਣਾ:** ਦੇਖੋ, ਰਾਹਣਾ.

**ਰਾਹੁਬਾਹਨ:** ਰਾਹੁ ਦਾ ਵਾਹਨ ਗਿਰਝ. ਗਿੱਧ. "ਮਾਨਹੁ ਸੂਰਜ ਕੇ ਗ੍ਰਸਬੇ ਕਹੁੰ ਰਾਹੁ ਕੇ ਬਾਹਨ ਪੰਖ ਪਸਾਰੇ." (ਕ੍ਰਿਸਨਾਵ)

**ਰਾਹੂ:** ਦੇਖੋ, ਰਾਹੁ.

**ਰਾਹੇ:** ਵਾਹੇ ਅਤੇ ਬੀਜੇ. ਦੇਖੋ, ਰਾਹਣਾ. "ਇਬ ਕੇ ਰਾਹੇ ਜੰਮਨਿ ਨਾਹੀ." (ਵਡ ਅਲਾਹਣੀ ਮਃ ੧)

**ਰਾਹੇਹੱਕ, ਰਾਹੇਹ਼ੱਕ਼:** ਫ਼ਾ. راہِ حق ਕਰਤਾਰ ਦਾ ਮਾਰਗ. ਵਾਹਗੁਰੂ ਦਾ ਰਾਹ। ੨. ਸੱਚਾ ਪੰਥ. ਸੱਚ ਦਾ ਮਾਰਗ.

**ਰਾਹੇਂਦੇ:** ਵਾਹੁੰਦੇ ਬੀਜਦੇ. "ਇਕਿ ਰਾਹੇਂਦੇ ਰਹਿਗਏ, ਇਕਿ ਰਾਧੀ ਗਏ ਉਜਾੜਿ." (ਸ. ਫਰੀਦ)

**ਰਾਹੇਰਾਸੁ:** ਦੇਖੋ, ਰਹਰਾਸ ੪.

**ਰਾਂਕ:** ਦੇਖੋ, ਰੰਕ.

**ਰਾਕਸ, ਰਾਕਸੀ:** ਰਾਖਸ. ਰਾਖਸੀ. ਦੇਖੋ, ਰਾਕ੍ਸ਼ਸ ਅਤੇ ਰਾਕ੍ਸ਼ਸੀ. "ਰੋਹ ਹੋਈ ਮਹਮਾਈ[1086] ਰਾਕਸ ਮਾਰਣੇ." (ਚੰਡੀ ੩)

**ਰਾਕਤ੍ਰ:** ਦੇਖੋ, ਰਕਤ. "ਕਿ ਰਾਕਤ੍ਰ ਭਿੱਗੇ." (ਪਾਰਸਾਵ) ਰਕ੍ਤ (ਲਹੂ) ਵਿੱਚ ਭਿੱਜੇ.

**ਰਾਕਾ:** ਸੰ. ਸੰਗ੍ਯਾ- ਚੰਦ੍ਰਮਾ ਨੂੰ ਰੰਜਨ ਕਰਨ ਵਾਲੀ ਉਹ ਪੂਰਨਮਾਸੀ, ਜਿਸ ਵਿੱਚ ਸੂਰਜ ਛਿਪਣ ਤੇ ਅਥਵਾ ਕੁਝ ਚਿਰ ਸੂਰਜ ਛਿਪਣ ਪਿੱਛੋਂ ਚੰਦ੍ਰਮਾ ਉਦੇ ਹੋਵੇ. ਅਥਵਾ ਏਕਮ ਤਿਥਿ ਨਾਲ ਮਿਲੀ ਹੋਈ ਪੂਰਨਮਾਸੀ.

ਜਿਸ ਪੂਰਨਮਾਸੀ ਨੂੰ ਸੂਰਜ ਛਿਪਣ ਤੋਂ ਪਹਿਲਾਂ ਚੰਦ੍ਰਮਾ ਚੜ੍ਹਦਾ ਹੈ, ਅਥਵਾ ਜੋ ਚੌਦੇਂ ਤਿਥਿ ਨਾਲ ਮਿਲੀ ਹੋਈ ਹੈ, ਉਸ ਦੀ "ਅਨੁਮਤਿ" ਸੰਗ੍ਯਾ- ਹੈ। ੨. ਪੂਰਨਮਾਸੀ ਚਾਨਣੇ ਪੱਖ ਦੀ ਪੰਦ੍ਰਵੀਂ ਤਿਥਿ। ੩. ਉਹ ਇਸਤ੍ਰੀ, ਜਿਸ ਨੂੰ ਪਹਿਲੀ ਵਾਰ ਰਿਤੁ ਆਈ ਹੈ.

---

[1086] ਮਹਾਮਾਈ. ਦੁਰਗਾ.

ਰਾਕਾਪਤਿ, ਰਾਕਿੰਦ: ਰਾਕਾ (ਪੂਰਣਮਾਸੀ) ਦਾ ਪਤਿ. ਰਾਕਾਇੰਦ੍ਰ. ਚੰਦ੍ਰਮਾ. ਪੂਰਣਮਾਸੀ ਦਾ ਚੰਦ। ੨. ਕਾਵ੍ਯ ਅਨੁਸਾਰ ਮੁਗਧਾ ਨਾਇਕਾ ਦਾ ਪਤਿ.

ਰਾਕਿਮ, ਰਾਕ਼ਿਮ: ਅ਼. راقم ਵਿ- ਰਕ਼ਮ (ਲਿਖਣ) ਵਾਲਾ ਲੇਖਕ.

ਰਾਕੀ: ਅਰਾਕ ਦਾ ਘੋੜਾ. ਦੇਖੋ, ਅਰਾਕੀ। ੨. ਦੇਖੋ, ਰਾਕਾਪਤਿ.

ਰਾਕੇਸ: ਰਾਕਾ- ਈਸ਼. ਦੇਖੋ, ਰਾਕਾਪਤਿ.

ਰਾਕ੍ਸ਼ਸ: ਸੰ. ਸੰਗ੍ਯਾ- ਰਾਖਸ. ਹਿੰਸਾ ਕਰਨ ਵਾਲੀ ਇੱਕ ਜਾਤਿ, ਜੋ ਦੇਵਤਾ ਦੇ ਵਿਰੁੱਧ ਹੈ. ਵਿਸ਼ਨੁਪੁਰਾਣ ਅੰਸ਼ ੧. ਅਃ ੫. ਵਿੱਚ ਲਿਖਿਆ ਹੈ ਕਿ ਜਦ ਬ੍ਰਹਮਾ ਨੂੰ ਖਾਣ ਲਈ ਯਕ੍ਸ਼ ਦੌੜੇ, ਉਸ ਵੇਲੇ ਜਿਨ੍ਹਾਂ ਨੇ ਬ੍ਰਹਮਾ ਦੀ ਰਕ੍ਸ਼ਾ ਕੀਤੀ। ਉਨ੍ਹਾਂ ਦੀ ਰਾਕ੍ਸ਼ਸ ਸੰਗ੍ਯਾ ਹੋਈ.

ਰਾਕ੍ਸ਼ਸੀ: ਰਾਕ੍ਸ਼ਸ ਜਾਤਿ ਦੀ ਇਸਤ੍ਰੀ. ਰਾਖਸੀ.

ਰਾਕ੍ਸ਼ਸੇਂਦ੍ਰ: ਰਾਕ੍ਸ਼ਸਾਂ ਦਾ ਸ੍ਵਾਮੀ, ਰਾਵਣ.

ਰਾਖ: ਭਸਮ. ਸੁਆਹ. ਦੇਖੋ, ਰਕ੍ਸ਼ਾ। ੨. ਰਕ੍ਸ਼ਣ. ਰਕ੍ਸ਼ਾ. ਰਖ੍ਯਾ. ਰੱਛਾ.

ਰਾਖਸ: ਦੇਖੋ, ਰਾਕ੍ਸ਼ਸ.

ਰਾਖਸਿੰਦ, ਰਾਖਸਿੰਦ੍ਰ: ਰਾਵਣ. ਦੇਖੋ, ਰਾਕ੍ਸ਼ਾਸੇਂਦ੍ਰ. "ਕੈਧੋਂ ਰਾਖਸਿੰਦ ਗਹਿ ਇੰਦ੍ਰ ਕੇ ਸਮੇਤ ਸੁਰ, ਰਾਮਚੰਦ੍ਰ ਜਾਇ ਗਢ ਲੰਕ ਮੁਕਤਾਇ ਦੀਨ." (ਗੁਪ੍ਰਸੂ)

ਰਾਖਸੀ: ਰੱਖੇਗਾ. ਰਕ੍ਸ਼ਾ ਕਰੇਗਾ। ੨. ਰਾਖਸ ਦੀ ਇਸਤ੍ਰੀ ਰਾਕ੍ਸ਼ਸੀ.

ਰਾਖਸ਼ੇਂਦ੍ਰ: ਦੇਖੋ, ਰਾਕ੍ਸ਼ਸੇਂਦ੍ਰ.

ਰਾਖਣ, ਰਾਖਨ: ਸੰ. ਰਕ੍ਸ਼ਣ. ਰਖ੍ਯਾ ਕਰਨੀ. ਬਚਾਉਣਾ. ਪਾਲਨ. "ਰਾਖਣਹਾਰਾ ਅਗਮ ਅਪਾਰਾ." (ਤੁਖਾ ਛੰਤ ਮਃ ੧) "ਰਾਖਨ ਕਉ ਦੂਸਰੁ ਨਹੀ ਕੋਇ." (ਰਾਮ ਮਃ ੫) ੨. ਧਾਰਣ. ਰੱਖਣਾ. "ਰਾਖਹੁ ਕੰਧ, ਉਸਾਰਹੁ ਨੀਵਾਂ." (ਸੋਰ ਰਵਿਦਾਸ) ੩. ਵਰਜਨ. ਰੋਕਣਾ. "ਜਨਮ ਮਰਨ ਗੁਰਿ ਰਾਖੇ ਮੀਤ." (ਪ੍ਰਭਾ ਮਃ ੫)

ਰਾਖਨਹਾਰ, ਰਾਖਨਹਾਰਾ, ਰਾਖਨਹਾਰੁ, ਰਾਖਨਹਾਰੋ: ਰਕ੍ਸ਼ਾ ਕਰਨ ਵਾਲਾ. ਰਕ੍ਸ਼ਕ. "ਰਾਖਨ ਹਾਰ ਸਦਾ ਮਿਹਰਬਾਨ." (ਮਲਾ ਮਃ ੫) "ਰਾਖਨਹਾਰੁ ਸਮਾਰ, ਜਨਾ!" (ਰਾਮ ਅਃ ਮਃ ੫) "ਤੁਝ ਰਾਖਨਹਾਰੇ ਮੋਹਿ ਬਤਾਇ." (ਬਸੰ ਕਬੀਰ)

ਰਾਖਾ: ਰਕ੍ਸ਼ਾ ਕਰਨ ਵਾਲਾ. ਰਕ੍ਸ਼ਕ. "ਰਾਖਾ ਏਕ ਹਮਾਰਾ ਸੁਆਮੀ." (ਭੈਰ ਮਃ ੫)

ਰਾਖਿ: ਰੱਖਕੇ। ੨. ਰਕ੍ਸ਼ਣਕਰ. ਰੱਖ.

ਰਾਖੀ: ਦੇਖੋ, ਰਖਵਾਲੀ। ੨. ਦੇਖੋ, ਰੱਖੜੀ। ੩. ਰੱਖਣਾ ਕ੍ਰਿਯਾ ਦਾ ਭੂਤਕਾਲ. ਰੱਖੀ. "ਰਾਖੀ ਪੈਜ ਮੇਰੈ ਕਰਤਾਰਿ." (ਗਉ ਮਃ ੫)

ਰਾਖੁ: ਰਕ੍ਸ਼ਣ (ਰਖ੍ਯਾ) ਕਰ. ਦੇਖੋ, ਰਖਣਾ. "ਰਾਖੁ ਪਿਤਾ ਪ੍ਰਭੁ ਮੇਰੇ." (ਗਉ ਮਃ ੫)

ਰਾਖੁਉਤਾਰਿ: ਦੇਖੋ, ਉਤਾਰ ਰੱਖਣਾ. "ਸੋ ਸਿਮਰਨ ਕਰਿ, ਨਹੀ ਰਾਖੁ ਉਤਾਰਿ." (ਰਾਮ ਕਬੀਰ) ਦਿਲੋਂ ਕਰਤਾਰ ਦਾ ਸਿਮਰਣ ਨਾ ਭੁਲਾ.

ਰਾਗ: (ਦੇਖੋ, ਰੰਜ੍ ਧਾ) ਸੰ. ਸੰਗ੍ਯਾ- ਰਜਨ (ਰੰਗਣਾ) ਅਤੇ ਰੰਗ। ੨. ਵਰਣਨ. ਕਥਨ। ੩. ਪ੍ਰੀਤਿ. ਅਨੁਰਾਗ ਪ੍ਰੇਮ। ੪. ਕ੍ਰੋਧ.

ਗੁੱਸਾ। ੫. ਰਾਜਾ। ੬. ਚੰਦ੍ਰਮਾ। ੭. ਸੂਰਜ। ੮. ਕਵਚ ਸੰਜੋਆ. "ਕਹੂੰ ਟੋਪ ਟੂਟੇ ਕਹੂੰ ਰਾਗ ਭਾਰੀ." (ਚਰਿਤ੍ਰ ੧੨੦) ੯. ਲੋਹੇ ਦੀਆਂ ਕੜੀਆਂ ਦਾ ਬੁਨਿਆ ਹੋਇਆ ਹੱਥ ਦਾ ਰੱਛਕ ਦਸਤਾਨਾ. "ਚਿਲਤਹ ਰਾਗ ਸੰਜੇਵਾ ਡਾਰੇ." (ਪਾਰਸਾਵ) ੧੦. ਸ਼ਿੰਗਾਰ. ਸਜਾਵਟ। ੧੧. ਸੰਗੀਤ ਵਿਦਯਾ ਅਨੁਸਾਰ ਸਰਪਬੰਧ. ਜਿਸ ਦੇ ਸੁਣਨ ਤੋਂ ਮਨ ਵਿੱਚ ਰਾਗ (ਪ੍ਰੇਮ) ਉਪਜੇ.[1087] ਰਾਗ ਦਾ ਮੂਲ ਸ਼ੜਜ, ਰਿਸ਼ਭ, ਗਾਂਧਾਰ, ਮਧ੍ਯਮ ਪੰਚਮ, ਧੈਵਤ ਅਤੇ ਨਿਸ਼ਾਦ. ਇਹ ਸੱਤ ਸੁਰ ਹਨ. "ਰਾਗ ਨਾਦ ਸਬਦਿ ਸੋਹਣੇ." (ਮਃ ੩. ਵਾਰ ਬਿਲਾ)

ਮਤਭੇਦ ਅਤੇ ਦੇਸ਼ਭੇਦ ਕਰਕੇ ਰਾਗਾਂ ਦੇ ਅਨੰਤ ਭੇਦ ਅਤੇ ਰੂਪ ਹਨ.[1088] ਕਿਤਨਿਆਂ ਦੇ ਭੈਰਵ, ਮੱਲਾਰ, ਸ੍ਰੀਰਾਗ, ਵਸੰਤ, ਹਿੰਦੋਲ ਅਤੇ ਦੀਪਕ ਛੀ ਪ੍ਰਧਾਨ ਰਾਗ ਮੰਨੇ ਹਨ. ਕਈ ਗ੍ਰੰਥ ਲਿਖਦੇ ਹਨ ਕਿ ਮਾਲਵ, ਮੱਲਾਰ, ਸ਼੍ਰੀਰਾਗ, ਵਸੰਤ, ਹਿੰਦੋਲ ਅਤੇ ਕਰਣਾਟ ਛੀ ਮੁੱਖਰਾਗ ਹਨ. ਭਰਤ ਦੇ ਮਤ ਅਨੁਸਾਰ ਮੁੱਖ ਰਾਗ ਭੈਰਵ, ਕੌਸ਼ਿਕ, ਹਿੰਦੋਲ, ਦੀਪਕ, ਸ਼੍ਰੀਰਾਗ ਅਤੇ ਮੇਘ ਹਨ. ਹਨੁਮੰਤ ਮਤ ਅਨੁਸਾਰ ਇਨ੍ਹਾਂ ਦਾ ਕ੍ਰਮ ਹੈ- ਸ਼੍ਰੀਰਾਗ ਭੈਰਵ, ਮੇਘ, ਦੀਪਕ, ਮਾਲਕੋਸ ਅਤੇ ਹਿੰਦੋਲ.

ਵਿਦ੍ਵਾਨਾਂ ਦੇ ਰਾਗਾਂ ਦੇ ਮੁੱਖ ਭੇਦ ਤਿੰਨ ਮੰਨੇ ਹਨ- ਔੜਵ (ਪੰਜ ਸੁਰ ਦੇ), ਸ਼ਾੜਵ (ਛੀ ਸੁਰ ਦੇ), ਅਤੇ ਸੰਪੂਰਣ (ਸੱਤ ਸੁਰ ਦੇ)[1089]

ਸੰਗੀਤਸ਼ਾਸਤ੍ਰ ਨੇ ਰਾਗਾਂ ਦੇ ਤਿੰਨ ਭੇਦ- ਸ਼ੁੱਧ, ਛਾਯਾਲਿੰਗਿਤ ਅਤੇ ਸੰਕੀਰਣ ਭੀ ਥਾਪੇ ਹਨ.

(ੳ) ਮੁੱਢ ਤੋਂ ਥਾਪੇ ਹੋਏ ਸੁਰ ਜਿਨ੍ਹਾਂ ਰਾਗਾਂ ਨੂੰ ਲਗਦੇ ਹਨ ਅਰ ਜਿਨ੍ਹਾਂ ਦੀ ਸ਼ਕਲ ਵਿੱਚ ਕੁਝ ਏਰਫੇਰ ਨਹੀਂ ਹੋਇਆ, ਉਹ ਸ਼ੁੱਧ ਹਨ.

(ਅ) ਦੂਸਰੇ ਰਾਗਾਂ ਦੇ ਸਰੂਪ ਦੀ ਕੁਝ ਝਲਕ ਜਿਨ੍ਹਾਂ ਰਾਗਾਂ ਵਿੱਚ ਪਾਈ ਜਾਂਦੀ ਹੈ, ਉਹ ਛਾਯਾਲਿੰਗਿਤ ਹਨ.

(ੲ) ਰਾਗਾਂ ਦੇ ਬਹੁਤ ਸੁਰ ਅਰ ਛਾਯਾਲਿੰਗਿਤ ਰਾਗਾਂ ਦੇ ਆਪੋਵਿੱਚੀ ਮਿਲਣ ਤੋਂ ਜੋ ਭੇਦ ਬਣ ਗਏ ਹਨ, ਉਹ ਸੰਕੀਰਣ ਆਖੀਦੇ ਹਨ.

ਕਈ ਸੰਗੀਤ ਗ੍ਰੰਥਾਂ ਵਿੱਚ ਦੋ ਹੀ ਭੇਦ ਲਿਖੇ ਹਨ, ਇੱਕ ਮਾਰ੍ਗੀਯ, ਦੂਜੇ ਦੇਸ਼ੀਯ, ਰਿਖੀਆਂ ਦੇ ਦੱਸੇ ਹੋਏ ਮਾਰ੍ਗ ਅਨੁਸਾਰ ਜੋ ਗਾਏ ਜਾਂਦੇ ਹਨ, ਉਹ ਮਾਰਗੀ ਹਨ, ਦੇਸ਼ਚਾਲ ਅਤੇ ਮਤਭੇਦ ਕਰਕੇ ਜੋ ਬਣ ਗਏ ਹਨ, ਉਹ ਦੇਸ਼ੀ ਹਨ.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ੩੧ ਰਾਗ ਲਿਖੇ ਹਨ- ਸ਼੍ਰੀਰਾਗ, ਮਾਝ, ਗੌੜੀ, ਆਸਾ. ਗੂਜਰੀ. ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ, ਮਾਲੀਗੌੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ,

ਅਸੀਂ ਇਸ ਗ੍ਰੰਥ ਵਿੱਚ ਇਨ੍ਹਾਂ ਰਾਗਾਂ ਦਾ ਅੱਖਰ ਕ੍ਰਮ ਅਨੁਸਾਰ ਨਿਰਣਾ ਕਰਕੇ ਸਰੂਪ ਲਿਖਿਆ ਹੈ. ਦੇਖੋ, ਅੱਖਰਕ੍ਰਮ ਅਨੁਸਾਰ ਰਾਗਾਂ ਦੇ ਨਾਮ.[1090]

---

[1087] योऽयं ध्वनि विशेषस्तु स्वर वर्ण विभूषितः। रजको जनचित्तानां स रागः कथितो बुधैः॥ (ਸੰਗੀਤਸਾਰ)

[1088] ਇੱਕ ਮਤ ਵਿੱਚ ਜੋ ਰਾਗ ਹੈ, ਦੂਜੇ ਦੇ ਮਤ ਵਿੱਚ ਉਹ ਰਾਗਿਣੀ ਹੈ, ਇਸੇ ਤਰਾਂ ਰਾਗਿਣੀ ਨੂੰ ਰਾਗ ਮੰਨਿਆ ਹੈ, ਅਰ ਨਾਵਾਂ ਦਾ ਭੀ ਬਹੁਤ ਭੇਦ ਹੈ. ਸਰਗਮਾਂ ਦਾ ਦਿਨ ਰਾਤ ਦਾ ਫਰਕ ਹੈ. ਇਹ ਗੜਬੜ ਵੇਖਕੇ ਸਾਨੂੰ ਰਾਗ ਤੋਂ ਉਦਾਸੀਨ ਨਹੀਂ ਹੋਣਾ ਚਾਹੀਏ. ਸਤਿਗੁਰਾਂ ਨੇ ਜੋ ਰਾਗ ਦੇ ਉੱਤਮ ਨਿਯਮ ਥਾਪ ਦਿੱਤੇ ਹਨ, ਸਾਨੂੰ ਉਨ੍ਹਾਂ ਅਨੁਸਾਰ ਰਾਗਵਿਦ੍ਯਾ ਦਾ ਅਭ੍ਯਾਸ ਅਤੇ ਪ੍ਰਚਾਰ ਕਰਨਾ ਲੋੜੀਏ.

[1089] औडवः पञ्चमः प्रोकः पडभिस्तु पाडवः स्मृतः। सम्पूर्णः सप्तभिर्ज्ञेय एवं रागस्त्रिधा मनः॥ (ਸੰਗੀਤਦਰਪਣ)

[1090] ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਰਾਗਾਂ ਦੇ ਸਰੂਪ, ਕਈ ਭਿੰਨ ਪ੍ਰਕਾਰ ਦੇ ਡਾਕਟਰ ਚਰਨਸਿੰਘ ਜੀ ਨੇ "ਬਾਣੀਬਿਉਰੇ" ਵਿੱਚ ਲਿਖੇ ਹਨ. ਜਿਸ ਪ੍ਰੇਮੀ ਨੂੰ ਉਨ੍ਹਾਂ ਦੇ ਜਾਣਨ ਦੀ ਇੱਛਾ ਹੋਵੇ ਉਹ ਉਸ ਗ੍ਰੰਥ ਵਿੱਚ ਦੇਖ ਸਕਦਾ ਹੈ.

ਗੁਰਮਤ ਵਿੱਚ ਰਾਗ ਨਾਲ ਮਿਲਿਆ ਕਰਤਾਰ ਦਾ ਕੀਰਤਨ ਧਰਮ ਦਾ ਅੰਗ ਹੈ. "ਗੁਣ ਗੋਵਿੰਦ ਗਾਵਹੁ ਸਭਿ ਹਰਿਜਨ, ਰਾਗਰਤਨ ਰਸਨਾ ਆਲਾਪ." (ਬਿਲਾ ਮਃ ੫) ਦੇਖੋ, ਚਾਰ ਚੌਕੀਆਂ.

ਇਸਲਾਮਮਤ ਵਿੱਚ ਰਾਗ ਸ਼ਰਾ ਦੇ ਵਿਰੁੱਧ ਹੈ. "ਨਾਫੀ" ਲਿਖਦਾ ਹੈ ਕਿ ਮੈਂ ਇੱਕ ਵਾਰ ਇਮਾਮ ਉਮਰ ਦੇ ਨਾਲ ਜਾ ਰਿਹਾ ਸੀ ਕਿ ਰਾਗ ਦੀ ਆਵਾਜ਼ ਆਈ, ਉਨ੍ਹਾਂ ਨੇ ਝਟ ਕੰਨਾਂ ਵਿੱਚ ਉਂਗਲਾਂ ਦੇ ਲਈਆਂ ਪੁੱਛਣ ਪੁਰ ਮੈਨੂੰ ਦੱਸਿਆ ਕਿ ਮੈਂ ਇੱਕ ਵੇਰ ਹਜ਼ਰਤ ਮੁਹੰਮਦ ਨਾਲ ਜਾ ਰਿਹਾ ਸੀ ਤਾਂ ਇਸੇ ਤਰਾਂ ਰਾਗ ਦੀ ਆਵਾਜ਼ ਆਉਣ ਪੁਰ ਉਨ੍ਹਾਂ ਨੇ ਕੰਨ ਬੰਦ ਕਰ ਲਏ ਸਨ. ਦੇਖੋ, ਮਿਸ਼ਕਾਤ.

ਯਹੂਦੀਆਂ ਅਤੇ ਈਸਾਈਆਂ ਵਿੱਚ ਰਾਗ ਦਾ ਨਿਸ਼ੇਧ ਨਹੀਂ, ਸਗੋਂ ਕੀਰਤਨ ਅਤੇ ਨ੍ਰਿਤ੍ਯ ਭਗਤੀ ਦਾ ਅੰਗ ਹੈ. ਦੇਖੋ ਜ਼ੱਬੂਰ (The Psalms of David)

ਰਾਗ ਦੇ ਸੰਬੰਧ ਵਿੱਚ ਦੇਖੋ, ਸ੍ਵਰ, ਸ਼੍ਰੁਤਿ, ਠਾਟ ਅਤੇ ਮੁਰਗਨਾ ਸ਼ਬਦ। ੧੨. ਫ਼ਾ. راغ ਰਾਗ਼. ਪਹਾੜ ਦਾ ਦਾਮਨ। ੧੩. ਆਨੰਦਦਾਇਕ ਸਬਜ਼ ਭੂਮਿ.

ਰਾਂਗ: ਦੇਖੋ, ਰੰਗ। ੨. ਕ੍ਰਿ. ਵਿ- ਰੰਗਕੇ. "ਹਰਿਰੰਗ ਰਾਂਗ ਭਏ ਮਨ ਲਾਲਾ." (ਸਾਰ ਮਃ ੫)

ਰਾਗਹੁ: ਰਾਗ (ਰੰਗ) ਲਗਾਓ. ਰੰਗੋ. "ਨਾਨਕ ਕਉ ਹਰਿ ਕੈ ਰੰਗਿ ਰਾਗਹੁ." (ਕੇਦਾ ਮਃ ੫) ੨. ਰਾਗ (ਪ੍ਰੇਮ) ਸਹਿਤ ਹੋਵੇ.

ਰਾਗਣੀ: ਦੇਖੋ, ਰਾਗਿਣੀ.

ਰਾਗਦੋਖ, ਰਾਗਦ੍ਵੇਸ: ਰਾਗ (ਪ੍ਰੇਮ) ਦ੍ਵੇਸ਼ (ਵੈਰ). "ਰਾਗ ਦੋਖ ਤੇ ਨਿਆਰੋ." (ਸੂਹੀ ਛੰਤ ਮਃ ੫)

ਰਾਗਨਾਦ: ਰਾਗ ਨਾਲ ਮਿਲੀ ਧ੍ਵਨਿ। ੨. ਗਾਯਨ ਅਤੇ ਵਾਜਾ. ਗਾਉਣਾ ਵਜਾਉਣਾ. "ਰਾਗ ਨਾਦ ਸਬਦਿ ਸੋਹਣੇ." (ਮਃ ੩. ਵਾਰ ਬਿਲਾ)

ਰਾਂਗਨਿ: ਸੰਗ੍ਯਾ- ਰੰਗਣ ਦਾ ਪਾਤ੍ਰ। ੨. ਵਿ- ਰੰਗਣ ਯੋਗ੍ਯ. ਰੰਗਣ ਲਾਇਕ. "ਰਾਂਗਨਿ ਰਾਂਗਉ, ਸੀਵਨਿ ਸੀਵਉ." (ਆਸਾ ਨਾਮਦੇਵ)

ਰਾਗਪਰੀ: ਰਾਗ ਦੀ ਅਪਸਰਾ, ਰਾਗਿਣੀ.

ਰਾਗਮਾਲਾ: ਰੰਗੀਨ ਮਾਲਾ. ਰੰਗਬਰੰਗੀ ਮਾਲਾ। ੨. ਜੜਾਊ ਹਾਟ. "ਦਿਪੈ ਚਾਰੁ ਆਭਾ, ਮਨੋ ਰਾਗ ਮਾਲਾ." (ਚਰਿਤ੍ਰ ੨੦) ੩. ਐਸੀ ਰਚਨਾ, ਜਿਸ ਵਿੱਚ ਰਾਗਾਂ ਦੀ ਨਾਮਾਵਲੀ ਹੋਵੇ। ੪. ਮਾਧਵਾਨਲ ਸੰਗੀਤ ਦੇ, ਆਲਮ ਕਵਿ ਕ੍ਰਿਤ, ਹਿੰਦੀ ਅਨੁਵਾਦ ਵਿੱਚੋਂ ੬੩ਵੇਂ ਛੰਦ ਤੋਂ ੭੨ਵੇਂ ਤੀਕ ਦਾ ਪਾਠ, ਜਿਸ ਵਿੱਚ ਛੀ ਰਾਗ, ਉਨ੍ਹਾਂ ਦੀਆਂ ਪੰਜ ਪੰਜ ਰਾਗਿਣੀਆਂ ਅਤੇ ਅੱਠ ਅੱਠ ਪੁਤ੍ਰ ਦੱਸੇ ਹਨ.

ਹੇਠ ਲਿਖੇ ਨਕਸ਼ੇ ਤੋਂ ਪਾਠਕ ਸਾਰੇ ਨਾਉਂ ਵੇਖ ਸਕਦੇ ਹਨ::-

| ਰਾਗ | ਰਾਗਿਣੀਆਂ | ਪੁਤ੍ਰ |
|---|---|---|
| ਭੈਰਉ (ਭੈਰਵ) | ਭੈਰਵੀ, ਬਿਲਾਵਲੀ, ਪੁਨ੍ਯਕੀ, ਬੰਗਾਲੀ ਅਤੇ ਅਸਲੇਖੀ. | ਪੰਚਮ, ਹਰਖ (ਹਰ੍ਸ਼), ਦਿਸਾਖ, ਬੰਗਾਲਮ,ਮਧੁ, ਮਾਧਵ, ਲਲਿਤ ਅਤੇ ਬਿਲਾਵਲ. |
| ਮਾਲਕੌਸ | ਗੌਂਡਕਰੀ, ਦੇਵਗੰਧਾਰੀ, ਗੰਧਾਰੀ, | ਮਾਰੂ, ਮਸਤਅੰਗ, ਮੇਵਾਰ, |

ਮਕਾਲਿਫਸਾਹਿਬ ਨੇ "ਸਿੱਖ ਰੀਲੀਜਨ" ਦੀ ਪੰਜਵੀਂ ਜਿਲਦ ਵਿੱਚ ਗੁਰਬਾਣੀ ਦੇ ਰਾਗਾਂ ਦੇ ਸਰੂਪ ਵਡੀ ਮਿਹਨਤ ਨਾਲ ਦਰਬਾਰ ਨਾਭਾ ਦੇ ਖਰਚ ਪੁਰ ਮੰਹਤ ਗੱਜਾਸਿੰਘ ਜੀ ਅਤੇ ਇੱਕ ਯੋਗ੍ਯ ਬੈਂਡਮਾਸਟਰ ਦੀ ਸਹਾਇਤਾ ਨਾਲ, ਪੱਛਮੀ ਢੰਗ ਤੇ ਲਿਖੇ ਹਨ, ਜਿਸ ਤੋਂ ਸੁਰਾਂ ਦੇ ਚਿੰਨ੍ਹ ਜਾਣਨ ਵਾਲਾ ਆਸਾਨੀ ਨਾਲ ਗਾ ਵਜਾ ਸਕਦਾ ਹੈ. ਦੇਖੋ, ਪੰਨੇ ੩੩੩ ਤੋਂ ੩੫੧.

| | | |
|---|---|---|
| | ਸੀਹੁਤੀ ਅਤੇ ਧਨਾਸਿਰੀ | ਪ੍ਰਬਲ, ਚੰਡਕੌਸਕ, ਖਉ, ਖਟ ਅਤੇ ਭੌਰਾਨਦ. |
| ਹਿੰਡੋਲ (ਹਿੰਦੋਲ) | ਤੇਲੰਗੀ, ਦੇਵਕਰੀ, ਬਸੰਤੀ, ਸੰਦੂਰਿ ਅਤੇ ਅਹੀਰੀ. | ਸੁਰਮਾਨੰਦ, ਭਾਸਕਰ, ਚੰਦ੍ਰਬਿੰਬ, ਮੰਗਲ, ਸਰਸ-ਬਾਨ, ਬਿਨੋਦ, ਬਸੰਤ ਅਤੇ ਕਮੋਦ. |
| ਦੀਪਕ | ਕਛੇਲੀ, ਪਟਮੰਜਰੀ, ਟੋਡੀ, ਕਾਮੋਦੀ ਅਤੇ ਗੂਜਰੀ. | ਕਾਲੰਕਾ, ਕੁੰਤਲ, ਰਾਮਾ, ਕਮਲਕੁਸੁਮ, ਚੰਪਕ, ਗੋਰਾ, ਕਾਨਰਾ ਅਤੇ ਕਲ੍ਯਾਨਾ. |
| ਸ਼ਰੀਰਾਗ | ਬੈਰਾਰੀ, ਕਰਨਾਟੀ, ਗੌਰੀ, ਆਸਾਵਰੀ ਅਤੇ ਸਿੰਧਵੀ. | ਸਾਲੂ, ਸਾਰੰਗ, ਸਾਗਰਾ, ਗੌਂਡ, ਗੰਭੀਰ, ਗੁੰਡ, ਕੁੰਭ ਅਤੇ ਹਮੀਰ. |
| ਮੇਘ | ਸੋਰਠਿ, ਗੌਂਡਮਲਾਰੀ, ਆਸਾ, ਗੁਨ- ਗੁਨੀ ਅਤੇ ਸੂਹਉ. | ਬੈਰਾਧਰ, ਗਜਧਰ, ਕਦਾਰਾ, ਜਬਲੀਧਰ, ਨਟ, ਜਲਧਾਰਾ, ਸ਼ੰਕਰ ਅਤੇ ਸ਼ਜਾਮਾ. |

ਰਾਗ ਰੱਜੂ: ਸੰਗਜਾ- ਰਾਗ (ਪ੍ਰੇਮੀ ਦੀ ਰੱਸੀ ਰੱਖਣ ਵਾਲਾ, ਕਾਮਦੇਵ. ਰਤਿਪਤਿ। ੨. ਪ੍ਰੇਮ ਦਾ ਬੰਧਨ.

ਰਾਗ ਰੰਗ: ਰਾਗ ਦਾ ਆਨੰਦ। ੨. ਗਾਯਨ ਅਤੇ ਉਤਸਵ ਦਾ ਆਨੰਦ.

ਰਾਂਗਾ: ਰੰਗਿਆ. ਰੰਗੀਨ. "ਰੰਗਿ ਚਲੂਲੈ ਰਾਂਗਾ." (ਮਾਲੀ ਮਃ ੪) ੨. ਸੰਗਜਾ- ਕਲੀ ਧਾਤੁ. ਸੰ. रङ्ग.

ਰਾਂਗਾਮਾਟੀ: ਦੇਖੋ, ਰੰਗਾਮਾਟੀ.

ਰਾਗਿ, ਰਾਂਗਿ: ਵਿ- ਰੰਗੀਲਾ. ਰੰਗੀ. "ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ." (ਪ੍ਰਭਾ ਮਃ ੧) ੨. ਕ੍ਰਿ. ਵਿ- ਰੰਗਕੇ। ੩. ਪ੍ਰੇਮ ਕਰਕੇ। ੪. ਸੰਗਜਾ- ਰਾਗਿਣੀ ਦਾ ਸੰਖੇਪ. "ਗਉੜੀ ਰਾਗਿ ਸੁਲਖਣੀ." (ਮਃ ੩. ਵਾਰ ਗਾਉ ੧)

ਰਾਗਿਓ: ਰਾਗ (ਪ੍ਰੇਮ) ਸਹਿਤ ਹੋਇਆ. "ਚਰਨਕਮਲ ਜਾਕਾ ਮਨੁ ਰਾਗਿਓ." (ਧਨਾ ਮਃ ੫) ੨. ਰੰਗਿਆ.

ਰਾਗਿਣੀ: ਸੰ. ਸੰਗਜਾ- ਰਾਗ ਦੀ ਇਸਤ੍ਰੀ. ਇਸਤ੍ਰੀ ਲਿੰਗ ਵਾਚਕ ਰਾਗ. ਸੰਗੀਤਵਿਦਜਾ ਵਾਲਿਆਂ ਨੇ ਸੁਰਾਂ ਦੇ ਮੇਲ ਅਨੁਸਾਰ ਕਲਪਨਾ ਕਰਕੇ ਰਾਗਾਂ ਦੀਆਂ ਇਸਤ੍ਰੀਆਂ ਅਤੇ ਪੁਤ੍ਰ ਥਾਪ ਲਏ ਹਨ.

ਰਾਗਿ ਨਾਦਿ: ਗਾਉਣ ਵਜਾਉਣ ਕਰਕੇ. "ਰਾਗਿ ਨਾਦਿ ਮਨੁ ਦੂਜੈ ਭਾਇ." (ਪ੍ਰਭਾ ਅਃ ਮਃ ੧)

ਰਾਗ਼ਿਬ: ਅ਼. راغِب ਵਿ- ਰਗ਼ਬਤ (ਇੱਛਾ) ਕਰਨ ਵਾਲਾ. ਚਾਹੁਣ ਵਾਲਾ.

ਰਾਗੀ: ਸੰ. रागिन्. ਪ੍ਰੇਮੀ। ੨. ਸੰਗਜਾ- ਰਾਗ (ਸ੍ਵਰ ਆਲਾਪ) ਕਰਨ ਵਾਲਾ. ਗਾਯਕ. ਗਵੈਯਾ. ਖ਼ਾਸ ਕਰਕੇ ਗੁਰਬਾਣੀ ਦਾ ਕੀਰਤਨ ਕਰਨ ਵਾਲਾ ੩. ਸੰ. राज्ञी. ਰਾਣੀ. ਰਾਜੇ ਦੀ ਇਸਤ੍ਰੀ.

ਰਾਗੀਂ: ਰਾਗਾਂ ਤੋਂ। ੨. ਰਾਗਾਂ ਵਿੱਚ. ਜੂਠਿ ਨ ਰਾਗੀਂ." (ਮਃ ੧. ਵਾਰ ਸਾਰ)

ਰਾਗੀ ਨਾਦੀ: ਕੰਠ ਦੇ ਆਲਾਪ ਅਤੇ ਸਾਜ ਦ੍ਵਾਰਾ. "ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ." (ਆਸਾ ਛੰਤ ਮਃ ੪) ਕੋਈ ਰਾਗ ਅਲਾਪਕੇ, ਕੋਈ ਸਾਜ ਵਜਾਕੇ, ਕੋਈ ਉਦਾਤੱ ਆਦਿ ਵੇਦ ਦੇ ਸੁਰਾਂ ਨਾਲ.

ਰਾਗੀਲਾ: ਦੇਖੋ, ਰੰਗੀਲਾ. "ਮੋਹਨੁ ਪ੍ਰਾਨ ਮਾਨ ਰਾਗੀਲਾ." (ਗੂਜ ਮਃ ੫) ੨. ਰਾਗ ਵਾਲਾ ਪ੍ਰੇਮੀ.

ਰਾਗੁ ਨਾਦੁ: ਦੇਖੋ, ਰਾਗ ਨਾਦ. "ਰਾਗੁ ਨਾਦੁ ਸਭ ਸਚੁ ਹੈ." (ਸਵਾ ਮਃ ੪)

ਰਾਗਜੀ: ਦੇਖੋ, ਰਾਗੀ ੩.

ਰਾਘਵ: ਸੰ. ਸੰਗਯਾ- ਰਘੁ ਦੀ ਵੰਸ਼ ਵਿੱਚ ਹੋਣ ਵਾਲੇ ਸ਼੍ਰੀ ਰਾਮਚੰਦ੍ਰ ਜੀ। ੨. ਸੰਸਕ੍ਰਿਤ ਗ੍ਰੰਥਾਂ ਅਨੁਸਾਰ ਇੱਕ ਮੱਛ ਜਾਤਿ, ਜੋ ਸਭ ਮੱਛਾਂ ਤੋਂ ਆਕਾਰ ਵਿੱਚ ਵਡੀ ਹੈ. ਸੌ ਯੋਜਨ ਦੀ ਲੰਮੀ ਮੱਛੀ "ਤਿਮਿ" ਹੈ. ਜੋ ਇਸ ਨੂੰ ਨਿਗਲ ਜਾਵੇ ਉਹ "ਤਿਮਿੰਗਿਲ" ਹੈ. ਤਿਮਿੰਗਿਲ ਨੂੰ ਜੋ ਨਿਗਲੇ ਉਹ "ਤਿਮਿੰਗਿਲਗਿਲ" ਹੈ. ਜੋ ਇਸ ਨੂੰ ਭੀ ਨਿਗਲ ਜਾਵੇ ਉਹ ਰਾਘਵ ਹੈ। ੩. ਸਮੁੰਦਰ.

ਰਾਚਨ: ਰਚਨ (ਲੀਨ ਹੋਣ) ਦਾ ਭਾਵ. ਆਸਕ੍ਤ ਹੋਣਾ. "ਰਾਚਿ ਰਹੇ ਬਨਿਤਾ ਬਿਨੋਦ." (ਬਾਵਨ) "ਹਰਿ ਰਾਚੁ ਸਮਝ ਮਨ ਬਉਰਾ ਰੇ !" (ਗਉ ਕਬੀਰ) ੨. ਦੇਖੋ, ਰਚਨ.

ਰਾਚਾ: ਰਚ (ਮਿਲ) ਗਿਆ. ਅਭੇਦ ਹੋਇਆ. "ਮਿਲਿ ਸਾਚੇ ਰਾਚਾ." (ਧਨਾ ਅਃ ਮਃ ੧)

ਰਾਚਿ ਮਾਚਿ: ਕ੍ਰਿ. ਵਿ- ਆਨੰਦ ਨਾਲ ਮੇਲ ਕਰਕੇ. "ਜਾ ਸਿਉ ਰਾਚਿ ਮਾਚਿ ਤੁਮ ਲਾਗੇ, ਓਹ ਮੋਹਨੀ ਮੋਹਾਵਤ ਹੇ." (ਬਿਲਾ ਮਃ ੫)

ਰਾਚੀਲੇ: ਰਚੀ ਹੈ. ਬਣਾਈ ਹੈ. "ਜਿਨਿ ਬਿਸ੍ਵ ਸੰਸਾਰ ਰਾਚੀਲੇ." (ਮਲਾ ਨਾਮਦੇਵ)

ਰਾਛ: ਦੇਖੋ, ਰੱਛ। ੨. ਦੇਖੋ, ਰਾਖ.

ਰਾਛਸ: ਦੇਖੋ, ਰਾਕ੍ਸ਼ਸ. "ਪੁਨ ਰਾਛਸ ਕਾ ਕਾਟਾ ਸੀਸਾ." (ਚਰਿਤ੍ਰ ੪੦੫)

ਰਾਛਸਾਰਿ: ਰਾਕ੍ਸ਼ਸ- ਅਰਿ ਰਾਖਸਾਂ ਦਾ ਵੈਰੀ, ਦੇਵਤਾ.

ਰਾਛਸੀ: ਰਾਖਸੀ. ਦੇਖੋ, ਰਾਕ੍ਸ਼ਸੀ. "ਰਾਹ ਮਾਰਤ ਰਾਛਸੀ ਜਿੰਹ ਤਾਰਕਾ ਗਨਿ ਨਾਮ." (ਰਾਮਾਵ)

ਰਾਛਸੇਸ: ਰਾਕ੍ਸ਼ਸ- ਈਸ਼. ਦੇਖੋ, ਰਾਕ੍ਸ਼ਸੇਂਦ੍ਰ.

ਰਾਛਬ: ਦੇਖੋ, ਛਬ ੨. ਅਤੇ ਛੀਬ ੫.

ਰਾਜ: ਉਸਾਰੀ ਕਰਨ ਵਾਲਾ. ਮੇਮਾਰ। ੨. ਰਜ (ਰਜਗੁਣ) ਵਾਲਾ. ਰਜੋਗੁਣੀ. "ਰਾਜ ਬਿਨਾਸੀ ਤਾਮ ਬਿਨਾਸੀ." (ਸਾਰ ਮਃ ੫) ੩. ਰੱਜੁ. ਰੱਸੀ. "ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ." (ਸੋਰ ਰਵਿਦਾਸ) ਰੱਜੁ ਵਿੱਚ ਜਿਵੇਂ ਸੱਪ ਦਾ ਪ੍ਰਸੰਗ ਹੈ। ੪. ਰਾਜਾ. "ਨਾ ਇਹੁ ਰਾਜ, ਨ ਭੀਖ ਮੰਗਾਸੀ." (ਗੌਂਡ ਕਬੀਰ) ੫. ਰਾਜ੍ਯ. ਰਿਆਸਤ. "ਤਿਸ ਕੋ ਕਰੋ ਰਾਜ ਤੇ ਬਾਹਿਰ." (ਗੁਪ੍ਰਸੂ) ੬. ਸੰ. राज्. ਧਾ- ਚਮਕਣਾ. ਸ਼ੋਭਾ ਦੇਣਾ, ਜਿੱਤਣਾ। ੭. ਰਾਜ ਸ਼ਬਦ ਸ਼ਿਰੋਮਣਿ ਅਰਥ ਵਿੱਚ ਭੀ ਆਉਂਦਾ ਹੈ, ਜਿਵੇਂ ਰਾਜਹੰਸ, ਰਾਜ ਰਾਜ, ਦੇਵਰਾਜ ਆਦਿ। ੮. ਫ਼ਾ. راز ਰਾਜ਼. ਗੁਪਤ ਭੇਦ. "ਰੋਜ ਹੀ ਰਾਜ ਬਿਲੋਕਤ ਰਾਜਿਕ." (ਅਕਾਲ) ੯. ਤੰਦਈਆ. ਭਰਿੰਡ (ਡੇਮੂ) ਦੀ ਜਾਤਿ ਦਾ ਇੱਕ ਲਾਲ ਪੀਲੇ ਰੰਗਾ ਜੀਵ.

ਰਾਜਇਆ: ਸੰਗਯਾ- ਰਾਜਯਤਾ. ਰਾਜਯਪਨ. ਬਾਦਸ਼ਾਹਤ. "ਥਿਰ ਨਾਨਕ ਰਾਜਇਆ." (ਸਾਰ ਮਃ ੫)

ਰਾਜਸ: ਸੰ. ਵਿ- ਰਜ ਗੁਣ ਦਾ। ੨. ਸੰਗਯਾ- ਰਜ ਗੁਣ ਤੋਂ ਉਪਜੇ ਕਰਮੇਂਦ੍ਰਿਯ.

ਰਾਜਸਭਾ: ਸੰਗਯਾ- ਰਾਜਾ ਦੀ ਸਭਾ ੨. ਰਾਜਿਆਂ ਦੀ ਸਭਾ. ਨ੍ਰਿਪਸਮਾਜ। ੩. ਦੇਖੋ, ਨਰੇਂਦ੍ਰਮੰਡਲ। ੪. ਰਾਜ ਕਾਜ ਕਰਨ ਵਾਲੀ ਮਜਲਿਸ.

ਰਾਜਸਿੰਘ: ਇੱਕ ਉਦਯਪੁਰ ਦਾ ਰਾਜਾ. ਦੇਖੋ, ਔਰੰਗਜ਼ੇਬ। ੨. ਇੱਕ ਪਹਾੜੀ ਰਾਜਪੂਤ ਯੋਧਾ, ਜੋ ਨਾਦੌਨ ਦੇ ਜੰਗ ਵਿੱਚ ਭੀਮਚੰਦ ਦਾ ਸਹਾਇਕ ਸੀ. ਦੇਖੋ, ਵਿਚਿਤ੍ਰਨਾਟਕ ਅਃ ੯। ੩. ਸ਼ਾਦੂੰਲ. ਸ਼ੇਰ ਬਬਰ. Lion.

ਰਾਜਸਿੰਘਾਸਨ: ਰਾਜਾ ਦੇ ਬੈਠਣ ਦੀ ਗੱਦੀ. ਤਖ਼ਤ.

ਰਾਜਸਿਰੀ: ਦੇਖੋ, ਰਾਜਸ਼੍ਰੀ.

ਰਾਜਸੀ: ਵਿ- ਰਾਜਾ ਜੇਹਾ. ਰਾਜਾ ਯੋਗ੍ਯ। ੨. ਰਜੋਗੁਣਮਈ। ੩. ਸੰਗ੍ਯਾ- ਦੁਰਗਾ. ਦੇਵੀ.

ਰਾਜਸੁ: ਦੇਖੋ, ਰਾਜਸ. "ਰਾਜਸੁ ਸਾਤਕੁ ਤਾਮਸੁ ਡਰਪਹਿ." (ਮਾਰੂ ਮਃ ੫)

ਰਾਜਸੁਥਲੀ: ਰਾਜ੍ਯ- ਸ੍ਥਲੀ. ਰਾਜਧਾਨੀ. "ਸੁਭੰਤ ਰਾਜਸੁਥਲੀ." (ਗ੍ਯਾਨ)

ਰਾਜਸੂ, ਰਾਜਸੂਅ, ਰਾਜਸੂਇ, ਰਾਜਸੂਯ: ਰਾਜਾ ਦੇ ਕਰਨ ਯੋਗ ਯਗ੍ਯ. ਇੱਕ ਪ੍ਰਕਾਰ ਦਾ ਯਗ੍ਯ, ਜਿਸ ਨੂੰ ਚੰਕ੍ਰਵਰਤੀ ਰਾਜਾ ਕਰਦਾ ਸੀ ਅਰ ਯਗ੍ਯ ਵਿੱਚ ਸਾਰੇ ਅਧੀਨ ਰਾਜੇ ਹਾਜਿਰ ਹੋਕੇ ਸੇਵਾ ਕਰਦੇ ਸਨ. ਸ਼ਤਪਥਬ੍ਰਾਹਮਣ ਅਨੁਸਾਰ ਇਸ ਦਾ ਆਰੰਭ ਸੋਮਯਾਗ ਤੋਂ ਹੋਕੇ ਸੌਤ੍ਰਾਮਣੀ ਯਗ੍ਯ ਨਾਲ ਸਮਾਪਤੀ ਹੁੰਦੀ ਹੈ, ਅਰ ਵਿੱਚ ਵਿੱਚ ਅਨੰਤ ਯਗ੍ਯ ਹੁੰਦੇ ਹਨ. ਇਹ ਕਈ ਵਰ੍ਹਿਆਂ ਵਿੱਚ ਹੋਇਆ ਕਰਦਾ ਹੈ. "ਹਯਾਦਿ ਕੁੰਜਮੇਧ ਰਾਜਸੂ ਬਿਨਾ ਨ ਭਰਮਣੰ." (ਗ੍ਯਾਨ) "ਮਖ ਰਾਜਸੂਅ ਕੋ ਕੀਓ ਚਾਉ." (ਗ੍ਯਾਨ) "ਰਾਜਸੂਇ ਕੀਨੇ ਦਸ ਬਾਰਾ." (ਰਾਮਾਵ)

ਰਾਜਸ਼੍ਰੀ: ਸੰਗ੍ਯਾ- ਰਾਜਾ ਦੀ ਸ਼ੋਭਾ। ੨. ਰਾਜਲਕ੍ਸ਼੍ਮੀ। ੩. ਦੁਰਗਾ.

ਰਾਜਹੰਸ: ਚਿੱਟੇ ਖੰਭ, ਲਾਲ ਚੁੰਜ ਅਤੇ ਪੈਰਾਂ ਵਾਲਾ ਹੰਸ, ਜੋ ਆਪਣੀ ਜਾਤਿ ਵਿੱਚ ਉੱਤਮ ਹੈ.[1091]

ਰਾਜਕ: ਸੰ. ਵਿ- ਪ੍ਰਕਾਸ਼ਣ ਵਾਲਾ. ਚਮਕਣ ਵਾਲਾ। ੨. ਸੰਗ੍ਯਾ- ਰਾਜਾ। ੩. ਅ਼. رازق ਰਾਜ਼ਿਕ. ਵਿ- ਰਿਜ਼ਕ (ਰੋਜ਼ੀ) ਦੇਣ ਵਾਲਾ. "ਕਿ ਰਾਜਕ ਰਹੀਮ ਹੈ." (ਜਾਪੁ)

ਰਾਜਕਰ: ਰਾਜਾ ਦਾ ਲਾਇਆ ਮੁਆਮਲਾ (ਖ਼ਿਰਾਜ), ਜੋ ਪ੍ਰਜਾ ਤੋਂ ਲਿਆ ਜਾਂਦਾ ਹੈ. ਮਨੂ ਦੇ ਸਮੇਂ ਇਹ ਉਪਜ ਦਾ ਛੀਵਾਂ ਹਿੱਸਾ ਸੀ. ਬਹੁਤ ਗ੍ਰੰਥ ਵਿੱਚ ਚੌਥਾ ਭਾਗ ਰਾਜਾ ਦਾ ਲਿਖਿਆ ਹੈ. ਮੁਗ਼ਲ ਬਾਦਸ਼ਾਹਾਂ ਵੇਲੇ ਜ਼ਮੀਨ ਦੀ ਪੈਦਾਵਾਰ ਵਿੱਚੋਂ ਇੱਕ ਤਿਹਾਈ ਹਿੱਸਾ ਰਾਜਕਰ ਸੀ ਅਤੇ ਇਸ ਤੋਂ ਵੱਖ ਹੋਰ ਭੀ ਕਈ ਟੈਕ੍ਸ (tax) ਪ੍ਰਜਾ ਨੂੰ ਦੇਣੇ ਪੈਂਦੇ ਸਨ- ਮਾਲੀ ਅਹਿਲਕਾਰਾਂ ਦੀ ਪੋਸ਼ਾਕ" ਬਾਬਤ "ਖ਼ਾਲਸਾ" ਨਜਰ ਭੇਟਾ ਬਾਬਤ "ਪੇਸ਼ਕਸ਼" ਜਰੀਬ ਆਦਿ ਦੀ ਮਿਣਤੀ ਬਾਬਤ "ਜਰੀਬਾਨਾ." ਪੋਲੀਸ ਬਾਬਤ "ਜ਼ਾਬਿਤ਼ਾਨਾ" ਬਟਾਵੇ ਬਾਬਤ "ਮੁਹੱਸਿਲਾਨਾ" ਕਾਨੂਗੋ ਦੀ ਨੌਕਰੀ ਬਾਬਤ "ਮੁਕ਼ੱਦਮੀ" ਹਥਿਆਰਾਂ ਦੇ ਖਰਚ ਬਾਬਾਤ "ਪੈਕਾਨਾ." ਕਾਗਜਾਂ ਪੁਰ ਮੁਹਰ ਲਾਉਣ ਵਾਲੇ ਬਾਬਤ "ਮੋਹਰਾਨਾ" ਆਦਿ.

ਰਾਜਕਲਾ: ਸੰਗ੍ਯਾ- ਰਾਜਾ ਦੀ ਸ਼ਕਤਿ. ਰਾਜ੍ਯ ਕਰਨ ਦੀ ਸਾਮਰਥ੍ਯ। ੨. ਰਾਜ੍ਯ ਪ੍ਰਬੰਧ ਚਲਾਉਣ ਦੀ ਵਿਦ੍ਯਾ. "ਰਾਜਕਲਾ ਬਿਨਸੀ ਸਭ ਗਾਵੈਂ." (ਚਰਿਤ੍ਰ ੫)

ਰਾਜਕੁਆਰ, ਰਾਜਕੁਆਰਿ, ਰਾਜਕੁਮਾਰ, ਰਾਜਕੁਮਾਰੀ: ਰਾਜਾ ਦਾ ਕੁਮਾਰ (ਬਾਲਕ), ਕੁਮਾਰੀ (ਲੜਕੀ), ਰਾਜਪੁਤ੍ਰ, ਪੁਤ੍ਰੀ. "ਗਾਛਹੁ ਪੁਤ੍ਰੀ ਰਾਜਕੁਆਰਿ." (ਬਸੰ ਅਃ ਮਃ ੧)

ਰਾਜਕੌਰ: ਦੇਖੋ, ਰਾਜਕੁਮਾਰ, ਕੁਮਾਰੀ। ੨. ਜੀਂਦਪਤਿ ਰਾਜਾ ਗਜਪਤਿਸਿੰਘ ਦੀ ਸੁਪੁਤ੍ਰੀ, ਸਰਦਾਰ ਮਹਾਸਿੰਘ ਸੁਕ੍ਰਚੱਕੀਏ ਦੀ ਧਰਮਪਤਨੀ ਅਤੇ ਮਹਾਰਾਜਾ ਰਣਜੀਤਸਿੰਘ ਦੀ ਮਾਤਾ. ਇਸ ਦਾ ਵਿਆਹ ਸਨ ੧੭੭੪ ਵਿੱਚ ਹੋਇਆ ਸੀ. ਦੇਖੋ, ਰਣਜੀਤਸਿੰਘ ੩. ਬਾਬਾ ਰਾਮਰਾਇ ਜੀ ਦੀ ਵਡੀ ਪਤਨੀ. ਇਹ ਆਪਣੀ ਸੌਕਣ ਪੰਜਾਬਕੌਰ ਨਾਲ ਨਰਾਜ ਹੋਕੇ ਦੇਹਰਾਦੂਨ ਤੋਂ ਮਨੀਮਾਜਰੇ ਜਾ ਵਸੀ ਅਰ ਉਸੇ ਥਾਂ ਦੇਹਾਂਤ ਹੋਇਆ. ਦੇਖੋ, ਮਨੀਮਾਜਰਾ। ੪. ਰਾਜਾ ਅਮਰਸਿੰਘ ਪਟਿਆਲਾਪਤਿ ਦੀ ਰਾਣੀ ਅਤੇ ਰਾਜਾ ਸਾਹਿਬਸਿੰਘ ਦੀ ਮਾਤਾ। ੫. ਰਾਜਾ ਹਮੀਰਸਿੰਘ ਨਾਭਾਪਤਿ ਦੀ ਰਾਣੀ ਅਤੇ ਰਾਜਾ ਜਸਵੰਤਸਿੰਘ ਦੀ ਮਾਤਾ। ੬. ਦੇਖੋ, ਦਾਤਾਰਕੌਰ.

---

[1091] ਕਾਲਾ ਹੰਸ ਰਾਜਹੰਸ ਨਹੀਂ ਸਦਾਉਂਦਾ.

ਰਾਜਕੌਰਾਂ: ਦੇਖੋ, ਦਾਤਾਰਕੌਰ ਦਾ ਫੁਟਨੋਟ.

ਰਾਜਗੜ੍ਹ: ਰਿਆਸਤ ਨਾਭਾ, ਨਜਾਮਤ ਤਸੀਲ ਫੂਲ, ਥਾਣਾ ਦਿਆਲਪੁਰੇ ਦਾ ਇੱਕ ਪਿੰਡ, ਜਿਸਦਾ ਪਹਿਲਾ ਨਾਮ "ਬੁਰਜ ਮਾਨਾ ਵਾਲਾ" ਹੁੰਦਾ ਸੀ. ਇਹ ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ੧੪. ਮੀਲ ਉੱਤਰ ਹੈ. ਇਸ ਪਿੰਡ ਅੰਦਰ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਦੀਨੇ ਤੋਂ ਸੈਰ ਅਤੇ ਧਰਮ ਉਪਦੇਸ਼ ਲਈ ਆਏ ਇੱਥੇ ਠਹਿਰੇ ਹਨ. ਗੁਰਦ੍ਵਾਰਾ ਬਣਿਆ ਹੋਇਆ ਹੈ. ਨਾਲ ੪. ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ. ਮਾਘੀ ਨੂੰ ਮੇਲਾ ਹੁੰਦਾ ਹੈ.

ਰਾਜਗਿਰਿ, ਰਾਜਗ੍ਰਿਹ: ਬਿਹਾਰ (ਮਗਧ) ਵਿੱਚ ਗਯਾ ਤੋਂ ੧੨. ਕੋਹ ਤੇ ਇੱਕ ਨਗਰ, ਜਿੱਥੇ ਕ੍ਰਿਸ਼ਨ ਜੀ ਦੇ ਵੈਰੀ ਜਰਾਸੰਧ ਦੀ ਰਾਜਧਾਨੀ ਸੀ ਅਤੇ ਜਿਸ ਦਾ ਬੋੱਧ ਇਤਿਹਾਸ ਨਾਲ ਗਾੜ੍ਹਾ ਸੰਬੰਧ ਹੈ. ਮੌਜੂਦਾ ਨਗਰ ਬਿੰਬਸਾਰ ਨੇ ਵਸਾਇਆ ਹੈ ਅਰ ਉਸ ਦੇ ਪੁਤ੍ਰ ਅਜਾਤਸ਼ਤ੍ਰੁ ਨੇ ਇਸ ਵਿੱਚ ਉੱਤਮ ਰੀਤਿ ਨਾਲ ਰਾਜ ਕੀਤਾ. ਇਸ ਦੀ ਅਮਲਦਾਰੀ ਵਿੱਚ ਬੁੱਧ ਭਗਵਾਨ ਦਾ ਦੇਹਾਂਤ ਹੋਇਆ. ਸਤਿਗੁਰੂ ਨਾਨਕਦੇਵ ਗਯਾ ਤੀਰਥ ਤੇ ਉਪਦੇਸ਼ ਕਰਨ ਸਮੇਂ ਇਸ ਨਗਰ ਪਧਾਰੇ ਹਨ, ਗੁਰਦ੍ਵਾਰੇ ਦਾ ਨਾਉਂ "ਸੀਤਲਕੁੰਡ" ਹੈ.

ਰਾਜਜੋਗ, ਰਾਜਜੋਗੁ: ਰਾਜ ਕਰਦੇ ਹੋਏ ਯੋਗ ਕਰਨਾ. ਸੰਸਾਰ ਦੇ ਵਿਹਾਰ ਕਰਦੇ ਹੋਏ ਕਰਤਾਰ ਨਾਲ ਮਨ ਜੋੜਨਾ। ੨. ਯੋਗਮਤ ਅਨੁਸਾਰ ਮਨ ਦੀ ਵ੍ਰਿੱਤਿ ਦਾ ਨਿਰਵਿਕਲਪ ਹੋਣਾ ਰਾਜਯੋਗ ਹੈ. "ਇਹ ਰਾਜਜੋਗ ਗੁਰੁ ਰਾਮਦਾਸ ਤੁਮਹੂ ਰਸੁ ਜਾਣੇ." (ਸਵੈਯੇ ਮਃ ੪. ਕੇ) "ਤੂੰ ਗੁਰਪ੍ਰਸਾਦਿ ਕਰਿ ਰਾਜਜੋਗੁ." (ਗਉ ਮਃ ੫) ਦੇਖੋ, ਸਹਜਜੋਗ, ਜੋਗ ਅਤੇ ਯੋਗ ਸ਼ਬਦ। ੩. ਜੋਤਿਸ਼ ਮਤ ਅਨੁਸਾਰ ਜਨਮ ਸਮੇਂ ਗ੍ਰਹਾਂ ਦਾ ਇੱਕ ਅਜੇਹਾ ਜੋੜ, ਜਿਸ ਤੋਂ ਰਾਜ ਦੀ ਪ੍ਰਾਪਤੀ ਹੋਵੇ, ਅਰਥਾਤ- ਕਰਕ ਲਗਨ ਵਿੱਚ ਵ੍ਰਿਹਸਪਤਿ- ਗਜਾਰਵੇਂ ਅਸਥਾਨ ਬ੍ਰਿਖ ਦਾ ਚੰਦ੍ਰਮਾ, ਸ਼ੁਕ੍ਰ ਅਤੇ ਬੁਧ- ਦਸਵੇਂ ਅਸਥਾਨ ਵਿੱਚ ਮੇਖ ਦਾ ਸੂਰਜ ॥ ਮਕਰ ਲਗਨ ਵਿੱਚ ਸ਼ਨੀ, ਮੇਖ ਦਾ ਮੰਗਲ, ਕਰਕ ਦਾ ਚੰਦ੍ਰਮਾ, ਸਿੰਘ ਦਾ ਸੂਰਜ, ਮਿਥੁਨ ਦਾ ਬੁਧ, ਤੁਲਾ ਦਾ ਸ਼ੁਕ੍ਰ ॥ ਕਨਜਾ ਦਾ ਬੁਧ ਲਗਨ ਵਿੱਚ ਦਸਵੇਂ ਥਾਂ ਸ਼ੁਕ੍ਰ. ਸੱਤਵੇਂ ਵ੍ਰਿਹਸਪਤਿ ਅਤੇ ਚੰਦ੍ਰਮਾ, ਪੰਜਵੇਂ ਅਸਥਾਨ ਮੰਗਲ ਅਤੇ ਸ਼ਨੀ, ਇਹ ਸਾਰੇ "ਰਾਜਜੋਗ" ਹਨ.

ਰਾਜਣੀ: ਦੇਖੋ, ਰਾਜਨੀ.

ਰਾਜਤ: ਵਿਰਾਜਦਾ ਹੈ. ਪ੍ਰਕਾਸ਼ਦਾ ਹੈ। ੨. ਸੰ. ਵਿ- ਰਜਤ (ਚਾਂਦੀ) ਦਾ ਬਣਿਆ ਹੋਇਆ.

ਰਾਜਤਰੰਗਿਣੀ: ਕਲ੍ਹਣ ਕਵਿ ਕ੍ਰਿਤ ਕਸ਼ਮੀਰ ਦਾ ਸੰਸਕ੍ਰਿਤ ਇਤਿਹਾਸ. ਇਹ ਪੁਸ੍ਤਕ ਸਨ ੧੧੪੯ ਵਿੱਚ ਬਣੀ ਹੈ. ਦੇਖੋ, ਕਲ੍ਹਨ.

ਰਾਜਤਿਲਕ: ਰਾਜਾ ਦੀ ਪਦਵੀ ਦਾ ਟਿੱਕਾ. ਰਾਜਸਿੰਘਾਸਨ ਪੁਰ ਬੈਠਣ ਸਮੇਂ ਰੀਤਿ ਅਨੁਸਾਰ ਮਸਤਕ ਪੁਰ ਲਾਇਆ ਤਿਲਕ.

ਰਾਜਦੁਆਰਾ: ਰਾਜਾ ਦਾ ਦ੍ਵਾਰ (ਦਰਵਾਜ਼ਾ).

੨. ਰਾਜਮਹਲ ਦਾ ਵਡਾ ਦ੍ਵਾਰ. ਸਿੰਹਪੌਰ।

੩. ਨਿਆਉਂ ਕਰਨ ਦਾ ਥਾਂ।

ਰਾਜਦੂਤ: ਰਾਜਾ ਦਾ ਵਕੀਲ, ਜੋ ਦੂਜੀ ਰਿਆਸਤ ਵਿੱਚ ਆਪਣੀ ਰਿਆਸਤ ਦੇ ਰਾਜ ਕਾਜ ਨਜਿੱਠਣ ਲਈ ਰਹੇ, ਅਥਵਾ ਕਿਸੇ ਖ਼ਾਸ ਕੰਮ ਲਈ ਉਚੇਚਾ ਭੇਜਿਆ ਜਾਵੇ. ਏਲਚੀ.

ਰਾਜਦੰਡ: ਰਾਜਾ ਦ੍ਵਾਰਾ ਮਿਲੀ ਹੋਈ ਸਜਾ।

੨. ਰਾਜਾ ਦੀ ਹੁਕੂਮਤ। ੩. ਰਾਜਾ ਦੇ ਹੱਥ ਧਾਰਣ ਕੀਤਾ ਸੋਂਟਾ.

ਰਾਜਦ੍ਰੋਹ: ਬਗ਼ਾਵਤ. ਦੇਖੋ, ਰਾਜਵਿਦ੍ਰੋਹ.

ਰਾਜਧਰਮ: ਰਾਜਾ ਦਾ ਧਰ੍ਮ (ਫਰਜ). ਰਾਜਾ ਦਾ ਕਰਤਵ੍ਯ। ੨. ਰਿਆਸਤ ਦਾ ਧਰਮ (ਮਤ). State Religion

ਰਾਜਧਾਨਿ, ਰਾਜਧਾਨੀ: ਉਹ ਨਗਰੀ, ਜਿਸ ਵਿੱਚ ਰਾਜਾ ਰਹਿੰਦਾ ਹੈ. ਰਾਜਾ ਦੇ ਰਹਿਣ ਦੀ ਪ੍ਰਧਾਨ ਪੁਰੀ. ਰਾਜ੍ਯ ਦੀ ਮਹਾਨਗਰੀ. ਦਾਰੁਲਖ਼ਿਲਾਫ਼ਤ. ਤਖ਼ਤਗਾਹ. ਦਾਰੁਲਸਲਤਨਤ.

ਰਾਜਨ: ਸੰ. राजन. ਸੰਗ੍ਯਾ- ਚੰਦ੍ਰਮਾ. ਦੇਖੋ, ਰਾਜ ਧਾ. ੨. ਰਾਜਾ. "ਆਪੇ ਰਾਜਨ ਆਪੇ ਲੋ." (ਮਾਝ ਮਃ ੫) ਆਪ ਰਾਜਾ ਆਪ ਪ੍ਰਜਾ। ੩. ਕ੍ਸ਼ਤ੍ਰਿਯ. ਛਤ੍ਰੀ। ੪. ਸੰਬੋਧਨ. ਹੇ ਰਾਜਾ! "ਰਾਜਨ, ਕਉਨ ਤੁਮਾਰੇ ਆਵੈ?" (ਮਾਰੂ ਕਬੀਰ) ੫. ਰਾਜਿਆਂ. "ਰਾਜਨ ਮਹਿ ਤੂੰ ਰਾਜਾ ਕਹੀਅਹਿ." (ਗੂਜ ਅਃ ਮਃ ੫) ੬. ਰਾਜ ਵਿਹਾਰਾਂ ਰਾਜ ਦੇ ਕੰਮ ਧੰਧਿਆਂ. "ਰਾਜਨ ਮਹਿ ਰਾਜਾ ਉਰਝਾਇਓ." (ਸੋਰ ਮਃ ੫)

ਰਾਜਨਜੋਗ: ਰਾਜਯੋਗ. ਦੇਖੋ, ਰਾਜਜੋਗ. "ਰਾਜਨਜੋਗ ਕਰਹਾਂ." (ਆਸਾ ਮਃ ੫)

ਰਾਜਨਰਾਜਿ: ਵਿ- ਰਾਜਾਨਰਾਜ. ਰਾਜਾਧਿਰਾਜ। ੨. ਸੰਗ੍ਯਾ- ਬਾਦਸ਼ਾਹ। ੩. ਕਰਤਾਰ. ਪਾਰਬ੍ਰਹਮ. "ਰਾਜਨਰਾਜਿ ਸਦਾ ਬਿਗਸਾਂਤਉ." (ਆਸਾ ਮਃ ੧)

ਰਾਜਨਰਿੰਦ, ਰਾਜਨਰਿੰਦੁ: ਵਿ- ਨਰੇਂਦ੍ਰਰਾਜ. ਰਾਜਾਧਿਰਾਜ. "ਜਿਨਿ ਸੇਵਿਆ ਪ੍ਰਭੁ ਆਪਣਾ, ਸੇਈ ਰਾਜਨਰਿੰਦੁ." (ਸ੍ਰੀ ਮਃ ੫)

ਰਾਜਨਾ: ਕ੍ਰਿ- ਸ਼ੋਭਾ ਦੇਣਾ। ੨. ਪ੍ਰਕਾਸ਼ਣਾ। ੩. ਵਿਰਾਜਣਾ.

ਰਾਜਨਿ: ਰਾਜਾ ਦੀ ਅਨੀ (ਫ਼ੌਜ). ਰਾਜਸੈਨਾ. (ਸਨਾਮਾ)

ਰਾਜਨਿਰਾਜ: ਰਾਜਿਆਂ ਦਾ ਰਾਜਾ. ਸ਼ਹਨਸ਼ਾਹ. ਮਹਾਰਾਜਾਧਿਰਾਜ. ਦੇਖੋ, ਰਾਜਨਰਾਜਿ.

ਰਾਜਨੀ: ਵਿਰਾਜਦੇ ਹਨ। ੨. ਦੇਖੋ, ਰਾਜਨਿ.

ਰਾਜਨੀਤਿ: ਸੰਗ੍ਯਾ- ਰਾਜਾ ਦੀ ਉਹ ਰੀਤਿ ਅਤੇ ਵਿਦ੍ਯਾ, ਜਿਸ ਨਾਲ ਰਾਜ ਦਾ ਪ੍ਰਬੰਧ ਉੱਤਮ ਢੰਗ ਨਾਲ ਚਲਾਇਆ ਜਾ ਸਕੇ। ੨. ਰਾਜਨੀਤਿ ਦੱਸਣ ਵਾਲਾ ਸ਼ਾਸਤ੍ਰ. ਦੇਖੋ, ਨੀਤਿ ਅਤੇ ਨੀਤਿਸ਼ਾਸਤ੍ਰ.

ਰਾਜਨੁ: ਦੇਖੋ, ਰਾਜਨ. "ਹਮਰਾ ਰਾਜਨੁ ਸਦਾ ਸਲਾਮਤਿ." (ਸਾਰ ਅਃ ਮਃ ੫)

ਰਾਜਪਤ੍ਰੀ: ਸੰਗ੍ਯਾ- ਪਤ੍ਰੀ (ਪੰਛੀਆਂ) ਦਾ ਰਾਜਾ. ਪਕ੍ਸ਼ਿਰਾਜ. ਗਰੁੜ। ੨. ਹੰਸ.

ਰਾਜਪਥ: ਸੰਗ੍ਯਾ- ਰਾਜਮਹਲ ਦੀ ਸੜਕ। ੨. ਖੁਲ੍ਹਾ ਰਸਤਾ. ਚੌੜੀ ਸੜਕ.

ਰਾਜਪਾਟ: ਸੰ. ਰਾਜਪੱਟ. ਸੰਗ੍ਯਾ- ਰਾਜਾ ਦਾ ਸਿੰਘਾਸਨ. ਤਖ਼ਤ. "ਰਾਜਪਾਟ ਦਸਰਥ ਕੋ ਦਯੋ." (ਰਾਮਾਵ)

ਰਾਜਪੁਤ੍ਰ, ਰਾਜਪੁਤ੍ਰੀ: ਰਾਜਾ ਦਾ ਪੁਤ੍ਰ ਅਤੇ ਬੇਟੀ.

ਰਾਜਪੂਤ: ਸੰਗ੍ਯਾ- ਰਾਜਪੁਤ੍ਰ. ਰਾਜਕੁਮਾਰ। ੨. ਇੱਕ ਪ੍ਰਸਿੱਧ ਕ੍ਸ਼ਤ੍ਰਿਯ (ਛਤ੍ਰੀ) ਜਾਤਿ, ਜੋ ਤਿੰਨ ਕਲਾਂ ਵਿੱਚ ਵੰਡੀ ਹੋਈ ਹੈ.

(ੳ) ਸੂਰਜ ਕੁਲ, ਜਿਸ ਵਿੱਚ ਰਾਮਚੰਦ੍ਰ ਜੀ ਹੋਏ.

(ਅ) ਚੰਦ੍ਰਵੰਸ਼, ਜਿਸ ਵਿੱਚ ਕ੍ਰਿਸ਼ਨ ਜੀ ਜਨਮੇ.

(ੲ) ਅਗਨਿਕੁਲ. ਇਸ ਵੰਸ਼ ਦੀ ਕਥਾ ਇਉਂ ਹੈ ਕਿ ਆਬੂ (ਅਬੁੰਦ) ਪਹਾੜ ਤੇ ਰਿਖੀਆਂ ਨੇ ਯਗ੍ਯ ਕੀਤਾ, ਜਿਸ ਦੇ ਹਵਨਕੁੰਡ ਤੋਂ ਚਾਰ ਤੇਜਸ੍ਵੀ ਵੀਰ, (ਪਰਮਾਰ, ਚੌਹਾਨ, ਸੋਲੰਕੀ ਅਤੇ ਪਰਿਹਾਰ) ਉਤਪੰਨ ਹੋਏ. ਇਨ੍ਹਾਂ ਚਾਰ ਪੁਰੁਸ਼ਾਂ ਤੋਂ ਜੋ ਵੰਸ਼ ਚੱਲਿਆ, ਉਹ ਅਗਨਿਕੁਲ ਪ੍ਰਸਿੱਧ ਹੋਇਆ.

ਰਾਜਪੂਤਾਨਾ: ਰਾਜਪੂਤਾਂ ਦੇ ਰਹਿਣ ਦਾ ਦੇਸ਼. ਖ਼ਾਸ ਕਰਕੇ ਇੱਕ ਦੇਸ਼. ਉਸ ਦੇ ਪੱਛਮ ਸਿੰਧ, ਪੂਰਵ ਬੁੰਦੇਲਖੰਡ, ਉੱਤਰ ਸਤਲੁਜ ਦੀ ਮਰੁ ਭੂਮਿ ਅਤੇ ਦੱਖਣ ਵੱਲ ਵਿੰਧ੍ਯ ਪਰਵਤ ਦੀ ਧਾਰਾ ਹੈ. ਇਸ ਵਿੱਚ ਪ੍ਰਧਾਨ ਰਿਆਸਤਾਂ- ਉਦਯਪੁਰ, ਜੋਧਪੁਰ, ਬੀਕਾਨੇਰ, ਕ੍ਰਿਸ਼ਨਗੜ੍ਹ, ਕੋੱਟਾ, ਬੂੰਦੀ, ਜੈਪੁਰ ਅਤੇ ਜੈਸਲਮੇਰ ਹਨ. ਇਨ੍ਹਾਂ ਤੋਂ ਛੁਟ ੧੨. ਹੋਰ ਛੋਟੀਆਂ ਰਿਆਸਤਾਂ ਹਨ. ਰਾਜਪੂਤਾਨੇ ਦਾ ਰਕਬਾ ੧੨੮, ੯੮੭ ਅਤੇ ਜਨਸੰਖ੍ਯਾ ੯, ੮੫੭, ੦੧੨ ਹੈ. ਗਵਰਨਮੈਂਟ ਬਰਤਾਨੀਆਂ ਦਾ ਅਜਮੇਰ ਆਦਿ ਦਾ ਇਲਾਕਾ ਭੀ ਇਸ ਵਿੱਚ ਸ਼ਾਮਿਲ ਹੈ. ਗਵਰਨਰ ਜਨਰਲ ਦਾ ਏਜੈਂਟ ਅਜਮੇਰ ਰਹਿੰਦਾ ਹੈ, ਜਿਸ ਨਾਲ ਸਾਰੀਆਂ ਰਿਆਸਤਾਂ ਦਾ ਨੀਤਿਸੰਬੰਧ ਹੈ.

ਰਾਜਫਲ: ਸੰ. ਸੰਗ੍ਯਾ- ਅੰਬ। ੨. ਪਟੋਲ. ਪਰਬਲ। ੩. ਖਿਰਨੀ ਦਾ ਫਲ.

ਰਾਜਫੂਲ: ਸੰਗ੍ਯਾ- ਪੁਸ਼੍ਪਰਾਜ, ਗੁਲਾਬ। ੨. ਕਮਲ. "ਕਹੂੰ ਫੂਲ ਹ੍ਵੈਕੇ ਭਲੇ ਰਾਜਫੂਲੇ." (ਵਿਚਿਤ੍ਰ)

ਰਾਜਬਾਟ: ਦੇਖੋ, ਰਾਜਪਥ.

ਰਾਜਬਿਦ੍ਯਾ: ਸੰਗ੍ਯਾ- ਰਾਜਾ ਦੀ ਵਿਦ੍ਯਾ. ਰਾਜਨੀਤਿ. "ਕਹੂੰ ਰਾਜਬਿਦ੍ਯਾ ਕਹੂੰ ਰਾਜਧਾਨੀ." (ਅਕਾਲ) ੨. ਆਤਮਵਿਦ੍ਯਾ.

ਰਾਜਬਿਭੈ: ਸੰਗ੍ਯਾ- ਰਾਜਵਿਭਵ. ਰਾਜਾ ਦੀ ਵਿਭੂਤੀ. ਰਾਜ ਸੰਪਦਾ. "ਸੋਭਾ ਰਾਜਬਿਭੈ ਵਡਿਆਈ." (ਧਨਾ ਕਬੀਰ)

ਰਾਜਭਵਨ: ਸੰਗ੍ਯਾ- ਰਾਜਾ ਦੇ ਰਹਿਣ ਦਾ ਮਹਲ. ਪ੍ਰਾਸਾਦ.

ਰਾਜਭਾਸ਼ਾ: ਰਾਜੇ ਦੀ ਬੋੱਲੀ. ਹੁਕਮਰਾਂ ਕ਼ੌਮ ਦੀ ਬੋੱਲੀ. ਜਿਵੇਂ- ਮੁਗਲਾਂ ਦੇ ਵੇਲੇ ਫ਼ਾਰਸੀ ਅਤੇ ਇਸ ਸਮੇਂ ਅੰਗ੍ਰੇਜ਼ੀ ਹੈ.

ਰਾਜਮਹਲ: ਦੇਖੋ, ਰਾਜਭਵਨ। ੨. ਗੰਗਾ ਦੇ ਸੱਜੇ ਕਿਨਾਰੇ ਇੱਕ ਨਗਰ, ਜੋ ਬੰਗਾਲ ਦੇ ਸੰਥਲ (ਸੋਂਥਲ) ਪਰਗਨੇ ਵਿੱਚ ਹੈ. ਇਸ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਅਨੰਨ ਸਿੱਖ ਭਾਈ ਭਾਨੂ ਰਹਿੰਦਾ ਸੀ. "ਰਾਜਮਹਲ ਪੁਰ ਕੇ ਬਿਖੈ ਭਾਨੂ ਬਹਲ ਬਸੰਤ। ਭਾਉ ਭਗਤਿ ਸਿੱਖੀ ਧਰੀ ਵਰਤੈ ਗੁਰੁ ਮਤੰਤ." (ਗੁਪ੍ਰਸੂ) ਕਾਮਰੂਪ ਨੂੰ ਜਾਂਦੇ ਹੋਏ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਭੀ ਇੱਥੇ ਠਹਿਰੇ ਹਨ. ਦੇਖੋ, ਗੁਰੁਪ੍ਰਤਾਪ ਸੂਰਯ ਰਾਸਿ ੧੨, ਅਃ ੪.

ਰਾਜਮਾਰਗ: ਦੇਖੋ, ਰਾਜਪਥ.

ਰਾਜਮੇਧ: ਦੇਖੋ, ਨ੍ਰਿਪਮੇਧ.

ਰਾਜਮੰਦਿਰ: ਦੇਖੋ, ਰਾਜਭਵਨ.

ਰਾਜਯਾਨ: ਰਾਜਾ ਦੀ ਸਵਾਰੀ ਪਾਲਕੀ। ੨. ਹਾਥੀ। ੩. ਘੋੜਾ। ੪. ਰਾਜੇ ਦੀ ਸਵਾਰੀ ਦਾ ਜਲੂਸ.

ਰਾਜਯੋਗ: ਦੇਖੋ, ਰਾਜਜੋਗ.

ਰਾਜਰਵਿੰਦਾ: ਸੰ. ਰਵੇਂਦ੍ਰਰਾਜ ਵਿ- ਸੂਰਜ ਅਤੇ ਚੰਦ੍ਰਮਾ ਦਾ ਪ੍ਰਕਾਸ਼ਕ। ੨. ਸੰਗ੍ਯਾ- ਕਰਤਾਰ. "ਅੰਤਰਿ ਰਵਤੌ ਰਾਜਰਵਿੰਦਾ." (ਪ੍ਰਭਾ ਮਃ ੧)

ਰਾਜਰਾਜ: ਸੰ. ਸੰਗ੍ਯਾ- ਰਾਜਿਆਂ ਦਾ ਰਾਜਾ. ਚਕ੍ਰਵਰਤੀ ਰਾਜਾ. "ਨਮੋ ਰਾਜ ਰਾਜੇ, ਨਮੋ ਇੰਦ੍ਰ ਇੰਦ੍ਰੇ." (ਜਾਪੁ) ੨. ਕੁਬੇਰ. ਧਨਦ। ੩. ਚੰਦ੍ਰਮਾ.

ਰਾਜਰਾਜੇਸ੍ਵਰ: ਸ਼ਹਨਸ਼ਾਹਾਂ ਦਾ ਈਸ਼੍ਵਰ। ੨. ਕੁਬੇਰ ਦਾ ਸ੍ਵਾਮੀ। ੩. ਚੰਦ੍ਰਮਾ ਦਾ ਈਸ਼੍ਵਰ. "ਨਮੋ ਰਾਜਰਾਜੇਸ੍ਵਰੰ (ਜਾਪੁ)

ਰਾਜਰਿਖਿ, ਰਾਜਰਿਖੀ: ਸੰ. ਰਾਜਰ੍ਸ਼ਿ ਰਿਖਿ (ऋषि) ਰੂਪ ਰਾਜਾ. ਮਨ ਇੰਦ੍ਰੀਆ ਨੂੰ ਕਾਬੂ ਰੱਖਣ ਵਾਲਾ ਰਾਜਾ। ੨. ਦੇਖੋ, ਰਿਖਿਰਾਜ.

ਰਾਜਰੋਗ: ਸੰ. ਸੰਗਯਾ- ਕ੍ਸ਼ਯ (ਖਈ) ਰੋਗ. ਤਪੇਦਿੱਕ੍। ੨. ਕੁਸ਼੍ਟ. ਕੋੜ੍ਹ.

ਰਾਜਰੌਲਾ: ਰਾਜ ਦੀ ਉਲਟ ਪਲਟ. ਰਾਜਵਿਪ੍ਲਵ (Revolt)

ਰਾਜਵਤਾਰ: ਰਾਜ- ਅਵਤਾਰ. ਰਾਜਰਿਖਿ ਅਵਤਾਰ. "ਮਨੁ ਹਨਐ ਰਾਜਵਤਾਰ ਅਵਤਰਾ." (ਮਨੁਰਾਜ)

ਰਾਜਵਾਹ: ਸੰ. ਘੋੜਾ, ਜੋ ਰਾਜੇ ਦੀ ਸਵਾਰੀ ਹੈ। ੨. ਸਾਰੀਆਂ ਸਵਾਰੀਆਂ ਦਾ ਰਾਜਾ.

ਰਾਜਵਾਹਾ: ਦੇਖੋ, ਰਜਵਾਹਾ.

ਰਾਜਵਿਦਯਾ: ਨੀਤਿਵਿਦਯਾ (Statesmanship) ਦੇਖੋ, ਨੀਤਿ ਅਤੇ ਰਾਜਨੀਤਿ। ੨. ਆਤਮਵਿਦਯਾ। ੩. ਹੁਕਮਰਾਂ ਕੌਮ ਦੀ ਵਿਦਯਾ.

ਰਾਜਵਿਦ੍ਰੋਹ: ਬਗ਼ਾਵਤ. insurrection

ਰਾਜਾ: ਵਿ- ਰੱਜਿਆ. ਤ੍ਰਿਪਤ. ਸੰਤੁਸ਼੍ਟ। ੨. ਸੰ. ਰਾਜਨ੍. ਸੰਗਯਾ- ਆਪਣੀ ਨੀਤਿ ਅਤੇ ਸ਼ੁਭਗੁਣਾਂ ਨਾਲ ਪ੍ਰਜਾ ਨੂੰ ਰੰਜਨ (ਪ੍ਰਸੰਨ) ਕਰਨ ਵਾਲਾ.[1092]

ਗੁਰਵਾਕ ਹੈ- "ਰਾਜੇ ਚੁਲੀ ਨਿਆਵ ਕੀ." (ਮਃ ੧. ਵਾਰ ਸਾਰ) ਰਾਜੇ ਨੂੰ ਨਿਆਂ ਕਰਨ ਦੀ ਪ੍ਰਤਿਗਯਾ ਕਰਨੀ ਚਾਹੀਏ. "ਰਾਜਾ ਤਖਤਿ ਟਿਕੈ ਗੁਣੀ, ਭੈ ਪੰਚਾਇਣੁ. ਰਤੁ." (ਮਾਰੂ ਮਃ ੧) ਗੁਣੀ ਅਤੇ ਪ੍ਰਧਾਨਪੁਰਖਾਂ ਦੇ ਸਮਾਜ ਦਾ ਭੈ ਮੰਨਣ ਵਾਲਾ ਰਾਜਾ ਹੀ ਤਖਤ ਤੇ ਰਹਿ ਸਕਦਾ ਹੈ. ਭਾਈ ਗੁਰਦਾਸ ਜੀ ਲਿਖਦੇ ਹਨ-

"ਜੈਸੇ ਰਾਜਨੀਤਿ ਰੀਤਿ ਚਕ੍ਰਵੈ ਚੈਤੰਨਰੂਪ

ਤਾਂਤੇ ਨਿਹਚਿੰਤ ਨ੍ਰਿਭੈ ਬਸਤ ਹੈਂ ਲੋਗ ਜੀ. ×××

ਜੈਸੇ ਰਾਜਾ ਧਰਮਸਰੂਪ ਰਾਜਨੀਤਿ ਬਿਖੈ.

ਤਾਂਕੇ ਦੇਸ ਪਰਜਾ ਬਸਤ ਸੁਖ ਪਾਇਕੈ." ×××

(ਕਬਿੱਤ)

ਪ੍ਰੇਮਸੁਮਾਰਗ ਵਿੱਚ ਕਲਗੀਧਰ ਦਾ ਉਪਦੇਸ਼ ਹੈ-

"ਰਾਜੇ ਕੋ ਚਾਹੀਐ ਜੋ ਨਿਆਉਂ ਸਮਝ ਕਰ ਭੈ ਸਾਥ ਕਰੈ, ਕੋਈ ਇਸ ਕੇ ਰਾਜ ਮੈ ਦੁਖਿਤ ਨ ਹੋਇ. ਰਾਜੇ ਕੋ ਚਾਹੀਐ ਜੋ ਅਪਨੇ ਉੱਪਰ ਭੀ ਨਿਆਉਂ ਕਰੇ." ਅਰਥਾਤ ਜਿਨ੍ਹਾਂ ਕੁਕਰਮਾਂ ਤੋਂ ਲੋਕਾਂ ਨੂੰ ਦੰਡ ਦਿੰਦਾ ਹੈ, ਉਨ੍ਹਾਂ ਤੋਂ ਆਪ ਭੀ ਬਚੇ.

ਭਾਈ ਬਾਲੇ ਦੀ ਸਾਖੀ ਵਿੱਚ ਲਿਖਿਆ ਹੈ ਕਿ- "ਮੀਰ ਬਾਬਰ ਨੇ ਕਹਿਆ, ਹੇ ਫਕੀਰ ਜੀ! ਮੁਝ ਕੋ ਤੁਸੀਂ ਕੁਛ ਉਪਦੇਸ਼ ਕਰੋ." ਤਾਂ ਸ਼੍ਰੀ ਗੁਰੁ ਜੀ ਕਹਿਆ, "ਹੇ ਪਾਤਸ਼ਾਹ! ਤੁਸਾਂ ਧਰਮ ਦਾ ਨਿਆਉਂ ਕਰਨਾ ਤੇ ਪਰਉਪਕਾਰ ਕਰਨਾ."

---

[1092] ਮਹਾਭਾਰਤ ਵਿੱਚ ਲਿਖਿਆ ਹੈ ਕਿ ਸ੍ਰਿਸ੍ਰਿਰਚਨਾ ਪਿੱਛੋਂ ਲੋਕਾਂ ਦੇ ਬਹੁਤ ਹੋ ਜਾਣ ਪੁਰ ਰੀਤਿ ਮਰਯਾਦਾ ਵਿੱਚ ਗੜਬੜ ਹੋਣ ਲੱਗੀ, ਸਾਰੇ ਆਪਮੁਹਾਰੇ ਹੋਕੇ ਕਈ ਉਪਦ੍ਰਵ ਕਰਨ ਲੱਗੇ. ਦੇਵਤੇ ਇਕੱਠੇ ਹੋਕੇ ਬ੍ਰਹਮਾ ਪਾਸ ਗਏ, ਉਸ ਨੇ ਨੀਤਿਸ਼ਾਸਤ੍ਰ ਬਣਾਕੇ ਦੇਵਤਿਆਂ ਨੂੰ ਦਿੱਤਾ. ਦੇਵਤੇ ਨੀਤਿਸ਼ਾਸਤ੍ਰ ਲੈਕੇ ਵਿਸ਼ਨੁ ਪਾਸ ਗਏ ਅਤੇ ਬੇਨਤੀ ਕੀਤੀ ਕਿ ਆਪ ਇਸ ਅਨੁਸਾਰ ਪ੍ਰਜਾ ਨੂੰ ਚਲਾਉਣ ਲਈ ਕਿਸੇ ਦੀ ਜਿੰਮੇਵਾਰੀ ਠਹਿਰਾਓ. ਵਿਸ਼ਨੁ ਨੇ ਕਰਦਮ ਦੇ ਪੁਤ੍ਰ ਅੰਗ ਨੂੰ ਰਾਜਾ ਥਾਪਕੇ ਰਾਜ ਦੇ ਪ੍ਰਬੰਧ ਕਰਨ ਦੀ ਆਗਯਾ ਦਿੱਤੀ, ਜਿਸ ਤੋਂ ਪ੍ਰਜਾ ਆਨੰਦ ਨਾਲ ਰਹਿਣ ਲੱਗੀ. ਪਦਮਪੁਰਾਣ ਵਿੱਚ ਪਹਿਲਾ ਰਾਜਾ ਪ੍ਰਿਥੁ ਲਿਖਿਆ ਹੈ.

ਮਨੁ ਲਿਖਦਾ ਹੈ ਕਿ-ਅਗਨਿ, ਵਾਧੁ, ਸੂਰਯ, ਚੰਦ੍ਰਮਾ, ਯਮ, ਕੁਬੇਰ, ਵਰੁਣ ਅਤੇ ਇੰਦ੍ਰ ਦੇ ਅੰਸ਼ ਲੈਕੇ ਰਾਜਾ ਰਚਿਆ ਗਿਆ ਹੈ. ਇਸ ਦਾ ਭਾਵ ਇਹ ਹੈ ਕਿ ਰਾਜੇ ਵਿੱਚ ਇਨ੍ਹਾਂ ਦੇਵਤਿਆਂ ਦੇ ਗੁਣ ਹੋਣੇ ਚਾਹੀਏ.

ਚਾਣਕ੍ਯ ਨੇ ਰਾਜਾ ਦਾ ਲੱਛਣ ਕੀਤਾ ਹੈ-

"नीतिशास्त्रानुगो राजा. " (ਸੂਤ੍ਰ ੪੮) ਉਸ ਨੇ ਰਾਜ੍ਯ ਦਾ ਮੂਲ ਇੰਦ੍ਰੀਆਂ ਨੂੰ ਜਿੱਤਣਾ ਲਿਖਿਆ ਹੈ-

"राज्यमूलमिन्द्रिय जयः" (ਸੂਤ੍ਰ ੪) ਸਾਥ ਹੀ ਇਹ ਭੀ ਦੱਸਿਆ ਹੈ ਕਿ ਇੰਦ੍ਰੀਆਂ ਤੇ ਕਾਬੂ ਆਇਆ ਰਾਜਾ ਚਤੁਰੰਗਿਨੀ ਫੌਜ ਰਖਦਾ ਹੋਇਆ ਭੀ ਨਸ਼੍ਟ ਹੋਜਾਂਦਾ ਹੈ. - "इन्द्रिय वशवर्ती चतुरङ्गवानपि विनश्यति. " (ਸੂਤ੍ਰ ੭੦)

ਨੀਤਿਵੇੱਤਾ ਚਾਣਕ੍ਯ ਨੇ ਇਹ ਭੀ ਲਿਖਿਆ ਹੈ ਕਿ ਜੋ ਰਾਜੇ ਪ੍ਰਜਾ ਨਾਲ ਮੇਲ ਜੋਲ ਰਖਦੇ ਅਤੇ ਹਰੇਕ ਨੂੰ ਮੁਲਾਕਾਤ ਦਾ ਮੌਕਾ ਦਿੰਦੇ ਹਨ, ਉਹ ਪ੍ਰਜਾ ਨੂੰ ਪ੍ਰਸੰਨ ਕਰਦੇ ਹਨ, ਅਰ ਜਿਨ੍ਹਾਂ ਦਾ ਦਰਸ਼ਨ ਮਿਲਣਾ ਹੀ ਔਖਾ ਹੈ, ਉਹ ਪ੍ਰਜਾ ਨੂੰ ਨਸ਼੍ਟ ਕਰ ਦਿੰਦੇ ਹਨ-

"दुर्दर्शना हि राजानः प्रजा नाशयन्ति।" (ਸੂਤ੍ਰ ੫੫੭)

"सुदर्शना हि राजानः प्रजा रञ्जयन्ति. " (ਸੂਤ੍ਰ ੫੫੮)[1093]

ਲਾਲ, ਦੇਵੀਦਾਸ ਅਤੇ ਰਘੁਨਾਥ ਆਦਿ ਕਵੀਆਂ ਨੇ ਰਾਜਾ ਦੇ ਸੰਬੰਧ ਵਿੱਚ ਲਿਖਿਆ ਹੈ-

ਕਬਿੱਤ

"ਸੁੰਦਰ ਸਲੱਜ ਸੁਧੀ ਸਾਹਸੀ ਸੁਹ੍ਰਿਦ ਸਾਚੋ

ਸੂਰੋ ਸ਼ੁਚਿ ਸਾਵਧਾਨ ਸ਼ਾਸਤ੍ਰਗ੍ਯ ਜਾਨੀਏ,

ਉੱਦਮੀ ਉਦਾਰ ਗੁਨਗ੍ਰਾਹੀ ਔ ਗੰਭੀਰ "ਲਾਲ"

ਸ਼ੁੱਧਮਾਨ ਧਰਮੀ ਛਮੀ ਸੁ ਤਤ੍ਵਗ੍ਯਜਾਨੀਏ,

ਇੰਦ੍ਰਯਜਿਤ ਸਤ੍ਯਵ੍ਰਤ ਸੁਕ੍ਰਿਤੀ ਧ੍ਰਿਤੀ ਵਿਨੀਤ

ਤੇਜਸੀ ਦਯਾਲੁ ਪ੍ਰੀਤਿ ਹਰਿ ਸੋਂ ਪ੍ਰਮਾਨੀਏ,

ਲੋਭ ਛੋਭ ਹਿੰਸਾ ਕਾਮ ਕਪਟ ਗਰੂਰਤਾ ਨ

ਲੱਛਨ ਬਤੀਸ ਏ ਛਿਤੀਸ ਕੇ ਬਖਾਨੀਏ.

ਛੋਟੇ ਛੋਟੇ ਗੁਲਨ ਕੋ ਸੂਰਨ ਕੀ ਬਾਰ ਕਰੈ

ਪਾਤਰੇ ਸੇ ਪੌਧਾ ਪਾਨੀ ਪੋਖ ਕਰ ਪਾਰਬੋ,

ਫੂਲੀ ਫੁਲਵਾਰਨ ਕੇ ਫੂਲ ਮੋਹ ਲੇਵੈ ਪੁਨ

ਖਾਰੇ ਘਨੇ ਰੂਖ ਏਕ ਠੌਰ ਤੈਂ ਉਪਾਰਬੋ,

ਨੀਚੇ ਪਰੇ ਪਾਯਨ ਤੈਂ ਟੇਕ ਦੈ ਦੈ ਉਚੇ ਕਰੈ

ਊਚੇ ਬਢਗਏ ਤੇ ਜਰੂਰ ਕਾਟਡਾਰਬੋ,

ਰਾਜਨ ਕੋ ਮਾਲਿਨ ਕੋ ਦਿਨਪ੍ਰਤਿ ਦੇਵੀਦਾਸ

ਚਾਰ ਘਰੀ ਰਾਤ ਰਹੇ ਇਤਨੋ ਬਿਚਾਰਬੋ.

---

[1093] ਰਾਜਾ ਦੇ ਵਿਸ਼ੇਸ਼ ਗੁਣਾਂ ਬਾਬਤ ਦੇਖੋ, ਕੋਟਲੀਯ (ਕੋਟਿਲੀਯ) ਅਰਥਸ਼ਾਸਤ੍ਰ ਦਾ ਅਧਿਕਰਣ ੬. ਅਃ ੧, ਅਤੇ ਮਹਾਭਾਰਤ ਦੇ ਸ਼ਾਂਤਿ ਪਰਵ ਦਾ ਭਾਗ ਰਾਜਧਰਮ.

ਸੁਥਰੀ ਸਿਲਾਹ ਰਾਖੇ ਵਾਯੁਬੇਗੀ ਬਾਹ ਰਾਖੇ

ਰਸਦ ਕੀ ਰਾਹ ਰਾਖੇ, ਰਾਖੇ ਰਹੈ ਬਨ ਕੋ,

ਚਤੁਰ ਸਮਾਜ ਰਾਖੇ ਔਰ ਦ੍ਰਿਗਬਾਜ਼ ਰਾਖੇ

ਖਬਰ ਕੇ ਕਾਜ ਬਹੁਰੂਪਿਨ ਕੇ ਗਨ ਕੋ,

ਆਗਮਭਖੈਯਾ ਰਾਖੇ ਹਿੰਮਤਰਖੈਯਾ ਰਾਖੇ

ਭਨੇ ਰਘੁਨਾਥ ਔ ਬੀਚਾਰ ਬੀਚ ਮਨ ਕੋ,

ਬਾਜੀ ਹਾਰੇ ਕੌਨਹੂੰ ਨ ਔਸਰ ਕੇ ਪਰੇ ਭੂਪ

ਰਾਜੀ ਰਾਖੇ ਪ੍ਰਜਨ ਕੋ ਤਾਜੀ ਸੁਭਟਨ ਕੋ.

ਛੱਪਯ

ਪ੍ਰਥਮ ਬੁੱਧ ਧਨ ਧੀਰ ਧਰਨ ਧਰਨੀ ਪ੍ਰਜਾਹ ਸੁਖ,

ਸੁਚਿ ਸੁਸੀਲ ਸੁਭ ਨਿਯਤ ਨੀਤਬੇਤਾ ਪ੍ਰਸੰਨਮੁਖ,

ਨਿਰਬਿਕਾਰ ਨਿਰਲੋਭ ਨਿਰਬਿਖੀ ਨਿਰਗਰੂਰ ਮਨ,

ਹਾਨਿ ਲਾਭ ਕਰ ਨਿਪੁਣ ਕਦਰਦਾਨੀ ਬਿਬੇਕ ਸਨ,

ਤੇਗ ਤਯਾਗ ਸਾਚੋ ਸੁਕ੍ਰਿਤਿ ਹਰਿਸੇਵਕ ਹਿੰਮਤ ਅਮਿਤ,

ਸਦ ਸਭਾ ਦਾਸ ਮੰਤ੍ਰੀ ਸੁਧੀ ਬਵਤ ਰਾਜ ਸਸਿਕਲਾ ਵਤ.

੩. ਸਭ ਨੂੰ ਪ੍ਰਸੰਨ ਕਰਨ ਅਤੇ ਪ੍ਰਕਾਸ਼ਣ ਵਾਲਾ ਜਗਤ ਨਾਥ ਕਰਤਾਰ. "ਕੋਊ ਹਰਿ ਸਮਾਨਿ ਨਹੀ ਰਾਜਾ." (ਬਿਲਾ ਕਬੀਰ) "ਰਾਜਾ ਰਾਮੁ ਮਉਲਿਆ ਅਨਤਭਾਇ। ਜਹ ਦੇਖਉ ਤਹ ਰਹਿਆ ਸਮਾਇ." (ਬਸੰ ਕਬੀਰ) "ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ, ਐਸੋ ਰਾਜਾ ਛੋਡਿ ਔਰ ਦੂਜਾ ਕੌਨ ਧਯਾਇਯੇ?" (ਗਯਾਨ) ੪. ਕ੍ਸ਼ਤ੍ਰਿਯ. ਛਤ੍ਰੀ। ੫. ਭਾਵ- ਮਨ. "ਰਾਜਾ ਬਾਲਕ ਨਗਰੀ ਕਾਚੀ." (ਬਸੰ ਮਃ ੧) ਕੱਚੀ ਨਗਰੀ (ਵਿਨਾਸ਼ ਹੋਣ ਵਾਲੀ) ਦੇਹ ਹੈ। ੬. ਚੰਦ੍ਰਮਾ। ੭. ਨਾਪਿਤ (ਨਾਈ) ਨੂੰ ਭੀ ਪ੍ਰਸੰਨ ਕਰਨ ਲਈ ਲੋਕ ਰਾਜਾ ਆਖਦੇ ਹਨ। ੮. ਵਿ- ਰਾਜਯ ਦਾ. "ਨਾਮੁ ਧਨੁ, ਨਾਮੁ ਸੁਖ ਰਾਜਾ, ਨਾਮੁ ਕੁਟੰਬ, ਸਹਾਈ." (ਗੂਜ ਮਃ ੫)

ਰਾਜਾਂ: ਪ੍ਰਕਾਸ਼ਾਂ. ਸੋਭਾ ਦੇਵਾਂ। ੨. ਰੱਜਾਂ. ਤ੍ਰਿਪਤ ਹੋਵਾਂ. "ਜੇ ਭੁਖ ਦੇਹਿ, ਤ ਇਤਹੀ ਰਾਜਾਂ." (ਸੂਹੀ ਅਃ ਮਃ ੪)

ਰਾਜਾਈ: ਸੰਗਯਾ- ਰਾਜਾ ਦੀ ਪਦਵੀ. ਰਾਜਯਾਧਿਕਾਰ. "ਰਾਜਾਈ ਰਾਜਾਨ ਕੀ." (ਗੁਪ੍ਰਸੂ) ੨. ਦੇਖੋ, ਰਜਾਈ.

ਰਾਜਾਸ਼ਾਹੀ: ਮਹਾਰਾਜਾ ਪਟਿਆਲਾ ਦੇ ਸਿੱਕੇ ਦਾ ਰੁਪਯਾ. ਦੇਖੋ, ਸਿੱਕਾ। ੨. ਇੱਕ ਪ੍ਰਕਾਰ ਦੀ ਮਿਠਾਈ. ਬਾਲੂਸ਼ਾਹੀ. ਮੋਣਪਾਏ ਮੈਦੇ ਦੀ ਟਿੱਕੀ, ਘੀ ਵਿੱਚ ਤਲਕੇ ਖੰਡ ਦੀ ਚਾਸ਼ਨੀ ਵਿੱਚ ਡੋਬੀ ਹੋਈ.

ਰਾਜਾਸ਼੍ਰਮ: ਸੰ. ਰਾਜਾਸ਼੍ਰਮ. ਰਾਜ- ਆਸ਼੍ਰਮ. ਰਾਜਮੰਦਿਰ. ਰਾਜਮਹਲ। ੨. ਭਾਵ- ਜਗਤ, ਜੋ ਕਰਤਾਰ ਦੇ ਨਿਵਾਸ ਦਾ ਅਸਥਾਨ ਹੈ. "ਰਾਜਾਸ਼੍ਰਮ ਮਿਤਿ ਨਹੀ ਜਾਨੀ ਤੇਰੀ." (ਸਾਰ ਕਬੀਰ)

ਰਾਜਾ ਦੇ ਪੰਚ ਯਗਯ: ਦੇਖੋ, ਪੰਚ ਯਗਯ.

ਰਾਜਾਧਿਰਾਜ: ਵਿ- ਰਾਜਿਆਂ ਦਾ ਪਤਿ ਮਹਾਰਾਜਾ. ਸ਼ਹਨਸ਼ਾਹ. "ਨਿਰਾਲੰਬ ਨਿਤਯੰ ਸੁ ਰਾਜਾਧਿਰਾਜੰ." (ਵਿਚਿਤ੍ਰ) ੨.

ਸੰਗਯਾ- ਪਾਰਬ੍ਰਹਮ. ਕਰਤਾਰ। ੩. ਚਕ੍ਰਵਰਤੀ ਮਹਾਰਾਜਾ.

ਰਾਜਾਨ: ਰਾਜਾਗਣ. ਕ੍ਸ਼ਤ੍ਰਿਯ (ਸ਼ੂਰਵੀਰ) ਲੋਕ. "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ?" (ਵਾਰ ਆਸਾ) ੨. ਰਾਜਗਾਨ. ਰਾਜਾ ਦਾ ਬਹੁਵਚਨ। ੩. राजान्न. ਰਾਜਾੱਨ ਰਾਜਾ ਦਾ ਅੰਨ. ਮਨੁ ਨੇ ਰਾਜਾ ਦਾ ਅੰਨ ਖਾਣ ਤੋਂ ਤੇਜ ਦੀ ਹਾਨੀ ਲਿਖੀ ਹੈ. ਦੇਖੋ, ਅਃ ੪. ਸਃ ੨੧੮.

ਰਾਜਾਨਰਾਜ: ਵਿ- ਰਾਜਾਧਿਰਾਜ. ਰਾਜਿਆਂ ਦਾ ਪਤਿ ਮਹਾਰਾਜ.

ਰਾਜਾਨਾਇ: ਰਾਜਾ- ਨਾ- ਆਇ. "ਜਬ ਲਗ ਰਾਜਾ ਨਾਇ." (ਚਰਿਤ੍ਰ ੨੦੪) ੨. ਰਾਜੇ ਨੂੰ ਝੁਕਾਕੇ

ਰਾਜਾਨੁ: ਦੇਖੋ, ਰਾਜਨ ਅਤੇ ਰਾਜਾਨ। ੨. ਸੰ. ਰਾਜਨ੍ਯ. ਕ੍ਸ਼ਤ੍ਰਿਯ. ਸ਼ੂਰਵੀਰ. "ਪੰਚੇ ਸੋਹਹਿ ਦਰਿ ਰਾਜਾਨੁ." (ਜਪੁ) ਸਾਧੁਜਨ (ਗੁਰਮੁਖ) ਛਤ੍ਰੀ ਸਮਾਜ ਵਿੱਚ ਸ਼ੋਭਾ ਦਿੰਦੇ ਹਨ. ਭਾਵ- ਪ੍ਰਜਾਰਖ੍ਯਾ ਦਾ ਧਰਮ ਸਭ ਤੋਂ ਵਧਕੇ ਨਿਬਾਹੁੰਦੇ ਹਨ.

ਰਾਜਾਰਾਮ: ਕਈ ਲੇਖਕਾਂ ਨੇ ਰਾਜਾ ਰਾਮਰਾਇ ਦਾ ਇਹ ਨਾਮ ਲਿਖ ਦਿੱਤਾ ਹੈ. ਦੇਖੋ, ਰਤਨਰਾਯ। ੨. ਇੱਕ ਖਤ੍ਰੀ ਸਿੱਖ, ਜੋ ਦਿੱਲੀ ਵਿੱਚ ਮਾਲੀ ਅਹੁਦੇਦਾਰ ਸੀ. ਇਹ ਮਾਤਾ ਸੁੰਦਰੀ ਜੀ ਦੀ ਤਨ ਮਨ ਧਨ ਤੋਂ ਸੇਵਾ ਕਰਦਾ ਰਿਹਾ। ੩. ਗਿਆਨੀਆਂ ਦਾ ਕਲਪਿਆ ਹੋਇਆ ਇੱਕ ਬਨਾਰਸ ਦਾ ਹਲਵਾਈ। ੪. ਮਰਹਟਾਪਤਿ ਸ਼ਿਵਾ ਜੀ ਦੇ ਨਾਬਾਲਗ ਪੋਤੇ ਸਾਹੋ ਜੀ ਦਾ ਚਾਚਾ ਅਤੇ ਸਰਪਰਸ੍ਤ। ੫. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸੇਵਕ ਰਾਜਪੂਤ, ਜੋ ਗੁਰੂ ਸਾਹਿਬ ਦੀ ਚਿਤਾ ਵਿੱਚ ਜਲਕੇ ਭਸਮ ਹੋਗਿਆ. ਦੇਖੋ, ਦਬਿਸਤਾਨੇ ਮਜਾਹਬ। ੬. ਸਭ ਦੇ ਪ੍ਰਕਾਸ਼ਣ ਵਾਲਾ ਪ੍ਰਕਾਸ਼ਰੂਪ ਕਰਤਾਰ. "ਰਾਜਾਰਾਮੁ ਮਉਲਿਆ ਅਨਤਭਾਇ." (ਬਸੰ ਕਬੀਰ) ੭. ਇੱਕ ਸਾਰਸ੍ਵਤ ਬ੍ਰਾਹਮਣ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋਕੇ ਜਾਤੀ ਅਭਿਮਾਨ ਤੋਂ ਛੁਟਕਾਰਾ ਪਾ, ਆਤਮਗਜਾਨੀ ਹੋਇਆ. ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਦੀ ਮੰਜੀ ਬਖਸ਼ੀ. ਭਾਈ ਰਾਜਾਰਾਮ ਦੀ ਔਲਾਦ ਹੁਣ ਪਿੰਡ ਸੰਧਮਾ (ਜਿਲਾ ਜਲੰਧਰ) ਵਿੱਚ ਵਸਦੀ ਹੈ.

ਰਾਜਿ: ਦੇਖੋ, ਰਾਜੀ। ੨. ਸੰ. ਰਾਜ੍ਯੇ. ਰਾਜ੍ਯ ਮੇ. "ਸੋ ਸੁਖ ਰਾਜਿ ਨ ਲਹੀਐ." (ਗਉ ਕਬੀਰ)

ਰਾਜਿਕ: ਦੇਖੋ, ਰਾਜਕ ੩.

ਰਾਜਿੰਦ: ਸੰ. ਰਾਜੇਂਦ੍ਰ. ਵਿ- ਰਾਜ- ਇੰਦ੍ਰ. ਰਾਜਿਆਂ ਦਾ ਸ੍ਵਾਮੀ. ਰਾਜਾਧਿਰਾਜ.

ਰਾਜਿਮਾਲਿ: ਰਾਜ੍ਯ ਅਤੇ ਸੰਪਦਾ ਵਿੱਚ। ੨. ਰਾਜ੍ਯ ਅਤੇ ਵਿਭੂਤਿ ਵਾਸਤੇ। ੩. ਰਾਜ ਅਤੇ ਮਾਲ ਦਾ. "ਜੋਰੁ ਨ ਰਾਜਿ ਮਾਲਿ." (ਜਪੁ) ਦੇਖੋ, ਸੋਰ ੩.

ਰਾਜਿਵ: ਦੇਖੋ, ਰਾਜੀਵ.

ਰਾਜਿਵਲੋਚਨ: ਕਮਲਨਯਨ. ਦੇਖੋ, ਰਾਜੀਵਨੇਤ੍ਰ. "ਰਾਜਿਵਲੋਚਨ ਰਾਮਕੁਮਾਰ." (ਰਾਮਾਵ)

ਰਾਜੀ: ਰਾਜਾ ਦੀ ਪ੍ਰਜਾ. "ਰਾਜੀ ਬਿਰਾਜੀ ਭੂਕੰਪ." (ਭਾਗ ਕ) ਪ੍ਰਜਾ ਦਾ ਬਿਨਾ ਰਾਜਾ ਹੋਣਾ ਅਤੇ ਭੂਚਾਲ ਆਉਣੇ ਆਦਿ ਉਪਦ੍ਰਵ। ੨. ਸੰ. ਕਤਾਰ. ਪੰਕਤਿ. ਸ਼੍ਰੇਣੀ. "ਤਜੈ ਬਾਣ ਰਾਜੀ." (ਰਾਮਾ) ੩. ਅ਼. راضی ਰਾਜੀ. ਵਿ- ਰਾਜੀ. ਖ਼ੁਸ਼. ਪ੍ਰਸੰਨ.

ਰਾਜੀਨਾਮਾ: ਫ਼ਾ. راضی نامہ ਸੰਗਯਾ- ਰਜਾਮੰਦੀ ਪ੍ਰਗਟ ਕਰਨ ਦੀ ਲਿਖਤ. ਸੁਲਹ਼ਨਾਮਾ.

ਰਾਜੀਵ: ਸੰ. ਪੰਖੁੜੀਆਂ ਦੀ ਪੰਕ੍ਤਿ ਧਾਰਨ ਵਾਲਾ, ਕਮਲ। ੨. ਨੀਲਾ ਕਮਲ। ੩. ਹਾਥੀ। ੪. ਸਾਰਸ। ੫. ਇੱਕ ਪ੍ਰਕਾਰ ਦੀ ਮੱਛੀ.

ਰਾਜੀਵਨਯਨ, ਰਾਜੀਵਨੇਤ੍ਰ, ਰਾਜੀਵਲੋਚਨ: ਵਿ- ਰਾਜੀਵ (ਕਮਲ) ਵਰਗੀਆਂ ਅੱਖਾਂ ਵਾਲਾ. ਕਮਲਨੇਤ੍ਰ. ਦੇਖੋ, ਰਾਜਿਵਲੋਚਨ.

ਰਾਜੁ: ਰਾਜਾ. "ਰਾਜ ਮਹਿ ਰਾਜੁ, ਜੋਗ ਮਹਿ ਜੋਗੀ." (ਸੁਖਮਨੀ) ੨. ਰਾਜਯ. "ਰਾਜੁ ਤੇਰਾ ਕਬਹੁ ਨ ਜਾਵੈ." (ਵਡ ਛੰਤ ਮਃ ੧) ੩. ਦੇਖੋ, ਰਾਜ.

ਰਾਜੇ: ਰੱਜੇ. ਤ੍ਰਿਪਤ ਹੋਏ. "ਮਨਿ ਸੰਤੋਖ ਸਬਦਿਗੁਰ ਰਾਜੇ." (ਰਾਮ ਮਃ ੫) ੨. ਰਾਜਾ ਦਾ ਬਹੁਵਚਨ.

ਰਾਜੇਸ਼ਾਹੀ: ਦੇਖੋ, ਸਿੱਕਾ, ਰਾਜਾਸ਼ਾਹੀ ਅਤੇ ਬਾਲੂਸ਼ਾਹੀ.

ਰਾਜੇਸੁਰ, ਰਾਜੇਸ੍ਵਰ, ਰਾਜੇਂਦ੍ਰ: ਰਾਜਿਆਂ ਦਾ ਅਧਿਪਤਿ ਰਾਜਾ. ਰਾਜਿਆਂ ਦਾ ਇੰਦ੍ਰ. "ਨਮੋ ਰਾਜਰਾਜੇਸੁਰੰ." (ਜਾਪੁ)

ਰਾਜੇਂਦ੍ਰਸਿੰਘ ਮਹਾਰਾਜਾ: ਮਹਾਰਾਜਾ ਮਹੇਂਦ੍ਰਸਿੰਘ ਜੀ ਦੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ਜੇਠ ਵਦੀ ੪. ਸੰਮਤ ੧੯੨੯ (੨੫ ਮਈ ਸਨ ੧੮੭੨) ਨੂੰ ਹੋਇਆ. ੬. ਜਨਵਰੀ ਸਨ ੧੮੭੭ ਨੂੰ ਰਾਜਸਿੰਘਾਸਨ ਤੇ ਵਿਰਾਜੇ. ਸਨ ੧੮੯੦ ਵਿੱਚ ਰਾਜਪ੍ਰਬੰਧ ਦੇ ਪੂਰੇ ਅਖਤਿਆਰ ਆਪਣੇ ਹੱਥ ਲਏ ਨਵੰਬਰ ਸਨ ੧੯੦੦ ਵਿੱਚ ਆਪ ਦਾ ਅਕਾਲਚਲਾਣਾ ਹੋਇਆ ਦੇਖੋ, ਪਟਿਆਲਾ.

ਰਾਜੇਂਦ੍ਰਕੌਰ ਬੀਬੀ: ਇਹ ਕੌਰ ਭੂਮੀਆਂਸਿੰਘ ਦੀ ਸੁਪੁਤ੍ਰੀ ਅਤੇ ਬਾਬਾ ਆਲਾਸਿੰਘ ਜੀ ਦੀ ਪੋਤੀ ਸੀ. ਇਸ ਦਾ ਵਿਆਹ ਫਗਵਾੜੇ ਦੇ ਚੌਧਰੀ ਤਿਲੋਕਚੰਦ ਨਾਲ ਹੋਇਆ ਸੀ. ਇਹ ਵਡੀ ਦਿਲੇਰ ਅਤੇ ਰਾਜਪ੍ਰਬੰਧ ਵਿੱਚ ਨਿਪੁਣ ਸੀ. ਇਸ ਨੇ ਕਈ ਵਾਰ ਮੌਕੇ ਮੌਕੇ ਤੇ ਪਹੁਚਕੇ ਪਟਿਆਲੇ ਨੂੰ ਵੈਰੀਆਂ ਤੋਂ ਬਚਾਇਆ. ਬੀਬੀ ਜੀ ਦਾ ਦੇਹਾਂਤ ਸਨ ੧੭੯੧ ਵਿੱਚ ਹੋਇਆ.

ਰਾਜੈ: ਰਾਜਦਾ (ਪ੍ਰਕਾਸ਼ਦਾ) ਹੈ। ੨. ਰੱਜਦਾ (ਤ੍ਰਿਪਤ ਹੁੰਦਾ) ਹੈ. "ਨਾਨਕ ਆਖਿ ਨ ਰਾਜੈ ਹਰਿਗੁਣ." (ਆਸਾ ਮਃ ੪)

ਰਾਜੋਆਣਾ: ਜਿਲਾ ਲੁਦਿਆਣਾ, ਤਸੀਲ ਜਗਰਾਉਂ, ਥਾਣਾ ਰਾਇਕੋਟ ਦਾ ਪਿੰਡ, ਜੋ ਰੇਲਵੇ ਸਟੇਸ਼ਨ ਮੁੱਲਾਪੁਰ ਤੋਂ ਗਿਆਰਾਂ ਮੀਲ ਦੱਖਣ ਹੈ. ਇਸ ਪਿੰਡ ਤੋਂ ਉੱਤਰ ਪੱਛਮ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਮਾਛੀਵਾੜੇ ਵੱਲੋਂ ਆਉਂਦੇ ਇੱਥੇ ਵਿਰਾਜੇ ਹਨ. ਇੱਥੋਂ ਦੀ ਇੱਕ ਮਾਈ "ਭੱਟੀ" ਦੇ ਪੁਤ੍ਰ ਗੁਰੂ ਜੀ ਨੂੰ ਪਲੰਘ ਪੁਰ ਸਵਾਰ ਕਰਾਕੇ "ਕਮਾਲਪੁਰੇ" ਛੱਡਣ ਗਏ. ਗੁਰੂ ਜੀ ਨੇ ਮਾਈ ਅਤੇ ਪੁਤ੍ਰਾਂ ਨੂੰ ਵਰਦਾਨ ਦਿੱਤਾ. ਦਰਬਾਰ ਬਣਿਆ ਹੋਇਆ ਹੈ. ਗੁਰਦ੍ਵਾਰੇ ਨਾਲ ੬. ਵਿੱਘੇ ਜ਼ਮੀਨ ਹੈ. ਸਿੰਘ ਪੁਜਾਰੀ ਹੈ.

ਰਾਜੋਮਾਜਰਾ: ਰਿਆਸਤ ਪਟਿਆਲਾ, ਨਜਾਮਤ ਸੁਨਾਮ, ਤਸੀਲ ਅਤੇ ਥਾਣਾ ਧੂਰੀ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਧੂਰੀ ਤੋਂ ਚਾਰ ਮੀਲ ਦੱਖਣ ਪੱਛਮ ਹੈ. ਇਸ ਪਿੰਡ ਤੋਂ ਉੱਤਰ ਪੂਰਵ ਪਾਸ ਹੀ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਵਿਰਾਜੇ ਹਨ. ਛੋਟਾ ਜੇਹਾ ਗੁਰੁਦ੍ਵਾਰਾ ਬਣਿਆ ਹੋਇਆ ਹੈ. ੨੦. ਵਿੱਘੇ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ.

ਰਾਜੌਰੀ: ਦੇਖੋ, ਬੰਦਾਬਹਾਦੁਰ। ੨. ਰਾਜਪੂਤਾਨੇ ਦਾ ਇੱਕ ਇਲਾਕਾ.

ਰਾਜੰਗ: ਸੰ. ਰਾਜ੍ਯਾਂਗ. ਰਾਜਾ ਦੇ ਅੰਗ. ਦੇਖੋ, ਰਾਜੰਗਾ.

ਰਾਜੰਗਾ: ਵਿ- ਰਾਜ੍ਯ ਦੇ ਅੰਗਾਂ ਵਾਲਾ. ਜੋ (राज्याङ्ग) ਰਖਦਾ ਹੈ. ਰਾਜ੍ਯ (ਰਾਸ਼੍ਟ੍ਰ) ਦੇ ਸੱਤ ਅੰਗ ਹਨ, ਜਿਨ੍ਹਾਂ ਨੂੰ ਮਨੁਸਿਮ੍ਰਿਤਿ ਅਤੇ ਕੌਟਿਲੀਯ ਅਰ੍ਥਸ਼ਾਸਤ੍ਰ ਆਦਿ ਗ੍ਰੰਥ ਵਿੱਚ "ਪ੍ਰਕ੍ਰਿਤਿ" ਭੀ ਲਿਖਆ ਹੈ, ਯਥਾ- "स्वाम्यामात्य जनपद् दुर्ग कोश दण्ड मित्राणि प्रकृतयः" ਕੌਟਿਲੀਯ ਅਰ੍ਥਸ਼ਾਸਤ੍ਰ ਅਧਿਕਰਣ ੬, ਅਃ ੧, ਸੂਤ੍ਰ ੧। ਅਰਥਾਤ- ਰਾਜਾ, ਮੰਤ੍ਰੀ, ਦੇਸ਼, ਕਿਲਾ, ਖ਼ਜ਼ਾਨਾ, ਦੰਡ (ਫ਼ੌਜ) ਮਿਤ੍ਰ, ਰਾਜ੍ਯ ਦੇ ਇਹ ਸੱਤ ਅੰਗ (ਪ੍ਰਕ੍ਰਿਤਿ) ਹਨ. ਦੇਖੋ, ਪ੍ਰਕ੍ਰਿਤਿ ਸ਼ਬਦ ਦਾ ਅੰਗ ੮. "ਨੀਚ ਕੀਟ ਤੇ ਕਰਹਿ ਰਾਜੰਗਾ." (ਬਿਲਾ ਮਃ ੫) ਅਦਨੇ ਤੋਂ ਰਾਜ੍ਯਾਂਗ ਸਹਿਤ ਕਰ ਦਿੰਦਾ ਹੈ, ਅਰਥਾਤ ਸਰਵਾਂਗ ਪੂਰਣ ਰਾਜ ਬਖ਼ਸ਼ਦਾ ਹੈ.

ਰਾਜ੍ਯ: ਸੰ. ਸੰਗ੍ਯਾ- ਰਾਜਾ ਦਾ ਕਰਮ। ੨. ਰਾਜਾ ਦਾ ਹੋਣਾ। ੩. ਬਾਦਸ਼ਾਹਤ ਦੇਖੋ, ਰਾਜਾ ੨.

ਰਾਜ੍ਯਾਂਗ: ਦੇਖੋ, ਰਾਜੰਗਾ.

ਰਾਜ੍ਯਾਭਿਖੇਕ: ਰਾਜ੍ਯ- ਅਭਿਸ਼ੇਕ. ਰਾਜਗੱਦੀ ਪੁਰ ਬੈਠਾਣ ਸਮੇਂ ਤੀਰਥਜਲਾਂ ਨਾਲ ਰਾਜੇ ਦਾ ਕਰਾਇਆ ਸਨਾਨ। ੨.

ਰਾਜਤਿਲਕ ਵੇਲੇ ਮੰਤ੍ਰਾਂ ਦ੍ਵਾਰਾ ਜਲ ਛਿੜਕਣ ਦੀ ਕ੍ਰਿਯਾ.

ਰਾਂਝਣ, ਰਾਂਝਨ, ਰਾਂਝਾ: ਚਨਾਬ (ਚੰਦ੍ਰਭਾਗਾ) ਦੇ ਕਿਨਾਰੇ ਹਜ਼ਾਰਾ ਨਗਰ ਨਿਵਾਸੀ ਮੌਜੂ (ਮਹਿਰ) ਦਾ ਪੁਤ੍ਰ. ਇਹ ਪਿਤਾ ਦੇ ਮਰਣ ਪਿੱਛੋਂ ਭਾਈ ਭਰਜਾਈਆਂ ਦਾ ਤੰਗ ਕੀਤਾ. ਹੀਰ ਦੇ ਘਰ ਝੰਗ ਵਿੱਚ ਕਾਮਾ ਹੋਕੇ ਰਿਹਾ. ਇਸ ਦੀ ਸੁੰਦਰਤਾ ਸਭ ਨੂੰ ਮੋਹਿਤ ਕਰ ਲੈਂਦੀ ਸੀ, ਇਸ ਲਈ ਸੁਭਾਵਿਕ ਹੀ ਹੀਰ ਨਾਲ ਪ੍ਰੀਤਿ ਹੋ ਗਈ, ਜੋ ਅੰਤ ਤੀਕ ਨਿਭੀ.

"ਚੰਦ੍ਰਭਗਾ ਸਰਤਾ ਨਿਕਟ ਰਾਂਝਨ ਨਾਮਾ ਜਾਟ।

ਜੋ ਅਬਲਾ ਨਿਰਖੈ ਤਿਸੈ ਜਾਤ ਸਦਨ ਪਰ ਖਾਟ ॥"

(ਚਰਿਤ੍ਰ ੯੮) ਰਾਂਝੇ ਦਾ ਦੇਹਾਂਤ ਸੰਮਤ ੧੫੧੦ ਵਿੱਚ ਹੋਇਆ. ਦੇਖੋ, ਹੀਰ।[1094] ੨. ਰਾਂਝਾ ਪ੍ਰੇਮ ਦੀ ਅਵਧਿ ਸੀ, ਇਸ ਕਰਕੇ ਪਿਆਰੇ ਦਾ ਨਾਮ ਰਾਂਝਾ ਪ੍ਰਸਿੱਧ ਹੋ ਗਿਆ ਹੈ। ੩. ਮੁਸਲਮਾਨ ਰਾਜਪੂਤਾਂ ਦੀ ਇੱਕ ਜਾਤਿ, ਜੋ ਰਾਂਝਨ ਭੀ ਸਦਾਉਂਦੀ ਹੈ. ਇਹ ਵਿਸ਼ੇਸ਼ ਕਰਕੇ ਸ਼ਾਹਪੁਰ ਅਤੇ ਗੁਜਰਾਤ ਦੇ ਜਿਲੇ ਪਾਈ ਜਾਂਦੀ ਹੈ. ਰਾਂਝਾ ਭੀ ਇਸੇ ਜਾਤਿ ਦਾ ਸੀ.

ਰਾਟ: ਸੰ. राट्. ਸੰਗਯਾ- ਰਾਜਾ। ੨. ਸਰਦਾਰ. ਇਸ ਸ਼ਬਦ ਦਾ ਪ੍ਰਯੋਗ ਯੌਗਿਕ ਸ਼ਬਦਾਂ ਦੇ ਅੰਤ ਹੁੰਦਾ ਹੈ, ਜਿਵੇਂ- ਵੈਦਯਰਾਟ। ੩. ਦੇਖੋ, ਰਾਠ.

ਰਾਟਿ: ਸੰ. ਸੰਗਯਾ- ਟਟੀਹਰੀ ਪੰਛੀ। ੨. ਯੁੱਧ. ਜੰਗ.

ਰਾਠ: ਸੰਗਯਾ- ਰਾਜਾ। ੨. ਸਰਦਾਰ. ਇਹ ਰਾਸ਼੍ਟ੍ਰ ਸ਼ਬਦ ਤੋਂ ਹੈ. ਦੇਖੋ, ਰਾਸ਼੍ਟ੍ਰ। ੩. ਮੁਸਲਮਾਨ ਹੋਏ ਰਾਜਪੂਤਾਂ ਦੀ ਇੱਕ ਜਾਤਿ, ਜੋ ਮਾਂਟਗੁਮਰੀ ਦੇ ਜਿਲੇ ਦੇਖੀ ਜਾਂਦੀ ਹੈ। ੪. ਰਾਜਪੂਤਾਨੇ ਵਿੱਚ ਇੱਕ ਜੱਟ ਜਾਤਿ.

ਰਾਠਉਰ, ਰਾਠਉੜ: ਰਾਸ਼੍ਟ੍ਰ- ਮੌਲਿ. ਵਿ- ਰਿਆਸਤ ਦਾ ਤਾਜ. ਰਾਜ੍ਯ ਦਾ ਮੁਕੁਟ। ੨. ਸੰਗਯਾ- ਰਾਜਪੂਤਾਂ ਦੀ ਇੱਕ ਜਾਤਿ. "ਕਛਵਾਹੇ ਰਾਠਉੜ ਲਖ, ਰਾਣੇ ਰਾਇ ਭੂਮੀਏ ਭਾਰੀ." (ਭਾਗੁ) ੩. ਰਾਸ਼੍ਟ੍ਰਕੂਟ ਤੋਂ ਭੀ ਰਾਠੌਰ ਸ਼ਬਦ ਮੰਨਿਆ ਹੈ. ਰਾਸ਼੍ਟ੍ਰਕੂਟ ਇੱਕ ਰਾਜਪੂਤ ਜਾਤਿ ਹੈ.

ਰਾਠੀ: ਘਟੀਆ ਦਰਜੇ ਦੇ ਰਾਜਪੂਤਾਂ ਦੀ ਇੱਕ ਜਾਤਿ, ਜੋ ਚੰਬਾ ਆਦਿ ਪਹਾੜੀ ਰਿਆਸਤਾਂ ਦੇ ਇਲਾਕੇ ਪਾਈ ਜਾਂਦੀ ਹੈ. ਇਸ ਦਾ ਮੂਲ ਭੀ ਰਾਸ਼੍ਟ੍ਰ ਸ਼ਬਦ ਹੈ.

ਰਾਠੌਰ, ਰਾਠੌੜਾ: ਦੇਖੋ, ਰਾਠਉਰ.

ਰਾਂਡ, ਰਾਂਡੀ: ਸੰ. ਰੰਡਾ. रण्डा. ਸੰਗਯਾ- ਫੂਹੜ ਤੀਮੀ। ੨. ਵਿਧਵਾ. "ਕਦੇ ਨ ਕਾਂਡ, ਸਦਾ ਸੋਹਾਗਣਿ." (ਵਡ ਅਲਾਹਣੀ ਮਃ ੩) ਦੇਖੋ, ਰਾਂਡ। ੨. ਸੰ. ਕਾਂਡੀ (कण्डिका. ). ਸੰਗਯਾ- ਵੇਦ ਦੀ ਰਿਚਾ ਦਾ ਸਮੂਹ. "ਬਾਮਨ ਕੇ ਘਰ ਰਾਂਡੀ ਆਛੈ." (ਟੋਡੀ ਨਾਮਦੇਵ)

ਰਾਡੇਪਾ: ਸੰਗਯਾ- ਰੰਡਾਪਨ. ਵੈਧਵ੍ਯ. "ਨਾਨਕ ਬਾਲਤਣਿ ਰਾੜੇਪਾ." (ਸੂਹੀ ਛੰਤ ਮਃ ੧)

ਰਾਡੋ: ਡਿੰਗ. ਜੰਗ. ਯੁੱਧ. ਰਾੜ.

ਰਾਢਾ: ਸੰ. ਸੰਗਯਾ- ਸੁੰਦਰਤਾ. ਖੂਬਸੂਰਤੀ। ੨. ਸ਼ੋਭਾ। ੩. ਗੰਗਾ ਦੇ ਪੱਛਮੀ ਕਿਨਾਰੇ ਦਾ ਉਹ ਬੰਗਾਲੀ ਦੇਸ਼. ਜਿਸ ਵਿੱਚ ਹੁਣ ਤਮਲੁਕ, ਮਿਦਨਾਪੁਰ, ਹੁਗਲੀ, ਬਰਦਵਾਨ, ਅਤੇ ਕੁਝ ਹਿੱਸਾ ਮੁਰਸ਼ਦਾਬਾਦ ਦਾ ਹੈ. ਪੁਰਾਣੇ ਗ੍ਰੰਥਾਂ ਵਿੱਚ ਇਸ ਦਾ ਨਾਮ ਸੁਹਮ (ਸੁਹਮ)[1095] ਭੀ ਆਇਆ ਹੈ. ਰਾਢਾ ਦੇਸ਼ ਦੋ ਭਾਗਾਂ (ਬਜ੍ਰਭੂਮਿ ਅਤੇ ਸ਼ੁਭਭੂਮਿ) ਵਿੱਚ ਵੰਡਿਆ ਹੋਇਆ ਸੀ. ਜੈਨ

---

[1094] ਦਮੋਦਰ ਦੀ ਹੀਰ ਵਿੱਚ ਰਾਂਝੇ ਹੀਰ ਦੇ ਦੇਹਾਂਤ ਦਾ ਸੰਮਤ ੧੫੨੯ ਦਿੱਤਾ ਹੈ, ਯਥਾ-"ਪੰਦ੍ਰਾ ਸੈ ਅਤੇ ਉਨਤ੍ਰੀ ਸੰਮਤ ਵਿਕ੍ਰਮ ਰਾਇ। ਹੀਰ ਤੇ ਰਾਂਝਾ ਹੋਏ ਇਕਠੇ ਝੇੜੇ ਰੱਬ ਚੁਕਾਇ."

[1095] ਕਲਿਦਾਸ ਨੇ ਰਘੁਵੰਸ਼ ਵਿੱਚ ਇਹ ਨਾਮ ਵਰਤਿਆ ਹੈ-

ਗ੍ਰੰਥਾਂ ਵਿੱਚ ਇਸੇ ਦਾ ਨਾਮ ਲਾਢਾ ਆਇਆ ਹੈ. ਪ੍ਰਬੋਧ ਚੰਦ੍ਰੋਦਯ ਅਤੇ ਦੇਵੀਪੁਰਾਣ ਆਦਿਕਾਂ ਵਿੱਚ ਅਨੇਕ ਥਾਂ ਰਾਢਾ ਦੇਖਿਆ ਜਾਂਦਾ ਹੈ। ੨. ਰਾਢਾ ਦੀ ਰਾਜਧਾਨੀ, ਜਿਸ ਦਾ ਹੁਣ "ਸਪਤਗ੍ਰਾਮ" ਨਾਮ ਹੈ.

"ਰਾਢਾ ਨਗਰ ਰਾਇ ਪਰਵਾਨੋ." (ਸੁਖੀ ਆਨੰਦ ਦੀ)

ਰਾਣਵਾਂ: ਇੱਕ ਪਿੰਡ, ਜੋ ਰਿਆਸਤ ਪਟਿਆਲਾ, ਤਸੀਲ ਸਰਹਿੰਦ, ਥਾਣਾ ਬਸੀ ਵਿੱਚ ਰੇਲਵੇ ਸਟੇਸ਼ਨ ਖੰਨੇ ਤੋਂ ੧੧. ਮੀਲ ਪੂਰਵ ਹੈ. ਇਸ ਪਿੰਡ ਤੋਂ ਪੂਰਵ ਦੋ ਫਰਲਾਂਗ ਤੇ ਦਸ਼ਮੇਸ਼ ਜੀ ਦਾ ਗੁਰਦ੍ਵਾਰਾ "ਗੋਬਿੰਦਗੜ੍ਹ" ਹੈ. ਗੁਰੂ ਜੀ ਕੁਰੁਛੇਤ੍ਰ ਨੂੰ ਜਾਂਦੇ ਵਿਰਾਜੇ ਹਨ. ਸੁੰਦਰ ਦਰਬਾਰ ਮਹਾਰਾਜਾ ਕਰਮਸਿੰਘ ਸਾਹਿਬ ਪਟਿਆਲਾਪਤਿ ਦਾ ਬਣਵਾਇਆ ਹੋਇਆ ਹੈ. ਨਾਲ ੩੦੦ ਵਿੱਘੇ ਜ਼ਮੀਨ ਮਰਾਲਾ ਪਿੰਡ ਵਿੱਚ ਪਟਿਆਲੇ ਵੱਲੋਂ ਹੈ. ਪੁਜਾਰੀ ਸਿੰਘ ਹਨ.

ਰਾਣਾ: ਦੇਖੋ, ਰਾਜਨ. "ਰਾਣਾ ਰਾਉ ਨ ਕੋ ਰਹੈ." (ਓਅੰਕਾਰ)

ਰਾਣੀ: ਰਾਜੇ ਦੀ ਇਸਤ੍ਰੀ, ਰਾਗਜੀ। ੨. ਰਾਣੇ ਦੀ ਪਤਨੀ।

ਰਾਣੀ ਕਾ ਰਾਇਪੁਰ: ਇੱਕ ਪੁਰਾਣਾ ਕਸਬਾ, ਜੋ ਜਿਲਾ ਅੰਬਾਲਾ, ਤਸੀਲ ਨਰਾਇਨਗੜ੍ਹ ਵਿੱਚ ਹੈ. ਇੱਥੇ ਰਾਉ ਬਲਦੇਵਸਿੰਘ ਦੇ ਕਿਲੇ ਅੰਦਰ ਦਸ਼ਮੇਸ਼ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਦੇ ਆਉਣ ਸਮੇਂ ਰਾਜਾ ਫਤੇਸਿੰਘ ਸੀ. ਉਸ ਨੇ ਪੜੋਸੀ ਪਠਾਣਾਂ ਤੋਂ ਡਰਦੇ ਗੁਰੂ ਜੀ ਨੂੰ ਠਹਿਰਨ ਨਹੀਂ ਦਿੱਤਾ ਸੀ. ਗੁਰੂ ਸਾਹਿਬ ਮਾਣਕਟਬਰੇ ਜਾ ਠਹਿਰੇ. ਰਾਜਾ ਫਤੇਸਿੰਘ ਦੀ ਰਾਣੀ ਨੂੰ ਪਤਾ ਲੱਗਾ, ਤਾਂ ਉਸ ਨੇ ਗੁਰੂ ਜੀ ਨੂੰ ਬੇਨਤੀ ਕਰਕੇ ਬੁਲਾਇਆ ਅਰ ਪ੍ਰਸਾਦ ਛਕਾਇਆ, ਤਦ ਤੋਂ ਗੁਰੂ ਜੀ ਦੇ ਵਚਨ ਨਾਲ "ਰਾਣੀ ਕਾ ਰਾਇਪੁਰ" ਮਸ਼ਹੂਰ ਹੋਇਆ. ਰਾਣੀ ਨੂੰ ਗੁਰੂ ਜੀ ਨੇ ਖੰਡਾ ਬਖਸ਼ਿਆ ਸੀ, ਜੋ ਹੁਣ ਉਸ ਦੀ ਔਲਾਦ ਪਾਸ ਨਹੀਂ ਹੈ. ਰਾਜਾ ਫਤੇਸਿੰਘ ਤੋਂ ਸੱਤਵੀਂ ਪੀੜ੍ਹੀ ਰਾਉ ਬਲਦੇਵ ਸਿੰਘ ਹੈ. ਗੁਰਦ੍ਵਾਰੇ ਦੀ ਹਾਲਤ ਢਿੱਲੀ ਹੈ.

ਰਾਣੇ ਮਾਜਰਾ: ਰਿਆਸਤ ਨਜਾਮਤ ਪਟਿਆਲਾ, ਤਸੀਲ ਰਾਜਪੁਰਾ, ਥਾਣਾ ਲਾਲੜ ਦਾ ਪਿੰਡ, ਜੋ ਰੇਲਵੇ ਸਟੇਸ਼ਨ ਅੰਬਾਲਾ ਸ਼ਹਰ ਤੋਂ ਨੌਂ ਮੀਲ ਪੂਰਵ ਹੈ. ਇਸ ਪਿੰਡ ਤੋਂ ਉੱਤਰ ਵੱਲ ਪਾਸ ਹੀ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਲਖਨੌਰ ਤੋਂ ਪ੍ਰੇਮੀਆਂ ਦੀ ਪ੍ਰੇਰਣਾ ਕਰਕੇ ਇੱਥੇ ਵਿਰਾਜੇ ਹਨ. ਕੇਵਲ ਮੰਜੀਸਾਹਿਬ ਹੈ. ਪੁਜਾਰੀ ਕੋਈ ਨਹੀਂ.

ਰਾਤ: ਸੰ. ਵਿ- ਦਿੱਤਾ ਹੋਇਆ। ੨. ਸੰ. ਰਤ. ਪ੍ਰੀਤਿਵਾਨ. "ਨਾਮ ਸੰਗਿ ਮਨ ਤਨਹਿ ਰਾਤ." (ਮਾਲੀ ਮਃ ੫) ੩. ਸੰ. ਰਾਤ੍ਰਿ. ਨਿਸ਼ਾ. ਰਜਨੀ. ਸ਼ਬ.

ਰਾਤਉ: ਰਤ ਹੋਇਆ. ਪ੍ਰੀਤਿ ਵਾਲਾ ਭਇਆ. "ਮਨੁ ਰਾਤਉ ਹਰਿਨਾਇ." (ਆਸਾ ਅਃ ਮਃ ੧)

ਰਾਤਜਗਾ: ਸੰ. ਰਾਤ੍ਰਿਜਾਗਹਣ. ਸੰਗ੍ਯਾ- ਰਾਤ ਨੂੰ ਜਾਗਣ ਦੀ ਕ੍ਰਿਯਾ. ਰਾਤ ਜਾਗਣਾ.

ਰਾਤ ਦਿਨੰਤ: ਦੇਖੋ, ਰਾਤਿ ਦਿਨੰਤੁ.

ਰਾਤਨਾ: ਕ੍ਰਿ- ਰਤ ਹੋਣਾ. ਪ੍ਰੇਮ ਵਿੱਚ ਮਗਨ ਹੋਣਾ। ੨. ਰਕ੍ਤ ਹੋਣਾ. ਲਾਲ ਰੰਗ ਵਿੱਚ ਰੰਗੇ ਜਾਣਾ.

ਰਾਤਬ: ਅ. راتب ਰਾਤਿਬ. ਸੰਗ੍ਯਾ- ਨਿੱਤ ਦੀ ਖ਼ੁਰਾਕ ਗ਼ਿਜਾ। ੨. ਪਸ਼ੂਆਂ ਨੂੰ ਪੁਸ਼੍ਟ ਕਰਨ ਵਾਲੀ ਖ਼ੁਰਾਕ। ੩. ਵਿ- ਦ੍ਰਿੜ੍ਹ. ਮਜਬੂਤ. ਪੱਕਾ.

ਰਾਤੜਾ: ਵਿ- ਰਤ ਹੋਇਆ ਪ੍ਰੀਤਿਵਾਨ. "ਅਨਕਾਏ ਰਾਤੜਿਆ! ਵਾਟ ਦੁਹੇਲੀ."[1096] (ਬਿਲਾ ਛੰਤ ਮਃ ੫) ਹੇ ਅਨੇਕ ਪਦਾਰਥਾਂ ਦੇ ਭੋਗਾਂ ਵਿੱਚ ਰੱਤੇ ਜੀਵ!

---

आत्मा संरक्षितः सुह्मै र्वृत्ति आश्रित्य वैतसीम्।
(ਸਰਗ ੪, ਸ਼ਃ ੩੫) ਸੁਹਮ (ਰਾਢਾ) ਨਿਵਾਸੀ ਲੋਕਾਂ ਨੇ ਆਪਣੀ ਰਖਸ਼ਾ ਬੈਤ ਵਾਂਙ ਝੁਕਕੇ ਕਰ ਲਈ.

[1096] ਅਨਕਾਏ ਦਾ ਅਰਥ ਅਨੰਗ (ਕਾਮ) ਭੀ ਹੈ. ਹੇ ਕਾਮ-ਲੰਪਟ ਜੀਵ!

**ਰਾਤਾ:** ਰਤ ਹੋਇਆ. ਪ੍ਰੀਤਿ. ਵਾਲਾ. "ਮਨਿ ਨਹੀ ਪ੍ਰੀਤਿ, ਕਹੈ ਮੁਖਿ ਰਾਤਾ." (ਸੂਹੀ ਮਃ ੫) ੨. ਰਸ ਗਜਾਤਾ. "ਰਸੀਅਨ ਮਹਿ ਰਾਤਾ." (ਗੂਜ ਅਃ ਮਃ ੫) ੩. ਰਕ੍ਤ ਵਰਣ ਦਾ ਰੱਤਾ. ਲਾਲ ਰੰਗ ਦਾ.

**ਰਾਤਿ:** ਰਾਤ੍ਰਿ ਮੇਂ. ਰਾਤ ਦੇ ਸਮੇ. "ਰਾਤਿ ਜਗਾਵਨ ਜਾਇ." (ਸ. ਕਬੀਰ) ੨. ਸੰ. ਵਿ- ਤਿਆਰ। ੩. ਸੰਗਯਾ- ਕ੍ਰਿਪਾ. ਮਿਹਰਬਾਨੀ। ੪. ਸੰ. ਰਾਤ੍ਰਿ. ਰਜਨੀ. "ਰਾਤਿ ਜਿ ਸੋਵਹਿ, ਦਿਨ ਕਰਹਿ ਕਾਮ." (ਗਉ ਕਬੀਰ) ੫. ਭਾਵ- ਅਵਸਥਾ ਜੀਵਨ ਦਾ ਸਮਾਂ। ੬. ਅਵਿਦ੍ਯਾ ਦੀ ਹਾਲਤ.

**ਰਾਤਿ ਜਗਾਵਨ:** ਰਾਤ ਨੂੰ ਮਸਾਣ ਜਗਾਉਣ ਦੀ ਕ੍ਰਿਯਾ. ਦੇਖੋ, ਮਸਾਨ ਜਗਾਉਣਾ. "ਹਰਿ ਕਾ ਸਿਮਰਨੁ ਛਾਡਿਕੈ, ਰਾਤਿ ਜਗਾਵਨ ਜਾਇ." (ਸ. ਕਬੀਰ)

**ਰਾਤਿਦਿਨੰਤ, ਰਾਤਿਦਿਨੰਤਿ, ਰਾਤਿਦਿਨੰਤੁ:** ਰਾਤ੍ਰਿ ਦਾ ਅੰਤ ਅਤੇ ਦਿਨ ਦਾ ਅੰਤ. ਸਵੇਰ ਅਤੇ ਆਥਣ ਦੀ ਸੰਧ੍ਯਾ ਦਾ ਸਮਾਂ। ੨. ਸਵੇਰੇ ਅਤੇ ਸੰਧ੍ਯਾ ਸਮੇਂ ਰਾਤ ਦੇ ਅੰਤ ਵਿੱਚ ਅਤੇ ਦਿਨ ਦੇ ਅੰਤ ਵਿੱਚ. ਭਾਵ- ਹਰ ਵੇਲੇ. "ਰਾਤਿਦਿਨੰਤਿ ਰਹੈ ਰੰਗਿ ਰਾਤਾ." (ਓਅੰਕਾਰ) ੩. ਰਾਤ੍ਰਿ ਦਿਨ ਪਰਯੰਤ. ਰਾਤ ਦਿਨ ਭਰ. "ਗਾਈਐ ਰਾਤਿਦਿਨੰਤੁ." (ਵਾਰ ਰਾਮ ੨. ਮਃ ੫)

**ਰਾਤਿਬ:** ਦੇਖੋ, ਰਾਤਬ.

**ਰਾਤੀ:** ਰਤ ਹੋਈ. ਪ੍ਰੇਮ ਵਿੱਚ ਮਗਨ ਭਈ। ੨. ਰੱਤੀ ਭਰ. ਤਨਿਕ. "ਤਿਤੁ ਤਨਿ ਮੈਲੁ ਨ ਰਾਤੀ, ਹਰਿ ਪ੍ਰਭੁ ਰਾਤੀ." (ਸੂਹੀ ਛੰਤ ਮਃ ੩) ਮੈਲ ਰੱਤੀ ਭਰ ਨਹੀਂ, ਕਰਤਾਰ ਵਿੱਚ ਰਤ ਹੈ। ੩. ਰਕ੍ਤ ਹੋਈ. ਲਾਲ ਭਈ. ਮਜੀਠੇ ਰੰਗ ਵਿੱਚ ਰੰਗੀ. "ਰੰਗਿ ਚਲੂਲੈ ਰਾਤੀ." (ਧਨਾ ਮਃ ੪) ੪. ਰਾਤ੍ਰਿ. ਰਾਤ. ਰਾਤ ਦਾ ਬਹੁਵਚਨ. ਰਾਤਾਂ. "ਰਾਤੀ ਹੋਵਨਿ ਕਾਲੀਆ." (ਮਃ ੧. ਵਾਰ ਸੂਹੀ) ੫. ਰਾਤ ਨੂੰ. ਰਾਤ ਸਮੇ. "ਦਿਨ ਰਾਤੀ ਆਰਾਧਹੁ." (ਗੂਜ ਮਃ ੫)

**ਰਾਤੇ:** ਰਕ੍ਤ (ਲਾਲ) ਹੋਏ. ਦੇਖੋ, ਬਰਦਪਤਿ। ੨. ਰਤ ਹੋਏ, ਪ੍ਰੇਮ ਵਿੱਚ ਰੰਗੇ. "ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ." (ਗਉ ਅਃ ਮਃ ੧)

**ਰਾਤ੍ਰ:** ਸੰ. ਸੰਗ੍ਯਾ- ਰਾਤ ਰਾਤਿ। ੨. ਦੇਖੋ, ਪੰਚਰਾਤ੍ਰ.

**ਰਾਤ੍ਰਿ:** ਸੰ. ਸੰਗ੍ਯਾ- ਰਾਤ. ਰਜਨੀ. ਉਤਨਾ ਸਮਾਂ ਜਿਤਨਾ ਚਿਰ ਸੂਰਜ ਦਿਖਾਈ ਨਾ ਦੇਵੇ। ੨. ਹਲਦੀ.

**ਰਾਤ੍ਰਿਚਰ:** ਸੰ. ਸੰਗ੍ਯਾ- ਰਾਤ ਨੂੰ ਫਿਰਨ ਵਾਲਾ, ਚੋਰ। ੨. ਰਾਕ੍ਸ਼ਸ। ੩. ਉੱਲੂ। ੪. ਚੌਕੀਦਾਰ.

**ਰਾਤ੍ਰਿਜਾਗਰ:** ਸੰ. ਕੁੱਤਾ. ੨. ਵਿ- ਰਾਤ ਨੂੰ ਜਾਗਣ ਵਾਲਾ.

**ਰਾਤਿਮਣਿ:** ਸੰ. ਸੰਗ੍ਯਾ- ਰਾਤ ਦਾ ਮਣਿਰੂਪ, ਚੰਦ੍ਰਮਾ.

**ਰਾਤ੍ਰੀ:** ਦੇਖੋ, ਰਾਤ੍ਰਿ.

**ਰਾਤ੍ਰੀਚਰ:** ਦੇਖੋ, ਰਾਤ੍ਰਿਚਰ.

**ਰਾਤ੍ਰ੍ਯੰਧ:** ਨਕ੍ਤਾਂਧ. ਜਿਸ ਨੂੰ ਰਾਤ ਵੇਲੇ ਦਿਖਾਈ ਨਾ ਦੇਵੇ. ਅੰਧਰਾਤੇ ਰੋਗ ਵਾਲਾ.

**ਰਾਤ੍ਰ੍ਯੰਧ੍ਯ:** ਰਾਤ ਸਮੇ ਦਿਖਾਈ ਨਾ ਦੇਣਾ. ਅਨ੍ਹਰਾਤਾ ਰੋਗ. ਨਕ੍ਤਾਂਧ੍ਯ. ਦੇਖੋ, ਅੰਧਨੇਤ੍ਰ.

**ਰਾਂਦ:** ਸੰਗ੍ਯਾ- ਰੁਦਨ ਦਾ ਭਾਵ। ੨. ਝਗੜਾ. ਬਖੇੜਾ। ੩. ਰਿਹਾੜ.

**ਰਾਂਦਨ:** ਫ਼ਾ. راندن ਕ੍ਰਿ- ਚਲਾਉਣਾ. ਹੱਕਣਾ. ਦੂਰ ਕਰਨਾ.

**ਰਾਂਦੀ:** ਰੋਂਦੂ. ਰਿਹਾੜੀ. ਝਾਗੜੂ.

ਰਾਦੇ: ਰੱਦ ਕਰੋ. ਖੰਡਨ ਕੀਤੇ. ਦੇਖੋ, ਰੱਦ. "ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ." (ਰਾਮ ਕਬੀਰ)

ਰਾਧ: ਪੁਂ. ਪਸ ਫੋੜਾ, ਅਥਵਾ ਘਾਉ ਤੋਂ ਪੱਕਕੇ ਨਿਕਲਿਆ ਲਹੂ ਦਾ ਵਿਕਾਰ। ੨. ਅਪਰਾਧ. ਗੁਨਾਹ। ੩. ਸੰ. ਰਾਧ੍ ਧਾ- ਪੂਰਾ ਕਰਨਾ, ਸਿੱਧਾ ਕਰਨਾ, ਅਪਰਾਧ ਕਰਨਾ, ਪਕਾਉਣਾ, ਉਪਾਸਨਾ ਕਰਨਾ। ੪. ਸੰਗ੍ਯਾ- ਵਸਾਖ ਦਾ ਮਹੀਨਾ। ੫. ਧਨ. ਸੰਪਦਾ। ੬. ਸੰ. ਰਾਦ੍ਧ- ਰੱਧ. ਵਿ- ਤਿਆਰ ਹੋਇਆ। ੭. ਰਿੱਝਿਆ. ਪੱਕਿਆ ਹੋਇਆ.

ਰਾਂਧ: ਅਪਰਾਧ. ਦੇਖੋ, ਰਾਧ ੩. "ਬਹੁਰ ਨ ਕਰੀਅਹੁ ਰਾਂਧ." (ਚਰਿਤ੍ਰ ੨੩) ੨. ਦੇਖੋ, ਰਾਧ ੬. ਅਤੇ ੭.

ਰਾਧਕਾ: ਦੇਖੋ, ਰਾਧਾ ੨. ਅਤੇ ਰਾਧਿਕਾ.

ਰਾਧਕਾਰਵਨ: ਰਾਧਾ ਨੂੰ ਰਮਣ (ਭੋਗਣ) ਵਾਲਾ, ਸ਼੍ਰੀ ਕ੍ਰਿਸ਼ਨ. "ਰਾਧਕਾਰਵਨ, ਤਊ ਤੇਰੇ ਰਨ ਜੁਰੇ ਆਜ." (ਕ੍ਰਿਸਨਾਵ)

ਰਾਧਣੁ: ਸਿੰਧੀ ਅਤੇ ਪੋਠੋ. ਕ੍ਰਿ- ਬੀਜਣਾ. "ਜੇਹਾ ਰਾਧੇ ਤੇਹਾ ਲੁਣੈ." (ਸ੍ਰੀ ਅਃ ਮਃ ੧)

ਰਾਂਧਨਾ: ਕ੍ਰਿ- ਰੱਧ ਕਰਨਾ. ਰਿੰਨ੍ਹਣਾ. ਸੰ. ਰੰਧਨ (रन्धन). ੨. ਦੇਖੋ, ਰਾਧਣੁ.

ਰਾਧਾ: ਧ੍ਰਿਤਰਾਸ਼੍ਟ੍ਰ ਦੇ ਰਥਵਾਹੀ ਅਧਿਰਥ ਦੀ ਵਹੁਟੀ, ਜਿਸ ਨੇ ਕਰਣ ਨੂੰ ਪਾਲਿਆ, ਇਸੇ ਕਾਰਣ ਕਰਣ ਦਾ ਨਾਂਉ ਰਾਧੇਯ ਹੈ। ੨. ਵ੍ਰਿਸ਼ਭਾਨੁ ਦੀ ਪੁਤ੍ਰੀ ਅਤੇ ਅਯਨਾਘੋਸ਼ ਦੀ ਵਹੁਟੀ ਇੱਕ ਪ੍ਰਸਿੱਧ ਗੋਪੀ, ਜਿਸ ਦਾ ਪ੍ਰੇਮ ਕ੍ਰਿਸ਼ਨ ਜੀ ਨਾਲ ਸੀ.[1097] ਦੇਖੋ, ਰਾਧਿਕਾ। ੩. ਬਿਜਲੀ। ੪. ਵੈਸਾਖ ਦੀ ਪੂਰਨਮਾਸੀ। ੫. ਵਿਸ਼ਾਖਾ ਨਕ੍ਸ਼ਤ੍ਰ.

ਰਾਧਾ ਸ੍ਵਾਮੀ: ਰਾਧਾਪਤਿ ਸ਼੍ਰੀ ਕ੍ਰਿਸ਼ਨਦੇਵ। ੨. ਆਗਰਾ ਨਿਵਾਸੀ ਸ਼ਿਵਦਯਾਲ[1098] ਦਾ ਚਲਾਇਆ ਇੱਕ ਮਤ. ਮਹਾਮਾਈ ਦੇ ਗਰਭ ਤੋਂ ਖਤ੍ਰੀ ਦਿਲਵਾਲੀ ਸਿੰਘ ਦੇ ਘਰ ਸੰਮਤ ੧੮੭੫ ਵਿੱਚ ਸ਼ਿਵਦਯਾਲ ਦਾ ਜਨਮ ਆਗਰੇ ਹੋਇਆ. ਇਸ ਦੀ ਸ਼ਾਦੀ ਰਾਧਾਬਾਈ ਨਾਲ ਹੋਈ. ਗੁਰਦ੍ਵਾਰਾ ਮਾਈਥਾਨ ਦੇ ਮਹੰਤ ਦਯਾਸਿੰਘ ਤੋਂ ਸ਼ਿਵਦਯਾਲ ਨੇ ਸ਼੍ਰੀ ਗੁਰੂ ਗ੍ਰੰਥਸਾਹਿਬ ਪ੍ਰੇਮਭਾਵ ਨਾਲ ਪੜ੍ਹਿਆ ਅਤੇ ਗੁਰਬਾਣੀ ਤੋਂ ਸਹਜਯੋਗ ਦੀ ਸਿਖ੍ਯਾ ਪ੍ਰਾਪਤ ਕੀਤੀ. ਫੇਰ ੧੫. ਵਰ੍ਹੇ ਏਕਾਂਤ ਵਾਸ ਕਰਕੇ ਆਪਣੇ ਖਿਆਲ ਅਨੁਸਾਰ ਸੁਰਤਿ ਸ਼ਬਦ ਦੇ ਨਵੇਂ ਅਰਥ ਕਲਪਕੇ ਪ੍ਰਚਾਰ ਆਰੰਭਿਆ ਅਰ ਮਤ ਦਾ ਨਾਉਂ ਰਾਧਾਸ੍ਵਾਮੀ ਸੰਪ੍ਰਦਾਯ ਥਾਪਿਆ, ਜਿਸ ਨੂੰ ਸੰਤਮਤ ਭੀ ਆਖਦੇ ਹਨ.

ਆਤਮਧਾਰਾ ਦਾ ਨਾਉਂ ਰਾਧਾ ਅਤੇ ਉਸ ਦੇ ਸੋਮੇਂ ਦਾ ਨਾਉਂ ਸ੍ਵਾਮੀ ਕਲਪਿਆ. ਰਾਧਾ ਦਾ ਉਲਟ ਰਾਧਾ ਸ਼ਬਦ ਦੱਸਿਆ.

ਸ਼ਿਵਦਯਾਲ ਦਾ ਦੇਹਾਂਤ ਆਗਰੇ ਸੰਮਤ ੧੯੩੫ (ਸਨ ੧੮੭੮) ਵਿੱਚ ਹੋਇਆ. ਇਸ ਦੀ ਸਮਾਧ ਸ੍ਵਾਮੀਬਾਗ ਵਿੱਚ ਹੈ, ਜੋ ਰਾਧਾਸ੍ਵਾਮੀ ਮਤ ਦੇ ਲੋਕਾਂ ਦਾ ਯਾਤ੍ਰਾ ਅਸਥਾਨ ਹੈ. ਸ਼ਿਵਦਯਾਲ ਦੀ ਰਚੀ ਪੋਥੀ "ਸਾਰਵਚਨ" ਪ੍ਰੇਮ ਅਤੇ ਸ਼੍ਰੱਧਾ ਨਾਲ ਪੜ੍ਹੀ ਜਾਂਦੀ ਹੈ. ਰਾਧਾ ਸ੍ਵਾਮੀਆਂ ਦਾ ਹੈਡਕ੍ਵਾਟਰ "ਦਿਆਲਬਾਗ" ਆਗਰਾ ਹੈ.[1099]

ਰਾਧਾਸ੍ਵਾਮੀਏ ਅਥਵਾ ਸਤਸੰਗੀ ਲੋਕ, ਹੇਠ ਲਿਖੇ ਸਾਧਨ ਪਰਮਪਦ ਦੇਣ ਵਾਲੇ ਮੰਨਦੇ ਹਨ-

(ੳ) ਸੁਰਤਿ ਸ਼ਬਦ ਦਾ ਅਭ੍ਯਾਸ.

(ਅ) ਗੁਰੂ ਦੀ ਮੂਰਤਿ ਦਾ ਧ੍ਯਾਨ.

(ੲ) ਗੁਰੂ ਦੀ ਸੰਗਤਿ.

---

[1097] ਰਾਧਾ ਦਾ ਜਿਕਰ ਸ਼੍ਰੀਮਦਭਾਗਵਤ ਵਿੱਚ ਨਹੀਂ ਹੈ. ਪਰ ਬ੍ਰਹਮਵੈਵਰਤ ਅਤੇ ਦੇਵੀਭਾਗਵਤ ਆਦਿ ਗ੍ਰੰਥਾਂ ਵਿੱਚ ਪਾਇਆ ਜਾਂਦਾ ਹੈ.

[1098] ਇਸ ਦਾ ਨਾਮ ਸ਼ਿਵਦਿਆਲ ਸਿੰਘ ਭੀ ਲਿਖਦੇ ਹਨ..

[1099] ਰਾਧਾ ਸ੍ਵਾਮੀਆਂ ਦੇ ਦੋ ਫਿਰਕੇ ਹਨ. ਇੱਕ ਦਿਆਲਬਾਗ ਵਾਲੇ, ਦੂਜੇ ਸ੍ਵਾਮੀਬਾਗ ਵਾਲੇ. ਬਿਆਸ ਦੇ ਕਿਨਾਰੇ ਸਾਵਨਸਿੰਘ ਜੀ ਦਾ ਝੰਡਾ ਇਨ੍ਹਾਂ ਦੋਹਾਂ ਤੋ ਨਿਰਾਲਾ ਝੂਲਦਾ ਹੈ.

(ਸ) ਪਵਿਤ੍ਰਨਾਮ ਦਾ ਜਪ.

(ਹ) ਅਭ੍ਯਾਸ, ਜਿਸ ਦ੍ਵਾਰਾ ਆਤਮਸ਼ਕਤਿ ਦਾ ਲਗਾਉ ਬਾਹਰਲੇ ਪਦਾਰਥਾਂ ਨਾਲ ਨਾ ਰਹੇ.

(ਕ) ਗੁਰੂ ਦਾ ਸੀਤਪ੍ਰਸਾਦ ਖਾਣਾ ਅਤੇ ਗੁਰੂ ਨੂੰ ਛੁਹੀ ਹੋਈ ਹਰੇਕ ਵਸਤੂ ਪਵਿਤ੍ਰ ਮੰਨਣੀ.

ਰਾਧਾਕਾਂਤ, ਰਾਧਾਕੰਤ, ਰਾਧਾਪਤਿ, ਰਾਧਾਵੱਲਭ: ਰਾਧਾ ਦੇ ਪਤਿ ਅਤੇ ਪਜਾਰੇ ਸ਼੍ਰੀ ਕ੍ਰਿਸਨ ਜੀ. ਦੇਖੋ, ਰਾਧਾ ੨.

ਰਾਧਿ: ਦੇਖੋ, ਰਾਂਧਿ। ੨. ਰਾਧਿਕਾ ਦਾ ਸੰਖੇਪ ਨਾਮ. ਰਾਧਾ. "ਤਹਿ" ਰਾਧਿ ਰਚੀ ਹੈ." (ਕ੍ਰਿਸਨਾਵ)

ਰਾਂਧਿ: ਕ੍ਰਿ. ਵਿ- ਰੰਧਨ ਕਰਕੇ. ਰਿੰਨ੍ਹਕੇ. ਰੱਧ ਕਰਕੇ. "ਰਾਂਧਿ ਕੀਓ ਬਹੁ ਬਾਨੀ." (ਸੋਰ ਰਵਿਦਾਸ) ਕਈ ਵੰਨੀ (ਭਾਂਤ) ਦਾ.

ਰਾਧਿਕਾ: ਦੇਖੋ, ਰਾਧਾ ੨. "ਹਰਿ ਜੂ ਇਮ ਰਾਧਿਕ ਸੰਗ ਕਹੀ, ਜਮਨਾ ਮੇ ਤਰੋ ਤੁਮ ਕੋ ਗਹਿ ਹੈਂ." (ਕ੍ਰਿਸਨਾਵ) ੨. ਇੱਕ ਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੨੨ ਮਾਤ੍ਰਾ. ੧੩- ੯ ਪੁਰ ਵਿਸ਼੍ਰਾਮ, ਅੰਤ ਗੁਰੁ ਲਘੁ ਦਾ ਨੇਮ ਨਹੀਂ.

ਉਦਾਹਰਣ-

ਮਾਟੀ ਤੇ ਜਿਨਿ ਸਾਜਿਆ, ਕਰਿ ਦੁਰਲਭ ਦੇਹ.

ਅਨਿਕ ਛਿਦ੍ਰ ਮਨ ਮਹਿ ਢਕੇ, ਨਿਰਮਲ ਦ੍ਰਿਸਟੇਹ

ਕਿਉ ਬਿਸਰੈ ਪ੍ਰਭੁ ਮਨੈ ਤੇ, ਜਿਸ ਕੇ ਗੁਣ ਏਹ?

× × × ×(ਬਿਲਾ ਮਃ ੫)

ਦੇਖੋ, ਪਉੜੀ ਦਾ ਰੂਪ ੯.

ਰਾਧੀ: ਵਾਹੀ ਬੀਜੀ. ਭਾਵ- ਰੱਧ (ਤਿਆਰ) ਕੀਤੀ. "ਇਕਿ ਰਾਧੀ ਗਏ ਉਜਾੜਿ." (ਸ. ਫਰੀਦ) ਇੱਕ ਵਾਹੀ ਬੀਜੀ (ਤਿਆਰ ਕੀਤੀ) ਖੇਤੀ ਉਜਾੜਕੇ ਚਲੇ ਗਏ. ਦੇਖੋ, ਰਾਧਣੁ। ੨. ਸੰ. राद्धि. ਰੱਧਿ. ਸੰਗਜਾ- ਕਾਮਯਾਬੀ। ੩. ਖ਼ੁਸ਼ਨਸੀਬੀ. ਸੌਭਾਗਜਤਾ. "ਕਿ ਬੀਰਾਨ ਰਾਧੀ." (ਦੱਤਾਵ) ੪. ਆਰਾਧੀ ਦਾ ਸੰਖੇਪ.

ਰਾਧੇ: ਰਾਧਾ ਲਈ ਸੰਬੋਧਨ. ਹੇ ਰਾਧਾ! ੨. ਰੱਧ ਕਰਦਾ (ਬੀਜਦਾ) ਹੈ. ਦੇਖੋ, ਰਾਧਣੁ। ੩. ਰੱਧ ਕਰਨ (ਰਿੰਨ੍ਹਣ) ਤੋਂ. "ਸ੍ਵਾਦ ਕਰਵਾਇ ਰਾਧੇ." (ਭਾਗੁ ਕ)

ਰਾਧੇਯ: ਕਰਣ. ਦੇਖੋ, ਰਾਧਾ ੧.

ਰੱਧ: ਦੇਖੋ, ਰਾਧ ੬. ਅਤੇ ੭.

ਰਾਨ: ਦੇਖੋ, ਰਣ. "ਰਾਨਨ ਕੀ ਮੰਡਕਾ." (ਕ੍ਰਿਸਨਾਵ) ੨. ਰੰਨ ਦਾ ਰੂਪਾਂਤਰ। ੩. ਫ਼ਾ. ران ਜੰਘ, ਗੋਡੇ ਤੋਂ ਉੱਪਰ ਪੱਟ ਦਾ ਅੰਦਰਲਾ ਭਾਗ. "ਬਲ ਸੋਂ ਦਾਬ ਰਾਨ ਤਰ ਦੀਨਾ." (ਚਰਿਤ੍ਰ ੨੫੩)

ਰਾਨਾ, ਰਾਨੀ: ਦੇਖੋ, ਰਾਜਨ, ਰਾਣਾ ਅਤੇ ਰਾਣੀ.

ਰਾਪੈ: ਰੰਗਿਆ ਜਾਂਦਾ ਹੈ. ਦੇਖੋ, ਰਪਣਾ. "ਹਰਿ ਨਿਰਮਲ ਰਾਪੈ." (ਮਾਰੂ ਸੋਲਹੇ ਮਃ ੫)

ਰਾਫ਼ਜੀ, ਰਾਫ਼ਿਜੀ: ਅ਼. رافضی ਰਾਫ਼ਿਜੀ. ਵਿ- ਛੱਡ ਦੇਣ ਵਾਲਾ. ਤਿਆਗੀ। ੨. ਸੰਗਜਾ- ਸ਼ੀਅ਼ਹ ਸੰਪ੍ਰਦਾਯ ਦਾ ਨਾਮ ਸੁੰਨੀਮਤ ਦੇ ਮੁਸਲਮਾਨਾਂ ਨੇ ਇਸ ਵਾਸਤੇ ਥਾਪ ਲਿਆ ਹੈ ਕਿ ਸੁੰਨੀਆਂ ਦੇ ਖਿਆਲ ਅਨੁਸਾਰ ਉਹ ਸਤਜ ਦੇ ਤਜਾਗੀ ਹਨ. ਸੁੰਨੀ ਚਾਰ ਯਾਰਾਂ ਦੀ ਇੱਕੋ ਪਦਵੀ ਮੰਨਦੇ ਹਨ, ਪਰ ਸ਼ੀਅ਼ਹ ਹਜਰਤ ਅ਼ਲੀ ਨੂੰ ਹੀ ਖ਼ਲੀਫ਼ਾ ਸਮਝਦੇ ਹਨ. "ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ." (ਅਕਾਲ) ਦੇਖੋ, ਇਮਾਮ ਸਾਫੀ। ੩. ਸ਼ੀਅ਼ਹ ਲੋਕ ਰਾਫ਼ਿਜੀ ਦਾ ਅਰਥ ਕਰਦੇ ਹਨ-

ਕੁਕਰਮਾਂ ਦਾ ਤਿਆਗੀ. ਜਿਸ ਨੇ ਨਿੰਦਿਤ ਕਰਮ ਛੱਡ ਦਿੱਤੇ ਹਨ.

**ਰਾਬ:** ਸੰਗ੍ਯਾ- ਇੱਖ ਦੇ ਰਸ ਦਾ ਗਾੜ੍ਹਾ ਸ਼ੀਰਾ.

**ਰਾਬੜੀ:** ਖੋਏ ਅਥਵਾ ਮਲਾਈ ਦੀ ਰਾਬ। ੨. ਖੱਟੀ ਲੱਸੀ ਵਿੱਚ ਪਕਾਇਆ ਜਵਾਰ ਅਥਵਾ ਬਾਜਰੇ ਦਾ ਆਟਾ. ਰਾਬੜੀ ਖਾਣ ਦਾ ਰਾਜਪੂਤਾਨੇ ਵਿੱਚ ਬਹੁਤ ਰਿਵਾਜ ਹੈ. "ਪੀਓ ਪੋਸਤਾਨੈ, ਭਫੋ ਰਾਬੜੀਨੈ." (ਰਾਮਾਵ)

**ਰਾਬਾ:** ਬੰਦੂਕ ਦੀਆਂ ਗੋਲੀਆਂ ਦੀ ਇੱਕੋ ਵਾਰ ਕੀਤੀ ਵਰਖਾ। ੨. ਅ਼. رابع ਰਾਬਅ਼. ਵਿ- ਚੌਥਾ. ਚਤੁਰਥ.

**ਰਾਬਾ ਬਸਰੀ:** ਅ਼. رابعہ بصری ਰਾਬਅ਼ ਬਸਰੀ. ਬਸਰੇ ਦੇ ਰਹਿਣ ਵਾਲੀ ਇੱਕ ਪਵਿਤ੍ਰਾਤਮਾ ਇਸਤ੍ਰੀ, ਜੋ ਆਪਣੇ ਪਿਤਾ ਦੀ ਰਾਬਅ਼ (ਚੌਥੀ) ਸੰਤਾਨ ਸੀ. ਪੁਰਾਣੀ ਦੰਦਕਥਾ ਹੈ ਕਿ ਇਸ ਨੇ ਬਗਦਾਦ ਤੋਂ ਮਦੀਨੇ ਤੀਕ ਇੱਕ ਨਹਿਰ ਬਣਵਾਈ ਸੀ. ਰਾਬਅ਼ ਬਸਰੀ ਸੂਫ਼ੀ ਮਤ ਰਖਦੀ ਸੀ. ਇਸ ਦੀ ਤਸਨੀਫ ਹੁਣ ਭੀ ਸੂਫ਼ੀਆਂ ਤੋਂ ਆਦਰ ਨਾਲ ਪੜ੍ਹੀ ਜਾਂਦੀ ਹੈ. ਇਸ ਦਾ ਦੇਹਾਂਤ ਸਨ ੧੮੫ ਹਿਜਰੀ (ਏ. ਡੀ. ੮੦੧) ਵਿੱਚ ਹੋਇਆ ਹੈ.

**ਰਾਬਿਤਾ, ਰਾਬਿਤ਼ਾ:** ਅ਼. رابطہ ਸੰਗ੍ਯਾ- ਤਅ਼ੱਲੁਕ਼. ਸੰਬੰਧ. ਰਿਸ਼੍ਤਾ.

**ਰਾਂਬੀ:** ਸੰਗ੍ਯਾ- ਰੰਬੀ. ਚਮਿਆਰ ਦੀ ਖੁਰਪੀ. "ਨਹੀ ਰਾਂਬੀ ਠਾਉ ਰੋਪਉ." (ਸੋਰ ਰਵਿਦਾਸ) ਰੰਬੀ ਤੋਂ ਭਾਵ ਖੰਡਨ ਮੰਡਨ ਵਾਲੀ ਵਿਦ੍ਯਾ ਹੈ.

**ਰਾਮ, ਰਾਮੁ:** ਸੰ. राम. ਸੰਗ੍ਯਾ- ਜਿਸ ਵਿੱਚ ਯੋਗੀਜਨ ਰਮਣ ਕਰਦੇ ਹਨ. ਪਾਰਬ੍ਰਹਮ. ਸਰਵਵ੍ਯਾਪੀ ਕਰਤਾਰ.[1100] "ਸਾਧੋ, ਇਹੁ ਤਨੁ ਮਿਥਿਆ ਜਾਨਉ। ਯਾ ਭੀਤਰਿ ਜੋ ਰਾਮੁ ਬਸਤ ਹੈ ਸਾਚੋ ਤਾਹਿ ਪਛਾਨੋ." (ਬਸੰ ਮਃ ੯) "ਰਮਤ ਰਾਮੁ ਸਭ ਰਹਿਓ ਸਮਾਇ." (ਗੌਂਡ ਮਃ ੫)

੨. ਪਰਸ਼ੁਰਾਮ. "ਮਾਰਕੈ ਛਤ੍ਰਿਨ ਕੁੰਡਕੈ ਛੇਤ੍ਰ ਮੇ ਮਾਨਹੁ ਪੈਠਕੈ ਰਾਮ ਜੂ ਨ੍ਹਾਯੋ." (ਚੰਡੀ ੧)

੩. ਸੂਰਯਵੰਸ਼ੀ ਅਯੋਧ੍ਯਾਪਤਿ ਰਾਜਾ ਦਸ਼ਰਥ ਦੇ ਸੁਪੁਤ੍ਰ, ਜੋ ਰਾਣੀ ਕੌਸ਼ਲ੍ਯਾ ਦੇ ਉਦਰ ਤੋਂ ਚੇਤ ਸੁਦੀ ੯. ਨੂੰ ਜਨਮੇ. ਆਪ ਨੇ ਵਸ਼ਿਸ਼੍ਠ ਅਤੇ ਵਾਮਦੇਵ ਤੋਂ ਵੇਦ ਵੇਦਾਂਗ ਪੜ੍ਹੇ ਅਰ ਵਿਸ਼੍ਵਾਮਿਤ੍ਰ ਤੋਂ ਸ਼ਸਤ੍ਰਵਿਦ੍ਯਾ ਸਿੱਖੀ. ਵਿਸ਼੍ਵਾਮਿਤ੍ਰ ਦੇ ਜੱਗ ਵਿੱਚ ਵਿਘਨ ਕਰਨ ਵਾਲੇ ਸੁਬਾਹੁ ਮਰੀਚ ਆਦਿਕਾਂ ਨੂੰ ਦੰਡ ਦੇਕੇ ਜਨਕਪੁਰੀ ਜਾਕੇ ਸ਼ਿਵ ਦੇ ਧਨੁਖ ਨੂੰ ਤੋੜਕੇ ਸੀਤਾ ਨੂੰ ਵਰਿਆ. ਪਿਤਾ ਦੀ ਆਗ੍ਯਾ ਨਾਲ ੧੪. ਵਰ੍ਹੇ ਬਨ ਵਿੱਚ ਰਹੇ ਅਰ ਰਿਖੀਆਂ ਨੂੰ ਦੁੱਖ ਦੇਣ ਵਾਲੇ ਦੁਰਾਚਾਰੀਆਂ ਨੂੰ ਦੰਡ ਦੇਕੇ ਸ਼ਾਂਤਿ ਅਸਥਾਪਨ ਕੀਤੀ. ਸੀਤਾ ਹਰਣ ਵਾਲੇ ਰਾਵਣ ਨੂੰ ਦੱਖਣ ਦੇ ਜੰਗਲੀ ਲੋਕਾਂ (ਵਾਨਰ ਵਨਨਰਾਂ) ਦੀ ਸਹਾਇਤਾ ਨਾਲ ਮਾਰਕੇ ਸੀਤਾ ਸਹਿਤ ਅਯੋਧ੍ਯਾ ਆਕੇ ਰਾਜਸਿੰਘਸਨ ਤੇ ਵਿਰਾਜੇ.

ਆਪ ਦੀ ਮਹਿਮਾ ਭਰੇ ਰਾਮਾਯਣ, ਅਨੇਕ ਕਵੀਆਂ ਨੇ ਲਿਖੇ ਹਨ, ਪਰ ਸਭ ਤੋਂ ਪੁਰਾਣਾ ਵਾਲਮੀਕਿ ਕ੍ਰਿਤ ਰਾਮਾਯਣ ਹੈ, ਜਿਸ ਵਿੱਚ ਲਿਖਿਆ ਹੈ ਕਿ ਰਾਮ ਸ਼ੁਭਗੁਣਾਂ ਦਾ ਪੁੰਜ, ਅਰ ਉਦਾਹਰਣਰੂਪ ਜੀਵਨ ਰਖਦੇ ਸਨ. ਇਸ ਕਵੀ ਦੇ ਲੇਖ ਅਨੁਸਾਰ ਰਾਮਚੰਦ੍ਰ ਜੀ ਨੇ ੧੦੦੦੦ ਵਰ੍ਹੇ ਰਾਜ ਕਰਕੇ ਆਪਣੇ ਪੁਤ੍ਰਾਂ ਨੂੰ ਕੋਸ਼ਲ ਦੇ ਰਾਜ ਤੇ ਥਾਪਕੇ ਸਰਯੂ ਨਦੀ ਦੇ ਕਿਨਾਰੇ "ਗੋਪਤਾਰ" ਘਾਟ ਉੱਤੇ ਪ੍ਰਾਣ ਤਿਆਗੇ. "ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ." (ਸਃ ਮਃ ੯)

ਸ਼੍ਰੀ ਰਾਮਚੰਦ੍ਰ ਜੀ ਦੀ ਵੰਸ਼ਾਵਲੀ ਵਾਲਮੀਕ ਰਾਮਾਯਣ ਵਿੱਚ ਇਉਂ ਲਿਖੀ ਹੈ- ਸੂਰਜ ਦਾ ਪੁਤ੍ਰ. ਮਨੁ, ਮਨੁ ਦਾ ਪੁਤ੍ਰ ਇਕ੍ਸ਼੍ਵਾਕੁ (ਜਿਸਨੇ ਅਜੋਧ੍ਯਾ ਪੁਰੀ ਵਸਾਈ), ਇਕ੍ਵਾਕੁ ਦਾ ਕੁਕ੍ਸ਼ਿ, ਉਸ ਦਾ ਵਿਕੁਕਿ, ਉਸ ਦਾ ਵਾਣ, ਉਸ ਦਾ ਅਨਰਣ੍ਯ, ਉਸ਼ ਦਾ

---

[1100] रमन्ते योगिनो यत्र सत्यानन्दे चिदात्मके।
इति राम पदेनासो परंब्रह्माऽभिधीयते.(ਯੋਗਵਾਵਿਸ਼੍ਨ)
ਬ੍ਰਹਮਵੈਵਰਤ ਵਿੱਚ ਲਿਖਿਆ ਹੈ ਕਿ ਜਗਤ ਦੇ ਸ੍ਵਾਮੀ ਦਾ ਨਾਮ ਨਾਮ ਹੈ-
"रा शब्दो विश्व वचनो मश्चापीश्च वाचक:
विश्वानायीश्वरो योहि तेन राम: प्रकाक्षित:"

ਪ੍ਰਿਥੁ, ਉਸ ਦਾ ਤ੍ਰਿਸ਼ੰਕੁ, ਉਸ ਦਾ ਧੁੰਧੁਮਾਰ, ਉਸ ਦਾ ਯੁਵਨਾਸ਼੍ਵ, ਉਸ ਦਾ ਮਾਂਧਾਤਾ, ਉਸ ਦਾ ਸੁਸੰਧਿ, ਉਸ ਦਾ ਧ੍ਰੁਵਸੰਧਿ, ਉਸ ਦਾ ਭਰਤ, ਉਸ ਦਾ ਅਸਿਤ, ਉਸ ਦਾ ਸਗਰ, ਉਸ ਦਾ ਅਸਮੰਜਸ, ਉਸ ਦਾ ਅੰਸ਼ੁਮਾਨ, ਉਸ ਦਾ ਦਿਲੀਪ, ਉਸ ਦਾ ਭਗੀਰਥ, ਉਸ ਦਾ ਕਕੁਤਸ੍ਥ, ਉਸ ਦਾ ਰਘੁ (ਜਿਸ ਤੋਂ ਰਘੁਵੰਸ਼ ਪ੍ਰਸਿੱਧ ਹੋਇਆ), ਰਘੁ ਦਾ ਪੁਤ੍ਰ ਪ੍ਰਵ੍ਰਿੱਧ (ਜਿਸ ਦੇ ਪੁਰਸ਼ਾਦ ਅਤੇ ਕਲਾਮਾਸ਼ਪਾਦ ਨਾਮ ਭੀ ਹੋਏ), ਪ੍ਰਵ੍ਰਿੱਧ ਦਾ ਸ਼ੰਖਣ, ਉਸ ਦਾ ਸੁਦਰਸ਼ਨ, ਉਸ ਦਾ ਅਗਨਿਵਰਣ, ਉਸ ਦਾ ਸ਼ੀਘ੍ਰਗ, ਉਸ ਦਾ ਮਰੁ, ਉਸ ਦਾ ਪ੍ਰਸ਼ੁਸ਼੍ਰੁਕ, ਉਸ ਦਾ ਅੰਬਰੀਸ਼, ਉਸ ਦਾ ਨਹੁਸ਼, ਉਸ ਦਾ ਯਯਾਤਿ, ਉਸ ਦਾ ਨਾਭਾਗ, ਉਸ ਦਾ ਅਜ, ਉਸ ਦਾ ਪੁਤ੍ਰ ਦਸ਼ਰਥ, ਦਸ਼ਰਥ ਦੇ ਸੁਪੁਤ੍ਰ ਰਾਮ, ਭਰਤ, ਲਕ੍ਸ਼ਮਣ ਅਤੇ ਸਤ੍ਰੁਘਨ.

ਟਾਡ ਰਾਜਸ੍ਥਾਨ ਦਾ ਹਿੰਦੀ ਅਨੁਵਾਦਕ ਪੰਡਿਤ ਬਲਦੇਵਪ੍ਰਸਾਦ ਮੁਰਾਦਾਬਾਦ ਨਿਵਾਸੀ, ਰਾਮਚੰਦ੍ਰ ਜੀ ਦੀ ਵੰਸ਼ਾਵਲੀ ਇਉਂ ਲਿਖਦਾ ਹੈ::-

੧. ਸ਼੍ਰੀ ਨਾਰਾਯਣ
|
੨. ਬ੍ਰਹਮਾ
|
੩. ਮਰੀਚਿ
|
੪. ਕਸ਼ਜਪ
|
੫. ਵਿਵਸ੍ਵਤ੍ਰ (ਸੂਰ੍ਯ)
|
੬. ਵੈਲਸ੍ਵਤ ਮਨੁ
|
੭. ਇਕ੍ਸ਼੍ਵਾਕੁ
|
੮. ਕੁਕ੍ਸ਼ਿ
|
੯. ਵਿਕੁਕ੍ਸ਼ਿ (ਸ਼ਸ਼ਾਦ)
|
੧੦. ਪੁਰੰਜਯ (ਕਕੁਤਸ੍ਥ)
|
੧੧. ਅਨੇਨਾ
|
੧੨. ਪ੍ਰਿਥੁ
|
੧੩. ਵਿਸ਼੍ਵਗੰਧਿ
|
੧੪. ਆਦ੍ਰੂੰ (ਚੰਦ੍ਰਭਾਗ)
|

੧੫. ਯਵਨ (ਯੁਵਨਾਸ਼੍ਵ)
।
੧੬ ਸ਼੍ਰਾਵਸ੍ਤੁ
।
੧੭. ਵ੍ਰਿਹਦਸ਼੍ਵ
।
੧੮. ਕੁਵਲਯਾਸ਼੍ਵ (ਧੁੰਧੁਮਾਰ)
।
੧੯. ਦ੍ਰਿਢਾਸ਼੍ਵ
।
੨੦. ਹਰ੍ਯੰਸ਼੍ਵ
।
੨੧. ਨਿਕੁੰਭ
।
੨੨. ਵਹੰਣਾਸ਼੍ਵ (ਬਹੁਲਾਸ਼੍ਵ)
।
੨੩. ਕ੍ਰਿਸ਼ਾਸ਼੍ਵ
।
੨੪. ਸੇਨਜਿਤ
।
੨੫. ਯੁਵਨਾਸ਼੍ਵ (੨)
।
੨੬. ਮਾਂਧਾਤਾ
।
੨੭. ਪੁਰੁਕੁਤ੍ਸ
।
੨੮. ਤ੍ਰਿਸਦਸ੍ਯੁ
।
੨੯. ਅਨਰਣ੍ਯ
।
੩੦. ਹਰ੍ਯੰਸ਼੍ਵ (੨)
।
੩੧. ਤ੍ਰਿਬੰਧਨ (ਅਤ੍ਰਾਰੁਣ)
।
੩੨. ਸਤ੍ਯਵ੍ਰਤ
।
੩੩. ਤ੍ਰਿਸ਼ੰਕੁ

|

੩੪. ਹਰਿਸ਼ੰਦ੍ਰ

|

੩੫. ਰੋਹਿਤ

|

੩੬. ਹਰਿਤ

|

੩੭. ਚੰਪ

|

੩੮. ਵਸੁਦੇਵ

|

੩੯. ਵਿਜਯ

|

੪੦. ਭਰੁਕ

|

੪੧. ਵ੍ਰਿਕ

|

੪੨. ਵਾਹੁਕ (ਅਸਿਤ)

|

੪੩. ਸਗਰ

|

੪੪. ਅਸਮੰਜਸ

|

੪੫. ਅੰਸ਼ੁਮਾਨ

|

੪੬. ਦਿਲੀਪ

|

੪੭. ਭਗੀਰਥ

|

੪੮. ਸ਼੍ਰੁਤਸੇਨ

|

੪੯. ਨਾਭਾਗ (ਨਾਭ)

|

੫੦. ਸਿੰਧੁਦ੍ਵੀਪ

|

੫੧. ਅੰਬਰੀਸ਼

|

੫੨. ਅਯੁਤਾਯੁ
|
੫੩. ਰਿਤੁਪਰਣੰ
|
੫੪. ਸਰਵੰਕਾਮ
|
੫੫. ਸੁਦਾਸ
|
੫੬. ਸੌਦਾਸ
|
੫੭. ਅਸ਼ਮਕ
|
੫੮. ਮੂਲਕ (ਵਲਿਕ)
|
੫੯. ਸਤਜਵ੍ਰਤ (੨)
|
੬੦. ਐਡਵਿਡ
|
੬੧. ਵਿਸ਼੍ਰੁਸਹ
|
੬੨. ਖਟ੍ਵੰਗ
|
੬੩. ਦੀਘੰਬਾਹੁ
|
੬੪. ਦਿਲੀਪ (੨)
|
੬੫. ਰਘੁ
|
੬੬. ਅਜ
|
੬੭. ਦਸ਼ਰਥ
|
੬੮. ਰਾਮਚੰਦ੍ਰ ਜੀ
|

੬੯. ਕੁਸ਼ ਅਤੇ ਲਵ.

ਤਾਂਤੇ ਸੂਰਯ ਰੂਪ ਕਉ ਧਰਾ,

ਜਾਂਤੇ ਵੰਸ ਪ੍ਰਚੁਰ ਰਵਿ ਕਰਾ, ×××

ਤਿਨ ਕੇ ਵੰਸ ਵਿਖੇ ਰਘੁ ਭਯੋ,

ਤਾਂਤੇ ਪੁਤ੍ਰ ਹੋਤ ਭਯੋ ਅਜ ਬਰ, ×××

ਜਬ ਤਿਨ ਭੇਸ ਜੋਗ ਕੋ ਲਯੋ,

ਰਾਜਪਾਟ ਦਸਰਥ ਕੋ ਦਯੋ,

ਹੋਤ ਭਯੋ ਵਹ ਮਹਾਂ ਧਨੁਰਧਰ,

ਤੀਨ ਤ੍ਰਿਆਂਨ ਬਰਾ ਜਿੰਹ ਰੁਚਿ ਕਰ,

ਪ੍ਰਿਥਮ ਜਯੋ ਤਿੰਹ ਰਾਮ ਕੁਮਾਰਾ,

ਭਰਤ ਲੱਛਮਨ ਸਤ੍ਰੁਵਿਦਾਰਾ.

(ਵਿਚਿਤ੍ਰ, ਅਃ ੨)

੪. ਕ੍ਰਿਸ਼ਨ ਜੀ ਦਾ ਵਡਾ ਭਾਈ ਬਲਰਾਮ. "ਰਾਮ ਮਘੇਸੁਰ ਦਲ ਹਨਡਾਰਾ." (ਗੁਪ੍ਰਸੂ) ਬਲਰਾਮ ਨੇ ਜਰਾਸੰਧ (ਮਗਧਪਤਿ) ਦਾ ਦਲ ਮਾਰਦਿੱਤਾ।

੫. ਸਤਿਗੁਰੂ ਰਾਮਦਾਸ. "ਅਮਰਤੁ ਛਤ੍ਰ ਗੁਰੁ ਰਾਮਹਿ ਦੀਅਉ." (ਸਵੈਯੇ ਮਃ ੫. ਕੇ) "ਰਾਮ ਹਤੇ ਨ੍ਰਿਪ ਕੁਟਿਲ ਜਯੋਂ ਮਾਰਯੋ ਰਾਵਨ ਰਾਮ। ਰਾਮ ਜਥਾ ਮਘਪਾਲ ਪਰ ਸਿਖਤਮ ਪਰ ਗੁਰੁ ਰਾਮ." (ਗੁਪ੍ਰਸੂ) ਦੇਖੋ, ਰਾਮਦਾਸ ਸਤਿਗੁਰੂ।

੬. ਅੰਤਹਕਰਣ. ਮਨ. "ਜਿਨ ਮਹਿ ਰਮਿਆ ਰਾਮ ਹਮਾਰਾ." (ਚੌਬੀਸਾਵ)

੭. ਰਾਮਗਣ ਦਾ ਸੰਖੇਪ. ਦੇਵਦੂਤ. "ਜਮ ਤੇ ਉਲਟਿ ਭਏ ਹੈਂ ਰਾਮ." (ਗਉ ਕਬੀਰ)

੮. ਤਿੰਨ ਸੰਖਯਾ ਬੋਧਕ, ਕਿਉਂਕਿ ਪੁਰਾਣਾਂ ਵਿੱਚ ਤਿੰਨ ਰਾਮ ਹਨ- ਪਰਸ਼ੁਰਾਮ, ਰਾਮਚੰਦ੍ਰ ਜੀ, ਬਲਰਾਮ।

੯. ਦਸ਼ਮੇਸ਼ ਦੇ ਦਰਬਾਰ ਦਾ ਇੱਕ ਕਵਿ, ਜਿਸ ਦੀ ੫੨ ਕਵੀਆਂ ਵਿੱਚ ਗਿਣਤੀ ਹੈ.[1101] "ਰਾਮ ਭਨੈ ਅਤਿ ਹੀ ਰਿਸ ਸੋਂ ਜਗਨਾਯਕ ਸੇ ਰਣ ਠਾਟ ਠਟੀਲੇ." (ਚਰਿਤ੍ਰ ੧)

੧੦ ਵਿ- ਸੁੰਦਰ. ਮਨੋਹਰ. "ਰਾਮੁ ਜਿਹ ਪਾਇਆ ਰਾਮ." (ਮਾਰੂ ਕਬੀਰ) ੧੧. ਸ਼ੁਭ। ੧੨. ਫ਼ਾ. رام ਆਗਯਾਕਾਰੀ। ੧੩. ਪ੍ਰਸੰਨ. ਖ਼ੁਸ਼। ੧੪. ਸੰਗਯਾ- ਆਰਾਮ ਦਾ ਸੰਖੇਪ.

ਰਾਮ ਅਨੁਜ: ਬਲਰਾਮ ਦਾ ਛੋਟਾ ਭਾਈ ਸ਼੍ਰੀ ਕ੍ਰਿਸ਼ਨ। ੨. ਰਾਮਚੰਦ੍ਰ ਜੀ ਦਾ ਛੋਟਾ ਭਾਈ ਲਛਮਣ. ਦੇਖੋ, ਰਾਮਾਨੁਜ ੧.

ਰਾਮਈਆ: ਦੇਖੋ, ਰਮਈਆ. "ਸਾਵਲ ਸੁੰਦਰ ਰਾਮਈਆ." (ਗਉ ਕਬੀਰ)

ਰਾਮਈਆਰਸ: ਆਤਮਾਨੰਦ. "ਸਾਧਸੰਗਿ ਰਾਮਈਆਰਸ ਪਾਇਓ." (ਮਲਾ ਪੜਤਾਲ ਮਃ ੫)

ਰਾਮਸੱਤ: ਕਰਤਾਰ ਸਤਯ ਹੈ. ਹਿੰਦੂ ਇਸਤ੍ਰੀਆਂ ਦਾ ਆਪੋਵਿੱਚੀ ਮਿਲਣ ਸਮੇਂ ਸ਼ਿਸ਼੍ਟਾਚਾਰ ਦਾ ਸ਼ਬਦ। ੨. ਮੁਰਦੇ ਨੂੰ ਸ਼ਮਸ਼ਾਨ ਲੈ ਜਾਣ ਸਮੇਂ ਹਿੰਦੂਆਂ ਕਰਕੇ ਉੱਚਾਰਣ ਕੀਤਾ ਈਸ਼੍ਵਰ ਦਾ ਨਾਮ, ਜੋ ਵੈਰਾਗ ਦਾ ਉਪਦੇਸ਼ ਹੈ. ਭਾਵ ਬਿਨਾ ਰਾਮ ਹੋਰ ਸਭ ਅਸਤਯ ਹੈ.

---

[1101] ਕਿਤਨੇ ਵਿਦ੍ਵਾਨਾਂ ਦਾ ਖਿਆਲ ਹੈ ਕਿ "ਰਾਮ" ਦਸ਼ਮੇਸ਼ ਜੀ ਦੀ ਛਾਪ (ਤਖ਼ੱਲੁਸ) ਹੈ.

**ਰਾਮਸਨੇਹੀ:** ਕਰਤਾਰ ਨਾਲ ਪ੍ਰੇਮ ਰੱਖਣ ਵਾਲਾ. "ਰਾਮਸਨੇਹੀ ਬਾਹਰਾ ਊਜਰੁ ਮੇਰੈ ਭਾਇ." (ਸ. ਕਬੀਰ) ੨. ਜੈਪੁਰ ਰਾਜ ਦੇ ਸੂਰਸੇਨ ਪਿੰਡ ਦਾ ਵਸਨੀਕ ਰਾਮਚਰਣ ਸੀ. ਜੋ ਦਾਤੜਾ ਗ੍ਰਾਮ (ਇਲਾਕਾ ਜੋਧਪੁਰ) ਵਿੱਚ ਇੱਕ ਵੈਸ਼ਨਵ (ਵੈਰਾਗੀ) ਦਾ ਚੇਲਾ ਹੋਇਆ. ਇਹ ਦੇਵੀ ਦੇਵਤਾ ਦੀ ਉਪਾਸਨਾ ਦਾ ਖੰਡਨ ਕਰਦਾ ਸੀ. ਇਸ ਕਾਰਣ ਬ੍ਰਾਹਮਣ ਵਿਰੋਧੀ ਹੋ ਗਏ, ਜਿਸ ਤੋਂ ਇਸ ਨੂੰ ਸ਼ਾਹਪੁਰ ਦੇ ਰਾਜਾ ਭੀਮਸਿੰਘ ਦੇ ਆਸਰੇ ਲੱਗਕੇ ਨਿਰਬਾਹ ਕਰਨਾ ਪਿਆ. ਰਾਮਚਰਣ ਦੀ ਭਗਤੀ ਅਤੇ ਕਰਣੀ ਵੇਖਕੇ ਬਹੁਤ ਚੇਲੇ ਬਣਗਏ, ਜਿਨ੍ਹਾਂ ਦੀ ਸੰਗਯਾ "ਰਾਮਸਨੇਹੀ" ਹੋਈ. ਇਸ ਸੰਪ੍ਰਦਾਯ ਦਾ ਮੁੱਖ ਅਸਥਾਨ ਸ਼ਾਹਪੁਰ ਵਿੱਚ ਹੈ. ਰਾਮਚਰਣ ਦਾ ਜਨਮ ਸੰਮਤ ੧੭੭੬ ਅਤੇ ਦੇਹਾਂਤ ੧੮੫੫ ਵਿੱਚ ਹੋਇਆ ਹੈ. ਇਸ ਨੇ ਬਹੁਤ ਵਿਸ਼ਨੁਪਦ ਅਤੇ ਦੋਹਰੇ ਰਚੇ ਹਨ, ਜਿਨ੍ਹਾਂ ਵਿੱਚ ਨਾਮ ਦੀ ਮਹਿਮਾ ਹੈ, ਯਥਾ- "ਜਿਨਿ ਜਿਨਿ ਸਿਮਰਿਆ ਨਾਮ ਨੂੰ ਸੋ ਭਵ ਉਤਰਾ ਪਾਰ। ਰਾਮਚਰਣ ਜੋ ਵਿਸਰਿਆ ਸੋਈ ਜਮਕੇ ਦ੍ਵਾਰ."

ਰਾਮਸਨੇਹੀ ਸਾਧੂ ਗ੍ਰਿਹਸਥੀ ਨਹੀਂ ਹੁੰਦੇ. ਸਾਰੇ ਨਸ਼ਿਆਂ ਤੋਂ ਪਰਹੇਜ ਕਰਦੇ ਹਨ ਅਰ ਗਹਿਣੇ ਆਦਿ ਸ਼ਰੀਰ ਦੇ ਸਿੰਗਾਰਾਂ ਨੂੰ ਚੰਗਾ ਨਹੀਂ ਸਮਝਦੇ. ਜਲ ਲਈ ਕਾਠ ਦਾ ਕਮੰਡਲ ਰਖਦੇ ਹਨ. ਜੈਨੀਆਂ ਵਾਂਙ ਚੌਮਾਸੇ ਵਿੱਚ ਸਫਰ ਕਰਨਾ ਪਾਪ ਮੰਨਦੇ ਹਨ. ਗੁਰੂ ਦਾ ਸੀਤ ਪ੍ਰਸਾਦ ਖਾਣਾ ਭਾਰੀ ਪੁੰਨ ਕਰਮ ਜਾਣਦੇ ਹਨ.

ਰਾਮਸਨੇਹੀਆਂ ਦੇ ਰਾਮਦ੍ਵਾਰੇ (ਪੂਜਯਮੰਦਿਰ) ਸ਼ਾਹਪੁਰ, ਜੈਪੁਰ, ਮੇਰਤਾ, ਨਗੌਰ, ਉਦਯਪੁਰ, ਟਾਂਕ, ਬੂੰਦੀ, ਕੋਟਾ ਆਦਿਕ ਨਗਰਾਂ ਵਿੱਚ ਹਨ.

**ਰਾਮਸਰ:** ਦੇਖੋ, ਅਮ੍ਰਿਤਸਰ। ੨. ਸਾਧੁ ਸਮਾਗਮ. ਸਤਸੰਗ.

**ਰਾਮਸਰਿ:** ਰਾਮਸਰ ਵਿੱਚ. "ਨਿਤ ਪ੍ਰਤਿ ਨਾਵਣੁ ਰਾਮਸਰਿ ਕੀਜੈ." (ਗਉ ਮਃ ੫)

**ਰਾਮਸਿੰਘ:** ਭਾਈ ਭਗਤੂਵੰਸ਼ੀ ਰਾਮਸਿੰਘ, ਜੋ ਮਾਲਵੇ ਵਿੱਚ ਕਲਗੀਧਰ ਦੀ ਸੇਵਾ ਕਰਦਾ ਰਿਹਾ। ੨. ਚੌਧਰੀ ਫੂਲ ਦਾ ਪੁਤ੍ਰ, ਜਿਸ ਦੀ ਔਲਾਦ ਮਹਾਰਾਜਾ ਪਟਿਆਲਾ ਹੈ. ਦੇਖੋ, ਤਿਲੋਕਸਿੰਘ ਅਤੇ ਫੂਲਵੰਸ਼। ੩. ਗੜ੍ਹ ਚਿਰੋਲੀ (ਜਿਲਾ ਚਾਂਦਾ C. P. ) ਦੇ ਰਹਿਣ ਵਾਲਾ ਇੱਕ ਦਸ਼ਮੇਸ਼ ਦਾ ਰਾਜਪੂਤ ਸਿੱਖ, ਜਿਸ ਨੇ ਭੰਗਾਣੀ ਦੇ ਜੰਗ ਸਮੇਂ ਲੋਹੇ ਨਾਲ ਮੜ੍ਹਕੇ ਲੱਕੜ ਦੀ ਤੋਪ ਤਿਆਰ ਕੀਤੀ ਸੀ। ੪. ਦਸ਼ਮੇਸ਼ ਦੇ ਸਿਲਹਖਾਨੇ ਦਾ ਸਿਕਲੀਗਰ ਸਿੱਖ, ਜੋ ਪਰਮ ਪ੍ਰੇਮ ਨਾਲ ਸੇਵਾ ਕਰਦਾ ਸੀ. ਸਭ ਤੋਂ ਪਹਿਲਾਂ ਮਾਰਵਾੜੀਆਂ ਵਿੱਚੋਂ ਇਸ ਨੇ ਅਮ੍ਰਿਤ ਛਕਿਆ ਸੀ। ੫. ਜੈਪੁਰ ਦਾ ਰਾਜਾ, ਜਿਸ ਨੂੰ ਔਰੰਗਜ਼ੇਬ ਨੇ ਆਸਾਮ ਦੀ ਮੁਹਿੰਮ ਪੁਰ ਭੇਜਿਆ ਸੀ. ਇਹ ਗੁਰੂ ਤੇਗਬਹਾਦੁਰ ਸਾਹਿਬ ਦਾ ਸੇਵਕ ਸੀ. ਦੇਖੋ, ਧੁਬਰੀ। ੬. ਅਜੀਤ ਦਾ ਪੋਤਾ ਜੋਧਪੁਰ ਦਾ ਰਾਜਾ, ਜੋ ਸੰਮਤ ੧੮੦੬ ਵਿੱਚ ਗੱਦੀ ਬੈਠਾ। ੭. ਨਾਦੌਣ ਦੇ ਜੰਗ ਵਿੱਚ ਰਾਜਾ ਭੀਮਚੰਦ ਦਾ ਸਹਾਈ ਜਸਵਾਲੀਆ ਸਰਦਾਰ. ਦੇਖੋ, ਵਿਚਿਤ੍ਰ ਨਾਟਕ ਅਃ ੯।

੮. ਕੂਕਾ ਪੰਥ ਦੇ ਬਾਨੀ ਬਾਬਾ ਰਾਮਸਿੰਘ, ਜਿਨ੍ਹਾਂ ਦੀ ਸੰਖੇਪ ਕਥਾ ਇਉਂ ਹੈ-

ਲੁਦਿਆਨੇ ਦੇ ਜਿਲੇ ਰਾਈਆਂ ਪਿੰਡ ਵਿੱਚ ਜੱਸਾਸਿੰਘ ਤਖਾਣ ਦੇ ਘਰ ਮਾਈ ਸਦਾਕੌਰ ਦੇ ਉਦਰ ਤੋਂ ਮਾਘ ਸੁਦੀ ੫. ਸੰਮਤ ੧੮੭੨ ਨੂੰ ਬਾਬਾ ਰਾਮਸਿੰਘ ਜੀ ਦਾ ਜਨਮ ਹੋਇਆ. ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਵਾਹਗੁਰੂ ਨਾਮ ਦੇ ਅਭ੍ਯਾਸ ਦਾ ਪ੍ਰੇਮ ਸੀ ਪਹਿਲਾਂ ਇਨ੍ਹਾਂ ਨੇ ਲਹੌਰ ਦਰਬਾਰ ਦੀ ਸਿੱਖਸੈਨਾ ਵਿੱਚ ਭਰਤੀ ਹੋਕੇ ਕੁਝ ਕਾਲ ਫੌਜੀ ਸੇਵਾ ਕੀਤੀ, ਫੇਰ ਸਨ ੧੮੪੧ (ਸੰਮਤ ੧੮੯੯) ਵਿੱਚ ਨੌਕਰੀ ਛੱਡਕੇ ਭੋਈ ਪਿੰਡ (ਜਿਲਾ ਅਟਕ) ਦੇ ਵਸਨੀਕ ਬਾਬਾ ਬਾਲਕਸਿੰਘ ਜੀ ਦੇ, (ਜਿਨ੍ਹਾਂ ਨੇ ਹਜ਼ਰੋ ਵਿੱਚ ਭਗਤੀ ਦਾ ਬਹੁਤ ਪ੍ਰਚਾਰ ਕੀਤਾ), ਚਾਟੜੇ ਹੋਕੇ ਨਾਮ ਉਪਦੇਸ਼ ਲੀਤਾ ਅਰ ਭੈਣੀ ਵਿੱਚ ਨਿਵਾਸ ਕਰਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ. ਇਸ ਮਤ ਦੇ ਸਿੱਖ ਸਫੇਦ ਵਸਤ੍ਰ ਅਤੇ ਚਿੱਟੀ ਉਂਨ ਦੀ ਮਾਲਾ ਰਖਦੇ ਹਨ. "ਵਾਹਗਰੁ" ਮੰਤ੍ਰ ਦਾ ਉਪਦੇਸ਼ ਕੰਨ ਵਿੱਚ ਦਿੱਤਾ ਜਾਂਦਾ ਹੈ. ਅਮ੍ਰਿਤ ਇੱਕ ਪਾਤ੍ਰ ਵਿੱਚ ਇਕੱਠਾ ਨਹੀਂ ਛਕਾਉਂਦੇ, ਜੁਦਾ ਜੁਦਾ ਛਕਾਉਂਦੇ ਹਨ. ਹਵਨ ਦੇ ਵਡੇ ਪ੍ਰੇਮੀ ਹਨ. ਆਨੰਦ ਵਿਆਹ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਿਕ੍ਰਮਾ ਦੀ ਥਾਂ ਵੇਦਿ ਗੱਡਕੇ ਅਗਨਿ ਵਿੱਚ ਹੋਮ ਕਰਕੇ ਲਾਂਵਾਂ ਪੜ੍ਹਦੇ ਹਨ. ਬਹੁਤ ਪ੍ਰੇਮੀ, ਹਾਲ ਵਿੱਚ ਮਸਤ ਹੋਕੇ ਚੀਕਾਂ. (ਕੂਕ੍ਹਾਂ) ਮਾਰ ਉਠਦੇ ਹਨ ਅਰ ਦਸਤਾਰ ਉਤਾਰਕੇ ਨੱਚਣ ਟੱਪਣ ਲਗ ਜਾਂਦੇ ਹਨ, ਜਿਸ ਤੋਂ "ਕੂਕਾ" ਸੰਗਯਾ ਹੋ ਗਈ ਹੈ, ਵਾਸਤਵ ਵਿੱਚ ਪੰਥ ਦੀ ਸੰਗਯਾ "ਨਾਮਧਾਰੀਆ" ਹੈ.

ਸੰਮਤ ੧੯੨੯ (ਸਨ ੧੮੭੨) ਵਿੱਚ ਕੂਕੇ ਸਿੱਖਾਂ ਨੇ ਮਲੌਦ ਅਤੇ ਮਲੇਰਕੋਟਲੇ ਕੁਝ ਬੁੱਚੜ ਵੱਢ ਦਿੱਤੇ, ਜਿਸ ਪੁਰ ਲੁਦਿਆਨੇ ਦੇ ਡਿਪਟੀ ਕਮਿਸ਼ਨਰ (Mr. Cowan) ਨੇ ਬਾਕਾਇਦਾ ਪੂਰੀ ਤਹਿਕੀਕਾਤ ਕੀਤੇ ਬਿਨਾ ਹੀ ੪੯ ਸਿੱਖ ਤੋਪਾਂ ਨਾਲ ਉਡਵਾ ਦਿੱਤੇ ਅਰ ਕਮਿਸ਼ਨਰ (Mr. Forsyth) ਨੇ ਤੀਹ ਫਾਂਸੀ ਲਟਕਾ ਦਿੱਤੇ ਅਰ ਸ਼ੱਕ ਦੀ ਹਾਲਤ ਵਿੱਚ ਬਾਬਾ ਰਾਮਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ, ਜਿੱਥੇ ਉਨ੍ਹਾਂ ਦਾ ਦੇਹਾਂਤ ਸਨ ੧੮੮੫ ਵਿੱਚ ਹੋਇਆ.[1102]

ਬਾਬਾ ਰਾਮਸਿੰਘ ਜੀ ਦੀ ਸ਼ਾਦੀ ਪਿੰਡ ਧਰੌੜ ਜਿਲਾ ਲੁਦਿਆਨਾ ਵਿੱਚ ਮਾਈ ਜੱਸਾਂ ਨਾਲ ਹੋਈ ਸੀ, ਜਿਸ ਤੋਂ ਦੋ ਪੁਤ੍ਰੀਆਂ ਜਨਮੀਆਂ, ਇਸ ਲਈ ਉਨ੍ਹਾਂ ਦੀ ਗੱਦੀ ਛੋਟੇ ਭਾਈ ਭਾਈ ਬੁਧਸਿੰਘ[1103] ਜੀ ਨੇ ਸਾਂਭੀ. ਹੁਣ ਭੈਣੀ ਦੀ ਗੱਦੀ ਪੁਰ ਭਾਈ ਬੁਧਸਿੰਘ ਜੀ ਦੇ ਸੁਪੁਤ੍ਰ ਭਾਈ ਪ੍ਰਤਾਪਸਿੰਘ ਜੀ ਵਿਰਾਜਦੇ ਹਨ. ਅਰ ਹਰ ਵੇਲੇ ਆਏ ਗਏ ਅਭ੍ਯਾਗਤਾਂ ਨੂੰ ਲੰਗਰੋਂ ਭੋਜਨ ਮਿਲਦਾ ਅਤੇ ਗੁਰਬਾਣੀ ਦਾ ਅਖੰਡ ਕੀਰਤਨ ਹੁੰਦਾ ਹੈ।

੯. ਕੋਟਲੀ ਫਕੀਰਚੰਦ (ਜਿਲਾ ਸਿਆਲਕੋਟ) ਦਾ ਵਸਨੀਕ ਬਾਬਾ ਰਾਮਸਿੰਘ (ਬੇਦੀ ਫਕੀਰਚੰਦ ਦਾ ਸੁਪੁਤ੍ਰ) ਮਹਾਨ ਯੋਧਾ ਸੀ. ਜਿਸ ਵੇਲੇ ਸ਼ਾਹਚੀਖ਼ਾਨ (ਮੀਰ ਅਹਮਦਖਾਨ) ਸਿੱਖਾਂ ਦਾ ਸਰਵਨਾਸ਼ ਕਰਨ ਲਈ ਗਸ਼ਤੀ ਫੌਜ ਲੈਕੇ ਦੇਸ ਵਿੱਚ ਫਿਰ ਰਿਹਾ ਸੀ, ਉਸ ਵੇਲੇ ਇਹ ਧਰਮਵੀਰ ਪੜੋਪੀ ਗ੍ਰਾਮ ਪਾਸ ਵੈਰੀਆਂ ਦਾ ਮੁਕਾਬਲਾ ਕਰਦਾ ਹੋਇਆ ਸਨ ੧੭੧੯ ਵਿੱਚ ਸ਼ਹੀਦ ਹੋਇਆ, ਜਿਸ ਥਾਂ ਸ਼ਹੀਦਗੰਜ ਵਿਦਯਮਾਨ ਹੈ.

ਬਾਬਾ ਰਾਮਸਿੰਘ ਦਾ ਸੀਸ ਕੱਟਕੇ ਤੁਰਕ ਲਹੌਰ ਲੈ ਗਏ ਸਨ, ਉੱਥੇ ਇੱਕ ਪ੍ਰੇਮੀ ਨੇ ਮਸਤੀ ਦਰਵਾਜੇ ਸਸਕਾਰ ਕੀਤਾ। ੧੦. ਦੇਖੋ, ਖੁਸਾਲਸਿੰਘ। ੧੧. ਦੇਖੋ, ਬਾਜਸਿੰਘ.

ਰਾਮਸੇਤੁ: ਰਾਮਚੰਦ੍ਰ ਜੀ ਦਾ ਬਣਵਾਇਆ ਸਮੁੰਦਰ ਤੇ ਪੁਲ, ਜਿਸ ਉੱਪਰਦੀਂ ਲੰਕਾਂ ਨੂੰ ਸੈਨਾ ਲੈ ਗਏ ਸਨ.[1104] ਦੇਖੋ, ਆਦਮ ਦਾ ਪੁਲ ਅਤੇ ਰਾਮੇਸ੍ਵਰ.

ਰਾਮਕਸਾਉਟੀ: ਕਰਤਾਰ ਦੀ ਘਸਵੱਟੀ. ਅਕਾਲੀ ਪਰੀਖਿਆ "ਰਾਮ ਕਸਉਟੀ ਸੋ ਸਹੈ, ਜੋ ਮਰਿਜੀਵਾ ਹੋਇ." (ਵਾਰ ਰਾਮ ੧. ਕਬੀਰ)

ਰਾਮਕਹਾਣੀ: ਕਾਮਾਇਣ ਦੀ ਕਥਾ। ੨. ਭਾਵ ਲੰਮੀ ਕਹਾਣੀ। ੩. ਘਰ ਦੇ ਝਗੜੇ ਦਾ ਕਿੱਸਾ.

ਰਾਮਕਲੀ: ਇਹ ਭੈਰਵ ਠਾਟ ਦੀ ਔੜਵ ਸੰਪੂਰਣ ਰਾਗਿਨੀ ਹੈ. ਆਰੋਹੀ ਵਿੱਚ ਮੱਧਮ ਅਤੇ ਨਿਸ਼ਾਦ ਵਰਜਿਤ ਹਨ. ਰਿਸ਼ਭ ਅਤੇ ਧੈਵਤ ਕੋਮਲ, ਬਾਕੀ ਸੁਰ ਸ਼ੁੱਧ ਹਨ, ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਹੈ. ਗਾਉਣ ਦਾ ਵੇਲਾ ਸੂਰਜ ਨਿਕਲਣ ਤੋਂ ਲੈਕੇ ਪਹਰ ਦਿਨ ਚੜ੍ਹੇ ਤੀਕ ਹੈ.

ਆਰੋਹੀ- ਸ਼ ਰਾ ਗ ਪ ਧਾ ਸ਼.

ਅਵਰੋਹੀ- ਸ਼ ਨ ਧਾ ਪ ਮ ਗ ਰਾ ਸ਼

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਇਸ ਦਾ ਅਠਾਰਵਾਂ ਨੰਬਰ ਹੈ. "ਰਾਮਕਲੀ ਰਾਮੁ ਮਨਿ ਵਸਿਆ. ਤਾ ਬਨਿਆ ਸੀਗਾਰੁ." (ਮਃ ੩. ਵਾਰ ਰਾਮ ੧)

ਰਾਮਕਵਚ: ਕਰਤਾਰ ਦਾ ਨਾਮਰੂਪ ਜਿਰਹ. ਨਾਮ ਦਾ ਸੰਜੋਆ। ੨. ਰਖ੍ਯਾ ਕਰਨ ਵਾਲਾ ਕਰਤਾਰ ਦਾ ਨਾਮ. "ਰਾਮਕਵਚ ਦਾਸ

---

[1102] ਨਾਮਧਾਰੀਆਂ ਦੇ ਨਿਸ਼ਚੇ ਅਨੁਸਾਰ ਬਾਬਾ ਰਾਮ ਸਿੰਘ ਜੀ ਦਾ ਸਰੀਰ ਅੰਤ ਨਹੀਂ ਹੋਇਆ.

[1103] ਭਾਈ ਬੁਧਸਿੰਘ ਜੀ ਦਾ ਪ੍ਰਸਿੰਧ ਨਾਮ ਹਰੀਸਿੰਘ ਹੈ.

[1104] ਪੁਰਾਣਾਂ ਵਿੱਚ ਵਿਸ਼੍ਵਕਰਮਾ ਦੇ ਪੁਤ੍ਰ ਨਲ ਦ੍ਵਾਰਾ ਇਸ ਪੁਲ ਦਾ ਬਣਾਏਜਾਣਾ ਲਿਖਿਆ ਹੈ.

ਕੀ ਸੰਨਾਹ." (ਗੌਂਡ ਮਃ ੫)

ਰਾਮਕਾਰ: ਰਖਜ਼ਾ ਕਰਨ ਵਾਲੀ ਰੇਖਾਰੂਪ ਕਰਤਾਰ ਦਾ ਨਾਮ. "ਚਉਗਿਰਦਿ ਹਮਾਰੈ ਰਾਮਕਾਰ, ਦੁਖ ਲਗੈ ਨ ਭਾਈ." (ਬਿਲਾ ਮਃ ੫) ਦੇਖੋ, ਕਾਰ ੫. ਅਤੇ ੬। ੨. ਦੇਖੋ, ਰਾਮਰੇਖ.

ਰਾਮਕੀ: ਜਲ੍ਹਨ ਭਗਤ ਜੀ ਦੀ ਇਸਤ੍ਰੀ.

ਰਾਮਕੁੱਵਰ: ਬਾਬਾ ਬੁੱਢਾ ਜੀ ਦੇ ਵੰਸ਼ ਦੇ ਭੂਸ਼ਣ, ਜਿਨ੍ਹਾਂ ਨੂੰ ਦਸ਼ਮੇਸ਼ ਨੇ ਅਮ੍ਰਿਤ ਛਕਾਕੇ ਨਾਮ ਗੁਰਬਖ਼ਸ਼ਸਿੰਘ ਰੱਖਿਆ. ਇਹ ਸਦਾ ਕਲਗੀਧਰ ਦੀ ਸੇਵਾ ਵਿੱਚ ਹਾਜਿਰ ਰਹਿੰਦੇ ਸਨ. ਅਰ ਸਤਿਗੁਰਾਂ ਤੋਂ ਅਨੇਕ ਧਾਰਮਿਕ ਪ੍ਰਸ਼ਨ ਕਰਕੇ ਧਰਮ ਦਾ ਤੱਤ ਮਲੂਮ ਕੀਤਾ ਕਰਦੇ ਸਨ. ਭਾਈ ਸੰਤੋਖਸਿੰਘ ਜੀ ਨੇ ਲਿਖਿਆ ਹੈ ਕਿ ਦਸ਼ਮੇਸ਼ ਦੇ ਜੋਤੀਜੋਤਿ ਸਮਾਉਣ ਪਿੱਛੋਂ ਰਾਮਕੁੱਵਰ ਜੀ ਨੇ ਦਸਾਂ ਸਤਿਗੁਰਾਂ ਦਾ ਇਤਿਹਾਸ ਖਾਲਸੇ ਨੂੰ ਸੁਣਾਇਆ ਸੀ, ਜਿਸ ਨੂੰ ਸਾਹਿਬਸਿੰਘ ਲਿਖਾਰੀ ਨੇ ਲਿਖਿਆ. ਦੇਖੋ, ਸੌਸਾਖੀ ਅਤੇ ਬੁੱਢਾ ਬਾਬਾ.

ਰਾਮਕੌਰ, ਰਾਮਕੌਰਿ: ਦੇਵੀਚੰਦ ਬਹਿਲ ਖਤ੍ਰੀ ਦੀ ਸੁਪੁਤ੍ਰੀ, ਜਿਸ ਦਾ ਵਿਆਹ ਸ਼੍ਰੀ ਗੁਰੂ ਅਮਰਦੇਵ ਜੀ ਨਾਲ ਹੋਇਆ. ਇਸ ਦਾ ਦੇਹਾਂਤ ਸੰਮਤ ੧੬੨੬ ਵਿੱਚ ਗੋਇੰਦਵਾਲ ਹੋਇਆ ਹੈ। ੨. ਦੇਖੋ, ਰਾਮਕੁੱਵਰ ਅਤੇ ਬੁੱਢਾ ਬਾਬਾ। ੩. ਰਾਜਾ ਸਾਹਿਬਸਿੰਘ ਪਟਿਆਲਾਪਤਿ ਦੀ ਸੁਪੁਤ੍ਰੀ. ਇਸ ਦੀ ਸ਼ਾਦੀ ਕਲਸੀਆ ਦੇ ਰਈਸ ਸਰਦਾਰ ਹਰੀਸਿੰਘ ਨਾਲ ਹੋਈ ਸੀ.

ਰਾਮਗਢ, ਰਾਮਗੜ੍ਹ: ਸੰਮਤ ੧੮੦੩ ਵਿੱਚ ਖਾਲਸੇ ਨੇ ਅਮ੍ਰਿਤਸਰ ਜੀ ਪਾਸ ਪਹਿਲਾਂ ਇੱਕ ਕੱਚਾ ਵਲਗਣ ਰਾਮਰਾਉਣੀ ਨਾਮ ਤੋਂ ਰਚਿਆ, ਫੇਰ ਇੱਕ ਕਿਲਾ ਬਣਾਇਆ, ਜਿਸ ਦਾ ਨਾਮ ਚੌਥੇ ਸਤਿਗੁਰੂ ਦੇ ਨਾਮ ਪੁਰ ਰੱਖਿਆ. ਭਗਵਾਨਸਿੰਘ ਦਾ ਪੁਤ੍ਰ ਧਰਮਵੀਰ ਸਰਦਾਰ ਜੱਸਾਸਿੰਘ ਸੈਦਬੇਗ ਪਿੰਡ (ਜਿਲਾ ਲਹੌਰ) ਦਾ ਵਸਨੀਕ, ਜਿਸ ਨੇ ਤਖਾਣ ਜਾਤਿ ਤੋਂ ਸਿੱਖਧਰਮ ਧਾਰਣ ਕੀਤਾ ਸੀ, ਖਾਲਸੇ ਨੇ ਇਹ ਕਿਲਾ ਉਸ ਦੇ ਸਪੁਰਦ ਕੀਤਾ, ਜਿਸ ਤੋਂ ਉਸ ਦੀ ਰਾਮਗੜ੍ਹੀਆ ਸੰਗਜਾ ਹੋਈ.[1105] ਜੱਸਾਸਿੰਘ ਦਾ ਜਥਾ ਰਾਮਗੜ੍ਹੀਆਂ ਦੀ ਮਿਸਲ ਕਹਾਈ, ਜਿਸ ਨੇ ਹੋਰ ਸਿੱਖ ਮਿਸਲਾਂ ਵਾਂਙ ਆਪਣਾ ਰਾਜ ਪ੍ਰਤਾਪ ਕਾਇਮ ਕਰਕੇ ਅਦੁਤੀ ਪੰਥਸੇਵਾ ਕੀਤੀ ਸਰਦਾਰ ਜੱਸਾਸਿੰਘ ਦਾ ਦੇਹਾਂਤ ਸੰਮਤ ੧੮੬੧ (ਸਨ ੧੮੦੩) ਵਿੱਚ ਹੋਇਆ. ਇਹ ਸਰਦਾਰ ਖੁਸ਼ਾਲਸਿੰਘ ਜੱਟ ਗੁੱਗਾ (ਜਿਲਾ ਅਮ੍ਰਿਤਸਰ) ਨਿਵਾਸੀ ਦਾ ਚਾਟੜਾ ਅਰ ਵਡਾ ਨਿਰਭੈ ਯੋਧਾ ਹੋਇਆ ਹੈ. ਸਰਦਾਰ ਭਗਵਾਨਸਿੰਘ ਦੀ ਔਲਾਦ ਹੁਣ ਅਮ੍ਰਿਤਸਰ ਜੀ ਵਿੱਚ ਰਾਮਗੜ੍ਹੀਆਂ ਮਿਸਲ ਦੀ ਯਾਦਗਾਰ ਅਤੇ ਜਾਗੀਰਦਾਰ ਹੈ. ਰਾਮਗੜ੍ਹੀਆਂ ਦਾ ਬੁੰਗਾ ਅਤੇ ਕਟੜਾ ਅਮ੍ਰਿਤਸਰ ਵਿੱਚ ਪ੍ਰਸਿੱਧ ਅਸਥਾਨ ਹਨ.

੨. ਰਿਆਸਤ ਨਾਭਾ, ਤਸੀਲ ਅਮਲੋਹ, ਥਾਣਾ ਨਾਭਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਨਾਭੇ ਤੋਂ ਤਿੰਨ ਮੀਲ ਪੱਛਮ ਹੈ. ਇਸ ਪਿੰਡ ਤੋਂ ਉੱਤਰ ਤਿੰਨ ਸੌ ਕਦਮ ਪੁਰ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ.

ਗੁਰੂ ਜੀ ਦੇ ਚਰਨ ਪਾਉਣ ਵਾਲੀ ਥਾਂ ਦਰਬਾਰ ਬਨਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਪ੍ਰਕਾਸ਼ ਅਤੇ ਰਹਿਣ ਲਈ ਪੱਕੇ ਮਕਾਨ ਹਨ, ਜਿਨ੍ਹਾਂ ਦੀ ਸੇਵਾ ਮਹਾਰਾਜਾ ਹੀਰਾਸਿੰਘ ਨਾਭਾਪਤਿ ਨੇ ਕਰਾਈ ਹੈ. ਪੁਜਾਰੀ ਸਿੰਘ ਹੈ. ਗੁਰਦ੍ਵਾਰੇ ਨਾਲ ਦੋ ਹਲ ਦੀ (੭੦ ਘੁਮਾਉਂ) ਜ਼ਮੀਨ ਅਤੇ ੬੦) ਸਾਲਾਨਾ ਰਿਆਸਤ ਵੱਲੋਂ ਗੁਜਾਰਾ ਹੈ.

ਰਾਮਗੜ੍ਹੀਆਂ: ਦੇਖੋ, ਰਾਮਗੜ੍ਹ ੧.

ਰਾਮਗੜ੍ਹੀਆਂ ਦੀ ਮਿਸਲ: ਦੇਖੋ, ਰਾਮਗੜ੍ਹ ੧.

ਰਾਮਗਿਰਿ: ਚਿਤ੍ਰਕੂਟ ਪਹਾੜ, ਜਿਸ ਪੁਰ ਰਾਮਚੰਦ੍ਰ ਜੀ ਨੇ ਵਨਵਾਸ ਸਮੇਂ ਨਿਵਾਸ ਕੀਤਾ.

ਰਾਮਗੀਤਾ: ਰਾਮਚੰਦ੍ਰ ਜੀ ਦਾ ਲਛਮਣ ਨੂੰ ਦਿੱਤਾ ਉਪਦੇਸ਼, ਜੋ ਅਧਜਾਤਮ ਰਾਮਾਯਣ ਵਿੱਚ ਹੈ.

---

[1105] ਹੁਣ ਤਖਾਣ ਜਾਤਿ ਤੋਂ ਸਿੱਖਧਰਮ ਵਿੱਚ ਆਏ ਲੋਗ ਆਪਣੇ ਤਾਂਈਂ 'ਰਾਮਗੜੀਆ" ਕਹਾਉਣ ਪਸੰਦ ਕਰਦੇ ਹਨ.

ਰਾਮਚਰਣ: ਦੇਖੋ, ਰਾਮਸਨੇਹੀ ੨.

ਰਾਮਚੌਕ: ਇਹ ਇੱਕ ਖੇਡ ਹੈ, ਜਿਸ ਵਿੱਚ ੮੧ ਟਾਹਣੀਆਂ (ਗੋਟੀਆਂ ਅਥਵਾ ਠੀਕਰੀਆਂ ਆਦਿ) ਰੱਖਣ ਦੀ ਥਾਂ ਹੁੰਦੀ ਹੈ, ਤੇ ਹਰੇਕ ਟਾਹਣੀ ਦੀ ਗਤੀ ਇੱਕ ਘਰ ਹੁੰਦੀ ਹੈ. ਟਾਹਣੀ ਸ਼ਤਰੰਜ ਦੇ ਵਜ਼ੀਰ ਵਾਕਰ ੮. ਪਾਸਿਆਂ ਵੱਲ ਮਾਰ ਕਰ ਸਕਦੀ ਹੈ। ਜੇਕਰ ਟਾਹਣੀ ਦੇ ਆਸ ਪਾਸ, ਕੋਈ ਟਾਹਣੀ ਦੂਜੇ ਫਰੀਕ ਦੀ ਪਈ ਹੋਵੇ, ਤੇ ਉਸ ਤੋਂ ਅਗਲਾ ਘਰ ਖਾਲੀ ਹੋਵੇ, ਤਦ ਇਹ ਟਾਹਣੀ ਉਸ ਦੇ ਉੱਪਰੋਂ ਟੱਪਕੇ ਉਸ ਖਾਲੀ ਘਰ ਵਿੱਚ ਜਾ ਬੈਠਦੀ ਹੈ, ਤੇ ਜਿਸ ਦੇ ਉੱਪਰੋਂ ਲੰਘ ਜਾਵੇ, ਉਹ ਜਿੱਤੀ ਹੋਈ ਸਮਝਕੇ ਪਿੜ ਵਿੱਚੋਂ ਉੱਠਾ ਲਈ ਜਾਂਦੀ ਹੈ.

ਇਸ ਦੇ ਖੇਡਣ ਦਾ ਢੰਗ ਇਹ ਹੈ ਕਿ ਦੋ ਖਿਡਾਰੀ ਆਮੋ ਸਾਹਮਣੇ ੪੦- ੪੦ ਟਾਹਣੀਆਂ (ਵੱਖ- ਵੱਖ ਰੰਗ ਦੀਆਂ) ਰੱਖਕੇ ਬੈਠ ਜਾਂਦੇ ਹਨ ਤੇ ੮੧ਵਾਂ (ਵਿਚਕਾਰਲਾ) ਥਾਂ ਪਹਿਲੀ ਚਾਲ ਵਾਸਤੇ ਖਾਲੀ ਰੱਖ ਲਿਆ ਜਾਂਦਾ ਹੈ. ਬਾਜੇ ਵੇਲੇ ਇੱਕੋ ਵਕਤ ਵਿੱਚ ਚਾਰ ਚਾਰ ਛੇ ਛੇ ਮਾਰਾਂ ਭੀ ਇੱਕੋ ਚਾਲ ਨਾਲ ਮਾਰੀਆਂ ਜਾ ਸਕਦੀਆਂ ਹਨ. ਜਦ ਤਕ ਇੱਕ ਟਾਹਣੀ ਨੂੰ ਟੱਪਕੇ ਅੱਗੇ ਖਾਲੀ ਥਾਂ ਮਿਲਦੀ ਜਾਏ, ਤਦ ਤਕ ਚਾਲ ਜਾਰੀ ਰਹਿੰਦੀ ਹੈ. ਜਿਸ ਵੇਲੇ ਇੱਕ ਦੀਆਂ ਟਾਹਣਾਂ ਮੁਕ ਜਾਣ ਤਾਂ ਉਸ ਦੀ ਹਾਰ ਹੋ ਜਾਂਦੀ ਹੈ. ਬਾਜ਼ ਵਕਤ ਦੋਹਾਂ ਪਾਸਿਆਂ ਦੀ ਇੱਕ ਇੱਕ ਦੋ ਦੋ ਯਾਂ ਤਿੰਨ ਤਿੰਨ ਟਾਹਣਾਂ ਰਹਿ ਜਾਂਦੀਆਂ ਹਨ, ਤਾਂ ਬਾਜੀ ਬਰਾਬਰ ਸਮਝੀ ਜਾਂਦੀ ਹੈ. ਓਹ ਨਾ ਕਿਸੇ ਦੀ ਹਾਰ ਹੋਈ ਤੇ ਨਾ ਕਿਸੇ ਦੀ ਜਿੱਤ ਹੋਈ ਸਮਝੀ ਜਾਂਦੀ ਹੈ.

ਖੇਡ ਬੜੀ ਸਾਧਾਰਣ ਹੈ ਅਰ ਆਮ ਕਰਕੇ ਪਿੰਡਾਂ ਵਿੱਚ ਖੇਡੀ ਜਾਂਦੀ ਹੈ. ਚੌਪਟ. ਸ਼ਤਰੰਜ ਆਦਿਕ ਨਾਲੋਂ ਸੁਖੈਨ ਤੇ ਸੁਲਭ ਹੈ. ਜਿੱਥੇ ਜੀ ਚਾਹੇ, ਲਕੀਰਾਂ ਪਾਕੇ ਰੋੜਾਂ ਠੀਕਰੀਆਂ ਨਾਲ ਸ਼ੁਰੂ ਹੋ ਸਕਦੀ ਹੈ. "ਜਨੋਂ ਚੌਪੜ ਸ਼ਤਰੰਜ ਗੰਜਫਾ ਰਾਮਚੌਕ." (ਗੁਪ੍ਰਸੂ) ਦੇਖੋ, ਅੱਗੇ ਦਿੱਤਾ ਰਾਮਚੌਕ ਦਾ ਚਿਤ੍ਰ.

(fig.)

ਰਾਮਚੰਦ: ਸ਼੍ਰੀ ਰਾਮਚੰਦ੍ਰ ਜੀ. ਦੇਖੋ, ਰਾਮ ੩.

ਰਾਮਚੰਦ ਕੀ ਲਸਟਿਕਾ: ਰਾਮਚੰਦ੍ਰ ਜੀ ਦਾ ਰਾਜਦੰਡ, ਜਿਸ ਤੋਂ ਪ੍ਰਜਾ ਸ਼ਾਂਤਿ ਨਾਲ ਰਹਿੰਦੀ ਸੀ ਅਰ ਦੁਸਟਾਂ ਨੂੰ ਭੈ ਹੁੰਦੀ ਸੀ. ਭਾਵ- ਹਰਿਨਾਮਰੂਪ ਰਾਮਦੰਡ.

"ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ।

ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥"

(ਬਿਲਾ ਮਃ ੫)

ਰਾਮਚੰਦਿ: ਰਾਮਚੰਦ੍ਰ ਨੇ. "ਰਾਮਚੰਦਿ ਮਾਰਿਉ ਅਹਿ ਰਾਵਣੁ." (ਸਿਧਗੋਸਟਿ)

ਰਾਮਚੰਦ੍ਰ: ਦੇਖੋ, ਰਾਮ ੩.

ਰਾਮਜਨ: ਕਰਤਾਰ ਦੇ ਸੇਵਕ. ਹਰਿਜਨ. "ਰਾਮਜਨ ਗੁਰਮਤਿ ਰਾਮ ਬੋਲਾਇ." (ਰਾਮ ਮਃ ੪)

ਰਾਮਜਨੀ: ਦੇਵਦਾਸੀ. ਮਾਤਾ ਪਿਤਾ ਵੱਲੋਂ ਦੇਵਮੰਦਿਰ ਨੂੰ ਚੜ੍ਹਾਈ ਕਨਜਾ, ਜੋ ਮੰਦਿਰ ਦੀ ਸੇਵਾ ਕਰੇ। ੨. ਵੇਸ਼ਜਾ ਲਈ ਵਜ੍ਰੰਗ ਅਰਥ ਨਾਲ ਥਾਪਿਆ ਨਾਮ.

ਬਹੁ ਰਾਮਜਨੀ ਤਹਿ" ਨਾਚਤ ਹੈਂ." (ਕ੍ਰਿਸਨਾਵ)

ਲੇ ਰਾਖਿਓ ਰਾਮਜਨੀਆ ਨਾਉ." (ਆਸਾ ਕਬੀਰ)

੩. ਰਾਮਜਨਾਂ ਨੇ. ਹਰਿਜਨਾਂ ਨੇ. "ਰਾਮਜਨੀ ਕੀਨੀ ਖੰਡ ਖੰਡ." (ਰਾਮ ਮਃ ੫)

ਰਾਮਜਨੀਆ: ਦੇਖੋ, ਰਾਮਜਨੀ ੨.

ਰਾਮਜਯਾ: ਰਾਮ- ਜਾਯਾ. ਰਾਮਚੰਦ੍ਰ ਜੀ ਦੀ ਮਾਤਾ ਕੌਸ਼ਲ੍ਯਾ ਰਾਮੋ ਜਾਯਤੇ ਯਸਜਾਂ ਸਾ. "ਅਬ ਰਾਮਜਯਾ ਪਰ ਬਾਤ ਗਈ." (ਰਾਮਾਵ)

ਰਾਮਜਲ, ਰਾਮਜਲੁ: ਕਰਤਾਰ ਦਾ ਨਾਮਰੂਪ ਜਲ. "ਅਬ ਮੋਹਿ ਜਲਤ ਰਾਮਜਲੁ ਪਾਇਆ." (ਗਉ ਕਬੀਰ)

ਰਾਮਜੰਗਾ: ਖ਼ਾ ਬੰਦੂਕ। ੨. ਪਿਸਤੌਲ। ੩. ਕਰਾਬੀਨ.

ਰਾਮਤਾਰਕ: ਦੇਖੋ, ਤਾਰਕ ੫.

ਰਾਮਤੋਰੀ: ਖ਼ਾ ਮੱਛੀ। ੨. ਘੀਆ ਤੋਰੀ. ਚਿਕਨੀ ਤੋਰੀ. Lufa.

ਰਾਮਤ੍ਰਿਯਾ: ਸੀਤਾ. ਜਾਨਕੀ.

ਰਾਮਥੰਮਨ: ਸ਼੍ਰੀ ਗੁਰੂ ਨਾਨਕਦੇਵ ਜੀ ਦੀ ਮਾਸੀ ਦਾ ਸੁਪੁਤ੍ਰ ਪ੍ਰਤਾਪੀ ਸਾਧੂ. ਇਸ ਦਾ ਅਸਥਾਨ ਕੁਸੂਰ ਪਾਸ ਬਹੁਤ ਪ੍ਰਸਿੱਧ ਹੈ.

ਰਾਮਦੱਤ: ਇਹ ਕੁਰੁਖੇਤ੍ਰ ਦਾ ਬ੍ਰਾਹਮਣ ਸੀ. ਦਸ਼ਮੇਸ਼ ਦਾ ਸਿੱਖ ਹੋਕੇ ਇਸ ਨੇ ਮੰਗਣਾ ਤਿਆਗ ਦਿੱਤਾ ਅਰ ਗੁਰਮੁਖਾਂ ਦੀ ਸ਼੍ਰੇਣੀ ਵਿੱਚ ਗਿਣਿਆ ਗਿਆ.

ਰਾਮਦਾਸ: ਭੰਡਾਰੀ ਗੋਤ੍ਰ ਦਾ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਆਤਮਗਗਾਨੀ ਸਿੱਖ। ੨. ਦੇਖੋ, ਰਾਮਦਾਸ ਸਤਿਗੁਰੂ। ੩. ਸ਼੍ਰੀ ਗੁਰੂ ਰਾਮਦਾਸ ਜੀ ਤੋਂ ਲੈ ਕੇ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਤੀਕ ਸ਼੍ਰੀ ਗੁਰੂ ਨਾਨਕਦੇਵ ਦੇ ਗੱਦੀਨਸ਼ੀਨਾਂ ਲਈ ਮੁਗਲ ਬਾਦਸ਼ਾਹਾਂ ਦਾ ਥਾਪਿਆ ਹੋਇਆ ਸ਼ਬਦ. "ਰਾਮਦਾਸ ਦਿੱਲੀ ਮਹਿ ਆਇ." (ਗੁਵਿ ੧੦) ੪. ਰਾਮ ਦਾ ਦਾਸ. ਕਰਤਾਰ ਦਾ ਸੇਵਕ। ੫. ਦੇਵਮੰਦਿਰਾਂ ਵਿੱਚ ਕੀਰਤਨ ਕਰਨ ਵਾਲਾ ਭਗਤੀਆ. "ਘੂੰਘਰ ਬਾਂਧਿ ਭਏ ਰਾਮਦਾਸਾ." (ਮਾਰੂ ਮਃ ੫) ੬. ਰਾਮਚੰਦ੍ਰ ਜੀ ਦਾ ਉਪਾਸਕ. ਬੈਰਾਗੀ ਸਾਧੂ. "ਜੋਗੀ ਜਤੀ ਬੈਸਨੋ ਰਾਮਦਾਸ." (ਗੌਂਡ ਮਃ ੫) ੭. ਦਬਿਸਤਾਨੇ ਮਜਾਹਬ ਅਨੁਸਾਰ ਗੁਰੂ ਦੇ ਮਸੰਦਾਂ ਦੀ ਪਦਵੀ ਭੀ ਰਾਮਦਾਸ ਸੀ। ੮. ਛਤ੍ਰਪਤਿ ਸ਼ਿਵਾ ਜੀ ਦਾ ਗੁਰੂ ਮਹਾਤਮਾ ਰਾਮਦਾਸ, ਜਿਸ ਦਾ ਵਿਸ਼ੇਸ਼ਣ "ਸਮਰਥੰ" ਸੀ.

ਰਾਮਦਾਸ ਸਤਿਗੁਰੂ: ਸਿੱਖ ਕੌਮ ਦੇ ਚੌਥੇ ਪਾਤਸ਼ਾਹ, ਜਿਨ੍ਹਾਂ ਦਾ ਜਨਮ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਯਾਕੌਰ ਦੇ ਉਦਰ ਤੋਂ ੨੬ ਅੱਸੂ (ਕੱਤਕ ਵਦੀ ੨) ਸੰਮਤ ੧੫੯੧ (ਸਨ ੧੫੩੪) ਨੂੰ ਲਹੌਰ ਚੂੰਨੀਮੰਡੀ ਵਿੱਚ ਹੋਇਆ. ਗੁਰਸਿੱਖ ਹੋਣ ਤੋਂ ਪਹਿਲਾਂ ਇਨ੍ਹਾਂ ਦਾ ਨਾਮ ਜੇਠਾ ਸੀ. ੨੨ ਫੱਗੁਣ ਸੰਮਤ ੧੬੧੦ ਨੂੰ ਸ਼੍ਰੀ ਗੁਰੂ ਅਮਰਦਾਸ ਜੀ ਦੀ ਸੁਪੁਤ੍ਰੀ ਬੀਬੀ ਭਾਨੀ ਜੀ ਨਾਲ ਇਨ੍ਹਾਂ ਦੀ ਸ਼ਾਦੀ ਹੋਈ. ਆਪ ਨੇ ਸ਼੍ਰੀ ਗੁਰੂ ਅਮਰਦਾਸ ਜੀ ਦੀ ਆਗਯਾ ਨਾਲ ਗੁਮਟਾਲਾ ਸੁਲਤਾਨਵਿੰਡ ਆਦਿ ਪਿੰਡਾਂ ਪਾਸ ਸੰਮਤ ੧੬੩੧ ਵਿੱਚ ਇੱਕ ਪਿੰਡ ਬੰਨ੍ਹਿਆ, ਜਿਸ ਦਾ ਨਾਉਂ ਗੁਰੂ ਕਾ ਚੱਕ ਰੱਖਿਆ ਅਰ ਉਸ ਦੇ ਪੂਰਵ ਵੱਲ ਇੱਕ ਕੱਚਾ ਤਾਲ ਖੁਦਵਾਇਆ. ਇਸ ਪਿੰਡ ਦਾ ਨਾਉਂ ਸ਼੍ਰੀ ਗੁਰੂ ਅਰਜਨਦੇਵ ਦੇ ਸਮੇਂ "ਰਾਮਦਾਸਪੁਰ" ਅਤੇ ਤਾਲ ਦਾ "ਅਮ੍ਰਿਤਸਰ" ਹੋਇਆ.

ਸ਼੍ਰੀ ਗੁਰੂ ਅਮਰਦਾਸ ਜੀ ਨੇ ਜਦ ਸ਼੍ਰੀ ਰਾਮਦਾਸ ਜੀ ਦੀ ਘਾਲ ਪਰਣ ਹੋਈ ਦੇਖੀ, ਤਦ ਪ੍ਰਸੰਨ ਹੋਕੇ ੨. ਅੱਸੂ ਸੰਮਤ ੧੬੩੧ (ਸਨ ੧੫੭੪) ਨੂੰ ਗੁਰੁਤਾ ਬਖਸ਼ੀ.

ਗੁਰੂ ਰਾਮਦਾਸ ਜੀ ਦੇ ਤਿੰਨ ਪੁਤ੍ਰ, ਸ਼੍ਰੀਮਤੀ ਭਾਨੀ ਜੀ ਤੋਂ ਉਪਜੇ, ਪ੍ਰਿਥੀਚੰਦ, ਮਹਾਦੇਵ ਅਤੇ ਸ਼੍ਰੀ ਗੁਰੂ ਅਰਜਨਦੇਵ ਜੀ. ੨. ਅੱਸੂ (ਭਾਦੋਂ ਸੁਦੀ ੩) ਸੰਮਤ ੧੬੩੮ (ਸਨ ੧੫੮੧) ਨੂੰ ਗੋਇੰਦਵਾਲ ਜੋਤੀ ਜੋਤਿ ਸਮਾਏ. ਆਪ ਨੇ ੭. ਵਰ੍ਹੇ ਗੁਰਿਆਈ ਕੀਤੀ. ਅਰ ਸਾਰੀ ਅਵਸਥਾ ੪੬ ਵਰ੍ਹੇ ੧੧. ਮਹੀਨੇ ੭. ਦਿਨ ਭੋਗੀ. "ਇਕ ਅਰਦਾਸਿ ਭਾਟ ਕੀਰਤਿ ਕੀ, ਗੁਰ ਰਾਮਦਾਸ ਰਾਖਹੁ ਸਰਣਾਈ." (ਸਵੈਯੇ ਮਃ ੪. ਕੇ)

ਰਾਮਦਾਸਸਰ, ਰਾਮਦਾਸਸਰੋਵਰ: ਸ਼੍ਰੀ ਅਮ੍ਰਿਤਸਰ. "ਕਸਮਲ ਜਾਹਿ ਨਾਇਐ ਰਾਮਦਾਸ ਸਰ." (ਫੁਨਹੇ ਮਃ ੫) ੨. ਕਰਤਾਰ ਦੇ ਸੇਵਕ (ਸਾਧੁਜਨ), ਜੋ ਸਰੋਵਰਰੂਪ ਹਨ.

**ਰਾਮਦਾਸ ਸਰੋਵਰਿ:** ਰਾਮਦਾਸ ਸਰੋਵਰ ਵਿੱਚ. "ਰਾਮਦਾਸ ਸਰਵਰਿ ਨ੍ਹਾਤ." (ਸਰ ਮਃ ੫)

**ਰਾਮਦਾਸਕੇ:** ਸ਼੍ਰੀ ਗੁਰੂ ਰਾਮਦਾਸ ਜੀ ਦੇ ਜਾਨਸ਼ੀਨ ਸਤਿਗੁਰੂ। ੨. ਦੇਖੋ, ਰਮਦਾਸ ਕੇ। ੩. ਰਾਮਸਨੇਹੀ ਬੈਰਾਗੀਆਂ ਦੀ ਇੱਕ ਸ਼ਾਖਾ, ਜਿਸ ਦਾ ਮੁੱਖ ਅਰਥਾਨ ਪਿੰਡ ਖੇੜਾਪਾ (ਮਾਰਵਾੜ) ਵਿੱਚ ਹੈ. ਇਸ ਸੰਪ੍ਰਦਾਯ ਦਾ ਮੁਖੀਆ ਰਾਮਦਾਸ ਢੇਢ ਜਾਤਿ ਦਾ ਸੀ, ਜੋ ਰਾਮਦੇਵ ਨਾਮਕ ਰਾਮਸਨੇਹੀ ਸਾਧੂ ਦਾ ਚੇਲਾ ਹੋਗਿਆ, ਜਿਸ ਤੋਂ ਇਹ ਪੰਥ ਚੱਲਿਆ. ਰਾਮਦਾਸ ਕੇ ਭੂਖਣ ਅਤੇ ਸੁੰਦਰ ਵਸਤ੍ਰ ਪਹਿਰਨੇ ਅਯੋਗ ਨਹੀਂ ਸਮਝਦੇ. ਮਿੱਟੀ ਦੇ ਭਾਂਡਿਆਂ ਵਿੱਚ ਖਾਣਾ ਪੀਣਾ ਅਪਵਿਤ੍ਰ ਨਹੀਂ ਮੰਨਦੇ. ਇਨ੍ਹਾਂ ਵਿੱਚੋਂ ਕਈ ਖੇਤੀ ਦਾ ਕੰਮ ਕਰਦੇ ਹਨ.

**ਰਾਮਦਾਸ ਤਨੁ:** ਸ਼੍ਰੀ ਗੁਰੂ ਰਾਮਦਾਸ ਜੀ ਦੇ ਤਨਯ (ਪੁਤ੍ਰ) ਸ਼੍ਰੀ ਗੁਰੂ ਅਰਜਨਦੇਵ ਜੀ.

**ਰਾਮਦਾਸਪੁਰ:** ਅਮ੍ਰਿਤਸਰ ਨਗਰ. ਗੁਰੂ ਕਾ ਚੱਕ.

"ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ." (ਫੁਨਹੇ ਮਃ ੫) ਇਸ ਸ਼ਹਿਰ ਦਾ ਨਾਮ ਸਤਿਗੁਰੂ ਅਰਜਨਦੇਵ ਨੇ ਰਾਮਦਾਸ ਪੁਰ ਰੱਖਿਆ ਹੈ, ਪਰ ਸਰੋਵਰ ਦੀ ਪ੍ਰਸਿੱਧੀ ਕਾਰਣ ਅਮ੍ਰਿਤਸਰ ਹੋ ਗਿਆ ਹੈ.

**ਰਾਮਦਾਸਿ:** ਰਾਮ ਦੇ ਦਾਸ ਨੇ। ੨. ਸਤਿਗੁਰੂ ਰਾਮਦਾਸ ਜੀ ਨੇ. "ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ." (ਸਵੈਯੇ ਮਃ ੫. ਕੇ)

**ਰਾਮਦਾਸੁ:** ਦੇਖੋ, ਰਾਮਦਾਸ ੪. "ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ। ਤਿਸ ਕਾ ਨਾਮੁ ਸਤਿ ਰਾਮਦਾਸੁ ॥" (ਸੁਖਮਨੀ)

**ਰਾਮਦਾਸੈ:** ਰਾਮਦਾਸ ਨੇ। ੨. ਰਾਮਦਾਸ ਨੂੰ। ੩. ਰਾਮਦਾਸ ਦੇ. "ਰਾਮਦਾਸੈ ਪੈਰੀ ਪਾਇ ਜੀਉ." (ਸਦੁ) ੪. ਰਾਮਦਾਸ ਦੀ. "ਰਾਮਦਾਸੈ ਹੋਈ ਸਹਾਇ." (ਚੰਡੀ ੩) ਗੁਰੂ ਰਾਮਦਾਸ ਜੀ ਦੀ ਸਹਾਇਤਾ ਹੋਵੇ!

**ਰਾਮਦੁਹਾਈ:** ਪਰਮੇਸ਼੍ਵਰ ਦਾ ਨਾਮ ਲੈਕੇ ਸਹਾਇਤਾ ਲਈ ਪੁਕਾਰ ਕਰਨੀ.

**ਰਾਮਦੂਤ:** ਹਨੂਮਾਨ। ੨. ਦੇਵਗਣ.

**ਰਾਮਦੇਵ:** ਬੰਦਾ ਬਹਾਦੁਰ ਦਾ ਪਿਤਾ. ਦੇਖੋ, ਬੰਦਾ ਬਹਾਦੁਰ। ੨. ਦੇਖੋ, ਮੀਹਾਂ ਸਾਹਿਬ.

**ਰਾਮਦ੍ਵਾਰਾ:** ਠਾਕੁਰਦ੍ਵਾਰਾ. ਦੇਵਮੰਦਿਰ. ਦੇਵਾਲਯ। ੨. ਰਾਮਸਨੇਹੀ ਸਾਧਾਂ ਦਾ ਡੇਰਾ.

**ਰਾਮਨਵਮੀ:** ਦੇਖੋ, ਰਾਮਨੌਮੀ.

**ਰਾਮਨਾ:** ਰਾਮਨਾਮ ਦਾ ਸੰਖੇਪ. "ਸੇਵੀਅਲੇ ਰਾਮਨਾ." (ਆਸਾ ਕਬੀਰ)

**ਰਾਮਨਾਥ:** ਜਲੰਧਰ ਨਿਵਾਸੀ ਜਗੰਨਾਥ ਨਾਗਰ ਦਾ ਪੁਤ੍ਰ ਇੱਕ ਕਵਿ, ਜਿਸ ਨੇ ਮਹਾਭਾਰਤ ਦੇ ਆਦਿਪਰਵ ਦਾ ਹਿੰਦੀ ਕਵਿਤਾ ਵਿੱਚ ਅਨੁਵਾਦ (ਉਲਥਾ) ਕੀਤਾ ਹੈ.

**ਰਾਮਨਾਰਾਯਣ:** ਬਾਬਾ ਕਾਲੂ ਜੀ ਦਾ ਦਾਦਾ ਅਤੇ ਸ਼ਿਵਰਾਮ ਜੀ ਦਾ ਪਿਤਾ, ਜੋ ਗਉਂਡੇ ਪਿੰਡ ਦਾ ਵਸਨੀਕ ਸੀ.

**ਰਾਮਨਿਵਾਜੀਏ:** ਭਾਈ ਬਸਤੀਰਾਮ ਦੇ ਸੇਵਕਾਂ ਦਾ ਇੱਕ ਗਰੋਹ, ਜੋ ਬੰਨੂ ਦੀ ਤਸੀਲ ਈਸਾਖ਼ੈਲ ਵਿੱਚ ਹੈ. ਇਹ ਰਾਮ ਨਾਮ ਦਾ ਜਪ ਨਮਾਜ਼ ਦੀ ਰੀਤਿ ਤੇ ਕਰਕੇ ਸਿਜਦਾ ਕਰਦੇ ਹਨ. ਧਰਮ ਪੁਸਤਕ ਸ਼੍ਰੀ ਗੁਰੂ ਗ੍ਰੰਥਸਾਹਿਬ ਹੈ.

**ਰਾਮਨਿਵਾਸ:** ਕਰਤਾਰ ਦਾ ਮਨ ਵਿੱਚ ਨਿਵਾਸ। ੨. ਜਗਤ. ਸੰਸਾਰ। ੩. ਗੁਰਮੁਖ ਦਾ ਅੰਤਹਕਰਣ.

**ਰਾਮਨੌਮੀ:** ਰਾਮਨਵਮੀ. ਚੇਤਸੁਦੀ ੯. ਇਸ ਤਿਥਿ ਰਾਮਚੰਦ੍ਰ ਜੀ ਦਾ ਜਨਮ ਹੋਇਆ ਹੈ.

**ਰਾਮਪੁਰ:** ਅੰਬਾਲੇ ਦੇ ਜਿਲੇ ਖਰੜ ਤੋਂ ਚਾਰ ਕੋਹ ਉੱਤਰ ਇੱਕ ਪਿੰਡ. ਕੀਰਤਪੁਰ ਤੋਂ ਦਿੱਲੀ ਨੂੰ ਜਾਂਦੇ ਰਾਮਰਾਇ ਜੀ ਇੱਥੇ

ਠਹਿਰੇ ਸਨ। ੨. ਪੰਜਾਬ ਦੀ ਪਹਾੜੀ ਰਿਆਸਤ ਬੁਸ਼ਹਰ ਦੀ ਰਾਜਧਾਨੀ, ਇਸ ਦੀ ਸਮੁੰਦਰ ਤੋਂ ਉਚਿਆਈ ੩੩੦੦ ਫੁਟ ਹੈ। ੩. ਯੂ. ਪੀ. ਵਿੱਚ ਰੁਹੇਲਖੰਡ ਦੀ ਇੱਕ ਮੁਸਲਮਾਨੀ ਰਿਆਸਤ ਅਤੇ ਉਸ ਦਾ ਪ੍ਰਧਾਨ ਨਗਰ, ਜੋ ਕੋਸੀ (ਕੋਸਿਲਾ) ਨਦੀ ਦੇ ਕਿਨਾਰੇ ਹੈ. ਇਹ ਕਲਕੱਤੇ ਤੋਂ ੮੫੧ ਅਤੇ ਬੰਬਈ ਤੋਂ ੧੦੭੦ ਮੀਲ ਹੈ. ਇਸ ਦੀ ਵਸੋਂ ੭੩, ੨੦੦ ਹੈ. ਰਿਆਸਤ ਰਾਮਪੁਰ ਦਾ ਰਕਬਾ ੮੯੯ ਵਰਗ ਮੀਲ ਅਤੇ ਜਨਸੰਖਯਾ ੪੫੩, ੬੦੭ ਹੈ.

ਰਾਮਪੁਰਾ: ਜਿਲਾ ਅਤੇ ਤਸੀਲ ਲਹੌਰ. ਥਾਣਾ ਬਰਕੀ ਦਾ ਇੱਕ ਛੋਟਾ ਪਿੰਡ, ਜੋ ਰੇਲਵੇ ਸਟੇਸ਼ਨ ਜੱਲੋ ਤੋਂ ੧੦. ਮੀਲ ਦੱਖਣ ਪੱਛਮ ਹੈ. ਇਸ ਪਿੰਡ ਦੀਆਂ ਦੋ ਆਬਾਦੀਆਂ ਹਨ. ਦੋਹਾਂ ਦੇ ਵਿਚਕਾਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਇਸ ਨਾਲ ੧੫. ਵਿੱਘੇ ਦੇ ਕ਼ਰੀਬ ਜ਼ਮੀਨ ਹੈ. ਪੁਜਾਰੀ ਉਦਾਸੀ ਹੈ। ੨. ਫੂਲ ਤੋਂ ਤਿੰਨ ਮੀਲ ਪੱਛੋਂ ਵੱਲ ਰਿਆਸਤ ਪਟਿਆਲਾ ਦੇ ਬਜੁਰਗ ਬਾਬਾ ਰਾਮਸਿੰਘ ਜੀ ਦਾ ਵਸਾਇਆ ਨਗਰ, ਜਿਸ ਵਿੱਚ ਬਾਬਾ ਜੀ ਦੀ ਔਲਾਦ ਇਸਵੇਦਾਰ ਹੈ. ਇਹ ਨਜਾਮਤ ਬਰਨਾਲਾ ਵਿੱਚ ਹੈ.

ਰਾਮਪੁਰਾ ਕਲਾਂ: ਇੱਕ ਪਿੰਡ, ਜੋ ਜਿਲਾ ਤਸੀਲ ਲਹੌਰ ਵਿੱਚ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦ੍ਵਾਰਾ ਹੈ.

ਰਾਮਬਾਗ: ਸ਼੍ਰੀ ਗੁਰੂ ਰਾਮਦਾਸ ਜੀ ਦੇ ਨਾਮ ਪੁਰ ਮਹਾਰਾਜਾ ਰਣਜੀਤਸਿੰਘ ਜੀ ਦਾ ਅਮ੍ਰਿਤਸਰ ਦੇ ਉੱਤਰ ਪੂਰਵ ਦੀਵਾਨ ਮੋਤੀਰਾਮ ਦੇ ਪੁਤ੍ਰ ਕਿਰਪਾ ਰਾਮ ਦ੍ਵਾਰਾ ਲਗਵਾਇਆ ਸੁੰਦਰ ਬਾਗ, ਜਿਸ ਵਿੱਚ ਸਰਦਖਾਨਾ ਅਤੇ ਮਨੋਹਰ ਬਾਰਾਂਦਰੀ ਹੈ. ਸਨ ੧੮੧੮ ਤੋਂ ੧੮੩੭ ਤੀਕ ਇਹ ਪੰਜਾਬਕੇਸ਼ਰੀ ਦੇ ਗਰਮੀਆਂ ਕੱਟਣ ਦਾ ਅਸਥਾਨ ਰਿਹਾ ਹੈ. ਹੁਣ ਇਸ ਦਾ ਪ੍ਰਬੰਧ ਸ਼ਹਿਰ ਦੀ ਕਮੇਟੀ ਦੇ ਹੱਥ ਹੈ.

ਰਾਮਬਾਣ: ਰਾਮਚੰਦ੍ਰ ਜੀ ਦਾ ਵਾਣ (ਤੀਰ). ਭਾਵ- ਨਾ ਨਿਸ਼ਫਲ ਜਾਣ ਵਾਲਾ. ਅਮੋਘ.

ਰਾਮਬਾਰਾ: ਰਾਮਚੰਦ੍ਰ ਜੀ ਦੀ ਬਾਲਾ, ਸੀਤਾ। ੨. ਦੇਖੋ, ਰਾਮਬਾੜਾ.

ਰਾਮਬਾਲਾ: ਦੇਖੋ, ਰਾਮਬਾਰਾ ੧.

ਰਾਮਬਾੜਾ: ਉਹ ਵਲਗਣ, ਜਿਸ ਵਿੱਚ ਦੀਨ ਦੁਖੀ ਅਨਾਥਾਂ ਦੀ ਪਾਲਨਾ ਹੋਵੇ. ਅਨਾਥਾਲਯ। ੨. ਪਟਿਆਲੇ ਗੁਰਦ੍ਵਾਰਾ ਮੋਤੀ ਬਾਗ ਪਾਸ ਮਹਾਰਾਜਾ ਨਰੇਂਦ੍ਰਸਿੰਘ ਜੀ ਦਾ ਬਣਵਾਇਆ ਕੁਸ਼੍ਠੀਆਂ ਲਈ ਆਸ਼੍ਰਮ.

ਰਾਮਭਕ੍ਤਿ, ਰਾਮਭਗਤਿ: ਕਰਤਾਰ ਦੀ ਉਪਾਸਨਾ. "ਜਿਹ ਨਰ ਰਾਮਭਗਤਿ ਨਹਿ ਸਾਧੀ। ਜਨਮਤ ਕਸ ਨ ਮੁਓ ਅਪਰਾਧੀ?" (ਗਉ ਕਬੀਰ)

ਰਾਮਮੋਹਨ ਰਾਇ: ਦੇਖੋ, ਬ੍ਰਹਮਸਮਾਜ.

ਰਾਮਰਈ: ਦੇਖੋ, ਰਾਮਰਾਈਆ.

ਰਾਮਰਸ: ਕਰਤਾਰ ਦੇ ਨਾਮ ਦਾ ਰਸ. "ਰਾਮਰਸ ਪੀਆ ਰੇ." (ਗਉ ਕਬੀਰ) ੨. ਲੂਣ. ਨਮਕ.

ਰਾਮਰਸਾਇਣ, ਰਾਮਰਸਾਇਣੁ: ਵਾਹਗੁਰੂ ਦਾ ਨਾਮ ਜੋ ਰਸਾਯਣਰੂਪ ਹੈ. "ਰਾਮਰਸਾਇਣੁ ਜਿਨ ਗੁਰਮਤਿ ਪਾਇਆ." (ਮਾਲੀ ਮਃ ੪)

ਰਾਮਰਵੰਤਾ: ਵਿ- ਰਾਮ ਰਵਣ ਕਰੰਤਾ. ਰਾਮ ਦਾ ਜਾਪ ਕਰਨ ਵਾਲਾ. "ਰਾਮਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ." (ਬਸੰ ਮਃ ੧) ਰਾਮਨਾਮ ਦਾ ਅਭ੍ਯਾਸੀ ਉਹ ਜਾਣੀਦਾ ਹੈ, ਜੋ ਭੋਗ (ਸੁਖ- ਦੁਖ) ਏਕਮਈ ਕਰ ਦੇਵੇ. ਭਾਵ ਸੁਖ ਦੁਖ ਆਦਿ ਦ੍ਵੰਦ ਜਿਸ ਨੂੰ ਸਮਾਨ ਹਨ. ਸੰਸਕ੍ਰਿਤ ਵਿੱਚ ਭੋਗ ਦਾ ਅਰਥ ਸੁਖ ਅਤੇ ਦਖ ਦੋਵੇਂ ਹਨ.

ਰਾਮਰਾਉਣੀ: ਦੇਖੋ, ਰਾਮਰੌਣੀ.

ਰਾਮਰਾਇ: ਰਾਜਾਰੂਪ ਕਰਤਾਰ. "ਅੰਤਰਿ ਰਾਮਰਾਇ ਪ੍ਰਗਟੇ ਆਇ." (ਭੈਰ ਮਃ ੫) ੨. ਦੇਖੋ, ਰਾਮਰਾਇ ਬਾਬਾ। ੩. ਦੇਖੋ,

ਰਤਨਰਾਯ.

ਰਾਮਰਾਇਬਾਬਾ: ਮਾਤਾ ਕੋਟਕਲਜਾਣੀ ਦੇ ਉਦਰ ਤੋਂ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵਡੇ ਪੁਤ੍ਰ, ਜਿਨ੍ਹਾਂ ਦਾ ਜਨਮ ਸੰਮਤ ੧੭੦੩ ਵਿੱਚ ਕੀਰਤਪੁਰ ਹੋਇਆ. ਔਰੰਗਜ਼ੇਬ ਨੇ ਜਦ ਸੱਤਵੇਂ ਪਾਤਸ਼ਾਹ ਨੂੰ ਤਲਬ ਕੀਤਾ, ਤਦ ਉਨ੍ਹਾਂ ਨੇ ਸਾਹਿਬਜਾਦਾ ਰਾਮਰਾਇ ਜੀ ਨੂੰ ਦਿੱਲੀ ਭੇਜਿਆ. ਇਨ੍ਹਾਂ ਨੇ ਆਪਣੀ ਚਤੁਰਾਈ ਨਾਲ ਔਰੰਗਜ਼ੇਬ ਨੂੰ ਪ੍ਰਸੰਨ ਰੱਖਿਆ. ਇੱਕ ਦਿਨ ਬਾਦਸ਼ਾਹ ਨੇ ਕਿਸੇ ਦੇ ਸਿਖਾਉਣ ਪੁਰ ਪੁੱਛਿਆ ਕਿ ਸ਼੍ਰੀ ਗੁਰੂ ਨਾਨਕਸਾਹਿਬ ਨੇ- "ਮਿਟੀ ਮੁਸਲਮਾਨ ਕੀ" ਸਲੋਕ ਵਿੱਚ ਇਸਲਾਮ ਦੀ ਹਤਕ ਕਿਉਂ ਕੀਤੀ ਹੈ? ਬਾਬਾ ਰਾਮਰਾਇ ਨੇ ਉੱਤਰ ਦਿੱਤਾ ਕਿ ਪਾਠ- "ਮਿਟੀ ਬੇਈਮਾਨ ਕੀ" ਹੈ, ਮੁਸਲਮਾਨ ਕੀ ਨਹੀਂ, ਜਿਸ ਪੁਰ ਮੁਆਮਲਾ ਸ਼ਾਂਤ ਹੋ ਗਿਆ.

ਜਦ ਇਹ ਖਬਰ ਸ਼੍ਰੀ ਗੁਰੂ ਹਰਿਰਾਇ ਸਾਹਿਬ ਪਾਸ ਪੁੱਜੀ, ਤਦ ਆਪ ਨੇ ਫਰਮਾਇਆ ਕਿ ਰਾਮਰਾਇ ਨੇ ਖ਼ੁਸ਼ਾਮਦ ਕਰਕੇ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਵਾਕ ਪਲਟਿਆ ਹੈ, ਇਸ ਲਈ ਸਾਡੇ ਮੱਥੇ ਨਾ ਲੱਗੇ. ਬਾਬਾ ਰਾਮਰਾਇ ਹਰਿਦ੍ਵਾਰ ਤੋਂ ਉੱਪਰ ਦੂਣ ਵਿੱਚ ਔਰੰਗਜ਼ੇਬ ਤੋਂ ਜਾਗੀਰ ਲੈਕੇ ਜਾ ਵਸੇ, ਜਿੱਥੇ ਉਨ੍ਹਾਂ ਦਾ ਦੇਹਾਂਤ ਭਾਦੋਂ ਸੁਦੀ ੮. ਸੰਮਤ ੧੭੪੪ ਨੂੰ ਹੋਇਆ. ਰਾਮਰਾਇ ਜੀ ਦੇ ਦੇਹਰੇ ਕਾਰਣ ਹੀ ਦੂਣ ਦਾ ਨਾਉਂ ਦੇਹਰਾਦੂਨ ਹੋ ਗਿਆ ਹੈ.

ਇਤਿਹਾਸ ਵਿੱਚ ਕਥਾ ਹੈ ਕਿ ਰਾਮਰਾਇ ਜੀ ਜਦ ਸਮਾਧਿ ਵਿੱਚ ਲੀਨ ਸਨ, ਉਸ ਵੇਲੇ ਮਸੰਦਾਂ ਨੇ ਮੁਰਦਾ ਆਖਕੇ ਸਸਕਾਰ ਦਿੱਤੇ, ਇਸੇ ਲਈ ਮਾਤਾ ਪੰਜਾਬਕੌਰ ਨੇ ਕਲਗੀਧਰ ਨੂੰ ਬੁਲਾਕੇ ਮਸੰਦਾਂ ਨੂੰ ਸਜ਼ਾ ਦਿਵਾਈ ਸੀ. ਦੇਖੋ, ਦੇਹਰਾ ਰਾਮਰਾਇ ਜੀ.

ਰਾਮਰਾਈਆ: ਬਾਬਾ ਰਾਮਰਾਇ ਦਾ ਸੇਵਕ. ਰਾਮਰਾਇ ਜੀ ਦਾ ਉਪਾਸਕ.

ਰਾਮਰਾਜ: ਰਾਮਰਾਜ੍ਯ. ਅਮਨ ਦਾ ਰਾਜ੍ਯ. ਨ੍ਯਾਯਕਾਰੀ ਹੁਕੂਮਤ. "ਰਾਮਰਾਜ ਰਾਮਦਾਸਪੁਰਿ ਕੀਨੇ ਗੁਰਦੇਵ." (ਬਿਲਾ ਮਃ ੫) ਰਾਮਾਯਣ ਵਿੱਚ ਲੇਖ ਹੈ ਕਿ ਰਾਮਚੰਦ੍ਰ ਜੀ ਦੇ ਰਾਜ ਵਿੱਚ ਕਿਸੇ ਤਰਾਂ ਦਾ ਅਨਿਆਂ ਨਹੀਂ ਹੁੰਦਾ ਸੀ.

ਰਾਮਰਾਜਾ: ਰਾਜਾਰੂਪ ਪਾਰਬ੍ਰਹਮ. "ਤੂੰ ਅਪਰ ਅਪਾਰੋ ਰਾਮਰਾਜੇ." (ਆਸਾ ਛੰਤ ਮਃ ੪)

ਰਾਮਰਾਯ: ਦੇਖੋ, ਰਾਮਰਾਇ.

ਰਾਮਰਿਦਾ: ਰਾਮਹ੍ਰਿਦਯ. ਰਾਮਚੰਦ੍ਰ ਜੀ ਦਾ ਕੀਤਾ ਹਨੂਮਾਨ ਨੂੰ ਤਤ੍ਵ ਉਪਦੇਸ਼, ਜੋ ਅਧ੍ਯਾਤਮ ਰਾਮਾਇਣ ਵਿੱਚ ਹੈ.

ਰਾਮਰੇਖ, ਰਾਮਰੇਖਾ: ਸੁਵਰਣਮ੍ਰਿਗ ਪਿੱਛੇ ਜਾਣ ਸਮੇਂ ਸੀਤਾ ਦੀ ਰਖ੍ਯਾ ਲਈ ਰਾਮ ਨਾਮ ਲੈਕੇ ਲਛਮਣ ਦ੍ਵਾਰਾ ਚਾਰੇ ਪਾਸੇ ਖਿੱਚੀ ਲੀਕ।[1106] ੨. ਸੀਤਾ ਵਿਯੋਗ ਸਮੇਂ ਚਕਵੇ ਚਕਵੀ ਨੂੰ ਸੰਯੋਗੀ ਦੇਖਕੇ ਦੁਖੀ ਹੋਏ ਰਾਮਚੰਦ੍ਰ ਜੀ ਦੀ ਦੋਹਾਂ ਮੱਧ ਕੱਢੀ ਰੇਖਾ, ਜਿਸ ਤੋਂ ਉਹ ਰਾਤ੍ਰੀ ਸਮੇਂ ਇਕੱਠੇ ਨਾ ਹੋ ਸਕਣ. "ਚਕਈ ਭਲੋ ਹੈ ਜਾਂਤੇ ਰਾਮਰੇਖ ਮੇਟ ਨਿਸਿ ਪ੍ਰਿਯ ਸੰਗ ਪਾਵਈ." (ਭਾਗੁ ਕ)

ਰਾਮਰੌਣੀ: ਅਮ੍ਰਿਤਸਰ ਜੀ ਦੇ ਪਾਸ ਖ਼ਾਲਸੇ ਦੀ ਬਣਾਈ ਇੱਕ ਰਾਉਣੀ (ਕੱਚੀ ਕੰਧਾਂ ਦੀ ਓਟ), ਜਿਸ ਵਿੱਚ ਵੇਲੇ ਕੁਵੇਲੇ ਵੈਰੀ ਦੇ ਹੱਲੇ ਤੋਂ ਬਚਾਉ ਹੋ ਜਾਇਆ ਕਰਦਾ ਸੀ. ਦੇਖੋ, ਰਾਮਗੜ੍ਹ। ੨. ਅਮ੍ਰਿਤਸਰ ਦੇ ਰਾਮਗੜ੍ਹ ਕਿਲੇ ਦੇ ਆਸ ਪਾਸ ਖ਼ਾਲਸਾ ਦਲ ਦੀ ਬੀਜੀ ਹੋਈ ਖੇਤੀ, ਜੋ ਗੁਰੂ ਕੇ ਲੰਗਰ ਅਰਥ ਹੋਇਆ ਕਰਦੀ ਸੀ। ੩. ਖ਼ਾ, ਮਾਰੂ ਖੇਤੀ, ਜਿਸ ਨੂੰ ਵਾਹਗੁਰੂ ਬੱਦਲਾਂ ਨਾਲ ਜਲ ਦਿੰਦਾ ਹੈ.

ਰਾਮਰੌਲਾ: ਜਦ ਰਾਮਚੰਦ੍ਰ ਜੀ ਸੀਤਾ ਨੂੰ ਵਿਆਹਕੇ ਅਯੋਧ੍ਯਾ ਜਾ ਰਹੇ ਸੇ, ਤਾਂ ਰਾਹ ਵਿੱਚ ਰਾਮ (ਪਰਸ਼ੁਰਾਮ) ਨੇ ਰੌਲਾ ਆ ਮਚਾਇਆ. ਮੰਗਲ ਵਿੱਚ ਵਿਘਨ ਪਾ ਦਿੱਤਾ. ਹੁਣ ਝਗੜੇ ਉਪਦ੍ਰਵ ਬਲਵੇ ਆਦਿਕਾਂ ਲਈ "ਰਾਮਰੌਲਾ" ਸ਼ਬਦ ਵਰਤਿਆ

---

[1106] "ਰੇਖ ਕਰੀ ਚਹੁ" ਓਰ, ਕਹ੍ਯੋ ਸੁਨ!
ਯਾ ਤਜਿ ਪਾਉਂ ਨ ਦੇਹ ਅਗਾਊਂ।
ਜੋ ਬਿਧਿ ਲੋ ਇਹ ਬੀਚ ਪਰੈ,
ਜਰਿ ਭਾਰ ਉਡੈ ਤਨੁ ਰੀ ਤੁਰਤਾਊਂ." (ਹਨੂ)

ਜਾਂਦਾ ਹੈ.

ਰਾਮਲੀਲਾ: ਰਾਮਚੰਦ੍ਰ ਜੀ ਦੇ ਇਤਿਹਾਸ ਦਾ ਨਾਟਕ.

ਰਾਮਵਾਣ: ਰਾਮਚੰਦ੍ਰ ਜੀ ਦਾ ਤੀਰ. ਭਾਵ- ਅਮੋਘ ਸ਼ਸਤ੍ਰ, ਜਿਸ ਦਾ ਵਾਰ ਖਾਲੀ ਨਾ ਜਾਵੇ। ੨. ਵੈਦਕ ਅਨੁਸਾਰ ਪਾਰੇ ਗੰਧਕ ਆਦਿ ਦੇ ਮੇਲ ਤੋਂ ਬਣਾਇਆ ਰਸ, ਜੋ ਅਜੀਰਣ ਆਦਿ ਰੋਗ ਦੂਰ ਕਰਨ ਲਈ ਸਿੱਧ ਦਵਾਈ ਹੈ.

ਰਾਮਾ: ਸੰਬੋਧਨ. ਹੇ ਰਾਮ! "ਰਾਮਾ, ਹਮ ਦਾਸਨ ਦਾਸ ਕਰੀਜੈ." (ਕਲਿ ਅਃ ਮਃ ੪) ੨. ਸੰਗਗ- ਪਾਰ ਬ੍ਰਹਮ. ਕਰਤਾਰ. ਦੇਖੋ, ਰਾਮ ੧. "ਰਾਮਾ ਰਮ ਰਾਮੋ ਪੂਜ ਕਰੀਜੈ." (ਕਲਿ ਅਃ ਮਃ ੪) ੩. ਸ਼੍ਰੀ ਗੁਰੂ ਨਾਨਕਦੇਵ ਜੀ ਦਾ ਨਾਨਾ, ਮਾਤਾ ਤ੍ਰਿਪਤਾ ਜੀ ਦਾ ਪਿਤਾ "ਸ਼੍ਰੀ ਨਾਨਕ ਜਨਨੀ ਪਿਤ ਰਾਮਾ। ਮਾਤੁਲ ਸ਼੍ਰੇਸ਼ਟ ਕ੍ਰਿਸ਼ਨਾ ਨਾਮਾ." (ਨਾਪ੍ਰ) ੪. ਸਤਿਗੁਰੂ ਨਾਨਕਦੇਵ ਦਾ ਇੱਕ ਆਤਮਗਜਾਨੀ ਸਿੱਖ। ੫. ਸ਼੍ਰੀ ਗੁਰੂ ਅਮਰਦੇਵ ਜੀ ਦਾ ਵਡਾ ਜਵਾਈ. ਸ਼੍ਰੀ ਗੁਰੂ ਰਾਮਦਾਸ ਜੀ ਦਾ ਸਾਂਢੂ. "ਇਕ ਕੋ ਪਤਿ ਰਾਮਾ ਤਿਸ ਨਾਮਾ। ਰਾਮਦਾਸ ਦੂਸਰਿ ਅਭਿਰਾਮਾ ॥" (ਗੁਪ੍ਰਸੂ) ੬. ਸਹਗਲ ਗੋਤ੍ਰ ਦਾ ਇੱਕ ਪ੍ਰੇਮੀ, ਜੋ ਗੁਰੂ ਅਰਜਨਦੇਵ ਦਾ ਸਿੱਖ ਸੀ। ੭. ਬਾਬਾ ਗੁਰਦਿੱਤਾ ਜੀ ਦਾ ਸਹੁਰਾ. ਦੇਖੋ, ਅਨੰਤੀ ਮਾਤਾ। ੮. ਭਾਈ ਗੁਰਬਖ਼ਸ਼ਸਿੰਘ ਜੀ (ਰਾਮਕੁੰਵਰ) ਦਾ ਇੱਕ ਸੇਵਕ, ਜੋ ਸਦਾ ਉਨ੍ਹਾਂ ਦੀ ਸੇਵਾ ਵਿੱਚ ਹਾਜਿਰ ਰਹਿੰਦਾ ਸੀ। ੯. ਫੂਲਵੰਸ਼ ਦਾ ਰਤਨ ਬਾਬਾ ਰਾਮ ਸਿੰਘ, ਜਿਸ ਦੀ ਸੰਤਾਨ ਪਟਿਆਲਾਪਤਿ ਹਨ. ਦੇਖੋ, ਫੂਲਵੰਸ਼। ੧੦. ਇੱਕ ਰੰਧਾਵਾ ਜੱਟ, ਜਿਸ ਨੇ ਲਹੌਰ ਦੇ ਹਾਕਿਮ ਖ਼ਾਨਬਹਾਦੁਰ ਪਾਸ ਮੁਖ਼ਬਰੀ ਕਰਕੇ ਅਨੇਕ ਸਿੱਖ ਫੜਵਾਏ। ੧੧. ਸੰ. ਸੁੰਦਰ ਇਸਤ੍ਰੀ। ੧੨. ਨਦੀ। ੧੩. ਹਿੰਗ। ੧੪. ਲੱਛਮੀ। ੧੫. ਰਾਧਾ। ੧੬. ਰੁਕਮਿਣੀ। ੧੭. ਚਿੱਟੀ ਛਮਕ ਨਮੋਲੀ। ੧੮. ਘੀ ਕੁਮਾਰ। ੧੯. ਗੇਰੂ। ੨੦. ਸ਼ਿੰਗਰਫ.

ਰਾਮਾਇਣ: ਦੇਖੋ, ਰਾਮਾਯਣ. "ਰਾਮਾਇਣ ਕਰ ਭਾਰਤ ਭਾਰੇ." (ਭਾਗੁ)

ਰਾਮਾਣਾ: ਵਿ- ਰਾਮ ਦਾ. ਕਰਤਾਰ ਦਾ. "ਰਾਮੁ ਜਪੈ, ਸੋਈ ਰਾਮਾਣਾ." (ਗਉ ਮਃ ੫) ੨. ਦੇਖੋ, ਰਾਮੇਆਣਾ.

ਰਾਮਾਨੁਜ: ਰਾਮ- ਅਨੁਜ. ਰਾਮਚੰਦ੍ਰ ਜੀ ਦਾ ਛੋਟਾ ਭਾਈ ਲਛਮਣ (ਲਕਮਣ). ੨. ਮਦਰਾਸ ਦੇ ਇਲਾਕੇ ਕਾਂਚੀਪੁਰ (ਕਾਂਜੀਵਰੰ) ਪਾਸ ਭੂਤਨਗਰੀ ਵਿੱਚ ਸੰਮਤ ੧੦੭੩ ਵਿੱਚ ਕੇਸ਼ਵ ਬ੍ਰਾਹਮਣ ਦੇ ਘਰ ਕਾਂਤਿਮਤੀ ਦੇ ਉਦਰ ਤੋਂ ਇਸ ਮਹਾਤਮਾ ਦਾ ਜਨਮ ਹੋਇਆ.[1107] ਪਿਤਾ ਅਤੇ ਯਾਦਵਪ੍ਰਕਾਸ਼ ਤੋਂ ਵੇਦਾਂ ਸ਼ਾਸਤ੍ਰਾਂ ਦੀ ਵਿਦਜਾ ਪ੍ਰਾਪਤ ਕੀਤੀ. ਫੇਰ ਸ਼੍ਰੀਵੈਸ਼ਨਵ ਯਾਮੁਨ ਮੁਨਿ ਦਾ ਸਿੱਖ ਹੋਕੇ ਇਸ ਨੇ ਵਿਸ਼ਨੁ ਅਤੇ ਲੱਛਮੀ ਦੀ ਉਪਾਸਨਾ ਦਾ ਪ੍ਰਚਾਰ ਕੀਤਾ. ਇਹ ਸੰਸਕ੍ਰਿਤ ਦਾ ਅਦੁਤੀ ਪੰਡਿਤ ਸੀ. ਇਸ ਨੇ ਵਜਾਸ ਦੇ ਸੂਤ੍ਰ ਅਤੇ ਗੀਤਾ ਦੇ ਸ਼ਾਂਕਰਭਾਸ਼ਜ ਤੋਂ ਜੁਦੇ ਭਾਸ਼ਜ ਰਚੇ, ਜਿਨ੍ਹਾਂ ਵਿੱਚ ਵਿਸ਼ਿਸ਼੍ਰਾਦ੍ਵੈਤ ਦਾ ਵਰਣਨ ਹੈ. ਇਨ੍ਹਾਂ ਤੋਂ ਛੁੱਟ ਵੇਦਾਂਤਸਾਰ, ਵੇਦਾਂਤਦੀਪ, ਵੇਦਾਰਥਸੰਗ੍ਰਹ ਆਦਿ ਗ੍ਰੰਥ ਲਿਖੇ.

ਰਾਮਾਨੁਜ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਮੇਲੂਕੋਟ (ਜਿਲਾ ਹਾਸਨ ਰਿਆਸਤ ਮੈਸੋਰ) ਵਿੱਚ ਰਹਿਕੇ ਵਿਤਾਇਆ, ਅਤੇ ਮੈਸੋਰ ਦੇ ਰਾਜਾ ਵਿਸ਼ਨੁਵਰਧਨ ਨੂੰ ਵੈਸ਼ਨਵ ਬਣਾਇਆ.

ਰਾਮਾਨੁਜ ਦਾ ਦੇਹਾਂਤ ਸ਼੍ਰੀਰੰਗ (ਜਿਲਾ ਤ੍ਰਿਚਨਾਪਲੀ) ਵਿੱਚ ਸੰਮਤ ੧੧੯੪ ਵਿੱਚ ਹੋਇਆ. ਰਾਮਾਨੁਜ ਦੀ ਸੰਪ੍ਰਦਾਯ ਦੇ ਸ਼੍ਰੀਵੈਸ਼ਨਵ ਸ਼ਰੀਰ ਪੁਰ ਸ਼ੰਖ, ਚਕ੍ਰ, ਗਦਾ, ਪਦਮ ਵਿਸ਼ਨੁ ਦੇ ਚਿੰਨ੍ਹ ਧਾਰਣ ਕਰਦੇ ਹਨ, ਅਰ ਮਸਤਕ ਪੁਰ ਐਸਾ ψ ਤਿਲਕ ਲਗਾਉਂਦੇ ਹਨ, ਜਿਸ ਦੀ ਵਿਚਲੀ ਰੇਖਾ ਲਾਲ ਅਤੇ ਕਿਨਾਰੇ ਦੀਆਂ ਸਫੇਦ ਹੁੰਦੀਆਂ ਹਨ. ਸ਼੍ਰੀਵੈਸ਼ਨਵ ਤਿੰਨ ਪਦਾਰਥ ਮੰਨਦੇ ਹਨ- ਈਸ਼੍ਵਰ (ਵਿਸ਼ਨੁ ਭਗਵਾਨ), ਚਿਤ (ਜੀਵ), ਅਚਿਤ (ਸੰਸਾਰ ਦੇ ਸਾਰੇ ਜੜ੍ਹ ਪਦਾਰਥ).

ਰਾਮਾਨੁਜਾ: ਰਾਮ (ਬਲਭਦ੍ਰ) ਦੀ ਅਨੁਜਾ (ਛੋਟੀ ਭੈਣ) ਸੁਭਦ੍ਰਾ. "ਕਿ ਰਾਮਾਨੁਜਾ ਛੈ." (ਦੱਤਾਵ)

ਰਾਮਾਨੁਜੀ: ਰਾਮਾਨੁਜ ਦਾ ਮਤ ਧਾਰਣ ਵਾਲਾ. ਸ਼੍ਰੀਵੈਸ਼ਨਵ.

---

[1107] ਰਾਮਾਨੁਜ ਦਾ, ਮਾਤਾ ਪਿਤਾ ਦੇ ਨਾਮ ਲਕ੍ਸ਼ਮਣ ਰੱਖਿਆ ਸੀ.

ਰਾਮਾਨੰਦ: ਰਾਮ- ਆਨੰਦ. ਆਤਮ ਆਨੰਦ। ੨. ਵੈਰਾਗੀਆਂ ਦਾ ਆਚਾਰਯ, ਜਿਸ ਦੀ ਸੰਖੇਪ ਕਥਾ ਇਹ ਹੈ-

ਕਾਨਜਕੁਬਜ ਬ੍ਰਾਹਮਣ ਭੂਰਿਕਰਮਾ ਦੇ ਘਰ ਸੁਸ਼ੀਲਾ ਦੇ ਉਦਰ ਤੋਂ ਇਸ ਦਾ ਜਨਮ ਸੰਮਤ ੧੪੨੩ ਵਿੱਚ ਪ੍ਰਯਾਗ ਹੋਇਆ. ਮਾਤਾ ਪਿਤਾ ਨੇ ਇਸ ਦਾ ਨਾਮ ਰਾਮਦੱਤ ਰੱਖਿਆ. ਰਾਮਾਨੁਜ ਦੀ ਸੰਪ੍ਰਦਾਯ ਦੇ ਪ੍ਰਸਿੱਧ ਪ੍ਰਚਾਰਕ ਰਾਘਵਾਨੰਦ ਦਾ ਚੇਲਾ ਹੋਕੇ ਰਾਮਾਨੰਦ ਨਾਮ ਤੋਂ ਮਸ਼ਹੂਰ ਹੋਇਆ. ਕਾਸ਼ੀ ਵਿੱਚ ਗੰਗਾ ਦੇ ਪਜਾਂਗ ਘਾਟ ਤੇ ਰਹਿਕੇ ਇਸ ਵਿਦ੍ਵਾਨ ਮਹਾਤਮਾ ਨੇ ਬਹੁਤ ਧਰਮਪ੍ਰਚਾਰ ਕੀਤਾ ਅਤੇ ਇਸ ਦੇ ਚੇਲੇ ਕਬੀਰ ਆਦਿਕ ਭਾਰਤ ਦੇ ਅਮੋਲਕ ਰਤਨ ਹੋਏ ਹਨ.

ਗੁਰੁਪਰੰਪਰਾ ਇਉਂ ਹੈ::-

ਸ਼੍ਰੀ ਰਾਮਾਨੁਜ
।
ਦੇਵਾਨੰਦ
।
ਹਰਿਆਨੰਦ
।
ਰਾਘਵਾਨੰਦ
।
ਰਾਮਾਨੰਦ

ਰਾਮਾਨੰਦ ਤੋਂ ਹੀ ਵੈਰਾਗੀ ਸਾਧੂਆਂ ਦਾ ਫਿਰਕਾ "ਰਾਮਾਵਤ" ਚੱਲਿਆ ਹੈ, ਜੋ ਰਾਮਾਨੁਜ ਦੀ ਦੱਸੀ ਲਖ਼ਮੀ ਨਾਰਾਯਣ ਉਪਾਸਨਾ ਦੀ ਥਾਂ, ਸੀਤਾ ਰਾਮ ਦੀ ਉਪਾਸਨਾ ਕਰਦਾ ਹੈ. ਅਤੇ ਜਾਤਿ ਅਰ ਖਾਣ ਦੀ ਪਾਬੰਦੀ ਸ਼੍ਰੀਵੈਸ਼ਨਵਾਂ ਜੇਹੀ ਨਹੀਂ ਰਖਦਾ. ਰਾਮਾਨੰਦ ਪਹਿਲਾਂ ਮੂਰਤਿਪੂਜਕ ਸੀ, ਪਰ ਅੰਤਲੀ ਅਵਸ੍ਥਾ ਵਿੱਚ ਸਾਰੇ ਭ੍ਰਮ ਤਿਆਗਕੇ ਪੂਰਣਗਜਾਨੀ ਹੋਇਆ ਹੈ. ਦੇਖੋ, ਬਸੰਤ ਰਾਗ ਦਾ ਸ਼ਬਦ-

"ਕਤ ਜਾਈਐ ਰੇ ਘਰ ਲਾਗੋ ਰੰਗੁ?

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ।

ਏਕ ਦਿਵਸ ਮਨ ਭਈ ਉਮੰਗ।

ਘਸਿ ਚੰਦਨ ਚੋਆ ਬਹੁ ਸੁਗੰਧ।

ਪੂਜਨ ਚਾਲੀ ਬ੍ਰਹਮਠਾਇ।

ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ।

ਜਹਾ ਜਾਈਐ ਤਹ ਜਲ ਪਖਾਨ।

ਤੂ ਪੂਰਿ ਰਹਿਓ ਹੈ ਸਭ ਸਮਾਨ।

ਬੇਦ ਪੁਰਾਨ ਸਭ ਦੇਖੇ ਜੋਇ।

ਊਹਾਂ ਤਉ ਜਾਈਐ, ਜਉ ਈਹਾਂ ਨ ਹੋਇ।

ਸਤਿਗੁਰੁ ਮੈ ਬਲਿਹਾਰੀ ਤੋਰ।

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ।

ਰਾਮਾਨੰਦ ਸੁਆਮੀ ਰਮਤ ਬ੍ਰਹਮ।

ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥"

ਰਾਮਾਨੰਦ ਦਾ ਦੇਹਾਂਤ ਸੰਮਤ ੧੫੨੪ ਵਿੱਚ ਕਾਸ਼ੀ ਹੋਇਆ.

ਕਈਆਂ ਨੇ ਜਨਮ ਸੰਮਤ ੧੩੫੬ ਅਤੇ ਦੇਹਾਂਤ ੧੪੬੭ ਲਿਖਿਆ ਹੈ, ਜੋ ਭਾਰੀ ਭੁੱਲ ਹੈ.[1108] ਰਾਮਾਨੰਦ ਜੀ ਦੇ ਮੁਖੀ ਚੇਲੇ ੧੨. ਹੋਏ ਹਨ- ਅਨੰਤਾਨੰਦ, ਸੁਰਸੁਰਾਨੰਦ, ਸਖਾਨੰਦ, ਨਰਹਯੰਨੰਦ, ਯੋਗਾਨੰਦ, ਪੀਪਾ ਜੀ, ਕਬੀਰ ਜੀ, ਭਾਵਾਨੰਦ, ਸੇਨ (ਸੈਣ) ਧਨੇਸ਼੍ਵਰ, ਗਾਲਵਾਨੰਦ ਅਤੇ ਰਮਾਦਾਸ। ੨. ਅਮ੍ਰਿਤਸਰ ਦਾ ਇੱਕ ਸ਼ਾਹੂਕਾਰ, ਜੋ ਮਹਾਰਾਜਾ ਰਣਜੀਤਸਿੰਘ ਦੇ ਖਜਾਨੇ ਦਾ ਹਿਸਾਬ ਰਖਦਾ ਸੀ. ਰਿਆਸਤ ਦਾ ਕੁੱਲ ਜਮਾ ਖਰਚ ਇਸੇ ਦੀ ਮਾਰਫਤ ਹੋਇਆ ਕਰਦਾ ਸੀ. ਸਨ ੧੮੦੫ ਵਿੱਚ ਜਦ ਜਸਵੰਤਰਾਉ ਹੁਲਕਰ ਦੀ ਮਹਾਰਾਜਾ ਨਾਲ ਮੁਲਾਕਾਤ ਹੋਈ, ਤਾਂ ਉਸ ਨੇ ਬਾਕਾਯਦਾ ਸਰਕਾਰੀ ਖ਼ਜ਼ਾਨਾ ਰੱਖਣ ਦੀ ਸਲਾਹ ਦਿੱਤੀ, ਪਰ ਮਹਾਰਾਜਾ ਜੰਗਾਂ ਦੇ ਉਲਝੇਵਿਆਂ ਵਿੱਚ ਰੁੱਝਣ ਕਰਕੇ ਆਪਣਾ ਮਾਲੀ ਪ੍ਰਬੰਧ ਕਈ ਵਰ੍ਹੇ ਤਕ ਠੀਕ ਨਹੀਂ ਕਰ ਸਕੇ. ਸਨ ੧੮੦੯ ਵਿੱਚ ਮਹਾਰਾਜਾ ਨੇ ਦੀਵਾਨ ਭਵਾਨੀਦਾਸ ਨੂੰ ਇਸ ਕੰਮ ਤੇ ਲਾਇਆ, ਉਸ ਨੇ ਹਿਸਾਬ ਦੇ ਦਫਤਰ ਬਾਕਾਇਦਾ ਬਣਾਕੇ ਸਰਕਾਰੀ ਖ਼ਜਾਨਾ ਲਹੌਰ ਕਾਇਮ ਕੀਤਾ.

ਰਾਮਾਨੰਦੀ: ਵਿ- ਆਤਮਾਨੰਦੀ. ਆਤਮਰਸ ਲੈਣ ਵਾਲਾ। ੨. ਸੰਗਯਾ- ਰਾਮਾਨੰਦ ਦੇ ਮਤ ਪੁਰ ਚਲਣ ਵਾਲਾ "ਰਾਮਾਵਤ" ਵੈਰਾਗੀ ਸਾਧੂ.

ਰਾਮਾਨੰਦੁ: ਦੇਖੋ, ਰਾਮਾਨੰਦ.

ਰਾਮਾਭਗਤਿ: ਰਾਮਭਕ੍ਤਿ. ਕਰਤਾਰ ਦੀ ਸੇਵਾ. ਪਾਰਬ੍ਰਹਮ ਦੀ ਉਪਾਸਨਾ. "ਰਾਮਾਭਗਤਿ ਰਾਮਾਨੰਦੁ ਜਾਨੈ." (ਧਨਾ ਸੈਣ) ੨. ਲੱਛਮੀ ਦੀ ਉਪਾਸਨਾ.

ਰਾਮਾਯਣ: ਸ਼੍ਰੀ ਰਾਮ ਦੀ ਕਥਾ ਦਾ ਗ੍ਰੰਥ. ਸਭ ਤੋਂ ਪਹਿਲਾ ਰਾਮਾਯਣ, ਆਦਿ ਕਵਿ ਵਾਲਮੀਕਿ ਨੇ ਲਿਖਿਆ ਹੈ, ਜਿਸ ਦਾ ੨੪੦੦੦ ਸ਼ਲੋਕ ਅਤੇ ੬੪੭ ਸਰਗ (ਅਧ੍ਯਾਯ) ਹਨ.[1109] ਇਹ ਸੱਤ ਕਾਂਡਾਂ ਵਿੱਚ ਹੈ-

(੧) ਬਾਲ ਕਾਂਡ. ਸ਼੍ਰੀ ਰਾਮ ਜੀ ਦਾ ਜਨਮ ਅਤੇ ਬਾਲਲੀਲਾ ਆਦਿਕ ਦਾ ਵਰਣਨ.

(੨) ਅਯੋਧ੍ਯਾ ਕਾਂਡ. ਦਸ਼ਰਥ ਦੀ ਰਾਜਧਾਨੀ ਦਾ ਵਰਣਨ ਅਤੇ ਰਾਮ ਨੂੰ ਵਨਵਾਸ ਤਕ ਦੀ ਕਥਾ.

(੩) ਆਰਣ੍ਯ ਕਾਂਡ. ਰਾਮ ਦੇ ਵਨਵਾਸ ਦਾ ਪ੍ਰਸੰਗ ਅਤੇ ਸੀਤਾਹਰਣ ਆਦਿ ਕਥਾ.

(੪) ਕਿਸ਼ਕਿੰਧਾ ਕਾਂਡ. ਰਾਮਚੰਦ੍ਰ ਜੀ ਦਾ ਸੁਗ੍ਰੀਵ ਦੀ ਰਾਜਧਾਨੀ ਕਿਸ਼ਕਿੰਧਾ ਪਾਸ ਰਹਿਣਾ ਅਤੇ ਸੀਤਾ ਦੇ ਖੋਜ ਦਾ ਯਤਨ.

(੫) ਸੁੰਦਰ ਕਾਂਡ. ਹਨੁਮਾਨ ਦ੍ਵਾਰਾ ਸੀਤਾ ਦਾ ਪਤਾ ਲੈਣਾ ਅਤੇ ਰਾਮਚੰਦ੍ਰ ਜੀ ਦਾ ਸੈਨਾ ਸਮੇਤ ਬਹੁਤ ਸੁੰਦਰ ਰਸਤਿਆਂ ਵਿੱਚਦੀਂ ਲੰਘਕੇ ਲੰਕਾ ਵੱਲ ਜਾਣਾ.

(੬) ਯੁੱਧ ਕਾਂਡ, ਅਥਵਾ ਲੰਕਾ ਕਾਂਡ. ਰਾਵਣ ਨਾਲ ਲੜਾਈ, ਸੀਤਾ ਨੂੰ ਵਾਪਿਸ ਲੈਕੇ ਅਯੋਧ੍ਯਾ ਵਿੱਚ ਪ੍ਰਵੇਸ਼ ਅਤੇ ਰਾਮ ਦਾ ਰਾਜਸਿੰਘਸਨ ਪੁਰ ਬੈਠਣਾ.

(੭) ਉੱਤਰ ਕਾਂਡ. ਰਾਮ ਦਾ ਅਯੋਧ੍ਯਾ ਵਿੱਚ ਨਿਵਾਸ, ਸੀਤਾ ਨੂੰ ਵਨਵਾਸ, ਲਵ ਕੁਸ਼ ਦਾ ਜਨਮ, ਅਸ਼੍ਵਮੇਧ ਯਗ੍ਯ ਦਾ ਕਰਨਾ

---

[1108] ਰਾਮਾਨੰਦ ਦਿਗਵਿਜਯ ਦੇ ਲੇਖਕ ਭਗਵਤਦਾਸ ਜੀ, ਰਾਮਾਨੰਦ ਜੀ ਦਾ ਜਨਮ ਸਨ ੧੩੦੦ ਦਾ ਅਤੇ ਦੇਹਾਂਤ ਸਨ ੧੪੪੯ ਦਾ ਆਪਣੀ ਖੋਜ ਦਾ ਸਿੱਟਾ ਦੱਸਦੇ ਹਨ. ਇਹ ਬਿਕ੍ਰਮੀ ੧੩੫੭ ਅਤੇ ੧੫੦੬ ਹੁੰਦਾ ਹੈ-

[1109] ਕਾਪੀਆਂ ਦੇ ਭੇਦ ਕਰਕੇ ੬੪੩, ੬੬੪ ਅਤੇ ੬੭੬ ਸਰਗ ਭੀ ਹਨ.

ਅਤੇ ਸੀਤਾ ਦਾ ਫਿਰ ਮਿਲਾਪ ਹੋਣਾ ਤਥਾ ਰਾਮ ਦਾ ਪਰਿਵਾਰ ਸਮੇਤ ਦੇਵਲੋਕ ਗਮਨ.

ਪਸ਼੍ਚਿਮੀ ਵਿਦ੍ਵਾਨਾਂ ਦਾ ਖਿਆਲ ਹੈ ਕਿ ਇਹ ਰਾਮਾਯਣ ਸਨ ਈਸਵੀ ਤੋਂ ਪਹਿਲਾਂ ੪੦੦- ੨੦੦ ਵਰ੍ਹੇ ਦੇ ਅੰਦਰ ਲਿਖਿਆ ਗਿਆ ਹੈ.

ਵਾਲਮੀਕਿ ਤੋਂ ਪਿੱਛੋਂ ਵ੍ਯਾਸ ਜੀ ਨੇ ਅਧ੍ਯਾਤਮ ਰਾਮਾਯਣ ਲਿਖਿਆ, ਜੋ ਬ੍ਰਹਮਾਂਡ ਪੁਰਾਣ ਦਾ ਇੱਕ ਭਾਗ ਹੈ. ਇਸ ਦਾ ਛੰਦਾਂ ਵਿੱਚ ਭਾਈ ਗੁਲਾਬਸਿੰਘ ਜੀ ਨੇ ਸੁੰਦਰ ਹਿੰਦੀ ਉਲਥਾ ਕੀਤਾ ਹੈ.

ਹਨੁਮਾਨਨਾਟਕ ਆਦਿ ਅਨੇਕ ਰਾਮਾਯਣ ਕਵੀਆਂ ਨੇ ਲਿਖੇ ਹਨ, ਜਿਨ੍ਹਾਂ ਦੀ ਗਿਣਤੀ ੩੦ ਤੋਂ ਵਧੀਕ ਹੈ. ਹਿੰਦੀ ਭਾਸ਼ਾ ਵਿੱਚ ਤੁਲਸੀਦਾਸ ਕ੍ਰਿਤ ਚੌਪਾਈ ਰਾਮਾਯਣ ਅਤੇ ਹ੍ਰਿਦਯਰਾਮ ਕ੍ਰਿਤ ਹਨੁ ਨਾਟਕ, ਬਹੁਤ ਮਨੋਹਰ ਹਨ.

ਰਾਮਾਯੁਧ: ਰਾਮ ਦਾ ਸ਼ਸਤ੍ਰ, ਧਨੁਖ.

ਰਾਮਾਵਤ: ਦੇਖੋ, ਰਾਮਾਨੰਦ ੨.

ਰਾਮਿਸ਼: ਫ਼ਾ. رامش ਸੰਗਯਾ- ਰਾਗ. ਸੰਗੀਤ। ੨. ਖ਼ੁਸ਼ੀ। ੩. ਤਸੱਲੀ. ਦਿਲਾਸਾ.

ਰਾਮਿਸ਼ਗਰ: ਫ਼ਾ. رامشگر ਸੰਗਯਾ- ਰਾਗੀ. ਗਵੈਯਾ. ਗਾਯਕ.

ਰਾਮੁ: ਦੇਖੋ, ਰਾਮ ੧. "ਸਭ ਸੁਖਦਾਤਾ ਰਾਮੁ ਹੈ, ਦੂਸਰ ਨਾਹਿਨ ਕੋਇ." (ਸਃ ਮਃ ੯)

ਰਾਮੂ: ਸ਼੍ਰੀ ਗੁਰੂ ਅਰਜਨਦੇਵ ਦਾ ਇੱਕ ਪ੍ਰੇਮੀ ਸਿੱਖ। ੨. ਕੋਹਲੀ ਜਾਤਿ ਦਾ ਸੁਲਤਾਨਪੁਰ ਨਿਵਾਸੀ ਸ਼੍ਰੀ ਗੁਰੂ ਅਰਜਨ ਸਾਹਿਬ ਦਾ ਸਿੱਖ। ੩. ਝੰਝੀ ਗੋਤ ਦਾ ਸ਼ਾਹਦਰਾ ਨਿਵਾਸੀ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ.

ਰਾਮੇਆਣਾ: ਰਿਆਸਤ ਫਰੀਦਕੋਟ, ਤਸੀਲ ਅਤੇ ਥਾਣਾ ਕੋਟਕਪੂਰਾ ਦਾ ਪਿੰਡ, ਜੋ ਰੇਲਵੇ ਸਟੇਸ਼ਨ ਜੈਤੋ ਤੋਂ ੭. ਮੀਲ ਪੱਛਮ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਜਦ ਇਸ ਪਿੰਡ ਪਾਸ ਪਹੁਚੇ, ਤਦ ਇੱਕ ਜਿਮੀਦਾਰ ਨੂੰ ਡੇਲੇ ਤੋੜਦੇ ਦੇਖਿਆ. ਦਸ਼ਮੇਸ਼ ਨੇ ਡੇਲੇ ਸਿੱਟ ਦੇਣ ਲਈ ਆਗ੍ਯਾ ਕੀਤੀ, ਜੱਟ ਨੇ ਤਿੰਨ ਹਿੱਸੇ ਸਿੱਟ ਦਿੱਤੇ ਪਰ ਚੌਥਾ ਹਿੱਸਾ ਵਰਤਣ ਲਈ ਰੱਖ ਲਿਆ. ਗੁਰੂ ਸਾਹਿਬ ਨੇ ਫਰਮਾਇਆ ਕਿ ਅਸੀਂ ਇਸ ਦੇਸ਼ ਦਾ ਸਾਰਾ ਦੁਰਭਿੱਖ ਕੱਢਣਾ ਚਾਹੁੰਦੇ ਸਾਂ, ਪਰ ਤੈਂ ਚੌਥਾ ਹਿੱਸਾ ਰੱਖ ਲੀਤਾ ਹੈ. ਪਿੰਡ ਦੇ ਪਾਸ ਗੁਰਦ੍ਵਾਰਾ ਬਣਿਆ ਹੋਇਆ ਹੈ. ੩੫ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ.

ਰਾਮੇਸੁਰ, ਰਾਮੇਸ਼੍ਵਰ: ਰਾਮ- ਈਸ਼੍ਵਰ. ਪਾਰਬ੍ਰਹਮ। ੨. ਰਾਮਚੰਦ੍ਰ ਜੀ। ੩. ਪਰਸ਼ੁਰਾਮ. "ਪਰਸ ਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ." (ਸਵੈਯੇ ਮਃ ੧. ਕੇ) ੪. ਰਾਮਚੰਦ੍ਰ ਜੀ ਦਾ ਦੱਖਣ ਵਿੱਚ ਪਾਮਬਨ ਦ੍ਵੀਪ ਵਿੱਚ ਰਾਮਨਾਦ ਜਿਮੀਦਾਰੀ ਦੇ ਅੰਦਰ ਸਮੁੰਦਰ ਦੇ ਕਿਨਾਰੇ ਅਸਥਾਪਨ ਕੀਤਾ ਸ਼ਿਵਲਿੰਗ, ਜਿਸ ਪੁਰ ੧੦੦ ਫੁਟ ਉੱਚਾ ਸੁੰਦਰ ਮੰਦਿਰ ਹੈ. ਮੰਦਿਰ ਦੇ ਕਾਰਣ ਪਾਸ ਦੀ ਵਸਤੀ ਦਾ ਨਾਮ ਭੀ ਰਾਮੇਸ਼੍ਵਰ ਹੋ ਗਿਆ ਹੈ। ੫. ਸੰਨ੍ਯਾਸੀ ਸਾਧੂਆਂ ਦਾ ਇੱਕ ਫਿਰਕਾ, ਜੋ ਪਾਰੇ ਦੇ ਸੇਵਨ ਨਾਲ ਅਜਰ ਅਮਰ ਹੋਣਾ ਮੰਨਦਾ ਹੈ. ਇਹ ਲੋਕ ਪਾਰੇ ਨੂੰ ਸ਼ਿਵ ਦਾ ਵੀਰਯ ਸਮਝਕੇ ਦਰਸ਼ਨ ਕਰਨਾ ਪੁੰਨ ਕਰਮ ਜਾਣਦੇ ਹਨ ਅਰ ਪਾਰੇ ਤੋਂ ਬਣਿਆ ਸ਼ਿਵਲਿੰਗ, ਧਾਤੁ ਪੱਥਰ ਦੇ ਸਭ ਲਿੰਗਾਂ ਨਾਲੋਂ ਪੂਜਾ ਕਰਨ ਲਈ ਉੱਤਮ ਖਿਆਲ ਕਰਦੇ ਹਨ.

ਰਾਮੈਰਮਿ: ਕ੍ਰਿ. ਵਿ- ਰਾਮ ਰਵਣ ਕਰਕੇ. ਰਾਮ ਜਪਕੇ. "ਕਹਿ ਕਬੀਰ ਰਾਮੈ ਰਮਿ ਛੂਟਹੁ." (ਮਾਰੂ)

ਰਾਮੋ: ਦੇਖੋ, ਰਾਮਕੌਰ। ੨. ਮਾਤਾ ਦਾਮੋਦਰੀ ਜੀ ਦੀ ਵਡੀ ਭੈਣ, ਜੋ ਡਰੋਲੀ ਨਿਵਾਸੀ ਭਾਈ ਸਾਂਈਂਦਾਸ ਨਾਲ ਵਿਆਹੀ ਗਈ ਸੀ. ਇਸ ਦੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿੱਚ ਅਟਲ ਸ਼੍ਰੱਧਾ ਸੀ. "ਯਥਾ ਸ਼ਕਤਿ ਦੰਪਤੀ ਹੁਲਾਸ। ਸੇਵਤ ਰਾਮੋ ਸਾਂਈਂਦਾਸ." (ਗੁਪ੍ਰਸੂ)

ਰਾਮੋਰਾਮੁ: ਕੇਵਲ ਰਾਮ. ਰਾਮ ਹੀ ਰਾਮ. "ਰਾਮੋ ਰਾਮੁ ਰਵਿਆ ਘਟ ਅੰਤਰਿ." (ਆਸਾ ਛੰਤ ਮਃ ੪)

ਰਾਮ੍ਯਾ: ਸੰ. ਸੰਗ੍ਯਾ- ਰਾਤ. ਰਾਤ੍ਰਿ.

ਰਾਯ: ਦੇਖੋ, ਰਾਇ.

ਰਾਯਸਾ, ਰਾਯਸੋ: ਕਥਾ. ਕਿੱਸਾ. ਦੇਖੋ, ਚੰਦ ੬. ਅਤੇ ਰਾਇਸਾ.

ਰਾਯਕੋਟ: ਜਿਲਾ ਲੁਦਿਆਨਾ ਦੀ ਜਗਰਾਉਂ ਤਸੀਲ ਵਿੱਚ ਲੁਦਿਆਨੇ ਤੋਂ ੨੭ ਮੀਲ ਦੀ ਵਿੱਥ ਪੁਰ ਇੱਕ ਨਗਰ, ਜੋ ਰਾਯ ਅਹਮਦ ਨੇ ਸਨ ੧੬੪੮ ਵਿੱਚ ਆਬਾਦ ਕੀਤਾ. ਅਹਮਦ ਦਾ ਵਡੇਰਾ ਤੁਲਸੀਰਾਮ ਰਾਜਪੂਤ ਮੁਸਲਮਾਨ ਹੋ ਗਿਆ ਸੀ, ਜਿਸ ਦਾ ਨਾਮ ਸ਼ੇਖ ਚੱਕੂ ਪ੍ਰਸਿੱਧ ਹੈ. ਅਹਮਦ ਦੇ ਭਾਈ ਰਾਯ ਕਮਾਲੁੱਦੀਨ ਨੇ ਜਗਰਾਉਂ ਆਬਾਦ ਕੀਤਾ. ਇਸ ਦੇ ਪੁਤ੍ਰ ਕਲ੍ਹਾਰਾਯ ਨੇ ਕਈ ਵਾਰ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੂੰ ਆਪਣੇ ਘਰ ਠਹਿਰਾਕੇ ਸੇਵਾ ਕੀਤੀ. ਇਸ ਦੀ ਮਾਤਾ ਗੁਰੂ ਸਾਹਿਬ ਵਿੱਚ ਭਾਰੀ ਸ਼੍ਰੱਧਾ ਰਖਦੀ ਸੀ. ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਹਾਲ ਕਲ੍ਹਾਰਾਯ ਨੇ ਹੀ ਆਪਣਾ ਦੂਤ ਭੇਜਕੇ ਮਾਲੂਮ ਕੀਤਾ ਅਤੇ ਦਸ਼ਮੇਸ਼ ਨੂੰ ਦੱਸਿਆ ਸੀ.

ਗੁਰੂ ਸਾਹਿਬ ਨੇ ਕਲ੍ਹਾਰਾਯ ਨੂੰ ਇੱਕ ਤਲਵਾਰ ਬਖ਼ਸ਼ਕੇ ਫਰਮਾਇਆ ਸੀ ਕਿ ਜਦ ਤਕ ਇਸ ਦਾ ਸਨਮਾਨ ਕਰੋਗੇ ਥੁਆਡਾ ਰਾਜ ਭਾਗ ਕਾਇਮ ਰਹੇਗਾ. ਕਲ੍ਹੇ ਦਾ ਪੋਤਾ ਤਲਵਾਰ ਪਹਿਨਕੇ ਸ਼ਿਕਾਰ ਗਿਆ ਅਰ ਘੋੜੇ ਤੋਂ ਡਿਗਕੇ ਉਸੇ ਤਲਵਾਰ ਨਾਲ ਜ਼ਖ਼ਮੀ ਹੋਕੇ ਮਰ ਗਿਆ. ਹੁਣ ਇਹ ਤਲਵਾਰ ਰਿਆਸਤ ਨਾਭੇ ਦੇ ਸਿਰੋਪਾਉ ਗੁਰੂਦ੍ਵਾਰੇ ਵਿੱਚ ਹੈ. ਦੇਖੋ, ਕਲ੍ਹਾਰਾਯ ਅਤੇ ਨਾਭਾ.

ਰਾਯਜ: ਦੇਖੋ, ਰਾਇਜ.

ਰਾਯਜੋਧ: ਦੇਖੋ, ਜੋਧਰਾਯ.

ਰਾਯਤਾ: ਦੇਖੋ, ਰਾਇਤਾ.

ਰਾਯਬੇਲ: ਦੇਖੋ, ਰਾਇਬੇਲ.

ਰਾਯਾ: ਭਾਈ ਗੁਲਾਬਸਿੰਘ ਜੀ ਪੰਡਿਤ ਦਾ ਪਿਤਾ. ਦੇਖੋ, ਗੁਲਾਬਸਿੰਘ ੪.

ਰਾਰ: ਰਾਜਾ. ਰਾਵ. "ਕਹੂੰ ਰੰਕ ਰਾਰੇ." (ਚੰਡੀ ੨) ੨. ਸੰ. ਰਾਟਿ. ਜੰਗ. ਕਲਹ. ਫਿਸਾਦ. ਝਗੜਾ. ਦੇਖੋ, ਰਾਰਿ.

ਰਾਰਾ: ਰ ਅੱਖਰ. "ਰਾਰਾ, ਰੰਗਹੁ ਇਆ ਮਨ ਅਪਨਾ." (ਬਾਵਨ) ੨. ਰ ਦਾ ਉੱਚਾਰਣ. ਰਕਾਰ.

ਰਾਰਿ: ਸੰਗਜਾ- ਝਗੜਨ ਦੀ ਕ੍ਰਿਯਾ. "ਰਾਰਿ ਕਰਤ ਝੂਠੀ ਲਗਿ ਗਾਥਾ." (ਆਸਾ ਮਃ ੫) ਦੇਖੋ, ਰਾਰ ੨.

ਰਾਰੀ: ਵਿ- ਰਾਰ (ਝਗੜਾ) ਕਰਨ ਵਾਲਾ. ਫਿਸਾਦੀ। ੨. ਯੋਧਾ. ਦਿਲੇਰ. "ਜਟੰ ਧੂਰਿ ਝਾਰੀ। ਪਗੰ ਰਾਮ ਰਾਰੀ." (ਰਾਮਾਵ) ਸ਼ਤ੍ਰੁਘਨ ਯੋਧਾ ਨੇ ਆਪਣੀ ਜਟਾ ਨਾਲ ਰਾਮ ਦੇ ਪੈਰਾਂ ਦੀ ਗਰਦ ਝਾੜੀ.

ਰਾਰੈ: ਅ਼. رعرع ਰਅ਼ਰਅ਼. ਵਿ- ਮਨੋਹਰ. ਅਦਭੁਤ. ਅਣੋਖਾ. "ਰਾਰੈ ਰੂਪਿ ਨਿਰਾਲਮੁ ਬੈਠਾ." (ਆਸਾ ਮਃ ੧) ੨. ਰਾਰੇ ਅੱਖਰ ਪ੍ਰਤਿ ਸੰਬੋਧਨ.

ਰਾਲ: ਸੰਗਜਾ- ਰਜ. ਰਵਾਲ. ਧੂਲਿ. "ਮੋਕਉ ਦੀਜੈ ਦਾਨੁ ਪ੍ਰਭ, ਸੰਤਨਪਗ ਰਾਲ." (ਬਿਲਾ ਮਃ ੫) "ਸਗਲ ਚਰਨ ਕੀ ਇਹੁ ਮਨੁ ਰਾਲਾ." (ਆਸਾ ਮਃ ੫) ੨. ਸਾਲ ਬਿਰਛ ਦਾ ਗੂੰਦ. Resin.

ਰਾਲਣਾ: ਕ੍ਰਿ- ਰਾਲ ਵਿੱਚ ਪਾਗਣਾ. ਪੁਰਾਣੇ ਸਮੇ ਅਪਰਾਧੀ ਨੂੰ ਇੱਕ ਪ੍ਰਕਾਰ ਦੀ ਸਜ਼ਾ ਦਿੱਤੀ ਜਾਂਦੀ ਸੀ ਕਿ ਸਾਲ ਦਾ ਗੂੰਦ ਗਰਮ ਕਰਕੇ ਕੜਛਿਆਂ ਨਾਲ ਉਸ ਉੱਪਰ ਪਾਉਣਾ, ਜਿਸ ਤੋਂ ਵਡੇ ਦੁੱਖ ਨਾਲ ਮੌਤ ਹੁੰਦੀ ਸੀ. "ਖੋਟੇ ਪੂਠੋ ਰਾਲੀਐ." (ਪ੍ਰਭਾ ਮਃ ੧) ਪੁੱਠਾ ਕਰਕੇ ਲਟਕਾਇਆ ਅਤੇ ਰਾਲ ਵਿੱਚ ਪਾ ਗਿਆ ਜਾਂਦਾ ਹੈ.

ਰਾਲੀ: ਸੰਗਜਾ- ਰਜ. ਰਵਾਲ. ਧੂਲਿ. "ਹਮ ਸਾਧ- ਜਨਾ ਪਗ ਰਾਲੀ." (ਧਨਾ ਮਃ ੪) ੨. ਵਿ- ਰਜ ਤੁੱਲ. ਤੁੱਛ. "ਮੋਹਨ, ਤੂੰ ਮਾਨਹਿ ਏਕੁ ਜੀ, ਅਵਰ ਸਭ ਰਾਲੀ." (ਗਉ ਛੰਤ ਮਃ ੫) ੩. ਰਾਲ ਦਾ ਬਣਿਆ ਹੋਇਆ.

ਰਾਲੀਐ: ਦੇਖੋ, ਰਾਲਣਾ.

ਰਾਵ: ਦੇਖੋ, ਰਾਉ ਅਤੇ ਰਾਇ। ੨. ਸੰ. ਸੰਗਜ੍ਞਾ- ਸ਼ਬਦ. ਆਵਾਜ਼. ਸ਼ੋਰ.

ਰਾਵਉ: ਰਵ (ਸ਼ਬਦ) ਕਰੋ. ਉੱਚਾਰਣ ਕਰੋ। ੨. ਰਮਣ ਕਰੋ. ਭੋਗੋ. "ਰਾਵਉ ਸਹੁ ਆਪਨੜਾ." (ਆਸਾ ਛੰਤ ਮਃ ੫)

ਰਾਵਟੀ: ਦੇਖੋ, ਰਾਂਉਟੀ.

ਰਾਵਣ: ਸੰਗਜ੍ਞਾ- ਰਵਣ (ਉੱਚਾਰਣ) ਦੀ ਕ੍ਰਿਯਾ. ਸ਼ਬਦ ਕਰਨਾ। ੨. ਰਮਣ. ਭੋਗਣਾ. ਆਨੰਦ ਲੈਣਾ. "ਹਉ ਕਿਉ ਸਹੁ ਰਾਵਣਿ ਜਾਉ ਜੀਉ?" (ਸੂਹੀ ਮਃ ੧. ਕੁਚਜੀ) ੩. ਸੰ. ਵਿ- ਰਆ ਦੇਣ ਵਾਲਾ। ੪. ਸੰਗਜ੍ਞਾ- ਵੈਰੀਆਂ ਨੂੰ ਰੁਆਦੇਣ ਵਾਲਾ ਵਿਸ਼੍ਰਵਾ ਦਾ ਪੁਤ੍ਰ, ਜੋ ਕੈਕਸੀ (ਕੇਸ਼ਿਨੀ ਅਥਵਾ ਨਿਕਸ਼ਾ) ਦੇ ਉਦਰ ਤੋਂ ਜਨਮਿਆ. ਰਾਮਾਯਣ ਵਿੱਚ ਲਿਖਿਆ ਹੈ ਕਿ ਸੁਮਾਲੀ ਰਾਖਸ ਦੀ ਪੁਤ੍ਰੀ ਵਿਸ਼੍ਰਵਾ ਨੂੰ ਵਰਣ ਲਈ ਸੰਝ ਸਮੇਂ ਪਹੁਚੀ. ਵਿਸ਼੍ਰਵਾ ਨੇ ਉਸ ਨੂੰ ਅੰਗੀਕਾਰ ਕੀਤਾ, ਪਰ ਸੰਝ ਦਾ ਵੇਲਾ ਹੋਣ ਕਰਕੇ ਭਯੰਕਰ ਪੁਤ੍ਰ ਰਾਵਣ ਅਤੇ ਕੁੰਭਕਰਣ ਹੋਏ, ਇਨ੍ਹਾਂ ਪਿੱਛੋਂ ਕ੍ਰੂਰ ਸੁਭਾਉ ਵਾਲੀ ਸੂਰਪਣਖਾ ਜਨਮੀ. ਕੈਕਸੀ ਦੀ ਪ੍ਰਾਰਥਨਾ ਪੁਰ ਵਿਸ਼੍ਰਵਾ ਨੇ ਇੱਕ ਸ਼ਾਂਤ ਸੁਭਾਉ ਵਾਲਾ ਪੁਤ੍ਰ ਵਿਭੀਸ਼ਣ ਭੀ ਉਸ ਨੂੰ ਬਖ਼ਸ਼ਿਆ. ਰਾਵਣ ਦੇ ਦਸ ਸਿਰ ਅਤੇ ਵੀਹ ਬਾਹਾਂ ਸਨ. ਇਸ ਨੇ ਤਪ ਕਰਕੇ ਬ੍ਰਹਮਾ ਤੋਂ ਸਾਰਾ ਜਗਤ ਜਿੱਤਣ ਦਾ ਵਰ ਲਿਆ ਸੀ, ਅਰ ਆਪਣੇ ਮਤੇਰ ਭਾਈ ਕੁਬੇਰ ਨੂੰ ਲੰਕਾ ਤੋਂ ਕੱਢਕੇ ਆਪ ਰਾਜਾ ਬਣਿਆ, ਅਰ ਉਸ ਤੋਂ ਪੁਸ਼ਪਕ ਵਿਮਾਨ ਖੋਹ ਲਿਆ. ਰਾਵਣ ਨੇ ਬਹੁਤ ਇਸਤ੍ਰੀਆਂ ਵਿਆਹੀਆਂ, ਪਰ ਮਯ ਦਾਨਵ ਦੀ ਪੁਤ੍ਰੀ ਮੰਦੋਦਰੀ ਸਭ ਤੋਂ ਸ਼ਿਰੋਮਣਿ ਸੀ, ਜਿਸ ਤੋਂ ਇੰਦ੍ਰਜਿਤ (ਮੇਘਨਾਦ) ਜਨਮਿਆ.

ਰਾਮਾਯਣ ਵਿੱਚ ਰਾਵਣ ਦੀ ਫੌਜ ਦਸ ਖਰਬ, ਛਿਆਲੀ ਹਜਾਰ ਅਤੇ ਇੱਕ ਸੌ ਲਿਖੀ ਹੈ. ਰਾਵਣ ਸੰਸਕ੍ਰਿਤ ਦਾ ਪੰਡਿਤ ਅਤੇ ਜਾਤਿ ਕਰਕੇ ਬ੍ਰਾਹਮਣ ਸੀ. ਕ੍ਰੂਰ ਸੁਭਾਉ ਹੋਣ ਕਰਕੇ ਰਾਖਸ ਪ੍ਰਸਿੱਧ ਹੋਇਆ. ਸੀਤਾ ਹਰਣ ਦੇ ਅਪਰਾਧ ਵਿੱਚ ਸ਼੍ਰੀ ਰਾਮ ਨੇ ਇਸ ਨੂੰ ਮਾਰਕੇ ਵਿਭੀਖਣ ਨੂੰ ਲੰਕਾ ਦਾ ਰਾਜਾ ਥਾਪਿਆ.

"ਰਘੁਪਤਿ ਰਾਵਣ ਸੋਂ ਕਹ੍ਯੋ ਸੁਭਟ ਸਚੇਤ ਸੰਭਾਰ."

(ਹਨੂ)

ਰਾਵਣਹਾਰੁ: ਰਮਣ (ਭੋਗਣ) ਵਾਲਾ. "ਆਪੇ ਰਾਵਣਹਾਰੁ." (ਸ੍ਰੀ ਮਃ ੧)

ਰਾਵਣਬਾਦ: ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਦੋ ਜਗਣ, ।ऽ।, ।ऽ।.

ਉਦਾਹਰਣ-

ਗਹੀ ਸ਼ਮਸ਼ੇਰ। ਕਿਯੋ ਜਗ ਜ਼ੇਰ।

ਦਈ ਮਤਿ ਫੇਰ। ਨ ਲਾਇਗਯ ਦੇਰ ॥ (ਕਲਕੀ)

ਰਾਵਣਵੀਣਾ: ਦੇਖੋ, ਰਬਾਬ.

ਰਾਵਣਾ: ਕ੍ਰਿ- ਰਵ (ਉੱਚਾਰਣ) ਕਰਨਾ। ੨. ਰਮਣ ਕਰਨਾ. ਭੋਗਣਾ.

ਰਾਵਣਾਰਿ: ਰਾਵਣ ਦਾ ਵੈਰੀ ਸ਼੍ਰੀ ਰਾਮ. "ਬਡੇ ਸਤ੍ਰੁ ਜੀਤੇ ਜਿਣੈ ਰਾਵਣਾਰੰ." (ਗਯਾਨ)

ਰਾਵਣਿ: ਰਾਵਣ ਨੇ। ੨. ਰਮਣ (ਭੋਗਣ) ਲਈ. ਦੇਖੋ, ਰਾਵਣ ੨। ੩. ਰਾਵਣ ਦਾ.

ਰਾਵਤ: ਰਮਣ ਕਰਤ. ਭੋਗਦਾ। ੨. ਸੰਗਜ੍ਞਾ- ਰਾਜ ਪੁਤ੍ਰ. ਰਾਜਪੂਤਾਂ ਦੀ ਇੱਕ ਜਾਤਿ। ੩. ਸਰਦਾਰ. "ਰੰਕ ਭਯੋ ਰਾਵਤ ਕਹੂੰ ਭੂਪਾ." (ਚੌਪਈ) ੪. ਡਿੰਗ. ਯੋਧਾ.

ਰਾਵਤੀ: ਰਮਣ ਕਰਦੀ। ੨. ਸੰਗਜ੍ਞਾ- ਦਰਬਾਰੀ ਖ਼ੇਮਾ. ਵਡਾ ਤੰਬੂ। ੩. ਐਰਾਵਤੀ ਦਾ ਸੰਖੇਪ.

ਰਾਵਨ: ਦੇਖੋ, ਰਾਵਣ ੪. "ਰਾਵਨ ਹੂ ਤੇ ਅਧਿਕ ਛਤ੍ਰਪਤਿ." (ਸਾਰ ਕਬੀਰ)

ਰਾਵਨਨੀ: ਰਾਵਨ ਦੀ। ੨. ਦੇਖੋ, ਰਾਵਿਨਨੀ.

ਰਾਵਨਾ: ਦੇਖੋ, ਰਾਵਣਾ.

ਰਾਵਨੀ: ਵਿ- ਰਾਵਣ ਦੀ। ੨. ਸੰਗਯਾ- ਰਾਵ (ਸ਼ੋਰ) ਕਰਨ ਵਾਲੀ, ਨਦੀ. (ਸਨਾਮਾ) ੩. ਰੌਲਾ ਪਾਉਣ ਵਾਲੀ ਫੌਜ. (ਸਨਾਮਾ) ੪. ਰਾਵ (ਰਾਜਾ) ਦੀ ਅਨੀ (ਸੈਨਾ). (ਸਨਾਮਾ)

ਰਾਵਰ, ਰਾਵਰਾ, ਰਾਵਰੀ, ਰਾਵਰੋ: ਸਰਵ. ਭਵਦੀਯ. ਆਪ ਦਾ, ਦੀ. ਤੁਹਾਡੀ, ਡਾ. "ਅਬ ਰਾਵਰ ਕੇ ਸਮੇ ਮੇ." (ਗੁਪ੍ਰਸੂ) ਦੇਖੋ, ਅੰ. your.

ਰਾਵਲ: ਵਿ- ਰਾਵ (ਸ਼ੋਰ) ਕਰਨ ਵਾਲਾ। ੨. ਸੰਗਯਾ- ਯੋਗੀ, ਜੋ ਅਲਖ ਅਲਖ ਦੀ ਧੁਨਿ ਕਰਕੇ ਭਿਖ੍ਯਾ ਮੰਗਦਾ ਹੈ. "ਬਾਰਹ ਮਹਿ ਰਾਵਲ ਖਪਿ ਜਾਵਹਿ." (ਪ੍ਰਭਾ ਮਃ ੧) ਦੇਖੋ, ਬਾਰਹ ੨। ੩. ਯੋਗੀਆਂ ਦਾ ਇੱਕ ਖ਼ਾਸ਼ ਫਿਰਕਾ, ਜਿਸ ਵਿੱਚ ਮੁਸਲਮਾਨ ਅਤੇ ਹਿੰਦੂ ਦੋਵੇਂ ਹੁੰਦੇ ਹਨ. ਇਸ ਦੀ ਜੜ ਫ਼ਾਰਸੀ ਸ਼ਬਦ "ਰਾਵਿੰਦਹ" (ਮੁਸਾਫ਼ਿਰ) ਆਖਦੇ ਹਨ. ਇਹ ਕਥਾ ਪ੍ਰਚਲਿਤ ਹੈ ਕਿ ਜਦ ਹੀਰ ਦੇ ਵਿਯੋਗ ਵਿੱਚ ਰਾਂਝਾ ਬਾਲਾਨਾਥ ਦਾ ਚੇਲਾ ਹੋਇਆ. ਉਸ ਤੋਂ ਰਾਵਲ ਫਿਰਕਾ ਚੱਲਿਆ। ੪. ਚੌਕੀਦਾਰ ਚੋਰਮਾਰ, ਜੋ ਰਾਤ ਨੂੰ ਸ਼ੋਰ ਮਚਾਕੇ ਲੋਕਾਂ ਨੂੰ ਜਗਾਉਂਦਾ ਰਹਿੰਦਾ ਹੈ. "ਪਕੜਿ ਚਲਾਇਆ ਰਾਵਲੇ." (ਭਾਗੁ) ਮੁਜਰਮ ਨੂੰ ਫੜਕੇ ਚੌਕੀਦਾਰ ਨੇ ਚਲਾਨ ਕੀਤਾ। ੫. ਰਾਜਪੂਤਾਂ ਦੀ ਸੰਗਯਾ, ਜਿਸ ਦਾ ਮੂਲ "ਰਾਜਕੁਲ" ਹੈ। ੬. ਬਦਰੀਨਾਥ ਮੰਦਿਰ ਦੇ ਵੱਡੇ ਪੁਜਾਰੀ ਦੀ ਪਦਵੀ। ੭. ਭੀਲਾਂ ਦਾ ਪ੍ਰੋਹਿਤ, ਜੋ ਮ੍ਰਿਤਸੰਸਕਾਰ ਕਰਵਾਉਂਦਾ ਹੈ.

ਰਾਵਾ: ਸੰਗਯਾ- ਰਵਾਲ. ਰਜ. ਧੂਲਿ. "ਉਡਿ ਉਡਿ ਰਾਵਾ ਝਾਟੈ ਪਾਇ." (ਵਾਰ ਆਸਾ)

ਰਾਵਾਸੀ: ਰਮਣ ਕਰਸੀ. "ਗੁਰਸਬਦਿ ਵਿਗਾਸੀ, ਸਹੁ ਰਾਵਾਸੀ." (ਧਨਾ ਛੰਤ ਮਃ ੧) ੨. ਰਥ (ਉੱਚਾਰਣ) ਕਰਸੀ.

ਰਾਵਾਪੈ: ਰਵਣ (ਉੱਚਾਰਣ) ਕਰਾਉਂਦਾ ਹੈ। ੨. ਰਮਣ ਕਰਾਉਂਦਾ ਹੈ.

ਰਾਵਾਰ: ਸੰਗਯਾ- ਰਵਾਲ. ਰਜ. ਰੇਣੁ. ਧੂੜਿ. ਧੂਲਿ. "ਤੇਰਿਆ ਸੰਤਹ ਕੀ ਰਾਵਾਰ." (ਸਾਰ ਮਃ ੫)

ਰਾਵਿ: ਦੇਖੋ, ਰਾਵੀ.

ਰਾਵਿਅੜੀ: ਰਮਣ ਕੀਤਾ. ਭੋਗੀ. "ਪਿਰਿ ਰਾਵਿਅੜੀ ਸਬਦਿ ਰਲੀ." (ਸੂਹੀ ਛੰਤ ਮਃ ੧)

ਰਾਵਿਨਨੀ, ਰਾਵਿਨੀਨ: ਸੰਗਯਾ- ਰਾਵੀ ਨਦੀ ਵਾਲੀ, ਪ੍ਰਿਥਿਵੀ. (ਸਨਾਮਾ)

ਰਾਵੀ: ਰਮਣ ਕੀਤੀ. ਭੋਗੀ. "ਰਾਵੀ ਸਿਰਜਨਹਾਰਿ." (ਮਃ ੩. ਵਾਰ ਸ੍ਰੀ) ੨. ਸੰਗਯਾ- ਐਰਾਵਤੀ ਨਦੀ. ਰਿਗਵੇਦ ਵਿੱਚ ਇਸ ਦਾ ਨਾਮ ਪਰੁਸ਼ਨੀ (परुष्णी) ਆਇਆ ਹੈ. ਰਾਵੀ ਕੁੱਲੂ ਦੇ ਇਲਾਕੇ ਤੋਂ ਨਿਕਲਕੇ ਚੰਬਾ ਮਾਧੋਪੁਰ ਦੇਹਰਾ ਬਾਬਾ ਨਾਨਕ ਲਹੌਰ ਮਾਂਟਗੁਮਰੀ. ਮੁਲਤਾਨ ਆਦਿ ਵਿੱਚ ੪੫੦ ਮੀਲ ਵਹਿੰਦੀ ਹੋਈ, ਚਨਾਬ (ਚੰਦ੍ਰਭਾਗਾ) ਨੂੰ ਜਾ ਮਿਲਦੀ ਹੈ.

ਰਾਵੀਜੈ: ਰਾਵ (ਉੱਚਾਰਣ) ਕਰੀਜੈ. "ਲਾਹਾ ਹਰਿਰਸੁ ਲੀਜੈ, ਹਰਿ ਰਾਵੀਜੈ." (ਵਡ ਛੰਤ ਮਃ ੩) ੨. ਰਮਣ ਕਰੀਜੈ.

ਰਾਵੇਸੀ: ਰਮਣ ਕਰੇਸੀ. ਭੋਗਸੀ. "ਜੈ ਭਾਵੈ ਪਿਆਰਾ ਤੈ ਰਾਵੇਸੀ." (ਸੂਹੀ ਅਃ ਮਃ ੧)

ਰਾਵੰਤ: ਰਮਣ ਕਰੰਤ। ੨. ਰਾਵ (ਸ਼ੋਰ) ਕਰੰਤ। ੩. ਸਰਦਾਰ. ਦੇਖੋ, ਰਾਵਤ ੩. ਅਤੇ ੪. "ਹ੍ਰਿਦੈ ਏਕ ਰਾਵੰਤ ਕੇ ਤੱਕ ਮਾਰਯੋ." (ਵਿਚਿਤ੍ਰ)

ਰਾੜ: ਦੇਖੋ, ਰਾੜੋ, ਰਾਰ ਅਤੇ ਰਾੜਿ। ੨. ਸਿੰਧੀ. ਵਿਲਾਪ. ਚਿੱਲਾਹਟ.

ਰਾੜਾ: ਰਾਜ ਪਟਿਆਲਾ, ਨਜਾਮਤ ਸੁਨਾਮ, ਤਸੀਲ ਥਾਣਾ ਪਾਇਲ ਦਾ ਪਿੰਡ, ਜੋ ਰੇਲਵੇ ਸਟੇਸ਼ਨ ਦੋਰਾਹੇ ਤੋਂ ੧੦. ਮੀਲ ਪੱਛਮ ਹੈ. ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿਰਾਜੇ ਹਨ. ਗੁਰਦ੍ਵਾਰਾ ਬਣਿਆ ਹੋਇਆ ਹੈ. ਪਾਸ ਰਹਿਣ ਦੇ ਮਕਾਨ ਹਨ. ੯੦ ਵਿੱਘੇ ਜ਼ਮੀਨ ਪਿੰਡ ਅਤੇ ਮਹਾਰਾਨੀ ਪਟਿਆਲਾ ਵੱਲੋਂ ਹੈ. ਮਹਾਰਾਨੀ ਸਾਹਿਬਾ ਨਿੱਤ ਸਵਾ ਰੁਪਯੇ ਦਾ ਕੜਾਹ ਪ੍ਰਸਾਦ ਭੀ ਅਰਪਦੇ ਹਨ. ਪੁਜਾਰੀ ਅਕਾਲੀ ਸਿੰਘ ਹੈ. ਹੋਲੇ ਮਹੱਲੇ ਦਾ ਮੇਲਾ ਹੁੰਦਾ ਹੈ.

ਰਾੜਿ: ਸੰਗਯਾ- ਝਗੜਨ ਦੀ ਕ੍ਰਿਯਾ. ਰਾੜਿ ਕਰਹਿ ਕਿਆ ਪ੍ਰਾਣੀ?" (ਆਸਾ ਪਟੀ ਮਃ ੧)

ਰਿ: ਸੰ. ऋ. ਧਾ- ਜਾਣਾ, ਪੈਦਾ ਕਰਨਾ, ਪ੍ਰਾਪਤ ਕਰਨਾ, ਪਹੁਚਣਾ. ਫੈਲਾਉਣਾ.

ਰਿਆ: ਅ਼. ریا ਸੰਗਯਾ- ਦਿਖਾਵਾ. ਨੁਮਾਯਸ਼। ੨. ਪਾਖੰਡ.

ਰਿਆਇਤ: ਅ਼. رعیت ਰਿਆ਼ਯਤ. ਸੰਗਯਾ- ਸਨਮਾਨ. ਆਦਰ। ੨. ਕ੍ਰਿਪਾ. ਮਿਹਰਬਾਨੀ. "ਜਹਾਂ ਜਹਾਂ ਖਾਲਸਾ ਤਹਾਂ ਤਹਾਂ ਰੱਛਿਆ ਰਿਆਇਤ." (ਅਰਦਾਸ) ੩. ਰਕ੍ਸ਼ਾ. ਰਖ੍ਯਾ. ਰੱਛਾ.

ਰਿਆਸਤ: ਅ਼. ریاست ਸੰਗਯਾ- ਰਾਜ੍ਯ। ੨. ਹੁਕੂਮਤ.

ਰਿਆਜ: ਅ਼. ریاض ਰਿਆਜ਼, ਰੌਜ਼ਾ ਦਾ ਬਹੁਵਚਨ. ਬਗੀਚੇ. ਦੇਖੋ, ਰੌਜਾ.

ਰਿਆਜਤ: ਦੇਖੋ, ਰਯਾਜਤ.

ਰਿਆਜੀ: ਦੇਖੋ, ਰਯਾਜੀ.

ਰਿਆਯਾ: ਪ੍ਰਜਾ. ਦੇਖੋ, ਰਾਇਆ ੩.

ਰਿਸ: ਸੰ. रिष्. ਧਾ- ਮਾਰ ਸਿੱਟਣਾ, ਦੁੱਖ ਦੇਣਾ, ਵੱਖ ਕਰਨਾ, ਜਾਣਾ। ੨. ਸੰਗਯਾ- ਰੋਸ਼. ਕ੍ਰੋਧ. ਗੁੱਸਾ. "ਸ੍ਰੀ ਹਰਿ ਰਿਸ ਕਰ ਧਨੁ ਧਰ." (ਕ੍ਰਿਸਨਾਵ) ਦੇਖੋ, ਰੁਸ ਧਾ। ੩. ਦੇਖੋ, ਰਿਸਣਾ.

ਰਿਸਕਣਾ: ਖਿਸਕਣਾ. ਥਾਂ ਤੋਂ ਟਲਨਾ। ੨. ਟਪਕਣਾ. ਰਿਸਣਾ. ਚੁਇਣਾ. ਦੇਖੋ, ਰਿਸਣਾ.

ਰਿਸਟ: ਦੇਖੋ, ਰਿਸ਼੍ਟ ੧. "ਕਵਨ ਰਿਸਟ ਕੋ ਪੁਸਟ ਹੈ?" (ਅਕਾਲ) ੨. ਸੰ. हृष्- ਹ੍ਰਿਸ਼੍ਟ ਖ਼ੁਸ਼ ਹੋਇਆ. ਪ੍ਰਸੰਨ. ਜਿਸ ਦੇ ਖ਼ੁਸ਼ੀ ਨਾਲ ਰੋਮ ਖੜੇ ਹੋ ਗਏ ਹਨ। ੩. ਹੈਰਾਨ ਹੋਇਆ.

ਰਿਸਟ ਪੁਸਟ: ਹ੍ਰਿਸ਼੍ਟ (ਪ੍ਰਸੰਨ) ਅਤੇ ਪੁਸ਼੍ਟ (ਮੋਟਾ). ਭਾਵ- ਅਰੋਗ ਅਤੇ ਮੋਟਾਤਾਜਾ.

ਰਿਸਣਾ: ਸੰ. ऋष्. ਧਾ- ਵਹਿਣਾ. ਚੁਇਣਾ। ੨. ਕ੍ਰਿ- ਜਲ ਆਦਿ ਦਾ ਭਾਂਡੇ ਵਿੱਚੋਂ ਸਿੰਮਕੇ ਟਪਕਣਾ। ੩. ਚਸ਼ਮੇ ਵਿੱਚੋਂ ਜਲ ਦਾ ਵਹਿਣਾ.

ਰਿਸ਼ਤਨ: ਫ਼ਾ. رشتن ਕ੍ਰਿ- ਕੱਤਣਾ.

ਰਿਸ਼ਤਾ: ਫ਼ਾ. رشتہ ਸੰਗਯਾ- ਸਾਕ. ਸੰਬੰਧ. ਜੋੜ। ੨. ਤਾਗਾ. ਡੋਰਾ. ਤੰਦ.

ਰਿਸ਼ਤੇਦਾਰ: ਵਿ- ਰਿਸ਼ਤਾ (ਸੰਬੰਧ) ਰੱਖਣ ਵਾਲਾ. ਸਾਕ. ਸੰਬੰਧੀ. ਨਾਤੀ.

ਰਿਸਮ: ਬੂੰਦਮਾਤ੍ਰ ਜਰਾ। ੨. ਦੇਖੋ, ਰਸਮਿ.

ਰਿਸਰਾ: ਵਿ- ਕ੍ਰੋਧੀ। ੨. ਸੰ. हृषीक शिरा- ਹ੍ਰਿਸ਼ੀਕ ਸ਼ਿਰਾ. ਸੰਗਯਾ- ਦਸ ਸਿਰ ਵਾਲਾ, ਰਾਵਣ. (ਸਨਾਮਾ) ੩. ਤ੍ਰਿਸ਼ਿਰਾ ਦਾ ਹੀ ਰਿਸਰਾ ਪਾਠ ਲਿਖਾਰੀ ਦੀ ਭੁੱਲ ਨਾਲ ਹੋ ਗਿਆ ਹੋਵੇ, ਤਾਂ ਕੁਝ ਅਚਰਜ ਨਹੀਂ. ਦੇਖੋ, ਰਿਸਰਾ ਬਿਸਿਰਾ.

ਰਿਸਰਾ ਬਿਸਿਰਾ: ਸੰਗਯਾ- ਰਿਸਿਰਾ (ਰਾਵਣ) ਨੂੰ ਬਿਸਿਰਾ (ਬਿਨਾ ਸਿਰ). "ਰਿਸਰਾ ਕੋ ਬਿਸਿਰਾ ਕੀਓ ਸ੍ਰੀ ਰਘੁਪਤਿ ਕੇ

ਬਾਨ." (ਸਨਾਮਾ) ੨. ਤ੍ਰਿਸ਼ਿਰਾ ਦੈਤ ਨੂੰ ਬਿਨਾ ਸਿਰ. ਰਾਮਚੰਦ੍ਰ ਜੀ ਨੇ ਤ੍ਰਿਸ਼ਿਰਾ ਨੂੰ ਭੀ ਤੀਰ ਨਾਲ ਮਾਰਿਆ ਸੀ.

ਰਿਸਰਾਮੰਡਰਿ: ਰਿਸ (ਕ੍ਰੋਧ) ਮੰਡਣ ਵਾਲਾ ਰਾਵਣ, ਉਸ ਦਾ ਅਰਿ (ਵੈਰੀ) ਤੀਰ. (ਸਨਾਮਾ)

ਰਿਸ਼ਵਤ: ਅ਼. رشوت ਸੰਗਯਾ- ਵੱਢੀ. ਘੂੰਸ.

ਰਿਸ਼ਵਤਖੋਰ, ਰਿਸ਼ਵਤਖ਼੍ਵਾਰ, ਰਿਸ਼ਵਤੀ: ਫ਼ਾ. رشوت خور ਵਿ- ਵੱਢੀ ਲੈਣ ਵਾਲਾ. "ਕਾਜੀ ਹੋਏ ਰਿਸਵਤੀ." (ਭਾਗੁ) ਦੇਖੋ, ਵੱਡੀ.

ਰਿਸਾਉਣਾ: ਕ੍ਰਿ- ਰਿਸ (ਕ੍ਰੋਧ) ਆਉਣਾ. ਗੁੱਸੇ ਹੋਣਾ। ੨. ਗੁੱਸੇ ਕਰਨਾ.

ਰਿਸਾਇ: ਰਿਸ (ਕ੍ਰੋਧ) ਕਰੇਗਾ. ਰਿਸਾਵੇਗਾ. "ਨਹੀ ੩. ਘਰ ਕੋ ਬਾਪੁ ਰਿਸਾਇ." (ਭੈਰ ਨਾਮਦੇਵ) ੨. ਕ੍ਰਿ. ਵਿ- ਰਿਸਾਕੇ. ਗੁੱਸੇ ਹੋਕੇ.

ਰਿਸਾਲ: ਵਿ- ਦ੍ਰਵਣ ਵਾਲਾ. ਪਿਘਰਨ ਵਾਲਾ. ਸੰ. ऋष्. ਧਾ. ਵਹਿਣਾ. ਦ੍ਰਵਣਾ. "ਜਤ੍ਰ ਤਤ੍ਰ ਬਿਰਾਜਹੀ ਅਵਧੂਤਰੂਪ ਰਿਸਾਲ." (ਜਾਪੁ) ਅਵਧੂਤ ਹੋਣ ਪੁਰ ਭੀ ਦੁਖੀ ਦੇਖਕੇ ਦ੍ਰਵਣ ਵਾਲਾ ਹੈ. ਭਾਵ- ਸਭ ਤੋਂ ਉਦਾਸੀਨ ਅਤੇ ਸਭ ਤੇ ਪਸੀਜਨੇ ਵਾਲਾ ਹੈ.

ਰਿਸੀ: ਦੇਖੋ, ਰਿਖਿ.

ਰਿਸ਼੍ਰਿ: ਸੰ. रिष्ट. ਵਿ- ਤੋੜਿਆ ਹੋਇਆ. ਭੰਨਿਆ ਹੋਇਆ। ੨. ਖੋਇਆ ਹੋਇਆ. ਗਵਾਚਿਆ। ੩. ਭਲਾ. ਨੇਕ. ਉੱਤਮ.

ਰਿਸ਼੍ਰਿਪੁਸ਼੍ਰਿ: ਦੇਖੋ, ਰਿਸਟ ਪੁਸਟ.

ਰਿਸ਼੍ਰਿ: ਸੰ. ਸੰਗਯਾ- ਬਦ ਕਿਸਮਤੀ। ੨. ऋष्टि. ਖੜਗ. ਦੁਧਾਰਾ ਸ਼ਸਤ੍ਰ। ੩. ਬਰਛੀ. ਸੈਹਥੀ.

ਰਿਸ਼੍ਰਿਯਸ਼੍ਰਿੰਗ: ਦੇਖੋ, ਸਿੰਗੀਰਿਖਿ.

ਰਿਸ਼੍ਰਿਯਮੂਕ: ਦੇਖੋ, ਰਿਖਮੂਕ.

ਰਿਹ: ਸੰ. रिह्. ਧਾ- ਮਾਰ ਸਿੱਟਣਾ, ਮਾਰਨ ਦਾ ਜਤਨ ਕਰਨਾ.

ਰਿਹਮ: ਦੇਖੋ, ਰਹਿਮ ੨.

ਰਿਹਲ: ਦੇਖੋ, ਰੇਹਲ.

ਰਿਹਾ: ਫ਼ਾ. رہا ਵਿ- ਛੱਡਿਆ ਹੋਇਆ. ਖੁਲ੍ਹਾ. ਨਿਰਬੰਧ.

ਰਿਹਾਈ: ਫ਼ਾ. رہائی ਸੰਗਯਾ- ਨਿਰਬੰਧਤਾ. ਛੁਟਕਾਰਾ. ਨਜਾਤ. ਮੁਕ੍ਤਿ.

ਰਿਹਾਕ: ਫ਼ਾ. ਰਿਹਾ (ਨਿਰਬੰਧ) ਸੰ. ਕ (ਕਰਨ ਵਾਲਾ). ਨਿਰਬੰਧ ਕਰਨ ਵਾਲਾ. ਛੁਟਕਾਰਾ ਦੇਣ ਵਾਲਾ. "ਰਹੀਮੈ ਰਿਹਾਕੈ." (ਜਾਪੁ) ਛੁਟਕਾਰਾ ਦੇਣ ਵਾਲਾ ਹੈ.

ਰਿਹਾਣ, ਰਿਹਾਨ: ਇੱਕ ਖਤ੍ਰੀ ਜਾਤਿ, ਜੋ ਬੁੰਜਾਹੀਆਂ ਵਿੱਚੋਂ ਹੈ.

ਰਿਹਾਯਸ਼: ਦੇਖੋ, ਰਹਾਯਿਸ਼

ਰਿਹਾੜ: ਰਿਹ- ਅੜ. ਸੰਗਯਾ- ਜਿਦ. ਹਠ.

ਰਿਹਾੜੀ: ਵਿ- ਹਠੀ. ਜਿੱਦੀ.

ਰਿਹਿਮ: ਦੇਖੋ, ਰਹਿਮ ੨.

ਰਿਕਤ: ਦੇਖੋ, ਰਿਕ੍ਤ। ੨. ਦੇਖੋ, ਰਿੱਕਤ.

ਰਿਕਾਬ: ਦੇਖੋ, ਰਕਾਬ.

ਰਿੱਕ: ਸੰਗਜਾ- ਮੋਕ. ਪਸ਼ੂ ਦਾ ਦਸ੍ਤ. ਦੇਖੋ, ਰਿੱਕਤ ਅਤੇ ਰੇਕ। ੨. ਅ਼. رِقّ ਰਿੱਕ਼. ਤਾਬੇਦਾਰੀ. ਗੁਲਾਮੀ। ੩. ਲਿਖਤ. ਤਹਰੀਰ.

ਰਿੱਕਤ, ਰਿੱਕ਼ਤ: ਅ਼. رِقّت ਸੰਗਜਾ- ਪਤਲਾਪਨ. ਨਰਮੀ। ੨. ਚਿੱਤ ਦਾ ਦ੍ਰਵਣਾ.

ਰਿਕ੍ਤ: ਸੰ. ਵਿ- ਖਾਲੀ. ਸੁੰਨਾ.

ਰਿਕ੍ਤਪਾਣਿ: ਵਿ- ਖਾਲੀ ਹੱਥ. ਜਿਸ ਦੇ ਹੱਥ ਵਿੱਚ ਕੁਝ ਨਹੀਂ. "ਰਿਕ੍ਤਪਾਣਿ ਕੋ ਜਾਇ ਨ ਅੰਦਰ." (ਗੁਪ੍ਰਸੂ)

ਰਿਕ੍ਸ਼: ਦੇਖੋ, ਰਿੱਛ.

ਰਿਖ: ਸੰਗਜਾ- ਆਵਾਗਮਨ. ਸੰ. ऋष्. ਧਾ- ਆਉਣਾ ਅਤੇ ਜਾਣਾ." ਅਨ ਤੇ ਟੂਟੀਐ, ਰਿਖ ਤੇ ਛੂਟੀਐ." (ਬਿਲਾ ਪੜਤਾਲ ਮਃ ੫) ੨. ਦੇਖੋ, ਰਿਖੀਕ.

ਰਿਖਭ: ਸੰ. ऋषभ. ਸੰਗਜਾ- ਬੈਲ। ੨. ਮਰੁਦੇਵੀ ਦੇ ਉਦਰ ਤੋਂ ਰਾਜਾ ਨਾਭਿ ਦਾ ਪੁਤ੍ਰ, ਜਿਸ ਦੀ ੨੪ ਅਵਤਾਰਾਂ ਵਿੱਚ ਗਿਣਤੀ ਹੈ। ੩. ਦੇਖੋ, ਤੀਰਥੰਕਰ। ੪. ਸੰਗੀਤ ਅਨੁਸਾਰ ਦੂਜਾ ਸ੍ਵਰ। ੫. ਵਿ- ਸ਼੍ਰੇਸ਼੍ਠ. ਉੱਤਮ.

ਰਿਖਭਦੇਵ: ਦੇਖੋ, ਰਿਖਭ ੨. ਅਤੇ ਤੀਰਥੰਕਰ.

ਰਿਖਭਧ੍ਵਜ: ਸੰਗਜਾ- ਰਿਸ਼ਭ (ऋषभ. ) ਬੈਲ ਦਾ ਚਿੰਨ੍ਹ ਹੈ ਜਿਸ ਦੀ ਧੁਜਾ ਪੁਰ, ਸ਼ਿਵ.

ਰਿਖਮੂਕ: ਸੰ. ऋष्यमृक. ਤੁੰਗਭਦ੍ਰਾ ਨਦੀ ਦੇ ਕਿਨਾਰੇ ਇੱਕ ਦੱਖਣੀ ਪਹਾੜ, ਜਿਸ ਵਿੱਚੋਂ ਪੰਪਾ ਨਦੀ ਨਿਕਲਦੀ ਹੈ. ਇੱਥੇ ਸ਼੍ਰੀ ਰਾਮ ਦੀ ਸੁਗ੍ਰੀਵ ਅਤੇ ਹਨੁਮਾਨ ਨਾਲ ਮਿਤ੍ਰਤਾ ਹੋਈ ਸੀ.[1110] ਇਸ ਨਾਮ ਦਾ ਕਾਰਣ ਇਹ ਹੈ ਕਿ ਇੱਥੇ ਮਾਤੰਗ ਰਿਖੀ ਮੂਕ (ਮੌਨ) ਵ੍ਰਤੀ ਹੋਕੇ ਰਹਿੰਦਾ ਸੀ. ਦੇਖੋ, ਮਾਤੰਗ ੧.

ਰਿਖਰਾਉ: ਇੱਕ ਖੱਤ੍ਰੀ ਜਾਤਿ। ੨. ਰਿਖਿਰਾਜ.

ਰਿਖਾ: ਦੇਖੋ, ਰੇਖਾ. "ਤਿਸੁ ਰੂਪੁ ਨ ਰਿਖਾ." (ਮਃ ੪. ਵਾਰ ਕਾਨ)

ਰਿਖਿ: ਸੰ. ऋषि. ਸੰਗਜਾ- ਪਰਮਪਦ ਨੂੰ ਪਹੁਚਿਆ ਹੋਇਆ ਪੁਰਖ. ਕਰਨੀ ਵਾਲਾ ਸਾਧੂ. ਮੁਨਿ. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਰਿਖੀਆਂ ਦੇ ਸੱਤ ਭੇਦ ਥਾਪੇ ਹਨ.

(ੳ) ਸ਼੍ਰੁਤਸ਼ਿੰ. ਵੇਦਮੰਤ੍ਰਾਂ ਦਾ ਕਰਤਾ ਰਿਖਿ.

(ਅ) ਕਾਂਡਸ਼ਿੰ. ਜੋ ਵੇਦ ਦਾ ਕੋਈ ਖ਼ਾਸ ਕਾਂਡ ਸਿਖਾਉਂਦਾ ਹੈ.

(ੲ) ਪਰਮਸ਼ਿੰ. ਜੋ ਵਿਰਕ੍ਤਦਸ਼ਾ ਵਿੱਚ ਰਹਿਕੇ ਥਾਂ ਥਾਂ ਫਿਰ ਕੇ ਵੇਦ ਦਾ ਉਪਦੇਸ਼ ਕਰਦਾ ਹੈ.

(ਸ) ਰਾਜਸ਼ਿੰ. ਜੋ ਰਾਜ ਕਾਜ ਕਰਦਾ ਹੋਇਆ ਭੀ ਇੰਦ੍ਰੀਆਂ ਨੂੰ ਕਾਬੂ ਰਖਦਾ ਹੈ.

(ਹ) ਬ੍ਰਹਮਸ਼ਿੰ. ਆਤਮਤਤ੍ਵਵੇੱਤਾ. ਬ੍ਰਹਮਗਜਾਨੀ.

---

[1110] ਦੇਖੋ, ਵਾਲਮੀਕਿਯ ਰਾਮਾਯਣ, ਕਿਸ਼ਕਿੰਧਾਕਾਂਡ, ਸਰਗ ੪.

(ਕ) ਦੇਵਰ੍ਸ਼ਿ. ਦੇਵਯੋਨਿ ਵਿੱਚੋਂ ਜਿਸ ਨੇ ਰਿਸ਼ਿਪਦ ਪਾਇਆ ਹੈ.

(ਖ) ਮਹਰ੍ਸ਼ਿ. ਜੋ ਵੇਦ ਦਾ ਪੂਰਣ ਪ੍ਰਚਾਰਕ ਅਤੇ ਧਰਮਸ਼ਾਸਤ੍ਰ ਦੇ ਬਣਾਉਣ ਵਾਲਾ ਤਥਾ ਕਰਮਕਾਂਡ ਦੀ ਵਿਧਿ ਦਸਦਾ ਹੈ ੨. ਦੇਖੋ, ਸਪਤਰਿਖੀ। ੩. ਸੰ. ऋृक्ष. ਰਿਕ੍ਸ਼. ਨਛਤ੍ਰ. "ਸਸਿ ਰਿਖਿ ਨਿਸਿ ਸੂਰ." (ਸਵੈਯੇ ਮਃ ੪. ਕੇ) ਚੰਦ ਤਾਰੇ ਰਾਤ ਸੂਰਜ.

ਰਿਖਿਆ: ਦੇਖੋ, ਰੇਖਾ. "ਤਿਸੁ ਰੂਪੁ ਨ ਰਿਖਿਆ." (ਮਃ ੩. ਵਾਰ ਸੂਹੀ)

ਰਿਖਿਅੰ: ਸੰ. हृषीक. ਹ੍ਰਿਸ਼ੀਕ. ਇੰਦ੍ਰਿਯ. ਨੇਤ੍ਰਾਦਿ ਇੰਦ੍ਰੀਆਂ. "ਬਸਿਕ੍ਰਤ ਰਿਖਿਅੰ, ਤਿਆਗਿ ਮਾਨੰ." (ਸਹਸ ਮਃ ੫)

ਰਿਖਿਜ: ਸੰਗਯਾ- ਕਸ਼ਯਪ ਰਿਖਿ ਤੋਂ ਪੈਦਾ ਹੋਇਆ ਚੰਦ੍ਰਮਾ (ਸਨਾਮਾ)

ਰਿਖਿਰਾਜ: ਪ੍ਰਧਾਨ ਰਿਖਿ. ਰਿਖੀਆਂ ਵਿੱਚੋਂ ਸ਼ਿਰੋਮਣਿ। ੨. ਬਾਬਾ ਸ਼੍ਰੀਚੰਦ ਜੀ। ੩. ਬਾਬਾ ਬੁੱਢਾ ਜੀ। ੪. ਬਾਬਾ ਰਾਮਕੁੰਵਰ ਜੀ.

ਰਿਖੀ: ਦੇਖੋ, ਰਿਖਿ.

ਰਿਖੀਸ, ਰਿਖੀਸੁਰ, ਰਿਖੀਸ਼੍ਵਰ: ਰਿਸ਼ਿ (ऋषि. ) ਈਸ਼. ਰਿਖੀਆਂ ਵਿੱਚੋਂ ਪ੍ਰਧਾਨ. ਰਿਖਿਰਾਜ ਦੇਖੋ, ਰਿਖਿਰਾਜ.

ਰਿਖੀਕ: ਇੰਦ੍ਰੀਆਂ. ਦੇਖੋ, ਰਿਖਿਅੰ. "ਰੋਕ ਰਿਖੀਕ ਸੁਨਹਿ ਮਨ ਭਾਵਹਿ." (ਨਾਪ੍ਰ)

ਰਿਖੀਕੇਸ, ਰਿਖੀਕੇਸੁ: ਸੰ. ਹ੍ਰਿਸ਼ੀਕੇਸ਼, ਹ੍ਰਿਸ਼ੀਕ (ਇੰਦ੍ਰੀਆਂ) ਦਾ ਸ੍ਵਾਮੀ, ਪਾਰਬ੍ਰਹਮ. "ਰਿਖੀਕੇਸ ਗੋਪਾਲ ਗੋਵਿੰਦ." (ਰਾਮ ਮਃ ੫) "ਕਹਹੁ ਮੁਖਹੁ ਰਿਖੀਕੇਸੁ ਹਰੇ." (ਮਃ ੪. ਵਾਰ ਕਾਨ)

ਰਿਖੇਸ: ਰਿਖਿ- ਈਸ਼. ਦੇਖੋ, ਰਿਖੀਸ.

ਰਿੱਖਮੂਕ: ਦੇਖੋ, ਰਿਖਮੂਕ.

ਰਿਗ: ਦੇਖੋ, ਵੇਦ.

ਰਿੰਗਣ: ਸੰ. रिङ्गण. ਸੰਗਯਾ- ਖਿਸਕਣਾ, ਪੇਟਬਲ ਚਲਣਾ (ਰੀਂਗਨਾ) ੨. ਦੇਖੋ, ਰਿੰਗਣਾ.

ਰਿੰਗਣਜੋਤੀ: ਸੰਗਯਾ- ਜਯੋਤਿ (ਚਮਕ) ਵਾਲਾ ਰਿੰਗਣ (ਕੀੜਾ), ਇੱਕ ਕੀੜਾ, ਜਿਸ ਦੀ ਦੁਮ ਪੁਰ ਚਮਕ ਹੁੰਦੀ ਹੈ। ੨. ਪਟਬੀਜਨਾ. ਖਦਯੋਤ. ਜੁਗਨੂ. "ਗਰਬ ਕਰੈ ਜਿਮ ਰਿੰਗਣਜੋਤੀ। ਰਵਹਿ" ਦਬਾਵੈ ਨਿਜਹਿ ਉਦੋਤੀ ॥" (ਨਾਪ੍ਰ) ਕਵੀਆਂ ਨੇ ਖਦਯੋਤ ਅਤੇ ਰਿੰਗਣਜੋਤੀ ਦੋਵੇਂ ਸ਼ਬਦ ਇੱਕ ਜੀਵ ਲਈ ਹੀ ਵਰਤੇ ਹਨ, ਪਰ ਇਹ ਜੁਦੇ ਜੁਦੇ ਹਨ. ਰਿੰਗਣਜੋਤੀ ਉਡਦਾ ਨਹੀਂ, ਉਹ ਜ਼ਮੀਨ ਪੁਰ ਰੀਂਗਦਾ ਹੈ, ਖਦਯੋਤ ਹਵਾ ਵਿੱਚ ਉਡਦਾ ਹੈ. ਦੇਖੋ, ਖਦਯੋਤ ਅਤੇ ਜੁਗਨੂ.

ਰਿੰਗਣਾ: ਕ੍ਰਿ- ਭੈਂਸ ਆਦਿ ਦਾ ਸ਼ਬਦ। ੨. ਦੇਖੋ, ਰਿੰਗਣ.

ਰਿੰਗਮਾਣ: ਵਿ- ਰੁੜ੍ਹਦਾ ਹੋਇਆ. "ਰਿੰਗਮਾਣ ਹੁਇ ਅਜਰ ਬਿਹਾਰੇ." (ਗੁਪ੍ਰਸੂ)

ਰਿੰਙਣ: ਰੁੜ੍ਹਣਾ. ਗੋਡਣੀਏਂ ਚਲਨਾ. ਦੇਖੋ, ਰਿੰਗਣ ਅਤੇ ਰਿੰਗਮਾਣ. "ਅੰਙਣ ਮਹਿ ਰਿੰਙਣ ਗਤਿ ਕਾਰੀ." (ਨਾਪ੍ਰ)

ਰਿੰਙਣਜੋਤੀ: ਦੇਖੋ, ਰਿੰਗਣਜੋਤੀ.

ਰਿੰਙਮਾਣ: ਦੇਖੋ, ਰਿੰਗਮਾਣ. "ਅੰਙਣ ਮੇ ਰਿੰਙਮਾਣ ਭਏ." (ਗੁਪ੍ਰਸੂ)

ਰਿਚ: ਸੰ. ऋच्. ਧਾ- ਪ੍ਰਸ਼ਨ ਕਰਨਾ, ਉਸਤਤਿ ਕਰਨਾ. ਚਮਕਣਾ. ਇਸੇ ਧਾਤੁ ਤੋਂ ਰਿਗ ਸ਼ਬਦ ਹੈ।

੨. रिच्. ਧਾ- ਵੱਖ ਕਰਨਾ, ਦਸੁ ਦੇਣਾ, ਕੋਠਾ (ਮੇਦਾ) ਸਾਫ ਕਰਨਾ, ਗਰਭ ਗਿਰਾਉਣਾ. ਇਸੇ ਤੋਂ ਰੇਚਕ ਰੇਚਨ ਆਦਿ ਸ਼ਬਦ

ਬਣਦੇ ਹਨ.

ਰਿਚਾ: ਸੰ. ਸੰਗਯਾ- ਰਿਗਵੇਦ ਦਾ ਮੰਤ੍ਰ. ਦੇਖੋ, ਰਿਚ ਧਾ. "ਵੇਦ ਕੀ ਰਿਚਾ ਸੁਣਾਈ." (ਭਾਗੁ)

ਰਿਚੀਕ: ਸੰ. ऋचीक. ਭ੍ਰਿਗੁਵੰਸ਼ੀ ਇੱਕ ਰਿਖੀ, ਜੋ ਜਮਦਗ੍ਨਿ ਦਾ ਪਿਤਾ ਅਤੇ ਉਰਵ ਦਾ ਪੁਤ੍ਰ ਸੀ. ਵਿਸ਼ਨੁਪੁਰਾਣ ਵਿੱਚ ਕਥਾ ਹੈ ਕਿ ਰਿਚੀਕ ਬਹੁਤ ਬੁੱਢਾ ਸੀ, ਪਰ ਰਾਜਾ ਗਾਧੀ ਪਾਸ ਉਸ ਦੀ ਲੜਕੀ ਵਿਆਹੁਣ ਲਈ ਪੁੱਜਾ. ਗਾਧੀ ਨੇ ਆਖਿਆ ਕਿ ਜੇ ਤੂੰ ਇੱਕ ਹਜ਼ਾਰ ਚਿੱਟਾ ਘੋੜਾ ਕਾਲੇ ਕੰਨਾਂ ਵਾਲਾ ਮੈਨੂੰ ਦੇਵੇਂ, ਤਦ ਕਨ੍ਯਾ ਦੇਵਾਂਗਾ. ਰਿਚੀਕ ਨੇ ਅਜੇਹੇ ਘੋੜੇ ਵਰੁਣ ਤੋਂ ਲੈਕੇ ਰਾਜੇ ਨੂੰ ਦਿੱਤੇ ਅਤੇ ਉਸ ਦੀ ਪੁਤ੍ਰੀ "ਸਤ੍ਯਵਤੀ" ਵਿਆਹੀ. ਰਾਮਾਯਣ ਵਿੱਚ ਕਥਾ ਹੈ ਕਿ ਰਿਚੀਕ ਨੇ ਆਪਣਾ ਪੁਤ੍ਰ ਸੁਨਹਸ਼ੇਫ ਯਗ੍ਯ ਦੀ ਕੁਰਬਾਨੀ ਲਈ ਵੇਚ ਦਿੱਤਾ ਸੀ. ਦੇਖੋ, ਸੁਹਨਸ਼ੇਫ.

ਰਿੱਛ: ਸੰ. ऋक्ष. ਸੰਗਯਾ- ਭਾਲੂ. ਰੀਛ। ੨. ਨਕ੍ਸ਼ਤ੍ਰ ਤਾਰਾ ਸਿਤਾਰਾ। ੩. ਸੰ. ऋच्छ. ਧਾ- ਮੋਹ ਕਰਨਾ, ਬੇਸੁਧ ਹੋਣਾ, ਜਾਣਾ.

ਰਿਜਕ: ਅ਼. رزق ਰਿਜ਼ਕ਼. ਸੰਗਯਾ- ਰੋਜ਼ੀ. "ਰਿਜਕ ਉਪਾਇਓਨੁ ਅਗਲਾ." (ਮਃ ੫. ਵਾਰ ਸਾਰ)

ਰਿਜਮ: ਵਿ- ਰੇਜ਼ਹਮਾਤ੍ਰ. ਤਨਿਕ. ਥੋੜਾ. "ਬਾਕੀ ਰਿਜਮ ਨ ਕਾਈ." (ਸੂਹੀ ਕਬੀਰ)

ਰਿਜਲ: ਅ਼. رزل ਰਿਜਲ. ਵਿ- ਕਮੀਨਾ. ਨੀਚ. "ਜੜ੍ਹ ਕੋ ਕਹਾਂ ਸੰਘਾਰਬੋ ਜਾਂਕੋ ਰਿਜਲ ਸੁਭਾਵ?" (ਚਰਿਤ੍ਰ ੮੨)

ਰਿਜਵਾਨ: ਅ਼. رضوان ਰਿਜਵਾਨ ਸੰਗਯਾ- ਪ੍ਰਸੰਨਤਾ. ਖ਼ੁਸ਼ੀ। ੨. ਫ਼ਰਿਸ਼੍ਤਿਆਂ (ਦੇਵਤਿਆਂ) ਦਾ ਰਾਜਾ. ਇੰਦ੍ਰ. ਦੇਖੋ, ਫ਼ਰਿਸ਼ਤਾ.

ਰਿਜਾ: ਅ਼. رجا ਸੰਗਯਾ- ਉਮੈਦ. ਆਸ਼ਾ.

ਰਿਜਾਲ: ਅ਼. رجال ਸੰਗਯਾ- ਰਜੁਲ (ਆਦਮੀ) ਦਾ ਬਹੁਵਚਨ. ਕਈ ਜਣੇ.

ਰਿਜੁ: ਸੰ. ऋजु. ਵਿ- ਸਿੱਧਾ. ਬਿਨਾ ਵਲ। ੨. ਕਪਟ ਰਹਿਤ। ੩. ਸੁੰਦਰ.

ਰਿਜੁਭਾਵ: ਸੰਗਯਾ- ਸਿੱਧਾਪਨ. ਨਿਸ਼੍ਕਪਟਤਾ. ਦੇਖੋ, ਰਿਜੁ.

ਰਿੱਜਣਾ: ਕ੍ਰਿ- ਰੋਗ ਨਾਲ ਤਪਣਾ. ਰੋਗ ਦੇ ਕਾਰਣ ਹਰ ਰੋਜ਼ ਘਟਦੇ ਜਾਣਾ.

ਰਿਝਵਾਰ: ਵਿ- ਰੀਝਣ ਵਾਲਾ.

ਰਿਝਾਉਣਾ: ਕ੍ਰਿ- ਖ਼ੁਸ਼ ਕਰਨਾ. ਰੰਜਨ ਕਰਨਾ.

ਰਿਝੈਯਾ: ਵਿ- ਰੰਜਨ ਕਰੈਯਾ, ਖ਼ੁਸ਼ ਕਰਨ ਵਾਲਾ। ੨. ਰੀਝਣ ਵਾਲਾ.

ਰਿੱਝਣਾ: ਕ੍ਰਿ- ਪੱਕਣਾ. ਰੰਧਨ ਹੋਣਾ। ੨. ਕੁੜ੍ਹਨਾ.

ਰਿਵਾਣਨਾ: ਰੰਜ ਕਰਨਾ. ਦੇਖੋ, ਰਵਾਣਨਾ.

ਰਿਣ: ਸੰ. ऋण. ਸੰਗਯਾ- ਉਧਾਰ. ਕਰਜ। ੨. ਕਰਜ ਲੈਣ ਵਾਲਾ। ੩. ਜਲ। ੪. ਕਿਲਾ. ਦੁਰਗ। ੫. ਫ਼ਰਜ਼. ਡ੍ਯੂਟੀ.

ਰਿਣਮੋਚਨ: ਦੇਖੋ, ਕਪਾਲਮੋਚਨ ੨.

ਰਿਣੀ: ਸੰ. ऋणिन्. ਵਿ- ਕਰਜਾਈ. ਜਿਸ ਨੇ ਰਿਣ ਦੇਣਾ ਹੈ। ੨. ਇਹਸਾਨਮੰਦ.

ਰਿਤ: ਸੰ. ऋत. ਸੰਗਯਾ- ਰਿਸ਼ਿ ਦਾ ਭੋਜਨ. ਉਂਛ (ਸ਼ਿਲਾ) ਦਾ ਆਹਾਰ। ੨. ਮੋਖ. ਮੁਕਤਿ। ੩. ਜਲ। ੪. ਕਰਮ ਦਾ ਫਲ। ੫. ਯਗ੍ਯ। ੬. ਸਤ੍ਯ। ੭. ਵਿ- ਪ੍ਰਕਾਸ਼ ਵਾਲਾ। ੮. ਪੂਜਿਤ। ੯. ਦੇਖੋ, ਰ੍ਹਿਤ। ੧੦. ਦੇਖੋ, ਰਿਤੇ.

ਰਿਤਧੀ: ਸੰ. ऋृतधी. ਯਥਾਰਥ ਰਿਤ (ਸਹੀ) ਧੀ (ਸਮਝ) ਰੱਖਣ ਵਾਲਾ.

ਰਿਤਨੀ: ਸੰ. ऋृतनी. ਸਤ੍ਯ ਦਾ ਆਗੂ. ਸਚਾਈ ਦਾ ਲੀਡਰ.

ਰਿਤਨੋ: ਰੀਤਾ. ਖਾਲੀ. ਰਹਿਤ. "ਚਰਨਕਮਲ ਰੰਗਿ ਰਿਤਨੋ." (ਗਉ ਮਃ ੫)

ਰਿਤਾਨ੍ਰਿਤ: ਸੰ. ऋृतानृत. ਰਿਤ (ਸਤ੍ਯ) ਅਨ੍ਰਿਤ (ਝੂਠ). ਸਤ੍ਯ ਅਸਤ੍ਯ। ੨. ਵਣਿਜ ਵਪਾਰ, ਜਿਸ ਵਿੱਚ ਸੱਚ ਝੂਠ ਮਿਲੇ ਰਹਿੰਦੇ ਹਨ.

ਰਿਤੁ: ਸੰ. ऋतु. ਸੰਗ੍ਯਾ- ਰੁੱਤ. ਮੌਸਮ. ਭਾਰਤ ਦੇ ਵਿਦ੍ਵਾਨਾਂ ਨੇ ਦੋ ਦੋ ਮਹੀਨਿਆਂ ਦੀਆਂ ਵਰ੍ਹੇ ਵਿੱਚ ਛੀ ਰੁੱਤਾਂ ਮੰਨੀਆਂ ਹਨ-

ਬਸੰਤ- ਵਸੰਤ (ਚੇਤ- ਵਸਾਖ) ਚੈਤ੍ਰ- ਵੈਸ਼ਾਖ.

ਗ੍ਰੀਖਮ- ਗ੍ਰੀਸ਼ਮ (ਜੇਠ- ਹਾੜ) ਜੈਸ਼੍ਠ- ਆਸ਼ਾਢ.

ਬਰਖਾ- ਵਰ੍ਸ਼ਾਂ (ਸਾਉਣ- ਭਾਦੋਂ) ਸ਼੍ਰਾਵਣ- ਭਾਦ੍ਰਪਦ.

ਸਰਦ- ਸ਼ਰਦ (ਅੱਸੂ- ਕੱਤਕ) ਆਸ਼੍ਵਿਨ- ਕਾਤਿੰਕ.

ਹਿਮ- ਹੇਮੰਤ (ਮੱਘਰ- ਪੋਹ) ਮਾਰਗਸ਼ੀਸ਼ਾਂ- ਪੌਸ਼.

ਸਿਸਰ- ਸ਼ਿਸ਼ਿਰ (ਮਾਘ- ਫੱਗੁਣ) ਮਾਘ- ਫਾਲਗੁਨ. ਦੇਖੋ, ਖਟਰਿਤੁ। ੨. ਛੀ ਸੰਖ੍ਯਾ ਬੋਧਕ, ਕਿਉਂਕਿ ਰੁੱਤ" ਛੀ ਹਨ। ੩. ਇਸਤ੍ਰੀ ਨੂੰ ਰਜ ਆਉਣ ਪਿੱਛੋਂ ਉਹ ਸਮਾਂ, ਜਦ ਉਹ ਗਰਭ ਧਾਰਣ ਯੋਗ੍ਯ ਹੁੰਦੀ ਹੈ. ਗਰਭ ਧਾਰਣ ਦੀ ਰੁੱਤ। ੪. ਲੋਕਾਂ ਵਿੱਚ ਹੈਜ਼ ਦਾ ਨਾਮ ਭੀ ਰਿਤੁ ਪ੍ਰਸਿੱਧ ਹੋ ਗਿਆ ਹੈ। ੫. ਚਮਕ. ਰੌਸ਼ਨੀ.

ਰਿਤੁਚਰਯਾ: ऋृतुचर्या. ਕਿਸ ਰੁੱਤ ਵਿੱਚ ਕੀ ਕਰਨਾ ਚਾਹੀਏ, ਕੇਹੜੀ ਚੀਜ ਖਾਣੀ ਅਤੇ ਕੇਹੜੀ ਨਾ ਖਾਣੀ ਯੋਗ੍ਯ ਹੈ, ਇਤਿਆਦਿ ਜਿਸ ਗ੍ਰੰਥ ਵਿੱਚ ਵਰਣਨ ਹੋਵੇ. ਇਸ ਨਾਮ ਦੇ ਅਨੇਕ ਪੁਸ੍ਤਕ ਵਿਦ੍ਵਾਨਾਂ ਨੇ ਲਿਖੇ ਹਨ। ੨. ਰੁੱਤਾਂ ਅਨੁਸਾਰ ਵਰਨਣ ਦੀ ਕ੍ਰਿਯਾ. "ਯੋਗਰਤਨਾਕਰ" ਦੇ ਰਿਤੁਚਰਯਾ ਪ੍ਰਕਰਣ ਵਿੱਚ ਲਿਖਿਆ ਹੈ-

ਵਸੰਤ ਵਿੱਚ ਕਯ (ਉਲਟੀ) ਕਰਨੀ ਅਤੇ ਹਰੜ ਦਾ ਸ਼ਹਦ ਨਾਲ ਸੇਵਨ ਕਰਕੇ ਮੇਦੇ ਦੀ ਸਫਾਈ ਕਰਨੀ ਚਾਹੀਏ, ਵਟਣਾ ਮਲਣਾ, ਕਸਰਤ ਕਰਨੀ, ਚੰਦਨ ਕੇਸਰ ਅਗਰ ਦਾ ਲੇਪ ਕਰਨਾ ਗੁਣਕਾਰੀ ਹੈ. ਕਣਕ ਚਾਉਲ ਮੂੰਗੀ ਜੰਗਲੀ ਜੀਵਾਂ ਦਾ ਮਾਸ ਖਾਣਾ ਉੱਤਮ ਹੈ. ਬਹੁਤ ਮਿੱਠਾ ਅਤੇ ਖੱਟਾਂ ਭਾਰੀ ਅਤੇ ਲੇਸਲੀਆਂ ਚੀਜਾਂ ਦਾ ਖਾਣਾ, ਦਿਨ ਨੂੰ ਸੌਣਾ ਤ੍ਯਾਗਣਾ ਚਾਹੀਏ.

ਗ੍ਰੀਖਮ ਵਿੱਚ ਸਰਦ ਤਰ ਹਲਕੀਆਂ ਚੀਜਾਂ, ਮਿਸ਼ਰੀ ਸੱਤੂ ਦੁੱਧ ਜੰਗਲੀ ਪੰਛੀਆਂ ਦਾ ਸ਼ੋਰਵਾ ਚਾਉਲ ਖਾਣੇ ਚਾਹੀਏ. ਸੂਰਜ ਦੀ ਧੁੱਪ ਨਾਲ ਤਪਿਆ ਜਲ ਜੋ ਰਾਤ ਨੂੰ ਚੰਦ੍ਰਮਾ ਦੀ ਕਿਰਨਾਂ ਲੱਗਕੇ ਠੰਢਾ ਹੋਗਿਆ ਹੈ, ਪੀਣਾ ਉੱਤਮ ਹੈ. ਚੰਦ੍ਰਮਾ ਦੀ ਚਾਂਦਨੀ ਵਿੱਚ ਬੈਠਣਾ ਦਿਨ ਨੂੰ ਸੌਣਾ ਲਾਭਦਾਇਕ ਹੈ. ਚੰਦਨ ਦਾ ਲੇਪ ਅਤੇ ਚੰਦਨ ਦਾ ਸ਼ਰਬਤ ਪੀਣਾ ਗੁਣਕਾਰੀ ਹੈ. ਧੁੱਪੇ ਫਿਰਨਾ, ਥਕੇਵੇ ਦਾ ਕੰਮ ਕਰਨਾ ਕੌੜੀਆਂ ਤਿੱਖੀਆਂ ਚੀਜਾਂ ਦਾ ਖਾਣਾ ਦੁਖਦਾਈ ਹੈ.

ਵਰਖਾ ਵਿੱਚ ਮਿੱਠਾ ਖੱਟਾ ਨਮਕੀਨ ਅਤੇ ਕੌੜਾ ਰਸ ਸੇਵਨ ਕਰਨਾ, ਮਾਲਿਸ਼ ਕਰਨੀ, ਖੂਹ ਦਾ ਸੱਜਰਾ ਜਾਂ ਮੀਂਹ ਦਾ ਨਿਰਮਲ ਪਾਣੀ ਪੀਣਾ, ਕਣਕ ਜੌਂ ਆਦਿ ਅੰਨ ਖਾਣੇ ਉੱਤਮ ਹਨ. ਦਿਨ ਨੂੰ ਸੌਣਾ, ਨਦੀਆਂ ਦਾ ਪਾਣੀ ਪੀਣਾ, ਰੁੱਖੀਆਂ ਚੀਜਾਂ ਖਾਣੀਆਂ, ਧੁੱਪੇ ਫਿਰਨਾ, ਦੁਰਗੰਧ ਵਾਲੇ ਥਾਂ ਬੈਠਣਾ ਦੁਖਦਾਈ ਹੈ.

ਸਰਦ ਵਿੱਚ ਘੀ ਦੁੱਖ ਕਸੈਲੀਆਂ ਅਤੇ ਚਰਪਰੀਆਂ ਚੀਜਾਂ ਖਾਣੀਆਂ, ਗੰਨੇ ਚੂਪਣੇ, ਜੰਗਲੀ ਜੀਵਾਂ ਦਾ ਮਾਸ ਖਾਣਾ, ਕਣਕ ਜੌਂ ਮੂੰਗੀ ਚਾਉਲ ਆਦਿ ਅੰਨ ਵਰਤਣੇ, ਚਸ਼ਮਿਆਂ ਦਾ ਜਲ ਪੀਣਾ, ਚਾਂਦਨੀ ਵਿੱਚ ਬੈਠਣਾ, ਜਲਕ੍ਰੀੜਾ ਕਰਨੀ, ਪਿੱਤ ਖਾਰਿਜ ਕਰਨ ਵਾਲੇ ਪਦਾਰਥ ਸੇਵਨ ਕਰਨੇ ਲਾਭਦਾਇਕ ਹੈ. ਕੌੜਾ ਖੱਟਾ ਤਿੱਖਾ ਖਾਣਾ ਪੀਣਾ, ਦਿਨੇ ਸੌਣਾ ਧੁੱਪੇ ਫਿਰਨਾ ਦੁਖਦਾਈ ਹੈ.

ਹੇਮੰਤ ਅਤੇ ਸ਼ਿਸ਼ਿਰ ਵਿੱਚ ਸਵੇਰੇ ਭੋਜਨ ਕਰਨਾ, ਕਸਰਤ ਕਰਨੀ, ਕਣਕ ਮਾਂਹ ਮਾਸ ਤਿਲ ਕਸਤੂਰੀ ਕੇਸਰ ਆਦਿ ਖਾਣੇ, ਮਾਲਿਸ਼ ਕਰਨੀ, ਗਰਮ ਜਲ ਨਾਲ ਨ੍ਹਾਉਣਾ, ਧੁੱਪ ਅਤੇ ਅੱਗ ਦਾ ਸੇਵਨ ਕਰਨਾ, ਗਰਮ ਵਸਤ੍ਰ ਪਹਿਰਨੇ ਸੁਖਦਾਈ ਹਨ.

ਇਨ੍ਹਾਂ ਰੁੱਤਾਂ ਵਿੱਚ ਮੈਥੁਨ ਸੰਬੰਧੀ ਜੋ ਹਦਾਇਤ ਹੈ, ਉਸ ਲਈ ਦੇਖੋ, ਮੈਥੁਨ ਸ਼ਬਦ.

ਰਿਤੁਨਾਥ: ਦੇਖੋ, ਰਿਤੁਪਤਿ.

ਰਿਤੁ ਨਾਮਹਿ: ਮਯਾਮ ਭਯੋ. (ਕ੍ਰਿਸਨਾਵ) ਰੁੱਤ ਦਾ ਨਾਮ ਭੀ ਸ਼ਯਾਮ ਹੋਇਆ. ਭਾਵ- ਹਨ੍ਹੇਰਾ ਪੱਖ (ਕ੍ਰਿਸ਼ਨ ਪਕ੍ਸ਼)

ਰਿਤੁਪਤਿ, ਰਿਤੁਰਾਜ: ਸਾਰੀਆਂ ਮੌਸਮਾਂ ਦਾ ਸ੍ਵਾਮੀ, ਵਸੰਤ. ਬਹਾਰ. Spring.

ਰਿਤੁਰਾਜ ਸਖਾ: ਵਸੰਤ ਦਾ ਮਿਤ੍ਰ ਕਾਮਦੇਵ.

ਰਿਤੁਵਤੀ: ਰਿਤੁਮਤੀ. ਰਿਤੁ ਵਾਲੀ ਇਸਤ੍ਰੀ. ਜਿਸ ਨੂੰ ਹ੍ਹੈ ਆਏ ਹਨ.

ਰਿਤੁ ਵਰਣਨ: ਰੁੱਤਾਂ ਦਾ ਵਰਣਨ. ਇਸ ਨਾਮ ਦੇ ਅਨੇਕ ਮਨੋਹਰ ਕਾਵ੍ਯ ਹਨ, ਜੋ ਕਵੀਆਂ ਨੇ ਅਨੰਤ ਬੋਲੀਆਂ ਵਿੱਚ ਲਿਖੇ ਹਨ. ਗ਼ਾਲ ਕਵੀ ਦਾ ਬ੍ਰਿਜ ਭਾਸ਼ਾ ਵਿੱਚ ਲਿਖਿਆ ਰਿਤੁਵਰਣਨ ਬਹੁਤ ਉੱਤਮ ਹੈ. ਦੇਖੋ, ਗ੍ਰੀਖਮ ਦਾ ਵਰਣਨ-

ਪੂਰਨ ਪ੍ਰਚੰਡ ਮਾਰਤੰਡ ਕੀ ਮਯੂਖੈਂ ਮੰਡ

ਜਾਰੈਂ ਬ੍ਰਹਮੰਡ ਅੰਡ ਡਾਰੈਂ ਪੰਥ ਧਰਿਯੈਂ,

ਲੂਐਂ ਤਨ ਛੂਐਂ ਬਿਨ ਧੁਐਂ ਕੀ ਅਗਨਿ ਜੈਸੀ

ਚੁਐਂ ਸ੍ਵੇਦ ਬੁੰਦ ਬੁੰਦ ਧਾਰੇ ਅਨਸਰਿਯੈਂ.

ਗ੍ਵਾਲਕਵਿ ਜਠੀ ਜੇਠਮਾਸ ਕੀ ਜਲਾਕਨ ਤੋਂ.

ਪਯਾਸ ਕੀ ਸਲਾਕਨ ਤੇਂ ਇਸੀ ਚਿਤ ਅਰਿਯੈਂ.

ਕੁੰਡ ਪੀਐਂ ਕੁਧ ਪੀਐਂ ਸਰ ਪੀਐ ਨੰਦ ਪੀਐਂ

ਸਿੰਧੁ ਪੀਐਂ ਹਿਮ ਪੀਐਂ ਪੀਯਬੋਈ ਕਰਿਯੈਂ.

ਰਿਤੇ: ਸੰ. ऋते. ਵ੍ਯ- ਬਿਨਾ. ਸਿਵਾਯ. ਜਿਵੇਂ- ऋतेज्ञानान्न मुक्ति:- ਰਿ਼ਤੇ ਗਯਾਨਾਤ੍ ਨ ਮੁਕ੍ਤਿਃ (ਸ਼੍ਵੇਤਾਸ਼੍ਵਤਰਉਪ) ਨਿਸ਼ਦ ਗਯਾਨ ਬਿਨਾ ਮੁਕ੍ਤਿ ਨਹੀਂ.

ਰਿੱਤਜ, ਰਿਤਜਜ, ਰਿਤ੍ਵਿਜ: ਸੰ. ऋत्विज्. ਸੰਗ੍ਯਾ- ਰਿਤੁ (ਰੁੱਤ) ਅਨੁਸਾਰ ਕੁਰਬਾਨੀ ਕਰਨ ਵਾਲਾ. ਭਾਵ- ਯਗ੍ਯ ਵਿਧਿ ਕਰਨ ਵਾਲਾ ਬ੍ਰਾਹਮਣ. ਯਗ੍ਯ ਵਿੱਚ ਰਿਤ੍ਵਿਜ ੧੬. ਹੁੰਦੇ ਹਨ, ਜਿਨ੍ਹਾਂ ਵਿੱਚੋਂ ਚਾਰ ਪ੍ਰਧਾਨ ਹੋਇਆ ਕਰਦੇ ਹਨ-

(ੳ) ਹੋਤਾ- होतृ (ਰਿਗਵੇਦ ਅਨੁਸਾਰ ਕਰਮ ਕਰਾਉਣ ਵਾਲਾ)

(ਅ) ਅਧ੍ਵਰ੍ਯੁ (ਯਜੁਰਵੇਦ ਅਨੁਸਾਰ ਕਰਮ ਕਰਾਉਣ ਵਾਲਾ).

(ੲ) ਉਦ੍ਗਾਤਾ (ਸਾਮਵੇਦ ਅਨੁਸਾਰ ਕਰਮ ਕਰਾਉਣ ਵਾਲਾ)

(ਸ) ਬ੍ਰਹ੍ਮਾ (ਚਾਰ ਵੇਦਾਂ ਦਾ ਗ੍ਯਾਤਾ, ਜੋ ਜਗ੍ਯ ਦੇ ਸਾਰੇ ਕਰਮਾਂ ਪੁਰ ਨਿਗਰਾਨੀ ਕਰੇ). "ਕੋਟਿ ਕੋਟਿ ਬੁਲਾਇ ਰਿੱਤਜ ਕੋਟਿ ਬ੍ਰਹਮ ਬੁਲਾਇ." (ਯੁਧਿਸਟਰ- ਰਾਜ)

ਰਿਦ: ਸੰ. हृदय. ਸੰਗ੍ਯਾ- ਛਾਤੀ। ੨. ਮਨ. ਦਿਲ. "ਰਿਦ ਅੰਤਰਿ ਕਰਤਲ ਕਾਤੀ." (ਪ੍ਰਭਾ ਬੇਣੀ) ਦੇਖੋ, ਕਰਤਲ। ੩. ਸੰ. हृद. - ਹ੍ਰਦ. ਤਾਲ. "ਰਿਦ ਪਦ ਆਦਿ ਬਖਾਨਕੈ ਈਸਰਾਸਤ੍ਰ ਕਹਿ ਦੀਨ." (ਸਨਾਮਾ) ਹ੍ਰਦ- ਈਸ਼ (ਵਰੁਣ) ਉਸ ਦਾ

ਅਸਤ੍ਰ, ਪਾਸ਼ (ਫਾਹੀ). "ਚਰਨਕਮਲ ਰਿਦ ਮਹਿ ਉਰ ਧਾਰਹੁ." (ਸੁਖਮਨੀ) ਉਰ ਹ੍ਰਦ ਮੇਂ ਚਰਨਕਮਲ ਧਾਰਹੁ. ਅੰਤਹਕਰਣ ਰੂਪ ਤਾਲ ਵਿੱਚ ਚਰਨਕਮਲ ਵਸਾਓ.

ਰਿੰਦ: ਫ਼ਾ. رند ਉਹ, ਆਦਮੀ, ਜੋ ਆਪਣੀ ਤੀਛਨ ਬੁੱਧਿ ਦੇ ਕਾਰਣ ਦੂਜੇ ਦੀ ਗੱਲ ਮੰਨਣੋ ਇਨਕਾਰ ਕਰੇ। ੨. ਆਜ਼ਾਦ। ੩. ਝੱਲਾ. ਸਿਰੜਾ। ੪. ਬਲੋਚਾਂ ਦੀ ਇੱਕ ਜਾਤਿ.

ਰਿਦਉ: ਸੰ. ਹ੍ਰਿਦਯ. ਮਨ। ੨. ਛਾਤੀ.

ਰਿਦਅੰਗਮ: ਸੰ. हृदयङ्गम. ਹ੍ਰਿਦਯੰਗਮ. ਵਿ- ਮਨ ਵਿੱਚ ਜਾਣ ਵਾਲਾ. ਦਿਲ ਵਿੱਚ ਗਡਣ ਵਾਲਾ। ੨. ਸੁੰਦਰ. ਮਨੋਹਰ.

ਰਿਦਖੋਰ: ਦੇਖੋ, ਖੋਰ ੩. ਅਤੇ ਮਹਿਖੋਰ.

ਰਿਦਯ, ਰਿਦਾ: ਦੇਖੋ, ਹ੍ਰਿਦਯ ਅਤੇ ਰਿਦ.

ਰਿਦਿ: ਸੰ. हृदि- ਹ੍ਰਿਦਿ. ਹ੍ਰਿਦਯ ਵਿੱਚ. "ਰਿਦਿ ਬਿਗਾਸੁ ਜਾਗਿਓ." (ਸਵੈਯੇ ਮਃ ੨. ਕੇ)

ਰਿਦੈ: ਸੰ. हृदये- ਹ੍ਰਿਦਯੇ. ਹ੍ਰਿਦਯ ਵਿੱਚ. ਦਿਲ ਮੇਂ. "ਜਾ ਰਿਦੈ ਸਚਾ ਹੋਇ." (ਵਾਰ ਆਸਾ) ੨. ਦੇਖੋ, ਰਿਦਯ। ੩. ਸੰ. हृद्य- ਹ੍ਰਿਦਯ. ਵਿ- ਮਨਭਾਵਨ ਮਨੋਹਰ. "ਰਿਦਾ ਪੁਨੀਤ ਰਿਦੈ ਹਰਿ ਬਸਿਓ." (ਸਾਰ ਮਃ ੫) "ਹਿਰਦੈ ਰਿਦੈ ਨਿਹਾਲੁ." (ਮਃ ੧. ਵਾਰ ਮਾਝ)

ਰਿਦੰਤਰ: ਹ੍ਰਿਦਯ- ਅੰਤਰ. ਦਿਲ ਵਿੱਚ. "ਜਸਜ ਸਿਮਰਣ ਰਿਦੰਤਰਹ." (ਸਹਸ ਮਃ ੫)

ਰਿਧ: ਸੰ. ऋध्. ਧਾ- ਵਧਣਾ. ਜਾਦਾ ਹੋਣਾ, ਵਿਭੂਤੀ ਵਾਲਾ ਹੋਣਾ, ਪੂਰਾ ਕਰਨਾ। ੨. ਦੇਖੋ, ਰਿੱਧ.

ਰਿਧਾ: ਦੇਖੋ, ਰਿੱਧਾ.

ਰਿਧਿ, ਰਿਧੀ: ਸੰ. ऋद्धि. ਸੰਗਯਾ- ਵਿਭੂਤੀ. ਸੰਪਦਾ. "ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ." (ਸੁਖਮਨੀ) ੨. ਕਾਮਯਾਬੀ. ਸਫਲਤਾ। ੩. ਉੱਨਤਿ. ਤਰੱਕੀ। ੪. ਦੁਰਗਾ, ਦੇਖੋ, ਰਿਧ ਧਾ.

ਰਿੱਧ: ਸੰ. ऋद्ध. ਵਿ- ਵ੍ਰਿੱਧਿ ਨੂੰ ਪ੍ਰਾਪਤ ਹੋਇਆ. ਵਧਿਆ ਹੋਇਆ। ੨. ਦੌਲਤਮੰਦ.

ਰਿੱਧਾ: ਦੇਖੋ, ਰਿੱਧ। ੨. ਰੰਧਨ ਕੀਤਾ. ਰਿੰਨ੍ਹਿਆ. ਪਕਾਇਆ.

ਰਿੱਧਿ: ਦੇਖੋ, ਰਿਧਿ.

ਰਿਨ: ਦੇਖੋ, ਰਿਣ.

ਰਿਨਿ: ਰਿਣ (ਕ਼ਰਜ਼) ਵਿੱਚ. "ਰਿਨਿ ਬਾਧੇ ਬਹੁਬਿਧਿ ਬਾਲ." (ਪ੍ਰਭਾ ਮਃ ੪) ਅਗਜਾਨੀ ਅਨੇਕ ਪ੍ਰਕਾਰ ਦੇ ਰਿਣਾਂ ਵਿੱਚ ਬੱਧੇ ਪਏ ਹਨ.

ਰਿਨੁ: ਦੇਖੋ, ਰਿਣ.

ਰਿੰਨ੍ਹਣਾ: ਕ੍ਰਿ- ਪਕਾਉਣਾ. ਸੰ. ਰੰਧਨ.

ਰਿੰਨ੍ਹਿ: ਕ੍ਰਿ. ਵਿ- ਰਿੰਨ੍ਹਕੇ. ਰੰਧਨ ਕਰਕੇ. ਪਕਾਕੇ. "ਕੁਹਿ ਬਕਰਾ ਰਿੰਨ੍ਹਿ ਖਾਇਆ." (ਵਾਰ ਆਸਾ) ਕਈ ਗਿਆਨੀ ਮਾਤਰਾ ਦੇ ਅਰਥਾਂ ਤੋਂ ਅਗਜਾਨੀ, ਅਸ਼ੁੱਧ ਪਾਠ ਕਰਦੇ ਹਨ- "ਕੁਹਬ ਕਰਾਰ ਨ ਖਾਇਆ." ਟੁੱਟਣ ਲੱਗੇ ਕੁਝ ਭੀ ਕਰਾਰ ਨਾ ਖਾਧਾ.

ਰਿਪ: ਸੰ. रिप्. ਧਾ- ਨੁਕਸਾਨ ਪਹੁਚਾਉਣਾ, ਧੌਖਾ ਦੇਣਾ, ਲਬੇੜਨਾ। ੨. ਸੰਗਯਾ- ਹਾਨੀ ਨੁਕਸਾਨ। ੩. ਛਲ. ਧੋਖਾ.

**ਰਿਪਣੀ ਖਿਪਣੀ:** ਰਿਪੁ- ਅਨੀ. ਵੈਰੀ ਦੀ ਸੈਨਾ। ੨. ਵੈਰ ਕਰਨ ਵਾਲੀ. ਵੈਰਣ. (ਸਨਾਮਾ) ਖਿਪਣੀ. ਵੈਰੀ ਦੀ ਫੌਜ ਨੂੰ ਕ੍ਸ਼ੇਪਣ (ਫੈਂਕਣ) ਵਾਲੀ ਬੰਦੂਕ. (ਸਨਾਮਾ) ਦੇਖੋ, ਖਿਪਣੀ.

**ਰਿਪ ਪਾਕ:** ਇੰਦ੍ਰ. ਦੇਖੋ, ਪਾਕਰਿਪੁ.

**ਰਿਪਾਰ:** ਵਿ- ਰਿਪੁ (ਵੈਰੀ) ਲਈ ਆਰ. ਵੈਰੀ ਨੂੰ ਕੰਡੇ ਦੀ ਤਰਾਂ ਚੁਭਣ ਵਾਲਾ. (ਸਨਾਮਾ)

**ਰਿਪੁ:** ਸੰ. ਸੰਗਜਾ- ਵੈਰੀ. ਦੁਸ਼ਮਨ. ਸ਼ਤ੍ਰੁ. ਦੇਖੋ ਰਿਪ ਧਾ.

**ਰਿਪੁਅਰਿ:** ਵੈਰੀ ਦਾ ਵੈਰੀ. ਸ਼ਸਤ੍ਰਨਾਮਮਾਲਾ ਵਿੱਚ ਇਸ ਦਾ ਅਰਥ ਹੈ ਮੁਕਾਬਲਾ ਕਰਨ ਵਾਲੇ ਦੁਸ਼ਮਨ ਦਾ ਵੈਰੀ. "ਪਲਭਛ ਨਾਦਨਿ ਰਿਪੁ ਅਰਿ." (੫੭੦) ਪਲ (ਮਾਂਸ) ਖਾਣ ਵੇਲ ਜੀਵਾਂ ਦਾ ਸ਼ੋਰ ਕਰਾਉਣ ਵਾਲੀ ਸੈਨਾ, ਉਸ ਦੀ ਵੈਰਣ (ਦੁਸ਼ਮਨ) ਦੀ ਫੌਜ, ਉਸ ਦੀ ਵੈਰਣ ਬੰਦੂਕ.

**ਰਿਪੁਸਮੁਦ੍ਰ:** ਸਮੁੰਦਰ ਦੇ ਵੈਰੀ ਅਗਸ੍ਤ੍ਯ ਮੁਨਿ, ਜਿਸ ਨੇ ਪੁਰਾਣਾਂ ਅਨੁਸਾਰ ਸਾਗਰ ਪੀਕੇ ਸੁਕਾ ਦਿੱਤਾ ਸੀ. (ਸਨਾਮਾ)

**ਰਿਪੁਸਮੁਦ੍ਰ ਪਿਤ:** ਸਮੁੰਦਰ ਦੇ ਵੈਰੀ ਆਗ੍ਸਤ੍ਯ ਦਾ ਪਿਤਾ, ਘੜਾ, ਦੇਖੋ, ਅਗਸ੍ਤ੍ਯ. (ਸਨਾਮਾ)

**ਰਿਪੁਸਮੁਦ੍ਰ ਪਿਤ ਕਾਨ ਅਰਿ:** ਸਮੁੰਦਰ ਦਾ ਵੈਰੀ ਅਗਸਤ (ਅਗਸ੍ਤ੍ਯ), ਜਿਸ ਨੇ ਪੁਰਾਣਾਂ ਅਨੁਸਾਰ ਸਮੁੰਦਰ ਪੀਕੇ ਸੁਕਾ ਦਿੱਤਾ ਸੀ, ਉਸ ਦਾ ਪਿਤਾ ਕੁੰਭ (ਘੜਾ), ਅਗਸਤ ਦੀ ਉਤਪੱਤੀ ਕਲਸ਼ ਵਿੱਚੋਂ ਲਿਖੀ ਹੈ. ਕੁੰਭ ਨਾਲ ਕਾਨ ਸ਼ਬਦ ਜੋੜਨ ਤੋਂ ਬਣਿਆ "ਕੁੰਭਕਾਨ" ਉਸ ਦਾ ਵੈਰੀ ਤੀਰ, ਕਿਉਂਕਿ ਕੁੰਭਕਾਨ ਦੀ ਮੌਤ ਤੀਰ ਨਾਲ ਹੋਈ ਸੀ. "ਰਿਪੁਸਮੁਦ੍ਰ ਪਿਤ ਪ੍ਰਿਥਮ ਕਹਿ ਕਾਨਰਿ ਭਾਖਹੁ ਅੰਤ। ਸਕਲ ਨਾਮ ਸ੍ਰੀ ਬਾਨ ਕੇ ਨਿਕਸਤ ਚਲਤ ਅਨੰਤ." (ਸਨਾਮਾ)

**ਰਿਪੁਸੂਦਨ:** ਸੰ. ਵਿ- ਵੈਰੀਆਂ ਦੇ ਸੂਦਨ (ਨਾਸ਼) ਕਰਨ ਵਾਲਾ। ੨. ਸੰਗਜਾ- ਲਛਮਣ ਦਾ ਭਾਈ ਸ਼ਤ੍ਰੁਘਨ.

**ਰਿਪੁਸੰਤਾਪਨਿ:** ਵੈਰੀ ਨੂੰ ਤਪਾਉਣ ਵਾਲੀ, ਸੈਨਾ. ਫੌਜ। ੨. ਬੰਦੂਕ. (ਸਨਾਮਾ)

**ਰਿਪੁਹਾ:** ਵੈਰੀ ਨੂੰ ਮਾਰਣ ਵਾਲਾ. ਦੇਖੋ, ਰਿਪੁਸੂਦਨ.

**ਰਿਪੁਚੰਦ:** ਚੰਦ੍ਰਰਿਪੁ, ਰਾਹੁ। ੨. ਪਹੇਲੀ ਦੇ ਢੰਗ ਰਾਹ (ਮਾਰਗ) ਲਈ ਰਿਪੁਚੰਦ ਸ਼ਬਦ ਵਰਤਿਆ ਹੈ- "ਹੇਰਤ ਹੈ ਰਿਪੁਚੰਦ ਹਰੀ ਹੈ." (ਕ੍ਰਿਸਨਾਵ) ਕ੍ਰਿਸ਼ਨ ਰਾਹ ਤੱਕਦਾ ਹੈ.

**ਰਿਪੁਦਮਨਸਿੰਘ ਮਹਾਰਾਜਾ:** ਫੂਲਵੰਸ਼ ਦੇ ਰਤਨ ਮਹਾਰਾਜਾ ਹੀਰਾ ਸਿੰਘ ਸਾਹਿਬ ਮਾਲਵੇਂਦ੍ਰ ਬਹਾਦੁਰ ਨਾਭਾਪਤਿ ਦੇ ਇਕਲੌਤੇ ਪੁਤ੍ਰ, ਜਿਨ੍ਹਾਂ ਦਾ ਜਨਮ ੨੨ ਫੱਗੁਣ ਸੰਮਤ ੧੯੩੯ (੪ ਮਾਰਚ ਸਨ ੧੮੮੩) ਨੂੰ ਨਾਭੇ ਹੋਇਆ. ਪਿਤਾ ਜੀ ਦਾ ਦੇਹਾਂਤ ਹੋਣ ਪੁਰ, ਆਪ ੧੧. ਮਾਘ ਸੰਮਤ ੧੯੬੮ (੨੪ ਜਨਵਰੀ ਸਨ ੧੯੧੨) ਨੂੰ ਨਾਭੇ ਦੀ ਗੱਦੀ ਤੇ ਵਿਰਾਜੇ. ਕਈ ਕਾਰਣਾਂ ਕਰਕੇ (ਜਿਨ੍ਹਾਂ ਦਾ ਜਿਕਰ ਨਾਭੇ ਦੇ ਹਾਲ ਵਿੱਚ ਹੈ), ੨੫ ਹਾੜ੍ਹ ਸੰਮਤ ੧੯੮੦ (੯ ਜੁਲਾਈ ਸਨ ੧੯੨੩) ਨੂੰ ਮਹਾਰਾਜਾ ਰਿਪੁਦਮਨ ਸਿੰਘ ਜੀ ਨੂੰ ਰਾਜ ਦਾ ਤਜਾਗ ਕਰਨਾ ਪਿਆ. ਪਹਿਲਾਂ ਆਪ ਦੇਹਰੇਦੂਨ ਰਹੇ, ਹੁਣ ਕੋਡੇਕਨਾਲ (Kodaikanal) ਮਦਰਾਸ ਦੇ ਇਲਾਕੇ ਨਿਵਾਸ ਰਖਦੇ ਹਨ. ਦੇਖੋ, ਨਾਭਾ ਅਤੇ ਫੂਲਵੰਸ਼.

**ਰਿਪੇਸ:** ਰਿਪੁ- ਈਸ਼. ਵੈਰੀਆਂ ਦਾ ਸਰਦਾਰ.

**ਰਿਫਾਕਤ:** ਦੇਖੋ, ਰਫਾਕਤ.

**ਰਿਬਾਤ, ਰਿਬਾੜ:** ਅ਼. رباط ਸੰਗਜਾ- ਮੁਸਾਫਰਖਾਨਾ. ਸਰਾਇ. ਇਸਦਾ ਮੂਲ ਰਬਤ ਹੈ.

**ਰਿਭੁ:** ਸੰ. ऋभु. ਸੰਗਜਾ- ਸੁਰਗ। ੨. ਦੇਵਤਾ। ੩. ਯਗਜ ਦਾ ਦੇਵਤਾ। ੪. ਖ਼ਾਸ ਕਰਕੇ ਆਂਗਿਰਸ ਗੋਤ੍ਰੀ ਸੁਧਨ੍ਵਾ ਦੇ ਤਿੰਨ ਪੁਤ੍ਰ ਰਿਭੁ, ਵਿਭਵਨ੍ (ਅਥਵਾ ਵਿਭੁ) ਅਤੇ ਵਾਜ, ਜਿਨ੍ਹਾਂ ਦਾ ਜਿਕਰ ਰਿਗਵੇਦ ਵਿੱਚ ਆਇਆ ਹੈ. ਇਹ ਸੂਰਜ ਦੀਆਂ

ਕਿਰਣਾਂ ਵਿੱਚ ਨਿਵਾਸ ਕਰਦੇ ਹਨ. ਦੇਖੋ, ਰੈਭਾਣ। ੫. ਵਿ- ਦਾਨਾ ਆ਼ਕ਼ਿਲ.

ਰਿਭੁਵਾਨ: ਸੂਰਜ. ਦੇਖੋ, ਰੈਭਾਣ.

ਰਿਯਾ: ਅ਼. ریا ਸੰਗਯਾ- ਦਿਖਾਵਾ. ਪਾਖੰਡ. ਦੰਭ.

ਰਿਯਾਕਾਰ: ਫ਼ਾ. ਵਿ- ਫਰੇਬੀ. ਮੱਕਾਰ. ਦੱਭੀ.

ਰਿਵਤਿ: ਦੇਖੋ, ਰੇਵਤੀ.

ਰਿਵਾਜ: ਅ਼. رواج ਸੰਗਯਾ- ਦਸਤੂਰ. ਤਰੀਕਾ। ੨. ਰੀਤਿ. ਰਸਮ.

ਰਿਵਾਯਤ: ਦੇਖੋ, ਰਵਾਯਤ.

ਰਿਵਾੜੀ: ਗੁੜਗਾਂਵਾਂ ਜਿਲੇ ਦੀ ਤਸੀਲ ਦਾ ਇੱਕ ਨਗਰ, ਜੋ ਸੰਸੇ ਬਰੌਦਾ ਸੇਂਟ੍ਰਲ ਇੰਡੀਆ ਰੇਲਵੇ ਦਾ ਸੰਗਮਅਸਥਾਨ (Junction) ਹੈ. ਇਹ ਦਿੱਲੀ ਤੋਂ ੫੧ ਮੀਲ ਹੈ. ਇੱਥੇ ਕਾਂਸੀ ਦੇ ਭਾਂਡੇ ਬਹੁਤ ਸੁੰਦਰ ਬਣਦੇ ਹਨ.

ਰਿੜਕਣਾ, ਰਿੜਕਨਾ: ਕ੍ਰਿ- ਮਥਨ. ਵਿਲੋਡਨ. ਬਿਲੋਨਾ. "ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ." (ਵਾਰ ਰਾਮ ੩)

ਰਿੜਕਿਓਨੁ: ਉਸ ਨੇ ਰਿੜਕਿਆ. ਦੇਖੋ, ਰਿੜਕਨਾ.

ਰਿੜਨਾ, ਰਿੜ੍ਹਨਾ: ਕ੍ਰਿ- ਰਿੰਗਣ. ਰੁੜ੍ਹਨਾ. "ਰਿੜਤ ਰਿੜਤ ਪਹੁਚਨ ਤਹਿ ਕਰਜੋ." (ਗੁਪ੍ਰਸੂ)

ਰੀ: ਡਿੰਗ. ਵਯ- ਸੰਬੰਧ ਬੋਧਕ. ਦਾ. ਕਾ. ਕੀ. "ਮਹਾਰਾਜਰੀ ਮਾਇਓ." (ਟੋਡੀ ਮਃ ੫) ਮਹਾਰਾਜਾ ਦੀ ਮਾਇਆ। ੨. ਇਸਤ੍ਰੀ ਲਈ ਸੰਬੋਧਨ ਸ਼ਬਦ. ਅਰੀ. ਨੀ. "ਬੇਢੀ ਕੇ ਗੁਨ, ਸੁਨਿ ਰੀ ਬਾਈ!" (ਸੋਰ ਨਾਮਦੇਵ) ੩. ਸੰ. ਧਾ- ਚੁਇਣਾ (ਟਪਕਣਾ), ਡਿਗਣਾ। ੪. ਸੰ. ऋ. ਧਾ- ਜਾਣਾ, ਪ੍ਰਾਪਤ ਕਰਨਾ, ਹਿੰਸਾ ਕਰਨਾ, ਫੈਲਾਉਣਾ। ੫. ਸੰਗਯਾ- ਦੇਵ ਦੈਤਾਂ ਦੀ ਮਾਤਾ। ੬. ਦਯਾ। ੭. ਨਿੰਦਾ। ੮. ਰਾਖਸ। ੯. ਡਰ.

ਰੀਸ: ਸੰਗਯਾ- ਈਸ਼ੰ. ਕਿਸੇ ਨੂੰ ਦੇਖਕੇ ਉਸ ਤੁੱਲ ਕਰਮ ਕਰਨ ਦੀ ਕ੍ਰਿਯਾ। ੨. ਤੁੱਲਤਾ. ਬਰਾਬਰੀ. "ਓਨਾ ਕੀ ਰੀਸ ਕਰੇ ਸੁ ਵਿਗੁਚੈ." (ਸੋਰ ਅਃ ਮਃ ੩) ੩. ਬਰਾਬਰੀ ਦੀ ਅਭਿਲਾਸ਼ਾ. "ਕੀਟਾ ਆਈ ਰੀਸ." (ਜਪੁ) ੪. ਫ਼ਾ. ریش ਰੀਸ਼. ਦਾੜ੍ਹੀ। ੫. ਅ਼. ਪੰਖ. ਪਰ. ਖੰਭ.

ਰੀਸਾਈ: ਰਿਸ (ਕ੍ਰੋਧ) ਕਰਕੇ. ਗੁੱਸੇ ਹੋਕੇ. "ਚਾਲਿਓ ਜੁਲਾਹੋ ਰੀਸਾਈ." (ਗਉ ਕਬੀਰ) ਦੇਖੋ, ਗਜਨਵ.

ਰੀਸਾਲ, ਰੀਸਾਲਾ, ਰੀਸਾਲੂ: ਵਿ- ਰਸ- ਆਲਯ. ਰਸ ਦਾ ਘਰ। ੨. ਹਸ਼ੰ (ਆਨੰਦ) ਕਰਨ ਵਾਲਾ। ੩. ਸੁੰਦਰ. ਮਨੋਹਰ. "ਕੰਚਨ ਕੋਟ ਰੀਸਾਲ." (ਸ੍ਰੀ ਮਃ ੧) "ਤੇਰੇ ਬੰਕੇ ਲੋਇਣ. ਦੰਤ ਰੀਸਾਲਾ."(ਵਡ ਛੰਤ ਮਃ ੧) "ਮੇਰਾ ਕੰਤੁ ਰੀਸਾਲੂ." (ਵਡ ਮਃ ੧)

ਰੀਸੈ: ਨਿਕਲਦਾ. ਟਪਕਦਾ. (ਸੰ. ऋष्. ਧਾ- ਵਹਿਣਾ) "ਨੀਰੁ ਬਿਲੋਵੈ ਅਤਿ ਸ੍ਰਮ ਪਾਵੈ, ਨੈਨੂ ਕੈਸੇ ਰੀਸੈ?" (ਸਾਰ ਮਃ ੫) ੨. ਰੀਸੇ ਤੋਂ. ਰੀਸ ਕਰਕੇ.

ਰੀਹ: ਅ਼. ریح ਰੀਹ਼. ਸੰਗਯਾ- ਹਵਾ. ਪੌਣ. ਵਾਤ। ੨. ਮੇਦੇ ਅਤੇ ਸ਼ਰੀਰ ਦੇ ਜੋੜਾਂ ਵਿੱਚ ਠਹਿਰੀ ਹੋਈ ਪੌਣ.

ਰੀਂਗਨਾ: ਦੇਖੋ, ਰਿੰਗਣ ਅਤੇ ਰਿੰਗਣਾ.

ਰੀਂਘਣਵਾਉ: ਵਾਤ (ਵਾਯੁ) ਰੋਗ, ਜਿਸ ਦੇ ਕਾਰਨ ਤੁਰਨਾ ਫਿਰਨਾ ਰਹਿ ਜਾਵੇ ਅਤੇ ਰਿੰਗਣ (ਰੁੜ੍ਹਨ) ਲੱਗੇ. ਪੰਜਾਬੀ ਵਿੱਚ

ਗਠੀਏ ਆਦਿ ਰੋਗਾਂ ਲਈ ਇਹ ਸ਼ਬਦ ਵਰਤੀਦਾ ਹੈ. ਦੇਖੋ, ਗਠੀਆ ਅਤੇ ਧੁਣਖਵਾਉ.

ਰੀਛ: ਦੇਖੋ, ਰਿੱਛ.

ਰੀਜ: ਦੇਖੋ, ਰਿੱਜਣਾ. "ਰੀਜ ਰੀਜ ਵਹ ਮਰਜੋ." (ਚਰਿਤ੍ਰ ੨੩੩)

ਰੀਝ: ਸੰਗਯਾ- ਪ੍ਰਸੰਨਤਾ. "ਰੀਝ ਖੀਝ ਹੋਇ ਨ ਨਿਫਲਾਈ." (ਗੁਪ੍ਰਸੂ) ਪ੍ਰਸੰਨਤਾ ਅਤੇ ਖ਼ਫ਼ਗੀ ਨਿਸਫਲ ਨਹੀਂ ਹੁੰਦੀ।੨ ਬਖ਼ਸ਼ਿਸ਼.

ਰੀਝਣਾ, ਰੀਝਨਾ: ਕ੍ਰਿ- ਪ੍ਰਸੰਨ ਹੋਣਾ. "ਬਿਨੁ ਸਬਦੈ ਕਿਉ ਅੰਤਰੁ ਰੀਝੈ?" (ਮਾਰੂ ਸੋਲਹੇ ਮਃ ੧)

ਰੀਝਾਉਣਾ, ਰੀਝਾਵਨਾ: ਕ੍ਰਿ- ਪ੍ਰਸੰਨ ਕਰਨਾ. ਖੁਸ਼ ਕਰਨਾ. "ਤੁਝ ਬਿਨੁ ਕਵਨੁ ਰੀਝਾਵੈ ਤੋਹੀ?" (ਗਉ ਮਃ ੫)

ਰੀਠੜਾ, ਰੀਠਾ: ਸੰ. ਅਰਿਸ਼੍ਟ. ਸੰਗਯਾ- ਫੇਨਿਲ. ਇੱਕ ਫਲ, ਜੋ ਮੈਲ ਸਾਫ ਕਰਨ ਲਈ ਸਾਬਣ ਵਾਕਰ ਵਰਤੀਦਾ ਹੈ. Soap- nut. L. Spindus Detergens. ੨. ਦੇਖੋ, ਰੀਠਾ ਸਾਹਿਬ.

ਰੀਠਾ ਸਾਹਿਬ: ਯੂ. ਪੀ. ਵਿੱਚ ਨੈਨੀਤਾਲ ਦੇ ਜਿਲੇ ਨਾਨਕਮਤੇ ਤੋਂ ਕਰੀਬ ੪੫ ਮੀਲ ਪੂਰਵ, ਜੰਗਲ ਅੰਦਰ ਇੱਕ ਰੀਠਾ, ਜਿਸ ਦੇ ਫਲ ਭੁੱਖ ਨਾਲ ਵਜਾਕੁਲ ਮਰਦਾਨੇ ਨੂੰ ਸ਼੍ਰੀ ਗੁਰੂ ਨਾਨਕਦੇਵ ਨੇ ਖਵਾਏ. ਇਸ ਬਿਰਛ ਦੇ ਫਲ ਹੁਣ ਭੀ ਛੁਹਾਰਿਆਂ ਜੇਹੇ ਮਿੱਠੇ ਹਨ. ਇਸ ਗੁਰਦ੍ਵਾਰੇ ਦਾ ਪ੍ਰਬੰਧ ਨਾਨਕਮਤੇ ਦੇ ਉਦਾਸੀ ਸੰਤਾਂ ਦੇ ਹੱਥ ਹੈ.

"ਮੱਛ ਪ੍ਰਲੈਜਲ ਮੇ ਬਨ ਨਾਵਕ

ਕੂਰਮ ਕੂਟ ਪਰਜੋ ਨਿਜ ਪੀਠਾ,

ਹੋਇ ਬਰਾਹ ਧਰੀ ਧਰਨੀ, ਪਰ

ਜਾਨਿਯ ਕਜੋਂ ਬਿਨ ਬੇਦ ਬਸੀਠਾ?

ਸ਼੍ਰੀ ਗੁਰੂ ਨਾਨਕ ਕੋ ਯਸ਼ ਦਾਸ ਜੁ

ਕੌਨ ਕਹੈ ਜਗ ਮਾਹਿ ਅਦੀਠਾ?

ਦੀਨਾ ਪਹਾਰ ਕੱਧਾਰਵਲੀਨ ਕੋ

ਰੀਠਾ ਪੁਕਾਰ ਰਹਜੋ ਮਨ ਮੀਠਾ. (ਬਾਵਾ ਰਾਮਦਾਸ ਜੀ)

ਰੀਢ: ਸੰ. ਰੀਢਕ. ਕੰਗਰੋੜ. ਸ਼ਰੀਰ ਦਾ ਆਧਾਰ ਰੂਪ ਹੱਡੀਆਂ ਦੀ ਸੰਗੁਲੀ, ਜਿਸ ਦਾ ਸੰਬੰਧ ਦਿਮਾਗ ਨਾਲ ਹੈ. ਦੇਖੋ, ਕੰਗਰੋੜ.

ਰੀਣ: ਦੇਖੋ, ਰੇਣੁ। ੨. ਦੇਖੋ, ਰਿਣ। ੩. ਅ਼. ریَن ਰਯਨ. ਦਿੱਕਤ ਵਿੱਚ ਫਸਣਾ। ੪. ਅਪਵਿਤ੍ਰ ਹੋਣਾ. ਨਾਪਾਕ ਹੋਣਾ। ੫. ਸੰ. रीण. ਵਿ- ਪਘਰਿਆ. ਗਲਿਆ। ੬. ਨਸ਼੍ਟ ਹੋਇਆ. ਨਿਕੰਮਾ ਹੋਇਆ. "ਸੁਣਿ ਸੁਣਿ ਰੀਣੇ ਕੰਨ." (ਸ. ਫਰੀਦ)

ਰੀਣਕ: ਰੇਣੁ- ਇੱਕ. ਰੱਚਕ.

ਰੀਣਾ: ਸੰ. ऋणिन्. ਵਿ- ਮੁਕ਼ਰੂਜ। ੨. ਕ੍ਰਿਤਗਯ. ਉਪਕਾਰ ਮੰਨਣ ਵਾਲਾ. "ਗੁਰਮੁਖ ਧਰਮ ਸੰਪੂਰਣ ਰੀਣਾ." (ਭਾਗੁ)

ਰੀਣੇ: ਨਾਪਾਕ ਹੋ ਗਏ. ਦੇਖੋ, ਰੀਣ ੪। ੨. ਨਿਕੰਮੇ ਹੋ ਗਏ. ਦੇਖੋ, ਰੀਣ ੬.

ਰੀਤ: ਦੇਖੋ, ਰੀਤਿ। ੨. ਪਹਾ. ਵਿਆਹੀ ਹੋਈ ਇਸਤ੍ਰੀ ਦੇ ਪਤਿ ਅਥਵਾ ਉਸ ਦੇ ਸੰਬੰਧੀਆਂ ਨੂੰ ਯੋਗਯ ਮੁੱਲ ਦੇਕੇ, ਕਿਸੇ ਆਦਮੀ ਨਾਲ ਇਸਤ੍ਰੀ ਦਾ ਸੰਯੋਗ ਕਰਨ ਦੀ ਰਸਮ. ਪਹਾੜੀ ਰੀਤਿ ਅਨੁਸਾਰ ਕਰੇਵਾ.

ਰੀਤਾ: ਵਿ- ਰਿਕ੍ਤ ਹੋਇਆ. ਖ਼ਾਲੀ. "ਰੀਤੇ ਭਰੇ, ਭਰੇ ਸਖਨਾਵੈ." (ਬਿਹਾ ਮਃ ੯) ੨. ਮਹਰੂਮ ਹੋਇਆ. ਵਾਂਜਿਆ ਹੋਇਆ. "ਕਰਿ ਕਿਰਪਾ ਮੁਹਿ ਨਾਮੁ ਦੇਹੁ, ਨਾਨਕ ਦਰਸ ਰੀਤਾ." (ਬਿਲਾ ਮਃ ੫)

ਰੀਤਾਵੀਆ: ਸੰਗ੍ਯਾ- ਰੀਤਿ ਪੁਰ ਆਉਣ ਦੀ ਕ੍ਰਿਯਾ. ਮਰਯਾਦਾ. "ਇਕੁ ਰੀਤਾਵੀਆ." (ਵਾਰ ਰਾਮ ੨. ਮਃ ੫)

ਰੀਤਿ, ਰੀਤੀ: ਸੰ. ਸੰਗ੍ਯਾ- ਹੱਦ. ਸੀਮਾ। ੨. ਚਾਲ. ਗਤਿ। ੩. ਸੁਭਾਵ. ਸੁਭਾਉ। ੪. ਤਰੀਕਾ. ਢੰਗ. "ਆਵੈ ਨਾਹੀ ਕਛੂ ਰੀਤਿ." (ਬਸੰ ਮਃ ੫) ੫. ਸੰ. रीति. ਪਿੱਤਲ। ੬. ਲੋਹੇ ਦੀ ਮੈਲ. ਮਨੂਰ.

ਰੀਤੋ: ਖਾਲੀ. ਦੇਖੋ, ਰੀਤਾ.

ਰੀਧਨ: ਸੰ. ਰੰਧਨ. ਰਿੰਨ੍ਹਣਾ. ਪਕਾਉਣਾ.

ਰੀਧਾ: ਵਿ- ਰੰਧਨ ਕੀਤਾ. ਰਿੱਝਿਆ. ਰਿੱਧਾ.

ਰੀਧਾਈਲੇ: ਰੰਧਨ ਕਰੀਅਲੇ. ਰਿੰਨ੍ਹ ਲਈ. "ਆਨੀਲੇ ਦੂਧ ਰੀਧਾਈਲੇ ਖੀਰੰ." (ਆਸਾ ਨਾਮਦੇਵ) ੨. ਰਿਨ੍ਹਵਾ ਲਈਏ.

ਰੀਧੇ: ਦੇਖੋ, ਰੀਧਨ। ੨. ਸੰ. ऋद्ध. (ਸਿੱਧਾਂਤ) ਨੂੰ ਪ੍ਰਾਪਤ ਹੋਏ. "ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ." (ਗਉ ਅਃ ਮਃ ੩)

ਰੀਨ: ਦੇਖੋ, ਰੀਣ। ੨. ਰੇਣੁ. ਰਜ. ਧੂਲਿ. "ਹੋਇ ਰਹੀਐ ਸਗਲ ਕੀ ਰੀਨਾ." (ਗੌਂਡ ਮਃ ੫)

ਰੀਮ: ਫ਼ਾ. ریم ਸੰਗ੍ਯਾ- ਪੀਪ. ਪੂੰ. ਰਾਧ. ਪਸ। ੨. ਅੰ. Ream. ਕਾਗਜਾਂ ਦੇ ਵੀਹ ਦਸਤਿਆਂ ਦਾ ਗੱਠਾ.

ਰੀ ਰੀ ਲੀ ਲੀ: ऋ. ॠ लृ. ॡ. "ਰੀ ਰੀ ਲੀ ਲੀ ਪਾਪ ਕਮਾਣੇ." (ਆਸਾ ਪਟੀ ਮਃ ੩)

ऋ- ਹਾਸੀ. ਨਿੰਦਾ.

ॠ- ਰਾਖਸ. ਭਯ.

ल- ਜ਼ਮੀਨ. ਪਰਬਤ

ॡ- ਦੈਤਾਂ ਦੀ ਮਾਂ. ਇਨ੍ਹਾਂ ਅੱਖਰਾਂ ਦਾ ਭਾਵ ਹੈ ਕਿ ਨਿੰਦਾ ਕਰਕੇ ਪ੍ਰਿਥਿਵੀ ਪੁਰ ਭਯੰਕਰ ਪਾਪ, ਰਾਖਸਾਂ ਦੀ ਮਾਂ ਰੂਪ ਹੋਕੇ ਕਮਾਣੇ (ਕਮਾਏ).

ਰੁ: ਸੰ. ਰੁ. ਧਾ. ਸ਼ਬਦ ਕਰਨਾ, ਦੁੱਖ ਦੇਣਾ. ਕ੍ਰੋਧ ਕਰਨਾ, ਜਾਣਾ (ਗਮਨ ਕਰਨਾ).

ਰੁਆਉਣਾ: ਕ੍ਰਿ- ਰੋਦਨ ਕਰਾਉਣਾ.

ਰੁਆਮਣ, ਰੁਆਮਲ: ਦੇਖੋ, ਰੂਆਲ.

ਰੁਆਲ: ਦੇਖੋ, ਰਵਾਲ ਅਤੇ ਰੂਆਲ.

ਰੁਆਲਾ: ਸਤ੍ਰੁਨਾਮਮਾਲਾ ਵਿੱਚ ਇਹ ਇੱਕ ਛੰਦ ਦਾ ਨਾਮ ਹੈ, ਯਥਾ- "ਹੋ! ਛੰਦ ਰੁਆਲਾ ਬਿਖੈ ਨਿਡਰ ਹ੍ਵੈ ਠਾਨਿਯੇ." ਭਾਵ "ਰੂਆਲ" ਛੰਦ ਤੋਂ ਹੈ. ਦੇਖੋ, ਰੂਆਲ.

ਰੁਸ: ਸੰ. रुष्. ਧਾ- ਮਾਰ ਸਿੱਟਣਾ, ਦੁੱਖ ਦੇਣਾ, ਕ੍ਰੋਧ ਕਰਨਾ.

ਰੁਸਣਾ: ਕ੍ਰਿ- ਕ੍ਰੋਧ ਕਰਨਾ. ਗੁੱਸੇ ਹੋਣਾ. ਰੋਸ਼ਣ. ਦੇਖੋ, ਰੁਸ ਧਾ.

ਰੁਸਤਮ: ਫ਼ਾ. رستم ਫ਼ਾਰਸ (ਪਰਸ਼ੀਆ) ਦਾ ਪ੍ਰਸਿੱਧ ਮਹਾ ਬਲਵਾਨ ਵੀਰ, ਜੋ ਜ਼ਾਲ ਦਾ ਪੁਤ੍ਰ ਅਤੇ ਸਾਮ ਦਾ ਪੋਤਾ ਅਰ ਜਾਬੁਲਿਸਤਾਨ ਦਾ ਗਵਰਨਰ ਸੀ. ਇਹ ਬਹਮਨ ਨਾਲ ਜੰਗ ਕਰਦਾ ਮਾਰਿਆ ਗਿਆ. ਰੁਸਤਮ ਈਸਾ ਦੇ ਜਨਮ ਤੋਂ ਲਗਭਗ

ਨੌ ਸੌ ਵਰ੍ਹੇ ਪਹਿਲਾਂ ਹੋਇਆ ਹੈ। ੨. ਭਾਵ- ਮਹਾਬਲੀ, ਕਿਉਂਕਿ ਰੁਸਤਮ ਵਡਾ ਬਲਵਾਨ ਸੀ.

ਰੁਸਤਮਖ਼ਾਨ: ਗੁਰੁਪ੍ਰਤਾਪ ਸੂਰਯ ਅਨੁਸਾਰ ਬਾਦਸ਼ਾਹ ਸ਼ਾਹਜਹਾਂ ਦੇ ਦਰਬਾਰ ਦਾ ਕ਼ਾਜਾ.

ਰੁਸਤਮਰਾਇ: ਦੇਖੋ, ਜਨਵਾਰਾ.

ਰੁਸਨਾਈ: ਫ਼ਾ. رؤشنائی ਰੌਸ਼ਨਾਈ. ਸੰਗਜਾ- ਪ੍ਰਕਾਸ਼. "ਹੋਇ ਰੁਸਨਾਈ ਮਿਟੈ ਅੰਧਾਰਾ." (ਭਾਗੁ) ੨. ਮਸਿ. ਸਜਾਰੀ. ਲਾਲ. ਪੀਲਾ. ਕਾਲਾ ਆਦਿ ਰੰਗ, ਜੋ ਲਿਖਣ ਲਈ ਵਰਤਿਆ ਜਾਵੇ. "ਲੇਹੁ ਕਲਮ ਰੁਸਨਾਈ ਹਾਥ." (ਗੁਪ੍ਰਸੂ)

ਰੁਸੂਖ਼: ਅ਼. رُسوُخ ਸੰਗਜਾ- ਮਜਬੂਤੀ. ਦ੍ਰਿੜ੍ਹਤਾ। ੧. ਲਿਹ਼ਾਜ.

ਰੁਹ: ਸੰ. ਰੁਹ੍. ਧਾ- ਉੱਗਣਾ, ਬੀਜ ਵਿੱਚੋਂ ਅੰਗੂਰ ਨਿਕਲਣਾ, ਜਨਮ ਲੈਣਾ, ਉੱਪਰ ਚੜ੍ਹਨਾ, ਉਤਰਨਾ। ੨. ਸੰਗਜਾ- ਕਮਲ। ੨. ਦੂਵੀਂ. ਦੁੱਬ। ੪. ਬਿਰਛ। ੫. ਜਦ ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਤਦ ਪੈਦਾ ਹੋਇਆ ਅਰਥ ਹੁੰਦਾ ਹੈ, ਜੈਸੇ- ਜਲਰੁਹ, ਜਲ ਤੋਂ ਉਪਜਿਆ (ਕਮਲ)

ਰੁਹਰ: ਸੰਗਜਾ- ਰੁਧਿਰ. ਲਹੂ. ਖ਼ੂਨ. "ਭੂਤ ਪਿਸਾਚ ਡਾਕਿਨੀ ਜੋਗਨਿ ਕਾਕਣਿ ਰੁਹਰ ਪਿਲਾਊਂ." (ਪਾਰਸਾਵ)

ਰੁਹਲਾ: ਵਿ- ਲੂਲਾ. ਪਾਦ ਰਹਿਤ. "ਰੁਹਲਾ ਟੁੰਡਾ ਅੰਧੁਲਾ." (ਮਃ ੩. ਵਾਰ ਮਾਝ) ਇਸ ਥਾਂ ਭਾਵ ਹੈ- ਭੈ ਕੇ ਚਰਣ, ਕਰ ਭਾਵ ਕੋ, ਲੋਇਣ ਸੁਰਤਿ ਤੋਂ ਬਿਨਾ.

ਰੁਹਾਲ, ਰੁਹ਼ਾਲ: ਅ਼. رحال ਘੋੜੇ ਦੀ ਇੱਕ ਚਾਲ.

ਰੁਹਾਵਲ, ਰੁਹਾਵਲਾ: ਰੁਹ (ਕ੍ਰੋਧ) ਵਾਲਾ. ਰੋਹ ਵਾਲਾ. ਰੋਖ਼ ਵਾਲਾ. "ਮਰ ਜਾਵਨ ਬੀਰ ਰੁਹਾਵਲੇ." (ਚੰਡੀ ੩)

ਰੁਹਿਰ: ਰੁਧਿਰ. ਲਹੂ. ਦੇਖੋ, ਰੁਹਰ. "ਰੁਹਿਰ ਰਣਰੰਗ ਬਹਿ." (ਰਾਮਾਵ)

ਰੁਹੇਲਖੰਡ: ਯੂ. ਪੀ. ਦਾ ਇੱਕ ਇਲਾਕਾ. ਜਿਸ ਵਿੱਚ ਬਦਾਊਂ, ਬਿਜਨੌਰ ਅਤੇ ਬਰੇਲੀ ਜਿਲੇ ਹਨ. ਇਸ ਦੇ ਉੱਤਰ ਹਿਮਾਲਯ, ਦੱਖਣ ਗੰਗਾ ਅਤੇ ਪੂਰਵ ਵੱਲ ਅਵਧ ਹੈ. ਰੋਹੂ ਪਹਾੜ ਦੇ ਵਸਨੀਕ (ਰੋਹੇਲੇ) ਇਸ ਵਿੱਚ ਆਕੇ ਆਬਾਦ ਹੋਏ, ਇਸ ਕਾਰਣ ਨਾਮ ਰੁਹੇਲਖੰਡ ਹੋਇਆ. ਇਸ ਦਾ ਰਕਬਾ ੧੯, ੯੦੮ ਵਰਗ ਮੀਲ ਅਤੇ ਜਨਸੰਖਯਾ ੫, ੫੦੦, ੦੦੦ ਹੈ.

ਰੁਹੇਲਾ: ਰੁਹੇਲਖੰਡ ਦਾ ਨਿਵਾਸੀ. "ਰੋਹ ਕੇ ਰੁਹੇਲੇ." (ਅਕਾਲ) ੨. ਬਿਪਾਸ਼ (ਬਿਆਸਾ) ਦੇ ਕਿਨਾਰੇ ਇੱਕ ਨਗਰ, ਜਿਸ ਦਾ ਨਾਮ ਸ਼੍ਰੀ ਗੋਬਿੰਦ ਪੁਰ ਮਿਟਾਕੇ ਭਗਵਾਨਦਾਸ ਨੇ ਰੁਹੇਲਾ ਰੱਖਿਆ ਸੀ, ਦੇਖੋ, ਸ਼੍ਰੀ ਗੋਬਿੰਦਪੁਰ। ੩. ਖੈਬਰ ਦੇ ਪਠਾਣਾਂ ਦੀ ਇੱਕ ਜਾਤਿ। ੪. ਵੀ- ਰੋਹ (ਕ੍ਰੋਧ) ਵਾਲਾ.

ਰੁਹੇਲੀ: ਵਿ- ਗੁਸੈਲੀ. ਰੋਖ਼ ਵਾਲੀ. "ਜੁੱਧ ਕਰਜੋ ਰਨ ਮੱਧ ਰੁਹੇਲੀ." (ਚੰਡੀ ੧) ੨. ਰੁਹੇਲਖੰਡ ਦੇ ਰਹਿਣ ਵਾਲੀ। ੩. ਰੋਹੇਲਾ ਜਾਤਿ ਦੀ ਇਸਤ੍ਰੀ.

ਰੁਕ੍: ਸੰ. ਰੋਗ. ਬੀਮਾਰੀ. ਮਾਂਦਗੀ. ਇਸੇ ਦੇ ਰੂਪ ਰੁਜ ਆਦਿ ਹਨ.

ਰੁਕਣਾ: ਕ੍ਰਿ- ਅਟਕਣਾ. ਠਹਿਰਨਾ. ਬੰਦ ਹੋਣਾ.

ਰੁਕਨ: ਅ਼. رُکن ਸੰਗਜਾ- ਥਮਲਾ. ਸਤੂਨ. ਥੰਮ੍ਹ। ੨. ਭਾਵ- ਪ੍ਰਧਾਨ. ਮੁਖੀਆ. ਸ਼ਿਰੋਮਣਿ.

ਰੁਕਨੁੱਦੀਨ: ਵਿ- ਦੀਨ (ਧਰਮ) ਦਾ ਥੰਮ੍ਹ. ਧਰਮ ਦਾ ਆਗੂ। ੨. ਸੰਗਜਾ- ਕਾਜੀ ਰੁਕਨੁੱਦੀਨ, ਜਿਸ ਦੀ ਚਰਚਾ ਗੁਰੂ ਨਾਨਕਦੇਵ ਨਾਲ ਮੱਕੇ ਹੋਈ. ਗੁਰੁਨਾਨਕ ਪ੍ਰਕਾਸ਼ ਜਨਮਸਾਖੀਆਂ ਅਤੇ ਮੱਕੇ ਮਦੀਨੇ ਦੀ ਗੋਸਟਿ ਵਿੱਚ ਇਸ ਚਰਚਾ ਦਾ ਵਿਸਤਾਰ ਨਾਲ ਵਰਣਨ ਹੈ.

ਰੁਕਮ: ਸੰ. रुक्म. ਸੰਗ੍ਯਾ- ਕਾਂਚਨ. ਸੋਨਾ. "ਜਿਨ ਜੀਨ ਰਜਤ ਅਰੁ ਰੁਕਮ ਲਾਇ." (ਗੁਪ੍ਰਸੂ) ੨. ਧਤੂਰਾ। ੩. ਚਾਂਦੀ. "ਸੁਵਰਣ ਦਾਨ ਸੁਰੁਕਮ ਦਾਨ ਸੁ ਤਾਂਬ੍ਰ ਦਾਨ ਅਨੰਤ." (ਯੁਧਿਸਟਰਰਾਜ) ੪. ਸੋਨੇ ਚਾਂਦੀ ਦਾ ਗਹਿਣਾ। ੫. ਲੋਹਾ। ੬. ਨਾਗਕੇਸਰ.

ਰੁਕਮਣੀ: ਦੇਖੋ, ਰੁਕਮਿਣੀ.

ਰੁਕਮਵਤੀ: ਦੇਖੋ, ਚੰਪਕਮਾਲਾ.

ਰੁਕਮਾਂਗਦ: ਸੰ. रुक्माङ्गद. ਸੁਇਨੇ ਦਾ ਭੁਜਬੰਦ। ੨. ਇੱਕ ਧਰਮਾਤਮਾ ਰਾਜਾ. ਜੋ ਮੋਹਿਨੀ ਦਾ ਪਤਿ ਅਤੇ ਧਰਮਾਂਗਦ ਦਾ ਪਿਤਾ ਸੀ. ਦੇਖੋ, ਇਸ ਦੀ ਕਥਾ ਨਾਰਦਪੁਰਾਣ, ਉੱਤਰ ਭਾਗ, ਅਧ੍ਯਾਯ ੯. ਤੋਂ ੩੯ ਤੀਕ. "ਰੁਕਮਾਂਗਦ ਕਰਤੂਤਿ." (ਸਵੈਯੇ ਮਃ ੩. ਕੇ)

ਰੁਕਮਿਣੀ, ਰੁਕਮਿਨੀ: ਸੰ. रुक्मिणी. ਵਿਦਰਭ ਦੇ ਰਾਜਾ ਭੀਸ਼ਮਕ ਦੀ ਪੁਤ੍ਰੀ ਅਤੇ ਰੁਕਮੀ ਦੀ ਭੈਣ. ਜੋ ਦਮਘੋਸ਼ ਦੇ ਪੁਤ੍ਰ ਸ਼ਿਸ਼ੁਪਾਲ ਨੂੰ ਮੰਗੀ ਗਈ ਸੀ, ਕ੍ਰਿਸ਼ਨ ਜੀ ਨੇ ਦੇਵਮੰਦਰ ਵਿੱਚ ਪੂਜਾ ਕਰਨ ਗਈ ਰੁਕਮਿਣੀ ਨੂੰ ਬਲ ਨਾਲ ਖੋਹ ਲਿਆ ਅਤੇ ਆਪਣੀ ਰਾਣੀ ਬਣਾਇਆ. ਇਸ ਦੇ ਉਦਰ ਤੋਂ ਪਦ੍ਯੁਮਨ ਆਦਿ ਦਸ ਪ੍ਰਤਾਪੀ ਪੁਤ੍ਰ ਜਨਮੇ.

ਰੁਕਮੀ: ਸੰ. रुक्मिन. ਵਿ- ਜਿਸ ਪਾਸ ਰੁਕਮ (ਸੋਨਾ) ਹੋਵੇ। ੨. ਸੰਗ੍ਯਾ- ਭੀਸ਼ਮਕ ਦਾ ਪੁਤ੍ਰ ਰੁਕਮਿਣੀ ਦਾ ਭਾਈ, ਕ੍ਰਿਸ਼ਨ ਜੀ ਦਾ ਸਾਲਾ. ਇਹ ਆਪਣੀ ਭੈਣ ਸ਼ਿਸ਼ੁਪਾਲ ਨੂੰ ਵਿਆਹੁਣਾ ਚਾਹੁੰਦਾ ਸੀ ਅਰ ਕ੍ਰਿਸ਼ਨ ਜੀ ਦਾ ਵਿਰੋਧੀ ਸੀ. ਜਦ ਕ੍ਰਿਸ਼ਨ ਜੀ ਰੁਕਮਿਣੀ ਨੂੰ ਖੋਹਕੇ ਨੱਠੇ, ਤਦ ਇਸ ਨੇ ਪਿੱਛਾ ਕੀਤਾ ਅਰ ਕ੍ਰਿਸ਼ਨ ਜੀ ਦੇ ਤੀਰ ਨਾਲ ਬੇਹੋਸ਼ ਹੋ ਗਿਆ. ਰੁਕਮਿਣੀ ਦੇ ਕਹਿਣ ਪੁਰ ਇਸ ਦੀ ਜਾਨ ਬਖ਼ਸ਼ੀ ਗਈ, ਇਹ ਘਰੋਂ ਪ੍ਰਤਿਗ੍ਯਾ ਕਰਕੇ ਆਇਆ ਸੀ ਕਿ ਬਿਨਾ ਜਿੱਤੇ ਘਰ ਨਹੀਂ ਵੜਾਂਗਾ, ਇਸ ਲਈ ਇਹ ਮੁੜਕੇ "ਕੁੰਡਿਨਪੁਰ" ਵਿੱਚ ਨਹੀਂ ਗਿਆ. ਆਪਣਾ ਜੁਦਾ ਨਗਰ "ਭੋਜਕਟਪੁਰ"[1111] ਵਸਾਕੇ ਉੱਥੇ ਰਹਿਣ ਲੱਗਾ. ਅੰਤ ਨੂੰ ਇਸ ਦੀ ਮੌਤ ਬਲਰਾਮ ਦੇ ਹੱਥੋਂ ਹੋਈ. "ਹਲੀ ਰੁਕਮੀ ਸੰਗ ਅਰਜੋ." (ਗੁਪ੍ਰਸੂ)

ਰੁਕਮੀਅੰਤਕ, ਰੁਕਮ੍ਯਾਂਤਕ: ਰੁਕਮੀ ਦਾ ਅੰਤ ਕਰਨ ਵਾਲਾ ਬਲਰਾਮ. (ਸਨਾਮਾ)

ਰੁਕਾਉ, ਰੁਕਾਵਟ: ਸੰਗ੍ਯਾ- ਪ੍ਰਤਿਬੰਧ. ਵਿਘਨ.

ਰੁਕੂ: ਅ਼. رکوُع ਰੁਕੂਅ਼. ਕੁਰਾਨ ਦੇ ਖੰਡ, ਅਧ੍ਯਾਯ। ੨. ਝੁਕਣ। ੩. ਨਮਾਜ਼ ਪੜ੍ਹਨਾ.

ਰੁੱਕੜਾ: ਸੰਗ੍ਯਾ- ਗੁਰਦਾ। ੨. ਪਸਲੀ. "ਗੁਰਦੇ ਆਂਦਾਂ ਖਾਈ ਨਾਲੇ ਰੁੱਕੜੇ." (ਚੰਡੀ ੩)

ਰੁੱਕਾ: ਅ਼. رُقّہ ਸੰਗ੍ਯਾ- ਟਾਕੀ. ਥਿਗਲੀ। ੨. ਭਾਵ- ਕਾਗਜ ਦਾ ਟੁਕੜਾ।੩ ਛੋਟਾ ਪਰਚਾ.

ਰੁਖ: ਸੰਗ੍ਯਾ- ਰੁਹ. ਬਿਰਛ. ਰੁੱਖ। ੨. ਦੁੱਬ. ਦੂਵਾਂ ਅਤੇ ਬੇਲ. "ਕੇਤੇ ਰੁਖ ਬਿਰਖ ਹਮ ਚੀਨੇ." (ਗਉ ਮਃ ੧) ੩. ਫ਼ਾ. رُخ ਰੁਖ਼. ਚੇਹਰਾ। ੪. ਤ਼ਰਫ਼. ਦਿਸ਼ਾ. "ਲਖ ਨਿਜ ਰੁਖ ਕੀ ਬਾਤ." (ਗੁਪ੍ਰਸੂ) ੫. ਰੁਚਿ. ਖ੍ਵਾਹਸ਼. "ਖਾਨ ਪਾਨ ਰੁਖ ਕਰੇ ਨਹਿ ਲੀਨਾ." (ਗੁਪ੍ਰਸੂ)

ਰੁਖਸਤ, ਰੁਖਸਦ: ਅ਼. رخصت ਰੁਖ਼ਸਤ. ਸੰਗ੍ਯਾ- ਛੁੱਟੀ। ੨. ਵਿਦਾਇਗੀ.

ਰੁਖਸਰ, ਰੁਖ਼ਸਾਰ: ਫ਼ਾ. رُخسار ਸੰਗ੍ਯਾ- ਕਪੋਲ. ਗਲ੍ਹ. ਦੇਖੋ, ਜਹਾਨਤਾਬਾਂ.

ਰੁਖਬਿਰਖ: ਘਾਹ ਅਤੇ ਬਿਰਛ. ਬੇਲ ਬੂਟੇ. ਦੇਖੋ, ਰੁਹ ਅਤੇ ਰੁਖ.

---

[1111] ਕੁੰਡਿਨਪੁਰ ਵਰਤਮਾਨ ਕੁੰਡਪੁਰ ਹੈ, ਜੋ ਅਮਰਾਵਤੀ ਤੋਂ ਚਾਲੀ ਮੀਲ ਪੂਰਵ ਹੈ, ਅਤੇ ਭੋਜਕਟਪੁਰ ਵਰਤਮਾਨ ਭੋਜਪੁਰ ਹੈ. ਜੋ ਭੋਪਾਲ ਰਾਜ ਵਿੱਚ ਹੈ.

ਰੁਖੜਾ: ਵਿ- ਰੁਖਾ ਰੂਕ੍ਸ਼। ੨. ਸੰਗਯਾ- ਰੁਹ. ਬਿਰਛ. "ਸਾਹਿਬ ਸਫਲਿਓ ਰੁਖੜਾ." (ਵਡ ਮਃ ੧)

ਰੁਖਾ: ਵਿ- ਰੂਕ੍ਸ਼. ਖ਼ੁਸ਼ਕ। ੨. ਖੁਰਦਰਾ. ਖਰ੍ਹਵਾ. ਖੌਰ੍ਹਾ। ੩. ਬੇਲਿਹਾਜ.

ਰੁਖਾਈ: ਰੁੱਖਾਪਨ. ਰੁਖਾਵਟ.

ਰੁਖਾਲਾ: ਵਿ- ਰੁਕ੍ਸ਼. ਰੁੱਖਾ। ੨. ਪ੍ਰੇਮ ਰਹਿਤ। ੩. ਦੇਖੋ, ਰਖਵਾਲਾ.

ਰੁਖਾਵਟ: ਦੇਖੋ, ਰੁਖਾਈ.

ਰੁਖੀ: ਰੁਖਾ ਦੀ ਇਸ੍ਤ੍ਰੀ ਲਿੰਗ. ਰੂਕ੍ਸ਼ ਖ਼ੁਸ਼ਕ. "ਹਰਿ ਰੁਖੀ ਰੋਟੀ ਖਾਇ ਸਮਾਲੇ." (ਮਾਝ ਮਃ ੫) ੨. ਰੁਖੀਂ ਦਿਸ਼ਾਓਂ ਮੇਂ. ਦੇਖੋ, ਰੁਖ ੪। ੩. ਰੁੱਖੀਂ. ਬਿਰਛਾਂ ਵਿੱਚ "ਪ੍ਰਭੁ ਦਿਖਾਇਆ ਜਲਿ ਥਲਿ ਤ੍ਰਿਭਵਣਿ ਰਖੀ." (ਸੋਰ ਮਃ ੫)

ਰੁਖੀਸੁਖੀ: ਰੂਕ੍ਸ਼ ਅਤੇ ਸ਼ੁਸ਼੍ਕ. ਜੋ ਚਿਕਨੀ (ਥੰਧੀ) ਨਹੀਂ ਅਤੇ ਸੁੱਕੀ (ਕਰੜੀ) ਬਿਨਾ ਚੋਪੜੀ ਅਤੇ ਬਿਨਾ ਦਾਲ ਭਾਜੀ, ਅਰ ਬੇਹੀ. "ਰੁਖੀ ਸੁਖੀ ਖਾਇਕੈ ਠੰਢਾ ਪਾਣੀ ਪੀਉ." (ਸ. ਫਰੀਦ)

ਰੁੱਖ: ਦੇਖੋ, ਰੂਹ ਅਤੇ ਰੁਖ.

ਰੁੱਖਾ: ਦੇਖੋ, ਰੁਖਾ.

ਰੁਗ: ਸੰ. ਰੋਗ. "ਜਿਹ ਰਾਗ ਨ ਰੰਗ ਨ ਰੇਖ ਰੁਗੰ." (ਅਕਾਲ)

ਰੁਗਣ: ਸੰ. रुग्ण. ਵਿ- ਰੋਗ ਵਾਲਾ. ਰੋਗੀ. ਬੀਮਾਰ। ੨. ਟੇਢਾ. ਵਿੰਗਾ.

ਰੁਗੁ: ਸੰਗਯਾ- ਰਿਗਵੇਦ. "ਸਾਮਵੇਦ ਰੁਗੁ ਜੁਜਰੁ ਅਥਰਬਣੁ." (ਮਾਰੂ ਸੋਲਹੇ ਮਃ ੧) ਦੇਖੋ, ਵੇਦ.

ਰੁੱਗ: ਸੰਗਯਾ- ਪੰਜੇ ਦੀ ਲਪੇਟ। ੨. ਉਤਨੀ ਵਸ੍ਤੁ, ਜੋ ਪੰਜੇ ਵਿੱਚ ਆ ਸਕੇ.

ਰੁੱਗ ਭਰਣਾ: ਕ੍ਰਿ- ਮੁੱਠੀ ਚਾਪੀ ਕਰਨੀ। ੨. ਮੁੱਠੀ ਵਿੱਚ ਕਿਸੇ ਵਸਤੁ ਨੂੰ ਲੈਣਾ.

ਰੁਚ: ਸੰ. रुच्. ਧਾ- ਚਮਕਣਾ, ਖ਼ੁਸ਼ ਹੋਣਾ, ਉਤਸਾਹ ਕਰਨਾ, ਚਾਹਣਾ (ਲੋੜਨਾ). ੨. ਦੇਖੋ, ਰੁਚਿ. "ਜਗ ਝੂਠੇ ਕਉ ਸਾਚੁ ਜਾਨਕੈ ਤਾ ਸਿਉ ਰੁਚ ਉਪਜਾਈ." (ਟੋਢੀ ਮਃ ੯)

ਰੁਚਕ: ਸੰ. ਸੱਜੀ ਖਾਰ। ੨. ਬਿਜੌਰਾ ਨਿੰਬੂ। ੩. ਲੂਣ.

ਰੁਚਣਾ, ਰੁਚਨਾ: ਕ੍ਰਿ- ਪਸੰਦ ਆਉਣਾ. ਚੰਗਾ ਲੱਗਣਾ. ਦੇਖੋ, ਰੁਚ ਧਾ. "ਨਾਨਕ ਆਨ ਨ ਰੁਚਤੇ." (ਵਾਰ ਜੈਤ)

ਰੁਚਰ: ਦੇਖੋ, ਰੁਚਿਰ.

ਰੁਚਾਗੈ: ਰੁਚਿ ਕਰਕੇ. "ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਗੈ." (ਸਾਰ ਮਃ ੫)

ਰੁਚਿ: ਸੰ. ਸੰਗਯਾ- ਇੱਛਾ ਚਾਹ। ੨. ਕਿਰਣ। ੩. ਸ਼ੋਭਾ। ੪. ਪ੍ਰੇਮ. ਅਨੁਰਾਗ। ੫. ਭੁੱਖ। ੬. ਗੋਰੋਚਨ.

ਰੁਚਿਕਰ: ਦੇਖੋ, ਰੁਚਿਰ.

ਰੁਚਿਤ: ਸੰ. ਵਿ- ਚਮਕੀਲਾ। ੨. ਸੁੰਦਰ। ੩. ਮਨਭਾਉਂਦਾ. "ਰੁਚਿਤ ਕਰਹਿ ਸਭ ਸੰਸੈ ਨਾਹੀ." (ਨਾਪ੍ਰ)

ਰੁਚਿਰ: ਵਿ- ਰੁਚਿ ਦੇਣ ਵਾਲਾ. ਮਨੋਹਰ. ਸੁੰਦਰ। ੨. ਮਿੱਠਾ. ਮਧੁਰ। ੩. ਸੰਗਯਾ- ਕੇਸਰ। ੪. ਲੌਂਗ। ੫. ਭੁੱਖ ਵਧਾਉਣ ਵਾਲਾ ਪਦਾਰਥ। ੬. ਮੂਲੀ.

ਰੁਚਿਰਾਂਜਨ: ਸੰ. ਸੁਹਾਂਜਣਾ, ਜਿਸ ਦਾ ਰਸ ਅੰਜਨ ਵਿੱਚ ਪੈਂਦਾ ਹੈ, ਦੇਖੋ, ਸੁਹਾਂਜਣਾ.

ਰੁਚੀ: ਦੇਖੋ, ਰੁਚਿ.

ਰੁਚੈਲ: ਦੇਖੋ, ਰੁਚਿਰ। ੨. ਰੁਚਿ ਵਾਲਾ. ਦੇਖੋ, ਰੁਚਿ.

ਰੁਜ: ਸੰ. रुज्. ਧਾ- ਰੋਗ ਨਾਲ ਪੀੜਿਤ ਹੋਣਾ, ਟੇਢਾ ਹੋਣਾ, ਦੁੱਖ ਦੇਣਾ। ੨. ਸੰਗਯਾ- ਰੋਗ. ਬੀਮਾਰੀ. "ਸੁਨਹੁ ਕਥਾ ਭਵ ਬਡ ਰੁਜ ਦਾਹੂ." (ਨਾਪ੍ਰ)

ਰੁਜੀ: ਰੋਜ਼ੀ। ੨. ਰੁਜ (ਰੋਗ) ਵਾਲਾ. ਰੋਗੀ. ਰੁਗਣ.

ਰੁਜੂ: ਅ਼. رجوُع ਰੁਜੂਅ਼. ਵਿ- ਤਵੱਜਹ (ਧਯਾਨ) ਵਾਲਾ. ਮੁਤਵੱਜਹ. "ਤਮਾਮੁਲ ਰੁਜੂ ਹੈ." (ਜਾਪੁ) ੨. ਫਿਰਨਾ. ਮੁੜਨਾ। ੩. ਗੱਲ ਸੁਣਨ ਲਈ ਮੂੰਹ ਪਰਤਣਾ.

ਰੁਝਣਾ, ਰੁਝਨਾ: ਕ੍ਰਿ- ਰੁੱਧ (रुद्ध. ) ਹੋਣਾ. ਰੋਕੇ ਜਾਣਾ. ਕਿਸੇ ਕੰਮ ਵਿੱਚ ਅਟਕਣਾ.

ਰੁਟ: ਡਿੰਗ. ਕ੍ਰੋਧ. ਰੋਸ਼.

ਰੁਠ: ਸੰ. ਰੁਸ਼੍ਟ. ਵਿ- ਰੁੱਸਿਆ. ਰੁੱਸਿਆ ਹੋਇਆ. ਨਾਰਾਜ਼ ਹੋਇਆ. "ਦੁਨੀਆ ਖੇਲੁ ਬੁਰਾ ਰੁਠ ਤੁਠਾ." (ਮਾਰੂ ਅੰਜੁਲੀ ਮਃ ੫)

ਰੁਠਣਾ: ਕ੍ਰਿ- ਰੁਸ਼੍ਟ ਹੋਣਾ. ਰੰਜ ਹੋਣਾ. ਰੁੱਸਣਾ.

ਰੁਠਤੁਣਾ: ਵਿ- ਰੁਸ਼੍ਟ ਅਤੇ ਤੁਸ਼੍ਟ ਹੋਇਆ. ਹੰਸ ਅਤੇ ਖ਼ੁਸ਼ ਹੋਇਆ. ਦੇਖੋ, ਰੁਠ.

ਰੁਠਾ, ਰੁਠੀ: ਵਿ- ਰੁਸ਼੍ਟ ਹੋਇਆ, ਹੋਈ, ਰੁੱਸਿਆ. ਰੁੱਸੀ.

ਰੁੰਡ: ਸੰ. रुण्ड. ਸੰਗਯਾ- ਸ਼ਿਰ ਬਿਨਾ ਸ਼ਰੀਰ. ਧੜ. ਕਬੰਧ। ੨. ਵਿ- ਲੂਲ੍ਹਾ। ੩. ਅੰਗਭੰਗ.

ਰੁੰਡਿਤ: ਅੰਗਭੰਗ ਹੋਇਆ. ਦੇਖੋ, ਰੁੰਡ ੩. "ਰੁੰਡਿਤ ਮੁੰਡਿਤ ਏਕੈਸਬਦੀ." (ਗਉ ਕਬੀਰ) ਜਿਸ ਨੇ ਇੰਦ੍ਰੀ ਕੱਟ ਦਿੱਤੀ ਹੈ ਅਥਵਾ ਕੰਨ ਪੜਵਾ ਲਏ ਹਨ, ਉਹ ਰੁੰਡਿਤ ਹੈ.

ਰੁੱਡ: ਸੰਗਯਾ- ਰੰਦ੍ਰ. ਛੇਦ. ਸੂਰਾਖ਼. ਖੱਡ. ਖੁੱਡ. ਬਿਲਾ.

ਰੁਣਝੁੰਝਣਾ, ਰੁਣਝੁੰਝਨੜਾ: ਦੇਖੋ, ਰਣਝੁੰਝਨੜਾ.

ਰੁਣਝੁਣ: ਰਣਤਕਾਰ ਅਤੇ ਝਨਤਕਾਰ। ੨. ਆਨੰਦ ਦੀ ਧੁਨਿ. ਖ਼ੁਸ਼ੀ ਦਾ ਕੋਲਾਹਲ. "ਮੋਰੀ ਰੁਣਝੁਣ ਲਾਇਆ." (ਵਡ ਮਃ ੧) ੩. ਦਸਮਗ੍ਰੰਥ ਵਿੱਚ ਸ਼ਸ਼ਿਵਦਨਾ ਛੰਦ ਦਾ ਨਾਮਾਂਤਰ ਰੁਣਝੁਣ ਹੈ.

ਲੱਛਣ. ਚਾਰ ਚਰਣ, ਪ੍ਰਤਿ ਚਰਣ ਨ, ਯ. ।।।, ।SS.

ਉਦਾਹਰਣ-

ਲਖ ਛਬਿ ਬਾਲੀ। ਅਤਿ ਦੁਤਿਵਾਲੀ।

ਅਦਭੁਤ ਰੂਪੰ। ਜਨ ਬੁਧਿਕੂਪੰ। (ਦੱਤਾਵ)

ਰੁਣਝੁਣਕਾਰ: ਦੇਖੋ. ਰਣਝਣਕਾਰ. ਘੁੰਘਰੂ ਝਾਂਝ ਆਦਿ ਦੀ ਧੁਨਿ. ਰਣਤਕਾਰ ਅਤੇ ਝਨਤਕਾਰ। ੨. ਮੰਗਲ ਸ਼ਬਦ. "ਸਹਜੇ ਰੁਣਝੁਣਕਾਰ ਸੁਹਾਇਆ." (ਗਉ ਅਃ ਮਃ ੫)

ਰੁਣਝੁਣਾ: ਦੇਖੋ, ਰੁਣਝੁਣ ੩.

ਰੁਤ: ਦੇਖੋ. ਰੁਤਿ। ੨. ਸੰ. ਸੰਗਯਾ- ਸ਼ਬਦ. ਧੁਨਿ. "ਝੁਕੈ ਮੇਧ ਜਨੁ ਲਾਗੈਂ ਅਵਨੀ। ਘੋਖਤ ਮਧੁਰ ਮਧੁਰ ਰੁਤ ਰਵਨੀ।" (ਗੁਪ੍ਰਸੂ) ੩. ਵਿ- ਤੋੜਿਆ ਹੋਇਆ। ੪. ਰੋਗੀ। ੫. ਗਰਜਦਾ ਹੋਇਆ. ਸਿੰਘਨਾਦ ਕਰਦਾ. "ਖੜਗੇਸ ਬਲੀ ਰੁਤ ਠਾਢੋ ਰਹਯੋ." (ਕ੍ਰਿਸਨਾਵ) ਗਜਦਾ ਹੋਇਆ ਖੜਗ ਸਿੰਘ ਖੜਾ ਰਿਹਾ.

ਰੁਤਬਾ: ਅ਼. رُتبہ ਸੰਗਯਾ- ਦਰਜਾ. ਪਦਵੀ. ਅਧਿਕਾਰ

ਰੁਤਾਸ: ਦੇਖੋ, ਰੋਹਤਾਸ.

ਰੁਤਿ: ਸੰ. ऋतु- ਰਿਤੁ. ਮੌਸਮ. ਰੁੱਤ. "ਸੂਰਜ ਏਕੋ, ਰੁਤਿ ਅਨੇਕ." (ਸੋਹਿਲਾ) ਦੇਖੋ, ਖਟਰਿਤੁ। ੨. ਦੇਖੋ, ਰਿਤੁ.

ਰੁਤਿਸ: ਰਿਤੁ. ਈਸ਼. ਰਿਤੁਰਾਜ. ਵਸੰਤ.

ਰੁਤੀ: ਦੇਖੋ, ਰਿਤੁ ਅਤੇ ਰੁਤਿ। ੨. ਰਿਤੁ ਦਾ ਬਹੁਵਚਨ. ਇਸ ਸਿਰਲੇਖ ਹੇਠ ਰਾਮਕਲੀ ਵਿੱਚ ਸ਼੍ਰੀ ਗੁਰੂ ਅਰਜਨਦੇਵ ਸਾਹਿਬ ਦੀ ਰਚਨਾ, ਜਿਸ ਵਿੱਚ ਛੀ ਰੁਤਾਂ ਦਾ ਵਰਣਨ ਹੈ. ਦੇਖੋ, ਖਟਰਿਤੁ.

ਰੁਤੂਬਤ: ਅ਼. رطُوبت ਰੁਤ਼ੂਬਤ. ਸੰਗਯਾ- ਤਰਾਵਤ. ਤਰੀ. ਨਮੀ. ਸਲ੍ਹਾਬਾ.

ਰੁੱਤ: ਦੇਖੋ, ਰਿਤੁ ਅਤੇ ਰੁਤਿ.

ਰੁਦ: ਸੰ. रुद्. ਧਾ- ਰੋਣਾ.

ਰੁਦਨ, ਰੁਦਨੁ: ਸੰ. ਰੋਦਨ. ਰੋਣਾ. ਦੇਖੋ, ਰੁਦ ਧਾ। ੨. ਮੋਏ ਪ੍ਰਾਣੀ ਦੇ ਮੋਹ ਵਿੱਚ ਰੌਣਾ ਪਿੱਟਣਾ ਸਿਆਪਾ ਕਰਨਾ. "ਝੂਠਾ ਰੁਦਨੁ ਹੋਆ ਦੋਆਲੈ, ਖਿਨ ਮਹਿ ਭਇਆ ਪਰਾਇਆ." (ਸ੍ਰੀ ਪਹਰੇ ਮਃ ੧) ਗੁਰਮਤ ਵਿੱਚ ਇਸ ਰੁਦਨ ਦਾ ਨਿਸ਼ੇਧ ਹੈ- "ਮਰੇ ਸਿੱਖ ਤੇ ਕਰੇ ਕੜਾਹ। ਤਿਸ ਕੁਟੰਬ ਰੁਦਨੈ ਬਹੁ ਨਾਹ। ਤਜੈਂ ਸ਼ੋਕ ਸਭ ਅਨਦ ਬਢਾਇ। ਨਹਿ ਪੀਟੈਂ. ਤ੍ਰਿਯ ਮਿਲ ਸਮੁਦਾਇ। ਪਢੈਂ ਸ਼ਬਦ ਕੀਰਤਨ ਕੋ ਕਰੈਂ। ਸੁਨੈ ਬੈਠ ਬੈਰਾਗ ਸੁ ਧਰੈਂ." (ਗੁਪ੍ਰਸੂ)

ਰੁਦਿਤ: ਰੋਇਆ ਅਤੇ ਰੋਣਾ.

ਰੁਦ੍ਰ: ਸੰ. ਸੰਗਯਾ- ਰੋਣ ਵਾਲਾ, ਸ਼ਿਵ. ਦੇਖੋ, ਰੁਦ ਧਾ ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਬ੍ਰਹਮਾ ਨੇ ਇੱਛਾ ਕੀਤੀ ਕਿ ਮੇਰੇ ਪੁਤ੍ਰ ਹੋਵੇ, ਝਟ ਉਸ ਦੇ ਮੱਥੇ ਵਿਚੋਂ ਬਾਲਕ ਪੈਦਾ ਹੋ ਗਿਆ, ਜੋ ਜੰਮਦਾ ਹੀ ਰੋਣ ਲੱਗਾ. ਬ੍ਰਹਮਾ ਨੇ ਉਸ ਦਾ ਨਾਮ ਰੁਦ੍ਰ (ਰੋਂਦੂ) ਰੱਖਿਆ. ਇਸ ਪੁਰ ਭੀ ਸੱਤ ਵਾਰ ਰੋਕੇ ਰੁਦ੍ਰ ਨੇ ਆਖਿਆ ਕਿ ਮੇਰੇ ਹੋਰ ਨਾਮ ਥਾਪੋ, ਤਦ ਬ੍ਰਹਮਾ ਨੇ ਉਸ ਦੇ ਭਵ, ਸ਼ਰਵ, ਈਸ਼ਾਨ, ਪਸ਼ੁਪਤਿ, ਭੀਮ, ਉਗ੍ਰ ਅਤੇ ਮਹਾਦੇਵ ਇਹ ਸੱਤ ਨਾਮ ਰੱਖੇ. "ਬ੍ਰਹਮਾ ਬਿਸਨ ਰੁਦ੍ਰ ਤਿਸ ਕੀ ਸੇਵਾ." (ਮਾਰੂ ਸੋਲਹੇ ਮਃ ੩)

ਪੁਰਾਣਾਂ ਵਿੱਚ ਰੁਦ੍ਰ ੧੧. ਇਹ ਭੀ ਲਿਖੇ ਹਨ- ਅਜ, ਏਕਪਾਦ, ਅਹਿਵ੍ਰਧਨ, ਪਿਨਾਕੀ, ਅਪਰਾਜਿਤ, ਤ੍ਰ੍ਯੰਬਕ, ਮਹੇਸ਼੍ਵਰ, ਵ੍ਰਿਸ਼ਾਕਪੀ, ਸੰਭੂ, ਹਰਣ ਅਤੇ ਈਸ਼੍ਵਰ.

ਗਰੁੜਪੁਰਾਣ ਵਿੱਚ ਨਾਮ ਇਹ ਹਨ- ਅਜੈਕਪਾਦ, ਅਹਿਵ੍ਰਧਨ (अहिवध्न) ਤ੍ਵਸ਼੍ਟਾ, ਵਿਸ਼੍ਵਰੂਪਹਰ, ਬਹੁਰੂਪ, ਤ੍ਰ੍ਯੰਬਕ, ਅਪਰਾਜਿਤ, ਵ੍ਰਿਸ਼ਾਕਪਿ, ਸੰਭੁ, ਕਪਰਦੀ ਅਤੇ ਰੈਵਤ. ਵ੍ਰਿਹਦਾਰਣਜਕ ਉਪਨਿਸ਼ਦ ਵਿੱਚ ਦਸ਼ ਪ੍ਰਾਣ ਅਤੇ ਅੰਤਹਕਰਣ ਨੂੰ ਗਿਆਰਾਂ ਰੁਦ੍ਰ ਲਿਖਿਆ ਹੈ। ੨. ਗਿਆਰਾਂ ਸੰਖਯਾ ਬੋਧਕ, ਕਿਉਂਕਿ ਰੁਦ੍ਰ ੧੧. ਲਿਖੇ ਹਨ। ੩. ਵਿ- ਭਯਾਨਕ ਡਰਾਉਣਾ. "ਤਿਨ ਤਰਿਓ ਸਮੁਦ੍ਰ ਰੁਦ੍ਰ ਖਿਨ ਇਕ ਮਹਿ." (ਸਵੈਯੇ ਮਃ ੪. ਕੇ)

ਰੁਦ੍ਰਜ: ਸੰਗਯਾ- ਸ਼ਿਵ ਦੇ ਵੀਰਯ ਤੋਂ ਪੈਦਾ ਹੋਇਆ, ਪਾਰਾ, ਪਾਰਦ। ੨. ਕਾਰਤਿਕੇਯ. ਖਡਾਨਨ। ੩. ਗਣੇਸ਼.

ਰੁਦ੍ਰਪਤਨੀ: ਸ਼ਿਵ ਦੀ ਇਸਤ੍ਰੀ ਪਾਰਵਤੀ। ੨. ਅਲਸੀ. ਦੇਖੋ, ਅਲਸੀ.

ਰੁਦ੍ਰਪੁਰੀ: ਸ਼ਿਵ ਦੀ ਪੁਰੀ, ਕਾਸ਼ੀ। ੨. ਕੈਲਾਸ਼.

ਰੁਦ੍ਰਪ੍ਰਿਯਾ: ਪਾਰਵਤੀ। ੨. ਹਰੜ. ਹਰੀਤਕੀ.

ਰੁਦ੍ਰਪ੍ਰਿਯਾ ਸੁਤ, ਰੁਦ੍ਰਪ੍ਰਿਯਾ ਤਨਯ: ਪਾਰਵਤੀ ਦਾ ਪੁਤ੍ਰ ਗਣੇਸ਼.

ਰੁਦ੍ਰਬੀਜ: ਰੁਦ੍ਰਵੀਯੰ. ਪਾਰਾ. ਦੇਖੋ, ਰੁਦ੍ਰਜ.

ਰੁਦ੍ਰ ਰਸ: ਦੇਖੋ, ਨਵਰਸ ਅਤੇ ਰੌਦ੍ਰ. "ਬਰਨਜੋ ਸਭ ਹੀ ਰਸ ਰੁਦ੍ਰ ਮਈ ਹੈ." (ਚੰਡੀ ੧) ਅਜਾਣ ਲਿਖਾਰੀਆਂ ਨੇ ਉਂਕੜ ਨੂੰ ਰਾਰੇ ਨਾਲ ਜੋੜਕੇ ਰਸਰੁਦ੍ਰ ਦੀ ਥਾਂ ਰਸਭਦ੍ਰ ਬਣਾ ਦਿੱਤਾ ਹੈ.

ਰੁਦ੍ਰਲੋਕ: ਸ਼ਿਵ ਦਾ ਲੋਕ, ਕੈਲਾਸ਼.

ਰੁਦ੍ਰਵੇਲਾ: ਸ਼ਿਵ ਦੇ ਵਿਚਰਣ ਦਾ ਸਮਾਂ, ਸੰਝ ਦਾ ਵੇਲਾ. "ਭਯੋ ਰੁਦ੍ਰ ਫਿਰਬੇ ਕੋ ਸਮੋ." (ਗੁਪ੍ਰਸੂ)

ਰੁਦ੍ਰਾਕ੍ਸ਼, ਰੁਦ੍ਰਾਖ: ਸੰਗ੍ਯਾ- ਰੁਦ੍ਰ ਦੀ ਅੱਖ ਜੇਹਾ ਹੈ ਜਿਸ ਦਾ ਫਲ, ਅਜੇਹਾ ਬਿਰਛ. Eleaocarpus Ganitrus ੨. ਰਦ੍ਰਾਕ੍ਸ਼ ਦਾ ਫਲ, ਜਿਸ ਦੀ ਮਾਲਾ ਸ਼ੈਵ ਰਖਦੇ ਹਨ. "ਕੰਠ ਰੁਦ੍ਰਾਖੰ." (ਪ੍ਰਭਾ ਬੇਣੀ)

ਰੁਦ੍ਰਾਚਲ: ਸ਼ਿਵ ਦਾ ਪਹਾੜ, ਕੈਲਾਸ.

ਰੁਦ੍ਰਾਛ: ਦੇਖੋ, ਰੁਦ੍ਰਾਕ੍ਸ਼.

ਰੁਦ੍ਰਾਣੀ: ਸੰਗ੍ਯਾ- ਰੁਦ੍ਰ (ਸ਼ਿਵ) ਦੀ ਇਸਤ੍ਰੀ. ਪਾਰਵਤੀ. ਦੁਰਗਾ। ੨. ਸ਼ੰਕਰਜਟਾ ਬੂਟੀ.

ਰੁਦ੍ਰਾਰਿ: ਸੰਗ੍ਯਾ- ਰੁਦ੍ਰ (ਸ਼ਿਵ) ਹੈ ਜਿਸ ਦਾ ਵੈਰੀ, ਕਾਮਦੇਵ. ਅਨੰਗ. "ਕਿ ਰੁਦ੍ਰਾਰਿ ਰੂਪੰ." (ਦੱਤਾਵ)

ਰੁਧ: ਸੰ. रुध्. ਧਾ- ਰੋਕਣਾ, ਘੇਰਨਾ, ਵਰਜਣਾ, ਦਯਾ ਕਰਨਾ, ਸ਼ੋਰ ਕਰਨਾ, ਰੋਣਾ, ਚਾਹੁਣਾ.

ਰੁਧਰ: ਦੇਖੋ, ਰੁਧਿਰ.

ਰੁਧਾ: ਵਿ- ਰੁੱਧ (रुद्ध) ਹੋਇਆ. ਰੁਕਿਆ. "ਅਵਘਟਿ ਰੁਧਾ ਕਿਆ ਕਰੇ." (ਤੁਖਾ ਛੰਤ ਮਃ ੧)

ਰੁਧਿਰ: ਸੰ. ਸੰਗ੍ਯਾ- ਲਹੂ. ਖ਼ੂਨ. "ਮਜਾ ਰੁਧਿਰ ਦ੍ਰੁਗੰਧਾ." (ਗਾਥਾ) ੨. ਲਾਲ ਰੰਗ। ੩. ਮੰਗਲ ਗ੍ਰੋਹ। ੪. ਕੇਸਰ। ੫. ਗੇਰੂ। ੬. ਵਿ- ਲਾਲ. ਸੁਰਖ.

ਰੁਧੈ: ਰੁੱਧ ਹੋਵੇ. ਰੁਕਦਾ ਹੈ. ਵਸਦਾ ਹੈ. "ਹਰਿ ਸਿਮਰਤ ਗਰਭ ਜੋਨਿ ਨ ਰੁਧੈ." (ਭੈਰ ਮਃ ੫)

ਰੁੱਧ, ਰੁੱਧਾ: ਦੇਖੋ, ਰੁਧ ਧਾ ਅਤੇ ਰੁਧਾ। ੨. ਸੰ. रुद्ध. ਨਦੀ ਆਦਿ ਦਾ ਬੰਨ੍ਹ। ੩. ਜਲ ਨਾਲ ਘਿਰਿਆ ਥਾਂ.

ਰੁਨ: ਰੋਦਨ ਦਾ ਸੰਖੇਪ.

ਰੁਨੜੇ: ਰੋਏ. "ਰੁਨੜੇ ਵਣਹੁ ਪੰਖੇਰੂ." (ਵਡ ਮਃ ੧)

ਰੁਨਾ, ਰੁੰਨਾ: ਰੋਇਆ. ਰੋਦਨ ਕੀਤਾ. "ਬਹੁੜਿ ਨ ਜੋਨੀ ਭਰਮ ਰੁਨਾ." (ਮਾਰੂ ਸੋਲਹੇ ਮਃ ੫) "ਨਾਨਕ ਰੁੰਨਾ ਬਾਬਾ ਜਾਣੀਐ, ਜੇ ਰੋਵੈ ਲਾਇ ਪਿਆਰੋ." (ਵਡ ਅਲਾਹਣੀ ਮਃ ੧) "ਪੰਚੇ ਰੁੰਨੇ ਦੁਖਿਭਰੇ." (ਸ੍ਰੀ ਮਃ ੧)

ਰੁਪ: ਸੰ. रुप. ਧਾ- ਘਬਰਾਉਣਾ, ਵ੍ਯਾਕੁਲ ਹੋਣਾ.

ਰੁਪਇਆ, ਰੁਪਈਆ: ਸੰ. ਰੌਪ੍ਯ. ਸੰਗ੍ਯਾ- ਰਜਤਮੁਦ੍ਰਾ. ਚਾਂਦੀ ਦਾ ਸਿੱਕਹ.

ਰੁਪਹਿਰੀ: ਵਿ- ਰੂਪਜ (ਚਾਂਦੀ) ਦੀ ਗਿਲਟ ਜਿਸ ਪੁਰ ਹੋਈ ਹੈ। ੨. ਚਾਂਦੀ ਦੀ ਤਾਰ ਦਾ ਜਿਸ ਪੁਰ ਕੰਮ ਹੋਇਆ ਹੈ.

ਰੁਪਣਾ, ਰੁਪਨਾ: ਕ੍ਰਿ- ਵਜਾਕੁਲ ਹੋਣਾ. ਘਬਰਾਉਣਾ. ਦੇਖੋ, ਰੁਪ ਧਾ। ੨. ਆਰੋਪਣ ਕਰਨਾ. ਰੱਖਣਾ. ਟਿਕਾਉਣਾ। ੩. ਜਮ ਜਾਣਾ. ਅੜਨਾ. "ਰੁਪੇ ਵੀਰ ਖੇਤੰ." (ਸਲੋਹ)

ਰੁਪੱਯਾ: ਦੇਖੋ, ਰੁਪਇਆ.

ਰੁਪਾ: ਸੰ. ਰੂਪਜ. ਚਾਂਦੀ. ਰਜਤ. "ਨਾਨਕ ਜੇ ਵਿਚਿ ਰੁਪਾ ਹੋਇ." (ਧਨਾ ਮਃ ੧) ਦੇਖੋ, ਰੂਪਜ। ੨. ਖ਼ਾ. ਗਠਾ. ਪਿਆਜ਼. ਗੰਢਾ.

ਰੁਪਾਣਾ: ਜਿਲਾ ਫ਼ਿਰੋਜ਼ਪੁਰ, ਤਸੀਲ ਥਾਣਾ ਮੁਕਤਸਰ ਦਾ ਪਿੰਡ. ਜੋ ਰੇਲਵੇ ਸਟੇਸ਼ਨ ਮੁਕਤਸਰ ਤੋਂ ਚਾਰ ਮੀਲ ਦੱਖਣ ਪੂਰਵ ਹੈ. ਇਸ ਪਿੰਡ ਦੀ ਵਸੋਂ ਦੇ ਨਾਲ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਨੇ ਇੱਥੇ ਇੱਕ ਪਾਪੀ ਜੀਵ ਨੂੰ ਘੋਗੜ ਦੀ ਜੋਨਿ ਤੋਂ ਮੁਕਤ ਕੀਤਾ. ਛੋਟਾ ਗੁਰਦ੍ਵਾਰਾ ਬਣਿਆ ਹੋਇਆ ਹੈ. ਪਾਸ ਰਹਿਣ ਲਈ ਮਕਾਨ ਹਨ. ਦਸ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਸਿੰਘ ਹੈ.

ਰੁਪੇਸ੍ਵਰ: ਰੋਪੜ- ਈਸ਼੍ਵਰ. ਰੋਪੜ ਨਗਰ ਦਾ ਰਾਜਾ.

ਰੁਪੇ ਕਾ ਧਾਗਾ: ਦੇਖੋ, ਸੁਇਨੇ ਕੀ ਸੂਈ.

ਰੁਪੈਯਾ: ਦੇਖੋ, ਰੁਪਇਆ.

ਰੁਬਾਈ: ਅ਼. رباعی ਅ਼ਰਬੀ ਭਾਸ਼ਾ ਵਿੱਚ ਰੁਬਾਈ ਦਾ ਅਰਥ ਹੈ ਚਾਰ ਅੱਖਰਾਂ ਦਾ ਸ਼ਬਦ ਅਤੇ ਚਾਰ ਪਦਾਂ ਦਾ ਛੰਦ (ਚੌਪਦਾ) ਰੁਬਾਈ ਦੇ ਵਜ਼ਨ ਭੀ ਅਨੇਕ ਹਨ, ਪਰ ਜੋ ਬਹੁਤ ਪ੍ਰਸਿੱਧ ਅਤੇ ਭਾਈ ਨੰਦਲਾਲ ਜੀ ਦੀ ਰਚਨਾ ਵਿੱਚ ਆਇਆ ਹੈ, ਅਸੀਂ ਉਸ ਦਾ ਲੱਛਣ ਦਸਦੇ ਹਾਂ:-

ਚਾਰ ਚਰਣ, ਪਹਿਲੇ ਅਤੇ ਦੂਜੇ ਚਰਣ ਦੀਆਂ ਬਾਈ ਬਾਈ ਮਾਤ੍ਰਾ, ਤੀਜੈ ਦੀਆਂ ੧੯. ਅਤੇ ਚੌਥੇ ਚਰਣ ਦੀਆਂ ੨੦. ਮਾਤ੍ਰਾ. ਅੰਤ ਸਭ ਦੇ ਲਘੁ. ਪਹਿਲੀ ਦੂਜੀ ਅਤੇ ਚੌਥੀ ਤੁਕ ਦਾ ਅਨੁਪ੍ਰਾਸ ਮਿਲਵਾਂ.

ਉਦਾਹਰਣ-

ਹਰ ਕਸ ਕਿਜ਼ ਸ਼ੌਕ਼ੇ ਤੋ ਕ਼ਦਮ ਅਜ਼ ਸਰਤਾਖ਼੍ਤ.

ਬਰ ਨਹ ਤ਼ਬਕ਼ ਚਰਖ਼ ਅ਼ਲਮ ਬਰ ਸਰਾ ਫ਼ਰਾਖ਼੍ਤ,

ਸ਼ੁਦ ਆਮਦਨ ਮੁਬਾਰਕ ਵ ਰਫ਼ਤਨ ਹਮ,

ਗੋਯਾ ਆਂ ਕਸ ਕਿ ਰਾਹੇ ਹ਼ਕ਼ ਬ ਸ਼ਨਾਖ਼੍ਤ. (ਦੀਵਾਨ ਗੋਯਾ)

ਰੁੱਬ: ਅ਼. رُبّ ਸੰਗਯਾ- ਅੰਗੂਰ ਅਨਾਰ ਆਦਿ ਦਾ ਰਸ ਪਕਾਕੇ ਗਾੜ੍ਹਾ ਕੀਤਾ ਹੋਇਆ.

ਰੁਮਕਣਾ, ਰੁਮਕਨਾ: ਰੋਮ ਕੰਪਨ ਹੋਣਾ. ਮੰਦ ਮੰਦ ਹਵਾ ਦਾ ਚਲਣਾ, ਜਿਸ ਤੋਂ ਰੋਮ ਹਿੱਲਣ। ੨. ਦੇਖੋ, ਰਮਕ.

ਰੁਮਕਾ: ਸੰਗਯਾ- ਹਵਾ ਦਾ ਹਲਕਾ ਝੋਲਾ.

ਰੁਮਨਾ: ਰੋਮਹਰ੍ਸ਼ੰਣ. "ਚਤੁਰਾਨਨ ਸੇ ਰੁਮਨਾ ਰਿਖਿ ਸੇ." (ਅਕਾਲ) ਦੇਖੋ, ਲੋਮਹਰਖਣ.

ਰੁਮਾ: ਡਿੰਗ. ਲੂਣ ਦੀ ਖਾਨ.

ਰੁਮਾਂਚ: ਦੇਖੋ, ਰੋਮਾਂਚ.

ਰੁਮਾਲ: ਫ਼ਾ. رُمال ਰੂਮਾਲ. ਸੰਗਯਾ- ਰੂ (ਮੂੰਹ) ਸਾਫ ਕਰਨ ਦਾ ਵਸਤ੍ਰ.

ਰੁਮੰਚ: ਦੇਖੋ, ਰੋਮਾਂਚ.

ਰੁਰੁ, ਰੁਰੂ: ਸੰ. ਸੰਗ੍ਯਾ- ਲਾਲ ਮ੍ਰਿਗ. ਚਿੰਕਾਰਾ. "ਬਚਨ ਸਿੰਘ ਅਗਯਾਨਹਿ ਰੁਰੂ." (ਗੁਪ੍ਰਸੂ) ਮਨਸਿਮ੍ਰਿਤਿ ਵਿੱਚ ਇਸ ਮ੍ਰਿਗ ਦਾ ਮਾਂਸ ਸ਼੍ਰਾੱਧ ਵਿੱਚ ਦੇਣਾ ਵਿਧਾਨ ਕੀਤਾ ਹੈ. ਦੇਖੋ, ਅਃ ੩, ਸਃ ੨੬੭ ਤੋਂ ੨੭੦। ੨. ਇੱਕ ਦੈਤ, ਜਿਸ ਨੂੰ ਦੇਵੀ ਨੇ ਮਾਰਿਆ. ਇਸ ਦੀ ਕਥਾ ਭਵਿਸ਼ਯਪੁਰਾਣ ਵਿੱਚ ਹੈ.

ਰੁਰੋਤ, ਰੁਰੋਦ: रुरोद्. ਰੋਇਆ. ਰੋਈ। ੨. ਰੁਦਨ ਕਰਦੀ. ਰੋਂਦੀ. "ਰਾਵਨ ਤੀਰ ਰੁਰੱਤ ਭਈ ਜਬ." (ਰਾਮਾਵ) ਰੋਂਦੀ ਭਈ.

ਰੁਲਨਾ: ਕ੍ਰਿ- ਖੋਏ ਜਾਣਾ। ੨. ਰੌਂਦਨ (ਲਤਾੜੇ) ਜਾਣਾ। ੩. ਧੂੜ (ਧੂਲਿ) ਵਿੱਚ ਮਿਲਣਾ. ਰਵਾਲ ਵਿੱਚ ਲਿਪਟਣਾ. "ਮੇਰਾ ਮੂੰਡੁ ਸਾਧਪਗਾ ਹੇਠਿ ਰੁਲਸੀ ਰੇ." (ਦੇਵ ਮਃ ੫) "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੁਛਤਾ." (ਗਉ ਮਃ ੪)

ਰੁੜ: ਡਿੰਗ. ਨਗਾਰੇ ਦੀ ਧੁਨਿ.

ਰੁੜਣੇ: ਰੂਢ (ਪ੍ਰਸਿੱਧ) ਨੂੰ. ਜੋ ਪ੍ਰਗਟ ਹੈ, ਉਸ ਨੂੰ ਦੇਖੋ, ਰੂਢ "ਸਭਿ ਧਿਆਵਹਿ ਹਰਿ ਰੁੜਣੇ." (ਨਟ ਮਃ ੪)

ਰੁੜਨਾ, ਰੁੜਾਉਣਾ, ਰੁੜ੍ਹਨਾ, ਰੁੜ੍ਹਾਉਨਾ: ਕ੍ਰਿ- ਉੱਚੇ ਥਾਂ ਤੋਂ ਨਾਵੇਂ ਨੂੰ ਲੁੜਕਣਾ, ਲੁੜਕਾਉਣਾ। ੨. ਪ੍ਰਵਾਹ ਵਿੱਚ ਵਹਿਣਾ, ਵਹਾਉਣਾ. "ਨਿੰਦਕ ਦੀਏ ਰੁੜਾਈ." (ਆਸਾ ਮਃ ੫)

ਰੂ: ਫ਼ਾ. رُو ਸੰਗ੍ਯਾ- ਚੇਹਰਾ। ੨. ਕਾਰਣ. ਸਬਬ. ਹੇਤੁ। ੩. ਅੱਗ ਸਾਮਣਾ। ੪. ਆਸ਼ਾ. ਉੱਮੇਦ.

ਰੂੰ: ਸੰਗ੍ਯਾ- ਰੂਈ. ਤੂਲ.

ਰੂਅ: ਦੇਖੋ, ਰੁ। ੨. ਸ਼ੋਰ. ਧੁਨਿ ਦੇਖੋ, ਰੁ। ੩. ਰੋਮਾਵਲਿ. ਰੋਂਗਟੇ. "ਮਾਰ ਕਿਲਕ ਬਹੁ ਹੂਅ ਉਠਾਈ." (ਭਾਗੁ)

ਰੂਆਂ: ਸੰਗ੍ਯਾ- ਰੋਮਾਵਲਿ.

ਰੂਆਉਂਣਾ: ਰੁਦਨ ਕਰਨਾ, ਕਰਾਉਣਾ। ੨. ਸ਼ੋਰ ਮਚਾਉਣਾ. ਵਾਵੇਲਾ ਕਰਨਾ. ਦੇਖੋ, ਰੁ ਧਾ। "ਕਿਸੁ ਆਗੈ ਜਾਇ ਰੂਆਈਐ?" (ਦੇਵ ਮਃ ੫) "ਹੁਣ ਸੁਣੀਐ ਕਿਆ ਰੂਆਇਆ?" (ਵਾਰ ਆਸਾ)

ਰੂਆਇਦਾ: ਸ਼ੋਰ ਮਚਾਉਂਦਾ. ਲਲਕਾਰਦਾ. ਗਰਜਦਾ ਹੁ (ਸ਼ਬਦ) ਕਰਦਾ. "ਸਿਰ ਊਪਰਿ ਕਾਲ ਰੂਆਇਦਾ." (ਮਾਰੂ ਸੋਲਹੇ ਮਃ ੩)

ਰੂਆਮਲ, ਰੂਆਲ: ਇੱਕ ਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਰ, ਸ, ਜ, ਜ, ਜ, ਭ,

ਗ, ਲ. SIS, IIS, ISI, ISI, SII, S, I. ਦਸ ਅਰ ਸੱਤ ਅੱਖਰਾਂ ਪੁਰ ਵਿਸ਼੍ਰਾਮ.

ਉਦਾਹਰਣ-

ਦੇਵ ਭੇਵ ਨ ਜਾਨਹੀ ਜਿਹ, ਬੇਦ ਔਰ ਕਤੇਬ,

ਰੂਪ ਰੰਗ ਨ ਜਾਤਿ ਪਾਤਿ ਸੁ, ਜਾਨਹੀ ਕਿਹ ਜੇਬ. ×× (ਜਾਪੁ)

ਦਸਮਗ੍ਰੰਥ ਦੇ ਰੁਦ੍ਰ ਅਵਤਾਰ ਵਿੱਚ "ਰੁਆਮਣ" "ਰੁਆਲ" ਅਤੇ "ਰੂਆਮਲ" ਸਿਰਲੇਖ ਹੇਠ ਜਾਪ ਵਾਲਾ ਹੀ ਸਰੂਪ ਦੇਖਿਆ ਜਾਂਦਾ ਹੈ. ਦੇਖੋ, ਤਿੰਨੋ ਰੂਪ

(ੳ) ਰੁਆਮਣ-

ਅੰਧ ਕੰਧ ਫਿਰਜੋ ਤਬੈ ਜਯ ਦੁੰਦਭੀਨ ਬਜਾਇ. ×××

(ਅ) ਰੁਆਲੇ-

ਅੰਗਭੰਗ ਪਰੇ ਕਹੂੰ ਸਰਬੰਗ ਸ੍ਰੋਨਤਪੂਰ. ×××

(ੲ) ਰੂਆਮਲ-

ਸਾਜ ਬਾਜ ਕਟੇ ਕਹੂੰ ਗਜਰਾਜ ਤਾਜਿ ਅਨੇਕ. ×××

ਰੂਆਵਣਾ: ਦੇਖੋ, ਰੂਆਉਣਾ. "ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ?" (ਵਡ ਛੰਤ ਮਃ ੧)

ਰੂਇ: ਦੇਖੋ, ਰੂ.

ਰੂਇਗਰਦੀ: ਸੰਗਯਾ- ਰੂ (ਚੇਹਰਾ) ਫੇਰਨ ਦੀ ਕ੍ਰਿਯਾ. ਮੂੰਹ ਫੇਰਨਾ.

ਰੂਈਂ: ਸੰਗਯਾ- ਰੂੰ. ਤੂਲ। ੨. ਰੋਮਾਵਲਿ। ੩. ਫ਼ਾ. ਕਾਂਸੀ ਧਾਤੁ. ਇਸ ਦਾ ਉੱਚਾਰਣ ਰੋਈਂ ਭੀ ਹੈ. ਦੇਖੋ, ਰੂਈਂਤਨ.

ਰੂਈਂਤਨ: ਫ਼ਾ. رُوئیں تن ਰੂਈਂ (ਕਾਂਸੀ) ਤਨ (ਸ਼ਰੀਰ). ਕਾਂਸੀ ਵਰਗਾ ਕਰੜਾ ਹੈ ਜਿਸ ਦਾ ਜਿਸਮ. ਭਾਵ- ਅਸਫ਼ੰਦਯਾਰ. ਦੇਖੋ, ਅਸਫ਼ੰਦਯਾਰ. ਰੋਈਂਤਨ ਭੀ ਇਸ ਦਾ ਉੱਚਾਰਣ ਹੈ.

ਰੂਏਦਾਦ: ਫ਼ਾ. رُوئیداد ਸੰਗਯਾ- ਹ਼ਾਲ. ਵ੍ਰਿੱਤਾਂਤ.

ਰੂਸ: ਸੰ. रूष्. ਧਾ- ਧੂੜ (ਧੂਲਿ) ਵਿੱਚ ਮਿਲਾਉਣਾ।

੨. ਸਿੰਗਾਰਨਾ. ਸਵਾਰਨਾ. ਭੂਸ਼ਿਤ ਕਰਨਾ।

੩. ਫ਼ਾ. ਸੰਗਯਾ- ਰੂਸ ਦੇਸ਼. Russia ਇੱਕ ਵਡਾ ਦੇਸ਼, ਜੋ ਯੂਰਪ ਅਤੇ ਏਸ਼ੀਆ ਮਹਾਦ੍ਵੀਪਾਂ ਦੇ ਉੱਤਰ ਹੈ. ਇਸ ਦਾ ਰਕਬਾ ੮, ੬੬੦, ੦੦੦ ਵਰਗਮੀਲ ਅਤੇ ਜਨਸੰਖ੍ਯਾ ੧੬੩, ੦੦੦, ੦੦੦ ਹੈ. ਹੁਣ ਇਸ ਦੀ ਰਾਜਧਾਨੀ Petrograde ਦਾ ਨਾਮ ਲੈਨਿਨ ਗ੍ਰੈਡ (Lenin Grad) ਹੈ. ਸਨ ੧੯੧੭ ਤੋਂ ਰੂਸ ਦੇ ਸ਼ਹਨਸ਼ਾਹ ਦਾ ਸਰਵੰਸ਼ ਨਾਸ ਕਰਕੇ ਰੂਸੀਆਂ ਨੇ ਜਮਹੂਰੀ ਸਲਤਨਤ ਕਾਇਮ ਕਰ ਲਈ ਹੈ. "ਹਨੇ ਰੂਸ ਤੂਸੀ ਕ੍ਰਿਤੀ ਚਿਤ੍ਰਜੋਧੀ." (ਕਲਕੀ) ੪. ਦੇਖੋ, ਰੂਸਨਾ.

ਰੂਸਨਾ: ਕ੍ਰਿ- ਰੁਸ਼ (ਕ੍ਰੋਧ) ਕਰਨਾ. ਰੁਸ਼੍ਟ ਹੋਣਾ. ਰੁੱਸਣਾ. "ਤਿਸੁ ਸਿਉ ਕਿਉ ਮਨਿ ਰੂਸੀਐ?" (ਵਾਰ ਮਾਰੂ ੨. ਮਃ ੫)

ਰੂਸੀ: ਰੂਸ ਨਿਵਾਸੀ. ਰੂਸ ਦੇਸ਼ ਦਾ. Russian.

ਰੂਹ: ਅ਼. رُوح ਰੂਹ. ਸੰਗਯਾ- ਸ਼ਰੀਰ ਦੀ ਚੇਤਨਸੱਤਾ. ਜੀਵਾਤਮਾ. "ਗਹਿਲਾ ਰੂਹ ਨ ਜਾਣਈ." (ਸ. ਫਰੀਦ)

ਰੂਹੜਾ: ਦੇਖੋ, ਰੂਹ। ੨. ਰੂਹਧਾਰੀ ਜੀਵ. "ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ." (ਵਾਰ ਮਾਰੂ ੨. ਮਃ ੫)

ਰੂਹੁ: ਦੇਖੋ, ਰੂਹ.

ਰੂਹੁਲ ਕੁਦਸ: ਅ਼. رُوح القدس ਪਵਿਤ੍ਰ ਰੂਹ਼. ਜਿਬਰਾਈਲ ਫ਼ਰਿਸ਼ਤਾ. ਦੇਖੋ, ਦੂਆ ਤੀਆ ਅਤੇ ਫ਼ਰਿਸ਼ਤਾ.[1112]

ਰੂਕਾ: ਸੰਗਯਾ- ਰੁ (ਸ਼ਬਦ) ਕਰਨ ਦੀ ਕ੍ਰਿਯਾ. ਪੁਕਾਰ. ਗੁਹਾਰ "ਕਾਰਨ ਬਤਾਵਨ ਕੇ ਮਾਰ ਊਚੇ ਰੂਕੇ ਹੈਂ." (ਗੁਪ੍ਰਸੂ)

ਰੂਕ੍ਸ਼: ਸੰ. रूक्ष. ਧਾ- ਸੁੱਕਾ ਹੋਣਾ (ਖ਼ੁਸ਼ਕ ਹੋਣਾ), ਕਰੜਾ ਹੋਣਾ, ਕਠੋਰ ਬਚਨ ਬੋਲਣਾ, ਰਸ ਬਿਨਾ ਹੋਣਾ.

ਰੂਖ: ਸੰਗਯਾ- ਰੁਹ. ਰੁੱਖ. ਬਿਰਛ. "ਨੀਚ ਰੂਖ ਤੇ ਊਚ ਭਏ ਹੈਂ." (ਆਸਾ ਰਵਿਦਾਸ) ੨. ਦੇਖੋ, ਰੁਖ ਅਤੇ ਰੂਕ੍ਸ਼ ਧਾ.

---

[1112] ਕਿਤਨਿਆਂ ਨੇ ਰੂਹੁਲ ਕੁਦਸ ਨੂੰ ਜਿਬਰਾਈਲ ਤੋਂ ਵੱਖ ਹਸ੍ਤੀ ਮੰਨਿਆ ਹੈ, ਪਰ ਇਹ ਭੁੱਲ ਹੈ.

ਰੂਖੜ: ਵਿ- ਰੂਕ੍ਸ਼. ਰੁੱਖਾ. ਖ਼ੁਸ਼ਕ। ੨. ਸੰਗਯਾ- ਸੰਨ੍ਯਾਸੀ ਫਕੀਰਾਂ ਦਾ ਇੱਕ ਫਿਰਕਾ, ਜੋ ਵਿਦ੍ਯਾਰਹਿਤ ਭਸਮਧਾਰੀ ਹੈ.

ਰੂਖਾ: ਵਿ- ਰੂਕ੍ਸ਼. ਰੁੱਖਾ. ਖ਼ੁਸ਼ਕ.

ਰੂੰਗਟਾ: ਰੋਮਗਰ੍ਤ. ਲੋਮਕੂਪ। ੨. ਰੋਮਾਵਲਿ. ਰੋਮ.

ਰੂਚਾ: ਵਿ- ਰੁਚਿਤ. ਚਮਕੀਲਾ। ੨. ਸੁੰਦਰ। ੩. ਮਨਭਾਇਆ ਪਸੰਦ ਆਇਆ. "ਕਤ ਪਾਈਐ ਮਨਰੂਚਾ?" (ਦੇਵ ਮਃ ੫) "ਉਹੀ ਪਿਆਰੋ, ਉਹੀ ਰੂਚਾ." (ਗਉ ਮਃ ੫)

ਰੂਜ਼: ਫ਼ਾ. روز ਸੰਗਯਾ- ਦਿਨ. ਇਸ ਦਾ ਉੱਚਾਰਣ ਰੋਜ਼ ਭੀ ਠੀਕ ਹੈ.

ਰੂਜ਼ੀ: ਫ਼ਾ. روزی ਸੰਗਯਾ- ਨਿੱਤ ਦੀ ਖ਼ੁਰਾਕ. ਇਹ ਸ਼ਬਦ ਰੋਜ਼ੀ ਭੀ ਠੀਕ ਹੈ.

ਰੂਠਨਾ: ਕ੍ਰਿ- ਰੁਸ੍ਟ ਹੋਣਾ. ਰੁਸ਼ (ਕ੍ਰੋਧ) ਸਹਿਤ ਹੋਣਾ. ਰੁੱਸਣਾ.

ਰੂਢ: ਸੰ. ਵਿ- ਪੈਦਾ ਹੋਇਆ। ੨. ਪ੍ਰਗਟ ਹੋਇਆ। ੩. ਪ੍ਰਸਿੱਧ. ਮਸ਼ਹੂਰ। ੪. ਸਵਾਰ ਹੋਇਆ. ਆਰੋਹਿਤ. ਚੜ੍ਹਿਆ ਹੋਇਆ। ੫. ਉੱਤਮ ਸ਼੍ਰੇਸ੍ਟ। ੬. ਸੰਗਯਾ- ਰੂਢਿ (ਪ੍ਰਸਿੱਧੀ) ਹੈ ਅਰਥ ਦੀ ਜਿਸ ਪਦ ਵਿੱਚ, ਉਹ ਸ਼ਬਦ. ਧਾਤੁ ਪ੍ਰਤ੍ਯਯ ਦਾ ਵਿਚਾਰ ਛੱਡਦੇ ਪ੍ਰਸਿੱਧ ਅਰਥ ਦੇ ਧਾਰਨ ਵਾਲਾ ਸ਼ਬਦ. ਜੈਸੇ- ਸਿੰਹ (ਸਿੰਘ) ਦੇ ਅਰਥ ਦਾ ਵਿਚਾਰ ਕਰੀਏ ਤਦ ਹਿੰਸਾ ਕਰਨ ਵਾਲਾ ਸਿੰਹ ਹੈ, ਪਰ ਹਿੰਸਾ ਸ਼ਿਕਾਰੀ, ਭੇੜੀਆ, ਬਾਜ਼ ਆਦਿ ਅਨੰਤ ਕਰਦੇ ਹਨ, ਜੋ ਸਿੰਹ ਨਹੀਂ ਕਹੇ ਜਾਂਦੇ, ਸ਼ੇਰ ਵਿੱਚ ਸਿੰਹ ਦੀ ਰੂਢਿ ਸ਼ਕ੍ਤਿ ਹੈ, ਇਸ ਵਾਸਤੇ ਸਿੰਹ ਸਬਦ ਰੂਢ ਹੈ. ਐਸੇ ਹੀ ਖੰਡੇ ਦਾ ਅਮ੍ਰਿਤ ਧਾਰਨ ਵਾਲਾ ਸਿੰਘ ਸ਼ਬਦ ਤੋਂ ਸਮਝਿਆ ਜਾਂਦਾ ਹੈ.

ਰੂਢਿ: ਸੰ. ਸੰਗਯਾ- ਪ੍ਰਸਿੱਧੀ. ਮਸ਼ਹੂਰੀ। ੨. ਧਾਤੁ ਪ੍ਰਤ੍ਯਯ ਦੇ ਅਰਥ ਦੀ ਪਰਵਾਹ ਨਾ ਕਰਕੇ ਸ਼ਬਦ ਵਿੱਚ ਪ੍ਰਸਿੱਧ ਅਰਥ ਬੋਧਨ ਕਰਨ ਵਾਲੀ ਸ਼ਕ੍ਤਿ. ਦੇਖੋ, ਰੂਢ ੬। ੩. ਰਸਮ. ਰੀਤਿ। ੪. ਵ੍ਰਿੱਧੀ. ਤਰੱਕੀ.

ਰੂਢੀ: ਦੇਖੋ, ਰੂਢਿ.

ਰੂਤਉ: ਵਿ- ਰੁਤ ਕੀਤਾ. ਲਲਕਾਰਿਆ. ਵੰਗਾਰਿਆ. ਦੇਖੋ, ਰੁਤ. "ਰਣਿ ਰੂਤਉ ਭਾਜੈ ਨਹੀ." (ਗਉ ਬਾਵਨ ਕਬੀਰ)

ਰੂਤਿ, ਰੂਤੀ: ਰਿਤੁ (ऋतु). ਮੌਸਮ. ਰੁੱਤ. "ਅਨ ਰੂਤਿ ਨਾਹੀ." (ਬਸੰ ਮਃ ੫) ੨. ਰਿਤੁ ਮੇ, ਰੁੱਤ ਵਿੱਚ. "ਆਨ ਰੂਤੀ ਆਨ ਬੋਈਐ." (ਮਾਰੂ ਮਃ ੫)

ਰੂਧ: ਦੇਖੋ, ਰੁਧ ਅਤੇ ਰੁੱਧ.

ਰੂਧਉ: ਰੁੱਧ ਹੋਇਆ. ਰੁਕਿਆ. ਅਟਕਿਆ. ਰੁੱਝਾ.

ਰੂਧਨ, ਰੂੰਧਨ: ਰੋਧਨ. ਰੁੱਧ ਕਰਨਾ. ਰੋਕਣਾ. ਮੱਲਣਾ. "ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂਧਹਿ ਠਾਉ." (ਸ. ਕਬੀਰ)

ਰੂਧਾ, ਰੂਧੋ: ਰੁੱਧ ਹੋਇਆ. ਰੁਕਿਆ. "ਰੂਧਾ ਕੰਠੁ ਸਬਦੁ ਨਹੀਂ ਉਚਰੈ." (ਸੋਰ ਭੀਖਨ) ੨. ਰੁੱਝਿਆ. "ਕਿਸਨ ਸਦਾ ਅਵਤਾਰੀ ਰੂਧਾ." (ਵਡ ਮਃ ੩) ਦੇਖੋ, ਰੁਧ ਅਤੇ ਰੁੱਧ.

ਰੂਪ: ਸੰ. रूप्. ਧਾ- ਆਕਾਰ ਬਣਾਉਣਾ, ਰਚਨਾ ਕਰਨਾ, ਸਮਝਾਕੇ ਕਹਿਣਾ ਬਹਸ ਕਰਨਾ। ੨. ਸੰਗਯਾ- ਨੇਤ੍ਰ ਕਰਕੇ ਗ੍ਰਹਣ ਕਰਨ ਯੋਗ੍ਯ ਗੁਣ. ਪੁਰਾਣੇ ਕਵੀਆਂ ਨੇ ਸੱਤ ਰੂਪ ਮੰਨੇ ਹਨ- ਚਿੱਟਾ, ਨੀਲਾ, ਪੀਲਾ ਲਾਲ, ਹਰਾ, ਭੂਰਾ ਅਤੇ ਚਿਤਕਬਰਾ। ੩. ਸ਼ਕਲ. ਸੂਰਤ। ੪. ਖੂਬਸੂਰਤੀ. "ਰੂਪਹੀਨ ਬੁਧਿ ਬਲਹੀਨੀ." (ਗਉ ਮਃ ੫) ੫. ਵੇਸ਼. ਲਿਬਾਸ. "ਆਗੈ ਜਾਤਿ ਰੂਪ ਨ ਜਾਇ." (ਆਸਾ ਮਃ ੩) ੬. ਸੁਭਾਉ। ੭. ਸ਼ਬਦ। ੮. ਦ੍ਰਿਸ਼੍ਯ ਕਾਵ੍ਯ. ਨਾਟਕ। ੯. ਵਿ- ਮਯ. ਅਭਿੰਨ. ਇਹ ਦੂਜੇ ਸ਼ਬਦ ਦੇ ਅੰਤ ਆਕੇ ਅਭੇਦਤਾ ਦਾ ਬੋਧ ਕਰਾਉਂਦਾ ਹੈ, ਜਿਵੇਂ- ਅਨਦਰੂਪ ਪ੍ਰਗਟਿਓ ਸਭ ਥਾਨਿ." (ਰਾਮ ਮਃ ੫) ਆਨੰਦ ਜਿਸ

ਤੋਂ ਭਿੰਨ ਨਹੀਂ ਹੈ.

ਰੂਪਕ: ਸੰ. ਸੰਗਯਾ- ਦ੍ਰਿਸ਼੍ਯ ਕਾਵ੍ਯ. ਨਾਟਕ। ੨. ਨਕਲ। ੩. ਤਿੰਨ ਰੱਤੀ ਭਰ ਤੋਲ। ੪. ਚਾਂਦੀ। ੫. ਸੰਗੀਤ ਅਨੁਸਾਰ ਸੱਤ ਮਾਤ੍ਰਾ ਦਾ ਤਾਲ। ੬. ਇੱਕ ਅਰਥਾਲੰਕਾਰ. ਸ੍ਵਰੂਪ ਅਥਵਾ ਗੁਣ ਕਰਕੇ ਕਿਸੇ ਜੇਹਾ ਰੂਪ ਧਾਰਨ ਵਾਲਾ "ਰੂਪਕ" ਅਲੰਕਾਰ ਹੈ. ਅਰਥਾਤ ਬਿਨਾ ਨਿਸ਼ੇਧ ਦੇ ਉਪਮਾਨ ਅਤੇ ਉਪਮੇਯ ਨੂੰ ਇੱਕ ਰੂਪ ਠਹਿਰਾਉਣਾ.

ਉਪਮੇਯਹਿ ਉਪਮਾਨਹਿ ਜੋਊ,

ਏਕਰੂਪ ਕਰ ਵਰਣੈ ਦੋਊ,

ਤਿਹ ਕੋ ਰੂਪਕ ਕਰਹਿ ਉਚਾਰ,

ਜੌਨ ਲਖੈਂ ਭੇਦਾਲੰਕਾਰ.

(ਗੁਰਬਗੰਜਨੀ)

ਇਸ ਅਲੰਕਾਰ ਦੇ ਮੁੱਖ ਦੋ ਭੇਦ ਹਨ, ਇੱਕ ਤਦਰੂਪ, ਦੂਜਾ ਅਭੇਦ, ਤਦਰੂਪ ਦਾ ਅਰਥ ਹੈ ਤੇਹੋ ਜੇਹਾ ਰੂਪ, ਯਥਾ- ਕਮਲ ਜੇਹੇ ਨੇਤ੍ਰ, ਚੰਦ੍ਰਮਾ ਜੇਹਾ ਮੁਖ ਆਦਿ. ਅਭੇਦ ਦਾ ਅਰਥ ਹੈ ਅਭਿੰਨ. ਅਰਥਾਤ ਉਪਮੇਯ ਅਤੇ ਉਪਮਾਨ ਵਿੱਚ ਭੇਦ ਨਹੀਂ, ਯਥਾ- ਨੇਤ੍ਰਕਮਲ, ਚੰਦ੍ਰਮੁਖ ਆਦਿ ਇਸ ਵਿੱਚ ਜੇਹਾ ਤੇਹਾ ਆਦਿ ਪਦ ਨਹੀਂ ਵਰਤੀਦੇ, ਕਿਉਂਕਿ ਅਭੇਦ ਰੂਪਕ ਸਿੱਧ ਕਰਦਾ ਹੈ ਕਿ ਨੇਤ੍ਰ ਕਮਲਰੂਪ ਹੀ ਹਨ ਅਤੇ ਮੁਖ ਚੰਦ੍ਰਮਾਰੂਪ ਹੀ ਹਨ ਅਤੇ ਮੁਖ ਚੰਦ੍ਰਮਾਰੂਪ ਹੈ. ਮੁਖ ਤੋਂ ਭਿੰਨ ਚੰਦ੍ਰਮਾ ਨਹੀਂ, ਅਰ ਨੇਤ੍ਰਾਂ ਤੋਂ ਭਿੰਨ ਕਮਲ ਨਹੀਂ. ਤਦਰੂਪ ਦਾ ਉਦਾਹਰਣ-

ਗਗਨਮੈ ਥਾਲ ਰਵਿ ਚੰਦ ਦੀਪਕ ਬਨੇ.

(ਧਨਾ ਮਃ ੧)

ਅਭੇਦ ਦਾ ਉਦਾਹਰਣ-

"ਹਰਿ ਚਰਨਕਮਲ ਮਕਰੰਦ ਲੋਭਿਤ ਮਨੋ."

(ਧਨਾ ਮਃ ੧)

ਕਵੀਆਂ ਨੇ ਇਨ੍ਹਾਂ ਦੋ ਭੇਦਾਂ ਦੇ ਅੱਗੇ ਤਿੰਨ ਭੇਦ ਹੋਰ ਕਲਪੇ ਹਨ. ਅਰਥਾਤ, ਸਮ, ਅਧਿਕ ਅਤੇ ਨ੍ਯੂਨ.

(ੳ) ਉਪਮੇਯ ਅਤੇ ਉਪਮਾਨ ਨੂੰ ਤੁੱਲ ਕਹਿਣਾ "ਸਮਰੂਪਕ" ਹੈ.

ਉਦਾਹਰਣ-

ਮੁੰਦਾ ਸੰਤੋਖੁ ਸਰਮੁ, ਪਤੁ ਝੋਲੀ,

ਧਿਆਨ ਕੀ ਕਰਹਿ ਬਿਭੂਤਿ,

ਖਿੰਥਾ ਕਾਲੁ ਕੁਆਰੀ ਕਾਇਆ,

ਜੁਗਤਿ ਡੰਡਾ ਪਰਤੀਤਿ.

(ਜਪੁ)

ਜਤੁ ਪਹਾਰਾ ਧੀਰਜੁ ਸੁਨਿਆਰੁ,

ਅਹਰਣਿ ਮਤਿ ਵੇਦੁ ਹਥਿਆਰੁ,

ਭਉ ਖਲਾ ਅਗਨਿ ਤਪ ਤਾਉ,
ਭਾਂਡਾ ਭਾਉ ਅਮ੍ਰਿਤੁ ਤਿਤੁ ਢਾਲਿ,
ਘੜੀਐ ਸਬਦੁ ਸਚੀ ਟਕਸਾਲ.
(ਜਪੁ)
ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ,
ਦਿਵਸ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ.
(ਜਪੁ)
ਕਾਂਤਿ ਕਲ ਤਾਲ ਮੇ ਪ੍ਰਫੁੱਲਿਤ ਵਿਸਾਲ ਦਲ
ਮ੍ਰਿਦੁਲ ਮ੍ਰਿਦੁਲ ਤੁੱਲ ਲਾਲ ਲਾਲ ਮਾਨਿਯੇ,
ਰਾਜਤ ਮਰਾਲਰਾਜ ਸੰਤਨ ਸਮਾਜ ਪਾਸ
ਪਾਂਸ਼ੁ ਹੈ ਪਰਾਗ ਦਿਨ ਰੈਨ ਮੇ ਸੁਹਾਨਿਯੇ,
ਸਿਲੀਮੁਖ ਸਿੱਖ ਮਨ ਸੌਰਭ ਆਨੰਦ ਦੇਤ
ਛੋਰਤ ਨ ਆਸ ਪਾਸ ਦਾਸ ਸੋ ਭ੍ਰਮਾਨਿਯੇ,
ਉਦਕ ਕਰਮ ਛੁਇ ਸਕੈ ਨ ਭਰਮ ਮਲ
ਐਸੇ ਸ਼੍ਰੀ ਗੋਬਿੰਦਸਿੰਘ ਪਦਕੰਜ ਜਾਨਿਯੇ.
(ਨਾਪ੍ਰ)
ਰਾਮਕੁੱਵਰ ਗਿਰਿਵਰ ਕੇ ਸਮਸਰ,
ਕਥਾ ਜੁ ਉਪਜੀ ਸਲਿਤਾ ਸੁਖਕਰ,
ਗੁਰੁਯਸ਼ ਉੱਜਲ ਜਲ ਭਰਪੂਰਾ,
ਪ੍ਰੇਮ ਪ੍ਰਵਾਹ ਵਿਮਲ ਬਹਿ ਰੂਰਾ,
ਭ੍ਰਮ ਵੇਮੁਖਤਾ ਦ੍ਵੈ ਦ੍ਰਿਢ ਕੂਲਾ,
ਜਿਨ ਪਰ ਅਵਗੁਣ ਤਰੁ ਗਨ ਫੂਲਾ,
ਪਠਨ ਸੁਨਨ ਬਲ ਬੇਗ ਬਿਸਾਲਾ,
ਜਰ ਸਮੇਤ ਭਗਨਤ ਤਤਕਾਲਾ,
ਸਦਗੁਣ ਕਮਲ ਬ੍ਰਿੰਦ ਵਿਕਸਾਵਤ,
ਮਨ ਸੰਤਨ ਜਲਜੰਤੁ ਅਨਿੰਦਿਤ,
ਕਰਤ ਕੇਲ ਗੁਰੁ, ਰਹਿਤ ਅਨੰਦਿਤ,
ਦਸ ਗੁਰੁ ਦਸਹੁ ਘਾਟ ਜਿਸ ਕੇਰੇ,

ਦੁਖੀ ਤ੍ਰਿਖਾਤੁਰ ਜਨ ਹਨਐ ਨੇਰੇ,

ਗੁਰੁਯਸ਼ ਜਲ ਤੇ ਸਭ ਸੁਖ ਪਾਵਹਿ",

ਵਿਸ਼ਯਨ ਤ੍ਰਿਖਾ ਤੁਰਤ ਬਿਨਸਾਵਹਿ",

ਅੰਤਕ ਘਾਮ ਪੀਰ ਨਹਿ ਦੇਈ,

ਨਿਤ ਪ੍ਰਤਿ ਨਿਕਟ ਹੋਇ ਜੋ ਸੇਈ.

ਔਰ-

ਰਾਮਕੁੱਵਰ ਪਰਬੀਨ ਜੁ ਮਾਲੀ,

ਕੀਰਤਿ ਗੁਰੁਨ ਸਕੇਲ ਵਿਸਾਲੀ,

ਗ੍ਰੰਥ ਬਨਾਵਨ ਬਾਗ ਲਗਾਯਹੁ,

ਤਰੁਵਰ ਗਨ ਅਧਜਾਯ ਸੁਹਾਯਹੁ,

ਛੰਦ ਅਨੇਕ ਪ੍ਰਕਾਰਨ ਸਾਖਾ,

ਤੁਕ ਬਹੁ ਪਤ੍ਰ ਸਘਨ ਸੁਭ ਭਾਖਾ,

ਗੁਣ ਗਣ ਤਿਨ ਮਹਿ ਸੁਮਨਸ ਫੂਲੇ,

ਅਰਥ ਸੁਫਲ ਯੁਤ ਭੂਖਨ ਝੂਲੇ,

ਸ਼ਾਂਤਿ ਰਸਾਦਿਕ ਰਸ ਜਿਨ ਮਾਹੀਂ,

ਕਸ਼੍ਰ ਘਾਮ ਹਤ ਛਾਯਾ ਤਾਹੀਂ,

ਪ੍ਰੇਮਵਾਰਿ ਤੇ ਸੇਚਨ ਕਰਤਾ,

ਢਿਗ ਨਹਿ ਹੋਯ ਮੋਹ ਪਸ਼ੁ ਹਰਤਾ,

ਅਸ ਉਪਬਨ ਮੇ ਜੋ ਨਰ ਬਾਸੇ,

ਮੋਖ ਸੁਗੰਧ ਸਦਾ ਤਿਨ ਪਾਸੇ. (ਨਾਪ੍ਰ)

ਬੀਤਗਈ ਮਮਤਾ ਰਜਨੀ

ਮਦ ਮੋਹ ਮਹਾਂ ਤਮ ਪੁੰਜ ਜੁਦੈ ਭਯੇ,

ਕਾਮਰੁ ਕੋਹ ਉਲੂਕ ਦੁਰੇ

ਸੁਚਿ ਸੰਤ ਬਿਬੇਕ ਸਰੋਜ ਮੁਦੈ ਭਯੇ,

ਸ਼ੇਖ਼ਰ ਤਾਰਾ ਅਲੋਕ ਅਥੈਗਯੇ

ਪੁੰਨ ਕੇ ਪੰਥ ਪ੍ਰਕਾਸ਼ ਨੁਦੈ ਭਯੇ,

ਸ਼੍ਰੀ ਹਰਿਰਾਇ ਗੁਰੂ ਜਬ ਤੈਂ

ਕਲਿਕਾਲ ਮੇ ਸੂਰਯਰੂਪ ਉਦੈ ਭਯੇ. (ਗੁਰੁਪੰਚਾਸ਼ਿਕਾ)

ਸੋਢਿਵੰਸ਼ ਸਾਗਰ ਤੋਂ ਉਦਿਤ ਅਖੰਡ ਅਤਿ
ਕਰਤ ਪ੍ਰਕਾਸ਼ ਨਿਸਿ ਵਾਸਰ ਅਮੰਦ ਹੈ,
ਸਕਲ ਕਲਾਨ ਪਰਿਪੂਰਨ ਰਹਿਤ ਅੰਕ
ਕੁਵਲੈ ਪ੍ਰਮੋਦਕ ਪ੍ਰਤੱਛ ਸੁਖਕੰਦ ਹੈ,
ਸ਼ੇਖਰ ਅਸ਼ੇਸ਼ ਤਮਗੁਨ ਕੋ ਹਰਤ ਹਠ
ਕਰਤ ਪ੍ਰਦੋਸ਼ ਦੂਰ ਦਲ ਦੁਖ ਦੁੰਦ ਹੈ,
ਵੰਦਨੀਯ ਵਿਸ਼੍ਵ ਕੋ ਵਿਰਾਜਤ ਅਨੰਦ ਭਰਯੋ
ਸ਼੍ਰੀ ਗੁਰੂ ਗੋਬਿੰਦਸਿੰਘ ਜੀ ਕੋ ਮੁਖ ਚੰਦ ਹੈ. (ਗੁਰੁਪੰਚਾਸ਼ਿਕਾ)

(ਅ) ਉਪਮੇਯ ਅਤੇ ਉਪਮਾਨ ਦੀ ਸਮਤਾ ਕਰਦੇ ਹੋਏ, ਇੱਕ ਦੀ ਵਿਸ਼ੇਸ਼ਤਾ ਪ੍ਰਗਟ ਕਰਨੀ "ਵਿਸ਼ੇਸ਼" ਰੂਪਕ ਹੈ.

ਉਦਾਹਰਣ-

ਐਸਾ ਹਰਿਧਨੁ ਸੰਚੀਐ, ਭਾਈ!
ਭਾਹਿ ਨ ਜਾਲੈ ਜਲਿ ਨਹੀ ਡੂਬੈ,
ਸੰਗੁ ਛੋਡਿ ਕਰਿ ਕਤਹੁ ਨ ਜਾਈ,
ਤੋਟਿ ਨ ਆਵੈ ਨਿਖੁਟਿ ਨ ਜਾਇ,
ਖਾਇ ਖਰਚਿ ਮਨੁ ਰਹਿਆ ਅਘਾਇ. (ਆਸਾ ਮਃ ੫)

ਪਾਂਸ਼ੁ ਪਰਾਗ ਸੀ ਸੋਹਤ ਸੁੰਦਰ
ਗੰਧਿ ਸੀ ਕੀਰਤਿ ਮੱਧ ਬਸਾਰਾ,
ਕੋਮਲ ਕੋਮਲਤਾ ਇਕ ਸੀ
ਨਿਰਲੇਪਤਾ ਸੀ ਨਿਰਲੇਪ ਸਮਾਨ,
ਜੋ ਭਵ ਭੂਰਿ ਭਰਾ ਸਰਸੀ
ਤਿਸ ਤੇ ਨਿਤ ਊਰਧ ਸੋ ਬਿਗਸ਼ਾਨਾ,
ਹੈਂ ਅਰਵਿੰਦ ਸੇ ਅੰਗਦ ਕੇ ਪਦ
ਸੌਖਦ ਏਕ ਵਿਸ਼ੇਸ਼ਤਾ ਜਾਨਾ. (ਨਾਪ੍ਰ)

ਬਰ ਕੀਰਤਿ ਜੌਨ ਅਮੀ ਰਤਿ ਭੌਨ
ਸੁ ਸੀਤਲਤਾ ਸੁਖ ਤੌਨ ਸੁਭਾਈ,
ਗਤਿ ਸਾਧਨ ਕੈਰਵ ਕੋ ਬਿਗਸਾਵਤ
ਦਾਸ ਰਿਦਾ ਨਭ ਬੀਚ ਸੁਹਾਈ,
ਤਪਤੰ ਦੁਖ ਤੀਰ ਨ ਆਵਤ ਹੈ

ਚਿਤ ਚਾਰੁ ਚਕੌਰ ਰਹੈ ਲਿਵ ਲਾਈ,

ਗੁਰੁ ਤੇਗਬਹਾਦੁਰ ਸੋਹਤ ਚੰਦ ਸੇ,

ਹੀਨ ਕਲੰਕ ਇਹੀ ਅਧਿਕਾਈ. (ਨਾਪ੍ਰ)

(ੲ) ਜੇ ਉਪਮੇਯ ਅਥਵਾ ਉਪਮਾਨ ਦੀ ਸਮਤਾ ਵਿੱਚ ਕੁਝ ਨ੍ਯੂਨਤਾ (ਕ਼ ਮੀ) ਵਰਣਨ ਕੀਤੀ ਜਾਵੇ, ਤਦ "ਨ੍ਯੂਨਰੂਪਕ" ਹੈ.

ਉਦਾਹਰਣ-

ਪੰਖਨ ਬਿਨਾ ਬਿਹੰਗ ਹੈਂ ਸ਼੍ਰੀ ਦਸ਼ਮੇਸ਼ ਤੁਰੰਗ.

ਰੂਪਕਲਾ: ਇਹ ਦਿੱਲੀ ਦੇ ਸ਼ਾਹੂਕਾਰ ਦੀ ਪੁਤ੍ਰੀ ਸੀ. ਬਾਦਸ਼ਾਹ ਸ਼ਾਹਜਹਾਂ ਦੇ ਪੰਜ ਹਜ਼ਾਰੀ ਮਨਸਬਦਾਰ ਜਮਾਲਖ਼ਾਨ ਨੇ ਇਸ ਨੂੰ ਆਪਣੀ ਔਰਤ ਬਣਾਇਆ. ਇੱਕ ਵਾਰ ਮੀਨਾ ਬਾਜ਼ਾਰ ਵਿੱਚ ਇਸ ਨੇ ਮਿਸ਼ਰੀ ਦਾ ਬਣਾਉਟੀ ਹੀਰਾ ਬਾਦਸ਼ਾਹ ਨੂੰ ਵਡੇ ਮੁੱਲ ਪੁਰ ਵੇਚਿਆ. ਅਰ ਆਪਣੀ ਸੁੰਦਰਤਾ ਦੇ ਕਾਰਣ ਸ਼ਾਹੀ ਮਹਲਾਂ ਵਿੱਚ ਹੀ ਉਮਰ ਵਿਤਾਈ. ਦਸਮਗ੍ਰੰਥ ਦੇ ੧੯੯ਵੇਂ ਚਰਿਤ੍ਰ ਵਿੱਚ ਇਸ ਦਾ ਕੁਝ ਜਿਕਰ ਆਇਆ ਹੈ.

ਰੂਪਕਾਤਿਸ਼ਯੋਕ੍ਤਿ: ਇੱਕ ਅਰਥਾਲੰਕਾਰ. (ਰੂਪਕ- ਨਕਲ, ਅਤਿਸ਼ਯ- ਬਹੁਤ, ਉਕਤਿ- ਕਥਨ). ਕੇਵਲ ਉਪਮਾਨ ਦਾ ਕਥਨ ਕਰਕੇ ਉਪਮੇਯ ਦਾ ਬੋਧ ਕਰਾਉਣਾ "ਰੂਪਕਾਤਿਸ਼ਯੋਕ੍ਤਿ" ਅਲੰਕਾਰ ਹੈ.

ਜਹਿ ਉਪਮਾ ਪਦ ਮੇ ਧਰ ਦੀਜੈ,

ਊਪਰ ਤੇ ਉਪਮੇਯ ਲਖੀਜੈ,

ਰੂਪਕਾਤਿਸ਼ਯੋਕ੍ਤੀਲੰਕਾਰ,

ਗੁਨਿਜਨ ਤਾਂਕੋ ਕਰਹਿ" ਉਚਾਰ. (ਗੁਰਬਗੰਜਨੀ)

ਉਦਾਹਰਣ-

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ,

ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ. (ਮਃ ੩. ਵਾਰ ਬਿਹਾ)

ਤੀਜੈ ਪਹਿਰੈ ਰੈਣਿਕੈ ਵਣਜਾਰਿਆ ਮਿਤ੍ਰਾ,

ਸਰਿ ਹੰਸ ਉਲਥੜੇ ਆਇ. (ਸ੍ਰੀ ਮਃ ੧. ਪਹਰੇ)

ਇੱਥੇ ਰਾਤ੍ਰੀ ਅਵਸਥਾ ਦਾ ਉਪਮਾਨ ਹੈ, ਸਰ ਦੇਹ ਦਾ, ਅਤੇ ਹੰਸ ਸਫੇਦ ਰੋਮਾਂ ਦਾ.

ਰੈਨਿ ਗਈ, ਮਤ ਦਿਨੁ ਭੀ ਜਾਇ,

ਭਵਰ ਗਏ ਬਗ ਬੈਠੇ ਆਇ,

ਕਾਚੈ ਕਰਵੈ ਰਹੈ ਨ ਪਾਨੀ,

ਹੰਸੁ ਚਲਿਆ ਕਾਇਆ ਕੁਮਲਾਨੀ, (ਸੂਹੀ ਕਬੀਰ)

ਇੱਥੇ ਰਾਤ੍ਰਿ ਤੋਂ ਯੁਵਾ ਅਵਸਥਾ, ਦਿਨ ਤੋਂ ਬੁਢਾਪਾ, ਭਵਰ ਤੋਂ ਕਾਲੇ ਕੇਸ਼, ਬਗ ਤੋਂ ਚਿੱਟੇ ਕੇਸ਼ਾਂ ਦਾ ਬੋਧ ਕਰਾਇਆ. ਐਸੇ ਹੀ ਕੱਚਾ ਮਟਕਾ ਬਿਨਸਨਹਾਰ ਸ਼ਰੀਰ ਦਾ ਅਤੇ ਹੰਸ ਜੀਵਾਤਮਾ ਦਾ ਉਪਮਾਨ ਹੈ.

ਮੀਨ ਮੁਰਝਾਨੇ ਕੰਜ ਖੰਜਨ ਖਿਸਾ ਨੇ ਅਲਿ

ਫਿਰਤ ਦਿਵਾਨੇ ਬਨ ਡੋਲੈਂ ਜਿਤ ਤਿਤ ਹੀ,

ਕੀਰ ਔ ਕਪੋਤ ਬਿੰਬ ਕੋਕਿਲਾ ਕਲਾਪੀ ਬਨ

ਲੂਟੇ ਫੂਟੇ ਫਿਰੈਂ ਮਨ ਚੈਨਹੁ ਨ ਕਿਤਹੀ. ××× (ਚੰਡੀ ੧)

ਇਸ ਕਬਿੱਤ ਵਿੱਚ ਮੀਨ ਕੰਜ ਖੰਜਨ ਨੇਤ੍ਰਾਂ ਦਾ ਉਪਮਾਨ, ਭੌਰੇ ਕਾਲੇ ਕੇਸ਼ਾਂ ਦਾ, ਤੋਤਾ ਨੱਕ ਦਾ, ਕਬੂਤਰ ਕੰਠ ਦਾ, ਬਿੰਬਫਲ ਹੋਠਾਂ ਦਾ, ਕੋਕਿਲਾ ਮੋਰ ਸੁਰ ਦਾ ਕਥਨ ਕਰਕੇ ਉਪਮੇਯ ਦਾ ਗਿਆਨ ਕਰਾਇਆ.

ਰੂਪਕੌਰ: ਇਹ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਾਲਿਤ ਪੁਤ੍ਰੀ ਸੀ. ਇਸ ਦਾ ਵਿਆਹ ਪਸਰੂਰ ਨਿਵਾਸੀ ਖੇਮਕਰਨ ਨਾਲ ਹੋਇਆ, ਜਿਸ ਤੋਂ ਅਮਰ ਸਿੰਘ ਜਨਮਿਆ. ਅਮਰਸਿੰਘ ਦੀ ਔਲਾਦ ਹੁਣ ਪਸਰੂਰ ਵਿੱਚ ਹੈ, ਅਰ ਬਨੂੜ ਪਾਸ ਦਯਾਲਪੁਰਾ ਪਿੰਡ ਰਿਆਸਤ ਪਟਿਆਲੇ ਵੱਲੋਂ ਜਾਗੀਰ ਹੈ. ਦੇਖੋ, ਦਯਾਲਪੁਰਾ ਸੋਢੀਆਂ.

ਰੂਪਕੰਨਿਆ: ਰੂਪਵਤੀ ਕਨ੍ਯਾ. "ਰੂਪਕੰਨਿਆ ਸੁੰਦਰਿ ਬੇਧੀ." (ਆਸਾ ਕਬੀਰ) ਭਾਵ- ਮੁਕਤਿ ਤੋਂ ਹੈ. ਦੇਖੋ, ਫੀਲੁ.

ਰੂਪਗਰਵਿਤਾ: ਕਾਵ੍ਯ ਅਨੁਸਾਰ ਉਹ ਨਾਯਿਕਾ, ਜਿਸ ਨੂੰ ਆਪਣੀ ਸੁੰਦਰ ਸ਼ਕਲ ਦਾ ਅਭਿਮਾਨ ਹੈ.

ਰੂਪਗ੍ਰਹ: ਸੰਗ੍ਯਾ- ਨੇਤ੍ਰ। ੨. ਰੂਪ ਦਾ ਗ੍ਯਾਨ.

ਰੂਪਘਨਾਙਰੀ, ਰੂਪਘਨਾਛਰੀ: ਦੇਖੋ, ਘਨਾਙਰੀ ਦਾ ਰੂਪ (ਅ).

ਰੂਪਚੰਦ: ਸਰਹਿੰਦ ਨਿਵਾਸੀ ਸ਼ਾਹੂਕਾਰ, ਜੋ ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਮਹਾਨ ਉਪਕਾਰੀ ਹੋਇਆ। ੨. ਦੇਖੋ, ਰੂਪਚੰਦ ਭਾਈ.

ਰੂਪਚੰਦ ਭਾਈ: ਪਿੰਡ ਵਡਾਘਰ (ਇਲਾਕਾ ਤਰਨਤਾਰਨ) ਦੇ ਵਸਨੀਕ ਆਕਲ ਸਿੱਖ ਨੇ ਅਨਜਾਣਪੁਣੇ ਵਿੱਚ ਤੁਕਲਾਣੀ ਦੇ ਵਸਨੀਕ ਸੁਲਤਾਨੀਏ ਸਾਦੇ ਦੇ ਪੋਤ੍ਰੇ ਸਾਧੂ (ਸੱਧੂ) ਨੂੰ ਆਪਣੀ ਪੁਤ੍ਰੀ ਸੂਰਤੀ ਵਿਆਹ ਦਿੱਤੀ. ਸਿੱਖ ਪੁਤ੍ਰੀ ਆਪਣੇ ਪਤਿ ਨੂੰ ਲੈਕੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਪਾਸ ਡਰੋਲੀ ਆਈ, ਗੁਰੂ ਸਾਹਿਬ ਨੇ ਸਾਧੂ ਨੂੰ ਸਿੱਖ ਬਣਾਇਆ ਅਰ ਗੁਰਮੁਖ ਪਦਵੀ ਬਖ਼ਸ਼ੀ. ਸਾਧੂ ਦੇ ਘਰ ਸੰਮਤ ੧੬੭੧ ਵਿੱਚ ਇੱਕ ਪੁਤ੍ਰ ਜਨਮਿਆ, ਜਿਸ ਨੂੰ ਸਤਿਗੁਰੂ ਦੇ ਹਜੂਰ ਲੈਕੇ ਮਾਤਾ ਪਿਤਾ ਪੁੱਜੇ. ਛੀਵੇਂ ਸਤਿਗੁਰੂ ਨੇ ਚਰਣਾਮ੍ਰਿਤ ਦੇਕੇ ਬਾਲਕ ਦਾ ਨਾਮ ਰੂਪਚੰਦ ਰੱਖਿਆ. ਇਹ ਮਹਾਤਮਾ ਵਡਾ ਕਰਣੀ ਵਾਲਾ ਹੋਇਆ. ਸਤਿਗੁਰੂ ਨੇ ਇਸ ਨੂੰ "ਭਾਈ" ਪਦ ਬਖ਼ਸ਼ਿਆ ਅਰ ਉਸ ਦੇ ਨਾਮ ਪੁਰ "ਭਾਈਰੂਪਾ" ਪਿੰਡ ਸੰਮਤ ੧੬੮੮ (ਸਨ ੧੬੩੧) ਵਿੱਚ ਆਬਾਦ ਕਰਵਾਇਆ, ਜੋ ਹੁਣ ਰਾਜ ਨਾਭੇ ਵਿੱਚ ਹੈ. ਉਸ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਨੇ ਇੱਕ ਖੰਡਾ ਅਤੇ ਲੰਗਰ ਵਰਤਾਉਣ ਲਈ ਇੱਕ ਕੜਛਾ ਭਾਈ ਰੂਪਚੰਦ ਨੂੰ ਪ੍ਰਦਾਨ ਕੀਤਾ. ਇਹ ਦੋਵੇਂ ਹੁਣ ਬਾਗੜੀਆਂ ਸਨਮਾਨ ਨਾਲ ਰੱਖੇ ਹੋਏ ਹਨ. ਰੂਪਚੰਦ ਜੀ ਦੇ ਸੁਪੁਤ੍ਰ ਪਰਮਸਿੰਘ ਅਤੇ ਧਰਮਸਿੰਘ ਨੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ ਅਤੇ ਸਤਿਗੁਰੂ ਦੀ ਸੇਵਾ ਵਿੱਚ ਹਾਜਿਰ ਰਹੇ. ਪਰਮਸਿੰਘ ਦੇ ਦੇਹਾਂਤ ਅਬਿਚਲਨਗਰ ਹੋਇਆ, ਅਰ ਧਰਮਸਿੰਘ ਗੁਰੂ ਸਾਹਿਬ ਦੀ ਆਗ੍ਯਾ ਨਾਲ ਘਰ ਵਾਪਿਸ ਆਇਆ.

ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਨੇ ਭਾਈ ਧਰਮ ਸਿੰਘ ਨੂੰ ਵਿਦਾ ਕਰਨ ਵੇਲੇ ਇੱਕ ਪਾਠ ਦਾ ਪੁਸਤਕ ਇੱਕ ਤਲਵਾਰ ਇੱਕ ਛੋਟੀ ਕਰਦ ਅਰ ਇੱਕ ਛੋਟਾ ਖੰਡਾ ਬਖ਼ਸ਼ੇ.[1113]

ਭਾਈ ਰੂਪਚੰਦ ਜੀ ਦਾ ਦੇਹਾਂਤ ਸਾਵਨ ਵਦੀ ੧. ਸੰਮਤ ੧੭੬੬ ਨੂੰ ਹੋਇਆ, ਜਿੱਥੇ ਉਨ੍ਹਾਂ ਦੀ ਸਮਾਧਿ ਹੈ ਉੱਥੇ "ਭਾਈ ਕੀ ਸਮਾਧ" ਨਾਮ ਦਾ ਪਿੰਡ ਜਿਲਾ ਫਿਰੋਜ਼ਪੁਰ ਵਿੱਚ ਵਸ ਗਿਆ ਹੈ.

ਭਾਈ ਰੂਪਚੰਦ ਜੀ ਦੇ- ਭਾਈ ਸਦਾਨੰਦ ਜੀ, ਮਹਾਨੰਦ ਜੀ, ਭਾਈ ਪਰਮਸਿੰਘ ਜੀ, ਭਾਈ ਸੂਰਤੀਆ ਜੀ, ਭਾਈ ਧਰਮਸਿੰਘ

---

[1113] ਤਲਵਾਰ ਹੁਣ ਜੀਂਦਪਤਿ ਪਾਸ ਸੰਗਰੂਰ ਹੈ ਅਤੇ ਬਾਕੀ ਵਸਤਾਂ ਭਾਈ ਸਾਹਿਬ ਬਾਗੜਿਆਂ ਪਾਸ ਹਨ.

ਜੀ, ਭਾਈ ਸੁਖਾਨੰਦ ਜੀ ਅਤੇ ਭਾਈ ਕਰਮਚੰਦ ਜੀ ਸੱਤ ਪੁਤ੍ਰ ਹੋਏ, ਮਹਾਨੰਦ ਕਰਮਚੰਦ ਆਦਿ ਦੀ ਸੰਤਾਨ ਭਾਈਰੂਪਾ, ਭਾਈ ਕੀ ਸਮਾਧ, ਨੇਹੀਆਂਵਾਲਾ, ਠੱਟੀ ਆਦਿਕ ਪਿੰਡਾਂ ਵਿੱਚ ਵਸਦੀ ਹੈ, ਪਰ ਸਭ ਤੋਂ ਮੁੱਖ ਗੱਦੀ ਲੰਗਰ ਭਾਈਰੂਪਾ ਅਤੇ ਬਾਗੜੀਆਂ ਹੈ.

ਬਾਗੜੀਆਂ ਦੀ ਗੱਦੀ ਦਾ ਸਿਲਸਿਲਾ ਇਉਂ ਹੈ::-

ਭਾਈ ਰੂਪਚੰਦ ਜੀ ਦੇਃ ੧੭੬੬
|
ਭਾਈ ਧਰਮਸਿੰਘ ਦੇਃ ੧੭੭੧
|
ਭਾਈ ਦਯਾਲਸਿੰਘ
|
ਭਾਈ ਗੁਦੜਸਿੰਘ ਦੇਃ ੧੮੨੩
×
ਭਾਈ ਬੀਰਸਿੰਘ
|
ਭਾਈ ਹਰਦਾਸਸਿੰਘ
|
ਭਾਈ ਮੋਹਰਸਿੰਘ ਦੇਃ ੧੮੭੩
×
ਭਾਈ ਬਹਾਦੁਰਸਿੰਘ ਦੇਃ ੧੯੦੪
|
ਭਾਈ ਸੰਪੂਰਨਸਿੰਘ ਦੇਃ ੧੯੧੯
|
ਭਾਈ ਨਰਾਯਨਸਿੰਘ ਦੇਃ ਸੰਮਤ ੧੯੪੬
×
ਜਃ ਸਨ ੧੮੭੪ ਭਾਈ ਅਰਜਨਸਿੰਘ ਜੀ (ਇਸ ਵੇਲੇ ਗੱਦੀਨਸ਼ੀਨ ਹਨ)
|
ਜਃ ਸਨ ੧੮੯੯ ਭਾਈ ਅਰਿਦਮਨਸਿੰਘ[1114]
|
ਜਃ ਸਨ ੧੯੨੦ ਭਾਈ ਹਰਿਧਨਸਿੰਘ

ਗੱਦੀ ਭਾਈ ਰੂਪਾ::-
ਭਾਈ ਰੂਪਚੰਦ
|
ਭਾਃ ਸੁਖਾਨੰਦ

[1114] ਭਾਈ ਰੂਪਚੰਦ ਦਾ ਵੰਸ਼ ਵਿੱਚ ਇਹ ਪਹਿਲੇ ਗ੍ਰੈਜੂਏਟ ਹਨ.

|

ਭਾਃ ਦਾਨਚੰਦ

|

ਭਾਃ ਗੁਰਬਖ਼ਸ਼

|

ਭਾਃ ਹਰਸਾ

|

ਭਾਃ ਨੌਧਸਿੰਘ

|

ਭਾਃ ਸੁਜਾਨਸਿੰਘ

|

ਭਾਃ ਜੀਵਨਸਿੰਘ

|

ਭਾਃ ਪ੍ਰੇਮਸਿੰਘ

|

ਭਾਃਦਰਗਾਹਾਸਿੰਘ

|

ਭਾਃ ਅਰਜਨਸਿੰਘ

ਰੂਪਦੀਪ: ਭਵਾਨੀਦਾਸ ਦੇ ਪੁਤ੍ਰ ਅਤੇ ਕ੍ਰਿਪਾਰਾਮ ਦੇ ਵੇਲੇ ਜਯਕ੍ਰਿਸ਼ਨ ਦਾ ਬਣਾਇਆ ਇੱਕ ਪਿੰਗਲ, ਜਿਸ ਵਿੱਚ ੫੨ ਛੰਦਾਂ ਦੇ ਰੂਪ ਲਿਖੇ ਹਨ. ਇਹ ਸੰਮਤ ੧੭੭੬ ਵਿੱਚ ਬਣਿਆ ਹੈ.

ਰੂਪਨਗਰ: ਦੇਖੋ, ਰੋਪਰ (ਰੋਪੜ)

ਰੂਪਮਾਲਾ: ਇੱਕ ਛੰਦ. ਇਸ ਦਾ ਨਾਮ "ਮਦਨ" ਭੀ ਹੈ. ਲੱਛਣ ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ ੧੪- ੧੦ ਵਿਸ਼੍ਰਾਮ ਅੰਤ ਗੁਰੁ ਲਘੁ.

ਉਦਾਹਰਣ-

ਕੂੜੁ ਰਾਜਾ ਕੂੜੁ ਪਰਜਾ, ਕੂੜੁ ਸਭੁ ਸੰਸਾਰੁ,

ਕੂੜੁ ਮੰਡਪ ਕੂੜ ਮਾੜੀ, ਕੂੜ ਬੇਸਣਹਾਰੁ. ×× (ਵਾਰ ਆਸਾ)

ਰੂਪਰਸ, ਰੂਪਰਾਸ: ਖ਼ਾ. ਨਮਕ. ਲੂਣ. ਰੂਪਯ (ਚਾਂਦੀ) ਜੇਹਾ ਚਿੱਟਾ ਰਸ. "ਕਛੁਕ ਰੂਪਰਸ ਪਾਵਨ ਕੀਨ." (ਗੁਪ੍ਰਸੂ) ਰਾਮਰੂਪ. ਦੇਖੋ, ਰੂਪ ੯. "ਰੂਪਰਾਮ ਤਿਹ ਜਾਨ." (ਸਃ ਮਃ ੯) ਰਾਮਰੂਪ ਤਿਸ ਨੂੰ ਜਾਣ.

ਰੂਪਲਾਲ: ਮਿੱਸਰ ਬੇਲੀਰਾਮ ਦਾ ਭਾਈ, ਮਹਾਰਾਜਾ ਰਣਜੀਤਸਿੰਘ ਦਾ ਨਾਮੀ ਅਹਿਲਕਾਰ, ਇਹ ਸਨ ੧੮੩੩ ਵਿੱਚ ਜਲੰਧਰ ਦਾ ਗਵਰਨਰ ਬਣਾਇਆ ਗਿਆ. ਰੂਪਲਾਲ ਨਾਲ ਪ੍ਰਜਾ ਬਹੁਤ ਪ੍ਰੇਮ ਕਰਦੀ ਸੀ.

ਰੂਪਵਾਨ, ਰੂਪਵੰਤ: ਵਿ- ਸ਼ਕਲ ਵਾਲਾ। ੨. ਖ਼ੂਬਸੂਰਤ "ਰੂਪਵੰਤ ਸੋ ਚਤੁਰ ਸਿਆਣਾ." (ਗਉ ਮਃ ੫)

ਰੂਪਵੰਤਿ: ਸੁੰਦਰ ਸ਼ਕਲ ਵਾਲੀ. ਰੂਪਵਤੀ. "ਰੂਪਵੰਤਿ ਸਾ ਸੁਘੜਿ ਬਿਚਖਣਿ." (ਮਾਝ ਮਃ ੫)

ਰੂਪਾ: ਸੰ. ਰੂਪਜ. ਚਾਂਦੀ. ਰੁਪਯਾ. "ਸੁਇਨਾ ਰੁਪਾ ਫੁਨਿ ਨਹੀ ਦਾਮ." (ਗਉ ਮਃ ੫) ੨. ਭਾਈ ਰੂਪਚੰਦ ਦਾ ਵਸਾਇਆ ਇੱਕ ਪਿੰਡ, ਜੋ ਨਾਭੇ ਦੀ ਫੂਲ ਨਜਾਮਤ ਵਿੱਚ ਹੈ, ਜਿਸ ਦਾ ਪੂਰਾ ਨਾਮ ਭਾਈਰੂਪਾ ਹੈ. ਇੱਥੇ ਭਾਈ ਰੂਪਚੰਦ ਦੀ ਔਲਾਦ ਹੈ, ਜੋ ਲੰਗਰ ਦੀ ਸੇਵਾ ਕਰਦੀ ਹੈ, ਅਰ ਰਿਆਸਤ ਵੱਲੋਂ ਮੁਆਫੀ ਹੈ. ਦੇਖੋ, ਰੂਪਚੰਦ ਭਾਈ.

ਰੂਪਾਜੀਵਾ: ਸੰ. ਵੇਸ਼੍ਯਾ. ਕੰਚਨੀ, ਜੋ ਆਪਣੇ ਰੂਪ ਦੇ ਆਸਰੇ ਗੁਜਾਰਾ ਕਰਦੀ ਹੈ.

ਰੂਪਾਂਤਰ: ਹੋਰ ਰੂਪ ਦੂਜੀ ਸ਼ਕਲ.

ਰੂਪਾਭਾਈ: ਕਲਸੀ ਗੋਤ ਦਾ ਤਖਾਣ, ਜੋ ਪਿੰਡ ਚੱਕ ਰਾਂਈਆਂ (ਤਸੀਲ ਦਸੂਹਾ ਜਿਲਾ ਹੁਸ਼ਿਆਰਪੁਰ) ਦਾ ਵਸਨੀਕ ਸੀ. ਇਹ ਗੁਰੂ ਨਾਨਕਦੇਵ ਦਾ ਸਿੱਖ ਹੋਇਆ, ਇਸ ਦੀ ਔਲਾਦ ਨੇ ਬੁੱਢੇ ਦਲ ਤੋਂ ਅਮ੍ਰਿਤ ਛਕਿਆ. ਹੁਣ ਇਸ ਦੀ ਵੰਸ਼ ਦੇ ਲੋਕ ਪਿੰਡ ਮੇਘੇਵਾਲ ਗੰਜਿਆਂ (ਜਿਲਾ ਹੁਸ਼ਿਆਰਪੁਰ) ਵਿੱਚ ਵਸਦੇ ਹਨ। ੨. ਦੇਖੋ, ਰੂਪਚੰਦ ਭਾਈ ਅਤੇ ਰੂਪਾ ੨.

ਰੂਪਾਵਤੀ: ਵਿ- ਸੁੰਦਰ ਰੂਪਵਾਲੀ. ਰੂਪਵਤੀ. "ਉਰਝਿ ਰਹਿਓ ਸਭ ਸੰਗ ਅਨੂਪ ਰੂਪਾਵਤੀ." (ਫੁਨਹੇ ਮਃ ੫)

ਰੂਪਿ: ਰੂਪ ਕਰਕੇ. ਦੇਖੋ, ਦਰਸਨਿ.

ਰੂਪੀ: ਰੂਪੀਂ. ਰੂਪਾਂ ਵਿੱਚ. "ਸਰਬੀ ਰੰਗੀ ਰੂਪੀ ਤੂਹੈ." (ਆਸਾ ਮਃ ੧) ੨. ਸੰ. रूपिन्. ਵਿ- ਰੂਪ ਵਾਲਾ। ੩. ਤੁੱਲ. ਸਦ੍ਰਿਸ਼. "ਤਰਵਰਰੂਪੀ ਰਾਮ ਹੈ ਫਲਰੂਪੀ ਬੈਰਾਗੁ." (ਸ. ਕਬੀਰ)

ਰੂਪੀਆ: ਵਿ- ਸ਼ਕਲ ਵਾਲਾ. ਦੇਖੋ, ਰੂਪ ੩.

ਰੂਪੈ: ਰੂਪ ਦੀ. "ਰੂਪੈ ਕਾਮੈ ਦੋਸਤੀ." (ਮਃ ੧. ਵਾਰ ਮਲਾ)

ਰੂਪੋਸ਼: ਫ਼ਾ. رُوپوش ਵਿ- ਜਿਸ ਨੇ ਆਪਣਾ ਚੇਹਰਾ ਲੁਕੋ ਲਿਆ ਹੈ. ਛੁਪਿਆ ਹੋਇਆ. ਲੁਕਿਆ.

ਰੂਪੋਪਜੀਵਨ: ਰੂਪ (ਸਾਂਗ) ਦਿਖਾਕੇ ਗੁਜਾਰਾ ਕਰਨ ਵਾਲਾ. ਬਹੁਰੂਪੀਆ. ਸਾਂਗੀ.

ਰੂਪੋਪਜੀਵਿਨੀ: ਵੇਸ਼੍ਯਾ. ਕੰਚਨੀ.

ਰੂਪ੍ਯ: ਸੰ. ਸੰਗ੍ਯਾ- ਸੁੰਦਰ ਬਣਾਉਣ ਲਈ ਜੋ ਤਾੜਿਆ ਜਾਵੇ, ਚਾਂਦੀ ਅਥਵਾ ਸੋਨਾ ਆਦਿ। ੨. ਭੂਸ਼ਣ. ਜ਼ੇਵਰ। ੩. ਰੁਪਯਾ. ਰਜਤਪਣ। ੪. ਵਿ- ਸੁੰਦਰ ਮਨੋਹਰ.

ਰੂਪ੍ਯਾਧ੍ਯਕ੍ਸ਼: ਟਕਸਾਲ ਦਾ ਅਫਸਰ, ਜਿਸ ਦੀ ਨਿਗਰਾਨੀ ਵਿੱਚ ਰੁਪਯੇ ਬਣਦੇ ਹਨ.

ਰੂਬਕਾਰ: ਫ਼ਾ. رُوبکار ਸੰਗ੍ਯਾ- ਕੰਮ ਵੱਲ ਮੁਖ। ੨. ਉਹ ਕਾਗਜ, ਜਿਸ ਪੁਰ ਹਾਕਿਮ ਦੇ ਸਾਮ੍ਹਣੇ ਹੁਕਮ ਲਿਖਿਆ ਜਾਵੇ.

ਰੂਬਰੂ: ਫ਼ਾ. رُوبرُو ਕ੍ਰਿ. ਵਿ- ਸਾਮ੍ਹਣੇ. ਸੰਮੁਖ. ਆਮ੍ਹੋ- ਸਾਮ੍ਹਣੇ.

ਰੂਬਾਹ: ਫ਼ਾ. رُوباہ ਸੰਗ੍ਯਾ- ਲੂਮੜੀ. ਲੋਮਸ਼ਾ.

ਰੂਬਾਹਪੇਚ: ਫ਼ਾ. رُوباہپیچ ਵਿ- ਲੂੰਬੜੀ ਵਾਂਙ ਪੇਚ ਖੇਡਣ ਵਾਲਾ. ਚਾਲਾਕ. ਛਲੀਆ. "ਨ ਦਾਨਮ ਕਿ ਈਂ ਮਰਦ ਰੂਬਾਹਪੇਚ." (ਜਫਰ).

ਰੂਬਾਨੀ: ਰੂ (ਚੇਹਰਾ) ਬਾਨੀ (ਵਰ੍ਣ). ਮੁਖ ਦਾ ਰੰਗ. "ਦਿਲ ਖਲਹਲੁ ਜਾਕੈ, ਜਰਦ ਰੂਬਾਨੀ." (ਭੈਰ ਕਬੀਰ) ਚੇਹਰੇ ਦੀ ਜ਼ਰਦ ਰੰਗਤ.

ਰੂਮ: ਅ਼. رُوم Rome ਕਿਸੇ ਵੇਲੇ ਰੂਮ ਦੀ ਸਲਤਨਤ ਮੈਡੀਟ੍ਰੇਨੀਅਨ ਸਾਗਰ ਦੇ ਆਲੇ ਦੁਆਲੇ ਦੂਰ ਦੂਰ ਤਕ ਫੈਲੀ ਹੋਈ ਸੀ. ਫੇਰ ਰਾਜਕਾਜ ਦਾ ਕੰਮ ਢਿੱਲਾ ਪੈਜਾਣ ਕਰਕੇ ਇਸ ਦੇ ਦੋ ਹਿੱਸੇ ਹੋਗਏ. ਇੱਕ ਪੂਰਬੀ ਸਲਤਨਤ ਰੂਮ, ਦੂਜਾ ਪੱਛਮੀ

ਸਲਤਨਤ ਰੂਮ. ਪੂਰਬੀ ਨੂੰ ਮੁਸਲਮਾਨਾਂ ਨੇ ਸੰਭਾਲਕੇ ਰਾਜਧਾਨੀ ਕੁਸਤੁਨਤੁਨੀਆ (Constantinople) ਥਾਪੀ. ਇਹ ਰੋਮ ਦਾ ਹੀ ਇੱਕ ਅੰਗ ਸੀ ਇਸ ਲਈ ਇਸ ਸਲਤਨਤ ਦਾ ਨਾਮ ਭੀ "ਰੂਮ" ਪ੍ਰਸਿੱਧ ਹੋਇਆ. "ਕਰਕੈ ਪ੍ਰੇਮ ਰੂਮ ਲਗ ਗਯੋ." (ਨਾਪ੍ਰ) ੨. ਪੱਛਮੀ ਸਲਤਨਤ ਦੀ ਰਾਜਧਾਨੀ Rome ਹੈ, ਜੋ ਇਟਲੀ (Italy) ਦਾ ਪ੍ਰਧਾਨ ਨਗਰ ਹੈ. ਰੋਮ ਬਹੁਤ ਪੁਰਾਣਾ ਸ਼ਹਰ ਹੈ. ਇੱਥੇ ਰੋਮਨਕੈਥੋਲਿਕ ਚਰਚ ਦਾ ਮੁਖੀਆ ਪੋਪ (Pop) ਰਹਿੰਦਾ ਹੈ, ਜਿਸ ਦਾ ਹੁਣ ਭੀ ਵਡਾ ਮਾਨ ਹੈ. ਸਨ ੧੯੭੧ ਤੋਂ ਰੋਮ ਵਰਤਮਾਨ ਇਟਲੀ ਸਲਤਨਤ ਦੀ ਤਖ਼ਤਗਾਹ ਹੈ. ਇਸ ਦੀ ਆਬਾਦੀ ੫੯੦, ੫੬੦ ਹੈ। ੩. ਰੂੰ. ਰੂਈ. ਤੂਲ. "ਤਹਿ" ਇਕ ਰੂਮ ਧੁਨਖਤੇ ਲਹਾ." (ਦੱਤਾਵ)

ਰੂਮਾਲ: ਦੇਖੋ, ਰੁਮਾਲ.

ਰੂਮੀ: ਰੂਮਦੇਸ਼ ਦਾ ਵਸਨੀਕ, ਅਥਵਾ ਰੂਮ ਦੀ ਵਸਤੁ.

"ਰੂਮੀ ਤਲੇ ਡਾਰਕੈ ਲਾਲ ਅਤਲਸੈਂ." (ਕ੍ਰਿਸਨਾਵ)

ਰੂਪੀ ਜੰਗੀ: ਰੂਪ ਦਾ ਵਸਨੀਕ ਅਤੇ ਜ਼ੰਗ (ਜ਼ੰਗਬਾਰ) ਦੇ ਰਹਿਣ ਵਾਲਾ. ਭਾਵ ਗੋਰਾ ਅਤੇ ਕਾਲਾ. ਫਾਰਸੀ ਦੇ ਕਵੀ ਇਸ ਇਕੱਠੇ ਸ਼ਬਦ ਨੂੰ ਇਸੇ ਭਾਵ ਵਿੱਚ ਵਰਤਦੇ ਹਨ. ਦੇਖੋ, ਜ਼ਿੰਦਗੀਨਾਮਾ- "ਹਰਕਸੇ ਕੋ ਬਾ ਖ਼ੁਦਾ ਹਮਰੰਗ ਸ਼ੁਦ। ਵਸਫ਼ੇ ਓ ਦਰ ਮੁਲਕੇ ਰੂਮੋ ਜ਼ੰਗ ਸ਼ੁਦ." ਭਾਈ ਗੁਰਦਾਸ ਜੀ ਨੇ ਭੀ ਇਸੇ ਅਰਥ ਵਿੱਚ ਇਹ ਸ਼ਬਦ ਲਿਖੇ ਹਨ- "ਰੂਮੀ ਜੰਗੀ ਦੁਸਮਨ ਦਾਰਾ."

ਰੂਰ: ਵਿ- ਉੱਤਮ. ਸੰ. ਰੁਚਿਰ. "ਰੂਰ ਮ੍ਰਯਾਦ ਚਲਾਈ." (ਗੁਪ੍ਰਸੂ) ੨. ਸੰ. ਤੱਤਾ. ਗਰਮ.

ਰੂਰਹਿ: ਰੁਲਹਿ. ਰੁਲਦਾ ਹੈ. ਦੇਖੋ, ਰੁਲਣਾ. "ਰਜ ਰੂਰਹਿਗੇ." (ਕਲਕੀ) ਗਰਦ ਵਿੱਚ ਰੁਲਨਗੇ.

ਰੂਰਾ, ਰੂਰੀ: ਸੋਨ੍ਹਾ- ਸੋਨ੍ਹੀ. ਸੁੰਦਰ. ਰੁਚਿਰ. "ਪਰੇ ਧਰ ਊਪਰ ਲਾਗਤ ਰੂਰੇ." (ਕ੍ਰਿਸਨਾਵ)

ਰੂਲਣਾ, ਰੂਲਨਾ: ਦੇਖੋ, ਰੁਲਨਾ। ੨. ਮਿਲਣਾ. "ਗੰਗਾ ਕੈਸੀ ਧਾਰ ਚਲੀ ਸਾਤੋ ਸਿੰਧੁ ਰੂਲਕੇ." (ਅਕਾਲ) "ਹਰਿ, ਤੁਧ ਵਿਣੁ ਖਾਕੁ ਰੂਲਣਾ." (ਮਾਝ ਮਃ ੫. ਦਿਨਰੈਣ) "ਧਰ ਸੰਗਿ ਰੂਲਿਆ." (ਗਉ ਮਃ ੫) "ਮਾਟੀ ਸੰਗਿ ਰੂਲੇ." (ਸੂਹੀ ਕਬੀਰ)

ਰੂੜ, ਰੂੜਉ, ਰੂੜਾ: ਪ੍ਰਸਿੱਧ ਅਤੇ ਸ੍ਰੇਸ਼੍ਰ. ਦੇਖੋ, ਰੂਢ ੩. ਅਤੇ ੫. "ਰੂੜਉ ਠਾਕੁਰ ਨਾਨਕਾ." (ਮਃ ੧. ਵਾਰ ਮਲਾ) "ੜਾੜੈ ਰੂੜਾ ਹਰਿ ਜੀਉ ਸੋਈ." (ਓਅੰਕਾਰ) ੨. ਦੇਖੋ, ਰੂਢ ੫. "ਘਰ ਕਾ ਕਾਜੁ ਨ ਜਾਣੀ ਰੂੜਾ." (ਸੂਹੀ ਮਃ ੫) ੩. ਦੇਖੋ, ਰੂਢ ੬. "ਮੂੜ ਰੂੜ ਪੀਟਤ, ਨ ਗੂੜਤਾ ਕੋ ਭੇਦ ਪਾਵੈਂ" (ਅਕਾਲ) ਮੂਰਖ ਲੋਕ ਬਿਨਾ ਅਰਥ ਭੇਦ ਪਾਵੈਂ." (ਅਕਾਲ) ਮੂਰਖ ਬਿਨਾ ਅਰਥ ਜਾਣੇ ਤੋਤੇ ਵਾਕਰ ਨਾਮ ਜਪਦੇ ਹਨ, ਗੁਪਤ ਸਿੱਧਾਂਤ ਨਹੀਂ ਪਾਉਂਦੇ। ੪. ਦੇਖੋ, ਰੂੜੋ.

ਰੂੜੀ: ਦੇਖੋ, ਰੂਢਿ. "ਰੂੜੋ ਠਾਕੁਰ ਮਾਹਰੋ, ਰੂੜੀ ਗੁਰਬਾਣੀ." (ਆਸਾ ਅਃ ਮਃ ੧) "ਰੂੜੀਬਾਣੀ ਹਰਿ ਪਾਇਆ." (ਓਅੰਕਾਰ) ੩. ਸੰ. ਸਾਰੁਣਤ- ਮਾਰੁੰਡ. ਉਹ ਥਾਂ, ਜਿੱਥੇ ਗੋਬਰ ਫੈਲਾਇਆ ਜਾਵੇ. ਕਈ ਵਿਦ੍ਵਾਨ ਰੂਢ ਸ਼ਬਦ ਤੋਂ ਰੂੜੀ ਮੰਨਦੇ ਹਨ, ਅਰਥਾਤ ਜੋ ਰੋਜ਼ ਵਧਦੀ ਰਹਿੰਦੀ ਹੈ.

ਰੂੜੋ, ਰੂੜੌ: ਦੇਖੋ, ਰੂਢ। ੨. ਸਿੰਧੀ ਅਤੇ ਡਿੰਗ- ਰੂੜੋ. ਹੱਛਾ. ਉੱਤਮ. "ਰੂੜਉ ਕਹਉ, ਨ ਕਹਿਆ ਜਾਈ." (ਆਸਾ ਅਃ ਮਃ ੧) ੩. ਆਰੂਢਿਤ. ਸਵਾਰ ਹੋਇਆ.

ਰੇ: ਵ੍ਯ- ਸੰਬੋਧਨ. ਓ. ਅਰੇ. "ਰੇ ਨਰ! ਇਹ ਸਾਚੀ ਜੀਆ ਧਾਰਿ." (ਸੋਰ ਮਃ ੯) ੨. ਅਨਾਦਰ ਬੋਧਕ ਸ਼ਬਦ. "ਰੇ ਰੇ ਦਰਗਹ ਕਹੈ ਨ ਕੋਊ." (ਬਾਵਨ)

ਰੇਉੜੀ: ਸੰਗ੍ਯਾ- ਗੁੜ ਖੰਡ ਦੀ ਚਾਸ਼ਨੀ ਤੋਂ ਲੇਸਦਾਰ ਕਵਾਮ ਬਣਾਕੇ ਟੁੱਕੀ ਹੋਈ ਟਿੱਕੀ, ਜਿਸ ਪੁਰ ਤਿਲ ਚਿਪਕੇ ਹੁੰਦੇ ਹਨ। ੨. ਹਰਟ ਦੀ ਮਾਲ ਨਾਲ ਟਿੰਡ ਬੰਨ੍ਹਣ ਦੀ ਲੱਕੜ ਦੀ ਗੁੱਲੀ.

ਰੇਆਨ: ਅ. ریّان ਰੱਯਾਨ. ਸੁਰਗ ਦਾ ਦਰਵਾਜ਼ਾ.

ਰੇਸ਼: ਫ਼ਾ. ریش ਸੰਗਯਾ- ਘਾਉ. ਜ਼ਖ਼ਮ. ਫੱਟ। ੨. ਵਿ- ਘਾਇਲ ਫੱਟੜ.

ਰੇਸ਼ਮ: ਫ਼ਾ. ریشم ਸੰਗਯਾ- ਪੱਟ. ਚਿਨਾਂਸ਼ੁਕ.

ਰੇਸ਼ਮੀ: ਫ਼ਾ. ریشمی ਵਿ- ਰੇਸ਼ਮ (ਪੱਟ) ਦਾ ਬਣਾਇਆ ਹੋਇਆ. ਚੀਨਾਂਸ਼ੁਕ.

ਰੇਸ਼ਾ: ਫ਼ਾ. ریشہ ਸੰਗਯਾ- ਤਾਰ. ਤੰਤੁ. ਤੰਦ। ੨. ਰਗ। ੩. ਪੰਜਾਬੀ ਵਿੱਚ ਰੇਜਿਸ਼ ਦਾ ਸੰਖੇਪ.

ਰੇਹ: ਸੰਗਯਾ- ਰੇਹੀ. ਕੱਲਰ. ਸ਼ੋਰ। ੨. ਖਾਤ. ਪਾਂਸ. Manure

ਰੇਹਲ: ਅ਼. رحل ਰਿਹ਼ਲ. ਸੰਗਯਾ- ਪੁਸਤਕ ਰੱਖਣ ਦੀ ਟਿਕਟਿਕੀ, ਜੋ ਇਕੱਠੀ ਹੋਜਾਂਦੀ ਹੈ। ੨. ਉੱਠ ਦਾ ਪਲਾਣ.

ਰੇਹੀ: ਦੇਖੋ, ਰੇਹ। ੨. ਖ਼ਾਕ. ਮਿੱਟੀ. "ਹੁਇ ਦੁਰਗੰਧ ਸੁਗੰਧਹੁ ਰੇਹੀ." (ਭਾਗੁ)

ਰੇਕ: ਸੰ. ਸ਼ੰਕਾ। ੨. ਨੀਚ ਪੁਰਖ। ੩. ਵਿਰੇਚਨ. ਦਸ੍ਤ ਲਾਉਣਾ. ਜੁਲਾਬ ਦੇਣਾ। ੪. ਡੱਡੂ. ਮੇਂਡਕ.

ਰੇਕਣ: ਸੰ. ਸੋਨਾ. ਸੁਵਰਣ.

ਰੇਖ: ਸੰ. ਰੇਖਾ. ਸੰਗਯਾ- ਲਕੀਰ. ਲੀਕ. "ਕਜਲ ਰੇਖ ਨ ਸਹਿਦਿਆ." (ਸ. ਫਰੀਦ) ੨. ਹੱਥ ਪੈਰ ਆਦਿ ਅੰਗਾਂ ਦੀਆਂ ਲੀਕਾਂ, ਜਿਨ੍ਹਾਂ ਦੇ ਸਾਮੁਦ੍ਰਿਕ ਅਨੁਸਾਰ ਅਨੇਕ ਸ਼ੁਭ ਅਸ਼ੁਭ ਫਲ ਮੰਨੇ ਹਨ. "ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ." (ਜਾਪੁ)

ਰੇਖ਼ਤਨ: ਫ਼ਾ. ریختن ਕ੍ਰਿ- ਡੋਲ੍ਹਣਾ. ਵੀਟਣਾ। ੨. ਢਾਲਣਾ। ੩. ਹੱਲਾ ਕਰਨਾ.

ਰੇਖਤਾ: ਫ਼ਾ. ریختہ ਰੇਖ਼ਤਹ. ਵਿ- ਡੋਲ੍ਹਿਆ ਹੋਇਆ। ੨. ਢਾਲਿਆ ਹੋਇਆ। ੩. ਸੰਗਯਾ- ਚੂਨਾ. ਗਚ. ਸੀਮੇਂਟ. "ਲਾਇ ਰੇਖਤਾ ਦ੍ਰਿੜ੍ਹ ਕਰਵਾਈ." (ਗੁਪ੍ਰਸੂ) ੪. ਪ੍ਰਾਕ੍ਰਿਤ ਭਾਸ਼ਾ ਦੀ ਕਵਿਤਾ ਖਾਸ ਕਰਕੇ ਫਾਰਸੀ ਹਿੰਦੀ ਪਦ ਜਿਸ ਛੰਦ ਵਿੱਚ ਮਿਲੇ ਹੋਣ, ਉਸ ਦੀ ਇਹ ਸੰਗਯਾ- ਹੈ. ਇਸੇ ਨੇਮ ਅਨੁਸਾਰ ਪਹਿਲੇ ਚੰਡੀ ਚਰਿਤ੍ਰ ਦੇ ਕਬਿੱਤ (ਮਨਹਰ) ਨੂੰ ਰੇਖਤਾ ਲਿਖਿਆ ਹੈ, ਯਥਾ-

ਕਰੀ ਹੈ ਹਰੀਕਤ ਮਾਲੂਮ ਖੁਦ ਦੇਵੀ ਸੇਤੀ

ਲੀਆ ਮਹਿਖਾਸੁਰ ਹਮਾਰਾ ਛੀਨ ਧਾਮ ਹੈ,

ਕੀਜੈ ਸੋਈ ਮਾਤ ਬਾਤ ਤੁਮ ਕੋ ਸੁਹਾਤ, ਸਭ

ਸੇਵਕ ਕਦੀਮ ਤਕ ਆਏ ਤੇਰੀ ਸਾਮ ਹੈ,

ਦੀਜੈ ਬਾਜ਼ ਦੇਸ਼ ਹਮੈ ਮੇਟੀਐ ਕਲੇਸ਼ ਲੇਸ਼

ਕੀਜੀਐ ਅਭੇਸ ਉਨੈ ਬਡੋ ਯਹ ਕਾਮ ਹੈ,

ਕੂਕਰ ਕੋ ਮਾਰਤ ਨ ਕੋਊ ਨਾਮ ਲੈਕੇ, ਤਾਹਿ"

ਮਾਰਤ ਹੈਂ ਤਾਂਕੋ ਲੈਕੇ ਖਾਵੱਦ ਕੋ ਨਾਮ ਹੈ.

(ਅ) ਬਾਵਾ ਸੁਮੇਰਸਿੰਘ ਜੀ ਨੇ "ਗੁਰੁਪਦਪ੍ਰੇਮ ਪ੍ਰਕਾਸ਼" ਵਿੱਚ ੪੮ ਮਾਤ੍ਰਾ ਦਾ ਰੇਖ਼ਤਾ ਲਿਖਿਆ ਹੈ, ਵਾਸਤਵ ਵਿੱਚ ਇਹ "ਇੰਦੁਮਣੀ" ਛੰਦ ਹੈ. ਇੰਦੁਮਣੀ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੪੮ ਮਾਤ੍ਰਾ, ਬਾਰਾਂ ਬਾਰਾਂ ਮਾਤ੍ਰਾ ਪੁਰ ਚਾਰ ਵਿਸ਼੍ਰਾਮ, ਹਰੇਕ ਵਿਸ਼੍ਰਾਮ ਦੇ ਅੰਤ ਗੁਰੁ.

ਉਦਾਹਰਣ-

ਜਹਿ" ਦੇਗ ਤੇਗ ਹੋਈ, ਤਹਿ" ਕਰਾਮਾਤ ਜੋਈ,

ਮਨ ਕਪਟ ਧਾਰ ਸੋਈ, ਬੋਲੰਤ ਬੈਨ ਪੈਨਾ,

ਭਾਜਯੋ ਤਬੈ ਸਰੰਦੀ, ਜਿੰਹ ਜੀਅ ਚਾਹ ਮੰਦੀ,

ਕਾਯਰ ਕੁਪੂਤ ਗੰਦੀ, ਮਲਮੂਤ ਮਾਨ ਰੈਨਾ,

ਸਤਿਗੁਰੁ ਕ੍ਰਿਪਾਨਿਧਾਨਾ, ਛੋਰਯੋ ਭਜਯੋ ਪਠਾਨਾ,

ਨਿਤ ਹਰਖ ਸ਼ੋਕ ਹਾਨਾ, ਇਕ ਬਿਰਤਿ ਚਿੱਤ ਦੈਨਾ,

ਜਿਹ ਨਾਮ ਲੈਤ ਜਮ ਕਾ, ਨਹਿ ਰਹਿਤ ਮੋਹ ਭ੍ਰਮ ਕਾ,

ਛੂਟਤ ਕਲੇਸ਼ ਰਮਕਾ, ਉਪਜੰਤ ਸ਼ਾਂਤਿ ਐਨਾ.

(ੲ) ਬਾਬੂ ਜਗੰਨਾਥ (ਭਾਨੁ) ਜੀ ਨੇ "ਦਿਗਪਾਲ" ਛੰਦ ਦਾ ਹੀ ਰੂਪਾਂਤਰ ਰੇਖਤਾ ਲਿਖਿਆ ਹੈ.

ਰੇਖਾ: ਦੇਖੋ, ਰੇਖ. "ਫੇਰਿ ਭਰਮ ਕੀ ਰੇਖਾ." (ਸਾਰ ਮਃ ੫) ਭ੍ਰਮ ਦੀ ਲੀਕ ਮੇਟਕੇ। ੨. ਚਿਤ੍ਰਲੇਖਾ ਦੀ ਥਾਂ ਭੀ ਰੇਖਾ ਸ਼ਬਦ ਵਰਤਿਆ ਹੈ- "ਤਬ ਰੇਖਾ ਕਹਿ" ਬੋਲ ਪਠਾਇਸ." (ਚਰਿਤ੍ਰ ੧੪੨) ਦੇਖੋ, ਚਿਤ੍ਰਲੇਖਾ.

ਰੇਖਾ ਗਣਿਤ: ਹਿਸਾਬ ਦਾ ਉਹ ਹਿੱਸਾ, ਜਿਸ ਦਾ ਰੇਖਾ ਦ੍ਵਾਰਾ ਸਿੱਧਾਂਤ ਕਾਇਮ ਕੀਤਾ ਜਾਵੇ. ਉਕ਼ਲੈਦਸ. Geometry.

ਰੇਖਿਆ: ਰੇਖਾ. "ਤਿਸੁ ਰੂਪ ਨ ਰੇਖਿਆ ਕਾਈ." (ਆਸਾ ਛੰਤ ਮਃ ੪) ੨. ਵਿ ਅੰਕਿਤ. ਉਲੀਕਿਆ.

ਰੇਗ: ਰੇਖ. ਰੇਖਾ. ਲੀਕ। ੨. ਪਗਡੰਡੀ। ੩. ਮਾਰਗ. ਰਾਹ। ੪. ਫ਼ਾ. ریگ ਰੇਤਾ. ਬਾਲੂ.

ਰੇਂਗਨਾ: ਰੁੜ੍ਹਨਾ. ਦੇਖੋ, ਰਿੰਗਣ. "ਆਗੇ ਹੀ ਰੇਂਗ ਚਲੇ ਹਠਕੈ ਭਟ" (ਰਾਮਾਵ) ਘਾਯਲ ਯੋਧਾ ਰੁੜ੍ਹਕੇ ਅੱਗੇ ਨੂੰ ਹੀ ਵਧੇ.

ਰੇਗਮਾਹੀ: ਰੇਤੇ ਦੀ ਮੱਛੀ. ਇੱਕ ਕਿਰਲੇ ਦੀ ਜਾਤਿ. ਵੈਦ ਹਕੀਮ ਇਸ ਦਾ ਤਲ ਆਦਿ ਕਈ ਦਵਾਈਆਂ ਵਿੱਚ ਵਰਤਦੇ ਹਨ. Lacerta Scincus

ਰੇਗਮਾਲ: ਰੇਤੇ ਨਾਲ ਮਲਣ ਦੀ ਕ੍ਰਿਯਾ. ਰੇਤੀਲੇ ਕਾਗਜ (Sand- paper) ਨਾਲ ਮਲਕੇ ਸਾਫ ਕਰਨਾ ਅਤੇ ਚਮਕਾਉਣਾ.

ਰੇਗਿ: ਰੇਗ (ਰਾਹ) ਵਿੱਚ. ਦੇਖੋ, ਰੇਗ ੩. "ਸੂਧੇ ਸੂਧੇ ਰੇਗਿ ਚਲਹੁ ਤੁਮ." (ਬਿਲਾ ਕਬੀਰ)

ਰੇਗਿਸ੍ਤਾਨ: ਫ਼ਾ. ریگستان ਸੰਗਯਾ- ਰੇਤਲਾ ਦੇਸ਼ (A Sandy desert)

ਰੇਚ, ਰੇਚਕ, ਰੇਚਨ: ਸੰਗਯਾ- ਅੰਤੜੀ ਤੋਂ ਮਲ ਰਿਗਾਉਣ ਵਾਲੀ ਦਵਾ. ਦਸ੍ਤਾਵਰ ਔਖਧਿ. ਦੇਖੋ, ਰਿਚਕ ੨। ੨. ਯੋਗਮਤ ਅਨੁਸਾਰ ਪ੍ਰਾਣਾਯਮ ਸਮੇਂ ਰੁਕੇ ਹੋਏ ਸ੍ਵਾਸਾਂ ਨੂੰ ਬਾਹਰ ਕੱਢਣਾ. "ਪੂਰਕ ਕੁੰਭਕ ਰੇਚ ਕਰੇਹੀਂ." (ਭਾਗੁ) "ਰੇਚਕ ਪੂਰਕ ਕੁੰਭ ਕਰੈ." (ਪ੍ਰਭਾ ਅਃ ਮਃ ੧) ਸੰਗੀਤਮਤ ਅਨੁਸਾਰ ਨ੍ਰਿਤ੍ਯ ਸਮੇਂ ਅੰਗਾਂ ਦਾ ਪ੍ਰਸਾਰਣ (ਫੈਲਾਉਣਾ) ਹੈ.

ਰੇਜ਼: ਫ਼ਾ. ریز ਇਹ ਰੇਖ਼ਤਨ ਦਾ ਅਮਰ ਹੈ. ਗਿਰਾ. ਡੋਲ੍ਹ। ੨. ਵਿ- ਗਿਰਾਣ ਵਾਲਾ. ਬਖੇਰਨ ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਗੌਹਰਰੇਜ਼ (ਮੋਤੀ ਵਸਾਉਣ ਵਾਲਾ).

ਰੇਜਸ਼: ਦੇਖੋ, ਨਜਲਾ.

ਰੇਜ਼ਗੀ: ਫ਼ਾ. ریزگی ਸੰਗਯਾ- ਖੰਡ ਖੰਡ ਹੋਣ ਦਾ ਭਾਵ। ੨. ਰੁਪਯੇ ਆਦਿ ਦੀ ਭਾਨ.

ਰੇਜ਼ਦ: ਫ਼ਾ. ریزد ਗਿਰਾਵੇਗਾ. ਗਿਰਾਂਉਂਦਾ ਹੈ. ਗਿਰਾਵੇ.

ਰੇਜ਼ਰੇਜ਼: ਫ਼ਾ. ریزریز ਟੂਕ ਟੂਕ ਖੰਡ ਖੰਡ.

ਰੇਜ਼ਾ: ਫ਼ਾ. ریزہ ਸੰਗਯਾ- ਟੁਕੜਾ. ਭੋਰਾ। ੨. ਖੰਡ. ਹਿੱਸਾ. ਭਾਗ। ੩. ਛੋਟਾ ਥਾਨ. "ਸੂਤ ਕਾਤ ਸੁੰਦਰ ਇਕ ਰੇਜਾ। ਮਾਤ ਤਾਯੋ ਪ੍ਰੇਮ ਸਮੇਜਾ ॥" (ਗੁਵਿ ੬) ੪. ਵਿ- ਤਨਿਕ ਥੋੜਾ. "ਹਾਥ ਪਸਾਰ ਨ ਸਾਕਤ ਰੇਜਾ." (ਰਘੁਰਾਜ)

ਰੇਜ਼ਿਸ਼: ਫ਼ਾ. ریزش ਸੰਗਯਾ- ਟਪਕਣ (ਚੁਇਣ) ਦਾ ਭਾਵ। ੨. ਦੇਖੋ, ਨਜਲਾ.

ਰੇਠੜਾ, ਰੇਠਾ: ਦੇਖੋ, ਰੀਠਾ.

ਰੇਣ, ਰੇਣਕਾ, ਰੇਣਾ, ਰੇਣਾਰ, ਰੇਣਾਰੁ, ਰੇਣੁ: ਸੰ. ਸੰਗਯਾ- ਰੇਣੁ. ਰਜ. ਧੂਲਿ. ਧੂੜ. "ਸਗਲ ਕੀ ਰੇਣ ਜਾਕਾ ਮਨ ਹੋਇ." (ਸੁਖਮਨੀ) "ਨਾਨਕੁ ਜਾਚੈ ਸੰਤ ਰੇਣਾਰੁ." (ਧਨਾ ਮਃ ੫) ੨. ਫੁੱਲਾਂ ਦੀ ਮਕਰੰਦ. Pollen। ੩. ਡਿੰਗ- ਰੇਣਕਾ. ਪ੍ਰਿਥਿਵੀ. ਜ਼ਮੀਨ. ਰੇਣਾ ਸ਼ਬਦ ਭੀ ਡਿੰਗਲ ਭਾਸ਼ਾ ਵਿੱਚ ਪ੍ਰਿਥਿਵੀ ਬੋਧਕ ਹੈ.

ਰੇਣੁਕਾ: ਸੰ. ਸੰਗਯਾ- ਰੇਣੁ. ਧੂਲਿ. "ਸਾਧੂ ਕੀ ਹੋਹੁ ਰੇਣੁਕਾ." (ਸ੍ਰੀ ਮਃ ੫) "ਸੰਤ ਜਨਾ ਕੀ ਰੇਣੁਕਾ, ਲੈ ਮਾਥੇ ਲਾਵਉ." (ਬਿਲਾ ਮਃ ੫) ੨. ਪ੍ਰਿਥਿਵੀ। ੩. ਰੇਣੂ (ਪ੍ਰਸੇਨਜਿਤ) ਦੀ ਪੁਤ੍ਰੀ. ਜਮਦਗਨਿ ਦੀ ਵਹੁਟੀ ਅਤੇ ਪਰਸ਼ੁਰਾਮ ਦੀ ਮਾਤਾ. ਇੱਕ ਵਾਰ ਰਾਜਾ ਚਿਤ੍ਰਰਥ ਦਾ ਨਦੀ ਕਿਨਾਰੇ ਭੋਗ ਵਿਲਾਸ ਦੇਖਕੇ ਰੇਣੁਕਾ ਦਾ ਮਨ ਵਿਕਾਰੀ ਹੋਗਿਆ, ਇਸ ਪੁਰ ਜਮਦਗਨਿ ਨੇ ਆਪਣੇ ਪੁਤ੍ਰਾਂ ਨੂੰ ਹੁਕਮ ਦਿੱਤਾ ਕਿ ਰੇਣੁਕਾ ਦਾ ਸਿਰ ਵੱਢ ਦਿਓ. ਹੋਰ ਪੁਤ੍ਰਾਂ ਨੇ ਤਾਮੀਲ ਕਰਨ ਤੋਂ ਨਾਂਹ ਕੀਤੀ, ਪਰ ਪਰਸ਼ੁਰਾਮ ਨੇ ਮਾਂ ਦਾ ਸਿਰ ਵੱਢ ਦਿੱਤਾ. ਇਸ ਪੁਰ ਪਿਤਾ ਨੇ ਪੁਤ੍ਰ ਨੂੰ ਪ੍ਰਸੰਨ ਹੋਕੇ ਆਖਿਆ ਕਿ ਵਰ ਮੰਗ. ਪਰਸ਼ੁਰਾਮ ਨੇ ਮਾਤਾ ਰੇਣੁਕਾ ਲਈ ਫੇਰ ਜੀਵਨ ਦਾ ਵਰ ਮੰਗਿਆ, ਜੋ ਜਮਦਗਨਿ ਨੇ ਦਿੱਤਾ. "ਭਯੋ ਰੇਣੁਕਾ ਤੇ ਕਵਾਚੀ ਕੁਠਾਰੀ." (ਪਰਸਰਾਮਾਵ) ਦੇਖੋ, ਜਮਦਗਨਿ ਅਤੇ ਪਰਸੁਰਾਮ।

੪. ਨਾਹਨ (ਸਰਮੌਰ) ਰਾਜ ਦੀ ਇੱਕ ਤਸੀਲ, ਜੋ ਰਾਜਧਾਨੀ ਨਾਹਨ ਤੋਂ ਸੋਲਾਂ ਮੀਲ ਉੱਤਰ ਹੈ. ਇੱਥੇ ਰੇਣੁਕਾ ਦੇ ਨਾਮ ਦੀ ਇੱਕ ਝੀਲ ਹੈ, ਜਿਸ ਦੇ ਪਾਸ ਹੀ ਪਰਸ਼ੁਰਾਮ ਅਤੇ ਜਮਦਗਨਿ ਰਿਖੀ ਦਾ ਅਸਥਾਨ ਦੱਸਿਆ ਜਾਂਦਾ ਹੈ. ਇਸ ਥਾਂ ਕੱਤਕ ਸੁਦੀ ੧੧. (ਦੇਵੋਥਾੱਨ) ਨੂੰ ਭਾਰੀ ਮੇਲਾ ਜੁੜਦਾ ਹੈ, ਦੂਰ ਦੂਰ ਤੋਂ ਯਾਤ੍ਰੀ ਰੇਣੁਕਾ ਤੀਰਥ ਤੇ ਆਉਂਦੇ ਹਨ. ਮੰਦਿਰ ਅਤੇ ਮੇਲੇ ਦਾ ਪ੍ਰਬੰਧ ਰਿਆਸਤ ਦੇ ਹੱਥ ਹੈ.

ਭਾਵੇਂ ਜਮਦਗਨਿ ਰਿਖਿ ਦਾ ਆਸ਼੍ਰਮ ਯੂ. ਪੀ. ਦੇ ਗ਼ਾਜ਼ੀਪੁਰ ਜ਼ਿਲੇ ਵਿੱਚ "ਜ਼ਮਾਨੀਆ" ਹੈ, ਜੋ "ਜਮਦਗਨੀਯ" ਤੋਂ ਵਿਗੜਕੇ ਬਣ ਗਿਆ ਹੈ. ਨਿਵਾਸ ਉੱਥੇ ਹੀ ਆਪਣੇ ਪਤੀ ਪਾਸ ਸਾਰੀ ਅਵਸਥਾ ਰਿਹਾ ਹੈ, ਪਰ ਪਦਮਪੁਰਾਣ ਵਿੱਚ ਰੇਣੁਕਾ ਦੇ ਨਾਮ ਤੋਂ ਸੱਤ ਪਵਿਤ੍ਰ ਤੀਰਥ ਲਿਖੇ ਹਨ, ਜਿਨ੍ਹਾਂ ਅੰਦਰ ਨਾਹਨ ਰਾਜ ਵਾਲੇ ਰੇਣੁਕਾਤੀਰਥ ਦਾ ਭੀ ਜ਼ਿਕਰ ਹੈ। ੫. ਪਿੱਤਪਾਪੜਾ। ੬. ਸੰਭਾਲੂ.

ਰੇਣੁਕਾਸੁਤ, ਰੇਣੁਕਾਨੰਦਨ: ਰੇਣੁਕਾ ਦਾ ਪੁਤ੍ਰ ਪਰਸ਼ੁਰਾਮ ਅਤੇ ਉਸ ਦੇ ਭਾਈ ਰੁਮਨ੍ਵਾਨ੍ ਆਦਿ.

ਰੇਤ: ਸੰਗਯਾ- ਰੇਤਾ. ਸਿਕਤਾ. ਬਾਲੂ। ੨. ਲੋਹਾ ਆਦਿ ਧਾਤੁ ਰੇਤਣ ਦਾ ਸੰਦ। ੩. ਸੰ. रेतस्. ਵੀਰਯ. "ਰੰਚਕ ਰੇਤ ਖੇਤ ਤਨਿ ਨਿਰਮਿਤ." (ਸਵੈਯੇ ਸ੍ਰੀ ਮੁਖਵਾਕ ਮਃ ੫) ੪. ਜਲ। ੫. ਪਾਰਾ.

ਰੇਤਘੜੀ: ਡੌਰੂ ਦੀ ਸ਼ਕਲ ਦਾ ਕੰਚ (ਕੱਚ) ਦਾ ਬਣਿਆ ਸਮੇਂ ਦੇ ਮਾਪਣ ਦਾ ਯੰਤ੍ਰ. ਇਸ ਦੇ ਵਿਚਕਾਰ ਛੋਟਾ ਛੇਕ ਹੁੰਦਾ ਹੈ, ਜਿਸ ਵਿਚਦੀਂ ਉੱਪਰਲੇ ਪਾਸਿਓਂ ਰੇਤ ਡਿਗਦਾ ਰਹਿੰਦਾ ਹੈ. ਜਦ ਸਾਰਾ ਰੇਤਾ ਝਰ ਜਾਂਦਾ ਹੈ, ਤਦ ਘੰਟਾ ਪੂਰਾ ਹੋਇਆ ਜਾਣੀਦਾ ਹੈ. ਫੇਰ ਹੇਠਲਾ ਪਾਸਾ ਉਲਟਾਕੇ ਉੱਪਰ ਕਰ ਦੇਈਦਾ ਹੈ (An hour glass)

ਰੇਤਣਾ, ਰੇਤਨਾ: ਕ੍ਰਿ- ਦੰਦੇਦਾਰ ਰੇਤ ਔਜ਼ਾਰ ਨਾਲ ਕਿਸੇ ਧਾਤੁ ਨੂੰ ਖੁਰਚਣਾ.

ਰੇਤਲਾ: ਵਿ- ਰੇਤੇ ਵਾਲਾ. ਰੇਤੀਲਾ.

ਰੇਤਾ: ਸੰਗਯਾ- ਸਿਕਤਾ. ਰੇਤ. ਬਾਲੂ.

ਰੇਤੀ: ਸੰਗਯਾ- ਰੇਤੇ ਦੀ ਥਾਂ. ਰੇਤਲੀ ਥਾਂ। ੨. ਨਦੀ ਦਾ ਰੇਤਲਾ ਕਿਨਾਰਾ. ਬਰੇਤੀ. "ਰੇਤੀ ਮਾਂਝ ਚਰਿਤ੍ਰ ਦਿਖਾਵੋ." (ਚਰਿਤ੍ਰ ੨੯੭) ੩. ਰੇਤਣ ਦਾ ਛੋਟਾ ਸੰਦ. ਛੋਟਾ ਰੇਤ.

ਰੇਦ: ਸੰਗਯਾ- ਹ੍ਰਿਦਯ. ਰਿਦਾ। ੨. ਸੰ. ਹ੍ਰਦ. ਹ੍ਰਦ. ਤਾਲ. ਸਰੋਵਰ. "ਅਠਸਠਿ ਮਜਨੁ ਹਰਿ ਰਸੁ ਰੇਦੁ." (ਆਸਾ ਮਃ ੧) ਹਰਿਨਾਮ ਰਸ (ਜਲ) ਪਰਿਪੂਰਿਤ ਹ੍ਰਦ (ਤਾਲ) ਵਿੱਚ ਮੱਜਨ, ਅਠਸਠ ਤੀਰਥਾਂ ਦਾ ਸਨਾਨ ਹੈ.

ਰੇਨ: ਰੇਣੁ. ਰਜ. ਦੇਖੋ, ਰੇਣ. "ਰਾਰਾ ਰੇਨ ਹੋਤ ਸਭ ਜਾਂਕੀ." (ਬਾਵਨ)

ਰੇਨਕਾ: ਦੇਖੋ, ਰੇਣਕਾ ਅਤੇ ਰੇਣੁਕਾ.

ਰੇਨਰਵਾਲ: ਮਕਰੰਦਰੂਪ ਰਜ. ਰੇਣੁ (ਮਕਰੰਦ) ਰਵਾਲ (ਧੂਲਿ). "ਲੇ ਗੁਰਪਗ ਰੇਨ ਰਵਾਲ." (ਨਟ ਪੜਤਾਲ ਮਃ ੪)

ਰੇਨਾਇਆ: ਅ਼. رعنائی ਰਅ਼ਨਾਯ. ਸੰਗਯਾ- ਸੁੰਦਰਤਾ. ਖ਼ੂਬਸੂਰਤੀ. "ਪਾਪੀ ਬਾਧਾ ਰੇਨਾਇਆ." (ਆਸਾ ਮਃ ੫) ਸੰਸਾਰ ਦੇ ਪਦਾਰਥਾਂ ਦੀ ਸੁੰਦਰਤਾ ਵਿੱਚ ਬੱਧਾ ਹੈ। ੨. ਰਿਅ਼ਨਾ. ਸ਼ੁਹਦਾ. ਮਸੂਜਵਾਨ। ੩. ਸੰ. ऋणवान- ਰਿਣਵਾਨ. ਕਰਜਾਈ. ਕਰਜਾਹਾਰ. ਰਿਸ਼ਿ ਰਿਣ, ਦੇਵ ਰਿਣ ਅਤੇ ਪਿਤ੍ਰਿ ਰਿਣ ਕਰਕੇ ਬੱਧਾ ਹੋਇਆ ਹੈ. ਦੇਖੋ, ਮਿਤਾਖ਼ਰਾ ਵਿੱਚ ਇਨ੍ਹਾਂ ਰਿਣਾਂ ਦਾ ਪੂਰਾ ਨਿਰਣਾ. ਦੇਖੋ, ਰੈਨਾਈ ੪.

ਰੇਨਾਰ, ਰੇਨਾਰੁ: ਰਜ- ਧੂੜ. ਦੇਖੋ, ਰੇਣਾਰੁ. "ਮੰਗੈ ਦਾਨੁ ਹਰਿ ਸੰਤਰੇਨਾਰੁ." (ਮਃ ੪. ਵਾਰ ਬਿਹਾ)

ਰੇਨੀ: ਦੇਖੋ, ਰੈਨੀ.

ਰੇਨੁ, ਰੇਨੁਕਾ: ਦੇਖੋ, ਰੇਣੁ ਅਤੇ ਰੇਣੁਕਾ.

ਰੇਫ: ਸੰ. ਸੰਗਯਾ- ਰਾਰਾ ਅੱਖਰ. ਦੇਖੋ, ਦੁਰੇਫ। ੨. ਦੂਜੇ ਅੱਖਰ ਦੇ ਸਿਰ ਤੇ ਲੱਗਿਆ ਰਾਰਾ, ਜਿਵੇਂ- ਸਪੰ। ੩. ਰਾਗ। ੪. ਸ਼ਬਦ. ਧੁਨਿ। ੫. ਵਿ- ਨਿੰਦਿਤ.

ਰੇਬ: ਫ਼ਾ. اریب ਉਰੇਬ. ਵਿ- ਟੇਢਾ. ਤਿਰਛਾ.

ਰੇਬੈਸਾ: ਅ਼. ربیس ਰਬੀਸ. ਸੰਗਯਾ- ਗੁੱਛਾ. ਸਿੱਟਾ. "ਤਲੇ ਰੇਬੈਸਾ. ਊਪਰਿ ਸੂਲਾ." (ਆਸਾ ਕਬੀਰ) ਦੇਖੋ, ਪਹਿਲਾ ਪੂਤ.

ਰੇਰੁ: ਸੰਗਯਾ- ਰੇੜ੍ਹ. ਢਾਹ. "ਕੁਰੀਏ ਕੁਰੀਏ ਵੈਦਿਆ! ਤਲਿ ਗਾੜਾ ਮਹ ਡੇਰ." (ਵਾਰ ਮਾਰੂ ੨. ਮਃ ੫) ਕਿਨਾਰੇ (ਕੰਢੇ) ਜਾਣ ਵਾਲਿਆ! ਬੱਲਾ ਡੂੰਘਾ ਹੈ ਅਤੇ ਜ਼ਮੀਨ ਨੂੰ ਢਾਹ ਲੱਗੀ ਹੋਈ ਹੈ। ੨. ਮਹਰੇਰੁ ਇਕੱਠਾ ਸ਼ਬਦ ਦਲਦਲ (ਜਿਲ੍ਹਣ) ਦਾ ਅਰਥ ਭੀ ਦਿੰਦਾ ਹੈ.

ਰੇਰੂ: ਇੱਕ ਬਿਰਛ. Mimosa Leucophloea. ਇਸ ਦੇ ਫੁੱਲਾਂ ਵਿੱਚ ਵਡੀ ਸੁਗੰਧ ਹੁੰਦੀ ਹੈ. ਰੇਰੂ ਦੀ ਲੱਕੜ ਦਾ ਖੂਹ ਦਾ ਚੱਕ ਬਣਾਇਆ ਜਾਂਦਾ ਹੈ.

ਰੇਰੂ ਸਾਹਿਬ: ਰਿਆਸਤ ਪਟਿਆਲਾ, ਤਸੀਲ ਥਾਣਾ ਪਾਇਲ ਦਾ ਪਿੰਡ ਰਾਮਪੁਰ ਹੈ, ਜੋ ਰੇਲਵੇ ਸਟੇਸ਼ਨ ਦੋਰਾਹੇ ਤੋਂ ਡੇਢ ਮੀਲ ਉੱਤਰ ਹੈ. ਇਸ ਪਿੰਡ ਤੋਂ ਪੱਛਮ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਮਾਛੀਵਾੜੇ ਤੋਂ ਆਉਂਦੇ ਇੱਥੇ ਰੇਰੂ ਤੇ ਬਿਰਛ ਹੇਠ ਥੋੜਾ ਸਮਾਂ ਵਿਰਾਜੇ ਸਨ. ਗੁਰਦ੍ਵਾਰਾ ਬਣਿਆ ਹੋਇਆ ਹੈ, ਪਾਸ ਸ਼੍ਰੀ ਗ੍ਰੰਥਸਾਹਿਬ ਜੀ ਦੇ ਪ੍ਰਕਾਸ਼ ਲਈ ਅਤੇ ਰਹਾਇਸ਼ੀ ਮਕਾਨ ਬਣੇ ਹੋਏ ਹਨ. ਇੱਥੋਂ ਦੇ ਲੰਗਰ ਦਾ ਪ੍ਰਬੰਧ ਬਹੁਤ ਉੱਤਮ ਹੈ. ਗੁਰਦ੍ਵਾਰੇ ਨਾਲ ੨੦. ਵਿੱਘੇ ਦੇ ਕ਼ਰੀਬ ਜ਼ਮੀਨ ਪਿੰਡ ਵੱਲੋਂ ਹੈ. ਹਰ ਪੂਰਨਮਾਸੀ ਨੂੰ ਮੇਲਾ ਹੁੰਦਾ ਹੈ.

ਰੇਲ: ਅੰ. Rail. ਸਰੀ. ਧਾਤੁ ਦੀ ਲੀਕ।

੨. ਹਿੰਦੁਸਤਾਨੀ ਵਿੱਚ ਰੇਲ (ਲੀਕ) ਤੇ ਚਲਣ ਵਾਲੀ ਗੱਡੀ ਅਤੇ ਟ੍ਰੇਨ ਦਾ ਨਾਉਂ ਭੀ ਰੇਲ ਹੈ. ਦੇਖੋ, ਰੇਲ ਗੱਡੀ ਅਤੇ ਰੇਲਵੇ.

ਰੇਲਗੱਡੀ: Railway Carriage । ੨. ਗੱਡੀਆਂ ਦੀ ਕਤਾਰ (train)

ਰੇਲਨਾ: ਕ੍ਰਿ- ਧਕੇਲਣਾ. ਰੁਲਾਉਣਾ. ਵਹਾਉਣਾ. ਰੁੜ੍ਹਾਉਣਾ.

ਰੇਲਪੇਲ: ਧਕੇਲਣ ਅਤੇ ਹੱਕਣ ਦੀ ਕ੍ਰਿਯਾ. "ਸੱਟਾ ਸੱਟ ਸੇਲੇ ਭਈ ਰੇਲ ਪੇਲਾ." (ਗੁਪ੍ਰਸੂ)

ਰੇਲਵੇ: ਅੰ. (Railway) ਧਾਤੂ ਦੀ ਲੀਕ ਦੀ ਸੜਕ, ਜਿਸ ਉੱਪਰਦੀ ਰੇਲਗੱਡੀ ਚਲਦੀ ਹੈ. ਇੰਗਲੈਂਡ ਵਿੱਚ ਸਭ ਤੋਂ ਪਹਿਲਾਂ ਸਨ ੧੮੦੨ ਵਿੱਚ ਇਸ ਦਾ ਆਰੰਭ ਹੋਇਆ. ਹੁਣ ਦੁਨੀਆਂ ਵਿੱਚ ੭੨੦, ੦੦੦ ਮੀਲ ਰੇਲਵੇ ਹੈ, ਜਿਸ ਵਿੱਚੋਂ ਭਾਰਤ ਅੰਦਰ ੩੩੦੦੦ ਮੀਲ ਹੈ.

ਰੇਵਤ: ਰਾਜਪੂਤਾਂ ਦੀ ਇੱਕ ਜਾਤਿ. "ਰਾਜਪੂਤ ਰੇਵਤ ਵੀਚਾਰੀ." (ਭਾਗੁ) ਰਾਵਤ ਭੀ ਇਸੇ ਜਾਤਿ ਦਾ ਨਾਮ ਹੈ। ੨. ਆਨੰਰ੍ਤ ਦਾ ਪੁਤ੍ਰ, ਰੇਵਤੀ ਦਾ ਪਿਤਾ. ਦੇਖੋ, ਰੇਵਤੀ. "ਰੇਵਤ ਭੂਪ ਇਕ ਹਲੀ ਪਾਇ ਗਹੇਆਨ ×× ਰੇਵਤੀ ਮਮ ਕਨਯਾ ਕੋ ਨਾਮ." (ਕ੍ਰਿਸਨਾਵ)

੩. ਸੰ. ਨਿੰਬੂ. ਨੇਂਬੂ। ੪. ਅੰਬਲਤਾਸ ਦਾ ਬਿਰਛ.

ਰੇਵਤਕ: ਸੰ. ਕਬੂਤਰ. ਕਪੋਤ. ਪਾਰਾਵਤ.

ਰੇਵਤੀ: ਰੇਵਤ (ਕੁਕੁਦਮਿਨ੍) ਰਾਜਾ ਦੀ ਪੁਤ੍ਰੀ ਅਤੇ ਬਲਰਾਮ ਦੀ ਇਸਤ੍ਰੀ. ਵਿਸ਼ਨੁਪੁਰਾਣ ਅੰਸ਼ ੪. ਅਃ ੧. ਵਿੱਚ ਲਿਖਿਆ ਹੈ ਕਿ ਇਹ ਇਤਨੀ ਸੁੰਦਰ ਸੀ ਕਿ ਇਸ ਦੇ ਪਿਤਾ ਨੇ ਇਸ ਲਾਇਕ ਕੋਈ ਭੀ ਪਤਿ ਨਾ ਦੇਖਕੇ ਬ੍ਰਹਮਾ ਕੋਲੋਂ ਜਾ ਪੁੱਛਿਆ ਕਿ ਕੋਈ ਉੱਤਮ ਵਰ ਦੱਸੋ. ਬ੍ਰਹਮਾ ਰਾਗ ਸੁਣਨ ਵਿੱਚ ਅਜੇਹਾ ਮਸਤ ਸੀ ਕਿ ਕਈ ਯੁਗ ਗੰਧਰਵਾਂ ਦਾ ਗਾਉਣਾ ਸੁਣਨ ਵਿੱਚ ਵਿਤਾ ਦਿੱਤੇ ਅਰ ਰੇਵਤ ਨੂੰ ਕੋਈ ਉੱਤਰ ਨਾ ਦਿੱਤਾ. ਜਦ ਰਾਗ ਰੰਗ ਸਮਾਪਤ ਹੋਇਆ ਤਾਂ ਰੇਵਤ ਨੂੰ ਆਖਿਆ ਕਿ ਰੇਵਤੀ ਦਾ ਵਿਆਹ ਕ੍ਰਿਸ਼ਨ ਜੀ ਦੇ ਵਡੇ ਭਾਈ ਬਲਰਾਮ ਨਾਲ ਕਰਦੇ. ਜਦ ਕਈ ਯੁਗਾਂ ਪਿੱਛੋਂ ਰੇਵਤ ਮੁੜ ਪ੍ਰਿਥਿਵੀ ਤੇ ਆਇਆ, ਤਾਂ ਕੀ ਵੇਖਦਾ ਹੈ ਕਿ ਲੋਕ ਕੱਦ ਵਿੱਚ ਛੋਟੇ ਹੋ ਗਏ ਹਨ, ਬਲਹੀਨ ਅਤੇ ਮਲੀਨ ਬੁੱਧਿ ਹਨ, ਪਰ ਬ੍ਰਹਮਾ ਦੀ ਆਗਯਾ ਸਿਰ ਤੇ ਰੱਖਕੇ ਇਹ ਬਲਰਾਮ ਦੇ ਪਾਸ ਗਿਆ ਅਤੇ ਰੇਵਤੀ ਦਾ ਵਿਆਹ ਉਸ ਨਾਲ ਕਰ ਦਿੱਤਾ. ਬਲਰਾਮ ਨੇ ਰੇਵਤੀ ਨੂੰ ਆਪਣੇ ਨਾਲੋਂ ਬਹੁਤ ਲੰਮੀ ਦੇਖਕੇ, ਉਸ ਦੇ ਮੋਢੇ ਪੁਰ ਹਲ ਰੱਖਕੇ ਇੰਨਾ ਦਬਾਇਆ ਕਿ ਆਪਣੇ ਕੱਦ ਦੇ ਮੇਚ ਦੀ ਕਰ ਲਈ.

ਜਬ ਪਿਯ ਤਿਯ ਕੀ ਓਰ ਨਿਹਾਰਜੋ,

ਛੋਟੇ ਹਮ, ਇਹ ਬਡੀ ਵਿਚਾਰਜੋ,

ਤਿਹ ਕੇ ਲੈ ਹਲ ਕੰਧਹਿ ਧਰਜੋ,

ਮਨਭਾਵਤ ਤਾਂਕੋ ਤਨੁ ਕਰਜੋ, (ਕ੍ਰਿਸਨਾਵ)

੨. ਸਤਾਈਸਵਾਂ ਨਛਤ੍ਰ, ਜੋ ੩੨ ਤਾਰਿਆਂ ਦਾ ਹੈ। ੩. ਦੁਰਗਾ। ੪. ਗਊ.

ਰੇਵਤੀਸ, ਰੇਵਤੀਪਤਿ, ਰੇਵਤੀਰਮਣ: ਰੇਵਤੀ ਦਾ ਪਤਿ ਬਲਰਾਮ. ਬਲਭਦ੍ਰ. ਦੇਖੋ, ਰੇਵਤੀ.

ਰੇਵਰੀ, ਰੇਵੜੀ: ਦੇਖੋ, ਰੇਉੜੀ. "ਖਾਲ ਕਾਢੈ ਰੇਵਰੀ ਕੈ, ਕੋਊ ਕਰੈ ਤਿਲਵਾ." (ਭਾਗੁ ਕ) ਤਿਲਾਂ ਦੀ ਖੱਲ (ਛਿੱਲ) ਲਾਹਕੇ.

ਰੇਵਾ: ਸੰ. ਸੰਗਯਾ- ਨਰਮਦਾ ਨਦੀ। ੨. ਉਹ ਦੇਸ਼, ਜਿਸ ਵਿੱਚ ਨਰਮਦਾ ਨਦੀ ਵਹਿੰਦੀ ਹੈ। ੩. ਕਰਣ ਦੀ ਇਸਤ੍ਰੀ। ੪. ਕਾਮ ਦੀ ਇਸਤ੍ਰੀ ਰਤਿ.

ਰੇੜ੍ਹਾ: ਸੰਗਯਾ- ਰੁੜ੍ਹਨ ਵਾਲਾ, ਗੱਡਾ. ਸ਼ਕਟ. ਛਕੜਾ.

ਰੈ: ਡਿੰਗ ਹੈ. ਅਸ੍ਤਿ. "ਹਰਿ ਰੰਗ ਅਨੂਪੈ ਹੈ." (ਕਾਨ ਮਃ ੫) ੨. ਸੰ. ਰੈ. ਧਾ- ਸ਼ਬਦ ਕਰਨਾ। ੩. ਸੰਗਯਾ- ਧਨ. ਦੌਲਤ। ੪. ਸੁਵਰਣ. ਸੋਨਾ। ੫. ਵਜ- ਛੇਤੀ. ਫੌਰਨ. ਦੇਖੋ, ਰਯ ੫. "ਦੂਰ ਕਰੈ ਤਨ ਕੇ ਦੁਖ ਰੈ ਸੇ." (ਕ੍ਰਿਸਨਾਵ) ਛੇਤੀ ਨਾਲ ਫ਼ੌਰਨ.

ਰੈਣ: ਸੰਗਯਾ- ਰਜਨਿ ਰਾਤ੍ਰਿ। ੨. ਭਾਵ- ਅਵਸਥਾ ਉਮਰ.

ਰੈਣਹਾ: ਦੇਖੋ, ਰੈਨਹਾ.

ਰੈਣਾਇਰ, ਰੈਣਾਇਰੁ: ਸੰ. रत्नाकर. ਰਤਨਾਕਰ. ਸੰਗਯਾ- ਸਮੁੰਦਰ। ੨. ਭਾਵ- ਕਰਤਾਰ. "ਰੈਣਾਇਰ ਮਹਿ ਸਭਕਿਛੁ ਹੈ, ਕਰਮੀ ਪਲੈ ਪਾਇ." (ਮਃ ੩. ਵਾਰ ਰਾਮ ੧)

ਰੈਣਾਰ: ਦੇਖੋ, ਦਿਨ ਰੈਣਾਰ.

ਰੈਣਿ: ਸੰਗਯਾ- ਰਜਨਿ. ਰਾਤ੍ਰਿ. "ਰੈਣਿ ਗਵਾਈ ਸੋਇਕੈ." (ਗਉ ਮਃ ੧) ੨. ਭਾਵ- ਉਮਰ. "ਸਭ ਮੁਕਦੀ ਚਲੀ ਰੈਣਿ." (ਸ੍ਰੀ ਮਃ ੫)

ਰੈਣਿ ਅੰਧਾਰੀ: ਅੰਧਕਾਰ ਵਾਲੀ ਰਾਤਿ. ਭਾਵ ਅਵਿਦ੍ਯਾ। ੨. ਬੇਸਮਝੀ ਦੀ ਉਮਰ.

ਰੈਣੀ: ਸੰਗਯਾ- ਰੰਗਣ ਦੀ ਮੱਟੀ. ਉਹ ਬਰਤਨ, ਜਿਸ ਵਿੱਚ ਰੰਗ ਤਿਆਰ ਕਰਕੇ ਰੱਖਿਆ ਜਾਵੇ। ੨. ਸੋਨੇ ਦਾ ਪਾਸਾ. ਸੋਧੇ ਹੋਏ ਸੋਨੇ ਦਾ ਡਲਾ। ੩. ਰਜਨਿ. ਰਾਤ੍ਰਿ. "ਆਪੇ ਦਿਨਸੁ, ਆਪੇ ਹੀ ਰੈਣੀ." (ਮਾਰੂ ਸੋਲਹੇ ਮਃ ੧) ੪. ਭਾਵ- ਉਮਰ. "ਮੈ ਸੁਖ ਵਿਹਾਣੀ ਰੈਣੀ." (ਗਉ ਮਃ ੪)

ਰੈਦਾਸ: ਦੇਖੋ, ਰਵਿਦਾਸ ੨.

ਰੈਨ: ਦੇਖੋ, ਰੈਣ.

ਰੈਨਹਾ: ਰਾਤ੍ਰਿ ਦੇ ਮਿਟਾਉਣ ਵਾਲਾ ਸੂਰਜ. (ਸਨਾਮਾ)

ਰੈਨਹਾਧਰ: ਸੂਰਜ ਨੂੰ ਧਾਰਨ ਵਾਲਾ ਆਕਾਸ਼. (ਸਨਾਮਾ)

ਰੈਨਚਾਰੀ: ਦੇਖੋ, ਰਜਨੀਚਰ.

ਰੈਨਪਤਿ: ਰਜਨੀਪਤਿ, ਚੰਦ੍ਰਮਾ.

ਰੈਨਪਤਿਧਰ: ਚੰਦ੍ਰਮਾ ਨੂੰ ਧਾਰਨ ਵਾਲਾ ਆਕਾਸ਼. (ਸਨਾਮਾ)

ਰੈਨਰਮਨ: ਰਾਤ੍ਰਿ ਨੂੰ ਰਮਣ (ਭੋਗਣ) ਵਾਲਾ, ਚੰਦ੍ਰਮਾ. (ਸਨਾਮਾ)

ਰੈਨਰਮਨਿ: ਰਜਨੀਰਮਣ (ਚੰਦ੍ਰਮਾ) ਨਾਲ ਹੈ ਜਿਸ ਦਾ ਸੰਬੰਧ, ਚੰਦ੍ਰਭਾਗਾ ਨਦੀ. (ਸਨਾਮਾ)

ਰੈਨੜੀ: ਸੰਗਯਾ- ਰਾਤ੍ਰਿ. ਰਜਨੀ. "ਵਧੁ ਸੁਖੁ ਰੈਨੜੀਏ, ਪ੍ਰਿਆ ਪ੍ਰੇਮੁ ਲਗਾ." (ਬਿਹਾ ਛੰਤ ਮਃ ੫) ੨. ਭਾਵ- ਉਮਰ.

ਰੈਨੜੀਐ: ਰਾਤ੍ਰਿ ਮੇਂ. ਰਾਤ ਵਿੱਚ. "ਰੈਨੜੀਐ ਚਾਮਕਨਿ ਤਾਰੇ." (ਆਸਾ ਛੰਤ ਮਃ ੫)

ਰੈਨਾਇਰ: ਸਮੁੰਦਰ. ਦੇਖੋ, ਰੈਣਾਇਰ. "ਰੈਨਾਇਰ ਬਿਛੋਰਿਆ, ਰਹੁ ਰੇ ਸੰਖ! ਮਝੂਰਿ." (ਸ. ਕਬੀਰ) ਦੇਖੋ, ਮਝੂਰਿ.

ਰੈਨਾਈ: ਰਾਤ੍ਰਿ ਮੇਂ ਰਾਤ ਵੇਲੇ. "ਜਿਉ ਸੁਪਨਾ ਰੈਨਾਈ." (ਸਾਰ ਮਃ ੯) ੨. ਰਾਤ੍ਰਿ ਨਾਲ ਹੈ ਜਿਸ ਦਾ ਸੰਬੰਧ। ੩. ਰਾਤ੍ਰਿਭਰ. ਸਾਰੀ ਰਾਤ. ਦੇਖੋ, ਦਿਨ ਰੈਨਾਈ। ੪. ਰਿਣੀ. ਕਰਜਾਈ. "ਸਕਲ ਲੋਕ ਠਟਕੇ ਰਹੇ ਰੈਨਾਈ ਲਖਪਾਇ." (ਚਰਿਤ੍ਰ ੭੫)

ਰੈਨਾਧਿਪ: ਰਜਨਿ (ਰਾਤ੍ਰਿ) ਦਾ ਅਧਿਪਤਿ (ਸ੍ਵਾਮੀ), ਚੰਦ੍ਰਮਾ.

ਰੈਨਿ: ਸੰਗ੍ਯਾ- ਰਜਨੀ. ਰਾਤ੍ਰਿ. "ਰੈਨਿ ਦਿਨਸੁ ਪ੍ਰਭੁ ਸੇਵ ਕਮਾਨੀ." (ਰਾਮ ਮਃ ੫)

੨. ਭਾਵ- ਕਾਲੇ ਕੇਸ਼ਾਂ ਵਾਲੀ ਯੁਵਾ ਅਵਸਥਾ. "ਰੈਨਿ ਗਈ, ਮਤ ਦਿਨੁ ਭੀ ਜਾਇ." (ਸੂਹੀ ਕਬੀਰ) ਦਿਨ ਤੋਂ ਭਾਵ- ਚਿੱਟੇ ਕੇਸ਼ਾਂ ਵਾਲੀ ਵ੍ਰਿੱਧਾਵਸਥਾ ਹੈ.

ਰੈਨਿ ਦਿਨੀਅਰੁ: ਰਾਤ੍ਰਿਦਿਨ. ਭਾਵ- ਹਰ ਵੇਲੇ. "ਆਸਾ ਪਿਆਸੀ ਰੈਨਿਦਿਨੀਅਰੁ." (ਬਿਹਾ ਛੰਤ ਮਃ ੫)

ਰੈਨੀ: ਰਜਨੀ- ਰਾਤ੍ਰਿ। ੨. ਰੰਗ ਦੀ ਮੱਟੀ. ਰੰਗ ਦਾ ਪਾਤ੍ਰ. "ਤਨੁ ਰੈਨੀ ਮਨੁ ਪੁਨਰਪਿ ਕਰਿਹਉ." (ਆਸਾ ਕਬੀਰ) "ਰੰਗਰੇਜ ਕੀ ਰੈਨੀ ਜਸੋਂ ਫੂਟਕੈ ਫੈਲੀ." (ਚੰਡੀ ੧) ੩. ਰਾਜਪੂਤਾਨੇ ਵਿੱਚ ਗਾੜ੍ਹੇ ਵਸਤ੍ਰ ਵਿੱਚ ਦੀ ਅਫੀਮ ਦਾ ਟਪਕਾਇਆ ਹੋਇਆ ਕੁਸੁੰਭੀ ਸਾਫ ਜਲ ਭੀ "ਰੈਨੀ" ਸਦਾਉਂਦਾ ਹੈ, ਜਿਸ ਨੂੰ ਅਫੀਮੀ ਪੀਂਦੇ ਅਤੇ ਮਿਹਮਾਨਾਂ ਨੂੰ ਪਿਆਉਂਦੇ ਹਨ.

ਰੈਬਰ: ਦੇਖੋ, ਰਹਬਰ.

ਰੈਬਾਰਾ: ਵਿ- ਰਹਬਰੀ ਕਰਨ ਵਾਲਾ. ਰਾਹ ਦਿਖਾਉਣ ਵਾਲਾ. "ਧਰਮ ਫਿਰੈ ਰੈਬਾਰਿਆ." (ਮਃ ੧. ਵਾਰ ਮਲਾ)

ਰੈਬਾਰੀ: ਦੇਖੋ, ਰਹਬਰੀ. "ਹਰਿ ਮੇਲੈ ਕਰਿ ਰੈਬਾਰੀ ਜੀਉ." (ਗਉ ਮਃ ੪) ੨. ਰਹਬਰ. ਰਹਬਰੀ ਕਰਨ ਵਾਲਾ। ੩. ਦੇਖੋ, ਰਬਾਰੀ ੩.

ਰੈਭਾਣੁ, ਰੈਭਾਨ: ਸੰ. ऋभुवान्- ਰਿਭੁਵਾਨ੍. ਸੰਗ੍ਯਾ- ਸੂਰਜ, ਜੋ ਕਿਰਣਾਂ ਵਿੱਚ ਰਿਭੁਗਣ ਰਖਦਾ ਹੈ. ਰਿਗਵੇਦ ਦਾ ਭਾਸ਼੍ਯਕਾਰ ਸਾਯਣਾਚਾਰਯ ऋभवः (ਰਿਭੁਗਣ) ਸ਼ਬਦ ਦਾ ਟੀਕਾ ਕਰਦਾ ਹੋਇਆ ਲਿਖਦਾ ਹੈ ਕਿ ਰ੍ਰਿਭੁ ਵਿਭੁ ਅਤੇ ਵਾਜ ਸੂਰਜ ਦੀ ਕਿਰਣਾਂ ਵਿੱਚ ਰਹਿੰਦੇ ਅਤੇ ਚਮਕਦੇ ਹਨ. ਪੁਰਾਣਾਂ ਵਿੱਚ ਆਂਗਿਰਸ ਗੋਤ੍ਰੀ ਸੁਧਨ੍ਵਾ ਦੇ ਪੁਤ੍ਰ ਇਹ ਤਿੰਨ ਦੇਵਤਾ ਲਿਖੇ ਹਨ. "ਕਲਿ ਵਿਚਿ ਧੂੰਅੰਧਾਰੁ ਸਾ ਚੜਿਆ ਰੈਭਾਣੁ." (ਵਾਰ ਰਾਮ ੩) ਕਲਿਯੁਗ ਵਿੱਚ ਧੂਮ ਅੰਧਕਾਰ (ਘੋਰ ਅੰਧੇਰਾ) ਸੀ, ਸਤਿਗੁਰੁ ਰਿਭੁਵਾਨ (ਸੂਰਜ) ਉਦਯ ਹੋ ਗਿਆ. ਦੇਖੋ, ਰਿਭੁ। ੨. ਸੰ. ऋभ्वन्. ਰਿਭ੍ਵਨ. ਵਿ- ਦਾਨਾ. ਚਤੁਰ। ੩. ਵਿਦ੍ਯਾ ਹੁਨਰ ਵਿੱਚ ਪੂਰਾ. ਨਿਪੁਣ। ੪. ਚਮਕੀਲਾ. ਰੌਸ਼ਨ। ੫. ਸੰਗ੍ਯਾ- ਅਗਨਿ. ਆਤਿਸ਼.

ਰੈਯਤ: ਪ੍ਰਜਾ. ਰਿਆਯਾ. ਦੇਖੋ, ਰਈਅਤਿ.

ਰੈਵਤ: ਵਿ- ਰੇਵਤੀ ਨਾਲ ਹੈ ਜਿਸ ਦਾ ਸੰਬੰਧ. ਰੇਵਤੀ ਦਾ। ੨. ਸੰਗ੍ਯਾ- ਗੁਜਰਾਤ ਦਾ ਇੱਕ ਪਹਾੜ, ਜਿਸ ਉੱਪਰੋਂ ਕ੍ਰਿਸ਼ਨ ਜੀ ਦੀ ਭੈਣ ਸੁਭਦ੍ਰਾ ਨੂੰ ਅਰਜੁਨ ਨਠਾਕੇ ਲੈ ਗਿਆ ਸੀ। ੩. ਦ੍ਵਾਰਕਾ ਦੇ ਆਸ ਪਾਸ ਦਾ ਦੇਸ਼। ੪. ਸ਼ਿਵ ਰੁਦ੍ਰ। ੫. ਬੱਦਲ. ਮੇਘ.

ਰੋ: ਵ੍ਰਜ- ਸੰਬੰਧ ਬੋਧਕ. "ਹਮਰੋ ਭਰਤਾ ਬਡੋ ਬਿਬੇਕੀ." (ਆਸਾ ਕਬੀਰ) "ਤੁਮਰੋ ਦੁਧੁ ਬਿਦਰ ਕੋ ਪਾਨੋ." (ਮਾਰੂ ਕਬੀਰ) ੨. ਰੋਦਨ ਦਾ ਸੰਖੇਪ। ੩. ਰੋਣਾ ਕ੍ਰਿਯਾ ਦਾ ਅਮਰ. ਰੁਦਨਕਰ.

ਰੋਆਇਆ: ਰੋਦਨ ਕਰਾਇਆ। ੨. ਰੋਇਆ. "ਇੰਦ੍ਰ ਰੋਆਇਆ." (ਮਃ ੧. ਵਾਰ ਰਾਮ ੧)

ਰੋਇ: ਕ੍ਰਿ. ਵਿ- ਰੋਦਨ ਕਰਕੇ. ਰੋਕੇ. "ਮਨਮੁਖ ਚਲਾਇਆ ਰੋਇ." (ਮਃ ੩. ਵਾਰ ਰਾਮ) ੨. ਤਕਲੀਫ ਉਠਾਕੇ. ਮਰ ਖਪਕੇ. "ਜੇ ਸਉ ਸਾਇਰ ਮੇਲੀਐ, ਤਿਲੁ ਨ ਪੁਜਾਵਹਿ ਰੋਇ." (ਸ੍ਰੀ ਅਃ ਮਃ ੧) "ਗੁਨ ਕਉ ਮਰੀਐ ਰੋਇ." (ਸ. ਕਬੀਰ)

ਰੋਈਂ, ਰੋਈਂਤਨ: ਦੇਖੋ, ਰੂਈਂ ੩. ਅਤੇ ਰੂਈਂਤਨ.

ਰੋਸ: ਸੰ. ਰੋਸ਼. ਸੰਗ੍ਯਾ- ਕ੍ਰੋਧ. ਗੁੱਸਾ.

ਰੋਸ਼ਣ: ਸੰ. ਗੁੱਸੇ (ਖ਼ਫ਼ਾ) ਕਰਨਾ। ੨. ਸੰਗ੍ਯਾ- ਪਾਰਾ.

ਰੋਸਨ: ਦੇਖੋ, ਰੌਸ਼ਨ। ੨. ਡਿੰਗ. ਫੌਜ ਦਾ ਸੱਜਾ ਪਾਸਾ. ਸੈਨਾ ਦਾ ਦਹਿਣਾ ਭਾਗ.

ਰੋਸਨਾਰਾ: ਦੇਖੋ, ਰੌਸਨਾਰਾ.

ਰੋਸਨੀ: ਦੇਖੋ, ਰੌਸਨੀ.

ਰੋਸਨੀਅਤਪਨਾਹ: ਦੇਖੋ, ਰੌਸ਼ਨੀਯਤਪਨਾਹ.

ਰੋਸੁ: ਦੇਖੋ, ਰੋਸ. "ਰੋਸੁ ਨ ਕੀਜੈ, ਉਤਰੁ ਦੀਜੈ." (ਸਿਧਗੋਸਟਿ)

ਰੋਹ: ਸੰਗਯਾ- ਕ੍ਰੋਧ. ਰੋਸ਼. ਗੁੱਸਾ. ਦੇਖੋ, ਰੋਹੁ। ੨. ਸੁਲੇਮਾਨ ਪਹਾੜ ਦੀ ਘਾਟੀ। ੩. ਰੁਹੇਲਖੰਡ. "ਰੋਹ ਕੇ ਰੁਹੇਲੇ." (ਅਕਾਲ) ੪. ਸੰ. ਸੰਗਯਾ- ਅੰਕੁਰ. ਅੱਗੂਰ। ੫. ਵਿ- ਚੜ੍ਹਿਆ ਹੋਇਆ. ਸਵਾਰ ਹੋਣ ਵਾਲਾ.

ਰੋਹਟਾ: ਰਿਆਸਤ ਨਾਭਾ, ਤਸੀਲ ਅਮਲੋਹ, ਥਾਣਾ ਨਾਭਾ ਦਾ ਪਿੰਡ, ਜੋ ਰੇਲਵੇ ਸਟੇਸ਼ਨ ਨਾਭੇ ਤੋਂ ਤਿੰਨ ਮੀਲ ਪੂਰਵ ਹੈ. ਰੋਹਟੀ ਦੇ ਪੁਲ ਤੀਕ ਪੱਕੀ ਸੜਕ ਹੈ.

ਇਸ ਪਿੰਡ ਤੋਂ ਇੱਕ ਫਰਲਾਂਗ ਦੱਖਣ ਪੂਰਵ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਗੁਰਦ੍ਵਾਰਾ ਹੈ. ਗੁਰੂ ਸਾਹਿਬ ਸੀਂਭੜੋ ਤੋਂ ਇੱਥੇ ਪਧਾਰੇ ਹਨ. ਪਹਿਲਾਂ ਕੇਵਲ ਮੰਜੀਸਾਹਿਬ ਸੀ. ਸੰਮਤ ੧੯੭੭ ਵਿੱਚ ਪ੍ਰੇਮੀ ਸਿੱਖਾਂ ਦੇ ਉੱਦਮ ਨਾਲ ਸੁੰਦਰ ਦਰਬਾਰ ਬਣ ਗਿਆ ਹੈ. ਰਿਆਸਤ ਵੱਲੋਂ ਦੋ ਹਲ ਦੀ ਜ਼ਮੀਨ ਮਿਲਣ ਦਾ ਹੁਕਮ ਹੋ ਚੁੱਕਾ ਹੈ.

ਰੋਹਣ: ਸੰ. ਚੜ੍ਹਨਾ। ੨. ਉੱਪਰ ਵੱਲ ਜਾਣਾ। ੩. ਪਹਾੜ, ਜਿਸ ਪੁਰ ਚੜ੍ਹਿਆ ਜਾਂਦਾ ਹੈ। ੪. ਵੀਰਯ. ਸ਼ੁਕ੍ਰ. ਮਣੀ.

ਰੋਹਤਕ: ਇੱਕ ਮਸ਼ਹੂਰ ਪੁਰਾਣਾ ਸ਼ਹਿਰ, ਜੋ ਜਿਲੇ ਅਤੇ ਤਸੀਲ ਦਾ ਪ੍ਰਧਾਨ ਅਸਥਾਨ ਹੈ. ਇਹ ਦਿੱਲੀ ਤੋਂ ੪੪ ਮੀਲ ਹੈ. ਇਸ ਤੋਂ ਉੱਤਰ ਵੱਲ ਸੀਤਲਾ ਦਰਵਾਜੇ ਤੋਂ ਬਾਹਰਵਾਰ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਦਿੱਲੀ ਨੂੰ ਜਾਂਦੇ ਵਿਰਾਜੇ ਹਨ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਪ੍ਰਬੰਧ ਇੱਕ ਕਮੇਟੀ ਦੇ ਹੱਥ ਹੈ. ਰੇਲਵੇ ਸਟੇਸ਼ਨ ਰੋਹਤਕ ਤੋਂ ਇਹ ਅਸਥਾਨ ਢਾਈ ਮੀਲ ਦੇ ਕਰੀਬ ਹੈ.

ਰੋਹਤਾਸ: ਜੇਹਲਮ ਦੇ ਜਿਲੇ ਇੱਕ ਕਿਲਾ, ਜੋ ਜੇਹਲਮ ਨਗਰ ਤੋਂ ੧੦. ਕੋਹ ਉੱਤਰ ਪੱਛਮ ਹੈ. ਇਹ ਦੁਰਗ ਸ਼ੇਰਸ਼ਾਹ ਸੂਰੀ ਨੇ ਸਨ ੧੫੪੨ ਵਿੱਚ ਸਵਾਚਾਲੀ ਲੱਖ ਰੁਪਯਾ ਖ਼ਰਚਕੇ ਬਣਵਾਇਆ ਸੀ.[1115] ਕਿਲੇ ਦਾ ਵਿਸਤਾਰ ਢਾਈ ਮੀਲ ਹੈ. ਦੀਵਾਰ ਤੀਹ ਫੁਟ ਚੌੜੀ ਅਤੇ ੩੦ ਤੋਂ ੫੦ ਫੁਟ ਤੀਕ ਉੱਚੀ ਹੈ. ਚਾਰੇ ਪਾਸੇ ਦੇ ਬੁਰਜ ੬੮, ਅਤੇ ਦਰਵਾਜੇ ਬਾਰਾਂ ਹਨ. ਵਡੇ ਦਰਵਾਜ਼ੇ ਦੀ ਉਚਾਈ ੭੦ ਫੁਟ ਹੈ. ਇਸ ਕਿਲੇ ਅੰਦਰ ਜੋ ਪਿੰਡ ਵਸਦਾ ਹੈ ਉਸ ਦਾ ਨਾਮ ਭੀ ਰੋਹਤਾਸ ਹੈ. ਬੰਗਾਲ ਵਿੱਚ ਸ਼ੇਰਸ਼ਾਹ ਦਾ ਰੋਹਤਾਸ ਨਾਮ ਦਾ ਕਿਲਾ ਸ਼ਾਹਬਾਦ ਜਿਲੇ ਵਿੱਚ ਹੈ,[1116] ਉਸੇ ਦੀ ਨਕਲ ਕਰਕੇ ਇਹ ਕਿਲਾ ਸ਼ੇਰਸ਼ਾਹ ਨੇ ਬਣਵਾਇਆ ਹੈ. ਹੁਣ ਇਸ ਕਿਲੇ ਦਾ ਖ਼ਸਤਾ ਹਾਲ ਹੈ. ਸਤਿਗੁਰੂ ਨਾਨਕਦੇਵ ਦਾ ਇੱਕ ਚਸ਼ਮਾ ਇੱਥੇ ਪਵਿਤ੍ਰ ਅਸਥਾਨ ਹੈ. ਜਿਸ ਦੀ ਯਾਤ੍ਰਾ ਨੂੰ ਦੂਰ ਦੂਰ ਤੋਂ ਪ੍ਰੇਮੀ ਸਿੱਖ ਆਉਂਦੇ ਹਨ. ਦੇਖੋ, ਚੋਹਾ ਸਾਹਿਬ ੨। ੨. ਦੇਖੋ, ਸਾਹਿਬਕੌਰ ਮਾਤਾ.

ਰੋਹਨੀ: ਦੇਖੋ, ਰੋਹਿਣੀ.

ਰੋਹਲਾ: ਵਿ- ਰੋਹ (ਰੋਸ਼) ਵਾਲਾ. ਗੁਸੈਲਾ. ਕ੍ਰੋਧੀ. "ਰਾਕਸ ਆਏ ਰੋਹਲੇ." (ਚੰਡੀ ੩) ੨. ਸੰਗਯਾ- ਰਾਜ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਥਾਣਾ ਭਟਿੰਡਾ ਦਾ ਇੱਕ ਪਿੰਡ "ਦਾਨੇ ਦਾ ਚੱਕ" ਹੈ. ਉਸ ਦੇ ਪਾਸ ਹੀ ਇੱਕ ਢਾਬ ਕਿਨਾਰੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਇੱਥੇ ਰੋਹਲਾ ਨਾਮ ਦਾ ਇੱਕ ਨਾਈ ਤਿਲਕਰਾ ਸਿੱਧ ਦਾ ਚੇਲਾ ਸ਼ਹੀਦ ਹੋਇਆ ਸੀ. ਤਦੇ ਇਸ ਨੂੰ "ਸਿੱਧ ਤਿਲਕਰਾ" ਭੀ ਕਹਿੰਦੇ ਹਨ.

ਗੁਰੂ ਜੀ ਦਾ ਮੰਜੀਸਾਹਿਬ ਬਣਿਆ ਹੋਇਆ ਹੈ, ਸੇਵਾਦਾਰ ਕੋਈ ਨਹੀਂ. ਰੇਲਵੇ ਸਟੇਸ਼ਨ ਸੰਗਤ (ਬੀ. ਬੀ. ਐਂਡ ਸੀ. ਆਈ.

---

[1115] ਤਾਰੀਖ ਦਾਊਦੀ ਵਿੱਚ ਰੋਹਤਾਸ ਕਿਲੇ ਦੀ ਲਾਗਤ ੮. ਕਰੋੜ, ੫. ਲੱਖ, ੫. ਹਜ਼ਾਰ ਅਤੇ ਢਾਈ ਦਾਮ ਲਿਖੀ ਹੈ.

[1116] ਬੰਗਾਲ ਦੇ ਰੋਹਤਾਸ ਸ਼ਬਦ ਦਾ ਮੂਲ ਰੋਹਿਤਾਸ਼੍ਵ ਹੈ. ਇੱਥੇ ਹਰਿਸ਼ਚੰਦ੍ਰ ਦੇ ਪੁਤ੍ਰ ਰੋਹਿਤਾਸ਼੍ਵ ਨੇ (ਜਿਸ ਨੂੰ ਰੋਹਿਤ ਭੀ ਲਿਖਿਆ ਹੈ), ਇਸ ਨਾਮ ਦਾ ਇੱਕ ਨਗਰ ਵਸਾਇਆ ਸੀ.

ਰੇਲਵੇ) ਤੋਂ ੮. ਮੀਲ ਲਹਿ"ਦੇ ਵੱਲ ਹੈ.

ਰੋਹੜਾ: ਇੱਕ ਪਿੰਡ, ਜੋ ਜਿਲਾ ਕਰਨਾਲ, ਤਸੀਲ ਕੈਥਲ ਵਿੱਚ ਹੈ. ਇੱਥੇ ਸ੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਗੁਰਦ੍ਵਾਰਾ ਹੈ.

ਰੋਹਾ: ਸੰਗਯਾ- ਕੁਕਰਾ. ਅੱਖ ਦੀ ਪਲਕ ਦੀ ਸੁੱਜੀ ਹੋਈ ਗਿਲਟੀ. ਦੇਖੋ, ਕੁਕਰੇ। ੨. ਦੋਖੋ, ਰੋਹ. "ਅੰਦਰਿ ਬਹੁਤਾ ਰੋਹਾ." (ਵਾਰ ਰਾਮ ੨. ਮਃ ੫)

ਰੋਹਾਵਲਾ: ਰੋਹ (ਕ੍ਰੋਧ) ਵਾਲਾ. ਦੇਖੋ, ਰੁਹਾਵਲਾ.

ਰੋਹਿ: ਰੋਸ਼ (ਕ੍ਰੋਧ) ਵਿੱਚ. "ਆਪਣੈ ਰੋਹਿ ਆਪੇ ਹੀ ਦਝੈ." (ਸਵਾ ਮਃ ੩)

ਰੋਹਿੰ: ਰੋਵਹਿ". ਰੋਂਦੇ ਹਨ. "ਮੁਇਆ ਰੋਹਿ"." (ਮਃ ੧. ਵਾਰ ਮਲਾ)

ਰੋਹਿਆ: ਰੋਸ਼ (ਕ੍ਰੋਧ) ਸਹਿਤ ਹੋਇਆ. "ਮਾਇਆ ਦੁਖਿ ਮੋਹਿਆ, ਹਉਮੈ ਰੋਹਿਆ." (ਧਨਾ ਛੰਤ ਮਃ ੪)

ਰੋਹਿਣ: ਸੰ. ਸੰਗਯਾ- ਵਟ. ਬਰੋਟਾ. ਬੋਹੜ.

ਰੋਹਿਣੀ: ਰੋਹਿਣ ਰਾਜੇ ਦੀ ਪੁਤ੍ਰੀ. ਵਸੁਦੇਵ ਦੀ ਇਸਤ੍ਰੀ, ਜੋ ਬਲਰਾਮ ਦੀ ਮਾਤਾ ਸੀ. ਇਹ ਆਪਣੇ ਪਤਿ ਨਾਲ ਦ੍ਵਾਰਕਾ ਵਿੱਚ ਸਤੀ ਹੋਈ। ੨. ਕਸ਼ਯਪ ਦੀ ਇੱਕ ਪੁਤ੍ਰੀ। ੩. ਦਕ੍ਸ਼ ਦੀ ਪੁਤ੍ਰੀ ਅਤੇ ਚੰਦ੍ਰਮਾ ਦੀ ਇਸਤ੍ਰੀ, ਜਿਸ ਦੀ ੨੭ ਨਛਤ੍ਰਾਂ ਵਿੱਚ ਗਿਣਤੀ ਹੈ। ੪. ਸ੍ਰੀ ਕ੍ਰਿਸ਼ਨ ਜੀ ਦੀ ਇੱਕ ਰਾਣੀ। ੫. ਬਿਜਲੀ। ੬. ਮਜੀਠ। ੭. ਹਰੜ। ੮. ਕੜੂ। ੯. ਖ਼ੁਨਾਕ ਰੋਗ, ਜਿਸ ਨਾਲ ਗਲ ਰੁਕ ਜਾਂਦਾ ਹੈ. ਦੇਖੋ, ਖੁਨਾਕ.

ਰੋਹਿਣੀ ਸੁਹਾਗ, ਰੋਹਿਣੀ ਪਤਿ: ਸੰਗਯਾ- ਬਲਰਾਮ ਦਾ ਪਿਤਾ ਵਸੁਦੇਵ, ਜੋ ਰੋਹਿਣੀ ਦਾ ਪਤਿ ਸੀ। ੨. ਚੰਦ੍ਰਮਾ.

ਰੋਹਿਤ: ਧਰਮਾਤਮਾ ਸਤਯਾਵਾਦੀ ਰਾਜਾ ਹਰਿਸ਼ਚੰਦ੍ਰ ਦਾ ਪੁਤ੍ਰ। ੨. ਸੰ. ਵਿ- ਲਾਲ ਰੰਗਾ। ੩. ਸੰਗਯਾ- ਲਾਲ ਅਤੇ ਭੂਰੇ ਰੰਗਾ ਘੋੜਾ. ਕੈਲਾ। ੪. ਲਾਲਾ (ਰੱਤਾ) ਮ੍ਰਿਗ, ਚਿੰਕਾਰਾ। ੫. ਰੋਹੂ ਮੱਛੀ। ੬. ਇੰਦ੍ਰ ਦਾ ਧਨੁਖ। ੭. ਕੇਸਰ. ਕਸ਼ਮੀਰਜ। ੮. ਲਹੂ. ਰੁਧਿਰ। ੯. ਰਹੂੜਾ ਬਿਰਛ. ਦੇਖੋ, ਰਹੂੜਾ.

ਰੋਹਿਨੀ: ਦੇਖੋ, ਰੋਹਿਣੀ.

ਰੋਹੀ: ਸੰਗਯਾ- ਉਜਾੜ. ਜੰਗਲ। ੨. ਸੰ. ਮ੍ਰਿਗੀ. ਮ੍ਰਿਨ। ੩. ਸੰ. रोहिन्. ਵਿ- ਚੜ੍ਹਨ ਵਾਲਾ. ਆਰੋਹਣ ਕਰਤਾ। ੪. ਸੰਗਯਾ- ਬਿਰਛ। ੫. ਬੇਲ.

ਰੋਹੁ: ਸਿੰਧੀ. ਪਹਾੜ। ੨. ਕ੍ਰੋਧ.

ਰੋਹੂ: ਮੱਛੀ ਦੀ ਇੱਕ ਜਾਤਿ. ਦੇਖੋ, ਰੋਹਿਤ ੫.

ਰੋਹੇ: ਦੇਖੋ, ਕੁਕਰੇ। ੨. ਰੋਹ- (ਰੋਸ਼- ਕ੍ਰੋਧ) ਸਹਿਤ ਹੋਏ.

ਰੋਹੇਲਖੰਡ, ਰੋਹੇਲਾ: ਦੇਖੋ, ਰੁਹੇਲਖੰਡ ਅਤੇ ਰੁਹੇਲਾ.

ਰੋਕ: ਸੰਗਯਾ- ਵਿਘਨ. ਰੁਕਾਵਟ। ੨. ਨਕ਼ਦ ਧਨ। ੩. ਸੰ. ਚਮਕ. ਪ੍ਰਕਾਸ਼। ੪. ਛਿਦ੍ਰ. ਛੇਕ. ਸੂਰਾਖ। ੫. ਨੌਕਾ. ਕਿਸ਼ਤੀ.

ਰੋਕਣਾ, ਰੋਕਨਾ: ਕ੍ਰਿ- ਰੋਧਣ ਕਰਨਾ. ਅਟਕਾਉਣਾ. ਠਹਿਰਾਉਣਾ.

ਰੋਕੜ: ਸੰਗਯਾ- ਨਕ਼ਦੀ। ੨. ਹਿਸਾਬ ਦੀ ਕਿਤਾਬ, ਜਿਸ ਵਿੱਚ ਰਕਮ ਲਿਖੀ ਜਾਂਦੀ ਹੈ. ਰੋਕੜਬਹੀ.

ਰੋਕਿਨ: ਵਿ- ਚਮਕੀਲਾ. ਦੇਖੋ, ਰੋਕ ੩। ੨. ਸੰਗਯਾ- रुक्म. ਰੁਕਮ. ਚਾਂਦੀ. "ਕੰਚਨ ਰੋਕਿਨ ਕੇ ਗਹਿਨੇ." (ਕ੍ਰਿਸਨਾਵ)

ਰੋਖ: ਕ੍ਰੋਧ. ਦੇਖੋ, ਰੋਸ. "ਸਰੋਖ ਸੂਰ ਸਾਜਿਯੰ." (ਵਿਚਿਤ੍ਰ) ੨. ਵਿਰੋਧ. ਵੈਰ। ੩. ਯੁੱਧ ਦਾ ਉਤਸ਼ਾਹ. ਜੋਸ਼. "ਨਮੋ ਰੋਖ ਰੋਖੇ." (ਜਾਪੁ)

ਰੋਖਰੋਖ: ਦੇਖੋ, ਰੋਖ ੩.

ਰੋਗ: ਸੰ. ਸੰਗ੍ਯਾ- ਰੁਜ. ਬੀਮਾਰੀ. ਸ਼ਰੀਰ ਦੀ ਧਾਤੁ ਦੀ ਵਿਖਮਤਾ ਤੋਂ ਉਪਜਿਆ ਦੁੱਖ. "ਰੋਗ ਸੋਗ ਤੇਰੇ ਮਿਟਹਿ ਸਗਲ." (ਸਾਰ ਮਃ ੫) ੨. ਕੁੱਠ ਦਵਾਈ.

ਰੋਗਘ੍ਨ: ਸੰ. ਵਿ- ਰੋਗ ਨਾਸ਼ ਕਰਤਾ। ੨. ਸੰਗ੍ਯਾ- ਵੈਦ੍ਯ। ੩. ਦਵਾ। ੪. ਸਤਿਗੁਰੂ। ੫. ਕਰਤਾਰ ਦਾ ਨਾਮ.

ਰੋਗਨ: ਦੇਖੋ, ਰੌਗਨ। ੨. ਰੋਗਾਂ. "ਰੋਗਨ ਤੇ ਅਰੁ ਸੋਗਨ ਤੇ." (ਅਕਾਲ)

ਰੋਗਨੀ: ਵਿ- ਰੋਗ ਵਾਲੀ. ਰੁਗਣ (रुग्ण) "ਜਬ ਵਹ ਤ੍ਰਿਯਾ ਰੋਗਨੀ ਭਈ." (ਚਰਿਤ੍ਰ ੨੨੯) ੨. ਸੰਗ੍ਯਾ- ਬੀਮਾਰੀ. ਮਰਜ. ਰੁਗਣਤਾ. "ਨਹ ਬਿਆਪੈ ਮਨ ਰੋਗਨੀ." (ਰਾਮ ਮਃ ੫)

ਰੋਗਬੰਧ: ਵਿ- ਰੋਗਾਂ ਨਾਲ ਬੰਨ੍ਹਿਆ ਹੋਇਆ. ਰੋਗ ਗ੍ਰਸਿਤ। ੨. ਭਾਵ- ਅਗ੍ਯਾਨ ਦਾ ਗ੍ਰਸਿਆ ਹੋਇਆ. "ਰੋਗਬੰਧ ਰਹਨੁ ਰਤੀ ਨ ਪਾਵੈ." (ਭੈਰ ਮਃ ੫)

ਰੋਗ ਰੋਗ: ਰੋਗ ਨੂੰ ਰੋਗਰੂਪ. ਰੋਗ ਵਿਨਾਸ਼ਕ. "ਨਮੋ ਰੋਗ ਰੋਗੇ." (ਜਾਪੁ)

ਰੋਗਵਡਾ: ਦੇਖੋ, ਵਡਾ ਰੋਗ.

ਰੋਗਾਕੁਲ, ਰੋਗਾਰਤ: ਵਿ- ਰੋਗ ਨਾਲ ਵ੍ਯਾਕੁਲ ਅਤੇ ਆਰ੍‍ਤ (ਦੁਖੀ)

ਰੋਗੀ: ਸੰ. रोगिन्. ਵਿ- ਰੋਗ ਵਾਲਾ. ਬੀਮਾਰ. "ਰੋਗੀ ਕਾ ਪ੍ਰਭੁ ਖੰਡਹੁ ਰੋਗ." (ਭੈਰ ਮਃ ੫)

ਰੋਗ੍ਯ: ਵਿ- ਰੋਗੀ. ਰੋਗ ਗ੍ਰਸਿਤ. "ਅਰੋਗ੍ਯੰ ਮਹਾ ਰੋਗ੍ਯੰ, ਬਿਸਿਮ੍ਰਿਤੇ ਕਰੁਣਾਮਯਹ." (ਸਹਸ ਮਃ ੫)

ਰੋਚਕ: ਸੰ. ਵਿ- ਰੁਚਿ ਕਰਨ ਵਾਲਾ। ੨. ਭੁੱਖ ਲਾਉਣ ਵਾਲਾ। ੩. ਸੰਗ੍ਯਾ- ਲਾਲ ਗਠਾ। ੪. ਭੁੱਖ. ਕ੍ਸ਼ੁਧਾ.

ਰੋਚਨ: ਸੰ. ਵਿ- ਸੁੰਦਰ. ਜਿਸ ਨੂੰ ਵੇਖਕੇ ਰੁਚਿ ਵਧੇ। ੨. ਜੋ ਦਿਲ ਨੂੰ ਪ੍ਯਾਰਾ ਪ੍ਰਤੀਤ ਹੋਵੇ. "ਕਾਨ੍ਹ ਕਥਾ ਅਤਿ ਰੋਚਨ." (ਕ੍ਰਿਸਨਾਵ) ੩. ਸੰਗ੍ਯਾ- ਗਠਾ, ਪਿਆਜ। ੪. ਅਮਲਤਾਸ। ੫. ਸੁਹਾਂਜਣਾ। ੬. ਮਚਿਕਾ। ੭. ਅਨਾਰ.

ਰੋਚਨਕ: ਸੰ. ਸੰਗ੍ਯਾ- ਰੁਚਿ ਵਧਾਉਣ ਵਾਲਾ, ਨੇਂਬੂ. ਨਿੰਬੂ। ੨. ਵੰਸ਼ਲੋਚਨ.

ਰੋਚਨੀ: ਸੰ. ਆਉਲਾ। ੨. ਗੋਰੋਚਨ। ੩. ਚਿੱਟੀ ਨਿਸੋਥ। ੪. ਪੋਦੀਨਾ.

ਰੋਚਾਸਿੰਘ: ਦੇਖੋ, ਪੁਣਛ.

ਰੋਚੀ: ਵਿ- ਰੁਚਿ ਕਰਨ ਵਾਲਾ. ਚਾਹੁਣ ਵਾਲਾ. "ਨਾਨਕ ਸੱਚ ਰੋਚੀ ਥੀਆ ਹੈ." (ਜਸਾ) ੨. ਸੰ. ਹੁਲ ਹੁਲ ਬੂਟੀ. Gynandrotsis Pentaphylla.

ਰੋਜ: ਫ਼ਾ. روز ਸੰਗ੍ਯਾ- ਦਿਨ. "ਸਬ ਰੋਜ ਗਸਤਮ ਦਰ ਹਵਾ." (ਤਿਲੰ ਮਃ ੧) ੨. ਸੂਰਜ। ੩. ਕ੍ਰਿ. ਵਿ- ਨਿਤ੍ਯ. "ਕਿਸ ਥੈ ਰੋਵਹਿ ਰੋਜ?" (ਬਾਰਹਮਾਹਾ ਮਾਝ) ੪. ਸਿੰਧੀ. ਰੋਜੁ ਸੰਗ੍ਯਾ- ਸ਼ੋਕ. ਗਮ. "ਖੇਦੁ ਨ ਪਾਇਓ ਨਹ ਫੁਨਿ ਰੋਜ." (ਰਾਮ ਮਃ ੫) "ਰੋਵਨਹਾਰੀ ਰੋਜੁ ਬਨਾਇਆ." (ਭੈਰ ਮਃ ੫) ੫. ਰੋਜ਼ਾਨਾ ਖ਼ਰਚ ਲਈ ਭੀ ਰੋਜ ਸਬਦ ਆਇਆ ਹੈ. "ਹਰ ਧਨ ਲੈ ਨ੍ਰਿਪ ਰੋਜ ਚਲਾਵੈ." (ਚਰਿਤ੍ਰ ੫੫) ੬. ਰੋਜ਼ਾ ਲਈ ਭੀ ਰੋਜ ਸਬਦ ਵਰਤਿਆ ਹੈ. "ਰਚ ਰੋਜ ਇਕਾਦਸਿ ਚੰਦ੍ਰਬ੍ਰਤੰ." (ਅਕਾਲ) ਰੋਜ਼ੇ, ਏਕਾਦਸ਼ੀ ਅਤੇ ਚਾਂਦ੍ਰਾਯਣ ਵ੍ਰਤ ਰਚੇ.

ਰੋਜ਼ਗਾਰ, ਰੋਜਗਾਰੁ: ਫ਼ਾ. روزگار ਸੰਗਯਾ- ਜ਼ਮਾਨਾ. ਸਮਯ। ੨. ਉਪਜੀਵਿਕਾ. ਰੋਜ਼ੀ. "ਖਾਟਣ ਕਉ ਹਰਿ ਹਰਿ ਰੋਜਗਾਰੁ." (ਧਨਾ ਮਃ ੫)

ਰੋਜਦਾਰ: ਵਿ- ਰੋਜ਼ੀਨਾ ਲੈਣ ਵਾਲਾ. ਜਿਸ ਦੀ ਨੌਕਰੀ ਦਿਹਾੜੀ ਦੇ ਹਿਸਾਬ ਹੈ.

ਰੋਜ਼ਨਾਮਚਾ, ਰੋਜ਼ਨਾਵਾਂ: ਫ਼ਾ. روزنامچہ ਸੰਗਯਾ- ਨਿੱਤ ਦੀ ਕ੍ਰਿਯਾ (ਦਿਨਚਰਯਾਂ) ਜਿਸ ਪੁਰ ਲਿਖੀ ਜਾਵੇ, ਅਜੇਹਾ ਕਾਗਜ ਅਥਵਾ ਰਜਿਸਟਰ. dairy.

ਰੋਜ਼ਮੱਰਹ: ਫ਼ਾ. روزمّرہ ਕ੍ਰਿ. ਵਿ- ਪ੍ਰਤਿ ਦਿਨ. ਨਿੱਤ.

ਰੋਜਾ: ਫ਼ਾ. روزہ ਰੋਜ਼ਹ. ਅ਼. صوم ਸੌਮ. ਵ੍ਰਤ. ਇਸਲਾਮ ਵਿੱਚ ਵ੍ਰਤ ਪਾਪ ਨਾਸ਼ਕ ਕਰਮ ਹੈ, ਅਰ ਇਤਨੇ ਵ੍ਰਤ ਰੱਖਣੇ ਵਿਧਾਨ ਹਨ-

(ੳ) ਰਮਜਾਨ ਦਾ ਸਾਰਾ ਮਹੀਨਾ. ਦੇਖੋ, ਰਮਜਾਨ ੨.

(ਅ) ਮੁਹ਼ੱਰਮ ਦਾ ਦਸਵਾਂ ਦਿਨ, ਜਿਸ ਦਾ ਨਾਮ "ਆ਼ਸ਼ੂਰਾ" عاشوُرا ਹੈ. ਮਿਸ਼ਕ਼ਾਤ ਵਿੱਚ ਲਿਖਿਆ ਹੈ ਕਿ ਇਸ ਦਿਨ ਦਾ ਵ੍ਰਤ ਆਉਣ ਵਾਲੇ ਵਰ੍ਹੇ ਦੇ ਸਭ ਪਾਪ ਦੂਰ ਕਰਦਾ ਹੈ.

(ੲ) ਈ਼ਦੁਲਫ਼ਿਤ਼ਰ ਪਿੱਛੋਂ ਛੀ ਦਿਨ ਵ੍ਰਤ ਕਰਨਾ ਪੁੰਨ ਕਰਮ ਹੈ.

(ਸ) ਸੋਮ ਅਤੇ ਵੀਰਵਾਰ ਹਰੇਕ ਹਫ਼ਤੇ ਦੇ.

(ਹ) ਸ਼ਅ਼ਬਾਨ ਦਾ ਸਾਰਾ ਮਹੀਨਾ. ਮਿਸ਼ਕ਼ਾਤ ਵਿੱਚ ਲਿਖਿਆ ਹੈ ਕਿ ਕਦੇ ਸਾਰਾ ਮਹੀਨਾ, ਕਦੇ ਇਸ ਮਹੀਨੇ ਦਾ ਕੁਝ ਹਿੱਸਾ, ਹ਼ਜਰਤ ਮੁਹੰਮਦ ਵ੍ਰਤ ਰਖਦੇ ਸਨ.

(ਕ) ੧੩, ੧੪. ਅਤੇ ੧੫. ਵੀਂ ਤਾਰੀਖ ਹਰੇਕ ਮਹੀਨੇ ਦੀ. ਇਨ੍ਹਾਂ ਦਾ ਨਾਮ "ਅੱਯਾਮੁਲਬੀਜ" ایّام البیض ਅਰਥਾਤ ਰੋਸ਼ਨ ਦਿਨ ਹੈ.

(ਖ) ਇੱਕ ਦਿਨ ਖਾਣਾ ਦੂਜੇ ਦਿਨ ਵ੍ਰਤ ਰੱਖਣਾ, ਇਹ ਨਿੱਤ ਵ੍ਰਤ ਹੈ. ਮਿਸ਼ਕਾਤ ਵਿੱਚ ਲਿਖਿਆ ਹੈ ਕਿ "ਦਾਊਦ" ਇਹ ਵ੍ਰਤ ਰਖਦਾ ਹੁੰਦਾ ਸੀ. ਵ੍ਰਤ ਸਮੇਂ ਝਗੜਨਾ, ਲੜਨਾ, ਨਿੰਦਾ ਆਦਿਕ ਨਿੰਦਿਤ ਕਰਮ ਵਰਜਿਤ ਹਨ.

"ਰੋਜਾ ਬਾਂਗ ਨਿਵਾਜ ਕਤੇਬ." (ਵਾਰ ਮਾਰੂ ੨. ਮਃ ੫)

ਰੋਜਾਯਤ: ਡਿੰਗ. ਮੁਸਲਮਾਨ, ਜੋ ਰੋਜ਼ਾ ਵ੍ਰਤ ਰਖਦਾ ਹੈ.

ਰੋਜਿ: ਕ੍ਰਿ. ਵਿ- ਨਿੱਤ ਹੀ. ਪ੍ਰਤਿਦਿਨ. ਸਦਾ. "ਨ ਭੀਜੈ ਸੋਗੀ ਕੀਤੈ ਰੋਜਿ." (ਮਃ ੧. ਵਾਰ ਸਾਰ) ੨. ਦੇਖੋ, ਰੋਜੀ.

ਰੋਜੀ: ਫ਼ਾ. روزی ਰੋਜ਼ੀ. ਸੰਗਯਾ- ਨਿੱਤ ਦਾ ਭੋਜਨ. "ਰੋਖ ਰੂਹਾਨ ਕੀ ਰੋਜੀ ਨ ਟਾਰੈ." (ਅਕਾਲ)

ਰੋਜ਼ੀਦਿਹ: ਫ਼ਾ. روزی دِہ ਵਿ- ਰਿਜ਼ਕ਼ ਦੇਣ ਵਾਲਾ. ਨਿੱਤ ਦੀ ਖ਼ੁਰਾਕ ਦੇਣ ਵਾਲਾ।

ਰੋਜ਼ੀਨਾ: ਫ਼ਾ. روزینہ ਸੰਗਯਾ- ਰੋਜ਼ ਦਾ ਖ਼ਰਚ। ੨. ਰੋਜ਼ ਦੀ ਨੌਕਰੀ। ੩. ਰੋਜ਼ ਦਾ ਗੁਜ਼ਾਰਾ.

ਰੋਜੁ: ਦੇਖੋ, ਰੋਜ ੪.

ਰੋਜ਼ੇ ਅਜ਼ਲ: ਫ਼ਾ. روزِازل ਉਹ ਸਮਾਂ, ਜਿਸ ਦਾ ਆਦਿ ਨਹੀਂ। ੨. ਫ਼ਾ. روزِاجل ਰੋਜ਼ੇ ਅਜਲ ਮੌਤ ਦਾ ਦਿਨ.

ਰੋਝ: ਸੰਗਯਾ- ਗਵਯ. ਨੀਲਗਾਯ. "ਰੋਝ ਰੀਛ ਬਹੁ ਭਾਂਤ ਬਿਦਾਰੇ." (ਵਿਚਿਤ੍ਰ)

ਰੋਟ: ਸੰਗਯਾ- ਮੋਟੀ ਰੋਟੀ. ਮੰਨੀ. ਦੇਖੋ, ਰੋਟਿਕਾ.

**ਰੋਟ ਪ੍ਰਸਾਦ:** ਦੇਖੋ, ਚੂਰਮਾ ੨.

**ਰੋਟਿਕਾ, ਰੋਟੀ:** ਸੰ. ਸੰਗਯਾ- ਰੋਟੀ ਚੁਪਾਤੀ. "ਹਰਿ ਰੁਖੀ ਰੋਟੀ ਖਾਇ ਸਮਾਲੇ." (ਮਾਝ ਮਃ ੫)

**ਰੋਟੀ ਕਾਠ ਕੀ:** ਤਨੂਰ ਦੀ ਸੁੱਕੀ ਰੋਟੀ, ਜੋ ਕਾਠ ਵਰਗੀ ਕਰੜੀ ਹੈ. "ਰੋਟੀ ਮੇਰੀ ਕਾਠ ਕੀ,[1117] ਲਾਵਣ ਮੇਰੀ ਭੁਖ." (ਸ. ਫਰੀਦ)

**ਰੋਡਝੀ:** ਸੰਗਯਾ- ਗੁੜ ਦੀ ਡ਼ਲੀ. ਭੇਲੀ. "ਗਿਲੀ ਗਿਲੀ ਰੋਡੜੀ." (ਵਾਰ ਮਾਰੂ ੨. ਮਃ ੫)

**ਰੋਡਾ, ਰੋਡੂ:** ਵਿ- ਘੋਨ ਘੋਨ. ਜਿਸ ਦਾ ਸਿਰ ਬੋਦੀ ਸਹਿਤ ਮੁੰਨਿਆ ਹੋਇਆ ਹੈ.

**ਰੋਣਾ:** ਸੰਗਯਾ- ਰੋਦਨ. ਰੋਣ ਦੀ ਕ੍ਰਿਯਾ. ਚਿੱਲਾਨਾ. ਵਿਲਾਪ. ਦੇਖੋ, ਰੁਦਨ.

**ਰੋਤ:** ਕ੍ਰਿ. ਵਿ- ਰੋਂਦਾ. ਰੁਦਨ ਕਰਦਾ.

**ਰੋਦ:** ਸੰ. ਸੰਗਯਾ- ਵਿਲਾਪ. ਦੇਖੋ, ਰੁਦ ਧਾ। ੨. ਡਿੰਗ. ਮੁਸਲਮਾਨ. ਇਸਲਾਮਮਤ ਧਾਰਨ ਵਾਲਾ.

**ਰੋਦਨ:** ਦੇਖੋ, ਰੋਣਾ.

**ਰੋਂਦਨ, ਰੋਂਦਨਾ:** ਕੁਚਲਣਾ. ਮਸਲਣਾ. ਦਰੜਨਾ. "ਗਜਰਾਜ ਕਵੀਗਨ ਰੋਂਦਨ ਆਯੋ" (ਕ੍ਰਿਸਨਾਵ) ਵਡਾ ਹਾਥੀ ਕਵੀ (ਭਮੂਲਾਂ) ਨੂੰ ਕੁਚਲਣ ਆਇਆ ਹੈ.

**ਰੋਦਾ:** ਦੇਖੋ, ਰਉਦਾ.

**ਰੋਂਦਾ:** ਕ੍ਰਿ. ਵਿ- ਰੋਦਨ ਕਰਦਾ. "ਰੋਂਦੇ ਮਰਿਜਾਹੀ." (ਮਃ ੧. ਵਾਰ ਮਲਾ)

**ਰੋਂਦੂ:** ਵਿ- ਰੋਦਨ ਕਰਨ ਵਾਲਾ। ੨. ਰੋਣੀਸੂਰਤ ਵਾਲਾ.

**ਰੋਧ:** ਸੰ. ਸੰਗਯਾ- ਰੋਕਣ ਦਾ ਭਾਵ। ੨. ਢਕਣਾ. ਬੰਦ ਕਰਨਾ। ੩. ਵਿਘਨ. ਪ੍ਰਤਿਬੰਧ. "ਮਹਾਪੁਰਖ ਬਿਨਰੋਧ." (ਕਲਕੀ) ੪. ਪਾਣੀ ਰੋਕਣ ਦਾ ਬੰਨ੍ਹ.

**ਰੋਧਕ:** ਵਿ- ਰੋਕਣ ਵਾਲਾ.

**ਰੋਧਨ:** ਸੰਗਯਾ- ਰੋਕਣਾ। ੨. ਬੰਦ ਕਰਨਾ.

**ਰੋਪਣ, ਰੋਪਣਾ, ਰੋਪਨ:** ਸੰ. ਸੰਗਯਾ- ਬੀਜ ਬੂਟਾ ਆਦਿ ਲਾਉਣਾ। ੨. ਅਸਥਾਪਨ (ਕ਼ਾਯਮ) ਕਰਨਾ. "ਗਗਨ ਮੰਡਲ ਮੈ ਰੋਪੈ ਥੰਮੁ" (ਮਃ ੧. ਵਾਰ ਰਾਮ ੧) ੩. ਹੋਰ ਚੀਜ਼ ਨੂੰ ਹੋਰ ਹੀ ਖ਼ਿਆਲ ਕਰਨਾ. ਕਿਸੇ ਵਸਤੁ ਵਿੱਚ ਹੋਰ ਵਸਤੁ ਦੀ ਸੰਭਾਵਨਾ ਕਰਨੀ.

**ਰੋਪਨਾ:** ਦੇਖੋ, ਰੋਪਣ। ੨. ਸਗਾਈ (ਮੰਗਣੇ- ਨਿਸਬਤ) ਦੀ ਰਸਮ. ਭਾਵ- ਵਿਆਹ ਦਾ ਮੁੱਢ ਰੋਪਣ ਕਰਨਾ. ਵਿਵਾਹਾਰੋਪਨ ਕਰਨਾ.

**ਰੋਪਰ, ਰੋਪੜ:** ਰੂਪਨਗਰ. ਰੂਪਚੰਦ ਰਾਜਪੂਤ ਦਾ ਵਸਾਇਆ ਨਗਰ, ਜੋ ਜਿਲਾ ਅੰਬਾਲਾ ਵਿੱਚ ਦਰਿਆ ਸਤਲੁਜ (ਸ਼ਤਦ੍ਰਵ) ਦੇ ਕਿਨਾਰੇ ਹੈ. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਕੁਰੁਛੇਤ੍ਰ ਨੂੰ ਜਾਂਦੇ ਹੋਏ ਇੱਥੇ ਵਿਰਾਜੇ ਹਨ. ਸਰਦਾਰ ਹਰੀਸਿੰਘ ਰਈਸ ਸਿਆਲਬਾ ਨੇ ਇਸ ਨੂੰ ਸਨ ੧੭੬੩ ਵਿੱਚ ਜਿੱਤਕੇ ਆਪਣੇ ਕਬਜੇ ਕੀਤਾ. ਹਰੀਸਿੰਘ ਦੇ ਪੁਤ੍ਰ ਚੜ੍ਹਤਸਿੰਘ ਨੇ ਰੋਪੜ ਨੂੰ

[1117] ਕਈ ਅੰਞਾਣ ਲੇਖਕਾਂ ਨੇ ਕਥਾ ਘੜ ਲਈ ਹੈ ਕਿ ਫਰੀਦ ਜੀ ਕਾਠ ਦੀ ਰੋਟੀ ਪੱਲੇ ਰਖਦੇ ਸਨ, ਜੇ ਕੋਈ ਉਨ੍ਹਾਂ ਨੂੰ ਰੋਟੀ ਖਾਣ ਲਈ ਆਖਦਾ, ਤਾਂ ਕਾਠ ਦੀ ਰੋਟੀ ਵਿਖਾਕੇ ਟਾਲ ਦਿੰਦੇ ਸਨ ਕਿ ਮੇਰੇ ਪਾਸ ਰੋਟੀ ਹੈ.

ਆਪਣੀ ਰਿਆਸਤ ਦਾ ਮੁੱਖਨਗਰ ਬਣਾਇਆ. ਸਨ ੧੯੩੧ ਵਿੱਚ ਇੱਥੇ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਬੈਂਟਿੰਕ ਦੀ ਧੂਮ ਧਾਮ ਨਾਲ ਮੁਲਾਕਾਤ ਹੋਈ ਸੀ. ਸਨ ੧੯੪੬ ਵਿੱਚ ਰੋਪੜ ਅੰਗ੍ਰੇਜੀ ਰਾਜ ਵਿੱਚ ਮਿਲਿਆ.

ਰੋਪੜ ਤੋਂ ਸਰਹਿੰਦ ਕਨਾਲ ਦਰਿਆ ਸਤਲੁਜ ਵਿੱਚੋਂ ਕੱਢੀ ਗਈ ਹੈ, ਜੋ ਫੂਲਕੀ ਰਿਆਸਤਾਂ ਅਤੇ ਫਿਰੋਜਪੁਰ ਆਦਿ ਜਿਲਿਆਂ ਦੀ ਜਮੀਨ ਨੂੰ ਸੈਰਾਬ ਕਰਦੀ ਹੈ. ਹੁਣ ਰੋਪੜ ਤਕ ਰੇਲ ਭੀ ਬਣ ਗਈ ਹੈ, ਜਿਸ ਦਾ ਜੱਕਸ਼ਨ ਸਰਹਿੰਦ ਹੈ. ਸਰਹਿੰਦ ਤੋਂ ਰੋਪੜ ੩੦ ਮੀਲ ਹੈ.

ਰੋਬ: ਅ਼. رُعب ਰੁਅ਼ਬ. ਸੰਗਯਾ- ਪ੍ਰਭਾਵ ਦਬਦਬਾ.

ਰੋਬਕਾਰ: ਦੇਖੋ, ਰੂਬਕਾਰ.

ਰੋਬਰੂ: ਦੇਖੋ, ਰੂਬਰੂ.

ਰੋਬਾਹ: ਦੇਖੋ, ਰੂਬਾਹ.

ਰੋਮ: ਸੰ. ਰੋਮਨ੍. ਸੰਗਯਾ- ਵਾਲ. ਲੂੰ. ਕੇਸ. "ਰੋਮ ਰੋਮ ਮਹਿ ਬਸਹਿ ਮੁਰਾਰਿ." (ਗਉ ਥਿਤੀ ਕਬੀਰ) ੨. ਦੇਖੋ, ਰੂਮ.

ਰੋਮਸ਼: ਸੰ. ਵਿ- ਬਹੁਤ ਰੋਮਾਂ ਵਾਲਾ. ਜੱਤਲ। ੨. ਸੰਗਯਾ- ਮੀਢਾ। ੩. ਸੂਰ। ੪. ਦੇਖੋ, ਲੋਮਸਾ.

ਰੋਮਹਰਸ, ਰੋਮਹਰਸਣ, ਰੋਮਹਰਖਣ: ਸੰ. ਰੋਮਹਸ਼ੰ- ਰੋਮਹਸ਼ੰਣ. ਸੰਗਯਾ- ਖ਼ੁਸ਼ੀ ਨਾਲ ਰੋਮਾਂ ਦਾ ਖੜੇ ਹੋਣਾ. ਰੋਮਾਂਚ. ਮਾਨੋ ਰੋਮਾਂ ਨੂੰ ਖ਼ੁਸ਼ੀ ਚੜ੍ਹ ਗਈ ਹੈ। ੨. ਦੇਖੋ, ਲੋਮਹਰਖਨ. "ਰੋਮਹਰਖਨ ਥੋ ਤਹਾਂ ਸੋਉ ਆਇਓ ਤਹਿ" ਦੌਰ." (ਕ੍ਰਿਸਨਾਵ) ੩. ਬਹੇੜਾ ਬਿਰਛ. ਦੇਖੋ, ਬਹੇੜਾ.

ਰੋਮਨ ਕੈਥੋਲਿਕ ਚਰਚ: Roman Catholic- Church. ਈਸਾਈਆਂ ਦੀ ਪੁਰਾਣੀ ਸੰਪ੍ਰਦਾਯ, ਜਿਸ ਵਿੱਚ ਈਸਾ ਦੀ ਮਾਤਾ ਅਤੇ ਕਈ ਸੰਤਾਂ ਦੀ ਉਪਾਸਨਾ ਹੁੰਦੀ ਹੈ. ਇਸ ਦੀ ਪ੍ਰਧਾਨ ਗੱਦੀ ਤੇ ਰੋਮ ਵਿੱਚ ਪੋਪ ਹੈ. ਪਹਿਲਾਂ ਇਹ ਮਤ ਇੰਗਲੈਂਡ ਆਦਿ ਦੇਸਾਂ ਵਿੱਚ ਵਡੇ ਜ਼ੋਰ ਤੇ ਸੀ. ਹੁਣ ਪ੍ਰੋਟੈਸਟੈਂਟ (Protestant) ਮਤ, ਜਿਸ ਦੀ ਨਿਉਂ ਜਰਮਨ ਸੱਜਨ ਲੂਥਰ[1118] ਨੇ ਸਨ ੧੫੨੯ ਵਿੱਚ ਰੱਖੀ, ਬਹੁਤ ਫੈਲ ਗਿਆ ਹੈ. ਇਸ ਨੇ ਪਹਿਲੇ ਚਰਚ ਦਾ ਸਰਵਨਾਸ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ, ਪਰ ਫੇਰ ਭੀ ਇਸ ਵੇਲੇ ਦੁਨੀਆਂ ਵਿੱਚ ੩੦੦, ੦੦੦, ੦੦੦ ਤੋਂ ਵੱਧ ਰੋਮਨ ਕੈਥੋਲਿਕ ਹਨ.

ਰੋਮਪਾਦ: ਦੇਖੋ, ਲੋਮਪਾਦ.

ਰੋ ਮਰਣਾ: ਕ੍ਰਿ- ਦੁਖ ਉਠਾਕੇ ਮਰਨਾ। ੨. ਕਿਸੇ ਕਾਰਜ ਦੇ ਪੂਰਾ ਕਰਨ ਲਈ ਕਸ਼੍ਟ ਉਠਾਉਣਾ ਅਤੇ ਪ੍ਰਾਣਾਂ ਦੀ ਭੀ ਪਰਵਾ ਨਾ ਕਰਨੀ. ਦੇਖੋ, ਰੋਇ.

ਰੋਮਰਾਜਿ, ਰੋਮਰਾਜੀ: ਸੰਗਯਾ- ਰੋਮਾਂ ਦੀ ਰੇਖਾ. ਰੋਮਾਂ ਦੀ ਲਕੀਰ. ਰੋਮਾਵਲੀ। ੨. ਖ਼ਾਸ ਕਰਕੇ ਨਾਭਿ ਤੋਂ ਛਾਤੀ ਤਕ ਰੋਮਾਂ ਦੀ ਰੇਖਾ, ਜਿਸ ਨੂੰ ਕਵੀਆਂ ਨੇ ਸੁੰਦਰਤਾ ਦਾ ਚਿੰਨ੍ਹ ਮੰਨਿਆ ਹੈ. "ਸੁਭੈ ਰੋਮਰਾਜੀ." (ਸਲੋਹ)

ਰੋਮਾਈ: ਰੋਮ ਮਾਤ੍ਰ. ਤਨਿਕ. ਕਿੰਚਿਤ. "ਬਰਨਿ ਨ ਸਾਕਹਿ ਏਕ ਰੋਮਾਈ." (ਬਿਲਾ ਮਃ ੫)

ਰੋਮਾਂਚ: ਆਨੰਦ ਜਾਂ ਕ੍ਰੋਧ ਨਾਲ ਰੋਮਾਂ ਦਾ ਖੜੇ ਹੋਣਾ. ਦੇਖੋ, ਰਮਹਰਸ.

ਰੋਮਾਂਤਕ: ਸੰਗਯਾ- ਰੋਮਾਂ ਦਾ ਅੰਤ ਕਰਨ ਵਾਲਾ ਉਸਤਰਾ। ੨. ਰੋਮਾਂ ਦਾ ਨਾਸ਼ ਕਰਨ ਵਾਲਾ ਚੂਰਣ. ਦੇਖੋ, ਕਚਅਰਿ.

ਰੋਮਾਲ: ਦੇਖੋ, ਰੁਮਾਲ.

---

[1118] Martin Luther. (੧੪੮੩-੧੫੪੬) ਇਹ ਪਹਿਲਾਂ ਖੁਦ ਰੋਮਨਕੈਥੋਲਿਕ ਸੀ. ਸਨ ੧੫੧੭ ਇਹ ਪੋਪਲੀਲਾ ਦੇ ਵਿਰੁੱਧ ਹੋਇਆ, ਅਰ ਆਪਣੇ ਪ੍ਰਚਾਰ ਵਿੱਚ ਸਰਲਤਾ ਪ੍ਰਾਪਤ ਕੀਤੀ.

ਰੋਮਾਵਲਿ, ਰੋਮਾਵਲੀ: ਰੋਮਾਂ ਦਾ ਸਮੁਦਾਯ. ਸ਼ਰੀਰ ਦੇ ਸਾਰੇ ਰੋਮ. "ਰੋਮਾਵਲਿ ਕੋਟਿ ਅਠਾਰਹ ਭਾਰ." (ਭੈਰ ਅਃ ਕਬੀਰ) ੨. ਦੇਖੋ, ਰੋਮਰਾਜੀ ੨.

ਰੋਮਿ: ਰੋਮ ਵਿੱਚ. "ਰੋਮਿ ਰੋਮਿ ਮਨਿ ਤਨਿ ਇਕ ਬੇਦਨ." (ਬਿਲਾ ਅਃ ਮਃ ੪)

ਰੋਰ: ਰੋੜ. ਦੇਖੋ, ਸਾਲਨ ੨। ੨. ਡਿੰਗ. ਨਿਰਧਨਤਾ. ਕੰਗਾਲੀ.

ਰੋਰਾ, ਰੋਰੀ: ਸੰਗਯਾ- ਇੱਕ ਲਾਲ ਰੰਗ, ਜੋ ਕੇਸਰ ਆਦਿ ਤੋਂ ਅਥਵਾ ਹਲਦੀ ਚੂਨੇ ਦੇ ਮੇਲ ਤੋਂ ਬਣਦਾ ਹੈ ਰੋਲਾ. ਰੋਲੀ.[1119] ਇਸ ਦਾ ਤਿਲਕ ਖ਼ਾਸ ਕਰਕੇ ਇਸਤ੍ਰੀਆਂ ਅਤੇ ਸ਼੍ਰੀ ਵੈਸ਼ਨਵ ਕਰਦੇ ਹਨ। ੨. ਦੇਖੋ, ਰੋੜਾ ਰੋੜੀ.

ਰੋਲ: ਸੰਗਯਾ- ਮਿਲਾਵਟ। ੨. ਰੌਲਾ. ਝਗੜਾ। ੩. ਹਿੱਸਾ. ਸ਼ਰਾਕਤ। ੪. ਸੰਸਾ. ਸ਼ੱਕ। ੫. ਰੁਲਣ ਦਾ ਭਾਵ। ੬. ਰੋਲਣ ਦੀ ਕ੍ਰਿਯਾ. ਦੇਖੋ, ਰੋਲਨਾ ੧.

ਰੋਲਹੰਸਾ: ਦੇਖੋ, ਛੱਪਯ ਦਾ ਭੇਦ ੨.

ਰੋਲਘਚੋਲਾ: ਵਿ- ਰੌਲਾ ਮਚਾਕੇ ਪ੍ਰਸੰਗ ਨੂੰ ਗੰਧਲਾ ਕਰ ਦੇਣ ਵਾਲਾ. "ਸਬਦੁ ਨ ਸੁਣਈ, ਬਹੁ ਰੋਲਘਚੋਲਾ." (ਮਃ ੩. ਵਾਰ ਗਉ ੧)

ਰੋਲਣਾ, ਰੋਲਨਾ: ਕ੍ਰਿ- ਰਲੇ ਹੋਏ ਪਦਾਰਥਾਂ ਨੂੰ ਨਿਖੇੜਨਾ। ੨. ਮਿਲਾਉਣਾ. ਰਲਾਉਣਾ। ੩. ਮਥਨ. ਰਿੜਕਣਾ.

ਰੋਲਾ: ਦੇਖੋ, ਰੋਰਾ ੧। ੨. ਇੱਕ ਛੰਦ. ਇਸ ਦਾ ਨਾਮ "ਕਾਵਯ" ਅਤੇ "ਬੱਯੂ" ਭੀ ਹੈ. ਲੱਛਣ ਚਾਰ ਚਰਣ, ਪ੍ਰਤਿ ਚਰਣ ੨੪ ਮਾਤ੍ਰਾ. ੧੧- ੧੩ ਪੁਰ ਵਿਸ਼੍ਰਾਮ. ਕੁੰਡਲੀਏ ਛੰਦ ਦੇ ਪਿਛਲੇ ਚਾਰ ਚਰਣ ਅਰ ਛੱਪਯ ਦੇ ਪਹਿਲੇ ਚਾਰ ਪਾਦ, ਰੋਲਾ ਛੰਦ ਦਾ ਰੂਪ ਹੈ. ਇਸ ਛੰਦ ਦੇ ਹਰੇਕ ਚਰਣ ਵਿੱਚ ਗਿਆਰਵੀਂ ਮਾਤ੍ਰਾ ਲਘੁ ਹੋਣੀ ਚਾਹੀਏ.

ਉਦਾਹਰਣ-

ਅਦਭੁਦ ਅਤਹਿ ਅਨੂਪ, ਰੂਪ ਪਾਰਸ ਕੈ ਪਾਰਸ,

ਗੁਰੁ ਅੰਗਦ ਮਿਲ ਅੰਗ, ਸੰਗ ਮਿਲ ਸੰਗ ਸੁਧਾਰਸ,

ਅਕਲ ਕਲਾ ਭਰਪੂਰ, ਸੁਤ੍ਰ ਗਤਿ ਓਤ ਪੋਤ ਮਹਿ,

ਜਗ ਮਗ ਜੋਤਿਸਰੂਪ, ਜੋਤਿ ਮਿਲ ਜੋਤਿ ਜੋਤਿ ਮਹਿ. (ਭਾਗੁ ਕ)

ਰੋਲਿ: ਕ੍ਰਿ. ਵਿ- ਰੋਲਕੇ. "ਰੋਲਿ ਬਿਰੋਲ ਲੀਆ ਜੈ ਮਖਣ." (ਰਤਨਮਾਲਾ) ਰਿੜਕਕੇ ਜਿਸ ਨੇ ਮੱਖਣ ਵਿਰੋਲ (ਅਲਗ) ਕਰ ਲੀਤਾ. ਦੇਖੋ, ਰੋਲਨਾ ੩। ੨. ਰੁਲਾਕੇ. "ਓਸੁ ਬਿਨਾ ਤੂੰ ਛੁਟਕੀ ਰੋਲਿ." (ਆਸਾ ਮਃ ੫) ਜੀਵਾਤਮਾ ਬਿਨਾ ਦੇਹ ਮਿੱਟੀ ਵਿੱਚ ਰੁਲਾ ਛੱਡੀ ਹੈ.

ਰੋਲੀ: ਦੇਖੋ, ਰੋਰਾ ੧। ੨. ਰੁਲਾਈ.

ਰੋਲੁ: ਦੇਖੋ, ਰੋਲ। ੨. ਸ਼ਰਾਕਤ. ਸਾਂਝ. "ਸੀਵ ਬੰਨੈ ਰੋਲੁ ਨਾਹੀ." (ਮਃ ੪. ਵਾਰ ਬਿਲਾ) ੩. ਸੰਸਾ. ਸ਼ੱਕ. "ਤੇ ਮਿਲੇ ਨਹੀ ਹਰਿ ਰੋਲੁ." (ਮਃ ੪. ਵਾਰ ਕਾਨ) ਤੇ ਹਰਿ ਮਿਲੇ, ਇਸ ਵਿੱਚ ਰੋਲੁ (ਸ਼ੱਕ) ਨਹੀਂ। ੪. ਸਿੰਧੀ. ਅਵਾਰਾਗਰਦ। ੫. ਗੁਮਰਾਹ.

ਰੋਲੰਬ: रोलम्ब. ਸੰ. ਸੰਗਯਾ- ਜੋ ਗੂੰਜਦੀ ਫਿਰਦੀ ਹੈ, ਸ਼ਹਦ ਦੀ ਮੱਖੀ। ੨. ਭੌਰਾ. ਭ੍ਰਮਰ.

---

[1119] ਲੋਹੇ ਦੀ ਕੜਾਹੀ ਵਿੱਚ ਪਾਣੀ ਭਰਕੇ, ਉਸ ਵਿੱਚ ਹਲਦੀ ਆਉਲੇ ਦੀ ਖਟਾਈ ਅਤੇ ਸੁਹਾਗਾ ਪਾਕੇ ਪਕਾਈਦਾ ਹੈ. ਖ਼ੁਸ਼ਕ ਹੋਣ ਪੁਰ ਕਪੜਛਾਣ ਕਰਕੇ ਬਰਤਨ ਵਿੱਚ ਇਸ ਨੂੰ ਪਾ ਲਈਦਾ ਹੈ.

ਰੋਵਣ, ਰੋਵਨਾ: ਰੋਦਨ ਕਰਨਾ. ਰੋਣਾ. "ਰੋਵਣ ਸਗਲ ਬਿਕਾਰੋ, ਗਾਫਲੁ ਸੰਸਾਰੋ." (ਵਡ ਅਲਾਹਣੀ ਮਃ ੧) "ਰੋਵਨਹਾਰੈ ਝੂਠ ਕਮਾਨਾ." (ਆਸਾ ਮਃ ੫)

ਰੋੜ: ਸੰਗਯਾ- ਕੰਕਰ। ੨. ਕਰੜਾ ਦਾਣਾ, ਜੋ ਰਿੱਝੇ ਨਾ. ਕੁੜਕੁੜੂ. ਕੋਰੜ.

ਰੋੜਾ: ਦੇਖੋ, ਰੋੜ। ੨. ਇੱਟ ਪੱਥਰ ਆਦਿ ਦਾ ਛੋਟਾ ਟੁਕੜਾ. "ਰੋੜਾ ਹੁਇਰਹੁ ਬਾਟ ਕਾ." (ਸ. ਕਬੀਰ) ੩. ਇੱਕ ਜਾਤਿ. ਦੇਖੋ, ਅਰੋੜਾ.

ਰੋੜੀ: ਸੰਗਯਾ- ਗੁੜ ਸ਼ੱਕਰ ਆਦਿ ਦੀ ਡਲੀ। ੨. ਰੋੜਾਂ ਵਾਲੀ ਜ਼ਮੀਨ। ੩. ਫੂਕੇ ਹੋਏ ਰੋੜ ਅਥਵਾ ਪੱਥਰ ਤੋਂ ਨਿਕਲੀ ਹੋਈ ਅਣਜਲੀ ਡਲੀ। ੪. ਰੋੜਾ ਜਾਤਿ ਦੀ ਇਸਤ੍ਰੀ ਅਰੋੜੀ। ੫. ਦੇਖੋ, ਰੋੜੀਸਾਹਿਬ

ਰੋੜੀਸਾਹਿਬ: ਸੈਦਪੁਰ (ਏਮਨਾਬਾਦ) ਸ਼੍ਰੀ ਗੁਰੂ ਨਾਨਕਦੇਵ ਦਾ ਅਸਥਾਨ, ਜਿੱਥੇ ਰੋੜਾਂ ਦੀ ਵਿਛਾਈ ਕਰਕੇ ਗੁਰੁਸਾਹਿਬ ਵਿਰਾਜੇ ਸਨ. "ਰੋੜਾਂ ਦੀ ਗੁਰ ਕੀਈ ਵਿਛਾਈ." (ਭਾਗੁ) ਦੇਖੋ, ਏਮਨਾਬਾਦ (ੲ). ੨. ਦੇਖੋ, ਜਾਹਮਣ.

ਰੌ: ਦੇਖੋ, ਰਉ.

ਰੌਸ, ਰੌਂਸ: ਬਗੀਚੇ ਦੀ ਪਟੜੀ. ਦੇਖੋ, ਰਵਸ਼. "ਬੀਚ ਰੌਸ ਜਿ"ਹ ਬਨੀ ਘਨੀ ਹੈ." (ਗੁਪ੍ਰਸੂ)

ਰੌਸ਼ਨ: ਫ਼ਾ. روشن ਵਿ- ਚਮਕਦਾ ਹੋਇਆ. ਪ੍ਰਕਾਸ਼ਯੁਕ੍ਤ। ੨. ਪ੍ਰਸਿੱਧ. ਜਾਹਿਰ.

ਰੌਸ਼ਨਜਮੀਰ: ਫ਼ਾ. روشن ضمیر ਰੌਸ਼ਨਜ਼ਮੀਰ. ਵਿ- ਪ੍ਰਕਾਸ਼ ਸਹਿਤ ਦਿਲ ਵਾਲਾ. ਪ੍ਰਤਿਭਾਵਾਨ. ਰੌਸ਼ਨਦਿਲ.

ਰੌਸ਼ਨਦਾਨ: ਉਹ ਮੋਘਾ, ਜਿਸ ਵਿੱਚਦੀਂ ਕਮਰੇ ਅੰਦਰ ਪ੍ਰਕਾਸ਼ ਆਵੇ.

ਰੌਸ਼ਨ ਦਿਮਾਗ: ਫ਼ਾ. روشن دماغ ਵਿ- ਜਿਸ ਦੇ ਦਿਮਾਗ ਵਿੱਚ ਪ੍ਰਕਾਸ਼ ਹੈ. ਦਾਨਾ. ਵਿਗ੍ਯਾਨੀ.

ਰੌਸ਼ਨਾਈ: ਦੇਖੋ, ਰੁਸਨਾਈ.

ਰੌਸ਼ਨਾਰਾ: روشن آرا ਸ਼ਾਹਜਹਾਂ ਬਾਦਸ਼ਾਹ ਦੀ ਛੋਟੀ ਪੁਤ੍ਰੀ. ਇਹ ਆਪਣੇ ਭਾਈ ਔਰੰਗਜ਼ੇਬ ਨੂੰ ਮਹਲ ਦੇ ਸਾਰੇ ਗੁਪਤ ਭੇਦ ਦੱਸਿਆ ਕਰਦੀ ਸੀ. ਇਸ ਦਾ ਦੇਹਾਂਤ ਸਨ ੧੬੬੯ ਵਿੱਚ ਦਿੱਲੀ ਹੋਇਆ. ਅਰ ਆਪਣੇ ਬਾਗ (ਰੌਸ਼ਨਾਰਾ) ਵਿੱਚ ਦਫਨ ਕੀਤੀ ਗਈ.

ਰੌਸ਼ਨੀ: ਫ਼ਾ. روشنی ਸੰਗਯਾ- ਚਮਕ. ਪ੍ਰਭਾ. ਚਾਨਣਾ। ੨. ਦੀਪਮਾਲਿਕਾ, ਜਿਵੇਂ- ਖ਼ੁਸ਼ੀ ਵਿੱਚ ਸਾਰੇ ਸ਼ਹਰ ਰੌਸ਼ਨੀ ਹੋਈ ਹੈ। ੩. ਵਿਦ੍ਯਾ ਦਾ ਚਮਤਕਾਰ, ਜਿਵੇਂ- ਹੁਣ ਨਵੀਂ ਰੌਸ਼ਨੀ ਦਾ ਸਮਾਂ ਹੈ। ੪. ਨਿਗਾਹ. ਬੀਨਾਈ. ਦ੍ਰਿਸ਼੍ਟਿ, ਜਿਵੇਂ- ਅੱਖਾਂ ਦੀ ਰੌਸ਼ਨੀ ਜਾਂਦੀ ਰਹੀ.

ਰੌਸ਼ਨੀਯਤਪਨਾਹ: ਫ਼ਾ. روشنیت پناہ ਸੰਗਯਾ- ਸੂਰਜ. ਪ੍ਰਭਾਕਰ. ਆਫ਼ਤਾਬ.

ਰੌਹਿਣੇਯ: ਰੋਹਿਣੀ ਦੇ ਪੇਟੋਂ ਵਸੁਦੇਵ ਦਾ ਪੁਤ੍ਰ ਬਲਰਾਮ. ਬਲਭਦ੍ਰ. ਮੁਸ਼ਲੀ.

ਰੌਗ਼ਨ: ਫ਼ਾ. روغن ਸੰਗਯਾ- ਘੀ ਤੇਲ ਆਦਿ ਚਿਕਨਾ (ਥੰਧਾ) ਪਦਾਰਥ.

ਰੌਗ਼ਨਸਜਾਹ: ਫ਼ਾ. ਸੰਗਯਾ- ਸਰ੍ਹੋਂ (ਸਸ਼ੰਪ) ਦਾ ਤੇਲ.

ਰੌਗ਼ਨਜ਼ਰਦ: ਗਊ ਦਾ ਘੀ, ਘੀਮਾਤ੍ਰ, ਘ੍ਰਿਤ.

ਰੌਚਕ: ਦੇਖੋ, ਰੋਚਕ.

ਰੌਜ਼ਨ: ਫ਼ਾ. روزن ਸੰਗਯਾ- ਝਰੋਖਾ। ੨. ਮੋਘਾ. "ਛਾਤ ਬੀਚ ਰੌਜਨ ਇਕ ਧਾਰਯੋ." (ਚਰਿਤ੍ਰ ੮੧)

ਰੌਜਾ: ਅ. روضہ ਰੌਜਹ. ਸੰਗਜਾ- ਬਾਗ. ਬਗ਼ੀਚਹ। ੨. ਕ਼ਬਰ ਦੇ ਆਸ ਪਾਸ ਦਾ ਬਗੀਚਾ। ੩. ਮਕ਼ਬਰਾ.

ਰੌਜਾਏ ਰਿਜਵਾਂ: ਅ. روضہ اِرضوان ਰੌਜਾਏ ਰਿਜਵਾਂ. ਸੰਗਜਾ- ਇੰਦ੍ਰ ਦਾ ਬਾਗ. ਨੰਦਨ. ਦੇਖੋ, ਫਰਿਸ਼ਤਾ ਅਤੇ ਰਿਜਵਾਨ ੨.

ਰੌਣ: ਸੰਗਜਾ- ਪਾਣੀ ਦੇ ਨਿਕਲਣ ਦਾ ਛਿਦ੍ਰ (ਛੇਕ). ੨. ਦੇਖੋ, ਰਮਣ। ੩. ਦੇਖੋ, ਰਵਣ। ੪. ਦੇਖੋ ਰਾਵਣ.

ਰੌਣਕ: ਦੇਖੋ, ਰੌਨਕ.

ਰੌਣਾ: ਸੰਗਜਾ- ਘੁੰਘਰੂ ਆਦਿ ਵਿੱਚ ਧਾਤੁ ਦਾ ਦਾਣਾ, ਜੋ ਖੜਕਕੇ ਧੁਨਿ ਕਰਦਾ ਹੈ। ੨. ਮੋਟਾ ਛਰਰਾ. Buck- shot

ਰੌਣੀ: ਸੰਗਜਾ- ਆਬਪਾਸ਼ੀ. ਸਿੰਚਾਈ। ੨. ਖੰਦਕ (ਖਾਈ) ਜੋ ਜਲ ਨਾਲ ਭਰੀ ਹੋਵੇ। ੩. ਸੁਰਖਯਾ ਲਈ ਬਣਾਈ ਗੜ੍ਹੀ, ਵਲਗਣ ਆਦਿ. ਰਾਉਣੀ.

ਰੌਦ: ਫ਼ਾ. رود ਸੰਗਜਾ- ਇਸ ਦਾ ਉੱਚਾਰਣ ਰੂਦ ਭੀ ਹੈ. ਨਦੀ. ਨਾਲਾ. ਜਲ ਦਾ ਪ੍ਰਵਾਹ। ੨. ਤੰਦ ਤਾਰ। ੩. ਤਾਰ ਦਾ ਵਾਜਾ.

ਰੌਂਦਨਾ: ਦੇਖੋ, ਰੋਂਦਨਾ.

ਰੌਦਾ: ਦੇਖੋ, ਰਉਦਾ.

ਰੌਦ੍ਰ: ਰੁਦ੍ਰ ਹੈ ਜਿਸ ਦਾ ਦੇਵਤਾ, ਐਸਾ ਇੱਕ ਕਾਵ੍ਯਰਸ. ਦੇਖੋ, ਨਵ ਰਸ, ਭਾਵ ਅਤੇ ਰਸ। ੨. ਕ੍ਰੋਧ। ੩. ਧੁੱਪ ਆਤਮ। ੪. ਯਮ। ੫. ਵਿ- ਡਰਾਉਣਾ. ਭਯਾਨਕ। ੬. ਰੁਦ੍ਰ (ਸ਼ਿਵ) ਦਾ.

ਰੌਨਕ: ਅ. رونق ਰੌਨਕ਼. ਸੰਗਜਾ- ਚਮਕ। ੨. ਸ਼ੋਭਾ. ਆਭਾ। ੩. ਖ਼ੂਬੀ. ਗੁਣ.

ਰੌਰ: ਦੇਖੋ, ਰੌੜ। ੨. ਰੌਲਾ. ਸ਼ੋਰ. "ਬਡ ਰੌਰ ਕਰੋ ਬਰਤਾਵਤ ਹੈਂ." (ਗੁਪ੍ਰਸੂ)

ਰੌਰਵ: ਸੰਗਜਾ- ਰੋਂਦੇ ਹਨ ਜਿਸ ਵਿੱਚ ਜਾਕੇ, ਅਜੇਹਾ ਨਰਕ। ੨. ਵਿ- ਡਰਾਉਣਾ. ਭਯੰਕਰ। ੩. ਰੁਰੁ (ਰੱਤੇ ਮ੍ਰਿਗ) ਦੇ ਚੰਮ ਦਾ ਬਣਾਇਆ ਹੋਇਆ, ਅਥਵਾ ਗੁਰੁ ਦਾ ਮਾਸ ਸਿੰਗ ਆਦਿ.

ਰੌਰਾ: ਸੰਗਜਾ- ਰੌਲਾ. ਸ਼ੋਰ. "ਪਰਜੋ ਗ੍ਰਾਮ ਮੇ ਰੌਰਾ ਤਬਹੂੰ." (ਗੁਪ੍ਰਸੂ)

ਰੌਰੇ: ਰਾਵਰੇ (ਆਪ ਕੇ) ਦਾ ਸੰਖੇਪ। ੨. ਰੌਰਾ (ਰੌਲਾ) ਦਾ ਬਹੁਵਚਨ.

ਰੌਲਾ: ਸੰਗਜਾ- ਰਵ. ਸ਼ੋਰ.

ਰੌੜ: ਸੰਗਜਾ- ਰੜਾ. ਸਾਫ ਮੈਦਾਨ। ੨. ਕੱਲਰ। ੩. ਦੇਖੋ, ਘੁੱਕੇਵਾਲੀ.

ਰੰਕ: ਸੰ. ਰਙ੍ਕ. ਵਿ- ਕ੍ਰਿਪਣ. ਕੰਜੂਸ। ੨. ਮੂਰਖ. "ਸਾਧਸੰਗ ਰੰਕ ਤਾਰਨ." (ਬਿਲਾ ਮਃ ੫) ੩. ਕੰਗਾਲ. ਮੰਗਤਾ. "ਰੰਕ ਤੇ ਰਾਉ ਕਰਤ ਖਿਨ ਭੀਤਰਿ. (ਬਿਲਾ ਮਃ ੫)

ਰੰਕਣ ਵੰਕਣ: ਦੇਖੋ, ਰੰਕਾ ਬੰਕਾ.

ਰੰਕਾਈ: ਸੰਗਜਾ- ਰੰਕਤਾ. ਰੰਕਪਨ. ਕੰਗਾਲਪੁਣਾ. "ਨ ਛੋਡਈ ਰੰਕਾਈ ਨੈਨਾਹ." (ਸ. ਕਬੀਰ)

ਰੰਕਾ ਬੰਕਾ, ਰੰਕਾ ਵੰਕਾ: (ਰਙ੍ਕਣ- ਬਙ੍ਕਣ) ਰੰਕਾ ਪਤੀ, ਅਤੇ ਵੰਕਾ ਇਸਤ੍ਰੀ ਸੀ. ਰੰਕਾ ਦਾ ਜਨਮ ਪੰਡਰਪੁਰ ਦੱਖਣ ਵਿੱਚ ਸੰਮਤ ੧੩੪੮, ਅਤੇ ਹਰਿਦੇਵ ਬ੍ਰਾਹਮਣ ਦੀ ਪੁਤ੍ਰੀ ਵੰਕਾ ਦਾ ਸੰਮਤ ੧੩੫੧ ਵਿੱਚ ਹੋਇਆ. ਇਹ ਦੋਵੇਂ ਵੈਸ਼ਨਵਮਤ ਦੇ ਪੱਕੇ ਪ੍ਰਚਾਰਕ ਸਨ. ਇਨ੍ਹਾਂ ਦਾ ਤ੍ਯਾਗ ਜਗਤਪ੍ਰਸਿੱਧ ਹੈ.

ਇਕ ਵਾਰ ਰੰਕਾ ਨੇ ਰਸਤੇ ਵਿੱਚ ਮੁਹਰਾਂ ਪਈਆਂ ਵੇਖਕੇ ਪੈਰ ਨਾਲ ਮਿੱਟੀ ਪਾ ਦਿੱਤੀ ਕਿ ਕਿਤੇ ਵੰਕਾ ਦਾ ਚਿੱਤ ਨਾ ਲੁਭਾ ਜਾਵੇ.

ਵੰਕਾ ਨੇ ਪਤੀ ਨੂੰ ਆਖਿਆ ਕਿ ਅਜੇ ਆਪ ਦੀ ਦਨਐਤ ਦੂਰ ਨਹੀਂ ਹੋਈ. ਸੰਨਯਾਸੀ ਨੂੰ ਜਦ ਸੋਨਾ ਅਤੇ ਮਿੱਟੀ ਇੱਕੋ ਹੈ, ਫੇਰ ਆਪ ਨੇ ਮੁਹਰਾਂ ਢਕਣ ਦਾ ਜਤਨ ਕਿਉਂ ਕੀਤਾ?

ਇਨ੍ਹਾਂ ਦੋਹਾਂ ਦਾ ਮਿਲਿਆ ਨਾਉਂ ਭਗਤਮਾਲ ਆਦਿ ਗ੍ਰੰਥਾਂ ਵਿੱਚ ਦੇਖਿਆ ਜਾਂਦਾ ਹੈ. ਰੰਕਾ ਵੰਕਾ ਦੀ ਔਲਾਦ ਕਾਂਜੀਵਰੰ ਪਾਸ ਵਜਾਵਰ ਨਗਰ ਵਿੱਚ ਇਸ ਵੇਲੇ ਰੰਕਾ ਵੰਕਾ ਦੇ ਪ੍ਰਸਿੱਧ ਮੰਦਿਰ ਦੀ ਗੱਦੀ ਨਸ਼ੀਨ ਹੈ.

ਰੰਗ: ਸੰ. रङ्ग. ਸੰਗਯਾ- ਆਨੰਦ ਖ਼ੁਸ਼ੀ. "ਮਨਿ ਬਿਲਾਸ ਬਹੁ ਰੰਗ ਘਣਾ." (ਸ੍ਰੀ ਮਃ ੫) ੨. ਤਮਾਸ਼ੇ ਦੀ ਥਾਂ. ਥੀਏਟਰ. ਰੰਗਸ਼ਾਲਾ. "ਰੰਗ ਤੁਰੰਗ ਗਰੀਬ ਮਸਤ ਸਭੁ ਲੋਕ ਸਿਧਾਸੀ." (ਵਾਰ ਮਾਰੂ ੨. ਮਃ ੫) ਰੰਗਸ਼ਾਲਾ (ਤਮਾਸ਼ੇ ਦੀ ਥਾਂ), ਤੁਰੰਗ (ਜੇਲ), ਹਲੀਮ ਅਤੇ ਅਹੰਕਾਰੀ ਸਭ ਨਾਸ਼ਵਾਨ ਹਨ. ਦੇਖੋ, ਤੁਰੰਗ ੪। ੩. ਰਾਂਗਾ. ਕਲੀ। ੪. ਜੰਗ ਦੀ ਥਾਂ। ੫. ਪ੍ਰੇਮ. ਅਨੁਰਾਗ। ੬. ਸ਼ੋਭਾ. "ਰੰਗ ਰਸਾ ਤੂੰ ਮਨਹਿ ਅਧਾਰੁ." (ਗਉ ਮਃ ੫) ੭. ਫ਼ਾ. رنگ ਵਰਣ. ਲਾਲ ਪੀਲਾ ਆਦਿ.[1120] "ਰੰਗਿ ਰੰਗੀ ਰਾਮ ਅਪਨੈ ਕੈ." (ਧਨਾ ਮਃ ੫) ਪ੍ਰੇਮਰੂਪ ਰੰਗ ਵਿੱਚ ਰੰਗੀ. ਇੱਥੇ ਰੰਗ ਦੇ ਦੋ ਅਰਥ ਹਨ। ੮. ਖੇਲ. ਲੀਲਾ। ੯. ਨੇਕੀ। ੧੦. ਅਰੋਗਤਾ. ਤਨਦੁਰੁਸਤੀ। ੧੧. ਧਨ. ਸੰਪਦਾ. "ਰੰਗ ਰੂਪ ਰਸ ਬਾਦਿ." (ਵਾਰ ਗਉ ੨. ਮਃ ੫) ੧੨. ਲਾਭ. ਨਫਾ। ੧੩. ਰੰਕ ਦੀ ਥਾਂ ਭੀ ਰੰਗ ਸ਼ਬਦ ਆਇਆ ਹੈ. "ਰੰਗ ਰਾਇ ਸੰਚਹਿ ਬਿਖਮਾਇਆ." (ਮਃ ੪. ਵਾਰ ਸਾਰ)

ਰੰਗਉ: ਰੰਗੋ. ਰੰਜਨ ਕਰੋ.

ਰੰਗਅਖਾੜਾ: ਨਾਟਕ ਕਰਨ ਦੀ ਥਾਂ. ਤਮਾਸ਼ੇ ਦੀ ਜਗਾ. Theatre। ੨. ਭਾਵ- ਜਗਤ. "ਹਰਿ ਰੰਗਅਖਾੜਾ ਪਾਇਓਨੁ." (ਬਿਹਾ ਛੰਤ ਮਃ ੫)

ਰੰਗਸ਼ਾਹ: ਪਿੰਡ ਮੱਲੂਪੋਤੇ (ਜਿਲਾ ਜਲੰਧਰ) ਦਾ ਵਸਨੀਕ ਅਰੋੜਾ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਹੋਕੇ ਉੱਤਮ ਧਰਮਪ੍ਰਚਾਰਕ ਹੋਇਆ. ਗੁਰੂਸਾਹਿਬ ਨੇ ਇਸ ਨੂੰ ਮੰਜੀ ਬਖਸ਼ੀ. ਇਸ ਨੇ ਦੁਆਬੇ ਵਿੱਚ ਗੁਰਸਿੱਖੀ ਦੇ ਫੈਲਾਉਣ ਦਾ ਪੂਰਾ ਜਤਨ ਕੀਤਾ. ਇਸ ਦੀ ਔਲਾਦ ਹੁਣ ਬੰਗਿਆਂ ਵਿੱਚ ਵਸਦੀ ਹੈ.

ਰੰਗਹੁ: ਰੰਜਨ ਕਰੋ. ਰੰਗੋ. "ਰਾਰਾ, ਰੰਗਹੁ ਇਆ ਮਨ ਅਪਨਾ." (ਬਾਵਨ)

ਰੰਗਕੀ: ਵਿ- ਰੰਗ ਕਰਤਾ. ਰੰਗੀਲੀ. "ਹਰਿਰੰਗ ਮਾਣੇ ਰੰਗਕੀ." (ਵਡ ਘੋੜੀਆਂ ਮਃ ੪)

ਰੰਗ ਜਨਨਿ: ਸੰਗਯਾ- ਰੰਗ ਪੈਦਾ ਕਰਨ ਵਾਲੀ, ਲਾਖ. ਲਾਕ੍ਖਾ। ੨. ਮਜੀਠ.

ਰੰਗਣ, ਰੰਗਣਾ: ਕ੍ਰਿ- ਰੰਜਨ ਕਰਨਾ. ਰੰਗ ਚੜ੍ਹਾਉਣਾ.

ਰੰਗਣਿ: ਸੰਗਯਾ- ਰੰਗ ਦੀ ਮੱਟੀ. ਰੰਗ ਦਾ ਪਾਤ੍ਰ। ੨. ਰੰਗਤ। ੩. ਰੰਗਣਿ (ਮੱਟੀ) ਵਿੱਚ. "ਆਪੇ ਰੰਗਣਿ ਰੰਗਿਓਨੁ." (ਸ੍ਰੀ ਮਃ ੩)

ਰੰਗਤ: ਸੰਗਯਾ- ਰੰਗੇ ਜਾਣ ਦਾ ਭਾਵ। ੨. ਪ੍ਰੇਮ. ਲਗਨ. "ਸਤਜਨਾਮ ਮੇ ਹੋਵਹਿ ਰੰਗਤ." (ਗੁਪ੍ਰਸੂ)

ਰੰਗਤਰਾ: ਫ਼ਾ. رنگترہ ਸੰਗਯਾ- ਸੰਗਤਰਾ. ਸੰਤਰਾ. ਨਾਰੰਗੀ. ਦੇਖੋ, ਸੰਗਤਰਾ.

ਰੰਗਦਾਸ: ਪਿੰਡ ਘੜੂਆਂ (ਜਿਲਾ ਅੰਬਾਲਾ) ਦਾ ਵਸਨੀਕ ਭੰਡਾਰੀ ਖਤ੍ਰੀ. ਜੋ ਵੈਰਾਗੀਆਂ ਦਾ ਚੇਲਾ ਸੀ. ਇਹ ਗੁਰੂ ਅਮਰਦਾਸ ਜੀ ਦਾ ਸਿੱਖ ਹੋਕੇ ਆਤਮਗਯਾਨੀ ਹੋਇਆ. ਗੁਰੂਸਾਹਿਬ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖਸ਼ੀ. ਭਾਈ ਰੰਗਦਾਸ ਦੀ ਵੰਸ਼ ਘਨੂੰਏਂ ਵਿੱਚ ਆਬਾਦ ਹੈ.

ਰੰਗਨ: ਦੇਖੋ, ਰੰਗਣ.

---

[1120] ਪ੍ਰਧਾਨ ਸੱਤ ਰੰਗ ਹਨ- ਨੀਲਾ, ਪੀਲਾ, ਹਰਾ, ਕਾਲਾ, ਨਰੰਜੀ, ਵਨਫ਼ਸੋਈ ਅਤੇ ਸਰਦਈ.

ਰੰਗਨੁ: ਸੰਗਯਾ- ਰੰਗਣ (ਰੰਜਨ) ਦਾ ਸਾਧਨ, ਰੰਗ। ੨. ਰੰਗਣ ਦੀ ਕ੍ਰਿਯਾ. "ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੋ." (ਕਲਿ ਅਃ ਮਃ ੪)

ਰੰਗ ਪਰੰਗ: ਰੰਗ- ਉਪਰੰਗ. ਮੁੱਖ ਰੰਗ ਅਤੇ ਉਨ੍ਹਾਂ ਦੇ ਮੇਲ ਤੋਂ ਬਣੇ ਹੋਏ ਅਨੇਕ ਰੰਗ. "ਰੰਗ ਪਰੰਗ ਅੰਬਰ ਤਨ ਧਾਰੇ." (ਸਲੋਹ) "ਰੰਗ ਪਰੰਗ ਉਪਾਰਜਨਾ." (ਮਃ ੧. ਵਾਰ ਮਾਝ)

ਰੰਗ ਬਰੰਗਾ, ਰੰਗ ਬਰੰਗੀ: ਵਿ- ਅਨੇਕ ਰੰਗ ਦਾ ਚਿਤ੍ਰ ਵਿਚਿਤ੍ਰ.

ਰੰਗਭੂਮਿ: ਸੰਗਯਾ- ਤਮਾਸ਼ੇ ਦੀ ਥਾਂ। ੨. ਜੰਗਭੂਮਿ। ੩. ਭਾਵ- ਜਗਤ.

ਰੰਗਭੰਗ: ਆਨੰਦ ਵਿੱਚ ਵਿਘਨ.

ਰੰਗਮਹਲ: ਸੰਗਯਾ- ਤਮਾਸ਼ੇ ਦਾ ਘਰ। ੨. ਚਿਤ੍ਰਸ਼ਾਲਾ. "ਆਪੇ ਚੌਜ ਕਰੇ ਰੰਗਮਹਲੀ." (ਮਾਰੂ ਸੋਲਹੇ ਮਃ ੧) "ਰੰਗ ਮਹਲ ਮੇ ਗੰਧਨ ਸੀਚ." (ਗੁਪ੍ਰਸੂ) ੩. ਭਾਵ- ਸੰਸਾਰ ਰੂਪ ਰੰਗਸ਼ਾਲਾ (ਰੰਗਅਖਾੜਾ).

ਰੰਗਮਾਣਨਾ: ਕ੍ਰਿ- ਆਨੰਦ ਭੋਗਣਾ.

ਰੰਗਮਾਲਾ ਜੋਗਨਿਧਿ: ਦੇਖੋ, ਜੋਗਨਿਧਿ ੪.

ਰੰਗ ਮੋੜਨਾ: ਕ੍ਰਿ- ਰੰਗ ਬਦਲਣਾ. ਤੌਰ ਪਲਟਣਾ. ਪ੍ਰੇਮ ਵਿੱਚ ਕਮੀ ਕਰਨੀ. "ਕਦੇ ਨ ਮੋੜੈ ਰੰਗ." (ਵਾਰ ਰਾਮ ੨. ਮਃ ੫) ੨. ਮੁਰਝਾਉਣਾ.

ਰੰਗਰਸ: ਆਨੰਦ ਅਤੇ ਰਸਨਾ ਦੇ ਸੁਆਦ. "ਜਿਹ ਪ੍ਰਸਾਦਿ ਰੰਗ ਰਸ ਭੋਗ." (ਸੁਖਮਨੀ)

ਰੰਗਰਸਾ: ਰਸਾ (ਪ੍ਰਿਥਿਵੀ) ਦਾ ਸ਼੍ਰਿੰਗਾਰ. "ਰੰਗਰਸਾ ਤੂੰ ਮਨਹਿ ਅਧਾਰ." (ਗਉ ਮਃ ੫)

ਰੰਗਰਟਿਆ: ਰੰਗਰਤ. ਰੰਗ ਵਿੱਚ ਰੰਗਿਆ.

ਰੰਗਰਤਾ: "ਮਾਇਆ ਰੰਗ ਰਟਿਆ." (ਜੈਤ ਛੰਤ ਮਃ ੫) ੨. ਕਰਤਾਰ ਦੇ ਪ੍ਰੇਮਰੰਗ ਰੰਗਿਆ.

ਰੰਗਰਲੀ: ਖੇਲ ਅਤੇ ਖ਼ੁਸ਼ੀ. ਕ੍ਰੀੜਾ ਅਤੇ ਆਨੰਦ.

ਰੰਗਰਵਾਤੋ: ਆਨੰਦ ਰਮਣ ਕਰਾਤੋ. ਆਨੰਦ ਭੋਗਾਉਂਦਾ.

ਰੰਗਰਾਇ: ਰੰਗਭੂਮਿ ਦਾ ਪ੍ਰਧਾਨ. ਨਾਟਕਸ਼ਾਲਾ ਦਾ ਮੁਖੀਆ। ੨. ਭਾਵ- ਕਰਤਾਰ। ੩. ਰੰਕ ਅਤੇ ਰਾਜਾ. ਕੰਗਾਲ ਅਤੇ ਧਨੀ. ਦੇਖੋ, ਰੰਗ ੧੩.

ਰੰਗਰੇਜ਼: ਫ਼ਾ. رنگریز ਕਪੜੇ ਰੰਗਣ ਵਾਲਾ. ਰੰਜਕ.

ਰੰਗਲ: ਵਿ- ਰੰਗ ਵਿੱਚ ਲੀਨ. ਆਨੰਦ ਮਗਨ. "ਰੰਗਲ ਭਈ ਮਨਿ ਭਾਈ." (ਸਾਰ ਅਃ ਮਃ ੧)

ਰੰਗਾ: ਰੰਗ (ਦੌਲਤ) ਵਾਲਾ, ਰਾਜਾ. "ਬਿਆਪਤ ਭੂਮਿ ਰੰਕ ਅਰੁ ਰੰਗਾ." (ਗਉ ਮਃ ੫) ੨. ਰੰਗ ਦਾ ਬਹੁਵਚਨ. ਖ਼ੁਸ਼ੀਆਂ. ਮੌਜਾਂ. "ਦੇਂਦੇ ਤੋਟਿ ਨਾਹੀ ਪ੍ਰਭੁ ਰੰਗਾ." (ਮਾਝ ਮਃ ੫)

ਰੰਗਾਨਾ: ਰੰਗੀਨ ਕੀਤਾ। ੨. ਰੰਗ ਨਾਲ. ਰੰਗ ਸੇ. "ਨੇਹੁ ਕੂੜਾ ਲਾਇਓ ਕਸੁੰਭ ਰੰਗਾਨਾ." (ਸੂਹੀ ਛੰਤ ਮਃ ੫)

ਰੰਗਾਮਾਟੀ: ਮੁਰਸ਼ਿਦਾਬਾਦ ਜਿਲੇ (ਬੰਗਾਲ) ਦਾ ਇੱਕ ਨਗਰ, ਜੋ ਭਾਗੀਰਥੀ ਦੇ ਸੱਜੇ ਕਿਨਾਰੇ ਹੈ. ਭਾਈ ਸੰਤੋਖਸਿੰਘ ਨੇ ਇੱਥੇ, ਕਾਮਰੂਪ ਨੂੰ ਸਰ ਕਰਨ ਵੇਲੇ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਠਹਿਰਨਾ ਲਿਖਿਆ ਹੈ. ਦੇਖੋ, ਰਾਸਿ ੧੨, ਅਃ ੬. ਰੰਗਾਮਾਟੀ ਬੰਗਾਲ ਨਾਗਪੁਰ ਰੇਲਵੇ ਦਾ ਸਟੇਸ਼ਨ ਹੈ, ਜੋ ਕਲਕੱਤੇ ਤੋਂ ੧੬੩ ਮੀਲ ਹੈ. ਰੰਗਾਮਾਟੀ ਦੇ ਨਾਉਂ ਦੇ ਦੋ ਹੋਰ ਨਗਰ

ਭੀ ਬੰਗਾਲ ਵਿੱਚ ਹਨ.

ਰੰਗਾਰੇ: ਵਿ- ਰੰਗੀਨ. ਰੰਗ ਵਾਲੇ. "ਨੈਨ ਹਮਾਰੇ ਪ੍ਰਿਆਰੰਗਿ ਰੰਗਾਰੇ." (ਜੈਤ ਛੰਤ ਮਃ ੫)

ਰੰਗਾਰੰਗ: ਅਨੇਕ ਪ੍ਰਕਾਰ ਦੇ ਰੰਗ. ਚਿਤ੍ਰ ਵਿਚਿਤ੍ਰ. "ਰੰਗਾ ਰੰਗ ਰੰਗਨ ਕੇ ਰੰਗਾ." (ਕਾਨ ਮਃ ੫)

ਰੰਗਾਵਲਾ, ਰੰਗਾਵਲੀ: ਵਿ- ਰੰਗੀਲਾ. ਰੰਗੀਲੀ. ਦੇਖੋ, ਰੰਗ ਸ਼ਬਦ. "ਨਾਨਕ ਮਨ ਹੀ ਮੰਝਿ ਰੰਗਾਵਲਾ." (ਵਾਰ ਮਾਰੂ ੨. ਮਃ ੫) "ਗੁਰਮੁਖਿ ਸਬਹਿ ਰੰਗਾਵਲੇ." (ਸ੍ਰੀ ਅਃ ਮਃ ੧)

ਰੰਗਿ: ਰੰਗ (ਪ੍ਰੇਮ) ਵਿੱਚ. "ਰੰਗਿ ਹਸਹਿ ਰੰਗਿ ਰੋਵਹਿ." (ਵਾਰ ਆਸਾ) ੨. ਰੰਗ ਕਰਕੇ. ਰੰਗ ਦ੍ਵਾਰਾ. ਦੇਖੋ, ਰੰਗ ਸ਼ਬਦ. "ਓਹੁ ਧੋਪੈ ਨਾਵੈ ਕੈ ਰੰਗਿ." (ਜਪੁ)

ਰੰਗੀ: ਸੰ. रङ्गिन्. ਵਿ- ਪ੍ਰੇਮੀ. ਆਨੰਦੀ. ਮੌਜੀ. ਰੰਗੀਲਾ. ਦੇਖੋ, ਰੰਗ ਸ਼ਬਦ। ੨. ਸੰਗ੍ਯਾ- ਇੱਕ ਛੰਦ. ਲੱਛਣ- ਚਾਰ ਚਰਣ, ਪ੍ਰਤਿ ਚਰਣ ੨੮ ਅੱਖਰ, ਪਹਿਲਾ ਵਿਸ਼੍ਰਾਮ ੯. ਪੁਰ, ਦੂਜਾ ਅਤੇ ਤੀਜਾ ਸੱਤ ਸੱਤ ਪੁਰ, ਚੌਥਾ ਵਿਸ਼੍ਰਾਮ ੫. ਅੱਖਰਾਂ ਪੁਰ, ਅੰਤ ਲਘੁ ਗੁਰੁ.

ਉਦਾਹਰਣ-

ਕਰਤਾਰ ਧ੍ਯਾਨ ਧਰੀਏ, ਸ਼ੁਭ ਕਾਮ ਕਰੀਏ,

ਪਾਪ ਪਰਿਪਰੀਏ, ਗੁਰੁ ਨੇ ਕਹੀ,

ਸਦ ਆਲਸ ਕੋ ਤ੍ਯਾਗੀਏ, ਉੱਦਮ ਮੇ ਲਾਗੀਏ,

ਪ੍ਰੇਮਪ੍ਰਭੁ ਪਾਗੀਏ, ਸਿੱਖ ਹ੍ਵੈ ਸਹੀ. ×××

(ਅ) ਮਾਤ੍ਰਿਕ ਰੰਗੀ ਤ੍ਰਿਭੰਗੀ ਦਾ ਹੀ ਇੱਕ ਰੂਪਾਂਤਰ ਹੈ. ਭੇਦ ਇਤਨਾ ਹੈ ਕਿ ਇਸ ਦੇ ਚੌਥੇ ਚਰਣ ਦੀਆਂ ਸੱਤ ਮਾਤ੍ਰਾ ਹੁੰਦੀਆਂ ਹਨ, ਤ੍ਰਿਭੰਗੀ ਦਾ ਚੌਥਾ ਵਿਸ਼੍ਰਾਮ ਭੀ ਮਾਤ੍ਰਾ ਪੁਰ ਹੋਇਆ ਕਰਦਾ ਹੈ.

(ੲ) ਗਣਛੰਦ ਰੰਗੀ ਦਾ ਸਰੂਪ ਇਹ ਹੈ- ਚਾਰ ਚਰਣ, ਪ੍ਰਤਿ ਚਰਣ ਇੱਕ ਰਗਣ ਇੱਕ ਗੁਰੁ, *SIS*, *S*.

ਉਦਾਹਰਣ-

ਸੀਖ ਮਾਨੋ। ਪ੍ਰੇਮ ਠਾਨੋ।

ਏਕ ਪੂਜੋ। ਤ੍ਯਾਗ ਦੂਜੋ ॥

ਰੰਗੀਓ, ਰੰਗੀਅੜਾ: ਰੰਗੀਲਾ. ਦੇਖੋ, ਰੰਗੀ ੧. "ਜਉ ਗ੍ਰਿਹਿ ਲਾਲੁ ਰੰਗੀਓ ਆਇਆ." (ਮਲਾ ਮਃ ੫)

ਰੰਗੀਸਿੰਘ: ਦੇਖੋ, ਘੁੰਮੀਸਿੰਘ.

ਰੰਗੀਣਾ: ਦੇਖੋ, ਰੰਗੀਨ.

ਰੰਗੀਤਿ: ਵਿ- ਰੰਜਿਤ. ਰੰਗਿਆ ਹੋਇਆ. "ਜਿਨੁ ਮਿਲਿਆ ਮਨੁ ਰੰਗਿ ਰੰਗੀਤਿ." (ਕਾਨ ਮਃ ੪)

ਰੰਗੀਨ: ਫ਼ਾ. رنگین ਵਿ- ਰੰਗਦਾਰ। ੨. ਭਾਵ- ਰੰਗੀਲਾ. ਸ਼ੌਕ਼ੀਨ.

ਰੰਗੀਨੀ: ਫ਼ਾ. رنگینی ਰੰਗਦਾਰ ਹੋਣ ਦਾ ਭਾਵ. ਰੰਗੀਲਾਪਨ.

ਰੰਗੀਲੜਾ, ਰੰਗੀਲਾ: ਦੇਖੋ, ਰੰਗੀ.

ਰੰਗੁ: ਦੇਖੋ, ਰੰਗ। ੨. ਪ੍ਰੇਮ. "ਸੰਤਾ ਸੇਤੀ ਰੰਗੁ ਨ ਲਾਏ." (ਮਾਝ ਮਃ ੫) ੩. ਆਨੰਦ. "ਰੰਗੁ ਮਾਣਿਲੈ ਪਿਆਰਿਆ." (ਸ੍ਰੀ ਮਃ ੧) ੪. ਰੰਕ (ਕੰਗਾਲ) ਲਈ ਭੀ ਰੰਗੁ ਸ਼ਬਦ ਆਇਆ ਹੈ. "ਰਾਣਾ ਰਾਉ ਨ ਕੋ ਰਹੈ, ਰੰਗੁ ਨ ਤੁੰਗੁ ਫਕੀਰੁ." (ਓਅੰਕਾਰ) ਦੇਖੋ, ਤੁੰਗ.

ਰੰਗੁਲ, ਰੰਗੁਲਾ: ਵਿ- ਰੰਗੀਲਾ. ਦੇਖੋ, ਰੰਗ ਸ਼ਬਦ। ੨. ਆਨੰਦ ਦੇਣ ਵਾਲਾ. "ਸੁਇਨਾ ਰੁਪਾ ਰੰਗੁਲਾ." (ਸੂਹੀ ਮਃ ੧. ਕੁਚਜੀ)

ਰੰਗੇਤੜਾ, ਰੰਗੇਤੀ: ਵਿ- ਰੰਗਿਆ ਹੋਇਆ. ਜਿਸ ਨੂੰ ਰੰਗ ਚੜ੍ਹਿਆ ਹੈ. ਰੰਜਿਤ. ਰੰਗੀ ਹੋਈ. "ਗੁਰਮੁਖਿ ਹਰਿਗੁਣ ਗਾਇ ਰੰਗਿ ਰੰਗੇਤੜਾ." (ਸੂਹੀ ਅਃ ਮਃ ੧) "ਪਭੁ ਸਾਚੇ ਸੇਤੀ ਰੰਗਿ ਰੰਗੇਤੀ." (ਧਨਾ ਛੰਤ ਮਃ ੧)

ਰੰਗੇਰੈ: ਰੰਗ ਕਰਕੇ. ਰੰਗ ਤੋਂ। ੨. ਰੰਜਤ ਕਰਦਾ ਹੈ. ਰੰਗਦਾ ਹੈ.

ਰੰਗੋ: ਦੇਖੋ, ਰੰਗਉ। ੨. ਰੰਗ ਨੂੰ. "ਮਨੁ ਹਰਿਰੰਗੋ ਲੋੜੈ." (ਟੋਡੀ ਮਃ ੫)

ਰੰਗੋਲੀ: ਸੰਗਯਾ- ਰਾਜਾ ਦਾ ਉਹ ਸੇਵਕ, ਜਿਸ ਦੇ ਸਪੁਰਦ ਕੱਜਲ ਅਲਤਾ ਆਦਿ ਰੰਗ ਰਹਿੰਦੇ ਹਨ.

ਰੰਗਯੋ: ਵਿ- ਰੰਜਿਤ. ਰੰਗਿਆ ਹੋਇਆ. "ਪਰਮੇਸੁਰ ਕੈ ਰੰਗਿ ਰੰਗਯੋ." (ਸਵੈਯੇ ਮਃ ੫. ਕੇ)

ਰੰਘ: ਸੰ. रङ्घ्, ਧਾ- ਤੇਜ਼ੀ ਨਾਲ ਜਾਣਾ, ਚਮਕਣਾ, ਆਖਣਾ (ਕਹਿਣਾ). ੨. ਸੰ. रङ्घस् ਸੰਗਯਾ- ਵੇਗ. ਤੇਜ਼ੀ। ੩. ਜ਼ੋਰ. ਬਲ। ੪. ਚਮਕ ਪ੍ਰਕਾਸ਼.

ਰੰਘਰ: ਦੇਖੋ, ਰੰਘੜ.

ਰੰਘਰਾਰੀ: ਵਿ- ਰੰਘੜ ਵਾਲੀ. ਰੰਘੜ ਦੀ। ੨. ਰੰਘੜ ਦੀ ਵਸਾਈ ਨਗਰੀ। ੩. ਰੰਘੜੀ. ਰੰਘੜ ਜਾਤਿ ਦੀ ਇਸਤ੍ਰੀ.

ਰੰਘਰੇਟਾ: ਦੇਖੋ, ਰੰਘੜੇਟਾ.

ਰੰਘੜ: ਇਸਲਾਮਮਤ ਧਾਰਨ ਵਾਲਾ ਰਾਜਪੂਤ.

ਰੰਘੜੇਟਾ: ਰੰਘੜ ਦਾ ਬੇਟਾ। ੨. ਉਹ ਸਿੰਘ, ਜਿਸ ਨੇ ਚੂਹੜਾ ਜਾਤਿ ਤੋਂ ਸਿੱਖਮਤ ਧਾਰਨ ਕੀਤਾ ਹੈ. ਦੇਖੋ, ਮਜਹਬੀ ੪.

ਰੰਘੀ: ਵਿ- ਤੇਜ ਚਾਲ ਵਾਲਾ. ਚਾਲਾਕ. ਦੇਖੋ, ਰੰਘ ਅਤੇ ਦੁਤਰੰਗੀ.

ਰੰਙ, ਰੰਙਣ, ਰੰਙਣਿ, ਰੰਙੁ: ਦੇਖੋ, ਰੰਗ, ਰੰਗਣ, ਰੰਗਣਿ ਅਤੇ ਰੰਗੁ. "ਕਾਇਆ ਰੰਙਣਿ ਜੇ ਥੀਐ ਪਿਆਰੇ, ਪਾਈਐ ਨਾਉ ਮਜੀਠ." (ਤਿਲੰ ਮਃ ੧) "ਹਰਿ ਰੰਙੁ ਮਜੀਠੈ ਰੰਙੁ." (ਸੂਹੀ ਮਃ ੪) "ਰੰਙਣਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ." (ਤਿਲੰ ਮਃ ੧)

ਰੰਚ: ਸੰਗਯਾ- ਰੇਜ਼ਹ. ਕਣਕਾ. ਜ਼ਰਰਾ. "ਰੰਚ ਮੇਰੁ ਕੀ ਸਮਤਾ ਕਰਹੀ." (ਨਾਪ੍ਰ) ੨. ਵਿ- ਤਨਿਕ. ਥੋੜਾ. "ਮਾਇਆ ਲਿਪਤ ਨ ਰੰਚ." (ਗਉ ਥਿਤੀ ਮਃ ੫) ੩. ਰੇਜਹ ਮਾਤ੍ਰ. ਕਨਕਾ ਭਰ. "ਰੰਚ ਕੰਚ ਤਿੰਹ ਰਹਿਨ ਨ ਦੀਨੋ." (ਚਰਿਤ੍ਰ ੧੭੬)

ਰੰਚਕ, ਰੰਚਕੁ, ਰੰਚਿਕ: ਰੇਜ਼ਹ- ਇੱਕ. ਇੱਕ ਜ਼ਰਰਹ. ਤਨਿਕ ਮਾਤ੍ਰ. "ਈਧਨੁ ਅਧਿਕ ਸਕੇਲੀਐ ਭਾਈ, ਪਾਵਕੁ ਰੰਚਕ ਪਾਇ." (ਸੋਰ ਅਃ ਮਃ ੧) "ਰੰਚਕ ਰੇਤ ਖੇਤ ਤਨਿ ਨਿਰਮਿਤ." (ਸਵੈਯੇ ਸ੍ਰੀ ਮੁਖਵਾਕ ਮਃ ੫) ੨. ਟੁਕੜੇ ਟੁਕੜੇ ਛੋਟੇ ਛੋਟੇ ਖੰਡ "ਚੰਡ ਕੋ ਖੱਗ ਗਦਾ ਲਗ ਦਾਨਵ ਰੰਚਕ ਰੰਚਕ ਹਨਐ ਤਨ ਆਏ." (ਚੰਡੀ ੧) ੩. ਸੰਗਯਾ- ਬਰੀਕ ਕੀਤਾ ਹੋਇਆ ਉਹ ਬਾਰੂਦ, ਜੋ ਤੋੜੇਦਾਰ ਅਤੇ ਪਥਰਕਲਾ ਬੰਦੂਕ ਦੇ ਪਲੀਤੇ ਵਿੱਚ ਪਾਕੇ ਸੂਈ ਨਾਲ ਕੋਠੀ ਦੇ ਬਾਰੂਦ ਨਾਲ ਮਿਲਾਈਦਾ ਹੈ, ਤਾਕਿ ਨਾਲੀ ਦੀ ਬਾਰੂਦ ਨੂੰ ਅੱਗ ਪਹੁਚ ਸਕੇ। ੪. ਰੱਤੀ (ਅੱਠੀ ਚਾਵਲ ਪ੍ਰਮਾਣ) ਲਈ ਭੀ ਰੰਚਕ ਸ਼ਬਦ ਆਇਆ ਹੈ. "ਦ੍ਵਾਦਸ ਰੰਚਕ ਭਰ ਲਖ ਤੋਲ." (ਗੁਪ੍ਰਸੂ)

ਰੰਜ: ਸੰ. रञ्ज. ਧਾ- ਰੰਗ ਦੇਣਾ (ਰੰਗਣਾ) ਤਤਪਰ (ਲਿਵਲੀਨ) ਹੋਣਾ, ਮੋਹਿਤ ਹੋਣਾ, ਵਿਰਕ੍ਤ ਹੋਣਾ। ੨. ਫ਼ਾ. رنج ਸੰਗ੍ਯਾ- ਦੁੱਖ. ਤਕਲੀਫ। ੩. ਕ੍ਰੋਧ। ੪. ਰੋਗ ਬੀਮਾਰੀ। ੫. ਮਿਹ਼ਨਤ.

ਰੰਜਕ: ਵਿ- ਰੰਗਣ ਵਾਲਾ। ੨. ਖ਼ੁਸ਼ ਕਰਨ ਵਾਲਾ। ੩. ਸੰਗ੍ਯਾ- ਰੰਗਰੇਜ। ੪. ਔਸ਼ਨਸੀ ਸਿਮ੍ਰਿਤ ਅਨੁਸਾਰ ਛਤ੍ਰੀ ਦੀ ਕਨ੍ਯਾ ਤੋਂ ਸ਼ੂਦ੍ਰ ਜਾਰ ਦੀ ਸੰਤਾਨ ਰੰਜਕ ਹੈ.

ਰੰਜਨ: ਸੰ. ਸੰਗ੍ਯਾ- ਰੰਗਣ ਦੀ ਕ੍ਰਿਯਾ। ੨. ਖ਼ੁਸ਼ ਕਰਨਾ. "ਮਨ ਰੰਜਨ ਕੀ ਮਾਇਆ." (ਜੈਤ ਮਃ ੫) ੩. ਲਾਲ ਚੰਦਨ। ੪. ਮਜੀਠ। ੫. ਹਲਦੀ। ੬. ਪ੍ਰੇਮ. ਪਿਆਰ। ੭. ਵਿ- ਪ੍ਰੇਮ ਪੈਦਾ ਕਰਨ ਵਾਲਾ। ੮. ਖ਼ੁਸ਼ ਕਰਨ ਵਾਲਾ. ਰੰਜਕ.

ਰੰਜਿਤ: ਵਿ- ਰੰਗਿਆ ਹੋਇਆ। ੨. ਖ਼ੁਸ਼. ਪ੍ਰਸੰਨ.

ਰੰਜੀਐ: ਰੰਜਨ (ਰੰਗਨ) ਕਰੀਏ। ੨. ਖ਼ੁਸ਼. (ਪ੍ਰਸੰਨ) ਕਰੀਏ. "ਹਰਿ ਬਿਸਰਿਐ ਕਿਉ ਤ੍ਰਿਪਤਾਵੈ? ਨਾ ਮਨੁ ਰੰਜੀਐ." (ਵਾਰ ਜੈਤ)

ਰੰਜੀਦ: ਫ਼ਾ. رنجید ਵਿ- ਰੰਜ ਹੋਇਆ.

ਰੰਜੀਦਨ: ਫ਼ਾ. رنجیدن ਕ੍ਰਿ- ਰੰਝ ਹੋਣਾ. ਦੁਖੀ ਹੋਣਾ.

ਰੰਜੀਦਾ: ਫ਼ਾ. رنجیده ਵਿ- ਦੁਖੀ ਹੋਇਆ। ੨. ਗੁੱਸੇ ਹੋਇਆ.

ਰੰਜੂਰ, ਰੰਜੂਲ: ਫ਼ਾ. رنجۇر ਵਿ- ਰੰਜਵਰ. ਰੋਗਾਤੁਰ. ਬੀਮਾਰ. ਸ਼ੋਕਾਤੁਰ. ਗ਼ਮਗੀਨ.

ਰੰਞ: ਦੇਖੋ, ਰੰਜ ੨.

ਰੰਞਾਣੀ: ਵਿ- ਰੰਜੀਦਹ. ਰੰਜ ਵਾਲੀ. "ਹਉ ਦੋਹਾਗਣਿ ਖਰੀ ਰੰਞਾਣੀ." (ਮਾਰੂ ਮਃ ੧)

ਰੰਞਾਣੈ: ਰੰਜ ਦੇਵੇ. ਰੰਜੀਦਹ ਕਰੇ. "ਤਉ ਕੜੀਐ, ਜੇ ਭੂਲਿ ਰੰਞਾਣੈ." (ਭੈਰ ਮਃ ੫)

ਰੰਡ: ਸੰ. रण्डा. ਰੰਡਾ. ਵਿਧਵਾ. "ਨਾ ਸੋਹਾਗਨਿ, ਨਾ ਓਹਿ ਰੰਡ." (ਗੌਂਡ ਕਬੀਰ) "ਸਾ ਧਨ ਰੰਡ ਨ ਬੈਸਈ." (ਸ੍ਰੀ ਅਃ ਮਃ ੧) ੨. ਫੂਹੜ. ਬੇ ਸਲੀਕ਼ਾ ਔਰਤ। ੩. ਸੰ. रण्ड. ਧੂਰਤ. ਲੁੱਚਾ। ੪. ਫਲ ਰਹਿਤ। ੫. ਅੰਗ ਭੰਗ.

ਰੰਡਾ: ਦੇਖੋ, ਰੰਡ ੧। ੨. ਜਿਸ ਦੀ ਇਸਤ੍ਰੀ ਮਰ ਗਈ ਹੈ ਅਤੇ ਉਸ ਨੇ ਫੇਰ ਸ਼ਾਦੀ ਨਹੀਂ ਕੀਤੀ, ਉਸ ਨੂੰ ਪੰਜਾਬੀ ਵਿੱਚ ਰੰਡਾ ਆਖਦੇ ਹਨ.

ਰੰਡਾਪਾ: ਸੰਗ੍ਯਾ- ਰੰਡੇਪਾ. ਵੈਧਵ੍ਯ. ਵਿਧਵਾਪਨ.

ਰੰਡੀ: ਦੇਖੋ, ਰੰਡ ੧। ੨. ਵੇਸ਼੍ਯਾ ਲਈ ਭੀ ਰੰਡੀ ਸ਼ਬਦ ਰੂਢ ਹੋਗਿਆ ਹੋ. "ਚੋਰਾ ਜਾਰਾ ਰੰਡੀਆ ਕੁਟਣੀਆ ਦੀ ਬਾਣੁ." (ਮਃ ੧. ਵਾਰ ਸੂਹੀ)

ਰੰਡੇਪਾ: ਦੇਖੋ, ਰੰਡਾਪਾ.

ਰੰਦਾ: ਫ਼ਾ. رنده ਸੰਗ੍ਯਾ- ਇੱਕ ਤਖਾਣਾ ਸੰਦ, ਜਿਸ ਨਾਲ ਲੱਕੜ ਖੁਰਚਕੇ ਸਾਫ ਕੀਤੀ ਜਾਂਦੀ ਹੈ.

ਰੰਧਣੁ, ਰੰਧਨ: ਸੰ. रन्धन्. ਸੰਗ੍ਯਾ- ਰਿੰਨ੍ਹਣਾ. ਪਕਾਉਣਾ.

ਰੰਧਾਵਾ: ਇੱਕ ਜੱਟ ਜਾਤਿ, ਜੋ ਜੈਸਲਵੰਸ਼ ਵਿੱਚ ਹੋਣ ਵਾਲੇ ਪ੍ਰਤਾਪੀ "ਰੰਧਾਵੇ" ਭੱਟੀ ਤੋਂ ਚੱਲੀ ਹੈ. ਬਾਬਾ ਬੁੱਢਾ ਜੀ ਇਸੇ ਜਾਤਿ ਵਿੱਚੋਂ ਸਨ. "ਜਿੱਤਾ ਰੰਧਾਵਾ ਭਲਾ ਬੂੜਾ ਬੁੱਢਾ ਇਕ ਮਨ ਧਿਆਵੈ." (ਭਾਗੁ)

ਰੰਧ੍ਰ: ਸੰ. रन्ध्र. ਸੰਗ੍ਯਾ- ਛਿਦ੍ਰ. ਸੂਰਾਖ਼. ਛੇਕ। ੨. ਦੋਸ਼. ਐਬ.

ਰੰਨ: ਸੰ. ਰਮਣੀ. ਸੰਗਯਾ- ਇਸਤ੍ਰੀ. ਨਾਰੀ. "ਰੰਨ ਕਿ ਰੁੰਨੈ ਹੋਇ?" (ਸੋਰ ਮਃ ੧) ੨. ਭਾਰਯਾ. ਵਹੁਟੀ. "ਰੰਨਾ ਹੋਈਆਂ ਬੋਧੀਆਂ." (ਮਃ ੧. ਵਾਰ ਸਾਰ) ਦੇਖੋ, ਬੋਧੀ.

ਰੰਬਾ: ਸੰਗਯਾ- ਘਾਹ ਖੁਰਚਣ ਦਾ ਸੰਦ. ਖੁਰਪਾ.

ਰੰਬੀ: ਸੰਗਯਾ- ਛੋਟਾ ਰੰਬਾ. ਖੁਰਪੀ. "ਇਕ ਰੰਬੀ ਮੁਝ ਦਿਹੁ ਗੁਨਐਨਾ." (ਨਾਪ੍ਰ) ੨. ਖੱਲ ਖੁਰਚਣ ਅਤੇ ਕੱਟਣ ਵਾਲਾ ਚਮਾਰ ਦਾ ਸੰਦ. ਰਾਂਬੀ.

ਰੰਭ: ਸੰ. रम्भ्. ਧਾ- ਸ਼ਬਦ ਕਰਨਾ, ਚੱਖਣਾ, ਪਿਆਰ ਕਰਨਾ। ੨. ਸੰਗਯਾ- ਇੱਕ ਦੈਤ, ਜਿਸ ਨੂੰ ਦੁਰਗਾ ਨੇ ਮਾਰਿਆ. ਦੇਖੋ, ਦੇਵੀ ਭਾਗਵਤ ਸਕੰਧ ੫. ਅਃ ੨. ਇਹ ਮਹਿਖਾਸੁਰ ਦਾ ਪਿਤਾ ਸੀ.

ਰੰਭਣਾ: ਕ੍ਰਿ- ਰੰਭਾ ਕਰਨਾ. ਗਊ ਦੇ ਬੋਲਣ ਦੀ ਧੁਨਿ ਦਾ ਨਾਮ ਰੰਭਾ ਹੈ. ਦੇਖੋ, ਰੰਭ ਧਾ (to bellow)

ਰੰਭਾ: ਸੰਗਯਾ- ਗਊ ਦੇ ਬੋਲਣ ਦੀ ਆਵਾਜ। ੨. ਕੇਲਾ. ਕਦਲੀ. "ਦੁਖੈ ਬਦਰਿ ਢਿਗ ਰੰਭਾ ਜੈਸੇ." (ਨਾਪ੍ਰ) "ਛਬਿ ਧਾਰੇ ਰੰਭਾ ਬਾਗ ਜਿਉ." (ਗੁਵਿ ੬) ੩. ਸੁਰਗ ਦੀ ਇੱਕ ਅਪਸਰਾ, ਜਿਸ ਦਾ ਖੀਰਸਮੁੰਦਰ ਰਿੜਕਣ ਤੋਂ ਪੈਦਾ ਹੋਣਾ ਪੁਰਾਣਾਂ ਨੇ ਮੰਨਿਆ ਹੈ. ਇਸ ਦੀ ਸੁੰਦਰਤਾ ਦੀ ਵਡੀ ਮਹਿਮਾ ਅਨੇਕ ਥਾਂ ਲਿਖੀ ਹੈ. ਇੱਕ ਵਾਰ ਇਹ ਕੁਬੇਰ ਦੇ ਪੁਤ੍ਰ ਨਲਕੂਬਰ ਪਾਸ ਸ਼੍ਰਿੰਗਾਰ ਕਰਕੇ ਜਾ ਰਹੀ ਸੀ, ਰਸਤੇ ਵਿੱਚ ਰਾਵਣ ਮਿਲ ਗਿਆ, ਉਸ ਨੇ ਇਸ ਨੂੰ ਦੇਖਕੇ ਬਲ ਨਾਲ ਆਪਣੇ ਅਧੀਨ ਕਰਨਾ ਚਾਹਿਆ. ਰੰਭਾ ਨੇ ਸ਼੍ਰਾਪ ਦੇ ਦਿੱਤਾ ਕਿ ਅੱਜ ਤੋਂ ਜੇ ਕਿਸੇ ਇਸਤ੍ਰੀ ਪੁਰ ਤੂੰ ਜਬਰ ਕਰੇਂਗਾ, ਤਾਂ ਤੇਰਾ ਸਿਰ ਪਾਟ ਜਾਊਗਾ. "ਰੰਭਾ ਉਰਵਸੀ ਅਰੁ ਸਚੀ ਸੁਮੁੰਦੋਦਰੀ." (ਕ੍ਰਿਸਨਾਵ) ੪. ਪਾਰਵਤੀ। ੫. ਉੱਤਰ ਦਿਸ਼ਾ। ੬. ਵੇਸ਼ਯਾ. ਕੰਚਨੀ. ਗਣਿਕਾ. ਸਾਮਾਨਯਾ.

ਰੰਭਾਸੁਰ: ਰੰਭ ਦੈਤ. ਦੇਖੋ, ਰੰਭ ੨.

ਰੰਭਾਰਵ: ਗਾਂ ਦੇ ਰੰਭਣ ਦਾ ਸ਼ਬਦ.

ਰੰਭੋਰੁ: ਵਿ- ਰੰਭਾ (ਕੇਲੇ) ਜੇਹੇ ਹਨ ਜਿਸ ਦੇ ਉਰੁ (ਪੱਟ). ਕੇਲੇ ਜੇਹੇ ਸਾਫ ਸੁਡੌਲ ਪੱਟਾਂ ਵਾਲੀ.

ਰੰਮ: ਸੁੰਦਰ. ਮਨੋਹਰ. ਦੇਖੋ, ਰੰਮਯ. "ਨਮਸਤਸਤੁ ਰੰਮੇ." (ਜਾਪੁ) "ਰੰਮ ਕਪਰਦਿਨਿ." (ਅਕਾਲ)

ਰੰਮਕ: ਸੰ. ਰਮਯਕ. ਸੰਗਯਾ- ਜੰਬੁਦ੍ਵੀਪ ਦਾ ਇੱਕ ਖੰਡ, ਜਿਸ ਦੇ ਦੱਖਣ ਵੱਲ ਸੁਮੇਰੁ ਅਤੇ ਉੱਤਰ ਵੱਲ ਸ਼੍ਵੇਤ ਪਰਵਤ ਹੈ. "ਪਹੁੰਚੇ ਰੰਮਕ ਖੰਡ ਗੁਸਾਈ." (ਨਾਪ੍ਰ) ੨. ਰਮਯਕ. ਬਕਾਇਣ. ਧ੍ਰੇਕ. ਦ੍ਰੇਕਾ। ੩. ਰਮਯ. ਮਨੋਹਰ. ਸੁੰਦਰ.

ਰੰਮਿਆ: ਰਵਣ (ਉੱਚਾਰਣ) ਕੀਤਾ. ਜਪਿਆ. "ਬਦਤਿ ਜੈਦੇਵ, ਜੈਦੇਵ ਕਉ ਰੰਮਿਆ." (ਮਾਰੂ) ਦੇਖੋ, ਚੰਦ ਸਤ। ੨. ਰਮਣ ਕੀਤਾ, ਭੋਗਿਆ. ਆਨੰਦ ਲਿਆ.

ਰੰਮਿਤਾ: ਖ਼ੂਬਸੂਰਤੀ. ਦੇਖ, ਰਮਯਤਾ.

ਰੰਮਯ: ਸੰ. ਵਿ- ਸੁੰਦਰ. ਮਨੋਹਰ. ਦੇਖੋ, ਰਮਯ.

ਰੰਮਯਕ: ਦੇਖੋ, ਰੰਮਕ.

ਰੰਮਯਤਾ: ਸੁੰਦਰਤਾ. ਦੇਖੋ, ਰਮਯਤਾ.

ਰ੍ਹਸ੍ਵ:[1121] ਸੰ. ਹ੍ਰਸ੍ਵ (ह्रस्व). ਵਿ- ਛੋਟਾ। ੨. ਬਾਉਨਾ. ਵਾਮਨ। ੩. ਸੰਗਯਾ- ਲਘੁ ਵਰਣ. ਇੱਕ ਮਾਤਾ ਵਾਲਾ ਅੱਖਰ.

---

[1121] ਸੰਸਕ੍ਰਿਤ ਕੋਸ਼ ਦੀ ਰੀਤਿ ਕਰਕੇ ਹਾਹੇ ਦੇ ਪੈਰ ਰਾਰਾ ਲਗਣ ਤੋਂ ਇਹ ਸ਼ਬਦ ਹਾਹੇ ਦੇ ਅੰਤ ਵਿੱਚ ਸੰਯੋਗੀ ਅੱਖਰਾਂ ਵਿੱਚ ਯਥਾਕ੍ਰਮ ਲਿਖੇ ਗਏ ਹਨ, ਪਰ ਪੰਜਾਬੀ ਦੀ ਰੀਤਿ ਨਾਲ ਰਾਰੇ ਦੇ ਪੈਰ ਹਾਹਾ ਲਗਾਕੇ ਰਾਰੇ ਦੇ ਅੰਤ ਭੀ ਵਿਖਾ ਦਿੱਤੇ ਹਨ.

ਹ੍ਰਦ: ਹੰ. ਹ੍ਰਦ (ह्रद्. ) ਸੰਗਜਾ- ਤਾਲ. ਝੀਲ. ਸਰ.

ਹ੍ਰਦ ਈਸਰਾਸਤ੍ਰ: ਹ੍ਰਦ (ह्रास्) ਦਾ ਈਸ਼ (ਵਰੁਣ) ਉਸ ਦਾ ਅਸਤ੍ਰ. ਪਾਸ਼ (ਫਾਹੀ). (ਸਨਾਮਾ).

ਹ੍ਰਾਸ: ਸੰ. ਹ੍ਰਾਸ (ह्रास) ਸੰਗਜਾ- ਕਮੀ. ਘਾਟਾ. ਨਯੂਨਤਾ. ਘਟਣ ਦਾ ਭਾਵ.

ਹ੍ਰੀ: ਸੰ. ਹ੍ਰੀ (ह्री). ਸੰਗਜਾ- ਲੱਜਾ. ਸ਼ਰਮ.

ਹ੍ਰੇਖਾ: ਸੰ. ਹ੍ਰੇਸ਼ਾ (ह्रेषा. ). ਸੰਗਜਾ- ਘੋੜੇ ਦਾ ਹਿਣਕਾਰ. ਘੋੜੇ ਦੇ ਹਿਣਕਣ ਦੀ ਧੁਨਿ.

ਲ: ਪੰਜਾਬੀ ਵਰਣਮਾਲਾ ਦਾ ਤੇਤੀਹਵਾਂ ਅੱਖਰ, ਇਸ ਦੇ ਉੱਚਾਰਣ ਦਾ ਅਸਥਾਨ ਦੰਦਾਂ ਦਾ ਮੂਲ ਹੈ.

ਪੰਜਾਬੀ ਵਿੱਚ ਲ ਰਾਰੇ ਦੀ ਥਾਂ ਭੀ ਵਰਤੀਦਾ ਹੈ, ਜੈਸੇ- ਰੱਜੁ ਦੀ ਥਾਂ ਲੱਜ. ਪਦਾਂ ਦੇ ਅੰਤ ਇਹ ਪ੍ਰਤਯਯ ਰੂਪ ਹੋਕੇ ਵਾਨ (ਵਾਲਾ) ਦਾ ਅਰਥ ਦਿੰਦਾ ਹੈ, ਜੈਸੇ ਗੁਸੈਲ। ੨. ਸੰ. ਸੰਗਜਾ- ਇੰਦ੍ਰ। ੩. ਲਘੁ (ਇੱਕ ਮਾਤ੍ਰਾ ਵਾਲਾ) ਅੱਖਰ। ੪. ਪ੍ਰਕਾਸ਼. ਚਾਨਣ। ੫. ਆਨੰਦ. ਖ਼ੁਸ਼ੀ। ੬. ਵਾਯੁ. ਪੌਣ.

ਲਉ: ਵਯ- ਲਗ. ਤੀਕ. ਤੌੜੀ. ਤਕ. "ਜਉ ਲਉ ਮੇਰੋ ਮੇਰੋ ਕਰਤੋ, ਤਉ ਲਉ ਬਿਖੁ ਘੇਰੇ." (ਗਉ ਮਃ ੫) ੨. ਸੰਗਜਾ- ਲੂਨ (ਕੱਟਣ) ਯੋਗਯ ਫਸਲ ਦਾ ਦਰਜਾ, ਜੈਸੇ- ਇਸ ਸਰਦੀ ਵਿੱਚ ਚਾਰ ਲਉ ਦੇ ਮਟਰ ਬੀਜੇ ਹਨ। ੩. ਅਵਸਥਾ. ਉਮਰ। ੪. ਵੰਸ਼ ਦੀ ਪੀੜ੍ਹੀ. ਨਸਲ। ੫. ਤੰਤੁ ਡੋਰ. ਤਾਗਾ. "ਲਉ ਨਾੜੀ, ਸੂਆ ਹੈ ਅਸਤੀ." (ਰਾਮ ਮਃ ੫) ੬. ਵਿ- ਜੈਸਾ. ਤੁੱਲ. ਸਮਾਨ. "ਕਰਨਦੇਵ[1122] ਪ੍ਰਮਾਨ ਲਉ ਅਰਿ ਜੀਤਕੈ ਬਹੁ ਸਾਜ." (ਗਯਾਨ) ਪ੍ਰਾਮਾਣਿਕ ਯੋਧਾ ਕਰਣ ਵਾਂਙ ਵੈਰੀ ਜਿੱਤਕੇ। ੭. ਲਯ. ਲੀਨ. ਗਰਕ. "ਰਾਚਿ ਮਾਚਿ ਤਿਨ ਹੂੰ ਲਉ ਹਸੂਆ." (ਗਉ ਮਃ ੫) ੮. ਲੈਣ ਦਾ ਅਮਰ ਲੈ. "ਰਾਮ ਨਾਮ ਰਸਨਾ ਸੰਗ ਲਉ." (ਸਵੈਯੇ ਸ੍ਰੀ ਮੁਖਵਾਕ ਮਃ ੫)

ਲਉਕਾ, ਲਉਕੀ: ਸੰ. ਲਾਵੁਕ. ਸੰਗਜਾ- ਤੂੰਬਾ. ਤੂੰਬੀ. "ਰਵਿ ਸਸਿ ਲਉਕੇ, ਇਹੁ ਤਨੁ ਕਿੰਗੁਰੀ." (ਰਾਮ ਅਃ ਮਃ ੧) ਸੂਰਯ ਸ੍ਵਰ ਅਤੇ ਚੰਦ੍ਰਸ੍ਵਰ. ਇੜਾ ਪਿੰਗਲਾ. "ਲਉਕੀ ਅਠਸਠਿ ਤੀਰਥਿ ਨ੍ਹਾਈ." (ਸੋਰ ਕਬੀਰ) ੨. ਕੱਦੂ. ਅੱਲ.

ਲਉਗ: ਲਵੰਗ. ਦੇਖੋ, ਲੌਂਗ. "ਕਿਨਹੀ ਲਉਗ ਸੁਪਾਰੀ." (ਕੇਦਾ ਕਬੀਰ)

ਲਉਡਾ, ਲਉਂਡਾ, ਲਉਂਡੀ, ਲਉਢਾ, ਲਉਢੀ: ਵਿ- ਲਘੁਤਾ ਵਾਲਾ. ਲਘੁਤਰ. ਛੋਟਾ. ਨਿੱਕਾ। ੨. ਸੰਗਜਾ- ਬਾਲਕ. ਲੜਕਾ. ਲੌਂਡਾ. ਦੇਖੋ, ਅੰ. Lad ਲੜਕੀ. ਲੌਂਡੀ। ੩. ਗੁਲਾਮ. "ਜੋ ਲਉਡਾ ਪ੍ਰਭਿ ਕੀਆ ਅਜਾਤਿ." (ਆਸਾ ਮਃ ੫) ਗ਼ੁਲਾਮੀ ਤੋਂ ਆਜ਼ਾਦ ਕੀਤਾ। ੪. ਸੰ. लौड्. ਧਾ ਮੂਰਖ ਹੋਣਾ. ਪਾਗਲ ਹੋਣਾ.

ਲਉਬਾਲੀ: ਅ਼. لاأبالی ਲਾਓਬਾਲੀ. ਵਿ- ਨਿਰਭੈ। ੨. ਬੇਪਰਸ. "ਲਉਬਾਲੀ ਦਰਗਾਹ ਵਿਚ ਮਾਣ ਨਿਮਾਣਾ." (ਭਾਗੁ)

ਲਉਲਈ: ਵਿ- ਲੋਲਤਾ (ਚੰਚਲਤਾ) ਵਾਲੀ, ਲੌਲਯਮਯ. "ਲਉਲਈ ਤ੍ਰਿਸਨਾ." (ਸਹਸ ਮਃ ੫)

ਲਉਲਾਕ: ਦੇਖੋ, ਲੌਲਾਕ.

ਲਊ: ਦੇਖੋ, ਲਵ। ੨. ਲਵੇਗਾ,

ਲਊ ਦਾ ਮੰਦਿਰ: ਦੇਖੋ, ਲਹੌਰ.

ਲਇ: ਕ੍ਰਿ. ਵਿ- ਲੈਕੇ। ੨. ਦੇਖੋ, ਲਯ.

ਲਇਐ: ਲੈਣ ਤੋਂ. ਲੇਨੇ ਸੇ. "ਨਾਮਿ ਲਇਐ ਜਾਹਿ ਤਰੰਦਾ." (ਵਾਰ ਆਸਾ)

---

[1122] ਸੰਪ੍ਰਦਾਈ ਗਯਾਨੀ "ਕਰਨਦੇਵ" ਪਦ ਵਿੱਚੋਂ ਸੱਤ ਦੀ ਗਿਣਤੀ ਕਰਦੇ ਹਨ, ਜੋ ਭੁੱਲ ਹੈ.

ਲਈ: ਸੰਗਤਾ- ਤਰਫਦਾਰੀ. ਪੱਖ. "ਜੋ ਮਾਨੁਖ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਲਈ ਫੁਨਿ ਜਾਈਐ." (ਬਿਲਾ ਮਃ ੫) ੨. ਵਿ- ਲੈ ਕਰਨ ਵਾਲਾ। ੩. ਵਜ- ਵਾਸਤੇ. ਲੀਏ। ੪. ਲੈਣ ਤੋਂ. ਲੇਨੇ ਸੇ. "ਅਘ ਕੋਟਿ ਹਰਤੇ ਨਾਮ ਲਈ." (ਮਲਾ ਮਃ ੫)

ਲਈਂ: ਵਜ- ਵਾਸਤੇ, ਲੀਏ. ਤਾਈਂ.

ਲਈਅਨਿ: ਲਈਦੇ ਹਨ. ਲੀਏ ਹੈਂ. "ਲਈਅਨਿ ਖਰੇ ਪਰਖਿ ਦਰਿ ਬੀਨਾਈਐ." (ਮਃ ੧. ਵਾਰ ਮਾਝ)

ਲਈਆ: ਵਿ- ਲੈਣ ਵਾਲਾ। ੨. ਲਗਾਈਆ. ਲਾਈ ਹੈ. "ਪ੍ਰਭਿ ਆਨਿ ਆਨਿ ਮਹਿੰਦੀ ਪੀਸਾਈ, ਆਪੇ ਘੋਲਿ ਘੋਲਿ ਅੰਗਿ ਲਈਆ." (ਬਿਲਾ ਅਃ ਮਃ ੪) ੩. ਲੈ ਕਰਨ ਵਾਲਾ.

ਲਏ: ਲੈਣ ਤੋਂ. ਲੇਨੇ ਸੇ. "ਨਾਮ ਲਏ ਯਮਭਯ ਨਹੀਂ." (ਗੁਪ੍ਰਸੂ)

ਲਏਇ: ਲੈਂਦਾ ਹੈ. "ਆਪੇ ਹੀ ਲਾਇ ਲਏਇ." (ਮਃ ੩. ਵਾਰ ਰਾਮ ੧)

ਲਏਨਿ: ਲੈਂਦੇ ਹਨ. "ਅਨਦਿਨੁ ਨਾਮੁ ਲਏਨਿ." (ਸੂਹੀ ਅਃ ਮਃ ੩)

ਲਸ: ਸੰ. लश्. ਧਾ- ਚਤੁਰ ਹੋਣਾ। ੨. लष्. ਧਾ- ਇੱਛਾ ਕਰਨਾ। ੩. लस्. ਧਾ- ਗਲ ਨਾਲ ਲਾਉਣਾ, ਖੇਲ ਕਰਨਾ, ਚਮਕਣਾ, ਖ਼ੁਸ਼ ਹੋਣਾ, ਮਿਹਨਤ ਕਰਨਾ.

ਲਸਕਣਾ, ਲਸਕਨਾ: ਕ੍ਰਿ- ਚਮਕਣਾ. ਪ੍ਰਕਾਸ਼ਣਾ. ਦੇਖੋ, ਲਸ ੩. "ਸੁੰਦਰ ਸਮਾਜ ਕਰ ਦੇਹ ਲਸਕਾਯੋ ਹੈ." (ਨਾਪ੍ਰ)

ਲਸਕਰ: ਫ਼ਾ. لشکر ਲਸ਼ਕਰ. ਸੰਗਤਾ- ਸੈਨਾ. ਫ਼ੌਜ. "ਬਹੁ ਲਸਕਰ ਮਾਨੁਖ ਊਪਰਿ ਕਰੇ ਆਸ." (ਸੁਖਮਨੀ)

ਲਸਕਰੀ: ਵਿ- ਲਸ਼ਕਰ (ਫ਼ੌਜ) ਨਾਲ ਹੈ ਜਿਸ ਦਾ ਸੰਬੰਧ. ਫ਼ੌਜੀ। ੨. ਸੰਗਤਾ- ਸਿਪਾਹੀ. "ਲਸਕਰੀਆ ਘਰ ਸੰਮ੍ਹਲੇ." (ਓਅੰਕਾਰ) ੩. ਰਾਮਾਨੰਦੀ ਵੈਰਾਗੀਆਂ ਦੀ ਇੱਕ ਜਮਾਤ, ਜਿਸ ਦੀ ਮੁੱਖ ਗੱਦੀ ਅਯੋਧਯਾ ਵਿੱਚ ਹੈ.

ਲਸਕਾਉਣਾ: ਕ੍ਰਿ- ਚਮਕਾਉਣਾ. ਦੇਖੋ, ਲਸ ੩.

ਲਸਕਾਰ, ਲਸਕਾਰਾ: ਸੰਗਤਾ- ਚਮਕ. ਲਸਕਣ ਦਾ ਭਾਵ. ਦੇਖੋ, ਲਸ ੩। ੨. ਬਿਜਲੀ ਦਾ ਚਮਕਣਾ. ਸੰ. हस्कार.

ਲਸਟਿ, ਲਸਟਿਕਾ: ਸੰ. ਯਸ਼੍ਟਿ. ਸੰਗਤਾ- ਲਾਠੀ. ਦੰਡ. "ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ." (ਬਿਲਾ ਮਃ ੫) ਦੇਖੋ, ਰਾਮਚੰਦ ਕੀ ਲਸਟਿਕਾ.

ਲਸਣ, ਲਸਨ: ਸੰ. ਲਸ਼ੁਨ ਅਤੇ ਰਸੋਨ.[1123] ਸੰਗਤਾ- ਲਹਸਨ. Ailium Sativum (Garlic). ਗਠੇ ਜੇਹਾ ਇੱਕ ਕੰਦ, ਜੋ ਮਸਾਲੇ ਅਤੇ ਕਈ ਰੋਗਾਂ ਲਈ ਵਰਤੀਦਾ ਹੈ. ਇਸ ਦੀ ਤਾਸੀਰ ਗਰਮ ਤਰ ਹੈ. ਪੇਟ ਦੇ ਕੀੜੇ, ਬਦਹਜਮੀ ਗਠੀਆ, ਵਾਉਗੋਲਾ, ਕਫ ਆਦਿਕ ਨਾਸ਼ ਕਰਦਾ ਹੈ. ਕਾਮਸ਼ਕਤਿ ਵਧਾਉਂਦਾ ਹੈ.

ਹਾਰਾਵਲੀ ਕੋਸ਼ ਵਿੱਚ ਲੇਖ ਹੈ ਕਿ ਜਦ ਅਮ੍ਰਿਤ ਪੀਂਦੇ ਰਾਹੁ ਦਾ ਵਿਸ਼ਨੁ ਨੇ ਸਿਰ ਵੱਢਿਆ, ਤਦ ਉਸ ਦੇ ਮੂੰਹ ਤੋਂ ਅਮ੍ਰਿਤ ਦੇ ਤੁਬਕੇ ਡਿਗਣ ਤੋਂ ਲਸ਼ੁਨ ਪੈਦਾ ਹੋਇਆ. "ਸਾਕਤੁ ਐਸਾ ਹੈ, ਜੈਸੀ ਲਸਨ ਕੀ ਖਾਨਿ." (ਸ. ਕਬੀਰ) ੨. ਸ਼ਰੀਰ ਦੀ ਤੁਚਾ ਪੁਰ ਕੁਦਰਤੀ ਦਾਗ (blotch) ਸਾਮੁਦ੍ਰਿਕ ਅਨੁਸਾਰ ਇਸ ਦੇ ਅਨੇਕ ਸ਼ੁਭ ਅਸ਼ੁਭ ਫਲ ਹਨ.

ਲਸਨੀਆ: ਸੰਗਤਾ- ਲਹਸੁਨਿਯਾਂ ਨਾਮ ਦਾ ਰਤਨ. ਦੇਖੋ, ਨਵਰਤਨ। ੨. ਵਿ- ਲਸਨ ਸਹਿਤ.

ਲਸਾਵਲਾ: ਵਿ- ਲਸਨ (ਚਮਕਣ) ਵਾਲਾ. ਚਮਕੀਲਾ. ਦੇਖੋ, ਲਸ ੩. "ਨੀਸਾਣ ਲਸਨ ਲਸਾਵਲੇ." (ਚੰਡੀ ੩)

---

[1123] ਰਸ-ਊਨ, ਰਸੋਨ ਇਸ ਲਈ ਨਾਉਂ ਹੈ ਕਿ ਭੀ ਰਸਾਂ ਵਿੱਚੋਂ ਇਕ ਰਸ (ਖੱਟੇ) ਦੀ ਇਸ ਵਿਚ ਕਮੀ ਹੈ.

ਲਸੀਆ: ਸੰ. ਧਾਸਿ. ਸੰਗਜਾ- ਦੁੱਧ ਵਿੱਚ ਪਾਣੀ ਮਿਲਾਕੇ ਬਣਾਈ ਸਰਦਾਈ. "ਡਾਰ ਦਈ ਲਸੀਆ ਅਰੁ ਅੱਛਤ." (ਕ੍ਰਿਸਨਾਵ) ੨. ਦੇਖੋ, ਲੱਸੀ.

ਲਸੁਨ: ਦੇਖੋ, ਲਸਨ.

ਲਸੂੜਾ: ਸੰਗਜਾ- ਲਸੋੜਾ. ਇੱਕ ਫਲਦਾਰ ਬਿਰਛ, ਜਿਸ ਦੇ ਫਲ ਬੇਰ ਦੇ ਆਕਾਰ ਦੇ ਲੇਸਦਾਰ ਰਸ ਵਾਲੇ ਹੁੰਦੇ ਹਨ. ਇਹ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. Cordia Myxa। ੨. ਦੰਦਾਂ ਦਾ ਮੂਲ ਦਾ ਮਾਸ ਮਸੂੜਾ. (gum)

ਲਸੂੜੀ: ਸੰਗਜਾ- ਛੋਟਾ ਲਸੂੜਾ। ੨. ਗੋਂਦਨੀ.

ਲੱਸਾਨ: ਅ਼. لسّان ਵਿ- ਲਿੱਸਾਨ (ਭਾਸ਼ਾ) ਬੋਲਣ ਵਾਲਾ. ਬਾਤੂਨੀ. ਜਿਸ ਦੀ ਜੀਭ ਬਹੁਤ ਚਲਦੀ ਹੈ.

ਲੱਸੀ: ਦੇਖੋ, ਲਸੀਆ। ੨. ਦੁੱਧ। ੩. ਤਕ੍ਰ. ਛਾਛ (whey) ਦਹੀ ਵਿੱਚੋਂ ਮੱਖਣ ਕੱਢਣ ਪਿੱਛੋਂ ਰਿਹਾ ਪੇਯ ਪਦਾਰਥ.

ਲੱਸੀਵਾਲਾ: ਰਿਆਸਤਾਂ ਵਿੱਚ ਰਾਜਾ ਦਾ ਉਹ ਕਰਮਚਾਰੀ, ਜੋ ਲੱਸੀ (ਦੁੱਧ) ਪਿਆਵੇ. ਲੰਗਰਖਾਨੇ ਦਾ ਵਡਾ ਸਰਦਾਰ. ਰਾਜਾ ਦੇ ਖਾਨਪਾਨ ਦਾ ਪ੍ਰਬੰਧ ਜਿਸ ਦੇ ਹੱਥ ਹੋਵੇ.

ਲਹ: ਇਹ ਲਸ ਧਾ ਅਤੇ ਲਖ (ਲਕ੍ਸ਼) ਧਾ ਦਾ ਹੀ ਪੰਜਾਬੀ ਵਿੱਚ ਰੂਪ ਹੈ. ਦੇਖੋ, ਲਸ ਅਤੇ ਲਕ੍ਸ਼. "ਲਹ ਲਹਿਤ ਮੌਰ." (ਅਕਾਲ) ਚਮਕਦਾ ਹੋਇਆ ਮੌਲਿ (ਮੁਕੁਟ). ੨. ਲਭ ਧਾਤੁ ਦਾ ਭੀ ਇਹ ਰੂਪ ਹੈ. "ਲਹਹਿ ਪਰਮਗਤਿ ਜੀਉ." (ਸਵੈਯੇ ਮਃ ੪. ਕੇ) "ਲਹਾਂ ਸੁ ਸਜਣ ਟੋਲਿ." (ਸਵਾ ਮਃ ੫) "ਹਭੇ ਸੁਖ ਲਹਾਉ." (ਵਾਰ ਮਾਰੂ ੨. ਮਃ ੫) "ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ." (ਕੇਦਾ ਮਃ ੫)

ਲਹਉ: ਲਖੋ. ਦੇਖੋ। ੨. ਜਾਣੋ. ਮਲੂਮ ਕਰੋ. ਦੇਖੋ, ਲਕ੍ਸ਼ ਧਾ। ੩. ਲੱਭੋ. ਪ੍ਰਾਪਤ ਕਰੋ. ਦੇਖੋ, ਲਭ ਧਾ। ੪. ਉਤਰੋ. ਲੱਥੋ.

ਲਹਸਨ, ਲਹਸੁਨ: ਦੇਖੋ, ਲਸਣ.

ਲਹਹਿ: ਦੇਖੋ, ਲਹ ੨.

ਲਹਹੁ: ਦੇਖੋ, ਲਹਉ.

ਲਹਕ: ਵਿ- ਲਖਕ. ਦੇਖਣ ਵਾਲਾ. ਜਾਣਨ ਵਾਲਾ। ੨. ਸੰਗਜਾ- ਲਸਕ. ਚਮਕ.

ਲਹਗੁ: ਲਹੇ (ਉਤਰੇ) ਗਾ. ਲੱਥੇਗਾ. "ਪਾਜ ਲਹਗੁ ਨਿਦਾਨਿ." (ਬਿਲਾ ਅਃ ਮਃ ੩) ੨. ਲੱਭੇਗਾ. ਪ੍ਰਾਪਤ ਕਰੇਗਾ.

ਲਹਜਾ: ਅ਼. لحظہ ਲਹ਼ਜਾ. ਸੰਗਜਾ- ਅੱਖ ਦਾ ਫੋਰ. ਨਿਮੇਸ਼। ੨. ਅ਼. لہجہ ਲਹਜਾ. ਉੱਚਾਰਣ.

ਲਹਣਾ, ਲਹਣਾਂ: ਕ੍ਰਿ- ਲਭਣਾ. ਪ੍ਰਾਪਤ ਕਰਨਾ. "ਪ੍ਰਭੁ, ਤੁਮ ਤੇ ਲਹਣਾ, ਤੂੰ ਮੇਰਾ ਗਹਣਾ." (ਮਾਝ ਮਃ ੫) ੨. ਉਤਰਨਾ. ਲਥਣਾ। ੩. ਸੰਗਜਾ- ਸ਼੍ਰੀ ਗੁਰੂ ਅੰਗਦਦੇਵ ਜੀ ਦਾ ਪਹਿਲਾ ਨਾਮ. "ਲਹਣਾ ਜਗਤ੍ਰਗੁਰੁ ਪਰਸਿ ਮੁਰਾਰਿ." (ਸਵੈਯੇ ਮਃ ੨. ਕੇ) "ਰਾਜੁਜੋਗੁ ਲਹਣਾ ਕਰੈ." (ਸਵੈਯੇ ਮਃ ੨. ਕੇ)

ਲਹਣੁ: ਸਿੰਧੀ. ਕ੍ਰਿ- ਲੱਛਣਾ. ਪ੍ਰਾਪਤ ਕਰਨਾ। ੨. ਉਤਰਨਾ. ਲੱਥਣਾ.

ਲਹਣੋ: ਦੇਖੋ, ਲਹਣੁ. "ਜਾਕੋ ਲਹਣੋ ਮਹਾਰਾਜਰੀ ਗਾਠੜੀਓ." (ਟੋਡੀ ਮਃ ੫) ਮਹਾਰਾਜ ਦੀ ਗੱਠੋਂ ਜਿਸ ਨੇ ਪ੍ਰਾਪਤ ਕਰਨਾ ਹੈ.

ਲਹਨ: ਦੇਖੋ, ਲਹਣੁ. "ਪ੍ਰਭੁ ਕਹਨ ਮਲਨ ਦਹਨ ਲਹਨ ਗੁਰ ਮਿਲੇ." (ਕਾਨ ਮਃ ੫) ੨. ਅ਼. لحن ਲਹ਼ਨ. ਧ੍ਵਨਿ. ਸ਼ਬਦ। ੩. ਰਾਗ ਦਾ ਆਲਾਪ.

ਲਹਨਾ: ਦੇਖੋ, ਲਹਣਾ ਅਤੇ ਲਹਿਣਾ.

ਲਹਨਿ: ਲਭਨਿ. ਪ੍ਰਾਪਤ ਕਰਦੀਆਂ ਹਨ. ਲਭਦੇ. ਪ੍ਰਾਪਤ ਕਰਦੇ. "ਇਕੁ ਲਖੁ ਲਹਨਿ ਬਹਿਠੀਆਂ." (ਆਸਾ ਅਃ ਮਃ ੧) "ਦਰਿ ਢੋਅ ਨ ਲਹਨਿ ਧਾਵਦੇ." (ਵਾਰ ਆਸਾ)

ਲਹਨੀ: ਸੰਗਯਾ- ਪ੍ਰਾਪਤਿ। ੨. ਪ੍ਰਾਰਬਧ ਅਨੁਸਾਰ ਭੋਗ ਦੀ ਪ੍ਰਾਪਤੀ.

ਲਹਨੋ: ਲੈਣਾ. ਦੇਖੋ, ਲਹਣੁ. "ਲਹਨੋ ਜਿਸ ਮਥਾਨਿਹਾ." (ਆਸਾ ਮਃ ੫)

ਲਹਬਰ: ਅ਼. لہب ਲਹਬ. ਸੰਗਯਾ- ਲਾਟਾ. ਅਗਨਿ ਸ਼ਿਖਾ। ੨. ਅਗਨਿ ਦੀ ਭੜਕ. "ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ." (ਆਸਾ ਮਃ ੫) ਪਾਤਾਲ ਆਕਾਸ਼ ਦੇ ਪਦਾਰਥਾਂ ਨੂੰ ਖਾਕੇ ਭੀ ਜੋ ਭਰਦੀ ਨਹੀਂ ਸੀ. ਉਹ ਤ੍ਰਿਸ਼ਨਾਅਗਨਿ ਬੁਝ ਗਈ.

ਲਹਮਾ: ਇਹ ਲਮਹ ਦਾ ਰੂਪਾਂਤਰ ਹੈ. ਦੇਖੋ, ਲਮਹ.

ਲਹਰ: ਸੰ. ਲਹਰਿ. ਸੰਗਯਾ- ਤਰੰਗ. ਮੌਜ. "ਲਹਰੀ ਨਾਲਿ ਪਛਾੜੀਐ." (ਸ੍ਰੀ ਅਃ ਮਃ ੧) ੨. ਅਗਨਿ ਦਾ ਭਭੂਕਾ. "ਬੂਝਤ ਨਾਹੀ ਲਹਰੇ." (ਗਉ ਮਃ ੫)

ਲਹਰਾਉਣਾ, ਲਹਰਾਨਾ: ਕ੍ਰਿ- ਜਲ ਅਥਵਾ ਹਵਾ ਦੀ ਲਹਰਿ ਨਾਲ ਹਿੱਲਣਾ. ਲਹਰ ਵਿੱਚ ਆਉਣਾ.

ਲਹਰਿ: ਦੇਖੋ, ਲਹਰ। ੨. ਵਿ- ਲਹਰ ਤਰੰਗਾਂ ਵਾਲਾ, ਵਾਲੀ। ੩. ਜਿਸ ਦਾ ਮਨ ਕ਼ਾਇਮ ਨਹੀਂ. ਅਨੇਕ ਤਰੰਗ ਜਿਸ ਦੇ ਦਿਲ ਵਿੱਚ ਉੱਠਦੇ ਹਨ. "ਮਨਮੁਖ ਲਹਿਰ ਘਰੁ ਤਜਿ ਵਿਗੂਚੈ." (ਮਾਰੂ ਅਃ ਮਃ ੧) ੪. ਸੰਗਯਾ- ਨਦੀ. ਦੇਖੋ, ਵਰਾਹੁ.

ਲਹਰੀ: ਵਿ- ਤਰੰਗਾਂ ਵਾਲਾ. ਮੌਜੀ। ੨. ਲਹਰਾਂ. ਮੌਜਾਂ.

ਲਹ ਲਹਾਉਣਾ, ਲਹ ਲਹਾਨਾ: ਕ੍ਰਿ- ਲਿਸ਼ਕਣਾ. ਚਮਕਣਾ. ਪ੍ਰਕਾਸ਼ਣਾ। ੨. ਖਿੜਨਾ. ਪ੍ਰਫੁੱਲ ਹੋਣਾ.

ਲਹਲਹਿਤ: ਵਿ- ਪ੍ਰਕਾਸ਼ਿਤ. ਚਮਕਦਾ ਹੋਇਆ. ਦੇਖੋ, ਲਹ.

ਲਹਲਾਣੀ: ਲਸ਼ਕੀ. ਚਮਕੀ. "ਕੂਰਮ ਸਿਰ ਲਹਲਾਣੀ." (ਚੰਡੀ ੩) ਦੁਰਗਾ ਦੀ ਤਲਵਾਰ, ਜ਼ਮੀਨ ਨੂੰ ਚੀਰਕੇ ਕੱਛੂ ਦੇ ਸਿਰ ਜਾ ਚਮਕੀ.

ਲਹਾਏ: ਲਭਾਏ. ਪ੍ਰਾਪਤ ਕਰਵਾਏ. ਦੇਖੋ, ਲਹ. "ਆਪਿ ਲਹਾਏ ਕਰੇ ਜਿਸੁ ਕਿਰਪਾ." (ਮਃ ੪. ਵਾਰ ਬਿਹਾ) ੨. ਉਤਰਾਏ, ਜਿਵੇਂ- ਨਹੁੰ ਲਹਾਏ.

ਲਹਾਇਆ: ਲਭਾਇਆ. ਪ੍ਰਾਪਤ ਕਰਵਾਇਆ. "ਜਿਨਿ ਹਰਿਭਗਤਿ ਭੰਡਾਰ ਲਹਾਇਆ." (ਵਡ ਮਃ ੪) ੨. ਉਤਰਵਾਇਆ, ਜਿਵੇਂ- ਭਾਰ ਲਹਾਇਆ.

ਲਹਾਇਦਾ: ਲਭਾਂਇਦਾ। ੨. ਉਤਰਵਾਉਂਦਾ.

ਲਹਾਈ: ਉਤਰਵਾਈ। ੨. ਲਹਾਉਣ ਦੀ ਕ੍ਰਿਯਾ। ੩. ਉਤਰਵਾਈ ਦੀ ਮਜ਼ਦੂਰੀ। ੪. ਲਭਾਈ. ਪ੍ਰਾਪਤ ਕਰਵਾਈ. "ਭਗਤਿ ਹਰਿ ਆਪਿ ਲਹਾਈ." (ਮਃ ੪. ਵਾਰ ਵਡ)

ਲਹਾਤੀ: ਲਹਿੰਦੇ. ਉਤਰਦੇ. "ਪਾਪ ਲਹਾਤੀ." (ਮਃ ੪. ਵਾਰ ਸ੍ਰੀ) ੨. ਲਭਾਤੀ.

ਲਹਾਨ, ਲਹਾਮ: ਲਹਿ"ਦੇ (ਉਤਰਦੇ) ਹਨ. "ਜਸੁ ਗਾਵਤ ਪਾਪ ਲਹਾਨ." (ਕਾਨ ਪੜਤਾਲ ਮਃ ੪) ੨. ਲਭਾਨ. ਲਭਦੇ ਹਨ.

ਲਹਿ: ਕ੍ਰਿ. ਵਿ- ਦੇਖਕੇ. "ਲਹਿ ਰੂਪ ਅਪਾਰਾ." (ਚੰਦ੍ਰਾਵ) ੨. ਉਡਰਕੇ। ੩. ਲਖ (ਜਾਣ ਕੇ। ੪. ਲੱਭਕੇ, ਪ੍ਰਾਪਤ ਕਰਕੇ। ੫. ਵਯ- ਤੀਕ. ਤਕ. ਤੋੜੀ. ਲਗ.

**ਲਹਿਆ:** ਦੇਖਿਆ। ੨. ਉਤਰਿਆ. ਦੂਰ ਹੋਇਆ. "ਲਹਿਓ ਸਹਸਾ ਬੰਧਨੁ ਗੁਰਿ ਤੋਰੇ." (ਗਉ ਮਃ ੫) ੩. ਜਾਣਿਆ. ਲਖਿਆ. "ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ." (ਮਾਝ ਮਃ ੫)

**ਲਹਿੰਗਾ, ਲਹਿੰਘਾ:** ਸੰਗ੍ਯਾ- ਲੰਕ- ਅੰਗਾ. ਇਸਤ੍ਰੀਆਂ ਦੇ ਤੇੜ ਦਾ ਘੇਰਦਾਰ ਵਸਤ੍ਰ. ਘਗਰਾ.

**ਲਹਿਜਾਨੀ:** ਉਤਰ ਜਾਂਦੇ, ਲੱਥਦੇ. "ਪਾਪ ਲਹਿਜਾਨੀ." (ਧਨਾ ਮਃ ੪)

**ਲਹਿਣਾ:** ਦੇਖੋ, ਲਹਣਾ। ੨. ਗੁਰੂ ਅੰਗਦਦੇਵ. "ਜਾਂ ਸੁਧੋਸੁ, ਤਾਂ ਲਹਿਣਾ ਟਿਕਿਓਨੁ." (ਵਾਰ ਰਾਮ ੩)

**ਲਹਿਣਾਸਿੰਘ:** ਸਰਦਾਰ ਦੇਸਾਸਿੰਘ ਮਜੀਠੀਏ ਦਾ ਸੁਪੁਤ੍ਰ, ਜੋ ਮਹਾਰਾਜਾ ਰਣਜੀਤਸਿੰਘ ਦਾ ਨਾਮੀ ਅਹਿਲਕਾਰ ਹੋਇਆ ਹੈ. ਇਹ ਜੇਹਾ ਸ਼ੂਰਵੀਰ ਨਿਰਭੈ ਅਤੇ ਦਾਨਾ ਜਰਨੈਲ ਸੀ, ਤੇਹਾ ਹੀ ਰਾਜਪ੍ਰਬੰਧ ਵਿੱਚ ਨਿਪੁਣ ਸੀ. ਸਰਦਾਰ ਲਹਿਣਾਸਿੰਘ ਕਈ ਜੁਬਾਨਾਂ ਜਾਣਦਾ ਸੀ ਅਤੇ ਯੋਗ੍ਯ ਇੰਜਨੀਅਰ ਸੀ. ਮਜੀਠਾ ਖਾਨਦਾਨ ਦਾ ਸਭ ਤੋਂ ਪਹਿਲਾ ਸਰਦਾਰ ਦੇਸਾਸਿੰਘ ਸੀ, ਜਿਸ ਨੇ ਮਹਾਰਾਜਾ ਰਣਜੀਤਸਿੰਘ ਦੀ ਨੌਕਰੀ ਕੀਤੀ.

**ਲਹਿੰਦਾ:** ਲਭਦਾ. "ਗੁਰਸਿਖਾ ਲਹਿਦਾ ਭਾਲਿਕੈ." (ਸ੍ਰੀ ਮਃ ੫. ਪੈਪਾਇ)

**ਲਹਿੰਦਾ:** ਕ੍ਰਿ. ਵਿ- ਉਤਰਦਾ. ਲਥਦਾ। ੨. ਸੰਗ੍ਯਾ- ਪੱਛਮ ਦਿਸ਼ਾ, ਜਿਧਰ ਸੂਰਜ ਲਹਿੰਦਾ ਹੈ.

**ਲਹਿਨਾ:** ਦੇਖੋ, ਲਹਣਾ ਅਤੇ ਲਹਿਣਾ.

**ਲਹਿਰ, ਲਹਿਰੀ:** ਦੇਖੋ, ਲਹਰ, ਲਹਰਿ ਅਤੇ ਲਹਰੀ। ੨. ਲਹਰਿ (ਤਰੰਗਾਂ) ਨਾਲ. "ਲਹਿਰੀ ਨਾਲਿ ਪਛਾੜੀਐ." (ਸ੍ਰੀ ਮਃ ੧)

**ਲਹਿਲਾਣੀ:** ਲਸਕੀ. ਚਮਕੀ. ਦੇਖੋ, ਲਹਲਾਣੀ.

**ਲਹਿਲੀ ਕਲਾਂ:** ਦੇਖੋ, ਜੰਡ ਸਾਹਿਬ ਨੰਃ ੩.

**ਲਹੀ:** ਲੱਥੀ. ਉਤਰੀ। ੨. ਲਖੀ. ਦੇਖੀ। ੩. ਜਾਣੀ. ਮਲੂਮ ਕੀਤੀ. "ਗੁਰਕਿਰਪਾ ਤੇ ਲਹੀ." (ਗੂਜ ਮਃ ੫)

**ਲਹੀਆ:** ਵਿ- ਲੱਭਣ ਵਾਲਾ। ੨. ਜਾਣਨ ਵਾਲਾ। ੩. ਲੱਭਿਆ ਹੈ. "ਤੁਰੀਆਗੁਣੁ ਹੈ ਗੁਰਮੁਖਿ ਲਹੀਆ." (ਬਿਲਾ ਅਃ ਮਃ ੪)

**ਲਹੁ:** ਦੇਖੋ, ਲਹ ੨। ੨. ਛੋਟਾ. ਦੇਖੋ, ਲਘੁ. "ਦੀਰਘ ਗਾਤ ਤਿਹਾਰੋ, ਸੁ ਬਾਨਨ ਸੋਂ ਕਰਹੋਂ ਲਹੁ ਤੇਤੋ." (ਕ੍ਰਿਸਨਾਵ)

**ਲਹੁਕਾ, ਲਹੁਡਾ, ਲਹੁਡੀ:** ਵਿ- ਲਘੁ. ਛੋਟਾ. ਛੋਟੀ. ਲੌਢਾ. ਦੇਖੋ, ਲਉਡਾ.

**ਲਹੁਰ:** ਦੇਖੋ, ਲਹੁਰਾ। ੨. ਦੇਖੋ, ਲਹੌਰ.

**ਲਹੁਰਵਾ:** ਵਿ- ਛੋਟਾ. ਲਘੁਤਾ ਵਾਲਾ। ੨. ਸੰਗ੍ਯਾ- ਲਹੌਰ. ਲਵਪੁਰ. "ਤਹੀਂ ਤਿਨੇ ਬਾਂਧੇ ਦੁਇ ਪੁਰਵਾ। ਏਕ ਕੁਸੂਰ ਦੁਤੀਯ ਲਹੁਰਵਾ." (ਵਿਚਿਤ੍ਰ) ਕੁਸ਼ ਨੇ ਕਸੂਰ ਅਤੇ ਲਵ ਨੇ ਲਵਪੁਰ ਆਬਾਦ ਕੀਤਾ.

**ਲਹੁਰਾ, ਲਹੁਰੀ, ਲਹੁਰੀਆ, ਲਹੁੜਾ, ਲਹੁੜੀ:** ਸੰਗ੍ਯਾ- ਲਘੁ. ਲਘੁਤਰ. ਛੋਟਾ ਛੋਟੀ. ਲੌਢਾ. ਲੌਢੀ. "ਲਹੁਰੀ ਸੰਗਿ ਭਈ ਅਬ ਮੇਰੈ." (ਆਸਾ ਕਬੀਰ) ਭਾਵ- ਵਿਵੇਕਬੁੱਧਿ. ਇਸ ਦੇ ਮੁਕਾਬਲੇ ਕੁਮਤਿ ਜੇਠੀ ਹੈ, ਯਥਾ- "ਪਹਿਲੀ ਕੁਰੂਪਿ ਕੁਜਾਤਿ ਕੁਲਖਨੀ." "ਰਾਮ ਬਡੇ ਮੈ ਤਨਿਕ ਲਹੁਰੀਆ." (ਆਸਾ ਕਬੀਰ) "ਇਹੁ ਲਹੁੜਾ ਗੁਰੂ ਉਬਾਰਿਆ." (ਸੋਰ ਮਃ ੫)

**ਲਹੂ:** ਵਿ- ਲਘੁ. ਛੋਟਾ। ੨. ਸੰਗ੍ਯਾ- ਲਘੁ (ਇੱਕ ਮਾਤ੍ਰਾ ਵਾਲਾ) ਅੱਖਰ। ੩. ਸੰ. ਲੋਹਿਤ. ਲੋਹੂ. ਰਧਿਰ. ਖੂਨ.

**ਲਹੂੜਾ:** ਦੇਖੋ, ਰਹੂੜਾ.

**ਲਹੂੜਾ ਸਾਹਿਬ:** ਦੇਖੋ, ਘਵਿੰਡੀ.

**ਲਹੋਗੀਆ:** ਲਹ (ਉਤਰ) ਗਿਆ. ਲੱਥਾ. "ਹਰਿ ਸਿਮਰਤ ਸਭ ਪਾਪ ਲਹੋਗੀਆ." (ਮਃ ੪. ਵਾਰ ਕਾਨ)

**ਲਹੌਰ:** ਲਵਪੁਰ. ਰਾਮਚੰਦ੍ਰ ਜੀ ਦੇ ਬੇਟੇ ਲਵ ਦਾ ਵਸਾਇਆ ਰਾਵੀ (ਏਰਾਵਤੀ) ਕਿਨਾਰੇ ਨਗਰ, ਜੋ ਪੰਜਾਬ ਦੀ ਰਾਜਧਾਨੀ ਹੈ,[1124] ਦੇਖੋ, ਵਿਚਿਤ੍ਰਨਾਟਕ ਅਃ ੨, ਅੰਕ ੨੪. ਲਹੌਰ ਤੇ ਸੋਲੰਕੀ, ਭੱਟੀ ਅਤੇ ਚੁਹਾਨ ਰਾਜਪੂਤਾਂ ਦਾ ਸਿਲਸਿਲੇਵਾਰ ਚਿਰ ਤੀਕ ਕਬਜਾ ਰਿਹਾ, ਫੇਰ ਇਹ ਬ੍ਰਾਹਮਣਾਂ ਦੇ ਅਧਿਕਾਰ ਵਿੱਚ ਆਇਆ. ਸੁਬਕਤਗੀਨ ਨੇ ਜਯਪਾਲ ਅਤੇ ਅਨੰਗਪਾਲ ਨੂੰ ਜਿੱਤਕੇ ਸਨ ੧੦੦੨ ਵਿੱਚ ਮੁਸਲਮਾਨੀ ਰਾਜ ਕਾਇਮ ਕੀਤਾ. ਸੁਬਕਤਗੀਨ ਦੇ ਪੁਤ੍ਰ ਮਹਮੂਦ ਨੇ ਲਹੌਰ ਦਾ ਨਾਉਂ "ਮਹਮੂਦਪੁਰ" ਰੱਖਿਆ ਸੀ. ਜੋ ਉਸ ਦੇ ਸਿੱਕੇ ਵਿੱਚ ਦੇਖੀਦਾ ਹੈ.

ਤੈਮੂਰ ਨੇ ਸਨ ੧੩੯੮ ਵਿੱਚ ਲਹੌਰ ਫਤੇ ਕੀਤਾ. ਇਹ ਕੁਝ ਕਾਲ ਲੋਦੀਆਂ ਦੀ ਹੁਕੂਮਤ ਅੰਦਰ ਭੀ ਰਿਹਾ. ਸਨ ੧੫੨੪ ਵਿੱਚ ਬਾਬਰ ਨੇ ਫ਼ਤੇ ਕਰਕੇ ਮੁਗਲਰਾਜ ਥਾਪਿਆ. ਬਾਦਸ਼ਾਹ ਅਕਬਰ ਜਹਾਂਗੀਰ ਅਤੇ ਸ਼ਾਹਜਹਾਂ ਨੇ ਆਪਣੇ ਆਪਣੇ ਸਮੇਂ ਕਿਲੇ ਦੀਆਂ ਇਮਾਰਤਾਂ ਬਣਵਾਈਆਂ. ਔਰੰਗਜ਼ੇਬ ਨੇ ਕਿਲੇ ਦੇ ਸਾਮ੍ਹਣੇ ਆਲੀਸ਼ਾਨ ਮਸੀਤ ਬਣਵਾਈ.

ਮਹਾਰਾਜਾ ਰਣਜੀਤਸਿੰਘ ਨੇ ਸਨ ੧੭੯੯ ਵਿੱਚ ਲਹੌਰ ਫਤੇ ਕਰਕੇ ਸਿੱਖਰਾਜ ਕਾਇਮ ਕੀਤਾ. ਇਸ ਪ੍ਰਸਿੱਧ ਸ਼ਹਿਰ ਦਾ ਸਿੱਖ ਇਤਿਹਾਸ ਨਾਲ ਗਾੜ੍ਹਾ ਸੰਬੰਧ ਹੈ. ੨੯ ਮਾਰਚ ਸਨ ੧੮੪੯ ਨੂੰ ਲਹੌਰ ਅੰਗ੍ਰੇਜ਼ਾਂ ਦੇ ਅਧਿਕਾਰ ਵਿੱਚ ਆਇਆ. ਦੇਖੋ, ਪੰਜਾਬ

ਰੇਲ ਦੇ ਰਸਤੇ ਲਹੌਰ ਤੋਂ ਕਲਕੱਤਾ ੧੧੯੯, ਪੇਸ਼ਾਵਰ ੨੮੮ ਅਤੇ ਬੰਬਈ ੧੧੪੬ ਮੀਲ ਹੈ. ਜਨਸੰਖਯਾ ੨੨੯, ੫੫੮ ਹੈ.

ਲਹੌਰ ਪਰਥਾਇ ਗੁਰੂ ਨਾਨਕਸਾਹਿਬ ਅਤੇ ਗੁਰੂ ਅਮਰਦਾਸ ਜੀ ਦੇ ਵਾਕ ਜੋ ਵਾਰਾਂ ਤੋਂ ਵਧੀਕ ਸਲੋਕਾਂ ਵਿੱਚ ਦੇਖੇ ਜਾਂਦੇ ਹਨ, ਉਨ੍ਹਾਂ ਦਾ ਨਿਰਣਾ "ਲਾਹੌਰ" ਸ਼ਬਦ ਵਿੱਚ ਦੇਖੋ.

ਲਹੌਰ ਵਿੱਚ ਸਤਿਗੁਰਾਂ ਅਤੇ ਸ਼ਹੀਦਾਂ ਦੇ ਇਹ ਪਵਿਤ੍ਰ ਅਸਥਾਨ ਹਨ-

(੧) ਜਵਾਹਰਮੱਲ ਦੇ ਚੌਹੱਟੇ ਪਾਸ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ ਹੈ. ਇੱਥੇ ਸਤਿਗੁਰੂ ਨੇ ਦੁਨੀਚੰਦ ਨੂੰ ਪਾਖੰਡਰੂਪ ਸ਼੍ਰੱਧਕਰਮ ਤੋਂ ਵਰਜਕੇ ਗੁਰਸਿੱਖੀ ਬਖ਼ਸ਼ੀ ਸੀ. ਇਹ ਅਸਥਾਨ ਸਿਰੀਆਂ ਵਾਲੇ ਮਹੱਲੇ ਪਾਸ ਹੈ. ਗੁਰਦ੍ਵਾਰਾ ਬਣਿਆ ਹੋਇਆ ਹੈ, ਸਿੱਖ ਪੁਜਾਰੀ ਹੈ.

(੨) ਚੂਨੀਮੰਡੀ ਵਿੱਚ ਸ਼੍ਰੀ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਹੈ. ਦਰਬਾਰ ਸੁੰਦਰ ਬਣਿਆ ਹੋਇਆ ਹੈ. ਨਾਲ ਅੱਠ ਦੁਕਾਨਾਂ ਹਨ. ਪੁਜਾਰੀ ਸਿੰਘ ਹੈ.

(੩) ਜਨਮ ਅਸਥਾਨ ਦੇ ਪਾਸ ਹੀ ਸ਼੍ਰੀ ਗੁਰੂ ਰਾਮਦਾਸ ਜੀ ਦੀ ਧਰਮਸ਼ਾਲਾ ਹੈ. ਇਸ ਹਾਤੇ ਅੰਦਰ ਹੀ ਸ਼੍ਰੀ ਗੁਰੂ ਅਰਜਨਸਾਹਿਬ ਜੀ ਦਾ ਦੀਵਾਨਖਾਨਾ ਭੀ ਹੈ. ਇਸ ਦੇ ਨਾਲ ਚਾਰ ਦੁਕਾਨਾਂ ਅਤੇ ਅਠਾਰਾਂ ਘੁਮਾਉਂ ਜ਼ਮੀਨ ਪਿੰਡ ਰਾਣਾ ਭੱਟੀ, ਤਸੀਲ ਸ਼ਾਹਦਰਾ ਜਿਲਾ ਸ਼ੇਖੂਪੁਰਾ ਵਿੱਚ ਹੈ.

ਇਸੇ ਥਾਂ ਤੋਂ- "ਮੇਰਾ ਮਨੁ ਲੋਚੈ ਗੁਰਦਰਸਨ ਤਾਈ"- ਸ਼ਬਦ ਲਿਖਕੇ ਗੁਰੂਸਾਹਿਬ ਨੇ ਪਿਤਾ ਜੀ ਪਾਸ ਅਮ੍ਰਿਤਸਰ ਭੇਜਿਆ ਸੀ.

(੪) ਕਿਲੇ ਦੇ ਸਾਮ੍ਹਣੇ ਸ਼੍ਰੀ ਗੁਰੂ ਅਰਜਨਸਾਹਿਬ ਦਾ ਦੇਹਰਾ ਹੈ, ਜਿੱਥੇ ਜੇਠ ਸੁਦੀ ੪. ਸੰਮਤ ੧੬੬੩ ਨੂੰ ਜੋਤੀ ਜੋਤਿ ਸਮਾਏ ਹਨ. ਦਰਬਾਰ ਸੁੰਦਰ ਬਣਿਆ ਹੋਇਆ ਹੈ. ਦੀਵਾਨਖਾਨਾ ਭੀ ਮਨੋਹਰ ਹੈ. ਨਿੱਤ ਕੀਰਤਨ ਹੁੰਦਾ ਹੈ. ਮਹਾਰਾਜਾ ਰਣਜੀਤਸਿੰਘ ਦੀ ਲਾਈ ਜਾਗੀਰ ਪਿੰਡ ਨੰਦੀਪੁਰ ਜਿਲਾ ਸਿਆਲਕੋਟ ਤਸੀਲ ਡਸਕਾ ਵਿੱਚ ਹੈ, ਜਿਸ ਦਾ ਰਕਬਾ ੫੮੯ ਵਿੱਘੇ ਹੈ, ਅਤੇ ੫੦

---

[1124] ਲਊ ਦਾ ਮੰਦਿਰ ਹੁਣ ਭੀ ਲਹੌਰ ਦੇ ਕਿਲੇ ਵਿੱਚ ਦੇਖਿਆ ਜਾਂਦਾ ਹੈ, ਜੋ ਹਜੂਰੀਬਾਗ ਦੀ ਵਾਹੀ ਵੱਲ ਹੈ. ਇਸ ਦੀ ਸਫਾਈ ਅਤੇ ਸੰਭਾਲ ਦਾ ਕੋਈ ਉੱਤਮ ਪ੍ਰਬੰਧ ਨਹੀਂ ਹੈ. ਅਰ ਆਸ ਪਾਸ ਭਰਤ ਪੈ ਜਾਣ ਕਰਕੇ ਇਹ ਮੰਦਿਰ ਡੂੰਘੀ ਥਾਂ ਹੋ ਗਿਆ ਹੈ.

ਰੁਪਯੇ ਸਾਲਨਾ ਪਿੰਡ ਕੁਤਬਾ ਤਸੀਲ ਕੁਸੂਰ ਤੋਂ ਮਿਲਦੇ ਹਨ. ੬੦ ਰੁਪਯੇ ਰਿਆਸਤ ਨਾਭੇ ਵੱਲੋਂ ਹਨ. ਜੇਠ ਸੁਦੀ ੪. ਨੂੰ ਮੇਲਾ ਹੁੰਦਾ ਹੈ, ਪੁਜਾਰੀ ਸਿੰਘ ਹਨ. ਇਸ ਗੁਰਦ੍ਵਾਰੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਦੰਦਖੰਡ ਦਾ ਇੱਕ ਕੰਘਾ ਹੈ, ਜਿਸ ਦੇ ੩੯ ਦੰਦੇ ਹਨ, ਦੋ ਦੰਦੇ ਟੁੱਟੇ ਹੋਏ ਹਨ.

(੫) ਲਹੌਰ ਕਿਲੇ ਤੋਂ ਦੌ ਸੌ ਕਦਮ ਦੱਖਣ ਵੱਲ ਲਾਲ ਕੂਆ ਅਥਵਾ ਲਾਲ ਖੂਹੀ ਹੈ. ਇਹ ਚੰਦੂ ਦੇ ਘਰ ਵਿੱਚ ਸੀ. ਇਸ ਦੇ ਜਲ ਨਾਲ ਸ਼੍ਰੀ ਗੁਰੂ ਅਰਜਨ ਦੇਵ ਨੇ ਕਈ ਵਾਰ ਸਨਾਨ ਕੀਤਾ ਸੀ. ਇੱਥੇ ਛੋਟਾ ਜਿਹਾ ਮੰਜੀਸਾਹਿਬ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਪ੍ਰਕਾਸ਼ ਹੁੰਦਾ ਹੈ. ਇਸ ਗੁਰਦ੍ਵਾਰੇ ਨਾਲ ਇੱਕ ਦੁਕਾਨ, ੨੧. ਕਨਾਲ ੧੪. ਮਰਲੇ ਜਮੀਨ ਪਿੰਡ ਖੋਖਰ, ਤਸੀਲ ਲਹੌਰ ਵਿੱਚ ਹੈ. ਪੁਜਾਰੀ ਸਿੰਘ ਹੈ. ਇੱਥੇ ਤੀਹ ਚਾਲੀ ਗੁੰਗੇ ਭੀ ਰਹਿੰਦੇ ਹਨ.

(੬) ਡੱਬੀ ਬਾਜਾਰ ਵਿੱਚ ਸ਼੍ਰੀ ਗੁਰੂ ਅਰਜਨਦੇਵ ਜੀ ਦੀ ਬਾਵਲੀ ਹੈ. ਇਹ ਛੱਜੂ ਵਪਾਰੀ ਦੇ ਅਰਪੇ ਹੋਏ ਧਨ ਤੋਂ ਗੁਰੂਸਾਹਿਬ ਨੇ ਲਵਾਈ ਸੀ. ਬਾਦਸ਼ਾਹ ਸ਼ਾਹਜਹਾਂ ਦੇ ਸਮੇਂ ਇਹ ਅੱਟੀ ਗਈ ਸੀ. ਮਹਾਰਾਜਾ ਰਣਜੀਤਸਿੰਘ ਜੀ ਨੇ ਫੇਰ ਪ੍ਰਗਟ ਕੀਤੀ. ਇਸ ਨਾਲ ੧੧੨ ਹੱਟਾਂ ਹਨ, ਜਿਨ੍ਹਾਂ ਦੀ ਚੋਖੀ ਆਮਦਨ ਹੈ.

(੭) ਮੁਜੰਗ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਅਸਥਾਨ ਹੈ, ਜਿੱਥੇ ਬਹੁਤ ਚਿਰ ਗੁਰੂਸਾਹਿਬ ਦਾ ਡੇਰਾ ਰਿਹਾ ਹੈ. ਇਸ ਗੁਰਦ੍ਵਾਰੇ ਨਾਲ ਨੌ ਦੁਕਾਨਾਂ ਹਨ.

(੮) ਭਾਟੀ ਦਰਵਾਜੇ ਮਹੱਲਾ ਚੁਮਾਲਾ ਅੰਦਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦ੍ਵਾਰਾ ਹੈ. ਸਤਿਗੁਰੂ ਮੁਜੰਗ ਤੋਂ ਆਕੇ ਇੱਥੇ ਕਈ ਵਾਰ ਦੀਵਾਨ ਲਗਾਇਆ ਕਰਦੇ ਸਨ, ਜਿਸ ਬੇਰੀ ਨਾਲ ਘੋੜਾ ਬੰਨ੍ਹਿਆ ਜਾਂਦਾ ਸੀ, ਉਹ ਮੌਜੂਦ ਹੈ.

ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਪ੍ਰਕਾਸ਼ ਲਈ ਸੁੰਦਰ ਖੁਲ੍ਹਾ ਕਮਰਾ ਹੈ. ਮੁਸਾਫਰਾਂ ਦੇ ਰਹਿਣ ਲਈ ਚੋਖੇ ਮਕਾਨ ਹਨ. ਗੁਰਦ੍ਵਾਰੇ ਨਾਲ ਇੱਕ ਮਕਾਨ ਭਾਟੀ ਦਰਵਾਜੇ ਅਤੇ ੮੭ ਘੁਮਾਉਂ ਜ਼ਮੀਨ ਪਿੰਡ ਖੁਰਦਪੁਰ, ਤਸੀਲ ਲਹੌਰ ਵਿੱਚ ਹੈ. ਕਮੇਟੀ ਦੇ ਹੱਥ ਪ੍ਰਬੰਧ ਹੈ. ਬਸੰਤ- ਪੰਚਮੀ ਨੂੰ ਮੇਲਾ ਹੁੰਦਾ ਹੈ.

(੯) ਸ਼ਹਿਰ ਦੇ ਉੱਤਰ ਕਿਲੇ ਦੇ ਪਾਸ ਭਾਈ ਮਨੀਸਿੰਘ ਜੀ ਦਾ ਸ਼ਹੀਦਗੰਜ ਹੈ. ਦੇਖੋ, ਮਨੀਸਿੰਘ ਭਾਈ. ਇੱਥੇ ਉਹ ਖੂਹ ਭੀ ਹੈ ਜੋ ਜਾਲਿਮ ਹਾਕਮਾਂ ਨੇ ਸਿੱਖਾਂ ਦੇ ਸਿਰਾਂ ਨਾਲ ਭਰਵਾ ਦਿੱਤਾ ਸੀ. ਇਸ ਸ਼ਹੀਦਗੰਜ ਨਾਲ ਇੱਕ ਦੁਕਾਨ ਚੂਨੀਮੰਡੀ ਵਿੱਚ ਹੈ. ਕਮੇਟੀ ਦੇ ਹੱਥ ਇਸ ਦਾ ਪ੍ਰਬੰਧ ਹੈ. ਰੇਲਵੇ ਸਟੇਸ਼ਨ ਬਾਦਾਮੀਬਾਗ ਤੋਂ ਪੌਣ ਮੀਲ ਪੱਛਮ ਹੈ.

(੧੦) ਲੰਡਾ ਬਾਜਾਰ ਵਿੱਚ ਭਾਈ ਤਾਰੂਸਿੰਘ ਜੀ ਦਾ ਸ਼ਹੀਦਗੰਜ ਹੈ. ਇਸ ਨਾਲ ਕਈ ਟੁਕੜੇ ਜ਼ਮੀਨ ਦੇ ਕਰੀਬ ਛੀ ਕਨਾਲ ਸ਼ਹਿਰ ਵਿੱਚ ਹਨ, ਅਤੇ ਪਿੰਡ ਬੱਲਾ ਬਸਤੀਰਾਮ ਤਸੀਲ ਲਹੌਰ ਤੋਂ ਸੌ ਰੁਪਯਾ ਸਾਲਾਨਾ ਸਿੱਖਰਾਜ ਸਮੇਂ ਦੀ ਜਾਗੀਰ ਹੈ. ਕੁਝ ਦੁਕਾਨਾਂ ਦਾ ਕਰਾਇਆ ਆਉਂਦਾ ਹੈ. ਪੁਜਾਰੀ ਸਿੰਘ ਹੈ. ਦੇਖੋ, ਤਾਰੂਸਿੰਘ ਭਾਈ.

(੧੧) ਭਾਈ ਤਾਰੂਸਿੰਘ ਜੀ ਦੇ ਸ਼ਹੀਦਗੰਜ ਦੇ ਨੇੜੇ ਹੀ ਸਿੰਘਣੀਆਂ ਦਾ ਸ਼ਹੀਦਗੰਜ ਹੈ. ਇੱਥੇ ਸਿੰਘਣੀਆਂ ਨੇ ਅਨੇਕ ਦੁੱਖ ਸਹਾਰੇ. ਆਪਣੇ ਬੱਚੇ ਟੋਟੇ ਕਰਵਾਕੇ ਝੋਲੀ ਪਵਾਏ, ਪਰ ਪਿਆਰਾ ਧਰਮ ਨਹੀਂ ਤਿਆਗਿਆ.

ਲਹੌਰ ਗੁਰੂ ਕਾ: ਦੇਖੋ, ਗੁਰੂ ਕਾ ਲਹੌਰ.

ਲਹੌਰਾਸਿੰਘ: ਦੇਖੋ, ਲਾਹੌਰਾਸਿੰਘ.

ਲਹੌਰੀ: ਵਿ- ਲਹੌਰ ਦਾ। ੨. ਸੰਗਯਾ- ਲਹੌਰ ਦਾ ਵਸਨੀਕ.

ਲਹੌਰੀ ਨਮਕ, ਲਹੌਰੀ ਨੂਣ, ਲਹੌਰੀ ਲੂਣ: ਜਿਲਾ ਜੇਹਲਮ ਦੀ ਤਸੀਲ ਪਿੰਡ ਦਾਦਨਖ਼ਾਂ ਵਿੱਚ ਖੇਵੜਾ ਪਿੰਡ ਹੈ, ਜੋ ਪਿੰਡਦਾਦਨਖ਼ਾਂ ਤੋਂ ਸਾਢੇ ਪੰਜ ਮੀਲ ਉੱਤਰ ਪੂਰਵ ਹੈ. ਇੱਥੇ ਲੂਣ ਦੀਆਂ ਖਾਣਾਂ ਹਨ, ਜਿਨ੍ਹਾਂ ਵਿੱਚੋਂ ਹਰ ਸਾਲ ਲੱਖਾਂ ਰੁਪਯੇ ਦਾ ਲੂਣ ਨਿਕਲਦਾ ਹੈ, ਜਿਸ ਦੀ ਸੰਗਯਾ ਲਹੌਰੀ ਹੈ. ਇਹ ਖਾਨਿ ਅਕਬਰ ਦੇ ਸਮੇਂ ਤੋਂ ਜਾਰੀ ਹੈ. ਸਿੱਖਰਾਜ ਵੇਲੇ ਇਸ ਦੀ ਕੁਝ ਉੱਨਤਿ ਹੋਈ, ਪਰ ਸਨ ੧੮੬੯- ੭੦ ਤੋਂ ਲਾਇਕ ਇੰਜਨੀਅਰਾਂ ਨੇ ਇੱਥੋਂ ਲੂਣ ਕੱਢਣ ਦੇ ਢੰਗ ਬਹੁਤ ਚੰਗੇ ਜਾਰੀ ਕੀਤੇ ਅਰ ਦਿਨੋਦਿਨ ਤਰੱਕੀ ਹੋ ਰਹੀ ਹੈ. ਹੁਣ ਇਸ ਲੂੰਣ ਦੀ ਖਾਨਿ ਦਾ ਨਾਮ Mayo Mine ਹੈ.

ਲਹੰਗ: ਲੰਘਦਾ (ਵਗਦਾ) ਹੈ. "ਅਸਮਾਨ ਮਿਜਾਨੇ ਲਹੰਗ ਦਰੀਆ, ਗੁਸਲ ਕਰਦਨ ਬੂਦ." (ਤਿਲੰ ਕਬੀਰ) ਦਿਮਾਗ ਵਿੱਚ ਆਤਮਿਕ ਵਿਚਾਰ ਦਰਿਆ ਹੈ। ੨. ਅ਼. لہنّک ਲਹੱਨਿਕ. ਕ੍ਰਿ. ਵਿ- ਅਵਸ਼ਜ. ਜਰੂਰ.

ਲਹੰਤਾ, ਲਹੰਥਾ: ਉਤਰਦਾ. ਲਹਿੰਦਾ। ੨. ਲਭੰਤਾ ਪ੍ਰਾਪਤ- ਕਰਦਾ. "ਲਹੰਥਾ ਵਡਕਰਮਣਹ." (ਗਾਥਾ)

ਲਹੰਨਿ: ਲਭਦੇ ਹਨ। ੨. ਉਤਰਦੇ ਹਨ.

ਲਕ: ਸੰਗਜਾ- ਲੰਕ. ਲੱਕ. ਕਟਿ. ਕਮਰ। ੨. ਫ਼ਾ. لک ਇਹ ਸੰਸਕ੍ਰਿਤ ਲਕ੍ਸ਼ ਸ਼ਬਦ ਦਾ ਵਿਗੜਿਆ ਹੋਇਆ ਰੂਪ ਹੈ. ਸੌ ਹਜਾਰ- ੧੦੦੦੦੦.

ਲਕਦ: ਫ਼ਾ. لکد ਸੰਗਜਾ- ਹੱਥ ਅਥਵਾ ਪੈਰ ਦਾ ਪ੍ਰਹਾਰ. ਲੱਤ ਦੀ ਚੋਟ। ੨. ਗਦਾ ਦੇ ਆਕਾਰ ਦਾ ਇੱਕ ਲੱਕੜ ਦਾ ਸ਼ਸਤ੍ਰ. ਮੁਗਦਰ. "ਡੰਡ ਲਸਟਿਕ ਲਕਦ ਪਰਸਾ ਤਬਰ ਬਿਛੂਆ ਬਾਂਕੁਰੀ." (ਸਲੋਹ)

ਲਕਬ, ਲਕ਼ਬ: ਅ਼. لقب ਸੰਗਜਾ- ਨਾਮ ਦੇ ਨਾਲ ਗੁਣ ਅਥਵਾ ਨਿੰਦਾ ਪ੍ਰਗਟ ਕਰਨ ਵਾਲੀ ਉਪਾਧਿ. ਪਦਵੀ. ਖ਼ਿਤਾਬ.

ਲਕਰਾ, ਲਕਰੀ: ਲਗੁਡ. ਮੋਟੀ ਲੱਕੜ ਅਤੇ ਪਤਲੀ ਲਕੜੀ. "ਲਕਰੀ ਬਿਖਰਿ ਜਰੀ ਮੰਝ ਭਾਰਿ." (ਰਾਮ ਮਃ ੧) ੨. ਸੋਟਾ. ਸੋਟੀ. ਲਕੁਟ. ਲਕਟੀ.

ਲਕਵਾ, ਲਕ਼ਵਾ: ਅ਼. لقبہ Facial Paralysis ਸੰ. अर्दितवात. ਅਰਦਿਤਵਾਤ. ਇਸ ਰੋਗ ਵਿੱਚ ਮੂੰਹ ਦੇ ਇੱਕ ਪਾਸੇ ਦੇ ਪੱਠੇ ਕਮਜੋਰ ਹੋਣ ਤੋਂ ਚੇਹਰਾ ਉਸ ਪਾਸੇ ਨੂੰ ਝੁਕ ਜਾਂਦਾ ਹੈ, ਜਿਧਰ ਦੇ ਪੱਠੇ ਰੋਗੀ ਨਹੀਂ. ਮੂੰਹ ਵਿਗਾ ਹੋਣ ਕਰਕੇ ਸਾਫ ਬੋਲਿਆਂ ਨਹੀਂ ਜਾਂਦਾ, ਅੱਖਾਂ ਤੋਂ ਪਾਣੀ, ਮੂੰਹ ਤੋਂ ਲਾਲਾਂ ਵਗਦੀਆਂ ਰਹਿੰਦੀਆਂ ਹਨ, ਰੋਗੀ ਪਾਸੇ ਦੀ ਅੱਖ ਬੰਦ ਨਹੀਂ ਹੋ ਸਕਦੀ.

ਇਸ ਰੋਗ ਦੇ ਕਾਰਣ ਹਨ- ਬਹੁਤ ਉੱਚਾ ਬੋਲਣਾ, ਕਰੜੀਆਂ ਚੀਜਾਂ ਦੰਦ ਦਾੜ੍ਹਾਂ ਨਾਲ ਚੱਬਣੀਆਂ, ਬਹੁਤ ਮੂੰਹ ਤਾਣਕੇ ਅਵਾਸੀਆਂ ਲੈਣੀਆਂ, ਬਹੁਤ ਭਾਰ ਚੁੱਕਣਾ, ਸਰਦੀ ਦਾ ਲੱਗਣਾ, ਦਿਮਾਗ ਦੀਆਂ ਬੀਮਾਰੀਆਂ ਦਾ ਹੋਣਾ, ਬਾਦਫਿਰੰਗ ਹੋਣਾ, ਅਤੇ ਬਹੁਤ ਕਮਜੋਰੀ ਹੋਣੀ ਆਦਿ.

ਇਸ ਦਾ ਇਲਾਜ ਹੈ-

(੧) ਰੋਗ ਦੇ ਹੋਣ ਤੋਂ ਪੰਜ ਸੱਤ ਦਿਨ ਤੀਕ ਕੇਵਲ ਸ਼ਹਦ ਮਿਲਾਕੇ ਪਾਣੀ ਦਿੱਤਾ ਜਾਵੇ.

(੨) ਇੱਕ ਤੋਲਾ ਲਸਣ ਕੁੱਟਕੇ, ਹਿੰਗ, ਜੀਰਾ, ਸੇਂਧਾ ਲੂਣ, ਸੰਚਰ ਲੂਣ, ਮਘਾਂ, ਮਿਰਚਾਂ ਅਤੇ ਸੁੰਢ ਇਹ ਸਭ ਇੱਕ ਇੱਕ ਮਾਸ਼ਾ ਪੀਹਕੇ ਲਸਣ ਨਾਲ ਮਿਲਾਕੇ ਨਿੱਤ ਸਵੇਰ ਵੇਲੇ ਇਰੰਡ ਦੇ ਕਾੜ੍ਹੇ ਨਾਲ ਖਵਾਇਆ ਜਾਵੇ.

(੩) ਛੋਲਿਆਂ ਦਾ ਪਾਣੀ, ਕਬੂਤਰ ਬਟੇਰ ਦਾ ਸ਼ੋਰਵਾ ਖਾਣ ਨੂੰ ਦੇਣਾ ਚਾਹੀਏ.

ਲਕੜ: ਲਗੁਡ. ਦੇਖੋ, ਲਕੁਟ। ੨. ਲੱਕੜ.

ਲਕੜਹਾਰਾ: ਜੰਗਲ ਤੋਂ ਲੱਕੜਾਂ ਲਿਆਉਣ ਵਾਲਾ. ਲੱਕੜਾਂ ਢੋਣ ਵਾਲਾ.

ਲਕੜਬਘਾ: ਲਕੜੀ (ਬਿਰਛ) ਪੁਰ ਚੜ੍ਹ ਜਾਣ ਵਾਲਾ ਵਜਾਘ੍ਰ. ਬਘਾ. Panther

ਲਕੜਾ, ਲਕੜੀ: ਲਗੁਡ. ਦੇਖੋ, ਲਕਰਾ, ਲਕਰੀ.

ਲਕੜੀਬਾਜੀ: ਸੰਗਜਾ- ਪਟੇਬਾਜ਼ੀ. ਗਤਕੇ ਦਾ ਖੇਲ। ੨. ਗਦਾਯੁੱਧ.

ਲਕਾਰ: ਲ ਅੱਖਰ ਦਾ ਉੱਚਾਰਣ. ਲੱਲਾ। ੨. ਲੱਲਾ ਅੱਖਰ। ੩. ਵਜਾਕਰਣ ਅਨੁਸਾਰ ਕ੍ਰਿਯਾ ਦੀ ਹਾਲਤ ਅਤੇ ਸਮਾਂ, ਜਿਸ ਤੋਂ ਜਾਣਿਆ ਜਾਵੇ ਉਹ ਲਕਾਰ ਹੈ. ਅੰ. Mood ਅਤੇ Tense ਲਕਾਰ ਨਾਉਂ ਪੈਣ ਦਾ ਕਾਰਣ ਇਹ ਹੈ ਕਿ ਸੰਸਕ੍ਰਿਤ ਦੇ

ਵਿਦ੍ਵਾਨਾਂ ਨੇ ਦਸ ਸ਼ਬਦ (ਲਙ੍, ਲਿਙ੍, ਲੁਙ੍, ਲਟ੍, ਲਿਟ੍, ਲੁਟ੍, ਲੇਟ੍, ਲੋਟ੍, ਲ੍ਰਿਙ੍, ਲ੍ਰਿਟ੍. ) ਮੰਨੇ ਹਨ, ਜਿਨ੍ਹਾਂ ਤੋਂ ਕ੍ਰਿਯਾ ਦੀ ਹਾਲਤ ਅਤੇ ਸਮੇਂ ਦਾ ਬੋਧ ਹੁੰਦਾ ਹੈ, ਪਰ ਪੰਜਾਬੀ ਵਿੱਚ ਬਹੁਤ ਕਰਕੇ ਪੰਜ ਲਕਾਰ ਹੀ ਵਰਤੇ ਜਾਂਦੇ ਹਨ-

(ੳ) ਸ੍ਵਾਰਥ ਲਕਾਰ (Indicative Mood) ਯਥਾ- ਮੈਂ ਲਿਖਦਾ ਹਾਂ, ਗ੍ਰੰਥੀ ਪਾਠ ਕਰਦਾ ਹੈ, ਉਹ ਜਾਂਦੇ ਹਨ ਆਦਿ.

(ਅ) ਅਨੁਮਤਜਰਥ ਲਕਾਰ (Imperative Mood) ਯਥਾ- ਮੈਂ ਹੋਵਾਂ, ਤੂੰ ਜਾਵੇਂ, ਉਹ ਹੋਣ, ਪੂਜਾ ਪਾਠ ਕਰੋ.

(ੲ) ਆਸ਼ੰਸਾਰਥ ਲਕਾਰ (Subjunctive Mood) ਯਥਾ- ਜੇ ਤੁਸੀਂ ਮੈਨੂੰ ਸੰਥਾ ਪੜ੍ਹਾ ਦੇਓਂ, ਤਾਂ ਮੈਂ ਆਪ ਦਾ ਉਪਕਾਰ ਮੰਨਾ. ਜੇ ਮੈਂ ਹੁੰਦਾ, ਜੇ ਤੁਸੀਂ ਹੁੰਦੇ ਆਦਿ.

(ਸ) ਸੰਦਿਗਧਾਰਥ ਲਕਾਰ (Doubt- expressing Mood) ਯਥਾ- ਸ਼ਾਯਦ ਉਹ ਹੁਣ ਤੋੜੀ ਘਰ ਆਗਿਆ ਹੋਊ. ਮੈਂ ਹੁੰਦਾ, ਉਹ ਹੁੰਦੇ ਆਦਿ.

(ਹ) ਸੰਭਾਵਨਾਰਥ ਲਕਾਰ (Probability ex- ressing Mood) ਯਥਾ- ਤੁਹਾਨੂੰ ਗੁਰੂ ਦਾ ਹੁਕਮ ਦਿਲੋਂ ਮੰਨਣਾ ਲੋੜੀਏ, ਜਿਸ ਤੋਂ ਸਰਵ ਸੁਖ ਹੋਵੇ. ਗੁਰੂ ਦੀ ਆਗਜਾ ਤੋਂ ਵਿਰੁੱਧ ਕੰਮ ਕਰਨ ਤੋਂ ਉਪਦ੍ਰਵ ਹੋ ਸਕਦਾ ਹੈ. ਆਦਿ.

ਲਕੀ: ਲੱਕੀਂ. ਲੱਕਾਂ (ਕਮਰਾਂ) ਨਾਲ. "ਲਕੀ ਕਾਸੇ ਹਥੀ ਫੁੰਮਣ." (ਮਃ ੧. ਵਾਰ ਮਾਝ)

ਲਕੀਰ: ਸੰਗਜਾ- ਰੇਖਾ. ਲੀਕ। ੨. ਪੰਕਤਿ. ਸਤਰ.

ਲਕੀਰ ਦਾ ਫ਼ਕੀਰ: ਬਿਨਾ ਸੋਚੇ ਸਮਝੇ ਅੱਖਾਂ ਮੀਚ ਕੇ ਪੁਰਾਣੀ ਲਕੀਰ (ਸੜਕ) ਤੇ ਤੁਰਨ ਵਾਲਾ.

ਲਕੁ: ਦੇਖੋ, ਲਕ ੧

ਲਕੁਟ, ਲਕੁਟਿ, ਲਕੁਟੀ: ਸੰ. ਲਕੁਟ ਅਤੇ ਲਗੁਡ. ਸੰਗਜਾ- ਲੱਠ. ਸੋਟਾ ਸੋਟੀ. "ਕੇਤਨ ਮੁਕਟ ਲਕੁਟ ਲੈ ਤੋਰੇ." (ਪਾਰਸਾਵ) "ਮੈ ਅੰਧੁਲੇ ਹਰਿਨਾਮੁ ਲਕੁਟੀ ਟੋਹਣੀ." (ਸੂਹੀ ਅਃ ਮਃ ੧)

ਲਕ੍ਸ਼: ਸੰ. ਲਕ੍ਸ਼. ਧਾ- ਦੇਖਣਾ, ਯਾਦ ਰਖਣਾ, ਜਾਣਨਾ, ਚਿੰਨ੍ਹ ਕਰਨਾ। ੨. ਸੰਗਜਾ- ਚਿੰਨ੍ਹ. ਨਿਸ਼ਾਨ। ੩. ਬਹਾਨਾ। ੪. ਸੌ ਹਜ਼ਾਰ ਲਾਖ- ੧੦੦੦੦੦.

ਲਕ੍ਸ਼ਣ: ਸੰਗਜਾ- ਜਿਸ ਨਾਲ ਲਖਾਇਆ (ਜਤਾਇਆ) ਜਾਵੇ. ਅਲਾਮਤ. ਲੱਛਣ. ਦੂਸਰੀ ਵਸਤੁ ਤੋਂ ਭੇਦ ਕਰਨ ਵਾਲਾ ਚਿੰਨ੍ਹ. ਉਹ ਤਾਰੀਫ ਜੋ ਅਤਿਵਜਾਪਤਿ ਅਵਜਾਪਤਿ ਅਤੇ ਅਸਦਭਾਵ (ਅਸੰਭਵ) ਦੋਸ਼ ਤੋਂ ਰਹਿਤ ਹੋਵੇ (defination) ਵਿਦ੍ਵਾਨਾਂ ਨੇ ਲਕ੍ਸ਼ਣ ਦੋ ਪ੍ਰਕਾਰ ਦਾ ਮੰਨਿਆ ਹੈ. ਇੱਕ ਸ੍ਵਰੂਪ. ਦੂਜਾ ਤਟਸ੍ਥ. ਸ੍ਵਰੂਪ ਉਹ ਹੈ ਜੋ ਵਸ੍ਤੁ ਤੋਂ ਭਿੰਨ ਨਹੀਂ, ਜੈਸੇ ਬ੍ਰਹਮ ਦਾ ਲਕ੍ਸ਼ਣ ਸਤਜ ਚੇਤਨ ਅਤੇ ਆਨੰਦ ਹੈ. ਤਟਸ੍ਥ (ਕਿਨਾਰੇ ਅਤੇ ਕਦੇ ਕਦੇ ਰਹਿਣ ਵਾਲਾ) ਲਕ੍ਸ਼ਣ ਉਹ ਹੈ, ਜੋ ਸ੍ਵਰੂਪ ਤੋਂ ਭਿੰਨ ਹੋਵੇ, ਜੈਸੇ ਜਗਤਕਰਤਾ, ਵਿਸ਼੍ਵਪਾਲਕ ਅਤੇ ਸੰਹਾਰਕਰਤਾ ਆਦਿ। ੨. ਰਾਮਚੰਦ੍ਰ ਜੀ ਦਾ ਭਾਈ, ਲਕ੍ਸ਼ਮਣ। ੩. ਸਾਰਸ ਪੰਛੀ। ੪. ਖ਼ੁਸ਼ਨਸੀਬੀ ਦਾ ਚਿੰਨ੍ਹ.

ਲਕ੍ਸ਼ਣਾ: ਸ਼ਬਦ ਦੀ ਉਹ ਸ਼ਕਤਿ, ਜਿਸ ਦ੍ਵਾਰਾ ਸਾਧਾਰਣ ਅਰਥ ਤੋਂ ਭਿੰਨ. ਸ਼ਬਦ ਦਾ ਵਾਸਤਵ ਅਰਥ ਅਤੇ ਭਾਵ ਪ੍ਰਗਟ ਹੁੰਦਾ ਹੈ. ਦੇਖੋ, ਅਜਹਤਿ ਲੱਛਣਾ, ਜਹਤਾਜਹਤਿ ਅਤੇ ਜਹਤਿ.

ਲਕ੍ਸ਼ਮਣ: ਸੰ. ਲਕ੍ਸ਼੍ਮਣ. ਵਿ- ਚਿੰਨ੍ਹ (ਨਿਸ਼ਾਨ) ਵਾਲਾ। ੨. ਸੰਗਜਾ- ਸੁਮਿਤ੍ਰਾ ਦੇ ਉਦਰ ਤੋਂ ਰਾਜਾ ਦਸ਼ਰਥ ਦਾ ਪੁਤ੍ਰ, ਜੋ ਸ਼੍ਰੀ ਰਾਮ ਦਾ ਛੋਟਾ ਭਾਈ ਸੀ. ਪੁਰਾਣਾਂ ਵਿੱਚ ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਲਿਖਿਆ ਹੈ. ਲਕ੍ਸ਼ਮਣ ਦੀ ਇਸਤ੍ਰੀ ਉਰਮਿਲਾ (ਜਨਕ ਦੀ ਪੁਤ੍ਰੀ) ਸੀ. ਜਿਸ ਤੋਂ ਅੰਗਦ ਅਤੇ ਚੰਦ੍ਰਕੇਤੁ ਦੋ ਪੁਤ੍ਰ ਹੋਏ। ੩. ਦੁਰਯੋਧਨ ਦਾ ਪੁਤ੍ਰ, ਜੋ ਕੁਰੁਕ੍ਸ਼ੇਤ੍ਰ ਦੇ ਜੰਗ ਵਿੱਚ ਅਰਜੁਨ ਦੇ ਪੁਤ੍ਰ ਅਭਿਮਨ੍ਯੁ ਨੇ ਮਾਰਿਆ.

ਲਕ੍ਸ਼ਮਣਾ: लक्ष्मणा. ਕ੍ਰਿਸ਼ਨ ਜੀ ਦੀ ਰਾਣੀ, ਜੋ ਮਦਦੇਸ਼ ਦੇ ਰਾਜੇ ਦੀ ਪੁਤ੍ਰੀ ਸੀ. ਇਸ ਦੇ ਵਿਆਹੁਣ ਸਮੇਂ ਕ੍ਰਿਸ਼ਨ ਜੀ ਨੇ ਸੱਤ

ਬੈਲ ਇੱਕੇ ਵਾਰ ਨੱਥੇ ਸਨ। ੨. ਦੁਰਯੋਧਨ ਦੀ ਪੁਤ੍ਰੀ, ਜਿਸ ਨੂੰ ਕ੍ਰਿਸ਼ਨ ਜੀ ਦਾ ਪੁਤ੍ਰ ਸਾਂਬ ਖੋਹਕੇ ਲੈਗਿਆ ਸੀ। ੩. ਚਿੱਟੀ ਕੰਡਿਆਰੀ.

ਲਕ੍ਸ਼ਮੀ: ਸੰ. ਸੰਗਯਾ- ਸ਼ੋਭਾ. ਕਾਂਤਿ। ੨. ਸੰਪਦਾ. ਵਿਭੂਤਿ। ੩. ਹਲਦੀ। ੪. ਧਨ ਸੰਪਦਾ (ਦੌਲਤ) ਦੀ ਦੇਵੀ, ਜੋ ਪੁਰਾਣਾਂ ਨੇ ਵਿਸ਼ਨੁ ਦੀ ਇਸਤ੍ਰੀ ਲਿਖੀ ਹੈ. ਇਹ ਕਾਮ ਦੀ ਮਾਤਾ ਮੰਨੀ ਹੈ ਅਤੇ ਸਮੁੰਦਰ ਰਿੜਕਨ ਤੋਂ ਇਸ ਦਾ ਪ੍ਰਗਟ ਹੋਣਾ ਕਲਪਿਆ ਹੈ, ਇਸੇ ਲਈ ਨਾਮ ਇੰਦਿਰਾ ਅਤੇ ਜਲਧਿਜਾ ਹੈ. ਇਹ ਹੱਥ ਵਿੱਚ ਕਮਲ ਰਖਦੀ ਹੈ ਇਸ ਕਰਕੇ ਪਦਮਾ ਪ੍ਰਸਿੱਧ ਹੈ.

ਲਕ੍ਸ਼ਮੀਸੁਤ: ਸੰ. ਸੰਗਯਾ- ਕਾਮਦੇਵ. ਮਨਮਥ। ੨. ਘੋੜਾ.

ਲਕ੍ਸ਼ਮੀਕਾਂਤ: ਲਕ੍ਸ਼ਮੀ ਦਾ ਪਤਿ. ਵਿਸ਼ਨੁ। ੨. ਮਾਯਾਪਤਿ ਕਰਤਾਰ. ਪਾਰਬ੍ਰਹਮ.

ਲਕ੍ਸ਼ਮੀਤਾਤ: ਲੱਛਮੀ ਦਾ ਪਿਤਾ ਸਮੁੰਦਰ। ੨. ਦੇਖੋ, ਲਕ੍ਸ਼ਮੀਸੁਤ.

ਲਕ੍ਸ਼ਮੀਦਾਸ: ਦੇਖੋ, ਲਖਮੀਦਾਸ.

ਲਕ੍ਸ਼ਮੀਧਰਾ: ਦੇਖੋ, ਅਚਕੜਾ। ੨. ਵਸੁਧਾ. ਪ੍ਰਿਥਿਵੀ.

ਲਕ੍ਸ਼ਮੀਨਾਥ, ਲਕ੍ਸ਼ਮੀਪਤਿ: ਦੇਖੋ, ਲਕ੍ਸ਼ਮੀਕਾਂਤ.

ਲਕ੍ਸ਼ਿਤਾ: ਕਾਵ੍ਯ ਅਨੁਸਾਰ ਉਹ ਨਾਯਿਕਾ, ਜੋ ਪਤਿ ਦੇ ਚਿੰਨ੍ਹਾਂ ਤੋਂ ਉਸ ਦੀ ਗੁਪਤ ਚੇਸ਼੍ਟਾ ਜਾਣ ਲਵੇ। ੨. ਉਹ ਪਰਕੀਯਾ ਨਾਯਿਕਾ ਜਿਸ ਦਾ ਕਿਸੇ ਨਾਲ ਪ੍ਰੇਮ, ਸਖੀ ਆਦਿਕਾਂ ਨੂੰ ਮਾਲੂਮ ਹੋ ਜਾਵੇ.

ਲਕ੍ਸ਼੍ਯ: ਸੰ. ਸੰਗਯਾ- ਮਕਸਦ. ਸਿੱਧਾਂਤ। ੨. ਨਸ਼ਾਨਾ। ੩. ਜਤਲਾਣ ਲਾਇਕ ਭਾਵ। ੪. ਵਿ- ਚਿੰਨ੍ਹ (ਨਿਸ਼ਾਨ) ਲਗਾਉਣ ਯੋਗ੍ਯ। ੫. ਦੇਖਣ ਲਾਇਕ.

ਲਖ: ਦੇਖੋ, ਲਕ੍ਸ਼. ਭਾਵ- ਅਨੇਕ. ਅਨੰਤ. "ਲਖ ਨੇਕੀਆਂ ਚੰਗਿਆਈਆਂ." (ਵਾਰ ਆਸਾ) ੨. ਦੇਖੋ, ਲਖਣਾ.

ਲਖਣ: ਦੇਖੋ, ਲਕ੍ਸ਼ਣ. "ਸੁਭ ਲਖਣ ਪ੍ਰਭਿ ਕੀਨੇ." (ਸੋਰ ਮਃ ੫)

ਲਖਣਾ: ਕ੍ਰਿ- ਲੰਘਣਾ. ਗੁਜ਼ਰਨਾ। ੨. ਜਾਣਨਾ.

"ਲਖੀ ਨ ਜਾਈ ਨਾਨਕ ਲੀਲਾ." (ਸੁਖਮਨੀ)

੩. ਤੱਕਣਾ. ਦੇਖਣਾ. "ਅਲਖੁ ਨ ਲਖਣਾ ਜਾਈ." (ਗਉ ਮਃ ੧) ੪. ਦੇਖੋ, ਲਕ੍ਸ਼ਣਾ.

ਲਖ਼ਤ: ਫ਼ਾ. لخت ਟੁਕੜਾ. ਖੰਡ. ਭਾਗ.

ਲਖ਼ਤਜਿਗਰ: ਫ਼ਾ. لخت جگر ਸੰਗਯਾ- ਜਿਗਰ ਦਾ ਟੁਕੜਾ। ੨. ਭਾਵ- ਬੇਟਾ. ਆਤਮਜ.

ਲਖਨ: ਦੇਖੋ, ਲਕ੍ਸ਼ਣ। ੨. ਦੇਖੋ, ਲਕ੍ਸ਼ਮਣ ੨.

ਲਖਨਊ: Lucknow ਯੂ. ਪੀ. ਵਿੱਚ ਅਵਧ ਦਾ ਪ੍ਰਧਾਨ ਨਗਰ, ਜੋ ਗੋਮਤੀ ਨਦੀ ਦੇ ਕਿਨਾਰੇ ਵਸਦਾ ਹੈ. ਸੰਸਕ੍ਰਿਤ ਵਿੱਚ ਇਸ ਦਾ ਨਾਉਂ "ਲਕ੍ਸ਼ਮਣਵਤੀ" ਹੈ. ਰਾਮਚੰਦ੍ਰ ਜੀ ਦੇ ਭਾਈ ਲਕ੍ਸ਼ਮਣ ਨੇ ਇਹ ਪੁਰੀ ਆਬਾਦ ਕੀਤੀ ਸੀ. ਲਖਨਊ ਅਵਧ ਰੁਹੇਲਖੰਡ ਰੇਲਵੇ ਦਾ ਭਾਰੀ ਜੱਕਸ਼ਨ ਹੈ. ਰੇਲ ਦੇ ਰਸਤੇ ਕਲਕੱਤੇ ਤੋਂ ੬੬੬ ਅਤੇ ਬੰਬਈ ਤੋਂ ੮੮੫ ਮੀਲ ਹੈ. ਯੂ. ਪੀ. ਵਿੱਚ ਇਹ ਸਭ ਤੋਂ ਵਡਾ ਸ਼ਹਿਰ ਹੈ. ਲਖਨਊ ਦੀ ਜਨਸੰਖ੍ਯਾ ੨੪੩, ੫੩੩ ਹੈ.

ਸਨ ੧੮੫੭ ਦੇ ਗਦਰ ਵਿੱਚ ਲਖਨਊ ਬਾਗੀਆਂ ਦਾ ਭਾਰੀ ਅੱਡਾ ਸੀ ਅਤੇ ਇੱਥੇ ਕਈ ਅੰਗ੍ਰੇਜ ਇਸਤ੍ਰੀਆਂ ਅਤੇ ਬੱਚੇ ਵਡੀ ਬੇਰਹਮੀ ਨਾਲ ਮਾਰੇ ਗਏ.

੨੧ ਮਾਰਚ ਸਨ ੧੯੫੮ ਨੂੰ ਇਹ ਸ਼ਹਿਰ ਪੂਰੀ ਤਰਾਂ ਅੰਗ੍ਰੇਜ਼ੀ ਇਲਾਕੇ ਵਿੱਚ ਮਿਲ ਗਿਆ.

ਲਖਨਊ ਵਿੱਚ ਗੋਬਿੰਦ ਜੀ ਦੇ ਧੂੰਏ ਵਿੱਚੋਂ ਮੀਹਾਂਸਾਹਿਬ ਦੀ ਸੰਪ੍ਰਦਾਯ ਦੇ ਉਦਾਸੀ ਸਾਧੂਆਂ ਦੀ ਪ੍ਰਸਿੱਧ ਗੱਦੀ ਹੈ, ਜੋ ਮਹੱਲਾ ਨਿਵਾਜਗੰਜ ਵਿੱਚ "ਬਾਬਾ ਹਜਾਰਾ ਦਾ ਅਸਥਾਨ" ਨਾਉਂ ਤੋਂ ਪ੍ਰਗਟ ਹੈ. ਇਸ ਨਾਲ ਲੱਖਾਂ ਰੁਪਯਾਂ ਦੀ ਜਾਯਦਾਦ ਹੈ.

ਲਖਨੇਤ੍ਰਾ: ਖ਼ਾ. ਕਾਣਾ.

ਲਖਨੌਰ: ਰਿਆਸਤ ਪਟਿਆਲੇ ਦੇ ਥਾਣੇ ਘਨੌਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅੰਬਾਲਾ ਛਾਉਣੀ ਤੋਂ ਚਾਰ ਮੀਲ ਪੱਛਮ ਹੈ, ਇੱਥੇ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਮਾਤਾ ਜੀ ਸਮੇਤ ਪਟਨੇ ਤੋਂ ਆਨੰਦਪੁਰ ਨੂੰ ਜਾਂਦੇ ਕਈ ਮਹੀਨੇ ਵਿਰਾਜੇ ਹਨ. ਸ਼ਾਹਭੀਖ ਫਕੀਰ ਇਸ ਥਾਂ ਠਸਕੇ ਤੋਂ ਆਕੇ ਸਤਿਗੁਰੂ ਨੂੰ ਮਿਲਿਆ ਦੇਖੋ, ਸ਼ਾਹਭੀਖ.

ਮਾਤਾ ਗੁਜਰੀ ਜੀ ਦਾ ਲਗਵਾਇਆ ਇੱਥੇ ਇੱਕ ਖੂਹ ਹੈ. ਦਰਬਾਰ ਸੁੰਦਰ ਬਣਿਆ ਹੋਇਆ ਹੈ. ਦਸ਼ਮੇਸ਼ ਅਤੇ ਮਾਤਾ ਗੁਜਰੀ ਜੀ ਦੇ ਪਲੰਘ ਭੀ ਇਸ ਥਾਂ ਹਨ. ਸਾਢੇ ਚਾਰ ਸੌ ਸਾਲਾਨਾ ਜਾਗੀਰ ਰਿਆਸਤ ਪਟਿਆਲਾ ਤੋਂ ਪੱਚੀ ਰੁਪਯੇ ਪਿੰਡ ਬਾੜਾ ਜਿਲਾ ਅੰਬਾਲਾ ਤੋਂ ਮਿਲਦੇ ਹਨ. ਕਬੀਰ ੬੦ ਵਿੱਘੇ ਜ਼ਮੀਨ ਭਾਣੋਖੇੜੀ, ਬਹਿਬਲਪੁਰ, ਸਕਰਾਹੋਂ ਆਦਿ ਪਿੰਡਾਂ ਵਿੱਚ ਹੈ. ਰਿਆਸਤ ਵੱਲੋਂ ਪ੍ਰਬੰਧਕ ਕਮੇਟੀ ਦੇ ਹੱਥ ਸਾਰਾ ਇੰਤਜਾਮ ਹੈ.

ਲਖਪਤ: ਦੇਖੋ, ਲਖਪਤਿ ਅਤੇ ਲਖਪਤਿਰਾਇ.

ਲਖਪਤਿ: ਵਿ- ਲਕ੍ਸ਼ਪਤਿ. ਜਿਸ ਪਾਸ ਲਕ੍ਸ਼ (ਲੱਖ) ਅਥਵਾ ਲੱਖਾਂ ਰੁਪਯੇ ਹਨ. ਦੌਲਤਮੰਦ.

ਲਖਪਤਿਰਾਇ, ਲਖਪਤਿਰਾਯ: ਇਹ ਕਲਾਨੌਰ ਦਾ ਖਤ੍ਰੀ ਯਹਿਯਾਖਾਨ ਸੂਬਾ ਲਹੌਰ ਦਾ ਦੀਵਾਨ ਸੀ. ਜਦ ਸਿੱਖਾਂ ਨੇ ਇਸ ਦੇ ਬੋਲਵਿਗਾੜ ਭਾਈ ਜਸਪਤਿ ਨੂੰ ਬੱਦੋਕੀ ਗੁਸਾਈਆਂ ਪਿੰਡ ਪਾਸ ਮਾਰ ਦਿੱਤਾ, ਤਦ ਇਹ ਹੱਥ ਧੋਕੇ ਸਿੱਖਾਂ ਦੇ ਪਿੱਛੇ ਪਿਆ ਅਰ ਭਾਰੀ ਦੁੱਖ ਦਿੱਤੇ. ਕੁਝ ਸਮੇਂ ਲਈ ਅਹਮਦਸ਼ਾਹ ਦੁੱਰਾਨੀ ਦੇ ਹੁਕਮ ਨਾਲ ਲਖਪਤਿ ਲਹੌਰ ਦਾ ਹਾਕਿਮ ਭੀ ਰਿਹਾ ਸੀ. ਅੰਤ ਨੂੰ ਮੀਰਮੰਨੂ ਨੇ ਲਖਪਤਿ ਕੈਦ ਕਰਕੇ ਦੀਵਾਨ ਕੌੜਾਮੱਲ ਦੇ ਹਵਾਲੇ ਕੀਤਾ. ਉਸ ਨੇ ਸਿੱਖਾਂ ਹੱਥ ਸੌਂਪਿਆ. ਖਾਲਸੇ ਨੇ ਛੀ ਮਹੀਨੇ ਕੈਦ ਰੱਖਕੇ ਸੰਮਤ ੧੮੦੫ ਵਿੱਚ ਇਸ ਨੂੰ ਦੁਰਦਸ਼ਾ ਨਾਲ ਮਾਰਿਆ. ਦੇਖੋ, ਘੱਲੂਘਾਰਾ. ਜਸਪਤਿ ਅਤੇ ਲਖਪਤਿ ਦਾ ਤੀਜਾ ਭਾਈ ਨਰਪਤਿਰਾਇ ਸੀ.

ਲਖਬਾਹਾਂ: ਖ਼ਾ. ਟੁੰਡਾ. ਜਿਸ ਦਾ ਹੱਥ ਨਹੀਂ ਹੈ। ੨. ਲੱਖਾਂ ਬਾਹਾਂ. ਭਾਵ- ਬਹੁਤ ਸੈਨਾ. ਅਨੰਤ ਸਹਾਇਕ. "ਲਖਬਾਹੇ ਕਿਆ ਕਿਜੈ?" (ਸਵੈਯੇ ਮਃ ੪. ਕੇ)

ਲਖਬੀਰ: ਦੇਖੋ, ਜੋਧਰਾਇ.

ਲਖਮਣ: ਦੇਖੋ, ਲਕ੍ਸ਼ਮਣ. ੨.

ਲਖਮਣਾ: ਲੱਖਾਂਮਣ. "ਨਾਨਕ ਕਾਗਦ ਲਖਮਣਾ ਪੜਿ ਪੜਿ ਕੀਚੈ ਭਾਉ." (ਸ੍ਰੀ ਮਃ ੧) ੨. ਦੇਖੋ, ਲਕ੍ਸ਼ਮਣਾ.

ਲਖਮਣੁ: ਦੇਖੋ, ਲਕ੍ਸ਼ਮਣ. "ਸੀਤਾ ਲਖਮਣੁ ਵਿਛੁੜਿ ਗਇਆ." (ਮਃ ੧. ਵਾਰ ਰਾਮ ੧)

ਲਖਮੀ: ਦੇਖੋ, ਲਕ੍ਸ਼ਮੀ. "ਲਖਮੀ ਭਉ ਕਰੈ, ਨ ਸਾਕੈ ਜਾਇ." (ਭੈਰ ਅਃ ਮਃ ੩) ੨. ਧਨਸੰਪਦਾ ਵਿਭੂਤਿ. "ਲਖਮੀ ਕੇਤਕ ਗਨੀ ਨ ਜਾਈਐ." (ਗੂਜ ਅਃ ਮਃ ੫)

ਲਖਮੀਕੰਤ: ਦੇਖੋ, ਲਕ੍ਸ਼ਮੀਕਾਂਤ.

ਲਖਮੀਚੰਦ ਜੀ, ਲਖਮੀਦਾਸ ਜੀ: ਸ਼੍ਰੀ ਗੁਰੂ ਨਾਨਕਦੇਵ ਜੀ ਦੇ ਛੋਟੇ ਸੁਪੁਤ੍ਰ, ਜਿਨ੍ਹਾਂ ਦਾ ਜਨਮ ਮਾਤਾ ਸੁਲਖਣੀ ਜੀ ਦੇ ਉਦਰ ਤੋਂ ੧੯. ਫੱਗੁਣ ਸੰਮਤ ੧੫੫੩ ਨੂੰ ਸੁਲਤਾਨਪੁਰ, ਅਤੇ ਦੇਹਾਂਤ ਕਰਤਾਰਪੁਰ ੧੩. ਵਸਾਖ ਸੰਮਤ ੧੬੧੨ ਨੂੰ ਹੋਇਆ. ਵੇਦੀ ਸਾਹਿਬਜ਼ਾਦੇ ਆਪ ਦੀ ਵੰਸ਼ ਹਨ. ਦੇਖੋ, ਵੇਦੀਵੰਸ਼.

ਲਖਮੀਬਰ: ਲਕ੍ਮੀ ਦਾ ਵਰ (ਪਤਿ). ਵਿਸ਼ਨੁ. ੨. ਮਾਯਾਪਤਿ, ਕਰਤਾਰ. "ਲਖਮੀਬਰ ਸਿਉ ਜਉ ਲਿਵ ਲਾਵੈ." (ਗਉ ਬਾਵਨ ਕਬੀਰ)

ਲਖਮੀਰ: ਦੇਖੋ, ਜੋਧਰਾਇ. ੨. ਦੇਖੋ, ਮੀਹਾਂਸਾਹਿਬ.

ਲਖਵੈਯਾ: ਵਿ- ਜਾਣਨ ਵਾਲਾ. ੨. ਦੇਖਣ ਵਾਲਾ. ੩. ਲੰਘਣ ਵਾਲਾ.

ਲਖਾਉਣਾ, ਲਖਾਨਾ: ਕ੍ਰਿ- ਦਿਖਾਉਣਾ. ਲਕ੍ ਕਰਾਉਣਾ. ੨. ਪਾਰ ਕਰਨਾ. ੩. ਜਤਲਾਉਣਾ. ਸਮਝਾਉਣਾ.

ਲਖਾਮ, ਲਖਾਮਿ: ਸੰ. लक्ष्यामि- ਲਕ੍ਯਾਮਿ. ਮੈ ਦੇਖਦਾ ਹਾਂ. ੨. ਮੈ ਜਾਣਦਾ ਹਾਂ. ੩. ਲਿਖਾਮਿ. ਮੈ ਲਿਖਦਾ ਹਾਂ.

ਲਖਾਰੀ: ਲਖਿਆ (ਜਾਨਿਆ) ਹੈ. "ਹਿਰਦੈ ਅਲਖੁ ਲਖਾਰੀ." (ਸਾਰ ਮਃ ੪) ੨. ਵਿ- ਲਖਣ (ਜਾਣਨ) ਵਾਲਾ. ੩. ਦੇਖੋ, ਲੇਖਾਰੀ.

ਲਖਾਰੇ: ਲਖਾਇਆ (ਗਿਆਨ ਕਰਾਇਆ) ਹੈ. "ਜਿਨਿ ਮੇਰਾ ਹਰਿ ਅਲਖੁ ਲਖਾਰੇ." (ਮਃ ੪. ਵਾਰ ਵਡ) "ਗੁਰਸਬਦਿ ਲਖਾਰੇ." (ਮਃ ੪. ਵਾਰ ਗਉ ੧)

ਲਖਾਵ: ਸੰਗ੍ਯਾ- ਦਿਖਾਵਾ. ਜਾਹਿਰ ਕਰਨ ਦੀ ਕ੍ਰਿਯਾ. "ਕਰਹਿ ਨ ਕਛੁ ਲਖਾਵ." (ਨਾਪ੍ਰ)

ਲਖਾਵਨ: ਕ੍ਰਿ- ਦਿਖਾਉਣਾ. ੨. ਜਤਲਾਉਣਾ. ਗਿਆਨ ਕਰਾਉਣਾ. "ਗੁਰ ਪੂਰਾ ਮਿਲੈ ਲਖਾਵੀਐ ਰੇ." (ਕੇਦਾ ਮਃ ੪) ੩. ਪ੍ਰਗਟ ਕਰਨਾ. ਜਾਹਿਰ ਕਰਨਾ. "ਮਤ ਕਿਛੁ ਆਪਿ ਲਖਾਵਹੇ." (ਆਸਾ ਛੰਤ ਮਃ ੩) ੪. ਪਾਰ ਕਰਨਾ. ਉਲੰਘਨ ਕਰਾਉਣਾ.

ਲਖਿ: ਕ੍ਰਿ. ਵਿ- ਉਲੰਘਕੇ. "ਲੈ ਮੁਦ੍ਰਿਕਾ ਲਖਿ ਬਾਰਿਧੈਂ, ਜਹਿ" ਸੀ ਹੁਤੀ ਤਹਿ ਜਾਤ ਭੇ." (ਰਾਮਾਵ) ੨. ਦੇਖਕੇ, ਜਾਣਕੇ. "ਲਖਿ ਹਸਤਾਮਲ ਆਤਮਾ." (ਗੁਪ੍ਰਸੂ)

ਲਖਿਮੀ: ਦੇਖੋ, ਲਕ੍ਮੀ. "ਕੋਟਿ ਦੇਵੀ ਜਾਕਉ ਸੇਵਹਿ, ਲਖਿਮੀ ਅਨਿਕ ਭਾਤਿ." (ਆਸਾ ਛੰਤ ਮਃ ੫)

ਲਖਿਮੀਬਰ: ਦੇਖੋ, ਲਖਮੀਬਰ.

ਲਖੀਆ: ਵਿ- ਦੇਖਣ ਵਾਲਾ. ੨. ਜਾਣਨ ਵਾਲਾ. ੩. ਲੰਘਣ ਵਾਲਾ.

ਲਖੁ: ਲੱਖ. ਲਾਖ. ਦੇਖੋ, ਲਕ੍. "ਲਖੁ ਲਖੁ ਗੇੜਾ ਆਖੀਐ ਏਕੁ ਨਾਮੁ ਜਗਦੀਸ." (ਜਪੁ) ੨. ਦੇਖੋ, ਲਕ੍ਯ.

ਲਖੂਣ, ਲਖੂਣਾ, ਲਖੂਨ: ਵਿ- ਲਕ੍ਗੁਣ. ਲਾਖਗੁਣਾ.

ਲਖੇਸਰ: ਲੱਖਾਂ ਦਾ ਈਸ਼੍ਵਰ. ਦੇਖੋ, ਲਖਪਤਿ. ੨. ਲਕ੍ਮੀ ਦਾ ਈਸ਼੍ਵਰ, ਵਿਸ਼ਨੁ. ੩. ਸਮੁੰਦਰ.

ਲਖੇਸਰੀ: ਲਖੇਸਰ ੧. ਦਾ ਇਸਤ੍ਰੀਲਿੰਗ. ੨. ਸਿਰ ਤੇ ਲੱਖਾਂ ਹੀ. "ਲਹਰੀ ਵਹਨਿ ਲਖੇਸਰੀ." (ਸਵਾ ਮਃ ੧)

ਲਖੋੜੀ: ਵਿ- ਲਕ੍ ਜੋੜਨ ਵਾਲਾ. ਲਖਪਤਿ. ੨. ਲਕ੍ੋਂ (ਲੱਖਾਂ) ਹੀ. "ਕਰੋੜੀ ਲਖੋੜੀ ਕੀਏ ਬੇਸ਼ੁਮਾਰ." (ਮਗੋ)

ਲਖੰਮੈ: ਨਜਰ ਆਉਂਦੇ ਹਨ. ਲਖੀਦੇ ਹਨ. "ਪਤ ਸੋਹਣੇ ਫਲ ਲੱਖ ਲਖੰਮੈ." (ਭਾਗੁ)

ਲੱਖ: ਦੇਖੋ, ਲਕ੍. ੨. ਦੇਖੋ, ਲਕ੍ਯ. "ਲੱਖ ਜੀਵ ਅਰੁ ਈਸੁਰ ਕੇਰਾ. ਸਤ ਚਿਤ ਆਨੰਦ ਏਕੈ ਹੇਰਾ ॥" (ਗੁਪ੍ਰਸੂ) "ਲੱਖ ਰੂਪ ਵਾਚਾਰਥ ਜਾਸ ਕਹਿ." (ਗੁਪ੍ਰਸੂ) ਦੇਖੋ, ਵਾਚ੍ਯ.

ਲੱਖਣ: ਦੇਖੋ, ਲਕ੍ਣ.

ਲੱਖਣਾ: ਦੇਖੋ, ਲਕ੍ਣਾ.

ਲੱਖਾ: ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨੱਕਾਰਚੀ.

ਲੱਖਾਸਿੰਘ: ਸ਼੍ਰੀ ਦਸ਼ਮੇਸ਼ ਜੀ ਦਾ ਹਜੂਰੀ ਸਿੰਘ. ਇਹ ਕਦੇ ਕਦੇ ਦਸ਼ਮੇਸ਼ ਦੀ ਅੜਦਲ ਵਿੱਚ ਨਿਸ਼ਾਨ ਲੈਕੇ ਭੀ ਚਲਦਾ ਸੀ. ਦਸ਼ਮੇਸ਼ ਪੁਰ ਵਾਰ ਕਰਨ ਵਾਲੇ ਗੁਲਖ਼ਾਨ ਦਾ ਭਾਈ ਅਤਾਉੱਲਾਖ਼ਾਨ, ਇਸੇ ਨੇ ਅਬਿਚਲਨਗਰ ਕਤਲ ਕੀਤਾ ਸੀ.

ਲੱਖੀਜੰਗਲ: ਕਰਾਚੀ ਜਿਲੇ ਦੇ ਕੋਟਰੀ ਤਾਲੁੱਕੇ ਵਿੱਚ ਲੱਖੀ ਨਾਮਕ ਪਹਾੜਧਾਰਾ ਦਾ ਇੱਕ ਭਾਰੀ ਜੰਗਲ, ਜਿਸ ਵਿੱਚ ਕਿਸੇ ਸਮੇਂ ਘੋੜਿਆਂ ਦੇ ਪੈਦਾ ਕਰਨ ਦਾ ਭਾਰੀ ਸਾਮਾਨ ਸੀ. ਇੱਥੇ ਦੇ ਘੋੜੇ ਇਤਿਹਾਸ ਪ੍ਰਸਿੱਧ ਹਨ।

੨. ਰਿਆਸਤ ਫਰੀਦਕੋਟ, ਤਸੀਲ ਕੋਟਕਪੂਰਾ, ਥਾਣਾ ਨੇਹੀਆਂਵਾਲੇ ਦਾ ਪਿੰਡ "ਮਹਿਮਾ ਸਰਜਾ" ਹੈ. ਇਸ ਤੋਂ ਇੱਕ ਮੀਲ ਦੱਖਣ ਪੂਰਵ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਦ੍ਵਾਰਾ ਹੈ. ਇੱਥੇ ਗੁਰੂਸਾਹਿਬ ਨੇ ਜੰਗਲ ਦੇਸ ਨੂੰ "ਲੱਖੀਜੰਗਲ" ਪਦਵੀ ਦਿੱਤੀ ਅਰ ਮਾਲਵੇ ਦੀ ਧਾਰਨਾ ਦਾ ਸੱਦ ਗੀਤ- "ਸੁਣਕੈ ਸੱਦ ਮਾਹੀ ਦਾ ਮੇਹੀ ਪਾਣੀ ਘਾਹ ਮੁਤੋਨੇ- " ਉਚਾਰਿਆ ਸੀ. ਦਾਨਸਿੰਘ ਦਸ਼ਮੇਸ਼ ਦਾ ਪ੍ਰੇਮੀ ਸਿੱਖ ਇੱਥੇ ਦਾ ਹੀ ਵਸਨੀਕ ਸੀ. ਗੁਰਦ੍ਵਾਰਾ ਸੁੰਦਰ ਬਣਿਆ ਹੋਇਆ ਹੈ. ਰਿਆਸਤ ਫਰੀਦਕੋਟ ਵੱਲੋਂ ੩੫ ਘੁਮਾਉਂ ਜ਼ਮੀਨ ਹੈ. ਪੁਜਾਰੀ ਸਿੰਘ ਹੈ. ਵੈਸਾਖੀ ਅਤੇ ਦਸਹਰੇ ਨੂੰ ਮੇਲਾ ਹੁੰਦਾ ਹੈ. ਇੱਥੇ ਸ਼੍ਰੀ ਗੁਰੂ ਨਾਨਕਦੇਵ ਜੀ ਨੇ ਭੀ ਚਰਣ ਪਾਏ ਹਨ. ਇਹ ਅਸਥਾਨ ਰੇਲਵੇ ਸਟੇਸ਼ਨ ਗੋਨੇਆਣੇ ਤੋਂ ਦੋ ਮੀਲ ਪੱਛਮ ਹੈ। ੩. ਮਾਲਵੇ (ਜੰਗਲ ਦੇਸ਼) ਨੂੰ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦੀ ਬਖ਼ਸ਼ੀ ਹੋਈ ਪਦਵੀ, ਅਰਥਾਤ ਲੱਖਾਂ ਦੀ ਪੈਦਾਵਾਰ ਦਾ ਜੰਗਲ. "ਲੱਖੀਜੰਗਲ ਖਾਲਸਾ ਆਦਿ ਦੀਦਾਰ ਕੀਤੋ ਨੇ." (ਦਸਮਗ੍ਰੰਥ)

ਲੱਖੂ: ਪਟੋਲੀ ਜਾਤਿ ਦਾ ਲਹੌਰ ਨਿਵਾਸੀ ਪ੍ਰੇਮੀ ਸਿੱਖ, ਜਿਸ ਦੇ ਵਚਨ ਨਾਲ ਬੁੱਧੂ ਦਾ ਆਵਾ ਕੱਚਾ ਰਹਿ ਗਿਆ ਸੀ. ਦੇਖੋ, ਬੁੱਧੂ। ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਆਤਮਗ੍ਯਾਨੀ ਅਤੇ ਧਰਮਵੀਰ ਸਿੱਖ, ਜੋ ਕਰਤਾਰਪੁਰ ਦੇ ਜੰਗ ਵਿੱਚ ਸ਼ਹੀਦ ਹੋਇਆ। ੩. ਲਖਪਤਿਰਾਇ ਦਾ ਅਨਾਦਰਬੋਧਕ ਨਾਮ. ਦੇਖੋ, ਲਖਪਤਿਰਾਇ.

ਲਖਜ, ਲਖਜਣ, ਲਖਿਜਣ: ਦੇਖੋ, ਲਕ੍ਜ। ੨. ਨਿਸ਼ਾਨਾ. "ਬਧਿਕ ਪ੍ਰਹਾਰੇਣ ਲਖਜ ਆਵਧਹ." (ਸਹਸ ਮਃ ੫) ੩. ਦੇਖੋ, ਲਕ੍. ਦੇਖੋ, ਲਕ੍ਣ. "ਭਗਤਿ ਲਖਜਣ ਕਰਿ ਵਸਿ ਭਏ." (ਸ੍ਰੀ ਛੰਤ ਮਃ ੫) "ਖਟ ਲਖਜਣ ਪੂਰਨੰ ਪੁਰਖਹ." (ਸਹਸ ਮਃ ੫) "ਪ੍ਰਾਪਤੰ ਧਰਮ ਲਖਿਜਣ." (ਸਹਸ ਮਃ ੫)

ਲਗ: ਸੰ. ਲਗ੍. ਧਾ- ਸੰਯੋਗ ਹੋਣਾ, ਮਿਲਣਾ, ਸਪਰਸ਼ ਹੋਣਾ, ਪ੍ਰਾਪਤ ਕਰਨਾ, ਸੁਆਦ ਲੈਣਾ। ੨. ਸੰਗ੍ਯਾ- ਮਾਤ੍ਰਾ। ੩. ਵ੍ਯ- ਤੀਕ. ਤੋੜੀ. ਤਕ। ੪. ਵਾਸਤੇ. ਲਈ ਲਿਯੇ। ੫. ਦੇਖੋ, ਲਗਿ ਅਤੇ ਲਗੁ.

ਲਗਈ: ਜੁੜਦਾ. ਮਿਲਦਾ। ੨. ਮੁਕਾਬਲਾ ਖਾਂਦਾ. ਤੁੱਲ ਹੁੰਦਾ.

ਲਗਜ਼ੀਦਨ: ਫ਼ਾ. لغزیدن ਕ੍ਰਿ- ਫਿਸਲਣਾ. ਰਪਟਣਾ. ਤਿਲ੍ਹਕਣਾ। ੨. ਚੁੱਕ ਜਾਣਾ. ਗਲਤੀ ਕਰਨਾ.

ਲਗਣਾ: ਕ੍ਰਿ- ਜੁੜਨਾ. ਲਗਨ ਹੋਣਾ। ੨. ਤਤਪਰ ਹੋਣਾ। ੩. ਅਸਰ ਹੋਣਾ. "ਐਸਾ ਦਾਰੂ ਲਗੈ ਨ ਬੀਰ." (ਮਲਾ ਮਃ ੧) ੪. ਸੰਬੰਧ ਰੱਖਣਾ. ਰਿਸ਼੍ਤਾ ਹੋਣਾ। ੫. ਸੰਭੋਗ (ਮੈਥੁਨ) ਕਰਨਾ. "ਲਗਤੋ ਆਨ ਤਾਂਕੋ ਰਹਤੋ ਤਾਂਹਿ" ਗਰਭੰ." (ਗ੍ਯਾਨ)

ਲਗਥਈ: ਲਗਨ- ਥੀਈ. ਲਗੀ ਹੋਈ ਥੀ (ਸੀ). "ਹਉਮੈ ਮੈਲੁ ਲਗਥਈ." (ਕਲਿ ਮਃ ੪)

ਲਗਨ: ਸੰ. ਲਗ੍ਨ. ਲਗ੍ਨ. ਸੰਗ੍ਯਾ- ਮੇਸ਼ ਆਦਿ ਰਾਸ਼ੀਆਂ ਦਾ ਉਦਯ. "ਲਗਨ ਸਗਨ ਤੇ ਰਹਿਤ ਨਿਰਾਲਮ." (ਚੌਬੀਸਾਵ) "ਲਗਨ ਸਗਨ ਮਾਨੈ ਕੈਸੇ ਮਨ ਮਾਨੀਐ?" (ਭਾਗੁ ਕ) ੪. ਜ਼ਾਮਿਨ. ਜ਼ਮਾਨਤ ਦੇਣ ਵਾਲਾ। ੩. ਵਿ- ਲੱਗਾ ਹੋਇਆ। ੪. ਸ਼ਰਮਿੰਦਾ. ਲੱਜਿਤ। ੫. ਸੰਗ੍ਯਾ- ਦਿਲ ਦਾ ਲਗਾਉ. ਸ਼ੌਕ, ਜਿਵੇਂ- ਉਸ ਨੂੰ ਵਿਦ੍ਯਾ ਦੀ ਲਗਨ ਹੈ.

ਲਗਨਾ: ਦੇਖੋ, ਲਗਣਾ. "ਜਿਤੁ ਜਿਤੁ ਲਾਵਹੁ. ਤਿਤੁ ਤਿਤੁ ਲਗਨਾ." (ਸੁਖਮਨੀ)

**ਲਗਨੁ ਗਣਾਉਣਾ:** ਕ੍ਰਿ- ਜੋਤਸ਼ੀ ਤੋਂ ਲਗਨ ਦੀ ਗਿਣਤੀ ਕਰਵਾਉਣੀ. ਮੁਹੂਰਤ ਕਢਵਾਉਣਾ. "ਬਾਬਾ ਲਗਨੁ ਗਣਾਇ, ਹੰਭੀ ਵੰਞਾ ਸਾਹੁਰੈ." (ਸੂਹੀ ਛੰਤ ਮਃ ੧) ਭਾਵ- ਚਲਾਣਾ (ਮਰਣਾ) ਅਟਲ ਹੈ, ਇਹ ਨਿਸ਼ਚਾ ਕਰਨਾ.

**ਲਗਪਗ:** ਕ੍ਰਿ. ਵਿ- ਪੈਰ ਦੇ ਨੇੜੇ. ਭਾਵ- ਬਰਾਬਰ. ਕ਼ਰੀਬ ਕ਼ਰੀਬ (approximate)

**ਲਗਭਗ:** ਇਹ ਲਗ ਪਗ ਦਾ ਅਸ਼ੁੱਧ ਰੂਪ ਹੈ.

**ਲਗਮਾਤ:** ਲਘੁ ਮਾਤ੍ਰਾ. ਹ੍ਰਸ੍ਵ. ਦੇਖੋ, ਦੀਰਘ.

**ਲਗਰ:** ਸੰਗਯਾ- ਸ਼ਾਖਾ. ਟਹਣੀ। ੨. ਇੱਕ ਸ਼ਿਕਾਰੀ ਪੰਛੀ. ਦੇਖੋ, ਲਗੜ.

**ਲਗਰਾ:** ਦੇਖੋ, ਲਗਰ ੨. ਅਤੇ ਲਗੜ. "ਬਾਸੇ ਘਨੇ ਲਗਰਾ ਚਰਗੇ." (ਕ੍ਰਿਸਨਾਵ) "ਲਗਰਾ ਕਹੂੰ ਫੋਰਤ ਜਾਤ ਬਕੀ ਕੋ?" (ਕ੍ਰਿਸਨਾਵ) ਲਗੜ ਕਿਤੇ ਵਕੀ (ਬਗਲੇ ਦੀ ਮਦੀਨ) ਨੂੰ ਛਡਦਾ ਹੈ?

**ਲ਼ਗ਼ਵ:** ਅ਼. لغو ਵਿ- ਨਿਕੰਮਾ. ਵ੍ਰਿਥਾ। ੨. ਅਸਤ੍ਯ. ਝੂਠ.

**ਲਗਵਾਰੇ:** ਵਿ- ਲਗਣ ਵਾਲੇ. "ਸੇਵਕ ਪਗਿ ਲਗਵਾਰੇ." (ਨਟ ਅਃ ਮਃ ੪)

**ਲਗੜ:** ਇੱਕ ਸ਼ਿਕਾਰੀ ਪੰਛੀ, ਜੋ ਕਾਲੀ ਅੱਖ ਵਾਲਾ ਹੁੰਦਾ ਹੈ. ਇਹ ਝਗਰ (ਝਗੜ) ਦੀ ਮਦੀਨ ਹੈ. ਇਹ ਨਰ ਮਾਦਾ ਮਿਲਕੇ ਉਸਦਾ ਸ਼ਿਕਾਰ ਕਰਦੇ ਹਨ. ਇਸ ਦਾ ਕੱਦ ਝਗਰ ਨਾਲੋਂ ਵਡਾ ਹੁੰਦਾ ਹੈ. ਲਗੜ ਬਾਰਾਂ ਮਹੀਨੇ ਸ਼ਿਕਾਰ ਕਰਦਾ ਹੈ ਅਤੇ ਚਰਗ ਨਾਲੋਂ ਬਹੁਤ ਵਫਾਦਾਰ ਹੈ. ਇਹ ਸਦਾ ਪੰਜਾਬ ਵਿੱਚ ਰਹਿੰਦਾ ਅਤੇ ਇੱਥੇ ਹੀ ਆਂਡੇ ਦਿੰਦਾ ਹੈ। ਦੇਖੋ, ਸ਼ਿਕਾਰੀ ਪੰਛੀ

**ਲਗੜਾ:** ਲੱਗਿਆ. ਲਗਨ ਹੋਇਆ. "ਲਗੜਾ ਸੋ ਨੇਹੁ." (ਵਾਰ ਜੈਤ) ੨. ਦੇਖੋ, ਲਗੜ.

**ਲਗੜੀਆ:** ਲਗਨ. ਹੋਈਆਂ. ਲੱਗੀਆਂ. "ਲਗੜੀਆ ਪਿਰੀਅੰਨਿ ਪੇਖੰਦੀਆ ਨ ਤਿਪੀਆ." (ਵਾਰ ਮਾਰੂ ੨. ਮਃ ੫) ਪਿਆਰੇ ਕੰਨੀ ਅੱਖਾਂ ਲੱਗੀਆਂ ਦੇਖਕੇ ਤ੍ਰਿਪਤ ਨਹੀਂ ਹੋਈਆਂ.

**ਲਗਾ:** ਵਿ- ਲਗਨ। ੨. ਸੰਬੰਧਿਤ. "ਸਭ ਕਿਛੁ ਤੁਝਹੀ ਹੈ ਲਗਾ." (ਮਾਰੂ ਸੋਲਹੇ ਮਃ ੫) ੩. ਸੰਗਯਾ- ਤਾਕੁਬ. ਪਿੱਛਾ. "ਤਾਂਕੋ ਲਗਾ ਨ ਤਜ ਤਿੰਹ ਦਯੋ." (ਚਰਿਤ੍ਰ ੧੦੦) ੪. ਦੇਖੋ, ਲੱਗਾ.

**ਲਗਾਉ, ਲਗਾਉਟ:** ਸੰਗਯਾ- ਜੁੜਨ ਦਾ ਭਾਵ. ਸੰਬੰਧ. ਮੇਲ. ਲਗਾਵਟ.

**ਲਗਾਤਾਰ:** ਕ੍ਰਿ. ਵਿ- ਨਿਰੰਤਰ. ਸਿਲਸਿਲੇਵਾਰ. ਇੱਕ ਰਸ. ਅਖੰਡ.

**ਲਗਾਨ:** ਲੱਗਿਆ. ਪ੍ਰਤੀਤ ਹੋਇਆ. "ਹਰਿ ਮਨਿ ਤਨਿ ਮੀਠ ਲਗਾਨ ਜੀਉ." (ਆਸਾ ਛੰਤ ਮਃ ੪) ੨. ਸੰਗਯਾ- ਜ਼ਮੀਨ ਦਾ ਮਹਿਸੂਲ. ਟੈਕਸ (tax) ਕਰ.

**ਲਗਾਮ:** ਫ਼ਾ. لگام ਅਥਵਾ لغام ਲਗਾਮ. ਸੰਗਯਾ- ਘੋੜੇ ਦਾ ਦਹਾਨਾ. ਕਵਿਕਾ. ਖਲੀਨ.

**ਲਗਾਵਟ:** ਦੇਖੋ, ਲਗਾਉਟ.

**ਲਗਿ:** ਕ੍ਰਿ. ਵਿ- ਵਾਸਤੇ. ਲੀਯੇ. ਲਈ. "ਹਰਿ ਸਿਮਰਨਿ ਲਗਿ ਬੇਦ ਉਪਾਏ." (ਸੁਖਮਨੀ) "ਖੋਜ ਰੋਜ ਕੇ ਹੇਤ ਲਗਿ ਦਯੋ ਮਿਸ੍ਰ ਜੂ ਰੋਇ." (ਖਾਮ) ੨. ਲੱਗਕੇ. ਲਗਨ ਹੋਕੇ. ਮਿਲਕੇ. "ਲਗਿ ਗੁਰਮੁਖਿ ਅਸਥਿਰੁ ਹੋਇ ਜੀਉ." (ਆਸਾ ਛੰਤ ਮਃ ੪) ੩. ਅਸਰ ਤੋਂ. ਤਾਸੀਰ ਸੇ. "ਮਧੁਰ ਬਚਨ ਲਗਿ ਅਗਮ ਸੁਗਮ ਹੋਇ." (ਭਾਗੁ ਕ) ੪. ਵਿ- ਸਮਾਨ. ਤੁੱਲ. ਸਦ੍ਰਿਸ਼. ਵਾਂਙ. ਵਾਕਰ. "ਗੁੜੁ ਮਿਠਾ ਮਾਇਆ ਪਸਰਿਆ, ਮਨਮੁਖ ਲਗਿ ਮਾਖੀ ਪਚੈ ਪਚਾਇ." (ਸ੍ਰੀ ਮਃ ੪) ੫. ਲਗਣਾ ਕ੍ਰਿਯਾ ਦਾ ਅਮਰ. "ਲਗਿ ਸੰਤਚਰਣੀ." (ਬਿਹਾ ਮਃ ੫)

**ਲਗੀ:** ਲਗਨ ਹੋਈ। ੨. ਸੰਗਜਾ- ਲੁਗਾਈ. ਪਤਿ ਨਾਲ ਲਗਨ ਹੋਈ. ਪਤਨੀ. "ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ। ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥" (ਸਵਾ ਮਃ ੧)

**ਲਗੀ ਬੜਵਾਨਲ ਜਯੋਂ ਬਨ ਮੇ:** (ਚੰਡੀ ੧) ਦੇਖੋ, ਬਨ ੩. ਅਤੇ ੪.

**ਲਗੁ:** ਦੇਖੋ, ਲਗ। ੨. ਵਯ- ਤਕ. ਤੀਕ. ਤੋੜੀ. "ਜਬ ਲਗੁ ਦੁਨੀਆ ਰਹੀਐ ਨਾਨਕ." (ਧਨਾ ਮਃ ੧)

**ਲਗੁੜ:** ਦੇਖੋ, ਲਗੜ। ੨. ਸੰ. ਸੰਗਜਾ- ਲੱਠ. ਕੁਤਕਾ. ਡੰਡਾ. ਸਲੋਤਰ. ਮੁਤਹਿਰੀ.

**ਲਗੋਜਾ:** ਦੇਖੋ, ਅਲਗੋਜਾ.

**ਲੱਗਾ:** ਦੇਖੋ, ਲਗਾ। ੨. ਸੰਗਜਾ- ਤੁੱਲਤਾ. ਬਰਾਬਰੀ. ਸਮਾਨਤਾ. ਜਿਵੇਂ- ਉਸ ਦਾ ਲੱਗਾ ਕੋਈ ਨਹੀਂ ਖਾਂਦਾ। ੩. ਸੰਬੰਧ। ੪. ਪ੍ਰੇਮ। ੫. ਨੌਕਾ ਚਲਾਉਣ ਦਾ ਡੰਡਾ. ਚੱਪਾ.

**ਲਘ:** ਦੇਖੋ, ਲਘੁ। ੨. ਸੰਗਜਾ- ਲੱਘੀ. ਮੂਤ੍ਰ. "ਲਘ ਘੋਰਨ ਕੀ ਨਦੀਆ ਉਠਿ ਧਾਵੈ." (ਕ੍ਰਿਸਨਾਵ)

**ਲਘਣ, ਲਘਨ:** ਦੇਖੋ, ਲੰਘਨ.

**ਲਘਵਾ:** ਵਿ- ਲਘੁ. ਛੋਟਾ. ਲਘੁਤਾ ਵਾਲਾ. "ਰੂਪ ਧਰਯੋ ਲਘਵਾ." (ਕ੍ਰਿਸਨਾਵ)

**ਲਘਾਉਣਾ, ਲਘਾਵਣ:** ਕ੍ਰਿ- ਉਲੰਘਨ ਕਰਾਉਣਾ. ਪਾਰ ਕਰਨਾ. "ਗੁਰਸਬਦੀ ਪਾਰਿ ਲਘਾਇ." (ਸ੍ਰੀ ਮਃ ੪. ਵਣਜਾਰਾ) "ਸਬਦ ਲਘਾਵਣਹਾਰੁ." (ਸ੍ਰੀ ਅਃ ਮਃ ੧)

**ਲਘਾਵਣਹਾਰੁ:** ਪੁਰਾਣੇ ਜ਼ਮਾਨੇ ਰਸਤਿਆਂ ਪੁਰ ਰੱਖੀ ਹੋਈ ਪਹਰੂਆਂ ਦੀ ਟੋਲੀ, ਜੋ ਸੌਦਾਗਰਾਂ ਨੂੰ ਅੰਦੇਸ਼ੇ ਵਾਲੇ ਰਾਹ ਤੋਂ ਨਾਲ ਹੋਕੇ ਲੰਘਾ ਦਿੰਦੀ ਸੀ. "ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ." (ਮਃ ੪. ਵਾਰ ਗਉ ੧) ੨. ਸਮੁੰਦਰ ਜਾਂ ਨਦੀ ਤੋਂ ਪਾਰ ਕਰਨ ਵਾਲਾ.

**ਲਘਿਮਾ:** ਸੰ. ਸੰਗਜਾ- ਇੱਕ ਸਿੱਧੀ, ਜਿਸ ਤੋਂ ਹੌਲਾ ਰੂਪ ਧਾਰ ਸਕੀਦਾ ਹੈ. ਦੇਖੋ, ਅਸਟਸਿੱਧਿ.

**ਲਘੀ:** ਸੰਗਜਾ- ਲਘੁਸ਼ੰਕਾ. ਪੇਸ਼ਾਬ. ਮੂਤ੍ਰ.

**ਲਘੁ:** ਸੰ. ਵਿ- ਛੋਟਾ। ੨. ਹਲਕਾ. ਹੌਲਾ। ੩. ਸੁੰਦਰ. ਖ਼ੂਬਸੂਰਤ। ੪. ਕ੍ਰਿ. ਵਿ- ਛੇਤੀ. "ਕੰਠ ਲਗਾਏ ਲਘੁ ਗਹਿ ਹਾਥਾ." (ਨਾਪ੍ਰ) ੫. ਸੰਗਜਾ- ਇੱਕ ਮਾਤ੍ਰਾ ਵਾਲਾ ਅੱਖਰ ਹ੍ਰਸ੍ਵ। ੬. ਲਘੁਸ਼ੰਕਾ ਦਾ ਸੰਖੇਪ. ਮੂਤ੍ਰਤਯਾਗ. "ਮੈ ਅਬ ਹੀ ਲਘੁ ਕੇ ਹਿਤ ਜੈਹੋਂ." (ਚਰਿਤ੍ਰ ੧੮)

**ਲਘੁਸ਼ੰਕਾ:** ਸੰਗਜਾ- ਮੂਤ੍ਰਤਯਾਗ. ਚੀਤਾ ਕਰਨਾ. ਪੇਸ਼ਾਬ ਕਰਨਾ. ਥੋੜੀ ਸ਼ੰਕਾ (ਸੂਗ) ਜਿਸ ਦੇ ਕਰਨ ਵਿੱਚ ਹੋਵੇ. ਇਸ ਦੇ ਮੁਕਾਬਲੇ ਸ਼ੌਚ ਜਾਣਾ ਦੀਰਘ ਸ਼ੰਕਾ ਹੈ. "ਪ੍ਰਿਥਿਆ ਲਾਗੋ ਲਘੁਸ਼ੰਕਾ ਕਰ." (ਗੁਵਿ ੬)

**ਲਘੁਹਸ੍ਤ:** ਹੱਥ ਦਾ ਚਾਲਾਕ. ਚਾਲਾਕਦਸ੍ਤ. ਫੁਰਤੀ ਨਾਲ ਹੱਥਾਂ ਤੋਂ ਕੰਮ ਲੈਣ ਵਾਲਾ। ੨. ਛੇਤੀ ਛੇਤੀ ਤੀਰ ਚਲਾਉਣ ਵਾਲਾ.

**ਲਘੁਚਿੱਤ:** ਛੋਟੇ ਦਿਲ ਵਾਲਾ. , ਕਮਹਿੰਮਤ.

**ਲਘੁਤਾ, ਲਘੁਤ੍ਵ:** ਸੰਗਜਾ- ਛੋਟਾਪਨ. ਤੁੱਛਤਾ ਹਲਕਾਪਨ। ੨. ਨੀਚਤਾ. ਕਮੀਨਾਪਨ। ੩. ਚਪਲਤਾ. ਚਾਲਾਕੀ. "ਪਦ ਲਘੁਤਾ ਤੋਂ ਕੁਦਤ ਬਿਸਾਲ." (ਗੁਪ੍ਰਸੂ)

**ਲਘੁਨਰਾਜ:** ਦੇਖੋ, ਨਰਾਜ ਲਘੁ.

**ਲਘੁਮਤਿ:** ਥੋੜੀ ਅਕਲ ਵਾਲਾ. ਕਮਅਕਲ.

ਲਚਕ: ਸੰਗਯਾ- ਝੁਕਾਉ. ਝੂਟਾ.

ਲਚਾਰ: ਦੇਖੋ, ਲਾਚਾਰ.

ਲਛ: ਦੇਖੋ, ਲਕ੍ਸ਼ ਅਤੇ ਲੱਛ। ੨. ਡਿੰਗ. ਲਕ੍ਸ਼ਮੀ. ਲੱਛਮੀ.

ਲਛਣ: ਦੇਖੋ, ਲਕ੍ਸ਼ਣ. "ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ." (ਸੁਖਮਨੀ) ੨. ਦੇਖੋ, ਲਛਣੁ ੨.

ਲਛਣਾ: ਦੇਖੋ, ਲਕ੍ਸ਼ਣਾ.

ਲਛਣੁ: ਦੇਖੋ, ਲਕ੍ਸ਼ਣ। ੨. ਸੰ. ਲਾਂਛਨ ਦਾਗ. ਕਲੰਕ. "ਓਸੁ ਨਾਲਿ ਮੁਹੁ ਜੋੜੇ, ਓਸੁ ਭੀ ਲਛਣੁ ਲਾਇਆ." (ਮਃ ੪. ਵਾਰ ਗਉ ੧)

ਲਛਨ: ਦੇਖੋ, ਲਕ੍ਸ਼ਣ। ੨. ਦੇਖੋ, ਲੱਛਨ.

ਲਛਨਾਦਿ: ਲਕ੍ਸ਼ਮਣ ਆਦਿ. "ਰੋਇ ਮਿਲੇ ਲਛਨਾਦਿ ਭੱਯਾ ਸਬ." (ਰਾਮਾਵ)

ਲਛਮਣ, ਲਛਮਨ: ਦੇਖੋ, ਲਕ੍ਸ਼ਮਣ ੨.

ਲਛਮਨਅਰਿ: ਲਕ੍ਸ਼ਮਣ ਦੀ ਵੈਰਣ, ਬਰਛੀ. (ਸਨਾਮਾ) ਲਕ੍ਸ਼ਮਣ ਬਰਛੀ ਨਾਲ ਮੂਰਛਿਤ ਹੋਇਆ ਸੀ। ੨. ਇੰਦ੍ਰਜੀਤ. ਮੇਘਨਾਦ. ਜਿਸ ਨੇ ਲਛਮਣ ਨੂੰ ਮੂਰਛਿਤ ਕੀਤਾ ਸੀ.

ਲਛਮਨਸਿੰਘ: ਰਾਜਪੂਤਾਨੇ ਦਾ ਇੱਕ ਪ੍ਰਸਿੱਧ ਕਵਿ. ਦੇਖੋ, ਤੁਖਾਰ.

ਲਛਮੀ: ਦੇਖੋ, ਲਕ੍ਸ਼ਮੀ.

ਲਛਮੀਦਾਸ: ਦੇਖੋ, ਲਖਮੀਦਾਸ ਜੀ.

ਲਛਮੀ ਮਾਇਆ: ਮਾਯਾ (ਇੰਦ੍ਰਜਾਲ) ਰੂਪ ਲਕ੍ਸ਼ਮੀ। ੨. ਧਨ ਅਤੇ ਸੰਪਦਾ. "ਪੁਤ੍ਰ ਕਲਤ੍ਰ ਲਛਮੀ ਮਾਇਆ." (ਧਨਾ ਕਬੀਰ)

ਲਛਮੀ ਮਾਤਾ: ਦੇਖੋ, ਅਮਰਦਾਸ ਸਤਿਗੁਰੂ.

ਲਛਿਮੀ: ਦੇਖੋ, ਲਕ੍ਸ਼ਮੀ.

ਲਛੀਆ: ਦੇਖੋ, ਲਕ੍ਸ਼ਮੀ। ੨. ਸੰ. ਲਾਕ੍ਸ਼ਾ. ਲਾਖ. ਬਿਰਛ ਦਾ ਚੇਪਦਾਰ ਰਸ, ਜਿਸ ਤੋਂ ਲਾਲ ਰੰਗ ਤਿਆਰ ਹੁੰਦਾ ਹੈ. ਜਤੁ "ਲਛੀਆ ਗ੍ਰਹ ਮੇ ਸੁਤ ਪੰਡੁ ਕੇ ਆਏ." (ਕ੍ਰਿਸਨਾਵ) ਕੌਰਵਾਂ ਨੇ ਲਾਖ ਦੇ ਘਰ ਵਿੱਚ ਪਾਂਡਵਾਂ ਨੂੰ ਸਾੜ ਦੇਣ ਦਾ ਇੰਤਜਾਮ ਕੀਤਾ ਸੀ.

ਲਛੀਆਗ੍ਰਹ: ਲਾਖ ਦਾ ਘਰ. ਦੇਖੋ, ਲਛੀਆ ੨.

ਲੱਛ: ਦੇਖੋ, ਲਕ੍ਸ਼। ੨. ਨਿਸ਼ਾਨਾ. ਦੇਖੋ, ਲਕ੍ਸ਼੍ਯ. "ਬਾਨ ਜਿਮ ਲੱਛ ਪਰ." (ਨਾਪ੍ਰ) ੩. ਰਾਮਚੰਦ੍ਰ ਜੀ ਦਾ ਭਾਈ ਲਕ੍ਸ਼ਮਣ. "ਰਾਮ ਲੱਛੈ ਹਰੋਂ." (ਰਾਮਾਵ) ੪. ਸੰ. ਲਚ੍ਛ. ਧਾ- ਚਿੰਨ੍ਹ ਕਰਨਾ, ਧਿਆਨ ਵਿੱਚ ਰੱਖਣਾ.

ਲੱਛਣ, ਲੱਛਨ: ਦੇਖੋ, ਲਕ੍ਸ਼ਣ। ੨. ਦੇਖੋ, ਲਕ੍ਸ਼ਮਣ. "ਲੱਛਨੈ ਲੈ ਸੰਗ। ਜਾਨਕੀ ਸੋਭੰਗ." (ਰਾਮਾਵ) ੩. ਲਕ੍ਸ਼ੋਂ ਹੀ. ਲੱਖਾਂ. "ਲੱਛਨ ਦੈਕੈ ਪ੍ਰਦੱਛਨ." (ਚੰਡੀ ੧)

ਲੱਛਾ: ਸੰਗਯਾ- ਸੂਤ (ਤੰਤੂਆਂ) ਦਾ ਗੁੱਛਾ. ਤੰਦ ਦਾ ਪਿੰਨਾ.

ਲੱਛੀ: ਦੇਖੋ, ਲਕ੍ਸ਼ਮੀ। ੨. ਦਰਿਆ ਦੇ ਕਿਨਾਰੇ ਹੋਣ ਵਾਲਾ ਇੱਕ ਘਾਹ, ਜਿਸ ਦੀ ਸ਼ਾਖਾ ਦੀਆਂ ਟੋਕਰੀਆਂ ਬਣਦੀਆਂ ਹਨ.

ਲੱਛੇਦਾਰ ਗੱਲ: ਉਹ ਗੁਫਤਗੂ, ਜਿਸ ਦਾ ਸਿਲਸਿਲਾ ਖ਼ਤਮ ਨਾ ਹੋਵੇ। ੨. ਪੇਚਦਾਰ ਬਾਤ.

ਲਜ: ਸੰ. ਰੱਜੁ. ਸੰਗਯਾ- ਰੱਸੀ। ੨. ਸੰ. ਲੱਜਾ. ਸ਼ਰਮ. ਹ਼ਯਾ. "ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ." (ਵਾਰ ਗੂਜ ੨. ਮः ੫) ੩. ਸੰ. ਲਜ. ਧਾ- ਤਲਨਾ (ਭੁੰਨਣਾ), ਸ਼ਰਮ ਕਰਨਾ, ਅਪਮਾਨ ਕਰਨਾ, ਲੁਕੋਣਾ.

ਲਜਪਤ, ਲਜਪਾਤਿ: ਲੱਜਾ ਅਤੇ ਪ੍ਰਤਿਸ਼੍ਠਾ. "ਨਾਨਕ ਕੀ ਲਜ- ਪਾਤਿ ਗੁਰੂ ਹੈ." (ਗਉ ਮः ੪)

ਲਜਯਾ, ਲਜਾ: ਸੰ. ਲਜ੍ਜਾ. ਲੱਜਾ. ਸੰਗਯਾ- ਸ਼ਰਮ. ਹਯਾ. "ਨਚ ਮਾਤ ਪਿਤਾ ਤਵ ਲਜਯਾ." (ਸਹਸ ਮः ੫)

ਲਜਾਉਣਾ: ਕ੍ਰਿ- ਲੱਜਾ ਕਰਨਾ. ਲੱਜਾਵਾਨ ਹੋਣਾ। ੨. ਦੂਸਰੇ ਨੂੰ ਲੱਜਿਤ ਕਰਨਾ।

ਲਜਾਇ: ਕ੍ਰਿ. ਵਿ- ਲੱਜਾਵਾਨ ਹੋਕੇ. "ਜਮੁ ਲਜਾਇਕਰਿ ਭਾਗਾ." (ਸੋਰ ਮः ੫) ਲੱਜਿਤ ਹੋਕੇ ਨੱਠਾ.

ਲਜਾਨੇ: ਲੱਜਾਵਾਨ ਹੋਏ.

ਲਜਿਆ: ਸੰਗਯਾ- ਲੱਜਾ. ਸ਼ਰਮ. "ਰਾਖਹੁ ਹਰਿ ਪ੍ਰਭੁ ਲਜਿਆ." (ਮः ੪. ਵਾਰ ਕਾਨ) ੨. ਵਿ- ਲੱਜਾਵਾਨ. ਸ਼ਰਮਿੰਦਾ. ਲੱਜਿਤ। ੩. ਸ਼ਰਮਿੰਦਾ ਹੋਇਆ.

ਲਜੀਜ: ਅ਼. لزیز ਲਜੀਜ. ਵਿ ਲੱਜਤ (ਸੁਆਦ) ਵਾਲਾ. ਰਸਦਾਇਕ. ਮਜ਼ੇਦਾਰ.

ਲਜੀਲਾ: ਵਿ- ਲੱਜਾਸ਼ੀਲ. ਲੱਜਾਵਾਲਾ.

ਲਜੀਵਦੋ: ਲੱਜਾਵਾਨ ਹੁੰਦਾ ਹੈ. "ਮਾਨੁਖ ਪਰਥਾਈ ਲਜੀਵਦੋ." (ਵਾਰ ਮਾਰੂ ੨. ਮः ੫)

ਲਜੁ: ਸੰ. ਰੱਜੁ. ਸੰਗਯਾ- ਰੱਸੀ. "ਲਜੁ ਟੂਕਸਿ ਮੂਸਾ. ਭਾਈਰੇ !" (ਗਉ ਮः ੧) ਰੱਜੁ ਉਮਰ, ਚੂਹਾ ਕਾਲ ੨. ਲੱਜਾ. ਸ਼ਰਮ.

ਲਜੋ: ਦੇਖੋ, ਕਾਜ ੩.

ਲੱਜਣ, ਲੱਜਣੋ: ਕ੍ਰਿ- ਲਜਾਵਾਨ ਹੋਣਾ. ਸ਼ਰਮਿੰਦਾ ਹੋਣਾ। ੨. ਹ਼ਯਾ ਨੂੰ ਲੱਜਾ ਨੂੰ. "ਲੱਜਣੋ ਤਜਤੰ ਨਰੰ." (ਕਲਕੀ)

ਲੱਜਤ: ਅ਼. لزّت ਲੱਜਤ. ਸੰਗਯਾ- ਰਸ. ਸੁਆਦ। ੨. ਰਸ ਭੋਗਣ ਦਾ ਆਨੰਦ.

ਲੱਜਾ: ਸ਼ਰਮ. ਦੇਖੋ, ਲਜਾ.

ਲੱਜਾਤੁਰ: ਵਿ- ਲੱਜਾ (ਸ਼ਰਮ) ਨਾਲ ਆਤੁਰ (ਦੁਖੀ). ਸ਼ਰਮਿੰਦਾ ਹੋਇਆ.

ਲੱਜਾਲੁ: ਵਿ- ਲੱਜਾ (ਸ਼ਰਮ) ਕਰਨ ਵਾਲਾ. ਸ਼ਰਮਾਲੂ.

ਲੱਜਿਤ: ਵਿ- ਸ਼ਰਮਿੰਦਾ.

ਲਜਯਾ: ਦੇਖੋ, ਲਜਾ.

ਲੱਝਣਾ: ਕ੍ਰਿ- ਲਭ (ਪ੍ਰਾਪਤ) ਕਰਨਾ. ਲਬਧ ਹੋਣਾ. ਮਿਲਣਾ.

ਲਟ: ਸੰ. ਲਟ੍. ਧਾ- ਬਾਲਕ ਵਾਂਙ ਚੇਸ਼੍ਟਾ ਕਰਨਾ ਅਥਵਾ ਬੋਲਣਾ। ੨. ਸੰਗਯਾ- ਕੇਸ਼ਾਂ ਦੀ ਜਟਾ. "ਲਟ ਛੂਟੀ ਵਰਤੈ ਬਿਕਰਾਲ." (ਭੈਰ ਅः ਕਬੀਰ) "ਲਟ ਛਿਟਕਾਏ ਤਿਰੀਆ ਰੋਵੈ." (ਆਸਾ ਕਬੀਰ) "ਲਟ ਭਿਟਕਾਏ ਤਿਟੀਐ ਹੋਵੈ." (ਆਸਾ ਕਬੀਰ) ੩. ਵਿ- ਢੀਠ, ਬੇਸ਼ਰਮ. "ਲਾਜ ਕੇ ਮਾਰੇ ਮਰੈਂ ਨ ਮਹਾਂ ਲਟ." (ਚਰਿਤ੍ਰ ੨੬੬) ੪. ਦੀਨ. ਆ਼ਜਿਜ. "ਸੁਰਪਤਿ ਹੂੰ ਜੋ ਰਘੁਪਤੀ ਲਟ ਮੁਖ ਬਾਤ ਕਹੀਨ." (ਹਨੂ) ੫. "ਨਾਮ ਕੇ ਲੇਤ ਲਟ ਜਾਤ ਸਭੈ ਤਨ ਦੋਖ." (ਕ੍ਰਿਸਨਾਵ) ੬. ਦੇਖੋ, ਲਕਾਰ.

ਲਟਕ: ਸੰਗਯਾ- ਲਟਕਣ ਦਾ ਭਾਵ। ੨. ਲਚਕ। ੩. ਮੌਜ. ਤਰੰਗ. ਲਹਰ। ੪. ਨਖ਼ਰਾ। ੫. ਸੰ. ਲੁੱਚਾ. ਧੂਰਤ.

ਲਟਕਣ: ਦੇਖੋ, ਲਟਕਣਾ। ੨. ਖਤ੍ਰੀਆਂ ਦੀ ਇੱਕ ਜਾਤਿ। ੩. ਤਖਾਣਾਂ ਦਾ ਇੱਕ ਗੋਤ੍ਰ. "ਨਾਨੋ ਲਟਕਣ ਜਾਤਿ ਸੁਜਾਨਾ।" (ਗੁਪ੍ਰਸੂ) ਇਹ ਸ਼੍ਰੀ ਗੁਰੂ ਅਰਜਨਦੇਵ ਦਾ ਪ੍ਰੇਮੀ ਸਿੱਖ ਸੀ। ੪. ਘੁਰਾ ਜਾਤਿ ਦਾ ਭਾਈ ਲਟਕਣ ਸਿੱਖ. "ਲਟਕਣ ਘੁਰਾ ਜਾਣੀਐ ਗੁਰੁਦਿੱਤਾ ਗੁਰਮਤਿ ਗੁਰਭਾਈ." (ਭਾਗੁ) ੫. ਇਸਤ੍ਰੀਆਂ ਦਾ ਇੱਕ ਗਹਿਣਾ.

ਲਟਕਣਾ, ਲਟਕਨਾ: ਕ੍ਰਿ- ਭੋਰੇ ਆਦਿ ਨਾਲ ਲੰਬ ਹੋਣਾ. ਸੰ. ਲੰਬਨ. ਲਮਕਣਾ। ੨. ਕਿਸੇ ਪੁਰ ਮੋਹਿਤ ਹੋਕੇ ਉਸ ਦੇ ਦਰਵਾਜ਼ੇ ਪੁਰ ਝੂੰਮਦੇ ਰਹਿਣਾ. "ਤਾਂਪਰ ਰਹੀ ਹੋਇ ਸੋ ਲਟਕਨ." (ਚਰਿਤ੍ਰ ੩੨੬)

ਲਟਕਾ: ਸੰਗਯਾ- ਆਨੰਦ ਦਾ ਝੂਟਾ। ੨. ਗਤਿ. ਚਾਲ.

ਲਟਨਾ: ਕ੍ਰਿ- ਹਟਣਾ. ਮਿਟਣਾ. "ਗਾਰੜੂ ਕੇ ਬਲ ਤੇ ਲਟੀ ਪੰਚਮੁਖੀ ਜੁਗ ਸਾਂਪਨਿ ਕਾਰੀ." (ਚੰਡੀ ੧) ਪੰਜਾਂ ਅੰਗੁਲੀਆਂ ਵਾਲੀਆਂ ਦੋ ਬਾਹਾਂ। ੨. ਦੀਨ ਹੋਣਾ। ੩. ਥੱਕਣਾ। ੪. ਕਮ ਹੋਣਾ. ਘਟਣਾ.

ਲਟਪਟਾ: ਵਿ- ਅਲਬੇਲਾ. ਬਾਲਕ ਵਾਂਙ ਚੇਸ਼੍ਟਾ ਕਰਨ ਵਾਲਾ। ੨. ਬਾਂਕਾ. "ਲਟਪਟੀ ਪਾਗ ਸੋਂ ਲਪੇਟ ਮਨ ਲੈਗਯੋ." (ਚਰਿਤ੍ਰ ੧੨) ੩. ਪਟ (ਵਸਤ੍ਰ) ਵਿੱਚਦੀਂ ਜਿਸ ਦੀ ਲਟਾਂ ਨਿਕਲੀਆਂ ਹਨ. ਖੁੱਥੀ ਪੱਗ ਵਾਲਾ.

ਲਟਭ: ਸੰ. ਵਿ- ਸੁੰਦਰ ਮਨੋਹਰ.

ਲਟਰ ਪਟਰ: ਸੰਗਯਾ- ਆਡੰਬਰ. ਦਿਖਾਵਾ। ੨. ਭੂਖਣ, ਵਸਤ੍ਰ ਆਦਿ ਦੀ ਸਜਾਵਟ.

ਲਟਾ: ਸੰਗਯਾ- ਕੇਸਾਂ ਦੀ ਲਟ। ੨. ਲੱਟ. ਲੰਪਟ। ੩. ਲੁੱਚਾ.

ਲਟਾਪਟਾ: ਧਨ ਸੰਪਦਾ. ਸਾਜੋ ਸਾਮਾਨ. ਲਕਾਤੁਕਾ. "ਆਵੈਗੀ ਜਬ ਕਾਲਘਟਾ। ਤਬ ਛੋਡ ਜਾਹਿੰਗੇ ਲਟਾਪਟਾ." (ਮਾਤ੍ਰਾ ਚਰਪਟਨਾਥ ਦੇ ਸੰਬਾਦ ਦੀ)

ਲਟਾਪਟੀ, ਲਟਾਪੱਟ: ਵਿ- ਕੇਸੋਕੇਸੀ. ਆਪੋ ਵਿੱਚੀ ਇੱਕ ਦੂਜੇ ਦੀ ਲਟ ਪੁੱਟਣ ਵਾਲੇ. "ਲਟਾਪੱਟ ਹੋਏ." (ਗੁਪ੍ਰਸੂ)

ਲਟੀ: ਵਿ- ਲਟਾ ਵਾਲਾ, ਵਾਲੀ. "ਕਿ ਸਰਪੰ ਲਈ ਹੈ." (ਦੱਤਾਵ) ਨਾਗ ਜੇਹੀ ਜਟਾ ਵਾਲੀ ਹੈ। ੨. ਘਟੀ. ਕਮ ਹੋਈ. ਨਜੂਨ. ਦੇਖੋ, ਲਟਨਾ. "ਉਪਮਾਂ ਨ ਲਟੀ ਹੈ." (ਨਾਪ੍ਰ) ੩. ਘਟੀਆ। ੪. ਝੂਠੀ.

ਲਟੂਰੀ: ਵਿ- ਉਲਝੀ ਲਟਾ ਵਾਲੀ. ਜਿਸ ਦੇ ਕੇਸ਼ ਉਲਝੇ ਹੋਏ ਹਨ. "ਲਟੂਰੀ ਮਧੁਰੀ ਠਾਕੁਰੁ ਭਾਈ." (ਦੇਵ ਮਃ ੪)

ਲਟੂਆ, ਲਟੂਹਾ: ਸੰਗਯਾ- ਲਾਟੂ. ਲੱਟੂ। ੨. ਵਿ- ਲੱਟੂ ਹੋਇਆ. ਮੋਹਿਤ ਹੋਕੇ ਘੁਮੇਰੀਆਂ ਪਾਉਣ ਵਾਲਾ। ੩. ਲੋਟਪੋਟ. "ਭਏ ਲਟੂਹਾ ਹੋਇ ਅਖੇਦਾ." (ਨਾਪ੍ਰ)

ਲਟੂਰੀਆ: ਵਿ- ਜਿਸ ਦੀਆਂ ਲਟਾਂ ਉਲਝੀਆਂ ਅਤੇ ਬਿਖਰੀਆਂ ਹਨ। ੨. ਜਟਾਧਾਰੀ ਫਕੀਰ.

ਲਠ, ਲੱਠ: ਸੰਗਯਾ- ਲਾਠੀ. ਯਸ਼੍ਟਿ। ੨. ਖੂਹ ਖਰਾਸ ਚਰਖਾ ਆਦਿ ਯੰਤ੍ਰਾਂ ਦੀ ਧੁਰ (axle)

ਲੱਠਮਾਰ: ਸੋਟਾ ਮਾਰਨ ਵਾਲਾ. ਲੜਾਕਾ. ਦੰਗਈ.

ਲੱਠਾ: ਸੰਗਯਾ- ਇੱਕ ਪ੍ਰਕਾਰ ਦਾ ਗਾੜ੍ਹਾ ਮੋੱਟਾ ਵਸਤ੍ਰ। ੨. ਸ਼ਹਤੀਰ. ਮੋੱਟਾ ਬਾਲਾ। ੩. ਸੋੱਟਾ. ਕੁਤਕਾ। ੪. ਮਰਾ-ਅਸਭਜਤਾ। ੫. ਵਿ- ਅਸਭਜ. ਲੁੱਚਾ. "ਰਹਿਨ ਨ ਗਨਕਾ ਵਾੜਿਅਹੁ ਵੇਕਰਮੀ ਲੱਠੇ." (ਭਾਗੁ)

ਲਡ: ਸੰ. ਲਡ੍. ਧਾ- ਕ੍ਰੀੜਾ ਕਰਨਾ, ਖੇਡਣਾ, ਜੀਭ ਹਿਲਾਉਣਾ, ਪਾਲਨ ਕਰਨਾ, ਚਾਹੁਣਾ.

ਲਡਨਾ: ਕ੍ਰਿ- ਲੱਦਣਾ. ਲਾਦਨਾ. "ਸਾਥ ਲਡੇ ਤਿਨ ਨਾਠੀਆ." (ਮਾਰੂ ਅਃ ਮਃ ੧) ਦੇਖੋ, ਨਾਠੀ ਅਤੇ ਨਾਠੀਆ। ੨. ਖੇਡਣਾ. ਦੇਖੋ, ਲਡ ਧਾ.

ਲਡਾਉਣਾ: ਕ੍ਰਿ- ਲਾਡ ਦੇਣਾ. ਪਿਆਰ ਕਰਨਾ. ਦੇਖੋ, ਲਡ ਧਾ.

ਲਡੂਆ: ਦੇਖੋ, ਲੱਡੂ.

ਲੱਡੂ, ਲੱਡੂਕ: ਸੰ. ਸੰਗਯਾ- ਮੋਦਕ. ਮੈਦੇ ਬੇਸਣ ਆਦਿ ਨੂੰ ਘੀ ਅਥਵਾ ਤੇਲ ਵਿੱਚ ਭੁੰਨਕੇ ਮਿੱਠੇ ਨਾਲ ਮਿਲਿਆ ਪਿੰਡ (ਪਿੰਨਾ). ੨. ਖ਼ਾ. ਟਿੰਡੋ. ਟਿੰਡੀ.

ਲਤ: ਸੰਗਯਾ- ਲਾਤ. ਟੰਗ. ਲੱਤ। ੨. ਲੱਤ ਦਾ ਪ੍ਰਹਾਰ। ੩. ਦੁਰ ਵ੍ਯਸਨ. ਬੁਰੀ ਵਾਦੀ.

ਲਤਖੋਰਾ: ਸੰਗ੍ਯਾ- ਦੇਹਲੀਜ਼, ਜੋ ਲੱਤ ਖਾਂਦੀ ਹੈ. ਚੁਗਾਠ (ਚੌਕਾਠ) ਦੇ ਹੇਠ ਦੀ ਲੱਕੜ। ੨. ਪਾਅੰਦਾਜ. ਪੈਰ ਪੂੰਝਣ ਦਾ ਤੱਪੜ ਨਮਦਾ ਆਦਿ.

ਲਤਾ: ਸੰ. ਸੰਗਯਾ- ਸਾਖ ਟਹਣੀ। ੨. ਬੇਲ. ਲਤਾ ਬਲੀ ਸਾਖ ਸਭ ਸਿਮਰਹਿ." (ਮਾਰੂ ਸੋਲਹੇ ਮਃ ੫) ੩. ਮੋਤੀਆਂ ਦੀ ਮਾਲਾ। ੪. ਸੱਟ ਦਾ ਨਿਸ਼ਾਨ. ਚੋਟ ਦਾ ਦਾਗ. "ਦੇਖ ਲਤਾ ਤੁਮ ਕਉ ਨ ਬਧੈ." (ਕ੍ਰਿਸਨਾਵ) ਮੇਰੇ ਪੈਰਾਂ ਦੀਆਂ ਸੱਟਾਂ ਦਾ ਦਾਗ ਤੇਰੇ ਬਦਨ ਪੁਰ ਦੇਖਕੇ, ਗਰੁੜ ਤੈਨੂੰ ਨਹੀਂ ਮਾਰੇਗਾ. ਦੇਖੋ, ਭ੍ਰਿਗੁਲਤਾ। ੫. ਅ਼. لطہ ਲਤ਼ਅ਼. ਪੈਰ ਦਾ ਪ੍ਰਹਾਰ. ਪੈਰ ਦੀ ਠੋਕਰ. ਠੁੱਡਾ. ਲੱਤ ਦੀ ਮਾਰ.

ਲਤਾਫ਼ਤ, ਲਤ਼ਾਫ਼ਤ: ਅ਼. لطافت ਸੰਗਯਾ- ਸਫਾਈ ਪਵਿਤ੍ਰਤਾ। ੨. ਬਾਰੀਕੀ ਸੂਖਮਤਾ। ੩. ਕੋਮਲਤਾ। ੪. ਸੁਆਦ. ਰਸ.

ਲਤਾਭ੍ਰਿਗੁ: ਦੇਖੋ, ਭ੍ਰਿਗੁ ਅਤੇ ਭ੍ਰਿਗੁਲਤਾ. "ਸਾਰੰਗ ਚਕ੍ਰ ਲਤਾਭ੍ਰਿਗੁ ਕੀ." (ਰਾਮਾਵ)

ਲਤਾਰਨਾ, ਲਤਾੜਨਾ: ਕ੍ਰਿ- ਲੱਤਾਂ ਨਾਲ ਤਾੜਨਾ. ਪੈਰਾਂ ਹੇਠ ਕੁਚਲਣਾ. "ਇਕੁ ਛਿਜਹਿ, ਥਿਆ ਲਤਾੜੀਅਹਿ." (ਸ. ਫਰੀਦ)

ਲਤੀਫ, ਲਤ਼ੀਫ: ਅ਼. لطیف ਵਿ- ਪਵਿਤ੍ਰ। ੨. ਬਾਰੀਕ. ਸੂਖਮ. "ਜੇ ਤੂੰ ਅਕਲ ਲਤੀਫ." (ਸ. ਫਰੀਦ) ੩. ਕ੍ਰਿਪਾਲੁ। ੪. ਨੇਕ। ੫. ਸੰਗਯਾ- ਕਰਤਾਰ. ਪਾਰਬ੍ਰਹਮ.

ਲਤੀਫਾ, ਲਤ਼ੀਫਾ: ਅ਼. ਸੰਗਯਾ- ਚੁਟਕਲਾ. ਹਾਸੇ ਦੀ ਗੱਲ। ੨. ਚਮਤਕਾਰ ਭਰੀ ਅਨੂਠੀ ਬਾਤ (witticism)

ਲੱਤਾ: ਸੰ. ਲਕ੍ਤ. ਸੰਗਯਾ- ਮੈਲਾ ਅਤੇ ਪਾਟਿਆਪੁਰਾਣਾ ਵਸਤ੍ਰ. ਫ਼ਾ. لتّہ। ੨. ਦੇਖੋ, ਲਤਾ ੫.

ਲਥਣਾ, ਲਥਨਾ: ਕ੍ਰਿ- ਉਤਾਰਨਾ. ਹੇਠ ਆਉਣਾ। ੨. ਮਿਟਣਾ. "ਚਿੰਤ ਲਥੀ ਭੇਟੇ ਗੋਬਿੰਦ." (ਬਸੰ ਮਃ ੫) ੩. ਅਸ੍ਤ ਹੋਣਾ. ਛਿਪਣਾ. "ਲਥੇ ਸਭਿ ਵਿਕਾਰ." (ਮਃ ੫. ਵਾਰ ਮਲਾ) "ਗੁਰੁ ਸੇਵਿਆ ਭੈਭੰਜਨ ਦੁਖ ਲਥਾ." (ਸ੍ਰੀ ਮਃ ੫) "ਲਥਿਅੜੇ ਜਗਿ ਤਾਪਾ ਰਾਮ." (ਵਡ ਛੰਤ ਮਃ ੪) ੪. ਅਕਾੜੇ ਵਿੱਚ ਦਾਖ਼ਿਲ ਹੋਣਾ. "ਮਲ ਲਥੇ ਲੈਦੇ ਫੇਰੀਆ." (ਸ੍ਰੀ ਮਃ ੫. ਪੈਪਾਇ)

ਲਥਾ: ਉਤਰਿਆ. ਦੇਖੋ, ਲਥਣਾ.

ਲਥੇਰਨਾ: ਕ੍ਰਿ- ਲੱਤਾਂ ਹੇਠ ਮੱਧਣਾ. ਲਤਾੜਨਾ.

ਲਥੇਰ ਪਥੇਰ, ਲਥੇਰ ਪਥੇੜ: ਸੰਗਯਾ- ਲੱਤਾਂ ਨਾਲ ਮਥਕੇ (ਮਿੱਧਕੇ) ਗਾਰੇ ਮਿੱਟੀ ਵਿੱਚ ਲਬੇੜਨ ਦੀ ਕ੍ਰਿਯਾ. ਪਾਮਾਲ ਕਰਕੇ ਮਿੱਟੀ ਵਿੱਚ ਮਿਲਾਉਣ ਦਾ ਭਾਵ- "ਜਗ ਮਹਿ ਕਰੀ ਲਥੇਰ ਪਥੇਰਾ." (ਨਾਪ੍ਰ)

ਲਥੇੜਨਾ: ਦੇਖੋ, ਲਥੇਰਨਾ.

ਲਥੇੜ ਪਥੇੜ: ਦੇਖੋ, ਲਥੇਰ ਪਥੇੜ.

ਲਦਜਾਣਾ: ਕ੍ਰਿ- ਦੇਖੋ, ਲਦਨਾ ੩. ਅਤੇ ੪.

ਲਦਨਾ: ਕ੍ਰਿ- ਬੋਝ ਰੱਖਣਾ. ਲਾਦਨਾ। ੨. ਕਿਸੇ ਵਸਤੁ ਨੂੰ ਲੈ ਜਾਣ ਲਈ ਪਸ਼ੁ ਗੱਡੇ ਆਦਿ ਪੁਰ ਰੱਖਣਾ। ੩. ਕੂਚ ਕਰਨਾ। ੪. ਮਰਨਾ. "ਤੈ ਪਾਸਹੁ ਓਇ ਲਦਿਗਏ." (ਸ. ਫਰੀਦ)

ਲਦਾਉ: ਲੱਦਣ ਦਾ ਭਾਵ। ੨. ਬੋਝ. ਭਾਰ.

ਲਦਿ: ਲੱਦਕੇ. "ਹਰਿ ਧਨੁ ਲਦਿ ਚਲਾਈ." (ਸੂਹੀ ਮਃ ੪)

ਲਧ: ਸੰ. ਲਬ੍ਧ. ਵਿ- ਲੱਭਿਆ. ਪ੍ਰਾਪਤ ਹੋਇਆ. ਪਾਇਆ.

ਲਧਣਾ: ਕ੍ਰਿ- ਲਬ੍ਧ ਹੋਣਾ. ਪ੍ਰਾਪਤ ਕਰਨਾ. ਲਭਣਾ.

ਲਧਮੁ: ਸਿੰਧੀ. ਵਿ- ਮੈ ਲਬ੍ਧ (ਪ੍ਰਾਪਤ) ਕੀਤਾ. "ਸਾਥੀ ਲਧਮੁ ਦੁਖਹਰਤਾ." (ਵਾਰ ਗੂਜ ੨. ਮਃ ੫)

ਲਧੜਾ, ਲਧੜੀ, ਲਧਾ, ਲਧੀ: ਵਿ- ਲਬ੍ਧ. ਲੱਭਿਆ. ਪਾਇਆ. ਪ੍ਰਾਪਤ ਕੀਤੀ. ਲੱਭੀ. "ਹਰਿ ਸਜਣੁ ਲਧੜਾ

ਨਾਲਿ." (ਗਉ ਮਃ ੪. ਕਰਹਲੇ) "ਨਾਨਕ ਲਧੜੀਆ ਤਿਨਾਹ" (ਵਾਰ ਮਾਰੂ ੨. ਮਃ ੫) "ਗੁਰ ਮਿਲਿ ਲਧਾ ਜੀ ਰਾਮ ਪਿਆਰਾ." (ਵਡ ਛੰਤ ਮਃ ੫)

ਲਧੋਵਾਰਾ: ਲਬ੍ਧ- ਅਵਾਰਾ. ਜੋ ਅਵਾਰਾਗਰਦ ਗਿਣਿਆ ਗਿਆ ਹੈ. "ਚੁਣਿ ਕਢੇ ਲਧੋਵਾਰੇ." (ਮਃ ੪. ਵਾਰ ਗਉ ੧) ੨. ਬਨਮਾਣੂ.

ਲੱਧੜ: ਦੇਖੋ, ਨਿਸ਼ਾਨਵਾਲੀ ਮਿਸਲ.

ਲੱਧਾ: ਵਿ- ਲਬ੍ਧ. ਪ੍ਰਾਪਤ ਕੀਤਾ। ੨. ਸੰਗਯਾ- ਬਾਂਦਰ। ੩. ਦੇਖੋ, ਲੱਧਾ ਭਾਈ.

ਲੱਧਾ ਭਾਈ: ਲਹੌਰ ਨਿਵਾਸੀ ਇੱਕ ਆਤਮਗਿਆਨੀ ਅਤੇ ਪਰੋਪਕਾਰੀ ਸਿੱਖ. ਸ਼੍ਰੀ ਗੁਰੂ ਨਾਨਕਦੇਵ ਜੀ ਦੀ ਨਿੰਦਾ ਕਰਨ ਅਤੇ ਗੁਰਦਰਬਾਰ ਦੀ ਸੇਵਾ ਤਿਆਗਣ ਤੋਂ ਸੱਤਾ ਅਤੇ ਬਲਵੰਡ ਰਬਾਬੀ ਸ਼੍ਰੀ ਗੁਰੂ ਅਰਜਨਦੇਵ ਜੀ ਨੇ ਦੀਵਾਨ ਵਿੱਚੋਂ ਕੱਢ ਦਿੱਤੇ ਅਤੇ ਹੁਕਮ ਜਾਰੀ ਕੀਤਾ ਕਿ ਜੋ ਇਨ੍ਹਾਂ ਮਨਮੁਖਾਂ ਦੀ ਸਾਡੇ ਪਾਸੇ ਸਿਫ਼ਾਰਿਸ਼ ਕਰੂ, ਉਸ ਦਾ ਕਾਲਾ ਮੂੰਹ ਕਰਕੇ ਗਧੇ ਚੜ੍ਹਾਇਆ ਜਾਊ. ਇਸ ਪੁਰ ਰਬਾਬੀ ਦੁਖੀ ਹੋਕੇ ਮੁਆਫੀ ਲਈ ਅਨੇਕ ਜਤਨ ਕਰਦੇ ਰਹੇ, ਕਿਸੇ ਨੇ ਕੁਝ ਸਹਾਇਤਾ ਨਾ ਕੀਤੀ, ਅੰਤ ਨੂੰ ਭਾਈ ਲੱਧੇ ਦੀ ਸ਼ਰਣ ਲਈ. ਪਰਉਪਕਾਰੀ ਭਾਈਸਾਹਿਬ, ਕਾਲਾ ਮੂੰਹ ਕਰਕੇ ਗਧੇ ਪੁਰ ਸਵਾਰ ਹੋਕੇ ਲਹੌਰ ਤੋਂ ਅਮ੍ਰਿਤਸਰ ਪਹੁੰਚੇ. ਸ਼੍ਰੀ ਗੁਰੂ ਅਰਜਨਦੇਵ ਜੀ ਨੇ ਸਿੰਘਾਸਨ ਤੋਂ ਉੱਠਕੇ ਭਾਈ ਲੱਧੇ ਨੂੰ ਛਾਤੀ ਨਾਲ ਲਾਇਆ ਅਤੇ ਉਸ ਦੀ ਬੇਨਤੀ ਪੁਰ ਰਬਾਬੀ ਬਖ਼ਸ਼ ਦਿੱਤੇ.

ਲਨਤਰਾਨੀ: ਅ਼. لن‌ترانی ਤੂੰ ਮੈਨੂ ਨਹੀਂ ਦੇਖ ਸਕਦਾ. ਇਹ ਵਾਕ ਕਰਤਾਰ ਵੱਲੋਂ ਮੂਸਾ ਨੂੰ ਕਿਹਾ ਗਿਆ ਸੀ. "ਆਵਾਜ਼ ਲਨਤਰਾਨੀ ਹਰਦਮ ਬਗੋਸ਼ੇ ਦਿਲ। ਮੂਸਾ ਮਗਰ ਬਦੀਦਨੇ ਦੀਦਾਰ ਮੇ ਰਵਦ." (ਦੀਵਾਨ ਗੋਯਾ) ੨. ਹੁਣ ਸ਼ੇਖੀ ਮਾਰਨ ਦੇ ਅਰਥਾਂ ਵਿੱਚ ਲੋਕ ਇਸ ਨੂੰ ਵਰਤਦੇ ਹਨ. ਭਾਵ ਇਹ ਹੁੰਦਾ ਹੈ ਕਿ ਜੋ ਚੀਜ ਦੇਖੀ ਨਹੀਂ, ਜਿਸ ਦਾ ਪੂਰਾ ਗਜਾਨ ਨਹੀਂ ਉਸ ਬਾਬਤ ਗੱਪ ਅਤੇ ਡੀਂਗ ਮਾਰਨੀ.

ਲਪ: ਸੰਗਯਾ- ਅੰਜੁਲਿ. ਸਿੱਪੀ ਦੇ ਆਕਾਰ ਕੀਤੀ ਹੋਈ ਹੱਥ ਦੀ ਹਥੇਲੀ। ੨. ਉਤਨੀ ਵਸ੍ਤੁ. ਜੋ ਲਪ ਵਿੱਚ ਆਜਾਵੇ। ੩. ਸੰ. लप्. ਧਾ- ਬੋਲਣਾ, ਆਲਾਪ ਕਰਨਾ, ਰੋਣਾ, ਸ਼ੋਰ ਕਰਨਾ। ੪. ਫ਼ਾ. لپ ਸੰਗਯਾ- ਵਡਾ ਗ੍ਰਾਸ (ਬੁਰਕੀ)

ਲਪਕ: ਸੰਗਯਾ- ਝਪਟ. ਟਪੂਸੀ। ੨. ਅੱਗ ਦੀ ਲਾਟ ਦੀ ਝਪਟ। ੩. ਚਮਕ ਦਮਕ.

ਲਪਕਣਾ: ਕ੍ਰਿ- ਤੇਜ਼ੀ ਨਾਲ ਕਿਸੇ ਨੂੰ ਫੜਨ ਲਈ ਉਛਲਣਾ. ਝਪਟਣਾ। ੨. ਕਿਸੇ ਨੂੰ ਖਾਣ ਪੈਣਾ. ਨਿਗਲਣ ਲਈ ਦੌੜਨਾ. ਦੇਖੋ, ਲਪ ੪.

ਲਪਟ: ਸੰਗਜਾ- ਸੁਗੰਧ ਦਾ ਮਹਕਾਰ। ੨. ਝਪਟ. ਲਿਪਟਣ ਦਾ ਭਾਵ. "ਇਮ ਕਰਨ ਲਾਗ ਲਪਟੈਂ ਲਵ੍ਾਰ। ਜਿਮ ਜੁਬਣਹੀਨ ਲਪਟਾਇ ਨਾਰ." (ਰਾਮਾਵ) ੩. ਲਪੇਟਣ ਦਾ ਭਾਵ. "ਪਰਦਨ ਬੀਚ ਲਪਟ ਤਿੰਹ ਲੀਨਾ." (ਚਰਿਤ੍ਰ ੩੭੭) ੪. ਦੇਖੋ, ਲੰਪਟ। ੫. ਅਗਨਿ ਦੀ ਲਾਟ.

ਲਪਟਨਾ: ਕ੍ਰਿ- ਲੰਪਟ ਹੋਣਾ। ੨. ਝਪਟਣਾ.

ਲਪਟਾਨਾ: ਵਿ- ਲੰਪਟ ਹੋਇਆ। ੨. ਕ੍ਰਿ. ਲਿਪਟ ਜਾਣਾ.

ਲਪਟਿ: ਕ੍ਰਿ. ਵਿ- ਲੰਪਟ ਹੋਕੇ. "ਕੂੜੈ ਮੋਹਿ ਲਪਟਿ." (ਸੂਹੀ ਮਃ ੫) "ਲਪਟਿ ਰਹਿਓ ਮਨੁ ਬਾਸਨਾ." (ਬਿਲਾ ਮਃ ੫)

ਲਪਨ: ਸੰ. ਸੰਗਜਾ- ਮੂੰਹ (ਮੁਖ), ਜਿਸ ਦ੍ਵਾਰਾ ਲਪ (ਕਥਨ) ਕੀਤਾ ਜਾਂਦਾ ਹੈ। ੨. ਕਥਨ. ਉੱਚਾਰਣ.

ਲਪਰ: ਵਿ- ਲਪ ਕਰਨ ਵਾਲਾ. ਬਕਬਾਦੀ. ਲਵਾਰ. ਦੇਖੋ, ਲਪ ੩.

ਲਪੜ: ਚਪੇੜ. ਧੱਫਾ.

ਲਪੇਟ: ਸੰਗਜਾ- ਘੇਰਾ। ੨. ਛਲ. ਕਪਟ.

ਲਪੇਟਣਾ: ਕ੍ਰਿ- ਘੇਰਨਾ। ੨. ਦਾਉ ਵਿੱਚ ਫਸਾਉਣਾ.

ਲਪੇਟੀ: ਫਰੇਬੀ. ਕਪਟੀ.

ਲੱਪਰ: ਦੇਖੋ, ਲਪਰ.

ਲਫਜ: ਅੰ لفظ ਲਫ਼ਜ਼. ਸੰਗਜਾ- ਸ਼ਬਦ. ਵਾਕਯ. "ਪੀਰ ਲਫਜ ਕਮਾਇ." (ਮਾਰੂ ਸੋਲਹੇ ਮਃ ੫)

ਲਫਟੰਟ: ਅ਼. Lieutenant. ਕਿਸੇ ਦੀ ਥਾਂ ਮੱਲਣ ਵਾਲਾ। ੨. ਕਿਸੇ ਅਹੁਦੇਦਾਰ ਦੀ ਥਾਂ ਕੰਮ ਕਰਨ ਵਾਲਾ। ੩. ਨਾਇਬ। ੪. ਇੱਕ ਫੌਜੀ ਅਹੁਦੇਦਾਰ, ਜੋ ਕਪਤਾਨ (Captain) ਤੋਂ ਹੇਠਾਂ ਹੁੰਦਾ ਹੈ.

ਲਫਣਾ: ਕ੍ਰਿ- ਲਚਕਣਾ. ਝੁਕਣਾ.

ਲਫਰਾ: ਅਵਾਰਾਗਰਦ. ਦੇਖੋ, ਅੰ. (Loafer).

ਲਫਾਫਾ: ਦੇਖੋ, ਲਿਫ਼ਾਫ਼ਹ.

ਲਫੰਗ, ਲਫੰਗਾ: ਫ਼ਾ. لفنگ ਸੰਗਜਾ- ਲਾਫ਼ (ਸ਼ੇਖ਼ੀ) ਮਾਰਨ ਵਾਲਾ। ੨. ਲੰਪਟ. ਵਿਭਚਾਰੀ। ੩. ਅਵਾਰਾਗਰਦ.

ਲਬ: ਸੰਗਜਾ- ਲੋਭ. ਲਾਲਚ. ਲਬ੍ਧਿ ਦੀ ਇੱਛਾ। ੨. ਫ਼ਾ. لب ਹੋਠ. ਬੁਲ੍ਹ। ੩. ਕਿਨਾਰਾ। ੪. ਥੁੱਕ. ਇਸ ਦਾ ਮੂਲ ਲੁਆ਼ਬ ਹੈ.

ਲਬਧ: ਦੇਖੋ, ਲਧ.

ਲਬਧਿ: ਸੰ. ਲਬ੍ਧਿ. ਸੰਗਜਾ- ਲਾਭ. ਪ੍ਰਾਪਤੀ. "ਲਬਧਿ ਆਪਣੀ ਪਾਈ." (ਸੋਰ ਮਃ ੫) ੨. ਹਿਸਾਬ ਦਾ ਜਵਾਬ (quotient).

ਲਬਧਿਓ, ਲਬਧਿਆ, ਲਬਧੋ: ਲਬ੍ਧ ਕੀਤਾ. ਪਾਇਆ. ਲੱਭਿਆ. "ਹਰਿ ਲਬਧੋ ਮਿਤ੍ਰ ਸੁਮਿਤੋ." (ਗਾਥਾ)

ਲਬਧਜ: ਸੰ. लब्धय ਵਿ- ਲੱਭਣ ਯੋਗ੍ਯ. "ਨਾਨਕ ਲਬਧੵੰ ਅਚੁਤ ਤਨਹ." (ਸਹਸ ਮਃ ੫)

ਲਬਲਬਾ: ਅ਼. لبلب ਸੰਗਜਾ- ਮਾਤਾ ਪਿਤਾ ਦਾ ਪ੍ਰੇਮ। ੨. ਪੰਜਾਬੀ ਵਿੱਚ ਕੋਮਲ (ਨਰਮ) ਨੂੰ ਲਬਲਬਾ ਆਖਦੇ ਹਨ.

ਲਬਲੋਭ: ਦੇਖੋ. ਲਬੁ ਲੋਭੁ.

ਲਬਾਂ ਕਟਾਉਣਾ: ਹੋਠਾਂ ਉੱਤੇ ਜੋ ਮੁੱਛਾਂ ਦੇ ਵਾਲ ਹਨ, ਉਨ੍ਹਾਂ ਨੂੰ ਮੁਸਲਮਾਨੀ ਸ਼ਰਾ ਅਨੁਸਾਰ ਕਤਰਵਾਉਣਾ.

ਲਬਾਣਾ: ਸੰਗਯਾ- ਲਵਣ. (ਲੂਣ) ਦਾ ਵਣਿਜ ਕਰਨ ਵਾਲਾ ਵਪਾਰੀ. ਇੱਕ ਖਾਸ ਜਾਤੀ, ਜਿਸ ਦੀ ਪਿੰਡਾਂ ਵਿੱਚ ਲੂਣ ਵੇਚਣ ਕਾਰਣ ਇਹ ਸੰਗਯਾ- ਹੋਈ ਹੈ. ਲਬਾਣੇ ਲੋਕ ਬੈਲ ਆਦਿ ਪੁਰ ਸੌੱਦਾ ਲੱਦਕੇ ਦੇਸ਼ਾਂਤਰ ਜਾਇਆ ਕਰਦੇ ਸਨ. ਇਨ੍ਹਾਂ ਦੇ ਸਰਦਾਰ ਦੀ "ਨਾਇਕ" ਸੰਗਯਾ ਹੈ, ਜੋ ਸ਼ਾਦੀ ਆਦਿ ਉਤਸਵਾਂ ਪੁਰ ਹਰੇਕ ਤੋਂ ਇੱਕ ਰੁਪਯਾ ਭੇਟਾ ਲੈਂਦਾ ਹੈ.

ਲਬਾਦਾ: ਦੇਖੋ, ਲਬੇਦਾ। ੨. ਫ਼ਾ. ਰੂੰਦਾਰ ਦਗਲਾ. ਫਰਗਲ.

ਲਬਾਰ: ਦੇਖੋ, ਲਪਰ. ਸਿੰਧੀ. ਲਬਾੜ. ਸ਼ੇਖੀ ਮਾਰਨ ਵਾਲਾ। ੨. ਗੱਪੀ. ਮਿਥਯਾਵਾਦੀ.

ਲਬਾਲਬ: ਫ਼ਾ. لبالب ਵਿ- ਲਬ (ਕਿਨਾਰੇ) ਤੀਕ ਭਰਿਆ ਪਰਿਪੂਰਣ.

ਲਬਾੜ: ਦੇਖੋ, ਲਬਾਰ.

ਲਬੀ: ਵਿ- ਲੋਭੀ. "ਮਿਥਿਆ ਲੋਭ ਲਬੀ." (ਗੂਜ ਮਃ ੫)

ਲਬੁ: ਸੰਗਯਾ- ਲੋਭ. ਲਾਲਚ. "ਲਬੁ ਵਿਣਾਹੇ ਮਾਣਸਾ." (ਵਾਰ ਰਾਮ ੩) ੨. ਦੇਖੋ, ਲਭ੍ਯ.

ਲਬੁਲੋਭੁ: ਲਭ੍ਯ ਪਦਾਰਥ ਦਾ ਲੋਭ. "ਲਬੁ ਲੋਭੁ ਅਹੰਕਾਰੁ ਤਜਿ." (ਅਨੰਦੁ)

ਲਬੇੜਾ, ਲਬੇਦਾ: ਸੰਗਯਾ- ਲੋਥੜਾ. ਮਾਸ ਦਾ ਟੁਕੜਾ. ਵਡੀ ਬੋਟੀ. "ਕਹੂੰ ਮਾਸ ਕੇ ਗੀਧ ਲੈਗੇ ਲਬੇਦੇ." (ਚਰਿਤ੍ਰ ੪੦੫) ੨. ਬਲਗਮ ਦਾ ਖੰਘਾਰ. ਗੁਲਫਾ.

ਲਬੇਰਨਾ: ਦੇਖੋ, ਲਬੇੜਨਾ.

ਲਬੇਰਾ, ਲਬੇਰੀ: ਦੁੱਧ ਦੇਣ ਵਾਲਾ ਪਸ਼ੁ. ਲਵੇਰਾ. ਲਿਆਰਾ.

ਲਬੇੜਨਾ: ਕ੍ਰਿ- ਲੇਪ ਨਾਲ ਲਪੇਟਣਾ. ਲੇਪ ਕਰਨਾ. ਗਾਰੇ ਆਦਿ ਨਾਲ ਲਪੇਟਣਾ.

ਲਭ: ਸੰ. लभ्. ਧਾ- ਪ੍ਰਾਪਤ ਹੋਣਾ, ਮਿਲਣਾ.

ਲਭਣ: ਦੇਖੋ, ਲਭਨ. "ਲਭਣੰ ਸਾਧਸੰਗੇਣ." (ਗਾਥਾ)

ਲਭਣਹਾਰੁ: ਵਿ- ਪ੍ਰਾਪਤ ਕਰਨ ਵਾਲਾ। ੨. ਖੋਜਣ ਵਾਲਾ। ੩. ਲਭ੍ਯ. ਪ੍ਰਾਪਤ ਕਰਨ ਯੋਗ੍ਯ. "ਲਧਮੁ ਲਭਣਹਾਰੁ." (ਵਾਰ ਗੂਜ ੨. ਮਃ ੫)

ਲਭਨ: ਸੰ. ਸੰਗਯਾ- ਪ੍ਰਾਪਤ ਹੋਣ ਦੀ ਕ੍ਰਿਯਾ। ੨. ਮਿਲਾਪ.

ਲਭ੍ਯ: ਸੰ. ਵਿ- ਪ੍ਰਾਪਤ ਹੋਣ ਯੋਗ੍ਯ। ੨. ਮਿਲਣ ਲਾਇਕ.

ਲਮਹ: ਅ਼. لمح ਪਲ. ਛਣ. ਨਿਮੇਖ. ਲਹਮਾ.

ਲਮਕ: ਸੰ. ਸੰਗਯਾ- ਜਾਰ. ਉਪਪਤਿ। ੨. ਲੰਪਟ. ਵਿਭਚਾਰੀ। ੩. ਦੇਖੋ, ਲਮਕਨਾ.

ਲਮਕਨਾ: ਸੰ. लम्बन. ਲੰਬਨ. ਲਟਕਣਾ. ਝੂਲਣਾ.

ਲਮਕੰਨਾ: ਸੰ. ਲੰਬਕਰ੍ਣ. ਵਿ- ਲੰਮੇ ਕੰਨਾਂ ਵਾਲਾ. ਜਿਸ ਦੇ ਕੰਨ ਲਟਕਦੇ ਹਨ। ੨. ਸੰਗਯਾ- ਬਕਰਾ। ੩. ਗਧਾ। ੪. ਹਾਥੀ। ੫. ਖ਼ਰਗੋਸ਼.

ਲਮਛੜ: ਸੰਗਯਾ- ਲੰਬੇ ਕੁੰਦੇ ਵਾਲੀ ਬੰਦੂਕ. "ਲੰਮੀ ਨਾਲੀ ਦੀ ਤੁਫੰਗ. "ਤੋਪ ਤਮੂਰ ਜੱਜੈਲਨ ਲਮਛੜ ਲਏ ਤੁਫੇਗਨ ਜਾਲੈਂ." (ਗੁਪ੍ਰਸੂ) ੨. ਲੰਮੇ ਛੜ (ਦਸ੍ਤੇ) ਵਾਲਾ ਨੇਜ਼ਾ.

ਲਮਟੰਗਾ: ਵਿ- ਲੰਮੀਆਂ ਟੰਗਾਂ ਵਾਲਾ। ੨. ਸੰਗਯਾ- ਸਾਰਸ ਪੰਛੀ। ੩. ਊਠ. ਉਸ਼੍ਟ੍ਰ। ੪. ਲਮਢੀਂਗ.

ਲਮਢੀਂਗ: ਦੇਖੋ, ਢੀਂਗ. ਕਿਤਨਿਆਂ ਨੇ ਕੁਰੰਕਰ (ਸਾਰਸ) ਨੂੰ ਲਮਢੀਂਗ ਲਿਖਿਆ ਹੈ, ਜੋ ਭੁੱਲ ਹੈ.

ਲਮੇਰਾ: ਵਿ- ਲੰਬ- ਤਰ. ਕਿਸੇ ਹੋਰ ਕੋਲੋਂ ਵਧੇਰੇ ਲੰਮਾ.

ਲਯ: ਸੰ. ਲਯ੍. ਧਾ- ਜਾਣਾ, ਮਿਲਣਾ। ੨. ਸੰਗਯਾ- ਲੀਨ ਹੋਣਾ. ਮਿਲ ਜਾਣਾ। ੩. ਸਾਰੇ ਸੰਸਾਰ ਦੇ ਲੀਨ ਹੋਣ ਦੀ ਕ੍ਰਿਯਾ ਪ੍ਰਲਯ। ੪. ਵਿਨਾਸ਼। ੫. ਸੰਗੀਤ ਅਨੁਸਾਰ ਤੇਲਧਾਰਾ ਵਾਂਙ ਤਾਰ ਗੀਤ ਦੀ ਅਖੰਡਤਾ. ਦੇਖੋ, ਲੈ। ੬. ਪਾਰਬ੍ਰਹਮ. ਕਰਤਾਰ। ੭. ਯਗਮਤ ਅਨੁਸਾਰ ਧਿਆਨ ਦੀ ਸਾਧਨਾ ਕਰਦੇ ਹੋਏ ਵਿਸ਼ਿਆਂ ਦਾ ਚੇਤਾ ਮਿਟਜਾਣਾ, "ਲਯ" ਹੈ.

ਲਯਚਿੰਤਨ: ਸੰਗਯਾ- ਧਿਆਨ ਦਾ ਇੱਕ ਪ੍ਰਕਾਰ, ਜਿਸ ਵਿੱਚ ਪਾਰਬ੍ਰਹਮ ਤੋਂ ਕ੍ਰਮ (ਸਿਲਸਿਲੇ) ਅਨੁਸਾਰ ਸਭ ਪਦਾਰਥਾਂ ਦੀ ਉਤਪੱਤੀ ਮੰਨਕੇ, ਫਿਰ ਉਸੇ ਕ੍ਰਮ ਨਾਲ ਕਰਤਾਰ ਵਿੱਚ ਲਯ ਨਿਸ਼ਚੇ ਕਰੀਦਾ ਹੈ, ਅਰ ਸਭ ਲਯ ਕਰਨ ਤੋਂ ਕੇਵਲ ਪਾਰਬ੍ਰਹਮ ਹੀ ਬਾਕੀ ਰਹਿ ਜਾਂਦਾ ਹੈ.

ਲਯਤਾ: ਸੰਗਯਾ- ਲੀਨਤਾ. ਲਯ ਹੋਣ ਦਾ ਭਾਵ. "ਤਹਿ ਆਨਦ ਮੇ ਲਯਤਾ ਪਾਇ." (ਗੁਪ੍ਰਸੂ)

ਲਯਾਕਤ, ਲਯਾਕ਼ਤ: ਅ਼. لیاقت ਸੰਗਯਾ- ਲਾਯਕ਼ ਹੋਣ ਦਾ ਭਾਵ. ਯੋਗਯਤਾ.

ਲਰ: ਸੰਗਯਾ- ਲੰਮੀ ਛਟੀ। ੨. ਲਗਰ. ਸ਼ਾਖਾ। ੩. ਧਾਰਾ. ਰੇਖਾ. ਲੀਕ. "ਮੇਰੁ ਕੇ ਮੱਧ ਮਨੋ ਜਮਨਾ ਲਰ." (ਚੰਡੀ ੧) ਦੁਰਗਾ ਦੇ ਸ਼ੇਰ ਦਾ ਸ਼ਰੀਰ ਸੁਵਰਣ ਦਾ ਪਹਾੜ ਹੈ, ਕਾਲੀਆਂ ਲੀਕਾਂ ਮਾਨੋ ਯਮੁਨਾ ਦੀਆਂ ਧਾਰਾ ਹਨ.[1125]

ਲਰਕਊਆ, ਲਰਕਵਾ: ਲੜਕਾਗਣ. ਬਾਲਕੈ. "ਗਾਵਤ ਗੀਤ ਸਭੈ ਲਰਕਊਆ." (ਕ੍ਰਿਸਨਾਵ)

ਲਰਕਾ: ਸੰਗਯਾ- ਲੜਕਾ. ਬਾਲਕ। ੩. ਦੇਖੋ, ਲਰਿਕਾ.

ਲਰਕਾਈ: ਸੰਗਯਾ- ਲੜਕਪਨ. ਬਚਪਨ। ੨. ਲਟਕਾਈ ਦੀ ਥਾਂ ਭੀ ਇਹ ਸ਼ਬਦ ਆਇਆ ਹੈ-

"ਲਰਕਾਈ ਚਹੂੰ ਦਿਸਨ ਵਿਸਾਲਾ." (ਗੁਪ੍ਰਸੂ)

ਲਰਕਾਪਨ: ਸੰਗਯਾ- ਲੜਕਪਨ. ਮੁੰਡੇਪੁਣਾ. ਬਚਪਨ.

ਲਰਕੀ: ਸੰਗਯਾ- ਲੜਕੀ. ਕਨਯਾ. ਬਾਲਕੀ। ੨. ਭਾਵ- ਬੁੱਧਿ. ਦੇਖੋ, ਲਰਿਕੀ.

ਲਰਜ, ਲਰਜਾ: ਫ਼ਾ. لرزہ ਲਰਜ਼ਹ. ਸੰਗਯਾ- ਕਾਂਬਾ. ਕੰਪ. "ਸੇਸ ਕੇ ਸੀਸ ਧਰਾ ਲਰਜੀ ਹੈ." (ਚੰਡੀ ੧) "ਸੁਣੇ ਦੂਤ ਲਰਜੰ." (ਵਿਚਿਤ੍ਰ) "ਲਰਜਤ ਜਮ ਜਿਨ ਨਾਮ ਤੇ." (ਨਾਪ੍ਰ)

ਲਰਜ਼ਿਸ਼: ਫ਼ਾ. لرزش ਸੰਗਯਾ- ਕੰਪ. ਕੰਬਣੀ. ਕਾਂਬਾ.

ਲਰਜ਼ੀਦ: ਫ਼ਾ. لرزید ਕੰਬਿਆ. ਕੰਪਿਤ.

ਲਰਜ਼ੀਦਨ: ਫ਼ਾ. لرزیدن ਕ੍ਰਿ. ਕੰਬਣਾ. ਕੰਪਨ.

ਲਰਨਾ: ਦੇਖੋ, ਲੜਨਾ.

---

[1125] ਇਹ ਅਭੂਤੋਪਮਾ ਅਲੰਕਾਰ ਹੈ.

ਲਰਾਈ: ਦੇਖੋ, ਲੜਾਈ.

ਲਰਾਜ਼ੀਦਨ: ਦੇਖੋ, ਲਰਜ਼ੀਦਨ.

ਲਰਿ: ਕ੍ਰਿ. ਵਿ- ਲੜਕੇ. ਝਗੜਕੇ. "ਸਗਲੇ ਲਰਿ ਲਰਿ ਮੂਆ."[1126] (ਧਨਾ ਮਃ ੫)

ਲਰਿਕਾ, ਲਰਿਕੀ: ਦੇਖੋ, ਲਰਕਾ ਅਤੇ ਲਰਕੀ. "ਕੋ ਹੈ ਲਰਿਕਾ ਬਚਈ ਲਰਿਕੀ ਬੇਚੈ ਕੋਇ." (ਸ. ਕਬੀਰ) ਲੜਕਾ ਤੋਂ ਭਾਵ ਮਨ ਅਤੇ ਲੜਕੀ ਤੋਂ ਬੁੱਧਿ ਹੈ.

ਲਰੀ: ਸੰਗਯਾ- ਲੜੀ. ਸ਼੍ਰੇਣੀ. ਸੂਤ ਵਿੱਚ ਪਰੋਤੀ ਮਣਕਿਆਂ ਦੀ ਪੰਕ੍ਤਿ (ਮਾਲਾ). "ਮੋਤਿਨ ਕੀ ਲਰੀਆਂ." (ਕ੍ਰਿਸਨਾਵ) ੨. ਲਗੀ. ਲਗਨ ਹੋਈ. "ਸੰਸਾਰੈ ਕੈ ਅੰਚਲਿ ਲਰੀ." (ਗੌਂਡ ਕਬੀਰ)

ਲਰੈਯਾ: ਵਿ- ਲੜਨ ਵਾਲਾ. ਲੜਾਕਾ। ੨. ਯੋੱਧਾ.

ਲਲ: ਸੰ. ਲਲ੍. ਧਾ- ਕ੍ਰੀੜਾ ਕਰਨਾ, ਖੇਡਣਾ, ਇੱਛਾ ਕਰਨਾ. ਜੀਭ ਨੂੰ ਮੂੰਹ ਤੋਂ ਬਾਹਰ ਕੱਢਕੇ ਹਿਲਾਉਣਾ.

ਲਲਕ: ਸੰਗਯਾ- ਤ੍ਰਿਸ਼ਨਾ. ਚਾਹ। ੨. ਆਦਤ. ਸੁਭਾਉ। ੩. ਹ਼ਮਲਾ (ਹੱਲਾ) ਕਰਨ ਦੀ ਕ੍ਰਿਯਾ. "ਲਲਕ ਲਲਕ ਕੂਦ ਕੂਦ ਬਾਹਤ ਭੇ ਸਸਤ੍ਰ ਅਸਤ੍ਰ." (ਸਲੋਹ)

ਲਲਕਾਰਨਾ: ਕ੍ਰਿ- ਸਿੰਘਨਾਦ ਕਰਨਾ. ਵੈਰੀ ਨੂੰ ਵੰਗਾਰਨਾ। ੨. ਉੱਚੀ ਧੁਨਿ ਕਰਨੀ। ੩. ਲੈ ਲਓ (ਫੜਲਓ) ਅਜੇਹਾ ਕਹਿਣਾ.

ਲਲਕਾਰਾ: ਸੰਗਯਾ- ਸਿੰਘਨਾਦ. ਦੇਖੋ, ਲਲਕਾਰਨਾ.

ਲਲਚਾਉਣਾ, ਲਲਚਾਨਾ: ਕ੍ਰਿ- ਇੱਛਾ ਕਰਨਾ ਲਾਲਚ ਕਰਨਾ. ਕਿਸੇ ਵਸ੍ਤੁ ਨੂੰ ਲੈਣ ਲਈ ਮਨ ਲੋਭਾਉਣਾ. ਦੇਖੋ, ਲਲ.

ਲਲਤ: ਦੇਖੋ, ਲਲਿਤ.

ਲਲਤਪਦ: ਦੇਖੋ, ਲਲਿਤਪਦ.

ਲਲਤਾ: ਸੰ. ਲਲਿਤਾ. ਸੰਗਯਾ- ਕਸਤੂਰੀ। ੨. ਦੁਰਗਾ। ੩. ਰਾਧਾ ਦੀ ਇੱਕ ਸਖੀ (ਸਹੇਲੀ). ੪. ਨਾਰੀ. ਇਸਤ੍ਰੀ. "ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ." (ਮਲਾ ਅਃ ਮਃ ੧) ੫. ਭਾਵ- ਬੁੱਧਿ. "ਲਲਤਾ ਲੇਖਣਿ ਸਚ ਕੀ." (ਸੋਰ ਅਃ ਮਃ ੧)

ਲਲਨ: ਸੰ. ਸੰਗਯਾ- ਖੇਡਣ ਦੀ ਕ੍ਰਿਯਾ. ਕ੍ਰੀੜਾ. ਦੇਖੋ, ਲਲ ਧਾ। ੨. ਪਿਆਰਾ ਬੱਚਾ.

ਲਲਨਾ: ਸੰ. ਸੰਗਯਾ- ਨਾਰੀ. ਇਸਤ੍ਰੀ। ੨. ਭਾਰਯਾ. ਵਹੁਟੀ. "ਘਟੰਤ ਸੁਤ ਭ੍ਰਾਤ ਹੀਤੰ." (ਸਹਸ ਮਃ ੫) ੩. ਜੀਭ. ਰਸਨਾ.

ਲਲਾ: ਪੰਜਾਬੀ ਦਾ ਲ ਅੱਖਰ. "ਲਲਾ ਤਾਕੈ ਲਵੈ ਨ ਕੋਊ." (ਬਾਵਨ) ੨. ਲ ਦਾ ਉਚਾਰਣ. ਲਕਾਰ। ੩. ਦੇਖੋ, ਧੁਨੀ (ਹ). ੪. ਵਿ- ਪਿਆਰਾ ਲਾਲ। ੫. ਖੇਲ ਕਰਨ ਵਾਲਾ। ੬. ਸੰਗਯਾ- ਪੁਤ੍ਰ. "ਨੰਦਲਾਲ ਲਲਾ ਇਤ ਗਾਵਤ ਹੈ." (ਕ੍ਰਿਸਨਾਵ)

ਲਲਾਈ: ਸੰਗਯਾ- ਅਰੁਣਤਾ. ਲਾਲਪਨ. ਸੁਰਖੀ.

ਲਲਾਟ: ਸੰ. ਸੰਗਯਾ- ਸਿਰ ਦੇ ਕੇਸ਼ ਜਿਸ ਪੁਰ ਅਟਨ ਕਰਦੇ (ਫਿਰਦੇ) ਹਨ, ਮੱਥਾ. ਭਾਲ ਮਸ੍ਤਕ.

ਲਲਾਟਾਕ੍ਸ਼: ਲਲਾਟ (ਮੱਥੇ) ਉੱਪਰ ਹੈ ਅੱਖ ਜਿਸ ਦੇ, ਸ਼ਿਵ. ਤ੍ਰਿਨੇਤ੍ਰ.

---

[1126] ਮਿਤ੍ਰਾਃ

ਲਲਾ ਬਹਿਲੀਮਾ: ਦੇਖੋ, ਧੁਨੀ (ਹ)

ਲਲਾਬੇਗ: ਕਾਬੁਲ ਦਾ ਸਿਪਹਸਾਲਾਰ, ਜੋ ਸ਼ਾਹਜਹਾਂ ਦੇ ਹੁਕਮ ਨਾਲ ਸੈਨਾ ਲੈਕੇ ਗੁਰੂਸਰ ਮੇਹਰਾਜ ਦੇ ਮਕਾਮ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਲੜਿਆ ਅਤੇ ਸਤਿਗੁਰੂ ਦੇ ਹੱਥੋਂ ਸ਼ਹੀਦ ਹੋਇਆ. ਦੇਖੋ, ਹਰਿਗੋਬਿੰਦ ਸਤਿਗੁਰੂ.

ਲਲਾਮ: ਸੰ. ਵਿ- ਸੁੰਦਰ. ਮਨੋਹਰ। ੨. ਸੰਗਯਾ- ਸਜਾਵਟ. ਸ਼ੋਭਾ। ੩. ਝੰਡਾ. ਧੁਜਾ। ੪. ਚਿੰਨ੍ਹ. ਨਸ਼ਾਨ। ੫. ਘੋੜਾ। ੬. ਗਹਿਣਾ. ਭੂਖਣ। ੭. ਰਤਨ.

ਲਲਾਰ: ਵਿ- ਖਿਲਾਰੀ. ਦੇਖੋ, ਲਲ ਧਾ. "ਲੱਪ ਕੇ ਲਲਾਰੇ." (ਚੰਡੀ ੨) ੨. ਦੇਖੋ, ਲਲਾਟ.

ਲਲਿਤ: ਸੰ. ਵਿ- ਸੁੰਦਰ. ਮਨੋਹਰ. "ਧੁਨਿਤ ਲਲਿਤ." (ਭੈਰ ਪੜਤਾਲ ਮਃ ੫) ੨. ਚਾਹਿਆ ਹੋਇਆ. ਲੋੜੀਂਦਾ। ੩. ਸੰਗਯਾ- ਕਾਵ੍ਯ ਅਨੁਸਾਰ ਇੱਕ ਹਾਵ- "ਬੋਲਨ ਹਸਨ ਬਿਲੋਕਬੋ ਚਲਨ ਮਨੋਹਰ ਰੂਪ। ਜੈਸੇ ਤੈਸੇ ਬਰਨਿਯੇ ਲਲਿਤ ਹਾਵ ਅਨੁਰੂਪ॥" (ਰਸਿਕਪ੍ਰਿਯਾ) ੪. ਭੈਰਵ ਠਾਟ ਦਾ ਇੱਕ ਸ਼ਾੜਵ ਰਾਗ. ਇਸ ਵਿੱਚ ਪੰਚਮ ਵਰਜਿਤ ਹੈ. ਮੱਧਮ ਅਤੇ ਧੈਵਤ ਦੀ ਸੰਗਤਿ ਰਹਿੰਦੀ ਹੈ. ਮੱਧਮ ਵਾਦੀ ਅਤੇ ਸ਼ੜਜ ਸੰਵਾਦੀ ਹੈ. ਕੰਪ ਸਾਥ ਤੀਵ੍ਰ ਮੱਧਮ ਭੀ ਲਗ ਜਾਂਦਾ ਹੈ. ਸ਼ੜਜ ਗਾਂਧਾਰ ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ ਅਤੇ ਮੱਧਮ ਤੀਵ੍ਰ ਹੈ. ਗਾਉਣ ਦਾ ਵੇਲਾ ਤੜਕੇ ਤੋਂ ਪਹਿਰ ਦਿਨ ਚੜ੍ਹੇ ਤੀਕ ਹੈ.

ਆਰੋਹੀ- ਨ ਰਾ ਗ ਮ ਮੀ ਮ ਗ ਮੀ ਧਾ ਸ਼.

ਅਵਰੋਹੀ- ਗ ਨ ਧਾ ਮੀ ਧਾ ਮੀ ਮ ਮ ਗ ਰਾ ਸ਼.

ਸ਼੍ਰੀ ਗੁਰੂ ਗ੍ਰੰਥਸਾਹਿਬ ਵਿੱਚ ਲਲਿਤ ਨੂੰ ਸੂਹੀ ਨਾਲ ਮਿਲਾਕੇ ਲਿਖਿਆ ਹੈ।

੫. ਇੱਕ ਅਰਥਾਲੰਕਾਰ. ਜੋ ਬਾਤ ਕਹਿਣੀ ਹੈ, ਉਸ ਦੇ ਥਾਂ ਉਸ ਦਾ ਪ੍ਰਤਿਬਿੰਬ ਵਰਣਨ ਕਰੀਏ, ਅਰਥਾਤ ਕਹਿਣ ਯੋਗ੍ਯ ਬਾਤ ਦੀ ਝਲਕ. ਵਾਕਰਚਨਾ ਵਿੱਚ ਪਾਈ ਜਾਵੇ, ਇਹ "ਲਲਿਤ" ਅਲੰਕਾਰ ਹੈ.

ਕਹਿਯੇ ਕਛੁ ਪ੍ਰਤਿਬਿੰਬ ਸੋ, ਤਾਸੁ ਬਨਾਯ ਸੁ ਧੀਰ,

ਅਲੰਕਾਰ ਵਰਣੈ ਤਹਾਂ, ਲਲਿਤ ਸੁਮਤਿ ਗੰਭੀਰ.

(ਰਾਮਚੰਦ੍ਰ ਭੂਸ਼ਣ)

ਉਦਾਹਰਣ-

ਬੀਉ ਬੀਜਿ ਪਤਿ ਲੈਗਏ, ਅਬ ਕਿਉ ਉਗਵੈ ਦਾਲਿ? (ਵਾਰ ਆਸਾ) ੬. ਦੇਖੋ, ਸਵੈਯੇ ਦਾ ਰੂਪ ੮.

ਲਲਿਤਪਦ: ਵਿ- ਸੁੰਦਰ (ਮਨੋਹਰ) ਪਦਾਂ ਵਾਲਾ. ਜਿਸ ਦੇ ਸ਼ਬਦਾਂ ਦੀ ਜੜਤ ਉੱਤਮ ਹੈ। ੨. ਸੰਗਯਾ- ਇੱਕ ਮਾਤ੍ਰਿਕ ਛੰਦ, ਜਿਸ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ੨੮ ਮਾਤ੍ਰਾ, ੧੬- ੧੨ ਪੁਰ ਵਿਸ਼੍ਰਾਮ, ਅੰਤ ਦੋ ਗੁਰੁ. ਇਹ ਸਾਰ ਛੰਦ ਦਾ ਨਾਮਾਂਤਰ ਹੈ.

ਉਦਾਹਰਣ-

ਜਿਨ ਅਪਨਾ ਕਰਤਵ੍ਯ ਵਿਚਾਰ੍ਯੋ,

ਵਿਦ੍ਯਾ ਬੁੱਧੀ ਪਾਈ, ×××

ਦੇਸ਼ ਕੌਮ ਕੀ ਸੇਵਾ ਕੀਨੀ,

ਭਯੋ ਅਨਾਥ ਸਹਾਈ. ×××

(ਅ) ਦੂਜਾ ਰੂਪ- ਪ੍ਰਤਿ ਚਰਣ ੨੭ ਮਾਤ੍ਰਾ, ੧੫- ੧੨ ਪੁਰ ਵਿਸ਼੍ਰਾਮ, ਅੰਤ ਲਘੁ.

ਉਦਾਹਰਣ-

ਸਭਿ ਕਾਰਯ ਕੇ ਆਦਿ ਮਨਾਇ,

ਜਗਤਨਾਥ ਸੁਖ ਦਾਨਕ,

ਸਿੱਖਨ ਕੋ ਇਹ ਦੀਨ ਬਤਾਇ,

ਕਲਿਤਾਰਨ ਗੁਰੂ ਨਾਨਕ. ×××

ਲਲਿਤਾ: ਸੰ. ਸੰਗਯਾ- ਕਸਤੂਰੀ। ੨. ਰਾਧਿਕਾ ਦੀ ਇੱਕ ਸਹੇਲੀ। ੩. ਕਾਲਿਕਾ ਪੁਰਾਣ ਅਨੁਸਾਰ ਬਿਲ੍ਵਕੇਸ਼੍ਵਰ ਪਾਸ ਵਹਿਣ ਵਾਲੀ ਇੱਕ ਨਦੀ। ੪. ਦੇਖੋ, ਲਲਤਾ। ੫. ਸੰ. ਲਾਲਿਤਜ. ਸੰਗਯਾ- ਸੁੰਦਰਤਾ. ਖ਼ੂਬਸੂਰਤੀ. ਲਲਿਤਪਨ. "ਕੁੰਗੂ ਕੀ ਕਾਇਆ ਰਤਨਾ ਕੀ ਲਲਿਤਾ."[1127] (ਸ੍ਰੀ ਮਃ ੧)

ਲਲਿਤਾਰ: ਵਿ- ਲਾਲਿਤਜ ਵਾਲੀ ਸੁੰਦਰ. "ਲਲਿਤਾਰ ਕਲਮਲ ਦਹਿਨ ਕਰਨੀ." (ਸਲੋਹ)

ਲਲੀ: ਦੇਖੋ, ਰੀਰੀ ਲਲੀ। ੨. ਪਿਆਰੀ, ਦੁਲਾਰੀ ਆਦਿ ਬੋਧਕ ਸ਼ਬਦ.

ਲਲੂ: ਵਿ- ਖਿਲਾਰੀ। ੨. ਲੋਭੀ. ਦੇਖੋ, ਲਲ ਧਾ.

ਲਲ੍ਹ: ਦੇਖੋ, ਲੱਲ ੧.

ਲਲ੍ਹਾ: ਥਥਲਾਕੇ ਬੋਲਣ ਵਾਲਾ ਅਤੇ ਬੇਅਕਲ (ਬੁੱਧੂ). ੨. ਖਿੱਦੋਖੂੰਡੀ ਖੇਡ ਦਾ ਅਡਾ.

ਲੱਲ: ਰਿਆਸਤ ਪਟਿਆਲਾ, ਤਸੀਲ ਥਾਣਾ ਪਾਇਲ ਦਾ ਪਿੰਡ, ਜੋ ਰੇਲਵੇ ਸਟੇਸ਼ਨ ਦੋਰਾਹੇ ਤੋਂ ਪੰਜ ਮੀਲ ਪੂਰਵ ਹੈ. ਇਸ ਪਿੰਡ ਤੋਂ ਉੱਤਰ ਦੋ ਫਰਲਾਂਗ ਪੁਰ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਗੁਰਦ੍ਵਾਰਾ ਹੈ. ਸਤਿਗੁਰੂ ਮਾਛੀਵਾੜੇ ਤੋਂ ਇੱਥੇ ਆਏ ਹਨ. ਇੱਥੇ ਕਲਗੀਧਰ ਨੂੰ ਸ਼ੱਕ ਦੀ ਹਾਲਤ ਵਿੱਚ ਸ਼ਾਹੀ ਫੌਜ ਦੇ ਸਰਦਾਰ ਨੇ ਸਫਰ ਤੋਂ ਰੋਕਿਆ. ਨੂਰਪੁਰ ਦੇ ਸੈਯਦ ਪੀਰ ਮੁਹੰਮਦ ਨੇ ਸਤਿਗੁਰਾਂ ਬਾਬਤ ਗਵਾਹੀ ਇਸੇ ਥਾਂ ਦਿੱਤੀ ਹੈ. "ਤ੍ਵਪ੍ਰਸਾਦਿ, ਭਰਮ ਕਾ ਨਾਸ਼" ਕਹਿਕੇ ਸਿੰਘਾਂ ਨੇ ਇੱਥੇ ਹੀ ਮੁਸਲਮਾਨਾਂ ਦਾ ਪਕਾਇਆ ਭੋਜਨ ਛਕਿਆ ਹੈ. ਗੁਰਦ੍ਵਾਰਾ ਬਣਿਆ ਹੋਇਆ ਹੈ. ੩੦ ਵਿੱਘੇ ਜ਼ਮੀਨ ਪਿੰਡ ਵੱਲੋਂ ਹੈ. ਪੁਜਾਰੀ ਨਾਮਧਾਰੀਆਂ ਸਿੰਘ ਹੈ। ੨. ਪੰਜਾਬੀ ਵਿੱਚ ਵੱਲ ਦੀ ਥਾਂ ਭੀ ਲੱਲ ਸ਼ਬਦ ਵਰਤੀਦਾ ਹੈ.

ਲੱਲਾ: ਦੇਖੋ, ਲਲਾ ੧. ਅਤੇ ੨.

ਲੱਲੋ ਪੱਤੋ: ਲਲ (ਜੀਭ) ਨਾਲ ਪ੍ਰਤਿਸ਼੍ਠਾ ਕਰਨ ਦੀ ਕ੍ਰਿਯਾ. ਝੂਠੀ ਖ਼ੁਸ਼ਾਮਦ ਦੀ ਗੱਲ.

ਲਵ: ਸੰ. ਸੰਗਯਾ- ਲੇਸ਼ (ਜ਼ਰਾ ਸਾ ਹਿੱਸਾ) ੨. ਵਿਨਾਸ਼. ਤਬਾਹੀ। ੩. ਛੇਦਨ. ਕੱਟਣਾ। ੪. ਛਣ. ਪਲ. "ਲਵੰਨਾਸੁਰੇਯੰ ਲਵੰ ਕੀਨ ਨਾਸੰ." (ਰਾਮਾਵ) ਸ਼ਤ੍ਰੂਘਨ ਨੇ ਲਵਣਾਸੁਰ ਨੂੰ ਪਲ ਵਿੱਚ ਮਾਰ ਦਿੱਤਾ। ੫. ਲਵਣਾਸੁਰ ਦਾ ਸੰਖੇਪ. ਦੇਖੋ, ਲਵਅਰਿ। ੬. ਸ਼੍ਰੀ ਰਾਮਚੰਦ੍ਰ ਜੀ ਦਾ ਸੀਤਾ ਦੇ ਉਦਰ ਤੋਂ ਪੁਤ੍ਰ. ਵਾਲਮੀਕ ਰਾਮਾਯਣ ਕੇ ਕਾਂਡ ੭. ਅਧ੍ਯਾਯ ੬੬ ਵਿੱਚ ਲਿਖਿਆ ਹੈ ਕਿ ਜਦ ਗਰਭਵਤੀ ਸੀਤਾ ਰਾਮਚੰਦ੍ਰ ਜੀ ਦੀ ਤਿਆਗੀ ਹੋਈ ਵਾਲਮੀਕਿ ਰਿਖੀ ਦੇ ਆਸ਼੍ਰਮ ਠਹਿਰੀ, ਤਦ ਉਸ ਦੇ ਗਰਭ ਤੋਂ ਜੌੜੇ ਦੋ ਪੁਤ੍ਰ ਜਨਮੇ. ਪਹਿਲਾ ਕੁਸ਼ ਦੂਜਾ ਲਵ. ਨਾਮ ਦਾ ਕਾਰਣ ਇਹ ਹੋਇਆ ਕਿ ਪ੍ਰਸੂਤ ਸਮੇਂ ਅਨੇਕ ਵਿਘਨਾਂ ਤੋਂ ਰਖ੍ਯਾ ਕਰਨ ਲਈ ਵਾਲਮੀਕਿ ਨੇ ਇਸ ਬੱਚੇ ਦੀ ਮੰਤ੍ਰ ਪੜ੍ਹਕੇ ਕੁਸ਼ਾ ਨਾਲ ਜਲ ਛਿੜਕਕੇ ਰਖ੍ਯਾ ਕੀਤੀ ਉਹ ਕੁਸ਼, ਅਰ ਜਿਸ ਦੀ ਲਵ (ਖਸ) ਨਾਲ ਰਖ੍ਯਾ ਕੀਤੀ ਉਹ ਲਵ ਕਹਾਇਆ.

ਕਈ ਲੇਖਕਾਂ ਨੇ ਲਿਖਿਆ ਹੈ ਕਿ ਲਵ ਪੁਤ੍ਰ ਸੀਤਾ ਦੇ ਪੈਦਾ ਹੋਇਆ, ਇੱਕ ਦਿਨ ਮਾਤਾ ਬਾਲਕ ਨੂੰ ਲੈ ਕੇ ਜੋ ਸਨਾਨ ਕਰਨ

[1127] ਗਯਾਨੀ ਲਲਿਤਾ ਦਾ ਅਰਥ ਜੀਭ ਕਰਦੇ ਹਨ.

ਗਈ, ਤਦ ਵਾਲਮੀਕਿ ਨੇ ਪੰਘੂੜਾ ਖਾਲੀ ਦੇਖਕੇ ਜਾਣਿਆ ਕਿ ਬੱਚਾ ਕਿਸੇ ਹਿੰਸਕ ਜੀਵ ਨੇ ਖਾ ਲਿਆ ਹੈ, ਇਸ ਲਈ ਕੁਸ਼ਾ ਹੱਥ ਲੈਕੇ ਆਪਣੀ ਸ਼ਕਤਿ ਨਾਲ ਲਵ ਜੇਹਾ ਹੀ ਦੂਜਾ ਬਾਲਕ ਰਚ ਦਿੱਤਾ, ਜੋ ਕੁਸ਼ ਕਹਾਇਆ. ਐਸਾ ਹੀ ਲੇਖ ਦਸਮਗ੍ਰੰਥ ਵਿੱਚ ਹੈ. ਦੇਖੋ, ਰਾਮਾਵਤਾਰ ਅਧ੍ਯਾਯ ੨੦.

ਲਵਅਰਿ: ਲਵਣ ਦੈਤ ਦਾ ਵੈਰੀ ਸ਼ਤ੍ਰੂਘਨ. ਲਵਣਾਰਿ. "ਬ੍ਰਹਮਰੰਧ੍ਰ ਲਵਅਰਿ ਫੁਨ. ਫੂਟਾ." (ਰਾਮਾਵ) ਦੇਖੋ, ਲਵਣ ੬.

ਲਵਗ: ਲੌਂਗ. ਦੇਖੋ, ਲਵੰਗ. "ਅਮ੍ਰਿਤ ਗਾਵ ਲਵਗਨ ਕੇ ਭਰੇ." (ਦੱਤਾਵ) ਬਹੁਤ ਬੈਲ ਲੌਂਗਾਂ ਨਾਲ ਲੱਦੇ ਹੋਏ.

ਲਵਣ: ਸੰ. ਵਿ- ਸਲੂਣੇ ਰਸ ਵਾਲਾ. ਖਾਰਾ। ੨. ਸੁੰਦਰ. ਮਨੋਹਰ। ੩. ਸੰਗ੍ਯਾ- ਲੂਣ. ਨੂਣ. ਨਮਕ। ੪. ਸਿੰਧੁ ਦੇਸ਼। ੫. ਸਮੁੰਦਰ। ੬. ਸੁਮਾਲੀ ਦੀ ਪੁਤ੍ਰੀ ਕੁੰਭੀਨਸੀ ਦੇ ਉਦਰ ਤੋਂ ਮਧੁ ਦਾ ਪੁਤ੍ਰ ਇੱਕ ਦੈਤ (ਲਵਣਾਸੁਰ), ਜੋ ਮਥੁਰਾ ਦਾ ਰਾਜਾ ਸੀ. ਇਸ ਪਾਸ ਸ਼ਿਵ ਦਾ ਦਿੱਤਾ ਸ਼ੂਲ (ਨੇਜ਼ਾ) ਸੀ, ਜਿਸ ਕਰਕੇ ਕਿਸੇ ਤੋਂ ਜਿੱਤਿਆ ਨਹੀਂ ਜਾਂਦਾ ਸੀ. ਰਿਖੀਆਂ ਦੇ ਕਹਿਣ ਤੋਂ ਇਸ ਨੂੰ ਰਾਮਚੰਦ੍ਰ ਜੀ ਦੇ ਭਾਈ ਸ਼ਤ੍ਰੂਘਨ ਨੇ ਮਾਰਿਆ.

ਲਵਣਾਸੁਰ: ਦੇਖੋ, ਲਵਣ ੬.

ਲਵਣਾਂਤਕ, ਲਵਣਾਰਿ: ਲਵਣ ਦੈਤ ਦਾ ਵੈਰੀ ਸ਼ਤ੍ਰੂਘਨ। ੨. ਨੇਂਬੂ. ਨੇਂਬੂ ਲੂਣ ਦਾ ਰਸ ਮੱਠਾ ਕਰ ਦਿੰਦਾ ਹੈ. "ਅਧਿਕ ਲੋਨ ਕੀ ਦਾਰ ਮੇ ਜਤੋਂ ਨਿੰਬੂਰਸ ਡਾਰ." (ਵ੍ਰਿੰਦ)

ਲਵਣੋਦਧਿ: ਲਵਣ- ਉਦਧਿ. ਖਾਰੇ ਪਾਣੀ ਦਾ ਸਮੁੰਦਰ.

ਲਵਨ: ਦੇਖੋ, ਲਵਣ। ੨. ਸੰ. ਕੱਟਣਾ. ਤਰਾਸ਼ਣਾ. ਮੁੱਛਣਾ.

ਲਵਨਾ: ਕ੍ਰਿ- ਲਗਾਉਣਾ. ਲਾਉਣਾ. "ਪ੍ਰੀਤਿ ਸੋਂ ਕੰਠ ਕਰਜੋ ਲਵਨਾ." (ਨਾਪ੍ਰ) ੨. ਸੰਗ੍ਯਾ- ਲਵਨਾਸੁਰ ਦਾ ਸੰਖੇਪ. ਦੇਖੋ, ਲਵਣ ੬.

ਲਵਨਾਸੁਰ, ਲਵਨਾਸੁ: ਦੇਖੋ, ਲਵਣ ੬.

ਲਵਪੁਰ: ਦੇਖੋ, ਲਹੌਰ. "ਲਵਪੁਰ ਮਹਿਂ ਇਸ ਕੇ ਸੰਗ ਜਾਇ." (ਗੁਪ੍ਰਸੂ)

ਲਵਲੇਸ਼: ਸੰ. ਬਹੁਤ ਥੋੜੀ ਮਿਕਦਾਰ। ੨. ਥੋੜਾ ਜੇਹਾ ਸੰਬੰਧ (ਲਗਾਉ).

ਲਵਾ: ਸੰਗ੍ਯਾ- ਲਬ. ਕਿਨਾਰਾ. ਕੰਢਾ। ੨. ਬਟੇਰ ਦੀ ਜਾਤਿ ਦਾ ਇੱਕ ਪੱਛੀ. ਸੰ. ਲਾਵਕ. ਫ਼ਾ. لواہ ਲਵਹ। ੩. ਵਿ- ਪੰਜਾਬੀ ਵਿੱਚ ਨਰਮ (ਮੁਲਾਇਮ) ਅਰਥ ਵਿੱਚ ਇਹ ਸ਼ਬਦ ਵਰਤਿਆ ਹੈ.

ਲਵਾਉਣਾ: ਕ੍ਰਿ- ਸਾਥ ਲੈਣਾ. "ਲੈਗਈ ਤਹਾਂ ਲਵਾਇ." (ਚਰਿਤ੍ਰ ੨੩੫) ੨. ਸੰਬੰਧ ਕਰਵਾਉਣਾ। ੩. ਲੈਣ ਦੇਣਾ. ਲੇਨੇ ਦੇਨਾ. "ਭਾਣੈ ਸਾਹ ਲਵਾਇਦਾ." (ਮਾਰੂ ਸੋਲਹੇ ਮਃ ੧) ੪. ਲਗਵਾਨਾ, ਜਿਵੇਂ- ਖੂਹ ਲਵਾਉਣਾ, ਬਾਗ ਲਵਾਉਣਾ ਆਦਿ.

ਲਵਾਇ: ਵਿ- ਲਿਵਲੀਨ. ਤਦਰੂਪ. "ਰਤੀ ਲਾਲ ਲਵਾਇ." (ਮਃ ੧. ਵਾਰ ਮਾਰੂ ੧) ੨. ਕ੍ਰਿ. ਵਿ- ਨਾਲ ਲੈਕੇ। ੩. ਸੰਬੰਧ ਕਰਵਾਕੇ। ੪. ਲਗਵਾਕੇ.

ਲਵਾਈ: ਸਾਥ ਲਈ. ਦੇਖੋ, ਲਵਾਉਣਾ। ੨. ਲਗਵਾਈ। ੩. ਲਵੇਰੀ. ਸਜ ਬਿਆਈ. "ਵਤਸਨ ਢਿਗ ਜਿਮ ਧੇਨ ਲਵਾਈ." (ਗੁਪ੍ਰਸੂ) ੪. ਲਗਵਾਈ. ਲਾਉਣ ਦੀ ਮਜ਼ਦੂਰੀ.

ਲਵਾਹਕ, ਲਵਾਹ਼ਕ਼: ਅ਼. لواحق ਵਿ- ਲਾਹ਼ਿਕ਼ (ਨਜ਼ਦੀਕੀ) ਦਾ ਬਹੁਵਚਨ. ਸੰਬੰਧੀ. ਸਮੀਪੀ. ਨੇੜੇ ਦੇ ਸਾਕ ਵਾਲੇ.

ਲਵਾਜ਼ਿਮ: ਅ਼. لوازم ਸੰਗ੍ਯਾ- ਲਾਜ਼ਿਮਹ (ਜ਼ਰੂਰੀ ਵਸ੍ਤੁ) ਦਾ ਬਹੁਵਚਨ.

ਲਵਾਰ: ਬਕਵਾਦੀ। ੨. ਝੂਠੇ ਵਾਇਦੇ ਕਰਨ ਵਾਲਾ.

ਜੈਸੇ ਫਲਝਰੇ ਕੋ ਬਿਹੰਗ ਛਾਡਦੇਤ ਰੂਖ

ਮੂਆ ਦੇਖ ਸੂਆ ਛੋਡੈਂ ਸੇਮਰ ਕੀ ਡਾਰ ਕੋ,

ਸੁਮਨ ਸੁਗੰਧ ਬਿਨ ਜੈਸੇ ਅਲਿ ਛਾਡਦੇਤ

ਮੋਤੀ ਨਰ ਛਾਡਦੇਤ ਜੈਸੇ ਐਬਦਾਰ ਕੋ,

ਜੈਸੇ ਸੂਖੇ ਤਾਲ ਕੋ ਕੁਰੰਗ ਛਾਡਦੇਤ ਮਗ

"ਸ਼ਿਵਦਾਸ" ਚਿੱਤਫਾਟੇ ਛਾਡਦੇਤ ਯਾਰ ਕੋ,

ਜੈਸੇ ਚਕ੍ਰਵਾਕ ਦੇਸ਼ ਛਾਡਦੇਤ ਪਾਵਸ ਮੇਂ

ਤੈਸੇ ਕਵਿ ਛਾਡਦੇਤ ਠਾਕੁਰ ਲਵਾਰ ਕੇ.

ਲਵਿਆ: ਲਪਿਆ. ਬਕਿਆ. ਸ਼ੇਖ਼ੀ ਮਾਰਨ ਵਾਲਾ ਹੋਇਆ. "ਬਹੁ ਤੀਰਥਿ ਭਵਿਆ ਤੇਤੋ ਲਵਿਆ." (ਵਾਰ ਆਸਾ)

ਲਵੀ: ਵਿ- ਲਵਵੰਸ਼ੀ. ਲਊ ਦੀ ਔਲਾਦ ਦਾ। ੨. ਸੰਗ੍ਯਾ- ਵਿਚਿਤ੍ਰਨਾਟਕ ਅਨੁਸਾਰ ਸੋਢੀ ਲਵਵੰਸ਼ੀ ਹਨ ਅਤੇ ਵੇਦੀ ਕੁਸ਼ਵੰਸ਼ੀ. "ਲਵੀ ਰਾਜ ਦੈ ਬਨ ਗਏ, ਬੇਦੀਅਨ ਕੀਨੋ ਰਾਜ." (ਵਿਚਿਤ੍ਰਨਾਟਕ)

ਲਵੇਰਾ, ਲਵੇਰੀ: ਨਵਾਂ ਪ੍ਰਸੂਤ ਹੋਇਆ ਪਸ਼ੂ. ਜੋ ਦੁੱਧ ਦਿੰਦਾ ਹੈ. "ਬਿਨ ਅਸਥਨ ਗਊ ਲਵੇਰੀ." (ਬਸੰ ਕਬੀਰ) ਦੇਖੋ, ਜੋਇ ਖਸਮੁ.

ਲਵੈ: ਲਪ (ਬਕਵਾਦ) ਕਰਦਾ ਹੈ. ਬੋਲਦਾ ਹੈ. "ਸੰਤ ਕੈ ਦੂਖਨਿ ਕਾਗ ਜਿਉ ਲਵੈ." (ਸੁਖਮਨੀ) ੨. ਕ੍ਰਿ. ਵਿ- ਮੁਕ਼ਾਬਲੇ ਪੁਰ. "ਦੂਸਰ ਲਵੈ ਨ ਲਾਵੈ." (ਵਾਰ ਬਸੰਤ) ੩. ਨੇੜੇ. ਸਮੀਪ. ਕੋਲ. "ਲਵੈ ਨ ਲਾਗਨ ਕਉ ਹੈ ਕਛੂਐ." (ਧਨਾ ਮਃ ੫)

ਲਵੰ: ਦੇਖੋ, ਲਵ ੬। ੨. ਲਵਣਾਸੁਰ ਦਾ ਸੰਖੇਪ. ਦੇਖੋ, ਲਵਣ ੬. "ਤਹਾਂ ਏਕ ਦੈਤੰ ਲਵੰ ਉਗ੍ਰ ਤੇਜੰ." (ਰਾਮਾਵ)

ਲਵੰਗ: ਸੰ. लवङ्ग. ਸੰਗ੍ਯਾ- ਲੌਂਗ. Caroisphyllus Arramatices. ਇੱਕ ਦਰਖ਼ਤ ਅਤੇ ਉਸ ਦੀਆਂ ਕਲੀਆਂ. ਲੌਂਗ ਜੰਗਬਾਰ ਅਤੇ ਮਾਲਾਬਾਰ ਵਿੱਚ ਬਹੁਤ ਹੁੰਦੇ ਹਨ. ਲਵੰਗ ਦੀ ਤਾਸੀਰ ਗਰਮਤਰ ਹੈ.[1128] ਮੂੰਹ ਅਤੇ ਪੇਟ ਦੇ ਰੋਗਾਂ ਨੂੰ ਦੂਰ ਕਰਦਾ ਹੈ. ਕਾਮਸ਼ਕਤਿ ਵਧਾਉਂਦਾ ਹੈ. ਦਿਲ ਦਿਮਾਗ ਨੂੰ ਤਾਕਤ ਦਿੰਦਾ ਹੈ. ਅਧਰੰਗ ਲਕਵਾ ਸਕਤਾ ਆਦਿ ਰੋਗਾਂ ਵਿੱਚ ਵਰਤਿਆ ਗੁਣਕਾਰੀ ਹੈ. ਸੁਰਮੇ ਵਿੱਚ ਮਿਲਾਕੇ ਅੱਖੀਂ ਪਾਇਆ ਨੇਤ੍ਰਾਂ ਦੇ ਅਨੇਕ ਰੋਗ ਹਟਾਉਂਦਾ ਹੈ. ਲੌਂਗ ਗਰਮ ਮਸਾਲੇ ਵਿੱਚ ਭੀ ਬਹੁਤ ਵਰਤਿਆ ਜਾਂਦਾ ਹੈ। ੨. ਵਿ- ਲੁਬ੍ਧਾਂਗ ਦਾ ਰੂਪਾਂਤਰ. ਅੰਗਾਂ ਪੁਰ ਮੋਹਿਤ ਹੋਇਆ. "ਗੁੰਜਤ ਭ੍ਰਿੰਗ ਕਪੋਲਨ ਊਪਰਿ ਨਾਗ ਲਵੰਗ ਰਹੇ ਲਿਵ ਲਾਈ." (ਰਾਮਾਵ)

ਲਵੰਗਲਤਾ: ਲੌਂਗ ਦੀ ਸ਼ਾਖਾ। ੨. ਦੇਖੋ, ਸਵੈਯੇ ਦਾ ਰੂਪ ੩੨.

ਲਵੰਤੇ: ਬੋਲਦੇ. ਪੁਕਾਰਦੇ, ਲਪ ਕਰੰਤੇ. "ਦਾਦਰ ਮੋਰ ਲਵੰਤੇ." (ਤੁਖਾ ਬਾਰਹਮਾਹਾ)

ਲਵੰਨਾਸੁਰ: ਲਵਣ- ਅਸੁਰ. ਦੇਖੋ, ਲਵਣ ੬.

ਲਵੰਨਿ: ਲਪ- ਕਰੰਨਿ. ਲਪੰਤਿ. ਪੁਕਾਰਦੇ ਹਨ. "ਅਠੇ ਪਹਰ ਲਵੰਨਿ." (ਸਵਾ ਮਃ ੫)

ਲੜ: ਸੰਗ੍ਯਾ- ਦਾਮਨ. ਪੱਲਾ. "ਕਰਿ ਕਿਰਪਾ ਲੜਿ ਲੇਹੁ ਲਾਇ." (ਬਸੰ ਅਃ ਮਃ ੫)

---

[1128] ਯੂਨਾਨੀ ਹਕੀਮ ਗਰਮਖ਼ੁਸ਼ਕ ਮੰਨਦੇ ਹਨ.

ਲੜਕਾ, ਲੜਕੀ: ਲਡ (ਖੇਲ) ਕਰਨ ਵਾਲਾ, ਵਾਲੀ. ਬਾਲਕ. ਬਾਲਕੀ.

ਲੜਨਾ: ਕ੍ਰਿ- ਲਡ (ਜੀਭ) ਹਿਲਾਉਣਾ. ਝਗੜਨਾ। ੨. ਯੁੱਧ ਕਰਨਾ. ਭਿੜਨਾ। ੩. ਕੱਟਣਾ. ਵੱਢਣਾ. ਡੰਗ ਮਾਰਨਾ.

ਲੜ ਲੱਗਣਾ: ਕ੍ਰਿ- ਕਿਸੇ ਦਾ ਆਸਰਾ ਲੈਣਾ. ਦਾਮਨ ਪਕੜਨਾ। ੨. ਪਤਿ ਧਾਰਨ ਕਰਨਾ.

ਲੜਾਈ: ਸੰਗਯਾ- ਝਗੜਾ। ੨. ਜੰਗ.

ਲੜਾਈ ਦੇ ਢਾਈ ਫੱਟ: ਦੇਖੋ, ਢਾਈ ਫੱਟ ਲੜਾਈ ਦੇ.

ਲੜਾਕਾ: ਵਿ- ਝਗੜਾਲੂ। ੨. ਜੰਗ ਕਰਨ ਵਾਲਾ.

ਲੜਿ: ਲੜ (ਦਾਮਨ) ਵਿੱਚ. ਪੱਲੇ "ਲੜਿ ਲੀਨੇ ਲਾਏ, ਨਉ ਨਿਧਿ ਪਾਏ." (ਸ੍ਰੀ ਛੰਤ ਮਃ ੫) ੨. ਲੜਾਈ ਕਰਕੇ. ਲੜਕੇ.

ਲੜੀ: ਸੰਗਯਾ- ਪਰੋਏ ਹੋਏ ਫੁੱਲ ਮਣਕੇ ਆਦਿ ਦੀ ਪੰਕ੍ਤਿ। ੨. ਸ਼੍ਰੇਣੀ. ਕਤਾਰ। ੩. ਸਿਲਸਿਲਾ. ਕ੍ਰਮ.

ਲਾ: ਲਾਉਣਾ ਕ੍ਰਿਯਾ ਦਾ ਅਮਰ. ਲਗਾ। ੨. ਕ੍ਰਿ. ਵਿ- ਲਿਆਕੇ। ੩. ਲਗਾਕੇ। ੪. ਅ਼. ﻻ ਵਿ- ਬਿਨਾ. ਰਹਿਤ. ਜੈਸੇ- ਲਾ ਸ਼ਰੀਕ, ਲਾ ਦਾਵਾ, ਲਾ ਵਾਰਿਸ ਆਦਿ। ੫. ਨਾ. ਨਹੀਂ.

ਲਾਉਂ: ਸੰਗਯਾ- ਮੋਟਾ ਰੱਸਾ, ਜੋ ਬਹੁਤ ਲੰਮਾ ਹੋਵੇ। ੨. ਵਿਆਹ ਸਮੇਂ ਦੀ ਪਰਿਕ੍ਰਮਾ. ਦੇਖੋ, ਵਿਵਾਹ.

ਲਾਉਣਾ: ਕ੍ਰਿ- ਲਗਾਉਣਾ.

ਲਾਉਨੀ: ਦੇਖੋ, ਲਾਵਨੀ.

ਲਾਉਬਾਲੀ, ਲਾਓਬਾਲੀ: ਦੇਖੋ, ਲਉਬਾਲੀ.

ਲਾਇ: ਕ੍ਰਿ. ਵਿ- ਲਗਾਕੇ. "ਲਾਇ ਅੰਚਲਿ ਨਾਨਕ ਤਾਰਿਅਨੁ." (ਮਾਝ ਅਃ ਮਃ ੫)

ਲਾਇਕ: ਵਿ- ਲਾਉਣ ਵਾਲਾ. "ਗਲ ਸੇਤੀ ਲਾਇਕ." (ਵਾਰ ਮਾਰੂ ੨. ਮਃ ੫) ੨. ਦੇਖੋ, ਲਾਯਕ.

ਲਾਇਚੀ: ਦੇਖੋ, ਇਲਾਯਚੀ.

ਲਾਇਚੀਦਾਣਾ: ਦੇਖੋ, ਇਲਾਯਚੀਦਾਣਾ.

ਲਾਇਚੀ ਬੇਰ: ਦੇਖੋ, ਅਮ੍ਰਿਤਸਰ ੧੭.

ਲਾਇਣ, ਲਾਇਣੁ: ਵਿ- ਲਾਉਣ ਵਾਲਾ. "ਏਹ ਵੈਦ ਜੀਅ ਕਾ ਦੁਖ ਲਾਇਣ." (ਵਾਰ ਰਾਮ ੨. ਮਃ ੫) ੨. ਸੰਗਯਾ- ਤੁਲਜਤਾ. ਮੁਕਾਬਲਾ. "ਜਾਪ ਤਾਪ ਕੋਟਿ ਲਖ ਪੂਜਾ, ਹਰਿਸਿਮਰਣ ਤੁਲਿ ਨ ਲਾਇਣ." (ਨਟ ਮਃ ੫) ੩. ਰੋਟੀ ਨਾਲ ਲਾਕੇ ਖਾਣ ਵਾਲਾ ਪਦਾਰਥ. ਸਾਗ ਭਾਜੀ ਦਾਲ ਆਦਿ.

ਲਾਇੰਤਹਾ: ਵਿ- ਬੇਅੰਤ. ਦੇਖੋ, ਲਾ ਅਤੇ ਇੰਤਹਾ.

ਲਾਇਤਬਾਰ: ਵਿ- ਲਾ (ਬਿਨਾ) ਇਅ਼ਤਬਾਰ (ਭਰੋਸਾ). "ਨਕੀ ਵਢੀ ਲਾਇਤਬਾਰ." (ਮਃ ੧. ਵਾਰ ਮਲਾ)

ਲਾਇਤਬਾਰੀ: ਸੰ. ਅਵਿਸ਼੍ਵਾਸ. ਇਅ਼ਤਬਾਰ ਦਾ ਅਭਾਵ। ੨. ਭਾਵ- ਚੁਗਲੀ, ਜਿਸ ਤੋਂ ਸਭ ਦਾ ਇਅ਼ਤਬਾਰ ਜਾਂਦਾ ਰਹਿੰਦਾ ਹੈ. "ਨਿੰਦਾ ਚਿੰਦਾ ਕਰਹਿ ਪਰਾਈ, ਝੂਠੀ ਲਾਇਤਬਾਰੀ." (ਗਉ ਮਃ ੧)

ਲਾਇਲਮ: ਵਿ- ਲਾ (ਬਿਨਾ) ਇ਼ਲਮ (ਗਿਆਨ). ਬੇਇ਼ਲਮ. ਦੇਖੋ, ਲਾ ਅਤੇ ਇ਼ਲਮ.

**ਲਾਈਕੀ:** ਸੰਗਜਾ- ਲਾਇਕ਼ੀ. ਯੋਗਜਤਾ. "ਅਵਰ ਨ ਕਿਛੁ ਲਾਈਕੀ." (ਆਸਾ ਮਃ ੫)

**ਲਾਏ:** ਲਗਾਵੇ. "ਜੇ ਕੋ ਲਾਏ ਭਾਉ ਪਿਆਰਾ." (ਆਸਾ ਮਃ ੩) ੨. ਲਗਾਏ. "ਜਿਤੁ ਕਾਰੈ ਕੰਮਿ ਹਮ ਹਰਿ ਲਾਏ." (ਗੂਜ ਮਃ ੪) ੩. ਲਿਆਏ. "ਜਿ ਸਾਬਤੁ ਲਾਏ ਰਾਸਿ." (ਮਃ ੨. ਵਾਰ ਸਾਰ)

**ਲਾਏਹੁ:** ਲਗਾਓ। ੨. ਇਸਤਾਮਾਲ ਕਰੋ. "ਦਾਰੂ ਏਹੁ ਲਾਏਹੁ." (ਮਃ ੩. ਵਾਰ ਬਿਹਾ)

**ਲਾਸ:** ਸੰਗਜਾ- ਮੋਟਾ ਅਤੇ ਲੰਮਾ ਰੱਸਾ. ਲਾਂਉਂ। ੨. ਚਾਬੁਕ ਸੋਟੀ ਆਦਿ ਦੇ ਪ੍ਰਹਾਰ ਤੋਂ ਖਲੜੀ ਪੁਰ ਹੋਈ ਲੀਕ. "ਦੇਖਿ ਦੇਖਿ ਲਾਸਨ ਕੋ ਰੋਵੈ ਸੁਤ ਰੋਵੈ ਮਾਤ." (ਕ੍ਰਿਸ਼ਨਾਵ) ੩. ਲਸਨ (ਚਮਕਣ) ਦਾ ਭਾਵ. ਲਸਕ. ਪ੍ਰਭਾ. "ਲਾਸ ਚਮਕੀ ਚਹੂ ਓਰ." (ਗੁਰੁਸੋਭਾ) ੪. ਬਿਜਲੀ ਦੀ ਰੌਸ਼ਨੀ ਦੀ ਰੇਖਾ। ੫. ਸੰ. ਟਪੂਸੀ. ਕੁਦਾੜੀ। ੬. ਨਾਚ। ੭. ਫ਼ਾ. لاش ਲਾਸ਼. ਲੋਥ. ਪ੍ਰਾਣ ਰਹਿਤ ਦੇਹ.

**ਲਾਸਕ:** ਸੰ. ਵਿ- ਨੱਚਣ ਵਾਲਾ. ਟਪੂਸੀਆਂ ਮਾਰਨ ਵਾਲਾ। ੨. ਸੰਗਜਾ- ਮੋਰ। ੩. ਨਟ.

**ਲਾਸ਼ਰੀਕ:** ਅ਼. لاشریک ਵਿ- ਸ਼ਰਾਕਤ (ਹਿੱਸੇਦਾਰੀ) ਬਿਨਾ. ਜਿਸ ਦੇ ਕੰਮ ਵਿੱਚ ਕਿਸੇ ਦੀ ਸਾਂਝ ਨਹੀਂ.

**ਲਾਸਾ:** ਸੰਗਜਾ- ਸ਼ੋਰਬਾ. ਤਰੀ. "ਸਾਲਨ ਲਾਸਹਿ ਸੋਂ ਬਹੁ ਪੀਨੋ." (ਚੰਡੀ ੧)

**ਲਾਸਾਨੀ:** ਅ਼. لاثانی ਲਾਸ਼ਾਨੀ. ਵਿ- ਜਿਸ ਦੇ ਸ਼ਾਨੀ (ਤੁੱਲ) ਹੋਰ ਕੋਈ ਨਹੀਂ. ਅਦੁਤੀ.

**ਲਾਸਜ:** ਸੰ. ਸੰਗਜਾ- ਨ੍ਰਿਤਜ. ਨਾਚ. ਖਾਸ ਕਰਕੇ ਇਸਤ੍ਰੀਆਂ ਦਾ ਨਾਚ. ਦੇਖੋ, ਤਾਂਡਵ.

**ਲਾਸਜਾ:** ਸੰਗਜਾ- ਨੱਚਣ ਵਾਲੀ, ਨਟੀ. ਨਟਣੀ.

**ਲਾਹ:** ਸੰਗਜਾ- ਲਾਭ. "ਲਾਹੇ ਕਾਰਣਿ ਆਇਆ ਜਗਿ." (ਓਅੰਕਾਰ) ੨. ਲਾਹਣਾ ਕ੍ਰਿਯਾ ਦਾ ਅਮਰ. ਦੇਖੋ, ਲਾਹਣੁ। ੩. ਅ਼. لاہ ਪਾਰਬ੍ਰਹਮ. ਕਰਤਾਰ.

**ਲਾਂਹਣ:** ਸੰਗਜਾ- ਕਸ ਗੁੜ ਆਦਿ ਦਾ ਸਾੜਾ, ਜਿਸ ਵਿੱਚੋਂ ਸ਼ਰਾਬ ਕੱਢੀਦੀ ਹੈ। ੨. ਦੇਖੋ, ਲਾਹਣਿ ਅਤੇ ਲਾਹੁਣ.

**ਲਾਹਣਾ:** ਦੇਖੋ, ਲਾਹਣੁ.

**ਲਾਹਣਿ:** ਸੰਗਜਾ- ਉਹ ਪਾਤ੍ਰ, ਜਿਸ ਵਿੱਚ ਲਾਹਣ ਪਾਕੇ ਸ਼ਰਾਬ ਖਿੱਚੀਏ. "ਕਾਇਆ ਲਾਹਣਿ, ਆਪੁ ਮਦੁ." (ਵਾਰ ਬਿਹਾ, ਸਃ ਮਰਦਾਨਾ)

**ਲਾਂਹਣੁ:** ਸਿੰਧੀ. ਕ੍ਰਿ- ਉਤਾਰਨਾ. "ਗਰਧਬ ਵਾਂਗ ਲਾਹੇ ਪੇਟਿ." (ਗਉ ਮਃ ੫) ਪੇਟ ਵਿੱਚ ਉਤਰਦਾ ਹੈ। ੨. ਦੂਰ ਕਰਨਾ. "ਜਨ ਸਿਉ ਪਰਦਾ ਲਾਹਿਓ." (ਕਾਨ ਮਃ ੫) ੩. ਦੇਖੋ, ਲਾਹਣ.

**ਲਾਹਨ:** ਦੇਖੋ, ਲਹਣ.

**ਲਾਹਨਾ:** ਦੇਖੋ, ਲਾਹਣੁ.

**ਲਾਹਨਿ:** ਦੇਖੋ, ਲਾਹਣਿ. "ਕਰਣੀ ਲਾਹਨਿ, ਸਤੁ ਗੁੜੁ." (ਵਾਰ ਬਿਹਾ, ਸਃ ਮਰਦਾਨ) "ਕਾਇਆ ਕਲਾਲਨਿ ਲਾਹਨਿ ਮੇਲਉ, ਗੁਰ ਕਾ ਸਬਦੁ ਗੁੜੁ ਕੀਨੁ ਰੇ." (ਰਾਮ ਕਬੀਰ)

**ਲਾਹਨੁਰ, ਲਾਹਨੂਰ:** ਲਹੌਰ. ਲਵਪੁਰ. ਫਾਰਸੀ ਦੇ ਕਈ ਲੇਖਕਾਂ ਨੇ ਇਹ ਨਾਮ ਲਿਖਿਆ, ਜਿਨ੍ਹਾਂ ਤੋਂ ਸਿੱਖ ਕਵੀਆਂ ਨੇ ਲਿਆ ਹੈ. "ਤਬ ਲੌ ਸ਼ਾਹ ਲਾਹਨੁਰ ਗਯੋ."(ਗੁਵਿ ੬) ਦੇਖੋ, ਲਹੌਰ.

**ਲਾਹਰਾ:** ਲਵ ਮਾਤ੍ਰ. ਥੋੜਾ ਜੇਹਾ. "ਤੁਧੁ ਲੇਪੁ ਨ ਲਾਹਰਾ." (ਵਾਰ ਮਾਰੂ ੨. ਮਃ ੫) ੨. ਲਗਦਾ.

ਲਾਹੜਪੁਰ: ਇੱਕ ਪਿੰਡ, ਜੋ ਰਿਆਸਤ ਕਲਸੀਆ ਵਿੱਚ ਟੋਕੇ ਦੇ ਨੇੜੇ ਹੈ. ਇਸ ਪਿੰਡ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪਧਾਰੇ ਹਨ, ਗੁਰੂ ਸਾਹਿਬ ਦੀ ਯਾਦਗਾਰ ਵਿੱਚ ਕੇਵਲ ਇੱਕ ਬੇਰੀ ਦਾ ਬਿਰਛ ਹੈ. ਭਾਈ ਚੂਹੜ ਸਿੰਘ ਦੇ ਘਰ ਪਾਸ ਹੋਣ ਕਰਕੇ ਉਹੀ ਝਾੜੂ ਆਦਿਕ ਦੀ ਸੇਵਾ ਕਰਦਾ ਹੈ.

ਲਾਹਾ: ਸੰਗਜਾ- ਲਾਭ. ਨਫ਼ਾ. "ਲਾਹਾ ਸਾਚੁ ਨ ਆਵੈ ਤੋਟਾ." (ਓਅੰਕਾਰ) ੨. ਸਜਾਹਚਸ਼ਮ ਇੱਕ ਸ਼ਿਕਾਰੀ ਪੰਛੀ, ਜਿਸ ਦਾ ਕੱਦ ਇੱਲ ਜਿੱਡਾ ਹੁੰਦਾ ਹੈ. ਇਹ ਬਾਰਾਂ ਮਹੀਨੇ ਹਿੰਦੁਸਤਾਨ ਵਿੱਚ ਰਹਿੰਦਾ ਹੈ, ਆਂਡੇ ਪਹਾੜਾਂ ਦੀਆਂ ਖੁੱਡਾਂ ਵਿੱਚ ਦਿੰਦਾ ਹੈ. ਇਹ ਅਕਾਸ ਵਿੱਚ ਮੰਡਲਾਉਂਦਾ ਹੋਇਆ ਸ਼ਿਕਾਰ ਨੂੰ ਚੰਗੀ ਤਰਾਂ ਵੇਖਣ ਲਈ ਹਵਾ ਵਿੱਚ ਇੱਕੋ ਥਾਂ ਥਹਿਰਾਉਣ ਲਗਦਾ ਹੈ ਅਰ ਵਡੀ ਤੇਜੀ ਨਾਲ ਚਿੜੀ ਚੂਹੇ ਆਦਿ ਉੱਪਰ ਡਿਗਦਾ ਹੈ. ਇਸ ਨੂੰ ਕੋਈ ਸ਼ਿਕਾਰੀ ਨਹੀਂ ਪਾਲਦਾ। ੩. ਇੱਕ ਪਿੰਡ, ਜੋ ਜਿਲਾ ਅੰਬਾਲਾ, ਤਸੀਲ ਥਾਣਾ ਨਰਾਇਨਗੜ੍ਹ ਵਿੱਚ ਟੋਕੇ ਦੇ ਨੇੜੇ ਹੈ. ਇੱਥੋਂ ਦੇ ਲੋਕਾਂ ਨੇ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਊਠ ਚੁਰਾ ਲਿਆ ਸੀ, ਤਾਂ ਗੁਰੂ ਜੀ ਨੇ ਵਚਨ ਕੀਤਾ ਕਿ ਇਹ ਲਾਹਾ ਨਹੀਂ, ਟੋਟਾ ਹੈ. ਤਦੋਂ ਤੋਂ ਇਸ ਪਿੰਡ ਨੂੰ ਟੋਟਾ ਭੀ ਸਦਦੇ ਹਨ। ੪. ਲਾਉਂਦਾ ਹੈ. "ਆਪੇ ਨਿਰਭਉ ਤਾੜੀ ਲਾਹਾ." (ਜੈਤ ਮਃ ੪)

ਲਾਹਾਲਾਭੁ: ਲਭਜ (ਪ੍ਰਾਪਤ ਹੋਣ ਯੋਗਜ) ਦਾ ਲਾਭ. ਲਭਜ ਦਾ ਪ੍ਰਾਪਤ ਹੋਣਾ. "ਲਾਹਾ ਲਾਭੁ ਹਰਿਭਗਤਿ ਹੈ." (ਵਡ ਛੰਤ ਮਃ ੩) ੨. ਸ਼ਿਰੋਮਣਿ ਲਾਭ.

ਲਾਹਿ: ਕ੍ਰਿ. ਵਿ- ਲਾਹਕੇ. ਉਤਾਰਕੇ. "ਲਾਹਿ ਪਰਦਾ ਠਾਕੁਰ ਜਉ ਭੇਟਿਓ." (ਗਉ ਮਃ ੫)

ਲਾਹਿਲੇ: ਉਤਾਰਲੈ. ਮਿਟਾਦੇ. ਮੁਕਾਲੈ. "ਨਾਮੇ. ਕੇ ਸੁਆਮੀ ਲਾਹਿਲੇ ਝਗਰਾ." (ਆਸਾ ਨਾਮਦੇਵ)

ਲਾਹੀ: ਉਤਾਰੀ. "ਜਨਮ ਜਨਮ ਕੀ ਮਲੁ ਲਾਹੀ." (ਬਿਲਾ ਮਃ ੫) ੨. ਸੰਗਜਾ- ਇੱਕ ਪ੍ਰਕਾਰ ਦਾ ਲਾਲ ਰੰਗ, ਜੋ ਲਾਖ ਤੋਂ ਬਣਦਾ ਹੈ.

ਲਾਹੁ: ਸੰਗਜਾ- ਲਾਭ. ਨਫਾ. "ਸੇਵਾ ਸੁਆਮੀ ਲਾਹੁ." (ਬਾਰਹਮਾਹਾ ਮਾਝ) "ਸਿਮਰਣੁ ਸਚੁਲਾਹੁ." (ਮਃ ੪. ਵਾਰ ਬਿਹਾ)

ਲਾਹੁਣਾ: ਦੇਖੋ, ਲਾਹਣੁ.

ਲਾਹੂ: ਸੰਗਜਾ- ਕਰਤਾਰ. ਪਾਰਬ੍ਰਹਮ. ਦੇਖੋ, ਲਾਹ ੩। ੨. ਵਿ- ਲਾਭ ਪ੍ਰਾਪਤ ਕਰਨ ਵਾਲਾ। ੩. ਦੇਖੋ, ਲਾਹਣੁ। ੪. ਲਾਭ. ਦੇਖੋ, ਲਾਹੂ ਲਾਹਿ.

ਲਾਹੂ ਲਾਹਿ: ਲਾਭ ਹੀ ਲਾਭ ਹੈ. ਅਤਜੰਤ ਲਾਭ ਹੈ. "ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ। ਧਰਤੀ ਭਾਰਿ ਨ ਬਿਆਪਈ, ਉਨ ਕਉ ਲਾਹੂ ਲਾਹਿ" (ਸ. ਕਬੀਰ) ਜੇ ਸਾਧ ਦੀ ਧਰਤੀ (ਸਤਸੰਗਤਿ) ਵਿੱਚ ਚੋਰ ਠਗ ਆਦਿ ਆ ਬੈਠਣ, ਤਦ ਸਾਧੂ ਸਮਾਜ ਨੂੰ ਕੋਈ ਭਾਰ ਨਹੀਂ, ਅਤੇ ਪਾਮਰਾਂ ਨੂੰ ਲਾਭ ਹੀ ਲਾਭ ਹੈ.

ਲਾਹੋਰ: ਲਵਪੁਰ, ਲਾਹੌਰ. ਦੇਖੋ, ਲਹੌਰ. "ਲਾਹੋਰ ਸਹਰੁ ਜਹਰੁ ਕਹਰੁ ਸਵਾ ਪਹਰੁ." (ਸਵਾ ਮਃ ੧) "ਲਾਹੋਰ ਸਹਰੁ ਅਮ੍ਰਿਤਸਰ ਸਿਫਤੀ ਦਾ ਘਰ. " (ਸਵਾ ਮਃ ੩) ਸ਼੍ਰੀ ਗੁਰੂ ਨਾਨਕਦੇਵ ਜੀ ਜਿਸ ਸਮੇਂ ਲਹੌਰ ਪਧਾਰੇ, ਤਾਂ ਉੱਥੋਂ ਦੇ ਹਾਕਮਾਂ ਅਤੇ ਲੋਕਾਂ ਨੂੰ ਕੁਕਰਮਾਂ ਵਿੱਚ ਲੀਨ ਅਰ ਕਰਤਾਰ ਤੋਂ ਵਿਮੁਖ ਦੇਖਕੇ ਇਹ ਵਾਕ ਉਚਾਰਿਆ, ਜਿਸ ਦਾ ਫਲ ਇਹ ਹੋਇਆ ਕਿ ਬਾਬਰ ਨੇ ਹਿੰਦੁਸਤਾਨ ਪੁਰ ਚੌਥਾ ਹੱਲਾ ਸਨ ੧੫੨੪ (ਹਿਜਰੀ ੯੩੦) ਵਿੱਚ ਕਰਕੇ ਲਹੌਰ ਨੂੰ ਅੱਗ ਲਾਈ ਅਤੇ ਸਵਾ ਪਹਰ ਕਹਰ ਵਰਤਾਇਆ. ਇਸ ਘਟਨਾ ਦਾ ਜਿਕਰ ਤੁਜਕਬਾਬਰੀ[1129] ਅਤੇ ਸੇਯਦ ਮੁਹੰਮਦ ਲਤੀਫ ਦੀ ਤਵਾਰੀਖ

---

[1129] Behar Khan Lodi, Mubarck Khan Lodi and some other Afghan Amirs, who wire still in the interest of Ibrahim, or who disliked the arrival of a foreign enemy, collected a large body of Afghans and gave him battle as he approached Lahore, the capital of the province The Afghans were defeated, and the conquerors, elated with their success and enraged at the obstinacy of the resistance plundered and burned the bazar and town of Lahore.

ਲਹੌਰ[1130] ਵਿੱਚ ਸਾਫ ਦਰਜ ਹੈ.

ਸਤਿਗੁਰੂ ਦੀ ਇਹ ਪੇਸ਼ੀਨਗੋਈ ਸੈਦਪੁਰ (ਏਮਨਾਬਾਦ) ਕਹੇ ਸ਼ਬਦ- "ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ !" ਤੁੱਲ ਹੀ ਸੀ.

ਜਦ ਗੁਰੂ ਅਮਰਦੇਵ ਜੀ ਨੇ ਸੰਗਤਿ ਦੀ ਬੇਨਤੀ ਅਨੁਸਾਰ ਲਹੌਰ ਚਰਣ ਪਾਏ, ਤਾਂ ਗੁਰੂ ਨਾਨਕ ਸ੍ਵਾਮੀ ਦੀ ਕ੍ਰਿਪਾ ਕਰਕੇ ਸਤਿਸੰਗ ਅਤੇ ਨਾਮਕੀਰਤਨ ਦਾ ਪ੍ਰਚਾਰ ਦੇਖਕੇ ਫਰਮਾਇਆ ਕਿ ਜੋ ਲਹੌਰ ਸ਼ਹਿਰ ਜਹਿਰ ਕਹਿਰ ਦਾ ਅਧਿਕਾਰੀ ਸੀ, ਹੁਣ ਸਿਫਤੀ ਦਾ ਘਰ ਹੋਣ ਕਰਕੇ ਅਮ੍ਰਿਤਸਰੋਵਰ ਹੋਗਿਆ ਹੈ.

ਲਾਹੌਰ: ਦੇਖੋ, ਲਹੌਰ.

ਲਾਹੌਰ ਸਹਰੁ ਜਹਰੁ ਕਹਰੁ: ਦੇਖੋ, ਲਾਹੌਰ.

ਲਾਹੌਰ ਗੁਰੂ ਕਾ: ਦੇਖੋ, ਗੁਰੂ ਕਾ ਲਹੌਰ.

ਲਾਹੌਰਾਸਿੰਘ: ਇਹ ਦਸ਼ਮੇਸ਼ ਜੀ ਦੇ ਸਾਹਿਬਜ਼ਾਦਿਆਂ ਦਾ ਖਿਲਾਵਾ ਸੀ. ਇਸ ਨੇ ਭਾਈ ਮਾਲਾਸਿੰਘ ਤੋਂ ਸੌ ਰੁਪਯਾ ਕਰਜ ਲਿਆ. ਜਦ ਮਾਲਾਸਿੰਘ ਨੇ ਬਾਰ ਬਾਰ ਮੰਗਿਆ, ਤਦ ਲਾਹੌਰਾਸਿੰਘ ਨੇ ਕਿਹਾ "ਲੇਖਾ ਕੋਇ ਨ ਪੁਛਸੀ ਜਾਂ ਗੁਰੂ ਬਖਸ਼ੰਦਾ." ਦਸ਼ਮੇਸ਼ ਦੇ ਮਹਿਲਾਂ ਪਾਸ ਹੀ ਇਨ੍ਹਾਂ ਦਾ ਘਰ ਸੀ. ਕਲਗੀਧਰ ਨੇ ਉੱਚੀ ਧੁਨੀ ਨਾਲ ਤੁਕ ਪੜ੍ਹੀ "ਹਕੁ ਪਰਾਇਆ ਨਾਨਕਾ ਉਸ ਸੂਅਰ, ਉਸ ਗਾਇ." ਇਸ ਪੁਰ ਲਾਹੌਰਾਸਿੰਘ ਨੇ ਸ਼ਰਮਿੰਦਾ ਹੋਕੇ ਮਾਲਾਸਿੰਘ ਦਾ ਕਰਜਾ ਚੁਕਾ ਦਿੱਤਾ.

ਲਾਹੌਲ. ਲਾਹ਼ੌਲ: ਅ਼. لاحَوْل ਨਹੀਂ ਹੈ ਸ਼ਕ੍ਤਿ. ਭਾਵ- ਬਿਨਾ ਕਰਤਾਰ ਹੋਰ ਕਿਸੇ ਦੀ ਸਾਮਰਥ੍ਯ ਨਹੀਂ ਹੈ. ਇਹ ਸੰਖੇਪ ਹੈ ਲਾਹ਼ੌਲ ਵਲਾ ਕ਼ੁੱਵਤ ਇੱਲਾ ਬਿੱਲਾਹ لاحَوْل اِلابِاللّٰہ ولاقوّت ਦਾ. ਅਰਥਾਤ- ਨਹੀਂ ਫੇਰਨ ਦੀ ਤਾਕਤ ਔਰ ਨਾ ਬਲ, ਬਿਨਾ ਪਰਮੇਸ਼੍ਵਰ ਦੇ.

ਲਾਕਰੀ, ਲਾਕੜੀ: ਦੇਖੋ, ਲਕੁਟ. "ਸੋ ਹਰਿ ਅੰਧੁਲੇ ਕੀ ਲਾਕਰੀ." (ਗੌਂਡ ਨਾਮਦੇਵ) ੨. ਈਂਧਨ. "ਹਾਡ ਜਰੇ ਜਿਉ ਲਾਕਰੀ." (ਸ. ਕਬੀਰ)

ਲਾਕਿਨ: ਅ਼. لاکِن ਪਰੰਤੁ. ਪਰ. ਦੇਖੋ, ਲੇਕਿਨ.

ਲਾਕ੍ਸ਼ਾ: ਦੇਖੋ, ਲਛੀਆ ੨. ਅਤੇ ਲਾਖ ੨.

ਲਾਖ: ਲੱਖਾਂ. ਭਾਵ- ਬੇਸ਼ੁਮਾਰ. ਦੇਖੋ, ਲਕ੍ਸ਼. "ਲਾਖ ਕਰੋਰੀ ਬੰਧਨ ਪਰੈ." (ਸੁਖਮਨੀ) ੨. ਸੰ. ਲਾਕ੍ਸ਼ਾ. ਲਾਖ. "ਜੈਸੇ ਧੋਈ ਲਾਖ." (ਸ. ਕਬੀਰ) ੩. ਸੰ. ਲਕ੍ਸ਼੍ਯ. ਜੋ ਨਜਰ ਆ ਰਿਹਾ ਹੈ, ਜਗਤ. ਦ੍ਰਿਸ਼੍ਯ. "ਲਾਖ ਮਹਿ ਅਲਖੁ ਲਖਾਯਹੁ." (ਸਵੈਯੇ ਮਃ ੫. ਕੇ)

ਲਾਖਣ ਮਾਜਰਾ: ਇੱਕ ਪਿੰਡ, ਜੋ ਜਿਲਾ ਰੋਹਤਕ, ਤਸੀਲ ਗੋਹਾਣਾ, ਥਾਣਾ ਮਹਿਮ ਵਿੱਚ ਰੇਲਵੇ ਸਟੇਸ਼ਨ ਖਰੈਂਟੀ ਤੋਂ ਦੋ ਮੀਲ ਉੱਤਰ ਪੱਛਮ ਹੈ. ਇਸ ਪਿੰਡ ਇੱਕ ਢਾਬ ਦੇ ਕੰਢੇ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਦਿੱਲੀ ਨੂੰ ਜਾਂਦੇ ਇੱਥੇ ਵਿਰਾਜੇ ਸਨ. ਮੰਜੀਸਾਹਿਬ ਬਣਿਆ ਹੋਇਆ ਹੈ, ਨਾਲ ੪੪ ਵਿੱਘੇ ਜ਼ਮੀਨ ਖਰੀਦੀ ਹੋਈ ਹੈ. ਸੇਵਾਦਾਰ ਸਿੰਘ ਹੈ.

ਲਾਖਨ: ਦੇਖੋ, ਲਕ੍ਸ਼ਣ। ੨. ਕਲੰਕ. ਦੇਖੋ, ਲਾਂਛਨ. "ਕਹੂੰ ਲਾਖਨ ਲਵੈਯਾ." (ਅਕਾਲ)

ਲਾਖਨਾ: ਕ੍ਰਿ- ਲਾਖ ਕਾ ਪੋਚਾ ਕਿਸੇ ਭਾਂਡੇ ਵਿੱਚ ਦੇਣਾ.

---

(Memoirs of Babur by Sir Lucas King Vol. II page 151)

[1130] ਦੇਖੋ, ਪੰਨਾ ੨੦.

ਲਾਖਾ: ਲਖਿਆ. ਜਾਣਿਆ. "ਤਿਨ ਘਰਿ ਰਤਨੁ ਨ ਲਾਖਾ." (ਜੈਤ ਮਃ ੪) ੨. ਲਕ੍ਸ਼ ਦਾ. ਲੱਖਾਂ ਰੁਪਯਾਂ ਪੁਰ. "ਰਤਨੁ ਬਿਕਾਨੋ ਲਾਖਾ." (ਜੈਤ ਮਃ ੪) ੩. ਸੰਗ੍ਯਾ- ਲਾਕ੍ਸ਼ਾ. ਲਾਖ। ੪. ਲਾਖਰੰਗਾ, ਜਿਵੇਂ- ਲਾਖਾ ਬਲਦ.

ਲਾਖਿ: ਕ੍ਰਿ. ਵਿ- ਲਖਕੇ. ਦੇਖਕੇ। ੨. ਜਾਣਕੇ। ੩. ਉਲੰਘਕੇ. ਅਬੂਰ ਕਰਕੇ. "ਅਸਟ ਨਦਿਯੰ ਲਾਖਿ." (ਰਾਮਾਵ)

ਲਾਖਿਆ: ਲਖਿਆ. ਜਾਣਿਆ. "ਕਿਨੈ ਵਿਰਲੈ ਲਾਖਿਆ." (ਮਃ ੪. ਵਾਰ ਵਡ)

ਲਾਖੀ: ਵਿ- ਲਾਕ੍ਸ਼ਿਕ. ਲਾਕ੍ਸ਼ਾ ਦਾ. ਲਾਖ ਦਾ ਬਣਿਆ ਹੋਇਆ। ੨. ਲਖੀ. ਜਾਣੀ. "ਗਤਿ ਤੇਰੀ ਜਾਇ ਨ ਲਾਖੀ." (ਸਾਰ ਮਃ ੫) ੩. ਲਾਖ ਦੇ ਰੰਗ ਦੀ, ਜਿਵੇਂ- ਲਾਖੀ ਗਾਂ.

ਲਾਖੀਐ: ਜਾਣੀਐ. ਲਖੀਐ. "ਅਲਖ ਪ੍ਰਭੁ ਲਾਖੀਐ." (ਮਃ ੪. ਵਾਰ ਸ੍ਰੀ)

ਲਾਖੀਣਾ: ਲੱਖਾ ਦਾ. "ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ." (ਆਸਾ ਧੰਨਾ) ੨. ਲੱਖਾਂ ਨੂੰ. "ਸੁਵਾਸੁ ਕਰੈ ਲਾਖੀਣਾ." (ਭਾਗੁ) ਲੱਖਾਂ ਨੂੰ ਸੁਗੰਧਿਤ ਕਰਦਾ ਹੈ.

ਲਾਖੁ: ਦੇਖੋ, ਲਾਖ। ੨. ਸੰ. ਲਕ੍ਸ਼੍ਯ. ਇਰਾਦਾ. ਮੰਤਵ੍ਯ. "ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ." (ਮਾਰੂ ਮਃ ੪)

ਲਾਖੈ: ਲਖਦਾ (ਦੇਖਦਾ) ਹੈ। ੨. ਜਾਣਦਾ ਹੈ. "ਤਾਕੀ ਗਤਿ ਮਿਤਿ ਕੋਇ ਨਾ ਲਾਖੈ." (ਸੁਖਮਨੀ) ੨. ਲਾਖੋਂ, ਲੱਖਾਂ ਹੀ. "ਭਸਮ ਕਰੈ ਲਸਕਰ ਕੋਟਿ ਲਾਖੈ." (ਸੁਖਮਨੀ)

ਲਾਗ: ਸੰਗ੍ਯਾ- ਲਗਣ ਦਾ ਭਾਵ। ੨. ਵਿ- ਲਗਨ. "ਹਰਿਚਰਨੀ. ਤਾਕਾ ਮਨੁ ਲਾਗ." (ਬਿਲਾ ਮਃ ੫) ੩. ਸੰਗ੍ਯਾ- ਚੇਪ. ਗੂੰਦ ਆਦਿ। ੪. ਵੈਰ. ਦੁਸ਼ਮਨੀ। ੫. ਪਿੱਛਾ. ਤਅ਼ਾਕ਼ੁਬ. "ਤ੍ਰਿਯ ਕੀ ਲਾਗ ਨ੍ਰਿਪਤ ਹੂੰ ਕਰੀ." (ਚਰਿਤ੍ਰ ੫੫) ੬. ਪਾਹ. ਪਾਣ। ੭. ਪਿਆਰ. ਪ੍ਰੀਤਿ। ੮. ਲਾਗੀ ਦਾ ਹੱਕ। ੯. ਵ੍ਯਤੀਕ. ਤੋੜੀ. ਤਕ. "ਲਾਗ ਜੈਹੌਂ ਤਹਾਂ ਭਾਗ ਜੈਹੋਂ ਜਹਾਂ." (ਰਾਮਾਵ) ਤਹਾਂ ਲਗ ਜਾਵਾਂਗਾ.

ਲਾਂਗ: ਸੰਗ੍ਯਾ- ਧੋਤੀ ਦਾ ਉਹ ਸਿਰਾ, ਜੋ ਦੋਹਾਂ ਲੱਤਾਂ ਵਿੱਚਦੀਂ ਲੈਜਾਕੇ ਪਿੱਛੇ ਟੰਗੀਦਾ ਹੈ। ੨. ਧੋਤੀ. "ਅਸਾਡੀ ਲਾਂਗ ਤੇ ਬੋਦੀ ਤੇ ਜਨੇਊ ਰਹਿਣ ਦੇਓ." (ਭਗਤਾਵਲੀ)

ਲਾਗਤ: ਕ੍ਰਿ. ਵਿ- ਲੱਗਣ ਪੁਰ. "ਲਾਗਤ ਲੇਇ ਉਸਾਸ." (ਸ. ਕਬੀਰ) ੨. ਸੰਗ੍ਯਾ- ਕਿਸੇ ਵਸਤੁ ਪੁਰ ਖਰਚ ਆਇਆ ਧਨ। ੩. ਕ੍ਰਿ. ਵਿ- ਲੱਗਣ ਸਾਰ. ਲਗਦੇ ਹੀ.

ਲਾਂਗਤ: ਕ੍ਰਿ. ਵਿ- ਲੰਗੜਾਉਂਦਾ, ਦੀ. "ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ." (ਗੌਂਡ ਨਾਮਦੇਵ) ਦੇਖੋ, ਲੋਧਾ.

ਲਾਗਬਾ: ਲਗਦਾ ਹੈ. ਮਲੂਮ ਹੁੰਦਾ ਹੈ.

ਲਾਗਰ: ਫ਼ਾ. لاغر ਲਾਗ਼ਰ. ਵਿ- ਪਤਲਾ. ਦੁਬਲਾ. ਲਿੱਸਾ. ਕ੍ਰਿਸ਼.

ਲਾਂਗਰੀ: ਲੰਗਰ (ਰਸੋਈ) ਕਰਨ ਵਾਲਾ. ਦੇਖੋ, ਲੰਗਰ.

ਲਾਂਗਲ: ਸੰ. लांङ्गल. ਸੰਗ੍ਯਾ- ਹਲ. ਜ਼ਮੀਨ ਵਾਹੁਣ ਦਾ ਸੰਦ. "ਤੂੰ ਧਾਇ ਧਾਮ ਲਾਂਗਲ ਜਿ ਆਨ। ਅਬ ਬਾਹ ਬੋਵ ਛਿਤਿ ਬੈਨ ਮਾਨ ॥" (ਨਾਪ੍ਰ) ੨. ਸੰ. ਲਾਂਗੂਲ. लाङ्गृल. ਦੁੰਮ. ਪੂਛ. "ਲਾਂਗਲ ਹਿਲਾਇ ਫੁਰਰਾਇ ਸਮਝਾਈਆ." (ਨਾਪ੍ਰ)

ਲਾਂਗਲਧ੍ਵਜ: ਝੰਡੇ ਪੁਰ ਹਲ ਦਾ ਨਿਸ਼ਾਨ ਰੱਖਣ ਵਾਲਾ, ਬਲਰਾਮ. ਬਲਭਦ੍ਰ.

ਲਾਂਗਲਿ, ਲਾਂਗਲੀ: ਸੰ. लाङ्गलिन्. ਵਿ- ਹਲ ਵਾਲਾ. ਜਿਸ ਪਾਸ ਲਾਂਗਲ (ਹਲ) ਹੋਵੇ। ੨. ਸੰਗ੍ਯਾ- ਕ੍ਰਿਸ਼ਨ ਜੀ ਦਾ ਵਡਾ ਭਾਈ ਬਲਰਾਮ, ਜੋ ਹਲ ਰਖਦਾ ਸੀ. "ਤਾਲਕੇਤੁ ਲਾਂਗਲਿ ਉਚਰ ਕ੍ਰਿਸਨਾਗ੍ਰਜ ਪਦ ਦੇਹ." (ਸਨਾਮਾ) "ਪ੍ਰਿਥਮ ਲਾਂਗਲੀ ਕੋ

ਨਿਰਖ ਪੁਨ ਨਿਰਖੇ ਜਦੁਰਾਇ." (ਚਰਿਤ੍ਰ ੧੪੨) ੩. ਖੇਤੀ ਕਰਨ ਵਾਲਾ ਜ਼ਿਮੀਦਾਰ. ਹਲਵਾਹ.

ਲਾਗਾ: ਸੰਗਯਾ- ਪਾਸ ਦਾ ਭਾਗ. ਗਵਾਂਢ। ੨. ਘੋੜੇ ਦੀ ਪਿੱਠ ਪੁਰ ਕਾਠੀ ਦੀ ਰਗੜ ਤੋਂ ਹੋਇਆ ਘਾਉ। ੩. ਕਰਜ ਪੁਰ ਸੂਦ ਤੋਂ ਵਧਾਈ ਹੋਈ ਰਕਮ। ੪. ਵਿ- ਲਗਨ. ਲੱਗਿਆ ਹੋਇਆ। ੫. ਮੁਅੱਸਿਰ. ਅਸਰ ਕਰਨ ਵਾਲਾ. "ਗੁਰੁ ਲਾਗਾ ਤਬ ਜਾਨੀਐ, ਮਿਟੈ ਮੋਹੁ ਤਨ ਤਾਪੁ." (ਸ. ਕਬੀਰ)

ਲਾਂਗਾ: ਸੰਗਯਾ- ਕੱਟੀ ਹੋਈ ਖੇਤੀ ਦਾ ਢੇਰ.

ਲਾਗਾਇਤ: ਲਾਗੀਆਂ ਦਾ ਸਮੁਦਾਯ. ਲਾਗੀ ਲੋਕ.

ਲਾਗਿ: ਸੰਗਯਾ- ਅਗਨਿ. ਆਗ. "ਹਉਮੈ ਅੰਦਰਿ ਲਾਗਿ." (ਸ੍ਰੀ ਮਃ ੩) ੨. ਲਗਨ. ਪਿਆਰ. ਪ੍ਰੀਤਿ. "ਭੈ ਬਿਨੁ ਲਾਗਿ ਨ ਲਗਈ." (ਆਸਾ ਅਃ ਮਃ ੩) ੩. ਤਆ਼ਕੁ਼ਬ (ਪਿੱਛਾ) ਕਰਨ ਦੀ ਕ੍ਰਿਯਾ. "ਤਉ ਜਮਿ ਛੋਡੀ ਮੋਰੀ ਲਾਗਿ." (ਜੈਤ ਮਃ ੫) ੪. ਕ੍ਰਿ. ਵਿ- ਲੱਗਕੇ. "ਉਧਰਹਿ ਲਾਗਿ ਪਲੇ." (ਸਾਰ ਮਃ ੫) ਲੜ ਲੱਗਕੇ ਉਧਰਹਿ.

ਲਾਗਿਲਾ: ਲਗਦਾ ਹੈ. ਮਲੂਮ ਹੁੰਦਾ ਹੈ। ੨. ਮਹਸੂਸ ਹੁੰਦਾ ਹੈ. "ਬਾਸੁ ਤੇ ਸੁਖ ਲਾਗਿਲਾ." (ਪ੍ਰਭਾ ਨਾਮਦੇਵ)

ਲਾਂਗਿਲੀ: ਦੇਖੋ, ਲਾਂਗਲੀ.

ਲਾਗੀ: ਵਿ- ਲੱਗੀ ਹੋਈ. "ਲਾਗੀ ਪ੍ਰੀਤਿ ਨ ਤੂਟੈ ਮੂਲੇ." (ਮਾਝ ਮਃ ੫) ੨. ਸੰਗਯਾ- ਗ੍ਰਿਹਸਥੀਆਂ ਦੇ ਆਸਰੇ ਲੱਗਕੇ ਗੁਜ਼ਾਰਾ ਕਰਨ ਵਾਲੇ ਬ੍ਰਾਹਮਣ, ਨਾਈ, ਝੀਉਰ ਆਦਿ ਕੰਮੀ.

ਲਾਂਗੁਲ: ਦੇਖੋ, ਲਾਂਗਲ। ੨. ਡਿੰਗ. ਲਿੰਗ. ਜਨਨੇਂਦ੍ਰਿਯ.

ਲਾਂਗਲੀ: ਦੇਖੋ, ਲਾਂਗਲੀ.

ਲਾਗੂ: ਵਿ- ਲੱਗਣ ਵਾਲਾ। ੨. ਤਆ਼ਕੁ਼ਬ (ਪਿੱਛਾ) ਕਰਨ ਵਾਲਾ. "ਲਾਗੂ ਹੋਏ ਦੁਸਮਨਾਂ." (ਸ੍ਰੀ ਅਃ ਮਃ ੫) ੩. ਵੈਰੀ. "ਅਉਗੁਣ ਫਿਰਿ ਲਾਗੂ ਭਏ." (ਸ੍ਰੀ ਮਃ ੧) "ਤੂੰ ਵਿਸਰਹਿ ਤਾ ਸਭੁਕੋ ਲਾਗੂ." (ਆਸਾ ਮਃ ੫) ੪. ਸਾਥੀ. ਸੰਗੀ.

ਲਾਂਗੂਲ: ਪੂਛ. ਦੁੰਮ. ਦੇਖੋ, ਲਾਂਗਲ ੨.

ਲਾਂਗੂਲੀ: ਸੰ. ਲਾਙ੍ਗੂਲਿਨ. ਵਿ- ਪੂਛ ਵਾਲਾ. ਦੁਮਦਾਰ। ੨. ਸੰਗਯਾ- ਲੰਗੂਰ ਆਦਿ ਜੀਵ.

ਲਾਂਘਨਾ: ਕ੍ਰਿ- ਉਲੰਘਨ ਕਰਨਾ. ਉੱਪਰਦੀਂ ਜਾਣਾ. ਪਾਰ ਹੋਣਾ. ਅਬੂਰ ਕਰਨਾ.

ਲਾਘਵ: ਸੰ. ਸੰਗਯਾ- ਲਘੁ (ਹਲਕਾ) ਹੋਣ ਦਾ ਭਾਵ। ੨. ਕਮੀ. ਘਾਟਾ। ੩. ਫੁਰਤੀ. ਚਾਲਾਕੀ। ੪. ਵਜ- ਛੇਤੀ ਨਾਲ. ਜਲਦੀ ਸੇ.

ਲਾਘਵਤਾ, ਲਾਘਵੀ: ਸੰਗਯਾ- ਫੁਰਤੀ. ਚਾਲਾਕੀ. "ਕਰ ਲਾਘਵਤਾ ਤੀਰ ਪ੍ਰਹਾਰੇ." (ਗੁਪ੍ਰਸੂ) ੨. ਹਲਕਾਪਨ. ਤੁੱਛਤਾ। ੩. ਕਮੀਨਾਪਨ.

ਲਾਂਘਾ: ਸੰਗਯਾ- ਲੰਘਣ ਦਾ ਥਾਂ. ਦਰਾ ਘਾਟੀ ਅਥਵਾ ਵਲਗਣ ਦਾ ਮੋਰਾ। ੨. ਗੁਜ਼ਰਾਨ. ਨਿਰਵਾਹ, ਜਿਵੇਂ- ਇੰਨੀ ਥੋੜੀ ਨੌਕਰੀ ਨਾਲ ਭੀ ਲਾਂਘਾ ਹੁੰਦਾ ਜਾਂਦਾ ਹੈ.

ਲਾਚੜਨਾ: ਕ੍ਰਿ- ਲਾਡ ਚੜ੍ਹਨਾ. ਲਾਡ ਦੀ ਮਸ੍ਤੀ ਚੜ੍ਹ ਜਾਣੀ.

ਲਾਚਾ: ਸੰਗਯਾ- ਮੋਟੀ ਬੁਣਤੀ ਦੀ ਚਾਦਰ, ਜਿਸ ਦੇ ਸਿਰਿਆਂ ਪੁਰ ਸੁਰਖ ਸੂਤ ਜਾਂ ਰੇਸ਼ਮ ਦੇ ਪੱਲੇ ਹੁੰਦੇ ਹਨ.

ਲਾਚਾਰ: ਫ਼ਾ. لاچار ਵਿ- ਵਿਵਸ਼. ਨਾਚਾਰਹ.

ਲਾਚਾਰਗੀ, ਲਾਚਾਰੀ: ਫ਼ਾ. لاچارگی ਸੰਗ੍ਯਾ- ਬੇਵਸ਼ੀ ਬੇ- ਅਖ਼ਤ੍ਯਾਰੀ.

ਲਾਚੀ: ਇਲਾਯਚੀ ਦਾ ਸੰਖੇਪ.

ਲਾਚੀਦਾਣਾ: ਦੇਖੋ, ਇਲਾਯਚੀਦਾਣਾ.

ਲਾਚੀਬੇਰ: ਦੇਖੋ, ਅਮ੍ਰਿਤਸਰ ੧੭.

ਲਾਛ: ਡਿੰਗ. ਲਕ੍ਸ਼ਮੀ. ਰਮਾ.

ਲਾਂਛ: ਸੰ. लाञ्छ. ਧਾ- ਚਿੰਨ੍ਹ ਕਰਨਾ, ਨਿਸ਼ਾਨ ਲਾਉਣਾ.

ਲਾਂਛਨ: ਸੰ. लाञ्छन. ਸੰਗ੍ਯਾ- ਚਿੰਨ੍ਹ. ਨਿਸ਼ਾਨ। ੨. ਦਾਗ. ਧੱਬਾ. ਕਲੰਕ.

ਲਾਂਛਿਤ: ਸੰ. ਵਿ- ਦਾਗੀ. ਕਲੰਕਿਤ। ੨. ਚਿੰਨ੍ਹ ਵਾਲਾ.

ਲਾਛੈ: ਦੇਖੋ, ਮਲੈ ੨.

ਲਾਜ: ਸੰ. ਲੱਜਾ. ਸੰਗ੍ਯਾ- ਸ਼ਰਮ. ਹ਼ਯਾ. "ਲਾਜ ਨ ਆਵੈ ਅਗਿਆਨਮਤੀ." (ਬਿਲਾ ਛੰਤ ਮਃ ੫) ੨. ਇਲਾਜ ਦਾ ਸੰਖੇਪ। ੩. ਸੰ. ਲਾਜਾ. ਭੁੰਨਿਆ ਹੋਇਆ ਅੰਨ. ਖ਼ਾਸ ਕਰਕੇ ਭੁੰਨੇ ਹੋਏ ਧਾਨਾਂ ਦੀਆਂ ਖਿੱਲਾਂ. "ਕੰਚਨ ਫੂਲ ਸੁ ਲਾਜ ਬਿਖੇਰਤ." (ਗੁਪ੍ਰਸੂ)[1131] ੪. ਸੰ. लाज्. ਧਾ- ਭੁੰਨਣਾ, ਦੋਸ਼ ਲਗਾਉਣਾ। ੫. ਦੇਖੋ, ਲਾਜੁ ੨.

ਲਾਂਜ: ਸੰ. लाञ्ज्. ਧਾ- ਦੋਸ਼ ਲਗਾਉਣਾ, ਨਿੰਦਾ ਕਰਨਾ. ਭੁੰਨਣਾ.

ਲਾਂਜਣਾ: ਕ੍ਰਿ- ਭੁੰਨਣਾ. ਫੂਕਣਾ। ੨. ਕਲੰਕ ਲਾਂਉਣਾ. ਬਦਨਾਮ ਕਰਨਾ. ਦੇਖੋ, ਲਾਂਜ ਧਾ.

ਲਾਜਬਰਦ: ਦੇਖੋ, ਲਾਜਵਰਦ.

ਲਾਜ ਬਹਾਘੀ: ਦੇਖੋ, ਬਹਾਘੀ ੩.

ਲਾਜਮ: ਦੇਖੋ, ਲਾਜ਼ਿਮ.

ਲਾਜਲੋਨੁ: ਵਿ- ਲੱਜਾ ਸਹਿਤ ਹਨ ਜਿਸ ਦੇ ਲੋਇਣ (ਲੋਚਨ) ਸ਼ਰਮਿੰਦਹ. "ਲਾਜਲੋਨੁ ਹੋਇਜਾਈਐ." (ਸਾਰ ਮਃ ੫)

ਲਾਜਵਰਦ: ਫ਼ਾ. لاورد ਸੰ. राजवर्त्त- ਰਾਜਵਰ੍‍ਤ. ਸੰਗ੍ਯਾ- ਜੰਗਾਲੀ ਰੰਗ ਦਾ ਇੱਕ ਕੀਮਤੀ ਪੱਥਰ, ਜੋ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ Lapis Laduli। ੨. ਗੰਧਕ ਦੇ ਮੇਲ ਦਾ ਨੀਲ। ੩. ਗੁਰੂ ਨਾਨਕਪ੍ਰਕਾਸ਼ ਅਤੇ ਜਨਮਸਾਖੀ ਅਨੁਸਾਰ ਹਬਸ਼ ਦਾ ਬਾਦਸ਼ਾਹ, ਜੋ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਸੇਵਕ ਹੋਇਆ.

ਲਾਜਵੰਤ: ਲੱਜਾ (ਸ਼ਰਮ) ਵਾਲਾ.

ਲਾਜਵੰਤੀ: ਵਿ- ਲੱਜਾਵਤੀ. ਸ਼ਰਮ ਵਾਲੀ। ੨. ਸੰਗ੍ਯਾ- ਇੱਕ ਬੂਟੀ, ਜੋ ਛੁਹਣ ਤੋਂ ਮੁਰਝਾ ਜਾਂਦੀ ਹੈ. ਸੰ. छुपन्मृता- ਛੁਪਨਮ੍ਰਿਤਾ Mimosa Sensitiva.

ਲਾਜਾ: ਵਿ- ਲੱਜਿਤ. ਸ਼ਰਮਿੰਦਾ। ੨. ਸੰ. ਸੰਗ੍ਯਾ- ਭੁੰਨਿਆ ਅੰਨ। ੩. ਭੁੰਨੇ ਹੋਏ ਧਾਨਾਂ ਦੀਆਂ ਖਿੱਲਾਂ. "ਲਾਜਾ ਪੁਸਪਨ ਬਹੁ

---

[1131] ਦੇਖੋ, ਲਾਜਾ ੩. ਦਾ ਫੁਟਨੋਟ.

ਬਰਖਾਈ." (ਗੁਪ੍ਰਸੂ)[1132].

ਲਾਜ਼ਿਮ: ਅ਼. لازم ਵਿ- ਉਚਿਤ. ਯੋਗ੍ਯ. ਮੁਨਾਸਿਬ। ੨. ਜ਼ਰੂਰੀ (ਅਵਸ਼੍ਯ) ਕਰਨ ਯੋਗ੍ਯ.

ਲਾਜ਼ਿਮੀ: ਜ਼ਰੂਰੀ. ਆਵਸ਼੍ਯਕ.

ਲਾਜੀਅਹਿ: ਲੱਜਿਤ (ਸ਼ਰਮਿੰਦੇ) ਹੁੰਦੇ ਹਨ. "ਪਰਤ੍ਰਿਆ ਰਾਵਣਿ ਜਾਹਿ ਸੇਈ ਤਾ ਲਾਜੀਅਹਿ." (ਫੁਨਹੇ ਮਃ ੫)

ਲਾਜੁ: ਦੇਖੋ, ਲਾਜ। ੨. ਰੱਜੁ. ਰੱਸੀ. ਲੱਜ. "ਲਾਜੁ ਘੜੀ ਸਿਉ ਤੂਟਿਪੜੀ." (ਗਉ ਕਬੀਰ) ਰੱਜੁ (ਡੋਰੀ) ਉਮਰ, ਘੜੀ ਦੇਹ। ੩. ਭਾਵ- ਵ੍ਰਿੱਤਿ ਦੀ ਏਕਾਗ੍ਰਤਾ "ਟੂਟੀ ਲਾਜੁ ਭਰੈ ਮਤਿਹਾਰੀ." (ਗਉ ਕਬੀਰ)

ਲਾਝਾ: ਲੱਭਿਆਂ. ਲੱਧਾ. ਲੱਝਾ.

ਲਾਂਝਾ: ਉਲਝਾਉ. ਬਖੇੜਾ. ਗੁਲਝਣ.

ਲਾਟ: ਸੰ. ਲਾਟ੍. ਧਾ- ਜੀਨਾ. ਜਿਉਂਣਾ। ੨. ਸੰਗ੍ਯਾ- ਵਸਤ੍ਰ। ੩. ਪੁਰਾਣਾ ਗਹਿਣਾ। ੪. ਗੁਜਰਾਤ ਅਤੇ ਖਾਨਦੇਸ਼ ਦਾ ਕੁਝ ਭਾਗ। ੫. ਹਿੰਦੁਸਤਾਨੀ ਬੋਲੀਆਂ ਵਿੱਚ ਲਾਰਡ (Lord) ਸ਼ਬਦ ਦਾ ਰੂਪਾਂਤਰ ਲਾਟ ਹੈ. ਦੇਖੋ, ਜੰਗੀ ਲਾਟ ਅਤੇ ਮੁਲਕੀ ਲਾਟ। ੬. ਅੱਗ ਦੀ ਸ਼ਿਖਾ। ੭. ਇੱਖ ਦੇ ਰਸ ਦੀ ਰਾਬ. ਲਾਟ ਘਟੀਆ ਅਤੇ ਪਤਲਾ ਗੁੜ ਹੈ, ਇਸ ਨੂੰ ਸ਼ਰਾਬ ਬਣਾਉਣ ਲਈ ਵਰਤਦੇ ਹਨ ਅਤੇ ਤਮਾਕੂ ਵਿੱਚ ਬਹੁਤ ਵਰਤੀ ਜਾਂਦੀ ਹੈ। ੮. ਪੰਜਾਬੀ ਵਿੱਚ ਲੱਠ ਦੀ ਥਾਂ ਭੀ ਲਾਟ ਬੋਲਦੇ ਹਨ, ਜਿਵੇਂ- ਕੁਤਬ ਦੀ ਲਾਟ.

ਲਾਟਾਨੁਪ੍ਰਾਸ: ਦੇਖੋ, ਅਨੁਪ੍ਰਾਸ (ਸ).

ਲਾਟਾਂਵਾਲੀ: ਜ੍ਵਾਲਾਮੁਖੀ ਦੇਵੀ, ਜਿੱਥੇ ਗੈਸ (gas) ਦੀਆਂ ਲਾਟਾਂ ਮਚਦੀਆਂ ਹਨ. ਦੇਖੋ, ਜ੍ਵਾਵਾਮੁਖੀ ਪਰਬਤ.

ਲਾਟੂ: ਗੋਲ ਅਕਾਰ ਦਾ ਇੱਕ ਯੰਤ੍ਰ. ਜਿਸ ਨੂੰ ਡੋਰੀ ਲਪੇਟਕੇ ਘੁਮਾਈਦਾ ਹੈ (humming top) "ਲਾਟੂ ਮਧਾਣੀਆ ਅਨਗ਼ਾਹ." (ਵਾਰ ਆਸਾ) ੨. ਛੱਤ ਦੇ ਸਿੰਗਾਰ ਲਈ ਲਟਕਦੇ ਹੋਏ ਕੱਚ ਦੇ ਗੋਲੇ। ੩. ਰੌਸ਼ਨੀ ਦੇ ਗੋਲੇ (bulb)

ਲਾਠ: ਵੇਲਣ. ਦੇਖੋ, ਲਠ. "ਲਾਠ ਦਬਾਵੈ ਕੋਲੁ ਊਖ ਸੁਰਸ ਨਿਕਸਾਵੈ." (ਗੁਪ੍ਰਸੂ) ੨. ਸਤੂਨ. ਮੁਨਾਰਾ (column).

ਲਾਠੀ: ਸੰਗ੍ਯਾ- ਸੋਟੀ. ਯਸ਼੍ਟਿ.

ਲਾਡ: ਸੰਗ੍ਯਾ- ਪਿਆਰ। ੨. ਮੋਹ। ੩. ਖੇਲ. "ਲਾਡਿਲ ਲਾਡ ਲਡਾਇ." (ਬਿਲਾ ਛਤ ਮਃ ੫) ਦੇਖੋ, ਲਡ ਧਾ.

ਲਾਂਡ: ਸੰਗ੍ਯਾ- ਲਿੰਗ. "ਕਿਰਪਾਲੁ ਨ ਭੀਜਤ ਲਾਂਭ ਕਟਾਏ." (ਵਿਚਿਤ੍ਰ)

ਲਾਡਲਾ, ਲਾਡਲੀ: ਵਿ- ਖੇਲ (ਕ੍ਰੀੜਾ) ਕਰਨ ਵਾਲਾ, ਵਾਲੀ। ੨. ਪਿਆਰਾ, ਪਿਆਰੀ, ਦੇਖੋ, ਲਡ.

ਲਾਡਾ: ਦੇਖੋ, ਰਾਢਾ ੩.

ਲਾਡਾਵੈ: ਲਡਾਉਂਦਾ ਹੈ. ਪਿਆਰ ਕਰਦਾ ਹੈ. "ਖੇਲਿ ਖੇਲਾਇ ਲਾਡ ਲਾਡਾਵੈ." (ਸਾਰ ਮਃ ੫)

ਲਾਡੁਲੀ: ਦੇਖੋ, ਲਾਡਲੀ. "ਸਰਿ ਧੋਵਨ ਚਾਲੀ ਲਾਡੁਲੀ." (ਬਸੰ ਨਾਮਦੇਵ) ਸਤਸੰਗ ਰੂਪ ਤਾਲ ਵਿੱਚ ਪਿਆਰੀ ਬੁੱਧੀ ਦੇਹ ਨੂੰ ਪਵਿਤ੍ਰ ਕਰਨ ਚੱਲੀ.

ਲਾਡੂਆ: ਜਿਲਾ ਕਰਨਾਲ ਦੀ ਥਨੇਸਰ ਤਸੀਲ ਵਿੱਚ ਇੱਕ ਨਗਰ, ਜੋ ਡੇਢ ਲੱਖ ਰੁਪਯਾ ਸਾਲ ਆਮਦਨ ਦੀ ਸਿੱਖ ਰਿਆਸਤ

[1132] ਹਿੰਦੁਸਤਾਨ ਵਿੱਚ ਮੋਏ ਪ੍ਰਾਣੀ ਦਾ ਵਿਮਾਨ ਕੱਢਣ ਵੇਲੇ ਧਨ, ਫੁੱਲ ਅਤੇ ਖਿੱਲਾਂ ਵਰਸਾਉਣ ਦੀ ਰੀਤਿ ਹੈ.

ਸੀ. ਇਹ ਸਨ ੧੮੪੬ ਵਿੱਚ ਸਿੱਖਾਂ ਦੀ ਪਹਿਲੀ ਲੜਾਈ ਵੇਲੇ ਅੰਗ੍ਰੇਜ਼ਾਂ ਨੇ ਜਬਤ ਕੀਤੀ.

ਲਾਣਤ: ਦੇਖੋ, ਲਾਨਤ.

ਲਾਣਾ: ਸੰਗਯਾ- ਵਿਹਾਰ ਵਿੱਚ ਲੱਗੇ ਮਨੁੱਖਾਂ ਦਾ ਟੋੱਲਾ। ੨. ਵੱਢੀ ਹੋਈ ਖੇਤੀ ਦਾ ਅੰਬਾਰ। ੩. ਵਿ- ਕਟੇ ਹੋਠ (ਬੁਲ੍ਹ) ਵਾਲਾ। ੪. ਕ੍ਰਿ- ਲਿਆਉਣਾ. ਲਾਨਾ.

ਲਾਤ: ਸੰਗਯਾ- ਲੱਤ. ਟੰਗ. "ਨੈਕ ਹਲੀ ਨਹਿ ਅੰਗਦ ਲਾਤ ਸੀ." (ਨਾਪ੍ਰ) ੨. ਲੱਤ ਦਾ ਪ੍ਰਹਾਰ.

ਲਾਤਿਆ: ਲਗਾ ਦਿੱਤਾ। ੨. ਲਗਾਉਂਦੇ ਹਨ. "ਤਪਤ ਥੰਮ ਗਲਿ ਲਾਤਿਆ." (ਬਿਹਾ ਛੰਤ ਮ ੫)

ਲਾਤੋਂ ਲਾਵਾਂ: ਵਿ- ਲੰਙਾਂ. ਲੰਗੜਾ। ੨. ਲੂਤੀ (ਚੁਆਤੀ) ਲਾਉਣ ਵਾਲਾ.

ਲਾਥਨਾ: ਦੇਖੋ, ਲਥਨਾ. "ਹਰਿ ਸਿਮਰਤ ਦੁਖ ਲਾਥ." (ਕੇਦਾ ਮਃ ੫) "ਗੁਰਿ ਨਾਮੁ ਦੀਓ ਰਿਨੁ ਲਾਥਾ." (ਜੈਤ ਮਃ ੪) "ਲਾਥੀ ਭੂਖ ਤ੍ਰਿਸਨ ਸਭ ਲਾਥੀ." (ਗਉ ਮਃ ੪) "ਲਾਥੇ ਸਗਲ ਵਿਸੂਰੇ." (ਅਨੰਦੁ)

ਲਾਦਨ, ਲਾਦਨਾ: ਕ੍ਰਿ- ਲੱਦਣਾ. ਬੋਝ ਉੱਪਰ ਰੱਖਣਾ। ੨. ਬੋਝ ਭਰਨਾ. "ਲਾਦਨ ਹੇਤ ਸੁ ਉਸ਼੍ਟ੍ਰ ਪਠਾਏ." (ਗੁਪ੍ਰਸੂ)

ਲਾਦਾਵਾ: ਅ਼. لادعوے ਦਾਵੇ ਬਿਨਾ. ਮਮਤ੍ਵ ਰਹਿਤ। ੨. ਲਾਵਾਰਿਸ. ਜਿਸ ਪੁਰ ਕਿਸੇ ਦੀ ਮੇਰ ਨਹੀਂ.

ਲਾਦਿ: ਕ੍ਰਿ. ਵਿ- ਲੱਦਕੇ. "ਲਾਦਿ ਖੇਪ ਸੰਤਹਿ ਸੰਗਿ ਚਾਲੁ." (ਸੁਖਮਨੀ) "ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ." (ਗੂਜ ਮਃ ੫)

ਲਾਦੂ: ਵਿ- ਲੱਦਣ ਯੋਗ੍ਯ। ੨. ਉਹ ਪਸ਼ੂ ਅਥਵਾ ਸਵਾਰੀ, ਜੋ ਬੋਝ ਲੱਦਣ ਲਈ ਹੋਵੇ, ਜਿਵੇਂ ਲਾਦੂ ਟੱਟੂ.

ਲਾਧ, ਲਾਧਾ: ਵਿ- ਲਬ੍ਧ. ਪ੍ਰਾਪਤ ਕੀਤਾ. ਲੱਭਿਆ. "ਗੁਰਮੁਖਿ ਲਾਧਾ, ਮਨਮੁਖਿ ਗਵਾਇਆ." (ਸੋਪੁਰਖੁ) "ਅਨਿਕ ਲਾਭ ਮਨੋਰਥ ਲਾਧੇ." (ਗਉ ਮਃ ੫)

ਲਾਧਿ: ਦੇਖੋ, ਲਬਧਿ। ੨. ਲੱਭਕੇ.

ਲਾਧਿਓ, ਲਾਧਿਆ, ਲਾਧੀ, ਲਾਧੋ: ਦੇਖੋ, ਲਬਧ ਅਤੇ ਲਾਧਾ. "ਅਮੋਲ ਪਦਾਰਥੁ ਲਾਧਿਓ." (ਦੇਵ ਮਃ ੫) "ਅੰਦਰਹੁ ਹੀ ਸਚੁ ਲਾਧਿਆ." (ਮਃ ੪. ਗਉ ਵਾਰ ੧) "ਹਰਿ ਪ੍ਰਭੁ ਲਾਧੋ." (ਕਾਨ ਪੜਤਾਲ ਮਃ ੪)

ਲਾਨਤ: ਅ਼. لعنت ਲਅ਼ਨਤ. ਸੰਗਯਾ- ਧਿੱਕਾਰ. ਫਿਟਕਾਰ. "ਲਾਨਤ ਤੈਕੂੰ ਅਰੁ ਤੈਂਡੀ ਕਮਾਈ." (ਨਸੀਹਤ)

ਲਾਪ: ਸੰਗਯਾ- ਆਲਾਪ ਦੇਖੋ, ਲਪ ਧਾ. "ਹੁਣ ਅਰਦਾਸ ਕੋ ਲਾਪ." (ਗੁਪ੍ਰਸੂ)

ਲਾਪਸੀ: ਸੰ. लप्सिका. ਲਪਸਿਕਾ. ਸੰਗਯਾ- ਮਿੱਠੀ ਗੋਈ. ਮਿੱਠੀ ਕੜ੍ਹੀ. "ਪੂਜਹਾਰੈ ਪਾਹਨ, ਚਢਾਇ ਹਾਰੇ ਲਾਪਸੀ." (ਅਕਾਲ)

ਲਾਪਚਾਰੀ: ਸੰਗਯਾ- ਖ਼ੁਸ਼ਾਮਦ ਦੀ ਗੁਫ਼ਤਗੂ. ਦੇਖੋ, ਲਪ ਅਤੇ ਆਚਾਰ. "ਕਹੀ ਲਾਪਚਾਰੀ ਸਭ ਬਾਤ." (ਗੁਪ੍ਰਸੂ)

ਲਾਪਣਾ, ਲਾਪਰਣਾ: ਕ੍ਰਿ- ਕੱਟਣਾ. ਕਤਰਨਾ. ਵੱਢਣਾ. ਤਰਾਸ਼ਨਾ.

ਲਾਪਰਵਾ: ਵਿ- ਬੇਫ਼ਿਕਰ. ਸਾਵਧਾਨਤਾ ਰਹਿਤ. ਦੇਖੋ, ਲਾ ਅਤੇ ਪਰਵਾ.

ਲਾਫ਼: ਫ਼ਾ. لاف ਸੰਗਯਾ- ਸ਼ੇਖੀ ਡੀਂਗ. ਗੱਪ. "ਲਾਂਫ ਨ ਮਾਰੋ ਬਿਨਾ ਗੁਣ." (ਜਸਭਾਮ)

ਲਾਫੀ: ਲਾਫ਼ (ਸ਼ੇਖ਼ੀ) ਦੀ. "ਤੁਮ ਕਾਹੇ ਕੋ ਬਾਤ ਕਰੋਂ ਰਸ ਲਾਫੀ?" (ਕ੍ਰਿਸਨਾਵ) ੨. ਲਾਫ਼ (ਸ਼ੇਖ਼ੀ) ਮਾਰਨ ਵਾਲਾ.

ਲਾਫ਼ੀਦਨ: ਫ਼ਾ. لافیدن ਕ੍ਰਿ- ਸ਼ੇਖ਼ੀ ਮਾਰਨੀ. ਗੱਪ ਹੱਕਣੀ.

ਲਾਫ਼ੇਮ: ਫ਼ਾ. لافیم ਅਸੀਂ ਗੱਪ ਮਾਰਦੇ ਹਾਂ.

ਲਾਂਬ, ਲਾਂਬਾ, ਲਾਂਬੀ: ਲੰਮਾ. ਲੰਮੀ. ਦੇਖੋ, ਲੰਬ ਅਤੇ ਲੰਬਾ. "ਭਾਵੈ ਲਾਂਬੇ ਕੇਸ ਕਰੁ." (ਸ. ਕਬੀਰ)

ਲਾਬੁਦ: ਅ਼. لابُد ਵਿ- ਜ਼ਰੂਰੀ. ਆਵਸ਼ਜਕ.

ਲਾਂਬੂ: ਸੰਗਜਾ- ਅਗਨਿ ਨਾਲ ਮਚਦਾ ਹੋਇਆ ਫੂਸ ਦਾ ਚੁਆਤਾ, ਜਿਸ ਨਾਲ ਚਿਤਾ ਨੂੰ ਅੱਗ ਲਾਈਦੀ ਹੈ.

ਲਾਭ: ਸੰਗਜਾ- ਫਾਇਦਾ. ਨਫ਼ਾ. ਦੇਖੋ, ਲਭ ਧਾ. "ਲਾਭ ਮਿਲੈ, ਤੋਟਾ ਹਿਰੈ." (ਗਉ ਥਿਤੀ ਮਃ ੫) ੨. ਬਿਆਜ. ਸੂਦ। ੩. ਇਲਮ. ਗਿਆਨ.

ਲਾਂਭ: ਸੰਗਜਾ- ਪਾਸਾ. ਕਿਨਾਰਾ. ਕੰਢਾ.

ਲਾਭਕਾਰੀ, ਲਾਭਦਾਇਕ, ਲਾਭਦਾਯਕ: ਵਿ- ਫਾਯਦੇਮੰਦ. ਲਾਭ (ਨਫ਼ਾ) ਦੇਣ ਵਾਲਾ.

ਲਾਭਨ: ਸੰਗਜਾ- ਲਾਭ ਲੈਣ ਦੀ ਕ੍ਰਿਯਾ. ਖੱਟਣਾ. "ਆਇਓ ਲਾਭੁ ਲਾਭਨ ਕੈ ਤਾਈ." (ਸਾਰ ਮਃ ੫) ੨. ਲੱਭਣਾ.

ਲਾਭਾ: ਲੱਭਿਆ. ਪ੍ਰਾਪਤ ਕੀਤਾ. "ਗੁਰਿ ਪੂਰੈ ਹਰਿ ਪ੍ਰਭੁ ਲਾਭਾ." (ਪ੍ਰਭਾ ਮਃ ੪)

ਲਾਂਭਾ: ਦੇਖੋ, ਲਾਂਭ.

ਲਾਭਾਇਆ: ਵਿ- ਲਾਭਦਾਇਕ. "ਵਸਤੁ ਅਨੂਪ ਸੁਣੀ ਲਾਭਾਇਆ." (ਆਸਾ ਮਃ ੫) ੨. ਲਾਭ ਪਾਇਆ.

ਲਾਭੁ: ਦੇਖੋ, ਲਾਭ. "ਲਾਭੁ ਹਰਿਗੁਣ ਗਾਇ." (ਸਾਰ ਮਃ ੫) ੨. ਵਿ- ਲਭਯ. ਲੱਭਣ ਯੋਗਯ. "ਪਾਇਆ ਲਾਹਾ ਲਾਭੁ ਨਾਮੁ." (ਸ੍ਰੀ ਮਃ ੫) ਦੇਖੋ, ਲਾਭੁਲਾਹਾ.

ਲਾਭੁ ਲਾਹਾ: ਲਭਯ ਲਾਭ. ਲੱਭਣ ਯੋਗਯ ਨਫਾ. "ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ." (ਸਾਰ ਮਃ ੫)

ਲਾਂਭੇ: ਕ੍ਰਿ. ਵਿ- ਕਿਨਾਰੇ. ਦੂਜੇ ਪਾਸੇ.

ਲਾਭੈ: ਲਭਦਾ ਹੈ. ਪ੍ਰਾਪਤ ਕਰਦਾ ਹੈ. "ਗੁਰਪਰਸਾਦਿ ਰਤਨੁ ਹਰਿ ਲਾਭੈ." (ਆਸਾ ਮਃ ੧)

ਲਾਮ: ਫ਼੍ਰ. A l' arme (to arms) ਫੌਜਾਂ ਨੂੰ ਕੂਚ ਜਾਂ ਚੜ੍ਹਾਈ ਦਾ ਹੁਕਮ। ੨. ਫ਼ਾ. لام ਸੰਗਜਾ- ਖਿੰਥਾ. ਗੋਦੜੀ। ੩. ਸਜਾਵਟ। ੪. ਅ਼. ਲਾਮ ਅੱਖਰ। ੫. ਵਿ- ਟੇਢਾ. ਵਿੰਗਾ.

ਲਾਮਾ: ਵਿ- ਲੰਮਾ. ਲੰਬਾ। ੨. ਸੰਗਜਾ- ਬੌਧਮਤ ਦਾ ਮਹੰਤ. ਤਿੱਬਤੀ ਬੋਲੀ ਵਿੱਚ ਲਾਮਾ ਦਾ ਅਰਥ ਧਾਰਮਿਕ ਆਗੂ ਹੈ. ਲਾਮਾ ਗ੍ਰਿਹਸਥੀ ਨਹੀਂ ਹੁੰਦਾ. ਤਿੱਬਤ ਵਿੱਚ ਲਾਮਾ ਧਰਮਗੁਰੁ ਹੀ ਨਹੀਂ, ਕਿੰਤੂ ਦੇਸ਼ ਦਾ ਰਾਜਾ ਭੀ ਹੈ.

ਲਾਮਿਸਹ: ਅ਼. لامِسہ ਸਪਰਸ਼. ਛੋਹ। ੨. ਸਪਰਸ਼ਗਿਆਨ.

ਲਾਮੀਧਾਈ: ਲੰਮੀ ਦੌੜ. ਲੰਮਾ ਸਫਰ. ਭਾਵ ਪਰਲੋਕਯਾਤ੍ਰਾ ਅਤੇ ਚੌਰਾਸੀ ਦਾ ਗੇੜਾ. "ਜਬ ਤੇ ਹੋਈ ਲਾਮੀਧਾਈ." (ਗੂਜ ਮਃ ੫)

ਲਾਯਕ, ਲਾਯਕ਼: ਅ਼. لائق ਵਿ- ਲਯਾਕ਼ਤ ਵਾਲਾ. ਯੋਗਯ. ਪ੍ਰਵੀਣ.

ਲਾਯਕੀ, ਲਾਯਕ਼ੀ: ਅ਼. لائقی ਸੰਗਜਾ- ਲਾਯਕ਼ਪਨ. ਯੋਗਯਤਾ.

ਲਾਯਚੀ: ਦੇਖੋ, ਇਲਾਇਚੀ.

ਲਾਰ: ਸੰਗਯਾ- ਡਾਰ. ਕਤਾਰ. ਪੰਕ੍ਤਿ. ਸ਼੍ਰੇਣੀ. "ਢੂਰ ਲੌ ਗਮਨੇ ਲਾਰ." (ਗੁਪ੍ਰਸੂ) ੨. ਲੜ. ਦਾਮਨ. "ਲਗੋਂ ਲਾਰ ਥਾਨੈ." (ਰਾਮਾਵ) ਥੁਆਡੇ (ਆਪ ਦੇ) ਲੜ ਲਗਦੀ ਹਾਂ। ੩. ਮੂੰਹ ਤੋਂ ਟਪਕਦਾ ਹੋਇਆ ਲੇਸਦਾਰ ਥੁੱਕ, ਸੰ. ਲਾਲਾ. "ਕਿਤਕ ਅਸੁਰ ਡਾਰਤ ਭੂਅ ਲਾਰੈਂ." (ਚਰਿਤ੍ਰ ੪੦੫) ੪. ਡਿੰਗ. ਕ੍ਰਿ. ਵਿ- ਸਾਥ. ਸੰਗ. ਨਾਲ.

ਲਾਰਾ: ਦੇਖੋ, ਲਾੜਾ। ੨. ਯਾਤ੍ਰੀਆਂ ਦਾ ਵਹੀਰ. ਮੁਸਾਫਿਰਾਂ ਦੀ ਕਤਾਰ. "ਗੁਰੁ ਤੇ ਪੁਰ ਲਗ ਲਾਰੋ ਪਰਜੋ." (ਗੁਪ੍ਰਸੂ) ੩. ਘੋੜੇ ਦੀ ਦੌੜ (ਭਾਜ) "ਬਹੁਰੋ ਲਾਰਾ ਛੇਰਨ ਕੀਨ." (ਗੁਪ੍ਰਸੂ) ੪. ਬਹਾਨਾ ਟਾਲਮਟੋਲਾ. ਹੀਲਾ, ਜਿਵੇਂ- ਉਹ ਲਾਰੇ ਲਾਉਂਦਾ ਹੈ.

ਲਾਰੀ: ਦੇਖੋ, ਲਾੜੀ.

ਲਾਰੈਂਸ: Sir Henry. M Lawrence ਇਹ ੨੮ ਜੂਨ ਸਨ ੧੮੦੬ ਨੂੰ ਲੰਕਾ (Ceylon) ਵਿੱਚ ਜੰਮਿਆ. ਸਨ ੧੮੨੩ ਵਿੱਚ ਬੰਗਾਲ ਦੇ ਤੋਪਖਾਨੇ ਵਿੱਚ ਭਰਤੀ ਹੋਇਆ. ਸਰ ਜਾਰਜ ਕਲਾਰਕ ਦਾ ਨਾਇਬ ਹੋਕੇ ਇਸ ਨੇ ਫਿਰੋਜਪੁਰ, ਪੇਸ਼ਾਵਰ ਜਲਾਲਾਬਾਦ ਆਦਿਕ ਥਾਈਂ ਦੇਸ਼ ਦੇ ਪ੍ਰਬੰਧ ਦਾ ਚੰਗਾ ਕੰਮ ਕੀਤਾ. ਸਿੱਖਾਂ ਦੀ ਲੜਾਈ ਵੇਲੇ ਲਾਰਡ ਹਾਰਡਿੰਗ ਨੇ ਇਸ ਨੂੰ ਨੇਪਾਲ ਦੀ ਏਜੰਟੀ ਤੋਂ ਬੁਲਾਕੇ ਪੰਜਾਬ ਵਿੱਚ ਬਹੁਤ ਸੇਵਾ ਲਈ. ਮੇਜਰ ਬ੍ਰਾਡਫੁਟ ਦੇ ਮਰਨ ਪੁਰ ਇਹ ਪੰਜਾਬ ਵਿੱਚ ਗਵਰਨਰ ਜਨਰਲ ਦਾ ਏਜੈਂਟ ਬਣਿਆ. ਜਦ ਪੰਜਾਬ ਅੰਗ੍ਰੇਜ਼ੀ ਰਾਜ ਨਾਲ ਮਿਲਿਆ, ਤਦ ਇਹ ਪਹਿਲਾ ਲਫਟੰਟ ਗਵਰਨਰ ਲਹੌਰ ਥਾਪਿਆ ਗਿਆ. ਗਦਰ ਦੇ ਮੌਕੇ ਇਸ ਨੇ ਲਖਨਊ ਬਚਾਉਣ ਲਈ ਵਡਾ ਜਤਨ ਕੀਤਾ. ੪. ਜੁਲਾਈ ਸਨ ੧੮੫੭ ਨੂੰ ਇੱਕ ਗੋਲੇ ਦੇ ਫਟਣ ਨਾਲ ਇਸ ਦਾ ਦੇਹਾਂਤ ਲਖਨਊ ਹੋਇਆ.

ਸਿੱਖਾਂ ਅਤੇ ਅੰਗ੍ਰੇਜ਼ਾਂ ਦੇ ਜੰਗਾਂ ਵੇਲੇ ਰਿਆਸਤ ਨਾਭੇ ਦਾ ਚੌਥਾ ਹਿੱਸਾ ਜਬਤ ਕਰਨ ਵਿੱਚ ਇਸ ਨੇ ਬਹੁਤ ਕਾਹਲੀ ਕੀਤੀ. ਜੇ ਕਦੀ ਧੀਰਜ ਅਤੇ ਦੂਰੰਦੇਸ਼ੀ ਤੋਂ ਕੰਮ ਲੈਂਦਾ, ਤਾਂ ਅਜੇਹਾ ਕਦੀ ਨਾ ਕਰਦਾ.

ਗੋਰਿਆਂ ਦੇ ਬੱਚਿਆਂ ਦੀ ਸਿਖ੍ਯਾ ਲਈ ਲਾਰੈਂਸ ਦੇ ਬਣਾਏ ਕਈ ਆਸ਼੍ਰਮ ਹੁਣ ਤੀਕ ਚੰਗੀ ਤਰਾਂ ਚਲਦੇ ਹਨ, ਜਿਸ ਤੋਂ ਇਸ ਦਾ ਨਾਮ ਵਡੇ ਆਦਰ ਅਤੇ ਪਯਾਰ ਨਾਲ ਲੀਤਾ ਜਾਂਦਾ ਹੈ.

੨. ਜਾਨ ਲਾਰੈਂਸ. Sir John Lawrence. ੨੪ ਮਾਰਚ ਸਨ ੧੮੧੧ ਨੂੰ ਇਸ ਦਾ ਜਨਮ ਇੰਗਲੈਂਡ ਹੋਇਆ. ਇਹ ਸਰ ਹੈਨਰੀ ਲਾਰੈਂਸ ਦਾ ਛੋਟਾ ਭਾਈ ਸੀ. ਜਾਨ ਲਾਰੈਂਸ ਸਿਵਲ ਸਰਵਿਸ ਵਿੱਚ ਭਰਤੀ ਹੋਕੇ ਸਨ ੧੮੩੦ ਵਿੱਚ ਕਲਕੱਤੇ ਪੁੱਜਾ. ਪੰਜਾਬ ਵਿੱਚ ਕਈ ਅਹੁਦਿਆਂ ਤੇ ਰਹਿਕੇ ਚੰਗਾ ਕੰਮ ਕੀਤਾ. ਗਦਰ ਵੇਲੇ ਇਸ ਦੀ ਸੇਵਾ ਬਹੁਤ ਸਲਾਹੀ ਗਈ. ਇਹ ਸਨ ੧੮੬੩ ਤੋਂ ੬੯ ਤਕ ਹਿੰਦੁਸਤਾਨ ਦਾ ਗਵਰਨਰ ਜਨਰਲ ਰਿਹਾ. ਲਾਰੈਂਸ ਨੂੰ ਦੋ ਹਜਾਰ ਪੌਂਡ ਦੀ ਪੈਨਸ਼ਨ ਤੋਂ ਛੁੱਟ ਇਸ ਦੀ ਕਾਰਗੁਜਾਰੀ ਦੇ ਬਦਲੇ ਇੱਕ ਹਜਾਰ ਪੌਂਡ ਦੀ ਹੋਰ ਪੈਨਸ਼ਨ ਮਿਲੀ ਅਤੇ ਲਾਰਡ ਬਣਾਇਆ ਗਿਆ. ੨੭ ਜੂਨ ਸਨ ੧੮੭੯ ਨੂੰ ਇਸ ਦਾ ਦੇਹਾਂਤ ਇੰਗਲੈਂਡ ਹੋਇਆ ਅਤੇ ਇੰਗਲੈਂਡ ਦੇ ਵਡੇ ਗਿਰਜੇ (Westminster Abbey) ਵਿੱਚ ਦਫ਼ਨ ਕੀਤਾ ਗਿਆ. ਜਾਨ ਲਾਰੈਂਸ ਦਾ ਬੁਤ ਲਹੌਰ ਦੀ ਠੰਢੀ ਸੜਕ ਉੱਤੇ ਦੇਖਿਆ ਜਾਂਦਾ ਹੈ.

ਲਾਲ: ਭਾਈ ਲਾਲ. ਢਿੱਲੋਂ ਜਾਤਿ ਦਾ ਜੱਟ, ਜੋ ਪੱਟੀ ਦੇ ਪਰਗਨੇ ਸੁਰਸਿੰਘ ਦਾ ਚੌਧਰੀ ਸੀ. ਇਹ ਲੰਗਾਹ ਚੌਧਰੀ ਦੇ ਭਾਈਚਾਰੇ ਵਿੱਚੋਂ ਸੀ. ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਇਹ ਕਰਣੀ ਵਾਲਾ ਹੋਇਆ. ਅਮ੍ਰਿਤਸਰ ਜੀ ਬਣਨ ਸਮੇਂ ਭਾਈ ਲੰਗਾਹ ਨਾਲ ਮਿਲੇਕ ਇਸ ਨੇ ਵਡੀ ਸੇਵਾ ਕੀਤੀ. "ਪੱਟੀ ਅੰਦਰ ਚੌਧਰੀ ਢਿੱਲੋਂ ਲਾਲ ਲੰਗਾਹ ਸੁਹੰਦਾ." (ਭਾਗੁ) ਦੇਖੋ, ਲੰਗਾਹ। ੨. ਫ਼ਾ. لال ਵਿ- ਸੁਰਖ਼. ਅਰੁਣ. ਰਕ੍ਤ. "ਲਾਲ ਚੋਲਨਾ ਤੈ ਤਨਿ ਸੋਹਿਆ." (ਆਸਾ ਮਃ ੫) ਭਾਵ- ਸੁਹਾਗ ਦਾ ਲਿਬਾਸ। ੩. ਮਜੀਠੀ ਰੰਗ ਦਾ. "ਮੁੰਧੇ, ਸੂਹਾ ਪਰਹਰਹੁ, ਲਾਲੁ ਕਰਹੁ ਸੀਗਾਰੁ." (ਮਃ ੩. ਵਾਰ ਸੂਹੀ) ਸੂਹਾ (ਕੁਸੁੰਭੀ) ਮਾਯਿਕ ਰੰਗ ਹੈ, ਮਜੀਠੀ ਰੰਗ ਕਰਤਾਰ ਦਾ ਅਟਲ ਪ੍ਰੇਮ ਹੈ। ੪. ਪਿਆਰਾ. ਪ੍ਰਿਯ. "ਰੰਗੁਲਾ ਸਖੀਏ ਮੇਰਾ ਲਾਲੁ." (ਸ੍ਰੀ ਮਃ ੧) ੫. ਸੰਗਯਾ- ਬੱਚਾ. ਪੁਤ੍ਰ. "ਬੋਲ ਉਠੇ ਨੰਦਲਾਲ ਤਬੈ ਇਹ ਗ੍ਵਾਰ ਖਿਝਾਵਨ ਮੋਇ ਗਿਝੀ ਹੈ." (ਕ੍ਰਿਸਨਾਵ) ੬. ਇੱਕ ਚੁਰਚੁਰੇ ਜੇਹਾ ਛੋਟਾ ਪੰਛੀ, ਜਿਸ ਦੇ ਖੰਭ (ਪੰਖ) ਸਫੇਦ ਚਿੱਟੀਆਂ ਸਹਿਤ ਲਾਲ ਹੁੰਦੇ ਹਨ. ਸੁਰਖ਼. Fringilla Amandava. ਇਸ ਦੀ ਮਦੀਨ ਦਾ. ਨਾਮ "ਮੁਨੀਆਂ" ਹੈ. "ਤੀਤਰ ਚਕੋਰ ਚਾਰੁ ਦਾਸਤਾਂ- ਹਜਾਰ ਲਾਲ, ਪਿੰਜਰੇ ਮਝਾਰ ਪਾਇ ਧਰੇ ਪਾਂਤਿ ਪਾਂਤਿ ਕੇ." (ਗੁਪ੍ਰਸੂ) ੭. ਗੁੰਗਾ. ਜੋ ਬੋਲਣ ਦੀ ਸ਼ਕਤੀ ਨਹੀਂ ਰਖਦਾ। ੮. ਮਾਣਕ (ਮਾਣਿਕ੍ਯ). ਲਾਲ ਰੰਗ ਦਾ ਰਤਨ. ਇਹ

ਫ਼ਾਰਸੀ ਸ਼ਬਦ لعل ਲਅ਼ਲ ਭੀ ਹੈ. "ਲਾਲ ਜਵੇਹਰ ਰਤਨ ਪਦਾਰਥ." (ਪ੍ਰਭਾ ਮਃ ੧) "ਲਾਲੁ ਰਤਨੁ ਹਰਿਨਾਮੁ" (ਸੂਹੀ ਅਃ ਮਃ ੧) ੯. ਮਰਾ. ਲੱਲ ਅਥਵਾ ਲੱਲਾ. ਜੀਵਾਂ ਦੇ ਫਸਾਉਣ ਲਈ ਫੈਲਾਇਆ ਚੋੱਗਾ ਚਾਟ ਆਦਿ. Bait. "ਆਪੇ ਮਾਛੀ ਮਾਛੁਲੀ ਆਪੇ ਪਾਣੀ ਜਾਲੁ। ਆਪੇ ਜਾਲ ਮਣਕੜਾ ਆਪੇ ਅੰਦਰ ਲਾਲੁ." (ਸ੍ਰੀ ਮਃ ੧) ਮਾਹੀਗੀਰ ਮੱਛੀਆਂ ਜਮਾਂ ਕਰਨ ਲਈ ਪਹਿਲਾਂ ਪਾਣੀ ਅੰਦਰ ਧਾਨਾਂ ਦੀਆਂ ਖਿੱਲਾਂ, ਆਟੇ ਦੀਆਂ ਗੋਲੀਆਂ, ਤੂਤੀਆਂ ਆਦਿ ਵਿਖੇਰ ਦਿੰਦੇ ਹਨ, ਜਦ ਮੱਛੀਆਂ ਆ ਜਮਾਂ ਹੁੰਦੀਆਂ ਹਨ, ਤਦ ਜਾਲ ਪਾਕੇ ਫਸਾ ਲੈਂਦੇ ਹਨ। ੧੦. ਸਿੱਧ ਦਾ ਲਾਲ ਪੀਰ, ਜਿਸ ਦੇ ਨਾਮ ਹਨ- ਅਮਰਲਾਲ, ਉਡੇਰੋਲਾਲ, ਦਰਿਆਲਾਲ, ਲਾਲ ਸਾਹਿਬ ਅਤੇ ਲਾਲਸਾਈਂ. ਦੇਖੋ, ਦਰਯਾਪੰਥੀ। ੧੧. ਚੂੜ੍ਹਿਆਂ ਦਾ ਪੀਰ ਲਾਲਬੇਗ. ਦੇਖੋ, ਸਹਾ ਅਤੇ ਲਾਲਬੇਗ.

ਲਾਲਸ: ਇੱਛਾ. ਦੇਖੋ, ਲਾਲਸਾ. "ਲਾਲਸ ਹੇਰਨ ਤਾਸੁ ਵਿਸਾਲਾ." (ਨਾਪ੍ਰ) ੨. ਫ਼ਾ. لالس ਪ੍ਰੀਤਿ। ੩. ਮਿਤ੍ਰਤਾ।

ਲਾਲ ਸਮੁੰਦਰ: ਲਾਲ ਸਾਗਰ. Red Sea. ਅਰਬ ਅਤੇ ਅਫਰੀਕਾ ਦੇ ਮੱਧ ਦਾ ਸਮੁੰਦਰ, ਜਿਸ ਦੀ ਲੰਬਾਈ ੧੪੦੦ ਅਤੇ ਚੌੜਾਈ ਵੱਧ ਤੋਂ ਵੱਧ ੨੩੦ ਮੀਲ ਹੈ. ਇਸ ਦੇ ਕਿਨਾਰੇ ਕਈ ਥਾਂ ਮੂੰਗਿਆਂ ਦੇ ਟਾਪੂ ਹਨ. ਸ੍ਵੇਜ ਕਨਾਲ ਦ੍ਵਾਰਾ ਇਸ ਦਾ ਸੰਬੰਧ ਮੈਡੀਟ੍ਰੇਨੀਅਨ (ਭੂਮਧ੍ਯ) ਸਾਗਰ ਨਾਲ ਹੋਗਿਆ ਹੈ.

ਲਾਲਸਾ: ਸੰ. ਸੰਗਯਾ- ਪ੍ਰਬਲ ਇੱਛਾ. ਦੇਖੋ, ਲਸ ਧਾ. "ਪ੍ਰਭੁ ਮਿਲਬੇ ਕੀ ਲਾਲਸਾ." (ਆਸਾ ਮਃ ੫)

ਲਾਲਸਿੰਘ: ਪੂਰਵ ਦੇਸ਼ ਨਿਵਾਸੀ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਦਰਬਾਰੀ, ਜਿਸ ਦੀ ਗੈਂਡੇ ਦੀ ਢਾਲ ਦੀ ਇਤਿਹਾਸ ਵਿੱਚ ਬਡੀ ਪ੍ਰਸੰਸਾ ਲਿਖੀ ਹੈ.

੨. ਰਾਜਾ ਲਾਲਸਿੰਘ. ਮਿੱਸਰ ਜੱਸਾਮੱਲ ਦਾ ਪੁਤ੍ਰ, ਮਹਾਰਾਜਾ ਦਲੀਪਸਿੰਘ ਦਾ ਵਜ਼ੀਰ, ਜੋ ਸਨ ੧੮੪੫ ਵਿੱਚ ਜਵਾਹਰਸਿੰਘ ਵਜ਼ੀਰ ਦੇ ਮਾਰੇ ਜਾਣ ਪਿੱਛੋਂ ਮੁਕ਼ੱਰਿਰ ਹੋਇਆ, ਅਤੇ ਸਿੱਖਰਾਜ ਦੇ ਨਾਸ਼ ਕਰਨ ਦਾ ਕਾਰਣ ਬਣਿਆ.[1133] ਮਹਾਰਾਣੀ ਜਿੰਦਕੌਰ ਨੂੰ ਕੈਦ ਕਰਨ ਸਮੇਂ ਇਸ ਨੂੰ ਭੀ ਸਰਕਾਰੀ ਕੈਦੀ ਕਰਕੇ ਆਗਰੇ ਭੇਜਿਆ ਗਿਆ, ਫੇਰ ਦੇਹਰੇਦੂਨ ਰਿਹਾ. ਜਿੱਥੇ ਇਸ ਦਾ ਦੇਹਾਂਤ ਸਨ ੧੮੬੬ ਵਿੱਚ ਹੋਇਆ. ਇਸ ਦੀ ਔਲਾਦ ਹੁਣ ਦੇਹਰੇਦੂਨ ਵਸਦੀ ਹੈ। ੩. ਕਵਿ ਲਾਲਸਿੰਘ, ਜਿਸ ਦੀ ਛਾਪ "ਦਾਸ" ਹੈ. ਦੇਖੋ, ਓਜਵਿਲਾਸ ਅਤੇ ਫੂਲਮਾਲਾ ਰਾਮਾਯਣ। ੪. ਬਾਬਾ ਆਲਾਸਿੰਘ ਪਟਿਆਲਾਪਤਿ ਦਾ ਤੀਜਾ ਪੁਤ੍ਰ, ਜਿਸ ਦਾ ਜਨਮ ਸੰਮਤ ੧੭੮੦ ਅਤੇ ਦੇਹਾਂਤ ਪਿਤਾ ਦੇ ਹੁੰਦੇ ਹੀ ਸੰਮਤ ੧੮੦੫ ਵਿੱਚ ਹੋਇਆ. ਇਸ ਦੇ ਕੋਈ ਸੰਤਾਨ ਨਹੀਂ ਸੀ.

ਲਾਲਹ: ਫ਼ਾ. لالہ ਸੰਗਯਾ- ਦੁਪਹਿਰੀਆਂ. ਦੁਪਹਿਰੀਏ ਦਾ ਫੁੱਲ, ਜੋ ਬਹੁਤ ਸੁਰਖ਼ ਹੁੰਦਾ ਹੈ ਅਰ ਜਿਸ ਦੇ ਵਿਚਕਾਰ ਕਾਲਾ ਦਾਗ ਹੁੰਦਾ ਹੈ। ੨. ਦੇਖੋ, ਲਾਲਾ.

ਲਾਲਕੂਆ, ਲਾਲਖੂਹ: ਦੇਖੋ, ਲਹੌਰ ੫.

ਲਾਲ ਗੁਰੂ: ਦੇਖੋ, ਲਾਲਬੇਗ.

ਲਾਲ ਗੁਲ: ਦੇਖੋ, ਗੁਲ ਲਾਲਹ.

ਲਾਲਗੁਲਾਰੇ, ਲਾਲਗੁਲਾਲੁ: ਗੁਲ ਲਾਲਹ (ਬੰਧੂਕ) ਦੇ ਫੂਲ ਜੇਹੇ ਲਾਲ. ਗੁਲ ਦੁਪਹਿਰੀਏ ਦੇ ਫੂਲ ਜੇਹੇ ਸੁਰਖ. "ਮੇਰੇ ਲਾਲਨ ਲਾਲ ਗੁਲਾਰੇ." (ਨਟ ਅਃ ਮਃ ੪) "ਲਾਲ ਗੁਲਾਲੁ ਗਹਬਰਾ." (ਸ੍ਰੀ ਮਃ ੧)

ਲਾਲਚ: ਸੰਗਯਾ- ਲੋਭ. ਲਾਲਸਾ. "ਲਾਲਚ ਝੂਠ ਬਿਕਾਰ ਮੋਹ." (ਬਾਵਨ)

ਲਾਲਚਖੀ: ਡਿੰਗ. ਲਾਲ ਅੱਖਾਂ ਵਾਲੀ ਭੈਂਸ. ਮਹਿਂ. ਮੱਝ. ਦੇਖੋ, ਰਕਤਾਕ੍ਸ਼ੀ.

---

[1133] ਦੇਖੋ, ਫਿਰੋਜਸ਼ਾਹ ੨. ਦਾ ਫੁਟਨੋਟ.

**ਲਾਲਚਾਂਚ:** ਡਿੰਗ. ਲਾਲ ਹੈ ਚੁੰਜ (ਚੰਚੂ) ਜਿਸ ਦੀ, ਤੋਤਾ ਸ਼ੁਕ. ਕੀਰ.

**ਲਾਲਚਿ, ਲਾਲਚੀ:** ਵਿ- ਲੋਭੀ. ਲਾਲਸਾ ਵਾਲਾ. "ਜਹਿ ਲਾਲਚਿ ਜਾਗਾਤੀ ਘਾਟ." (ਆਸਾ ਮਃ ੫)

**ਲਾਲਚੰਦ:** ਭਾਈ ਬਿਧੀਚੰਦ ਜੀ ਦਾ ਸੁਪੁਤ੍ਰ। ੨. ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਸੇਵਕ ਇੱਕ ਅਰੋੜਾ ਸਿੱਖ, ਜੋ ਗਾਂਈਂ ਭੈਂਸਾ ਚਰਾਇਆ ਕਰਦਾ ਸੀ, ਇਸ ਨੇ ਭੰਗਾਣੀ ਦੇ ਯੁੱਧ ਵਿੱਚ ਵਡੀ ਵੀਰਤਾ ਦਿਖਾਈ. "ਸੁ ਲਾਲਚੰਦ ਆਨਕੈ। ਕਮਾਨ ਬਾਨ ਤਾਨਕੈ." (ਗੁਰਸੋਭਾ) ੩. ਬੂੜੀਆ ਨਿਵਾਸੀ ਬਹਲ ਖਤ੍ਰੀ ਦਸ਼ਮੇਸ਼ ਜੀ ਦਾ ਹਲਵਾਈ, ਇਸ ਨੇ ਭੀ ਭੰਗਾਣੀ ਦੇ ਜੰਗ ਵਿੱਚ ਘੋਰਯੁੱਧ ਕੀਤਾ. ਵਿਚਿਤ੍ਰਨਾਟਕ ਵਿੱਚ ਲਿਖਿਆ ਹੈ- "ਕ੍ਰਪਯੋ ਲਾਲਚੰਦ ਕਿਯੇ ਲਾਲਰੂਪੰ." (ਅਃ ੮) ਲਾਲਚੰਦ ਨੇ ਦਸ਼ਮੇਸ਼ ਤੋਂ ਅਮ੍ਰਿਤ ਛਕਿਆ ਅਤੇ ਅਨੇਕ ਧਰਮਜੰਗਾਂ ਵਿੱਚ ਹਿੱਸਾ ਲਿਆ. ਇਸ ਦੀ ਔਲਾਦ ਹੁਣ ਪਿੰਡ ਨੰਗਲ[1134] ਰਿਆਸਤ ਫਰੀਦਕੋਟ ਵਿੱਚ ਆਬਾਦ ਹੈ. ਵੰਸ਼ਾਵਲੀ ਇਉਂ ਹੈ::-

ਸ਼੍ਰੀ ਗੁਰੂ ਰਾਮਦਾਸ ਜੀ
।
ਗੁਰੂ ਅਰਜਨਦੇਵ ਜੀ
।
ਗੁਰੂ ਹਰਿਗਬਿੰਦ ਜੀ
।
ਬਾਬਾ ਗੁਰਦਿੱਤਾ ਜੀ
।
ਧੀਰਮੱਲ ਜੀ
।
ਬਹਾਰਚੰਦ ਜੀ
।
ਨਿਰੰਜਨਰਾਇ ਜੀ
।
ਬਿਕ੍ਰਮਸਿੰਘ ਜੀ
।
ਰਾਮਸਿੰਘ ਜੀ
।
ਵਡਭਾਗਸਿੰਘ ਜੀ

ਇਨ੍ਹਾਂ ਪਾਸ ਦਸ਼ਮੇਸ਼ ਦਾ ਇੱਕ ਜੋੜਾ (ਜਿਸ ਦਾ ਤਲਾ ਚਮੜੇ ਦਾ ਅਤੇ ਉੱਤੋਂ ਕਮਖਾਬ ਦਾ ਹੈ), ਇੱਕ ਅਸ਼੍ਟ ਧਾਤੁ ਦਾ ਬਾੱਟਾ, ਇੱਕ ਨੀਲਾ ਚੋਲਾ ਹੈ. ਹਰ ਐਤਵਾਰ ਨੂੰ ਇਨ੍ਹਾਂ ਵਸਤਾਂ ਦਾ ਦਰਸ਼ਨ ਕਰਾਇਆ ਜਾਂਦਾ ਹੈ. ਹੰਜੀਰਾਂ ਵਾਲੇ ਅਨੇਕ ਰੋਗੀ ਆਕੇ ਸਤਿਗੁਰੂ ਦੇ ਜੋੜੇ ਨੂੰ ਛੂੰਹਦੇ ਹਨ. ਇਨ੍ਹਾਂ ਪਾਸ ਇੱਕ ਸ਼੍ਰੀਸਾਹਿਬ ਭੀ ਕਲਗੀਧਰ ਦਾ ਸੀ, ਜੋ ਮਹਾਰਾਜਾ ਰਣਜੀਤਸਿੰਘ ਜੀ ਨੇ ਲੈਲਿਆ ਸੀ.[1135] ਦੇਖੋ, ਨੰਗਲ। ੪. ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਦਾ ਸਹੁਰਾ, ਮਾਤਾ ਗੂਜਰੀ ਜੀ ਦਾ ਪਿਤਾ. "ਸ਼੍ਰੀ ਤੇਗਬਹਾਦੁਰ ਦੂਲੋ। ਸਭ ਆਗੇ ਕਰ ਅਨੁਕੂਲੋ। ਘਰ ਲਾਲਚੰਦ ਕੇ ਆਏ। ਗਨ ਵਾਦਿਤ ਧੁਨੀ ਉਠਾਏ." (ਗੁਪ੍ਰਸੂ)

---

[1134] ਨੰਗਲ ਸਟੇਸ਼ਨ ਫਰੀਦਕੋਟ ਤੋਂ ਚੜ੍ਹਦੇ ਵੱਲ ਛੀ ਮੀਲ ਹੈ.

[1135] ਭਾਈ ਬਿਸ਼ਨ ਸਿੰਘ ਗੁਰੁਵਸਤਾਂ ਲੈਕੇ ਮਹਾਰਾਜਾ ਰਣਜੀਤ ਸਿੰਘ ਜੀ ਪਾਸ ਲਹੌਰ ਰਿਹਾ ਕਰਦਾ ਸੀ.

**ਲਾਲਤੀ:** ਵਿ- ਲਲਿਤ. ਸੁੰਦਰ. ਜਿਸ ਵਿੱਚ ਲਾਲਿਤਜ ਪਾਇਆ ਜਾਂਦਾ ਹੈ. "ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ." (ਮਃ ੧. ਵਾਰ ਮਾਝ)

**ਲਾਲਨ:** ਵਿ- ਪ੍ਰਿਯ. ਪਿਆਰਾ. ਪ੍ਰੀਤਮ. "ਮੂ ਲਾਲਨ ਸਿਉ ਪ੍ਰੀਤਿ ਬਨੀ." (ਬਿਲਾ ਮਃ ੫) ੨. ਸੰ. ਲਾਲਨ. ਲਡਾਉਣਾ. ਸਨੇਹ ਨਾਲ ਪਾਲਣਾ. "ਲਾਲਤ ਮਾਤ ਵਿਸਾਲ ਹਿਤ." (ਨਾਪ੍ਰ)

**ਲਾਲਨਾ:** ਦੇਖੋ, ਲਾਲਨ ੨। ੨. ਸੰਬੋਧਨ ਹੇ ਪਿਆਰੇ। "ਘੋਲਿ ਘੁਮਾਈ ਲਾਲਨਾ !" (ਤੁਖਾ ਛੰਤ ਮਃ ੫)

**ਲਾਲਨੀਯ:** ਵਿ- ਲਾਲਨ (ਲਡਾਉਣ) ਯੋਗਜ. ਪਿਆਰ ਕਰਨ ਲਾਇਕ.

**ਲਾਲਬੇਗ:** ਚੂੜ੍ਹਿਆਂ ਦਾ ਪੀਰ "ਬਾਲਾਸ਼ਾਹ." ਇਸ ਨੂੰ ਵਾਲਮੀਕਿ ਰਿਖਿ ਦਾ ਅਵਤਾਰ ਮੰਨਦੇ ਹਨ. ਦੇਖੋ, ਸਹਾ.

**ਲਾਲਬੇਗੀ:** ਬਾਲਾਸ਼ਾਹ (ਲਾਲਬੇਗ) ਦਾ ਉਪਾਸਕ. ਇਸ ਮਤ ਵਿੱਚ ਬਹੁਤ ਚੂੜ੍ਹੇ ਹੁੰਦੇ ਹਨ. ਇਹ ਬਾਲਮੀਕੀ ਭੀ ਸਦਾਉਂਦੇ ਹਨ, ਇਨ੍ਹਾਂ ਦੇ ਮਤ ਅਨੁਸਾਰ ਸਹੇ ਦਾ ਮਾਸ ਖਾਣਾ ਭਾਰੀ ਪਾਪ ਹੈ. ਦੇਖੋ, ਸਹਾ.

**ਲਾਲਰੀ:** ਦੇਖੋ, ਲਾਲੜੀ। ੨. ਲਾਡਲੀ. ਪਿਆਰੀ. "ਖੇਲਹੁ ਤਾਹੀ ਤ੍ਰਿਯਾ ਸੰਗ ਲਾਲਰੀ ਕੋ." (ਕ੍ਰਿਸਨਾਵ)

**ਲਾਲ ਰੰਗ, ਲਾਲ ਰੰਗੁ:** ਭਾਵ- ਪ੍ਰੇਮ ਰੰਗ. ਪ੍ਰੀਤਮ ਦਾ ਰੰਗ. ਮਜੀਠ ਦਾ ਪੱਕਾ ਰੰਗ. ਅਰਥਾਤ- ਨਾ ਉਤਰਨ ਵਾਲਾ ਰੰਗ. "ਲਾਲ ਰੰਗੁ ਤਿਸ ਕਉ ਲਗਾ, ਜਿਸ ਕੇ ਵਡ ਭਾਗਾ." (ਬਿਲਾ ਮਃ ੫)

**ਲਾਲੜੀ:** ਰੱਤਕ. ਘੁੰਘਚੀ. ਗੁੰਜਾ.

**ਲਾਲਾ:** ਦੇਖੋ, ਲਾਲਹ। ੨. ਵਿ- ਪ੍ਰਿਯ. ਲਾਲ. ਪਿਆਰਾ। ੩. ਸੰਗਯਾ- ਖਤ੍ਰੀ ਅਤੇ ਵੈਸ਼ਯ ਵਰਣ ਦੇ ਲੋਕਾਂ ਦੀ ਸਨਮਾਨ ਬੋਧਕ ਪਦਵੀ। ੪. ਫ਼ਾ. ਲਾਲਾ ਦਾਸ. ਗ਼ੁਲਾਮ. ਸੇਵਕ. "ਸਤਿਗੁਰੁ ਸੇਵੇ, ਸੁ ਲਾਲਾ ਹੋਇ." (ਆਸਾ ਮਃ ੩) ੫. ਪੁੰਨੂ ਗੋਤ ਦਾ ਜੱਟ ਸਿੱਖ, ਜੋ ਜਨਮਸਾਖੀ ਅਨੁਸਾਰ ਭਾਈ ਬਾਲੇ ਨਾਲ ਸ਼੍ਰੀ ਗੁਰੂ ਅੰਗਦ ਜੀ ਦੀ ਆਗਿਆ ਪਾਕੇ ਬਾਬੇ ਲਾਲੂ ਤੋਂ ਸ਼੍ਰੀ ਗੁਰੂ ਨਾਨਕਦੇਵ ਜੀ ਦੀ ਜਨਮਪਤ੍ਰੀ ਲੈਣ ਤਲਵੰਡੀ ਗਿਆ ਸੀ. "ਦੀਨੀ ਲਾਲੂ ਨੇ ਕਰ ਬਾਲਾ। ਤਾਂਹਿ ਦਈ ਕਰ ਪੁੰਨੂ ਲਾਲਾ." (ਨਾਪ੍ਰ) ੬. ਇੱਕ ਬਾਲਕ, ਜੋ ਸਤਗਿਰੁ ਨਾਨਕਦੇਵ ਜੀ ਦਾ ਸੇਵਕ ਹੋਇਆ, ਜਿਸ ਦਾ ਨਾਮ ਸਤਿਗੁਰੁ ਨੇ ਸੁਭਾਗਾ ਰੱਖਿਆ ਅਰ ਸ਼ਬਦ ਉਚਾਰਿਆ- "ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉਂ ਸਭਾਗਾ." (ਮਾਰੂ ਮਃ ੧) ੭. ਸੇਠੀ ਜਾਤਿ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਸੀ। ੮. ਸੰ. ਲਾਲਾ. ਮੂੰਹ ਤੋਂ ਟਪਕਿਆ ਲੇਸਦਾਰ ਥੁੱਕ. ਲਾਰ.

**ਲਾਲਾ ਗੋਲਾ:** ਖਰੀਦਿਆ ਹੋਇਆ ਗ਼ੁਲਾਮ. ਮੁੱਲ ਲੀਤਾ ਸੇਵਕ. "ਹਮ ਹੋਵਹਿ ਲਾਲੇ ਗੋਲੇ ਗੁਰਸਿੱਖਾਂ ਕੇ." (ਗੂਜ ਮਃ ੪)

**ਲਾਲਾ ਭੁੱਲਰ:** ਦੇਖੋ, ਜੈਦ ਪਰਾਣਾ.

**ਲਾਲਿ:** ਲਾਲ (ਪਿਆਰੇ) ਨਾਲ, ਪ੍ਰੀਤਮ ਵਿੱਚ. "ਲਾਲਿ ਰਤੀ. ਲਾਲੀ ਭਈ." (ਓਅੰਕਾਰ)

**ਲਾਲਿਤ:** ਵਿ- ਲਡਾਇਆ ਹੋਇਆ.

**ਲਾਲਿਤਜ:** ਸੰ. ਸੰਗਯਾ- ਲਲਿਤ ਹੋਣ ਦਾ ਭਾਵ. ਸੁੰਦਰਤਾ. ਖ਼ੂਬਸੂਰਤੀ.

**ਲਾਲਿਮਾ:** ਸੰ. ਸੰਗਯਾ- ਲਾਲੀ. ਸੁਰਖੀ.

**ਲਾਲੀ:** ਸੰਗਯਾ- ਸੁਰਖ਼ੀ. ਅਰੁਣਤਾ। ੨. ਪ੍ਰਤਿਸ਼੍ਠਾ, ਜਿਸ ਤੋਂ ਮੁਖ ਉੱਪਰ ਲਾਲੀ ਹੁੰਦੀ ਹੈ. "ਕਵਨ ਬਨੀ ਰੀ ਤੇਰੀ ਲਾਲੀ?" (ਆਸਾ ਮਃ ੫) ੩. ਲਾਲਾ ਦੀ ਇਸਤ੍ਰੀ। ੪. ਦਾਸੀ. ਟਹਲਣ. "ਮਾ ਲਾਲੀ ਪਿਉ ਲਾਲਾ ਮੇਰਾ." (ਮਾਰੂ ਮਃ ੧) ਦੇਖੋ, ਲਾਲਾ ੪। ੫. ਪਿਆਰੀ, ਦੁਲਾਰੀ। ੬. ਨਾਰਾਯਣੇ (ਦਾਦੂਦ੍ਵਾਰੇ) ਤੋਂ ਚੱਲਕੇ ਗੁਰੂ ਗੋਬਿੰਦਸਿੰਘ ਸਾਹਿਬ ਦੱਖਣ ਨੂੰ ਜਾਂਦੇ ਹੋਏ ਲਾਲੀ ਪਿੰਡ ਵਿਰਾਜੇ ਹਨ. "ਲਾਲੀ ਨਗਰ ਪਹੁਚੇ ਜਾਇ। ਵਡੀ ਮਜਲ ਕਰਿ ਗਏ ਸੁਬਾਇ." (ਗੁਪ੍ਰਸੂ)

ਲਾਲੁ: ਦੇਖੋ, ਲਾਲ.

ਲਾਲੂ: ਖਡੂਰ ਦਾ ਨੰਬਰਦਾਰ, ਜੋ ਸ਼੍ਰੀ ਗੁਰੂ ਅਮਰਦੇਵ ਦਾ ਸਿੱਖ ਹੋਕੇ ਉਪਕਾਰੀ ਹੋਇਆ। ੨. ਬਿੱਜ ਗੋਤ ਦਾ ਇੱਕ ਪ੍ਰੇਮੀ, ਜੋ ਸ਼੍ਰੀ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਗੁਰਸਿੱਖਾਂ ਦੀ ਪੰਗਤਿ ਵਿੱਚ ਰਲਿਆ, ਇਸ ਨੇ ਅਮ੍ਰਿਤਸਰ ਬਣਨ ਸਮੇਂ ਤਨ ਮਨ ਧਨ ਤੋਂ ਉੱਤਮ ਸੇਵਾ ਕੀਤੀ। ੩. ਦੇਖੋ, ਲਾਲੂ ਬਾਬਾ.

ਲਾਲੂ ਬਾਬਾ: ਬਾਬਾ ਕਾਲੂ ਜੀ ਦਾ ਛੋਟਾ ਭਾਈ, ਸ਼੍ਰੀ ਗੁਰੂ ਨਾਨਕਦੇਵ ਜੀ ਦਾ ਚਾਚਾ, ਜਿਸ ਦਾ ਜਨਮ ਸੰਮਤ ੧੫੦੧ ਅਤੇ ਚਲਾਣਾ ੧੫੯੯ ਵਿੱਚ ਹੋਇਆ.

ਲਾਲੋ ਭਾਈ: ਸੈਦਪੁਰ (ਏਮਨਾਬਾਦ) ਨਿਵਾਸੀ ਘਟਾਓੜਾ ਜਾਤਿ ਦਾ ਇੱਕ ਪ੍ਰੇਮੀ ਤਖਾਣ, ਜੋ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਅਨੰਨ ਸਿੱਖ ਹੋਇਆ. ਗੁਰੂ ਸਾਹਿਬ ਇਸ ਦੇ ਘਰ ਬਹੁਤ ਦਿਨ ਵਿਰਾਜੇ ਹਨ. ਇਸੇ ਪ੍ਰੇਮੀ ਨੂੰ ਸੰਬੋਧਨ ਕਰਕੇ. "ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨ ਵੇ ਲਾਲੋ !" ਤਿਲੰਗ ਰਾਗ ਵਿੱਚ ਸ਼ਬਦ ਉੱਚਾਰਣ ਕੀਤਾ ਹੈ. ਭਾਈ ਲਾਲੋ ਦੇ ਪੁਤ੍ਰ ਨਹੀਂ ਹੋਇਆ, ਕੇਵਲ ਇੱਕ ਪੁਤ੍ਰੀ ਸੀ. ਜਿਸ ਦੀ ਔਲਾਦ ਹੁਣ ਤਤਲਾ ਪਿੰਡ ਵਿੱਚ ਰਹਿੰਦੀ ਹੈ. ਦੇਖੋ, ਭਾਗੋ ਮਲਿਕ। ੨. ਡੱਲਾ ਨਿਵਾਸੀ ਸੱਭਰਵਾਲ ਖਤ੍ਰੀ, ਜੋ ਸ਼੍ਰੀ ਗੁਰੂ ਅਮਰਦੇਵ ਜੀ ਦਾ ਸਿੱਖ ਹੋਕੇ ਆਤਮਗਜਾਨੀ ਹੋਇਆ. ਇਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਦੀ ਮੰਜੀ ਬਖਸ਼ੀ. ਇਹ ਉੱਤਮ ਵੈਦ ਸੀ. ਖ਼ਾਸ ਕਰਕੇ ਤੇਈਆ ਤਾਪ ਦੂਰ ਕਰਨ ਵਿੱਚ ਕਮਾਲ ਰਖਦਾ ਸੀ.

ਲਾਵ: ਸੰ. ਸੰਗਜਾ- ਤੋੜਨ ਦੀ ਕ੍ਰਿਯਾ. ਦੇਖੋ, ਲੂ ਧਾ। ੨. ਵਿਆਹ ਸਮੇਂ ਦੀ ਪਰਿਕ੍ਰਮਾ (ਫੇਰਾ), ਜਿਸ ਦ੍ਵਾਰਾ ਪਿਤਾ ਦੇ ਘਰ ਨਾਲੋਂ ਸੰਬੰਧ ਤੋੜਕੇ, ਪਤਿ ਨਾਲ ਜੋੜਿਆ ਜਾਂਦਾ ਹੈ. "ਹਰਿ ਪਹਿਲੜੀ ਲਾਵ." (ਸੂਹੀ ਛੰਤ ਮਃ ੪)

ਲਾਂਵ: ਸੰਗਜਾ- ਮੋਟੀ ਅਤੇ ਲੰਮੀ ਰੱਜੁ। ੨. ਦੇਖੋ, ਲਾਵ.

ਲਾਵਸਿ: ਲਾਉਂਦਾ. "ਤਾ ਸਿਉ ਰੰਗ ਨ ਲਾਵਸਿ ਰੇ." (ਮਾਰੂ ਮਃ ੫) ੨. ਲਗਾਵਸਿ. ਲਗਾਵੇਗਾ.

ਲਾਵਕ: ਸੰ. ਵਿ- ਕੱਟਣ ਵਾਲਾ. ਲਾਵਾ। ੨. ਸੰਗਜਾ- ਲਵਾ. ਬਟੇਰ ਦੀ ਜਾਤਿ ਦਾ ਇੱਕ ਪੰਛੀ. ਦੇਖੋ, ਲਵਾ ੨.

ਲਾਵਣ, ਲਾਵਣਾ: ਕ੍ਰਿ- ਲਾਉਣਾ. ਲਗਾਉਣਾ. "ਦੂਸਰ ਲਵੈ ਨ ਲਾਵਣਾ." (ਮਾਰੂ ਸੋਲਹੇ ਮਃ ੫) "ਤੁਮ ਸਗਿ ਲਵੇ ਨ ਲਵਿਣਿਆ." (ਮਾਝ ਅਃ ਮਃ ੫) ੨. ਸੰ. लावण. ਨਮਕੀਨ. ਸਲੂਣਾ। ੩. ਭਾਵ- ਸਾਗ ਭਾਜੀ ਤਰਕਾਰੀ ਆਦਿ ਜੋ ਰੋਟੀ ਨਾਲ ਲਾਕੇ ਖਾਈਏ. "ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ." (ਵਾਰ ਮਾਰੂ ੨. ਮਃ ੫) ੪. ਦੇਖੋ, ਲਾਵਨਜ.

ਲਾਵਣਾਰਿ: ਲਵਣ ਦੈਤ ਦਾ ਵੈਰੀ ਸ਼ਤ੍ਰੁਘਨ.

ਲਾਵਣੀ: ਦੇਖੋ, ਲਾਵਨੀ.

ਲਾਵਣੁ: ਦੇਖੋ, ਲਾਵਣ ੨. "ਲਾਵਣੁ ਮੇਰੀ ਭੁਖ." (ਸ. ਫਰੀਦ)

ਲਾਵਣਜ: ਦੇਖੋ, ਲਾਵਨਜ.

ਲਾਵਨ: ਦੇਖੋ, ਲਾਵਣ. "ਆਨ ਨ ਬੀਓ ਦੂਸਰ ਲਾਵਨ." (ਟੋਡੀ ਮਃ ੫) ਲਾਵਨਜ (ਸਲੋਨਾਪਨ).

ਲਾਵਨੀ: ਇੱਕ ਮਾਤ੍ਰਿਕ ਛੰਦ. ਇਹ ਤਾਟੰਕ ਛੰਦ ਦਾ ਹੀ ਇੱਕ ਭੇਦ ਹੈ. ਚਾਰ ਚਰਣ ਤੋਂ ਲੈਕੇ ੨੦. ਚਰਣ ਤੀਕ ਇਸ ਦੇ ਪਦ ਹੋਇਆ ਕਰਦੇ ਹਨ. ਪ੍ਰਤਿ ਚਰਣ ੩੦ ਮਾਤ੍ਰਾ, ਪਹਿਲਾ ਵਿਸ਼੍ਰਾਮ ੧੬. ਪੁਰ ਅੰਤ ਗੁਰੁ, ਦੂਜਾ ਵਿਸ਼੍ਰਾਮ ੧੪. ਪੁਰ, ਅੰਤ ਲਘੁ ਗੁਰੁ.

ਉਦਾਹਰਣ-

ਸ਼੍ਰੀ ਗੁਰੂ ਨਾਨਕ ਸੂਰਯ ਪ੍ਰਗਟੇ,
ਦਸ ਦਿਸ਼ ਮਾਹਿ ਪ੍ਰਕਾਸ਼ ਭਯਾ,
ਛਪੇ ਪਖੰਡੀ ਤਾਰਾਗਣ ਜਯੋਂ,
ਤਮ ਅਗਜਾਨ ਵਿਨਾਸ਼ ਭਯਾ,
ਸਮ ਉਲੂਕ ਜਾਲਿਮ ਅਨਜਾਈ,
ਤਿਨ ਕੋ ਬਿਲ ਮੇ ਬਾਸ ਭਯਾ,
ਕਾਮੀ ਕੁਟਿਲ ਚਕੋਰ ਉਦਾਸੇ,
ਗੁਰੁਮੁਖ ਕੋਕ ਹੁਲਾਸ ਭਯਾ,
ਪਾਪੀ ਮਨ ਕੁਮੋਦ ਮੁਰਝਾਏ,
ਧਰਮੀ ਕਮਲ ਵਿਕਾਸ ਭਯਾ,
ਬਾਣੀ ਕਿਰਣ ਜਗਤ ਮੇ ਫੈਲੀ,
ਸੰਸ਼ਯ ਤਿਮਿਰ ਨਿਰਾਸ ਭਯਾ,
ਚਮਤਕਾਰ ਸਨਮੁਖ ਨੇ ਪਾਯਾ,
ਵਿਮੁਖ ਅੱਧੇਰੇ ਪਾਸ ਭਯਾ,
ਜਿਨ ਜਨ ਸੇਵੀ ਆਤਪ ਸੇਵਾ,
ਸੋ ਗੁਣ ਰਸ ਕੀ ਰਾਸ਼ਿ ਭਯਾ,
ਪਰਮ ਅਨੰਦ ਮੋਕ੍ਸ਼ ਤਿਸ ਪਾਈ,
ਜੋ ਸਤਿਗੁਰੁ ਕੋ ਦਾਸ ਭਯਾ,
ਹਰਿਵ੍ਰਿਜੇਸ਼ ਕੇ ਮਨ ਮਧੁਕਰ ਕੋ,
ਗੁਰੁਪਦ ਪਦਮਨਿਵਾਸ ਭਯਾ.

(੨) ਲਾਵਨੀ ਦਾ ਦੂਜਾ ਭੇਦ ਹੈ ਕਿ ਪਹਿਲੇ ਵਿਸ਼੍ਰਾਮ ਦੇ ਅੰਤ ਗੁਰੁ ਦਾ ਨਿਯਮ ਨਾ ਹੋਵੇ, ਯਥਾ-

ਸ਼ਸਤ੍ਰ ਸਜਾਇ ਬਨਾਇ ਬਸਤ੍ਰ ਤਨ,
ਸਭ ਕੀ ਸੁਧ ਗੁਰੁਦੇਵ ਕਰੈਂ,
ਗੁਰੁਤਾ ਨ੍ਰਿਪਤਾ ਦੋਊ ਬਿਧਿ ਸਿਧ,
ਭਲੀ ਭਾਂਤ ਅਧਿਕਾਰ ਧਰੈਂ,
ਮਨਸਾ ਵਾਚਾ ਕਰਮ ਜੁ ਕੋਉ,
ਪ੍ਰੇਮੀ ਪ੍ਰਭੁਪਦ ਪਰਮ ਖਰਾ.
ਹਰਿਸੁਮੇਰੁ ਸੋ ਗੁਰੁਗਤਿ ਸਮਝਤ,

ਨੀਚ ਲਖੈ ਕਤ ਸੁਮਤਿ ਹਰਾ?

(ਗੁਰੁਪਦਪ੍ਰੇਮਪ੍ਰਕਾਸ਼)

ਲਾਵਨਜ: ਸੰ. ਲਾਵਣਯ. ਸੰਗਯਾ- ਸਲੋਨਾਪਨ। ੨. ਸੁੰਦਰਤਾ. ਖ਼ੂਬਸੂਰਤੀ.

ਲਾਵਮੈਤ੍ਰੇਯ: ਦੇਖੋ, ਬਕਦਾਲਭ.

ਲਾ ਵਲਦ: ਵਿ- ਲਾ (ਬਿਨਾ) ਵਲਦ (ਸੰਤਾਨ) ਬੇ ਔਲਾਦਾ. ਔਤ.

ਲਾਵਾ: ਲਗਾਇਆ. "ਬਿਟਵਹਿ ਰਾਮ ਰਮਊਆ ਲਾਵਾ." (ਆਸਾ ਕਬੀਰ) ਬੇਟੇ ਨੂੰ ਰਾਮ ਨਾਮ ਉੱਚਾਰਣ ਲਾ ਦਿੱਤਾ। ੨. ਕੱਟਣ ਵਾਲਾ. ਵਾਢਾ. ਦੇਖੋ, ਲਾਵ. "ਲੈ ਲੈ ਦਾਤ ਪਹੁਤਿਆ ਲਾਵੇ ਕਰਿ ਬਸੀਆਰੁ." (ਸ੍ਰੀ ਮਃ ੫) ਲਾਵਾ ਤੋਂ ਭਾਵ ਯਮ ਹੈ। ੩. ਸ਼ਿਕਾਰੀਆਂ ਦੇ ਸੰਕੇਤ ਵਿੱਚ ਮੱਘ ਮੁਰਗਾਬੀ ਆਦਿ ਪੰਛੀਆਂ ਦੀ ਖੰਭਾਂ ਸਮੇਤ ਖੱਲ ਉਤਾਰਕੇ ਅੰਦਰ ਭੋਹ ਆਦਿ ਭਰਕੇ ਇੰਨ ਬਿੰਨ ਬਣਾਈ ਮੂਰਤਿ, ਜਿਸ ਨੂੰ ਦੇਖਕੇ ਅਕਾਸ਼ ਵਿੱਚ ਉੱਡਦੇ ਹੋਏ ਹਮਜਿਨਸ ਪੰਛੀ ਪਾਸ ਆ ਉਤਰਨ. ਲਾਵੇ ਨਾਲ ਸ਼ਿਕਾਰੀ ਬਹੁਤ ਪੰਛੀ ਮਾਰ ਲੈਂਦੇ ਹਨ.

ਲਾਵਾਰਿਸ: ਅ਼. لاوارِث ਲਾਵਾਰਿਸ. ਵਿ- ਜਿਸ ਦਾ ਵਾਰਿਸ (ਮਾਲਿਕ) ਨਹੀਂ.

ਲਾਵੀ: ਲਾਵਾ. ਵਾਢਾ. ਦੇਖੋ, ਲਾਵ. "ਲਾਵੀ ਆਇਆ ਖੇਤੁ." (ਸ੍ਰੀ ਪਹਰੇ ਮਃ ੧)

ਲਾਵੇਰਾ, ਲਾਵੇਰੀ: ਦੇਖੋ, ਲਬੇਰਾ ਲਬੇਰੀ. "ਗਊ ਭੈਸ ਮਗਉ ਲਾਵੇਰੀ." (ਧਨਾ ਧੰਨਾ)

ਲਾਵੈ: ਲਗਾਵੈ। ੨. ਲਿਆਵੈ. "ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ." (ਸ. ਕਬੀਰ) ਹੱਟਾਂ ਲੁੱਟ ਲੁੱਟਕੇ ਲਿਆਉਂਦੀ ਹੈ.

ਲਾਵੰਨਿ: ਲਿਆਉਂਦੇ ਹਨ। ੨. ਲਗਾਉਂਦੇ ਹਨ। ੩. ਦੇਖੋ, ਲਾਵਨਜ.

ਲਾਵੰਨਜ: ਦੇਖੋ, ਲਾਵਨਜ.

ਲਾੜਾ, ਲਾੜੀ: ਸੰ. ਲਡਹ. ਲਡਹਾ. ਵਿ- ਸੁੰਦਰ. ਸੁੰਦਰੀ। ੨. ਸੰਗਯਾ- ਦੂਲਹ- ਦੂਲਹਨ.[1136] "ਲਾੜਾ ਦੇਖਨ ਲਾੜੀਆਂ ਚਉਗਿਰਦੇ ਹੋਈਆਂ." (ਚੰਡੀ ੩) ੩. ਲੜਾਈ (ਝਗੜੇ) ਲਈ ਭੀ ਲਾੜੀ ਸ਼ਬਦ ਆਇਆ ਹੈ. ਦੇਖੋ, ਲਾੜੀ ਚਾੜੀ.

ਲਾੜੀਚਾੜੀ: ਲੜਾਈ ਅਤੇ ਖ਼ੁਸ਼ਾਮਦ. ਦੇਖੋ, ਚਾੜੀ। ੨. ਸਿੰਧੀ. ਲਾਈ ਚਾਈ. ਝਗੜਾ ਉਠਾਉਣ ਦੀ ਕ੍ਰਿਯਾ. ਨੁਕਸਾਨ ਪਹੁਚਾਉਣ ਦਾ ਕਰਮ. "ਲਾੜੀਚਾੜੀ ਲਾਇਤਬਾਰੁ." (ਓਅੰਕਾਰ) ਲੜਾਈ ਖ਼ੁਸ਼ਾਮਦ ਅਤੇ ਚੁਗਲੀ ਅਥਵਾ- ਫਿਸਾਦ ਉਠਾਉਣ ਦਾ ਕਰਮ ਅਤੇ ਚੁਗਲੀ.

ਲਿਉ: ਸੰਗਯਾ- ਲਿਵ. ਮਨ ਦੀ ਲਗਨ। ੨. ਵ੍ਰਿੱਤੀ ਦੀ ਏਕਾਗ੍ਰਤਾ. "ਲਖਮੀਬਰ ਸਿਉ ਜਉ ਲਿਉ ਲਾਵੈ." (ਗਉ ਬਾਵਨ ਕਬੀਰ) "ਰਹੈ ਰਾਮ ਲਿਉ ਲਾਇ." (ਸ. ਕਬੀਰ)

ਲਿੰਉ: ਲੈਣ ਦੀ ਇੱਛਾ. ਲੇਵਾਂ. "ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ." (ਗਉ ਬਾਵਨ ਕਬੀਰ)

ਲਿਆਕਤ: ਦੇਖੋ, ਲਯਾਕਤ.

ਲਿਆਲੀ: ਲੈਣ (ਧਾਰਨ) ਵਾਲੀ. ਦੇਖੋ, ਗੋਲਾ ਲਿਆਲੀ.

ਲਿੱਸਾ: ਵਿ- ਕ੍ਰਿਸ਼. ਦੁਬਲਾ. ਮਾੜਾ. ਪਤਲਾ.

---

[1136] ਕਈ ਰਾਜਪੂਤ ਕੁਲਾਂ ਵਿੱਚ ਵਹੁਟੀ (ਭਾਰਯਾ) ਨੂੰ ਲਾੜੀ ਆਖਦੇ ਹਨ, ਭਾਵੇਂ ਉਹ ਪੁੱਤ ਪੋਤਿਆਂ ਵਾਲੀ ਬੁੱਢੀ ਭੀ ਕਿਉਂ ਨਾ ਹੋਵੇ.

ਲਿਹ: ਸੰ. ਲਿਹ੍. ਧਾ- ਚੱਟਣਾ, ਚੱਖਣਾ.

ਲਿਹਾਜ: ਅ਼. لحاظ ਲਿਹ਼ਾਜ. ਸੰਗਯਾ- ਦੇਖਣਾ. ਦ੍ਰਿਸ਼ਟਿ ਕਰਨੀ। ੨. ਰਿਆ਼ਇਤ.

ਲਿਹਾਜਾ: ਅ਼. لہٰذا ਲਿਹਾਜ਼ਾ ਕਿ ਵਿ- ਇਸ ਲਈ. ਇਸ ਕਾਰਣ ਤੋਂ.

ਲਿਹਾਫ: ਦੇਖੋ, ਲੇਫ.

ਲਿਖ: ਸੰ. ਲਿਖ੍. ਧਾ- ਜਾਣਾ, ਲਿਖਣਾ, ਲਕੀਰ ਖਿੱਚਣਾ, ਖੁਰਚਣਾ, ਉੱਕਰਨਾ.

ਲਿਖਹ: ਲਿਖਦਾ ਹੈ। ੨. ਸੰਗਯਾ- ਲਿਖਿਤ. ਲੇਖ. "ਛੋਡਿ ਜਮਪੁਰ ਕੀ ਲਿਖਹ." (ਸਵੈਯੇ ਮਃ ੩. ਕੇ)

ਲਿਖਣ: ਸੰ. ਲਿਖਨ. ਸੰਗਯਾ- ਲਿਖਣਾ. "ਲਿਖਣ ਵਾਲਾ ਜਲਿ ਬਲਉ, ਜਿਨਿ ਲਿਖਿਆ ਦੂਜਾਭਾਉ." (ਮਃ ੩. ਵਾਰ ਸ੍ਰੀ) ੨. ਲੇਖ. ਲਿਪਿ. ਤਹਰੀਰ। ੩. ਸੰ. ਲੇਖਨੀ. ਲਿੱਖਣ. ਕਲਮ.

ਲਿਖਣਸਰ: ਦਮਦਮੇ ਸਾਹਿਬ (ਸਾਬੋ ਕੀ ਤਲਵੰਡੀ) ਇੱਕ ਤਾਲ, ਜਿਸ ਵਿੱਚ ਕਲਮਾਂ ਘੜਕੇ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਸਿਟਦੇ ਸਨ. ਸਿੱਖਾਂ ਦੇ ਪੁੱਛਣ ਤੋਂ ਉੱਤਰ ਦਿੱਤਾ ਕਿ ਇੱਥੇ ਗੁਰਮੁਖੀ ਦੇ ਉੱਤਮ ਲਿਖਾਰੀ ਪੈਦਾ ਹੋਣਗੇ. ਦੇਖੋ, ਦਮਦਮਾ ਸਾਹਿਬ ੧. ਦਾ (ਹ).

ਲਿਖਣਾ: ਦੇਖੋ, ਲਿਖਣ.

ਲਿਖਤ: ਸੰ. ਲਿਖਤ. ਸੰਗਯਾ- ਲਿਪਿ. ਦਸੑਖਤ. ਤਹਰੀਰ. ਲੇਖ. "ਪੂਰਬਿ ਲਿਖਤ ਲਿਖੇ ਗੁਰੁ ਪਾਇਆ." (ਸੋਹਿਲਾ)

ਲਿਖਤਮ: ਸੰਗਯਾ- ਲਿਪਿ. ਤਹਰੀਰ. "ਲਿਖਤਮ ਸਭ ਦਿੱਲੀ ਕੀ ਸੰਗਤਿ, ਸਤਿਗੁਰੁ ਕੇ ਸਨਮੁਖ ਅਰਦਾਸ." (ਗੁਪ੍ਰਸੂ) ੨. ਮੇਰਾ ਲਿਖਿਤ (ਲਿਖਿਆ). ਮੇਰੀ ਤਹਰੀਰ.

ਲਿਖਤੀ: ਲਿਖਤੀਂ. ਲਿਖਦਿਆਂ ਨੇ. "ਲਿਖਤੀ ਕੁਲ ਤਾਰਿਆ ਜੀਉ." (ਸ੍ਰੀ ਛੰਤ ਮਃ ੫)

ਲਿਖਤੁ: ਦੇਖੋ, ਲਿਖਤ. "ਲਿਖਤੁ ਮਿਟੈ ਨਹੀ." (ਗਉ ਅਃ ਮਃ ੧)

ਲਿਖਨ: ਦੇਖੋ, ਲਿਖਣ.

ਲਿਖਵੈਯਾ: ਲਿਖਣ ਵਾਲਾ. ਲੇਖਕ. ਲਿਖਾਰੀ.

ਲਿਖਾ: ਲਿਖਿਆ। ੨. ਸੰਗਯਾ- ਚਿੱਠੀ. ਪਤ੍ਰਿਕਾ. "ਲਿਖ ਸੁ ਲਿਖਾ ਮਹਿ ਯਹੈ ਪਠਾਈ." (ਚਰਿਤ੍ਰ ੩੩੬)

ਲਿਖਾਇ: ਕ੍ਰਿ. ਵਿ- ਲਿਖਵਾਕੇ. "ਮਰਣ ਲਿਖਾਇ ਮੰਡਲ ਮਹਿ ਆਏ." (ਰਾਮ ਮਃ ੧)

ਲਿਖਾਈ: ਸੰਗਯਾ- ਲਿਖਣ ਦੀ ਕ੍ਰਿਯਾ। ੨. ਲਿਖਣ ਦੀ ਉਜਰਤ.

ਲਿਖਾਸਿ: ਵਿ- ਲਿਖਣ ਯੋਗਯ। ੨. ਸੰਗਯਾ- ਖ਼ਾਸ ਤਹਰੀਰ. ਉੱਤਮ ਲੇਖ. "ਤਿੰਨ ਧੁਰਿ ਮਸਤਕਿ ਲਿਖਿਆ ਲਿਖਾਸਿ." (ਸੋਦਰੁ) ੩. ਲਿਖਾਵੇਗਾ। ੪. ਸੰ. ਲਿਖਾਸਿ. ਤੂੰ ਲਿਖਦਾ ਹੈਂ.

ਲਿਖਾਧਾ: ਵਿ- ਲਿਖਾਇਆ ਹੋਇਆ. "ਜਿਸ ਹੁਕਮ ਲਿਖਾਧਾ." (ਵਾਰ ਮਾਰੂ ੨. ਮਃ ੫)

ਲਿਖਾਰੀ: ਲੇਖਕ. ਲਿਖਣ ਵਾਲਾ.

ਲਿਖਿ: ਕ੍ਰਿ- ਵਿ- ਲਿਖਕੇ. "ਲਿਖਿ ਲਿਖਿ ਪੜਿਆ, ਤੇਤਾ ਕੜਿਆ." (ਵਾਰ ਆਸਾ) ੨. ਲਿਖਣਾ. "ਇਹੁ ਲੇਖਾ ਲਿਖਿਜਾਣੈ ਕੋਇ." (ਜਪੁ) ੩. ਲਿਖਣਾ ਕ੍ਰਿਯਾ ਦਾ ਅਮਰ.

ਲਿਖਿਓ, ਲਿਖਿਅੜਾ, ਲਿਖਿਆ: ਵਿ- ਲਿਖਿਤ. ਲਿਖਿਆ ਹੋਇਆ. "ਲਿਖਿਆ ਮੇਟਿ ਨ ਸਕੀਐ." (ਮਃ ੩. ਵਾਰ ਸ੍ਰੀ) "ਲਿਖਿਅੜਾ ਸਾਹ ਨਾ ਟਲੈ." (ਵਡ ਅਲਾਹਣੀ ਮਃ ੧) ਇੱਥੇ ਸਾਹੇ ਤੋਂ ਭਾਵ ਮੌਤ ਦਾ ਵੇਲਾ ਹੈ.

ਲਿਖਿਆਸਾ: ਲਿਖਿਆ ਹੋਇਆ. "ਜੇ ਥੀਵੈ ਕਰਮਿ ਲਿਖਿਆਸਾ." (ਸੂਹੀ ਛੰਤ ਮਃ ੫)

ਲਿਖਿਤ: ਸੰ. ਲਿਖਿਆ ਹੋਇਆ। ੨. ਸੰਗਯਾ- ਲੇਖ. ਤਹਰੀਰ। ੩. ਸਨਦ. ਪ੍ਰਮਾਣਪਤ੍ਰ। ੪. ਇੱਕ ਰਿਖੀ, ਜਿਸ ਦੀ ਬਣਾਈ. "ਲਿਖਿਤਸਿਮ੍ਰਿਤਿ" ਹੈ.

ਲਿਖੁ: ਲਿਖਣਾ ਕ੍ਰਿਯਾ ਦਾ ਅਮਰ. ਦੇਖੋ, ਲਿਖ. "ਲਿਖੁ ਨਾਮੁ, ਸਾਲਾਹ ਲਿਖੁ." (ਸ੍ਰੀ ਮਃ ੧)

ਲਿਖੇਬਾਝਹੁ: ਲਖੇ (ਜਾਣੇ) ਬਿਨਾ। ੨. ਲਿਖੇ ਪੜ੍ਹੇ ਬਿਨਾ. ਵਿਦ੍ਯਾ ਪ੍ਰਾਪਤ ਕੀਤੇ ਬਗੈਰ. "ਲਿਖੇ ਬਾਝਹੁ ਸੁਰਤਿ ਨਾਹੀ." (ਵਡ ਛੰਤ ਮਃ ੧)

ਲਿਖੇਰਾ: ਲਿਖਣ ਵਾਲਾ. ਲੇਖਕ। ੨. ਚਿਤ੍ਰਕਾਰ। ੩. ਲਿਖਿਆ ਹੋਇਆ. "ਮਸਤਕਿ ਭਾਗ ਲਿਖੇਰਾ." (ਟੋਡੀ ਮਃ ੪)

ਲਿਖੋਈਐ: ਲਿਖਿਆ ਹੋਇਆ ਹੈ. ਲਿਖਿਤ ਹੋਈ ਹੈ. "ਲਿਲਾਟਿ ਲਿਖੋਈਐ." (ਮਃ ੪. ਵਾਰ ਵਡ)

ਲਿਖੋਗੁ: ਲਿਖਣ ਯੋਗ੍ਯ. "ਮਸਤਕਿ ਲਿਖਿਆ ਲਿਖੋਗੁ." (ਟੋਡੀ ਮਃ ੫)

ਲਿਖੰਤੀ: ਲਿਖਿਤ ਹੋਈ. "ਹਰਿ ਹੋ ਹੋ ਹੋ ਲਿਖਤ ਲਿਖੰਤੀ." (ਪੜਤਾਲ ਮਃ ੪)

ਲਿਖੰਤੈ: ਲਿਖੇ ਅਨੁਸਾਰ. "ਕਰਮਿ ਲਿਖੰਤੈ ਪਾਈਐ." (ਵਾਰ ਬਸੰ)

ਲਿਖ੍ਯ: ਸੰ. ਲੇਖ੍ਯ. ਵਿ- ਲਿਖਣ ਲਾਇਕ. "ਨਾਨਕ ਮਸਤਕਿ ਲਿਖ੍ਯਣਹ." (ਗਾਥਾ)

ਲਿਖ੍ਯੁ: ਲਿਖਿਆ. "ਲਿਖ੍ਯੁ ਅਛਰ ਮਸਤਕਿ ਧੁਰ." (ਸਵੈਯੇ ਮਃ ੫. ਕੇ)

ਲਿੰਗ: ਸੰ. लिङ्ग. ਧਾ- ਜਾਣਾ, ਗਲੇ ਲਾਉਣਾ, ਰੰਗ ਲਾਉਣਾ, ਚਿੰਨ੍ਹ ਕਰਨਾ। ੨. ਸੰਗ੍ਯਾ- ਚਿੰਨ੍ਹ. ਨਸ਼ਾਨ। ੩. ਅਨੁਮਾਨ ਨੂੰ ਸਿੱਧ ਕਰਨ ਵਾਲਾ ਹੇਤੁ। ੪. ਜਨਨੇਂਦ੍ਰਿਯ. ਪੁਰੁਸ਼ ਦਾ ਖ਼ਾਸ ਚਿੰਨ੍ਹ। ੫. ਲਿੰਗ ਰੂਪ ਸ਼ਿਵ ਦਾ ਚਿੰਨ੍ਹ. ਪੁਰਾਣਾਂ ਵਿੱਚ ਪ੍ਰਧਾਨ ਬਾਰਾਂ ਲਿੰਗ ਹਨ. ਦੇਖੋ, ਦੁਆਦਸ ਸਿਲਾ.

ਸਕੰਦ ਪੁਰਾਣ ਨੇ ਇਨ੍ਹਾਂ ਤੋਂ ਛੁੱਟ ਚਾਰ ਹੋਰ ਮੁੱਖ ਲਿੰਗ ਮੰਨੇ ਹਨ- ਹਰਿਣੇਸ਼੍ਵਰ, ਬਾਣੇਸ਼੍ਵਰ, ਲੁਬਧਕੇਸ਼੍ਵਰ ਅਤੇ ਧਨੁਰੀਸ਼੍ਵਰ.

ਦੇਵੀਭਾਗਵਤ ਵਿੱਚ ਲੇਖ ਹੈ ਕਿ ਸ਼ਿਵਲਿੰਗ ਦਾ ਅੰਤ ਬ੍ਰਹਮਾ ਵਿਸ਼ਨੁ ਨੂੰ ਭੀ ਪ੍ਰਾਪਤ ਨਹੀਂ ਹੋਇਆ.

ਸਕੰਦਪੁਰਾਣ ਵਿੱਚ ਜਿਕਰ ਹੈ ਕਿ ਇੱਕ ਵਾਰ ਸ਼ਿਵ ਦੀ ਅਯੋਗ ਕਰਤੂਤ ਨੂੰ ਵੇਖਕੇ ਰਿਖੀਆਂ ਨੇ ਸ੍ਰਾਪ ਦਿੱਤਾ, ਜਿਸ ਤੋਂ ਲਿੰਗ ਝੜਕੇ ਡਿਗ ਪਿਆ ਅਰ ਉਸੇ ਸਮੇਂ ਤੋਂ ਪੂਜ੍ਯ ਚਿੰਨ੍ਹ ਹੋਇਆ। ੬. ਵ੍ਯਾਕਰਣ ਅਨੁਸਾਰ ਪੁਰੁਸ਼ ਸ੍ਤ੍ਰੀ ਨਪੁੰਸਕ ਬੋਧਕ ਸ਼ਬਦ. Gender. ਪੁੰਲਿੰਗ, ਸ੍ਤ੍ਰੀਲਿੰਗ ਅਤੇ ਨਪੁੰਸਕਲਿੰਗ (Masculine, Feminine, Neuter) ਇਹ ਨੇਮ ਨਹੀਂ ਕਿ ਇੱਕ ਬੋਲੀ ਵਿੱਚ ਜੋ ਲਿੰਗ ਹੈ, ਦੂਜੀ ਵਿੱਚ ਭੀ ਉਹੀ ਹੋਵੇ. ਬੋਲੀਆਂ ਦੇ ਭੇਦ ਕਰਕੇ ਅਰਥ ਭਿੰਨ ਹੋਇਆ ਕਰਦਾ ਹੈ, ਜੈਸੇ- ਬ੍ਰਹਮ (ब्रह्मन्) ਸ਼ਬਦ ਸੰਸਕ੍ਰਿਤ ਨਪੁੰਸਕ ਲਿੰਗ ਹੈ ਪਰ ਪੰਜਾਬੀ ਵਿੱਚ ਪੁੰਲਿੰਗ ਹੈ. ਅਗਨਿ ਸੰਸਕ੍ਰਿਤ ਪੁੰਲਿੰਗ, ਪੰਜਾਬੀ ਵਿੱਚ ਇਸਤ੍ਰੀ ਲਿੰਗ ਹੈ, ਆਦਿ ਪੰਜਾਬੀ ਵਿੱਚ ਪੁੰਲਿੰਗ ਅਤੇ ਇਸਤ੍ਰੀਲਿੰਗ ਦੋ ਹੀ ਹੋਇਆ ਕਰਦੇ ਹਨ, ਨਪੁੰਸਕ ਲਿੰਗ ਨਹੀਂ ਹੈ। ੭. ਦੇਖੋ, ਲਿੰਗਸ਼ਰੀਰ। ੮. ਦੇਹ ਦੇ ਅੰਗ। ੯. ਧਰਮ ਦਾ ਚਿੰਨ੍ਹ. ਮਜਹਬੀ ਲਿਬਾਸ. ਭੇਖ ਦੇ ਨਿਸ਼ਾਨ. "ਲਿੰਗ ਬਿਨਾ ਕੀਨੇ ਸਭ ਰਾਜਾ." (ਵਿਚਿਤ੍ਰ) ਪੈਗੰਬਰ ਮੁਹੰਮਦ ਨੇ, ਜਿਤਨੇ ਰਾਜਾ (ਪ੍ਰਤਾਪੀ ਲੋਕ) ਸਨ. ਸਭ ਦੇ ਧਾਰਮਿਕ ਚਿੰਨ੍ਹ ਮਿਟਾਕੇ ਇਸਲਾਮ ਵਿੱਚ ਲੈ ਆਂਦੇ. ਲਿੰਗ ਬਿਨਾ ਦਾ ਅਰਥ ਸੁੰਨਤ ਸਹਿਤ ਭੀ ਹੈ, ਅਰਥਾਤ- ਲਿੰਗ ਦੇ ਆਵਰਣਰੂਪ ਮਾਸ ਬਿਨਾ. ਪਰ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਸੁੰਨਤ ਮੁਹੰਮਦਸਾਹਿਬ ਨੇ ਨਹੀਂ ਚਲਾਈ, ਇਹ ਰਸਮ ਇਬਰਾਹੀਮ ਤੋਂ ਚੱਲੀ ਹੈ. ਦੇਖੋ, ਇਬਰਾਹੀਮ ਅਤੇ ਸੁੰਨਤ.

ਲਿੰਗਸ਼ਰੀਰ, ਲਿੰਗਦੇਹ, ਲਿੰਗਦੇਹੀ: ਇਸ ਦਾ ਨਾਮ ਸੂਖਮ ਸ਼ਰੀਰ ਭੀ ਹੈ. ਇਹੀ ਇੱਕ ਅਸਥੂਲ ਦੇਹ ਨੂੰ ਪ੍ਰਵੇਸ਼ ਕਰਦਾ ਹੈ "ਇਸ ਇੰਦ੍ਰੀ ਯਹ ਕਰਮਰ ਗਜਾਨ। ਪੰਚ ਭੂਤ ਤਨਮਾਤ੍ਰਾ ਜਾਨ। ਮਨ ਬੁਧਿ ਸਤ੍ਰਹ ਤਤ੍ਵ ਜਿ ਏਹੀ[1137]। ਇਨ ਕੀ ਹੋਤਭਈ ਲਿੰਗਦੇਹੀ।। (ਨਾਪ੍ਰ)

ਲਿੰਗਨ: ਆਲਿੰਗਨ ਦਾ ਸੰਖੇਪ. ਦੇਖੋ, ਆਲਿੰਗਨ.

ਲਿੰਗਪੁਰਾਣ: ਦੇਖੋ, ਪੁਰਾਣ.

ਲਿੰਗ ਬਿਨਾ: ਦੇਖੋ, ਲਿੰਗ ੯.

ਲਿੰਗੜਾ: ਦੇਖੋ, ਲੂਗਰਾ.

ਲਿੰਗਾਕਿਤ, ਲਿੰਗਾਯਤ: ਤਿਲੰਗ ਦੇਸ਼ ਦੇ ਜਿਲਾ ਬੇਲਗਾਮ ਦੇ ਪਿੰਡ "ਭਾਗਵਾਨ" ਦੇ ਵਸਨੀਕ ਮਹਾਦੇਵ ਭੱਟ ਬ੍ਰਾਹਮਣ ਦੇ ਘਰ ਮਦਲੰਬਿਕਾ ਦੀ ਕੁੱਖ ਤੋਂ ਬ੍ਰਿਖਭ (वृषभ)[1138] ਦਾ ਜਨਮ ਸਨ ੧੧੪੨ ਦੇ ਲਗਪਗ ਹੋਇਆ, ਜਿਸ ਨੂੰ ਸ਼ਿਵ ਦੇ ਵਾਹਨ ਨੰਦੀ ਦਾ ਅਵਤਾਰ ਮੰਨਿਆ ਗਿਆ. ਆਖਦੇ ਹਨ ਕਿ ਬ੍ਰਿਖਭ ਦੇ ਗਲ ਵਿੱਚ ਜਨਮ ਸਮੇਂ ਹੀ ਸ਼ਿਵ ਦਾ ਲਿੰਗ ਲਟਕਦਾ ਸੀ. ਇਸ ਨੇ ਵਿਦਯਾ ਪ੍ਰਾਪਤ ਕਰਕੇ ਜੈਨ ਮਤ ਦਾ ਭਾਰੀ ਖੰਡਨ ਕੀਤਾ ਅਤੇ ਸ਼ੈਵ ਮਤ ਫੈਲਾਇਆ. ਬ੍ਰਿਖਭ ਦੀ ਸੰਪ੍ਰਦਾਯ ਦੇ ਲੋਕ ਗਲੇ ਲਿੰਗ ਲਟਕਾਉਂਦੇ ਹਨ, ਜਿਸ ਦੀ "ਲਿੰਗਾਯਤ" ਪ੍ਰਸਿੱਧ ਹੋਏ ਹਨ. ਇਹ ਸ਼ਿਵਲਿੰਗ ਨੂੰ ਛੁਹਾਏ ਬਿਨਾ ਅੰਨ ਜਲ ਅੰਗੀਕਾਰ ਨਹੀਂ ਕਰਦੇ ਇਨ੍ਹਾਂ ਪਰਥਾਇ ਹੀ ਦਸ਼ਮੇਸ਼ ਦੇ ਸ਼ਬਦ ਉਚਾਰਿਆ ਹੈ- "ਕਾਹੂੰ ਲੈ ਲਿੰਗ ਗਰੇ ਲਟਕਾਯੋ." (ਅਕਾਲ)

ਵੈਸ਼ਨਵ ਜਿਸ ਤਰਾਂ ਵਿਸ਼ਨੁ ਦੇ ਚਿੰਨ੍ਹ ਸੰਖ ਚਕ੍ਰ ਆਦਿਕ ਦਾ ਤਪਾਕੇ ਸ਼ਰੀਰ ਤੇ ਛਾਪਾ ਲਾਉਂਦੇ ਹਨ, ਇਸੇ ਤਰਾਂ ਲਿੰਗਾਯਤ ਲੋਕ ਸ਼ਿਵਲਿੰਗ ਨਾਲ ਦੇਹ ਦਾਗਦੇ ਹਨ, ਜਿਸ ਕਾਰਣ "ਲਿੰਗਾਂਕਿਤ" ਭੀ ਸੱਦੀਦੇ ਹਨ. ਇਸ ਧਰਮ ਦੇ ਪ੍ਰਚਾਰਕ ਬ੍ਰਿਖਭ ਦਾ ਦੇਹਾਂਤ ਕ੍ਰਿਸ਼ਨਾ ਨਦੀ ਦੇ ਕਿਨਾਰੇ ਸੰਗਮੇਸ਼੍ਵਰ ਵਿੱਚ ਸਨ ੧੧੯੮ ਨੂੰ ਹੋਇਆ ਹੈ.

ਲਿੰਗੀ: लिङ्गिन्. ਵਿ- ਲਿੰਗ (ਚਿੰਨ੍ਹ) ਵਾਲਾ। ੨. ਭੇਖੀ.

ਲਿੰਙ: ਦੇਖੋ, ਲਿੰਗ. "ਹੋਵੈ ਲਿੰਙ, ਝਿੰਙ ਨਹ ਹੋਵੈ." (ਮਃ ੨. ਵਾਰ ਸਾਰ) ਦੇਖੋ, ਝਿੰਙ ੨.

ਲਿਜੈ: ਦੇਖੋ, ਲੀਜੈ.

ਲਿਟਨਾ: ਦੇਖੋ, ਲੇਟਣਾ.

ਲਿੰਡਿਯਾ: ਵਿ- ਕਾਇਰ. ਦੇਖੋ, ਲੇਂਡੀ. "ਜੋ ਲਿੰਡਿਯਾ ਤਿਹ ਕੋ ਧਨ ਲਜਾਵੈ." (ਚਰਿਤ੍ਰ ੬੫)

ਲਿਤਾ: ਵਿ- ਲੀਤਾ. ਲਿਆ. "ਕਿਛੁ ਸਾਥਿ ਨ ਲਿਤਾ." (ਮਃ ੩. ਵਾਰ ਸੂਹੀ)

ਲਿਤਾਫ਼, ਲਿਤ਼ਾਫ਼: ਅ਼. لطاف ਇਹ ਲਤ਼ਾਫ਼ਤ ਦਾ ਹੀ ਰੂਪਾਂਤਰ ਹੈ. ਦੇਖੋ, ਲਤਾਫਤ.

ਲਿਤੇ: ਲੀਤੇ. ਲੀਏ. "ਆਪਣੇ ਕਰਿਲਿਤੇ." (ਮਃ ੪. ਵਾਰ ਸੋਰ)

ਲਿੱਤਰ: ਜਿਲਾ ਤਸੀਲ ਲੁਦਿਆਨਾ, ਥਾਣਾ ਰਾਇਕੋਟ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਮੁੱਲਾਪੁਰ ਤੋਂ ਦਸ ਮੀਲ ਦੱਖਣ ਹੈ. ਇਸ ਪਿੰਡ ਤੋਂ ਉੱਤਰ ਪੱਛਮ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਮਾਲਵੇ ਨੂੰ

---

[1137] ਪੰਜ ਕਰਮ ਪੰਜ ਗਿਆਨ ਇੰਦ੍ਰੀਆਂ, ਪੰਜਾਂ ਤੱਤਾਂ ਤੇ ਰਜੋਗੁਣ ਦਾ ਕਾਰਜ ਪੰਜ ਪ੍ਰਾਣ, ਮਨ ਅਤੇ ਬੁੱਧਿ, ਇਨ੍ਹਾਂ ਸਤਾਰਾਂ ਦੇ ਇਕੱਠ ਦਾ ਨਾਮ ਲਿੰਗ ਸ਼ਰੀਰ ਹੈ.

21. ਬ੍ਰਿਖਡ ਦਾ ਦੂਜਾ ਨਾਉਂ "ਵਾਸਵ" ਭੀ ਹੈ.

ਨਿਹਾਲ ਕਰਦੇ ਇੱਥੇ ਆਏ ਹਨ. ਕਦੇ ਕਦੇ ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਭੀ ਹੁੰਦਾ ਹੈ. ਸ਼ਿਵਰਾਤ੍ਰੀ ਨੂੰ ਮੇਲਾ ਜੁੜਦਾ ਹੈ, ਪੁਜਾਰੀ ਉਦਾਸੀ ਹੈ। ੨. ਟੁੱਟੀ ਹੋਈ ਜੁੱਤੀ. ਛਿੱਤਰ.

ਲਿੱਦ: ਸੰਗਯਾ- ਘੋੜੇ ਗਧੇ ਹਾਥੀ ਆਦਿ ਦਾ ਮੈਲਾ (ਵਿਸ਼੍ਟਾ).

ਲਿਪ: ਸੰ. ਲਿਪ੍. ਧਾ- ਲਿੱਪਣਾ (ਪੋਚਣਾ), ਵਧਾਉਣਾ, ਲਬੇੜਨਾ.

ਲਿਪਸਾ: ਸੰ. ਲਿਪ੍ਸਾ. ਸੰਗਯਾ- ਪ੍ਰਾਪਤੀ ਦੀ ਬਹੁਤ ਇੱਛਾ. ਬਹੁਤ ਅਭਿਲਾਖਾ.

ਲਿਪਸੁ, ਲਿਪਸੂ: ਸੰ. ਲਿਪ੍ਸੁ. ਵਿ- ਪ੍ਰਾਪਤੀ ਦੀ ਪ੍ਰਬਲ ਇੱਛਾ। ਵਾਲਾ. ਲਾਲਚੀ.

ਲਿਪਟਨਾ: ਕ੍ਰਿ- ਚਿਮਟਣਾ। ੨. ਲੰਪਟ ਹੋਣਾ.

ਲਿਪਣਾ: ਕ੍ਰਿ- ਲੇਪਣ ਕਰਨਾ. ਪੋਚਣਾ. ਦੇਖੋ, ਲਿਪ ਧਾ। ੨. ਲੇਪਿਆ ਜਾਣਾ.

ਲਿਪਤ: ਸੰ. ਲਿਪ੍ਤ. ਵਿ- ਲਿਬੜਿਆ ਹੋਇਆ. ਲਿੱਪਿਆ ਹੋਇਆ। ੨. ਲਪੇਟਿਆ ਹੋਇਆ। ੩. ਲੇਪ. ਲਿਪ੍ਤ. ਲਿਪ੍ਤ ਹੋਣ ਦਾ ਭਾਵ. "ਨਾਨਕ ਲਿਪਤ ਨਹੀ ਤਿਹ ਮਾਇਆ." (ਬਾਵਨ)

ਲਿਪਾਇਮਾਨ: ਵਿ- ਲਿਬੜਿਆ ਹੋਇਆ. ਲੇਪ ਵਾਲਾ। ੨. ਦਾਗੀ. ਧੱਬੇ ਸਹਿਤ. "ਹਮੇ ਲਿਪਾਇਮਾਨ ਕਿਮ ਕਰੈਂ?" (ਗੁਪ੍ਰਸੂ)

ਲਿਪਾਈ: ਲਿੱਪਣ ਦੀ ਕ੍ਰਿਯਾ। ੨. ਲਿੱਪਣ ਦੀ ਮਜ਼ਦੂਰੀ.

ਲਿਪਿ: ਸੰ. ਸੰਗਯਾ- ਲਿਖਣ ਦੀ ਕ੍ਰਿਯਾ। ੨. ਤਹਰੀਰ. ਲੇਖ। ੩. ਦਸ੍ਤਖ਼ਤ. ਹਸ੍ਤਾਕ੍ਸ਼ਰ.

ਲਿਪਜਤੇ: ਲਿਪ੍ਤ ਹੁੰਦਾ. "ਨਾਨਕ ਲੇਪ ਛੇਪ ਨ ਲਿਪਜਤੇ." (ਸਹਸ ਮਃ ੫)

ਲਿਫਤਰਾ, ਲਿਫਤਾ: ਫ਼ਾ. لفترہ ਲਫ਼ਤਰਹ. ਵਿ- ਕਮੀਨਾ. ਤੁੱਛ.

ਲਿਫ਼ਾਫ਼ਹ, ਲਿਫਾਫਾ: ਅ਼. لفافہ ਸੰਗਯਾ- ਲਪੇਟਣ ਦੀ ਵਸਤੁ. ਕਾਗਜ ਅਥਵਾ ਵਸਤ੍ਰ, ਜਿਸ ਵਿੱਚ ਕੋਈ ਚੀਜ਼ ਲਪੇਟੀਏ। ੨. ਭਾਵ- ਆਡੰਬਰ. ਦਿਖਾਵਾ. ਬਾਹਰਲੀ ਸ਼ੋਭਾ.

ਲਿੱਫ: ਤ਼ਿਹ਼ਾਲ. طحال ਤਿੱਲੀ. ਸੰ. ਪ੍ਲੀਹਾ. ਪ੍ਲੀਹਾ. Spleen ਪਲੀਹਾ ਸਾਡੇ ਸ਼ਰੀਰ ਦਾ ਇੱਕ ਅੰਗ ਹੈ, ਜੋ ਪੇਟ ਦੇ ਖੱਬੇ ਪਾਸੇ ਪਸਲੀਆਂ ਦੇ ਹੇਠ, ਜਿਗਰ ਦੇ ਮੁਕਾਬਿਲ ਹੈ. ਅਰੋਗਦਸ਼ਾ ਵਿੱਚ ਇਸ ਦਾ ਤੋਲ ਢਾਈ ਛਟਾਂਕ ਦੇ ਕਰੀਬ, ਲੰਬਾਈ ਪੰਜ ਇੰਚ ਅਤੇ ਚੌੜਾਈ ਤਿੰਨ ਇੰਚ ਹੁੰਦੀ ਹੈ. ਇਸ ਤੋਂ ਲਹੂ ਦੇ ਬਿੰਦੂ ਬਣਕੇ ਸ਼ਰੀਰ ਨੂੰ ਸਹਾਰਾ ਦਿੰਦੇ ਹਨ. ਭੋਜਨ ਦੇ ਪਚਣ ਵਿੱਚ ਸਹਾਇਤਾ ਮਿਲਦੀ ਹੈ.

ਜਦ ਭਾਰੀ ਲੇਸਲੀਆਂ ਬੇਹੀਆਂ ਸੜੀਆਂ ਚੀਜਾਂ ਖਾਧੀਆਂ ਜਾਂਦੀਆਂ ਹਨ ਅਤੇ ਨਸ਼ਿਆਂ ਦਾ ਬਹੁਤਾ ਵਰਤਾਉ ਹੁੰਦਾ ਹੈ, ਅਥਵਾ ਤਾਪ ਰੋਗ ਵਿੱਚ ਸੰਜਮ ਨਹੀਂ ਰੱਖਿਆ ਜਾਂਦਾ, ਤਦ ਤਿੱਲੀ ਵਿੱਚ ਵਿਗਾੜ ਹੋਕੇ ਇਹ ਵਧਣ ਲਗਦੀ ਹੈ. ਜਿਉਂ ਜਿਉਂ ਤਿੱਲੀ ਵਧਦੀ ਹੈ, ਤਿਉਂ ਤਿਉਂ ਹਾਜਮਾ ਵਿਗੜਦਾ ਹੈ, ਸ਼ਰੀਰ ਦਾ ਰੰਗ ਪੀਲੇ ਡੱਡੂ ਜੇਹਾ ਹੋ ਜਾਂਦਾ ਹੈ. ਪਿਆਸ ਵਧੇਰੀ ਅਤੇ ਭੁੱਖ ਮਾਰੀ ਜਾਂਦੀ ਹੈ, ਕਦੇ ਕਦੇ ਮੱਠਾ ਤਾਪ ਰਹਿੰਦਾ ਹੈ, ਮੂਤ੍ਰ ਮੈਲੇ ਰੰਗ ਦਾ, ਅਤੇ ਮੈਲਾ ਕਾਲੇ ਰੰਗ ਦਾ ਹੁੰਦਾ ਹੈ.

ਲਿੱਫ ਦਾ ਸਾਧਾਰਣ ਇਲਾਜ ਹੈ-

(੧) ਹੀਰਾ ਕਸੀਸ, ਨਸਾਦਰ, ਰੇਂਵਦ ਚੀਨੀ, ਮੁਸੱਬਰ, ਛੀ ਛੀ ਮਾਸ਼ੇ ਲੈਕੇ, ਸਿਰਕੇ ਜਾਂ ਕਵਾਰ ਦੇ ਗੁੱਦੇ ਵਿੱਚ ਪੀਹਕੇ ੪੧ ਗੋਲੀਆਂ ਬਣਾਕੇ ਛਾਵੇਂ ਸੁਕਾ ਲੈਣੀਆਂ. ਇੱਕ ਗੋਲੀ ਨਿਰਨੇ ਕਾਲਜੇ ਪਾਣੀ ਨਾਲ ਖਾਣੀ.

(੨) ਇੱਕ ਬੋਤਲ ਸਿਰਕਾ, ਦੋ ਤੋਲੇ ਨਸਾਦਰ, ਦੋ ਤੋਲੇ ਕਸ਼ਮੀਰੀ ਜੀਰਾ, ਦੋ ਤੋਲੇ ਸੌਂਚਰ ਲੂਣ, ਸਭ ਇਕੱਠੇ ਕਰਕੇ. ਵਿੱਚ ੨੧.

ਅੰਜੀਰ ਭਿਉਂਕੇ ਸੱਤ ਦਿਨ ਰੱਖ ਛੱਡਣੇ. ਇੱਕ ਅੰਜੀਰ ਸਵੇਰ ਵੇਲੇ ਖਾਣਾ ਬਹੁਤ ਲਾਭਦਾਇਕ ਹੈ.

ਲਿੰਬਣਾ: ਕ੍ਰਿ- ਲੇਪਣ ਕਰਨਾ. ਪੋਚਾ ਦੇਣਾ. "ਸਰਬ ਸਦਨ ਕੋ ਲਿੰਬ ਬਹੋਰੀ." (ਨਾਪ੍ਰ)

ਲਿਬਾਸ: ਅ਼. لباس ਸੰਗਜਾ- ਪੋਸ਼ਾਕ.

ਲਿਬਾਸੀ: ਵਿ- ਭਖੀ. ਲਿਬਾਸ ਧਾਰਨ ਵਾਲਾ. ਦੇਖੋ, ਲਿਬਾਸ. "ਲੱਖ ਲਿਬਾਸੀ ਦਗਬਾਜ." (ਭਾਗੁ) ੨. ਜਅ਼ਲੀ. ਬਨਾਵਟੀ. "ਲਿਬਾਸੀ ਫਰਮਾਨ ਲਿਖਿ." (ਭਾਗੁ)

ਲਿਯੇ: ਕ੍ਰਿ. ਵਿ- ਵਾਸਤੇ. ਖਾਤਿਰ.

ਲਿਲਾਟ: ਮੱਥਾ. ਦੇਖੋ, ਲਲਾਟ. "ਲਿਲਾਟ ਲਿਖੇ. ਪਾਇਆ ਗੁਰ." (ਮਾਲੀ ਮਃ ੪)

ਲਿਲਾਟ ਤਿਲਕ: ਸੰਗੀਤ ਅਨੁਸਾਰ ਇੱਕ ਨ੍ਰਿਤਜ, ਜਿਸ ਵਿੱਚ ਪੈਰ ਦੇ ਅੰਗੂਠੇ ਨਾਲ ਆਪਣੇ ਮੱਥੇ ਪੁਰ ਤਿਲਕ ਕਰੀਦਾ ਹੈ.

ਲਿਲਾਟਿ: ਲਲਾਟ (ਮਸਤਕ) ਪੁਰ. "ਲਿਖਤੁ ਲਿਲਾਟਿ ਲਿਖਾਧੇ." (ਆਸਾ ਮਃ ੪)

ਲਿਲਾਧੋ: ਮੱਥੇ ਉੱਪਰ. ਲਲਾਟ ਉੱਤੇ. "ਧੁਰਿ ਹੋ ਹੋ ਲਿਖੇ ਲਿਲਾਧੋ." (ਕਾਨ ਪੜਤਾਲ ਮਃ ੪)

ਲਿਲਾਰ: ਦੇਖੋ, ਲਲਾਟ.

ਲਿਲਾਰਿ: ਲਲਾਟ (ਮੱਥੇ) ਉੱਪਰ. ਮਸੁਕ ਤੇ (ਯਾ ਵਿੱਚ). "ਨਾਨਕ ਲਿਲਾਰਿ ਲਿਖਿਆ ਸੋਇ." (ਮਃ ੧. ਵਾਰ ਮਾਝ)

ਲਿਲਾਰੀ: ਲਿਲਾਰ (ਲਲਾਟ) ਵਿੱਚ। ੨. ਦੇਖੋ, ਨੀਲਾਰੀ.

ਲਿਲਾਰੇ, ਲਿਲੇਰੈ: ਲਲਾਟ (ਮਸੁਕ) ਉੱਪਰ. "ਲਿਖਤ ਲਿਲਾਰੇ." (ਮਃ ੪. ਵਾਰ ਗਉ ੧) "ਸੋ ਪਾਵੈ ਜਿਸੁ ਲਿਖਤੁ ਲਿਲੇਰੈ." (ਕਾਨ ਮਃ ੫)

ਲਿੱਲਹ: ਅ਼. لله ਅੱਲਾ ਵਾਸਤੇ. ਪਰਮਾਤਮਾ ਲਈ.

ਲਿਵ: ਸੰਗਜਾ- ਇਸ ਦਾ ਮੂਲ ਸੰਸਕ੍ਰਿਤ लिप्सा. ਲਿਪਸਾ ਸ਼ਬਦ ਹੈ. ਪ੍ਰੀਤਿ. "ਲਿਵ ਧਾਤੁ ਦੁਇ ਰਾਹ ਹੈ." (ਮਃ ੩. ਵਾਰ ਸ੍ਰੀ) ਦੇਖੋ, ਅੰ. Love। ੨. ਵ੍ਰਿੱਤਿ ਦੀ ਏਕਾਗ੍ਰਤਾ. "ਲਿਵ ਛੁੜਕੀ, ਲਗੀ ਤ੍ਰਿਸਨਾ." (ਅਨੰਦੁ) ੩. ਦੇਖੋ, ਨਾਮ ਅਭ੍ਯਾਸ.

ਲਿਵਤਾਰ: ਲਗਾਤਾਰ ਵ੍ਰਿੱਤਿ ਦਾ ਲਗਾਉ. ਤੇਲਧਾਰਾ ਵਤ ਅਖੰਡ ਲਿਵ. "ਜੇ ਲਾਇਰਹਾ ਲਿਵਤਾਰ." (ਜਪੁ)

ਲਿਵਧਾਤੁ: ਪ੍ਰੀਤਿ ਅਤੇ ਮਾਯਾ, ਦੇਖੋ, ਧਾਤੁ ੮.

ਲਿਵਮੰਡਲ: ਸੰਗਜਾ- ਪ੍ਰੇਮਮੰਡਲ. ਪ੍ਰੀਤਿ ਦਾ ਦੇਸ਼. ਉਹ ਅਵਸਥਾ, ਜਿਸ ਵਿੱਚ ਪ੍ਰੇਮ ਤੋਂ ਛੁੱਟ ਹੋਰ ਸਭ ਕੁਝ ਭੁੱਲ ਜਾਂਦਾ ਹੈ. "ਮਨ ਹਰਿਲਿਵਮੰਡਲ ਮੰਡਾ ਹੇ." (ਸੋਹਿਲਾ)

ਲਿਵਾੜਿ: ਕ੍ਰਿ. ਵਿ- ਲਬੇੜਕੇ. ਲਪੇਟਕੇ. ਲਿਪ੍ਤ ਕਰਕੇ. "ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ." (ਸ. ਫਰੀਦ) ਭਾਵ- ਵਿਸ਼ਯ ਭੋਗ ਅਤੇ ਪਰਇਸਤ੍ਰੀ ਤੋਂ ਹੈ.

ਲਿਵੈਯਾ: ਵਿ- ਲੈਣ ਵਾਲਾ.

ਲੀ: ਲਈ. ਲੀਤੀ. "ਦਾਨਵ ਰੋਸ ਗਦਾ ਕਰ ਲੀ." (ਸਲੋਹ) ਗਦਾ ਹੱਥ ਫੜੀ। ੨. ਸੰ. ली. ਧਾ- ਜੁੜਨਾ, ਪ੍ਰਾਪਤ ਹੋਣਾ, ਪਤਲਾ ਕਰਨਾ, ਪਘਰਨਾ। ੩. ਚੀਨੀਆਂ ਦੀ ਇੱਕ ਮਿਣਤੀ (li) ਜੋ ਅੰਗ੍ਰੇਜ਼ੀ ਮੀਲ (mile) ਦਾ ਛੇਵਾਂ ਹਿੱਸਾ ਹੈ. ਦੇਖੋ, ਯੋਜਨ.

ਲੀਉ: ਦੇਖੋ, ਲਿਵ. "ਨਾਮਿ ਲਾਗੀ ਲੀਉ." (ਮਾਰੂ ਮਃ ੫)

ਲੀਓ: ਲੀਤਾ. ਲਾਇਆ. ਲੀਓ ਭੇਖ ਬੈਰਾਗ." (ਸ. ਮਃ ੯) ੨. ਲਯ ਹੋਇਆ.

ਲੀਅੜਾ: ਲੀਆ. ਲੀਤਾ. "ਮਨੁ ਲੀਅੜਾ ਦੀਤਾ." (ਸੂਹੀ ਛੰਤ ਮਃ ੧) ਮਨੁ ਲਇਆ ਅਤੇ ਮਨੁ ਦਿੱਤਾ। ੨. ਲਇਆ ਹੋਇਆ। ੩. ਦੇਖੋ, ਲੀੜਾ.

ਲੀਹ: ਸੰਗਯਾ- ਲੀਕ. ਰੇਖਾ। ੨. ਗੱਡੇ ਰਥ ਆਦਿ ਦੇ ਪਹੀਏ ਦੀ ਲੀਕ. ਲੀਹਾ। ੩. ਮਰੋੜਾ. ਪੇਚਿਸ਼। ੪. ਸਿੰਧੀ. ਸ਼ਰਮ. ਹ਼ਯਾ.

ਲੀਹਾ: ਦੇਖੋ, ਲੀਹ ੨। ੨. ਅ਼. مليح ਮਲੀਹ਼. ਵਿ- ਉੱਤਮ. ਸੁੰਦਰ. "ਸੁਨਹੁ ਬਾਤ ਮਮ ਲੀਹਾ." (ਨਾਪ੍ਰ)

ਲੀਕ: ਸੰਗਯਾ- ਰੇਖਾ. ਲਕੀਰ। ੨. ਲਿਖਤ. ਤਹਰੀਰ.

"ਭ੍ਰਮ ਕੀ ਲੀਕ ਮਿਟਾਈ." (ਸੋਰ ਕਬੀਰ)

ਯਾ ਜਗ ਜੀਵਨ ਕੋ ਹੈ ਯਹੈ ਫਲ

ਜੋ ਛਲ ਛਾਡ ਭਜੈ ਰਘੁਰਾਈ,

ਸੋਧਕੈ ਸੰਤ ਮਹੰਤਨ ਹੂੰ

"ਪਦਮਾਕਰ" ਬਾਤ ਯਹੈ ਠਹਿਰਾਈ,

ਹਨਐ ਰਹੈ ਹੋਨੀ ਪ੍ਰਯਾਸ ਬਿਨਾ

ਅਨਹੋਨੀ ਨ ਹ੍ਵੈ ਸਕੈ ਕੋਟਿ ਉਪਾਈ,

ਜੋ ਵਿਧਿ ਭਾਲ ਮੇ ਲੀਕ ਲਿਖੀ

ਸੁ ਬਢਾਈ ਬਢੈ ਨ ਘਟੈ ਨ ਘਟਾਈ.

੩. ਦਾਗ. ਕਲੰਕ. ਧੱਬਾ. "ਨਾਕ ਕਾਨ ਕਟ ਲੀਕ ਲਗੈਂਹੈਂ. (ਚਰਿਤ੍ਰ ੩੯੭) ੪. ਸੰ. ਸਤ੍ਯ. ਸੱਚ। ੫. ਡਿੰਗ. ਸੱਚਾ ਬਚਨ.

ਲੀਕ ਲਾਉਣੀ: ਕਿ- ਕਲੰਕ ਲਾਉਣਾ. ਦੇਖੋ, ਲੀਕ ੩.

ਲੀਕਾ: ਸੰ. ਸੰਗਯਾ- ਚੁੜੇਲ. ਡਾਇਣ. ਡਾਕਿਨੀ.

ਲੀਕੈ: ਲੀਕ (ਰੇਖਾ) ਨੂੰ. ਦੇਖੋ, ਫਾਟਨ ੨.

ਲੀਖ: ਸੰ. ਲਿਕ੍ਸ਼ਾ. ਸੰਗਯਾ- ਜੂੰ ਦਾ ਆਂਡਾ. ਯੂਕਾਂਡ (nit)

ਲੀਖਿਆ: ਦੇਖੋ, ਲਿਖਿਤ. "ਤਿਨਾ ਮਿਲਿਆ ਗੁਰੁ ਆਇ, ਜਿਨ ਕਉ ਲੀਖਿਆ." (ਸੂਹੀ ਮਃ ੧)

ਲੀਖੇ: ਲਿਖੇ। ੨. ਲਿਖੇ ਹੋਏ. "ਦਸ ਅਠ ਲੀਖੇ ਹੋਵਹਿ ਪਾਸਿ." (ਬਸੰ ਮਃ ੧)

ਲੀਂਗ, ਲੀਗੁ: ਦੇਖੋ, ਲਿੰਗ ੫. "ਦੇਵਲ ਮਧੇ ਲੀਗੁ ਆਛੈ." (ਟੋਡੀ ਨਾਮਦੇਵ)

ਲੀਚੀ: ਇੱਕ ਸਦਾ ਬਹਾਰ ਬੂਟਾ, ਜਿਸ ਨੂੰ ਗੁੱਛੇਦਾਰ ਫਲ ਲਗਦੇ ਹਨ, ਜਿਨ੍ਹਾਂ ਤੇ ਪਤਲੀ ਛਿੱਲ ਅਤੇ ਅੰਦਰ ਰਸਦਾਰ ਚਿੱਟਾ ਗੁੱਦਾ ਹੁੰਦਾ ਹੈ. ਇਹ ਕਰਸਾਹ ਵਿੱਚ ਪਕਦੇ ਹਨ. ਇਹ ਬੂਟਾ ਚੀਨ ਤੋਂ ਆਇਆ ਹੈ, ਹੁਣ ਭਾਰਤ ਵਿੱਚ ਸਾਰੇ ਹੁੰਦਾ ਹੈ, ਪਰ ਬੰਗਾਲ ਅਤੇ ਬਿਹਾਰ ਵਿੱਚ ਬਹੁਤ ਜਾਦਾ ਦੇਖੀਦਾ ਹੈ. Nephelium Litchi.

ਲੀਚੈ: ਲੀਜੈ. ਗ੍ਰਹਣ ਕਰੀਜੈ. "ਅੰਮ੍ਰਿਤੁ ਲੀਚੈ ਜੀਉ." (ਮਾਝ ਮਃ ੪) ੨. ਉਲੀਚੈ. ਉੱਲੁੰਚਨ (उल्लूचन्. ) ਕਰੀਜੈ. ਦੇਖੋ,

ਉਲੀਚਨ.

ਲੀਜੀ: ਵਿ- ਲੈਣ ਯੋਗਯ. ਭਾਵ- ਲਾਭ. "ਜਨਮਿ ਜਨਮਿ ਕਿਛੁ ਲੀਜੀ ਲੀਜੈ." (ਆਸਾ ਮਃ ੧)

ਲੀਜੈ: ਗ੍ਰਹਣ ਕਰੀਜੈ.

ਲੀਠਾ: ਲੇਹਨ ਕੀਤਾ. ਚੱਟਿਆ. ਸੰ. ਲੀਢ. "ਘਸਿ ਗਰੁੜੁ ਸਬਦੁ ਮੁਖਿ ਲੀਠਾ." (ਗਉ ਮਃ ੪) ਦੇਖੋ, ਗਰੁੜ. ੨.

ਲੀਂਡ, ਲੀਂਡੀ: ਸੰ. लण्ड. ਵਿਸ਼੍ਟਾ ਦੀ ਬੱਤੀ। ੨. ਦੇਖੋ, ਲੰਡ.

ਲੀਢ: ਦੇਖੋ, ਲੀਠਾ। ੨. ਸੰਗੀਤ ਅਨੁਸਾਰ ਮਨੋਹਰ ਗਾਉਣ ਨਾਲ ਵਿਲਾਸ ਸਹਿਤ ਅੰਗਾਂ ਦੀ ਹਰਕਤ "ਲੀਢ" ਹੈ.

ਲੀਣ, ਲੀਣਾ: ਲੀਨ ਅਤੇ ਲੀਨ ਹੋਇਆ. ਦੇਖੋ, ਲੀਨ. "ਤੂੰ ਜਲ ਥਲਿ ਮਹੀਅਲਿ ਭਰਿਪੁਰਿ ਲੀਣਾ, ਤੂੰ ਆਪੇ ਸਰਬ ਸਮਾਣਾ." (ਸੂਹੀ ਮਃ ੧)

ਲੀਤ, ਲੀਤੜਾ, ਲੀਤਾ: ਲੀਆ. ਲੀਏ. "ਕਰਿ ਕਿਰਪਾ ਅਪੁਨੇ ਕਰਿਲੀਤ." (ਟੋਡੀ ਮਃ ੫) ਆਪਣੇ ਕਰ ਲੀਤੇ. "ਲੀਤੜਾ ਲਬਿ ਰੰਗਾਏ." (ਤਿਲੰ ਮਃ ੧) "ਦਾਨੁ ਸਭਨੀ ਹੈ ਲੀਤਾ." (ਵਡ ਛੰਤ ਮਃ ੫)

ਲੀਤੀਆ: ਲਈਆਂ. "ਜਿਨਿ ਅਖੀ ਲੀਤੀਆ, ਸੋਈ ਸਚਾ ਦੇਇ." (ਮਃ ੩. ਵਾਰ ਸ੍ਰੀ)

ਲੀਦ: ਦੇਖੋ, ਲਿੱਦ.

ਲੀਨ: ਲੀਤਾ. ਲਇਆ. "ਤਉ ਨ ਹਰਿਰਸ ਲੀਨ." (ਸਃ ਮਃ ੯) ੨. ਸੰ. ਵਿ- ਲਯ. ਮਿਲਿਆ ਹੋਇਆ. "ਨਿਮਖ ਨ ਲੀਨ ਭਇਓ ਚਰਨਨ ਸਿਉ." (ਗਉ ਮਃ ੯) ੩. ਲਗਿਆ ਹੋਇਆ। ੪. ਡੁੱਬਿਆ ਹੋਇਆ. ਮਗਨ। ੫. ਗਲਿਆ ਹੋਇਆ। ੬. ਲੁਕਿਆ ਹੋਇਆ। ੭. ਸੰਗੀਤ ਅਨੁਸਾਰ ਹੱਥਾਂ ਨਾਲ ਨ੍ਰਿਤਯ ਸਮੇਂ ਭਾਵ ਦੱਸਕੇ, ਹੱਥ ਦਾ ਛਾਤੀ ਪੁਰ ਆਕੇ ਟਿਕਣਾ "ਲੀਨ" ਹੈ.

ਲੀਪ: ਦੇਖੋ, ਲੇਪ। ੨. ਲਿਪ੍ਤ. "ਬਸੈ ਘਟਾ ਘਟ, ਲੀਪ ਨ ਛੀਪੈ." (ਕਾਨ ਨਾਮਦੇਵ)

ਲੀਪਤ: ਦੇਖੋ, ਲਿਪਤ। ੨. ਕ੍ਰਿ. ਵਿ- ਲਿਪਦੇ ਹੋਏ, ਲੇਪਣ ਕਰਦੇ. "ਲੀਪਤ ਜੀਉ ਗਇਓ." (ਬਿਲਾ ਕਬੀਰ)

ਲੀਪਨ: ਦੇਖੋ, ਲੇਪਨ.

ਲੀਪਿਐ: ਕ੍ਰਿ. ਵਿ- ਲਿੱਪਣ ਤੋਂ. ਲੇਪਣ ਕੀਤੇ. "ਲੀਪਿਐ ਥਾਇ, ਨ ਸੁਚਿ ਹਰਿ ਮਾਨੈ." (ਭੈਰ ਮਃ ੫)

ਲੀਯੇ: ਦੇਖੋ, ਲਈ ਅਤੇ ਲਿਯੇ.

ਲੀਰ: ਸੰਗਯਾ- ਵਸਤ੍ਰ ਦਾ ਟੁਕੜਾ. ਟੱਲੀ.

ਲੀਲ: ਦੇਖੋ, ਲੀਲਨ ਅਤੇ ਲੀਲਾ. "ਬਾਲਕੁ ਲੀਲ ਅਨੂਪੁ." (ਮਾਰੂ ਅਃ ਮਃ ੧)

ਲੀਲਨ: ਸੰ. ਗਿਲਨ. ਕ੍ਰਿ- ਨਿਗਲਣਾ. "ਲੀਲ ਲਏ ਸਭ ਹਨਐ ਬਗੁਲਾ." (ਕ੍ਰਿਸਨਾਵ) "ਜਿਹਬਾ ਸੁਆਦੀ ਲੀਲਿਤ ਲੋਹ." (ਸਾਰ ਰਾਮਦੇਵ)

ਲੀਲਮ: ਨੀਲਮਣਿ. ਦੇਖੋ, ਨੀਲਮ. "ਮੁਕਤਾ ਹੀਰੇ ਲੀਲਮ ਸਬਜੇ." (ਗੁਪ੍ਰਸੂ)

ਲੀਲਾ: ਸੰ. ਸੰਗਯਾ- ਕ੍ਰੀੜਾ. ਖੇਲ. "ਲੀਲਾ ਕਿਛੁ ਲਖੀ ਨ ਜਾਇ." (ਰਾਮ ਮਃ ੫) ੨. ਵਿਲਾਸ। ੩. ਸ਼੍ਰਿੰਗਾਰ ਦੀ ਚੇਸ਼੍ਟਾ। ੪. ਸੁੰਦਰਤਾ। ੫. ਕ੍ਰਿਪਾ. ਦਯਾ.

ਲੀਲਾਈ: ਵਿ- ਲੀਲਾ ਵਾਲਾ. ਖੇਲ ਕਰਦਾ. "ਪੰਖੀ ਜਿਵੇ ਰਹੇ ਲੀਲਾਈ." (ਭਾਗੁ)

ਲੀਲਾਹਾਵ: ਕਾਵ੍ਯ ਅਨੁਸਾਰ- "ਪਿਯ ਤਿਯ ਕੋ, ਤਿਯ ਪੀਯ ਕੋ ਧਰੈ ਜੁ ਭੂਸ਼ਣ ਚੀਰ। ਲੀਲਾਹਾਵ ਬਖਾਨਹੀ ਤਾਂਹੀ ਕੋ ਕਵਿ ਧੀਰ॥" (ਜਗਦਵਿਨੋਦ)

ਲੀਲਾਗਾਰ: ਸੰਗ੍ਯਾ- ਲੀਲਾ (ਭੋਗ ਵਿਲਾਸ) ਦਾ ਆਗਾਰ (ਘਰ). ੨. ਖੇਲ ਤਮਾਸ਼ੇ ਦਾ ਮਕਾਨ.

ਲੀਲਾਵਤੀ: ਵਿ- ਵਿਲਾਸ ਕਰਨ ਵਾਲੀ ਇਸਤ੍ਰੀ। ੨. ਸੰਗ੍ਯਾ- ਭਾਸਕਰਾਚਾਰਯ ਦੀ ਵਹੁਟੀ, ਜੋ ਵਡੀ ਪੰਡਿਤਾ ਸੀ[1139]। ੩. ਲੀਲਾਵਤੀ ਦੇ ਨਾਂਉਂ ਬਣਾਇਆ ਭਾਸਕਰਾਚਾਰਯ ਦਾ ਇੱਕ ਹਿਸਾਬ ਦਾ ਗ੍ਰੰਥ, ਜੋ ਸਿੱਧਾਂਤ ਸ਼ਿਰੋਮਣਿ ਦਾ ਪਹਿਲਾ ਖੰਡ ਹੈ। ੪. ਦੁਰਗਾ ਦੇਵੀ। ੫. ਮਯ ਦੈਤ ਦੀ ਇਸਤ੍ਰੀ। ੬. ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ. ਪ੍ਰਤਿ ਚਰਣ ੩੨ ਮਾਤ੍ਰਾ, ੧੮- ੧੪ ਪੁਰ ਵਿਸ਼੍ਰਾਮ, ਅੰਤ ਸਗਣ. ||ऽ.

ਉਦਾਹਰਣ-

ਪਹਿਲੇ ਤੁਮ ਪੂਰਣ ਵਿਦ੍ਯਾ ਸਿੱਖੋ,

ਫਿਰ ਉਸ ਕਾ ਪਰਿਚਾਰ ਕਰੋ,

ਕੀਜੈ ਉਪਕਾਰ ਸਰਬ ਕੇ ਊਪਰ,

ਵੈਰ ਵਿਰੋਧ ਨ ਚਿੱਤ ਧਰੋ. ×××

(ਅ) ਬਾਵਾ ਰਾਮਦਾਸ ਜੀ ਨੇ ਲੀਲਾਵਤੀ ਦੇ ਅੰਤ ਸਗਣ ਦੀ ਥਾਂ ਯਗਣ ਵਿਧਾਨ ਕੀਤਾ ਹੈ.

ਉਦਾਹਰਣ-

ਬਾਲੋਂ ਹੈ ਨਿੱਕੀ ਖੰਡ੍ਯੋਂ ਤਿੱਖੀ,

ਸਤਿਗੁਰੁ ਕੀ ਉੱਤਮ ਸਿੱਖੀ. ×××

ਲੀਲੀ: ਨਿਗਲੀ. ਦੇਖੋ, ਲੀਲਨ. "ਜਿਨਹੂ ਬੜਵਾਨਲ ਲੀਲੀ." (ਕ੍ਰਿਸਨਾਵ)

ਲੀਵਨ, ਲੀਵਨਾ, ਲੀਵਨਿ: ਲਯ- ਹੋਵਨ. ਲੀਨ ਹੋਣਾ. "ਸਤਸੰਗਤਿ ਮਹਿ ਲੀਵਨਾ." (ਮਾਰੂ ਅਃ ਮਃ ੫) "ਰਾਮਨਾਮ ਸੰਗਿ ਲੀਵਨਿ." (ਸਾਰ ਮਃ ੫)

ਲੀਵਾ: ਵਿ- ਲਿਵ (ਪ੍ਰੀਤਿ) ਵਾਲਾ। ੨. ਲੀਨ ਹੋਇਆ। ੩. ਲੀਆ. ਲੀਤਾ। ੪. ਲੇਵਾਂ. ਲਵਾਂ. "ਅੰਮ੍ਰਿਤ ਗੁਰਮਤਿ ਲੀਵਾ." (ਗਉ ਮਃ ੪)

ਲੀੜਨਾ: ਲੀਢ ਕਰਨ. ਚੱਟਣਾ. ਖਾਣਾ. ਆਲੀਢ ਹੋਣਾ.

ਲੀੜਾ: ਲੀਢ ਕੀਤਾ. ਚੱਟਿਆ. ਪੀਤਾ. "ਅਮ੍ਰਿਤਧਾਰ ਰਸਿ ਲੀੜਾ." (ਜੈਤ ਮਃ ੪) ੨. ਸੰਗ੍ਯਾ- ਵਸਤ੍ਰ. ਕਪੜਾ. ਲਿੰਗੜਾ.

ਲੁਆਬ, ਲੁਆ਼ਬ: ਅ਼. لعاب ਸੰਗ੍ਯਾ- ਜੀਭ ਹੇਠ ਦੀ ਗਿਲਟੀਆਂ ਵਿੱਚੋਂ ਟਪਕਿਆ ਹੋਇਆ ਪਾਣੀ, ਜਿਸ ਨਾਲ ਗ਼ਿਜ਼ਾਤਰ ਹੁੰਦੀ ਹੈ. ਥੁੱਕ। ੨. ਕਿਸੇ ਦਵਾ ਦਾ ਲੇਸਦਾਰ ਰਸ.

ਲੁਹ: ਸੰਗ੍ਯਾ- ਅਗਨਿ ਦੀ ਲਾਟ। ੨. ਦਾਹ। ੩. ਸੰ. ਇੱਛਾ. ਚਾਹ.

---

[1139] ਕਈਆਂ ਨੇ ਭੁੱਲ ਨਾਲ ਲੀਲਾਵਤੀ ਨੂੰ ਭਾਸਕਰਾਚਾਰਯ ਦੀ ਪੁਤ੍ਰੀ ਲਿਖਿਆ ਹੈ.

ਲੁਹਾਂਗੀ: ਸੰਗਜਾ- ਲੋਹਾ ਹੈ ਜਿਸ ਦੇ ਅੰਗ ਵਿੱਚ, ਐਸੀ ਸੋੱਟੀ. ਲੋਹੇ ਦੇ ਸੰਮ ਵਾਲੀ ਭਾਰੀ ਡਾਂਗ। ੨. ਭਾਰੀ ਲੋਹੇ ਦੀ ਸਾਂਗ (ਬਰਛੀ) ਜਿਸ ਦਾ ਦਸ੍ਤਾ ਕਾਠ ਦਾ ਨਹੀਂ ਹੈ.

ਲੁਹਾਂਡਾ: ਸੰਗਜਾ- ਲੋਹ ਭਾਂਡ. ਲੋਹੇ ਦਾ ਪਾਤ੍ਰ.

ਲੁਹਾਰ: ਸੰ. ਲੋਹਕਾਰ. ਸੰਗਜਾ- ਲੋਹੇ ਦਾ ਕੰਮ ਕਰਨ ਵਾਲਾ ਕਾਰੀਗਰ. ਆਹਨਗਰ. "ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ." (ਸ. ਕਬੀਰ)

ਲੁਹਾਰੀ: ਲੋਹਕਾਰ ਦੀ ਇਸਤ੍ਰੀ। ੨. ਲੋਹੇ ਦਾ ਜੰਜੀਰ. ਬੇੜੀ. "ਅਉਗਣ ਪੈਰਿ ਲੁਹਾਰੀ." (ਬਸੰ ਅਃ ਮਃ ੧)

ਲੁਹਿ: ਕ੍ਰਿ. ਵਿ- ਜਲਕੇ. ਦਾਹ ਨੂੰ ਪ੍ਰਾਪਤ ਹੋਕੇ. ਲੁਛ ਲੁਛਕੇ. ਲੂਹੇ ਜਾਕੇ. "ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ." (ਸੂਹੀ ਫਰੀਦ) ੨. ਲੋੜਕੇ. ਚਾਹਕੇ. ਦੇਖੋ, ਲੁਹ.

ਲੁਕਣਾ: ਕ੍ਰਿ- ਲੋਪ ਹੋਣਾ. ਪੜਦੇ ਵਿੱਚ ਹੋਣਾ. ਛਿਪਣਾ.

ਲੁਕਨਤ: ਅ਼. لکنت ਸੰਗਜਾ- ਥਥਲਾਪਨ. ਹੱਕ. ਬੋਲਣ ਵੇਲੇ ਜੁਬਾਨ ਦਾ ਰੁਕਣਾ.

ਲੁਕਨਾ: ਦੇਖੋ, ਲੁਕਣਾ.

ਲੁਕਮਾ, ਲੁਕ਼ਮਾ: ਅ਼. لقمہ ਸੰਗਜਾ- ਗ੍ਰਾਸ. ਬੁਰਕੀ.

ਲੁਕਮਾਨ, ਲੁਕ਼ਮਾਨ: ਅ਼. لقمان ਬਾਈਬਲ ਅਤੇ ਕ਼ੁਰਾਨ ਵਿੱਚ ਲੁਕ਼ਮਾਨ ਦਾ ਜਿਕਰ ਆਇਆ ਹੈ ਅਰ ਇਸ ਨਾਮ ਦੀ ੧੩. ਵੀਂ ਸੂਰਤ ਹੈ, ਜਿਸ ਵਿੱਚ ਖੁਦਾ ਵੱਲੋਂ ਲੁਕ਼ਮਾਨ ਨੂੰ ਦਾਨਾਈ ਦਾ ਮਿਲਣਾ ਦੱਸਿਆ ਹੈ, ਪਰ ਉਸ ਦਾ ਇਤਿਹਾਸ ਕੁਝ ਨਹੀਂ ਹੈ. ਲੁਕ਼ਮਾਨ ਜਗਤ ਪ੍ਰਸਿੱਧ ਹਕੀਮ ਹੋਇਆ ਹੈ. ਉਸ ਦੀਆਂ ਤਿੰਨ ਹਜਾਰ ਅਖਾਉਤਾਂ ਨੀਤਿਪੂਰਿਤ ਹਨ. ਕਈ ਵਿਦ੍ਵਾਨ ਲੁਕ਼ਮਾਨ ਨੂੰ ਇਬਰਾਹੀਮ ਦਾ ਭਤੀਜਾ ਖ਼ਿਆਲ ਕਰਦੇ ਹਨ. ਕੋਈ ਉਸ ਦਾ ਹੋਣਾ ਦਾਊਦ ਦੇ ਸਮੇਂ ਮੰਨਦਾ ਹੈ. ਕੋਈ ਆਖਦਾ ਹੈ ਕਿ ਉਹ ਅਫ਼ਰੀਕ਼ਾ ਦਾ ਇੱਕ ਗੁਲਾਮ ਸੀ. ਕੋਈ ਲੁਕ਼ਮਾਨ ਨੂੰ ਦਰਜੀ, ਕੋਈ ਤਖਾਣ ਦੱਸਦਾ ਹੈ, ਪਰ ਇਹ ਸਾਰੇ ਮੰਨਦੇ ਹਨ ਕਿ ਉਹ ਵਡਾ ਮੰਤਕੀ ਅਰ ਚਾਨਾ ਸੀ. ਉਸ ਦੀਆਂ ਆਖੀਆਂ ਕਹਾਣੀਆਂ ਹੁਣ ਤੋੜੀ ਸਭ ਦਾ ਮਨ ਖਿੱਚਦੀਆਂ ਹਨ. ਯੂਰਪ ਦੇ ਵਿਦ੍ਵਾਨ ਲਿਖਦੇ ਹਨ ਕਿ ਯੂਨਾਨੀਆਂ ਦਾ sop ਹੀ ਲੁਕਮਾਨ ਹੈ। ੨. ਦੇਖੋ, ਲੋਕਮਾਨਜ.

ਲੁਕਮਿਚਾਈ, ਲੁਕਮੀਚਨ: ਸੰਗਜਾ- ਬਾਲਕਾਂ ਦਾ ਇੱਕ ਖੇਡ, ਜਿਸ ਵਿੱਚ ਇੱਕ ਅੱਖੀਆਂ ਮੀਚਕੇ ਬੈਠਦਾ ਹੈ ਅਰ ਬਾਕੀ ਸਭ ਲੁਕ ਜਾਂਦੇ ਹਨ. ਅੱਖੀਆਂ ਮੀਟਣ ਵਾਲਾ ਲੁਕੇ ਹੋਏ ਬਾਲਕਾਂ ਨੂੰ ਟੋਲਕੇ ਛੂੰਹਦਾ ਹੈ. "ਤੌਂ ਲੁਕਮੀਚਨ ਖੇਲ ਮਚਾਈ." (ਕ੍ਰਿਸਨਾਵ) ਪੰਜਾਬੀ ਵਿੱਚ ਇਸ ਖੇਡ ਦੇ ਨਾਮ ਛੁਪਣਛੋਤ, ਲੁਕਣਮੀਟੀ ਅਤੇ ਲੁਕੋਮੀਟੀ ਭੀ ਹਨ.

ਲੁਕਵਾਂ: ਵਿ- ਲੁਕਿਆ ਹੋਇਆ. ਗੁਪਤ. ਪੋਸ਼ੀਦਾ.

ਲੁਕਾਉ: ਸੰਗਜਾ- ਦੁਰਾਉ. ਛੁਪਾਉ.

ਲੁਕਾਇਤ: ਸੰਗਜਾ- ਜਨ ਸਮੁਦਾਯ. ਬਹੁਤ ਲੋਕ. ਲੋਕੀ। ੨. ਦੇਖੋ, ਲੋਕਾਯਤ.

ਲੁਕਾਇਦੜੋ: ਲੁਕੋਂਦਾ. ਛੁਪਾਉਂਦਾ. "ਜਿਸੁ ਪਾਸਿ ਲੁਕਾਇਦੜੋ. ਸੋ ਵੇਖੀ ਸਾਥੈ." (ਆਸਾ ਛੰਤ ਮਃ ੫)

ਲੁਕਾਈ: ਦੇਖੋ, ਲੋਕਾਈ. "ਸਭਿ ਕਥਿ ਕਥਿ ਰਹੀ ਲੁਕਾਈ." (ਸੋਰ ਕਬੀਰ)

ਲੁਕਾਂਜਨ: ਦੇਖੋ, ਲੋਕਾਂਜਨ.

ਲੁਕਾਟ: ਦੇਖੋ, ਲੋਕਾਟ.

ਲੁਕਾਨਾ: ਲੋਪ ਹੋਇਆ ਛਿਪਿਆ। ੨. ਗੁਪਤ। ੩. ਲੀਨ ਹੋਇਆ. ਸਮਾਇਆ. "ਮਨੁ ਮਾਨਕੁ ਲਿਵ ਤਤੁ ਲੁਕਾਨਾ." (ਪ੍ਰਭਾ ਕਬੀਰ)

ਲੁਕਾਨੀ: ਲੁਕੀ ਹੋਈ. ਗੁਪਤ. "ਰਾਮ ਨਾਮੁ ਰਤਨ ਕੋਠੜੀ ਗੜ ਮੰਦਿਰ ਏਕ ਲੁਕਾਨੀ." (ਬਸੰ ਮਃ ੪) ੨. ਦੇਖੋ, ਲੋਕਾਨੀ.

ਲੁਕਿ: ਕ੍ਰਿ. ਵਿ- ਲੁਕਕੇ. ਛਿਪਕੇ. "ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ." (ਮਃ ੫. ਵਾਰ ਗਉ ੧)

ਲੁਕੇਸ: ਸੰ. ਲੋਕੇਸ਼. ਸੰਗਯਾ- ਲੋਕ ਈਸ਼. ਬ੍ਰਹਮਾ. "ਤਿਨ ਦੇਖਿ ਲੁਕੇਸ ਡਰਯੋ ਹਿਯ ਮੇ." (ਚੰਡੀ ੧)

ਲੁੰਗ: ਕਿੱਕਰ ਆਦਿ ਬਿਰਛਾਂ ਦੇ ਫੁੱਲ ਦੀ ਡੋਡੀ. ਲਵੰਗ। ੨. ਇਹ ਸ਼ਬਦ ਲੰਕ (ਲੱਕ) ਲਈ ਭੀ ਵਰਤਿਆ ਹੈ. "ਸਤਿਗੁਰ ਦੀਨੀ ਸੇਲੀ ਟੋਪੀ, ਸਤਿਗੁਰ ਦੀਨੀ ਲੁੰਗ ਜੰਜੀਰ. ××× ਕਹੈ ਸ੍ਰੀਚੰਦ, ਸੁਨ ਗੋਰਖ ਨਾਥਾ। ਸੰਜਮ ਸਹਿਤ ਬਨਾਈ ਸਾਥਾ." (ਗੋਸਟਿ ਬਾਬਾ ਸ੍ਰੀਚੰਦ ਜੀ ਦੀ ਸਿੱਧਾਂ ਨਾਲ)[1140]

ਲੁਗ਼ਾਤ: ਅ਼. لغت ਸੰਗਯਾ- ਸ਼ਬਦ. ਲਫਜ.

ਲੁਗਾਈ: ਸੰਗਯਾ- ਲੋਕ (ਜਨ) ਸਮੁਦਾਯ। ੨. ਇਸਤ੍ਰੀ. ਨਾਰੀ. ਔਰਤ. "ਧਾਈ ਲੁਗਾਈ ਆਵੈਂ." (ਰਾਮਾਵ)

ਲੁਗ਼ਾਤ: ਅ਼. لغات ਸੰਗਯਾ- ਲੁਗ਼ਤ ਦਾ ਬਹੁ ਵਚਨ। ੨. ਕੋਸ਼. ਅਭਿਧਾਨ. Dictionary.

ਲੁੰਗੀ, ਲੁੰਙੀ: ਫ਼ਾ. لُنگی ਇੱਕ ਪ੍ਰਕਾਰ ਦੀ ਧਾਰੀਦਾਰ ਧੋਤੀ, ਜਿਸ ਨੂੰ ਖਾਸ ਕਰਕੇ ਡੋਗਰ ਅਤੇ ਪਚਾਧੇ ਪਹਿਰਦੇ ਹਨ. "ਜੇਹਾ ਦੇਸ ਤੇਹਾ ਭੇਸ। ਤੇੜ ਲੁੰਙੀ ਮੋਢੇ ਖੇਸ." (ਰਤਨਮਾਲ) ੨. ਤਿੱਲੇ ਅਥਵਾ ਧਾਰੀਦਾਰ ਪਗੜੀ. ਸਰਬੰਦ.

ਲੁੰਚ: ਸੰ. ਲੁਞ੍. ਧਾ- ਕਤਰਨਾ, ਚੀਰਨਾ, ਤੋੜਨਾ, ਛਿੱਲਣਾ, ਪੱਟਣਾ, ਉਖੇੜਨਾ, ਰੋਮਾਂ ਦਾ ਨੋਚਣਾ, ਪਰੇ ਲੈ ਜਾਣਾ.

ਲੁੰਚਨ: ਸੰ. ਸੰਗਯਾ- ਉਖੇੜਨ ਦੀ ਕ੍ਰਿਯਾ. ਪੱਟਣਾ. ਰੋਮ ਪੁੱਟਣੇ. ਦੇਖੋ, ਲੁੰਚ ਧਾ.

ਲੁੰਚਾਨੀ: ਦੇਖੋ, ਲੋਚਾਨੀ.

ਲੁੰਚਿਤ: ਸੰ. ਵਿ- ਚੀਰਿਆ ਹੋਇਆ. ਤੋੜਿਆ ਹੋਇਆ. ਪੱਟਿਆ ਹੋਇਆ. ਜਿਸ ਦੇ ਸਿਰ ਦੇ ਰੋਮ ਨੋਚੇ ਗਏ ਹਨ. ਇਸੇ ਦਾ ਰੂਪਾਂਤਰ ਲੁੰਜਿਤ ਹੈ. ਦੇਖੋ, ਲੁੰਚ ਧਾ.

ਲੁੱਚਾ: ਵਿ- ਗੁੰਡਾ. ਕੁਕਰਮੀ. ਵਿਭਚਾਰੀ. ਬਦਮਾਸ਼.

ਲੁੰਜ: ਸੰ. ਲੁਞ੍ਜ. ਧਾ- ਦੇਣਾ, ਮੋਟਾ ਹੋਣਾ, ਦੁੱਖ ਦੇਣਾ, ਚਮਕਣਾ, ਵਸਣਾ.

ਲੁੰਜਾ: ਵਿ- ਭੁਜਾ ਰਹਿਤ. ਜਿਸ ਦੇ ਬਾਹਾਂ ਨਹੀਂ.

ਲੁੰਜਿਤ: ਦੇਖੋ, ਲੁੰਚਿਤ। ੨. ਸੰਗਯਾ- ਜਿਸ ਦੇ ਸਿਰ ਦੇ ਵਾਲ ਨੋਚੇ ਗਏ ਹਨ. ਜੈਨ ਮਤ ਦਾ ਸਾਧੂ, ਢੂੰਡੀਆ. "ਲੁੰਜਿਤ ਮੁੰਜਿਤ ਮੋਨਿ ਜਟਾਧਰ." (ਆਸਾ ਕਬੀਰ) ਲੁੰਚਿਤ (ਢੂੰਡੀਆ), ਮੁੰਜਿਤ (ਮੌਂਜੀ ਸਹਿਤ ਬ੍ਰਹਮਚਾਰੀ) ਅਤੇ ਜਟਾਧਾਰੀ.

ਲੁਝ: ਸੰਗਯਾ- ਯੁੱਧ. ਜੰਗ.

ਲੁਝਣਾ: ਕ੍ਰਿ- ਯੁੱਧ ਕਰਨਾ. "ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ, ਜਾਸੀ ਜਨਮੁ ਗਵਾਇ." (ਮਃ ੩. ਵਾਰ ਸ੍ਰੀ) ੩. ਝਗੜਨਾ. "ਮੂਰਖੈ ਨਾਲਿ ਨ ਲੁਝੀਐ." (ਵਾਰ ਆਸਾ)

ਲੁਝਾਰ: ਵਿ- ਲੁੱਝ (ਯੁੱਧ) ਕਰਨ ਵਾਲਾ ਯੋਧਾ. "ਆਨ ਬਸੇ ਤਬ ਧਾਮ ਲੁਝਾਰਾ." (ਵਿਚਿਤ੍ਰ) ਝਾਗੜੂ.

---

[1140] ਉਦਾਸੀਨਮਤ ਦੀ ਮਾਤ੍ਰਾਸੰਗ੍ਰਹ ਦੀ ਮਾਤ੍ਰਾਸੰਗ੍ਰਹ ਪੋਤੀ ਵਿੱਚ ਲਿਖਿਆ ਹੈ ਕਿ ਇਹ ਗੋਸਟਿ (ਗੋਸ਼ਠਿ) ਭਾਬਾ ਦੀ ਜੀ ਸੰਮਤ ੧੬੬੬ ਵਿੱਚ ਹੋਈ ਹੈ.

ਲੁਝਿ: ਕ੍ਰਿ. ਵਿ ਯੁੱਧ- ਕਰਕੇ. ਲੜਕੇ। ੨. ਝਗੜਕੇ. "ਜੇ ਮਦ ਪੀਤਾ ਬਾਮਣੀ ਲੋਇ ਲੁਝਿ ਨ ਸਾਰੇ." (ਭਾਗੁ) ਜੇ ਬਾਮਣਾਂ ਨੇ ਸ਼ਰਾਬ ਪੀਤੀ ਹੈ, ਤਦ ਲੋਕ ਝਗੜਕੇ ਉਨ੍ਹਾਂ ਨੂੰ ਨਹੀਂ ਸਾੜਦੇ. ਭਾਵ- ਸੜਨ ਲਈ ਮਜਬੂਰ ਨਹੀਂ ਕਰਦੇ. ਹਿੰਦੂਮਤ ਦੇ ਧਰਮਸ਼ਾਸਤ੍ਰ ਦੀ ਆਗਯਾ ਹੈ ਕਿ ਜੇ ਬਾਮਣ ਸ਼ਰਾਬ ਪੀ ਲਵੇ, ਤਦ ਅੱਗ ਜੇਹੀ ਸ਼ਰਾਬ ਪੀਕੇ ਮਰਣ ਤੋਂ ਪਾਪ ਰਹਿਤ ਹੁੰਦਾ ਹੈ.[1141]

ਲੁਝੈ: ਯੁੱਧ ਕਰਦਾ ਹੈ. ਜੂਝੈ। ੨. ਝਗੜਦਾ ਹੈ. "ਮਨਮੁਖ ਕਮਲਾ ਰਗੜੈ ਲੁਝੈ." (ਸਵਾ ਮਃ ੩)

ਲੁੱਝਰ: ਵਿ- ਦੇਖੋ, ਲੁਝਾਰ.

ਲੁੰਞ, ਲੁੰਞੁ: ਦੇਖੋ, ਲੁੰਚ ਅਤੇ ਲੁੰਚਨ. "ਪਕਰੇ ਕਾਲਿ ਸਲੁੰਞੁ" (ਬਸੰ ਮਃ ੪) ਦੇਖੋ, ਸਲੁੰਞੁ.

ਲੁਟ: ਸੰ. ਲੁਟ੍. ਧਾ- ਮਿਲਾਪ ਕਰਨਾ, ਕੰਬਣਾ, ਜ਼ਮੀਨ ਪੁਰ ਲੋਟਣਾ, ਧਕੇਲਣਾ, ਚਮਕਣਾ.

ਲੁਟਨਾ: ਕ੍ਰਿ- ਲਿਟਣਾ. ਦੇਖੋ, ਲੁਟ ਧਾ. "ਦਿਤਿਪੁਤ੍ਰ ਧਰਾਪਰ ਲੁੱਟਹਿੰਗੇ." (ਰਾਮਾਵ) ਜੰਗ ਵਿੱਚ ਮਾਰੇ ਹੋਏ ਦੈਤ, ਜਮੀਨ ਤੇ ਲੇਟਣਗੇ. "ਕਹੂੰ ਧੂਰਿ ਲੁੱਟੰ." (ਚੰਡੀ ੨) ੨. ਦੇਖੋ, ਲੂਟਨਾ.

ਲੁਟਾਊ: ਵਿ- ਲੁਟਾ ਦੇਣ ਵਾਲਾ। ੨. ਲਿਟਾਣ ਵਾਲਾ.

ਲੁਟਿਯਾ, ਲੁਟੀਆ: ਸੰਗ੍ਯਾ- ਛੋਟਾ ਲੋਟਾ. ਗੜਵੀ.

ਲੁਟੇਨਿ: ਲੁਟਦੇ ਹਨ. "ਅਵਰ ਲੁਟੇਨਿ ਸੁ ਪੰਚ ਜਨਾ." (ਗਉ ਮਃ ੧)

ਲੁਟੇਰਾ: ਵਿ- ਲੁੱਟਣ ਵਾਲਾ. ਖਸੋਟੂ। ੨. ਸੰਗ੍ਯਾ- ਡਾਕੂ. ਧਾੜਵੀ.

ਲੁਟੈਯਾ: ਵਿ- ਲੁਟਾਉਣ ਵਾਲਾ। ੨. ਲੁੱਟਣ ਵਾਲਾ.

ਲੁੱਟ: ਸੰਗ੍ਯਾ- ਖੋਹਣ ਦੀ ਕ੍ਰਿਯਾ. ਖਸੋਟਣ ਦਾ ਭਾਵ. ਲੂਟ। ੨. ਲੁੱਟਿਆ ਹੋਇਆ ਮਾਲ. ਦੇਖੋ, ਲੁੱਟ ਦਾ ਮਾਲ.

ਲੁੱਟ ਦਾ ਮਾਲ: ਸਿੱਖ ਧਰਮ ਵਿੱਚ ਲੁੱਟ ਦੇ ਮਾਲ ਦਾ ਨਿਸ਼ੇਧ ਹੈ- "ਕਹੀਂ ਜੋ ਲੁੱਟ ਹੋਇ ਤਾਂ ਲੁੱਟੇ ਨਹੀਂ. ਕਿਸੇ ਦੇ ਮਾਲ ਦੀ ਵੱਲ ਨਦ੍ਰ ਨ ਕਰੇ." (ਪ੍ਰੇਮ ਸੁਮਾਰਗ) ਬਾਈਬਲ ਵਿੱਚ ਭੀ ਲੁੱਟ ਦਾ ਮਾਲ ਨਿਸ਼ਿੱਧ ਹੈ. ਦੇਖੋ, Joshua ਕਾਂਡ ੭. ਕ਼ੁਰਾਨ ਵਿੱਚ ਲੁੱਟ ਦੇ ਮਾਲ ਦਾ ਹੱਕ ਕੇਵਲ ਖ਼ੁਦਾ ਅਤੇ ਉਸ ਦੇ ਰਸੂਲ ਨੂੰ ਹੈ. ਦੇਖੋ, ਸੂਰਤ ੮. ਆਯਤ ੧.

ਲੁਠ: ਸੰ. ਲੁਠ. ਧਾ- ਹੇਠ ਸਿੱਟਣਾ, ਰੋਕਣਾ, ਜ਼ਮੀਨ ਉੱਤੇ ਲੋਟਣਾ, ਚੁਰਾਉਣਾ.

ਲੁਠਨ: ਸੰ. ਲੁੰਠਨ. ਸੰਗ੍ਯਾ- ਜ਼ਮੀਨ ਪੁਰ ਲੋਟਣ ਦੀ ਕ੍ਰਿਯਾ। ੨. ਥਕੇਵਾਂ. ਥਕਾਣ. ਥਕਾਵਟ.

ਲੁਡ: ਸੰ. ਲੁਡ੍. ਧਾ- ਹਿੱਲਣਾ, ਕੰਬਣਾ, ਘੁੰਮਣਾ, ਢਕਣਾ, ਗਲੇ ਲਾਉਣਾ, ਟਿਕਣਾ.

ਲੁੰਡਾ: ਲਹਿੰਦੇ ਵੱਲ ਇਹ ਕਾਬੁਲ ਦਰਿਆ ਦਾ ਨਾਮ ਹੈ. ਦੇਖੋ, ਫੂਲਾਸਿੰਘ ਅਕਾਲੀ। ੨. ਪੰਜਾਬੀ ਵਿੱਚ ਦੁਮਕਟੇ (ਲੰਡੇ) ਨੂੰ ਭੀ ਲੁੰਡਾ ਆਖਦੇ ਹਨ. ਭਾਵ- ਲੁੱਚਾ. ਵਿਭਚਾਰੀ.

ਲੁਡਾਉਣਾ: ਕ੍ਰਿ- ਹਿਲਾਉਣਾ. ਘੁਮਾਉਣਾ. ਦੇਖੋ, ਲੁਡ ਧਾ. "ਕਹੁ ਨਾਨਕ ਬਾਂਹ ਲੁਡਾਈਐ." (ਸ੍ਰੀ ਮਃ ੧) ੨. ਝੁਕਾਉਣਾ. ਧਰਨਾ. ਦੇਖੋ, ਲੁਡ ਧਾ. "ਦੌਰਕੈ ਪਾਇਨ ਸੀਸ ਲੁਡਾਯੋ." (ਕ੍ਰਿਸਨਾਵ)

---

[1141] सुरां पीत्वा द्विजो मोहादग्निवर्णां सुरां पिबेत्।
तया सकाये निर्दग्धे मुच्यते किल्बिषात्ततः॥
(ਮਨੁ ਅਃ ੧੧, ਸ਼ਃ ੯੦)

ਲੁਡਾਰੀਆ: ਹਿਲਾਉਣ ਅਥਵਾ ਘੁਮਾਉਣ ਵਾਲਾ। ੨. ਲੁਡਾਈ (ਝੁਲਾਈ) ਹੈ. "ਬਾਂਹ ਲੁਡਾਰੀਆ." (ਗਉ ਅਃ ਮਃ ੫) ਦੇਖੋ, ਲੁਡ ਧਾ.

ਲੁਡਿ: ਕ੍ਰਿ. ਵਿ- ਹਿਲਾਕੇ। ੨. ਘੁਮਾਕੇ। ੩. ਝੂਮਕੇ. ਆਨੰਦ ਵਿੱਚ ਝੂਟੇ ਲੈਂਦਾ. "ਤੂ ਲੁਡਿ ਲੁਡਿ ਦਰਗਹ ਵੰਞੁ." (ਮਃ ੪. ਵਾਰ ਕਾਨ) ਦੇਖੋ, ਲੁਡ ਧਾ.

ਲੁੰਡੀ: ਸੰ. ਲੁਣ੍ਡਿਕਾ- ਲੁੰਡਿਕਾ. ਸੰਗ੍ਯਾ- ਸੂਤ ਸਣ ਆਦਿ ਦਾ ਲਪੇਟਿਆ ਹੋਇਆ ਗੁੱਛਾ ਅਥਵਾ ਪਿੰਨਾ। ੨. ਪੰਜਾਬੀ ਵਿੱਚ ਦੁਮਕਟੀ (ਲੰਡੀ) ਨੂੰ ਭੀ ਲੁੰਡੀ ਆਖਦੇ ਹਨ. ਭਾਵ- ਵਿਭਚਾਰਨ ਇਸਤ੍ਰੀ.

ਲੁਡੰਦੜੀ: ਲੁਠੰਦੜੀ. ਲਿਟਦੀ ਹੋਈ. ਦੇਖੋ, ਲੁਠ ਧਾ. "ਧੂੜੀ ਵਿਚਿ ਲੁਡੰਦੜੀ ਸੋਹਾਂ." (ਸਵਾ ਮਃ ੫)

ਲੁੱਡੀ: ਸੰਗ੍ਯਾ- ਚਕ੍ਰਾਕਾਰ ਘੁੰਮਕੇ ਉਧਮ ਮਚਾਉਣ ਦੀ ਕ੍ਰਿਯਾ. ਦੇਖੋ, ਲੁਡ ਧਾ.

ਲੁਣਨਾ: ਕ੍ਰਿ- ਕੱਟਣਾ. ਦੇਖੋ, ਲੂ ਧਾ, ਅਤੇ ਲੂਨ. "ਲਾਵੀ ਲੁਣਿਆ ਖੇਤ." (ਸ੍ਰੀ ਮਃ ੧. ਪਹਰੇ) "ਜੇਹਾ ਰਾਧੇ, ਤੇਹਾ ਲੁਣੈ." (ਸ੍ਰੀ ਅਃ ਮਃ ੧) ਜੇਹਾ ਬੀਜਦਾ ਹੈ, ਤੇਹਾ ਕਟਦਾ ਹੈ.

ਲੁਣਿ: ਕ੍ਰਿ. ਵਿ- ਕੱਟਕੇ. ਦੇਖੋ, ਲੂ ਧਾ ਅਤੇ ਲੂਨ. "ਹੋਆ ਹੁਕਮੁ ਕਿਰਸਾਣ ਦਾ, ਤਾ ਲੁਣਿ ਮਿਣਿਆ ਖੇਤਾਰੁ." (ਸ੍ਰੀ ਮਃ ੫)

ਲੁਤਫ, ਲੁਤ਼ਫ਼: ਅ਼. لطف ਸੰਗ੍ਯਾ- ਬਾਰੀਕੀ. ਸੂਖਮਤਾ। ੨. ਮਿਹਰਬਾਨੀ। ੩. ਖ਼ੁਸ਼ੀ. ਆਨੰਦ.

ਲੁਤੇ: ਉਡਦੀ ਹੈ. "ਪਿਰ ਬਾਝੜਿਅਹੁ ਮੇਰੇ ਪਿਆਰੇ, ਆਙਣਿ ਧੂੜਿ ਲੁਤੇ." (ਆਸਾ ਛੰਤ ਮਃ ੪) ਇਸ ਦਾ ਮੂਲ ਸੰਸਕ੍ਰਿਤ ਸ਼ਬਦ "ਲਪਿਤ" ਹੈ, ਜਿਸ ਦਾ ਅਰਥ ਹੈ ਸਾਂ ਸਾਂ- ਭਾਂ ਭਾਂ ਕਰਨਾ. ਘੱਟੇ ਦੇ ਵਾ ਵਰੋਲੇ ਉਡਦੇ ਹਨ। ੨. ਲਿਪ੍ਤ ਹੋਏ. ਭਰੇ ਪਏ. ਅੱਟੇ ਹੋਏ.

ਲੁਥ, ਲੁੱਥ: ਸੰਗ੍ਯਾ- ਲੋਥ. ਪ੍ਰਾਣ ਰਹਿਤ ਦੇਹ. "ਤਿਨ ਕੀ ਲੁਥ ਜੰਬੁਕ ਗੀਧ ਖਏ." (ਕ੍ਰਿਸਨਾਵ)

ਲੁੱਥ ਪਲੁੱਥ: ਲੋਥ ਪੁਰ ਲੋਥ. "ਲੁੱਥ ਪਲੁੱਥ ਬਿਥਾਰ ਘਨੀ." (ਕਲਕੀ)

ਲੁਦਕ ਨਗਰ, ਲੁਦਪੁਰ, ਲੁਦਿਆਨਾ: ਲੋਦੀਆਨਾ ਲੋਦੀ ਪਠਾਣਾਂ ਦਾ ਸਤਲੁਜ ਦੇ ਕਿਨਾਰੇ ਵਸਾਇਆ ਇੱਕ ਨਗਰ, ਜੋ ਹੁਣ ਜਲੰਧਰ ਦੀ ਕਮਿਸ਼ਨਰੀ ਦਾ ਜਿਲਾ ਹੈ. ਇੱਥੇ ਮਹਾਰਾਜਾ ਰਣਜੀਤਸਿੰਘ ਜੀ ਵੇਲੇ ਪੰਜਾਬ ਦੀ ਸਰਹੱਦੀ ਅੰਗ੍ਰੇਜ਼ੀ ਛਾਵਣੀ ਸੀ. ਇਹ ਛਾਵਣੀ ਸਨ ੧੮੦੯ ਵਿੱਚ ਅੰਗ੍ਰੇਜ਼ਾਂ ਨੇ ਕ਼ਾਇਮ ਕੀਤੀ. ਲੁਦਿਆਨੇ ਤੋਂ ਦਿੱਲੀ ੧੯੪ ਅਤੇ ਲਹੌਰ ੧੧੬ ਮੀਲ ਹੈ. ਜਨਸੰਖ੍ਯਾ ੫੧੦੦੦ ਹੈ.

ਲੁੱਧਰ: ਦੇਖੋ, ਲੋਧਰ.

ਲੁਨਨਾ: ਦੇਖੋ, ਲੁਣਨਾ. "ਜਿਵ ਖੇਤ ਕ੍ਰਿਸਾਨ ਲੁਨੇ." (ਨਟ ਮਃ ੪)

ਲੁਪ: ਸੰ. ਲੁਧ. ਧਾ- ਭੁੱਲ ਕਰਨਾ, ਅਕਲ ਟਿਕਾਣੇ ਨਾ ਰਹਿਣੀ, ਕੱਟਣਾ, ਨਾਸ਼ ਕਰਨਾ, ਗੁਪਤ ਹੋਣਾ.

ਲੁਪਤ: ਸੰ. ਲੁਪ੍ਤ. ਵਿ- ਲੁਕਿਆ ਹੋਇਆ. ਢਕਿਆ ਹੋਇਆ। ੨. ਨਸ਼੍ਟ. ਬਰਬਾਦ. ਤਬਾਹ। ੩. ਜਿਸ ਦਾ ਧਨ ਚੁਰਾਇਆ ਗਿਆ ਹੈ। ੪. ਟੁੱਟਿਆ ਹੋਇਆ.

ਲੁਪਤੋਪਮਾ: ਦੇਖੋ, ਉਪਮਾ (ਅ).

ਲੁਪਰੀ: ਸੰ. ਲੋਟ੍ਰੀ. ਲੋਤਪ੍ਰੀ. ਫੋੜੇ ਆਦਿ ਪੁਰ ਬੰਨ੍ਹਣ ਦੀ ਟਿੱਕੀ.

ਲੁਪ੍ਤ: ਦੇਖੋ, ਲੁਪਤ.

ਲੁਬਧ: ਸੰ. ਲੁਬ੍ਧ. ਵਿ- ਲੋਭੀ. "ਮਨੁ ਲੁਬਧ ਗੋਪਾਲ ਗਿਆਨ ਹੈ." (ਆਸਾ ਛੰਤ ਮਃ ੫) ੨. ਲੰਬ। ੩. ਭ੍ਰਮਚਿੱਤ। ੪. ਸੰਗਯਾ- ਸ਼ਿਕਾਰੀ. ਵਯਾਧ.

ਲੁਬਧਕ: ਸੰ. ਲੁਬ੍ਧਕ. ਸੰਗਯਾ- ਸ਼ਿਕਾਰੀ. ਵਯਾਧ.

ਲੁਬਧੋ: ਲੁਬਧ ਹੋਇਆ. ਦੇਖੋ, ਲੁਬਧ.

ਲੁੱਬੇ ਲੁਬਾਬ: ਅ਼. لُبِ لباب ਸੰਗਯਾ- ਨਿਚੋੜ. ਸਿੱਧਾਂਤ. ਤਤ੍ਵ.

ਲੁਭ: ਸੰ. ਲੁਭ. ਧਾ- ਆਸ਼ਾ ਕਰਨਾ (ਚਾਹੁਣਾ), ਲੋਭ ਕਰਨਾ, ਭ੍ਰਮ ਸਹਿਤ ਹੋਣਾ, ਬੁੱਧਿ ਦਾ ਟਿਕਾਣੇ ਨਾ ਰਹਿਣਾ.

ਲੁਭਤ: ਵਿ- ਲੋਭਿਤ ਹੋਇਆ. ਲੁਬਧ. "ਸੁਆਦ ਲੁਭਤ ਇੰਦ੍ਰੀਰਸ ਪ੍ਰੇਰਿਓ." (ਗਉ ਕਬੀਰ) ੨. ਦੇਖੋ, ਲੁਭਤੁ.

ਲੁਭਤਉ: ਲੋਭਿਤ ਹੋਇਆ. ਲੁਬਧ ਹੋਇਆ. "ਲੁਭਤਉ ਲੋਭਾਈ." (ਆਸਾ ਅਃ ਮਃ ੧)

ਲੁਭਤੁ: ਸੰਗਯਾ- ਲੁਬਧਕ. ਸ਼ਿਕਾਰੀ. "ਅਜਾਮਲੁ, ਪਿੰਗੁਲਾ, ਲੁਭਤੁ, ਕੁੰਚਰੁ, ਗਏ ਹਰਿ ਕੈ ਪਾਸ." (ਕੇਦਾ ਰਵਿਦਾਸ) ੨. ਵਿ- ਲੋਭੀ. ਲਾਲਚੀ.

ਲੁਭੜਿਓ: ਲੋਭੀ ਹੋਇਆ. ਲੁਭਤ ਭਇਆ. "ਮਹਰਾਜਰੋ ਗਾਥੁ ਵਾਹੂ ਸਿਉ ਲੁਭੜਿਓ." (ਟੋਭੀ ਮਃ ੫)

ਲੁਭਾ: ਲੋਭੀ ਹੋਇਆ. ਲੁਭਤ ਭਇਆ. "ਲਖਿ ਚੰਦ ਲੁਭਾ." (ਕਲਕੀ)

ਲੁਭਾਉਣਾ: ਕ੍ਰਿ- ਲੋਭ ਦੇਣਾ. ਲਲਚਾਉਣਾ। ੨. ਭ੍ਰਮ ਵਿੱਚ ਪਾਉਣਾ. ਹੈਰਾਨ ਕਰਨਾ.

ਲੁਭਾਨ: ਲੁਭਾਇਆ. ਲੋਭਵਾਨ. ਲੁਬਧ ਹੋਇਆ. "ਬਿਖਿਅਨ ਸਿਉ ਅਤਿ ਲੁਭਾਨ." (ਜੈਜਾ ਮਃ ੯)

ਲੁਭਿਤ: ਵਿ- ਲੋਭਿਤ. ਲੁਬਧ.

ਲੁਭਿਭਾ: ਲੋਭਿਤ (ਲੁਬਧ) ਭਇਆ. "ਪੁਤ ਕਲਤ ਮੋਹਿ ਲੁਭਿਭਾ." (ਪ੍ਰਭਾ ਮਃ ੪)

ਲੁਮੇਸਰ, ਲੁਮੇਸੁਰ: ਲੁੰਬੀ (ਲੁਮ੍ਬੀ) ਈਸ਼੍ਵਰ. ਲੁੰਬੀ (ਫਲ) ਦਾ ਪਤਿ ਬਿਰਛ. "ਇਕ ਦੂੰ ਬਿਰਖਹੁ ਲੱਖ ਲੱਖ ਫਲਬੀਅ ਲੁਮੇਸਰ." (ਭਾਗੁ) ਇੱਕ ਬਿਰਛ ਤੋਂ ਲੱਖਾਂ ਫਲ. ਬੀਜ ਅਤੇ ਬਿਰਛ ਹੁੰਦੇ ਹਨ.

ਲੁਰਬਰੇਸਣੀ:[1142] ਸ਼ਸਤ੍ਰਨਾਮਮਾਲਾ ਦੇ ਅੰਕ ੧੧੯੭ ਵਿੱਚ ਲਿਖਾਰੀ ਨੇ ਉਰਬਰੇਸਣੀ ਦੀ ਥਾਂ ਇਹ ਪਾਠ ਅਸ਼ੁੱਧ ਲਿਖ ਦਿੱਤਾ ਹੈ. ਉਰਵਰਾ (ਪ੍ਰਿਥਿਵੀ) ਦਾ ਈਸ਼ (ਰਾਜਾ), ਉਸ ਦੀ ਸੈਨਾ. ਰਾਜੇ ਦੀ ਫ਼ੌਜ.

ਲੁਲ: ਸੰ. ਲੁਲ੍. ਧਾ- ਹਰਕਤ ਕਰਨਾ. ਹਿੱਲਣਾ.

ਲੁੜਖਣਾ, ਲੁੜਖੜਾਉਣਾ: ਕ੍ਰਿ- ਪੈਰਾਂ ਦਾ ਡਗਮਗਾਉਣਾ। ੨. ਹਸਨਾ। ੩. ਠੋਕਰ ਮਾਕੇ ਡਿਗਣਾ.

ਲੁੜੇਨਿ: ਲੋੜਦੇ (ਚਾਹੁੰਦੇ) ਹਨ. "ਮਿਤ੍ਰ ਲੁੜੇਨਿ ਸੁ ਖਾਧਾਤਾ." (ਗਉ ਮਃ ੧)

ਲੁੜੰਦੜੀ: ਲੁੜ੍ਹਕਦੀ ਹੋਈ. "ਵਹਣਿ ਲੁੜੰਦੜੀ ਜਾਇ." (ਸਵਾ ਮਃ ੫)

ਲੂ: ਸੰਗਯਾ- ਤੱਤੀ ਪੌਣ. ਲੋ। ੨. ਸੰ. ਧਾ- ਕਤਰਨਾ. ਚੀਰਨਾ.

ਲੂੰ: ਸੰਗਯਾ- ਰੋਆਂ. ਰੋਮ.

---

[1142] ਕਈ ਕਾਪੀਆਂ ਵਿੱਚ ਲੋਰਬਰੇਸਣੀ ਅਤੇ ਲੋਰਡਰੇਸਣੀ ਪਾਠ ਹੁੰਦਾ ਹੈ.

ਲੂਅ: ਦੇਖੋ, ਲੂ ੧.

ਲੂੰਅ: ਦੇਖੋ, ਲੂੰ.

ਲੂੰਈਂ: ਸੰਗਯਾ- ਰੋਮਾਵਲੀ.

ਲੂਸਣਾ, ਲੂਸਨਾ: ਕ੍ਰਿ- ਗਰਮ ਕਰਨਾ. ਝੁਲਸਣਾ. ਲੂਹਣਾ.

ਲੂਹ: ਦਗਧ. ਭਸਮ. ਦੇਖੋ, ਲੁਹ. "ਦੁਤੀਆ ਭਾਉ ਸਭ ਲੂਹ." (ਸਾਰ ਮਃ ੫) ੨. ਸਿੰਧੀ. ਤੱਤੀ. ਪੌਣ. ਲੋ.

ਲੂਹਣਾ: ਕ੍ਰਿ- ਜਲਾਉਣਾ. ਦਾਹ ਕਰਨਾ. "ਜੇਠੋ ਪਉ ਪਉ ਲੂਹੈ." (ਵਾਰ ਰਾਮ ੨. ਮਃ ੫) ਦੇਖੋ, ਪਉ ੨.

ਲੂਕ: ਸੰਗਯਾ- ਪਨਾਹ. ਓਟ. ਜਿਸ ਵਿੱਚ ਵੈਰੀ ਤੋਂ ਬਚਣ ਲਈ ਲੁਕਾਏ. "ਦ੍ਰਿੜ ਕਰਿ ਗਹੀ ਤੁਮ੍ਹਾਰੀ ਲੂਕ." (ਜੈਤ ਮਃ ੫) ੨. ਲੁਕਾਉ. ਦੁਰਾਉ. "ਤਿਸ ਸਿਉ ਲੂਕ, ਜੋ ਸਦਹੀ ਸੰਗੀ." (ਆਸਾ ਮਃ ੫) ੩. ਉਲਕਾ. ਚਮਾਤਾ. ਮਆਤਾ. ਚਆਤੀ.

ਲੂਕਟ, ਲੂਕਾ: ਸੰਗਯਾ- ਉਲਕਾ. ਮੁਆਤਾ। ੨. ਬਲਦੀ ਲੱਕੜ ਜਾਂ ਘਾਹ ਦਾ ਪੂਲਾ. ਲਾਂਬੂ. "ਤਹਿ ਮੁਖ ਦੇਖਤ ਲੂਕਟ ਲਾਏ." (ਗਉ ਕਬੀਰ)

ਲੂਕਿ: ਕ੍ਰਿ. ਵਿ- ਲੁਕਕੇ. ਛੁਪਕੇ. "ਲੂਕਿ ਕਮਾਨੋ, ਸੋਈ ਤੁਮ ਪੇਖਿਓ." (ਆਸਾ ਮਃ ੫)

ਲੂਕੀ: ਸੰਗਯਾ- ਮੁਆਤੀ. ਚੁਆਤੀ. ਉਲਕਾ. "ਅਪਣੈ ਘਰਿ ਲੂਕੀ ਲਾਈ." (ਬਸੰ ਅਃ ਮਃ ੪) ੨. ਮੱਛਰ. ਗੁੱਤੀ. ਕੁਤਰੀ. "ਲੂਕੀ ਸਬਦੁ ਸੁਨਾਇਆ." (ਆਸਾ ਕਬੀਰ) ਦੇਖੋ, ਫੀਲੁ। ੩. ਮੁਆਤੀ (ਚੁਆਤੀ) ਨਾਲ. "ਅਪੁਨਾ ਘਰੁ ਲੂਕੀ ਜਾਰੇ." (ਨਟ ਅਃ ਮਃ ੪) ੪. ਲੁਕੀ ਹੋਈ. ਗੁਪਤ.

ਲੂਗਰਾ: ਸਿੰਧੀ. ਲੁਗਿੜੋ. ਵਸਤ੍ਰ. ਲਿੰਗੜਾ. ਚੀਥੜਾ. "ਭਗਤਜਨਾ ਕਾ ਲੂਗਰਾ ਓਢਿ ਨਗਨ ਨ ਹੋਈ." (ਬਿਲਾ ਮਃ ੫) ੨. ਸਿੰਧੀ. ਲੌਂਕਾਰ. ਮਾਲਵੇ ਦੀ ਕੰਬਲ.

ਲੂਝ, ਲੂਝਨਾ: ਦੇਖੋ, ਲੁਝ ਅਤੇ ਲੁਝਣਾ.

ਲੂਟ: ਸੰਗਯਾ- ਲੁੱਟ. ਖੋਹਣ ਦੀ ਕ੍ਰਿਯਾ. ਕਿਸੇ ਦੀ ਵਸਤੁ ਨੂੰ ਧਿੰਗੋਜੋਰੀ ਲੈਣਾ। ੨. ਲੁੱਟ ਦਾ ਮਾਲ.

ਲੂਟਨਾ: ਕ੍ਰਿ- ਲੁੱਟਣਾ. ਖਸੋਟਣਾ. "ਕਬੀਰ ਲੂਟਨਾ ਹੈ, ਤ ਲੂਟਿਲੈ ਰਾਮਨਾਮ." (ਸ. ਕਬੀਰ) "ਲੂਟੀ ਲੰਕਾ ਸੀਸ ਸਮੇਤ." (ਗਉ ਅਃ ਮਃ ੧)

ਲੂਟਿ: ਲੁੱਟਕੇ। ੨. ਸੰਗਯਾ- ਲੁੱਟ. "ਰਾਮਨਾਮ ਹੈ ਲੂਟਿ." (ਸ. ਕਬੀਰ)

ਲੂਠਾ: ਵਿ- ਸੜਿਆ. ਜਲਿਆ. ਦਗਧ ਹੋਇਆ. "ਬ੍ਰਹਮਅਗਨਿ ਕੇ ਲੂਠੇ." (ਬਸੰ ਕਬੀਰ) ਦੇਖੋ, ਬ੍ਰਹਮ ੮. ਅਤੇ ਬ੍ਰਹਮਅਗਨਿ ੨.

ਲੂੰਡੀ: ਦੇਖੋ, ਲੁੰਡੀ.

ਲੂਣ: ਸੰ. ਲਵਣ. ਸੰਗਯਾ- ਨਮਕ. ਲੂਣ. "ਲੂਣ ਖਾਇ ਕਰਹਿ ਹਰਾਮਖੋਰੀ." (ਮਾਰੂ ਮਃ ੫) ੨. ਦੇਖੋ, ਲੂਨ ੨.

ਲੂਣਹਰਾਮ: ਵਿ- ਨਮਕਹਰਾਮ. "ਮਨਮੁਖ ਲੂਣ ਹਰਾਮ, ਕਿਆ ਨ ਜਾਣਿਆ." (ਮਃ ੧. ਵਾਰ ਮਾਝ) ਕਿਆ (ਕੀਤਾ ਉਪਕਾਰ).

ਲੂਣਹਰਾਮੀ: ਵਿ- ਨਮਕਹਰਾਮ. "ਗੁਨਹਗਾਰ ਲੂਣਹਰਾਮੀ." (ਸੂਹੀ ਮਃ ੫) ੨. ਸੰਗਯਾ- ਨਮਕਹਰਾਮੀ. ਲੂਣ ਖਾਕੇ ਕ੍ਰਿਤਘਨਤਾ ਕਰਨ ਦਾ ਭਾਵ.

ਲੂਣਹਲਾਲ: ਵਿ- ਨਮਕਹਲਾਲ. ਕਿਸੇ ਦਾ ਲੂਣ ਖਾਕੇ ਹੱਕ ਅਦਾ ਕਰਨ ਵਾਲਾ.

ਲੂਣਨਾ: ਦੇਖੋ, ਲੁਣਨਾ.

ਲੂਣਾ: ਦੇਖੋ, ਲੂਨ. "ਲੂਣੇ ਖੇਤਿ ਰਥਵਾਰਿ ਕਰੈ." (ਆਸਾ ਕਬੀਰ)

ਲੂਣਾਰੀ: ਵਿ- ਲੁਣਨ (ਕੱਟਣ) ਵਾਲਾ, ਵਾਲੀ। ੨. ਨਮਕੀਨ। ੩. ਸੰਗਜਾ- ਨਮਕਗਰ. ਲੂਣ ਬਣਾਉਣ ਵਾਲਾ.

ਲੂਣੀ: ਵਿ- ਲੂਣ ਵਾਲੀ. ਨਮਕੀਨ। ੨. ਸੰਗਜਾ- ਸੋਨੇ ਨੂੰ ਸ਼ੁੱਧ ਕਰਨ ਲਈ ਸੁਨਿਆਰ ਦਾ ਖਾਰ.

ਲੂਣੀ ਅਖਤਰ: ਦੇਖੋ, ਲੋਣੀ ਅਖਤਰ.

ਲੂਤ: ਸੰਗਜਾ- ਚੁਆਤਾ. ਉਲਕਾ। ੨. ਦੱਦ ਜੇਹੀ ਇੱਕ ਹੋਠਾਂ ਤੇ ਹੋਣ ਵਾਲੀ ਬੀਮਾਰੀ. ਦੇਖੋ, ਲੂਤਾ ੨। ੩. ਅ. لوُط ਲੂਤ਼ Lot. ਹਾਰਾਨ ਦਾ ਪੁਤ੍ਰ ਅਤੇ ਇਬਰਾਹੀਮ ਦਾ ਭਤੀਜਾ ਇੱਕ ਮਹਾਤਮਾ. ਬਾਈਬਲ ਅਤੇ ਕੁਰਾਨ ਅਨੁਸਾਰ ਇਸ ਦੀ ਪੈਗੰਬਰਾਂ ਵਿੱਚ ਗਿਣਤੀ ਹੈ.

ਲੂਤਾ: ਸੰ. ਮੱਕੜੀ. ਜਾਲਾ ਤਾਣਨ ਵਾਲਾ ਇੱਕ ਜੀਵ. Spider। ੨. ਸਬੂਰੁਲਸ਼ਫ਼ਤ. Herpes Labialis ਇੱਕ ਖਲੜੀ (ਤੁਚਾ) ਦੀ ਬੀਮਾਰੀ, ਜਿਸ ਨੂੰ ਮਕੜੀ ਦੇ ਪੇਸ਼ਾਬ ਤੋਂ ਪੈਦਾ ਹੋਣਾ ਮੰਨਿਆ ਹੈ. ਇਸ ਨੂੰ ਪੰਜਾਬੀ ਵਿੱਚ ਪਕਲੂਤ ਆਖਦੇ ਹਨ. ਅੱਜ ਕੱਲ ਦੇ ਵਿਦ੍ਵਾਨਾਂ ਨੇ ਜਿਗਰ ਅਤੇ ਮੇਦੇ ਦੀ ਖਰਾਬੀ ਤੋਂ ਇਸ ਦਾ ਹੋਣਾ ਮੰਨਿਆ ਹੈ ਅਰ ਇਹ ਛੂਤ ਦਾ ਰੋਗ ਹੈ. ਇਸ ਦਾ ਲੱਛਣ ਹੈ ਕਿ ਹੋਠਾਂ ਤੇ ਛੋਟੀਆਂ ਫੁਨਸੀਆਂ ਹੋਕੇ ਵਿੱਚੋਂ ਪੀਲਾ ਪਾਣੀ ਵਹਿਣ ਲਗਦਾ ਹੈ, ਅਰ ਜਿੱਥੇ ਇਹ ਪਾਣੀ ਲੱਗਦਾ ਹੈ, ਉੱਥੇ ਹੋਰ ਫੁਨਸੀਆਂ ਹੋ ਜਾਂਦੀਆਂ ਹਨ, ਖੁਰਕ ਅਤੇ ਜਲਨ ਹੁੰਦੀ ਹੈ.

ਇਸ ਦਾ ਇਲਾਜ ਹੈ- ਗੰਧਕ ਦੇ ਸਬੂਣ ਨਾਲ ਧੋਕੇ ਗੇਰੂ ਅਤੇ ਸਫੇਦਾ ਬਰੀਕ ਪੀਹਕੇ ਫੁਨਸੀਆਂ ਤੇ ਛਿੜਕਣਾ, ਦੋਵੇਂ ਹਲਦੀਆਂ, ਮਜੀਠ, ਪਤੰਗ ਦੀ ਲੱਕੜ, ਗਜਕੇਸਰ, ਇਨ੍ਹਾਂ ਨੂੰ ਠੰਢੇ ਪਾਣੀ ਨਾਲ ਘਸਾਕੇ ਲੇਪ ਕਰਨਾ, ਜਿਸ ਗਿਜਾ ਤੋਂ ਹਾਜਮਾਂ ਠੀਕ ਰਹੇ ਅਤੇ ਜਿਗਰ ਦੀ ਖਰਾਬੀ ਦੂਰ ਹੋਵੇ, ਉਸ ਦਾ ਸੇਵਨ ਕਰਨਾ.

ਲੂਤੀ: ਸੰਗਜਾ- ਚੁਆਤੀ. ਉਲਕਾ। ੨. ਭਾਵ- ਚੁਗਲੀ. ਝਗੜਾ ਵਧਾਉਣ ਵਾਲੀ ਗੱਲ। ੩. ਅ. لوُطی ਲੂਤ਼ੀ ਲਾ ਕੇ ਬਾਜ਼ (Sodom ice). ੪. ਵਿ- ਲੂਤ਼ ਪੈਗ਼ੰਬਰ ਨਾਲ ਹੈ ਜਿਸ ਦਾ ਸੰਬੰਧ. ਦੇਖੋ, ਲੂਤ ੩.

ਲੂਤੀਆ: ਵਿ- ਚੁਆਤੀ ਲਾਉਣ ਵਾਲਾ। ੨. ਚੁਗਲ. ਝਗੜਾ ਵਧਾਉਣ ਵਾਲਾ.

ਲੂਨ: ਦੇਖੋ, ਲੂਣ. "ਪਾਉ ਘੀਉ ਸੰਗਿ ਲੂਨਾ." (ਸੋਰ ਕਬੀਰ) ੨. ਸੰ. ਵਿ- ਕੱਟਿਆ ਹੋਇਆ. ਛਿੰਨ.

ਲੁਬਰ, ਲੂਬਰਾ, ਲੂੰਬੜ, ਲੂੰਬੜੀ: ਸੰਗਜਾ- ਰੋਬਾਹ. ਗਿੱਦੜ ਦੀ ਜਾਤਿ ਦਾ ਇੱਕ ਜੀਵ, ਜੋ ਕੱਦ ਵਿੱਚ ਛੋਟਾ ਅਤੇ ਦੁੰਮ ਪੁਰ ਲੰਮੇ ਰੋਮ ਰਖਦਾ ਹੈ. ਸੰ. ਲੋਮਸ਼ਾ. "ਮਾਜਾਰ ਗਾਡਰ ਅਰੁ ਲੂਬਰਾ." (ਭੈਰ ਕਬੀਰ) ਦੇਖੋ, ਲੂਮ ਅਤੇ ਲੂਮਰ.

ਲੂਬਾ, ਲੂੰਬਾ: ਇੱਕ ਖਤ੍ਰੀ ਜਾਤਿ.

ਲੂਮ: ਸੰ. ਸੰਗਜਾ- ਪੂਛ. ਦੁਮ. ਲਾਂਗੂਲ.

ਲੂਮਰ, ਲੂਮੜ: ਲੋਮ- ਧਰ. ਲੰਮੇ ਬਾਲਾਂ ਵਾਲੀ ਦੁੱਮ ਰੱਖਣ ਵਾਲਾ. ਦੇਖੋ, ਲੂੰਬੜ.

ਲੂਲ: ਦੇਖੋ, ਲੂਲ੍ਹ। ੨. ਫ਼ਾ. لوُل ਵਿ- ਨਿਰਲੱਜ ਬੇਹ਼ਯਾ.

ਲੂਲਾ: ਵਿ- ਪੈਰ ਰਹਿਤ. ਜਿਸ ਦੇ ਪੈਰ ਨਹੀਂ. ਜਿਸ ਦੀਆਂ ਲੱਤਾਂ ਮਾਰੀਆਂ ਗਈਆਂ ਹੋਣ.

ਲੂਲੀ: ਦੇਖੋ, ਲੋਲੀ.

ਲੂਲੀਆਂ: ਦੇਖੋ, ਲੋਲੀਆਂ.

ਲੂਲੂ: ਅ਼. لُؤلُؤ ਸੰਗਯਾ- ਮੋਤੀ. ਮੁਕ੍ਤਾ. "ਲੂਲੂ ਲਾਲ ਬਜ੍ਰਮਣਿ ਮਣਿਕ." (ਸਲੋਹ)

ਲੂਲ੍ਹ: ਸੰਗਯਾ- ਛੱਬਾ. ਝੱਬਾ. ਇੱਕ ਪ੍ਰਕਾਰ ਦਾ ਗਹਿਣਾ, ਜੋ ਮਸਤਕ ਅਥਵਾ ਕਨਪਟੀ ਪੁਰ ਪਹਿਰੀਦਾ ਹੈ. ਇਸ ਦਾ ਮੂਲ ਲੂਲੂ ਹੈ. "ਲੂਲ੍ਹ ਹਮੇਲ ਸਜਾਵਨ ਕਰੀ." (ਗੁਪ੍ਰਸੂ)

ਲੂਵ: ਸੰਗਯਾ- ਲੂ. ਲੋ. ਤਪਤ ਪਵਨ. ਉਨ੍ਹਾਲ ਦੀ ਤੱਤੀ ਪੌਣ. "ਲੂਵ ਨ ਲਾਗੈ ਛਾਯਾ ਬਿਖੈ." (ਗੁਪ੍ਰਸੂ)

ਲੇ: ਅਲੇ ਦਾ ਸੰਖੇਪ. ਦੇਖੋ, ਅਲੇ. "ਸੇਵੀਲੇ ਗੋਪਾਲ ਰਾਇ." (ਮਲਾ ਨਾਮਦੇਵ) ੨. ਕ੍ਰਿ. ਵਿ- ਲੈਕੇ. "ਲੇ ਗੁਰਪਗ ਰੇਨ ਰਵਾਲ." (ਨਟ ਪੜਤਾਲ ਮਃ ੪) ੩. ਆਰੰਭ ਹੋਕੇ. ਸ਼ੁਰੂ ਕਰਕੇ, ਜੈਸੇ- ਏਥੋਂ ਲੇ ਓਥੋਂ ਤੀਕ। ੪. ਲੈਣਾ ਕ੍ਰਿਯਾ ਦਾ ਅਮਰ. ਲੈ.

ਲੇਉ: ਸੰਗਯਾ- ਲੇਪ. ਪੋਚਾ। ੨. ਲੈਣ ਦੀ ਕ੍ਰਿਯਾ. ਗ੍ਰਹਣ. "ਲੇਉ ਹੀ ਲੇਉ ਕਹੈ ਸਭਕੋ." (੧੩ ਸਵੈਯੇ) ੩. ਲੇਉ. ਲੇਵਾਂ. "ਲੇਉ ਨਿਗੇਰਿ ਆਜੁ ਕੀ ਰਾਤੀ." (ਸੂਹੀ ਕਬੀਰ)

ਲੇਇ: ਕ੍ਰਿ. ਵਿ- ਲੈਕੇ। ੨. ਲੈਂਦਾ ਹੈ। ੩. ਲੈ ਕਰਦਾ ਹੈ. "ਹਰਿ ਆਪੇ ਆਪੁ ਉਪਾਇਦਾ, ਆਪੈ ਦੇਵੈ ਲੇਇ." (ਸ੍ਰੀ ਵਣਜਾਰਾ ਮਃ ੪) ਉਪਾਉਂਦਾ ਪਾਲਦਾ ਅਤੇ ਲੈ ਕਰਦਾ ਹੈ.

ਲੇਈ: ਲੈਂਦਾ ਹੈ। ੨. ਸੰਗਯਾ- ਲੇਟੀ. ਲੇਵੀ। ੩. ਲੇਪ ਦੀ ਵਸ੍ਤੁ.

ਲੇਸ: ਸੰ. ਚੇਪ. ਚਿਪਕਾਉ। ੨. ਪਿਆਰ. ਸਨੇਹ. "ਲੇਸ ਕਰੌਂ ਨ ਕਛੂ ਧਨ ਕੋ." (ਚਰਿਤ੍ਰ ੮੧) ੩. ਸੰ. ਲੇਸ਼. ਵਿ- ਅਲਪ. ਥੋੜਾ। ੪. ਸੰਗਯਾ- ਇੱਕ ਅਰਥਾਲੰਕਾਰ. ਦੋਸ਼ ਵਿੱਚ ਗੁਣ, ਅਰ ਗੁਣ ਵਿੱਚ ਦੋਸ਼ ਦੀ ਕਲਪਨਾ ਕਰਨੀ "ਲੇਸ਼" ਅਲੰਕਾਰ ਹੈ.

ਜਹਿ" ਵਰਣਤ ਗੁਣ ਦੋਸ਼ ਕੈ, ਦੋਸ਼ ਗੁਣਰੂਪ,

ਭੂਸ਼ਣ ਤਾਂਕੋ ਲੇਸ਼ ਕਹਿ ਗਾਵਤ ਸੁਕਵਿ ਅਨੂਪ.

(ਸ਼ਿਵਰਾਜਭੂਸ਼ਣ)

ਇਸ ਅਲੰਕਾਰ ਦਾ ਉੱਲਾਸ ਤੋਂ ਇਤਨਾ ਭੇਦ ਹੈ ਕਿ ਉੱਲਾਸ ਵਿੱਚ ਕਿਸੀ ਇੱਕ ਦੇ ਗੁਣ ਦੋਸ਼ ਤੋਂ ਦੂਸਰੇ ਨੂੰ ਗੁਣ ਦੋਸ਼ ਹੋਇਆ ਕਰਦਾ ਹੈ, ਅਰ ਲੇਸ਼ ਵਿੱਚ ਗੁਣ ਨੂੰ ਦੋਸ਼ ਅਥਵਾ ਦੋਸ਼ ਨੂੰ ਗੁਣ ਮੰਨਿਆਂ ਜਾਂਦਾ ਹੈ.

ਉਦਾਹਰਣ-

ਜਿਨਹੁ ਕਿਛੂ ਜਾਨਿਆ ਨਹੀ,

ਤਿਨ ਸੁਖਨੀਦ ਬਿਹਾਇ,

ਹਮਹੁ ਜੁ ਬੂਝਾ ਬੂਝਨਾ,

ਪੂਰੀ ਪਰੀ ਬਲਾਇ. (ਸ. ਕਬੀਰ)

ਅਗਿਆਨੀ ਹੋਣਾ ਦੋਸ਼ ਹੈ, ਪਰ ਉਹ ਬੇਫਿਕਰੀ ਨਾਲ ਸੌਂਦੇ ਹਨ ਇਹ ਗੁਣ ਹੈ. ਵਿਦ੍ਵਾਨ ਹੋਣਾ ਗੁਣ ਹੈ, ਪਰ ਸੁਧਾਰ ਦੀ ਚਿੰਤਾ ਅਤੇ ਕਈ ਕਲੇਸ਼ ਗਲ ਪੈ ਜਾਣੇ, ਇਹ ਦੋਸ਼ ਹੈ। ੫. ਲੇਵਸਿ ਦਾ ਸੰਖੇਪ. ਲਵੇਗਾ. ਲੈਸੀ. "ਤਿਤਜੋ ਕਾਲ ਲੇਸੰ." (ਵਿਚਿਤ੍ਰ)

ਲੇਹ: ਸੰਗਯਾ- ਕੰਡਿਆਰੀ. ਕੰਡੇਦਾਰ ਇੱਕ ਪੌਧਾ, ਜੋ ਹਾੜ੍ਹੀ ਦੀ ਫਸਲ ਵਿੱਚ ਹੁੰਦਾ ਹੈ. ਦੇਖੋ, ਕੰਡਿਆਰੀ। ੨. ਅੰਗੀਕਾਰ ਕਰਨ ਦਾ ਭਾਵ। ੩. ਸੰ. ਚੱਟਣ ਦੀ ਕ੍ਰਿਯਾ. ਦੇਖੋ, ਲਿਹ ਧਾ.

ਲੇਹਜ: ਦੇਖੋ, ਲੇਹਜ.

ਲੇਹਨ: ਸੰ. ਸੰਗਯਾ- ਚੱਟਣ ਦੀ ਕ੍ਰਿਯਾ. ਚੱਟਣਾ. ਦੇਖੋ, ਲਿਹ ਧਾ.

ਲੇਹਾ: ਦੇਖੋ, ਉਲੇਹਾ। ੨. ਇੱਕ ਪ੍ਰਕਾਰ ਦਾ ਕੀੜਾ, ਜੋ ਗਰਮੀ ਰੁੱਤੇ ਉੱਨ ਦੇ ਵਸਤ੍ਰਾਂ ਵਿੱਚ ਪੈਦਾ ਹੋ ਜਾਂਦਾ ਹੈ.

ਲੇਹਾਦੇਹ: ਕ੍ਰਿ- ਵਿ- ਛੇਤੀ ਨਾਲ. ਸ਼ੀਘ੍ਰਤਾ ਸੇ. "ਕਟਕ ਮੋਹ ਕੋ ਵਿਕਟ ਜੋ ਕਾਟੈ ਲੇਹਾਦੇਹ." (ਗੁਪ੍ਰਸੂ)

ਲੇਹਿ: ਲੈ. ਅੰਗੀਕਾਰ ਕਰ. "ਤਿਨ ਕੀ ਓਟ ਲੇਹਿ." (ਸੁਖਮਨੀ)

ਲੇਹੀ: ਦੇਖੋ, ਲੇਹ ੧। ੨. ਇੱਕ ਜੱਟ ਜਾਤਿ। ੩. ਲੈਂਦਾ ਹੈ. ਲੇਹੀਂ. ਲੈਂਦੇ ਹਨ. "ਡੋਰੀ ਪੂਰੀ ਮਾਪਹਿ ਨਾਹੀ, ਬਹੁ ਬਿਸਟਾਲਾ ਲੇਹੀ." (ਸੂਹੀ ਕਬੀਰ)

ਲੇਹੁ: ਲਓ. ਅੰਗੀਕਾਰ ਕਰੋ. ਦੇਖੋ, ਲੇਹੁ. "ਲੇਹੁ ਆਰਤੀ, ਹੋ ਪੁਰਖ ਨਿਰੰਜਨਾ !" (ਪ੍ਰਭਾ ਕਬੀਰ)

ਲੇਹਜ: ਸੰ. ਵਿ- ਚੱਟਣ ਲਾਇਕ. ਦੇਖੋ, ਲਿਹ ਧਾ। ੨. ਸੰਗਯਾ- ਚਟਣੀ ਆਦਿ ਭੋਜਨ। ੩. ਅਮ੍ਰਿਤ.

ਲੇਕ: General Lord Lake. ਇਸ ਦਾ ਜਨਮ ਮਾਰਚ ਸਨ ੧੭੭੨ ਵਿੱਚ ਹੋਇਆ. ਇਹ ਆਪਣੀ ਯੋਗਤਾ ਨਾਲ ਹਿੰਦੁਸਤਾਨ ਦੀ ਫੌਜਾਂ ਦਾ ਜੰਗੀ ਲਾਟ ਬਣਿਆ. ਇਸ ਨੇ ਸਨ ੧੮੦੩ ਵਿੱਚ ਮਰਹਟਿਆਂ ਨੂੰ ਭਾਰੀ ਹਾਰ ਦਿੱਤੀ ਅਤੇ ਦਿੱਲੀ ਦੇ ਸ਼ਾਹਆਲਮ ਨੂੰ ਮਰਹਟਿਆਂ ਦੇ ਹੱਥੋਂ ਛੁੜਾਇਆ. ੧੭. ਨਵੰਬਰ ਸਨ ੧੮੦੪ ਨੂੰ ਹੁਲਕਰ ਨੂੰ ਫਤੇ ਕੀਤਾ. ੪. ਨਵੰਬਰ ੧੮੦੭ ਨੂੰ ਇਸ ਨੂੰ ਵਿਸਕੌਂਟ (Viscount) ਪਦਵੀ ਮਿਲੀ. ੨੦. ਫਰਵਰੀ ਸਨ ੧੮੦੮ ਨੂੰ ਇਸ ਦਾ ਦੇਹਾਂਤ ਇੰਗਲੈਂਡ ਹੋਇਆ.

ਲੇਕ ਸਾਹਿਬ ਦਾ ਕੈਥਲ ਅਤੇ ਫੂਲਕੀ ਰਿਆਸਤਾਂ ਦੇ ਇਤਿਹਾਸ ਨਾਲ ਗਾੜ੍ਹਾ ਸੰਬੰਧ ਹੈ. ਇਸ ਨੇ ਸਿੱਖਾਂ ਨਾਲ ਮਿਤ੍ਰਤਾ ਕਰਕੇ ਬਹੁਤ ਲਾਭ ਉਠਾਇਆ ਅਰ ਸਿੱਖ ਰਿਆਸਤਾਂ ਨੂੰ ਭੀ ਸਮੇਂ ਸਿਰ ਲੇਕ ਤੋਂ ਸਹਾਇਤਾ ਮਿਲੀ. "ਸਾਹਿਬ ਲਾਰਡ ਲੇਕ ਉਦਾਰੇ." (ਪੰਪ੍ਰ)

ਲੇਕਿਨ: ਅ਼. لیکن ਵਯ- ਇਸ ਦਾ ਅਸਲ ਰੂਪ ਲਾਕਿਨ ਹੈ, ਪਰ ਇਮਾਲਹ ਹੋਕੇ ਲੇਕਿਨ ਬਣ ਗਿਆ ਹੈ. ਕਿੰਤੁ. ਪਰੰਤੁ. ਪਰ. ਮਗਰ.

ਲੇਖ: ਸੰ. ਰੇਖਾ ਸੰਗਯਾ- ਲੀਕ। ੨. ਲਿਪਿ. ਲਿਖਿਤ. ਤਹਰੀਰ। ੩. ਮਜਮੂਨ। ੪. ਭਾਗ. ਨਸੀਬ। ੫. ਹਿਸਾਬ. ਗਿਣਤੀ. "ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ." (ਵਾਰ ਮਾਰੂ ੨. ਮਃ ੫)

ਲੇਖਕ: ਸੰ. ਸੰਗਯਾ- ਲਿਖਾਰੀ. ਮੁਨਸ਼ੀ। ੨. ਮੁਸੰਨਿਫ. ਗ੍ਰੰਥ ਰਚਣ ਵਾਲਾ.

ਲੇਖਣਿ, ਲੇਖਨਿ, ਲੇਖਨੀ: ਸੰਗਯਾ- ਲੇਖਨੀ. ਜਿਸ ਨਾਲ ਲਿਖੀਏ, ਕਲਮ. "ਆਪੇ ਲੇਖਣਿ, ਆਪਿ ਲਿਖਾਰੀ." (ਸੋਰ ਮਃ ੪) "ਲਿਖਬੇਹੂੰ ਕੇ ਲੇਖਨਿ ਕਾਜ ਬਨੈ ਹੋਂ." (ਵਿਚਿਤ੍ਰ) ਲਿਖਬੇਹੂੰ ਕੇ ਕਾਜ, ਲੇਖਨਿ ਬਨੈਹੋਂ.

ਲੇਖਨੀਯ: ਵਿ- ਲਿਖਣ ਯੋਗ. ਲਿਖਨੇ ਲਾਇਕ.

ਲੇਖਾ: ਸੰਗਯਾ- ਲਿਖਿਆ ਹੋਇਆ ਹਿਸਾਬ. ਗਿਣਤੀ. ਸ਼ੁਮਾਰ. ਗਣਿਤ ਦੀ ਫੈਲਾਵਟ (calculation) "ਲੇਖਾ ਹੋਇ ਤ ਲਿਖੀਐ." (ਜਪੁ) ੨. ਲਿਖਿਆ. "ਸੇ ਕਰ ਭਲੇ, ਜਿਨੀ ਹਰਿਜਸ ਲੇਖਾ." (ਮਾਝ ਮਃ ੫)

ਲੇਖਾ ਉਠਾਉਣਾ: ਕ੍ਰਿ- ਹਿਸਾਬ ਖ਼ਤਮ ਕਰਨਾ. "ਸਭ ਲੇਖਾ ਰਖਹੁ ਉਠਾਈ." (ਸੋਰ ਮਃ ੫)

ਲੇਖਾਰੀ: ਲੇਖਕ. ਲਿਖਾਰੀ. "ਧਨੁ ਲੇਖਾਰੀ ਨਾਨਕਾ." (ਸੋਰ ਅਃ ਮਃ ੧) ੨. ਮੁਸੰਨਿਫ. ਗ੍ਰੰਥਕਰਤਾ. "ਬਿਖੁ ਭੂਲੇ ਲੇਖਾਰੀ." (ਮਾਰੂ ਅਃ ਮਃ ੧)

ਲੇਖਾਵਤੀ: ਲਿਖਣ ਵਾਲੀ. "ਕਲੰਮ ਅਗੰਮ ਮਸਤਕਿ ਲੇਖਾਵਤੀ." (ਫੁਨਹੇ ਮਃ ੫)

ਲੇਖਿਆ: ਲਿਖਿਆ. "ਲੇਖੁ ਨਾਨਕ ਲੇਖਿਆ." (ਆਸਾ ਮਃ ੫) ੨. ਲਿਖਿਆ ਹੋਇਆ. ਲਿਖੇ ਅਨੁਸਾਰ. "ਤਾਕੀ ਰਜਾਇ ਲੇਖਿਆ ਪਾਇ." (ਮਃ ੧. ਵਾਰ ਸੋਰ)

ਲੇਖਿਕਾ: ਲਿਖਾਰਨ. ਲਿਖਣ ਵਾਲੀ। ੨. ਗ੍ਰੰਥ ਰਚਣ ਵਾਲੀ.

ਲੇਖੀਆ: ਲਿਖਣ ਵਾਲਾ. ਲੇਖਕ. ਮੁਨਸ਼ੀ. "ਦੁਆਰੈ ਚਿਤ੍ਰਗੁਪਤ ਲੇਖੀਆ." (ਮਲਾ ਨਾਮਦੇਵ)

ਲੇਖੁ: ਦੇਖੋ, ਲੇਖ. "ਲੇਖੁ ਨ ਮਿਟਈ, ਹੇ ਸਖੀ !" (ਓਅੰਕਾਰ) ੨. ਲਿਖਣਾ ਕ੍ਰਿਯਾ ਦਾ ਅਮਰ. ਲਿਖ. "ਪ੍ਰਭੁ ਅਬਿਨਾਸੀ ਮਨ ਮਹਿ ਲੇਖੁ." (ਗਉ ਮਃ ੫)

ਲੇਖੇਦਾਰ, ਲੇਖੇਦਾਰੁ: ਲੇਖਾ ਦੇਣ ਵਾਲਾ. ਜਿਸ ਤੋਂ ਹਿਸਾਬ ਲਿਆ ਜਾਵੇ. "ਪੜਿਆ ਲੇਖੇਦਾਰੁ, ਲੇਖਾ ਮੰਗੀਐ." (ਮਃ ੧. ਵਾਰ ਮਲਾ) ੨. ਲੇਖਾ (ਹਿਸਾਬ) ਰੱਖਣ ਵਾਲਾ.

ਲੇਖੈ: ਲਖਦਾ (ਦੇਖਦਾ) ਹੈ. "ਜੇਹਾ ਮੂੰਹ ਕਰ ਭਾਲਦਾ, ਤੇਵੇਹੋ ਲੇਖੈ." (ਭਾਗੁ) ੨. ਲੇਖੇ (ਹਿਸਾਬ) ਵਿੱਚ. "ਨਾਨਕ ਲੇਖੈ ਇਕ ਗਲ." (ਵਾਰ ਆਸਾ) ੩. ਹਿਸਾਬ ਕਰਕੇ. ਹਿਸਾਬ ਨਾਲ. "ਲੇਖੈ ਕਤਹਿ ਨ ਛੂਟੀਐ." (ਬਾਵਨ) ੪. ਹਿਸਾਬ ਅਨੁਸਾਰ. "ਲੇਖੈ ਸਾਹ ਲਵਾਈਅਹਿ." (ਸ੍ਰੀ ਮਃ ੧)

ਲੇਖ੍ਯ: ਸੰ. ਵਿ- ਲਿਖਣ ਲਾਇਕ. ਲਿਖਣ ਯੋਗ੍ਯ। ੨. ਸੰਗ੍ਯਾ- ਤਮੱਸਕ. ਦਸ੍ਤਾਵੇਜ਼.

ਲੇਜ਼ਮ: ਫ਼ਾ. لیزم ਸੰਗ੍ਯਾ- ਕਬਾਦਾ. ਕਮਜ਼ੋਰ ਕਮਾਣ, ਜਿਸ ਨਾਲ ਧਨੁਖਵਿਦ੍ਯਾ ਦਾ ਅਭ੍ਯਾਸ ਆਰੰਭੀਦਾ ਹੈ.

ਲੇਜਾਕ: ਲਲਕਜ਼ਈ ਦਾ ਸੰਖੇਪ. ਅਮੇਜ਼ਈ ਪਠਾਣਾਂ ਦੀ ਇੱਕ ਜਾਤਿ. "ਮਹਮੰਦ ਲੇਜਾਕ ਮਾਰੇ." (ਚਰਿਤ੍ਰ ੯੬)

ਲੇਟ: ਸੰ. ਲੇਟ੍. ਧਾ- ਜੂਆ ਖੇਡਣਾ। ੨. ਸੌਂਣਾ। ੩. ਲਿਟਣਾ ਕ੍ਰਿਯਾ ਦਾ ਅਮਰ. ਲਿਟ.

ਲੇਟਣਾ: ਕ੍ਰਿ- ਪੈਣਾ. ਲਿਟਣਾ. ਸੌਣਾ. ਦੇਖੋ, ਲੇਟ ਧਾ. "ਅਨਿਕ ਜੋਨੀ ਲੇਟ." (ਸਾਰ ਮਃ ੫) "ਫਿਰਿ ਗਰਭਿ ਨ ਲੇਟਿਆ." (ਵਾਰ ਗੂਜ ੨. ਮਃ ੫)

ਲੇਟਨਿ: ਸੰਗ੍ਯਾ- ਜ਼ਮੀਨ ਉੱਤੇ ਪੈਕੇ ਨਿਰਤਕਾਰੀ. ਸ਼ਯਨ ਨ੍ਰਿਤ੍ਯ. ਸੰਗੀਤ ਅਨੁਸਾਰ ਇਸ ਦੇ ਛੀ ਭੇਦ ਹਨ- ਆਕੁੰਚਿਤ, ਸਮ, ਪ੍ਰਸਾਰਿਤ, ਵਿਵਤੰਨ, ਉਦਵਾਹਿਤ ਅਤੇ ਨਤ. "ਲੇਟਨਿ ਲੇਟਿ ਜਾਣੈ ਤਨ ਸੁਆਹੁ." (ਆਸਾ ਮਃ ੧) ਸ਼ਯਨ ਨ੍ਰਿਤ੍ਯ. ਇਹ ਹੈ ਕਿ ਦੇਹ ਨੂੰ ਖ਼ਾਕ ਸਮਝੇ.

ਲੇਟਨਾ: ਦੇਖੋ, ਲੇਟਣਾ.

ਲੇਟਪੇਟ: ਸੰਗ੍ਯਾ- ਪੇਟਬਲ ਪੈਕੇ ਪ੍ਰਣਾਮ. ਕੂਕਰ ਵਾਂਙ ਦੀਨਤਾ. ਖ਼ੁਸ਼ਾਮਦ.

ਲੇਟੀ: ਸੰਗ੍ਯਾ- ਲੇਈ. ਮੈਦੇ ਆਦਿ ਦੀ ਲੇਵੀ.

ਲੇਡਾ: ਸੰਗ੍ਯਾ- ਘੋੜੇ ਉੱਠ ਆਦਿ ਦੀ ਮੈਲ ਦਾ ਗੋਲ ਪਿੰਡ.

ਲੇਡੀ: ਅੰ. Lady. ਸੰਗ੍ਯਾ- ਪ੍ਰਤਿਸ਼੍ਰਿਤ ਇਸਤ੍ਰੀ. ਬੇਗਮ.

ਲੇਂਡੀ: ਵਿ- ਕਾਇਰ. ਬੁਜ਼ਦਿਲ. ਭੀਰੁ. "ਚਲੇਂ ਭਾਜ ਲੇਂਡੀ, ਸੁ ਜੋਧਾ ਗਰੱਜੈਂ." (ਚਰਿਤ੍ਰ ੧੦੨) ੨. ਸੰਗ੍ਯਾ- ਚਾਂਡਾਲ. ਚੂਹੜਾ. "ਸ੍ਵਾਨ ਕੀ ਮ੍ਰਿੱਤੁ ਹਾਥ ਲੇਂਡੀ ਕੇ ਮਰਹੀਂ." (ਚਰਿਤ੍ਰ ੨੧) ੩. ਅਵਾਰਾ ਫਿਰਨ ਵਾਲਾ ਲੰਡਰ ਕੁੱਤਾ। ੪. ਦੇਖੋ, ਲੀਡੀ.

ਲੇਥੜਨਾ: ਦੇਖੋ, ਲਬੇਰਨਾ। ੨. ਲਬੇੜਨਾ

ਲੇਦਾ: ਉਹ ਘੋੜਾ, ਜਿਸ ਦੀ ਪਿੱਠ ਬੈਠਵੀਂ ਹੈ.

ਲੇਨਾ: ਕ੍ਰਿ- ਲੈਣਾ. ਅੰਗੀਕਾਰ ਕਰਨਾ. ਗ੍ਰਹਣ ਕਰਨਾ। ੨. ਸੰਗ੍ਯਾ- ਲੈਣ ਯੋਗ੍ਯ ਧਨ ਆਦਿ ਪਦਾਰਥ.

ਲੇਪ: ਸੰਗ੍ਯਾ- ਪੋਚਾ। ੨. ਲਿੱਪਣ ਯੋਗ੍ਯ ਵਸਤੁ। ੩. ਅਪਵਿਤ੍ਰਤਾ. "ਲੇਪ ਨਹੀ ਜਗਜੀਵਨ ਦਾਤੇ." (ਮਾਝ ਮਃ ੫) ਦੇਖੋ, ਲਿਪ ਧਾ.

ਲੇਪਨ: ਸੰ. ਸੰਗ੍ਯਾ- ਲਿੱਪਣ ਦੀ ਕ੍ਰਿਯਾ। ੨. ਗਾਰਾ। ੩. ਮਰਹਮ.

ਲੇਪ੍ਯ: ਸੰ. ਵਿ- ਲਿੱਪਣ ਯੋਗ੍ਯ.

ਲੇਫ, ਲੇਫੁ: ਅ਼. لحاف ਲਿਹ਼ਾਫ਼. ਸੰਗ੍ਯਾ- ਰੂਈਦਾਰ ਓਢਣ ਦਾ ਵਸਤ੍ਰ. ਰਜਾਈ. "ਨਾ ਜਲੁ ਲੇਫ ਤੁਲਾਈਆ." (ਵਡ ਅਲਾਹਣੀ ਮਃ ੧) "ਲੇਫੁ ਨਿਹਾਲੀ ਪਟ ਕੀ." (ਮਾਰੂ ਅਃ ਮਃ ੧)

ਲੇਮੂ: ਫ਼ਾ. لیمو ਸੰਗ੍ਯਾ- ਨਿੰਬੂ. ਅੰ. Lemon. ਦੇਖੋ, ਨਿੰਬੂ.

ਲੇਲਕਲਾਂ: ਰਿਆਸਤ ਪਟਿਆਲਾ, ਨਜਾਮਤ ਤਸੀਲ ਸੁਨਾਮ, ਥਾਣਾ ਮੂਨਕ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਗੁਰਨੇ ਤੋਂ ਤਿੰਨ ਮੀਲ ਉੱਤਰ ਪੂਰਵ ਹੈ. ਇਸ ਪਿੰਡ ਤੋਂ ਦੋ ਫਰਲਾਂਗ ਪੁਰ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਗੁਰਦ੍ਵਾਰਾ ਹੈ. ਗੁਰੂ ਜੀ ਇੱਥੇ ਰੇਤਲੀ ਅਤੇ ਉੱਚੀ ਥਾਂ ਦੇਖਕੇ ਠਹਿਰ ਗਏ. ਪਾਸ ਇੱਕ ਜਿਮੀਦਾਰ ਆਪਣੀ ਫਸਲ ਦਾ ਰਾਖਾ ਸੀ, ਜਿਸ ਦਾ ਨਾਮ ਅੜਕ ਸੀ. ਉਸ ਨੇ ਸਤਿਪੁਰਖ ਸਮਝਕੇ ਮੱਥਾ ਟੇਕਿਆ ਅਤੇ ਸੇਵਾ ਪੁੱਛੀ. ਸਤਿਗੁਰਾਂ ਨੇ ਉਸ ਨੂੰ ਪ੍ਰੇਮ ਭਗਤੀ ਦਾ ਉਪਦੇਸ਼ ਦਿੱਤਾ, ਅਤੇ ਥੋੜਾ ਜਿਹਾ ਸਮਾਂ ਹੀ ਰਹਿਕੇ ਮੂਨਕ ਨੂੰ ਚਲੇ ਗਏ.

ਗੁਰਦ੍ਵਾਰਾ ਸੁਨਹਿਰੀ ਕਲਸ ਵਾਲਾ ਅਤੇ ਰਹਾਇਸ਼ੀ ਮਕਾਨ ਬਣੇ ਹੋਏ ਹਨ, ਜਿਨ੍ਹਾਂ ਦੀ ਸੇਵਾ ਮਹੰਤ ਮੱਲਸਿੰਘ ਜੀ ਧਮਧਾਣ ਵਾਲਿਆਂ ਦੇ ਉੱਦਮ ਨਾਲ ਨਗਰਵਾਸੀਆਂ ਨੇ ਸੰਮਤ ੧੯੪੦ ਵਿੱਚ ਕੀਤੀ ਹੈ. ਗੁਰਦ੍ਵਾਰੇ ਨਾਲ ਜਾਗੀਰ ਜ਼ਮੀਨ ਕੁਝ ਨਹੀਂ ਹੈ. ਅੜਕ ਦੀ ਵੰਸ਼ ਵਿੱਚੋਂ ਪ੍ਰੇਮੀ ਸਿੰਘ ਸੇਵਾ ਕਰਦਾ ਹੈ.

ਲੇਲਾ: ਸੰ. ਲੇਲਿਹ. ਵਿ- ਚੱਟਣ ਵਾਲਾ। ੨. ਸੰਗ੍ਯਾ- ਬਕਰੀ ਭੇਡ ਦਾ ਬੱਚਾ. "ਲੇਲੇ ਕਉ ਚੂਘੈ ਨਿਤ ਭੇਡ." (ਗਉ ਕਬੀਰ) ਮਾਯਾ ਭੇਡ, ਜੀਵ ਲੇਲੇ ਨੂੰ ਚੂਸਦੀ ਹੈ। ੩. ਦੇਖੋ, ਲੈਲੀ ੨. "ਲੇਲਾ ਮਜਨੂੰ ਆਸਕੀ ਚਹੁ ਚਕੀ ਜਾਤੀ." (ਭਾਗੁ)

ਲੇਲਿਹ: ਸੰ. ਸੰਗ੍ਯਾ- ਜੂੰ. ਲੀਖ। ੨. ਸੱਪ.

ਲੇਲੀ: ਦੇਖੋ, ਲੈਲੀ.

ਲੇਵਤ: ਕ੍ਰਿ. ਵਿ- ਲੈਂਦਾ.

ਲੇਵਨ: ਕ੍ਰਿ- ਲੈਣਾ. "ਆਪੇ ਮਨੂਆ ਲੇਵਏ." (ਸੂਹੀ ਛੰਤ ਮਃ ੧) "ਲੇਵੈ ਦੇਵੈ ਢਿਲ ਨ ਪਾਈ." (ਸ੍ਰੀ ਮਃ ੧)

ਲੇਵਾ: ਵਿ- ਲੈਣ ਵਾਲਾ. ਗ੍ਰਾਹਕ। ੨. ਸੰਗ੍ਯਾ- ਗਊ ਆਦਿ ਦੁੱਧ ਦੇਣ ਵਾਲੇ ਪਸ਼ੂਆਂ ਦੀ ਉਹ ਥੈਲੀ, ਜਿਸ ਵਿੱਚ ਦੁੱਧ ਜਮਾਂ ਹੁੰਦਾ ਹੈ. ਸੰ. ਉਧ. ऊधस्. (udder) ਹਵਾਨਾ.

ਲੇਵਾਦੇਈ, ਲੇਵਾਦੇਵੀ: ਸੰਗ੍ਯਾ- ਲੈਣ ਦੇਣ. ਵਾਣਿਜ੍ਯ. ਵਪਾਰ. "ਕਿਆ ਖੇਤੀ, ਕਿਆ ਲੇਵਾਦੇਈ?" (ਬਿਲਾ ਕਬੀਰ) "ਸੰਤਨ ਸਿਉ ਮੇਰੀ ਲੇਵਾਦੇਵੀ." (ਸੋਰ ਮਃ ੫)

ਲੇਵੀ: ਦੇਖੋ, ਲੇਟੀ.

ਲੈ: ਕ੍ਰਿ. ਵਿ- ਲੈਕੇ. "ਲੈ ਅੰਕਿ ਲਾਏ ਹਰਿ ਮਿਲਾਏ." (ਜੈਤ ਛੰਤ ਮਃ ੫) "ਲੈ ਭਾੜਿ ਕਰੇ ਵੀਆਹੁ." (ਵਾਰ ਆਸਾ) ੨. ਵ੍ਯ- ਤੀਕ. ਤਕ. ਤੋੜੀ. "ਲੱਥੀ ਕਰਗ ਲੈ." (ਚੰਡੀ ੩) ਤਲਵਾਰ ਸ਼ਰੀਰ ਦੇ ਪੰਜਰ (ਪਿੰਜਰ) ਤਕ ਲਹਿ ਗਈ। ੩. ਸੰ. ਲਯ.

ਸੰਗਯਾ- ਦੇਖੋ, ਲਯ ੭. "ਨਾਨਕ ਲਗੀ ਤਤੁ ਲੈ." (ਮਃ ੩. ਵਾਰ ਮਲਾ) ੪. ਦੇਖੋ, ਲਯ ੨. "ਉਰਧ ਤਾਪ ਲੈ ਗੈਨ." (ਧਨਾ ਮਃ ੫) ਦਸ਼ਮਾਦ੍ਵਾਰ ਵਿੱਚ ਸਮਾਧਿ ਲਾਉਣੀ। ੫. ਦੇਖੋ, ਲਯ ੫. "ਸਤ ਸੁਰਾ ਲੈ ਚਾਲੈ." (ਰਾਮ ਮਃ ੫) ੬. ਲੈਣਾ ਕ੍ਰਿਯਾ ਦਾ ਅਮਰ.

ਲੈਸ: ਅ਼. ليث ਲਯਸ. ਸੰਗਯਾ- ਸ਼ੇਰ. ਸਿੰਘ। ੨. ਇੱਕ ਪ੍ਰਕਾਰ ਦਾ ਤੀਰ, ਜਿਸ ਦੀ ਮੁਖੀ ਬਹੁਤ ਭਾਰੀ ਹੁੰਦੀ ਹੈ, ਇਹ ਵੈਰੀ ਪੁਰ ਨਹੀਂ ਚਲਾਈਦਾ, ਕੇਵਲ ਅਭ੍ਯਾਸ ਕਰਨ ਲਈ ਖ਼ਾਕਤੋਦੇ ਪੁਰ ਵਰਤੀਦਾ ਹੈ. "ਭੌਂਹ ਤਨਾਇਕੈ ਮਾਰਤ ਲੈਸੇ." (ਕ੍ਰਿਸਨਾਵ) "ਕਰਜੋ ਖਾਕਤੋਦਾ ਸੁਧਰਾਇ। ਲੈਸ ਪ੍ਰਵੇਸਹਿ" ਓਜ ਲਗਾਇ." (ਗੁਪ੍ਰਸੂ) ੪. ਫੌਜੀ ਸਿਪਾਹੀ ਅੰਗ੍ਰੇਜ਼ੀ ਲਾਂਸ (lance) ਲਈ ਭੀ ਲੈਸ ਸ਼ਬਦ ਵਰਤਦੇ ਹਨ। ੫. ਅੰ. lace. (ਕਤੂਨ- ਗੋਟਾ) ਲਈਂ ਭੀ ਲੈਸ ਸ਼ਬਦ ਵਰਤਿਆ ਜਾਂਦਾ ਹੈ.

ਲੈਕ: ਦੇਖੋ, ਲਾਯਕ.

ਲੈ ਗੈਨ: ਦੇਖੋ, ਲੈ ੪.

ਲੈਚਿੰਤਨ: ਦੇਖੋ, ਲਯਚਿੰਤਨ.

ਲੈਟਿਨ: Latin. ਲਾਤੀਨੀ ਭਾਸ਼ਾ. ਇਹ ਪਹਿਲਾਂ ਇਟਲੀ ਵਿੱਚ ਬੋਲੀ ਜਾਂਦੀ ਹੈ. ਖ਼ਾਸ ਕਰਕੇ ਵਿਦ੍ਵਾਨਾਂ ਅਤੇ ਪਾਦਰੀਆਂ ਦੀ ਬੋਲੀ ਸੀ. ਹੁਣ ਇਹ ਸੰਸਕ੍ਰਿਤ ਵਾਂਙ ਪੁਰਾਣੀ ਭਾਸ਼ਾ ਹੋ ਗਈ ਹੈ. ਯੂਰਪ ਦੇ ਕਾਲਿਜਾਂ ਵਿੱਚ ਇਸ ਦੀ ਹੁਣ ਭੀ ਪੜ੍ਹਾਈ ਹੁੰਦੀ ਹੈ.

ਲੈਣਾ: ਕ੍ਰਿ- ਗ੍ਰਹਣ ਕਰਨਾ. ਲੇਨਾ. ਅੰਗੀਕਾਰ ਕਰਨਾ। ੨. ਸੰਗਯਾ- ਲੈਣ ਯੋਗ੍ਯ ਧਨ ਆਦਿ ਪਦਾਰਥ.

ਲੈਤੋਲਾਲ: ਅ਼. ليت ولعل ਸੰਗਯਾ- ਲਾਉ ਲਪੇਟ. ਬਹਾਨਾ. ਟਾਲਮਟੋਲਾ. ਢਿੱਲਮੱਠ.

ਲੈਨ: ਸੰਗਯਾ- ਪੰਕ੍ਤਿ. ਕਤਾਰ. ਸ਼੍ਰੇਣੀ. ਅੰ. Line. "ਲਗੀ ਤੁਰੰਗਨ ਲੈਨ ਬਡੇਰੀ." (ਗੁਪ੍ਰਸੂ) ੨. ਸਿੱਧੀ ਲਕੀਰ. ਰੇਖਾ। ੩. ਸਿਪਾਹੀਆਂ ਦੇ ਰਹਿਣ ਦੀ ਕੋਠੜੀਆਂ ਦੀ ਕਤਾਰ. ਬਾਰਕ। ੪. ਦੇਖੋ, ਲੈਣਾ. "ਬਿਖਮੁ ਨ ਜਾਈ ਲੈਨ." (ਧਨਾ ਮਃ ੫) ੫. ਸੰ. ਲਯਨ. ਲਯ ਹੋਣ ਦਾ ਭਾਵ। ੬. ਵਿਸ਼੍ਰਾਮ.

ਲੈਨਡੋਰੀ: ਜ਼ਮੀਨ ਪੁਰ ਡੋਰੀ ਦਾ ਉਹ ਨਿਸ਼ਾਨ, ਜੋ ਕੈਂਪ ਆਦਿ ਦੀ ਵਿਉਂਤ ਵਾਸਤੇ ਰੇਖਾ (line) ਕਾਇਮ ਕਰੇ। ੨. ਲੈਨਡੋਰੀ ਦਾ ਸਾਮਾਨ ਰੱਖਣ ਵਾਲੀ ਟੋੱਲੀ, ਜੋ ਫੌਜ ਦੇ ਨਾਲ ਰਹਿੰਦੀ ਹੈ.

ਲੈਬ: ਲੈਣਾ. "ਮਾਲਿਨਿ ਲੈਬ ਕਰਜੋ ਰਸ ਕੋ." (ਕ੍ਰਿਸਨਾਵ)

ਲੈਲ: ਅ਼. ليل ਸੰਗਯਾ- ਰਾਤ। ੨. ਬਦਨਸੀਬੀ। ੩. ਵਿ- ਬਦਨਸੀਬ. ਮੰਦਭਾਗੀ. "ਰੇ ਮਨ ਲੈਲ! ਇਕੇਲ ਹੀ ਕਾਲ ਕੇ ਲਾਗਤ ਕਾਹਿ ਨ ਪਾਇਨ ਧਾਏ?" (੩੩ ਸਵੈਯੇ)

ਲੈਲਾ: ਦੇਖੋ, ਲੈਲੀ ੨. ਅਤੇ ਲੈਲਾ ਘੋੜਾ.

ਲੈਲਾਘੋੜਾ: ਇਹ ਘੋੜਾ, ਸੁਲਤਾਨ ਮੁਹੰਮਦ ਬਾਰਕਜ਼ਈ ਪੇਸ਼ਾਵਰ ਦੇ ਹਾਕਿਮ ਪਾਸ ਸੀ. ਮਹਾਰਾਜਾ ਰਣਜੀਤ ਸਿੰਘ ਨੇ ਇਸ ਘੋੜੇ ਦੀ ਤਾਰੀਫ ਸੁਣਕੇ ਲੈਣ ਲਈ ਬਹੁਤ ਜਤਨ ਕੀਤੇ, ਅੰਤ ਨੂੰ ਸੰਮਤ ੧੮੮੫ ਵਿੱਚ ਮਹਾਰਾਜਾ ਨੂੰ ਸਫਲਤਾ ਪ੍ਰਾਪਤ ਹੋਈ. C. A. Huegel ਆਪਣੇ ਸਫਰਨਾਮੇ ਵਿੱਚ ਲਿਖਦਾ ਹੈ ਕਿ ਲੈਲਾ ਘੋੜਾ ਬਹੁਤ ਹੀ ਸੁੰਦਰ ਅਤੇ ਚਾਲਾਕ ਹੈ. ਇਸ ਦਾ ਰੰਗ ਕੁਮੈਤ. ਉਮਰ ਤੇਰਾਂ ਸਾਲ ਅਤੇ ਕੱਦ ਸੋਲਾਂ ਮੁੱਠੀ ਹੈ.

ਮਹਾਰਾਜਾ ਨੇ ਇਸ ਦਾ ਰਤਨਾਂ ਨਾਲ ਜੜਾਊ ਸਾਜ ਬਹੁਮੁੱਲਾ ਬਣਵਾਇਆ ਸੀ,[1143] ਅਤੇ ਇਸ ਤੇ ਸਵਾਰ ਹੋਕੇ ਬਹੁਤ ਪ੍ਰਸੰਨ ਹੋਇਆ ਕਰਦੇ.

ਲੈਲੀ: ਅ਼. ليلى ਵਿ- ਕਾਲੇ ਰੰਗ ਵਾਲੀ. ਸ਼ਜਾਮਾ। ੨. ਸੰਗਜਾ- ਖ਼ਲੀਫ਼ਾ ਹਸ਼ਾਮ ਦੀ ਅਮਲਦਾਰੀ ਵਿੱਚ. ਜੋ ਉੱਮੀਯਾ ਘਰਾਣੇ ਦਾ ਸਨ ੭੨੪ ਵਿੱਚ ਮੁਖੀਆ ਹੋਇਆ, ਇਕ ਕ਼ੈਸ قیس ਨਾਮ ਦਾ ਸੁੰਦਰ ਪੁਰਖ ਸੀ. ਜਿਸ ਉੱਪਰ ਇੱਕ ਅਮੀਰ ਦੀ ਬੇਟੀ ਲੈਲੀ ਆਸ਼ਕ ਹੋ ਗਈ, ਅਰ ਕ਼ੈਸ ਦਾ ਪ੍ਰੇਮ ਭੀ ਲੈਲੀ ਨਾਲ ਕੁਝ ਘੱਟ ਨਹੀਂ ਸੀ. ਲੈਲੀ ਦੇ ਪਿਤਾ ਨੇ ਜਦ ਭੇਤ ਜਾਣਿਆ, ਤਾਂ ਦੋਹਾਂ ਦਾ ਮਿਲਣਾ ਬੰਦ ਕਰ ਦਿੱਤਾ ਅਰ ਲੈਲੀ ਦਾ ਵਿਆਹ ਕਿਸੇ ਵਡੇ ਅਮੀਰ ਨਾਲ ਕਰਨਾ ਠਹਿਰਾਇਆ. ਇਸ ਬਾਤ ਨੂੰ ਸੁਣਕੇ ਕ਼ੈਸ ਦੀਵਾਨਾ ਹੋ ਗਿਆ, ਜਿਸ ਤੋਂ ਨਾਮ ਮਜਨੂੰ (مجنوں) ਪਿਆ. ਇਸੇ ਦਸ਼ਾ ਵਿੱਚ ਮਜਨੂੰ ਮਰ ਗਿਆ ਅਰ ਲੈਲੀ ਨੇ ਭੀ ਪ੍ਰੀਤਮ ਦੀ ਮੌਤ ਸੁਣਕੇ ਪ੍ਰਾਣ ਤਿਆਗ ਦਿੱਤੇ.[1144] "ਲੈਲੀ ਦੀ ਦਰਗਾਹ ਦਾ ਕੁੱਤਾ ਮਜਨੂੰ ਦੇਖ ਲੁਭਾਣਾ, ਕੁੱਤੇ ਦੇ ਪੈਰੀਂ ਪਵੈ ਹੜ ਹੜ ਹੱਸਣ ਲੋਕ ਵਿਡਾਣਾ." (ਭਾਗੁ) ੩. ਦੇਖੋ, ਲੈਲਾਘੋੜਾ.

ਲੋ: ਸੰਗਜਾ- ਲੂ. ਤੱਤੀ ਪੌਣ। ੨. ਪ੍ਰਕਾਸ਼। ੩. ਸੇਕ. ਆਂਚ। ੪. ਦੀਪਕ ਅਥਵਾ ਅਗਨਿ ਦੀ ਸ਼ਿਖਾ। ੫. ਵਜ- ਕਿਸੇ ਨੂੰ ਸੰਬੋਧਨ ਕਰਨ ਦਾ ਸ਼ਬਦ. ਦੇਖੋ ! ਧਜਾਨ ਕਰੋ ! ਦੇਖੋ, ਅੰ. lo !

ਲੋਉ: ਸੰਗਜਾ- ਲੋਕ. ਦੇਸ਼। ੨. ਲੋਗ. ਜਨ.

ਲੋਊ: ਲੋਕਾਂ ਵਿੱਚ. "ਪਰਿ ਰਹਿਓ ਸਭ ਲੋਊ." (ਦੇਵ ਮਃ ੫)

ਲੋਅ: ਸੰਗਜਾ- ਲੋਕ. ਤ਼ਬਕ਼. "ਸੂਝਤੇ ਤਿਨ ਲੋਅ." (ਧਨਾ ਮਃ ੧) "ਸੁਣਿਐ ਦੀਪ ਲੋਅ ਪਾਤਾਲ." (ਜਪੁ) ੨. ਲੋਗ. ਜਨ. "ਨਾਮੇ ਉਧਰੇ ਸਭਿ ਜਿਤਨੇ ਲੋਅ." (ਭੈਰ ਮਃ ੩) ੩. ਚਾਨਣਾ. ਪ੍ਰਕਾਸ਼. ਨੂਰ. "ਚਹੁ ਚਕੀ ਕੀਅਨੁ ਲੋਆ." (ਵਾਰ ਰਾਮ ੩)

ਲੋਆ: ਸੰਗਜਾ- ਮੋਟਾ. ਕੰਬਲ। ੨. ਲੋਕ ਦਾ ਬਹੁ ਵਚਨ. "ਆਏ ਤ੍ਰੈ ਲੋਆ." (ਤੁਖਾ ਛੰਤ ਮਃ ੪) ੩. ਪ੍ਰਕਾਸ਼. ਦੇਖੋ, ਲੋਅ ੩.

ਲੋਇ: ਸੰਗਜਾ- ਲੋਗ. ਜਨ. "ਸਿਧ ਸਾਧਿਕ ਤਰਸਹਿ ਸਭ ਲੋਇ." (ਧਨਾ ਮਃ ੩) ੨. ਪ੍ਰਕਾਸ਼. "ਨਾਮ ਰਤਨੁ ਸਭ ਜਗ ਮਹਿ ਲੋਇ." (ਗਉ ਅਃ ਮਃ ੩) ੩. ਲੋਕ. ਦੇਸ਼. ਤ਼ਬਕ਼. "ਆਸਣੁ ਲੋਇ ਲੋਇ ਭੰਡਾਰ." (ਜਪੁ) ੪. ਅਵਲੋਕਨ ਕਰ. ਦੇਖ.

ਲੋਇਣ: ਸੰ. ਲੋਚਨ. ਸੰਗਜਾ- ਨੇਤ੍ਰ. "ਲੋਇਣ ਲੋਈ ਡਿਠ." (ਵਡ ਛੰਤ ਮਃ ੫) "ਹਰਿਅੰਮ੍ਰਿਤ ਭਿੰਨੇ ਲੋਇਣਾ." (ਆਸਾ ਛੰਤ ਮਃ ੪)

ਲੋਇਣੀ: ਵਿ- ਲੋਇ (ਪ੍ਰਕਾਸ਼) ਕਰਨ ਵਾਲਾ. ਪ੍ਰਕਾਸ਼ਕ। ੨. ਦ੍ਰਸ਼੍ਟਾ. ਦੇਖਣ ਵਾਲਾ. ਭਾਵ- ਕਰਤਾਰ. "ਲੋਇਣ ਰਤੇ ਲੋਇਣੀ." (ਮਃ ੧. ਵਾਰ ਮਾਰੂ ੧) ੩. ਕ੍ਰਿ. ਵਿ- ਨੇਤ੍ਰਾਂ ਕਰਕੇ. ਲੋਚਨ ਦ੍ਵਾਰਾ. ਅੱਖਾਂ ਨਾਲ.

ਲੋਇਨ: ਦੇਖੋ, ਲੋਇਣ.

ਲੋਇਨਾ: ਅੱਖੀਂ. ਨੇਤ੍ਰੀਂ। ੨. ਸੰਗਜਾ- ਨਜਾਰਾ. "ਗੁਰਹਿ ਦਿਖਾਇਓ ਲੋਇਨਾ." (ਆਸਾ ਮਃ ੫)

ਲੋਈ: ਸੰਗਜਾ- ਲਊ (ਉੰਨ) ਦਾ ਵਸਤ੍ਰ. ਕੰਬਲ. ਸੰ. ਲੋਮੀਯ। ੨. ਕਬੀਰ ਜੀ ਦੀ ਧਰਮਪਤਨੀ. "ਸੁਨਿ ਅੰਧਲੀ ਲੋਈ, ਬੇਪੀਰਿ." (ਗੌਂਡ ਕਬੀਰ) ੩. ਜਨ ਸਮੁਦਾਯ. ਲੋਕ. "ਆਸਾ ਵਿੱਚ ਸੁਤੇ ਕਈ ਲੋਈ." (ਆਸਾ ਅਃ ਮਃ ੩) ੪. ਦੁਨੀਆਂ. ਸੰਸਾਰ. "ਲੋਇਣ ਲੋਈ ਡਿਠ, ਪਿਆਸ ਨ ਬੁਝੈ ਮੂ ਘਣੀ." (ਵਡ ਛੰਤ ਮਃ ੫) ੫. ਵਿ- ਪ੍ਰਕਾਸ਼ਕ. ਭਾਵ- ਕਰਤਾਰ.

---

[1143] Miss Eden ਨੇ ਆਪਣੀ ਕਿਤਾਬ Up the Country ਵਿੱਚ ਲਿਖਿਆ ਹੈ ਕਿ ਮਹਾਰਾਜ ਦੀ ਸਵਾਰੀ ਦੇ ਘੋੜਿਆਂ ਦਾ ਜੜਾਊ ਸਾਜ ੩੭ ਲੱਖ ਦਾ ਸੀ.

[1144] ਭਾਈ ਸੰਤੋਖ ਸਿੰਘ ਜੀ ਨੇ ਗੁਰੁਪ੍ਰਤਾਪਸੂਰਯ ਦੀ ਪੰਜਵੀ ਰਾਸਿ ਦੇ ਪੰਜਵੇਂ ਅਧਜਾਯ ਵਿੱਚ, ਲੈਲੀ ਦਿੱਲੀ ਦੇ ਬਾਦਸ਼ਾਹ ਦੀ ਪੁਤ੍ਰੀ ਲਿਖੀ ਹੈ, ਜੋ ਭੁੱਲ ਹੈ.

"ਦੁਨੀਆਂ ਦੋਸੁ, ਰੋਸੁ ਹੈ ਲੋਈ." ਭੈਰ ਕਬੀਰ) ਦੋਸ਼ ਲੋਕਾਂ ਦਾ ਹੈ, ਅਤੇ ਰੋਸ ਪ੍ਰਕਾਸ਼ਕ (ਕਰਤਾਰ) ਨਾਲ। ੬. ਲੋਈਂ. ਲੋਕਾਂ ਨੂੰ ਲੋਕਾਂ ਵਿੱਚ. "ਪਾਤਾਲੀ ਪੁਰਈ ਸਭ ਲੋਈ." (ਮਃ ੪. ਵਾਰ ਬਿਹਾ)

ਲੋਈਆ: ਸੰਗਜ੍ਞਾ- ਗੁੱਧੇ ਆਟੇ ਦਾ ਪੇੜਾ, ਜੋ ਰੋਟੀ ਪਕਾਉਣ ਲਈ ਕਰੀਦਾ ਹੈ.

ਲੋਸਟ: ਸੰ. ਲੋਸ਼੍ਟ. ਸੰਗਜ੍ਞਾ- ਲੋਹੇ ਦੀ ਮੈਲ. ਮਨੂਰ. ਮੰਡੂਰ. "ਰਾਮ ਪਾਰਸ ਚੰਦਨ, ਹਮ ਕਾਸਟ ਲੋਸਟ." (ਧਨਾ ਮਃ ੪) ੨. ਮਿੱਟੀ ਦਾ ਡਲਾ. ਢੇਲਾ. ਢੀਮ. "ਲੋਸਟ ਕੋ ਉਠਾਇ ਤਤਕਾਲ." (ਗੁਪ੍ਰਸੂ)

ਲੋਸ਼੍ਟ: ਦੇਖੋ, ਲੋਸਟ.

ਲੋਹ: ਸੰ. ਸੰਗਜ੍ਞਾ- ਲੋਹਾ. "ਗੁਰ ਪਾਰਸ, ਹਮ ਲੋਹ." (ਤੁਖਾ ਛੰਤ ਮਃ ੪) ੨. ਮੱਛੀ ਫਸਾਉਣ ਦੀ ਕੁੰਡੀ. "ਜਿਹਬਾ ਸੁਆਦੀ ਲੀਲਤ ਲੋਹ." (ਸਾਰ ਨਾਮਦੇਵ) ੩. ਲੋਹੇ ਦਾ ਵਡਾ ਤਵਾ। ੪. ਲੋਹੇ ਦਾ ਭਾਂਡਾ। ੫. ਧਾਤੁ. ਦੇਖੋ, ਤ੍ਰਿਲੋਹ। ੬. ਵਿ- ਲਾਲ ਰੰਗ ਦਾ। ੭. ਦੇਖੋ, ਲੋਹ.

ਲੋਹਉ: ਸੰਗਜ੍ਞਾ- ਲੋਹਾ. "ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ." (ਸਵੈਯੇ ਮਃ ੪. ਕੇ) ੨. ਲੋਹਿਓਂ ਲੋਹੇ ਤੋਂ.

ਲੋਹਸਾਰ, ਲੋਹਸਾਰੁ: ਸੰਗਜ੍ਞਾ- ਫੌਲਾਦ. "ਚਬੇ ਤਤਾ ਲੋਹਸਾਰੁ." (ਮਃ ੪. ਵਾਰ ਗਉ ੧)

ਲੋਹਹਥੀ: ਸੰਗਜ੍ਞਾ- ਉਹ ਨੇਜ਼ਾ ਅਥਵਾ ਬਰਛੀ, ਜਿਸ ਦਾ ਛੜ (ਦੰਡ) ਕਾਠ ਦੀ ਥਾਂ ਲੋਹੇ ਦਾ ਹੋਵੇ. "ਪੱਟਿਸ ਲੋਹਹਥੀ ਪਰਸੰ." (ਰਾਮਾਵ)

ਲੋਹਕਲਮ: ਲੋਹੇ ਦੀ ਕਲਮ ਭਾਵ- ਨਾ ਘਸਣ ਵਾਲੀ ਕਲਮ. "ਸਦਾ ਇੱਕ ਹਾਲਤ ਵਿੱਚ ਰਹਿਣ ਵਾਲੀ ਲਿੱਖਣ. "ਕਰੀ ਲੋਹਕਲਮੰ ਲਿਖਯੋ ਲੇਖ ਮਾਥੰ." (ਵਿਚਿਤ੍ਰ) ੨. ਦੇਖੋ, ਲੌਹਕਲਮ.

ਲੋਹਕਾਰ: ਦੇਖੋ, ਲੁਹਾਰ.

ਲੋਹਗਢ, ਲੋਹਗੜ੍ਹ: ਲੋਹੇ ਜਿਹਾ ਦ੍ਰਿੜ੍ਹ ਦੁਰਗ (ਕਿਲਾ). ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਰਚਿਆ ਇੱਕ ਅਮ੍ਰਿਤਸਰ ਜੀ ਦੀ ਸ਼ਹਰਪਨਾਹ ਦਾ ਜੰਗੀ ਬੁਰਜ. ਦੇਖੋ, ਅਮ੍ਰਿਤਸਰ ੧੯। ੨. ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਆਨੰਦਪੁਰ ਦਾ ਇੱਕ ਕਿਲਾ। ੩. ਦੀਨੇ (ਕਾਂਗੜ) ਪਿੰਡ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੇ ਵਿਸ਼੍ਰਾਮ ਦਾ ਅਸਥਾਨ. ਦੇਖੋ, ਦੀਨਾ ੩। ੪. ਮੁਖ਼ਲਿਸਗੜ੍ਹ ਦਾ ਨਾਮ ਬਦਲਕੇ ਬਾਬੇ ਬੰਦੇ ਦਾ ਦ੍ਰਿੜ੍ਹ ਕੀਤਾ ਕਿਲਾ, ਜੋ ਸਢੌਰੇ ਪਾਸ ਪੰਮੂ ਪਿੰਡ ਦੇ ਲਾਗੇ ਪਹਾੜੀ ਪੁਰ ਸੀ. ਇਸ ਥਾਂ ਬੰਦੇ ਬਹਾਦੁਰ ਨੂੰ ਫੜਨ ਲਈ ਬਹਾਦੁਰਸ਼ਾਹ ਆਪ ਬਹੁਤ ਫੌਜ ਲੈਕੇ ਗਿਆ ਸੀ ਅਰ ਬਾਦਸ਼ਾਹ ਫ਼ਰਰੁਖ਼ਸਿਯਰ ਦੇ ਜਮਾਨੇ ਸੈਯਦ ਅਮੀਰਖਾਨ ਨੇ ਬਹੁਤ ਫੌਜ ਲੈਕੇ ਇੱਥੇ ਸਿੱਖਾਂ ਨਾਲ ਭਾਰੀ ਜੰਗ ਕੀਤਾ. ਦੇਖੋ, ਮੁਖਲਿਸਗੜ੍ਹ। ੫. ਗੁਰਦਾਸਪੁਰ ਦੇ ਪਾਸ ਬੰਦੇ ਬਹਾਦੁਰ ਦਾ ਕਿਲਾ. ਜੋ ਸਨ ੧੭੧੨ ਵਿੱਚ ਤਿਆਰ ਹੋਇਆ ਸੀ.

ਲੋਹਘੁੱਟ: ਲੋਹੇ ਦੇ ਕਵਚਾਦਿ ਨਾਲ ਜਿਸ ਦਾ ਸ਼ਰੀਰ ਕਸਿਆ ਹੋਇਆ ਹੈ. ਕਵਚ ਅਤੇ ਸ਼ਸਤ੍ਰਧਾਰੀ ਯੋਧਾ. "ਘੁਮੈ ਲੋਹਘੁੰਟੰ." (ਵਿਚਿਤ੍ਰ)

ਲੋਹਟੀਆ: ਲੋਹੇ ਦੀ ਹੱਟ ਕਰਨ ਵਾਲਾ. ਲੋਹੇ ਦਾ ਵਪਾਰੀ.

ਲੋਹਟੁ: ਮਨੂਰ. ਦੇਖੋ, ਲੋਸਟ ੧. "ਮਨੁ ਲੋਹਟੁ ਹੈ ਮੋਹਿਆ ਦੂਜੈਭਾਇ." (ਪ੍ਰਭਾ ਅਃ ਮਃ ੩) ਭਾਵ- ਕਠੋਰ ਅਤੇ ਮੈਲਾ.

ਲੋਹੰਡਾ: ਲੋਹਭਾਂਡ. ਲੋਹੇ ਦਾ ਬਰਤਨ.

ਲੋਹਪਾਤ੍ਰ: ਲੋਹੇ ਦਾ ਭਾਂਡਾ. ਸਿੱਖਧਰਮ ਅਨੁਸਾਰ ਇਹ ਪਾਤ੍ਰ ਮਹਾ ਪਵਿਤ੍ਰ ਹੈ. ਅਮ੍ਰਿਤ ਲੋਹੇ ਦੇ ਬਾੱਟੇ ਵਿੱਚ ਹੀ ਤਿਆਰ ਕੀਤਾ ਜਾਂਦਾ ਹੈ. ਹਿੰਦੂਮਤ ਅਨੁਸਾਰ ਲੋਹੇ ਦਾ ਭਾਂਡਾ ਮਹਾ ਅਪਵਿਤ੍ਰ ਹੈ. ਦੇਖੋ, ਅਤ੍ਰਿਸਿਮ੍ਰਿਤਿ ਸ਼ਃ ੧੫੦.

**ਲੋਹਪਾਲ:** ਸਿਲਹਖ਼ਾਨੇ ਦਾ ਦਾਰੋਗਾ। ੨. ਦੇਖੋ, ਲੋਕਪਾਲ.

**ਲੋਹਲੰਗਰ:** ਤਵੀ ਅਤੇ ਦੇਗ. ਸਿੱਖ ਅਰਦਾਸ ਵਿੱਚ ਨਿੱਤ ਬੇਨਤੀ ਕਰਦੇ ਹਨ- "ਲੋਹ ਲੰਗਰ ਤਪਦੇ ਰਹਿਣ." ਦੇਖੋ, ਦੇਗ ਤੇਗ ਫਤਹ.

**ਲੋਹਾ:** ਦੇਖੋ, ਲੋਹ. "ਲੋਹਾ ਪਾਰਸਿ ਭੇਟੀਐ." (ਮਃ ੪. ਵਾਰ ਸਾਰ) ੨. ਸ਼ਸਤ੍ਰ ਲਈ ਭੀ ਲੋਹਾ ਸ਼ਬਦ ਆਉਂਦਾ ਹੈ. ਦੇਖੋ, ਲੋਹਾ ਖੜਕਾਉਣਾ ਅਤੇ ਲੋਹਾ ਲੈਣਾ.

**ਲੋਹਾ ਖੜਕਾਉਣਾ:** ਕ੍ਰਿ- ਜੰਗ ਕਰਨਾ. ਸ਼ਸਤ੍ਰ ਨਾਲ ਸ਼ਸਤ੍ਰ ਵਜਾਉਣਾ.

**ਲੋਹਾਂਗੀ:** ਦੇਖੋ, ਲੁਹਾਂਗੀ.

**ਲੋਹਾ ਘਸਾਂਉਣਾ:** ਕ੍ਰਿ- ਕੜਾਹਪ੍ਰਸਾਦ ਤਿਆਰ ਕਰਨਾ.

**ਲੋਹਾ ਬਜਾਂਉਣਾ:** ਦੇਖੋ, ਲੋਹਾ ਖੜਕਾਉਣਾ.

**ਲੋਹਾਰ:** ਦੇਖੋ, ਲੁਹਾਰ। ੨. ਇੱਕ ਪਿੰਡ. ਦੇਖੋ, ਡੇਹਰਾ ਸਾਹਿਬ.

**ਲੋਹਾਰੀ:** ਸੰਗਯਾ- ਲੋਹੇ ਦੀ ਸੰਗੁਲੀ. ਬੇੜੀ. "ਮੇਰੀ ਮੇਰੀ ਧਾਰੀ, ਓਹਾ ਪੈਰਿ ਲੋਹਾਰੀ." (ਮਾਰੂ ਮਃ ੫) ੨. ਦੇਖੋ, ਲੁਹਾਰੀ। ੩. ਲੋਹਕਾਰ (ਲੁਹਾਰ) ਦਾ ਕੰਮ. ਆਹਨਗਰੀ.

**ਲੋਹਾਰੀਪਾ:** ਗੋਰਖਪੰਥੀ ਇੱਕ ਯੋਗੀ, ਜਿਸ ਦੀ ਚਰਚਾ ਸ਼੍ਰੀ ਗੁਰੂ ਨਾਨਕਦੇਵ ਜੀ ਨਾਲ ਹੋਈ. "ਗੋਰਖਪੂਤ ਲੋਹਾਰੀਪਾ ਬੋਲੈ." (ਸਿਧਗੋਸਟਿ)

**ਲੋਹਾ ਲੈਣਾ:** ਕ੍ਰਿ- ਜੰਗ ਕਰਨਾ ਓਟਣਾ. ਵੈਰੀ ਦਾ ਸ਼ਸਤ੍ਰ ਸਹਾਰਨ ਲਈ ਤਿਆਰ ਹੋਣਾ. "ਅਵਨੀ ਤਲ ਪੈ ਅਸ ਨਹਿ ਕੋਈ। ਲੋਹਾ ਲੇਇ ਸਮੁਖ ਹਨਐ ਜੋਈ." (ਗੁਪ੍ਰਸੂ)

**ਲੋਹਿਤ:** ਸੰ. ਵਿ- ਲਾਲ ਰੰਗਾ. ਤਾਂਬੇ ਜੇਹੇ ਵਰਣ ਵਾਲਾ. "ਲੋਹਿਤ ਬਾਲ ਛੁਟੇ ਜਿਸ ਪੀਠਾ." (ਨਾਪ੍ਰ) ੨. ਸੰਗਯਾ- ਲਹੂ. ਖ਼ੂਨ. ਰੁਧਿਰ। ੩. ਲਾਲ ਚੰਦਨ। ੪. ਲਾਲਾ ਰੰਗ ਦੀ ਮੱਛੀ.

**ਲੋਹਿਤਾਕ੍ਸ਼, ਲੋਹਿਤਾਛ:** ਵਿ- ਲੋਹਿਤ (ਲਾਲ) ਅੱਖਾਂ ਵਾਲਾ। ੨. ਸੰਗਯਾ- ਇੱਕ ਖ਼ਾਸ਼ ਦੈਤ, ਜੋ ਰਾਵਣ ਦਾ ਅਹਿਲਕਾਰ ਸੀ. ਇਸ ਨੂੰ ਰਾਵਣ ਨੇ ਰਾਮਚੰਦ੍ਰ ਜੀ ਪਾਸੋਂ ਉਹ ਕੁਹਾੜਾ ਲੈਣ ਭੇਜਿਆ ਸੀ. ਜੋ ਰਾਮਚੰਦ੍ਰ ਜੀ ਨੇ ਪਰਸ਼ੁਰਾਮ ਨੂੰ ਜਿੱਤਕੇ ਹਾਸਿਲ ਕੀਤਾ ਸੀ. "ਲੋਹਿਤਾਛ ਠਾਢੇ ਭਯੋ ਚਰਨਨ ਸੀਸ ਨਿਵਾਇ, ਜੋ ਲੰਕਾਪਤਿ ਕਹੀ ਹੀ ਤੇ ਸਭ ਕਹੀ ਸੁਨਾਇ." (ਹਨੂ) ੩. ਕੋਕਿਲਾ. ਕੋਇਲ। ੪. ਵਿਸ਼ਨੁ। ੫. ਝੋਟਾ.

**ਲੋਹੀ:** ਸੰਗਯਾ- ਅਰੁਣੋਦਯ. ਪ੍ਰਭਾਤ. ਸੂਰਜ ਨਿਕਲਣ ਤੋਂ ਪਹਿਲਾਂ ਜਦ ਲੋਹ (ਲਾਲ) ਰੰਗ ਆਕਾਸ਼ ਵਿੱਚ ਹੁੰਦਾ ਹੈ.

**ਲੋਹੀਆ:** ਵਿ- ਲੋਹਾ ਰੱਖਣ ਵਾਲਾ। ੨. ਲੋਹ ਤਪਾਉਣ ਵਾਲਾ ਲਾਂਗਰੀ। ੩. ਲੋਹੇ ਵਿੱਚ ਖਾਣ ਵਾਲਾ. ਦੇਖੋ, ਸਰਬਲੋਹੀਆ.

**ਲੋਹੀਅੰ:** ਲੋਹਿਤ (ਲਾਲ) ਹੁੰਦਾ ਹੈ. ਭਾਵ- ਲਾਲ ਅੱਖਾਂ ਕਰਦਾ ਹੈ. ਕ੍ਰੋਧ ਧਾਰਨ ਕਰਦਾ ਹੈ. "ਸਮੁਦ੍ਰਬਾਜਿ ਲੋਹੀਅੰ." (ਗਜਾਨ) ਸਮੁੰਦਰ ਤੋਂ ਉਪਜਿਆ ਘੋੜਾ ਲਾਲ ਅੱਖਾਂ ਕਰਦਾ ਹੈ.

**ਲੋਹੂ:** ਸੰਗਯਾ- ਰੁਧਰ. ਖ਼ੂਨ. ਸੰ. ਲੋਹਿਤ. "ਲੋਹੂ ਲਬੁ ਨਿਕਥਾ ਵੇਖ." (ਮਃ ੧. ਵਾਰ ਰਾਮ ੧) ੨. ਦੇਖੋ, ਲੋਹਿਤ ੪. "ਲੋਹੂ ਫਾਥੀ ਜਾਲੀ." (ਚੰਡੀ ੩)

**ਲੋਕ:** ਸੰ. लोक्. ਧਾ- ਦੇਖਣਾ, ਬੋਲਣਾ, ਚਮਕਣਾ, ਪ੍ਰਕਾਸ਼ਿਤ ਹੋਣਾ। ੨. ਸੰਗਯਾ- ਭੁਵਨ. ਬ੍ਰਹਮਾਂਡ ਦਾ ਹਿੱਸਾ. ਤ੍ਰਬਕ. ਦੇਖੋ, ਸਾਤ ਆਕਾਸ ਅਤੇ ਸਾਤ ਪਾਤਾਲ। ੩. ਬ੍ਰਹਮਾਦਿ ਦੇਵਤਿਆਂ ਦੇ ਰਹਿਣ ਦੀਆਂ ਪੁਰੀਆਂ "ਇੰਦ੍ਰਲੋਕ ਸਿਵਲੋਕਹਿ ਜੈਬੋ."

(ਧਨਾ ਕਬੀਰ) ੪. ਲੋਗ. ਜਨ. "ਲੋਕ ਅਵਗਣਾ ਕੀ ਬੰਨੈ ਗੰਠੜੀ." (ਮਃ ੧. ਵਾਰ ਮਾਰੂ ੧) ੫. ਖੁਲ੍ਹੀ ਥਾਂ। ੬. ਦਰਸ਼ਨ. ਦੀਦਾਰ। ੭. ਜਨ ਸਮੁਦਾਯ (ਗਰੋਹ) ਵਾਸਤੇ ਭੀ ਲੋਕ ਸ਼ਬਦ ਵਰਤੀਦਾ ਹੈ, ਜੈਸੇ- ਸਿੱਖ ਲੋਕ, ਹਿੰਦੂ ਲੋਕ, ਅੰਗ੍ਰੇਜ਼ ਲੋਕ ਆਦਿ.

ਲੋਕ ਅਲੋਕ: ਇਹ ਲੋਕ ਅਤੇ ਪਰਲੋਕ। ੨. ਲੋਕ (ਦਰਸ਼ਨ) ਅਲੋਕ (ਨਾ ਦੇਖਣਾ). ਦ੍ਰਿਸ਼ਜ ਅਦ੍ਰਿਸ਼ਜ। ੩. ਅਲੌਕਿਕ ਲੋਕ (ਦਰਸ਼ਨ). "ਲੋਕ ਅਲੋਕ ਬਿਲੋਕਨ ਪਾਯੋ." (੩੩ ਸਵੈਯੇ) ੪. ਦੇਖੋ, ਲੋਕਾਲੋਕ.

ਲੋਕ ਸ਼੍ਰੁਤਿ: ਸੰ. ਸੰਗਯਾ- ਅਫ਼ਵਾਹ. ਲੋਕਾਂ ਵਿੱਚ ਸੁਣੀ ਹੋਈ ਗੱਲ.

ਲੋਕਕ: ਸੰ. ਲੌਕਿਕ. ਵਿ- ਦੁਨਿਆਵੀ. ਲੋਕ ਸੰਬੰਧੀ. "ਨਹ ਚਿੰਤਾ ਕਛੁ ਲੋਕਕਹ." (ਸਹਸ ਮਃ ੫)

ਲੋਕਗਜ: लोकज्ञ. ਵਿ- ਲੋਕਵਿਹਾਰ ਜਾਣਨ ਵਾਲਾ. ਸਮੇਂ ਦੇ ਰੰਗ ਢੰਗ ਦਾ ਜਾਣੂ. ਚਾਣਕਯ ਲਿਖਦਾ ਹੈ- "शास्त्रज्ञोप्यलोकज्ञो मूर्ख तुल्यः" (ਸੂਤ੍ਰ ੫੪੩) ਸ਼ਾਸਤ੍ਰ ਜਾਣਨ ਵਾਲਾ ਭੀ, ਜੋ ਲੋਕ ਵਿਹਾਰ ਤੋਂ ਅਜਾਣ ਹੈ. ਉਹ ਮੂਰਖ ਸਮਾਨ ਹੈ.

ਲੋਕਨਾਥ, ਲੋਕਪ: ਸੰਗਯਾ- ਕਰਤਾਰ। ੨. ਰਾਜਾ। ੩. ਦੇਖੋ, ਲੋਕਪਾਲ.

ਲੋਕਪਚਾਰ: ਸੰ. ਲੋਕੋਪਚਾਰ. ਸੰਗਯਾ- ਲੋਕ ਵਿਹਾਰ. ਲੋਕਰੀਤਿ. "ਲੋਕਪਚਾਰਾ ਕਰੈ ਦਿਨੁ ਰਾਤਿ." (ਸੁਖਮਨੀ)

ਲੋਕਪਤਿ: ਦੇਖੋ, ਲੋਕਨਾਥ ਅਤੇ ਲੋਕਪਾਲ.

ਲੋਕਪਤੀਆਰਾ: ਲੋਕਾਂ ਦਾ ਇਅ਼ਤਬਾਰ ਜਮਾਉਣ ਦੀ ਕ੍ਰਿਯਾ. ਲੋਕਾਂ ਦੇ ਖ਼ੁਸ਼ ਕਰਨ ਦੀ ਹਿਕਮਤ. "ਲੋਕ ਪਤੀਆਰੈ ਕਛੂ ਨ ਪਾਈਐ." (ਸੂਹੀ ਮਃ ੫)

ਲੋਕਪਾਲ: ਸੰਗਯਾ- ਜਗਤਨਾਥ. ਕਰਤਾਰ ਜੋ ਸਭ ਲੋਕਾਂ ਨੂੰ ਪਾਲਦਾ ਹੈ। ੨. ਰਾਜਾ. ਬਾਦਸ਼ਾਹ। ੩. ਦਿਕਪਾਲ ਦੇਵਤਾ ਜਿਨ੍ਹਾਂ ਦੀ ਗਿਣਤੀ ਅੱਠ ਹੈ- ਪੂਰਵ ਦਾ ਇੰਦ੍ਰ, ਦੱਖਣ ਪੂਰਵ ਦਾ ਅਗਨਿ, ਦੱਖਣ ਦਾ ਯਮ, ਦੱਖਣ ਪੱਛਮ ਦਾ ਸੂਰਜ, ਪੱਛਮ ਦਾ ਵਰੁਣ, ਉੱਤਰ ਪੱਛਮ ਦਾ ਵਾਯੁ, ਉੱਤਰ ਦਾ ਕੁਬੇਰ, ਉੱਤਰ ਪੂਰਵ ਦਾ ਸੋਮ. ਇਨ੍ਹਾਂ ਅੱਠਾਂ ਪਾਸ ਇੱਕ ਇੱਕ ਹਾਥੀ ਹੈ. ਦੇਖੋ, ਦਿੱਗਜ। ੪. ਕਈ ਪੁਰਾਣਾਂ ਵਿੱਚ ਅੱਠ ਦਿੱਗਜਾਂ ਨੂੰ ਹੀ ਲੋਕਪਾਲ ਲਿਖਿਆ ਹੈ। ੫. ਪੁਰਾਣਾਂ ਵਿੱਚ ਲਿਖੇ- ਬ੍ਰਹਮਲੋਕ, ਇੰਦ੍ਰਲੋਕ, ਪਿਤ੍ਰਿਲੋਕ, ਸੂਰਯਲੋਕ, ਚੰਦ੍ਰਲੋਕ, ਗੰਧਰਵਲੋਕ, ਨਾਗਲੋਕ, ਅਤੇ ਯਮਲੋਕ ਆਦਿ ਦੇ ਪਾਲਕ ਪ੍ਰਧਾਨ ਦੇਵਤਾ.

ਲੋਕਪਾਲੇਸ਼੍ਵਰ: ਲੋਕਪਾਲਾਂ ਦਾ ਸ੍ਵਾਮੀ ਕਰਤਾਰ। ੨. ਮਹਾਦੇਵ. ਰੁਦ੍ਰ.

ਲੋਕਬੰਧੁ: ਸ਼੍ਰੀ ਗੁਰੂ ਨਾਨਕਦੇਵ। ੨. ਪੁਰਾਣਾਂ ਅਨੁਸਾਰ ਸੂਰਜ.

ਲੋਕਮਾਤ: ਮਾਤ (ਮਾਤ੍ਰਿ) ਲੋਕ. "ਕਿਧੋਂ ਉਡੁ ਪਾਂਤਿ ਹਿਤ ਆਪ ਚਿਤ ਲੋਕਮਾਤ ਤਜੀ ਨਭਗਤਿ." (ਨਾਪ੍ਰ) ਮਾਨੋ ਤਾਰਿਆਂ ਦੀ ਪੰਕਤਿ ਨੇ ਆਪਣਾ ਭਲਾ ਦੇਖਕੇ ਆਕਾਸ਼ ਦੀ ਚਾਲ ਛੱਡਕੇ ਮਾਤਲੋਕ ਵਿੱਚ ਵਸੇਰਾ ਆ ਕੀਤਾ ਹੈ। ੨. ਦੇਖੋ, ਲੋਕਮਾਤਾ.

ਲੋਕਮਾਤਾ: ਸੰਗਯਾ- ਮਾਯਾ. ਪ੍ਰਕ੍ਰਿਤਿ। ੨. ਦੁਰਗਾ। ੩. ਕਰਤਾਰ, ਜੋ ਜਗਤ ਦੀ ਮਾਤਾਰੂਪ ਹੈ. "ਨਮੋ ਲੋਕਮਾਤਾ." (ਜਾਪੁ)[1145]

ਲੋਕਮਾਨਯ: ਵਿ- ਲੋਕਾਂ ਤੋਂ ਪੂਜਯ. ਜਿਸ ਨੂੰ ਲੋਕ ਸਨਮਾਨ ਯੋਗ ਜਾਣਦੇ ਹਨ.

ਲੋਕਯਾਤ੍ਰਾ: ਸੰ. ਸੰਗਯਾ- ਦੁਨੀਆਂ ਵਿੱਚ ਜੀਵਨ ਵਿਤਾਉਣ ਦਾ ਭਾਵ। ੨. ਵਿਹਾਰ. ਵਪਾਰ। ੩. ਦੁਨੀਆਂ ਦੀ ਸੈਰ.

---

[1145] "ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ." (ਭੈਰ ਮਃ ੫)

ਲੋਕਰੀਤਿ: ਸੰਗਯਾ- ਲੋਕਾਂ ਦੀ ਚਾਲ. ਦੁਨੀਆਂ ਦਾ ਰਿਵਾਜ.

ਲੋਕਲ: ਅੰ. Local. ਵਿ- ਸਥਾਨੀਯ. ਕਿਸੇ ਖਾਸ ਥਾਂ ਜਾਂ ਨਗਰ ਨਾਲ ਸੰਬੰਧ ਰੱਖਣ ਵਾਲਾ.

ਲੋਕਲਾਜ: ਸੰਗਯਾ- ਲੋਕ ਲੱਜਾ. ਲੋਕਾਂ ਦੀ ਸ਼ਰਮ. ਦੁਨਿਆਵੀ ਲਾਜ.

ਲੋਕ ਲੀਕ: ਲੋਕਚਾਲ. ਲੋਕਰੀਤਿ. ਪੁਰਾਣੀ ਪਰਿਪਾਟੀ.

ਲੋਕਾ: ਸੰਬੋਧਨ. ਹੇ ਲੋਗੋ! "ਲੋਕਾ!" ਮਤ ਕੋ ਫਕੜਿ ਪਾਇ." (ਆਸਾ ਮਃ ੧)

ਲੋਕਾਈ: ਸੰਗਯਾ- ਜਨ ਸਮੁਦਾਯ. ਲੋਗ. ਦੁਨੀਆਂ. "ਨਿਗੁਰੀ ਅੰਧ ਫਿਰੈ ਲੋਕਾਈ." (ਰਾਮ ਅਃ ਮਃ ੩)

ਲੋਕਾਚਾਰ, ਲੋਕਾਚਾਰੁ: ਸੰਗਯਾ- ਲੋਕ- ਆਚਾਰ. ਲੋਕਵਿਹਾਰ. ਲੋਕਰੀਤਿ. "ਪਰਹਰੁ ਲੋਭੁ ਅਰੁ ਲੋਕਾ ਚਾਰੁ." (ਗਉ ਕਬੀਰ)

ਲੋਕਾਂਜਨ: ਸੰਗਯਾ- ਲੋਕ (ਦੇਖਣ) ਵਾਲਾ ਅੰਜਨ. ਸਿੱਧਲੋਕਾਂ ਦਾ ਸੁਰਮਾ, ਜਿਸ ਨੂੰ ਅੱਖੀਂ ਪਾਕੇ ਲੁਕੇ ਹੋਏ ਪਦਾਰਥ ਵੇਖ ਸਕੀਦੇ ਹਨ। ੨. ਦੇਖੋ, ਲੋਪਾਂਜਨ.

ਲੋਕਾਟ: ਚੀਨ ਅਤੇ ਜਾਪਾਨ ਤੋਂ ਆਇਆ ਇੱਕ ਸਦਾ ਬਹਾਰ ਬਿਰਛ ਅਤੇ ਉਸ ਦਾ ਫਲ. ਇਹ ਚੇਤ ਵਿੱਚ ਪਕਦਾ ਹੈ. ਇਸ ਦੀ ਤਾਸੀਰ ਗਰਮਤਰ ਹੈ. Eriobotrya Japonica (Loquat) ਲੋਕਾਟ ਦੇ ਫੁੱਲਾਂ ਵਿੱਚ ਬਹੁਤ ਮਿੱਠੀ ਸੁਗੰਧ ਹੁੰਦੀ ਹੈ.

ਲੋਕਾਣਾ, ਲੋਕਾਣੀ: ਵਿ- ਲੌਕਿਕ. ਲੋਕਾਂ ਨਾਲ ਹੈ ਜਿਸ ਦਾ ਸੰਬੰਧ. ਦੁਨਿਯਾਵੀ. "ਸਭ ਚੂਕੀ ਕਾਣਿ ਲੋਕਾਣੀ." (ਸੋਰ ਮਃ ੫) "ਤਜਿ ਲਾਜ ਲੋਕਾਣੀਆ." (ਆਸਾ ਮਃ ੫) ੨. ਲੁਕਿਆ ਹੋਇਆ, ਹੋਈ. ਪੋਸ਼ੀਦਹ.

ਲੋਕਾਂਤਰ: ਲੋਕਾਂ ਵਿੱਚ ਲੋਕੋਂ ਮੇਂ "ਤੀਨਿ ਲੋਕਾਂਤਰ ਮੋਹੈ." (ਸਵੈਯੇ ਮਃ ੩. ਕੇ) ੨. ਸੰ. ਸੰਗਯਾ- ਦੂਜਾ ਲੋਕ। ੩. ਪਰਲੋਕ.

ਲੋਕਾਧਿਪ: ਲੋਕ- ਅਧਿਪ. ਲੋਕਪਤਿ. ਲੋਕਪਾਲ.

ਲੋਕਾਨੀ: ਦੇਖੋ, ਲੋਕਾਣੀ ੧. "ਤਜਿ ਲਾਜ ਲੋਕਾਨੀ." (ਸੂਹੀ ਮਃ ੫)

ਲੋਕਾਪਵਾਦ: ਸੰਗਯਾ- ਲੋਕ- ਅਪਵਾਦ. ਲੋਕਨਿੰਦਾ. ਲੋਕਾਂ ਵਿੱਚ ਬੁਰੀ ਚਰਚਾ. ਬਦਨਾਮੀ.

ਲੋਕਾਯਤ: ਸੰ. ਸੰਗਯਾ- ਲੋਕਾਂ ਵਿੱਚ ਆਯਤ (ਫੈਲਿਆ) ਜਿਕਰ. ਜਗਤਪ੍ਰਸਿੱਧ ਕਥਾ। ੨. ਚਾਰਵਾਂਕ ਮਤ, ਜੋ ਇਸ ਲੋਕ ਤੋਂ ਬਿਨਾ ਹੋਰ ਪਰਲੋਕ ਨਹੀਂ ਮੰਨਦਾ. ਦੇਖੋ, ਚਾਰਵਾਕ.

ਲੋਕਾਰ: ਸੰਗਯਾ- ਲੋ ਕਾਲਸ. ਕੱਜਲ. ਦੀਪਮਸਿ। ੨. ਭਾਵ- ਮਾਯਾ. "ਗੁਰੁਮੁਖਾਂ ਲੋਕਾਰ ਲੇਪ ਨ ਲਾਇਆ." (ਭਾਗੁ)

ਲੋਕਾਲੋਕ: ਸੰ. ਸੰਗਯਾ- ਪੁਰਾਣਾਂ ਅਨੁਸਾਰ ਇੱਕ ਪਹਾੜ, ਜੋ ਸਾਰੀ ਪ੍ਰਿਥਿਵੀ ਨੂੰ ਸੱਤ ਸਮੁੰਦਰਾਂ ਸਮੇਤ ਘੇਰੇ ਹੋਏ ਹੈ, ਅਰ ਜਿਸ ਦੀ ਉਚਿਆਈ ਸਾਢੇ ਤੇਰਾਂ ਕਰੋੜ ਯੋਜਨ ਹੈ. ਵਿਸ਼ਨੁਪੁਰਾਣ ਅਨੁਸਾਰ ਦਸ ਹਜ਼ਾਰ ਯੋਜਨ ਉੱਚਾ ਹੈ. "ਲੋਕਾਲੋਕ ਨਾਮ ਹੈ ਜਾਕੋ। ਬਹੁ ਬਿਸਤਾਰ ਜਾਨਿਯੇ ਤਾਂਕੋ। ਚੌਫੇਰੇ ਦੀਪਨ ਕੇ ਸੋਊ। ਤਿਸ ਤੇ ਪਰੇ ਨ ਅਵਨੀ ਕੋਊ ॥" (ਨਾਪ੍ਰ) ਬੌੱਧ ਗ੍ਰੰਥਾਂ ਵਿੱਚ ਇਸ ਦਾ ਨਾਮ "ਚਕ੍ਰਵਾਲ" ਹੈ.

ਲੋਕੀ: ਜਨ ਸਮੁਦਾਯ. ਲੋਗ। ੨. ਸੰ. लोकिन्. ਵਿ- ਲੋਕ ਨਿਵਾਸੀ। ੩. ਸੰਗਯਾ- ਦੇਵਤਾ. "ਇਕ ਲੋਕੀ ਹੋਰੁ ਛਮਿਛਰੀ." (ਆਸਾ ਮਃ ੧) ਇੱਕ ਪਿੰਡ ਦੇਵਤਾ ਨਿਮਿੱਤ, ਦੂਜਾ ਪਿਤਰਾਂ ਲਈ, ਦੇਖੋ, ਛਮਿਛਰੀ.

ਲੋਕੀਕ: ਸੰ. ਲੌਕਿਕ. ਵਿ- ਸੰਸਾਰੀ. "ਪੂਰੀ ਸੋਭਾ ਲੋਕੀਕ. (ਗਉ ਮਃ ੫)

ਲੋਕੁ: ਦੇਖੋ, ਲੋਕ.

ਲੋਕੁਪਚਾਰ: ਦੇਖੋ, ਲੋਕਪਚਾਰ.

ਲੋਕੁਪਚਾਰਾ: ਲੋਕੋਪਚਾਰ ਕਰਨ ਵਾਲਾ. "ਲੋਕੁਪਚਾਰਾ ਅੰਧੁ ਕਮਾਇ." (ਰਾਮ ਮਃ ੫)

ਲੋਕੇਸ਼: ਸੰਗਯਾ- ਲੋਕ ਈਸ਼. ਦੇਖੋ, ਲੋਕਨਾਥ ਅਤੇ ਲੋਕਪਾਲ.

ਲੋਕੋਕਤਿ, ਲੋਕੋਕਤੀ, ਲੋਕੋਕ੍ਤਿ: ਸੰਗਯਾ- ਲੋਕਾਂ ਦੀ ਉਕਤਿ (ਕਹਾਵਤ). ੨. ਇੱਕ ਅਰਥਾਲੰਕਾਰ. ਲੋਕਾਂ ਦੇ ਮੂੰਹ ਚੜ੍ਹੀ ਅਖਾਉਤ ਨੂੰ ਕਿਸੇ ਮੁਨਾਸਿਬ ਮੌਕੇ ਪੁਰ ਕਹਿਣਾ, "ਲੋਕੋਕ੍ਤਿ" ਹੈ.

ਕਹਿਨਾਵਤ ਜੋ ਲੋਕ ਕੀ ਲੋਕੋਕ੍ਤਿ ਸੋ ਜਾਨ."

(ਸ਼ਿਵਰਾਜ ਭੂਸ਼ਣ)

ਉਦਾਹਰਣ-

੧. ਮੰਨੇ ਕੀ ਗਤਿ ਕਹੀ ਨ ਜਾਇ. (ਜਪੁ)

੨. ਆਪੇ ਬੀਜਿ ਆਪਿ ਹੀ ਖਾਹੁ. (ਜਪੁ)

੩. ਮਨਿ ਜੀਤੈ ਜਗੁ ਜੀਤੁ. (ਜਪੁ)

੪. ਜਿਤੁ ਬੋਲਿਐ ਪਤਿ ਪਾਈਐ,

ਸੋ ਬੋਲਿਆ ਪਰਵਾਣੁ. (ਸ੍ਰੀ ਮਃ ੧)

੫. ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ.

(ਸ੍ਰੀ ਮਃ ੧)

੬. ਬਿਨੁ ਪਉੜੀ ਗੜਿ ਕਿਉ ਚੜਉ? (ਸ੍ਰੀ ਮਃ ੧)

੭. ਨਿਤ ਨ ਪੇਈਆ ਹੋਇ. (ਸ੍ਰੀ ਮਃ ੧)

੮. ਫਾਹੀ ਸੁਰਤਿ, ਮਲੂਕੀ ਵੇਸ! (ਸ੍ਰੀ ਮਃ ੧)

੯. ਕਰਣੀ ਬਾਝਹੁ ਘਟੇ ਘਟਿ. (ਸ੍ਰੀ ਮਃ ੧)

੧੦. ਮਨਮੁਖ ਅੰਧੁ ਨ ਚੇਤਹੀ,

ਡੂਬਿ ਮੁਏ ਬਿਨੁ ਪਾਣੀ." (ਸ੍ਰੀ ਮਃ ੩)

੧੧. ਸੁੰਞੇ ਘਰ ਕਾ ਪਾਹੁਣਾ ਜਿਉ ਆਇਆ

ਤਿਉ ਜਾਇ ਜੀਉ. (ਸ੍ਰੀ ਮਃ ੩)

੧੨. ਮਿਠਾ ਕਰਿਕੈ ਖਾਇਆ, ਕਉੜਾ ਉਪਜਿਆ ਸਾਦੁ. (ਸ੍ਰੀ ਮਃ ੫

੧੩. ਭੁਲਣ ਅੰਦਰਿ ਸਭੁਕੋ. (ਸ੍ਰੀ ਅਃ ਮਃ ੧)

੧੪. ਜਿਸ ਸਿਉ ਰਾਤਾ ਜੈਸੋ ਹੋਵੈ. (ਸ੍ਰੀ ਅਃ ਮਃ ੩)

੧੫. ਠੋਕਿ ਬਜਾਇ ਸਭ ਡਿਠੀਆ. (ਸ੍ਰੀ ਮਃ ੫. ਪੈਪਾਇ)

੧੬. ਵਰਮੀ ਮਾਰੀ ਸਾਪੁ ਨ ਮਰਈ. (ਆਸਾ ਮਃ ੫)

੧੭. ਨਦੀਆ ਵਾਹਿ ਵਿਛੁੰਨੀਆ ਮੇਲਾ ਸੰਜੋਗੀ. (ਆਸਾ ਛੰਤ ਮਃ ੧)

੧੮. ਤਤੀ ਵਾਉ ਨ ਲਗਈ ਜਿਨਿ ਮਨਿ ਵੁਠਾ ਆਇ. (ਮਾਝ ਅਃ ਮਃ ੫)

੧੯. ਸਚੈਮਾਰਗਿ ਚਲਦਿਆ ਉਸਤਤਿ ਕਰੈ ਜਹਾਨੁ. (ਮਾਝ ਬਾਰਹਮਾਹਾ)

੨੦. ਅੰਤਰਿ ਬਹਿਕੈ ਕਰਮ ਕਮਾਵੈ

ਸੋ ਚਹੁ ਕੁੰਡੀਜਾਣੀਅਹਿ. (ਮਃ ੨. ਵਾਰ ਮਾਝ)

੨੧. ਜਿਥੈ ਬੋਲਣਿ ਹਾਰੀਐ, ਤਿਥੈ ਚੰਗੀ ਚੁਪ. (ਮਃ ੧. ਵਾਰ ਮਾਝ)

੨੨. ਸਰ ਕਿ ਸਨਮੁਖ ਰਨ ਤੇ ਡਰਪੈ,

ਸਤੀ ਕਿ ਸਾਂਚੈ ਭਾਂਡੇ? (ਗਉ ਕਬੀਰ)

੨੩. ਅਬ ਤਉ ਜਰੇ ਮਰੇ ਸਿਧਿ ਪਾਈਐ

ਲੀਨੋ ਹਾਥਿ ਸਿਧਉਰਾ. (ਗਉ ਕਬੀਰ)

੨੪. ਜਿਨ ਪਟ ਅੰਦਰਿ ਬਾਹਰਿ ਗੁਦੜੁ,

ਤੇ ਭਲੇ ਸੰਸਾਰਿ. (ਵਾਰ ਆਸਾ)

੨੫. ਅੰਮ੍ਰਿਤੁ ਲੈ ਲੈ ਨੀਮ ਸਿੰਚਾਈ। ਕਹਤ ਕਬੀਰ

ਉਆ ਕੋ ਸਹਜੁ ਨ ਜਾਈ ॥ (ਆਸਾ)

੨੬. ਐਸੇ ਸੰਤ ਨ ਮੋ ਕਉ ਭਾਵਹਿ।

ਡਾਲਾ ਸਿਉ ਪੇਡਾ ਗਟਕਾਵਹਿ. (ਆਸਾ ਕਬੀਰ)

੨੭. ਗੰਢੇਦਿਆ ਛਿਅ ਮਾਹ, ਤੁੜੰਦਿਆ ਹਿਕ ਖਿਨੋ. (ਆਸਾ ਫਰੀਦ)

੨੮. ਜਿਥੈ ਜਾਇ ਬਹੀਐ ਭਲਾ ਕਹੀਐ. (ਵਡ ਛੰਤ ਮਃ ੧)

੨੯. ਮੰਦਾ ਕਿਸੇ ਨ ਆਖ ਝਗੜਾ ਪਾਵਣਾ. (ਵਡ ਛੰਤ ਮਃ ੧)

੩੦. ਸਾਈ ਵਸਤੁ ਪਰਾਪਤ ਹੋਈ,

ਜਿਸ ਸੇਤੀ ਮਨੁ ਲਾਇਆ. (ਸੂਹੀ ਛੰਤ ਮਃ ੧)

੩੧. ਅੰਜਨ ਤੈਸਾ ਅੰਜੀਐ, ਜੈਸਾ ਪਿਰਿ ਭਾਵੈ. (ਸੂਹੀ ਛੰਤ ਮਃ ੧)

੩੨. ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ? (ਸੂਹੀ ਛੰਤ ਮਃ ੧)

੩੩. ਕਹਿ ਕਬੀਰ ਛੂਛਾ ਘਟ ਬੋਲੈ।

ਭਰਿਆ ਹੋਇ ਸੁ ਕਬਹੁ ਨ ਡੋਲੈ (ਗੋਂਡ)

੩੪. ਤ੍ਰਿਣ ਓਲੇ ਲਾਖ ਛਪਾਇਆ. (ਰਾਮ ਮਃ ੪)

੩੫. ਐਸਾ ਕੰਮ ਮੂਲੇ ਨ ਕੀਚੈ,

ਜਿਤੁ ਅੰਤਿ ਪਛੋਤਾਈਐ. (ਅਨੰਦੁ)

੩੬. ਅੰਜਨ ਦੇਇ ਸਭੈਕੋਈ,

ਟੁਕੁ ਚਾਹਨ ਮਾਹਿ ਬਿਡਾਨ. (ਮਾਰੂ ਕਬੀਰ)

੩੭. ਜਬ ਨਾਚੀ ਤਬ ਘੂਘਟੁ ਕੈਸਾ? (ਤੁਖਾ ਛੰਤ ਮਃ ੧)

੩੮. ਬਿਨ ਬੇੜੀ ਪਾਰਿ ਨ ਅੰਬੜੈ. (ਤੁਖਾ ਛੰਤ ਮਃ ੧)

੩੯. ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ. (ਕੇਦਾ ਕਬੀਰ)

੪੦. ਡੂਬਿ ਮੂਏ ਬਿਨ ਪਾਨੀ. (ਭੈਰ ਮਃ ੧)

੪੧. ਖਿਨ ਤੋਲਾ ਖਿਨ ਮਾਸਾ. (ਬਸੰ ਮਃ ੧)

੪੨. ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ. (ਮਃ ੧. ਵਾਰ ਮਲਾ)

੪੩. ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖ. (ਸ. ਫਰੀਦ)

੪੪. ਪਾਇ ਕੁਹਾੜਾ ਮਾਰਿਆ ਗਾਫਲ ਅਪਨੈ ਹਾਥਿ. (ਸ. ਕਬੀਰ)

੪੫. ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ. (ਸ. ਕਬੀਰ)

੪੬. ਰਾਸਿ ਬਿਰਾਨੀ ਰਾਖਤੇ ਖਾਇਆ ਘਰ ਕਾ ਖੇਤ. (ਸ. ਕਬੀਰ)

੪੭. ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ. (ਸ. ਕਬੀਰ)

੪੮. ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ? (ਸ. ਕਬੀਰ)

੪੯. ਹਾਥ ਦੀਪੁ ਕੂਏ ਪਰੈ. (ਸ. ਕਬੀਰ)

੫੦. ਕਾਚੀ ਸਰਸਉ ਪੇਲਿਕੈ ਨਾ ਖਲਿ ਭਈ ਨ ਤੇਲੁ. (ਸ. ਕਬੀਰ)

੫੧. ਕਿਚਰੁ ਝਤਿ ਲੰਘਾਈਐ ਛਪਰਿ ਤੁਟੈ ਮੇਹੁ? (ਸ. ਫਰੀਦ)

੫੨. ਕਚੈ ਭਾਂਡੈ ਰਖੀਐ ਕਿਚਰ ਤਾਈਂ ਨੀਰ? (ਸ. ਫਰੀਦ)

੫੩. ਨੀਵਾ ਜਿਣੈ, ਉਚੇਰਾ ਹਾਰੈ. (ਭਾਗੁ)

੫੪. ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ. (ਭਾਗੁ)

੫੫. ਅੰਧਾ ਆਗੂ ਜੇ ਥੀਐ ਸਭ ਸਾਥ ਮੁਹਾਵੈ. (ਭਾਗੁ)

੫੬. ਸਭਨਾ ਦੇ ਸਿਰ ਗੁੰਦੀਅਨ ਗੰਜੀ ਗੁਰੜਾਵੈ. (ਭਾਗੁ)

੫੭. ਜਾਨ ਸੁਜਾਨ ਮੈ ਪ੍ਰੀਤਿ ਕਰੀ

ਸਹਿਕੈ ਜਗ ਕੀ ਬਹੁ ਭਾਂਤਿ ਹਁਸਾਈ,

ਤਯੋਂ "ਹਰਿਚੰਦ" ਜੁ ਜੋ ਜੋ ਕਹਯੋ

ਸੁ ਕਰਯੋ ਚੁਪ ਹ੍ਵੈਕਰ ਕੋਟਿ ਉਪਾਈ,

ਸੋਉ ਨਹੀਂ ਨਿਬਹੀ ਉਨ ਸੋਂ

ਅਰੁ ਤੋਰਤ ਬਾਰ ਕਛੂ ਨਹਿ ਲਾਈ,

ਸਾਚੀ ਭਈ ਕਹਨਾਵਤ ਯਾ ਅਰਿ!

ਉਚੀ ਦੁਕਾਨ ਕੀ ਫੀਕੀ ਮਿਠਾਈ.

ਲੋਕੋਪਚਾਰ: ਦੇਖੋ, ਲੋਕਪਚਾਰ.

ਲੋਕੰਜਨ: ਦੇਖੋ, ਲੋਕਾਂਜਨ ਅਤੇ ਲੋਪਾਂਜਨ. "ਲੋਕੰਜਨ ਡਾਰਤ ਦ੍ਰਿਗ ਭਾਈ। ਪਰਗਟ ਹੁਤੀ ਲੋਪ ਹ੍ਵੈਗਈ ॥ (ਚਰਿਤ੍ਰ ੨੬੪)

ਲੋਗ: ਦੇਖੋ, ਲੋਕ. "ਲੋਗ ਗਯੋ ਪਰਲੋਗ ਗਵੈਹੈ." (੩੩ ਸਵੈਯੇ) ੨. ਲੋਗ. ਜਨ. "ਲੋਗ ਕੁਟੰਬ ਸਭ ਹੂ ਤੇ ਤੋਰੈ." (ਸੋਰ ਨਾਮਦੇਵ) ੩. ਸੰ. ਢੀਮ. ਡਲਾ.

ਲੋਗਨ: ਲੋਕਾਂ ਨੇ. "ਲੋਗਨ ਰਾਮ ਖਿਲਾਉਨਾ ਜਾਨਾ." (ਭੈਰ ਕਬੀਰ)

ਲੋਗਪਚਾਰ: ਦੇਖੋ, ਲੋਕਪਚਾਰ. "ਪਰਵਿਰਤਿ ਮਾਰਗ ਜੇਤਾ ਕਿਛੁ ਕਹੀਐ, ਤੇਤਾ ਲੋਗਪਚਾਰਾ." (ਸਾਰ ਮਃ ੫)

ਲੋਗਾ: ਜਨ ਸਮੁਦਾਯ. ਭਾਵ- ਪ੍ਰਜਾ. "ਆਪੇ ਰਾਜਨੁ, ਆਪੇ ਲੋਗਾ." (ਮਾਝ ਮਃ ੫) ੨. ਸੰਬੋਧਨ. ਹੇ ਲੋਕੋ!

ਲੋਗਾਚਾਰ: ਦੇਖੋ, ਲੋਕਾਚਾਰ.

ਲੋਗਾਰੀਤਿ: ਦੇਖੋ, ਲੋਕਰੀਤਿ. "ਦੁਤੀਆ ਤਿਆਗੀ ਲੋਗਾਰੀਤਿ." (ਆਸਾ ਮਃ ੫)

ਲੋਗਿਨ: Login ਦੇਖੋ, ਦਲੀਪਸਿੰਘ.

ਲੋਗੁ: ਲੋਕ. ਦੇਖੋ, ਲੋਗ ੨. "ਲੋਗੁ ਜਾਨੈ ਇਹੁ ਗੀਤੁ ਹੈ." (ਗਉ ਕਬੀਰ)

ਲੋਚ: ਸੰ. लोच्. ਧਾ- ਦੇਖਣਾ, ਬੋਲਣਾ, ਚਮਕਣਾ, ਵਿਚਾਰ ਕਰਨਾ। ੨. ਸੰਗਜਾ- ਇੱਛਾ. ਰੁਚਿ. "ਕਰਿ ਕਿਰਪਾ ਲੋਚ ਮੇਰੈ ਮਨਿ ਲਾਈ." (ਗੂਜ ਮਃ ੪) "ਪ੍ਰਭੁ ਪੂਰੀ ਲੋਚ ਹਮਾਰੀ." (ਸੋਰ ਮਃ ੫) ੩. ਸਿੰਧੀ. ਢੂੰਢ. ਤਲਾਸ਼. ਖੋਜ. ਭਾਲ.

ਲੋਚਣੁ: ਕ੍ਰਿ- ਢੂੰਢਣਾ. ਖੋਜਣਾ। ੨. ਚਾਹੁਣਾ। ੩. ਦੇਖਣਾ. ਤੱਕਣਾ। ੪. ਸੰਗਜਾ- ਨੇਤ੍ਰ. ਲੋਚਨ.

ਲੋਚਦਾ: ਕ੍ਰਿ. ਵਿ- ਦੇਖਦਾ. ਦੇਖੋ, ਲੋਚਯਾ "ਸਤਿਗੁਰ ਨੋ ਸਭਕੋ ਲੋਚਦਾ." (ਸ੍ਰੀ ਮਃ ੪) ੨. ਚਾਹੁੰਦਾ. ਲੋੜਦਾ.

ਲੋਚਨ: ਸੰਗਜਾ- ਜਿਸ ਨਾਲ ਦੇਖੀਏ, ਨੇਤ੍ਰ. ਅੱਖ. "ਲੋਚਨ ਸ੍ਰਮਹਿ, ਬੁਧਿ ਬਲ ਨਾਠੀ." (ਸ੍ਰੀ ਬੇਣੀ)

ਲੋਚਨ ਭਰਣੇ: ਕ੍ਰਿ- ਹੰਝੂਆਂ ਨਾਲ ਅੱਖਾਂ ਭਰਨੀਆਂ. ਨੇਤ੍ਰਾਂ ਵਿੱਚ ਅਸ਼੍ਰੁ (ਅੱਥਰੂ) ਆਂਉਣੇ. "ਪੰਥੁ ਨਿਹਾਰੈ ਕਾਮਿਨੀ, ਲੋਚਨ ਭਰੀ ਲੇ ਉਸਾਸਾ." (ਗਉ ਕਬੀਰ) ਲੋਚਨਭਰੀ- ਲੇ- ਉਸਾਸਾ.

ਲੋਚਾ: ਦੇਖੋ, ਲੋਚ. "ਹਰਿ ਲੋਚਾ ਪੂਰਨ ਮੇਰੀਆ." (ਸ੍ਰੀ ਮਃ ੫. ਪੈਪਾਇ)

ਲੋਚਾਸਮਸਰਿ: ਵਿ- ਸਮਦ੍ਰਸ਼੍ਟਾ. ਜਿਸ ਦੀ ਲੋਚਨ- ਕ੍ਰਿਯਾ (ਦੇਖਣਾ) ਸਮਾਨ ਹੈ. "ਲੋਚਾਸਮਸਰਿ ਇਹੁ ਬਿਉਹਾਰ." (ਗਉ ਕਬੀਰ)

ਲੋਚਾਨੀ: ਵਿ- ਲੋਚ (ਇੱਛਾ) ਵਾਲੀ। ੨. ਇੱਛਾ ਉਪਜੀ. ਚਾਹ ਹੋਈ.

ਲੋਚਿ: ਇੱਛਾ ਕਰਕੇ. ਰੁਚੀ ਨਾਲ. "ਲੋਚਿ ਲੋਚਿ ਖਾਵਾਇਆ." (ਭੈਰ ਮਃ ੫)

ਲੋਚੀਜੈ: ਚਾਹੀਦੀ ਹੈ. ਇੱਛਾ ਕਰੀਦੀ ਹੈ। ੨. ਲੋਚ ਕਰੀਜੈ. "ਧੂਰਿ ਸਾਧੂ ਕੀ ਲੋਚੀਜੈ." (ਕਲਿ ਅਃ ਮਃ ੪)

ਲੋਟ: ਸੰ. लोट्. ਧਾ- ਜੂਆ ਖੇਡਣਾ, ਸੌਣਾ, ਲੇਟਣਾ, ਪਹਿਲੇ ਹੋਣਾ। ੨. ਸੰਗਜਾ- ਢੰਗ. ਤਰੀਕਾ.

ਲੋਟਨ: ਸੰ. ਸੰਗਜਾ- ਸਿਰ ਹਿਲਾਉਣ ਦੀ ਕ੍ਰਿਯਾ। ੨. ਇੱਕ ਪ੍ਰਕਾਰ ਦਾ ਕਬੂਤਰ, ਜੋ ਜਿਬਹਿ ਕੀਤੇ ਪੰਛੀ ਵਾਂਙ ਲੋਟਦਾ ਹੈ। ੩. ਝੰਡੇ (ਨਿਸ਼ਾਨ) ਦਾ ਫਰਹਰਾ. "ਲੋਟਨ ਕੇਤੁ ਰੰਗੀਨ ਅਧਾਰਾ." (ਸਲੋਹ) ੪. ਦੇਖੋ, ਲੋਟਨਛੰਦ.

ਲੋਟਨਛੰਦ: ਕਵਿ ਸੈਨਾਪਤਿ ਨੇ ਗੁਰੁਸ਼ੋਭਾ ਗ੍ਰੰਥ ਵਿੱਚ ਉੱਲਾਸ (ਕਲਸ) ਛੰਦ ਦਾ ਨਾਮ ਲੋਟਨ ਛੰਦ ਲਿਖਿਆ ਹੈ. ਦੇਖੋ, ਕਲਸ.

ਲੋਟਨਾ: ਕ੍ਰਿ- ਲਿਟਣਾ। ੨. ਘੁੰਮਣਾ. ਚਕ੍ਰ ਦੇਣਾ। ੩. ਲੋਟਨਾ. ਪਰਤਨਾ.

ਲੋਟਪੋਟ: ਵਿ- ਲਿਟਕੇ ਪੋਟ (ਗਠੜੀ) ਦੀ ਸ਼ਕਲ ਹੋਇਆ. ਜ਼ਮੀਨ ਪੁਰ ਲਿਟਦਾ ਜੋ ਪੋਟ ਬਣ ਗਿਆ ਹੈ. "ਹਉ ਲੋਟ ਪੋਟ ਹੁਇਪਈਆ." (ਬਿਲਾ ਅਃ ਮਃ ੪)

ਲੋਟਾ: ਸੰਗਜਾ- ਗੜਵਾ. "ਲੋਟੇ ਹਥਿ ਨਿਬਗ." (ਆਸਾ ਕਬੀਰ)

ਲੋਟਾਪੋਟਾ: ਦੇਖੋ, ਲੋਟਪੋਟ.

ਲੋਠਨ: ਸੰ. ਸੰਗਜਾ- ਸਿਰ ਹਿਲਾਉਣ ਦੀ ਕ੍ਰਿਯਾ। ੨. ਦੇਖੋ, ਲੁਠਨ.

ਲੋਣ: ਸੰਗਜਾ- ਲਵਣ. ਨਮਕ. ਲੂਣ. "ਇਕਨਾ ਨਾਹੀ ਲੋਣੁ." (ਸ. ਫਰੀਦ)

ਲੋਣੀ ਅਖਤਰ: ਸਰਦਾਰ ਰਤਨਸਿੰਘ ਨੇ ਪੰਥਪ੍ਰਕਾਸ਼ ਵਿੱਚ ਸਰ ਡੇਵਿਡ ਆਕਟਰਲੋਨੀ ਦਾ ਇਹ ਨਾਮ ਲਿਖਿਆ ਹੈ. "ਲੋਣੀ ਅਖਤਰ ਜੋ ਜਰਨੈਲ." (ਪ੍ਰਾਪੰਪ੍ਰ) ਦੇਖੋ, ਆਕਟਰਲੋਨੀ.

ਲੋਣੁ: ਦੇਖੋ, ਲੋਣ.

ਲੋਥ: ਸੰਗਜਾ- ਪ੍ਰਾਣ ਰਹਿਤ. ਦੇਹ. ਲਾਸ਼. "ਸਾਸ ਬਿਨਾ ਮਿਰਤਕ ਕੀ ਲੋਥਾ." (ਸੁਖਮਨੀ)

ਲੋਥੜਾ: ਸੰਗਜਾ- ਮਾਸ ਦਾ ਟੁਕੜਾ. ਬੋਟੀ.

ਲੋਦਾ: ਚੇਚਕ ਆਦਿ ਰੋਗਾਂ ਦਾ ਟੀਕਾ. ਨਸ਼ਤਰ ਨਾਲ ਖਲੜੀ ਵਿੱਚ ਲਾਗ ਲਾਉਣ ਦੀ ਕ੍ਰਿਯਾ। ੨. ਦੇਖੋ, ਲੋਧਾ.

ਲੋਦੀ: لودی ਪਠਾਣਾਂ ਦੀ ਮਤੀ ਸ਼ਾਖ਼ ਦੀ ਇੱਕ ਕੁਲ. ਇਸ ਨੇ ਦਿੱਲੀ ਵਿੱਚ ਸਨ ੧੪੫੦ ਤੋਂ ਸਨ ੧੫੨੬ ਤੀਕ ਰਾਜ ਕੀਤਾ ਹੈ. ਦੇਖੋ, ਇਬਰਾਹੀਮ ਲੋਦੀ ਅਤੇ ਦੌਲਤਖ਼ਾਂ.

ਲੋਦੀਆਨਾ: ਲੋਦੀਆਂ ਦਾ ਵਸਾਇਆ ਨਗਰ, ਦੇਖੋ, ਲੁਦਿਆਨਾ.

ਲੋਧ: ਦੇਖੋ, ਜਲਬਿਲਾ। ੨. ਸੰ. ਲੋਧ੍ਰ. ਇੱਕ ਛੋਟਾ ਬਿਰਛ, ਜੋ ਬੰਗਾਲ ਬਿਹਾਰ ਆਸਾਮ ਅਤੇ ਬਰਮਾ ਵਿੱਚ ਬਹੁਤ ਹੁੰਦਾ ਹੈ. ਇਸ ਦੀ ਛਿੱਲ ਰੰਗਣ ਦੇ ਕੰਮ ਆਉਂਦੀ ਅਤੇ ਕਈ ਦਵਾਈਆਂ ਵਿੱਚ ਵਰਤੀ ਜਾਂਦੀ ਹੈ. ਇਸ ਦੀ ਤਾਸੀਰ ਸਰਦ ਖ਼ੁਸ਼ਕ ਹੈ. ਲੋਧ ਦਾ ਕਾੜ੍ਹਾ ਪੇਚਿਸ਼ ਆਦਿ ਰੋਗ ਦੂਰ ਕਰਦਾ ਹੈ. ਇਸ ਦੀ ਟਕੋਰ ਨੇਤ੍ਰਾਂ ਦੇ ਅਨੇਕ ਰੋਗ ਹਟਾਉਂਦੀ ਹੈ. Symplocos Racemosa

ਲੋਧਾ, ਲੋਧੀ: ਇੱਕ ਕਾਸ਼ਤਕਾਰ ਜਾਤਿ, ਜੋ ਪੰਜਾਬ ਵਿੱਚ ਅਤੇ ਖ਼ਾਸ ਕਰਕੇ ਜਮਨਾ ਦੇ ਕਿਨਾਰੇ ਦੀ ਬਸਤੀਆਂ ਵਿੱਚ ਪਾਈ ਜਾਂਦੀ ਹੈ. ਇਹ ਕਾਛੀਆਂ ਵਾਂਙ ਖੇਤੀ ਦੇ ਕੰਮ ਵਿੱਚ ਨਿਪੁਣ ਹੈ. "ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ। ਲੈ ਕਰਿ ਠੇਗਾ ਟਗਰੀ ਤੋਰੀ." (ਗੌਂਡ ਨਾਮਦੇਵ) ਗਿਆਨੀਆਂ ਨੇ ਇਸ ਦੇ ਦੋ ਭਾਵ ਦੱਸੇ ਹਨ-

ਲੋਧਾ (ਪਾਪ) ਦਾ ਖੇਤ ਗਾਯਤ੍ਰੀ ਖਾਂਦੀ ਸੀ. ਵਸ਼ਿਸ਼੍ਠ ਰਿਖੀ ਨੇ ਸ੍ਰਾਫ (ਸ਼ਾਪ) ਰੂਪ ਸੋਟਾ ਮਾਰਕੇ ਉਸ ਨੂੰ ਲੰਗੜੀ (ਭਾਵ ਅਸਮਰਥ) ਕਰ ਦਿੱਤਾ. ਵਿਸ਼੍ਵਾਮਿਤ੍ਰ ਵਸ਼ਿਸ਼੍ਠ ਦੇ ਪੁਤ੍ਰਾਂ ਨੂੰ ਮਾਰਕੇ ਗਾਯਤ੍ਰੀ ਦੇ ਜਪ ਨਾਲ ਪਾਪ ਤੋਂ ਛੁਟਕਾਰਾ ਪਾਉਂਦਾ ਸੀ. ਵਸ਼ਿਸ਼੍ਠ ਨੇ ਗਾਯਤ੍ਰੀ ਦੀ ਪਾਪ ਦੂਰ ਕਰਨ ਵਾਲੀ ਸ਼ਕਤੀ ਨਾਸ਼ ਕਰ ਦਿੱਤੀ.

ਗਾਯਤ੍ਰੀ ਨੂੰ ਇੱਕ ਵੇਰ ਵਡਾ ਹੰਕਾਰ ਹੋਇਆ, ਜਿਸ ਤੇ ਬ੍ਰਹਮਾ ਨੇ ਸ੍ਰਾਫ ਦੇਕੇ ਉਸ ਨੂੰ ਗਊ ਦੀ ਜੂਨਿ ਵਿੱਚ ਪਾ ਦਿੱਤਾ. ਗਊ ਹੋਈ

ਗਾਯਤ੍ਰੀ ਲੋਧੇ ਦਾ ਖੇਤ ਖਾ ਰਹੀ ਸੀ ਕਿ ਉਸ ਨੇ ਸੋਟਾ ਮਾਰਕੇ ਲੱਤ ਭੰਨ ਦਿੱਤੀ.[1146] "ਜੈਸੇ ਮੇਘ ਬਰਖਤ ਹਰਖਤ ਹੈ ਕ੍ਰਿਸਾਨ, ਬਿਲਖ ਬਦਨ ਲੋਧਾ."[1147] (ਭਾਗੁ ਕ)

ਲੋਧੁ: ਸੰਗ੍ਯਾ- ਲੁਬ੍ਧਤਾ ਲਾਲਚਪਨ. "ਮਨਿ ਹਿਰਦੈ ਕ੍ਰੋਧੁ ਮਹਾ ਵਿਸ ਲੋਧੁ." (ਆਸਾ ਛੰਤ ਮਃ ੪) ਮਨੁੱਖਾਂ ਦੇ ਹਿਰਦੇ ਵਿੱਚ ਕ੍ਰੋਧ ਅਤੇ ਲਾਲਚ ਦੀ ਭਾਰੀ ਵਿਸ਼ ਹੈ.

ਲੋਨ: ਸੰਗ੍ਯਾ- ਲਵਣ. ਲੂਣ. ਨਮਕ। ੨. ਲੋਚਨ. ਲੋਇਨ. ਨੇਤ੍ਰ. ਦੇਖੋ, ਲਾਜਲੋਨੁ.

ਲੋਨਾ: ਵਿ- ਲਾਵਨ੍ਯਤਾ ਵਾਲਾ. ਸੁੰਦਰ. ਦੇਖੋ, ਲਾਵਨ੍ਯ। ੨. ਨਮਕੀਨ.

ਲੋਨੁ: ਦੇਖੋ, ਲੋਨ.

ਲੋਪ: ਸੰ. ਸੰਗ੍ਯਾ- ਛਿਪਣਾ. ਅਦਰਸ਼ਨ। ੨. ਵਿਨਾਸ਼। ੩. ਛੇਦਨ। ੪. ਹਾਨੀ. ਨੁਕਸਾਨ.

ਲੋਪਾਂਜਨ: ਸੰਗ੍ਯਾ- ਇੱਕ ਕਲਪਿਤ ਅੰਜਨ, ਜਿਸ ਦੇ ਨੇਤ੍ਰਾਂ ਵਿੱਚ ਪਾਉਣ ਤੋਂ ਲੋਪ ਹੋਜਾਈਦਾ ਹੈ. ਲੋਪਾਂਜਨ ਪਾਉਂਣ ਵਾਲਾ ਆਪ ਸਭ ਨੂੰ ਦੇਖਦਾ ਹੈ, ਪਰ ਹੋਰ ਉਸ ਨੂੰ ਨਹੀਂ ਦੇਖ ਸਕਦੇ. "ਲੋਪਾਂਜਨ ਦ੍ਰਿਗ ਦੈ ਚਲੀ." (ਨੰਦਦਾਸ) ਦੇਖੋ, ਲੋਕਾਂਜਨ ਅਤੇ ਲੋਕੰਜਨ.

ਲੋਪਾਮੁਦ੍ਰਾ: ਜੋ ਇਸਤ੍ਰੀਆਂ ਦੇ ਰੂਪ ਗਰਵ ਨੂੰ ਲੋਪ ਕਰ ਦੇਵੇ, ਅਜੇਹੀ ਅਗਸ੍ਤ੍ਯ ਦੀ ਇਸਤ੍ਰੀ. ਪੁਰਾਣਕਥਾ ਹੈ ਕਿ ਅਗਸ੍ਤ੍ਯ ਨੇ ਜੀਵਾਂ ਦੀ ਸੁੰਦਰਤਾ ਦਾ ਸਾਰ ਲੈਕੇ ਇੱਕ ਇਸਤ੍ਰੀ ਰਚੀ, ਜੋ ਪਾਲਨ ਲਈ ਵਿਦਰਭ ਦੇ ਰਾਜਾ ਪਾਸ ਰੱਖੀ ਅਰ ਉਸ ਦੇ ਜੁਆਨ ਹੋਣ ਪੁਰ ਉਸ ਨਾਲ ਵਿਆਹ ਕੀਤਾ.

ਲੋਪੋ: ਜਿਲਾ ਫਿਰੋਜ਼ਪੁਰ, ਤਸੀਲ ਮੋਗਾ, ਥਾਣਾ ਨਿਹਾਲਸਿੰਘ ਵਾਲੇ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਅਜਿੱਤਵਾਲ ਤੋਂ ਦਸ ਮੀਲ ਦੱਖਣ ਹੈ. ਇਸ ਪਿੰਡ ਤੋਂ ਦੱਖਣ ਪੂਰਵ ਪਾਸ ਹੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ ਨੇ ਮਧੇਹ ਤੋਂ ਇੱਥੇ ਚਰਣ ਪਾਏ ਹਨ. ਇਸ ਗੁਰਦ੍ਵਾਰੇ ਨੂੰ "ਗੁਰੂਸਰ" ਭੀ ਆਖਦੇ ਹਨ. ਦਰਬਾਰ ਅਤੇ ਰਹਾਇਸ਼ੀ ਮਕਾਨ ਬਣੇ ਹੋਏ ਹਨ. ਪੁਜਾਰੀ ਨਿਰਮਲਾ ਸਿੰਘ ਹੈ. ਇਸ ਗੁਰਦ੍ਵਾਰੇ ਨਾਲ ੧੨੦ ਘੁਮਾਉਂ ਦੇ ਕਰੀਬ ਜ਼ਮੀਨ ਕਈ ਪਿੰਡਾਂ ਵਿੱਚ ਮਹਾਰਾਜਾ ਰਣਜੀਤਸਿੰਘ ਦੇ ਸਮੇਂ ਦੀ ਹੈ.

ਲੋਬਾਨ: ਮਧ੍ਯ ਭਾਰਤ (C. P. ) ਅਤੇ ਅ਼ਰਬ ਦੇ ਦੱਖਣੀ ਸਮੁੰਦਰ ਕਿਨਾਰੇ ਹੋਣ ਵਾਲਾ ਇੱਕ ਬਿਰਛ ਅਤੇ ਉਸ ਦਾ ਗੂੰਦ. ਲੋਬਾਨ ਧੂਪ ਵਿੱਚ ਪੈਂਦਾ ਹੈ, ਇਸ ਦਾ ਧੂੰਆਂ ਸੁਗੰਧ ਵਾਲਾ ਅਤੇ ਰੋਗਾਂ ਦੇ ਸੂਖਮ ਕੀੜਿਆਂ ਨੂੰ ਮਾਰਦਾ ਹੈ. ਫੋੜੇ ਅਤੇ ਫੱਟਾਂ ਤੇ ਮਰਹਮ ਵਿੱਚ ਮਿਲਾਕੇ ਲਾਈਦਾ ਹੈ. ਅੰਤੜੀ ਦੇ ਅਨੇਕ ਰੋਗ ਖਾਧਿਆਂ ਦੂਰ ਕਰਦਾ ਹੈ. ਲੋਬਾਨ ਦਾ ਤੇਲ ਭੀ ਵੈਦ ਕਈ ਰੋਗਾਂ ਵਿੱਚ ਵਰਤਦੇ ਹਨ. ਇਸ ਦੀ ਤਾਸੀਰ ਗਰਮ ਤਰ ਹੈ. Boswellia Glabra.

ਲੋਬੀਆ: ਸੰ. ਲੋਭ੍ਯ. ਫ਼ਾ. لوبیا ਮਾਹਾਂ ਦੀ ਜਾਤਿ ਦਾ ਇੱਕ ਅੰਨ, ਜੋ ਸਾਉਣੀ ਦੀ ਫਸਲ ਵਿੱਚ ਹੁੰਦਾ ਹੈ, ਰਵ੍ਹਾਂ. (Dolichos Sineusis. (Kidney Beans).

ਲੋਭ: ਸੰਗ੍ਯਾ- ਲਾਲਚ. ਦੂਸਰੇ ਦਾ ਪਦਾਰਥ ਲੈਣ ਦੀ ਇੱਛਾ. ਦੇਖੋ, ਲੁਭ ਧਾ. "ਲੋਭ ਲਹਰਿ ਸਭੁ ਸੁਆਨੁ ਹਲਕ ਹੈ." (ਨਟ ਅਃ ਮਃ ੪)

---

[1146] ਦੇਖੋ, ਗਾਇਤ੍ਰੀ ਸ਼ਬਦ ਵਿੱਚ ਗਾਯਤ੍ਰੀ ਦੀ ਹੋਰ ਕਥਾ.

[1147] ਗਿਆਨੀ ਲੋਧਾ ਦਾ ਅਰਥ ਜੁਲਾਹਾ ਭੀ ਕਰਦੇ ਹਨ. ਵਰਖਾ ਵਿੱਚ ਜੁਲਾਹੇ ਦੀ ਪਾਟ ਢਿੱਲੀ ਪੈ ਜਾਂਦੀ ਹੈ. ਵਾਸਤਵ ਵਿੱਚ ਇੱਥੇ ਲੋਧਾ ਕਾਸ਼ਤਕਾਰ ਜਾਤੀ ਦਾ ਬੋਧਕ ਹੈ. ਲੋਧੇ ਲੋਕ ਜਮੁਨਾ ਆਦਿ ਨਦੀਆਂ ਦੀ ਬਰੇਤੀ ਵਿੱਚ ਜਾਦਾ ਖੇਤੀ ਕਰਦੇ ਹਨ. ਵਰਖਾ ਵਿੱਚ ਬਰੇਤੀ ਰੁੜ੍ਹ ਜਾਣ ਤੋਂ ਲੋਧਾ ਵਿਲਾਪ ਕਰਦਾ ਹੈ. ਕਿਉਂਕਿ ਉਸ ਦੀ ਖੇਤੀ ਰੁੜ੍ਹ ਜਾਂਦੀ ਹੈ.

ਲੋਭਨ: ਸੰ. ਸੰਗਯਾ- ਲੁਭਾਉਣ ਦੀ ਕ੍ਰਿਯਾ। ੨. ਸੰ. ਲੋਭਨੀਯ. ਵਿ- ਲੁਭਾ ਲੈਣ ਵਾਲਾ. ਦਿਲਕਸ਼. "ਲੋਭਨ ਮਹਿ ਲੋਭੀ ਲੋਭਾਇਓ." (ਸੋਰ ਮਃ ੫)

ਲੋਭ ਲਬ: ਵਿ- ਲੋਭ ਲਬਧ. ਲਾਲਚ ਨਾਲ ਪ੍ਰਾਪਤ ਕੀਤਾ.

ਲੋਭ ਲਬੀ: ਲੋਭ ਲਬ੍ਧਿ. ਸੰਗਯਾ- ਲੋਭ ਨਾਲ ਹੋਈ ਪ੍ਰਾਪਤਿ. "ਸਭ ਮਿਥਿਆ ਲੋਭ ਲਬੀ." (ਗੂਜ ਮਃ ੫)

ਲੋਭਾਈ: ਲਲਚਾਈ. ਲੁਭਾਉਂਦਾ ਹੈ.

ਲੋਭਾਗੈ: ਲੁਭਾਉਂਦਾ ਹੈ. ਲੁਬਧ ਹੁੰਦਾ ਹੈ. "ਜਿਉ ਅਲਿ ਕਮਲਾ ਲੋਭਾਗੈ." (ਸਾਰ ਮਃ ੫)

ਲੋਭਾਨੁ: ਵਿ- ਲੋਭਵਾਨ. ਲੋਭੀ. "ਲੋਭੇ ਲਗਾ ਲੋਭਾਨੁ." (ਸ੍ਰੀ ਮਃ ੧)

ਲੋਭਿ: ਲੋਭ ਕਰਕੇ. ਲੋਭ ਦਾ. "ਲੋਭਿ ਗ੍ਰਸਿਓ ਦਸਹੂ ਦਿਸ ਧਾਵਤ." (ਆਸਾ ਮਃ ੯)

ਲੋਭੀ: ਲੋਭਿਨ੍. ਵਿ- ਲਾਲਚੀ. "ਲੋਭੀ ਕਾ ਵੇਸਾਹੁ ਨ ਕੀਜੈ." (ਸਵਾ ਮਃ ੩)

ਲੋਭੁ: ਦੇਖੋ, ਲੋਭ. "ਲੋਭੁ ਮੋਹੁ ਤੁਝ ਕੀਆ." (ਵਡ ਮਃ ੧) ੨. ਲੋਭਜ. ਲਾਲਚ ਦੇ ਲਾਇਕ ਪਦਾਰਥ. "ਲੋਭੁ ਸੁਨੈ ਮਨਿ ਸੁਖਕਰਿ ਮਾਨੈ." (ਦੇਵ ਮਃ ੫)

ਲੋਮ: ਸੰ. ਸੰਗਯਾ- ਰੋਮ. ਵਾਲ. ਜੱਤ.

ਲੋਮਸ: ਸੰ. ਲੋਮਸ਼ ਵਿ- ਰੋਮਾਂਵਾਲਾ, ਜਿਸ ਦੇ ਸ਼ਰੀਰ ਪੁਰ ਬਹੁਤੇ ਰੋਮ ਹੋਣ। ੨. ਸੰਗਯਾ- ਮੀਢਾ. ਛੱਤਰਾ। ੩. ਇੱਕ ਰਿਖੀ, ਜਿਸ ਦੇ ਗਲ ਵਿੱਚ ਪਰੀਕ੍ਸ਼ਿਤ ਨੇ ਮੋਇਆ ਹੋਇਆ ਸੱਪ ਪਾ ਦਿੱਤਾ ਸੀ ਅਰ ਲੋਮਸ਼ ਦੇ ਚੇਲੇ ਸ਼੍ਰਿੰਗੀ ਰਿਖੀ ਨੇ ਸ੍ਰਾਪ ਦਿੱਤਾ ਸੀ ਕਿ ਸੱਤਵੇਂ ਦਿਨ ਤਕ੍ਸ਼ਕ ਨਾਗ ਪਰੀਕ੍ਸ਼ਿਤ ਨੂੰ ਡੰਗੇਗਾ. ਮਹਾਭਾਰਤ ਅਨੁਸਾਰ ਲੋਮਸ਼ ਰਿਖੀ ਅਮਰ ਹੈ. ਇਸ ਨੇ ਰਾਜਾ ਯੁਧਿਸ੍ਠਿਰ ਨੂੰ ਸਾਰੇ ਤੀਰਥਾਂ ਦੀ ਯਾਤ੍ਰਾ ਕਰਵਾਈ ਸੀ. "ਚਉਦਹ ਇੰਦ੍ਰ ਵਿਨਾਸ ਕਾਲ ਬ੍ਰਹਮੇ ਦਾ ਇੱਕ ਦਿਵਸ ਵਿਹਾਵੈ ਧੰਦੇ ਹੀ ਬ੍ਰਹਮਾ ਮਰੈ, ਲੋਮਸ ਦਾ ਇਕ ਰੋਮ ਛਿਜਾਵੈ." (ਭਾਗੁ)

ਅਰਥਾਤ- ਬ੍ਰਹਮਾ ਦੇ ਇੱਕ ਦਿਨ ਵਿੱਚ ਚੌਦਾਂ ਇੰਦ੍ਰ ਹੋਕੇ ਮਰ ਜਾਂਦੇ ਹਨ, ਅਰ ਅਜੇਹੇ ਦਿਨਾਂ ਦੇ ਸੌ ਵਰ੍ਹੇ ਬ੍ਰਹਮਾ ਉਮਰ ਭੋਗਦਾ ਹੈ. ਬ੍ਰਹਮਾ ਦੇ ਮਰਨ ਤੇ ਲੋਮਸ ਭੱਦਣ ਕਰਾਉਣ ਦੀ ਥਾਂ, ਕੇਵਲ ਇੱਕ ਰੋਮ ਪੁੱਟ ਛੱਡਦਾ ਹੈ ਕਿ ਬ੍ਰਹਮਾ ਰੋਜ ਪਿਆ ਮਰਦਾ ਹੈ, ਕੌਣ ਨਿਤ ਭੱਦਣ ਕਰਾਵੇ.

ਲੋਮਹਰਸਣ, ਲੋਮਹਰਖਣ: ਸੰਗਯਾ- ਲੋਮਹਸ਼ੰਣ. ਰੋਮਾਂਚ. ਰੋਮਾਂ ਦਾ ਖੜੇ ਹੋਣਾ। ੨. ਕਹਾਣੀ ਸੁਣਾਕੇ ਰੋਮਾਂਚ ਕਰ ਦੇਣ ਵਾਲਾ ਇੱਕ ਰਿਖੀ, ਜੋ ਉਗ੍ਰਸ਼੍ਰਵਾ ਦਾ ਪੁਤ੍ਰ ਅਤੇ ਵ੍ਯਾਸ ਦਾ ਚੇਲਾ ਸੀ. ਇਸ ਦਾ ਪ੍ਰਸਿੱਧ ਨਾਮ "ਸੂਤ" ਹੈ. ਇਹ ਨੈਮਿਸ਼ਾਰਣ੍ਯ ਵਿੱਚ ਰਿਖੀਆਂ ਨੂੰ ਪੁਰਾਣ ਕਥਾ ਸੁਣਾਇਆ ਕਰਦਾ ਸੀ. ਇੱਕ ਵਾਰ ਇਸ ਨੇ ਬਲਭਦ੍ਰ ਦਾ ਖੜਾ ਹੋਕੇ ਸ੍ਵਾਗਤ ਨਾ ਕੀਤਾ. ਇਸ ਅਪਰਾਧ ਦੇ ਬਦਲੇ ਉਸ ਦੇ ਹੱਥੋਂ ਮਾਰਿਆ ਗਿਆ. ਕਈਆਂ ਨੇ ਪਰਾਸ਼ਰ ਦੇ ਹੱਥੋਂ ਇਸ ਦਾ ਮਰਨਾ ਲਿਖਿਆ ਹੈ.

ਲੋਮਕੂਪ: ਲੋਮਗਰਤ. ਦੇਖੋ, ਮਸਾਮ.

ਲੋਮਪਾਦ: ਵਿ- ਜਿਸ ਦੇ ਪੈਰ ਰੋਮਾਂ ਵਾਲੇ ਹੋਣ। ੨. ਸੰਗਯਾ- ਅੰਗ ਦੇਸ਼ ਦਾ ਇੱਕ ਰਾਜਾ, ਜਿਸ ਨੇ ਦੇਸ਼ ਵਿੱਚ ਵਰਖਾ ਕਰਾਉਣ ਲਈ ਸ਼੍ਰਿੰਗੀ ਰਿਖੀ (ਰਿਸ਼੍ਯ ਸ਼੍ਰਿੰਗ) ਨੂੰ ਬੁਲਾਇਆ ਸੀ. ਇਸ ਨੂੰ ਰੋਮਪਾਦ ਭੀ ਲਿਖਿਆ ਹੈ. ਦੇਖੋ, ਸਿੰਗੀਰਿਖਿ.

ਲੋਯ: ਦੇਖੋ, ਲੋਇ.

ਲੋਯਨ: ਦੇਖੋ, ਲੋਇਣ.

ਲੋਰ: ਸੰਗਯਾ- ਲੋੜ. ਚਾਹ. ਰੁਚਿ. "ਦੇਖਨ ਕੀ ਚਿਤ ਮੇ ਬਹੁ ਲੋਰ." (ਗੁਪ੍ਰਸੂ) ੨. ਲਹਿਰ. ਤਰੰਗ। ੩. ਨਸ਼ੇ ਦੀ ਝੋਕ, ਪੀਨਕ.

ਲੋਰਉ: ਲੋੜੋ. ਚਾਹੋ। ੨. ਲੋਰਉਂ. ਚਾਹੋਂ "ਸੋ ਸਹੁ ਲੋਰਉ." (ਸੂਹੀ ਫਰੀਦ) ੩. ਦੇਖੋ, ਫੀਲੁ.

ਲੋਰਹਿ: ਲੋੜਹਿ. ਲੋੜਦਾ (ਚਾਹੁੰਦਾ) ਹੈ। ੨. ਲੋਰਹਿ". ਲੋੜਦੇ ਹਨ. "ਜੀਵਨ ਲੋਰਹਿ ਭਰਮ ਮੋਹ, ਨਾਨਕ ਤੇਊ ਗਵਾਰ." (ਬਾਵਨ)

ਲੋਰਹੁ: ਲੋੜੋ. ਚਾਹੋ। ੨. ਲੋਰਹੁੰ. ਲੋੜਦੇ ਹੋਂ। ੩. ਲੋੜਦਾ ਹਾਂ.

ਲੋਰਨਾ: ਕ੍ਰਿ- ਲੋੜਨਾ. ਚਾਹੁਣਾ.

ਲੋਰਬਰੇਸਣੀ, ਲੋਰਭਰੇਸਣੀ: ਦੇਖੋ, ਲੁਰਬਰੇਸਣੀ.

ਲੋਰੀ: ਲੋੜੀ. ਚਾਹੀ। ੨. ਸੰਗਜ੍ਯਾ- ਬਾਲਕ ਦੇ ਲਾਲਨ (ਲਡਾਉਣ) ਅਤੇ ਸੁਲਾਉਣ ਲਈ ਸ੍ਵਰ ਦਾ ਆਲਾਪ. ਅੰ. Lullaby। ੩. ਸਿੰਧੀ. ਬੇਚੈਨੀ। ੪. ਪ੍ਰਬਲ ਇੱਛਾ.

ਲੋਰੈ: ਲੋੜਦਾ (ਚਾਹੁੰਦਾ) ਹੈ. "ਜੋ ਨਾਹੀ, ਸੋ ਲੋਰੈ." (ਗਉ ਮਃ ੫)

ਲੋਰੋ: ਲੋੜੋ. ਚਾਹੋ. ਅਭਿਲਾਖਾ ਕਰੋ. "ਗੁਰੁ ਗੁਰੁ ਕਰਤ ਮਨੁ ਲੋਰੋ." (ਕਾਨ ਮਃ ੫)

ਲੋਰੋਨੀ: ਲੋੜਦੇ ਹਨ। ੨. ਸੰਗਜ੍ਯਾ- ਲੋਰੀ. "ਸਗਲ ਪਰਾਧ ਦੇਹਿ ਲੋਰੋਨੀ." (ਭੈਰ ਮਃ ੫) ਦੇਖੋ, ਲੋਰੀ ੨.

ਲੋਲ: ਸੰ. ਵਿ- ਚੰਚਲ. ਚਪਲ. ਦੇਖੋ, ਲੁਲ ਧਾ। ੨. ਲਾਲਚੀ। ੩. ਸੰਗਜ੍ਯਾ- ਜੀਭ. ਰਸਨਾ। ੪. ਲੱਛਮੀ। ੫. ਫ਼ਾ. لول ਵਿ- ਨਿਰਲੱਜ ਬੇਹ਼ਯਾ.

ਲੋਲਕ: ਸੰਗਜ੍ਯਾ- ਕੰਨ ਦਾ ਗਹਿਣਾ, ਜੋ ਕੰਨ ਦੀ ਪੇਪੜੀ ਵਿੱਚ ਪਹਿਨੀਦਾ ਹੈ. ਲਟਕਦਾ ਹੋਇਆ ਮੋਤੀ ਆਦਿ ਜੋ ਹਰ ਵੇਲੇ ਲੋਲ (ਚੰਚਲ) ਰਹਿੰਦਾ ਹੈ. "ਰੁਚਿਰ ਗੁਲਾਈ ਇਸ ਬਨੀ ਲੋਲਕ ਮਹਿ ਪਾਵੈ." (ਗੁਪ੍ਰਸੂ) ੨. ਨੱਥ ਦਾ ਬੁਲਾਕ.

ਲੋਲਣ: ਸੰਗਜ੍ਯਾ- ਭੰਡ. ਮਖ਼ੌਲੀਆ। ੨. ਭੜੂਆ. ਭੇਟੂ. ਦੱਲਾ.

ਲੋਲਪ: ਦੇਖੋ, ਲੋਲੁਪ.

ਲੋਲਾ: ਸੰ. ਸੰਗਜ੍ਯਾ- ਜੀਭ. ਰਸਨਾ। ੨. ਲੱਛਮੀ। ੩. ਦੇਖੋ, ਲੋੱਲਾ.

ਲੋਲਾਕ: ਦੇਖੋ, ਲੋਲਾਕ.

ਲੋਲੀ: ਫ਼ਾ. لولی ਲੂਲੀ. ਸੰਗਜ੍ਯਾ- ਵੇਸ਼੍ਯਾ. ਕੰਚਨੀ. ਦੇਖੋ, ਲੋਲੀਆਂ.

ਲੋਲੀਆਂ: ਫ਼ਾ. لولیاں ਲੂਲੀਆਂ. ਲੂਲੀ (ਕੰਚਨੀ) ਦਾ ਬਹੁਵਚਨ. "ਕੁੱਟਣੀਆਂ ਤੇ ਲੋਲੀਆਂ." (ਮਗੋ)

ਲੋਲੁਪ, ਲੋਲੁਭ: ਸੰ. ਵਿ- ਬਹੁਤ ਲਾਲਚ ਵਾਲਾ. ਅਤਿ ਲੋਭ ਯੁਕ੍ਤ. "ਕਪਟੀ ਨਿੰਦਕ ਲੋਲੁਪ ਨਿਗੁਰੇ." (ਸਲੋਹ)

ਲੋੱਲਾ: ਵਿ- ਜਿਸ ਦੀ ਲੋਲਾ (ਜੀਭ) ਬਹੁਤ ਚਲਦੀ ਹੈ, ਬਕਬਾਦੀ। ੨. ਬਿਨਾ ਵਿਚਾਰੇ ਕਹਿਣ ਵਾਲਾ.

ਲੋੜ: ਸੰਗਜ੍ਯਾ- ਇੱਛਾ. ਚਾਹ। ੨. ਜਰੂਰਤ. ਆਵਸ਼੍ਯਕਤਾ.

ਲੋੜਨਾ: ਕ੍ਰਿ- ਚਾਹੁਣਾ. ਇਛਾ ਕਰਨਾ. "ਕੀਤਾ ਲੋੜ ਸੁ ਹੋਇ." (ਸ੍ਰੀ ਮਃ ੫) ੨. ਖੋਜਣਾ. ਟੋਲਣਾ. "ਐਸਾ ਸਤਿਗੁਰੁ ਲੋੜਿ ਲਹੁ." (ਸ੍ਰੀ ਮਃ ੩)

ਲੋੜਿ: ਕ੍ਰਿ. ਵਿ- ਲੋੜਕੇ. ਚਾਹਕੇ। ੨. ਲੱਭਕੇ. ਖੋਜਕੇ. ਦੇਖੋ, ਲੋੜਨਾ.

ਲੋੜੀਦੜਾ, ਲੋੜੀਦਾ, ਲੋੜੀਦੋ: ਵਿ- ਲੋੜਿਆ (ਚਾਹਿਆ) ਹੋਇਆ. ਜਿਸ ਦੀ ਅਭਿਲਾਖਾ ਕਰੀਏ. "ਲੋੜੀਦੜਾ ਸਾਜਨੁ

ਮੇਰਾ." (ਜੈਤ ਮਃ ੫) "ਲੋੜੀਦੋ ਹਭ ਜਾਇ." (ਵਾਰ ਮਾਰੂ ੨. ਮਃ ੫)

ਲੋੜ੍ਹਾ: ਸੰਗਯਾ- ਉਪਦ੍ਰਵ। ੨. ਅਨਰਥ। ੩. ਜੁਲਮ.

ਲੋੜ੍ਹੀ: ਸੰਗਯਾ- ਮਾਘ ਦੀ ਸੰਕ੍ਰਾਂਤਿ ਤੋਂ ਪਹਿਲੀ ਰਾਤ੍ਰਿ. ਪੋਹ ਦੇ ਪਿਛਲੇ ਦਿਨ ਦੀ ਰਾਤ੍ਰੀ.[1148]

ਲੌ: ਦੇਖੋ, ਲਉ.

ਲੌਹ: ਸੰ. ਵਿ- ਲਾਲਰੰਗਾ। ੨. ਲੋਹੇ ਦਾ। ੩. ਸੰਗਯਾ- ਲੋਹਾ। ੪. ਅ਼. لوح ਲੌਹ਼. ਤਖ਼ਤੀ. ਫੱਟੀ. ਸਲੇਟ. ਜਿਸ ਦਾ ਬਹੁਵਚਨ الواح ਅਲਵਾਹ਼ ਹੈ. ਇਸਲਾਮ ਵਿੱਚ ਮੰਨਿਆ ਹੈ ਕਿ ਖ਼ੁਦਾ ਪਾਸ ਲੌਹ਼ੁੱਲਮਹ਼ਫ਼ੂਜ" لوح المحفوظ ਹੈ, ਅਰਥਾਤ ਹਿਫ਼ਾਜਤ ਨਾਲ ਰੱਖੀ ਤਖਤੀ ਹੈ, ਜਿਸ ਉੱਪਰ ਸਾਰੇ ਜੀਵਾਂ ਦੇ ਸ਼ੁਭ ਅਸ਼ੁਭ ਕਰਮ ਲਿਖੇ ਰਹਿੰਦੇ ਹਨ. ਕ਼ੁਰਾਨ ਵਿੱਚ ਲਿਖਿਆ ਹੈ ਕਿ ਕ਼ੁਰਾਨ ਭੀ ਖ਼ੁਦਾ ਦੀ ਤਖ਼ਤੀ ਪੁਰ ਲਿਖਿਆ ਹੋਇਆ ਹੈ. ਦੇਖੋ, ਸੂਰਤ ਜ਼ੁਖ਼ਰੁਫ਼, ਆਯਤ ੪. ਅਤੇ ਸੂਰਤ ਵਾਕ਼ਿਅ਼ਹ ਆਯਤ ੭੮-੭੯. "ਏਹ ਰੱਬਾਨੀ ਲੌਹ ਹੈ ਲਿਖੈ ਖੁਦ ਕਰਤਾਰ." (ਮਗੋ)

ਲੌਹ ਅਦਾਲਤ: ਸੰਗਯਾ- ਖ਼ੁਦਾ ਦੀ ਅਦਾਲਤ, ਜਿਸ ਵਿੱਚ ਲੌਹ ਰੱਖੀ ਹੋਈ ਹੈ. (ਮਗੋ) ਦੇਖੋ, ਲੌਹ ੪.

ਲੌਹ ਕਲਮ: ਖ਼ੁਦਾ ਦੀ ਕਲਮ ਜਿਸ ਨਾਲ ਲੌਹ ਪੁਰ ਲਿਖੀਦਾ ਹੈ. (ਮਗੋ) ਦੇਖੋ, ਲੌਹ ੪.

ਲੌਹ ਮਹਫੂਜ: ਦੇਖੋ, ਲੌਹ ੪.

ਲੌਂਕੜਾ: ਦੇਖੋ, ਲੰਕੁੜਾ.

ਲੌਕਿਕ: ਸੰ. ਵਿ- ਲੋਕ ਨਾਲ ਹੈ ਜਿਸ ਦਾ ਸੰਬੰਧ. ਸੰਸਾਰੀ। ੨. ਲੋਕ ਵਿੱਚ ਪ੍ਰਸਿੱਧ.

ਲੌਕੀ: ਤੂੰਬੀ. ਅੱਲ. ਦੇਖੋ, ਲਉਕੀ.

ਲੌਂਗ: ਦੇਖੋ, ਲਵੰਗ। ੨. ਲੌਂਗ (ਲਵੰਗ) ਦੀ ਸ਼ਕਲ ਦਾ ਇੱਕ ਭੂਖਣ, ਜੋ ਇਸਤ੍ਰੀਆਂ ਨੱਕ ਵਿੱਚ ਪਹਿਰਦੀਆਂ ਹਨ.

ਲੌਜ: ਅ਼. ਮੂੰਹ ਵਿੱਚ ਪਪੋਲਨ ਦੀ ਕ੍ਰਿਯਾ। ੨. ਅ਼. ਲੌਜ਼. ਬਾਦਾਮ। ੩. ਅ਼. ਲੌਜ. ਪਨਾਹ ਲੈਣ ਦੀ ਕ੍ਰਿਯਾ। ੪. ਪਨਾਹ. ਓਟ। ੫. ਛਾਤੀ ਨਾਲ ਲਾਉਣ ਦਾ ਭਾਵ. ਆਲਿੰਗਨ.

ਲੌਟਨਾ: ਕ੍ਰਿ- ਮੁੜਨਾ. ਫਿਰਨਾ. ਵਾਪਿਸ ਆਉਣਾ. ਘੁੰਮਣਾ.

ਲੌਂਡਾ, ਲੌਂਡੀ: ਦੇਖੋ, ਲਉਂਡਾ, ਲਉਂਡੀ.

ਲੌਢ ਘਰੀਏ: ਬਾਬਾ ਫੂਲ ਦੀ ਲੌਢੀ (ਛੋਟੀ) ਵਹੁਟੀ ਦੀ ਔਲਾਦ ਦੇ ਲੋਕ. ਦੇਖੋ, ਫੂਲਵੰਸ਼.

ਲੌਢਾ: ਦੇਖੋ, ਲਉਢੀ.

ਲੌਢਾ ਵੇਲਾ: ਸੰਗਯਾ- ਸੂਰਜ ਦੇ ਪੱਛਮ ਵੱਲ ਉਤਰਨ (ਢਲਜਾਣ) ਦਾ ਸਮਾਂ. ਛੋਟਾ ਵੇਲਾ.

ਲੌਢੀ: ਦੇਖੋ, ਲਉਢੀ.

ਲੌਤੀ: ਸੰਗਯਾ- ਛੱਤ ਦਾ ਵਧਿਆ ਹੋਇਆ ਛੱਜਾ, ਝਾਲਰ ਕਿਨਾਰਾ ਆਦਿ.

---

[1148] "ਵੈਦਿਕਧਰਮ" ਨਾਮਕ ਰਸਾਲੇ ਵਿੱਚ ਲਿਖਿਆ ਹੈ ਕਿ ਲੋੜ੍ਹੀ ਦਾ ਮੂਲ "ਤਿਲ-ਰੋੜੀ" ਹੈ, ਜਿਸ ਤੋਂ ਤਿਲੋੜੀ ਹੋਇਆ ਅਰ ਇਸ ਦਾ ਰੂਪਾਂਤਰ ਲੋੜ੍ਹੀ ਹੈ. ਲੋੜ੍ਹੀ ਦੇ ਦਿਨ ਤਿਲ ਅਤੇ ਰੋੜੀ (ਗੁੜ) ਹਵਨ ਕੀਤੇ ਅਰ ਖਾਧੇ ਜਾਂਦੇ ਹਨ.

ਲੌਂਦ: ਸੰਗਜ੍ਞਾ- ਤੀਜੇ ਵਰ੍ਹੇ ਚੰਦ੍ਰਮਾ ਦਾ ਵਧਿਆ ਹੋਇਆ ਮਹੀਨਾ. ਮਲਮਾਸ. ਮਲਮਾਸ ਵਿੱਚ ਸੰਕ੍ਰਾਂਤਿ ਨਹੀਂ ਹੁੰਦੀ. ਦੇਖੋ, ਮਲਮਾਸ ਅਤੇ ਮਾਸ.

ਲੌਨ: ਸੰਗਜ੍ਞਾ- ਲਵਣ. ਨਮਕ. ਲੂਣ। ੨. ਵਿ- ਨਮਕੀਨ. ਸਲੂਣਾ.

ਲੌਨਾ, ਲੌਨੀ: ਵਿ- ਲਾਵਨਜਤਾ (ਸੁੰਦਰਤਾ) ਵਾਲਾ, ਵਾਲੀ "ਸੁਜਨੀ ਸੇਤ ਛਾਦ ਕਰ ਲੌਨੀ." (ਗੁਪ੍ਰਸੂ)

ਲੌਪੁਰ: ਲਵਪੁਰ. ਦੇਖੋ, ਲਹੌਰ.

ਲੌਮਹਸ਼ੰਣੀ: ਲੋਮਹਰ੍ਸ਼ੰਣ (ਰੋਮਹਰ੍ਸ਼ੰਣ) ਦਾ ਪੁੱਤ. ਦੇਖੋ, ਲੋਮਹਰਸਣ.

ਲੌਬਾਲੀ: ਦੇਖੋ, ਲਉਬਾਲੀ.

ਲੌਲਾਕ: ਅ਼. لولاک ਅਗਰ ਤੂੰ ਨਾ ਹੁੰਦਾ. ਇਹ ਸੰਖੇਪ ਹੇ- ਲੌ ਲਾਕ ਲਮਾ ਖ਼ਲਕ਼ਤੁਲ ਅਫ਼ਲਾਕ لولاک لما خلقت الافلاک ਦਾ. ਅਰਥਾਤ ਜੇ ਤੂੰ ਨਾ ਹੁੰਦਾ, ਤਾਂ ਮੈਂ ਆਸਮਾਨ ਨੂੰ ਪੈਦਾ ਨਾ ਕਰਦਾ. ਇਹ ਮੁਸਲਮਾਨਾਂ ਦੇ ਮਤ ਅਨੁਸਾਰ ਈਸ਼੍ਵਰ ਦਾ ਵਾਕ੍ਯ ਪੈਗ਼ੰਬਰ ਮੁਹੰਮਦ ਲਈ ਹੈ.

ਲੌਲ੍ਯ: ਸੰ. ਸੰਗਜ੍ਞਾ- ਚਪਲਤਾ. ਲੋਲ (ਚੰਚਲ) ਹੋਣ ਦਾ ਭਾਵ.

ਲੰਕ: ਸੰਗਜ੍ਞਾ- ਲੱਕ. ਕਟਿ. ਕ਼ਮਰ. "ਕੇਹਰਿ ਲੰਕੇ." (ਅਕਾਲ) ੨. ਲੰਕਾ ਨਗਰੀ. "ਹਨੁਵੰਤ ਲੰਕ ਪਠੈਦਏ." (ਰਾਮਾਵ) ੩. ਲਾਂਬੂ. "ਲੰਕ ਲਾਯ ਗਯੋ ਹਨੁਮੰਤ ਬਲੀ." (ਰਾਮਚੰਦ੍ਰਿਕਾ) ੪. ਢੇਰ. ਅੰਬਾਰ.

ਲੰਕਸ: ਸੰਗਜ੍ਞਾ- ਲੰਕੇਸ਼. ਲੰਕਾ ਦਾ ਈਸ਼੍ਵਰ ਰਾਵਣ. "ਲੰਕਸ ਧੀਰ ਵਜੀਰ ਬੁਲਾਏ." (ਰਾਮਾਵ)

ਲੰਕਨਾਥ, ਲੰਕਪਤਿ: ਦੇਖੋ, ਲੰਕਾਪਤਿ.

ਲੰਕਰਾ, ਲੰਕਰਾਇ: ਦੇਖੋ, ਲੰਕਾ ਦਾ ਰਾਜਾ, ਰਾਵਣ.

ਲੰਕਾ: ਸੰ. लङ्का. ਸਿੰਹਲਦੀਪ (Ceylon) ਅਤੇ ਉਸ ਦੀ ਇਤਿਹਾਸ ਪ੍ਰਸਿੱਧ ਰਾਜਧਾਨੀ. ਇਹ ਵਿਸ਼੍ਵਕਰਮਾ ਨੇ ਕੁਬੇਰ ਦੇ ਰਹਿਣ ਲਈ ਮਨੋਹਰ ਪੁਰੀ ਰਚੀ ਸੀ. ਰਾਵਣ ਨੇ ਕੁਬੇਰ ਤੋਂ ਖੋਹਕੇ ਆਪਣੀ ਰਾਜਧਾਨੀ ਬਣਾਈ. ਇਸ ਦਾ ਨਾਮ "ਤਾਮ੍ਰਪਰਣੀ" ਭੀ ਹੈ. "ਲੰਕਾ ਗਢ ਸੋਨੇ ਕਾ ਭਇਆ." (ਭੈਰ ਕਬੀਰ) ੨. ਦੁਰਗਾ ਦੀ ਅੜਦਲ ਵਿੱਚ ਰਹਿਣ ਵਾਲੀ ਇੱਕ ਸ਼ਾਕਿਨੀ। ੩. ਵੇਸ਼੍ਯਾ. ਕੰਚਨੀ। ੪. ਸ਼ਾਖਾ. ਟਹਣੀ। ੫. ਲੰਕਾ ਨਾਮ ਦੀ ਇੱਕ ਰਾਖਸੀ, ਜੋ ਲੰਕਾ ਨਗਰ ਦੀ ਰਖਵਾਲੀ ਕਰਦੀ ਸੀ. ਨਗਰ ਵਿੱਚ ਦਾਖ਼ਿਲ ਹੋਣ ਸਮੇ ਹਨੁਮਾਨ ਦੀ ਇਸ ਨਾਲ ਮੁਠਭੇੜ ਹੋਈ ਸੀ.

ਲੰਕਾਣੀ: ਲੰਕਾ ਨਾਮ ਦੀ ਸ਼ਾਕਿਨੀ ਹੈ ਜਿਸ ਦੀ ਅੜਦਲ ਵਿੱਚ ਦੁਰਗਾ. ਦੇਖੋ, ਲੰਕਾ ੨. "ਗਿਰਿਜਾ ਗਾਯਤ੍ਰੀ ਲੰਕਾਣੀ." (ਦੱਤਾਵ)

ਲੰਕਾਦਾਹੀ: ਹਨੁਮਾਨ ਲੰਕਾ ਫੂਕਣ ਵਾਲਾ.

ਲੰਕਾਧਿਪ, ਲੰਕਾਨਾਥ, ਲੰਕਾਪਤਿ: ਲੰਕਾ ਦਾ ਅਧਿਪਤਿ (ਸ੍ਵਾਮੀ), ਰਾਵਣ। ੨. ਵਿਭੀਸ਼ਣ.

ਲੰਕਾਰਿ: ਲੰਕਾ- ਅਰਿ. ਰਾਮਚੰਦ੍ਰ ਜੀ। ੨. ਹਨੁਮਾਨ.

ਲੰਕੁਰਾ, ਲੰਕੁੜਾ, ਲੰਕੁੜੀਆ: ਸੰਗਜ੍ਞਾ- ਲਗੁੜ (ਦੰਡ) ਧਰ, ਦੇਵਗਣ. ਦੁਰਗਾ ਅਤੇ ਭੈਰਵ ਦੀ ਅੜਦਲ ਵਿੱਚ ਰਹਿਣ ਵਾਲਾ ਗਣ। ੨. ਹਨੁਮਾਨ, ਜੋ ਗਦਾ ਧਾਰਨ ਕਰਦਾ ਹੈ. "ਲੰਕੁੜੀਆ ਫਾਂਧੈ ਆਯੁਧ ਬਾਂਧੈ." (ਅਕਾਲ)

ਲੰਕੁੜੇਸਾ, ਲੰਕੁੜੇਸੀ: ਲੰਕੁੜੇ ਦੀ ਸ੍ਵਾਮਿਨੀ, ਦੁਰਗਾ. "ਨਮੋ ਲੰਕੁੜੇਸੀ, ਨਮੋ ਸਕਤਿਪਾਣੀ." (ਚੰਡੀ ੨)

ਲੰਕੂਰੁ: ਪੂਛ. ਦੁਮ. ਦੇਖੋ, ਲਾਂਗੂਲ. "ਹਣੁਵੰਤੁ ਜਾਗੈ ਧਰਿ ਲੰਕੂਰੁ." (ਬਸੰ ਕਬੀਰ)

ਲੰਕੇਸ, ਲੰਕੇਸ਼੍ਵਰ: ਲੰਕਾ- ਈਸ਼. ਲੇਕਸ਼, ਰਾਵਣ। ੨. ਵਿਭੀਸ਼ਣ.

ਲੰਗ: ਸੰਗਯਾ- ਕੰਧ. ਦੀਵਾਰ. "ਤਿਨ ਲੰਗ ਗੜ੍ਹ ਕੀ ਲਈ." (ਗੁਰੁਸੋਭਾ) ੨. ਸੰ. ਲਙ੍ਗ. ਵਿ- ਲੰਗੜਾ. ਲੰਙਾ. ਦੇਖੋ, ਫ਼ਾ. لنگ "ਕਰਾਹਤ ਹੈਂ ਗਿਰਿ ਸੇ ਗਜ ਲੰਗੇ." (ਚੰਡੀ ੧) ੩. ਰਿਆਸਤ ਨਜਾਮਤ ਪਟਿਆਲਾ, ਤਸੀਲ ਸਰਹਿੰਦ, ਥਾਣਾ ਮੂਲੇਪੁਰ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਪਟਿਆਲੇ ਤੋਂ ਸੱਤ ਮੀਲ ਉੱਤਰ ਹੈ. ਇਸ ਪਿੰਡ ਤੋਂ ਲਹਿੰਦੇ ਵੱਲ ਦੋ ਫਰਲਾਂਗ ਦੇ ਕ਼ਰੀਬ ਸ਼੍ਰੀ ਗੁਰੂ ਤੇਗਬਹਾਦੁਰ ਜੀ ਦਾ ਛੋਟਾ ਜਿਹਾ ਗੁਰਦ੍ਵਾਰਾ, ਅਤੇ ਰਹਾਇਸ਼ੀ ਮਕਾਨ ਪੱਕੇ ਬਣੇ ਹੋਏ ਹਨ. ਗੁਰਦ੍ਵਾਰੇ ਨਾਲ ਸੰਮਤ ੧੯੪੦ ਤੋਂ ਪਹਿਲਾਂ ਬਹੁਤ ਜਮੀਨ ਸੀ, ਜੋ ਪੁਜਾਰੀਆਂ ਦੇ ਵਿਰੋਧ ਹੋ ਜਾਣ ਪੁਰ ਸਾਰੀ ਖੁੱਸ ਗਈ, ਹੁਣ ਨਿਹੰਗਸਿੰਘ ਪੁਜਾਰੀ ਸੇਵਾ ਕਰਦਾ ਹੈ.

ਲੰਗਰ: ਸੰਗਯਾ- ਅਨਲਗ੍ਰਿਹ. ਪਾਕਸ਼ਾਲਾ. ਰਸੋਈ ਦਾ ਘਰ. "ਲੰਗਰ ਕੀ ਸੇਵਾ ਨਿਤ ਕਰਹੀ." (ਗੁਪ੍ਰਸੂ) ੨. ਇੱਕ ਯੋਗੀ, ਜਿਸ ਨੇ ਸ਼੍ਰੀ ਗੁਰੂ ਨਾਨਕਦੇਵ ਨਾਲ ਚਰਚਾ ਕੀਤੀ. "ਮਨ ਲੰਗਰ ਰੋਸ ਕਿਯੋ ਸੁਨਕੈ." (ਨਾਪ੍ਰ) ੩. ਵਿ- ਢੀਠ. ਲੱਜਾ ਰਹਿਤ. "ਖਾਵਤ ਲੰਗਰ ਦੈਕਰ ਗਾਰੀ." (ਕ੍ਰਿਸਨਾਵ) ੪. ਚਪਲ. ਚੰਚਲ। ੫. ਫ਼ਾ. لنگر ਸੰਗਯਾ- ਲੋਹੇ ਦਾ ਵਜ਼ਨਦਾਰ ਕੁੰਡਾ, ਜਿਸ ਨੂੰ ਪਾਣੀ ਵਿੱਚ ਸਿੱਟਕੇ ਜਹਾਜ ਨੂੰ ਠਹਿਰਾਇਆ ਜਾਂਦਾ ਹੈ. Anchor। ੬. ਘੰਟੇ ਆਦਿ ਦਾ ਲੰਬਕ Pendulum। ੭. ਦੋ ਤਹਿ ਦੇ ਵਸਤ੍ਰ ਨੂੰ ਸਿਉਣ ਤੋਂ ਪਹਿਲਾਂ ਜੋੜਨ ਲਈ ਲਾਇਆ ਹੋਇਆ ਟਾਂਕਾ। ੮. ਉਹ ਥਾਂ, ਜਿੱਥੇ ਅਨਾਥਾਂ ਨੂੰ ਅੰਨਦਾਨ ਮਿਲੇ। ੯. ਦੇਖੋ, ਲੋਹ ਲੰਗਰ.

ਲੰਗਰਵਾ: ਦੇਖੋ, ਲੰਗਰ ੩. ਅਤੇ ੪.

ਲੰਗਰਾ: ਵਿ- ਲੰਗੜਾ. ਡੁੰਡਾ. ਦੇਖੋ, ਲੰਗ ੨.

ਲੰਗਰਾਤ: ਕ੍ਰਿ. ਵਿ- ਲੰਗੜਾਉਂਦਾ। ੨. ਢੀਠਤਾ ਕਰਦਾ.

ਲੰਗਰਿ: ਲੰਗਰ ਵਿੱਚ. ਰਸੋਈ ਮੇਂ. "ਲੰਗਰਿ ਦਉਲਤਿ ਵੰਡੀਐ." (ਵਾਰ ਰਾਮ ੩)

ਲੰਗੜਾ: ਦੇਖੋ, ਲੰਗ ੨.

ਲੰਗੜਾਉਨਾ: ਕ੍ਰਿ- ਲੰਗ ਮਾਰਕੇ ਤੁਰਨਾ.

ਲੰਗੜੋਲੀ: ਜਿਲਾ ਹੁਸ਼ਿਆਰਪੁਰ, ਤਸੀਲ ਅਤੇ ਥਾਣਾ ਊਨੇ ਦਾ ਪਿੰਡ, ਜੋ ਰੇਲਵੇ ਸਟੇਸ਼ਨ ਹੁਸ਼ਿਆਰਪਰ ਤੋਂ ੨੨ ਮੀਲ ਉੱਤਰ ਹੈ. ਇਸ ਪਿੰਡ ਤੋਂ ਲਹਿੰਦੇ ਵੱਲ ਪਾਸ ਹੀ ਇੱਕ ਉੱਚੀ ਥਾਂ ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦਾ ਅਸਥਾਨ ਹੈ. ਸਤਿਗੁਰੂ ਜੀ ਸਲੂਰੀ ਤੋਂ ਸੁਆਂ ਪਾਰ ਹੋਕੇ ਇੱਥੇ ਕਦੀ ਕਦੀ ਬੈਠਦੇ ਹੁੰਦੇ ਸਨ. ਸਾਧਾਰਣ ਦਮਦਮਾ ਬਣਿਆ ਹੋਇਆ ਹੈ, ਸੇਵਾਦਾਰ ਕੋਈ ਨਹੀਂ.

ਲੰਗਾਹ, ਲੰਗਾਹਾ: ਪੱਟੀ ਦੇ ਪਰਗਨੇ ਦਾ ਚੌਧਰੀ ਢਿੱਲੋਂ ਜੱਟ, ਜੋ ਅਬੁੱਲਖ਼ੈਰ[1149] ਦਾ ਪੁਤ੍ਰ ਚੁਭਾਲ (ਜਿਲਾ ਅਮ੍ਰਿਤਸਰ) ਦਾ ਵਸਨੀਕ ਸੀ. ਇਹ ਪਹਿਲਾਂ ਸੁਲਤਾਨੀਆਂ ਸੀ. ਪਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੋਕੇ ਕਰਤਾਰ ਦਾ ਅਨੰਨ ਉਪਾਸਕ ਹੋਇਆ. ਇਸ ਨੇ ਹਰਿਮੰਦਿਰ ਬਣਨ ਸਮੇਂ ਵਡੇ ਪ੍ਰੇਮ ਨਾਲ ਸੇਵਾ ਕੀਤੀ. ਇਹ ਮਾਈ ਭਾਗੋ ਦਾ ਕਰੀਬੀ ਦਾਦਾ ਸੀ. ਭਾਈ ਲੰਗਾਹ ਗੁਰੂ ਅਰਜਨਦੇਵ ਜੀ ਨਾਲ ਲਹੌਰ ਕੈਦ ਰਿਹਾ ਅਤੇ ਅਸਹ ਕਸ਼੍ਟ ਸਹਾਰੇ। ੨. ਨਾਨੋਕੇ ਪਿੰਡ ਦਾ ਵਸਨੀਕ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਿੱਖ, ਜਿਸ ਨੂੰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਲਹੌਰ ਵਿੱਚ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਧਰਮਸ਼ਾਲਾ ਦਾ ਮਹੰਤ ਥਾਪਕੇ ਧਰਮ ਪ੍ਰਚਾਰ ਦੀ ਸੇਵਾ ਦਿੱਤੀ ਸੀ. ਇਹ ਛੀਵੇਂ ਸਤਿਗੁਰੂ ਜੀ ਦਾ ਸੇਨਾਨੀ ਭੀ ਸੀ. ਇਸ ਨੇ

---

[1149] ਇਹ ਮੁਸਲਮਾਨ ਨਹੀਂ ਸੀ, ਉਸ ਸਮੇਂ ਹਿੰਦੂਆਂ ਦੇ ਨਾਮ ਮੁਸਲਮਾਨਾਂ ਜੇਹੇ ਬਹੁਤ ਹੋਇਆ ਕਰਦੇ ਸਨ, ਭਾਈ ਲੰਗਾਹ ਦਾ ਪੁੱਤ ਸਿੰਕਦਰ ਅਤੇ ਜਸਮਤ ਸਨ, ਬੇਟੀ ਉਮਰੀ ਸੀ. ਉਮਰੀ ਦੀ ਔਲਾਦ ਲਾਲੂ ਘੁੰਮਣ ਪਿੰਡ (ਚੁਭਾਲ ਪਾਸ) ਹੈ, ਜਸਮਤ ਦੇ ਨਾਮ ਤੋਂ ਜਸਮਤਪੁਰਾ ਅਮ੍ਰਿਤਸਰ ਦੇ ਜਿਲੇ ਹੈ.

ਕਈ ਜੰਗਾਂ ਵਿੱਚ ਫਤੇ ਪਾਈ.

ਲੰਗਾਹਾ ਭਾਈ: ਦੇਖੋ, ਲੰਗਾਹ.

ਲੰਗੂਰ: ਲਾਙ੍ਗੂਲਿਨ. ਲਾਂਗੂਲੀ ਅਤੇ ਗੋਲਾਂਗੁਲ. ਲੰਮੀ ਪੂਛ ਵਾਲਾ ਬਾਂਦਰ, ਜਿਸ ਦਾ ਮੂੰਹ ਨੀਲਾ ਹੁੰਦਾ ਹੈ.

ਲੰਗੂਲ: ਦੇਖੋ, ਲਾਂਗੂਲ.

ਲੰਗੋਟ: ਸੰਗਯਾ- ਲਿੰਗ ਓਟ. ਲਿੰਗ ਢਕਣ ਦਾ ਵਸਤ੍ਰ. ਲਿੰਗੋਟ.

ਲੰਗੋਟਬੰਦ: ਵਿ- ਲਿੰਗੋਟ ਬੰਨ੍ਹਣ ਵਾਲਾ। ੨. ਭਾਵ- ਯਤੀ। ੩. ਸੰਗਯਾ- ਮੁੰਜ ਅਥਵਾ ਧਾਤੁ ਦੀ ਤੜਾਗੀ, ਜਿਸ ਨਾਲ ਲਿੰਗੋਟ ਵਸਤ੍ਰ ਬੰਨ੍ਹਿਆ ਜਾਵੇ. "ਭਗੌਹੈਂ ਲਸੈਂ ਵਸਤ੍ਰ ਲੰਗੋਟਬੰਦੰ." (ਦੱਤਾਵ)

ਲੰਗੋਟਾ, ਲੰਗੋਟੀ: ਲਿੰਗ- ਓਟਾ. ਲਿੰਗ- ਓਟੀ. ਦੇਖੋ, ਲੰਗੋਟ। ੨. ਦੇਖੋ, ਲੰਗੋਟਬੰਦ ੩.

ਲੰਗੋਟੀ ਤੋੜਨੀ: ਕ੍ਰਿ- ਸਾਰੇ ਵਸਤ੍ਰ ਉਤਾਰ ਲੈਣੇ, ਲਿੰਗੋਟੀ ਭੀ ਬਾਕੀ ਨਾ ਰਹਿਣ ਦੇਣੀ। ੨. ਧਾਤੁ ਦੀ ਤੜਾਗੀ ਉਤਾਰਨੀ. "ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ." (ਸ. ਕਬੀਰ) ਮੁਰਦੇ ਦੀ ਚਾਂਦੀ ਸੋਨੇ ਦੀ ਤੜਾਗੀ ਫੂਕਣ ਤੋਂ ਪਹਿਲਾਂ ਉਤਾਰ ਲੈਂਦੇ ਹਨ.

ਲੰਘ: ਸੰ. ਲਙ੍ਘ. ਧਾ- ਜਾਣਾ, ਭੁੱਖਾ ਰਹਿਣਾ, ਕਮ ਹੋਣਾ, ਸੁੱਕਣਾ, ਲੰਘਣਾ, ਮਰਯਾਦਾ ਤੋਂ ਬਾਹਰ ਹੋਣਾ.

ਲੰਘਣਾ: ਕ੍ਰਿ- ਉਲੰਘਨ ਕਰਨਾ ਉੱਪਰਦੀਂ ਜਾਣਾ. "ਚੜਿ ਲੰਘਾ ਜੀ ਬਿਖਮ ਭੁਇਅੰਗਾ." (ਵਡ ਘੋੜੀਆਂ ਮਃ ੪) ੨. ਗੁਜ਼ਰਨਾ। ੩. ਨਿਯਮ ਤੋੜਨਾ. ਦੇਖੋ, ਲੰਘ ਧਾ.

ਲੰਘਨ: ਸੰ. ਸੰਗਯਾ- ਉਲੰਘਨ. ਟੱਪਕੇ ਉੱਪਰਦੀਂ ਜਾਣ ਦੀ ਕ੍ਰਿਯਾ। ੨. ਫ਼ਾਕ਼ਾ. ਕੁਝ ਨਾ ਖਾਣਾ. ਅਭੋਜਨ। ੩. ਆਗਯਾ ਭੰਗ ਕਰਨਾ. ਦੇਖੋ, ਲੰਘ ਧਾ.

ਲੰਘਾਉਣਾ: ਕ੍ਰਿ- ਉਲੰਘਨ. ਕਰਾਉਣਾ. ਦੇਖੋ, ਲੰਘ ਧਾ. "ਗੁਰਮੁਖਿ ਪਾਰਿ ਲੰਘਾਏ." (ਵਡ ਘੋੜੀਆਂ ਮਃ ੪)

ਲੰਙ, ਲੰਙਾ: ਦੇਖੋ, ਲੰਗ ੨. "ਬਿਵਾਦ ਕਰੈ ਮਘਵਾ ਮਤਿ ਲੰਙਾ." (ਕ੍ਰਿਸਨਾਵ) ਅਕਲ ਦਾ ਲੰਙਾ (ਕਮਅਕਲ) ਇੰਦ੍ਰ ਝਗੜਾ ਕਰਦਾ ਹੈ.

ਲੰਜ: ਸੰ. ਲਞ੍ਜ੍. ਧਾ- ਭੁੰਨਣਾ, ਤਲਣਾ, ਅਪਮਾਨ ਕਰਨਾ, ਚਮਕਣਾ, ਦੁੱਖ ਦੇਣਾ, ਨਿੰਦਾ ਕਰਨਾ, ਦ੍ਰਿੜ੍ਹ ਹੋਣਾ. ਸ਼ਰਮਿੰਦਾ ਕਰਨਾ। ੨. ਸੰਗਯਾ- ਪੈਰ। ੩. ਸੋਤਾ. ਚਸ਼ਮਾ.

ਲੰਞੁ: ਸੰਗਯਾ- ਪ੍ਰਕਾਸ਼. ਚਮਤਕਾਰ। ੨. ਦ੍ਰਿੜ੍ਹਤਾ. ਦੇਖੋ, ਲੰਜ ਧਾ. "ਸਤਸੰਗਤਿ ਮਿਲਿ ਬੁਧਿ ਲੰਞੁ." (ਬਸੰ ਮਃ ੪)

ਲੰਡ: ਦੇਖੋ, ਲਾਂਡ। ੨. ਸੰ. ਲਣ੍ਡ. ਲੀਂਡ. ਵਿਸ਼੍ਠਾ ਦੀ ਬੱਤੀ. ਪਾਲੀ- ਲੰਡਮ.

ਲੰਡਾ, ਲੰਡੋਰ: ਸੰ. ਵੰਟ. ਵਿ- ਪੂਛ (ਦੁਮ) ਰਹਿਤ। ੨. ਭਾਵ- ਨਿਰਲੱਜ. ਬੇਹ਼ਯਾ। ੩. ਲੁੱਚਾ.

ਲੰਪਟ: ਸੰ. ਲਮ੍ਪਟ. ਵਿ- ਵਿਸ਼ਯ ਵਿੱਚ ਡੁੱਬਿਆ ਹੋਇਆ। ੨. ਪਰਇਸਤ੍ਰੀ ਪੁਰ ਆਸਕ੍ਤ (ਆਸ਼ਕ). "ਲੰਪਟ ਚੋਰ ਦੂਤ ਮਤਵਾਰੇ." (ਰਾਮ ਕਬੀਰ)

ਲੰਪਟਤਾ, ਲੰਪਟਾਈ: ਸੰਗਯਾ- ਲਾਂਪਟਯ. ਲੰਪਟਪੁਣਾ. "ਛੋਡਹੁ ਲੰਪਟਾਈ." (ਮਾਰੂ ਸੋਲਹੇ ਮਃ ੧)

ਲੰਬ: ਸੰ. ਲਮ੍ਬ੍. ਧਾ- ਸ਼ਬਦ ਕਰਨਾ, ਲਟਕਣਾ, ਸਿਰ ਹੇਠ ਅਤੇ ਪੈਰ ਉੱਪਰ ਕਰਕੇ ਲਟਕਣਾ, ਢੇਰ ਕਰਨਾ। ੨. ਸੰਗਯਾ- ਅਗਨਿ ਦੀ ਲਾਟ, ਜੋ ਹਵਾ ਵਿੱਚ ਸ਼ਬਦ ਕਰਦੀ ਹੈ। ੩. ਇੱਕ ਖਤ੍ਰੀ ਜਾਤਿ. "ਮਾਈਆ ਲੰਬ ਹੈ. ਸਾਧਸੰਗਤਿ ਗਾਵੈ

ਗੁਰਬਾਣੀ." (ਭਾਗੁ)

ਲੰਬਕਰਣ: ਵਿ- ਲਟਕਦੇ ਹੋਏ ਲੰਮੇ ਕੰਨਾਂ ਵਾਲਾ। ੨. ਸੰਗ੍ਯਾ- ਬਕਰਾ। ੩. ਹਾਥੀ। ੪. ਗਧਾ। ੫. ਖ਼ਰਗੋਸ਼. ਸਹਾ.

ਲੰਬਗ੍ਰੀਵ: ਲੰਮੀ ਗਰਦਨ ਵਾਲਾ, ਊਂਟ. ਊਠ.

ਲੰਬੱਤ: ਲੰਬਾਉ Longitude.

ਲੰਬਨ: ਸੰ. ਸੰਗ੍ਯਾ- ਲਟਕਣਾ। ੨. ਲੰਮਾ ਹਾਰ। ੩. ਆਸਰਾ. ਸਹਾਰਾ.

ਲੰਬਰ: ਅੰ. Number ਗਿਣਤੀ. ਸ਼ੁਮਾਰ. ਸੰਖ੍ਯਾ.

ਲੰਬਰਦਾਰ: ਨੰਬਰਦਾਰ. ਚੌਧਰੀ. ਪੰਚ.

ਲੰਬਾ: ਵਿ- ਲੰਮਾ। ੨. ਲਟਕਦਾ ਹੋਇਆ. ਦੇਖੋ, ਲੰਬ ਧਾ। ੩. ਸੰਗ੍ਯਾ- ਕੌੜੀ ਅੱਲ ਜਾਂ ਖੱਖੜੀ। ੪. ਰਿਸ਼ਵਤ। ੫. ਦੁਰਗਾ।

ਲੰਬਾਲਿਕਾ: ਸੰਗ੍ਯਾ- ਯੋਗਮਤ ਅਨੁਸਾਰ ਤਾਲੂਏ ਦੇ ਉੱਪਰ ਦਾ ਛੇਕ, ਜਿਸ ਵਿੱਚਦੀਂ ਮੱਥੇ ਵਿੱਚ ਇਸਥਿਤ ਚੰਦ੍ਰਮਾ ਤੋਂ ਅਮ੍ਰਿਤ ਝਰਦਾ ਹੈ। ੨. ਘੰਡੀ.

ਲੰਬੇ: ਇੱਕ ਪਿੰਡ, ਜੋ ਜਿਲਾ ਅੰਬਾਲਾ, ਤਸੀਲ ਖਰੜ, ਥਾਣਾ ਚੰਡੀਗੜ੍ਹ ਵਿੱਚ ਰੇਲਵੇ ਸਟੇਸ਼ਨ ਚੰਡੀਗੜ੍ਹ ਤੋਂ ਅੱਠ ਨੌ ਮੀਲ ਅਤੇ ਮਨੀਮਾਜਰੇ ਤੋਂ ਚਾਰ ਕੋਹ ਪੱਛਮ ਹੈ. ਇਸ ਤੋਂ ਪੂਰਵ ਦੋ ਫਰਲਾਂਗ ਤੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਦਾ "ਗੁਰੂ ਕਾ ਅੰਬ" ਨਾਮੇ ਗੁਰਦ੍ਵਾਰਾ ਹੈ. ਉਹ ਅੰਬ ਦਾ ਬਿਰਛ ਮੌਜੂਦ ਹੈ, ਜਿਸ ਹੇਠਾਂ ਗੁਰੂ ਜੀ ਵਿਰਾਜੇ ਸਨ. ਮੰਜੀਸਾਹਿਬ ਬਨਿਆ ਹੋਇਆ ਹੈ. ਨਾਲ ੪੦ ਵਿੱਘੇ ਜ਼ਮੀਨ ਹੈ, ਜਿਸ ਵਿੱਚ ਅੰਬਾਂ ਦੇ ਬਿਰਛ ਹਨ. ਜਿਲੇ ਦੀ ਕਮੇਟੀ ਵੱਲੋਂ ਅਕਾਲੀਸਿੰਘ ਸੇਵਾਦਾਰ ਹੈ.

ਲੰਬੋਦਰ: ਲੰਬ- ਉਦਰ. ਵਿ- ਲਟਕਦੇ ਹੋਏ ਪੇਟ ਵਾਲਾ. ਜਿਸ ਦੀ ਗੋਗੜ ਵਡੀ ਹੈ। ੨. ਸੰਗ੍ਯਾ- ਗਣੇਸ਼.

ਲੰਭ: ਸੰ. लम्भ्. ਧਾ- ਪੀੜਾ ਕਰਨਾ, ਅਨਾਦਰ ਕਰਨਾ, ਪ੍ਰਾਪਤ ਹੋਣਾ (ਮਿਲਣਾ), ਗਿਆਨ ਹਾਸਿਲ ਕਰਨਾ। ੨. ਸੰਗ੍ਯਾ- ਪ੍ਰਾਪਤੀ. ਹਾਸਿਲ ਕਰਨ ਦੀ ਕ੍ਰਿਯਾ.

ਲੰਭਨ: ਸੰ. ਸੰਗ੍ਯਾ- ਲਭਣਾ. ਪ੍ਰਾਪਤ ਕਰਨਾ.

ਲੰਭਵਾਲੀ: ਫਰੀਦਕੋਟ ਦੇ ਇਲਾਕੇ ਥਾਣਾ ਕੋਟਕਪੂਰਾ ਦਾ ਪਿੰਡ, ਜੋ ਰੇਲਵੇ ਸਟੇਸ਼ਨ ਜੈਤੋ ਤੋਂ ਛੀ ਮੀਲ ਪੂਰਵ ਹੈ. ਇਸ ਪਿੰਡ ਤੋਂ ਦੋ ਫਰਲਾਂਗ ਚੜ੍ਹਦੇ ਵੱਲ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਗੁਰਦ੍ਵਾਰਾ ਹੈ. ਇੱਥੇ ਪਹਿਲਾਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਭੀ ਚਰਣ ਪਾਏ ਹਨ ਅਰ ਇੱਕ ਸੱਪ ਨੂੰ ਮੁਕਤਿ ਦਿੱਤੀ ਹੈ. ਗੁਰਦ੍ਵਾਰੇ ਨਾਲ ੨੨ ਘੁਮਾਉਂ ਜ਼ਮੀਨ ਰਿਆਸਤ ਵੱਲੋਂ ਹੈ. ਪੁਜਾਰੀ ਸਿੰਘ ਹੈ. ਮਾਘੀ ਅਤੇ ਵੈਸਾਖੀ ਨੂੰ ਮੇਲਾ ਹੁੰਦਾ ਹੈ ਜਦ ਦਸ਼ਮੇਸ਼ ਜੀ ਇੱਥੇ ਆਏ ਸਨ. ਤਦ ਡੇਰਾ ਡੋਡ ਪਿੰਡ ਦੀ ਜੂਹ ਵਿੱਚ ਹੋਇਆ ਸੀ. ਦੇਖੋ, ਡੋਡ ੨.

ਲੰਮ: ਦੇਖੋ, ਲੰਬ.

ਲੰਮੜਾ, ਲੰਮਾ: ਵਿ- ਦੇਖੋ, ਲੰਬਾ। ੨. ਦੀਰਘ. "ਸੋਹਣੇ ਨਕ, ਜਿਨ ਲੰਮੜੇ ਵਾਲਾ." ਵਡ ਛੰਤ ਮਃ ੧) "ਲੰਮਾ ਨਕ ਕਾਲੇ ਤੇਰੇ ਨੈਣ." (ਮਲਾ ਮਃ ੧) ੩. ਦੇਖੋ, ਲੰਮਾ ਦੇਸ.

ਲੰਮਾ ਤਾਰਾ: ਦੇਖੋ, ਤਾਰਾ ਲੰਮਾ.

ਲੰਮਾ ਦੇਸ: ਪੇਸ਼ਾਵਰ ਅਟਕ ਆਦਿ ਦੇ ਇਲਾਕੇ ਦਾ ਉੱਤਰ ਪੱਛਮੀ ਦੇਸ਼. "ਜੋ ਸਿਖ ਲੰਮੇਦੇਸ ਮਝਾਰ." (ਗੁਪ੍ਰਸੂ) ੨. ਰਾਵੀ ਅਤੇ ਬਿਆਸ ਦਾ ਦੋਆਬ। ੩. ਭਾਵ- ਚੌਰਾਸੀ ਦਾ ਚਕ੍ਰ. ਆਵਾਗਮਨ. "ਬਹੁਤ ਸਜਾਇ ਪਇਆ ਦੇਸਿਲੰਮੈ." (ਮਾਰੂ ਅੰਜੁਲੀ ਮਃ ੫)

ਲੰਮੀ ਨਦਰਿ: ਸੰਗਯਾ- ਦੂਰਅੰਦੇਸ਼ੀ. ਦੀਪਕ ਦਸ਼ਿੰਤਾ. "ਮੰਦਾ ਮੂਲਿ ਨ ਕੀਚਈ, ਦੇ ਲੰਮੀਨਦਰਿ ਨਿਹਾਲੀਐ." (ਵਾਰ ਆਸਾ)

ਲੰਮੇ: ਲੰਮਾ (ਲੰਬਾ) ਦਾ ਬਹੁਵਚਨ। ੨. ਲੰਮੇ (ਦੀਰਘ) ਨੂੰ. ਜੋ ਸਭ ਤੋਂ ਵਡਾ ਹੈ ਉਸ ਨੂੰ "ਲੰਮੇ ਸੇਵਹਿ ਦਰੁ ਖੜਾ." (ਵਾਰ ਮਾਰੂ ੨. ਮਃ ੫) ੩. ਸੰਗਯਾ- ਜਿਲਾ ਲੁਦਿਆਨਾ, ਤਸੀਲ ਅਤੇ ਥਾਣਾ ਜਗਰਾਉਂ ਦਾ ਪਿੰਡ, ਜੋ ਰੇਲਵੇ ਸਟੇਸ਼ਨ ਜਗਰਾਉਂ ਤੋਂ ਅੱਠ ਮੀਲ ਦੱਖਣ ਪੱਛਮ ਹੈ, ਅਰ ਰਾਇਕੋਟ ਵਾਲੀ ਪੱਕੀ ਸੜਕ ਤੋਂ ਇੱਕ ਮੀਲ ਕਿਨਾਰੇ ਹੈ. ਇਸ ਪਿੰਡ ਵਿੱਚ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਗੁਰਦ੍ਵਾਰਾ ਹੈ. ਗੁਰੂਸਾਹਿਬ ਮਾਛੀਵਾੜੇ ਵੱਲੋਂ ਆਕੇ ਇੱਥੇ ਵਿਰਾਜੇ ਹਨ. ਭਾਈ ਸੰਤੋਖਸਿੰਘ ਨੇ ਲਿਖਿਆ ਹੈ ਕਿ ਕਲ੍ਹਾਰਾਯ ਨੂੰ ਗੁਰੂ ਸਾਹਿਬ ਨੇ ਇਸੇ ਥਾਂ ਖੜਗ ਬਖ਼ਸ਼ਿਆ ਹੈ. ਦੇਖੋ, ਕਲ੍ਹਾਰਾਯ. ਹੁਣ ਦਰਬਾਰ ਨਵਾਂ ਬਣ ਰਿਹਾ ਹੈ. ਗੁਰਦ੍ਵਾਰੇ ਨਾਲ ੪੦ ਘੁਮਾਉਂ ਜ਼ਮੀਨ ਕਈ ਪਿੰਡਾਂ ਵੱਲੋਂ ਹੈ. ਪੁਜਾਰੀ ਸਿੰਘ ਹੈ. ਇਸ ਪਿੰਡ ਨੂੰ ਲੰਮੇ ਜਟਪੁਰੇ ਭੀ ਆਖਦੇ ਹਨ. ਕਿਸੇ ਸਮੇਂ ਇਸ ਦਾ ਨਾਮ ਰਣਧੀਰਗੜ੍ਹ ਸੀ.

ਲੰਮੇ ਜਟਪੁਰੇ: ਦੇਖੋ, ਲੰਮੇ ੩.

ਲ੍ਰਿ: ਸੰ. लृ. ਪ੍ਰਿਥਿਵੀ। ੨. ਪਹਾੜ। ੩. ਦੇਵਤਾ ਅਤੇ ਦੈਤਾਂ ਦੀ ਮਾਤਾ.

ਲ੍ਰੀ: ਸੰ. लृ. ਦੇਵਤਾ ਦੀ ਇਸਤ੍ਰੀ. ਦੇਵੀ। ੨. ਦੈਤਾਂ ਦੀ ਮਾਂ। ੩. ਸ਼ਿਵ। ੪. ਵਿਸ਼ਨੁ.

ਵ[1150]: ਪੰਜਾਬੀ ਵਰਣਮਾਲਾ ਦਾ ਚੌਤੀਹਵਾਂ ਅੱਖਰ. ਇਸ ਦੇ ਉੱਚਾਰਣ ਦਾ ਅਸਥਾਨ ਦੰਦ ਅਤੇ ਹੋਠ ਹੈ. ਇਹ ਪੰਜਾਬੀ ਵਿੱਚ ਕਈ ਵਾਰ ਮ ਦੀ ਥਾਂ ਬਦਲ ਜਾਂਦਾ ਹੈ ਜੈਸੇ- ਗਮਨ ਦੀ ਥਾਂ ਗਵਨ, ਰਮਣ ਦੀ ਥਾਂ ਰਵਣ, ਭ੍ਰਮਣ ਦੀ ਥਾਂ ਭਵਣ ਆਦਿ। ੨. ਸੰ. ਸੰਗਯਾ- ਵਾਯੁ. ਪੌਣ. ਹਵਾ। ੩. ਤੀਰ. ਵਾਣ। ੪. ਸਲਾਹ. ਮਸ਼ਵਰਾ। ੫. ਤਸੱਲੀ. ਦਿਲਾਸਾ। ੬. ਕਲਯਾਣ. ਭਲਾਈ। ੭. ਸਮੁੰਦਰ। ੮. ਵਸਤ੍ਰ। ੯. ਪ੍ਰਣਾਮ. ਬੰਦਨਾ। ੧੦. ਬਘਿਆੜ. ਭੇਡੀਆ। ੧੧. ਬਿਰਛ। ੧੨. ਸ਼ਰਾਬ. ਮਦਯ। ੧੩. ਭੁਜਾ. ਬਾਹੁ। ੧੪. ਸ਼ੇਰ. ਸ਼ਾਰਦੂਲ। ੧੫. ਵਿ- ਬਲਵਾਨ। ੧੬. ਜੇਹਾ. ਜੈਸਾ। ੧੭. ਅ਼. ਵਯ- ਔਰ. ਪੁਨਹ। ੧੮. ਭੀ. ਅਪਿ.

ਵਇ: ਦੇਖੋ, ਵਯ। ੨. ਦੇਖੋ, ਵੈ.

ਵਇਸ: ਦੇਖੋ, ਵਯ ੨। ੨. ਦੇਖੋ, ਵੈਸ.

ਵਏ: ਉਪਜੇ. ਪੈਦਾ ਹੋਏ. "ਤਿਨ ਤੇ ਪੁਤ੍ਰ ਪੌਤ੍ਰ ਜੇ ਵਏ। ਰਾਜ ਕਰਤ ਇਹ ਜਗ ਕੋ ਭਏ ॥" (ਵਿਚਿਤ੍ਰ) ੨. ਹੋਏ. ਭਏ. "ਹਰੀਕ੍ਰਿਸ਼ਨ ਤਿਨ ਕੇ ਸੁਤ ਵਏ." (ਵਿਚਿਤ੍ਰ) ੩. ਵਯ. ਸੰਬੋਧਨ. ਓਏ!

ਵਸ: ਸੰ. वश्. ਧਾ- ਇੱਛਾ ਕਰਨਾ (ਚਾਹੁਣਾ). ੨. ਸੰ. वस्. ਧਾ- ਵਸਣਾ (ਰਹਿਣਾ), ਓਢਣਾ, ਪ੍ਰੀਤਿ ਕਰਨਾ, ਅੰਗੀਕਾਰ ਕਰਨਾ, ਨਸ਼੍ਟ ਕਰਨਾ, ਨਿਸ਼ਚਲ ਹੋਣਾ (ਟਿਕਣਾ). ੩. ਸੰ. ਵਸ਼. ਸੰਗਯਾ- ਕ਼ਾਬੂ (ਅਧੀਨ) ਹੋਣ ਦਾ ਭਾਵ। ੪. ਮਾਲਿਕਪਨ. ਪ੍ਰਭੁਤ੍ਵ। ੫. ਵਿ- ਕ਼ਾਬੂ ਆਇਆ. ਵਸ਼ ਹੋਇਆ। ੬. ਦੇਖੋ, ਵਸਸੀ ੨। ੭. ਫ਼ਾ. وش ਵਸ਼. ਵਿ- ਵਾਂਙ. ਮਾਨਿੰਦ. ਤੁੱਲ. ਸਮਾਨ.

ਵਸਸਿ, ਵਸਸੀ: ਵਸੇਗਾ. ਨਿਵਾਸ ਕਰਸੀ। ੨. ਵਸ (ਵ੍ਰਿਸ਼੍ਰਿ- वृष्टि) ਕਰਸੀ. ਵਰਸੇਗਾ. "ਆਪਣੀ ਕਿਰਪਾ ਕਰਿਕੈ ਵਸਸੀ, ਵਣੁ ਤ੍ਰਿਣੁ ਹਰਿਆ ਹੋਇਆ." (ਮਃ ੩. ਵਾਰ ਮਲਾ) ਦੇਖੋ, ਵ੍ਰਿਸ਼੍ ਧਾ। ੩. ਸੰ. वससि. ਤੂੰ ਵਸਦਾ ਹੈਂ. ਦੇਖੋ, ਬਸਸਿ.

ਵਸਕੀਨ: ਵਿ- ਵਾਸ ਕਰਨ ਵਾਲਾ. ਬਾਸ਼ਿੰਦਹ. ਸਕੂਨਤ ਰੱਖਣ ਵਾਲਾ. ਇਸ ਦਾ ਰੂਪਾਂਤਰ ਵਸਨੀਕ ਹੈ.

ਵਸਗਤ, ਵਸਗਤਿ: ਸੰ. ਵਸ਼ਗਤ ਵਿ- ਵਸ਼ ਆਇਆ. ਅਧੀਨ ਹੋਇਆ. ਕ਼ਾਬੂ ਆਇਆ. "ਪੰਚੇ ਵਸਗਤਿ ਆਏ ਰਾਮ."

---

[1150] ਦੇਖੋ, ਵ ਅੱਖਰ ਦਾ ਫੁੱਟਨੋਟ. ਜੇ ਕੋਈ ਸ਼ਬਦ ਵਾਵ ਵਿੱਚ ਨਾ ਲੱਭੇ, ਤਦ ਬੱਬੇ ਵਿੱਚ ਵੇਖਣਾ ਚਾਹੀਏ.

(ਬਿਹਾ ਛੰਤ ਮਃ ੪) "ਸਭੁ ਕੋ ਵਸਗਤਿ ਕਰਿਲਇਓਨੁ." (ਸ੍ਰੀ ਮਃ ੫)

ਵਸਣ, ਵਸਣਾ, ਵਸਣੁ: ਸੰ. ਵਸਨ. ਸਿੰਧੀ. ਵਸਣੁ. ਰਹਿਣਾ. ਨਿਵਾਸ ਕਰਨਾ. ਦੇਖੋ, ਵਸ ੨। ੨. ਸੰ. वर्षण. ਵਰ੍ਸ਼ਣ. ਬਰਸਣਾ. ਵਰ੍ਹਣਾ. ਮੀਂਹ ਪੈਣਾ. ਦੇਖੋ, ਵਸਸੀ ੨.

ਵਸਤ: ਵਸਦਾ ਹੈ। ੨. ਦੇਖੋ, ਵਸਤੁ। ੩. ਅ਼. وسط ਵਸ੍ਤ਼. ਕਮਰ. ਲੱਕ. ਕਟਿ। ੪. ਮਧ੍ਯ ਭਾਗ. ਵਿਚਾਲਾ.

ਵਸਤਿ, ਵਸਤੀ: ਸੰ. ਵਸਤਿ. ਵਸਦਾ ਹੈ। ੨. ਸੰਗ੍ਯਾ- ਰਹਾਇਸ਼. ਨਿਵਾਸ। ੩. ਘਰ. ਨਿਵਾਸ ਦਾ ਥਾਂ। ੪. ਆਬਾਦੀ. ਵਸੋਂ। ੫. ਰਾਤ. ਰਾਤ੍ਰਿ। ੬. ਸੰ. वस्ति- ਵਸ੍ਤਿ. ਮਸਾਨਾ. ਮੂਤ੍ਰਾਸ਼ਯ। ੭. ਪੇਡੂ। ੮. ਪਿਚਕਾਰੀ। ੯. ਦੇਖੋ, ਖਟਕਰਮ ੨. ਦਾ (ਸ).

ਵਸਤੁ: ਸੰ. ਵਸ੍ਤੁ. ਸੰਗ੍ਯਾ- ਉਹ ਪਦਾਰਥ, ਜਿਸ ਦੀ ਹੋਂਦ (ਅਸ੍ਤਿਤ੍ਵ) ਹੋਵੇ. ਚੀਜ਼. "ਵਸਤੂ ਅੰਦਰਿ ਵਸ੍ਤੁ ਸਮਾਵੈ." (ਵਾਰ ਆਸਾ)

ਵਸਤੁਤਹ: ਸੰ. वस्तुतः ਵ੍ਯ- ਸਚਮੁਚ. ਅਸਲੋਂ.

ਵਸਤੁ ਨਿਰਦੇਸ਼: ਦੇਖੋ, ਮੰਗਲਾਚਰਣ (ੳ).

ਵਸਤ੍ਰ: ਸੰ. ਸੰਗ੍ਯਾ- ਵਸ੍ਤ੍ਰ. ਕਪੜਾ. ਦੇਖੋ, ਵਸ ਧਾ ੨. "ਵਸਤ੍ਰ ਪਖਾਲਿ ਪਖਾਲੇ ਕਾਇਆ." (ਮਃ ੧. ਵਾਰ ਮਾਝ)

ਵਸਨ: ਵਸਤ੍ਰ. ਪੋਸ਼ਾਕ। ੨. ਰਹਿਣਾ. ਨਿਵਾਸ. ਦੇਖੋ, ਬਸਨ। ੩. ਸੰ. वस्न्. ਵਸ੍ਨ. ਸੰਗ੍ਯਾ- ਮਜ਼ਦੂਰੀ। ੪. ਤਨਖ਼੍ਵਾਹ। ੫. ਧਨ। ੬. ਮੁੱਲ. ਕੀਮਤ। ੭. ਛਿਲਕਾ. ਤ੍ਵਚਾ। ੮. ਮੌਤ.

ਵਸਨੀਕ: ਵਸਣ ਵਾਲਾ. ਨਿਵਾਸ ਕਰਤਾ ਦੇਖੋ, ਵਸਕੀਨ.

ਵਸਫ਼, ਵਸਬ: ਅ਼. وصف ਵਸਫ਼. ਸੰਗ੍ਯਾ- ਗੁਣ. ਖ਼ੂਬੀ। ੨. ਤਅ਼ਰੀਫ਼. ਵਡਿਆਈ। ੩. ਹਾਲ. ਵ੍ਰਿੱਤਾਂਤ.

ਵਸਮਾ: ਅ਼. وسمہ ਵਸਮਹ. ਸੰਗ੍ਯਾ- ਨੀਲ ਦੇ ਪੱਤਿਆਂ ਦਾ ਚੂਰਣ, ਜਿਸ ਨਾਲ ਵਾਲ ਰੰਗੇ ਜਾਂਦੇ ਹਨ.

ਵਸਲ: ਅ਼. وصل ਵਸਲ. ਸੰਗ੍ਯਾ- ਮਿਲਾਪ. ਮੇਲ. ਜੋੜ। ੨੨ ਸੂਫ਼ੀ ਅਤੇ ਵੇਦਾਂਤੀਆਂ ਦੇ ਮਤ ਅਨੁਸਾਰ ਜੀਵਾਤਮਾ ਦੀ ਪਰਮਾਤਮਾ ਨਾਲ ਅਭੇਦਤਾ.

ਵਸ਼ਵਰਤੀ: ਸੰ. वशवर्त्तिन. ਵਿ- ਕ਼ਾਬੂ ਰਹਿਣ ਵਾਲਾ. ਵਸ਼ੀਭੂਤ. ਜੋ ਵਸ਼ ਵਿੱਚ ਰਹਿੰਦਾ ਹੈ.

ਵਸਵਾਸ: ਅ਼. وسواس ਸੰਗ੍ਯਾ- ਖਟਕਾ ਧੜਕਾ. ਸੰਸਾ. ਸ਼ੱਕ। ੨. ਘੁੰਘਰੂ ਆਦਿ ਦਾ ਛਣਕਾਰ। ੩. ਹਵਾ ਨਾਲ ਹੋਇਆ ਬਿਰਛਾਂ ਦਾ ਖੜਕਾ.

ਵਸਾ: ਸੰ. ਸੰਗ੍ਯਾ- ਚਰਬੀ। ੨. ਸੰ. ਵਸ਼ਾ. ਕਨ੍ਯਾ। ੩. ਬਾਂਝ (ਬੰਧ੍ਯਾ) ਇਸਤ੍ਰੀ। ੪. ਹਥਿਣੀ। ੫. ਗਊ। ੬. ਭੇਡ.

ਵਸਾਉਣਾ: ਕ੍ਰਿ- ਵਸ਼ ਆਉਣਾ. ਕ਼ਾਬੂ ਆਉਣਾ। ੨. ਵਸ਼ ਚੱਲਣਾ। ੩. ਆਬਾਦ ਕਰਨਾ. ਦੇਖੋ, ਵਸ ਧਾ ੨.

ਵਸਾਈ: ਵਸ਼ ਚਲਦਾ ਹੈ. "ਇਨ ਕਾ ਵਾਹਿਆ ਕਛੁ ਨ ਵਸਾਈ." (ਗੌਂਡ ਮਃ ੪) ੨. ਆਬਾਦ ਕੀਤੀ.

ਵਸਾਖ: ਸੰ. ਵੈਸ਼ਾਖ. ਸੰਗ੍ਯਾ- ਵਿਸ਼ਾਖਾ ਨਛਤ੍ਰ ਵਾਲੀ ਜਿਸ ਮਹੀਨੇ ਦੀ ਪੂਰਣਮਾਸੀ ਹੈ.

ਵਸਾਰ: ਸੰ. ਸੰਗ੍ਯਾ- ਇੱਛਾ। ੨. ਅਭਿਪ੍ਰਾਯ. ਮਨੋਰਥ। ੩. ਦੇਖੋ, ਬਸਾਰ.

ਵਸਿ: ਦੇਖੋ, ਵਸ। ੨. ਦੇਖੋ, ਵਸ਼੍ਯ. "ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ." (ਸੂਹੀ ਮਃ ੫)

ਵਸਿਸਟ, ਵਸਿਸ੍ਰ, ਵਸ਼ਿਸ਼੍ਠ: ਦੇਖੋ, ਬਸਿਸਟ ਅਤੇ ਵਿਸ਼੍ਵਾਮਿਤ੍ਰ.

ਵਸ਼ਿਤਾ, ਵਸ਼ਿਤ੍ਵ: ਸੰ. ਸੰਗ੍ਯਾ- ਇੱਕ ਯੋਗਸਿੱਧਿ. ਦੇਖੋ, ਅਸਟਸਿੱਧਿ। ੨. ਵਸ਼ ਕਰਨ ਦਾ ਭਾਵ. ਕਾਬੂ ਕਰਨ ਦਾ ਭਾਵ. ਕਾਬੂ ਕਰਨ ਦੀ ਕ੍ਰਿਯਾ। ੩. ਸੁਤੰਤ੍ਰਤਾ. ਖ਼ੁਦਮੁਖ਼ਤਾਰੀ.

ਵਸਿਲੈ: ਕ੍ਰਿ. ਵਿ- ਵਸੀਲੇ ਦ੍ਵਾਰਾ. ਜਰੀਅ਼ਹ ਸੇ "ਇੰਦ੍ਰੀ ਵਸਿਲੈ ਜਿਤਨੋ." (ਗਉ ਮਃ ੫) ਦੇਖੋ, ਵਸੀਲਾ। ੨. ਵਸ਼ ਕਰਕੇ.

ਵਸੀ: ਆਬਾਦ ਹੋਈ. ਵਸਦੀ ਰਹੀ. "ਜਿਚਰੁ ਵਸੀ ਪਿਤਾ ਕੈ ਸਾਥਿ." (ਆਸਾ ਮਃ ੫) ੨. ਵਸਦਾ ਹੈ. "ਵਸੀ ਰਬੁ ਹਿਆਲੀਐ." (ਸ. ਫਰੀਦ) ੩. ਸੰ. वशिन्. ਕਾਬੂ ਰੱਖਣ ਵਾਲਾ. ਜਿਤੇਂਦ੍ਰਿਯ। ੪. ਸ੍ਵਾਧੀਨ. ਸ੍ਵਤੰਤ੍ਰ.

ਵਸੀਅ, ਵਸੀਅ਼, ਵਸੀਹ: ਅ਼. وسیع ਵਿ- ਖੁਲ੍ਹਾ. ਚੌੜਾ। ੨. ਬਹੁਤ. ਅਧਿਕ.

ਵਸ਼ੀਕਰਣ: ਸੰ. ਸੰਗ੍ਯਾ- ਕ਼ਾਬੂ ਕਰਨ ਦੀ ਕ੍ਰਿਯਾ। ੨. ਤੰਤ੍ਰਸ਼ਾਸਤ੍ਰ ਅਨੁਸਾਰ ਵਸ਼ ਕਰਨ ਵਾਲਾ ਮੰਤ੍ਰ.

ਵਸੀਕਾ, ਵਸੀਕ਼ਾ: ਅ਼. وثیقہ ਵਸੀਕ਼ਾ. ਸੰਗ੍ਯਾ- ਲਿਖਤ. ਤਹ਼ਰੀਰ। ੨. ਇਕ਼ਰਾਰਨਾਮਾ. ਪ੍ਰਤਿਗ੍ਯਾਪਤ੍ਰ.

ਵਸ਼ੀਭੂਤ: ਸੰ. ਵਿ- ਵਸ਼ ਹੋਇਆ. ਕ਼ਾਬੂ ਆਇਆ.

ਵਸੀਯਤ: ਅ਼. وصیت ਵਸੀਯਤ ਸੰਗ੍ਯਾ- ਨਸੀਹ਼ਤ. ਸਿਖ੍ਯਾ। ੨. ਆਪਣੇ ਮਰਨ ਪਿੱਛੋਂ ਧਨ ਸੰਪਦਾ ਬਾਬਤ ਨਸੀਹ਼ਤ ਕਰਨ ਦੀ ਲਿਖਤ. Will.

ਵਸੀਯਤਨਾਮਹ: ਫ਼ਾ. وصیت نامہ ਵਸੀਯਤਨਾਮਾ. ਸੰਗ੍ਯਾ- ਵਸੀਯਤ ਦੀ ਲਿਖਤ. ਦੇਖੋ, ਵਸੀਯਤ.

ਵਸੀਲਾ: ਅ਼. وسیلہ ਸੰਗ੍ਯਾ- ਜਰੀਅ਼ਹ. ਮਧ੍ਯਸ੍ਥਤਾ. ਵਿਚੋਲਗੀ। ੨. ਸੰਬੰਧ. ਤਅ਼ੱਲਕ.

ਵਸੁ: ਸੰ. ਸੰਗ੍ਯਾ- ਧਨ। ੨. ਰਤਨ। ੩. ਸ੍ਵਰਣ. ਸੋਨਾ। ੪. ਜਲ। ੫. ਸੂਰਜ। ੬. ਅਗਨਿ। ੭. ਕਿਰਣ। ੮. ਚਮਕ. ਪ੍ਰਕਾਸ਼। ੯. ਅੱਠ ਗਣ ਦੇਵਤਾ, ਜਿਨ੍ਹਾਂ ਦੀ ਮਹਾਭਾਰਤ ਅਨੁਸਾਰ ਵਸੁ ਸੰਗ੍ਯਾ- ਹੈ- ਧਰ, ਧ੍ਰੁਵ, ਸੋਮ, ਵਿਸ਼ਨੁ, ਅਨਿਲ, ਅਨਲ, ਪ੍ਰਤ੍ਯੂਸ਼ ਅਤੇ ਪ੍ਰਭਾਸ.

ਭਾਗਵਤ ਅਨੁਸਾਰ- ਦ੍ਰੋਣ, ਪ੍ਰਾਣ, ਧ੍ਰੁਵ, ਅਰਕ, ਅਗਨਿ, ਦੋਸ਼, ਵਾਸ੍ਤੁ ਅਤੇ ਵਿਭਾਵਸੁ.

ਅਗਨਿ ਪੁਰਾਣ ਅਨੁਸਾਰ- ਆਪ, ਧ੍ਰੁਵ, ਸੋਮ, ਧਰ, ਅਨਿਲ, ਅਨਲ ਪ੍ਰਤ੍ਯਯ ਅਤੇ ਪ੍ਰਭਾਸ। ੧੦. ਅੱਠ ਸੰਖ੍ਯਾ ਬੋਧਕ, ਕਿਉਂਕਿ ਵਸੁ ਦੇਵਤਾ ਅੱਠ ਹਨ। ੧੧. ਵਿ- ਸਭ ਵਿੱਚ ਵਸਣ ਵਾਲਾ। ੧੨. ਜਿਸ ਵਿੱਚ ਸਭ ਦਾ ਵਾਸ ਹੋਵੇ.

ਵਸੁਦ: ਸੰ. ਸੰਗ੍ਯਾ- ਵਸੁ (ਧਨ) ਦੇਣ ਵਾਲਾ, ਧਨਦ. ਕੁਬੇਰ। ੨. ਵਿ- ਉਦਰ. ਦਾਨੀ.

ਵਸੁਦਾ: ਵਸ (ਧਨ) ਦੇਣ ਵਾਲੀ, ਵਿਦ੍ਯਾ. ਵਿਦ੍ਯਾ ਦ੍ਵਾਰਾ ਹੀ ਸਾਰੇ ਪਦਾਰਥ ਪ੍ਰਾਪਤ ਹੁੰਦੇ ਹਨ। ੨. ਪ੍ਰਿਥਿਵੀ.

ਵਸੁਦੇਵ: ਦੇਖੋ, ਬਸੁਦੇਵ.

ਵਸੁੰਧਰਾ, ਵਸੁਧਾ: ਪ੍ਰਿਥਿਵੀ. ਦੇਖੋ, ਬਸੁੰਧਰਾ ਅਤੇ ਬਸੁਧਾ। ੨. ਵਰੁਣ ਦੇਵਤਾ ਦੀ ਪੁਰੀ "ਵਸੁਧਾ."

ਵਸੁਧਾਧਰ: ਸੰਗ੍ਯਾ- ਪਹਾੜ। ੨. ਕਰਤਾਰ। ੩. ਸ਼ੇਸ਼ਨਾਗ। ੪. ਵਿਸ਼ਨੁ.

ਵਸੁਧਾਧਿਪ: ਵਸੁਧਾ (ਪ੍ਰਿਥਿਵੀ) ਦਾ ਅਧਿਪਤਿ (ਮਾਲਿਕ) ਰਾਜਾ.

ਵਸੁਮਤ, ਬਸਮਤ: ਰਾਜ ਹੈਦਰਾਬਾਦ ਦੱਖਣ ਦੇ ਪ੍ਰਭਾਨੀ ਜਿਲੇ ਵਿੱਚ ਇੱਕ ਨਗਰ. ਸ਼੍ਰੀ ਗੁਰੂ ਗੋਬਿੰਦਸਿੰਘ ਜੀ ਨਦੇੜ ਨੂੰ ਜਾਂਦੇ ਹੋਏ ਇੱਥੇ ਅੱਠ ਦਿਨ ਵਿਰਾਜੇ ਹਨ. ਅਨਗਹਲੀ ਕਰਕੇ ਹੁਣ ਤੋੜੀ ਸਿੱਖਾਂ ਨੇ ਗੁਰਦ੍ਵਾਰਾ ਨਹੀਂ ਬਣਾਇਆ.

ਵਸੁਮਤੀ: ਸੰ. ਸੰਗਯਾ- ਵਸੁਧਾ. ਪ੍ਰਿਥਿਵੀ। ੨. ਵਿ- ਧਨ ਵਾਲੀ. ਜਿਸ ਪਾਸ ਦੌਲਤ ਹੈ.

ਵਸੂਲ: ਅ਼. وصُوُل ਵਸੂਲ. ਸੰਗਯਾ- ਪਹੁੱਚਣ ਦਾ ਭਾਵ। ੨. ਹਾਸਿਲ ਕਰਨ ਦੀ ਕ੍ਰਿਯਾ.

ਵਸੂਲੀ: ਸੰਗਯਾ- ਹਾਸਿਲ ਕਰਨ ਦੀ ਕ੍ਰਿਯਾ. ਪ੍ਰਾਪਤੀ. ਦੇਖੋ, ਵਸੂਲ.

ਵਸੇ: ਦੇਖੋ, ਹਮਾਰਾ ੨. ਅਤੇ ਬਸੇ.

ਵਸੇਬਾ, ਵਸੇਰਾ: ਦੇਖੋ, ਬਸੇਬਾ ਅਤੇ ਬਸੇਰਾ. "ਮੁਕਤਿ ਭਇਆ ਜਿਸੁ ਰਿਦੇ ਵਸੇਰਾ." (ਮਾਝ ਮਃ ੫) "ਜੀਉ ਕਰੇ ਵਸੇਰਾ." (ਆਸਾ ਅਃ ਮਃ ੩)

ਵਸੈ: ਵਸਦਾ ਹੈ. ਦੇਖੋ, ਵਸ ਧਾ। ੨. ਵਰਸਦਾ (ਵਰ੍ਹਦਾ) ਹੈ. "ਭਾਣੇ ਵਿਚਿ ਅੰਮ੍ਰਿਤ ਵਸੈ." (ਮਾਝ ਅਃ ਮਃ ੩) ੩. ਵਰਸੇ. ਦੇਖੋ, ਵ੍ਰਿਸ. "ਨਾਨਕ ਸਾਵਣਿ ਜੇ ਵਸੈ." (ਮਃ ੩. ਵਾਰ ਮਲਾ)

ਵਸੋਆ: ਸੰਗਯਾ- ਵੈਸਾਖ ਦੀ ਸੰਕ੍ਰਾਂਤਿ. ਵੈਸ਼ਾਖੀ। ੨. ਸਾਲ ਦਾ ਨਵਾਂ ਦਿਨ (ਨੌਰੋਜ਼). "ਹੋਵੈ ਕੀਰਤਨ ਸਦਾ ਵਸੋਆ." (ਭਾਗੁ) ਨਿੱਤ ਨੌਰੋਜ਼ ਰਹਿੰਦਾ ਹੈ.

ਵਸੋਲਾ: ਦੇਖੋ, ਬਸੋਲਾ.

ਵਸੰਤ: ਦੇਖੋ, ਬਸੰਤ.

ਵਸੰਤਸਖਾ: ਵਸੰਤ ਦਾ ਮਿਤ੍ਰ ਕਾਮਦੇਵ. ਵਸੰਤ ਹੈ ਜਿਸ ਦਾ ਮਿਤ੍ਰ.

ਵਸੰਤਤਿਲਕਾ: ਇੱਕ ਛੰਦ. ਇਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ. ਤ, ਭ, ਜ, ਜ, ਗ, ਗ, SSI, SII, ISI, ISI, S, S. ਅੱਠ ਅਤੇ ਛੀ ਅੱਖਰਾਂ ਪੁਰ ਵਿਸ਼੍ਰਾਮ.

ਉਦਾਹਰਣ-

ਗਯਾਨੀ ਸਦੈਵ ਜਿਸ ਕੋ, ਮਨ ਮੇ ਵਸਾਤੇ,

ਧਯਾਨੀ ਅਖੰਡ ਲਿਵ ਸੇ, ਨਿਤ ਜਾਂਹਿ ਧਯਾਤੇ,

ਹੈ ਪੂਜਯ ਸੋ ਸਭਨ ਕੋ, ਯਹ ਸਤਯ ਜਾਨੋ,

ਦੂਜੋ ਨ ਤੁਲਯ ਤਿਸ ਕੇ, ਗੁਰੁ ਨੇ ਬਖਾਨੋ.

ਵਸੰਤ ਪੰਚਮੀ: ਵਸੰਤ ਦੇ ਤਯੋਹਾਰ ਦੀ ਤਿਥਿ ਮਾਘ ਸੁਦੀ ੫. "ਹਿੰਦੂਗ੍ਰੰਥਾਂ ਅਨੁਸਾਰ ਇਸ ਦਿਨ ਕਾਮ ਅਤੇ ਰਤਿ ਦਾ ਪੂਜਨ ਹੁੰਦਾ ਹੈ. ਇਸ ਲਈ "ਮਦਨੋਤਸਵ" ਇਸ ਦਾ ਨਾਮ ਹੈ.

ਵਸੰਤੀ: ਵਸਦਾ, ਵਸਦੀ. "ਨਾਨਕ ਸੁਖਿ ਵਸੰਤੀ." (ਸੋਰ ਮਃ ੫) ੨. ਵਸੰਤ ਨਾਲ ਹੈ ਜਿਸ ਦਾ ਸੰਬੰਧ। ੩. ਪੀਲਾ. ਜ਼ਰਦ। ੪. ਦੇਖੋ, ਵਾਸੰਤੀ.

ਵਸੰਦੜੋ, ਵਸੰਦਾ, ਵਸੰਦੋ: ਵਸਦਾ. ਨਿਵਾਸ ਕਰਦਾ. "ਵਸੰਦੋ ਕੁ- ਹਥੜੈ ਥਾਇ." (ਵਾਰ ਜੈਤ)

ਵਸੰਨਿ: ਵਸਦੇ ਹਨ. "ਤੀਰਥ ਮੰਝਿ ਵਸੰਨਿ." (ਸੂਹੀ ਮਃ ੧)

ਵਸ੍ਤਿ: ਸੰ. ਪਿਚਕਾਰੀ। ੨. ਮਸਾਨਾ. ਮਤਾਸ਼ਯ। ੩. ਪੇਡੂ। ੪. ਯੋਗ ਦੀ ਇਕ ਕ੍ਰਿਯਾ ਦੇਖੋ, ਖਟਕਰਮ ੨. ਦਾ (ਸ).

ਵਸ੍ਤੁ: ਦੇਖੋ, ਵਸਤੁ.

ਵਸ਼ਜ: ਸੰ. ਵਿ- ਵਸ਼ ਵਿੱਚ ਆਉਣ ਵਾਲਾ. ਕਾਬੂ ਹੋਇਆ. "ਵਸਜੰ ਕਰੋਤਿ ਪੰਚ ਤਸਕਰਹਿ." (ਸਹਸ ਮਃ ੫) ੨. ਸੰਗਜਾ- ਦਾਸ. ਸੇਵਕ. ਗੁਲਾਮ.

ਵਸ਼ਜਤਾ: ਸੰ. ਸੰਗਜਾ- - ਅਧੀਨਤਾ. ਵਸ਼ ਹੋਣ ਦਾ ਭਾਵ.

ਵਹ: ਸਰਵ- ਉਹ. ਓਹ। ੨. ਸੰ. वह. ਧਾ- ਵਹਿਣਾ (ਝਰਨਾ), ਢੋਣਾ, ਲੈਜਾਣਾ। ੩. ਸੰਗਜਾ- ਬੈਲ ਦਾ ਕੰਨ੍ਹਾ (ਸ੍ਕੰਧ). ੪. ਘੋੜਾ ੫. ਵਾਯੁ. ਹਵਾ। ੬. ਮਾਰਗ. ਰਾਹ। ੭. ਦਰਿਆ. ਨਦ.

ਵਹਸ਼ਤ, ਵਹ਼ਸ਼ਤ: ਅ਼. وحشت ਸੰਗਜਾ- ਪਸ਼ੂਪੁਣਾ. ਅਸਭਜਤਾ. ਦੇਖੋ, ਵਹਸ਼ੀ। ੨. ਡਰ. ਭੈ. ਖ਼ੌਫ਼। ੩. ਉਦਾਸੀਨਤਾ. ਉਪਰਾਮਤਾ.

ਵਹਸ਼ੀ, ਵਹ਼ਸ਼ੀ: ਅ਼. وحشی ਸੰਗਜਾ- ਪਸ਼ੂ. ਅਸਭਜ। ੨. ਜੰਗਲੀ. ਦੇਖੋ, ਵਹ਼ਸ਼ਤ.

ਵਹਣ, ਵਹਣੁ: ਸੰਗਜਾ- ਜਲ ਦਾ ਪ੍ਰਵਾਹ. ਹੜ. ਦੇਖੋ, ਵਹ ਧਾ. "ਜਿਧਿਰ ਰਬ ਰਜਾਇ, ਵਹਣੁ ਤਿਦਾਊ ਗੰਉ ਕਰੇ." (ਸ. ਫਰੀਦ)

ਵਹਦਤ, ਵਹ਼ਦਤ, ਵਹਦਾਨਿਯਤ, ਵਹ਼ਦਾਨਿਯਤ: ਅ਼. وحدت - وحدانیت ਸੰਗਜਾ- ਅਦ੍ਵਿਤੀਜਤਾ. ਇੱਕੋ ਹੋਣ ਦਾ ਭਾਵ। ੨. ਅਦ੍ਵੈਤਵਾਦ.

ਵਹਨ: ਸੰ. ਸੰਗਜਾ- ਲੈਜਾਣ ਦੀ ਕ੍ਰਿਯਾ. ਲੈਜਾਣਾ। ੨. ਢੋਣਾ। ੩. ਜਹਾਜ਼. ਬੇੜਾ. ਬੋਹਿਥ.

ਵਹਮ: ਅ਼. وہم ਸੰਗਜਾ- ਖ਼ਿਆਲ. ਸੰਕਲਪ। ੨. ਸ਼ੱਕ. ਸੰਸਾ। ੩. ਭਰਮ (Superstition)

ਵਹਮੀ: ਵਿ- ਸ਼ੱਕੀ. ਸੰਸੇ ਵਾਲਾ। ੨. ਭਰਮੀ. (Superstitious) ਦੇਖੋ, ਵਹਮ.

ਵਹਮੀਸ਼ਾਹ: ਦੇਖੋ, ਛੱਤੇਆਣਾ ਅਤੇ ਬਹਮੀਸ਼ਾਹ.

ਵਹਲ: ਸੰ. ਸੰਗਜਾ- ਨੌਕਾ. ਕਿਸ਼ਤੀ। ੨. ਵਿ- ਦ੍ਰਿੜ੍ਹ. ਮਜਬੂਤ ਪੱਕਾ। ੩. ਸੰਗਜਾ- ਫੁਰਤੀ. ਸ਼ੀਘ੍ਰਤਾ. ਤੇਜ਼ੀ. ਦੇਖੋ, ਵਹੇਲਾ ੨.

ਵਹਾਂ: ਕ੍ਰਿ. ਵਿ- ਉੱਥੇ. ਊਹਾਂ.

ਵਹਾਉ: ਸੰਗਜਾ- ਪ੍ਰਵਾਹ. ਪਾਣੀ ਦਾ ਵੇਗ. ਸੰ. ਵਹਾ. ਨਦੀ.

ਵਹਾਉਣਾ: ਕ੍ਰਿ- ਪ੍ਰਵਾਹ ਵਿੱਚ ਰੋੜ੍ਹਨਾ. ਜਲ ਦੇ ਵੇਗ ਵਿੱਚ ਚਲਾਉਣਾ। ੨. ਬੈਠਾਉਣਾ। ੩. ਫੈਂਕਣਾ. ਜ਼ੋਰ ਨਾਲ ਸਿੱਟਣਾ (ਵਗਾਹੁਣਾ)

ਵਹਾਬ: ਅ਼. وہاب ਵਿ- ਬਖ਼ਸ਼ਣ ਵਾਲਾ. ਦਾਨ ਕਰਤਾ. ਉਦਾਰਤਮਾ। ੨. ਸੰਗਜਾ- ਵਾਹਗੁਰੂ. ਖ਼ੁਦਾ.

ਵਹਾਬੀ: ਅ਼. وہابی ਸੰਗਜਾ- ਅ਼ਬਦੁਲਵਹਾਬ ਦੇ ਬੇਟੇ ਮੁਹੰਮਦ ਦਾ ਚਲਾਇਆ ਹੋਇਆ ਇੱਕ ਮਤ. ਅਰਬ ਦੇ ਨਜਦ ਭਾਗ ਦੇ ਆਯਨਹ ਨਾਮਕ ਅਸਥਾਨ ਵਿੱਚ ਸਨ ੧੬੯੧ ਵਿੱਚ ਮੁਹੰਮਦ ਜਨਮਿਆ, ਜਿਸ ਨੇ ਹੰਬਲੀ ਫਿਰਕੇ ਦੇ ਨਿਯਮਾਂ ਅਨੁਸਾਰ ਇਸਲਾਮ ਦੀ ਸਿਖਜਾ ਪਾਈ. ਮਦੀਨੇ ਅਤੇ ਹੋਰ ਪ੍ਰਸਿੱਧ ਅਰਬ ਦੇ ਨਗਰਾਂ ਵਿੱਚ ਜਾਕੇ ਇਸ ਨੇ ਵਡੇ ਵਡੇ ਆ਼ਲਿਮਾਂ ਤੋਂ ਵਿਦਜਾ ਪੜ੍ਹੀ ਅਰ ਆਪਣੇ ਸਮੇਂ ਦਾ ਸ਼ਿਰੋਮਣਿ ਆ਼ਲਿਮ ਹੋਇਆ. ਮੁਹੰਮਦ ਨੇ ਇਸਲਾਮ ਵਿੱਚ ਗੜਬੜ ਦੇਖਕੇ ਉਪਦੇਸ਼ ਆਰੰਭਿਆ ਕਿ ਖ਼ੁਦਾ ਨਾਲ ਪੀਰ ਪੈਗੰਬਰਾਂ ਨੂੰ ਦਰਜਾ ਨਾ ਦੇਓ, ਮੁਹੰਮਦ ਪੈਗੰਬਰ ਦੀ ਕਬਰ ਅਰ ਹੋਰ ਮਕਬਰਿਆਂ ਨੂੰ ਨਾ ਮੰਨੋ, ਕਿਸੇ ਪੀਰ ਤੋਂ ਦੁਆ ਨਾ ਮੰਗੋ, ਨਾ ਕਿਸੇ ਦੇ ਨਾਮ ਦੀ ਮੰਨਤ ਅਰ ਕ਼ੁਰਬਾਨੀ ਦੇਓ. ਮੁਹੰਮਦ ਪੈਗੰਬਰ ਦੇ ਜਨਮਦਿਨ ਦਾ ਉਤਸਵ ਨਾ ਮਨਾਓ. ਤਸਬੀ ਨਾਲ ਖ਼ੁਦਾ ਦੇ ਨਾਮ ਨਾ ਜਪੋ, ਇਤਜਾਦਿ.

ਮੁਹੰਮਦ ਦੇ ਉਪਦੇਸ਼ ਦਾ ਬਹੁਤ ਅਸਰ ਹੋਇਆ ਅਰ ਇਸ ਦਾ ਚਲਾਇਆ ਮਤ "ਵਹਾਬੀ" ਪ੍ਰਸਿੱਧ ਹੋਇਆ. ਉਸ ਸਮੇਂ ਦੇ ਹਾਕਿਮਾਂ ਅਰ ਮੁਲਾਣਿਆਂ ਵੱਲੋਂ ਮੁਹੰਮਦ ਨੂੰ ਭਾਰੀ ਤਕਲੀਫ ਹੋਈ, ਪਰ ਕਈ ਇਸ ਦੇ ਸਹਾਇਕ ਭੀ ਖੜੇ ਹੋ ਗਏ, ਅਰ ਤਾਕਤ ਦਿਨੋ ਦਿਨ ਵਧਦੀ ਗਈ. ਮੁਹੰਮਦ ਦਾ ਦੇਹਾਂਤ ਸਨ ੧੭੯੫ ਵਿੱਚ ਹੋਇਆ. ਇਸ ਦੇ ਪੁਤ੍ਰ ਅ਼ਬਦਲ ਅਜ਼ੀਜ਼ ਨੇ ਭੀ ਮਤ ਨੂੰ ਭਾਰੀ ਤਰੱਕੀ ਦਿੱਤੀ, ਪਰ ਪੋਤੇ ਸਾਅ਼ਦ ਨੇ ਵਡੀ ਸ਼ਕਤੀ ਵਧਾ ਲਈ. ਸਾਅ਼ਦ ਨੇ ਮੱਕਾ ਮਦੀਨਾ ਭੀ ਫਤੇ ਕਰਕੇ ਕਈ ਵਰ੍ਹੇ ਉੱਥੇ ਹੁਕੂਮਤ ਕੀਤੀ.[1151] ਹੁਣ ਵਹਾਬੀ ਫਿਰਕਾ ਸਾਰੇ ਮੁਲਕਾਂ ਵਿੱਚ ਦੇਖਿਆ ਜਾਂਦਾ ਹੈ. ਵਹਾਬੀ ਲੋਕ ਆਪਣੇ ਤਾਈਂ ਮੁਵੱਹ਼ਿਦ موحّد (ਇੱਕ ਦੇ ਪੂਜਕ) ਅਖਾਉਂਦੇ ਹਨ, ਅਰ ਦੂਜੇ ਮੁਸਲਮਾਨਾਂ ਨੂੰ ਮੁਸ਼ਰਿਕ مشرک (ਖ਼ੁਦਾ ਨਾਲ ਹੋਰ ਪੂਜਯ ਮਿਲਾਉਣ ਵਾਲੇ) ਸੱਦਦੇ ਹਨ.

ਵਹਾਰੀ: ਵਗਾਉਣ (ਵਹਾਉਣ) ਵਾਲੀ. "ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ?" (ਗਉ ਕਬੀਰ) ਸੰਸਾਰ ਖੂਹੀ, ਰੱਜੁ (ਲੱਜ) ਵਿਸ਼ਯਭੋਗਾਂ ਦੇ ਸਾਧਨ.

ਵਹਿਸ਼ੀ: ਦੇਖੋ, ਵਹਸ਼ੀ.

ਵਹਿਣ: ਦੇਖੋ, ਵਹਣ। ੨. ਸੰ. वहनि- ਵਹ੍ਨਿ. ਅਗਨਿ. ਆਤਿਸ਼. "ਕੁਲੰ ਕੋਟਿ ਹੋਮੇ ਵਿਖੇ ਵਹਿਣਕੁੰਡੰ." (ਗਜਾਨ) ਵਹ੍ਨਿਕੁੰਡ ਵਿੱਚ.

ਵਹਿਣਕੁੰਡ: ਸੰ. ਵਹ੍ਨਿਕੁੰਡ. ਅਗਨਿਕੁੰਡ. ਦੇਖੋ, ਵਹਿਣ ੨.

ਵਹਿਣਾ: ਕ੍ਰਿ- ਬੈਠਣਾ। ੨. ਪ੍ਰਵਾਹ ਵਿੱਚ ਰੁੜ੍ਹਨਾ। ੩. ਵਗਣਾ. ਸ੍ਰਵਣਾ. ਟਪਕਣਾ. ਚੁਇਣਾ. "ਨੀਰੁ ਵਹੇ ਵਹਿ ਚਲੈ ਜੀਉ." (ਮਾਝ ਮਃ ੪) ੪. ਚਲਣਾ. "ਗਾਡੀਰਾਹ ਸਾਧੁਸੰਗ ਵਹਿਣਾ." (ਭਾਗੁ)

ਵਹਿਦਤ: ਦੇਖੋ, ਵਹਦਤ.

ਵਹਿਮ, ਵਹਿਮੀ: ਦੇਖੋ, ਵਹਮ ਅਤੇ ਵਹਮੀ.

ਵਹਿਰ: ਵਾਹਰ. ਦੇਖੋ, ਬਹਿਰ ੨.

ਵਹਿਰਜੱਖ: ਦੇਖੋ, ਬਹਿਰਜੱਖ.

ਵਹਿਰਮੁਖ: ਦੇਖੋ, ਬਹਿਰਮੁਖ.

ਵਹਿਰਯਕ੍ਸ਼: ਦੇਖੋ, ਬਹਿਰਜੱਖ.

ਵਹਿਰਲਾਪਿਕਾ: ਦੇਖੋ, ਪ੍ਰਹੇਲਿਕਾ.

ਵਹਿਰੰਗ: ਸੰ. वहिरङ्ग. ਬਾਹਿਰ ਦਾ ਅੰਗ। ੨. ਵਿ- ਬਾਹਰਲਾ. ਬੇਰੂੰਨੀ. ਅੰਤਰੰਗ ਦੇ ਵਿਰੁੱਧ। ੩. ਮੰਡਲੀ ਅਥਵਾ ਸਮਾਜ ਦੇ ਅੰਦਰਲੇ ਦਲ ਤੋਂ ਜੋ ਬਾਹਿਰ ਹੈ.

ਵਹਿੜਾ: ਵਹਨ ਯੋਗਯ ਜੁਆਨ ਬੈਲ। ੨. ਦੇਖੋ, ਬਹੜਾ.

ਵਹੀ: ਸਰਵ- ਉਹੀ. ਓਹੋ। ੨. ਦੇਖੋ, ਬਹੀ. "ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ." (ਮਃ ੧. ਵਾਰ ਰਾਮ ੧) ੩. ਅ਼. وحی ਵਹ਼ੀ. ਇਲਹਾਮ. ਕਰਤਾਰ ਵੱਲੋਂ ਆਇਆ ਸੁਨੇਹਾ.

ਵਹੀਂ: ਕ੍ਰਿ. ਵਿ- ਓਥੇ ਹੀ. ਉਸੇ ਥਾਂ.

---

[1151] ਇਸ ਵੇਲੇ ਮੱਕਾ ਮਦੀਨਾ ਫੇਰ ਵਹਾਬੀਆਂ ਦੇ ਹੱਥ ਆ ਗਿਆ ਹੈ.

ਵਹੀਰ: ਜੰਗਮ ਸਮਾਜ (ਵਿਚਰਣ ਵਾਲਾ ਟੋਲਾ). ਦੇਖੋ, ਬਹੀਰ.

ਵਹੀਰੀਆ: ਜੰਗਮ ਸਮਾਜ (ਵਿਚਰਣ ਵਾਲੇ ਜਥੇ) ਦਾ ਸੰਗੀ.

ਵਹੁ: ਸਰਵ- ਉਹ. ਓਹ. ਵਹ. "ਕਹੁ ਨਾਨਕ ਵਹੁ ਮੁਕਤ ਨਰ." (ਸ. ਮਃ ੯) ੨. ਸੰ. ਬਹੁ.[1152] ਬਹੁਤ. "ਵਹੁ ਹਤੀ ਸੈਨਾ ਦਾਨਵੀ." (ਸਲੋਹ)

ਵਹੁਟੀ: ਸੰਗਯਾ- ਵਧੂਟੀ. ਬਹੂ. ਲਾੜੀ. "ਜਿੰਦੁ ਵਹੁਟੀ, ਮਰਣੁ ਵਰੁ." (ਸ. ਫਰੀਦ)

ਵਹੁਰਾ: ਇੱਕ ਜਾਤਿ. ਦੇਖੋ, ਬਹੁਰਾ. "ਤੁਲਸਾ ਵਹੁਰਾ ਜਾਣੀਐ." (ਭਾਗੁ)

ਵਹੂਦਕ: ਦੇਖੋ, ਬਹੂਦਕ.

ਵਹੇਲ: ਦੇਖੋ, ਵਹੇਲੀ.

ਵਹੇਲਾ: ਵਿ- ਵਾਹੁਲਜਤਾ ਸਹਿਤ. ਬਹੁਤਾ. ਬਾਹਲਾ। ੨. ਸਿੰਧੀ. ਕ੍ਰਿ. ਵਿ- ਛੇਤੀ. ਫੌਰਨ. "ਜਿਤੁ ਲੰਘਹਿ ਵਹੇਲਾ." (ਸੂਹੀ ਮਃ ੧)

ਵਹੇਲੀ: ਬਹੁ- ਹੇਲਾ ਕਰਨ ਵਾਲੀ. ਦੇਖੋ, ਹੇਲਾ. ਭਾਵ- ਬਹੁਤਿਆਂ ਨਾਲ ਪ੍ਰੀਤਿ ਕਰਨ ਵਾਲੀ. ਵਿਭਚਾਰਿਣੀ। ੨. ਦੁਰਾਚਾਰਿਣੀ. "ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ." (ਭਾਗੁ) ਦੇਖੋ, ਪੂਤਨਾ.

ਵਹੰਤ: ਸੰ. ਸੰਗਯਾ- ਪੌਣ. ਹਵਾ। ੨. ਬਾਲਕ. ਬੱਚਾ.

ਵਹੰਦੜਾ, ਵਹੰਦਾ: ਵਹਨ ਹੁੰਦਾ. ਵਹਿੰਦਾ. ਵਗਦਾ.

ਵਹੰਨਿ: ਵਹਿੰਦੇ, ਵਹਿੰਦੀਆਂ (ਵਗਦੀਆਂ) ਹਨ. "ਮਾਖਿਅ ਨਦੀ ਵਹੰਨਿ." (ਸ. ਫਰੀਦ)

ਵਹ੍ਨਿ: ਸੰ. ਸੰਗਯਾ- ਅਗਨਿ. ਅੱਗ.

ਵਹੰ: ਦੇਖੋ, ਬਹੰ.

ਵਕ: ਵਗੁਲਾ ਅਤੇ ਇੱਕ ਦੈਤ. ਦੇਖੋ, ਬਕ.

ਵਕਤ, ਵਕ਼ਤ: ਅ਼. وقت ਸੰਗਯਾ- ਵੇਲਾ. ਸਮਾਂ। ੨. ਅ਼. وقعت ਵਕ਼ਅ਼ਤ. ਇੱਜ਼ਤ. ਪ੍ਰਤਿਸ਼੍ਠਾ. ਮਾਨ.

ਵਕਤਵ੍ਯ: ਸੰ. वक्तव्य. ਵਿ- ਕਹਿਣ ਲਾਇਕ। ੨. ਸੰਗਯਾ- ਕਥਨ. ਵਚਨ.

ਵਕਤਾ: ਬੋਲਣ ਵਾਲਾ. ਦੇਖੋ, ਬਕਤਾ.

ਵਕਤਾ ਦੇ ਗੁਣ: ੧. ਰਸਦਾਇਕ ਬਾਣੀ ਵਾਲਾ, ੨. ਕਾਵ੍ਯ ਦਾ ਗ੍ਯਾਤਾ, ੩. ਸ਼੍ਰੋਤਾ ਦੀ ਰੁਚੀ ਅਨੁਸਾਰ ਅਰਥ ਦਾ ਵਿਸਤਾਰ ਅਤੇ ਸੰਖੇਪ ਕਰਨ ਵਾਲਾ, ੪. ਸਤ੍ਯਵਾਦੀ, ੫. ਖੰਡਨ ਮੰਡਨ ਵਿੱਚ ਚਤੁਰ, ਪ੍ਰਸੰਗ ਅਨੁਸਾਰ ਪ੍ਰਮਾਣ ਦੇਣ ਵਾਲਾ, ੭. ਅਨੇਕ ਮਤਾਂ ਦਾ ਜਾਣੂ, ੮. ਧੀਰਜ ਵਾਨ, ੯. ਚੰਚਲਤਾ ਰਹਿਤ, ੧੦. ਸ਼ਰੋਤਾ ਦੀ ਬੁੱਧਿ ਅਨੁਸਾਰ ਉਸ ਦੀ ਸਮਝ ਵਿਚ ਅਰਥ ਗਡਾਉਣ ਵਾਲਾ, ੧੧. ਅਹੰਕਾਰ ਤੋਂ ਬਿਨਾਂ ੧੨. ਸੰਤੋਖੀ, ੧੩. ਧਰਮ ਵਿੱਚ ਪੱਕਾ, ੧੪. ਜੋ ਹੋਰਨਾਂ ਨੂੰ ਸੁਣਾਉਂਦਾ ਹੈ ਉਸ ਪੁਰ ਆਪ ਅਮਲ ਕਰਨ ਵਾਲਾ.

ਵਕਤ੍ਰ: ਮੂੰਹ. ਮੁਖ. ਦੇਖੋ, ਬਕਤ੍ਰ.

---

[1152] ਵਹੁ ਭੀ ਸ਼ੁੱਧ ਸੰਸਕ੍ਰਿਤ ਹੈ.

ਵਕਤ੍ਰਿਤਾ, ਵਕਤ੍ਰਿਤ੍ਵ: ਸੰ, वक्तृता. ਸੰਗ੍ਯਾ- ਕਥਨ. ਵ੍ਯਾਖ੍ਯਾ. ਵ੍ਯਾਖ੍ਯਾਨ. ਵਖਿਆਨ.

ਵਕਦਾਲਭ: ਦੇਖੋ, ਬਕਦਾਲਭ.

ਵਕਫ਼, ਵਕ਼ਫ਼: ਅ਼. وقف ਸੰਗ੍ਯਾ- ਖੜੇ ਹੋਣਾ। ੨. ਗ੍ਯਾਤ (ਵਾਕ਼ਿਫ਼) ਹੋਣਾ। ੩. ਧਰਮ ਅਰਥ ਕੋਈ ਵਸ੍ਤੁ ਠਹਿਰਾਉਣੀ.

ਵਕਫ਼ਾ, ਵਕ਼ਫ਼ਾ: ਅ਼. وقفہ ਸੰਗ੍ਯਾ- ਠਹਿਰਾਉ। ੨. ਦੇਰ. ਚਿਰ। ੩. ਵਿੱਥ. ਅੰਤਰਾ.

ਵਕਰ, ਵਕ਼ਰ: ਅ਼. وقر ਸੰਗ੍ਯਾ- ਇੱਜ਼ਤ. ਪ੍ਰਤਿਸ਼੍ਠਾ। ੨. ਦਬਦਬਾ.

ਵਕਾਸ: ਅਵਕਾਸ਼. ਵੇਲ੍ਹ. "ਅਕਾਸ ਮੇ ਵਕਾਸ ਤੂੰ, ਧਰਾ ਧ੍ਰਿਤੀ ਸਰੂਪ ਹੋ." (ਨਾਪ੍ਰ)

ਵਕਾਸੁਰ: ਦੇਖੋ, ਬਕਾਸੁਰ। ੨. ਇਸ ਨਾਮ ਦਾ ਇੱਕ ਹੋਰ ਰਾਖਸ, ਜੋ ਭੀਮਸੇਨ ਨੇ ਮਾਰਿਆ.

ਵਕਾਲਤ: ਅ਼. وکالت ਸੰਗ੍ਯਾ- ਵਕੀਲ ਦਾ ਕਰਮ. ਦੂਤ ਦਾ ਕੰਮ। ੨. ਅਦਾਲਤ ਵਿੱਚ ਕਿਸੇ ਫ਼ਰੀਕ਼ ਵੱਲੋਂ ਬਹਸ ਕਰਨ ਦਾ ਪੇਸ਼ਾ.

ਵਕੀ: ਦੇਖੋ, ਬਕੀ.

ਵਕੀਲ: ਅ਼. وکیل ਸੰਗ੍ਯਾ- ਦੂਤ. ਪ੍ਰਤਿਨਿਧਿ। ੨. ਅਦਾਲਤ ਵਿੱਚ ਕਿਸੇ ਵੱਲੋਂ ਪੈਰਵੀ ਅਤੇ ਬਹਸ ਕਰਨ ਵਾਲਾ. ਸੰ. वाकील. ਵਾੱਕੀਲ. ਯੁਕਤਿ ਨਾਲ ਦੂਜੇ ਦੀ ਜੁਬਾਨ ਬੰਦ ਕਰ ਦੇਣ ਵਾਲਾ.

ਵਕੁਲ: ਸੰ. ਸੰਗ੍ਯਾ- ਮੌਲਸਰੀ. ਬਕੁਲ ਭੀ ਸੰਸਕ੍ਰਿਤ ਸ਼ਬਦ ਸਹੀ ਹੈ. ਦੇਖੋ, ਬਕੁਲ.

ਵਕੂਆ: وقوع ਵੁਕੂਅ਼. ਸੰਗ੍ਯਾ- ਕਿਸੀ ਬਾਤ ਦਾ ਵਾਕ਼ਅ਼ (ਕਾਇਮ) ਹੋਣਾ। ੨. ਦੇਖੋ, ਵਕੂਹਾ ੨.

ਵਕੂਹਾ: ਵੁਕੂਅ਼ ਹੋਣ ਦਾ ਅਸਥਾਨ। ੨. ਹਿੰਦੂਆਂ ਦਾ ਪਿਤਰਾਂ ਦੇ ਨਾਮ ਬਣਾਇਆ ਹੋਇਆ ਟੋਆ, ਜਿੱਥੇ ਵਡੇਰਿਆ ਦੀ ਪੂਜਾ ਕਰਦੇ ਹਨ। ੩. ਕਿਸੇ ਬਜ਼ੁਰਗ ਸੰਬੰਧੀ ਕਿਸੇ ਘਟਨਾ ਦਾ ਥਾਂ.

ਵਕੂਫ: ਅ਼. وقوف ਸੰਗ੍ਯਾ- ਸਮਝ. ਗਿਆਨ। ੨. ਖੜੇ ਹੋਣਾ। ੩. ਜਾਣਕਾਰ ਹੋਣ.

ਵੱਕੁਲ, ਵੱਕੁਲੀ: ਉਬਾਲੇ ਹੋਏ ਅੰਨ ਦੇ ਦਾਣੇ। ੨. ਘੁੰਘਣੀਆਂ. ਦੇਖੋ, ਬਕੁਲੀ ੩.

ਵਕ੍ਰ: ਟੇਢਾ. ਵਿੰਗਾ. ਦੇਖੋ, ਬਕ੍ਰ.

ਵਕ੍ਰਕੰਟਕ: ਸੰ. ਸੰਗ੍ਯਾ- ਬੇਰੀ ਦਾ ਬਿਰਛ, ਜਿਸ ਦੇ ਕੰਡੇ ਵਕ੍ਰ (ਟੇਢੇ) ਹੁੰਦੇ ਹਨ.

ਵਕ੍ਰਚੰਚੁ, ਵਕ੍ਰਤੁੰਡ: ਸੰ. ਸੰਗ੍ਯਾ- ਟੇਢੀ ਚੁੰਜ ਵਾਲਾ, ਤੋਤਾ. ਸ਼ੁਕ. ਕੀਰ.

ਵਕ੍ਰਦੰਤ: ਦੇਖੋ, ਦੰਤਬਕ੍ਰ। ੨. ਵਕ੍ਰਦੰਸ਼੍ਟ੍ਰ. ਟੇਢੀ ਹੁੱਡਾਂ ਵਾਲਾ, ਸੂਰ.

ਵਕ੍ਰਪੁੱਛ: ਸੰ. ਸੰਗ੍ਯਾ- ਟੇਢੀ ਹੈ ਜਿਸ ਦੀ ਪੂਛ, ਕੁੱਤਾ.

ਵਕ੍ਰਾਂਗ: ਵਿ- ਵਿੰਗੇ ਅੰਗਾਂ ਵਾਲਾ. ਬਾਂਡਾ। ੨. ਸੰਗ੍ਯਾ- ਸੱਪ। ੩. ਹੰਸ, ਜੋ ਆਪਣੀ ਗਰਦਨ ਵਿੱਚ ਵਿੰਗ ਰਖਦਾ ਹੈ.

ਵਕ੍ਰਿਤ: ਸੰ. ਵਿ- ਵਿੰਗਾ ਹੋਇਆ ਹੋਇਆ. ਟੇਢਾ. ਝੁਕਿਆ ਹੋਇਆ.

ਵਕ੍ਰੋਕ੍ਤਿ: (ਵਕ੍ਰ- ਉਕ੍ਤਿ. ਟੇਢਾ ਕਥਨ). ਸਿੱਧੇ ਕਥਨ ਤੋਂ ਜਿੱਥੇ ਤਾਨੇ ਨਾਲ ਉਲਟਾ ਭਾਵ ਨਿਕਲੇ, ਇਹ "ਵਕ੍ਰੋਕ੍ਤਿ" ਅਲੰਕਾਰ ਦਾ ਰੂਪ ਹੈ.

ਅਰਥ ਫੇਰ ਕੀ ਕਲਪਨਾ ਸ਼ਲੇਸ਼ ਕਾਕੁ ਤੇ ਠਾਨਿ,

ਅਲੰਕਾਰ ਵਕ੍ਰੋਕ੍ਤਿ ਤਹਿ" ਵਰਣਤ ਕਵਿ ਗੁਣਖਾਨਿ.

(ਰਾਮਚੰਦ੍ਰਭੂਸ਼ਣ)

ਉਦਾਹਰਣ-

ਭਲੇ ਧੀਰਮਲ ਭਲੇ ਜੀ! ਭਲੇ ਧੀਰਮਲ ਧੀਰ!

(ਗੁਪ੍ਰਸੂ)

ਜਦ ਧੀਰਮਲ ਨੇ ਨੌਵੇਂ ਸਤਿਗੁਰੂ ਨੂੰ ਗੋਲੀ ਮਾਰੀ,

ਤਦ ਭਲੇ ਧੀਰਮਲ ਜੀ! ਕਹਿਣ ਤੋਂ ਭਾਵ ਹੈ ਕਿ ਲਾਨਤ ਹੈ ਆਪ ਦੀ ਕਰਤੂਤ ਪੁਰ.

ਤੁਮ ਕੋ ਕਜਾ ਹਮ ਸਿਖਯਾ ਦੇਵੇਂ,

ਹੋਂ ਹਲਧਰ ਕੇ ਭਾਈ?

ਇਸ ਦਾ ਅਰਥ ਹੈ ਕਿ ਆਪ ਕ੍ਰਿਸ਼ਨਰੂਪ (ਮਹਾਗਜਾਨੀ) ਹੋਂ, ਆਪ ਨੂੰ ਅਸੀਂ ਕੀ ਉਪਦੇਸ਼ ਦੇਈਏ. ਦੂਜਾ ਭਾਵ ਇਹ ਹੈ ਕਿ ਆਪ ਹਲਧਰ (ਬੈਲ) ਦੇ ਭਾਈ ਪਸ਼ੂ ਹੋਂ, ਆਪ ਨਾਲ ਸਿਰ ਖਪਾਉਣਾ ਬੇਫਾਇਦਾ ਹੈ.

(ਅ) "ਕਾਕੂਕ੍ਤਿ" ਇਸ ਅਲੰਕਾਰ ਦਾ ਦੂਜਾ ਰੂਪ ਹੈ, ਜਿਸ ਵਿੱਚ ਧੁਨੀ ਦੇ ਦਬਾਉ ਨਾਲ ਪਦਾਂ ਤੋਂ ਵਿਰੁੱਧ ਅਰਥ ਹਾਂ, ਨਾਂਹ ਅਥਵਾ ਪ੍ਰਸ਼ਨ ਪ੍ਰਗਟ ਹੋਇਆ ਕਰਦਾ ਹੈ. ਦੇਖੋ, ਕਾਕੁ.

ਉਦਾਹਰਣ-

ਜੇਤੀ ਸਿਰਠਿ ਉਪਾਈ ਵੇਖਾ

ਵਿਣੁ ਕਰਮਾ ਕਿ ਮਿਲੈ ਲਈ?" (ਜਪੁ)

ਤਿਨ ਕਉ ਕਿਆ ਉਪਦੇਸੀਐ

ਜਿਨ ਗੁਰੁ ਨਾਨਕ ਦੇਉ? (ਮਃ ੨. ਵਾਰ ਮਾਝ)

ਮਨਮੁਖ ਸਉ ਕਰਿ ਦੋਸਤੀ

ਸੁਖ ਕਿ ਪੁਛਹਿ ਮਿਤ? (ਸਵਾ ਮਃ ੩)

ਹਰਿਨਾਮੁ ਛੋਡਿ ਦੂਜੈ ਲਗੇ,

ਤਿਨ ਕੇ ਗੁਣ ਹਉ ਕਿਆ ਕਹਉ?

(ਸਵੈਯੇ ਮਃ ੩)

ਵਕ੍ਸ਼: ਸੰ. वक्ष्. ਧਾ- ਵਧਣਾ, ਦ੍ਰਿੜ੍ਹ ਹਣਾ। ੨. ਸੰਗਜਾ- वक्षस् ਛਾਤੀ। ੩. ਵੱਖੀ। ੪. ਬੈਲ.

ਵਕ੍ਸ਼ਸ੍ਥਲ: ਸੰ. वक्षःस्थल. ਸੰਗਜਾ- ਵੱਖੀ ਦਾ ਥਾਂ. ਛਾਤੀ. ਉਰ.

ਵਖ: ਵਿ- ਵੱਖ. ਜੁਦਾ. ਅਲਗ. ਅੱਡ. ਭਿੰਨ. ਦੇਖੋ, ਵਖਿ.

ਵਖਟ, ਵਖਟਕ੍ਰਿਤ: ਦੇਖੋ, ਬਖਟ ਅਤੇ ਬਖਟਕ੍ਰਿਤ.

ਵਖਤ, ਵਖਤੁ: ਵਕ਼ਤ. ਸਮਾਂ. ਦੇਖੋ, ਬਖ਼ਤ. "ਵਖਤੁ ਨ ਪਾਇਓ ਕਾਦੀਆ." (ਜਪੁ) ੨. ਦੇਖੋ, ਵੇਲਾਵਖਤੁ.

ਵਖਰ, ਵਖਰੁ: ਸੰ. ਵਿਕ੍ਰਯਜ. ਵਿ- ਵੇਚਣ ਲਾਇਕ। ੨. ਸੰਗਜਾ- ਸੌੱਦਾ. "ਜਿਸੁ ਵਖਰ ਕਉ ਲੈਨਿ ਤੂੰ ਆਇਆ." (ਸੁਖਮਨੀ) "ਸਸਤ ਵਖਰੁ ਤੂ ਘਿੰਨਹਿ ਨਾਹੀ." (ਆਸਾ ਮঃ ੫)

ਵਖਰਾ: ਵਿ- ਜੁਦਾ. ਅਲਗ. ਨਿਰਾਲਾ.

ਵਖਰੁ: ਦੇਖੋ, ਵਖਰ.

ਵਖਾਣ: ਸੰ. ਵ੍ਯਾਖ੍ਯਾਨ. ਸੰਗਜਾ- ਕਥਨ. ਬਯਾਨ. ਨਿਰੂਪਣ. "ਜਿਥੈ ਏਕੋ ਨਾਮੁ ਵਖਾਣੀਐ." (ਸ੍ਰੀ ਮঃ ੧. ਜੋਗੀ ਅੰਦਰਿ)

ਵਖਾਣਿ: ਵ੍ਯਾਖ੍ਯਾਨ ਕਰਕੇ। ੨. ਵ੍ਯਾਖ੍ਯਾਨ ਕਰਤਾ. ਦੇਖੋ, ਵੇਦ ਵਖਾਣਿ ੨.

ਵਖਾਨ: ਦੇਖੋ, ਵਖਾਣ। ੨. ਉਸਤਤਿ.

ਵਖਾਨਣਾ: ਕ੍ਰਿ- ਵ੍ਯਾਖ੍ਯਾਨ ਕਰਨਾ. ਬਯਾਨ ਕਰਨਾ. "ਸਚ ਸੁਣਿ ਆਖਿ ਵਖਾਨਣਿਆ." (ਮਾਝ ਅঃ ਮঃ ੩)

ਵਖਾਰੁ: ਸਿੰਧੀ. ਵਖਰ (ਸੌੱਦਾ) ਰੱਖਣ ਦਾ ਮਕਾਨ. ਮਾਲਗੁਦਾਮ.

ਵਖਿ: ਕ੍ਰਿ. ਵਿ- ਜੁਦਾ. ਨਿਰਾਲਾ. ਅੱਡ. "ਗ੍ਰਿਹਿ ਬਸਨਿ ਨ ਦੇਈ, ਵਖਿ ਵਖਿ ਭਰਮਾਵੈ. (ਆਸਾ ਮঃ ੫) ੨. ਕਿਨਾਰੇ. ਇੱਕ ਪਾਸੇ. "ਚੁਣਿ ਵਖਿ ਕਢੇ ਜਜਮਾਲਿਆ." (ਵਾਰ ਆਸਾ) ੩. ਦੇਖੋ, ਵਕ੍ਸ਼ ਅਤੇ ਬੱਖੀ.

ਵਖਿਆਣ, ਵਖਿਆਣੁ, ਵਖਿਆਨ: ਸੰਗਜਾ- ਵ੍ਯਾਖ੍ਯਾਨ. ਕਥਨ. ਬਯਾਨ. "ਆਖਹਿ ਪੜੇ ਕਰਹਿ ਵਖਿਆਣ." (ਜਪੁ)

ਵਖੇਰਨਾ: ਵਿਕੀਰਣ. ਖਿੰਡਾਉਣਾ. ਦੇਖੋ, ਬਖੇਰਨਾ.

ਵਖੇੜਾ: ਦੇਖੋ, ਬਖੇੜਾ.

ਵੱਖ: ਦੇਖੋ, ਵਕ੍ਸ਼ ਅਤੇ ਵਖ.

ਵੱਖੀ: ਦੇਖੋ, ਬੱਖੀ। ੨. ਸੰ. ਵਨ੍ਹੀ. ਅੱਗ ਦੀ ਲਾਟ.

ਵਗ: ਦੇਖੋ, ਬਗ ੧। ੨. ਦੇਖੋ, ਬੱਗ ਅਤੇ ਵਗੁ.

ਵਗਣਾ: ਕ੍ਰਿ- ਵੇਗ ਨਾਲ ਗਮਨ ਕਰਨਾ। ੨. ਵਹਿਣਾ. ਸ੍ਰਵਣਾ. ਟਪਕਣਾ.

ਵਗਨਿ: ਵਗਦੇ ਹਨ. "ਵਗਨਿ ਬਹੁਤੁ ਤਰੰਗ." (ਵਾਰ ਗਉ ੨. ਮঃ ੫)

ਵਗਰ: ਫ਼ਾ. وگر ਵਜ- ਵ- ਅਗਰ. ਯਦਿ. ਅਗਰ.

ਵਗਰਨਹ: ਫ਼ਾ. وگرنہ ਵਜ- ਨਹੀਂ ਤਾਂ.

ਵਗਲ: ਸੰਗਜਾ- ਘੇਰਾ. ਵਲਗਣ। ੨. ਦੇਖੋ, ਬਗਲ.

ਵਗਲਨਾ: ਕ੍ਰਿ- ਘੇਰਨਾ. ਦੇਖੋ, ਵਲਣਾ.

ਵਗਲਵਾੜ: ਸੰਗਜਾ- ਵਾੜ ਦਾ ਘੇਰਾ। ੨. ਝਾੜਿਆਂ ਦਾ ਦੁਰਗ. ਕਿਲਾ.

ਵਗਾਉਣਾ: ਜ਼ੋਰ ਨਾਲ ਚਲਾਉਣਾ. ਦੇਖੋ, ਬਗਾਉਣਾ ੨. ਵੇਗ (ਫੁਰਤੀ) ਨਾਲ ਪ੍ਰਹਾਰਨਾ. "ਰਣ ਮਹਿ ਤੇਗ ਵਗਾਈ." (ਆਸਾ ਅঃ ਮঃ ੧)

ਵਗਾਹੁਣਾ: ਕ੍ਰਿ- ਫੈਂਕਣਾ. ਵੇਗ ਨਾਲ ਸਿੱਟਣਾ। ੨. ਵਾਹਕੇ ਸੁੱਟਣਾ.

ਵਗਿ: ਵੱਗ (ਚੌਣੇ- ਗਾਈਆਂ ਦੇ ਝੁੰਡ) ਵਿੱਚ. "ਨਾ ਮਿਲਹੀ ਵਗਿ ਸਗਿ." (ਸਵਾ ਮਃ ੩)

ਵਗੀਦ: ਵਗਦਾ. ਚਲਦਾ. ਰਵਾਨਾ. "ਜਿਨ ਹੋਣਾ ਹੈ ਇਹਾਂ ਸਹੀਦ। ਰਹੈ ਸੋਊ, ਔਰ ਜਾਹੁ ਵਗੀਦ." (ਪ੍ਰਾਪੰਪ੍ਰ) ਹੋਰ ਚਲੇ ਜਾਓ.

ਵਗੁ: ਚੌਣਾ. ਪਸ਼ੂਆਂ ਦਾ ਸਮੁਦਾਯ.

ਵਗੈ: ਵੱਗ (ਚੌਣੇ) ਨੂੰ. "ਸਕਤਾ ਸੀਹੁ ਮਾਰੇ ਪੈ ਵਗੈ." (ਆਸਾ ਮਃ ੧) ੨. ਵਗਦਾ ਹੈ.

ਵਗ਼ੈਰਹ, ਵਗ਼ੈਰਾ: ਅ਼. وغیرہ ਵਜ- ਆਦਿਕ. ਇਸ ਤੋਂ ਬਿਨਾ ਹੋਰ. ਇਤਜਾਦਿ.

ਵਚ: ਸੰ. वच्. ਧਾ ਬੋਲਣਾ, ਸਮਝਾਉਨਾ, ਪੜ੍ਹਨਾ। ੨. ਸੰਗਜਾ- ਵਚਨ ਵਾਕਜ। ੩. ਸੂਰਜ। ੪. ਕਾਰਣ. ਸਬਬ। ੫. ਤੋਤਾ. ਸ਼ੁਕ। ੬. ਸੰ. वचा. ਵਚਾ. ਇੱਕ ਦਵਾਈ ਜੋ ਪਟੇਰ ਦੀ ਜੜ ਹੈ, ਜਿਸ ਨੂੰ ਬਚ ਆਖਦੇ ਹਨ. ਇਸ ਦੇ ਸੰਸਕ੍ਰਿਤ ਨਾਮ- ਉਗ੍ਰਗੰਧਾ, ਜਟਿਲਾ, ਮੰਗਲਜਾ ਆਦਿ ਹਨ. ਦੇਖੋ, ਬਚ ੨.

ਵਚਨ: ਸੰਗਜਾ- ਕਥਨ. ਕਹਿਣਾ. ਦੇਖੋ, ਵਚ ਧਾ। ੨. ਵਾਕ। ੩. ਵਜਾਕਰਣ ਅਨੁਸਾਰ ਨਾਮ ਅਥਵਾ ਵਿਕਾਰੀ ਸ਼ਬਦ ਦੀ ਗਿਣਤੀ ਪ੍ਰਗਟ ਕਰਨ ਵਾਲਾ ਚਿੰਨ੍ਹ Number. ਜੈਸੇ- ਇੱਕ ਵਚਨ ਰਾਮ, ਦ੍ਵਿਵਚਨ ਰਾਮੌ, ਬਹੁ ਵਚਨ ਰਾਮਾਃ ਘੋੜਾ ਇੱਕ ਵਚਨ, ਘੋੜੇ ਬਹੁਵਚਨ. ਪੰਜਾਬੀ ਵਿੱਚ ਦ੍ਵਿਵਚਨ ਨਹੀਂ ਹੋਇਆ ਕਰਦਾ.

ਵਚਨ ਹਾਰਣਾ: ਕ੍ਰਿ- ਪ੍ਰਤਿਗਜਾ ਭੰਗ ਕਰਨੀ. ਵਚਨ ਪੂਰਾ ਨਾ ਕਰਨਾ.

ਵਚਨਹਾਰੀ: ਸੁਨੇਹਾ ਲੈਜਾਣ ਵਾਲਾ. ਪੈਗਾਮਰਸਾਂ.

ਵਚਨਕਾਰੀ: ਹੁਕਮ ਦੀ ਤਾਮੀਲ ਕਰਨ ਵਾਲਾ. ਆਗਜਾਕਾਰੀ.

ਵਚਨ ਦੇਣਾ: ਪ੍ਰਤਿਗਜਾ ਕਰਨੀ. ਵਾਯਦਾ ਕਰਨਾ. ਦੇਖੋ, ਵਚਨੁ.

ਵਚਨਵਿਦਗਧਾ: ਕਾਵਜ ਅਨੁਸਾਰ ਉਹ ਨਾਯਿਕਾ-

"ਵਚਨਨ ਕੀ ਰਚਨਾਨਿ ਸੋਂ ਜੋ ਸਾਧੈ ਨਿਜਕਾਜ।

ਵਚਨਵਿਦਗਧਾ ਨਾਯਿਕਾ ਤਾਹਿ ਕਹਿਤ ਕਵਿਰਾਜ ॥"

(ਜਗਦਵਿਨੋਦ)

ਵਚਨੁ: ਦੇਖੋ, ਬਚਨ ਅਤੇ ਵਚਨ ਦੇਣਾ. "ਵਚਨੁ ਦੇਹਿ, ਛੋਡਿ ਨ ਜਾਸਾ ਹੇ." (ਮਾਰੂ ਸੋਲਹੇ ਮਃ ੫)

ਵਚਾ: ਦੇਖੋ, ਵਚ ੬.

ਵਚੀੜੀ: ਸੰਗਜਾ- ਵਚਨ ਰਚਨਾ. ਈੜਿਤ (ਸਲਾਹਿਆ ਹੋਇਆ) ਵਚਨ. "ਅਕਥ ਕਥਾ ਵਿਸਮਾਦ ਵਚੀੜੀ." (ਭਾਗੁ)

ਵਛ: ਸੰ. वत्स- ਵਤ੍ਸ. ਸੰਗਜਾ- ਬੱਚਾ. "ਕੇਤੇ ਅਛ ਬਛ ਹੁਇ ਸਪਛ ਉਡਜਾਂਹਿਗੇ." (ਅਕਾਲ) ਕਿਤਨੇ ਗਰੁੜਾਦਿਕ ਦੇ ਬੱਚੇ ਪੰਖ ਸਹਿਤ ਹੋਕੇ ਉਡਜਾਂਹਿਗੇ. ਦੇਖੋ, ਅੱਛ ੨. ਅਤੇ ੭, ਅਰ ਵੱਛ ੩। ੨. ਵਿ- ਪਿਆਰਾ. ਪ੍ਰਿਯ.

ਵਛਲ, ਵਛਲੁ: ਸੰ. वत्सल्. ਵਤ੍ਸਲ. ਵਿ- ਸਨੇਹ ਵਾਲਾ. ਪਿਆਰ ਵਾਲਾ. ਪਿਆਰਾ. "ਭਗਤਿਵਛਲ ਅਨਾਥਨਾਥੇ." (ਸਹਸ ਮਃ ੫) "ਹਰਿਜੀਉ ਦਾਤਾ ਭਗਤਵਛਲੁ ਹੈ." (ਸ੍ਰੀ ਮਃ ੩)

ਵਛੇਰ: ਖਤ੍ਰੀਆਂ ਦੀ ਇੱਕ ਜਾਤਿ. "ਸਾਂਈਦਾਸ ਵਛੇਰ ਹੈ." (ਭਾਗੁ) ੨. ਘੋੜੇ ਦੀ ਬੱਚੀ. ਛੋਟੀ ਖੱਚਰ.

ਵਛੇਰਾ, ਵਛੇਰੀ: ਘੋੜੇ ਦਾ ਬੱਚਾ ਬੱਚੀ. ਦੇਖੋ, ਬਛੇਰਾ.

ਵੱਛ: ਸੰ. ਵਕ੍ਸ਼ਸ੍. ਸੰਗ੍ਯਾ- ਛਾਤੀ। ੨. ਰਿਦਾ. ਮਨ. "ਵੱਛ ਸ੍ਰੱਛ ਮਹਿ ਗੁਨਿਯੇ." (ਨਾਪ੍ਰ) ੩. ਵਤਸ (ਬੱਚੇ) ਦੀ ਥਾਂ ਭੀ ਵੱਛ ਸ਼ਬਦ ਆਇਆ ਹੈ. "ਅੱਛ ਵੱਛ ਹਨਐ ਸਪੱਛ." (ਅਕਾਲ) ਅਛ (ਗਰੁੜਾਦਿਕ) ਦੇ ਬੱਚੇ ਪੰਖ ਸਹਿਤ ਹੋਕੇ.

ਵੱਛਾ: ਦੇਖੋ, ਬੱਛਾ। ੨. ਦੇਖੋ, ਵਛ ੪.

ਵਜ: ਸੰ. ਵਾਦਯ. ਸੰਗ੍ਯਾ- ਵਾਜਾ. "ਮੁਚੁ ਵਜਾਇਨਿ ਵਜ." (ਵਾਰ ਗੂਜ ੨. ਮਃ ੫) ੨. ਫ਼ਾ. وز ਵਅਜ਼. ਉਸ ਤੋਂ. ਹੋਰ ਤੋਂ. ਔਰ ਸੇ.

ਵਜਅ: ਅ਼. وضع ਵਜਅ਼. ਸੰਗ੍ਯਾ- ਰੱਖਣਾ. ਠਹਿਰਾਉਣਾ। ੨. ਬਣਾਉਣਾ। ੩. ਨਵੀਂ ਕਾਢ ਕੱਢਣੀ। ੪. ਬਨਾਵਟ. ਪ੍ਰਕਾਰ। ੫. ਅ਼. وزع ਵਜਅ਼. ਦਰਦ. ਦੁਖ.

ਵਜਹ: ਅ਼. وجہ ਸੰਗ੍ਯਾ- ਤਨਖ਼੍ਵਾਹ. ਨੌਕਰੀ। ੨. ਕਾਰਣ. ਸਬਬ। ੩. ਮੁਖ. ਚੇਹਰਾ। ੪. ਸੂਰਤ. ਸ਼ਕਲ. ਨੁਹਾਰ। ੫. ਪ੍ਰਕਾਰ. ਢੰਗ. ਤਰਹਿ.

ਵਜਹ ਤਸਮੀਹਾ, ਵਜਹ ਤਸਮੀਯਾ: ਅ਼. وجہ تسمیہ ਸੰਗ੍ਯਾ- ਸ਼ਬਦ ਦੀ ਵ੍ਯੁਤਪੱਤਿ. Etymology of words. ੨. ਨਾਮ ਪੈਣ ਦਾ ਕਾਰਣ. ਜਿਵੇਂ- ਨਾਨਕਿਆਨਾ. ਗੁਰੂ ਨਾਨਕਦੇਵ ਦਾ ਅਯਨ (ਘਰ) ਹੋਣ ਕਰਕੇ ਤਲਵੰਡੀ ਦਾ ਨਾਮ.

ਵਜਹੁ: ਸੰਗ੍ਯਾ- ਵਜੀਫ਼ਹ. ਰੋਜ਼ੀਨਾ. "ਵਜਹੁ ਨਾਨਕ ਮਿਲੈ ਏਕ ਨਾਮ." (ਆਸਾ ਮਃ ੫) "ਵਜਹੁ ਗਵਾਏ ਅਗਲਾ." (ਵਾਰ ਆਸਾ) ੨. ਤਨਖ਼੍ਵਾਹ. ਨੌਕਰੀ. ਦੇਖੋ, ਵਜਹ. "ਵਾਪਾਰੀ ਵਣਜਾਰਿਆ, ਆਏ ਵਜਹੁ ਲਿਖਾਇ." (ਸ੍ਰੀ ਅਃ ਮਃ ੧) ੩. ਕ੍ਰਿ. ਵਿ- ਬਤੌਰ. "ਬਖਸੀਸ ਵਜਹੁ ਮਿਲਿ ਏਕੁ ਨਾਮੁ." (ਗਉ ਮਃ ੫)

ਵਜਗਿ: ਵੱਜੇਗੀ। ੨. ਪ੍ਰਸਿੱਧ ਹੋਵੇਗੀ. "ਵਦੀ ਸੁ ਵਜਗਿ ਨਾਨਕਾ." (ਵਾਰ ਆਸਾ)

ਵਜਣਾ: ਕ੍ਰਿ- ਵਾਦਨ ਹੋਣਾ. ਵਾਜੇ ਵਿੱਚੋਂ ਸੁਰ ਨਿਕਲਣਾ. "ਦੁਨੀ ਵਜਾਈ ਵਜਦੀ, ਤੂੰ ਭੀ ਵਜਹਿ ਨਾਲਿ। ਸੋਈ ਜੀਉ ਨ ਵਜਦਾ, ਜਿਸੁ ਅਲਹੁ ਕਰਦਾ ਸਾਰ ॥" (ਮਃ ੫, ਸਃ ਫਰੀਦ) ੨. ਪ੍ਰਸਿੱਧ ਹੋਣਾ. "ਭਗਤ ਭਗਤ ਜਗਿ ਵਜਿਆ." (ਭਾਗੁ) "ਜਿਸੁ ਅੰਦਰਿ ਚੁਗਲੀ, ਚੁਗਲੋ ਵਜੈ." (ਮਃ ੪. ਵਾਰ ਗਉ ੧) ਜਿਸ ਦੇ ਮਨ ਵਿੱਚ ਚੁਗਲੀ ਕਰਨ ਦੀ ਆਦਤ ਹੈ, ਉਹ ਚੁਗਲ ਮਸ਼ਹੂਰ ਹੁੰਦਾ ਹੈ.

ਵਜ਼ਨ: ਅ਼. وزن ਸੰਗ੍ਯਾ- ਤੋਲ. ਪ੍ਰਮਾਣ. ਬੋਝ. ਭਾਰ। ੨. ਭਾਵ- ਮਾਨ ਪਤਿਸ਼੍ਠਾ.

ਵਜਨਿ: ਵਜਦੇ ਹਨ. "ਵਾਤ ਵਜਨਿ ਟੰਮਕ ਭੇਰੀਆ." (ਸ੍ਰੀ ਮਃ ੫. ਪੈਪਾਇ)

ਵਜ਼ਨੀ: ਵਿ- ਵਜ਼ਨ ਵਾਲਾ. ਭਾਰੀ. ਬੋਝਲ.

ਵਜਾ: ਦੇਖੋ, ਵਜਅ਼ ਅਤੇ ਵਜਹ. "ਰਾਵ ਰੰਕ ਪ੍ਰਜਾ ਵਜਾ ਇਮ ਭਾਖਹੀ ਸਭਕੋਇ." (ਦੱਤਾਵ) ਇਸ ਪ੍ਰਕਾਰ ਸਭ ਆਖਦੇ ਹਨ.

ਵਜ਼ਾਂ: ਫ਼ਾ. وزاں ਵ- ਅਜ਼- ਆਂ. ਅਰ ਉਸ ਤੋਂ.

ਵਜਾਉਣਾ: ਕ੍ਰਿ- ਵਾਦਨ ਕਰਨਾ. ਵਾਜੇ ਵਿੱਚੋਂ ਸੁਰ ਕੱਢਣਾ। ੨. ਪ੍ਰਸਿੱਧ ਕਰਨਾ. "ਗੁਰ ਕੀ ਬਾਣੀ ਨਾਮ ਵਜਾਏ." (ਆਸਾ ਮਃ ੩)

ਵਜਾਇ: ਕ੍ਰਿ. ਵਿ- ਵਜਾਕੇ. "ਧਰਤੀ ਉਪਰਿ ਕੋਟਿ ਗੜ ਕੇਤੀ ਗਈ ਵਜਾਇ." (ਸੋਰ ਮਃ ੧)

ਵਜਾਇਣੁ: ਕ੍ਰਿ. ਵਿ- ਵਜਾਉਣਾ। ੨. ਵਜਵਾਉਣਾ.

ਵਜਾਏ ਵੱਜਣਾ: ਕ੍ਰਿ- ਦੂਜੇ ਦੇ ਬੁਲਾਏ ਬੋਲਣਾ. ਕਿਸੇ ਦੇ ਆਖੇ ਕੰਮ ਕਰਨਾ. ਦੇਖੋ, ਵਜਣਾ ੧.

ਵਜ਼ਾਂ ਪਸ: ਫ਼ਾ. وزاں پس ਵ- ਅਜ਼- ਆਂ- ਪਸ. ਅਤੇ ਉਸ ਪਿੱਛੋਂ.

ਵਜ਼ਾਰਤ: ਸੰਗਯਾ- ਵਜ਼ੀਰ (ਮੰਤ੍ਰੀ) ਦੀ ਪਦਵੀ। ੨. ਵਜ਼ੀਰ ਦਾ ਕਰਮ. ਦੇਖੋ, ਵਜ਼ੀਰ.

ਵਜਿਦ: ਅ਼. وجّد ਸੰਗਯਾ- ਦਿਲ ਦੀ ਜਲਨ। ੨. ਖ਼ੁਦਾ ਦੇ ਪ੍ਰੇਮ ਦੀ ਮਸ੍ਤੀ.

ਵਜੀਹ: ਅ਼. وجیہ ਵਿ- ਅੱਛੀ ਵਜਹ (ਸ਼ਕਲ) ਵਾਲਾ. ਸੁੰਦਰ.

ਵਜੀਦ: ਅ਼. وجید ਹਮਵਾਰ. ਸਮ। ੨. ਦੇਖੋ, ਬਜੀਦ.

ਵਜੀਦਖ਼ਾਨ: ਦੇਖੋ, ਬਜੀਦਖ਼ਾਨ.

ਵਜੀਦਪੁਰ: ਦੇਖੋ, ਬਜੀਦਪੁਰ ਅਤੇ ਬਾਜੀਦਪੁਰ.

ਵਜੀਫਾ: ਅ਼. ਵਜੀਫ਼ਹ. ਸੰਗਯਾ- ਜੋ ਰੋਜ਼ ਲਈ ਨਿਯਤ ਹੋਵੇ, ਨੌਕਰੀ ਗੁਜ਼ਾਰਾ ਆਦਿ (stipend) ੨. ਛਾਤ੍ਰਵ੍ਰਿੱਤਿ (scholarship) ੩. ਨਿੱਤ ਦਾ ਭਜਨ ਸਿਮਰਨ ਉਪਾਸਨਾ.

ਵਜੀਰ, ਵਜੀਰੁ: ਅ਼. وزیر ਵਜ਼ੀਰ. ਸੰਗਯਾ- ਮੰਤ੍ਰੀ. ਅਮਾਤਯ. "ਆਪੇ ਸਾਹਿਬੁ, ਆਪਿ ਵਜੀਰੁ." (ਗਉ ਮਃ ੩) ਦੇਖੋ, ਮੰਤ੍ਰੀ.

ਵਜੀਰਸਿੰਘ: ਰਾਣੀ ਚੰਦਕੌਰ ਦੇ ਉਦਰ ਤੋਂ ਰਾਜਾ ਪਹਾੜਸਿੰਘ ਫਰੀਦਕੋਟਪਤਿ ਦਾ ਸੁਪੁਤ੍ਰ. ਇਹ ਆਪਣੇ ਸਮੇਂ ਵਡਾ ਧਰਮਾਤਮਾ ਅਤੇ ਜਤੀ ਹੋਇਆ ਹੈ. ਇਸ ਨੇ ਪਰਇਸਤ੍ਰੀ ਵੱਲ ਕਦੇ ਬੁਰੀ ਨਜਰ ਨਾਲ ਨਹੀਂ ਤੱਕਿਆ ਸੀ. ਫਰੀਦਕੋਟ ਦੇ ਤੋਸ਼ੇਖ਼ਾਨੇ ਇਸ ਦੀ ਕੱਛ ਹੁਣ ਭੀ ਰੱਖੀ ਹੋਈ ਹੈ, ਜਿਸ ਦਾ ਨਾਲਾ ਪ੍ਰਸੂਤ ਦੀ ਪੀੜਾ ਵੇਲੇ ਲੋਕੀਂ ਧੋਕੇ ਪਿਆਉਂਦੇ ਹਨ. ਬਹੁਤ ਲੋਕਾਂ ਦਾ ਵਿਸ਼੍ਵਾਸ ਹੈ ਕਿ ਅਜੇਹਾ ਕਰਨ ਤੋਂ ਬੱਚਾ ਬਿਨਾ ਕਲੇਸ਼ ਦਿੱਤੇ ਪੈਦਾ ਹੋ ਜਾਂਦਾ ਹੈ. ਦੇਖੋ, ਫਰੀਦਕੋਟ.

ਵਜ਼ੀਰਖ਼ਾਨ: ਸ਼ੇਖ਼ ਅਬਦੁਲਲਤੀਫ਼ ਦਾ ਪੁਤ੍ਰ ਹਕੀਮ ਆਲਿਮੁਦੀਨ, ਜਿਸ ਦਾ ਪ੍ਰਸਿੱਧ ਨਾਉਂ ਵਜ਼ੀਰਖ਼ਾਨ ਸੀ. ਇਹ ਚਿਨੋਟ ਦਾ ਵਸਨੀਕ ਸੀ. ਬਾਦਸ਼ਾਹ ਜਹਾਂਗੀਰ ਅਤੇ ਸ਼ਾਹਜਹਾਂ ਦਾ ਏਤਬਾਰੀ ਅਹਿਲਕਾਰ ਸੀ ਅਤੇ ਸ਼ਾਹਜਹਾਨ ਨੇ ਸਨ ੧੬੨੮ ਵਿੱਚ ਇਸ ਨੂੰ ਲਹੌਰ ਦਾ ਗਵਰਨਰ ਥਾਪਿਆ ਸੀ. ਇਹ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਸਾਦਿਕ ਸੀ ਅਤੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਭੀ ਸੇਵਾ ਕਰਦਾ ਰਿਹਾ ਹੈ. ਵਜ਼ੀਰਖ਼ਾਂ ਦੀ ਮਸਜਿਦ ਲਹੌਰ ਵਿੱਚ ਦਿੱਲੀ ਦਰਵਾਜੇ ਪ੍ਰਸਿੱਧ ਅਸਥਾਨ ਹੈ.[1153] ਇਸ ਦੇ ਬਾਗ ਵਿੱਚ ਜੋ ਇਮਾਰਤ ਸੀ. ਉਸ ਵਿੱਚ ਹੁਣ ਪਬਲਿਕ ਲਾਇਬ੍ਰੇਰੀ ਦੇਖੀ ਜਾਂਦੀ ਹੈ. ਵਜ਼ੀਰਖ਼ਾਂ ਦਾ ਦੇਹਾਂਤ ਸਨ ੧੬੩੪ ਵਿੱਚ ਆਗਰੇ ਹੋਇਆ. ਸ਼ਾਹਜਹਾਂ ਨੇ ਇਸ ਨੂੰ ਲਹੌਰ ਤੋਂ ਬਦਲਕੇ ਆਗਰੇ ਦਾ ਸੂਬੇਦਾਰ ਕਰ ਦਿੱਤਾ ਸੀ.

"ਤਬ ਵਜੀਰਖ਼ਾਂ ਗੁਰੂ ਹਕਾਰਾ।

ਆਯੋ ਲੈਕਰ ਭੇਟ ਉਦਾਰਾ." (ਗੁਪ੍ਰਸੂ)

੨. ਕੁੰਜਪੁਰੇ ਦਾ ਵਸਨੀਕ ਸਰਹਿੰਦ ਦਾ ਸੂਬਾ, ਜਿਸ ਨੇ ੧੩. ਪੋਹ ਸੰਮਤ ੧੭੬੧ ਨੂੰ ਦਸ਼ਮੇਸ਼ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਜੁਲਮ ਨਾਲ ਪ੍ਰਾਣ ਲਏ ਸਨ. ਬੰਦਾ ਬਹਾਦੁਰ ਨੇ ੧. ਹਾੜ ਸੰਮਤ ੧੭੬੭ ਨੂੰ ਚਪੜਚਿੜੀ ਦੇ ਮੈਦਾਨ ਵਜੀਰਖ਼ਾਂ ਨੂੰ ਕਤਲ ਕਰਕੇ ਸਰਹਿੰਦ ਫਤੇ ਕੀਤੀ ਅਤੇ ਸੁਚਾਨੰਦ ਆਦਿਕ ਪਾਪੀਆਂ ਨੂੰ ਭੀ ਉਨ੍ਹਾਂ ਦੇ ਨੀਚ ਕਰਮਾਂ ਦਾ ਫਲ ਭੁਗਾਇਆ.

ਭਾਈ ਸੰਤੋਖਸਿੰਘ, ਗਿਆਨੀ ਗਿਆਨਸਿੰਘ ਆਦਿਕਾਂ ਨੇ ਇਸ ਦਾ ਨਾਉਂ ਭੁੱਲ ਨਾਲ ਵਜੀਦਖਾਨ ਲਿਖ ਦਿੱਤਾ ਹੈ. ਦੇਖੋ, ਬਜੀਦਖਾਨ.

---

[1153] ਇਹ ਮਸੀਤ ਸਨ ੧੬੩੪ ਵਿੱਚ ਬਣੀ ਹੈ.

ਵਜੀਰਟਿਆ: ਵਜ਼ਾਰਤ ਵਾਲਾ. ਵਜ਼ੀਰ ਦੀ ਪਦਵੀ ਰੱਖਣ ਵਾਲਾ. ਵਜ਼ੀਰਤ੍ਵ ਵਾਲਾ. "ਆਪੇ ਵਡ ਪਤਸਾਹ, ਆਪਿ ਵਜੀਰਟਿਆ." (ਵਾਰ ਰਾਮ ੨. ਮਃ ੫)

ਵਜੀਰਾਬਾਦ: ਜਿਲਾ ਗੁੱਜਰਾਂਵਾਲਾ ਵਿੱਚ ਇੱਕ ਤਸੀਲ ਦਾ ਪ੍ਰਧਾਨ ਨਗਰ, ਜੋ ਚਨਾਬ (ਚੰਦ੍ਰਭਾਗਾ) ਦੇ ਕਿਨਾਰੇ ਹੈ. ਇਹ ਸ਼ਹਰ ਹਕੀਮ ਵਜੀਰਖ਼ਾਂ ਨੇ ਵਸਾਇਆ ਸੀ. ਕਸ਼ਮੀਰ ਤੋਂ ਮੁੜਦੇ ਹੋਏ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ ਨਗਰ ਵਿਰਾਜੇ ਹਨ. ਖੇਮਚੰਦ ਖਤ੍ਰੀ ਨੇ ਜੋ ਅਸਥਾਨ ਉਸ ਸਮੇਂ ਸਤਿਗੁਰੂ ਦੀ ਭੇਟਾ ਕੀਤਾ, ਉਸ ਦਾ ਨਾਮ "ਗੁਰੂ ਕਾ ਕੋਠਾ" ਹੈ. ਵਜੀਰਾਬਾਦ ਲਹੌਰੋਂ ੬੨ ਮੀਲ ਹੈ. ਇਸ ਦੀ ਆਬਾਦੀ ੧੬, ੪੫੦ ਹੈ. ਦੇਖੋ, ਗੁਰੂ ਕਾ ਕੋਠਾ ੨.

ਵਜੀਰੀ: ਸੰਗਯਾ- ਵਜ਼ਾਰਤ. ਮੰਤ੍ਰੀ ਦੀ ਪਦਵੀ। ੨. ਮੰਤ੍ਰੀ ਦਾ ਕਰਮ। ੩. ਇੱਕ ਪਠਾਣ ਜਾਤਿ, ਜੋ ਮਹਸੂਦ ਅਤੇ ਦਰਵੇਸ਼ ਖ਼ੈਲ ਦੋ ਮੂਹਆਂ ਵਿੱਚ ਵੰਡੀ ਹੋਈ ਹੈ.

ਵਜੂ: ਵਜੂਦ ਦਾ ਸੰਖੇਪ. "ਹੁਸਨੁਲ ਵਜੂ ਹੈ." (ਜਾਪੁ) ਸੁੰਦਰਤਾ ਦਾ ਸ਼ਰੀਰ ਹੈ। ੨. ਵਜਹ ਦਾ ਬਹੁਵਚਨ. ਚੇਹਰੇ. ਮੁਖ। ੩. ਸਰਦਾਰ. ਮੁਖੀਏ। ੪. ਦੇਖੋ, ਉਜੂ.

ਵਜੂਹ, ਵਜੂਹਾਤ: ਵਜਹ ਦਾ ਬਹੁਵਚਨ, ਦੇਖੋ, ਵਜਹ ੨. ਵਜੂਹ ਦਾ ਬਹੁਵਚਨ ਵਜੂਹਾਤ ਹੈ.

ਵਜੂਦ: ਅ਼. وجود ਵੁਜੂਦ. ਮਤਲਬ (ਪ੍ਰਯੋਜਨ) ਦੀ ਸਿੱਧਿ। ੨. ਜੀਵਨ. ਜ਼ਿੰਦਗੀ। ੩. ਹਸ੍ਤੀ. ਹੋਂਦ. ਅਸ੍ਤਿਤ੍ਵ। ੪. ਦੇਹ. ਸ਼ਰੀਰ.

ਵਜੰਤ੍ਰ: ਵਾਦਿਤ੍ਰ. ਵਾਜਾ.

ਵਜ੍ਰ: ਸੰ. ਸੰਗਯਾ- ਹੀਰਾ ਰਤਨ। ੨. ਇੰਦ੍ਰ ਦੀ ਗਦਾ, ਜੋ ਦਧੀਚਿ ਦੇ ਹੱਡਾਂ ਤੋਂ ਬਣੀ ਹੈ. ਦੇਖੋ, ਦਧੀਚਿ। ੩. ਊਸ਼ਾ ਦੇ ਗਰਭ ਤੋਂ ਅਨਿਰੁੱਧ ਦਾ ਪੁਤ੍ਰ, ਜਿਸ ਨੂੰ ਕ੍ਰਿਸ਼ਨ ਜੀ ਨੇ ਸ਼ਰੀਰ ਛੱਡਣ ਤੋਂ ਪਹਿਲਾਂ ਯਾਦਵਾਂ ਦਾ ਰਾਜਾ ਥਾਪਿਆ। ੪. ਬਿਜਲੀ ਅਥਵਾ ਛੁਟਦੇ ਸਤਾਰਿਆਂ ਦਾ ਪੱਥਰ (thunder bolt; adamant; aerolite) ੫. ਫ਼ੌਲਾਦ। ੬. ਬਰਛੇ (ਭਾਲੇ) ਦਾ ਫਲ। ੭. ਕਾਂਜੀ। ੮. ਥੋਹਰ ਦਾ ਪੇਡ। ੯. ਆਪਸਤੰਬ ਅਤੇ ਅਤ੍ਰਿ ਰਿਖਿ ਦੇ ਲੇਖ ਅਨੁਸਾਰ ਗਊ ਦੇ ਮੂਤ ਵਿੱਚ ਰਿੰਨ੍ਹੇ ਹੋਏ ਜੌਂ।[1154] ੧੦. ਉਹ ਅਭ੍ਰਕ, ਜੋ ਅੱਗ ਤੇ ਰੱਖਿਆਂ ਨਾ ਫੁੱਲੇ। ੧੧. ਵਿ- ਕਰੜਾ. ਸਖ਼ਤ। ੧੨. ਘੋਰ. ਭਯਾਨਕ.

ਵਜ੍ਰਤੁੰਡ: ਸੰ. ਸੰਗਯਾ- ਵਜ੍ਰ (ਸਖ਼ਤ) ਹੈ ਮੁਖ ਜਿਸ ਦਾ, ਗਰੁੜ। ੨. ਮੱਛਰ। ੩. ਗਣੇਸ਼। ੪. ਗਿਰਝ. ਗਿੱਧ.

ਵਜ੍ਰਦੰਤ: ਸੰ. ਸੰਗਯਾ- ਚੂਹਾ। ੨. ਸੂਰ.

ਵਜ੍ਰਧਾਰ, ਵਜ੍ਰਪਾਣਿ, ਵਜ੍ਰਾਯੁਧ, ਵਜ੍ਰੀ: ਸੰਗਯਾ- ਵਜ੍ਰ ਸ਼ਸਤ੍ਰ ਰੱਖਣ ਵਾਲਾ ਇੰਦ੍ਰ. ਦੇਵਰਾਜ. (ਵਜ੍ਰਿਨ. )

ਵੱਝਣਾ: ਬੱਧ ਹੋਣਾ. ਬੰਧਨ ਵਿੱਚ ਪੈਣਾ.

ਵਞਣੁ: ਸਿੰਧੀ. ਜਾਣਾ. ਗਮਨ। ੨. ਦੇਖੋ, ਵੰਚਨ.

ਵਞਾਉਣਾ, ਵਞਾਵਣਾ: ਕ੍ਰਿ- ਵੰਚਨ ਕਰਾਉਣਾ. ਧੋਖੇ ਵਿੱਚ ਫਸਾਉਣਾ. "ਝੂਠੀ ਦੁਨੀਆ ਲਗਿ, ਨ ਆਪੁ ਵਞਾਈਐ." (ਆਸਾ ਫਰੀਦ) ੨. ਭੇਜਣਾ। ੩. ਤਿਆਗਣਾ. ਛੱਡਣਾ। ੪. ਗੁਆਉਣਾ. ਖੋ ਦੇਣਾ. "ਉਸਤਤਿ ਨਿੰਦਾ ਨਾਨਕ ਜੀ, ਮੈ ਹਭ ਵਞਾਈ." (ਵਾਰ ਰਾਮ ੨. ਮਃ ੫) ਦੇਖੋ, ਵੰਞਣੁ.

ਵਟ: ਸੰ. ਵਟ੍. ਧਾ- ਘੇਰਨਾ. ਬੰਨ੍ਹਣਾ, ਏਕਤ੍ਰ ਕਰਨਾ, ਵੱਖ ਕਰਨਾ, ਬਕਣਾ, ਚੋਰੀ ਕਰਨਾ। ੨. ਸੰਗਯਾ- ਬੋਹੜ. ਵਰੋਟਾ. Ficus Indica। ੩. ਪਾਣੀ ਦਾ ਬੰਨ੍ਹ। ੪. ਵੱਟਾ. ਪੱਥਰ। ੫. ਮਨ ਦਾ ਟੇਢਾਪਨ. ਦਿਲ ਦੀ ਗੁੰਝਲ. "ਨਾਹਨੇਸ਼ ਮੇ ਜੇ ਵਟ ਹੋਇ। ਸਤਿਗੁਰੁ ਕਹੇ ਸਗਲ ਦੇ ਖੋਇ." (ਗੁਪ੍ਰਸੂ) ੬. ਦੇਖੋ, ਵੱਟ। ੭. ਵਜ- ਵਤ. ਵਾਂਙ. ਜੈਸੇ. "ਨਟ ਵਟ ਖੇਲੇ

[1154] ਕਈ ਵ੍ਰਤਾਂ ਵਿੱਚ ਵਜ੍ਰ ਖਾਣ ਦੀ ਵਿੱਧੀ ਹੈ.

ਸਾਰਿਗਪਾਨਿ." (ਗਉ ਕਬੀਰ) ਦੇਖੋ, ਨਟਵਟ ੨.

ਵਟਕ: ਸੰ. ਸੰਗਯਾ- ਬੜੀ। ੨. ਪਕੌੜਾ। ੩. ਅੱਠ ਮਾਸ਼ੇ ਭਰ ਤੋਲ.

ਵਟਰ: ਸੰ. ਸੰਗਯਾ- ਚੋਰ। ੨. ਬਟੇਰਾ। ੩. ਬਿਸਤਰਾ। ੪. ਮਧਾਣੀ.

ਵਟਵਾਰਾ, ਵਟਵਾੜਾ: ਸੰਗਯਾ- ਹਿੱਸਾ. ਵਿਭਾਗ. ਵੰਡਿਆ ਹੋਇਆ ਪਦਾਰਥ। ੨. ਵੰਡਣ ਦੀ ਕ੍ਰਿਯਾ। ੩. ਵਾਟਪਾਰ. ਰਾਹ ਮਾਰਣ ਵਾਲਾ. ਡਾਕੂ. ਲੁਟੇਰਾ.

ਵਟਾਉਣਾ: ਦੇਖੋ, ਬਟਾਉਣਾ.

ਵਟਾਊ, ਵਟਾਊੜਾ: ਵਾਟ (ਰਾਹ) ਵਿੱਚ ਆਉਣ ਵਾਲਾ, ਰਾਹੀ. ਪਾਂਧੀ. ਮੁਸਾਫ਼ਿਰ. "ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ." (ਸ੍ਰੀ ਅਃ ਮਃ ੧) "ਉਠਿ ਵੰਞੁ ਵਟਾਊੜਿਆ !" (ਆਸਾ ਛੰਤ ਮਃ ੫)

ਵਟਾਂਦਰਾ: ਸੰਗਯਾ- ਤਬਾਦਲਾ. ਵਟਾਉਣ ਦਾ ਭਾਵ

ਵਟਾਲਾ: ਦੇਖੋ, ਬਟਾਲਾ.

ਵਟਿ: ਕ੍ਰਿ. ਵਿ- ਵੱਟਕੇ. "ਵਟਿ ਧਾਗੇ ਅਵਰਾ ਘਤੈ." (ਵਾਰ ਆਸਾ) ੨. ਵੱਟੇ ਨਾਲ. "ਪੂਰੇ ਵਟਿ ਤੋਲਿ ਤੁਲਾਈਐ." (ਮਃ ੧. ਵਾਰ ਮਾਝ)

ਵਟਿਕਾ: ਸੰ. ਸੰਗਯਾ- ਵੱਟੀ. ਗੋਲੀ। ੨. ਪਿੰਨੀ. "ਗੁਪਤੀ ਖਾਵਹਿ ਵਟਿਕਾ ਸਾਰੀ." (ਗੌਂਡ ਕਬੀਰ) ੩. ਬੜੀ. ਮਾਂਹ ਮੂੰਗੀ ਆਦਿ ਦੀ ਵੱਟੀ ਹੋਈ ਗੋਲੀ.

ਵਟੀ: ਸੰਗਯਾ- ਬੱਤੀ. ਸੰ. ਵਰ੍ਤਿ. ਦੀਵੇ ਦੀ ਵੱਟੀ. "ਭਉ ਵਟੀ ਇਤੁ ਤਨਿ ਪਾਈਐ." (ਸ੍ਰੀ ਮਃ ੧) ੨. ਸੰ. ਵਟਿਕਾ. ਗੋਲੀ.

ਵਟੁ: ਸੰਗਯਾ- ਮਰੋੜ. ਵਲ. ਵੱਟ. "ਜਤੁ ਗੰਢੀ ਸਤੁ ਵਟੁ." (ਵਾਰ ਆਸਾ) ੨. ਸੰ. ਬਾਲਕ। ੩. ਬ੍ਰਹਮਚਾਰੀ.

ਵਟੁਕ: ਸੰ. ਸੰਗਯਾ- ਬਾਲਕ। ੨. ਬ੍ਰਹਮਚਾਰੀ। ੩. ਭੈਰਵ ਦਾ ਇੱਕ ਭੇਦ.

ਵਟੋਰਣੁ: ਸਿੰਧੀ. ਕ੍ਰਿ- ਇਕੱਠਾ ਕਰਨਾ. ਸਮੇਟਣਾ.

ਵੱਟ: ਸੰਗਯਾ- ਵਲ. ਪੇਚ। ੨. ਹਵਾ ਦਾ ਬੰਦ ਹੋਣਾ. ਹੁੰਮ. ਹੁੱਸੜ। ੩. ਪਾਣੀ ਦਾ ਬੰਨ੍ਹ। ੪. ਖੇਤ ਦੀ ਡੌਲ। ੫. ਦਿਲ ਦੀ ਗੁੰਝਲ.

ਵੱਟਣਾ: ਕ੍ਰਿ- ਵਲ ਦੇਣਾ. ਜੈਸੇ- ਰੱਸਾ ਵੱਟਣਾ। ੨. ਖੱਟਣਾ। ੩. ਇੱਕ ਵਸਤੁ ਦੇਕੇ ਦੂਜੀ ਦਾ ਲੈਣਾ. ਵਟਾਂਦਰਾ ਕਰਨਾ.

ਵੱਟਤ: ਸੰਗਯਾ- ਖੱਟੀ. ਸੌਦਾ ਵੇਚਣ ਤੋਂ ਹੋਇਆ ਲਾਭ. ਆਮਦਨ.

ਵੱਟਾ: ਸੰਗਯਾ- ਪੱਥਰ। ੨. ਤੋਲਣ ਦਾ ਪੱਥਰ. ਜਿਸ ਵੱਟੇ ਨਾਲ ਵਜ਼ਨ ਕਰੀਏ। ੩. ਵਟਾਂਦਰਾ। ੪. ਵਟਾਂਦਰੇ ਵਿੱਚ ਦਿੱਤਾ ਘਾਟਾ। ੫. ਦਾਗ. ਕਲੰਕ. ਜਿਵੇਂ- ਕੁਲ ਨੂੰ ਵੱਟਾ ਲਾ ਦਿੱਤਾ.

ਵੱਟੀ: ਦੇਖੋ, ਵਟੀ। ੨. ਪੰਜ ਸੇਰ ਪ੍ਰਮਾਣ। ੩. ਪੰਜ ਸੇਰੀ। ੪. ਕਈ ਥਾਂਈਂ ਦੋ ਸੇਰ ਦੀ ਭੀ ਵੱਟੀ ਹੋਇਆ ਕਰਦੀ ਹੈ.

ਵਠਰ: ਸੰ. ਮੂਰਖ। ੨. ਲੁੱਚਾ.

ਵਡ: ਵਿ- ਵਡਾ. ਅਤਿ. "ਵਡ ਸਮਰਥ ਸਦਾਸਦ ਸੰਗੇ." (ਸਾਰ ਮਃ ੫)

ਵਡਹੁਵਡੇਰਾ: ਵਿ- ਵਡੇ ਤੋਂ ਵਡਾ। ੨. ਸੰਗਯਾ- ਪੜਦਾਦਾ ਨਕੜ ਦਾਦਾ ਆਦਿ.

ਵਡਹੰਸ, ਵਡਹੰਸੁ: ਇਹ ਕਮਾਚਠਾਟ ਦਾ ਸੰਪੂਰਣ ਰਾਗ ਹੈ. ਨਿਸ਼ਾਦ ਦੋਵੇਂ ਲਗਦੇ ਹਨ. ਬਾਕੀ ਸਾਰੇ ਸੁਰ ਸ਼ੁੱਧ ਹਨ. ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ. ਇਸ ਦਾ ਬਰਵੇ ਨਾਲ ਬਹੁਤ ਮੇਲ ਹੈ. ਕਈ ਵਡਹੰਸ ਨੂੰ ਦਿਨ ਦਾ ਦੇਸ ਆਖਦੇ ਹਨ. ਗਾਉਣ ਦਾ ਵੇਲਾ ਦੁਪਹਿਰ ਅਤੇ ਰਾਤ ਦਾ ਦੂਜਾ ਪਹਿਰ ਹੈ.

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਡਹੰਸ ਦਾ ਅੱਠਵਾਂ ਨੰਬਰ ਹੈ.

ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਮ ਵਡਹੰਸਿਕਾ ਹੈ ਅਤੇ ਇਸ ਨੂੰ ਰਾਗਿਣੀ ਮੰਨਿਆ ਹੈ। ੨. ਰਾਜਹੰਸ. "ਮੈ ਜਾਨਿਆ ਵਡਹੰਸੁ ਹੈ." (ਮਃ ੩. ਵਾਰ ਵਡ) ੩. ਵਿਵੇਕੀ. ਪਰਮਹੰਸ. "ਸਬਦਿ ਰਤੇ ਵਡਹੰਸ ਹੈ." (ਮਃ ੩. ਵਾਰ ਵਡ)

ਵਡਗੇ: ਵਡੇਗੇਯ (ज्ञेय) ਚੰਗੀ ਤਰਾਂ ਜਾਣਨ ਯੋਗਜ. ਦੇਖੋ, ਗੇਯ. "ਤੁਮ ਵਡਪੁਰਖ ਵਡਗੇ." (ਨਟ ਮਃ ੪)

ਵਡਨੁ: ਵਿ- ਵ੍ਰਿੱਧਿਵਾਨ. ਮਹਾਨ. "ਹਰਿ ਸੁਖਦਾਤਾ ਵਡਨੁ." (ਮਃ ੪. ਵਾਰ ਬਿਹਾ)

ਵਡਨੇ: ਵਿ- ਵਡੇ ਨਯ (ਰਹਨੁਮਾ)."ਤੁਮ ਵਡਪੁਰਖ ਵਡਨੇ." (ਨਰ ਮਃ ੪)

ਵਡਪਨ, ਵਡਪਨਾ, ਵਡੱਪਣ: ਵਡੇ ਹੋਣ ਦਾ ਭਾਵ. ਮਹਤ੍ਵ. ਦੇਖੋ, ਬਡਪਨ.

ਵਡਫਾ: ਵਡਾ ਪਿਆਰਾ. ਦੇਖੋ, ਫ਼ਾ. "ਹਰਿ ਜਪਿਓ ਹਰਿ ਪ੍ਰਭੁ ਵਡਫਾ." (ਪ੍ਰਭਾ ਮਃ ੪)

ਵਡਬਾ: ਦੇਖੋ, ਬੜਵਾ.

ਵਡਭਾਗ: ਵਡਾ ਭਾਗ। ੨. ਵਡੇ ਭਾਗਾਂ ਵਾਲਾ.

ਵਡਭਾਗਸਿੰਘ: ਕਰਤਾਰਪੁਰ ਦਾ ਰਈਸ, ਧੀਰਮੱਲ ਜੀ ਦੀ ਵੰਸ਼ ਦਾ ਸੋਢੀ. ਇਸ ਨੇ ਨਾਸਿਰ ਅਲੀ ਜਲੰਧਰ ਦੇ ਫੌਜਦਾਰ ਦੀ (ਜਿਸ ਨੇ ਕਰਤਾਰਪੁਰ ਦਾ ਥੰਮ੍ਹਸਾਹਿਬ ਸਾੜਿਆ ਸੀ) ਲਾਸ਼ ਕਬਰੋਂ ਕੱਢਕੇ ਸਾੜੀ. ਵਡਭਾਗਸਿੰਘ ਜੀ ਦਾ ਦੇਹਾਂਤ ਸਨ ੧੭੩੨ (ਸੰਮਤ ੧੮੧੯) ਵਿੱਚ ਹੋਇਆ. ਵੰਸ਼ਾਵਲੀ ਇਹ ਹੈ::-

ਸ਼੍ਰੀ ਗੁਰੂ ਰਾਮਦਾਸ ਜੀ

।

ਗੁਰੂ ਅਰਜਨਦੇਵ ਜੀ

।

ਗੁਰੂ ਹਰਿਗਬਿੰਦ ਜੀ

।

ਬਾਬਾ ਗੁਰਦਿੱਤਾ ਜੀ

।

ਧੀਰਮੱਲ ਜੀ

।

ਬਹਾਰਚੰਦ ਜੀ

।

ਨਿਰੰਜਨਰਾਇ ਜੀ

।

ਬਿਕ੍ਰਮਸਿੰਘ ਜੀ

।

ਰਾਮਸਿੰਘ ਜੀ

।

ਵਡਭਾਗਸਿੰਘ ਜੀ

ਵਡਭਾਗਣੀ, ਵਡਭਾਗਿਨੀ: ਵੱਡੇ (ਉੱਤਮ) ਭਾਗਾਂ ਵਾਲੀ.

ਵਡਭਾਗੀ: ਵੱਡੇ (ਉੱਤਮ) ਭਾਗਾਂ ਵਾਲਾ. ਖ਼ੁਸ਼ਨਸੀਬ. "ਵਡਭਾਗੀ ਗੁਰ ਕੇ ਸਿਖ ਪਿਆਰੇ." (ਗੂਜ ਮਃ ੪) ੨. ਵਡਭਾਗੀ. ਵੱਡੇ ਭਾਗਾਂ ਕਰਕੇ. ਉੱਤਮ ਪ੍ਰਾਰਬਧ ਦ੍ਵਾਰਾ. "ਵਡਭਾਗੀ ਸੰਗਤਿ ਮਿਲੈ." (ਬਿਹਾ ਛੰਤ ਮਃ ੪)

ਵਡਵ: ਸੰ. ਸੰਗਯਾ- ਘੋੜਾ.

ਵਡ ਵਡਨਾ, ਵਡ ਵਡਾ: ਵੱਡੇ ਤੋਂ ਵੱਡਾ. ਸਭ ਤੋਂ ਉੱਚਾ.

ਵਡਵਾ: ਘੋੜੀ. ਦੇਖੋ, ਬੜਵਾ.

ਵਡਵਾਗਨਿ: ਦੇਖੋ, ਬੜਵਾਗਨਿ.

ਵਡੜਾ, ਵਡੜੀ: ਵੱਡਾ. ਵੱਡੀ. ਅਤਿ. "ਵਡੜੀ ਵੇਦ ਨ ਤਿਨਾਹ." (ਸੋਰ ਮਃ ੪)

ਵਡਾ: ਵਿ- ਵ੍ਰਿੱਧ. ਉਮਰ ਵਿੱਚ ਵਡਾ. "ਵਡਾ ਹੋਆ ਵੀਆਹਿਆ." (ਮਃ ੧. ਵਾਰ ਮਲਾ) ੨. ਵਿਸ੍ਤਾਰ ਵਾਲਾ। ੩. ਸ਼ਿਰੋਮਣਿ. ਮੁਖੀਆ। ੪. ਬਹੁਤ. ਅਤਿ. "ਵਡਾ ਆਪਿ ਅਗੰਮ ਹੈ." (ਮਃ ੫. ਵਾਰ ਸਾਰ)

ਵਡਾ ਆਖਣ, ਵਡਾ ਆਖਯਣ: ਵੱਡਾ ਆਖ੍ਯਾਨ. ਭਾਵ- ਆਤਮ- ਵਿਚਾਰ ਦੀ ਕਥਾ.

ਵਡਾਇਣ: ਸਿੰਧੀ. ਵਡਾ ਹੋਣ ਦਾ ਭਾਵ. ਵਡੱਪਣ.

ਵਡਾਈ: ਸੰਗਯਾ- ਉਸਤਤਿ. ਤਅ਼ਰੀਫ਼। ੨. ਉੱਚਤਾ ੩. ਬਜ਼ੁਰਗੀ. "ਸਾਚਾ ਸਾਹਿਬ ਅਮਿਤ ਵਡਾਈ।" (ਸੋਰ ਮਃ ੫)

ਵਡਾ ਹੋਣਾ: ਵਸੰਗ. ਬੁਝਣਾ. "ਡੋਲੇ ਵਾਉ ਨ ਵਡਾ ਹੋਇ." (ਰਾਮ ਮਃ ੧) ੨. ਮਰਨਾ. "ਵਡਾ ਹੋਆ ਦੁਨੀਦਾਰੁ, ਗਲਿ ਸੰਗੁਲ ਘਤਿ ਚਲਾਇਆ." (ਵਾਰ ਆਸਾ)

ਵਡਾਗੀ: ਵਿ- ਵਡ- ਅਗ੍ਰਣੀਯ. ਵਡਾ ਆਗੂ. "ਤੁਮ ਵਡਪੁਰਖ ਵਡਾਗੀ." (ਧਨਾ ਮਃ ੪)

ਵਡਾ ਘਰ: ਜਿਲਾ ਫ਼ਿਰੋਜ਼ਪੁਰ, ਤਸੀਲ ਮੋਗਾ, ਥਾਣਾ ਬਾਘੇਵਾਲੇ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਡਗਰੂ ਤੋਂ ਸੱਤ ਮੀਲ ਦੱਖਣ ਪੱਛਮ ਹੈ. ਇਸ ਪਿੰਡ ਤੋਂ ਦੱਖਣ ਵੱਲ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਡਰੋਲੀ ਤੋਂ ਆਕੇ ਪੰਜ ਦਿਨ ਵਿਰਾਜੇ ਹਨ. ਗੁਰਦ੍ਵਾਰੇ ਨਾਲ ੮. ਘੁਮਾਉਂ ਜ਼ਮੀਨ ਹੈ. ਪ੍ਰੇਮੀਆਂ ਨੇ ਸੰਮਤ ੧੯੭੮ ਵਿੱਚ ਸੁੰਦਰ ਦਰਬਾਰ ਬਣਵਾਇਆ ਹੈ, ਪੁਜਾਰੀ ਸਿੰਘ ਹੈ. ਹਰ ਅਮਾਵਸ ਨੂੰ ਮੇਲਾ ਹੁੰਦਾ ਹੈ। ੨. ਵਡਾ ਖ਼ਾਨਦਾਨ. ਉੱਚ ਵੰਸ਼। ੩. ਵਸੰਗ. ਜੇਲ. ਕ਼ੈਦਖ਼ਾਨਾ.

ਵਡਾਤੀ: ਵਡਾ- ਅਤਿ. "ਤੂੰ ਆਪੇ ਆਪਿ ਸੁਜਾਣੁ ਹੈ, ਵਡਪੁਰਖੁ ਵਡਾਤੀ." (ਮਃ ੧. ਵਾਰ ਮਾਝ)

**ਵਡਾਨੀ:** ਵਡਾ ਰਹਨੁਮਾ ਵੱਡਾ ਆਗੂ. ਦੇਖੋ, ਨੀ ਧਾ. ਪ੍ਰਧਾਨ ਨੇਤ੍ਰਿ. "ਤੂੰ ਵਡਪੁਰਖ ਵਡਾਨੀ." (ਧਨਾ ਮਃ ੪)

**ਵਡਾ ਫੇਰ, ਵਡਾ ਫੇਰੁ:** ਸੰਗਯਾ- ਚੌਰਾਸੀ ਦਾ ਚਕ੍ਰ. ਆਵਾਗਮਨ ਦਾ ਗੇੜਾ. "ਬਿਨੁ ਬੂਝੇ ਵਡਾ ਫੇਰੁ ਪਇਆ." (ਮਃ ੩. ਵਾਰ ਗੂਜ ੧)

**ਵਡਾਮ:** ਵਿ- ਮਹਾਨ ਵਡਾ. "ਤਿਸੁ ਰੂਪ ਨ ਰੇਖਾ ਵਡਾਮ." (ਕਾਨ ਪੜਤਾਲ ਮਃ ੪)

**ਵਡਾ ਮੋਲ:** ਦੇਖੋ, ਸੂਰਜਮੇਲ ਅਤੇ ਬਡਾਮੋਲ.

**ਵਡਾਰ:** ਵਿ- ਵਿੱਧ। ੨. ਧਨੀ। ੩. ਸ਼ੇਖ਼ੀ ਮਾਰਨ ਵਾਲਾ. "ਨਾਲਿ ਇਆਣੇ ਦੋਸਤੀ, ਵਡਾਰੂ ਸਿਉ ਨੇਹੁ." (ਮਃ ੨. ਵਾਰ ਆਸਾ)

**ਵਡਾ ਰੋਗ, ਵਡਾ ਰੋਗੁ:** ਅਸਾਧਯ ਰੋਗ. ਲਾਇਲਾਜ ਬੀਮਾਰੀ "ਹਉਮੈ ਰੋਗੁ ਵਡਾ ਸੰਸਾਰਿ." (ਮਲਾ ਅਃ ਮਃ ੩) ੨. ਕੁਸ੍ਟ. ਕੋੜ੍ਹ.

**ਵਡਾਲਕਾ:** ਬਡੇ ਅਲਕ (ਪ੍ਰਕਾਸ਼) ਵਾਲਾ. ਜਯੋਤਿ ਰੂਪ. "ਤੂ ਸਮਰਥੁ ਵਡਾਲਕਾ." (ਮਾਰੂ ਸੋਲਹੇ ਮਃ ੫)

**ਵਡਾਲੀ, ਵਡਾਲੀ ਗੁਰੂਕੀ:** ਜਿਲਾ ਤਸੀਲ ਅਤੇ ਥਾਣਾ ਅਮ੍ਰਿਤਸਰ ਦਾ ਪਿੰਡ, ਜੋ ਰੇਲਵੇ ਸਟੇਸ਼ਨ ਛਿਹਰਟਾ ਤੋਂ ਅੱਧ ਮੀਲ ਦੱਖਣ ਹੈ. ਇੱਥੇ ਹੇਠ ਲਿਖੇ ਗੁਰਦ੍ਵਾਰੇ ਹਨ-

(੧) ਛਿਹਰਟਾ ਸਾਹਿਬ. ਪਿੰਡ ਤੋਂ ਉੱਤਰ ਪੱਛਮ ਇੱਕ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਲਗਵਾਇਆ ਖੂਹ, ਜਿਸ ਪੁਰ ਛੀ ਹਰਟ ਚਲ ਸਕਦੇ ਹਨ. ਇਸ ਪਾਸ ਸੁੰਦਰ ਗੁਰਦ੍ਵਾਰਾ ਬਣਿਆ ਹੋਇਆ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ੧੪੦ ਵਿੱਘੇ ਜ਼ਮੀਨ ਪਿੰਡ ਵੱਲੋਂ ਹੈ. ਵਡਾ ਮੇਲਾ ਮਾਘ ਸੁਦੀ ਪੰਚਮੀ ਨੂੰ ਅਤੇ ਛੋਟੇ ਮੇਲੇ ਹਰ ਚਾਂਦਨੀ ਪੰਚਮੀ ਨੂੰ ਹੁੰਦੇ ਹਨ. ਪ੍ਰਬੰਧ ਇੱਕ ਕਮੇਟੀ ਦੇ ਹੱਥ ਹੈ.

(੨) ਮੰਜੀਸਾਹਿਬ. ਪਿੰਡ ਤੋਂ ਇੱਕ ਫਰਲਾਂਗ ਦੱਖਣ ਸ਼੍ਰੀ ਗੁਰੂ ਅਰਜਨਦੇਵ ਦੇ ਵਿਰਾਜਣ ਦਾ ਅਸਥਾਨ. ਇੱਥੇ ਗੁਰੂਸਾਹਿਬ ਭਾਈ ਸਹਾਰੀ ਖੇਤੀ ਦੀ ਕਿਰਤ ਦੇਖਣ ਕਦੇ ਕਦੇ ਆਇਆ ਕਰਦੇ ਹਨ, ਜੋ ਗੁਰੂ ਦੇ ਲੰਗਰ ਲਈ ਕਰਦਾ ਸੀ. ਗੁਰੂ ਸਾਹਿਬ ਨੇ ਇਸ ਥਾਂ ਤਿੰਨ ਹਰਟਾ ਖੂਹ ਲਗਵਾਇਆ. ਮੰਜੀਸਾਹਿਬ ਬਣਿਆ ਹੋਇਆ ਹੈ. ਭਾਈ ਸਹਾਰੀ ਦੀ ਵੰਸ਼ ਦੇ ਪ੍ਰੇਮੀ ਪੁਜਾਰੀ ਹਨ.

(੩) ਅਟਾਰੀ ਸਾਹਿਬ ਅਥਵਾ ਜਨਮ ਅਸਥਾਨ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ. ਇਹ ਪਿੰਡ ਦੀ ਆਬਾਦੀ ਵਿੱਚ ਗੁਰਦ੍ਵਾਰਾ ਹੈ. ਇੱਥੇ ਛੀਵੇਂ ਸਤਿਗੁਰੂ ੨੧. ਹਾੜ ਸੰਮਤ ੧੬੫੨ ਨੂੰ ਜਨਮੇ ਹਨ. ਦਰਬਾਰ ਸੁਨਹਿਰੀ ਕਲਸ ਵਾਲਾ ਸੁੰਦਰ ਬਣਿਆ ਹੋਇਆ ਹੈ. ਪਾਸ ਰਹਾਇਸ਼ੀ ਮਕਾਨ ਹਨ. ਪੁਜਾਰੀ ਸਿੰਘ ਹੈ.

(੪) ਦਮਦਮਾ ਸਾਹਿਬ. ਪਿੰਡ ਤੋਂ ਇੱਕ ਫਰਲਾਂਗ ਦੱਖਣ ਉਹ ਥਾਂ ਜਿੱਥੇ ਛੀਵੇਂ ਸਤਿਗੁਰੂ ਇੱਕ ਵਡੇ ਭਾਰੀ ਸੂਰ ਨੂੰ ਮਾਰਕੇ ਵਿਰਾਜੇ ਹਨ. ਪਹਿਲਾਂ ਸਾਧਾਰਣ ਦਮਦਮਾ ਸੀ, ਹੁਣ ਸੁੰਦਰ ਗੁਰਦ੍ਵਾਰਾ ਬਣ ਗਿਆ ਹੈ. ਵੀਹ ਵਿੱਘੇ ਜ਼ਮੀਨ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ਪੁਜਾਰੀ ਸਿੰਘ ਹੈ.

**ਵਡਿਆਈ:** ਮਹਿਮਾ. ਦੇਖੋ, ਵਡਾਈ. "ਵਡਿਆਈ ਸਚੇ ਨਾਮ ਕੀ ਹਉ ਜੀਵਾ ਸੁਣਿ." (ਵਾਰ ਰਾਮ ੨. ਮਃ ੫) ੨. ਬਜ਼ੁਰਗੀ. ਉੱਚਤਾ. "ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ." (ਸੋਰ ਮਃ ੫)

**ਵਡਿਸ਼:** ਮੱਛੀ ਫਾਹੁਣ ਦੀ ਕੁੰਡੀ. ਦੇਖੋ, ਬਡਿਸ.

**ਵਡੀਆਏ:** ਵੱਡਾ ਕਰੇ. ਬਜ਼ੁਰਗੀ ਦੇਵੇ. "ਸਾਚੇ ਭਾਵੈ ਤਿਸੁ ਵਡੀਆਏ." (ਮਾਰੂ ਸੋਲਹੇ ਮਃ ੧)

**ਵਡੀਸ਼:** ਵਡਾ- ਈਸ਼. ਵਡਾ ਸ੍ਵਾਮੀ.

**ਵਡੀਹੂਵਡਾ:** ਵੱਡੇ ਤੋਂ ਵੱਡਾ. ਅਤਯੰਤ ਵੱਡਾ. "ਵਡੀ ਹੂੰ ਵਡਾ ਅਪਾਰੁ ਤੇਰਾ ਮਰਤਬਾ." ( ਵਾਰ ਰਾਮ ੨. ਮਃ ੫)

**ਵਡੀਕੋਮ, ਵਡੀਕੌਮ:** ਉੱਚਾ ਜਾਤਿ। ੨. ਧਨ ਬਲ ਅਤੇ ਜਨ ਸੰਖਯਾ ਵਿੱਚ ਵਡੀ ਕ਼ੌਮ. "ਵਡੀਕੋਮ ਵਸਿ ਭਾਗਹਿ ਨਾਹੀ ਮਹਕਮ ਫਉਜ ਹਠਲੀ ਰੇ." (ਆਸਾ ਮਃ ੫) ਕਾਮਾਦਿ ਵਿਕਾਰ ਵਡੀ ਕੌਮਾਂ ਨੂੰ ਵਸ਼ ਕਰਨ ਵਾਲੇ ਅਤੇ ਜੰਗ ਵਿੱਚ ਭਜਦੇ ਨਹੀਂ, ਇਨ੍ਹਾਂ ਦੀ ਹਠੀਲੀ ਦ੍ਰਿੜ੍ਹ ਸੈਨਾ ਹੈ.

**ਵਡੀਰਨਾ:** ਕ੍ਰਿ- ਵਡਿਆਉਣਾ. ਵਡਿਆਈ ਕਰਨਾ. ਦੇਖੋ, ਈਰਣ. "ਲਖ ਲਖ ਰਾਮ ਵਡੀਰੀਅਹਿ." (ਮਃ ੧. ਬੰਨੋ)

**ਵਡੀਰਾ:** ਵਿ- ਵੱਡੇ ਅਧਿਕਾਰ ਵਾਲਾ। ੨. ਵਡਿਆਇਆ ਹੋਇਆ। ੩. ਵੱਡਾ ਕੀਤਾ ਹੋਇਆ.

**ਵਡੇਰਾ, ਵਡੇਰੀ:** ਵੱਡਾ. ਵੱਡੀ. ਵ੍ਰਿੱਧ. ਬਜ਼ੁਰਗ. ਦੌਲਤਮੰਦ. "ਜੋ ਜੋ ਦੀਸੈ ਵਡਾ ਵਡੇਰਾ. ਸੋ ਸੋ ਖਾਕੂ ਰਲਸੀ." (ਸੋਰ ਮਃ ੫)

**ਵਡੇ ਵਡੌਨਾ:** ਵਿ- ਵਡਿਆਂ ਤੋਂ ਵੱਡਾ. "ਸਭ ਊਪਰਿ ਵਡੇ ਵਡੌਨਾ." (ਮਃ ੪. ਵਾਰ ਕਾਨ)

**ਵਡੋ:** ਦੇਖੋ, ਵਡਾ.

**ਵਡੋਲੀ:** ਵੱਡੇ ਓਲ ਵਾਲਾ. ਜਿਸ ਦੀ ਓਲ (ਝੋਲੀ) ਵਿੱਚ ਸਭ ਬੈਠ ਸਕਦੇ ਹਨ. ਦੇਖੋ, ਓਲ. "ਤੁਮ ਵਡਪੁਰਖ ਵਡੋਲੀ." (ਗਉ ਮਃ ੪)

**ਵਡੌਨਾ:** ਵੱਡੇ ਉੱਨਤਿਵਾਨ. ਦੇਖੋ, ਵਡੇ ਵਡੌਨਾ। ੨. ਵਡ- ਅਵਨ. ਵੱਡੀ ਅਵਨ (ਪ੍ਰੀਤਿ) ਕਰਨ ਵਾਲਾ.

**ਵਢਣ:** ਸੰਗਯਾ- ਵਧ ਕਰਨਾ. ਕੱਟਣਾ.

**ਵਢਣਹਾਰ, ਵਢਣਹਾਰੁ:** ਵਿ- ਕੱਟਣ ਵਾਲਾ। ੨. ਵੱਢਣ ਲਾਇਕ. "ਪਕੀ ਵਢਣਹਾਰ." (ਸ੍ਰੀ ਮਃ ੫)

**ਵਢਿ:** ਕ੍ਰਿ. ਵਿ- ਵੱਢ (ਕੱਟ) ਕੇ. "ਅਸੰਖ ਗਲ ਵਢਿ ਹਤਿਆ ਕਮਾਹਿ." (ਜਪੁ)

**ਵਢੀ:** ਸੰਗਯਾ- ਰਿਸ਼ਵਤ, ਜਿਸ ਨੂੰ ਲੈਣ ਵਾਲਾ ਦੂਜੇ ਦਾ ਹੱਕ ਵੱਢ ਦਿੰਦਾ ਹੈ. "ਵਢੀ ਲੈਕੇ ਹਕੁ ਗਵਾਏ." (ਮਃ ੧. ਵਾਰ ਰਾਮ ੧) "ਵੱਢੀ ਲੈਕਰ ਨਜਾਯ ਨ ਕਰੀਏ। ਝੂਠੀ ਸਾਖਾ ਕਬਹੁ ਨ ਭਰੀਏ." (ਰਹਿਤ ਨਾਮਾ ਦੇਸਾਸਿੰਘ)

**ਵਢੀਅਹਿ:** ਵਢੀਦੇ ਹਨ. "ਵਡੀਅਹਿ ਹਥ ਦਲਾਲ ਕੇ." (ਵਾਰ ਆਸਾ)

**ਵਢੀਜੈ:** ਵਢ ਦੀਜੈ. "ਤਿਨ ਘਸਿ ਘਸਿ ਨਾਕ ਵਢੀਜੈ." (ਕਲਿ ਅਃ ਮਃ ੪)

**ਵੱਢੀ:** ਦੇਖੋ, ਵਢੀ.

**ਵਣ:** ਸੰਗਯਾ- ਵਨ. ਜੰਗਲ। ੨. ਦੇਖੋ, ਵਣੁ। ੩. ਸੰ. वण्. ਧਾ- ਸ਼ਬਦ ਕਰਨਾ.

**ਵਣਖੰਡ:** ਵਨ ਭੂਮਿ. ਬਿਰਛਾਂ ਨਾਲ ਢਕਿਆ ਪ੍ਰਿਥਿਵੀ ਦਾ ਭਾਗ.

**ਵਣਖੰਡੀ:** ਦੇਖੋ, ਬਨਖੰਡੀ.

**ਵਣਜ:** ਦੇਖੋ, ਬਣਜ ਅਤੇ ਵਣਜੁ। ੨. ਦੇਖੋ, ਵਣਿਜ.

**ਵਣਜਾਰ:** ਵਾਣਿਜਯ- ਅਰ੍ਹ. ਸੌਦਾ ਕਰਨ ਯੋਗਯ ਵਸਤੁ. "ਆਪਿ ਤੁਲੈ, ਆਪੇ ਵਣਜਾਰ." (ਗਉ ਮਃ ੧)

**ਵਣਜਾਰਈ:** ਵਣਜਾਰਈਂ. ਵਣਜਾਰਿਆਂ ਨੇ ਭਾਵ ਜਿਗਯਾਸੂਆਂ ਨੇ. "ਵਸਤੁ ਲਈ ਵਣਜਾਰਈ." (ਮਃ ੨. ਵਾਰ ਸਾਰ)

**ਵਣਜਾਰਾ:** ਵਾਣਿਜਯ (ਵਪਾਰ) ਕਰਨ ਵਾਲਾ ਸੌਦਾਗਰ. ਵਪਾਰੀ। ੨. ਭਾਵ- ਜਿਗਯਾਸੂ। ੩. ਇੱਕ ਖ਼ਾਸ ਜਾਤਿ, ਜਿਸ ਦੀ ਇਹ ਸੰਗਯਾ ਵਣਿਜ ਤੋਂ ਹੋਈ ਹੈ। ੪. ਚੌਥੇ ਸਤਿਗੁਰੂ ਜੀ ਦੀ ਸ੍ਰੀ ਰਾਗ ਵਿੱਚ ਇਸ ਸਿਰਲੇਖ ਦੀ ਬਾਣੀ- "ਹਰਿ ਹਰਿ ਉਤਮੁ ਨਾਮੁ ਹੈ." ਆਦਿ, ਜਿਸ ਵਿੱਚ ਜੀਵ ਨੂੰ ਵਣਜਾਰਾ ਵਰਣਨ ਕੀਤਾ ਹੈ.

ਵਣਜੁ: ਦੇਖੋ, ਬਣਜ. "ਵਣਜੁ ਕਰਹੁ ਵਣਿਜਾਰਿਹੋ !" (ਸ੍ਰੀ ਮਃ ੧) "ਵਣਜਾਰਿਆ ਸਿਉ ਵਣਜੁ ਕਰਿ." (ਸੋਰ ਮਃ ੧)

ਵਣਤਿਣ, ਵਣਤ੍ਰਿਣ: ਬਿਰਛ ਅਤੇ ਘਾਹ. ਬਿਰਛ ਅਤੇ ਛੋਟੇ ਪੌਧੇ. ਦੇਖੋ, ਵਣੁ ਅਤੇ ਵਨ. ਦੇਖੋ, ਵਣਤ੍ਰਿਣ.

ਵਣਵਾੜੀ: ਸੰਗਯਾ- ਕਪਾਸ. ਕਪਾਹ। ੨. ਵਨਰੂਪ ਵਾਟਿਕਾ.

ਵਣਾ ਹੰਬੈ: ਵ- ਨਾ ਹੰਬੈ ਵ (ਅਥਵਾ- ਜਾਂ) ਣਾ (ਨਾ) ਹੰਬੈ (ਹੁੰਦਾ ਹੈ). ਜਾਂ ਨਹੀਂ ਹੁੰਦਾ? ੨. ਬਣਦਾ ਹੈ? ਠੀਕ ਹੈ? "ਅਨਭਉ ਕਿਨੈ ਨ ਦੇਖਿਆ, ਬੈਰਾਗੀਅੜੇ ! ਬਿਨੁ ਭੈ ਅਨਭਉ ਹੋਇ, ਵਣਾਹੰਬੈ?" (ਮਾਰੂ ਕਬੀਰ) ਨਿਰਭੈ ਕਿਸੇ ਨੇ ਅੱਖੀਂ ਨਹੀਂ ਡਿੱਠਾ. ਕਰਤਾਰ ਦੇ ਭੈ ਬਿਨਾ ਕਦੇ ਉਸ ਦਾ ਅਨੁਭਵ ਬਣਦਾ ਹੈ? (ਮੁਮਕਿਨ ਹੈ? )[1155]

ਵਣਿ: ਵਨ ਵਿੱਚ. ਵਨ ਮੇਂ. ਦੇਖੋ, ਵਣਿ ਤ੍ਰਿਣਿ.

ਵਣਿਕ: ਸੰ. ਸੰਗਯਾ- ਵਪਾਰੀ. ਵਣਿਜ ਕਰਨ ਵਾਲਾ.

ਵਣਿਜ: ਸੰ. वणिज. ਸੰਗਯਾ- ਵਯਾਪਾਰੀ. ਸੌਦਾਗਰ। ੨. ਵਪਾਰ ਦੀ ਸਾਮਗ੍ਰੀ. ਲੈਣ ਦੇਣ ਯੋਗ੍ਯ ਸਾਮਾਨ.

ਵਣਿਜਾਰਾ: ਵਣਜ ਕਰਨ ਵਾਲਾ. ਵਪਾਰੀ. ਦੇਖੋ, ਵਣਜੁ.

ਵਣਿ ਤ੍ਰਿਣਿ: ਬਿਰਛ ਅਤੇ ਤ੍ਰਿਣ ਵਿੱਚ. "ਵਣਿ ਤ੍ਰਿਣਿ ਤ੍ਰਿਭਵਣਿ." (ਤੁਖਾ ਛੰਤ ਮਃ ੪)

ਵਣਿ: ਸੰਗਯਾ- ਛੋਟਾ ਵਨ। ੨. ਸਿੰਧੀ. ਬਿਰਛਾਂ ਦਾ ਸਮੁਦਾਯ.

ਵਣੁ: ਦੇਖੋ, ਵਨ। ੨. ਸਿੰਧੀ. ਬਿਰਛ. ਦਰਖ਼ਤ.

"ਰੁਤਿ ਫਿਰੀ ਵਣੁ ਕੰਬਿਆ." (ਸ. ਫਰੀਦ)

ਇਸ ਥਾਂ ਵਣੁ ਤੋਂ ਭਾਵ ਸ਼ਰੀਰ ਹੈ.

ਵਣੁ ਤਿਣੁ, ਵਣੁ ਤ੍ਰਿਣੁ: ਬਿਰਛ ਅਤੇ ਘਾਹ. ਭਾਵ ਸਾਰੀ ਵਨਸਪਤਿ. "ਵਣੁ ਤਿਣੁ ਪ੍ਰਭ ਸੰਗਿ ਮਉਲਿਆ." (ਮਾਝ ਬਾਰਹਮਾਹਾ) "ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ." (ਮਾਝ ਮਃ ੫)

ਵਣੋਟਾ: ਦੇਖੋ, ਬਣੌਟਾ.

ਵਣੰਜ: ਦੇਖੋ, ਵਣਿਜ.

ਵਣੰਜਣਾ: ਕ੍ਰਿ- ਵਣਿਜ ਕਰਨਾ. ਵਪਾਰ ਕਰਨਾ. "ਹਰਿਨਾਮੁ ਵਣੰਜਹਿ ਰੰਗ ਸਿਉ." (ਮਃ ੪. ਵਾਰ ਵਡ)

ਵਣੰਜੜਿਆ: ਵਣਿਜ ਕੀਤਾ. ਵਿਹਾਝਿਆ. ਵਣਜਿਆ.

"ਹਰਿਨਾਮੋ ਵਣੰਜੜਿਆ." (ਆਸਾ ਛੰਤ ਮਃ ੧)

੨. ਸੰਬੋਧਨ. ਹੇ ਵਣਜਣ ਵਾਲਿਆ !

ਵਤ: ਸੰ. वत्. ਵਤ- ਜੇਹਾ. ਤੁੱਲ. "ਇਹ ਸੰਸਾਰੁ ਬਿਖੁ- ਵਤ ਅਤਿ ਭਉਜਲ." (ਆਸਾ ਮਃ ੧) ੨. ਮੁਲ- ਵੱਤ. ਫਿਰ. ਪੁਨਹ. "ਏਹੁ ਬੈਤ ਵਤ ਮੋਹਿ ਸੁਨਾਇ." (ਨਾਪ੍ਰ) ੩. ਸੰਗਯਾ- ਵਤ੍ਰ. ਵੱਤ. ਜ਼ਮੀਨ ਦੀ ਉਹ ਹਾਲਤ, ਜਦ ਨਾ ਬਹੁਤ ਗਿੱਲੀ ਅਰ ਨਾ ਸੁੱਕੀ ਹੋਵੇ. ਬੀਜਣ ਯੋਗ੍ਯ ਦਸ਼ਾ. "ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ." (ਵਾਰ ਗਉ ੨. ਮਃ ੫)

---

[1155] ਦੇਖੋ, ਕਾਕ ਅਤੇ ਵਕ੍ਰੋਕ੍ਤਿ.

ਵਤਸ: ਸੰ. वत्स्. ਵਤ੍ਸ. ਵਿ- ਪਿਆਰਾ। ੨. ਸੰਗਜਾ- ਬੱਚਾ। ੩. ਗਊ ਆਦਿ ਦਾ ਬੱਚਾ. ਬਛੜਾ. "ਵਤਸ ਬ੍ਰਿੰਦ ਬਹੁ ਪੁਸ੍ਟ ਸੁਹਾਏ." (ਨਾਪ੍ਰ) ੪. ਇੱਕ ਦੈਤ. ਦੇਖੋ, ਬੱਛ ੬. ਅਤੇ ਵਤਸਾਸੁਰ। ੫. वत्सर- ਵਤਸਰ. ਸਾਲ. ਸੰਬਤ. ਵਰ੍ਹਾ। ੬. ਛਾਤੀ। ੭. ਪ੍ਰਯਾਗ ਦੇ ਆਸ ਪਾਸ ਦਾ ਦੇਸ਼.

ਵਤਸਰ: ਸਾਲ. ਵਰ੍ਹਾ. ਦੇਖੋ, ਵਤਸ ੫.

ਵਤਸਲ: ਸਨੇਹ (ਮੁਹੱਬਤ) ਰੱਖਣ ਵਾਲਾ. ਦੇਖੋ, ਵਛਲ.

ਵਤਸਾਸੁਰ: ਸੰ. वत्सासुर. ਵੱਛੇ ਦੀ ਸ਼ਕਲ ਦਾ ਇੱਕ ਅਸੁਰ, ਜੋ ਕ੍ਰਿਸ਼ਨ ਜੀ ਨੇ ਮਾਰਿਆ. ਦੇਖੋ, ਬੱਛ ੬. ਇਸ ਦੀ ਕਥਾ ਭਾਗਵਤ ਦੇ ਦਸਵੇਂ ਸਕੰਧ ਦੇ ੧੧. ਵੇਂ ਅਧਯਾਯ ਵਿੱਚ ਆਈ ਹੈ.

ਵਤਣੁ: ਸਿੰਧੀ. ਭ੍ਰਮਣ. ਫਿਰਨਾ. ਘੁੰਮਣਾ.[1156] "ਵਤਾ ਹਭੇ ਲੋਇ." (ਵਾਰ ਜੈਤ) ੨. ਵਿਚਰਨਾ. "ਜੇ ਤੂ ਵਤਹਿ ਅੰਙਣੇ." (ਵਾਰ ਮਾਰੂ ੨. ਮਃ ੫)

ਵਤਨ: ਅ਼. وطن ਵਤ਼ਨ. ਸੰਗਜਾ- ਦੇਸ਼. "ਵਤਨ ਜਨਮ ਹਮਰਾ ਹੈ ਸੋਊ." (ਨਾਪ੍ਰ)

ਵਤਨਗਹ: ਫ਼ਾ. وطن گہ ਵਤ਼ਨਗਹ. ਰਹਿਣ ਦਾ ਥਾਂ. "ਅਬ ਮੋਹਿ ਖੂਬ ਵਤਨਗਹ ਪਾਈ." (ਗਉ ਰਵਿਦਾਸ)

ਵਤਾਉਣਾ: ਕ੍ਰਿ- ਫੇਰਨਾ. ਘੁੰਮਾਉਣਾ. ਸਰਵਾਰਨਾ ਕਰਨਾ. ਕੁਰਬਾਨ ਹੋਣਾ. ਦੇਖੋ, ਵਤਣੁ. "ਇਹੁ ਜੀਉ ਵਤਾਈ ਬਲਿ ਬਲਿ ਜਾਈ." (ਗਉ ਮਃ ੫) "ਹਉ ਸਤਿਗੁਰੁ ਵਿਟਹੁ ਵਤਾਇਆ ਜੀਉ." (ਮਾਝ ਮਃ ੪) ੨. ਫੈਲਾਉਣਾ. ਵਿਛਾਉਣਾ. "ਜਿਨਿ ਜਗੁ ਥਾਪਿ ਵਤਾਇਆ ਜਾਲੋੁ." (ਵਡ ਅਲਾਹਣੀ ਮਃ ੧) "ਤੂੰ ਆਪੇ ਜਾਲੁ ਵਤਾਇਦਾ." (ਮਃ ੪. ਵਾਰ ਸ੍ਰੀ) ੩. ਹੱਥ ਫੈਲਾਉਣਾ. ਸਰੀਰ ਤੇ ਹੱਥ ਫੇਰਕੇ ਪਿਆਰ ਕਰਨਾ. "ਹਰਿ ਕੇ ਸਖਾ ਸਾਧਜਨ ਨੀਕੇ, ਤਿਨ ਊਪਰਿ ਹਾਥੁ ਵਤਾਵੈ." (ਰਾਮ ਮਃ ੪)

ਵਤਾਰ: ਦੇਖੋ, ਅਵਤਾਰ. "ਆਨ ਲਿੱਨੋ ਵਤਾਰ." (ਕਲਕੀ) ਆਨ- ਲੀਨੋ- ਅਵਤਾਰ.

ਵਤਿ: ਕ੍ਰਿ. ਵਿ- ਹਟਕੇ. ਫਿਰ. ਪੁਨਹ. ਮੁੜ. ਦੇਖੋ, ਵਤ ੨. "ਵਤਿ ਕੁਆਰੀ ਨ ਥੀਐ." (ਸ. ਫਰੀਦ)

ਵਤੀਰਾ: ਅ਼. وتیرہ ਸੰਗਜਾ- ਰਹੁਰੀਤਿ. ਦਸਤੂਰ। ੨. ਢੰਗ. ਤਰੀਕਾ.

ਵਤੈ: ਫਿਰਦਾ ਹੈ. ਦੇਖੋ, ਵਤਣੁ. "ਵੇਤਗਾ ਆਪੇ ਵਤੈ." (ਵਾਰ ਆਸਾ) ੨. ਵਤ੍ਰ ਪੁਰ. ਦੇਖੋ, ਵਤ ੩. "ਹੁਣਿ ਵਤੈ ਹਰਿ ਨਾਮੁ ਨ ਬੀਜਿਓ." (ਆਸਾ ਛੰਤ ਮਃ ੪)

ਵੱਤ, ਵੱਤਰ, ਵਤ੍ਰ: ਦੇਖੋ, ਵਤ ੩. "ਰੇ ਮਨ, ਵਤ੍ਰ ਬੀਜਣ ਨਾਉ." (ਮਾਰੂ ਮਃ ੫)

ਵਥ, ਵਥੁ, ਵਥੂ: ਸੰ. ਵਸ੍ਤੁ. ਸੰਗਜਾ- ਚੀਜ਼. ਪਦਾਰਥ. "ਅੰਤਰਿ ਸਭ ਵਥੁ ਹੋਇ." (ਸ੍ਰੀ ਮਃ ੩) "ਸਤਿਗੁਰੁ ਦਾਤਾ ਸਭਨਾ ਵਥੂ ਕਾ." (ਮਾਝ ਅਃ ਮਃ ੩)

ਵਦ: ਸੰ. वद्. ਧਾ- ਆਖਣਾ, ਬੋਲਣਾ, ਸਮਝਾਉਣਾ, ਨਿੰਦਾ ਕਰਨਾ, ਨਮਸਕਾਰ ਕਰਨਾ. ਉੱਤਰ ਦੇਣਾ, ਬਹ਼ਸ ਕਰਨਾ.

ਵਦਕ: ਸੰ. ਸੰਗਜਾ- ਵਕਤਾ. ਬੋਲਣ ਵਾਲਾ.

ਵਦਤੋਵਯਾਘਾਤ: ਚਰਚਾ ਦਾ ਇੱਕ ਦੋਸ਼. ਆਪਣੇ ਕਹੇ ਪੱਖ ਨੂੰ ਆਪ ਹੀ ਖੰਡਨ ਕਰ ਦੇਣਾ. ਭਾਵ ਅਜੇਹੀ ਗੱਲ ਆਖਣੀ, ਜਿਸ ਤੋਂ ਆਪਣੀ ਗੱਲ ਰੱਦ ਹੋਜਾਵੇ- ਜਿਵੇਂ ਕੋਈ ਆਖੇ ਮੇਰੇ ਮੂੰਹ ਵਿੱਚ ਜੀਭ ਨਹੀਂ.

---

[1156] ਪੱਛਮੀ ਪੰਜਾਬੀ ਵਿੱਚ ਭੀ ਇਹੀ ਅਰਥ ਹਨ.

ਵਦਨ: ਸੰ. ਸੰਗਜ਼ਾ- ਜਿਸ ਨਾਲ ਵਦ (ਕਥਨ) ਕਰੀਏ ਮੁਖ. ਮੂੰਹ। ੨. ਕਥਨ. ਆਖਣਾ.

ਵਦਾਣ: ਦੇਖੋ, ਬਦਾਣ ਅਤੇ ਵਿਦਾਨ.

ਵਦਿ: ਦੇਖੋ, ਵਦੀ.

ਵਦੀ: ਬੁਰਿਆਈ. ਦੇਖੋ, ਬਦੀ ੨. "ਵਦੀ ਸੁ ਵਜਗਿ ਨਾਨਕਾ." (ਵਾਰ ਆਸਾ) ੨. ਬਹੁਲ ਦਿਨ ਦਾ ਸੰਖੇਪ. ਹਨੇਰਾ ਪੱਖ. ਦੇਖੋ, ਬਦੀ ੧. "ਹਾੜ ਵਦੀ ਪ੍ਰਿਥਮੈ ਸੁਖਦਾਵਨ." (ਰਾਮਾਵ) ੩. ਸ਼ਾਹਪੁਰੀ ਪੰਜਾਬੀ ਵਿੱਚ ਵਦੀ ਦਾ ਅਰਥ ਹੈ- ਜੋ ਹੋਂਦੀ ਹੈ, What happens.

ਵਧ: ਸੰ. ਸੰਗਜ਼ਾ- ਹਤਯਾ. ਹਿੰਸਾ. ਮਾਰਨਾ. ਦੇਖੋ, ਬਧ ੩। ੨. ਦੇਖੋ, ਵਾਧਾ ਅਤੇ ਵ੍ਰਿੱਧਿ। ੩. ਵੱਧ. ਦੇਖੋ, ਜਮਾਨਾ ੨। ੪. ਦੇਖੋ, ਬਧ ੧.

ਵਧਹਿ: ਵਧ (ਹਿੰਸਾ) ਕਰਦਾ ਹੈ। ੨. ਬੱਧ (ਬੰਨ੍ਹਿਆ ਹੋਇਆ) ਹੈ. ਬੱਧ ਹਨ. "ਕਰਮ ਵਧਹਿ ਕੈ ਲੋਅ, ਖਪਿ ਮਰੀਜਈ."

(ਮਃ ੧. ਵਾਰ ਮਲਾ) ੩. ਵਧਦਾ ਹੈ। ੪. ਵਧਹਿ". ਵਧਦੇ ਹਨ.

ਵਧਕ: ਸੰ. ਵਧ (ਮਾਰਨ) ਵਾਲਾ. ਕ਼ਾਤਿਲ.

ਵਧਣਾ, ਵਧਨਾ: ਕ੍ਰਿ- ਵਰ੍‍ਧਨ. ਵ੍ਰਿੱਧਿ ਨੂੰ ਪ੍ਰਾਪਤ ਹੋਣਾ। ੨. ਵਧ ਕਰਨਾ. ਮਾਰਨਾ.

ਵਧਰ: ਦੇਖੋ, ਬਧਰ ਅਤੇ ਬੱਧਰ.

ਵਧਵੀ: ਵਿ- ਵਧੀ ਹੋਈ. ਅਧਿਕ. "ਮੈਤੇ ਵਧਵੀ ਏਹ." (ਤਿਲੰ ਮਃ ੧)

ਵਧਾਉਣਾ: ਕ੍ਰਿ- ਵ੍ਰਿੱਧਿ ਸਹਿਤ ਕਰਨਾ. ਵਰ੍‍ਧਨ ਕਰਨਾ. "ਕਨਿਕ ਕਾਮਿਨੀ ਸਿਉ ਹੇਤੁ ਵਧਾਇਹਿ." (ਰਾਮ ਅਃ ਮਃ ੧) ੨. ਪੰਜਾਬੀ ਵਿੱਚ ਵਿਦਾ ਕਰਨ ਅਤੇ ਖ਼ਤਮ ਕਰਨ ਨੂੰ ਭੀ ਵਧਾਉਣਾ ਆਖਦੇ ਹਨ, ਜਿਵੇਂ ਬੁਝਾਉਣ ਨੂੰ ਵਡਾ ਕਰਨਾ.

ਵਧਾਈ: ਸੰਗਜ਼ਾ- ਵ੍ਰਿੱਧਿ ਲਈ ਆਸ਼ੀਰਵਾਦ. ਮੁਬਾਰਕਬਾਦੀ.

ਵਧਾਣ: ਗਿੱਲ ਜੱਟਾਂ ਦੀ ਇੱਕ ਜਾਤਿ। ੨. ਦੇਖੋ, ਵਧਾਵਣ.

ਵਧਾਣੀ: ਵਿ- ਵਧੀਆ. ਉੱਤਮ. "ਮੰਞਹੁ ਹਭਿ ਵਧਾਣੀਆ." (ਸੂਹੀ ਅਃ ਮਃ ੫) ੨. ਵਧਾਣ ਜਾਤਿ ਦੀ.

ਵਧਾਵਣ: ਇੱਕ ਖਤ੍ਰੀ ਜਾਤਿ. "ਆਨੰਤਾ ਕੁੱਕੋ ਭਲੇ ਸਭ ਵਧਾਵਣ ਹਨ ਸਿਰਦਾਰਾ." (ਭਾਗੁ) ੨. ਕ੍ਰਿ- ਵਧਾਉਣਾ. ਵ੍ਰਿੱਧਿ ਕਰਨੀ.

ਵਧਿਰ: ਬਧਿਰ. ਬੋਲਾ. ਦੇਖੋ, ਬਧਰ.

ਵਧੀਆ: ਵਿ- ਗੁਣ ਮੁੱਲ ਆਦਿ ਵਿੱਚ ਜੋ ਵਧਕੇ ਹੈ.

ਵਧੀਕ: ਵਿ- ਵਧਿਆ ਹੋਇਆ. ਵਾਧੂ. ਅਧਿਕ. ਦੇਖੋ, "ਸਲੋਕ ਵਾਰਾਂ ਤੇ ਵਧੀਕ."

ਵਧੀਕੀ: ਸੰਗਜ਼ਾ- ਅਧਿਕਤਾ. ਜ਼ਯਾਦਤੀ। ੨. ਜ਼ਬਰਦਸ੍ਤੀ. "ਕਰੈਂ ਵਧੀਕੀ ਮਿਲਿ ਬਲਿ ਬ੍ਰਿੰਦ." (ਗੁਪ੍ਰਸੂ)

ਵਧੁ: ਦੇਖੋ, ਵਧਣਾ. "ਵਧੁ ਸੁਖ ਰੈਨੜੀਏ !" (ਬਿਹਾ ਛੰਤ ਮਃ ੫) ੨. ਸੰ. ਸੰਗਜ਼ਾ- ਬਹੂ. ਵਹੁਟੀ.

ਵਧੁੰਸ: ਸੰ. ਵਿਧ੍ਵੰਸ. ਸੰਗਜ਼ਾ- ਨਾਸ਼. ਤਬਾਹੀ.

ਵਧੁਕਾ, ਵਧੂ, ਵਧੂਟਿਕਾ, ਵਧੂਟੀ: ਸੰ. ਸੰਗਜ਼ਾ- ਵਹੁਟੀ. ਨਵੀਂ ਵਿਆਹੀ ਇਸਤ੍ਰੀ. ਲਾੜੀ। ੨. ਨੂੰਹ. ਸ੍ਨੁਸ਼ਾ. ਬੇਟੇ ਦੀ ਬਹੂ.

ਵਧੇਰਾ: ਵਿ- ਅਧਿਕ. ਜ਼ਿਆਦਾ. "ਵਧੇਰੇ ਹਉਮੈਮਲੁ ਲਾਵਣਿਆ." (ਮਾਝ ਅਃ ਮਃ ੩) ੨. ਮੁਕਾਬਲੇ ਵਿੱਚ ਦੂਜੇ ਤੋਂ ਵੱਧ.

ਵਧੌਣ: ਦੇਖੋ, ਵਧਾਵਣ। ੨. ਦੇਖੋ, ਵਧਾਉਣਾ.

ਵੱਧ: ਵਿ- ਅਧਿਕ. ਜ਼ਿਆਦਾ। ੨. ਦੇਖੋ, ਬੱਧ ੨.

ਵੱਧਰ, ਵੱਧਰੀ: ਦੇਖੋ, ਬੱਧਰ.

ਵਧ੍ਯ: ਸੰ. ਵਿ- ਵਧ ਕਰਨ ਯੋਗ੍ਯ. ਮਾਰਨ ਲਾਇਕ.

ਵਧ੍ਰ: ਸੰ. ਸੰਗ੍ਯਾ- ਸਿੱਕਾ. ਸੀਸਾ ਧਾਤੁ। ੨. ਦੇਖੋ, ਬੱਧਰ.

ਵਨ: ਸੰ. वन्. ਧਾ- ਸ਼ਬਦ ਕਰਨਾ. ਮੰਗਣਾ, ਦੁੱਖ ਦੇਣਾ, ਚਾਕਰੀ ਕਰਨਾ, ਉੱਦਮ ਕਰਨਾ। ੨. ਸੰਗ੍ਯਾ- ਬਿਰਛਾਂ ਦਾ ਸਮੁਦਾਯ, ਜੋ ਹਵਾ ਨਾਲ ਸ਼ਬਦ ਕਰਦਾ ਹੈ। ੩. ਜਲ। ੪. ਘਰ। ੫. ਕਿਰਣ. ਰਸ਼ਮਿ। ੬. ਸੰਨ੍ਯਾਸੀਆਂ ਦਾ ਇੱਕ ਫਿਰਕਾ। ੭. ਫੁੱਲਾਂ ਦਾ ਗੁੱਛਾ.

ਵਨਸਪਤਿ: ਦੇਖੋ, ਬਨਸਪਤਿ। ੨. ਗੁੱਲਰ ਪਿੱਪਲ ਆਦਿ ਉਹ ਬਿਰਛ, ਜਿਨ੍ਹਾਂ ਦੇ ਫੁੱਲ ਆਉਣ ਤੋਂ ਬਿਨਾ ਹੀ ਫਲ ਲਗਦੇ ਹਨ। ੩. ਧ੍ਰਿਤਰਾਸ਼੍ਟ੍ਰ ਦਾ ਇੱਕ ਪੁਤ੍ਰ.

ਵਨਚਰ, ਵਨਚਾਰੀ: ਜੰਗਲ ਵਿੱਚ ਫਿਰਨ ਵਾਲਾ. ਪਾਣੀ ਵਿੱਚ ਵਿਚਰਨ ਵਾਲਾ. ਦੇਖੋ, ਬਨਚਰ.

ਵਨਜ: ਵਪਾਰ ਦੇਖੋ, ਬਨਜ। ੨. ਵਨ (ਪਾਨੀ) ਤੋਂ ਪੈਦਾ ਹੋਇਆ ਕਮਲ. ਜਲਜ। ੩. ਮੋਥਾ.

ਵਨਦ: ਸੰ. ਸੰਗ੍ਯਾ- ਵਨ (ਜਲ) ਦੇਣ ਵਾਲਾ. ਜਲਦ. ਮੇਘ. ਬੱਦਲ.

ਵਨਦੁਰਗ: ਜੰਗਲ ਤੇ ਬਿਰਛਾਂ ਦਾ ਕਿਲਾ. ਅਜੇਹਾ ਸੰਘਣਾ ਅਤੇ ਉੱਤਮ ਵਿਉਂਤ ਦਾ ਜੰਗਲ, ਜੋ ਕਿਲੇ ਦਾ ਕੰਮ ਦੇਵੇ.

ਵਨਪਤਿ: ਜਲਪਤਿ. ਵਰੁਣ.

ਵਨਮਾਲਾ: ਦੇਖੋ, ਬਨਮਾਲਾ.

ਵਨਮਾਲੀ: ਦੇਖੋ, ਬਨਮਾਲੀ.

ਵਨਰਾਜ: ਸੰ. ਸੰਗ੍ਯਾ- ਸ਼ੇਰ. ਸਿੰਹ। ੨. ਦੇਖੋ, ਵਨਪਤਿ.

ਵਨਵਾਸ: ਵਨ (ਜੰਗਲ) ਦਾ ਨਿਵਾਸ. ਵਸੋਂ ਦਾ ਰਹਿਣਾ ਛੱਡਕੇ ਵਨ ਵਿੱਚ ਵਸਣ ਦਾ ਭਾਵ.

ਵਨਵਾਸੀ: ਦੇਖੋ, ਬਨਵਾਸੀ.

ਵਨਾ: ਦੇਖੋ, ਬਨਾ.

ਵਨਿ: ਵਨ (ਜੰਗਲ) ਵਿੱਚ। ੨. ਸੰ. ਸੰਗ੍ਯਾ- ਇੱਛਾ. ਰੁਚਿ। ੨. ਪ੍ਰਾਰਥਨਾ. ਬੇਨਤੀ.

ਵਨਿਤਾ: ਵਹੁਟੀ. ਭਾਰਯਾ. ਦੇਖੋ, ਬਨਿਤਾ.

ਵਨੌਕਸ: ਸੰ. ਸੰਗ੍ਯਾ- ਜਿਸ ਦਾ ਵਨ ਹੀ ਓਕਸ (ਘਰ) ਹੈ. ਵਨਵਾਸੀ। ੨. ਬਾਂਦਰ। ੩. ਬਨਮਾਨੁਖ. ਵਨਮਾਣੂ। ੪. ਵਾਨਪ੍ਰਸ੍ਥ.

ਵਨ੍ਹਿ: ਸੰ. ਵਹ੍ਨਿ. ਅੱਗ. ਆਤਿਸ਼.

ਵਨਜ: ਸੰ. ਵਿ- ਵਨ ਵਿੱਚ ਹੋਣ ਵਾਲਾ. ਜੰਗਲੀ। ੨. ਵਨ (ਪਾਣੀ) ਤੋਂ ਹੋਣ ਵਾਲਾ। ੩. ਸੰਗਯਾ- ਸੰਖ. ਘੋਗਾ.

ਵਪ: ਸੰ. ਵਪ੍. ਧਾ- ਬੀਜ ਬੀਜਣਾ, ਪੈਦਾ ਕਰਨਾ, ਬੁਣਨਾ. ਮੁੰਨਣਾ.

ਵਪਨ: ਸੰ. ਸੰਗਯਾ- ਬੀਜ ਬੀਜਣ ਦੀ ਕ੍ਰਿਯਾ. ਬੀਜਾਈ। ੨. ਹਜਾਮਤ ਕਰਨ ਦੀ ਕ੍ਰਿਯਾ. ਮੁੰਡਨ। ੩. ਬੁਣਨਾ। ੪. ਨਾਈ (ਹੱਜਾਮ) ਦਾ ਘਰ.

ਵਪਾ: ਸੰਗਯਾ- ਪੇਟ ਦੀ ਝਿੱਲੀ। ੨. ਚਰਬੀ। ੩. ਢੇਰੀ. ਖਾਸ ਕਰਕੇ ਸਿਉਂਕ ਦੀ ਮਿੱਟੀ ਦਾ ਢੇਰ. ਵਰਮੀ.

ਵਪਾਰ: ਦੇਖੋ, ਵਯਾਪਾਰ.

ਵਪੁ, ਵਪੁਸ, ਵਪੁਖ: ਸ਼ਰੀਰ. ਦੇਹ. ਦੇਖੋ, ਬਪੁ, ਅਤੇ ਬਪੁਖ.

ਵਫ਼ਾ: ਅ਼. وفا ਸੰਗਯਾ- ਪ੍ਰਣ ਪੂਰਾ ਕਰਨ ਦੀ ਕ੍ਰਿਯਾ। ੨. ਮਿਤ੍ਰਤਾ ਨਿਬਾਹੁਣੀ.

ਵਫ਼ਾਤ: ਅ਼. وفات ਸੰਗਯਾ- ਪੂਰਾ ਹੋਣਾ। ੨. ਮ੍ਰਿਤ੍ਯੁ. ਮੌਤ.

ਵਫ਼ਾਦਾਰ: ਫ਼ਾ. وفادار ਵਿ- ਪ੍ਰਣ ਪੂਰਾ ਕਰਨ ਵਾਲਾ। ੨. ਮਿਤ੍ਰਤਾ ਪਾਲਣ ਵਾਲਾ.

ਵਬਾ: ਅ਼. وبا ਸੰਗਯਾ- ਮਰੀ. ਮਹਾ ਮਾਰੀ। ੨. ਜਲ ਪੌਣ ਆਦਿ ਤੱਤਾਂ ਵਿੱਚ ਵਿਕਾਰ ਹੋਣ ਤੋਂ ਛੂਤ ਨਾਲ ਫੈਲਣ ਵਾਲੀ ਬੀਮਾਰੀ.

ਵਬਾਲ: ਅ਼. وبال ਸੰਗਯਾ- ਤਬਾਹੀ. ਬਰਬਾਦੀ। ੨. ਮੁਸੀਬਤ. ਵਿਪਦਾ.

ਵਮ: ਸੰ. ਵਮ੍. ਧਾ- ਮੂੰਹ ਤੋਂ ਬਾਹਰ ਆਉਣਾ. ਉਲਟੀ ਹੋਣੀ.

ਵਮਨ: ਸੰ. ਸੰਗਯਾ- ਛਰਦ ਕ਼ਯ. ਡਾਕੀ। ੨. ਮਦੰਨ. ਮਲਣਾ। ੩. ਮੰਗਣਾ. ਯਾਚਨਾ। ੪. ਸਣ, ਜਿਸ ਦੇ ਛਿਲਕੇ ਦੇ ਰੱਸੇ ਵੱਟੀਦੇ ਹਨ. ਸਣੀ। ੫. ਵਿ- ਲੁੱਚਾ ਧੂਤੰ.

ਵਮਨੀਯਾ: ਸੰ. ਮੱਖੀ. ਜਿਸ ਦੇ ਨਿਗਲਣ ਤੋਂ ਉਲਟੀ (ਵਮਨ) ਹੋ ਜਾਂਦੀ ਹੈ.

ਵਮ੍ਰੀ: ਸੰ. ਸੰਗਯਾ- ਸਿਉਂਕ. ਦੀਮਕ.

ਵਯ: ਸੰ. ਵਯ੍. ਧਾ- ਜਾਣਾ, ਇੱਕ ਥਾਂ ਤੋਂ ਦੂਜੇ ਥਾਂ ਕਰਨਾ। ੨. ਸੰ. ਵਯਸ. ਉਮਰ. ਅਵਸਥਾ। ੩. ਪੰਛੀ. ਪਰਿੰਦਾ। ੪. ਬਲ. ਸ਼ਕਤਿ. ਤਾਕਤ। ੫. ਗਿਜ਼ਾ. ਆਹਾਰ। ੬. ਅਰੋਗਤਾ. ਤਨਦੁਰੁਸ੍ਤੀ.

ਵਯਨ: ਸੰ. ਸੰਗਯਾ- ਬੁਣਨਾ. ਤੰਦਾਂ ਨੂੰ ਜੋੜਕੇ ਕਪੜਾ ਤਿਆਰ ਕਰਨਾ.

ਵਯਾਹ, ਵਯਾਹੁ: ਦੇਖੋ, ਵਿਵਾਹ.

ਵਯੋ: ਪੈਦਾ ਹੋਇਆ. ਅਵਤਾਰ ਧਾਰਿਆ. ਦੇਖੋ, ਵਯ ਧਾ. "ਪਾਰਸ ਨਾਥ ਪੁਰਖ ਭੂਅ ਵਯੋ." (ਪਾਰਸਾਵ)

ਵਯੋਵ੍ਰਿੱਧ: ਵਿ- ਜੋ ਉਮਰ ਵਿੱਚ ਵਡਾ ਹੋਵੇ.

ਵਯੰ: ਸੰ. ਸਰਵ- ਅਸੀਂ. ਹਮ. ਦੇਖੋ, ਅੰ. We.

ਵਰ: ਸੰ. ਵਰ. ਧਾ- ਇੱਛਾ ਕਰਨਾ. ਚਾਹੁਣਾ। ੨. ਸੰਗਯਾ- ਇੱਛਾ. ਚਾਹ। ੩. ਯਾਚਨ. ਮੰਗਣਾ। ੪. ਪਤਿ. ਭਰਤਾ. "ਵਰ ਨਾਰੀ ਮਿਲਿ ਮੰਗਲੁ ਗਾਇਆ." (ਦੇਵ ਮਃ ੫) ੫. ਕੇਸਰ. ਕੁੰਕੁਮ. ਕੁੰਗੂ। ੬. ਘੇਰਾ. ਵਲਗਣ। ੭. ਆਵਰਣ. ਪੜਦਾ। ੮. ਦਾਜ. ਜਹੇਜ਼। ੯. ਬਾਲਕ. ਬੱਚਾ। ੧੦. ਅਦਰਕ. ਆਦਾ। ੧੧. ਕਾਤ੍ਯਾਯਨ ਸਿਮ੍ਰਿਤਿ ਦੇ ਖੰਡ ੨੭, ਸ਼ਃ ੧੪. ਵਿੱਚ ਗਊ

ਦਾ ਨਾਮ ਭੀ ਵਰ ਹੈ। ੧੨. ਵਿ- ਸ਼੍ਰੇਸ਼੍ਠ. ਉੱਤਮ. "ਹਯ ਤਜ ਭਾਗੇ, ਰਘੁਵਰ ਆਗੇ." (ਰਾਮਾਵ) ੧੩. ਪਿਆਰਾ. ਪ੍ਰਿਯ। ੧੪. ਵਾਰ (ਦਫ਼ਅ਼ਹ) ਲਈ ਭੀ ਭਾਈ ਸੰਤੋਖਸਿੰਘ ਨੇ ਵਰ ਸ਼ਬਦ ਵਰਤਿਆ ਹੈ. "ਏਕ ਵਾਰ ਜੋ ਬੋਵਹਿ ਖੇਤੀ। ਲੁਨਹਿ ਅਨਿਕ ਵਰ ਹਨਐ ਪੁਨ ਤੇਤੀ." (ਨਾਪ੍ਰ) ੧੫. ਫ਼ਾ. ور ਵਿ- ਵਾਲਾ. ਵਾਨ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ. "ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ." (ਜਫਰ) ਦੇਖੋ, ਨਾਮਵਰ। ੧੬. ਵ- ਅਗਰ ਦਾ ਸੰਖੇਪ। ੧੭. ਦੇਖੋ, ਬਰ.

ਵਰਸ: ਸੰ. ਵਰ੍ਸ਼. ਸੰਗ੍ਯਾ- ਸਾਲ ਵਰ੍ਹਾ. ਬਾਰਾਂ ਮਹੀਨੇ ਦਾ ਸਮਾਂ ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਵਰਸ ਚਾਰ ਤਰਾਂ ਦਾ ਮੰਨਿਆ ਹੈ-

(ੳ) ਸੌਰ. ਇਹ ੩੬੫ ਦਿਨ, ੫. ਘੰਟੇ ੪੫ ਮਿਨਟ ਅਤੇ ੪੬ ਸੈਕੰਡ ਦਾ ਹੁੰਦਾ ਹੈ. ਇਤਨੇ ਸਮੇਂ ਵਿੱਚ ਪ੍ਰਿਥਿਵੀ ਸੂਰਜ ਦੀ ਇੱਕ ਪਰਿਕ੍ਰਮਾ ਕਰਦੀ ਹੈ.

(ਅ) ਚਾਂਦ੍ਰ. ਇਹ ੩੫੪ ਦਿਨ ੮. ਘੰਟੇ ੪੬ ਮਿਨਟ ਅਤੇ ੩੬ ਸੈਕੰਡ ਦਾ ਹੁੰਦਾ ਹੈ. ਇਸ ਸਮੇਂ ਵਿੱਚ ਚੰਦ੍ਰਮਾ ਪ੍ਰਿਥਿਵੀ ਦੀਆਂ ਬਾਰਾਂ ਪਰਿਕ੍ਰਮਾਂ ਕਰਦਾ ਹੈ. ਇਸ ਚਾਂਦ੍ਰ ਵਰਸ ਦਾ ਸੌਰ ਵਰਸ ਨਾਲ ਹਰ ਸਾਲ ੧੦. ਦਿਨ ੨੧. ਘੰਟੇ ਦਾ ਫਰਕ ਪੈ ਜਾਂਦਾ ਹੈ. ਇਸ ਅੰਤਰ ਨੂੰ ਠੀਕ ਕਰਨ ਲਈ ਹਰ ਤੀਜਾ ਵਰ੍ਹਾ ਤੇਰਾਂ ਮਹੀਨਿਆਂ ਦਾ ਕੀਤਾ ਜਾਂਦਾ ਹੈ. ਦੇਖੋ, ਮਲਮਾਸ.

(ੲ) ਸਾਵਨ. ਇਹ ਵਰਸ ਪੂਰੇ ੩੬੦ ਦਿਨ ਦਾ ਹੁੰਦਾ ਹੈ. ਇਸ ਦੇ ਮਹੀਨੇ ਪੂਰੇ ੩੦ ਤੀਹ ਤੀਹ ਦਿਨ ਦੇ ਹੁੰਦੇ ਹਨ. ਵੈਦਿਕ ਸਮੇਂ ਵਿੱਚ ਇਹ ਵਰਸ ਬਹੁਤ ਪ੍ਰਚਲਿਤ ਸੀ.

(ਸ) ਨਾਕ੍ਸ਼ਤ੍ਰ. ਇਹ ੩੨੪ ਦਿਨ ਦਾ ਹੁੰਦਾ ਹੈ. ਇਸ ਦਾ ਹਰੇਕ ਮਹੀਨਾ ਸਤਾਈ ਸਤਾਈ ਦਿਨ ਦਾ ਹੋਇਆ ਕਰਦਾ ਹੈ। ੨. ਵ੍ਰਿਸ਼੍ਟਿ. ਵਰਖਾ। ੩. ਪ੍ਰਿਥਿਵੀ ਦਾ ਇੱਕ ਭਾਗ. ਦੇਖੋ, ਨਵਖੰਡ ਅਤੇ ਵਰਾਹੁ। ੪. ਮੇਘ. ਬੱਦਲ। ੫. ਟੁਕੜਾ. ਹਿੱਸਾ. ਵਿਭਾਗ.

ਵਰਸਗ੍ਰੰਥਿ: ਦੇਖੋ, ਸਾਲਗਿਰਹ.

ਵਰਸਣਾ: ਵਰ੍ਹਣਾ. ਦੇਖੋ, ਬਰਸਣਾ.

ਵਰਸਾ: ਦੇਖੋ, ਬਰਖਾ.

ਵਰਸਾਉਣਾ: ਵਰ੍ਸ਼ਾ ਕਰਾਉਣਾ। ੨. ਬਾਰਿਸ਼ ਕਰਨੀ। ੩. ਵਰ ਸਹਿਤ ਹੋਣਾ. ਵਰ ਪ੍ਰਾਪਤ ਕਰਨਾ। ੪. ਲਾਭ ਲੈਣਾ. ਫਾਇਦਾ ਉਠਾਉਣਾ. "ਇਸੁ ਭੇਖੈ ਥਾਵਹੁ ਗਿਰਹੁ ਭਲਾ, ਜਿਥਹੁ ਕੋ ਵਰਸਾਇ." (ਮਃ ੩. ਵਾਰ ਵਡ) "ਇਸੁ ਧਨ ਤੇ ਸਭੁ ਜਗੁ ਵਰਸਾਣਾ." (ਆਸਾ ਮਃ ੫) "ਸਿਖ ਅਭਿਆਗਤ ਜਾਇ ਵਰਸਾਤੇ." (ਮਃ ੪. ਵਾਰ ਸੋਰ) "ਮੁਇਆ ਉਨ ਤੇ ਕੋ ਵਰਸਾਨੇ?" (ਗਉ ਮਃ ੫) "ਸਭਕੋ ਤੁਮਹੀ ਤੇ ਵਰਸਾਵੈ." (ਮਾਝ ਮਃ ੫)

ਵਰਸਾਨਾ: ਦੇਖੋ, ਵਰਸਾਉਣਾ। ੨. ਦੇਖੋ, ਬਰਸਾਨਾ.

ਵਰਸਾਨੇ, ਵਰਸਾਵੈ: ਦੇਖੋ, ਵਰਸਾਉਣਾ ੩. ਅਤੇ ੪.

ਵਰਹੀ: ਦੇਖੋ, ਵਰ੍ਹਿੰ.

ਵਰਕ, ਵਰਕਾ: ਅ਼. ورق ਵਰਕ਼ ਅਤੇ ورقہ ਵਰਕ਼ਹ. ਸੰਗ੍ਯਾ- ਬਿਰਛ ਦਾ ਪੱਤਾ। ੨. ਪੱਤਰਾ ਕਾਗਜ ਦਾ ਤਖਤਾ। ੩. ਸੁਇਨੇ ਚਾਂਦੀ ਦਾ ਬਹੁਤ ਪਤਲਾ ਪੱਤਰਾ. ਸੰ. वर्ष- ਵਰ੍ਸ਼। ੪. ਸੰ. ਵਰਕ. ਵਸਤ੍ਰ। ੫. ਬਾਦਬਾਨ. ਨੌਕਾ ਦਾ ਵਸਤ੍ਰ। ੬. ਦੇਖੋ, ਬਰਕ.

ਵਰਕੀ: ਸੰਗ੍ਯਾ- ਚਿੱਠੀ. ਪਤ੍ਰਿਕਾ. ਦੇਖੋ, ਵਰਕ ੨. "ਵਰਕੀ ਹਾਥ ਤਵਨ ਨਿਜ ਧਰੀ." (ਗੁਵਿ ੧੦) ੨. ਦੇਖੋ, ਬਰਕੀ.

ਵਰਖ: ਦੇਖੋ, ਬਰਖ ਅਤੇ ਵਰਸ। ੨. ਦੇਖੋ, ਵਰਕ ੩.

ਵਰਖਾ: ਦੇਖੋ, ਬਰਖਾ.

ਵਰਖਾਈ: ਸੰਗਜਾ- ਵ੍ਰਿਸ਼੍ਟਿ. ਬਾਰਿਸ਼. "ਤਿਨਿ ਸਬਦ ਸੁਰਤਿ ਕੀਨੀ ਵਰਖਾਈ." (ਸਵੈਯੇ ਮঃ ੪. ਕੇ) ੨. ਵਰ੍ਸ਼ਾਂ ਕੀਤੀ, ਕਰਾਈ.

ਵਰਖਾਪ੍ਰਿਯ: ਸੰ. वर्षाप्रिय. ਚਾਤਕ. ਪਪੀਹਾ.

ਵਰਖੇਸ: ਸੰ. वर्षेश- ਵਰ੍ਸ਼ੇਸ਼. ਵਰਖਾ ਦਾ ਸੁਆਮੀ ਇੰਦ੍ਰ। ੨. ਜ੍ਯੋਤਿਸ਼ ਅਨੁਸਾਰ ਵਰਖਫਲ ਦਾ ਮੁਖੀਆ ਗ੍ਰਹ। ੩. ਦੇਖੋ, ਬਰਖੇਸ.

ਵਰਗ: ਸੰ. वर्ग. ਇੱਕ ਜਾਤਿ ਦਾ ਸਮੂਹ, ਜੈਸੇ- ਮਨੁੱਖ ਵਰਗ। ੨. ਇੱਕ ਥਾਂ ਬਲਣ ਵਾਲੇ ਅੱਖਰਾਂ ਦਾ ਸਮੁਦਾਯ, ਜੈਸੇ- ਕਵਰਗ ਟਵਰਗ ਆਦਿ। ੩. ਅੱਖਰ. "ਚਤੁਰ ਵਰਗ ਦਾ ਭਵਜਨ ਤਾਰਨ." (ਗੁਪ੍ਰਸੂ) ਚਾਰ ਅੱਖਰ- "ਵਾਹਗੁਰੂ"। ੪. ਗ੍ਰੰਥ ਦਾ ਹਿੱਸਾ. ਬਾਬ. ਅਧ੍ਯਾਯ। ੫. ਉਹ ਚੁਕੋਣਾ ਛੇਤ੍ਰ, ਜਿਸ ਦੀ ਚੌੜਾਈ ਅਤੇ ਲੰਬਾਈ ਬਰਾਬਰ ਅਤੇ ਚਾਰੇ ਕੂਣੇ ਸਮਕੋਣ ਹੋਣ. Square. ਜਿਵੇਂ ੪੦੦ ਵਰਗ ਮੀਲ। ੬. ਅੰਗਾਂ ਨੂੰ ਸਮਾਨ ਅੰਗਾਂ ਨਾਲ ਜਰਬ ਕਰਨਾ, ਜਿਵੇਂ- ਪੱਚੀ ਨੂੰ ੨੫ ਨਾਲ। ੭. ਦੇਖੋ, ਬਰਗ.

ਵਰਗਲਾਉਣਾ, ਵਰਗਲਾਨਾ, ਵਰਗਲਾਨੀਦਨ: ਫ਼ਾ. ورغلانیدن ਵਰਗ਼ਲਾਨੀਦਨ. ਕ੍ਰਿ- ਬਹਿਕਾਉਣਾ. ਧੋਖਾ ਦੇਣਾ. ਗੁਮਰਾਹ ਕਰਨਾ.

ਵਰਗਾ: ਵਿ- ਜੇਹਾ. ਸਮਾਨ. ਤੁੱਲ। ੨. ਦੇਖੋ, ਬਰਗਾ.

ਵਰਜਣਾ, ਵਰਜਨ: ਵਰ੍ਜਨ. ਰੋਕਣਾ. ਦੇਖੋ, ਬਰਜਣਾ.

ਵਰਜਾਗਨਿ: ਵਰ੍ਯ- ਅਗ੍ਨਿ. ਪ੍ਰਜ੍ਵਲਿਤ ਅਗਨਿ ਦਗਦੀ ਹੋਈ ਅੱਗ. "ਲਈ ਭਗਉਤੀ ਦੁਰਗ ਸਾਹ ਵਰਜਾਗਨਿ ਭਾਰੀ." (ਚੰਡੀ ੩) ੨. ਵਰ੍ਚਸ- ਅਗ੍ਨਿ. ਚਮਕੀਲੀ ਅਗਨਿ.

ਵਰਜ਼ਿਸ਼: ਫ਼ਾ. ورزش ਸੰਗਜਾ- ਕਸਰਤ. ਵ੍ਯਾਯਾਮ Athletic exercise.

ਵਰਜਿਤ: ਸੰ. वर्जित. ਵਿ- ਵਰ੍ਜਨ ਕੀਤਾ. ਰੋਕਿਆ. ਹਟਾਇਆ.

ਵਰਟ: ਸੰ. ਸੰਗਜਾ- ਹੰਸ। ੨. ਨਰ ਭਰਿੰਡ ਡੇਮੂ। ੩. ਕੁੰਦ (ਚਾਂਦਨੀ) ਦਾ ਫੁੱਲ.

ਵਰਟਾ: ਹੰਸ ਦੀ ਮਦੀਨ. ਹੰਸੀ। ੨. ਭਰਿੰਡ. ਡੇਮੂ.

ਵਰਣ: ਸੰ. ਸੰਗਜਾ- ਲਪੇਟਣਾ. ਵੇਸ਼੍ਟਨ. (ਦੇਖੋ, ਵ੍ਰਿ ਧਾ). ੨. ਕੋਟ. ਸ਼ਹਰਪਨਾਹ. ਫਸੀਲ। ੩. ਊਠ. ਸੁਤਰ। ੪. ਸੰ. वर्ण. ਧਾ- ਰੰਗਣਾ ਆਗ੍ਯਾ ਕਰਨਾ, ਵਰਣਨ ਕਰਨਾ, ਫੈਲਾਉਣਾ, ਚਮਕਣਾ, ਮਿਹਨਤ ਕਰਨਾ, ਪੀਹਣਾ, ਉਸਤਤਿ ਕਰਨਾ। ੫. ਸੰਗਜਾ- ਰੰਗ। ੬. ਬ੍ਰਾਹਮਣ ਕ੍ਸ਼ਤ੍ਰਿਯ ਆਦਿ ਜਾਤਿ. ਜਾਤਿ ਭੇਦ ਭੀ ਰੰਗਾਂ ਕਰਕੇ ਹੀ ਹੋਏ ਹਨ. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਗੋਰਾ ਰੰਗ ਬ੍ਰਾਹਮਣ ਦਾ, ਲਾਲ ਛਤ੍ਰੀ ਦਾ, ਪੀਲਾ ਵੈਸ਼੍ਯ ਦਾ ਅਤੇ ਕਾਲਾ ਸ਼ੂਦ੍ਰ ਦਾ ਲਿਖਿਆ ਹੈ. ਦੇਖੋ, ਵਿਸ਼ਨੁਪੁਰਾਣ ਅੰਸ਼ ੨. ਅ. ੪. ਦੇਖੋ, ਚਾਰ ਵਰਣ। ੭. ਭੇਦ. ਫਰਕ। ੮. ਅੱਖਰ. ਹਰਫ। ੯. ਉਸਤਤਿ. ਤਅ਼ਰੀਫ਼। ੧੦. ਸੁਵਰ੍ਣ. ਸੋਨਾ। ੧੧. ਗੁਣ। ੧੨. ਕੇਸਰ. ਕੁੰਕੁਮ.

ਵਰਣਸੰਕਰ: ਸੰਗਜਾ- वर्णसघर. ਚਾਰ ਵਰਣਾਂ ਦੇ ਇਸਤ੍ਰੀ ਪੁਰਖਾਂ ਦੇ ਪਰਸਪਰ ਮੇਲ ਤੋਂ ਪੈਦਾ ਹੋਈ ਸੰਤਾਨ. ਦੋਗਲਾ. ਦੇਖੋ, ਦਸਅਠ ਵਰਨ। ੨. ਰੰਗਾਂ ਦਾ ਮੇਲ.

ਵਰਣਚਿਤ੍ਰ: ਦੇਖੋ, ਚਿਤ੍ਰ ਅਲੰਕਾਰ ਦਾ ਅੰਗ (ੳ).

ਵਰਣਦੋਖੀ: ਵਿ- वर्णद्योषिन. ਜਾਤਿ ਦਾ ਵਿਰੋਧੀ. ਕੁਲ ਨਾਲ ਵੈਰ ਕਰਨ ਵਾਲਾ। ੨. ਉਹ ਵਕਤਾ, ਜੋ ਕਰਤਾ ਦੇ ਭਾਵ ਤੋਂ ਵਿਰੁੱਧ ਆਪਣੀ ਇੱਛਾ ਅਨੁਸਾਰ ਅੱਖਰਾਂ ਨੂੰ ਤੋੜ ਮਰੋੜ ਕੇ ਅਰਥ ਕਰਦਾ ਹੈ. ਅੱਖਰਾਂ ਦਾ ਵੈਰੀ.

ਵਰਣਨ: ਸੰ. ਵਣੰਨ. ਸੰਗਯਾ- ਕਥਨ. ਬਿਆਨ ਕਰਨ ਦੀ ਕ੍ਰਿਯਾ। ੨. ਰੰਗ ਲਾਉਣ ਦੀ ਕ੍ਰਿਯਾ. ਦੇਖੋ, ਵਰਣ ਧਾ.

ਵਰਣਮਾਲਾ: ਸੰਗਯਾ- ਵਰਣ (ਅੱਖਰਾਂ) ਦੀ ਮਾਲਾ (ਪੰਕ੍ਤਿ) ਹਰੂਫ਼ੇ ਤਹੱਜੀ. ਸਿਹਰਫੀ, ਪੈਂਤੀ ਆਦਿ. Alphabet। ੨. ਬਾਵਨ ਅੱਖਰੀ.

ਵਰਣਮੈਤ੍ਰੀ: ਦੇਖੋ, ਅਨੁਪ੍ਰਾਸ.

ਵਰਣਾ: ਕ੍ਰਿ- ਵਿਆਹੁਣਾ. ਵਰ ਪ੍ਰਾਪਤ ਕਰਨਾ। ੨. ਸੰਗਯਾ- ਕਾਸ਼ੀ ਦੇ ਉੱਪਰ ਪਾਸੇ ਦੀ ਇੱਕ ਨਦੀ ਦੇਖੋ, ਬਨਾਰਸ.

ਵਰਣਾਸ਼੍ਰਮ: ਵਰਣ ਅਤੇ ਆਸ਼੍ਰਮ. ਦੇਖੋ, ਚਾਰ ਆਸ਼੍ਰਮ ਅਤੇ ਚਾਰ ਵਰਣ.

ਵਰਣਾ ਕੀ ਦਾਤਿ: ਹਿੰਦੂਮਤ ਅਨੁਸਾਰ ਵਣੰਭੇਦ ਕਰਕੇ ਦਾਨਵਿਧਿ. ਦੇਖੋ, ਵਰਨਾਂ ਕੀ ਦਾਤਿ.

ਵਰਣਾਵਰਣ: ਦੇਖੋ, ਵਰਨਾਵਰਨ.

ਵਰਣਿਕ: ਸੰ. वर्णिक. ਵਿ- ਅੱਖਰਾਂ ਦਾ। ੨. ਸੰਗਯਾ- ਲਿਖਾਰੀ. ਮੁਨਸ਼ੀ.

ਵਰਣਿਤ: ਸੰ. वर्णित. ਵਿ- ਆਖਿਆ ਹੋਇਆ. ਬਯਾਨ ਕੀਤਾ.

ਵਰਣੀ: ਵਣੰਨ ਕੀਤੀ. ਕਥਨ ਕੀਤੀ। ੨. ਸੰਗਯਾ- ਪੁਰੋਹਿਤ ਆਦਿ ਨੂੰ ਜਪ ਆਦਿ ਕ੍ਰਿਯਾ ਵਿੱਚ ਲਾਉਣ ਲਈ ਪੂਜਣਾ. ਸੰ. ਵਰਣ[1157]। ੩. ਸੰ. वर्णिन्. ਬ੍ਰਹਮਚਾਰੀ.

ਵਰਤ: ਦੇਖੋ, ਵ੍ਰਤ. "ਵਰਤ ਕਰਹਿ ਚੰਦ੍ਰਾਇਣਾ." (ਵਾਰ ਮਾਰੂ ੨. ਮਃ ੫)

ਵਰਤਣਾ: ਕ੍ਰਿ- ਵਰਤੋਂ (ਵਿਹਾਰ) ਵਿੱਚ ਲਿਆਉਣਾ। ੨. ਰਹਿਣਾ. ਨਿਵਾਸ ਕਰਨਾ. "ਜਿਥੈ ਜਾਇ ਤੁਧ ਵਰਤਣਾ, ਤਿਸ ਕੀ ਚਿੰਤਾ ਨਾਹਿ." (ਸ੍ਰੀ ਮਃ ੫) ੩. ਵਰਤੋਂ ਵਿੱਚ ਆਉਣਾ. "ਵਰਤੈ ਸਭਕਿਛੁ ਤੇਰਾ ਭਾਣਾ." (ਮਾਝ ਮਃ ੫)

ਵਰਤਣਿ: ਸੰਗਯਾ- ਉਹ ਰਕਮ, ਜੋ ਚਲਦੇ ਹੋਏ ਹਿਸਾਬ ਲਈ ਖ਼ਰਚ ਕਰੀਏ. ਰੋਜ਼ਾਨਾ ਵਿਹਾਰ ਚਲਾਉਣ ਲਈ ਰਕਮ. "ਹਰਿ ਮੇਰੀ ਵਰਤਣਿ, ਹਰਿ ਮੇਰੀ ਰਾਸਿ" (ਰਾਮ ਮਃ ੫) ੨. ਰਹਿਤ. ਰਹਿਣੀ. ਮਰਯਾਦਾ. "ਵਰਤਣਿ ਜਾਕੈ ਕੇਵਲ ਨਾਮ." (ਆਸਾ ਮਃ ੫) "ਸਿੱਖਾਂ ਦੀ ਐਸੀ ਵਰਤਣਿ ਹੁੰਦੀ ਹੈ." (ਭਗਤਾਵਲੀ)

ਵਰਤਣੀ: ਸੰਗਯਾ- ਸਾਮਗ੍ਰੀ. ਸਾਮਾਨ. "ਏਤੇ ਜੀਅ ਜਾਂਚੈ ਵਰਤਣੀ." (ਮਲਾ ਨਾਮਦੇਵ) ੨. ਦੇਖੋ, ਵਰਤਨੀ.

ਵਰਤਨ: ਸੰ. ਵਰ੍ਤਨ. ਸੰਗਯਾ- ਜੀਵਿਕਾ. ਰੋਜ਼ੀ। ੨. ਠਿਕਾਣਾ। ੩. ਜੀਵਨ ਦਾ ਉਪਾਉ। ੪. ਭਾਂਡਾ. ਪਾਤ੍ਰ. ਬਰਤਨ.

ਵਰਤਨਿ: ਦੇਖੋ, ਵਰਤਣਿ. "ਠਾਕੁਰਨਾਮੁ ਕੀਓ ਉਨਿ ਵਰਤਨਿ" (ਗਉ ਮਃ ੫) ੨. ਦੇਖੋ, ਵਰਤਨੀ.

ਵਰਤਨੀ: ਸੰ. ਵਰ੍ਤਨੀ. ਰਾਹ. ਮਾਰਗ. ਸੜਕ.

ਵਰਤਮ, ਵਰਤਮਨ: ਸੰ. वर्त्मन्. ਸੰਗਯਾ- ਰਾਹ. ਮਾਰਗ। ੨. ਗੱਡੀ ਦੇ ਪਹੀਏ ਦੀ ਲੀਕ। ੩. ਅੱਖ ਦੀ ਪਲਕ। ੪. ਆਸਰਾ. ਆਧਾਰ. ਸਹਾਰਾ.

ਵਰਤਮਾਨ: ਸੰਗਯਾ- ਵਰ੍ਤਮਾਨ. ਉਹ ਸਮਾਂ ਜੋ ਵਰਤ ਰਿਹਾ ਹੈ. ਹਾਲ. ਮੌਜੂਦ. "ਵਰਤਮਾਨ ਬਿਭੂਤੰ." (ਆਸਾ ਮਃ ੧) ਵਰਤਮਾਨ ਦਸ਼ਾ ਵਿੱਚ ਪ੍ਰਸੰਨ ਰਹਿਣਾ, ਸ਼ਰੀਰ ਉੱਤੇ ਭਸਮ ਲਾਉਣੀ ਹੈ.

ਵਰਤਾਉ: ਸੰਗਯਾ- ਵਰਤਣ ਦਾ ਭਾਵ. ਵਰਤੋਂ. ਵਿਹਾਰ. ਲੈਣਦੇਣ.

---

[1157] ਇਸ ਤੋਂ ਮੰਤ੍ਰਜਪ ਲਈ "ਵਰਣੀ" ਸੰਗਯਾ ਹੋ ਗਈ ਹੈ.

ਵਰਤਾਉਣਾ: ਕ੍ਰਿ- ਵੰਡਣਾ. ਤਕ਼ਸੀਮ ਕਰਨਾ। ੨. ਵਰਤੋਂ (ਅ਼ਮਲ) ਵਿੱਚ ਲਿਆਉਣਾ. "ਪ੍ਰਗਟ ਪਰਤਾਪੁ ਵਰਤਾਇਓ." (ਸ੍ਰੀ ਮਃ ੧. ਜੋਗੀਅੰਦਰਿ) "ਮਾਇਆ ਅਮਰੁ ਵਰਤਾਇਆ." (ਅਨੰਦੁ)

ਵਰਤਾਰਾ: ਵਰਤਮਾਨ ਕਾਲ ਦਾ ਹਾਲ, ਵ੍ਰਿੱਤਾਂਤ. "ਮਾਤਲੋਕ ਵਿੱਚ ਕਿਆ ਵਰਤਾਰਾ?" (ਭਾਗੁ) ੨. ਵਰਤੋਂ. ਵਿਹਾਰ. "ਅੰਧਾ ਜਗਤੁ, ਅੰਧ ਵਰਤਾਰਾ." (ਸੋਰ ਮਃ ੩) ੩. ਪਰਸਪਰ ਲੈਣ ਦੇਣ। ੪. ਪ੍ਰਾਕ੍ਰਿਤ ਕ੍ਰਿਯਾ. ਕੁਦਰਤ ਦੇ ਨਿਯਮਾਂ ਅਨੁਸਾਰ ਹੋਈ ਕ੍ਰਿਯਾ. "ਛਿੱਕ ਪੱਦ ਹਿਡਕੀ ਵਰਤਾਰਾ." (ਭਾਗੁ) ੫. ਹਿੱਸਾ. ਛਾਂਦਾ. ਬਾਂਟਾ.

ਵਰਤਾਵਾ: ਵਿ- ਵਰਤਾਉਣ (ਵੰਡਣ) ਵਾਲਾ। ੨. ਸੰਗਯਾ- ਵਰਤਾਉ. ਵਰਤੋਂ.

ਵਰਤੀ: ਸੰ. वर्ती. ਸੰਗਯਾ- ਦੀਵੇ ਦੀ ਬੱਤੀ. ਵੱਟੀ। ੨. ਲੇਖ. ਲਿਖਤ. ਤਹਰੀਰ। ੩. ਦਵਾਈਆਂ ਦੀ ਬਣਾਈ ਹੋਈ ਬੱਤੀ, ਜੋ ਸਲਾਈ (ਸੁਰਮਚੂ) ਵਾਂਙ ਅੱਖ ਵਿੱਚ ਫੇਰੀ ਜਾਵੇ। ੪. ਸੰ. वर्त्तिन्. ਵਿ- ਰਹਣ ਵਾਲਾ. ਇਹ ਸਮਾਸ ਵਿੱਚ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- ਨਿਕਟਵਰਤੀ। ੫. ਦੇਖੋ, ਵ੍ਰਤੀ.

ਵਰਤੀਜਾ: ਵਰਤਾਇਆ. ਵਰਤੋਂ ਵਿੱਚ ਲਿਆਂਦਾ. "ਆਪਨ ਖੇਲ ਆਪਿ ਵਰਤੀਜਾ." (ਸੁਖਮਨੀ)

ਵਰਤੁ: ਵ੍ਰਤ. "ਵਰਤੁ ਤਪਨੁ ਕਰਿ ਮਨੁ ਨਹੀ ਭੀਜੈ." (ਰਾਮ ਅਃ ਮਃ ੧)

ਵਰਤੁਲ: ਸੰ. ਵਤੁੱਲ. ਵਿ- ਗੋਲ। ੨. ਸੰਗਯਾ- ਗਾਜਰ.

ਵਰਤੁਲਾਕਾਰ: ਵਤੁੱਲ (ਗੋਲ) ਆਕਾਰ। ੨. ਗੋਲ ਆਕਾਰ ਦਾ.

ਵਰਤੋਂ: ਵਰਤਾਉ ਵਿੱਚ ਲਿਆਉਣ ਦਾ ਭਾਵ (use). ੨. ਲੈਣ ਦੇਣ ਆਦਿ ਦਾ ਪਰਸਪਰ ਵਿਹਾਰ.

ਵਰਤੰਤ: ਕ੍ਰਿ. ਵਿ- ਵਰਤਦਾ. ਹੋ ਰਿਹਾ. "ਓਹੁ ਸਭੁ ਕਿਛੁ ਜਾਣੈ, ਜੋ ਵਰਤੰਤਾ." (ਗਉ ਮਃ ੫) ੨. ਦੇਖੋ, ਵ੍ਰਿੱਤਾਂਤ.

ਵਰਦ: ਸੰ. ਵਿ- ਵਰ ਦੇਣ ਵਾਲਾ. ਇੱਛਾ ਪੂਰਾ ਕਰਨ ਵਾਲਾ। ੨. ਦੇਖੋ, ਬਰਦ। ੩. ਸੰਗਯਾ- ਪਾਰਬ੍ਰਹਮ. ਕਰਤਾਰ। ੪. ਅ਼. ورد ਗੁਲਾਬ. ਗੁਲਾਬ ਦਾ ਫੁੱਲ। ੫. ਬਹਾਦੁਰ. ਯੋੱਧਾ.

ਵਰਦਾਤਾ: ਵਿ- ਵਰਦਾਤ੍ਰਿ. ਵਰ (ਮਨੋਕਾਮਨਾ) ਦੇਣ ਵਾਲਾ. "ਨਾਲਿਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ." (ਆਸਾ ਮਃ ੧) ਦੇਖੋ, ਨਾਲਿਕੁਟੰਬੁ। ੨. ਵਿਸ਼ਨੁ। ੩. ਸ਼ਿਵ.

ਵਰਦੀ: ਸੰਗਯਾ- ਸਿਪਾਹੀ ਆਦਿਕ ਦਾ ਲਿਬਾਸ. ਬਾਣਾ (uniform) ਇਸ ਦਾ ਮੂਲ ਅੰ. Order ਹੈ.

ਵਰਧ: ਸੰ. वर्ध्. ਧਾ- ਕਤਰਨਾ, ਭਰਨਾ, ਪੂਰਨ ਕਰਨਾ, ਵਧਾਉਣਾ.

ਵਰਧਕ: ਵਿ- वर्द्धक ਪੂਰਾ ਕਰਨ ਵਾਲਾ। ੨. ਛੇਦਕ. ਟੁੱਕਣ ਵਾਲਾ। ੩. ਵਧਾਉਣ ਵਾਲਾ. "ਬਲਵਰਧਕ ਭੋਜਨ ਅਚਵੰਤੇ." (ਗੁਪ੍ਰਸੂ)

ਵਰਧਨ: ਸੰਗਯਾ- वर्द्धन. ਕੱਟਣ ਦੀ ਕ੍ਰਿਯਾ। ੨. ਪੂਰਾ ਕਰਨਾ। ੩. ਵਧਾਉਣਾ.

ਵਰਧਮਾਨ: ਵਿ- वर्द्धमान्. ਵਧਿਆ ਹੋਇਆ। ੨. ਸੰਗਯਾ- ਏਰੰਡ ਦਾ ਬਿਰਛ। ੩. ਮਿੱਟੀ ਦਾ ਭਾਂਡਾ. ਬਰਤਮਾਨ. ਇਸੇ ਤੋਂ ਬਧਣਾ ਸ਼ਬਦ ਬਣਿਆ ਹੈ. ਦੇਖੋ, ਬਧਣਾ ੩। ੪. ਪਿਆਲਾ। ੫. ਵਿਸ਼ਨੁ। ੬. ਜੈਨ ਮਤ ਦਾ ਚੌਬੀਹਵਾਂ ਤੀਰਥੰਕਰ, ਜਿਸ ਦੀ ਸੰਗਯਾ- ਮਹਾਵੀਰ ਭੀ ਹੈ. ਵੈਸ਼ਾਲੀ ਵਿੱਚ ਇਸ ਦਾ ਜਨਮ, ਅਤੇ ਪਾਵਾ (ਜਿਲਾ ਪਟਨਾ) ਵਿੱਚ ਦੇਹਾਂਤ ਹੋਇਆ. ਇਹ ਈਸਵੀ ਸਨ ਤੋਂ ੪੩੭ ਵਰ੍ਹੇ ਪਹਿਲਾਂ ਹੋਇਆ ਹੈ। ੪. ਵਰਤਮਾਨ "ਬਰਦਮਾਨ" ਦਾ ਪੁਰਾਣਾ ਨਾਮ.

ਵਰਨ: ਦੇਖੋ, ਵਰਣ। ੨. ਰੰਗ (ਵਣੰ). "ਵਰਨ ਚਿਹਨ ਨ ਜਾਇ ਲਖਿਆ." (ਵਡ ਛੰਤ ਮਃ ੫) ੩. ਜਾਤਿਭੇਦ. "ਚਾਰੇ ਵਰਨ ਆਖੈ ਸਭੁਕੋਈ." (ਭੈਰ ਮਃ ੩)

ਵਰਨ ਅਵਰਨ: ਵਿ- ਵਣੰ (ਅੱਖਰਾਂ) ਕਰਕੇ. ਜਿਸ ਦਾ ਵਰਣਨ ਨਹੀਂ ਹੋ ਸਕਦਾ। ੨. ਉੱਤਮ ਅਤੇ ਨੀਚ ਵਰਣ। ੩. ਵਣੰਭਿਮਾਨ ਤੋਂ ਰਹਿਤ. "ਗੁਰਮੁਖ ਵਰਨ ਅਵਰਨ ਹੋਇ." (ਭਾਗੁ)

ਵਰਨਹ: ਦੇਖੋ, ਵਰਨਾ.

ਵਰਨਨ: ਦੇਖੋ, ਵਰਣਨ.

ਵਰਨਾ: ਫ਼ਾ. ورنہ ਵਰਨਹ. ਕ੍ਰਿ. ਵਿ- ਨਹੀਂ ਤਾਂ. ਅਨਜਥਾ। ੨. ਦੇਖੋ, ਵਰਣਾ ੧.

ਵਰਨਾਂ ਕੀ ਦਾਤਿ: ਦੇਖੋ, ਵਰਣਾ ਕੀ ਦਾਤਿ. "ਪੁਰਬੀ ਨਾਵੈ ਵਰਨਾ ਕੀ ਦਾਤਿ." (ਬਸੰ ਮਃ ੧)

ਵਰਨਾ ਵਰਨ: ਦੇਖੋ, ਵਰਨ ਅਵਰਨ ੨. "ਵਰਨਾ- ਵਰਨ ਨ ਭਾਵਨੀ ਜਿਸ ਕਿਸੈ ਵਡਾ ਕਰੇਇ." (ਸ੍ਰੀ ਅਃ ਮਃ ੧) ਕਿਸੇ ਨੂੰ ਵਡਿਆਉਣ ਲਈ ਕਰਤਾਰ ਨੂੰ ਉੱਚ ਅਤੇ ਨੀਚ ਵਰਣ ਪਸੰਦ ਨਹੀਂ, ਭਾਵ- ਸਾਰੇ ਸਮਾਨ ਹਨ.[1158]

ਵਰਨੀ: ਵਰਣਨ ਕਰਾਂ. "ਕਿਉ ਵਰਨੀ, ਕਿਉ ਜਾਣਾ?" (ਜਪੁ) ੨. ਦੇਖੋ, ਵਰਣੀ. ੨.

ਵਰਫ: ਦੇਖੋ, ਬਰਫ਼. "ਪਾਲਾ ਕਕਰੁ ਵਰਫ ਵਰਸੈ." (ਸੂਹੀ ਅਃ ਮਃ ੪)

ਵਰਭੰਡ: ਬ੍ਰਹਮਾਂਡ. ਦੇਖੋ, ਬਰਭੰਡ. "ਆਪਿ ਖੰਡ ਵਰਭੰਡ ਕਰੇ." (ਮਃ ੪. ਵਾਰ ਬਿਹਾ) "ਗਾਵਹਿ ਖੰਡ ਮੰਡਲ ਵਰਭੰਡਾ." (ਜਪੁ)

ਵਰਮ: ਸੰ. ਵਮੱਨ੍. ਸੰਗਯਾ- ਕਵਚ. ਸੰਨਾਹ ਸੰਜੋਆ। ੨. ਅ਼. ورم ਸੋਜ ਸੂਜਨ (Inflamation).

ਵਰਮਾ: ਦੇਖੋ, ਬਰਮਾ। ੨. ਵਮੰ (वर्म्मन. ). ਛਤ੍ਰੀ (ਕ੍ਸ਼ਤ੍ਰਿਯ) ਦੀ ਨਾਮ ਪਿੱਛੇ ਲਗਾਇਆ ਸ਼ਬਦ. ਦੇਖੋ, ਚਾਰਵਰਣ.

ਵਰਮੀ: ਸੰ. ਵਲਮੀਕ ਅਤੇ ਵਮ੍ਰੀਕੂਟ. ਸੰਗਯਾ- ਸਿਉਂਕ ਦਾ ਬਣਾਇਆ ਮਿੱਟੀ ਦਾ ਢੇਰ. ਨਿਰੁਕ੍ਤ ਵਿੱਚ ਸਿਉਂਕ (ਦੀਮਕ) ਦਾ ਨਾਮ ਵਮ੍ਰੀ ਲਿਖਿਆ ਹੈ. "ਵਰਮੀ ਮਾਰੀ ਸਾਪੁ ਨ ਮਰਦੀ." (ਆਸਾ ਮਃ ੫) ਵਰਮੀ ਸ਼ਰੀਰ, ਸਰਪ ਮਨ. ਦੇਖੋ, ਵਲਮੀ। ੨. ਸੰ. वर्मिन्. ਵਿ- ਵਮੰ (ਕਵਚ) ਪਹਿਰਨ ਵਾਲਾ. "ਟੂਕ ਟੂਕ ਭੇ ਵਰਮੀ ਯੋਧਾ." (ਸਲੋਹ)

ਵਰਯ: ਸੰ. ਵਯੰ. ਵਿ- ਵਰ (ਵਿਆਹ) ਲਈ ਪਸੰਦ ਕਰਨ ਯੋਗ। ੨. ਅਤਿ ਸ਼੍ਰੇਸ਼੍ਠ. ਅਤਿ ਉੱਤਮ. ਬਹੁਤ ਹੱਛਾ.

ਵਰਯਾਤ੍ਰਾ: ਸੰ. ਸੰਗਯਾ- ਬਰਾਤ. ਜਨੇਤ. ਜੰਞ.

ਵਰਯਾਮ: ਦੇਖੋ, ਵਰੀਆਮ.

ਵਰਾ: ਦੇਖੋ, ਵਰ, ਵਰਸ ਅਤੇ ਵਰ੍ਹਾ। ੨. ਸ਼੍ਰੇਸ਼੍ਠਤਾ ਸਹਿਤ. ਉੱਤਮ। ੩. ਸੰ. ਸੰਗਯਾ- ਹਲਦੀ। ੪. ਸ਼ਰਾਬ.

ਵਰਾਹ: ਸੰ. ਸੰਗਯਾ- ਸੂਰ। ੨. ਸੂਰ ਦੀ ਸ਼ਕਲ ਦਾ ਵਿਸ਼ਨੁ ਦਾ ਅਵਤਾਰ. ਪੁਰਾਣਕਥਾ ਹੈ ਕਿ ਹਿਰਨਜਾਕ੍ਸ਼ ਅਸੁਰ ਪ੍ਰਿਥਿਵੀ ਨੂੰ ਡੋਬਕੇ ਪਾਤਾਲ ਲੈ ਗਿਆ. ਵਰਾਹ ਨੇ ਇੱਕ ਹਜ਼ਾਰ ਵਰ੍ਹਾ ਲੜਾਈ ਕਰਕੇ ਅਸੁਰ ਨੂੰ ਮਾਰਿਆ ਅਤੇ ਜ਼ਮੀਨ ਆਪਣੇ ਟਿਕਾਣੇ ਠਹਿਰਾਈ. ਦੇਵੀਭਾਗਵਤ ਦੇ ੮. ਵੇਂ ਸਕੰਧ ਦੇ ਦੂਜੇ ਅਧਜਾਯ ਵਿੱਚ ਵਰਾਹ ਦੀ ਉਤਪੱਤੀ ਬ੍ਰਹਮਾ ਦੇ ਨੱਕ ਵਿੱਚੋਂ ਹੋਈ ਦੱਸੀ ਹੈ. ਦੇਖੋ, ਦਸ ਅਵਤਾਰ.

ਵਰਾਹਮਿਹਿਰਾਚਾਰਯ: ਸੰਸਕ੍ਰਿਤ ਦਾ ਪ੍ਰਸਿੱਧ ਪੰਡਿਤ ਅਤੇ ਜਯੋਤਿਸ਼ੀ. ਇਸ ਦਾ ਜਨਮ ਸਨ ੫੦੫ ਅਤੇ ਦੇਹਾਂਤ ਸਨ ੫੮੭ ਮੰਨਿਆ ਗਿਆ ਹੈ. ਇਸ ਦੀ ਬਣਾਈ "ਵਾਰਾਹੀ ਸੰਹਿਤਾ" ਮੰਨੀ ਹੋਈ ਪੁਸ੍ਤਕ ਹੈ.

---

[1158] ਵਰਨਾਂ ਨੂੰ ਵਰਨ ਨਹੀਂ ਭਾਉਂਦੇ. ਭਾਵ-ਇੱਕ ਜਾਤ ਨੂੰ ਦੂਜੀ ਪਸੰਦ ਨਹੀਂ ਕਰਦੀ. ਜੇਕਰ ਇੱਕ ਵਰਨ ਨੂੰ ਵੱਡਾ ਕਰੇ, ਤਾਂ ਦੂਜੀ ਜਾਤਾਂ ਵਾਲਿਆਂ ਨੂੰ ਇਹ ਗੱਲ ਨਹੀਂ ਭਾਉਂਦੀ.

ਵਰਾਹੀ: ਵਰਾਹ ਦੀ ਮਦੀਨ. ਸੂਰੀ. ਸੂਕਰੀ.

ਵਰਾਹੁ: ਸੰ. वराहु. ਸੰਗਜਾ- ਵਾਯੁ ਖਾਸ ਕਰਕੇ ਵਰਖਾ ਲਿਆਉਣ ਵਾਲੀ ਪੌਣ Monsoon "ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹੁ." (ਮਃ ੧. ਵਾਰ ਸੂਹੀ) ਕਰਤਾਰ ਤੋਂ ਸਾਗਰ (ਸਮੁੰਦਰ) ਲਹਿਰ (ਤਰੰਗਿਨੀ ਨਦੀ) ਸਮੁੰਦ (ਖਾਡੀ) ਸਰ (ਝੀਲਾਂ) ਵੇਲਿ (ਵੇਲਾ) ਵਰ੍ਸ਼ (ਖੰਡ) ਅਤੇ ਵਰਾਹੁ ਆਦਿ ਅਨੰਤ ਰਚੇ ਗਏ ਹਨ.

ਵਰਾਂਗ: ਸੰ. ਸੰਗਜਾ- ਵਰ- ਅੰਗ. ਮੱਥਾ. ਸਿਰ। ੨. ਯੋਨਿ. ਭਗ। ੩. ਹਾਥੀ। ੪. ਵਿਸ਼ਨੁ.

ਵਰਾਂਗਨਾ: ਵਰ (ਉੱਤਮ) ਅੰਗਾਂ ਵਾਲੀ ਇਸਤ੍ਰੀ. ਸੁੰਦਰ (ਸੁਡੌਲ) ਇਸਤ੍ਰੀ.

ਵਰਾਂਗੀ: ਸੰ. वराङ्गिन्. ਵਿ- ਸੁੰਦਰ ਅੰਗਾਂ ਵਾਲਾ। ੨. ਸੰਗਜਾ- ਹਾਥੀ.

ਵਰਾਟ: ਸੰ. ਸੰਗਜਾ- ਕੌਡੀ. ਕਪਰ੍ਦ। ੨. ਰੱਸੀ. ਰੱਜੁ.

ਵਰਾਟਕ, ਵਰਾਟਿਕਾ: ਕੌਡੀ. ਦੇਖੋ, ਵਰਾਟ.

ਵਰਾਟੀ, ਵਰਾੜੀ: ਇੱਕ ਰਾਗਿਣੀ. ਦੇਖੋ, ਬੈਰਾੜੀ.

ਵਰਿਆਈ: ਮੱਲੋਜੋਰੀ. ਦੇਖੋ, ਬਰਿਆਈ.

ਵਰਿਆਮ, ਵਰਿਆਮੁ: ਵਰੀਤਾਵਨ. ਬਹਾਦੁਰ. ਸ਼ੂਰਵੀਰ। ੨. ਬਰਾੜ ਦੀ ਵੰਸ਼ ਵਿੱਚ ਹੋਣ ਵਾਲਾ ਇੱਕ ਯੋੱਧਾ, ਜੋ ਮੇਹਰਾਜ ਦਾ ਪਿਤਾ ਸੀ. ਇਸ ਨੇ ਅਤੇ ਇਸ ਦੇ ਪਿਤਾ ਸੰਘਰ[1159] ਨੇ ਸਨ ੧੫੨੬ ਵਿੱਚ ਬਾਬਰ ਨੂੰ ਪਾਨੀਪਤ ਦੇ ਜੰਗ ਵਿੱਚ ਸਹਾਇਤਾ ਦਿੱਤੀ ਸੀ. ਇਹ ਦਿੱਲੀ ਦੇ ਦੱਖਣ ਪੱਛਮ ਦੇ ਇਲਾਕੇ ਦਾ ਚੌਧਰੀ ਸੀ. ਇਹ ਭੱਟੀਆਂ ਨਾਲ ਲੜਦਾ ਸਨ ੧੫੬੦ ਵਿੱਚ ਮੋਇਆ.

ਵਰਿਸ਼੍ਰ: ਵਿ- ਬਹੁਤ ਵਡਾ। ੨. ਅਤਿ ਉੱਤਮ।

ਵਰਿਸ਼੍ਰ: ੩. ਸੰਗਜਾ- ਤਿੱਤਰ ਪੰਛੀ.

ਵਰੀ: ਵਿਆਹੀ. ਦੇਖੋ, ਵਰਣਾ। ੨. ਸੰ. ਵਤ੍ਰੀ. ਸੰਗਜਾ- ਵਿਆਹ ਸਮੇਂ ਲਾੜੇ ਵੱਲੋਂ ਲਾੜੀ ਨੂੰ ਭੇਜੀ ਵਸਤ੍ਰ ਗਹਿਣੇ ਆਦਿ ਸਾਮਗ੍ਰੀ. ਬਹੁਮੁੱਲੀ ਓਢਣੀ.

ਵਰੀਅ: ਦੇਖੋ, ਵਰੀਯ.

ਵਰੀਆ: ਦਫ਼ਅ਼ਹ. ਬਾਰ. "ਵਾਰਿ ਜਾਈ ਲਖ ਵਰੀਆ." (ਮਾਝ ਮਃ ੫) ੨. ਦੇਖੋ, ਵਰੀਯ। ੩. ਵਰਣ (ਵਿਆਹਣ) ਵਾਲਾ.

ਵਰੀਆਮ, ਵਰੀਆਮੁ: ਵਿ- ਵੀਰਤ੍ਵਵਾਨ. ਬਹਾਦੁਰੀ ਵਾਲਾ. "ਸੋ ਸੂਰਾ ਵਰੀਆਮੁ." (ਮਃ ੩. ਵਾਰ ਸ੍ਰੀ)

ਵਰੀਯ: ਸੰ. वरीयस्. ਵਿ- ਬਹੁਤ ਉੱਤਮ. ਨਿਹਾਯਤ ਉਮਦਾ.

ਵਰੁ: ਦੇਖੋ, ਬਰੁ। ੨. ਦੇਖੋ, ਵਰ.

ਵਰੁਣ: ਸੰ. ਸੰਗਜਾ- ਜਲਾਂ ਦਾ ਸ੍ਵਾਮੀ ਦੇਵਤਾ. ਪੁਰਾਣਾਂ ਵਿੱਚ ਇਸ ਨੂੰ ਕਰਦਮ ਦਾ ਪੁਤ੍ਰ ਅਤੇ ਮਗਰਮੱਛ ਪੁਰ ਸਵਾਰੀ ਕਰਨ ਵਾਲਾ ਮੰਨਿਆ ਹੈ. ਇਹ ਸੱਪ ਦੇ ਫਨ ਦੀ ਸਿਰ ਪੁਰ ਛਤਰੀ ਰਖਦਾ ਹੈ. ਇਸ ਦੀ ਪੁਰੀ "ਵਸੁਧਾ" ਨਗਰ ਹੈ. ਸ਼ਸਤ੍ਰ ਪਾਸ਼ (ਫਾਹੀ) ਹੈ. ਵਰੁਣ ਪੱਛਮ (ਪਸ਼੍ਚਿਮ) ਦਿਸ਼ਾ ਦਾ ਸ੍ਵਾਮੀ ਹੋਣ ਕਰਕੇ ਦਿਕਪਾਲਾਂ ਵਿੱਚ ਭੀ ਗਿਣਿਆ ਜਾਂਦਾ ਹੈ. ਵਰੁਣ ਨੂੰ

[1159] ਬਰਾੜਵੰਸ਼ੀ ਇੱਕ ਸੰਘਰ ਹੋਰ ਭੀ ਹੋਇਆ ਹੈ, ਜੋ ਭੱਲਣ ਦਾ ਪਿਤਾ ਸੀ. ਦੇਖੋ, ਫਰੀਦਕੋਟ.

ਅਦਿਤਿ ਦੇ ਗਰਭ ਤੋਂ ਕਸ਼ਜਪ ਦਾ ਪੁਤ੍ਰ ਭੀ ਲਿਖਿਆ ਹੈ। ੨. ਜਲ। ੩. ਸੂਰਜ.

ਵਰੁਣਾਸ੍ਤ੍ਰ, ਵਰੁਣਾਯੁਧ: ਵਰੁਣ ਦਾ ਸ਼ਸਤ੍ਰ ਫਾਹੀ. ਪਾਸ਼. ਦੇਖੋ, ਬਰੁਣਾਯੁਧ.

ਵਰੁਣਾਲਯ: ਸੰਗਜਾ- ਵਰੁਣ (ਜਲ) ਦਾ ਘਰ, ਸਮੁੰਦਰ। ੨. ਵਰੁਣ ਦੇਵਤਾ ਦੇ ਨਿਵਾਸ ਦਾ ਥਾਂ ਵਸੁਧਾ. ਦੇਖੋ, ਵਰੁਣ.

ਵਰੂਥ: ਸੰ. ਸੰਗਜਾ- ਗਰੋਹ. ਝੁੰਡ. ਸਮੁਦਾਯ। ੨. ਰਥ ਦਾ ਗਿਲਾਫ। ੩. ਕਵਚ. ਸੰਜੋਆ.

ਵਰੂਥਿਨੀ: ਸੰ. ਸੰਗਜਾ- ਸੈਨਾ. ਫੌਜ, ਜਿਸ ਵਿੱਚ ਯੋਧਿਆਂ ਦੇ ਵਰੂਥ (ਟੋਲੇ) ਹਨ. ਕਵਚ ਪਹਿਰਣ ਵਾਲੀ ਸੈਨਾ. ਦੇਖੋ, ਵਰੂਥ ੩.

ਵਰੋਸਾਉਣਾ: ਵਰ ਸਹਿਤ ਹੋਣਾ. ਦੇਖੋ, ਬਰੋਸਾਉਣਾ ਅਤੇ ਵਰਸਾਉਣਾ ੩- ੪.

ਵਰੋਲਨਾ: ਦੇਖੋ, ਬਿਰੋਲਨਾ.

ਵਰੋਲਾ: ਸੰ. ਵਾਤਾਲੀ. ਸੰਗਜਾ- ਹਵਾ ਦੀ ਗੱਠ. ਵਾਉਵਰੋਲਾ. ਬਗੂਲਾ (Whirlwind) ੨. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਬੇਲੇ ਦਾ ਇੱਕ ਘੋੜਾ, ਜੋ ਪੈਂਦੇਖ਼ਾਨ ਨੂੰ ਸਵਾਰੀ ਲਈ ਬਖ਼ਸ਼ਿਆ ਸੀ. "ਭਯੋ ਲਾਖ ਮੋਲਾ ਸੁ ਨਾਮੰ ਵਰੋਲਾ." (ਗੁਪ੍ਰਸੂ)

ਵਰੰਗਨਾ, ਵਰੰਗਨਿ, ਵਰੰਗਨੀ: ਦੇਖੋ, ਬਰੰਗਨ ਅਤੇ ਵਰਾਂਗਨਾ.

ਵਰੰਚ: ਸੰ. ਵਜ- ਅਜਿਹਾ ਨਾ ਹੋਵੇ। ੨. ਪਰ. ਪਰੰਤੁ. ਲੇਕਿਨ.

ਵਰੰਨਿਆ: ਵਰਣਨ ਕੀਤਾ. "ਆਪਿ ਵਰੰਨਿਆ." (ਵਾਰ ਰਾਮ ੨. ਮਃ ੫)

ਵਰ੍ਹਣਾ: ਵਰ੍ਸ਼ਣ. ਮੀਂਹ ਪੈਣਾ. "ਜੂਠਿ ਨ ਮੀਹੁ ਵਰ੍ਹਿਐ ਸਭ ਥਾਈ." (ਮਃ ੧. ਵਾਰ ਸਾਰ)

ਵਰ੍ਹਾ: ਵਰ੍ਸ਼ੰ. ਸਾਲ. ਦੇਖੋ, ਵਰਸ. "ਵਰ੍ਹੇ ਮਾਹ ਵਾਰ ਥਿਤੀ ਕਰਿ." (ਮਾਰੂ ਸੋਲਹੇ ਮਃ ੩)

ਵਰ੍ਹਾਊ: ਵਰ੍ਹਣ ਵਾਲਾ. ਵਰ੍ਹਣ ਲਈ ਤਿਆਰ ਹੋਇਆ ਬੱਦਲ (Nimbus)

ਵਰ੍ਹੇ: ਵਰ੍ਹਾ ਦਾ ਬਹੁਵਚਨ. ਦੇਖੋ, ਵਰ੍ਹਾ। ੨. ਇੱਕ ਜੱਟ ਗੋਤ੍ਰ। ੩. ਵਰ੍ਹੇ ਗੋਤ ਦੇ ਜੱਟਾਂ ਦਾ ਵਸਾਇਆ ਪਿੰਡ.

ਵਰ੍ਹੇਗੰਢ: ਦੇਖੋ, ਸਾਲਗਿਰਹ.

ਵਰਜਉ: ਵਰ ਸਹਿਤ ਕੀਤਾ. ਵਰਦਾਨ ਦਿੱਤਾ. "ਗੁਰਿ ਨਾਨਕਿ ਅੰਗਦੁ ਵਰਜਉ." (ਸਵੈਯੇ ਮਃ ੫. ਕੇ) ੨. ਦੇਖੋ, ਵਰਯ.

ਵਲ: ਵੱਟ. ਮਰੋੜ। ੨. ਵਿੰਗ. ਟੇਢ। ੩. ਕਪਟ. ਛਲ। ੪. ਬਲ. ਜ਼ੋਰ. ਤ਼ਾਕਤ. "ਜਬ ਆਣੈ ਵਲ ਵੰਚ ਕਰਿ." (ਤਿਲੰ ਮਃ ੪) ੫. ਸੰ. वल्. ਧਾ- ਢਕਣਾ, ਘੇਰਨਾ, ਜਾਣਾ, ਪਾਲਨ ਕਰਨਾ। ੬. ਸੰਗਜਾ- ਮੇਘ ਬੱਦਲ। ੭. ਇੱਕ ਦੈਤ ਜਿਸ ਨੂੰ ਵ੍ਰਿਹਸਪਤਿ ਨੇ ਮਾਰਿਆ. ਇਹ ਦੇਵਤਿਆਂ ਦੀਆਂ ਗਾਈਆਂ ਚੁਰਾਕੇ ਪਹਾੜ ਦੀ ਗੁਫਾ ਵਿੱਚ ਜਾ ਲੁਕਿਆ ਸੀ.

ਵਲਕ, ਵਲਕਲ: ਬਿਰਛ ਦਾ ਛਿੱਲ ਅਤੇ ਉਸ ਦਾ ਵਸਤ੍ਰ. ਦੇਖੋ, ਬਲਕ ਅਤੇ ਬਲਕਲ.

ਵਲਗਣ, ਵਲਗਨ: ਸੰਗਜਾ- ਘੇਰਾ। ੨. ਦੀਵਾਰ ਆਦਿ ਨਾਲ ਘੇਰਿਆ ਹੋਇਆ ਮੰਡਲ ਹ਼ਾਤਾ. ਦੇਖੋ, ਵਲ ਧਾ ਅਤੇ ਵਲਣਾ। ੩. ਸੰ. वल्गन्. ਵਲ੍ਗਨ. ਕੁੱਦਣ ਦੀ ਕ੍ਰਿਯਾ. ਉਛਲਣਾ। ੪. ਘੋੜੇ ਦੀ ਦੁਲਕੀ ਚਾਲ। ੫. ਬਕਬਾਦ.

ਵਲਗਾ: ਲਗਾਮ ਦੀ ਵਾਗ. ਦੇਖੋ, ਬਾਗ ੩.

ਵਲਣਾ: ਕ੍ਰਿ- ਘੇਰਨਾ। ੨. ਲਪੇਟਣਾ. ਸੰ. ਵਲਨ.

ਵਲਦ: ਅ਼. ولد ਸੰਗਜਾ- ਔਲਾਦ. ਸੰਤਾਨ. ਬੱਚਾ. ਬੱਚੀ.

ਵਲਦੀਯਤ: ਸੰਗਯਾ- ਪਿਤਾ ਦੇ ਨਾਉਂ ਦਾ ਪਤਾ. Parentage ਦੇਖੋ, ਵਲਦ.

ਵਲਨ: ਦੇਖੋ, ਵਲਣਾ ੨.

ਵਲਮੀ: ਸੰ. वल्मी. ਸੰਗਯਾ- ਸਿਉਂਕ. ਦੀਮਕ.

ਵਲਮੀਕ: ਸੰ. ਵਲ੍‌ਮੀਕ. ਸੰਗਯਾ- ਵਲਮੀ (ਸਿਉਂਕ) ਦੀ ਬਣਾਈ ਮਿੱਟੀ ਦੀ ਢੇਰੀ. ਵਰਮੀ. ਵਲਮੀਕੂਟ. ਦੇਖੋ, ਵਰਮੀ.

ਵਲਮੀਕ ਭਵ: ਸੰ. ਵਰਮੀ ਤੋਂ ਪੈਦਾ ਹੋਇਆ ਵਲਮੀਕਿ ਰਿਖਿ.

ਵਲਮੀਕੂਟ: ਦੇਖੋ, ਵਲਮੀਕ.

ਵਲਯ: ਸੰ. ਸੰਗਯਾ- ਘੇਰਾ. ਵਲਗਣ। ੨. ਕੜਾ. ਕੰਕਨ. ਚੂੜੀ. ਦੇਖੋ, ਧਾ.

ਵਲਵਲਾ: ਅ਼. ولولہ ਵਲਵਲਹ. ਸੰਗਯਾ- ਸ਼ੋਰ. ਰੌਲਾ। ੨. ਜੋਸ਼. ਭੜਕਾਉ। ੩. ਸ਼ੋਕ. ਰੰਜ। ੪. ਉਮੰਗ. ਉਤਸ਼ਾਹ.

ਵਲਵੰਚ: ਬਲ (ਜੋਰ) ਨਾਲ ਵੰਚਨ (ਖੋਹਣ) ਦੀ ਕ੍ਰਿਯਾ. ਡਾਕਾ। ੨. ਛਲ (ਕਪਟ) ਨਾਲ ਕੀਤੀ ਚੋਰੀ. "ਵਲਵੰਚ ਕਰਿ ਉਦਰੁ ਭਰਹਿ ਮੂਰਖ." (ਆਸਾ ਛੰਤ ਮਃ ੫)

ਵਲਾਉ: ਬਹਾਨਾ. ਦੇਖੋ, ਬਲਾਉ. "ਨਹੀਂ ਵਲਾਉ ਕਰਨ ਜੋ ਜਾਨੈ." (ਗੁਪ੍ਰਸੂ) ੨. ਵਲਣ (ਘੇਰਨ) ਦਾ ਭਾਵ.

ਵਲਾਉਣਾ: ਕ੍ਰਿ- ਘੇਰਨਾ. ਲਪੇਟਣਾ. ਦੇਖੋ, ਵਲ ਧਾ. "ਬੀਠੁਲਾ! ਲੈ ਬਾਹੜੀ ਵਲਾਇ." (ਸ੍ਰੀ ਤ੍ਰਿਲੋਚਨ) ੨. ਵਿਲਯਨ. ਵਿਤਾਉਣਾ. ਗੁਜਾਰਨਾ. "ਤਉ ਪ੍ਰਸਾਦਿ ਪ੍ਰਭੁ, ਸੁਖੀ ਵਲਾਈ." (ਆਸਾ ਮਃ ੫) ੩. ਵਰਗਲਾਉਣਾ. ਜਿਵੇਂ- ਉਸ ਨੂੰ ਵਲਾਕੇ ਲੈ ਗਿਆ.

ਵਲਾਇਤ: ਦੇਖੋ, ਵਲਾਯਤ.

ਵਲਾਈਂ: ਵਿਤਾਵਾਂ. ਗੁਜ਼ਾਰਾ. ਦੇਖੋ, ਵਲਾਉਣਾ ੨.

ਵਲਾਹਕ: ਦੇਖੋ, ਬਲਾਹਕ.

ਵਲਾਦਤ: ਅ਼. ولادت ਜਨਮ. ਪੈਦਾਯਸ਼. Birth.

ਵਲਾਯਤ: ਅ਼. ولایت ਸੰਗਯਾ- ਦੇਸ਼. ਮੁਲਕ। ੨. ਵਸੀ ਹੋਈ ਪ੍ਰਿਥਿਵੀ ਦਾ ਖੰਡ। ੩. ਭਾਰਤਵਾਸੀ ਇੰਗਲੈਂਡ ਲਈ ਰੂਢੀ ਸ਼ਬਦ ਵਲਾਯਤ ਵਰਤਦੇ ਹਨ.

ਵਲਾੜ: ਸਿੰਧੀ. ਰੋਣਾ ਅਤੇ ਚੀਕਣਾ. ਦੇਖੋ, ਵਿਲਾੜ.

ਵਲਿ: ਦੇਖੋ, ਬਲਿ। ੨. ਸਹਾਇਤਾ ਪਰ. ਪੱਖ ਵਿੱਚ. "ਜਾਂ ਕਰਤਾ ਵਲਿ, ਤਾਂ ਸਭੁ ਕੋ ਵਲਿ." (ਮਃ ੪. ਭਾਰ ਗਉ ੧) ੩. ਫਿਰ. ਪੁਨਹ. ਬਹੁਰ. "ਵਸਵਾ ਜੋਨਿ ਵਲਿ ਵਲਿ ਅਉਤਰੈ." (ਗੂਜ ਤ੍ਰਿਲੋਚਨ) ੪. ਦੇਖੋ, ਵੱਲੀ। ੫. ਸੰ. ਝੁਰੜੀ. ਤੁਚਾ ਦਾ ਵਲ। ੬. ਰੇਖਾ. ਲੀਕ.

ਵਲਿਹਾਰ: ਦੇਖੋ, ਬਲਿਹਾਰ.

ਵਲਿਤ: ਵਿ- ਘੇਰਿਆ ਹੋਇਆ। ੨. ਲਪੇਟਿਆ ਹੋਇਆ। ੩. ਝੁਕਿਆ ਹੋਇਆ.

ਵਲੀ: ਦੇਖੋ, ਬਲੀ। ੨. ਸੰ. ਸ਼ਰੀਰ ਦੀ ਤੁਚਾ ਪੁਰ ਪਈ ਝੁਰੜੀ. ਦੇਖੋ, ਤ੍ਰਿਬਲੀ. ਇਹ ਸ਼ਬਦ ਵਲਿ ਭੀ ਸਹੀ ਹੈ। ੩. ਅ਼. ولی ਮਿਤ੍ਰ। ੪. ਮਾਲਿਕ. ਸ੍ਵਾਮੀ. "ਵਲੀ ਨਿਆਮਤਿ ਬਿਰਾਦਰਾ. (ਤਿਲੰ ਮਃ ੫)

**ਵਲੀਉੱਲਹ:** ਅ਼. ولی اللہ ਅੱਲਾ ਦਾ ਪਿਆਰਾ. ਖ਼ੁਦਾ ਦੋਸ੍ਤ. "ਗਉਸ ਕੁਤਬ ਵਲੀਉੱਲਹ ਜਾਣੇ." (ਭਾਗੁ)

**ਵਲੀਅਹਦ:** ਅ਼. ولیعہد ਸੰਗਯਾ- ਵਕਤ ਦਾ ਹਾਕਿਮ। ੨. ਯੁਵਰਾਜ. ਉਹ ਰਾਜਪੁਤ੍ਰ, ਜੋ ਪਿਤਾ ਦੇ ਹੁੰਦੇ ਰਾਜ ਦਾ ਕੰਮ ਕਰਦਾ ਹੈ। ੩. ਰਾਜੇ ਦਾ ਵਡਾ ਪੁਤ੍ਰ. ਟਿੱਕਾ. Crown- Prince.

**ਵਲੀਅੱਲਾ:** ਦੇਖੋ, ਵਲੀਉੱਲਹ.

**ਵਲੀ ਕੰਧਾਰੀ:** ਦੇਖੋ, ਹਸਨ ਅਬਦਾਲ.

**ਵਲੀਖ਼ਾਨ:** ਜਲੰਧਰ ਦੇ ਹਾਕਿਮ ਅਬਦੁੱਲਾਖ਼ਾਨ ਦਾ ਪੁਤ੍ਰ, ਜੋ ਹਰਿਗੋਬਿੰਦਪੁਰ ਦੇ ਜੰਗ ਵਿੱਚ ਛੀਵੇਂ ਸਤਿਗੁਰੂ ਜੀ ਨਾਲ ਲੜਕੇ ਮੋਇਆ.

**ਵਲੀਨਿਆਮਤਿ:** ਅ਼. ولیِ نعمت ਵਲੀਨਿਅ਼ਮਤ. ਨਿਅ਼ਮਤ (ਬਖ਼ਸ਼ਿਸ਼) ਦਾ ਸ੍ਵਾਮੀ. ਦਾਤਾ. "ਵਲੀ ਨਿਆਮਤਿ ਬਿਰਾਦਰਾ." (ਤਿਲੰ ਮਃ ੫)

**ਵਲੀ ਮੁਹੰਮਦਖਾਨ:** ਦੇਖੋ, ਨਾਹਰਖਾਨ.

**ਵਲੀਮੁਖ:** ਦੇਖੋ, ਬਲੀਮੁਖ.

**ਵਲੁ:** ਧੱਕਾ. ਸੀਨੇਜ਼ੋਰੀ. "ਇਕਿ ਵਲੁ ਛਲੁ ਕਰਿਕੈ ਖਾਂਵਦੇ." (ਮਃ ੪. ਵਾਰ ਸ੍ਰੀ) ੨. ਦਾਉ. ਪੇਚ. ਵਲ ਛਲ.

**ਵਲੂੰਦਰਨਾ:** ਦੇਖੋ, ਬਲੂੰਦਰਨਾ.

**ਵਲੇਟਨਾ:** ਕ੍ਰਿ- ਲਪੇਟਣਾ. ਵਲ ਵਿੱਚ ਦੇਣਾ. ਦੇਖੋ, ਵਲਨ.

**ਵਲੇਟਿਆ:** ਸੰ. ਵਲਯਿਤ. ਵਿ- ਘੇਰਿਆ ਹੋਇਆ. ਲਪੇਟਿਆ. ਵੇਸ਼੍ਟਿਤ.

**ਵਲੇਵੱਲ:** ਵ੍ਯ- ਵਾਹ ਵਾ! ਬਲਿਹਾਰ. "ਵਲੇਵੱਲ ਸਾਂਈਂ, ਜੀਵੀਂ ਜੁਗਾਂ ਤਾਈਂ. (ਰਾਮਾਵ)

**ਵਲੇਵਾ:** ਦੇਖੋ, ਬਲੇਵਾ। ੨. ਵਰਤੋਂ ਵਿਹਾਰ. "ਇਹੁ ਵਲੇਵਾ ਸਾਕਤ ਸੰਸਾਰ." (ਗਉ ਮਃ ੫)

**ਵਲੰਦਾ:** ਵਿਲਯ ਕਰੰਦਾ ਵਕਤ ਗੁਜ਼ਾਰਦਾ. "ਚਾਕਰ ਹੋਇ ਵਲੰਦਾ." (ਭਾਗੁ)

**ਵਲੰਦੇਜੀ:** ਵਲੀਜ਼ਈ ਪਠਾਣਾਂ ਦੀ ਇੱਕ ਸ਼ਾਖ, ਜੋ ਹੈਦਰਜ਼ਈ ਵੰਸ਼ ਨਾਲ ਮਿਲਦੀ ਹੈ। ੨. ਫਾਰਸ ਵਾਲੇ ਹਾਲੈਂਡ (Holland) ਦੇ ਵਸਨੀਕਾਂ ਨੂੰ ਵਲੰਦੇਜ਼ੀ ਆਖਦੇ ਹਨ. "ਵਲੰਦੇਜਿਯਨ ਜੀਤਿ, ਅੰਗਰੇਜਿਨ ਕੋ ਮਾਰਜੋ." (ਚਰਿਤ੍ਰ ੨੧੭)

**ਵੱਲ:** ਸੰਗਯਾ- ਵੱਲੀ. ਬੇਲ। ੨. ਚੱਜ. ਢਬ. ਕਾਰਯ ਦੀ ਨਿਪੁਣਤਾ, ਜਿਵੇਂ ਉਸ ਨੂੰ ਲਿਖਣ ਦਾ ਵੱਲ ਨਹੀਂ। ੩. ਤਰਫ. ਦਿਸ਼ਾ. ਓਰ. ਜਿਵੇਂ- ਉਹ ਗੁਰਦ੍ਵਾਰੇ ਵੱਲ ਗਿਆ ਹੈ। ੪. ਵਿ- ਤਨਦੁਰੁਸ੍ਤ. ਅਰੋਗ. ਨਰੋਆ. ਚੰਗਾ ਭਲਾ. ਦੇਖੋ, ਅੰ. Well.

**ਵੱਲਕੀ:** ਸੰ. ਸੰਗਯਾ- ਵੀਣਾ. ਦੋ ਤੂੰਬਿਆਂ ਵਾਲਾ ਤਾਰ ਦਾ ਵਾਜਾ. ਦੇਖੋ, ਵੀਣਾ ੨.

**ਵੱਲਭ:** ਦੇਖੋ, ਬੱਲਭ। ੨. ਵੈਸ਼ਨਵਮਤ ਦਾ ਇੱਕ ਮੁਖੀਆ ਵਿਦ੍ਵਾਨ, ਜੋ ਲਕ੍ਸ਼੍ਮਣ ਭੱਟ ਦਾ ਪਾਲਿਆ ਹੋਇਆ ਪੁਤ੍ਰ ਸੀ. ਇਸ ਦਾ ਜਨਮ ਸਨ ੧੪੭੯ ਅਤੇ ਦੇਹਾਂਤ ੧੫੩੧ ਵਿੱਚ ਹੋਇਆ ਹੈ. ਵਿਸ਼ੁੱਧਾਦ੍ਵੈਤ ਮਤ ਦਾ ਪ੍ਰਚਾਰਕ ਇਹੀ ਮਹਾਤਮਾ ਹੈ. ਪ੍ਰਸਿੱਧ ਭਗਤ ਸੂਰਦਾਸ ਇਸੇ ਦਾ ਚੇਲਾ ਸੀ. ਦੇਖੋ, ਬੈਸਨਵ (ਹ).

**ਵੱਲਭਾ:** ਵਿ- ਪਿਆਰੀ. ਪ੍ਰਿਯਾ। ੨. ਸੰਗਯਾ- ਵਹੁਟੀ. ਭਾਰਯਾ. ਪਤਨੀ.

**ਵਲਭਾਚਾਰਯ:** ਦੇਖੋ, ਬੈਸਨਵ (ਹ) ਅਤੇ ਵੱਲਭ ੨.

**ਵੱਲਰੀ:** ਸੰ. ਸੰਗਯਾ- ਬੇਲ. ਲਤਾ। ੨. ਬੱਲੀ. ਸਿੱਟਾ। ੩. ਮੇਥੀ.

**ਵੱਲਾ, ਵੱਲਾ ਸਾਹਿਬ:** ਜਿਲਾ ਤਸੀਲ ਅਤੇ ਥਾਣਾ ਅਮ੍ਰਿਤਸਰ ਦਾ ਪਿੰਡ, ਜੋ ਰੇਲਵੇ ਸਟੇਸ਼ਨ ਅਮ੍ਰਿਤਸਰ ਤੋਂ ਚਾਰ ਮੀਲ ਦੱਖਣ ਪੂਰਵ ਹੈ. ਇਸ ਪਿੰਡ ਤੋਂ ਲਹਿੰਦੇ ਵੱਲ ਆਬਾਦੀ ਦੇ ਨਾਲ ਹੀ ਸ਼੍ਰੀ ਗੁਰੂ ਤੇਗਬਹਾਦੁਰ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਗੁਰੂਸਾਹਿਬ ਜਦ ਬਕਾਲੇ ਤੋਂ ਹਰਿਮੰਦਿਰ ਦੇ ਦਰਸ਼ਨ ਨੂੰ ਆਏ, ਤਦ ਮਸੰਦ ਇਹ ਸਮਝਕੇ ਕਿ ਕਿਤੇ ਗੁਰੂ ਸਾਹਿਬ ਹਰਿਮੰਦਿਰ ਪੁਰ ਕਬਜਾ ਨਾ ਕਰ ਲੈਣ, ਦਰਵਾਜੇ ਬੰਦ ਕਰਕੇ ਘਰੀਂ ਜਾ ਲੁਕੇ. ਗੁਰੂ ਸਾਹਿਬ- "ਨਹਿ ਮਸੰਦ ਤੁਮ ਅਮ੍ਰਿਤਸਰੀਏ। ਤ੍ਰਿਸਨਾਗਨਿ ਸੇ ਅੰਦਰ ਸੜੀਏ"- ਫਰਮਾਕੇ ਇੱਕ ਪਿੱਪਲ ਹੇਠ ਵੱਲੇ ਜਾ ਵਿਰਾਜੇ. ਇੱਥੇ ਹੁਣ ਗੁਰਦ੍ਵਾਰਾ ਬਣਿਆ ਹੋਇਆ ਹੈ. ਗੁਰੂ ਗ੍ਰੰਥਸਾਹਿਬ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ਪੁਜਾਰੀ ਨਿਰਮਲੇ ਸਿੰਘ ਹਨ. ਮਹਾਰਾਜਾ ਰਣਜੀਤਸਿੰਘ ਵੇਲੇ ਦੀ ੨੦. ਵਿੱਘੇ ਜ਼ਮੀਨ ਹੈ. ਕੁਝ ਦੁਕਾਨਾਂ ਹਨ, ਜਿਨ੍ਹਾਂ ਦਾ ਕਿਰਾਇਆ ਆਉਂਦਾ ਹੈ.

ਇਸ ਪਿੰਡ ਦੂਜਾ ਗੁਰਦ੍ਵਾਰਾ "ਕੋਠਾਸਾਹਿਬ" ਹੈ, ਜੋ ਪਿੰਡ ਦੀ ਆਬਾਦੀ ਵਿੱਚ ਹੈ. ਇਸ ਗ੍ਰਾਮ ਦੇ ਰਹਿਣ ਵਾਲੀ ਮਾਈ ਹਰਿਆਂ, ਪ੍ਰੇਮਭਾਵ ਨਾਲ ਨੌਵੇਂ ਸਤਿਗੁਰੂ ਨੂੰ ਆਪਣੇ ਘਰ ਲੈ ਗਈ ਸੀ, ਅਰ ਪੂਰਣ ਸ਼੍ਰੱਧਾ ਨਾਲ ਸੇਵਾ ਕੀਤੀ. ਇਸੇ ਥਾਂ ਅਮ੍ਰਿਤਸਰ ਦੀਆਂ ਮਾਈਆਂ ਨੇ ਹਾਜਿਰ ਹੋਕੇ ਮਸੰਦਾਂ ਦਾ ਅਪਰਾਧ ਬਖ਼ਸ਼ਵਾਇਆ. ਗੁਰੂ ਸਾਹਿਬ ਨੇ ਮਾਈਆਂ ਵਿੱਚ ਪ੍ਰੇਮ ਅਤੇ ਭਗਤਿ ਹੋਣ ਦਾ ਵਰਦਾਨ ਦਿੱਤਾ.

ਮਾਈ ਹਰਿਆਂ ਦਾ ਕੋਠਾ ਜਗਤਗੁਰੂ ਦੇ ਚਰਣ ਸਪਰਸਕੇ 'ਕੋਠਾਸਾਹਿਬ' ਹੋ ਗਿਆ ਹੈ. ਸੁੰਦਰ ਗੁਰਦ੍ਵਾਰਾ ਇੱਥੇ ਸ਼ੋਭਾ ਦੇ ਰਿਹਾ ਹੈ. ਸ਼੍ਰੀ ਗੁਰੂ ਗ੍ਰੰਥਸਾਹਿਬ ਦਾ ਨਿੱਤ ਪ੍ਰਕਾਸ਼ ਹੁੰਦਾ ਹੈ. ੭. ਘੁਮਾਉਂ ਜ਼ਮੀਨ ਕੂਏ ਸਮੇਤ ਅਤੇ ੪੧ ਰੁਪਏ ਮੁਆਫੀ ਸਿੱਖ ਰਾਜ ਸਮੇਂ ਦੀ ਗੁਰਦ੍ਵਾਰੇ ਨਾਲ ਹੈ. ਮਾਘ ਦੀ ਪੂਰਣਮਾਸੀ ਨੂੰ ਭਾਰੀ ਮੇਲਾ ਹੁੰਦਾ ਹੈ. ਪੁਜਾਰੀ ਸਿੰਘ ਹੈ.

**ਵੱਲਾਲਮ:** ਅ਼. واللہ اعلم ਖ਼ੁਦਾ ਜਾਦਾ ਜਾਣਦਾ ਹੈ. ਭਾਵ- ਸਾਡੇ ਨਾਲੋਂ ਵਾਹਗੁਰੂ ਬਹੁਤ ਗਯਾਤਾ ਹੈ.

**ਵੱਲਿਕਾ, ਵੱਲੀ:** ਸੰ. ਸੰਗਯਾ- ਵੇਲ. ਬੇਲ. ਲਤਾ.

**ਵੱਲੋਂ:** ਵ੍ਯ- ਪਾਸੋਂ. ਤਰਫੋਂ. ਓਰ ਸੇ. ਕੰਨੀਓਂ.

**ਵਲੂਲ:** ਦੇਖੋ, ਬਲਲਿ.

**ਵਵਾ:** ਵਾਵਾ ਅੱਖਰ. "ਵਵਾ ਬਾਰ ਬਾਰ ਬਿਸਨ ਸਮਾਰਿ." (ਗਉ ਬਾਵਨ ਕਬੀਰ) ੨. ਵ ਦਾ ਉੱਚਾਰਣ. ਵਕਾਰ.

**ਵੜ:** ਸੰ. ਵਟ. ਬੋਹੜ. ਬਰੋਟਾ। ੨. ਸਿੰਧਾ. ਤਰੀਕਾ. ਢੰਗ। ੩. ਵਿਭੂਤਿ. ਸੰਪਦਾ। ੪. ਯੋਗ੍ਯਤਾ. ਲਯਾਕ਼ਤ। ੫. ਕ੍ਰਿਪਾ। ੬. ਵੜਨਾ ਕ੍ਰਿਯਾ ਦਾ ਅਮਰ.

**ਵੜਨਾ:** ਕ੍ਰਿ- ਪ੍ਰਵੇਸ਼ ਹੋਣਾ. ਘੁਸਣਾ. ਧਸਣਾ। ੨. ਮੁਕਾਬਲਾ ਕਰਨਾ. ਤੁੱਲ ਹੋਣਾ. "ਗੁੱਛਾ ਹੋਇ ਧ੍ਰਿਕੋਨਿਆਂ ਕਿਉ ਵੜੀਐ ਦਾਖੈ? (ਭਾਗੁ) "ਤੂ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂੰ ਵੜੀਐ?" (ਮਃ ੪. ਵਾਰ ਗਉ ੧) ੩. ਵਡਿਆਂਉਣਾ.

**ਵੜਵਾ, ਵੜਵਾਗਨਿ:** ਦੇਖੋ, ਬੜਵਾ ਅਤੇ ਬੜਵਗਾਨਿ. ਸੰਸਕ੍ਰਿਤ ਸ਼ਬਦ ਵਡਬਾ ਅਤੇ ਵਡਵਾ ਗਨਿ ਭੀ ਸਹੀ ਹੈ.

**ਵੜੇਮਾ, ਵੜੇਵਾਂ:** ਸੰਗ੍ਯਾ- ਕਪਾਹ ਦਾ ਬੀਜ. ਬਿਨੌਲਾ.

**ਵਾ:** ਸੰਗ੍ਯਾ- ਵਾਯੁ (ਹਵਾ) ਦਾ ਸੰਖੇਪ। ੨. ਸਰਵ- ਉਹ. ਵਹ. ਉਸ. "ਚਿਤਵਉ ਵਾ ਅਉਸਰ ਮਨ ਮਾਹਿ." (ਸਾਰ ਮਃ ੫) "ਵਾ ਕਉ ਬਿਆਧਿ ਨ ਕਾਈ." (ਜੈਤ ਮਃ ੫) "ਵਾਕੈ ਰਿਦੈ ਬਸੈ ਭਗਵਾਨ." (ਗੌਡ ਕਬੀਰ) ੩. ਸੰ. ਵਾ. ਧਾ- ਪਵਨ ਸਮਾਨ ਤੇਜ ਜਾਣਾ, ਪਵਨ ਦਾ ਚਲਣਾ, ਦੁੱਖ ਦੇਣਾ, ਨਸ਼੍ਟ ਹੋਣਾ, ਹਵਾ ਨਾਲ ਬੁਝਣਾ। ੪. ਵ੍ਯ- ਯਾ. ਅਥਵਾ। ੫. ਫ਼ਾ. وا ਸਾਥ. ਨਾਲ। ੬. ਸੰਗ੍ਯਾ- ਅਗਨਿ। ੭. ਵਿੱਥ. ਦੂਰੀ। ੮. ਅ਼. ਵ੍ਯ- ਸ਼ੱਕ! ਅਹੋ!

**ਵਾਂ:** ਸੰਗ੍ਯਾ- ਵਾਯੁ. ਬਾਉਲੀ. ਪੌੜੀਦਾਰ ਖੂਹ। ੨. ਸਰਵ- ਉਸ. ਤਿਸ. "ਸੁ ਵਾਂ ਤੁੱਲ ਦੂਜੇ ਬਿਧਾਤੈ ਨ ਸਾਜਾ." (ਚਰਿਤ੍ਰ

੨੮੬) ੩. ਦੇਖੋ, ਝਾੜਸਾਹਿਬ ੨। ੪. ਦੇਖੋ, ਤਾਰਾਸਿੰਘ। ੫. ਹਾਂ. ਜਿਵੇਂ- ਮੈ ਤੈਨੂੰ ਪਿਆਰ ਕਰਨਾ ਵਾਂ.

ਵਾਉ: ਸੰ. ਵਾਯੁ. ਪਵਨ. "ਤਾਤੀ ਵਾਉ ਨ ਲਗਈ." (ਬਿਲਾ ਮਃ ੫) ੨. ਸੰ. ਵਿ- ਮਨ ਭਾਉਂਦਾ. ਦਿਲਪਸੰਦ. "ਨਾਨਕ ਬੈਠਾ ਭਖੈ ਵਾਉ." (ਵਾਰ ਮਾਰੂ ੨. ਮਃ ੫) ਮਨਭਾਵਨ ਦਾ ਨਾਮ ਭਾਖਦਾ (ਕਥਨ ਕਰਦਾ) ਹੈ। ੩. ਅਸਰ ਬਿਨਾ. ਵ੍ਰਿਥਾ. ਅਸਾਰ. "ਜੋ ਜੀਅ ਹੋਇ ਸੁ ਉਗਵੈ, ਮੁਹਕਾ ਕਹਿਆ ਵਾਉ." (ਮਃ ੨. ਵਾਰ ਆਸਾ).

ਵਾਉਗੋਲਾ: ਸੰ. वायगुल्म. ਵਾਯੁ (ਵਾਤ) ਦੇ ਵਿਗਾੜ ਤੋਂ ਢਿੱਡ ਵਿੱਚ ਗੋਲੇ ਜੇਹਾ ਭਾਸਣ ਵਾਲਾ ਰੋਗ (Phantum Tumour) ਵੈਦਾਂ ਨੇ ਇਸ ਦੇ ਪੰਜ ਭੇਦ ਮੰਨੇ ਹਨ- ਵਾਤਗੁਲਮ, ਪਿੱਤਗੁਲਮ, ਕਫਗੁਲਮ, ਤ੍ਰਿਦੋਸ਼ਗੁਲਮ ਅਤੇ ਰਕਤਗੁਲਮ.

ਵਾਉਗੋਲੇ ਦੇ ਲੱਛਣ ਹਨ ਕਿ ਢਿੱਡ ਵਿੱਚ ਇੱਕ ਥਾਂ, ਜਾਂ ਹਵਾ ਦੇ ਵਿਕਾਰ ਨਾਲ ਕਈ ਥਾਂਈਂ ਹਿਲਦੀ ਜੁਲਦੀ ਰਸੌਲੀ ਜੇਹੀ ਗੱਠ ਮਲੂਮ ਹੋਣੀ, ਭੁੱਖ ਦਾ ਘਟਣਾ, ਪੇਸ਼ਾਬ ਦਾ ਰੁਕਣਾ, ਆਂਦਾ ਦਾ ਬੋਲਣਾ, ਬਹੁਤ ਡਕਾਰ ਆਂਉਣੇ, ਅਣਪਚ ਹੋਣੀ, ਢਿੱਡਪੀੜ ਹੋਣੀ, ਕਦੇ ਕਦੇ ਤਾਪ ਹੋਣਾ ਆਦਿ.

ਇਸ ਦੇ ਕਾਰਣ ਹਨ, ਰੁੱਖਾ ਖਾਣਾ ਪੀਣਾ, ਬਹੁਤ ਖਾਣਾ, ਮਲਮੂਤ੍ਰ ਦਾ ਵੇਗ ਰੋਕਣਾ, ਬਹੁਤੇ ਵ੍ਰਤ ਕਰਨੇ, ਜਾਦਾ ਮੈਥੁਨ ਕਰਨਾ, ਬਹੁਤ ਬੈਠਿਆਂ ਰਹਿਣਾ, ਬਹੁਤ ਨਸ਼ੇ ਵਰਤਣੇ, ਸ਼ੋਕ ਅਤੇ ਚਿੰਤਾ ਦਾ ਹੋਣਾ, ਵਿੱਤੋਂ ਜਾਦਾ ਜੋਰ ਲਾਕੇ ਕੁਸ਼ਤੀ ਕਰਨੀ ਜਾਂ ਭਾਰ ਚੁੱਕਣਾ, ਸਦਾ ਕਬਜ ਰਹਿਣੀ ਆਦਿ.

ਵਾਉਗੋਲੇ ਦਾ ਇਲਾਜ ਹੈ ਕਿ- ਇਰੰਡ ਦਾ ਤੇਲ ਗੋਕੇ ਦੁੱਧ ਵਿੱਚ ਮਿਲਾਕੇ ਹਰੜ ਦੀ ਫੱਕੀ ਨਾਲ ਉਮਰ ਅਤੇ ਬਲ ਅਨੁਸਾਰ ਪੀਣਾ.

ਹਿੰਗ, ਪਿੱਪਲਾਮੂਲ, ਧਣੀਆਂ, ਦੋਵੇਂ ਜੀਰੇ, ਬਚ, ਚਬ, ਤਿੰਨੇ ਲੂਣ, ਤਿੰਤੜੀਕ. ਚਿਤ੍ਰਾ, ਪਾਠਾ, ਕਚੂਰ, ਤ੍ਰਿਕੁਟਾ, ਅਨਾਰਦਾਣਾ, ਹਰੜ, ਦੋਵੇਂ ਖਾਰ, ਸੌਂਫ, ਅਜਮੋਦ, ਪੁਹਕਰਮੂਲ, ਜਵਾਇਣ, ਸਭ ਸਮਾਨ ਲੈਕੇ ਪੀਹਕੇ ਕਪੜਛਾਣ ਕਰਨੇ. ਇਸ ਚੂਰਣ ਨੂੰ ਇੱਕ ਦਿਨ ਆਦੇ ਦੇ ਰਸ ਵਿੱਚ, ਇੱਕ ਦਿਨ ਖੱਟੇ ਬਿਜੌਰੇ ਦੇ ਰਸ ਵਿੱਚ, ਇੱਕ ਦਿਨ ਅਮਲਵੇਦ ਦੇ ਰਸ ਵਿੱਚ ਖਰਲ ਕਰਨਾ ਅਰ ਸੁਕਾਕੇ ਸ਼ੀਸ਼ੀ ਵਿੱਚ ਬੰਦ ਕਰ ਰੱਖਣਾ. ਨਿਰਨੇ ਕਾਲਜੇ ਕੋਸੇ ਪਾਣੀ ਨਾਲ ਇੱਕ ਮਾਸ਼ੇ ਤੋਂ ਲੈਕੇ ਚਾਰ ਮਾਸ਼ੇ ਤਕ ਉਮਰ ਅਤੇ ਸ਼ਕਤਿ ਅਨੁਸਾਰ ਖਾਣਾ. ਇਸ ਤੋਂ ਸਭ ਤਰਾਂ ਦਾ ਗੁਲਮ ਰੋਗ ਦੂਰ ਹੋ ਜਾਂਦਾ ਹੈ.

ਵਾਉਗੋਲੇ ਦੇ ਹਟਾਉਣ ਲਈ "ਵੰਗੇਸ਼੍ਵਰ ਰਸ" ਭੀ ਉੱਤਮ ਦਵਾਈ ਹੈ.

ਵਾਉਣਾ: ਕ੍ਰਿ- ਵਜਾਉਣਾ. ਵਾਦਨ ਕਰਨਾ. "ਜੋਗ ਨ ਸਿੱਙੀ ਵਾਈਐ." (ਸੂਹੀ ਮਃ ੧) ਦੇਖੋ, ਵਾਵਣਾ.

ਵਾਉ ਦੁਆਉ: ਹਵਾ ਤੁੱਲ ਦੁਆ. ਬੇਅਸਰ ਆਸ਼ੀਰਵਾਦ. "ਅੰਧਾ ਅਖਰ ਵਾਉ ਦੁਆਉ." (ਗਉ ਮਃ ੧) ਅਙਰਾਂਧ (ਵਿਦਜਾ ਦੇ ਮਦ ਨਾਲ ਅੰਨ੍ਹੇ ਪੁਰਖ) ਦੀ ਦੁਆ ਵਾਯੁ ਹੈ.

ਵਾਉਰ, ਵਾਉਰੀਆ: ਦੇਖੋ, ਬਾਉਰ ਅਤੇ ਬਾਉਰੀਆ.

ਵਾਊ: ਵਾਯੁ. ਪਵਨ. ਦੇਖੋ, ਵਾਊ ਸੰਦੇ.

ਵਾਊਸੰਦੇ: ਸੰ. ਵਾਯੁਸਾਂਦ੍ਰ. ਵਿ- ਹਵਾ ਜੇਹਾ ਕੋਮਲ. ਬਹੁਤ ਮੁਲਾਯਮ. "ਵਾਉਸੰਦੇ ਕਪੜੇ ਪਹਿਰਹਿ ਗਰਬਿ ਗਵਾਰ." (ਵਾਰ ਗਉ ੨. ਮਃ ੫)

ਵਾਅਜ: ਅ਼. وعظ ਵਅ਼ਜ਼. ਸੰਗਯਾ- ਵਯਾਖਯਾਨ. ਕਥਨ। ੨. ਉਪਦੇਸ਼। ੩. ਅ਼. واعظ ਵਾਅ਼ਜ਼. ਵਖਿਆਨ ਕਰਤਾ. ਉਪਦੇਸ਼ਕ.

ਵਾਇ: ਵਾਯੁ. ਪੌਣ. "ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ." (ਮਾਰੂ ਸੋਲਹੇ ਮਃ ੧) ੨. ਸੰ. ਵਾਤ. ਸ਼ਰੀਰ ਦਾ ਇੱਕ ਧਾਤੁ. "ਵਾਇ ਪਿੱਤ ਕਫ." (ਭਾਗੁ) ੩. ਕ੍ਰਿ. ਵਿ- ਵਜਾਕੇ. ਵਾਦਨ ਕਰਕੇ. "ਕਿਸ ਨੋ ਵਾਇ ਸੁਣਾਈਐ." (ਸ੍ਰੀ ਅਃ ਮਃ ੧) "ਬੈਠੇ

ਵਾਇ ਵਧਾਈ." (ਚੰਡੀ ੩) ੪. ਫ਼ਾ. وائے ਸ਼ੋਕ! ਅਫਸੋਸ.

ਵਾਇਆ: ਵਜਾਇਆ. ਵਾਦਨ ਕੀਤਾ. ਦੇਖੋ, ਵਾਉਣਾ.

ਵਾਇਸਰਾਯ: ਅੰ. Viceroy ਬਾਦਸ਼ਾਹ ਦਾ ਪ੍ਰਤਿਨਿਧਿ. ਸ਼ਹਨਸ਼ਾਹ ਦਾ ਨਾਯਬ.

ਵਾਇਦਾ: ਦੇਖੋ, ਵਾਦਾ.

ਵਾਇਨਿ: ਵਜਾਉਂਦੇ ਹਨ. "ਵਾਇਨਿ ਚੇਲੇ, ਨਚਨਿ ਗੁਰ." (ਵਾਰ ਆਸਾ)

ਵਾਇਮੰਡਲ: ਵਾਯੁਮੰਡਲ. ਆਕਾਸ਼.

ਵਾਈ: ਵਜਾਈ. ਦੇਖੋ, ਵਾਉਣਾ। ੨. ਸੰਗਯਾ- ਵਾਯੁ. ਪੌਣ. "ਤ੍ਰੈਸਤ[1160] ਅੰਗੁਲ ਵਾਈ ਕਹੀਐ." (ਸਿਧ ਗੋਸਟਿ) ਯੋਗਮਤ ਵਿੱਚ ਸ੍ਵਾਸਾਂ ਦਾ ਦਸ਼ ਅੰਗੁਲ ਪ੍ਰਮਾਣ ਸ਼ਰੀਰ ਤੋਂ ਬਾਹਰ ਜਾਣਾ ਮੰਨਿਆ ਹੈ। ੩. ਵਾਤਦੋਸ਼. ਵਾਦੀ ਦਾ ਵਿਕਾਰ। ੪. ਅ਼. وائی ਇਕ਼ਰਾਰ ਕਰਨਾ। ੫. ਜ਼ਮਾਨਤ ਦੇਣਾ. ਜਿੰਮੇਵਾਰੀ ਲੈਣੀ. "ਵੈਦੋ ਨ ਵਾਈ ਭੈਣੋ ਨ ਭਾਈ." (ਮਾਰੂ ਅੰਜੁਲੀ ਮਃ ੫) ਵੈਦ, ਭੈਣ, ਭਾਈ ਆਦਿ ਕੋਈ ਵਾਈ (ਰਕ੍ਸ਼ਕ) ਨਹੀਂ. ਵਾਈ ਸ਼ਬਦ ਦਾ ਅੱਗੇ ਪਿੱਛੇ ਅਨ੍ਵਯ ਹੈ.

ਵਾਈਐ: ਵਜਾਈਐ. ਦੇਖੋ, ਵਾਉਣਾ.

ਵਾਸ: ਸੰ. ਵਾਸ੍. ਧਾ ਸੁਗੰਧਿਤ ਕਰਨਾ, ਧੂਪ ਦੇਣਾ। ੨. ਸੰਗਯਾ- ਵਸਤ੍ਰ. ਪੋਸ਼ਾਕ। ੩. ਸੁਗੰਧ. "ਚੰਦਨ ਵਾਸ ਬਨਾਸਪਤਿ." (ਭਾਗੁ) ੪. ਘਰ. ਮਕਾਨ। ੫. ਨਿਵਾਸ. ਰਹਣਾ. ਵਸਣਾ.

ਵਾਂਸ: ਸੰ. ਵੰਸ਼. ਵੇਣੁ. ਬਾਂਸ. "ਚੰਦਨ ਵਾਸ ਨ ਵਾਂਸ ਸਮਾਵੈ." (ਭਾਗੁ)

ਵਾਸਣੀ: ਸੰ. ਵਾਸਨੀ. ਸੰਗਯਾ- ਵਸਨ (ਵਸਤ੍ਰ) ਦੀ ਗੁਥਲੀ. ਇੱਕ ਪ੍ਰਕਾਰ ਦੀ ਪਤਲੀ ਅਤੇ ਲੰਮੀ ਥੈਲੀ, ਜਿਸ ਵਿੱਚ ਨਕਦੀ ਪਾਕੇ ਲੋਕ ਲੱਕ ਬੰਨ੍ਹਦੇ ਹਨ. "ਮੁਹਰ ਵਾਸਣੀ ਮੇ ਸਮੁਦਾਈ." (ਗੁਪ੍ਰਸੂ)

ਵਾਸਤਵ: ਸੰ. ਵਾਸ੍ਤਵ. ਸੰਗਯਾ- ਅਸਰ ਪਦਾਰਥ. ਸਤਯਭੂਤ ਵਸ੍ਤੁ। ੨. ਅਸਲੀਅਤ। ੩. ਵ੍ਯ- ਯਥਾਰਥ. ਸਚਮੁਚ. ਦਰ- ਅਸਲ.

ਵਾਸਤਾ, ਵਾਸਤ਼ਾ: ਅ਼. واسطہ ਸੰਗਯਾ- ਬੀਚ. ਅੰਤਰਾ। ੨. ਸੰਬੰਧ. ਲਗਾਉ। ੩. ਵਿਚੋਲਾ.

ਵਾਸਤੇ: ਕ੍ਰਿ. ਵਿ- ਲਿਯੇ, ਲਈ. ਖ਼ਾਤਰ. ਸਦਕੇ.

ਵਾਸਦੇਉ, ਵਾਸਦੇਵ: ਦੇਖੋ, ਵਾਸੁਦੇਵ.

ਵਾਸਨ: ਸੰ. ਸੰਗਯਾ- ਖ਼ੁਸ਼ਬੂਦਾਰ (ਸੁਗੰਧਿਤ) ਕਰਨ ਦੀ ਕ੍ਰਿਯਾ। ੨. ਧੂਪ ਧੁਖਾਉਣਾ। ੩. ਵਸਤ੍ਰ। ੪. ਨਿਵਾਸ ਦਾ ਥਾਂ, ਘਰ। ੫. ਬਾਸਨ. ਭਾਂਡਾ. ਪਾਤ੍ਰ. ਬਰਤਨ.

ਵਾਸਨਾ: ਇੱਛਾ. ਖ਼੍ਵਾਹਿਸ਼. ਦੇਖੋ, ਬਾਸਨਾ. "ਵਾਸਨਾ ਸਮਾਣੀ." (ਅਨੰਦੁ)

ਵਾਸਪ: ਦੇਖੋ, ਭਾਪ.

ਵਾਸਰ: ਦਿਨ ਦੇਖੋ, ਬਾਸਰ.

ਵਾਸਰਮਣਿ: ਦਿਨਮਣਿ. ਸੂਰਜ

---

[1160] ੩ ਅਤੇ ੭. ਅਰਥਾਤ ਦਸ.

ਵਾਸਲਾ: ਵਿ- ਵਾਸ (ਸੁਗੰਧ) ਦੇਣ ਵਾਲਾ। ੨. ਸੰਗਯਾ- ਸੁਗੰਧ ਦਾ ਬਰਤਨ। ੩. ਵਿ- ਵਸਿਲ ਹੋਇਆ. ਮਿਲਿਆ ਦੇਖੋ, ਵਾਸਿਲ.

ਵਾਸਵ: ਸੰ. ਵਿ- ਵਸੁ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਵਸੁ ਦੀ ਵੰਸ਼ ਵਿੱਚ ਹੋਣ ਵਾਲਾ ਦੇਵਤਾ। ੩. ਇੰਦ੍ਰ. ਦੇਖੋ, ਬਾਸਵ। ੪. ਦੇਖੋ, ਲਿੰਗਾਯਤ

ਵਾਸਵੀ: ਦੇਖੋ, ਬਾਸਵੀ.

ਵਾਸਵੇਸਣੀ: ਵਾਸਵ (ਇੰਦ੍ਰ) ਦਾ ਈਸ਼ (ਕਸ਼ਯਪ), ਉਸ ਦੀ. ਕਾਸ਼ਯਪੀ. ਭਾਵ- ਪ੍ਰਿਥਿਵੀ. (ਸਨਾਮਾ)

ਵਾਸਾ: ਵਸੇਰਾ. ਨਿਵਾਸ. ਦੇਖੋ, ਬਾਸਾ.

ਵਾਸਾਈਐ: ਵਸਾਈਏ. ਠਹਿਰਾਈਏ. "ਮਨਿ ਵਾਸਾਈਐ ਸਾਚਾ ਸੋਈ." (ਆਸਾ ਮਃ ੫)

ਵਾਸਿ: ਵਸ਼ੀਭੂਤ. ਕ਼ਾਬੂ. ਵਸ਼ ਵਿੱਚ. "ਜਨਮੁ ਜਰਾ ਮਿਰਤੁ ਜਿਸੁ ਵਾਸਿ." (ਗਉ ਮਃ ੫) "ਦਸ ਇੰਦ੍ਰੀ ਕਰਿ ਰਾਖੈ ਵਾਸਿ." (ਗਉ ਅਃ ਮਃ ੫)

ਵਾਸਿਆ: ਵਸਿਆ.

ਵਾਸਿਕ, ਵਾਸਿਕ਼: ਅ਼. واثق ਵਾਸ਼ਿਕ. ਵਿ- ਦ੍ਰਿੜ੍ਹ. ਮਜਬੂਤ. ਪੱਕਾ.

ਵਾਸਿਲ: ਅ਼. واصل ਵਾਸ਼ਿਲ. ਵਿ- ਵਸਲ (ਜੁੜਿਆ) ਹੋਇਆ. ਮਿਲਿਆ ਹੋਇਆ.

ਵਾਸੀ: ਸੰਗਯਾ- ਰਹਾਇਸ਼. ਨਿਵਾਸ. "ਵਾਸੀ ਨਾਮ ਪੂਛ ਸਰ ਲੀਨੋ." (ਗੁਵਿ ੧੦) ੨. वासिन्. ਵਿ- ਵਸਣ ਵਾਲਾ. "ਘਟ ਘਟ ਵਾਸੀ ਸਰਬ ਨਿਵਾਸੀ." (ਸੂਹੀ ਛੰਤ ਮਃ ੫) ੩. ਵਸ਼ (ਕ਼ਾਬੂ) ਹੈ. "ਸਭਿ ਕਾਲੈ ਵਾਸੀ." (ਵਾਰ ਮਾਰੂ ੨. ਮਃ ੫) ੪. ਵਸਦਾ, ਵਸਦੇ ਹਨ. "ਸੇ ਜਨ ਜੁਗ ਮਹਿ ਸੁਖ ਵਾਸੀ." (ਸੋਪੁਰਖੁ) ੫. ਦੇਖੋ, ਬਾਸੀ.

ਵਾਸੁ: ਨਿਵਾਸ. ਰਹਾਇਸ਼. "ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ." (ਵਾਰ ਆਸਾ) ੨. ਦੇਖੋ, ਬਾਸ ਅਤੇ ਵਾਸ। ੩. ਸੰ. ਵਿਸ਼ਨੁ। ੪. ਸਭ ਵਿੱਚ ਵਸਣ ਵਾਲਾ ਕਰਤਾਰ.

ਵਾਸੁਕਿ, ਵਾਸੁਕੀ: ਇੱਕ ਨਾਗ. ਦੇਖੋ, ਬਾਸਕ ੩.

ਵਾਸੁਦੇਉ, ਵਾਸੁਦੇਵ: ਜਿਸ ਵਿੱਚ ਸਭ ਦਾ ਨਿਵਾਸ ਹੈ ਅਰ ਜੋ ਸਭ ਵਿੱਚ ਹੈਵੇ ਵਾਹਗੁਰੂ ਕਰਤਾਰ.[1161]

"ਵਵੈ ਵਾਸੁਦੇਉ ਪਰਮੇਸੁਰ." (ਆਸਾ ਪਟੀ ਮਃ ੧)

"ਵਾਸੁਦੇਵ ਸਰਬਤ੍ਰ ਮੈ, ਊਨ ਨ ਕਤਹੂ ਠਾਇ." (ਬਾਵਨ) ੨. ਵਸੁਦੇਵ ਦੇ ਪੁਤ੍ਰ ਕ੍ਰਿਸ਼ਨ ਜੀ। ੩. ਦੇਖੋ, ਪਉਡਰੀਕ.

ਵਾਸੁਲਾ: ਦੇਖੋ, ਵਾਸਲਾ. "ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ." (ਸੂਹੀ ਛੰਤ ਮਃ ੧)

ਵਾਸੂ: ਵਿ- ਵਸਣ ਵਾਲਾ। ੨. ਵਾਸ (ਸੁਗੰਧ) ਵਾਲਾ. "ਜੇਹੀ ਵਾਸਨਾ ਪਾਏ ਤੇਹੀ ਵਰਤੈ, ਵਾਸੂ ਵਾਸੁ ਜਣਾਵਣਿਆ." (ਮਾਝ ਅਃ ਮਃ ੩) ੩. ਸੰ. ਸੰਗਯਾ- ਸੋਲਾਂ ਵਰ੍ਹੇ ਦੀ ਇਸਤ੍ਰੀ.

ਵਾਸੇਰਾ: ਵਸੇਰਾ. ਨਿਵਾਸ. "ਜੀਅ ਲਇਆ ਵਾਸੇਰਾ." (ਮਃ ੧. ਵਾਰ ਮਲਾ)

---

[1161] सर्ववासौ समस्तं च वसत्यत्रेति वै यतः।
ततः स वासुदेवेति विद्धद्भिः परिपष्यते॥ (ਵਿਸ਼ਨੁਪੁਰਾਣ ਅੰਸ਼ ੧. ਅਃ. ੨. ਅਤੇ ਅੰਸ਼ ੬. ਅਃ ੫)

ਵਾਸੰਤੀ: ਸੰ. ਸੰਗਯਾ- ਵਸੰਤੀ ਚਮੇਲੀ। ੨. ਵਸੰਤ ਰੁੱਤ ਵਿੱਚ ਜਿਸ ਦਾ ਪੂਜਨ ਹੁੰਦਾ ਹੈ, ਉਹ ਦੁਰਗਾ। ੩. ਮਦਨੋਤਸਵ, ਜੋ ਵਸੰਤਪੰਚਮੀ ਦੇ ਦਿਨ ਹੁੰਦਾ ਹੈ.

ਵਾਸੁਵ: ਦੇਖੋ, ਵਾਸਤਵ.

ਵਾਸ੍ਤੁ: ਸੰ. ਸੰਗਯਾ- ਵਸਣ ਯੋਗ੍ਯ ਥਾਂ. ਘਰ. ਮਕਾਨ। ੨. ਬਾਥੂ ਅਤੇ ਉਸ ਦਾ ਸਾਗ.

ਵਾਸ੍ਤੁ ਵਿਦ੍ਯਾ: ਸੰਗ੍ਯਾ- ਉਹ ਇ਼ਲਮ, ਜਿਸ ਤੋਂ ਕਾਠ ਪੱਥਰ ਧਾਤੁ ਆਦਿ ਦੇ ਸੁੰਦਰ ਸਾਮਾਨ ਅਤੇ ਉੱਤਮ ਮਕਾਨ ਬਣਾਏ ਜਾਣ. Architecture.

ਵਾਹ: ਸੰਗ੍ਯਾ- ਸ਼ਕ੍ਤਿ. ਬਲ। ੨. ਵਾਹਾ. ਪ੍ਰਵਾਹ. ਨਾਲਾ. "ਨਦੀਆ ਅਤੇ ਵਾਹ, ਪਵਹਿ ਸਮੁੰਦਿ ਨ ਜਾਣੀਅਹਿ." (ਜਪੁ) "ਨਦੀਆ ਵਾਹ ਵਿਛੁੰਨਿਆ." (ਆਸਾ ਛੰਤ ਮਃ ੧) ੩. ਹਲ ਦੀ ਵਹਾਈ. ਵਾਹੁਣ ਦੀ ਕ੍ਰਿਯਾ। ੪. ਸਰਵ. ਓਹ. ਵਹ। ੫. ਸੰ. ਵਾਹ੍. ਧਾ- ਯਤਨ ਕਰਨਾ, ਮਿਹਨਤ ਕਰਨਾ, ਲੈ ਜਾਣਾ, ਢੋਣਾ। ੬. ਸੰਗ੍ਯਾ- ਜਿਸ ਦ੍ਵਾਰਾ ਉਠਾਇਆ ਜਾਵੇ. ਸਵਾਰੀ। ੭. ਘੋੜਾ। ੮. ਬੈਲ. "ਬਹੁਰ ਬਾਨ ਬੱਤੀਸ ਸੋਂ ਵਾਹ ਪ੍ਰਹਾਰਜੋ." (ਚਰਿਤ੍ਰ ੧੪੨) ਬੱਤੀ ਤੀਰਾਂ ਨਾਲ ਸ਼ਿਵ ਦਾ ਬੈਲ ਘਾਇਲ ਕੀਤਾ। ੯. ਪਵਨ. ਹਵਾ. ਵਾਯੁ। ੧੦. ਨੌਕਾ. ਕਿਸ਼ਤੀ। ੧੧. ਫ਼ਾ. واہ ਵ੍ਯ- ਸ਼ਾਬਾਸ਼! ਆਫ਼ਰੀਨ! ਸੰ. ਵਾਢੰ. ਵਾਢੰ। ੧੨. ਅ਼. ਅਦਭੁਤ ਅਚਰਜ. "ਵਾਹ ਨਾਮ ਅਚਰਜ ਕੋ ਹੋਈ। ਅਚਰਜ ਤੇ ਪਰ ਉਕਤਿ ਨ ਕੋਈ." (ਨਾਪ੍ਰ) ੧੩. ਖ਼ੂਬ. ਹੱਛਾ.

ਵਾਹਕ: ਵਿ- ਲੈਜਾਣ ਵਾਲਾ। ੨. ਢੋਣ ਵਾਲਾ। ੩. ਵਾਹੁਣ ਵਾਲਾ। ੪. ਦੇਖੋ, ਬਾਹਕ.

ਵਾਹਗੁਰੂ: ਮਨ ਬੁੱਧਿ ਤੋਂ ਪਰੇ ਸਭ ਤੋਂ ਵਡਾ ਪਾਰਬ੍ਰਹਮ. ਧਨ੍ਯਤਾ ਯੋਗ੍ਯ ਕਰਤਾਰ. "ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ." (ਸਵੈਯੇ ਮਃ ੪. ਕੇ) ੨. ਸਿੱਖਾਂ ਦਾ ਮੂਲਮੰਤ੍ਰ. "ਸਤਿਗੁਰੁ ਪੁਰਖ ਦਿਆਲ ਹਇ ਵਾਹਗੁਰੂ ਸਚ ਮੰਤ੍ਰ ਸੁਣਾਇਆ" (ਭਾਗੁ) ਭਾਈ ਸੰਤੋਖਸਿੰਘ ਨੇ ਗੁਰੁ ਨਾਨਕ ਪ੍ਰਕਾਸ਼ ਦੇ ਪਹਿਲੇ ਅਧ੍ਯਾਯ ਵਿੱਚ ਵਾਹਗੁਰੂ ਦਾ ਅਰਥ ਕੀਤਾ ਹੈ- ਵਾਹ (ਆਸ਼ਚਰ੍ਯ ਰੂਪ) ਗੁ (ਅੰਧਕਾਰ ਵਿੱਚ) ਰੁ (ਪ੍ਰਕਾਸ਼ ਕਰਨ ਵਾਲਾ). "ਵਾਹ ਨਾਮ ਅਚਰਜ ਕੋ ਹੋਈ। ਅਚਰਜ ਤੇ ਪਰ ਉਕਤਿ ਨ ਕੋਈ। ਗੋ ਤਮ ਤਨ ਅਗ੍ਯਾਨ ਅਨਿੱਤ। ਰੂ ਪਰਕਾਸ਼ ਕਿਯੋ ਜਿਨ ਚਿੱਤ." ਇਸ ਸ਼ਬਦ ਦਾ ਉੱਚਾਰਣ ਵਾਹਿਗੁਰੂ ਭੀ ਸਹੀ ਹੈ. ਦੇਖੋ, ਵਾਹਿਗੁਰੂ.

ਵਾਹਗੁਰੂ ਜੀ ਕੀ ਫਤਹ: ਸਿੱਖਾਂ ਦੇ ਪਰਸਪਰ ਮਿਲਣ ਸਮੇਂ ਦਾ ਸ਼ਿਸ਼੍ਟਾਚਾਰ ਬੋਧਕ ਵਾਕ. ਇਸ ਦਾ ਅਰਥ ਹੈ- ਜਯ ਕਰਤਾਰ ਦੀ.

ਸ਼੍ਰੀ ਗੁਰੂ ਗੋਬਿੰਦਸਿੰਘ ਜੀ ਦੀ ਫਤੇ ਬਾਬਤ ਜੋ ਆਗ੍ਯਾ ਹੈ, ਉਸ ਨੂੰ ਭਾਈ ਮਨੀਸਿੰਘ ਜੀ ਇਉਂ ਲਿਖਦੇ ਹਨ- "ਜੋ ਕੋਈ ਸਿੱਖਾਂ ਨੂੰ ਅੱਗੋਂਦੇ ਵਾਹਗੁਰੂ ਜੀ ਕੀ ਫਤੇ ਬੁਲਾਂਵਦਾ ਹੈ, ਉਸ ਵੱਲ ਮੇਰਾ ਮੁਖ ਹੁੰਦਾ ਹੈ, ਅਰ ਜੋ ਪਿੱਛੋਂ ਬੁਲਾਂਵਦਾ ਹੈ, ਉਸ ਵੱਲ ਮੇਰਾ ਸੱਜਾ ਮੋਢਾ ਹੁੰਦਾ ਹੈ, ਅਰ ਜੋ ਪਿੱਛੋਂ ਹੌਲੀ ਬੁਲਾਂਵਦਾ ਹੈ, ਉਸ ਵੱਲ ਮੇਰਾ ਬਾਵਾਂ ਮੋਢਾ ਹੁੰਦਾ ਹੈ, ਜੋ ਨਹੀਂ ਬੁਲਾਂਵਦਾ, ਉਸ ਵੱਲ ਮੇਰੀ ਪਿੱਠ ਹੁੰਦੀ ਹੈ." (ਭਗਤਰਤਨਾਵਲੀ)

ਭਾਈ ਮਨੀਸਿੰਘ ਜੁ ਕੋ ਫਤੇ ਕੋ ਬ੍ਰਿਤਾਂਤ ਬ੍ਰਿੰਦ

ਆਪਨੇ ਮੁਖਾਰਬਿੰਦ ਨਾਥ ਜੂ ਸੁਨਾਯੋ ਹੈ,

ਗਾਜਕੈ ਅਗਾਰੀ ਸੇਂ ਮ੍ਰਿਗੇਂਦ੍ਰ ਸੌਂ ਬੁਲਾਯ ਜੋਈ

ਰਾਖਹੌਂ ਸਦੈਵ ਸੌਂਹੇਂ ਪਯਾਰੋ ਮੋਹ ਭਾਯੋ ਹੈ,

ਮਾਨਤੋ ਪ੍ਰਮੋਦ ਹਨਐ ਬਰਾਬਰੈਂ ਰਸੀਲੋ ਬੋਲ

ਦਾਹਿਨੇ ਬਿਠਾਰੌਂ ਸੋ ਦੀਵਾਨ ਬੀਚ ਆਯੋ ਹੈ,

ਨੈਕ ਸੀ ਬੀਮਾਰ ਜਯੋਂ ਕਬੂਲਤੋ ਸੋ ਬਾਵੈਂ ਅੰਗ

ਪਾਤਕੀ ਪਛੌਹੈਂ ਮੂੰਡ ਮੁਏ ਸੋ ਲੁਠਾਯੋ ਹੈ.

ਕਾਹੂੰ ਤੌ ਨਰਾਯਨ ਜੋ ਚਾਰ ਭੁਜਾਂ ਵਾਰੋ ਦੇਵ

ਵਾਂਕੋ ਵਾਰ ਵਾਰ ਨਮੋ ਲੋਕ ਸੇ ਕਰਾਈ ਹੈ,

ਕਾਹੂੰ ਜੈ ਉਚਾਰੀ ਰਾਮਚੰਦ੍ਰ ਕੀ ਪ੍ਰਤੀਤ ਬਾਂਧ

ਕਾਹੂੰ ਧੇਨੁਚਾਰੀ ਕੀ ਵਿਚਾਰੀ ਜੈ ਸੁਨਾਈ ਹੈ,

ਕਾਹੂੰ ਕਾਠ ਮਾਟੀ ਧਾਤੁ ਪਾਹਨ ਸਜੀਲੇ ਚਾਰੁ

ਪੋਚ ਪਾਚ ਮੂਰਤੀ ਬਨਾਈ ਜੈ ਗਜਾਈ ਹੈ,

ਵਾਹਗੁਰੂ ਜੀ ਕੋ ਪੰਥ ਖਾਲਸਾ ਸਜਾਯੋ ਨਾਥ

ਵਾਹਗੁਰੂ ਜੀ ਕੀ ਫਤੇ ਗਾਜਕੈ ਬੁਲਾਈ ਹੇ.

(ਕਵਿ ਨਿਹਾਲਸਿੰਘ ਜੀ)

ਵਾਹਣ: ਦੇਖੋ ਬਾਹਣ.

ਵਾਹਣਾ: ਦੇਖੋ, ਬਾਹਣਾ.

ਵਾਹਦ: ਦੇਖੋ, ਵਾਹਿਦ.

ਵਾਹਨ: ਸੰ. ਸੰਗਯਾ- ਜਿਸ ਨਾਲ ਪਹੁਚਾਇਆ (ਲੈਜਾਇਆ) ਜਾਂਦਾ ਹੈ, ਸਵਾਰੀ. ਯਾਨ. ਦੇਵਤਿਆਂ ਦੇ ਭਿੰਨ ਭਿੰਨ ਵਾਹਨ ਪੁਰਾਣਾਂ ਵਿੱਚ ਲਿਖੇ ਹਨ- ਬ੍ਰਹਮਾ ਅਤੇ ਸਰਸ੍ਵਤੀ ਦਾ ਹੰਸ, ਵਿਸ਼ਨੁ ਦਾ ਗਰੁੜ, ਸ਼ਿਵ ਦਾ ਬੈਲ, ਗਣੇਸ਼ ਦਾ ਚੂਹਾ, ਇੰਦ੍ਰ ਦਾ ਹਾਥੀ ਅਤੇ ਘੋੜਾ, ਯਮ ਦਾ ਝੋਟਾ, ਕਾਰਤਿਕੇਯ ਦਾ ਮੋਰ, ਕਾਮਦੇਵ ਦਾ ਤੋਤਾ, ਸੂਰਜ ਦਾ ਸਤ ਘੋੜਿਆ ਵਾਲਾ ਰਥ, ਚੰਦ੍ਰਮਾ ਦਾ ਦਸ ਘੋੜਿਆਂ ਵਾਲਾ ਰਥ, ਅਗਨਿ ਅਤੇ ਮੰਗਲ ਦਾ ਮੀਢਾ, ਸ਼ਨਿ ਅਤੇ ਰਾਹੂ ਦਾ ਗਿਰਝ (ਗਿੱਧ), ਬੁੱਧ ਅਤੇ ਦੁਰਗਾ ਦਾ ਸ਼ੇਰ, ਕੁਬੇਰ ਦਾ ਨਰ,[1162] ਭੈਰਵ ਦਾ ਕੁੱਤਾ, ਸ਼ੀਤਲਾ ਦਾ ਗਧਾ, ਮਨਸਾਦੇਵੀ ਦਾ ਸੱਪ ਅਤੇ ਲੱਛਮੀ ਕਾ ਕੰਨਖਜੂਰਾ.

ਵਾਹਮ: ਦੇਖੋ, ਵਹਮ, "ਨ ਜ਼ਰਾ ਕੁਨ ਵਾਹਮ" (ਕ੍ਰਿਸਨਾਵ) ਦੇਖੋ, ਜੰਗ ਦਰਾਯਦ। ੨. ਦੇਖੋ, ਬਾਹਮ.

ਵਾਹਯਾਤ: ਦੇਖੋ, ਵਾਹਿਯਾਤ.

ਵਾਹਰ: ਦੇਖੋ, ਬਾਹਰ.

ਵਾਹਲਾਉਣੀ: ਕ੍ਰਿ- ਸ਼ਕ੍ਤਿ ਲਾਉਣੀ. ਜੋਰ ਲਾਉਣਾ. ਸ਼ਰੀਰ ਅਥਵਾ ਬੁੱਧਿ ਦਾ ਬਲ ਲਾਉਣਾ.

ਵਾਹਵਾ, ਵਾਹਵਾਹ: ਫ਼ਾ. واہواہ ਵਜ- ਬਹੁਤ ਖ਼ੂਬ। ੨. ਧਨਯ ਧਨਯ ! ੩. ਸ਼ਾਬਾਸ਼ !

ਵਾਹੜ: ਵਾਹਕ ਜ਼ਮੀਨ. ਉਹ ਭੂਮਿ, ਜਿਸ ਵਿੱਚ ਹਲ ਫਿਰਦਾ ਹੋਵੇ। ੨. ਇੱਕ ਪਹਾੜੀ ਬਿਰਛ, ਜਿਸ ਦੇ ਪੱਤੇ ਪਸ਼ੂਆਂ ਦਾ ਚਾਰਾ ਹਨ ਅਤੇ ਛਟੀਆਂ ਦਾ ਛਿਲਕਾ ਸਣ ਵਾਂਝ ਰੱਸੇ ਆਦਿ ਦੇ ਕੰਮ ਆਉਂਦਾ ਹੈ. "ਕਿਤ ਵਾਹੜ ਗਨ ਖਰੇ ਪਖਾਨਾ." (ਗੁਪ੍ਰਸੂ)

---

[1162] ਬਹੁਤਿਆਂ ਨੇ ਨਰ ਦਾ ਅਰਥ ਮਨੁੱਖ ਕੀਤਾ ਹੈ. ਪਰ ਦੇਵਤਿਆਂ ਦੀ ਨਰ ਇੱਕ ਜਾਤਿ ਹੈ, ਕੁਬੇਰ ਕੁਸ਼ਠੀ (ਕੋੜ੍ਹੀ) ਹੋਣ ਕਰਕੇ ਚਲ ਨਹੀਂ ਸਕਦਾ, ਨਰ ਦੇ ਕਨੇੜੇ ਚੜ੍ਹਕੇ ਜਾਂਦਾ ਹੈ.

ਵਾਹੜਾ: ਸਿੰਧੀ. ਵਾਹਡ. ਵਹਣ ਵਾਲਾ, ਪ੍ਰਵਾਹ. "ਟੁਟਿ ਨ ਥੀਵਹਿ ਵਾਹੜਾ." (ਸ. ਫਰੀਦ) ਪਾਰਬ੍ਰਹਮ ਮਹਾਨ ਨਦ ਤੋਂ ਜੁਦਾ ਹੋਕੇ ਨਾਲਾ ਨਹੀ ਹੋਵੇਂਗਾ.

ਵਾਹਾ: ਵਹਣ ਵਾਲਾ, ਪ੍ਰਵਾਹ। ਨਾਲਾ। ੨. ਚਸ਼ਮਾ.

ਵਾਹਿ: ਵਾਹਕੇ। ੨. ਦੇਖੋ, ਵਾਹ ਅਤੇ ਵਾਹੁ। ੩. ਦੇਖੋ, ਵਾਹਜ।

ਵਾਹਿਆ: ਵਸ਼ (ਜ਼ੋਰ) ਲਗਾਇਆ. "ਇਨ ਕਾ ਵਾਹਿਆ ਕਛੁ ਨ ਵਸਾਈ." (ਗੌਂਡ ਮਃ ੪) ੨. ਦੇਖੋ, ਬਾਹਣਾ.

ਵਾਹਿਗੁਰ, ਵਾਹਿਗੁਰੁ: ਦੇਖੋ, ਵਾਹਗੁਰੂ. "ਆਦਿਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ." (ਸਵੈਯੇ ਮਃ ੪. ਕੇ)

ਵਾਹਿਦ, ਵਾਹ਼ਿਦ: ਅ਼. واحد ਵਿ- ਇੱਕ. ਅਦੁਤੀ। ੨. ਸੰਗਗ਼ਾ- ਕਰਤਾਰ.

ਵਾਹਿਦਪਰਸ੍ਤ, ਵਾਹ਼ਿਦਪਰਸ੍ਤ: ਫ਼ਾ. واحدپرست ਵਿ- ਇੱਕ ਦਾ ਉਪਾਸਕ। ੨. ਸੰਗਗ਼ਾ- ਸ਼੍ਰੀ ਨਾਨਕਦੇਵ ਦਾ ਸਿੱਖ.

ਵਾਹਿਨੀ: ਫੌਜ. ਸੈਨਾ. ਦੇਖੋ, ਬਾਹਿਨੀ.

ਵਾਹਿਯਾਤ: ਫ਼ਾ. واہیات ਇਹ ਵਾਹੀ ਦਾ ਬਹੁਵਚਨ ਹੈ. ਵਾਹੀ (ਕਮਜ਼ੋਰ) ਬਾਤਾਂ. ਨਿਕੰਮੀਆਂ ਬਾਤਾਂ। ੨. ਨਕਾਰੀਆਂ ਚੀਜਾਂ.

ਵਾਹੀ: ਸੰਗਗ਼ਾ- ਖੇਤ ਦੀ ਵਹਾਈ. ਵਾਹੁਣ ਦੀ ਕ੍ਰਿਯਾ। ੨. ਕਾਸ਼ਤਕਾਰੀ (agriculture) ੩. ਸਰਵ- ਵਹੀ. ਓਹੀ। ੪. ਉਸੇ ਨੂੰ. ਵਾਂਹੀਂ. "ਵਾਵਾ ਵਾਹੀ ਜਾਨੀਐ." (ਗਉ ਬਾਵਨ ਕਬੀਰ) ੫. ਅ਼. واہی ਵਿ- ਕਮਜ਼ੋਰ। ੬. ਸੁਸਤ. ੭. ਪਾੱਟਿਆ ਹੋਇਆ। ੮. ਨਿਕੰਮਾ। ੯. ਸਿੰਧੀ. ਸੰਗਗ਼ਾ- ਚੌਕੀਦਾਰ. ਪਹਿਰੂ.

ਵਾਹੁ: ਦੇਖੋ, ਵਾਹ। ੨. ਵਾਹਗੁਰੂ ਮੰਤ੍ਰ ਦਾ ਸੰਖੇਪ. "ਵਾਹੁ ਵਾਹੁ ਗੁਰਮੁਖ ਸਦਾ ਕਰਹਿ. (ਮਃ ੩. ਵਾਰ ਗੂਜ ੧) ੩. ਕਰਤਾਰ. ਪਾਰਬ੍ਰਹਮ. "ਵਾਹੁ ਵਾਹੁ ਵੇ ਪਰਵਾਹੁ ਹੈ." (ਮਃ ੩. ਵਾਰ ਗੂਜ ੧) ਸ਼੍ਰੀ ਗੁਰੂ ਅਮਰਦੇਵ ਨੇ ਖਾਸ ਕਰਕੇ ਕਰਤਾਰ ਦੀ ਮਹਿਮਾ ਵਾਹੁ ਵਾਹੁ ਸ਼ਬਦ ਨਾਲ ਕੀਤੀ ਹੈ. "ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧਯਾਇਯਉ." (ਸਵੈਯੇ ਮਃ ੪. ਕੇ) ੪. ਧਨਯ ਧਨਯ! "ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ." (ਗਉ ਅਃ ਮਃ ੧) "ਵਾਹੁ ਮੇਰੇ ਸਾਹਿਬਾ, ਵਾਹੁ" (ਸੂਹੀ ਅਃ ਮਃ ੩) ੫. ਵਾਹਾ. ਜਲ ਦਾ ਪ੍ਰਵਾਹ। ੬. ਦੇਖੋ, ਬਾਹੁ.

ਵਾਹੁਣਾ: ਦੇਖੋ, ਬਾਹਣਾ.

ਵਾਹੁਵਾਹੁ: ਦੇਖੋ, ਵਾਹੁ.

ਵਾਹੁੜਾ: ਦੇਖੋ, ਵਾਹੜਾ.

ਵਾਹੂ: ਸਰਵ- ਓਹੀ. ਵਹੀ। ੨. ਉਸੇ ਨਾਲ. ਉਸ ਹੀ ਸੇ. "ਵਾਹੂ ਸਿਉ ਚਿਤ ਲਾਇਓ." (ਟੋਡੀ ਮਃ ੫)

ਵਾਹੇਦੜ, ਵਾਹੇਂਦੜ: ਵਾਹੁਣ (ਪ੍ਰਹਾਰ ਕਰਨ) ਵਾਲਾ. ਸ਼ਸਤ੍ਰ ਵਾਹੁਣ ਵਾਲਾ. ਦੇਖੋ, ਜਾਣੁ ੫। ੨. ਜਮੀਨ ਵਾਹੁਣ ਵਾਲਾ, ਹਾਲੀ.

ਵਾਹੈ: ਸਰਵ- ਉਨ੍ਹਾਂ ਨੇ "ਵਾਹੈ ਕਿਨੀ ਬਾਤੀ ਸਹੁ ਪਾਈਐ?" (ਤਿਲੰ ਮਃ ੧) ੨. ਵਾਹੁੰਦਾ ਹੈ। ੩. ਸ਼ਸਤ੍ਰ ਪ੍ਰਹਾਰਦਾ ਹੈ.

ਵਾਹਜ: ਸੰ. ਸੰਗਗ਼ਾ- ਵਾਹੁਣ (ਚਲਾਉਣ) ਯੋਗਯ, ਰਥ ਘੋੜਾ ਆਦਿ ਯਾਨ. ਸਵਾਰੀ। ੨. ਬਾਂਦਰ। ੩. ਵਿ- ਬਾਹਰ ਦਾ. ਬੇਰੂੰਨੀ। ੪. ਕ੍ਰਿ. ਵਿ- ਬਾਹਰ.

ਵਾਹ੍ਲੀਕ: ਦੇਖੋ, ਬਲਖ ਅਤੇ ਬਾਹ੍ਲੀਕ.

**ਵਾਕ:** ਸੰ. ਸੰਗਯਾ- ਬਚਨ। ੨. ਵਕ (ਬਗੁਲਿਆਂ) ਦੀ ਪੰਕ੍ਤਿ (ਡਾਰ). ੩. ਵਿ- ਬਗੁਲੇ ਨਾਲ ਹੈ ਜਿਸ ਦਾ ਸੰਬੰਧ.

**ਵਾਕਈ, ਵਾਕ਼ਈ:** ਅ਼. واقعی ਵਿ- ਠੀਕ. ਯਥਾਰਥ. ਸਚ। ੨. ਵ੍ਯ- ਸਚਮੁਚ. ਵਾਸਤਵ ਵਿਚ. ਦਰ ਹ਼ਕ਼ੀਕ਼ਤ.

**ਵਾਕਨਟੀ:** ਸੰਗਯਾ- ਸਰਸ੍ਵਤੀ. ਬਾਣੀ ਦੀ ਦੇਵੀ.

**ਵਾਕਪਟੁ:** ਸੰ. ਵਿ- ਬਾਤ ਕਰਨ ਵਿੱਚ ਚਤੁਰ. ਜਿਸ ਨੂੰ ਮੌਕੇ ਸਿਰ ਗੱਲ ਕਰਨ ਦਾ ਵੱਲ ਹੈ.

**ਵਾਕਪਤਿ:** ਸੰ. ਸੰਗਯਾ- ਵ੍ਰਿਹਸਪਤਿ. ਦੇਵਗੁਰੁ। ੨. ਵਿਸ਼ਨੁ। ੩. ਜੋ ਕਿਸੇ ਬੋਲੀ (ਭਾਸ਼ਾ) ਤੇ ਵਸ਼ ਰਖਦਾ ਹੈ. ਦੇਖੋ, ਵਾਗੀਸ਼੍ਵਰ.

**ਵਾਕਿ:** ਵ੍ਯ- ਵਾਂਙ. ਸਮਾਨ. ਨਿਆਈਂ. "ਕਚੈ ਦੇ ਵਾਪਾਰੀਏ ਵਾਕਿ." (ਸੂਹੀ ਮਃ ੪)

**ਵਾਕਿਅ, ਵਾਕ਼ਿਅ਼:** ਅ਼. واقع ਵਿ- ਕ਼ਾਯਮ ਹੋਇਆ. ਮੌਜੂਦ ਹੋਇਆ.

**ਵਾਕਿਫ਼, ਵਾਕ਼ਿਫ਼:** ਅ਼. واقف ਵਿ- ਜਾਣਨ ਵਾਲਾ। ੨. ਖੜਾ ਹੋਣ ਵਾਲਾ.

**ਵਾਕਿਫ਼ੀਅਤ, ਵਾਕ਼ਿਫ਼ੀਯਤ:** ਅ਼. واقفیت ਸੰਗਯਾ- ਵਾਕ਼ਿਫ਼ ਹੋਣ ਦਾ ਭਾਵ. ਜਾਣ ਪਹਿਚਾਣ.

**ਵਾਕਿਆਤ, ਵਾਕ਼ਿਯਾਤ:** ਅ਼. واقعات ਵਾਕ਼ਿਅ਼ ਦਾ ਬਹੁਵਚਨ.

**ਵਾਕੁ:** ਸੰ. ਵਾਕ੍ਯ. ਸੰਗਯਾ- ਪਦਾਂ ਦਾ ਸਮੂਹ. ਪੂਰੇ ਅਰਥ ਨੂੰ ਪ੍ਰਗਟ ਕਰਨ ਵਾਲਾ ਫਿਕਰਾ। ੨. ਬਚਨ. "ਜਨ ਕਾ ਕੀਨੋ ਪੂਰਨ ਵਾਕੁ." (ਬਿਲਾ ਮਃ ੫)

**ਵਾਕੇ:** ਵਾਕ (ਬਚਨ) ਕਰਕੇ. ਉਪਦੇਸ਼ ਦ੍ਵਾਰਾ. "ਜਪ ਜਪਿਓ ਸਤਿਗੁਰਮਤਿ ਵਾਕੇ." (ਮਾਰੂ ਸੋਲਹੇ ਮਃ ੧) ੨. ਸਰਵ- ਉਸ ਦੇ ਵਾਂਕੇ.

**ਵਾਕੈ:** ਦੇਖੋ, ਵਾ ੨। ੨. ਦੇਖੋ, ਵਾਕ਼ਿਅ਼। ੩. ਵਾਂਕੈ. ਉਸ ਦੇ.

**ਵਾਕ੍ਯ:** ਦੇਖੋ, ਵਾਕੁ.

**ਵਾਖਿ:** ਵਿ- ਅੱਡ. ਜੁਦਾ. ਜੁਦੀ. ਵੱਖ. "ਸਸੂ ਤੇ ਪਿਰਿ ਕੀਨੀ ਵਾਖਿ." (ਆਸਾ ਮਃ ੫) ਭਾਵ- ਅਵਿਦ੍ਯਾ ਤੋਂ ਸ੍ਵਾਮੀ (ਕਰਤਾਰ) ਨੇ ਅੱਡ ਕਰ ਦਿੱਤੀ.

**ਵਾਗ:** ਦੇਖੋ, ਬਾਗ ੩। ੨. ਵ੍ਯ- ਵਾਂਙ. ਸਮਾਨ. "ਓਹ ਬਾਲਕ ਵਾਗੀ ਪਾਲੀਐ." (ਮਾਰੂ ਅੰਜੁਲੀ ਮਃ ੫)

**ਵਾਂਗ:** ਵਾਕਰ. ਦੇਖੋ, ਵਾਗ ੨. "ਬਾਰਿਕ ਵਾਂਗੀ ਹਉ ਸਭਕਿਛੁ ਮੰਗਾ." (ਮਾਝ ਮਃ ੫) ੨. ਦੇਖੋ, ਬਾਂਗ.

**ਵਾਗ੍ਮਯ:** ਦੇਖੋ, ਵਾਂਙ੍ਮਯ.

**ਵਾਗਮੀ:** ਸੰ. वाग्मिन्. ਵਿ- ਹੱਛਾ ਵਕ੍ਤਾ. ਖ਼ੁਸ਼ਗੋ. "ਪ੍ਰਿਥਮ. ਵਾਗਮੀ ਸੁੰਦਰ ਬਾਨੀ." (ਗੁਪ੍ਰਸੂ) ੨. ਸੰਗਯਾ- ਵ੍ਰਿਹਸਪਤਿ. ਦੇਵਗੁਰੂ.

**ਵਾਗਿ:** ਵ੍ਯ- ਵਾਂਙ. ਸਮਾਨ. ਵਾਕਰ. "ਪਾਲੇ ਬਾਲਕ ਵਾਗਿ, ਦੇਕੈ ਆਪਿ ਕਰ." (ਵਾਰ ਰਾਮ ੨. ਮਃ ੫)

**ਵਾਗੀ:** ਵੱਗ (ਚੌਣਾ) ਚਰਾਉਣ ਵਾਲਾ, ਪਾਲੀ. "ਜੋ ਵਾਗੀ ਗਾਈਆਂ ਅਤੇ ਮਹੀਆਂ ਚਰਾਂਵਦਾ ਸੀ." (ਜਸਭਾਮ) ੨. ਸਮਾਨ. ਦੇਖੋ, ਵਾਗਿ. "ਭੇਡਾ ਵਾਗੀ ਸਿਰ ਖੋਹਾਇਨਿ." (ਮਃ ੧. ਵਾਰ ਮਾਝ)

**ਵਾਂਗੀ:** ਦੇਖੋ, ਵਾਗਿ ਅਤੇ ਵਾਗੀ ੨.

**ਵਾਗੀਸ਼, ਵਾਗੀਸ਼੍ਵਰ:** ਵਿ- ਬਾਣੀ ਦਾ ਸ੍ਵਾਮੀ. ਜੋ ਭਾਸ਼ਾ (ਬੋਲੀ) ਪੁਰ ਪੂਰਾ ਅਧਿਕਾਰ ਰਖਦਾ ਹੈ. Master of language or speech। ੨. ਸੰਗਯਾ- ਵ੍ਰਿਹਸਪਤਿ. ਵਾਚਪਤਿ.

**ਵਾਗੀਸ਼੍ਵਰੀ:** ਸੰਗਯਾ- ਬਾਣੀ ਦੀ ਦੇਵੀ ਸਰਸ੍ਵਤੀ.

**ਵਾਗੁਰਾ:** ਦੇਖੋ, ਬਾਉਰ.

**ਵਾਂਗੂ:** ਵਯ- ਸਮਾਨ. ਨਿਆਈਂ. "ਚੋਰੈ ਵਾਂਗੂ ਪਕੜੀਐ." (ਆਸਾ ਅਃ ਮਃ ੩)

**ਵਾਘ:** ਵ੍ਯਾਘ੍ਰ. ਸ਼ੇਰ. ਨਾਹਰ। ੨. ਬਘਿਆੜ. ਭੇਡੀਆ। ੩. ਦੇਖੋ, ਵਾਘੂ.

**ਵਾਘੂ:** ਸਿੰਧੀ. ਮਗਰਮੱਛ. ਨਿਹੰਗ.

**ਵਾਂਙ:** ਦੇਖੋ, ਵਾਂਗੂ। ੨. ਦੇਖੋ, ਵਾਂਙ੍ਮਯ.

**ਵਾਂਙ੍ਮਯ:** ਵਾਕ੍ ਸ੍ਵਰੂਪ. ਵਾਗ੍ਮਯ, ਸ਼ਾਸਤ੍ਰ, ਜਿਸ ਦਾ ਸ੍ਵਰੂਪ ਵਚਨਮਾਤ੍ਰ ਹੈ.

**ਵਾਚ:** ਸੰ. ਵਾਚ੍. ਸੰਗਯਾ- ਬਾਣੀ। ੨. ਕਥਨ।੩ ਭਾਸ਼ਾ. ਬੋਲੀ। ੪. ਸਰਸ੍ਵਤੀ। ੫. ਬੋਲਣ ਦੀ ਇੰਦ੍ਰੀ। ੬. ਦੇਖੋ, ਵਾਚ੍ਯ. "ਵਾਚ ਉਪਾਸਕ ਲਖਿਯਤ ਸੋਇ." (ਗੁਪ੍ਰਸੂ) ੭. ਪੰਜਾਬੀ ਵਿੱਚ ਵਾਚਕ ਦੀ ਥਾਂ ਭੀ ਵਾਚ ਸ਼ਬਦ ਵਰਤੀਦਾ ਹੈ.

**ਵਾਚਸਪਤਿ:** ਦੇਖੋ, ਵਾਗੀਸ਼੍ਵਰ.

**ਵਾਚਕ:** ਵਿ- ਕਥਕ. ਕਹਣ ਵਾਲਾ। ੨. ਪੜ੍ਹਨ ਵਾਲਾ ਵਾਚਣ ਵਾਲਾ. "ਸੁਤ ਵਾਚਕ ਭਯੋ ਬੁਲੰਦੇ." (ਗੁਪ੍ਰਸੂ) ੩. ਸੰਗਯਾ- ਸ਼ਬਦ ਦਾ ਅਸਲੀ ਅਰਥ। ੪. ਦੇਖੋ, ਉਪਮਾ.

**ਵਾਚਕਲੁਪਤਾ:** ਦੇਖੋ, ਉਪਮਾ.

**ਵਾਚਣਾ, ਵਾਚਨ:** ਪੜ੍ਹਨਾ. ਕਥਨ ਕਰਨਾ. ਪੜ੍ਹਕੇ ਸੁਣਾਉਣਾ. "ਵਾਚਹਿ ਪੁਸਤਕ ਵੇਦ ਪੁਰਾਨਾ." (ਮਾਰੂ ਸੋਲਹੇ ਮਃ ੧)

**ਵਾਚਾ:** ਸੰ. ਸੰਗਯਾ- ਬਾਣੀ. ਵ੍ਯਾਖ੍ਯਾ। ੨. ਸਰਸ੍ਵਤੀ.

**ਵਾਚਾਈ:** ਵਾਚਨ ਕਰਵਾਈ. ਪੜ੍ਹਵਾਈ. "ਪਾਧੇ ਆਣਿ, ਪਤੀ ਬਹਿ ਵਾਚਾਈਆ." (ਸੂਹੀ ਛੰਤ ਮਃ ੪)

**ਵਾਚਾਰਥ:** ਵਾਚ੍ਯ ਅਰਥ. ਸ਼ਬਦ ਦਾ ਪ੍ਰਸਿੱਧ ਅਰਥ. "ਲੱਖ ਰੂਪ ਵਾਚਾਰਥ ਜਾਸ ਕਹਿ." (ਗੁਪ੍ਰਸੂ) ਦੇਖੋ, ਲਕ੍ਸ਼੍ਯ ਅਤੇ ਵਾਚ੍ਯ.

**ਵਾਚਾਲ:** ਸੰ. ਵਿ- ਬਾਤੂਨੀ. (talkative) ੨. ਬਹੁਤ ਅਤੇ ਵ੍ਰਿਥਾ ਬੋਲਣ ਵਾਲਾ. ਬਕਵਾਦੀ

**ਵਾਚੀ:** ਸੰ. ਵਾਚਿਨ੍. ਵਿ- ਬੋਧ ਕਰਾਉਣ ਵਾਲਾ. ਜਤਲਾਉਣ ਵਾਲਾ. ਸੂਚਕ। ੨. ਵਾਚਣਾ ਕ੍ਰਿਯਾ ਦਾ ਭੂਤ ਕਾਲ, ਇਸਤ੍ਰੀ ਲਿੰਗ. ਜਿਵੇਂ ਉਸ ਨੇ ਚਿੱਠੀ ਵਾਚੀ.

**ਵਾਚ੍ਯ:** ਸੰ. ਸੰਗਯਾ- ਸੰਕੇਤ ਰੂਪ ਕਰਕੇ ਕਿਸੇ ਸ਼ਬਦ ਦਾ ਠਹਿਰਾਇਆ ਅਰਥ. ਜੈਸੇ- ਘੋੜਾ ਸ਼ਬਦ ਇੱਕ ਪ੍ਰਕਾਰ ਦੇ ਚੁਪਾਏ ਪਸ਼ੂ ਦਾ ਬੋਧ ਕਰਾਉਂਦਾ ਹੈ। ੨. ਬਾਣੀ ਕਰਕੇ ਜਿਸ ਨੂੰ ਪ੍ਰਤਿਪਾਦਨ ਕਰੀਏ. "ਈਸ਼੍ਵਰ ਵਾਚ੍ਯ ਅਹੈ ਸਰਵਗ੍ਯ." (ਗੁਪ੍ਰਸੂ) ੩. ਪ੍ਰਤਿਪਾਦਨ. ਵਰਣਨ ਕਰਨਾ। ੪. ਦੂਸ਼ਣ। ੫. ਵਿ- ਬਯਾਨ ਕਰਨ ਲਾਇਕ। ੬. ਦੋਸ਼ ਯੋਗ੍ਯ. ਨਿੰਦਣ ਲਾਇਕ.

**ਵਾਚ੍ਯਾਰਥ:** ਵਾਚ੍ਯ. ਅਰਥ. ਦੇਖੋ, ਵਾਚ੍ਯ ੧.

**ਵਾਛ:** ਸੰਗਯਾ- ਢਾਲ. ਉਗਰਾਹੀ। ੨. ਦੇਖੋ, ਵਾਂਛ.

**ਵਾਂਛ:** ਸੰ. वाञ्छ. ਧਾ- ਇੱਛਾ ਕਰਨਾ. ਚਾਹੁਣਾ.

ਵਾਛੜ: ਬੁਛਾੜ. ਦੇਖੋ, ਬਾਛੜ.

ਵਾਂਛਾ: ਦੇਖੋ, ਬਾਂਛਾ.

ਵਾਂਛਿਤ: ਦੇਖੋ, ਬਾਂਛਤ.

ਵਾਜ: ਸੰ. ਸੰਗਯਾ- ਅੰਨ। ੨. ਘੀ। ੩. ਜਲ। ੪. ਯਗ੍ਯ। ੫. ਤੀਰ ਦਾ ਪੰਖ (ਪਰ). ੬. ਵੇਗ. ਤੇਜ਼ੀ। ੭. ਬਲ. ਸ਼ਕਤਿ। ੮. ਲਾਭ. ਨਫਾ। ੯. ਘੋੜਾ। ੧੦. ਜੰਗ। ਯੁੱਧ। ੧੧. ਦੇਖੋ, ਬਾਜ। ੧੨. ਆਵਾਜ਼ ਦਾ ਸੰਖੇਪ। ੧੩. ਦੇਖੋ, ਵਾਅਜ ੧.

ਵਾਜਬ: ਦੇਖੋ, ਵਾਜਿਬ.

ਵਾਜਾ: ਸੰਗਯਾ- ਵਾਦ੍ਯ. ਸਾਜ. ਵਾਦਿਤ੍ਰ. "ਵਾਜਾ ਮਤਿ, ਪਖਾਵਜ ਭਾਉ." (ਆਸਾ ਮਃ ੧) ਦੇਖੋ, ਪੰਚ ਸਬਦ। ੨. ਸੰਗੀਤ ਵਿੱਚ ਛੀ ਪ੍ਰਕਾਰ ਦੇ ਵਾਜੇ ਇਹ ਭੀ ਲਿਖੇ ਹਨ-

ਏਕਹਸ੍ਤ- ਜੋ ਇੱਕ ਹੱਥ ਨਾਲ ਵਜਾਇਆ ਜਾਵੇ. ਇੱਕਤਾਰਾ ਤਾਨਪੂਰਾ ਆਦਿ.

ਦ੍ਵਿਹਸ੍ਤ- ਜੋ ਦੋ ਹੱਥਾਂ ਨਾਲ ਵਜਾਈਏ. ਮ੍ਰਿਦੰਗ ਪਖਾਵਜ ਵੀਣਾ ਆਦਿ.

ਕੁਡਯਾਘਾਤ- ਜੋ ਡੰਕੇ ਨਾਲ ਵਜਾਇਆ ਜਾਵੇ. ਨਗਾਰਾ ਢੋਲ ਆਦਿ.

ਧਨੁਰਾਘਸ਼ੰ- ਜੋ ਕਮਾਣ ਦੀ ਸ਼ਕਲ ਦੇ ਵਾਲਾਂ ਦੇ ਗੁਜ ਨਾਲ ਵਜਾਈਏ. ਸਾਰੰਗੀ ਸਰੰਦਾ ਤਾਊਸ ਆਦਿ.

ਹੂਤਕਾਰ- ਜੋ ਮੂੰਹ ਦੀ ਫੂਕ ਨਾਲ ਵਜਾਇਆ ਜਾਵੇ. ਨਫੀਰੀ ਮੁਰਲੀ ਆਦਿ.

ਬਹੁਰੰਗੀਕ- ਜੋ ਪਰਸਪਰ ਤਾੜਨ ਤੋਂ ਬੱਜੇ. ਝਾਂਝ ਖੜਤਾਲ ਆਦਿ. ਦੇਖੋ, ਸਾਜ.

ਵਾਜਾ ਨੇਜਾ: ਨਗਾਰਾ ਅਤੇ ਨਸ਼ਾਨ. "ਵਾਜਾ ਨੇਜਾ ਪਤਿ ਸਿਉ ਪਰਗਟ." (ਸ੍ਰੀ ਮਃ ੧) ਸ਼ੁਭ ਆਚਰਣ ਦ੍ਵਾਰਾ ਪ੍ਰਾਪਤ ਹੋਈ ਪਤ ਨਾਲ ਪ੍ਰਸਿੱਧ ਹੋਣਾ, ਸਾਡਾ ਨਗਾਰਾ ਅਤੇ ਝੰਡਾ ਹੈ.

ਵਾਜਿ: ਦੇਖੋ, ਵਾਜੀ.

ਵਾਜਿਅ: ਅ਼. واضع ਵਾਜਿਅ਼. ਵਿ- ਵਜਅ਼ ਕਰਨ ਵਾਲਾ. ਰੱਖਣ ਵਾਲਾ. ਕਾਢ ਕੱਢਣ ਵਾਲਾ. ਬਣਾਉਣ ਵਾਲਾ। ੨. ਦੇਖੋ, ਵਾਜਿਹ.

ਵਾਂਜਿਆ: ਵਿ- ਵੰਚਿਤ. ਮਹਰੂਮ.

ਵਾਜਿਹ: ਅ਼. واضح ਵਾਜਿਹ਼. ਵਿ- ਪ੍ਰਗਟ ਜਾਹਿਰ. ਪ੍ਰਤੱਖ.

ਵਾਜਿਨੀ: ਵਾਜੀ (ਘੋੜਿਆਂ) ਦੀ ਸੈਨਾ. ਰਸਾਲਾ. (ਸਨਾਮਾ) ੨. ਛੁਦ੍ਰਘੰਟਿਕਾ. ਵੱਜਣ ਵਾਲੀ (ਘੁੰਘਰੂਆਂ ਦੀ) ਤੜਾਗੀ। ੩. ਸੰ. ਘੋੜੀ। ੪. ਅਸ਼੍ਵਗੰਧਾ (ਅਸਗੰਧ) ਬੂਟੀ. ਦੇਖੋ, ਅਸਗੰਧ.

ਵਾਜਿਬ: ਅ਼. واجب ਵਿ- ਜਰੂਰੀ। ੨. ਮੁਨਾਸਿਬ. ਯੋਗ੍ਯ.

ਵਾਜਿਬੁਲ ਅਰਜ, ਵਾਜਿਬੁਲ ਅ਼ਰਜ: ਅ਼. واجب العرض ਵਾਜਿਬੁਲ- ਅ਼ਰਜ. ਯੋਗ੍ਯ ਪ੍ਰਾਰਥਨਾ. ਵਿਨਯਪਤ੍ਰ। ੨. ਭਾਈ ਮਨੀਸਿੰਘ ਜੀ ਦੀ ਸਾਖੀ "ਭਗਤਾਵਲੀ" ਵਿੱਚ ਲਿਖੀ ਸਹਜਧਾਰੀ ਸਿੱਖਾਂ ਦੀ ਬੇਨਤੀ, ਜਿਸ ਵਿੱਚ ਦਸ ਪ੍ਰਸ਼ਨ ਦਸ਼ਮੇਸ਼ ਦੇ ਪੇਸ਼ ਕੀਤੇ ਗਏ ਹਨ.

ਵਾਜਬੁਲਅਰਜ ਦੇ ਪਾਠ ਤੋਂ ਮਲੂਮ ਹੁੰਦਾ ਹੈ ਕਿ ਨਾ ਇਹ ਭਾਈ ਮਨੀਸਿੰਘ ਜੀ ਦੀ ਕਲਮ ਤੋਂ ਲਿਖੀ ਗਈ ਹੈ ਅਰ ਨਾ ਕਲਗੀਧਰ ਦੇ ਅਜੇਹੇ ਹੁਕਮ ਹੋਏ ਹਨ, ਪਰ ਪਾਠਕਾਂ ਦੇ ਗ੍ਯਾਨ ਲਈ ਇਸ ਗ੍ਰੰਥ ਵਿੱਚ ਅਸਲ ਪਾਠ ਦਿਖਾਇਆ ਜਾਂਦਾ ਹੈ.

(ੳ) ਸਮੇ ਵਿਆਹ ਦੇ ਅਸੀਂ ਵੇਦਪਾਠੀ ਬ੍ਰਾਹਮਣਾਂ ਨੂੰ ਬੁਲਾਇਕੈ ਵਿਵਾਹ ਦੀਆਂ ਕਾਂਡੀਆਂ ਪੜ੍ਹਾਇਕੈ ਵਿਵਾਹ ਕਰਦੇ ਸਾਂ. ਤੇ ਹੁਣ ਸਿੱਖ[1163] ਕਹਿੰਦੇ ਹਨ- ਤੁਸੀਂ ਆਨੰਦ ਪੜ੍ਹਕੇ ਵਿਵਾਹ ਕਰੋ, ਬ੍ਰਾਹਮਣਾਂ ਨੂੰ ਨਾ ਬੁਲਾਵੋ. ਸੱਚੇ ਪਾਤਸ਼ਾਹ! ਅਬ ਜਿਵੈ ਹੁਕਮ ਹੋਵੈ.

ਦਸਤਖਤ ਖਾਸ ਹੋਏ- ਪਹਿਲੇ ਆਨੰਦ ਪੜ੍ਹਨਾ, ਅਰਦਾਸ ਕਰਨੀ, ਪਿੱਛੇ ਬ੍ਰਾਹਮਣਾਂ ਥੀਂ ਹਮੇਸ਼ਾਂ ਜਿਸ ਤਰਾਂ ਪੜਾਵਦੇ ਆਏ ਹੋਂ, ਤਿਵੈ ਪੜਾਵਣਾ, ਸੰਸਾ ਨਹੀਂ ਕਰਨਾ.

(ਅ) ਸਾਹਿਬਾ ਦਾ ਜੋ ਹੁਕਮ ਹੋਇਆ ਹੈ ਜੋ ਪੰਜਾਂ ਮੇਲਾਂ- ਧੀਰਮਲੀਏ, ਰਾਮਰਈਏ, ਮੀਣੇ, ਮਸੰਦ, ਸਿਰਗੁੰਮ- ਨੂੰ ਨਹੀਂ ਮਿਲਣਾ. ਸਿਰਗੁੰਮ ਕੌਣ ਹੈ?

ਬਚਨ ਹੋਇਆ ਸਿਰਗੁੰਮ ਸਰੇਵੜੇ ਅਨੀਸੁਰਵਾਦੀ ਹੈਨ. ਨੰਦਚੰਦ ਸੰਘੇ ਦੇ ਭੀ ਸਿਰਗੁੰਮ ਹੈਨ. ਪੱਕਾ ਸਿਰਗੁੰਮ. ਤੁਰਕ ਹੈ.

ਸਿੱਖਾਂ ਅਰਦਾਸ ਕੀਤੀ- ਕੋਈ ਬਪਾਰ ਦੀ ਕ੍ਰਿਆ ਵਾਲਾ ਹੈ, ਕੋਈ ਮੁਸੱਦੀ ਪੇਸ਼ਾ ਹੈ, ਵਿਹਾਰ ਦਾ ਸਦਕਾ ਸਭ ਕਿਸੇ ਦਾ ਆਨ ਮੇਲ ਹੁੰਦਾ ਹੈ.

ਤਾਂ ਖਾਸ ਦਸਤਖਤ ਹੋਏ- ਪਹਿਲੇ ਪੁੱਛਕੇ ਵਰਤਣ ਕਰਣੀ, ਜੋ ਭੁੱਲ ਭੁਲਾਂਵੇ ਵਰਤੋਂ, ਤਾਂ ਅਰਦਾਸ ਕਰਵਾਇ ਲੈਣੀ.

(ੲ) ਸੱਚੇ ਪਾਤਸ਼ਾਹ! ਅਸੀਂ ਸਹਜਧਾਰੀ ਤੇਰੇ ਸਿੱਖ ਜੋ ਹੈਸਾਂ, ਸੋ ਮਾਤਾ ਪਿਤਾ ਦੇ ਮਰਣੇ ਉੱਪਰ ਕ੍ਰਿਆ ਕਰਮ ਭਦ੍ਰ ਜੋੜੀ ਸੰਸਾਰ ਦੀ ਰੀਤਿ ਸੀ, ਜੋ ਕਰਦੇ ਹੈਸਾਂ. ਤੇ ਹੁਣ ਸਿੱਖ ਆਖਦੇ ਹਨ- ਜੋ ਖਾਲਸਾ ਵਾਹਿਗੁਰੂ ਜੀ ਨੇ ਵਰਤਾਇਆ ਹੈ, ਹੁਣ ਤੁਸੀਂ ਏਹੁ ਰੀਤਾਂ ਸੰਸਾਰ ਦੀਆਂ ਨਾ ਕਰਿਆ ਕਰੋ. ਸੱਚੇ ਪਾਤਸ਼ਾਹ ਜਿਵੇਂ ਹੁਕਮ ਹੋਵੈ.

ਤਾਂ ਬਚਨ ਹੋਇਆ, ਖਾਸ ਦਸਤਖਤ ਹੋਏ- ਭੱਦਨ (ਭਦ੍ਰ) ਨਹੀਂ ਕਰਨਾ, ਹੋਰ ਕ੍ਰਿਆ ਕਰਮ ਕਰਤੂਤ ਜੈਸੀ ਦੇਸਚਾਲ ਹੋਵੈ ਤਿਵੈ ਕਰਕੈ ਬਖਸਾਇ ਲੈਣਾ.

(ਸ) ਸੱਚੇ ਪਾਤਸਾਹੁ! ਸਮੇ ਵਿਵਾਹ ਅਤੇ ਖਿਆਹ ਸਰਾਧ ਦੇ ਦਿਨ ਅਸੀਂ ਬ੍ਰਾਹਮਣਾਂ ਨੂੰ ਭੋਜਨ ਕਰਾਂਵਦੇ ਹੈਸਾਂ, ਹੁਣ ਸਿੱਖ ਆਖਦੇ ਹਨ, ਜੋ ਸਿੱਖਾਂ ਨੂੰ ਛਕਾਵਣਾ.

ਹੁਕਮ ਹੋਇਆ- ਸਿੱਖਾਂ ਨੂੰ ਭੀ ਬ੍ਰਾਹਮਣਾਂ ਨੂੰ ਭੀ ਅਤਿਥਾਂ ਨੂੰ ਭਲੀ ਪ੍ਰਕਾਰ ਪ੍ਰੀਤਿ ਕਰਕੈ ਸਭਸ ਨੂੰ ਪ੍ਰਸਾਦ ਛਕਾਇਆ ਕਰੋ.

(ਹ) ਸੱਚੇ ਪਾਤਸ਼ਾਹ! ਵਖਤ ਜੰਞੂ ਪਾਵਣੇ ਦੇ ਅਸੀਂ ਪੁਤ੍ਰ ਨੂੰ ਉਸਤਰੇ ਨਾਲ ਭਦ੍ਰ ਕਰਾਂਵਦੇ ਸਾਂ, ਹੁਣ ਜਿਵੇਂ ਹੁਕਮ ਹੋਵੈ ਤਿਵੈ ਕੀਚੈ.

ਹੁਕਮ ਤੇ ਖਾਸ ਦਸਤਖਤ ਹੋਏ- ਜੋ ਸਹਜਧਾਰੀਆਂ ਦੇ ਬੇਟਿਆਂ ਨੂੰ ਪਾਹੁਲ ਦੇਣੀ.

(ਕ) ਸੱਚੇ ਪਾਤਸ਼ਾਹ! ਅੱਗੇ ਅਸੀਂ ਅਸਥੀਆਂ ਗੰਗਾ ਭੇਜਦੇ ਸਾਂ ਹੁਣ ਸਿੱਖ ਮਨੇ ਕਰਦੇ ਹਨ, ਜਿਵੇ ਹੁਕਮ ਹੋਵੈ.

ਬਚਨ ਤੇ ਖਾਸ ਦਸਤਖਤ ਹੋਏ- ਜੇ ਪਹੁਚਾਇ ਸਕੋਂ ਤਾਂ ਅਸਤੀਆਂ ਪਹੁਚਾਇ ਦੇਣੀਆਂ ਅਰ ਜੇ ਸਿੱਖ ਜੁੱਧ ਵਿੱਚ ਜਿੱਥੇ ਹੁਕਮਸਤਿ ਹੁੰਦਾ ਹੈ, ਸੋਈ ਕੁਰੁਛੇਤ੍ਰ ਹੈ. ਇਕੇ ਸਾਧਸੰਗਤਿ ਕੀ ਚਰਣਧੂਰਿ ਵਿੱਚ ਪਾਇ ਦੇਣੀਆਂ, ਅਮ੍ਰਿਤਸਰ ਜੀ ਦੇ ਚੌਫੇਰੇ, ਏਸੇ ਥਾਂ ਓਨਾਂ ਦੀ ਗਤਿ ਹੋਵੈਗੀ.

(ਖ) ਅਸੀਂ ਜੋ ਆਮਿਲ ਪੇਸ਼ਾ ਕਚਹਿਰੀਆਂ ਜਾਣ ਵਾਲੇ ਸਿੱਖ ਦਾੜੀਆਂ ਕੇਸ ਇੱਕੋ ਜੇਹੇ ਕੈਂਚੀਆਂ ਨਾਲ ਕਟਵਾਇ ਲੈਂਦੇ ਸਾਂ, ਹੁਣ ਜਿਵੈ ਹੁਕਮ ਹੋਵੈ ਤਿਵੈਂ ਕਰੀਏ.

ਹੁਕਮ ਤੇ ਖਾਸ ਦਸਤਖਤ ਹੋਏ- ਜੇਹੜੇ ਤੁਸੀਂ ਸਹਜਧਾਰੀ ਸਿੱਖ ਹੋਂ, ਜੇ ਕੇਸਧਾਰੀਆਂ ਦੀ ਤਰਾਂ ਸਾਬਤ ਰੱਖੋਂ ਤਾਂ ਭਲਾ ਹੈ, ਨਹੀਂ ਤਾਂ ਤੁਸੀਂ ਜਰੂਰ- ਮਾਤ੍ਰ ਵਧੀਕ ਹੋਵੈ ਸੋ ਬਰਾਬਰ ਕਰਵਾਇ ਛੱਡਣੇ, ਫੇਰ ਬਖਸਾਇ ਲੈਣਾ. ਜੋ ਕੇਸਧਾਰੀ ਇਹ ਕਰਮ

[1163] ਖੰਡੇ ਦਾ ਅਮ੍ਰਿਤ ਛਕਣ ਵਾਲੇ ਕੇਸਧਾਰੀ ਸਿੰਘ.

ਕਰੈਗਾ, ਓਹ ਸਿੱਖ ਨਹੀਂ.

(ਗ) ਸੱਚੇ ਪਾਤਸ਼ਾਹ! ਜੋ ਹੁਕਮ ਹੋਇਆ ਹੈ ਜੋ ਸਿਰਗੁੰਮਾ ਪੰਜਾਂ ਮੇਲਾਂ ਦੇ ਮੁਹ ਕੋਈ ਲੱਗੈ ਨਹੀਂ. ਜੇ ਕੋਈ ਆਂਵਦਾ ਜਾਂਦਾ ਮੁਹ ਲਗ ਜਾਵੈ, ਤਾਂ ਕਿਉਂ ਕਰ ਵਚਨ ਹੈ?

ਹੁਕਮ ਹੋਇਆ- ਰਿਦਾ ਸੁੱਧ ਗੁਰਾਂ ਵੱਲ ਚਾਹੀਦਾ ਹੈ, ਆਂਵਦਾ ਜਾਂਦਾ ਮੁਹ ਲਗ ਜਾਵੈ, ਤਾਂ ਕੀ ਹੈ? ਵਰਤਣ ਨਹੀਂ ਕਰਨੀ.

(ਘ) ਜੇਹੜੇ ਸਿੱਖ ਗੰਗਾ ਜੀ ਦੇ ਇਸਨਾਨ ਨੂੰ ਗਏ ਹਨ, ਜੋ ਇਸਨਾਨ ਕਰਕੈ ਆਵਨ ਤਾਂ ਕਿਵਕਰ ਵਰਤੀਏ?

ਵਚਨ ਹੋਆ- ਹਿਤ ਪਿਆਰ ਨਾਲ ਓਨਾ ਨਾਲ ਵਰਤਣਾ ਬਹੁਤੀ ਦਿੱਕਤ ਨਾਹੀ ਕਰਨੀ ਭਾਈ ਸਿੱਖੋ! ਤੁਸਾਡੇ ਉੱਪਰ ਸਾਡਾ ਏਹ ਹੁਕਮ ਹੈ- ਪੰਜਾਂ ਮੇਲਾਂ ਵਿੱਚੋਂ ਕਿਸੇ ਨਾਲ ਨਹੀਂ ਮਿਲਣਾ, ਕਿਉਂ ਜੋ ਓਨਾ ਦਾ ਮੇਲ ਕਰਿ ਗੁਰੂ ਦਾ ਸਿਦਕ ਘਟਦਾ ਹੈ. ਕੋਈ ਓਨਾਂ ਵਿੱਚੋਂ ਭੀ ਮੇਲ ਕੀਤਾ ਚਾਹੇ, ਸੋ ਮੇਲ ਲੈਣਾ ਗੁਰਮਤਿ ਦਾ ਉਪਦੇਸ਼ ਦੇਣਾ, ਭਜਨ ਕਰਣਾ, ਧਰਮ ਦੀ ਕਿਰਤ ਕਰਣੀ ਤੇ ਵੰਡ ਖਾਣਾ, ਸਿੱਖ ਦੀ ਰਹਿਰਾਸਿ ਏਹੋ ਹੈ.

(ਙ) ਸੱਚੇ ਪਾਤਸ਼ਾਹ! ਅੱਗੇ ਜੇ ਕੋਈ ਹੁਕਮਸਤਿ ਹੁੰਦਾ ਸੀ, ਤਾਂ ਅਸੀਂ ਪੰਡਿਤਾਂ ਨੂੰ ਬੁਲਾਇਕੈ ਗਰੁੜਪੁਰਾਣ ਵਚਾਂਵਦੇ ਸਾਂ, ਤੇ ਦਸਗਾਤ੍ਰ ਕਰਾਂਵਦੇ ਸਾਂ, ਤੇ ਹੁਣ ਪੰਡਿਤ ਨਹੀਂ ਆਂਵਦੇ ਕਹਿੰਦੇ ਹੈਨ- ਜੋ ਧਾਗਾ ਤੇ ਲੰਗੋਟ ਰੱਖੋ ਤੇ ਦਸਗਾਤ੍ਰ ਕਰੋ ਤਾਂ ਅਸੀਂ ਆਵਨੇ ਹਾਂ, ਜਿਵੇਂ ਹੁਕਮ ਹੋਵੈ ਤਿਵੈ ਕੀਚੈ.

ਵਚਨ ਤੇ ਦਸਤਖਤ ਹੋਏ- ਤੁਸਾਂ ਸਿਦਕ ਤੇ ਤਕੜੇ ਰਹਿਣਾ, ਗ੍ਰੰਥ ਜੀ ਦਾ ਭੋਗ ਪਵਾਣਾ ਤੇ ਪੰਜਵੇਂ ਪਾਤਸ਼ਾਹ ਜੀ ਦੇ ਸਹਸਕ੍ਰਿਤੀ ਸਲੋਕਾਂ ਦੀ ਕਥਾ ਸਿੱਖਾਂ ਥੀਂ ਸੁਣਨੀ. ਪ੍ਰਾਣੀ ਦਾ ਭੀ ਖਾਲਸਾ ਜੀ ਵਿੱਚ ਵਾਸਾ ਹੋਵੈਗਾ, ਤੇ ਤੁਸਾਂ ਨੂੰ ਭੀ ਗਿਆਨ ਪ੍ਰਾਪਤ ਹੋਵੈਗਾ. ਸਿਦਕ ਜੇਹਾ ਤੇ ਨਾਮ ਜੇਹਾ ਪਦਾਰਥ ਕੋਈ ਨਹੀਂ.

ਵਾਜਿਮੇਧ: ਸੰਗਯਾ- ਘੋੜੇ ਦੀ ਕੁਰਬਾਨੀ. ਅਸ਼੍ਵਮੇਧ ਯਗ੍ਯ. ਦੇਖੋ, ਅਸ਼੍ਵਮੇਧ.

ਵਾਜਿਰਾਜ: ਘੋੜਿਆਂ ਦਾ ਰਾਜਾ ਉਚੈਃ ਸ਼੍ਰਵਾ.

ਵਾਜੀ: ਘੋੜਾ. ਦੇਖੋ, ਬਾਜੀ ੨। ੨. ਕਾਵ੍ਯ ਅਨੁਸਾਰ ਪੁਰੁਸ਼ ਦੀ ਇੱਕ ਜਾਤਿ. ਦੇਖੋ, ਪੁਰੁਖਜਾਤਿ.

ਵਾਜੇ: ਵੱਜੇ. ਦੇਖੋ, ਵਜਣਾ। ੨. ਬੰਦ ਹੋਏ. ਵੱਜੇ. "ਨਉ ਦਰ ਵਾਜੇ, ਦਸਵੈ ਮੁਕਤਾ." (ਮਾਝ ਅਃ ਮਃ ੩) ਜਦ ਨੌ ਦ੍ਵਾਰ ਬੰਦ ਹੋਏ, ਭਾਵ- ਵਿਕਾਰਾਂ ਵੱਲੋਂ ਉਨ੍ਹਾਂ ਦੇ ਕਪਾਟ ਭਿੜੇ, ਤਦ ਦਸਮਦ੍ਵਾਰ ਦਾ ਦਰ ਖੁਲ੍ਹਿਆ। ੩. ਵਜਾਏ. "ਵਾਜੇ ਬਾਝਹੁ ਸਿੰਙੀ ਬਾਜੈ." (ਸੂਹੀ ਮਃ ੧) ਬਗੈਰ ਵਜਾਏ.

ਵਾਜੰਗਾ: ਵਾਦਨ ਕੀਤਾ ਵਜਾਇਆ. "ਅਨਹਦ ਸਬਦ ਮਨਿ ਵਾਜੰਗਾ." (ਮਾਰੂ ਸੋਲਹੇ ਮਃ ੫)

ਵਾਝ, ਵਾਝਹੁ, ਵਾਝੁ: ਬਿਨਾ. ਬਗੈਰ. ਦੇਖੋ, ਬਾਝ ਅਤੇ ਬਾਝਹੁ। ੨. ਦੇਖੋ, ਵਾਹ੍ਯ.

ਵਾਟ: ਸੰ. ਸੰਗਯਾ- ਮਾਰਗ. ਰਾਹ. "ਸੋ ਜਨੁ ਜਮ ਕੀ ਵਾਟ ਨ ਪਾਈਐ." (ਆਸਾ ਮਃ ੫) "ਮੇਰਾ ਸੀਸੁ ਕੀਜੈ ਗੁਰਵਾਟ" (ਮਾਲੀ ਮਃ ੪) ੨. ਰੀਤਿ. ਚਾਲ. "ਜਿਉ ਲਾਹਾ ਤੋਟਾ ਤਿਵੈ, ਵਾਟ ਚਲਦੀ ਆਈ." (ਆਸਾ ਅਃ ਮਃ ੧)

ਵਾਟਪਾਰ: ਧਾੜਵੀ. ਡਾਕੂ. ਦੇਖੋ, ਬਾਟਪਾਰ.

ਵਾਟਬੰਧਨਾ: ਕ੍ਰਿ- ਰਾਹ ਰੋਕਣਾ. "ਹਰਿ ਹਰਿ ਨਾਮੁ ਜਪੰਤਿਆ, ਕੋਇ ਨ ਬੰਧੈ ਵਾਟ." (ਵਾਰ ਰਾਮ ੨. ਮਃ ੫)

ਵਾਟ ਵਟਾਉਣਾ: ਕ੍ਰਿ- ਰਾਹ ਬਦਲਕੇ ਜਾਣਾ. ਜਿਸ ਮਾਰਗ ਆਉਣਾ ਉਸ ਤੋਂ ਜੁਦੇ ਰਾਹ ਜਾਣਾ "ਘਰਿ ਜਾਸਨ ਵਾਟ ਵਟਾਇਆ." (ਸ੍ਰੀ ਮਃ ੫. ਪੈਪਾਇ) ੨. ਇੱਕ ਸ਼ਰੀਰ ਨੂੰ ਛੱਡਕੇ ਫੇਰ ਹੋਰ ਪ੍ਰਕਾਰ ਦੇ ਸ਼ਰੀਰ ਵਿੱਚ ਦਾਖਲ ਹੋਣਾ ਭਿੰਨ ਭਿੰਨ ਯੋਨੀਆਂ ਵਿੱਚ ਭ੍ਰਮਣ ਕਰਨਾ. "ਚਲੇ ਚਲਣਹਾਰ ਵਾਟ ਵਟਾਇਆ." (ਆਸਾ ਅਃ ਮਃ ੧)

ਵਾਟਵਟਾਊ: ਵਿ- ਜੋ ਸਦਾ ਵਾਟ (ਮਾਰਗ) ਵਿੱਚ ਰਹੇ. ਇੱਕ ਪਾਸੇ ਜਾਵੇ ਦੂਜੇ ਪਾਸੇ ਫਿਰ ਮੁੜ ਆਵੇ. "ਵਾਟ ਵਟਾਊ ਆਵੈ ਜਾਇ." (ਓਅੰਕਾਰ) ਇਸ ਥਾਂ ਭਾਵ ਜੀਵ ਤੋਂ ਹੈ.

ਵਾਟੜੀ: ਸੰਗਯਾ- ਪਹੀ. ਪਗਡੰਡੀ. ਸੜਕ. "ਭੁਲੀ ਵਾਟੜੀਆਸੁ ਜੀਉ." (ਸੂਹੀ ਮਃ ੧. ਕੁਚਜੀ)

ਵਾਟਾਊ: ਵਾਟ (ਮਾਰਗ) ਜਾਣ ਵਾਲਾ. ਪਾਂਧੀ. ਰਾਹੀ. "ਜੇਤੇ ਜੀਅ ਤੇਤੇ ਵਾਟਾਊ." (ਮਃ ੧. ਵਾਰ ਰਾਮ ੧)

ਵਾਟਿ: ਮਾਰਗ (ਰਾਹ) ਵਿੱਚ.

ਵਾਟਿਕਾ: ਸੰ. ਸੰਗਯਾ- ਬਗੀਚਾ. ਬਾੜੀ। ੨. ਇਮਾਰਤ.

ਵਾਟੀ: ਦੀਵੇ ਦੀ ਬੱਤੀ. ਦੇਖੋ, ਬਾਤੀ ੨। ੨. ਦੇਖੋ, ਬਾਟੀ। ੩. ਸੰ. ਇਮਾਰਤ। ੪. ਰਹਿਣ ਦੀ ਥਾਂ.

ਵਾਟੁ: ਮਾਰਗ. ਰਾਹ. ਸੜਕ। ੨. ਰੀਤਿ ਰਿਵਾਜ. ਦੇਖੋ, ਵਾਟ.

ਵਾਡਵ: ਦੇਖੋ, ਵਾੜਵ.

ਵਾਢ: ਦੇਖੋ, ਬਾਢ। ੨. ਸੰ. ਵਜ- ਸ੍ਵੀਕਾਰ. ਅੰਗੀਕਾਰ. ਹਾਂ। ੩. ਵਿ- ਅਤਿਸ਼ਯ. ਬਹੁਤ.

ਵਾਂਢ, ਵਾਂਢਾ: ਦੇਖੋ, ਬਾਂਢ ਅਤੇ ਬਾਂਢਾ.

ਵਾਢੀ: ਦੇਖੋ, ਬਾਢੀ। ੨. ਦੇਖੋ, ਵਾਂਢੀ. "ਵਾਢੀ ਕਿਉ ਧੀਰੇਉ?" (ਮਾਰੂ ਅਃ ਮਃ ੧) ਵਾਂਢੇ ਕਿਸ ਤਰਾਂ ਧੀਰਜ ਧਰਾਂ?

ਵਾਂਢੀ: ਵਿ- ਪਰਦੇਸੀ। ੨. ਵਾਂਢੇ (ਕਿਨਾਰੇ) ਹੋਇਆ. ਵਿਯੋਗ ਵਾਲਾ, ਵਾਲੀ. "ਧਨ ਵਾਂਢੀ, ਪ੍ਰਿਯ ਦੇਸ ਨਿਵਾਸੀ." (ਮਲਾ ਅਃ ਮਃ ੧) "ਝੂਰਿ ਮਰਹੁ ਸੇ ਵਾਂਢੀਆ." (ਸੂਹੀ ਅਃ ਮਃ ੫)

ਵਾਢਯ: ਦੇਖੋ, ਬਾਢਯ ਅਤੇ ਬਾਢਯ.

ਵਾਣ: ਦੇਖੋ, ਬਾਣ। ੨. ਮੁੰਜ ਦੀ ਰੱਸੀ, ਜਿਸ ਨਾਲ ਮੰਜੇ ਆਦਿ ਬੁਣੀਦੇ ਹਨ. "ਸਿਰ ਪਰ ਜੀਰਣ ਵਾਣ ਪੁਰਾਣਾ[1164]." (ਗੁਪ੍ਰਸੂ) ੩. ਸੰ. ਤੀਰ. ਸ਼ਰ। ੪. ਅਗਨਿ। ੫. ਪੁਰਾਣਾਂ ਅਨੁਸਾਰ ਇੱਕ ਅਸੁਰ, ਜੋ ਬਲਿ ਦਾ ਵਡਾ ਪੁਤ੍ਰ ਸੀ. ਇਸ ਦਾ ਨਾਮ ਵੈਰੋਚੀ ਭੀ ਹੈ. ਇਹ ਸ਼ੋਣਿਤਪੁਰ[1165] ਦਾ ਰਾਜਾ ਸੀ, ਇਸ ਦੀ ਹਜਾਰ ਬਾਂਹਾਂ ਸਨ. ਵਾਣਾਸੁਰ ਸ਼ਿਵ ਦਾ ਪਿਆਰਾ ਅਤੇ ਵਿਸ਼ਨੁ ਦਾ ਵਿਰੋਧੀ ਸੀ. ਇਸ ਦੀ ਪੁਤ੍ਰੀ ਊਸ਼ਾ (ਊਸ਼ੀ) ਕ੍ਰਿਸ਼ਨ ਜੀ ਦੇ ਪੋਤੇ ਅਨਿਰੁੱਧ ਪੁਰ ਆਸਕ੍ਤ (ਆਸ਼ਕ) ਹੋ ਗਈ. ਊਸ਼ਾ ਨੇ ਅਨਿਰੁੱਧ ਨੂੰ ਘਰ ਸੱਦ ਲਿਆ. ਵਾਣ ਨੂੰ ਜਦ ਇਸ ਗੱਲ ਦਾ ਪਤਾ ਲੱਗਾ, ਤਾਂ ਅਨਿਰੁੱਧ ਨੂੰ ਕੈਦ ਕਰ ਲਿਆ. ਕ੍ਰਿਸ਼ਨ ਜੀ, ਬਲਰਾਮ, ਪ੍ਰਦ੍ਯੁਮਨ ਆਦਿ ਯਾਦਵ ਅਨਿਰੁੱਧ ਨੂੰ ਛੁਡਾਉਣ ਲਈ ਸ਼ੋਣਿਤਪੁਰ ਪਹੁਚੇ. ਵਾਣ ਨੇ ਚੰਗੀ ਤਰਾਂ ਇਨ੍ਹਾਂ ਦਾ ਟਾਕਰਾ ਕੀਤਾ. ਸ਼ਿਵ ਅਤੇ ਉਸ ਦੇ ਪੁਤ੍ਰ ਕਾਰਤਿਕੇਯ ਨੇ ਵਾਣ ਦੀ ਸਹਾਇਤਾ ਕੀਤੀ. ਇਸ ਜੰਗ ਵਿੱਚ ਵਾਣ ਦੀਆਂ ਬਹੁਤ ਬਾਹਾਂ ਵੱਢੀਆਂ ਗਈਆਂ, ਅਰ ਸ਼ਿਵ ਦੇ ਦਲ ਨੇ ਭੀ ਭਾਰੀ ਹਾਰ ਖਾਧੀ. ਅੰਤ ਨੂੰ ਸ਼ਿਵ ਨੇ ਕ੍ਰਿਸ਼ਨ ਜੀ ਤੋਂ ਮੁਆਫੀ ਮੰਗੀ ਅਰ ਵਾਣਾਸੁਰ ਦੀ ਜਾਨ ਬਖ਼ਸ਼ਵਾਈ ਅਤੇ ਅਨਿਰੁੱਧ ਊਸ਼ਾ ਨੂੰ ਲੈਕੇ ਦ੍ਵਾਰਿਕਾ ਆਨੰਦ ਨਾਲ ਪਹੁਚਿਆ।[1166] ਰਾਜਜਦੇਵੀ ਦਾ ਪੁਤ੍ਰ ਸੰਸਕ੍ਰਿਤ ਦਾ ਉੱਤਮ ਕਵਿ, ਜੋ ਥਨੇਸਰ ਅਤੇ ਕਨੌਜ ਦੇ ਰਾਜਾ ਹਰ੍ਸ਼ ਦੇ ਦਰਬਾਰ ਦਾ ਭੂਸ਼ਣ ਸੀ. ਵਾਣ ਨੇ ਹਰ੍ਸ਼ਚਰਿਤ ਸਨ ੬੨੦ ਵਿੱਚ ਲਿਖਿਆ ਹੈ. ਕਾਦੰਬਰੀ ਗ੍ਰੰਥ ਭੀ ਇਸੇ ਕਵਿ ਦੀ ਰਚਨਾ ਹੈ. ਇਸ ਦਾ ਪੁਤ੍ਰ ਭੂਸ਼ਣ ਭੱਟ ਭੀ

---

[1164] ਪੁਰਾਣਾ ਅਤੇ ਜੀਰਣ (ਟੁੱਟਿਆ ਹੋਇਆ.)

[1165] ਭੁਮਾਊਂ ਵਿੱਚ ਕੇਦਾਰਗੰਗਾ (ਮੰਦਾਕਿਨੀ) ਦੇ ਕਿਨਾਰੇ ਗੁਪਤਕਾਸ਼ੀ ਤੋਂ ਥੋੜੀ ਦੂਰ ਇਹ ਥਾਂ ਹੈ. ਜੋ ਉਸਾਮਨ ਤੋਂ ਛੀ ਮੀਲ ਹੈ.

[1166] ਦੇਖੋ, ਦਸਮਗ੍ਰੰਥ ਕ੍ਰਿਸ਼ਨਾਵਤਾਰ ਅੰਗ ੨੧੯੩ ਤੋਂ ੨੨੪੧.

ਉੱਤਮ ਕਵਿ ਹੋਇਆ ਹੈ ਇਸ ਨੂੰ ਕਈਆਂ ਨੇ "ਬਾਣ" ਲਿਖਿਆ ਹੈ. ਦੇਖੋ, ਬਾਣ ੮.

ਵਾਣਾ: ਦੇਖੋ, ਬਾਣਾ। ੨. ਸੰ. ਵਾਨ. ਪੇਟਾ. ਤਾਣੇ ਵਿੱਚ ਬੁਣੇ ਹੋਏ ਤੰਦ. "ਇੱਕ ਸੂਤ ਕਰ ਤਾਣਾ ਵਾਣਾ." (ਭਾਗੁ)

ਵਾਣਾਸੁਰ: ਦੇਖੋ, ਵਾਣ ੫.

ਵਾਣਿਜ੍ਯ: ਸੰ. ਸੰਗ੍ਯਾ- ਵਪਾਰ. ਵਣਜ. ਲੈਣ ਦੇਣ. ਸੌਦਾਗਰੀ. ਇਹ ਸ਼ਬਦ ਬਾਣਿਜ੍ਯ ਭੀ ਸੰਸਕ੍ਰਿਤ ਹੈ.

ਵਾਣੀ: ਸੰਗ੍ਯਾ- ਰੰਗਤ. ਵਰ੍ਣ. "ਉਦਕ ਗੰਗਾ ਵਾਣੀ." (ਵਡ ਛੰਤ ਮਃ ੧) ਭਾਵ- ਬਹੁਤ ਨਿਰਮਲ। ੨. ਪਾਣੀ. ਜਲ. "ਸਿਰੁ ਖੋਹਾਇ ਪੀਅਹਿ ਮਲ ਵਾਣੀ." (ਮਃ ੧. ਵਾਰ ਮਾਝ) ਮਲਿਨ ਪਾਣੀ। ੩. ਵਿ- ਵੰਤ. ਵਾਨ ਵਾਲਾ. ਵਾਲੀ. "ਅਖੁੱਟ ਨਦੀ ਜਿਸ ਸੁੰਮੇਵਾਣੀ." (ਪ੍ਰਾਪੰਪ੍ਰ) ਸੋਮੇਂ (ਚਸ਼ਮੇ) ਵਾਲੀ ਨਦੀ ਦਾ ਪ੍ਰਵਾਹ ਸਦਾ ਅਖੁੱਟ ਹੁੰਦਾ ਹੈ। ੪. ਸੰ. ਸੰਗ੍ਯਾ- ਸ਼ਬਦ. ਧੁਨਿ। ੫. ਕਥਨ. ਬਯਾਨ. ਫਰਮਾਨ. "ਬਾਬਰ ਵਾਣੀ ਫਿਰ ਗਈ." (ਆਸਾ ਅਃ ਮਃ ੧) ੬. ਸਰਸ੍ਵਤੀ। ੭. ਦੇਖੋ, ਬਾਣੀ.

ਵਾਣੁ: ਸਿੰਧੀ. ਮੁੰਜ ਆਦਿ ਦੀ ਰੱਸੀ. "ਚਿੰਤ ਖਟੋਲਾ, ਵਾਣੁ ਦੁਖੁ." (ਸ. ਫਰੀਦ) ੨. ਦੇਖੋ, ਬਾਣੁ.

ਵਾਤ: ਸੰ. ਵਾਦਿਤ੍ਰ. ਵਾਜਾ. "ਵਾਤ ਵਜਨਿ ਟੰਮਕ ਭੇਰੀਆ." (ਸ੍ਰੀ ਮਃ ੫. ਪੈਪਾਇ) ੨. ਵਾਰ੍‍ਤਾ. ਗੱਲ. "ਤ ਵਾਤ ਨ ਪੁਛੈ ਕੇ." (ਜਪੁ) ੩. ਮੁਖ. ਮੂੰਹ. ਦੇਖੋ, ਵਾਤਿ ਅਤੇ ਵਾਤੁ। ੪. ਸੰ. वात्. ਧਾ- ਸੁਖੀ ਹੋਣਾ, ਇਕੱਠਾ ਕਰਨਾ, ਸੇਵਾ ਕਰਨਾ। ੫. ਸੰਗ੍ਯਾ- ਸਪਰਸ਼ ਗੁਣ ਵਾਲਾ ਤਤ੍ਵ. ਵਾਯੁ. ਪੌਣ। ੬. ਸ਼ਰੀਰ ਦਾ ਇੱਕ ਧਾਤੁ। ੭. ਦੇਖੋ, ਬਾਤ। ੮. ਦੇਖੋ, ਵਜ਼ੱਤ.

ਵਾਤਸਲ੍ਯ: ਸੰ. वात्सल्य. ਸੰਗ੍ਯਾ- ਵਤਸ (ਬੱਚੇ) ਨਾਲ ਪਿਆਰ ਦਾ ਭਾਵ. ਮੁਹੱਬਤ ਭਗਤਾਂ ਨੇ ਕਾਵ੍ਯ ਦੇ ਨੌ ਰਸਾਂ ਤੋਂ ਵਧਕੇ ਇਹ ਰਸ ਮੰਨਿਆ ਹੈ. ਦੇਖੋ, ਰਸ ੯.

ਵਾਤਸੁਤ, ਵਾਤਪੁਤ੍ਰ: ਪਵਨਪੁਤ੍ਰ. ਹਨੁਮਾਨ। ੨. ਭੀਮਸੇਨ.

ਵਾਤੜੀ: ਵਾਰ੍‍ਤਾ. ਗੱਲ. ਬਾਤ. "ਪਿਰੁ ਵਾਤੜੀ ਨ ਪੁਛਈ." (ਸ. ਫਰੀਦ)

ਵਾਤਾਪਿ: ਦੇਖੋ, ਇਲ੍ਵਲ.

ਵਾਤਾਰਿ: ਵਾਤ- ਅਰਿ. ਏਰੰਡ. ਏਰੰਡ ਸ਼ਰੀਰ ਦੇ ਵਾਤ ਦੋਸ਼ ਦੂਰ ਕਰਦਾ ਹੈ। ੨. ਜਿਮੀਕੰਦ। ੩. ਥੋਹਰ। ੪. ਅਜਵਾਯਨ.

ਵਾਤਿ: ਵਾਤ (ਮੁਖ) ਵਿੱਚ. ਮੂੰਹ ਵਿੱਚ. ਦੇਖੋ, ਸਿਪੀਤੀ. "ਦਿਲ ਕਾਤੀ, ਗੁੜੁ ਵਾਤਿ." (ਸ. ਫਰੀਦ) ਮੂੰਹ ਵਿੱਚ ਮਿਠਾਸ. "ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ." (ਮਃ ੧. ਸੂਹੀ ਵਾਰ) ੨. ਸੰ. ਸੰਗ੍ਯਾ- ਪਵਨ. ਵਾਯੁ। ੩. ਸੂਰਯ। ੪. ਚੰਦ੍ਰਮਾ.

ਵਾਂਤਿ: ਸੰ. ਸੰਗ੍ਯਾ- ਵਮਨ. ਡਾਕੀ. ਕ਼ੈ.

ਵਾਤੀਸਰ: ਦੇਖੋ, ਵਿਰਤੀਸਰ। ੨. ਦੇਖੋ, ਵਾਚਸਪਤਿ.

ਵਾਤੁ: ਸਿੰਧੀ. ਮੁਖ. ਮੂੰਹ। ੨. ਵਾਰ੍‍ਤਾ. ਬਾਤ. ਗੱਲ.

ਵਾਤੁਲ: ਸੰ. ਸੰਗ੍ਯਾ- ਵਾਤ (ਹਵਾ) ਦਾ ਸਮੂਹ. ਝੱਖੜ। ੨. ਵਿ- ਵਾਤ ਦੋਸ਼ ਨਾਲ ਹੋਇਆ ਰੋਗੀ. ਬਾਈ ਦਾ ਗ੍ਰਸਿਆ ਹੋਇਆ। ੩. ਬਾਉਲਾ. ਪਾਗਲ.

ਵਾਤੂਲ: ਸੰ. ਵਿ- ਪਾਗਲ. ਸਿਰੜਾ.

ਵਾਦ, ਵਾਦੁ: ਸੰ. वाद. ਸੰਗ੍ਯਾ- ਚਰਚਾ. ਬਹਸ. "ਵਾਦ ਵਖਾਣਹਿ, ਤਤੁ ਨ ਜਾਣਾ." (ਮਾਰੂ ਸੋਲਹੇ ਮਃ ੧) ੨. ਕਿਸੇ ਦਰਸ਼ਨ (ਸ਼ਾਸਤ੍ਰ) ਦਾ ਨਿਸ਼ਚੇ ਕੀਤਾ ਸਿੱਧਾਂਤ. ਜਿਵੇਂ- ਪਰਿਣਾਮਵਾਦ, ਅਦ੍ਵੈਤਵਾਦ ਆਦਿ। ੩. ਝਗੜਾ. "ਵਾਦਾ ਕੀਆ ਕਰਨਿ

ਕਹਾਣੀਆ." (ਵਾਰ ਮਾਰੂ ੧. ਮਃ ੩) ੪. ਫ਼ਾ. واد ਬੇਟਾ. ਪੁਤ੍ਰ। ੫. ਦੇਖੋ, ਬਾਦ.

ਵਾਦਨ: ਸੰ. ਸੰਗਯਾ- ਵਾਜਾ। ੨. ਵਾਜਾ ਵਜਾਉਣ ਦੀ ਕ੍ਰਿਯਾ.

ਵਾਦਰਾਯਣ: ਦੇਖੋ, ਬਾਦਰਾਯਣ.

ਵਾਦਾ: ਅ਼. وعدہ ਵਅ਼ਦਹ. ਪ੍ਰਣ. ਪ੍ਰਤਿਗ੍ਯਾ. ਨੇਮ.

ਵਾਦਾਣ: ਦੇਖੋ, ਬਦਾਣ, ਵਦਾਣ, ਅਤੇ ਵਿਦਾਣ. "ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ." (ਭਾਗੁ)

ਵਾਦਿ: ਵਾਦ (ਝਗੜੇ) ਵਿੱਚ. "ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ," (ਰਾਮ ਮਃ ੫) ੨. ਦੇਖੋ, ਵਾਦੀ ੪. "ਇਕ ਵੈਰੀ ਸਭ ਵਾਦਿ." (ਵਾਰ ਰਾਮ ੨. ਮਃ ੫) ੩. ਸੰ. ਵਿਦ੍ਵਾਨ. ਪੰਡਿਤ.

ਵਾਦਿਤ੍ਰ: ਸੰ. ਸੰਗਯਾ- ਵਾਜਾ. ਦੇਖੋ, ਪੰਚਸਬਦ ਅਤੇ ਵਾਜਾ.

ਵਾਦੀ: ਦੇਖੋ, ਬਾਦੀ। ੨. ਸੰ. वादिन्. ਵਿ- ਵਕ੍ਤਾ. ਕਹਣ ਵਾਲਾ। ੩. ਝਗੜਾਲੂ. "ਸਸੁਰਾ ਵਾਦੀ." (ਵਾਰ ਰਾਮ ੨. ਮਃ ੫) ੪. ਵਿਰੋਧੀ। ੫. ਚਰਚਾ ਵੇਲੇ ਪਹਿਲੇ ਪੱਖ ਨੂੰ ਉਠਾਉਣ ਵਾਲਾ। ੬. ਸੰਗੀਤ ਅਨੁਸਾਰ ਉਹ ਸੁਰ, ਜੋ ਰਾਗ ਦਾ ਮੁੱਢ ਹੋਵੇ ਅਰ ਜਿਸ ਬਿਨਾ ਰਾਗ ਦਾ ਸਰੂਪ ਹੀ ਨਾ ਬਣ ਸਕੇ, ਜੈਸੇ ਸ਼੍ਰੀ ਰਾਗ ਦਾ ਰਿਸ਼ਭ ਹੈ। ੭. ਵਾਦੀਂ ਵਾਦਾਂ ਵਿੱਚ. "ਵਾਦੀ ਧਰਨਿ ਪਿਆਰੁ." (ਮਃ ੩. ਵਾਰ ਮਾਰੂ ੧) ੮. ਅ਼. وادی ਸੰਗ੍ਯਾ- ਨੀਵੀਂ ਧਰਤੀ। ੯. ਦੋ ਪਹਾੜਾਂ ਦੇ ਵਿਚਲੀ ਘਾਟੀ। ੧੦. ਜੰਗਲ. ਰੋਹੀ। ੧੧. ਦਰਿਆ ਦਾ ਲਾਂਘਾ.

ਵਾਦੁ: ਦੇਖੋ, ਵਾਦ ੩. "ਤਿਤੁ ਤਨਿ ਹਉਮੈ ਵਾਦੁ." (ਸ੍ਰੀ ਅਃ ਮਃ ੧)

ਵਾਦ੍ਯ: ਸੰ. ਸੰਗਯਾ- ਬਜਾਉਣ ਲਾਇਕ ਸਾਜ. ਵੱਜਾ। ੨. ਵਜਾਖ੍ਯਾਨ. ਕਥਨ। ੩. ਵਿ- ਕਥਨ ਯੋਗ੍ਯ। ੪. ਵਜਾਉਣ ਲਾਇਕ.

ਵਾਧ: ਸੰਗਯਾ- ਵੱਧਾ. ਵ੍ਰਿੱਧਿ. ਵਧਾਉ। ੨. ਸੰ. वाध्. ਧਾ- ਪੀੜਾ ਕਰਨਾ, ਰੋਕਣਾ। ੩. ਇੱਕ ਹੇਤ੍ਵਾਭਾਸ.

ਵਾਧਾ: ਸੰਗਯਾ- ਵਧੀਕੀ. ਅਧਿਕਤਾ. ਜਿਆਦਤੀ। ੨. ਵ੍ਰਿੱਧਿ. ਤਰੱਕੀ। ੩. ਸੰ. ਰੁਕਾਵਟ. ਵਿਘਨ। ੪. ਪੀੜਾ. ਦੁੱਖ. ਦੇਖੋ, ਵਾਧ ਧਾ.

ਵਾਧਾਈ: ਦੇਖੋ, ਵਧਾਈ. "ਮਿਲਿ ਸੰਤਜਨਾ ਵਾਧਾਈ." (ਵਡ ਘੋੜੀਆ ਮਃ ੪)

ਵਾਧਿ: ਵਿ- ਵ੍ਰਿੱਧਿ ਸਹਿਤ. ਵੱਧ. ਅਧਿਕ. "ਕਿਸਹੀ ਵਾਧਿ, ਘਾਟਿ ਕਿਸਹੀ ਪਹਿ." (ਧਨਾ ਮਃ ੫)

ਵਾਧੂ: ਵਿ- ਵਧਿਆ ਹੋਇਆ. ਸ਼ੇਸ਼.

ਵਾਨ: ਵਿ- ਵਾਲਾ. ਜੈਸੇ- ਗੁਣਵਾਨ। ੨. ਦੇਖੋ, ਬਾਨ। ੩. ਦੇਖੋ, ਵਾਣ। ੪. ਸੰ. ਵਨ ਨਾਲ ਹੈ ਜਿਸ ਦਾ ਸੰਬੰਧ, ਜੰਗਲੀ.

ਵਾਨਪ੍ਰਸਥ: ਦੇਖੋ, ਚਾਰ ਆਸ਼੍ਰਮ (ੲ).

ਵਾਨਰ: ਦੇਖੋ, ਬਾਨਰ.

ਵਾਨੀ: ਵਿ- ਵਣੰ ਵਾਲਾ. ਰੰਗ ਦਾ. "ਭਏ ਕੇਸ ਦੁਧਵਾਨੀ." (ਸੋਰ ਭੀਖਨ) ਦੁੱਧਰੰਗੇ (ਚਿੱਟੇ) ਕੇਸ ਹੋ ਗਏ। ੨. ਦੇਖੋ, ਵਾਣੀ ੪, ੫. ਅਤੇ ੬। ੩. ਦੇਖੋ, ਵੰਨੀ.

ਵਾਪ: ਸੰ. ਸੰਗਯਾ- ਤੰਦਾਂ (ਤਾਗਿਆ) ਦਾ ਬੁਣਨਾ। ੨. ਬੀਜਣਾ। ੩. ਮੁੰਨਣਾ.

ਵਾਪਸ: ਦੇਖੋ, ਵਾਪਿਸ.

ਵਾਪਰਣਾ, ਵਾਪਰਨਾ: ਵਜਾਪਣਾ। ੨. ਅਸਰ ਹੋਣਾ। ੩. ਗੁਜ਼ਰਨਾ. ਬੀਤਣਾ. "ਕੇਤੜਿਆ ਜੁਗ ਵਾਪਰੇ." (ਸ. ਫਰੀਦ)

ਵਾਪਾਰ: ਸੰ. ਵਜਾਪਾਰ. ਸੰਗਯਾ- ਵਣਜ. ਲੈਣਦੇਣ. "ਸਾਚਾ ਵਾਪਾਰਾ." (ਵਡ ਅਃ ਮਃ ੩)

ਵਾਪਾਰੀ: ਸੰ. ਵਜਾਪਾਰੀ. ਵਪਾਰ (ਵਣਜ) ਕਰਨ ਵਾਲਾ. "ਧਨੁ ਵਾਪਾਰੀ ਨਾਨਕਾ ਭਾਈ, ਮੇਲਿ ਕਰੇ ਵਾਪਾਰੁ." (ਸੋਰ ਅਃ ਮਃ ੧)

ਵਾਪਿ: ਦੇਖੋ, ਵਾਪੀ। ੨. ਕ੍ਰਿ. ਵਿ- ਬੀਜਕੇ.

ਵਾਪਿਸ: ਫ਼ਾ. واپس ਵਿ- ਹਟਿਆ ਹੋਇਆ. ਲੌਟਿਆ ਹੋਇਆ। ੨. ਕ੍ਰਿ. ਵਿ- ਪਿੱਛੇ.

ਵਾਪਿਕਾ: ਸੰ. ਸੰਗਯਾ- ਪੌੜੀਦਾਰ ਖੂਹ. "ਭਈ ਵਾਪਿਕਾ ਪੂਰਨ ਅਬੈ." (ਗੁਪ੍ਰਸੂ) ੨. ਪੌੜੀਦਾਰ ਤਾਲ. ਪੱਕਾ ਤਲਾਉ.

ਵਾਪੀ: ਸੰ. ਸੰਗਯਾ- ਬਾਉਲੀ. ਵਾਪਿ, ਵਾਪਿਕਾ ਅਤੇ ਵਾਪੀ ਤਿੰਨੇ ਸ਼ਬਦ ਇੱਕੋ ਅਰਥ ਰਖਦੇ ਹਨ। ੨. ਦੇਖੋ, ਅਨਾਦ ੫.

ਵਾਪੁਰ: ਸੰਗਯਾ- ਬੀਜਣ ਦਾ ਸੰਦ, ਹਲ. ਦੇਖੋ, ਵਾਪ. "ਵਾਪੁਰਧਰ ਬੱਲਭਾ ਬਖਾਨੋ." (ਸਨਾਮਾ) ਹਲਧਰ (ਬਲਰਾਮ) ਦੀ ਪਿਆਰੀ ਯਮੁਨਾ ਨਦੀ.[1167]

ਵਾਪੁਰਧਰ ਬੱਲਭਾ: ਯਮੁਨਾ. ਦੇਖੋ, ਵਾਪੁਰ.

ਵਾਫ਼ਿਰ: ਅ਼. وافر ਵਿ- ਬਹੁਤ. ਅਧਿਕ। ੨. ਵਾਧੂ.

ਵਾਮ: ਸੰ. ਸੰਗਯਾ- ਧਨ। ੨. ਕਾਮਦੇਵ। ੩. ਸ਼ਿਵ। ੪. ਕੁਚ. ਸ੍ਤਨ। ੫. ਵਰੁਣ. ਜਲਪਤਿ। ੬. ਵਿ- ਸੁੰਦਰ। ੭. ਟੇਢਾ। ੮. ਖੱਬਾ। ੯. ਵਿਰੋਧੀ। ੧੦. ਨੀਚ। ੧੧. ਦੇਖੋ, ਸਵੈਯੇ ਦਾ ਰੂਪ ੨੫। ੧੨. ਫ਼ਾ. وام ਰਿਣ. ਕਰਜ.

ਦੇਖੋ, ਬਾਮ ਸ਼ਬਦ ਵਿੱਚ ਵਾਮ ਦੇ ਉਦਾਹਰਣ.

ਵਾਮਦੇਵ: ਦੇਖੋ, ਬਾਮਦੇਵ.

ਵਾਮਨ: ਸੰ. ਵਿ- ਬਾਉਨਾ ਛੋਟੇ ਕੱਦ ਦਾ। ੨. ਸੰਗਯਾ- ਦੇਖੋ, ਦਿੱਗਜ। ੩. ਵਾਮਨ ਅਵਤਾਰ. ਦੇਖੋ, ਬਲਿ ਅਤੇ ਭਰੋਚ। ੪. ਦੇਖੋ, ਪੁਰਾਣ.

ਵਾਮਮਾਰਗ, ਵਾਮਮਾਰਗੀ: ਵਾਮ (ਸ਼ਿਵ) ਦਾ ਮਾਰਗ (ਮਤ). ਤੰਤ੍ਰਸ਼ਾਸਤ੍ਰ ਦੀ ਰੀਤਿ ਅਨੁਸਾਰ ਸ਼ੈਵ ਲੋਕਾਂ ਦਾ ਚਲਾਇਆ ਇੱਕ ਮਾਰਗ (ਪੰਥ), ਜਿਸ ਵਿੱਚ ਮਾਂਸ ਮਦਿਰਾ ਆਦਿ ਦਾ ਵਰਤਣਾ ਧਰਮ ਦਾ ਅੰਗ ਹੈ. ਵੈਸ਼ਨਵ ਹਿੰਦੂਆਂ ਦੇ ਕਥਨ ਅਨੁਸਾਰ ਵਾਮ (ਟੇਢਾ) ਮਾਰਗ.

ਅਸਲ ਵਿੱਚ ਵਾਮਮਾਰਗ ਦਾ ਅਰਥ ਇਹ ਹੈ ਕਿ ਸ਼ਾਸਤ੍ਰਾਂ ਵਿੱਚ ਸ਼ਿਵ ਦੀ ਇੱਕ ਅਜੇਹੀ ਮੂਰਤਿ ਮੰਨੀ ਹੈ ਜਿਸ ਦਾ ਸੱਜਾ ਪਾਸਾ ਨਰ ਅਤੇ ਵਾਮ (ਖੱਬਾ) ਨਾਰੀ ਦਾ ਹੈ. ਜੋ ਸੱਜੇ ਪਾਸੇ ਦੇ ਉਪਾਸਕ ਹਨ ਉਹ ਦਕ੍ਸ਼ਿਣ, ਅਤੇ ਵਾਮ (ਖੱਬੇ) ਪਾਸੇ ਦੇ ਉਪਾਸਕ ਵਾਮ ਮਾਰਗੀ ਹਨ. ਦੇਖੋ, ਅਰਧਨਾਰੀਸ਼੍ਵਰ.

ਵਾਮਮਾਰਗੀਆਂ ਦੇ ਕਈ ਇੱਕ ਸੰਕੇਤ ਇਸ ਤਰਾਂ ਹਨ-

ਸ਼ੁੱਧ (ਮਾਂਸ), ਤੀਰਥ (ਮਦਿਰਾ), ਪਦਮ (ਸ਼ਰਾਬ ਦਾ ਪਿਆਲਾ), ਵਜਾਸ (ਗਠਾ), ਸ਼ੁਕਦੇਵ (ਲਸਨ), ਦੀਕ੍ਸ਼ਿਤ (ਕਲਾਲ), ਪ੍ਰਯਾਗਸੇਵੀ (ਵੇਸ਼ਜਾਗਾਮੀ), ਕਾਸ਼ੀਸੇਵੀ (ਚੰਡਾਲੀ ਭੋਗਣ ਵਾਲਾ), ਯੋਗੀ (ਵਿਭਚਾਰੀ) ਆਦਿ. ਦੇਖੋ, ਪੰਚਤਤ੍ਰ ੨. ਅਤੇ ਪੰਚ ਮਕਾਰ.

---

[1167] ਜਮੁਨਾ ਕ੍ਰਿਸ਼ਨ ਜੀ ਦੀ ਪਿਆਰੀ ਇਸਤ੍ਰੀ ਹੈ, ਪਰ ਜਦ ਤੋਂ ਬਲਰਾਮ ਹਲ ਨਾਲ ਖਿੱਚਕੇ ਜਮੁਨਾ ਨੂੰ ਲਿਆਇਆ, ਤਦ ਤੋਂ ਹਲ ਧਰਬੱਲਭਾ ਭੀ ਪ੍ਰਸਿੱਧ ਹੋਈ.

ਵਾਮਾ: ਸੰ. ਸੁੰਦਰ ਇਸਤ੍ਰੀ। ੨. ਲੱਛਮੀ। ੩. ਦੁਰਗਾ.

ਵਾਮਾਚਾਰ: ਵਾਮ- ਆਚਾਰ. ਦੇਖੋ, ਵਾਮਮਾਰਗ.

ਵਾਮੀ: ਵਾਮਮਾਰਗੀ। ੨. ਸੰ. ਸੰਗ੍ਯਾ- ਘੋੜੀ। ੩. ਗਿਦੜੀ। ੪. ਗਧੀ। ੫. ਊਠਣੀ (ਉਸ਼੍ਟ੍ਰੀ). ੬. ਸੰ. वामिन्. ਵਿ- ਉਲਟੀ (ਛਰਦ) ਕਰਦਾ. ਕ਼ਯ ਕਰਦਾ ਹੋਇਆ.

ਵਾਮੋਰੁ: ਵਾਮ (ਸੁੰਦਰ) ਹਨ ਉਰੁ (ਪੱਟ) ਜਿਸ ਦੇ. ਸੁੰਦਰ ਪੱਟਾਂ ਵਾਲੀ ਇਸਤ੍ਰੀ.

ਵਾਯਸ: ਸੰ. ਵਿ- ਵਡੀ ਵਯਸ (ਉਮਰ) ਵਾਲਾ। ੨. ਸੰਗ੍ਯਾ- ਕਾਉਂ. ਕਾਗ। ੩. ਅਗੁਰ ਬਿਰਛ। ੪. ਦੇਖੋ, ਬਾਇਸ ੨.

ਵਾਯਦਾ: ਦੇਖੋ, ਵਾਦਾ.

ਵਾਯਵੀ: ਦੇਖੋ, ਉਪਦਿਸ਼ਾ, ਦਿਸ਼ਾ ਅਤੇ ਬਾਇਵ.

ਵਾਯੁ: ਸੰ. ਸੰਗ੍ਯਾ- ਜੋ ਚਲਦਾ ਰਹਿੰਦਾ ਹੈ, ਪਵਨ. ਪੌਣ. ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਵਾਯੁ ਦੇ ਸੱਤ ਭੇਦ ਕਲਪੇ ਹਨ. ਜਮੀਨ ਉੱਤੇ ਅਤੇ ਜਮੀਨ ਤੋਂ ਬਾਰਾਂ ਯੋਜਨ ਤੀਕ ਅਕਾਸ ਵਿੱਚ ਫੈਲਣ ਵਾਲਾ, ਜਿਸ ਵਿੱਚ ਬਿਜਲੀ ਅਤੇ ਬੱਦਲ ਆਸਰਾ ਲੈਂਦੇ ਹਨ "ਭੂਵਾਯੁ" ਹੈ. ਇਸ ਤੋਂ ਉੱਪਰ ਆਵਹ, ਉਸ ਉੱਪਰ ਪ੍ਰਵਹ, ਉਸ ਤੋਂ ਪਰੇ ਉਦਵਹ, ਇਸੇ ਤਰਾਂ ਸੁਵਹ, ਪਰਿਵਹ ਅਤੇ ਪਰਾਵਹੁ ਹੈ.

ਸ਼ਕੁੰਤਲਾ ਨਾਟਕ ਅੰਗ ੭. ਦੀ ਟਿੱਪਣੀ ਵਿੱਚ ਲਿਖਿਆ ਹੈ ਕਿ ਬੱਦਲ ਬਿਜਲੀ ਨੂੰ ਪ੍ਰੇਰਣ ਵਾਲਾ ਆਵਹ, ਸੂਰਜ ਨੂੰ ਚਲਾਉਣ ਵਾਲਾ ਪ੍ਰਵਹ, ਚੂੰਦਮਾਂ ਨੂੰ ਘੁਮਾਉਣ ਵਾਲਾ ਸੰਵਹ, ਨਛਤ੍ਰਾਂ (ਤਾਰਿਆਂ) ਨੂੰ ਪ੍ਰੇਰਣ ਵਾਲਾ ਉਦਵਹ, ਸੱਤਗ੍ਰਹਾਂ ਨੂੰ ਘੁਮਾਉਣ ਵਾਲਾ ਸੁਵਹ, ਸੱਤ ਰਿਖੀਆਂ ਅਤੇ ਸੁਰਗ ਨੂੰ ਧਾਰਨ ਕਰਨ ਵਾਲਾ ਵਿਵਹ ਅਤੇ ਧ੍ਰੁਵ ਨੂੰ ਧਾਰਨ ਕਰਨ ਵਾਲਾ ਪਰਿਵਹ ਵਾਯੁ ਹੈ। ੨. ਸਰੀਰ ਦਾ ਇੱਕ ਧਾਤੁ, ਜੋ ਦਸ ਪ੍ਰਾਣਰੂਪ ਹੋਕੇ ਵਿਆਪਿਆ ਹੋਇਆ ਹੈ. ਦੇਖੋ, ਦਸਪ੍ਰਾਣ.

ਵਾਯੁਸਖ, ਵਾਯੁਸਖਾ: ਸੰਗ੍ਯਾ- ਪੌਣ ਦਾ ਮਿਤ੍ਰ, ਪੌਣ ਹੈ ਮਿਤ੍ਰ ਜਿਸ ਦਾ, ਅਗਨਿ.

ਵਾਯੁਸੁਤ, ਵਾਯੁਤਨਯ, ਵਾਯੁਪੁਤ੍ਰ: ਪੌਣ ਦਾ ਪੁਤ੍ਰ ਹਨੁਮਾਨ। ੨. ਭੀਮਸੇਨ.

ਵਾਯੁ ਮੰਡਲ: ਆਕਾਸ਼ਮੰਡਲ (atmosphere) ੨. ਵਾਵਰੋਲਾ.

ਵਾਰ: ਦੇਖੋ, ਬਾਰ ਸ਼ਬਦ। ੨. ਮੁਹ਼ਾਸਰਾ. ਘੇਰਾ. ਇਸ ਦਾ ਮੂਲ ਵ੍ਰਿ (वृ) ਧਾਤੁ ਹੈ। ੩. ਜੰਗ. ਯੁੱਧ. ਦੇਖੋ, ਅੰ. war। ੪. ਯੁੱਧ ਸੰਬੰਧੀ ਕਾਵ੍ਯ. ਉਹ ਰਚਨਾ, ਜਿਸ ਵਿੱਚ ਸ਼ੂਰਵੀਰਤਾ ਦਾ ਵਰਣਨ ਹੋਵੇ. ਜੈਸੇ- "ਵਾਰ ਸ੍ਰੀ ਭਗਉਤੀ ਜੀ ਕੀ." (ਦਸਮਗ੍ਰੰਥ). ੫. ਵਾਰ ਸ਼ਬਦ ਦਾ ਅਰਥ ਪੌੜੀ (ਨਿਃ ਸ਼੍ਰੇਣੀ) ਛੰਦ ਭੀ ਹੋ ਗਿਆ ਹੈ, ਕਿਉਂਕਿ ਯੋਧਿਆਂ ਦੀ ਸ਼ੂਰਵੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿੱਚ ਲਿਖਿਆ ਹੈ ਦੇਖੋ, ਆਸਾ ਦੀ ਵਾਰ ਦੇ ਮੁੱਢ ਪਾਠ- "ਵਾਰ ਸਲੋਕਾਂ ਨਾਲਿ." ਇਸ ਥਾਂ "ਵਾਰ" ਸ਼ਬਦ ਪੌੜੀ ਅਰਥ ਵਿੱਚ ਹੈ। ੬. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਰਤਾਰ ਦੀ ਮਹਿਮਾ ਭਰੀ ਬਾਣੀ, ਜੋ ਪੌੜੀ ਛੰਦਾਂ ਨਾਲ ਸਲੋਕ ਮਿਲਾਕੇ ਲਿਖੀ ਗਈ ਹੈ, "ਵਾਰ" ਨਾਮ ਤੋਂ ਪ੍ਰਸਿੱਧ ਹੈ. ਐਸੀਆਂ ਵਾਰਾਂ ੨੨ ਹਨ- ਸ਼੍ਰੀਰਾਮ ਦੀ, ਮਾਝ ਦੀ, ਗਉੜੀ ਦੀਆਂ ਦੋ, ਆਸਾ ਦੀ, ਗੂਜਰੀ ਦੀਆਂ ਦੋ, ਬਿਹਾਗੜੇ ਦੀ, ਵਡਹੰਸ ਦੀ, ਸੋਰਠਿ ਦੀ, ਜੈਤਸਰੀ ਦੀ, ਸੂਹੀ ਦੀ, ਬਿਲਾਵਲ ਦੀ, ਰਾਮਕਲੀ ਦੀਆਂ ਤਿੰਨ,[1168] ਮਾਰੂ ਦੀਆਂ ਦੋ, ਬਸੰਤ ਦੀ,[1169] ਸਾਰੰਗ ਦੀ, ਮਲਾਰ ਦੀ ਅਤੇ ਕਾਨੜੇ ਦੀ.

---

[1168] ਰਾਮਕਲੀ ਦੀ ਤੀਜੀ ਵਾਰ ਵਿੱਚ ਕੋਈ ਸ਼ਲੋਕ ਨਹੀਂ ਹੈ.

[1169] ਬਸੰਤ ਦੀ ਵਾਰ ਵਿੱਚ ਕੋਈ ਸ਼ਲੋਕ ਨਹੀਂ ਹੈ.

ਜਿਸ ਵਾਰ ਦੇ ਮੁੱਢ ਲਿਖਿਆ ਹੋਵੇ ਮਹਲਾ। ੩- ੪ ਅਥਵਾ ੫, ਤਦ ਜਾਣਨਾ ਚਾਹੀਏ ਕਿ ਇਸ ਵਾਰ ਵਿੱਚ ਜਿਤਨੀਆਂ ਪੌੜੀਆਂ ਹਨ, ਉਹ ਅਮੁਕ ਸਤਿਗੁਰੂ ਦੀਆਂ। ਹਨ, ਜੈਸੇ- ਵਾਰ ਮਾਝ ਵਿੱਚ ਪੌੜੀਆਂ ਗੁਰੂ ਨਾਨਕਦੇਵ ਦੀਆਂ, ਰਾਮਕਲੀ ਦੀ ਪਹਿਲੀ ਵਾਰ ਵਿਚ ਗੁਰੂ ਅਮਰ ਦੇਵ ਦੀਆਂ ਸ੍ਰੀ ਰਾਗ ਦੀ ਵਾਰ ਵਿੱਚ ਗੁਰੂ ਰਾਮਦਾਸ ਜੀ ਦੀਆਂ ਆਦਿ. ਜੇ ਦੂਜੇ ਸਤਿਗੁਰੂ ਦੀ ਕੋਈ ਪੌੜੀ ਹੈ, ਤਾਂ ਮਹਲੇ ਦਾ ਪਤਾ ਲਿਖਕੇ ਸਪਸ਼੍ਟ ਕਰ ਦਿੱਤਾ ਹੈ, ਜਿਵੇਂ- ਗਉੜੀ ਦੀ ਪਹਿਲੀ ਵਾਰ ਵਿੱਚ ਕੁਝ ਪਉੜੀਆਂ ਮਃ ੫. ਦੀਆਂ ਹਨ। ੭. ਅੰਤ. ਓੜਕ. "ਲੇਖੈ ਵਾਰ ਨ ਆਵਈ, ਤੂੰ ਬਖਸਿ ਮਿਲਾਵਣਹਾਰੁ." (ਸਵਾ ਮਃ ੩) ੮. ਵਾੜ। ੯. ਵਾਰਨਾ. ਕੁਰਬਾਨੀ. ਨਿਛਾਵਰ। ੧੦. ਉਰਲਾ ਕਿਨਾਰਾ. "ਤੁਮ ਕਰੋ ਵਾਰ ਵਹ ਪਾਰ ਉਤਰਤ ਹੈ." (ਸ਼ਿਵਦਯਾਲ) ਇੱਥੇ ਵਾਰ ਦੇ ਦੋ ਅਰਥ ਹਨ- ਵਾਰ ਪ੍ਰਹਾਰ (ਆਘਾਤ) ਅਤੇ ਉਰਵਾਰ। ੧੧. ਭਾਵ- ਇਹ ਜਗਤ, ਜੋ ਪਾਰ (ਪਰਲੋਕ) ਦੇ ਵਿਰੁੱਧ ਹੈ। ੧੨. ਰੋਹੀ. ਜੰਗਲ। ੧੩. ਆਘਾਤ. ਪ੍ਰਹਾਰ. ਜਰਬ. "ਕਰਲਿਹੁ ਵਾਰ ਪ੍ਰਥਮ ਬਲ ਧਰਕੈ." (ਗੁਪ੍ਰਸੂ) ੧੪. ਸੰ. ਅਵਸਰ. ਮੌਕਾ. ਵੇਲਾ. "ਨਾਨਕ ਸਿਝਿ ਇਵੇਹਾ ਵਾਰ." (ਵਾਰ ਮਾਰੂ ੨. ਮਃ ੫) "ਬਿਨਸਿ ਜਾਇ ਖਿਨ ਵਾਰ." (ਸਵਾ ਮਃ ੩) ੧੫. ਵਾਰੀ. ਕ੍ਰਮ. "ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ." (ਬਿਲਾ ਮਃ ੫) "ਫੁਨਿ ਬਹੁੜਿ ਨ ਆਵਨ ਵਾਰ." (ਪ੍ਰਭਾ ਮਃ ੧) ੧੬. ਦਫ਼ਅ਼ਹ਼. ਬੇਰ. "ਜੇ ਸੋਚੀ ਲਖ ਵਾਰ" (ਜਪੁ) "ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ." (ਵਾਰ ਆਸਾ) ੧੭. ਦ੍ਵਾਰ. ਦਰਵਾਜ਼ਾ। ੧੮. ਸਮੂਹ. ਸਮੁਦਾਯ। ੧੯. ਸ਼ਿਵ. ਮਹਾਦੇਵ। ੨੦. ਕ੍ਸ਼ਣ. ਖਿਨ. ਨਿਮੇਸ਼। ੨੧. ਸੂਰਜ ਆਦਿ ਗ੍ਰਹਾਂ ਦੇ ਅਧਿਕਾਰ ਦਾ ਦਿਨ. ਸਤਵਾੜੇ ਦੇ ਦਿਨ. "ਪੰਦਰਹ ਥਿਤੀਂ ਤੈ ਸਤ ਵਾਰ." (ਬਿਲਾ ਮਃ ੩. ਵਾਰ ੭) ੨੨ ਯਗਜ ਦਾ ਪਾਤ੍ਰ (ਭਾਂਡਾ). ੨੩ ਪੂਛ ਦਾ ਬਾਲ (ਰੋਮ). ੨੪ ਖ਼ਜ਼ਾਨਾ। ੨੫ ਵਾਰਣ (ਹਟਾਉਣ) ਦੀ ਕ੍ਰਿਯਾ। ੨੬ ਚਿਰ. ਦੇਰੀ. ਢਿੱਲ. "ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ." (ਵਾਰ ਆਸਾ) ੨੭ ਵਿ- ਹੱਛਾ. ਚੰਗਾ। ੨੮ ਸੰ. ਵਾਰ੍. ਜਲ. ਪਾਣੀ। ੨੯ ਫ਼ਾ. وار ਵਿ- ਵਾਨ. ਵਾਲਾ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ- ਸਜ਼ਾਵਾਰ, ਖ਼ਤਾਵਾਰ ਆਦਿ। ੩੦ ਯੋਗ੍ਯ. ਲਾਇਕ। ੩੧ ਤੁੱਲ. ਮਾਨਿੰਦ. ਸਮਾਨ.

ਵਾਰਸ: ਦੇਖੋ, ਵਾਰਿਸ.

ਵਾਰਸਸ਼ਾਹ: ਸੈਯਦ ਵਾਰਿਸਸ਼ਾਹ. ਇਹ ਪੰਜਾਬੀ ਦਾ ਉੱਤਮ ਕਵਿ ਜੰਡਿਆਲਾ ਸ਼ੇਰਖਾਂ (ਜਿਲਾ ਗੁੱਜਰਾਂਵਾਲਾ) ਦਾ ਵਸਨੀਕ ਸੀ. ਇਸ ਨੇ ਹੀਰ ਰਾਂਝੇ ਦੀ ਮਨੋਹਰ ਕਥਾ ਸਨ ੧੧੮੦ ਹਿਜਰੀ ਵਿੱਚ ਲਿਖੀ ਹੈ, ਯਥਾ- "ਸਨ ਯਾਰਾਂ ਸੈ ਅੱਸੀਓਂ ਨਬੀ ਹਜਰਤ ਲੰਮੇ ਦੇਸ ਦੇ ਵਿੱਚ ਤਿਆਰ ਹੋਈ। ਸਾਲ ਠਾਰਾਂ ਸੈ ਬਾਈ ਸੀ ਰਾਇ ਬਿਕ੍ਰਮ ਲੋਕ ਆਖਦੇ ਭਾਖਦੇ ਸਾਰ ਹੋਈ ॥" ਭਾਵੇਂ ਹੀਰ ਰਾਂਝੇ ਦਾ ਕਿੱਸਾ ਪੰਜਾਬੀ ਵਿੱਚ ਅਨੇਕ ਕਵੀਆਂ ਨੇ ਲਿਖਿਆ ਹੈ, ਪਰ ਵਾਰਿਸਸ਼ਾਹ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ.

ਵਾਰ ਸਤ: ਸਪ੍ਤਵਾਰ. ਇਸ ਸਿਰਲੇਖ ਦੀ ਬਿਲਾਵਲ ਰਾਗ ਵਿੱਚ ਸ਼੍ਰੀ ਗੁਰੂ ਅਮਰਦੇਵ ਜੀ ਦੀ ਬਾਣੀ ਹੈ, ਜਿਸ ਵਿਚ ਸੱਤ ਦਿਨ ਲਈ ਉੱਤਮ ਉਪਦੇਸ਼ ਹੈ.

ਵਾਰਸਿਕ: ਦੇਖੋ, ਵਾਰਖਿਕ.

ਵਾਰ ਸ਼੍ਰੀ ਭਗੌਤੀ ਜੀ ਕੀ: ਪੌੜੀ ਛੰਦ ਵਿੱਚ ਭਗਵਤੀ (ਦੁਰਗਾ) ਦੀ ਯੁੱਧਕਥਾ. ਇਸ ਨਾਮ ਦੀਆਂ ਦੋ ਵਾਰਾਂ ਹਨ. ਇੱਕ ਦਸਮਗ੍ਰੰਥ ਦੇ ਦੋਹਾਂ ਚੰਡੀ ਚਰਿਤ੍ਰਾਂ ਪਿੱਛੋਂ ਪੰਜਾਬੀ ਦੀ ਮਨੋਹਰ ਰਚਨਾ ਹੈ. ਇਸ ਦੀਆਂ ੫੫ ਪੌੜੀਆਂ ਹਨ. ਇਸ ਵਿੱਚ ਮਾਰਕੰਡੇਯ ਪੁਰਾਣ ਦੀ "ਦੁਰਗਾ ਸਪਤਸ਼ਤੀ" ਦਾ ਖੁਲਾਸਾ ਹੈ. ਦੂਜੀ ਦਸਮ ਗ੍ਰੰਥ ਦੀ ਖ਼ਾਸ ਬੀੜ, ਜਿਸ ਵਿੱਚ ਸੁਖਮਨਾ, ਮਾਲਕੌਸ ਕੀ ਵਾਰ ਆਦਿਕ ਵਾਧੂ ਬਾਣੀਆਂ ਹਨ, ਉਸ ਵਿੱਚ ਦੇਖੀ ਜਾਂਦੀ ਹੈ, ਜਿਸ ਦਾ ਪਾਠ ਇਹ ਹੈ-

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ

ਵਾਰ ਸ਼੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦

ਦੋਹਰਾ

ਭਗਤ ਭਗੌਤੀ ਤਿਸਹ ਕੀ ਜੋ ਜਨ ਧੀਰ ਧਰੈ ॥

ਅੰਗ ਸੰਗ ਹਉਂ ਲਾਗਹੁੰ ਪਾਛੈ ਪਗ ਨ ਕਰੈ ॥

ਸਵੈਯਾ

ਭਗਤ ਭਗੌਤੀ ਸਾਜਕੈ

ਪ੍ਰਭੁ ਜਗ ਆਰੰਭ ਰਚਾਇ ਹੈ ॥

ਰਨਭੂਮਿ ਭਭੂਤ ਚੜ੍ਹਾਇਕੈ

ਡਫ ਡਉਰੂ ਡੰਕ ਬਜਾਇਹੈ ॥

ਕਲ ਨਾਰਦ ਹੜ ਹੜ ਹੱਸਿਆ

ਰਨ ਸਾਬਤ ਜੁੱਝ ਮਚਾਇਹੈ ॥

ਦੁਲਦੁਲ ਖਿੰਗ ਬਿਗੱਸਿਆ

ਰਨ ਰੁਹਰ ਕਹਰ ਬਰਖਾਇ ਹੈ ॥

ਘਰ ਸੁੱਤਾ ਸਿੰਘ ਜਗਾਇਆ

ਖੜ ਧਰਤੀ ਹਾਕ ਚਲਾਇਹੈ ॥

ਮਾਨੁਖ ਪਕੜ ਭੱਕਲਿਆ

ਕਰ ਜੱਗ ਘਮੰਡ ਮਚਾਇ ਹੈ ॥

ਭਕਲ ਭਗੌਤੀ ਦੁਰਜਨਾ

ਫਟ ਠੁੰਠੁਰ ਮਿੰਝ ਕਢਾਇਹੈ ॥

ਹਥ ਖੱਪਰ ਫਟਕਣ ਡਮਰਚੂ

ਕਢ ਕੰਗਲ ਖੋਲਿ ਬਲਾਇਹੈ ॥

ਉਥ ਫੁੱਥਲ ਘੁੰਮਨ ਘੋਰ ਕਰ

ਭਕਰੂਲਹ ਧੁਧ ਮਚਾਇਹੈ ॥

ਲੁੱਥ ਪਲੁਥ ਧਰ ਨਾਲ ਧੜ

ਪਿੰਜਰ ਕੁੰਤਕ ਖਇਹੈ॥

ਲਪਟ ਝਪਟ ਲੇ ਤੇਗਨਾ

ਲਰ ਸੂਰਾ ਘਨਾ ਘਤਾਇਹੈ॥

ਖਚਕ ਖਪਨ ਜਹਿ" ਜਮਧੜੇ

ਰਣ ਲੁੱਥ ਪਲੁੱਥ ਲੁਠਾਇਹੈ॥

ਰਕਤ ਪਲੇਟੀ ਜੋਗਣੀ ਹੁਣ

ਦੁਰਜਨ ਖੇਤ ਖਪਾਇ ਹੈ ॥

ਰੁੰਡ ਮੁੰਡ ਘਮਸਾਣ ਖੇਤ ਰਣ

ਜੰਬੁਕ ਗਿਰਝ ਅਘਾਇਹੈ ॥

ਧਮ ਧਮਾਕੋ ਜਬਜਰਜੰਗ

ਗੜ੍ਹ ਕੋਟਨ ਕੋਟਕ ਢਾਹਿਹੈ ॥

ਕੜ ਧੜਦੇ ਪੜਸਨ ਭੇੜ ਕਰ

ਸੈਲਹਿ ਸੈਲ ਭਿੜਾਇਹੈ ॥

ਗਗਨ ਕੜੱਕੀ ਬੀਜੁਲੀ

ਪਰਲਉ ਪਰਲੋਕ ਖਪਾਇਹੈ ॥

ਉਤਲਕ ਧੁਮੰਤਲ ਢਾਇਅਨੁ

ਬਹੁ ਮੁੰਡਕ ਮੁੰਡ ਭਿੜਾਇਹੈ ॥

ਬਰਹਰ ਕੰਪੈ ਧਰਮਰਾਇ

ਰਣ ਸੂਰਾ ਘਾਨ ਘਤਾਇਹੈ ॥

ਸੱਜੇ ਬੋਹਿਥ ਧੱਕਿਆ

ਕਰ ਖੱਬੇ ਖੜਗ ਮਚਾਇਹੈ ॥

ਨਿਬੇੜਾ ਹਿੰਦੂ ਤੁਰਕ ਦਾ

ਰਣ ਮੱਧੇ ਖੜਗ ਚੁਕਾਇਹੈ ॥

ਜੱਗ ਅਰੰਭ ਤਿੰਹ ਜੁੱਗ ਹੁਣ

ਮਾਸ ਮਾਨੁਖ ਵਿੱਚ ਘਤਾਇਹੈ ॥

ਰਕਤ ਖਪਰ ਭਰ ਜੋਗਣੀ

ਰਣ ਮਸਤ ਮੰਗਲ ਗੁਣ ਗਾਇਹੈ ॥

ਕੇਸ ਬਿਨਾ ਸਿਰ ਕੱਟੀਐ

ਚਿੰਘਾਵੈ ਕਵਣ ਛੋਡਾਇਹੈ ॥

ਹੁਕਮ ਮੰਨੇ ਪ੍ਰਭੁ ਬਖਸਲੇ

ਨਿਗੁਰਾਂ ਨੂੰ ਇਹੋ ਸਜਾਇਹੈ ॥

ਵਡੇ ਜੰਗ ਗੋਬਿੰਦਸਿੰਘ

ਦਲ ਕੋਕਟ ਕੋਟ ਖਪਾਇਹੈ ॥

॥ ਦੋਹਰਾ ॥

ਆਸਾ ਨਾ ਕਰੁ ਬ੍ਰਹਮਨਾ ਨਾ ਪਰਸੋ ਪਗ ਜਾਇ ॥

ਪ੍ਰਭੁ ਤਜਾਗ ਦੂਜੇ ਲਗੇ ਕੁੰਭਿ ਨਰਕ ਮਹਿ ਪਾਇ ॥

ਵਾਰਕਨਜਕਾ, ਵਾਰਕੰਨਿਆ: ਬਿਨਾ ਸ਼ਾਦੀ, ਵਾਰ (ਬਹੁਤਿਆਂ) ਦੀ ਇਸਤ੍ਰੀ ਕੰਚਨੀ. ਵੇਸ਼ਜਾ. ਦੇਖੋ, ਵਾਰਵਧੂ.

ਵਾਰਖਿਕ: ਸੰ. ਵਾਸ਼ਿੰਕ. ਵਿ- ਵਰਖਾ ਰੁੱਤ ਨਾਲ ਹੈ ਜਿਸ ਦਾ ਸੰਬੰਧ. ਬਰਸਾਤੀ। ੨. ਸਾਲਾਨਾ. ਜੋ ਹਰ ਵਸ਼ੰ (ਸਾਲ) ਹੋਣ ਵਾਲਾ ਹੈ.

ਵਾਰ ਗੁਰੂ ਗੋਬਿੰਦਸਿੰਘ ਜੀ: ਦੇਖੋ, ਜੰਗਨਾਮਾ ੩.

ਵਾਰਣ: ਵਰਜਣ ਦੀ ਕ੍ਰਿਯਾ. ਦੇਖੋ, ਬਾਰਣ.

ਵਾਰਣਾ: ਦੇਖੋ, ਬਾਰਨਾ.

ਵਾਰਣੇਂਦ੍ਰ: ਵਾਰਣ (ਹਾਥੀਆਂ) ਦਾ ਇੰਦ੍ਰ. ਗਜਰਾਜ। ੨. ਐਰਾਵਤ. ਦੇਖੋ, ਬਾਰਣੇਸ.

ਵਾਰਤਾ: ਸੰ. ਵਾਤੰ. ਸੰਗਜਾ- ਵ੍ਰਿੱਤਾਂਤ. ਹਾਲ। ੨. ਗੱਲ. ਬਾਤ। ੩. ਪ੍ਰਸੰਗ. ਪ੍ਰਕਰਣ.

ਵਾਰਤਿਕ: ਸੰ. ਵਾਤਿੰਖ. ਸੰਗਜਾ- ਵ੍ਰਿੱਤਿ (ਟੀਕਾ) ਰੂਪ ਗ੍ਰੰਥ. ਸੂਤ੍ਰਾਂ ਦੀ ਵਜਾਖਜਾ ਕਰਨ ਵਾਲਾ ਗ੍ਰੰਥ। ੨. ਗਦਜ ਕਾਵਜ. ਨਸ਼ਰ. Prose.

ਵਾਰਦ: ਦੇਖੋ, ਵਾਰਿਦ.

ਵਾਰਦਾਤ: ਅ਼. واردات ਵਾਰਿਦਾਤ. ਵਾਰਿਦ ਦਾ ਬਹੁਵਚਨ. ਉਹ ਹਾਲ. ਜੋ ਆਦਮੀ ਪੁਰ ਗੁਜਰੇ.

ਵਾਰਨ: ਦੇਖੋ, ਬਾਰਣ ਅਤੇ ਵਾਰਣ.

ਵਾਰਨਾ: ਦੇਖੋ, ਬਾਰਨਾ. "ਨਾਨਕ ਵੰਞੈ ਵਾਰਨਾ." (ਰਾਮ ਅਃ ਮਃ ੫) "ਵਾਰਿਆ ਨ ਜਾਵਾ ਏਕ ਵਾਰ." (ਜਪੁ)

ਵਾਰਨਾਰੀ: ਵਾਰ (ਬਹੁਤਿਆਂ) ਦੀ ਇਸਤ੍ਰੀ. ਵੇਸ਼ਜਾ.

ਵਾਰਨੀ: ਦੇਖੋ, ਬਾਰੁਣੀ। ੨. ਦੇਖੋ, ਵਾਰੁਣੀ.

ਵਾਰਪਾਰ: ਅਵਾਰ ਪਾਰ. ਉਰਲਾ ਅਤੇ ਪਰਲਾ ਕਿਨਾਰਾ। ੨. ਭਾਵ- ਲੋਕ ਪਰਲੋਕ.

ਵਾਰਮੁਖਾ, ਵਾਰਮੁਖੀ, ਵਾਰਮੁਖਜਾ, ਵਾਰਯੁਵਤਿ, ਵਾਰਯੇਸ਼, ਵਾਰਯੋਖਿਤਾ, ਵਾਰਵਧੂ, ਵਾਰਵਨਿਤਾ: ਵਾਰ (ਬਹੁਤਿਆਂ) ਕਰਕੇ ਆਦਰ ਕੀਤੀ ਹੋਈ, ਵਾਰਮੁਖਜਾ. ਬਹੁਤਿਆਂ ਦੀ ਔਰਤ. ਅਨੇਕ ਦੀ ਯੋਸ਼ਿਤਾ (ਵਹੁਟੀ). ਕੰਚਨੀ. ਵੇਸ਼ਜਾ. ਗਣਿਕਾ. ਸਾਮਾਨਜਾ (prostitutel).

ਵਾਰਾ: ਦੇਖੋ, ਬਾਰਾ। ੨. ਓੜਕ. ਅੰਤ. "ਕਹਰਿ ਕਥਨਿ ਵਾਰਾ ਨਹੀ ਆਵੈ." (ਆਸਾ ਮਃ ੧) ੩. ਵਾਲਾ. ਦਾਨ. ਵੰਡ. ਅਵਰ ਨ ਕੋਊ ਮਾਰਨ ਵਾਰਾ." (ਆਸਾ ਮਃ ੪) ਆਇਆ ਹਕਾਰਾ ਚਲਣ ਵਾਰਾ." (ਸਦੁ) ੪. ਉਰਲਾ. ਪਾਸਾ. ਉਰਾਰ। ੫. ਦੇਖੋ, ਵਾਲਾ.

ਵਾਰਾਂਗਨਾ: ਵੇਸ਼ਜਾ. ਦੇਖੋ, ਬਾਰਾਂਗਨਾ ਅਤੇ ਵਾਰਵਧੂ.

ਵਾਰਾਣਸਿ, ਵਾਰਾਣਸੀ: ਕਾਸ਼ੀ. ਦੇਖੋ, ਬਨਾਰਸ

ਵਾਰਾਂ ਤੇ ਵਧੀਕ: ਦੇਖੋ. ਸ਼ਲੋਕ ਵਾਰਾਂ ਤੇ ਵਧੀਕ.

ਵਾਰਿ: ਕ੍ਰਿ. ਵਿ- ਵਾਰਣ ਕਰਕੇ. ਹਟਾਕੇ। ੨. ਵਾਰ (ਦਿਨ) ਵਿੱਚ. "ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ." ਛਨਿਛਰ ਵਾਰਿ

ਸਉਣ ਸਾਸਤ ਬੀਚਾਰੁ." (ਬਿਲਾ ਵਾਰ ੭. ਮਃ ੩) ੩. ਸੰਗਯਾ- ਵਾੜੀ. ਬਗੀਚਾ। ੪. ਵਾੜ. "ਸਾਚਧਰਮ ਕੀ ਕਰਿਦੀਨੀ ਵਾਰਿ." (ਆਸਾ ਅਃ ਮਃ ੫) ੫. ਸੰ. ਜਲ. ਪਾਣੀ। ੬. ਹਾਥੀ ਨੂੰ ਰੋਕ ਲੈਣ ਵਾਲਾ ਬੰਧਨ। ੭. ਸਰਸ੍ਵਤੀ। ੮. ਛੋਟੀ ਗਾਗਰ.

ਵਾਰਿਆ: ਦੇਖੋ, ਵਾਰਣ ਅਤੇ ਵਾਰਨਾ। ੨. ਪਿੱਛੇ ਰੱਖਿਆ. ਲੁਕੋਇਆ. "ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆ." (ਸ. ਫਰੀਦ) ਜੇ ਮੈ ਮਿਤ੍ਰਾਂ ਦੇ ਆਉਣ ਪੁਰ ਕੁਝ ਲੁਕੋ ਰੱਖਿਆ ਹੁੰਦਾ.

ਵਾਰਿਸ: ਅ਼. وارث ਵਾਰਿਸ. ਵਿਰਸਾ (ਮੀਰਾਸ) ਲੈਣ ਵਾਲਾ. ਮਾਲਿਕ.

ਵਾਰਿਸਸ਼ਾਹ: ਦੇਖੋ, ਵਾਰਸਸ਼ਾਹ.

ਵਾਰਿਚਰ: ਵਿ- ਵਾਰਿ (ਜਲ) ਵਿੱਚ ਫਿਰਨ ਵਾਲਾ। ੨. ਸੰਗਯਾ- ਮੱਛ ਆਦਿ ਜੀਵ.

ਵਾਰਿਚਰਕੇਤੁ: ਵਾਰਿਚਰ (ਮਕਰ) ਕੇਤੁ (ਝੰਡਾ). ਮਕਰਮੱਛ ਦਾ ਚਿੰਨ੍ਹ ਹੈ ਜਿਸ ਦੇ ਨਸ਼ਾਨ ਵਿੱਚ, ਕਾਮਦੇਵ.

ਵਾਰਿਜ, ਵਾਰਿਜਾਤ: ਵਿ- ਵਾਰਿ (ਪਾਣੀ) ਤੋਂ ਪੈਦਾ ਹੋਣ ਵਾਲਾ। ੨. ਸੰਗਯਾ- ਕਮਲ। ੩. ਸਮੁੰਦਰੀ ਲੂਣ। ੪. ਮੱਛ। ੫. ਘੋਗਾ। ੬. ਸ਼ੰਖ ਦੇਖੋ, ਬਾਰਿਜ.

ਵਾਰਿਦ: ਕਹਾਰ. ਸੱਕਾ. ਦੇਖੋ, ਬਾਰਿਦ। ੨. ਅ਼. وارد ਵਿ- ਉਤਰਨ ਵਾਲਾ. ਪਹੁਚਣ ਵਾਲਾ। ੩. ਜਹੂਰ ਵਿੱਚ ਆਇਆ.

ਵਾਰਿਧਿ, ਵਾਰਿਨਾਥ, ਵਾਰਿਨਿਧਿ: ਸਮੁੰਦਰ. ਦੇਖੋ, ਬਾਰਿਧਿ ਅਤੇ ਬਾਰਿ ਨਿਧਿ.

ਵਾਰਿਪਤਿ: ਜਲਪਤਿ, ਵਰੁਣ.

ਵਾਰਿਯੰਤ੍ਰ: ਫੁਹਾਰਾ. ਜਲਯੰਤ੍ਰ.

ਵਾਰਿਵਾਹ: ਮੇਘ. ਬੱਦਲ.

ਵਾਰੀ: ਦੇਖੋ, ਬਾਰੀ। ੨. ਨੰਬਰ. ਕ੍ਰਮ. "ਵਾਰੀ ਆਪੋ ਆਪਣੀ ਕੋਈ ਨ ਬੰਧੈ ਧੀਰ" (ਓਅੰਕਾਰ) ੩. ਕ਼ੁਰਬਾਨ. ਬਲਿਹਾਰ. "ਵਾਰੀ ਮੇਰੇ ਗੋਵਿੰਦਾ, ਵਾਰੀ ਮੇਰੇ ਪਿਆਰਿਆ !" (ਗਉ ਮਃ ੪) ੪. ਵਾਰ. ਬੇਰ. ਦਫਹ. "ਵਾਰੀ ਇਕ, ਧਰ ਦ੍ਵੈ ਤਰਵਾਰੀ." (ਗੁਪ੍ਰਸੂ) ੫. ਵਾਰਣ ਕੀਤੀ. ਰੋਕੀ. ਹਟਾਈ. "ਵਾਰੀ ਸਤ੍ਰੁਸੈਨ ਬਲਵਾਰੀ." (ਗੁਪ੍ਰਸੂ) ੬. ਵਾਰਿ. ਜਲ. ਦੇਖੋ, ਵਾਰੀਧਰ। ੭. ਵਾਲੀ. ਵਾਨ. "ਧੁਨਿ ਸੁਖਵਾਰੀ." (ਗੁਪ੍ਰਸੂ) ੮. ਸੰ. ਹਾਥੀਆਂ ਦੇ ਬੰਨ੍ਹਣ ਦੀ ਥਾਂ। ੯. ਹਾਥੀ ਬੰਨ੍ਹਣ ਦੀ ਜੰਜੀਰੀ। ੧੦. ਛੋਟੀ ਗਾਗਰ.

ਵਾਰੀਆ: ਵਰਜਨ ਕੀਤਾ. ਰੋਕਿਆ. "ਕਰਨਿ ਭਗਤਿ ਦਿਨੁ ਰਾਤਿ, ਨ ਰਹਨੀ ਵਾਰੀਆ." (ਮਃ ੧. ਵਾਰ ਮਾਝ) ੨. ਰੋਕਣ (ਵਰਜਣ) ਵਾਲਾ.

ਵਾਰੀਸ਼, ਵਾਰੀਂਦ੍ਰ: ਸੰ. ਸੰਗਯਾ- ਵਾਰਿਨਾਥ. ਸਮੁੰਦਰ। ੨. ਵਰੁਣ ਦੇਵਤਾ.

ਵਾਰੀਧਰ: ਵਾਰਿ (ਜਲ) ਧਰ. ਮੇਘ. "ਵਾਰੀਧਰ ਸਮ ਧੁਨਿ ਸੁਖਵਾਹੀ." (ਗੁਪ੍ਰਸੂ)

ਵਾਰੁ: ਦੇਖੋ, ਵਾਰ। ੨. ਵਾਰੀ. ਕ੍ਰਮ. "ਬੋਹਿਥਿ ਚੜਉ ਜਾ ਆਵੈ ਵਾਰੁ." (ਗਉ ਮਃ ੧)

ਵਾਰੁਣ: ਸੰ. ਸੰਗਯਾ- ਜਲ. ਪਾਣੀ। ੨. ਸ਼ਤਭਿਖਾ ਨਛਤ੍ਰ। ੩. ਹੜਤਾਲ। ੪. ਵਿ- ਵਰੁਣ ਨਾਲ ਹੈ. ਜਿਸ ਦਾ ਸੰਬੰਧ। ੫. ਜਲ ਦਾ.

ਵਾਰੁਣੀ: ਸੰ. ਸੰਗਯਾ- ਵਰੁਣ ਦੇਵਤਾ ਦੀ ਦਿਸ਼ਾ. ਪੱਛਮ। ੨. ਦੁੱਬ. ਦੂਵਾਂ। ੩. ਸ਼ਰਾਬ। ੪. ਸ਼ਤਭਿਖਾ ਨਛਤ੍ਰ। ੫. ਵਰੁਣ ਦੇਵਤਾ ਦੀ ਇਸਤ੍ਰੀ। ੬. ਸ਼ਤਭਿਖਾ ਨਛਤ੍ਰ ਸਹਿਤ ਚੇਤ ਬਦੀ ੧੩. ਜੇ ਇਹ ਤਿਥਿ ਛਨਿਛਰ ਵਾਰੀ ਹੋਵੇ, ਤਦ

"ਮਹਾਵਾਰੁਣੀ" ਅਖਾਉਂਦੀ ਹੈ. ਇਸ ਦਾ ਮਹਾਤਮ ਸਕੰਦਪੁਰਾਣ ਵਿੱਚ ਬਹੁਤ ਲਿਖਿਆ ਹੈ ਕਿ ਜੇ ਇਹ ਪਰਬ, ਗੰਗਾ ਪੁਰ ਕਿਸੇ ਨੂੰ ਲੱਭੇ, ਤਦ ਕ੍ਰੋੜ ਸੂਰਯਗ੍ਰਹਣ ਦੇ ਫਲ ਤੁੱਲ ਹੈ.

**ਵਾਰੇ:** ਕੁਰਬਾਨ ਕੀਤੇ. ਵਾਰ ਦਿੱਤੇ। ੨. ਵਾੜੇ. ਦਾਖ਼ਿਲ ਕੀਤੇ. "ਦਇਆ ਧਰਮੁ ਸਚੁ ਇਹ ਅਪੁਨੈ ਗ੍ਰਹ ਭੀਤਰਿ ਵਾਰੇ." (ਆਸਾ ਮਃ ੫) ੩. ਮੁਕ਼ਾਬਲੇ. "ਤਿਨ ਸੌਂ ਨਹਿ ਵਾਰੇ ਆਈ." (ਪੰਪ੍ਰ)

**ਵਾਰੇਸ਼ਾਹ:** ਦੇਖੋ, ਵਾਰਸਸ਼ਾਹ.

**ਵਾਰੋਲਾ:** ਦੇਖੋ, ਵਰੋਲਾ ੧. "ਬਲ ਵਾਰੋਲੇ ਬਹੁਤੁ ਅਨੰਤੁ." (ਵਾਰ ਆਸਾ)

**ਵਾਲ:** ਸੰਗਯਾ- ਵਾਤ. ਵਾਯੁ. ਪਵਨ। ੨. ਸੰ. ਰੋਮ. ਕੇਸ਼. ਬਾਲ. "ਖੰਨਿਅਹੁ ਤਿਖੀ ਵਾਲਹੁ ਨਿਕੀ, ਏਤੁ ਮਾਰਿਗ ਜਾਣਾ." (ਅਨੰਦੁ) ੩. ਪੂਛ ਦਾ ਰੋਮ। ੪. ਦੁਮ. ਪੂਛ। ੫. ਸੰ. ਬਾਲ. ਬਾਲਕ. ਬੱਚਾ.

**ਵਾਲਕ:** ਸੰ. ਸੰਗਯਾ- ਘੋੜੇ ਅਥਵਾ ਹਾਥੀ ਦੀ ਪੂਛ। ੨. ਕੜਾ. ਚੂੜੀ। ੩. ਅੰਗੂਠੀ। ੪. ਦੇਖੋ, ਬਾਲਕ.

**ਵਾਲਖਿਲ੍ਯ:** ਦੇਖੋ, ਬਾਲਖਿੱਲ.

**ਵਾਲਮੀਕ:** ਸੰ. ਵਾਲ੍ਮੀਕ. ਵਾਲ੍ਮੀਕਿ ਰਿਖੀ ਦਾ ਬਣਾਇਆ ਹੋਇਆ ਰਾਮਾਯਣ. ਦੇਖੋ, ਬਾਲਮੀਕ ਰਾਮਾਯਣ ਅਤੇ ਰਾਮਾਯਣ.

**ਵਾਲਮੀਕਿ:** ਸੰ. ਵਾਲ੍ਮੀਕਿ. ਰਾਮਾਯਣ ਦਾ ਕਰਤਾ ਇੱਕ ਰਿਖੀ. ਦੇਖੋ, ਬਾਲਮੀਕਿ.

**ਵਾਲ ਵਿੰਗਾ ਹੋਣਾ, ਵਾਲ ਵਿੰਗਾ ਨਾ ਹੋਣਾ:** ਦੁੱਖ ਕਲੇਸ਼ ਦਾ ਹੋਣਾ ਅਤੇ ਜਰਾ ਨੁਕਸਾਨ ਭੀ ਨਾ ਪਹੁਚਣਾ. ਰੋਗ ਅਤੇ ਦੁੱਖ ਸਮੇਂ ਵਿੰਗੇ ਹੋ ਜਾਂਦੇ ਹਨ. ਹੋਰ ਕਿਸੇ ਅੰਗ ਨੂੰ ਹਾਨੀ ਪਹੁਚਣੀ ਤਾਂ ਇੱਕ ਪਾਸੇ ਰਹੀ, ਵਾਲ ਭੀ ਵਿੰਗਾ ਨਾ ਹੋਣਾ. "ਵਿਚਿ ਕਰਤਾਪੁਰਖੁ ਖਲੋਆ। ਵਾਲੁ ਨ ਵਿੰਗਾ ਹੋਆ ॥ (ਸੋਰ ਮਃ ੫)

**ਵਾਲਾ:** ਸੰਗਯਾ- ਵਲਯ. ਗੋਲ ਆਕਾਰ ਦਾ ਗਹਿਣਾ. ਕੁੰਡਲ. ਸੰ. ਵਾਲਿਕਾ। ੨. ਵਿ- ਧਾਰਨ ਵਾਲਾ. ਵਾਨ. ਵੰਤ। ੩. ਫ਼ਾ. والا ਉੱਚਾ. ਵਡਾ. ਇਹ ਸ਼ਬਦ ਵਾਲਾ ਭੀ ਸਹੀ ਹੈ.

**ਵਾਲਿਦ:** ਅ਼. والد ਸੰਗਯਾ- ਪਿਤਾ. ਬਾਪ.

**ਵਾਲਿਦਾ:** ਅ਼. والدہ ਸੰਗਯਾ- ਮਾਤਾ. ਮਾਂ.

**ਵਾਲਿਦੈਨ:** ਅ਼. والدین ਵਲਿਦ ਦਾ ਬਹੁਵਚਨ. ਮਾਤਾ ਪਿਤਾ. ਮਾਂ ਬਾਪ.

**ਵਾਲੀ:** ਇਸਤ੍ਰੀਆਂ ਦਾ ਕਣੰਭੂਸ਼ਣ. ਦੇਖੋ, ਵਾਲਾ ੨. ਵਿ- ਧਾਰਨ ਕਰਨ ਵਾਲੀ. ਵਤੀ. "ਲਖ ਛਬਿ ਬਾਲੀ ਅਤਿ ਦੁਤਿਵਾਲੀ." (ਦੱਤਾਵ) ੨. ਅ਼. والی ਮਾਲਿਕ. ਸ੍ਵਾਮੀ। ੪. ਹਾਕਿਮ.

**ਵਾਲੁ:** ਦੇਖੋ, ਬਾਲ, ਬਾਲੁ ਅਤੇ ਵਾਲ। ੨. ਵਾਲ਼. ਰੋਮ. "ਵਾਲੁ ਨ ਵਿੰਗਾ ਹੋਆ." (ਸੋਰ ਮਃ ੫)

**ਵਾਲੂ:** ਰੇਤ. ਦੇਖੋ, ਬਾਲੁ.

**ਵਾਲੇਕਮ ਸਲਾਮ:** ਵ ਅ਼ਲੈਕੁਮੱਸਲਾਮ. ਦੇਖੋ, ਸਲਾਮ ੪.

**ਵਾਲੇਵਾ:** ਦੇਖੋ, ਵਲੇਵਾ. "ਨਾਮੁ ਵਰਤਨਿ, ਨਾਮੋ ਵਾਲੇਵਾ." (ਸੋਰ ਮਃ ੫)

**ਵਾਲੰਟਿਯਰ:** ਦੇਖੋ, ਬੱਲਮਟੇਰ.

**ਵਾਵ:** ਸੰ. ਵਜ- ਨਿਰਸੰਦੇਹ. ਬਿਨਾ ਸ਼ੱਕ.

ਵਾਵਸੀ: ਵਾਦਨ (ਵਜਾਉਣਾ) ਕਰਸੀ. ਵਜਾਵੇਗਾ. "ਵਾਸਾ ਵਾਵਸੀ." (ਸਵਾ ਮਃ ੧)

ਵਾਵਹਿ: ਵਜਾਉਂਦਾ (ਵਾਦਨ ਕਰਦਾ) ਹੈ। ੨. ਵਾਵਹਿਂ" ਵਜਾਉਂਦੇ ਹਨ। ੩. ਸੰ. ਚੰਗੀ ਤਰਾਂ ਚਲਾਇਆ ਹੋਇਆ.

ਵਾਵਣ, ਵਾਵਣਾ, ਵਾਵਣੁ: ਵਾਦਨ. ਵਜਾਉਣਾ. "ਕੇਤੇ ਵਾਵਣਹਾਰੇ." (ਜਪੁ) "ਆਖਿ ਆਖਿ ਮਨੁ ਵਾਵਣਾ." (ਸ੍ਰੀ ਅਃ ਮਃ ੧) ਕਰਤਾਰ ਦਾ ਯਸ਼ ਮੁਖੋਂ ਗਾਕੇ ਮਨਰੂਪ ਵਾਜਾ ਉਸ ਦੇ ਨਾਮ ਵਜਾਉਣਾ। ੨. ਪ੍ਰਸਿੱਧ ਕਰਨਾ. ਲੋਕਾਂ ਵਿੱਚ ਆਖਦੇ ਫਿਰਨਾ. ਬਕਣਾ. ਜੋ ਦੇਇ ਸਹਣਾ ਮਨਹਿ ਕਹਣਾ, ਆਖਿ ਨਾਹੀ ਵਾਵਣਾ." (ਵਡ ਛੰਤ ਮਃ ੧)

ਵਾ ਵਰੋਲਾ: ਵਾਤਚਕ੍ਰ. ਪੌਣ ਦੀ ਗੱਠ. ਦੇਖੋ, ਵਰੋਲਾ.

ਵਾਵਾ: ਵ ਅੱਖਰ. "ਵਾਵਾ ਵਾਹੀ ਜਾਨੀਐ." (ਬਾਵਨ) ੨. ਵ ਦਾ ਉੱਚਾਰਣ. ਵਕਾਰ.

ਵਾਵੈਲਾ: ਅ਼. واویلا ਹਾਇ ਦੁਹਾਈ. ਦੁਖਭਰੀ ਪੁਕਾਰ.

ਵਾੜ: ਦੇਖੋ, ਬਾੜ.

ਵਾੜਨਾ: ਦੇਖੋ. ਬਾੜਨਾ."ਗੁਰਿ ਅੰਦਰਿ ਵਾੜਾ." (ਵਾਰ ਮਾਰੂ ੨. ਮਃ ੫) ਬਾਹਰ ਜਾਂਦੇ ਮਨ ਨੂੰ ਅੰਦਰ ਠਹਿਰਾਇਆ.

ਵਾੜਵ: ਵਿ- ਵੜਵਾ (ਘੋੜੀ) ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ- ਵੜਵਾ ਅਗਨਿ.[1170]

ਵਾੜਾ: ਦੇਖੋ, ਬਾੜਾ.

ਵਾੜਿ: ਸੰਗਯਾ- ਵਾਟਿਕਾ. ਬਗੀਚਾ. "ਨਾਨਕ ਫੁਲਾ ਸੰਦੀ ਵਾੜਿ." (ਵਾਰ ਮਾਰੂ ੨. ਮਃ ੫) ੨. ਵਾੜ. "ਤੈ ਸਹਿ ਦਿਤੀ ਵਾੜਿ, ਨਾਨਕ ਖੇਤੁ ਨ ਛਿਜਈ." (ਵਾਰ ਗੂਜ ੨. ਮਃ ੫) ੩. ਕ੍ਰਿ. ਵਿ- ਵਾੜਕੇ.

ਵਾੜੀ: ਵਾਟਿਕਾ. ਬਗੀਚਾ. "ਇਹੁ ਜਗੁ ਵਾੜੀ. ਮੇਰਾ ਪ੍ਰਭੁ ਮਾਲੀ." (ਮਾਝ ਅਃ ਮਃ ੩)

ਵਿ: ਦ੍ਵਿ. ਦੋ. ਦ੍ਵਿਤੀਯ. ਦੂਜਾ. "ਬਿਨੁ ਨਾਵੈ ਮੁਕਤਿ ਨ ਹੋਵਈ, ਵੇਖਹੁ ਕੋ ਵਿ ਉਪਾਇ." (ਗੂਜ ਮਃ ੩) ਦੂਜਾ ਯਤਨ. ਹੋਰ ਉਪਾਇ। ੨. ਸੰ. ਉਪ. ਇਹ ਸ਼ਬਦਾਂ ਦੇ ਮੁੱਢ ਲਗਕੇ ਵਿਸ਼ੇਸ਼, ਨਿਸ਼ਚਯ, ਰਹਿਤ, ਕਾਰਣ, ਥੋੜਾ, ਸ਼ੁੱਧਿ, ਗਤਿ ਆਦਿ ਅਰਥ ਦਿੰਦਾ ਹੈ, ਜੈਸੇ- ਵਿਗਯਾਨ, ਵਿਗਤ, ਵਿਚਿਤ੍ਰ, ਵਿਘਨ, ਵਿਨਯ, ਵਿਪਕ੍ਸ਼, ਵਿਪਥ, ਵਿਵਸ਼, ਵਿਵਾਦ ਆਦਿ। ੩. ਸੰਗਯਾ- ਅੰਨ। ੪. ਆਕਾਸ਼। ੫. ਨੇਤ੍ਰ.

ਵਿਉ: ਸੰ. ਵ੍ਯ- ਸੰਗਯਾ- ਨਾਸ਼. ਕ੍ਸ਼ਯ। ੨. ਲਾਗਤ. ਖਰਚ.

ਵਿਉਹਾਰ, ਵਿਉਹਾਰੁ: ਵ੍ਯਵਹਾਰ. ਵਿਹਾਰ. ਦੇਖੋ, ਬਿਉਹਾਰ. "ਅਸੀਹਾਂ ਕਾ ਵਿਉਹਾਰੁ ਨ ਪਾਵੈ." (ਮਃ ੧. ਵਾਰ ਮਾਝ)

ਵਿਉਂਤ: ਦੇਖੋ, ਬਯੋਂਤ.

ਵਿਉਮ: ਸੰ. व्योमन्. ਵ੍ਯੋਮ. ਆਕਾਸ਼। ੨. ਵਾ ੩. ਖਗੋਲ. ਆਕਾਸ਼ਮੰਡਲ. "ਜਿਸਹਿ ਧਾਰਉ ਧਰਤਿ ਅਰੁ ਵਿਉਮੁ." (ਸਵੈਯੇ ਮਃ ੪. ਕੇ)

ਵਿਓਗ, ਵਿਓਗੀ, ਵਿਓਗੁ: ਦੇਖੋ, ਬਿਓਗ, ਬਿਓਗੀ ਅਤੇ ਬਿਓਗੁ.

ਵਿਅਕਤ, ਵਿਅਕਤਿ: ਦੇਖੋ, ਵ੍ਯਕ੍ਤ ਅਤੇ ਵ੍ਯਕ੍ਤਿ.

ਵਿਆਉਣਾ: ਕ੍ਰਿ. ਬਾਹਰ ਆਉਣਾ. ਉਗਣਾ. ਪੈਦਾ ਹੋਣਾ। ੨. ਪ੍ਰਸੂਤ ਹੋਣਾ. "ਏਕਾ ਮਾਈ ਜੁਗਤਿ ਵਿਆਈ." (ਜਪੁ)

---

[1170] ਬਾਡਵ, ਬਡਵਾ ਭੀ ਸ਼ੁੱਧ ਸੰਸਕ੍ਰਿਤ ਹੈ.

"ਉਤਭੁਜੁ ਖੇਲ ਕਰਿ ਜਗਤ ਵਿਆਇ." (ਗੌੜ ਮਃ ੫)

ਵਿਆਈ: ਦੇਖੋ, ਬਿਆਈ ਅਤੇ ਵਿਆਉਣਾ.

ਵਿਆਹ: ਦੇਖੋ, ਵਿਵਾਹ.

ਵਿਆਜ: ਸੰ. ਵਾਧਖ਼ੰਜ. ਬਜਾਜ. ਸੂਦ. ਕੁਸੀਦ. ਬਾਈਬਲ ਅਤੇ ਕੁਰਾਨ ਅਨੁਸਾਰ ਵਿਆਜ ਲੈਣਾ ਗੁਨਾਹ ਹੈ. ਦੇਖੋ, ਜੱਬੂਰ ੧੫, ਆਯਤ ੫. ਅਤੇ ਪ੍ਰੋ- ਵਰਬਸ (Proverbs) ਕਾਂਡ ੨੮, ਅਗਸਤ ੮. ਅਰ ਕੁਰਾਨ ਸੂਰਤ ਬਕਰ, ਆਯਤ ੨੭੫. ਦੇਖੋ, ਸੂਦ ੮। ੨. ਸੰ. ਵਜਾਜ. ਬਹਾਨਾ. ਹੀਲਾ। ੩. ਕਪਟ. ਛਲ.

ਵਿਆਧਿ: ਦੇਖੋ, ਬਿਆਧਿ ੨.

ਵਿਆਪਕ: ਦੇਖੋ, ਬਿਆਪਕ.

ਵਿਆਪਤ: ਦੇਖੋ, ਬਿਆਪਤ. "ਤੀਨੇ ਲੋਅ ਵਿਆਪਤ ਹੈ, ਅਧਿਕ ਰਹੀ ਲਪਟਾਇ." (ਸ੍ਰੀ ਅਃ ਮਃ ੩)

ਵਿਆਪਨਾ: ਵਜਾਪ੍ਰ ਹੋਣਾ. ਪੂਰਨ ਹੋਣਾ. ਫੈਲਣਾ। ੨. ਤਤਪਰ ਹੋਣਾ. ਲਗਣਾ. "ਸਾਧੂਜਨ ਕੀ ਨਿੰਦਾ ਵਿਆਪੇ, ਜਾਸਨਿ ਜਨਮੁ ਗਵਾਈ." (ਸੋਰ ਮਃ ੩) ੩. ਵਾਪਨ (ਖੰਡਨ) ਕਰਨਾ. ਕੱਟਣਾ. "ਦੁਸਮਨ ਹਤੇ, ਦੋਖੀ ਸਭਿ ਵਿਆਪੇ." (ਮਲਾ ਮਃ ੫) "ਸਾਜਨ ਰਹੰਸੇ. ਦੁਸਟ ਵਿਆਪੇ." (ਗਉ ਛੰਤ ਮਃ ੧)

ਵਿਆਵਣਾ, ਵਿਆਵਣੁ: ਦੇਖੋ, ਵਿਆਉਣਾ.

ਵਿਆਵ੍ਰਿਤਿ: ਦੇਖੋ, ਵਜਾਵ੍ਰਿੱਤਿ.

ਵਿਆੜ: ਸੰਗਜਾ- ਵੀਜਾਹੰ. ਬੀਜ ਲਈ ਪਕਾਇਆ ਹੋਇਆ ਫਲ। ੨. ਲੇਖਾ. ਹਿਸਾਬ. ਗਣਨਾ. "ਅਘ ਵਿਆੜ ਕਰ ਪੁੰਨ ਵਿਸੇਖ." (ਗੁਪ੍ਰਸੂ) ੩. ਹਿਸਾਬ ਦੀ ਮੁਜਰਾਈ. "ਪਾਪ ਵਿਆੜ ਕਰ ਪੁੰਨ ਭੋਗਾਈਤੇ ਹੈਂ." (ਭਗਤਾਵਲੀ)

ਵਿਸ: ਸੰ. ਵਿਸ਼. ਧਾ- ਧਸਣਾ (ਘੁਸਣਾ), ਫੈਲਣਾ, ਆਰਾਮ ਕਰਨਾ, ਭੋਗਣਾ, ਮੂਰਛਿਤ ਹੋਣਾ, ਵਾਸ ਕਰਨਾ। ੨. ਸੰ. ਵਿਸ਼. ਧਾ- ਵਜਾਪਣਾ, ਸਿੰਜਣਾ। ੩. ਸੰ. ਵਿਸ੍. ਧਾ- ਫੈਂਕਣਾ, ਸਾਮ੍ਹਣੇ ਰੱਖਣਾ। ੪. ਸੰ. ਵਿਸ਼. ਸੰਗਜਾ- ਮਨੁੱਖ. ਆਦਮੀ। ੫. ਕਮਲ ਦੀ ਡੰਡੀ। ੬. ਚਾਂਦੀ. ਰਜਤ। ੭. ਵੈਸ਼ਜ. ਹਿੰਦੂਮਤ ਅਨੁਸਾਰ ਤੀਜਾ ਵਰਣ. ਖੇਤੀ ਅਤੇ ਵਣਜ ਕਰਨ ਵਾਲਾ। ੮. ਸੰ. ਵਿਸ਼. ਜ਼ਹਿਰ. ਵਿਖ। ੯. ਜਲ ੧੦. ਕਮਲ ਦੀ ਤਰੀ (ਕੇਸ਼ਰ), ੧੧. ਕਮਲ ਦੀ ਡੰਡੀ (ਮ੍ਰਿਣਾਲ). ਇਹ ਵਿਸ ਭੀ ਸਹੀ ਹੈ.

ਵਿੰਸ਼: ਸੰ. ਬੀਸਵਾਂ. ਵੀਹਵਾਂ

ਵਿਸਇ: ਦੇਖੋ, ਵਿਸਯ.

ਵਿਸਈ: ਵਿਸ਼ਯਲੰਪਟ. ਦੇਖੋ, ਬਿਖਈ.

ਵਿਸਹਣੁ, ਵਿਸਹਨ: ਸੰ. ਵਿਸ਼੍ਵਸਨ੍- ਵਿਸ਼੍ਵਸਨ. ਸੰਗਜਾ- ਵਿਸ਼੍ਵਾਸ (ਏਤਬਾਰ) ਕਰਨ ਦੀ ਕ੍ਰਿਯਾ. ਭਰੋਸਾ ਕਰਨਾ. "ਪੁਤ੍ਰ ਕਲਤ੍ਰ ਨ ਵਿਸਹਹਿ, ਬਹੁ ਪ੍ਰੀਤਿ ਲਗਾਇਆ." (ਮਃ ੪. ਵਾਰ ਸਾਰ) "ਮਨਮੁਖਾ ਨੋ ਕੋ ਨ ਵਿਸਹੀ." (ਮਃ ੩. ਵਾਰ ਸੋਰ)

ਵਿਸ਼ਹਰਾ: ਦੇਖੋ, ਮਨਸਾ ੫.

ਵਿਸ਼ਕਰਮਾ: ਦੇਖੋ, ਵਿਸ਼੍ਵਕਰਮਾ.

ਵਿਸ਼ਕਨਜਾ: ਦੇਖੋ, ਵਿਖਕਨਜਾ.

ਵਿਸਟ: ਦੇਖੋ, ਵਿਸਟੁ.

ਵਿਸਟਾ: ਦੇਖੋ, ਬਿਸਟਾ. "ਵਿਸਟਾ ਕਾਗੁ ਖਾਵਈ." (ਮਃ ੪. ਵਾਰ ਸੋਰ)

ਵਿਸਟਾਕਰਿ: ਵਿਸ਼੍ਰਾ- ਆਕਰ ਵਿੱਚ. ਗੰਦਗੀ ਦੀ ਖਾਣ ਵਿੱਚ. "ਵਿਚਿ ਵਿਸਟਾਕਰਿ ਵਿਕਰਾਲ." (ਸ੍ਰੀ ਮਃ ੪)

ਵਿਸਟਿ: ਸੰ. ਵਿਸ਼੍ਰਿ. ਸੰਗਯਾ- ਬੇਗਾਰ। ੨. ਬੇਗਾਰੀ. ਬਿਨਾ ਮਜ਼ਦੂਰੀ ਕੰਮ ਕਰਨ ਵਾਲਾ. "ਵਿਸਟਿ ਵਿਰੋਧੀ ਕੇਤੜੇ." (ਭਾਗੁ) ੩. ਭਦ੍ਰਾ. ਯੋਗਿਨੀ ਦਾ ਇੱਕ ਭੇਦ। ੪. ਦੇਖੋ, ਵਜ੍ਰਸ਼੍ਰਿ.

ਵਿਸਟੁ: ਸੰ. ਵਿਸ਼ਿਸ਼੍ਰ. ਵਿ- ਵਿਸ਼ੇਸ਼ਣ ਯੁਕ੍ਤ. ਗੁਣ ਧਾਰਨ ਵਾਲਾ. "ਵਿਸਟੁ ਗੁਰੂ ਮੈ ਪਾਇਆ." (ਮਃ ੪. ਵਾਰ ਗਉ ੧) "ਸਤਿਗੁਰੁ ਭਿਸਟੁ ਮੇਲਿ ਮੇਰੇ ਗੋਵਿੰਦਾ !" (ਗਉ ਮਃ ੪)

ਵਿੰਸ਼ਤ: ਸੰ. ਵੀਹ. ਬੀਸ.

ਵਿਸਤਾਰ: ਫੈਲਾਉ. ਦੇਖੋ, ਬਿਸਤਾਰ.

ਵਿਸਤਾਰੀ: ਵਿਸ੍ਤਾਰ ਕੀਤੀ. ਫੈਲਾਈ। ੨. ਵਿਸ਼ (ਜ਼ਹਿਰ) ਉਤਾਰੀ. ਦੇਖੋ, ਬਿਸਤਾਰੀ ੨. "ਕਲੀਕਾਲ ਭਾਰੀ ਜਾਨ ਸਿੱਖੀ ਵਿਸਤਾਰੀਆਨ, ਵਿਸੈ ਵਿਸਤਾਰੀ ਸਤਜਨਾਮ ਦੇ ਵਿਸੇਸ ਕਰ." (ਗੁਪ੍ਰਸੂ) ੩. ਸੰ. विस्तारिन्- ਵਿਸ੍ਤਾਰੀ. ਵਿ- ਵਡੇ ਫੈਲਾਉ ਵਾਲਾ। ੪. ਸੰਗਯਾ- ਬਰੋਟਾ. ਬੜ. ਬੋਹੜ.

ਵਿੰਸ਼ਤਿ: ਵੀਹ ਦੀ ਗਿਣਤੀ। ੨. ਵੀਹ ਗਿਣਤੀ ਦਾ ਬੋਧਕ ਅੰਕ ੨੦. ਦੇਖੋ, ਬਿਸੰਤਿ.

ਵਿਸਤੀਰਣ, ਵਿਸਤ੍ਰਿਤ: ਫੈਲਿਆ ਹੋਇਆ. ਦੇਖੋ, ਬਿਸਤੀਰਣ. "ਵਿਸਤ੍ਰਿਤ ਅਹੈ ਜਹਾਂ ਲੌ ਅਵਨੀ." (ਨਾਪ੍ਰ)

ਵਿਸਦ: ਚਿੱਟਾ. ਉੱਜਲ. ਦੇਖੋ, ਬਿਸਦ.

ਵਿਸਨ, ਵਿਸਨੁ: ਕਰਤਾਰ. ਦੇਖੋ, ਬਿਸਨੁ ੪. "ਵਿਸਨ ਮਿਲੇ ਸਭ ਹੀ ਸਚੁ ਪਾਵੈ." (ਗਉ ਬਾਵਨ ਕਬੀਰ) ੨. ਵਿਸ਼ਨੁ ਦੇਵਤਾ.

ਵਿਸਨੁ ਸਹਸ੍ਰਨਾਮ: ਵਿਸ਼ਨੁ ਦੇ ਹਜ਼ਾਰ ਨਾਮ ਹਨ ਜਿਸ ਗ੍ਰੰਥ ਵਿੱਚ. ਵੈਸ਼ਨਵ ਇਸ ਸ੍ਤੋਤ੍ਰ ਦਾ ਨਿੱਤ ਪਾਠ ਕਰਨਾ ਪੁੰਨਕਰਮ ਮੰਨਦੇ ਹਨ.

ਵਿਸਨੁਗੁਪਤ: ਦੇਖੋ, ਵਿਸ਼੍ਣੁਗੁਪ੍ਤ.

ਵਿਸਨੁਤਨਯ: ਸਾਧੁਜਨ. ਦੇਖੋ, ਬਿਸਨਤਨਾ.

ਵਿਸਨੁਪਦ: ਵਿਸ਼ਮਪਦ. ਜਿਸ ਦੇ ਚਰਣ ਇੱਕੋ ਜੇਹੇ ਨਹੀਂ. ਦੇਖੋ, ਬਿਸਨੁਪਦ। ੨. ਵਿਸ਼੍ਨੁਪਦ (विष्णुपद) ਨਾਮ ਦੀ ਇੱਕ ਪਹਾੜੀ, ਜੋ ਦਿੱਲੀ ਦੇ ਪਾਸ. ਹੈ. ਇਸ ਪੁਰ ਰਾਜਾ ਚੰਦ੍ਰਵਰਮਾ ਨੇ ਈਸਵੀ ਚੌਥੀ ਸਦੀ ਵਿੱਚ ਵਿਸ਼ਨੁ ਦੀ ਧੁਜਾ, ਜੋ ਧਾਤੂ ਦੀ ਹੈ, (ਜਗਤ ਪ੍ਰਸਿੱਧ ਲੋਹੇ ਦੀ ਕਿੱਲੀ) ਅਸਥਾਪਨ ਕੀਤੀ, ਜੋ ਹੁਣ ਕੁਤਬਮੀਨਾਰ ਦੇ ਪਾਸ ਹੈ, ਉਸ ਉੱਪਰ ਜੋ ਸੰਸਕ੍ਰਿਤ ਸ਼ੋਲਕ ਹਨ ਉਨ੍ਹਾਂ ਦਾ ਅਨੁਵਾਦ, ਨਾਗਰੀ ਉਰਦੂ ਅਤੇ ਅੰਗ੍ਰੇਜ਼ੀ ਵਿੱਚ ਸੰਗ ਮਰਮਰ ਦੀ ਸਿਲਾ ਪੁਰ ਖ਼ੁਦਵਾਕੇ ਸਰਕਾਰ ਅੰਗ੍ਰੇਜ਼ੀ ਨੇ ਨਾਲ ਦੇ ਮਕਾਨ ਵਿੱਚ ਲਗਵਾ ਦਿੱਤਾ ਹੈ। ੩. ਕਮਲ। ੪. ਆਕਾਸ਼.

ਵਿਸਨੁਪਦੀ: ਵਿਸ਼ਨੁ ਦੇ ਚਰਣਾਂ ਤੋਂ ਪੈਦਾ ਹੋਈ, ਗੰਗਾ.

ਵਿਸਨੁਪ੍ਰਿਯਾ: ਵਿਸ਼ਨੁ ਦੀ ਪਿਆਰੀ, ਲੱਛਮੀ.

ਵਿਸ਼ਪ੍ਰਸੂਨ: ਸੰਗਯਾ- ਵਿਸ਼ (ਪਾਣੀ) ਦਾ ਪ੍ਰਸੂਨ (ਫੁੱਲ). ਜਲਜ. ਕਮਲ.

**ਵਿਸਫੁਲਿੰਗ:** ਸੰ. ਵਿਸਫੁਲਿੰਗ. ਸੰਗਯਾ- ਅਗਨਿ ਦਾ ਕਣਕਾ. ਚਿੰਗਿਆੜੀ। ੨. ਚਮਕੀਲਾ ਕਣਕਾ.

**ਵਿਸਫੋਟ:** ਫੋੜਾ. ਦੇਖੋ, ਬਿਸਫੋਟ.

**ਵਿਸਮ:** ਦੇਖੋ, ਬਿਸਮਇ.

**ਵਿਸਮਣਾ:** ਕ੍ਰਿ. ਵਿਨਾ ਸ਼੍ਰਮ ਹੋਣਾ ਲਾਹੁੱਣਾ.

**ਵਿਸਮਯ:** ਦੇਖੋ, ਬਿਸਮਇ.

**ਵਿਸਮਾਦ, ਵਿਸਮਾਦੁ:** ਬਿ-ਮਯ ਪ੍ਰਦ. ਦੇਖੋ, ਬਿਸਮਾਦ. "ਘਿਸਮਾਦੁ ਰੂਪ ਵਿਸਮਾਦੁ ਰੰਗ." ਅਤੇ- "ਵੇਖਿ ਵਿਡਾਣੁ ਰਹਿਆ ਵਿਸਮਾਦੁ." (ਵਾਰ ਆਸਾ)

**ਵਿਸਯ:** ਸੰ. ਵਿਸ਼ਯ. ਸੰਗਯਾ- ਸੰਸ਼ਯ. ਸ਼ੱਕ। ੨. ਸੰ. ਵਿਸ਼ਯ. ਇੰਦ੍ਰੀਆਂ ਦ੍ਵਾਰਾ ਜਾਣਨ ਯੋਗ ਸ਼ਬਦ ਆਦਿ. ਨੇਤ੍ਰ ਦਾ ਵਿਸ਼ਯ ਰੂਪ, ਕੰਨ ਦਾ ਸ਼ਬਦ, ਤੁਚਾ ਦਾ ਸਪਰਸ਼, ਰਸਨਾ ਦਾ ਰਸ ਅਤੇ ਨੱਕ ਦਾ ਗੰਧ।੩ ਮਜ਼ਮੂਨ। ੪. ਦੇਸ਼.

**ਵਿਸ਼ਯਕ:** ਸੰ. ਵਜ- ਸੰਬੰਧ ਵਾਲਾ. ਮੁਤੱਲਿਕ਼.

**ਵਿਸ਼ਯੀ:** ਦੇਖੋ, ਬਿਖਾਈ.

**ਵਿਸਰ:** ਦੇਖੋ, ਵਿਸਰਣਾ। ੨. ਸੰ. ਸੰਗਯਾ- ਸਮੂਹ। ੩. ਵਿਸ੍ਤਾਰ। ੪. ਸੰ. ਵਿਸ਼ਰ. ਵਧ. ਨਾਸ਼.

**ਵਿਸਰਗ:** ਸੰ. ਵਿਸਰ੍ਗ. ਸੰਗਯਾ- ਤਿਆਗ। ੨. ਦਾਨ। ੩. ਮੁਕਤਿ. ਮੋਕ੍ਸ਼। ੪. ਪ੍ਰਲਯ। ੫. ਵ੍ਯਾਕਰਣ ਅਨੁਸਾਰ ਅੱਖਰ ਦੇ ਅੱਗੇ, ਹੇਠ ਉੱਪਰ ਲੱਗੇ ਦੋ ਬਿੰਦੇ, ਜਿਨ੍ਹਾਂ ਦਾ ਉਚਾਰਣ ਅੱਧੇ ਹਾਹੇ ਸਮਾਨ ਹੁੰਦਾ ਹੈ. ਜੈਸੇ- ਨਮঃ। ੬. ਮੌਤ। ੭. ਵਿਯੋਗ. ਵਿਛੋੜਾ.

**ਵਿਸਰਜਨ:** ਵਿਦਾ. ਦੇਖੋ, ਬਿਸਰਜਨ. "ਕਟੂਸ਼ਾਹ ਵਿਸਰਜਨ ਕਰਜੋ." (ਗੁਪ੍ਰਸੂ)

**ਵਿਸਰਜਿਆ:** ਵਿਸਰ੍ਜਨ (ਵਿਦਾ) ਕੀਤਾ. "ਮਾਇਆ ਮੋਹ ਵਿਸਰਜਿਆ." (ਆਸਾ ਅঃ ਮঃ ੧)

**ਵਿਸਰਜੀ:** ਵਿਸਰ੍ਜਨ (ਵਿਦਾ) ਕੀਤੀ. "ਬੁਧਿ ਵਿਸਰਜੀ, ਗਈ ਸਿਆਣਪ." (ਸ੍ਰੀ ਮঃ ੧. ਪਹਰੇ)

**ਵਿਸਰਣ, ਵਿਸਰਣਾ, ਵਿਸਰਣੁ, ਵਿਸਰਨ:** ਵਿ-ਮਰਣ. ਚੇਤੇ ਨਾ ਰਹਿਣਾ. ਦੇਖੋ, ਬਿਸਰਣ. ਵਿਸਾਰਿਆ ਜਿਨ੍ਹਿ ਨਾਮੁ, ਤੇ ਭੁਇ ਭਾਰੁ." (ਆਸਾ ਫਰੀਦ) "ਵਿਸਰੀ ਤਿਸੈ ਪਰਾਈ ਤਾਤਾ." (ਗਉ ਮঃ ੫) "ਵਿਸਰੁ ਨਾਹੀ, ਦਾਤਾਰੁ!" (ਸੂਹੀ ਮঃ ੫)

**ਵਿਸਰਾਮ:** ਵਿਸ਼੍ਰਾਮ. ਦੇਖੋ, ਬਿਸਰਾਮ.

**ਵਿਸਰਿ:** ਵਿ-ਮਰਣ ਹੋਕੇ। ੨. ਸੰਗਯਾ- ਵਿਸ੍ਮ੍ਰਿਤਿ. ਭੁੱਲਣ ਦਾ ਭਾਵ.

**ਵਿਸ਼ਲਯਕਰਣੀ:** ਇੱਕ ਬੂਟੀ, ਜਿਸ ਨੂੰ ਸ਼ਲਯ (ਜ਼ਖ਼ਮ) ਪੁਰ ਲਾਉਣ ਤੋਂ ਘਾਉ ਮਿਲ ਜਾਂਦਾ ਹੈ. ਦੇਖੋ, ਵਾਲਮੀਕ ਰਾਮਾਯਣ, ਲੰਕਾ ਕਾਂਡ, ਸਰ੍ਗ ੩੦੨. ਪਦਮਪੁਰਾਣ ਵਿੱਚ ਇਸੇ ਦਾ ਨਾਮ ਮਿਤ੍ਰਸੰਜੀਵਨੀ ਲਿਖਿਆ ਹੈ. ਦੇਖੋ, ਪਾਤਾਲਖੰਡ, ਅঃ ੪੪. ਦੇਖੋ, ਸਰਬੌਸਧਿ ਪਰਬਤ, ਸੁਖੇਣ ੫. ਅਤੇ ਬਿਸਲਿ ੨.

**ਵਿਸਵਾ:** ਦੇਖੋ, ਬਿਸਵਾ.

**ਵਿਸਵਾਸ:** ਦੇਖੋ, ਵਸਵਾਸ, ਸੰਗਯਾ- ਚਿੰਤਾ. ਦੁਬਿਧਾ ਫਿਕਰ. "ਅਸਾਂ ਨੂੰ ਰਾਤ ਦਿਣ ਉਨਾ ਦਾ ਵਿਸਵਾਸ ਰਹਿੰਦਾ ਹੈ." (ਜਸਭਾਮ) ੨. ਸੰ. ਵਿਸ਼੍ਵਾਸ. ਨਿਸ਼ਚਯ. ਭਰੋਸਾ. ਯਕੀਨ.

**ਵਿਸਵਾਸਘਾਤ, ਵਿਸਵਾਸਘਾਤੀ:** ਵਿਸ਼੍ਵਾਸਘਾਤ. ਵਿਸ਼੍ਵਾਸਘਾਤੀ. ਦਗੇਬਾਜ਼ੀ. ਦਗੇਬਾਜ਼. ਦੇਖੋ, ਵਿਸ਼੍ਵਾਸਘਾਤਕ.

ਵਿਸਾ: ਸੰਗਯਾ- ਪੰਦਰਾਂ ਨਿਮੇਸ਼ ਦਾ ਸਮਾਂ. ਦੇਖੋ, ਕਾਲ ਪ੍ਰਮਾਣ। ੨. ਉਪਦਿਸ਼ਾ. "ਜਤ੍ਰ ਤਤ੍ਰ ਦਿਸਾ ਵਿਸਾ ਹੁਇ." (ਜਾਪੁ) ੩. ਦੇਖੋ, ਵਿਸਯ। ੪. ਸੰ. ਵਿਸ਼ਾ. ਕਨਯਾ. ਲੜਕੀ। ੫. ਸੰ. ਵਿਸ਼ਾ. ਬੁੱਧਿ. ਅਕਲ। ੬. ਕੌੜੀ ਤੁੰਬੀ ਅਤੇ ਤੋਰੀ.

ਵਿਸਾਸ, ਵਿਸਾਸੁ, ਵਿਸਾਹ: ਵਿਸ਼੍ਵਾਸ. ਯਕੀਨ. ਭਰੋਸਾ. "ਗੁਰਬਚਨਿ ਨ ਕਰਹਿ ਵਿਸਾਸੁ." (ਸਵਾ ਮਃ ੩)

ਵਿਸਾਹਧ੍ਰੋਹ, ਵਿਸਾਹਧ੍ਰੋਹੀ: ਦੇਖੋ, ਵਿਸਵਾਸ ਘਾਤ ਵਿਸ਼੍ਵਾਸਘਾਤਕ.

ਵਿਸਾਹਨ: ਦੇਖੋ, ਬਿਸਾਹਨ. "ਤੈਸੀ ਵਸਤੁ ਵਿਸਾਹੀਐ, ਜੈਸੀ ਨਿਬਹੈ ਨਾਲਿ." (ਸ੍ਰੀ ਮਃ ੧) ੨. ਵਿਸ਼੍ਵਾਸ ਕਰਨਾ.

ਵਿਸਾਹੁ: ਵਿਸ਼੍ਵਾਸ। ੨. ਵਯਵਾਸਾਯ. ਖ਼ਰੀਦਣ ਦੀ ਕ੍ਰਿਯਾ. ਵਪਾਰ. ਲੈਣ ਦੇਣ. "ਗਵਨੁ ਬਾਪਾਰੀ, ਜਾਕਾ ਊਹਾ ਵਿਸਾਹੁ." (ਗਉ ਮਃ ੫)

ਵਿਸ਼ਾਖ: ਵਿ- ਬਿਨਾ ਸ਼ਾਖ. ਜਿਸ ਦੇ ਟਾਹਣੀ ਨਹੀਂ। ੨. ਸੰਗਯਾ- ਮੰਗਤਾ. ਯਾਚਕ। ੩. ਕਾਰਤਿਕੇਯ. ਸ਼ਿਵ ਦਾ ਪੁਤ੍ਰ ਖਡਾਨਨ। ੪. ਸ਼ਿਵ। ੫. ਦੇਖੋ, ਵੈਸਾਖ.

ਵਿਸ਼ਾਖਾ: ਸਤਾਈ ਨਛਤ੍ਰਾਂ ਵਿੱਚੋਂ ਸੋਲਵਾਂ ਨਛਤ੍ਰ.

ਵਿਸਾਖੀ: ਦੇਖੋ, ਵੈਸਾਖੀ.

ਵਿਸ਼ਾਣ: ਸਿੰਗ. ਦੇਖੋ, ਵਿਖਾਣ.

ਵਿਸ਼ਾਦ: ਦੇਖੋ, ਬਿਖਾਦ ਅਤੇ ਵਿਖਾਦ.

ਵਿਸਾਰਣ, ਵਿਸਾਰਣਾ: ਵਿ-ਸਮਰਣ ਕਰਨਾ. ਭੁਲਾਉਣਾ। ੨. ਵਿਸਮਰਣ ਕਰਾਉਣਾ. "ਸਭਿ ਦੂਖ ਵਿਸਾਰਣਹਾਰਾ." (ਸੋਪੁਰਖੁ) ਜੋ ਸਾਡੇ ਚਿੱਤਾਂ ਤੋਂ ਦੁੱਖ ਦੂਰ ਕਰਦਾ ਹੈ. ਜਿਸ ਦੇ ਸਿਮਰਨ ਤੋਂ ਦੁੱਖ ਭੁੱਲ ਜਾਂਦੇ ਹਨ। ੩. ਦੂਖ ਦਾ ਅਰਥ ਦੋਸ਼ ਭੀ ਹੈ. ਦੇਖੋ, ਦੂਖ ੨. ਸਾਡੇ ਦੋਸ਼ਾਂ ਨੂੰ ਭੁਲਾਉਣ ਵਾਲਾ.

ਵਿਸ਼ਾਰਦ: ਸੰ. ਪੰਡਿਤ. ਦਾਨਾ। ੨. ਸੰਸਕ੍ਰਿਤ ਦਾ ਇੱਕ ਇਮਤਹਾਨ। ੩. ਮਯ ਦਾਨਵ ਦਾ ਇੱਕ ਚੇਲਾ, ਜੋ ਤਸਵੀਰਾਂ ਅਤੇ ਕਠਪੁਤਲੀਆਂ ਬਣਾਉਣ ਵਿੱਚ ਵਡਾ ਨਿਪੁਣ ਸੀ। ੪. ਵੀ- ਬਹੁਤ ਉੱਤਮ। ੫. ਪ੍ਰਸਿੱਧ. ਮਸ਼ਹੂਰ.

ਵਿਸਾਰਿ: ਵਿਸਾਰ (ਭੁਲਾ) ਕੇ, ਵਿ-ਸਮਰਣ ਕਰਕੇ. "ਖਸਮੁ ਵਿਸਰਿ ਖੁਆਰੀ ਕੀਨੀ." (ਮਲਾ ਮਃ ੧)

ਵਿਸਾਰਿਅਨੁ: ਉਸ ਨੇ ਵਿ-ਸਮਰਣ ਕੀਤੇ (ਭੁਲਾਏ) "ਹੋਆ ਆਪਿ ਦਇਆਲੁ. ਮਨਹੁ ਨ ਵਿਸਾਰਿਅਨੁ." (ਵਾਰ ਗੂਜ ੨. ਮਃ ੫) ਮਨੋਂ ਨਹੀਂ ਭੁਲਾਏ.

ਵਿਸਾਲ: ਵਿਸ਼ਾਲ. ਵਿ- ਵਡਾ. ਦੇਖੋ, ਬਿਸਾਲ ੨. ਅ਼. وصال ਵਿਸਾਲ. ਸੰਗਯਾ- ਮੇਲ ਮੁਲਾਕਾਤ. ਮਿਤ੍ਰਤਾ। ੩. ਮੌਤ. ਮ੍ਰਿਤ੍ਯੁ.

ਵਿਸ਼ਾਲਾਕ੍ਸ਼, ਵਿਸਾਲਾਖ, ਵਿਸਾਲਾਖੀ, ਵਿਸਾਲਾਛ: ਵਿਸ਼ਾਲ (ਵਡੇ) ਹਨ ਨੇਤ੍ਰ ਜਿਸ ਦੇ. ਵਡੇ ਨੇਤ੍ਰਾਂ ਵਾਲਾ, ਵਾਲੀ.

ਵਿਸਿਸ੍ਟ: ਦੇਖੋ, ਬਸਿਸਟ। ੨. ਦੇਖੋ, ਵਿਸਟੁ.

ਵਿਸ਼ਿਸ਼੍ਟਾਦ੍ਵੈਤ: ਰਾਮਾਨੁਜ ਦਾ ਠਹਿਰਾਇਆ ਸਿੱਧਾਂਤ, ਜਿਸ ਅਨੁਸਾਰ ਜੀਵਾਤਮਾ ਅਤੇ ਜਗਤ, ਬ੍ਰਹਮ ਤੋਂ ਭਿੰਨ ਹੋਣ ਪੁਰ ਭੀ ਵਾਸਤਵ ਵਿੱਚ ਭਿੰਨ ਨਹੀਂ ਵਿਸ਼ਿਸ਼੍ਟ ਦਾ ਅਰਥ ਹੈ ਵਿਸ਼ੇਸ਼ਣ ਯੁਕ੍ਤ ਬ੍ਰਹਮ.

ਕਾਰਣਾਵਸ੍ਥਾ (ਜਦ ਜੀਵ ਅਤੇ ਪ੍ਰਕ੍ਰਿਤਿ ਸੂਖਮ ਰੂਪ ਵਿੱਚ ਹੁੰਦੇ ਹਨ) ਅਤੇ ਕਾਰਯਾਵਸ੍ਥਾ (ਜਦ ਪ੍ਰਕ੍ਰਿਤਿ ਸ੍ਥੂਲ ਰੂਪ ਧਾਰਦੀ ਹੈ ਅਰ ਜੀਵ ਦੋਹਾਂ ਵਿੱਚ ਨਿਵਾਸ ਕਰਦੇ ਹਨ), ਇਨ੍ਹਾਂ ਦੋਹਾਂ ਹਾਲਤਾਂ ਵਿੱਚ ਵਿਸ਼ਿਸ਼੍ਟ (ਬ੍ਰਹਮ) ਇੱਕ ਰਸ ਰਹਿੰਦਾ ਹੈ, ਅਰ ਜੀਵ ਤਥਾ ਪ੍ਰਕ੍ਰਿਤਿ ਤੋਂ ਭਿੰਨ ਹੈ. ਸ਼ੰਕਰਾਚਾਰਯ ਦੇ ਮਤ ਤੋਂ ਇਹ ਵਿਰੁੱਧ ਅਦ੍ਵੈਤ ਮਤ ਹੈ, ਇਸ ਦਾ ਨਾਮ "ਭੇਦਾਭੇਦ ਵਾਦ"

ਅਤੇ "ਦ੍ਵੈਤਾਦ੍ਵੈਤਵਾਦ" ਭੀ ਹੈ.

ਵਿਸ਼ਿਖ: ਤੀਰ. ਦੇਖੋ, ਬਿਸਖ ੨.

ਵਿਸੀਰਣ: ਸੰ. ਵਿਸ਼ੀਣੰ ਵਿ- ਸੁੱਕਿਆ. ਮੁਰਝਾਇਆ। ੨. ਬੁੱਢਾ ਹੋਇਆ. ਜਰਾ ਗ੍ਰਸੁ। ੩. ਪਾਟਿਆ. ਪੁਰਾਣਾ. ਦੇਖੋ, ਸ਼ੀਰਣ.

ਵਿਸੁ: ਦੇਖੋ. ਵਿਖ। ੨. ਦੇਖੋ, ਵਿਸ਼੍ਵ। ੩. ਦੇਖੋ, ਵਿਸੁ ਸੰਸਾਰ.

ਵਿਸੁਏ: ਵਿਸਾ ਦਾ ਬਹੁਵਚਨ. ਦੇਖੋ, ਵਿਸਾ "ਵਿਸੁਏ ਚਸਿਆ ਘੜੀਆ ਪਹਰਾ." (ਸੋਹਿਲਾ)

ਵਿਸੁ ਸੰਸਾਰੁ: ਵਿਸ਼੍ਵ (ਸਾਰਾ) ਸੰਸਾਰੁ (ਜਗਤ). "ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪ ਹੈ." (ਅਨੰਦੁ)

ਵਿਸੁ ਗੰਦਲ: ਜ਼ਹਰ ਦੀ ਗੰਦਲ. ਭਾਵ- ਆਨੰਦ ਦਾਇਕ ਵਿਸ਼ੇ ਭੋਗ, ਜੋ ਘਾਤਕ ਹਨ। ੨. ਪਰਇਸਤ੍ਰੀ. ਦੇਖੋ, ਗੰਦਲ.

ਵਿਸ਼ੁਵਤ ਰੇਖਾ, ਵਿਸ਼ੁਵ ਰੇਖਾ: ਜਯੋਤਿਸ਼ਮਤ ਅਨੁਸਾਰ ਉਹ ਕਲਪੀ ਹੋਈ ਲੀਕ, ਜਿਸ ਦੇ ਉੱਤਰ ਵੱਲ ਮੇਖ (ਮੇਸ਼) ਤੋਂ ਕਨਜਾ ਤੀਕ ਦੀਆਂ ਛੀ ਰਾਸਾਂ ਹਨ, ਅਤੇ ਦੱਖਣ ਵੱਲ ਤੁਲਾ ਤੋਂ ਮੀਨ ਤੀਕ ਛੀ ਰਾਸਾਂ ਹਨ. "ਵਿਸ਼ੁਵ" ਉਹ ਸਮਾਂ ਹੈ ਜਦ ਦਿਨ ਰਾਤ ਦੀ ਵਿਸ਼ੁ (ਬਰਾਬਰੀ) ਹੁੰਦੀ ਹੈ, ਇਹ ਸਮਾਂ ਵਰ੍ਹੇ ਵਿੱਚ ਦੋ ਵਾਰ ਆਉਂਦਾ ਹੈ. ਇੱਕ ਸੂਰਯ ਦੇ ਹਿਸਾਬ ਚੇਤ ਦੇ ਨੌਵੇਂ ਦਿਨ ਅਥਵਾ ਅੰਗ੍ਰੇਜ਼ੀ ੨੧. ਮਾਰਚ ਨੂੰ, ਦੂਜਾ ਅੱਸੂ ਦੇ ਨੌਵੇਂ ਪ੍ਰਵਿਸ਼੍ਟੇ ਅਥਵਾ ੨੪ ਜਾਂ ੨੫ ਸਿਤੰਬਰ ਨੂੰ. ਦੇਖੋ, ਅਯਨ.

ਵਿਸੂ: ਵਿਸ਼. ਜ਼ਹਰ. "ਜਾਣੁ ਵਿਸੂ ਕੀ ਵਾੜੀ." (ਮਾਝ ਮਃ ੫)

ਵਿਸੂਚਿ, ਵਿਸੂਚਿਕਾ, ਵਿਸੂਚੀ: ਸੰ. विषूचिका- ਵਿਸ਼ੂਚਿਕਾ. ਸੂਦੀ ਵਾਂਙ. ਚੁਭਣ ਵਾਲਾ ਰੋਗ. ਹੈਜਾ. ਮਰੀ. "ਵਿਸੂਚਿ ਪਰੀ ਤਿਨ ਪੈ ਜਨ ਸੋਵਨ ਖਾਵਨ ਪਾਨ ਵਿਸਾਰਯੋ." (ਪੰਪ੍ਰ) ਦੇਖੋ, ਹੈਜਾ। ੨. ਕਈ ਵਿਦ੍ਵਾਨ ਵਿਸੂਚਿਕਾ ਨੂੰ ਹੈਜੇ ਤੋਂ ਭਿੰਨ ਰੋਗ ਮੰਨਦੇ ਹਨ. ਇਸ ਦਾ ਕਾਰਣ ਅਜੀਰਣ (ਅਨਪਚ) ਹੈ ਅਰ ਉਨ੍ਹਾਂ ਦਾ ਖਿਆਲ ਹੈ ਕਿ ਵਿਸੂਚਿਕਾ ਛੂਤ ਦਾ ਰੋਗ ਨਹੀਂ.

ਵਿਸੂਰਣ, ਵਿਸੂਰਨ: ਦੇਖੋ, ਬਿਸੂਰਣ. "ਉਤਰੇ ਸਗਲ ਵਿਸੂਰੇ." (ਅਨੰਦੁ)

ਵਿਸੂਰਿ: ਕ੍ਰਿ. ਵਿ- ਸ਼ੋਕ ਕਰਕੇ. ਪਸ਼ਚਾਤਾਪ ਨਾਲ. ਪਛਤਾਕੇ. "ਮਰਣਿ ਵਿਸੂਰਿ ਵਿਸੂਰਿ." (ਆਸਾ ਮਃ ੫)

ਵਿਸੂਲਾ: ਵਿ- ਬਹੁਤ ਸ਼ੂਲ ਵਾਲਾ. ਤਿੱਖੇ ਕੰਡਿਆਂ ਵਾਲਾ. "ਮੰਝਿ ਵਿਸੂਲਾ ਬਾਗੁ." (ਵਾਰ ਰਾਮ ੨. ਮਃ ੫) ਦੇਖੋ, ਅੰਚ ੩। ੨. ਵਿਸ਼ (ਜ਼ਹਰ) ਵਾਲਾ. ਜ਼ਹਿਰੀਲਾ। ੩. ਕ੍ਰੋਧ ਨਾਲ ਪੂਰਣ। ੪. ਦੁਖਦਾਈ. ਕੰਡੇ ਵਾਂਙ ਚੁਭਣ ਵਾਲਾ. "ਆਪ ਵਿਸੂਲਾ ਹੋਇਆ ਤਿਹੁ ਲੋਕਾ ਤੇ ਖੁਨਸਾਇਕੈ." (ਚੰਡੀ ੩)

ਵਿਸੇਸ: ਸੰ. ਵਿਸ਼ੇਸ਼. ਸੰਗਜਾ- ਫਰਕ. ਭੇਦ। ੨. ਪ੍ਰਕਾਰ. ਤਰਹ. ਢੰਗ। ੩. ਨਿਯਮ. ਕਾਇਦਾ। ੪. ਸਾਰ. ਨਿਚੋੜ। ੫. ਅਧਕਤਾ. ਜਯਾਦਤੀ। ੬. ਵਸ੍ਤੁ. ਪਦਾਰਥ। ੭. ਤਿਲ ਦਾ ਬੂਟਾ। ੮. ਜਾਤਿ। ੯. ਵਿ- ਬਹੁਤ. ਅਧਿਕ। ੧੦. ਖਾਸ। ੧੧. ਸੰਗਜਾ- ਇੱਕ ਅਰਥਾਲੰਕਾਰ. ਥੋੜੇ ਯਤਨ ਕਰਨ ਤੋਂ ਵਡੇ ਫਲ ਦੀ ਪ੍ਰਾਪਤੀ ਦਾ ਵਰਣਨ. "ਵਿਸ਼ੇਸ਼" ਅਲੰਕਾਰ ਹੈ. ਲਘੁ ਆਰੰਭਹਿ ਤੇ ਜਹਾਂ ਅਧਿਕ ਸਿੱਘ ਹ੍ਵੈਜਾਤ.

(ਰਾਮਚੰਦ੍ਰਭੂਸ਼ਣ)

ਉਦਾਹਰਣ-

ਸ਼੍ਰੀ ਸਤਿਗੁਰੁ ਕੀ ਸਭਾ ਮੇ ਫੂਲ ਜਾਇਕੈ ਆਜ,

ਕੇਵਲ ਪੇਟ ਬਜਾਇਕੈ ਲੀਨੋ ਦੇਸ਼ਨ ਰਾਜ.

(ਅ) ਇੱਕ ਵਸ੍ਤੁ ਦਾ ਅਨੇਕ ਅਸਥਾਨਾਂ ਵਿੱਚ ਇੱਕ ਹੀ ਸਮੇਂ ਹੋਣਾ ਬਿਆਨ ਕਰਨਾ, ਵਿਸ਼ੇਸ਼ ਦਾ ਦੂਜਾ ਭੇਦ ਹੈ.

ਜਹਾਂ ਏਕ ਕੋ ਥਾਨ ਅਨੇਕ,

ਵਰਨੈ ਸੋਇ ਵਿਸ਼ੇਸ਼ ਵਿਬੇਕ. (ਗਰਬਗੰਜਨੀ)

ਉਦਾਹਰਣ-

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ,

ਅਨਿਕ ਭਾਂਤਿ ਹੁਇ ਪਸਰਿਆ ਨਾਨਕ ਏਕੰਕਾਰੁ. (ਗਉ ਥਿਤੀ ਮਃ ੫)

(ੲ) ਆਧਾਰ ਬਿਨਾ ਹੀ ਆਧੇਯ ਦੀ ਇਸਥਿਤੀ ਕਹਿਣੀ, ਵਿਸ਼ੇਸ਼ ਦਾ ਤੀਜਾ ਰੂਪ ਹੈ.

ਜਹਾਂ ਅਧੇਯ ਬਖਾਨਿਯੇ ਬਿਨ ਪ੍ਰਸਿੱਧ ਆਧਾਰ. (ਲਲਿਤਲਲਾਮ)

ਉਦਾਹਰਣ-

ਸਿੰਧੁ ਪਰਬਤ ਮੇਦਿਨੀ ਬਿਨ ਥੰਮਾ ਗਗਨ ਰਹਾਇਆ.

(ਚੰਡੀ ੩)

ਗਗਨਮੰਡਲ ਅਰਥਾਤ ਸੂਰਜ ਚੰਦ੍ਰਮਾ ਨਛਤ੍ਰ ਆਦਿਕ ਦਾ ਆਧਾਰ ਬਿਨਾ ਠਹਿਰਨਾ ਕਥਨ ਕੀਤਾ ਹੈ.

ਵਿਸੇਸਕ: ਵਿ- ਵਿਸ਼ੇਸ਼ ਕਰਨ ਵਾਲਾ. ਖ਼ਸੂਸੀਯਤ ਹੋਵੇ ਜਿਸ ਨਾਲ। ੨. ਸੰਗ੍ਯਾ- ਮੱਥੇ ਪੁਰ ਕੀਤਾ ਤਿਲਕ। ੩. ਇੱਕ ਅਰਥਾਲੰਕਾਰ. ਸਮ. ਵਸਤਾਂ ਦਾ ਭੇਦ, ਕੇਵਲ ਸਮੇਂ ਕਰਕੇ ਹੋਵੇ, ਐਸਾ ਵਰਣਨ "ਵਿਸ਼ੇਸ਼ਕ" ਅਲੰਕਾਰ ਹੈ.

ਸਮਯ ਭੇਦ ਸਮ ਵਸ੍ਤੁ ਮੇ ਕਰਤੋ ਭੇਦ ਵਿਸ਼ੇਸ਼,

ਤਾਂਹਿ ਵਿਸ਼ੇਸ਼ਕ ਕਹਿਤ ਹੈਂ ਜੇ ਮਤਿਵਾਨ ਵ੍ਰਿਜੇਸ਼.

ਉਦਾਹਰਣ-

ਚਾਕਰ ਸਭੀ ਸਦਾਇੰਦੇ ਸਾਹਿਬਦਰਬਾਰੇ,

ਨਿਵਿ ਨਿਵਿ ਕਰਨ ਜੁਹਾਰੀਆਂ ਸਭ ਸੈਹਥਿਆਰੇ,

ਮਜਲਸ ਬਹਿ ਬਾਫਾਇੰਦੇ ਗਜਗਾਹ ਸਵਾਰੇ,

ਰਣ ਵਿਚ ਪਇਆਂ ਜਾਣੀਅਨ ਜੋਧ, ਭੱਜਣਹਾਰੇ,

ਤਿਉਂ ਸਾਂਗ ਸਿਵਾਪਨ ਸਨਮੁਖਾ, ਬੇਮੁਖ ਹਤਿਆਰੇ.

(ਭਾਗੁ)

ਵਿਸ਼ੇਸ਼ਣ: ਸੰਗ੍ਯਾ- ਜਿਸ ਨਾਲ ਖ਼ਸੂਸਿਯਤ ਕੀਤੀ ਜਾਵੇ. ਭੇਦ ਕਰਨ ਵਾਲਾ ਧਰਮ (ਗੁਣ). ਦੂਸਰੀ ਵਸ੍ਤੁ ਤੋਂ ਭਿੰਨ ਕਰਨ ਵਾਲੀ ਖ਼ਾਸ ਸਿਫ਼ਤ. adjective.

ਵਿਸ਼ੇਸ਼ ਰੂਪਕ: ਦੇਖੋ, ਰੂਪਕ (ਅ).

ਵਿਸ਼ੇਸ਼ਿਤਾ: ਸੰਗ੍ਯਾ- ਖ਼ਾਸਪਨ. ਖ਼ਸੂਸੀਯਤ.

ਵਿਸ਼ੇਸ਼ੋਕ੍ਤਿ: ਇੱਕ ਅਰਥਾਲੰਕਾਰ. (ਵਿਸ਼ੇਸ਼- ਜ੍ਯਾਦਾ, ਉਕਤਿ- ਕਹਿਣਾ) ਕਾਰਣ ਦੇ ਮੌਜੂਦ ਹੋਣ ਪੁਰ ਭੀ ਕਾਰਯ ਦਾ ਨਾ ਹੋਣਾ, ਐਸਾ ਵਰਣਨ "ਵਿਸ਼ੇਸ਼ੋਕ੍ਤਿ" ਦਾ ਰੂਪ ਹੈ.

ਕਾਰਣ ਤੇ ਕਾਰਯ ਹੁਇ ਨਾਹੀ,

ਕਹੈਂ ਵਿਸ਼ੇਸ਼ੋਕ੍ਤੀ ਬੁਧ ਤਾਹੀ. (ਗਰਬਗੰਜਨੀ)

ਉਦਾਹਰਣ-

ਸੋਚੈ ਸੋਚਿ ਨ ਹੋਵਈ, ਜੋ ਸੋਚੀ ਲਖਵਾਰ,

ਚੁਪੈ ਚੁਪ ਨ ਹੋਵਈ, ਜੇ ਲਾਇਰਹਾ ਲਿਵਤਾਰ,

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆਭਾਰ

(ਜਪੁ)

ਦਿਨ ਦਿਨੁ ਕਰਤ ਭੋਜਨ ਬਹੁ ਬਿੰਜਨ

ਤਾਂਕੀ ਮਿਟੈ ਨ ਭੂਖਾ. (ਧਨਾ ਮਃ ੫)

ਅੰਦਰ ਸਭਾ ਦੁਸਾਸਨੈ ਮੱਥੇਵਾਲ ਦ੍ਰੋਪਤੀ ਆਂਦੀ,

ਦੂਤਾਂ ਨੂੰ ਫੁਰਮਾਇਆ, ਨੰਗੀ ਕਰੋ ਪੰਚਾਲੀਬਾਂਦੀ,

ਕੱਪੜਕੋਟ ਉਸਾਰਿਅਨੁ ਥੱਕੇ ਦੂਤ, ਨ ਪਾਰਵਸਾਂਦੀ. (ਭਾਗੁ)

ਨਗਨ ਕਰਨ ਦਾ ਪੂਰਨ ਕਾਰਣ ਹੋਣ ਪੁਰ ਭੀ ਕਾਰਯ ਨਹੀਂ ਹੋਇਆ.

(ਅ) ਜੇ ਐਸਾ ਵਰਣਨ ਹੋਵੇ ਕਿ ਕਾਰਣ ਦੇ ਹੋਣ ਪੁਰ ਇਸ ਲਈ ਕਾਰਯ ਨਹੀਂ ਹੋਇਆ, ਤਦ ਵਿਸ਼ੇਸ਼ੋਕ੍ਤਿ ਦੀ "ਉਕ੍ਤ ਨਿਮਿੱਤਾ" ਸੰਗ੍ਯਾ ਹੁੰਦੀ ਹੈ.

(ੲ) ਜੇ ਸਬਬ (ਕਾਰਣ) ਨਾ ਦੱਸਿਆ ਜਾਵੇ, ਤਦ "ਅਨੁਕ੍ਤਨਿਮਿੱਤਾ." ਭੇਦ ਹੁੰਦਾ ਹੈ.

(ਸ) ਜਿਸ ਥਾਂ ਇਹ ਨਾ ਜਾਣਿਆ ਜਾਵੇ ਕਿ ਕਿਉਂ ਕਾਰਣ ਦੇ ਹੋਣ ਪੁਰ ਭੀ ਕਾਰਯ ਨਹੀਂ ਹੋਇਆ, ਉਸ ਜਗਾ ਵਿਸ਼ੇਸ਼ੋਕ੍ਤਿ ਦਾ ਭੇਦ "ਅਚਿੰਤਾ ਨਿਮਿੱਤਾ" ਹੋਇਆ ਕਰਦਾ ਹੈ.

ਵਿਸ਼ੇਸ਼੍ਯ: ਵਿ- ਵਿਸ਼ੇਸ਼ਣ ਯੁਕ੍ਤ. ਮੌਸੂਫ.

ਵਿਸੇਖ: ਦੇਖੋ, ਵਿਸੇਸ. "ਕ੍ਰਿਯਾ ਵਿਸੇਖ ਪੂਜਾ ਕਰੇਇ." (ਬਸੰ ਅਃ ਮਃ ੧)

ਵਿਸੇਖਣ: ਦੇਖੋ, ਵਿਸ਼ੇਸ਼ਣ.

ਵਿਸੇਖੁ: ਦੇਖੋ, ਵਿਸੇਸ. "ਮਜਨੁ ਦਾਨੁ ਚੰਗਿਆਈਆਂ ਭਾਈ, ਦਰਗਹ ਨਾਮੁ ਵਿਸੇਖੁ." (ਸੋਰ ਅਃ ਮਃ ੧) ੨. ਦੇਖੋ, ਵਿਸ਼ੇਸ਼੍ਯ.

ਵਿਸੈ: ਦੇਖੋ, ਵਿਸਯ। ੨. ਵੈਸਾਹੀ. ਓਹੋਜੇਹਾ. ਦੇਖੋ, ਹਿਤੁ ੨.

ਵਿਸੋਆ: ਦੇਖੋ, ਵਸੋਆ.

ਵਿਸ਼ੋਕ: ਵਿ- ਸ਼ੋਕ ਬਿਨਾ। ੨. ਸੰਗ੍ਯਾ- ਅਸ਼ੋਕ ਬਿਰਛ.

ਵਿਸੰਕ: ਵਿ- ਸ਼ੰਕਾ ਰਹਿਤ. ਵਿਸ਼ੰਕ। ੨. ਨਿਡਰ.

ਵਿੱਸਾ: ਇੱਕ ਭਾਰਦ੍ਵਾਜੀ ਬ੍ਰਾਹਮਣ, ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋਕੇ ਧਰਮਪ੍ਰਚਾਰਕ ਹੋਇਆ.

ਵਿਸ਼੍ਟਪ: ਸੰ. ਸੰਗ੍ਯਾ- ਲੋਕ. ਭੁਵਨ. ਦੇਖੋ, ਤ੍ਰਿਵਿਸ਼੍ਟਪ.

ਵਿਸ਼੍ਤਰ: ਦੇਖੋ, ਬਿਸਤਰ.

ਵਿਸ਼੍ਰਿ: ਦੇਖੋ, ਵਿਸਟਿ.

ਵਿਸਣੁਗੁਪੁ: ਚੰਦ੍ਰਗੁਪੁ ਦਾ ਪ੍ਰਧਾਨਮੰਤ੍ਰੀ, ਜਿਸ ਦੇ ਕੁਟਿਲ ਅਤੇ ਚਾਣਕਯ ਨਾਮ ਪ੍ਰਸਿੱਧ ਹਨ. ਇਸ ਦਾ ਰਚਿਆ ਨੀਤਿ ਦਾ ਉੱਤਮ ਗ੍ਰੰਥ "ਅਰਥਸ਼ਾਸਤ੍ਰ" ਹੈ, ਜਿਸ ਦੇ ੧੫. ਅਧਿਕਰਣ ਅਤੇ ੧੫੦ ਅਧਜਾਯ ਹਨ. ਇਸ ਤੋਂ ਭਿੰਨ ੫੭੧ ਨੀਤਿਸੂਤ੍ਰ ਹਨ. ਇਨ੍ਹਾਂ ਦੇ ਹੀ ਆਧਾਰ ਤੇ ਅਨੇਕ ਕਵੀਆਂ ਨੇ ਉੱਤਮ ਨੀਤਿਗ੍ਰੰਥ ਲਿਖੇ ਹਨ. ਦੇਖੋ, ਸੈਨਾਪਤਿ ੨. ਅਤੇ ਚਾਣਕਯ.

ਵਿਸ਼੍ਨੁ: ਦੇਖੋ, ਬਿਸਨੁ.

ਵਿਸ਼੍ਨੁਗੁਪਤ: ਦੇਖੋ, ਵਿਸ਼ਣੁਗੁਪੁ.

ਵਿਸ੍ਮਰਣ: ਦੇਖੋ, ਬਿਸਰਣ.

ਵਿਸ਼੍ਰਬਧਨਵੋਢਾ: ਕਾਵਯ ਅਨੁਸਾਰ ਨਹੀਂ ਵਿਆਹੀ ਨਾਯਿਕਾ, ਜੋ ਨਾਯਕ ਪੁਰ ਕੁਝ ਪਤੀਜਣ ਲੱਗੀ ਹੈ.

ਵਿਸ਼੍ਰਵਾ: ਸੰ. विश्रवस्. ਵਿ- ਬਹੁਤ ਸੁਣਿਆ ਹੋਇਆ. ਪ੍ਰਸਿੱਧ. ਮਸ਼ਹੂਰ। ੨. ਸੰਗਯਾ- ਹਵਿਰ ਦੇ ਪੇਟੋਂ ਪੁਲਸਤਯ ਦਾ ਪੁਤ੍ਰ, ਜਿਸ ਨੇ ਕੇਸ਼ਿਨੀ (ਨਿ) ਦੇ ਉਦਰ ਤੋਂ ਰਾਵਣ, ਕੁੰਭਕਰਣ, ਵਿਭੀਸ਼ਣ ਅਤੇ ਸੂਪੰਣਖਾ ਪੈਦਾ ਕੀਤੇ, ਅਰ ਇਲਵਿਡਾ ਇਸਤ੍ਰੀ ਤੋਂ ਕੁਬੇਰ ਉਤਪੰਨ ਕੀਤਾ.

ਵਿਸ਼੍ਰਾਂਤ: ਵਿ- ਕ੍ਸ਼ੋਭ ਰਹਿਤ. ਸ਼ਾਂਤ। ੨. ਹਟਿਆ ਹੋਇਆ। ੩. ਆਰਾਮ ਨਾਲ ਬੈਠਾ.

ਵਿਸ਼੍ਰਾਂਤਿ: ਸੰਗਯਾ- ਆਰਾਮ. ਵਿਸ਼੍ਰਾਮ. ਟਿਕਾਉ.

ਵਿਸ਼੍ਰਾਂਤਿ ਘਾਟ: ਸੰਗਯਾ- ਮਥੁਰਾ ਦੇ ਪਾਸ ਯਮੁਨਾ ਨਦੀ ਦਾ ਇੱਕ ਘਾਟ, ਜਿੱਥੇ ਕੰਸ ਨੂੰ ਮਾਰਕੇ ਕ੍ਰਿਸ਼ਨ ਜੀ ਨੇ ਕ੍ਰੋਧ ਸ਼ਾਂਤ ਕਰਕੇ ਆਰਾਮ ਕੀਤਾ ਸੀ.

ਵਿਸ਼੍ਰਾਮ: ਦੇਖੋ, ਬਿਸਰਾਮ.

ਵਿਸ਼੍ਰਾਮਨਿਧਿ: ਦੇਖੋ, ਬਿਸ੍ਰਾਮਨਿਧਿ.

ਵਿਸ਼੍ਰੁਤਿ: ਦੇਖੋ, ਸੁਹਰਤ.

ਵਿਸ਼੍ਲੇਸ਼: ਸੰ. ਸੰਗਯਾ- ਵਿਯੋਗ. ਵਿਛੋੜਾ। ੨. ਢਿੱਲਾਪਨ.

ਵਿਸ਼੍ਵ: ਸੰ. ਸੰਗਯਾ- ਜਗਤ. ਸੰਸਾਰ। ੨. ਸ਼੍ਰੱਧ ਦੇ ਅਭਿਮਾਨੀ ਦੇਵਤਾ, ਜੋ ਦਕ੍ਸ਼ ਦੀ ਪੁਤ੍ਰੀ ਵਿਸ਼੍ਵਾ ਦੇ ਉਤਰ ਤੋਂ ਧਰਮ ਦੇ ਪੁਤ੍ਰ ਹਨ. ਇਨ੍ਹਾਂ ਦੀ ਗਿਣਤੀ ਦਸ ਹੈ. ਦੇਖੋ, ਵਿਸ਼੍ਵਦੇਵ ੨। ੩. ਜੀਵਾਤਮਾ, ਜੋ ਜਾਗ੍ਰਤ ਅਵਸਥਾ ਦਾ ਅਭਿਮਾਨੀ ਹੈ। ੪. ਵਿਸ਼ਨੁ। ੫. ਸ਼ਿਵ। ੬. ਦੇਹ. ਸ਼ਰੀਰ। ੭. ਵਿ- ਸਾਰਾ. ਤਮਾਮ. ਸਭ। ੮. ਬਹੁਤ.

ਵਿਸ਼੍ਵਸ੍ਤ: ਵਿ- ਜਿਸ ਪੁਰ ਵਿਸ਼੍ਵਾਸ (ਭਰੋਸਾ) ਕੀਤਾ ਗਿਆ ਹੈ. ਮੁਅ਼ਤਬਰ. ਇਤਬਾਰੀ.

ਵਿਸ਼੍ਵਕਸੇਨ: ਸੰ. विष्वक्सेन. ਸੰਗਯਾ- ਜਿਸ ਦੀ ਸੈਨਾ ਪਵਿਤ੍ਰ ਹੋਵੇ, ਵਿਸ਼ਨੁ. "ਗੁਨ ਜਨਾਰਦਨ ਵਿਸ਼੍ਵਕਸੇਨ." (ਗੁਪ੍ਰਸੂ) ੨. ਵਿਸ਼ਨੁ ਪੁਰਾਣ ਅਨੁਸਾਰ ਤੇਰਵਾਂ ਮਨੁ। ੩. ਸ਼ਿਵ ਦਾ ਇੱਕ ਨਾਮ.

ਵਿਸ਼੍ਵਕਰਮਾ: ਸੰ. विश्वकर्मन्. ਸੰਸਾਰ ਰਚਣ ਵਾਲਾ ਕਰਤਾਰ. ਰਿਗਵੇਦ ਦੇ ਦੋ ਮੰਤ੍ਰਾਂ ਵਿੱਚ ਵਿਸ਼੍ਵਕਰਮਾ ਦਾ ਵਰਣਨ ਹੈ ਕਿ ਇਸ ਦੇ ਹਰ ਪਾਸੇ ਮੂੰਹ ਬਾਹਾਂ ਅਤੇ ਪੈਰ ਹਨ. ਸੰਸਾਰ ਰਚਣ ਵੇਲੇ ਇਹ ਆਪਣੀਆਂ ਬਾਹਾਂ ਤੋਂ ਕੰਮ ਲੈਂਦਾ ਹੈ ਅਰ ਇਸ ਨੂੰ ਸਾਰੇ ਲੋਕਾਂ ਦਾ ਗਿਆਨ ਹੈ। ੨. ਬ੍ਰਹਮਾ। ੩. ਸੂਰਜ। ੪. ਇੱਕ ਦਵੇਤਾ, ਜਿਸ ਨੂੰ ਮਹਾਭਾਰਤ ਅਤੇ ਪੁਰਾਣਾਂ ਵਿੱਚ ਦੇਵਤਿਆਂ ਦਾ ਚੀਫ ਇੰਜਨੀਅਰ (Chief Engineer) ਦੱਸਿਆ ਹੈ. ਇਹ ਕੇਵਲ ਦੇਵਤਿਆਂ ਦੇ ਮਕਾਨ ਹੀ ਨਹੀਂ ਰਚਦਾ ਕਿੰਤੁ ਦੇਵਤਿਆਂ ਦੇ ਸ਼ਸਤ੍ਰ ਅਸਤ੍ਰਾਂ ਨੂੰ ਭੀ ਇਹੀ ਬਣਾਉਂਦਾ ਹੈ. ਸਥਾਪਤਯ ਉਪਵੇਦ, ਜਿਸ ਵਿੱਚ ਦਸ੍ਤਕਾਰੀ ਦੇ

ਹੁਨਰ ਦੱਸੇ ਹਨ, ਉਹ ਇਸੇ ਦਾ ਰਚਿਆ ਹੋਇਆ ਹੈ. ਮਹਾਭਾਰਤ ਵਿੱਚ ਇਸ ਦੀ ਬਾਬਤ ਇਉਂ ਲਿਖਿਆ ਹੈ- "ਦੇਵਤਿਆਂ ਦਾ ਪਤਿ, ਗਹਿਣੇ ਘੜਨ ਵਾਲਾ, ਵਧੀਆ ਕਾਰੀਗਰ, ਜਿਸ ਨੇ ਕਿ ਦੇਵਤਿਆਂ ਦੇ ਰਥ ਬਣਾਏ ਹਨ, ਜਿਸ ਦੇ ਹੁਨਰ ਤੇ ਪ੍ਰਿਥਿਵੀ ਖੜੀ ਹੈ, ਅਤੇ ਜਿਸ ਦੀ ਸਦੀਵ ਪੂਜਾ ਕੀਤਾ ਜਾਂਦੀ ਹੈ"

ਰਾਮਾਯਣ ਵਿੱਚ ਲਿਖਿਆ ਹੈ ਕਿ ਵਿਸ਼੍ਵਕਰਮਾ ਅੱਠਵੇਂ ਵਾਸੁ ਪ੍ਰਭਾਸ ਦਾ ਪੁਤ੍ਰ ਲਾਵਨਜਮਤੀ (ਯੋਗ- ਸਿੱਧਾ) ਦੇ ਪੇਟੋਂ ਹੋਇਆ. ਇਸ ਦੀ ਪੁਤ੍ਰੀ ਸੰਜਨਾ ਦਾ ਵਿਆਹ ਸੂਰਯ ਨਾਲ ਹੋਇਆ ਸੀ, ਪਰ ਜਦ ਸੰਜਨਾ ਸੂਰਯ ਦਾ ਤੇਜ ਸਹਾਰ ਨ ਸਕੀ, ਤਾਂ ਵਿਸ਼੍ਵਕਰਮਾਂ ਨੇ ਸੂਰਯ ਨੂੰ ਆਪਣੇ ਖਰਾਦ ਤੇ ਚਾੜ੍ਹ ਕੇ ਉਸ ਦਾ ਅੱਠਵਾਂ ਭਾਗ ਛਿੱਲ ਦਿੱਤਾ, ਜਿਸ ਤੋਂ ਸੂਰਯ ਦੀ ਤਪਤ ਕਮ ਹੋ ਗਈ. ਸੂਰਜ ਦੇ ਛਿੱਲੜ ਤੋਂ ਵਿਸ਼੍ਵਕਰਮਾਂ ਨੇ ਵਿਸ਼ਨੁ ਦਾ ਚਕ੍ਰ, ਸ਼ਿਵ ਦਾ ਤ੍ਰਿਸ਼ੂਲ, ਕਾਰਤਿਕੇਯ ਦੀ ਬਰਛੀ ਅਤੇ ਹੋਰ ਕਈ ਦੇਵਤਿਆਂ ਦੇ ਸ਼ਸਤ੍ਰ ਬਣਾਏ. ਜਗੰਨਾਥ ਦਾ ਬੁਤ ਭੀ ਇਸੇ ਕਾਰੀਗਰ ਦੀ ਦਸ੍ਤਕਾਰੀ ਦਾ ਕਮਾਲ ਹੈ. ਦੇਖੋ, ਜਗੰਨਾਥ.

ਵਿਸ਼੍ਵਕਰਮਾਂ: ਦੀ ਪੂਜਾ ਦਾ ਦਿਨ ਹਿੰਦੂਮਤ ਦੇ ਗ੍ਰੰਥਾਂ ਅਨੁਸਾਰ ਭਾਦੋਂ ਦੀ ਸੰਕ੍ਰਾਂਤਿ ਹੈ.

ਵਿਸ਼੍ਵਦੇਵ: ਸਾਰੇ ਜਗਤ ਦਾ ਪੂਜਯ ਦੇਵ ਕਰਤਾਰ। ੨. ਪੁਰਾਣਾਂ ਅਨੁਸਾਰ ਖ਼ਾਸ ਕਰਕੇ ਦਸ਼ ਦੇਵਤਿਆਂ ਦੀ ਇਹ ਸੰਗ੍ਯਾ ਹੈ- ਵਸੁ, ਸਤ੍ਯ, ਕ੍ਰਤੁ, ਦਕ੍ਸ਼, ਕਾਲ, ਕਾਮ, ਧੂਰਿ, ਲੋਚਨ, ਪੁਰੂਰਵਾ ਅਤੇ ਆਰਦ੍ਰਵਾ. ਦੇਖੋ, ਲਿਖਿਤ ਸਿਮ੍ਰਿਤਿ ਸ. ੪੭. "ਅਸੁਨਿ ਕੁਮਾਰ ਸੁ ਵਿਸ਼੍ਵੇਦੇਵਾ." (ਗੁਪ੍ਰਸੂ) ਕਈ ਪੁਰਾਣਾਂ ਵਿੱਚ ਧੂਰਿ ਦੇ ਥਾਂ ਧ੍ਰਿਤਿ, ਲੋਚਨ ਦੀ ਥਾਂ ਕੁਰੁ ਅਤੇ ਆਰਦ੍ਰਵਾ ਦੀ ਥਾਂ ਮਾਦ੍ਰਵਾ ਲਿਖਿਆ ਹੈ. ਅਗਨਿ ਪੁਰਾਣ ਵਿੱਚ ਇਹ ਨਾਮ ਹਨ- ਕ੍ਰਤੁ, ਦਕ੍ਸ਼, ਵਸੁ, ਸਤ੍ਯ, ਕਾਮ, ਕਾਲ, ਧ੍ਵਨਿ, ਰੋਚਕ, ਆਦ੍ਰਵ ਅਤੇ ਪੁਰੂਰਵਾ.[1171] ਦੇਖੋ, ਵਿਸ਼੍ਵ ੨.

ਵਿਸ਼੍ਵਨਾਥ, ਵਿਸ਼੍ਵਪਤਿ: ਜਗਤ ਦਾ ਸ੍ਵਾਮੀ, ਕਰਤਾਰ.

ਵਿਸ਼੍ਵਮਾਤਾ: ਸਾਰੇ ਜਗਤ ਦੀ ਮਾਂ, ਮਾਯਾ। ੨. ਲੱਛਮੀ। ੩. ਭਵਾਨੀ. ਦੁਰਗਾ। ੪. ਦੇਖੋ, ਲੋਕਮਾਤਾ ੩.

ਵਿਸ਼੍ਵਾਸ: ਭਰੋਸਾ. ਇਤਬਾਰ. ਦੇਖੋ, ਬਿਸ੍ਵਾਸ.

ਵਿਸ਼੍ਵਾਸਘਾਤਕ, ਵਿਸ਼੍ਵਾਸਘਾਤੀ: ਵਿਸ਼੍ਵਾਸ (ਭਰੋਸਾ) ਕਰਨ ਵਾਲੇ ਨੂੰ ਧੋਖਾ ਦੇਣ ਵਾਲਾ. ਆਪਣਾ ਇਤਬਾਰ ਕਿਸੇ ਦੇ ਦਿਲ ਵਿੱਚ ਜਮਾਕੇ ਅਪਕਾਰ ਕਰਨ ਵਾਲਾ. ਚਾਣਕ੍ਯ ਲਿਖਦਾ ਹੈ ਕਿ ਵਿਸ਼੍ਵਾਸਘਾਤੀ ਦਾ ਕਦੇ ਉੱਧਾਰ ਨਹੀਂ ਹੁੰਦਾ.

" विश्वासघातिनो न निष्कृतिः" (ਸੂਤ੍ਰ ੫੨੩)

ਵਿਸ਼੍ਵਾਦੇਵ: ਦੇਖੋ, ਵਿਸ਼੍ਵਦੇਵ. "ਵਿਸ਼੍ਵਾਦੇਵ ਮਹਾਰਿਖਿ ਘਨੇ." (ਗੁਪ੍ਰਸੂ)

ਵਿਸ਼੍ਵਾਨ: ਦੇਖੋ, ਬਿਸ੍ਵਾਨ.

ਵਿਸ਼੍ਵਾਨਰ: ਦੇਖੋ, ਵੈਸ਼੍ਵਾਨਰ.

ਵਿਸ਼੍ਵਾਮਿਤ੍ਰ:[1172] ਰਿਗਵੇਦ ਅਨੁਸਾਰ ਕੁਸ਼ਿਕ ਦਾ ਅਤੇ ਮਹਾਭਾਰਤ ਆਦਿ ਗ੍ਰੰਥਾਂ ਅਨੁਸਾਰ ਕਾਨ੍ਯਕੁਬਜ ਦੇ ਪੁਰੁਵੰਸ਼ੀ ਰਾਜਾ ਗਾਧਿ ਦਾ ਪੁਤ੍ਰ ਇੱਕ ਪ੍ਰਤਾਪੀ ਰਿਖੀ, ਜੋ ਛਤ੍ਰੀ ਹੋਣ ਪੁਰ ਭੀ ਬ੍ਰਹਮਰਿਖੀ ਪਦਵੀ ਨੂੰ ਪ੍ਰਾਪਤ ਹੋਇਆ. ਇਸ ਦਾ ਅਸਲ ਨਾਮ ਵਿਸ਼੍ਵਰਥ ਹੈ. ਬਹੁਤਿਆਂ ਨੇ ਲਿਖਿਆ ਹੈ ਕਿ ਇਹ ਕੁਸ਼ਕ ਦੀ ਵੰਸ਼ (ਕੁਲ) ਵਿੱਚ ਹੋਇਆ ਹੈ. ਇਸ ਕਰਕੇ ਕੌਸ਼ਿਕ ਸੱਦੀ ਦਾ ਹੈ. ਵਿਸ਼ਵਾਮਿਤ੍ਰ ਰਾਮਚੰਦ੍ਰ ਜੀ ਦਾ ਅਸ੍ਤ੍ਰਗੁਰੁ ਸੀ, ਅਰ ਆਪਣੇ ਯਗ੍ਯ ਦੀ ਰਖ੍ਯਾ ਲਈ ਦਸ਼ਰਥ ਤੋਂ ਰਾਮ ਨੂੰ ਮੰਗਕੇ ਲੈਗਿਆ ਸੀ. ਵਸ਼ਿਸ਼੍ਠ ਰਿਖੀ ਨਾਲ ਵਿਸ਼੍ਵਾਮਿਤ੍ਰ ਦਾ ਭਾਰੀ ਵਿਰੋਧ ਸੀ, ਜਿਸ ਦਾ ਕਾਰਣ ਪੁਰਾਣਾਂ ਵਿੱਚ ਲਿਖਿਆ ਹੈ ਕਿ ਇਹ ਦੋਵੇਂ

---

[1171] ਕਈ ਗ੍ਰੰਥਾਂ ਵਿੱਚ ਵਿਸ਼੍ਵ ਦੇਵਤਿਆਂ ਦੀ ਗਿਣਤੀ ਤੇਰਾਂ ਹੈ.

[1172] ਐਤ੍ਰੇਯ ਆਰਣ੍ਯਕ ਵਿੱਚ ਲਿਖਿਆ ਹੈ ਕਿ ਸਭ ਦਾ ਮਿਤ੍ਰ ਹੋਣ ਕਰਕੇ ਵਿਸ਼੍ਵਾਮਿਤ੍ਰ ਸੰਗ੍ਯਾ ਹੈ. मित्रेचर्षौ. ਇਸ ਸੂਤ੍ਰ ਨਾਲ. ਮਿਤ੍ਰ ਸ਼ਬਦ ਪਰੇ ਹੋਣ ਕਰਕੇ ਵਿਸ਼੍ਵ ਸ਼ਬਦ ਦੀਰਘ ਹੋ ਗਿਆ ਹੈ.

ਰਾਜਾ ਸੌਦਾਸ ਦੇ ਪੁਰੋਹਿਤ ਹੋਣ ਪਿੱਛੇ ਆਪੋਵਿੱਚੀਂ ਲੜਦੇ ਰਹਿੰਦੇ ਸਨ. ਮਾਰਕੰਡੇਯ ਪੁਰਾਣ ਵਿੱਚ ਵਿਸ਼੍ਵਾਮਿਤ੍ਰ ਨੂੰ ਹਰਿਸ਼ਚੰਦ੍ਰ ਦਾ ਪੁਰੋਹਿਤ ਲਿਖਿਆ ਹੈ. ਵਸ਼ਿਸ਼੍ਠ ਨਾਲ ਵੈਰ ਦਾ ਕਾਰਣ ਇਹ ਭੀ ਪੁਰਾਣਾਂ ਨੇ ਦੱਸਿਆ ਹੈ ਕਿ ਵਿਸ਼੍ਵਾਮਿਤ੍ਰ, ਵਸ਼ਿਸ਼੍ਠ ਦੀ ਨੰਦਿਨੀ ਗਊ ਜੋ ਸਭ ਮਨਵਾਂਛਿਤ ਪਦਾਰਥ ਦਿੰਦੀ ਸੀ, ਖੋਹ ਲੈਣਾ ਚਾਹੁੰਦਾ ਸੀ. ਕਈਆਂ ਨੇ ਲਿਖਿਆ ਹੈ ਕਿ ਵਿਸ਼੍ਵਾਮਿਤ੍ਰ ਨੂੰ ਵਸ਼ਿਸ਼੍ਠ ਬ੍ਰਹਮਰਿਖੀ ਨਹੀਂ ਮੰਨਦਾ ਸੀ, ਇਸ ਲਈ ਝਗੜਾ ਸੀ.

ਵਿਸ਼੍ਵਾਮਿਤ੍ਰ ਦੀ ਉਤਪੱਤੀ ਬਾਬਤ ਮਹਾਭਾਰਤ ਵਿੱਚ ਲਿਖਿਆ ਹੈ ਕਿ ਰਾਜਾ ਗਾਧਿ ਨੇ ਆਪਣੀ ਪੁਤ੍ਰੀ ਸਤਜਵਤੀ, ਰਿਚੀਕ (ऋचीक) ਰਿਖੀ ਨੂੰ ਦਿੱਤੀ. ਇੱਕ ਵਾਰ ਰਿਚੀਕ ਨੇ ਮੰਤ੍ਰ ਦੇ ਬਲ ਨਾਲ ਦੋ ਭੋਜਨ ਸੰਤਾਨ ਪੈਦਾ ਕਰਨ ਦੀ ਸ਼ਕਤਿ ਵਾਲੇ ਤਿਆਰ ਕੀਤੇ ਅਰ ਆਪਣੀ ਇਸਤ੍ਰੀ ਸਤਜਵਤੀ ਨੂੰ ਦੇਕੇ ਆਖਿਆ ਕਿ ਇਹ ਭੋਜਨ ਤੂੰ ਖਾਲੈ, ਇਸ ਦੇ ਅਸਰ ਨਾਲ ਬ੍ਰਾਹਮਣਾਂ ਦੇ ਗੁਣ ਰੱਖਣ ਵਾਲਾ ਤੇਰੇ ਪੁਤ੍ਰ ਹੋਊ, ਅਰ ਇਹ ਦੂਜਾ ਭੋਜਨ ਤੂੰ ਆਪਣੀ ਮਾਂ ਨੂੰ ਦੇਦੇ, ਇਸ ਦੇ ਅਸਰ ਤੋਂ ਛਤ੍ਰੀਆਂ ਦੇ ਗੁਣਾਂ ਵਾਲਾ ਬੇਟਾ ਹੋਵੇਗਾ.

ਸਤਜਵਤੀ ਨੇ ਦੋਵੇਂ ਭੋਜਨ ਆਪਣੀ ਮਾਂ ਅੱਗੇ ਰੱਖਕੇ ਉਨ੍ਹਾਂ ਦੇ ਗੁਣ ਦੱਸੇ. ਮਾਤਾ ਨੇ ਪੁਤ੍ਰੀ ਵਾਲਾ ਭੋਜਨ ਆਪ ਖਾਧਾ ਅਤੇ ਆਪਣਾ ਪੁਤ੍ਰੀ ਨੂੰ ਦੇ ਦਿੱਤਾ, ਜਿਸ ਤੋਂ ਸਤਜਵਤੀ ਦੇ ਪੇਟੋਂ ਛਤ੍ਰੀ ਦੇ ਗੁਣਾਂ ਵਾਲਾ ਜਮਦਗਨਿ ਪੈਦਾ ਹੋਇਆ ਅਤੇ ਗਾਧਿ ਦੀ ਰਾਣੀ ਦੇ ਉਦਰ ਤੋਂ ਬ੍ਰਾਹਮਣ ਗੁਣਧਾਰੀ ਵਿਸ਼੍ਵਾਮਿਤ੍ਰ ਜਨਮਿਆ. ਦੇਖੋ, ਗਾਲਵ, ਬਸਿਸਟ ਅਤੇ ਰਿਚਾਕ.

ਵਿਸ਼੍ਵੇਸ਼, ਵਿਸ਼੍ਵੇਸ਼੍ਵਰ: ਵਿਸ਼੍ਵ- ਈਸ਼. ਜਗਤ ਦਾ ਮਾਲਿਕ, ਕਰਤਾਰ

ਵਿਸ਼੍ਵੇਦੇਵ: ਦੇਖੋ, ਵਿਸ਼੍ਵ ੨. ਅਤੇ ਵਿਸ਼੍ਵਦੇਵ ੨.

ਵਿਸ਼੍ਵੰਭਰ: ਦੇਖੋ, ਬਿਸ਼੍ਵੰਭਰ.

ਵਿਸ਼੍ਵੰਭਰਾ: ਵਿਸ਼੍ਵ ਨੂੰ ਭਰਨ ਵਾਲੀ, ਪ੍ਰਿਥਿਵੀ.

ਵਿਹ: ਸੰ. ਆਕਾਸ਼। ੨. ਪੌਣ. ਵਾਯੁ. ਹਵਾ.

ਵਿਹਗ: ਆਕਾਸ਼ਚਾਰੀ. ਦੇਖੋ, ਬਿਹਗ.

ਵਿਹਰਣ, ਵਿਹਰਨ: ਸੰ. ਸੰਗਯਾ- ਵਿਚਰਣ ਦੀ ਕ੍ਰਿਯਾ। ੨. ਵਿਯੋਗ. ਜੁਦਾਈ. ਅਲਗ ਹੋਣਾ ਵਿਛੋੜਾ. "ਵਿਹਰਣ ਸਭ ਸਾਕ." (ਭਾਗੁ) "ਵਿਹਰੇ ਹੋਵਨ ਸੱਸ ਵਿਗੋਈ." (ਭਾਗੁ)

ਵਿਹਵਲ: ਦੇਖੋ, ਬਿਹਬਲ.

ਵਿਹਾਉਣਾ: ਦੇਖੋ, ਬਿਹਾਉਣਾ. "ਰਾਤਿ ਨ ਬਿਹਾਵੀ ਸਾਕਤਾ." (ਮਃ ੫. ਵਾਰ ਮਲਾ)

ਵਿਹਾਗ: ਦੇਖੋ, ਬਿਹਾਗ.

ਵਿਹਾਝਣਾ, ਵਿਹਾਝਣੁ, ਵਿਹਾਝਨਾ: ਦੇਖੋ, ਬਿਹਾਉਣਾ.

ਵਿਹਾਣ: ਸੰਗਯਾ- ਬਿਹਾਨ. ਭੋਰ. ਦੇਖੋ, ਬਿਹਾਨ ੨. "ਵਣੁ ਤ੍ਰਿਣੁ ਤ੍ਰਿਭਵਣੁ ਤੁਨੈ ਧਿਆਇਅਦਾ ਅਨਦਿਨੁ ਸਦਾ ਵਿਹਾਣ." (ਸਾਵ ਮਃ ੩)

ਵਿਹਾਣਾ, ਵਿਹਾਣੀ: ਗੁਜ਼ਰਿਆ. ਗੁਜ਼ਰੀ ਵੀਤਿਆ. ਵੀਤੀ. ਹੋਈ. "ਰੈਣਿ ਵਿਹਾਣੀ ਪਛੁਤਾਣੀ." (ਮਾਝ ਬਾਰਹਮਾਹਾ)

ਵਿਹਾਦੀ: ਗੁਜ਼ਰਦੀ. ਵੀਤਦੀ. "ਚਲੀ ਰੈਣਿ ਵਿਹਾਦੀ." (ਸ੍ਰੀ ਮਃ ੪. ਪਹਰੇ)

ਵਿਹਾਨਾ: ਗੁਜ਼ਰਿਆ, ਵੀਤਿਆ. "ਧੰਧਾ ਕਰਤਿਆ ਅਨਦਿਨੁ ਵਿਹਾਨਾ." (ਗਉ ਮਃ ੩)

ਵਿਹਾਯ: ਸੰ. ਵਜ- ਪਿੱਛੇ ਛੱਡਕੇ। ੨. ਬਾਵਜੂਦ। ੩. ਬਰਖ਼ਿਲਾਫ਼। ੪. ਸੰ. विहायस. ਸੰਗਯਾ- ਆਕਾਸ਼। ੫. ਵਿ- ਪ੍ਰਬਲ.

ਵਿਹਾਰ: ਸੰ. ਸੰਗਯਾ ਤਮੁਣ ਘੁੰਮਣਾ। ੨. ਲੀਲਾ. ਖੇਲ। ੩. ਮੈਥੁਨ. ਸੰਭੋਗ। ੪. ਬੁੱਧਮਤ ਦੇ ਗ੍ਰੰਥਾਂ ਅਨੁਸਾਰ ਸਾਧੂਆਂ ਦੇ ਰਹਿਣ ਦਾ ਆਸ਼੍ਰਮ। ੫. ਬਿਹਾਰ ਦੇਸ਼, ਜਿਸ ਦਾ ਨਾਮ ਬੁੱਧਮਤ ਦੇ "ਵਿਹਾਰ" ਬਹੁਤੇ ਹੋਣ ਕਰਕੇ ਪ੍ਰਸਿੱਧ ਹੋਇਆ. ਦੇਖੋ, ਬਿਹਾਰ ੧.

ਵਿਹਾਰੀ: ਦੇਖੋ, ਬਿਹਾਰੀ.

ਵਿਹਾਵਣਾ: ਦੇਖੋ, ਬਿਹਾਉਣਾ.

ਵਿਹਿਤ: ਸੰ. ਵਿ- ਵਿਧਿ ਨਾਲ ਸਮਝਾਇਆ ਹੋਇਆ ਕਰਨ ਯੋਗਯ ਠਹਿਰਾਇਆ ਹੋਇਆ.

ਵਿਹਿਤਹਾਵ: ਕਾਵ੍ਯ ਅਨੁਸਾਰ ਹਾਵ ਦਾ ਇੱਕ ਭੇਦ-

ਬੋਲਨ ਕੇ ਸਮਾਯੇ ਵਿਖੇ ਬੋਲਨ ਦੇਯ ਨ ਲਾਜ। ਵਿਚਿਤ੍ਰਹਾਵ ਤਾਂਸੋਂ ਕਹੈਂ ਕੇਸ਼ਵ ਕਵਿ ਕਵਿਰਾਜ." (ਰਸਿਕਪ੍ਰਿਯਾ) ਦੇਖੋ, ਹਾਵ ਅਤੇ ਭਾਵ.

ਵਿਹੀਨ: ਦੇਖੋ, ਬਿਹੀਨ.

ਵਿਹੁ: ਸੰਗਯਾ- ਵਿਸ਼. ਜਹਰ.

ਵਿਹੁਲਾ: ਵਿ- ਜ਼ਹਰੀਲਾ.

ਵਿਹੂਣ, ਵਿਹੂਨ, ਵਿਹੂਨੜਾ: ਬਿਨਾ ਰਹਿਤ ਦੇਖੋ, ਬਿਹੂਣ. "ਨਾਮ ਵਿਹੂ ਨੜਿ ਆ, ਸੇ ਮਰਨਿ ਵਿਸੂਰਿ." (ਆਸਾ ਮਃ ੫)

ਵਿਹੰਗ, ਵਿਹੰਗਮ: ਵਿਹ (ਆਕਾਸ਼) ਗ (ਗਮਨ) ਆਕਾਸ਼ ਵਿੱਚ ਉਡਣ ਵਾਲਾ ਪੰਛੀ। ੨. ਸੂਰਜ. ੩. ਤੀਰ। ੪. ਦੇਖੋ, ਬਿਹੰਗ.

ਵਿਹੰਗਰਾਜ: ਪੰਛੀਆਂ ਦਾ ਰਾਜਾ ਗਰੁੜ.

ਵਿਕਉ: ਸੰ. ਵਿਕ੍ਰਿਯਾ. ਸੰਗਯਾ- ਅਨਯਥਾ ਪਰਿਣਾਮ. ਉਲਟਾ ਫਲ. "ਜੁਗਤਿ ਵਿਹੂਣੀ ਵਿਕਉ ਜਾਇ." (ਰਤਨਮਾਲਾ) ੨. ਸੰ. ਵਿਕ੍ਰਮ. ਬਲ. ਸਾਮਰਥੰਯ। ੩. ਸੰ. ਵਿਕ੍ਰਯ. ਵੇਚਣਾ. ਫ਼ਰੋਖ਼ਤ ਕਰਨਾ.

ਵਿਕਸ: ਦੇਖੋ, ਬਿਕਸਨਾ। ੨. ਸੰ. ਸੰਗਯਾ- ਚੰਦ੍ਰਮਾ.

ਵਿਕਸ੍ਵਰ: ਸੰ. ਵਿ- ਚਮਕਣ ਵਾਲਾ. ਰੌਸ਼ਨ। ੨. ਸੰਗਯਾ- ਇਕ ਅਰਥਾਲੰਕਾਰ. ਜੋ ਵਿਸ਼ੇਸ਼ ਕਥਨ ਨੂੰ ਸਾਮਾਨ੍ਯ ਕਥਨ ਨਾਲ ਪੁਸ਼੍ਟ ਕਰੀਏ, ਅਰ ਫੇਰ ਸਾਮਾਨ੍ਯ ਵਾਕ੍ਯ ਦੀ ਪੁਸ਼੍ਟੀ ਵਿਸ਼ੇਸ਼ ਨਾਲ ਹੋਵੇ, ਤਦ "ਵਿਕਸ੍ਵਰ" ਅਲੰਕਾਰ ਹੁੰਦਾ ਹੈ.

ਜਹਿ ਵਿਸ਼ੇਸ਼ ਪਦ ਪਰ ਸਾਮਾਨ,

ਬਹੁਰ ਵਿਸ਼ੇਸ਼ ਸੁ ਪਦ ਕੋ ਆਨ,

ਇਹ ਬਿਧਿ ਤੀਨ ਸੁ ਪਦ ਜਹਿਂ ਆਵਹਿਂ,

ਵਿਕਸ੍ਵਰ ਸੋ ਸੰਤੋਖਸਿੰਘ ਗਾਵਹਿਂ. (ਗੁਰਬਗੰਜਨੀ)

ਉਦਾਹਰਣ-

ਦਾਤੂ ਕੀ ਸਹਾਰੀ ਲਾਤ ਸ਼੍ਰੀ ਗੁਰੂ ਅਮਰਦੇਵ,

ਸੰਤਨ ਕੀ ਰੀਤਿ ਯਹਿ, ਜੈਸੇ ਭ੍ਰਿਗੁ ਕੋ ਪ੍ਰਸੰਗ.

ਦਾਤੂ ਦੀ ਲੱਤ ਸਹਾਰਣੀ ਵਿਸ਼ੇਸ਼ ਕਥਨ ਹੈ, ਐਸੀ ਸੰਤਾਂ ਦੀ ਰੀਤਿ ਹੈ ਸਮਾਨ ਕਥਨ ਹੈ, ਭ੍ਰਿਗੁ ਦਾ ਪ੍ਰਸੰਗ ਫਿਰ ਵਿਸ਼ੇਸ਼ ਹੈ.

ਵਿਕਚ: ਸੰ. ਵਿ- ਕਚ (ਕੇਸ਼) ਬਿਨਾ. ਜਿਸ ਦੇ ਕੇਸ਼ ਨਹੀਂ। ੨. ਪ੍ਰਫੁੱਲਿਤ. ਖਿੜਿਆ ਹੋਇਆ.

ਵਿਕਟ: ਦੇਖੋ, ਬਿਕਟ.

ਵਿਕਣ, ਵਿਕਣਾ, ਵਿਕਣੁ: ਵੇਚਿਆ ਜਾਣਾ। ੨. ਸੰ. ਵਿਕ੍ਰਯਣ. ਵੇਚਣਾ. ਮੁੱਲ ਲੈਕੇ ਕਿਸੇ ਵਸ੍ਤੁ ਦਾ ਦੇਣਾ. "ਗੁਣ ਸੰਗ੍ਰਹਿ, ਅਵਗਣ ਵਿਕਣਹਿ." (ਵਡ ਛੰਤ ਮਃ ੩) "ਗੁਣ ਵਿਹਾਝਹਿ, ਅਉਗਣ ਵਿਕਣਹਿ." (ਆਸਾ ਅਃ ਮਃ ੩)

ਵਿਕਰ: ਦੇਖੋ, ਬਿਕ੍ਰਦਾ। ੨. ਸੰ. ਸੰਗਯਾ- ਰੋਗ.

ਵਿਕਰਸਨ, ਵਿਕਰਖਨ: ਸੰ. ਵਿਕਸ਼ੰਣ. ਜ਼ੋਰ ਨਾਲ ਖਿੱਚਣ ਦੀ ਕ੍ਰਿਯਾ। ੨. ਧਨੁਖ ਖਿੱਚਣਾ। ੩. ਜ਼ਮੀਨ ਨੂੰ ਕਰਾਹੁੰਣਾ. ਕਰਾਹ ਨਾਲ ਉੱਚੇ ਥਾਂ ਤੋਂ ਮਿੱਟੀ ਖਿੱਚਕੇ ਨੀਵੇਂ ਥਾਂ ਲਿਆਂਉਣੀ.

ਵਿਕਰਮ: विकर्म्म. ਨਿੰਦਿਤ ਕਰਮ. ਕੁਕਰਮ. ਦੁਰਾਚਾਰ. "ਸਾਕਤ ਸੰਗਿ ਵਿਕਰਮ ਕਮਾਏ" (ਮਾਝ ਮਃ ੫)

ਵਿਕਰਮੀ: विकर्मिन्. ਵਿ- ਕੁਕਰਮੀ. ਨਿੰਦਿਤ ਕਰਮ ਕਰਨ ਵਾਲਾ. ਦੁਰਾਚਾਰੀ.

ਵਿਕਰਾਰ, ਵਿਕਰਾਲ: ਵਿ- ਕਰਾਲ, ਬਹੁਤ ਭਯਾਨਕ. ਦੇਖੋ, ਬਿਕਰਾਲ. "ਕਾਮ ਕ੍ਰਧ ਵਿਕਰਾਲ." (ਮਃ ੩. ਵਾਰ ਮਲਾ)

ਵਿਕਲ: ਦੇਖੋ, ਬਿਕਲ.

ਵਿਕਲਪ: ਸੰ. विकल्प. (ਦੋ ਖ਼ਿਆਲ) ਸੰਗਯਾ- ਭਿੰਨ ਕਲਪਨਾ ਕਰਨੀ. ਸੰਦੇਹ. ਸ਼ੱਕ। ੨. ਕਈ ਤਰਾਂ ਦਾ ਖਿਆਲ। ੩. ਇੱਕ ਅਰਥਾਲੰਕਾਰ, ਦੋ ਵਿੱਚੋਂ ਇਹ ਜਾਂ ਉਹ ਕਰ, ਐਸਾ ਵਰਣਨ ਵਿਕਲਪ ਅਲੰਕਾਰ ਹੈ.

ਕੈ ਵਹ ਕੈ ਯਹ ਕੀਜਿਯੇ ਜਹਿਂ ਕਹਨਾਵਤ ਹੋਯ,

ਤਾਂਹਿ ਵਿਕਲਪ ਬਖਾਨਹੀਂ ਭੂਸ਼ਣ ਕਵਿ ਸਭਕੋਯ.

(ਸ਼ਿਵਰਾਜਭੂਸ਼ਣ)

ਉਦਾਹਰਣ-

ਧੂਮ੍ਰਨੈਨ ਗਿਰਿਰਾਜ ਤਟ ਊਚੇ ਕਹੀ ਪੁਕਾਰ,

ਕੈ ਬਰ ਸੁੰਭ ਨ੍ਰਿਪਾਲ ਕੋ, ਕੈ ਲਰ ਚੰਡ ਸੰਭਾਰ.

(ਚੰਡੀ ੧)

ਕੈ ਹਮ ਸੰਗ ਲਵੋ ਤਜਕੈ ਡਰ,

ਕੈ ਅਪਨੇ ਸਭ ਆਯੁਧ ਡਾਰੋ.

(ਕ੍ਰਿਸਨਾਵ)

ਵਿਕਾਊ: ਦੇਖੋ, ਬਿਕਾਊ.

ਵਿਕਾਇ: ਵਿਕ੍ਰਯ ਹੁੰਦਾ ਹੈ. ਵਿਕਦਾ ਹੈ। ੨. ਦੇਖੋ, ਵਿਕਾਇ ਲਏ.

ਵਿਕਾਇ ਲਏ: ਵਿਕ੍ਰਯ ਕਰਵਾ ਲਏ. ਖ਼ਰੀਦ ਲਏ. "ਇਹੁ ਤਨ ਵੇਚੀ ਬੈ ਕਰੀ, ਜੇ ਕੋ ਲਏ ਵਿਕਾਇ." (ਸੂਹੀ ਮਃ ੫)

ਵਿਕਾਸ: ਸੰ. ਸੰਗਯਾ- ਪਸਾਰ. ਫੈਲਾਉ। ੨. ਖਿੜਨ (ਪ੍ਰਫੁੱਲ) ਹੋਣ ਦਾ ਭਾਵ। ੩. ਵ੍ਰਿੱਧੀ. ਵੱਧਾ। ੪. ਵਿਕਾਸ਼. ਪ੍ਰਕਾਸ਼। ੫.

ਆਕਾਸ਼.

ਵਿਕਾਣੇ: ਵਿਕ੍ਰਯ ਹੋਏ. ਵਿਕੇ. "ਗੁਰੂ ਕੇ ਸਬਦਿ ਵਿਕਾਣੇ." (ਧਨਾ ਛੰਤ ਮਃ ੧)

ਵਿਕਾਂਦੜੇ: ਵਿਕ੍ਰਯ ਹੁੰਦੇ. ਵਿਕਦੇ. "ਖੰਭ ਵਿਕਾਂਦੜੇ ਜੇ ਲਹਾਂ." (ਸਵਾ ਮਃ ੫)

ਵਿਕਾਰ: ਦੇਖੋ, ਬਿਕਾਰ. "ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ." (ਸ੍ਰੀ ਮਃ ੧)

ਵਿਕਾਰੀ: ਦੇਖੋ, ਬਿਕਾਰੀ.

ਵਿਕਾਰੁ: ਦੇਖੋ, ਬਿਕਾਰ। ੨. ਬੇਕਾਰ. ਨਿਕੰਮਾ। ੩. ਨਿਸ਼ਫਲ. "ਸੇਜੈ ਕੰਤੁ ਨ ਆਇਓ, ਏਵੈ ਭਇਆ ਵਿਕਾਰੁ." (ਮਃ ੩. ਵਾਰ ਸੂਹੀ) ਸਾਰਾ ਸਿੰਗਾਰ ਨਿਸ਼ਫਲ ਹੋਇਆ.

ਵਿਕਾਲ: ਦੇਖੋ, ਬਿਕਾਲ.

ਵਿਕੀਰਣ: ਸੰ. ਸੰਗ੍ਯਾ- ਅੱਕ. ਆਕ। ੨. ਸੰ. ਵਿਕੀਣੰ. ਵਿ- ਫੈਂਕਿਆ (ਵਗਾਹਿਆ) ਹੋਇਆ। ੩. ਖਿੰਡਿਆ ਹੋਇਆ. "ਅੰਞਣ ਪਰੇ ਵਿਕੀਰਣ ਸੋਹੈਂ." (ਗੁਪ੍ਰਸੂ) ੪. ਪ੍ਰਸਿੱਧ. ਮਸ਼ਹੂਰ.

ਵਿਕੁੰਠ: ਸੰ. ਵਿ- ਜੋ ਕੁੰਠ (ਖੁੰਢਾ) ਨਹੀਂ. ਤਿੱਖਾ। ੨. ਦੇਖੋ, ਬੈਕੁੰਠ.

ਵਿਕੁੰਨੀ: ਵਿ- ਵ੍ਯਾਕੁਲਤਾ ਵਾਲੀ. ਹੈਰਾਨ ਪਰੇਸ਼ਾਨ. "ਹਉ ਭਾਲਿ ਵਿਕੁੰਨੀ ਹੋਈ." (ਮਃ ੧. ਵਾਰ ਮਾਝ)

ਵਿਕੋ: ਦੇਖੋ, ਵਿਕਉ.

ਵਿੱਕੋਲਿਤ੍ਰਾ: ਸੰ. ਵਿਕਲਿਤ. ਵਿ- ਖਿੰਡਿਆ ਹੋਇਆ। ੨. ਫੁਟਕਲ.

ਵਿਕ੍ਰਤਾਨਨ: ਵਿਕ੍ਰਿਤ (विकृत) ਨਿੰਦਿਤ ਹੈ ਆਨਨ (ਮੁਖ) ਜਿਸ ਦਾ ਐਸਾ ਇੱਕ ਦੈਤ, ਜੋ ਕੁਰੂਪ ਦਾ ਭਾਈ ਸੀ. ਇਹ ਯਾਦਵਾਂ ਵੱਲ ਹੋਕੇ ਜਰਾਸੰਧ ਨਾਲ ਲੜਿਆ ਸੀ. "ਵਿਕ੍ਰਤਾਨਨ ਨਾਮ ਕੁਰੂਪ ਕੋ ਬਾਂਧਵ, ਕੋਪ ਭਯੋ ਅਸਿ ਪਾਨ ਗਹ੍ਯੋ." (ਕ੍ਰਿਸਨਾਵ) ੨. ਵਿ- ਲਕਵੇ ਰੋਗ ਵਾਲਾ, ਜਿਸ ਦਾ ਮੂੰਹ ਵਿੰਗਾ ਹੋ ਗਿਆ ਹੈ.

ਵਿਕ੍ਰਮ: ਸੰ. ਬਹੁਤ ਉਤਸਾਹ ਕਰਨ ਵਾਲਾ, ਵਿਸ਼ਨੁ। ੨. ਵਿ- ਕ੍ਰਮਣ. ਪੈਰ ਰੱਖਣ ਦੀ ਕ੍ਰਿਯਾ. ਡਗ ਭਰਨੀ। ੩. ਬਹਾਦੁਰੀ। ੪. ਬਲ. ਤਾਕਤ। ੫. ਦੇਖੋ, ਵਿਕ੍ਰਮਾਦਿਤ੍ਯ.

ਵਿਕ੍ਰਮਸਿੰਘ: ਦੇਖੋ, ਬਿਕ੍ਰਮਸਿੰਘ.

ਵਿਕ੍ਰਮਣ: ਸੰ. ਸੰਗ੍ਯਾ- ਅੱਗੇ ਵਧਣ ਦੀ ਕ੍ਰਿਯਾ। ੨. ਉਲੰਘਣਾ। ੩. ਹਮਲਾ (ਹੱਲਾ) ਕਰਨਾ. ਧਾਵਾ.

ਵਿਕ੍ਰਮਾਜੀਤ, ਵ੍ਰਿਕ੍ਰਮਾਦਿਤ੍ਯ: ਇਸ ਨਾਮ ਦੇ ਅਨੇਕ ਰਾਜੇ ਹੋਏ ਹਨ. ਖਾਸ ਕਰਕੇ ਪ੍ਰਤਾਪੀ ਰਾਜਿਆਂ ਦੀ ਵਿਕ੍ਰਮ- ਆਦਿਤ੍ਯ ਪਦਵੀ (ਉਪਾਧਿ) ਹੋ ਗਈ ਸੀ, ਪਰ ਸਭ ਤੋਂ ਪ੍ਰਸਿੱਧ ਗਰਦਭਿਲ ਰਾਜੇ ਦਾ ਪੁਤ੍ਰ ਉੱਜੈਨ ਦਾ ਪਤਿ ਸੀ, ਜਿਸ ਨੇ ਆਪਣਾ ਸੰਮਤ ਸਨ ਈਸਵੀ ਤੋਂ ੫੭ ਵਰ੍ਹੇ ਪਹਿਲਾਂ ਆਰੰਭ ਕੀਤਾ. ਇਹ ਆਪ ਵਡਾ ਪੰਡਿਤ ਅਤੇ ਵਿਦ੍ਵਾਨਾਂ ਦੀ ਕਦਰ ਕਰਨ ਵਾਲਾ ਸੀ. ਇਸ ਦਾ ਦਰਬਾਰ ਰਤਨਰੂਪ ਗੁਣੀਆਂ ਨਾਲ ਭੂਸ਼ਿਤ ਸੀ. ਕਈਆਂ ਨੇ ਇਸ ਦੇ ਦਰਬਾਰ ਦੇ ਨੌ ਰਤਨ- ਕਾਲਿਦਾਸ, ਵਰਰੁਚਿ, ਅਮਰਸਿੰਹ, ਧਨ੍ਵੰਤਰਿ, ਕ੍ਸ਼ਪਣਕ, ਵੇਤਾਲਭੱਟ, ਘਟਕਪੰਰ, ਸ਼ੰਕੁ ਅਤੇ ਵਰਾਹਮਿਹਿਰ- ਲਿਖੇ ਹਨ, ਪਰ ਇਹ ਕੇਵਲ ਕਲਪਨਾ ਹੈ, ਕਿਉਂਕਿ ਇਹ ਵਿਦ੍ਵਾਨ ਇੱਕ ਸਮੇਂ ਵਿੱਚ ਨਹੀਂ ਹੋਏ.

ਵਿਕ੍ਰਮਾਦਿਤ੍ਯ ਨੇ ਸ਼ਕ ਜਾਤਿ ਨੂੰ ਭਾਰੀ ਹਾਰ ਦਿੱਤੀ, ਜਿਸ ਤੋਂ ਉਸ ਦਾ ਨਾਮ ਸੰਸਕ੍ਰਿਤ ਗਰੰਥਾਂ ਵਿੱਚ "ਸ਼ਿਕਾਰੀ" ਪ੍ਰਸਿੱਧ ਹੈ. ਸ਼ਾਲਿਵਾਹਨ ਨਾਲ ਵਿਕ੍ਰਮਾਦਿਤ੍ਯ ਦੀ ਭਾਰੀ ਸ਼ਤ੍ਰੁਤਾ ਸੀ.

ਅਨੇਕ ਵਿਦ੍ਵਾਨਾਂ ਦਾ ਖਿਆਲ ਹੈ ਕਿ ਵਿਕ੍ਰਮੀ ਸੰਮਤ ਮਹਾਰਾਜਾ ਕਨਿਸ਼ਕ ਨੇ ਚਲਾਇਆ ਹੈ, ਜਿਸ ਦੀ ਉਪਾਧਿ ਵਿਕ੍ਰਮਾਦਿਤ੍ਯ

ਸੀ. ਬਹੁਤ ਲੇਖਕ ਲਿਖਦੇ ਹਨ ਕਿ ਯਸ਼ੋਧਰ ਨਾਮਕ ਵਿਕ੍ਰਮਾਦਿਤ੍ਯ ਨੇ ਵਿਕ੍ਰਮੀ ਸਾਲ ਚਲਾਇਆ ਹੈ. ਕਿਤਨੇ ਵਿਦ੍ਵਾਨ ਕਲਪਨਾ ਕਰਦੇ ਹਨ ਕਿ ਗੌਤਮੀ ਪੁਤ੍ਰ ਨੇ ਸ਼ਕਾਂ ਨੂੰ ਆਪਣੇ ਵਿਕ੍ਰਮ (ਬਲ) ਨਾਲ ਜਦ ਹਾਰ ਦਿੱਤੀ, ਉਸੇ ਸਮੇਂ ਤੋਂ ਵਿਕ੍ਰਮ ਸੰਮਤ ਗਿਣਿਆ ਗਿਆ।

੨. ਸਮੁਦ੍ਰਗੁਪਤ ਦਾ ਪੁਤ੍ਰ ਚੰਦ੍ਰਗੁਪਤ (੨), ਜੋ ਸਨ ੩੯੦ ਵਿੱਚ ਸੁਰਾਸ਼੍ਟ੍ਰ (ਕਾਠੀਆਵਾੜ) ਦਾ ਰਾਜ ਕਰਦਾ ਸੀ, ਉਹ ਭੀ ਵਿਕ੍ਰਮਾਦਿਤ੍ਯ ਨਾਮ ਤੋਂ ਇਤਿਹਾਸ ਵਿੱਚ ਪ੍ਰਸਿੱਧ ਹੈ.

੩. ਰਣਾਦਿਤ੍ਯ ਦਾ ਪੁਤ੍ਰ ਕਸ਼ਮੀਰ ਦਾ ਰਾਜਾ, ਜੋ ਈਸਵੀ ਸੱਤਵੀਂ ਸਦੀ ਦੇ ਆਰੰਭ ਵਿੱਚ ਰਾਜ ਕਰਦਾ ਸੀ, ਵਿਕ੍ਰਮਾਦਿਤ੍ਯ ਨਾਮ ਤੋਂ ਪ੍ਰਸਿੱਧ ਹੈ.

ਵਿਕ੍ਰਮੀ: ਵਿ- ਵਿਕ੍ਰਮਾਦਿਤ੍ਯ ਦਾ. ਜੈਸੇ ਵਿਕ੍ਰਮੀ ਸੰਮਤ. ਦੇਖੋ, ਵਿਕ੍ਰਮਾਦਿਤ੍ਯ। ੨. ਪਰਾਕ੍ਰਮੀ. ਉਤਸਾਹੀ। ੩. ਸੰਗ੍ਯਾ- ਸ਼ੇਰ. ਸਿੰਹ.

ਵਿਕ੍ਰਮੀ ਸੰਵਤ: ਦੇਖੋ, ਵਿਕ੍ਰਮਾਦਿਤ੍ਯ. ਇਸ ਗ੍ਰੰਥ ਵਿੱਚ ਵਿਕਰਮੀ ਸੰਵਤ ਲਈ "ਸੰਮਤ" ਸ਼ਬਦ ਵਰਤਿਆ ਹੈ.

ਵਿਕ੍ਰਯ, ਵਿਕ੍ਰਯਣ: ਸੰ. ਵੇਚਣਾ. ਵੇਚਣ ਦੀ ਕ੍ਰਿਯਾ. ਵਪਾਰ. ਦੇਖੋ, ਕ੍ਰਯ.

ਵਿਕ੍ਰਿਤ: ਸੰ. विकृत. ਵਿ- ਵਿਕਾਰ ਨੂੰ ਪ੍ਰਾਪਤ ਹੋਇਆ। ੨. ਰੋਗ ਯੁਕ੍ਤ. ਰੋਗੀ। ੩. ਮੈਲ ਸਹਿਤ. ਮੈਲਾ ਕੁਚੈਲਾ। ੪. ਸੰਗੀਤ ਅਨੁਸਾਰ ਜੋ ਸੁਰ ਸ਼ੁੱਧ ਨਹੀਂ, ਆਪਣੇ ਅਸਲ ਥਾਂ ਤੋਂ ਉੱਚਾ ਜਾਂ ਨੀਵਾਂ.

ਵਿਕ੍ਰਿਤ ਸ੍ਵਰ: ਦੇਖੋ, ਸ੍ਵਰ ੪.

ਵਿਕ੍ਰਿਤਿ: ਸੰਗ੍ਯਾ- विकृति. ਬਿਗਾੜ. ਵਿਕਾਰ। ੨. ਰੋਗ। ੩. ਘਬਰਾਹਟ.

ਵਿਕ੍ਰੀ: ਵਿਕ੍ਰਯ ਕਰਨ ਦੀ ਕ੍ਰਿਯਾ. ਖਰੀਦ ਫਰੋਖ਼ਤ. ਲੈਣ ਦੇਣ.

ਵਿਕ੍ਸ਼ਿਪ੍ਤ: ਸੰ. ਵਿ- ਸਿੱਟਿਆ ਹੋਇਆ. ਵਗਾਹਿਆ। ੨. ਘਬਰਾਇਆ ਹੋਇਆ. ਵ੍ਯਾਕੁਲ। ੩. ਸਿਰੜਾ. ਝੱਲਾ.

ਵਿਕ੍ਸ਼ੇਪ: ਸੰ. ਸੰਗ੍ਯਾ- ਵਿ- ਕ੍ਸ਼ੇਪ. ਫੈਂਕਣਾ. ਵਗਾਹੁਣਾ। ੨. ਘਬਰਾਹਟ. ਵ੍ਯਾਕੁਲਤਾ। ੩. ਤਿਆਗਣਾ.

ਵਿਕ੍ਸ਼ੇਪਣ: ਵਿ- ਕ੍ਸ਼ੇਪਣ. ਫੈਂਕਣਾ. ਵਗਾਹੁਣਾ. ਸਿੱਟਣਾ। ੨. ਵਿਕ੍ਸ਼ੇਪ ਦੇਣਾ.

ਵਿਖ: ਸਿੰਧੀ. ਸੰਗ੍ਯਾ- ਕ਼ਦਮ. ਡਿੰਘ. ਡਗ. "ਇਕ ਵਿਖ ਨ ਚਲਹਿ ਸਾਥਿ." (ਗਉ ਵਾਰ ੨. ਮਃ ੫) "ਜੇ ਇਕ ਵਿਖ ਅਗਾਹਾਂ ਭਰੇ, ਤਾਂ ਦਸ ਵਿਖਾਂ ਪਿਛਾਹਾਂ ਜਾਇ." (ਮਃ ੪. ਵਾਰ ਸਾਰ) ੨. ਸੰ. ਵਿਨਕਟਾ। ੩. ਸੰ. ਵਿਸ਼. ਸੰਗ੍ਯਾ- ਜ਼ਹਿਰ. "ਵਿਖ ਵਿਚਿ ਅੰਮ੍ਰਿਤੁ ਪ੍ਰਗਟਿਆ." (ਮਃ ੩. ਵਾਰ ਸੋਰ) ਸਿੰਧੀ. ਵਿਖੁ। ੪. ਜਲ। ੫. ਕਮਲ ਦੀ ਡੰਡੀ। ੬. ਕੌਲਫੁੱਲ ਦੀ ਤਰੀ.

ਵਿਖਇ: ਦੇਖੋ, ਵਿਸ਼ਯ.

ਵਿਖਈ: ਦੇਖੋ, ਬਿਖਈ.

ਵਿਖਕਨ੍ਯਾ: विषकन्या. ਪ੍ਰਾਚੀਨ ਗ੍ਰੰਥਾਂ ਦੇ ਲੇਖ ਅਨੁਸਾਰ ਜ਼ਹਿਰੀਲੇ ਪਦਾਰਥਾਂ (ਵਿਸ਼) ਨਾਲ ਪਾਲੀ ਹੋਈ ਸੁਰੂਪ ਵਾਲੀ ਕਨ੍ਯਾ, ਜੋ ਵੈਰੀ ਦਾ ਨਾਸ਼ ਕਰਨ ਲਈ ਭੇਜੀ ਜਾਂਦੀ ਸੀ. ਜੋ ਪੁਰਖ ਉਸ ਪੁਰ ਮੋਹਿਤ ਹੋਕੇ ਸੰਗ ਕਰਦਾ, ਉਹ ਵਿਸ਼ ਦੇ ਅਸਰ ਨਾਲ ਮਰ ਜਾਂਦਾ ਸੀ.

ਵਿਖਧਰ: ਜ਼ਹਿਰ ਧਾਰਨ ਵਾਲਾ ਸੱਪ। ੨. ਦੇਖੋ, ਬਿਖਧਰ.

ਵਿਖਮ: ਸੰ. ਵਿਸ਼ਮ. ਦੇਖੋ, ਬਿਖਮ। ੨. ਇੱਕ ਅਰਥਾਲੰਕਾਰ. ਭਿੰਨ ਧਰਮ ਵਾਲੀਆਂ (ਅਨਮੇਲ) ਵਸਤਾਂ ਦਾ ਸੰਬੰਧ ਜਿਸ

ਰਚਨਾ ਵਿੱਚ ਵਰਣਨ ਹੋਵੇ, ਇਹ "ਵਿਖਮ" ਅਲੰਕਾਰ ਹੈ.

ਜਹਾਂ ਨ ਹ੍ਵੈਂ ਅਨੁਰੂਪ ਦ੍ਵੈ ਤਿਨ ਕੀ ਘਟਨਾ ਸੋਯ,

ਵਿਖਮ ਤਹਾਂ ਵਰਣਨ ਕਰਤ ਕਵਿ ਕੋਵਿਦ ਸਭਕੋਯ. ਲਲਿਤਲਲਾਮ.

(ਲਲਿਤਲਲਾਮ)

ਉਦਾਹਰਣ-

ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ,

ਓਹੁ ਬਿਖਈ, ਓਸ ਰਾਮ ਕੋ ਰੰਗੁ. (ਗਉ ਮਃ ੫)

ਹਮ ਨੀਵੀ ਪ੍ਰਭੁ ਅਤਿ ਊਚਾ,

ਕਿਉਕਰਿ ਮਿਲਿਆਜਾਏ ਰਾਮ?

(ਸੂਹੀ ਛੰਤ ਮਃ ੫)

ਹਮ ਅਵਗੁਨ ਕਰਹਿ ਅਸੰਖ ਨੀਤਿ,

ਤੁਮ ਨਿਰਗੁਨ ਦਾਤਾਰੇ. ×××

ਤੁਮ ਦੇਵਹੁ ਸਭੁਕਿਛੁ ਦਇਆਧਾਰਿ,

ਹਮ ਅਕਿਰਤਘਨਾਰੇ. (ਬਿਲਾ ਮਃ ੫)

ਤੋਸੋ ਨਹੀ ਦਾਤਾ ਕੋਊ ਮੋਸੋ ਨ ਭਿਖਾਰੀ ਦੀਨ,

ਤੋਸੋ ਨ ਦਯਾਲੁ, ਦੁਖੀ ਮੋਸੋ ਨ ਅਲਾਇਯੇ,

ਮੋਸੇ ਨਹੀ ਕ੍ਰਿਤਘਨ, ਤੋਸੋ ਉਪਾਕਾਰੀ ਨਾਹਿ,

ਮੋਸੋ ਨ ਅਨਾਥ, ਨਾਥ ਤੋਸੋ ਨ ਬਤਾਇਯੇ,

ਔਗੁਨੀ ਨ. ਮੋਸੋ ਕੋਊ, ਗੁਨਵਾਨ ਤੋਸੋ ਨਹੀ

ਜਪ ਤਪ ਵ੍ਰਤ ਮੋ ਮੈ ਏਕ ਨਹਿ ਪਾਇਯੇ,

ਆਯੋ ਹੈ ਸ਼ਰਨ ਕਵਿ ਧਾਯਕੈ ਚਰਨ ਗਹੇ

ਤਾਰਨਤਰਨ ਨਿਜਹਾਥ ਦੈ ਬਚਾਇਯੇ, (ਨਾਪ੍ਰ)

(ਅ) ਕਾਰਣ ਦਾ ਹੋਰ ਰੰਗ ਹੋਵੇ ਅਤੇ ਉਸ ਤੋਂ ਕਾਰਯ ਹੋਰ ਰੰਗ ਦਾ ਪ੍ਰਗਟੇ, ਐਸਾ ਵਰਣਨ ਵਿਖਮ ਦਾ ਦੂਜਾ ਰੂਪ ਹੈ.

ਕਾਰਣ ਕੋ ਕਛੁ ਔਰ ਰੰਗ ਕਾਰਜ ਕੋ ਕਛੁ. ਔਰ.

(ਕਾਵ੍ਯਪ੍ਰਭਾਕਰ)

ਉਦਾਹਰਣ-

ਦੇਸ਼ ਕੇ ਵਿਰੋਧੀ ਮਾਰ ਰੁਧਿਰ ਬਹਾਈ ਨਦੀ

ਸ਼੍ਰੀ ਗੋਬਿੰਦਸਿੰਘ ਯਸ਼ ਸ੍ਵੇਤ ਪ੍ਰਗਟਾਯੇ ਹੈ.

(ੲ) ਕਰਨਾ ਯਤਨ ਭਲੇ ਲਈ, ਉਸ ਦਾ ਫਲ ਦੁਖਦਾਈ ਹੋਣਾ, ਐਸਾ ਕਥਨ ਵਿਖਮ ਦਾ ਤੀਜਾ ਰੂਪ ਹੈ.

ਔਰ ਭਲੋ ਉੱਦਮ ਕਿਯੇ ਹੋਤ ਬੁਰੋ ਫਲ ਆਯ.

(ਕਾਵ੍ਯਪ੍ਰਭਾਕਰ)

ਉਦਾਹਰਣ-

ਬੈਯੇ ਨੇ ਬਾਂਦਰ ਨੂੰ ਸਿਖ੍ਯਾ ਘਰ ਰਚਣੇ ਹਿਤ ਗਾਈ,

ਉਲਟਾ ਅਪਨਾ ਘਰ ਭੀ ਦੇਖੋ, ਬੈਠਾ ਮੂਲ ਗਵਾਈ.

ਵਿਖਮ ਸੂਖਮ. ਦੇਖੋ ਸੂਖਮ (ਅ)

ਵਿਖਮਜੂਰ: ਸੰ. विषमज्वर. ਵੈਦ੍ਯਕ ਅਨੁਸਾਰ ਉਹ ਤਾਪ, ਜਿਸ ਦੇ ਆਉਣ ਦਾ ਕੋਈ ਖ਼ਾਸ ਵੇਲਾ ਨਹੀਂ. ਕਦੇ ਕਮ ਹੋ ਜਾਂਦਾ ਹੈ ਕਦੇ ਬਹੁਤ. ਸ਼ਰੀਰ ਦੀ ਗਰਮੀ ਅਤੇ ਨਬਜ ਦੀ ਹਾਲਤ ਇੱਕ ਨਹੀਂ ਰਹਿੰਦੀ. ਕਿਸੇ ਮਾਮੂਲੀ ਤਾਪ ਦੇ ਵਿਗੜ ਜਾਣ ਤੋਂ, ਤਾਪ ਪਿੱਛੋਂ ਕੁਪੱਥ ਕਰਨ ਤੋਂ, ਮਰੀਜ ਦੀ ਕਮਜ਼ੋਰੀ ਪੁਰ ਜਾਂਦਾ ਕੰਮ ਕਰਨ ਤੋਂ ਅਰ ਵੇਲੇ ਸਿਰ ਖਾਣਾ ਪੀਣਾ ਨਾ ਕਰਨ ਤੋਂ ਇਹ ਰੋਗ ਹੁੰਦਾ ਹੈ. ਤੇਈਆ ਚੌਥਾਇਆ ਆਦਿ ਸਾਰੇ ਤਾਪ ਵਿਖਮਜੂਰ ਗਿਣੇ ਜਾਂਦੇ ਹਨ. ਦੇਖੋ, ਤਾਪ.

ਵਿਖਮੁ: ਔਖਾ. ਮੁਸ਼ਕਿਲ. ਦੇਖੋ, ਬਿਖਮੁ. "ਗਾਵੈ ਕੋ ਵਿਦਿਆ ਵਿਖਮੁ ਵੀਚਾਰੁ." (ਜਪੁ)

ਵਿਖਯ: ਦੇਖੋ, ਵਿਸ਼ਯ.

ਵਿਖਰਨਾ: ਦੇਖੋ, ਬਿਖਰਨਾ.

ਵਿਖਲੀਪਤ: ਵਿ- ਵਿਸ਼ਯਲਿਪ੍ਤ. ਦੇਖੋ, ਬਿਖਲੀਪਤਿ. "ਇਕਿ ਕੁਚਲ ਕੁਚੀਲ ਵਿਖਲੀਪਤੇ."[1173] (ਆਸਾ ਅਃ ਮਃ ੩)

ਵਿਖੜਾ: ਉੱਚਾ ਨੀਵਾਂ. ਔਖਾ. ਦੇਖੋ, ਬਿਖੜਾ. "ਭਉਜਲ ਮਾਰਗੁ ਵਿਖੜਾ." (ਓਅੰਕਾਰ)

ਵਿਖਾ: ਵਿਖ (ਕਦਮ) ਦਾ ਬਹੁਵਚਨ. "ਜਿਥੈ ਮੇਰਾ ਗੁਰੁ ਧਰੇ ਵਿਖਾ." (ਮਃ ੪. ਵਾਰ ਸੋਰ) ੨. ਵਿਸਾ (ਕ੍ਸ਼ਣ) ਮਾਤ੍ਰ, "ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ." (ਆਸਾ ਪਟੀ ਮਃ ੩) ੩. ਵੇਖਾਂ. ਦੇਖਾਂ. "ਦਸ ਵਿਖਾ ਮੈ ਕਾਰਣ." (ਰਾਮ ਵਾਰ ੨. ਮਃ ੫) ਤੂੰ ਦੱਸ, ਤਾਕਿ ਮੈਂ ਕਾਰਣ ਦੇਖਾਂ। ੪. ਦੇਖੋ, ਚੰਦ੍ਰਹਾਸ ੪. ਅਤੇ ਵਿਸਾ ੪.

ਵਿਖਾਸਤ੍ਰ: ਸੰ. विषास्त्र. ਸੰਗ੍ਯਾ- ਜ਼ਹਰ ਵਿੱਚ ਬੁਝਾਇਆ ਸ਼ਸਤ੍ਰ. ਜਿਸ ਸ਼ਸਤ੍ਰ ਨੂੰ ਵਿਸ਼ ਦੀ ਪੁੱਠ ਦਿੱਤੀ ਗਈ ਹੈ। ੨. ਸੱਪ.

ਵਿਖਾਣ: ਸੰ. ਵਿਸ਼ਾਣ. ਸੰਗ੍ਯਾ- ਪਸ਼ੂ ਦਾ ਸਿੰਗ। ੨. ਹਾਥੀ ਅਤੇ ਸੂਰ ਦਾ ਬਾਹਰਲਾ ਦੰਦ.

ਵਿਖਾਦ: ਦੇਖੋ, ਬਿਖਾਦ। ੨. ਵਿਸ਼ਾਦ ਇੱਕ ਅਰਥਾਲੰਕਾਰ ਭੀ ਹੈ. ਚਿੱਤ ਦੀ ਇੱਛਾ ਤੋਂ ਵਿਰੁੱਧ ਹੋ ਜਾਣਾ ਵਿਸ਼ਾਦ (ਅਥਵਾ ਵਿਸ਼ਾਦਨ) ਅਲੰਕਾਰ ਦਾ ਰੂਪ ਹੈ.

ਜਹਿ" ਚਿਤਚਾਹੇ ਕਾਜ ਤੇਂ ਉਪਜਤ ਕਾਜ ਵਿਰੁੱਧ,

ਤਾਹਿ ਵਿਖਾਦਨ ਕਹਿਤ ਹੈਂ ਭੂਸ਼ਣ ਬੁੱਧਿ ਵਿਸ਼ੁੱਧ. (ਸ਼ਿਵਰਾਜਭੂਸ਼ਣ)

ਉਦਾਹਰਣ-

ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ !

ਚਲਤ ਰਚਿਓ ਜਗਦੀਸ,

---

[1173] वृषलीपते: ਵਿਖਲ਼ੀਪਤਿ ਤੋਂ ਭੀ ਕੁਚਲ ਅਤੇ ਕੁਚੀਲ.

ਕਾਮ ਸੁਆਇ ਗਜ ਬਸਿ ਪਰੇ, ਮਨ ਬਉਰਾ ਰੇ!

ਅੰਕਸੁ ਸਹਿਓ ਸੀਸ,

ਮਰਕਟ ਮੁਸਟੀ ਅਨਾਜ ਕੀ, ਮਨ ਬਉਰਾ ਰੇ!

ਲੀਨੀ ਹਾਥੁ ਪਸਾਰਿ,

ਛੂਟਨ ਕੋ ਸਹਸਾ ਪਰਿਆ, ਮਨ ਬਉਰਾ ਰੇ!

ਨਾਚਿਓ ਘਰ ਘਰ ਬਾਰਿ. (ਗਉ ਕਬੀਰ)

ਬਾਬਾ ਕਾਲੂ ਸੋਚੈ ਅਬ ਧਨ ਕੋ ਕਮਾਵੈ ਸੁਤ,

ਇਤਨੇ ਮੇ ਸੁਨਜੋਂ ਗੁਰੁ ਮੋਦੀਖਾਨਾ ਤਜਾਗਦੀਨ.

ਵਿਖਾਦਨ: ਦੇਖੋ, ਬਿਖਾਦ (੨)

ਵਿਖਾਦੀ: ਦੇਖੋ, ਬਿਖਾਦੀ.

ਵਿਖਾਨ: ਦੇਖੋ, ਵਿਖਾਣ.

ਵਿਖਾਨਨ: ਸੰ. ਵਿਸ਼ਾਨਨ. ਸੰਗਜਾ- ਵਿਸ਼ (ਜ਼ਹਿਰ) ਹੈ ਜਿਸ ਦੇ ਆਨਨ (ਮੁਖ) ਵਿੱਚ ਸੱਪ.

ਵਿਖਿਆ: ਦੇਖੋ, ਬਿਖਿਆ.

ਵਿਖਿਆਤ, ਵਿਖਿਆਤਿ: ਦੇਖੋ, ਬਿਖਿਆਤ ਅਤੇ ਬਿਖਿਆਤਿ.

ਵਿਖੀ: ਸੰ. विषिन्- ਵਿਸ਼ੀ. ਵਿ- ਜ਼ਹਰੀਲਾ। ੨. ਸੰਗਜਾ- ਸੱਪ.

ਵਿਖੇ: ਵਿੱਚ. ਅੰਦਰ। ੨. ਦੇਖੋ, ਵਿਸਯ ੨.

ਵਿਖੇਪ: ਦੇਖੋ, ਵਿਕ੍ਸ਼ੇਪ.

ਵਿਖੇਰਣਾ: ਖਿੰਡਾਉਣਾ. ਦੇਖੋ, ਬਿਖੇਰਣਾ.

ਵਿਖੈ: ਦੇਖੋ, ਵਿਸਯ ੨. ਅਤੇ ਬਿਖੈ.

ਵਿਖੋਆ: ਜ਼ਹਰੀਲਾ। ੨. ਵੇਖਿਆ. ਨਜਰ ਆਇਆ। ੩. ਵਿਸ਼ੇਸ਼ ਕਰਕੇ ਗੁਮਰਾਹ ਹੋਇਆ.

ਵਿਖੋਟਿ: ਸੰਗਜਾ- ਅਣਬਣ. ਨਾਚਾਕੀ. "ਲੋਭ ਮੋਹ ਸਿਉ ਗਈ ਵਿਖੋਟਿ." (ਪ੍ਰਭਾ ਅ: ਮ: ੫) ਦੇਖੋ, ਬਿਖੋਟਿ.

ਵਿਖੰਮ: ਦੇਖੋ, ਬਿਖਮ. "ਸੰਨੀ ਦੋਨਿ ਵਿਖੰਮ ਥਾਇ." (ਪਾਉੜੀ ਮ: ੫. ਵਾਰ ਗਉ ੧)

ਵਿਖਜਾ: ਦੇਖੋ, ਬਿਖਿਆ ਅਤੇ ਵਿਖਾ।੨ ਵਿਸ਼ ਦੇਣ ਵਾਲਾ ਠਗ. "ਵਿਖਜਾ ਆਦਿ ਉਚਾਰਕੈ ਆਯੁਧ ਅੰਤ ਉਚਾਰ." (ਸਨਾਮਾ) ਠਗਆਯੁਧ, ਪਾਸ਼ (ਫਾਹੀ)

ਵਿਖਜਾਤ, ਵਿਖਜਾਤਿ: ਦੇਖੋ, ਬਿਖਿਆਤ ਅਤੇ ਬਿਖਿਆਤਿ.

ਵਿੰਗ: ਦੇਖੋ, ਬਿੰਗ

ਵਿਗਸਣਾ, ਵਿਗਸਨਾ: ਵਿਕਾਸ ਹੋਣਾ. ਖਿੜਨਾ। ੨. ਪ੍ਰਸੰਨ ਹੋਣਾ. ਖੁਸ਼ ਹੋਣਾ.

ਵਿਗਸਾਤ, ਵਿਗਸਾਵਦ, ਵਿਗਸਿਆ, ਵਿਗਸੀਤਾ, ਵਿਗਸੇਤ, ਵਿਗਸੈ, ਵਿਗਸੰਦਾ: ਵਿਕਾਸ ਹੁੰਦਾ ਹੈ. ਖਿੜਦਾ ਹੈ. ਵਿਕਸਿਤ ਹੋਇਆ। ੨. ਪ੍ਰਸੰਨ ਹੁੰਦਾ ਹੈ. "ਕਰੇ ਆਪਿ ਆਪੇ ਵਿਗਸੀਤਾ." (ਮਃ ੩. ਵਾਰ ਗੂਜ ੧) "ਵੇਖੈ ਬਿਗਸੈ ਕਰਿ ਵੀਚਾਰੁ." (ਜਪੁ)

ਵਿਗਤ: ਸੰ. ਵਿ- ਗਤ. ਬਹੁਤ ਗਿਆ ਹੋਇਆ। ੨. ਨਾਸ਼ ਹੋਇਆ। ੩. ਮਰਿਆ ਹੋਇਆ। ੪. ਦੂਰ ਗਿਆ ਹੋਇਆ। ੫. ਖ਼ਬਰਦਾਰ.

ਵਿਗਤੀ: ਸੰਗਯਾ- ਮੰਦਗਤਿ. ਅਪਗਤਿ, "ਅਹੰਕਾਰਿ ਮੁਏ ਸੇ ਵਿਗਤੀ ਗਏ." (ਮਃ ੩. ਵਾਰ ਮਾਰੂ ੧)

ਵਿਗੜਨਾ: ਦੇਖੋ, ਬਿਗਰਨਾ.

ਵਿਗੜਿਆ ਤਿਗੜਿਆ: ਦੇਖੋ, ਬਿਗੜਿਆ ਤਿਗੜਿਆ.

ਵਿੰਗਾ: ਦੇਖੋ, ਬਿੰਗਾ. "ਵਾਲੁ ਨ ਵਿੰਗਾ ਹੋਆ." (ਸੋਰ ਮਃ ੫)

ਵਿਗਾਸ: ਦੇਖੋ, ਬਿਕਾਸ ਅਤੇ ਵਿਕਾਸ.

ਵਿਗਾਸਨਾ: ਕ੍ਰਿ- ਖਿੜਨਾ। ੨. ਪ੍ਰਸੰਨ ਹੋਣਾ. ਦੇਖੋ, ਵਿਕਾਸ.

ਵਿਗਾਸੁ: ਸੰ. ਵਿਕਾਸ. ਖਿੜਨਾ। ੨. ਪ੍ਰਸੰਨਤਾ. "ਨਾਨਕ ਭਗਤਾ ਸਦਾ ਵਿਗਾਸੁ." (ਜਪੁ) ੩. ਸੰ. ਵਿਕਾਸ਼. ਚਮਕ. ਪ੍ਰਕਾਸ਼. "ਦੀਪਕੁ ਸਬਦਿ ਵਿਗਾਸਿਆ." (ਸ੍ਰੀ ਅਃ ਮਃ ੧) ੪. ਸਿੰਧੀ. ਵਜਬੱਸ. ਹੋਰ ਨਹੀਂ. ਅਲੰ.

ਵਿਗਾਨ: ਨਿੰਦਾ. ਦੇਖੋ, ਬਿਗਾਨ ੨.

ਵਿਗਾਰਨਾ: ਕ੍ਰਿ- ਵਿਗਾੜਨਾ. ਵਿਕ੍ਰਿਤ ਕਰਨਾ. ਵਿਕਾਰ ਸਹਿਤ ਕਰਨਾ. ਹੋਰ ਸ਼ਕਲ ਤੋਂ ਹੋਰ ਬਣਾ ਦੇਣਾ. "ਪ੍ਰਹਲਾਦਿ ਸਭਿ ਚਾਟੜੇ ਵਿਗਾਰੇ." (ਭੈਰ ਅਃ ਮਃ ੩)

ਵਿਗਾੜ: ਦੇਖੋ, ਬਿਗਾੜ.

ਵਿਗਾੜਨਾ: ਦੇਖੋ, ਵਿਗਾਰਨਾ। ੨. ਵਿਗ੍ਰਹ (ਲੜਾਈ) ਕਰਨਾ. ਵਿਰੋਧ ਕਰਨਾ.

ਵਿਗਾੜਿ: ਕ੍ਰਿ. ਵਿ- ਵਿਗਾੜਕੇ. ਵਿਕਾਰ ਸਹਿਤ ਕਰਕੇ. "ਕਾਇਆ ਕੂੜਿ ਵਿਗਾੜਿ, ਕਾਹੇ ਨਾਈਐ?" (ਵਡ ਛੰਤ ਮਃ ੧)

ਵਿਗੁਚਣਾ, ਵਿਗੁਚਨਾ: ਵਿਕੁੰਚਨ (विकुञ्चन) ਹੋਣਾ. ਸੁਕੜਨਾ. ਸੁੰਗੜਨਾ। ੨. ਮੁਰਝਾਉਣਾ। ੩. ਖਿੰਨਮਨ ਹੋਣਾ. "ਫਿਕਾ ਬੋਲਿ ਵਿਗੁਚਣਾ." (ਸ੍ਰੀ ਮਃ ੧) "ਬਾਹਰਿ ਢੂੰਢਿ ਵਿਗੁਚੀਐ." (ਸ੍ਰੀ ਅਃ ਮਃ ੧)

ਵਿਗੁਣ: ਵਿ- ਬਿਨਾ ਗੁਣ। ੨. ਦੇਖੋ, ਨਿਰਗੁਣ.

ਵਿਗੁਤਾ: ਦੇਖੋ, ਬਿਗੂਤਾ. "ਨਾਮੁ ਵਿਸਾਰਿ ਅੰਤਿ ਵਿਗੁਤਾ." (ਮਾਝ ਅਃ ਮਃ ੩) "ਦਯਿ ਵਿਗੋਏ ਫਿਰਹਿ ਵਿਗੁਤੇ." (ਮਃ ੧. ਵਾਰ ਮਾਝ)

ਵਿਗੂਚਨਾ: ਦੇਖੋ, ਵਿਗੁਚਨਾ. "ਗੁਰ ਬਿਨੁ ਭਰਮਿ ਵਿਗੂਚੀਐ." (ਸੋਰ ਅਃ ਮਃ ੧)

ਵਿਗੂਤਾ: ਦੇਖੋ, ਬਿਗੂਤਾ. "ਆਇ ਵਿਗੂਤਾ ਜਗੁ ਜਮਪੰਥੁ." (ਓਅੰਕਾਰ)

ਵਿਗੋਇ: ਕ੍ਰਿ. ਵਿ- ਵਿਗੋਪਨ (ਲਯ) ਕਰਕੇ. ਦੇਖੋ, ਬਿਗੋਨਾ. "ਇਕਮਨ ਹੋਇ ਵਿਗੋਇ ਦੁਚਿਤਾ." (ਭਾਗੁ)

ਵਿਗੋਇਆ: ਨਿੰਦਿਤ ਕੀਤਾ. ਦੇਖੋ, ਬਿਗੋਨਾ. "ਭਗ ਮੁਖਿ ਜਨਮੁ ਵਿਗੋਇਆ." (ਸ੍ਰੀ ਬੇਣੀ)

ਵਿਗੋਣਾ, ਵਿਗੋਨਾ, ਵਿਗੋਵਨ: ਦੇਖੋ, ਬਿਗੋਣਾ. "ਅਗਨਿ ਜਲਾਵਹਿ ਅੰਗੁ, ਆਪੁ ਵਿਗੋਵਹੀ." (ਮਃ ੧. ਵਾਰ ਮਲਾ)

ਵਿਗੰਧ: ਦੁਰਗੰਧ. ਦੇਖੋ, ਬਿਗੰਧ.

ਵਿੱਗ, ਵਿਗਜ: ਸੰ. विज्ञ. ਵਿ- ਵਿਸ਼ੇਸ਼ ਜਾਣਨ ਵਾਲਾ. ਵਡਾ ਗਿਆਨੀ। ੨. ਸੰਗਜਾ- ਪ੍ਰਵੀਣ ਪੰਡ਼ਿਤ. ਚਤੁਰ.

ਵਿਗਜਪਤਿ: ਸੰ. विज्ञप्ति. ਸੰਗਜਾ- ਜਤਲਾਉਣ (ਜਣਾਉਣ) ਦੀ ਕ੍ਰਿਯਾ। ੨. ਵਿਗਜਾਪਨ. ਇਸ਼ਤਿਹਾਰ.

ਵਿਗਜਾਨ: विज्ञान्. ਸੰਗਜਾ- ਪੂਰਾ ਗਿਆਨ। ੨. ਆਤਮਗਿਆਨ.

ਵਿਗਜਾਨਮਯਕੋਸ਼: ਦੇਖੋ, ਪੰਚ ਕੋਸ਼.

ਵਿਗਜਾਪਨ: विज्ञापन्. ਸੰਗਜਾ- ਜਤਾਉਣਾ. ਗਿਆਨ ਕਰਾਉਣਾ। ੨. ਸਿਖਜਾ ਦੇਣਾ। ੩. ਇੱਤਿਲਾ. ਨੋਟਿਸ। ੪. ਇਸ਼ਤਹਾਰ.

ਵਿਗਜੇਯ: विज्ञेय. ਵਿ- ਜਾਣਨ ਯੋਗਜ.

ਵਿਗ੍ਰਹ: ਜੰਗ. ਨਾਚਾਕੀ. ਦੇਖੋ, ਬਿਗ੍ਰਹ.

ਵਿਘਨ: ਦੇਖੋ, ਬਿਘਨ.

ਵਿਘਾਤ: ਸੰ. ਸੰਗਜਾ- ਚੋਟ. ਆਘਾਤ. ਫੱਟ. ਘਾਉ "ਲਗਜੋ ਦੁਸਟ ਕੇ ਉਦਰ ਵਿਘਾਤ." (ਗੁਪ੍ਰਸੂ) ੨. ਰੁਕਾਵਟ. ਵਿਘਨ। ੩. ਵਿਨਾਸ਼.

ਵਿਚ: ਦੇਖੋ, ਬਿਚ ਅਤੇ ਵਿਚਿ

ਵਿਚਉ, ਵਿਚਹੁ: ਬੀਚ ਸੇ. ਅੰਦਰੋਂ. "ਵਿਚਹੁ ਆਪੁ ਗਵਾਇਕੈ." (ਮਃ ੩. ਵਾਰ ਸ੍ਰੀ)

ਵਿਚਕਾਰ: ਦੇਖੋ, ਬਿਚਕਾਰ.

ਵਿਚਕ੍ਸ਼ਣ, ਵਿਚੱਖਣ, ਵਿਚੱਛਣ: ਦੇਖੋ, ਬਿਚਖਣ.

ਵਿਚਦੋ: ਬੀਚ ਸੇ. ਥਾਣੀਂ. "ਨਦਰੀ ਵਿਚਦੋ ਕਢੈ." (ਵਾਰ ਰਾਮ ੨. ਮਃ ੫)

ਵਿਚਰਣਾ, ਵਿਚਰਨਾ: ਦੇਖੋ, ਬਿਚਰਣਾ

ਵਿਚਲ: ਸੰ. ਵਿ- ਜੋ ਹਿਲਦਾ ਹੈ. ਅਸਥਿਰ. ਚੰਚਲ.

ਵਿਚਲਨਾ: ਦੇਖੋ, ਬਿਚਲਨਾ.

ਵਿਚਾਰ: ਦੇਖੋ, ਬਿਚਾਰ.

ਵਿਚਾਰਾ: ਦੇਖੋ, ਬੇਚਾਰ. "ਓਇ ਵਿਚਾਰੇ ਕਿਆ ਕਰਹਿ?" (ਮਃ ੪. ਵਾਰ ਗਉ ੧)

ਵਿਚਾਰਾਲਯ: ਵਿਚਾਰ ਕਰਨ ਦਾ ਘਰ ਨਿਆਂ ਕਰਨ ਦੀ ਥਾਂ. ਅਦਾਲਤ.

ਵਿਚਾਰੀ: ਸੰ. विचारिन्. ਵਿ- ਵਿਚਾਰ ਕਰਨ ਵਾਲਾ। ੨. ਵਿਚਰਣ ਵਾਲਾ.

ਵਿਚਾਲਾ: ਸੰਗਜਾ- ਮਧਜਭਾਗ. ਗੱਭਾ.

ਵਿਚਾਲੇ: ਕ੍ਰਿ. ਵਿ- ਮਧਜ ਵਿੱਚ. ਗੱਭੇ.

**ਵਿਚਿ:** ਬੀਚ. ਭੀਤਰ. ਅੰਦਰ. "ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ." (ਮਃ ੪. ਵਾਰ ਕਾਨ) "ਵਿਚਿ ਉਪਾਏ ਸਾਇਰਾ, ਤਿਨਾ ਭਿ ਸਾਰ ਕਰੇਇ." (ਮਃ ੨. ਵਾਰ ਰਾਮ ੧) ੨. ਸੰ. ਲਹਰ. ਤਰੰਗ. ਮੌਜ. ਇਸ ਦਾ ਰੂਪਾਂਤਰ ਵੀਚੀ ਭੀ ਹੈ.

**ਵਿਚਿੱਤ:** ਸੰ. ਵਿ- ਜਿਸ ਦਾ ਦਿਲ ਟਿਕਾਣੇ ਨਹੀਂ। ੨. ਅਚੇਤ. ਬੇਹੋਸ਼.

**ਵਿਚਿਤ੍ਰ:** ਵਿ- ਅਨੇਕ ਰੰਗ ਦਾ. ਰੰਗ ਬਰੰਗਾ। ੨. ਅਜੀਬ. ਅਦਭੁਤ. ਅਣੋਖਾ। ੩. ਸੰਗਤਾ- ਇੱਕ ਸ਼ਬਦਾਲੰਕਾਰ. ਕਾਰਯ ਦੇ ਫਲ ਤੋਂ ਉਲਟਾ ਯਤਨ ਕਰਨਾ, ਐਸਾ ਵਰਣਨ "ਵਿਚਿਤ੍ਰ" ਅਲੰਕਾਰ ਹੈ.

ਜਹਾਂ ਕਰਤ ਉੱਦਮ ਕਛੁ ਫਲ ਚਾਹਤ ਵਿਪਰੀਤ,

ਵਰਣਤ ਤਹਾ ਵਿਚਿਤ੍ਰ ਹੈਂ ਜੇ ਕਵਿੱਤਰਸ ਪ੍ਰੀਤਿ.

(ਲਲਿਤਲਲਾਮ)

ਉਦਾਹਰਣ-

ਭੈ ਬਿਨ ਨਿਰਭਉ ਕਿਉ ਥੀਐ,

ਗੁਰੁਮੁਖਿ ਸਬਦਿ ਸਮਾਇ. (ਸ੍ਰੀ ਮਃ ੧)

ਆਪਸ ਕਉ ਜੋ ਜਾਣੈ ਨੀਚਾ,

ਸੋਊ ਗਨੀਐ ਸਭ ਤੇ ਊਚਾ. (ਸੁਖਮਨੀ)

ਨਿਰਭਯ ਹੋਣ ਲਈ ਭੈ ਧਾਰਨਾ ਅਤੇ ਉੱਚਪਦਵੀ ਲਈ ਨੰਮ੍ਰਤਾ ਧਾਰਨੀ, ਉਲਟਾ ਯਤਨ ਹੈ.

ਗਰੀਬੀ ਗਦਾ ਹਮਾਰੀ.

ਖੰਨਾ ਸਗਲ ਰੇਨ ਛਾਰੀ,

ਤਿਸੁ ਆਗੈ ਕੋਨ ਟਿਕੈ ਵੇਕਾਰੀ. (ਸੋਰ ਮਃ ੫)

ਫਤੇ ਪਾਉਣ ਲਈ ਗਰੀਬੀ ਧਾਰਨੀ ਅਰ ਪੈਰਾਂ ਦੀ ਖ਼ਾਕ ਹੋਣਾ, ਉਲਟਾ ਯਤਨ ਹੈ.

ਫਰੀਦਾ, ਲੋੜੇ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ,

ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ. (ਸ. ਫਰੀਦ)

**ਵਿਚਿਤ੍ਰਸਿੰਘ:** ਇਹ ਮਨੀਰਾਮ ਰਾਜਪੂਤ ਦਾ ਪੁਤ੍ਰ, ਉਦਯਸਿੰਘ ਜੀ ਦਾ ਸਕਾ ਭਾਈ ਪਰਮ ਪ੍ਰੇਮੀ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਜੀ ਦਾ ਸਿੱਖ ਸੀ. ਸੰਮਤ ੧੭੫੮ ਵਿੱਚ ਪਹਾੜੀ ਰਾਜਿਆਂ ਨੇ ਆਨੰਦਪੁਰ ਆਕੇ ਘੇਰਿਆ ਅਰ ਇੱਕ ਮਸ੍ਤ ਹਾਥੀ ਲੋਹਗੜ੍ਹ ਕਿਲੇ ਦਾ ਦਰਵਾਜਾ ਤੋੜਨ ਨੂੰ ਅੱਗੇ ਕੀਤਾ. ਕਲਗੀਧਰ ਜੀ ਦੀ ਆਗਯਾ ਪਾਕੇ ਵੀਰ ਵਿਚਿਤ੍ਰ ਸਿੰਘ ਨੇ ਹਾਥੀ ਦੇ ਮੱਥੇ ਐਸਾ ਨੇਜਾ ਮਾਰਿਆ, ਜੋ ਲੋਹੇ ਦੇ ਤਵੇ ਨੂੰ ਭੰਨਕੇ ਅੰਦਰ ਜਾ ਧਸਿਆ, ਜਿਸ ਤੋਂ ਹਾਥੀ ਅਜੇਹਾ ਨੱਠਾ ਕਿ ਪਹਾੜੀ ਸੈਨਾ ਦੇ ਨਾਸ਼ ਦਾ ਕਾਰਣ ਹੋਇਆ. ਭਾਈ ਸੰਤੋਖਸਿੰਘ ਜੀ ਇਸ ਪ੍ਰਸੰਗ ਨੂੰ ਇਉਂ ਲਿਖਦੇ ਹਨ- ਤਬ ਵਿਚਿਤ੍ਰਸਿੰਘ ਰਿਦੇ ਵਿਚਾਰਯੋ,

ਇਹ ਅਵਸਰ ਅਬ ਮੇਰਾ,

ਹਤੋਂ ਮਤੰਗ ਅੰਗ ਮੇ ਬਰਛਾ,

ਕਰਕੈ ਓਜ ਘਨੇਰਾ,

ਚਰਬਤ ਓਠਨ ਲਾਲ ਬਿਲੋਚਨ,

ਫਰਕਤ ਮੂਛ ਉਠਾਈ.

ਭ੍ਰਿਕੁਟੀ ਚਢੀ ਕੁਟਿਲ, ਮੁਖ ਲਾਲੀ,

ਸਮਸ ਮਹਾਂ ਛਬਿ ਛਾਈ.

ਪਗ ਕੋ ਬਲ ਰਕਾਬ ਪਰ ਕਰਕੈ

ਉਛਰ੍ਯੋ ਆਸਨ ਛੋਰਾ,

ਸਭ ਸ਼ਰੀਰ ਸੋ ਓਜ ਸੰਭਰ ਕੈ,

ਹਯ ਫਾਂਧ੍ਯੋ ਗਜ ਓਰਾ,

ਸੈਫ ਬਚਾਇ ਚਲਾਇ ਸੁ ਬਰਛਾ,

ਤਵਾ ਫੁਲਾਦੀ ਫੋਰਾ,

ਧਸ੍ਯੋ ਜਾਇ ਰਾਜ ਮਸ੍ਤਕ ਮੇ ਜਬ,

ਪੁਨ ਕਰ ਜੁਗ ਕਰ ਜੋਰਾ,

ਕਰ੍ਯੋ ਧਸਾਵਨ ਪ੍ਰਵਿਸ੍ਯੋ ਐਸੇ,

ਉਪਮਾ ਕਹੌਂ ਬਨਾਈ,

ਕ੍ਰੌਂਚ ਸੈਲ ਮੇ ਜਨੁ ਸ਼ਿਵਨੰਦਨ,

ਬਰਛੀ ਮਾਰ ਧਸਾਈ,

ਵਾਸੁਕਿ ਕਿਧੌਂ ਬੇਗ ਕਰ ਦੀਰਘ,

ਵਿਨਤਾਸੁਤ ਕੇ ਤ੍ਰਾਸਾ,

ਦੇਖ ਰੰਧ੍ਰ ਗਿਰਿ ਵਿਖੈ ਪ੍ਰਵੇਸ੍ਯੋ,

ਨਹਿ ਪੁਨ ਬਦਨ ਨਿਕਾਸਾ. (ਗੁਪ੍ਰਸੂ)

ਵਿਚਿਤ੍ਰਸਿੰਘ ਦਿਨ ਵਿੱਚ ਕਈ- ਕਈ ਪੁਸਤਕਾਂ ਪਹਿਰਕੇ ਰੂਪ ਬਦਲਿਆ ਕਰਦਾ ਸੀ, ਇਸ ਲਈ ਦਸ਼ਮੇਸ਼ ਇਸ ਨੂੰ ਬਹੁਰੂਪੀਆ ਕਹਿਕੇ ਬੁਲਾਇਆ ਕਰਦੇ ਸਨ. ਦੇਖੋ, ਉਦਯਸਿੰਘ.

ਵਿਚਿਤ੍ਰਤਾ: ਸੰਗ੍ਯਾ- ਰੰਗਬਰੰਗਾਪਨ। ੨. ਅਦਭੁਤ (ਅਣੋਖਾ) ਪਨ.

ਵਿਚਿਤ੍ਰਨਾਟਕ: ਅਦਭੁਤ ਨਾਟਕ. ਅਜੀਬ ਦ੍ਰਿਸ਼੍ਯ ਕਾਵ੍ਯ। ੨. ਦਸਮਗ੍ਰੰਥ ਦਾ ਉਹ ਭਾਗ, ਜਿਸ ਵਿੱਚ ੨੪ ਅਵਤਾਰਾਂ ਦੀ ਕਥਾ ਅਤੇ ਅਨੇਕ ਐਤਿਹਾਸਿਕ ਪ੍ਰਸੰਗ ਨਾਟਕ ਦੀ ਰੀਤਿ ਅਨੁਸਾਰ ਲਿਖੇ ਗਏ ਹਨ। ੩. ਚੌਦਾਂ ਅਧ੍ਯਾਯ ਦਾ ਇੱਕ ਖ਼ਾਸ ਗ੍ਰੰਥ, ਜੋ ਦਸਮਗ੍ਰੰਥ ਵਿੱਚ ਦੇਖੀਦਾ ਹੈ. ਇਸ ਵਿੱਚ ਸ਼੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਕੁਝ ਹਾਲ ਹੈ.

ਵਿਚਿਤ੍ਰਪਦਾ: ਇਹ ਛੰਦ ਚਿਤ੍ਰਪਦਾ ਛੰਦ ਦਾ ਹੀ ਪਹਿਲਾ ਰੂਪ ਹੈ, ਅਰਥਾਤ ਪ੍ਰਤਿ ਚਰਣ ਦੋ ਭਗਣ, ਦੋ ਗੁਰੁ. SII. SII. SS. ਦੇਖੋ, ਚਿਤ੍ਰਪਦਾ.

ਵਿਚਿਤ੍ਰਵੀਰਯ: ਦੇਖੋ, ਪਾਂਡਵ.

ਵਿਚਿਤ੍ਰਾ: ਦੇਖੋ, ਨਰਾਚ ੨.

ਵਿਚਿਤ੍ਰਾਂਗ: ਸੰ. ਸੰਗਯਾ- ਮੋਰ, ਜਿਸ ਦੇ ਰੰਗਬਰੰਗੇ ਖੰਭ ਹਨ.

ਵਿਚੁ: ਸੰਗਯਾ- ਵਿਚੋਲਾਪਨ. ਮਧ੍ਯਸ੍ਥਤਾ. "ਵਿਚੁ ਨ ਕੋਈ ਕਰਿਸਕੈ." (ਮਾਜ ਬਾਰਹਮਾਹਾ) ੨. ਅੰਦਰ.

ਵਿਚੁਦੇ: ਕ੍ਰਿ. ਵਿ- ਵਿੱਚੋਂ ਦੀ. ਬੀਚ ਮੇਂ ਸੇ. "ਮਨੁ ਅਸਥੂਲੁ ਹੈ ਕਿਉਕਰਿ ਵਿਚੁਦੇ ਜਾਇ?" (ਮਃ ੩. ਵਾਰ ਗੂਜ ੧)

ਵਿਚੂਰਣਾ: ਕ੍ਰਿ- ਵਿਸ਼ੇਸ਼ ਕਰਕੇ ਚੂਰ੍ਣ ਕਰਨਾ. ਪੀਹਣਾ। ੨. ਮਰਾ. ਵਿਚੁਰਣੇ. ਕੰਘਾ ਕਰਨਾ. ਪੰਜਾਬੀ ਵਿੱਚ ਕੇਸਾਂ ਦੀ ਗੁੰਝਲ ਖੋਲਣੀ ਵਿਚੂਰਣਾ ਹੈ। ੩. ਛਾਂਟਣਾ. ਵੱਖ ਕਰਨਾ. "ਪਸੂ ਪਰੇਤਹੁ ਦੇਵ ਵਿਚੂਰੈ?" (ਭਾਗੁ)

ਵਿਚੇ: ਬੀਚ ਮੇਂ ਹੀ. ਅੰਦਰ ਹੀ. "ਵਿਚੇ ਗ੍ਰਿਹ ਸਦਾ ਰਹੈ ਉਦਾਸੀ." (ਮਾਰੂ ਸੋਲਹੇ ਮਃ ੪)

ਵਿਚੇਤਨ: ਵਿ- ਬੇਹੋਸ਼. ਅਚੇਤਨ। ੨. ਵਿਚਾਰਹੀਨ. ਮੂਰਖ.

ਵਿਚੋਂ: ਦੇਖੋ, ਵਿਚਹੁ.

ਵਿਚੋਲਾ: ਵਿੱਚ (ਮਧ੍ਯ) ਆਉਣ ਵਾਲਾ. ਮਧ੍ਯਸ੍ਥ। ੨. ਵਕੀਲ. "ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ." (ਵਾਰ ਰਾਮ ੨. ਮਃ ੫) "ਪਵਨੁ ਵਿਚੋਲਾ ਕਰਤ ਇਕੇਲਾ." (ਰਾਮ ਮਃ ੫) ਇਸ ਸ਼ਬਦ ਵਿੱਚ ਭਾਵ ਇਹ ਹੈ ਕਿ male ਅਤੇ female seeds ਨੂੰ ਪੌਣ ਦੂਰ ਦੂਰ ਤੋਂ ਲਿਆਕੇ ਇਕੱਠਾ ਕਰਦੀ ਹੈ ਤੇ ਫਿਰ ਪਾਣੀ ਦੀ ਸਹਾਇਤਾ ਨਾਲ ਚੀਜਾਂ ਉਤਪੰਨ ਹੋਂਦੀਆਂ ਹਨ. ਭਿੰਨ ਭਿੰਨ ਅੰਸ਼ਾਂ elements ਨੂੰ ਇਕੱਠਾ ਕਰਨਾ ਪਵਨੁ ਦਾ ਵਿਚੋਲਾਪਨ ਹੈ। ੩. ਨਟ ਦਾ ਜਮੂਰਾ. ਨਟਵਟੂ.

ਵਿਛੜਨਾ: ਦੇਖੋ, ਬਿਛੁਰਨਾ.

ਵਿਛਾਵਣ, ਵਿਛਾਵਣਾ: ਵਿਛਾਉਣ ਦੀ ਕ੍ਰਿਯਾ. ਵਸਤ੍ਰ ਨੂੰ ਵਿਸਤੀਰ੍ਣ ਕਰਨਾ (ਫੈਲਾਉਣਾ). "ਸੇਜ ਸੁ ਕੰਤਿ ਵਿਛਾਈਐ." (ਫੁਨਹੇ ਮਃ ੫) ੨. ਸੰਗਯਾ- ਵਿਸ੍ਤੀਰ੍ਣ (ਵਿਛਾਉਣ) ਯੋਗ੍ਯ ਵਸਤ੍ਰ. ਬਿਛੌਨਾ. "ਨੈਣਾ ਪਿਰੀ ਵਿਛਾਵਣਾ." (ਵਾਰ ਮਾਰੂ ੨. ਮਃ ੫) "ਬਿਰਹਿ ਵਿਛਾਵਣ ਲੇਫੁ." (ਸ. ਫਰੀਦ) ਵਿਰਹ ਵਿਛੌਨਾ ਅਤੇ ਲਿਹਾਫ਼ (ਰਜਾਈ) ਹੈ.

ਵਿਛੁੰਨਾ: ਵਿ- ਛਿੰਨ ਹੋਇਆ. ਜੁਦਾ ਹੋਇਆ. ਵਿਛੁੜਿਆ ਹੋਇਆ. "ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ." (ਬਿਹਾ ਛੰਤ ਮਃ ੪) "ਚਿਰੀ ਵਿਛੁੰਨੇ ਮੇਲਿਅਨੁ." (ਸ੍ਰੀ ਮਃ ੩)

ਵਿਛੁਰਨਾ, ਵਿਛੁੜਨਾ: ਦੇਖੋ, ਬਿਛੁਰਨਾ, ਵਿ- ਫੁਟ. "ਗੁਰਮੁਖਿ ਮਿਲੀਐ, ਮਨਮੁਖਿ ਵਿਛੁਰੈ." (ਮਾਝ ਅਃ ਮਃ ੫) ਗੁਰਮੁਖਤਾ ਦ੍ਵਾਰਾ ਮਿਲੀਐ, ਮਨਮੁਖਤਾ ਨਾਲ ਵਿਛੁੜੈ.

ਵਿਛੁੜਿ: ਵਿਛੁੜਕੇ. "ਮਨਮੁਖ ਵਿਛੁੜਿ ਦੁਖ ਪਾਏ." (ਪ੍ਰਭਾ ਮਃ ੧)

ਵਿਛੇਪ: ਦੇਖੋ, ਵਿਕ੍ਸ਼ੇਪ.

ਵਿਛੋਹ, ਵਿਛੋਹਾ: ਦੇਖੋ, ਬਿਛੋਹ "ਵਿਛੋਹੇ ਜੰਬੂਰ, ਖਵੇ ਨ ਵੰਞਨਿ ਗਾਖੜੇ." (ਵਾਰ ਗੂਜ ੨. ਮਃ ੫) ਦੇਖੋ, ਖਵਣੁ.

ਵਿਛੋੜਾ: ਸੰਗਯਾ- ਜੁਦਾਈ. ਵਿਯੋਗ. "ਵਿਛੋੜਾ ਭਉ ਵੀਸਰੈ." (ਮਾਰੂ ਅਃ ਮਃ ੧)

ਵਿੱਛਿੰਨ: ਕੱਟਕੇ ਅਲਗ ਕੀਤਾ ਹੋਇਆ। ੨. ਜੁਦਾ. ਵੱਖ। ੩. ਕੁਟਿਲ. ਟੇਢਾ.

ਵਿੱਛੇਦ: ਵਿ- ਛੇਦ. ਜੁਦਾਈ. ਅਲਗ ਕਰਨ ਦੀ ਕ੍ਰਿਯਾ. ਕੱਟ ਵੱਢ.

ਵਿਜ: ਸੰ. विज्. ਧਾ- ਅਲਗ ਕਰਨਾ, ਟੁੱਟਣਾ, ਵਿਵੇਕ ਕਰਨਾ, ਡਰ ਨਾਲ ਕੰਬਣਾ, ਵਿਪਦਾ ਵਿੱਚ ਪੈਣਾ.

ਵਿਜਈ: ਦੇਖੋ, ਵਿਜਯੀ.

**ਵਿਜਨ:** ਜਿੱਥੇ ਕੋਈ ਜਨ ਨਹੀਂ ਹੈ. ਏਕਾਂਤ ਸੁੰਨਾ ਥਾਂ। ੨. ਵਜਜਨ. ਪੰਖਾ.

**ਵਿਜਯ:** ਸੰਗਯਾ- ਵਿ- ਜਯ. ਜਿੱਤ. ਜੀਤ. ਫਤਹ। ੨. ਅਰਜੁਨ। ੩. ਵਿਮਾਨ। ੪. ਯਮਰਾਜ। ੫. ਵਿਸ਼ਨੁ ਦਾ ਇੱਕ ਪਾਰਖ਼ਦ. ਦੇਖੋ, ਪਾਰਖਦ ੨.

**ਵਿਜਯਸਾਰ:** ਦੇਖੋ, ਭੰਗਰਾ.

**ਵਿਜਯਕੁੰਜਰ:** ਉਹ ਹਾਥੀ, ਜਿਸ ਤੇ ਰਾਜਾ ਦੁਸ਼ਮਨ ਜਿੱਤਣ ਲਈ ਚੜ੍ਹਾਈ ਕਰਦਾ ਹੈ.

**ਵਿਜਯਦਸ਼ਮੀ:** ਦੇਖੋ, ਵਿਜਯਾਦਸ਼ਮੀ.

ਵਿਜਯਾ. ਸੰ. ਸੰਗਯਾ- ਭੰਗ। ੨. ਮਜੀਠ। ੩. ਜੰਡੀ। ੪. ਦੁਰਗਾ। ੫. ਸ਼੍ਰਵਣ ਨਛਤ੍ਰ ਵਾਲੀ ਦ੍ਵਾਦਸ਼ੀ। ੬. ਇੱਕ ਮਾਤ੍ਰਿਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ੪੦ ਮਾਤ੍ਰਾ, ਦਸ ਦਸ ਮਾਤ੍ਰਾ ਪੁਰ ਵਿਸ਼੍ਰਾਮ, ਅੰਤ ਰਗਣ SIS.

ਉਦਾਹਰਣ-

ਪ੍ਰਿਥਮ ਮਧੁਕੈਟ ਮਦ, ਮਥਨਿ ਮਹਿਖਾਸੁਰੈ,

ਮਾਨ ਮਰਦਨ ਕਰਨਿ, ਤਰਨਿ ਬਰਬੰਡਿਕਾ,

ਧੂਮ੍ਰਦ੍ਰਿਗ ਧਰਨਿ ਧਰ, ਧੂਰ ਧਾਨੀ ਕਰਨਿ,

ਚੰਡ ਅਰੁ ਮੁੰਡ ਕਰ, ਮੁੰਡ ਖੰਡਖੰਡਿਕਾ,

ਰਕ੍ਤਬੀਜਾਦੰਨੀ, ਰਕ੍ਤ ਭੱਛਨਕਰਨਿ,

ਦਰਨਿ ਅਨਿ ਸ਼ੁੰਭ ਰਨ, ਰਾਰਰਿਸਮੰਡਿਕਾ,

ਸ਼ੁੰਭ ਬਲਧਾਰ ਸੰਘਾਰ ਕਰਵਾਰ ਕਰ

ਸਕਲ ਖਲ ਅਸੁਰ ਦਲ, ਜੈਤਿ ਜੈ ਚੰਡਿਕਾ. (ਚੰਡੀ ੧)

ਪ੍ਰਿਥਮ ਟੰਕੋਰ ਝੁਕ ਝਾਰ ਸੰਸਾਰ ਮਦ,

ਦੰਡ ਕੋਦੰਡ ਰਹਿ ਮੰਡ ਨਵਖੰਡ ਕੋ,

ਚਾਲ ਅਚਲਾ ਅਚਲ ਘਾਲ ਦਿਗਪਾਲ ਬਲ,

ਪਾਲਿ ਰਿਖਿਰਾਜ ਕੇ ਬਚਨ ਪਰਚੰਡ ਕੋ,

ਸੋਧ ਦੈ ਈਸ਼ ਕੋ ਬੋਧ ਜਗਦੀਸ਼ ਕੋ,

ਕ੍ਰੋਧ ਉਪਜਾਯ ਭ੍ਰਿਗੁਨੰਦ ਬਰਬੰਡ ਕੋ,

ਬਾਂਦ ਬਰ ਸ੍ਵਰਗੰ ਕੋ ਸਾਧ ਅਪਵਰਗੰ ਧਨੁ-

ਭੰਗ ਕੋ ਸ਼ਬ੍ਦ ਗਜੋ ਭੇਦ ਬ੍ਰਹਮੰਡ ਕੋ. (ਰਾਮਚੰਦ੍ਰਿਕਾ)

**ਵਿਜਯਾਦਸ਼ਮੀ:** ਅੱਸੂ ਸਦੀ ੧੦. ਹਿੰਦੂਮਤ ਦੇ ਗ੍ਰੰਥਾਂ ਵਿੱਚ ਇਹ ਦਿਨ ਦੁਸ਼ਮਨ ਉੱਤੇ ਫਤੇ ਪਾਉਣ ਲਈ ਉੱਤਮ ਮਹੂਰਤ

ਹੈ.[1174] ਰਾਮਚੰਦ੍ਰ ਜੀ ਨੇ ਲੰਕਾ ਜਿੱਤਣ ਨੂੰ ਇਸੇ ਦਿਨ ਕੂਚ ਕੀਤਾ ਸੀ. ਦੇਖੋ, ਦਸਹਰਾ ੨.

ਵਿਜਯੀ: विजयिन. ਵਿ- ਜੱਤਣ ਵਾਲਾ.

ਵਿਜਾਤਿ: ਸੰਗਯਾ- ਭਿੰਨ ਜਾਤਿ. ਜੁਦੀ ਜਾਤਿ। ੨. ਵਿ- ਭਿੰਨ ਜਾਤਿ ਦਾ. ਵਿਜਾਤੀਯ.

ਵਿਜਾਤੀਯ: ਵਿ- ਹੋਰ ਜਾਤ ਦਾ. ਭਿੰਨ ਜਾਤਿ ਵਾਲਾ.

ਵਿਜਿਗੀਖਾ: ਸੰ. ਵਿਜਿਰੀਸ਼ਾ. ਸੰਗਯਾ- ਜਿੱਤਣ ਦੀ ਇੱਛਾ. ਫਤੇ ਦੀ ਖ੍ਵਾਹਿਸ਼.

ਵਿਜਿਤ: ਵਿ- ਜਿੱਤਿਆ ਹੋਇਆ. ਜਿਸ ਉੱਪਰ ਫਤੇ ਪਾਈ ਹੈ.

ਵਿਜਿਤਿ: ਸੰ. ਸੰਗਯਾ- ਜਿੱਤ. ਫਤੇ ਪਾਈ ਹੈ.

ਵਿਜੇਤਾ: ਸੰ. विजेतृ- ਵਿਜੇਤ੍ਰਿ. ਵਿ- ਜਿੱਤਣ ਵਾਲਾ. ਫਤੇ ਪਾਉਣ ਵਾਲਾ.

ਵਿਜੈ: ਦੇਖੋ, ਵਿਜਯ.

ਵਿਜੋਹਾ: ਦੇਖੋ, ਬਿਰਾਜ.

ਵਿਜੋਗ: ਵਿਛੋੜਾ. ਦੇਖੋ, ਬਿਜੋਗ. "ਬੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ." (ਮਾਝ ਬਾਰਹਮਾਹਾ) ਦੇਖੋ, ਜਨਮ ਵਿਜੋਗ.

ਵਿਜੋਗਿ: ਵਿਯੋਗ ਨਾਲ. "ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ." (ਮਃ ੧. ਵਾਰ ਸਾਰ) ਸੂਰਜ ਦੇ ਚੜ੍ਹਨ ਅਤੇ ਵਿਯੋਗ (ਛਿਪਣ) ਤੋਂ ਆਰਜਾ (ਉਮਰ) ਘਟ ਰਹੀ ਹੈ। ੨. ਦੇਖੋ, ਬਿਜੋਗੀ.

ਵਿਜੋਗੀ: ਵਿਯੋਗੀ. ਦੇਖੋ, ਬਿਜੋਗੀ. "ਵਿਜੋਗੀ ਦੁਖਿ ਵਿਛੁੜੈ." (ਸ੍ਰੀ ਮਃ ੧) ੨. ਵਿਯੋਗ ਨਾਲ. ਦੇਖੋ, ਬਿਓਗੀ.

ਵਿੱਜ: ਸੰਗਯਾ- ਵਿਦਜੁਤ. ਬਿਜਲੀ। ੨. ਖਤ੍ਰੀਆਂ ਦੀਆਂ ਪੰਜ ਜਾਤਾਂ ਵਿੱਚੋਂ ਇੱਕ ਜਾਤਿ. "ਹਾੜੂ ਗਾੜੂ ਵਿੱਜ ਵਿਚਾਰੇ." (ਭਾਗੁ)

ਵਿੱਜੁਲ: ਸੰ. ਸੰਗਯਾ- ਤੁਚਾ. ਛਿਲਕਾ. ਛਿੱਲ। ੨. ਦਾਲਚੀਨੀ। ੩. ਵਿਦਜੁਤ. ਬਿਜਲੀ.

ਵਿਝਣ, ਵਿਝਵਣ: ਜੁਦਾ ਹੋਣਾ. ਅਲਗ ਹੋਣਾ. ਵਿਛੁੜਨਾ। ੨. ਬੁਝਣਾ. ਸ਼ਾਂਤ ਹੋਣਾ. "ਵਿਝਣ ਕਲਹ ਨ ਦੇਂਵਦਾ." (ਮਃ ੪. ਵਾਰ ਗਉ ੧) "ਭਾਹਿ ਬਲੰਦੀ ਵਿਝਵੀ." (ਸ੍ਰੀ ਮਃ ੧)

ਵਿਝੜ: ਸੰਗਯਾ- ਝੜ ਦਾ ਅਭਾਵ, ਬੱਦਲਾਂ ਦਾ ਬਿਖਰਨਾ. ਆਸਮਾਨ ਦਾ ਸਾਫ ਹੋਣਾ. ਸੰ. ਵੀਧ੍ਰ.

ਵਿਟ: ਦੇਖੋ, ਬਿਟ.

ਵਿਟਹੁ: ਵਜ- ਸੇ. ਤੋਂ. "ਕੁਰਬਾਣੁ ਕੀਤਾ ਗੁਰੂ ਵਿਟਹੁ." (ਅਨੰਦੁ)

ਵਿਟਪ: ਬਿਰਛ. ਬੂਟਾ. ਦੇਖੋ, ਬਿਟਪ.

ਵਿਟਪੀ: ਸੰ. विटपिन्. ਨਵੀਂ ਕੂਮਲਾਂ ਵਾਲਾ ਬਿਰਛ। ੨. ਅੰਜੀਰ ਦਾ ਬੂਟਾ। ੩. ਵਟ. ਬੋਹੜ.

ਵਿਟਰਣਾ: ਦੇਖੋ, ਬਿਟਰਨਾ.

ਵਿਟੜਿਅਹੁ: ਸੇ. ਤੋਂ. ਦੇਖੋ, ਵਿਟਹੁ. "ਗੁਰ ਵਿਟੜਿਅਹੁ ਹਉ ਘੋਲੀ." (ਆਸਾ ਛੰਤ ਮਃ ੪)

---

[1174] ਜਿਸ ਸਮੇਂ ਸੜਕਾਂ ਅਤੇ ਭਾਰ ਢੋਣ ਦਾ ਉੱਤਮ ਪ੍ਰਬੰਧ ਨਹੀਂ ਸੀ. ਉਸ ਵੇਲੇ ਵਰਖਾ ਦਾ ਪਾਣੀ ਕਮ ਹੋਣ ਪੁਰ ਦੁਸ਼ਮਨਾਂ ਉੱਤੇ ਲੜਾਈ ਕੀਤੀ ਜਾਂਦੀ ਸੀ.

ਵਿਟਾਰਣੁ: ਸਿੰਧੀ. ਕ੍ਰਿ- ਜੂਠਾ ਕਰਨਾ. ਦੇਖੋ, ਬਿਟਾਰਣਾ.

ਵਿਟੰਗ: ਦੇਖੋ, ਬਿਟੰਗ.

ਵਿੱਠਲ: ਦੇਖੋ, ਬੀਠਲ.

ਵਿੱਠੜ: ਦੇਖੋ, ਸ੍ਵਾਮੀਦਾਸ.

ਵਿਡਾਣ, ਵਿਡਾਣਾ, ਵਿਡਾਣੀ, ਵਿਡਾਣੁ, ਵਿਡਾਨ: ਸੰ. विडम्बन्- ਵਿਡੰਬਨ. ਦੇਖੋ, ਬਿਡਾਣ. "ਬਹੁਤਾ ਏਹੁ ਵਿਡਾਣੁ." (ਜਪੁ "ਜਾ ਸਹੁ ਭਇਆ ਵਿਡਾਣਾ." (ਵਡ ਮਃ ੧) "ਸੇਵਾ ਕਰਹਿ ਵਿਡਾਣੀ." (ਸ੍ਰੀ ਮਃ ੩)

ਵਿਡਾਨੜਾ: ਵਿ- ਆਡੰਬਰ ਵਾਲਾ. ਵਿਡੰਬਨ ਵਾਲਾ. "ਬਾਰਿ ਵਿਡਾਨੜੈ ਹੁੰਮਸ ਧੁੰਮਸ." (ਵਾਰ ਗੂਜ ੨. ਮਃ ੫) ਭਾਵ- ਮਾਯਾਵੀ (मायाविन्) ਲੋਕਾਂ ਦੇ ਘਰ. ਦੇਖੋ, ਹੁੰਮਸ ਧੁੰਮਸ.

ਵਿਡਾਰਣ: ਦੇਖੋ, ਬਿਡਾਰਨ। ੨. ਵਿਦੂਰ ਕਰਨਾ. ਪਰੇ ਹਟਾਉਣਾ.

ਵਿਡਾਰਣਿ: ਵਿਦੂਰ (ਪਰੇ) ਕਰਨ ਲਈ. "ਲੋਕੁ ਵਿਡਾਰਣਿ ਜਾਇ." (ਸ. ਫਰੀਦ)

ਵਿਡਾਲ, ਵਿਡਾਲੀ: ਬਿੱਲਾ. ਬਿੱਲੀ. ਦੇਖੋ, ਬਿਡਾਲ ਅਤੇ ਬਿਡਾਲੀ.

ਵਿਡੂਰਯ: ਦੇਖੋ, ਵੈਡੂਰਯ.

ਵਿਡੰਬਨ: ਦੇਖੋ, ਬਿਡਾਣ.

ਵਿੱਢ: ਦੇਖੋ, ਬਿਢ.

ਵਿਣ: ਵਜ- ਬਿਨ. ਬਾਝ. ਬਗੈਰ. ਦੇਖੋ, ਵਿਣੁ.

ਵਿਣਸਣਾ: ਦੇਖੋ, ਬਿਨਸਨਾ। ੨. ਵਿ- ਵਿਨਾਸ਼ ਹੋਣ ਵਾਲਾ. ਵਿਨਾਸ਼ੀ. "ਸੰਸਾਰੁ ਝੂਠਾ ਵਿਣਸਣਾ।" (ਆਸਾ ਮਃ ੫)

ਵਿਣਸੁ: ਦੇਖੋ, ਬਿਨਸ। ੨. ਸ੍ਵ (ਧਨ) ਰਹਿਤ. ਕੰਗਾਲ.

ਵਿਣਾਸ, ਵਿਣਾਸੁ: ਦੇਖੋ, ਬਿਨਾਸ. "ਲੇਖੈ ਹੋਇ ਵਿਣਾਸੁ." (ਜਪੁ) "ਬਿਨੁ ਗੁਣ ਜਨਮੁ ਵਿਣਾਸੁ." (ਸ੍ਰੀ ਅਃ ਮਃ ੧)

ਵਿਣਾਹ, ਵਿਣਾਹੁ: ਸੰ. ਵਿਨਾਸ਼. ਧ੍ਵੰਸ। ੨. ਸਿੰਧੀ. ਵਧ. ਕਤਲ। ੩. ਭਯਾਨਕ ਜੰਗ। ੪. ਨੁਕਸਾਨ. ਹਾਨਿ.

ਵਿਣਾਹੇ: ਵਿਨਾਸ਼ ਕਰਦਾ ਹੈ. ਤਬਾਹ ਕਰਦਾ ਹੈ. "ਲਬੁ ਵਿਣਾਹੇ ਮਾਣਸਾ." (ਵਾਰ ਰਾਮ ੩)

ਵਿਣੁ: ਬਿਨਾ ਬਗੈਰ. ਦੇਖੋ, ਵਣ. "ਤੁਧੁ ਵਿਣੁ ਸਿਧੀ ਕਿਨੈ ਨ ਪਾਈਆ." (ਸੋਦਰੁ) "ਵਿਣੁ ਗਾਹਕ ਗੁਣ ਵੇਚੀਐ." (ਮਃ ੧. ਵਾਰ ਮਾਰੂ ੧)

ਵਿਤ: ਸੰ. ਵਿਤ੍. ਧਾ- ਦਾਨ ਕਰਨਾ, ਧਰਮ ਕਰਨਾ। ੨. ਸੰ. ਵਿੱਤ (वित्) ਸੰਗ੍ਯਾ- ਧਨ. "ਹਰਿ ਵਿਚ ਚਿਤ ਦੁਖਾਹੀ." (ਆਸਾ ਪੜਤਾਲ ਮਃ ੫) ਵਿਤ (ਧਨ) ਹਰਿ (ਚੁਰਾਕੇ) ਦਿਲ ਦੁਖਾਉਂਦੇ ਹਨ। ੩. ਵਿ- ਜਾਣਨ ਵਾਲਾ (ਸੰ. ਵਿਦ੍). ਜਿਵੇਂ- ਆਤਮਵਿਤ੍। ੪. ਪੰਜਾਬੀ ਵਿੱਚ ਕਦਰ (ਸਾਮਰਥ) ਅਰਥ ਵਿੱਚ ਭੀ ਵਿਤ ਆਂਉਂਦਾ ਹੈ, ਦੇਖੋ, ਬਿਤ ੨.

ਵਿਤਸਤਾ: ਦੇਖੋ, ਜੇਹਲਮ ਅਤੇ ਪੰਜਾਬ.

ਵਿਤਤਿ: ਸੰ. ਸੰਗ੍ਯਾ- ਵਿਸ੍ਤਾਰ. ਫੈਲਾਉ.

ਵਿਤਨੁ: ਦੇਖੋ, ਬਿਤਨੁ.

ਵਿਤਰਕ: ਸੰਗਜਾ- ਵਿ- ਤਰਕ. ਹੁੱਜਤ। ੨. ਸ਼ੱਕ. ਸੰਦੇਹ.

ਵਿਤਰੇਕ: ਦੇਖੋ, ਵਜਤਿਰੇਕ.

ਵਿਤਲ: ਦੇਖੋ, ਸਪਤ ਪਾਤਾਲ.

ਵਿਤਾਸ: ਦੇਖੋ, ਬਿਤਾਂਸੁ। ੨. ਸੰ. वितमस्. ਵਿ ਹਨੇਰੇ ਬਿਨਾ. ਤਮ ਰਹਿਤ.

ਵਿਤਾਨ: ਸੰ. ਸੰਗਜਾ- ਸਾਯਵਾਨ. ਚੰਦੋਆ। ੨. ਵਿਸ੍ਤਾਰ. ਫੈਲਾਉ। ੩. ਜੱਗ. ਯਗਜ। ੪. ਮੌਕਾ. ਅਵਸਰ। ੫. ਘ੍ਰਿਣਾ. ਨਫਰਤ. ,

ਵਿਤੀਤ: ਵੀਤਿਆ ਹੋਇਆ. ਦੇਖੋ, ਬਿਤੀਤ.

ਵਿਤੁੰਡ: ਲੰਮੀ ਸੁੰਡ ਵਾਲਾ. ਹਾਥੀ. "ਪਰਤ ਵਿਤੁੰਡਨ ਪੈ ਕਾਲ ਕੋ ਪਟਾਸੀ ਹੈ." (ਸ਼ੇਖਰ)

ਵਿਤੰਡਾ: ਸੰ. वितण्डा. ਸੰਗਜਾ- ਇੱਕ ਪ੍ਰਕਾਰ ਦੀ ਚਰਚਾ. ਆਪਣੇ ਪੱਖ ਨੂੰ ਕਾਯਮ ਕੀਤੇ ਬਿਨਾ ਹੀ ਦੂਸਰੇ ਦੇ ਪੱਖ ਨੂੰ ਤੋੜਨਾ (ਖੰਡਨ ਕਰਨਾ)

ਵਿੱਤ: ਸੰ. ਸੰਗਜਾ- ਧਨ। ੨. ਵਿ- ਜਾਣਿਆ ਹੋਇਆ। ੩. ਮਸ਼ਹੂਰ. ਪ੍ਰਸਿੱਧ। ੪. ਵਿਚਾਰਿਆ ਹੋਇਆ.

ਵਿੱਤਿ: ਸੰ. ਸੰਗਜਾ- ਪ੍ਰਾਪਤਿ. ਲਾਭ। ੨. ਗਿਆਨ. ਇ਼ਲਮ.

ਵਿਤ੍ਰੇਕ: ਦੇਖੋ, ਵਜਤਿਰੇਕ.

ਵਿਥ: ਅੰਤਰਾ. ਦੇਖੋ, ਬਿਥ.

ਵਿਥਰ: ਸੰ. ਵਿਸ੍ਤ੍ਰ, ਵਿ- ਫੈਲਿਆ ਹੋਇਆ। ੨. ਸੰਗਜਾ- ਸਮੂਹ. ਸਮੁਦਾਯ। ੩. ਵਿਸ੍ਤਾਰ. ਫੈਲਾਉ.

"ਹਮ ਕਿਆ ਗੁਨ ਤੇਰੇ ਵਿਥਰਹਿ?" (ਆਸਾ ਛੰਤ ਮਃ ੪)

ਵਿਥਾ: ਦੇਖੋ, ਬਿਥਾ.

ਵਿਥਾਰ, ਵਿਥਾਰੁ: ਵਿਸ੍ਤਾਰ. ਦੇਖੋ, ਬਿਥਾਰ. "ਜਿਨੀ ਚਲਣੁ ਜਾਣਿਆ, ਸੇ ਕਉ ਕਰਹਿ ਵਿਥਾਰ?" (ਵਾਰ ਸੂਹੀ ਮਃ ੨)

ਵਿਥਿਆ: ਦੇਖੋ, ਵਜਥਾ.

ਵਿੱਥ: ਬਿਥ. ਅੰਤਰਾ.

ਵਿਦ: ਸੰ. विद् । ਧਾ- ਸਮਝਣਾ (ਜਾਣਨਾ), ਦੁਖੀ ਹੋਣਾ, ਧਿਆਨ ਕਰਨਾ, ਵਿਚਾਰ ਕਰਨਾ, ਵਾਸ ਕਰਨਾ, ਅਰਪਨ ਕਰਨਾ। ੨. ਸੰਗਜਾ- ਪੰਡਿਤ. ਵਿਦ੍ਵਾਨ.

ਵਿੰਦ: ਸੰ. विन्द. ਧਾ- ਪ੍ਰਾਪ੍ਤ ਕਰਨਾ। ੨. ਸੰਗਜਾ- ਪ੍ਰਾਪਤਿ. ਲਾਭ। ੩. ਦੇਖੋ, ਬਿੰਦੁ.

ਵਿਦਸਤਾ: ਸੰ. ਵਿਤਸ੍ਤਾ (ਜੇਹਲਮ) ਨਦੀ. "ਪੁਨਹ ਵਿਦਸਤਾ ਤੇ ਹੁਇ ਪਾਰ." (ਗੁਪ੍ਰਸੂ)

ਵਿੰਦਕ: ਸੰ. ਜਾਣਨ ਵਾਲਾ. ਗਜਾਤਾ। ੨. ਪ੍ਰਾਪ੍ਤ ਕਰਨ ਵਾਲਾ. ਪਾਉਣ ਵਾਲਾ। ੩. ਦੇਖੋ, ਵਿੰਦਿਕ.

ਵਿਦਕਨਾ: ਦੇਖੋ, ਬਿਦਕਣਾ. "ਤ੍ਰਾਸ ਕਰੇ ਵਾਹਨ ਤਿੰਹ ਵਿਦਕੇ." (ਗੁਪ੍ਰਸੂ)

ਵਿਦਗਧ: ਸੰ. विदग्ध. ਵਿ- ਬਹੁਤ ਜਲਿਆ (ਸੜਿਆ) ਹੋਇਆ। ੨. ਪੱਕਾ ਹੋਸ਼ਿਆਰ. ਚਤੁਰ. ਦਾਨਾ। ੩. ਚਾਲਾਕ.

ਵਿਦਗਧਾ: ਸੰ. विदग्धा. ਕਾਵ੍ਯ ਅਨੁਸਾਰ ਇੱਕ ਨਾਯਿਕਾ, ਜੋ ਬਹੁਤ ਚਾਲਾਕ ਅਤੇ ਹੋਸ਼ਿਆਰ ਹੈ, ਇਸ ਦੇ ਦੋ ਭੇਦ ਹਨ-

ੳ. ਵਚਨ ਵਿਦਗਧਾ, ਜੋ ਬਾਤਾਂ ਨਾਲ ਚਤੁਰਾਈ ਪ੍ਰਗਟ ਕਰੇ.

ਅ. ਕ੍ਰਿਯਾ ਵਿਦਗਧਾ, ਜੋ ਕ੍ਰਿਯਾ ਨਾਲ ਮਨ ਦੇ ਭਾਵ ਪ੍ਰਗਟ ਕਰੇ.

ਵਿਦਰਭ: ਸੰ. ਵਿਦਰ੍ਭ. ਉਹ ਥਾਂ ਜਿੱਥੇ ਦੱਭ ਨਾ ਹੋਵੇ। ੨. ਨਾਗਪੁਰ ਅਤੇ ਉਸ ਦਾ ਆਸ ਪਾਸ ਦਾ ਦੇਸ਼. ਬੈਰਾਰ। ੩. ਵਿਦਰ੍ਭ ਦੇਸ਼ ਦੇ ਲੋਕ.

ਵਿਦਰਭਜਾ: ਭੀਸ਼ਮਕ ਦੀ ਪੁਤ੍ਰੀ ਅਤੇ ਰਾਜਾ ਨਲ ਦੀ ਰਾਣੀ ਦਮਯੰਤੀ, ਜੋ ਵਿਦਰਭ ਵਿੱਚ ਪੈਦਾ ਹੋਈ.

ਵਿਦਰਭਪਤਿ, ਵਿਦਰਭਰਾਜ: ਰਾਜਾ ਭੀਸ਼ਮਕ ਦਮਯੰਤੀ ਦਾ ਪਿਤਾ, ਜੋ ਵਿਦਰ੍ਭ ਦਾ ਰਾਜਾ ਸੀ।

ਵਿਦਲ: ਸੰ. ਸੰਗਯਾ- ਲਾਲਰੰਗਾ ਸੋਨਾ। ੨. ਅਨਾਰਦਾਣਾ। ੩. ਚਣਾ. ਛੋਲਾ। ੪. ਵਿ- ਜਿਸ ਦੇ ਦਲ (ਪੱਤਾ) ਨਹੀਂ.

ਵਿਦਵੰਤ: ਵਿ- ਵਿਦ੍ਯਾਵੰਤ. ਵਿਦ੍ਵਾਨ। ੨. ਵਿਦ੍ਯਮਾਨ. ਪ੍ਰਤੱਖ. "ਦਰਸ ਦੇਤ ਵਿਦਵੰਤ ਸੋਇ." (ਗੁਵਿ ੧੦)

ਵਿਦਾ: ਅ਼. ویدع ਵਿਦਾਅ਼. ਸੰਗਯਾ- ਰਵਾਨਗੀ. ਪ੍ਰਸਥਾਨ। ੨. ਵਿਦਾਇਗੀ. "ਆਪੇ ਵਿਦਾ ਕਰਾਵੈ." (ਮਃ ੪. ਵਾਰ ਬਿਹਾ) ੩. ਸੰ. ਵਿਦਾ. ਬੁੱਧਿ. ਅਕਲ.

ਵਿਦਾਅ ਗਸ਼ੁ, ਵਿਦਾਅ਼ ਗਸ਼ੁ: ਫ਼ਾ. ویدع گشت ਵਿਦਾ ਹੋਇਆ.

ਵਿਦਾਹਿ, ਵਿਦਾਹੀ: ਸੰ. विदाहिन्. ਸੰਗਯਾ- ਉਹ ਪਦਾਰਥ, ਜੋ ਖਾਧਿਆਂ ਜਲਨ ਪੈਦਾ ਕਰੇ. ਦਾਹ (ਦਾਝ) ਕਰਨ ਵਾਲਾ. ਰੁੱਖੇ ਬੇਹੇ ਅੰਨ ਅਤੇ ਸ਼ਰਾਬ ਆਦਿ ਪਦਾਰਥ, ਵੈਦ੍ਯਕਗ੍ਰੰਥਾਂ ਵਿੱਚ ਲਿਖਿਆ ਹੈ ਕਿ ਵਿਦਾਹੀ ਵਸਤਾਂ ਵਿੱਚ ਮੌਤ ਲੁਕੀ ਹੋਈ ਹੈ.[1175]

ਵਿਦਾਗਸ਼ੁ: ਦੇਖੋ, ਵਿਦਾਅ਼ਗਸ਼ੁ.

ਵਿਦਾਣ, ਵਿਦਾਨ: ਵਿਦਾਰਣ ਦਾ ਸੰਦ. ਦੇਖੋ, ਤਦਾਣ. "ਹੇ ਮਾਣਕਚੰਦ, ਲੇਹ ਵਿਦਾਨ." (ਗੁਪ੍ਰਸੂ) ੨. ਸੰ. ਵਿਦਾਨ. ਟੁਕੜੇ ਟੁਕੜੇ ਕਰਨਾ ਅਲਗ ਕਰਨਾ.

ਵਿਦਾਯਗੀ: ਵਿਦਾ ਕਰਨ ਦੀ ਕ੍ਰਿਯਾ. ਛੁੱਟੀ। ੨. ਰੁਖਸਤਾਨਾ. ਵਿਦਾਅ਼ ਹੋਣ ਵੇਲੇ ਦਿੱਤੀ ਵਸ੍ਤੁ.

ਵਿਦਾਰਣ: ਦੇਖੋ, ਬਿਦਾਰਣ.

ਵਿਦਾਰੀ: विदारिन्. ਵਿ- ਪਾੜਨ ਵਾਲਾ. ਚੀਰਨ ਵਾਲਾ। ੨. ਸੰਗਯਾ- ਦੇਖੋ, ਬਿਦਾਰੀਕੰਦ.

ਵਿਦਿਆ: ਸੰਗਯਾ- ਜਾਣਨ. ਇਲਮ. ਦੇਖੋ, ਵਿਦ੍ਯਾ. "ਵਿਦਿਆ ਵੀਚਾਰੀ ਤਾਂ, ਪਰਉਪਕਾਰੀ." (ਆਸਾ ਮਃ ੧) ਤਾਂ (ਤਦ) ਵਿਦ੍ਯਾਵੀਚਾਰੀ ਹੈ, ਜਾਂ ਪਰਉਪਕਾਰ ਕਰਦਾ ਹੈ। ੨. ਦੇਖੋ, ਵਿਦਾ.

ਵਿਦਿਸਾ: ਦੇਖੋ, ਬਿਦਿਸਾ। ੨. ਭਿਲਸਾ ਦਾ ਪੁਰਾਨਾ ਨਾਮ. ਇਹ ਸ਼ਹਰ ਮੱਧਭਾਰਤ (ਸੇਂਟ੍ਰਲ ਇੰਡੀਆ) ਵਿੱਚ ਗਵਾਲਿਯਰ ਰਾਜ ਅੰਦਰ ਹੈ.

---

[1175] आयुर्घृते गुडे रोगो मृत्युर्लीनो विदाहिषु।
आरोग्यं कटु तिक्तेषु बलं मांस पयःसुच॥
ਘੀ ਵਿੱਚ ਉਮਰ, ਗੁੜ ਵਿੱਚ ਰੋਗ, ਵਿਦਾਹੀ ਵਿੱਚ ਮੌਤ, ਕੌੜੇ ਅਤੇ ਚਰਪਰੇ ਪਦਾਰਥਾਂ ਵਿੱਚ ਅਰੋਗਤਾ, ਮਾਸ ਅਤੇ ਦੁੱਧ ਵਿੱਚ ਬਲ, ਲੀਨ (ਲੁਕਿਆ) ਹੋਇਆ ਹੈ.

ਵਿੰਦਿਕ: ਵਿੰਦ- ਇੱਕ. ਇੱਕ ਖਿਨ. ਇੱਕ ਪਲ। ੨. ਬੂੰਦ- ਇੱਕ.

ਵਿਦਿਤ: ਸੰ. ਵਿ- ਜਾਣਿਆ ਹੋਇਆ। ੨. ਮਸ਼ਹੂਰ, ਪ੍ਰਸਿੱਧ.

ਵਿਦੁ: ਦੇਖੋ, ਵਿਦੁਸ.

ਵਿੰਦੁ: ਦੇਖੋ, ਬਿੰਦੁ

ਵਿਦੁਸ, ਵਿਦੁਸੀ, ਵਿਦੁਖ: ਸੰ. ਵਿਦੁਸ਼੍- ਵਿਦ੍ਵਾਨ. ਵਿਦੁਸ਼ੀ- ਪੰਡਿਤਾ (ਲਿਖੀ ਪੜ੍ਹੀ ਇਸਤ੍ਰੀ)

ਵਿਦੁਰ: ਵਿ- ਦਾਨਾ. ਗਿਆਨੀ। ੨. ਸੰਗਯਾ- ਰਾਜਾ ਵਿਚਿਤ੍ਰਵੀਰਯ ਦੀ ਦਾਸੀ ਸੁਦੇਸ਼ਨਾ (ਸੁਦੇਸ਼੍ਣਾ) ਦੇ ਉਦਰ ਤੋਂ ਵਜਾਸ ਦਾ ਪੁਤ੍ਰ. ਇਹ ਵਡਾ ਗੁਣੀ, ਨੀਤਿਵੇੱਤਾ, ਈਸ਼੍ਵਰਭਗਤ ਅਤੇ ਸਤਜਵਕਤਾ ਸੀ. ਇਹ ਕੌਰਵ ਅਤੇ ਪਾਂਡਵਾਂ ਨੂੰ ਸਦਾ ਸੁਭ ਸਿਖਯਾ ਦਿੰਦਾ ਰਿਹਾ. ਮਹਾਭਾਰਤ ਦੇ ਜੰਗ ਸਮੇਂ ਇਹ ਕੌਰਵਾਂ ਵੱਲ ਸੀ, ਇਸ ਦੇ ਸਦਾਚਾਰ ਪੁਰ ਮੋਹਿਤ ਹੋਕੇ ਕ੍ਰਿਸ਼ਨ ਜੀ ਰਾਜਾ ਦੁਰਯੋਧਨ ਦਾ ਘਰ ਛੱਡਕੇ ਇਸ ਦੇ ਘਰ ਰਹੇ ਸਨ.

ਮਹਾਭਾਰਤ ਵਿੱਚ ਕਥਾ ਹੈ ਕਿ ਅਣੀਮਾਂਡਵਜ ਧਰਮਾਤਮਾ ਰਿਖੀ ਸੀ. ਇੱਕ ਬਾਰ ਚੋਰਾਂ ਦਾ ਟੋਲਾ ਚੋਰੀ ਕਰਕੇ ਰਿਖੀ ਦੇ ਆਸ਼੍ਰਮ ਆ ਲੁਕਿਆ. ਜਦ ਪੈੜੂ ਆਏ, ਤਦ ਚੋਰ ਸਾਮਾਨ ਛੱਡਕੇ ਨੱਠ ਗਏ. ਸਿਪਾਹੀਆਂ ਨੇ ਰਿਖੀ ਨੂੰ ਚੋਰ ਜਾਣਕੇ ਰਾਜੇ ਦੇ ਪੇਸ਼ ਕੀਤਾ, ਜਿਸ ਪੁਰ ਸੂਲੀ ਚਾੜ੍ਹਨ ਦੀ ਆਗਯਾ ਹੋਈ. ਸੂਲੀ ਨਾਲ ਵਿੰਨ੍ਹਿਆ ਹੋਇਆ ਰਿਖੀ ਧਰਮਰਾਜ ਪਾਸ ਗਿਆ ਅਤੇ ਕਾਰਣ ਪੁੱਛਿਆ ਕਿ ਮੈਨੂੰ ਇਹ ਦੁੱਖ ਕਿਉਂ ਮਿਲਿਆ. ਧਰਮਰਾਜ ਨੇ ਆਖਿਆ ਕਿ ਤੈਂ ਬਾਲ ਅਵਸਥਾ ਵਿੱਚ ਇੱਕ ਟਿੱਡੇ ਨੂੰ ਸੂਲ ਨਾਲ ਵਿੰਨ੍ਹਿਆ ਸੀ. ਮਾਂਡਵਯ ਨੇ ਤਦ ਤੋਂ ਇਹ ਰੀਤਿ ਥਾਪੀ ਕਿ ਚੌਦਾਂ ਵਰ੍ਹੇ ਤੋਂ ਹੇਠਲੀ ਉਮਰ ਦਾ ਕੀਤਾ ਕਰਮ ਫਲਦਾਇਕ ਨਾ ਹੋਵੇ, ਅਰ ਧਰਮਰਾਜ ਨੂੰ ਸ੍ਰਾਪ ਦਿੱਤਾ ਕਿ ਤੂੰ ਸ਼ੂਦ੍ਰ ਹੋਕੇ ਜਨਮ ਲੈ. ਇਸ ਪੁਰ ਧਰਮਰਾਜ ਵਿਦੁਰ ਹੋਕੇ ਜਨਮਿਆ. ਦੇਖੋ, ਬਿਦਰ ੨.

ਵਿਦੁਰਨੀਤਿ: ਵਿਦੁਰ ਦੀ ਰਚੀ ਹੋਈ ਰਾਜਨੀਤਿ, ਜੋ ਸੰਸਕ੍ਰਿਤ ਦਾ ਪ੍ਰਸਿੱਧ ਨੀਤਿਗ੍ਰੰਥ ਹੈ. ਇਹ ਮਹਾਭਾਰਤ ਦੇ ਪੰਜਵੇਂ ਪਰਵ ਦੇ ਅਃ ੩੨ ਤੋਂ ੩੯ ਤੀਕ ਦਾ ਪਾਠ ਹੈ.

ਵਿਦੂਸ, ਵਿਦੂਖ, ਵਿਦੂਖਕ: ਸੰ. ਵਿਦੂਸ਼ਕ. ਵਿ- ਬਹੁਤ ਦੋਸ਼ ਲਾਉਣ ਵਾਲਾ. ਨਿੰਦਾ ਕਰਨ ਵਾਲਾ। ੨. ਸੰਗਯਾ- ਭੰਡ. ਮਸਖ਼ਰਾ। ੩. ਤਮਾਸ਼ਾ ਕਰਨ ਵਾਲਾ ਨਟ। ੪. ਦੇਖੋ, ਬਿਦੂਸਕ.

ਵਿਦੂਰ: ਸੰ. ਵਿ- ਬਹੁਤ ਦੂਰ.

ਵਿਦੂਰਥ: ਦੇਖੋ, ਬਯਦਰਥ.

ਵਿਦੇਸ: ਪਰਦੇਸ. ਦੇਖੋ, ਬਿਦੇਸ.

ਵਿਦੇਹ: ਦੇਖੋ, ਬਿਦੇਹ.

ਵਿਦੇਹੀ: ਦੇਖੋ, ਬਿਦੇਹੀ.

ਵਿਦਯਮਾਨ: ਸੰ. ਵਿ- ਮੌਜੂਦ. ਜੋ ਪ੍ਰਤੱਖ ਹੈ. ਵਰਤਮਾਨ. ਹਾਜਿਰ.

ਵਿਦਯਾ: ਸੰਗਯਾ- ਜਾਣਨ ਦੀ ਕ੍ਰਿਯਾ. ਇ਼ਲਮ. ਦੇਖੋ, ਵਿਦ੍ ਧਾ. ਵਿਦਯਾ ਅਨੰਤ ਹਨ, ਪਰ ਆਪਣੀ ਆਪਣੀ ਬੁੱਧਿ ਅਨੁਸਾਰ ਲੋਕਾਂ ਨੇ ਅਨੇਕ ਭੇਦ ਕਲਪੇ ਹਨ. ਦੇਖੋ, ਅਠਾਰਹਿ ਵਿਦਯਾ, ਸੋਲਹ ਕਲਾ, ਕਲਾ ੧੧, ਚਉਦਹ ਵਿਦਯਾ, ਚੌਸਠ ਕਲਾ ਅਤੇ ਦਸਚਾਰ ਚਾਰ.

ਇਸ ਵੇਲੇ ਜੋ ਵਿਦ੍ਵਾਨਾਂ ਨੇ ਭੇਦ ਮੰਨੇ ਹਨ, ਉਨ੍ਹਾਂ ਵਿੱਚੋਂ ਪ੍ਰਧਾਨ ਅੰਗ ਵਿਦਯਾ ਦੇ ਇਹ ਹਨ-

(੧) ਵਿਗਜਾਨ (Philosophy) ਇਸ ਦੇ ਅੰਗ ਹਨ-

(ੳ) ਮਾਨਵੀ ਵਿਗਜਾਨ (Psychology)

(ਅ) ਨਜਾਯ (Logic)

(ੲ) ਚਰਚਾ ਵਿਦਜਾ (Dialectics)

(ਸ) ਸਦਾਚਾਰ ਵਿਦਜਾ (Ethics)

(ਹ) ਧਰਮ ਵਿਦਜਾ (Religion)

(ਕ) ਬ੍ਰਹਮ ਵਿਦਜਾ (Theology)

(ਖ) ਆਤਮ ਵਿਦਜਾ (Metaphysics)

(ਗ) ਭੂਤ ਵਿਦਜਾ (Spiritualism)

(ਘ) ਜੋਤਿਸ਼ ਵਿਦਜਾ (Astrology)

(ਙ) ਰਮਲ ਵਿਦਜਾ (Geomancy)

(ਚ) ਸਮਾਜ ਵਿਦਜਾ (Sociology) ਇਸ ਦੇ ਅਵਾਂਤਰ ਹਨ- ਸਮਾਜਗਣਿਤ- Statistics, ਨੀਤਿ- Political Science, ਸੰਜਮ ਵਿਦਜਾ- Economics ਘਰੋਗੀ ਸੰਜਮ ਵਿਦਜਾ- Domestic Economy, ਤਾਲੀਮ- Education, ਆਦਿ.

(੨) ਸਾਇੰਸ (Science) ਇਸ ਦੇ ਅੰਗ ਹਨ-

(ੳ) ਗਣਿਤ (Mathematics) ਇਸ ਦੇ ਅਵਾਂਤਰ ਹਨ-

ਹਿਸਾਬ- Arithmetic,

ਰੇਖਾਗਣਿਤ- Geometry,

ਮਾਪ ਵਿਦਜਾ -Mensuration,

ਅਲਜਬਰਾ- Algebra, ਆਦਿ

(ਅ) ਖਗੋਲ ਵਿਦਯਾ (Astronomy).

(ੲ) ਪਦਾਰਥ ਵਿਦਜਾ (Physics).

(ਸ) ਰਸਾਇਣ ਵਿਦਜਾ (Chemistry)

(ਹ) ਭੂਗਰਭ ਵਿਦਜਾ (Geology)

(ਕ) ਜੀਵਨ ਵਿਦਜਾ (Biology) ਇਸ ਦੇ ਅੰਗ ਹਨ-

ਵਨਸਪਤਿ ਵਿਦਜਾ Botony,

ਜੀਵਜੰਤੂ ਵਿਦਜਾ- Zoology ਇਸ ਦੇ ਹੀ ਅਵਾਂਤਰ ਹੈ,

ਪੰਛੀ ਵਿਦਜਾ- Ornithology

(ਖ) ਧਾਤੁ ਵਿਦਯਾ (Mineralogy)

(ਗ) ਦ੍ਰਵੀ ਵਿਦ੍ਯਾ (Hydrostatics)

ਵੈਦ੍ਯ ਵਿਦ੍ਯਾ (Medicine) ਜਿਸ ਦੇ ਅਵਾਂਤਰ ਮਾਨਵ ਚਿਕਿਤਸਾ- Human Pathology, ਪਸ਼ੁਚਿਕਿਤਸਾ- Veterinary science ਜੱਰਾਹੀ- Surgery, ਆਦਿ ਹਨ.

(ਙ) ਅੰਗ ਵਿਦ੍ਯਾ (Anatomy)

(ਚ) ਸ਼ਰੀਰ ਵਿਦ੍ਯਾ (Physiology)

(ਛ) ਇੰਜਨੀਅਰੀ (Engineering)

(ਜ) ਖੇਤੀ ਬਾੜੀ (Agriculture)

(ਝ) ਪੁਰਾਣੇ ਖੰਡਹਰਾਂ ਦੀ ਖੋਜ (Archeology)

(ਞ) ਸ਼ਬਦ ਵਿਦ੍ਯਾ (Acoustics) ਆਦਿ

(੩) ਇਤਿਹਾਸ ਵਿਦ੍ਯਾ (History) ਅਥਵਾ (Chronology)

(੪) ਭੁਗੋਲ ਵਿਦ੍ਯਾ (Geography)

(੫) ਹੁਨਰ ਅਤੇ ਕਾਰੀਗਰੀ (Arts and crafts) ਜਿਸ ਦੇ ਅੰਗ ਹਨ-

(ੳ) ਰਾਗ ਵਿਦ੍ਯਾ (Music)

(ਅ) ਚਿਤ੍ਰਕਾਰੀ (Painting)

(ੲ) ਨੱਕਾਸ਼ੀ (Drawing).

(ਸ) ਅਕਸ ਵਿਦ੍ਯਾ (Photography).

(ਹ) ਉੱਕਰਣਾ (Engraving).

(ਕ) ਸੰਗਤਰਾਸ਼ੀ (Sculpture).

(ਖ) ਸ਼ਿਲਪ (Architecture).

(ਗ) ਕਸੀਦਾ (Embroidery). ਆਦਿ,

(੬) ਸਾਹਿਤ੍ਯ ਵਿਦ੍ਯਾ (Literature). ਜਿਸ ਦੇ ਅੰਗ ਹਨ-

(ੳ) ਭਾਸ਼ਾ ਗ੍ਯਾਨ (Languages).

(ਅ) ਭਾਸ਼੍ਯ ਵਿਦ੍ਯਾ (Philology).

(ੲ) ਵਾਕ੍ਯ ਵਿਦ੍ਯਾ (Phonetics).

(ਸ) ਵ੍ਯਾਕਰਣ (Grammar).

(ਹ) ਛੰਦ ਵਿਦ੍ਯਾ (Prosozy).

(ਕ) ਅਲੰਕਾਰ ਵਿਦ੍ਯਾ (Rhetoric), ਆਦਿ.

**ਵਿਦਯਾਸਾਗਰ:** ਵਿਦਯਾ ਦਾ ਸਮੁੰਦਰ. ਵਡਾ ਪੰਡਿਤ. ਵਿਦਯਾਨਿਧਿ। ੨. ਦੇਖੋ, ਬਵੰਜਾ ਕਵਿ। ੩. ਇੱਕ ਖ਼ਿਤਾਬ.

**ਵਿਦਯਾਗੁਰੁ:** ਇਲਮ ਦੇਣ ਵਾਲਾ ਉਸਤਾਦ. ਵਿਦਯਾ ਸਿਖਾਉਣ ਪੜ੍ਹਾਉਣ ਵਾਲਾ.

**ਵਿਦਯਾ ਦੇ ਚਾਰ ਭੂਖਣ:** ਕਾਵਯਰਚਨਾ, ਵਕਤਵ੍ਯ, ਨੰਮ੍ਰਤਾ ਅਤੇ ਵਿਦਯਾ ਦੇਣ ਵਿੱਚ ਉਦਾਰਤਾ. "ਵਿਦਯਾ ਭੂਖਣ ਚਾਰ." (ਗੁਰੁਸਿਖ੍ਯਾ ਪ੍ਰਭਾਕਰ)

**ਵਿਦਯਾਧਰ:** ਵਿ- ਵਿਦਯਾ ਧਾਰਨ ਵਾਲਾ. ਵਿਦ੍ਵਾਨ। ੨. ਸੰਗਯਾ- ਦੇਵਤਿਆਂ ਦੀ ਇੱਕ ਜਾਤਿ, ਜੋ ਪ੍ਰਿਥਿਵੀ ਅਤੇ ਸੁਰਗ ਦੇ ਮੱਧ ਰਹਿੰਦੀ ਹੈ. ਇਸ ਦਾ ਨਾਮ "ਕਾਮਰੂਪ" ਅਤੇ "ਖੇਚਰ" ਭੀ ਹੈ.

**ਵਿਦਯਾਧਰੀ:** ਵਿਦਯਾਧਰ ਦੀ ਇਸਤ੍ਰੀ. ਦੇਖੋ, ਵਿਦਯਾਧਰ ੨.

**ਵਿਦਯਾਨਿਧਿ:** ਦੇਖੋ, ਵਿਦਯਾਸਾਗਰ ੧.

**ਵਿਦਯਾਰਥੀ:** ਸੰ. ਵਿਦ੍ਯਾਰ੍‍ਥਿਨ. ਵਿਦਯਾ ਚਾਹੁਣ ਵਾਲਾ. ਤ਼ਾਲਬ ਇ਼ਲਮ. (Student).

**ਵਿਦਯਾਲਯ:** ਵਿਦਯਾ- ਆਲਯ. ਵਿਦਯਾ ਪ੍ਰਾਪਤਿ ਦਾ ਘਰ. ਮਦਰਸਾ. ਪਾਠਸ਼ਾਲਾ. School, College ਆਦਿ.

**ਵਿਦਯਾਵ੍ਰਿੱਧ:** ਇਲਮ ਵਿੱਚ ਵਡਾ. ਦੇਖੋ, ਵ੍ਰਿੱਧ.

**ਵਿਦਯੁਤ:** ਸੰਗਯਾ- ਵਿ- ਦਯੁਤ. ਬਿਜਲੀ. ਸੌਦਾਮਿਨੀ. ਤੜਿਤ। ੨. ਸੰਧ੍ਯਾ. ਸੰਝ.

**ਵਿਦਯੁਤਮਾਲਾ, ਵਿਦਯੁਨ੍ਮਾਲਾ:** ਇੱਕ ਛੰਦ, ਜਿਸ ਦਾ ਲੱਛਣ ਹੈ- ਚਾਰ ਚਰਣ, ਪ੍ਰਤਿ ਚਰਣ ਮ, ਮ, ਗ ਗ, SSS, SSS, S S.

ਉਦਾਹਰਣ-

ਸਿੱਖੀ ਧਾਰੋ ਤ੍ਯਾਗੋ ਮਾਨੰ।

ਕੀਜੈ ਸੇਵਾ ਦਾਜੈ ਦਾਨੰ।

ਮਿੱਠਾ ਬੋਲੋ ਪਾਲੋ ਪ੍ਰੇਮੰ।

ਹੋ ਸ਼੍ਰੱਧਾਲੂ ਪਾਓ ਖੇਮੰ ॥

**ਵਿਦ੍ਰ:** ਸੰ. ਸੰਗਯਾ- ਛਿਦ੍ਰ. ਛੇਕ. ਸੁਰਾਖ਼.

**ਵਿਦ੍ਰੁਤ:** ਸੰ. ਵਿ- ਨੱਠਾ. ਭੱਜਾ. ਦੌੜਿਆ ਹੋਇਆ। ੨. ਪਘਰਿਆ ਹੋਇਆ. ਦ੍ਰਵਿਆ ਹੋਇਆ.

**ਵਿਦ੍ਰੁਮ:** ਸੰ. ਸੰਗਯਾ- ਵਿ- ਦ੍ਰੁਮ. ਵਿਸ਼ੇਸ਼ (ਖ਼ਾਸ) ਦ੍ਰੁਮ ਬਿਰੱਛ. ਮੂੰਗੇ ਦੇ ਕੀੜਿਆਂ ਦਾ ਰਚਿਆ ਸਮੁੰਦਰ ਵਿੱਚ ਪਿੰਡ। ੨. ਮੂੰਗਾ, ਪ੍ਰਵਾਲ.

**ਵਿਦ੍ਰੁਮਵੇਲੀ:** ਦੇਖੋ, ਬੇਲੀ ਬਿਦ੍ਰੁਮ.

**ਵਿਦ੍ਰੋਹ:** ਸੰਗਯਾ- ਵੈਰ. ਦੁਸ਼ਮਨੀ.

**ਵਿਦ੍ਰੋਹੀ:** विद्रोहिन्. ਵੈਰ ਕਰਨ ਵਾਲਾ.

**ਵਿਦ੍ਵਸ:** ਸੰ. विद्वस्. ਵਿ- ਬਹੁਤ ਚੰਗੀ ਤਰ੍ਹਾਂ ਜਾਣਨ ਵਾਲਾ. ਵਿਦ੍ਵਾਨ. ਪੂਰਾ ਗਿਆਨੀ। ੨. ਆਤਮਤਤ੍ਵ ਜਾਣਨ ਵਾਲਾ.

**ਵਿਦ੍ਵੱਤਾ, ਵਿਦ੍ਵਤ੍ਵ:** ਸੰਗਯਾ- ਵਿਦ੍ਵਾਨ ਹੋਣ ਦਾ ਭਾਵ. ਪਾਂਡਿਤ੍ਯ. Erudition.

ਵਿਦ੍ਵਾਨ: ਵਿ- ਵਿਦ੍ਯਾ (ਇ਼ਲਮ) ਵਾਲਾ. ਪੰਡਿਤ. ਆ਼ਲਿਮ। ੨. ਸੰਗ੍ਯਾ- ਪੰਜਾਬੀ ਦਾ ਇੱਕ ਇਮਤਹ਼ਾਨ.

ਵਿਦ੍ਵਿਸ: ਸੰ. विद्विष्. ਵਿ- ਬਹੁਤ ਦ੍ਵੇਸ਼ (ਵੈਰ) ਕਰਨ ਵਾਲਾ ੨. ਸੰਗ੍ਯਾ- ਵੈਰੀ. ਦੁਸ਼ਮਨ.

ਵਿਦ੍ਵੇਸ਼: ਸੰਗ੍ਯਾ- ਵੈਰਭਾਵ. ਸ਼ਤ੍ਰੁਤਾ. ਦੁਸ਼ਮਨੀ.

ਵਿਦ੍ਵੈਸ਼ੀ: ਸੰ. विद्वेषिन्. ਵਿ- ਵੈਰ (ਦ੍ਵੇਸ਼) ਕਰਨ ਵਾਲਾ. ਦੁਸ਼ਮਨ.

ਵਿਦ੍ਵੰਸ਼: ਦੇਖੋ, ਵਿੰਦ੍ਵਸ.

ਵਿਧ: ਸੰ. विध्. ਧਾ- ਛਿਦ੍ਰ ਕਰਨਾ (ਛੇਦਣਾ), ਹੁਕਮ ਚਲਾਉਣਾ। ੨. ਵਿਧਾਤ੍ਰਿ. ਬ੍ਰਹਮਾ. ਦੇਖੋ, ਵਿਧਿ। ੩. ਦੇਖੋ, ਵਿੱਧ.

ਵਿੰਧ: ਦੇਖੋ, ਬਿੰਧ ਅਤੇ ਵਿੰਧ੍ਯ.

ਵਿਧਉਸ: ਸੰ. ਵਿਧ੍ਵੰਸ. ਸੰਗ੍ਯਾ- ਵਿਨਾਸ਼. ਤਬਾਹੀ.

ਵਿਧਉਸਿਆ: ਵਿਧ੍ਵੰਸ ਕੀਤਾ ਨਾਸ਼ (ਤਬਾਹ) ਕੀਤਾ. "ਸਬਦੁ ਬੀਚਾਰਿ ਕਾਲੁ ਵਿਧਉਸਿਆ." ( ਮਃ ੧. ਵਾਰ ਮਾਝ)

ਵਿਧਣ: ਸੰ. ਵ੍ਯਧਨ. ਛੇਦਨ. ਵਿੰਨ੍ਹਣਾ। ੨. ਵਿ ਧਨ. ਵਿ- ਬਿਨਾ ਧਨ, ਨਿਰਧਨ। ੩. ਬਿਨਾ ਧਨਿਕਾ. ਜਿਸ ਥਾਂ ਕੋਈ ਇਸਤ੍ਰੀ ਨਹੀਂ, "ਵਿਧਣ ਖੂਹੀ ਮੁੰਧ ਇਕੇਲੀ." (ਸੂਹੀ ਫਰੀਦ) ਸੁੰਨੀ ਖੂਹੀ, ਜਿਸ ਪੁਰ ਹੋਰ ਕੋਈ ਔਰਤ ਪਾਣੀ ਭਰਨ ਵਾਲੀ ਨਹੀਂ, ਮੁੰਧ ਤੋਂ ਭਾਵ ਰੂਹ ਹੈ.

ਵਿਧਣਕਾਰ: ਵਿ- ਵ੍ਯਧਨ (ਵੇਧਨ) ਕਰਨ ਵਾਲੀ. ਜੋ ਆਪਣੇ ਬਚਨ ਅਤੇ ਕ੍ਰਿਯਾ ਨਾਲ ਪਤਿ ਦਾ ਕਲੇਜਾ ਵਿੰਨ੍ਹ ਦਿੰਦੀ ਹੈ. "ਪਿਰ ਛੋਡਿਅੜੀ ਵਿਧਣਕਾਰੇ." (ਵਡ ਅਲਾਹਣੀ ਮਃ ੧)

ਵਿਧਣ ਖੂਹੀ: ਦੇਖੋ, ਵਿਧਣ ੩.

ਵਿਧਣ ਰਾਤ, ਵਿਧਣ ਰੈਣੀ: ਵੇਦ ਕਰ ਵਾਲੀ ਰਤ੍ਰਿ (ਰਜਨੀ). ਦੁਖਦਾਈ ਰਾਤ। ੨. ਵੈਧਵ੍ਯ ਰਾਤ੍ਰਿ. ਰੰਡੇਪੇ ਦੀ ਰਾਤ.

ਵਿਧਣਾ: ਦੇਖੋ, ਬਿਧਣਾ.

ਵਿਧਣੀਆ: ਧਣੀ (ਪਤਿ) ਬਿਨਾ. ਭਾਵ- ਜੀਵਾਤਮਾ ਬਿਨਾ. "ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ." (ਵਡ ਅਲਾਹਣੀ ਮਃ ੧) ੨. ਵੇਧਨ ਕਰਨ ਵਾਲੀ. ਦੇਖੋ, ਵਿਧਣਕਾਰ.

ਵਿਧਨ: ਵਿ- ਧਨ ਰਹਿਤ. ਕੰਗਾਲ.

ਵਿਧਨਾ: ਦੇਖੋ, ਬਿਧਣਾ ਅਤੇ ਬਿਧਨਾ.

ਵਿਧਰਮ: ਸੰ. ਵਿਧਮੰ. ਸੰਗ੍ਯਾ ਅਧਰਮ। ੨. ਅਨ੍ਯਾਯ. ਬੇਇਨਸਾਫੀ। ੩. ਦੂਜਾ ਧਰਮ. ਆਪਣੇ ਧਰਮ ਤੋਂ ਭਿੰਨ ਧਰਮ.

ਵਿਧਰਮੀ: ਸੰ. विधर्मिन्. ਆਪਣੇ ਧਰਮ ਤੇ ਵਿਰੁੱਧ ਧਰਮ ਧਾਰਨ ਵਾਲਾ। ੨. ਅਨੁਯਾਯੀ.

ਵਿਧਵਾ: ਧਵ (ਪਤਿ) ਰਹਿਤ. ਬੇਵਾ. ਰੰਡੀ. ਦੇਖੋ, ਪੁਨਰਵਿਵਾਹ, ਪੌਨਰਭਵ ਅਤੇ ਬਿਧਵਾ.

ਵਿੰਧਵਾਸਿਨੀ: ਵਿੰਧ੍ਯ ਪਰਵਤ ਪੁਰ ਰਹਿਣ ਵਾਲੀ, ਦੁਰਗਾ. ਦੇਖੋ, ਵਿੰਧ੍ਯ.

ਵਿਧਵਾ ਵਿਵਾਹ: ਦੇਖੋ, ਅਪਰ ਸੈਯੋਗ ਅਤੇ ਪੁਨਰ ਵਿਵਾਹ.

ਵਿਧੜਾ, ਵਿਧੜੋ: ਵ੍ਯਧਨ ਕੀਤਾ. ਪਰਾਇਆ. ਪਰੋਤਾ "ਵਿਧੜੋ ਸਚ ਥੋਕਿ." (ਵਾਰ ਜੈਤ)

ਵਿਧਾ: ਵਿੰਧ ਹੋਇਆ. ਬੇਧਿਆ. ਵਿੰਨ੍ਹਿਆ ਹੋਇਆ. "ਮੇਰਾ ਮਨੁ ਤਨੁ ਵਿਧਾ." (ਆਸਾ ਛੰਤ ਮਃ ੪)

ਵਿਧਾਤਾ: ਸੰ. विधातृ. ਵਿ- ਵਿਧਾਨ (ਰਚਨ) ਕਰਤਾ. ਰਚਣ ਵਾਲਾ। ੩. ਸੰਗਯਾ- ਬ੍ਰਹਮਾ. ਚਤੁਰਾਨਨ। ਕਾਮਦੇਵ। ੪. ਪਾਰਬ੍ਰਹਮ. ਕਰਤਾਰਪੁਰ.

ਵਿਧਾਨ: ਦੇਖੋ, ਬਿਧਾਨ.

ਵਿਧਾਯਕ: ਸੰ. ਵਿ- ਨਿਯਮ ਬਣਾਉਣ ਵਾਲਾ। ੨. ਰਚਣ ਵਾਲਾ। ੩. ਵਿਧੀ (ਉਪਾਯ) ਦੱਸਣ ਵਾਲਾ.

ਵਿਧਿ: ਸੰ. ਸੰਗਯਾ- ਰੀਤਿ. ਢੰਗ। ੨. ਧਰਮਗ੍ਰੰਥ ਦੀ ਦੱਸੀ ਹੋਈ ਕਰਨ ਯੋਗਯ ਕ੍ਰਿਯਾ। ੩. ਜਗਤ ਦੀ ਰਚਨਾ ਕਰਨ ਵਾਲਾ ਬ੍ਰਹਮਾ. ਵਿਧਾਤ੍ਰਿ। ੪. ਕਾਵ੍ਯ ਅਨੁਸਾਰ ਇੱਕ ਅਰਥਾਲੰਕਾਰ. ਕਿਸੇ ਵਸਤੁ ਵਿੱਚ ਜੋ ਸੁਭਾਉਕ (ਸ੍ਵਾਭਾਵਿਕ) ਗੁਣ ਹੈ, ਉਸ ਦਾ ਉਸ ਵਿੱਚ ਵਿਧਾਨ ਕਰਨਾ "ਵਿਧਿ" ਅਲੰਕਾਰ ਹੈ.

ਸਿੱਧਅਰਥ ਕੇ ਸਾਧੈ ਫੇਰ,

ਭੂਸ਼ਣ ਵਿਧਿ ਤਾਂਕੋ ਹਿਯ ਹੇਰ. (ਗਰਬਗੰਜਨੀ)

ਉਦਾਹਰਣ-

ਜਹਿ ਜਹਿ ਕਾਜ ਕਿਰਤ ਸੇਵਕ ਕੀ,

ਤਹਾਂ ਤਹਾਂ ਉਠਿ ਧਾਵੈ,

ਸੇਵਕ ਕਉ ਨਿਕਟੀ ਹੋਇ ਦਿਖਾਵੈ." (ਆਸਾ ਮਃ ੫)

ਮਨ ਬਾਸੇ ਜਿਉ ਨਿਤ ਭਉਦਿਆ. (ਸੂਹੀ ਛੰਤ ਮਃ ੪)

ਵਿਧਿਨਾ: ਬ੍ਰਹਮਾ ਨੇ ਅਥਵਾ ਬ੍ਰਹਮਾ ਕਰਕੇ। ੨. ਵਿਧਿ ਨਾਲ. ਵਿਧਿ ਕਰਕੇ.

ਵਿਧਿਵਾਹਨ: ਹੰਸ. ਦੇਖੋ, ਬਿਧਬਾਹਨ.

ਵਿਧੁ: ਸੰ. ਸੰਗਯਾ- ਚੰਦ੍ਰਮਾ। ੨. ਪੌਣ. ਵਾਯੁ। ੩. ਕਪੂਰ। ੪. ਬ੍ਰਹਮਾ। ੫. ਵਿਸ਼ਨੁ। ੬. ਸ਼ਸਤ੍ਰ.

ਵਿਧੁੰਸ: ਦੇਖੋ, ਵਿਧ੍ਵੰਸ.

ਵਿਧੁਸ਼ੇਖਰ, ਵਿਧੁਚੂੜ: ਵਿਧੁ (ਚੰਦ੍ਰਮਾ) ਹੈ ਜਿਸ ਦੇ ਸ਼ੇਖਰ (ਮੁਕੁਟ) ਵਿੱਚ. ਚੰਦ੍ਰਮਾ ਨੂੰ ਚੂੜ (ਜੂੜੇ) ਪੁਰ ਰੱਖਣ ਵਾਲਾ, ਸ਼ਿਵ. ਮਹਾਦੇਵ.

ਵਿਧੁੰਤੁਦ: ਵਿਧੁ- ਤੁਦ. ਚੰਦ੍ਰਮਾ ਨੂੰ ਦੁੱਖ ਦੇਣ ਵਾਲਾ, ਰਾਹੁ.

ਵਿਧੁਬੈਨੀ: ਦੇਖੋ, ਬਿਧ੍ਰਬੈਨੀ ੨.

ਵਿਧੁਵਦਨੀ: ਸੰ. ਸੰਗਯਾ- ਚੰਦ੍ਰਮਾ ਜੇਹੇ ਮੁਖ ਵਾਲੀ ਇਸਤ੍ਰੀ. ਚੰਦ੍ਰਮੁਖੀ. "ਵਿਧੁਵਦਨੀ ਸਭ ਭਾਂਤਿ ਸਵਾਰੀ." (ਤੁਲਸੀ)

ਵਿਧੂਨਨ: ਸੰ. ਸੰਗਯਾ- ਕੰਬਾਉਣ ਦੀ ਕ੍ਰਿਯਾ. ਝਾੜਨਾ. ਫਟਕਾਰਨਾ.

ਵਿਧੂਪ: ਦੇਖੋ. ਬਿਧੂਪ.

ਵਿਧੂਮ: ਵਿ- ਧੂਏਂ ਬਿਨਾ. ਧੂਮ ਰਹਿਤ.

ਵਿਧੇਯ: ਵਿ- ਵਿਧਿ ਸਾਥ ਸਮਝਾਇਆ ਹੋਇਆ। ੨. ਕਰਨ ਯੋਗਯ.

ਵਿੱਧ: ਸੰ. ਵਿਦ੍ਧ. ਵਿ- ਵਿੰਨ੍ਹਿਆ ਹੋਇਆ. ਵੇਧਨ ਕੀਤਾ। ੨. ਸਿੱਟਿਆ ਗਿਆ। ੩. ਤਾੜਿਆ ਹੋਇਆ.

ਵਿਧ੍ਯ: ਸੰ. ਵਿ- ਵਿੰਨ੍ਹਣ ਲਾਇਕ. ਵੇਧਨ ਯੋਗ੍ਯ.

ਵਿੰਧ੍ਯ, ਵਿੰਧ੍ਯਾਚਲ: ਉੱਤਰੀਯ ਹਿੰਦੁਸਤਾਨ ਨੂੰ ਦੱਖਣ ਤੋਂ ਵੱਖ ਕਰਨ ਵਾਲਾ ਇੱਕ ਪਹਾੜ। ੨. ਮਿਰਜ਼ਾਪੁਰ (ਯੂ. ਪੀ. ) ਦੇ ਪਾਸ ਇੱਕ ਗ੍ਰਾਮ, ਜਿੱਥੇ ਵਿੰਧ੍ਯਵਾਸਿਨੀ ਦੁਰਗਾ ਦਾ ਮੰਦਿਰ ਹੈ।

ਵਿਧ੍ਵੰਸ: ਸੰਗ੍ਯਾ- ਵਿਨਾਸ਼. ਤਬਾਹੀ। ੨. ਅਨਾਦਰ। ੩. ਵੈਰ.

ਵਿਨਸ: ਸੰ. ਵਿ- ਨਾਸਿਕਾ ਰਹਿਤ. ਨਕਟਾ। ੨. ਦੇਖੋ, ਵਿਨਾਸ਼.

ਵਿਨਸ਼੍ਟ: ਵਿ- ਵਿਨਾਸ਼ ਹੋਇਆ। ੨. ਖੋਇਆ ਗਿਆ.

ਵਿਨਸ਼੍ਵਰ: ਵਿ- ਵਿਨਾਸ਼ ਹੋਣ ਵਾਲਾ. ਨਸ਼੍ਟ ਹੋਣ ਲਾਇਕ.

ਵਿਨਤ: ਸੰ. ਵਿ- ਨਤ. ਬਹੁਤ ਝੁਕਿਆ ਹੋਇਆ. ਨੰਮ੍ਰ.

ਵਿਨਤਿ, ਵਿਨਤੀ: ਸੰ. ਵਿਨਤਿ. ਸੰਗ੍ਯਾ- ਵਿਸ਼ੇਸ਼ ਕਰਕੇ ਝੁਕਣ ਦਾ ਭਾਵ. ਨਮਸਕਾਰ. ਪ੍ਰਣਾਮ। ੨. ਨੰਮ੍ਰਤਾ. ਹਲੀਮੀ.

ਵਿਨਯ: ਸੰ. ਸੰਗ੍ਯਾ- ਨੰਮ੍ਰ ਹੋਣ ਦਾ ਭਾਵ. ਹਲੀਮੀ। ੨. ਪ੍ਰਣਾਮ. ਨਮਸਕਾਰ। ੩. ਇੰਦ੍ਰੀਆਂ ਵਸ਼ ਕਰਨ ਵਾਲਾ ਅਭ੍ਯਾਸੀ.

ਵਿਨਾ: ਦੇਖੋ, ਬਿਨਾ.

ਵਿਨਾਸ: ਅਭ਼ਾਵ. ਧ੍ਵੰਸ. ਦੇਖੋ, ਬਿਨਾਸ.

ਵਿਨਾਸੀ: ਦੇਖੋ, ਬਿਨਾਸੀ.

ਵਿਨਾਹ: ਵਿਨਾਸ਼। ੨. ਸੰ. ਖੂਹ ਦਾ ਢੱਕਣ.

ਵਿਨਾਯਕ: ਸੰਗ੍ਯਾ- ਗਣੇਸ਼. "ਵਰੁਨ ਕੁਬੇਰ ਸਮੀਰ ਵਿਨਾਯਕ." (ਨਾਪ੍ਰ) ੨. ਗਰੁੜ। ੩. ਦੇਖੋ, ਬਿਨਾਯਕ.

ਵਿਨਾਯਕਕੇਤੁ: ਸੰਗ੍ਯਾ- ਵਿਸ਼ਨੁ. ਵਿਨਾਯਕ (ਗਰੁੜ) ਹੈ ਜਿਸ ਦੀ ਧੁਜਾ ਪੁਰ. ਗਰੁੜਧ੍ਵਜ.

ਵਿਨਿਮਯ: ਸੰ. ਸੰਗ੍ਯਾ- ਬਦਲਣਾ. ਪਰਿਵਰਤਨ. ਵਟਾਂਦਰਾ। ੨. ਅਮਾਨਤ. ਰਹਨ. ਧਰੋਹਰ।੩ ਇੱਕ ਅਰਥਾਲੰਕਾਰ. ਦੇਖੋ, ਪਰਿਵ੍ਰਿੱਤਿ ੩.

ਵਿਨੀਤ: ਦੇਖੋ, ਬਿਨੀਤ.

ਵਿਨੀਤਾ: ਦੇਖੋ, ਧ੍ਰੁਵ.

ਵਿਨੀਤਿ: ਸੰ. ਸੰਗ੍ਯਾ- ਨੰਮ੍ਰਤਾ. ਹਲੀਮੀ। ੨. ਆਦਰ. ਸੰਮਾਨ। ੩. ਸੁਸ਼ੀਲਤਾ.

ਵਿਨੋਕ੍ਤਿ: ਇੱਕ ਅਰਥਾਲੰਕਾਰ. ਕਿਸੇ ਐਸੀ ਵਸਤੁ ਦਾ ਵਰਣਨ, ਜਿਸ ਬਿਨਾ ਹੋਰ ਵਸਤੁ ਅਥਵਾ ਵਸਤਾਂ ਸ਼ੋਭਾ ਅਤੇ ਫਲ ਰਹਿਤ ਹੋਣ "ਵਿਨੋਕ੍ਤਿ" ਅਲੰਕਾਰ ਹੈ.

ਪ੍ਰਸ੍ਤੁਤ ਵਰਣਨੀਯ ਹੈ ਜੋਇ,

ਏਕ ਵਸਤੁ ਬਿਨ ਨ੍ਯੂਨ ਜਿ ਹੋਇ,

ਤਾਹਿ ਵਿਨੋਕਤਿ ਕਹੈਂ ਵਿਚਾਰ,

ਕਵਿ ਸੰਤੋਖ ਸਿੰਘ ਕਰੈ ਉਚਾਰ.

(ਗਰਬਗੰਜਨੀ)

ਉਦਾਹਰਣ-

ਚੋਆ ਚੰਦਨੁ ਅੰਕਿ ਚੜਾਵਉ,

ਪਾਟ ਪਟੰਬਰ ਪਹਿਰਿ ਹਢਾਵਉ,

ਬਿਨੁ ਹਰਿਨਾਮੁ ਕਹਾਂ ਸੁਖੁ ਪਾਵਉ?

ਕਿਆ ਪਹਿਰਉ ਕਿਆ ਓਢਿ ਦਿਖਾਵਉ?

ਬਿਨੁ ਜਗਦੀਸ ਕਹਾਂ ਸੁਖੁ ਪਾਵਉ?

ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ,

ਲਾਲ ਨਿਹਾਲੀ ਫੂਲ ਗੁਲਾਲਾ,

ਬਿਨ ਜਗਦੀਸ ਕਹਾ ਸੁਖੁ ਭਾਲਾ?

ਨੈਨ ਸਲੋਨੀ ਸੁੰਦਰ ਨਾਰੀ,

ਖੋੜ ਸੀਗਾਰ ਕਰੈ ਅਤਿ ਪਿਆਰੀ,

ਬਿਨੁ ਜਗਦੀਸ ਭਜੇ ਨਿਤ ਖੁਆਰੀ.

ਦਰ ਘਰ ਮਹਲਾ ਸੇਜ ਸੁਖਾਲੀ,

ਅਹਿਨਿਸਿ ਫੂਲ ਬਿਛਾਵੈ ਮਾਲੀ,

ਬਿਨੁ ਹਰਿਨਾਮ ਸੁ ਦੇਹ ਦੁਖਾਲੀ.

ਹੈਵਰ ਗੈਵਰ ਨੇਜੇ ਵਾਜੇ,

ਲਸਕਰ ਨੇਬ ਖਵਾਸੀ ਪਾਜੇ,

ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ,

ਤਾਜ ਕੁਲਹ ਸਿਰਿ ਛਤ੍ਰ ਬਨਾਵਉ,

ਬਿਨੁ ਜਗਦੀਸ ਕਹਾਂ ਸਚੁ ਪਾਵਉ?

ਖਾਨੁ ਮਲੂਕੁ ਕਹਾਵਉ ਰਾਜਾ,

ਅਬੇ ਤਬੇ ਕੂੜੇ ਹੈਂ ਪਾਜਾ,

ਬਿਨੁ ਗੁਰੁਸਬਦ ਨ ਸਵਰਸਿ ਕਾਜਾ.

(ਗਉ ਅਃ ਮਃ ੫)

ਅਤਿ ਸੁੰਦਰ ਕੁਲੀਨ ਚਤੁਰ

ਮੁਖਿਙਿਆਨੀ ਧਨਵੰਤ,

ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀ ਭਗਵੰਤ. (ਬਾਵਨ)
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ,
ਏਤੇ ਚਾਨਣ ਹੋਇਆ ਗੁਰ ਬਿਨੁ ਘੋਰਅੰਧਾਰ.
(ਮਃ ੨. ਵਾਰ ਆਸਾ)
ਜਗਨ ਹੋਮ ਪੁੰਨ ਤਪ ਪੂਜਾ
ਦੇਹ ਦੁਖੀ ਨਿਤ ਦੂਖ ਸਹੈ,
ਰਾਮਨਾਮ ਬਿਨੁ ਮੁਕਤਿ ਨ ਪਾਵਸਿ
ਮੁਕਤਿ ਨਾਮਿ ਗੁਰਮੁਖਿ ਲਹੈ.
ਰਾਮਨਾਮ ਬਿਨੁ ਬਿਰਥੇ ਜਗਿ ਜਨਮਾ,
ਬਿਖੁ ਖਾਵੈ ਬਿਖੁ ਬੋਲੀ ਬੋਲੈ,
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ.
ਪੁਸਤਕਪਾਠ ਬਿਆਕਰਣ ਵਖਾਣੈ
ਸੰਧਿਆ ਕਰਮ ਤ੍ਰਿਕਾਲ ਕਰੈ,
ਬਿਨੁ ਗੁਰਸਬਦ ਮੁਕਤਿ ਕਹਾਂ ਪ੍ਰਾਣੀ?
ਰਾਮਨਾਮ ਬਿਨੁ ਉਰਝਿ ਮਰੈ.
ਡੰਡ ਕਮੰਡਲ ਸਿਖਾ ਸੂਤੁ ਧੋਤੀ
ਤੀਰਥਿਗਵਨੁ ਅਤਿ ਭ੍ਰਮਨੁ ਕਰੈ,
ਰਾਮਨਾਮ ਬਿਨੁ ਸਾਂਤਿ ਨ ਆਵੈ
ਜਪਿ ਹਰਿ ਹਰਿ ਨਾਮੁ ਸੁ ਪਾਰਿਪਰੈ.
ਜਟਾਮੁਕਟੁ ਤਨਿ ਭਸਮ ਲਗਾਈ
ਬਸਤ੍ਰ ਛੋਡਿ ਤਨਿ ਨਗਨੁ ਭਇਆ,
ਰਾਮਨਾਮ ਬਿਨੁ ਤ੍ਰਿਪਤਿ ਨ ਆਵੈ
ਕਿਰਤ ਕੈ ਬਾਧੈ ਭੇਖੁ ਭਇਆ.
(ਭੈਰ ਮਃ ੧)
ਸਖੀ! ਕਾਜਲੁ ਹਾਰ ਤੰਬੋਲ ਸਭੈਕਿਛੁ ਸਾਜਿਆ,
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ,
ਜੇ ਘਰਿ ਆਵੈ ਕੰਤੁ, ਤ ਸਭੁਕਿਛੁ ਪਾਈਐ,

ਹਰਿਹਾਂ, ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ.

(ਫੁਨਹੇ ਮਃ ੫)

ਸਭ ਕਰਮਫੋਕਟ ਜਾਨ,

ਸਭ ਧਰਮ ਨਿਹਫਲ ਮਾਨ,

ਬਿਨ ਏਕ ਨਾਮ ਅਧਾਰ,

ਸਭ ਕਰਮ ਭਰਮ ਬਿਚਾਰ. (ਅਕਾਲ)

ਸਤਿ ਬਿਨ ਸੰਜਮੁ ਨ ਪਤਿ ਬਿਨ ਪੂਜਾ ਹੋਇ

ਸਚੁ ਬਿਨੁ ਸੋਚ ਨ ਜਨੇਊ ਜਤਹੀਨ ਹੈ,

ਬਿਨ ਗੁਰਦੀਖਿਆ ਨ ਗਜਾਨ ਬਿਨੁ ਦਸੰਧਜਾਨ

ਭਾਉ ਬਿਨ ਭਗਤਿ ਨ ਕਥਨੀ ਭੈਭੀਨ ਹੈ,

ਸ਼ਾਂਤਿ ਨ ਸੰਤੋਖ ਬਿਨ ਸੁਖ ਨ ਸਹਿਜ ਬਿਨ

ਸਬਦ ਸੁਰਤਿ ਬਿਨ ਪ੍ਰੇਮ ਨ ਪ੍ਰਬੀਨ ਹੈ,

ਬ੍ਰਹਮਬਿਬੇਕ ਬਿਨੁ ਹਿਰਦੈ ਨ ਏਕ ਟੇਕ

ਬਿਨ ਸਾਧਸੰਗਤਿ ਨ ਰੰਗ ਲਿਵ ਲੀਨ ਹੈ.

(ਭਾਗੁ ਕ)

ਗੁਣ ਬਿਹੀਨ ਪੂਜਾ ਕਹਾਂ

ਵਿਦਜਾ ਬਿਨ ਮਾਨਾ?

ਜੀਤ ਕਹਾਂ ਬਿਨ ਸੂਰਤਾ,

ਮਨੁ ਥਿਤ ਬਿਨ ਧਜਾਨਾ?

ਬਿਨ ਸੰਤੋਖ ਉਰ ਸੁਖ ਕਹਾਂ,

ਤਪ ਬਿਨਾ ਨ ਰਾਜੂ?

ਗਜਾਨ ਕਹਾਂ ਬਿਨ ਸਤਿਗੁਰੂ,

ਸੋਭਾ ਬਿਨ ਲਾਜੂ?

ਬਿਨ ਜਹਾਜ ਤਰਬੋ ਕਹਾਂ

ਸਾਗਰ ਅਸਗਾਹੂ?

ਭਗਤਿ ਕਹਾਂ ਬਿਨ ਪ੍ਰੇਮ ਕੇ

ਪਗਪੰਕਜ ਮਾਹੂ?

ਕਵਿਤਾ ਬਿਨ ਕੀਰਤਿ ਕਹਾਂ,

ਜਸ ਬਿਨਾ ਨ ਦਾਨਾ?

ਮੁਕਤਿ ਕਹਾਂ ਬਿਨ ਪ੍ਰਭੁ ਕੇ,

ਸੁਰ ਬਿਨ ਨ ਗਾਨਾ?

ਬਿਨ ਸਿੱਖੀ ਤਰਬੋ ਕਹਾਂ

ਜਗਸਾਗਰ ਭਾਰਾ?

ਦਜੋਸ ਕਹਾਂ ਸੂਰਜ ਬਿਨਾ?

ਮੈ ਏਵ ਬਿਚਾਰਾ. (ਗੁਪ੍ਰਸੂ)

ਦੇਸ਼ ਬਿਨ ਭੂਪਤਿ ਦਿਨੇਸ਼ ਬਿਨ ਪੰਕਜ

ਫਣੇਸ਼ ਬਿਨ ਮਣਿ ਔਰ ਬਿਨ ਸੀਸ ਯਾਮਿਨੀ,

ਦੀਪ ਬਿਨ ਗ਼ੇਹ ਔ ਸੁਗੇਹ ਬਿਨ ਸੰਪਤਿ ਤ੍ਯੋਂ

ਦੇਹਿ ਬਿਨ ਦੇਹ ਘਨ ਮੇਹ ਬਿਨ ਦਾਮਿਨੀ,

ਕਵਿਤਾ ਸੁ ਛੰਤ ਬਿਨ ਮਾਲਤੀ ਮਲਿੰਤ ਬਿਨ

ਸਰ ਅਰਬਿੰਦ ਬਿਨ ਹੋਤ ਛਬਿ ਛਾਮਿਨੀ,

"ਦਾਸ" ਭਗਵੰਤ ਬਿਨ ਸੰਤ ਗੁਰਮੰਤ ਬਿਨ

ਲਤਿਕਾ ਬਸੰਤ ਬਿਨ ਕੰਤ ਬਿਨ ਕਾਮਿਨੀ.

ਵਿਨੋਦ: ਦੇਖੋ, ਬਿਨੋਦ.

ਵਿਨੋਦਸਿੰਘ: ਦੇਖੋ, ਬਿਨੋਦਸਿੰਘ.

ਵਿਨੋਦੀ: ਦੇਖੋ, ਬਿਨੋਦੀ.

ਵਿੰਨ੍ਹਣਾ: ਵੇਧਨ. ਦੇਖੋ, ਬਿੰਨ੍ਹਣਾ.

ਵਿਪ: ਸੰ. विप्. ਧਾ- ਕੰਬਣਾ, ਕੰਪਨ। ੨. ਪਿੱਛੇ ਹਟਣਾ.

ਵਿਪਸਚਿਤ: ਸੰ. विपश्चित. ਵਿ- ਬਹੁ ਸਮਝਣ ਵਾਲਾ. ਗਿਆਨਵਾਨ। ੨. ਸੰਗਯਾ- ਰਿਸ਼ਿ. ਰਿਖੀ.

ਵਿਪੱਖ, ਵਿਪੱਛ: ਸੰ. ਵਿਪਕ੍ਸ਼. ਵਿ- ਵਿਰੁੱਧ ਪੱਖ ਲੈਣ ਵਾਲਾ. ਮੁਖ਼ਾਲਿਫ਼। ੨. ਸੰਗਯਾ- ਦੁਸ਼ਮਨ. ਸ਼ਤ੍ਰੁ। ੩. ਦੂਜਾ ਪਾਸਾ, ਇੱਕ ਪੱਖ ਦੇ ਮੁਕਾਬਲੇ ਦਾ। ੪. ਵਿ- ਫੰਘਾਂ ਤੋਂ ਬਿਨਾ, ਬੇਪਰ.

ਵਿਪਣ: ਸੰ. ਸੰਗਯਾ- ਵਿਕ੍ਰਯ. ਵੇਚਣਾ। ੨. ਦੇਖੋ, ਵਿਪਿਨ.

ਵਿਪਣਿ, ਵਿਪਣੀ: ਸੰਗਯਾ- ਹੱਟ. ਦੁਕਾਨ। ੨. ਬਾਜ਼ਾਰ. ਦੇਖੋ, ਬਿਪਨੀ.

ਵਿਪਤਿ, ਵਿਪਦ, ਵਿਪਦਾ: ਦੇਖੋ, ਬਿਪਤ ਅਤੇ ਬਿਪਦ.

ਵਿਪਨ: ਦੇਖੋ, ਬਿਪਨ ਅਤੇ ਵਿਪਿਨ.

ਵਿਪਰਜਾਇ, ਵਿਪਰਜੈ, ਵਿਪਰਯਯ, ਵਿਪਰਯੈ: ਸੰ. विपर्य्यय. . ਵਿ- ਉਲਟਾ. ਵਿਰੁੱਧ. ਖ਼ਿਲਾਫ਼। ੨. ਸੰਗਯਾ- ਉਲਟ ਹੋਣ ਦਾ ਭਾਵ. ਵ੍ਯਤਿਕ੍ਰਮ। ੩. ਇੱਕ ਅਰਥਾਲੰਕਾਰ, ਜਿਸ ਵਿੱਚ, ਵਿਰੁੱਧ ਗਿਆਨ ਦਾ ਵਰਣਨ ਹੋਵੇ, ਉਹ "ਵਿਪਰ੍ਯੰਯ" ਅਲੰਕਾਰ ਹੈ.

ਉਦਾਹਰਣ-

ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ,

ਅੰਧੇ ਕਾ ਨਾਉ ਪਾਰਖੂ ਕਲੀਕਾਲ ਵਿਡਾਣੈ,

ਸੂਤੇ ਕਉ ਜਾਗਤ ਕਹੈ, ਜਾਗਤ ਕਉ ਸੂਤਾ,

ਜੀਵਤ ਕਉ ਮੂਆ ਕਹੈ, ਮੂਏ ਨਹੀ ਰੋਤਾ,

ਆਵਤ ਕਉ ਜਾਤਾ ਕਹੈ, ਜਾਤੇ ਕਉ ਆਇਆ,

ਪਰ ਕੀ ਕਉ ਅਪਨੀ ਕਹੈ, ਅਪੁਨੋ ਨਹੀ ਭਾਇਆ,

ਮੀਠੇ ਕਉ ਕਉੜਾ ਕਹੈ, ਕੜੂਏ ਕਉ ਮੀਠਾ

ਰਾਤੇ ਕੀ ਨਿੰਦਾ ਕਾਂਰਹਿ, ਐਸਾ ਕਲਿ ਮਹਿ ਡੀਠਾ,

ਚੇਰੀ ਕੀ ਸੇਵਾ ਕਾਂਰਹਿ, ਠਾਕਰੁ ਨਹੀ ਦੀਸੈ,

ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ.

(ਗਉ ਅਃ ਮਃ ੧)

ਵਿਪਰੀਤ: ਉਲਟ. ਵਿਰੁੱਧ. ਦੇਖੋ, ਬਿਪਰੀਤ.

ਵਿਪਲ: ਸੰ. ਸੰਗਯਾ- ਪਲ ਦਾ ਸੱਠਵਾਂ ਹਿੱਸਾ. ਲਹਜ਼ਾ. ਲਮਹਾ। ੨. ਦੇਖੋ, ਬਿਪਲ ਅਤੇ ਵਿਪੁਲ.

ਵਿਪਲੀਸਣੀ: ਵਿਪੁਲ (ਫੈਲੀ ਹੋਈ) ਪ੍ਰਿਥਿਵੀ, ਉਸ ਦੇ ਈਸ਼ (ਰਾਜਾ) ਦੀ ਸੈਨਾ. (ਸਨਾਮਾ) ੨. ਵਿਪੁਲ (ਹਿਮਾਲਯ ਪਰਵਤ) ਵਾਲੀ ਪ੍ਰਿਥਿਵੀ, ਉਸ ਦੇ ਈਸ਼ (ਰਾਜਾ) ਦੀ ਸੈਨਾ. (ਸਨਾਮਾ)

ਵਿਪਾਸ਼, ਵਿਪਾਸ਼ਾ: ਦੇਖੋ, ਬਿਆਸ ੨.

ਵਿਪਾਕ: ਦੇਖੋ, ਬਿਪਾਕ.

ਵਿਪਿਨ: ਜੋ ਹਵਾ ਨਾਲ ਕੰਬਦਾ ਹੈ, ਜੰਗਲ. ਵਨ. ਦੇਖੋ, ਵਿਪ ਧਾ. ਦੇਖੋ, ਬਿਪਨ ੧.

ਵਿਪੁਲ: ਸੰ. ਵਿ- ਬਹੁਤ. ਅਧਿਕ। ੨. ਫੈਲਿਆ ਹੋਇਆ। ੩. ਡੂੰਘਾ। ੪. ਸੰਗਯਾ- ਸੁਮੇਰੁ। ੫. ਹਿਮਾਲਯ.

ਵਿਪੁਲਾ: ਸੰਗਯਾ- ਪ੍ਰਿਥਿਵੀ, ਜੋ ਬਹੁਤ ਫੈਲੀ ਹੋਈ ਹੈ.

ਵਿਪੰਚੀ: ਸੰ. ਸੰਗਯਾ- ਵੀਣਾ. ਦੋ ਤੂੰਬਿਆਂ ਵਾਲੀ ਤੰਤੀ, ਜਿਸ ਦੀਆਂ ਪੰਜ ਤਾਰਾਂ ਅਤੇ ਅਚਲ ਠਾਟ ਹੁੰਦਾ ਹੈ. ਦੇਖੋ, ਵੀਣਾ ੨.

ਵਿਪ੍ਰ: ਸੰ. ਸੰਗਯਾ- ਬ੍ਰਾਹਮਣ. ਅਤ੍ਰਿਸਿਮ੍ਰਿਤਿ ਦੇ ਸ਼ਃ ੧੩੮ ਵਿੱਚ ਲਿਖਿਆ ਹੈ- ਸੰਸਕਾਰ ਤੋਂ "ਦ੍ਵਿਜ" ਹੁੰਦਾ ਹੈ, ਵਿਦਯਾ ਦ੍ਵਾਰਾ "ਵਿਪ੍ਰ" ਬਣਦਾ ਹੈ। ੨. ਰਿਸ਼ਿ. ਰਿਖੀ। ੩. ਪਿੱਪਲ। ੪. ਸਰੀਂਹ (ਸ਼ਿਰੀਸ਼) ਬਿਰਛ। ੫. ਵਿ- ਬੁੱਧਿਮਾਨ. ਦਾਨੀ.

ਵਿਪ੍ਰਚਿੱਤਿ: ਦਨੁ ਦੇ ਉਦਰ ਤੋਂ ਕਸ਼ਯਪ ਦਾ ਪੁਤ੍ਰ, ਜੋ ਦਾਨਵਾਂ ਦਾ ਰਾਜਾ ਸੀ. ਦੇਖੋ, ਬਿਪ੍ਰਚਿੰਤਾਨ.

ਵਿਪ੍ਰਤਿਪੱਤਿ: ਸੰ. ਸੰਗਯਾ- ਵਿਰੋਧ। ੨. ਸ਼ੱਕ. ਸੰਸਾ। ੩. ਵਿਕਾਰ. ਬਦਲਣ ਦਾ ਭਾਵ। ੪. ਐਸਾ ਕਥਨ, ਜੋ ਪਰਸਪਰ ਵਿੱਰੁਧ ਹੋਵੇ. ਵਿਰੋਧਿਕ੍ਤ। ੫. ਵਿਵਾਦ.

ਵਿਪ੍ਰਲਬਧਾ: ਕਾਵ੍ਯ ਅਨੁਸਾਰ ਇੱਕ ਨਾਯਿਕਾ-

'ਪ੍ਰਿਯ ਵਿਹੀਨ ਸੰਕੇਤ ਲਖਿ ਜੋ ਤਿਯ ਅਤਿ ਅਕੁਲਾਯ।

ਤਾਹਿਂ ਵਿਪ੍ਰਲਬਧਾ ਕਹਿਤ ਸੁ ਕਵਿਨ ਕੇ ਸਮੁਦਾਯ।' (ਜਗਦਵਿਨੋਦ)

ਵਿਪ੍ਰਲਾਪ: ਸੰ. ਸੰਗਯਾ- ਵਿਰੁੱਧ ਕਥਨ. ਆਪਣੀ ਬਾਤ ਦੇ ਵਿਰੁੱਧ ਆਪ ਹੀ ਆਖਣਾ। ੨. ਝਗੜਾ. ਵਿਵਾਦ.

ਵਿਪ੍ਰਲੰਭ: ਸੰ. ਸੰਗਯਾ- ਵਿ- ਪ੍ਰਲੰਭ. ਝਗੜਾ. ਵਿਵਾਦ। ੨. ਵੰਚਨ. ਠਗਣਾ। ੩. ਵਿਰਹ. ਵਿਛੋੜਾ। ੪. ਕਾਵ੍ਯ ਅਨੁਸਾਰ ਸ਼੍ਰਿੰਗਾਰ ਦੀ ਇੱਕ ਅਵਸ੍ਥਾ- "ਵਿਛੁਰਤ ਪ੍ਰੀਤਮ ਪ੍ਰੀਤਮਾ ਹੋਤ ਜੁ ਰਸ ਤਿਹ ਠੌਰ। ਵਿਪ੍ਰਲੰਭ ਤਾਂਸੋਂ ਕਹੈਂ ਕੇਸ਼ਵ ਕਵਿਸਿਰਮੌਰ।।" (ਰਸਿਕਪ੍ਰਿਯਾ)

ਵਿਪ੍ਰੈ: ਦੇਖੋ, ਵਿਪਰਯਯ.

ਵਿਪ੍ਲਵ: ਸੰ. ਸੰਗਯਾ- ਉਪਦ੍ਰਵ. ਹਲਚਲ। ੨. ਬਲਵਾ. ਬਗਾਵਤ। ੩. ਵਿਪੱਤਿ. ਮੁਸੀਬਤ। ੪. ਪਾਣੀ ਦਾ ਹੜ੍ਹ। ੫. ਕਿਸ਼ਤੀ ਦਾ ਡੁੱਬਣਾ.

ਵਿਫਲ: ਵਿ- ਫਲ ਰਹਿਤ. ਨਿਸ਼ਫਲ। ੨. ਬੇਫਾਇਦਾ। ਨਿਕੰਮਾ। ੩. ਖੱਸੀ. ਅੰਡਕੋਸ਼ (ਫ਼ੋਤਿਆਂ) ਬਿਨਾ.

ਵਿਬਲ: ਸੰ. ਵਿ- ਬਿਨਾ ਬਲ. ਕਮਜ਼ੋਰ. ਦੇਖੋ, ਬਿਬਲ। ੨. ਬਹੁਤ ਬਲ ਵਾਲਾ. ਤਾਕਤਵਰ.

ਵਿਬੁਧ: ਸੰ. ਵਿ- ਬਹੁਤ ਅਕਲ ਵਾਲਾ। ੨. ਸੰਗਯਾ- ਪੰਡਿਤ। ੩. ਚੰਦ੍ਰਮਾ। ੪. ਸ਼ਿਵ। ੫. ਦੇਵਤਾ. ਦੇਖੋ, ਬਿਬੁਧ.

ਵਿਬੁਧਪਤਿ: ਦੇਵਪਤਿ ਇੰਦ੍ਰ.

ਵਿਬੁਧਪ੍ਰਿਯਾ: ਦੇਖੋ, ਚਚਰੀਆ। ੨. ਅਪਸਰਾ. ਦੇਵਾਂਗਨਾ.

ਵਿਬੁਧਵਨ: ਦੇਵਤਿਆਂ ਦਾ ਬਾਗ ਨੰਦਨ.

ਵਿਬੁਧਾਲਯ: ਵਿਬੁਧ (ਦੇਵਤਿਆਂ) ਦਾ ਆਲਯ (ਘਰ), ਸ੍ਵਰਗ.

ਵਿੰਭ: ਸੰਗਯਾ- ਚਾਲਾਕੀ. "ਡਿੰਭ ਵਿੰਭ ਕਛੁ ਨੈਕ ਨ ਕਰੋਂ." (ਵਿਚਿਤ੍ਰ) ੨. ਸੰ. ਵਿਭ੍ਵਨ (विभ्वन्) ਵਿ- ਹੋਸ਼ਿਆਰ. ਚਾਲਾਕ.

ਵਿਭਉ: ਦੇਖੋ, ਬਿਭਉ.

ਵਿਭਕ੍ਤ: ਵਿ- ਵੰਡਿਆ ਹੋਇਆ। ੨. ਜਿਸ ਨੇ ਹਿੱਸਾ ਪਾਇਆ ਹੈ.

ਵਿਭਕ੍ਤਿ: ਸੰ. ਵਿਭਾਗ. ਹਿੱਸਾ। ੨. ਵ੍ਯਾਕਰਣ ਅਨੁਸਾਰ ਕਾਰਕਾਂ ਦੇ ਭੇਦ. ਸੁਪ੍ ਤਿਙ੍ ਪ੍ਰਤ੍ਯਯ. ਦੇਖੋ, ਕਾਰਕ.

ਵਿਭਚਾਰ: ਦੇਖੋ, ਬਿਭਚਾਰ.

ਵਿਭਤਸ: ਦੇਖੋ, ਬੀਭਤਸ.

ਵਿਭਵ: ਦੇਖੋ, ਬਿਭਉ.

ਵਿਭਾ: ਸੰ. ਸੰਗਯਾ- ਪ੍ਰਭਾ. ਚਮਕ। ੨. ਕਿਰਣ। ੩. ਸ਼ੋਭਾ. ਸੁੰਦਰਤਾ.

ਵਿਭਾਸ: ਦੇਖੋ, ਬਿਭਾਸ.

ਵਿਭਾਸਕ: ਸੰ. ਵਿ- ਚਮਕੀਲਾ. ਪ੍ਰਕਾਸ਼ਕ.

ਵਿਭਾਕਰ: ਸੰਗਯਾ- ਪ੍ਰਕਾਸ਼ ਕਰਨ ਵਾਲਾ, ਸੂਰਜ। ੨. ਅਗਨਿ। ੩. ਰਾਜਾ। ੪. ਗੁਰੂ.

ਵਿਭਾਗ: ਸੰਗਯਾ- ਹਿੱਸਾ. ਬਾਂਟਾ. ਛਾਂਦਾ। ੨. ਅੰਸ਼. ਟੁਕੜਾ. ਖੰਡ। ੩. ਗ੍ਰੰਥ ਦਾ ਅਧ੍ਯਾਯ, ਕਾਂਡ. ਬਾਬ.

ਵਿਭਾਜਨ: ਸੰ. ਸੰਗਯਾ- ਵੱਡਣ ਦੀ ਕ੍ਰਿਯਾ. ਤਕਸੀਮ। ੨. ਪਾਤ੍ਰ. ਭਾਂਡਾ. ਬਰਤਨ.

ਵਿਭਾਂਡਕ: विभाराडक. ਦੇਖੋ, ਸਿੰਗੀ ਰਿਖੀ.

ਵਿਭਾਂਡਵ: ਕਈ ਲੇਖਕਾਂ ਨੇ ਵਿਭਾਂਡਕ ਰਿਖੀ ਦਾ ਹੀ ਇਹ ਨਾਮ ਲਿਖ ਦਿੱਤਾ ਹੈ. ਦੇਖੋ, ਵਿਭਾਂਡਕ.

ਵਿਭਾਤ: ਸੰ. ਸੰਗਯਾ- ਪ੍ਰਭਾਤ. ਸਵੇਰ. ਤੜਕਾ.

ਵਿਭਾਵ: ਰਸ ਦੇ ਉੱਦੀਪਨ ਕਰਨ ਵਾਲਾ ਭਾਵ. "ਜਿਨ ਤੇ ਜਗਤ ਅਨੇਕ ਰਸ ਪ੍ਰਕਟ ਹੋਤ ਅਨਯਾਸ।ਤਿਨ ਸੋਂ ਵਿਮਤਿ "ਵਿਭਾਵ" ਕਹਿ ਵਰਣਤ ਕੇਸ਼ਵਦਾਸ।।" (ਰਸਿਕਪ੍ਰਿਯਾ) ਦੇਖੋ, ਭਾਵ ਸ਼ਬਦ.

ਵਿਭਾਵਸੁ: ਸੰਗਯਾ- ਜਿਸ ਦੀਆਂ ਕਿਰਣਾਂ ਬਹੁਤ ਚਮਕਣ ਵਾਲੀਆਂ ਹਨ, ਸੂਰਜ। ੨. ਅਗਨਿ। ੩. ਚੰਦ੍ਰਮਾ। ੪. ਅੱਕ। ੫. ਨਰਕਾਸੁਰ ਦਾ ਪੁਤ੍ਰ ਇੱਕ ਦਾਨਵ.

ਵਿਭਾਵਨਾ: (ਵਿਰੁੱਧ ਭਾਵਨਾ). ਇੱਕ ਅਰਥਾਲੰਕਾਰ. ਕਾਹਣ ਦੇ ਨਾ ਹੋਣ ਪੁਰ ਭੀ ਕਾਰਯ ਦੀ ਉਤਪੱਤੀ ਕਹਿਣੀ, "ਵਿਭਾਵਨਾ" ਅਲੰਕਾਰ ਹੈ.

ਜਹਿਂ ਕਾਰਣ ਬਿਨ ਕਾਰਯ ਹੋਇ,

ਤਹਿਂ ਵਿਭਾਵਨਾ ਪਹਿਲੀ ਜੋਇ. (ਗਰਬਗੰਜਨੀ)

ਉਦਾਹਰਣ-

ਅਖੀ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ

ਪੈਰਾਂ ਬਾਝਹੁ ਚਲਣਾਂ, ਵਿਣੁ ਹਥਾਂ ਕਰਣਾ.

ਜੀਭੈ ਬਾਝਹੁ ਬੋਲਣਾ ਇਉ ਜੀਵਤਮਰਣਾ,

ਨਾਨਕ ਹੁਕਮੁ ਪਛਾਣਿਕੈ ਤਉ ਖਸਮੈ ਮਿਲਣਾ.

(ਮਃ ੨. ਵਾਰ ਮਾਝ)

ਮਾਇਆ ਮਮਤਾ ਮੋਹਣੀ ਜਿਨਿ

ਵਿਣੁ ਦੰਤਾ ਜਗੁ ਖਾਇਆ(ਮਃ ੩. ਵਾਰ ਸੋਰ)

ਮੂਰਖ ਬੂਡਗਯੋ ਬਿਨ ਪਾਨੀ. (ਨਾਪ੍ਰ)

(ਅ) ਕਾਰਣ ਅਪੂਰਣ (ਨਾ ਮੁਕੰਮਲ) ਰਹਿਣ ਪੁਰ ਭੀ ਕਾਰਜ ਪੂਰਣ ਹੋਵੇ, ਇਹ ਵਿਭਾਵਨਾ ਦਾ ਦੂਜਾ ਰੂਪ ਹੈ.

ਜਹਾਂ ਹੇਤੁ ਪੂਰਣ ਨਹੀਂ ਉਪਜਤ ਹੈ ਪਰ ਕਾਜ.

(ਸ਼ਿਵਰਾਜਭੂਸ਼ਣ)

ਉਦਾਹਰਣ-

ਮੈਨਦੰਤ ਨਿਕਸੇ ਗੁਰਬਚਨੀ,

ਸਾਰੁ ਚਬਿ ਚਬਿ ਹਰਿਰਸੁ ਪੀਜੈ,

(ਕਲਿ ਅਃ ਮਃ ੪)

(ੲ) ਰੁਕਾਵਟ ਦੇ ਹੋਣ ਪੁਰ ਭੀ ਕਾਰਯ ਦਾ ਪੂਰਾ ਹੋਣਾ ਜੋ ਵਰਣਨ ਕਰੀਏ, ਤਦ ਵਿਭਾਵਨਾ ਦਾ ਤੀਜਾ ਰੂਪ ਹੁੰਦਾ ਹੈ.

ਪ੍ਰਤਿਬੰਧਕ ਕੇ ਹੋਤ ਹੀ ਕਾਰਜ ਪੂਰਨ ਮਾਨ.

(ਗਰਬਗੰਜਨੀ)

ਉਦਾਹਰਣ-

ਲੰਕਾ ਸਾ ਕੋਟੁ, ਸਮੁੰਦ ਸੀ ਖਾਈ,

ਤਿਹ ਰਾਵਨ ਘਰ ਖਬਰਿ ਨ ਪਾਈ.

(ਆਸਾ ਕਬੀਰ)

(ਸ) ਅਕਾਰਣ ਵਸਤੁ ਤੋਂ ਕਾਰਯ ਦਾ ਪ੍ਰਗਟ ਹੋਣਾ, ਵਿਭਾਵਨਾ ਦਾ ਚੌਥਾ ਰੂਪ ਹੈ.

ਜਬੈ ਅਕਾਰਣ ਵਸ੍ਤੁ ਤੇ ਕਾਰਜ ਪਰਗਟ ਹੋਤ.

(ਗਰਬੰਗਜਨੀ)

ਉਦਾਹਰਣ-

ਕੀਤਾ ਪਸਾਉ ਏਕੋ ਕਵਾਉ. (ਜਪੁ)

ਕਥਨ, ਜਗਤ ਰਚਣ ਲਈ ਅਕਾਰਣ ਹੈ.

ਦੈਤ ਸੁਤ ਭਗਤ ਪ੍ਰਗਟ ਪ੍ਰਹਿਲਾਦ ਭਏ

ਦੇਵਸੁਤ ਜਗ ਮੇ ਸਨੀਚਰ ਬਖਾਨਿਯੇ,

ਸਾਗਰ ਗੰਭੀਰ ਵਿਖੇ ਬਿਖਿਆ ਪ੍ਰਗਾਸ ਭਈ

ਅਹਿ ਮਸਤਕ ਮਣਿ ਉਦੈ ਅਨੁਮਾਨੀਐ.

(ਭਾਗੁ ਕ)

(ਹ) ਕਾਰਣ ਤੋਂ ਕਾਰਯ ਦਾ ਉਲਟਾ ਹੋਣਾ ਜਿਸ ਉਕ੍ਤਿ ਵਿੱਚ ਵਰਣਨ ਕਰੀਏ, ਇਹ ਵਿਭਾਵਨਾ ਦਾ ਪੰਜਵਾਂ ਰੂਪ ਹੈ.

ਕਾਹੂੰ ਕਾਰਣ ਤੇ ਜਬੈ ਕਾਰਯ ਹੋਤ ਵਿਰੁੱਧ.

(ਕਾਵ੍ਯਪ੍ਰਭਾਕਰ)

ਉਦਾਹਰਣ-

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ.

(ਧਨਾ ਅਃ ਮਃ ੫)

ਗੁਰਬਾਨੀ ਪਢ ਕਰ ਨੰਮ੍ਰਤਾ ਨ ਆਈ ਮਨ

ਉਲਟਾ ਹੰਕਾਰ ਨੇ ਨਿਵਾਸ ਚਿੱਤ ਕੀਨੋ ਹੈ.

(ਕ) ਕਾਰਯ ਤੋਂ ਕਾਰਣ ਦਾ ਉਪਜਣਾ ਜੋ ਕਥਨ ਕਰੀਏ, ਤਦ ਵਿਭਾਵਨਾ ਦਾ ਛੀਵਾਂ ਰੂਪ ਹੁੰਦਾ ਹੈ.

ਪੁਨ ਕਛੁ ਕਾਰਯ ਤੇਂ ਜਬੈ ਉਪਜੈ ਕਾਰਣ ਰੂਪ.

(ਕਾਵਯਪ੍ਰਭਾਕਰ)

ਉਦਾਹਰਣ-

ਗੁਰਦੇਵ ਅਰਜਨ ਮੁਖਚੰਦ੍ਰ ਤੇਂ ਪ੍ਰਕਾਸ਼ੋ

ਗੁਰੁਬਾਨੀ ਕੋ ਸਮੁਦ੍ਰ ਗ੍ਰੰਥਰਾਜ ਗ੍ਰੰਥ ਹੈ.

ਚੰਦ੍ਰਮਾ ਸਮੁੰਦਰ ਤੋਂ ਉਪਜਿਆ ਹੈ, ਪਰ ਇਸ ਥਾਂ

ਚੰਦ੍ਰਮਾਂ ਤੋਂ ਸਮੁੰਦਰ ਦਾ ਪ੍ਰਗਟਣਾ ਵਰਣਨ ਕੀਤਾ ਹੈ.

ਵਿਭਾਵਰੀ: ਚਮਕਣ ਵਾਲੀ. ਉਹ ਰਾਤ, ਜਿਸ ਵਿੱਚ ਤਾਰੇ ਪ੍ਰਕਾਸ਼ਦੇ ਹਨ. ਨਿਰਮਲ ਆਕਾਸ਼ ਵਾਲੀ ਰਾਤ੍ਰਿ। ੨. ਰਾਤ ਮਾਤ੍ਰ। ੩. ਹਲਦੀ। ੪. ਕੁੱਟਣੀ. ਦੱਲੀ. ਦੇਖੋ, ਬਿਭਾਵਰੀ.

ਵਿਭੀਸਣ, ਵਿਭੀਖਣ: ਰਾਵਣ ਦਾ ਭਾਈ ਵਿਭੀਸ਼ਣ. ਦੇਖੋ, ਭਭੀਖਣ। ੨. ਵਿ- ਬਹੁਤ ਡਰਾਉਣ ਵਾਲਾ.

ਵਿਭੀਤ: ਵਿ- ਡਰਿਆ ਹੋਇਆ. ਭੀਤ ਹਇਆ.

ਵਿਭੀਤਿ: ਸੰਗਯਾ- ਡਰ ਹੈ। ੨. ਸ਼ੱਕ. ਸੰਸਾ.

ਵਿਭੁ: ਸੰ. ਵਿ- ਸਾਰੀਆਂ ਸ਼ਕਲਾਂ ਵਾਲਿਆਂ ਨਾਲ ਮਿਲਿਆ ਹੋਇਆ. ਸਰਵਵ੍ਯਾਪਕ। ੨. ਸੰਗ੍ਯਾ- ਮਨ. ਦਿਲ। ੩. ਸਰਵਵ੍ਯਾਪੀ ਕਰਤਾਰ। ੪. ਆਤਮਾ। ੫. ਪ੍ਰਭੁ. ਸ੍ਵਾਮੀ। ੬. ਸ਼ਿਵ। ੭. ਵਿਸ਼ਨੁ। ੮. ਆਕਾਸ਼। ੯. ਕਾਲ.

ਵਿਭੂ: ਦੇਖੋ, ਵਿਭੁ.

ਵਿਭੂਖਣ: ਦੇਖੋ, ਬਿਭੂਖਨ.

ਵਿਭੂਤ, ਵਿਭੂਤਿ: ਦੇਖੋ, ਬਿਭੂਤ ਅਤੇ ਬਿਭੂਤਿ.

ਵਿਭੇਦ: ਦੇਖੋ, ਬਿਭੇਦ.

ਵਿਭੇਦਨ: ਸੰ. ਸੰਗ੍ਯਾ- ਵਿ- ਭੇਦਨ. ਤੋੜਨਾ। ੨. ਵਿੰਨ੍ਹਣਾ। ੩. ਜੁਦਾ ਕਰਨਾ.

ਵਿਭੋ, ਵਿਭੌ: ਦੇਖੋ, ਬਿਭਉ

ਵਿਭੰਗ: ਸੰ. ਸੰਗ੍ਯਾ- ਝੁਕਾਉ. ਖ਼ਮ। ੨. ਖੰਡ. ਟੁਕੜਾ। ੩. ਅਣਬਣ. ਮਿਲਾਪ ਵਿੱਚ ਵਿਘਨ.

ਵਿਭ੍ਰਮ: ਸੰਗ੍ਯਾ- ਸੰਦੇਹ. ਸ਼ੱਕ। ੨. ਬਹੁਤ ਭ੍ਰਮਣ ਦੀ ਕ੍ਰਿਯਾ। ੩. ਕਾਵ੍ਯ ਅਨੁਸਾਰ ਇੱਕ ਹਾਵ, ਜਿਸ ਤੋਂ ਚਿੱਤ ਦੀ ਹਾਲਤ ਅਜੇਹੀ ਸੰਸੇ ਵਿੱਚ ਪੈਣੀ, ਕਿ ਯੋਗ ਅਯੋਗ ਦਾ ਗਿਆਨ ਨਾ ਰਹੇ। ੪. ਇੱਕ ਅਰਥਾਲੰਕਾਰ. ਦੇਖੋ, ਭ੍ਰਾਂਤਿ (ਅ).

ਵਿਮਨ: ਦੇਖੋ, ਬਿਮਨ.

ਵਿਮਰਮ: ਸੰ. ਵਿਮਸ਼ੰ. ਵਿ- ਮਸ਼ੰ. ਸੰਗ੍ਯਾ- ਸੋਚ. ਵਿਚਾਰ। ੨. ਪਰੀਕ੍ਸ਼ਾ. ਪਰੀਖਿਆ. ਇਮਤਿਹਾਨ. ਦੇਖੋ, ਮਰਸ.

ਵਿਮਰਦਨ: ਸੰ. ਵਿਮਦੰਨ. ਮਲਨ (ਚੂਰਣ ਕਰਣ) ਦੀ ਕ੍ਰਿਯਾ। ੨. ਜੰਗ, ਯੁੱਧ। ੩. ਮਾਲਿਸ਼.

ਵਿਮਲ: ਨਿਰਮਲ. ਦੇਖੋ, ਬਿਮਲ.

ਵਿਮਲਮਤਿ: ਦੇਖੋ, ਬਿਮਲਮਤਿ.

ਵਿਮਲ ਵਿਵੇਕ ਵਾਰਿਧਿ: ਇਹ ਬਿਬੇਕਵਾਰਿਧਿ ਗ੍ਰੰਥ ਦਾ ਹੀ ਨਾਮ ਹੈ. ਦੇਖੋ, ਰਹਿਤਨਾਮਾ.

ਵਿਮਲਾ: ਯੋਗਮਤ ਅਨੁਸਾਰ ਦਸਮਦ੍ਵਾਰ ਤੋ, ਟਪਕਦੀ ਅਮ੍ਰਿਤਧਾਰਾ ਜਿਸ ਨੂੰ ਵਿਮਲਾ ਨਦੀ ਆਖਦੇ ਹਨ। ੨. ਜਗੰਨਾਥ ਪਾਸ ਇਕ ਦੇਵੀ। ੩. ਸਰਸ੍ਵਤੀ।

ਵਿਮਲਾਨਦੀ: ਦੇਖੋ, ਬਿਮਲਾਨਦੀ.

ਵਿਮਾਤਾ: विमातृ. ਮਤੇਈ. ਸੌਤੇਲੀ ਮਾਂ.

ਵਿਮਾਨ: ਸੰ. ਸੰਗਯਾ- ਮਿਣਤੀ. ਮਾਪ. ਪੈਮਾਇਸ਼। ੨. ਸੱਤ ਮੰਜ਼ਿਲਾ ਮਕਾਨ। ੩. ਘੋੜਾ। ੪. ਹਰੇਕ ਸਵਾਰੀ। ੫. ਦੇਵਤਿਆਂ ਦਾ ਆਕਾਸ਼ ਵਿੱਚ ਵਿਚਰਣ ਵਾਲਾ ਰਥ. ਵ੍ਯੋਮਯਾਨ. ਵਾਯੁ ਯਾਨ।[1176] ੬. ਅਪਮਾਨ. ਅਨਾਦਰ। ੭. ਮੋਏ ਹੋਏ ਵਡੇ ਅਤੇ ਵ੍ਰਿੱਧ ਆਦਮੀ ਦੀ ਵਾਜੇ ਗਾਜੇ ਅਤੇ ਸਜ ਧਜ ਨਾਲ ਕੱਢੀ ਹੋਈ ਅਰਥੀ ਨੂੰ ਭੀ ਵਿਮਾਨ ਆਖਦੇ ਹਨ. ਭਾਵ ਇਹ ਹੈ ਕਿ ਮੋਇਆ ਪ੍ਰਾਣੀ ਵਿਮਾਨ ਤੇ ਸਵਾਰ ਹੋਕੇ ਸੁਰਗ ਨੂੰ ਜਾ ਰਿਹਾ ਹੈ। ੮. ਵਿ- ਮਾਨ ਰਹਿਤ.

ਵਿਮਾਨਗਤ: ਦੇਵਤਾ. ਦੇਖੋ, ਬਿਬਾਨਗਤ.

ਵਿਮਾਨਗੜ੍ਹ: ਕੀਰਤਪੁਰ ਦਾ ਇੱਕ ਗੁਰਦੁਆਰਾ. ਦੇਖੋ, ਕੀਰਤਪੁਰ ਨੰਃ ੧੨.

ਵਿਮਾਨਚਾਰੀ: ਵਿਮਾਨ ਦੀ ਸਵਾਰੀ ਕ਼ਰਨ ਵਾਲੇ ਦੇਵਤਾ.

ਵਿਮਾਰਗ: ਕੁਮਾਰਗੰ. ਉਲਟਾ ਰਾਹ। ੨. ਨਿੰਦਿਤ. ਆਚਾਰ. ਬਦਚਲਨੀ.

ਵਿਮੁਕ੍ਤ: ਵਿ- ਬੰਧਨ ਰਹਿਤ. ਆੱਜ਼ਾਦ. ੨. ਛੱਡਿਆ ਹੋਇਆ.

ਵਿਮੁਖ: ਵਿ- ਵਿਰੁੱਧ (ਦੂਜੇ ਪਾਸੇ) ਹੈ ਜਿਸ ਦਾ ਮੁਖ। ੨. ਮੁਖ਼ਾਲਿਫ਼. ਦੁਸ਼ਮਨ। ੩. ਬਹਿਰਮੁਖ. ਮਨਮੁਖ.

ਵਿਮੋਹਾ: ਦੇਖੋ, ਬਿਰਾਜ.

ਵਿਮੋਚਨ: ਦੇਖੋ, ਬਿਮੋਚਨ.

ਵਿਯ: ਵਿ- ਦ੍ਵਿ ਦੋ। ੨. ਦੂਜਾ. ਦੁਤੀਯ.

ਵਿਯਤ, ਵਿਯਦ: ਸੰ. वियत्. ਸੰਗਯਾ- ਆਕਾਸ਼. ਆਸਮਾਨ.

ਵਿਯੁਕ੍ਤ: ਵਿ- ਜੁਦਾ ਕੀਤਾ ਹੋਇਆ. ਅਲਗ ਕੀਤਾ। ੨. ਬਹੁਤ ਜੁੜਿਆ ਹੋਇਆ. ਮਿਲਕੇ ਅਭੇਦ ਹੋਇਆ.

ਵਿਯੋ: ਵਿ- ਦ੍ਵਿਤੀਯ. ਦੂਜਾ.

ਵਿਯੋਗ: ਸੰਗਯਾ- ਯੋਗ (ਸੰਬੰਧ) ਦਾ ਅਭਾਵ. ਜੁਦਾਈ. ਵਿਛੋੜਾ.

ਵਿਯੋਗਵੰਤ, ਵਿਯੋਗੀ: ਵੋਯਗ ਵਾਲਾ. (वियोगिन्) ਵਿਛੁੜਿਆ ਹੋਇਆ. ਵਿਰਹੀ.

---

[1176] ਬੈਲੂਨ (Baloon) ਹਵਾਈ ਜਹਾਜ (Aeroplane Zeppelin) ਆਦਿਕ ਸਭ ਵਿਮਾਨ ਹਨ.

**ਵਿਰਸ:** ਵਿ- ਰਸ (ਸੁਆਦ) ਰਹਿਤ। ੨. ਸੰਗਯਾ- ਕੁਰਸ. ਅਣਬਣ ਨਾਚਾਕੀ.

**ਵਿਰਸਾ:** ਅ਼. ورثہ ਵਿਰਸ਼ਾ. ਸੰਗਯਾ- ਪੈਤ੍ਰਿਕਸੁਤ੍ਵ. ਜੱਦੀ ਅਧਿਕਾਰ. "ਤਹਾਂ ਹਮਾਰੀ ਵਿਰਸੇਦਾਰੀ." (ਗੁਪ੍ਰਸੂ)

**ਵਿਰਸੇਦਾਰੀ:** ਦੇਖੋ, ਵਿਰਸਾ.

**ਵਿਰਹ:** ਦੇਖੋ, ਬਿਰਹ.

**ਵਿਰਹਿਤ:** ਦੇਖੋ, ਬਿਰਹਿਤ.

**ਵਿਰਕ:** ਇੱਕ ਜੱਟ ਜਾਤਿ. ਜਿਸ ਨੂੰ ਬਿਰਕ ਭੀ ਆਖਦੇ ਹਨ। ੨. ਜਿਲਾ ਲੁਦਿਆਨਾ, ਤਸੀਲ ਥਾਣਾ ਜਗਰਾਉਂ ਦਾ ਪਿੰਡ, ਜੋ ਰੇਲਵੇ ਸਟੇਸ਼ਨ "ਚੌਕੀਮਾਨ" ਤੋਂ ਚਾਰ ਮੀਲ ਦੇ ਕ਼ਰੀਬ ਉੱਤਰ ਪੱਛਮ ਹੈ. ਇਸ ਪਿੰਡ ਤੋਂ ਇੱਕ ਫਰਲਾਂਗ ਦੱਖਣ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦ੍ਵਾਰਾ ਹੈ. ਸਤਿਗੁਰੂ ਜੀ "ਸਿੱਧਵਾਂ" ਤੋਂ ਇੱਥੇ ਆਏ ਹਨ. ਪਿੰਡ ਦੇ ਅਕਾਲੀਸਿੰਘ ਸੇਵਾ ਕਰਦੇ ਹਨ.

**ਵਿਰਕਤ:** ਦੇਖੋ, ਬਿਰਕਤ.

**ਵਿਰਕਣਾ, ਵਿਰਕਨਾ:** ਕ੍ਰਿ- ਵਿਰੁਤ (ਸ਼ਬਦ) ਕਰਨਾ. ਉੱਚਾਰਣ ਕਰਨਾ. "ਉਚ ਹਦੀ ਵੈਣੁ ਵਿਰਕਿਓਨੁ." (ਵਾਰ ਰਾਮ ੩) ਉੱਚ ਦਰਜੇ ਦੇ ਹਾਦੀ ਨੇ ਬਚਨ ਕਥਨ ਕੀਤਾ ਹੈ.

**ਵਿਰਚਣਾ, ਵਿਰਚਨ:** ਦੇਖੋ, ਬਿਰਚਨਾ ੩. "ਵਿਰਚੰਨ ਨਾਰੀ ਤ ਸੁੱਖ ਕੇਹੇ?" (ਰਾਮਾਵ)

**ਵਿਰਜ:** ਦੇਖੋ, ਬਿਰਜ.

**ਵਿਰਜਾ:** ਸੰ. ਸੰਗਯਾ- ਦੁੱਬ. ਦੂਵਾਂ। ੨. ਵੈਸ਼ਨਵਾਂ ਦੀ ਕਲਪੀ ਇੱਕ ਨਦੀ, ਜੋ ਵੈਕੁੰਠ ਵਿੱਚ ਵਹਿੰਦੀ ਹੈ। ੩. ਬ੍ਰਹਮਵੈਵਰਤ ਅਨੁਸਾਰ ਕ੍ਰਿਸ਼ਨ ਜੀ ਦੀ ਇੱਕ ਪਯਾਰੀ ਸਖੀ, ਜਿਸ ਨੇ ਰਾਧਾ ਦੇ ਡਰ ਤੋਂ ਨਦੀ ਦਾ ਰੂਪ ਧਾਰਿਆ ਸੀ, ਜਦ ਕ੍ਰਿਸ਼ਨ ਜੀ ਵਿਰਜਾ ਦੇ ਵਿਯੋਗ ਨਾਲ ਬਹੁਤ ਵ੍ਯਾਕੁਲ ਹੋਏ, ਤਦ ਉਸ ਨੇ ਫਿਰ ਆਪਣਾ ਰੂਪ ਧਾਰ ਲਿਆ.

**ਵਿਰਣਾ:** ਵਿਰਮਣ ਕਰਨਾ (ਪਰਚਣਾ) ੨. ਬਿਨਾ ਰੋਦਨ ਹੋਣਾ. ਰੋਣ ਤੋ, ਬੰਦ ਹੋਣਾ.

**ਵਿਰਤ:** ਦੇਖੋ, ਬਿਰਤ

**ਵਿਰਤਿ:** ਦੇਖੋ, ਬਿਰਤਿ। ੨. ਦੇਖੋ, ਵਿਰਤਿਪਖਿ.

**ਵਿਰਤਿਪਖਿ:** ਵਿ- ਨਿਵ੍ਰਿੱਤਿ ਪੱਖ ਵਾਲਾ. ਸੰਨਿਆਸੀ ਆਦਿ ਤਿਆਗੀ ਕਹਾਉਣ ਵਾਲੇ ਲੋਕ. "ਵਿਰਤਿਪਖਿ, ਕਰਮੀ ਨਾਚੇ, ਮੁਨਿਜਨ ਗਿਆਨ ਬੀਚਾਰੀ." (ਗੂਜ ਅਃ ਮਃ ੩)

**ਵਿਰਤੀ:** ਦੇਖੋ. ਬਿਰਤਿ ਅਤੇ ਵ੍ਰਿੱਤਿ। ੨. ਵਰਤੀ. ਅਮਲ ਵਿੱਚ ਆਈ. "ਜਿਸੁ ਘਰਿ ਵਿਰਤੀ, ਸੋਈ ਜਾਣੈ." (ਸੂਹੀ ਮਃ ੪) ੩. ਸੰ. ਵਿਰਾਤ੍ਰ. ਭੋਰ. ਤੜਕਾ. ਵਿਰਾਤ੍ਰੀ ਵੇਲੇ. "ਨਾਨਕ ਸੁਤੀ ਪਈਐ ਜਾਣੁ ਵਿਰਤੀ ਸੰਨਿ." (ਸ੍ਰੀ ਮਃ ੧) ਉਸ ਨੂੰ ਚਾਨਣੇ ਵਿੱਚ ਹੀ ਸੰਨ੍ਹ (ਨਕ਼ਬ) ਲਗ ਗਿਆ ਹੈ.

**ਵਿਰਤੀਸੁਰ:** ਵ੍ਰਿੱਤਿ (ਉਪਜੀਵਿਕਾ) ਦਾ ਸ੍ਵਾਮੀ. ਉਪਜੀਵਿਕਾ ਦੇਣ ਵਾਲਾ, ਯਜਮਾਨ. "ਵਿਰਤੀਸੁਰ ਲਗਾਇਤ ਹੋਏ." (ਭਾਗੁ) ਯਜਮਾਨ ਅਤੇ ਲਾਗੀ ਹੋਏ.

**ਵਿਰਤੀਹਾਣ, ਵਿਰਤੀਹਾਣੀ:** ਸੰਗਯਾ- ਵਰਤਮਾਨ ਕਥਾ, ਜੋ ਹਾਲ ਦੇਖਿਆ ਜਾਂਦਾ ਹੈ, ਉਸ ਦਾ ਵਰਣਨ. "ਵਿਰਤੀਹਾਣ ਵਖਾਣਿਆ." (ਭਾਗੁ) ੨. ਵਿ- ਵਿਰਤਿ (ਵੈਰਾਗ੍ਯ) ਵਾਨ. "ਭਾਈ ਭਾਨਾ ਵਿਰਤੀ- ਹਾਣੀ." (ਭਾਗੁ)

ਵਿਰਤੰਤ: ਦੇਖੋ, ਵ੍ਰਿੱਤਾਂਤ.

ਵਿਰਥ: ਵਿ- ਰਥ ਰਹਿਤ. ਦੇਖੋ, ਬਿਰਥੀ ੨.

ਵਿਰਥਾ: ਦੇਖੋ, ਬਿਰਥਾ.

ਵਿਰਥੀ: ਦੇਖੋ, ਬਿਰਥੀ.

ਵਿਰਦ: ਸੰ. ਵਿ- ਰਦ (ਦੰਦਾਂ) ਬਿਨਾ. ਜਿਸ ਦੇ ਦੰਦ ਨਹੀਂ। ੨. ਦੇਖੋ, ਬਿਰਦ.

ਵਿਰਮਣ: ਦੇਖੋ, ਬਿਰਮਣ.

ਵਿਰਲ, ਵਿਰਲਾ: ਸੰ. ਵਿ- ਛਿੱਦਾ. ਜੋ ਸੰਘਣਾ ਨਹੀਂ। ੨. ਨਾ ਰਲਿਆ ਹੋਇਆ. ਵੱਖ। ੩. ਚੁਣਿਆ ਹੋਇਆ. ਚੀਦਾ. "ਵਿਰਲਾ ਕੋ ਪਾਏ ਗੁਰਸਬਦ ਵੀਚਾਰਾ." (ਗਉ ਮਃ ੩) "ਐਸੇ ਜਨ ਵਿਰਲੇ ਸੰਸਾਰੇ." (ਮਾਰੂ ਸੋਲਹੇ ਮਃ ੧)

ਵਿਰਲਾਪ: ਦੇਖੋ, ਬਿਰਲਾਪ ਅਤੇ ਬਿਲਾਪ.

ਵਿਰਵਾ: ਵਿ- ਵੰਚਿਤ ਵਾਂਜਿਆ ਹੋਇਆ। ੨. ਮੁਹਤਾਜ "ਸਨਬੰਧੀ ਉਸ ਕੇ ਵਿਰਵੇ ਥੇ." (ਜਸਭਾਮ) ੩. ਸੰਗਜ੍ਞਾ- ਵਿਟਪ. ਬੂਟਾ. ਬਿਰਛ। ੪. ਵਜੋਰਾ. ਨਿਰਣਾ। ੫. ਸਮਾਚਾਰ. ਹਾਲ. ਵ੍ਰਿੱਤਾਂਤ.

ਵਿਰਾਉਣਾ: ਵਿਰਮਣ ਕਰਾਉਣਾ (ਪਰਚਾਉਣਾ). ਦੇਖੋ, ਬਿਰਾਉਣਾ। ੨. ਰੁਦਨ ਵਿਨਾ ਕਰਨਾ.

ਵਿਰਾਇਣਿ: ਵੈਰ ਭਾਵ ਵਾਲੀ। ੨. ਵਿਰਾਵਣ (ਰੁਆ ਦੇਣ) ਵਾਲੀ. ਭਾਵ- ਦੁੱਖ ਦੇਣ ਵਾਲੀ. "ਸਸੁ ਵਿਰਾਇਣਿ." (ਵਾਰ ਰਾਮ ੨. ਮਃ ੫) ਭਾਵ- ਅਵਿਦਜ੍ਞਾ.

ਵਿਰਾਈ: ਖਡੂਰ ਨਿਵਾਸੀ ਖਹਿਰੇ ਗੋਤ ਦੇ ਜੱਟ ਮਹਿਮੇ ਦੀ ਇਸਤ੍ਰੀ, ਜੋ ਵੱਡੀ ਧਰਮਾਤਮਾ ਸੀ. ਇਹ ਸ਼੍ਰੀ ਗੁਰੂ ਅੰਗਦ ਜੀ ਦੀ ਸੇਵਾ ਪ੍ਰੇਮ ਭਾਵ ਨਾਲ ਕਰਦੀ ਸੀ ਅਤੇ ਸਤਿਗੁਰੂ ਦੇ ਹੁਕਮ ਅਨੁਸਾਰ ਪਾਉਭਰ ਦੀ ਅਲੂਣੀ ਅਤੇ ਰੁੱਖੀ ਰੋਟੀ ਪਕਾਕੇ ਨਿੱਤ ਗੁਰੂ ਸਾਹਿਬ ਨੂੰ ਅਰਪਦੀ ਸੀ, ਜਿਸ ਦੇ ਅਧਾਰ ਗੁਰੂ ਅੰਗਦਦੇਵ ਅੱਠ ਪਹਿਰ ਗੁਜ਼ਾਰਦੇ ਸਨ. ਕਿਤਨਿਆਂ ਨੇ ਇਸ ਦਾ ਨਾਮ ਭਿਰਾਈ ਭੀ ਲਿਖਿਆ ਹੈ। ੨. ਦੇਖੋ, ਭਿਰਾਈ.

ਵਿਰਾਸਤ: ਅ਼. وراثت ਵਿਰਾਸ਼ਤ. ਸੰਗਜ੍ਞਾ- ਪੈਤ੍ਰਿਕ ਸੰਪਦਾ. ਬਾਪ ਦਾਦੇ ਦੀ ਜਾਇਦਾਦ. ਵਿਰਸੇ ਵਿੱਚ ਆਈ ਵਸ੍ਤੁ. Inheritance

ਵਿਰਾਗ: ਸੰ. ਸੰਗਜ੍ਞਾ- ਰਾਗ (ਮੁਹੱਬਤ) ਦਾ ਅਭਾਵ। ੨. ਵਿ- ਜੋ ਰਾਗ (ਪਿਆਰ) ਨਹੀਂ ਰਖਦਾ.

ਵਿਰਾਗਵੰਤ, ਵਿਰਾਗੀ: विरागवन्त्- विरागिन. ਵਿ- ਰਾਗਰਹਿਤ. ਵਿਰਾਗ ਵਾਲਾ.

ਵਿਰਾਜ: ਸੰ. विराज्. ਬਹੁਤ ਸ਼ੋਭਾ ਦੇਣ ਵਾਲਾ, ਛਤ੍ਰੀ (ਕ੍ਸ਼ਤ੍ਰਿਯ). ੨. ਬ੍ਰਹਮਾਂਡ ਦਾ ਅਭਿਮਾਨੀ ਈਸ਼੍ਵਰ। ੩. ਇੱਕ ਛੰਦ, ਦੇਖੋ, ਬਿਰਾਜ.

ਵਿਰਾਜਣਾ: ਦੇਖੋ, ਬਿਰਾਜਨਾ.

ਵਿਰਾਜਮਾਨ: ਵਿ- ਸ਼ੋਭਾ ਵਾਨ। ੨. ਪ੍ਰਕਾਸ਼ਮਾਨ। ੩. ਸ਼ੋਭਾ ਸਹਿਤ ਇਸਥਿਤ.

ਵਿਰਾਜੀ: ਦੇਖੋ, ਬਿਰਾਜੀ। ੨. ਵਿ- ਜੋ ਨਾ ਹੋਵੇ ਰਾਜ਼ੀ (ਖੁਸ਼) ਨਾਰਾਜ "ਕਰਜੋ ਹਾਸ ਤਿਸ ਭਯੋ ਵਿਰਾਜੀ." (ਗੁਪ੍ਰਸੂ)

ਵਿਰਾਟ: ਸੰਗਜ੍ਞਾ- ਅਲਵਰ ਅਤੇ ਜੈਪੁਰ ਦੇ ਪਾਸ ਦਾ ਮਤਸਜ ਦੇਸ਼। ੨. ਵਿਰਾਟ ਦੇਸ਼ ਦਾ ਪ੍ਰਧਾਨ ਨਗਰ, ਜੋ ਦਿੱਲੀ ਤੋਂ ਦੱਖਣ ੧੦੫ ਮੀਲ ਜੈਪੁਰ ਪਾਸ ਹੈ. ਪਾਂਡਵ ਜੂਏ ਵਿੱਚ ਹਾਰਕੇ ਇੱਕ ਵਰ੍ਹਾ ਏਥੇ ਹੀ ਲੁਕ ਕੇ ਰਹੇ ਸਨ। ੩. ਵਿਰਾਟ ਦਾ ਰਾਜਾ। ੪.

ਮਹਾਭਾਰਤ ਦਾ ਇੱਕ ਪਰਵ। ੫. ਦੇਖੋ, ਬਿਰਾਟ। ੬. ਵਿ- ਬਹੁਤ ਵਡਾ. ਵਿਸ੍ਤਾਰ ਵਾਲਾ.

ਵਿਰਾਧ: ਦੇਖੋ, ਬਿਰਾਧ.

ਵਿਰਾਨ: ਫ਼ਾ. ویران ਵੀਰਾਨ. ਵਿ- ਗ਼ੈਰ ਆਬਾਦ. "ਬਿਨ ਸੇਵਾ ਬਲ ਰਹਜੋ ਵਿਰਾਨ." (ਗੁਪ੍ਰਸੂ)

ਵਿਰਾਨਾ: ਦੇਖੋ, ਬਿਰਾਨਾ। ੨. ਫ਼ਾ. ویرانہ ਸੰਗਯਾ- ਉਜਾੜ. ਨਿਰਜਨ.

ਵਿਰਾਮ: ਦੇਖੋ, ਬਿਰਾਮ. "ਛੂਵਤੇ ਹਾਥ ਸਮਾਧਿ ਵਿਰਾਮ." (ਗੁਪ੍ਰਸੂ) ਸਮਾਧਿ ਛੁਟ ਗਈ। ੨. ਸਮਾਪਤੀ, ਅੰਤ, ਦੇਖੋ, ਕਦਨ। ੩. ਵਸ਼੍ਰਾਮ. ਠਹਿਰਾਉ। ੪. ਛੰਦ ਦੀ ਯਤਿ, ਜੈਸੇ- ਦੋਹੇ ਦਾ ਵਿਰਾਮ ਤੇਰਾਂ ਮਾਤਾ ਪੁਰ ਹੈ। ੫. ਲਿਖਣ ਵਿੱਚ ਆਇਆ ਉਹ ਚਿੰਨ੍ਹ, ਜੋ ਪਾਠਕ ਨੂੰ ਠਹਿਰਣ ਦੀ ਸੂਚਨਾ ਕਰਾਵੇ. ਕਾਮਾ, ਫ਼ੁਲਸਟਾਪ, ਹੱਦ ਆਦਿਕ ਨਿਸ਼ਾਨ।

ਵਿਰੁਜ: ਵਿ- ਰੁਜ (ਰੋਗ) ਬਿਨਾ, ਅਰੋਗ. ਨਰੋਆ.

ਵਿਰੁੱਧ: ਦੇਖੋ, ਬਿਰੁੱਧ.

ਵਿਰੂਪ: ਵਿ- ਕਈ ਸ਼ਕਲਾਂ ਦਾ। ੨. ਕੁਰੂਪ. ਬਦਸ਼ਕਲ। ੩. ਸ਼ੋਭਾ ਰਹਿਤ। ੪. ਦੂਜੀ ਸ਼ਕਲ ਦਾ.

ਵਿਰੂਪਾ: ਵਿ- ਭੱਦੀ ਸ਼ਕਲ ਵਾਲੀ. ਕੁਰੂਪਾ। ੨. ਸੰਗਯਾ- ਯਮ ਦੀ ਇਸਤ੍ਰੀ.

ਵਿਰੂਪਾਕ੍ਸ਼, ਵਿਰੂਪਾਛ: ਵਿ- ਵਿਰੂਪ (ਬੁਰੀ ਸ਼ਕਲ ਦੀਆਂ) ਹਨ ਜਿਸ ਦੀਆਂ ਅੱਖਾਂ। ੨. ਸੰਗਯਾ- ਰਾਵਣ ਦਾ ਇੱਕ ਮੰਤ੍ਰੀ. "ਵਿਰੂਪਾਛ ਮਨ ਮੇ ਕਹਜੋ ਨਿਰਖ ਰਾਜ ਕੀ ਓਰ." (ਹਨੂ) ੩. ਦੇਖੋ, ਬਿਰੂਪਾਛ.

ਵਿਰੇਚਨ: ਸੰ. (ਵਿ- ਰਿਚ੍) ਪਾੜਨ (ਭੇਦਨ) ਦੀ ਕ੍ਰਿਯਾ। ੨. ਅੰਤੜੀ ਦੀ ਮਲ ਖਾਰਿਜ ਕਰਨੀ. ਦਸਤ ਦੇਣੇ. ਜੁਲਾਬ ਦੇਣਾ.

ਵਿਰੋਚਨ: ਸੰ. ਵਿ- ਰੁਚਿਕਰ. ਦਿਲਪਸੰਦ। ੨. ਸੰਗਯਾ- ਸੂਰਜ। ੩. ਚੰਦ੍ਰਮਾ। ੪. ਬਲਿ ਰਾਜੇ ਦਾ ਪਿਤਾ। ੫. ਪ੍ਰਹਲਾਦ ਦਾ ਇੱਕ ਪੁਤ੍ਰ। ੬. ਅਗਨਿ। ੭. ਵਿਸ਼ਨੁ। ੮. ਅੱਕ.

ਵਿਰੋਧ: ਦੇਖੋ, ਬਿਰੋਧ। ੨. ਇੱਕ ਅਰਥਾਲੰਕਾਰ. ਕਿਸੇ ਵਸਤੁ, ਗੁਣ ਅਥਵਾ ਕਰਮ ਤੋਂ ਉਲਟਾ ਫਲ ਹੋਣਾ ਜਿੱਥੇ ਵਰਣਨ ਕਰੀਏ, ਸੋ "ਵਿਰੋਧ" ਅਲੰਕਾਰ ਹੈ.

ਦ੍ਰਵ੍ਯ ਕ੍ਰਿਯਾ ਗਨ ਸੇ ਜਹਾਂ ਉਪਜਤ ਕਾਜ ਵਿਰੁੱਧ.

ਤਾਂਕੋ ਕਹਿਤ ਵਿਰੋਧ ਹੈ, ਭੂਸ਼ਣ ਸੁਕਵਿ ਸੁਬੱਧ. (ਸ਼ਿਵਰਾਜਭੂਸ਼ਣ)

ਉਦਾਹਰਣ-

ਤੁਧ ਬਿਨ ਰੋਗ ਰਜਾਈਆਂ ਦਾ ਓਢਣ,

ਨਾਗ ਨਿਵਾਸਾਂ ਦਾ ਰਹਿਣਾ,

(ਹਜਾਰੇ ੧੦)

ਸਤਿਗੁਰੁ ਅਰਜਨ ਕੇ ਪ੍ਰੇਮਭਰੇ ਸ਼ਾਂਤਬੈਨ

ਸੁਨੇ ਜਬ ਚੰਦੂ, ਰਿਦੇ ਕ੍ਰੋਧ ਆਗ ਚਮਕੀ.

ਵਿਰੋਧਾਭਾਸ: ਵਿਰੋਧ ਦੀ ਝਲਕ. ਇੱਕ ਅਰਥਾਲੰਕਾਰ. ਜਿਸ ਕਾਵ੍ਯ ਰਚਨਾ ਵਿੱਚ ਵਿਰੋਧ ਨਾ ਹੋਵੇ, ਪਰ ਭਾਸੇ ਵਿਰੋਧ, ਉਸ ਦਾ ਨਾਮ "ਵਿਰੋਧਾਭਾਸ" ਹੈ.

ਜੀਹਂ ਵਿਰੋਧ ਸੋ ਲਗਤ ਹੈ ਹੋਯ ਨ ਸਾਚ ਵਿਰੋਧ,

ਕਹਿਤ ਵਿਰੋਧਾਭਾਸ ਤਹਿਂ ਬੁਧਜਨ ਬੁੱਧਿ ਵਿਬੋਧ. (ਲਲਿਤਲਲਾਮ)

ਉਦਾਹਰਣ-

ਮੀਨ ਮਰੇ ਜਲ ਕੇ ਪਰਸੇ

ਕਬਹੂ ਨ ਮਰੇ ਪਰ ਪਾਵਕ ਪਾਏ,

ਹਾਥਿ ਮਰੈ ਮਦ ਕੇ ਪਰਸੇ

ਕਬਹੂ ਨ ਮਰੇ ਤਨ ਤਾਪ ਕੇ ਆਏ,

ਤੀਯ ਮਰੈ ਪਤਿ ਕੇ ਪਰਸੇ

ਕਬਹੂ ਨ ਮਰੇ ਪਰਦੇਸ ਸਿਧਾਏ,

ਗੂਢ ਮੈ ਬਾਤ ਕਹੀ ਦਿਜਰਾਜ

ਵਿਚਾਰ ਸਕੈ ਨ ਬਿਨਾ ਚਿਤ ਲਾਏ.

(ਭਾਈ ਧੰਨਾ ਸਿੰਘ, ਦਸ਼ਮੇਸ਼ ਦਾ ਹਜੂਰੀ ਕਵਿ)

ਇਸ ਸਵੈਯੇ ਵਿੱਚ ਵਿਰੁੱਧ ਦਾ ਆਭਾਸ ਹੈ. ਜੋ "ਕਬਹੁ ਨ" ਪਦ ਨੂੰ ਤੁਕ ਦੇ ਪਹਿਲੇ ਭਾਗ ਨਾਲ ਜੋੜੀਏ, ਤਦ ਵਿਰੋਦ ਨਹੀਂ, ਯਥਾ- ਮੀਨ ਮਰੇ ਜਲਕੇ ਪਰਸੇ ਕਬਹੂ ਨ, ਮਰੇ ਪਰ ਪਾਵਕ ਪਾਏ, ਆਦਿ.

ਵਿਰੋਧੀ: ਦੇਖੋ, ਬਿਰੋਧੀ.

ਵਿਰੋਲਨਾ: ਦੇਖੋ, ਬਿਰੋਲਨਾ.

ਵਿਰੰਚ: ਬ੍ਰਹਮਾ. ਦੇਖੋ, ਬਿਰੰਚ.

ਵਿਲ: ਸੰ. विल. ਧਾ- ਛਿਦ੍ਰ ਕਰਨਾ (ਛੇਦਣਾ), ਫੈਂਕਣਾ, ਪ੍ਰੇਰਨਾ, ਓਢਣਾ। ੨. ਦੇਖੋ, ਬਿਲ.

ਵਿਲਸਨ: ਦੇਖੋ, ਬਿਲਸਨ। ਡਾਕਟਰ H. H. Wilson ਇਹ ਸਨ ੧੮੦੮ ਵਿੱਚ ਇੰਡੀਆ ਪੁੱਜਾ ਅਤੇ ਸੰਸਕ੍ਰਿਤ ਦਾ ਪੰਡਿਤ ਹੋਕੇ ਅਨੇਕ ਗ੍ਰੰਥਾਂ ਦਾ ਉਲਥਾ ਕੀਤਾ ਅਤੇ ਸੰਸਕ੍ਰਿਤ ਅੰਗ੍ਰੇਜ਼ੀ ਦੀ ਉੱਤਮ ਡਿਕਸ਼ਨਰੀ ਲਿਖੀ.

ਵਿਲਕਣਾ: ਵਿਕਲ ਹੋਣਾ. ਰੋਣਾ. ਦੇਖੋ, ਬਿਲਕਣਾ.

ਵਿਲਕ੍ਸ਼ਣ, ਵਿਲੱਖਣ: ਵਿ- ਵਿਸ਼ੇਸ਼ ਲਕ੍ਸ਼ਣ ਵਾਲਾ. ਖ਼ਾਸ ਚਿੰਨ੍ਹ ਵਾਲਾ। ੨. ਜੁਦਾ. ਨਿਰਾਲਾ. ਅਜੀਬ. ਅਨੂਠਾ. ਅਣੋਖਾ.

ਵਿਲਗ: ਵਿ- ਜੋ ਲੰਗਿਆ (ਜੁੜਿਆ ਹੋਇਆ) ਨਹੀਂ. ਜੁਦਾ. ਅਲਗ. "ਜਲ ਪਯ ਸਰਸ ਬਿਕਾਯ, ਪਿਖਹੁ ਪ੍ਰੀਤਿ ਕੀ ਰੀਤਿ ਭਲ। ਵਿਲਗ ਹੋਯ ਰਸ ਜਾਯ, ਕਪਟ ਖਟਾਈ ਪਰਤ ਹੀ." (ਤੁਲਸੀ)

ਵਿਲਗਾਨਾ: ਕ੍ਰਿ ਵਿ- ਲਗ ਕਰਨਾ. ਨਿਖੇੜਨਾ। ੨. ਵਿ- ਲਗ (ਵੱਖ) ਹੋ ਗਿਆ.

ਵਿਲੱਛਨ: ਦੇਖੋ, ਵਿਲਕ੍ਸ਼ਣ.

ਵਿਲਪਨਾ: ਵਿਪਾਲ ਕਰਨਾ. ਦੇਖੋ, ਬਿਲਪਨਾ.

ਵਿਲਮ, ਵਿਲਮੁ: ਵਿਲੰਬ. ਚਿਰ. ਦੇਖੋ, ਬਿਲਮ. ਪਰੀਤੀ ਤੁਟਦੀ ਵਿਲਮੁ ਨ ਹੋਵਈ." (ਮਃ ੩. ਵਾਰ ਵਡ)

ਵਿਲਯ: ਸੰ. ਵਿ- ਵਿਸ਼ੇਸ਼ ਕਰਕੇ ਲਯ (ਲੀਨ) ੨. ਸੰਗਯਾ- ਲੋਪ ਹੋਣ ਦਾ ਭਾਵ। ੩. ਮੌਤ. ਮ੍ਰਿਤ੍ਯੁ। ੪. ਪ੍ਰਲਯ. ਪਰਲੋਂ.

ਵਿਲਲਾਉਣਾ: ਵਿਲਾਪ ਕਰਨਾ. ਦੇਖੋ, ਬਿਲਲਾਉਣਾ.

ਵਿਲਲਾਉਣਾ: ਕ੍ਰਿ- ਵਿਲਯ ਕਰਨਾ. ਲੇਪ ਕਰਨਾ। ੨. ਗੁਜ਼ਾਰਨਾ. ਵਿਤਾਉਣਾ। ੩. ਪਰਚਾਉਣਾ. "ਮਰਦਾਨੇ ਨੂੰ ਵਿਲਾਇੰਦੇ ਮਸਾਂ ਮਸਾਂ ਆਂਦਾ." (ਜਸਭਾਮ)

ਵਿਲਾਇ: ਦੇਖੋ, ਵਿਲਯ. "ਸੰਸਾ ਗਇਆ ਵਿਲਾਇ." (ਮਃ ੩. ਵਾਰ ਰਾਮ ੧)

ਵਿਲਾਇਤਿ: ਦੇਖੋ. ਵਲਾਯਤ. "ਛੋਡਿ ਵਿਲਾਇਤਿ ਦੇਸ ਗਏ." (ਆਸਾ ਮਃ ੧)

ਵਿਲਾਸ: ਦੇਖੋ. ਬਿਲਾਸ. ੨. ਕਾਵ੍ਯ ਅਨੁਸਾਰ ਇੱਕ ਹਾਵ. "ਜੋ ਤਿਯ ਪਿਯਹਿ" ਰਿਝਾਵਈ ਪ੍ਰਗਟ ਕਰੈ ਬਹੁ ਭਾਵ। ਸੁਕਵਿ ਵਿਚਾਰ ਬਖਾਨਹੀਂ ਸੋ ਵਿਲਾਸ ਨਿਧਿ ਹਾਵ." (ਜਗਦਵਿਨੋਦ)

ਵਿਲਾਸੀ: ਦੇਖੋ, ਬਿਲਾਸੀ.

ਵਿਲਾਹੀ: ਵਿਤੀਤ ਹੁੰਦਾ ਹੈ। ੨. ਵਿਲਯ (ਲੀਨ) ਹੁੰਦਾ ਹੈ। ੩. ਖਤ੍ਰੀਆਂ ਦਾ ਇੱਕ ਗੋਤ੍ਰ.

ਵਿਲਾਪ: ਦੇਖੋ, ਬਿਲਾਪ.

ਵਿਲਾਯਤ: ਦੇਖੋ, ਵਲਾਯਤ.

ਵਿਲਾਵ: ਸੰਗਯਾ- ਵਲ੍ਹਾਉ. ਬਹਾਨਾ. ਟਾਲਮਟੋਲਾ. "ਇਮ ਵਿਲਾਵ ਦੇ ਕਰਤ ਪਯਾਨਾ." (ਨਾਪ੍ਰ) ੨. ਦੇਖੋ, ਬਿਲਾਵ.

ਵਿਲਾੜ: ਸਿੰਧੀ. ਵਿਲਾਪ। ੨. ਸ਼ਕਾਯਤਦੀ ਪੁਕਾਰ। ੩. ਦੌੜ. ਭਾਜ। ੪. ਕਾਹਲੀ. ਸ਼ੀਘ੍ਰਤਾ. ਦੇਖੋ, ਵਿਲਾੜਿ.

ਵਿਲਾੜਿ: ਕ੍ਰਿ. ਵਿ- ਨਠਦੇ ਭਜਦੇ। ੨. ਵਿਲਾਪ ਕਰਦੇ। ੩. ਸ਼ਕਾਯਤਾਂ ਕਰਦੇ. "ਜੋ ਇਹ ਲਧੇ ਗਾਣਵੇ, ਗਏ ਵਿਲਾੜਿ ਵਿਲਾੜਿ." (ਸ. ਫਰੀਦ) ੪. ਨੱਠਕੇ. ਦੌੜਕੇ. ਸ਼ੀਘ੍ਰਤਾ ਨਾਲ. "ਵੰਞਹੁ ਧ੍ਰੁਕਿ ਵਿਲਾੜਿ." (ਮਾਰੂ ਅਃ ਮਃ ੧)

ਵਿਲੀਨ: ਸੰ. ਵਿ- ਵਿਸ਼ੇਸ਼ ਕਰਕੇ ਲੀਨ। ੨. ਨਾਸ਼ ਹੋਇਆ। ੩. ਲੋਪ. ਲੁਪ੍ਤ.

ਵਿਲੈ: ਦੇਖੋ, ਵਿਲਯ.

ਵਿਲੈਯਾ: ਵਿ- ਮਿਟ ਜਾਣ ਵਾਲਾ। ੨. ਲੈ ਕਰਨ ਵਾਲਾ। ੩. ਦੇਖੋ, ਬਿਲਈਆ.

ਵਿਲੋਈ: ਦੇਖੋ, ਬਿਲੋਈ.

ਵਿਲੋਕਨ: ਦੇਖੋ, ਬਿਲੋਕਨ.

ਵਿਲੋਚਨ: ਸੰ. ਸੰਗਯਾ- ਦੇਖਣ ਦੀ ਕ੍ਰਿਯਾ। ੨. ਦਰਸ਼ਨ। ੩. ਨੇਤ੍ਰ। ੪. ਨੇਤ੍ਰ (ਲੋਚਨ) ਬਿਨਾ ਕਾਰਨ ਦੀ ਕ੍ਰਿਯਾ. ਅੱਖਾਂ ਕੱਢ ਦੇਣ ਦਾ ਕਰਮ.

ਵਿਲੋਡਨ, ਵਿਲੋਨਾ: ਰਿੜਕਣਾ. ਦੇਖੋ, ਬਿਲੌਨਾ.

ਵਿਲੋਮ: ਸੰ. ਵਿ- ਉਲਟਾ. ਵਿਪਰੀਤ। ੨. ਸੰਗਯਾ- ਉਲਟਾ ਪਾਠ. ਤੰਤ੍ਰਸ਼ਾਸਤ੍ਰ ਅਨੁਸਾਰ ਕਿਸੇ ਮੰਤ੍ਰ ਦਾ ਪੁੱਠਾ ਪਾਠ. ਜਿਵੇਂ- ਨਾਰਾਯਣ ਨੂੰ ਣਯਰਾਨਾ ਪੜ੍ਹਨਾ ੩. ਹਰਟ ਦੀ ਮਾਲ। ੪. ਸੱਪ। ੫. ਕੁੱਤਾ.

ਵਿਲੋਲ: ਵਿ- ਲੋਲ. ਬਹੁਤ ਚੰਚਲ. ਹਿਲਦਾ ਹੋਇਆ ੨. ਸੁੰਦਰ। ੩. ਸੰਗਯਾ- ਛਾਤੀ ਤੇ ਲਟਕਦਾ ਹਾਰ। ੪. ਕੰਨਾਂ ਵਿੱਚ ਲਟਕਦਾ ਮੋਤੀ। ੫. ਨੱਥ ਦਾ ਬੁਲਾਕ। ੬. ਨਸ਼ਾਨ ਦਾ ਫਰਹਰਾ. ਪਤਾਕਾ.

ਵਿਲੋੜਨੁ: ਸਿੰਧੀ. ਬਿਲੋਨਾ. ਰਿੜਕਣਾ. ਮਥਨ. ਦੇਖੋ. ਬਿਲੋਨਾ.

ਵਿਲੰਬ, ਵਿਲੰਮ, ਵਿਲੰਮੁ: ਚਿਰ. ਢਿੱਲ. ਦੇਖੋ, ਬਿਲੰਬ. "ਮੁਹਤੁ ਨ ਚਸਾ ਵਿਲੰਮੁ." (ਮਃ ੧. ਵਾਰ ਮਾਝ)

ਵਿਲ੍ਵ: ਦੇਖੋ, ਬਿਲ ੪.

ਵਿਵ: ਵਿ- ਦੋ। ੨. ਦੂਜਾ.

ਵਿਵਸਥਾ: ਦੇਖੋ, ਬਿਵਸਥਾ ੩- ੪- ੫.

ਵਿਵਸ੍ਵਤ: ਸੰ. विवस्वत्. ਵਿ- ਵਸ੍ਵਤ. ਬਹੁਤ ਚਮਕਦਾ ਹੋਇਆ. ਪ੍ਰਕਾਸ਼ ਵਾਲਾ। ੨. ਸੰਗਯਾ- ਸੂਰਜ। ੩. ਸੂਰਜ ਦਾ ਰਥਵਾਹੀ, ਅਰੁਣ। ੪. ਅਗਨਿ। ੫. ਦੇਵਤਾ.

ਵਿਵਹਿਤ: ਦੇਖੋ, ਵ੍ਯਵਹਿਤ.

ਵਿਵਧਾਨ: ਦੇਖੋ, ਵ੍ਯਵਧਾਨ। ੨. ਵ੍ਰਿਹਦਭਾਨੁ. ਚਮਕੀਲਾ. ਰੌਸ਼ਨ। ੩. ਚਮਕੀਲਾ ਪਦਾਰਥ. ਭਾਵ- ਰਤਨ. "ਦੇਵ ਸੁਰਾਸੁਰ ਖੀਰ ਮਥ੍ਯੋ, ਚਤੁਰਾਦਸ ਕਾਢਿਲਯੇ ਵਿਵਧਾਨਾ." (ਗੁਪ੍ਰਸੂ) ਚੌਦਾਂ ਰਤਨ ਕੱਢ ਲਏ.

ਵਿਵਰ: ਸੰ. ਸੰਗਯਾ- ਛਿਦ੍ਰ. ਸੁਰਾਖ਼. ਖੁੱਡ। ੨. ਤੇੜ. ਦਰਾਰ। ੩. ਗੁਫਾ. ਕੰਦਰਾ.

ਵਿਵਰਜਨ: ਵਰਜਣਾ. ਰੋਕਣਾ. ਦੇਖੋ, ਬਿਬਰਜਨ.

ਵਿਵਰਜਿਤ: ਦੇਖੋ, ਬਿਬਰਜਿਤ.

ਵਿਵਰਤ: ਸੰ. विवर्त्त. ਸੰਗਯਾ- ਨ੍ਰਿਤ੍ਯ. ਨਾਚ। ੨. ਸਮੁਦਾਯ. ਸਮੂਹ. ਗਰੋਹ। ੩. ਹਟਣਾ. ਮੁੜਨਾ। ੪. ਵੇਦਾਂਤਮਤ ਅਨੁਸਾਰ ਕਾਰਣ ਦ੍ਵਾਰਾ ਦੂਜੇ ਸ੍ਵਰੂਪ ਵਿੱਚ ਉਪਜਿਆ ਕਾਰਯ. ਆਪਣੇ ਸ੍ਵਰੂਪ ਨੂੰ ਨਾ ਛੱਡਕੇ ਦੂਸਰੀ ਸ਼ਕਲ ਦਾ ਭਾਸ਼ਣਾ. ਜੈਸੇ- ਸਿੱਪੀ ਤੋਂ ਚਾਂਦੀ, ਰੱਸੀ ਤੋਂ ਸੱਪ ਅਤੇ ਬ੍ਰਹਮ ਤੋਂ ਜਗਤ.

ਵਿਵਰਤਵਾਦ: ਵਿਵਰਤ ਸਿੱਧਾਂਤ ਦਾ ਵਰਣਨ. ਦੇਖੋ, ਵਿਵਰਤ ੪.

ਵਿਵਾਹ: ਸੰ. ਵਿ- ਵਹ. ਲੈ- ਜਾਣ ਦੀ ਕ੍ਰਿਯਾ. ਇਸਤ੍ਰੀ ਨੂੰ ਪਿਤਾ ਦੇ ਘਰੋਂ ਆਪਣੇ ਘਰ ਲੈ ਜਾਣ ਦੀ ਕ੍ਰਿਯਾ. ਉਦਵਾਹ. ਸ਼ਾਦੀ. ਆਨੰਦ. ਨਿਕਾਹ. ਪਾਣਿਗ੍ਰਹਣ. ਦਾਰਪਰਿਗ੍ਰਹ. ਮਨੁ ਆਦਿ ਰਿਖੀਆਂ ਨੇ ਅੱਠ ਪ੍ਰਕਾਰ ਦਾ ਵਿਵਾਹ ਲਿਖਿਆ ਹੈ।[1177]

੧. ਬ੍ਰਾਹ੍ਮ- ਵਰ ਨੂੰ ਘਰ ਬੁਲਾਕੇ ਭੂਖਣ ਵਸਤ੍ਰ ਸਹਿਤ ਕਨ੍ਯਾ ਦੇਣੀ.

੨. ਦੈਵ- ਯਗ੍ਯ ਕਰਾਉਣ ਵਾਲੇ ਰਿਤ੍ਵਿਜ ਨੂੰ ਕਨ੍ਯਾ ਦਾਨ ਕਰਨੀ.

੩. ਆਰ੍ਸ਼- ਵਰ ਤੋਂ ਕੋ ਬੈਲ ਲੈਕੇ ਉਨ੍ਹਾਂ ਦੇ ਬਦਲੇ ਕਨ੍ਯਾ ਦੇਣੀ.

੪. ਪ੍ਰਾਜਾਪਤ੍ਯ- ਲਾੜੀ ਅਤੇ ਲਾੜਾ ਸੰਤਾਨ ਉਤਪੱਤੀ ਲਈ ਪਰਸਪਰ ਸੰਮਤੀ ਨਾਲ ਜੋ ਸ਼ਾਦੀ ਕਰਨ.[1178]

੫. ਆਸੁਰ- ਧਨ ਲੈਕੇ ਕਨ੍ਯਾ ਦੇਣੀ.

੬. ਗਾਂਧਰਵ- ਸ਼ਾਦੀ ਤੋਂ ਪਹਿਲਾਂ ਵਰ ਅਤੇ ਕਨ੍ਯਾ ਦੀ ਆਪੋਵਿੱਚੀ ਪ੍ਰੀਤਿ ਹੋਣ ਪੁਰ ਵਿਵਾਹ.

੭. ਰਾਕ੍ਸ਼ਸ- ਜੰਗ ਵਿੱਚ ਜਿੱਤਕੇ ਕਨ੍ਯਾ ਲੈ ਜਾਣੀ.

---

[1177] ਦੇਖੋ, ਮਨੁ ਅਃ ੩, ਸ਼ਃ ੨੧.

[1178] ਕਈ ਰਿਖੀਆਂ ਨੇ ਲਿਖਿਆ ਹੈ ਕਿ ਪਿਤਾ ਦੇ ਪੁਤ੍ਰ ਨਾ ਹੋਣ ਪੁਰ, ਜਵਾਈ ਨਾਲ ਇਹ ਵਚਨ ਕਰਕੇ ਕਿ ਜੋ ਮੇਰੀ ਪੁਤ੍ਰੀ ਦੇ ਬੇਟਾ ਜਨਮੇਗਾ ਉਹ ਮੈ ਮੁਤਬੰਨਾ ਕਰਾਂਗਾ, ਕੰਨ੍ਯਾ ਦਾ ਵਿਆਹ ਕਰਨਾ, "ਪ੍ਰਾਜਪਤ੍ਯ" ਹੈ.

੮. ਪੈਸ਼ਾਚ- ਜ਼ੁਲਮ ਨਾਲ ਹੋਂਦੀ ਕਨਜਾ ਖੋਹਕੇ ਲੈ ਜਾਣੀ.

ਵਿਵਾਹਿਤਾ: ਵਿ- ਵਿਆਹੀ ਹੋਈ. ਉਹ ਇਸਤ੍ਰੀ, ਜਿਸ ਦੀ ਧਰਮ ਅਨੁਸਾਰ ਸ਼ਾਦੀ ਹੋਈ ਹੈ.

ਵਿਵਾਦ: ਦੇਖੋ, ਬਿਬਾਦ.

ਵਿਵਾਦੀ: ਸੰ. विवादिन्. ਵਿ- ਝਗੜਾਲੂ। ੨. ਸੰਗਯਾ- ਸੰਗੀਤ ਅਨੁਸਾਰ ਉਹ ਸੁਰ, ਜੋ ਰਾਗ ਦੀ ਸ਼ਕਲ ਵਿਗਾੜ ਦੇਵੇ, ਅਥਵਾ ਜਿਸ ਦੇ ਲੱਗਣ ਤੋਂ ਦੂਜੇ ਰਾਗ ਦੀ ਝਲਕ ਪਵੇ. ਦੇਖੋ, ਬਿਬਾਦੀ ੨. ਅਤੇ ੩.

ਵਿਵਿਕ੍ਤ: ਸੰ. ਵਿ- ਵਿਵੇਕ ਸਹਿਤ. ਵਿਚਾਰ ਵਾਲਾ। ੨. ਨਿਰਣੇ ਕੀਤਾ ਹੋਇਆ। ੩. ਪਵਿਤ੍ਰ. ਸਾਫ। ੪. ਜੋ ਮਿਲਿਆ ਹੋਇਆ ਨਹੀਂ. ਅਸੰਯੁਕ੍ਤ. ੫. ਏਕਾਂਤ. ਨਿਰਜਨ.

ਵਿਵਿਧ: ਦੇਖੋ, ਬਿਬਿਧ.

ਵਿਵੇਕ: ਦੇਖੋ, ਬਿਬੇਕ.

ਵਿਵੇਕੀ: ਦੇਖੋ, ਬਿਬੇਕੀ.

ਵਿਵੇਚਨ: ਸੰ. ਸੰਗਯਾ- ਵਿਚਾਰਨਾ। ੨. ਜੁਦਾ ਜੁਦਾ ਕਰਕੇ ਦਿਖਾਉਣਾ। ੩. ਪਰੀਖ੍ਯਾ ਕਰਨਾ। ੪. ਫੈਸਲਾ ਕਰਨਾ.

ਵਿਵੇਚ੍ਯ: ਸੰ. ਵਿ- ਵਿਚਾਰ ਯੋਗ੍ਯ. ਨਿਰਣਯ ਕਰਨ ਲਾਇਕ.

ਵਿੱਵੇਕ: ਕਾਵ੍ਯ ਅਨੁਸਾਰ ਇੱਕ ਹਾਵ-

"ਰੂਪ ਪ੍ਰੇਮ ਕੇ ਗਰਵ ਤੇ ਕਪਟ ਅਨਾਦਰ ਹੋਯ।

ਤਹਿ" ਉਪਜਤ ਵਿੱਵੇਕ ਰਸ ਯਹ ਜਾਨੈ ਸਬਕੋਯ।।(ਰਸਿਕਪ੍ਰਿਯਾ)

ਵਿਵ੍ਰਿੱਤੋਕ੍ਤਿ: ਖੁਲ੍ਹਾ ਕਥਨ. ਕਾਵ੍ਯ ਅਨੁਸਾਰ ਇੱਕ ਅਰਥਾਲੰਕਾਰ. ਸ਼ਲੇਸ਼ ਅਰਥ ਬੋਧਕ ਪਦਾਂ ਨਾਲ ਕਿਸੇ ਦੇ ਗੁਪਤ ਕਰਮ ਨੂੰ ਪ੍ਰਗਟ ਕਰਨ ਦੀ ਰਚਨਾ "ਵਿਵ੍ਰਿੱਤੋਕ੍ਤਿ" ਅਲੰਕਾਰ ਹੈ.

ਵਚਨ ਸ਼ਲੇਸ਼ ਬਖਾਨਕੈ ਗੁਪਤ ਬਾਤ ਵਿਦਤਾਯ,

ਵਿਵ੍ਰਿਤ ਉਕਤਿ ਭੂਸ਼ਣ ਤਹਾਂ ਸਿੰਘਵ੍ਰਿਜੇਸ਼ ਬਤਾਯ.

ਉਦਾਹਰਣ-

ਤੂੰ ਸੁਣਿ ਹਰਣਾ ਕਾਲਿਆ! ਕੀ ਵਾੜੀਐ ਰਾਤਾ?

(ਆਸਾ ਛੰਤ ਮਃ ੧)

ਇੱਥੇ ਯੁਵਾ ਪੁਰਖ ਨੂੰ ਸਾਫ ਆਖਿਆ ਕਿ ਪਰਇਸਤ੍ਰੀ ਵਿੱਚ ਕਿਉਂ ਪ੍ਰੇਮੀ ਹੋਇਆ ਹੈਂ?

ਥਕੇ ਉਨੀਂਦੇ ਰਹਿਤਹੋ ਚਿੰਤਾ ਆਠੋਜਾਮ,

ਨਿਰਬਲਤਾ ਪ੍ਰਤਿਦਿਨ ਬਢੈ ਕ੍ਯੋਂਕਿ ਅਧਿਕ ਹੈ ਕਾਮ.

ਬਹੁਤਾ ਕੰਮ ਹੋਣ ਕਰਕੇ ਭੀ ਐਸੀ ਦਸ਼ਾ ਹੁੰਦੀ ਹੈ, ਪਰ ਇੱਥੇ ਕਾਮੀ ਨੂੰ ਸਪਸ਼੍ਟ ਜਤਾਇਆ ਕਿ ਕਾਮ ਦੀ ਅਧਿਕਤਾ ਕਾਰਣ ਤੇਰੀ ਇਹ ਦਸ਼ਾ ਹੈ.

(ਅ) ਜਿਸ ਅਵਸ਼੍ਯ ਹੋਣ ਵਾਲੀ ਬਾਤ ਨੂੰ ਕੋਈ ਅਣਹੋਣੀ ਮੰਨਦਾ ਹੈ, ਪਰ ਉਸ ਨੂੰ ਖੁਲ੍ਹੇ ਬਚਨਾ ਨਾਲ ਉਸ ਘਟਨਾ ਦਾ ਹੋਣਾ

ਜਰੂਰੀ ਦੱਸਿਆ ਜਾਵੇ, ਇਹ "ਵਿਵ੍ਰਿੱਤੋਕ੍ਤਿ" ਦਾ ਦੂਜਾ ਰੂਪ ਹੈ.

ਉਦਾਹਰਣ-

ਤੌ ਤਨ ਤਜਾਗਤ ਹੀ, ਸੁਨ ਰੇ ਜੜ੍ਹ!

ਪ੍ਰੇਤ ਬਖਾਨ ਤ੍ਰਿਯਾ ਭਜ ਜੈਹੈ,

ਪੁਤ੍ਰ ਕਲਿਤ੍ਰ ਸੁਮਿਤ੍ਰ ਸਖਾ ਇਹ

ਬੇਗ ਨਿਕਾਰਹੁ ਆਯਸ ਦੈਹੈ,

ਭੌਨ ਭੰਡਾਰ ਧਰਾ ਗੜ੍ਹ ਜਜੇਤਕ

ਛਾਡਤ ਪ੍ਰਾਨ ਬਿਗਾਨ ਕਹੈਹੈ,

ਚੇਤ ਰੇ ਚੇਤ ਅਚੇਤ ਮਹਾ ਪਸ਼ੁ!

ਅੰਤ ਕੀ ਬਾਰ ਅਕੇਲੋਈ ਜੈਹੈ. (੩੩ ਸਵੈਯੇ)

(ੲ) ਆਪਣੇ ਮਨ ਦਾ ਭਾਵ ਬਿਨਾ ਸ਼ੰਕਾ ਦੇ ਸਪਸ਼੍ਟ ਕਹਿਣਾ "ਵ੍ਰਿਵਿਤੋਕ੍ਤਿ" ਦਾ ਤੀਜਾ ਰੂਪ ਹੈ.

ਉਦਾਹਰਣ-

ਭੂਖੇ ਭਗਤਿ ਨ ਕੀਜੈ,

ਯਹ ਮਾਲਾ ਅਪਨੀ ਲੀਜੈ. ×××

ਮਾਧੋ! ਕੈਸੀ ਬਨੈ ਤੁਮ ਸੰਗੇ?

ਆਪਿ ਨ ਦੇਹੁ, ਤ ਲੇਵਉ ਮੰਗੇ, -

ਦੁਇ ਸੇਰ ਮਾਗਉ ਚੂਨਾ,

ਪਾਉ ਘੀਉ ਸੰਗਿ ਲੂਨਾ,

ਅਧ ਸੇਰੁ ਮਾਂਗਉ ਦਾਲੇ,

ਮੋਕਉ ਦੋਨਉ ਵਖਤ ਜਿਵਾਲੇ,

ਖਾਟ ਮਾਂਗਉ ਚਉਪਾਈ,

ਸਿਰਹਾਨਾ ਅਵਰ ਤੁਲਾਈ,

ਊਪਰ ਕਉ ਮਾਗਉ ਖੀਂਧਾ,

ਤੇਰੀ ਭਗਤਿ ਕਰੈ ਜਨ ਥੀਂਧਾ[1179] (ਸੋਰ ਕਬੀਰ)

ਵਿੜਕ: ਦੇਖੋ, ਬਿੜਕ। ੨. ਇੱਕ ਜੱਟ ਜਾਤਿ. ਇਹ ਵਿਰਕ ਤੋਂ ਜੁਦੀ ਹੈ.

ਵਿੜਤੇ: ਵੱਟ ਲਿੱਤੇ. "ਮੈ ਲਖ ਵਿੜਤੇ ਸਾਹਿਬਾ! ਜੇ ਬਿੰਦ ਬੋਲਾਈਆ!" (ਵਾਰ ਮਾਰੂ ੨. ਮਃ ੫)

---

[1179] ਦੇਖੋ, ਥੀਂਧਾ ਦਾ ਫੁਟਨੋਟ.

ਵਿੜਾ: ਦੇਖੋ, ਬਿੜਾ.

ਵਿੜਾਲ, ਵਿੜਾਲੀ: ਬਿਡਾਲ ਅਤੇ ਬਿਡਾਲੀ. ਬਿੱਲਾ ਬਿੱਲੀ.

ਵੀ: ਸੰਗਯਾ- ਵੀਜ (ਬੀਜ) ਦਾ ਸੰਖੇਪ. ਤੁਖ਼ਮ। ੨. ਵਯ- ਪੰਜਾਬੀ ਵਿੱਚ "ਭੀ" (ਅਪਿ) ਦੀ ਥਾਂ ਭੀ "ਵੀ" ਸ਼ਬਦ ਆਉਂਦਾ ਹੈ। ੩. ਕਾ. ਕੀ. ਦਾ. ਦੀ. ਦੇ ਥਾਂ ਭੀ ਵੀ ਸ਼ਬਦ ਵਰਤੀਦਾ ਹੈ. ਦੇਖੋ, ਦਰਵੇਸਾਵੀ। ੪. ਸੰ. ਵੀ. ਧਾ- ਜਾਣਾ, ਘੇਰਨਾ, ਭੇਜਣਾ, ਫੈਂਕਣਾ, ਇੱਛਾ ਕਰਨਾ, ਖਾਣਾ, ਗਰਭ ਧਾਰਨ ਕਰਨਾ। ੫. ਸੰਗਯਾ- ਪ੍ਰਕਾਸ਼.

ਵੀਉ: ਸੰਗਯਾ- ਬੀਜ. ਤੁਖ਼ਮ.

ਵੀਆਹ: ਦੇਖੋ, ਵਿਵਾਹ.

ਵੀਆਹਣ: ਕ੍ਰਿ- ਵਿਆਹ ਕਰਨਾ. ਵਿਵਾਹਨਾ.

ਵੀਆਹਣਿ: ਵਿਆਹੁਣ ਲਈ. "ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ." (ਸੂਹੀ ਛੰਤ ਮਃ ੪)

ਵੀਆਹਣੁ: ਦੇਖੋ, ਵੀਆਹਣ.

ਵੀਆਹੁ: ਦੇਖੋ, ਵਿਵਾਹ. "ਲੈ ਭਾੜਿ ਕਰੇ ਵੀਆਹੁ." (ਵਾਰ ਆਸਾ) "ਗੁਰੂਦੁਆਰੈ ਹਮਰਾ ਵੀਆਹੁ ਜਿ ਹੋਆ." (ਆਸਾ ਮਃ ੧)

ਵੀਸਰਣਾ: ਕ੍ਰਿ- ਵਿਸਮਰਣ ਹੋਣਾ. ਭੁੱਲ ਜਾਣਾ. "ਰਾਮ ਰਾਮ ਵੀਸਰਿ ਨਹੀ ਜਾਇ." (ਗੌਂਡ ਮਃ ੫) "ਮਤੁ ਦੇਖਿ ਭੂਲਾ, ਵੀਸਰੈ ਤੇਰਾ ਚਿਤਿ ਨ ਆਵੈ ਨਾਉ." (ਸ੍ਰੀ ਮਃ ੧)

ਵੀਹ: ਵਿ- ਵਿਸ਼ੰਤਿ. ਬੀਸ. ਵੀਹ. "ਗਲੀਂ ਸੁ ਸਜਣ ਵੀਹ." (ਸ. ਫਰੀਦ) ਬਾਤਾਂ ਨਾਲ ਬੀਸੋਂ (ਅਨੇਕ) ਦੋਸ੍ਤ ਹਨ.

ਵੀਹ ਵਿਸਵੇ: ਵਯ- ਯਕੀਨਨ. ਨਿਸ਼ਚੇ ਕਰਕੇ। ੨. ਪੂਰੇ ਤੌਰ ਪੁਰ. ਭਾਵ- ਜਿਸ ਤਰਾਂ ਵਿੱਘਾ ਵੀਹ. ਵਿਸਵੇ ਦਾ ਹੁੰਦਾ ਹੈ. ਦੇਖੋ, ਸੋਲਾਂ ਆਨੇ.

ਵੀਹੀ: ਸੰਗਯਾ- ਵੀਥੀ. ਗਲੀ। ੨. ਕੋੜੀ. ਵੀਹ (੨੦) ਦਾ ਸਮੁਦਾਯ.

ਵੀਕ੍ਸ਼: ਸੰ. ਸੰਗਯਾ- ਦ੍ਰਿਸ਼੍ਟਿ. ਨਜਰ. ਨਿਗਾਹ.

ਵੀਕ੍ਸ਼ਣ: ਦੇਖਣਾ. ਦੇਖੋ, ਵੇਖਣ.

ਵੀਗਾ, ਵੀਂਗਾ: ਵਿ- ਵਿੰਗਾ. ਟੇਢਾ. "ਵਾਟ ਨ ਪਾਵਉ, ਵੀਗਾ ਜਾਉ." (ਆਸਾ ਮਃ ੧)

ਵੀਚ: ਦੇਖੋ, ਬੀਚ.

ਵੀਚਾਰ: ਦੇਖੋ, ਬਿਚਾਰ.

ਵੀਚਾਰਿ: ਵਿਚਾਰ ਕਰਕੇ. ਵਿਵੇਕ ਦ੍ਵਾਰਾ. "ਵੀਚਾਰਿ ਮਾਰੈ, ਤਰੈ ਤਰੈ." (ਧਨਾ ਛੰਤ ਮਃ ੧) ੨. ਵਿਸਾਰ ਵਿਚ. "ਜੋਰੁ ਨ ਸੁਰਤੀ ਗਿਆਨਿ ਵੀਰਾਹਿ." (ਜਪੁ)

ਵੀਚਾਰੁ: ਦੇਖੋ, ਬਿਚਾਰ. "ਗਾਵੈ ਕੋ ਵਿਦਿਆ ਵਿਖਮੁ ਵੀਚਾਰੁ." (ਜਪੁ)

ਵੀਚਿ, ਵੀਚੀ: ਸੰ. ਸੰਗਯਾ- ਤਰੰਗ. ਲਹਰ. ਮੌਜ. ਦੇਖੋ, ਬੀਚੀ.

ਵੀਚੀਮਾਲੀ: ਸੰ. वीचिमालिन्. ਸੰਗਯਾ- ਤਰੰਗਾਂ ਦੀ ਮਾਲਾ ਵਾਲਾ, ਸਮੁੰਦਰ.

ਵੀਛੜਿ: ਵਿਛੁੜਕੇ. "ਨਾ ਵੀਛੜਿ ਦੁਖ ਪਾਇਦਾ." (ਮਾਰੂ ਸੋਲਹੇ ਮਃ ੧)

ਵੀਛੁੜਨਾ: ਕ੍ਰਿ- ਵਿੱਛਿੰਨ ਹੋਣਾ. ਜੁਦਾ ਹੋਣਾ ਵਿਯੋਗ ਸਹਿਤ ਹੋਣਾ. "ਸਰਪਰ ਵੀਛੁੜਨਾ. ਮੋਹੇ ਪਛਤਾਣੇ ਰਾਮ." (ਬਿਹਾ ਛੰਤ ਮਃ ੫)

ਵੀਛੁੜਿ: ਕ੍ਰਿ. ਵਿ- ਵਿਛੁੜਕੇ. ਅਲਗ ਹੋਕੇ. "ਸੋਝੀ ਨਾ ਪਵੈ, ਵੀਛੁੜਿ ਚੋਟਾ ਖਾਇ." (ਸ੍ਰੀ ਮਃ ੧)

ਵੀਜ: ਸੰ. ਸੰਗਯਾ- ਕਾਰਣ. ਸਬਬ। ੨. ਸ਼ੁਕ੍ਰ. ਵੀਰਯ. ਮਨੀ। ੩. ਅੰਕੁਰ ਦੇਣ ਵਾਲਾ ਦਾਣਾ ਤੁਖ਼ਮ। ੪. ਦੇਖੋ, ਵੀਜਨ.

ਵੀਜਣਾ: ਵੀਜ ਪਾਉਣਾ. ਤੁਖ਼ਮਰੇਜ਼ੀ ਕਰਨੀ.

ਵੀਜਨ: ਸੰ. ਸੰਗਯਾ- ਪੰਖਾ. (ਸੰ. ਵੀਜ੍. ਧਾ- ਪੰਖਾ ਕਰਨਾ). ੨. ਚੌਰ। ੩. ਦੇਖੋ, ਬੀਜਣਾ.

ਵੀਟਣਾ: ਡੋਲ੍ਹਣਾ. ਦੇਖੋ, ਬੀਟਨਾ.

ਵੀਟਾ: ਸੰ. ਸੰਗਯਾ- ਲੱਕੜ ਦੀ ਗੁੱਲੀ, ਜਿਸ ਨੂੰ ਬਾਲਕ ਡੰਡੇ ਨਾਲ ਖੇਡਦੇ ਹਨ.

ਵੀਟਿਕਾ: ਸੰ. ਸੰਗਯਾ- ਪਾਨਾਂ ਦੀ ਬੀੜੀ. ਚੂਨਾ ਕੱਥ ਆਦਿ ਲਾਕੇ ਬਣਾਈ ਹੋਈ ਪਾਨ ਦੀ ਪੁੜੀ.

ਵੀਟੀ: ਦੇਖੋ, ਬੀਟੀ ਅਤੇ ਵੀਟਿਕਾ.

ਵੀਠਲ, ਵੀਠਲੁ, ਵੀਠੁਲ: ਦੇਖੋ, ਬੀਠਲ.

ਵੀਣਾ: ਦੇਖੋ, ਬੀਣਾ ੨। ੨. ਤਾਰ ਦਾ ਵਾਜਾ, ਜਿਸ ਦੀਆਂ ਅਨੇਕ ਸ਼ਕਲਾਂ ਹੁੰਦੀਆਂ ਹਨ. ਵਿਸ਼ੇਸ਼ ਕਰਕੇ ਵੀਣਾ ਤੂੰਬੇ ਅਤੇ ਪੋਲੇ ਕਾਨ ਦੀ ਡੰਡੀ ਨਾਲ ਬਣਾਈ ਜਾਂਦੀ ਹੈ. ਡੰਡੀ ਪੁਰ ਸੁਰਾਂ ਦੇ ਭੇਦ ਕਰਨ ਲਈ ਸੁੰਦਰੀਆਂ ਲਗੀਆਂ ਰਹਿੰਦੀਆਂ ਹਨ. ਸੰਗੀਤ ਵਿੱਚ ਇਸ ਦੇ ਛੀ ਭੇਦ ਲਿਖੇ ਹਨ-

(ੳ) ਨਕਲੀ- ਦੋਤਾਰ ਦੀ. ਦੁਤਾਰਾ.

(ਅ) ਤ੍ਰਿਤੰਤ੍ਰਿ- ਤਿੰਨ ਤਾਰ ਦੀ. ਸਿਤਾਰ.

(ੲ) ਰਾਜਧਾਨੀ- ਚਾਰ ਤਾਰ ਦੀ. ਤੰਬੂਰਾ.

(ਸ) ਵਿਪੰਚੀ- ਪੰਜ ਤਾਰ ਦੀ. ਮਧਜਮ ਆਦਿ.

(ਹ) ਸਾਰੰਗੀ- ਛੀ ਤਾਰ ਦੀ.

(ਕ) ਪਰਿਵਾਦਿਨੀ- ਸੱਤ ਤਾਰ ਦੀ. ਇਸ ਪਿਛਲੇ ਭੇਦ ਦੀ ਵਾਣੀ ਦੇ ਤਿੰਨ ਤਾਰ ਲੋਹੇ ਦੇ ਅਤੇ ਚਾਰ ਤਾਰ ਪਿੱਤਲ ਦੇ ਹੁੰਦੇ ਹਨ. ਡੰਡੀ ਦੇ ਦੋਹਾਂ ਸਿਰਿਆਂ ਤੇ ਵਡੇ ਤੂੰਬੇ ਹੋਇਆ ਕਰਦੇ ਹਨ. ਸਰਸ੍ਵਤੀ ਅਤੇ ਨਾਰਦ ਆਦਿਕ ਇਹੀ ਵੀਣਾ ਵਰਤਦੇ ਹਨ ਅਰ ਉਨ੍ਹਾਂ ਦੀ ਵੀਣਾ ਦੇ ਭਿੰਨ ਭਿੰਨ ਨਾਮ ਹਨ- ਮਹਾਦੇਵ ਦੀ ਵੀਣਾ ਲੰਬੀ. ਸਰਸ੍ਵਤੀ ਦੀ ਕੱਛਪੀ. ਨਾਰਦ ਦੀ ਮਹਤੀ, ਤੰਬਰੁ ਦੀ ਕਲਾਵਤੀ। ੩. ਬਿਜਲੀ. ਵਿਦ੍ਯੁਤ.

ਵੀਣਾਪਾਣਿ, ਵੀਣਾਵਤੀ: ਸੰ. ਸੰਗਯਾ- ਵੀਣਾ ਹੈ ਜਿਸ ਦੇ ਹੱਥ ਸਰਸ੍ਵਤੀ. ਦੇਖੋ, ਵੀਣਾ (ਕ).

ਵੀਣੀ: ਵੀਣਾ ਦੇ ਡੰਡੇ ਵਾਙਰ ਚੂੜੀਆਂ ਨਾਲ ਭੂਸ਼ਿਤ ਇਸਤ੍ਰੀ ਦੀ ਬਾਂਹ.

ਵੀਤ: ਸੰ. ਵਿ- ਗੁਜ਼ਰਿਆ. ਲੰਘਿਆ। ੨. ਛਿਪਿਆ ਗੁਪਤ। ੩. ਚਾਹਿਆ ਹੋਇਆ। ੪. ਸੰਗਯਾ- ਇੱਛਾ. ਚਾਹ

ਵੀਤਰਾਗ: ਵਿ- ਜਿਸ ਦਾ ਪਦਾਰਥਾਂ ਨਾਲੋਂ ਰਾਗ (ਪ੍ਰੇਮ) ਹਟ ਗਿਆ ਹੈ, ਵਿਰਕ੍ਤ। ੨. ਸੰਗਯਾ- ਮਹਾਤਮਾ ਬੁੱਧ. ਸ਼ਾਕ੍ਯਮੁਨਿ.

ਵੀਤਿ: ਸੰ. ਸੰਗਯਾ- ਗਤਿ. ਚਾਲ। ੨. ਚਮਕ. ਪ੍ਰਭਾ। ੩. ਯਗ੍ਯ. ਜੱਗ. ੪. ਘੋੜਾ.

ਵੀਥਰ: ਵਿਸ੍ਤਾਰ. ਫੈਲਾਉ.

ਵੀਥਰੈ: ਵਿਸ੍ਤ੍ਰਿਤ ਕਰਦਾ ਹੈ. ਫੈਲਾਉਂਦਾ ਹੈ, "ਗੁਣਵੰਤੀ ਗੁਣ ਵੀਥਰੈ." (ਸ੍ਰੀ ਅਃ ਮਃ ੧)

ਵੀਥਿ, ਵੀਥਿਕਾ, ਵੀਥੀ: ਗਲੀ. ਬੀਹੀ. ਸੜਕ. ਦੇਖੋ, ਬੀਚਿ.

ਵੀਪਸਾ: ਸੰ. वीप्सा. ਸੰਗ੍ਯਾ- ਵ੍ਯਾਪ੍ਤਿ. ਫੈਲਣਾ। ੨. ਬਹੁਤ ਇੱਛਾ। ੩. ਇੱਕ ਸ਼ਬਦਾਲੰਕਾਰ. ਇਸ ਦਾ ਲੱਛਣ ਹੈ ਕਿ ਕ੍ਰੋਧ ਸ਼ੋਕ ਆਨੰਦ ਆਦਿ ਦੇ ਅਸਰ ਨਾਲ ਵਾਕ੍ਯਰਚਨਾ ਵਿੱਚ ਇੱਕ ਪਦ ਨੂੰ ਅਨੇਕ ਵਾਰ ਉਸੇ ਅਰਥ ਦੀ ਪੁਸ਼੍ਟੀ ਲਈ ਵਰਤਣਾ. ਇਹ ਅਲੰਕਾਰ ਪੁਨਰੁਕ੍ਤਿ ਦੋਸ਼ ਤੋਂ ਰਹਿਤ ਹੈ.

ਉਦਾਹਰਣ-

ਪੜਿ ਪੜਿ ਗਡੀ ਲਦੀਅਹਿ,

ਪੜਿ ਪੜਿ ਭਰੀਅਹਿ ਸਾਥ. (ਵਾਰ ਆਸਾ)

ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ.

(ਕਾਨ ਪੜਤਾਲ ਮਃ ੪)

ਬੀਨ ਬੀਨ ਬਰੈਂ ਬਰੰਗਨ ਡਾਰ ਡਾਰ ਫੁਲੇਲ.

(ਚੰਡੀ ੨)

ਵੀਭਤਸ: ਦੇਖੋ, ਬੀਭਤਸ.

ਵੀਰ: ਸੰ. वीर. ਧਾ- ਪਰਾਕ੍ਰਮੀ ਹੋਣਾ, ਸ਼ੂਰਤ੍ਵ ਕਰਨਾ। ੨. ਸੰਗ੍ਯਾ- ਮਿਰਚ। ੩. ਕਮਲ ਦੀ ਜੜ। ੪. ਖਸ. ਉਸ਼ੀਰ। ੫. ਪਤਿ. ਭਰਤਾ। ੬. ਪੁਤ੍ਰ। ੭. ਕਾਵ੍ਯ ਦੇ ਨੌ ਰਸਾਂ ਵਿੱਚੋਂ ਇੱਕ ਰਸ. ਕਵੀਆਂ ਨੇ ਵੀਰ ਰਸ ਦੇ ਚਾਰ ਭੇਦ ਕਲਪੇ ਹਨ-

(ੳ) ਯੁੱਧਵੀਰ- "ਜਬੈ ਬਾਣ ਲਾਗ੍ਯੋ। ਤਬੈ ਰੋਸ ਜਾਗ੍ਯੋ। ਕਰੰ ਲੈ ਕਮਾਣੰ। ਹਣੇ ਬਾਣ ਤਾਣੰ। ਸਭੈ ਬੀਰ ਧਾਏ। ਸਰੋਘੰ ਚਲਾਏ। ਤਬੈ ਤਾਕ ਬਾਣੰ। ਹਣ੍ਯੋ ਏਕ ਜਾਣੰ। ਹਰੀਚੰਦ ਮਾਰੇ। ਸੁ ਜੋਧਾ ਲਤਾਰੇ।। (ਵਿਚਿਤ੍ਰ)

(ਅ) ਦਯਾਵੀਰ- "ਜਿਤੇ ਸਰਨਿ ਜੈਹੈਂ। ਤਿਤਯੋ ਰਾਥ ਲੈਹੈਂ ॥ (ਵਿਚਿਤ੍ਰ)

"ਠਾਕੁਰ ਤੁਮ੍ ਸਰਣਾਈ ਆਇਆ, ×××

ਦੁਖ ਨਾਠੇ ਸੁਖ ਸਹਜਿ ਸਮਾਏ,

ਅਨਦ ਅਨਦ ਗੁਣ ਗਾਇਆ,

ਬਾਂਹ ਪਕਰਿ ਕਢਿਲੀਨੇ ਅਪੁਨੇ,

ਗ੍ਰਿਹਿ ਅੰਧਕੂਪ ਤੇ ਮਾਇਆ,

ਕਹੁ ਨਾਨਕ ਗੁਰਿ ਬੰਧਨ ਕਾਟੇ

ਬਿਛੁਰਤ ਆਨਿ ਮਿਲਾਇਆ." (ਸਾਰ ਮਃ ੫)

(ੲ) ਦਾਨਵੀਰ- "ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ। ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ." (ਬਾਵਨ)

ਦੀਨਦਯਾਲੂ ਦਯਾਨਿਧਿ ਦੋਖਨ

ਦੇਖਤ ਹੈ, ਪਰ ਦੇਤ ਨ ਹਾਰੈ." ×××

"ਰੋਜ਼ ਹੀ ਰਾਜ਼ ਬਿਲੋਕਤ ਰਾਜ਼ਿਕ,

ਰੋਖ ਰੂਹਾਨ ਕੀ ਰੋਜ਼ੀ ਨ ਟਾਰੈ." (ਅਕਾਲ)

(ਸ) ਧਰਮਵੀਰ- "ਸਾਧਨ ਹੇਤ ਇਤੀ ਜਿਨ ਕਰੀ। ਸੀਸ ਦੀਆ ਪਰ ਸੀ ਨ ਉਚਰੀ। ਧਰਮ ਹੇਤ ਸਾਕਾ ਜਿਨ ਕੀਆ। ਸੀਸ ਦੀਆ ਪਰ ਸਿਰਰੁ ਨ ਦੀਆ॥ (ਵਿਚਿਤ੍ਰ) ੮. ਦੇਵਤਿਆਂ ਦੇ ਗਣ। ੯. ਵ੍ਰਿਹਸਪਤਿਵਾਰ. "ਵੀਰਵਾਰਿ ਵੀਰ ਭਰਮ ਭੁਲਾਏ." (ਬਿਲਾ ਮਃ ੩. ਵਾਰ ੭) ੧੦. ਬਹਾਦੁਰ. ਯੋਧਾ. ਸੂਰਤ੍ਵ ਵਾਲਾ। ੧੧. ਪੰਜਾਬੀ ਵਿੱਚ ਵੀਰ ਦਾ ਅਰਥ ਭਾਈ ਭੀ ਹੈ। ੧੨. ਦੇਖੋ, ਬੀਰ.

ਵੀਰਹਾ: ਦੇਖੋ, ਬੀਰਹਾ.

ਵੀਰਜ: ਦੇਖੋ, ਵੀਰਯ.

ਵੀਰਣ: ਸੰ. ਸੰਗਯਾ- ਕੁਸ਼. ਕੁਸ਼ਾ. ਦੱਭ। ੨. ਖਸ.

ਵੀਰਤਾ, ਵੀਰਤ੍ਵ: ਸੂਰਮਤਾਈ. ਦੇਖੋ, ਬੀਰਤਾ ਅਤੇ ਬੀਰਤ੍ਵ.

ਵੀਰਭਦ੍ਰ: ਸ਼ਿਵ ਦਾ ਇੱਕ ਘੋਰ ਗਣ, ਜੋ ਰੁਦ੍ਰ ਦੇ ਮੂੰਹ ਵਿੱਚੋਂ ਪੈਦਾ ਹੋਇਆ ਦੱਸਿਆ ਜਾਂਦਾ ਹੈ.[1180] ਵਾਯੁਪੁਰਾਣ ਵਿੱਚ ਇਸ ਦੇ ਰੂਪ ਦੀ ਬਾਬਤ ਇਉਂ ਲਿਖਿਆ ਹੈ- "ਹਜ਼ਾਰ ਸਿਰ ਵਾਲਾ, ੨੦੦੦ ਅੱਖਾਂ ਵਾਲਾ, ੨੦੦੦ ਬਾਹਾਂ ਵਾਲਾ, ੨੦੦੦ ਪੈਰਾਂ ਵਾਲਾ, ੧੦੦੦ ਗਦਾ ਅਤੇ ੧੦੦੦ ਧਨੁਖਾਂ ਵਾਲਾ ਹੈ. ਇਸ ਦੇ ਮੱਥੇ ਤੇ ਚੰਦ੍ਰਮਾ ਹੈ, ਸ਼ੇਰ ਦੀ ਖੱਲ ਵਿੱਚ, ਜਿਸ ਵਿੱਚੋਂ ਲਹੂ ਟਪਕਦਾ ਹੈ, ਲਿਪਟਿਆ ਹੋਇਆ ਹੈ. ਇਸ ਦਾ ਵੱਡਾ ਢਿੱਡ, ਵਡਾ ਮੂੰਹ ਅਤੇ ਵਡੇ ਵਡੇ ਦੰਦ ਹਨ."

ਇਸ ਨੂੰ ਉਤਪੰਨ ਕਰਨ ਦਾ ਮਤਲਬ ਦਕ੍ਸ਼ ਦਾ ਯਗਜ ਵਿਗਾੜਨਾ ਅਤੇ ਯੱਗ ਪੁਰ ਇਕੱਠੇ ਹੋਏ ਦੇਵਤਿਆਂ ਨੂੰ ਦੰਢ ਦੇਣਾ ਸੀ. ਮਹਾਰਾਸ਼ਟ੍ਰ ਦੇਸ਼ ਵਿੱਚ ਇਸ ਦੀ ਬਹੁਤ ਉਪਾਸਨਾ ਹੁੰਦੀ ਹੈ ਅਤੇ ਐਲੀਫੈਂਟਾ Elephanta ਅਤੇ ਏਲੋਰਾ Ellora ਦੀਆਂ ਕੰਦਰਾ ਵਿੱਚ ਇਸ ਦੇ ਬੁਤ ਹਨ, ਜਿਨ੍ਹਾਂ ਦੇ ਅਨੁਸਾਰ ਇਸ ਨੂੰ ਅੱਠਾਂ ਬਾਹਾਂ ਵਾਲਾ ਦੇਖਿਆ ਜਾਂਦਾ ਹੈ. ਦੇਖੋ, ਬੀਰਭਦ੍ਰ। ੨. ਅਸ਼੍ਵਮੇਧ ਯਗਜ ਦਾ ਘੋੜਾ.

ਵੀਰਮਣਿ: ਸੰਗਯਾ- ਸ਼੍ਰੀਗੁਰੂ ਗੋਬਿੰਦਸਿੰਘ ਸਾਹਿਬ.

ਵੀਰਯ: ਵੀਯੰਜ. ਸੰਗਯਾ- ਸ਼ਰੀਰ ਦਾ ਸਾਰਰੂਪ ਧਾਤੁ. ਸ਼ੁਕ੍ਰ. ਮਣਿ. ਮਨੀ। ੨. ਬਲ. ਪਰਾਕ੍ਰਮ। ੩. ਤੇਜ. ਪ੍ਰਕਾਸ਼.

ਵੀਰਵਾਰ: ਵ੍ਰਿਹਸਪਤਿਵਾਰ. ਦੇਖੋ, ਵੀਰ ੯

ਵੀਰਾ: ਸੰਬੋਧਨ. ਹੇ ਵੀਰ! ੨. ਸੰਗਯਾ- ਪਤਿ ਅਤੇ ਪੁਤ੍ਰ ਵਾਲੀ ਇਸਤ੍ਰੀ। ੩. ਦਾਖ। ੪. ਮਘਪਿੱਪਲੀ। ੪. ਸ਼ੀਸ਼ਮ. ਟਾਲ੍ਹੀ.

ਵੀਰਾਸਨ: ਦੇਖੋ, ਬੀਰਾਸਨ.

ਵੀਰਾਂਤਕ: ਵਿ- ਯੋਧਾ ਦਾ ਅੰਤ ਕਰਨ ਵਾਲਾ. ਬਹਾਦੁਰ ਨੂੰ ਮਾਰਨ ਵਾਲਾ। ੨. ਸੰਗਯਾ- ਤੀਰ (ਸਨਾਮਾ)

ਵੀਰਾਨ: ਦੇਖੋ, ਵਿਰਾਨ। ੨. ਵੀਰਾਂ (ਯੋਧਿਆਂ) ਨੂੰ.

ਵੀਰਾਰਾਧਨ: ਵੀਰ ਦੇਵਤਿਆਂ ਦਾ ਆਰਾਧਨ। ੨. ਬਵੰਜਾ ਵੀਰਾਂ ਦਾ ਸੇਵਨ. "ਵੀਰਾਰਾਧਨ ਜੋਗਨੀ." (ਭਾਗੁ)

---

[1180] ਕ੍ਰੋਧ ਵਿੱਚ ਆਕੇ ਆਪਣੇ ਸਿਰ ਦੀ ਜਟਾ ਪੁੱਟਣ ਤੋਂ ਸ਼ਿਵ ਨੇ ਵੀਰਭਦ੍ਰ ਪੈਦਾ ਕੀਤਾ. ਐਸਾ ਭੀ ਲੇਖ ਹੈ.

ਵੀਰੇਸ਼: ਸਾਰੇ ਵੀਰ (ਬਹਾਦੁਰਾਂ) ਦੇ ਸ੍ਵਾਮੀ ਸ਼੍ਰੀ ਗੁਰੂ ਗੋਬਿੰਦਸਿੰਘ ਜੀ. ਵੀਰੇਸ਼੍ਵਰ.

ਵੀਰੋ ਬੀਬੀ: ਦੇਖੋ, ਬੀਰੋ ਬੀਬੀ.

ਵੀਵਾਹ, ਵੀਵਾਹੁ: ਵਿਆਹ. ਦੇਖੋ, ਵਿਵਾਹ. "ਵੀਵਾਹੁ ਹੋਆ ਸੋਭ ਸੇਤੀ." (ਸੂਹੀ ਛੰਤ ਮਃ ੧) ੨. ਸੰਬੰਧ. ਮੇਲ। ੩. ਲੈਜਾਣ (ਢੋਣ) ਦੀ ਕ੍ਰਿਯਾ.

ਵੁਸਅਤ, ਵੁਸਅ਼ਤ, ਵੁਸਤ: ਅ਼. وسعت ਸੰਗਯਾ- ਖੁਲ੍ਹ. ਧਨ ਸੰਪਦਾ ਦੀ ਬਹੁਤਾਤ। ੨. ਮਾਲਦਾਰੀ। ੩. ਪਹੁਚ. ਸਮਰਥ.

ਵੁਕੂਅ, ਵੁਕੂਅ਼: ਅ਼. وقوع ਸੰਗਯਾ- ਕ਼ਾਇਮ ਹੋਣ ਦਾ ਭਾਵ। ੨. ਕਿਸੇ ਘਟਨਾ ਦਾ ਹੋਣਾ.

ਵੁਕੂਫ਼: ਦੇਖੋ, ਵਕੂਫ਼.

ਵੁਠਣਾ: ਕ੍ਰਿ- ਵਸਣਾ. ਆਬਾਦ ਹੋਣਾ. "ਵੁਠਾ ਘੁਘਿ ਗਿਰਾਉ ਜੀਉ." (ਸ੍ਰੀ ਮਃ ੫. ਪੈਪਾਇ) "ਸਭ ਸੁਖਾਲੀ ਵੁਠੀਆ." (ਸ੍ਰੀ ਮਃ ੫. ਪੈਪਾਇ) "ਸੋ ਰਿਦਾ ਸੁਹੇਲਾ, ਜਿਤ ਰਿਦੈ ਤੂੰ ਵੁਠਾ." (ਮਾਝ ਮਃ ੫) ੨. ਵ੍ਰਿਸ਼੍ਰਿ (वृष्टि) ਦਾ ਹੋਣਾ. ਵਰਸਣਾ. ਵਰ੍ਹਣਾ. "ਮੀਹੁ ਵੁਠਾ ਸਹਜਿਸੁਭਾਇ." (ਵਾਰ ਗਉ ੨. ਮਃ ੫) "ਵੁਠੈ ਅੰਨੁ ਕਮਾਦੁ ਕਪਾਹਾ." (ਮਃ ੧. ਵਾਰ ਮਾਝ)

ਵੁਠਿ: ਸੰਗਯਾ- ਵਿਸ਼੍ਰ. ਵਰਖਾ.

ਵੁਠੈ: ਵਿਸ਼੍ਰਿ ਹੋਣ ਕਰਕੇ. ਵਰ੍ਹਣ ਤੋਂ, . ਦੇਖੋ, ਵੁਠਣਾ ੨.

ਵੁਣਨਾ, ਵੁਣਾਉਣਾ: ਦੇਖੋ, ਬੁਣਨਾ ਅਤੇ ਬੁਣਾਉਣਾ. "ਵੇਲਿ ਪਿਵਾਇਆ, ਕਤਿ ਵੁਣਾਇਆ." (ਮਃ ੧. ਵਾਰ ਰਾਮ ੧)

ਵੁੜਨਾ: ਕ੍ਰਿ- ਵਗਣਾ. ਵਹਿਣਾ। ੨. ਚੇਸ਼੍ਟਾ ਕਰਨਾ. ਚਲਣਾ. "ਸਭਨਾ ਲਿਖਿਆ ਵੁੜੀ ਕਲਾਮ." (ਜਪੁ) "ਜੈਸੀ ਕਲਮ ਵੁੜੀ ਹੈ ਮਸਤਕਿ. ਤੈਸੀ ਜੀਅੜੇ ਪਾਸਿ." (ਸ਼੍ਰੀ ਮਃ ੫. ਪਹਰੇ)

ਵੂਠਾ: ਵਸਿਆ. "ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ." (ਵਡ ਮਃ ੫) ੨. ਵਰਸਿਆ. ਵਰ੍ਹਿਆ ਦੇਖੋ, ਵੁਠਣਾ. "ਵੂਠਾ ਸਰਬ ਥਾਈ ਮੇਹੁ." (ਸਾਰ ਮਃ ੫)

ਵੇ: ਸਰਵ- ਓਹ. ਵੈ. ਦੇਖੋ, ਵੈ. "ਮਾਰੇਹਿ ਸੁ ਵੇ ਜਨ ਹਉਮੈ ਬਿਖਿਆ." (ਸੂਹੀ ਛੰਤ ਮਃ ੪) ੨. ਵਯ- ਸੰਬੋਧਨ. ਹੇ![1181] "ਮੇਰੇ ਮਨ ਪਰਦੇਸੀ ਵੇ ਪਿਆਰੇ! ਆਉ ਘਰੇ." (ਆਸਾ ਛੰਤ ਮਃ ੪) ੩. ਬੇ. ਬਿਨਾ. ਬਗ਼ੈਰ. ਰਹਿਤ. "ਵੇਤਗਾ ਆਪੇ ਵਤੈ." (ਵਾਰ ਆਸਾ) "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ." (ਮਃ ੧. ਵਾਰ ਸੂਹੀ) ੪. ਉਪ- ਨੀਚ. ਮੰਦ. ਕੁ. "ਬਾਪੁ ਦਿਸੈ, ਵੇਜਾਤਿ ਨ ਹੋਇ." (ਬਿਲਾ ਮਃ ੧) ਜਿਸ ਦਾ ਬਾਪ ਪ੍ਰਤੱਖ ਹੈ, ਉਹ ਵਿਜਾਤਿ ਨਹੀਂ ਹੋ ਸਕਦਾ.

ਵੇਈ: ਸਰਵ- ਵਹੀ. ਓਹੀ.

ਵੇਈਂ: ਸੰ. वेणि- ਵੇਣਿ. ਜਲ ਦਾ ਸਮੁਦਾਯ. ਪ੍ਰਵਾਹ. ਨਦੀ। ੨. ਇੱਕ ਖਾਸ ਨਦੀ, ਜਿਸ ਦੇ ਦੋ ਭੇਦ ਹਨ. ਇੱਕ ਕਾਲੀ ਵੇਈਂ, ਦੂਜੀ ਚਿੱਟੀ ਵੇਈਂ.

ਕਾਲੀ ਵੇਈਂ, ਜਿਲਾ ਹੁਸ਼ਿਆਰਪੁਰ ਦੀ ਤਸੀਲ ਦਸੂਹਾ ਦੇ ਪਿੰਡ ਟੇਰਕਿਆਣੇ ਦੇ ਛੰਭ ਵਿੱਚੋਂ ਨਿਕਲਕੇ ਰਿਆਸਤ ਕਪੂਰਥਲੇ ਦੇ ਇਲਾਕੇ ਵਿੱਚਦੀਂ ਲੰਘਦੀ ਹੋਈ ਸੁਲਤਾਨਪੁਰ ਤੋਂ ਅੱਗੇ ਜਾਕੇ ਦਰਿਆ ਸਤਲੁਜ ਵਿੱਚ (ਹੀਰਕੇ ਪੱਤਨ ਤੋਂ ਦਸਕੁ ਮੀਲ ਉੱਪਰਲੇ ਪਾਸੇ) ਜਾ ਮਿਲਦੀ ਹੈ. ਸ਼੍ਰੀ ਗੁਰੂ ਨਾਨਕਦੇਵ ਜੀ ਸੁਲਤਾਨਪੁਰ ਨਿਵਾਸ ਕਰਦੇ ਹੋਏ ਇਸੇ ਨਦੀ ਵਿੱਚ ਸਨਾਨ ਕੀਤਾ ਕਰਦੇ ਸਨ. ਦੇਖੋ, ਸੰਤਘਾਟ.

---

[1181] ਇਹ ਖ਼ਾਸ ਕਰਕੇ ਇਸਤ੍ਰੀਆਂ, ਪੁਰਖਾਂ ਨੂੰ ਸੰਬੋਧਨ ਕਰਨ ਲਈ ਵਰਤਦੀਆਂ ਹਨ.

ਚਿੱਟੀ ਵੇਈਂ, ਜਿਲਾ ਹੁਸ਼ਿਆਰਪੁਰ ਦੇ ਨਗਰ ਗੜ੍ਹਸ਼ੰਕਰ ਪਾਸੋਂ ਨਿਕਲਕੇ, ਜਿਲਾ ਹੁਸ਼ਿਆਰਪੁਰ ਜਲੰਧਰ ਦੀਆਂ ਹੱਦਾਂ ਵਿੱਚਦੀਂ ਵਲ ਖਾਂਦੀ ਹੋਈ, ਰਿਆਸਤ ਕਪੂਰਥਲੇ ਦੇ ਇਲਾਕੇ ਥਾਣੀ ਲੰਘਕੇ ਜਿਲੇ ਜਲੰਧਰ ਦੀ ਜ਼ਮੀਨ ਵਿੱਚ ਸਤਲੁਜ ਦਰਿਆ ਨਾਲ ਜਾ ਮਿਲਦੀ ਹੈ.

ਵੇਸ, ਵੇਸੁ: (ਦੇਖੋ, ਵਿਸ਼੍ਰ ਅਤੇ ਵਿਸ਼੍ ਧਾ) ਸੰ. ਵੇਸ਼- ਵੇਸ਼. ਸੰਗਜਾ- ਪ੍ਰਵੇਸ਼. ਦਖਲ। ੨. ਰਹਿਣ ਦਾ ਥਾਂ. ਘਰ. ਤੰਬੂ। ੩. ਅੰਤਹਕਰਣ. ਮਨ, ਜੋ ਸੰਕਲਪਾਂ ਦਾ ਨਿਵਾਸ ਅਸਥਾਨ ਹੈ. "ਫਰੀਦਾ, ਕਾਲੇ ਮੈਡੇ ਕਪੜੇ, ਕਾਲਾ ਮੈਡਾ ਵੇਸੁ[1182]। ਗੁਨਹੀ ਭਰਿਆ ਮੈਂ ਫਿਰਾਂ ਲੋਕੁ ਕਹੈ ਦਰਵੇਸੁ." (ਸ. ਫਰੀਦ) ੪. ਵ੍ਯਸਨ. ਭੈੜੀ ਵਾਦੀ. "ਛੋਡਹੁ ਵੇਸੁ ਭੇਖ ਚਤੁਰਾਈ." (ਸੋਰ ਮਃ ੧) ੫. ਵੇਸ਼੍ਯਾ (ਕੰਚਨੀ) ਦਾ ਘਰ। ੬. ਵਪਾਰ. ਵਣਿਜ। ੭. ਸੰ. ਵੇਸ਼- ਵੇਸ਼. ਲਿਬਾਸ. ਪੋਸ਼ਿਸ਼. "ਇਕਿ ਭਗਵਾਂ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ." (ਮਃ ੧. ਵਾਰ ਮਾਝ) ੮. ਸ਼ਕਲ ਰੂਪ. "ਨਾਨਕ ਕਰਤੇ ਕੇ ਕੇਤੇ ਵੇਸ." (ਸੋਹਿਲਾ) ੯. ਕ੍ਰਿਯਾ. ਕਰਮ. ਅਅ਼ਮਾਲ, "ਨਿਵਣੁ ਸੁ ਅਖਰੁ ਖਵਣੁ ਗੁਣ, ਜਿਹਬਾ ਮਣੀਆ ਮੰਤੁ। ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤ॥" (ਸਃ ਫਰੀਦ) ਨਿੰਮ੍ਰਤਾ ਯੰਤ੍ਰ, ਖਿਮਾ ਧਾਗਾ, ਮਿੱਠੀ ਜ਼ੁਬਾਨ ਮਾਲਾ ਨਾਲ ਮੰਤ੍ਰਜਪ, ਇਹ ਤਿੰਨ ਵੇਸ਼ (ਕਰਮ) ਕਰ, ਤਾਂ ਕੰਤ ਵਸ਼ ਆਵੇਗਾ.

ਵੇਸਟਨ, ਵੇਸਟਿਤ: ਦੇਖੋ, ਬੇਸਟਨ ਅਤੇ ਬੇਸਟਿਤ. ਦੇਖੋ, ਵੇਸ਼੍ਟ ਧਾ.

ਵੇਸਣ, ਵੇਸਨ: ਦੇਖੋ, ਬੇਸਣ

ਵੇਸਰ: ਦੇਖੋ, ਬੇਸਰ.

ਵੇਸਵਾ: ਦੇਖੋ, ਬੇਸਵਾ ਅਤੇ ਵੇਸ਼੍ਯਾ.

ਵੇਸਾਸ, ਵੇਸਾਸੁ: ਸੰ. ਵਿਸ਼੍ਵਾਸ. ਸੰਗਜਾ- ਭਰੋਸਾ. ਇਅ਼ਤਬਾਰ. "ਚੁਕਿਗਇਆ ਵੇਸਾਸੁ." (ਮਃ ੩. ਵਾਰ ਸੋਰ)

ਵੇਸਾਹ: ਸੰਗਜਾ- ਵਿਸ਼੍ਵਾਸ. ਭਰੋਸਾ. "ਸਤਿਗੁਰ ਕਾ

ਵੇਸਾਹੁ: ਵੇਸਾਹੁ." (ਸ੍ਰੀ ਮਃ ੧) ੨. ਵਿਸ਼੍ਵਾਸਪਾਤ੍ਰ. "ਜਿਸੁ ਪਾਸਿ ਬਹਿਠਿਆ ਸੋਹੀਐ, ਸਭਨਾਂ ਦਾ ਵੇਸਾਹੁ." (ਸਵਾਃ ੫) ੩. ਵ੍ਯਵਸਾਯ. ਵਪਾਰ. ਵਣਜ. "ਗੁਰਮੁਖਿ ਵਸਤੁ ਵੇਸਾਹੀਐ." (ਸ੍ਰੀ ਮਃ ੧) ਵਣਜੀਏ. ਖਰੀਦੀਏ। ੪. ਪੂੰਜੀ. ਮੂਲਧਨ. "ਨਿਰਧਨ ਕਾ ਨਾਮ ਵੇਸਾਹਾ ਹੇ." (ਮਾਰੂ ਸੋਲਹੇ ਮਃ ੩)

ਵੇਸੀ: ਵੇਸ਼ੀਂ. ਵੇਸ਼ੋਂ ਮੇ, ਵੇਸਾਂ ਨਾਲ. "ਜਿਨੀ ਵੇਸੀ ਸਹੁ ਮਿਲੈ." (ਸਃ ਫਰੀਦ) ੨. ਕਰਮਾਂ ਦ੍ਵਾਰਾ. ਦੇਖੋ, ਵੇਸ ੯.

ਵੇਸੁ: ਦੇਖੋ, ਵੇਸ ੯। ੨. ਕੁਕਰਮ. "ਛੋਡਹੁ ਵੇਸੁ ਭੇਖ ਚਤੁਰਾਈ." (ਸੋਰ ਮਃ ੧) ਦੇਖੋ, ਵੇਸ ੪.

ਵੇਸੁਆ: ਸੰ. ਵੇਸ਼੍ਯਾ. "ਜਿਉ ਵੇਸੁਆਪੁਤੁ ਨਿਨਾਉ." (ਸ੍ਰੀ ਮਃ ੪. ਵਣਜਾਰਾ)

ਵੇਸੁਆਪੁਤੁ: ਵੇਸ਼੍ਯਾਪੁਤ੍ਰ. ਦੇਖੋ, ਵੇਸੁਆ.

ਵੇਸ਼੍ਰ: ਸੰ. ਵੇਸ਼੍ਟ. ਧਾ- ਲਪੇਟਣਾ, ਘੇਰਨਾ.

ਵੇਸ਼੍ਰਨ, ਵੇਸ਼੍ਰਿਤ: ਦੇਖੋ, ਬੇਸਟਨ ਅਤੇ ਬੇਸਟਿਤ. ਦੇਖੋ, ਵੇਸ਼੍ਰ ਧਾ.

ਵੇਸ਼੍ਯਾ: ਕੰਚਨੀ, ਜੋ ਅਨੇ ਵੇਸ਼ਾਂ ਨਾਲ ਸ਼ਰੀਰ ਨੂੰ ਸਿੰਗਾਰਦੀ ਹੈ. ਸਾਮਾਨ੍ਯਾ. ਗਣਿਕਾ. ਕੰਜਰੀ.

ਵੇਹ: ਦੇਖੋ. ਬੇਹ.

---

[1182] ਗੁਰਬਾਣੀ ਅਤੇ ਪੰਜਾਬੀ ਕਾਵ੍ਯ ਵਿੱਚ ਘਰ ਮਹਲ ਆਦਿ ਸਬਦ ਅੰਤਹਕਰਣ ਲਈ ਵਰਤੇ ਜਾਂਦੇ ਹਨ.

ਵੇਹਾ: ਵਿ- ਵੈਸਾ. ਓਹੋ ਜੇਹਾ. "ਵੇਹਾ ਨੇਹੁ ਲਾਵਣਾ." (ਚਰਿਤ੍ਰ ੨੨੮) ੨. ਦੇਖੋ, ਬੇਹਾ.

ਵੇਕ: ਸੰ. ਵਿਵੇਕ. ਸੰਗਯਾ- ਭਿੰਨਤਾ ਭੇਦ. ਫਰਕ. ਸਿੰਧੀ- ਵੇਕੁ. "ਨਾਨਕ ਆਪੇ ਵੇਕ ਕੀਤਿਅਨੁ." (ਵਡ ਮਃ ੩) "ਆਪਿ ਉਪਾਏ ਨਾਨਕਾ, ਆਪੇ ਰਖੈ ਵੇਕ." (ਮਃ ੨. ਵਾਰ ਸਾਰ) "ਤੁਧ ਵੇਕੀ ਜਗਤੁ ਉਪਾਇਆ." (ਵਾਰ ਆਸਾ) "ਵੇਕੀ ਵੇਕੀ ਜੰਤੁ ਉਪਾਏ." (ਮਾਰੂ ਸੋਲਹੇ ਮਃ ੧)

ਵੇਕਰਮੀ: ਵਿ- ਕੁਕਰਮੀ. ਦੇਖੋ, ਲੱਠਾ ੫.

ਵੇਕਾਰ: ਵਿ- ਬੇ- ਕਾਰ. ਨਿਕੰਮਾ। ੨. ਸੰ. ਵਿਕਾਰ ਸੰਗਯਾ- "ਮਨੁ ਵੇਕਾਰੀ ਵੇੜਿਆ, ਵੇਕਾਰਾ ਕਰਮ ਕਮਾਇ." (ਮਃ ੩. ਵਾਰ ਸ੍ਰੀ) "ਵਿਣੁ ਨਾਵੈ ਵੇਕਾਰ." (ਸ੍ਰੀ ਮਃ ੫)। ੨. ਸੰ. ਵੈਕਾਰੰ ਵਿ- ਜਿਸ ਤੋਂ ਵੇਕਾਰ ਹੋ ਸਕਦਾ ਹੈ। ੪. ਸੰਗਯਾ- ਵਿਕਾਰ ਦਾ ਭਾਵ.

ਵੇਕਾਰੀ: ਦੇਖੋ, ਬੇਕਾਰੀ। ੩. ਦੇਖੋ, ਬਿਕਾਰੀ। ੩. ਵੇਕਾਰੀਂ. ਵੇਕਾਰਾਂ ਨਾਲ. "ਮਨੁ ਵਿਕਾਰੀ ਵੇੜਿਆ." (ਮਃ ੩. ਵਾਰ ਸ੍ਰੀ)

ਵੇਕਾਰੁ: ਦੇਖੋ, ਵੇਕਾਰ.

ਵੇਕੁ: ਦੇਖੋ, ਵੇਕ.

ਵੇਕੋਵੇਕਾ: ਭਾਂਤ ਭਾਂਤ ਦਾ. ਅਨੇਕ ਪ੍ਰਕਾਰ ਦੇ. ਦੇਖੋ. ਵੇਕ. "ਜੀਅ ਉਪਾਏ ਵੇਕੋਵੇਕਾ." (ਬਿਲਾ ਮਃ ੧. ਥਿਤੀ)

ਵੇਖ: ਦੇਖੋ, ਵੇਸ। ੨. ਦੇਖੋ, ਵੇਖਣ.

ਵੇਖਣ: ਸੰ. ਵੀਕ੍ਸ਼ਣ ਅਤੇ ਵੇਕ੍ਸ਼ਣ. ਚੰਗੀ ਤਰਾਂ ਖੋਜ ਕਰਨਾ ਅਤੇ ਦੇਖਣਾ. ਅਵੇਕ੍ਸ਼ਣ. ਦੇਖੋ, ਵੀਕ੍ਸ਼.

ਵੇਖਣਿ: ਦੇਖਣ ਤੋਂ. ਦੇਖਣ ਨਾਲ। ੨. ਸੰ. वक्षिणीय- ਵੀਕ੍ਸ਼ਣੀਯ. ਵਿ- ਵੇਖਣ ਯੋਗ੍ਯ. ਦਰਸ਼ਨੀਯ. "ਅੰਤੁ ਨ ਵੇਖਣਿ." (ਜਪੁ) ਵੇਖਣ ਯੋਗ੍ਯ ਪਦਾਰਥਾਂ ਦਾ ਅੰਤ ਨਹੀਂ.

ਵੇਖਣੁ: ਦੇਖੋ, ਵੇਖਣ. "ਵੇਖਣੁ ਸੁਨਣਾ ਝੂਠੁ ਹੈ, ਮੁਖਿ ਝੂਠਾ ਆਲਾਉ." (ਸਵਾ ਮਃ ੧)

ਵੇਖਨ: ਦੇਖੋ, ਵੇਖਣ.

ਵੇਖਾਲਨਾ: ਕ੍ਰਿ- ਵੇਕ੍ਸ਼ਣ ਕਰਾਉਣਾ. ਦਿਖਾਉਣਾ. ਦਰਸਾਉਣਾ. "ਨਾ ਦੂਜਾ ਵੇਖਾਲਿ." (ਸੂਹੀ ਅਃ ਮਃ ੫)

ਵੇਖਿਆ: ਵੇਕ੍ਸ਼ਣ ਕੀਤਾ. ਦੇਖਿਆ. ਵੀਕ੍ਸ਼ਿਤ.

ਵੇਖੇ: ਵ੍ਯ- ਦੇਖੀਂ ! ਦੇਖਣਾ ! ਸਾਵਧਾਨ ! ਸਾਵਧਾਨ ! ਖ਼ਬਰਦਾਰ ! "ਵੇਖੋ ! ਛਿਟੜਿ ਥੀਵਦੋ." (ਵਾਰ ਮਾਰੂ ੨. ਮਃ ੫)

ਵੇਗ: ਪ੍ਰਵਾਹ. ਵਹਾਉ। ੨. ਤੇਜ਼ ਚਾਲ। ੩. ਜ਼ੋਰ. ਦੇਖੋ, ਬੇਗ.

ਵੇਗਵਾਨ: ਵਿ- ਤੇਜ਼ ਚਲਣ ਵਾਲਾ. ਫੁਰਤੀ ਨਾਲ ਤੁਰਨ ਵਾਲਾ.

ਵੇਗਾਰ: ਬਿਗਾਰ. ਦੇਖੋ, ਬੇਗਾਰ.

ਵੇਗਾਰਿ: ਬਿਗਾਰ ਵਿੱਚ. ਦੇਖੋ, ਬੇਗਾਰ. "ਬਹੁਤ ਵੇਗਰਿ ਦੁਖ ਪਾਏ." (ਮਾਝ ਅਃ ਮਃ ੩) "ਵੇਗਾਰਿ ਫਿਰੈ ਵੇਗਾਰੀਆ, ਸਿਰਿ ਭਾਰ ਉਠਾਇਆ." (ਗਉ ਮਃ ੪)

ਵੇਗਾਰੀ, ਵੇਗਾਰੀਆ: ਦੇਖੋ, ਬੇਗਾਰੀ ਅਤੇ ਵੇਗਾਰਿ.

ਵੇਗੀ: ਸੰ. वेगिन्. ਵਿ- ਵੇਗ ਵਾਲਾ. ਜ਼ੋਰ ਅਤੇ ਤੇਜ਼ ਚਾਲ ਵਾਲਾ। ੨. ਸੰਗਯਾ- ਬਾਜ਼ ਪੰਛੀ.

ਵੇਗੁ: ਦੇਖੋ. ਵੇਗ.

ਵੇਚਣਾ, ਵੇਚਨਾ: ਕ੍ਰਿ- ਵਿਕ੍ਰਯ ਕਰਨਾ. ਫ਼ਰੋਖ਼ਤ ਕਰਨਾ. "ਇਹੁ ਤਨੁ ਵੇਚੀ ਸੰਤ ਪਹਿ, ਪਿਆਰੇ !" (ਆਸਾ ਬਿਰਹੜੇ ਮਃ ੫)

ਵੇਚਾਰਾ: ਦੇਖੋ, ਬੇਚਾਰਾ.

ਵੇਚਿ: ਵੇਚਕੇ.

ਵੇਚੋਲੀ: ਵਿਚੋਲਾ. ਮਧਜਸ੍ਥ. ਵਕੀਲ. "ਮਿਲਿ ਸਤਿਗੁਰ ਵੇਚੋਲੀ." (ਗਉ ਮਃ ੪) ੨. ਵਿਚੋਲਾਪਨ. ਵਕਾਲਤ.

ਵੇਛੋੜਾ: ਵਿਛੋੜਾ. ਵਿਯੋਗ. "ਕਾਇਆ ਹੰਸ ਥੀਆ ਵੇਛੋੜਾ. (ਵਡ ਅਲਾਹਣੀ ਮਃ ੧)

ਵੇਜਾਤਿ: ਵਿਜਾਤਿ. ਗੈਰ ਜਾਤਿ। ੨. ਕੁਜਾਤਿ. ਦੇਖੋ, ਵੇ ੪.

ਵੇਡ: Captain C. M. Wade ਇਹ ਲੁਦਿਆਨੇ ਅਸਿਸਟੈਂਟ ਪੋਲਿਟੀਕਲ ਏਜੰਟ ਸੀ. ਕਪਤਾਨ ਵੇਡ ਸਨ. ੧੯੨੭ ਵਿੱਚ ਗਵਰਨਰ ਜਨਰਲ ਦੇ ਭੇਜੇ ਮਿਸ਼ਨ ਦਾ ਪ੍ਰਧਾਨ ਹੋਕੇ ਮਹਾਰਾਜਾ ਰਣਜੀਤ ਸਿੰਘ ਪਾਸ ਅਮ੍ਰਿਤਸਰ ਗਿਆ ਸੀ[1183] ਅਰ ਸਨ ੧੯੩੧ ਵਿੱਚ ਲਾਰਡ ਬੈਂਟਿੰਕ ਦੀ ਚਿੱਠੀ ਲੈਕੇ ਇਹ ਮਹਾਰਾਜਾ ਦੀ ਸੇਵਾ ਵਿੱਚ ਲਹੌਰ ਹਾਜਿਰ ਹੋਇਆ ਸੀ।

ਵੇਣ: ਸੰ. ਵੇਣ. ਧਾ- ਸਮਝਣਾ, ਯਾਦ ਕਰਨਾ, ਲੈਣਾ, ਵਾਜਾ ਵਜਾਉਣਾ, ਵਿਚਾਰਨਾ। ੨. ਸੰਗਯਾ- ਇੱਕ ਵਰਣਸ਼ੰਕਰ ਜਾਤਿ, ਜੋ ਵਿਸ਼ੇਸ਼ ਕਰਕੇ ਬਾਂਸ ਅਤੇ ਕਾਨਿਆਂ ਦਾ ਸਾਮਾਨ ਬਣਾਕੇ ਗੁਜ਼ਾਰਾ ਕਰਦੀ ਹੈ। ੩. ਰਾਜਾ ਅੰਗ ਦਾ ਪੁਤ੍ਰ. ਮਹਾਭਾਰਤ ਵਿੱਚ ਲਿਖਿਆ ਹੈ ਕਿ ਜਦ ਇਹ ਰਾਜਾ ਹੋਇਆ ਤਾਂ ਇਸ ਨੇ ਢੰਡੋਰਾ ਫਿਰਵਾ ਦਿੱਤਾ ਕਿ- "ਕੋਈ ਆਦਮੀ ਆਹੁਤਿ. ਬਲਿਦਾਨ ਆਦਿ ਦੇਵਤਿਆਂ ਨੂੰ ਕੁਝ ਨਾ ਦੇਵੇ, ਕੇਵਲ ਮੈਂ ਹੀ ਪੂਜਾ ਭੇਟਾ ਦਾ ਅਧਿਕਾਰੀ ਦੇਵਤਾ ਹਾਂ." ਰਿਖੀਆਂ ਨੇ ਵਡੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਇਉਂ ਨਾ ਕਰੋ, ਪਰ ਉਸ ਨੇ ਇੱਕ ਨਾ ਮੰਨੀ, ਇਸ ਪੁਰ ਰਿਖੀਆਂ ਨੇ ਵੇਣ ਨੂੰ ਮੰਤ੍ਰਾਂ ਦੇ ਬਲ ਕੁਸ਼ਾ ਦੇ ਤੀਲਿਆਂ ਨਾਲ ਮਾਰ ਦਿੱਤਾ. ਵੇਣ ਦੇ ਘਰ ਕੋਈ ਪੁਤ੍ਰ ਨਹੀਂ ਸੀ, ਇਸ ਲਈ ਰਿਖੀਆਂ ਨੇ ਆਪੋਵਿੱਚੀ ਸਲਾਹ ਕਰਕੇ ਮੁਰਦਾ ਵੇਣ ਦੇ ਪੱਟ ਨੂੰ (ਅਤੇ ਹਰਿਵੰਸ਼ ਦੀ ਲਿਖਤ ਅਨੁਸਾਰ ਸੱਜੀ ਬਾਂਹ ਨੂੰ) ਮਲਿਆ, ਤਾਂ ਉਸ ਵਿੱਚੋਂ ਕਾਲਾ ਅਤੇ ਚੌੜੇ ਮੂੰਹ ਵਾਲਾ ਨਿੱਕਾ ਜੇਹਾ ਬਾਲਕ ਉਤਪੰਨ ਹੋਇਆ. ਰਿਖੀਆਂ ਨੇ ਉਸ ਨੂੰ ਆਖਿਆ ਨਿਸ਼ੀਦ (ਬੈਠ ਜਾਹ), ਇਸ ਲਈ ਉਸ ਦਾ ਨਾਮ "ਨਿਸ਼ਾਦ" ਹੋਇਆ, ਜਿਸ ਤੋਂ ਅਨੇਕ ਨਿਸ਼ਾਦ ਉਤਪੰਨ ਹੋਏ, ਜੇਹੜੇ ਕਿ ਦੱਖਣੀ ਪਰਵਤਾਂ ਵਿੱਚ ਰਹਿੰਦੇ ਹਨ. ਫੇਰ ਬ੍ਰਾਹਮਣਾਂ ਨੇ ਵੇਣ ਦਾ ਸੱਜਾ ਪੱਟ ਮਲਿਆ. ਤਾਂ ਉਸ ਵਿੱਚੋਂ ਅਗਨਿ ਜੇਹਾ ਚਮਕਦਾ ਪ੍ਰਿਥੁ ਪ੍ਰਗਟ ਹੋਇਆ. ਦੇਖੋ, ਪ੍ਰਿਥੁ ੫.

ਪਦਮਪੁਰਾਣ ਵਿੱਚ ਲਿਖਿਆ ਹੈ ਕਿ ਵੇਣ ਨੇ ਆਪਣਾ ਰਾਜ ਆਰੰਭ ਤਾਂ ਚੰਗੀ ਤਰਾਂ ਕੀਤਾ, ਪਰ ਫੇਰ ਜੈਨਮਤ ਦੇ ਜਾਲ ਵਿੱਚ ਫਸ ਗਿਆ, ਇਸ ਕਰਕੇ ਰਿਖੀਆਂ ਨੇ ਉਸ ਨੂੰ ਏਨਾਂ ਕੁੱਟਿਆ ਕਿ ਉਸ ਦੇ ਪੱਟ ਵਿੱਚੋਂ ਨਿਸ਼ਾਦ ਅਤੇ ਸੱਜੀ ਭੁਜਾ ਵਿੱਚੋਂ ਪ੍ਰਿਥੁ ਨਿਕਲ ਆਏ, ਨਿਸ਼ਾਦ ਦੇ ਜਨਮ ਨਾਲ ਉਸ ਦੇ ਪਾਪ ਕੱਟੇ ਗਏ ਅਤੇ ਉਹ ਨਰਮਦਾ ਨਦੀ ਦੇ ਕਿਨਾਰੇ ਤਪ ਕਰਨ ਜਾ ਲੱਗਿਆ, ਦੇਖੋ, ਬੇਣ ੨.

ਵੇਣ ਵਿਹਾਣਾ: ਵਿ- ਵੇਨਜ (ਸੁੰਦਰਤਾ) ਵਿਹੀਨ. ਬਦਸ਼ਕਲ. "ਅੰਗ ਰਸਉਲੀ ਵੇਣ ਵਿਹਾਣੇ." (ਭਾਗੁ)

ਵੇਣਾ: ਮਹਾਭਾਰਤ ਅਨੁਸਾਰ ਇੱਕ ਨਦੀ। ੨. ਦੇਖੋ, ਵੇਈਂ.

---

[1183] ਵੇਡ ਲਿਖਦਾ ਹੈ ਕਿ-ਇਸੇ ਮੌਕੇ ਮੈਨੂੰ ਹਰਿਮੰਦਿਰ (ਅਮ੍ਰਿਤਸਰ) ਦਰਸ਼ਨ ਕਰਨ ਦਾ ਮੌਕਾ ਹੋਇਆ. ਮੈਂ (੫੨੫ ਰੁਪਏ ਭੇਟਾ ਕੀਤੀ. ਮੈਨੂੰ ਸਿਰੋਪਾ ਦਿੱਤਾ ਗਿਆ ਅਰ ਇਹ ਅਰਦਾਸ ਹੋਈ-

"There is a peace and unanimity between the Khalsajee and the British Government, Captain Wade has arrived from the Governor General to Strengthen the bonds of amity may the union of the two States be perpetual. (The Punjab as a Sovereign State)

ਵੇਣਿ, ਵੇਣੀ: ਸੰ. ਸੰਗਯਾ- ਗੁੱਤ। ੨. ਜਲ ਦਾ ਪ੍ਰਵਾਹ। ੩. ਗੰਗਾ ਯਮੁਨਾ ਅਤੇ ਸਰਸ੍ਵਤੀ ਦਾ ਸੰਗਮ ਦੇਖੋ, ਬੇਣੀ ੩.

ਵੇਣੁ: ਸੰ. ਸੰਗਯਾ- ਬਾਂਸ. ਵੰਸ਼। ੨. ਬਾਂਸ ਦੀ ਪੋਰੀ ਦੀ ਬਣੀ ਹੋਈ ਵੰਸਰੀ. ਮੁਰਲੀ.

ਵੇਤਗਾ: ਤਾਗਾ (ਜਨੇਊ) ਰਹਿਤ. ਯਗ੍ਯੋਪਵੀਤ ਬਿਨਾ. "ਵੇਤਗਾ ਆਪੇ ਵਤੈ." (ਵਾਰ ਆਸਾ) ੨. ਤਗਯਤਾ ਬਿਨਾ. ਤਤ੍ਵਗ੍ਯਾਨ ਰਹਿਤ. ਦੇਖੋ, ਤਗ੍ਯ.

ਵੇਤਨ: ਸੰ. ਸੰਗਯਾ- ਕੰਮ ਦੀ ਮਜ਼ਦੂਰੀ। ੨. ਤਨਖ਼੍ਵਾਹ. ਨੌਕਰ ਦੀ ਉਜਰਤ.

ਵੇਤਾ: ਦੇਖੋ, ਬੇਤਾ। ੨. ਇੱਕ ਤਿਵਾੜੀ ਬ੍ਰਾਹਮਣ, ਜੋ ਗੁਰੂ ਅਰਜਨਦੇਵ ਦਾ ਸਿੱਖ ਹੋਕੇ ਪਰੋਪਕਾਰੀ ਹੋਇਆ.

ਵੇਤਾਲ: ਦੇਖੋ, ਬੇਤਾਲ.

ਵੇਤੈ: ਵੇਤ੍ਰਿ ਹੈ. ਜਾਣਨ ਵਾਲਾ ਹੈ। ੨. ਜਾਣਦਾ ਹੈ. ਦੇਖੋ, ਬੇਤੈ.

ਵੇਤ੍ਰ: ਸੰ. ਸਗੰਜਾ- ਬੈਤ. ਬਾਂਸ ਜੇਹੀ ਗੱਠਦਾਰ ਲਚਕੀਲੀ ਬੇਲ ਅਤੇ ਉਸ ਦੀ ਛਟੀ. ਦੇਖੋ, ਬੇਤ.

ਵੇਤ੍ਰਦੰਡ: ਦੇਖੋ, ਬੈਤਾਂ ਦੀ ਸਜਾ। ੨. ਬੈਤ ਦੀ ਸੋੱਟੀ.

ਵੇਤ੍ਰਧਰ: ਬੈਤ ਦੀ ਸੋਟੀ ਰੱਖਣ ਵਾਲਾ, ਚੋਬਦਾਰ. ਵੇਤ੍ਰਪਾਣਿ.

ਵੇਤ੍ਰਧਾਰਾ: ਬੈਤ ਦੀ ਸੋਟੀ ਰੱਖਣ ਵਾਲੀ ਇਸਤ੍ਰੀ. ਜ਼ਨਾਨੀ ਤਿਹੁਡੀ ਪੁਰ ਚੋਬ ਲੈਕੇ ਖੜਨ ਵਾਲੀ ਔਰਤ. ਵੇਤ੍ਰਵਤੀ.

ਵੇਤ੍ਰਪਾਣਿ: ਦੇਖੋ, ਵੇਤ੍ਰਧਰ.

ਵੇਤ੍ਰਵਤੀ: ਦੇਖੋ, ਵੇਤ੍ਰਧਾਰਾ.

ਵੇਤ੍ਰਿ: ਸੰ. वेतृ. ਵਿ- ਜਾਣਨ ਵਾਲਾ. ਗਿਆਨੀ. ਵੇੱਤਾ.

ਵੇਦ: ਸੰ. ਸੰਗਯਾ- ਗਿਆਨ. ਇ਼ਲਮ. ਦੇਖੋ, ਵਿਦ੍ ਧਾ. "ਵੇਦ ਨ ਜਾਣੈ ਵੇਦੁ ਕਿਹੁ." (ਭਾਗੁ) ੨. ਹਿੰਦੂਧਰਮ ਦੇ ਗਿਆਨਦਾਤਾ ਮੁੱਖ ਗ੍ਰੰਥ, ਜਿਨ੍ਹਾਂ ਦੀ ਗਿਣਤੀ ਪਹਿਲਾਂ ਤਿੰਨ ਸੀ ਅਤੇ ਪਿੱਛੋਂ ਅਥਰਵ ਮਿਲਾਕੇ ਚਾਰ ਕੀਤੀ ਗਈ. ਪੂਰਵ ਕਾਲ ਵਿੱਚ ਇਹ ਲਿਖਤ ਅੰਦਰ ਨਹੀਂ ਆਏ, ਇੱਕ ਦੂਜੇ ਤੋਂ ਸੁਣਕੇ ਵੇਦ ਕੰਠ ਕੀਤਾ ਜਾਂਦਾ ਸੀ, ਇਸੇ ਕਾਰਣ "ਸ੍ਰੁਤਿ" ਸੰਗਯਾ ਹੋਈ, ਅਰ ਵੇਦ ਕੰਠ ਕਰਨ ਵਾਲਾ "ਸ਼੍ਰੋਤ੍ਰਿਯ" ਪ੍ਰਸਿੱਧ ਹੋਇਆ.

ਵੇਦ ਕਿਸੇ ਇੱਕ ਦੇ ਰਚੇ ਹੋਏ ਨਹੀਂ, ਇਨ੍ਹਾਂ ਵਿੱਚ ਵਸ਼ਿਸ਼੍ਠ, ਵਿਸ਼੍ਵਾਮਿਤ੍ਰ, ਭਰਦ੍ਵਾਜ ਆਦਿ ਅਨੇਕ ਰਿਖੀਆਂ ਦੇ ਬਣਾਏ ਹੋਏ ਮੰਤ੍ਰ ਹਨ, ਜਿਨ੍ਹਾਂ ਵਿੱਚ ਸੂਰਯ, ਅਗਨਿ, ਵਾਯੁ, ਇੰਦ੍ਰ ਆਦਿ ਦੇਵਤਿਆਂ ਦੀ ਮਹਿਮਾ ਹੈ. ਅਨੇਕ ਗ੍ਰੰਥਾਂ ਵਿੱਚ ਵੇਦਾਂ ਨੂੰ ਈਸ਼੍ਵਰ ਦੇ ਸ੍ਵਾਸ ਲਿਖਿਆ ਹੈ. ਮਨੁ ਨੇ ਅਗਨਿ ਵਾਯੁ ਅਤੇ ਸੂਰਯ ਤੋ, ਵੇਦਾਂ ਦਾ ਪ੍ਰਾਪਤ ਹੋਣਾ ਦੱਸਿਆ ਹੈ.[1184]

ਸਭ ਤੋਂ ਪੁਰਾਣਾ ਰਿਗਵੇਦ ਹੈ. ਰਿਚ੍ ਨਾਮ ਉਸਤਤਿ ਦਾ ਹੈ. ਇਸੇ ਧਾਤੁ ਤੋਂ ਰਿਗ ਸ਼ਬਦ ਬਣਿਆ ਹੈ. ਜਿਸ ਵਿੱਚ ਦੇਵਤਿਆਂ ਦੀ ਉਸਤਤਿ ਹੋਵੇ ਸੋ ਰਗਿਵੇਦ ਹੈ. ਇਸ ਵੇਦ ਦੇ ਦਸ਼ ਮੰਡਲ, ੧੦੨੮ ਸੂਕ੍ਤ ਅਤੇ ੧੫੩੮੨੬ ਸ਼ਬਦ ਹਨ.

ਯਜ੍ ਧਾਤੁ ਦਾ ਅਰਥ ਹੈ ਯਗ੍ਯ ਕਰਨਾ. ਪੂਜਨ ਕਰਨਾ, ਸੋ ਜਿਸ ਵਿੱਚ ਬਲਿਦਾਨ ਅਤੇ ਜੱਗ ਹੋਮ ਦਾ ਵਰਣਨ ਹੈ, ਉਹ ਯਜੁਰਵੇਦ ਹੈ. ਇਸ ਵੇਦ ਦੀਆਂ ਦੋ ਸੰਹਿਤਾ ਹਨ, ਇੱਕ "ਤੈੱਤਿਰਯ"- ਦੂਜੀ ਵਾਜਸਨੇਯੀ." ਵਿਸ਼ਨੁਪੁਰਾਣ ਵਿੱਚ ਕਥਾ ਹੈ ਕਿ ਵੈਸ਼ੰਪਾਯਨ ਨੇ ਯਾਗ੍ਯਵਲਕ੍ਯ ਨੂੰ ਯਜੁਰਵੇਦ ਪੜ੍ਹਾਇਆ. ਇੱਕ ਵਾਰ ਵੈਸ਼ੰਪਾਯਨ ਤੋਂ ਆਪਣਾ ਭਾਣਜਾ ਅਚਾਨਕ ਲੱਤ ਮਾਰਨ ਤੋਂ ਮਰ ਗਿਆ, ਇਸ ਪੁਰ ਪ੍ਰਾਯਸ਼੍ਚਿਤ ਕਰਨ ਲਈ ਵੈਸ਼ੰਪਾਯਨ ਨੇ ਸਾਰੇ ਚੇਲਿਆਂ ਨੂੰ ਸ਼ਾਮਿਲ ਹੋਣ ਦੀ ਆਗ੍ਯਾ ਕੀਤੀ. ਯਾਗ੍ਯਵਲਕ੍ਯ ਨੇ ਆਖਿਆ ਸੀ ਕਿ ਮੈ ਕੱਲਾ ਹੀ ਪਾਪਨਾਸ਼ਕ ਕਰਮ ਕਰ ਸਕਦਾ ਹਾਂ. ਇਹ ਸੁਣਕੇ ਵੈਸ਼ੰਪਾਯਨ ਨੂੰ

---

[1184] ਦੇਖੋ ਮਨੁ ਅਃ ੧, ਸਃ ੨੩.

ਗੁੱਸਾ ਆਇਆ ਅਰ ਆਖਿਆ ਕਿ ਤੂੰ ਵਡਾ ਹੰਕਾਰੀ ਹੈਂ. ਇਸ ਲਈ ਮੇਰੀ ਪੜ੍ਹਾਈ ਵਿਦ੍ਯਾ ਉਗਲਦੇ. ਯਾਗ੍ਯਵਲਕ੍ਯ ਨੇ ਯਜੁਰਵੇਦ ਦੇ ਪੜ੍ਹੇ ਮੰਤ੍ਰ ਕ਼ਯ ਕਰਕੇ ਸਿੱਟ ਦਿੱਤੇ, ਜਿਨ੍ਹਾਂ ਨੂੰ ਵੈਸ਼ੰਪਾਯਨ ਦੇ ਚੇਲਿਆਂ ਨੇ ਤਿੱਤਿਰ ਬਣਕੇ ਚੁਗ ਲਿਆ. ਇਸ ਲਈ ਉਹ ਸ਼ਾਖਾ ਤੈੱਤਿਰੀਯ ਕਹਾਈ, ਅਰ ਯਾਗ੍ਯਵਲਕ੍ਯ ਨੇ ਵੇਦ ਵਿਦ੍ਯਾ ਸਿੱਖਣ ਲਈ ਸੂਰਯ ਦੀ ਆਰਾਧਨਾ ਕੀਤੀ. ਜਿਸ ਪੁਰ ਸੂਰਯ ਨੇ ਘੋੜੇ ਦਾ ਰੂਪ ਧਾਰਕੇ ਵੇਦਮੰਤ੍ਰ ਪੜ੍ਹਾਏ. ਇਸ ਲਈ ਦੂਜੀ ਸ਼ਾਖਾ ਦਾ ਨਾਮ "ਵਾਜਸਨੇਯੀ" ਹੋਇਆ. ਤੈੱਤਿਰ੍ਯਾ ਦਾ ਨਾਮ ਕ੍ਰਿਸ਼੍ਣ ਅਤੇ ਵਾਜਸਨੇਯੀ ਦਾ ਸ਼ੁਕਲ ਯਜੁਰਵੇਦ ਹੈ. ਕਈ ਵਿਦ੍ਵਾਨ ਖਿਆਲ ਕਰਦੇ ਹਨ ਕਿ ਤਿੱਤਿਰ ਅਤੇ ਵਾਜਸਨੇਯ ਨਾਮ ਰਿਸ਼ੀਆਂ ਦੇ ਨਾਮ ਤੋਂ, ਇਹ ਸੰਗ੍ਯਾ ਹੈ. ਕ੍ਰਿਸ਼੍ਨ ਯਜੁਰ ਦੀਆਂ ੨੧੯੮ ਕੰਡਿਕਾ ਅਤੇ ਸ਼ੁਕਲ ਦੀਆਂ ੧੯੭੫ ਹਨ.

ਸਾਮਨ ਦਾ ਅਰਥ ਹੈ ਤੁਲ੍ਯ (ਸਮਾਨ), ਜਿਸ ਦੇ ਮੰਤ੍ਰ ਗਾਉਣ ਲਈ ਸਮਾਨ ਵਜ਼ਨ ਦੇ ਹੋਣ, ਉਹ ਸਾਮਵੇਦ ਹੈ. ਗਾਯਕ ਬ੍ਰਾਹਮਣ ਸਾਮਵੇਦ ਨੂੰ ਯੱਗ ਆਦਿ ਮੰਗਲ ਕਰਮਾਂ ਵਿੱਚ ਗਾਉਂਦੇ ਹਨ, ਇਸ ਦੇ ਸਾਰੇ ਮੰਤ੍ਰ ੧੫੪੯ ਹਨ.

ਅਥਵੰਨ ਦਾ ਅਰਥ ਹੈ ਹਵਨ ਕਰਨ ਵਾਲਾ. ਜਿਸ ਵਿੱਚ ਹੋਤ੍ਰਿ ਦੇ ਕਰਮ ਅਤੇ ਹਵਨ ਦੇ ਪ੍ਰਕਾਰ ਹੋਣ, ਉਹ ਅਥਰਵੰਵੇਦ ਹੈ. ਇਸ ਵੇਦ ਵਿੱਚ ਮੰਤ੍ਰ ਟੂਣੇ ਜਾਦੂ ਆਦਿ ਦਾ ਬਹੁਤ ਜਿਕਰ ਹੈ. ਇਸ ਦੇ ਮੰਤ੍ਰ ੭੬੦ ਹਨ.

ਯਗ੍ਯ ਵਿੱਚ ਰਿਗਵੇਦ ਦੇ ਮੰਤ੍ਰਾਂ ਦਾ ਪਾਠਕ "ਹੋਤ੍ਰਿ" ਯਜੁਰ ਦੇ ਮੰਤ੍ਰ ਪੜ੍ਹਨ ਵਾਲਾ "ਅਧ੍ਵਰ੍ਯੁ" ਸਾਮਵੇਦ ਦੇ ਮੰਤ੍ਰ ਗਾਉਣ ਵਾਲਾ "ਉਦਗਾਤ੍ਰਿ" ਅਤੇ ਸਾਰੇ ਵੇਦਾਂ ਦੇ ਮੰਤ੍ਰ ਪੜ੍ਹਨ ਵਾਲਾ ਅਰ ਸਭ ਨੂੰ ਕਰਮਵਿਧਿ ਦੱਸਣ ਵਾਲਾ "ਬ੍ਰਹਮਾ" ਆਖਿਆ ਜਾਂਦਾ ਹੈ.

ਸਾਰੇ ਵੇਦਾਂ ਦੇ ਤਿੰਨ ਭਾਗ ਹਨ- ਇੱਕ "ਮੰਤ੍ਰ", ਦੂਜਾ "ਬ੍ਰਾਹ੍ਮਣ", ਤੀਜਾ "ਆਰਣ੍ਯਕ" ਮੰਤ੍ਰਭਾਗ ਉਹ ਹੈ, ਜੋ ਪੁਰਾਣੇ ਮੂਲਰੂਪ ਮੰਤ੍ਰ ਹਨ. ਬ੍ਰਾਹਮਣਭਾਗ ਉਹ ਹੈ, ਜਿਸ ਵਿੱਚ ਮੰਤ੍ਰਾਂ ਦੀ ਵ੍ਯਾਖ੍ਯਾ, ਮੰਤ੍ਰਾਂ ਨੂੰ ਯੋਗ੍ਯ ਸਮੇਂ ਪੁਰ ਵਰਤਣ ਦੀ ਵਿਧਿ ਅਤੇ ਯੱਗ ਆਦਿ ਕਰਮਾਂ ਦਾ ਪ੍ਰਕਾਰ ਰਿਖੀਆਂ ਨੇ ਦੱਸਿਆ ਹੈ. ਉਪਨਿਸ਼ਦ ਭਾਗ ਦੀ ਆਰਣ੍ਯਕ ਸੰਗ੍ਯਾ ਹੈ.

ਹਿੰਦੂਮਤ ਦੇ ਗ੍ਰੰਥਾਂ ਵਿੱਚ ਵੇਦ ਦਾ ਅਧਿਕਾਰ ਕੇਵਲ ਬ੍ਰਾਹਮਣ ਛਤ੍ਰੀ ਅਤੇ ਵੈਸ਼੍ਯ ਨੂੰ ਹੈ. ਸ਼ੂਦ੍ਰ ਅਤੇ ਨੀਚ ਜਾਤਿ ਦੇ ਲੋਕ, ਵੇਦ ਪੜ੍ਹਨਾ ਤਾਂ ਇਕ ਪਾਸੇ ਰਿਹਾ, ਸੁਣਨ ਦੇ ਭੀ ਅਧਿਕਾਰੀ ਨਹੀਂ.[1185] "ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ." (ਮਃ ੧. ਵਾਰ ਮਾਝ)

ਗਾਯਤ੍ਰੀਤੰਤ੍ਰ ਦੇ ਪੰਜਵੇਂ ਪਟਲ ਵਿੱਚ ਵੇਦਾਂ ਦੇ ਰੰਗ ਲਿਖੇ ਹਨ- ਹੀਰੇ ਜੇਹਾ ਸਾਮ, ਪਿਲੱਤਣ ਨਾਲ ਗੋਰਾ ਰਿਗ, ਲਾਲਰੰਗ ਯਜੁਰ ਅਤੇ ਪੀਠੇ ਹੋਏ ਸੁਰਮੇ ਜੇਹਾ ਅਥਰਵਵੇਦ. ਇਹੀ ਖਿਆਲ ਵੇਦਾਂ ਦੇ ਰੰਗਾਂ ਬਾਬਤ ਕਾਤ੍ਯਾਯਨ ਰਿਖੀ ਕ੍ਰਿਤ "ਚਰਣਵ੍ਯੂਹ" ਵਿੱਚ ਪਾਇਆ ਜਾਂਦਾ ਹੈ.

ਮਹਾਭਾਰਤ ਦੇ ਵਨ ਪਰਵ ਦੇ ੧੮੯ ਵੇਂ ਅਧ੍ਯਾਯ ਵਿੱਚ ਭਗਵਾਨ ਨੇ ਯੁਗਾਂ ਅਨੁਸਾਰ ਆਪਣੇ ਰੰਗ ਦੱਸੇ ਹਨ- ਸਤਯੁਗ ਵਿੱਚ ਚਿੱਟਾ, ਤ੍ਰੇਤੇ ਵਿੱਚ ਪੀਲਾ, ਦ੍ਵਾਪਰ ਵਿੱਚ ਲਾਲ ਅਤੇ ਕਲਿਯੁਗ ਵਿੱਚ ਕਾਲਾ.[1186] "ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ. (ਮਃ ੧. ਵਾਰ ਮਾਝ)

ਇਨ੍ਹਾਂ ਰੰਗਾਂ ਨੂੰ ਕਈ ਵਿਦ੍ਵਾਨਾਂ ਨੇ ਹੋਰ ਢੰਗ ਨਾਲ ਲਿਖਿਆ ਹੈ, ਜੇਹਾਕਿ ਭਾਈ ਗੁਰੁਦਾਸ ਜੀ ਦੇ ਵਾਕ ਤੋਂ ਸਿੱਧ ਹੁੰਦਾ ਹੈ. "ਰਿਗਨੀਲੰਬਰ ਜੁਜਰ ਪੀਤ ਸ੍ਵੇਤੰਬਰ ਕਰ ਸਾਮ ਸੁਧਾਰਾ." (ਭਾਗੁ) ੩. ਪਾਰਬ੍ਰਹਮ. ਕਰਤਾਰ। ੪. ਰੜਕਾ. ਮੋਟੀਆਂ ਤੀਲੀਆਂ ਦਾ ਝਾੜੂ. ਖਾਸ ਕਰਕੇ ਕੁਸ਼ਾ ਦੀਆਂ ਤੀਲੀਆਂ ਦੀ ਬੁਹਾਰੀ.

**ਵੇਦਕ:** ਵਿ- ਗ੍ਯਾਨ ਕਰਾਉਣ ਵਾਲਾ.

---

[1185] ਦੇਖੋ, ਇਸ ਵਿਸ਼ਯ ਪਾਰਾਸ਼ਤਸੰਹਿਤਾ ਅਃ ੨. ਅਤੇ ਵਸ਼ਿਸ਼ਠ ਸੰਹਿਤਾ ਅਃ ੧੮.

[1186] श्वेतः कृतयुगे वर्णः पीतस्त्रेता युगे मम।
रक्तो द्वापरमासाद्य कृष्णः कलियुगे तथा॥

ਵੇਦਗ੍ਯ: ਸੰ. वेदज्ञ. ਵੇਦ ਜਾਣਨ ਵਾਲਾ। ੨. ਬ੍ਰਹਮਗ੍ਯਾਨੀ.

ਵੇਦਜਨਨੀ: ਵੇਦਾਂ ਦੀ ਮਾਂ ਸਾਵਿਤ੍ਰੀ (ਗਾਯਤ੍ਰੀ)

ਵੇਦਣ, ਵੇਦਨ, ਵੇਦਨਾ: ਸੰ. ਵੇਦਨਾ. ਸਿੰਧੀ. ਵੇਧਣੁ. ਸੰਗ੍ਯਾ- ਪੀੜ. ਦੁੱਖ. ਦਰਦ. "ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ?" (ਸਃ ਫਰੀਦ) "ਵਡੜੀ ਵੇਦਨ ਤਿਨਾਹ." (ਸੋਰ ਮਃ ੧) ੨. ਸੰ. ਵੇਦਨ. ਗਿਆਨ. ਇ਼ਲਮ। ੩. ਸੁਖ ਦੁੱਖ ਦਾ ਅਨੁਭਵ। ੪. ਫ਼ਾ. ویدن ਰੋਗ ਦਾ ਉਪਾਉ (ਇ਼ਲਾਜ). "ਏਹਾ ਵੇਦਨ ਸੋਈ ਜਾਣੈ, ਅਵਰੁ ਕਿ ਜਾਣੈ, ਕਾਰੀ ਜੀਉ?" (ਮਾਰੂ ਅਃ ਮਃ ੩)

ਵੇਦਨੀਯ: ਵਿ- ਜਾਣਨ ਯੋਗ੍ਯ। ੨. ਦੁਖਦਾਈ. ਜਿਸ ਤੋਂ ਵੇਦਨਾ ਹੋਵੇ.

ਵੇਦਮਾਤਾ: ਸੰਗ੍ਯਾ- वेदमातृ. ਵੇਦਾਂ ਦੀ ਮਾਂ, ਗਾਯਤ੍ਰੀ। ੩. ਸਰਸ੍ਵਤੀ.

ਵੇਦਵਤੀ: ਦੇਖੋ, ਸੀਤਾ ੮.

ਵੇਦਵਰਣੰ: ਵੇਦਾਂ ਦਾ ਰੰਗ. ਦੇਖੋ, ਵੇਦ ੨.

ਵੇਦਵ੍ਯਾਸ: ਦੇਖੋ, ਬਿਆਸ ੪. ਅਤੇ ਪਰਾਸਰ ੩.

ਵੇਦਵੇ: ਵੇਦਵੇੱਤਾ ਦਾ ਸੰਖੇਪ.

ਵੇਦੜੋਲ: ਰਾਜਪੂਤਾਂ ਦਾ ਇੱਕ ਗੋਤ੍ਰ. "ਚਲੇ ਨਾਂਗਲੂ ਪਾਂਗਲੂ ਵੇਦੜੋਲੰ." (ਵਿਚਿਤ੍ਰ)

ਵੇਦਾ: ਵੇਦ (ਗ੍ਯਾਨ) ਵਾਲਾ. "ਮਨਹਰਿ ਕਿਨੈ ਨ ਪਾਇਓ, ਪੁਛਹੁ ਵੇਦਾ ਜਾਇ." (ਮਃ ੪. ਵਾਰ ਸ੍ਰੀ) ੨. ਲੰਕਾ ਨਿਵਾਸੀ ਇੱਕ ਜੰਗਲੀ ਜਾਤਿ.

ਵੇਦਾਂਗ: ਵੇਦ ਦੇ ਅੰਗ. ਦੇਖੋ, ਖਟ ਅੰਗ ੪.

ਵੇਦਾਣ: ਹਥੌੜਾ. ਦੇਖੋ, ਬਦਾਣ. "ਸਮ ਵੇਦਾਣ ਗਦਾ ਸਿਰ ਲਾਗੀ." (ਸਲੋਹ)

ਵੇਦਾਂਤ: ਦੇਖੋ, ਪਟ ਸ਼ਾਸਤ੍ਰ. ਸ਼ੁਕਲ ਯਜੁਰਵੇਦਸੰਹਿਤਾ ਦੇ ਅੰਤ ਤਤ੍ਵਗ੍ਯਾਨ ਦੇ ਬੋਧਕ ੧੮. ਮੰਤ੍ਰ ਹਨ, ਜਿਨ੍ਹਾਂ ਉੱਪਰ ਅਨੇਕ ਵਿਦ੍ਵਾਨਾਂ ਨੇ ਵਿਸ੍ਤਾਰ ਸਹਿਤ ਵ੍ਯਾਖ੍ਯਾ ਲਿਖੀ ਹੈ. ਵੇਦ ਦੇ ਅੰਤ ਹੋਣ ਕਰਕੇ ਇਸ ਸਿੱਧਾਂਤ ਦਾ ਨਾਮ "ਵੇਦਾਂਤ" ਹੋ ਗਿਆ ਹੈ। ੨. ਵੇਦ ਦਾ ਨਿਚੋੜ. ਵੇਦ ਦਾ ਸਿੱਧਾਂਤ.

ਵੇਦਾਂਤਸੂਤ੍ਰ: ਵ੍ਯਾਸ ਦੇ ਰਚੇ ੫੫੫ ਸੂਤ੍ਰ, ਜੋ ਵੇਦਾਂਤ ਦਾ ਮੂਲ ਹਨ. ਇਨ੍ਹਾਂ ਪੁਰ ਸ਼ੰਕਰ ਦਾ "ਸਾਰੀਰਕ" ਭਾਸ਼੍ਯ ਵੇਦਾਂਤ ਦਾ ਪ੍ਰਧਾਨ ਗ੍ਰੰਥ ਹੈ. ਵੇਦਾਂਤਮੂਲ ਦੇ ੪. ਅਧ੍ਯਾਯ ਅਤੇ ਹਰੇਕ ਅਧ੍ਯਾਯ ਦੇ ਚਾਰ ਚਾਰ ਪਾਦ ਹਨ.

ਵੇਦਾਂਤੀ: वेदान्तिन्. ਵੇਦਾਂਤ ਸ਼ਾਸਤ੍ਰ ਦੇ ਨਿਯਮਾਂ ਨੂੰ ਮੰਨਣ ਵਾਲਾ. ਵੇਦਾਂਤ ਦਾ ਗ੍ਯਾਤਾ ਅਾਦ੍ਵੈਤਵਾਈ.

ਵੇਦਾਂ ਦੇ ਰੰਗ: ਦੇਖੋ, ਵੇਦ ੨.

ਵੇਦਾਰ: ਸੰ. ਸੰਗ੍ਯਾ- ਕਿਰਲਾ. ਗਿਰਗਿਟ. ੨. ਦੇਖੋ, ਬੇਦਾਰਾ।

ਵੇਦਿ, ਵੇਦਿਕਾ: ਦੇਖੋ, ਬੇਦਿਕਾ.

ਵੇਦਿਤਵ੍ਯ: ਸੰ. ਵਿ- ਜਾਣਨ ਯੋਗ੍ਯ. ਸਮਝਣ ਲਾਇਕ.

ਵੇਦੀ: ਦੇਖੋ, ਬੇਦੀ। ੨. ਇੱਕ ਛਤ੍ਰੀ (ਕ੍ਸ਼ਤ੍ਰਿਯ) ਜਾਤਿ, ਜਿਸ ਵਿੱਚ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਜਨਮ ਹੋਇਆ. ਇਸ ਸੰਗ੍ਯਾ ਦਾ ਮੂਲ ਵੇਦਪਾਠ ਹੈ, "ਜਿਨੈ ਵੇਦ ਪਠਯੋ ਸੁ ਵੇਦੀ ਕਹਾਏ." (ਵਿਚਿਤ੍ਰ)

ਵਿਚਿਤ੍ਰਨਾਟਕ ਅਨੁਸਾਰ ਵੇਦੀ ਰਾਮਚੰਦ੍ਰ ਜੀ ਦੇ ਪੁਤ੍ਰ ਕੁਸ਼ ਦੀ ਔਲਾਦ ਹਨ ਅਤੇ ਸੋਢੀ ਲਵ (ਲਊ) ਦੀ ਵੰਸ਼ ਹਨ. "ਲਵੀ ਰਾਜ ਦੇ ਬਨ ਗਏ, ਵੇਦਿਨ ਕੀਨੋ ਰਾਜ." (ਵਿਚਿਤ੍ਰ ਅਃ ੪) ੩. ਵੇਦਿਕਾ. ਵੇਦਿ. ਯਗਯਮੰਡਪ. ਹਵਨ ਦੀ ਥੜੀ. "ਵੇਦੀ ਰੁਚਿਰ ਰਚੀ ਮਿਲ ਦੇਵਨ." (ਸਲੋਹ) ੪. ਵੇਦਾਂ ਵਿੱਚ. ਵੇਦੀਂ. "ਜੂਠਿ ਨ ਰਾਗੀ ਜੂਠਿ ਨ ਵੇਦੀ." (ਮਃ ੧. ਵਾਰ ਸਾਰ)

ਵੇਦੀਨ: ਦੀਨ (ਧਰਮ) ਰਹਿਤ. ਦੇਖੋ, ਬੇਦੀਨ. "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣ." (ਮਃ ੧. ਵਾਰ ਸੂਹੀ)

ਵੇਦੀਵੰਸ਼: ਸ਼੍ਰੀ ਗੁਰੂ ਨਾਨਕਦੇਵ ਜੀ ਦੇ ਵਡੇ ਸੁਪੁਤ੍ਰ ਯੋਗਿਰਾਜ ਬਾਬਾ ਸ਼੍ਰੀਚੰਦ ਜੀ ਦੇ ਵਿੰਦੀ ਵੰਸ਼ ਨਹੀਂ ਹੋਈ, ਕਿਉਂਕਿ ਉਹ ਬਾਲਬ੍ਰਹਮਚਾਰੀ ਸਨ. ਛੋਟੇ ਸਾਹਿਬਜ਼ਾਦੇ ਲਖਮੀਦਾਸ ਜੀ ਤੋਂ ਵੇਦੀ ਸਾਹਿਬਜ਼ਾਦਿਆਂ ਦੀ ਪੀੜ੍ਹੀ ਚੱਲੀ ਹੈ.[1187]

ਵੇਦੀਵੰਸ਼ ਅਮ੍ਰਿਤਸਰ, ਸਿੰਬਲੀ (ਜਿਲਾ ਅੰਬਾਲਾ), ਸੁਭਾਗਪੁਰ (ਰਿਆਸਤ ਕੋਟਾ), ਹੁਸ਼ਿਆਰਪੁਰ ਦੇ ਜਿਲੇ- (ਊਨਾ, ਅਜਨੋਹਾ, ਆਨੰਦਪੁਰ, ਕਿਤਣਾ, ਗੌਪਾਲੀ, ਜੱਸੇਵਾਲ, ਦੌਲਤਪੁਰਾ, ਪਿੰਡੋਰੀ, ਪੋਸੀ, ਪੰਜੌੜਾ, ਬਲਾਸਪੁਰ, ਬਾੜੀਆਂ, ਬਿਰੜੋਂ ਅਤੇ ਮੋਲਾ), ਹੋਤੀ ਮਰਦਾਨ, ਕਪੂਰਥਲੇ ਦੇ ਰਾਜ ਵਿੱਚ- (ਫਗਵਾੜਾ ਅਤੇ ਲਖਪੁਰਾ), ਕਾਬੁਲ, ਕੋਟਲੀ (ਜਿਲਾ ਸਿਆਲਕੋਟ), ਗੁਰਦਾਸਪੁਰ ਦੇ ਜਿਲੇ- (ਸੰਘਰ, ਗੁਰਦਾਸਪੁਰ ਖ਼ਾਸ, ਦੇਹਰਾ ਬਾਬਾ ਨਾਨਕ, ਧਰਮਕੋਟ ਅਤੇ ਬਟਾਲਾ) ਚੱਕ ਨੰਃ ੪੧੭ (ਲਾਯਲਪੁਰ), ਚੱਕ ਬੇਦੀਆਂ ਨੰਃ ੬੧ (ਸ਼ੇਖ਼ੂਪੁਰਾ), ਜਲੰਧਰ ਦੇ ਜਿਲੇ- (ਗੁਣਾਚੌਰ, ਜਲੰਧਰ ਖਾਸ, ਫਲੌਰ, ਬੰਗਾ, ਮਲਸੀਹਾਂ, ਮੱਲਾ ਬੇਦੀਆਂ ਅਤੇ ਮੁਚਰੋਵਾਲ), ਨਾਭਾ, ਪੇਸ਼ਾਵਰ, ਰਾਵਲਪਿੰਡੀ ਦੇ ਜਿਲੇ ਕੱਲਰ ਅਤੇ ਰਾਵਲਪਿੰਡੀ ਖਾਸ- ਆਦਿਕ ਅਸਥਾਨਾਂ ਵਿੱਚ ਆਬਾਦ ਹੈ, ਪਰ ਸਭ ਤੋਂ ਪ੍ਰਸਿੱਧ ਕਲਾਧਾਰੀ ਜੀ ਦੀ ਸ਼ਾਖ ਹੈ, ਜਿਸ ਦਾ ਵੰਸ਼ਵ੍ਰਿਕ੍ਸ਼ (ਸ਼ਜਰਾ) ਇਹ ਹੈ::-

ਬਾਬਾ ਰਾਮਨਾਰਾਯਣ ਜੀ

|

ਜਃ ਸੰਮਤ ੧੪੧੭ ਬਾਃ ਸ਼ਿਵਰਾਮ (ਅਥਵਾ ਸ਼ਿਵਨਾਰਾਯਣ ਜੀ)

|

ਜਃ ਸੰਮਤ ੧੪੬੭ ਬਾਃ ਕਲਜਾਣਚੰਦ੍ਰ (ਕਾਲੂ ਜੀ) ਦੇਃ ਸੰਮਤ ੧੫੭੯

|

ਜਃ ਸੰਮਤ ੧੫੨੬ ਸ਼੍ਰੀ ਗੁਰੂ ਨਾਨਕਦੇਵ ਜੀ, ਜੋਤੀ ਜੋਤਿ ਸਮਾਏ ਸੰਮਤ ੧੫੯੬

|

ਜਃ ਸੰਮਤ ੧੫੫੩ ਬਾਃ ਲਖਮੀਦਾਸ ਜੀ ਦੇਃ ਸੰਮਤ ੧੬੧੨

|

ਜਃ ਸੰਮਤ ੧੫੯੦ ਬਾਃ ਧਰਮਚੰਦ ਜੀ ਦੇਃ ਸੰਮਤ ੧੬੭੫

|

ਬਾਃ ਮਿਹਰਚੰਦ ਜੀ

|

ਬਾਃ ਦਾਤਾਚੰਦ ਜੀ

|

ਬਾਃ ਪਹਾੜਚੰਦ ਜੀ

|

ਬਾਃ ਹਰਕਰਨਚੰਦ ਜੀ

---

[1187] ਸਾਰੇ ਵੇਦੀ ਕ੍ਸ਼ਤ੍ਰੀ, ਸਾਹਿਬਜ਼ਾਦੇ ਨਹੀਂ ਕਹੇ ਜਾਂਦੇ, ਬਾਬਾ ਲਖਮੀਦਾਸ ਜੀ ਦੀ ਕੁਲ ਦੇ ਵੇਦੀ ਹੀ "ਸਾਹਿਬਜ਼ਾਦੇ" ਹਨ.

|
ਬਾਃ ਨਿਹਾਲਚੰਦ ਜੀ
|
ਬਾਃ ਕਲਾਧਾਰੀ ਜੀ ਦੇਃ ਸਨ ੧੭੩੮
|
ਬਾਃ ਜੀਤਸਿੰਘ (ਅਜੀਤ ਸਿੰਘ) ਜੀ ਦੇਃ ਸਨ ੧੭੭੩
|
ਜਃ ਸੰਮਤ ੧੮੧੩ ਬਾਃ ਸਾਹਿਬਸਿੰਘ ਜੀ ਦੇਃ ਸੰਮਤ ੧੮੯੧ (ਸਨ ੧੮੩੪)
|

| | |
|---|---|
| ਬਾਃ ਬਿਸ਼ਨ ਸਿੰਘ ਜੀ ਦੇਃ ਸਨ ੧੮੩੯ | ਬਾਬਾ ਬਿਕ੍ਰਮਸਿੰਘ ਜੀ ਦੇਃ ਸਨ ੧੮੬੩ |
| ਬਾਃ ਅਤਰਸਿੰਘ ਜੀ ਦੇਃ ਸਨ ੧੮੩੯ | ਜਃ ਸਨ ੧੮੪੫ ਬਾਃ ਸੁਜਾਨ ਸਿੰਘ ਸਿੰਘ ਜੀ ਦੇਃ ਸਨ ੧੯੧੯[1188] |
| ਬਾਃ ਸਰ ਖੇਮਸਿੰਘ ਜੀ ਦੇਃ ਸਨ ੧੯੦੮ | ਜਃ ਸਨ ੧੮੧੪ ਬਾਃ ਰਾਮਕਿਸ਼ਨ ਸਿੰਘ ਜੀ |
| ਜਃ ਸਨ ੧੮੬੧ ਰਾਜਾ ਸਰ ਗੁਰਬਖਸ਼ਸਿੰਘ ਜੀ | ਜਃ ਸਨ ੧੮੯੮ ਟਿੱਕਾ ਸਾਂਵਲਸਿੰਘ ਜੀ |
| ਜਃ ਸਨ ੧੮੯੭ ਟਿੱਕਾ ਸੁਰੇਂਦ੍ਰਸਿੰਘ ਜੀ | |

ਬਾਬਾ ਬਿਕ੍ਰਮਸਿੰਘ ਜੀ ਦੀ ਵੰਸ਼ ਦੀ ਗੱਦੀ ਊਂਨਾ (ਜਿਲਾ ਹੁਸ਼ਿਆਰਪੁਰ) ਹੈ ਤੇ ਅਤੇ ਬਾਬਾ ਬਿਸ਼ਨਸਿੰਘ ਜੀ ਦੀ ਗੱਦੀ ਦਾ ਅਸਥਾਨ ਕੱਲਰ (ਜਿਲਾ ਰਾਵਲਪਿੰਡੀ) ਹੈ. ਦੇਖੋ, ਊਂਨਾ ੩. ਅਤੇ ਸਾਹਿਬਸਿੰਘ ੪.

ਵੇਦੁ: ਗਿਆਨ. ਆਤਮਵਿਦਯਾ. ਗੁਰਦੀਖ੍ਯਾ. "ਅਹਰਣਿ ਮਤਿ, ਵੇਦੁ ਹਥੀਆਰੁ." (ਜਪੁ) ੨. ਦੇਖੋ, ਵੇਦ। ੩. ਦੇਖੋ, ਵੇਦ੍ਯ.

ਵੇਦੈ: ਵੇਦ ਦਾ। ੨. ਵੇਦ ਨੂੰ। ੩. ਸੰ. ਵੇਦੈ. ਵੇਦਾਂ ਕਰਕੇ, ਅਤਵਾ ਵੇਦਾਂ ਨੇ.

ਵੇਦ੍ਯ: ਸੰ. ਵਿ- ਜਾਣਨ ਯੋਗ੍ਯ। ੨. ਉਸਤਤਿ ਕਰਨ ਯੋਗ੍ਯ। ੩. ਪ੍ਰਾਪਤ ਕਰਨ ਯੋਗ੍ਯ.

ਵੇਧ: ਦੇਖੋ, ਬੇਧ। ੨. ਛੂਤ ਦਾ ਰੋਗ। ੩. ਤੇਲਾ ਕੁੰਗੀ ਸੁੰਡੀ ਆਦਿ ਫਸਲ ਨੂੰ ਲੱਗਾ ਰੋਗ। ੪. ਬੰਦਾ ਅਮਰਬੇਲ ਆਦਿਕ, ਜੋ ਬਿਰਛਾਂ ਨੂੰ ਰੋਗਰੂਪ ਹਨ.

ਵੇਧਕ: ਦੇਖੋ, ਬੋਧਕ.

ਵੇਧਨ: ਦੇਖੋ, ਬੇਧਨ.

ਵੇਧਨੀ: ਸੰ. ਸੰਗ੍ਯਾ- ਰਤਨਾਂ ਵਿੱਚ ਵੇਧ (ਛੇਕ) ਕਰਨ ਵਾਲੀ ਵਰਮੀ.

ਵੇਧਾ: ਸੰ. ਵੇਧਾ. ਸੰਗ੍ਯਾ- ਬ੍ਰਹਮਾ। ੨. ਵਿਸ਼ਨੁ। ੩. ਸ਼ਿਵ। ੪. ਸੂਰਜ। ੫. ਪੰਡਿਤ.

[1188] ੪ ਫੱਗਣ ਸੰਮਤ ੧੯੭੬.

ਵੇਧੀ: ਸੰ. वेधिन्. ਵੇਧ (ਛੇਕ) ਕਰਨ ਵਾਲਾ. ਵਿੰਨ੍ਹਣ ਵਾਲਾ.

ਵੇਧ੍ਯ: ਵਿ- ਵਿੰਨ੍ਹਣ ਯੋਗ੍ਯ.

ਵੇਨ੍ਯ: ਸੰ. ਵਿ- ਸੁੰਦਰ. ਮਨੋਹਰ। ੨. ਸਿੰਗਾਰਿਆ ਹੋਇਆ.

ਵੇਪਰਵਾ, ਵੇਪਰਵਾਹ, ਵੇਪਰਵਾਹੁ: ਦੇਖੋ, ਬੇਪਰਵਾਹ. "ਵੇਪਰਵਾਹ ਅਖੁਟ ਭੰਡਾਰੈ." (ਮਾਰੂ ਸੋਲਹੇ ਮਃ ੧) "ਵੇ- ਪਰਵਾਹੁ ਅਗੋਚਰੁ ਆਪਿ." (ਰਾਮ ਮਃ ੫)

ਵੇਪਾੜਾ: ਵਿਪਰਜੈ. ਉਲਟ. ਵਿਰੁੱਧ. "ਚਲੈ ਨਾਹੀ ਕੋ ਵੇਪਾੜਾ." (ਮਾਰੂ ਸੋਲਹੇ ਮਃ ੫)

ਵੇਪੀਰ: ਵੀ- ਪੀਰ (ਗੁਰੁ) ਰਹਿਤ. ਨਿਗਾਰਾ. "ਮਾਰਿ ਕਢਹੁ ਵੇਪੀਰ." (ਸੋਰ ਮਃ ੧) ਦੇਖੋ, ਬੇਪੀਰ.

ਵੇਬਾਣ: ਦੇਖੋ, ਬੀਆਬਾਨ। ੨. ਦੇਖੋ, ਵਿਮਾਨ.

ਵੇਬਾਣੀ: ਦੇਖੋ, ਬੇਬਾਣੀ. "ਆਪੇ ਵੇਬਾਣੀ ਨਿਰੰਕਾਰੀ." (ਮਾਰੂ ਸੋਲਹੇ ਮਃ ੧)

ਵੇਮ: ਸੰ. ਸੰਗ੍ਯਾ- ਜੁਲਾਹੇ ਦੀ ਨਲਕੀ. ਨਾਲ। ੨. ਬੁਣਨ ਦਾ ਡੰਡਾ.

ਵੇਮਾਰਗ: ਕੁਮਾਰ. ਖੋਟਾ ਰਾਹ. ਕੁਪੰਥ.

ਵੇਮਾਰਗਿ: ਕੁਮਾਰਗ ਵਿੱਚ. "ਵੇਮਾਰਗਿ ਮੂਸੈ ਮੰਤ੍ਰਿ ਮਸਾਣਿ." (ਸਿਧਗੋਸਟਿ)

ਵੇਮੁਹਤਾਜ, ਵੇਮੁਹਤਾਜੁ: ਦੇਖੋ, ਬੇਮੁਹਤਾਜ. "ਵੇਮੁਹਤਾਜੁ ਪੂਰਾ ਪਾਤਿਸਾਹੁ." (ਰਾਮ ਮਃ ੫)

ਵੇਮੁਖ, ਵੇਮੁਖੀਆ: ਦੇਖੋ, ਵਿਮੁਖ. "ਵੇਮੁਖ ਹੋਏ ਰਾਮ ਤੇ." (ਮਾਝ ਬਾਰਹਮਾਹਾ) "ਮਨਮੁਖਿ ਵੇਮੁਖੀਆ." (ਮਾਝ ਅਃ ਮਃ ੫)

ਵੇਰ: ਸੰਗ੍ਯਾ- ਚਿਰ. ਦੇਰ. ਢਿੱਲ। ੨. ਸਮਾਂ. ਵੇਲਾ। ੩. ਸੰ. ਸ਼ਰੀਰ. ਦੇਹ। ੪. ਕੇਸਰ. ਕੁੰਕੁਮ.

ਵੇਰਕਾ: ਦੇਖੋ, ਨਾਨਕਸਰ ਨੰਃ ੫.

ਵੇਰਵਾ: ਦੇਖੋ, ਬੇਰਵਾ.

ਵੇਰੜਾ: ਦੇਖੋ, ਬੇਰੜਾ.

ਵੇਰਾ: ਸੰਗ੍ਯਾ- ਵੇਲਾ. ਸਮਾਂ. ਮੌਕਾ. "ਹਰਿਰਾਵਣ ਵੇਰਾ." (ਬਿਲਾ ਛੰਤ ਮਃ ੪)

ਵੇਰਾਉਣਾ: ਦੇਖੋ, ਬਿਰਾਉਣਾ ਅਤੇ ਵਿਰਾਉਣਾ. "ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ, ਸੇ ਕਿਚਰਕੁ ਵੇਰਾਈਅਨਿ." (ਮਃ ੪. ਵਾਰ ਗਉ ੧)

ਵੇਰਾਸਿ: ਵਿ- ਬਿਨਾ ਰਾਸ੍ਤੀ. ਨਾਦੁਰੁਸ੍ਤ. "ਜੇ ਇਕ ਅਧ ਚੰਗੀ ਕਰੇ, ਦੂਜੀ ਭੀ ਵੇਰਾਸਿ." (ਮਃ ੨. ਵਾਰ ਆਸਾ)

ਵੇਰਾਵੇਰਿ, ਵੇਰਾਵੇਰੁ: ਵ੍ਯ- ਵਾਰੰਵਾਰ. ਪੁਨਃ ਪੁਨਃ ਵਾਰ ਵਾਰ। ੨. ਨਿਰੰਤਰ. ਲਗਾਤਾਰ. "ਨਾਨਕ ਆਖਣੁ ਵੇਰਾਵੇਰੁ." (ਆਸਾ ਮਃ ੧)

ਵੇਰੋਧੁ: ਦੇਖੋ, ਬਿਰੋਧ। ੨. ਵਿ- ਰੋਧ. ਰੋਧਨ (ਰੋਕਣ) ਰਹਿਤ. ਭਾਵ- ਵਿਸ਼ੇ ਵਿਕਾਰਾਂ ਵੱਲੋਂ ਅਮੋੜ. "ਵਿਣੁ ਨਾਵੈ ਵੇਰੋਧ ਸਰੀਰ." (ਓਅੰਕਾਰ)

ਵੇਲ: ਦੇਖੋ, ਬੇਲ। ੨. ਵੇਲਾ. ਸਮਾਂ. "ਨਾ ਭਉ ਖਟਣ ਵੇਲ." (ਸਃ ਫਰੀਦ) "ਵੇਲ ਨ ਪਾਈਆ ਪੰਡਤੀ." (ਜਪੁ) ੩. ਵੱਲੀ.

ਬੇਲ. ਲਤਾ। ੪. ਭਾਵ- ਵੰਸ਼ ਦਾ ਸਿਲਸਿਲਾ.[1189] "ਪਿਰ ਮਿਲਿ ਧਨ ਵੇਲ ਵਧੰਦੀ." (ਸ੍ਰੀ ਛੰਤ ਮਃ ੪)

ਵੇਲਣ, ਵੇਲਣੁ: ਦੇਖੋ, ਬੇਲਣ.

ਵੇਲੜੀ: ਵੱਲੀ. ਬੇਲ. ਲਤਾ। ੨. ਸਮਾਂ ਵੇਲਾ। ੩. ਘੜੀ. "ਸਾ ਵੇਲੜੀ ਪਰਵਾਣੁ." (ਵਾਰ ਜੈਤ)

ਵੇਲਾ: ਸੰ. ਸੰਗਯਾ- ਸੀਮਾ. ਹੱਦ। ੨. ਸਮੁੰਦਰ ਦਾ ਕਿਨਾਰਾ। ੩. ਸਮਾਂ. ਵਕਤ। ੪. ਦਿਨ। ੫. ਘੜੀ. "ਕਵਣੁ ਸੁ ਵੇਲਾ, ਵਖਤੁ ਕਵਣੁ?" (ਜਪੁ) ੬. ਸਮੁੰਦਰ ਦਾ ਵਾਢ. ਜਵਾਰਭਾਟਾ। ੭. ਮੌਤ ਦਾ ਸਮਾਂ। ੮. ਨਿਯਤ (ਮੁਕ਼ੱਰਰ) ਕੀਤਾ ਸਮਾਂ.

ਵੇਲਾ ਵਕਤ, ਵੇਲਾ ਵਖਤੁ: ਗੁਰਬਾਣੀ ਵਿੱਚ ਜਦ ਇਹ ਮਿਲਵਾਂ ਪਦ ਆਉਂਦਾ ਹੈ, ਤਦ ਭਾਵ ਹੁੰਦਾ ਹੈ ਹਿੰਦੂ ਅਤੇ ਮੁਸਲਮਾਨਾਂ ਦਾ ਮੁਕ਼ੱਰਰ ਕੀਤਾ ਵੇਲਾ, ਯਥਾ- "ਕਵਣੁ ××× ਸੁ ਵੇਲਾ ਵਖਤੁ ਕਵਣੁ ਵੇਲ ਨ ਪਾਈਆ ਪੰਡਤੀ ××× ਵਖਤੁ ਨ ਪਾਇਓ ਕਾਦੀਆ." (ਜਪੁ) ਅਤੇ- "ਜੋ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ?" (ਸ੍ਰੀ ਮਃ ੩) ਭਾਵ- ਸੰਧਯਾ ਅਤੇ ਨਮਾਜ਼ ਦਾ ਸਮਾਂ.

ਵੇਲਿ: ਸੰ. ਵੱਲਿ ਅਤੇ ਵੱਲੀ. ਸੰਗਯਾ- ਲਤਾ. ਬੇਲ। ੨. ਭਾਵ ਵੰਸ਼. ਕੁਲ. "ਵਧੀ ਵੇਲਿ ਬਹੁ ਪੀੜੀ ਚਾਲੀ" (ਆਸਾ ਮਃ ੫) ੩. ਇਸਤ੍ਰੀ, ਜੋ ਸੰਤਾਨ ਰੂਪ ਫਲ ਦਿੰਦੀ ਹੈ. "ਵੇਲਿ ਪਰਾਈ ਜੋਹਹਿ ਜੀਅੜੇ!" (ਗਉ ਮਃ ੧) ੪. ਕ੍ਰਿ. ਵਿ- ਵੇਲਕੇ. ਵੇਲਣ ਵਿੱਚਦੀਂ ਕੱਢਕੇ. "ਵੇਲਿ ਪਿੰਞਾਇਆ ਕਤਿ ਵੁਣਾਇਆ." (ਮਃ ੧. ਵਾਰ ਰਾਮ ੧)

ਵੇੜ: ਦੇਖੋ, ਬੇੜ। ੨. ਘੇਰਾ. ਲਪੇਟ. "ਪਾਇਆ ਵੇੜ ਮਾਇਆ." (ਬਿਲਾ ਮਃ ੫)

ਵੇੜਨਾ: ਆਵੇਸ਼੍ਟਨ. ਦੇਖੋ, ਬੇੜਨਾ.

ਵੇੜਿਓ, ਵੇੜਿਆ, ਵੇੜੀ: ਵੇਸ਼੍ਟਨ ਕੀਤਾ, ਕੀਤੀ. ਲਪੇਟਿਆ. ਲਪੇਟੀ. ਘੇਰਿਆ. ਘੇਰੀ. "ਮਨੁ ਵੇਕਾਰੀ ਵੇੜਿਆ." (ਮਃ ੩. ਵਾਰ ਸ੍ਰੀ) "ਚੰਦਨ ਵਾਸੁ ਭੁਇਅੰਗਮ ਵੇੜੀ." ਕਲਿ ਅਃ ਮਃ ੪)

ਵੇੜ੍ਹ: ਦੇਖੋ, ਵੇੜ.

ਵੇੜ੍ਹਮੀ, ਵੇੜ੍ਹਵੀਂ: ਦੇਖੋ, ਬੇੜ੍ਹਮੀ

ਵੇੜ੍ਹਾ: ਦੇਖੋ, ਬੇੜ੍ਹਾ.

ਵੇੜ੍ਹੀ: ਵਿ- ਵੇਸ਼੍ਟਿਤ. ਘਿਰੀ ਹੋਈ. "ਹਰਿ ਹਰਿ ਵਸਤੁ ਮਾਇਆ ਗੜਿ ਵੇੜ੍ਹੀ." (ਕਾਨ ਮਃ ੪)

ਵੈ: ਫ਼ਾ. وے ਸਰਵ- ਵੇ. ਉਹ. "ਹੈ ਸੁਤ, ਵੈ ਬਿਤ, ਵੈ ਪੁਰ ਪਾਟਨ." (ਕੇਦਾ ਕਬੀਰ) ੨. ਸੰ. वयस्- ਵਯਃ ਸੰਗਯਾ- ਉਮਰ. ਅਵਸਥਾ. "ਬਡ ਸਰੂਪ ਬਡ ਵੈ." (ਗਜਾਨ)

ਵੈਸ: ਵੈਸ਼੍ਯ. ਦੇਖੋ, ਬੈਸ. "ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸ ਚਹੁ ਵਰਨਾ ਕਉ ਸਾਝਾ." (ਸੂਹੀ ਮਃ ੫) ੨. ਸੰ. ਵਯਸ੍. ਉਮਰ. ਅਵਸਥਾ.

ਵੈਸਨਵ: ਦੇਖੋ, ਬੈਸਨਵ.

ਵੈਸਨਵੀ: वैष्णवी. ਵਿਸ਼ਨੁ ਨਾਲ ਸੰਬੰਧ ਰੱਖਣ ਵਾਲੀ। ੨. ਵਿਸ਼ਨੁ ਦੀ ਉਪਾਸਨਾ ਕਰਨ ਵਾਲੀ। ੩. ਸੰਗਯਾ- ਲੱਛਮੀ। ੪. ਇੱਕ ਖਾਸ ਦੇਵੀ, ਜੋ ਜੰਮੂ ਦੇ ਰਾਜ ਵਿੱਚ ਹੈ. ਵਜੀਰਾਬਾਦ ਤੋਂ ਸਿਆਲਕੋਟ ਦੇ ਰਸਤੇ ਜੰਮੂ ਰੇਲ ਜਾਂਦੀ ਹੈ. ਜੰਮੂ ਤੋਂ ੧੫-੧੬ ਕੋਹ ਤੇ ਪਹਾੜੀ ਬਿਖੜਾ ਰਾਹ ਲੰਘਕੇ ਇੱਕ ਗੁਫਾ ਹੈ, ਜਿਸ ਦਾ ਦਰਵਾਜਾ ਬਹੁਤ ਭੀੜਾ ਹੈ. ਉਸ ਦੇ ਅੰਦਰ ਸੁਰੰਗ ਖੋਦਕੇ

---

[1189] ਜਨਮ ਵਿਆਹ ਆਦਿ ਉਤਸਵਾਂ ਤੇ ਜੋ ਗਵੈਯੇ ਭੰਡ ਆਦਿਕਾਂ ਨੂੰ ਇਨਾਮ ਦਿੱਤਾ ਜਾਂਦਾ ਹੈ, ਪੰਜਾਬੀ ਵਿੱਚ ਉਸ ਨੂੰ ਭੀ ਵੇਲ ਆਖਦੇ ਹਨ. ਇਸ ਦਾ ਮੂਲ ਭੀ ਵੰਸ਼ਾਵਲੀ ਪੜ੍ਹਨਾ ਹੈ.

ਦੇਵੀ ਦਾ ਮੰਦਿਰ ਬਹੁਤ ਛੋਟਾ ਬਣਾਇਆ ਹੋਇਆ ਹੈ, ਇੱਥੇ ਫਲ ਕੜਾਹ ਆਦਿ ਭੇਟਾ ਅਰਪਦੇ ਹਨ, ਜੀਵ ਹਿੰਸਾ ਨਹੀਂ ਹੁੰਦੀ। ੫. ਤੁਲਸੀ। ੬. ਪ੍ਰਿਥਿਵੀ.

ਵੈਸਨਵੀ ਦੇਵੀ: ਦੇਖੋ, ਵੈਸਨਵੀ ੪.

ਵੈਸਨਵ੍ਯ: ਕਿ- ਵਿਸ਼ਨੁ ਨਾਲ ਹੈ ਜਿਸ ਦਾ ਸੰਬੰਧ.

ਵੈਸਨੋ: ਦੇਖੋ, ਬੈਸਨਵ.

ਵੈਸਾਖ: ਸੰ. ਵੈਸ਼ਾਖ. ਵਿਸ਼ਾਖਾ ਨਛਤ੍ਰ ਵਾਲੀ ਜਿਸ ਮਹੀਨੇ ਦੀ ਪੂਰਣਮਾਸੀ ਹੈ. "ਵੈਸਾਖ ਸੁਹਾਵਾ ਤਾ ਲਗੈ ਜਾ ਸੰਤੁ ਭੇਟੈ." (ਮਾਝ ਬਾਰਹਮਾਹਾ) ੨. ਮਧਾਣੀ ਦਾ ਡੰਡਾ.

ਵੈਸਾਖਿ: ਵੈਸ਼ਾਖ ਵਿੱਚ. "ਵੈਸਾਖਿ ਧੀਰਨਿ ਕਿਉ ਵਾਢੀਆ?" (ਮਾਝ ਬਾਰਹਮਾਹ)

ਵੈਸਾਖੀ: ਸੰਗ੍ਯਾ- ਵੈਸ਼ਾਖੀ. ਵਿਸ਼ਾਖਾ ਨਛਤ੍ਰ ਵਾਲੀ ਪੂਰਣਮਾਸੀ। ੨. ਵੈਸ਼ਾਖ ਮਹੀਨੇ ਦਾ ਪਹਿਲਾ ਪ੍ਰਵਿਸ਼੍ਟ ਸੂਰਜ ਦੇ ਹਿਸਾਬ ਵੈਸ਼ਾਖ ਦਾ ਪਹਿਲਾ ਦਿਨ. ਗੁਰਦਰਸ਼ਨ ਲਈ ਵੈਸ਼ਾਖੀ ਦੇ ਦਿਨ ਦੇਸ਼ ਦੇਸ਼ਾਂਤਰਾਂ ਦੀ ਸੰਗਤਿ ਦਾ ਏਕਤ੍ਰ ਹੋਣਾ, ਅਰਥਾਤ ਵੇਸਾਖੀ ਦਾ ਮੇਲਾ, ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦੇਵ ਦੀ ਆਗ੍ਯਾ ਨਾਲ ਕਾਇਮ ਕੀਤਾ ਸੀ. ਖਾਲਸਾਪੰਥ ਦਾ ਇਹ ਜਨਮਦਿਨ ਭੀ ਹੈ, ਇਸ ਲਈ ਸਿੱਖਾਂ ਦਾ ਮਹਾਨ ਪਰਵ ਹੈ.

ਵੈਸਾਖੀਂ: ਵੇਸਾਖ ਦ੍ਵਾਰਾ. ਵੈਸ਼ਾਖ ਮਹੀਨੇ ਕਰਕੇ. "ਨਾਨਕ ਵੈਸਾਖੀਂ ਪ੍ਰਭੁ ਪਾਵੈ." (ਤੁਪਃ ਬਾਰਹਮਾਹਾ)

ਵੈਸਾਖੁ: ਦੇਖੋ, ਵੈਸਾਖ. "ਵੈਸਾਖੁ ਭਲਾ ਸਾਖਾ ਵੇਸ ਕਰੇ." (ਤੁਖਾ ਬਾਰਹਮਾਹਾ)

ਵਸ਼ਕ: ਵਿ- ਵੇਸ਼੍ਯਾਗਾਮੀ। ੨. ਸੰਗ੍ਯਾ- ਕਾਵ੍ਯ ਅਨੁਸਾਰ ਵਿਭਚਾਰੀ (ਵ੍ਯਭਿਚਾਰੀ)

ਵੈਸੀ: ਵਿ- ਓਹੋ ਜੇਹੀ. ਤੈਸੀ। ੩. ਵੰਞਸੀ ਦਾ ਸੰਖੇਪ ਜਾਸੀ. "ਮਾਲੁ ਜੋਬਨੁ ਛੋਡਿ ਵੈਸੀ." (ਆਸਾ ਛੰਤ ਮਃ ੫) "ਹਭ ਵੈਸੀ, ਸੁਣਿ ਪਰਦਸੀ." (ਸੂਹੀ ਛੰਤ ਮਃ ੫)

ਵੈਸ਼ੇਸ਼ਿਕ: ਦੇਖੋ, ਖਟ ਸ਼ਾਸਤ੍ਰ.

ਵੈਸ਼ੰਪਾਯਨ: ਮਹਾਭਾਰਤ ਦਾ ਵਕਤਾ ਵ੍ਯਾਸ ਮੁਨਿ ਦਾ ਇੱਕ ਸਿੱਖ. ਇਸ ਦਾ ਰਚਿਆ ਅਸ਼੍ਵਮੇਧ ਪਰਵ ਉੱਤਮ ਗ੍ਰੰਥ ਹੈ. ਵ੍ਯਾਸ ਦੀ ਆਗ੍ਯਾ ਨਾਲ ਇਸ ਨੇ ਜਨਮੇਜਯ ਨੂੰ ਮਹਾਭਾਰਤ ਸੁਣਾਇਆ ਸੀ.

ਵੈਸ਼੍ਯ: ਦੇਖੋ, ਚਾਰ ਵਰਣ.

ਵੈਸ਼੍ਯਾ: ਵੈਸ਼੍ਯ ਜਾਤਿ ਦੀ ਇਸਤ੍ਰੀ। ੨. ਹਲਦੀ.

ਵੈਸ਼੍ਵਾਨਰ: ਵਿਸ਼੍ਵ ਦੇ ਸਾਰੇ ਨਰਾਂ ਦੇ ਪੇਟ ਵਿੱਚ ਰਹਿਣ ਵਾਲਾ, ਅਗਨਿ ਦੇਵਤਾ। ੨. ਪਰਮਾਤਮਾ. ਵਾਹਿਗੁਰੂ.

ਵੈਹਣ: ਦੇਖੋ, ਬੈਹਣ.

ਵੈਕੁੰਠ: ਦੇਖੋ, ਬੈਕੁੰਠ.

ਵੈਕ੍ਰਿਤ: वैकृत्त. ਵਿ- ਵਿਕਾਰ ਨੂੰ ਪ੍ਰਾਪਤ ਹੋਇਆ. ਬਦਲਿਆ ਹੋਇਆ.

ਵੈਖਰੀ: ਦੇਖੋ, ਚਾਰ ਵਾਣੀਆਂ.

ਵੈਖਾਨਸ: ਦੇਖੋ, ਬੈਖਾਨਸ.

**ਵੈਜਯੰਤ:** ਸੰ. ਸੰਗਯਾ- ਇੰਦ੍ਰ ਦਾ ਝੰਡਾ। ੨. ਇੰਦ੍ਰ ਦਾ ਮਹਲ.

**ਵੈਜਯੰਤਿਕਾ, ਵੈਜਯੰਤੀ:** ਸੰ. ਸੰਗਯਾ- ਇੰਦ੍ਰ ਦੀ ਧੁਜਾ। ੨. ਜਿੱਤ ਨੂੰ ਪ੍ਰਾਪਤ ਹੋਈ ਫੌਜ ਦੇ ਅੱਗੇ ਦੀ ਝੰਡੀ। ੩. ਫਤੇ ਦੀ ਮਾਲਾ. ਜਿੱਤਣ ਸਮੇਂ ਪਹਿਰਾਈ ਮਾਲਾ। ੪. ਵਿਸ਼ਨੁ ਦੀ ਮਾਲਾ, ਜੋ ਪੰਜ ਰਤਨਾਂ (ਮੋਤੀ, ਮਾਣਿਕ, ਜਮੁੱਰਦ, ਨੀਲਮ ਤੇ ਹੀਰੇ) ਤੋਂ ਬਣੀ ਹੋਈ ਹੈ.

**ਵੈਡੂਰਯ:** ਸੰ. ਵੈਡੁਰ੍ਯ. ਅਥਵਾ ਵੈਦੂਰ੍ਯ- ਵੈਦੂਯੰ. ਸੰਗਯਾ- ਬਿੱਲੀ ਦੀ ਅੱਖ ਜੇਹੀ ਮਣਿ. ਲਹਸੁਨਿਯਾ. ਕਈ ਕਵੀ ਸਬਜ਼ੇ ਰਤਨ ਨੂੰ ਭੀ ਵੈਡੂਯੰ ਆਖਦੇ ਹਨ, ਪਰ ਅਸਲ ਨਾਮ ਇਹ ਲਹਸੁਨਿਯੇ ਦਾ ਹੈ.

**ਵੈਣ:** ਸੰਗਯਾ- ਵਚਨ. ਵਾਕ੍ਯ. ਬਾਣੀ. "ਕੰਨੀ ਸੁਣੈ ਨ ਵੈਣ." (ਸ੍ਰੀ ਮਃ ੧) ੨. ਵਿਲਾਪ. ਕੀਰਨਾ। ੩. ਸੰ. ਬਾਂਸ ਦਾ ਬਣਿਆ ਸਾਮਾਨ। ੪. ਬਾਂਸ ਦਾ ਸਾਮਾਨ ਬਣਾਉਣ ਵਾਲਾ ਕੀਰਾਗਰ.

**ਵੈਣੀ:** ਵਚਨਾਂ ਦ੍ਵਾਰਾ. "ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ." (ਮਾਝ ਅਃ ਮਃ ੩)

**ਵੈਣੁ:** ਸਿੰਧੀ. ਵਾਕ੍ਯ. ਵਚਨ.

**ਵੈਤਰਣੀ, ਵੈਤਰਨੀ:** ਵਿਤਰਣ (ਦਾਨ) ਦ੍ਵਾਰਾ ਜੋ ਲੰਘੀ ਜਾਵੇ. ਪੁਰਾਣਾਂ ਅਨੁਸਾਰ ਯਮਲੋਕ ਦੇ ਉਰਲੇ ਪਾਸੇ ਦੀ ਇੱਕ ਨਦੀ, ਜੋ ਦੋ ਯੋਜਨ ਚੌੜੀ ਹੈ. ਇਹ ਦੁਰਗੰਧ ਭਰੀ, ਅੱਗ ਜੇਹੇ ਤੱਤੇ ਪਾਣੀ ਵਾਲੀ ਅਤੇ ਭਯੰਕਰ ਪ੍ਰਵਾਹ ਦੀ ਨਦੀ ਹੈ. ਇਸੇ ਤੋਂ ਤਰਣ ਲਈ ਹਿੰਦੂ ਗਊ ਆਦਿ ਦਾਨ ਕਰਦੇ ਹਨ. ਇਸ ਦੀ ਉਤਪੱਤੀ ਸਤੀ ਦੇ ਵਿਯੋਗ ਨਾਲ ਰੋਂਦੇ ਹੋਏ ਸ਼ਿਵ ਦੇ ਹੰਝੂਆਂ ਤੋਂ ਲਿਖੀ ਹੈ। ੨. ਉੜੀਸੇ ਦੀ ਇੱਕ ਪਵਿਤ੍ਰ ਨਦੀ.

**ਵੈਂਤੂਰਾ:** General Ventura. ਇਹ ਫ੍ਰਾਂਸ ਦਾ ਫੌਜੀ ਅਹੁਦੇਦਾਰ ਸੀ. ਨਪੋਲੀਅਲ ਬੋਨਾਪਾਰਟ ਦਾ ਰਾਜ ਭਾਗ ਲੋਪ ਹੋਣ ਤੋਂ ਨੌਕਰੀ ਦੀ ਤਲਾਸ਼ ਵਿੱਚ ਐਲਾਰਡ ਨਾਲ ਮਿਲਕੇ ਸਨ ੧੮੨੨ ਵਿੱਚ ਇਹ ਲਹੌਰ ਪੁੱਜਾ. ਮਹਾਰਾਜਾ ਰਣਜੀਤਸਿੰਘ ਨੇ ਇਸ ਨੂੰ ਆਪਣੀ ਫੌਜ ਨੂੰ ਕਵਾਇਦ ਸਿਖਾਉਣ ਲਈ ਪ੍ਰਤਿਗ੍ਯਾਪਤ੍ਰ ਲਿਖਵਾਕੇ ਵਡੇ ਆਦਰ ਨਾਲ ਰੱਖਿਆ. ਸ਼ਾਹਜ਼ਾਦਾ ਸ਼ੇਰ ਸਿੰਘ ਨਾਲ ਮਿਲਕੇ ਇਸ ਨੇ ਸਨ ੧੮੨੯ ਵਿੱਚ ਸਰੱਦੀ ਪਠਾਣਾਂ ਨੂੰ ਚੰਗੀ ਤਰਾਂ ਫਤੇ ਕੀਤਾ. ਦੇਖੋ, ਐਲਾਰਡ.

ਵੈਂਤੂਰਾ ਨੂੰ ੨੫੦੦) ਰੁਪਯੇ ਮਾਹਵਾਰ ਤੋਂ ਛੁੱਟ ਮਹਾਰਾਜਾ ਬਹੁਤ ਇਨਾਮ ਬਖਸ਼ਿਆ ਕਰਦਾ ਸੀ. ਇਸ ਦੀ ਬੇਟੀ (Victorine) ਨੂੰ ਦੋ ਪਿੰਡ ਜਾਗੀਰ ਮਿਲੇ ਸਨ. ਇਹ ਮਹਾਰਾਜਾ ਦੇ ਦੇਹਾਂਤ ਪਿੱਛੋਂ ਕੁਝ ਚਿਰ ਲਾਹੌਰ ਰਿਹਾ, ਫਿਰ ਉਦਾਸ ਹੋਕੇ ਚਲਾ ਗਿਆ ਅਤੇ ਅੰਤ ਦੀ ਅਵਸਥਾ. ਪੈਰਿਸ ਰਹਿਕੇ ਵਿਤਾਈ. ਮਰੇ ਅਤੇ ਪ੍ਰਿੰਸਪ ਇਸ ਨੂੰ ਇਟੇਲੀਅਨ ਲਿਖਦੇ ਹਨ. ਵੂਲਫ (Wolf). ਇਸ ਨੂੰ ਯਹੂਦੀ ਦਸਦਾ ਹੈ ਅਰ ਨਾਮ ਦਿੰਦਾ ਹੈ- (Reuben Ben- Toora).

**ਵੈਦ, ਵੈਦੁ:** ਸੰ. ਵੈਦ੍ਯ. ਜੋ ਵਿਦ੍ਯਾ ਰਖਦਾ ਹੈ. ਪੰਡਿਤ. ਹਕੀਮ. Doctor ਵਿਦ੍ਵਾਨ। ੨. ਤ਼ਬੀਬ. ਵੈਦ. Physician ਰੋਗ ਇਲਾਜ ਕਰਨ ਵਾਲਾ. "ਰੋਗੁ ਗਵਾਇਹਿ ਆਪਣਾ. ਤ ਨਾਨਕ ਵੈਦੁ ਸਦਾਇ." (ਮਃ ੨. ਵਾਰ ਮਲਾ)

**ਵੈਦਕ:** ਦੇਖੋ, ਬੈਦਕ, ਵੈਦਿਕ ਅਤੇ ਵੈਦ੍ਯਕ.

**ਵੈਦਗੀ:** ਸੰਗਯਾ- ਵੈਦ੍ਯਕ੍ਰਿਯਾ. ਤ਼ਿਬਾਬਤ. "ਵੈਦੁ ਬੁਲਾਇਆ ਵੈਦਗੀ." (ਮਃ ੧. ਵਾਰ ਮਲਾ)

**ਵੈਦਾ:** ਵੈਂਦਾ. ਗਮਨ ਕਦਾ. ਵੰਞਦਾ। ੨. ਸੰਬੋਧਨ. ਹੇ ਵੈਦ! ੩. ਅ਼. وعدہ ਵਅ਼ਦਹ. ਸੰਗਯਾ- ਇਕ਼ਰਾਰ. ਪ੍ਰਣ. (Promise)

**ਵੈਦਿਓ:** ਵੰਞਣ (ਜਾਣ) ਵਾਲੇ ਨੂੰ. ਵਿਨਾਸ਼ ਹੋਣ ਵਾਲੇ ਨੂੰ. "ਸਚੁ ਜਾਣੈ ਕਚੁ ਵੈਦਿਓ." (ਵਾਰ ਮਾਰੂ ੨. ਮਃ ੫) ਵਿਨਸਨਹਾਰ ਅਸਤ੍ਯ ਪਦਾਰਥਾਂ ਨੂੰ ਸੱਚੇ ਜਾਣਦਾ ਹੈ। ੨. ਵੈਂਦਿਓ. ਹੇ ਜਾਣ ਵਾਲਿਓ!

**ਵੈਦਿਆ:** ਵੰਞਦਿਆ. ਜਾਂਦਿਆ. ਗਮਨ ਕਰਨ ਵਾਲਿਆ. "ਕੁਰੀਏ ਕੁਰੀਏ ਵੈਦਿਆ !" (ਵਾਰ ਮਾਰੂ ੨. ਮਃ ੫) ੨. ਵੈਂਦਿਆਂ. ਜਾਂਦਿਆਂ.

**ਵੈਦਿਕ:** ਵਿ- ਵੇਦ ਸੰਬੰਧੀ। ੨. ਸੰਗਯਾ- ਵੇਦਗਯਾਤਾ ਪੰਡਿਤ। ੩. ਦੇਖੋ, ਵੈਦਕ.

**ਵੈਦਿਕ ਦੇਵਤੇ:** ਵੇਦਾਂ ਦਾ ਟੀਕਾਕਾਰ ਯਾਸਕ (यास्क), ਰਿਗਵੇਦ ਅਨੁਸਾਰ ਦੇਵਤਿਆਂ ਦੀ ਵੰਡ ਇਉਂ ਦਿੰਦਾ ਹੈ- ਅਗਨਿ ਜੋ ਪ੍ਰਿਥਵੀ ਤੇ ਰਹਿੰਦਾ ਹੈ, ਵਾਯੁ ਜੋ ਹਵਾ ਵਿੱਚ ਰਹਿੰਦਾ ਹੈ ਅਤੇ ਸੂਰਯ ਜੋ ਆਕਾਸ਼ ਵਿੱਚ ਰਹਿੰਦਾ ਹੈ, ਇਹ ਮੁੱਖ ਤਿੰਨ ਦੇਵਤੇ ਹਨ. ਇਨ੍ਹਾਂ ਦੇਵਤਿਆਂ ਦੇ ਜੁਦੇ ਜੁਦੇ ਕੰਮ ਹੋਣ ਕਰਕੇ ਇਨ੍ਹਾਂ ਦੇ ਕਈ ਨਾਮ ਹਨ. ਰਿਗਵੇਦ ਵਿੱਚ ਹੀ ਇਨ੍ਹਾਂ ਦੀ ਗਿਣਤੀ ੩੩ ਹੋ ਗਈ ਹੈ, ਜਿਨ੍ਹਾਂ ਵਿੱਚੋਂ ੧੧. ਆਕਾਸ਼ ਵਿੱਚ, ੧੧. ਵਾਯੂ ਵਿੱਚ ਅਤੇ ੧੧. ਪ੍ਰਿਥਿਵੀ ਤੇ ਰਹਿੰਦੇ ਹਨ. ਇਹ ੩੩ ਕੋਟਿ ਦੇਵਤੇ ਕਹੇ ਜਾਂਦੇ ਹਨ. ਪਰ ਇਹ ਪਤਾ ਨਹੀਂ ਕਿ ਇਹ ੩੩ ਕੇਹੜੇ ਹਨ, ਕਿਉਂਕਿ ਅਨੇਕ ਥਾਵਾਂ ਤੇ ਜੁਦੇ ਜੁਦੇ ਨਾਮ ਦਿੱਤੇ ਹਨ. ਇਹ ਦੇਵਤੇ ਭਾਵੇਂ ਅਮਰ ਹਨ, ਪਰ ਨਿਰਾਕਾਰ ਨਹੀਂ, ਕਈ ਹਾਲਤਾਂ ਵਿੱਚ ਤਾਂ ਇਨ੍ਹਾਂ ਦੀ ਕੁਲ ਦਾ ਹਾਲ ਭੀ ਦਿੱਤਾ ਹੁੰਦਾ ਹੈ, ਪਰ ਇਨ੍ਹਾਂ ਦੇ ਹਾਲ ਇੱਕ ਦੂਜੇ ਨਾਲ ਨਹੀਂ ਮਿਲਦੇ. ਕਹਿੰਦੇ ਹਨ ਕਿ ਅਗਨਿ ਅਤੇ ਸਾਵਿਤ੍ਰੀ ਨੇ ਹੀ ਹੋਰ ਦੇਵਤਿਆਂ ਨੂੰ ਅਮਰ ਬਣਾਇਆ ਹੈ ਅਤੇ ਇਹ ਭੀ ਦੱਸਿਆ ਹੈ ਕਿ ਇੰਦ੍ਰ ਨੇ ਇਹ ਵਰ ਯੱਗ ਆਦਿ ਕਰਮਾਂ ਦ੍ਵਾਰਾ ਪ੍ਰਾਪਤ ਕੀਤਾ ਸੀ.

ਸ਼ਤਪਥ ਬ੍ਰਾਹਮਣ ਵਿੱਚ ਲਿਖਿਆ ਹੈ ਕਿ ਇਹ ਸਾਰੇ ਹੀ ਦੇਵਤੇ ਅਤੇ ਰਾਖਸ ਪਹਿਲਾਂ ਮੌਤ ਦੇ ਵਸ਼ ਵਿੱਚ ਸਨ. ਸਾਰਿਆਂ ਦਾ ਬਲ ਇੱਕੋ ਜੇਹਾ ਸੀ ਅਤੇ ਸਾਰੇ ਹੀ ਪ੍ਰਜਾਪਤਿ ਦੇ ਪੁਤ੍ਰ ਸਨ. ਅਮਰ ਹੋਣ ਲਈ ਦੇਵਤਿਆਂ ਨੇ ਵਡੇ ਯੱਗ ਹੋਮ ਅਤੇ ਤਪ ਕੀਤੇ, ਪਰ ਜਦ ਤਕ ਪ੍ਰਜਾਪਤਿ ਨੇ ਇਨ੍ਹਾਂ ਨੂੰ ਇੱਕ ਨਵੀਂ ਤਰਾਂ ਦਾ ਯੱਗ ਕਰਨਾ ਨਾ ਦੱਸਿਆ, ਇਹ ਅਮਰ ਨਾ ਹੋ ਸਕੇ, ਅਤੇ ਜਦ ਇਨ੍ਹਾਂ ਨੇ ਪ੍ਰਜਾਪਤਿ ਦਾ ਕਹਿਣਾ ਮੰਨਿਆ, ਤਾਂ ਇਹ ਕਾਮਯਾਬ ਹੋਏ, ਰਾਖਸਾਂ ਕੋਲੋਂ ਉੱਚੇ ਬਣਨ ਲਈ ਇਨ੍ਹਾਂ ਨੇ ਸੱਚ ਬੋਲਣਾ ਆਰੰਭ ਕਰ ਦਿੱਤਾ. ਜਦ ਇਹ ਘੱਟ ਝੂਠ ਬੋਲਣ ਲੱਗ ਪਏ, ਤਾਂ ਰਾਖਸ ਵਧੀਕ ਝੂਠੇ ਹੋ ਗਏ. ਅੰਤ ਵਿੱਚ ਦੇਵਤੇ ਰਾਖਸਾਂ ਕੋਲੋਂ ਉੱਚ ਪਦਵੀ ਨੂੰ ਪ੍ਰਾਪਤ ਹੋਏ. ਫੇਰ ਇਨ੍ਹਾਂ ਵਿੱਚੋਂ ਅਗਨਿ ਇੰਦ੍ਰ ਅਤੇ ਸੂਰਯ ਨੇ ਬਾਕੀ ਦੇਵਤਿਆਂ ਕੋਲੋਂ ਉੱਚੇ ਹੋਣ ਦੀ ਅਭਿਲਾਖਾ ਕੀਤੀ ਅਤੇ ਯੱਗ ਆਦਿ ਕਰਮਾਂ ਕਰਕੇ ਇਨ੍ਹਾਂ ਦੀ ਮੋਨਕਾਮਾਨਾ ਪੂਰੀ ਹੋਈ. ਪਹਿਲਾਂ ਅਗਨਿ ਦੀਆਂ ਲਾਟਾਂ ਏਹੋ ਜੇਹੀਆਂ ਨਹੀਂ ਸਨ ਜੇਹੀਆਂ ਕਿ ਹੁਣ ਹਨ. ਅਗਨਿ ਨੇ ਇੱਛਾ ਕੀਤੀ ਕਿ ਮੇਰੀਆਂ ਲਾਟਾਂ ਉੱਚੀਆਂ ਹੋਣ ਅਤੇ ਇਸ ਗੱਲ ਲਈ ਕਈ ਯੰਗ ਆਦਿਕ ਕੀਤੇ, ਤਾਂ ਇਹ ਮਨੋਰਥ ਸਿੱਧ ਹੋਇਆ. ਇਸੇ ਤਰਾਂ ਇੰਦ੍ਰ ਨੇ ਅਤੇ ਸੂਰਯ ਨੇ ਆਪਣਾ ਤੇਜ ਵਧਾ ਲਿਆ. ਇਨ੍ਹਾਂ ਤਿੰਨਾਂ ਦੇਵਤਿਆਂ ਦੀ ਵੈਦਿਕ ਤ੍ਰਿਮੂਰਤਿ ਹੈ. ਪੁਰਾਣਾਂ ਦੇ ਸਮੇਂ ਦੇਵਤਿਆਂ ਦੀ ਗਿਣਤੀ ਹੱਦੋਂ ਵਧ ਗਈ ਅਤੇ ਦੇਵਤਿਆਂ ਦੀਆਂ ਮੂਰਤਾਂ ਭੀ ਬਣਾਈਆਂ ਗਈਆਂ. ਵੈਦਿਕ ਜਮਾਨੇ ਵਿੱਚ ਕੇਵਲ ਕੁਦਰਤੀ ਸ਼ਕਤੀਆਂ ਦੀ ਕਲਪਿਤ ਮੂਰਤਿ ਮੰਨਕੇ ਪੂਜਾ ਕੀਤੀ ਜਾਂਦੀ ਸੀ.

ਕਿਤਨੇ ਵਿਦ੍ਵਾਨਾਂ ਨੇ ਸ਼ਿਰੋਮਣਿ ਦੇਵਤੇ ੧੨. ਲਿਖੇ ਹਨ- ਬ੍ਰਹਮਾ, ਵਿਸ਼ਨੁ, ਸ਼ਿਵ, ਸਰਸ੍ਵਤੀ, ਲਕ੍ਮੀ, ਪਾਰਵਤੀ, ਇੰਦ੍ਰ, ਵਰੁਣ, ਪਵਨ, ਅਗਨਿ, ਯਮ, ਕੁਬੇਰ, ਕਾਰਤਿਕੇਯ, ਕਾਮ, ਸੂਰਯ, ਚੰਦ੍ਰਮਾ ਅਤੇ ਗਣੇਸ਼. ਦੇਖੋ, ਤੇਤੀਸ ਕੋਟਿ.

**ਵੈਦੁ:** ਦੇਖੋ, ਵੈਦ ਅਤੇ ਵੈਦਗੀ.

**ਵੈਦੂਰਥ:** ਵਿਦੂਰਥ ਦੇਖੋ, ਬਯਦੂਰਥ.

**ਵੈਦੂਰਯ:** ਦੇਖੋ, ਵੈਡੂਰਯ.

**ਵੈਦੇਹ:** ਵਿ- ਵਿਦੇਹ (ਮਿਥਿਲਾ) ਦੇਸ਼ ਨਾਲ ਹੈ ਜਿਸ ਦਾ ਸੰਬੰਧ। ੨. ਵਿਦੇਹ ਕੁਲ ਵਿੱਚ ਹੋਣ ਵਾਲਾ। ੩. ਸੰਗਯਾ- ਰਾਜਾ ਜਨਕ. ਦੇਖੋ, ਜਨਕ ੫.

**ਵੈਦੇਹੀ:** ਵਿਦੇਹ (ਜਨਕ) ਦੀ ਪੁਤ੍ਰੀ, ਸੀਤਾ. ਜਾਨਕੀ. ਦੇਖੋ, ਵੈਦੇਹ.

**ਵੈਦ੍ਯ:** ਵਿਦ੍ਯਾ ਜਾਣਨ ਵਾਲਾ. ਵਿਦ੍ਵਾਨ. ਹਕੀਮ. (Doctor). । ੨. ਤ਼ਬੀਬ ਦੇਖੋ, ਵੈਦ ੨। ੩. ਵਿ- ਵੇਦ ਸੰਬੰਧੀ. ਵੇਦ ਦਾ.

**ਵੈਦ੍ਯਕ:** ਵੈਦ੍ਯ ਲਈ ਰਚਿਆ ਗ੍ਰੰਥ. ਆਯੁਰਵੇਦ. ਹਕੀਮੀ ਵਿਦ੍ਯਾ ਅਤੇ ਉਸ ਦਾ ਗ੍ਰੰਤ. ਤ਼ਿੱਬ.

**ਵੈਦ੍ਯਨਾਥ:** ਸੰਗਯਾ- ਧਨ੍ਵੰਤਰਿ. ਜੋ ਸਾਰੇ ਵੈਦਾਂ ਦਾ ਸਰਦਾਰ ਹੈ। ੨. ਸ਼ਿਵ। ੩. ਇੱਕ ਸ਼ਿਵਲਿੰਗ, ਜੋ ਝਾਰਖੰਡ ਬਿਹਾਰ ਦੇ ਪੂਰਵ ਭਾਗ ਦੇਵਗੜ੍ਹ ਵਿੱਚ ਹੈ. ਦੇਖੋ, ਦੁਆਦਸ ਸਿਲਾ ੫.

ਵੈਦਜਰਾਜ: ਵੈਦਾਂ ਦਾ ਰਾਜਾ, ਧਨ੍ਵੰਤਰਿ। ੨. ਵੈਦਕ ਦਾ ਇੱਕ ਖ਼ਿਤਾਬ.

ਵੈਧਵ੍ਯ: ਸੰ. ਸੰਗ੍ਯਾ- ਵਿਧਵਾ ਹੋਣ ਦਾ ਭਾਵ. ਰੰਡੇਪਾ.

ਵੈਨ: ਦੇਖੋ, ਬੈਨ ਅਤੇ ਵੈਣ। ੨. ਵੇਣ ਦਾ ਪੁਤ੍ਰ ਪ੍ਰਿਥੁ. ਵੈਨ੍ਯ.

ਵੈਨਤੇਯ: ਵਿਨਤਾ ਦੀ ਔਲਾਦ, ਗਰੁੜ। ੨. ਅਰੁਣ.

ਵੈਭਵ: ਵਿਭੂਤਿ. ਵਿਭੂਤ੍ਵ. ਐਸ਼੍ਵਰਯ। ੨. ਮਹਿਮਾ. ਵਡੱਪਣ। ੩. ਸ਼ਕਤਿ. ਤਾਕਤ.

ਵੈਮਨਸ੍ਯ: ਸੰ. ਸੰਗ੍ਯਾ- ਵਿਮਨ ਹੋਣ ਦਾ ਭਾਵ. Dejection। ੨. ਵੈਰ. ਦੁਸ਼ਮਨੀ.

ਵੈਮਾਨਿਕ: ਵਿਮਾਨ ਦੀ ਸਵਾਰੀ ਕਰਨ ਵਾਲਾ, ਦੇਵਤਾ। ੨. ਹਵਾਈ ਜਹਾਜ ਦਾ ਸਵਾਰ.

ਵੈਯਾਕਰਣ: ਵ੍ਯਾਕਰਣ ਪੜ੍ਹਿਆ ਹੋਇਆ ਪੰਡਿਤ। ੨. ਵ੍ਯਾਕਰਣ ਸੰਬੰਧੀ.

ਵੈਰ: ਦੁਸ਼ਮਨੀ. ਵਿਰੋਧ. ਦੇਖੋ, ਬੈਰ. "ਵੈਰ ਕਰੇ ਨਿਰਵੈਰ ਨਾਲਿ." (ਵਾਰ ਮਾਰੂ ੨. ਮਃ ੫)

ਵੈਰਵਿਰੋਧ: ਪ੍ਰਤਿਬੰਧ ਅਤੇ ਦੁਸ਼ਮਨੀ. ਮੁਖ਼ਾਲਫ਼ਤ ਅਤੇ ਸ਼ਤ੍ਰੁਤਾ. "ਗੁਰਮੁਖਿ ਵੈਰ ਵਿਰੋਧ ਗਵਾਵੈ." (ਸਿਧਗੋਸਟਿ)

ਵੈਰਾਈ: ਵੈਰਭਾਵ ਰੱਖਣ ਵਾਲਾ. ਸ਼ਤ੍ਰੁ. "ਨਾ ਕੋ ਕੰਟਕ ਵੈਰਾਈ." (ਮਃ ੩. ਵਾਰ ਵਡ) ੨. ਦੁਸ਼ਮਨੀ. ਸ਼ਤ੍ਰੁਤਾ.

ਵੈਰਾਹ: ਵਿ- ਵਰਾਹ (ਸੂਰ) ਨਾਲ ਹੈ ਜਿਸਦਾ ਸੰਬੰਧ। ੨. ਕੁਮਾਰਗ. ਖੋਟਾ ਰਾਹ. ਦੇਖੋ, ਬੈਰਾਹ.

ਵੈਰਾਗ: ਦੇਖੋ, ਬੈਰਾਗ. ਵੈਰਾਗ੍ਯ. ਉਪਰਾਮਤਾ ਦਾ ਭਾਵ. ਲੋਕ ਪਰਲੋਕ ਦੇ ਵਿਸ਼ਿਆਂ ਨਾਲ ਪ੍ਰੀਤਿ ਦਾ ਨਾ ਹੋਣਾ. ਵਿਦ੍ਵਾਨਾਂ ਨੇ ਵੈਰਾਗ ਦੇ ਚਾਰ ਭੇਦ ਮੰਨੇ ਹਨ-

੧. ਯਤਮਾਨ- ਸੰਸਾਰ ਨੂੰ ਦੁੱਖ ਰੂਪ ਜਾਣਕੇ ਸਾਧੁ ਸੇਵਾ ਦ੍ਵਾਰਾ ਪਰਮਾਰਥ ਪ੍ਰਾਪਤੀ ਦਾ ਯਤਨ ਕਰਨਾ.

੨. ਵ੍ਯਤਿਰੇਕ- ਵਿਚਾਰ ਨਾਲ ਹਾਨਿਕਾਰਕ ਪਦਾਰਥਾਂ ਦਾ ਤਿਆਗ ਅਤੇ ਲਾਭਦਾਇਕ ਦਾ ਗ੍ਰਹਣ.

੩. ਏਕੇਂਦ੍ਰਿਯ- ਇੰਦ੍ਰੀਆਂ ਦੇ ਭੋਗਾਂ ਤੋਂ ਗਲਾਨੀ ਕਰਕੇ ਮਨ ਵਿੱਚ ਸਾਰੇ ਇੰਦ੍ਰਿਯਾਂ ਨੂੰ ਲਯ ਕਰਨਾ.

੪. ਵਸ਼ਿਕਾਰ- ਮਨ ਅਜੇਹਾ ਕ਼ਾਬੂ ਕਰਨਾ ਕਿ ਪਦਾਰਥਾਂ ਵੱਲ ਜਾਣ ਦਾ ਕਦੇ ਸੰਕਲਪ ਨਾ ਫੁਰੇ.

ਵੈਰਾਗੀ: ਦੇਖੋ, ਬੈਰਾਗੀ.

ਵੈਰਾਗ੍ਯ: ਵਿਰਾਗ ਦਸ਼ਾ. ਸੰਸਾਰ ਦੇ ਪਦਾਰਥਾਂ ਤੋਂ ਮਨ ਦੀ ਉਪਰਾਮਤਾ.

ਵੈਰਾਗ੍ਯਸ਼ਤਕ: ਭਰਤ੍ਰਿਹਰਿ ਦਾ ਰਚਿਆ ਹੋਇਆ ਵੈਰਾਗ੍ਯਬੋਧਕ ਇੱਕ ਗ੍ਰੰਥ, ਜਿਸ ਦਾ ਸੌ ਸ਼ਲੋਕ ਹੈ.

ਇਸ ਦਾ ਹਰਿਦਯਾਲ ਕਵੀ ਨੇ ਹਿੰਦੀ ਭਾਸ਼ਾ ਵਿੱਚ ਬਹੁਤ ਮਨੋਹਰ ਉਲਥਾ ਕੀਤਾ ਹੈ। ੨. ਪੰਡਿਤ ਅਪ੍ਯਯਦੀਕ੍ਸ਼ਿਤ ਰਚਿਤ ਇਕ ਗ੍ਰੰਥ, ਜਿਸ ਵਿੱਚ ਵੈਰਾਗ੍ਯ ਦਾ ਉੱਤਮ ਉਪਦੇਸ਼ ਹੈ.

ਵੈਰਾਟ: ਵਿਰਾਟ ਨਾਲ ਹੈ ਸੰਬੰਧ ਜਿਸ ਦਾ. ਦੇਖੋ, ਵਿਰਾਟ। ੨. ਫੈਲਿਆ ਹੋਇਆ. ਵਿਸ੍ਤਾਰ ਸਹਿਤ.

ਵੈਰਾਨ: ਫ਼ਾ. ویراں ਵੀਰਾਨ. ਵਿ- ਉਜੜਿਆ ਹੋਇਆ. ਗ਼ੈਰ ਆਬਾਦ.

ਵੈਰੀ: ਦੁਸ਼ਮਨ. ਦੇਖੋ, ਬੈਰੀ.

ਵੈਰੀਸਾਲ: ਵਿ- ਵੈਰੀ ਨੂੰ ਸਲਣ ਵਾਲਾ. ਜੋ ਦੁਸ਼ਮਨ ਨੂੰ ਵਿੰਨ੍ਹ ਦੇਵੇ. ਦੇਖੋ, ਸਾਲ ੫.

ਵੈਰੋਕੇ: ਇੱਕ ਪਿੰਡ, ਜੋ ਜਿਲਾ ਅਮ੍ਰਿਤਸਰ, ਤਸੀਲ ਅਜਨਾਲਾ ਵਿੱਚ ਹੈ. ਇੱਥੇ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਗੁਰਦ੍ਵਾਰਾ "ਬੇਰ ਬਾਰਾ ਨਾਨਕ" ਨਾਮੇ ਹੈ.

ਵੈਰੋਵਾਲ: ਇੱਕ ਪੁਰਾਣਾ ਕਸਬਾ, ਜੋ ਜਿਲਾ ਅਮ੍ਰਿਤਸਰ, ਤਸੀਲ ਤਰਨਤਾਰਨ ਵਿੱਚ, ਖਡੂਰ ਅਤੇ ਗੋਇੰਦਵਾਲ ਦੇ ਨੇੜੇ ਹੈ. ਇੱਥੇ ਦੇ ਮਾਲਕ ਸਾਹਿਬਜ਼ਾਦੇ ਭੱਲੇ ਅਤੇ ਤ੍ਰੇਹਣ ਹਨ, ਹੁਣ ਇਸ ਦੀਆਂ ਦੋ ਆਬਾਦੀਆਂ ਹਨ.

ਵੈਲਜ਼ਲੇ: Richard C. Wellesley ਇਸ ਦਾ ਜਨਮ ੨੦. ਜੂਨ ਸਨ ੧੭੬੦ ਨੂੰ ਇੰਗਲੈਂਡ ਹੋਇਆ. ਇਹ ਡਯੂਕ ਆਵ ਵੈਲਿੰਗਟਨ[1190] ਦਾ ਵਡਾ ਭਾਈ ਸੀ. ਇੰਗਲੈਂਡ ਵਿੱਚ ਅਨੇਕ ਅਹੁਦਿਆਂ ਤੇ ਰਹਿਕੇ ਸਨ ੧੭੯੩ ਵਿੱਚ ਇਹ ਕਮਿਸ਼ਨਰ[1191] ਹੋਕੇ ਹਿੰਦੁਸਤਾਨ ਪੁੱਜਾ. ਮਈ ਸਨ ੧੭੯੮ ਤੋਂ ੩੦ ਜੁਲਾਈ ੧੮੦੫ ਤੀਕ ਹਿੰਦੁਸਤਾਨ ਦਾ ਗਵਰਨਰ ਜਨਰਲ ਰਿਹਾ. ਅੰਗ੍ਰੇਜ਼ੀ ਰਾਜ ਨੂੰ ਸ਼ਿਰੋਮਣਿ ਰਾਜ ਬਣਾਣ ਦੀ ਪਾਲਿਸੀ ਇਸ ਨੇ ਅਨੇਕ ਢੰਗਾਂ ਨਾਲ ਵਰਤੀ. ਭਾਰਤ ਤੋਂ ਫ੍ਰਾਂਸ ਦੀ ਸ਼ਕਤੀ ਘਟਾਉਣ ਵਿੱਚ ਇਸ ਨੂੰ ਵਡੀ ਸਫਲਤਾ ਪ੍ਰਾਪਤ ਹੋਈ. ਇੰਗਲੈਂਡ ਦੇ ਮੰਤ੍ਰੀਆਂ ਨੇ ਇਸਦੇ ਕੰਮ ਬਹੁਤ ਸਲਾਹੇ ਅਤੇ ਕਈ ਖਿਤਾਬ ਦਿੱਤੇ. ੨੬ ਸਿੰਤਬਰ ਸਨ ੧੮੪੨ ਨੂੰ ਮਾਰਕ੍ਵਿਸ (Marquess) ਵੈਲਜ਼ਲੇ ਦਾ ਦੇਹਾਂਤ ਹੋਇਆ. ਇਸ ਨੂੰ ਲਾਰਡ ਮਾਰਨਿੰਗਟਨ (Lord Mornington) ਭੀ ਕਹਿੰਦੇ ਸਨ.

ਵੈਲਿੰਗਟਨ: Duke of Wellington. ਦੇਖੋ, ਵੈਲਜ਼ਲੇ.

ਵੈਵਸ੍ਵਤ: ਸੰਗਯਾ- ਵਿਵਸ੍ਵਤ (ਸੂਰਯ) ਦੀ ਔਲਾਦ, ਯਮਰਾਜ। ੨. ਸ਼ਨੀ. ਸ਼ਨਿਸ਼ਚਰ. ਛਨਿੱਛਰ। ੩. ਮਨੁ। ੪. ਵਿ- ਸੂਰਜ ਨਾਲ ਸੰਬੰਧ ਰੱਖਣ ਵਾਲਾ। ੫. ਸੂਰਜ ਦਾ ਉਪਾਸਕ. ਸੌਰ.

ਵੋਹਿਥ: ਦੇਖੋ, ਬੋਹਿਥ.

ਵੋਪਦੇਵ: ਕੇਸ਼ਵ ਦਾ ਪੁਤ੍ਰ ਅਤੇ ਧਨੇਸ਼੍ਵਰ ਦਾ ਚੇਲਾ ਇੱਕ ਸੰਸਕ੍ਰਿਤ ਦਾ ਵਡਾ ਪੰਡਿਤ, ਜਿਸ ਦੇ ਬਣਾਏ ਗ੍ਰੰਥ ਮੁਗਧਬੋਧ, ਕਵਿਕਲਪਦ੍ਰਮ ਆਦਿ ਅਨੇਕ ਹਨ. ਇਹ ਈਸਵੀ ਤੇਰ੍ਹਵੀਂ ਸਦੀ ਦੇ ਪਿਛਲੇ ਹਿੱਸੇ ਵਿੱਚ ਰਾਜਾ ਹੇਮਾਦ੍ਰਿ ਦੇਵਗਿਰਿ (ਦੋਲਤਾਬਾਦ) ਪਤਿ ਦੇ ਦਰਬਾਰ ਦਾ ਭੂਸ਼ਣ ਸੀ.

ਵੰਸ: ਦੇਖੋ, ਬੰਸ.

ਵੰਸ਼ਕਪੂਰ, ਵੰਸ਼ਲੋਚਨ: ਦੇਖੋ, ਤਬਾਸ਼ੀਰ.

ਵੰਸ਼ਾਵਲੀ: ਦੇਖੋ, ਬੰਸਾਵਲੀ.

ਵੰਸੀ: ਦੇਖੋ, ਬੰਸੀ.

ਵੰਸੀਧਰ: ਦੇਖੋ, ਬੰਸੀਧਰ.

ਵੰਸ਼ੀਵਟ: ਦੇਖੋ, ਬੰਸੀਬਟ.

ਵੰਸੁ: ਦੇਖੋ, ਬੰਸ। ੨. ਮੁਰਲੀ. ਬਾਂਸੁਰੀ. ਵੰਸ਼. (ਬਾਂਸ) ਦੀ ਨਲਕੀ. "ਆਪੇ ਵੰਸੁ ਵਜਾਹਾ." (ਸੋਰ ਮਃ ੪)

ਵੰਸ਼ਜ: ਸੰ. ਵਿ- ਵੰਸ਼ (ਬਾਂਸ) ਤੋਂ ਬਣੀ ਹੋਈ ਵਸਤੁ। ੨. ਸੰਗਯਾ- ਕੰਗਰੋੜ. ਰੀਢ.

---

[1190] ਫ੍ਰਾਂਸ ਦੇ ਸ਼ਹਨਸ਼ਾਹ ਨੇਪੋਲੀਅਨ ਬੋਨਪਾਰਟ ਨੂੰ ਵਾਟਰਲੂ (Waterloo) ਦੇ ਮੈਦਾਨ ਵਿੱਚ ਜਿੱਤਕੇ ਕੈਦ ਕਰਨ ਵਾਲਾ ਇਹ ਯੋਧਾ ਸੀ. ਇੰਗਲੈਂਡ ਵਿੱਚ ਇਸ ਦੇ ਕਈ ਬੁਤ ਸਨਮਾਨ ਲਈ ਬਣਾਏ ਗਏ ਹਨ.

[1191] Commission for the affairs of India.

ਵੰਕ: ਸੰ. ਵङ्क्. ਧਾ- ਟੇਢਾ ਹੋਣਾ, ਟੇਢਾ ਕਰਨਾ, ਦੁਸ਼੍ਰਿਤਾ ਕਰਨਾ। ੨. ਵਿ- ਝੁਕਿਆ ਹੋਇਆ. ਵਿੰਗਾ. ਟੇਢਾ। ੩. ਸੰਗਯਾ- ਨਦੀ ਦਾ ਮੋੜ (ਖ਼ਮ). ੪. ਦੇਖੋ, ਬੰਕ.

ਵੰਕਾ: ਦੇਖੋ, ਬੰਕਾ ਅਤੇ ਵੰਕ। ੨. ਸੰ. ਵङ्का. ਘੋੜੇ ਦੀ ਕਾਠੀ ਦਾ ਹੰਨਾ.

ਵੰਗ: ਦੇਖੋ, ਬੰਗ.

ਵੰਗਜ: ਵਿ- ਵੰਗ (ਬੰਗਾਲ) ਵਿੱਚ ਪੈਦਾ ਹੋਣ ਵਾਲਾ। ੨. ਸੰਗਯਾ- ਸੰਧੂਰ। ੩. ਪਿੱਤਲ.

ਵੰਗਾਰਨਾ: ਦੇਖੋ, ਬੰਗਾਰਨਾ.

ਵੰਗੁੜੀ: ਲਾਖ ਦੀ ਚੂੜੀ. ਇਹ ਅਨੇਕ ਰੰਗਾਂ ਦੀ ਹੋਇਆ ਕਰਦੀ ਹੈ. ਦੇਖੋ, ਬੰਗ. "ਨਾ ਮਨੀਆਰੁ ਨ ਚੂੜੀਆ, ਨਾ ਸੇ ਵਾਂਗੁੜੀਆਹਾ." (ਵਡ ਮਃ ੧) ਨਹੀਂ ਕਿਸੇ ਅਰਥ ਹੈ ਮਣੀਕਾਰ, ਨਾ ਧਾਤੁ ਦੀਆਂ ਚੂੜੀਆਂ ਅਤੇ ਨਾ ਕੱਚ ਆਦਿ ਦੀਆਂ ਵੰਗਾਂ. ਭਾਵ ਸਾਰੇ ਸਿੰਗਾਰ ਦੇ ਸਾਧਨ ਅਤੇ ਸਿੰਗਾਰ ਨਿਸਫਲ ਹਨ.

ਵੰਗੇਸ਼੍ਵਰ: ਦੇਖੋ, ਬੰਗੇਸ਼੍ਵਰ। ੨. ਵੈਦਕ ਅਨੁਸਾਰ ਇੱਕ ਰਸ, ਜੋ ਵਾਉਗੋਲੇ ਲਈ ਉੱਤਮ ਦਵਾ ਹੈ. ਇਸ ਦੇ ਬਣਾਉਣ ਦੀ ਵਿਧਿ ਇਹ ਹੈ- ਪਾਰੇ ਦੀ ਰਾਖ ੮. ਤੋਲੇ, ਕਲੀ ਦੀ ਰਾਖ ੮. ਤੋਲੇ, ਤਾਂਬੇ ਦੀ ਰਾਖ ੩੨ ਤੋਲੇ ਗੰਧਕ ੩੨ ਤੋਲੇ, ਅੱਕ ਦੇ ਦੁੱਧ ਵਿੱਚ ਚੌਹਾਂ ਨੂੰ ਤਰ ਕਰਕੇ ਗੋਹਿਆਂ ਦੀ ਭੱਠੀ ਵਿੱਚ ਫੂਕਣ ਤੋਂ ਵੰਗੇਸ਼੍ਵਰ ਰਸ ਤਿਆਰ ਹੁੰਦਾ ਹੈ. ਇਸ ਦੀ ਖ਼ੁਰਾਕ ਅੱਧੀ ਰੱਤੀ ਤੋਂ ਦੋ ਰੱਤੀ ਤੀਕ ਹੈ.

ਵੰਚ: ਦੇਖੋ, ਬੰਚ. "ਜਬ ਆਣੈ ਬਲ ਵੰਚ ਕਰਿ." (ਤਿਲੰ ਮਃ ੪)

ਵੰਚਕ: ਰਗਣ ਵਾਲਾ. ਦੇਖੋ, ਬੰਚਕ.

ਵੰਚਨ: ਸੰ. ਵञ्चन. ਧੋਖਾ ਦੇਣਾ. ਠਗ ਲੈਣਾ। ੨. ਕਿਸੇ ਵਸਤੁ ਤੋਂ ਵਾਂਜਿਆਂ ਰੱਖਣਾ.

ਵੰਚਨਾ: ਸੰ. ਸੰਗਯਾ- ਵੰਚਨ ਦੀ ਕ੍ਰਿਯਾ. ਠੱਗੀ.

ਵੰਚਿਤ: ਦੇਖੋ, ਬੰਚਿਤ.

ਵੰਚੀਆ: ਵਿ- ਵੰਚਨ ਕਰਨਾ. ਠਗਣ ਵਾਲਾ. "ਹਮ ਪਾਪੀ ਬਲਵੰਚੀਆ." (ਬਿਲਾ ਛੰਤ ਮਃ ੪) ਦੇਖੋ, ਬਲਵੰਚੀਆ.

ਵੰਛਾ: ਦੇਖੋ, ਬਾਂਛਾ.

ਵੰਛਿਤ: ਵਾਂਛਿਤ. ਚਾਹਿਆ ਹੋਇਆ. ਲੋੜੀਂਦਾ.

ਵੰਜ: ਦੇਖੋ, ਬੰਚ ਅਤੇ ਵੰਞਣੁ.

ਵੰਜਿਆ: ਵੰਚਿਤ ਹੋਇਆ. ਠਗਿਆ ਗਿਆ.

ਵੰਜੀਐ: ਵੰਚਿਤ ਹੋਈਐ. ਮਹਰੂਮ ਰਹੀਏ. ਵਾਂਜੇ ਰਹੀਏ. "ਤਿਸ ਕਾ ਕਹੁ ਕਿਆ ਜਤਨ, ਜਿਸ ਤੇ ਵੰਜੀਐ?" (ਵਾਰ ਜੈਤ) ੨. ਜਾਈਏ. ਦੇਖੋ, ਵੰਞਣੁ.

ਵੰਜੁਲ: ਸੰ. ਵञ्जुल. ਸੰਗਯਾ- ਤਿਨਿਸ਼. ਬਿਰਛ. ਦੇਖੋ, ਬ੍ਰਿੰਦਲ। ੨. ਬੈਤ ਦਾ ਪੇਡ. ਵੇਤ੍ਰ। ੩. ਅਸ਼ੋਕ ਬਿਰਛ। ੪. ਇੱਕ ਜਲ ਕਿਨਾਰੇ ਰਹਿਣ ਵਾਲਾ ਪੰਛੀ। ੫. ਬਹੁਤ ਦੁੱਧ ਦੇਣ ਵਾਲੀ ਗਾਂ। ੬. ਵਿ- ਟੇਢਾ. ਵਕ੍ਰ.

ਵੰਜੇ: ਵੰਚਿਤ ਹੋਏ. ਖ਼ਾਲੀ ਰਹੇ. "ਦਾਨਹੁ ਤੈ ਇਸ ਨਨਹੁ ਵੰਜੇ." (ਮਃ ੧. ਵਾਰ ਮਾਝ)

ਵੰਞ: ਦੇਖੋ, ਬੰਞ.

ਵੰਝਲੀ: ਵੰਸ਼ (ਬਾਂਸ) ਦੀ ਪੋਰੀ. ਬਾਂਸੁਰੀ. ਮੁਰਲੀ.

ਵੰਝੀ: ਵੰਝ (ਵੰਸ਼) ਹੈ ਜਿਸ ਦੇ ਹੱਥ ਵਿੱਚ, ਮਲਾਹ। ੨. ਚੱਪਾ. ਕਿਸ਼ਤੀ ਚਲਾਉਣ ਦਾ ਬਾਂਸ. "ਵੰਝੀ ਹਾਥਿ ਨ ਖੇਵਟੂ." ਅਮਾਰੂ ਅਃ ਮਃ ੧) ਨਾ ਚੱਪਾ, ਨਾ ਹਾਥਿ (ਪਤਵਾਰ) ਨਾ ਕੈਵਰਤ (ਮਲਾਹ).

ਵੰਞਣ, ਵੰਞਣੁ: ਸਿੰਧੀ. ਸੰ. ਵਿਗਮਨ. ਜਾਣਾ. "ਭਗਤੀ ਨਾਮ. ਵਿਹੂਣਿਆ ਆਵਹਿ ਵੰਞਹਿ ਪੂਰ." (ਸ੍ਰੀ ਮਃ ੫) "ਹਉ ਵਾਰੀ ਵੰਞਾ ਖੰਨੀਐ ਵੰਞਾ." (ਵਡ ਮਃ ੧) "ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ." (ਸੂਹੀ ਅਃ ਮਃ ੩) "ਉਠਿ ਵੰਞੁ ਵਟਾਊੜਿਆ." (ਆਸਾ ਛੰਤ ਮਃ ੫)

ਵੰਞਾਏ: ਗਵਾਏ. "ਆਪੁ ਵੰਞਾਏ, ਤਾ ਸਭ ਕਿਛੁ ਪਾਏ." (ਮਾਝ ਅਃ ਮਃ ੩) ਖ਼ੁਦੀ ਨੂੰ ਕੱਢੇ.

ਵੰਞਾਏਨੀ: ਲੈ ਜਾਂਦੇ ਗਏ ਹਨ. "ਤਾਹੂ ਖਰੇ ਸੁਜਾਣ ਵੰਞਾਏਨੀ ਕਪਰੀ." (ਸਵਾ ਮਃ ੧) ਵਡੇ ਹੋਸ਼ਿਯਾਰ ਉੱਚੇ ਢਾਹੇ ਵੱਲ ਲੈਜਾਂਦੇ ਹਨ. ਭਾਵ- ਗੁਮਰਾਹ ਹੋਕੇ ਬੇੜਾ ਗਰਕ ਕਰ ਬੈਠੇ ਹਨ.

ਵੰਞਾਵਣਾ: ਗੁਵਾਉਣਾ. "ਸੋਈ ਹੋਇ ਜਿ ਕਰਤੇ ਭਾਵੈ, ਕਹਿਕੇ ਆਪੁ ਵੰਞਾਵਣਾ." (ਮਾਰੂ ਸੋਲਹੇ ਮਃ ੫)

ਵੰਞੁ: ਜਾਹ ਦੂਰ ਹੋ ! ਦੇਖੋ, ਵੰਞਣ. "ਵੰਞੁ ਮੇਰੇ ਆਲਸਾ." (ਆਸਾ ਛੰਤ ਮਃ ੫)

ਵੰਞੈ: ਗੁਜ਼ਰਦਾ (ਜਾਂਦਾ) ਹੈ. " ਜੋ ਜੋ ਵੰਞੈ ਡੀਹੜਾ." (ਸਃ ਫਰੀਦ)

ਵੰਟ: ਸੰ. वणट्. ਧਾ- ਅਲਗ ਕਰਨਾ, ਹਿੱਸਾ ਕਰਨਾ, ਵੰਡਣਾ। ੨. ਵਿ- ਲੰਡਾ. ਪੂਛ ਬਿਨਾ। ੩. ਅਣ ਵਿਆਹਿਆ. ਜਿਸ ਦੀ ਸ਼ਾਦੀ ਨਹੀਂ ਹੋਈ। ੪. ਸੰਗਯਾ- ਹਿੱਸਾ. ਛਾਂਦਾ.

ਵੰਟਨ: ਸੰ. ਸੰਗਯਾ- ਵੰਡਣ ਦੀ ਕ੍ਰਿਯਾ. ਤਕਸੀਮ ਕਰਨਾ.

ਵੰਡ: ਸੰ. वणड्. ਧਾ- ਅਲਗ ਕਰਨਾ, ਹਿੱਸਾ ਕਰਨਾ, ਢਕਣਾ। ੨. ਸੰਗਯਾ- ਵਿਭਾਗ. ਹਿੱਸਾ. "ਤਿਸੁ ਹਰਿਧਨ ਕੀ ਵੰਡ ਹਥਿ ਆਵੈ." (ਮਃ ੪. ਵਾਰ ਬਿਲਾ) ਦੇਖੋ, ਕਾਠੀਵੰਡ, ਚੂੰਡਾਵੰਡ, ਪੱਗਵੰਡ ਅਤੇ ਮੱਲਵੰਡ। ੩. ਆਟਾ ਆਦਿ ਛਾਣਨ ਤੋਂ ਛਾਣਨੀ ਵਿੱਚ ਰਿਹਾ ਸੂਹੜ. ਸੂੜ੍ਹਾ.

ਵੰਡਣਾ: ਕ੍ਰਿ- ਤਕਸੀਮ ਕਰਨਾ. ਬਾਂਟਨਾ. ਵਰਤਾਉਣਾ. ਦੇਖੋ, ਵੰਡ ਧਾ.

ਵੰਡਾ: ਸੰਗਯਾ- ਛਾਂਦਾ. ਵਰਤਾਰਾ. ਹਿੱਸਾ. ਸੰ. ਵੰਡੁਕ ਦੇਖੋ, ਵੰਡ ਧਾ। ੨. ਸੰ. वणडा. ਛਿਨਾਲ ਔਰਤ.

ਵੰਤ, ਵੰਤਾ, ਵੰਤੁ: ਸੰ. वन्त. ਵਾਲਾ. ਧਾਰਨ ਕਰਤਾ. ਇਹ ਯੌਗਿਕ ਸ਼ਬਦ ਦੇ ਅੰਤ ਆਉਂਦਾ ਹੈ, ਜਿਵੇਂ- "ਓਹੁ ਧਨਵੰਤੁ ਕੁਲਵੰਤ ਪਤਵੰਤੁ." (ਸੁਖਮਨੀ)

ਵੰਦ: ਦੇਖੋ, ਬੰਦ ਅਤੇ ਵੰਦਨ। ੨. ਦੇਖੋ, ਵੰਤ. ਫ਼ਾ. مند ਮੰਦ. ਇਸ ਦਾ ਪ੍ਰਯੋਗ ਦੂਜੇ ਸ਼ਬਦ ਦੇ ਅੰਤ ਹੁੰਦਾ ਹੈ, ਜੈਸੇ- ਅਕਲਵੰਦ. ਦੇਖੋ, ਵੰਦੁ। ੩. ਫ਼ਾ. وند ਵਾਲਾ. ਮਾਲਿਕ. ਇਹ ਦੂਜੇ ਸ਼ਬਦ ਦੇ ਅੰਤ ਆਉਂਦਾ ਹੈ, ਜੈਸੇ- ਖ਼ੁਦਾਵੰਦ.

ਵੰਦਨ, ਵੰਦਨਾ: ਸੰਗਯਾ- ਪ੍ਰਣਾਮ. ਨਮਸਕਾਰ. ਸੰ. वन्द्. ਧਾ- ਉਸਤਤਿ ਕਰਨਾ, ਨਮਸਕਾਰ ਕਰਨਾ, ਆਦਰ ਕਰਨਾ.

ਵੰਦਨੀਯ: ਵਿ- ਨਮਸਕਾਰ ਯੋਗਯ। ੨. ਉਸਤਤਿ ਲਾਇਕ.

ਵੰਦਾ: ਦੇਖੋ, ਬੰਦਾ ੧. ਅਤੇ ਵੇਧ ੩-੪

ਵੰਦੁ: ਦੇਖੋ, ਵੰਤ ਅਤੇ ਵੰਦ. "ਦੁਖੀਆ ਦਰਦਵੰਦੁ ਦਰਿ ਆਇਆ." (ਸੂਹੀ ਰਵਿਦਾਸ)

ਵੰਦਯ: ਸੰ. ਵਿ- ਵੰਦਨਾ ਯੋਗਯ। ੨. ਤਅ਼ਰੀਫ਼ ਲਾਇਕ.

ਵੰਧ: ਦੇਖੋ, ਬੰਧ.

ਵੰਧਯਾ, ਵੰਧਯਾਪਨ: ਬੰਧ੍ਯਾ. ਬਾਂਝ. ਬਾਂਝਪਨ. ਦੇਖੋ, ਬੰਧਿਆ ੨. ਅਤੇ ਬੰਧ੍ਯਾਪਨ.

ਵੰਨ: ਸੰਗ੍ਯਾ- ਵਰਣ. ਰੰਗ। ੨. ਸ਼ਰੀਰ ਦਾ ਉੱਤਮ ਵਰਣ ਕਰਨ ਲਈ ਮਲਿਆ ਹੋਇਆ ਵਟਣਾ। ੩. ਵਿਸ਼ਯ. "ਗੁਣ ਗਾਹਕ ਇਕ ਵੰਨ." (ਮਃ ੨. ਵਾਰ ਮਾਝ) ਇੱਕ ਇੱਕ ਵਿਸ਼ਯ ਦਾ ਗ੍ਰਾਹਕ ਇੰਦ੍ਰਿਯ ਹੈ.

ਵੰਨਾ: ਦੇਖੋ, ਬੰਨਾ। ੨. ਦੁਲਹਾ. ਲਾੜਾ. ਸਿੰਧੀ. ਵੰਨੁੜੋ.

ਵੰਨਿਆ: ਵਣੰ ਵਾਲਾ. ਰੰਗੀਨ। ੨. ਵਰਣਨ ਕੀਤਾ. ਵਰਣਿਆ.

ਵੰਨੀ: ਵਣੰ. ਰੰਗਤ. ਵੰਨੀ ਚੜੈ ਚੜਾਇ." (ਮਃ ੩. ਵਾਰ ਗੂਜ ੧) ੨. ਲਾੜੀ. ਦੁਲਹਨ। ੩. ਸਿੰਧੀ ਅੱਖ ਦੀ ਧੀਰੀ (ਪੁਤਲੀ).

ਵੰਨੀਸ: ਸੰਗ੍ਯਾ- ਵਣਿੰਸ਼. ਕਸੌਟੀ, ਜਿਸ ਨਾਲ ਸੋਨੇ ਦਾ ਰੰਗ ਪਰਖੀਦਾ ਹੈ. "ਨਦਰਿ ਸਰਾਫ ਵੰਨੀਸ ਚੜਾਉ." (ਓਅੰਕਾਰ) "ਨਦਰਿ ਸਰਾਫ਼ ਵੰਨੀਸ ਚੜਾਇਆ." (ਮਾਰੂ ਸੋਲਹੇ ਮਃ ੫)

ਵੰਨੁ: ਵਰਣ. ਰੰਗਤ. ਦੇਖੋ, ਵੰਨ. "ਵੰਨੁ ਗਇਆ, ਰੂਪ ਵਿਣਸਿਆ." (ਮਃ ੧. ਵਾਰ ਮਲਾ) ੨. ਰਸ. ਸੁਆਦ. "ਅੰਭੈ ਕੈ ਸੰਗਿ ਨੀਕਾ ਵੰਨੁ." (ਗੌਂਡ ਕਬੀਰ)

ਵੰਨ੍ਹੀ: ਅੱਗ. ਦੇਖੋ, ਵਹ੍ਨਿ.

ਵ੍ਯਸਨ: ਸੰ. ਸੰਗ੍ਯਾ- ਵਿਪੱਤਿ. ਮੁਸੀਬਤ। ੨. ਗਿਰਾਉ. ਪਤਨ। ੩. ਕਾਮ ਕ੍ਰੋਧ ਆਦਿ ਵਿਕਾਰਾਂ ਕਰਕੇ ਉਪਜਿਆ ਦੋਸ਼। ੪. ਕਿਸੇ ਵਿਸ਼ਯ ਦੀ ਵਾਦੀ (ਆਦਤ). ਮਨੂ ਨੇ ਕਾਮ ਤੋਂ ਉਪਜੇ ਦਸ ਅਤੇ ਕ੍ਰੋਧ ਤੋਂ ਪੈਦਾ ਹੋਏ ਅੱਠ ਵ੍ਯਸਨ ਲਿਖੇ ਹਨ[1192]-

ਕਾਮਜ- ਸ਼ਿਕਾਰ, ਜੂਆ, ਦਿਨੇ ਸੌਣਾ, ਨਿੰਦਾ, ਸ੍ਤ੍ਰੀਭੋਗ, ਸ਼ਰਾਬਖੋਰੀ, ਨਾਚ, ਗਾਉਣਾ, ਵਜਾਉਣਾ[1193] ਅਤੇ ਅਵਾਰਾਗਰਦੀ.

ਕ੍ਰੋਧਜ- ਚੁਗਲੀ, ਵਿਚਾਰ ਬਿਨਾ ਕੀਤਾ ਕੰਮ, ਛਲ, ਈਰਖਾ (ਹਸ), ਕਿਸੇ ਦੇ ਗੁਣਾਂ ਵਿੱਚ ਦੋਸ਼ਾਰੋਪਣ, ਚੋਰੀ, ਬਦਜ਼ਬਾਨੀ ਅਤੇ ਮਾਰਕੁਟਾਈ। ੫. ਸ਼ੌਂਕ. ਦਿਲ ਦਾ ਲਗਾਉ. ਜਿਵੇਂ- ਉਸ ਨੂੰ ਲਿਖਣ ਪੜ੍ਹਨ ਦਾ ਵ੍ਯਸਨ ਹੈ। ੬. ਸੰ. ਵ੍ਯਸਨ. ਵਿਰੁੱਧ ਭੋਜਨ ਜਾਂ ਵਿਸ਼ੇਸ਼ ਭੋਜਨ, ਅਥਵਾ ਨਿਰਾਹਾਰ.

ਵ੍ਯਸਨੀ: व्यसनिन्. ਵ੍ਯਸਨ ਧਾਰਨ ਵਾਲਾ. ਦੇਖੋ, ਵ੍ਯਸਨ.

ਵ੍ਯਾਸ਼੍ਰਿ: ਵਿ- ਭਿੰਨ. ਜੁਦਾ. ਵੱਖ.

ਵ੍ਯਸ੍ਤ: ਵਿ- ਵ੍ਯਾਕੁਲ ਹੋਇਆ. ਘਬਰਾਇਆ ਹੋਇਆ ੨. ਵੰਡਿਆ ਹੋਇਆ। ੩. ਉਲਟਾ. ਵਿਪਰੀਤ.

ਵ੍ਯਕ੍ਤ: ਵਿ- ਪ੍ਰਗਟ. ਜਾਹਿਰ। ੨. ਵੇਖਣ ਲਾਇਕ। ੩. ਮੋਟਾ. ਸ੍ਥੂਲ। ੪. ਸੰਗ੍ਯਾ- ਮਨੁਖ। ੫. ਕੰਮ. ਕਾਰਯ। ੬. ਵਿਸ਼ਨੁ.

ਵ੍ਯਕ੍ਤਿ: ਸੰਗ੍ਯਾ- ਜਨ. ਮਨੁੱਖ। ੨. ਦੇਹ. ਜਿਸਮ। ੩ ਵਸ੍ਤੁ. ਪਦਾਰਥ। ੪. ਪ੍ਰਕਾਸ਼.

ਵ੍ਯਗ੍ਰ: ਸੰ. ਕਿ- ਘਬਰਾਇਆ ਹੋਇਆ। ੨. ਡਰਿਆ ਹੋਇਆ.

ਵ੍ਯਜਨ: ਸੰਗ੍ਯਾ- ਪੰਖਾ. ਪੱਖਾ. ਬੀਜਨ.

---

[1192] दश काम समुत्थानि तथाष्टौ क्रोधजानि च।
व्यसनानि दुरन्तानि प्रयतेन विवर्जयेत् (ਮਨੁ ਅਃ ੭, ਸਃ ੪੫)

[1193] ਗਾਉਣਾ ਵਜਾਉਣਾ ਉੱਤਮ ਵਿਦ੍ਯਾ ਹੈ, ਪਰ ਹੋਰ ਕੰਮਾਂ ਨੂੰ ਛੱਡਕੇ ਕੇਵਲ ਇਸੇ ਪਰਾਯਣ ਹੋਣ ਵ੍ਯਸਨ ਹੈ.

**ਵ੍ਯਤਿਕ੍ਰਮ:** ਵਿ- ਵਿਪਰਯਯ. ਉਲਟਾ। ੨. ਸਿਲਸਿਲੇ ਦੇ ਵਿਰੁੱਧ। ੩. ਵਿਘਨ.

**ਵ੍ਯਤਿਰੇਕ:** ਸੰਗ੍ਯਾ- ਵਿਯੋਗ. ਭਿੰਨਤਾ. ਜੁਦਾਈ। ੨. ਬਿਨਾ. ਸਿਵਾਯ। ੩. ਪਦਛੇਦ। ੪. ਇੱਕ ਅਰਥਾਲੰਕਾਰ ਦੇ ਵਸਤੂਆਂ ਦਾ ਮੁਕਾਬਲਾ ਕਰਦੇ ਹੋਏ ਉਪਮਾਨ ਦੀ ਉਪਮੇਯ ਨਾਲੋਂ ਯੁਕਤਿ ਨਾਲ ਵਿਸ਼ੇਸ਼ਤਾ ਦੱਸੀਏ, ਇਹ "ਵ੍ਯਤਿਰੇਕ" ਅਲੰਕਾਰ ਦਾ ਲੱਛਣ ਹੈ.

ਜਹਾਂ ਹੋਤ ਉਪਮਾਨ ਤੇ ਅਤਿ ਉਪਮੇਯ ਵਿਸ਼ੇਖ,

ਵਹਾਂ ਕਹਿਤ ਵ੍ਯਤਿਰੇਕ ਹੈਂ ਕਵਿ ਜਨ ਮਤ ਉੱਲੇਖ.

(ਲਲਿਤਲਲਾਮ)

ਸਮ ਛਬਿਵਾਨ ਦੁਹੂਨ ਮੇ ਜਹਿਂ ਵਰਣਤ ਬਡ ਏਕ,

ਭੂਸ਼ਣ ਕਵਿ ਕੋਵਿਦ ਸਭੈ ਤਾਂਹਿ ਕਹਿਤ ਵ੍ਯਤਿਰੇਕ.

(ਸ਼ਿਵਰਾਜਭੂਸ਼ਣ)

ਇਸ ਵਿੱਚ ਇਸ ਲਿਯੇ, ਯਾਂਤੇ, ਪਰ, ਪਰੰਤੁ ਆਦਿ ਸ਼ਬਦਾਂ ਦਾ ਪ੍ਰਯੋਗ ਹੋਇਆ ਕਰਦਾ ਹੈ.

ਉਦਾਹਰਣ-

ਗੁਰੁਬਾਨੀ ਹੈ ਸੁਧਾ ਸੀ ਭਰੀ ਮਧੁਰ ਉਪਦੇਸ਼,

ਜਨਮ ਮਰਨ ਬੰਧਨ ਹਰੈ ਯਾਂਤੇ ਅਹੈ ਵਿਸ਼ੇਸ਼.

ਰਾਜੈਂ ਸੁਰ ਹ੍ਵਾਂ ਤੋ ਇਹਾਂ ਸਾਧੁ ਸੁਰ ਰਾਜੈਂ ਸਦਾ

ਸੁਧਾ ਹੈ ਵਹਾਂ ਤੋਂ ਹ੍ਯਾਂ ਸੁਧਾ ਸਰ ਦਰਸ ਹੈ,

ਪਾਨ ਕਿਯੇ ਵਾਂਕੇ ਹੋਤ ਅਮਰ ਸੁ ਮਰਹੂੰਕੈ

ਜੀਵਨਮੁਕਤ ਯਹਿ ਸਭ ਕੋ ਪਰਸ ਹੈ,

ਗ੍ਵਾਲ ਕਵਿ ਯੋਗਿਨ ਕੋ ਦੁਲਭ ਕਹਾ ਹੈ ਵਹ

ਯੋਗੀ ਭੋਗੀ ਦੋਉਨ ਕੋ ਹੋਤ ਹ੍ਯਾਂ ਹਰਸ ਹੈ,

ਹ੍ਵਾਂ ਹੈ ਹਰਿਮੰਦਿਰ ਹ੍ਯਾਂ ਹਰਿ ਗੁਰੁ ਮੰਦਿਰ ਹੈ.

ਯਾਂਤੇ ਨੂਰਪੁਰ ਸੁਰਪੁਰ ਤੇਂ ਸਰਸ ਹੈ.

(ਗ੍ਵਾਲ ਕਵਿ)

**ਵ੍ਯਤੀਤ:** ਵਿ- ਅਤੀਤ. ਵਿ- ਵੀਤਿਆ (ਗੁਜ਼ਰਿਆ) ਹੋਇਆ.

**ਵ੍ਯਤ੍ਯਯ:** ਵਿ- ਅਤ੍ਯਯ. ਵਿ- ਵਿਪਰਯੰਯ. ਉਲਟਾ. ਵਿਪਰੀਤ

**ਵ੍ਯਥ:** ਸੰ. व्यथ. ਧਾ- ਕੰਬਣਾ, ਗੁਮਰਾਹ ਹੋਣਾ, ਵ੍ਯਾਕੁਲ ਹੋਣਾ, ਦੁਖੀ ਹੋਣਾ, ਤਪਣਾ, ਡਰਨਾ.

**ਵ੍ਯਥਾ:** ਸੰਗ੍ਯਾ- ਪੀੜ. ਦਰਦ. ਦੁੱਖ। ੨. ਘਬਰਾਹਟ. ਦੇਖੋ, ਵ੍ਯਥ.

**ਵ੍ਯਧ:** ਸੰ. व्यध्. ਧਾ- ਮਾਰਨਾ, ਛੇਦਣਾ, ਦੁੱਖ ਦੇਣਾ.

ਵਜਭਿਚਾਰ: ਵਿ- ਅਭਿਚਾਰ. ਸੰਗਜਾ- ਨਿੰਦਿਤ ਆਚਾਰ. ਬੁਰਾ ਨਾਲ ਚਲਨ. ਬਦਚਲਨੀ। ੨. ਇਸਤ੍ਰੀ ਦਾ ਪਰਾਏ ਪੁਰਖ ਨਾਲ ਅਤੇ ਪੁਰਖ ਦਾ ਪਰਾਈ ਇਸਤ੍ਰੀ ਨਾਲ ਅਯੋਗ ਸੰਬੰਧ.

ਵਜਭਿਚਾਰੀ: व्यभिचारिन्. ਵਜਭਿਚਾਰ ਕਰਨ ਵਾਲਾ. ਦੇਖੋ, ਵਜਭਿਚਾਰ। ੨. ਇੱਕ ਥਾਂ ਕਾਇਮ ਨਾ ਰਹਿਣ ਵਾਲਾ. ਦੂਜੇ ਥਾਂ ਜਾਣ ਵਾਲਾ। ੩. ਦੂਜੇ ਥਾਂ ਘਟਣ ਵਾਲਾ ਲੱਛਣ, ਜਿਵੇਂ- ਗਾਂ ਦਾ ਲੱਛਣ ਕਰੀਏ ਸਿੰਗਾਂ ਵਾਲੀ. ਇਹ ਲੱਛਣ ਮੱਝ ਬਕਰੀ ਆਦਿ ਵਿੱਚ ਭੀ ਘਟਦਾ ਹੈ.

ਵਜਭਿਚਾਰੀ ਭਾਵ: ਦੇਖੋ, ਭਾਵ ਦਾ ਅੱਖਰ (ਹ)

"ਭਾਵ ਜੁ ਸਭ ਹੀ ਨਸਨ ਮੇ ਉਪਜਤ ਕੇਸ਼ਵਰਾਯ।

ਬਿਨਾ ਨਿਯਮ ਤਿਨ ਸੋਂ ਕਹੈਂ ਵਜਭਿਚਰੀ ਕਵਿਰਾਯ।।

(ਰਸਿਕਪ੍ਰਿਯਾ)

ਵਜਯ: ਸੰਗਜਾ- ਖ਼ਰਚ। ੨. ਤਿਆਗ। ੩. ਦਾਨ.

ਵਜਥੰ: ਵਿ- ਅਥੰ. ਵਿ- ਬਿਨਾ ਮਤਲਬ. ਵਿਫਲ. ਬੇਫਾਇਦਾ.

ਵਜਵਸ੍ਥਾ: ਦੇਖੋ, ਬਿਵਸਥਾ ੩.

ਵਜਵਹਾਰ: ਸੰਗਜਾ- ਵਿ- ਅਵਹਾਰ. ਕੰਮ. ਧੰਧਾ ਬਜੋਹਾਰ। ੨. ਲੈਣ ਦੇਣ। ੩. ਚਾਲਚਲਨ.

ਵਜਵਹਾਰਿਕ: ਵਿ- ਵਿਹਾਰ ਸੰਬੰਧੀ.

ਵਜਵਹਾਰੀ: ਦੇਖੋ, ਬਿਉਹਾਰੀ.

ਵਜਵਹਿਤ: ਸੰ. ਵਿ- ਵਜਵਧਾਨ ਸਹਿਤ. ਜਿਸ ਅੱਗੇ ਰੋਕ ਅਥਵਾ ਪੜਦਾ ਆ ਗਿਆ ਹੈ.

ਵਜਵਹਾਨ: ਵਿ- ਅਵਧਾਨ. ਸੰਗਜਾ- ਰੋਕ. ਪ੍ਰਤਿਬੰਧ। ੨. ਵਿਘਨ। ੩. ਆਛਾਦਨ. ਢਕਣਾ.

ਵਜਾਸ: ਦੇਖੋ, ਬਿਆਸ ੪। ੨. ਵਿਸ੍ਤਾਰ ਫੈਲਾਓ.

ਵਜਾਸਪੂਜਨ, ਵਜਾਸਪੂਜਾ: ਹਾੜ ਸੁਦੀ ੧੫. ਇਸ ਦਿਨ ਵਜਾਸ ਦੇਵ, ਅਤੇ ਵਿਦਜਾ ਦੇਣ ਵਾਲੇ ਗੁਰੂ ਦਾ ਹਿੰਦੂਮਤ ਅਨੁਸਾਰ ਪੂਜਨ ਹੁੰਦਾ ਹੈ.

ਵਜਾਕਰਣ: ਸੰ. ਵਿ- ਆ- ਕ੍ਰਿ. ਸੰਗਜਾ- ਜੁਦਾ ਕਰਨ ਦੀ ਕ੍ਰਿਯਾ. ਅਲਗ ਕਰਨਾ. ਨਿਖੇੜਨਾ। ੨. ਧਾਤੁ ਅਤੇ ਸ਼ਬਦ ਦਾ ਗਜਾਨ ਕਰਾਉਣ ਵਾਲਾ ਸ਼ਾਸਤ੍ਰ, ਜਿਸ ਦ੍ਵਾਰਾ ਸ਼ਬਦਾਂ ਦੇ ਸ਼ੁੱਧ ਰੂਪ ਅਤੇ ਵਰਤੋਂ ਦੇ ਪ੍ਰਕਾਰ ਜਾਣੇ ਜਾਂਦੇ ਹਨ, ਅ਼. ਸਰਫ਼ੋਨਹ਼ਵ. ਅੰ. Grammar. ਦੇਖੋ, ਅਸਟ ਸਾਜਿ ਸਾਜਿ ੩.

ਵਜਾਕੁਲ: ਵਿ- ਵਿ- ਆਕੁਲ. ਘਬਰਾਇਆ ਹੋਇਆ. ਦੁਖੀ.

ਵਜਾਖਜਾ, ਵਜਾਖਜਾਨ: ਸੰਗਜਾ- ਵਿ- ਆਖਜਾ, ਵਿ- ਆਖਜਾਨ. ਵਰਣਨ. ਬਯਾਨ। ੨. ਟੀਕਾ. ਸ਼ਰਹ.

ਵਜਾਘਾਤ: ਸੰਗਜਾ- ਵਿ- ਆਘਾਤ. ਪ੍ਰਹਾਰ. ਚੋਟ. ਸੱਟ। ੨. ਵਿਘਨ. ਰੁਕਾਵਟ। ੩. ਇੱਕ ਅਰਥਾਲੰਕਾਰ. ਜਿਸ ਵਸ੍ਤੁ ਤੋਂ ਜੋ ਕਾਰਯ ਸੁਭਾਵਿਕ ਹੋਣਾ ਚਾਹੀਏ, ਉਸ ਤੋਂ ਵਿਰੁੱਧ ਕ੍ਰਿਯਾ ਦਾ ਹੋਣਾ, ਐਸਾ ਕਥਨ "ਵਜਾਘਾਤ" ਅਲੰਕਾਰ ਹੈ.

ਜੋ ਜੈਸੋ ਕਰਤਾਰ, ਸੋ ਵਿਰੁੱਧਕਾਰੀ ਜਹਾਂ,

ਵਰਣਤ ਸੁਮਤਿ ਉਦਾਰ, ਤਹਾਂ ਕਹਿਤ ਵਜਾਘਾਤ ਹੈ.

(ਲਲਿਤਲਲਾਮ)

ਉਦਾਹਰਣ-

ਜਮ ਤੇ ਉਲਟਿ ਭਏ ਹੈਂ ਰਾਮ,

ਦੁਖ ਬਿਨਸੇ ਸੁਖ ਕੀਓ ਬਿਸਰਾਮ.

ਬੈਰੀ ਉਲਟਿ ਭਏ ਹੈਂ ਮੀਤਾ,

ਸਾਕਤ ਉਲਟਿ ਸੁਜਨ ਭਏ ਚੀਤਾ.

(ਗਉ ਕਬੀਰ)

ਗਾਇ ਸਿੰਘ ਕੋ ਦੂਧ ਪਿਲਾਵੈ.

ਸਿੰਘ ਗਊ ਕੋ ਘਾਸ ਚੁਗਾਵੈ.

ਚੋਰ ਕਰਤ ਧਨ ਕੀ ਪ੍ਰਤਿਪਾਰਾ,

ਤ੍ਰਾਸ ਮਾਰ ਕੋ ਹਥ ਨ ਡਾਰਾ.

(ਰਘੁਰਾਜ)

ਰਾਜੇ ਪਾਪ ਕਮਾਂਵਦੇ,

ਉਲਟੀ ਬਾੜ ਖੇਤ ਕੋ ਖਾਈ,

ਸੇਵਕ ਬੈਠਨ ਘਰਾਂ ਵਿੱਚ

ਗੁਰੁ ਉਠ ਘਰੀਂ ਤਿਨਾੜੇ ਜਾਈ,

ਕਾਜੀ ਹੋਏ ਰਿਸ਼ਵਤੀ

ਵੱਢੀ ਲੈਕੇ ਹੱਕ ਗਵਾਈ.

(ਭਾਗੁ)

ਵ੍ਯਾਘ੍ਰ, ਵ੍ਯਾਘ੍ਰੀ: ਵਿ- ਆਘ੍ਰਾ (ਚੰਗੀ ਤਰਾਂ ਸੁੰਘਕੇ) ਸ਼ਿਕਾਰ ਦੀ ਖੋਜ ਕਰਨ ਵਾਲਾ. ਬਾਘ ਅਤੇ ਉਸ ਦੀ ਮਾਦਾ. Panther। ੨. ਬਘਿਆੜ- ਬਘਿਆੜੀ। ੩. ਸ਼ੇਰ- ਸ਼ੇਰਨੀ.

ਵ੍ਯਾਜ: (ਵਿ- ਅੱਜ੍) ਸੰਗ੍ਯਾ- ਕਪਟ. ਛਲ. ਧੋਖਾ। ੨. ਬਹਾਨਾ. ਹੀਲਾ। ੩. ਵਿਘਨ। ੪. ਦੇਖੋ, ਬਿਆਜ.

ਵ੍ਯਾਜ ਉਸਤਤਿ, ਵ੍ਯਾਜਸ੍ਤੁਤਿ: ਬਹਾਨੇ ਨਾਲ ਤਅ਼ਰੀਫ਼ ਕਰਨੀ। ੨. ਇੱਕ ਅਰਥਾਲੰਕਾਰ. ਸ਼ਬਦਾਂ ਤੋਂ ਨਿੰਦਾ ਭਾਨ ਹੋਵੇ, ਪਰ ਭਾਵ ਤੋਂ ਉਸਤਤਿ ਪਾਈ ਜਾਵੇ, ਇਹ "ਵ੍ਯਾਜਸ੍ਤੁਤਿ" ਅਲੰਕਾਰ ਹੈ.

ਵ੍ਯਾਜਹਿ ਨਿੰਦਾ ਕੇ ਜਹਾਂ ਉਸਤਤਿ ਭਾਵ ਅਮੰਦ.

(ਰਾਮਚੰਦ੍ਰਭੂਸ਼ਣ)

ਇਸ ਦਾ ਨਾਮ "ਨਿੰਦਾਵ੍ਯਾਜ ਸ੍ਤੁਤਿ" ਭੀ ਹੈਯ.

ਉਦਾਹਰਣ-

ਨੀਚਨ ਕੋ ਆਦਰ ਸਦਾ ਰਾਜਨ ਕੋ ਤ੍ਰਿਸਕਾਰ,

ਕਲਗੀਧਰ ਕੀ ਸਭਾ ਮੇ ਪੰਡਿਤ ਭਏ ਗਵਾਰ.

ਨਿਗੁਨ ਵਿਹੀਨੋ ਲਾਜ ਨਿਸੰਕ ਸਮਾਇਆ,

ਜਹਿਂ ਕਹਿਂ ਢੀਠ ਕਰੰਮ ਕਰੈ ਨ ਲਜਾਇਆ. (ਗੁਪ੍ਰਸੂ)

ਮੋਹਨ ਜੀ ਦਾ ਗੁਰੂ ਅਰਜਨ ਸਾਹਿਬ ਪ੍ਰਤਿ ਕਥਨ ਹੈ ਕਿ ਆਪ ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ ਹੋ, ਸੇਵਕਾਂ ਦੇ ਵਸ਼ ਹੋਕੇ ਅਪਮਾਨ ਸਹਾਰਦੇ ਹੋਂ, ਮਾਇਆ ਦੇ ਪਤਿ ਹੋਂ ਆਦਿਕ.

ਵਜਾਜਨਿੰਦਾ: ਬਹਾਨੇ ਨਾਲ ਨਿੰਦਾ ਕਰਨੀ। ੨. ਇੱਕ ਅਰਥਾਲੰਕਾਰ. ਸ਼ਬਦਾਂ ਤੋਂ, ਉਸਤਤਿ ਭਾਸੇ, ਪਰ ਭਾਵ ਤੋਂ ਨਿੰਦਾ ਪ੍ਰਗਟ ਹੋਵੇ, ਇਹ "ਵਜਾਜ ਨਿੰਦਾ" ਅਥਵਾ "ਸ੍ਤੁਤਿਵਜਾਜ ਨਿੰਦਾ" ਅਲੰਕਾਰ ਹੈ.

ਉਸਤਤਿ ਮੇ ਝਲਕੇ ਜਹਾਂ ਨਿੰਦਾ ਕੇਰ ਪ੍ਰਭਾਵ.

(ਰਾਮਚੰਦ੍ਰਭੂਸ਼ਣ)

ਉਦਾਹਰਣ-

ਜਗ ਕਰਤਾ ਹੈ ਗਿਰਿਧਰ ਨਾਥ,

ਵ੍ਰਿਜ ਕੋ ਸ੍ਵਾਮੀ ਯਸੁਧਾ ਕੋ ਸੁਤ

ਰਾਧਾਪਤਿ ਹੈ ਮੁਰਲੀ ਹਾਥ.

ਜਗਤਕਰਤਾ ਕਰਤਾਰ ਨੂੰ ਇੱਕ ਖਾਸ ਥਾਂ ਦਾ ਸ੍ਵਾਮੀ

ਅਤੇ ਕਿਸੇ ਦਾ ਪੁਤ੍ਰ ਅਤੇ ਪਤਿ ਕਹਿਣਾ ਨਿੰਦਾ ਹੈ.

ਜਾਂਕੇ ਏਕ ਫਨਿ ਅਗ੍ਰਭਾਗ ਹੈ ਧਰਨਿਧਾਰੀ

ਤਾਹਿ" ਗਿਰਿਧਰ ਕਹੇ ਕੌਨਸੀ ਵਡਾਈ ਹੈ?

ਜਾਂਕੋ ਏਕ ਬਾਵਰੋ ਹੂੰ ਵਿਸ਼੍ਵਨਾਥ ਨਾਮ ਕਹੈ

ਤਾਹਿ" ਬ੍ਰਿਜਨਾਥ ਕਹੇ ਕੌਨ ਅਧਿਕਾਈ ਹੈ?

ਅਨਿਕ ਅਕਾਰ ਓਅੰਕਾਰ ਕੈ ਵਿਥਾਰ ਤਾਂਹਿ

ਨੰਦ ਕੋ ਨੰਦਨ ਕਹੇ ਕੌਨ ਪ੍ਰਭੁਤਾਈ ਹੈ?

ਜਾਨੈ ਉਸਤਤਿ ਅਰ ਕਰਤ ਹੈਂ ਨਿੰਦਾ ਮੂੜ੍ਹ

ਐਸੇ ਹੀ ਅਰਾਧਬੇ ਤੇ ਮੌਨ ਸੁਖਦਾਈ ਹੈ.

(ਭਾਗੁ ਕ)

ਵਜਾਜੁ: ਬਿਆਜ ਤੇ ਲਿਆ. ਸੂਦੀ.

ਵਜਾਜੋਕ੍ਤਿ: ਵਜਾਜ- ਉਕ੍ਤਿ. ਬਹਾਨੇ ਨਾਲ ਕਹਿਣ ਦੀ ਕ੍ਰਿਯਾ। ੨. ਇੱਕ ਅਰਥਾਲੰਕਾਰ. ਇਹ ਖ਼ਿਆਲ ਕਰਕੇ ਕਿ ਮੇਰੀ ਗੁਪਤ ਕਰਨੀ ਪ੍ਰਗਟ ਹੋਕੇ ਲੋਕਾਂ ਵਿੱਚ ਬੁਰਾ ਅਸਰ ਪੈਦਾ ਨਾ ਕਰੇ, ਆਪਣੀ ਕਰਤੂਤ ਨੂੰ ਛੁਪਾਉਣ ਵਾਸਤੇ ਕੋਈ ਅਜੇਹੀ ਗੱਲ ਘੜਕੇ ਦੱਸਣੀ, ਜਿਸ ਤੋਂ ਕਲੰਕ ਨਾ ਲੱਗੇ "ਵਜਾਜੋਕ੍ਤਿ" ਅਲੰਕਾਰ ਹੈ.

ਆਨ ਹੇਤੁ ਸੋਂ ਆਪਨੋ ਜਹਾਂ ਛਿਪਾਵੈ ਰੂਪ,

ਵਜਾਜ ਉਕਤਿ ਤਾਂਕੋ ਕਹਿਤ ਭੂਸ਼ਣ ਸੁਕਵਿ ਅਨੂਪ.

(ਸ਼ਿਵਰਾਜਭੂਸ਼ਣ)

ਇਸ ਦਾ ਛੇਕਾਪਨ੍ਹੁਤਿ ਤੋਂ ਇਤਨਾ ਹੀ ਭੇਦ ਹੈ ਕਿ ਛੇਕਾਪਨ੍ਹੁਤਿ ਵਿੱਚ ਨਿਸ਼ੇਧ ਪੂਰਵਕ ਬਾਤ ਛਿਪਾਈ ਜਾਂਦੀ ਹੈ, ਅਤੇ ਵਜਾਜੋਕ੍ਤਿ ਵਿੱਚ ਬਿਨਾ ਨਿਸ਼ੇਧ ਕੀਤੇ ਛੁਪਾਉ ਕੀਤਾ ਜਾਂਦਾ ਹੈ.

ਉਦਾਹਰਣ-

ਦੁਨੀਚੰਦ ਸੰਗਤਿ ਮੈ ਭਾਖੈ, ਸੁਨੋ ਮੇਰੇ ਭਾਈ!

ਟਾਂਗ ਮੇਰੀ ਟੂਟੀ ਯਾਂਕੀ ਚਿੰਤਾ ਨਹਿ ਮਨ ਮੇ,

ਪਰ ਜਸਵਾਲੀਏ ਕੋ ਹਾਥੀ ਮਾਰ ਫੇਰਜੋ ਅਰੁ

ਮੇਰੇ ਹਾਥ ਸੋਏ ਵੈਰੀ ਅਨਿਕ ਨਿਧਨ ਮੇ.

ਦੁਨੀਚੰਦ ਆਨੰਦਪੁਰ ਦੇ ਜੰਗ ਤੋਂ ਡਰਕੇ ਰਾਤ ਨੂੰ ਕੰਧ ਟੱਪਕੇ ਭੱਜਿਆ ਅਰ ਟੂੰਗ ਤੁੜਾਈ, ਪਰ ਲੋਕਾਂ ਦੇ ਸਵਾਲ ਕਰਨ ਤੋਂ ਪਹਿਲਾਂ ਹੀ ਆਖਦਾ ਹੈ ਕਿ ਹਾਥੀ ਨਾਲ ਜੰਗ ਕਰਦੇ ਅਰ ਵੈਰੀਆਂ ਨਾਲ ਲੜਦੇ ਜੇ ਮੇਰੀ ਟੰਗ ਭੀ ਟੁੱਟ ਗਈ ਹੈ, ਤਦ ਮੈਨੂੰ ਕੁਝ ਚਿੰਤਾ ਨਹੀਂ, ਕਿਉਂਕਿ ਮੈਂ ਯੋਧਾ ਦਾ ਧਰਮ ਨਿਬਾਹਿਆ ਹੈ ਅਰ ਮੇਰੇ ਹੱਥੋਂ ਅਨੰਤ ਵੈਰੀ ਨਿਧਨ (ਜੰਗ) ਵਿੱਚ ਸੁੱਤੇ ਹਨ.

ਵਜੱਤ: ਵਿ- ਤੋੜਿਆ ਹੋਇਆ। ੨. ਖੁਲ੍ਹਾ. ਚੌੜਾ। ੩. ਪਸਾਰਿਆ (ਟੱਡਿਆ) ਹੋਇਆ.

ਵਜਾਧ: (ਦੇਖੋ, ਵਜਧ ਧਾ) ਸੰਗਜਾ- ਅਹੇਰੀ. ਸ਼ਿਕਾਰੀ.

ਵਜਾਧਿ: ਸੰਗਜਾ- ਰੋਗ. ਬੀਮਾਰੀ। ੨. ਆਫ਼ਤ.

ਵਜਾਧਿਹਰ: ਵੈਦਜ. ੨. ਦਵਾ। ੩. ਕਰਤਾਰ। ੪. ਪਰਮਾਤਮਾ ਦਾ ਨਾਮ.

ਵਜਾਨ: ਵਿ- ਅਨ੍. ਸੰਗਜਾ- ਸ਼ਰੀਰ ਅੰਦਰ ਫੈਲਿਆ ਹੋਇਆ ਵਾਯੁ. ਪ੍ਰਾਣਾਂ ਦਾ ਇਕ ਭੇਦ. ਦੇਖੋ, ਦਸਪ੍ਰਾਣ। ੨. ਉਪਨਿਸ਼ਦਾਂ ਵਿੱਚ ਪ੍ਰਾਣ ਅਤੇ ਅਪਾਨ ਦੀ ਸੰਧਿ ਨੂੰ ਭੀ ਵਜਾਨ ਲਿਖਿਆ ਹੈ.

ਵਜਾਪਕ: ਵਿ- ਆਪ੍, ਵਿ- ਫੈਲਿਆ ਹੋਇਆ. ਸਭ ਥਾਂ ਰਹਿਣ ਵਾਲਾ.

ਵਜਾਪਾਰ: ਵਿ- ਆ- ਪ੍ਰਿ. ਸੰਗਜਾ- ਕਰਮ. ਕੰਮ। ੨. ਲੈਣ ਦੇਣ. ਸੌਦਾਗਰੀ. ਵਪਾਰ.

ਵਜਾਪਾਰੀ: ਵਪਾਰੀ. ਵਣਜ ਕਰਨ ਵਾਲਾ.

ਵਜਾਪ੍ਤ: ਸੰਗਜਾ- ਵਿ- ਫੈਲਿਆ ਹੋਇਆ. ਪਸਰਿਆ.

ਵਯਾਪ੍ਤਿ: ਸੰਗਜਾ- ਵਜਾਪਣ (ਫੈਲਣ) ਦਾ ਭਾਵ।੨ ਨਜਾਯ ਅਨੁਸਾਰ ਹੇਤੁ ਅਤੇ ਸਾਧਜ ਦਾ ਇਕੱਠਾ ਰਹਿਣਾ. ਧੂਏਂ ਨਾਲ ਅੱਗ ਦੀ ਵਜਾਪ੍ਤਿ ਹੈ.

ਵਜਾਮ: ਸੰ. ਸੰਗਜਾ- ਪੁਰ, ਦੋਹਾਂ ਬਾਹਾਂ ਨੂੰ ਸੱਜੇ ਖੱਬੇ ਸਿੱਧੀਆਂ ਕਰਕੇ ਫੈਲਾਉਣ ਤੋਂ ਸੱਜੇ ਹੱਥ ਦੀ ਵਿਚ ਕਾਰਲੀ ਉਂਗਲ ਤੋਂ ਖੱਬੇ ਹੱਥ ਦੀ ਵਿਚਕਾਰਲੀ ਉਂਗਲ ਤਕ ਦੀ ਮਿਣਤੀ.

ਵਜਾਯਾਮ: ਸੰਗਜਾ- ਵਿ- ਆ- ਯਾਮ. ਖਿੱਚਣ ਅਤੇ ਪਸਾਰਣ ਦੀ ਕ੍ਰਿਯਾ। ੨. ਕਸਰਤ. ਵਰਜ਼ਿਸ਼. Exercise। ੩.

ਮਿਹਨਤ.

**ਵਜਾਲ:** ਵਿ- ਅਡ੍. ਸੰਗਜਾ- ਸਰਪ. ਸੱਪ। ੨. ਮਸ੍ਤ- ਹਾਥੀ। ੩. ਮਾਰਨ ਵਾਲਾ ਪਸ਼ੂ। ੪. ਸ਼ੇਰ। ੫. ਰਾਜਾ। ੬. ਦੇਖੋ, ਦੋਹੇ ਦਾ ਰੂਪ ੧। ੭. ਦੁਸ਼੍ਟ. ਖੋਟਾ. ਪਾਜੀ.

**ਵਜਾਲਗ੍ਰਾਹੀ:** ਸੱਪ ਫੜਨ ਵਾਲਾ. ਸਪੈਲਾ। ੨. ਗਰੁੜ.

**ਵਜਾਲੀ:** ਸਰਪਣੀ. ਸੱਪਣ.

**ਵਜਾਵ੍ਰਿੱਤਿ:** ਵਿ- ਆਵ੍ਰਿੱਤਿ. ਸੰਗਜਾ- ਨਿਵਾਰਣ. ਹਟਾਉਣ. ਨਿਸ਼ੇਧ। ੨. ਤਿਆਗ। ੩. ਭੇਦ.

**ਵਜੁਤਪੱਤਿ:** ਵਿ- ਉਤਪੱਤਿ. ਸੰਗਜਾ- ਮੂਲ ਉਤਪੱਤਿ। ੨. ਲਯਾਕ਼ਤ. ਇ਼ਲਮੀਯਤ। ੩. ਧਾਤੁ ਪ੍ਰਤਜਯ ਆਦਿ ਦ੍ਵਾਰਾ ਸ਼ਬਦ ਦਾ ਅਰਥ ਸਿੱਧ ਕਰਣ ਦੀ ਕ੍ਰਿਯਾ. Derivation.

**ਵਜੂਹ:** ਸੰਗਜਾ- ਵਿ- ਉਹ. ਸਮੂਹ. ਹਜੂਮ। ੨. ਸ਼ਰੀਰ. ਦੇਹ। ੩. ਫ਼ੌਜ ਦਾ ਬਾਕ਼ਾਇਦਾ ਸਜਾਇਆ ਹੋਇਆ ਦਸ੍ਤਾ.

**ਵਜੂਤ:** ਵਿ- ਬੁਣਿਆ ਹੋਇਆ.

**ਵਜੋਮ:** व्योमन्. ਸੰਗਜਾ- ਆਕਾਸ਼। ੨. ਜਲ. ਪਾਣੀ। ੩. ਇੱਕ ਅਸੁਰ (ਦੈਤ). ਵਜੋਮਾਸੁਰ. ਦੇਖੋ, ਬਿਸ੍ਵਾਸੁਰ.

**ਵਜੋਮਚਾਰੀ:** व्योमचारिन्. ਵਿ- ਆਕਾਸ਼ ਵਿੱਚ ਫਿਰਣ ਵਾਲਾ। ੨. ਸੰਗਜਾ- ਪੰਛੀ। ੩. ਦੇਵਤਾ। ੪. ਗ੍ਰਹ। ੫. ਤੀਰ। ੬. ਪੌਣ. ਵਾਯੁ। ੭. ਵਿਮਾਨ.

**ਵਜੋਮਜਲ:** ਵਰਖਾ ਦਾ ਪਾਣੀ। ੨. ਓਸ ਦਾ ਜਲ.

**ਵਜੋਮਬਾਨੀ, ਵਜੋਮਵਾਣੀ:** ਆਕਾਸ਼ਬਾਣੀ.

**ਵਜੋਮਬਾਲਾ:** ਆਕਾਸ਼ (ਸ੍ਵਰਗ) ਦੀ ਇਸਤ੍ਰੀ, ਅਪਸਰਾ, ਪਰੀ, ਹੂਰ.

**ਵਜੋਮਾਸੁਰ:** ਦੇਖੋ, ਬਿਸ੍ਵਾਸੁਰ.

**ਵਜੰਗ:** ਵਿ- ਜਿਸ ਦਾ ਅੰਗ ਨਾਸ਼ ਹੋ ਗਿਆ ਹੈ. ਅੰਗਹੀਨ। ੨. ਦੇਖੋ, ਵਜੰਗਜ.

**ਵਜੰਗਜ:** ਵਜੰਜਨਾ ਵ੍ਰਿੱਤਿ (ਰਮਜ਼) ਨਾਲ. ਜਾਣਨ ਯੋਗਜ ਅਰਥ, ਯਥਾ- "ਸਾਹੁਰੈ ਢੋਹੀ ਨਾ ਲਹੈ ਪੇਈਏ ਨਾਹੀ ਥਾਉ। ਪਿਰ ਵਾਤੜੀ ਨ ਪੁਛਈ ਧ ਸੋਹਾਗਣਿ ਨਾਉ !" (ਸ. ਫਰੀਦ) ਵਾਹ! ਖ਼ੂਬ ਸੁਹਾਗਣ ਹੈ! "ਏਕ ਗਦਾ ਉਨ ਕਰ ਮੇ ਧਰੀ। ਸਭ ਭੂਪਨ ਕੀ ਪੂਜਾ ਕਰੀ ॥" (ਕ੍ਰਿਸਨਾਵ) ਰਾਜਿਆਂ ਦੀ ਚੰਗੀ ਗਤ ਬਣਾਈ.

**ਵਜੰਜ:** ਸੰ. व्यञ्ज. ਵਜ- ਅੰਜ੍. ਸਿੰਗਾਰਨਾ, ਲੇਪਣ ਕਰਨਾ, ਪ੍ਰਗਟ ਕਰਨਾ.

**ਵਜੰਜਨ:** ਸੰਗਜਾ- ਪ੍ਰਗਟ ਕਰਨ ਦੀ ਕ੍ਰਿਯਾ. ੨. ਸਿੰਗਾਰਨਾ. ਸਜਾਉਣਾ। ੩. ਚਿੰਨ੍ਹ. ਨਿਸ਼ਾਨ। ੪. ਸ੍ਵਰ ਰਹਿਤ ਅੱਖਰ. ਸ ਤੋਂ ੜ ਤੀਕ ਅੱਖਰ (consonant). ੫. ਭੋਜਨ ਪਕਾਉਣ ਦੀ ਸਾਮਗ੍ਰੀ ਸਾਗ ਤਰਕਾਰੀ ਮਸਾਲਾ ਅੰਨ ਆਦਿ। ੬. ਤਿਆਰ ਕੀਤਾ ਹੋਇਆ ਭੋਜਨ.

**ਵਜੰਜਨਾ:** ਵਾਚਜ ਅਰਥ ਤੋਂ ਭਿੰਨ ਕਿਸੇ ਹੋਰ ਅਰਥ ਦੇ ਬੋਧ ਕਰਾਉਣ ਵਾਲੀ ਇੱਕ ਵ੍ਰਿੱਤਿ. ਜਿਵੇਂ- ਕੋਈ ਆਖੇ ਕਿ- ਤੇਰੇ ਮੁਖ ਤੋਂ ਮੂਰਖਤਾ ਨਜਰ ਆਉਂਦੀ ਹੈ. ਇਸ ਦੇ ਉੱਤਰ ਵਿੱਚ ਕੋਈ ਕਹੇ ਕਿ- ਮੇਰਾ ਮੁਖ ਨਹੀਂ, ਮਾਨੋ ਸ਼ੀਸ਼ਾ ਹੈ. ਵਜੰਜਨਾ ਨਾਲ ਇਹ ਦੱਸਿਆ ਕਿ ਮੇਰੇ ਮੁਖਰੂਪ ਸ਼ੀਸ਼ੇ ਵਿੱਚ ਤੈਨੂੰ ਆਪਣੀ ਮੂਰਖਤਾ ਦਿਖਾਈ ਦੇ ਰਹੀ ਹੈ.

**ਵ੍ਰਜ:** ਸੰ. व्रज्. ਧਾ- ਘੁੰਮਣਾ, ਜਾਣਾ, ਤਿਆਰ ਕਰਨਾ। ੨. ਸੰਗਜਾ- ਸਮੂਹ. ਸਮੁਦਾਯ. ਗਰੋਹ. ਝੁੰਡ। ੩. ਗੋਵਾੜਾ. ਗਾਈਆਂ

ਦੇ ਰਹਿਣ ਦਾ ਥਾਂ. "ਦੁਧ ਵਧਾਵੈ ਵ੍ਰਜਨ ਮੇ." (ਗੁਪ੍ਰਸੂ) ੪. ਰਾਹ. ਮਾਰਗ। ੫. ਮਥੁਰਾ ਦੇ ਆਸ ਪਾਸ ਦਾ ੮੪ ਕੋਹ ਦਾ ਦੇਸ਼.

ਵ੍ਰਜਨ: ਸੰ. ਸੰਗਯਾ- ਫਿਰਨਾ. ਘੁੰਮਣਾ। ੨. ਮਾਰਗ. ਰਾਹ.

ਵ੍ਰਜਨਾਥ: ਵ੍ਰਜਭੂਮਿ ਦੇ ਸ੍ਵਾਮੀ ਸ਼੍ਰੀ ਕ੍ਰਿਸ਼ਨ ਜੀ.

ਵ੍ਰਜਭਾਸ਼ਾ, ਵ੍ਰਜਭਾਖਾ: ਵ੍ਰਜ ਦੀ ਬੋਲੀ. ਦੇਖੋ, ਵ੍ਰਜ ੫. ਇਹ ਪੁਰਾਣੇ ਹਿੰਦੀ ਕਵੀਆਂ ਦੀ ਕਾਵ੍ਯਭਾਸ਼ਾ ਹੈ.

ਵ੍ਰਜਮੋਹਨ, ਵ੍ਰਜਰਾਜ, ਵ੍ਰਜਲਾਲ, ਵ੍ਰਜੇਸ਼੍ਵਰ: ਕ੍ਰਿਸ਼ਨਦੇਵ.

ਵ੍ਰਜ੍ਯਾ: ਘੁੰਮਣਾ. ਫਿਰਨਾ. ਗਸ਼੍ਤ. ੨. ਚੜ੍ਹਾਈ. ਫੌਜਕਸ਼ੀ। ੩. ਰੰਗਭੂਮਿ. ਤਮਾਸ਼ੇ ਦੀ ਥਾਂ.

ਵ੍ਰਣ: ਸੰ. व्रण. ਧਾ- ਸ਼ਬਦ ਕਰਨਾ, ਜ਼ਖ਼ਮ (ਘਾਉ) ਕਰਨਾ। ੨. ਸੰਗਯਾ- ਘਾਉ. ਜਖ਼ਮ. ਫੱਟ। ੩. ਫੋੜਾ.

ਵ੍ਰਣੀ: व्रणिन. ਵਿ- ਘਾਇਲ. ਜ਼ਖ਼ਮ ਵਾਲਾ. ਫੱਟੜ। ੨. ਜਿਸ ਦੇ ਫੋੜਾ ਨਿਕਲਿਆ ਹੈ.

ਵ੍ਰਤ: ਸੰਗਯਾ- ਨੇਮ (ਨਿਯਮ). ਪ੍ਰਤਿਗ੍ਯਾ. ਪ੍ਰਣ। ੨. ਆਗ੍ਯਾ. ਹੁਕਮ। ੩. ਧਰਮ ਦੀ ਰੀਤਿ। ੪. ਉਪਵਾਸ. ਭੋਜਨ ਦਾ ਖਾਸ ਸਮੇਂ ਲਈ ਤਿਆਗ. ਇਸ ਦਾ ਨਾਮ ਵ੍ਰਤ ਇਸ ਲਈ ਹੋ ਗਿਆ ਹੈ ਕਿ ਵ੍ਰਤੀ ਪ੍ਰਣ ਕਰਦਾ ਹੈ ਕਿ ਮੈਂ ਇਤਨੇ ਸਮੇਂ ਲਈ ਇਹ ਚੀਜ ਅੰਗੀਕਾਰ. ਨਹੀਂ ਕਰਾਂਗਾ.

ਹਿੰਦੂਮਤ ਦੇ ਵ੍ਰਤਾਂ ਦੀ ਗਿਣਤੀ ਕੋਈ ਨਹੀਂ ਕਰ ਸਕਦਾ, ਕੋਈ ਤਿਥੀ ਅਰ ਮਹੀਨਾ ਐਸਾ ਨਹੀਂ, ਜਿਸ ਵਿੱਚ ਕਿਸੇ ਨਾ ਕਿਸੇ ਪ੍ਰਕਾਰ ਦਾ ਵ੍ਰਤ ਨਾ ਵਿਧਾਨ ਹੋਵੇ. ਬਹੁਤ ਪ੍ਰਸਿੱਧ ਏਕਾਦਸ਼ੀ ਆਦਿਕ ਵ੍ਰਤ ਹਨ. ਹੋਰ ਮਤਾਂ ਵਿੱਚ ਭੀ ਵ੍ਰਤ ਦੀ ਮਹਿਮਾ ਪਾਈ ਜਾਂਦੀ ਹੈ. ਬਾਈਬਲ ਅਰ ਕੁਰਾਨ ਵਿੱਚ ਭੀ ਅਨੇਕ ਪ੍ਰਕਾਰ ਦੇ ਵ੍ਰਤ ਲਿਖੇ ਹਨ. ਪਰ ਬਹੁਤ ਕਰਕੇ ਯਹੂਦੀਆਂ ਦੇ ੪੦ ਅਤੇ ਮੁਸਲਮਾਨਾਂ ਦੇ ੩੦ ਰੋਜ਼ੇ ਹੀ ਪ੍ਰਧਾਨ ਵ੍ਰਤ ਮੰਨੇ ਜਾਂਦੇ ਹਨ. ਇਨ੍ਹਾਂ ਵ੍ਰਤਾਂ ਵਿੱਚ ਦਿਨ ਭਰ ਅੰਨ ਜਲ ਦਾ ਤਿਆਗ ਹੁੰਦਾ ਹੈ ਅਰ ਰਾਤ੍ਰੀ ਨੂੰ ਭੋਜਨ ਕੀਤਾ ਜਾਂਦਾ ਹੈ.

ਗੁਰਮਤ ਵਿੱਚ ਐਸੇ ਵ੍ਰਤਜ਼ ਦਾ ਤਿਆਗ ਅਰ ਸਤ੍ਯ ਨਿਯਮਾਂ ਦਾ ਧਾਰਣ ਰੂਪ ਵ੍ਰਤ ਵਿਧਾਨ ਹੈ. "ਸਚੁ ਵਰਤੁ, ਸੰਤੋਖੁ ਤੀਰਥੁ, ਗਿਆਨੁ ਧਿਆਨੁ ਇਸਨਾਨੁ। ਦਇਆ ਦੇਵਤਾ, ਖਿਮਾ ਜਪਮਾਲੀ, ਤੇ ਮਾਣਸ ਪਰਧਾਨ ॥" (ਮਃ ੧. ਵਾਰ ਸਾਰ) "ਅੰਨੁ ਨ ਖਹਿ ਦੇਹੀ ਦੁਖ ਦੀਜੈ। ਬਿਨੁ ਗੁਰਗਿਆਨ ਤ੍ਰਿਪਤਿ ਨਹੀ ਥੀਜੈ ॥" (ਰਾਮ ਅਃ ਮਃ ੧)

ਮੇਦੇ ਦੇ ਦੋਸ਼ ਦੂਰ ਕਰਨ ਲਈ ਕੀਤਾ ਵ੍ਰਤ (ਉਪਵਾਸ), ਸਿੱਖਮਤ ਵਿੱਚ ਵਰਜਿਤ ਨਹੀਂ, ਅਰ ਅਲਪਅਹਾਰ ਰੂਪ ਵ੍ਰਤ ਨਿਤ੍ਯ ਲਈ ਵਿਧਾਨ ਹੈ.

"ਓਨੀ ਦੁਨੀਆ ਤੋੜੇ ਬੰਧਨਾ

ਅੰਨ ਪਾਣੀ ਥੋੜਾ ਖਾਇਆ." (ਵਾਰ ਆਸਾ)

"ਅਲਪ ਅਹਾਰ ਸੁਲਪ ਸੀ ਨਿੰਦ੍ਰਾ,

ਦਯਾ ਛਿਮਾ ਤਨ ਪ੍ਰੀਤਿ." (ਹਜਾਰੇ ੧੦)

"ਹਉਂ ਤਿਸੁ ਘੋਲਘੁਮਾਇਆ,

ਥੋੜਾ ਸਵੇਂ ਥੋੜੇ ਹੀ ਖਾਵੈ." (ਭਾਗੁ)

"ਹਮਰੇ ਗੁਰੁ ਕੇ ਸਿਖ ਹੈਂ ਜੇਈ।

ਅਲਪ ਅਹਾਰ ਵ੍ਰਤੀ ਨਿਤ ਸੇਈ।

ਕਾਮ ਕ੍ਰੋਧ ਕੋ ਸੰਯਮ ਸਦਾ।

ਪ੍ਰਭੁ ਸਿਮਰਨ ਮੇ ਲਗਾਯੋ ਰਿਦਾ."(ਗੁਪ੍ਰਸੂ)

ਵ੍ਰਤੀ: व्रतिन्. ਵ੍ਰਤ ਕਰਨ ਵਾਲਾ. ਨਿਯਮ ਪਾਲਨ ਵਾਲਾ। ੨. ਕਿਸੇ ਖ਼ਾਸ ਸਮੇਂ ਲਈ ਅੰਨ ਜਲ ਆਦਿਕ ਦਾ ਤ੍ਯਾਗ ਕਰਨ ਵਾਲਾ.

ਵ੍ਰਾਤ: ਸੰ. ਸੰਗ੍ਯਾ- ਸਮੂਹ- ਸਮੁਦਾਯ। ੨. ਲਾੜੇ ਨਾਲ ਲੋਕਾਂ ਦਾ ਸਮੁਦਾਯ. ਬਰਾਤ.

ਵ੍ਰਾਤ੍ਯ: ਪਤਿਤ. ਆਪਣੇ ਕਰਮ ਤੋਂ ਡਿੱਗਾ ਹੋਇਆ। ੨. ਵ੍ਰਤ ਸੰਬੰਧੀ.

ਵ੍ਰਿ: ਸੰ. वृ. ਧਾ- ਢਕਣਾ, ਛੁਪਾਉਣਾ, ਘੇਰਨਾ, ਰੋਕਣਾ, ਚੁਣਨਾ, ਪਸੰਦ ਕਰਨਾ, ਪੂਰਾ ਕਰਨਾ, ਹਟਾਉਣਾ (ਵਰਜਣਾ), ਆਦਰ ਕਰਨਾ, ਪੂਜਾ ਕਰਨਾ.

ਵ੍ਰਿਸ: ਸੰ. वृष. ਧਾ- ਵਰਸਣਾ (ਵਰ੍ਹਣਾ), ਸਿੰਜਣਾ। ੨. ਦੇਖੋ, ਵ੍ਰਿਖ। ੩. ਦੇਖੋ, ਪੁਰੁਖਜਾਤਿ.

ਵ੍ਰਿਸਭਾਨੁ: ਦੇਖੋ, ਵ੍ਰਿਖਭਾਨੁ.

ਵ੍ਰਿਸ਼੍ਚਿਕ: वृश्चिक. ਸੰਗ੍ਯਾ- ਬਿੱਛੂ. ਠੂਹਾਂ। ੨. ਇੱਕ ਰਾਸ਼ਿ, ਜਿਸ ਦੇ ਨਛਤ੍ਰਾਂ ਦੀ ਸ਼ਕਲ ਬਿੱਛੂ ਜੇਹੀ ਹੈ.

ਵ੍ਰਿਸ੍ਟਿ: ਸੰ. वृष्टि. ਸੰਗ੍ਯਾ- ਵਰਖਾ. ਬਾਰਿਸ਼. ਮੀਂਹ. ਦੇਖੋ, ਵ੍ਰਿਸ ਧਾ.

ਵ੍ਰਿਹਸਪਤਿ: ਦੇਖੋ, ਬ੍ਰਿਹਸਪਤਿ.

ਵ੍ਰਿਹਤ: ਸੰ. वृहत्. ਵਿ- ਵਡਾ. ਭਾਰੀ. ਮਹਾਨ.

ਵ੍ਰਿਹਦ ਗਰਭ: ਦੇਖੋ, ਸ਼ਿਵਿ ੨.

ਵ੍ਰਿਹਦਰਥ: ਸੰ. वृहद्रथ. ਵਿ- ਵਡੇ ਰਥ ਵਾਲਾ। ੨. ਸੰਗ੍ਯਾ- ਇੰਦ੍ਰ। ੩. ਜਰਾਸੰਧ ਦਾ ਪਿਤਾ, ਜੋ ਚੰਡ੍ਰਕ ਰਿਖੀ ਦਾ ਸੇਵਕ ਸੀ। ੪. ਮੌਰਯ ਵੰਸ਼ ਦਾ ਪਿਛਲਾ ਰਾਜਾ.

ਵ੍ਰਿਹੱਨਲ: ਦੇਖੋ, ਬਿਹੰਡੜਾ.

ਵ੍ਰਿਹੀ: ਸੰ. व्रीहि. ਸੰਗ੍ਯਾ- ਸੱਠੀ ਦੇ ਧਾਨ. ਇਹ ਚਾਉਲਾਂ ਦੀ ਇੱਕ ਜਾਤਿ ਹੈ. ਇਨ੍ਹਾਂ ਦਾ ਛਿੱਲ ਕਾਲਾ ਅਤੇ ਦਾਣਾ ਲਾਲ ਹੁੰਦਾ ਹੈ। ੨. ਹਰ ਤਰਾਂ ਦਾ ਧਾਨ. ਚਾਉਲ.

ਵ੍ਰਿੰਕ: ਸੰ. वृक. ਸੰਗ੍ਯਾ- ਪੇਟ ਦੀ ਅਗਨਿ. ਜਠਰਾਗਨਿ। ੨. ਭੇਡੀਹਾ. ਬਘਿਆੜ। ੩. ਹਲ. ਜਮੀਨ ਪਾੜਨ ਦਾ ਸੰਦ। ੪. ਕਾਉਂ। ੫. ਗਿੱਦੜ। ੬. ਚੋਰ। ੭. ਛਤ੍ਰੀ (ਕ੍ਸ਼ਤ੍ਰਿਯ). ੮. ਦੇਖੋ, ਭਸਮਾਸੁਰ.

ਵ੍ਰਿਕੀ: ਬਘਿਆੜੀ. ਭੇਡੀਏ ਦੀ ਮਦੀਨ.

ਵ੍ਰਿਕੋਦਰ: ਵ੍ਰਿਕ- ਉਦਰ ਜਿਸ ਦੇ ਪੇਟ ਵਿੱਚ ਵੜੀ ਤੇਜ ਅਗਨਿ ਹੈ, ਭੀਮਸੇਨ। ੨. ਵ੍ਰਿਕ (ਬਘਿਆੜ) ਜੇਹੇ ਢਿੱਡ ਵਾਲਾ.

ਵ੍ਰਿਕ੍ਸ਼: वृक्ष. ਜੋ ਕੱਟਣ ਪੁਰ ਭੀ ਪੈਦਾ ਹੋਵੇ, ਰੁਖ ਦਰਖ਼ਤ. ਪਾਦਪ. ਮਹੀਰੁਹ. ਦ੍ਰੁਮ.

ਵ੍ਰਿਕ੍ਸ਼ਾਦਨੀ: ਬਿਰਛ ਨੂੰ ਖਾਜਾਣ ਵਾਲੀ. ਦਖੋ, ਅਮਰਬੇਲ, ਬੰਦਾ ੧. ਅਤੇ ਵੇਧ ੩- ੪.

ਵ੍ਰਿਖ: ਸੰ. वृष- ਵ੍ਰਿਸ਼. ਸੰਗ੍ਯਾ- ਬੈਲ. ਬਲਦ। ੨. ਦੂਸਰੀ ਰਾਸ਼ਿ, ਜਿਸ ਦੇ ਨਛਤ੍ਰ ਬੈਲਆਕਾਰ ਦੇ ਹਨ। ਇੰਦ੍ਰ। ੪. ਧਰਮ. ਦੇਖੋ, ਵ੍ਰਿਖਲ ੧। ੫. ਕਾਮਦੇਵ। ੬. ਮੋਰ ਦੀ ਪੂਛ। ੭. ਕਾਵ੍ਯ ਅਨੁਸਾਰ ਪੁਰੁਸ਼ ਦੀ ਇੱਕ ਜਾਤਿ, ਦਸੋ, ਪੁਰੁਖਜਾਤਿ। ੮. ਵਿ- ਬਲਵਾਨ. ਜ਼ੋਰਾਵਰ.

ਵ੍ਰਿਖਕੇਤੁ, ਵ੍ਰਿਖਧੁਜ, ਵ੍ਰਿਖਧ੍ਵਜ: ਵ੍ਰਿਸ਼ (वृष) ਬਲਦ ਦਾ ਚਿੰਨ੍ਹ ਹੈ ਜਿਸ ਦੀ ਧੁਜਾ ਤੇ, ਸ਼ਿਵ. ਮਹਾਦੇਵ.

ਵ੍ਰਿਖਭ: वृषभ- ਵ੍ਰਿਸ਼ਭ. ਬੈਲ। ੨. ਕੰਨ ਦਾ ਛੇਕ, ਜਿਸ ਦ੍ਵਾਰਾ ਧੁਨਿ ਸੁਣੀਦੀ ਹੈ। ੩. ਦੇਖੋ, ਪੁਰੁਖਜਾਤਿ। ੪. ਵਿ- ਬਹੁਤ ਉੱਤਮ.

ਵ੍ਰਿਖਭਕੇਤੁ, ਵ੍ਰਿਖਭਧ੍ਵਜ: ਸ਼ਿਵ. ਦੇਖੋ, ਵ੍ਰਿਖਕੇਤੁ.

ਵ੍ਰਿਖਭਾਸੁਰ: ਦੇਖੋ, ਬ੍ਰਿਖਭਾਸੁਰ.

ਵ੍ਰਿਖਭਾਨੁ: वृषभानु- ਵ੍ਰਿਸ਼ਭਾਨੁ. ਰਾਧਿਕਾ ਦਾ ਪਿਤਾ, ਜੋ ਪਦਮਾਵਤੀ ਦੇ ਪੇਟੋਂ ਸੁਰਭਾਨੁ ਦਾ ਪੁਤ੍ਰ ਸੀ. ਪਹਿਲਾਂ ਇਹ "ਰਾਵਲ" ਪਿੰਡ ਵਿੱਚ ਵਸਦਾ ਸੀ, ਫੇਰ ਕੰਸ ਦੇ ਡਰ ਤੋਂ ਬਰਸਾਨੇ ਜਾ ਵਸਿਆ.

ਵ੍ਰਿਖਭਾਨੁਸੁਤਾ, ਵ੍ਰਿਖਭਾਨੁਕਨਜਾ, ਵ੍ਰਿਖਭਾਨੁਜਾ, ਵ੍ਰਿਖਭਾਨੁਤਨਯਾ, ਵ੍ਰਿਖਭਾਨੁਨੰਦਿਨੀ: ਵ੍ਰਿਸ਼ਭਾਨੁ ਦੀ ਪੁਤ੍ਰੀ. ਰਾਧਾ. ਰਾਧਿਕਾ. ਸ਼੍ਰੀ ਕ੍ਰਿਸ਼ਨ ਜੀ ਦੀ ਪਜਾਰੀ ਗੋਪੀ. "ਇਤ ਤੇ ਵ੍ਰਿਖਭਾਨੁਸੁਤਾ ਕਰਿ ਪ੍ਰੀਤਿ ਨਿਹਾਰੀ." (ਕ੍ਰਿਸਨਾਵ)

ਵ੍ਰਿਖਲ: ਸੰ. वृषल- ਵ੍ਰਿਸ਼ਲ. ਵ੍ਰਿਸ਼ (ਧਰਮ) ਨੂੰ ਲ (ਲੋਪ) ਕਰਨ ਵਾਲਾ.[1194] ਧਰਮ ਦਾ ਤਜਾਗੀ। ੨. ਸ਼ੂਦ੍ਰ। ੩. ਘੋੜਾ। ੪. ਸ਼ਲਗਮ. ਗੋਂਗਲੂ. ਠਿੱਪਰ। ੫. ਗਾਜਰ.

ਵ੍ਰਿਖਲੀ: वृषली- ਵ੍ਰਿਸ਼ਲੀ. ਸ਼ੂਦ੍ਰਾ। ੨. ਨੀਚ ਇਸਤ੍ਰੀ। ੩. ਦਾਸ਼ੀ.

ਵ੍ਰਿਖਲੀਪਤਿ: ਨੀਚ ਇਸਤ੍ਰੀ ਦਾ ਪਤਿ. ਦੇਖੋ, ਵ੍ਰਿਖਲੀ.

ਵ੍ਰਿਖਵਾਹਨ: ਵ੍ਰਿਸ਼ (ਬੈਲ) ਹੈ ਜਿਸ ਦੀ ਸਵਾਰੀ, ਸ਼ਿਵ.

ਵ੍ਰਿਖਾਕਪਿ: वृषाकपि- ਵ੍ਰਿਸ਼ਾਕਪਿ. ਵਿ- ਜੋ ਧਰਮ ਨੂੰ ਨਹੀਂ ਕੰਬਾਉਂਦਾ. ਜਿਸ ਦਾ ਧਰਮ ਨਹੀਂ ਹਿਲਦਾ। ੨. ਸੰਗਜਾ- ਮਹਾਦੇਵ. ਸ਼ਿਵ। ੩. ਵਿਸ਼ਨੁ। ੪. ਅਗਨਿ। ੫. ਇੰਦ੍ਰ। ੬. ਲੰਗੂਰ.

ਵ੍ਰਿਜ: ਦੇਖੋ, ਵ੍ਰਜ.

ਵ੍ਰਿਜਨਾਥ, ਵ੍ਰਿਜਭਾਸ਼ਾ, ਵ੍ਰਿਜਰਾਜ: ਦੇਖੋ, ਵ੍ਰਜਨਾਥ, ਵ੍ਰਜਭਾਸ਼ਾ ਅਤੇ ਵ੍ਰਜਰਾਜ.

ਵ੍ਰਿਤ: ਸੰ. वृत्त. ਧਾ- ਵਰਤਾਉ ਕਰਨਾ (ਵਰਤਣਾ), ਰਹਿਣਾ, ਬੋਲਣਾ, ਚਮਕਣਾ, ਚਕ੍ਰਾਕਾਰ ਘੁੰਮਣਾ, ਲਪੇਟਣਾ (ਘੇਰਨਾ), ਚਾਕਰੀ ਕਰਨਾ। ੨. ਵਿ- ਮੰਗਿਆ ਹੋਇਆ। ੩. ਅੰਗੀਕਾਰ ਕੀਤਾ. ਸ੍ਵੀਕ੍ਰਿਤ। ੪. ਢਕਿਆ ਹੋਇਆ.

ਵ੍ਰਿਤਾਸੁਰ: ਵ੍ਰਿਤ੍ਰ- ਅਸੁਰ. ਦੇਖੋ, ਵ੍ਰਿਤ੍ਰ ੪.

ਵ੍ਰਿਤਾਂਤ: वृतान्त- ਸੰਗਜਾ- ਹਾਲ. ਸਮਾਚਾਰ। ੨. ਚਰਚਾ. ਸੰਵਾਦ.

ਵ੍ਰਿੱਤ: वृत्त- ਸੰਗਜਾ- ਛੰਦ. ਖਾਸ ਕਰਕੇ ਵਰਣਿਕ ਛੰਦ। ੨. ਦਯਾ. ਕ੍ਰਿਪਾ। ੩. ਪਵਿਤ੍ਰਤਾ। ੪. ਸਤਯ ਆਦਿ ਸੁਕ ਆਚਰਣ। ੫. ਅੰਜੀਰ। ੬. ਕੱਛੂ। ੭. ਸਮਾਚਾਰ. ਹਾਲ। ੮. ਵਿ- ਗੁਜ਼ਰਿਆ. ਵੀਤਿਆ. ਮੋਇਆ। ੯. ਘੇਰਿਆ ਹੋਇਆ। ੧੦. ਦ੍ਰਿੜ੍ਹ. ਮਜਬੂਤ. ਪੱਕਾ। ੧੧. ਢਕਿਆ ਹੋਇਆ.

ਵ੍ਰਿੱਤਿ: वृत्ति. ਸੰਗਜਾ- ਉਪਜੀਵਿਕਾ. ਰੋਜ਼ੀ। ੨. ਅੰਤਹਕਰਣ ਦੀ ਲਹਰ. ਮਨ ਦਾ ਤਰੰਗ। ੩. ਧਿਆਨ. ਸੁਰਤਿ। ੪. ਅਰਥ ਅਤੇ ਪਦ ਦਾ ਸੰਬੰਧ. ਵਿਦ੍ਵਾਨਾਂ ਨੇ ਇਸ ਦੇ ਤਿੰਨ ਭੇਦ ਕਲਪੇ ਹਨ- ਸ਼ਕਤਿ, ਲੱਛਣ (ਲਕ੍ਸ਼ਣਾ) ਅਤੇ ਵਜੰਜਨਾ.

---

[1194] वृषो हि भगवान्धर्मस्तस्य यः कुरुते ह्यलम्।
वृषलं तं विदुर्देवास्तस्माद्धर्मं न लोपयेत्॥ (ਮਨੁ ਅ: ੮, ਸ: ੧੬)

ਸ਼ਕਤਿ ਵ੍ਰਿੱਤਿ ਉਹ ਹੈ, ਜਿਸ ਤੋਂ ਪਦ ਸੁਣਦੇ ਹੀ ਅਰਥ ਦਾ ਬੋਧ ਹੋਵੇ, ਜੈਸੇ ਘੋੜਾ ਸ਼ਬਦ ਸੁਣਨ ਸਾਰ ਤਰੰਗ ਦਾ ਘ੍ਯਾਨ ਹੁੰਦਾ ਹੈ।

ਲੱਛਣਾਂ ਵ੍ਰਿੱਤਿ ਉਹ ਹੈ, ਜਿਸ ਤੋਂ ਪਦ ਦੇ ਅਰਥ ਤੋਂ ਭਿੰਨ ਹੋਰ ਕਲਪਨਾ ਕਰਨੀ ਪਵੇ, ਜਿਸ ਤੋਂ ਲਕ੍ਯ ਅਰਥ ਜਾਣਿਆ ਜਾਵੇ, ਜਿਵੇਂ ਕੋਈ ਕਹੇ ਕਿ ਮੈਂ ਸਮੁੰਦਰ ਵਿੱਚ ਰਹਿੰਦਾ ਹਾਂ. ਇਸ ਦਾ ਲਕ੍ਯ ਅਰਥ ਇਹ ਹੈ ਕਿ ਸਮੁੰਦਰ ਦੇ ਜਲ ਨਾਲ ਘਿਰੇ ਟਾਪੂ ਅੰਦਰ, ਅਥਵਾ ਜਹਾਜ ਵਿੱਚ ਵਸਦਾ ਹਾਂ ਸਮੁੰਦਰ ਵਿੱਚ ਕੇਵਲ ਜਲਜੀਵ ਹੀ ਰਹਿ ਸਕਦੇ ਹਨ.

ਵ੍ਯੰਜਨਾ ਸ਼ਕਤਿ ਉਹ ਹੈ, ਜੋ ਵ੍ਯੰਗ੍ਯ ਨਾਲ ਅਰਥ ਦਾ ਬੋਧ ਕਰਾਵੇ, ਜੈਸੇ- ਕਿਸੇ ਨੇ ਆਖਿਆ ਕਿ ਤੇਰੇ ਚੇਹਰੇ ਤੋਂ ਮੂਰਖਤਾ ਭਾਸਦੀ ਹੈ. ਸੁਣਨ ਵਾਲੇ ਨੇ ਉੱਤਰ ਦਿੱਤਾ ਕਿ ਮੇਰਾ ਮੁਖ ਨਹੀਂ ਮਾਨੋ ਦਰਪਨ ਹੈ.

ਇਸ ਥਾਂ ਵ੍ਯੰਜਨਾ ਦ੍ਵਾਰਾ ਇਹ ਪ੍ਰਗਟ ਕੀਤਾ ਕਿ ਮੇਰੇ ਮੁਖ ਰੂਪ ਸ਼ੀਸ਼ੇ ਵਿੱਚ ਤੈਨੂੰ ਆਪਣੀ ਮੂਰਖਤਾ ਨਜਰ ਆ ਰਹੀ ਹੈ।

੫. ਕਾਵ੍ਯਰਚਨਾ ਦਾ ਪ੍ਰਕਾਰ. ਕੇਸ਼ਵਦਾਸ ਨੇ ਰਚਨਾਵ੍ਰਿੱਤਿ ਚਾਰ ਪ੍ਰਕਾਰ ਦੀ ਮੰਨੀ ਹੈ-

"ਪ੍ਰਥਮ ਕੌਸ਼ਿਕੀ ਭਾਰਤੀ ਆਰਭਟੀ ਮਨਿਭਾਤਿ। ਕਹਿ ਕੇਸ਼ਵ ਸੁਭ ਸਾਤ੍ਵਿਕੀ ਚਤੁਰ ਚਤੁਰ ਵਿਧਿ ਜਾਤਿ ॥" (ਰਸਿਕਪ੍ਰਿਯਾ)

(ੳ) ਜਿਸ ਰਚਨਾ ਵਿੱਚ ਸ਼੍ਰਿੰਗਾਰ, ਹਾਸ੍ਯ ਅਤੇ ਕਰੁਣਾ ਰਸ ਦਾ ਵਰਣਨ ਹੋਵੇ ਅਤੇ ਰਚਨਾ ਸਿੱਧੀ ਤਥਾ ਸੁੰਦਰ ਹੋਵੇ, ਇਹ ਕੌਸ਼ਿਕੀ ਹੈ.

(ਅ) ਜਿਸ ਵਿੱਚ ਵੀਰ ਅਦਭੁਤ ਅਤੇ ਹਾਸ੍ਯ ਰਸ ਹੋਵੇ ਤਥਾ ਉੱਤਮ ਰੀਤਿ ਨਾਲ ਅਰਥ ਵਰਣਨ ਕਰੀਏ, ਸੋ ਭਾਰਤੀ ਹੈ.

(ੲ) ਜਿਸ ਰਚਨਾ ਵਿੱਚ ਰੌਦ੍ਰ ਭਯਾਨਕ ਅਤੇ ਬੀਭਤਸ ਰਸ ਦਾ ਵਰਣਨ ਅਤੇ ਪਦ ਵਿੱਚ ਯਮਕ ਹੋਵੇ, ਉਹ ਆਰਭਟੀ ਹੈ.

(ਸ) ਜਿਸ ਵਿੱਚ ਅਦਭੁਤ ਵੀਰ ਅਤੇ ਸਿੰਗਾਰ ਰਸ ਦਾ ਸਮਾਨ ਭਾਵ ਕਰਕੇ ਵਰਣਨ ਹੋਵੇ, ਉਹ ਸਾਤ੍ਵਿਕੀ ਹੈ। ੬. ਛੰਦ ਦੇ ਚਰਣ ਦਾ ਵਿਸ਼੍ਰਾਮ। ੭. ਗ੍ਰੰਥ ਦੇ ਹਾਸ਼ੀਏ ਪੁਰ ਲਿਖਿਆ ਹੋਇਆ ਅਰਥ. ਟਿਪੱਣੀ.

ਵ੍ਰਿੱਤੀ: ਦੇਖੋ, ਵ੍ਰਿੱਤਿ.

ਵ੍ਰਿਤ੍ਯਨੁਪ੍ਰਾਸ: ਦੇਖੋ, ਅਨੁਪ੍ਰਾਸ (ਅ).

ਵ੍ਰਿਤ੍ਰ: ਸੰ. वृत्र. ਅੰਧਕਾਰ. ਹਨੇਰਾ। ੨. ਵੈਰੀ. ਦੁਸ਼ਮਨ। ੩. ਬੱਦਲ। ੪. ਤ੍ਵਸ਼੍ਟਾ ਦਾ ਪੁਤ੍ਰ ਇੱਕ ਦਾਨਵ, ਜਿਸ ਦੀ ਕਥਾ ਦੇਵੀਭਾਗਵਤ ਵਿੱਚ ਹੈ. ਰਿਗਵੇਦ ਵਿੱਚ ਇਹ ਖ਼ੁਸ਼ਕੀ (drought) ਦਾ ਦੇਵਤਾ ਹੈ. ਇਸੇ ਲਈ ਇੰਦ੍ਰ ਨਾਲ ਲੜਾਈ ਰਹਿੰਦੀ ਹੈ. ਦੇਖੋ, ਵ੍ਰਿਤ੍ਰਹਨ.

ਵ੍ਰਿਤ੍ਰਹਨ, ਵ੍ਰਿਤ੍ਰਘ੍ਨ, ਵ੍ਰਿਤ੍ਰਰਿਪੁ, ਵ੍ਰਿਤ੍ਰਾਰਿ: ਵ੍ਰਿਤ੍ਰ (वृत्र) ਦਾ ਵੈਰੀ ਇੰਦ੍ਰ. ਪੁਰਾਣਕਥਾ ਹੈ ਕਿ ਵ੍ਰਿਤ੍ਰ ਬ੍ਰਾਹਮਣ ਸੀ. ਇਸ ਦੇ ਮਾਰਨ ਨਾਲ ਇੰਦ੍ਰ ਨੂੰ ਬ੍ਰਹਮਹਤ੍ਯਾ ਲਗ ਗਈ, ਜਿਸ ਤੋਂ ਉਸ ਦੀ ਸ਼ੋਭਾ ਨਸ਼੍ਟ ਹੋ ਗਈ. ਦੇਵਤਿਆਂ ਨੇ ਅਸ਼੍ਵਮੇਧ ਯੱਗ ਕਰਕੇ ਬ੍ਰਹਮਹਤ੍ਯਾ ਅਨੇਕ ਥਾਈਂ ਵੰਡ ਦਿੱਤੀ, ਜੈਸੇ ਨਦੀ ਵਿੱਚ ਝੱਗ, ਜ਼ਮੀਨ ਵਿੱਚ ਕੱਲਰ, ਇਸਤ੍ਰੀ ਵਿੱਚ ਰਜ ਆਦਿ, ਇਸ ਪੁਰ ਇੰਦ੍ਰ ਦਾ ਛੁਟਕਾਰਾ ਹੋਇਆ.

ਵ੍ਰਿਥਾ: वृथा- ਸੰਗ੍ਯਾ- ਨਿਰਰਥਕ. ਬੇਫਾਇਦਾ. ਨਿਸ਼ਫਲ.

ਵ੍ਰਿੰਦ: वृन्द- ਸੰਗ੍ਯਾ- ਸਮੁਦਾਯ. ਸਮੂਹ. ਝੁੰਡ। ੨. ਸੌ ਕਰੋੜ ਅਥਵਾ ਦਸ਼ ਅਰਬ ਦੀ ਸੰਖ੍ਯਾ। ੩. ਇੱਕ ਕਵਿ, ਜਿਸ ਦੀ "ਦ੍ਰਿਸ਼੍ਟਾਂਤ ਸ਼ਤਸਈ" ਬਹੁਤ ਮਨੋਹਰ ਹੈ.[1195]

---

[1195] ਇਹ ਸ਼ਤਸਈ ਸੰਮਤ ੧੭੩੧ ਵਿੱਚ ਲਿਖੀ ਗਈ ਹੈ, ਯਥਾ:- "ਸੰਬਤ ਸਸਿ ਰਸ ਵਾਰ ਮਹਿ ਕਾਤਕ ਸੁਦਿ ਸਸਿਵਾਰ." ਵ੍ਰਿੰਦ ਸ੍ਰੀ ਦਸ਼ਮੇਸ਼ ਜੀ ਦੇ ਦਰਬਾਰ ਵਿੱਚ ਹਾਜਰ ਹੁੰਦਾ ਰਿਹਾ ਹੈ ਅਰ ਗੁਰੁਸਾਹਿਬ ਨੂੰ ਆਪਣਾ ਇਸ਼੍ਟ ਮੰਨਦਾ ਸੀ, ਇਸੇ ਲਈ ਉਸ ਨੇ ਮੰਗਲ ਦੇ ਦੋਹੇ ਵਿੱਚ ਲਿਖਿਆ ਹੈ-
"ਸ੍ਰੀ ਗੁਰੂ ਨਾਥ ਪ੍ਰਭਾਵ ਤੇ ਹੋਤ ਮਨੋਰਥ ਸਿੱਧੀ,

ਵ੍ਰਿੰਦਾ: वृन्दा. ਸੰਗਯਾ- ਰਾਧਿਕਾ. ਰਾਧਾ। ੨. ਤੁਲਸੀ। ੩. ਦੇਖੋ, ਸੰਖਚੂੜ ੨. ਅਤੇ ਜਲੰਧਰ.

ਵ੍ਰਿੰਦਾਬਨ: ਦੇਖੋ, ਬਿੰਦ੍ਰਾਬਨ.

ਵ੍ਰਿੰਦਾਰਕ: वृन्दारक. ਸੰਗਯਾ- ਦੇਵਤਾ। ੨. ਵਿ- ਪ੍ਰਧਾਨ. ਮੁਖੀਆ। ੩. ਸੁੰਦਰ. ਖ਼ੂਬਸੂਰਤ.

ਵ੍ਰਿੰਦਾਰਨਯ, ਵ੍ਰਿੰਦਾਵਨ: ਵ੍ਰਿੰਦਾ (ਰਾਧਿਕਾ) ਦੇ ਵਿਚਰਣ ਦਾ अरण्य. (ਜੰਗਲ). ਜਿੱਥੇ ਰਾਧਾ ਨੇ ਕ੍ਰੀੜਾ ਕੀਤੀ ਹੈ. ਦੇਖੋ, ਬਿੰਦ੍ਰਾਬਨ। ੨. ਤੁਲਸੀ ਦਾ ਵਨ. ਉਹ ਜੰਗਲ, ਜਿਸ ਵਿੱਚ ਵ੍ਰਿੰਦਾ (ਤੁਲਸੀ) ਬਹੁਤ ਹੈ.

ਵ੍ਰਿਧ: वृध्. ਧਾ- ਵਧਣਾ, ਅਧਿਕ ਹੋਣਾ, ਚਮਕਣਾ। ੨. ਦੇਖੋ, ਵ੍ਰਿੱਧ.

ਵ੍ਰਿੱਧ: वृद्ध. ਵਿ- ਵਧਿਆ ਹੋਇਆ. ਵਡਾ. ਬਜ਼ੁਰਗ. ਵਿਦ੍ਵਾਨਾਂ ਨੇ ਪੰਜ ਵ੍ਰਿੱਧ ਮੰਨੇ ਹਨ-

(ੳ) ਅਵਸਥਾ ਵ੍ਰਿੱਧ, ਜੋ ਉਮਰ ਵਿੱਚ ਵਡਾ ਹੈ.

(ਅ) ਧਨਵ੍ਰਿੱਧ, ਜੋ ਦੌਲਤ ਵਿੱਚ ਵਡਾ ਹੈ.

(ੲ) ਵਿਦਯਾਵ੍ਰਿੱਧ, ਜੋ ਇ਼ਲਮ ਵਿੱਚ ਵਧਕੇ ਯੋਗਯਤਾ ਰਖਦਾ ਹੈ.

(ਸ) ਆਚਾਰਵ੍ਰਿੱਧ, ਜੋ ਕਰਨੀ ਵਿੱਚ ਵਡਾ ਹੈ. ਆ਼ਮਿਲ.

(ਹ) ਬਲਵ੍ਰਿੱਧ. ਜ਼ੋਰ (ਤਾਕ਼ਤ) ਵਿੱਚ ਵਡਾ.

ਵ੍ਰਿੱਧਦਲ: ਦੇਖੋ, ਤਰੁਣ ਦਲ.

ਵ੍ਰਿੱਧਾ: ਵ੍ਰਿੱਧ ਦਾ ਇਸਤ੍ਰੀ ਲਿੰਗ. ਬੁੱਢੀ. ਵਡੀ ਉਮਰ ਵਾਲੀ। ੨. ਦਾਦੀ ਸੱਸ ਆਦਿਕ.

ਵ੍ਰਿੱਧਿ: वृद्धि- ਸੰਗਯਾ- ਬਢਤੀ. ਤਰੱਕ਼ੀ। ੨. ਧਨ ਸੰਪਦਾ। ੩. ਵ੍ਯਾਕਰਣ ਦੇ ਸੰਕੇਤ ਅਨੁਸਾਰ ਆ, ਐ, ਔ, ਇਹ ਤਿੰਨ ਸ੍ਵਰ.

ਵ੍ਰੀਹਿ, ਵ੍ਰੀਹੀ: ब्रीहि. ਸੰਗਯਾ- ਸੱਠੀ ਦੇ ਧਾਨ. ਦੇਖੋ, ਵ੍ਰਿਹੀ।

੨. ਚਾਉਲ। ੩. ਹਰੇਕ ਪ੍ਰਕਾਰ ਦੀ ਧਾਨ. ਇਹ ਸ਼ਬਦ ਵ੍ਰਿਹੀ ਭੀ ਸਹੀ ਹੈ.

ਵ੍ਰੀਹੀਭੇਦ: ਸੰ. ब्रीहिभेद. ਚੀਣਾ.

ਵ੍ਰੀਡ: ਸੰ. ब्रीड्. ਧਾ- ਸ਼ਰਮਿੰਦਾ ਹੋਣਾ.

ਵ੍ਰੀੜਾ: ब्रीडा. ਸੰਗਯਾ- ਲੱਜਾ. ਸ਼ਰਮ. ਹ਼ਯਾ ਦੇਖੋ, ਵ੍ਰੀਡ.

ੜ: ਪੰਜਾਬੀ ਵਰਣਮਾਲਾ ਦਾ ਪੈਂਤੀਹਵਾਂ ਅੱਖਰ. ਇਸ ਦੇ ਉੱਚਾਰਣ ਦਾ ਥਾਂ ਮੂਧੱਾਂ ਹੈ. ਪੰਜਾਬੀ ਵਿਚ ਇਹ ਸੰਸਕ੍ਰਿਤ ਦੇ ਟ ਡ ਅਤੇ ਢ ਦੀ ਥਾਂ ਬਹੁਤ ਸ਼ਬਦਾਂ ਵਿੱਚ ਵਰਤਿਆ ਜਾਂਦਾ ਹੈ, ਜੈਸੇ ਵਟ- ਬੜ, ਬਡਵਾ- ਬੜਵਾ, ਦ੍ਰਿਢ- ਦ੍ਰਿੜ੍ਹ ਆਦਿ। ੨. ਪਤ੍ਯਯ ਹੋਕੇ ਸ਼ਬਦ ਦੇ ਅੰਤ ਆਕੇ ਵਾਨ (ਵਾਲਾ) ਅਰਥ ਦਿੰਦਾ ਹੈ, ਜਿਵੇਂ- ਭੁਲੜ, ਬੁਝੜ, ਖੁੱਥੜ ਆਦਿ। ੩. ਸੰਬੰਧ ਬੋਧਕ, ਜਿਵੇਂ- ਮਾਸੀ ਨਾਲ ਸੰਬੰਧ ਰੱਖਣ ਵਾਲਾ ਮਾਸੜ। ੪. ਘ੍ਰਿਣਾ ਬੋਧਕ- ਕਥਕ ਤੋਂ ਕਥੱਕੜ। ੫. ਸਮੁਦਾਯ (ਗਰੋਹ) ਬੋਧਕ, ਜਿਵੇਂ- ਅਜਾ ਸਮੁਦਾਯ ਔਜੜ। ੬. ਵਿਸਤਾਰ ਬੋਧਕ, ਜਿਵੇਂ ਪੱਗ ਤੋ ਪੱਗੜ, ਆਦਿ.

ੜੜਕ: ਸੰਗਯਾ- ਰੜਕ. ਚੋਭ। ੨. ਪੀੜ. ਦਰਦ

---

ਘਨ ਤੇ ਜਯੋਂ ਤਰੁ ਬੇਲਿ ਦਲ ਫੂਲ ਫਲਨ ਕੀ ਵ੍ਰਿੱਧਿ."

੧. ਉਸਤਤਿ ਨਿੰਦਾ, ਉਸਤਤਿ ਨਿੰਦਿਆ: ਜਦ ਇਹ ਦੋਵੇਂ ਸ਼ਬਦ ਇਕੱਠੇ ਆਉਂਦੇ ਹਨ ਤਦ ਭਾਵ ਹੁੰਦਾ ਹੈ ਔਗੁਣਾਂ ਨੂੰ ਗੁਣ ਅਤੇ ਗੁਣਾਂ ਨੂੰ ਦੋਸ਼ ਆਖਣਾ, ਅਰਥਾਤ- ਪਾਮਰਾਂ ਦੀ ਵਡਿਆਈ ਅਤੇ ਸਾਧੂਆਂ ਦੀ ਨਿੰਦਾ ਕਰਨੀ. "ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦ ਨਿਰਬਾਨਾ." (ਗਉ ਮਃ ੯)

੩. ਉਸਤਾਜ਼: ੪. ਕਿਸੇ ਗੁਣ ਹੁਨਰ ਵਿੱਚ ਤਾਕ (ਨਿਪੁਣ).

੫. ਸੂਰਤ ੨੨ (ਹੱਜ) ਆਯਤ ੩੬- ੩੭ ਅਤੇ ਹੱਜ.

੬. ਸ਼ੇਖ਼ ਹੁਸੈਨ ਦਾ ਪੁਤ੍ਰ ਇੱਕ ਕਵਿ, ਜਿਸ ਦੀ ਛਾਪ "ਮਾਨ" ਸੀ. ਇਹ ਜਹਾਂਗੀਰ ਦੇ ਦਰਬਾਰ ਦਾ ਕਵਿ ਸੀ. ਇਸ ਨੇ ਸਨ ੧੬੧੩ ਵਿੱਚ ਚਿਤ੍ਰਾਵਲੀ ਨਾਉਂ ਦੀ ਪੁਸਤਕ ਲਿਖੀ ਹੈ.

੭. ਉਸੀਆਰੁ: ਜਨਮ ਸਾਖੀ ਵਿੱਚ ਇਹ ਸ਼ਬਦ ਹੁਸ਼ਿਆਰ (ਹੋਸ਼ਯਾਰ) ਦੇ ਬਦਲੇ ਆਇਆ ਹੈ.

੧. ਉਕਤਾਈ: ਭੁੱਲ. ਚੂਕ। ੨. ਉੱਚਾਟ ਹੋਣ ਦਾ ਭਾਵ.

੨. ਉਕਤਿ ਬਿਲਾਸ ਦੇ ੮. ਅਧ੍ਯਾਯ ਅਤੇ ਸਾਰੇ ਛੰਦ ੨੩੩ ਹਨ.

੩. ੨ ਮੌਕ਼ਾ ਹੱਥੋਂ ਖੋ ਦੇਣਾ. ਔਸਰ ਚੂਕਨਾ.

੪. "ਮੈਂ ਉੱਕਾ ਸੱਖਣਾ ਹਾਂ." (ਜਸਾ)

੫. "ਉਖਲੀਆਂ ਨਾਸਾਂ ਜਿਨ੍ਹਾਂ ਮੂੰਹ ਜਾਪਨ ਆਲੇ." (ਚੰਡੀ ੩)

੬. ਉਗਰੁ: ਦੇਖੋ, ਉਗ੍ਰ.

੭. ਸੰ. ਉਦ੍ਗਮਨ, ਉਦ੍ਗਮਨ. ਕ੍ਰਿ- ਬਾਹਰ ਆਉਣਾ. ਨਿਕਲਨਾ.

੮. ਸ਼ਹਾਦਤ. ੯. Spitting- pot ੧੦. ਚੱਬਣ ਜਾਂ

੧. ਉੱਚਾ ਹਾਦੀ.

੧. ੳ. ਕਿਸੇ ਦੇ ਮਾਲ ਨੂੰ ੧. ਅ.

ਹਥ ਲਉ ਦੀ ਆਦਤ ਵਾਲਾ।

ਲੁਟੇਰਾ. ਡਾਕੂ.

੧. ੲ. ਉਚਥ. ਦੇਖੋ, ਉਤੱਧ.

੨. ਅਤੇ ਉਚੇੜਨਾ. ੩. ਅਤੇ ਉੱਚਾਰਣ ੪. ੩. ਉਜਾਰਾ (ਉਜਾਲਾ- ਅਗਨਿ) ਦੀ ਥਾਂ ਭੀ ਇਹ ਸ਼ਬਦ ਪ੍ਰਤੀਤ ਹੋਂਦਾ ਹੈ. ਆਤਮ- ਗ੍ਯਾਨ ਰੂਪ ਅਗਨਿ ਪ੍ਰਜ੍ਵਲਿਤ ਕੀਤੀ ਹੈ.

੫. ਉਚਾਲੈ: ਦੇਖੋ, ਪਾਰਥ.

੬. "ਉੱਚ ਜਹਾਂ ਸੈਯਦ ਬਹੁ ਬਾਸੀ." (ਨਾ ਪ੍ਰ)

੬. ੳ. ਉੱਚੈਃ ਸ੍ਵਰਸ੍-

੭. ਉੱਚਾਰਣ: ਸੰ. ਕੰਠ, ਤਾਲੂ ਆਦਿ ਥਾਵਾਂ ਤੋਂ ਸ੍ਵਰ ਅਤੇ ਵ੍ਯੰਜਨ ਅੱਖਰਾਂ ਦਾ ਅਰਥ ਵਿਚਾਰ ਨਾਲ ਸਹੀ ਸ੍ਵਰ ਕੱਢਣਾ. ਤਲੱਫ਼ੁਜ਼. Pronunciation. ਧਰਮ ਗ੍ਰੰਥਾਂ ਦੇ ਪਾਠ ਕਰਨ ਸਮੇਂ ਸ਼ੁੱਧ ਉੱਚਾਰਣ ਦੀ ਸਖ਼ਤ ਹਦਾਯਤ ਹੈ. ਪਤੰਜਲਿ ਮਹਾਭਾਸ਼੍ਯ ਦੇ ਪਹਿਲੇ ਆਹ੍ਨਿਕ ਵਿੱਚ ਲਿਖਿਆ ਹੈ ਕਿ ਅਸ਼ੁੱਧ ਉਚਾਰਣ ਯਜਮਾਨ ਦਾ ਨਾਸ਼ ਕਰ ਦਿੰਦਾ ਹੈ.

"दुष्टः शब्दः स्वरतो वर्णतो वा

मिथ्या प्रयुक्तो न तमर्थमाह,

स वाग्वज्रो यजमानं हिनस्ति

यथेन्द्र शत्रुःस्वरतोऽपराधात्. "

੮. ੨ ਵ੍ਯਾਕਰਣ ਅਨੁਸਾਰ ਕਾਰਕ (ਵਿਭਕ੍ਤਿ) ਸਹਿਤ ਸ਼ਬਦਾਂ ਦਾ ਬੋਲਣਾ, ਜਿਵੇਂ:-

ਸ਼ੰਭੁਃ ਸ਼ੰਭੂ ਸ਼ੰਭਵ- ਸ਼ੰਭੁ ਸ਼ੰਭੂੰ ਸ਼ੰਭੂਨ × × × ਆਦਿ. ਹਰਿਃ, ਹਰੀਃ, ਹਰਯ- ਹਰਿੰ, ਹਰੀ, ਹਰੀਨ × × × ਆਦਿ. ਰਾਮਃ, ਰਾਮੌ, ਰਾਮਾ, ਰਾਮੰ, ਰਾਮੌ, ਰਾਮਾਨ × × × ਆਦਿ. ਅਤੇ ਸੰਬੋਧਨ- ਹੇ ਸ਼ੰਭ, ਹੇ ਹਰੇ, ਹੇ ਰਾਮ × × × ਆਦਿ. ਦੇਖੋ, ਸਿਲ ਦਾ ਫੁਟ ਨੋਟ. ੯. ਗਣ ਅਤੇ

੧੦. ਉਛਾਹੀ: ਦੇਖੋ, ਉਤਸਾਹੀ.

੧੧. ਜਿਸ ਦਾ ਵਡੇਰਾ ਉਜ਼ਬੇਗ ਸੀ.

੧੨. "ਉਜਰ ਬਸਾਇ, ਬਸੇ ਕਰ ਸੂਨੇ." (ਨਾ ਪ੍ਰ)

੧. ਯਸ਼ (ਕੀਰਤਿ) ਨੂੰ ਇਨ੍ਹਾਂ ਪਦਾਰਥਾਂ ਦੀ ਮਿਸਾਲ ਕਵੀ ਦਿੰਦੇ ਹਨ, ਜਿਵੇਂ- "ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾ ਗੜ੍ਹ, ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੇ." (ਅਕਾਲ)

੨. ਉਜਾਰਨ: ਕ੍ਰਿ. ਉਜਾੜਨਾ। ੨. ਉਜਾਲਨਾ. ਪ੍ਰਕਾਸ਼ਣਾ.

"ਨਹਿਂ ਏਕਲ ਤੇ ਹੋਤ ਉਜਾਰਨ." (ਗੁਪ੍ਰਸੂ)

੩. ਚਾਨਣ. ੪. ੨. ਗ੍ਯਾਨ. ਆਤਮਿਕ ਪ੍ਰਕਾਸ਼.

੫. ਉੱਜਲ ਦੀਦਾਰ ਨਿਰਮਲ ਬੁੱਧਿ: ਪੁਰਾਣੇ ਸਿੰਘ ਸਨਮਾਨ ਯੋਗ੍ਯ ਸੱਜਨਾਂ ਨੂੰ ਚਿੱਠੀ ਪਤ੍ਰ ਵਿੱਚ ਇਸ ਖ਼ਿਤਾਬ ਨਾਲ ਸੰਬੋਧਨ ਕੀਤਾ ਕਰਦੇ ਸਨ. ਮਹਾਰਾਜਾ ਰਣਜੀਤ ਸਿੰਘ ਜੀ ਆਪਣੇ ਅਹਲਕਾਰਾਂ ਨੂੰ ਇਹ ਖ਼ਿਤਾਬ ਬਖ਼ਸ਼ਿਆ ਕਰਦੇ ਸਨ. ਜਿਵੇਂ- ਸਰਦਾਰ ਲਹਣਾ ਸਿੰਘ ਸੰਧਾਵਾਲੀਏ ਨੂੰ ਖ਼ਿਤਾਬ ਦਿਤਾ- "ਉਜੱਲ ਦੀਦਾਰ ਨਿਰਮਲ ਬੁਧਿ ਸਰਦਾਰ ਬਾ ਵਕਾਰ."

ਖ਼ਾਸ ਕਰ ਕੇ ਧਾਰਮਿਕ ਲੋਕਾਂ ਨੂੰ ਰਿਆਸਤ ਵੱਲੋਂ ਲਿਖੇ ਸੁਰਾਸਿਲੇ ਅਤੇ ਰੁੱਕਿਆਂ ਵਿੱਚ ਇਹ ਸ਼ਬਦ ਵਰਤੇ ਜਾਂਦੇ ਸਨ. ਦੇਖੋ, ਧਰਮ ਮੂਰਤਿ.

੬. ੨ ਔਝੜ ਦੇ ਰਾਹ ਵਿੱਚ.

੭. "ਇਕਿ ਉਝੜਿ ਪਾਇਦਾ." (ਮਃ ੪. ਵਾਰ ਸੋਰ)

੮. ਉਠ: ੯. ਉੱਠਣਾ ਕ੍ਰਿਆ ਦਾ ਅਮਰ. ਦੇਖੋ,

੧੦. ਪੰਖੀਆਂ ਦੀ ਉਡਾਰੀ ਦੀ ਤੇਜ਼ੀ ਅਤੇ ਬੁਲੰਦੀ ਜੁਦੀ ਜੁਦੀ ਹੋਇਆ ਕਰਦੀ ਹੈ, ਜਿਵੇਂ- ਉਕਾਬ, ਬਾਜ਼ ਆਦਿਕ ਕਾਉਂ ਨਾਲੋਂ ਤੇਜ਼ ਉਡਦੇ ਹਨ ਅਰ ਮੱਘ ਮੁਰਗਾਬੀ ਅਤੇ ਨਾਈਅੜੇ ੧੦੦੦ ਫ਼ੁਟ ਤੋਂ ੨੫੦੦ ਤੱਕ ਦੀ ਉਚਿਆਈ ਅਤੇ ਕੂੰਜਾਂ ਪੰਜ ਮੀਲ ਦੀ ਬਲੰਦੀ ਤਕ ਉਡ ਸਕਦੀਆਂ ਹਨ.

੧੧. ਉੱਤਰ ਪੱਛਮੀ.

੧੨. ਕਲਾਈਵ (Clive). ਨੇ ਸਨ ੧੭੫੫ ਵਿੱਚ ਇਹ ਫ਼ਤੇ ਕੀਤਾ, ਪਰ ਪੂਰੀ ਤਰ੍ਹਾਂ ਅੰਗ੍ਰੇਜ਼ੀ ਅਧਿਕਾਰ ਅੰਦਰ ਸਨ ੧੮੦੩ ਵਿੱਚ ਆਇਆ.

੧੩. ਸਿਤਾਰਹ.

੧੪. ਸਿਤਾਰੇ.

੧੫. ਉਡੁ ਨਾਥ: ਦੇਖੋ, ਉਡੁਪਤਿ.

੧. ਉਣ ਉਣ ਮੁਣ ਮੁਣ ਰੁਣ ਰੁਣ ਗੁਣ ਗੁਣ: ਕਿਸੇ ਤਾਂਤ੍ਰਿਕ ਨੇ ਇਹ ਮੰਤ੍ਰ ਪੈਂਤੀਸ ਅੱਖਰੀ ਦੇ ਨਾਲ ਜੋੜ ਦਿਤਾ ਹੈ. ਰਤਨ ਮਾਲ ਅਨੁਸਾਰ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਦਸ਼ਮੇਸ਼ ਨੇ ਦੁਰਗਾ ਦੇ ਪ੍ਰਗਟ ਕਰਨ ਲਈ ਇਹ ਮੰਤ੍ਰ ਜਪਿਆ, ਪਰ ਇਹ ਸਭ ਕਪੋਲ ਕਲਪਨਾ ਹੈ, ਕਿਉਂਕਿ ਕਲਗੀਧਰ ਦੀ ਬਾਣੀ ਵਿੱਚ ਮੰਤ੍ਰ ਜੰਤ੍ਰ ਤੰਤ੍ਰ ਦਾ ਖੰਡਨ ਹੈ. ਇਸ ਮੰਤ੍ਰ ਦੇ ਅਰਥ ਕੁਛ ਨਹੀ, ਤੰਤ੍ਰ ਸ਼ਾਸਤ੍ਰ ਦੀ ਰੀਤਿ ਅਨੁਸਾਰ ਅੱਖਰ ਜੋੜੇ ਹੋਏ ਹਨ, ਜਿਵੇਂ- "ਸ਼ਾਵਰ ਤੰਤ੍ਰ" ਵਿੱਚ ਅਨੇਕ ਮੰਤ੍ਰ ਵੇਖੀਦੇ ਹਨ. ਦੇਖੋ, ਸ਼ਾਵਰ.

੨. ਉਣੰਜਾ ਪੌਣ: ਦੇਖੋ, ਮਰੁਤ ੨.

੩. ਪੁਰੁਸਾਰਥੀ.

੪. ਦੇਖੋ, ਉਦਕਰਖ.

੫. ਉਤਪੱਤਿ ਪ੍ਰਲਯ: ੬. ੪ ਅਮੰਗਲ ਪ੍ਰਗਟ ਕਰਨ ਵਾਲੇ ਚਿੰਨ੍ਹ- ਨਾਨਕ ਪ੍ਰਕਾਸ਼ ਵਿੱਚ ਹਰਨਾਖਸ ਦੇ ਜਨਮ ਸਮੇਂ ਇਹ ਉਤਪਾਤ ਹੋਣੇ ਲਿਖੇ ਹਨ-

"ਅਤਿਸੈ ਜਹਿਂ ਤਹਿਂ ਆਵ ਭੁਚਾਲਾ,

ਦਿਸਾ ਤਪਤ ਜਨੁ ਦਵ ਵਡ ਲਾਗਾ,

ਉਲਕਾਪਾਤ ਅਰ ਨ ਜਿਵ ਜਾਗਾ,

ਉਦੈ ਕੇਤੁ ਭਾ ਅਧਿਕ ਅੰਧੇਰਾ,

ਰਵਿ ਸਸਿ ਪਰ ਪਰਿਵੇਖ ਅਨ੍ਹੇਰਾ,

ਬਿਨ ਘਨ ਗਰਜਨ ਹੈ ਵਡ ਜ਼ੋਰਾ,

ਸ਼ਿਵਾ ਸ਼੍ਵਾਨ ਖਰ ਬੋਲਤ ਘੋਰਾ,

ਵਹੀ ਪ੍ਰਚੰਡ ਵਾਯੁ ਦੁਖਕਾਰੀ,

ਜੜ ਤੇ ਉਖਰ ਜਾਹਿਂ ਤਰੁ ਭਾਰੀ,

ਘੋਰ ਸ਼ਬਦ ਸੁਨ ਸਰਵ ਵਿਹੰਗਾ,

ਗਿਰੈਂ ਨੀਡ ਤੇ ਜਨੁ ਹਨਐ ਭੰਗਾ,

ਕਾਨਨ ਕੇ ਪਸ਼ੁ ਭਏ ਦੁਖਾਰੇ,

ਭੈ ਕਰ ਮੂਤ੍ਰ ਮਲਾਦਿਕ ਡਾਰੇ,

ਧਰ ਪਰ ਧਾਰਾਧਰ ਪੂੰ ਧਾਰੀ,

ਸ੍ਰਵਹਿਂ ਸਥਨ ਗੋ ਸ਼੍ਰੋਣਤ ਸਾਰੀ." ਦੇਖੋ, ਅਪਸਗਨ.

੭. ਜਵਾਬ.

੮. ੩ ਉਤਰਣ ਅਤੇ ਚੜ੍ਹਨ ਦਾ ਭਾਵ। ੪. ਤਨੱਜ਼ੁਲ ਅਤੇ ਤਰੱਕੀ.

੧. ਤੂੰ ਉਸ ਨਾਲੋਂ ਵੀ ਛੇਤੀ ਮਿਟ ਜਾਣ ਵਾਲੀ ਹੈਂ.

੧. ੳ. ਸ਼ਾਸਤ੍ਰ

੨. ਉਤਰਾਇਣ: ਦੇਖੋ, ਉੱਤਰਾਯਣ.

੩. ਉਤਰਾਂਗ: ਸੰਗੀਤ ਮਤ ਅਨੁਸਾਰ ਰਾਗ ਦੇ ਆਲਾਪ ਦਾ ਪਿਛਲਾ ਹਿੱਸਾ, ਅਤੇ ਦੋ ਪਹਰ ਤੋਂ ਅੱਧੀ ਰਾਤ ਤਕ ਦਾ ਸਮਾਂ. ਜਿਵੇਂ- ਇਹ ਉਤਰਾਂਗ ਦਾ ਰਾਗ ਹੈ.

੪. ਉਤਰਾਰਣੀ: ਦੇਖੋ, ਅਰਣੀ.

੫. ਪੂਰਵਾਰਧ ਤੋਂ

੬. ਇਮਤਹਾਨ ਵਿਚ

੭. ਪੰਡਿਤ ਤਾਰਾ ਸਿੰਘ ਜੀ ਗੁਰੁਮਤ ਨਿਰਣਯ ਸਾਗਰ ਵਿਚ ਲਿਖਦੇ ਹਨ ਕਿ ਇਹ ਭਦੌੜ ਨਿਵਾਸੀ ਰਣ ਸਿੰਘ ਦੀ ਰਚਨਾ ਹੈ. ਜੋ ਤਮਹੀਦ ਇਤਿਹਾਸ ਤੋਂ ਸਿੱਧ ਹੋਂਦੀ ਹੈ ਉਹ ਮੰਨਣ ਯੋਗਜ ਹੈ. ਜੋ ਕਪੋਲ ਕਲਪਤਿ ਹੈ ਉਹ ਤਜਾਗ ਦੇਣੀ ਚਾਹੀਏ.

੭. ੳ. ਭਾਵ- ਆਚਮਨ.

੮. ਸੱਤਾ. Centrifugal

੯. ਉਦਗ੍ਰ: ਵਿ- ਉੱਚਾ ਹੈ ਅਗ੍ਰ ਭਾਗ ਜਿਸ ਦਾ. ਉਚਾ ਹੋਇਆ. ਹੋਈ. "ਸ਼ੇਖਰ ਉਦਗ੍ਰ ਸ੍ਰੀ ਗੋਬਿੰਦ ਸਿੰਘ ਜੂ ਕੀ ਤੇਗ." (ਗੁਰੁ ਪੰਚਾਸ਼ਿਕਾ)

੧੦. ਉਦਜ: ਉਦ (ਪਾਨੀ) ਤੋਂ ਜਨਮਿਆ, ਜਲਜ। ੨. ਛੇਵੀਂ ਪਾਤਸ਼ਾਹੀ ਦੇ ਗੁਰਵਿਲਾਸ ਵਿੱਚ, ਸਮੁਦ੍ਰ ਤੋਂ ਪੈਦਾ ਹੋਣ ਕਰਕੇ. ਚੰਦ੍ਰਮਾ ਦਾ ਨਾਮ ਉਦਜ ਲਿਖਿਆ ਹੈ. "ਲਾਲ ਉਦਜ ਕੇ ਗ੍ਰਿਹ ਚਲ ਆਯੋ." ਲਾਲ ਚੰਦ ਦੇ ਘਰ ਚਲ ਆਇਆ.

੯. ੧. ਉਦਯ ਸਿੰਹ: ੧. ੳ. ਗਹਲੋਤ ਰਾਜ ਪੂਤਾਂ ਦੀ ਅੱਲ, ਜੋ ਸ਼ਿਸ਼ੋਦ ਨਾਮਕ ਸਥਾਨ (ਤੇ) ਰਹਿਣ ਕਾਰਣ ਹੋਈ. ਇਸ ਵੰਸ਼ ਦੇ ਭਸ਼ਣ

੨ ਹੋਈ ਕਮਜ਼ੋਰੀ ਅਤੇ ਹੈਜ਼ਾ ਹੋ ਜਾਣ ਦੇ ਕਾਰਣ

੩ ਵਾਲਮੀਕਿ ਰਾਮਾਯਣ ਦਾ ਅਨੁਵਾਦ ਕਰਦੇ ਹੋਏ ਭਾਈ ਸੰਤੋਖ ਸਿਘ ਜੀ ਲੰਕਾ ਕਾਂਡ ਦੇ ਅੰਤ ਭਾਈ ਉਦਯ ਸਿੰਘ ਜੀ ਬਾਬਤ ਲਿਖਦੇ ਹਨ-

"ਭਾਗ ਭੂਰ ਭਗਤੁ ਭਗਤ

ਭਰਪੂਰ ਭਾਵ

ਭਾਰੋ ਭਯ ਭੰਜਨ ਭਗਤ

ਭਗਵਾਨ ਕੋ,

ਤਾਂ ਕੋ ਸੁਭ ਵੰਸ਼ ਮੇਂ ਵਤੰਸ

ਉਦਯ ਸਿੰਘ ਭੂਪ

ਜ਼ਾਹਰ ਜਹਾਨ ਮੇਂ ਮਹਾਨ

ਨੀਕ ਨਜਾਨ ਕੋ,

ਸਿਖੀ ਸੁਖ ਖਨ ਕੋ ਸਿਖੈਯਾ

ਸੀਖ ਸਜਾਨ ਕੋ

ਸੁਨੈਯਾ ਗੁਨ ਗਜਾਨ ਕੋ

ਧਰੇਯਾ ਗੁਰੁ ਧਜਾਨ ਕੋ,

ਪਕਰੇ ਕ੍ਰਿਪਾਨ ਕੋ

ਨਸੈਯਾ ਸ਼ਤ੍ਰੁ ਜਾਨ ਕੋ

ਰਖੈਯਾ ਕੁਲ ਕਾਨ ਕੋ

ਦਿਵੈਯਾ ਜਗਦਾਨ ਕੋ."

੪. ੨ ਖੰਜਰ, ਨਾਹਰ ਨਖਾ ਆਦਿ ਸ਼ਸਤ੍ਰ.

੪. ੳ. ਜਠਰਾਗਨਿ.

੫. ਉਦਰੁ: ਦੇਖੋ, ਉਦਰ. "ਪਸੁ ਜਿਉ ਉਦਰ ਭਰਉ." (ਧਨਾ ਮਃ ੯)

੬. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਦਾਸੀਨ ਲਿਬਾਸ ਤੋਂ ਆਰੰਭ, ਅਤੇ ਸ੍ਰੀ ਗੁਰੂ ਨਾਨਕ ਸ੍ਵਾਮੀ ਦੇ ਵੱਡੇ ਸੁਪੁਤ੍ਰ ਬਾਬਾ ਸ਼੍ਰੀ ਚੰਦ ਜੀ ਦ੍ਵਾਰਾ ਪ੍ਰਵ੍ਰਿਤ ਹੋਇਆ ਹੈ.

੭. ਸ਼੍ਰੀ ਚੰਦ ਜੀ ਦੇ ੭. ੳ. ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ. (ਭਾਗੁ)

੨. ਗੁਰੂ ਨਾਨਕ ਪੰਥੀ ਉਦਾਸੀਆਂ ਤੋਂ ਭਿੰਨ, ਇੱਕ ਹੋਰ ਫ਼ਿਰਕਾ ਭੀ ਉਦਾਸੀ ਕਹਾਉਂਦਾ ਹੈ ਜੋ ਗੋਪਾਲ ਦਾਸ ਨੇ ਚਲਾਇਆ ਹੈ. ਇਸ ਦਾ ਜ਼ਿਕਰ ਬੰਬਈ ਹਾਤੇ ਦੇ ਗੈਜ਼ਟੀਅਰ ਵਿਚ ਦੇਖਿਆ ਜਾਂਦਾ ਹੈ.

The Udasi sect, among the Uda Kanbis of Bardoli in Surat, was founded three hundred years ago by one Gopal das. He rejected the Vedic ritual, but enjoined the study of its speculative truths, believing in an impersonal God. . . . . . . . . The Udasis are different from the Nanak Panthi Udasis who are founded scattered with establishments or akharas in some cities and holy spots.

(Gadettee, of the Bombay Presidency, 1901 Vol. IX. Part I, PP. 547- 548)

੯. ਦੇਖੋ, ਸ਼੍ਵੇਤ ਕੇਤੁ।

੧੦. ੬ ਉਦਾਨ ਪੌਣ (ਪ੍ਰਾਣ) ਦਾ ਭੀ ਕਈਆਂ ਨੇ ਇਹ ਨਾਮ ਲਿਖਿਆ ਹੈ. ਦੇਖੋ, ਦਸ ਪ੍ਰਾਣ.

੧. ੨ ਉਦਜਾਨਾ (ਬਾਗ਼ਾਂ ਜਾਂ ਜੰਗਲਾਂ) ਵਿਚ.

੨. ਅਰਜਨ ਸਾਹਿਬ ਦਾ ਸਿਖ ਸੀ. ਇਹ ਆਤਮ ਗਜਾਨੀ ਅਤੇ ਵੱਡਾ ਸ਼ੂਰਵੀਰ ਸੀ. ਸ਼੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਉਦੇ ਨੂੰ ਆਪਣੀ ਫੌਜ ਵਿੱਚ ਸਰਦਾਰ ਥਾਪਿਆ.

੩. ਉੱਦਾਲਕ: ਦੇਖੋ, ਉਦਾਲਕ.

੪. ੪. ਵਿ- ਨਿਯਤ. ਮੁਕ਼ੱਰਰ.

੫. ਉੱਦੋਕੇ: ਦੇਖੋ, ਥੰਭ ਸਾਹਿਬ (੬)

੬. ਉਦੂ: ਦੇਖੋ, ਜਲ ਬਿਲਾਵ.

੭. ੩ ਪਾਰ ਹੋਣ ਯੋਗ੍ਯ.

੮. ੩ ਸੁਧਾਰ. ਦੁਰਸਤੀ. ਜਿਵੇਂ- ਜੀਰਣੋਧੱਾਰ। ੪. ਪਤਿਤ ਦੀ ਸ਼ੁੱਧੀ. ਜ਼ਾਤਿ ਤੋਂ ਡਿੱਗੇ ਹੋਏ ਨੂੰ ਮੁੜ ਆਪਣੇ ਵਿੱਚ ਲੈਣ ਦੀ ਕ੍ਰਿਯਾ। ੫. ਸ਼ੰਕਾ ਦਾ ਸਮਾਧਾਨ. ਮੁਸ਼ਕਿਲ ਗੱਲ ਦਾ ਹੱਲ.

੯. ਉਧਾਰੁ: ਦੇਖੋ, ਉਧਾਰ.

੧੦. ਉਧੱਾਰ: ਦੇਖੋ, ਉਧਾਰ.

੧੧. ਪ੍ਰਾਣਾਯਾਮ ਦੇ ਅਭ੍ਯਾਸੀ ਦੀ ਇਕ ਹਾਲਤ.

੧੨. ਉਨਮਨੀ ਜੋਤਿ: ਰੂਹਾਨੀ ਰੋਸ਼ਨੀ. ਆਤਮਿਕ ਪ੍ਰਕਾਸ਼.

੧੩. "ਮਨ ਉਨਮਨ ਉਨਮੀਲੇ ਹੈਂ." (ਭਾਗੁਕ)

੯- ੧. ੨ ਉਸ ਦੇ. ੨. ਨਾਮ ਦੇ ਪ੍ਰਕਾਸ਼ ਨਾਲ ਦੁੱਖ ਰੂਪ ਤੇਲ ਸੋਖਿਆ.

੩. ਉਨ੍ਹਾਂ: ਦੇਖੋ, ਉਨਾ.

੪. ੪ ਉਪਾਉ. ਜਤਨ. ਤਰੱਦੁਦ.

੫. ਉਪਗ੍ਰਹ: ਦੇਖੋ, ਗ੍ਰਹ. ੨. ਦਾ ਫੁਟ ਨੋਰ.

੬. "ਤੁਰਤ ਰੋਗ ਹਮਰੋ ਕਟਜੋ, ਸੁਨਹੁ ਵੈਦ ਉਪਚਾਰ." (ਚਰਿਤ੍ਰ ੬੮).

੭. ਤੰਤ੍ਰ ਗ੍ਰੰਥਾਂ ਵਿਚ ਤਿੰਨ ਤੋਂ ਲੈ ਕੇ ਅਠਤੀ ਉਪਚਾਰ ਤਕ ਲਿਖੇ ਹਨ. ਦੇਖੋ, ਖੇੜਸੋਪਚਾਰ.

੩- ੧. ਉਪਨਿਧਿ: ਸੰ. ਸੰਗ੍ਯਾ- ਧਰੋਹਰ. ਅਮਾਨਤ.

੨. ਅਤੇ ਅਨਨ੍ਯ. "ਸ੍ਰੀ ਹਰਿ ਗੋਵਿੰਦ ਪਦ ਆਨੰਦ ਕੇ ਕੰਦ ਜੋਊ, ਉਪਮੇਯ ਆਪ ਪਨਿ ਆਪੇ ਉਪਮਾਨ ਹੈ." (ਨਾਪ੍ਰ)

੩.

ਉਪਲਕ੍ਸ਼ਣ: ਦੇਖੋ, ਉਪ ਲੱਛਣ.

੪.

ਉਪਲਕ੍ਸ਼੍ਯ: ਸੰ.

ਉਪਲਖਾਇਕ: ਸੰਗ੍ਯਾ- ਸੰਕੇਤ ਚਿੰਨ੍ਹ। ੨. ਵਿ- ਬੋਧ ਕਰਾਉਣ ਯੋਗ੍ਯ. ਜਤਲਾਨੇ ਲਾਯਕ, ਜਿਵੇਂ- "ਧਰਾ ਖਟ ਆਠ ਅਕਾਸ ਬਨਾਏ." (ਚੰਡੀ ੧) ਇਸ ਥਾਂ ਧਰਾ ਅਤੇ ਅਕਾਸ ਸ਼ਬਦ ਹੇਠਲੇ ਲੋਕ ਅਤੇ ਆਕਾਸ਼ ਵਿੱਚ ਹੋਣ ਵਾਲੇ ਊਰਧ ਲੋਕਾਂ ਦਾ ਉਪਲਖਾਯਕ ਹੈ.

ਉਪ ਲਿਖਤ: ਦੇਖੋ, ਉਪ ਲਕ੍ਸ਼ਿਤ.

੧. (ਉਪਵੇਦ) ਰਿਗਵੇਦਾਦਿ ਵਾਕਰ ਇਹ ਚਾਰ ਖ਼ਾਸ ਪੋਥੀਆਂ ਨਹੀਂ ਹਨ, ਕਿੰਤੂ ਇਸ ਵਿਸ਼ਯ ਦੇ ਗ੍ਰੰਥ ਉਪਵੇਦ ਗਿਣੇ ਜਾਂਦੇ

ਹਨ.

੨. ਸ਼ਿਮਲੇ ਦੇ ਪਹਾੜੀ ਪੈਰੇਂ ਨੰਗੇ ਨੂੰ "ਪਤਾਣਾ" ਆਖਦੇ ਹਨ.

੩. ਉਬਟਣੋ: ੪. "ਮਰਦਨ ਕਰਹਿਂ ਉਬਟਣੋ ਅੰਗ." (ਗੁਪ੍ਰਸੂ)

੧. "ਚਣਕ ਉਦਕ ਸਨ ਮਾਤ ਉਬਾਰੇ." (ਗੁਪ੍ਰਸੂ)

੨. ਉਤਾਹਾਂ ਅਤੇ ਹੇਠਾਹਾਂ.

੩. ੨ ਉੱਤਰ ਦਿਸ਼ਾ ਵੱਲ ਦਾ ਦੇਸ਼। ੩. ਵਿ- ਉੱਚਾ. ਬਲੰਦ। ੪. ਉਭਰਿਆ ਹੋਯਾ।

੪. ਉਭਾ: ਦੇਖੋ, ਉਭਾ.

੫. ਉਮਰ ਸ਼ੇਖ਼ ਮਿਰਜ਼ਾ: ਬਾਦਸ਼ਾਹ ਬਾਬਰ ਦਾ ਪਿਤਾ, ਜੋ ਸਨ ੧੪੫੬ ਵਿੱਚ ਸਮਰਕ਼ੰਦ ਜੰਮਿਆ ਅਤੇ ਕਿਲੇ ਆਖ਼ਸੀ ਤੋਂ ਕਬੂਤਰ ਉਡਾਉਂਦਾ ੯. ਜੂਨ ਸਨ ੧੪੯੪ ਨੂੰ ਡਿੱਗ ਕੇ ਮੋਇਆ.

੬. ਉਮਰਾਉ ਹੈ.

੭. (ਭੰਗਾਣੀ)

੮. ੫ ਉਛਲਨ ਦਾ ਭਾਵ. "ਸਿੰਧੁ ਉਮਾਹੈ." (ਗੁਪ੍ਰਸੂ)

੯. ਪੂਃ ਅਃ ੪੫.

੧੦. ਉਰਸ: ਅ. عرس ਉਸੰ. ਸੰਗਜਾ- ਪੀਰ ਅਤੇ ਬਜ਼ੁਰਗ ਦਾ ਸ੍ਰਾਧ। ੨. ਕਿਸੇ ਬਜ਼ੁਰਗ ਦੇ ਸਨਮਾਨ ਲਈ ਕੀਤਾ ਮੇਲਾ। ੩- ਦੇਖੋ, ਉਰ.

੧੧. ਉਰਗ ਅਸਤ੍ਰ: ਸਰਪਾਸਤ੍ਰ. ਨਾਗਾਸਤ੍ਰ. ਤੰਤ੍ਰ ਸ਼ਾਸਤ੍ਰ ਅਨੁਸਾਰ ਇੱਕ ਮੰਤ੍ਰ ਕ੍ਰਿਯਾ ਜਿਸ ਤੋਂ ਜੰਗ ਵਿੱਚ ਵੈਰੀਆਂ ਦਾ ਨਾਸ਼ ਕਰਨ ਲਈ ਸੱਪ ਪੈਦਾ ਹੋ ਜਾਂਦੇ ਸਨ. "ਉਰਗ ਅਸਤ੍ਰ ਲੈ ਅਸੁਰ ਪ੍ਰਹਾਰਾ। ਤਾਂ ਤੇ ਉਪਜੇ ਸਰਪ ਅਪਾਰਾ। ਖਗਪਤਿ ਅਸਤ੍ਰ ਤਜਾ ਤਬ ਕਾਲਾ। ਭੱਛ ਗਏ ਨਾਗਨ ਚਰ ਹਾਲਾ." (ਚਰਿਤ੍ਰ ੪੦੫)

੧੨. ਉਰਗਾਸਤ੍ਰ: ਦੇਖੋ, ਉਰਗ ਅਸਤ੍ਰ.

੧. (ਫੁਟ ਨੋਟ) ਕਈ ਵਿਦ੍ਵਾਨਾਂ ਨੇ ਉਰਦੂ ਦਾ ਜਨਮ ਸਨ ੧੦੨੭ ਵਿਚ ਲਹੌਰ ਹੋਣਾ ਮੰਨਿਆ ਹੈ. ਉਨ੍ਹਾਂ ਦਾ ਨਿਸ਼ਚਾ ਹੈ ਕਿ ਮਹਿਮੂਦ ਗਜ਼ਨਵੀ ਨੇ ਜਦ ਆਪਣੀ ਫ਼ੌਜ ਲਹੌਰ ਕਾਇਮ ਕੀਤੀ. ਤਦ ਉਸ ਦੇ ਸਿਪਾਹੀਆਂ ਅਤੇ ਪੰਜਾਬੀਆਂ ਦੀ ਆਪੋ ਵਿਚੀ ਬਾਤਚੀਤ ਹੋਣ ਤੋਂ ਇਹ ਬੋਲੀ ਬਣੀ.

੨. ਦੇਖੋ, ਨਾਰਾਯਣ।

੩. ੪ ਜੁਗਨੀ. ਧੁਕਧੁਕੀ. ਛਾਤੀ ਤੇ ਲਟਕਣ ਵਾਲਾ ਗਹਿਣਾ.

੪. ਉਰਵਾਰੁ: ਦੇਖੋ, ਉਰਵਾਰ.

੫. ੩ ਦੇਖੋ, ਉੱਲ.

੬. ਅਥਵਾ ਉਲ੍ਹੂਸ਼, ਸ਼ਾਹੀ ਚਸਤਰਖ਼੍ਵਾਨ ਤੋਂ ਪ੍ਰਾਪਤ ਹੋਇਆ ਪ੍ਰਸਾਦ. (Provisions from the royal table)

੨. ਭਾਵ- ਸਤਿਗੁਰਾਂ ਦਾ

੬. Meteorite (Shooting Star)*. ਲੂਕ।

੧੮- ੧. ਉਲਾਰਾ: ਸੰਗਜਾ- ਉਭਾਰ. ਉਠਾਨ। ੨. ਉਮੰਗ.

੨. ਦੇਖੋ, ਕਣਾਦ ਅਤੇ ਖਟ ਸ਼ਾਸਤ

੩. ਉਲੂਕ ਦਰਸ਼ਨ: ਸੰ. औलूक्य दर्शन. ਔਲੁਕਜ ਦਰਸ਼ਨ. ਵੈਸ਼ੇਸ਼ਿਕ ਦਰਸ਼ਨ. ਦੇਖੋ, ਉਲੂਕ ੨. ਅਤੇ ਖਟ ਸ਼ਾਸਤ੍ਰ.

੪. ੨ ਬਾਜ਼ਾਰ. "ਉੜਦੂ ਬੀਥੀ ਗੰਧ ਸਿੰਚਾਵਾ." (ਗੁਵਿ ੬) ਬਾਜ਼ਾਰ ਅਤੇ ਗਲੀਆਂ ਵਿੱਚ ਖ਼ਸ਼ਬੂ ਛਿੜਕੀ.

੫. ਊਖਾ ਕਾਲ: ਦੇਖੋ, ਊਖਾ ੩.

੧੯- ੧. ਊਚਾ ਚੜ੍ਹਨਾ: ਉੱਚ ਪਦਵੀ ਨੂੰ ਪ੍ਰਾਪਤ ਹੋਣਾ. ਤਰੱਕ਼ੀ ਕਰਨੀ। ੨. ਹੰਕਾਰੀ ਹੋਣਾ. ਆਪ ਨੂੰ ਸਭ ਤੋਂ ਉੱਚਾ ਸਮਝਣਾ. "ਊੱਚਾ ਚੜੈ ਸੁ ਪਵੈ ਪਇਆਲਾ." (ਆਸਾ ਮਃ ੫)

੨. ਦੇਖੋ, ਢੌਂਚਾ.

੩. ਊਂਧ: ਵਿ- ਔਂਧਾ. ਉਲਟਾ. ਮੂਧਾ. "ਊਂਧ ਕਵਲ ਜਿਸ ਹੋਇ ਪ੍ਰਗਾਸਾ." (ਮਾਝ ਮਹਲਾ ੫)

੪. ਊਧਮ ਸਿੰਘ: ਰਾਜਾ ਗੁਲਾਬ ਸਿੰਘ ਡੋਗਰੇ ਦਾ ਪੁਤ੍ਰ ਜੋ ਕੌਰ ਨੌ ਨਿਹਾਲ ਸਿੰਘ ਦੇ ਨਾਲ ਫੱਟੜ ਹੋ ਕੇ ੫. ਨਵੰਬਰ ਸਨ ੧੮੪੦ ਨੂੰ ਮੋਇਆ.

੫. "ਅਬਿਗਤ ਊਪ ਹੈ." (ਭਾਗੁਕ) ਦੇਖੋ, ਅਬਗਤ ੨.

੬. ੨ ਸੰਘਣਾ ਜੰਗਲ ਬਣ. "ਊਬਟ ਜਿਸ ਦਿਸਿ ਘਨੀ ਨਿਹਾਰੀ." (ਗੁਪ੍ਰਸੂ)

੨੧- ੧. ਊਰਧ ਦੇਹਿਕ: ਅੰਤਿਮ ਸੰਸਕਾਰ. ਊਰਧ ਲੋਕ ਗਮਨ ਪਿਛੋਂ ਦੇਹ ਦੀ ਕ੍ਰਿਯਾ.

"ਊਰਧ ਦੇਹਿਕ ਮਾਤਹਿ ਕੇਰਾ।

ਨੀਕ ਕੀਨ ਧਨ ਲਾਇ ਬਡੇਰਾ." (ਗੁਪ੍ਰਸੂ)

੨. ਊਰਧ ਮੂਲ: ਦੇਖੋ, ਉਰਧ. ੨. ੳ. ਅਰਥਾਤ- ਊਰਧ ਪੁੰਡ੍ਰ ਰਹਿਤ ਬ੍ਰਾਹਮਣ ਨੂੰ ਸ਼੍ਰਾਧ ਵਿਚ ਜੋ ਭੋਜਨ ਖਵਾਉਂਦਾ ਹੈ, ਉਸ ਦੇ ਪਿਤਰ ਬਿਨਾ ਸੰਸੇ ਗੂੰਹ- ਮੂਤ ਖਾਂਦੇ ਪੀਂਦੇ ਹਨ.

੩. ੭ ਹਿੰਦੀ ਅਤੇ ਪੰਜਾਬੀ ਵਿਚ ਇਹ 'ਵ' ਦੀ ਥਾਂ ਵੀ ਵਰਤੀਂਦਾ ਹੈ, ਜਿਵੇਂ- ਮਾਧਵ ਦੀ ਥਾਂ ਮਾਧੋ, ਉੱਧਵ ਦੀ ਥਾਂ ਊਧੋ, ਯਾਦਵ ਦੀ ਥਾਂ ਜਾਦੋ ਆਦਿ.

੪. ਅਵ ਦੇ ਅੰਤ ਮਨ ਪ੍ਰਤਜਯ ਆਉਣ ਤੋਂ ਓਮ਼ ਬਣਦਾ ਹੈ.

੫. ਦੇਖੋ, ਪ੍ਰਸ਼ਨੋਪਨਿਸ਼ਦ ੫- ੨ ਅਤੇ ਯੋਗ ਦਰਸ਼ਨ, ਸਮਾਧਿ ਪਾਦ, ਸੂਤ੍ਰ ੨੭.

੬. ਦੇਖੋ, ਐਤਰੇਯ ਬ੍ਰਾਹਮਣ ੨੫- ੭.

੭. ਵਿਚ ਸਾਰੇ ਆਦਰ ਦੇਣਗੇ.

੮. ੫ ਨਿਰੁਕ੍ਤ ਵਿਚ ਜਲ ਦਾ ਨਾਉਂ ਓਜ ਹੈ.

੯. ੩ ਅਤੇ ਫੂਲ ਮਾਲਾ ਰਾਮਾਯਣ.

੧. ਅਤੇ ਉਡੀਨੀ. ੨. "ਅਬ ਤੂੰ ਹਿਰਦੇ ਓਦਰ ਨਾਹੀਂ." (ਨਾਪ੍ਰ)

੩. ਓਦਰਨਾ: "ਅਬ ਤੂੰ ਹਿਰਦੇ ਓਦਰ ਨਾਹੀਂ." (ਨਾਪ੍ਰ)

੪. ਓਪਤਿ ਪਰਲਉ: ਉਤਪਤਿ ਅਤੇ ਪ੍ਰਲਯ. "ਓਪਤਿ ਪਰਲਓ ਖਿਨ ਮਹਿ ਕਰਤਾ."(ਆਸਾ ਮਃ੫)

੫. ਓਰੀ: ਸੰਗਯਾ- ਬਜਰੀ. ਛੋਟੇ ਓਲੇ. ਦੇਖੋ, ਓਰਾ ੨. "ਗ਼ਲਕਾ ਬਰਖ ਰਹੀ ਬਹੁਓਰੀ." (ਨਾਪ੍ਰ)

੧. "ਆਏ ਹੁਕਮਿ ਫ਼ਰਸਤੇ

੨੫- ੧. ਅਈਆਲ, ਅਈਆਲੀ: ਅਜਾ ਪਾਲਕ. ਬਕਰੀ ਭੇਡਾਂ ਪਾਲਣ ਅਤੇ ਚਾਰਣ ਵਾਲਾ. "ਚੁੰਬੇ ਤਹਿ ਅਈਆਲ ਚਰਾਇ." (ਨਾਪ੍ਰ)

੨. ਅਈਤੇਜਕ: ਗੁਪ੍ਰਸੂ ਵਿੱਚ ਐਤਿਹਯ ਪ੍ਰਮਾਣ ਲਈ ਇਹ ਸ਼ਬਦ ਵਰਤਿਆ ਹੈ. ਦੇਖੋ, ਪ੍ਰਮਾਣ ੧੧.

੩. ਜੇਸਾ. ਜਹਾ.

੪. "ਰਸਨਾ ! ਤੁਲ ਅਸ ਨਾ ਕੋਊ,

ਸੀਲਵੰਤ ਸਹੁਲਾਸ।

ਕਠਿਨ ਦਸਨ ਮੇਂ ਰੈਨ ਦਿਨ,

ਕਰਤ ਬੈਸ ਭਰ ਬਾਸ."(ਬਸੰਤ ਸਤਸਈ)

੫. ਨਾ ਹੋਣ ਯੋਗਯ. "ਹੋਤ ਅਸ਼ਕਯ ਡਰੈ ਬਰੜਾਵਾ." (ਗੁਪ੍ਰਸੂ) ਸੁਪਨੇ ਵਿਚ ਅਨਹੋਣੀਆਂ ਗੱਲਾਂ ਹੁੰਦੀਆਂ ਵੇਖ ਕੇ ਡਰਦਾ ਤੇ ਬਰੜਾਂਦਾ ਹੈ.

੬. ਅਸਟ ਜੋਗਨੀ: ਦੇਖੋ, ਯੋਗਿਨੀ.

੭. ਅਸਟ ਦੀਪ: ਅਸ਼੍ਟ (ਅੱਠ) ਦੀਵੇ। ੨. ਧਾਤੁ ਦਾ ਫ਼ਤੀਲ ਸੋਜ਼, ਜਿਸ ਦੇ ਅੱਠ ਮੂੰਹ ਹੋਣ, ਅਰਥਾਤ- ਜਿਸ ਵਿੱਚ ਬੱਤੀਆਂ ਜਗਣ. ਅੱਠ ਮੂੰਹੀ ਦੀਵਟ.

"ਅਸਟਦੀਪ ਦੀਪਤ ਗ੍ਰਿਹ ਜਾਨੋ." (ਗੁਪ੍ਰਸੂ)

੮. ਵਿੱਚ ਦੱਸੇ ਅਠ ਮੁਕਤਿ ਦੇ ਸਾਧਨ.

੯. उरसा वक्षसा बाहु,

जानुभ्यां शिरसा तथा,

मनसा वचसा दृष्टया,

प्रणामोऽष्टाङ्ग उच्यते.

੧. ਅਸ੍ਟ: ਦੇਖੋ, ਅਸ਼ਟ.

ਅਸ੍ਟਾਂਗ: ਦੇਖੋ, ਅਸ਼ਟਾਂਗ.

੨. "ਰਸਨਾ ਅਸਤ ਨ ਬਕੈ ਬਹੋਰੈ."

(ਨਾਪ੍ਰ)

੨੭- ੧. ਅਸਮ ਕੁੱਟ: ਸੰ. अश्म कुट्ट ਉਹ ਵਨਵਾਸੀ. , ਜੋ ਉਖੱਲੀ ਨਾ ਰੱਖੇ, ਪੱਥਰ ਠਾਲ ਅੰਨ ਕੱਟ ਲਵੇ. "ਅਸਮ ਕੁੱਟ ਤਨ ਬਲਕਲ ਧਾਰੀ." (ਗੁਪ੍ਰਸੂ)

੨. ੯. ਲੌਢਾ ਵੇਲਾ। ੧੦. ਦਿਨ। ੧੧. ਰਾਤ। ੧੨. ਵਰਖਾ। ੧੩. ਸਮਾ. ਵੇਲਾ. ਕਾਲ. ਜਿਵੇਂ- ਹਮ ਅਸਰ.

੩. ੨ ਸੰ. ਅਸਰਣ (ਸ੍ਥਾਵਰ) ਸ਼ਰਣ (ਜੰਗਮ).

"ਸਥਾਵਰ ਜੰਗਮ ਇਕ ਸ੍ਵਾਮੀ." ੩. ੳ. ਅਨੇਕ ਤੋਲ (ਵਜ਼ਨ) ਦੀ. ਜਹਾਂਗੀਰ ਨੇ ੧੦੦ ਤੋਲੇ ਦੀ ਅਸ਼ਰਫ਼ੀ ਦਾ ਨਾਉਂ ਨੂਰ ਸ਼ਾਹੀ, ੫੦ ਤੋਲੇ ਦੀ ਨੂਰ ਸੁਲਤਾਨੀ, ੨੦. ਦੀ ਨੂਰ ਦੌਲਤ, ੧੦. ਤੋਲੇ ਦੀ ਨੂਰ ਕਰਮ, ੫. ਦੀ ਨੂਰ ਮਿਹਰ, ੧. ਤੋਲੇ ਦੀ ਨੂਰ ਜਹਾਨੀ, ਅੱਧੇ ਤੋਲੇ ਦੀ ਨੂਰਾਨੀ, ਤੋਲੇ ਦੇ ਚੌਥੇ ਹਿੱਸੇ ਦੀ ਅਸ਼ਰਫ਼ੀ ਦਾ ਨਾਉਂ ਰਵਾਜੀ ਰੱਖਿਆ ਸੀ. (ਦੇਖੋ, ਤੁਜ਼ਕ ਜਹਾਂਗੀਰੀ)

੪. ਅਸਲਹ ਖ਼ਾਨਾ: ਦੇਖੋ, ਸਿਲਹ ਖਾਨਾ.

੫. ਦੇਖੋ, ਉਲਕਾ ੩.

੬. ੨ ਅ- ਸਾਹ. ਸ੍ਵਾਸ ਬਿਨਾ. ਬਿਨਾ ਪ੍ਰਾਣ. "ਜੀਵਾਲ ਤਾਕਿ ਅਸਾਹ."

(ਮਃ ੧, ਵਾਰ ਮਾਝ)

ਅਸਾਹ ਜੀਵਾ ਨੂੰ ਤੱਕ ਕੇ ਜ਼ਿੰਦਾ ਕਰ ਸਕਦਾ ਹੈ.

੭. ੨ ਅਫ਼ਰੀਕਾ ਦਾ ਦੱਖਣੀ ਦੇਸ, ਜੋ ਅੰਗ੍ਰੇਜ਼ਾਂ ਦੀ ਰਖਜਾ ਅੰਦਰ ਹੈ. ਇਸ ਦੀ ਰਾਜਧਾਨੀ ਕੁਮਸੀ (Commassie).

ਹੈ.

ਅਸ਼ਾਂਤੀ ਦੀ ਵਸੋ ੨, ੦੨੯, ੭੫੦ ਹੈ.

੮. ੨ ਅਸ਼ੁਭ। ੩. ਅਯੋਗਜ.

੯. ਅਸਾਮ: ਦੇਖੋ, ਆਸਾਮ.

੨੯- ੧. ਅਸਿ ਪਾਨਿਜ: ਅਸਿ ਪਾਨਿ (ਅਕਾਲ) ਉਸ ਦਾ ਪੁਤ੍ਰ, ਦਸ਼ਮੇਸ਼. "ਮੈਂ ਅਸਿਪਾਨਿਜ ਤਦਿਸ ਕਹਾਊਂ। ਚਰਿਯਨ ਤੇ ਜਬ ਬਾਜ਼ ਤੁਰਾਉਂ (ਗੁਵਿ ੧੦)

੨. We ਬਾਦਸ਼ਾਹ ਮੈਂ (I) ਦੀ ਥਾਂ ਅਸੀਂ (We) ਵਰਤਦੇ ਹਨ. ਇਹ ਰੀਤਿ ਬਾਦਸ਼ਾਹ John (੧੧੯੯) ਤੋਂ ਚੱਲੀ ਹੈ.

੩. ਅਸੀਂ: ਦੇਖੋ, ਅਸੀ ੩.

੪. (ਫੁਟ ਨੋਟ) ਅਸੁ (ਪ੍ਰਾਣ) ਇਕ ਕਾਲ ਪ੍ਰਮਾਣ ਭੀ ਹੈ. ਦੇਖੋ, ਪ੍ਰਾਣ. ੮.

੫. "ਨਿੰਦਕ ਜੌਨ ਅਸੂਯਾ ਸਹਿਤੁ."(ਨਾਪ੍ਰ)

੧. ਇਤਿਹਾਸ ਵਿੱਚ ੨੬੯- ੨੩੨ ਬੀ. ਸੀ. ਭੀ ਵੇਖੀਦਾ ਹੈ.

੨. ਅਸ਼ੋਕ ਦਾ ਪੋਤਾ (ਕੁਣਾਲ ਦਾ ਪੁਤ੍ਰ) ਪ੍ਰਿਯ ਦਰਸ਼ੀ ਭੀ ਉੱਤਮ ਰਾਜਾ ਹੋਇਆ ਹੈ[1196]

੩.

ਅਸੰਪ੍ਰਗਜਾਤ ਯੋਗ: ੪. ਅਨੁਸਾਰ ਉਹ ਹਾਲਤ. ਜਿਸ ਵਿੱਚ ਚਿਤ ਦੀਆਂ ਪੰਜੇ ਵ੍ਰਿੱਤੀਆਂ (ਪ੍ਰਮਾਣ, ਵਿਪਰਯਯ, ਵਿਕਲਪ, ਨਿਦ੍ਰਾ ਅਤੇ ਸਿਮ੍ਰਿਤਿ) ਲਯ ਹੋ ਜਾਂਦੀਆਂ ਹਨ. ਇਸੇ ਦਾ ਨਾਉਂ ਨਿਰਬੀਜ ਅਥਵਾ ਨਿਰਵਿਕਲਪ ਸਮਾਧੀ ਹੈ.

---

[1196] ਪ੍ਰਿਯਦਰਸ਼ੀ (प्रियदर्शिन्) ਦਾ ਨਾਮ ਸੰਪ੍ਰਤਿ ਅਤੇ ਦਸ਼ਰਥ ਭੀ ਇਤਿਹਾਸ ਵਿੱਚ ਆਇਆ ਹੈ.

੫. ਅਸੰਭਾ: ਦੇਖੋ, ਅਸੰਭਵ. "ਇਹ ਬਾਤ ਅਸੰਭਾ." (ਗੁਪ੍ਰਸੂ)

੬. ਅਸੰਭੈ: ਅਸੰਭਵ. ਨਾਮੁਮਕਿਨ. "ਅਸੰਭੈ ਮਹਾ ਤੇ ਅਚੰਭੈ ਬਲੰਦੇ." (ਗੁਪ੍ਰਸੂ) ੨. ਦੇਖੋ, ਅਸੰਭ.

੭. ਹਿੰਦੂ ਸ਼ਾਸਤ੍ਰਾਂ ਵਿੱਚ ਸੂਰਯ, ਵਿਸ਼ਨੁ, ਗਣੇਸ਼, ਸ਼ਿਵ, ਦੁਰਗਾ ਆਦਿ ਦੇਵਤਿਆਂ ਲਈ ਵੱਖ- ਵੱਖ ਅਸ਼੍ਵਗੰਧ ਹਨ.

੧. ਹਯ. ਕੰਕਜਾਨ।

੨. ਅਸ਼੍ਵਕ: ਸੰਗਜਾ- ਵਛੇਰਾ. ਘੋੜੇ ਦਾ ਬੱਚਾ.

੩. ੨ ਇੱਕ ਰੋਗ ਦਿਮਾਗ਼ ਮੇਦੇ ਆਦਿ ਦੇ ਵਿਗਾੜ ਤੋਂ ਨੀਂਦ ਦਾ ਨਾ ਆਉਣਾ. Insomnia ਇਹ ਰੋਗ ਦਿਮਾਗੀ ਬਹੁਤਾ ਕੰਮ ਕਰਨ, ਚਿੰਤਾ, ਸ਼ੋਕ ਦੇ ਹੋਣ ਅਤੇ ਬਹੁਤ ਮੈਥੁਨ ਕਰਨ ਤੋਂ ਹੋਂਦਾ ਹੈ. ਇਸ ਵਿਚ ਨਸ਼ੇ ਵਾਲੀ ਦਵਾਈਆਂ ਨਾਲ ਨੀਂਦ ਲਿਆਉਣੀ ਹਾਨੀਕਾਰਕ ਹੈ. ਸ੍ਵੱਛ ਪੌਣ ਵਿੱਚ ਰਹਿਣਾ, ਦਿਮਾਗ਼ ਤੋਂ ਬਹੁਤ ਸੋਚ ਦਾ ਕੰਮ ਨਾ ਲੈਣਾ, ਹਲਕੀ ਗਿਜ਼ਾ ਫਲ ਆਦਿ ਦਾ ਸੇਵਨ ਕਰਨਾ ਗੁਣਕਾਰੀ ਹੈ.

੪. ਅਸ਼੍ਵਮਖ: ਅਸ਼੍ਵਮੇਧ ਯਗਜ.

੫. ਅਹਨੀ: ਦੇਖੋ, ਅਹਿਨੀ ਅਤੇ ਆਹਨੀ.

੬. ਰਵਿਵਾਸਰ. "ਜੇਠ ਦੂਜ ਦਿਨ ਅਹਪਤੀ." (ਗੁਵਿ ੬)

੭. ਅਹਮਦ ਸ਼ਾਹ: ਮੁਹੰਮਦ ਸ਼ਾਹ ਦਿੱਲੀ ਦਾ ਊਧਮ ਬਾਈ ਦੀ ਕੁੱਖੋਂ, ਪੁੱਤ, ਜੋ ੧੪. ਦਸੰਬਰ ਸਨ ੧੭੨੫ ਨੂੰ ਜੰਮਿਆ. ੧੫. ਅਪ੍ਰੈਲ ਸਨ ੧੭੪੮ ਨੂੰ ਬਾਪ ਦੇ ਥਾਂ ਦਿੱਲੀ ਦੇ ਤਖ਼ਤ ਤੇ ਬੈਠਿਆ. ਇਸ ਨੂੰ ਇਸ ਦੇ ਵਜੀਰ ਇਮਾਦੁਲ ਮੁਲਕ ਗ਼ਾਜ਼ੀ- ਉ- ਦੀਨ ਖ਼ਾਂ ਨੇ ੨. ਜੂਨ ਸਨ ੧੭੫੪ ਨੂੰ ਗੱਦੀਓਂ ਲਾਹਕੇ ਅੰਨ੍ਹਾ ਕਰ ਦਿੱਤਾ ਅਤੇ ਕੈਦ ਕਰ ਲਿਆ. ਇਸੇ ਹਸ਼ਾ ਵਿੱਚ ਇਸ ਦੀ ਮੌਤ ੧. ਜਨਵਰੀ ਸਨ ੧੭੭੫ ਨੂੰ ਹੋਈ।

੮. ਹਿੰਦੁਸਤਾਨ ਨੂੰ ਲੁੱਟਣਾ ਅਤੇ ਕਾਫ਼ਰਾਂ ਨੂੰ ਮਾਰਣਾ ਆਪਣਾ ਧਰਮ ਸਮਝ ਕੇ

੯. ਅਹਮਦ ਸੈਯਦ: ੧੦. ਜੋ ਮਹੰਮਦ ਅਰਫ਼ਾਨ ਦਾ ਪੁਤ੍ਰ ਸੀ. ਇਸ ਦਾ ਜਨਮ ਸਨ ੧੭੯੬ ਵਿੱਚ ਹੋਇਆ. ਇਸ ਨੇ ਕਾਬੁਲ ਦੇ ਅਮੀਰ ਦੋਸਤ ਮਹੁੰਮਦ ਖ਼ਾਨ ਦੀ ਗੁਪਤ ਸਹਾਯਤਾ ਪਾ ਕੇ

੧੦. ੳ. ਸੈਯਦ ਦੇ ਮੋਤਕਿਦ ਆਖਦੇ ਹਨ ਕਿ ਉਹ ਜੰਗ ਵਿੱਚੋਂ ਗੁਪਤ ਹੋ ਗਿਆ, ਪਰ ਮੋਇਆ ਨਹੀਂ.

੧੧. ਅਹਮਦ ਨਗਰ: ਬੰਬਈ ਹਾਤੇ ਦਾ ਨਗਰ ਜੋ ਸੀਨਾ ਨਦੀ ਦੇ ਖਬੇ ਕਿਨਾਰੇ ਆਬਾਦ ਹੈ. ਬਹਮਨੀ ਸਲਤਨਤ ਦੇ ਆਲਾ ਅਹੁਦੇਦਾਰ ਅਹਮਦ ਨਿਜ਼ਾਮ ਸ਼ਾਹ ਨੇ ਇਹ ਸਨ ੧੪੯੦ ਵਿੱਚ ਵਸਾਇਆ ਹੈ. ਅਹਮਦ ਨਗਰ ਪੂਨੇ ਤੋਂ ੭੨ ਮੀਲ ਹੈ. ਭਾਈ ਦਯਾ ਸਿੰਘ ਤੇ ਧਰਮ ਸਿੰਘ ਜੀ ਜ਼ਫ਼ਰ ਨਾਮਹ ਲੈ ਕੇ ਔਰੰਗਜ਼ੇਬ ਨੂੰ ਇੱਥੇ ਹੀ ਮਿਲੇ ਸਨ.

੧੨. ਇਹ ਬੰਬਈ ਤੋਂ ੩੧੦ ਮੀਲ ਹੈ. ਬੀ. ਬੀ. ਈ. ਆਈ. ਅਤੇ ਆਰ. ਐਮ. ਰੇਲਵੇ ਦਾ ਜੰਕਸ਼ਨ ਹੈ. ਭਾਈ ਸੰਤੋਖ ਸਿੰਘ ਜੀ ਨੇ ਗੁ. ਪ੍ਰ. ਸੂ. ਦੀ ਛੇਵੀਂ ਰੁੱਤ ਦੇ ੫੮ਵੇਂ ਅਧਜਾਯ ਵਿੱਚ ਭੁੱਲ ਨਾਲ ਅਹਮਦ ਨਗਰ ਦੀ ਥਾਂ ਇਹ ਸ਼ਬਦ ਵਰਤਿਆ ਹੈ. ਦੇਖੋ, ਅਹਮਦ ਨਗਰ.

੧੩. ਅਹਰਪਤਿ: ਦਿਨ ਦਾ ਸ੍ਵਾਮੀ ਸੂਰਜ. ਦੇਖੋ, ਅਹਪਤਿ.

੧੪. ਅਹਰਾਰ: ਅ਼. ਆਬਾਦ. ਇਹ ਹੁੱਰ ਦਾ ਬਹੁਵਚਨ ਹੈ.

੧੫. ਆਹਰੰਨ: ਦੇਖੋ, ਅਹਰਨ.

੩੩- ੧. ਅਹਿੰਸ: ਹਿੰਸਾ ਰਹਿਤ ਅਹਿੰਸਕ.

੨. ਅਹਿਛੋਨਾ: ਸੱਪ ਦਾ ਬੱਚਾ. ਸਪੋਲੀਆ. ਦੇਖੋ, ਕੁੰਤਲ.

੩. ਅਹਿਫੇਨ ਪ੍ਰਸੂਨ: ਪੋਸਤ ਦਾ ਫੁੱਲ.

੪. ੨ ਮੋਰ। ੩. ਨਿਉਲਾ। ੪. ਢੀਂਗ.

੫. ਅਹੁਦਾ: ਦੇਖੋ, ਉਹਦਾ.

੬. ਅਹੇੜੀ: ੭. ਅਭਿਮਾਨ ਅਤੇ ਅਵਗਜ.

੮. ਅਹੰਬ੍ਰਹਮਾਸਿਮ: ਮੈਂ ਬ੍ਰਹਮ ਰੂਪ ਹਾਂ, ਇਹ ਬ੍ਰਿਹਦਾਰਣਜਕ ਉਪਨਿਸ਼ਦ ਦਾ ਵਾਕਜ ਹੈ (੧- ੪- ੧੦) ਦੇਖੋ, ਮਹਾਂਵਾਕ.

੧. ੩ ਪੰਜਾਬੀ ਵਿਚ Photography ਅਕਸ ਵਿਦਜਾ ਨੂੰ ਭੀ ਅਕਸ ਆਖਦੇ ਹਨ.

੨. ਜੋ ਬਾਣੀ ਦਾ ਵਿਸ਼ਾ ਨਹੀਂ.

੩. ਅਕਟਰਲੋਣੀ: ਦੇਖੋ, ਆਕਟਰ ਲੌਨੀ. "ਅਕਟਰਲੋਣੀ ਬੂਝਿਓ ਬਾਦਸ਼ਾਹ ਤੇ ਤੇਸ." (ਪੰਪ੍ਰ)

੪. ਅਕਥਜ: ਦੇਖੋ, ਅਕਥ.

੫. ਜੈਮਲ ਰਾਠੌਰ ਰਾਜਪੂਤ ਬਧਨੌਰ ਅਥਵਾ ਬੇਦਨੌਰ (ਪ੍ਰਾਚੀਨ ਵਰਧਨ ਪੁਰ) ਦਾ ਰਈਸ ਰਾਣਾ ਉਦਯ ਸਿੰਘ ਦਾ ਜਾਗੀਰਦਾਰ ਸੀ ਅਤੇ ਫਤਾ ਰਾਣੇ ਦੇ ਭਾਣੀਚਾਰੇ ਵਿੱਚੋਂ ਸ਼ਿਸ਼ੋਦਿਯਾ ਸੀ ਅਰ ਆਮੇਟ ਦਾ ਰਈਸ ਸੀ ਜੋ ਉਦਯਪੁਰ ਰਾਜ ਅੰਦਰ ਹੈ, ਹੁਣ ਇਨ੍ਹਾਂ ਦੋਹਾਂ ਦੀ ਸੰਤਾਨ ਪਾਸ ਇਕ ਇਕ ਲੱਖ ਦੀ ਜਾਗੀਰ ਹੈ ਅਰ ਦੋਵੇਂ ਤਾਜ਼ੀਮੀ ਸਰਦਾਰ ਹਨ.

੬. ਤੁਜ਼ਕਿ ਜਹਾਂਗੀਰੀ ਵਿਚ ਲਿਖਿਆ ਹੈ ਕਿ ਅਕਬਰ ਨੇ ਇਸ ਬੰਦੂਕ ਨਾਲ ਤਿੰਨ ਚਾਰ ਹਜ਼ਾਰ ਜਾਨਵਰ ਮਾਰੇ ਸਨ.

੭. ਬਾਦਸ਼ਾਹ ਅਕਬਰ ਨੇ ਇਲਾਹੀ ਸਨ ਭੀ ਪ੍ਰਵਿਰਤ ਕੀਤਾ ਸੀ ਜੋ ਉਸ ਦੀ ਮਸਨਦ ਨਸ਼ੀਨੀ ਤੋਂ ਲੈ ਕੇ ਜਹਾਂਗੀਰ ਦੇ ਸਮੇਂ ਤਕ ਚੱਲਿਆ, ਅਰਥਾਤ- ਕੇਵਲ ੭੨ ਵਰੇ.

੮. ੪ ਬਾਦਸ਼ਾਹ ਔਰੰਗਜ਼ੇਬ ਦਾ ਛੋਟਾ ਪੁਤ੍ਰ ਜੋ ੧੦. ਸਿਤੰਬਰ ਸਨ ੧੬੫੭ ਨੂੰ ਜੰਮਿਆ. ਇਹ ਸਨ ੧੬੮੧ ਵਿਚ ਮਰਹਟਿਆਂ ਨਾਲ ਮਿਲ ਕੇ ਆਪਣੇ ਬਾਪ ਦੇ ਵਿਰੁੱਧ ਹੋ ਗਿਆ ਸੀ। ਅਕਬਰ ਦੀ ਮੌਤ ਸਨ ੧੭੦੬ ਵਿਚ ਮਸ਼ਹਦ ਨਾਮਕ ਖ਼ੁਰਾਸਾਨ ਦੇ ਨਗਰ ਹੋਈ.

੯. ਅਕਬਰ ਸ਼ਾਹ: ਦੇਖੋ, ਅਕਬਰ ੩। ੨. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਦਾ ਨੰਬਰ ੪੬.

੧੦. ਅਕਰਨੀ: ਨਾ ਕਰਨ ਲਾਯਕ ਬਾਤ. "ਪ੍ਰੇਮ ਡੋਰ ਸੋਂ ਕਰਹਿੰ ਅਕਰਨੀ." (ਨਾਪ੍ਰ) ਪ੍ਰੇਮ ਡੋਰ ਦੇ ਬੱਧੇ ਅਕਰਨੀ ਕਰਦੇ ਹਨ.

੧੧. ਅਕਰਬ: ਅ. ਕੁਰਬ (ਨੇੜੇ). ਬਹੁਤ ਪਾਸ.

੧੨. "ਸੰਕਾ ਸੁਨਿ ਬੇਦ ਪੁਰਾਨ."

"कि कर्म किमकर्मेति कवयो ऽप्यत्र मोहिताः ।"

(ਗੀਤਾ ਅਃ ੪. ਸ਼ਃ ੧੬)

੧੩. ਨਹੀਂ ਅਤੇ ਉਹ ਹਥਣੀ ਜਿਸ ਦੀ ਸੁੰਡਾ ਨਹੀਂ.

੧. ੫ ਦੇਖੋ, ਉਪਲਭਜ ੨.

੨. ੩ ਹਵਾਈ ਜਹਾਜ਼ਾਂ ਦੀ ਫੌਜ.

੩. "ਧਨ ਜਾਵੈ ਨਹੀਂ ਅਕਾਜਾ." (ਨਾਪ੍ਰ)

੪. "ਕਦਲੀ ਕੁਰੰਗ ਕਰਪੂਰ ਗਤਿ ਬਿਨ ਅਕਾਲ ਦੂਜੋ ਕਵਨ?" (ਗ੍ਯਾਨ)

੫. ਅਕਾਲ ਗੜ੍ਹ ਦਾ ਪਹਿਲਾ ਨਾਮ ਅਲੀਪੁਰ ਸੀ ਕਿਉਂਕਿ ਇਹ ਅਲੀ ਮੁਹੰਮਦ ਚੱਠੇ ਸਰਦਾਰ ਨੇ ਆਬਾਦ ਕੀਤਾ ਸੀ. ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਨੇ ਇਸ ਨੂੰ ਫਤੇ ਕਰਕੇ ਨਾਮ ਅਕਾਲ ਗੜ੍ਹ ਰਖਿਆ.

੬. ਦੇਖੋ, ਅਕਾਲ ਮ੍ਰਿਤ੍ਯੁ.

੭. ਅਕਾਲ ਮੂਰਤਿ ਪ੍ਰਦਰਸ਼ਨ: ਪੰਡਿਤ ਤਾਰਾ ਸਿੰਘ ਨਰੋਤੱਮ ਦਾ ਸੰਮਤ[1197] ਵਿਚ ਲਿਖਿਆ, ਇਕ ਪੁਸ੍ਤਕ, ਜਿਸ ਵਿਚ ਉਨ੍ਹਾਂ ਨੇ ਆਪਣੀ ਬੁੱਧਿ ਅਨੁਸਾਰ ਅਕਾਲ ਦਾ ਨਿਰਗੁਣ ਅਤੇ ਸਗੁਣ ਰੂਪ ਦਿਖਾਯਾ ਹੈ.

੮. ਮੌਤ ਦੇ ਸਮੇਂ ਬਿਨਾ ਮਰਨਾ, ਬੇ ਮੌਕਾ ਮਰਣਾ, ਸੁਸ਼੍ਰੁਤ ਦੇ ਚੌਤੀਹਵੇਂ ਅਧ੍ਯਾਯ ਦੇ ਚੌਥੇ ਸ਼ਲੋਕ ਵਿੱਚ ਲਿਖਿਆ ਹੈ ਕਿ ੧੦੧ ਪ੍ਰਕਾਰ ਦੀ ਮੌਤ ਹੈ. ਇਨ੍ਹਾਂ ਵਿਚੋਂ ਇਕ ਮ੍ਰਿਤ੍ਯੁ ਕੁਦਰਤੀ ਨਿਯਮ ਅਨੁਸਾਰ ਹੋਂਦੀ ਹੈ. ਉਸ ਤੋਂ ਛੁੱਟ ੧੦੦ ਅਕਾਲ ਮ੍ਰਿਤ੍ਯੁ ਹੈ. ਦੇਖੋ, ਉਮਰ.

੯. ਅਕਾਲੀ ਧਰਮ: ਸਿਖ ਧਰਮ. ਦੇਖੋ, ਨਾਨਕ ਦੇਵ ਸਤਿਗੁਰੂ ਅਤੇ ਸਿੱਖ ਧਰਮ.

ਅਕਾਲੀ ਬਾਣੀ: ਅਕਾਲ ਦੀ ਪ੍ਰੇਰਣਾ ਅਨੁਸਾਰ ਸਤਿਗੁਰਾਂ ਦੇ ਮੁਖ ਤੋਂ ਨਿਕਲੀ ਹੋਈ ਬਾਣੀ. ਗੁਰਬਾਣੀ.

੧੦. ਅਕਿਨ: ਕਾਸ਼. ਗ੍ਰਾਮ. ਪਿੰਡ.

੩੪- ੧. ਅੱਕ: ਦੇਖੋ, ਅੰਕ ੫.

੨. ਅਕ੍ਰਿਤ੍ਰਿਮ: ਦੇਖੋ, ਅਕ੍ਰਿਤਮ.

੩. ਅਕ੍ਸ਼ਪਾਦ: ਦੇਖੋ, ਗੋਤਮ.

੪. ਅਕ੍ਸ਼ਯਤ੍ਰਿਤੀਆ: ਦੇਖੋ, ਅਖੈਤੀਜ.

੪. ੳ. ੨. ਨਿਰੁਕਤ ਵਿੱਚ ਜਲ ਦਾ ਨਾਮ ਅਕ੍ਸ਼ਰ ਹੈ.

੫. ਅਕ੍ਸ਼ਰਿਕਾ: ਸੰ. ਸੰਗ੍ਯਾ- ਪੁਰਾਣੇ ਸਮੇਂ ਦੀ ਇੱਕ ਖੇਡ ਜੋ ਅੱਖਰਾਂ ਦੀ ਬੁਝਾਰਤ ਸੀ. ਪਿੱਠ ਤੇ ਉਂਗਲ ਨਾਲ ਲਿਖੇ ਅੱਖਰ ਨੂੰ ਜਾਂ ਅਕਾਸ਼ ਵਿੱਚ ਲਿਖੇ ਨੂੰ ਬੁੱਝ ਕੇ ਦੱਸਣਾ.

੬. ਅਕ੍ਸ਼ਤਰ ਲੋਨੀ: ਦੇਖੋ, ਆਕਟਰ ਲੋਨੀ.

੭. द्वाविमौ पुरुषौ लोके क्षर श्चाक्षर एव च। क्षरः सर्वाणि भूतानि कूटस्थोऽक्षर उच्यते। (ਗੀਤਾ ਅ. ੧੫. ਸ਼ ੧੬)

੮. ਅਖਰੀ: अक्षरैः "ਅਖਰੀ ਨਾਮੁ ਅਖਰੀ ਸਲਾਹ" (ਜਪੁ). ਅੱਖ਼ਰੋਂ ਸੇ. ਅੱਖਰਾਂ ਦ੍ਵਾਰਾ.

ਅਖਰੁ: ਦੇਖੋ, ਅੱਖਰ.

੧. ਹੀਰਾ ਸਿੰਘ ਜੀ, ਗੁਲਾਬ ਸਿੰਘ ਜੀ, ਦਿਆਲ ਸਿੰਘ ਜੀ. ਨਾਰਾਇਨ ਸਿੰਘ ਜੀ. ਮਸਤਾਨ ਸਿੰਘ ਜੀ.

੨. ਸੰਮਤ ੧੯੧੯

੩. ੨ ਨਾ ਥੱਕਣ ਵਾਲੀ. ਦੇਖੋ, ਅਖਿਦ ੨

---

[1197] ਏਥੇ ਲੇਖਕ ਜੀ ਨੇ ਸੰਮਤ ਨਹੀਂ ਦਿਤਾ। (ਸੰਪਾਦਕ)

੧. ਜਿਸ ਦਾ ਜਿਕਰ ਮਹਾਭਾਰਤ ਦੇ ਵਨ ਪਰਵ ਵਿੱਚ ਆਇਆ ਹੈ.

੨. ਅਖੋਇ: ਅਵਿਨਾਸ਼ੀ. "ਪੰਥ ਪ੍ਰਕਾਸਹਿ ਤੇਜ ਅਖੋਇ." (ਗੁਪ੍ਰਸੂ)

੩. ਹਿੰਦੂ ਮੱਤ ਦੇ ਜਪ ਪ੍ਰਯੋਗਾਂ ਦੀ ਨਕਲ ਕਰਦੇ ਹੋਏ.

੪. ਅਖੰਡਲ ਕੇ ਅਰਿ: ਇੰਦ੍ਰ ਦੇ ਵੈਰੀ, ਦੈਤ. ਦੇਖੋ, ਅਖੰਡਲ ੨.

੫. ਅੱਖ, ਆਂਖ, ਅ਼ਕ੍ਸ਼ਿ. ਨੇਤ੍ਰ.

੬. ੨ ਅਗ- ਕ੍ਸ਼ਮੀ. ਪਹਾੜ ਤੁੱਲ ਛਿਮਾ ਧਾਰਨ ਵਾਲਾ.

੭. ੨ ਮਰਾ, ਸੰਗਯਾ- ਗੜ੍ਹਾ. ਟੋਆ. ਗਰ੍ਤੰ.

੪੧- ੧. ਅਗਨਿ ਪੂਜਕ: ਆਤਿਸ਼ ਪਰਸ੍ਤ, ਵੈਦਿਕ ਧਰਮੀ ਜੋ ਹੋਮ ਜੱਗ ਆਦਿ ਕਰਮਾਂ ਨੂੰ ਧਰਮ ਦਾ ਅੰਗ ਜਾਣਦਾ ਹੈ। ੨. ਦੇਖੋ, ਪਾਰਸੀ ੪.

੨. "ਅਗਮ ਨਿਗਮ ਸਤਿਗੁਰੂ ਦਿਖਾਇਆ." (ਮਾਰੂ ਅਃ ਮਃ ੩) ਨਿਗਮ (ਵੇਦ) ਕਰਕੇ ਭੀ ਜੋ ਅਗਮ੍ਯ ਹੈ. ਉਹ ਸਤਿਗੁਰੂ ਨੇ ਦਿਖਾਇਆ ਹੈ।

੩. ਅਗਮ ਨਿਗਮ: ਦੇਖੋ, ਅਗਮ ੪। ੨. ਦੇਖੋ, ਨਿਗਮਾਗਮ.

੪. ਅਗਮ੍ਯ: ਵਿ- ਜਿੱਥੇ ਪਹੁੰਚਿਆ ਨਾ ਜਾਵੇ। ੨. ਅਪਾਰ. ਬੇਅੰਤ। ੩. ਅਥਾਹ.

੫. ਅਗਵਾਇ: ਕ੍ਰਿ. ਵਿ- ਅੱਗੇ, ਸਾਮ੍ਹਣੇ. "ਖਰੋ ਭਯੋ ਅਗਵਾਇ." (ਗੁਪ੍ਰਸੂ)

੬. ਅਗਵਾਰੀ: ਪਹਿਲਾਂ (ਅੱਗੋਂ) ਹੀ. "ਕੀਨੀ ਤਯਾਰੀ ਸਭੀ ਅਗਵਾਰੀ." (ਨਾਪ੍ਰ)

੧. ੫ ਮੋਇਆ. ਜਿਸ ਦਾ ਦੇਹ ਨਹੀਂ.

੨. ਅਗਿਨ: ਬੇ- ਸ਼ੁਮਾਰ.

੩. "ਬਰਪ ਅਗਿਨ ਇਹ ਕਹਿਤ ਬਿਤਾਏ." (ਨਾਪ੍ਰ)

੪. ਅਗੇਤੀ: ਅਗੇਤਾ ਦਾ ਇਸਤ੍ਰੀ ਲਿੰਗ. ਜਿਵੇਂ ਅਗੇਤੀ ਖੇਤੀ। ੨. ਅੱਗ (ਪਰਲੋਕ) ਦੀ. "ਰਿਚੇ ਕਦਾਚਿਤ ਸੁਧ ਨ ਅਗੇਤੀ." (ਨਾਪ੍ਰ)

੫. ਅਗੋਰ: ਲਾਸਾਬੇਲਾ ਦੀ ਨਦੀ "ਹਿੰਗੋਲ" ਦਾ ਇਹ ਨਾਮ ਹੈ। ੨. ਅਗੋਰ (ਹਿੰਗੋਲ) ਦੇ ਕਿਨਾਰੇ ਰਹਿਣ ਵਾਲੇ ਲੋਕ. "ਅਗੋਰ ਨਯਪਾਲ ਭੀਤ." (ਕਲਕੀ)

੫੦. ੨. ਵਸਤ੍ਰ ਦਾ ਪੇਸ਼.

੬. ਸੰਗਯਾ- ੪ ਅਗੰਤ. ਪਰਲੋਕ. "ਅਗ੍ਰਜ ਕੀ ਪਰਮੇਸੁਰ ਜਾਨੈ."

(ਨਾਪ੍ਰ)

੭. ੨ ਸਿੱਖ ਧਰਮ ਅਨੁਸਾਰ ਕਰਤਾਰ ਦਾ ਨਾਮ।

੧ਅਤੇ "ਘੋਰੀ"

੨. ੨ ਅਚਨਾ ਕ੍ਰਿਯਾ ਦਾ ਅਮਰ. ਆਚਮਨਕਰ.

੩. ਅਚਰਜੁ: ੪. "ਇਕਿ ਬਿਨਸੈ ਇਕ ਅਸਥਿਰੁ

ਮਾਨੈ, ਅਚਰਜੁ ਲਖਿਓ ਨ ਜਾਈ."[1198](ਗਉੜੀ ਮਹਲਾ ੯)

੪ੳ. ਅਚਰਤਾ: ਜੜ੍ਹਤਾ. "ਲਹੈ ਅਚਰਤਾ ਜੇ ਚਰ ਅਹੈਂ."

(ਗੁਪ੍ਰਸੂ)

੪ਅ. ਅਚਰਿਤ: ਸੰ. ਵਿ- ਜਿਸ ਪੁਰ ਕੋਈ ਚਲਿਆ ਨਾ ਹੋਵੇ। ੨. ਜੋ ਖ਼ਾਸ ਨਹੀਂ। ੩. ਨਵਾਂ। ੪. ਸੰ. ਆਚਰਿਤ. ਕੀਤਾ ਹੋਯਾ ਕਰਮ "ਸ਼ਾਹ ਅਚਰਿਤ ਨ ਕਿਨਹੁਂ ਲਹੇ." (ਗੁਪ੍ਰਸੂ) ਕਿਸੇ ਬਾਦਸ਼ਾਹ ਨੇ ਇਹ ਮੁਜਾਵਰਾਂ ਦਾ ਕੀਤਾ ਕੰਮ ਨਾ ਜਾਣਿਆ.

੫. "ਦਲ ਜੇ ਦਿਲੇਸ ਅਦਲੇਸ ਦੋਊ ਮਿਲਿ ਧਾਏ." ਦਿੱਲੀ ਪਤਿ (ਔਰੰਗਜ਼ੇਬ) ਅਤੇ ਪਹਾੜੀ ਰਾਜਿਆਂ ਦੇ ਫੌਜੀ ਦਸ੍ਤੇ ਮਿਲਕੇ ਆਨੰਦਪੁਰ ਤੇ ਟ੍ਰੱਲਾ ਕਰਕੇ ਆਏ।

੬. "ਅਚਾਨੇ ਪ੍ਰਹਾਨੇ." (ਗੁਪ੍ਰਸੂ)

੭.

ਅਚਾਨ: ੮. ਰੀਤਿ. ਮਰਯਾਦਾ. "ਨਿਤਾਪ੍ਰਤੀ ਸ੍ਰੀ ਸਤਿਗੁਰੂ ਇਹ ਬਿਧਿ ਕਰਤ ਅਚਾਰ." (ਗੁਪ੍ਰਸੂ)

੯.

ਅਚਿੰਤਤਾ: ਬੇਫ਼ਿਕਰੀ.

੧. ੨ ਛਲ ਰਹਿਤ. ਨਿਸ਼ਕਪਟ.

੨.

ਅਛਿਪ੍ਰ: ਕ੍ਰਿ. ਵਿ- ਹੌਲੀ ਹੌਲੀ. ਛੇਤੀ ਬਿਨਾ। ੨. ਧੀਰਜ ਨਾਲ.

੩.

ਅਛਿਨ, ਅਛਿੰਨ: ਵਿ- ਜੋ ਖੰਡਿਤ ਨਹੀਂ. ਸਾਬਤ। ੨. ਕ੍ਰਿ. ਵਿ- ਲਗਾਤਾਰ, ਨਿਰੰਤਰ.

੪. "ਜੁੰਮ ਕਟਕ ਅਛੂਹਣੀ. ਅਸਮਾਨ ਗਰਦੀ ਛਾਇਆ." (ਚੰਡੀ ੩)

੫. ਗੁਰਮਤ ਵਿੱਚ ਕੋਈ ਜਾਤਿ ਜਨਮ ਦੇ ਕਾਰਣ ਅਛੂਤ ਨਹੀਂ. ਮਲੀਨਤਾ ਅਤੇ ਭ੍ਰਸ਼੍ਟਾਚਾਰ ਤੋਂ ਅਛੂਤ ਗਿਣੀਂਦਾ ਹੈ.

੬.

ਅਜਕੌਚ: ਭਾਈ ਸੁਖਾ ਸਿੰਘ ਨੇ ਬ੍ਰਹਮਕਵਚ ਲਈ ਇਹ ਸ਼ਬਦ ਵਰਤਿਆ ਹੈ "ਅਜਕੌਚ ਜੁਈ। ਪਢ ਹੈ ਜੁ ਸੁਈ." (ਗੁਵਿ ੧੦)

੭.

ਅਜਗਰ ਬਿਰਤਿ: ਅਜਗਰ ਵਿਤ੍ਰਿ. ਜਿਵੇਂ ਪਾਸ ਆਏ ਜੀਵਾਂ ਨੂੰ ਅਜਗਰ ਨਿਕਲ ਲੈਂਦਾ ਹੈ ਤਿਵੇਂ ਸ਼੍ਰੱਧਾਵਾਨ ਪ੍ਰੇਮੀਆਂ ਦੇ ਅਰਪੇ ਹੋਏ ਅੰਨ ਨੂੰ ਬਿਨਾ ਤਰਕ ਖਾ ਲੈਣਾ, ਰਸਾਂ ਦਾ ਖ਼ਜ਼ਾਲ ਨਾ ਕਰਨਾ. ਅਜਗਰ ਵ੍ਰਿੱਤੀ ਹੈ. "ਅਜਗਰ ਬਿਰਤਿ ਭੋਗ ਤਬ ਕੀਨਾ." (ਮਹਿਮਾ ਪ੍ਰਕਾਸ਼)

---

[1198] "अहन्यहनि तानि गच्छंवीह यमालयं शेषा: स्थावरमिच्छीत वि माशयर्मत: परं" (ਮਹਾਭਾਰਤ, ਵਨ ਪਰਵ, ਅ: ੩੧੪ ਸ: ੧੬)

੮.

ਅਜਧ੍ਵਨਿ: ਦੇਖੋ, ਗਾਲ੍ਹ ਬਜਾਨਾ ੩.

੧. ਦੇਖੋ, ਭੀਮ ਚੰਦ.

੨.

ਅਜਜਾਪਾਲ: ਦੇਖੋ, ਅਜਮੇਰ.

੩. "ਅਜਾ ਤੇ ਪਰੇ ਰੂਪ ਤੇਰੋ ਸਹੀ ਹੈ." (ਨਾਪ੍ਰ)

੪. ੭ ਭਾਈ ਸੰਤੋਖ ਸਿੰਘ ਜੀ ਨੇ ਅਵਿਦਜਾ ਦਾ ਨਾਮ ਅਜਾ ਲਿਖ ਕੇ ਅਰਥ ਕੀਤਾ ਹੈ ਕਿ ਜੋ ਨਾਸ਼ ਹੋ ਕੇ ਫੇਰ ਨਹੀਂ ਜਨਮਦੀ. "ਨਾਸ਼ ਭਈ ਤੇ ਨਹਿ ਉਪਜਾਇ। ਅਜਾ ਅਵਿਦਜਾ ਤਾਤੇ ਨਾਇ" (ਗੁਪ੍ਰਸੂ)

੮. ਭਾਈ ਸੁੱਖਾ ਸਿੰਘ ਨੇ ਗਊ ਵਾਸਤੇ ਅਜਾ ਸ਼ਬਦ ਵਰਤਿਆ ਹੈ.

"ਅੰਧ, ਅਜਾ, ਦਿਜ, ਬਨਕ, ਸਿਸੁ, ਰੋਗੀ, ਪਿੰਗੁ ਸੁ ਜੋਇ।

ਇਨ ਕੇ ਵਧ ਕੀਨੇ ਪ੍ਰਭੂ, ਮਹਾ ਪਾਤਕੀ ਹੋਇ."(ਗੁਵਿ ੧੦)

੫.

ਅਜਾਹਰ: ਜੋ ਜ਼ਾਹਿਰ ਨਹੀ. ਗੁਪਤ "ਚਹਿਰ ਅਜਾਹਰ ਨਾਇ." (ਗੁਪ੍ਰਸੂ) ੨. ਅਜਾ- ਹਰ ਚਿੱਤਾ ਅਤੇ ਬਘਿਆੜ.

੬. ਵੈਦਿਕ ਧਰਮ ਅਨੁਸਾਰ ਪਸ਼ੂਆਂ ਦੀ ਕੁਰਬਾਨੀ ਦੇ ਯੱਗ ਆਦਿ ਕਰਮ ਛੱਡ ਕੇ

੭. ਸਭ ਤੋਂ ਪਹਿਲਾ ਮੁਅੱਜ਼ਿਨ (ਬਾਂਗੀ), ਐਥਸੀਨੀਆ ਦਾ ਵਸਨੀਕ ਬਿਲਾਲ ਸੀ, ਇਸ ਦੀ ਮਨੋਹਰ ਅਤੇ ਉਚੀ ਸੁਰ ਹੋਣ ਕਰਕੇ ਪੈਗ਼ੰਬਰ ਨੇ ਇਸ ਨੂੰ ਨਿੱਤ ਬਾਂਗ ਦੇਣ ਦਾ ਹੁਕਮ ਦਿੱਤਾ.

੮.

ਅਜਾਪਾਲ: ਬਕਰੀਆਂ ਰੱਖਣ ਵਾਲਾ, ਅਯਾਲੀ। ੨. ਅਨਾਥ ਗਰੀਬਾਂ ਦੀ ਪਾਲਨਾ ਕਰਨ ਵਾਲਾ.

੯. ਲੌਰਾਂ ਵਾਲੇ ਦਰਵਾਜੇ ਬਾਬਾ ਅਜਾਪਾਲ ਸਿੰਘ ਜੀ ਦਾ ਗੁਰਦ੍ਵਾਰਾ ਪ੍ਰਸਿੱਧ ਸਥਾਨ ਹੈ ਜਿੱਥੇ ਅਤਿਥਾਂ ਨੂੰ ਅੰਨ ਅਤੇ ਵਿਸ਼੍ਰਾਮ ਮਿਲਦਾ ਹੈ, ਕਥਾ ਕੀਰਤਨ ਦਾ ਉੱਤਮ ਪ੍ਰਬੰਧ ਹੈ. ਹਰ ਪੂਰਨਮਾਸ਼ੀ ਨੂੰ ਅਖੰਡ ਪਾਠ ਅਤੇ ਗੁਰਪੁਰਬ ਵੱਡੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ.

੧੦.

ਅਜਾਪੁ: ਦੇਖੋ, ਅਜਾਪ. "ਜਿਹ ਕਿਹ ਪਾਯੋ ਜਾਪ ਅਜਾਪੁ."(ਨਾਪ੍ਰ)

੧. ਹਿੱਤੇ ਦਾ ਪੁਤ੍ਰ.

੨.

ਅਜਿੱਤੇ ਰੰਧਾਵੇ ਦੀ ਗੋਸਟਿ: ਦੇਖੋ, ਅਜਿੱਤਾ.

੨. ੳ."ਅਜਿਹੇ ਮਹਿ ਸਾਦਰ ਆਸਨ ਭਾਸ." (ਨਾਪ੍ਰ)

੨. ਅ.

ਅਜ਼ੀਜ਼ੁੱਦੀਨ: ਇਸਦਾ ਪਿਛੋਕਾ ਅਰਬ ਦਾ ਸੀ. ਇਸ ਦੇ ਬਜ਼ੁਰਗ ਕੁਝ ਸਮਾਂ ਬੁਖ਼ਾਰੇ ਭੀ ਰਹੇ ਜਿਸ ਤੋਂ ਬੁਖ਼ਾਰੀ ਅੱਲ ਪਈ। ਅਜ਼ੀਜ਼ੁਦੀਨ ਦਾ ਬਾਪ ਇਕ ਫ਼ਕ਼ੀਰ ਦਾ ਸੇਵਕ ਹੋ ਗਿਆ ਸੀ ਜਿਸ ਤੋਂ ਆਪਣੇ ਨਾਮ ਨਾਲ "ਫ਼ਕੀਰ" ਉਪਾਧੀ ਜੋੜੀ, ਜੋ ਖ਼ਾਨਦਾਨ ਦਾ ਲਕ਼ਵ ਹੀ ਹੋ ਗਿਆ.

ਅਜ਼ੀਜ਼ੁੱਦੀਨ ਲਹੌਰ ਦਾ ਇਕ ਪ੍ਰਸਿੱਧ ਹਕੀਮ ਹਾਕਿਮ ਰਾਇ ਤੋਂ ਤਬ- ਬਤ (ਹਕੀਮੀ) ਦੇ ਗ੍ਰੰਥ ਪੜ੍ਹ ਕੇ ਚੰਗਾ ਹਕੀਮ ਹੋ ਗਿਆ. ਮਹਾਰਾਜਾ ਰਣਜੀਤ ਸਿੰਘ ਦਾ ਅਧਿਕਾਰ ਲਾਹੌਰ ਤੇ ਹੋਣ ਪੁਰ ਅਜ਼ੀਜ਼ੁੱਦੀਨ ਸ਼ਾਹੀ ਹਕੀਮ ਬਣਿਆ. ਇਹ ਵੱਡਾ ਚਤੁਰ, ਮਿਲਨਸਾਰ. ਜਮਾਨੇ ਦੀ ਚਾਲ ਨੂੰ ਜਾਣਨ ਵਾਲਾ ਸੀ. ਮਹਾਰਾਜਾ ਦੀ ਇਸ ਤੇ ਨਿੱਤ ਕ੍ਰਿਪਾ ਵਧਦੀ ਗਈ. ਨੌਕਰੀ ਅਤੇ ਇਨਾਮਾਂ ਤੋਂ ਵੱਖ ਇਸ ਨੇ ਸਮੇਂ ਸਮੇਂ ਪੁਰ ਜਾਗੀਰ ਪ੍ਰਾਪਤ ਕੀਤੀ. ਮਹਾਰਾਜਾ ਇਸ ਤੋਂ ਰਿਆਸਤ ਦੇ ਕੰਮਾਂ ਵਿੱਚ ਬਹੁਤ ਸਲਾਹ ਲੈਂਦੇ ਅਰ ਕਈ ਵਾਰ ਆਪਣਾ ਦੂਤ ਥਾਪ ਕੇ ਗਵਰਨਰ ਜਨਰਲ ਪਾਸ ਭੇਜਦੇ ਅਤੇ ਜੋ ਪ੍ਰਸਿੱਧ ਅੰਗਰੇਜ਼ ਮਹਾਰਾਜਾ ਨੂੰ ਮਿਲਣ ਲਈ ਲਹੌਰ ਆਉਂਦੇ ਇਹ ਉਨ੍ਹਾਂ ਦੀ ਖ਼ਾਤਿਰ ਤਵਾਜ਼ਾ ਲਈ ਲਹੌਰ ਦਰਬਾਰ ਵੱਲੋਂ ਹੋਇਆ ਕਰਦਾ ਸੀ. ਫ਼ਕ਼ੀਰ ਅਜ਼ੀਜ਼ੁੱਦੀਨ ਦਾ ਦੇਹਾਂਤ ਸਨ ੧੮੪੫ ਵਿੱਚ ਲਹੌਰ ਹੋਇਆ.

ਅਜ਼ੀਜ਼ੁੱਦੀਨ ਦੇ ਭਾਈ ਨੂਰੁੱਦੀਨ ਅਤੇ ਇਮਾਮੁੱਦੀਨ ਭੀ ਮਹਾਰਾਜਾ ਦੇ ਪ੍ਰਸਿੱਧ ਅਹਿਲਕਾਰਾਂ ਵਿੱਚੋਂ ਸਨ. ਨੂਰੁੱਦੀਨ ਸਨ ੧੮੧੦ ਵਿੱਚ ਨੌਕਰ ਹੋਇਆ ਅਤੇ ਗੁਜਰਾਤ ਜਲੰਧਰ ਆਦਿਕ ਇਲਾਕਿਆਂ ਦਾ ਹਾਕਿਮ ਰਿਹਾ. ਫੇਰ ਕਿਲ੍ਹੇ ਲਹੌਰ ਦਾ ਅਫ਼ਸਰ ਬਣਿਆ ਅਤੇ ਖ਼ਜ਼ਾਨੇ ਦੀਆਂ ਕੁੰਜੀਆਂ ਸਪੁਰਦ ਹੋਈਆਂ. ਇਮਾਰਤਾਂ ਦੀ ਨਿਗਰਾਨੀ ਭੀ ਨੂਰੁੱਦੀਨ ਨੂੰ ਸੌਂਪੀ ਗਈ.

ਇਮਾਮੁੱਦੀਨ ਕਈ ਵਰ੍ਹੇ ਗੋਬਿੰਦਗੜ੍ਹ ਦਾ ਕਿਲ੍ਹੇਦਾਰ ਰਿਹਾ. ਫੇਰ ਲਹੌਰ ਮਹਾਰਾਜਾ ਦੀ ਹਾਜ਼ਰੀ ਵਿੱਚ ਰਹਿ ਕੇ ਕਈ ਮਹਿਕਮਿਆਂ ਵਿੱਚ ਸੇਵਾ ਕੀਤੀ, ਸਨ ੧੮੨੭ ਦਾ ਮਿਸ਼ਨ, ਜੋ ਮਹਾਰਾਜਾ ਵੱਲੋਂ ਗਵਰਨਰ ਜਨਰਲ ਪਾਸ ਸ਼ਿਮਲੇ ਗਿਆ, ਇਹ ਉਸ ਦਾ ਮੈਂਬਰ ਸੀ.

੩. ਅਤੇ ਗੁਰੁ ਬਣਨ ਦਾ ਯਤਨ ਕੀਤਾ

੪. ਮੁਹੰਮਦ ਸ਼ਾਹ ਦੇ ਵਜ਼ੀਰ ਕ਼ਮਰੁੱਦੀਨ ਖ਼ਾਨ ਨੇ ਅਜੀਤ ਸਿੰਘ ਨੂੰ ੧੯. ਜਨਵਰੀ ਸਨ ੧੭੨੫ ਨੂੰ ਦਿੱਲੀ

੫. ਅਜੀਤ ਸਿੰਘ ਨੂੰ ਇਸ ਦੇ ਛੋਟੇ ਪੁੱਤ੍ਰ ਬਖਤ ਸਿੰਘ ਨੇ ੭. ਜੂਨ ਸਨ ੧੭੨੪ ਨੂੰ ਸੁੱਤੇ ਪਏ ਕਤਲ ਕਰ ਦਿੱਤਾ ਸੀ.

੬. ਬਾਈ ਇੰਦ੍ਰ ਕੁਮਾਰੀ

੭. ਸਨ ੧੭੧੫ ਵਿੱਚ

੮. ੮ ਦੇਖੋ, ਕੁੱਲੁ। ੯. ਮਹਾਰਾਜਾ ਦਲੀਪ ਸਿੰਘ ਦਾ ਅਧਜਾਮਕ.

੯.

ਅਜੀਤ ਚੰਦ: ਦੇਖੋ, ਹੰਡੂਰ.

੧੦. ੨ ਭਾਈ ਸੰਤੋਖ ਸਿੰਘ ਕਵਿਰਾਜ ਦਾ ਵੱਡਾ ਪੁੱਤ੍ਰ. ਇਹ ਪਿਤਾ ਜੀ ਤੋਂ ਕਾਵ੍ਯ ਪੜ੍ਹ ਕੇ ਉੱਤਮ ਕਵਿ ਹੋ ਗਿਆ ਸੀ.

੧੧. ੩ ਭੁਚਾਲ ਆਦਿਕ. ਜੋ ਸ਼ੁਭ ਅਸ਼ੁਭ ਫਲ ਦਸਦੇ ਹਨ.

੧. ੩ ਸੰਕੋਚ. ਝਿਜਕ. "ਜਾ ਕੇ ਮਨ ਮੇ ਅਟਕ ਹੈ, ਸੋਈ ਅਟਕ ਰਹਾ." (ਲੋਕੋ)

੨. ਜੋ ਲਹੌਰ ਅਤੇ ਅਮ੍ਰਿਤਸਰ ਦੇ ਵਿਚਕਾਰ ਦੋਹਾਂ ਸ਼ਹਰਾਂ ਤੋਂ ਸੋਲਾਂ ਮੀਲ ਹੈ

੩. ਇਹ ਸਨ ੧੮੦੩ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਨੌਕਰ ਹੋਇਆ. ਇਸ ਨੇ ਮੁਲਤਾਨ. ਅਤੇ ਕਸ਼ਮੀਰ ਆਦਿ ਦੇ ਅਨੇਕ ਜੰਗ ਜਿੱਤੇ. ਸਨ ੧੮੩੪ ਦੇ ਸਰਹੱਦੀ ਜੰਗ ਵਿੱਚ ਵੱਡਾ ਨਾਮ ਪਾਇਆ.

੪. The Sikh troops, basely betrayed by their leaders, who had come. . . . . . . . so it

was said, and not without some appearance of truth to a secret- understanding with us, fought like heroes. One old chief, whose name should be recorded. . . Sham Singh among the faithless faithful only found, clothed in white garments, and devoting himself to death, like decius of old, called on those around him to strike for God and the Guru, and deallng death everywhere around him, rushed manfully upon his own (Life of Lord G. Lawrence by R. Bosworth Smith M. A. Vol. I page 188).

੫. ਇਸ ਸ਼ਾਦੀ ਤੇ ਸਰਦਾਰ ਪੰਦ੍ਰਾ ਲੱਖ ਰੁਪਯਾ ਖ਼ਰਚ ਹੋਇਆ ਸੀ.

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਪਿੱਛੋਂ ਸਃ ਸ਼ਾਮ ਸਿੰਘ ਕੁਝ ਸਮੇਂ ਲਈ ਪੇਸ਼ਾਵਰ ਵਿੱਚ ਸ਼ਾਂਤੀ ਰੱਖਣ ਵਾਸਤੇ ਰਿਹਾ, ਪਰ ਸਮੇਂ ਦੀ ਹਾਲਤ ਦੇਖ ਕੇ ਨੌਕਰੀ ਛੱਡ ਕੇ ਘਰ ਜਾ ਬੈਠਾ.

ਸਿੱਖਾਂ ਦੇ ਫਿਰੋਜ਼ਪੁਰ ਦੇ ਜੰਗ ਵਿਚ ਹਾਰਣ ਤੋਂ ਮਹਾਰਾਣੀ ਜਿੰਦ ਕੌਰ ਨੇ ਇਸ ਨੂੰ ਘਰੋਂ ਬਲਾਇਆ ਅਰ ਜੰਗ ਵਿਚ ਜਾਣ ਲਈ ਕਿਹਾ. ਇਸ ਨੇ ਦੂਰੰਦੇਸ਼ੀ ਨਾਲ ਜੰਗ ਦੇ ਭਯਾਨਕ ਨਤੀਜੇ ਦੱਸੇ, ਪਰ ਕੁਝ ਅਸਰ ਨਾ ਹੋਇਆ. ਜਦ ਸਰਦਾਰ ਨੇ ਸਮਝਿਆ ਕਿ ਮੇਰਾ ਉਪਦੇਸ਼ ਕੁਝ ਅਸਰ ਨਹੀਂ ਕਰਦਾ ਅਰ ਮੇਰੇ ਹਿਤ ਭਰੇ ਬਚਨ ਬੇਸਮਝਾਂ ਨੂੰ ਮੇਰੀ ਕਾਇਰਤਾ ਬੋਧਨ ਕਰਦੇ ਹਨ, ਤਦ ਅਰਦਾਸਾ ਸੋਧਕੇ ਕਿ ਜਾਂ ਫਤੇ ਪਾਵਾਂਗੇ ਨਹੀਂ ਤਾਂ ਜੰਗ ਤੋਂ ਮੁੜ ਕੇ ਘਰ ਨਹੀਂ ਆਵਾਂਗੇ, ਮੈਦਾਨੇ ਜੰਗ ਲਈ ਕੂਚ ਕੀਤਾ.

ਤੇਜਾਸਿੰਘ ਨੇ ਇਸ ਨੂੰ ਮੈਦਾਨ ਛੱਡ ਕੇ ਭਜਨ ਦੀ ਸਲਾਹ ਦਿੱਤੀ, ਪਰ ਇਸ ਮਹਾਨ ਜੋਧੇ ਨੇ ੧੦. ਫ਼ਰਵਰੀ ਸੰਨ ੧੮੪੬ ਨੂੰ ਸਬਰਾਉਂ ਦੇ ਮੈਦਾਨ ਵਿਚ ਬੜੀ ਬਹਾਦੁਰੀ ਨਾਲ ਸ਼ਹੀਦੀ ਪਾਈ.

੬. ਅਠ ਦਸ ਬਰਣ: -

੭. ਅਠ ਪਹਰੀ: -

੮. ਅਠ ਭੈਰਵ: ਦੇਖੋ, ਭੈਰਵ ੩.

੫੦- ੧. ਅਠਾਸਥ, ਅਠਾਸਠਿ, ਅਠਹਟ, ਅਠਾਹਠ: ਦੇਖੋ, ਅਠਸਠਿ.

੨. ਅਤੇ ਨਾਗ ਕੁਲ,

੩. ਅੱਠ ਸਿਫਤਾਂ: ਦੇਖੋ, ਆਠ ਸਿਫਤਾ ਨੀਤੀਵਾਨ ਦੀਆਂ.

੪. ਅਣਿਮਾਂਡਵਜ: ਦੇਖੋ, ਮਾਂਡਵ

੫੧- ੧. ਅਤੱਮ: ਅ਼. ਵਿ- ਬਹੁਤ ਪੂਰਣ. ਨਿਹਾਯਤ ਮੁਕੰਮਲ. ਦੇਖੋ, ਤਮ ੮.

੨. ਮਾਤਾ ਭੋਲੀ ਦੀ ਕੁੱਖ ਤੋਂ ਕਰਮ ਸਿੰਘ ਜੀ ਦੇ ਘਰ

੩. ਸੰਤ ਜੀ ਦਾ ਸੰਕਲਪ ਸੀ ਕਿ ਮਸਤੁਆਣੇ ਅਤੇ ਦਮਦਮੇ ਸਾਹਬ ਧਾਰਮਿਕ ਅਤੇ ਵਿਹਾਰਿਕ ਵਿਦਯਾ ਦੇ ਉੱਤਮ ਆਸ਼੍ਰਮ ਹੋਣ. ਸਨ ੧੯੨੦ ਵਿੱਚ ਮਸਤੁਆਣੇ ਅਕਾਲ ਕਾਲਿਜ ਖੋਲ੍ਹਿਆ ਅਤੇ ਸਨ ੧੯੨੬ ਵਿੱਚ ਦਮਦਮੇ ਸਾਹਿਬ ਆਸ਼੍ਰਮ ਦੀ ਰਚਨਾ ਹੋਈ.

੪. ਜਿੱਥੇ ਇਨ੍ਹਾਂ ਦੇ ਅੰਗੀਠੇ ਤੇ ਆਲੀਸ਼ਾਨ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਬਣਾਇਆ ਗਿਆ ਹੈ.

੫. ੪ ਹੱਦਾਂ. ਅਵਧੀਆਂ. boundaries.

੬. ਅਤਾ ਖ਼ਾਨ: ਨਾਨਕ ਪ੍ਰਕਾਸ ਅਨੁਸਾਰ ਸੈਦਪਰ (ਏਮਨਾਬਾਦ) ਦਾ ਰਈਸ, ਜਿਸ ਪਾਸ ਭਾਗੋ ਮਲਿਕ ਨੌਕਰ ਸੀ. ਦੇਖੋ,

ਪੂਰਵਾਰਧ ਅ. ੩੯. ਛਦ ੮੧.

੭. ਅਤਿਮਾਤ੍ਰ: ਸੰ. अतिमात्रम्. ਵਜ ਹੱਦੋਂ ਵਧਕੇ, ਨਿਹਾਯਤ ਹੀ.

੧. ਯਤੀਮਾਂ ਵਿੱਚ ਹੀ ਦੱਬੇ ਗਏ.

੨. ਅਤੀਮਾ: ਅਤੀਮ (ਯਤੀਮ) ਦਾ ਬਹੁਵਚਨ. ਦੇਖੋ, ਅਤੀਮ ਅਤੇ ਯਤੀਮਾਂ.

੩. ੩ ਵਿ- ਤੋਕ (ਪਤ੍ਰ) ਬਿਨਾ ਔਤ ਅਪੁਤ੍ਰ.

੪. ੪ ਰੋਗ, ਬੀਮਾਰੀ.

੫. ਦੇਖੋ, ਅਗਿਨ ਪੁਰਾਣ. ਅਃ ੨੭੩. ਭਾਗਵਤ ਦੇ ਸਕੰਧ ੩, ਅਃ ੧੨. ਅਨਸਾਰ ਅਤ੍ਰਿ ਦੀ ਉਤਪੱਤੀ ਬ੍ਰਹਮਾ ਦੀ ਅੱਖ ਵਿੱਚੋਂ ਹੋਈ.

੬. ਹਰਿ ਵੰਸ਼. ਅਃ ੨੫ ਅਤੇ ਮਸਤਤ ਪਰਾਣ, ਅਃ ੨੩ ਅਨੁਸਾਰ ਅਤ੍ਰਿ ਦੀਆਂ ਅੱਖਾਂ ਤੋਂ ਨਿਕਲੇ ਪਾਣੀ ਤੋਂ ਚੰਦ੍ਰਮਾ ਦੀ ਉਤਪੱਤੀ ਹੋਈ.

੭. ਅਥਏ: ਅਸ੍ਤ ਹੋਏ. ਅਸ੍ਤ ਹੋਣ (ਛਿਪਣ) ਪੁਰ. "ਅਥਏ ਦਿਨੇਸ਼ ਕੇ ਹੁਤਾਸਨ ਜਗਾਇਕੈ." (ਨਾਪ੍ਰ)

੮. ਇਸ ਤੋਂ ਲਾਲ ਸਮੁੰਦਰ (Red Sea) ਸ਼ੁਰੂ ਹੋਂਦਾ ਹੈ. ਅਦਨ ਦੀ ਮਰਦਮ ਸ਼ੁਮਾਰੀ ੫੪੯੨੩ ਹੈ. ਇਹ ਬੰਬਈ ਤੋਂ ੧੬੫੦ ਅਤੇ ਕਰਾਚੀ ਤੋਂ ੧੪੫੦ ਮੀਲ ਹੈ.

੫੪- ੧. ਅਦਾਰਦ: ਦਰਿਦ੍ਰ ਦਾ ਅਭਾਵ. ਸੰਪਦਾ. ਵਿਭੂਤਿ. ਖੁਸ਼ਹਾਲੀ. "ਅਨੰਦ ਅਦਾਰਦ ਦੀਹ ਵਿਚਾਰਦ." (ਗੁਪ੍ਰਸੂ)

੨. ਅਦੂਰ: ਨੇੜੇ. ਪਾਸ. ਸਮੀਪ.

੩. ਅਦੇਰ: ਬਿਨਾ ਦੇਰ (ਢਿੱਲ). ਛੇਤੀ. ਫੌਰਨ.

੪. "ਦੈਤਨ ਕੇ ਵਧ ਕਾਰਣ ਕੇ, ਨਿਜ ਭਾਲ ਤੇ ਜ੍ਵਾਲ ਕੀ ਲਾਟ ਨਿਕਾਸੀ। ਕਾਲੀ ਪ੍ਰਤੱਖ ਭਈ ਤਿਹ ਤੇ." (ਚੰਡੀ ੧)

੫. ਅਦ੍ਰਿਸੂਨਃ: ਸੰਗਜਾ- ਰਿਗਵੇਦ ਵਿੱਚ ਅਗਨਿ ਦਾ ਨਾਮ ਹੈ. ਜੋ ਪੱਥਰ ਦੀ ਰਗੜ ਤੋਂ ਪੈਦਾ ਕੀਤੀ ਜਾਂਦੀ ਸੀ.

੬. ਪਹਲੀ. ਦੇਖੋ, ਪ੍ਰਹੇਲਿਕਾ.

੭. ਅਧੋ (ਨੀਵਾਂ) ਹੋ ਗਿਆ ਹੈ. ਅਰਥਾਤ- ਧਰਮ ਦਾ ਇਕ ਚਰਣ ਲੋਪ ਹੋ ਗਿਆ.

੧. ਦੇਖੋ, ਧਰਮ ਅਧਰਮ.

੨. ਅਧਰਾਰਣੀ: ਦੇਖੋ, ਅਰਣੀ ੩.

੩. "ਅਧਾਨ ਵਿਖੇ ਹੋਇ ਨਿਰਮਾਨ ਪ੍ਰਾਨੀ." (ਭਾਗੁ ੨)

੪. "ਜਜੋਂ ਅਧਿਪਤਿ ਇਕ ਪੋਸ਼ਿਸ਼ ਤਜਕੇ." (ਨਾਪ੍ਰ)

੫. ਅਧਿਵਸਾਯ. ਦੇਖੋ, ਅਧ੍ਯਵਸਾਯ.

੬. "ਅਧੋ ਉਰਧ ਅਰਧੰ ਅਘੰ ਓਘ ਹਰਤਾ." (ਜਾਪੁ)

੧. "ਰਾਮੁ ਸਿਮਰੁ ਪਛੁਤਾਹਿਗਾ, ਮਨੁ !" (ਮਾਰੂ ਕਬੀਰ) ਇਸ ਵਿਚ ਨਹੀਂ ਤਾਂ (ਵਰਨਹ) ਸ਼ਬਦ ਦਾ ਅਧ੍ਯਾਹਾਰ ਹੈ.

੨. ਅਨਸ੍ਵ: ਦੇਖੋ, ਅਨਸ੍ਵਰ. "ਬ੍ਰਹਮ ਅਨਸ੍ਵ ਹੈ." (ਗੁਪ੍ਰਸੂ)

੩. ਅਨਾਹਤ ਚਕ੍ਰ ਨੂੰ ਪ੍ਰਾਣਾਂ ਦ੍ਵਾਰਾ ਬ੍ਰਹਮਗ੍ਰੰਥੀ ਦੇ ਵੇਧਨ ਤੋਂ ਹੋਂਦਾ ਹੈ. ਦੇਖੋ, ਪੰਚ ਸ਼ਬਦ ੩- ੪. ਕਿਤਨੇ ਗ੍ਰੰਥਾਂ ਵਿਚ ਦਸ ਪ੍ਰਕਾਰ ਦਾ ਸ਼ਬਦ ਲਿਖਿਆ ਹੈ-

੪. (ਲਿਵ ਮੰਡਲ)

੫. "ਪ੍ਰਭ ਕੋ ਸਿਮਰਨਿ ਅਨਹਤ ਝੁਨਕਾਰ (ਸੁਖਮਨੀ)

੬. ੩ ਸਮਰਣ ਹੋਇਆ ਗੁਰੂ ਦਾ ਉਪਦੇਸ਼.

੭. ਦੇਖੋ, ਨਾਦ ਅਤੇ ਪੰਚ ਸ਼ਬਦ. ਅਨਾਹਦ ਚਕ੍ਰ ਦੇ ਵੇਧਨ ਤੋਂ ਯੋਗੀਆਂ ਨੇ ਇਹ ਨਾਮ ਥਾਪਿਆ ਹੈ. ਦੇਖੋ, ਖਟ ਚਕ੍ਰ.

੮. ਅਨਕਾਜ: ਕੁਕਰਮ। ੨. ਅਨਜ ਕਾਰਯ. ਹੋਰ ਕੰਮ। ੩. ਵੇਲ੍ਹ. ਕੰਮ ਦੀ ਅਣਹੋਂਦ.

੯. ਅਕੁੰਭ ਲਈ ਇਹ ਸ਼ਬਦ ਆਇਆ ਹੈ.

੧੦. ਅਨਘਾਤ: ਬਿਨਾ ਆਘਾਤ (ਪ੍ਰਹਾਰ). ਅਨਾਹਤ.

੧. ਵਲਾ. ਤਾਲੀਮ ਦੀ ਬੰਦੀ, ਉਹ ਦਿਨ ਤਿਥਿ, ਜਿਸ ਵਿੱਚ ਪੜ੍ਹਨਾ ਲਿਖਣਾ ਮਨਾ ਕੀਤਾ ਗਿਆ ਹੈ. ਮਨੁ ਦੇ ਲੇਖ.

੨. ਅਤੇ ਹੋਮ ਕਰਨ ਵੇਲੇ ਬਿਜਲੀ ਚਮਕਣ ਤੋਂ, ਭੂਚਾਲ ਆਉਣ ਤੋਂ, ਚੰਦ੍ਰਮਾ ਸੂਰਯ ਦੇ ਗ੍ਰਹਣ ਤੋਂ, ਮੁਰਦਾ ਦੇਹ ਘਰ ਰਹਿਣ ਤੋਂ, ਸ਼੍ਰਾਧ ਦਾ ਅੰਨ ਖਾਣ ਤੋਂ, ਰਾਜਾ ਦੇ ਘਰ ਸੰਤਾਨ ਦੇ ਜਨਮ ਹੋਣ ਤੋਂ, ਗਿੱਦੜ ਗਧੇ ਉਠ ਦੇ ਬੋਲਣ ਤੋਂ, ਅਨਧਜਾਯ ਦਾ ਹੋਣਾ ਮੰਨਿਆ ਹੈ.

੩. ਅਨਨਜ: ਉਪਾਸਨਾ. ਦੇਖੋ, ਅਨੰਨ ਉਪਾਸਨਾ.

੪. ਅਨਨਜਤਾ: ਅਨਨਜ ਹੋਣ ਦਾ ਭਾਵ. ਨਾਰਦ ਭਕਿਸਤ੍ਰਾਂ ਵਿੱਚ ਲਿਖਿਆ ਹੈ. "अन्य श्रयाणांत्याग ऽनन्यता. " (ਸੂਤ੍ਰ ੧੦)

੫. "ਅਨਰ ਜੈਸੇ ਨਰ ਸੇ." (ਕ੍ਰਿਸਨਾਵ) ਜਿਵੇਂ- ਕਾਇਰ ਬਹਾਦਰ ਤੋ.

੬. ਬਿਨਾ ਰੰਗ. ਨਿਰਲੇਪ. "ਆਪੇ ਸਖ ਦਖ ਭੋਗ ਭਗਾਵੈ ਗੁਰਮੁਖਿ ਸੋ ਅਨਰਾਗਾ." (ਸੋਰ ਮਃ ੧)

੧. ੩ ਵਜਾਕਲਤਾ. ਘਬਰਾਹਟ। ੪. ਅਵਸਥਾ (ਉਮਰ) ਦੇ ਵਿਰੁੱਧ. "ਅਨਵਸਥਾ ਉਪਦੇਸਕ ਕੇਰੀ." (ਨਾਪ੍ਰ) ਗੁਰੂ ਨਾਨਕ ਦੇਵ ਜੀ ਦੀ ਅਜੇ ਉਮਰ ਉਪਦੇਸ਼ਕ ਦੀ ਨਹੀਂ। ਭਾਵ ਬਹੁਤ ਛੋਟੀ ਹੈ.

੨. ੨ ਕਾਲ ਖਾਨ ਸਿਪਹਸਾਲਾਰ ਅਤੇ ਖ਼੍ਵਾਜਹ ਅਨਵਰ ਦਾ ਭੇਜਿਆ ਦੂਤ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਭੇਤ ਲੈਣ ਕਰਤਾਰਪੁਰ ਗਿਆ ਸੀ.

੩. ਅਨਵਾਰ ਸਹੇਲੀ: ਦੇਖੋ, ਪੰਚ ਤੰਤ੍ਰ ਅਤੇ ਬੁਧਿਬਾਰਧਿ.

੪. ਅਨਾਸਾ: ਵਿ- ਨਾਸ ਰਹਿਤ. ੨. ਅਨਾਯਾਸ ਦਾ ਰੂਪਾਂਤਰ.

੫. ਅਤੇ ਖਟ ਚਕ੍ਰ ਦਾ (ਸ).

੬. ਅਨਾਹਦ: ਦੇਖੋ, ਅਨਾਹਤ। ੨. ਅਖੰਡ. ਲਗਾਤਾਰ. "ਸਿਮਰੇ ਮਨ ਵਿਚ ਰਾਮ ਨਾਮ ਗਾਵੇ ਸਬਦ ਅਨਾਹਦ ਨਾਦ."

(ਭਾਗ)

੭. ਅਨਾਨੰਦ: ਆਨੰਦ ਦੇ ਵਿਰੁੱਧ ਸ਼ੋਕ. ਰੰਜ.

੮. ਅਨਾਮੰ: ਨਾਮ ਬਿਨਾ। ੨. ਆਮ (ਰੋਗ) ਰਹਿਤ. ਅਰੋਗ.

੯. ਅਨਾਰਕਲੀ: ਲੋਕਾ ਵਿੱਚ ਪ੍ਰਸਿੱਧ ਹੈ ਕਿ ਇਹ ਬਹੁਤ ਸੁੰਦਰ ਇਸਤ੍ਰੀ ਸੀ. ਸ਼ਾਹਜ਼ਾਦਾ ਸਲੀਮ (ਜਹਾਂਗੀਰ) ਦੀ ਇਸ ਨਾਲ ਪ੍ਰੀਤਿ ਹੋ ਗਈ ਅਰ ਅਕਬਰ ਨੇ ਇਹ ਅਯੋਗ ਸੰਬੰਧ ਜਾਣ ਕੇ ਅਨਾਰਕਲੀ ਨੂੰ ਜਿਉਂਦੇ ਦਬਵਾ ਦਿੱਤਾ. ਇਸ ਦੀ ਕਬਰ ਪੰਜਾਬ ਗਵਰਨਮੇਂਟ ਦੇ ਦਫਤਰ ਪਾਸ ਹੈ. ਸਿੱਖ ਰਾਜ ਸਮੇਂ ਇਸ ਮਕਬਰੇ ਵਿੱਚ ਯੂਰਪੀਨ ਰਹਿੰਦੇ ਰਹੇ ਅਤੇ ਅੰਗ੍ਰੇਜ਼ੀ ਰਾਜ ਤੇ ਅਰੰਭ ਵਿੱਚ ਇਹ ਚਰਚ ਬਣਾਇਆ ਗਿਆ. ਹੁਣ ਸਿੱਖ ਰਾਜ ਦੇ ਪੁਰਾਣੇ ਦਫ਼ਤਰ ਦੇ ਕਾਗ਼ਜ਼ ਇਥੇ ਰਖੇ ਗਏ ਹਨ. ਅਨਾਰਕਲੀ ਦਾ ਨਾਮ "ਨਾਦਿਰਾ ਬੇਗਮ" ਇਤਿਹਾਸ ਵਿੱਚ ਆਇਆ ਹੈ.

ਅਨਾਰਜ: ਦੇਖੋ, ਅਨਾਰਯ.

੧੦. ਅਨਾਰੀ: ਅਨਾਰਯੰ. ਦੇਖੋ, ਅਨਾੜੀ.

ਅਨਾਲਸ: ਬਿਨਾ ਆਲਸ. ਸਾਵਧਾਨ.

੧੧. ੨ ਅਨਾਰਯੰ. ਅਸਭ੍ਯ. ਦੇਖੋ, ਯਮ ਕਿੰਕਰ ੨.

੧੨. ੩ ਅਨਾਰੀ. ਅਨਾਰਯੰ. ਅਸਭ੍ਯ. ਗਵਾਰ.

੧੩. ਅਨਿਕ ਘਾਤਿਨੀ: ਤੋਪ. "ਅਨਿਕ ਘਾਤਿਨੀ ਛੋਰੀ ਤਬੈ." (ਗੁਪ੍ਰਸੂ)

੧. "ਤੋਮਰ ਤੀਰਨ ਸਾਂਗਨ ਅਨੀ."(ਗੁਪ੍ਰਸੂ)

੨. ੩ ਚੇਲਾ ਸ਼ਿਸ਼੍ਯ.

੩. ਅਨੁੱਤਰ: ਵਿ- ਨਿਰੁੱਤਰ. ਲਾਜਵਾਬ। ੨. ਸੰਗਯਾ- ਉੱਤਰ ਦੇ ਵਿਰੁੱਧ ਦੱਖਣ.

੧. "ਭਾਇ ਭਗਤਿ ਭੈ ਭਾਣਾ ਭਾਵੇ." (ਭਾਗੁ)

੨. ਅਨੁਰਾਵ: ਦੇਖੋ, ਅਨੁਰਾਉ ੨.

੩. ਅਨੁਵਾਦਕ: ਆਖੇ ਹੋਏ ਵਾਕ ਨੂੰ ਦੁਹਰਾਉਣ ਵਾਲਾ। ੨. ਤਰਜੁਮਾ ਕਰਨ ਵਾਲਾ (Interpreter).

੪. ਜਿਸ ਦੀਆਂ ਤਿੰਨ ਇਸਤ੍ਰੀਆਂ- ਅਨੰਤੀ, ਜ੍ਵਾਲਾ, ਅਤੇ ਗੌਰਜਾਂ ਤੋਂ ਸੱਤ ਸਪੁਤ੍ਰੀਆਂ ਜਨਮੀਆਂ.

੫. ੨ ਬੇਨਜ਼ੀਰ ਅੱਖਾਂ ਵਾਲਾ.

੬. ੨ ਬਿਨਾ ਤੇਲ.

੭. ਅਨੇ੍ਰ: ੮. ੨ ਅਗ੍ਯਾਨ। ੩. ਅਨ੍ਯਾਯ.

੯. ਅਨੋਭੜ: ਅਨਭਿਗ੍ਯ. ਅਜਾਣ. ਅਗ੍ਯਾਨੀ। ੨. ਬਿਨਾ ਅਨੁਭਵ.

੬੩- ੧. ਅਨੰਕ: ਚਿੰਨ੍ਹ ਬਿਨਾ। ੨. ਕਲੰਕ ਰਹਿਤ. "ਬਚਨ ਅਨੰਕ ਮਯੰਕਾ." (ਨਾਪ੍ਰ)

੨. ਅਨੰਗਭੁਵਿ: ਭਗ. ਯੋਨਿ. ਦੇਖੋ, ਪਦਮਿਨੀ ੩.

੩. ਅਨੰਤ ਚੌਦ. अनन्त चतुदर्शी. ਭਾਦੋਂ ਸੁਦੀ ੧੪. ਇਸ ਦਿਨ ਚੌਦਾਂ "ਗੱਠਾਂ" ਦਾ ਸੂਤ ਦਾ ਬਣਾਇਆ ਭੁਜਬੰਦ ਅਥਵਾ ਸੋਨੇ ਦਾ ਕੰਗਣ ਹਿੰਦੂ ਡੌਲੇ ਨਾਲ ਬੰਨ੍ਹਦੇ ਅਥਵਾ ਪਹਿਰਦੇ ਅਤੇ ਵ੍ਰਤ ਰਖਦੇ ਹਨ. ਵ੍ਰਤ ਉਪਾਰਨ ਸਮੇਂ ਲੂਣ੍ਹ ਵਾਲਾ ਅੰਨ ਨਹੀਂ ਖਾਂਦੇ. ਦੇਖੋ, ਅਨੰਤ ੬.

੪. ਅਨੰਤ ਨਾਗ: ਦੇਖੋ, ਨਾਗ ੭। ੨. ਸ਼ੇਸ਼ਨਾਗ.

੫. ਅਨੰਦ ਬਾਣੀ ਦੀਆਂ ੪੦ ਪੌੜੀਆਂ ਹਨ. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ੩੮ ਗੁਰੂ ਅਮਰ ਦੇਵ ਦੀਆਂ, ਇਕ ਗੁਰੂ ਰਾਮ ਦਾਸ ਜੀ ਦੀ ਅਤੇ ਇੱਕ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ, ਪਰ ਇਹ ਸਹੀ ਨਹੀਂ. ਸਾਰੀ ਬਾਣੀ ਤੀਜੇ ਸਤਿਗੁਰੁ ਦੀ ਹੈ.

੬. ੬. ਪੁਤ੍ਰ ਬਿਨਾ. ਅਪੁਤ੍ਰ. ਔਤ.

੭. ਹੁਣ ਇਸ ਦਾ ਰੇਲਵੇ ਸਟੇਸ਼ਨ ਬਸੀ ਪਠਾਣਾ ਹੈ.

੮. ਅਨੰਨ ਉਪਾਸਨਾ: ਇਕ ਕਰਤਾਰ ਦੀ ਸੇਵਾ ਭਗਤੀ. ਇਕ ਤੋਂ ਛੁੱਟ ਦੂਜੇ ਦੀ ਉਪਾਸਨਾ ਦਾ ਤਜਾਗੀ. "ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹਿਆ ਸਮਾਇ. ਅਵਰ ਦੂਜਾ ਕਿਉ ਸੇਵੀਐ ਜੰਮੈ ਤੇ ਮਰ ਜਾਇ." (ਮਃ ੩, ਵਾਰ ਗੂਜਰੀ ੧) "ਦਰ ਮਜ਼ਹਬੇ ਮਾ, ਗ਼ੈਰ ਪਰਸ੍ਤੀ ਦਾ ਕੁਨੰਦ." (ਦੀਵਾਨ ਗੋਯਾ)

੯. ਇਹ ਅਹਨ੍ ਦਾ ਹੀ ਰੂਪਾਂਤਰ ਹੈ. ਦੇਖੋ, ਅਹ ੩.

੧੦. ਅਨ੍ਹੇਰ: ੧੧. ੨ ਅਨਜਾਯ, ਅਨੀਤਿ, ਜਿਵੇਂ- ਰਾਜ ਵਿੱਚ ਅਨ੍ਹੇਰ ਪੈ ਗਿਆ ਹੈ। ੩. ਅਗਜਾਨ.

੧੨. "ਸੋਢੀ ਸਗਲ ਸ੍ਰਿਸਟਿ ਤਾਰਨ ਕਉ, ਅਬ ਗੁਰ ਰਾਮ ਦਾਸ ਕਉ ਮਿਲੀ ਬਡਾਈ." (ਸਵੈਯੇ ਮਃ ੪. ਕੇ)

ਅਬ ਸੋਢੀ ਗੁਰੁ ਰਾਮ ਦਾਸ ਕਉ ਮਿਲੀ ਵਡਾਈ.

"ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ." (ਗਉੜੀ ਮਹਲਾ ੪)

ਤ੍ਰਿਅ ਪਰ ਤਿਆਗੁ ਕਰੀ ਬ੍ਰਹਮਚਾਰੀ."

੧੩. ੫ ਕਾਰਜ ਅਤੇ ਕਾਰਣ ਦਾ ਸੰਬੰਧ

੧੪. ਅਨਯ ਵਜਤਿਰੇਕ: ਸੰਬੰਧ ਅਤੇ ਜੁਦਾਈ, ਕਾਰਜ ਕਾਰਣ ਦਾ ਸੰਬੰਧ ਅਤੇ ਭਿੰਨਤਾ ਪ੍ਰਗਟ ਕਰਨ ਦੀ ਕ੍ਰਿਯਾ.

੧. "ਮੁਖ ਅਪਜ ਬਿਕਾਸੀ."(ਨਾਪ੍ਰ)

੨. ਅਪਠਿਤ: ਅਨਪੜ੍ਹ- ਨਿਰੱਖਰ.

੩. "ਆਪਣਾ ਪ੍ਰਭੁ ਧਿਆਏ."(ਸੋਰ ਮਃ ੫)

੪. ਅਪਦਸੇ: ਆਪਣੇ ਦਾਸ. "ਕਰਿ ਲੀਨੇ ਅਪਦਸੇ." (ਵਾਰ ਜੇਤ. )

੫. "ਅਪਨਾ ਗੁਰੂ ਧਿਆਏ."(ਸੋਰ ਮਃ ੫)

੬. "ਅਬ ਮੈਂ ਅਪਨੀ ਕਥਾ ਬਖਾਨੋ"(ਵਿਚਿਤ੍ਰ)

੭. ੩. ਨਿੰਦਿਤ ਬਲ ਉਹ ਤਾਕਤ ਜੋ ਅਯੋਗ ਰੀਤਿ ਨਾਲ ਵਰਤੀ ਜਾਵੇ. ਜਿਵੇਂ- ਨਾਦਰ ਸ਼ਾਹ ਆਦਿਕਾਂ ਨੇ ਆਪਣਾ ਬਲ ਲੋਕਾਂ ਦੀ ਤਬਾਹੀ ਲਈ ਖਰਚਿਆ.

੮. ੨ ਆਪਣੀ ਮੰਨੀ ਹੋਈ.

੯. ਇਸ ਸਬੰਧ ਵਿੱਚ ਦੇਖੋ, ਭਾਈ ਹੈਮੇ ਦੀ ਕਥਾ ਬੈਹੜ ਵਾਲ ਸ਼ਬਦ ਵਿਚ.

੧. ੪ ਅਪਨਾ. "ਰਾਖਹੁ ਦਰਬ ਅਪਾਨ." (ਨਾਪ੍ਰ)

੨. ੩ ਮੀਮਾਂ ਸਿਕਾਂ ਦੇ ਸੰਕੇਤ ਅਨੁਸਾਰ ਕਰਮ (ਅਦ੍ਰਿਸ਼੍ਟ).

੬੮- ੧. ਅਪ੍ਰਾਚਿ, ਅਪ੍ਰਾਚੀ: ਪ੍ਰਾਚੀ (ਪੂਰਬ ਦਿਸਾ ਦੇ ਵਿਰੁੱਧ ਪੱਛਮ ਮਗ਼ਰਬ. "ਸੂਰਜ ਅਸ ਅਪ੍ਰਾਚਿ ਦਿਸਿ." (ਗੁਪ੍ਰਸੂ)

੨. ਅਫ਼ਗਾਨਿਸਤਾਨ ਦੇ ਗੁਰੂਦ੍ਵਾਰੇ: ਦੇਖੋ, ਕਾਬੁਲ.

੩. ਅਫ਼ਤਰ: ਇਹ ਅਬਤਰ ਦੀ ਥਾਂ ਵਰਤਿਆ ਹੈ. "ਕਛੁ ਕਾਜ ਤਹਿ ਅਫ਼ਤਰ ਭਯੋ." (ਗੁਪ੍ਰਸੂ) ਦੇਖੋ, ਅਬਤਰ.

੧. ਸੰਸਕ੍ਰਿਤ ਦੇ ਪੁਰਾਣੇ ਜਯੋਤਿਸ਼ੀਆਂ ਨੇ ਭੀ ਅੰਕਾਂ ਲਈ ਅੱਖਰ ਸੰਕੇਤ ਕੀਤੇ ਸਨ. ਜਿਵੇਂ- ਕ੧, ਖ੨, ਗ੩, ਘ ੪, ਙ ੫, ਚ ੬, ਛ ੭, ਜ ੮, ਝ ੯, ਵ ੧੦, ਨ ੨੦, ਯ ੩੦, ਰ ੪੦, ਲ ੫੦, ਵ ੬੦, ਸ਼ ੭੦, ਸ ੮੦, ਸ ੯੦, ਹ ੧੦੦, ਉ ੧੦੦੦, ਰਿ .੧੦੦੦੦੦੦, ਲ੍ਰਿ ੧੦੦੦੦੦੦੦੦, ਏ ੧੦੦੦੦੦੦੦੦੦੦, ਐ. (ए) ੧੦੦੦੦੦੦੦੦੦੦੦੦, ਓ (ओ) ੧੦੦੦੦੦੦੦੦੦੦੦੦੦੦, ਔ (औ) ੧੦੦੦੦੦੦੦੦੦੦੦੦੦੦੦੦. ਦੇਖੋ, ਅੰਕ ਪਲੀ.

੨. "ਕਰਹਿਂ ਉਚਾਰਨ ਸਿਖ ਕੋ ਹਿਤ ਤੇ."

੩. (ਫੁੱਟ ਨੋਟ) ਕਿਤਨਿਆਂ ਨੇ ਅਰਥ ਸਮਝੇ ਬਿਨਾਂ ਪਾਠ ਲਿਖ ਦਿੱਤਾ ਹੈ. "ਅੰਮ੍ਰਿਤ ਬਾਕ ਅਬਿਦਜਾ ਮ੍ਰਿਤੁ ਤੇ। ਕਰਹਿ" ਉਬਾਰਨ ਸਿਖ ਕੋ ਹਿਤ ਤੇ."

੪. "ਮੀਰ ਅਬਦੁਲ ਔ ਨੱਥਾ ਜਸ ਕਹੇ ਬਨਾਇ ਕੈ." (ਗੁਵਿ ੬)

੫. ਸੱਦਕੇ ੨੨ ਫਰਵਰੀ ਸਨ ੧੭੧੩ ਨੂੰ

੬. ਅਬਦੁਲ ਬਹਾ: ਦੇਖੋ, ਬਹਾਈ ੨.

੭. ੨੧ ਵਰ੍ਹੇ ਦੀ ਉਮਰ ਵਿੱਚ ਇਹ ਗੁਜਰਾਤ ਦਾ ਗਵਰਨਰ, ੨੮ ਵਰ੍ਹੇ ਦੀ ਉਮਰ ਵਿੱਚ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਦਾ ਅਤਾਲੀਕ਼ ਹੋਇਆ. ਏਸੇ ਸਾਲ ਇਸ ਨੇ ਗੁਜਰਾਤ ਦੀ ਮੁਹਿੰਮ ਵਿਚ ਮੁਜ਼ੱਫਰ ਸ਼ਾਹ ਤੇ ਫਤੇ ਪਾਈ ਜਿਸ ਪਰ "ਖ਼ਾਨੇ ਖ਼ਾਨਾਨਾ" ਪਦਵੀ ਮਿਲੀ ਅਤੇ "ਵਕੀਲੇ ਸਲਤਨਤ" ਥਾਪਿਆ ਗਿਆ.

੮. ਅਤੇ ਨੱਥਾ ਭਾਈ ੨.

੯. ਦੇਖੋ, ਇਬਲੀਸ ਦਾ ਫੁਟ ਨੋਟ ਅਤੇ ਸ਼ੈਤਾਨ.

੧. ਨੰਦੇੜ ਜੀ. ਆਈ. ਪੀ. ਰੇਲਵੇ ਦਾ ਮਨਮਾਡ ਜੰਕਸ਼ਨ ਤੋਂ ਨਿਜ਼ਾਮ ਸਟੇਟ ਰੇਲਵੇ ਦੇ ਰਸਤੇ ੧੭੨ ਮੀਲ ਹੈ.

੨. ਵਿਦਜਮਾਨ ਮੰਦਿਰ ਸਨ ੧੮੩੨ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਯਾ ਹੈ.

੩. ਉਹ ਟੇਕੜੀ (ਪਹਾੜੀ) ਜਿਸ ਵਿੱਚ ਮਾਲ (ਧਨ) ਹੋਵੇ. ਮਾਲ ਟੇਕੜੀ ਦਾ ਜ਼ਿਕਰ ਵਾਰਤਿਕ ਮਹਮਾ ਪ੍ਰਕਾਸ਼ ਵਿੱਚ ਭੀ ਆਇਆ ਹੈ. ਇਹ ਟਿੱਬੀ

੪. ਦਿਸੰਬਰ ਸਨ ੧੯੨੮ ਵਿੱਚ ਮੁਸਲਮਾਨਾਂ ਨੇ ਰਾਤ ਨੂੰ ਮਾਲ ਟੇਕੜੀ ਦਾ ਮੰਜੀ ਸਾਹਿਬ ਢਾਹਕੇ ਫਕੀਰ ਹਯਾਤ ਖ਼ਾਨ ਦੀ ਲੋਥ ਦੱਬਕੇ ਕਬਰ ਬਣਾ ਦਿਤੀ ਜਿਸ ਪੁਰ ਸਿੱਖਾਂ ਵਲੋਂ ਮੁਕਦਮਾ ਹੋਣ ਤੇ ੭. ਦਿਸੰਬਰ ੧੯੨੯ ਨੂੰ ਫੈਸਲਾ ਹੋਇਆ ਕਿ ਮੁਰਦਾ ਕੱਢਕੇ ਪਹਿਲੇ ਵਾਕਰ ਗੁਰਦੁਆਰਾ ਬਣਾ ਦਿੱਤਾ ਜਾਵੇ. ਇਸ ਸੰਬੰਧ ਵਿੱਚ ਦੇਖੋ, ਸਿਵਲ ਮਿਲਟਰੀ ਗਜ਼ਟ ੧੧. ਦਿਸੰਬਰ ੧੯੨੯ ਦਾ ਲੇਖ-

Secunderabad Dec. 7. Sir Herbert Cuming, of the Calcutta High Court, who was specially deputed by the Government of India at the request of the Nizam of Hyderabad, to hold a judicial inquiry into the Sikh Muslim dispute over a Shrine in Nander, delivered judgment today finding in power of the Sikhs in regard to the shrine and awarding to the Muslims the building in the north of the disputed spot.

In the course of a lengthy judgement consisting of 54 type written, foolscap pages, His lordship said, "I am of the opinion that the land claimed by the Sikhs is the absolute property of the Gurdwara at Nander that it costitutes the wara or manja sahib, known as maltekri, which was a construction some four or five feet square and three or four feet high." Right to exhume body. "This construction was destroyed on or about December 16 or 17, 1928 and a person of the name of Hayatkhan was buried there. The Sikhs are entitled to disinter this body."

A period of one month was allowed for the removal of the body of Hayat- Khan by his relations or other muslims, after which period the Sikhs being entitled to exhume and remove it.

੫. ਸਨ ੧੮੩੭ ਵਿੱਚ.

੬. ਅਬੂਤਬੇਲਾ ਇਟੇਲੀਅਨ: ਫ਼੍ਰੈਂਚ ਫ਼ਾਰਸੀ ਅਤੇ ਹਿੰਦੁਸਤਾਨੀ ਭਾਸ਼ਾ ਚੰਗੀ ਤਰ੍ਹਾਂ ਜਾਣਦਾ ਸੀ. ਅਰ ਵੱਡਾ ਮਹਿਮਾਨ ਨਿਵਾਜ਼ ਸੀ. ਸਨ ੧੮੪੩ ਵਿੱਚ ਇਹ ਪੰਜਾਬ ਤੋਂ ਇਟਲੀ ਨੂੰ ਚਲਾ ਗਿਆ ਅਤੇ ਨੇਪਲਸ (Naples) ਪਾਸ ਨਵਾਂ ਘਰ ਬਣਾ ਕੇ ਅਮੀਰਾਂ ਵਾਂਝ ਰਹਿਣ ਲੱਗਾ ਕਿਉਂ ਕਿ ਨੌਕਰੀ ਛਡਣ ਵੇਲੇ ਇਸ ਪਾਸ ਪੰਜਾਹ ਹਜ਼ਾਰ ਪੌਂਡ ਨਕਦ ਸੀ. ਸ਼ਰਾਬ ਬਹੁਤ ਪੀਣ ਦੇ ਕਾਰਣ ਇਹ ਚਿਰ ਤਕ ਨਹੀਂ ਜੀਉ ਸਕਿਆ. ੨੮ ਮਾਰਚ ਸਨ ੧੮੫੦ ਨੂੰ ਫਰਾਂਸ ਵਿਚ ਇਸ ਦਾ ਦੇਹਾਂਤ ਹੋ ਗਿਆ।

੭. ਅਬੇਦ: ਸੰ. ਅਵੇਦਯ. ਵਿਨਾ ਜਾਣਨ ਯੋਗ. ਅਗ੍ਯੇਯ (੨) "ਬੇਦ ਅਬੇਦ ਨਿਰੰਤਰ ਅੰਤਰ." (ਨਾਪ੍ਰ) ਵੇਦ ਕਰਕੇ ਅਵੇਦ੍ਯ.

੮. ਅੱਬਾ: ਦੇਖੋ, ਅਬਾ.

੯. ਅੱਬਾਜਾਨ: ਪ੍ਰਿਯ ਪਿਤਾ. ਸੰ. अम्बा जानि[1199] ਮਾਤਾ ਦਾ ਪਤੀ

ਅਬੁਲ ਹਸਨ: ਦੇਖੋ, ਗੋਲਕੰਡਾ ਅਤੇ ਤਾਨਾਸ਼ਾਹ.

੧. ੪ ਯੋਗ ਮਤ ਅਨੁਸਾਰ ਨਾਭਿ ਕੰਨ ਹਿਰਦਾ ਨੱਕ ਦਾ ਅੰਦਰਲਾ ਹਿੱਸਾ ਅਭ੍ਯੰਤਰ ਦੇਸ਼ ਹੈ, ਨੱਕ ਤੋਂ ਸੋਲਾਂ ਉਂਗਲ ਦੀ ਵਿੱਥ ਤਕ ਬਾਹਰੀ ਵਾਹ੍ਯ ਦੇਸ਼ ਹੈ.

੨. ਕਈ ਕਵੀਆਂ ਨੇ ਦਿਵਾਭਿਸਾਰਿਕਾ ਤੀਜਾ ਭੇਦ ਭੀ ਮੰਨਿਆ ਹੈ.

੩. ੪. ਗੱਦੀ ਤੇ ਬੈਠਾਉਂਣ ਸਮੇਂ ਚੰਦਨ ਕੇਸਰ ਦਾ ਤਿਲਕ ਮਥੇ ਲਾਉਂਣ ਦੀ ਕ੍ਰਿਯਾ "ਅਭਿਖੇਕਨ ਪਿਖਿ ਸ੍ਰੀ ਹਰਿਰਾਇ."

(ਗੁਪ੍ਰਸੂ)

੪. "ਹਰਿ ਗੋਬਿੰਦ ਨੰਦਨ ਨੰਦਨ ਕੋ ਅਭਿਬੰਦਨ ਕੋ."

੧. "ਯਹ ਗਾਢੋਈ ਅਭੀਰ ਹੈ."(ਨਾਪ੍ਰ)

੨. ਅਭੁਕਤਾ, ਅਭੁਗਤਾ: ਸੰ. अभोक्ता. ਅਭੋਕ੍ਤਾ. ਭੋਗ ਦਾ ਤ੍ਯਾਗੀ. ਇੰਦ੍ਰੀਆਂ ਦੇ ਰਸ ਨਾ ਲੈਣ ਵਾਲਾ.

੩. ਭੋਡਰ. ਵੈਦ੍ਯ ਇਸਦਾ ਕੁਸ਼੍ਤਾ ਅਨੇਕ ਰੋਗਾਂ ਵਿੱਚ ਵਰਤਦੇ ਹਨ ਇਸ ਦੀ ਤਾਸੀਰ ਗਰਮ ਖੁਸ਼ਕ ਹੈ.

੪. ਜਿਸ ਨੇ ਸ਼ਲੋਕਾਂ ਵਿੱਚ ਤਿੰਨ ਕਾਂਡ ਦਾ ਉੱਤਮ ਅਭਿਧਾਨ ਲਿਖਿਆ ਹੈ. ਭਾਈ ਸੰਤੋਖ ਸਿੰਘ ਜੀ ਨੇ ਇਸ ਦਾ ਚੰਗਾ ਉਲਥਾ

---

[1199] "अम्बा जाया यस्य स अम्बाजानिः यथा-जानकी जाया यस्य स जानकी जानिः।"

ਕੀਤਾ ਹੈ. ਦੇਖੋ, ਅਮਰ ਕੋਸ਼.

੧. ਟਹਕਨ ਕਵੀ ਨੇ ਭੀ ਅਮਰ ਕੋਸ ਦਾ ਅਨੁਵਾਦ ਹਿੰਦੀ ਛੰਦਾਂ ਵਿੱਚ ਕੀਤਾ ਹੈ ਜਿਸ ਦਾ ਨਾਮ "ਰਤਨ ਦਾਮ" ਹੈ.

੨. ਅਤੇ ਸ਼੍ਰੀ ਨਗਰ ਤੋਂ ਸੱਤ ਪੜਾਉ ਹੈ.

੩. ੪ ਜੈਨੀਆਂ ਦਾ ਅਠਾਰ੍ਹਵਾਂ ਤੀਰਥੰਕ੍ਰ.

੪. ਅਮਰਿ: ਦੇਖੋ, ਗੁਰਿ ਅਮਰਿ.

੫. ਅਮਰੀਕਾ: ਦੇਖੋ, ਐਮਰੀਕਾ.

੬. "ਮੋਹਣ ਮਲ ਅਮਰੁ ਕੇ ਸਹਿਤਾ." (ਗੁਪ੍ਰਸੂ)

੭. ਗੁਰਮਤ ਵਿੱਚ ਸਾਰੇ ਅਮਲ (ਨਸ਼ੇ) ਨਿੰਦਿਤ ਹਨ. ਦੇਖੋ, ਗੁਰੁਮਤ ਮਾਰਤੰਡ.

੮. ਸੰ. ਨ੍ਰਿਪਦੁਮ, ਸ੍ਵਰਣਕ ਅਤੇ ਕ੍ਰਿਤਮਾਲ.

੯. ਅਮਾਇ: ਦੇਖੋ, ਅਮਾਯ.

੧੦. ਅਮਾਨਤ ਖ਼ਾਨ: ਭਾਈ ਸੰਤੋਖ ਸਿੰਘ ਜੀ ਨੇ ਗੁਪ੍ਰਸੂ ਦੀ ਤੀਜੀ ਰਾਸ ਦੇ ੬੯ਵੇਂ ਅਧਯਾਯ ਵਿੱਚ ਅਮੀਰੁੱਦੀਨ ਦੀ ਥਾਂ ਇਹ ਨਾਮ ਲਿਖਿਆ ਹੈ. ਦੇਖੋ, ਤਰਨ ਤਾਰਨ.

੭੫- ੧. ਅਮਿਤ੍ਰਘਾਤ: ਦੇਖੋ, ਚੰਦ ਗੁਪਤ.

੨. ਅਮੀਸੀਤ: ਸੀਤ ਪ੍ਰਸਾਦ ਰੂਪ ਦੁੱਧ. "ਅਮੀਸੀਤ ਕਛੁ ਹਮ ਕੋ ਦੀਜੈ." "ਜੂਠਾ ਦੁੱਧ ਅਸਾਂ ਨੂੰ ਦੇਓ." (ਗੁਵਿ ੬)

੩. ਅਮੀਤਾਲ: ਅੰਮ੍ਰਿਤਸਰ

੪. ਦੇ ਸਮੇਂ ਤੋਂ ਬਾਦਸ਼ਾਹ (King) ਪਦਵੀ ਹੋ ਗਈ ਹੈ. ਸਭ ਤੋਂ ਪਹਿਲਾਂ ਅਮੀਰ ਪਦਵੀ ਮੁਹੰਮਦ ਸਾਹਿਬ ਦੀ ਸਪੁਤ੍ਰੀ ਫਾਤਿਮਾਂ ਦੀ ਔਲਾਦ ਨੂੰ ਸਨ ੬੫੦ ਦੇ ਕ਼ਰੀਬ ਦਿੱਤੀ ਗਈ ਸੀ. ਅਮੀਰਾਂ ਦਾ ਸਰਬੰਦ ਹਰ ਰੰਗ ਦਾ ਹੋਇਆ ਕਰਦਾ ਸੀ.

੫. ਅਮੁਦਿਤਾ: ਅਪ੍ਰਸੰਨਤਾ. ਮੁਦਿਤਾ ਦਾ ਅਭਾਵ.

੬. "ਗਜਾਨ ਅਮੇਜਿਨ." (ਗੁਪ੍ਰਸੂ) ਜਿਨ੍ਹਾਂ ਦਾ ਗਜਾਨ ਅਪ੍ਰਮਾਣ ਹੈ.

੭. ਅਮੇਜਨ: ਕ੍ਰਿ. ਮਿਲਾਉਣਾ. ਦੇਖੋ, ਆਮੇਜ਼.

ਅਮੇਜਿਨ: ਵਿ- ਆਮੇਜ਼ਿਸ਼ ਕਰਨ ਵਾਲਾ. ਮਿਲਾਉਣ ਵਾਲਾ.

੮. ਅਮੋਦ: ਮੋਦ (ਅਨੰਦ) ਦਾ ਅਭਾਵ. ਰੰਜ. ਗਮ। ੨. ਦੇਖੋ, ਆਮੋਦ.

ਅਮੋਰ: ਅਮੋੜ. ਨਾ ਮੋੜਨ ਯੋਗਯ. "ਰਜਾਇ ਅਮੋਰ." (ਨਾਪ੍ਰ) ੨. ਹਠੀਆ, ਜੋ ਕਿਸੇ ਦਾ ਮੋੜਿਆ ਹਟਦਾ ਨਹੀਂ.

੯. ਖ਼ਾਲਸਾ ਕਾਲਿਜ ਦੇ ਕਾਯਮ ਕਰਨ ਦਾ ਖ਼ਯਾਲ ਸਭ ਤੋਂ ਪਹਿਲਾਂ ਭਾਈ ਗੁਰਮੁਖ ਸਿੰਘ ਪ੍ਰੋਫੈਸਰ ਔਰੀਐਂਟਲ ਕਾਲਿਜ ਲਾਹੌਰ ਦੇ ਮਨ ਵਿੱਚ ਫੁਰਿਆ ਜਿਸ ਦੀ ਪ੍ਰੌੜ੍ਹਤਾ ਸਰਦਾਰ ਸਰ ਅਤਰ ਸਿੰਘ ਰਈਸ ਭਦੌੜ ਅਤੇ ਭਾਈ ਜਵਾਹਰ ਸਿੰਘ ਨੇ ਕੀਤੀ. ਸਿੱਖ ਰਿਆਸਤਾਂ ਵਿੱਚ ਸਰਦਾਰ ਸਰ ਦੇਵਾ ਸਿੰਘ ਸੁਪੁਤ੍ਰ ਸਰਦਾਰ ਪ੍ਰਤਾਪ ਸਿੰਘ ਦੀਵਾਨ ਪਟਿਆਲਾ ਅਤੇ ਭਾਈ ਕਾਨ੍ਹ ਸਿੰਘ ਅਹਲਕਾਰ ਰਿ਼ਆਸਤ ਨਾਭਾ ਦੀ ਪ੍ਰੇਰਣਾ ਅਤੇ ਯਤਨ ਨਾਲ ਮੁਖੀਏ ਸਿੱਖਾਂ ਦਾ ਡੇਪੂਟੇਸ਼ਨ ਦਿਸੰਬਰ ਸਨ ੧੮੯੦ ਵਿੱਚ ਆਯਾ, ਜਿਸ ਦਾ ਯੋਗਯ ਸ੍ਵਾਗਤ ਹੋਯਾ ਅਤੇ ਮਾਯਾ ਦੀ ਸਹਾਯਤਾ ਮਿਲੀ. ਕਾਲਿਜ

੧. ਉੱਤਰ ਪੱਛਮ ਗੁਰਦ੍ਵਾਰਾ, ਜਿਥੇ ਗੁਰੂ ਅਰਜਨ ਦੇਵ ਜੀ ਸੰਗਤਿ ਦੇ ਸ੍ਵਾਗਤ ਲਈ ਕਈ ਵਾਰ ਆਏ, ਅਤੇ ਦੀਵਾਨ ਸਜਾਕੇ

ਅਮ੍ਰਿਤ ਵਚਨ ਸੁਣਾਏ. ਏਥੇ ਹੀ ਛੀਵੇਂ ਗੁਰੂ ਸਾਹਿਬ ਨੇ ਪਹਿਲਾ ਯੁੱਧ ਜਿੱਤਿਆ. ਮੁਖ਼ਲਿਸ ਖ਼ਾਨ ਨਾਲ ਜੋ ਜੰਗ ਹੋਇਆ ਹੈ, ਇਹ ਉਸ ਦੀ ਰਣ- ਭੂਮਿ ਸੀ. ਰਾਤ ਨੂੰ ਲੋਹ ਗੜ੍ਹ ਦੇ ਜੰਗ ਪਿੱਛੋਂ, ਏਥੇ ਹੀ ਭਟ ਭੇੜ ਹੋਇਆ ਸੀ.

੨. ਇਸ ਵੇਲੇ ਜਲ ਵਿੱਚ ਖਤਾਸ ਮਿਲਾਉਣ ਦਾ ਆਮ ਰਿਵਾਜ ਹੈ, ਪਰ ਅਸੀਂ

੩. ਸਹਜਧਾਰੀਆਂ ਨੂੰ ਜਪੁ ਦੀਆਂ ਪੰਜ ਪੌੜੀਆਂ ਦਾ, ਜਲ ਵਿੱਚ ਖੰਡਾ ਫੇਰਦੇ ਹੋਏ, ਪਾਠ ਕਰਕੇ ਅਮ੍ਰਿਤ ਛਕਾਉਣਾ ਵਿਧਾਨ ਹੈ. ਦੇਖੋ, ਨਾਮਕਰਣ.

੪. ਅਮ੍ਰਿਤ ਕੁੰਡ: ਅਮ੍ਰਿਤ ਦਾ ਹੌਜ਼ (ਹੌਦ). ਅਮਰਾਵਤੀ ਵਿੱਚ ਇੰਦ੍ਰ ਦੇ ਘਰ ਅਮ੍ਰਿਤ ਭਰਿਆ ਤਾਲ, ਜਿਸ ਤੋਂ ਸੁਧਾ ਪੀ ਕੇ ਦੇਵਤੇ ਅਮਰ ਹੁੰਦੇ ਹਨ. ਕੁਰਾਨ ਵਿੱਚ ਭੀ ਬਹਿਸ਼ਤ ਦਾ ਇੱਕ ਅਜੇਹਾ ਕੁੰਡ ਮੰਨਿਆ ਹੈ, ਜਿਸ ਦਾ ਨਾਮ "ਕੌਸ਼ਰ" ਹੈ. ਕਈ ਲੇਖਕਾਂ ਨੇ ਇਸ ਨੂੰ ਨਦੀ ਲਿਖਿਆ ਹੈ. ਦੇਖੋ, ਚਸ਼ਮਾਏ ਕੌਸਰ.

੫. ਮੁਕਤਾਮਣਿ ਅਤੇ ਹਰਿ ਗੀਤਿਕਾ ਦੇ ਮੇਲ ਤੋਂ ਬਣਿਆ ਇਕ ਛੰਦ.

੧. ਅਮ੍ਰਿਤ ਰਾਇ ਦਾ ਲਿਖਿਆ ਚਿਤ੍ਰ ਅਲੰਕਾਰ ਸੰਬੰਧੀ. "ਚਿਤ੍ਰ ਵਿਲਾਸ" ਗ੍ਰੰਥ ਕਵੀਆਂ ਵਿੱਚ ਆਦਰ ਯੋਗ੍ਯ ਹੈ.

੨. ਅਰਕਰੇਜ਼ੀ, ਅਰਕ਼ਰੇਜ਼ੀ: ਫ਼ਾ. ਮੁੜ੍ਹਕਾ (ਪਸੀਨਾ) ਬਹਾਉਣ ਦੀ ਕ੍ਰਿਯਾ. ਕਰੜੀ ਮਿਹਨਤ.

੧. ਸਵ੍ਯਸਾਚੀ, ਕਪਿਧ੍ਵਜ, ਗਾਂਡੀਵੀ, ਗੁੜਾਕੇਸ਼, ਧਨੰਜਯ, ਪਾਰਥ, ਫਾਲਗੁਨ. ਬ੍ਰਿਹੱਨਲ. ਵਿਜਯ.

੨. ਅਰਜਨ ਸਖਾ: ਕ੍ਰਿਸ਼ਨ ਦੇਵ.

੩. ਅਰਥਨੀਯ: ਸੰ. अर्थनीय. ਵਿ- ਮੰਗਣ ਯੋਗ੍ਯ.

੧. ਕਈ ਸੱਜਨ ਇਨ੍ਹਾਂ ਤੁਕਾਂ ਦਾ ਪਾਠ ਅਰਦਾਸ ਸਮੇਂ ਕਰਦੇ ਹਨ, ਪਰ ਇਹ ਅਰਦਾਸ ਰੂਪ ਨਹੀਂ, ਕਿੰਤੁ ਅਰਦਾਸ ਦੀ ਵਿਧੀ ਦੱਸਣ ਵਾਲੇ ਵਾਕ ਹਨ. ਅਰਦਾਸ ਦੇ ਮੰਤ੍ਰ ਗੁਰਬਾਣੀ ਵਿਚ ਇਹ ਹਨ-

੨. ਰਤਨ ਮਾਲ (ਸੌ ਸਾਖੀ) ਅਨੁਸਾਰ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਯ ਦੀ ਪੰਜਵੀਂ ਰੁੱਤ ਦੇ ਅਧ੍ਯਾਯ ੧੫. ਅਤੇ ੧੬. ਵਿੱਚ ੧੦੧ ਅਰਦਾਸਾਂ ਲਿਖੀਆਂ ਹਨ ਜਿਨ੍ਹਾਂ ਦਾ ਕਰਨਾ ਅਨੇਕ ਕਾਰਜਾਂ ਲਈ ਵਿਧਾਨ ਕੀਤਾ ਹੈ, ਪਰ ਇਹ ਤਾਂਤ੍ਰਿਕਾਂ ਦੀ ਰੀਤਿ ਅਨੁਸਾਰ ਮੰਤ੍ਰ ਜਪ ਵਿਧਿ ਹੈ. "ਇਕ ਸੌ ਇਕ ਅਰਦਾਸ ਕਰਿ ਸੌ ਬਰਸਾਂ ਦੇ ਦੋਖ। ਗੁਰੂ ਗਵਾਵੈ ਸਿਖ ਕੇ ਪਾਵੈ ਗੁਰੁ ਪਦ ਮੋਖ."

੩. ੨ ਅਲਿ ਪਨਚ ਦਾ ਰੂਪਾਂਤਰ ਭੀ ਇਹ ਸ਼ਬਦ ਹੈ. ਦੇਖੋ, ਅਲਿਪਨਚ.

੪. ਜਿਸ ਦਾ ਰਕਬਾ ਕਰੀਬ ੧, ੦੦੦, ੦੦੦ ਮੀਲ ਅਤੇ ਜਨ ਸੰਖ੍ਯਾ ੬, ੦੦੦, ੦੦੦ ਹੈ.

੫. "ਧਰਣਿ ਨ ਗਗਨਾ ਹੁਕਮੁ ਅਪਾਰਾ। ਨ ਦਿਨੁ ਰੈਨਿ ਨ ਚੰਦੁ ਨਾ ਸੂਰਜੁ ਸੁੰਨ ਸਮਾਧਿ ਲਗਾਇਦਾ."

੬. ਇਸ ਸੋਲਹੇ ਨਾਲ ਮੁਕਾਬਲਾ ਕਰੋ ਰਿਗ ਵੇਦ ਦੇ ਦਸਵੇਂ ਮੰਡਲ ਦੇ ਮੰਤ੍ਰ ੧੨੯ ਦਾ.

੧. ਆਧੁਨਿਕ। ੨. ਪ੍ਰਤਿਕੂਲ. ਵਿਰੁੱਧ. ਖ਼ਿਲਾਫ਼.

੨. ੩ ਅੜਕੇ, ਮੁਕਾਬਲਾ ਕਰਕੇ. ਭਿੜਕੇ. ਦੇਖੋ, ਅਰਨਾ. "ਅਰਿ ਅਰਿ ਅਰਿ ਹਰ." (ਗੁਪ੍ਰਸੂ)

ਅੜ ਅੜ ਕੇ ਵੈਰੀਆਂ ਨੂੰ ਮਾਰਦੇ ਹਨ.

੩. ਅਰਿਹੰਤ: ਪ੍ਰਾਕ੍ਰਿਤ ਵਿੱਚ ਇਹ ਅਰ੍ਹੰਤ ਸ਼ਬਦ ਦਾ ਹੀ ਰੂਪਾਂਤਰ ਹੈ. "ਣਮੋ ਅਰਿ ਹੰਤਾਣੰ."

(ਸਾਮਾਯਿਕ ਸੂਤ੍ਰ)

੪. ਅਰਿਦਮਨੁ, ਅਰਿਦਵਨੁ: ਵਿ- ਵੈਰੀਆਂ ਦੇ ਦਮਨ ਕਰਨ ਵਾਲਾ. "ਜਗਜੋ ਬੀਰ ਰਸ ਉਰ ਅਰਿਦਵਨੁ."। ੨. (ਗੁਪ੍ਰਸੂ)

੫. ਅਰਿਨੀ: ਵੈਰਣ। ੨. ਅ- ਰਿਣੀ. ਜਿਸ ਨੇ ਕਰਜ ਨਹੀਂ ਦੇਣਾ.

੬. ਅਰਿਰੁਰੂ: ਰੁਰੁਅਰਿ. ਮ੍ਰਿਗਅਰਿ. ਸ਼ੇਰ. ਸਿੰਹ. "ਇਤ ਉਤ ਬਿਚਰਤ ਜਨੁ ਅਰਿ ਰੁਰੂ." (ਗੁਪ੍ਰਸੂ)

੭. ਅਰੁਣ ਵਾਰੁਣੀ: ਸੁਰਖ ਰੰਗ ਦੀ ਸ਼ਰਾਬ। ੨. ਸੰਝ ਵੇਲੇ ਲਾਲ ਹੋਈ ਪੱਛਮ ਦਿਸ਼ਾ.

੧. ਅਰੱ: ਦੇਖੋ, ਅਰਕ। ੨. ਸੰ. ਵਿ- ਪੂਜਯ. ਪੂਜਾ ਲਾਇਕ। ੩. ਸੰਗਯਾ- ਅੰਨ. ਅਨਾਜ.

੨. ਉਨੀਂਦਾ. "ਖਿਲਤ ਅਲਸ ਭਾ ਜਾਗਤ ਨਾਹੀ." (ਨਾਪ੍ਰ)

੩. "ਸਜਾਮਲ ਅਲਸੀ ਕੁਸਮ ਸਮਾਨਾ." (ਗੁਪ੍ਰਸੂ) ਸੰਸਕ੍ਰਿਤ ਗ੍ਰੰਥਾਂ ਵਿੱਚ ਅਲਸੀ ਦਾ ਨਾਉਂ ਰੁਦ੍ਰ ਪਤਨੀ ਭੀ ਲਿਖਿਆ ਹੈ.

੪. ੨ ਅਲਪਗਯ. "ਛਲਜੋ ਚਹੈ ਤਿੰਨ ਲਖਿ ਅਲਪਾਇ." (ਗੁਪ੍ਰਸੂ)

੧. ਮਹਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਸੰਤ ਅਲਮਸਤ ਨੂੰ ਬਾਜ ਬਹਾਦੁਰ ਰਾਜਾ ਨੇ ੧੪. ਪਿੰਡ ਜਾਗੀਰ ਦਿੱਤੇ ਸਨ.

੨. ਅਲਾਉਦੀਨ ਮਸਊਦ, ਰੁਕਨੁੱਦੀਨ ਫਿਰੋਜ਼ ਸ਼ਾਹ ਦਾ ਬੇਟਾ, ਜੋ ਮਈ ਸਨ ੧੨੪੨ ਵਿੱਚ ਦਿੱਲੀ ਦੇ ਤਖ਼ਤ ਤੇ ਬੈਠਾ ਅਤੇ ਇੱਕ ਜੂਨ ੧੨੪੬ ਨੂੰ ਮੋਇਆ। ੩

੩. ਅਲਾਰਡ: ਦੇਖੋ, ਐਲਾਰਡ.

੪. ਅਲਾਵ ਦੀਨ: ਦੇਖੋ, ਅਲਾਉਦੀਨ. "ਹੁਤੋ ਅਲਾਵਦੀਨ ਬਿਚ ਬੈਸਾ." (ਗੁਪ੍ਰਸੂ)

ਅਲਾਵਨ: ਦੇਖੋ, ਅਲਾਵਣ. "ਨਹਿ ਤੁਮ ਕੀਜੈ ਕਛੂ ਅਲਾਵਨ." (ਗੁਪ੍ਰਸੂ)

੫. ੨ ਭੌਰਿਆਂ ਦੀ ਪ੍ਰਤੰਚਿਕਾ. (ਨੇਹ)

੬. ੬ ਵਿ- ਪ੍ਰਬਲ, ਬਲਵਾਨ। ੭. ਸਹਾਯਕ. "ਅਲੀ ਨਿਜ ਆਪਨੋ ਆਪਨੋ ਮਾਨਾ." (ਗੁਪ੍ਰਸੂ)

੭. ਅਲੀਮਾ: ਅ਼. ਉਲੀਮਾ. ਇਲਮ ਵਿਚ ਲਿਆਉਣ ਦਾ ਭਾਵ. ਜਿਵੇਂ- ਫੌਜ ਦਾ ਅਲੀਮਾ ਲੈਣਾ. ਫੌਜ ਦਾ ਰੀਵ੍ਯੂ (Review) ਕਰਕੇ ਉਸ ਦੀ ਹਾਲਤ ਮਾਲੂਮ ਕਰਨੀ.

੧. ਤਮਾਮ ਬੱਸ. "ਕਰ ਮੇ ਮਿਸ੍ਵਾਨ ਲਏ ਨਿਕਸੀ ਕਿਯ ਤੁੰਡ ਅਲੰ." (ਨਾਪ੍ਰ) ਮਿੱਠੇ ਨਾਲ ਮੂੰਹ ਭਰ ਦਿੱਤਾ.

੨. ਮੱਕੇ ਦੇ ਕਾਬੇ ਵਿਚ ਪੁਰਾਣੇ ਸਮੇਂ ਇਕ ਬੁੱਤ ਅੱਲਾਤ (Allat). ਸੀ. ਕਈ ਖ਼ਿਆਲ ਕਰਦੇ ਹਨ ਕਿ ਇਸ ਨਾਮ ਦਾ ਮੂਲ ਉਹੀ ਹੈ.

੩. ਅੱਲੋਪਨਿਸ਼ਦ: ਬਾਦਸ਼ਾਹ ਅਕਬਰ ਦੇ ਸਮੇਂ ਬਣੀ ਇੱਕ ਅਥਰਵ ਵੇਦ ਸੰਬੰਧੀ ਉਪਨਿਸ਼ਦ ਜਿਸ ਵਿੱਚ "ਇੱਲਾ ਲਾ ਇੱਲਾ ਅਨਾਦਿ ਸ੍ਵਰੂਪ" ਆਦਿ ਵਾਕ ਪਾਏ ਜਾਂਦੇ ਹਨ.

੪. ਖ਼ਾਤਿਮਾ. "ਇਮ ਤਿਨ ਕੋ ਅਵਸਾਨ ਭਾ." (ਗੁਪ੍ਰਸੂ)

੫. "ਸਮ ਮ੍ਰਿਤੁ ਜੇ ਅਵਸੇਸ." (ਗੁਪ੍ਰਸੂ)

੬. ੯ ਅਪਗਤਿ ਦੀ ਥਾਂ ਭੀ ਇਹ ਸ਼ਬਦ ਵਰਤਿਆ ਜਾਂਦਾ ਹੈ.

੭. ਘਟੀਆ ਮੰਦ. "ਮਮ ਅਵਗਤਿ ਜਾਤੀ." (ਗੁਪ੍ਰਸੂ)

੮. ਅਵਗਾਹਿ: ਅਵਗਾਹਨ ਕਰਕੇ. ਖੋਜਕੇ. ਦੇਖੋ, ਅਵਗਾਹਨ ੩.

੧. ਰਾਜਾ ਦਸ਼ਰਥ ਦਾ ਪਜਾਰਾ ਦੇਸ਼. ਇਹ ਯੂ. ਪੀ. ਦਾ ਇੱਕ ਹਿੱਸਾ ਹੈ. ਜਿਸ ਦਾ ਰਕਬਾ ੨੩, ੯੬੬ ਵਰਗ ਮੀਲ ਹੈ. ਅਵਧ ੪. ਫਰਵਰੀ ਸਨ ੧੮੫੬ ਵਿੱਚ ਅੰਗ੍ਰੇਜ਼ਾਂ ਦੇ ਪੂਰੇ ਅਧਿਕਾਰ ਵਿੱਚ ਆਇਆ ਹੈ.

੮੯- ੧. ਅਵਾਜ ਲੈਣੀ: ਦੇਖੋ, ਅਵਾਜ਼ ਲੈਣੀ ੨। ੨. ਪ੍ਰਸੰਗ ਦੇ ਸਿਲਸਿਲੇ ਨਾਲ ਸੰਬੰਧਿਤ.

੩. ਅਵਿਸੇਸਨ: ਅਦੁਤੀ, ਲਾਸਾਨੀ. ਬੇਮਿਸਾਲ. "ਦ੍ਰਿਢ ਘੇਰਾ ਘਾਲਹਿਂ ਅਵਿਸੇਸਨ." (ਗੁਪ੍ਰਸੂ)

੪. ੨ ਅਵਿ (ਭੇਡ ਬੱਕਰੀਆਂ) ਚਾਰਨ ਵਾਲਾ. ਅਯਾਲੀ.

੫. ੩ ਉਲਟੀ ਸਮਝ.

अनित्याऽशुचि दु:खाऽनात्म सुनित्य शुचि सुखाऽऽस्म ख्याति रविद्स.

(ਯੋਗ ਦਰਸ਼ਨ, ਸਾਧਨ ਪਾਦ. ਸੂਤ੍ਰ, ੫)

੬. ਅਵਿਰੁੱਧਿਤ: ਸੰ. ਅਵਿਰੁੱਧਿਤ. ਘੇਰਿਆ ਹੋਇਆ. "ਕ੍ਰੁੱਧ ਜੁੱਧ ਅਵਿਰੁੱਧਿਤ ਘੇਰਾ." (ਨਾਪ੍ਰ)

੯੦- ੧. ਅੜੰਗ ਬੜੰਗ ਹੋਣਾ: ਦੇਖੋ, ਖ਼ਾਲਸੇ ਦੇ ਬੋਲੇ.

੨. ੪ ਅਗਨਿ ਅੱਗ. "ਤਿਹ ਛਿਨ ਆਇਸ ਕੋ ਧਰ ਬੇਸਾ." (ਨਾਪ੍ਰ) ਅਗਨਿ ਸਮਾਨ ਤੇਜਸ੍ਵੀ ਰੂਪ ਧਾਰਕੇ। ੫. ਚੁੰਬਕ ਲੋਹਾ. ਕਾਂਤ ਲੋਹ। ੬. ਸੋਨਾ. ਸੁਵਰਣ.

੩. "ਆਯਸ ਮੁਹਿ ਦੀਜੇ." (ਗੁਪ੍ਰਸੂ)

੪. ਆਇਨ: ਅਯਨ. ਘਰ. "ਕਰਿ ਕਰਿ ਤਜਾਰ ਧਰਤ ਹੈ ਆਇਨ." (ਗੁਪ੍ਰਸੂ)

੫. ਆਸਕਤ: ਆਸਕ੍ਤਿ. ਸੰਗਯਾ- ਪ੍ਰੀਤੀ. ਆਸ਼ਕੀ. ਲਗਨ.

੬. ਕਾਮਧੇਨੁ ਤੰਤ੍ਰ ਵਿੱਚ ਲਿਖਿਆ ਹੈ- ਆ ਆਤਮ ਸਿੱਧਿ, ਸ ਸਰਵ ਰੋਗ ਨਾਸ਼, ਨ ਨਵ ਨਿਧਿ ਦੀ ਪ੍ਰਾਪਤੀ ਜਿਸ ਤੋਂ ਹੋਵੇ, ਉਸ ਦੀ ਆਸਨ ਸੰਗਯਾ ਹੈ.

੭. ਤੰਤ੍ਰ ਸ਼ਾਸਤ੍ਰ ਅਨੁਸਾਰ ਵਸ਼ਿਕਰਨ ਲਈ ਮੀਂਢੇ ਦੇ ਚੰਮ ਦਾ, ਕਿਸੇ ਦਾ ਦਿਲ ਖਿੱਚਣ ਲਈ ਬਾਘ ਦੇ ਚੰਮ ਦਾ, ਮਾਰਣ ਲਈ ਝੋਟੇ ਦੀ ਖੱਲ ਦਾ, ਉੱਚਾਟਨ ਲਈ ਊਠ ਦੇ ਚੰਮ ਦਾ, ਮੁਕਤ ਹੋਣ ਲਈ ਹਾਥੀ ਦੀ ਖੱਲ ਦਾ ਸਰਵ ਕਾਰਜ ਸਿੱਧੀ ਵਾਸਤੇ ਉੱਨ ਦਾ ਆਸਨ ਹੋਣਾ ਚਾਹੀਏ.

ਯਥਾ- ਸਿੰਹ ਗੋਮੁਖ, ਮਤਸਜ, ਉਸ੍ਰ, ਮੰਡੂਕ, ਵ੍ਰਿਸ਼, ਹੰਸ, ਮਯੂਰ, ਗਰੁੜ, ਕੁੱਕੁਟ, ਵਕ, ਸਰਪ, ਸ਼ਲਭ, ਵ੍ਰਿਸ਼੍ਚਿਕ, ਧਨੁ, ਤਾੜ, ਚਕ੍ਰ, ਵਜ੍ਰ, ਵੀਰ, ਦੰਡ, ਸ਼ੀਸ਼ਾਂਸਨ, ਲੋਲ, ਸ਼ਵ (ਪ੍ਰੇਤਾਸਨ) ਆਦਿ, ਪਰ ਸਾਰੇ ਆਸਨ

੮. (ੳ) ਸਿੱਧਾਸਨ. ਖੱਬੇ ਪੈਰ ਦੀ ਅੱਡੀ ਗੁਦਾ ਅਤੇ ਫੋਤਿਆਂ ਮੱਧ ਸੀਉਣ ਤੇ ਲਾਕੇ, ਅਰ ਸੱਜੇ ਪੈਰ ਦੀ ਅੱਡੀ ਲਿੰਗ ਦੇ ਉਪਰਲੇ ਪਾਸੇ ਪੇਡੂ ਤੇ ਰੱਖ ਕੇ, ਠੋਡੀ ਛਾਤੀ ਨਾਲ ਲਾਕੇ ਸਿੱਧਾ ਬੈਠਣਾ, ਨਜ਼ਰ ਨੱਕ ਦੀ ਨੋਕ ਜਾਂ ਭੌਹਾਂ ਦੇ ਮੱਧ ਰੱਖਣੀ.

(ਅ) ਪਦਮਾਸਨ (ਕਮਲਾਸਨ). ਸੱਜਾ ਪੈਰ ਖੱਬੇ ਪੱਟ ਤੇ ਅਤੇ ਖੱਬਾ ਪੈਰ ਸੱਜੇ ਪੱਟ ਤੇ ਰੱਖਣਾ, ਖੱਬਾ ਹੱਥ ਖੱਬੇ ਗੋਡੇ ਤੇ ਅਰ ਸੱਜਾ ਹਥ ਸੱਜੇ ਗੋਡੇ ਤੇ ਰੱਖ ਕੇ ਕਮਰ ਦਾ ਬਲ ਕੱਢ ਕੇ ਸਿੱਧਾ ਬੈਠਣਾ, ਨਜ਼ਰ ਨੱਕ ਦੀ ਨੋਕ ਜਾਂ ਭੌਹਾਂ ਦੇ ਵਿਚਕਾਰ ਟਿਕਾਉਣੀ.

ਜੇ ਪਿੱਠ ਪਿੱਛੋਂ ਦੀ ਬਾਂਹ ਲੈ ਜਾ ਕੇ ਸੱਜੇ ਹੱਥ ਨਾਲ ਖੱਬੇ ਪੱਟ ਤੇ ਰੱਖੇ, ਸੱਜੇ ਪੈਰ ਦਾ ਅਤੇ ਇਸੇ ਤਰ੍ਹਾਂ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜ ਕੇ ਬੈਠੀਏ, ਤਦ ਇਸ ਦਾ ਨਾਉਂ "ਬੱਧ ਪਦਮਾਸਨ" ਹੋਂਦਾ ਹੈ. ਇਸ ਨੂੰ ਕਾਰਮੁਕ ਆਸਨ ਵੀ ਆਖਦੇ ਹਨ.

੪. ਸਾਧੂ ਦੀ ਬੈਠਕ ਨਿਸ਼ਸ੍ਗਾਹ). ਆਸ਼੍ਰਮ. "ਸਿੱਧ ਆਸਣ ਸਭ ਜਗਤ ਦੇ. ਨਾਨਕ ਆਦਿ ਮਤੇ ਜੇ ਕੋਆ." (ਭਾਗੁ)। ੫. ਕਾਮ ਸ਼ਾਸਤ੍ਰ ਅਨੁਸਾਰ ਮੈਥੁਨ ਦੇ ੮੪ ਆਸਨ. ਯੋਗ ਦੇ ਆਸਨਾਂ ਵਾਕਰ ਭੋਗੀਆਂ ਨੇ ਭੀ ਅਨੇਕ ਪ੍ਰਕਾਰ ਦੇ ਆਸਨ ਕਲਪ ਲਏ

ਹਨ.

"ਕੋਕ ਸ਼ਾਸਤ੍ਰ ਕੋ ਉਚਰ ਕੈ, ਰਮਤ ਦੋਊ ਸੁਖ ਪਾਇ। ਭਾਂਤ ਭਾਂਤ ਆਸਨ ਕਰ, ਗਨਨਾ ਗਨੀ ਨ ਜਾਇ." (ਚਰਿਤ੍ਰ ੬੫) "ਏਕ ਹੀ ਭੋਗ ਕੇ ਆਸਨ ਪੈ, ਝਖ ਮਾਰਤ ਯੋਗ ਕੇ ਆਸਨ ਜੇਤੇ." (ਰਸੀਆ)। ੬. ਦੇਖੋ, ਆਸਨ ੨। ੭.

੧੧. ੮ ਸੰ. ਆਸ਼ਨ. ਵਜ੍ਰ। ੯. ਇੰਦ੍ਰ। ੧੦. ਵਿ- ਭੋਜਨ ਖਵਾਉਣ ਵਾਲਾ.

੧. ੧ ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਈਜਾਦ.

੨. ਪੁਰਾਤਨ ਮਰਯਾਦਾ ਹੈ ਕਿ ਆਸਾ ਦੀ ਵਾਰ ਦਾ ਅਰੰਭ ਆਸਾ ਦੇ ਆਲਾਪ ਨਾਲ ਹੋਵੇ ਅਤੇ ਪਹਿਲੀਆਂ ਦੋ ਚਾਰ ਪੌੜੀਆਂ ਆਸਾ ਵਿੱਚ ਹੀ ਗਾਈਆਂ ਜਾਣ, ਸਵੇਰ ਦੇ ਰਾਗਾਂ ਵਿੱਚ ਹੋਰ ਪੌੜੀਆਂ ਗਾਕੇ ਅੰਤ ਦੀ ਪੌੜੀ ਭੀ ਆਸਾ ਰਾਗ ਵਿੱਚ ਗਾਈ ਜਾਵੇ.

੩. "ਆਸਿਖ ਬਾਦ ਬਲੰਦ ਭਨੰਤੇ."(ਗੁਪ੍ਰਸੂ)

੪. ਆਵਸੀ (ਆਵੇਗਾ) ਦਾ ਸੰਖੇਪ। ੨.

੫. ਇਸ ਸੰਬੰਧ ਵਿੱਚ ਦੇਖੋ, ਗੀਤਾ ਦਾ ਅਃ ੧੬, ਸ਼ਃ ੧. ਤੋਂ ੪.

੬. ਤੰਤ੍ਰਸ਼ਾਸਤ੍ਰ ਅਨੁਸਾਰ ਭੂਤਾਵੇਸ਼.

੯੩- ੧. ਆਹਲੂ, ਆਹੂਲਵਾਲ: ਦੇਖੋ, ਆਹਲੂ ਵਾਲੀਆਂ ਦੀ ਮਿਸਲ, ਕਪੂਰਥਲਾ ਅਤੇ ਜੱਸਾ ਸਿੰਘ.

੨. ਅਰ ਦਸ਼ਮੇਸ਼ ਦੀ ਤਲਵਾਰ ਬਖਸ਼ੀ. ਇਹ ਤਲਵਾਰ ਰਿਆਸਤ ਦੇ ਤੋਸ਼ੇਖਾਨੇ ਸਨਮਾਨ ਨਾਲ ਰੱਖੀ ਹੋਈ ਹੈ.

੩. ਭੋਜਨ. ਖ਼ੁਰਾਕ.

੪. ਆਕਲਨ: ਸੰ. ਸੰਗਯਾ- ਇੱਕਠਾ ਕਰਨਾ. ਬਟੋਰਨਾ। ੨. ਗ੍ਰਹਣ ਕਰਨਾ। ੩. ਗਿਣਤੀ ਕਰਨੀ। ੪. ਅਟਕਲਨਾ.

ਆਕਲਿਤ: ਸੰ. ਵਿ- ਇਕੱਠਾ ਕੀਤਾ. ਜਮਾ. "ਸਿਖ ਸੇਵਕ ਜਲਜੰਤੁ ਗਨ ਆਕਲਿਤ." (ਗੁਪ੍ਰਸੂ)। ੨. ਗਿਣਿਆ. ਸ਼ੁਮਾਰ ਕੀਤਾ.

੧. ੫ ਆਗ (ਅਗਨਿ) ਤੋਂ ਪਦਾ ਹੋਇਆ ਧੂਆਂ.

੨. ਆਗਨੇਯ: ਸੰ. आग्नेय. ਵਿ- ਅੱਗ ਦਾ. ਅਗਨਿ ਨਾਲ ਸੰਬੰਧਿਤ। ੨. ਸੰਗਯਾ- ਸੋਨਾ. ਸੁਵਰਣ। ੩. ਘੀ। ੪. ਲਾਲ ਰੰਗ। ੫. ਅਗਨਿ ਪੁਰਾਣ.

੩. ਤਾਂਤ੍ਰਿਕਾਂ ਦੇ ਮਤ ਅਨੁਸਾਰ ਜਿਨ੍ਹਾਂ ਗ੍ਰੰਥਾਂ ਦੇ ਵਕਤਾ ਸ਼ਿਵ ਅਤੇ ਸ਼੍ਰੋਤਾ ਪਾਰਵਤੀ ਹੈ ਉਹ ਆਗਮ ਹਨ.

੪. ਬਾਬਰ ਨੇ ੧੦. ਮਈ ਸਨ ੧੫੨੬ ਨੂੰ ਇਸ ਤੇ ਆਪਣਾ ਅਧਿਕਾਰ ਜਮਾਇਆ ਅਰ

੫. ਸਨ ੧੫੬੬ ਵਿਚ ਆਗਰੇ ਨੂੰ ਮੁਗ਼ਲ ਰਾਜ ਦੀ ਰਾਜਧਾਨੀ ਥਾਪਿਆ ਅਤੇ

੬. ਆਗਰੇ ਦੇ ਕਿਲੇ ਵਿਚ ਸ਼ਾਹਜਹਾਂ ਨੇ ਦੀਵਾਨੇ ਖ਼ਾਸ ੧੬੩੭ ਵਿੱਚ ਅਤੇ ਮੋਤੀ ਮਸਜਿਦ ਸਨ ੧੬੫੪ ਵਿੱਚ ਬਹੁਤ ਸੁੰਦਰ ਬਣਵਾਈ. ਔਰੰਗਜ਼ੇਬ ਨੇ ਸਨ ੧੬੫੮ ਵਿੱਚ ਨਗੀਨਾ ਮਸਜਿਦ ਬੇਗਮਾਂ ਲਈ ਤਿਆਰ ਕਰਵਾਈ.

੭. ਆਗਰਾ ਦਿੱਲੀ ਤੋਂ ੧੨੨ ਮੀਲ ਹੈ. ਪਿਛਲੀ ਮਰਦੁਮ ਸ਼ੁਮਾਰੀ ਅਨੁਸਾਰ ਅਬਾਦੀ ੧੮੫, ੯੪੬ ਹੈ. ਇਸ ਤੇ ਅੰਗ੍ਰੇਜ਼ਾਂ ਦਾ ਅਧਿਕਾਰ ੧੭. ਅਕਤੂਬਰ ਸਨ ੧੮੦੩ ਨੂੰ ਹੋਇਆ ਅਤੇ ਇਸ ਨੂੰ ਯੂ. ਪੀ. ਦੀ ਰਾਜਧਾਨੀ ਥਾਪਿਆ ਗਿਆ. ਸਨ ੧੮੬੧ ਵਿੱਚ ਇਥੋਂ ਰਾਜਧਾਨੀ ਬਦਲ ਕੇ ਅਲਾਹਾਬਾਦ ਲਿਆਂਦੀ ਗਈ.

੧. ੨ ਚੰਗੀ ਤਰ੍ਹਾਂ ਹੱਲ ਹੋਣਾ.

੨. "ਨਾਸਿਕਾ ਸੁਗੰਧ ਸਤਿ ਆਘ੍ਰਣ ਅਘਾਏ ਹੈ." (ਭਾਗੁਕ)

੩. ਹਾਥੀ ਦੀ ਹੱਡੀ। ੪. ਅ਼. ਆਜ ਹਮਲਾ, ਧਾਵਾ। ੫. ਫ਼ਾ. ਆਜ. ਇੱਛਾ. ਖ਼੍ਵਾਹਿਸ਼। ੬. ਤੁੰਬੀ.

੪. ਜਾਜੌ (ਜਾਜੂ) ਆਗਰੇ ਤੋਂ ੧੬. ਮੀਲ ਦੱਖਣ ਪੱਛਮ ਹੈ.

੫. ਚੰਦ ਦੇ ਮਹੀਨਿਆਂ ਦੇ ਹਿਸਾਬ ਮਰਨ ਵੇਲੇ ਇਹ ੫੫ ਵਰ੍ਹੇ ੭. ਮਹੀਨੇ ਅਤੇ ੬. ਦਿਨ ਦਾ ਸੀ.

੬. ਅਜ਼ੁਰਦਨ: ਫ਼ਾ. ਕ੍ਰਿ. ਦੁੱਖ ਦੇਣਾ. ਰੰਜ ਕਰਨਾ.

੭. "ਆਟਣ ਪਰੇ ਅੰਗੁਸ਼ਤ ਅੰਗੁਰੀ. (ਗੁਪ੍ਰਸੂ)

੯੭- ੧. ਆਂਡਲ: ਉਹ ਪਸ਼ੂ ਜੋ ਖੱਸੀ ਨਹੀਂ. ਸਾਂਡ.

੨. ੩ ਅੱਖ ਦਾ ਡੇਲਾ। ੪. ਫ਼ੋ

੩. ਦੇਖੋ, ਆਦੀਸ ੨. ਅਤੇ ਸੰਸਕ੍ਰਿਤ ਹੁਤਾਸ਼.

੪. ਆਤਸ਼ ਪ੍ਰਸਤ: ਅਗਨਿ ਪੂਜਕ. ਦੇਖੋ, ਪਾਰਸੀ ੪.

੫. "ਆਤ ਪਤ੍ਰ ਇਸ ਸੀਸ ਝੁਲਾਰੇ."(ਨਾਪ੍ਰ)

੯੮- ੧. ਆਤਮਾ ਪਰਾਤਮਾ: ਦੇਖੋ, ਆਤਮਾ ੧. ਅਤੇ ਪਰਾਤਮਾ.

੨. ਆਤਿਸ਼ਬਾਜ਼ੀ: ਦੇਖੋ, ਆਤਸਬਾਜੀ.

ਆਤਿਸਬੇਗੀ: ਤੋਪਚੀ. ਗੋਲੰਦਾਜ਼। ੨. ਤੋਪਖ਼ਾਨੇ ਦਾ ਸਰਦਾਰ.

੩. ਆਂਤ੍ਰਜ੍ਵਰ: ਦੇਖੋ, ਤਾਪ (ਘ).

ਆਂਤ੍ਰਿਕ: ਦੇਖੋ, ਆਂਤਰਿਕ

"ਇਹ ਆਂਤਿਰਕ ਮਨ ਮੇ ਪਹਿਚਾਨਹਿ." (ਨਾਪ੍ਰ)

੪. "God created man in His own image, in the image of God created He him" (Bible, Genesis 1, 27)

੫. ਬਾਈਬਲ ਅਨੁਸਾਰ ਆਦਮ ੪੦੦੪ ਵਰ੍ਹੇ ਈਸਾ ਦੇ ਜਨਮ ਤੋਂ ਪਹਿਲਾਂ ਹੋਇਆ ਹੈ. ਮੁਸਲਮਾਨ ਲੇਖਕਾਂ ਨੇ ਆਦਮ ਦਾ ਸਨ ਹਿਜਰੀ ਦੇ ਅਰੰਭ ਤੋਂ ੭੦੦੦ ਵਰ੍ਹੇ ਪਹਿਲਾਂ ਹੋਣਾ ਲਿਖਿਆ ਹੈ ਅਰ ਇਸੇ ਲਈ ਆਦਮ ਨੂੰ ਹਫ਼ਤ ਹਜ਼ਾਰੀ ਕਹਿੰਦੇ ਹਨ.

੬. ਇਸੇ ਤਰ੍ਹਾਂ ਮਨੁ ਤੋਂ ਮਾਨਵ ਹੈ.

੭. ਆਦਿਤਯ ਹ੍ਰਿਦਯ: ਅਗਸਤ ਰਿਖੀ ਦਾ ਉਪਦੇਸ਼ ਕੀਤਾ ਸੂਰਯ ਮੰਤ੍ਰ, ਜਿਸ ਨੂੰ ਤਿੰਨ ਵਾਰ ਜਪਕੇ ਰਾਮ ਚੰਦ੍ਰ ਜੀ ਨੇ ਰਾਵਣ ਤੇ ਫਤੇ ਪਾਈ. ਦੇਖੋ, ਵਾਲਮੀਕੀਯ ਰਾਮਾਯਣ, ਲੰਕਾ ਕਾਂਡ, ਅਃ ੧੦੬, ਸ਼ਃ ੮. ਤੋਂ ੨੬.

੧. ਗਰਭ. ਹਮਲ.

੨. "ਲਹਿ ਬਾਧਾ ਆਧੂ." (ਗੁਪ੍ਰਸੂ)

੩. ਅੰਧਕਾਰ। ੨. ਹਨੇਰਾ। ੩. ਅਗਯਾਨ. ਅਵਿਦਯਾ.

੪. ਸੁਗੰਦ. ਕਸਮ. "ਕੂਰ ਆਨ ਕੋ ਜਾਨ ਮਨ." (ਗੁਪ੍ਰਸੂ)

੫. ਆਨੰਦ ਕੰਦ: ਅਨੰਦ ਦਾ ਮੂਲ ਜਿਸ ਤੋਂ ਸਾਰੇ ਅਨੰਦ ਉਪਜਦੇ ਹਨ. "ਨਿਤ ਆਨੰਦ ਕੰਦ ਮੁਕੰਦ ਜਿ ਖਜਾਤੀ." (ਨਾਪ੍ਰ)

੬. ੫ ਆਨਯਨ ਕੀਤਾ. ਲਿਆਂਦਾ. "ਆਵ ਆਪ ਹੀ ਜਾਤ ਨ ਆਨਾ." (ਨਾਪ੍ਰ)

੭. (ਖ) ਵਿਦਾ ਕਰਨ ਵੇਲੇ ਖੱਟ ਰੱਖ ਕੇ ਦਿਖਾਵਾ ਕਰਨਾ ਸਿੱਖ ਧਰਮ ਵਿੱਚ ਵਰਜਿਤ ਹੈ "ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ." (ਸ੍ਰੀ ਛੰਤ ਮਃ ੪)

ਕੰਨਜਾ ਨੂੰ ਗੁਪਤ ਰੀਤਿ ਨਾਲ ਧਨ ਵਸਤ ਆਦਿ ਦੇਣਾ ਯੋਗਯ ਹੈ.

੮. "ਸੰਮਤ ਪੁਰਾਣ ਸੁਤ ਅਰਧ ਯੁਗਮ ਅਧਿਕ ਹੈਂ ਜਾਸ। ਮੀਨ ਮਾਸ ਸ਼ੰਕਰ ਪੁਰੀ, ਕੀਨੋ ਲਿਖਨ ਬਿਲਾਸ" ਇਤਿ ਸ੍ਰੀ ਗੁਰੂ ਨਾਨਕ ਵੰਸ ਪ੍ਰਸੂਤ ਦਸਮ ਪੁਰੁਖ ਸ਼੍ਰੀ ਗੁਰੂ ਰਾਮ ਦਯਾਲ ਸਿੱਖ ਆਨੰਦ ਘਨ ਵਿਰਚਿਤਾ ਜਪੁ ਟੀਕਾ ਸਮਾਪਤ."

੯. ਉਸ ਸਮੇਂ ਅਨੰਦਪੁਰ ਸਿੱਖ ਯੂਨੀਵਰਸਿਟੀ ਦਾ ਅਸਥਾਨ ਸੀ. ਹਰ ਵਿਦਯਾ ਦੇ ਆਲਿਮ ਏਥੇ ਕਲਗੀਧਰ ਦੀ ਕ੍ਰਿਪਾ ਨਾਲ ਆ ਏਕਤ੍ਰ ਹੋਏ ਸਨ. ਸਤਿਗੁਰੂ ਦੇ ਦਰਬਾਰੀ ਕਵੀ ਮੰਗਲ ਨੇ ਇਸ ਦੀ ਸ਼ਾਨ ਵਿੱਚ ਲਿਖਿਆ ਹੈ- "ਆਨੰਦ ਕੋ ਦਾਤਾ ਗੁਰੂ ਸਾਹਿਬ ਗੋਬਿੰਦ ਰਾਇ, ਚਾਹੈ ਜੋ ਆਨੰਦ ਤੌਂ ਅਨੰਦ ਪੁਰ ਆਇਯੇ."

੧. "ਉਸਤਤਿ ਕਰੀ ਬਹੁਤ ਧ੍ਰੂਵ ਸਭ ਬਿਧਿ. ਸੁਨਿ ਪ੍ਰਸੰਨ ਭੇ ਆਪ." (ਸੂਰਦਾਸ)

੨. "ਕਹੁ ਨਾਨਕ ਆਪਨ ਤਰੈ,

ਅਉਰਨ ਲੇਤ ਉਧਾਰ."(ਸ. ਮ. ੯)

੩. ਅਪਨਿਧਿ: ਜਲਨਿਧਿ. ਸਮੁੰਦਰ.

ਆਪ ਪਛਾਣਨਾ: ਆਪਣੀ ਅਸਲਿਯਤ ਸਮਝਣੀ. "ਪਰਹਰਿ ਪਾਪੁ ਪਛਾਣੇ ਆਪੁ." (ਓਅੰਕਾਰ) "ਹਰ ਕਿ ਬਾਖ਼ੁਦ ਆਸ਼ਨਾ ਸ਼ੁਦ ਅਜ਼ ਖ਼ੁਦਾ ਬੇਗਾਨਾ ਨੇਸ੍ਤ." (ਦੀਵਾਨ ਗੋਯਾ)

੪. ਆਪਾਤ: ਸੰ. ਸੰਗਯਾ- ਗਿਰਾਉ. ਪਤਨ। ੨. ਆਰੰਭ। ੩. ਅੰਤ। ੪. ਵ੍ਯ. ਅੱਚਣਚੇਤ. ਅਚਾਨਕ.

ਆਪਾਨਬਾਇ: ਦੇਖੋ, ਅਪਾਨਬਾਇ.

੫. ਆਪੀਨ: ਸੰ. ਲੇਵਾ. ਊਧ. "ਛੀਰ ਦੇਹਿਂ ਬਹੁ ਵਡ ਆਪੀਨਾ." (ਨਾਪ੍ਰ)। ੨. ਖੂਹ. ਕੂਆ. ਆਪੀਨੇ. ਖ਼ੁਦ ਹੀ. ਸ੍ਵਯੰ. "ਆਪੀਨੈ ਰਚਿਓ ਨਾਉ." (ਵਾਰ ਆਸਾ)

ਆਪੀਨੈ ਆਪਿ: ਦੇਖੋ, ਆਪੀਣੈ ਆਪਾਹੁ.

੬. ਆਪੇ: ਖ਼ੁਦ (ਸ੍ਵਯੰ) ਹੀ. "ਆਪੇ ਬੀਜਿ ਆਪੇ ਹੀ ਖਾਹੁ." (ਜਪੁ)

੭. ਆਪੈ: ਦੇਖੋ, ਆਪੇ। ੨. ਆਪਣੇ ਉੱਪਰ. "ਆਪੈ ਦੋਸ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ." (ਆਸਾ ਮਃ ੧)

੮. ਆਫ਼ਤਾਬਗੀਰ: ਫ਼ਾ. ਛਤਰੀ. ਛਤ੍ਰ। ੨. ਮੁਗਲ ਰਾਜ ਵੇਲੇ ਪਾਨ ਦੀ ਸ਼ਕਲ ਦਾ ਜ਼ਰੀਦਾਰ ਪੱਖਾ ਸੁਨਹਰੀ ਡੰਡੀ ਵਾਲਾ, ਜੋ ਵੱਡੇ ਆਦਮੀਆਂ ਦੇ ਅੱਗੇ ਪਿੱਛੇ ਹੁੰਦਾ ਸੀ.

੧. "ਸਦਾ ਆਫਰੀਂ ਕਹਿ ਕੇ ਸਾਹੁ."(ਗੁਪ੍ਰਸੂ)

੨. ਆਬਸ਼ਾਰ: ਝਰਦੇ ਹੋਏ ਪਾਣੀ ਦੀ ਚਾਦਰ. ਝਰਨਾ.

੩. ਡੋਲ. ਬੋਕਾ. ਚਰਸ.

੪. ਸਭ ਤੋਂ ਪਹਿਲਾਂ ਰਾਜਪੂਤਾਨੇ ਦੇ ਅਹੁਦੇਦਾਰ ਅੰਗ੍ਰੇਜ਼ਾਂ ਨੇ ਸਨ ੧੮੪੭ ਵਿੱਚ ਇਹ ਠੰਡੀ ਥਾਂ ਰਹਿਣ ਲਈ ਲੱਭੀ ਸੀ.

੫. ਵਿ- ਕੱਚਾ ਅਪਕ੍ਵ। ੨

੬. ਦੇਖੋ, ਸਾਂਸ। ੨. ਵੰਸ਼. ਕੁਲ. ਦੇਖੋ, ਮਿਖ ੨.

੭. ਆਮੂਈਸਰਾਸਤ੍ਰ: ਦੇਖੋ, ਆਮੂ.

੧. ਵਿਸ਼ਨੁ ਦੇ ਚਕ੍ਰ ਸੁਦਰਸ਼ਨ ਦਾ ਹਜ਼ਾਰ ਆਰ ਲਿਖਿਆ ਹੈ. "ਚਕ੍ਰ ਸੰਭਾਰ ਹਜ਼ਾਰ ਹੈ ਆਰਾ." (ਗੁਪ੍ਰਸੂ)

੨. ੨ ਅ. ਅ਼ਾਰਜਹ. ਰੋਗ. ਬੀਮਾਰੀ

੩. ਆਰਤਿਹਾਰ: ਦੁੱਖ ਦੂਰ ਕਰਤਾ. "ਆਰਤਿਹਾਰ ਕੀ ਆਰਤੀ ਤਾਰੀ." (ਨਾਪ੍ਰ) ਦੁੱਖਵਿਨਾਸ਼ਕ ਦੀ ਆਰਤੀ ਉਤਾਰੀ.

੪. ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਗੁਰਸਿੱਖ ਕਰਦੇ ਹਨ. "ਰਾਤ ਆਰਤੀ ਸੋਹਿਲਾ, ਮਾਯਾ ਵਿੱਚ ਉਦਾਸ ਰਹਾਯਾ." (ਭਾਗੁ) ਦੇਖੋ, ਸੋਹਿਲਾ ੩.

੫. ਜੋ ਪਹਿਲੀ ਵਾਰ ਸਨ ੧੯੭੫ ਵਿਚ ਛਪਿਆ ਹੈ. ਪਿਛਲੀਆਂ ਐਡੀਸ਼ਨਾਂ ਵਿਚ ਬਹੁਤ ਵਾਧਾ ਘਾਟਾ ਕੀਤਾ ਗਿਆ ਹੈ.

੧. ੨ ਜਿਵੇਂ- ਰੋਗ ਦੇ ਕਾਰਣ ਤੁਰਣ ਫਿਰਣੋਂ ਆਰੀ ਹੈ.

੨. ਨੋਯਾਯਿਕਾਂ ਦਾ ਮੰਨਿਆ ਸਿੱਧਾਂਤ ਕਿ ਅਸੰਖ ਪਰਮਾਣੁ ਜੋ ਨਿਤ੍ਯ ਰੂਪ ਹਨ, ਉਨ੍ਹਾਂ ਦੇ ਸੰਯੋਗ ਤੋਂ ਸਾਰੇ ਪਦਾਰਥਾਂ ਦੀ ਰਚਨਾ ਹੋਂਦੀ ਹੈ, ਅਰਥਾਤ- ਜਗਤ ਦੀ ਰਚਨਾ ਦਾ ਅਰੰਭ ਪਰਮਾਣੂਆਂ ਦੇ ਮੇਲ ਤੋਂ ਹੈ.

੩. ਆਰ੍ਸ਼: ਦੇਖੋ, ਆਰਸ ੨. ਅਤੇ ੩.

ਆਰ੍ਸ਼ਪ੍ਰਯੋਗ: ਸੰਗ੍ਯਾ- ਰਿਸ਼ਿ ਸੰਬੰਧੀ ਸੰਧੀ. ਪੁਰਾਣਾ ਮੁਹਾਵਰਾ. ਵ੍ਯਾਕਰਣ ਦੇ ਨਿਯਮਾਂ ਤੋਂ ਵਿਰੁੱਧ ਰਿਖੀਆਂ ਦਾ ਵਰਤਿਆ ਹੋਇਆ ਸ਼ਬਦ. ਅਜੇਹੇ ਪ੍ਰਯੋਗ ਰਿਗਵੇਦ ਵਿਚ ਅਨੰਤ ਵੇਖੇ ਜਾਂਦੇ ਹਨ. ਦੇਖੋ, ਭਉ ਸ਼ਬਦ ਦਾ ਫੁਟ ਨੋਟ. ਐਸ ਹੀ ਵਾਲਮੀਕੀਯ ਰਾਮਾਯਣ ਆਦਿ ਅਨੇਕ ਗ੍ਰੰਥਾਂ ਵਿੱਚ ਆਰ੍ਸ਼ ਪ੍ਰਯੋਗਾਂ ਦੀ ਕਮੀ ਨਹੀਂ. ਦੇਖੋ, ਭੂਮਿਕਾ ਦੇ ੧੭ਵੇਂ ਅੰਗ ਦਾ ਫੁਟ ਨੋਟ.

੪. ੬ ਉੱਦਮ ਦੀ ਅਣਹੋਂਦ. "ਬਿਨਸੇ ਆਲਸ ਰੋਗਾ ਜੀਉ."(ਮਾਝ ਮਃ ੫)

ਐਤਰੇਯ ਬ੍ਰਾਹਮਣ ਦੇ ੩੩ਵੇਂ ਅਧ੍ਯਾਯ ਵਿੱਚ ਲਿਖਿਆ ਹੈ ਕਿ ਆਲਸੀ ਦਾ ਭਾਗ ਸੌਂ ਜਾਂਦਾ ਹੈ. "ਮਨ ਮੁਖ ਕਉ ਆਲਸ ਘਣੋ, ਫਾਥੇ ਓਜਾੜੀ." (ਮਾਰੂ ਮਃ ੧)

੫. ਆਲਬਾਲੇ: ਘੇਰੇ ਹੋਏ। ੨. ਘੇਰਦੇ ਹੋਏ. "ਤਕੈ ਮਾਰਬੇ ਕੋ ਫਿਰੈਂ ਆਲਬਾਲੇ." (ਗੁਪ੍ਰਸੂ)

੬. ੩ ਅਜ਼ੀਜ਼ੁੱਦੀਨ, ਆਲਮਗੀਰ ਦੂਜਾ. ਇਹ ਅਨੂਪ ਬਾਈ ਦੀ ਕੁੱਖੋਂ ਜਹਾਂਦਾਰ ਸ਼ਾਹ ਦਿੱਲੀ ਪਤਿ ਦਾ ਪੁੱਤ ਸੀ। ਸਨ ੧੬੯੮ ਵਿੱਚ ਜੰਮਿਆ ਅਤੇ ੨. ਜੂਨ ਸਨ ੧੭੫੪ ਨੂੰ ਤਖ਼ਤ ਤੇ ਬੈਠਾ ਆਪਣੇ ਵਜ਼ੀਰ ਇਮਾਦੁਲ ਮੁਲਕ ਗਾਜ਼ੀਉੱਦੀਨ ਖਾਂ ਦੇ ਹੱਥੋਂ ੨੯ ਨਵੰਬਰ ਸਨ ੧੭੫੯ ਨੂੰ ਮਾਰਿਆ ਗਿਆ.

੧. ੨ ਦੇਖੋ, ਸੁਆਵਗੀਰ.

੧. "ਐ ਬਿਰਾਦਰ ਯਾਦੇ ਹਕ ਚਾਨੀ ਕਿ ਚੀਸ੍ਤ?" (ਜ਼ਿੰਦਗੀ)। ੩. ਵਹ. ਉਹ. "ਐ ਜਹੇ ਬਿਨਸਾਂ ਕਿ ਹੱਕ ਰਾ ਯਾਫਤਹ." (ਜ਼ਿੰਦਗੀ)

੧੦੯. ੧. ਐਦਾਂ: ਕ੍ਰਿ. ਵਿ- ਇਸ ਤਰਹ. ਇਸ ਪ੍ਰਕਾਰ. ਅੰਞ.

ਐਂਦ੍ਰ: ਸੰ. ऐन्द्र. ਵਿ- ਇੰਦ੍ਰ ਨਾਲ ਹੈ ਜਿਸ ਦਾ ਸੰਬੰਧ। ੨. ਇੰਦ੍ਰ ਯੋਗ ਸਹਿਤ. ਦੇਖੋ, ਯੋਗ ੧੫। ੩੧। ੩. ਸੰਗ੍ਯਾ- ਇੰਦ੍ਰ ਦਾ ਪੁਤ੍ਰ ਜਯੰਤ। ੪. ਜਯੇਸ਼੍ਠਾ ਨਛਤ੍ਰ। ੫. ਹੱਥ. ਪਾਣਿ.

ਐਂਦ੍ਰਕ, ਐਂਦ੍ਰਿਕ: ਸੰਗਯਾ- ਪਾਣਿ. ਹੱਥ. ਇੰਦ੍ਰ ਹੈ ਦੇਵਤਾ ਜਿਸ ਦਾ ਹੱਥਾਂ ਦਾ ਦੇਵਤਾ ਗ੍ਰੰਥਾਂ ਵਿੱਚ ਇੰਦ੍ਰ ਲਿਖਿਆ ਹੈ.[1200] "ਪਢ ਹੈ ਸਾਖੋਚਾਰ ਗੋਤ੍ਰ ਐਂਦ੍ਰਕ ਕਰ ਸੋਧਾ." (ਨਾਪ੍ਰ) ਪੁਰੋਹਿਤ ਵੰਸ਼ ਦੀ ਗੋਤ੍ਰਸ਼ਾਖਾ ਆਦਿ ਦਾ ਉੱਚਾਰ ਕਰਦੇ ਹਨ, ਪਾਣਿ ਗ੍ਰਹਣ (ਹਥਲੇਵਿਆਂ) ਲਈ ਲਾੜੇ ਲੜੀ ਦੇ ਹੱਥਾਂ ਨੂੰ ਚੰਗੀ ਤਰ੍ਹਾਂ ਪਵਿਤ੍ਰ ਕਰਕੇ.

ਐਂਦ੍ਰਿਯਕ: ਸੰ. एन्द्रियक. ਜਿਸ ਦਾ ਗਯਾਨ ਇੰਦ੍ਰੀਆਂ ਦ੍ਵਾਰਾ ਹੋਵੇ.

੨. ਐਮਰੀਕਾ: America. ਇੱਕ ਬਹੁਤ ਵੱਡਾ ਪੱਛਮੀ ਦੇਸ਼, ਜਿਸ ਨੂੰ ਭਾਰਤ ਦਾ ਪਾਤਾਲ ਕਹਿਣਾ ਚਾਹੀਏ, ਜਿਸ ਦਾ ਰਕਬਾ ੧੬, ੫੦੦, ੦੦੦ ਵਰਗ ਮੀਲ ਅਤੇ ਜਨ ਸੰਖਯਾ ੧੭੦, ੦੦੦, ੦੦੦ ਹੈ. ਇਹ ਦੱਖਣੀ ਅਤੇ ਉੱਤਰੀ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ.

੩. ਇਹ ਸਨ ੧੭੮੫ ਵਿੱਚ ਫ੍ਰਾਂਸ ਦੇ Saint Troped ਵਿੱਚ ਪੈਦਾ ਹੋਇਆ ਸੀ. ਸਨ ੧੮੦੩ ਵਿਚ ਫ੍ਰਾਂਸ ਦੀ ਫ਼ੌਜ ਵਿੱਚ ਨੌਕਰ ਹੋਇਆ ਅਤੇ ਕਈ ਜੰਗਾਂ ਵਿੱਚ ਹਿੱਸਾ ਲਿਆ. ਐਲਾਰਡ

੪. Waterloo ਬੈਲਜੀਅਮ ਅੰਦਰ ਹੈ. ਇੱਥੇ ੧੮. ਜੂਨ ਸਨ ੧੮੧੫ ਨੂੰ ਫ਼੍ਰਾਂਸ ਅਤੇ ਇੰਗਲੈਂਡ ਦੇ ਘੋਰ ਯੁੱਧ ਦਾ ਅੰਤ ਹੋਇਆ. ਨੈਪੋਲੀਅਨ ਪਾਸ ਫ਼ੌਜ ੭੧੯੪੭ ਅਤੇ ੨੪੬ ਤੋਪਾ ਸਨ. ਵਲਿੰਗਟਨ ਪਾਸ ੬੭੬੬੧ ਫ਼ੌਜ ਅਤੇ ੧੫੬ ਤੋਪਾਂ ਸਨ. ਫ਼ਤੇ ਅੰਗ੍ਰੇਜ਼ਾਂ ਦੀ ਹੋਈ. ਦੇਖੋ, ਵੈਲਜ਼ਲੇ ਦਾ ਫੁਟਨੋਟ.

੫. ਸਨ ੧੮੩੪ ਵਿੱਚ ਐਲਾਰਡ ਆਪਣੇ ਦੇਸ਼ ਛੁੱਟੀ ਲੈ ਕੇ ਗਿਆ ਅਤੇ ਮੁੜਦਾ ਹੋਇਆ ਸ਼ਹਨਸ਼ਾਹ Louis Philippe ਦੀ ਚਿੱਠੀ ਮਹਾਰਾਜਾ ਰਣਜੀਤ ਸਿੰਘ ਦੇ ਨਾਮ ਲੈ ਕੇ ਆਇਆ, ਜਿਸ ਵਿੱਚ ਐਲਾਰਡ ਨੂੰ ਮਹਾਰਾਜਾ ਦੇ ਦਰਬਾਰ ਵਿੱਚ ਫ੍ਰਾਂਸ ਦਾ ਏਜੈਂਟ ਲਿਖਿਆ ਸੀ. ਇਹ ਚਿੱਠੀ ੨੭ ਅਕਤੂਬਰ ਸਨ ੧੮੩੫ ਦੀ ਹੈ. ਜੋ ਲੰਡਨ ਦੇ ਇੰਡੀਆ ਆਫ਼ਿਸ ਵਿੱਚ ਸੰਭਾਲ ਕੇ ਰੱਖੀ ਹੋਈ ਹੈ.

੧. ਔਰੰਗਜ਼ੇਬ ਦੇ ਪੰਜ ਪੁਤ੍ਰ (ਮੁਹੰਮਦ ਸੁਲਤਾਨ, ਮੁਹੰਮਦ ਮੁਅੱਜ਼ਮ, ਮੁਹੰਮਦ ਆਜ਼ਮ, ਅਕਬਰ ਅਤੇ ਮੁਹੰਮਦ ਕਾਮ ਬਖਸ਼) ਅਤੇ ਪੰਜ ਪੁਤ੍ਰੀਆਂ (ਜ਼ੇਬੁੱਨਿਸਾ ਬੇਗਮ, ਜ਼ਿੰਨਤੁੱਨਿਸਾ ਬੇਗਮ, ਬਦਰੁੱਨਿਸਾ ਬੇਗਮ, ਜ਼ੁਬਦਤੁੱਨਿਸਾ ਬੇਗਮ ਅਤੇ ਮਿਹਰੁੱਨਿਸਾ ਬੇਗਮ) ਸਨ.

੨. ਔਲੰਗ: ਤੁ. ਚਰਾਗਾਹ. ਮਰਗਜ਼ਾਰ. Meadow.

੩. ਜਿਵੇਂ- ਇਸ ਪ੍ਰਸੰਗ ਵਿੱਚ ਅੰਸ਼ਮਾਤ੍ਰ ਭੀ ਸਚਾਈ ਨਹੀਂ.

੪. ਕੰਨ੍ਹਾ. "ਅੰਸ਼ ਉਤੰਗ ਸਿੰਘ ਕੀ ਨਜਾਈਂ." (ਗੁਪ੍ਰਸੂ)

੫. ਦੇਖੋ, ਅਬਜਦ ੩. ਫੁੱਟ ਨੋਟ ਸਮੇਤ.

੬. "ਅਧਿਕ ਅਨੰਦਿਤ ਪਿਖਿ ਗੁਰੁ ਅੰਗ." (ਗੁਪ੍ਰਸੂ)

੧. ੩ ਅੰਗਾਂ ਵਿੱਚ. ਅੰਗੋਂ ਮੇਂ, "ਅੰਗਨ ਭੂਖਨ ਸੁੰਦਰ ਰਾਜਤ." (ਸਲੋਹ)।

੪. ਅੰਗਾਂ. "ਅੰਗਨ ਮੇਂ ਸਜਕੈ ਭਗਵੇਂ ਪਟ." (ਕ੍ਰਿਸਨਾਵ)

੨. ੨ ਵਿਰਹ ਅਗਨਿ ਦੇ ਅੰਗਾਰ ਨਿਕਲੇ.

੩. ਉਹ ਥਾਂ ਜਿੱਥੇ ਕਿਸੇ ਸਿੰਘ ਦੀ ਦੇਹ ਦਾ ਦਾਹ ਹੋਇਆ ਹੈ. ਜਿਵੇਂ- ਬਾਬਾ ਫੂਲਾ ਸਿੰਘ ਦਾ ਅੰਗੀਠਾ.

੪. ਅੰਗੂਰ ਦੀਆਂ ਬੇਲਾਂ ਭਾਵੇਂ ਜਗਤ ਵਿੱਚ ਬੇਅੰਤ ਹਨ, ਪਰ ਲੰਡਨ ਦੇ ਪਾਸ ਹੈਂਪਟਨ ਕੋਰਟ (Hampton Court). ਦੀ

---

[1200] वाक् पाणि पाद पायुपस्थानिति पंच कर्मेन्द्रियाणि।
वाचो देवता वहि हस्तयोरिन्द्रः पादयोर्विष्णुः पायोमृत्यु उपस्थस्यप्रजापतिरिति कर्मेन्द्रिय देवताः

ਬੇਲ, ਜੋ ਸਨ ੧੭੬੯ ਵਿੱਚ ਲਾਈ ਗਈ ਹੈ, ਬਹੁਤ ਅਦਭੁਤ ਹੈ. ਇਹ ਹਰੇਕ ਵਰ੍ਹੇ ਅਠਾਰਾਂ ਅਠਾਰਾਂ ਇੰਚ ਦੇ ਲੰਮੇ ਗੁੱਛੇ ਕਰੀਬ ੨੨੭੨ ਦਿੰਦੀ ਹੈ.

੧. ੩ ਵੀਰਯ। ੪. ਮ੍ਰਿਗ ਮਦ. ਕਸਤੂਰੀ.

੨. सङ्कल्प विकल्पात्मकं मनः निश्चयात्मका बुद्धिः, अहङ्कर्ता अहङ्कारः, चिन्तन कर्तृ चितम (ਤਤ੍ਵ ਬੋਧ)

੩. "ਅੰਤਕ ਕੀ ਪਾਸਨ ਬਚਾਇ ਨਿਜ ਦਾਸਨ ਕੋ." (ਗੁਪ੍ਰਸੂ) ਜਮ ਦੀ ਫਾਹੀਆਂ ਤੋਂ.

੪. ਅੰਤਕਾਲ ਦੀ ਵਾਸਨਾ: ਇਸ ਸੰਬੰਧ ਵਿੱਚ। ਦੇਖੋ, ਗੂਜਰੀ ਰਾਗ ਵਿੱਚ ਤ੍ਰਿਲੋਚਨ ਦਾ ਸ਼ਬਦ। ੨. ਅਤੇ ਭਗਵਤ ਗੀਤਾ ਦਾ ਅਃ ੮, ਸਃ ੬.

੫. ਅੰਤਰਹੁ: ਅੰਦਰੋਂ, ਵਿੱਚੋਂ, ਭਾਵ- ਮਨ ਤੋਂ. "ਅੰਤਰਹੁ ਕੁਸੁਧੁ ਮਾਇਆ ਮੋਹ ਬੇਧੇ."(ਸਵਾ ਮਃ ੪)

੧੧੪- ੧. ਅੰਦਰਸੜੀਏ: ਜਿਨ੍ਹਾਂ ਦਾ ਦਿਲ ਈਰਖਾ ਅਤੇ ਤ੍ਰਿਸ਼ਨਾ ਰੂਪ ਅੱਗ ਨਾਲ ਸੜ ਰਿਹਾ ਹੈ. ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੇ ਇਹ ਉਪਾਧੀ ਹਰਿਮਦਿਰ ਦੇ ਪੁਜਾਰੀ ਮਸੰਦਾਂ ਨੂੰ ਉਸ ਵੇਲੇ ਦਿੱਤੀ ਸੀ ਜਦ ਉਹ ਸਤਿਗੁਰਾਂ ਨੂੰ ਅਮ੍ਰਿਤਸਰ ਆਇਆ ਵੇਖ ਕੇ, ਇਸ ਭਯ ਨਾਲ ਕਿ ਕਿਤੇ ਗੁਰੂ ਸਾਹਿਬ ਮੰਦਿਰ ਤੇ ਆਪਣਾ ਅਧਿਕਾਰ ਨਾ ਜਮਾ ਲੈਣ, ਦਰਵਾਜ਼ੇ ਬੰਦ ਕਰਕੇ ਘਰੀਂ ਜਾ ਲੁਕੇ ਸੀ. "ਨਹਿ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸਨਾਗਨਿ ਸੈ ਅੰਦਰ ਸੜੀਏ." (ਗੁਪ੍ਰਸੂ) ਜੋ ਲੋਕ ਅਮ੍ਰਿਤਸਰ ਨਿਵਾਸੀਆਂ ਲਈ ਬਿਨਾ ਵਿਚਾਰੇ ਅੰਦਰਸੜੀਏ ਸ਼ਬਦ ਵਰਤਦੇ ਹਨ ਉਹ ਇਤਿਹਾਸ ਤੋਂ ਮੂਲੋਂ ਅਗਜਾਤ ਹਨ.

੨. "ਅੰਦਰਿ ਤਿਸਨਾ ਅਗਿ ਹੈ."(ਸਵਾ ਮਃ ੪)

੧੧੫- ੧. ਅੰਧੇਰਾ ਬੰਦੀ ਖਾਨਾ: ਕਾਲ ਕੋਠੜੀ. ਜੇਹਲ ਦੀ ਉਹ ਕੋਠੜੀ ਜਿਸ ਵਿੱਚ ਰੌਸ਼ਨੀ ਨਹੀਂ ਹੋਂਦੀ. ਦੇਖੋ, ਕਾਲ ਕੋਠੜੀ. "ਲਬੁ ਅੰਧੇਰਾ ਬੰਦੀ ਖਾਨਾ." (ਬਸੰ. ਅਃ ਮਃ ੧)। ੨. ਗਰਭਾਸ਼ਯ.

੨. ਹਿੰਦੂ ਮਤ ਅਨੁਸਾਰ ਇਹ ਸੰਸਕਾਰ ਤਿੱਤਿਰ ਦੇ ਸ਼ੋਰਵੇ ਨਾਲ ਕਰਨਾ ਵਿਧਾਨ ਹੈ. ਦੇਖੋ, ਮਾਂਸ.

੩. Mangifera Juzica. ਅੰਬ ਸਦਾ ਬਹਾਰ ਬਿਰਛ ਹੈ. ਚੇਤ ਵਿੱਚ ਇਸ ਨੂੰ ਫਲ ਆਉਂਦਾ ਅਤੇ ਸਾਉਣ ਵਿੱਚ ਪਕਦਾ ਹੈ. ਫਲ ਦੀ ਤਾਸੀਰ ਗਰਮ ਤਰ ਹੈ. ਹੁਣ ਪਿਉਂਦੀ ਅੰਬ ਅਨੇਕ ਜਾਤਾ ਦੇ ਵੇਖੀਦੇ ਹਨ ਜੋ ਬਹੁਤ ਰਸਦਾਇਕ ਹਨ.

੪. ਅੰਬਰਸਰ: ਅਮ੍ਰਿਤਸਰ ਦਾ ਰੂਪਾਂਤਰ ਜੋ ਪੇਂਡੂਆਂ ਦੀ ਬੋਲੀ ਹੈ.

੫. ਜੋ ਅੰਬੁ (ਜਲ) ਧਾਰਣ ਕਰਦਾ ਹੈ.

੬. ਸਨ ੧੮੨੩ ਵਿਚ ਫੂਲਕੀਆਂ ਅਤੇ ਆਸ ਪਾਸ ਦੀਆਂ ਰਿਆਸਤਾਂ ਲਈ ਅੰਬਾਲੇ ਪੋਲੀਟੀਕਲ ਏਜੰਟ ਦੀ ਥਾਪਨਾ ਹੋਈ ਅਤੇ ਸਨ ੧੮੪੩ ਵਿੱਚ ਛਾਉਣੀ ਕਾਯਮ ਕੀਤੀ ਗਈ.

੧. ੬. ਸੰਗਜਾ- ਵਾਹਗੁਰੂ ਨਾਮ. "ਨਿਰਮਲ ਜੋਤਿ ਅੰਮ੍ਰਿਤ ਹਰਿਨਾਮ। ਪੀਵਤ ਅਮਰ ਭਏ ਨਿਹਕਾਮ." (ਰਾਮ ਮਃ ੫) "ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮਿਤੁ ਗੁਰ ਤੇ ਪਾਇਆ." (ਅਨੰਦੁ)

੨. ਕਰਤਾਰ ਦੀ ਮਹਿਮਾ ਦਾ ਜਿਸ ਸਮੇਂ ਵਿਚਾਰ ਹੁੰਦਾ ਹੈ. ਉਹ ਅਮ੍ਰਿਤ ਵੇਲਾ ਹੈ.

੩. ਅੰਮ੍ਰਿਤ ਵੇਲੇ ਜਗਾਣਾ, ਅੰਮ੍ਰਿਤ ਵੇਲੇ ਨ੍ਹਾਵਣਾ: ਸਤਿਗੁਰ ਦੀ ਗੁਰਸਿੱਖਾਂ ਲਈ ਆਗਜਾ ਹੈ. "ਝਾਲਾਂਗੇ ਉਠਿ ਨਾਮੁ ਜਪ." (ਗਉ ਬਾਵਨ) "ਉਠਿ ਇਸਨਾਨ ਕਰਹੁ ਪਰਭਾਤੇ," (ਬਸੰ ਮ. ੫)

"ਅੰਮ੍ਰਿਤ ਵੇਲੇ ਨ੍ਹਾਵਣਾ ਗੁਰਮੁਖ ਜਪ ਗੁਰਮੰਤ ਜਪਾਯਾ." (ਭਾਗੁ) "ਬੇਦਾਰੀ ਅਸਤ ਜ਼ਿੰਦਗੀਏ ਸਾਹਿਬਾਨੇ ਸ਼ੌਕ। ਗੋਯਾ ਹਰਾਮ ਕਰਦਮ ਅਜ਼ ਆਇੰਦਹ ਖ਼੍ਵਾਬੇ ਸੁਬਹ." (ਦੀਵਾਨਿ ਗੋਯਾ)

੪. ਅੰਮ੍ਰਿਤੀਆ: ਜਿਸ ਨੇ ਖੰਡੇ ਦਾ ਅਮ੍ਰਿਤ ਛਕਿਆ ਹੈ. ਸਿੰਘ.

੫. ਹਿੰਦੀ ਅਤੇ ਸੰਸਕ੍ਰਿਤ ਦੇ ਯਾ ਦੀ ਥਾਂ ਭੀ ਪੰਜਾਬੀ ਵਿੱਚ ਇਸ ਦਾ ਵਰਤਾਉ ਹੁੰਦਾ ਹੈ. ਜਿਵੇਂ- ਮਯਾ ਦੀ ਥਾਂ ਮਰਿਆ ਅਤੇ ਦਯਾ ਦੀ ਥਾਂ ਦਇਆ.

੬. ਇਆਣੀ: ਇਆਣਾ ਦਾ ਇਸਤ੍ਰੀ ਲਿੰਗ। ੨. ਇਆਣੀ. ਇਆਨਿਆਂ (ਅਗਯਾਨੀਆਂ) ਨੇ। ੩. ਸੋਫ਼ੀਆਂ ਨੇ. ਦੇਖੋ, ਇਆਣਾ ੩. ਅਤੇ ਫੁੱਲ ੩.

੧੧੯- ੧. ਇਸਤਗ਼ਫ਼ਾਰ: ਅ਼. ਗ਼ੁਫ਼ਰ (ਮੁਆਫ਼ੀ) ਲਈ ਪ੍ਰਾਰਥਨਾ ਕਰਨੀ. ਕੁਕਰਮਾਂ ਤੋਂ ਤੋਬਾ ਕਰ ਕੇ ਕਰਤਾਰ ਤੋਂ ਖਿਮਾ ਮੰਗਣ ਦੀ ਕ੍ਰਿਯਾ.

੨. ਇਸਤਿਕਲਾਲ: ਅ਼. ਸੰਗਯਾ- ਧੀਰਜ. ਧ੍ਰਿਤੀ. ਮਨ ਦੀ ਦ੍ਰਿੜ੍ਹਤਾ.

੩. ਇਸਤ੍ਰੀਵ੍ਰਤ: ਦੇਖੋ, ਸ੍ਤ੍ਰੀਵ੍ਰਤ.

ਇਸਥਿਤ, ਇਸਥਿਤਿ: ਸ੍ਥਿਤ- ਸ੍ਥਿਤਿ. ਦੇਖੋ, ਅਸਥਿਤ ਅਤੇ ਅਸਥਿਤਿ.

੪. ਅਰਬ ਦੇ ਰਿਖੀਆਂ ਨੇ ਅੱਲਾ ਦੇ ੧੦੦ ਇਸਮ ਜਪ ਕਰਨੇ ਲਿਖੇ ਹਨ ਜਿਨ੍ਹਾਂ ਵਿੱਚੋਂ ਪੰਜ ਸ਼ਿਰੋਮਣਿ ਹਨ- ਅੱਲਾ, ਰਹ਼ਮਾਨ, ਰਹੀਮ, ਰੱਬ, ਮਾਲਿਕ.

੫. ੩ ਭਾਈ ਸੰਤੋਖ ਸਿੰਘ ਜੀ ਨੇ ਆਪਣੀ ਮਾਲਕੀਯਤ ਲਈ ਭੀ ਇਸਮ ਸ਼ਬਦ ਵਰਤਿਆ ਹੈ, "ਆਨੰਦਪੁਰ ਨਿਜ ਇਸਮ ਕੋ ਕਰਹੈਂ ਬਹੁ ਬਾਸਾ." (ਗੁਪ੍ਰਸੂ)

੧੨੦- ੧. ਇਸਾਨ: ਦੇਖੋ, ਈਸ੍ਵਾਨ। ੨. ਦੇਖੋ, ਇਹਸਾਨ. "ਬਹੁ ਧਨ ਦੈਹੋਂ ਮਾਨ ਇਸਾਨ." (ਗੁਪ੍ਰਸੂ)

ਇਸਿਦਿਸ਼, ਇਸਿਕੇਦੇਸ: ਈਸ਼ (ਸ਼ਿਵ) ਦੇ ਰਹਿਣ ਦੀ ਦਿਸ਼ਾ, ਈਸ਼ਾਨ. ਕੈਲਾਸ਼ ਵੱਲ ਦੀ ਦਿਸ਼ਾ. ਭਾਵ- ਉੱਤਰ, "ਇਸਿਕੇ ਦੇਸ਼ ਨਗਰ ਸਮੁਦਾਈ."(ਗੁਪ੍ਰਸੂ)

੨. ਇਕਓਅੰਕਾਰ: ਦੇਖੋ, ਓਅੰਕਾਰ ਅਤੇ ਏਕੰਕਾਰ.

੩. ਇਕ ਅੰਗੀ: ਅਨੰਨ. ਇੱਕ ਪੱਖ ਰੱਖਣ ਵਾਲਾ.

੪. ਇਕਸਾਲਾ: ਵਿ- ਇੱਕ ਸਾਲ (ਵਰ੍ਹੇ) ਦਾ। ੨. ਇਕਸਾਰ. ਯਕਸਾਂ. "ਦੈਬੋ ਚਹਿਯ ਸਭਿਨ ਇਕ ਸਾਲਾ." (ਗੁਪ੍ਰਸੂ)

੧੨੧- ੧. ਇੱਕ ਮੇਵਾ ਦੁਤਿਯੋ ਜੋ ਬ੍ਰਹਮ: (ਗੁਪ੍ਰਸੂ)

ਇਹ ਛਾਂਦੋਰਯ ਉਪਨਿਸ਼ਦ ਦੇ ਅਃ ੬, ਖੰਡ ੨. ਦਾ ਪਹਿਲਾ ਮੰਤ੍ਰ ਹੈ ਜਿਸ ਦਾ ਅਰਥ ਹੈ ਇੱਕ ਸਤਯ ਰੂਪ ਅਦੁਤੀ ਬ੍ਰਹਮ ਹੀ ਸਭ ਤੋਂ ਪਹਿਲਾਂ ਸੀ. "सदैव सोम्येदमग्र आसीदेकमेच द्वितीय" × × ×

੨. ੩ ਵੱਖ. ਅਲੱਗ. "ਹੋਨ ਇਕਾਕੀ ਰਿਦੇ ਵਿਚਾਰੀ." (ਗੁਪ੍ਰਸੂ) ਪਰਿਵਾਰ ਤੋਂ ਜੁਦਾ ਹੋਣ ਦੀ ਗੱਲ ਵਿਚਾਰੀ.

੩. भक्ता एकान्तिनो मुरुवा.

(ਨਾਰਦ ਭਕ੍ਤਿਸੂਤ੍ਰ ੬੭)

੪. ਇੱਕ: ਦੇਖੋ, ਇੱਕ ਅਤੇ ਏਕ। ੨. ਏੱਕਾ, ਏਕਤਾ. ਇੱਕ ਪੱਟੀ ਪੜ੍ਹਿਆ. ਕਿਸੇ ਦਾ ਹਮਜਮਾਤੀ. ਸਹਾਪਯਾਯੀ। ੩. ਕਿਸੇ ਜੇਹੀ ਵਿਦਯਾ ਅਤੇ ਖਯਾਲ ਰੱਖਣ ਵਾਲਾ.

੧. "ਦਿਨ ਪ੍ਰਤਿ ਪਿਖਿ ਇਖਲਾਸ ਕੋ ਜਹਾਂਗੀਰ ਗੁਰੁ ਕੇਰ."(ਗੁਪ੍ਰਸੂ)

੨. ਇਗ਼ਲਾਮ: ਅ. ਲੌਂਡੇ ਬਾਜ਼ੀ. Sodomy.

੩. ਇਛਿਅੜਾ: ਦੇਖੋ, ਇਛਅੜਾ ਅਤੇ ਮਨਇਛਿਅੜਾ.

੧. ਇੰਦਬੀਲ, ਇੰਦਲੀਬ: ਅ. ਸੰਗਯਾ- ਬੁਲਬੁਲ, "ਮੈਂ ਇੰਦਬੀਲ ਬੇਹੂਦਹ ਗ਼ੋਗਾ ਨਮ ਕੁਨੇਮ." (ਦੀਵਾਨ ਗੋਯਾ)

੨. ੩ ਜਯੋਤਿਸ਼ ਅਨੁਸਾਰ ਛਬੀਹਵਾਂ ਨਛਤ੍ਰ. ਦੇਖੋ, ਐਂਦ੍ਰ. ਐਂਦ੍ਰਿਕ ਅਤੇ ਯੋਗ ੧੫.

੩. ੨ ਜਨਮ ਸਾਖੀ ਅਨੁਸਾਰ ਬਸ਼ਹਰ ਦੇ ਰਾਜਾ ਸੁਧਰਸੇਨ ਦੀ ਭੈਣ ਦਾ ਪੁੱਤ੍ਰ ਜੋ ਗੁਰੂ ਨਾਨਕ ਦੇਵ ਦਾ ਸਿੱਖ ਹੋਇਆ.

੧. ਕਰਮੇਂਦ੍ਰਿਯ- ਹੱਥ, ਪੈਰ, ਮੂੰਹ. ਗੁਦਾ ਅਤੇ ਲਿੰਗ. ਰਜਾਨੇਂਦ੍ਰਿਯ- ਕੰਨ, ਤੁਚਾ, ਨੇਤ੍ਰ, ਜੀਭ ਅਤੇ ਨੱਕ.

੨. ਇਨਸ਼ਾਅੱਲਾ: ਅਕਾਲ ਸਹਾਇ. ਗੁਰਪ੍ਰਸਾਦਿ.

੩. ਪਾਨੀਪਤ ਤਸੀਲ ਪਾਸ ਇਬਰਾਹੀਮ ਦੀ ਕਬਰ ਸਾਧਾਰਣ ਬਣੀ ਹੋਈ ਵੇਖੀ ਜਾਂਦੀ ਹੈ.

੪. ਦੇਖੋ, ਮੁਸਲਮਾਨਾਂ ਦਾ ਲਾਰਡ ਵਿੱਚ ਰਾਜ, ਨੰ: ੨੯.

੫. ਰਿਗਵੇਦ ਵਿੱਚ "ਇਲੀਬਿਸ਼" ਨਾਉਂ ਦਾ ਦੈਂਤ, ਜਿਸ ਨਾਲ ਇੰਦ੍ਰ ਦੀ ਲੜਾਈ ਰਹਿੰਦੀ ਹੈ, ਸ਼ਾਯਦ ਇਹੀ ਇਬਲੀਸ ਹੈ. ਦੇਖੋ, ਮੰਡਲ ੧, ਮੰਤ੍ਰ ੩੩.

੬. "ਲਜੈ ਮੰਢ ਇਭ ਸੁੰਭ ਬਾਹੁ."(ਭੂਪਭੂਸਣ)

੭. ਇਮਾਮੁੱਦੀਨ: ਦੇਖੋ, ਅਜ਼ੀਜ਼ੁੱਦੀਨ.

੧੨੬- ੧. ਇਰੰਡ ਖਰਬੂਜਾ: ਦੇਖੋ, ਪਪੀਤਾ.

੨. ਯਹੂਦੀ ਭਾਸ਼ਾ ਵਿੱਚ 'ਇਲੋਹਾ' ਸ਼ਬਦ ਹੈ.

੩. ਇਲਾਹੀ ਸਨ: ਦੇਖੋ, ਅਕਬਰ

ਇਲਾਹੀ ਕਲਾਮ: ਅਕਾਲੰ ਬਾਣੀ, ਕਰਤਾਰ ਦੀ ਪ੍ਰੇਰਣ ਨਾਲ ਸਤਿਗੁਰਾਂ ਦੇ ਮੁਖ ਤੋਂ ਪ੍ਰਗਟ ਹੋਈ ਬਾਣੀ। ੨. ਵੇਚ, ਬਾਈਖਲ, ਕੁਰਾਨ ਆਦਿ ਧਰਮ ਗ੍ਰੰਥ, ਜੋ ਰਿਖੀ ਪੈਗ਼ੰਬਰਾਂ ਦ੍ਵਾਰਾ ਸ਼੍ਰਧਾਵਾਨ ਲੋਕਾਂ ਨੂੰ ਪ੍ਰਾਪਤ ਹੋਏ ਹਨ.

੪. ਇਲਾਪਤਿ: ਸੰ. ਸੰਗਯਾ- ਇਲਾ (ਪ੍ਰਿਥਿਵੀ) ਦਾ ਸ੍ਵਾਮੀ. ਰਾਜਾ.

੫. ਅਤੇ ਇਲ੍ਵਲ ਭੀ ਰਿਖੀ ਦੀ ਕ੍ਰੋਧਾਗਨਿ ਨਾਲ ਭਸਮ ਹੋ ਗਿਆ. ਇਸ ਕਥਾ ਤੋਂ ਸਿੱਧ ਹੈ ਕਿ ਪੁਰਾਣੇ ਸਮੇਂ ਬਿਨਾ ਸੰਕੋਚ ਮਾਂਸ ਖਾਧਾ ਜਾਂਦਾ ਸੀ. ਦੇਖੋ, ਇਸ ਸੰਬੰਧ ਵਿੱਚ ਗੋਘਨ ਅਤੇ ਮਾਂਸ.

੬. "ਈਂ" ਦੋ ਆਲਮ ਜੁਮਲਹ ਪੁਰ ਅਜ਼ ਨੂਰੇ ਓਸਤ." (ਜ਼ਿੰਦਗੀ)

੭. ਲਾਰਡ ਕੈਨਿੰਗ Canning ਨੇ ੧. ਨਵੰਬਰ ਸਨ ੧੮੫੮ ਨੂੰ ਹਿੰਦੁਸਤਾਨ ਵਿੱਚ ਇਸ ਦਾ ਐਲਾਨ ਕੀਤਾ. ਫੇਰ ੨੮ ਅਪ੍ਰੈਲ ਸਨ ੧੮੭੬ ਨੂੰ ਮਹਾਰਾਨੀ ਨੇ ਭਾਰਤ ਦੀ Empress ਪਦਵੀ ਧਾਰਨ ਕੀਤੀ, ਜਿਸ ਦਾ ਐਲਾਨ ੧. ਜਨਵਰੀ ਸਨ ੧੮੭੭ ਨੂੰ ਲਾਰਡ ਲਿਟਨ Lytton ਨੇ ਦਿੱਲੀ ਦੇ ਸ਼ਾਹੀ ਦਰਬਾਰ ਵਿੱਚ ਕੀਤਾ. ਅਸਲੋਂ ਈਸਾ ਦਾ ਜਨਮ ੪. ਬੀ. ਸੀ. ਵਿੱਚ ਹੋਇਆ ਹੈ. ਸਨ ੨੬ ਵਿੱਚ ਇਹ ਧਰਮ ਪ੍ਰਚਾਰਕ ਬਣਿਆ ਅਤੇ ਸਨ ੨੯ ਵਿੱਚ ਸੂਲੀ ਚੜ੍ਹਾਇਆ ਗਿਆ.

੨. ਇਟਲੀ ਵਿੱਚ, ਅੱਠਵੀਂ ਸਦੀ ਤੋਂ ਇੰਗਲੈਂਡ ਵਿੱਚ, ਨੌਮੀ ਸਦੀ ਅੰਦਰ ਫ੍ਰਾਂਸ ਅਤੇ ਜਰਮਨੀ ਆਦਿ ਦੇਸਾਂ ਵਿੱਚ ਹੋਈ.

੩. ਕਈ ਦੰਭੀ ਸ੍ਵਾਰਥੀ ਹਜ਼ਰਤ ਈਸਾ ਬੋਧਕ ਇਹ ਸ਼ਬਦ ਪ੍ਰਕਰਣ ਵਿਰੁੱਧ ਵਰਤਦੇ ਹਨ.

੧੨੯- ੧. ਏਸ਼ੀਆ: Asia. ਭੂਗੋਲ ਦਾ ਇੱਕ ਵੱਡਾ ਭਾਗ, ਜੋ ਯੂਰਪ ਤੋਂ ਪੰਜ ਗੁਣਾਂ ਵੱਡਾ ਹੈ. ਇਸ ਵਿੱਚ ਪ੍ਰਧਾਨ ਦੇਸ਼-

ਭਾਰਤ (ਹਿੰਦੁਸਤਾਨ), ਚੀਨ, ਜਪਾਨ, ਬਰ੍ਹਮਾ, ਅਰਬ, ਫ਼ਰਾਸ, ਅਫ਼ਗਾਨਿਸਤਾਨ, ਬਲੋਚਿਸਤਾਨ, ਕੋਰੀਆ, ਸਿਆਮ ਰੂਸ ਅਤੇ ਤੁਰਕਿਸਤਾਨ ਆਦਿ ਹਨ.

੨. ਏਕ ਅਖਰ, ਏਕ ਅਖਰੁ: ਏਕਾਕ੍ਸ਼ਰ. ਓਅੰਕਾਰ, ਪ੍ਰਣਵ। ੨. ਅਦੁਤੀ ਬ੍ਰਹਮ. "ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ." (ਬਾਵਨ) ਦੇਖੋ, ਏਕਾਖਰ। ੩. ਸਤਜ ਉਪਦੇਸ਼ ਦਾ ਇੱਕ ਅੱਖਰ, ਉੱਤਮ ਜਿਗਜਾਸੂ ਇੱਕ ਅਕ੍ਸ਼ਰ ਤੋਂ ਹੀ ਉਪਦੇਸ਼ ਗ੍ਰਹਣ ਕਰ ਲੈਂਦਾ ਹੈ. ਇਸ ਸੰਬੰਧ ਵਿੱਚ ਦੇਖੋ, ਵ੍ਰਿਹਦਾਰਣ੍ਯਕ ਉਪਨਿਸ਼ਦ ਦਾ ਅਧ੍ਯਾਯ ੫. ਬ੍ਰਾਹਮਣ ੨. ਪ੍ਰਜਾਪਤਿ ਦੇ "ਦ" ਅਕ੍ਸ਼ਰ ਉਚਾਰਣ ਤੋਂ ਦੇਵਤਿਆਂ ਨੇ ਦਮਨ, ਮਨੁੱਖਾਂ ਨੇ ਦਾਨ ਅਤੇ ਅਸੁਰਾਂ ਨੇ ਦਯਾ ਸਮਝ ਕੇ ਜਨਮ ਸਫਲ ਕੀਤਾ.

੧੩੦- ੧. ਏਕਣ: ਕ੍ਰਿ. ਵਿ- ਇਸ ਤਰ੍ਹਾਂ. ਐਸੇ. ਇਸ ਪ੍ਰਕਾਰ. ਇਵੇਂ.

੨. ਏਕਲਿੰਗ: ਸੰ. ਸ਼ਿਵ. ਮਹਾਂਦੇਵ। ੨. ਮੇਵਾੜ ਵਿੱਚ ਇਕ ਖ਼ਾਸ ਸ਼ਿਵਲਿੰਗ ਜੋ ਮਹਾਰਾਣਾ ਉਦਯ ਪੁਰ ਦੀ ਕੁਲ ਦਾ ਪੂਜ੍ਯ ਦੇਵ ਹੈ. ਰਿਆਸਤ ਦੀ ਲਿਖਤਾਂ ਉੱਪਰ "ਏਕ ਸਿੰਗ ਦੀ ਸਹਾਯ" ਹੀ ਲਿਖਿਆ ਜਾਂਦਾ ਹੈ। ੩. ਕੁਬੇਰ. ਧਨਪਤਿ.

੩. ਏਕਾਕ੍ਸ਼ੀ: एकाक्षिन्. ਕਾਣਾ. ਦੇਖੋ, ਏਕ ਚੱਛੁ.

੪. ੩ ओं. ਓਅੰਕਾਰ. ਪ੍ਰਣਵ. "ओमित्येकाक्षरं ब्रह्म. " (ਭਗਵਤ ਗੀਤਾ ੮। ੧੩).

੫. ਏਕੁ ਅਖਰੁ: ਦੇਖੋ, ਏਕ ਅਖਰ ਅਤੇ ਏਕਾਖਰ.

ਏਕੁੰਕਾਰ: ਇੱਕ- ਏਕ ਅੱਖਰ ਅਤੇ ਓਅੰਕਾਰ. ਦੇਖੋ, ਏਕੰਕਾਰ. ਅਪ੍ਰੈਲ ੧੯੩੩ ਵਿੱਚ ਮੈਂ ਕਾਬੁਲ ਵਿੱਚ ਸਰਦਾਰ ਰਾਮ ਸਿੰਘ ਕਾਬੁਲੀ ਦੇ ਭਾਈ ਕਨ੍ਹਯਾ ਸਿੰਘ ਦੇ ਘਰ ਇੱਕ ਟੁੱਟਾ ਹੋਯਾ ਟੁਕੜਾ ਗੋਲ ਪੱਥਰ ਦਾ ਵੇਖਿਆ, ਜੋ ਸੈਦਪੁਰ ਵਾਲੀ ਚੱਕੀ ਦਾ ਦੱਸਿਆ ਜਾਂਦਾ ਹੈ. ਕਾਬੁਲ ਦੇ ਪ੍ਰਮੀ ਆਖਦੇ ਹਨ ਕਿ ਬਾਦਸ਼ਾਹ ਬਾਬਰ ਉਹ ਚੱਕੀ ਇਥੇ ਲੈ ਆਇਆ ਸੀ, ਪਰ ਮੇਰੇ ਖ਼ਯਾਲ ਵਿੱਚ ਇਹ ਚੱਕੀ ਦਾ ਪੱਥਰ ਨਹੀਂ ਹੈ.

੨. ਅਸੀਂ श- ष- स (ਸ਼- ਸ਼- ਸ) ਵੱਖ ਵੱਖ ਨਹੀਂ ਲਿਖੇ. ਕਿਉਂਕਿ ਪੰਜਾਬੀ ਵਿੱਚ ਕੇਵਲ ਦੰਤੀ ਸੱਸਾ ਹੈ. ਤੇਹਾਂ ਦੇ ਸ਼ਬਦ ਇਕੇ ਥਾਂ ਮਾਤ੍ਰਾ ਕ੍ਰਮ ਅਨੁਸਾਰ ਦਰਜ ਕੀਤੇ ਗਏ ਹਨ.

੩. ਮੂਰਧਨ੍ਯ (ਸ਼) ਦੇ ਸ਼ਬਦ ਸ੍ਟ, ਸ਼, ਸ਼੍ਰ. ਆਦਿ, ਖੋਪੇ ਵਿੱਚ ਦੇਖੋ,

੧. ਸੇ. "ਮਹਾਕਾਲ ਸਉ ਵਰ ਪਾਯੋ."(ਸਲੋਹ)

੨. ਸ਼ਿਵ, ਕਾਰਤਿਕੇਯ, ਕਸ਼੍ਯਪ, ਅਤ੍ਰਿ, ਗਰਗ, ਭ੍ਰਿਗੁ ਆਦਿਕ ਨੇ ਸ਼ਕੁਨਾਂ ਦਾ ਸ਼ੁਭ ਅਸ਼ੁਭ ਫਲ ਅਨੇਕ ਗ੍ਰੰਥਾਂ ਵਿੱਚ ਲਿਖਿਆ ਹੈ. ਸਭ ਦਾ ਸਾਰ ਲੈ ਕੇ ਵਿਜਯ ਰਾਜ ਦੇ ਪੁਤ੍ਰ ਵਸੰਤ ਰਾਜ ਨੇ ੨੦. ਅਧ੍ਯਾਯ ਦਾ ਗ੍ਰੰਥ ਵਸੰਤ ਰਾਜ ਸ਼ਕੁਨ- ਸ਼ਾਸਤ੍ਰ ਬਣਾਇਆ ਹੈ.

੩. ੪ ਹਿੰਦੂਆਂ ਤੋਂ ਛੁਟ ਹੋਰ ਮਤਾ ਦੇ ਲੋਕ ਭੀ ਮੁਰਦੇ ਜਲਾਇਆ ਕਰਦੇ ਸਨ. ਦੇਖੋ, ਬਾਈਬਲ ਵਿੱਚ Saul ਅਤੇ ਉਸ ਦੇ ਪੁਤ੍ਰਾਂ ਦਾ ਸਸਕਾਰੇ ਜਾਣਾ. ਦੇਖੋ ਪਿਤ੍ਰਿ ਮੇਧ ਅਤੇ ਮ੍ਰਿਤਕ ਸੰਸਕਾਰ.

੪. ਸਸਕਾਰਣਾ: ਕ੍ਰਿ. ਸਸਕਾਰ (ਸ਼ਵਦਾਹ) ਕਰਨਾ. ਮੁਰਦਾ ਜਲਾਉਣਾ.

੧. ੨ ਗੁਰੂ ਗੋਬਿੰਦ ਸਿੰਘ ਜੀ.

੨. ਸ਼ਸਤ੍ਰ ਨਾਮ ਮਾਲਾ ਵਿੱਚ ਸ਼ਸਨ ਕੁੰਭੇਸ਼ ਦੀ ਥਾਂ ਇਹ ਪਾਠ ਅਜਾਣ ਲਿਖਾਰੀ ਨੇ ਲਿਖ ਦਿੱਤਾ ਹੈ. ਕੁੰਭੇਸ਼ (ਹਾਥੀ) ਦੇ ਸਿਰ ਨੂੰ ਸ਼ਸਨ (ਪਾੜਨ) ਵਾਲੀ ਬਰਛੀ. ਸੈਹਥੀ. ਦੇਖੋ, ਕੁੰਭੇਸ਼.

੩. ਸ਼ਸ਼ਮਾਹੀ: ਫ਼ਾ. ਵਿ- ਛਮਾਹੀ. ਛੇ ਮਹੀਨੇ ਪੁਰ ਹੋਣ ਵਾਲਾ.

੧. ਚੰਦ੍ਰ ਚੂੜ.

੨. ਸ਼ਸਾਦ: ਸਹੇ ਨੂੰ ਖਾਣ ਵਾਲਾ. ਉਕਾਬ ਅਤੇ ਬਾਜ਼। ੨. ਰਾਜਾ ਇਕ੍ਵਾਕੁ ਦਾ ਇੱਕ ਪੁਤ੍ਰ.

੩. "ਸਭ ਹੀ ਸ਼ੁਸ਼ਕ ਹੋ ਗਈ ਵਡ ਸਸਿ." (ਗੁਪ੍ਰਸੂ)

੪. ਖੱਬਾ ਸੁਰ.

੫. ਸ਼ਸ਼ਿ ਤਿਥਿ: ਸਂ. ਸੰਗਯਾ- ਪੂਰਣਮਾਸੀ.

੬. ਸਸਿਧਰ: ਸ਼ਸ਼ਿ (ਚੰਦ੍ਰਮਾ) ਨੂੰ ਮੱਥੇ ਰੱਖਣ ਵਾਲਾ. ਸ਼ਿਵ। ੨. ਆਕਾਸ਼.

੭. ਸ਼ਸ਼ਿਧ੍ਵਜ: ਕਲਕੀ ਅਵਤਾਰ ਦਾ ਸਹੁਰਾ. ਦੇਖੋ, ਰਮਾ ੩

੮. ਸਸਿ ਪ੍ਰਿਥੀਆ ਅਤੇ ਪ੍ਰਿਥਿਆ ਸਸਿ: ਛੇਵੀਂ ਪਾਤਸ਼ਾਹੀ ਦੇ ਗੁਰ ਬਿਲਾਸ ਵਿੱਚ ਇਹ ਸ਼ਬਦ ਬਾਬਾ ਪ੍ਰਿਥੀਚੰਦ ਲਈ ਵਰਤੇ ਹਨ.

੯. ੨- ਵਿ ਚੰਦ ਜੇਹੇ ਮੁਖ ਵਾਲੀ. ਚੰਦ ਮੁਖੀ.

੧੦. ੨ ਯੋਗਮਤ ਅਨੁਸਾਰ ਚੰਦ੍ਰ ਸੁਰ ਵਿੱਚ ਸੂਰਯ ਸੁਰ

੧੧. ਹਯਦਾ ਹਜ਼ਾਰ ਸਿਜਦਾ ਬਸੂਯੇ ਤੋ ਮੇ ਕੁਨੰਦ." (ਦੀਗੋ) ਅਠਾਰਾਂ ਹਜ਼ਾਰ ਤੇਰੀ ਵੱਲ ਨਮਸਕਾਰ ਕਰਦੇ ਹਨ.

੧. ਕੌਟਲੀਯ ਅਰਥ ਸ਼ਾਸਤ੍ਰ ਅਨੁਸਾਰ ਹਜ਼ਾਰ ਰਿਖੀ ਇੰਦ੍ਰ ਦੇ ਨੇਤ੍ਰ ਰੂਪ ਮੰਤ੍ਰੀ ਸੇ. ਇਸ ਲਈ ਨਾਮ ਸਹਸ੍ਰਾਕ੍ਸ਼ ਹੈ. ਦੇਖੋ, ਅਃ ੧੫. ਅਧਿਕਰਣ ੧, ਸੂਤ੍ਰ ੬੦, ੬੧, ੬੨.

इन्द्रस्य हि मन्त्रि परिचयदृषीणां सहस्रम् । ६०। सतञ्चक्षुः । ६२। तस्मदिमं द्वयक्ष सहस्राक्षमाहुः। । ६२।

੨. ਅਤੇ ਸਾਰੇ ਸੰਸਕਾਰ ਗੁਰਬਾਣੀ ਨਾਲ ਕਰਦਾ ਹੈ. ਤਥਾ ਕੁੱਠਾ ਤੰਬਾਕੂ ਆਦਿ ਨਹੀਂ ਵਰਤਦਾ. ਦੇਖੋ, ਨਾਮ ਕਰਣ.

੩. ਜੋ ਗੁਰਾਂ ਦਾ ਮੋਤਕ੍ਰਿਚ ਤੇ ਗੁਰਬਾਣੀ ਦਾ ਨੇਮੀ ਹੈ, ਪਰ ਜਿਸ ਦਾ ਦੀਖਿਆ ਸੰਸਕਾਰ ਨਹੀਂ ਹੋਇਆ.

੪. ਸਹਜ਼ੋਰ: ਫ਼ਾ. ਵਿ- ਵੱਡਾ ਬਲੀ. ਤਾਕ਼ਤਵਰ.

੫. The average compsition of Indian honey is:-

Water 17. 70

Invert Sugar74. 98

Sucrose1. 90

Ash0. 18

Dextrin1. 51

Undetermined3. 73

੬. ਦੇਖੋ, ਮਧੁ ੨.

੧. ੨ ਹਵਾ ਭਰੀ ਚੰਮ ਦੀ ਥੈਲੀ. ਦੇਖੋ, ਸਨਾਈ.

੨. ਸੰਗਯਾ- ਉਤਸਵਾਂ ਦੇ ਸਮੇਂ ਗਾਏ ਜਾਣ ਵਾਲਾ ਇਕ ਰਾਗ, ਜੋ ਮੇਘ ਅਤੇ ਕਾਨ੍ਹੜੇ ਦੇ ਮੇਲ ਤੋਂ ਬਣਿਆ ਹੈ. ਇਹ ਕਾਫ਼ੀ ਠਾਰ

ਦਾ ਸ਼ਾੜਵ ਸੰਪੂਰਣ ਹੈ. ਆਰੋਹੀ ਵਿੱਚ ਧੈਵਤ ਵਿਵਰਜਿਤ ਹੈ. ਵਾਦੀ ਪੰਚਮ ਹੈ. ਇਸ ਦੇ ਗਾਉਣ ਦਾ ਠੀਕ ਵੇਲਾ ਰਾਤ ਦਾ ਪਹਿਲਾ ਪਹਰ ਹੈ.

੩. ੪ ਪੰਜਾਬੀ ਵਿੱਚ ਧੀਰਜ ਅਤੇ ਸਸਤਾਉਣ ਨੂੰ ਭੀ ਸਹਾਰਾ ਆਖਦੇ ਹਨ. ਜਿਵੇਂ ਕਾਹਲਾ ਨਾ ਪੈ, ਜਰਾ ਸਹਾਰਾ ਕਰ.

੧. ੪ ਰਤਨਮਾਲ (ਸੌ ਸਾਖੀ) ਅਨੁਸਾਰ ਸ਼ਹੀਦ ਇਕ ਦੇਵ ਜਾਤੀ ਹੈ, ਜੋ ਗੁਪਤ ਰੂਪ ਵਿਚਰਦੀ ਅਤੇ ਵੱਡਾ ਬਲ ਰਖਦੀ ਹੈ. ਸ਼ਹੀਦਾਂ ਦਾ ਨਾਮ ਇਸੇ ਸਾਖੀ ਵਿੱਚ ਬੇਤਾਲ ਅਤੇ ਵਿਦਜਾਧਰ ਭੀ ਦਿੱਤਾ ਹੈ.

੨. ੩ ਦੇਖੋ, ਸੁਭਟ ਸਹੇਟ। ੪. ਭਾਈ ਸੰਤੋਖ ਸਿੰਘ ਜੀ ਨੇ ਔਖੀ (ਕਠਿਨ) ਲਈ ਭੀ ਇਹ ਸ਼ਬਦ ਵਰਤਿਆ ਹੈ. "ਕੋਇ ਨ ਮੋਰਹਿ ਮਹਾ ਸਹੇਟ." (ਗੁਪ੍ਰਸੂ)

੩. ਸਹੇਟੀ: "ਜਨੁ ਸੋਹੈ ਘਨ ਘਰਾ ਸਹੇਟੀ." (ਨਾਪ੍ਰ)

੪. ੪ ਇਕ ਵੈਦਿਕ ਰਿਖੀ, ਜਿਸ ਦਾ ਪੁਤ੍ਰ ਸ਼ਾਕਟਾਯਨ ਵ੍ਯਾਕਰਣ ਦਾ ਪ੍ਰਸਿੱਧ ਆਚਾਰਯ ਹੋਇਆ ਹੈ.

੧੪੧- ੧. ਸਕਟੀ: ਸੰ. ਸੰਗ੍ਯਾ- ਗੱਡੀ. ਛਕੜੀ.

੨. ਦੇਵੀ ਭਾਗਵਤ ਦੇ ਨੌਵੇਂ ਸਕੰਧ ਦੇ ਅ: ੨. ਦੇ ਸਲੋਕ ੧੦. ਦਾ ਪਾਠ ਹੈ.

ऐश्वर्य वाचकः शश्च क्तिः पराक्रम एव च। सत्स्वरूपा तयोर्दात्री सा शक्तिः परिकीर्तिता।

੩. ਸਕਤਿ ਸਨੇਹ ਕਰਿ ਸੁੰਨਤਿ: ਦੇਖੋ, ਇਬਰਾਹੀਮ ੨.

੪. ੩ ਪੇਸ਼ਕਾਰ. ਹਜੂਰ ਨਵੀਸ.

੫. ਸਕਰਮਕ ਕ੍ਰਿਯਾ: ਉਹ ਕ੍ਰਿਯਾ, ਜਿਸ ਦਾ ਕਾਰਜ ਉਸ ਦੇ ਕਰਮ ਤੇ ਸਮਾਪਤ ਹੋਵੇ. ਜਿਵੇਂ- ਲੈਣਾ. ਮਾਰਨਾ. ਖਾਣਾ.

੬. "ਜਾਗ ਰਹਜੋ ਮਨ ਸਾਂਝ ਸਕਾਰਾ." (ਨਾਪ੍ਰ)

੭. ਸਕਾਰੇ: ਕ੍ਰਿ. ਵਿ- ਸਵੇਰੇ. ਤੜਕੇ. ਪ੍ਰਾਤਹਕਾਲ ਵਿੱਚ.

੮. ਸ਼ਕਾਲਤ: ਸ਼ਕੀਲ (ਗਨਿਸੁ) ਹੋਣ ਦਾ ਭਾਵ. ਦੇਖੋ, ਸਕੀਲ ੩. ਅਤੇ

੯. ਸ਼ਕੁਨ ਸ਼ਾਸਤ੍ਰ: ਦੇਖੋ, ਸਉਣ ਸ਼ਾਸਤ੍ਰ.

੧੦. ਸ਼ਕੂਰ: ਅ. ਵਿ- ਸੁਕਰ ਕਰਨ ਵਾਲਾ, ਧੰਨਜਵਾਦੀ। ੨. ਸੰਗ੍ਯਾ- ਕਰਤਾਰ. ਵਾਹਗੁਰੂ.

ਸਕੂਲ: ਅੰ. School. ਪਾਠਸ਼ਾਲਾ. ਮਕਤਬ.

੧੧. ੨ ਮਿਲਾਉਣਾ. "ਕਰਹੁ ਕ੍ਰਿਪਾ ਮੁਝ ਲੇਹੁ ਸਕੇਲਾ." (ਗੁਪ੍ਰਸੂ)

੧੪੨- ੧. ਸਕੋਸ਼: ਕੋਸ਼ (ਖ਼ਜ਼ਾਨੇ) ਸਹਿਤ. ਭਾਵ- ਮਹਾਧਨੀ. "ਸਮ ਉਦਾਰਕੋ ਨ੍ਰਿਪ ਨ ਸਕੋਸ਼ਾ." (ਨਾਪ੍ਰ)। ੨. ਗਿਲਾਫ. ਮਿਆਨ. ਢੱਕਣ ਸਹਿਤ.

੨. ਸਕੰਦ ਗੁਪਤ: ਦੇਖੋ, ਗੁਪਤ ੪.

੩. ਸੰਕਧਚਾਪ: ਦੇਖੋ, ਬਹਿੰਗੀ.

੪. ਸ਼ਕ੍ਰ ਸਰਾਸਨ: ਦੇਖੋ, ਇੰਦ ਧਨੁਖ.

੫. ਸਖਤਾ: ਸਖਜਤਾ. ਮਿਤ੍ਰਤਾ. "ਸੋ ਸਖਤਾ ਬਿਚਾਰ ਹੈ." (ਗੁਪ੍ਰਸੂ)

੬. ਸਖਲਿਤ: ਸੰ. स्खलित. ਵਿ- ਡਿਗਿਆ। ੨. ਕੰਬਿਆ। ੩. ਵੀਰਯ ਪਾਤ ਹੋਇਆ.

੭. ਸਖ਼ੁਨਸਨਾਸ਼, ਸਖ਼ੁਨਦਾਂ: ਫ਼ਾ. ਵਿ- ਬਾਤ ਸਮਝਣ ਵਾਲਾ. ਕਾਵਯ ਗਯਾਤਾ.

ਸਖ਼ੁਨ ਪਰਵਰ: ਫ਼ਾ. ਵਿ- ਬਚਨ ਪਾਲਨ ਵਾਲਾ.

੮. "ਅਰਪਜੋ ਧਨ ਸਗਰਾ." (ਗੁਪ੍ਰਸੂ)

੧੪੩- ੧. ਸਗੀਯਤਾ: ਸਗਾਪਨ. ਸ੍ਵਕੀਯਤਾ. "ਤੌ ਸਗੀਯਤਾ ਕਹਾਂ ਤੁਮਾਰੀ?" (ਗੁਪ੍ਰਸੂ)

੨. ਸਗੰਧ: ਵਿ- ਗੰਧ (ਬੂ) ਸਹਿਤ.

੧੪੫- ੧. ਸਜ਼ਾਯਾਫ਼ਤਾ, ਸਜ਼ਾਯਾਬ: ਫਾ. ਵਿ- ਸਜ਼ਾ (ਦੰਡ) ਜਿਸ ਨੂੰ ਹੋਇਆ ਹੈ ਕਾਨੂੰਨ ਅਨੁਸਾਰ ਜਿਸ ਨੇ ਸਜ਼ਾ ਪਾਈ ਹੈ.

੨. ਸੰਜੂਤੀ: ਸੰਯੁਕਤ ਹੋਈ. "ਨਾਨਕੀ ਸੁਮਤਿ ਸੰਜੂਤੀ." (ਨਾਪ੍ਰ)

੩. ਸੱਜਿਤ: ਵਿ- ਸਜਿਆ ਹੋਇਆ. ਸ਼ਸਤ੍ਰ ਵਸਤ੍ਰ ਸਹਿਤ.

੪. "ਕਰਜੋ ਚਾਪ ਸੰਜੀ ਕਠੋਰੰ ਕਰਾਲਾ." (ਗੁਪ੍ਰਸੂ)

੫. "ਸੰਗਤਿ ਦੇਹਿ ਸੇਵ ਮਮ ਸਟਾ." (ਗੁਪ੍ਰਸੂ) ਮੇਰੀ ਸੇਵਾ ਦਾ ਬਦਲਾ.

੬. "ਸਦਾ ਕੰਠ ਪਰ ਦੀਰਘ ਦੀਖੈ." (ਗੁਪ੍ਰਸੂ)

੭. ਇਹ ਬਰਾੜਾ ਰੇਲਵੇ ਸਟੇਸ਼ਨ ਤੋਂ ੧੩. ਮੀਲ ਨਾਹਨ ਵੱਲ ਪੱਕੀ ਸੜਕ ਤੇ ਹੈ.

੪੬- ੧. ਸ਼ਭ ਗਾਮਨੀ ਈਸਰਾਸਤ੍ਰ: ਸ਼ਤਗਾਮਿਨੀ (ਸਤਲੁਜ) ਦਾ ਸ੍ਵਾਮੀ ਵਰੁਣ, ਉਸ ਦਾ ਅਸਤ੍ਰ ਫਾਸੀ. ਪਾਸ਼. (ਸਨਾਮਾ)

੨. ਸਤ੍ਰਨਾਮ: ਸ਼੍ਰੇਸ੍ਠ ਨਾਮ. ਸਭ ਤੋਂ ਉੱਤਮ ਨਾਮ. "ਜਪ ਮਨਿ ਸਤਿਨਾਮੁ ਸਦਾ ਸਤਿਨਾਮੁ." (ਧਨਾ ਮਃ ੪)

੩. "ਰਨ ਮਾਨੋ ਸਰੋਵਰ ਆਂਧੀ ਬਹ ਟੁਟ ਫੂਲ ਪਰੇ ਸਤ ਪਤ੍ਰਨ ਕੇ." (ਕ੍ਰਿਸਨਾਵ)

੪. ੨ ਸੰ. सत्पथ. ਚੰਗਾ ਰਾਹ. ਉੱਤਮ ਮਾਰਗ। ੩. ਸਦਾਚਾਰ. ਨੇਕ ਚਾਲਚਲਨ। ੪. ਸੰਗਜਾ. ਸਿੱਖ ਪੰਥ.

੫. ਸਤਲੁਜ ਨੂੰ ਧਾਰਨ ਵਾਲੀ ਜ਼ਮੀਨ.

੧. ਸੰ. स्तर. ਸ੍ਵਰ. ਬਰ. ਤਹਿ. ਪਰਤ। ੮. ਸੇਜਾ. ਬਿਸਤਰ.

੨. ਸਤਰੰਗੀਆ: ਵਿ- ਸੱਤ ਰੰਗ ਰੱਖਣ ਵਾਲਾ। ੨. ਸੰਗਜਾ- ਸੂਰਜ. ਜੋ ਕਿਰਨਾ ਵਿੱਚ ਸੱਤ ਰੰਗ ਰਖਦਾ ਹੈ। ੩. ਕਠਫੋੜਾ ਪੰਛੀ, ਜਿਸ ਦੇ ਖੰਭ ਸਤਰੰਗੇ ਹੋਂਦੇ ਹਨ. ਦੇਖੋ, ਕਠਫੋੜਾ.

੩. ਬੰਬਈ ਹਾਤੇ ਦਾ ਇੱਕ ਸ਼ਹਰ, ਜੋ ਕਿਸੇ ਸਮੇਂ ਪਸ਼ਵਾ ਦੀ ਰਾਜਧਾਨੀ ਸੀ. ਸਤਾਰੇ ਦਾ ਕਿਲਾ ਵੱਡਾ ਮਜ਼ਬੂਤ ਅਤੇ ਮਸ਼ਹੂਰ ਸੀ. "ਗੇਰੇ ਬਿਖਮ ਸੁ ਦੁਰਗ ਸਤਾਰੇ." (ਗੁਪ੍ਰਸੂ)

੪. "ਸਾਲ ਹੇ ਸੁਗਰਿਨ ਕੋ

ਮਾਲ ਅਸੁਰਾਰਿਨ ਕੋ

ਪਾਲ ਭਕ, ਜਾਲਨ ਕੋ

ਸੁਖਦ ਰਸਾਲ ਹੈ,

ਤਾਲ ਜਨ ਹੰਸਨ ਕੋ

ਗਾਲਕ ਕੁਬੰਸਨ ਕੋ

ਭਾਲ ਹੈ ਸੁਬੰਸਨ ਕੋ

ਹੋਤ ਧਰਹਾਲ ਹੈ.

ਬਾਲ ਹੈ ਸੁਮੇਰ ਹਰਿ

ਡਾਂਕੇ ਰਛਪਾਲ ਹੈ ਸੁ.

ਸਿੰਘਨ ਕੈ ਨਾਲ ਹੈ

ਜਹਾਂ ਤਹਾਂ ਸੰਭਾਲ ਹੈ,

ਲਾਜ ਹੈ ਹਿਯੇ ਕੇ ਤਜੋਂਹੀ

ਫਾਸ ਹੈ ਕਿਯੇ ਜੋ ਚੋਟ

ਘਾਲ ਹੈ ਅਗੁਨ ਕਾਲ

ਸਤਿ ਸ੍ਰੀ ਅਕਾਲ ਹੈ."(ਬਾਵਾ ਸੁਮੇਰ ਸਿੰਘ)

੫. "ਘਰ ਮਹਿ ਘਰੁ ਦਿਖਾਇ ਦੇਇ,

ਸੋ ਸਤਿਗੁਰੁ ਪੁਰਖੁ ਸੁਜਾਣੁ.

(ਮਃ ੧. ਵਾਰ ਮਲਾ)

੧੪੯- ੧. ਸਤਿਜੁਗਿ: ਸਤਜਯੁਗ ਵਿੱਚ.

" ਸਤਿਜੁਗਿ ਤੇ ਮਾਣਿਓ."(ਸਵੈਯੇ ਮਃ ੧. ਕੇ)

੨. ਜਪ ਮੰਤ੍ਰ ਕੇਵਲ "ਸਤਿ" ਹੈ. ਨਾਮ ਸ਼ਬਦ ਇਦੰਤਾ ਬੋਧਕ ਹੈ. ਜਿਵੇਂ- ਹਰਿਨਾਮ ਰਾਮ ਨਾਮ ਆਦਿਕ ਸ਼ਬਦਾਂ ਵਿੱਚ ਦੇਖੀਦਾ ਹੈ.

੩. "ਸਤਿ" ਇਹ ਨਾਮ, ਅਥਵਾ ਸਤਜ ਹੈ ਨਾਮ.

੪. "ਜਪਿ ਮਨਿ, ਸਤਿਨਾਮੁ ਸਦਾ ਸਤਿਨਾਮੁ." (ਧਨਾ ਮਃ ੪)

੫. ਪੁਰਾਣੇ ਸਮੇਂ ਵਿੱਚ ਬਹੁਤ ਇਸਤ੍ਰੀਆਂ ਨੂੰ ਸੰਬੰਧੀ ਜਬਰਨ ਚਿਤਾ ਵਿੱਚ ਮੁਰਦੇ ਨਾਲ ਫੂਕ ਦਿੰਦੇ ਸਨ। ਤੁਜ਼ਕ ਜਹਾਂਗੀਰੀ ਵਿੱਚ ਜਿਕਰ ਹੈ ਕਿ ਰਾਜਉਰੀ ਦੇ ਕਸ਼ਮੀਰੀ ਮੁਸਲਮਾਨ ਰਾਜਪੂਤ ਜਿਉਂਦੀਆਂ ਇਸਤ੍ਰੀਆਂ ਨੂੰ ਫੜ ਕੇ ਪਤੀ ਨਾਲ ਕ਼ਬਰ ਵਿੱਚ ਦੱਬ ਦਿੰਦੇ ਸਨ.

੬. ਦੇਖੋ, Regulation XVII of 1829.

੭. ਜਿਵੇਂ- ਹਿੰਗਲਾਜ- ਤਾਲੂਆ ਡਿੱਗਣ ਦਾ ਥਾਂ, ਜਵਾਲਾ ਮਖੀ ਜੀਭ, ਵੇਦਜ ਨਾਥ- ਛਾਤੀ, ਵਿਰਜਾ ਕੇਤ੍ਰ- ਧੁੰਨੀ, ਗੰਡਕੀ. ਗਲ੍ਹਾਂ, ਨੈਣਾਂਦੇਵੀ- ਨੈਣ, ਕੁਰਖ੍ਹ- ਗਿੱਟੇ, ਸ਼੍ਰੀ ਸ਼ੇਲ ਗਰਦਨ. ਵਿਦਾ ਵਨ ਕੇਸ਼ਾਂ ਦਾ ਜੂੜਾ, ਸ਼੍ਰੀ ਪਰਵਤ ਅੱਡੀ, ਪ੍ਰਭਾਸ. ਢਿੱਡ, ਕਾਮਾਖਜਾਭਗ, ਆਦਿ ਇਨ੍ਹਾਂ ਸ਼ਕ੍ਤਿ ਪੀਠਾਂ ਅਥਵਾ ਦੇਵੀ ਪੀਠਾਂ ਦੀ ਗਿਣਤੀ ਦੇਵੀ ਗੀਤਾ ਅਨੁਸਾਰ ੭੨ ਅਤੇ ਦੇਵੀ ਭਾਗਵਤ ਅਨੁਸਾਰ ੧੦੮ ਹੈ.

੮. ਇਸਤ੍ਰੀਆਂ (ਦਾਦੀ, ਮਾਂ, ਭੈਣ, ਭਰਜਾਈ, ਵਹੁਟੀ, ਪੁਤ੍ਰੀ, ਨੂੰਹ)

੯. ੪ ਅਸਲ ਵਿਚ ਸਤੀ ਰੰਨੀ ਦਾ ਮੂਲ ਸੰਸਕ੍ਰਿਤ स्त्रणानाम्. ਹੈ. ਸਤ੍ਰੈਣ (ਇਸਤ੍ਰੀਜਿਤ) ਲੋਕਾਂ ਦੇ ਘਰੀਂ ਸਿਆਪਾ ਪਿਆ ਹੀ ਰਹਿੰਦਾ ਹੈ.

੧੦. ਸਤੋਤ੍ਰ: ਸੰ. स्तोत्र. ਉਸਤਤਿ ਦਾ ਗੀਤ, ਅਸਤੋਤ੍ਰ.

੧੧. ਸੱਤ ਆਕਾਸ ਪਤਾਲ: ਦੇਖੋ, ਚੌਦਾਂ ਲੋਕ.

੧੨. ਸੱਤ ਅੰਗ ਰਾਜਯ ਦੇ: ਦੇਖੋ, ਪ੍ਰਕ੍ਰਿਤਿ ਦੇ ਅੰਗ ੮. ਦਾ ਫੁੱਟ ਨੋਟ.

੧੩. ਸੱਤ ਚਿਰਜੀਵੀ: ਦੇਖੋ, ਚਿਰਜੀਵੀ ੨.

੧੪. ਸੱਤ ਪਾਪ: ਦੇਖੋ, ਸੱਤ ਕੁਕਰਮ.

੧੫. ਸੱਤ ਵਾਰ: ਸਤਵਾਰ ਦੇ ਸੱਤ ਦਿਨ. ਦੇਖੋ, ਵਾਰ ੨੧. "ਆਦਿਤਯ, ਸੋਮ, ਭੌਮ, ਬੁੱਧ ਹੂੰ. ਵ੍ਰਿਹਸਪਤਿ, ਸੁਕ੍ਰ, ਸ਼ਨੀਵਰ ਸਾਤੋਂ ਵਾਰ ਥਾਂਕ ਲੀਨ ਹੈ. (ਭਾਗੁਕ)

ਆਦਿਤਯ. ਐਤ. ਅੰ. Sunday ਫ਼ਾ. ਯਕਸ਼ੰਬਹ. ਅ. ਯੌਮੁਲਅਹਦ. ਸੋਮ. Monday. ਫ਼ਾ. ਦੋ ਸ਼ੰਬਹ. ਅ. ਯੌਮੁਲ ਅਸ਼ਾਨੈਨ. ਮੰਗਲ. ਭੌਮ. ਅੰ. Tuesday. ਫ਼ਾ. ਸਿਹ ਸ਼ੰਬਹ ਯੌਮਲ ਸਲਾਸ਼ਾ ਬੁੱਧ. ਅੰ. Wednesday ਫ਼ਾ- ਚਹਾਰਸ਼ੰਬਹ. ਅ. ਯੌਮੁਲ ਅਰਬ. ਵੀਰ ਵ੍ਰਿਹਸਪਤਿ. Thursday ਫ਼ਾ. ਪੰਜ ਸ਼ੰਬਹ. ਅ. ਯੌਮੁਲ ਖ਼ਮੀਸ. ਸ਼ੁਕ੍ਰ. ਅੰ. Friday ਫ਼ਾ. ਜੁਮਾ. ਅ. ਯੌਮੁਲ ਅਦੀਨਹ. ਛਨਿਛਰ. ਸ਼ਨੀਚਰ ਵਾਰ.

ਅੰ. Saturday ਫ਼ਾ. ਸ਼ੰਬਹ. ਅ. ਯੌਮੁਲ ਸਬਤ.

੬. ਭਾਈ ਸੰਤੋਖ ਸਿੰਘ ਜੀ ਨੇ ਗੁਪ੍ਰਸੂ ਦੀ ਪੰਜਵੀਂ ਰਾਸ਼ਿ ਦੇ ਪੰਦ੍ਰਵੇਂ ਅਃ ਵਿੱਚ ਸੱਤੇ ਅਤੇ ਬਲਵੰਡ ਦਾ ਦੇਹਾਂਤ ਹੋਣਾ ਲਹੌਰ ਲਿਖਿਆ ਹੈ.

੨. "सत्यं नामोऽव्ययं नित्यमविकारी तथैव च. "

(ਮਹਾ ਭਾਰਤ, ਸ਼ਾਂਤਿ ਪਰਵ, ਅਃ ੧੬੨, ਸ਼ਃ ੧੦)

੧੫੦- ੧. ਸਤ੍ਯਾ: ਸੰ. ਸੰਗ੍ਯਾ- ਸਤ੍ਯਤਾ. ਸਚਾਈ। ੨. ਦੁਰਗਾ ਦੇਵੀ। ੩. ਸੀਤਾ ੪. ਵ੍ਯਾਸ ਦੀ ਮਾਤਾ। ੫. ਕ੍ਰਿਸ਼ਨ ਜੀ ਦੀ ਰਾਣੀ ਸਤ੍ਯ ਭਾਮਾ.

ਸਤਿ੍ਯਾਗ੍ਰਹ: ਸੰ. ਸਤ੍ਯ- ਆਗ੍ਰਹ. ਸੰਗ੍ਯਾ- ਸੱਚਾ ਹਠ. ਕਿਸੇ ਸਤ੍ਯ ਨਿਯਮ ਅਨੁਸਾਰ ਕੀਤਾ ਹਠ. ਇਸ ਦੇ ਵਿਰੁੱਧ ਝੂਠੇ ਹਠ ਦਾ ਨਾਮ "ਅਪਾਂਗ੍ਰਹ" ਅਤੇ "ਮਿਥ੍ਯਾਗ੍ਰਹ" ਹੈ.

ਸਤ੍ਯਾ ਨਾਸ਼: ਸੱਤਾ ਦਾ ਨਾਸ਼, ਭਾਵ- ਪੂਰੀ ਬਰਬਾਦੀ, ਸਰਵ ਨਾਸ਼.

ਸਤ੍ਯਾਨੰਦ ਅਗਨਿ ਹੋਤ੍ਰੀ: ਦੇਖੋ, ਦੇਵ ਸਮਾਜ.

੨. ਪਿਛਲੀਆਂ ਐਡੀਸ਼ਨਾਂ ਵਿੱਚ ਬਹੁਤ ਵਾਧਾ ਘਾਟਾ ਕੀਤਾ ਗਿਆ ਹੈ.

੩. ਬੇਲ ਝਬਦੇ ਵਧਦੀ ਹੈ.

੪. ਸੱਥਰ: ਸ- ਥਿਰਾ (ਭੂਮਾਸਨ)। ੨. ਕ੍ਰਿ. ਵਿ- ਭੁੰਞੇ. ਜ਼ਮੀਨ ਤੇ.

ਸੱਥਰ ਸੌਣਾ: ਕ੍ਰਿ- ਭੁੰਞੇ ਸੌਣਾ. ਕਿਸੇ ਸੰਬੰਧੀ ਅਥਵਾ ਮਿਤ੍ਰ ਦੇ ਮਰਣ ਪੁਰ ਭਾਈਚਾਰੇ ਨਾਲ ਮਿਲ ਕੇ ਜ਼ਮੀਨ ਤੇ ਸੌਣਾ.

ਸੱਥਰ ਘੱਤਣਾ, ਸੱਥਰ ਪਾਉਣਾ: ਦੇਖੋ, ਸੱਥਰ ੨.

੧. ਜੋ ਸਰਦਾਰ ਦਸੌਂਧਾ ਸਿੰਘ ਗਿੱਲ ਦੀ ਸੁਪੁਤ੍ਰੀ ਸੀ.

੨. ਜੈ ਸਿੰਘ ਦੇ ਸੁਪੁਤ੍ਰ ਸਰਦਾਰ

੩. (ਬਟਾਲਾ, ਕਲਾਨੌਰ, ਕਾਦੀਆਂ, ਦੀਨਾ ਨਗਰ, ਮੁਕੇਰੀਆਂ) ਮਹਾਰਾਜਾ ਨੂੰ ਅਰਪਨ ਕਰ ਦਿੱਤਾ.

੪. ਸਦਾ ਬਹਾਰ: ਵਿ- ਜੋ ਸਦਾ ਫੁੱਲੇ ਫਲੇ. ਜਿਸ ਦੇ ਪੱਤ ਸ਼ਿਸ਼ਿਰ ਰੁੱਤ ਵਿੱਚ ਨਾ ਝੜਨ.

੫. ਸਦੀਨ: ਦੀਨਤਾ ਸਹਿਤ. ਸਦੈਨਜ. "ਸਦੀਨ ਮਾਥ ਟੇਕਤੇ." (ਗੁਪ੍ਰਸੂ)

੬. ਸਦੈਨ, ਸਦੈਨਜ: ਦੀਨਤਾ ਸਹਿਤ. ਨਮ੍ਰਤਾ (ਅਧੀਨਗੀ) ਨਾਲ.

੭. ਸਧਰਮੀ: सधर्मिन्. ਉਹੀ ਧਰਮ ਰੱਖਣ ਵਾਲਾ. ਹਮ- ਮਜ਼ਹਬ.

ਸਧਰਾਇਆ: ਸੱਧਰ (ਇੱਛਾ) ਵਾਨ ਹੋਇਆ. ਦੇਖੋ, ਸੱਧਰ.

੮. ਸੱਧੂਵਾਲ: ਦੇਖੋ, ਅਰਨੌਲੀ ਅਤੇ ਭਗਤੂ ਭਾਈ.

੯. ਸਨਦ ਯਾਫ਼ਤਾ: ਫ਼ਾ. ਵਿ- ਜਿਸ ਨੂੰ ਪ੍ਰਮਾਣ ਪਤ੍ਰ ਮਿਲਿਆ ਹੈ. ਜਿਸ ਪਾਸ ਸਰਟੀਫ਼ਿਕੇਟ ਪੱਟਾ ਆਦਿ ਹੈ.

੧੦. ਸੁਖੀ ਨਾਲ ਮੈਤ੍ਰੀ, ਦੁੱਖੀ ਤੇ ਕਰੁਣਾ, ਪੁਨਜਾਤਮਾ ਨਾਲ ਮੁਦਿਤਾ, ਪਾਪਾਤਮਾ ਤੋਂ ਉਪੇਕ੍ਸ਼ਾ. ਦੇਖੋ, ਯੋਗ ਦਰਸ਼ਨ, ਸਮਾਧਿਪਾਦ, ਸੂਤ੍ਰ ੩੩.

੧੧. ੪ ਲਾਹੌਰ ਨਿਵਾਸੀ ਇਕ ਸ਼ਾਹੂਕਾਰ, ਜੋ ਭਾਈ ਭਗੀਰਥ ਦੀ ਸੰਗਤਿ ਤੋਂ ਸਤਿਗੁਰੂ ਨਾਨਕ ਦੇਵ ਦਾ ਅਨੰਨ ਸਿੱਖ ਹੋਇਆ.

੧੫੩- ੧. ਸਨੌਰ: ਪਟਿਆਲੇ ਤੋਂ ਪੂਰਵ ਚਾਰ ਮੀਲ ਤੇ ਇੱਕ ਪੁਰਾਣਾ ਨਗਰ. ਬਾਬਰ ਨੇ ਇਸ ਨਾਲ ੮੪ ਪਿੰਡ ਲਾ ਕੇ ਪਰਗਣੇ ਦਾ ਹਾਕਿਮ ਮਲਿਕ ਬਹਾਉੱਦੀਨ ਖੋਖਰ ਨੂੰ ਥਾਪਿਆ ਸੀ. ਪ੍ਰਤਾਪੀ ਬਾਬਾ ਆਲਾ ਸਿੰਘ ਨੇ ਇਸ ਨੂੰ ਪਟਿਆਲੇ ਦੇ ਰਾਜ ਵਿੱਚ ਮਿਲਾਇਆ.

੨. ਸਪਤ ਆਕਾਸ਼: ਦੇਖੋ, ਚੌਦਾਂ ਲੋਕ.

ਸਪਤਈਤਿ: ਦੇਖੋ, ਈਤਿ.

੧੫੪- ੧. ਸਪਤਨਦ, ਸਪਤਨਦੀ: ਅਨੇਕ ਵਿਦ੍ਵਾਨਾਂ ਨੇ ਸੱਤ ਨਦੀਆਂ ਦੀ ਇਹ ਗਿਣਤੀ ਕੀਤੀ ਹੈ- ਸ਼ਤਦ੍ਰਵ, ਵਿਪਾਸ਼, ਏਰਾਵਤੀ, ਵਿਤਸਤਾ, ਚੰਦ੍ਰਭਾਗਾ, ਸਿੰਧੁ, ਅਤੇ ਕੁਭਾ (ਕਾਬੁਲ).

੨. ਇਨ੍ਹਾਂ ਦੀਆਂ ਯਥਾਕ੍ਰਮ ਸੱਤ ਇਸਤ੍ਰੀਆਂ ਇਹ ਹਨ- ਸੰਭੂਤਿ, ਅਨਸੂਯਾ, ਕਮਾ, ਪ੍ਰੀਤਿ, ਸੰਤਤਿ, ਅਰੁੰਧਤੀ ਅਤੇ ਲੱਜਾ.

੩. ਹਰਿਵੰਸ਼ ਅਤੇ ਮਾਰਕੰਡੇਯ ਪੁਰਾਣ ਅਨੁਸਾਰ ਹਰੇਕ ਮਨ੍ਵੰਤਰ ਦੇ ਸੱਤ ਰਿਖੀ ਵੱਖ ਵੱਖ ਹੋਇਆ ਕਰਦੇ ਹਨ.

੪. ਸਪਤਾਂਗ ਰਾਜਜ: ਦੇਖੋ, ਪ੍ਰਕ੍ਰਿਤਿ ਦੇ ਅੰਗ ੮. ਦਾ ਫੁੱਟਨੋਟ "ਸਪਤਹ" ਅੰਗ ਸਹਿਤ ਅਤਿ ਦੁਰਜਨ." (ਗੁਪ੍ਰਸੂ)

੫. "ਸਪਥ ਖਾਇ ਸੋ ਸਿੱਖ ਨ ਮੇਰਾ." (ਗੁਪ੍ਰਸੂ)

੬. ਸਪਿੰਡ: ਸੰ. सपिण्ड. ਉਹ ਸੰਬੰਧੀ ਜੋ ਸੱਤ ਪੀੜ੍ਹੀਆਂ ਤਕ ਮਿਲਦਾ ਹੈ.

੭. ਸੱਪ, ਸੱਪਣ: ਦੇਖੋ, ਸਰਪ ਅਤੇ ਸਰਪਣੀ.

੧੫੫- ੧. ਸਫ਼ੀਨਾ: ਅ. ਸਫ਼ੀਨਹ. ਸੰਗਜਾ- ਬਹੀ. ਕਿਤਾਬ। ੨. ਅਦਾਲਤੀ ਪਰਵਾਨਾ. ਸਮਨ। ੩. ਕਿਸ਼ਤੀ. ਨੌਕਾ.

ਸਫੂਫ: ਅ਼. ਸੰਗਯਾ- ਚੂਰਣ. ਫੱਕੀ। ੨. ਅਨਾਰ ਦਾਣਾ.

੩. ਈਸਾਈਆਂ ਨੇ ਛਨਿਛੱਰ ਵਾਰ ਦੀ ਥਾਂ ਐਤਵਾਰ ਨੂੰ ਵਿਸ੍ਰਾਮਦਾ ਦਿਨ (Sabbath). ਮੰਨ ਲਿਆ ਹੈ. ਪਰ ਵਿਦ੍ਵਾਨਾਂ ਨੇ ਸਿੱਧ ਕੀਤਾ ਹੈ ਕਿ ਛਨਿਛਰਵਾਰ ਹੀ ਸਥਬ ਹੈ.

No day may be substituted in its place for recognition as the Sabbath, and It is clear that the day commonly called Sunday has no claim to be regarded as the Sabbath day by any portion of mankind, for it was never sanctified or set apart by any commandment of the Creator. It is important to emphasize the truth that the Lord pronounced His blessing upon one day in particular, and that man was not allowed the option of choosing another day instead, as the day of rest, "God blessed the seventh day."

He Himself exalted it above the other six days of the seven day cycle, and He still calls upon men to loyally obey Him.

Calendar changes made in previous ages of the world's. History have never been out of harmony with God's plan for the week and its rest- day, so that seventh-day observers are in the happy position of being in harmony with our present calendar. They begin their rest on Friday at the going down of the sun, and continue the celebration of the Sabbath until sun down on Saturday. (The Oriental Watchman)

੪. ਪਾਤੰਜਲਿ ਮਹਾਭਾਸ਼ਜ ਵਿੱਚ ਅਸੀਂ ਪੜ੍ਹਦੇ ਹਾਂ-

"श्रोत्रोपलब्धिर्बुद्धिर्निग्रोह्य प्र? ेगेणभि ज्यलत: आकाश देश: शब्द:।"(ਅ: ੧)

੫. ੩ ਕਰਤਾਰ ਦਾ ਹੁਕਮ. "ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸ ਤੇ ਉਤਪਤਿ ਚਲੈ."

(ਪ੍ਰਭਾ ਮ: ੩)

੧. ਅ਼. ੨. ਰਾਹ. ਢੰਗ. ਤਰੀਕਾ। ੩. ਉਪਾਉ. ਜਤਨ.

੨. ਸਬੰਧ: ਬੰਧਨ ਸਹਿਤ. ਬੱਧਾ. "ਹੌ ਸਬੰਧ ਮਤਿਮੰਦ." (ਨਾਪ੍ਰ) ੨. ਦੇਖੋ, ਸੰਬੰਧ.

੩. ਸਭਾਗੁ: ਦੇਖੋ, ਸਭਾਗਾ। ੨. ਸਭ- ਆਗੂ. ਸਭ ਦਾ ਪੇਸ਼ਵਾ. ਆਤਮ ਗਯਾਨੀ ਸਤਿਗੁਰੁ.

੪. ਸਭਜ ਜਾਣਦਾ ਹੈ. "ਏਕੁ ਅਨੇਕਹਿ ਮਿਲਿ ਗਇਆ." ਅਤੇ ਨਟ ਦੇ ਖਿਆਲ ਵਿਚ- "ਏਕ ਸਮਾਨਾ ਏਕ."

੫. ੪ ਪੁਸ਼. ਸਖ਼ਸ. ਗੁਫਾ. ਕੰਦਰਾ.

੧. ਵੇਖਕੇ ਤੇਰੀ ਤਲਵਾਰ, ਜੋ ਸ਼ੇਰ ਦੇ ਨਹੁੰ ਜੇਹੀ ਖ਼ਮਦਾਰ ਅਤੇ ਮਾਸ (ਪਲ) ਨਾਲ ਪਲਨ ਵਾਲੀ ਹੈ. ਭਾਵ- ਮਾਸ ਖਾਦੀ ਸ਼ਮਸ਼ੇਰ। ੨. ਸਮਸ਼ੇਰ. ਸ਼ੇਰ ਦੇ ਸਮਾਨ (ਤੁਲਜ).

੨. ਹਮਅਸਰ ਜਿਵੇਂ ਗੁਰੁ ਅਮਰ ਦੇਵ ਜੀ ਬਾਦਸ਼ਾਹ ਅਕਬਰ ਦੇ ਸਮਕਾਲੀ ਸੇ.

੩. ਸਮਚਿੱਤ: ਸੰ. ਵਿ- ਜਿਸ ਦਾ ਚਿੱਤ ਸੁਖ ਦੁੱਖ, ਹਰਖ ਸੋਕ ਵਿੱਚ ਸਮਾਨ ਰਹੇ.

੪. ਸਮਧਾਪਨ: ਦੇਖੋ, ਸਮਧੀਪਨ

੫. ਸਮਾਧੀਪਨ: ਸਾਕਾਗੀਰੀ. ਰਿਸ਼ਤੇਦਾਰੀ. ਕੁੜਮਾਚਾਰੀ.

੬. ਸਮਨਾ: ਸਮ (ਤੁੱਲ) ਨਹੀਂ। ੨. ਸਮਨ (ਨਾਸ਼ ਕਰਨ ਵਾਲੀ). "ਜਾਂਕੇ ਆਨ ਸਮ ਨਾ ਵਿਘਨ ਗਨ ਸਮਨਾ." (ਨਾਪ੍ਰ)

ਸਮਨੀ: ਸੰ. ਸੰਗਜਾ- ਸਬ. ਰਾਤ. ਰਾਤ੍ਰੀ.

ਸਮਨ੍ਵਯ: ਸੰ. ਸੰਗਜਾ- ਮੇਲ. ਸੰਯੋਗ। ੨. ਵਿਰੋਧ ਦਾ ਅਭਾਵ। ੩. ਕਾਰਜ ਕਰਣ ਦਾ ਸਿਲਸਿਲਾ.

੭.੨ ਸੰਵਤ. ਵਰ੍ਹਾ। ੩. ਸੌਗੰਦ. ਕਸਮ। ੪. ਨਿਯਮ. ਨੇਮ। ੫. ਅਵਸਰ, ਮੌਕਾ। ੬. ਉਪਦੇਸ਼। ੭. ਧਰਮ।

੧. ੩ ਲੈ ਕਰਨਾ. ਪ੍ਰਲਯ ਕਰਨਾ. "ਕੋਟਿ ਮਹੇਸੁ ਉਪਾਇ ਸਮਾਏ। ਕੋਟਿ ਬ੍ਰਹਮੇ ਜਗ ਸਾਜਣਿ ਲਾਏ." (ਭੈਰ ਅਃ ਮਃ ੫) ਕ੍ਰੋੜਾਂ ਸ਼ਿਵ ਲੇ ਕਰਣ ਦੇ ਉਪਾਇ (ਯਤਨ) ਵਿੱਚ ਲਾਏ.

੨. ਸਮਾਸ਼੍ਰਯ: ਸੰ. ਸੰਗਜਾ- ਆਸਰਾ. ਸਹਾਰਾ। ੨. ਸਹਾਇਤਾ. ਮਦਦ.

੩. ਸਮਾਖਜਾ: ਸੰ. ਸੰਗਜਾ- ਕੀਰਤਿ. ਜਸ। ੨. ਸੰਗਜਾ- ਨਾਮ.

੪. "ਸਹਜ ਸਾਲਾਹੀ ਸਦਾ ਸਦਾ ਸਹਜ ਸਮਾਧਿ ਲਗਾਇ."(ਸ੍ਰੀ ਅਃ ਮਃ ੩)

੫. "ਅਬ ਲਗ ਜਹਿ" ਸਮਾਧਿ ਤਿਸ ਕੇਰੀ। ਚਲੈ ਦੇਗ ਦਿਨ ਹੋਤ ਬਡੇਰੀ." (ਗੁਪ੍ਰਸੂ)

੧੬੧- ੧. ਸਮਾਰਕ: ਸੰ. ਸ੍ਮਾਰਕ. ਵਿ- ਸ੍ਮਰਣ (ਚੇਤੇ) ਕਰਾਉਣ ਵਾਲਾ.

੨. ੩ ਸਿਮ੍ਰਿਤੀਆਂ ਦੀ ਸਿਖਜਾ ਅਨੁਸਾਰ ਚੱਲਣ ਵਾਲਾ.

੩. ੨. ਸੌਂਵਿਆ. ਸੁੱਤਾ। ੩. ਸਮਾਇਆ.

੪. ੫ ਸ੍ਮਿਤਿ. ਹਾਸੀ. ਵਿਲਾਸ. "ਸਮਿਤਿ ਹੇਤੁ ਕਾਰਨ ਕਰਨ ਤਿਤ. ਉਰ ਭੂਖ ਲਗਾਇ." (ਨਾਪ੍ਰ)

੫. ਸਮਿਲ: ਸਾਂਝਾ. ਦੇਖੋ, ਫ਼ਾ. ਸ਼ਾਮਿਲ. "ਸਮਿਲ ਨਾਮ ਇਹ ਜਾਨਹੁ ਸੋਊ." (ਨਾਪ੍ਰ) ਨਾਨਕ ਨਾਮ ਹਿੰਦੂ ਮੁਸਲਮਾਨ ਦਾ ਸਾਂਝਾ ਹੈ.

੬. ਸਮੁਦਭਵ: ਸੰ. ਸਮੁਦ੍ਭਵ. ਸੰਗਜਾ- ਉਦਭਵ. ਉਤਪੱਤਿ. ਜਨਮ। ੨. ਹੋਮ ਲਈ ਮਚਾਈ ਹੋਈ ਅੱਗ.

੧. ਮਤਸਜ ਪੁਰਾਣ ਵਿੱਚ ਲਿਖਿਆ ਹੈ ਕਿ ਚੰਦ ਚੜ੍ਹਨ ਪੁਰ ਸਮੁਦ੍ਰ ਹੁੰਦਾ (ਵਧਦਾ) ਹੈ ਅਤੇ ਚੰਦ ਦੇ ਅਸ੍ਤ ਹੋਣ ਪੁਰ ਜੋ ਸਮੁਦ੍ਰ ਹੁੰਦਾ (ਘਟਦਾ) ਹੈ, ਉਹ ਸਮੁਦ੍ਰ ਹੈ.

੨. ਸਮੁਦ੍ਰਗਾ, ਸਮੁਦ੍ਰਗਾਮਿਨੀ: ਸਮੁੰਦਰ ਵਲ ਜਾਣ ਵਾਲੀ. ਨਦੀ. ਦਰਯਾ। ੨. ਗੰਗਾ.

ਸਮੁਦ੍ਰਗੁਪਤ: ਦੇਖੋ, ਗੁਪਤ ੪.

੩. ਸਮੁੰਨਤ: ਸੰ. ਵਿ- ਉੱਚਾ. ਬੁਲੰਦ। ੨. ਉੱਨਤਿ (ਤਰੱਕੀ) ਸਹਿਤ.

੪. ਸਮੂਹਨੀ: ਸੰ. ਸੰਗਜਾ- ਸੂਹਨੀ. ਝਾੜੂ. ਬੁਹਾਰੀ.

੫. ਸਮੰਤਕ: ਦੇਖੋ, ਸਜਮੰਤਕ.

ਸਮੰਤ ਪੰਚਕ: ਦੇਖੋ, ਪਰਸ ਰਾਮ ੪.

੬. ੬ ਹਸ੍ਤ. ਹੱਥ। ੭. ਸੇਜਾ. ਬਿਸਤਰ। ੮. ਸੱਪ। ੯. ਨੀਂਦ.

੭. ਸਯਾਰਹ: ਅ਼. ਤਾਰਾ. ਨਛੱਤ੍ਰ. ਉਡੁ.

੮. ੧੭ ਅੰ. Sir. ਸਨਮਾਨ ਬੋਧਕ ਸ਼ਬਦ- ਸ੍ਰੀ ਮਾਨ. ਜਨਾਬ। ੧੮. ਦੇਖੋ, ਸਰ ਬਿਖਮ.

੯. "ਗਾਵਹਿ ਸਰਸ ਬਸੰਤ ਕਮੋਦਾ." (ਰਾਗ ਮਾਲਾ) ਅਰਥ ਗਜਾਨ ਰਹਿਤ ਪਾਠੀਏ ਸਰਸ ਅਤੇ ਸ ਰਸ ਵਿੱਚ ਭੇਦ ਨਹੀਂ ਕਰ ਸਕਦੇ.

੧. ਛੱਪਯ ਦਾ ਇੱਕ ਭੇਦ, ਜਿਸ ਵਿੱਚ ੩੬ ਗੁਰੁ ਅਤੇ ੮੦ ਲਘੁ ਹੁੰਦੇ ਹਨ.

੨. ਸਰਕਸ਼ੀ: ਫ਼ਾ- ਸੰਗਜਾ- ਸਰਕਸ਼ ਹੋਣ ਦਾ ਭਾਵ.

੩. ਸਰਕਰਨਾ: ਕ੍ਰਿ. ਫ਼ਤੇ ਕਰਨਾ. ਜਿੱਤਣਾ. ਦੇਖੋ, ਸਰ ੧੩। ੨. ਬੰਦੂਕ ਚਲਾਉਣੀ. ਫ਼ਾਯਰ ਕਰਨਾ, ਜਿਵੇਂ- ਉਸ ਨੇ ਬੰਦੂਕ ਸਰ ਕਰ ਦਿੱਤੀ.

੪. ਰਾਜਾ. ਬਾਦਸ਼ਾਹ. ਜਿਵੇਂ- ਸਰਕਾਰ ਦੀ ਸਵਾਰੀ ਆ ਰਹੀ ਹੈ. ਸਰਕਾਰ ਨੇ ਇਲਾਕੇ ਦਾ ਦੌਰਾ ਕੀਤਾ. ਆਦਿ.

੫. ਸਰਕੁਰਬਾਨੀ: ਦੇਖੋ, ਸਿਰ ਸੱਦਕ ਅਤੇ ਸਿਰਕੁਰਬਾਨੀ.

੬. "ਇਕ ਇਕ ਦਿਨ ਮੇਂ ਸਰਗ ਇਕ, ਭਯੋ ਸੁ ਛੰਦਨ ਮਾਹਿਂ." (ਬਾਲਮੀਕੀ ਰਾਮਾਯਣ ਭਾਈ ਸੰਤੋਖ ਸਿੰਘ ਕ੍ਰਿਤ)

੭. ਸਰਗਰਮ: ਫ਼ਾ. ਵਿ- ਜੋਸ਼ੀਲਾ. ਉਤਸ਼ਾਹੀ.

ਸਰਗਰਮੀ: ਫ਼ਾ. ਸੰਗਜਾ- ਜੋਸ਼. ਉਤਸ਼ਾਹ. ਉਮੰਗ.

੮. ਸਰਜਾ, ਸਰਜਾਹ: ਫ਼ਾ. ਸ਼ਿਰੋਮਣੀ ਸਥਾਨ. ਭਾਵ ਸਰਦਾਰ. ਪ੍ਰਧਾਨ. ਮੁਖੀਆ.

੧. ੩ ਸੰ. शरत्. ਵਰ੍ਹਾ. ਸਾਲ। ੪. ਸਰਦ ਰੁੱਤ. ਅੱਸੂ ਕੱਤਕ ਦੀ ਰੁੱਤ.

੨. ਸਰਦ ਚਸ਼ਮੀ: ਇੱਕ ਰਸਮ. ਰੌਣ (ਸਿਆਪੇ) ਪਿੱਛੋਂ ਅੱਖਾਂ ਠੰਢੀਆਂ ਕਰਨੀਆਂ.

ਸਰਦ ਧਾਰ: ਰਤਨਮਾਲ ਅਤੇ ਗੁਰ ਪ੍ਰਤਾਪ ਸੂਰਯ ਅਨੁਸਾਰ ਇੱਕ ਜੱਛ (ਯਕ੍ਸ਼) ਜੋ ਦਸ਼ਮੇਸ਼ ਜੀ ਦੀ ਸੇਵਾ ਵਿੱਚ ਹਾਜ਼ਿਰ ਹੋਯਾ.

੩. Sugar Melon. ਸਰਦ ਦੀ ਤਾਸੀਰ ਗਰਮ ਤਰ ਹੈ.

੪. ਸਰਦੇਸਮੁਖੀ: ਮੁਗ਼ਲ ਅਤੇ ਮਰਹੱਟਿਆਂ ਦੇ ਰਾਜ ਵਿੱਚ ਮੁਆਮਲੇ ਦਾ ਦਸਵਾਂ ਹਿੱਸਾ. ਜਿਵੇਂ ਚੌਥਦਾਰ, ਚੌਥਾ ਹਿੱਸਾ ਇਲਾਕੇ ਦੀ ਆਮਦਨ ਦਾ ਲੈ ਕੇ ਅਮਨ ਕਾਯਮ ਰੱਖਣ ਦਾ ਜਿੰਮੇਦਾਰ ਹੋਂਦਾ ਸੀ, ਤਿਵੇਂ ਸਰਦੇਸ ਮੁਖੀ ਲੈਣ ਵਾਲਾ ਭੀ ਇਲਾਕੇ ਵਿੱਚ ਅਮਨ ਕਾਯਮ ਰਖਦਾ ਸੀ.

੫. ਸਰਧਾ ਪੂਰਕ: ਦੇਖੋ, ਸ਼੍ਰੱਧਾਪੂਰਨ.

੬. ਸਰਨਾ: ਦੇਖੋ, ਸਰਣਾ। ੨. ਖਿਸਕਣਾ। ੩. ਸਰ (ਤੁਲਜ) ਨਾ. ਅਦੁਤੀ.

੭. ੪ ਪੁਰਾਣਾਂ ਅਨੁਸਾਰ ਇੱਕ ਜਾਤਿ, ਜਿਸ ਨੂੰ ਸਗਰ ਨੇ ਫਤੇ ਕੀਤਾ.

੮. ਸਰਪਿਣੀ: सर्पिणी. ਸੱਪਣ. ਸੱਪ ਦੀ ਮਾਦਾ.

੯. ਸਰਫਲੀ: ਇਹ ਸ਼ਬਦ ਸ਼ਰਫ਼ ਅਲੀ ਦੀ ਥਾਂ ਭਾਈ ਸੰਤੋਖ ਸਿੰਘ ਜੀ ਨੇ ਵਰਤਿਆ ਹੈ.

੧੬੬- ੧. ਸਰਬਦੇਸ਼ੀ, ਸਰਬ ਦ੍ਰਿਸ਼ਟਾ: ਸਰ੍ਵਦੇਸ਼ੀਯ. ਵਿ- ਸਭ ਦੇਸ਼ਾਂ ਨਾਲ ਹੈ ਜਿਸ ਦਾ ਸੰਬੰਧ. ਹਰ ਥਾਂ ਹੋਣ ਵਾਲਾ.

੨. ਸਰਬਭੂਤ: ਸੰਸਾਰ ਦੇ ਸਾਰ ਚਰਾਚਰ ਜੀਵ. "ਸਰਬ ਭਤ ਦਯਾਲ." (ਸ. ਸਹਸ ਮਃ ੫)। ੨. ਵਿ- ਸਰਵਰੂਪ. ਜੋ ਸਭ

ਕੁਝ ਹੈ. ਜਿਸ ਤੋਂ ਵੱਖ ਕੁਝ ਨਹੀਂ.

ਸਰਬਭੂਤਿ: ਸਭ ਭੂਤਾਂ (ਜੀਵਾਂ) ਅੰਦਰ. "ਸਰਬ ਭੂਤਿ ਆਪ ਵਰਤਾਰਾ." (ਸੁਖਮਨੀ)

੩. "सर्वाणि हृदयस्थानि मंगला नि शुभानि च। ददाति चेप्तिसतान् लोके तेन सा सर्वमङ्गला. "

੪. ੩ ਸੰ. ਸ਼ਵੱਰ. ਸੰਗਜਾ- ਹਨੇਰਾ. ਅੰਧਕਾਰ। ੪. ਸੰਝ. ਸੰਗਜਾ। ੫. ਕਾਮਦੇਵ। ੬. ਦੇਖੋ, ਸਰਵਰ ੬.

੫. ਸਰਬਾਜ਼: ਫ਼ਾ. ਸਿਰੋਂ ਨੰਗਾ। ੨. ਹਠੀਆ ਸਿਪਾਹੀ। ੩. ਖ਼ੁਚ ਪਸੰਦ ਆਗੂ.

੧੯੭- ੧. ਸਰਬਿਖਮ: ਸਿੱਧਾ ਅਤੇ ਟੇਢਾ, ਭਾਵ- ਆਰੋਹੀ, ਅਵਰੋਹੀ ਅਤੇ ਕੂਟ ਤਾਨ. "ਸੁਰ ਸਰ ਬਿਖਮ ਊਚ ਲਘੁ ਜਾਨਾ." (ਗੁਪ੍ਰਸੂ)

੨. ਸਰਬੰਦ: ਫ਼ਾ. ਸੰਗਜਾ- ਸਿਰ ਤੇ ਬੰਨ੍ਹਣ ਦਾ ਵਸਤ੍ਰ. ਪੱਗ. ਸਾਫ਼ਾ. ਸੰ. ਸ਼ਿਰੋਵੇਸ਼੍ਟ. ਸ਼ਿਪ੍ਰਾ.

੩. ਸ਼ਰਮਸਾਰ: ਲੱਜਾਵਾਨ ਸ਼ਰਮਾਊ। ੨. ਲੱਜਿਤ. ਸ਼ਰਮਿੰਦਾ.

੪. ਕਰਤਾਰ. ਵਾਹਗੁਰੂ। ੫. ਗੁਰੂ। ੬. ਨਜਾਯਕਾਰੀ ਰਾਜਾ.

੫. ਵਾਲਮੀਕ ਦੇ ਉੱਤਰ ਕਾਂਡ ਸਰਗ ੧੨. ਵਿੱਚ ਲੇਖ ਹੈ ਕਿ ਸਰਮਾ ਨਾਮ ਹੋਣ ਦਾ ਇਹ ਕਾਰਣ ਹੈ ਕਿ ਜਦ ਇਹ ਕਨ੍ਯਾ ਮਾਨਸਰੋਵਰ ਦੇ ਕਿਨਾਰੇ ਜੇਮੀ ਤਦ ਭਾਰੀ ਵਰਖਾ ਕਰਕੇ ਸਰੋਵਰ ਉਛਲ ਚਲਿਆ. ਇਸ ਦੀ ਮਾਤਾ ਨੇ ਰੋਕੇ ਆਖਿਆ, ਹੇ ਸਰ! ਮਾ (ਮਤ) ਵਧੋ.

੬. ਸ਼ਰਮਿਸ੍ਠਾ: ਅਸੁਰ ਰਾਜ ਵ੍ਰਿਸਪਰ੍ਵਾਂ ਦੀ ਪੁਤ੍ਰੀ, ਜੋ ਸ਼ੁਕ੍ਰ ਦੀ ਪੁਤ੍ਰੀ ਦੇਵਯਾਨੀ ਦੀ ਸਹੇਲੀ ਅਤੇ ਯਯਾਤਿ ਦੀ ਇਸਤ੍ਰੀ ਸੀ. ਇਸ ਦੇ ਪੇਟੋਂ ਦ੍ਰੁਹਯ, ਅਨੁ ਅਤੇ ਪੁਰੁ ਤਿੰਨ ਪੁਤ੍ਰ ਹੋਏ.

੭. ਸਰਵਸ੍ਵ: सर्वस्व. ਸਾਰਾ ਮਾਲਾ ਧਨ. ਦੇਖੋ, ਸਰਬਸੁ.

੮. ੨ ਸੰ. ਤਾਲ ਦਾ ਪਾਨੀ. ਤਲਾਉ ਦਾ ਜਲ। ੩. ਸੰ. ਸ਼ਰਵਨ. ਸਰਕੜੇ ਦਾ ਜੰਗਲ.

੯. ਸਰਵਰੀਆ: ਸੁਲਤਾਨ ਪੀਰ ਦਾ ਉਪਾਸਕ.

੧੦. ਪਜਾਰਾ. "ਗ਼ੈਰੇ ਆਂ ਸਰਵੇ ਰਵਾਂ ਹਰਗਿਜ਼ ਨਿਆਯਦ ਦਰ ਨਜ਼ਰ." (ਦੀਗੋ)

੧੧. ੫ ਫ਼ਾ. ਸ਼ਰਹ. ਸ਼ਰਾ. ਤੁਲਸੀ। ੬. ਵਿ- ਲਾਲਚੀ। ੭. ਬਹੁਤ ਖਾਣ ਵਾਲਾ. ਪੇਟਦਾਸੀਆ.

੧. "श्रद्धया दीयते यस्मात् श्राद्ध तेन निगअते. " (ਪੁਲਸ੍ਤ੍ਯ)

੨. ਸਿੱਖ ਧਰਮ ਵਿੱਚ ਸਰਾਧ ਬਾਬਤ ਲਿਖਿਆ ਹੈ. "ਆਇਆ ਗਇਆ ਮੁਇਆ ਨਾਉ। ਪਿਛੈ ਪਤਲਿ ਸਦਿਹੁ ਕਾਉ। ਨਾਨਕ ਮਨਮੁਖ ਅੰਧ ਪਿਆਰੁ। ਬਾਝੁ ਗੁਰੂ ਡੁਬਾ ਸੰਸਾਰੁ." (ਮਃ ੧, ਵਾਰ ਮਾਝ)

੩. "ਪਿਤਰ ਭੀ ਬਪੁਰੇ ਕਹੁ ਕਿਆ ਪਾਵਹਿ? ਕਊਆ ਕੂਕਰ ਖਾਹੀ."(ਗਉ ਕਬੀਰ)

੪. "ਗੋਯਾ ਜ਼ਿ ਚਸ਼ਮੇ ਯਾਰ ਚੂੰ ਮਖ਼ਮੂਰ ਗਸ਼ਤਹ ਏਮ। ਕੈ ਖ਼ਾਹਿਸ਼ੇ ਸ਼ਰਾਬੇ ਪੁਰ ਸ਼ਰਾਰ ਮੇ ਕੁਨੇਮ." (ਦੀਗੋ) ਦੇਖੋ, ਸੁਰਾ ਸ਼ਬਦ ਵਿੱਚ ਸ਼ਰਾਬ ਦੇ ਔਗੁਣ.

੫. ਸਰੀਂਹ ਦੇ ਫੁੱਲਾਂ ਵਿੱਚ ਸੁਗੰਧ ਹੋਇਆ ਕਰਦੀ ਹੈ. ਫੁੱਲ ਅਤੇ ਪੱਤਿਆਂ ਦਾ ਰਸ ਅੰਜਨ (ਸੁਰਮੇ) ਵਿੱਚ ਵਰਤੀਂਦਾ ਹੈ. ਇਸ ਦੀ ਲੱਕੜ ਦਾ ਕੋਹਲੂ ਚੰਗਾ ਬਣਦਾ ਹੈ.

੬. ੫ ਪੰਜਾਬੀ ਵਿੱਚ ਸਾਕ ਸਬੰਧੀ ਲਈ ਭੀ ਇਹ ਸ਼ਬਦ ਵਰਤੀਂਦਾ ਹੈ.

੭. ਸਰੀਕਨਿ: ਸਰੀਕਣਾ. "ਸਭੈ ਸਰੀਕਨਿ ਮਿਲਕਰਿ ਆਈ." (ਨਾਪ੍ਰ)

੮. ਸਰੀਤ: ਦੇਖੋ, ਸਰੀਅਤ। ੨. ਦੇਖੋ, ਸੁਰੀਤਿ. ਸਰੀਨ. ਦੇਖੋ, ਸਰੀਣ.

੯. ਸਰੀਰ ਕਲ: ਸਰੀਰ (ਦੇਹ) ਦੀ ਕਲਾ. ਚੇਤਨ ਸੱਤਾ. ਜਾਨ. "ਚਰਨ ਨ ਛਾਡਉ ਸਰੀਰ ਕਲ ਜਾਈ." (ਗਉ ਰਵਿਦਾਸ) ਭਾਵੇਂ ਜਾਨ ਚਲੀ ਜਾਵੇ. ਜੋ ਕਲ ਦਾ ਅਰਥ ਕਲ੍ਹ ਕਰਦੇ ਹਨ, ਉਹ ਰਵਿਦਾਸ ਜੀ ਦਾ ਭਾਵ ਨਹੀਂ ਸਮਝਦੇ.

੧੦. ਸਰੁਜ: ਰੁਜ (ਰੋਗ) ਸਹਿਤ. ਰੋਗੀ. ਬੀਮਾਰ.

੧੭੦- ੧. ਸ਼ਰੈਯਾ: ਸ਼ਰਈ. ਸ਼ਰਾ ਦਾ ਪਾਬੰਦ. ਦੇਖੋ, ਸ਼ਰਯੀ.

੨. ਭਾਵ- ਹਰੇਕ ਦੇ ਦਿਮਾਗ ਵਿੱਚ ਕਾਲੀ ਨੱਚ ਉੱਠੀ, ਅਰਥਾਤ ਲੜਨ ਦਾ ਖ਼ਿਆਲ ਪੈਦਾ ਹੋਇਆ।

੩. ਸਰੋਜਿਨੀ: ਸੰਗਯਾ- ਕਮਲ ਫੁੱਲਾਂ ਵਾਲੀ ਤਲਾਈ। ੨. ਕਮਲਾਂ ਦੀ ਵਾੜੀ। ੩. ਨੀਲੋਫ਼ਰ. ਭਮੂਲ.

੪. ਸਲਕੋਟ: ਦੇਖੋ, ਸਿਆਲਕੋਟ. "ਪੁਨ ਸਲਕੋਟ ਬਿਖੈ ਚਲ ਆਏ." (ਨਾਪ੍ਰ)

੫. ਸਲਮਾ: ਸੋਨੇ ਚਾਂਦੀ ਦਾ ਤਾਰ ਜੋ ਲਪੇਟ ਕੇ ਗੋਲ ਬਣਾਇਆ ਹੋਵੇ. ਇਸ ਨਾਲ ਚਾਂਦੀ ਸੋਨੇ ਦੇ ਗੋਲ ਟੁਕੜੇ (ਸਿਤਾਰੇ) ਵਸਤ੍ਰਾਂ ਤੇ ਜੜੇ ਜਾਂਦੇ ਹਨ, ਜਿਸ ਨੂੰ "ਸਲਮੇ ਸਤਾਰੇ ਦਾ ਕੰਮ" ਆਖਿਆ ਜਾਂਦਾ ਹੈ. ਦੇਖੋ, ਸਿਤਾਰਾ ੩.

੧. "ਅਪਰ ਗਿਰੇਸਰ ਬਨੇ ਸਲਾਮੀ." (ਗੁਪ੍ਰਸੂ)

੨. ਸਲਾਰੱਦੀਨ: ਇੱਕ ਵਿਦ੍ਵਾਨ ਕਾਜੀ, ਜਿਸ ਨੇ ਕਲਗੀਧਰ ਦਾ ਸਤਿਸੰਗ ਕਰਕੇ ਅਪਾਰ ਲਾਭ ਪ੍ਰਾਪਤ ਕੀਤਾ.

੩. ਸਲਿਲਪਿਤ, ਸਲਿਲੇਸ਼: ਜਲਪਤਿ. ਸਮੁੰਦਰ। ੨. ਵਰੁਣ.

੪. ੩ ਕੰਮ ਕਰਨ ਦਾ ਢੰਗ. ਵੱਲ. ਚੱਜ.

੫. ਇਸ ਉੱਪਰ ਮੁਜਰਮ ਨੂੰ ਰੱਖ ਕੇ ਸਿਰ, ਬਾਹਾਂ, ਛਾਤੀ, ਲੱਤਾਂ, ਪੈਰਾਂ ਵਿੱਚ ਮੇਖਾਂ ਠੋਕੀਆਂ ਜਾਂਦੀਆਂ ਸਨ। ੨. ਸੂਲੀ ਨੇਜੇ ਅਤੇ ਬਰਛੀ ਦੀ ਸ਼ਕਲ ਦੀ ਭੀ ਹੋਇਆ ਕਰਦੀ ਸੀ, ਜਿਸ ਤੇ ਮੁਜਰਮ ਨੂੰ ਬੈਠਾ ਕੇ ਵਿੰਨ੍ਹ ਦਿੱਤਾ ਜਾਂਦਾ ਸੀ. ਇਸ ਦਾ ਮੂਲ ਸੰਸਕ੍ਰਿਤ "ਸੂਲਾ" ਹੈ.

੬. ਸਲਜ: ਕ੍ਰਿ. ਜਰਾਹੀ. Surgery.

੭. ਸਵਤਸਾ: ਵਤਸ (ਬੱਚੇ) ਸਹਿਤ. ਬੱਚੇ ਵਾਲੀ.

੮. ਸਵਯਸ: ਸਮਾਨ ਉਮਰ ਵਾਲਾ. ਹਮ ਉਮਰ. ਹਾਣੀ.

੯. ਸਵਲ ਬ੍ਰਹਮ: ਦੇਖੋ, ਸਬਲ ਬ੍ਰਹਮ.

੧. ੪ ਸਵਾਰ ਕੇ. ਸਿੰਗਾਰ ਕੇ. "ਕਰੀ ਹੈ ਸਵਾਰੀ। ਕਰੀ ਹੈ ਸਵਾਰੀ." (ਹਰਿਦਯਾਲ) ਕਰੀ (ਹਾਥੀ) ਹਯ (ਘੋੜਾ) ਸਿੰਗਾਰ ਕੇ ਕੀਤੀ ਹੈ ਅਸਵਾਰੀ.

੨. ਸਵਾ ਸੇਰ ਦਾ ਵੱਟਾ। ੨. ਇੱਕ ਪਹਾੜਾ, ਜਿਸ ਵਿੱਚ ਇਕ ਦੋ ਤਿੰਨ ਆਦਿ ਦਾ ਸਵਾਯਾ ਗਿਣੀਦਾ ਹੈ। ੩

੧. ਪ੍ਰਤਿਕੂਲ. ਵਿਰੁੱਧ. ਉਲਟ. ੪. ਸੰਗਯਾ- ਜਨੇਊ। ੫. ਵਿਸ਼ਨੁ.

੨. ੨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਜੋ ਦੋਹਾਂ ਹੱਥਾਂ ਨਾਲ ਤੀਰ ਛਡਦੇ ਸਨ. "ਵਾਮ ਹਾਥ ਤੇ ਕਬਹੂੰ ਚਲਾਵੇਂ। ਕਬਹੂੰ ਦਾਹਿਨ ਰਿਪੁਨ ਤਕਾਵੈਂ।" (ਗੁਪ੍ਰਸੂ)

੩. ਛੀ ਅੰਗਾਂ ਦੀ ਸਹਾਇਤਾ ਤੋਂ ਪੈਦਾ ਹੋਇਆ ਸੁਰ.

੪. ਸੜ: ਦੇਖੋ, ਸੀਰਮਾ.

੫. ੪ ਸਾਥ. ਸਹਿਤ. ਸਮੇਤ. "ਗੁੜ ਸਾ ਮਖੀ ਖਾਇਆ." (ਵਡ ਮਃ ੧) ਮੱਖੀ ਸਮੇਤ ਖਾਧਾ.

੧੭੫- ੧. ਸਾਸ਼੍ਟਾਂਗ ਯੋਗ: ਦੇਖੋ, ਅਸ਼ਟਾਂਗ ਅਤੇ ਯੋਗ ੪.

ਸ਼ਾਸਤ੍ਰ: ਦੇਖੋ, ਸ਼ਾਸਤ੍ਰ ਅਤੇ ਖਡ ਸ਼ਾਸਤ੍ਰ.

੨. ਜ਼ੀਨਤ ਸਹਲ ਦੀ ਕੁੱਖੋਂ ਆਲਮਗੀਰ ੨. ਦਾ ਪੁੱਤ ੧੫. ਜੂਨ ਸਨ ੧੭੨੮ ਨੂੰ ਜੰਮਿਆ ਸੀ. ਇਹ ੨੫ ਦਿਸੰਬਰ ਸਨ ੧੭੫੯ ਨੂੰ

੩. ਲਾਰਡ ਕਲਾਈਵ ਨੂੰ ੧੨. ਅਗਸਤ

੪. ਦੇ ਨਾਉਂ ੨੪ ਲੱਖ ਰੁਪਯਾ ਸਾਲਾਨਾ ਲੈਣਾ ਕਰਕੇ

੫. ਜਨਰਲ ਸਮਿਥ ਦੀ ਕਠਪੁਤਲੀ ਬਣਿਆ ਰਿਹਾ.

੬. ੧੦ ਅਗਸਤ ਸਨ ੧੭੮੮ ਨੂੰ

੭. ਇਸ ਦੀ ਛਾਪ ਆਫ਼ਤਾਬ ਸੀ.

੮. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰ. ੪੫.

੯. ਜਹਾਂਗੀਰ ਨੇ ਆਪਣੀ ਹਕੂਮਤ ਦੇ ੧੨ਵੇਂ ਵਰ੍ਹੇ ਇਸ ਨੂੰ ਸ਼ਾਹ ਜਹਾਂ ਪਦਵੀ ਦਿੱਤੀ. ਜਨਵਰੀ ਸਨ ੧੬੨੨ ਵਿੱਚ ਜਦ ਜਹਾਂਗੀਰ ਨੇ ਨੂਰਜਹਾਂ ਨੂੰ ਪੂਰੇ ਅਖ਼ਤਯਾਰ ਦੇ ਦਿੱਤੇ ਤਦ ਇਸ ਦੀ ਬਾਪ ਨਾਲ ਅਣਬਣ ਹੋ ਗਈ ਅਤੇ ਜਹਾਂਗੀਰ ਨੇ ਇਸ ਦਾ ਨਾਉਂ "ਬੇਦੌਲਤ" ਰੱਖਿਆ.

੧੦. ਸ਼ਾਹਜਹਾਂ ਨਾਲ ਸ਼ਾਦੀ ਸਨ ੧੬੧੨ ਵਿੱਚ

੧੧. ਇਹ ਮਕਬਰਾ ਸਨ ੧੬੩੨ ਵਿੱਚ ਬਣਨਾ ਸ਼ੁਰੂ ਹੋ ਕੇ ਸਨ ੧੬੪੩ ਵਿੱਚ ਪੂਰਾ ਹੋਇਆ. ਇਸ ਦੀ ਬਲੰਦੀ ੨੪੩ ਫ਼ੁੱਟ ਹੈ ਅਤੇ ਅਹਾਤਾ ੪੨ ਏਕੜ ਹੈ.

੧. ਇਸ ਦੇ ਉਰਸ ਦਾ ਮੇਲਾ ਹਰ ਸਾਲ ੨੭ ਰੱਜਬ ਨੂੰ ਵੱਡੀ ਰੌਣਕ ਨਾਲ ਤਾਜ ਮਹੱਲ ਵਿੱਚ ਹੋਂਦਾ ਹੈ.

੨. ਪੰਜਾਬੀ ਵਿੱਚ ਇਸ ਸ਼ਬਦ ਦਾ ਉੱਚਾਰਣ ਸਜਾਦਾ ਭੀ ਹੈ. ਦੇਖੋ, ਸਜਾਦਾ ੨- ੩.

੩. ਸ਼ਾਹਤਰਾ: ਫ਼ਾ. ਦੇਖੋ, ਪਿੱਤ ਪਾਪੜਾ.

੪. "ਤਹਿੰ ਕੇ ਲੋਕ ਸਾਹਦੀ ਕਹੈਂ." (ਗੁਪ੍ਰਸੂ)

੫. ਸ਼ਾਹ ਬਲਾਵਲ. ਦੇਖੋ, ਸ਼ੇਰ ਸਿੰਘ ੨. ਦਾ ਫ਼ੁੱਟਨੋਟ.

੬. ਸ਼ਾਹ ਮਦਾਰ: ਦੇਖੋ, ਮਦਾਰੀ.

ਸ਼ਾਹ ਮੁਹੰਮਦ: ਦੇਖੋ, ਟੁੰਡਾ ਲਾਟ ਦਾ ਫ਼ੁੱਟ ਨੋਟ.

ਸਾਹਲਾਦ: ਸੰ. ਅਲ੍ਹਾਦ. ਅਨੰਦ ਸਹਿਤ.

੭. ਸ਼ਾਹਰੁਖੀ: ਇੱਕ ਪੁਰਾਣਾ ਸਿੱਕਾ, ਜੋ ਢਾਈ ਰੁਪਏ ਦੇ ਬਰੋਬਰ ਹੋਇਆ ਕਰਦਾ ਸੀ.

੮. ੪ ਸੰ. ਸਾਹਿ. ਸੰਗਜਾ- ਪ੍ਰਭੂ. ਸ੍ਵਾਮੀ. ਅਧਿਪਤੀ.

੯. ਸਾਹਿਬ ਸ਼ਾਹੂਰ. "ਕਿਧੌਂ ਪੁਰਖ ਸਾਹਿਬ ਸ਼ਾਹੂਰ." (ਗੁਪ੍ਰਸੂ)

੧੦. ਖ਼ਾਸ ਕਰਕੇ ਸ਼੍ਰੀ ਗੁਰੂ ਨਾਨਕ ਦੇਵ, ਗੁਰੂ ਅੰਗਦ ਜੀ. ਗੁਰੂ ਅਮਰ ਦਾਸ ਜੀ, ਅਤੇ ਗੁਰੂ ਰਾਮ ਦਾਸ ਸਾਹਿਬ ਦੀ ਵੰਸ਼ ਵਿੱਚ ਹੋਣ ਵਾਲਾ. ਦੇਖੋ, ਵਾਰ ਸਾਹਿਬਜ਼ਾਦੇ.

੧. ੪ ਪ੍ਰਾ. ਸਾਧੁ. "ਣਮੋ ਲੋਏ ਸੱਬ ਸਾਹੂਣੰ." (ਸਾਮਾਯਿਕ ਸੂਤ੍ਰ) ਨਮੋ ਲੋਕੈ ਸਰਵ ਸਾਧੁਭ੍ਯਃ

੨. ਸਾਗੌਨ (ਸਾਗਵਾਨ) ਦਾ ਬਿਰਛ ਅਤੇ ਇਸੇ ਬਿਰਛ ਦੇ ਨਾਮ ਤੋਂ ਪੌਰਾਣਿਕ.

੩. ੪ ਸੰਗਜਾ- ਸ਼ੰਕਰਾਚਾਰਯ ਦਾ ਲਿਖਿਆ ਵੇਦਾਂਤ ਸੂਤ੍ਰਾਂ ਤੇ ਸ਼ਾਂਕਰ ਭਾਸ਼ਯ.

੪. ੫ ਵਿ- ਪੰਜਾਬੀ ਵਿੱਚ ਮਸ਼ਕੂਰ (ਸ਼ੁਕਰ ਗੁਜ਼ਾਰ) ਅਤੇ ਸੰਤੁਸ੍ਟ ਲਈ ਭੀ ਸਾਂਕਰ ਸ਼ਬਦ ਵਰਤੀਂਦਾ ਹੈ. ਜਿਵੇਂ- ਉਹ ਆਪਣੀ ਥੋੜੀ ਆਮਦਨ ਤੇ ਭੀ ਸਾਂਕਰ ਹੈ. ਇਹ ਸ਼ਕੂਰ ਅਤੇ ਸ਼ਾਕਿਰ ਦਾ ਹੀ ਰਪਾਂਤਰ ਹੈ.

੫. ੨ ਖੰਡ. ਟੁਕੜਾ। ੩. ਹਵਨ ਦੀ ਸਾਮਗ੍ਰੀ.

੬. ੨ ਸੰ. ਸਾਕਿਨ੍ ਸ਼ਕ੍ਤਿਵਾਲਾ. ਬਲਵਾਨ.

੭. "ਚਰਣ- ਵ੍ਯੂਹ"" ਵਿੱਚ ਚਾਰ ਵੇਦਾਂ ਦੀਆਂ ਸ਼ਾਖ਼ਾਂ ਵਿਸਤਾਰ ਨਾਲ ਲਿਖੀਆਂ ਹਨ, ਜਿਨ੍ਹਾਂ ਅੰਦਰ ਸ਼ਾਕਲਜ, ਅਸ਼੍ਵਲਾਯਨ, ਮਾਧਯੰਦਿਨ, ਸ਼ੌਨਕੀਯਾ ਆਦਿ ਅਨੇਕ ਗਿਣੀਆਂ ਹਨ.

੧. ੪ ਸੰ. ਸਾਂਖ੍ਯ. ਸ਼ੰਖ ਨਾਲ ਹੈ ਜਿਸ ਦਾ ਸੰਬੰਧ. ਸ਼ੰਖ ਤੋਂ ਬਣਿਆ ਹੋਇਆ.

੨. **ਸਾਂਖ੍ਯ ਯੋਗ:** ਸਾਂਖ੍ਯ ਸ਼ਾਸਤ੍ਰ ਅਨੁਸਾਰ ਯੋਗ। ੨. ਗ੍ਯਾਨ ਯੋਗ. ਦੇਖੋ, ਭਗਵਤ ਗੀਤਾ, ਅਃ ੩. ਸ਼ਃ ੩.

੩. "ਮਾਰਤੰਡ ਸਾਗਰ ਸੁਤ ਤਾਰੇ." (ਨਾਪ੍ਰ)

੪. **ਸਾਗਰਾਂਤ ਅਵਨੀ:** ਸਮੁੰਦਰ ਦੇ ਕਿਨਾਰੇ ਤਕ ਸਾਰੀ ਜ਼ਮੀਨ.

੫. ਦਾ ਫ਼ੁੱਟ ਨੋਟ। ੨. ਉਦਯਪੁਰ ਰਾਜ ਅੰਦਰ ਦੇਵਗੜ੍ਹ ਦਾ ਰਈਸ, ਜੋ ਯੋਧਾ ਚੂੰਡਾ ਦੀ ਵੰਸ਼ ਵਿੱਚ ਫੱਤੇ ਦਾ ਚਾਚਾ ਸੀ, ਇਸ ਨੇ ਉਦਯਪੁਰ ਰਾਜ ਦੀ ਰਖ੍ਯਾ ਲਈ ਹਲਦੀ ਘਾਟ ਦੀ ਲੜਾਈ ਵਿੱਚ ਸ਼ਾਹਜ਼ਾਦਾ ਸਲੀਮ ਦਾ ਮੁਕਾਬਲਾ ਕਰਦੇ ਹੋਏ ਪ੍ਰਾਣ ਦਿੱਤੇ. ਸਾਂਗਾ ਦੀ ਔਲਾਦ ਪਾਸ ਹੁਣ ਦੋ ਲੱਖ ਦੀ ਜਾਗੀਰ ਹੈ.

੬. ੫ ਸੰ. ਸ਼ਾਚਿ. ਮਸ਼ਹੂਰ. ਪ੍ਰਖ੍ਯਾਤ.

੭. ਨਵਦੁਰਗਾ ਦਾ ਸਾਂਝਾ ਰੂਪ ਇਸਤ੍ਰੀਆਂ ਨੇ ਕਲਪ ਕੇ ਸਾਂਝੀ ਇਹ ਨਾਮ ਰੱਖਿਆ ਹੈ.

**੧੯੧- ੧. ਸਾਣਕਸ਼:** ਸਾਣ ਖਿੱਚਣ (ਭੁਆਣ) ਵਾਲਾ. ਦੇਖੋ, ਸਾਣ ੨.

**੨. ਸਾਤਕੁੰਭ:** ਸੰ. ਸੰਗਜਾ- ਕਚਨਾਰਾ ੨. ਧਤੂਰਾ। ੩. ਸੁਵਰਣ. ਸੋਨਾ. ਜੋ ਸ਼ਤਕੁੰਭ ਪਹਾੜ ਵਿਚੋਂ ਨਿਕਲਦਾ ਹੈ. "ਲੇ ਸਾਤ ਕੁੰਭ ਕੋ ਕੁੰਭ ਪਾਸ." (ਗੁਪ੍ਰਸੂ)

**੩. ਸਾਤਦੀਪ:** ਦੇਖੋ, ਸਪਤ ਦੀਪ. "ਜਿਨ੍ਹੇ ਰਥ ਚਕ੍ਰੰ ਕੀਏ ਸਾਤ ਦੀਪੰ." (ਵਿਚਿਤ੍ਰ)

**੪. ਸਾਤਮ:** ਆਤਮਾ ਸਹਿਤ। ੨. ਸਪ੍ਤਮ. ਸੱਤਵਾਂ. "ਭਯੋਂ ਪ੍ਰਭੁ ਸਾਤਮ ਰੂਪ ਧਰਜੋ." (ਗੁਪ੍ਰਸੂ)। ੩. (सारत्म्य) ਸਰੂ- ਪਤਾ. ਭਦਰੂਪਤਾ.

**੫. ਸ਼ਾਂਤਿ ਪ੍ਰਦ:** ਵਿ- ਸ਼ਾਂਤਿ ਦੇਣ ਵਾਲਾ। ੨. ਸੰਗਜਾ- ਗੁਰੂ ਨਾਨਕ ਦੇਵ. ਦੇਖੋ, ਸ਼ਾਂਤਿ.

੬. ੬ ਸੰ. शाद्. ਗਾਰਾ. ਚਿੱਕੜ। ੭. ਦੁੱਬ. ਦੂਵਾਂ.

੭. "ਕਿਤੀ ਚਖਉ ਸਾਦੜੇ."(ਮਾਰੂ ਮਃ ੧)

੧. ੫ ਕੋਈ ਵੱਡਾ ਆਦਮੀ ਜੋ ਆਪਣੀ ਜ਼ਮੀਨ ਮਕਾਨ ਆਦਿ ਵੇਚੇ, ਤਾਂ ਉਸ ਲਈ ਭੀ ਸ਼ਾਦੀ ਸ਼ਬਦ ਵਰਤਿਆ ਜਾਂਦਾ ਹੈ. ਜਿਵੇਂ- ਉਸ ਨੇ ਆਪਣੀ ਕੋਠੀ ਦੀ ਸ਼ਾਦੀ ਕਰ ਲਈ ਹੈ। ੬

੭. ਸੰ. स्तादिन्. ਘੋੜੇ ਹਾਥੀ ਰਥ ਆਦਿ ਤੇ ਚੜ੍ਹਿਆ ਹੋਯਾ.

੨. ਸਾਂਦੀ: ਮੁਆਦਾਂ ਨਾਲ, ਰਸੋਂ ਸੇ. "ਸਾਂਦੀ ਜੀਭ ਨ ਰਜੀਆ, ਕਰਿ ਭੋਗ ਬਿਲਾਸ." (ਭਾਗੁ)

੩. ਸਾਧਰੇਣੁ: ਸਾਧੂਦੀ ਚਰਣ ਰਜ. ਸੰਤਾਂ ਦੀ ਚਰਣ ਧੂੜ. "ਮਸਤਕਿ ਲਕੈ ਸਾਧ ਰੇਣੁ ਵਡ ਭਾਗ ਜਿਨ੍ਹਾਂ ਦੇ." (ਭਾਗੁ)

੪. ਸਾਧਾਰਣ ਪਾਠ: ਉਹ ਪਾਠ, ਜਿਸ ਦੀ ਸਮਾਪਤੀ ਲਈ ਦਿਨਾਂ ਦੀ ਕੋਈ ਹੱਦ ਨਹੀਂ ਅਤੇ ਜੋ ਕਿਸੇ ਖ਼ਾਸ ਨਿਮਿੱਤ ਨੂੰ ਲੈਕੇ ਨਹੀਂ ਕੀਤਾ ਗਿਆ.

੫. ਜੋ ਨੰਦ ਕੁਇਰ ਦੇ ਉਦਰ ਤੋਂ ਮੱਲੇ ਨਿਵਾਸੀ ਧਰਮੇ ਖੋਸਲੇ ਦਾ ਸੁਪੁਤ੍ਰ ਸੀ.

ਸ਼ਾਨਦਾਰ: ਵਿ- ਸ਼ੋਭਾਵਾਨ. ਸਜਾਉਣ ਵਾਲਾ. ਦੇਖੋ, ਸਾਨ ੫- ੬.

੭. "ਗਿਰਾ ਵਿਰਾਗ ਭਗਤਿ ਰਸ ਸਾਨੀ." (ਨਾਪ੍ਰ)

੮. "ਨਾਨਕ ਸਾਨੀ ਅਵਰ ਨਹੀਂ."(ਨਾਪ੍ਰ)

੯. ਸਾਨੁ: ਸੰ. ਸੰਗਜਾ- ਪਹਾੜ ਦਾ ਟਿੱਲਾ (ਸ਼ਿਖਰ)। ੨. ਬਨ. ਜੰਗਲ। ੩. ਰਾਹ ਮਾਰਗ। ੪. ਪੱਤਾ। ੫. ਸੂਰਜ। ੬. ਪੰਡਿਤ. ਵਿਦ੍ਵਾਨ.

੧੯੩- ੧. ਸ਼ਾਪਿਤ: ਸੰ. ਵਿ- ਸਰਾਫਿਆ ਹੋਇਆ. ਦੇਖੋ, ਸਾਪ ੨.

੨. ਭਵਿਸ਼ਜ ਪੁਰਾਣ ਵਿੱਚ ਲੇਖ ਹੈ ਕਿ ਸਾਂਬ ਨੇ ਆਪਣੇ ਸੁੰਦਰ ਰੂਪ ਦੇ ਹੰਕਾਰ ਵਿੱਚ ਆ ਕੇ ਇੱਕ ਵਾਰ ਦੁਰਵਾਸ਼ਾ ਰਿਖੀ ਨੂੰ ਕੁਰੂਪ ਵੇਖ ਕੇ ਮਖੌਲ ਕੀਤੇ ਜਿਸ ਪੁਰ ਰਿਖੀ ਨੇ ਇਸ ਨੂੰ ਕੋੜ੍ਹੀ ਕਰ ਦਿੱਤਾ. ਸੂਰਜ ਦੀ ਉਪਾਸਨਾ ਤੋਂ ਸਾਂਬ ਦਾ ਕੁਸ੍ਰ ਰੋਗ ਦੂਰ ਹੋਇਆ. ਦੇਖੋ, ਮੁਲਤਾਨ

ਏਸੇ ਪੁਰਾਣ ਵਿੱਚ ਇਹ ਭੀ ਲਿਖਿਆ ਹੈ ਕਿ ਇੱਕ ਸਮੇਂ ਸਾਂਬ ਆਪਣੀ ਮਾਂ ਅਤੇ ਮਤੇਈਆਂ ਨਾਲ ਸ਼ਰਾਬ ਪੀ ਕੇ ਜਲ- ਕ੍ਰੀੜਾ ਕਰ ਰਿਹਾ ਸੀ. ਕ੍ਰਿਸ਼ਨ ਜੀ ਦੀਆਂ ਰਾਣੀਆਂ ਭੀ ਸ਼ਰਾਬ ਵਿੱਚ ਮਸਤ ਸਨ. ਸੁੰਦਰ ਸਾਂਬ ਨੂੰ ਵੇਖ ਕੇ ਉਨ੍ਹਾਂ ਦਾ ਵੀਰਯ ਪਾਤ ਹੋ ਗਿਆ ਜੋ ਕਮਲ ਦੇ ਪੱਤਿਆਂ ਤੇ ਪਿਆ ਕ੍ਰਿਸ਼ਨ ਜੀ ਨੂੰ ਨਾਰਦ ਨੇ ਵਿਖਾਯਾ. ਇਸ ਪੁਰ ਕ੍ਰਿਸ਼ਨ ਜੀ ਨੇ ਰਾਣੀਆਂ ਨੂੰ ਸ੍ਰਾਪ ਦਿੱਤਾ ਕਿ ਤੁਸੀਂ ਡਾਕੂਆਂ ਦੇ ਵਸ਼ ਪਓਗੀਆਂ, ਅਰ ਸਾਂਬ ਨੂੰ ਕੁਸ੍ਰੀ ਹੋਣ ਦਾ ਸ੍ਰਾਪ ਦਿੱਤਾ.

੩. ਸਾਂਬ ਪੁਰ: ਮਲਤਾਨ ਦਾ ਪੁਰਾਣਾ ਨਾਉਂ. ਦੇਖੋ, ਮੁਲਤਾਨ.

੪. "ਸਾਬਹ ਹੋਇ ਹਲੀਮ ਪਾਪ ਗਵਾਵਹੀ." (ਭਾਗੂ)। ੨. ਸੰ. ਸ਼ਾਬਰ. ਦੁਸ੍ਰ. ਖੋਟਾ। ੩. ਸੰਗਜਾ- ਹਾਨਿ. ਨੁਕਸਾਨ। ੪. ਤਾਂਬਾ. ਤਾਮ੍ਰ.

੫. "ਮੈਲੁ ਕੀਨੋ ਸਾਬੁਨੁ ਸੂਧੁ."(ਰਾਮ ਮਃ ੫)

੬. ਸਾਮਯਿਕ: ਸੰ. ਵਿ- ਸਮੇਂ ਦੇ ਅਨੁਸਾਰ। ੨. ਵੇਲੇ ਨਾਲ ਸੰਬੰਧ ਰੱਖਣ ਵਾਲਾ.

੭. ਸ਼ਾਮਿਲਾਤ: ਫ਼ਾ. ਸੰਗਜਾ- ਹਿੱਸੇਦਾਰੀ. ਸ਼ਰਾਕਤ। ੨. ਉਹ ਜ਼ਮੀਨ ਅਥਵਾ ਕੋਈ ਚੀਜ਼ ਜੋ ਵੰਡੀ ਨਹੀਂ ਗਈ ਅਰ ਸਾਂਝੀ ਹੈ.

੮. ੩ ਸਮੁੰਦਰੀ ਲੂਣ। ੪. ਸਮੁੰਦਰ ਝੱਗ.

੧੮੫- ੧. ਸਾਯਨ: ਸੰ. ਉਹ ਦਿਨ ਜਿਸ ਵਿੱਚ ਦਿਨ ਰਾਤ ਇਕੋ ਜੇਹੇ ਹੋਣ. ੯. ਚੇਤ (੨੧ ਮਾਰਚ) ਅਤੇ ੯. ਅੱਸੂ (੨੨ ਸਿਤੰਬਰ)। ੨. ਦੇਖੋ, ਸਾਯਣ.

੨. ੫ ਅ਼. ਚੁੰਗੀ. ਜ਼ਕਾਤ ਘਰ. Octroi। ੬. ਫੁਟਕਲ. ਮੁਤਫੱਰਕ ਜਿਵੇਂ- ਸਾਯਰ ਖ਼ਰਚ.

੩. ਸਾਯੰ: ਸੰ. सायं. ਸੰਝ. ਆਥਣ. ਸ਼ਾਮ।

੪. ੨੩ ਸੰ. ਸ਼ਾਰ. ਵਿ ਚਿਤਕਬਰਾ। ਡੱਬਖੜਬਾ। ੨੪ ਸੰਗਜਾ- ਹਿੰਸਾ. ਵੱਧ। ੨੫ ਕੁਸ਼ਾ. ਦੱਭ.

੫. ੨ ਸੰ. सारक. ਜਮਾਲ ਗੋਟਾ। ੩. ਧਣੀਆਂ। ੪. ਵਿਰੇਚਕ (ਦਸਤਾਵਰ) ਦਵਾਈ.

੬. ਸਾਰਖਰਾ: ਦੇਖੋ, ਸਾਰਖਾ ੨.

੭. ਸਾਰ ਗਰਭਿਤ: ਸੰ. सारगर्भित. ਵਿ- ਜਿਸ ਦੇ ਅੰਦਰ ਸਾਰ (ਤਤ੍ਵ) ਲੁਕਿਆ ਹੋਇਆ ਹੈ. ਸਾਰ ਨਾਲ ਭਰਿਆ ਹੋਇਆ. ਜਿਵੇਂ- ਸਾਰ ਗਰਭਿਤ ਵਾਕ.

੮. ਸਾਰਜੰਟ: ਅੰ. Sergeant. ਸੰਗਜਾ- ਨਾਜ਼ਿਰ. ਜਮਾਦਾਰ. ਅਦਾਲਤ ਦਾ ਵਕੀਲ. ਕਿਸੇ ਕੰਮ ਦੀ ਦੇਖ- ਭਾਲ ਦਾ ਜ਼ਿੱਮੇਵਾਰ.

੯. ੮ ਸਾੜਨਾ ਦੀ ਥਾਂ ਭੀ ਸਾਰਣਾ ਸ਼ਬਦ ਹੈ.

੧੦. ਅਖੰਡ ਨਾਮ ਅਭ੍ਯਾਸ ਦ੍ਵਾਰਾ। ੬. ਵਾਣੀ. "ਉੱਤਰ ਹੇਤੁ ਵਖਾਣੀ ਸਾਰਦ." (ਗੁਪ੍ਰਸੂ)

੧੧. ਸਾਰਮੇਯ: ਸ੍ਰਮਾਂ ਦੀ ਔਲਾਦ. ਦੇਖੋ, ਸਰਮਾ। ੨. ਕੁੱਤਾ.

੧. ੪ ਸੰ. ਥੇਹਰ। ੫. ਦੁੱਬ. ਦੂਰਵਾ। ੬. ਕੇਲਾ। ੭. ਦੇਖੋ, ਸਾਰਅ਼.

੨. ਸਾਰਾਂਸ਼: ਸਾਰ- ਅੰਸ਼. ਤਤ੍ਵ- ਨਿਚੋੜ। ੨. ਖਲਾਸਾ। ੩. ਨਤੀਜਾ.

੩. ਸ਼ਾਰਿਅ, ਸ਼ਾਰਿਅ਼: ਅ. شارع ਵਿ- ਸ਼ਰਾ (ਧਰਮ ਮਾਰਗ) ਦੱਸਣ ਵਾਲਾ। ੨. ਸੰਗਜਾ- ਰਾਹ. ਮਾਰਗ. ਰਾਜ ਪਥ (Public road).

੪. "ਸਾਰੋ ਦਿਨ ਡੋਲਤ ਬਨ ਮਹੀਆ." (ਗੂਜ ਕਬੀਰ)

੫. ਦੇਖੋ, ਬ੍ਰਹਮ ਵੈਵਰਤ ਪੁਰਾਣ ਦਾ ਜਨਮ ਖੰਡ ਅਤੇ ਪਦਮ ਪੁਰਾਣ ਦੇ ਪਾਤਾਲ ਖੰਡ ਦਾ ਅਃ ੧੦.

੧੮੭- ੧. ਸ਼ਾਲਬਾਫ਼: ਫ਼ਾ. ਸੰਗਜਾ- ਸ਼ਾਲ (ਪਸ਼ਮੀਨੇ ਦੀ ਚਾਦਰ) ਬੁਣਨ ਵਾਲਾ. ਕਾਰੀਗਰ ਦੋਸ਼ਾਲੇ ਬੁਣਨ ਵਾਲਾ ਜੋਲਾਹਾ.

੨. ੩ ਪੰਜਾਬੀ ਵਿੱਚ ਮਾਸ਼ਾ ਅੱਲਾ, ਜਾਂ ਇਨਸ਼ਾ ਅੱਲਾ ਦਾ ਸੰਖੇਪ.

੩. ਸਾਲਾਦ: ਸੰ. ਆਲ੍ਹਾਦ ਆਨੰਦ ਸਹਿਤ. "ਪੁਨ ਖਾਵਹੁ ਪੀਵਹੁ ਸਾਲ੍ਹਾਦ." (ਗੁਪ੍ਰਸੂ)

ਸਾਲਾਨਾ: ਵਿ- ਸਾਲ ਨਾਲ ਹੈ ਜਿਸ ਦਾ ਸੰਬੰਧ. ਵਾਸ਼ਿੰਕ.

੪. ਏਸ ਦੀ ਸੇਂਜੀ ਲਈ ਨੂਰਪੁਰ ਦੇ ਨੇੜਿਓਂ ਰਾਵੀ ਵਿਚੋਂ ਹੰਸਲੀ (ਨਹਿਰ) ਲਿਆਂਦੀ ਗਈ.

੫. ਲਾਲਾ ਰਾਮ ਚੰਦ ਮਨਚੰਦਾ ਦੇ ਖ਼ਯਾਲ ਅਨੁਸਾਰ ਕਾਸ਼ਮੀਰੀ ਸ਼ਬਦ ਸ਼ਾਲਮ (ਚਾਦਰ) ਆਰ (ਜਲ) ਦੇ ਮੇਲ ਤੋਂ ਸ਼ਾਲਾਮਾਰ ਹੈ, ਅਰਥਾਤ ਪਾਣੀ ਦੀ ਚਾਦਰ. (A sheet of running water). ਇਸ ਨਾਉਂ ਦਾ ਪਹਿਲਾ ਬਾਗ਼ ਸ਼ਾਹਜਹਾਂ ਨੇ ਸਨ ੧੬੩੭ ਵਿੱਚ ਡਲ ਝੀਲ ਦੇ ਕਿਨਾਰੇ ਸ਼੍ਰੀ ਨਗਰ (ਕਸ਼ਮੀਰ) ਵਿੱਚ ਤਿਆਰ ਕਰਵਾਯਾ ਸੀ.

੬. ੨ ਸੰ. ਸ਼ਾਲਾਰ. ਹਾਥੀ ਦਾ ਨੌਂਹ। ੩. ਪੌੜੀ. ਸੀਢੀ। ੪. ਪੰਛੀ ਦਾ ਪਿੰਜਰਾ.

੩. ਸੰ. ਸ਼ਾਲੁ. ਭੇਂਹ ਕਮਲ ਦੀ ਜੜ। ੪. ਮੇਂਡਕ. ਡੱਡੂ। ੫. ਕਸੈਲਾ ਪਦਾਰਥ.

੮. ਸਾਲੇਹਾਰ: ਸਾਲੇ ਦੀ ਵਹੁਟੀ. ਸਜਾਲ ਵਧੂ.

੯. ੨ ਕੁਟੁਕ੍ਸ਼ੇਤ੍ਰ ਤੋਂ ਲੈ ਕੇ ਜੈਪੁਰ ਜੋਧਪੁਰ ਅਤੇ ਅਲਵਰ ਦਾ ਇਲਾਕਾ ਜਿਸ ਤੇ ਰਾਜਾ ਸ਼ਾਲ੍ਵ ਦੀ ਹਕੂਮਤ ਸੀ. ਇਸ਼ ਦੀ ਰਾਜਧਾਨੀ ਸ਼ਾਲ੍ਵਪੁਰ ਅਥਵਾ ਸ਼ੌਭ ਨਗਰ ਸੀ. ਇਸ ਇਲਾਕੇ ਦਾ ਨਾਮ ਮਿੱਤਕਾਵਤ ਭੀ ਮਹਾਭਾਰਤ ਵਿੱਚ ਆਇਆ ਹੈ. ਕਨਿੰਗਮ (Cunningham). ਦੀ ਖੋਜ ਅਨੁਸਾਰ ਇਹ ਨਗਰ ਵਰਤਮਾਨ ਅਲਵਰ ਦੇ ਥਾਂ ਸੀ.

੧੦. ਸਾਂਵਤਸਰ: ਸੰ. सांवत्सर. ਵਰ੍ਹੇ ਪਿੱਛੋਂ ਜੋ ਸ਼੍ਰਾਧ ਆਦਿ ਕਰਮ ਕੀਤਾ ਜਾਵੇ.

੧੧. ੩ ਸੰ. सावन. ਯਗ੍ਯ ਦੇ ਅੰਤ ਵਿੱਚ ਕੀਤਾ ਕਰਮ। ੪. ਯਜਮਾਨ। ੫. ਅੱਠ ਪਹਿਰ ਦਾ ਸਮਾਂ. ਦਿਨ ਰਾਤ। ੬. ਤੀਹ ਦਿਨਾਂ ਦਾ ਮਹੀਨਾ।

੧੨. "ਸ਼ਾਵਰ ਤੰਤ੍ਰ ਜਾਲ ਜਗ ਸਿਰਜਾ। ਅਨਮਿਲ ਅੱਖਰ ਅਰਥ ਨ ਜਾਪੁ." (ਤੁਲਸੀ)

੧੮੯- ੧. ਸਾਵੇਰੀ: ਦੇਖੋ, ਦੁਰਗਾ ੬.

੨. ਸਾੜਨਾ: ਸੰਤਾਪ ਦੇਣਾ। ੨. ਦਗਧ ਕਰਨਾ. ਜਲਾਉਣਾ। ੩. ਗਾਲਨਾ.

੩. ਸਿਉਣ: ਦੇਖੋ, ਸਿਉਣਾ। ੨. ਗੁਦਾ ਤੋਂ ਅੰਡਕੋਸ਼ਾਂ ਤਕ ਦੀ ਸੰਧਿ.

(Ink). ਹਿੰਦੁਸਤਾਨ ਵਿੱਚ ਜਦ ਲਿਖਣ ਦੀ ਵਿਦਿਆ ਪ੍ਰਚਲਿਤ ਹੋਈ, ਤਾਂ ਸਭ ਤੋਂ ਪਹਿਲਾਂ ਸਿਆਹੀ ਬਣਾਉਣ ਦੀ ਇਹ ਜੁਗਤ ਕੱਢੀ ਕਿ ਪਿਪਲ ਦੀ ਲਾਖ ਨੂੰ ਪੀਹ ਛਾਣ ਕੇ ਮਿੱਟੀ ਦੀ ਹਾਂਡੀ ਵਿੱਚ ਪਾਣੀ ਪਾ ਕੇ ਉਬਾਲਿਆ ਜਾਂਦਾ, ਉੱਬਲਦੀ ਲਾਖ ਵਿੱਚ ਸੁਹਾਗਾ ਅਤੇ ਲੋਧ ਮਿਲਾ ਕੇ ਪਾਣੀ ਇਤਨਾ ਗਾੜ੍ਹਾ ਕਰ ਲਿਆ ਜਾਂਦਾ ਕਿ ਉਸ ਦੀ ਸੁੰਦਰ ਰੇਖਾ ਕਾਠ ਅਤੇ ਪੱਤੇ ਆਦਿਕ ਤੇ ਖਿੱਚੀ ਜਾ ਸਕੇ. ਤਿਲਾਂ ਦੇ ਤੇਲ ਤੋਂ ਮਚਾਏ ਦੀਵੇ ਦੇ ਕਜਲ ਦੀ ਪੋਟਲੀ ਲਾਖ ਦੇ ਗਾੜ੍ਹੇ ਰਸ ਵਿਚ ਫੇਰ ਕੇ ਰੰਗ ਸਿਆਹ ਕਰ ਲਿਆ ਜਾਂਦਾ. ਇਸ ਸਿਆਹੀ ਨੂੰ ਸੁਕਾ ਕੇ ਡਲੀਆਂ ਬਣਾਈਆਂ ਜਾਂਦੀਆਂ. ਵਰਤਣ ਸਮੇਂ ਡਲੀ ਨੂੰ ਪਾਣੀ ਵਿੱਚ ਘੋਲ ਲੈਂਦੇ. ਇਸ ਪਿੱਛੋਂ ਹੋਰ ਕਈ ਪ੍ਰਕਾਰ ਦੀ ਸਿਆਹੀ ਬਣਨ ਲੱਗੀ. ਦੇਖੋ, ਸਿਆਹੀ ਦੀ ਬਿਧਿ.

੫. ਸਿਆਹੀ ਦਾ ਨੁਸਖ਼ਾ ਇਹ ਭੀ ਹੈ-

ਕੱਜਲ ਪੈਸਾ ਏਕ ਭਰ ਛੈ ਭਰ ਚਪੜਾ ਆਨ, ਤੀਨ ਸੁਹਾਗਾ ਤੇਲੀਆ ਡੇਢ ਲੋਧ ਪਰਮਾਨ, ਪਾਣੀ ਪੱਕਾ ਪਾਂਚ ਸੇਰ ਪਾਓ ਬੀਚ ਸੁਜਾਨ, ਕਾੜ੍ਹ ਕੜ੍ਹਾਹੀ ਛਾਣੀਏ ਸਜਾਹੀ ਪੱਕੀ ਜਾਨ.

੬. ਅਸਨ (Indian Kinotree) ਨੂੰ ਭੀ ਬਿਜੈਸਾਰ ਆਖਦੇ ਹਨ. ਪਰ ਇੱਥੇ ਭੰਗਰਾ ਅਰਥ ਹੈ.

੭. ੫੧੭ ਦੇਖ, ਸਜਾਮ। ੮। ਸਿਆਮ (Siam). ਦੇਸ਼, ਜਿਸ ਦੀ ਆਬਾਦੀ ੮, ੨੦੭, ੩੫੫ ਹੈ. ਇਸ ਦੀ ਰਾਜਧਾਨੀ ਬੈਂਕੋਕ (Bangkok). ਹੈ. ਸਿਆਮ ਦਾ ਬਾਦਸ਼ਾਹ ਇਸ ਵੇਲੇ ਪ੍ਰਜਾਧਿਪੋਕ (Prajadhipok). ਬੰਧ ਹੈ.

੮. ਰਾਤ ੧੧. ਕੋਇਲ. ਕੋਕਿਲਾ। ੧੨. ਛਾਯਾ. ਛਾਉਂ। ੧੩. ਦੇਖੋ, ਸਜਾਮਾ ੨.

੯. ਕਿਤੇ ਯ ਅਤੇ ਇਜ਼ਾਫ਼ਤ ਦੀ ਥਾਂ ਵਰਤੀ ਜਾਂਦੀ ਹੈ.

੧੯੦ ੧. ਸਿਆਲਬਾ: ਅੰਬਾਲੇ ਜ਼ਿਲੇ ਇੱਕ ਨਗਰ ਜਿੱਥੇ ਸਰਦਾਰ ਹਰੀ ਸਿੰਘ ਨੇ ਸਨ ੧੭੬੩ ਵਿੱਚ ਆਪਣੀ ਰਿਆਸਤ ਕਾਇਮ ਕੀਤੀ, ਅਰ ਰੋਪੜ ਖਿਜ਼ਰਾਬਾਦ ਅਤੇ ਕੁਰਾਲੀ ਦੇ ਪਰਗਣੇ ਸ਼ਾਮਿਲ ਕੀਤੇ.

ਹਰੀ ਸਿੰਘ ਨੇ ਆਪਣੇ ਪੁਤ੍ਰ ਚੜ੍ਹਤ ਸਿੰਘ ਨੂੰ ਰੋਪੜ ਦਾ ਇਲਾਕਾ ਅਤੇ ਦੇਵਾ ਸਿੰਘ ਨੂੰ ਸਿਆਲਬਾ ਬਖ਼ਸ਼ਿਆ. ਦੇਵਾ ਸਿੰਘ ਦੇ

ਪੁਤ੍ਰ ਨਰਾਇਣ ਸਿੰਘ ਦੀ ਸ਼ਾਦੀ ਮਹਾਰਾਜਾ ਨਰੇਂਦ੍ਰ ਸਿੰਘ ਸਾਹਿਬ ਪਟਿਆਲਾ ਪਤੀ ਦੀ ਮਝਲੀ ਸੁਪੁਤ੍ਰੀ ਨਾਲ ਹੋਈ ਸੀ.

੨. ਸ਼ਿੰਸ਼: ਸੰਗ੍ਯਾ- ਸ਼ਰੀਫ਼ਾ. ਦੇਖੋ, ਸੀਤਾ ਫਲ. ਆਸ੍ਤੀਕ ਰਿਖੀ ਦੇ ਪ੍ਰਸੰਗ ਵਿਚ ਮਹਾਭਾਰਤ ਦੇ ਆਦਿ ਪਰਵ ਦੇ ਅਃ ੫੯ ਵਿੱਚ ਪਾਠ ਆਯਾ ਹੈ. ਦੇਖੋ ਸ਼ਲੋਕ ੨੬.

੩. "ਬਿਰਛ ਸਿੰਸਪਾ ਜਬਹਿ ਨਿਹਾਰਾ." (ਗੁਪ੍ਰਸੂ)

੪. ਪਾਲਾ. ਠੰਢ. "ਸਿਸਿਰ ਵਿਸਾਲ ਪ੍ਰਾਨ ਛੁਟ ਗਾਇਊ." (ਗੁਪ੍ਰਸੂ)

੫. ਦੇਖੋ. ਮਹਾਭਾਰਤ ਵਨ ਪਰਵ ਅਃ ੩੬- ੪੫ ਅਤੇ ਭਾਗਵਤ ਦਾ ਦਸ਼ਮ ਸਕੰਧ ਅਃ ੭੪.

੬. ਸਿਹਰਨਾ: ਹਿੰ. ਕ੍ਰਿ- ਠੰਡ ਨਾਲ ਕੰਬਣਾ। ੨. ਡਰ ਨਾਲ ਕੰਬਣਾ.

੭. ੪ ਈਰਖਾ (ਹਸਦ) ਕਰਨਾ। ੫. ਲਲਚਾਉਣਾ.

੮. ਸਿਹਾਵਨ: ਦੇਖੋ, ਸਿਹਾਨਾ ਪੇ. "ਜਿਸ ਕੋ ਦੇਖਿ ਸਿਹਾਵਤ ਨੈਨ." (ਗੁਪ੍ਰਸੂ)

੯. ੩. ਫ਼ਾ. ਸ਼ਿਕਦਾਰ. ਮੁਆਮਲਾ ਉਗਰਾਹੁਣ ਵਾਲਾ. ਅਹਲਕਾਰ. Collector. । ੪. ਹਾਕਿਮ Governor.

੧੦. ਸ਼ਿਕਵਾ: ਅ. ਸੰਗ੍ਯਾ- ਸ਼ਿਕਾਯਤ. ਉਲਾਂਭਾ. ਗਿਲਾ.

੧੧. ਸ਼ਿਕਾਰਗਾਹ: ਫ਼ਾ. ਸੰਗ੍ਯਾ- ਸ਼ਿਕਾਰ (ਮਿਗ੍ਰਯਾ) ਖੇਡਣ ਦਾ ਸਥਾਨ ਉਹ ਰੱਖ, ਜਿਸ ਵਿੱਚ ਸ਼ਿਕਾਰ ਖੇਡਿਆ ਜਾਵੇ. (Hunting- place). । ੨. ਉਹ ਤਲਵਾਰ, ਅਥਵਾ ਕਟਾਰ ਜਿਸ ਪੁਰ ਸ਼ੇਰ, ਹਾਥੀ, ਮ੍ਰਿਗ, ਚਿਤ੍ਰੇ, ਕੁੱਤੇ, ਸਹੇ, ਬਾਜ਼ ਆਦਿਕਾਂ ਦੀਆਂ ਮੂਰਤਾਂ ਉਕਰੀਆਂ ਜਾਂ ਢਾਲਵੀਆਂ ਹੋਣ. ਦੇਖੋ, ਸ਼ਸਤ੍ਰ ਸ਼ਬਦ ਵਿੱਚ ਦਿੱਤੇ ਸ਼ਸਤ੍ਰਾਂ ਦੇ ਚਿਤ੍ਰ.

੧੨. ਸ਼ਿਕਾਰ ਬੰਦ: ਘੋੜੇ ਦੀ ਕਾਠੀ ਨਾਲ ਲੱਗਾ ਉਹ ਤਸਮਾ, ਜਿਸ ਨਾਲ ਸ਼ਿਕਾਰ ਕੀਤੇ ਜਾਨਵਰ ਬੱਧੇ ਜਾਂਦੇ ਹਨ.

੧੩. ਗੁਪ੍ਰਸੂ ਦੇ ਪਹਿਲੇ ਅਯਨ ਦੇ ਪੰਜਾਹਵੇਂ ਅਃ ਵਿੱਚ ਭੀ ਕਈ ਨਾਮ ਆਏ ਹਨ

"ਚਫਜੋ ਸ਼ਾਹ ਲੇ ਸੌਂਜ ਅਖੇਰੇ ਚੀਤੇ ਸ੍ਵਾਨਰੁ ਬਾਜ ਘਨੈਰੇ, ਲਗਰ ਝਗਰ ਧੁਤੀਆ ਜੁਰਰਾਨ, ਬਹਰੀ ਸਜਾਹ ਗੋਸ਼ ਸੀਚਾਨ."

੧੯੧. ੧. ਸਿੱਕ: ਦੇਖੋ, ਸਿਕਾ।੨ ਸੰ. शिक्क. ਸ਼ਿੱਕ. ਸੰਗ੍ਯਾ- ਮੋਮ. ਮਧੁਜ। ੩. ਵਿ- ਬਿਨਾ ਰੋਜ਼ਗਾਰ.

੨. ਬਾਬੇ ਬੰਦੇ (ਗੁਰਬਖ਼ਸ਼ ਸਿੰਘ) ਜੀ ਦੀ ਜੱਥੇਦਾਰੀ ਅੰਦਰ ਸਨ ੧੭੧੦ ਵਿੱਚ ਸਿੱਕਾ ਚਲਾਯਾ, ਜਿਸ ਤੇ ਨੰਬਰ (ਅ) ਵਾਲੀ ਇਬਾਰਤ ਸੀ. ਇਸੇ ਰਚਨਾ ਦੀ ਮੁਹਰ ਬਣਾਈ ਗਈ ਸੀ, ਜੋ ਹੁਕਮਨਾਮਿਆਂ ਤੇ ਲਾਈ ਜਾਂਦੀ ਸੀ.

ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜੱਥੇਦਾਰੀ ਅੱਚਰ ਕੁਝ ਸਮੇਂ ਲਈ ਸਨ ੧੭੫੮ ਵਿਚੱ ਲਹੌਰ ਤੇ ਕਬਜ਼ਾ ਕੀਤਾ ਅਤੇ ਆਪਣਾ ਸਿੱਕਾ ਚਲਾਇਆ. ਇਸ ਰੁਪਯੇ ਤੇ ਇਬਾਰਤ ਸੀ-

ਸਿੱਕਹ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ,

ਮੁਲਕ ਅਹ਼ਮਦ ਗਰਿਫ਼ਤ ਜੱਸਾ ਕਲਾਲ.

(ਅ)ਇਸ ਪਿਛੋਂ ਫੇਰ ਜਦ ਸਿੱਖਾਂ ਨੇ ਲਾਹੌਰ ਨੂੰ ਫ਼ਤੇ ਕੀਤਾ, ਤਾਂ ਸੰਮਤ ੧੮੨੨ (ਸਨ ੧੭੬੫) ਵਿੱਚ ਗੋਬਿੰਦ ਸਿੰਘੀ ਸਿੱਕਾ ਚਲਾਇਆ. ਇਸ ਸ਼ੁੱਧ ਚਾਂਦੀ ਦੇ ਰੁਪਯੇ ਦਾ ਤੋਲ ੧੭੭ ਗ੍ਰੇਨ ਸੀ. ਇਸ ਦੇ ਇੱਕ ਪਾਸੇ ਇਬਾਰਤ ਹੈ-

ਦੇਗ ਤੇਗੋ ਫ਼ਤਹ ਨੁਸਰਤ ਬੇਦਰੰਗ,

ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ.

ਦੂਜੇ ਪਾਸੇ ਜ਼ਰਬ ਦਾਰੁਲ ਸਲਤਨਤ ਲਾਹੌਰ ਸੰਕਤ ੧੮੨੨ ਇਹ ਰੁਪਯੇ ਸੰਮਤ ੧੮੨੫ ਤੋਂ ੧੮੩੪ ਤਕ ਬਣਦੇ ਰਹੇ.

(ੲ)ਸੰਮਤ ੧੮੩੫ (ਸਨ ੧੭੭੮) ਵਿੱਚ ਖ਼ਾਲਸੇ ਨੇ ਅਮ੍ਰਿਤਸਰ ਦੀ ਟਕਸਾਲ ਤੋਂ ਨਾਨਕ ਸ਼ਾਹੀ ਰੁਪਯਾ ਜਾਰੀ ਕੀਤਾ, ਇਸ ਦੇ ਇੱਕ ਪਾਸੇ ਇਬਾਰਤ ਹੈ-

ਸ਼ਾਹ ਨਾਨਕ ਸਾਹਿਬ ਫ਼ਤਹ ਸ਼੍ਰੀ ਗੁਰੂ ਗੋਬਿੰਦ ਸਿੰਘ ਫ਼ਜ਼ਲ ਸਿੱਕਾ ਜ਼ਦ.

ਦੂਜੇ ਪਾਸੇ- ਜ਼ਰਬ ਸ੍ਰੀ ਅਮ੍ਰਿਤਸਰ ਜਲੂਸ ਤਖ਼ਤ ਅਕਾਲ ਬਖ਼ਤ ਸੰਬਤ ੧੮੩੫.

(ਸ)ਸੰਮਤ ੧੮੪੩, ੪੪ ਅਤੇ ੪੬ ਦੇ ਰੁਪਯਾਂ ਤੇ ਇਬਾਰਤ ਦਾ ਕੁਝ ਭੇਦ ਹੈ, ਇਨ੍ਹਾਂ ਦੇ ਇੱਕ ਪਾਸੇ ਹੈ- ਨਾਨਕ ਤੇਗ ਫ਼ਤਹ ਗੋਬਿੰਦ ਸਿੰਘ ਫ਼ਜਲ ਸੱਦਾ ਸ਼ਾਹਾਨ ਸਿੱਕਹ ਜ਼ਦ ਬਰਹਰ ਦੋ ਆ਼ਲਮ. ਦੂਜੇ ਪਾਸੇ- ਜ਼ਾਬ ਸ੍ਰੀ ਅਮ੍ਰਿਤਸਰ ਮੌਮਨਤ ਬਖ਼ਤ ਅਕਾਲ ਤਖ਼ਤ ਸਨ ਜਲੂਸ ੧੮੪੩.

ਸੰਮਤ ੧੮੫੬ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਆਪਣਾ ਅਧਿਕਾਰ ਜਮਾਇਆ, ਪਰ ਉਸ ਨੇ ਆਪਣੇ ਸੋਨੇ ਚਾਂਦੀ ਦੇ ਸਿੱਕਿਆ ਤੇ ਉਹੀ ਇਬਾਰਤ ਰੱਖੀ, ਜੋ ਖ਼ਾਲਸੇ ਨੇ ਸੰਮਤ ੧੮੨੨ ਦੇ ਸਿੱਕੇ ਤੇ ਤਜਵੀਜ਼ ਕੀਤੀ ਸੀ. ਲਾਹੌਰ ਅਤੇ ਅਮ੍ਰਿਤਸਰ ਤੋਂ ਛੁੱਟ ਮਹਾਰਾਜਾ ਦੇ ਸਿੱਕੇ ਕਸ਼ਮੀਰ ਪੇਸ਼ਾਵਰ ਮੁਲਤਾਨ ਆਦਿਕ ਦੀ ਟਕਸਾਲਾਂ ਤੋਂ ਭੀ ਜਾਰੀ ਹੁੰਦੇ ਰਹੇ ਹਨ.

(ਹ)ਮਹਾਰਾਜਾ ਰਣਜੀਤ ਸਿੰਘ ਦੇ ਚਲਾਏ ਕਈ ਸੋਨੇ ਦੇ ਸਿੱਕਿਆਂ (ਮੁਹਰਾਂ) ਤੇ ਫ਼ਾਰਸੀ ਦੀ ਥਾਂ ਗੁਰਮੁਖੀ ਮਾਮੂਲੀ ਇਬਾਰਤ ਹੈ ਅਰ ਦੂਜੇ ਪਾਸੇ- "ਵਾਹਗੁਰੂ ਜੀ, ਵਾਹਗੁਰੂ ਜੀ"- ਪਾਠ ਹੈ.

੩. ਦੇਖੋ, ਖਟ ਅੰਗ ੪। ੫. ਤਾਲੀਮ (ਤਅਲੀਮ). Education.

੪. ਸਿਖਰਿਣੀ: ਸੰ. ਸੰਗਜਾ- ਛੋਟੀ. ਦਾਖ. ਕਿਸ਼ਮਿਸ਼। ੨. ਸਤਾਰਾਂ ਅੱਖਰਾਂ ਦਾ ਇੱਕ ਵਰਣਿਕ ਛੰਦ, ਜਿਸ ਦੇ ਛੀਵੇਂ ਅਤੇ ਗਜਾਰਵੇਂ ਅੱਖਰ ਤੇ ਵਿਸ਼੍ਰਾਮ ਹੋਂਦਾ ਹੈ ਅਥਵਾ ਪ੍ਰਤਿਚਰਣ ਯ, ਮ, ਨ, ਸ, , ਭ, ਲ, ਗ. ISS, SSS, III, IIS, SII, I, S. ਉਦਾਹਰਣ- ਗੁਰੂ ਕੋ ਸੇਵੀਏ ਪਰ ਮਨਹਿ ਪ੍ਰੀਤੀ ਨਿਯਮ ਸੇ ××

੫. ਸਤਜ ਕਰਤਾਰ ਕੀ ਉਪਾਸਨਾ ਕਰਨ ਹਾਰੋ ਪੂਜੇ ਨਹੀਂ ਮਾਯਾ ਵਿਧਿ ਵਿਸਨੁ ਮਹੇਸ਼ ਕੋ, ਉੱਦਮ ਸੇ ਲੱਛਮੀ ਕਮਾਵੈ ਆਪ ਖਾਵੈ ਭਲੈ ਔਰਨ ਖੁਲਾਵੈ ਕਰੈ ਨਿਤ ਹਿਤ ਦੇਸ਼ ਕੋ, ਵਾਦ ਵੈਰ ਈਰਖਾ ਵਿਕਾਰ ਮਨ ਲਾਵੈ ਨਾਹਿ ਪਰ ਹਿਤ ਖੇਦ ਸਹੈ ਦੇਵੈ ਨ ਕਲੇਸ਼ ਕੋ, ਸਦਾਚਾਰੀ ਸਾਹਸੀ ਸੁਹ੍ਰਿਦ ਸਤਜਵ੍ਰਤ ਧਾਰੀ, ਐਸੇ ਗੁਰੂ ਸਿੱਖ ਸਰਤਾਜ ਹੈ ਵ੍ਰਿਜੇਸ਼ ਕੋ.

੧੯੩ ੧. ਸਿੱਖਾਂ ਦੀ ਧਰਮ ਵਿੱਚ ਦ੍ਰਿੜ੍ਹਤਾ ਅਤੇ ਬਹਾਦੁਰੀ: ਦੇਖੋ, ਬੰਦਾ ਬਹਾਦੁਰ.

੨. ਕਵੀਆਂ ਦੀ ਕਲਪਨਾ ਹੈ ਕਿ ਸਿੰਹਲਦ੍ਵੀਪ (ਸੰਗਲਾ ਦੀਪ) ਵਿੱਚ ਪਦਮਿਨੀਆਂ ਇਸਤ੍ਰੀਆਂ ਹੋਂਦੀਆਂ ਹਨ.

੩. "ਸਿਗਾਂ ਰਿਖਿ ਬਕਦਾਲਭ ਭਨੈ." (ਪਾਰਸਾਵ)

੪. ਮ੍ਰਿਗਰਾਜ. ਪਸ਼ੁਪਤਿ. ਕੰਠੀਰਵ. ਪੰਚਾਨਨ. ਨਖਾਯੁਧ. ਵਿਕ੍ਰਾਂਤ. ਦ੍ਵਿਰਦਾਂਤਕ. ਸ਼ੈਲਾਟ. ਅ- ਹਿਜ਼ਬਰ.

੫. । ੮. ਛੱਪਯ ਦਾ ਇੱਕ ਭੇਦ, ਜਿਸ ਵਿੱਚ ੫੫ ਗੁਰੂ ਅਤੇ ੪੨ ਲਘੁ ਹੋਂਦੇ ਹਨ.

੬. ਸਿੰਘ ਠਵਨ: ਸ਼ੇਰ ਦੀ ਚਾਲ. ਸਿੰਘ ਜੇਹੀ ਗਤਿ. ਸਿੰਘ ਰਮਨ.

੭. "ਸਿੰਘ ਨਾਦ ਰਣ ਕੀਨੋ."(ਸਲੋਹ)

੮. ਸਿੰਘ ਰਵਨ: ਸਿੰਘ ਨਾਦ. ਸ਼ੇਰ ਜੇਹੀ ਗਰਜ. "ਗੁਰੂ ਸਿੰਘ ਰਵਨ ਸਧੀਰ." (ਗੁਪ੍ਰਸੂ)

੯. ਸਿੰਘ ਵਾਹਿਨੀ: ਦੁਰਗਾ. ਸ਼ੇਰ ਤੇ ਚੜ੍ਹਨ ਵਾਲੀ। ੨. ਸਿੰਘਾਂ ਦੀ ਫ਼ੌਜ.

੧੦. ਅਤੇ ਅਲੀ ਮੁਹੰਮਦ ਸਰਦਾਰ ਨੂੰ ਮਾਰ ਕੇ ਸ਼ਹੀਦ ਹੋਇਆ:-

"ਇਮ ਤੁਰਕ ਸੇਨਪਤਿ ਲੀਨ ਮਾਰ, ਨਹਿ ਟਰਜੋ ਆਪ ਸਿੰਘਾ ਜੁਝਾਰ,

ਹੁਇ ਖੰਡ ਖੰਡ ਮਿਲ ਗਯੋ ਖੇਤ, ਹਤ ਰਿਪੁਨ ਚਹਿਤ ਰਿਸ ਕੇ ਸਮੇਤ."(ਗੁਪ੍ਰਸੂ)

੧੯੯੫ ੧. ਸਿਵਾਣਨਾ: ਕ੍ਰਿ- ਪਛਾਣਨਾ. ਗਜਾਨ ਕਰਨਾ. ਦੇਖੋ, ਸਿਵਾਣ.

੨. ਸਿੱਟ: ਸਿੱਟਣਾ ਕ੍ਰਿਯਾ ਦਾ ਅਮਰ। ੨. ਬਰਾਤ ਦੇ ਢੁਕਾਉ ਵੇਲੇ ਲਾੜੇ ਤੋਂ ਵਾਰ ਕੇ ਸਿਟਿਆ ਪਦਾਰਥ। ੩. ਕਿਸੇ ਪਾਸ ਰੱਖਿਆ ਚੋਰੀ ਦਾ ਮਾਲ. ਜਿਵੇਂ ਉਹ ਚੋਰਾਂ ਤੋਂ ਸਿੱਟ ਲੈਂਦਾ ਹੈ।

੩. ਸਿਤਮਗਰ: ਫ਼ਾ. ਜ਼ਾਲਿਮ. ਅਨਯਾਯੀ.

੪. । ੨. ਮਹਾਭਾਰਤ ਵਿੱਚ ਬਲਰਾਮ (ਬਲਭਦ੍ਰ) ਦਾ ਨਾਮ ਸਿਤਾਸਿਤ ਹੈ. ਉਸ ਦਾ ਰੰਗ ਸਿਤ (ਗੋਰਾ) ਹੈ ਅਤੇ ਲਿਬਾਸ ਨੀਲਾ ਹੈ। ੩. ਸਿਤ ਗੰਗਾ ਅਸਿਤ ਜਮਨਾ ਦਾ ਸੰਗਮ. ਪ੍ਰਯਾਗ. "ਕਰਿ ਮੁੰਡਨ ਕੰਨ ਸਿਤਾਸਿਤ ਮੇਂ?" (ਹੰਸਰਾਮ) ਪ੍ਰਯਾਗ ਵਿੱਚ ਜਾ ਕੇ ਕੌਨ ਮੁੰਡਨ ਕਰਾਵੇ? ੪. ਕਾਲਾ ਮ੍ਰਿਗ ਜਿਸ ਦੀ ਪਿੱਠ ਕਾਲੀ ਅਤੇ ਪੇਟ ਚਿੱਟਾ ਹੈ.

੫. ਸਿਤਾਰੀਆ: ਸਤਾਰ ਵਜਾਉਣ ਵਾਲਾ। ੨. ਸਿਤਾਰਿਆਂ (ਤਾਰਿਆਂ) ਦੀ ਵਿਦਯਾ ਜਾਣਨ ਵਾਲਾ. ਦੇਖੋ, ਨਜੂਮੀ.

ਸਿਤਿ: ਸੰ. ਸ਼ਿਤਿ. ਵਿ- ਚਿੱਟਾ। ੨. ਕਾਲਾ। ੩. ਸੰਗਯਾ- ਭੋਜ ਪਤ੍ਰ ਦਾ ਬਿਰਛ.

੬. ੩ ਹਿੰ. ਸਿੰਦੋਰਾ. ਲੱਕੜ ਦੀ ਡੱਬੀ. ਜਿਸ ਵਿੱਚ ਇਸਤ੍ਰੀਆਂ ਸਿੰਦੂਰ (ਸੰਧੂਰ) ਰਖਦੀਆਂ ਹਨ. ਇਹ ਸੁਹਾਗ ਦਾ ਚਿੰਨ੍ਹ ਹੈ.

੭. ਸਿਦਰਤੁਲ ਮੁੰਤਹਾ: ਦੇਖੋ, ਸੁਰਤਰੁ.

੧. ਸਿਧ ਮਨੁਖ ਦੇਵ ਅਰੁ ਦਾਨਵ." (ਸਵੈਯੇ ਸ੍ਰੀ ਮੁਖਵਾਕ ਮਃ ੫)

੨. ਸਿਧਾਸੀ: ਜਾਵੇਗਾ. ਰਵਾਨਾ ਹੋਵੇਗਾ. ਦੇਖੋ, ਸਿਧਾਉਣਾ.

੩. "ਕਾਰਜ ਸਿਧਿ ਨ ਹੋਵਨੀ." (ਮਃ ੩. ਵਾਰ ਬਿਲਾ)

੪. । ੮. ਦੇਵੀ. ਦੁਰਗਾ। ੯. ਦੌਲਤ. ਸੰਪਦਾ। ੧੦. ਦਕ੍ਸ਼ ਦੀ ਪੁਤ੍ਰੀ ਜੋ ਧਰਮ ਦੀ ਇਸਤ੍ਰੀ ਸੀ। ੧੧. ਭੰਗ. ਵਿਜਿਯਾ। ੧੨. ਪਾਦੁਕਾ. ਖੜਾਉਂ.

੫. ੨ ਹੁਤਾਸਨ (ਅੱਗ) ਦਾ ਸਮੁੰਦਰ. ਅਗਨਿ ਸਾਗਰ.

੬. ਸਿੰਧੁ ਕਨਯਾ: ਦੇਖੋ, ਸਿੰਧੁ ਸੁਤਾ.

ਸਿੰਧੁ ਗਾਮਿਨੀ: ਨਦੀ, ਜੋ ਸਮੁੰਦਰ ਨੂੰ ਜਾ ਮਿਲਦੀ ਹੈ.

ਸਿੰਧੁ ਛੇਤ੍ਰ: ਸਾਰੇ ਛੇਤ੍ਰ (ਤੀਰਥਾਂ) ਦਾ ਸਮੁੰਦਰ. ਅਮ੍ਰਿਤਸਰ. "ਸਿੰਧੁ ਛੇਤ੍ਰ ਕੋ ਮਾਨ ਸੁ ਦੈ ਹੈਂ." (ਗੁਪ੍ਰਗੁ)। ੨. ਗੰਗਾਸਾਗਰ ਤੀਰਥ.

੭. ਸਿੱਧਾ: ਵਿ- ਜਲ ਵਿੱਗ ਬਿਨਾ। ੨. ਸੰਮੁਖ। ੩. ਛਲ ਕਪਟ ਬਿਨਾ। ੪. ਸੰ. ਸਿਦ੍ਧਾ. ਸੰਗਯਾ- ਸਿੱਧ ਦੇਵਤਾ ਦੀ ਇਸਤ੍ਰੀ। ੫. ਯੋਗਿਨੀ.

੧. ੪. ਸਿੱਧਾ ਦੇ ਆਸ਼ਰਮ. "ਸਿੰਧਾਸਨ ਸਭ ਜਗਤ ਦੇ." (ਭਾਗੁ)

੨. । ੨. ਮਹਾਦੇਵ. ਸ਼ਿਵ। ੩. ਬਾਬਾ ਸ੍ਰੀ ਚੰਦ ਜੀ.

੩. ਸਿੱਧੋਦਕ: ਸਿੱਧ ਉਦਕ. ਗੁਰਬਾਣੀ ਪੜ੍ਹ ਕੇ ਪੰਜ ਸਿੰਘਾਂ ਦਾ ਵਿਧਿ ਸਹਿਤ ਤਿਆਗ ਕੀਤਾ ਅਮ੍ਰਿਤ.

੪. ੨ ਵਿ- ਤੀਜੇ ਪਹਿਰ ਦਾ. ਤਿੰਨ ਪਹਿਰਾਂ ਦਾ.

੫. ਸਿਪਾਹੀ ਵਿਦ੍ਰੋਹ: ਦੇਖੋ, ਚੌਦਹ ਦਾ ਗ਼ਦਰ.

੬. "ਤੁਗ਼ਾਫ਼ਿਲ ਮਸ਼ਉ, ਈਂ ਸਿਪੰਜੀ ਸਰਾਬ." (ਜਫਰ)

੭. ਬ੍ਰਹਮ ਕਰਕੇ ਦੇਵਤਿਆਂ ਦੇ ਆਨੰਦ ਲਈ ਹਿਮਾਲਯ ਪਹਾੜ ਦੇ ਸ਼ਿਖ਼ਰ ਤੇ ਰਚਿਆ ਇੱਕ ਸ਼ਿਪ੍ਰ ਨਾਉਂ ਦਾ ਤਾਲ ਹੈ, ਜਿਸ ਵਿੱਚ ਦੇਵਤਿਆਂ ਬਿਨਾ ਕੋਈ ਸਨਾਨ ਨਹੀਂ ਕਰ ਸਕਦਾ, ਜੇ ਕੋਈ ਹੋਰ ਨ੍ਹਾ ਲਵੇ ਤਾਂ ਅਮਰ ਹੋ ਜਾਂਦਾ ਹੈ. ਇਹ ਤਾਲ ਗਰਮੀਆਂ ਵਿੱਚ ਸੁਕਦਾ ਨਹੀਂ, ਵਰਖਾ ਵਿੱਚ ਵਧਦਾ ਨਹੀਂ. ਇਸ ਸ਼ਿਪ੍ਰਤਾਲ ਤੋਂ ਨਿਕਲੀ ਹੋਈ ਨਦੀ ਸ਼ਿਪ੍ਰਾ ਹੈ.

੮. ਸ਼ਿਪ੍ਰਾ ਵਿੱਚ ਕੱਤਕ ਦੀ ਪੂਰਨਮਾਸੀ ਨੂੰ ਸਨਾਨ ਕਰਨ ਦਾ ਵੱਡਾ ਮਹਾਤਮ ਦੱਸਿਆ ਹੈ. ਦੇਖੋ, ਕਾਲਿਕਾ ਪੁਰਾਨ. ਅਃ ੧੯-੨੪.

੯. ਸ਼ਿਮਲੇ ਦੇ ਡਿਪਟੀ ਕਮਿਸ਼ਨਰ ਨਾਲ ਨੀਤਿ ਸੰਬੰਧ ਰਖਣ ਵਾਲੀਆਂ ਸਤਾਈ ਪਹਾੜੀ ਰਿਆਸਤਾਂ ਹਨ, ਏਸੇ ਲਈ ਉਸ ਦੀ ਪਦਵੀ ਹੈ Superintendent Hill States Simla. ਦੇਖੋ, ਪੰਜਾਬ.

੧. ਸੀਤਲਤਾ. ਠੰਢ. "ਜਲ ਬਰਸਾਇ ਸਿਯਰ ਬਰਤਾਵੇ." (ਗੁਪ੍ਰਸੂ) ੨.

੨. ਸਿਯਰਾ: ਵਿ- ਸੀਤਲ. ਠੰਢਾ.

੩. ਸ਼ਿਰਹ ਫਲ: ਦੇਖੋ, ਸਿਰਫਲ ਅਤੇ ਸ਼੍ਰੀਫਲ.

੪. ਸਿਰਜ: ਦੇਖੋ, ਸ੍ਰਿਜ। ੨. ਸੰ. ਸ਼ਿਰਜ. ਸਿਰ ਤੋਂ ਉਪਜੇ ਕੇਸ.

੫. ਸਿਰਦਾਰ: ਸਿਰ (ਸੀਸ) ਨੂੰ ਦਾਰ (ਪਾੜਨ ਵਾਲਾ) ਸ਼ਸਤ੍ਰ ਤਬਰ। ੨. ਗਦਾ ਅਤੇ ਗੁਰਜ। ੩. ਦਾਰ (ਵਹੁਟੀ) ਦਾ ਸਰਪ੍ਰਸੁ, ਭਰਤਾ. ਪਤਿ। ੪. ਦੇਖੋ, ਸਰਦਾਰ.

੬. ਸਿਰਨਾਮਾ: ਕਿਸੇ ਲੇਖ ਜਾਂ ਲਿਫ਼ ਫ਼ੇ ਆਦਿ ਤੇ ਲਿਖਿਆ ਪਤਾ.

ਸਿਰਲੇਖ: ਸੁਰਖ਼ੀ. ਸ਼ੀਸ਼ੰਕ. Heading.

ਸਿਰਨਾਮੀਆਂ: ਹਮਨਾਮ. ਇੱਕੋ ਨਾਉਂ ਦੇ.

੭. ੫ ਸ਼ਿਰੋਰੋਗ: ਸਰ ਦਰਦ. ਸਿਰ ਪੀੜ.

੮. ੩. ਅਗਜਾਨਤਾ ਦਾ ਹਠ. ਮੂਰਖਤਾ ਭਰੀ ਜਿੱਦ.

੧. ਅ਼. ਸੰਗਜਾ- ਦੀਵਾ. ਚਰਾਗ਼. ਲੈਂਪ। ੨

੨. ਸਿਰਾਜੁੱਦੀਨ: ਧਰਮ ਦਾ ਦੀਪਕ. ਦੀਨ ਨੂੰ ਰੌਸ਼ਨ ਕਰਨ ਵਾਲਾ.

੩. ਸ਼ਿਰੋਮਣੀ ਅਕਾਲੀ ਦਲ: ਅਕਾਲੀ ਲਹਰ ਸਮੇਂ ਕੁਰੀਤੀਆਂ ਦੇ ਸੁਧਾਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਯਤਾ ਲਈ ੧੪. ਦਿਸੰਬਰ ਸਨ ੧੯੨੦ ਨੂੰ ਅਮ੍ਰਿਤਸਰ ਜੀ ਵਿੱਚ ਕਾਯਮ ਕੀਤਾ ਇੱਕ ਜੱਥਾ, ਜੋ ਪੰਥ ਸੇਵਾ ਕਰ ਰਿਹਾ ਹੈ.

ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਦੇਖੋ, ਗੁਰੂਦੁਆਰਾ ੩.

੪. ਕਣਕ ਜੌਂ ਆਦਿ ਦੀਆਂ ਬੱਲਾਂ ਚੁਗਣੀਆਂ ਸ਼ਿਲ ਹੈ, ਅਤੇ ਦਾਣੇ ਚੁਗਾਣੇ ਉਂਛ ਹੈ।

੫. ਸਿਲਸਿਲੇ ਵਾਰ: ਫ਼ਾ. ਵਿ- ਕ੍ਰਮ ਅਨੁਸਾਰ, ਤਰਤੀਬਵਾਰ.

੬. । ੪. ਘਰ ਬਣਾਉਣੇ ਅਤੇ ਕਾਠ ਧਾਤੁ ਆਦਿ ਦੇ ਸਾਮਾਨ ਰਚਣੇ ਸਭ ਸ਼ਿਲਪ ਵਿਦਜਾ ਹੈ.

੭. ਇਸੇ ਲਈ ਇਹ ਦਿਨ ਉਨ੍ਹਾਂ ਦੇ ਪਰਲੋਕ ਗਮਨ ਦਾ ਖ਼ਿਆਲ ਕੀਤਾ ਗਿਆ.

੮. ਸ਼ਿਲਾਲੇਖ: ਪੱਥਰ ਤੇ ਲਿਖੀ ਲਿਖਤ. ਪੁਰਾਣੇ ਸਮੇਂ ਰਾਜੇ ਆਪਣੇ ਹੁਕਮ ਅਥਵਾ ਜਸ ਲਈ ਪੱਥਰਾਂ ਤੇ ਲੇਖ ਖੁਦਵਾਇਆ ਕਰਦੇ ਸਨ. ਹੁਣ ਭੀ ਅਜੇਹੇ ਲੇਖ ਨਾਮ ਤਾਰੀਖ਼ ਆਦਿਕਾਂ ਦੇ ਵੇਖੇ ਜਾਂਦੇ ਹਨ.

ਸ਼ਿਲੀ: ਸੰ. ਸੰਗਯਾ- ਕੰਡਾ। ੨. ਤਿੱਖੀ ਨੋਕ। ੩. ਭੋਜ ਪਤ੍ਰ। ੪. ਤੀਰ। ੫. ਭਾਲਾ। ਨੇਜ਼ਾ.

੯. । ੩. ਸੂਰ, ਜਿਸ ਦੇ ਮੁਖ ਵਿੱਚ. ਤਿਖੀਆਂ ਹੁੱਡਾਂ ਹੋਂਦੀਆਂ ਹਨ.

੨੦੦- ੧. ਸਿਲ੍ਹ: ਸਿਲਾਬ (ਨਾਮੀ) ਤਰਾਵਤ. ਗਿੱਲ. ਦੇਖੋ. ਸਿਲਾਬ.

੨. ਸ਼ਿਵਸੂਤ੍ਰ: ਪਾਣਿਨੀ ਦੀ ਅਸ਼੍ਟਾਧ੍ਯਾਯੀ ਦੇ ਮੁੱਢ ਲਿਖੇ ੧੪. ਸੂਤ੍ਰ, ਜਿਨ੍ਹਾਂ ਦੀ ਉਤਪੱਤੀ ਸ਼ਿਵ ਦੇ ਡੌਰੂ ਦੀ ਧੁਨਿ ਤੋਂ ਹੋਣੀ ਮੰਨੀ ਹੈ. ਇਨ੍ਹਾਂ ਸੂਤ੍ਰਾਂ ਨੂੰ ਪ੍ਰਤ੍ਯਾਹਾਰ ਸੂਤ੍ਰ ਭੀ ਆਖਦੇ ਹਨ.

੩. ਸ਼ਿਵਗਿਰੀ: ਸ਼ਿਵ ਦਾ ਪਹਾੜ, ਕੈਲਾਸ਼.

੪. ਨੀਂਦ ਤੋਂ ਭਾਵ ਅਵਿਦ੍ਯਾ ਹੈ.

੫. ਸ਼ਿਵਦੇਵ ਸਿੰਘ: ਲਹੌਰ ਪਤਿ ਮਹਾਰਾਜਾ ਸ਼ੇਰ ਸਿੰਘ ਜੀ ਦਾ ਬੇਟਾ, ਜੋ ਕਾਂਗੜੇ ਵਾਲੀ ਮਹਾਰਾਨੀ ਦਖਨੂ (Dukhnoo). ਦੇ ਉਦਰ ਤੋਂ ਪੈਦਾ ਹੋਯਾ. ਜਦ ਮਹਾਰਾਜਾ ਦਲੀਪ ਸਿੰਘ ਨੂੰ ਅੰਗ੍ਰੇਜ਼ਾਂ ਨੇ ਲਹੌਰੋਂ ਫਤੇਗੜ੍ਹ ਭੇਜਿਆ ਤਦ ਇਹ ਭੀ ਆਪਣੀ ਮਾਤਾ ਸਮੇਤ ਨਾਲ ਹੀ ਸੀ. ਇਸ ਦੀ ਉਮਰ ਫ਼ਰਵਰੀ ਸਨ ੧੮੫੦ ਵਿੱਚ ਸਾਢੇ ਛੀ. ਵਰ੍ਹੇ ਦੀ ਲਿਖੀ ਹੈ. ਇਸ ਨੂੰ ਭੀ ਮਹਾਰਾਜਾ ਦਲੀਪ ਸਿੰਘ ਦੀ ਤਰ੍ਹਾਂ ਸਿੱਖ ਧਰਮ ਤੋਂ ਅਗਯਾਤ ਰੱਖਿਆ ਗਿਆ. ੧. ਮਈ ਸਨ ੧੮੫੨ ਨੂੰ ਮਸੂਰੀ ਤੋਂ ਡਾਕਟਰ ਲੋਗਨ ਨੇ ਲਾਰਡ ਡਲਹੌਜ਼ੀ ਨੂੰ ਜੋ ਚਿੱਠੀ ਲਿਖੀ ਹੈ, ਉਹ ਪੜ੍ਹਨ ਯੋਗ ਹੈ-

"It is curious that the priests have never taken any trouble to make the boy Sikh, by administering the Pahul to him, by which alone he could become a Sikh. The Ranee has last caste by marrying a Sikh, and her people do not eat with her in consiquence, nor do they eat with the Shahadada the son of a Sikh.”

ਜਦ ਮਹਾਰਾਜਾ ਦਲੀਪ ਸਿੰਘ ਇੰਗਲੈਂਡ ਨੂੰ ਚਲਾ ਗਿਆ, ਤਦ ਗਵਰਨਮੈਂਟ ਇੰਡੀਆਂ ਨੇ ਇਸ ਨੂੰ ਜਾਗੀਰ ਦੇ ਕੇ ਬਰੇਲੀ ਰੱਖਿਆ.

੭. ਸ਼ਿਵ ਨਾਰਾਯਣ: ਦੇਖੋ, ਸ਼ਿਵਰਾਮ.

ਸ਼ਿਵ ਨਿਰਮਾਇਲ: ਸੰ. शिव- निर्माल्य. ਸ਼ਿਵ ਜੀ ਤੇ ਚੜ੍ਹਿਆ ਹੋਇਆ ਪਦਾਰਥ. ਭਾਵ- ਨਾ ਗ੍ਰਹਣ ਕਰਨ ਯੋਗਯ ਵਸਤੂ, ਕਿਉਂਕਿ ਸ਼ਿਵ ਨੂੰ ਚੜ੍ਹਾਇਆ ਪਦਾਰਥ, ਪੁਰਾਣਾਂ ਵਿੱਚ ਅੰਗੀਕਾਰ ਕਰਨਾ ਪਾਪ ਕਰਮ ਹੈ.

੮. ਸ਼ਿਵਨੰਦਨ, ਸ਼ਿਵਪੁਤ੍ਰ: ਗਣੇਸ਼। ੨. ਕਾਰਤਿਕੇਯ. ਖਡਾਨਨ.

੯. ਕਈ ਲੇਖਕਾਂ ਨੇ ਨਾਮ ਸ਼ਿਵ ਨਾਰਾਯਣ ਲਿਖਿਆ ਹੈ.

੧੦. । ੨. ਭਾਵ- ਬਲਦ ਜੇਹਾ ਅਗਯਾਨੀ. ਪਸ਼ੂ. "ਸਾਰੀ ਸਭਾ ਸ਼ਿਵ ਵਾਹਨ ਕੀ."

੧੧. । ੨. ਸਿਲਵਾਇ. ਸਿਲਾ ਕੇ. "ਝੋਲੀ ਲੀਨੋ ਹੈ ਸਿਵਾਇ." (ਨਾਪ੍ਰ)

੧੨. । ੩. ਭੋਜ ਪਤ੍ਰ। ੪. ਸ਼ਿਕਾਰੀ ਜਾਨਵਰ.

੧. । ੧੩. ਸੰਗਯਾ- ਸ਼ਾਂਤੀ। ੧੪. ਨੀਂਦ ਲੈਣੀ. ਸ਼ਯਨ। ੧੫. ਭਗਤਿ.

੨. । ੪. ਪੇਸ਼ਾ. ਕਿੱਤਾ। ੫. ਸੰਚਾ. ਢਾਚਾ.

੩. ਸੀਟੀ: ਸੰਗਯਾ- ਜੀਭ, ਦੰਦ ਅਤੇ ਹੋਠਾਂ ਦੀ ਸਹਾਇਤਾ ਨਾਲ ਮੂੰਹੋਂ ਕੱਢਿਆ ਤਿੱਖਾ ਸੁਰ. Whistling । ੨. ਸੀਟੀ ਵਜਾਉਣ ਦਾ ਯੰਤ੍ਰ.

੪. ਸੀਂਢਲ: ਜਿਸ ਦੇ ਬਹੁਤ ਸੀਂਢ ਵਗਦਾ ਹੈ।

੫. ਸ਼ੀਤਰਸ: ਸੰ. ਸੰਗਯਾ- ਇੱਖ ਦੇ ਰਸ ਤੋਂ ਬਣਿਆ ਸਿਰਕਾ.

੬. ਸੀਤਲ ਸ੍ਵਾਸ: ਠੰਢਾ ਸਾਹ. ਹਾਹੁਕਾ.

੭. ਸਕੰਦ ਪੁਰਾਣ ਵਿੱਚ ਸੀਤਲਾ ਚਾ ਸ੍ਤੋਤ੍ਰ ਇਹ ਹੈ-

नमामि शीतलां देवीं रासमस्थां दिगम्बरीम्, मार्जनी कलसोपेतां सूर्यालङ्क, त मस्तकाम्.

੧. ਟੀਕੇ ਦੀ ਕਾਢ ਸਨ ੧੭੮੦ ਵਿੱਚ ਅੰਗ੍ਰੇਜ਼ ਡਾਕਟਰ ਜੇਨਰ (Edward Jenner). ਨੇ ਕੱਢੀ ਅਰ ੧੪. ਮਈ ਸਨ ੧੭੯੬ ਨੂੰ ਉਸ ਨੇ ਇਕ ਬੱਚੇ ਦੇ ਪਹਿਲਾ ਟੀਕਾ ਕੀਤਾ. ਇਸ ਇਲਾਜ ਵਿੱਚ ਸਫਲਤਾ ਹੋਣ ਪੁਰ ਪਾਰਲੇਮੈਂਟ ਵਲੋਂ ਡਾਕਟਰ ਨੂੰ ਬਹੁਤ ਇਨਾਮ ਮਿਲਿਆ.

੨. ਅਦਭੁਤ ਰਾਮਾਯਣ ਦੇ ਅੱਠਵੇਂ ਸਰਗ ਵਿੱਚ ਲਿਖਿਆ ਹੈ ਕਿ ਰਾਵਣ ਨੇ ਆਪਣੇ ਤੀਰ ਦੀ ਨੋਕ ਨਾਲ ਰਿਖੀਆਂ ਦਾ ਲਹੂ ਕੱਢ ਕੇ ਇੱਕ ਘੜਾ ਭਰਿਆ, ਅਰ ਉਹ ਆਪਣੀ ਰਾਣੀ ਮੰਦੋਦਰੀ ਪਾਸ ਲੈ ਜਾ ਕੇ ਰੱਖਿਆ, ਅਰ ਮੰਦੋਦਰੀ ਨੂੰ ਆਖਿਆ ਕਿ ਇਸ ਨੂੰ ਸੰਭਾਲ ਕੇ ਰੱਖਣਾ, ਇਸ ਵਿੱਚ ਰਿਖੀਆਂ ਦਾ ਲਹੂ ਜ਼ਹਿਰ ਨਾਲੋਂ ਭੀ ਬੁਰਾ ਹੈ. ਮੰਦੋਦਰੀ ਨੇ ਰਾਵਣ ਨੂੰ ਦੇਵਾਂਗਨਾ ਆਦਿ ਨਾਲ ਭੋਗ ਕਰਦੇ ਦੇਖਕੇ ਦੁਖੀ ਹੋ ਕੇ ਰਿਖੀਆਂ ਦਾ ਲਹੂ ਮਰਣ ਦੀ ਇੱਛਾ ਨਾਲ ਪੀ ਲੀਤਾ, ਜਿਸ ਤੋਂ, ਉਸਨੂੰ ਗਰਭ ਹੋ ਗਿਆ. ਮੰਦੋਦਰੀ ਨੇ ਚਿੰਤਾ ਕੀਤੀ ਕਿ ਮੈਂ ਇੱਕ ਵਰ੍ਹੇ ਤੋਂ ਪਤੀ ਪਾਸ ਨਹੀਂ ਗਈ, ਪਤੀ ਦੇ ਪੁੱਛਣ ਤੇ ਮੈਂ ਕੀ ਉੱਤਰ ਦੇ ਸਕਾਂਗੀ. ਅੰਤ ਨੂੰ ਮੰਦੋਦਰੀ ਵਿਮਾਨ ਤੇ ਬੈਠ ਕੇ ਕੁਰੁਖੇਤ੍ਰ ਆਈ ਅਤੇ ਆਪਣੇ ਗਰਭ ਨੂੰ ਗਿਰਾ ਕੇ ਜ਼ਮੀਨ ਵਿੱਚ ਦਫ਼ਨ ਕਰ ਗਈ. ਰਿਖੀਆਂ ਦੇ ਆਖੇ ਜਨਕ ਨੇ ਕੁਰੁਖੇਤ੍ਰ ਭੂਮਿ ਵਿੱਚ ਆ ਕੇ ਜੱਗ ਲਈ ਜ਼ਮੀਨ ਸਾਫ਼ ਕਰਨ ਵਾਸਤੇ ਹਲ ਚਲਾਇਆ ਜਿਸ ਤੋਂ ਸੀਤਾ ਨਿਕਲ ਆਈ. ਦੇਵਤਿਆਂ ਨੇ ਆਕਾਸ਼ ਬਾਣੀ ਕੀਤੀ ਕਿ ਹੇ ਜਨਕ! ਇਹ ਲੜਕੀ ਲਕਮੀ ਹੈ. ਤੂੰ ਇਸ ਦੀ ਪਾਲਨਾ ਕਰ. ਜਨਕ ਨੇ ਸੀਤਾ ਨੂੰ ਪੁਤ੍ਰੀ ਕਰਕੇ ਪਾਲਿਆ.

ਲੋਕਾਂ ਵਿੱਚ ਇਹ ਕਥਾ ਭੀ ਪ੍ਰਚਲਿਤ ਹੈ ਕਿ ਬਤੌਰ ਖ਼ਿਰਾਜ ਦੇ ਰਿਖੀਆਂ ਦਾ ਲਹੂ ਜੋ ਰਾਵਣ ਨੇ ਲਿਆ ਸੀ, ਉਸ

੩. ਮਕਾਨ, ਬ੍ਰਿਛ ਖੂਹ ਆਦਿ, ਜੋ ਸਰਹੱਦ ਤੇ ਹੋਣ.

੨੦੫- ੧. ਸ਼ੀਰ ਗਰਮ: ਕੀਰਘਮੰ. ਥਣਾਂ ਵਿੱਚੋਂ ਨਿਕਲੇ ਦੁੱਧ ਦੀ ਕੁਦਰਤੀ ਗਰਮੀ। ੨. ਕੋਸਾ, ਸੱਜਰੇ ਦੁੱਧ ਜਹਾ ਗਰਮ.

੨. ਸੀਰਮਾ: ਸਤ੍ਰ. ਸ੍ਵਾਯੁ. ਰਗ. ਪੱਠਾ.

ਸੀਰਵਾਹ: ਸੰ. ਸੰਗਯਾ- ਹਲਵਾਹਕ. ਕਿਰਸਾਨ.

੩. "ਹੁਤੇ ਨਗਰ ਸੀਰੰਦ ਬਡੋਰੇ."(ਗੁਪ੍ਰਸੂ)

੨੦੬- ੧. ਸੁਸਿਧਿ: ਸੰਗਯਾ- ਕਾਵ੍ਯ ਅਨੁਸਾਰ ਇੱਕ

੨. "ਸਾਧਿ ਸਾਧਿ ਔਰੈਂ ਮਰੈਂ ਔਰੈਂ ਭੋਗੇਂ ਸਿੱਧਿ। ਤਾਂ ਸੋ ਕਹਿਤ ਸੁਸਿਧਿ ਸਬ ਜੇ ਹੈਂ ਬੁਧਿ ਸਮ੍ਰਿਧਿ." (ਕੇਸ਼ਵਦਾਸ)

੩. ਸੁਸ੍ਰਉ: ਸੰ. ਸ਼ੁਸ਼੍ਰ. ਸੱਸ. "ਸੁਨੇ ਬੇਨ ਸੁਸ਼੍ਰਉ ਕੇ." (ਨਾਪ੍ਰ)

੪. ਸੁਹਾਗਾ ਫੇਰਨ ਤੋਂ ਜ਼ਮੀਨ ਪੱਧਰੀ ਅਤ ਕੋਮਲ ਹੋ ਜਾਂਦੀ ਹੈ, ਅਰ ਗਿੱਲ ਨਹੀਂ ਸੁਕਦੀ.

੫. ਸੁਹਾਂਜਨੇ ਦੀ ਮੂਲੀ ਦੀ ਤਰਕਾਰੀ ਅਤੇ ਅਚਾਰ ਮੇਦੇ ਦੇ ਅਨੇਕ ਰੋਗ ਦੂਰ ਕਰਦੇ ਹਨ. ਖੇਤ ਵਿੱਚ ਵੱਟਾਂ ਕੱਢ ਕੇ ਮੂਲੀ ਦੇ ਬੀਜਾਂ

ਵਾਕਰ ਸੁਹਾਂਜਨੇ ਦੇ ਬੀਜ ਬੀਜਣ ਤੋਂ ਇਹ ਮੂਲੀਆਂ ਉਗਦੀਆਂ ਹਨ.

੬. "ਸੁਹਾਣ ਤੇਰੀ ਕਮਾਈ ਨੂੰ" (ਜਸਾ) ਇਸ ਥਾਂ ਇਹ ਸ਼ਬਦ ਧੰਨ (ਧਨਜ) ਅਰਥ ਬੋਧਕ ਹੈ.

੭. ਸੁਹਾਰ, ਸੁਹਾਰੀ: ਸੁ- ਆਹਾਰ. ਸਾਦੀ ਪੂਰੀ, ਜਿਸ ਵਿੱਚ ਪੀਠੀ ਨਹੀਂ ਭਰੀਦੀ. "ਵੱਡੇ ਸੁਹਾਰ ਕ੍ਰਿਪਾਨ ਖੁਐ ਹੈਂ" ਅਤੇ "ਚਕ੍ਰ ਜਲੇਬ ਸੁਹਾਰੀ ਖੱਪਰੇ." (ਗੁਪ੍ਰਸੂ)

੧. ਸੁਕੇਤ ਦਾ ਰਕਬਾ ੪੨੦ ਵਰਗ ਮੀਲ ਅਤੇ ਆਬਾਦੀ ੫੪੩੨੮ ਹੈ. ਪੰਜਾਬ ਵਿੱਚ ਇਸ ਦਾ ਨੰਬਰ ਪੰਦ੍ਰਵਾਂ ਹੈ. ਸੁਕੇਤ ਦੀ ਗਦੀ ਤੇ ਰਾਜਾ ਲਕ੍ਸ਼ਮਣ ਸੇਨ ਹੈ, ਜਿਸ ਦਾ ਜਨਮ ਸਨ ੧੮੯੪ ਵਿੱਚ ਹੋਇਆ ਹੈ.

੨. ਸੰਗਜਾ- ਕੋਮਲ ਆਸਨ। ੩. ਵਿਸ਼ਨੁ। ੪. ਕਰਤਾਰ। ੫. ਗੁਰੂ ਨਾਨਕ ਦੇਵ.

੩. ੨ ਵੈਦਜਕ ਮਤ ਅਨੁਸਾਰ ਨਾਭਿ ਦੀ ਮੂਲ ਨਾੜੀ. ਜਿਸ ਨਾਲ ਹੋਰ ਨਾੜੀਆਂ ਲਿਪਟੀਆਂ ਹਨ. ਨਾਭਿ ਗੰਥਿ।

੧. ਆਤਮਿਕ ਆਨੰਦ ਦੇਣ ਵਾਲੀ ਮਛਿ.

੨. ਵਾਕ ਰਚਨਾ ਤੋਂ ਅਣਜਾਣ ਕਈ ਆਖਿਆ ਕਰਦੇ ਹਨ ਕਿ ਸੁਖਮਨੀ ਵਿੱਚ ਕਈ ਅਸਟਪਦੀਆਂ ਬਾਬਾ ਸ਼੍ਰੀ ਚੰਦ ਜੀ ਦੀਆਂ ਹਨ,

੩. ਸੁਖ ਰਾਜ: ਇਹ ਮਿੱਸਰ ਬੇਲੀ ਰਾਮ ਦਾ ਭਾਈ ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ ਸੀ. ਦੇਖੋ, ਬੇਲੀਰਾਮ.

੪. ਘਰ ਵਿੱਚ ਤਿਆਰ ਕੀਤਾ ਵਸਤ੍ਰ ਖੱਦਰ ਆਦਿਕ.

"ਗੁਰਮੁਖਿ ਧਜਾਨਕੈ ਪਤਿਸ੍ਰਾ ਸੁਖੰਬਰ ਲੈ, ਅਨਿਕ ਪਟੰਬਰ ਕੀ ਸੋਭਾ ਨ ਸੁਹਾਵਈ." (ਭਾਗੁਕ)

੫. ਸੁਖਜਾਤਿ: ਸੰ. ਸੰਗਜਾ. ਨੇਕ ਸ਼ੋਹਰਤ. ਕੀਰਤਿ.

੬. ਸੁਗਮਤਾ: ਸੰਗਜਾ- ਆਸਾਨੀ. ਸੁਖਾਲਾਪਨ. ਸੌਖ.

੭. "ਸਾਧ ਕੈ ਸੰਗਿ ਪ੍ਰਗਟੈ ਸੁਗਿਆਨ." (ਸੁਖਮਨੀ)

੮. । ੨. ਅੰਬ। ੩. ਧਣੀਆ। ੪. ਮੋਥਾ। ੫. ਰਾਇ ਚਿੱਭੜ। ੬. ਚੰਦਨ। ੭. ਮੋਤੀਆ। ੮

੯. ਸੁਗੰਧਿਤ: ਵਿ- ਖੁਸ਼ਬੂਦਾਰ.

੧੦. । ੭. ਸ਼ੁੰਭ ਦਾਨਵ ਦਾ ਦੂਤ, ਸੋ ਦੁਰਗਾ ਪਾਸ ਸੁਨੈਹਾ ਲੈ ਕੇ ਗਿਆ ਸੀ ਕਿ ਸ਼ੁੰਭ ਤੋਂ ਵੱਧ ਕੇ ਤ੍ਰਿਲੋਕ ਵਿੱਚ ਤੇਰੇ ਯੋਗਜ ਕੋਈ ਉੱਤਮ ਵਰ ਨਹੀਂ. ਵੇਖੋ, ਮਾਰ ਕੰਡੇਯ ਪੁਰਾਣ. ਸੁਗ੍ਰੀਵ ਸੰਵਾਦ ੫੪ ੮੫.

੨੧੦- ੧. ਸੁਘੜ ਸੁਜਾਨ: ਸੁਡੋਲ ਅਤੇ ਸੁਗਜਾਨੀ. ਦੇਖੋ, ਸੁਘੜ ਅ਼. ਸੁਜਾਨ ੨- ੩

੨. "ਅਰਧ ਉਰਧ ਮੁਖ ਸਡਿਲ ਸੁਢਿ ਸੁਭਾਉ, ਤਾਂਤੇ ਸੀਤ ਤਪਤ."(ਭਾਗੁਕ)

ਅਧੋਮੁਖ ਪਾਣੀ (ਭਾਵ- ਨੀਵਾਂ ਤੁਰਣ ਵਾਲਾ). ਉਰਧ ਮੁਖ ਅੱਗ, (ਭਾਵ- ਅਹੰਕਾਰੀ). ਨੀਵਾਂ. ਸੀਤਲ ਅਤੇ ਅਹੰਕਾਰੀ ਤਾਮਸੀ।

੩. ਸੁਚੇਤੀ: ਸੁਚੇਤ ਹੋਣ ਦਾ ਭਾਵ. ਸਾਵਧਾਨਤਾ. ਹੋਸ਼ਿਆਰੀ.

੪. "ਨਾਨਕ ਜਾਣੈ ਜਾਣੁ ਸੁਜਾਣੁ." (ਧਨਾ ਮਃ ੧) ਜੋ ਆਤਮ ਗਜਾਨ (ਜਾਣੁ) ਜਾਣਦਾ ਹੈ, ਉਹੀ ਸੁਗਜਾਨੀ ਹੈ.

੫. ਸੁਜਧਨ: ਦੇਖੋ, ਸੁਯੋਧਨ.

ਸੁਜਣਾ: ਕ੍ਰਿ- ਸੋਜ (ਵਰਮ) ਸਹਿਤ ਹੋਣਾ ਦੇਖੋ, ਸੌਂਜ.

ਸੁਡੌਲ: ਵਿ- ਸੁੰਦਰ ਆਕਾਰ ਵਾਲਾ ਜਿਸ ਦੀ ਬਣਾਉਣ ਹੱਛੀ ਹੈ.

੭. ੨. ਆਸਾਨੀ ਨਾਲ ਢਲਣ (ਰਲਣ) ਵਾਲਾ. ਦਿਆਲੂ.

੮. ਸੁਢੈਲ: ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਥਨੇਸਰ ਤੋਂ ਪੂਰਵ ਵਲ ਜਾਂਦੇ ਹੋਏ ਗੁਰੂ ਤੇਗ਼ ਬਹਾਦੁਰ ਸਾਹਿਬ ਸੁਢੇਲ ਪਿੰਡ ਵਿਰਾਜੇ ਸਨ." "ਗ੍ਰਾਮ ਸੁਢੈਲ ਸੁ ਜਾਇ ਨਿਹਾਰੇ." (ਗੁਪ੍ਰਸੂ)

੧. ।੪. ਸੁਤਾ (ਪੁਤ੍ਰੀ) ਦੇ ਥਾਂ ਭੀ ਸੁਤ ਸ਼ਬਦ ਆਇਆ ਹੈ. ਦੇਖੋ, ਦ੍ਰੋਪਦ ਸੁਤ ੩.

੨. ਸੁਤਰਾਂ: ਸੰ. सुतराम्. . ਵਯ- ਇਸ ਲਈ। ੨. ਫੇਰ ਭੀ। ੩. ਅਤਜੰਤ.

੩. ਦੇਵੀ ਭਾਗਵਤ ਅਨੁਸਾਰ ਇਹ ਤੀਸਰਾ ਅਤੇ ਸ਼੍ਰੀ ਭਾਗਵਤ ਅਨੁਸਾਰ ਛੇਵਾਂ ਪਾਤਾਲ ਹੈ.

੪. ਸੁਤਿ: ਪੁਤ੍ਰ ਨੇ. "ਸੁਤਿ ਮੁਕਲਾਈ ਅਪਨੀ ਮਾਉ."(ਬਸੰਤ ਕਬੀਰ)

੫. ਸੁਤ੍ਰ. ਪੁਤ੍ਰ "ਸੁਤੁ ਖਿਨੁ ਖਿਨੁ ਭੂਲਿ ਬਿਗਾਰਿ."(ਕਲਿ ਮਃ ੪)

੬. ਦਾਦੂ ਜੀ ਦੇ ਪਿਤਾ ਦਾ ਨਾਮ ਪਰਮਾਨੰਦ ਅਤੇ ਮਾਤਾ ਦਾ ਨਾਮ ਸਤੀ ਸੀ.

੭. "ਗੇਹ ਭਜਜੋ ਅਰੁ ਨੇਹੁ ਤਜਯੋ ਪੁਨਿ ਖੇਹ ਲਗਾਇ ਕੈ ਦੇਹ ਸਵਾਰੀ. ਮੇਂਹ ਸਹੇ ਸਿਰ ਸੀਤ ਸਹੇ ਤਨ, ਧੂਪ ਸਮੇ ਜੁ ਪੰਚਾਗਨਿ ਬਾਰੀ. ਭੂਖ ਸਹੀ ਰਹਿ ਰੂਖ ਤਰੇ, ਪਰ ਸੁੰਦਰ ਦਾਸ ਸਭੈ ਦੁਖ ਭਾਰੀ. ਡਾਸਨ ਛਾਡਿ ਕੈ ਕਾਸਨ ਊਪਰਿ ਆਸਨ ਮਾਰਜੋ, ਪੈ ਆਸ ਨ ਮਾਰੀ."

੮. ।੭. ਚਾਣਕਜ ਦੇ ਕਥਨ ਅਨੁਸਾਰ ਉਹ ਰਾਜਾ, ਜਿਸ ਦਾ ਆਸਾਨੀ ਨਾਲ ਪ੍ਰਜਾ ਨੂੰ ਦਰਸ਼ਨ ਪ੍ਰਾਪਤ ਹੋ ਸਕਦਾ ਹੈ. ਦੇਖੋ, ਰਾਜਾ ੨.

੯. "ਇਹੁ ਮਨੁ ਸੁੰਦਰਿ ਆਪਣਾ ਹਰਿਨਾਮਿ ਮਜੀਠੈ ਰੰਗਿ ਰੀ."(ਆਸਾ ਮਃ ੫)

ਹੇ ਸੁੰਦਰੀ ! ਇਹ ਆਪਣਾ ਮਨ.

੨੧੩- ੧. ਸੁਦੇਹਾਂ: ਕ੍ਰਿ. ਵਿ- ਸੁ- ਦਿਹ ਵਿੱਚ. ਸ਼ੁਭ ਦਿਨ ਮੇਂ। ੨. ਸਵਰੇ (ਪ੍ਰਾਤਹਕਾਲ) ਹੀ.

੨. ਸੁਦ੍ਰਿਸ੍ਰਿ: ਸੰ. ਸੰਗਜਾ- ਦੋਸ਼ ਬਿਨਾ ਦ੍ਰਿਸ੍ਰਿ. ਚੰਗੀ ਨਜ਼ਰ। ੨. ਵਿ- ਦੂਰ ਦੇਖਣ ਵਾਲਾ. ਦੂਰ ਦ੍ਰਸ੍ਰਾ.

੩. ਸੁਧਨ੍ਵਾ: सुधन्वम्. ਵਿ- ਚੰਗੇ ਧਨੁਖ ਵਾਲਾ। ੨. ਸੰਗਜਾ- ਵਿਸ਼ਨੁ। ੩. ਅਰਜੁਨ। ੪. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ। ੫. ਇਸ ਨਾਮ ਦੇ ਅਨੇਕ ਰਾਜੇ ਹੋਏ ਹਨ, ਜਿਨ੍ਹਾਂ ਦੀ ਕਥਾ ਮਹਾਭਾਰਤ ਅਤੇ ਅਸ਼੍ਵਮੇਧ ਆਦਿ ਗ੍ਰੰਥਾਂ ਵਿੱਚ ਲਿਖੀ ਹੈ.

੪. ੭ ਫੁੱਲ ਦਾ ਸ਼ਹਦ. ਮਕਰੰਦ। ੮. ਗੰਗਾ। ੯. ਬਿਜਲੀ। ੧੦. ਕਿਸੇ ਵਸਤੁ ਦਾ ਰਸ. ਅਰਕ. ਨਿਚੋੜ। ੧੧. ਹਰੜ। ੧੨. ਗਿਲੋਯ। ੧੩. ਪੁਤ੍ਰੀ. ਬੇਟੀ। ੧੪. ਜ਼ਮੀਨ. ਧਰਤੀ.

੫. ਸੁਧਾਰਤ: ਅੰਮ੍ਰਿਤ ਦਾ ਪ੍ਰੇਮੀ. ਦੇਵਤੇ ਜੋ ਅਮ੍ਰਿਤ ਅਥਵਾ ਸੋਮ ਵੱਲੀ ਦਾ ਰਸ ਪੀਣ ਦੇ ਪ੍ਰੇਮੀ ਹਨ. "ਓਟ ਸੁਧਾ ਰਤ ਕੀ." (ਨਾਪ੍ਰ) ਦੇਵਤਿਆਂ ਦੀ ਓਟ ਸਰਸ੍ਵਤੀ.

੬. ੨. ਸੰਗਜਾ- ਉੱਤਮ ਬੁੱਧਿ. "ਸੁਧੀ ਤੇ ਸੁ ਛੂਛੇ."(ਗੁਪ੍ਰਸੁ)

੭. ।੫. ਵਾਮ ਮਾਰਗੀਆਂ ਦੇ ਸੰਕੇਤ ਅਨੁਸਾਰ ਮਾਸ (ਮਾਂਸ)

੧. ਸੁਧੁਵਾਲ. ਦੇਖੋ, ਅਰਨੌਲੀ ਅਤੇ ਭਗਤੂ ਭਾਈ.

੨. "ਸੁਨਕੈ ਬ੍ਰਿਖਭਾਨੁ ਸੁਤਾ ਸੋਂ ਕਹਜੋ." (ਕ੍ਰਿਸਨਾਵ)

੩. ੪ ਹਵਾ. ਪੌਣ। ੫. ਸੁਖ। ੬

੪. ਸੁਨਹਿਰੇਦਾਰ: ਦੇਖੋ, ਸੁਨਹਿਰੀਆ ੩. "ਹੁਤੋ ਕਪੂਰ ਸਿੰਘ ਕੇ ਸੁਨਹਿਰੇਦਾਰ." (ਪ੍ਰਾਪੰਪ੍ਰ) ੨. ਸੁਨਹਿਰਾ (ਕੁੰਡਾ) ਰੱਖਣ ਵਾਲਾ.

ਸੁੰਨਹੁ: ਸੰਨ (ਸੂਨਯ) ਤੋਂ। ੨. ਸ੍ਰਨ (ਧੁਨਿ) ਤੋਂ. ਸ਼ਬਦ ਦ੍ਵਾਰਾ.

ਸੁਨੱਖਾ: ਸੁੰਦਰ ਨਖ ਆਦਿ ਅੱਗਾਂ ਵਾਲਾ. ਸੋਭਨ ਅੱਖਾ. ਸੁੰਦਰ ਨੇਤ੍ਰਾਂ ਵਾਲਾ. ਖ਼ੂਬਸੂਰਤ. ਸੋਹਣਾ.

੫. ਸੁਨਤ: ਸੁਣਦਾ. ਸ੍ਰਵਨ ਕਰਦਾ. "ਸੁਨਤ ਪੇਖਤ ਸੰਗਿ ਸਭ ਕੈ." (ਬਿਹਾ ਛੰਤ ਮਃ ੫) ੨. ਸੁਣਨ ਤੋਂ, ਸ਼੍ਰਵਣ ਕਰਨ ਸੇ. "ਸੁਨਤ ਜਸੋ ਕੋਟਿ ਅਘ ਖਏ" (ਗਉ ਮਃ ੫) ੩. ਦੇਖੋ, ਸੁਨਤ ਅਤੇ ਸੁਨਤਿ.

੬. ਵੇਦ ਵਿੱਚ ਇਹ ਦੋ ਦੇਵਤੇ ਇੰਦ੍ਰ ਅਤੇ ਪੌਣ ਮੰਨੇ ਹਨ, ਭਾਵ- ਪਾਣੀ ਅਤੇ ਹਵਾ.

੭. ੨। ੪. ਦੇਖੋ, ਸ੍ਰਨਿ। ੫. ਸੁਨਣਾ ਕ੍ਰਿਆ ਦਾ ਅਮਰ. ਸ੍ਰਵਣ ਕਰ. "ਸੁਨਿ ਮਨ ! ਅਕਥ ਕਥਾ ਹਰਿਨਾਮ." (ਬੈਰਾ ਮਃ ੪)

੮. ਸੁਣੀ. ਸ਼੍ਰਵਣ ਕੀਤੀ। ੨. ਸੰ. ਸ਼ੁਨੀ.

੧. । ੩. ਉੱਤਮ ਨੇਤਾ (ਆਗੂ)। ੪. ਚੰਗੀ ਨੌਕਾ (ਕਿਸ਼ਤੀ).

੨. ਸੁਪਰਡੰਟ: ਅੰ. Superintendent. ਨਿਗਰਾਨੀ ਕਰਨ ਵਾਲਾ. ਦਾਰੋਗਾ. ਮੁਹਤਮਿਮ, ਮੁੰਰਜ਼ਿਮ.

੩. ਲਿੰਗ ਦਾ ਅਗਲਾ ਭਾਗ. ਸੰ. ਮਣਿ. ਦੇਖੋ, ਮਣਿ ੫.

੪. ਸੁਪ੍ਰਗਜਾ: ਸੰ. ਵਿ- ਚੰਗੀ ਪ੍ਰਗਜਾ (ਬੁੱਧਿ) ਵਾਲਾ. ਬੁੱਧਿਮਾਨ. ਸਿਆਣਾ.

੫. । ੩. ਅਨਾਰ। ੪. ਨਿੰਬੂ। ੫. ਬਦਾਮ। ੬. ਵਿ- ਚੰਗੇ ਫਲ ਵਾਲਾ. ਸ਼ੁਭ ਫਲ ਸਹਿਤ.

੬. ਸੁਬਕਣਾ: ਹਡਕੋਰਾ ਲੈਣਾ. ਦੇਖੋ, ਸੁਬਕ.

੭. "ਸੁੰਬਲੇ ਜ਼ੁਲਫ਼ੇ ਤੋ ਦਿਲ ਰਾ ਬੁਰਦਹ ਅਸਤ." (ਦੀਗੋ)

੧. "ਲਖ਼ ਸੁਭਟ ਸਹੇਟ ਮਨ ਕਰੈ ਅਭਿਮਾਨ ਕੋ." (ਨਾਪ੍ਰ)

੨. ਸੁਭਦ੍ਰ: ਸੰਗਜਾ- ਵਿ ਨੁ। ੨. ਕ੍ਰਿਸਨ ਜੀ ਦਾ ਇੱਕ ਪੁਤ੍ਰ। ੩. ਵਿ- ਭਾਗਵਾਲਾ. ਖੁਸ਼ ਨਸੀਬ.

੩. । ੨. ਦੁਰਗਾ. ਦੇਵੀ। ੩. ਵਿ- ਚੰਗੇ ਭਾਗਾਂ ਵਾਲੀ.

੪. । ੨. ਸ਼ੁਭ ਰਾਤ੍ਰ (ਗਜਾਨ) ਵਾਲਾ. ਉੱਤਮ ਗਜਾਨ ਸਹਿਤ.

੫. । ੫. ਸਭ ਭਾਵ ਨਾਲ. "ਸੁਭਾਇ ਸਹਿਜ ਗੁਣ ਗਾਈਐ ਜੀਉ."

(ਧਨਾ ਛੰਤ ਮਃ ੪) ੬. ਸੋਭਨ ਹੋਂਦਾ ਹੈ.

੬. ਪ੍ਰਕ੍ਰਿਤਿ. ਆਦਤ. ਬਾਣ.

ਸੂਰਨ ਕੋ ਕੰਨੈ ਸੂਰਤਾ

ਸਿਖਾਈ ਕਹੋ ਨਾਥ !

ਸਤੀਅਨ ਕ ਕੌਨੈ

ਸਿਖਰਾਯੋ ਬਧੁ ਜਾਰਏ,

ਦਾਤਾ ਦਾਨ ਕਹੂੰ ਕੌਨ

ਚਟਮਾਰ ਮਾਹਿੰ ਪੜ੍ਹ,

ਪੜ੍ਹੇ ਹੈਂ ਕਹਾਂ ਪੈ ਬਾਜ਼

ਰਾਜ ਖਗ ਮਾਰਬੋ,

ਕਹੈ ਮਤਿਰਾਮ ਜਾ ਕੋ

ਜੈਸੋ ਹੀ ਸੁਭਾਵ ਹੋਤ

ਮੋਊ ਰਹੈ ਸੰਗ ਮਨ

ਨਿਸਚੈ ਬਿਚਾਰਬੋ,

ਚੰਦਨ ਮੈਂ ਜਾਇ ਕੋਨ

ਸੀਂਚਤ ਸੁਗੰਧਨ ਕੋ

ਸਿੰਘਨ ਸਿਖਾਤ ਗਜ

ਕੁੰਭਨ ਬਿਦਾਰਬੋ.

੪. ਦੇਖੋ. ਸੁਭਾਉ.

੭. ਸੁਭੂਤਿ: ਸੰ. ਸੰਗਯਾ- ਉੱਨਤਿ. ਤਰੱਕੀ। ੨. ਕੁਸ਼ਲ. ਛੇਮ ਕੇਮ).

੮. ਦੇਖੋ, ਕਲਕੀ। ੫. ਭਰਤ ਦਾ ਇਕ ਪੁਤ੍ਰ। ੬. ਜਨਮੇਜੇ ਦੇ ਇਕ ਪੁਤ੍ਰ ਦਾ ਨਾਮ। ੭. ਮੈਨਾ, ਸਾਰਿਕਾ.

੯. ਸੁਮਨ ਚਾਪ: ਸੰ. ਸੰਗਯਾ- ਕਾਮਦੇਵ, ਜਿਸ ਦਾ ਚਾਪ (ਧਨੁਖ) ਫੁੱਲਾਂ ਦਾ ਹੈ.

੧੦. "ਭਏ ਸੁਮਾਰ ਸੁਮਾਰ ਬਿਨ." (ਗੁਪ੍ਰਸੂ) ਬੇਸ਼ਮਾਰ ਫੱਟੜ ਹੱਥ.

੧੧. । ੫. ਸ਼ਿਵ। ੬. ਸਗ੍ਰੀਵ ਦੀ ਫ਼ੌਜ ਦਾ ਇੱਕ ਸਰਦਾਰ.

੧੨. ਕਵਿਤਾ ਵਿੱਚ ਇਹ ਆਪਣਾ ਨਾਮ (ਛਾਪ) "ਸੁਮੇਰੇਸ਼" ਲਿਖਦੇ ਸਨ.

੨੧੮- ੧. ਸੁਮੰਤ੍ਰਕ: ਵਿ- ਨੇਕ ਸਲਾਹ ਦੇਣ ਵਾਲਾ। ੨. ਸੰਗਯਾ- ਕਲਕੀ ਅਵਤਾਰ ਦਾ ਵੱਡਾ ਭਾਈ. ਦੇਖੋ, ਕਲਕੀ.

੨. ਸੁਯੰਬਰ. "ਰਚਿਓ ਸਯੰਬ੍ਰ ਸੀਤਾ." (ਰਾਮਾਵ)

੩. । ੪. ਸਰਗ ਦਾ ਸੰਪੇਖ ਭੀ ਸੁਰ ਹੈ." ਅੰਤ ਹੋਏ ਸੁਰਗਾਮੀ."(ਚੰਡੀ ੩)

੪. ਸੁਰਸਰ. ਮਾਨ ਸਰੋਵਰ.

੫. "ਸੁਰਸ਼ਾ ਤੁਰੰਗ ਚੰਚਲ ਕੁਦਾਇ."(ਗੁਪ੍ਰਸੁ)

੬. ਜੋ ਸਫ਼ੈਦ ਕੋਹ ਤੋਂ ਨਿਕਲ ਕੇ ਕਾਬੁਲ ਦਰਿਆ ਵਿੱਚ ਮਿਲ ਜਾਂਦਾ ਹੈ।

੭. ਖ਼ਤਲਾਨ ਦਾ ਇੱਕ ਦਰਿਆ, ਜੋ ੧੩੦ ਮੀਲ ਵਹਿੰਦਾ ਹੋਇਆ ਆਮੂਨਦ ਵਿੱਚ ਮਿਲ ਜਾਂਦਾ ਹੈ.

੮. "ਬਹੁਰ ਨਿਕਾਸਜੋ ਮਸਤਕ ਟੀਕਾ। ਅੱਛਤ ਲਾਇ ਸੁਹਾਵਤ ਨੀਕਾ। ਕੇਤੁ ਰਾਹੁ ਨੇ ਜਨੁ ਸਸਿ ਗਹਜੋ। ਖੰਡ ਖੰਡ ਕਰਿ ਖੈਬੇ ਚਹਜੋ। ਸੋ ਡਕਰੇ ਅੰਮ੍ਰਿਤ ਬਲ ਭਰੇ। ਭਾਜਿ ਸਦਨ ਸੁਰਗੁਰੁ ਕੇ ਬਰੇ."(ਗੁਪ੍ਰਸੂ)

ਕੇਸਰ ਦਾ ਟਿੱਕਾ ਮਥੇ ਲਾ ਕੇ ਉਸ ਉਤੇ ਚਾਉਲ ਲਾ ਦਿੱਤੇ, ਚਾਉਲ ਨਹੀਂ, ਮਾਨੋ ਕੇਤੁ ਅਤੇ ਰਾਹੁ ਨੇ ਚੰਦ ਦੇ ਟੁਕੜੇ ਕਰ ਦਿੱਤੇ ਹਨ. ਅਮ੍ਰਿਤ ਦੇ ਅਸਰ ਨਾਲ ਟੁਕੜੇ ਮੋਏ ਨਹੀਂ. ਉਹ ਆਪਣੀ ਰਖ੍ਯਾ ਲਈ ਵ੍ਰਿਹਸਪਤਿ ਦੇ ਘਰ ਜਾ ਵੜੇ ਹਨ. ਸੁਰਗੁਰ ਦਾ ਰੰਗ ਪੀਲਾ ਹੈ, ਇਸ ਲਈ ਕੇਸਰ ਦਾ ਤਿਲਕ ਉਸਦਾ ਘਰ ਦੱਸਿਆ ਹੈ.

੯. ਮੇਧਮ ਮੁਨਿ ਦਾ ਚੇਲਾ ਅਤੇ ਸਮਾਧਿ ਵੈਸ਼੍ਯ ਦਾ ਮਿਤ੍ਰ ਸੀ. ਵੈਰੀਆਂ ਨੇ ਇਸ ਨੂੰ ਜਿੱਤ ਕੇ "ਕੋਲਾਪੁਰ" ਰਾਜਧਾਨੀ ਵਿੱਚੋਂ ਕੱਢ ਦਿੱਤਾ. ਜਿਸ ਪੁਰ ਸੁਰਥ ਨੇ ਮੇਧਸ ਦੇ ਉਪਦੇਸ਼ ਅਨੁਸਾਰ ਦੁਰਗਾ ਪੂਜਨ ਕਰਕੇ ਵੈਰੀਆਂ ਤੇ ਫ਼ਤੇ ਪਾਈ ਅਤੇ ਚਕ੍ਰਵਰਤੀ ਰਾਜ ਕੀਤਾ.

੧੦. ਸੁਰਧਰੀ: ਸਰੋਏ ਸਿਤਾਰ ਆਦਿ ਦੀ ਘੋੜੀ. ਜਿਸ ਤੇ ਤਾਰਾਂ ਰੱਖੀਆਂ ਹੁੰਦੀਆਂ ਹਨ. ਸੰ. ਤੰਤ੍ਰਾਸਨ, ਜੁਵਾਹਰੀ. Bridge. ਇਹ ਹਾਥੀ ਦੰਦ, ਕਰੜੀ ਲੱਕੜ ਜਾਂ ਸਿੰਗ ਤੋਂ ਬਣਾਈ ਜਾਂਦੀ ਹੈ.

੧੧. ਸੁਰਭਵਨ: ਦੇਵ ਲੋਕ. ਅਮਰਾਵਤੀ.

੧੨. । ੨. ਵਸੰਤ ਰੁੱਤ। ੩. ਮੋਲਸਰੀ ੪. ਚਮੇਲੀ। ੫. ਪ੍ਰਿਥਿਵੀ। ੬. ਤੁਲਸੀ.

੧. "ਜਤਨ ਕਰੈ ਤਉ ਭੀ ਸੁਰਭੰਗ." (ਸੁਖਮਨੀ)। ੨. ਕਾਵ੍ਯ ਅਨੁਸਾਰ ਇੱਕ ਸਾਤ੍ਵਿਕ ਭਾਵ. "ਕ੍ਰੋਧ ਹਰਖ ਮਦ ਭੀਤਿ ਤੇਂ ਵਚਨ ਔਰ ਬਿਧਿ ਹੋਇ। ਤਾਹਿੰ ਕਹਿਤ ਸੁਰ ਭੰਗ ਹੈਂ ਕਵਿ ਕੋਵਿਦ ਸਬ ਕੋਇ." (ਮਤਿ ਰਾਮ) ੩. ਵੈਦਕ ਅਨੁਸਾਰ ਗਲੇ ਦੀ ਸੋਜ ਆਦਿਕ ਤੋਂ ਬਿਗੜੀ ਹੋਈ ਆਵਾਜ਼.

੨. ਸੁਰਵਧੂ: ਸੰਗ੍ਯਾ- ਦੇਵਤਾ ਦੀ ਇਸਤ੍ਰੀ। ੨. ਅਪਸਰਾ.

੩. ਸੰਸਕ੍ਰਿਤ ਦੇ ਅਨੇਕ ਵਿਦ੍ਵਾਨਾਂ ਅਤੇ ਵਰਤਮਾਨ ਸਮੇਂ ਦੇ ਡਾਕਟਰਾਂ ਨੇ ਸ਼ਰਾਬ ਦੇ ਅਨੰਤ ਔਗੁਣ ਲਿਖੇ ਹਨ:-

(a) Speaking regarding the hereditary effects of alcohol on the child when both parents were addicts. Some years ago, Professor Forbes Winslow, a universally recognised authority among medical men, stated: "When the mother as well as the father is a drunkard, the children are sure to be either drunkards, cirminals, or insane."

(b) Extract from "Health and Longevity." by A. C. Selmon, M. D.

"Alcohol and tobacco are poisons that injure not only the lungs, but every part of the body." (Pages 54- 55)

(c) Chapter 13. The eye and the ear.

"Those who use either tobacco or alcohol often have very poor vision."

(Page 85)

(d) Gladstone, a former Prime Minister of England, said: "The combined harm of the three great scourges- war, famine, and pestilence, - is not as terrible as that of wine- drinking." (Page 100)

੪. ਸੁਰਾਹੀ ਬਰਦਾਰ: ਮਹਾਰਾਜਿਆਂ ਦਾ ਉਹ ਨਫ਼ਰ ਜੋ ਸਰਾਹੀ ਰਖਦਾ ਹੈ.

੫. ਸੁਰਾਗੀ: ਉੱਤਮ ਰਾਗੀ। ੨. ਸੁਰਾਗਜੀ (ਸ਼ੀ)। ਸ਼ੇਸ਼੍ਰ. ਰਾਣੀ। ੩. ਸੁਰਾਗ਼ੀ. ਖੋਜੀ. ਪੌੜ. ਦੇਖੋ, ਸੁਰਾਗ਼ ੨.

੬. ਸੁਰਾਦ੍ਰਿ: ਸੰ. ਦੇਵਤਿਆਂ ਦਾ ਅਦ੍ਰਿ (ਪਹਾੜ) ਸੁਮੇਰੁ

੭. ਅ਼[1201] ਸੁਰੀਯਤ. ਸ਼ਾਦੀ ਦੀ ਰਸਮ ਬਿਨਾ ਰੱਖੀ ਹੋਈ ਔਰਤ. Concubine.

੮. ਸੁਰੀਤਿ: ਉੱਤਮ ਰੀਤਿ.

੮. ਸੁਰੀਲਾ: ਵਿ- ਮਿਠੇ ਰਸੁ ਵਾਲਾ.

੯. ਸੁਰੰਬਰ: ਉੱਤਮ ਦੇਵਤਾ। ੨. ਇੰਦ੍ਰ. "ਅੰਬਰ ਲਗ ਜਸ ਕਬਹਿ" ਸੁਰਬਰ." (ਗੁਪ੍ਰਸੂ)

੧੦. ਸੁਲਹਨਾਮਾ: ਉਹ ਨਾਮਹ (ਲਿਖਤ) ਜਿਸ ਵਿੱਚ ਮੇਲ ਮਿਲਾਪ ਅਤੇ ਝਗੜਾ ਨਿਬੇੜਨ ਦੀ ਗੱਲ ਲਿਖੀ ਹੋਵੇ. ਸੰਧਿ ਪਤ੍ਰ. A treaty of peace ਅਥਵਾ A deed of Compromise.

੧੧. ੩ ਮਹਿਮਾ ਪ੍ਰਕਾਸ਼ ਵਿੱਚ ਸ਼੍ਰੀ ਗੁਰੂ ਹਰਿਰਾਇ ਸਾਹਿਬ ਦੀ ਮਹਿਲਾ ਦਾ ਨਾਮ ਸੁਲੱਖਣੀ ਲਿਖਿਆ ਹੈ. ਅਰ ਇਸੇ ਦੇ ਉਦਰ ਤੋਂ ਬਾਬਾ ਰਾਮ ਰਾਇ ਅਤੇ ਗੁਰੂ ਹਰਿ ਕ੍ਰਿਸਨ ਜੀ ਦਾ ਜਨਮ ਹੋਣਾ ਦੱਸਿਆ ਹੈ। ੪. ਦੇਖੋ, ਚੱਬਾ ਅਤੇ ਦੇਸਾਂ ਦਾ ਫ਼ੁੱਟਨੋਟ.

੧੨. ਸੁਲਤਾਨ ਦਾ ਜਨਮ ਸਨ ੧੨੫੨ ਅਤੇ ਦੇਹਾਂਤ ੧੨੯੧ ਵਿੱਚ ਹੋਇਆ.

੧. ਨਿਗਾਹ (ਨਿਗਾਹਾ) ਪਿੰਡ ਭਰਾ ਗਾਜ਼ੀ ਖ਼ਾਨ ਤੋਂ ੨੨ ਮੀਲ ਪੱਛਮ ਹੈ.

੨. ਸੁਲਤਾਨਹ ਰਜ਼ੀਯਾ: ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰ: ੫

ਸੁਲਤਾਨਕੁਲੀ: ਦੇਖੋ, ਗੋਲ ਕੰਡਾ.

੩. ਬੇਰੀ ਬਿਰਛ ਹੇਠ ਵਸਤ੍ਰ ਉਤਾਰ ਕੇ ਰਖਦੇ ਅਰ ਇਸ਼ਨਾਨ ਕਰਕੇ ਕੁਝ ਕਾਲ ਧਜਾਨ ਪਾਇਣ ਰਹਿੰਦੇ. ਉਸ

੪. (ਅ) ਕੁੱਲੂ ਦੀ ਤਸੀਲ ਦਾ ਪ੍ਰਧਾਨ ਨਗਰ. ਦੇਖੋ. ਕੁੱਲੂ.

(ੲ) ਜਲਾਲਾਬਾਦ (ਅਫ਼ਗਾਨਿਸਤਾਨ ਦੀ ਗਵਰਨਰੀ) ਤੋਂ ਪੰਜ ਮੀਲ ਕਾਬੁਲ ਵੱਲ ਇਕ ਨਗਰ, ਜਿਸ ਪਾਸ ਗੁਰੂ ਨਾਨਕ ਦੇਵ ਜੀ ਦਾ ਮਨੋਹਰ ਚਸ਼ਮਾ ਹੈ. ਇਥੇ ਵੈਸਾਖੀ ਦੇ ਮੌਕੇ ਅਖੰਡ ਪਾਠ ਅਤੇ ਭਾਰੀ ਜੱਗ ਹੋਂਦਾ ਹੈ. ਕਰੀਬ ਪੱਜ ਹਜ਼ਾਰ ਸਿੱਖ ਜਮ੍ਹਾ ਹੋਂਦੇ ਹਨ. ਦੇਖੋ, ਕਾਬੁਲ।

(ਸ) ਇਸ ਨਾਮ ਦੇ ਕਈ ਨਗਰ ਅਵਧ, ਸਹਾਰਨਪੁਰ, ਬਨਾਰਸ, ਰਿਆਸਤ ਕੋਟਾ. ਗੁੜਗਾਂਵ ਆਦਿ ਵਿੱਚ ਹਨ.

੫. ਸੁਲਤਾਨਪੁਰ ਲੋਦੀਆਂ: ਇਹ ਸੁਲਤਨਪੁਰ ਦਾ ਪ੍ਰਸਿੱਧ ਨਾਮ ਹੈ.

੬. ਸੰ. ਸੰਗਜਾ- ਸੂਰਜ। ੨. ਚੰਦ੍ਰਮਾ। ੩. ਅਗਨਿ.

੭. "ਸੁਵਰਨ ਕੋ ਢੂੰਡਤ ਫਿਰਤ ਕਵਿ ਵਿਭਚਾਰੀ ਚੋਰ."

(ਬਿਹਾਰੀ) ਕਵਿ ਸੁੰਦਰ ਅੱਖਰ, ਵਿਭਚਾਰੀ ਸੁੰਦਰ ਸ਼ਕਲ, ਚੋਰ ਸੋਨਾ ਢੂੰਡਦੇ ਫਿਰਦੇ ਹਨ।

੮. ਦੇਖੋ, ਸਵਲਾ ੨। ੨. ਚੰਗਾ ਵੱਲ (ਚੱਜ) ਜਾਣਨ ਵਾਲਾ.

੧. ਪਹਰ ਹੈ. ਇਸ ਦਾ ਉਤਰਾਂਗ ਸਾਰੰਗ ਨਾਲ ਮਿਲਦਾ ਹੈ ਅਰ ਪੂਰਵਾਂਗ ਵਿੱਚ ਗਾਂਧਾਰ ਲਾ ਕੇ ਸਾਰੰਗ ਤੋਂ ਵੱਖ ਕਰੀਦੀ ਹੈ.

---

[1201] ਇਥੇ ਲੇਖਕ ਨੇ ਅਰਬੀ ਸ਼ਬਦ ਨਹੀਂ ਦਿੱਤਾ. (ਸੰਪਾਦਕ)

ਸੂਹੀ ਵਿੱਚ ਨਿਸ਼ਾਦ ਅਤੇ ਪੰਚਮ ਦੀ ਸੰਗਤਿ ਰਹਿੰਦੀ ਹੈ.

੨. । ੩. ਸੰ. ਸੂਕ. ਪੌਣ. ਹਵਾ। ੪. ਤੀਰ. ਵਾਣ.

੩. ਸੂਚਨਾ ਪਤ੍ਰ: ਵਿਗਜਾਪਨ. ਇਸ਼ਤਹਾਰ.

੪. । ੫. ਤੁ. ਸ਼ਰਾਬ। ੬. ਸਾਕੀ (Cup bearer). । ੭. ਦੇਖੋ, ਸੁਚਿ ੩.

੫. ਸੂਚੀ ਕਰਮ: ਸੰਗਜਾ- ਸਿਉਣਾ ਪਰੋਣਾ.

੬. ੨। ੧੯. ਤੁ. ਰਾਗ ਦੇ ਸੁਰਾਂ ਦਾ ਪ੍ਰਬੰਧ. ਠਾਟ.

੭. । ੨. ਸੰ. ਸੂਜ਼ਰ. ਵਿ- ਬਹੁਤ ਵਧੀਆ. ਅਤਜੰਤ ਸ਼੍ਰੇਸ਼੍ਰ.

੨੨੩. ੧.

ਸੂਤਿਕਾਰ ਗਾਰ: ਸੰ. ਸੰਗਜਾ. ਉਹ ਆਗਾਰ (ਘਰ) ਜਿਸ ਵਿੱਚ ਇਸਤ੍ਰੀ ਬੱਚਾ ਜਣੇ. ਪ੍ਰਜਵ- ਗ੍ਰਿਹ.

੨. "ਹਰਿ ਸਗ ਸੂਤੀ." (ਬਿਲਾ ਛੰਤ ਮਃ ੧) ਭਾਵ- ਸਹਵਾਸ ਵਾਲੀ। ੨. ਕਪਾਹ ਦੇ ਸੂਤ (ਤੰਤ) ਦਾ, ਜਿਵੇਂ- ਸੂਤੀ ਕੱਪੜਾ.

੩. ਸੂਤ੍ਰਕਾਰ: ਉਹ ਪੰਡਿਤ- ਰਿਖੀ ਜੋ ਸੂਤ੍ਰਾਂ ਦੀ ਰਚਨਾ ਕਰੇ। ੨. ਜੁਲਾਹਾ। ੩. ਮਕੜੀ.

੪. ਸੂਤ੍ਰ ਪਾਤ: ਆਰੰਭ. ਕੰਮ ਸ਼ੁਰੂ ਕਰਨ ਦਾ ਭਾਵ. ਜਦ ਮਕਾਨ ਬਣਾਈਦਾ ਹੈ ਤਾਂ ਸੂਤ੍ਰ ਨਾਲ ਜ਼ਮੀਨ ਤੇ ਨਿਸ਼ਾਨ ਲਾਈਦੇ ਹਨ, ਇਸ ਤੋਂ ਇਹ ਮੁਹਾਵਰਾ ਹੋ ਗਿਆ ਹੈ.

੫. ਸੰ. ਸੂਤ੍ਰਿਨ. ਸੂਤ (ਡੋਰ) ਵਾਲਾ, ਸੂਤ੍ਰਧਾਰ। ੨. ਮਿਸਤਰੀ, ਜੋ ਡੋਰੀ ਨਾਲ ਮਕਾਨ ਲੱਕੜ ਆਦਿ ਦੀ ਵਜੋਂਤ ਕਰਦਾ ਹੈ.

੬. ਸੂਦ ਖ਼ੋਰ: ਫ਼ਾ. ਸੰਗਜਾ- ਵਿਆਜ ਖਾਣ ਵਾਲਾ ਵਪਾਰੀ. ਵਿਆਜੂੜਾ. ਦੇਖੋ, ਸੂਦ ੭- ੮.

੭. ਸ਼ੂਦ੍ਰੱਾਨ: ਸ਼ੂਦ੍ਰ ਦਾ ਅੰਨ. ਹਿੰਦੂ ਮਤ ਦੇ ਗ੍ਰੰਥਾਂ ਵਿੱਚ ਸ਼ੂਦ੍ਰ ਦਾ ਅੰਨ ਖਾਣਾ ਵਰਜਿਆ ਹੈ. ਆਪਸ੍ਰੰਬ ਸਿਮ੍ਰਿਤਿ ਵਿੱਚ ਲਿਖਿਆ ਹੈ ਕਿ ਸ਼ੂਦ੍ਰ ਦੇ ਅੰਨ ਤੋਂ ਬਣੇ ਵੀਰਜ ਦ੍ਵਾਰਾ ਪੈਦਾ ਹੋਈ ਸੰਤਾਨ ਸ਼ੂਦ੍ਰ ਹੀ ਸਮਝਣੀ ਚਾਹੀਏ, ਅਰੁ ਸ਼ੂਦ੍ਰ ਦਾ ਅੰਨ ਪੇਟ ਵਿੱਚ ਹੁੰਦੇ ਜੋ ਦ੍ਵਿਜ ਮਰ ਜਾਵੇ, ਤਾਂ ਉਹ ਪਿੰਡ ਦਾ ਸੂਰ ਜੀ ਕੁੱਤਾ ਹੋਂਦਾ ਹੈ. (ਦੇਖੋ, ਅਃ ੮, ਸ਼ਃ ੧੦- ੧੧)

੮. ਈਸ਼੍ਵਰ ਦੀ ਹੋਂਦ ਕਲਪਿਤ ਹੈ ਅਤੇ ਉਹ ਜਗਤ ਦਾ ਕਾਰਣ ਨਹੀਂ.

੯. "ਸੂਪਕਾਰ ਕਰਿ ਤਜਾਰ ਅਹਾਰੇ."(ਗੁਪ੍ਰਸੂ)

੧੦. ਨਸ਼ਿਆਂ ਦੇ ਸੇਵਕਾਂ ਨੇ, ਇਹ ਸ਼ਬ, ਨਸ਼ੇ- ਤਜਾਗੀਆਂ ਲਈ ਘੜਿਆ ਹੈ।

੧੧. । ੧੧. ਪੁਰਾਣਾਂ ਅਨੁਸਾਰ ਇੱਕ ਯਾਦਵ ਜਿਸ ਦਾ ਨਾਮ ਸ਼ੂਰ ਸੀ, ਜਿਸ ਤੋਂ ਸੂਰੀ (ਸ਼ੌਰਿ) ਗੋਤ ਚਲਿਆ. ਇਹ ਕ੍ਰਿਸ਼ਨ ਜੀ ਦਾ ਵਡੇਰਾ ਸੀ। ੧੯. ਮਹਾਕਵਿ ਭਗਤ ਸੂਰਦਾਸ ਦਾ ਸੰਖੇਪ ਨਾਮ. "ਸੂਰ ਤੁਸਲੀ ਕੋ ਕ੍ਰਿਸਨ ਰਾਮ ਨੇ ਦਰਸ ਦਯੋ." (ਗ੍ਵਾਲ) "ਕਿਧੋਂ ਸੂਰ ਕੋ ਸਰ ਲਗਜੋ ਕਿਧੋਂ ਸੂਰ ਕੀ ਪੀਰ। ਕਿਧੋਂ ਸੂਰ ਕੋ ਪਦ ਲਗਜੋ, ਤਨ ਮਨ ਧੁਨਤ ਸਰੀਰ." (ਤਾਨਸੇਨ) ਸੂਰਮੇ (ਬਹਾਦੁਰ) ਦਾ ਤੀਰ ਲੱਗਾ, ਜਾਂ ਸੂਲ ਰੋਗ ਦੀ ਪੋੜ ਹੈ, ਅਥਵਾ ਸੂਰਦਾਸ ਦੇ ਵਾਕ ਦਾ ਅਸਰ ਹੋਇਆ ਹੈ.

੧੨. । ੪. ਸੂਰ (ਵਰਾਹ) ਦਾ ਪੁਤ੍ਰ ਨਰਕਾਸੁਰ. ਦੇਖੋ, ਭੋਮਾਸੁਰ.

੧੩. ਸੂਰਸੁਤਾ: ਸੂਦਯ ਦੀ ਪੁਤ੍ਰੀ ਯਮੁਨਾ.

ਸੂਰਸੁਤਾ ਪਤਿ: ਯਮੁਨਾ ਪਤਿ ਕ੍ਰਿਸ਼ਨ ਦੇਵ.

ਸੂਰ ਕੋ ਬਾਲਕ: ਯਮ। ੨. ਕਰਣ. "ਕਿਯ ਸੂਰ ਕੋ ਬਾਲਕ ਕਬੇ ਕੋ ਦਾਨ" (ਕ੍ਰਿਸਨਾਵ)

੧੪. ਭਾਸਕਰ. ਭਾਨੁ. ਪ੍ਰਭਾਕਰ. ਮਾਰਤੰਡ. ਰਵਿ. ਆਦਿਤ੍ਯ. ਸਵਿਤਾ. ਵਿਦ੍ਵਾਨਾਂ ਨੇ ਪ੍ਰਿਥਿਵੀ ਤੋਂ ਚਾਰ ਕਰੋੜ ਪੈਂਸਠ ਮੀਲ ਦੀ ਵਿੱਥ ਤੇ ਸੂਰਯ ਮੰਨਿਆ ਹੈ ਅਤੇ ਉਸ ਦਾ ਵਿਸਥਾਰ ਪ੍ਰਿਥਿਵੀ ਤੋਂ ਅੱਠ ਗੁਣਾਂ ਕਲਪਿਆ ਹੈ, ਅਰਥਾਤ ਚਾਰ ਲਾਖ ਤੇਤੀਹ ਹਜ਼ਾਰ ਮੀਲ ਹੈ.

੨੨੪. ੧. ਸੂਰਜ ਤਾਤ: ਦੇਖੋ ਸੂਰਜਸੁਤ.

ਸੂਰਜਤਾਤ ਸਿੰਘ: ਭਾਈ ਸੁੱਖਾ ਸਿੰਘ ਨੇ ਪਹੇਲੀ ਦੇ ਢੰਗ ਧਰਮ ਸਿੰਘ ਦੀ ਥਾਂ ਇਹ ਸ਼ਬਦ ਵਰਤਿਆ ਹੈ. ਸੂਰਯ ਦਾ ਪੁਤ੍ਰ ਧਰਮ.

੨. ਸੂਰਯ ਦਾਸ ਦਾ ਲਿਖਿਆ ਸਿੱਧਾਂਤ ਸ਼ਿਰੋਮਣਿ ਦਾ ਟੀਕਾ।

੩. ਇਸ ਦੀ ਭਾਜੀ ਅਤੇ ਅਚਾਰ ਬਣਦਾ ਹੈ. ਜ਼ਿਮੀਕੰਦ ਦੀ ਤਾਸੀਰ ਗਰਮ ਖ਼ੁਸ਼ਕ ਹੈ. ਜੇ ਇਹ ਕੱਚਾ ਖਾਧਾ ਜਾਵੇ ਤਾਂ ਜੀਭ ਅਤੇ ਮੇਦੇ ਨੂੰ ਪਾੜ ਦਿੰਦਾ ਹੈ.

੪. । ੩. ਸੰਗ੍ਯਾ- ਭਾਈ ਰੂਪ ਚੰਦ ਦੀ ਮਾਤਾ. ਦੇਖੋ, ਰੂਪ ਚੰਦ ਭਾਈ.

੫. ਸੂਰਤੀਆ ਸਿੰਘ: ਦੇਖੋ, ਨਾਭਾ.

੬. ਸੂਰਦਾਸ ਜੀ ਦੇ ਦੇਹਾਂਤ ਦਾ ਸੰਮਤ ੧੬੨੦ ਅਨੁਮਾਨ ਕੀਤਾ ਗਿਆ ਹੈ।

੭. ਸੂਰਪਣਖਾ: ਰਾਵਣ ਦੀ ਭੈਣ. "ਬੇ ਰੇ ਕ੍ਰਿਤਕਾਯ ਸੁਣ ਰਾਵਣ ਬਲਾਕ! ਤੇਰੇ ਸੂਤਪਨ ਖ਼ਾਕ, ਐਸ ਸੂਰਪਨਖਾ ਕਹੀ."

(ਫੂਲਮਾਲਾ ਰਾਮਾਯਣ)

੮. ੪ ਸੂਲੀ. ਜਿਸ ਨਾਲ ਪੁਰਾਣੇ ਸਮੇਂ ਪ੍ਰਾਣ ਦੰਡ ਦਿੱਤਾ ਜਾਂਦਾ ਸੀ। ੫. ਨਗਾਰੇ ਦੀ ਦਬ.

੧. "ਸ਼ੇਸ਼ਨਾਗ ਸਿਰ ਸਹਸ ਬਣਾਈ, ਦ੍ਵੈ ਸਹੰਸ ਰਸਨਾਹ ਸੁਹਾਈ, ਰਟਤ ਅਬ ਲਗੋ ਨਾਮ ਅਪਾਰਾ, ਤੁਮਰੋ ਤਊ ਨ ਪਾਵਤ ਪਾਰਾ."(ਵਿਚਿਤ੍ਰ)

੨. ਸੇਕਤਾ: ਸੰ. सेक्तृ- ਸੇਕ੍ਤ੍ਰਿ. ਵਿ- ਛਿੜਕਣਾ ਵਾਲਾ ਸੰਚਨ (ਸਿੰਜਣ) ਵਾਲਾ। ੨. ਸੰਗ੍ਯਾ- ਪਤਿ. ਭਰਤਾ, ਜੋ ਵੀਰਯ ਸੇਚਨ ਲਗਦਾ ਹੈ.

੩. ਇਹ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਦੇ ਭੂਸ਼ਣ ਮਹਾ ਕਵਿ ਹੰਸਰਾਮ ਵਾਜਪੇਯੀ ਜੀ ਦੀ ਵੰਸ਼ ਵਿੱਚ ਮਨੀ ਰਾਮ ਕਵਿ ਦੇ ਘਰ ਪੋਹ ਸੁਦੀ ੧੦. ਸੰਮਤ ੧੮੫੫ (ਸਨ ੧੭੯੮) ਨੂੰ ਮੌਜਵਾਬਾਦ (ਜ਼ਿਲਾ ਫ਼ਤੇਹਪੁਰ ਯੂ. ਪੀ. ) ਵਿੱਚ ਜਨਮਿਆਂ, ਅਸਨੀ ਨਿਵਾਸੀ ਕਰਨੇਸ਼ ਤੋਂ ਕਾਵ੍ਯ ਗ੍ਰੰਥ ਪੜ੍ਹੇ ਅਰ ਮਨੋਹਰ ਕਵਿਤਾ ਕਰਨ ਲੱਗਾ.

੨੨ ਵਰ੍ਹੇ ਦੀ ਉਮਰ ਵਿੱਚ ਦਰਭੰਗੇ ਪੁੱਜਾ ਅਰ ਰਾਜ ਦਰਬਾਰ ਵਿੱਚ ਮਾਨ ਪਾਇਆ. ਫੇਰ ਜੋਧਪੁਰ ਕੁਝ ਸਮਾਂ ਵਿਤਾਇਆ. ਅੰਤ ਨੂੰ ਮਹਾਰਾਜਾ ਰਣਜੀਤਸਿੰਘ ਜੀ ਸੇਵਾ ਵਿੱਚ ਹਾਜ਼ਿਰ ਹੋਣ ਦੇ ਸੰਕਲਪ ਨਾਲ ਪੰਜਾਬ ਆਇਆ ਅਤੇ ਪਟਿਆਲੇ ਕੁਝ ਦਿਨ ਰਿਹਾ. ਸਰਦਾਰ ਜੈ ਸਿੰਘ ਸੈਣੀ ਅਤੇ ਸਰਦਾਰ ਖੁਸ਼ਾਲ ਸਿੰਘ ਕਾਵ੍ਯ ਪ੍ਰੇਮੀਆਂ ਦੀ ਕ੍ਰਿਪਾ ਨਾਲ ਸ਼ੇਖਰ, ਮਹਾਰਾਜਾ ਕਰਮ ਸਿੰਘ ਜੀ ਦੀ ਸਭਾ ਵਿੱਚ ਪਹੁੰਚਿਆ ਅਰ ਮਹਾਰਾਜਾ ਦੀ ਕ੍ਰਿਪਾ ਦਾ ਪਾਤ੍ਰ ਹੋ ਕੇ ਜੀਵਨ ਭਰ ਪਟਿਆਲੇ ਹੀ ਰਿਹਾ. ਮਹਾਰਾਜਾ ਨਰੇਂਦ੍ਰ ਸਿੰਘ ਸਾਹਿਬ ਭੀ ਇਸ ਤੇ ਖ਼ਾਸ ਕ੍ਰਿਪਾ ਕਰਦੇ ਰਹੇ। ਚੰਦ੍ਰ ਸ਼ੇਖਰ ਦਾ ਦੇਹਾਂਤ ਸੰਮਤ ੧੯੩੨ (ਸਨ ੧੮੭੫) ਨੂੰ ਪਟਿਆਲੇ ਹੋਇਆ. ਇਸ ਦੇ ਪੁਤ੍ਰ ਗੌਰੀ ਸ਼ੰਕਰ ਦਾ ਭੀ ਰਿਆਸਤ ਵਲੋਂ ਚੰਗਾ ਮਾਨ ਰਿਹਾ.

ਇਸ ਦੇ ਲਿਖੇ ਗ੍ਰੰਥ ਨਖ ਸ਼ਿਖ, ਹਮੀਰ ਹਨ, ਰਸਿਕ ਬਿਨੋਦ. ਵ੍ਰਿੰਦਾਵਨ ਸਤਕ, ਮਾਧਵੀ ਵਸੰਤ ਆਦਿ ਮਿਲਦੇ ਹਨ.

੪. । ੪. ਮੱਥਾ। ੫. ਪਹਾੜ ਦਾ ਟਿੱਲਾ. "ਮੇਰੁ ਕੇ ਸੇਖਰ ਸਿਧ ਰਹੈਂ." (ਨਾਪ੍ਰ)

੫. ਸੇਚਕ: ਸੰ. ਵਿ- ਸਿੰਜਣ ਵਾਲਾ। ੨. ਸੰਗ੍ਯਾ- ਬੱਦਲ- ਮੇਘ.

੬. ਸੇਠਰ: ਸ਼੍ਰੇਸ਼੍ਤਰ. ਬਹੁਤ ਉੱਤਮ। ੨. ਧਨੀ ਸ਼ਾਹੂਕਾਰ.

੭. । ੨. ਹੱਦ ਬੰਦੀ। ੩. ਮਰਯਾਦਾ. ਹੀਤਿ। ੪. ਪ੍ਰਣਵ. ਓਅੰਕਾਰ.

੧. । ੬. ਸ਼ਰੀਰ. ਦੇਹ। ੭. ਜੀਵਨ. ਜ਼ਿੰਦਗੀ। ੮. ਸੇਨਾ, ਫੌਜ.

੨. ਸੇਨਾਵਾਸ: ਛਾਵਨੀ। ੨. ਤੰਬੂ. ਖ਼ੇਮਾ. ਪਾਲ.

ਸ਼ੇਪ, ਸੇਫ: ਸੰ. ਜੋ ਵੀਰਯ ਪਾਤ ਹੋਣ ਪੁਰ ਸੌਂ ਜਾਵੇ. ਲਿੰਗ. ਸ਼ਿਸ ਜਨਨੇਂਦ੍ਰਿਯ. "शुक पाते सति शेते पततिइति शेकः" (ਭਰਤ)

੩. ਸ਼ਾਹ ਬਿਲਾਵਲ- ਕ਼ਾਦਿਰੀ ੪. ਫਰਵਰੀ ੧੬੩੭ ਨੂੰ ੭੦ ਵਰ੍ਹੇ ਦੀ ਉਮਰ ਵਿੱਚ ਲਹੌਰ ਮੋਇਆ. ਇਸ ਦਾ ਮਕ਼ਬਰਾ ਦਿੱਲੀ ਦਰਵਾਜ਼ੇ ਤੋਂ ਬਾਹਰ ਹੈ.

੪. । ੯. ਸੰਗਜਾ- ਸੇਵਾ. ਖ਼ਿਦਮਤ. "ਵਿਚਿ ਦੁਨੀਆ ਸੇਵ ਕਮਾਈਐ."(ਸ੍ਰੀ ਮਃ ੧)

੫. "ਸੇਵਾ ਥੋਰੀ, ਮਾਗਨੁ ਬਹੁਤਾ."(ਸੂਚੀ ਮਃ ੫)

੧. ੩ ਸੰ. ਸੰਗਜਾ- ਬੇਰ. ਬਦਰਫਲ

੨. "Mahomet himself lived under the deep conviction of the personality of Satan and his emissaries, and of his own exposure to their influence. Throughout the Coran the Devil and his angels are represented as possessed of power not only to influence the wicked, but even to suggest sinful thoughts and actions to the good, not excluding Mahomet himself. (Life of Mahomet by Sir William Muri, Pager 56)

੩. ੨ ਆਯਤ ੩੪ ਤੋਂ ੩੬. ਸੂਰਤ ੭. ਆਯਤ ੧੧. ਤੋਂ ੨੩. ਸੂਰਤ ੧੫, ਆਯਤ ੨੯ ਤੋਂ ੪੯, ਸੂਰਤ ੧੭. ਆਯਤ ੬੧ ਤੋਂ ੬੪, ਸੂਰਤ ੧੮. ਆਯਤ ੫੦, ਸੂਰਤ ੨੦, ਅਯਾਤ ੧੧੬, ੧੧੭।

੪. ਵਿ- ਕਰਤਾਰ ਤੋਂ ਵਿਮੁਖਤਾ ਵਾਲਾ. ਗੁਮਰਾਹ ਹੋਇਆ। ੩. ਸ਼ੈਤਾਨ ਨਾਲ ਸੰਬਧਿਤ. ਸ਼ੈਤਾਨ ਦਾ.

੫. ਸੈਦੇ ਖ਼ਾਨ: ਪੈਂਦੇ ਖ਼ਾਨ ਦਾ ਪੁੱਤ. "ਪੈਂਦੇ ਖ਼ਾਂ ਕੋ ਸੈਦੇ ਖ਼ਾਂ." (ਗੁਪ੍ਰਸੂ)। ੨. ਸੈਦ ਖ਼ਾਂ ਦੀ ਥਾਂ ਭੀ ਕਈਆਂ ਨੇ ਇਹ ਸ਼ਬਦ ਵਰਤਿਆ ਹੈ.

੬. । ਸ਼੍ਰੀ ਗੁਰੂ ਅਰਜਨ ਦੇਵ ਦਾ ਇਕ ਪ੍ਰੇਮੀ ਸਿੱਖ.

੧. । ੨. ਸੇਂਧਾ ਨਮਕ. ਸਮੁੰਦਰ ਦੇ ਪਾਣੀ ਵਿੱਚੋਂ ਕੱਢਿਆ ਹੋਇਆ ਲੂਣ.

੮. "ਸੁਨਿ ਦਯਾ ਸਿੰਧੁ ਸ਼ੈਂਸ਼ਵ ਮੰਗਾਇ." (ਗੁਪ੍ਰਸੂ)

੯. ਰੂਖੋ ਭੋਜਨ ਭੂਮਿ ਸੈਨ ਸਖੀ। ਪ੍ਰਿਅ ਸੰਗਿ ਸੂਖ ਬਿਹਾਤ."

(ਕਾਨ ਮਃ ੫)

੧੦. ਸਨ ਮਿਲਾਪੀ: ਸੇਸਾ ਦਾ ਮੇਲੀ. ਦੇਖੋ, ਸੈਨ ੫. "ਸ਼ੈਖ਼ਨਾਗ ਲਖ ਸੈਨ ਮਿਲਾਪੀ." (ਨਾਪ੍ਰ) ਨੇ ਵਿਸਨੁ ਰੂਪ ਗੁਰੂ ਨਾਨਕ ਜੀ ਨੂੰ ਵੇਖ ਕੇ. ਵਿਸ੍ਨੂੰ ਸ਼ੇਸ਼ ਉੱਪਰ ਸੌਂਦਾ ਹੈ.

੧੧. ਜੋ ਸੰਮਤ ੧੭੬੮ ਵਿੱਚ ਤਿਆਰ ਹੋਇਆ ਹੈ. ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਇਹ ਗ੍ਰੰਥ ਛਪਵਾ ਦਿੱਤਾ ਹੈ.

੨੩੦- ੧. ਸੈਲਸੁਖ: ਅਚਲ ਸੁਖ ਅਵਿ- ਨਾਸ਼ੀ ਆਨੰਦ. ਦੇਖੋ, ਸੁਖਸੌਲ.

੨. । ੩. ਮਾਰੂਠਾਟ ਦੀ ਸਾੜਵ ਰਾਗਿਣੀ, ਜਿਸ ਵਿੱਚ ਪੰਚਮ ਵਰਜਿਤ ਹੈ. ਧੈਵਤਵਾਦੀ ਅਤੇ ਗਾਂਧਾਰ ਸੰਵਾਦੀ ਹੈ. ਇਨ੍ਹਾਂ ਦੋਹਾਂ ਸੁਰਾਂ ਦੀ ਸੰਗਤਿ ਇਸ ਦਾ ਮਨੋਹਰ ਸਰੂਪ ਬਣਾ ਦਿੰਦੀ ਹੈ. ਗਾਉਣ ਦਾ ਵੇਲਾ ਰਾਤ ਦਾ ਪਿਛਲਾ ਪਹਰ ਹੈ.

੩. ਚਾਰ ਸਤਿਗੁਰਾਂ ਵੇਲੇ ਸੋਹਿਲੇ ਦੇ ੩. ਸ਼ਬਦ ਸਨ, ਗੁਰੂ ਅਰਜਨ ਸਾਹਿਬ ਪਿਤਾ ਗੁਰੂ ਜੀ ਦਾ ਅਤੇ ਆਪਣਾ ਸ਼ਬਦ ਨਾਲ ਮਿਲਾ ਕੇ ਪੰਜ ਸ਼ਬਦਾਂ ਦਾ ਸੋਹਿਲਾ ਨਿਯਤ ਕੀਤਾ ਹੈ.

੪. ਮ੍ਰਿਤਕ ਸੰਸਕਾਰ ਸਮੇਂ ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਸੋਹਿਲੇ ਦਾ ਪਾਠ ਭੀ ਕੀਤਾ ਜਾਂਦਾ ਹੈ. "ਸੋਹਿਲਾ ਪੜ੍ਹ ਪਰਸ਼ਾਦ ਵਰਤਾਈ। ਜੋ ਗੁਰੂ ਨਾਨਕ ਰੀਤਿ ਚਲਾਈ." (ਗੁਵਿ ੬)

੫. ਸ਼ੋਕ ਪ੍ਰਗਟ ਕਰਣ ਲਈ ਅਨੇਕ ਰੰਗ, ਦੇਸ਼ ਭੇਦ ਕਰਕੇ ਵਰਤੀਂਦੇ ਹਨ- ਜਿਵੇਂ ਭਾਰਤ ਅਤੇ ਚੀਨ ਵਿੱਚ ਚਿੱਟਾ, ਯੂਰਪ ਵਿੱਚ ਕਾਲਾ, ਤੁਰਕੀ ਬੈਂਗਣੀ, . . . . . . ਆਦਿ.

੬. ਦੇਖੋ, ਸੋਗ। ੪. ਪੰਜਾਬੀ ਵਿੱਚ ਸੋਕੇ ਲਈ ਸੋਕ ਸ਼ਬਦ ਵਰਤੀਦਾ ਹੈ. ਜਿਵੇਂ- ਸੰਗਤਰੀਆਂ ਨੂੰ ਸੋਕ ਪੈ ਗਈ ਹੈ.

੭. ਸੋਕਾ: ਸੁੱਕਣ ਦਾ ਭਾਵ. ਜਿਵੇਂ ਪੈਲੀ ਨੂੰ ਸੋਕਾ ਲੱਗ ਗਿਆ ਹੈ.

੮. ਸ਼ੋਕਾਗਾਰ: ਉਹ ਆਗਾਰ (ਘਰ), ਜਿਸ ਵਿੱਚ ਸ਼ੋਕ ਸਮੇਂ ਬੈਠੀਏ. ਪੁਰਾਣੇ ਸਮੇਂ ਰਾਜ ਮਹਿਲਾਂ ਵਿੱਚ ਇਕ ਕਮਰਾ ਹੋਇਆ ਕਰਦਾ ਸੀ ਜਿਸ ਵਿੱਚ ਸ਼ੋਕ ਪ੍ਰਗਟ ਕਰਨ ਲਈ ਰਾਜ ਪਰਿਵਾਰ ਦੇ ਲੋਕ ਬੈਠਦੇ ਸਨ.

੧. "ਸਚ ਨ ਕਮਾਵਹੁ, ਹੋਇ ਨ ਸੋਚੁ." (ਨਾਪ੍ਰ)

੨. "ਕਰੈ ਖਾਲਸਾ ਤਿਨ ਕੀ ਸੋਧ." (ਗੁਪ੍ਰਸੂ)

੩. । ੨. ਸੋਧਨ ਕੀਤੇ। ੩. ਵਿਚਾਰੇ. ਖੋਜੇ. "ਨਾਨਕ ਸੋਧੇ ਸਿੰਮ੍ਰਿਤਿ ਬੇਦ." (ਭੈਰ ਮਃ ੫)

੪. ੨ ਇੱਕ ਖੜ੍ਹੀ ਜਾਤਿ।

੫. ਸੋਫੀਆ (ਰਜਾਨ) ਰੱਖਣ ਵਾਲਾ. ਵਿਗਜਾਨੀ। ੨.

੧. "ਹਿਤ ਸੋਂ ਤੁਮ ਸੋਮ ਕੇ ਪਾਸ ਬਸਜੋ, ਮੁਖ ਪੰਕਜ ਪੇ ਮਧੁ ਪੁੰਜ ਸੁਹਾਹੀਂ." (ਨਾਪ੍ਰ) ਸਤਿਗੁਰੂ ਜੀ ਦੇ ਗੋਰੇ ਮੁਖ ਤੇ ਕਾਲੀ ਦਾੜ੍ਹੀ ਨਹੀਂ, ਮਾਨ ਚੰਦ੍ਰਮਾ ਪਾਸ ਹਨ੍ਹੇਰਾ ਆ ਵਸਿਆ ਹੈ, ਜਾਂ ਕਮਲ ਤੇ ਭੌਰੇ ਸੋਭਾ ਦੇ ਰਹੇ ਹਨ।

੨. ਸੋਮੁ ਯਰਜ: ਸੋਮਰਸ ਅਤੇ ਘੀ ਦੀ ਆਹੁਤੀ ਨਾਲ ਕੀਤਾ ਜੱਗ. ਦੇਖੋ, ਰਿਗਵੇਦ ਮੰਡਲ ੧੦. ਦੇ ਮੰਤ੍ਰ ੧੨੪ ਦਾ ਸਾਯਣ ਕ੍ਰਿਤ ਭਾਸਜ.

ਸੋਮਰਸ: ਦੇਖੋ, ਸੋਮ ਅਤੇ ਸੋਮ ਵੱਲੀ.

੩. ਸੋਮਵਤੀ ਅਮਾਵਸਜਾ: ਸੋਮਵਾਰੀ ਮੌਸ, ਜੋ ਹਿੰਦੂ ਮਤ ਅਨੁਸਾਰ ਉੱਤਮ ਪਰਵ ਹੈ. ਇਸ ਦਿਨ ਗੰਗਾ ਸ਼ਨਾਨ ਅਤੇ ਦਾਨ ਆਦਿ ਦਾ ਵੱਡਾ ਮਹਾਤਮ ਲਿਖਿਆ ਹੈ.

੪. ਸੋਮ (Soma). ਦੇ ਸੰਬੰਧ ਵਿੱਚ ਬਹੁਤ ਮਤ ਭੇਦ ਹੈ, ਕੋਈ ਇਸ ਨੂੰ ਬੂਟੇ ਦੀ ਸ਼ਕਲ, ਕੋਈ ਵੇਲ ਦੀ ਸ਼ਕਲ ਦਸਦਾ ਹੈ. ਰਿਗਵੇਦ ਅਤੇ ਅਨੇਕ ਬ੍ਰਾਹਮਣਾਂ (ਗ੍ਰੰਥਾਂ) ਵਿੱਚ ਭਾਵੇਂ ਇਸ ਦਾ ਕੁਝ ਕੁਝ ਰੰਗ ਰੂਪ ਭੀ ਦਿੱਤਾ ਹੈ, ਪਰ ਪੂਰਾ ਨਿਸ਼ਚਾ ਅਜੇ ਤਕ ਨਹੀਂ ਹੋਯਾ. Mr. Havell ਨੇ ਜੁਲਾਈ ਨੰਬਰ ੧੯੨੧ ਦੇ J. R. A. S. ਵਿੱਚ ਸੋਮ ਨੂੰ Eleusive coraca a ਅਥਵਾ "ਰਾਗੀ" ਮਨਿਆ ਹੈ. ਇਸੇ ਵਰ੍ਹੇ ਦੇ ਏਪ੍ਰਿਲ ਨੰਬਰ ਵਿੱਚ ਰਾਜਾ ਨਾਲ ਮੁਖਰ ਜੀ ਨੇ ਸੋਮ ਨੂੰ ਭੰਗ (ਵਿਜਿਯਾ) Cannbis ਸਿੱਧ ਕੀਤਾ ਹੈ. ਕਈ ਵਨਸਪਤਿ ਵਿਦਜਾ ਦੇ ਪੰਡਿਤ ਇਸ ਨੂੰ Ephezra Vulgaris ਦਸਦੇ ਹਨ. ਕਸ਼ਮੀਰ ਦੇਸ਼ ਇਹ ਬਹੁਤ ਹੋਂਦੀ ਹੈ ਅਤੇ ਪੇਂਡੂ ਲੋਕ ਭੀ ਇਸ ਨੂੰ ਸੋਮ ਆਖਦੇ ਹਨ.

੩. ਸੰ. ਸੋਮਲਤਾ. ਦੇਖੋ, ਸੋਮ ੧।

੪. ਇੱਕ ਅਪਸਰਾ.

੬. ਸੋਯ: ਸਰਵ- ਸੈਵ. ਓਹੀ. ਵਹੀ। ੨. ਦੇਖੋ, ਸੋਇ.

੭। ੩. ਸੁਰਸਰ ਦੇਸ਼. ਕਾਠੀਆਵਾੜ.

੮. ਸੋਲ: ਸੰ. ਵਿ- ਸੀਤਲ. ਠੰਢਾ "ਬਾਮਣ ਕਾ ਬੋਲ। ਸਮਝ ਬਿਨ ਸੋਲ." (ਰਤਨ ਮਾਲ) ਜਾਣੇ ਬਿਨਾ ਸੀਤਲਤਾ ਦੇ ਭਾਵ- ਸ਼ਾਂਤਿਦਾਯਕ ਨਹੀਂ। ੨. ਸੰਗ੍ਯਾ- ਸੁਆਦ. ਰਸ। ੩. ਕਸੈਲਾ ਰਸ। ੪. ਅੰ. Sole. ਇੱਕ ਪ੍ਰਕਾਰ ਦੀ ਚਪਟੀ ਮਛੀ, ਜਿਸ ਦਾ ਮਾਸ ਬਹਤ ਰਸਦਾਇਕ ਮੰਨਿਆ ਗਿਆ ਹੈ। ੫. ਅੰ. Soul. ਰੂਹ, ਜੀਵਾਤਮਾ.

੧. ਦਾ ਅਸਲ ਨਾਉਂ "ਰਤਨਮਾਲ" ਹੈ. ਇਸ

੨. ਕ੍ਯੋਂ ਕਿ ਸਮੇਂ ਸਮੇਂ ਸਿਰ ਸ੍ਵਾਰਥੀ ਲੋਕਾਂ ਨੇ ਇਸ ਵਿੱਚ ਮਨ ਭਾਉਂਦੀ ਮਿਲਾਵਟ ਕੀਤੀ ਹੈ.

੩. ਮਾਲੂਮ ਹੋਂਦਾ ਹੈ ਕਿ ਭਾਈ ਸੰਤੋਖ ਸਿੰਘ ਜੀ ਪਾਸ ਇਹ ਪੋਥੀ ਸੀ, ਕ੍ਯੋਂ ਕਿ ਉਹ ਸਭ ਸਾਖੀਆਂ ਗੁਰੂ ਪ੍ਰਤਾਪ ਸੂਰਯ ਵਿੱਚ ਆ ਚੁਕੀਆਂ ਹਨ.

੪. ਨਿਹੰਗ ਸਿੰਘ ਅਤੇ ਨਾਮਧਾਰੀ.

੫. ਅਪਣੀ ਰਚਨਾ ਵਿੱਚ ਦਸ਼ਮੇਸ਼ ਐਸਾ ਨਹੀਂ ਲਿਖ ਸਕਦੇ.

੬. "ਸੰਮਤ ਬਿਕ੍ਰਮ ਸਤ੍ਰਾ ਸੈ ਏਕਾਸੀ ਮਾਸ ਤ੍ਰੈ ਜੇਠ." ਫੇਰ ਲਿਖਿਆ ਹੈ।

੭. (ਕ) ਗਾਯਤ੍ਰੀ ਦੇ ਸਰਾਫ਼ (ਸ਼ਾਪ) ਨਾਲ ਦਸ਼ਮੇਸ਼ ਨੂੰ ਇੱਕ ਵਰ੍ਹਾ ਵਿਪਤਾ ਭੋਗਣੀ ਪਈ. ਅਫਲਾਤੂਨ ਅਤੇ ਸਿਕੰਦਰ ਹਿੰਦੁਸਤਾਨ ਇਕੱਠੇ ਆਏ. (ਸਾਖੀ ੪੧)

(ਖ) ਸਿੱਖ ਫ਼ਾਰਸੀ ਅਰਬੀ ਨਾ ਪੜ੍ਹੋ. ਜਿਸ ਦੇ ਘਰ ਫ਼ਾਰਸੀ ਪੜ੍ਹੀ ਜਾਂਦੀ ਹੈ ਉਸ ਘਰ ਦਾ ਅੰਨ ਨਾ ਖਾਵੇ. ਬਾਮ੍ਹਣ ਸਿੱਖ ਤੋਂ ਸ਼੍ਰਾਧ ਕਰਾਵੇ. ਅਸਿੱਖ ਬਾਮ੍ਹਣ ਤੋਂ ਨਃ ਕਰਾਵੇ. (ਸਾਖੀ ੬੨)

(ਗ) ਦਸ਼ਮੇਸ਼ ਨੇ ਸ਼੍ਰਾਧ ਕੀਤਾ, ਧਰਮ ਸ਼ਾਂਤਿ ਕਰਾਈ, ਪੰਡਿਤ ਪਾਧਿਆਂ ਨੂੰ ਸੇਜਾ ਦਾਨ ਵਸਤ੍ਰ ਗਹਿਣੇ ਘੋੜੇ ਗਾਈਆਂ ਦਿੱਤੀਆਂ. (ਸਾਖੀ ੭੨)

(ਘ) ਫਲ, ਅੰਨ, ਘਾਹ, ਕਾਠ ਅਤੇ ਚੰਮ ਦਾ ਵਪਾਰ ਸਿੱਖ ਨਾ ਕਰੇ. (ਸਾਖੀ ੭੯)

(ਙ) ਅਨਧ੍ਯਾ ਦੇ ਦਿਨ ਵਿਦ੍ਯਾ ਪੜ੍ਹਨ ਵਾਲਾ ਦਰਿਦੀ ਅਤੇ ਛੋਟੀ ਉਮਰ ਵਾਲਾ ਹੋਂਦਾ ਹੈ।(ਸਾਖੀ ੮੪)

(ਚ) ਹੋਮ ਅਤੇ ਵਰਨਾਂ ਅਨੁਸਾਰ

ਜਪ ਕਰਨ ਦਾ ਹਿੰਦੂ

ਰੀਤਿ ਦਾ ਉਪਦੇਸ, (ਸਾਖੀ ੮੯)

(ਛ)ਸਦ੍ਰ ਦਾ ਪੱਖ ਕਰਨ ਵਾਲਾ ਬ੍ਰਾਹਮਣ ਪਾਪੀ ਹੈ. ਬਲਦ ਨੂੰ ਖੱਸੀ ਕਰਨਾ, ਖੱਚਰ ਪੈਦਾ ਕਰਨੀ ਪਾਪ ਹੈ.

(ਸਾਖੀ ੯੧)

੮. ਸੌਹਾਰਦ: ਸੌਹਾਰ੍‍ਦ. ਅਤੇ ਸੌਹਾਰ੍‍ਦ੍ਯ. ਸੰਗ੍ਯਾ- ਸੁਹ੍ਰਿਦਤਾ ਸੱਜਨਤਾ) ਦਾ ਭਾਵ.

੯. । ੩. ਸੰ. ਸ਼ੁਕਾਂ (ਤੋਤਿਆਂ) ਦਾ ਝੁੰਡ.

੧੦. ਸੌਚ ਜਾਣਾ: ਕ੍ਰਿ. ਪਾਖ਼ਾਨੇ ਜਾਣਾ. ਮਲ ਤ੍ਯਾਗ ਲਈ ਜੰਗਲ ਜਾਣਾ.

੧੧. "ਕਹਜੋ ਸੋਜ ਸਭ ਆਨ ਬਿਸਾਲੂ." (ਨਾਪ੍ਰ)

੧੨. ਦੇਖੋ, ਨਿਸ਼ਾਨ ਵਾਲੀ ਮਿਸਲ.

੧੩. । ੫. ਯਗਜ। ੬. ਮੱਘਰ ਮਹੀਨਾ। ੭. ਸੱਜਨਤਾ.

੧. ਸੁਰਯ ਕੁਲ ਵਿੱਚ ਹੋਣ ਵਾਲਾ.

੨. ਮਨੁਸਿਮ੍ਰਿਤੀ ਦੇ ਦੂਜੇ ਅਧਜਾਯ ਵਿੱਚ ਬਾਰਾਂ ਸੰਸਕਾਰ ਲਿਖੇ ਹਨঃ ਗਰਭਾਧਾਨ, ਪੁੰਸਵਨ, ਸੀਮੰਤੋਨਯਨ, ਜਾਤਕਰਮ, ਨਾਮਕਰਮ, ਨਿਸਕ੍ਰਮਣ, ਅੰਨਪ੍ਰਾਸ਼ਨ, ਚੂੜਾਕਰਮ, ਉਪਨਯਨ, ਕੇਸ਼ਾਂਤ, ਸਮਾਵਰਤਨ ਅਤੇ ਵਿਵਾਹ.

੩. । ੩. ਸੜਕ। ੪. ਫ਼ੌਜ ਦਾ ਕੂਚ। ੫. ਆਵਾਗਮਨ.

੪. ਸੰਸਾਹਰ ਸੁਖਮਨਾ: ਦੇਖੋ, ਸੁਖਮਨਾ ੪.

੫. ਸੰ. ਸੰਸਥਾ: ਸੰਗਜਾ- ਠਹਰਂਨ ਦਾ ਭਾਵ. ਠਹਰਾਉ. ਕਾਯਮੀ. ਸਿਥਤਿ। ੨. ਸਮਾਜ ਦਾ ਨਿਯਮ. ਮਰਯਾਦਾ। ੩. ਕਿੱਤਾ. ਪੇਸ਼ਾ। ੪. ਜੱਥਾ. ਗਰੋਹ. ਸਮਾਜ। ੫. ਰਾਜਾ ਦੀ ਆਗਯਾ. ਕਾਨੂਨ ਦੀ ਮਰਯਾਦਾ.

੬. । ੨. ਮਿਸ਼੍ਰਣ. ਮਿਲਾਵਟ। ੩. ਹੇਲ ਮੇਲ। ੪. ਰਚਨਾ. ਬਨਾਉਣ ਦੀ ਕ੍ਰਿਯਾ.

੭. ਸੰਹਾਰੀ: ਸੰਹਾਰ (ਸੰਘਾਰ) ਕੀਤਾ ਦੇਖੋ, ਸੰਹਾਰ। ੨. ਦੇਖੋ, ਸੰਹਾਰੀ ਮੱਲ.

੮. । ੨. ਵਿਪੱਤਿ. ਮੁਸੀਬਤ। ੩. ਭੀੜ. ਹਜੂਮ। ੪. ਵਿ- ਤੰਗ. ਭੀੜਾ। ਇਕੱਠਾ ਕੀਤਾ ਹੋਇਆ। ੬. ਭਯਾਨਕ. ਡਰਾਵਨਾ.

੯. ਸੰ ਕਰਤਾ: ਸੰ. ਸ਼ੰ (ਕਲਜਾਣ) ਕਰਨ ਵਾਲਾ. ਮੁਕਤਿ ਦਾਤਾ.

੧੦. ਗਾਉਣ ਦਾ ਵੇਲਾ ਅੱਧੀ ਰਾਤ ਹੈ. ਇਸ ਨੂੰ ਕਈ ਸੰਪੂਰਣ ਮੰਨਦੇ ਅਤੇ ਨਾਉਂ ਸ਼ੰਕਰਾਭਰਣ ਸੱਦਦੇ ਹਨ।

੧੧. ਸ਼ੰਕਰਾਭਰਣ: ਸ਼ੰਕਰ (ਸ਼ਿਵ) ਦਾ ਆਭਰਣ (ਭੂਸਣ) ਸੱਪ। ੨. ਚੰਦ੍ਰਮਾ। ੩. ਇਕ ਰਾਗ. ਦੇਖੋ, ਸੰਕਰਾ ੩.

੧. । ੨. ਅੱਗੇ ਵਧਣ ਦੀ ਕ੍ਰਿਯਾ। ੩. ਪਰਿਵਰਤਨ. ਉਲਟ ਫੇਰ.

੨. ਗ੍ਰੰਥਾਂ ਵਿੱਚ ਸੰਖਾਂ ਦੇ ਨਾਉਂ ਭੀ ਵੱਖ ਵੱਖ ਆਉਂਦੇ ਹਨ. ਜਿਵੇਂ- ਵਿਸਨੁ ਅਤੇ ਕ੍ਰਿਸਨ ਜੀ ਦੇ ਸੰਖ ਦਾ ਨਾਉਂ "ਪਾਂਚ ਜਨਯ, ਅਰਜੁਨ ਦਾ 'ਦੇਵਦੱਤ', ਭੀਮਸੇਨ ਦਾ "ਪੌਂਡ੍ਰ", ਯੁਧਿਸ਼੍ਰਿਰ ਦਾ "ਅਨੰਤ ਵਿਜਯ." ਨਕੁਲ ਦਾ "ਸੁਘੋਸ਼" ਸਹਦੇਵ ਦਾ "ਮਣਿ ਪੁਸਪਕ" ਸੰਖ ਹੈ. ਦੇਖੋ, ਗੀਤਾ, ਅঃ ੧, ਸঃ ੧੫. ਅਤੇ ੧੬.

੧. ਯਜਰ ਵੇਦ ਦੀ ਵਾਜਸਨੇਯਿ ਸੰਹਿਤਾ ਵਿੱਚ ਗਿਣਤੀ ਇਹ ਦੱਸੀ ਹੈ-

| | |
|---|---|
| ਦਸ਼ | ੧੦ |
| ਸ਼ਤ | ੧੦੦ |
| ਸਹਸ੍ਰ | ੧੦੦੦ |
| ਆਯੁਤ | ੧੦੦੦੦ |
| ਨਿਯੁਤ | ੧੦੦੦੦੦ |
| ਪ੍ਰਯੁਤ | ੧੦੦੦੦੦੦ |
| ਅਰਬੁਦ | ੧੦੦੦੦੦੦੦ |

ਨਜਰਬੁਦ ੧੦੦੦੦੦੦੦੦

ਸਮੁਦ੍ਰ ੧੦੦੦੦੦੦੦੦੦

ਮਧਯ ੧੦੦੦੦੦੦੦੦੦੦

ਅੰਤਯ ੧੦੦੦੦੦੦੦੦੦੦੦

ਪਰਾਰਧ ੧੦੦੦੦੦੦੦੦੦੦੦੦

੨. ਸੰਖਯਾ ਦੇ ਸਬੰਧ ਵਿੱਚ ਦੇਖੋ, ਅਬਜਦ

੩. "ਸੰਗਸਾਰ ਤਿਸ ਕਰੀਏ ਜਾਈ." (ਨਾਪ੍ਰ) ਦੇਖੋ, ਪਥਰਾਉਣਾ.

੧. । ੩. ਵਿ- ਸੰਗਤ ਕਰਨ ਵਾਲਾ.

੨. "ਗੰਗ ਜਮੁਨ ਤਹ ਬੇਣੀ ਸੰਗਮ."(ਤੁਖ਼ਾਰੀ ਬਾਰਹਮਾਹਾ)

੩. "ਸੰਗਮ ਕਰੈ ਤਲਾਵ ਤਲਾਈ."(ਤੁਲਸੀ)

੪. । ੩. ਸੰਗਤਿ ਨਾਲ "ਅਪਰ ਉਧਾਰਹਿ" ਨਿਜ ਸੰਗਾਰੂ."(ਨਾਪ੍ਰ)

੫. ਸੰਗਤਿ ਤੋਂ. ਸੁਹਬਤ ਸੇ. "ਸਾਧ ਸੰਗਿ ਸਭੁ ਹੋਤ ਨਿਬੇਰਾ." (ਸੁਖਮਨੀ)

੬. ੨ ਸੰਗ (ਪੱਥਰ) ਦਾ ਬਣਿਆ ਹੋਇਆ.

੭. "गीतं वाद्यं तथा नृत्यं त्रवे संगीतमुच्यते. "

੮. ਸੰਗੀਤ ਸ਼ਾਸਤ੍ਰ, ਸੰਗੀਤ ਗ੍ਰੰਥ: ਉਹ ਸ਼ਾਸਤ੍ਰ ਜਿਸ ਵਿੱਚ ਗਾਉਣ ਵਜਾਉਣ ਅਤੇ ਨੱਚਣ ਦੇ ਪ੍ਰਕਾਰ ਦੱਸੇ ਹੋਣ. ਇਸ ਵਿਸ਼ਯ ਤੇ ਅਨੰਤ ਗ੍ਰੰਥ ਲਿਖੇ ਗਏ ਹਨ, ਪਰ ਬਹੁਤ ਪ੍ਰਸਿੱਧ ਇਹ ਹਨ- ਰਾਗ ਚੰਦੋਦਯ, ਰਾਗ ਪ੍ਰਸ੍ਤਾਰ, ਰਾਗ ਰਤਨਾਕਰ, ਸੰਗੀਤ ਕਲਪਦਮ ਸੰਗੀਤ ਕਲਾਨਿਧਿ, ਸੰਗੀਤ ਦਰਪਣ, ਸੰਗੀਤ ਦਾਮੋਦਰ, ਸੰਗੀਤ ਨ੍ਰਿਤਯ ਰਤਨਾਕਰ, ਸੰਗੀਤ ਪਾਰਿਜਾਤ, ਸੰਗੀਤ ਸਾਰ, ਸੰਗੀਤ ਸੁਧਾਕਰ, ਸੰਗੀਤਾਣੰਵ, ਮਤੰਗ ਬ੍ਰਿਹੱਦੇਸ਼ੀ ਭਰਤ ਨਾਟਜ ਸ਼ਾਸਤ੍ਰ, ਰਾਗ ਵਿਬਧ, ਬੁੱਧ ਪ੍ਰਕਾਸ਼ ਦਰਪਣ, ਰਾਧਾ ਗੋਬਿੰਦ ਸੰਗੀਤ, ਸੰਗੀਤ ਵਿਨੋਦ, ਸੰਗੀਤ ਭੂਸਣ.

੯. ੨ ਦੇਖੋ ਅਕਬਰ। ੩. ਜਹਾਂਗੀਰ ਵੇਲੇ ਖੜਗਪੁਰ (ਬਿਹਾਰ) ਦਾ ਰਾਜਾ। ੪. ਜਹਾਂਗੀਰ ਵੇਲੇ ਜੰਮੂ ਦਾ ਰਾਜਾ,

੧. ਈਰਾਨੀ ਅਤੇ ਕਾਬੁਲੀ ਬੋਲੀ ਵਿੱਚ ਇਸ ਦਾ ਅਰਥ ਹੈਃ ਪਹਾੜੀ ਤੇ ਬਾੜ ਕੰਧ ਆਦਿ ਦਾ ਵਲਗਣ ਜੋ ਵੈਰੀ ਤੋਂ ਆਪਣੀ ਰੱਖਿਆ ਲਈ ਬਣਾਇਆ ਜਾਵੇ.

੨. ੩ ਦਸ਼ ਸ਼ ਜੀ ਦੀ ਸੇਵਾ ਵਿੱਚ ਰਹਿਣ ਵਾਲਾ ਭਾਈ ਨੰਦ ਚੰਦ ਇਸੇ ਗੋਤ ਵਿੱਚੋਂ ਸੀ।

੩. ਸੰਚਰਾਵਹੁ: ਸੰਚਾਰ (ਪ੍ਰਵੇਸ਼) ਕਰੋ. ਘਸਾਓ. ਦੇਖੋ, ਸੰਚਾਰ ੪. "ਤਿਨ ਪਾਵੇ ਵਿਚਿ ਸੁਚਿਕਾ ਸੰਚਰਾਵਰੁ ਕਰ ਲੇਇ."

(ਗੁਪ੍ਰਸੂ)

੪. ਜਿਸ ਨੇ ਮਨ ਅਤੇ ਇੰਦ੍ਰੀਆਂ ਤੇ ਫ਼ਤੇ ਪਾਈ ਹੈ.

੫. ਸੰਚਯ (ਜਮਾ) ਕੀਤਾ. "ਹਰਿਧਨ ਜਿਨੀ ਸੰਜਿਆ."(ਮਾਝ ਅਃ ਮਃ ੫)

੧. ਚਿਨੋਟ (ਜ਼ਿਲਾ ਝੰਗ) ਨਵਾਸੀ

੨. ਜਨਮ ਸੰਮਤ ੧੯੨੫ ਅਤੇ

੩. ਪੰਜਾਬ ਚੀਫ਼ਸ ਵਿੱਚ ਸਨ ੧੮੦੪ ਗ਼ਲਤ ਦਿੱਤਾ ਹੈ, ਜਿਸ ਤੋਂ ਕਈ ਲੇਖਕਾਂ ਨੇ ਭੁੱਲ ਕੀਤੀ ਹੈ.

੪. ਸਾਧਣੀ: ਸੰਤਣੀ.

੫. ਨਿਰੰਤਰਤਾ. ਲਗਾਤਾਰ ਹੋਣ ਦਾ ਭਾਵ.

੬. ਰਿਗ ਵੇਦ ਸ੍ਵੇਤਾਸ੍ਵਤਰ ਅਤੇ ਗੀਤਾ ਆਦਿ ਵਿੱਚ ਜਿਵੇਂ ਕਪਿਲ ਮੁਨਿ ਵਾਮਦੇ ਵਾਦਿਕਾਂ ਨੂੰ ਜਨਮ ਤੋਂ ਗਯਾਨ ਸਿੱਧ ਮੰਨਿਆ ਹੈ, ਤਿਵੇਂ ਜਗਤ ਗੁਰੂ ਸ਼੍ਰੀ ਨਾਨਕ ਦੇਵ ਕਰਤਾਰ ਤੋਂ ਗਯਾਨ ਪ੍ਰਾਪਤ ਕਰ ਕੇ ਇਸ ਸੰਸਾਰ ਵਿੱਚ ਆਏ ਹਨ.

੭. ਸੰਤਾਨਕ: ਸੰ. सन्तानक. ਪੁਰਾਣਾਂ ਅਨੁਸਾਰ ਇੱਕ ਲੋਕ ਜੋ ਬ੍ਰਹਮ ਲੋਕ ਤੋਂ ਭੀ ਪਰੇ ਹੈ.

੮. ੩- ੪। ੩. ਮਾਧਵ ਨਿਦਾਨ ਅਨੁਸਾਰ ਭੋਜਨ ਦੀ ਅਰੁਚਿ (ਭੁੱਖ ਦਾ ਬੰਦ ਹੋਣਾ).

੯. ਨੂਰ ਦੀ ਸਰਾਂ। (ਸਰਾ ਨਰੁੱਦੀਨ) ਇਹ ਪਿੰਡ ਤਰਨ ਤਾਰਨ ਦੇ ਪਾਸ ਜ਼ਿਲਾ ਅੰਮ੍ਰਿਤਸਰ ਵਿੱਚ ਹੈ.

੧੦. ਕਵੀ ਜੀ ਨੇ ਮੇਨ ਦੁਆਬੀਏ ਸਰਦਾਰਾਂ ਦਾ ਪ੍ਰੇਮ ਵੇਖ ਕੇ ਬੂੜੀਏ ਨਗਰ (ਜ਼ਿਲਾ ਅੰਬਾਲਾ) ਵਿੱਚ ਆਪਣੀ ਰਹਾਯਸ਼ ਕਰ ਲਈ, ਅਰ ਇਥੇ ਹੀ ਰਹਿਣ ਸਮੇਂ ਜਗਾਧਰੀ ਵਿੱਚ ਆਪ ਦੀ ਸ਼ਾਦੀ ਰਾਮ ਕੌਰ ਨਾਲ ਹੋਈ. ਬੂੜੀਏ.

੧. ਇਨ੍ਹਾਂ ਦੇ ਪੰਜ ਪੁਤ੍ਰ ਅਤੇ ਤਿੰਨ ਬੇਟੀਆਂ ਹੋਈਆਂ. ਵੱਡਾ ਪੁਤ੍ਰ ਅਜੈ ਸਿੰਘ ਉੱਤਮ ਕਵੀ ਸੀ. ਦੇਖੋ, ਅਜੈ ਸਿੰਘ.

੨. ਦਾ ਅਨੁਵਾਦ ਨਾਮ ਕੋਸ਼ ਸੰਮਤ ੧੯੭੯.

੩. ਭਾਈ ਵੀਰ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਯ ਦੇ ਪਰਯਾਯ ਅਤੇ ਟਿਪਣੀਆਂ ਲਿਖ ਕੇ ਬਹੁਤ ਉਕਾਈਆਂ ਦਾ ਯੋਗਯ ਰੀਤੀ ਨਾਲ ਸਮਾਧਾਨ ਕਰ ਦਿੱਤਾ ਹੈ.

੪. ੨ ਰਾਜਾ ਜਸਵੰਤ ਸਿੰਘ ਨਾਭਾ ਪਤਿ ਦਾ ਪੋਤਾ (ਕੌਰ ਰਣਜੀਤ ਸਿੰਘ ਦਾ ਪੁਤ੍ਰ). ਦੇਖੋ, ਭਾਗਭਰੀ ੩.

੫. ਨਿਤ ਦਾ ਪੜ੍ਹਿਆ ਪਾਠ ਸਬਕ. Lesson। ੪. ਮੌਤ. ਮ੍ਰਿਤ੍ਯੁ.

੬. । ੪. ਕਾਂਜੀ। ੫. ਸ਼ਰਾਬ.

੭. ਸ਼ਰਾਬ ਬਣਾਨ ਦੀ ਥਾਂ. ਆਬਕਾਰੀ.

੮. ਸੰਧਿ ਦੇ ਤਿੰਨ ਭੇਦ ਹਨ. ਸ੍ਵਰਸੰਧਿ, ਜਿਵੇਂ- ਦਸ਼ਮ ਈਸ਼- ਦਸ਼ਮੇਸ਼, ਵਯੰਜਨ ਸੰਧਿ. ਜਿਵੇਂ- ਜਗਤ੍ਰਗੁਰੂ ਜਗਦਗੁਰੂ, ਵਿਸਰਗ ਸੰਧਿ. ਜਿਵੇਂ. ਨਿਃ ਅੰਤਰ ਨਿਰੰਤਰ.

੯. "ਘਟ ਹੂ ਘਟ ਜਾਗੀ."

੧੦. ਗਯਾਤਾ ਗਯਾਨ ਗਯ ਆਦਿ ਭੇਦਾਂ ਵਿੱਚ ਘਟ ਘਟ ਪ੍ਰਕਾਸ਼ਕ ਵੇਖਿਆ ਹੈ।

੧੧. ਸੰ. सन्ध्या. ਸੰਧ੍ਯਾ. ਸੰਗ੍ਯਾ- ਸੂਰਜ ਨਿਕਲਣ ਤੋਂ ਸੱਠ ਪਲ (ਇੱਕ ਘੜੀ) ਪਹਿਲਾਂ ਅਤੇ ਸੱਠ ਪਲ ਸੂਰਜ ਨਿਕਲਣ ਪਿੱਛੋਂ ਸੂਰਜ ਦੀ ਟਿੱਕੀ ਡੁੱਬਣ ਤੋਂ ਸੱਠ ਪਲ ਪਹਿਲਾਂ ਅਤੇ ਸੱਠ ਪਲ ਟਿੱਕੀ ਡੁੱਬਣ ਪਿਛੋਂ, ਇਹ ਦੋ ਦੋ ਘੜੀ ਦਾ ਵੇਲਾ ਸੰਧ੍ਯਾ- ਕਾਲ ਹੈ. ਸਵੇਰ ਦੀ ਪ੍ਰਾਤ. ਸੰਧ੍ਯਾ ਅਤੇ ਸੰਝ ਦੀ ਸਾਯੰ ਸੰਧ੍ਯਾ ਆਖੀ ਜਾਂਦੀ ਹੈ. ਦੋਪਹਰ ਵੇਲੇ ਦਾ (ਅਰਥਾਤ ਬਾਰਾਂ ਬਜਣ ਤੋਂ ੨੨ ਮਿਨਟ ਪਹਿਲਾਂ ਅਤੇ ੨੨ ਮਿਨਟ ਪਿੱਛੋਂ ਦਾ) ਸਮਾਂ ਭੀ ਸੰਧ੍ਯਾ ਕਾਲ ਹੈ, ਜਿਸ ਦੀ ਮਧ੍ਯਾਨ ਸੰਧ੍ਯਾ ਸੰਗ੍ਯਾ ਹੈ.

ਸਵੇਰ ਦੀ ਸੰਧ੍ਯਾ ਪੂਰਵ ਵੱਲ ਮੁਖ ਕਰਕੇ, ਮਧ੍ਯਾਨ੍ਹ ਦੀ ਉੱਤਰ ਮੁਖ ਕਰਕੇ. ਸੰਝ ਦੀ ਪੱਛਮ ਉੱਤਰ ਦੀ ਕੋਣ ਵੱਲ ਮੁਖ ਕਰਕੇ ਕਰਨੀ ਚਾਹੀਏ. ਸੰਧ੍ਯਾ ਕਰਨ ਵੇਲੇ ਗਾਯਤ੍ਰੀ, ਜਪ. ਸੂਰਜ ਆਦਿ ਦੇਵ ਤਰਪਣ ਅਤੇ ਪ੍ਰਾਣਾਯਾਮ ਕਰਨਾ ਜ਼ਰੂਰੀ ਹੈ. ਦ੍ਵਿਜਾਤੀਆਂ ਦੇ ਨਿੱਤ ਕਰਮ ਵਿੱਚ ਸੰਧ੍ਯਾ ਉਪਾਸਨਾ ਪ੍ਰਧਾਨ ਕਰਮ ਹੈ. ਦ੍ਵਾਦਸ਼ੀ, ਅਮਾਵਸ ਪੂਰਣਮਾਸੀ, ਸੰਕ੍ਰਾਂਤਿ ਅਤੇ

ਸ਼੍ਰਾਧ ਦੇ ਦਿਨ ਸੰਝ ਵਲੇ ਦੀ ਸੰਧਯਾ ਨਹੀਂ ਕਰਨੀ ਚਾਹੀਏ. (ਅਨ੍ਹਿਕ ਤਤ੍ਵ) "ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ." (ਸੋਰਠਿ ਮਃ ੩)

੧੨. ਸਿੱਖ ਧਰਮ ਵਿੱਚ ਅਮ੍ਰਿਤ ਵੇਲੇ ਜਪ, ਜਾਪੁ ਆਦਿ ਦਾ ਅਤੇ ਸੰਝ ਨੂੰ ਸੋਦਰ, ਰਹਿਰਾਸ, ਸਹਿਲੇ ਦਾ ਪਾਠ ਕਰਤਾਰ ਦੇ ਪ੍ਰੇਮ ਵਿੱਚ ਲੀਨ ਹੋ ਕੇ ਕਰਨਾ ਸੰਧਯਾ ਕਰਮ ਹੈ, ਅਰ ਕਿਸੇ ਖ਼ਾਸ ਦਿਸ਼ਾ ਵੱਲ ਮੁਖ ਕਰਨ ਦੀ ਆਗਯਾ ਨਹੀਂ ਹੈ। ੪. ਸੀਮਾ. ਹੱਦ.

੧੩. ੨ ਸੰਧਯਾ ਸਮੇਂ ਦਾ ਵਿਧਾਨ ਕੀਤਾ ਮੰਤ੍ਰ ਪਾਠ.

੧੪. । ੩. ਸ਼ਰਾਬ ਬਣਾਉਣ ਅਤੇ ਵੇਚਣ ਵਾਲਾ। ੪. ਵਿ- ਸੰਧਿ (ਜੋੜ) ਕਰਨ ਵਾਲਾ.

੧. "ਸੰਨੱਧ ਵੀਰ ਭੱਕਰ ਵਿਸਾਲ."(ਸਲੋਹ)

੨. । ੨. ਲਗਾਉ. ਵਾਸਤਾ। ੩. ਸਪਰਸ਼. ਛੋਹ। ੪. ਮੈਥੁਨ. ਸੰਭੋਗ.

੩. । ੫. ਭਾਈ ਸੰਤੋਖ ਸਿੰਘ ਨੇ ਸੰਨਿਪਾਤ ਦੀ ਥਾਂ ਇਹ ਸ਼ਬਦ ਵਰਤਿਆ ਹੈ- "ਥਾਇ ਸੀਤ ਕੇ ਮਿਲਤ ਹੀ ਹੋਵਤ ਸੰਪਾਤਾ." (ਗੁਪ੍ਰਸੂ) ਦੇਖੋ, ਸੰਨਿਪਾਤ.

੪. ਕਿਸੇ ਮੰਤ੍ਰ ਅਥਵਾ ਤੁਕ ਦਾ ਸੰਪੁਟ ਦੇ ਕੇ ਕੀਤਾ ਪਾਠ. ਅਰਥਾਤ ਹਰੇਕ ਤੁਕ ਜਾਂ ਸ਼ਬਦ ਦੇ ਆਦਿ ਅਤੇ ਅੰਤ ਕੋਈ ਖਾਸ ਮੰਤ੍ਰ ਉਚਾਰਣ ਕਰਕੇ ਕਰਿਆ ਪਾਠ. ਜਿਵੇਂ- "ਸਤਿਨਾਮ ਵਾਹਗੁਰੂ. ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ. ਸਤਿਨਾਮ ਵਾਹਗੁਰੂ." ਬਹੁਤ ਤਾਂਤ੍ਰਿਕ ਸਿੱਖ, ਕਿਸੇ ਖਾਸ ਮਨੋਰਥ ਦੀ ਪ੍ਰਾਪਤੀ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਭੀ ਸਪੁਟ ਪਾਠ ਕਰਦੇ ਹਨ. ਜਿਵੇਂ- ਰੋਗ ਦੀ ਨਿਵ੍ਰਿਤੀ ਲਈ "ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣਗਾਇ." ਇਸ ਤੁਕ ਨੂੰ ਹਰੇਕ ਪਉੜੀ ਅਤੇ ਸ਼ਬਦ ਦੇ ਮੁੱਢ ਅਤੇ ਅੰਤ ਪੜ੍ਹਨਾ. ਇਹ ਪਾਠ ਅਖੰਡ ਪਾਠ ਵਾਕਰ ਨਿਰੰਤਰ ਹੋਇਆ ਕਰਦਾ ਹੈ. ਭੋਗ ਦੋ ਹਫ਼ਤਿਆਂ ਵਿੱਚ ਪੈਂਦਾ ਹੈ, ਅਰ ਸੰਪੁਟ ਦੀ ਤੁਕ ਆਪਣੀ ਭਾਵਨਾ ਅਤੇ ਕਾਰਜ ਅਨੁਸਾਰ ਚੁਣ ਲਈ ਜਾਂਦੀ ਹੈ.

੫. ਸੰਪੁਟ ਪਾਣਿ: ਹਥ ਜੋੜੇ ਹੋਏ. ਜਿਸ ਨੇ ਦੋਵੇਂ ਹੱਥ ਪ੍ਰਾਰਥਨਾ ਲਈ ਮਿਲਾਏ ਹਨ.

੬. ਹਾਲਤ ਜਿਸ ਵਿੱਚ ਪ੍ਰਮਾਣ ਵ੍ਰਿਤਿ ਤੋਂ ਛੁੱਟ ਬਾਕੀ ਚਾਰ ਵਿਤੀਆਂ (ਵਿਪਰ ਯਯ, ਵਿਕਲਪ, ਨਿਦ੍ਰ ਅਤ ਸਿਮ੍ਰਤਿ) ਲਯ ਹੋ ਜਾਂਦੀਆਂ ਹਨ, ਇਸੇ ਦਾ ਨਾਉਂ ਸਬੀਜ ਸਮਾਧਿ ਅਥਵਾ ਸੰਪ੍ਰਗਜਾਤ ਯੋਗ ਹੈ. ਦੇਖੋ, ਅਸੰਪ੍ਰਗਜਾਤ ਸਮਾਧਿ.

੧. ਜਿਸ ਤੋਂ ਰਿਆਸਤ ਦੀ ਸਾਂਝਾ ਸੰਗਯਾ- ਹੋਈ.

੨. ੩ ਪਾਲਨ. ਪੋਸਣ.

੩. ੨ ਚੰਗੀ ਤਰ੍ਹਾਂ ਭਰ ਹੋਏ.

੪. ਖ਼ਬਰਦਾਰੀ. ਸਿਪਰਦਗੀ.

੫. ਸ਼ੰਭੂ ਭੂਸ਼ਣ: ਸੰਗਯਾ- ਚੰਦ੍ਰਮਾ ੨. ਸੱਪ. ਨਾਗ.

੬. ੪ ਪੂਰਾ. ਮੁਕੰਮਲ। ੫. ਕ੍ਰਿ ਵਿ- ਚੰਗੀ ਤਰ੍ਹਾਂ. ਬਖ਼ੂਬੀ। ੬. ਸੰਗਯਾ- ਸਮੂਹ. ਸਮੁਦਾਯ.

੭. ਸੰਮ੍ਰਾਜ੍, ਸੰਮ੍ਰਾਟ੍: ਸੰ. सम्राज्- सम्राट्. ਸੰਗਯਾ- ਚਕ੍ਰਵਰਤੀ ਮਹਾਰਾਜਾ. ਸ਼ਹਿਨਸ਼ਾਹ. ਇਸ ਦਾ ਇਸਤ੍ਰੀ ਲਿੰਗ ਹੈ ਸਮ੍ਰਾਜੀ ਅਤੇ ਸਮ੍ਰਾਗਜੀ (सम्राज्ञी).

੮. ਸੰਯਮਨ: ਸੰ. ਸੰਗਯਾ- ਰੋਕਣ ਦਾ ਭਾਵ। ੨. ਦਬਾਉਣਾ. ਦਮਨ। ੩. ਮਨ ਦਾ ਟਿਕਾਉਣਾ। ੪. ਕੈਦ ਰੱਖਣਾ। ੫. ਜਕੜਨਾ. ਬੰਨ੍ਹਣਾ.

੯. ਸੰਯੁਕਤ ਪ੍ਰਾਂਤ: ਦੇਖੋ, ਯੂ. ਪੀ.

੧੦. ਸੰਰੋਧ: ਸੰ. ਸੰਗਯਾ- ਰੁਕਾਵਟ। ੨. ਘੇਰਾ। ੩. ਹੱਦ ਬੰਦੀ। ੪. ਕੈਦ ਕਰਨ ਦਾ ਭਾਵ.

੨੪੮- ੧. ਸੰਵਿਦ: ਸੰ. ਸੰਵਿਦ੍. ਸੰਗਯਾ- ੧ ਚੇਤਨ ਸ਼ਕਤਿ। ੨. ਬੁੱਧਿ। ੩. ਯਕਤਿ। ੪. ਦਲੀਲ। ੫. ਰੀਤਿ। ੬. ਭੰਗ। ਵਿਜਿਯਾ। ੭. ਪ੍ਰਾਪਤਿ। ੮. ਸਪੱਤਿ.

੨. ਖਣ. ਕੁਚ. ਮੰਮਾ.

੩. ਦੇਖੋ, ਬਵੰਜਾ ਕਵਿ।

੪. ਇਸ ਦੇ ਅੰਤ ਸੇ ਅਰਿ ਸ਼ਤ੍ਰ ਰਿਪੁ ਆਦਿ ਸ਼ਬਦ ਜੋੜੀਏ, ਤਦ ਬੰਦੂਕ ਅਰਥ ਹੋਂਦਾ ਹੈ.

੫. ਸਯਾਮਲਾ: ਸੰ. ਸੰਗਯਾ- ਜਾਮਣ. ਜਬੁਫਲ। ੨. ਕਸਤੂਰੀ। ੩. ਵਿ- ਕਾਲੀ. ਸਾਂਵਲੀ.

੬. ਸਯਾਲਿਕਾ: ਸੰ. ਸੰਗਯਾ- ਸਾਲੀ. ਵਹੁਟੀ ਦੀ ਭੈਣ.

੧. । ੫. ਰਵਾ. ਪੌਣ। ੬. ਟਪਕਣਾ. ਜੁਇਣਾ। ਘੋੜਾ. ਤੁਰੰਗ.

੨. ਸ੍ਰੁਧਾਪੂਰਕ: ਤੰਤ੍ਰ ਸ਼ਾਸਤ੍ਰ ਜੇਹਾ ਇੱਕ ਗ੍ਰੰਥ, ਜੋ ਕਿਸੇ ਭ੍ਰਮ ਗ੍ਰਸਿਤ ਸ੍ਵਾਰਥੀ ਸਿੱਖ ਨੇ ਦਸ਼ਮ ਸਤਿਗੁਰੂ ਵੱਲੋਂ ਲਿਖਿਆ ਹੈ. ਇਸ ਵਿੱਚੋਂ ਕੁਛ ਪਾਠ ਅੱਗੇ ਦਿੱਤਾ ਜਾਂਦਾ ਹੈ, ਜਿਸ ਤੋਂ ਲੇਖਕ ਦਾ ਭਾਵ ਸਮਝਿਆ ਜਾ ਸਕੇ- "ਭਾਈ ਨੰਦ ਲਾਲ ਨੇ ਪ੍ਰਸ਼ਨ ਕੀਤਾ ਕਿ ਮੰਤ੍ਰ ਜੰਤ੍ਰ ਅਧੋਗਤੀ ਨੂੰ ਲੈ ਜਾਂਦੇ ਹਨ. ਆਪ ਸਿੱਖਾਂ ਲਈ ਕੋਈ ਅਜੇਹੀ ਜੁਗਤ ਦੱਸੋ ਜੋ ਕਾਮਨਾ ਭੀ ਪੂਰੀ ਕਰੇ ਅਰੁ ਮੁਕਤਿ ਭੀ ਹੋਵੇ. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਯਾ ਕਿ ਗੁਰਬਾਣੀ ਮਹਾ ਮੰਤ੍ਰ ਹੈ ਇਹ ਦੋਵੇਂ ਕਾਰਜ ਸਾਰਦੀ ਹੈ.

(੧)"ਗਾਵੇ ਕੋ ਤਾਣੁ ਹੋਵੈ ਕਿਸੇ ਤਾਣੁ." ਇਸ ਪੌੜੀ ਦਾ ਪਾਠ ਐਤਵਾਰ ਤੋਂ ਨਿੱਤ ਸੌ ਕਰਨਾ. ਇੱਕ ਲੱਖ ਪਾਠ ਤੋਂ ਸੰਪਦਾ ਵਧੇ ਅਤੇ ਰਾਜਪੁਤ੍ਰੀ ਵਿਵਾਹੇ.

(੨)"ਸਾਚਾ ਸਾਹਿਬੁ ਸਾਚੁ ਨਾਇ." ਇਸ ਪੌੜੀ ਦਾ ਪਾਠ ਮੰਗਲਵਾਰ ਤੋਂ ਅਰੰਭੇ ੨੫ ਦਿਨਾਂ ਵਿੱਚ ੨੫ ਸੌ ਕਰੇ, ਝਗੜਾ ਜੀਤੇ, ਮਜਲਿਸ ਵਿੱਚ ਫਤੇ ਹੋਵੇ.

(੩)"ਸੁਣਿਐ ਸਤੁ ਸੰਤੋਖੁ ਗਿਆਨੁ" ਸੋਮਵਾਰ ਤੋਂ ਪ੍ਰਾਤਹਕਾਲ ੧੧. ਹਜ਼ਾਰ ਪਾਠ ੯੧ ਦਿਨਾਂ ਵਿੱਚ ਕਰੇ ਰਾਜਾ ਤਥਾ ਰਾਣੀ ਵਸ ਹੋਇ.

(੪)"ਮੰਨੇ ਕੀ ਗਤਿ ਕਹੀ ਨ ਜਾਇ." ਇਸ ਪੌੜੀ ਦਾ ੨੧. ਹਜ਼ਾਰ ਪਾਠ ਸੋਮਵਾਰ ਤੋਂ ਅਰੰਭ ਕੇ ਇੱਕੀ ਦਿਨਾਂ ਵਿੱਚ ਕਰੇ, ਗ੍ਰਹ ਪੀੜਾ ਮਿਟੇ. ੭੦ ਦਿਨ ਮੇਂ ਜਪੇ ਤਾਂ ਸੁੰਦਰ ਇਸਤ੍ਰੀ ਪ੍ਰਾਪਤ ਹੋਵੇ.

(੫)"ਪੰਚ ਪਰਵਾਨ ਪੰਚ ਪਰਧਾਨ." ਸੋਮਵਾਰ ਤੋਂ ਇਹ ਪੌੜੀ ੧੦. ਹਜ਼ਾਰ ੧੦. ਦਿਨਾਂ ਵਿੱਚ ਜਪੇ ਅਧਰੰਗ, ਆਦਿ ਟੇਗ ਦਹ ਤੇ ਜਾਂਹਿ ਅਰ ਦੇਹ ਕੁਸ਼ਟ ਦੂਰ ਹੋਵੇ, ਮੰਤ੍ਰੀ ਪਦ ਕੋ ਪਾਵੇ, ਜਗਤ ਮੇਂ ਵਿਖ੍ਯਾਤ ਹੋਵੇ.

(੬)"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ." ਬੁੱਧਵਾਰ ਤੋਂ ਪਾਠ ਆਰੰਭੇ, ੨੭ ਦਿਨਾਂ ਵਿਚ ੨੧. ਹਜ਼ਾਰ ਜਪੇ, ਤਲਵਾਰ ਪਾਸ ਰਖੇ, ਸੱਤ ਖੂਹਾਂ ਦਾ ਪਾਣੀ ਮੰਤ੍ਰ ਕੇ ਪਿਆਵੇ ਅਰ ਇਸਤ੍ਰੀ ਨੂੰ ਨਵ੍ਹਾਵੇ, ਗਰਭ ਹੋਵੇ.

(੭)"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਇ ਜੜਾਉ." (ਸ੍ਰੀ ਰਾਗ ਮਃ ੧) ਇਹ ਸ਼ਬਦ ਐਤਵਾਰ ਪਹਰ ਦਿਨ ਚੜ੍ਹੇ ਆਰੰਭ ਕਰਨਾ, ਮੰਦਰਾਂ ਦੀ ਉਸਾਰੀ ਤੇ ਇਕ ਲੱਖ, ਸੌਦਾਗਰੀ ਲਈ ਇਕ ਹਜ਼ਾਰ, ਖੇਤੀ ਬੀਜਣ ਵਾਸਤੇ ਸੌ ਪਾਠ ਕਰਨਾ.

(੮)"ਆਪੇ ਪਾਵਕੁ ਆਪੇ ਪਵਨਾ." (ਗਉੜੀ ਕਬੀਰ) ਇਹ ਸ਼ਬਦ ੨੧. ਵਾਰ ਪੜ੍ਹਨਾ, ਅੱਗ ਲੱਗੀ ਬੁਝ ਜਾਵੇ.

(੯)"ਅਰੜਾਵੈ ਬਿਲਲਾਵੈ ਨਿੰਦਕ." (ਆਸਾ ਮਃ ੫) ਮੰਗਲਵਾਰ, ਤ੍ਰਿਯੋਦਸ਼ੀ ਤਿਥਿ ਤੋਂ ਅਰੰਭੇ, ੨੧. ਹਜ਼ਾਰ ਪਾਠ ੪੨ ਦਿਨਾਂ ਵਿਚ ਕਰੇ, ੪੨ ਸਿੱਖਾਂ ਨੂੰ ਦੁੱਧ ਪਰਾਉਂਠੇ ਅਰੰਭ ਸਮੇਂ ਵਿਚਕਾਰ ਅਤੇ ਭੋਗ ਸਮੇਂ ਛਕਾਵੇ, ਨਿੰਦਕ ਦਾ ਨਾਸ਼ ਹੋਵੇ. ਗੁਪਤ ਜਪੇ ਤਾਂ ਨਿੰਦਕ ਦਾ ਪੁਤ੍ਰ ਇਸਤ੍ਰੀ ਨਾਸ਼ ਹੋਵੇ.

(੧੦)ਗੁਰੂ ਅਮਰਦਾਸ ਸਾਹਿਬ ਦਾ ਬਚਨ ਹੈ- ਜੇ ਕਿਸੇ ਨਾਲ ਲੇਖਾ ਕਰਨਾ ਹੋਵੇ ਤਾਂ ਜਪੁ ਜੀ ਦੀ ਪੰਜਵੀ ਪੌੜੀ "ਥਾਪਿਆ ਨਾ ਜਾਇ" ਲਿਖ ਕੇ ਸਿਰ ਰੱਖੇ, ਜੇ ਜ਼ਮੀਨ ਲੈਣੀ ਹੋਵੇ ਤਾਂ "ਮੰਨੇ ਕੀ ਗਤਿ ਕਹੀ ਨ ਜਾਇ" ਸਿਰ ਰੱਖੇ. ਜੇ ਕਿਸੇ ਨੂੰ ਤੈਈਆ ਤਾਪ ਹੋਵੇ ਤਾਂ ਸੋਦਰ ਦੀ ਪੌੜੀ ਲਿਖ ਕੇ ਗਲ ਪਾਵੇ, ਜੇ ਕਿਸੇ ਨੂੰ ਅਤੀਸਾਰ ਲੱਗਾ ਹੋਇ ਤਾਂ "ਮੁੰਦਾ ਸੰਤੋਖ" ਦੀ ਪੌੜੀ ਲਿਖਿ ਪਿਲਾਉਣੀ.

੩. ਸ੍ਰੁਬ੍ਰਤਾਵਲ: ਸਰਬ- ਉਤਾਵਲ. "ਪੁਰ ਸ਼ੌਕ ਨਸਜੋ ਸ੍ਰੁਬ੍ਰਤਾਵਲ ਸੋਂ." (ਨਾਪ੍ਰ)

੪. ਸ੍ਰਵਿਤ: ਸੰ. ਵਿ- ਚੁਇਆ (ਟਪਕਿਆ) ਹੋਇਆ.

ਸ਼੍ਰਵ੍ਯ: ਸੰ. ਵਿ- ਸੁਣਨ ਯੋਗ੍ਯ. ਸੁਨਨੇ ਲਾਇਕ.

੫. ਸ੍ਰਾਵ: ਸੰ. ਸੰਗ੍ਯਾ- ਟਪਕਣਾ. ਚੁਇਣਾ। ੨. ਗੂੰਦ। ੩. ਨੇਤ੍ਰ ਰੋਗ, ਜਿਸ ਤੋਂ ਅੱਖਾਂ ਤੋਂ ਹੰਝੂ ਟਪਕਦੇ ਰਹਿਣ.

੬. ਸ੍ਰਿਗਸਤ: ਸਰਗਸ਼ਤ ਦੀ ਥਾਂ ਇਹ ਅਸ਼ੁੱਧ ਸ਼ਬਦ ਹੈ.

੨੫੧- ੧. ਸ੍ਰਿਯ: ਸ਼੍ਰੇਯ ਦੀ ਥਾਂ ਭਾਈ ਸੰਤੋਖ ਸਿੰਘ ਜੀ ਨੇ ਇਹ ਸ਼ਬਦ ਵਰਤਿਆ ਹੈ. "ਸ੍ਰਿਯ ਮੂਲ ਸੁਹਾਏ." (ਨਾਪ੍ਰ)

੨. ਚੰਦ ਦਾ ਅਨੁਵਾਦ ਸਸਿ ਸ਼ਬਦ ਜੋੜ ਦਿੱਤਾ ਹੈ.

੩. ੨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਤਲਵਾਰ, ਜਿਵੇਂ ਵਿਸ਼ਨੁ ਦੀ ਤਲਵਾਰ ਨੰਦਗ, ਸ਼ਿਵ ਦੀ ਚੰਦ੍ਰਹਾਸ, ਇਮਾਮ ਅਲੀ ਦੀ ਜ਼ੁਅਲਫ਼ਕਾਰ, ਸ਼ਿਵਾ ਜੀ ਦੀ ਭਵਾਨੀ ਹੈ, ਇਵੇਂ ਕਲਗੀਧਰ ਦੀ ਤਲਵਾਰ ਦਾ ਖ਼ਾਸ ਨਾਮ "ਸ਼੍ਰੀ ਸਾਹਿਬ" ਹੈ। ੩. ਅਕਾਲ. ਵਾਹਗੁਰੂ.

੪. ਪ੍ਰਭਾਹੀਨ. "ਸ੍ਰੀ ਹਤ ਹੋਯੋ ਬਦਨ ਮਲੀਨਾ." (ਨਾਪ੍ਰ)

੫. ਸ੍ਰੀਕੰਤ: ਸ਼੍ਰੀਕਾਂਤ. ਕਰਤਾਰ। ੨. ਵਿਸ਼ਨੁ.

੬. ਭਾਈ ਸੰਤੋਖ ਸਿੰਘ ਜੀ ਨੇ ਸ਼੍ਰੀ ਚੰਦ ਜੀ ਦੇ ਜਨਮ ਸਮੇਂ ਗੁਰੂ ਨਾਨਕ ਦੇਵ ਜੀ ਦੀ ਉਮਰ ੩੨ ਵਰ੍ਹੇ ਦੀ ਲਿਖੀ ਹੈ ("ਤਿਹ ਕਾਲ ਮੇਂ ਸਾਲ ਬਤੀਸ ਕੀ ਬੈਸ." ਨਾ. ਪ੍ਰ. ਪੂ. ਅਃ ੨੯, ਪਰ ਇਹ ਸਹੀ ਨਹੀਂ.

੭. । ੨. ਕਰਤਾਰ। ੩. ਉੱਦਮ. ਪੁਰੁਸਾਰਥ.

੮. "विल्वे शांडिल्य शैलूषौ मासूर श्री फलावपि. " (ਅਮਰ ਕੋਸ਼) ਸ਼੍ਰੀ ਦਸਮ ਗ੍ਰੰਥ ਦੇ ਚਰਿਤ੍ਰ ੨੫੬ ਵਿੱਚ ਭੀ ਸ਼੍ਰੀਫਲ ਨੂੰ ਨਲੀਏਰ ਤੋਂ ਜੁਦਾ ਮੰਨਿਆ ਹੈ- "ਪੀਪਰ ਤਾਲ ਖਜੂਰੇਂ ਜਹਾਂ। ਸ਼੍ਰੀ ਫਲ ਤਾਲ ਸਿਰਾਰੀ ਤਹਾਂ। ਜੁਗਲ ਜਾਮਨੂੰ ਜਹਾਂ। ਬਿਰਾਜੈਂ। ਨਰਿਅਲ ਨਾਰ ਨਰੰਗੀ ਰਾਜੈਂ."

੯. ਸ੍ਰੀਮਤ: ਸੰ. श्रीमत्. ਸੰਗ੍ਯਾ- ਪਿੱਪਲ। ੨. ਵਿਸ਼ਨੂ। ੩. ਤਿਲ ਦਾ ਫੁੱਲ। ੪. ਕੁਬੇਰ। ੫. ਵਿ- ਦੌਲਤ ਮੰਦ. ਧਨੀ। ੬. ਸ਼ੋਭਾ ਵਾਲਾ. ਸੁੰਦਰ.

੧੦. ੩ ਤਾਰਪੀਨ ਦਾ ਤੇਲ। ੪. ਚੰਦਨ। ੫. ਗੁੱਗਲ.

੧੧. ਸ਼੍ਰੀ ਵੈਸ਼ਨਵ: ਰਾਮਾਨੁਜ ਦੀ ਸੰਪ੍ਰਦਾਯ ਦਾ ਵੈਸ਼ਨਵ.

੧੨. ਵੇਦ ਲਿਖਣ ਵਾਲਾ ਪਾਪੀ ਸਮਝਿਆ ਜਾਂਦਾ ਸੀ. ਦੇਖੋ, ਵੇਦ ੨. ਦਾ ਫੁੱਟ ਨੋਟ.

੧੩. ਸ੍ਰੈਣੀ, ਸ੍ਰੈਨੀ: ਪੌੜ੍ਹੀ. ਸੀੜ੍ਹੀ. ਦੇਖੋ, ਸ਼੍ਰੇਣੀ. "ਮੋਖ ਸਦਨ ਕੀ ਇਹ ਤਨੁ ਸ੍ਰੈਨੀ." (ਨਾਪ੍ਰ)

੨੫੨- ੧. ਸ੍ਰੋਣਾ: ਭਾਈ ਸੰਤੋਖ ਸਿੰਘ ਜੀ ਨੇ ਸ਼ੋਣ ਨਦ ਲਈ ਇਹ ਸ਼ਬਦ ਵਰਤਿਆ ਹੈ, "ਸ੍ਰੋਣਾ ਸਲਿਤਾ ਕੋ ਤਜਿ ਗਏ." (ਗੁਪ੍ਰਸੂ) ਦੇਖੋ, ਸੋਣ ੪। ੨. ਸੰ. ਸ਼੍ਰੋਣ. ਪਿੰਗਲਾ. ਪੰਗੁ.

੨. ਸ਼੍ਰੋਤ੍ਰ: ਸੰਗਯਾ- ਕੰਨ। ੨. ਵੇਦ- ਗ੍ਯਾਨ.

੩. ੩ ਵੇਦ ਦੇ ਅਨੁਸਾਰ ਹੈ ਜਿਸ ਦਾ ਧਰਮ. ਸ੍ਰੁਤਿ ਪ੍ਰਤਿਪਾਦਿਤ ਕਰਮਾਂ ਦੇ ਕਨਰ ਵਾਲਾ.

੪. ਸ੍ਵਸਤਿਕ: ਸੰ. ਸ੍ਵਸ੍ਤਿਕ. ਸੰਗਯਾ- ਪੁਰਾਣੇ ਸਮੇਂ ਦਾ ਇੱਕ ਮੰਗਲ ਚਿੰਨ੍ਹ, ਜਿਸ ਦਾ ਆਕਾਰ ਇਹ ਹੈ 卐 ਕਈ ਏਸ ਨੂੰ ਗਣੇਸ਼ ਦਾ ਚਿੰਨ੍ਹ ਸਮਝਦੇ ਹਨ। ੨. ਲਸਣ। ੩. ਮੂਲੀ। ੪. ਯੋਗ ਮਤ ਅਨੁਸਾਰ ਇੱਕ ਆਸਨ.

੫. ਸ੍ਵਸਨ: ਸੰ. ਸ਼੍ਵਸਨ. ਸਾਹ ਲੈਣਾ। ੨. ਹਵਾ. ਪੌਣ.

ਸ੍ਵਸਰ: ਸੰ. ਸੰਗਯਾ- ਘਰ. ਮਕਾਨ। ੨. ਦਿਨ. ਰੋਜ਼। ੩. ਦੇਖੋ, ਸਸੁਰ,

੬. ਸ੍ਵਜ: ਸੰ. ਸੰਗਯਾ- ਪੁਤ੍ਰ. ਬੇਟਾ। ੨. ਲੋਹੂ। ੩. ਪਸੀਨਾ.

੭. ਸ੍ਵਜਾਤਿ, ਸ੍ਵਜਾਤੀਯ: ਆਪਣੀ ਜਾਤਿ. ਆਪਣੀ ਕੌਮ। ਆਪਣੀ ਜਾਤਿ ਦਾ.

ਸ੍ਵਤ: ਸੰ. ਵ੍ਯ- ਆਪਣੇ ਆਪ. ਆਪ ਹੀ.

ਸ੍ਵਤঃ ਸਿੱਧ: ਦੇਖੋ, ਸੁਤਹ ਸਿੰਧ.

੮. ਸ੍ਵਦੇਸ ਭਗਤ: ਆਪਣੇ ਦੇਸ਼ ਦਾ ਭਕ੍ਤ. ਦੇਸ ਸੇਵਕ.

੯. ਸ੍ਵਨਿ: ਸੰ. ਸੰਗਯਾ- ਧੁਨਿ, ਆਵਾਜ਼। ੨. ਅਗਨਿ, ਅੱਗ.

੧੦. ਜੋ ਕੰਨ੍ਯਾ ਅਤੇ ਵਰ ਆਪਣੀ ਮਰਜ਼ੀ ਅਨੁਸਾਰ ਰੂਪ ਗੁਣ ਸੁਭਾਵ ਆਦਿ ਦੀ ਪਰਸਪਰ ਪਰੀਖ੍ਯਾ ਕਰ ਕੇ ਸ਼ਾਦੀ ਕਰਦੇ ਹਨ, ਉਸ ਦੀ ਭੀ "ਸ੍ਵਯੰਬਰ" ਸੰਗਯਾ ਹੈ.

੧੧. ਇਹ ਸੱਤ ਸ਼ੁੱਧ ਸ੍ਵਰ[1202] "ਜੇਹੇ ਕਿ ਬਿਲਾਵਲ ਠਾਟ ਦੇ ਹਨ, ਅਤੇ ਚਾਰ ਕਮਲ ਸ੍ਵਰ (ਰਿਸ਼ਭ, ਗਾਂਧਾਰ, ਧੈਵਤ ਅਤੇ ਨਿਸਾਦ) ਜੇਹੇ ਕਿ ਭੈਰਵੀ ਠਾਟ ਦੇ ਹਨ, ਅਰ ਇੱਕ ਤੀਵ੍ਰ ਮਧ੍ਯਮ ਸ੍ਵਰ, ਜੋ ਹਿੰਡੋਲ ਆਦਿ ਰਾਗਾਂ ਵਿੱਚ ਵਰਤਿਆ ਜਾਂਦਾ ਹੈ, ਇਹ ਬਾਰਾਂ ਸ੍ਵਰ ਸਾਰੇ ਰਾਗਾਂ ਦੇ ਗਾਉਣ ਬਜਾਉਣ ਲਈ ਰਾਗ ਵਿਦ੍ਯਾ ਦੇ ਅਚਾਰਯਾਂ ਨੇ ਕਾਇਮ ਕੀਤੇ ਹਨ. ਦੇਖੋ, ਠਾਟ.

੨੫੪- ੧. ਸ੍ਵਰਗ ਵਧੂ: ਅਪਸਰਾ. ਦੇਵਾਂਗਨਾ. ਹੂਰ.

੨. ਸ੍ਵਰਣ ਮੁਦ੍ਰਾ: ਸੋਨੇ ਦਾ ਸਿੱਕਾ. ਅਸ਼ਰਫ਼ੀ. ਮੋਹਰ.

੩. ਸ੍ਵਾਸ ਉਸਾਰਨ: ਲੰਮਾ ਸਾਹ (ਹਾਹੁਕਾ) ਲੈਣਾ. ਠੰਢਾ ਸਾਹ ਭਰਨਾ. "ਸ੍ਵਾਸ ਉਸਾਰ ਬਿਸੂਰਤੋ." (ਗੁਪ੍ਰਸੂ)

੪. ਸ੍ਵਾਗਤਪਤਿਕਾ: ਉਹ ਨਾਯਿਕਾ ਜੋ ਪਰਦੇਸੋਂ ਪਤਿ ਦੇ ਆਉਣ ਤੇ ਪ੍ਰਸੰਨ ਹੋਂਦੀ ਅਤੇ ਆਉ- ਭਗਤਿ ਕਰਦੀ ਹੈ.

੫. ੨ ਸੰਗਯਾ- ਗੁੜ। ੩. ਨੇਂਬੂ। ੪. ਬੇਰ। ੫. ਮਹੁਏ ਦਾ ਫਲ। ੬. ਦੁੱਧ। ੭. ਦਾਖ,

੬. । ੨. ਸੰ. स्वार. ਬੱਦਲ ਦੀ ਕੜਕ। ੩. ਘੋੜੇ ਦੇ ਹਿਣਕਣ ਦੀ ਆਵਾਜ਼.

੭. ਸ੍ਵਾਰਥ. ਆਪਣਾ ਪ੍ਰਯੋਜਨ. ਅਪਨਾ ਮਤਲਬ-

"ਬਿਰਖ ਹੀਨ ਫਲ ਚੀਨ, ਬਿਹੰਗਮ ਬੇਗ ਤਿਆਗੈਂ, ਕਾਨਨ ਦਗਧੇ ਦੇਖ ਹਰਨ ਆਦਿਕ ਸਭ ਭਾਗੈਂ, ਫੂਲ ਮਾਲ ਨਿਰਗੰਧ, ਗਲੇ ਤੇ ਤਿਆਗੈਂ ਸਭ ਨਰ, ਸਾਰਸ ਤਿਆਗੇਂ ਬੇਗ, ਨੀਰ ਬਿਨ ਪੇਖ ਸਰੋਵਰ, ਪਨ ਗਨਕਾ ਨਿਰਧਨ ਨਰ ਤਜੈ ਭ੍ਰਸ੍ਵ ਨ੍ਰਿਪਤਿ ਭ੍ਰਿਤ ਤਜਤ ਹੀ, ਜਨ ਸਗਲੇ ਸ੍ਵਾਰਥ ਵਸ ਰਮੈ ਕੋ ਕਾਹੂੰ ਪਜਾਰੋ ਨਹੀਂ."

---

[1202] ਆਪਣੀ ਅੰਤਿਮ ਸ਼ਰੁਤਿ ਤੇ ਇਸਥਿਤ ਸ੍ਵਰ ਸ਼ੁੱਧ ਆਖਿਆ ਜਾਂਦਾ ਹੈ, ਦੇਖੋ, ਸੰਗੀਤ ਰਤਨਾਕਰ.

੮. ਸ੍ਵੇਦ ਨਾਸ਼: ਸੰਗਜਾ- ਹਵਾ. ਪੌਣ.

੯. ਸ੍ਵੈਰ: ਸੰ. ਵਿ- ਇੱਛਾਚਾਰੀ. ਮਨ ਮੰਨਿਆ ਕੰਮ ਕਰਨ ਵਾਲਾ। ੨. ਧੀਮਾ. ਮੱਠਾ.

੧. ਕਦੇ ਕਦੇ 'ਧ' ਦੀ ਥਾਂ 'ਹ' ਬਦਲ ਜਾਂਦਾ ਹੈ. ਜਿਵੇਂ- ਪਨੱਧੀ ਦੀ ਥਾਂ ਪਨਹੀ, ਸੰਧਿ- ਸੰਨ੍ਹਿ. ਰੰਧਨ- ਰਿਨ੍ਹਣਾ, ਸੰਧਾਨ- ਸਿਨ੍ਹਣਾ ਆਦਿ।

੨. । ੧੧. ਲੋਹੂ. ਖ਼ੂਨ। ੧੨. ਬਿੰਦੀ. ਸਿਫ਼ਰ। ੧੩. ਧਜਾਨ। ੧੪. ਮੰਗਲ. ਸ਼ੁਭ। ੧੫. ਗਜਾਨ। ੧੬. ਚੰਦ੍ਰਮਾ। ੧੭. ਜੰਗ। ੧੮. ਕਾਰਣ. ਹੇਤੁ. ਸਬੱਬ। ੧੯. ਘੋੜਾ। ੨੦. ਹੰਕਾਰ. ਗਰਵ। ੨੧. ਵੈਦਜ. ਹਕੀਮ.

੩. ਹਉਰ: ਹੌਲ. ਦੇਖੋ, ਹਉਲ ਅਤੇ ਹੌਰ.

੪. । ੨. ਘੋੜਿਆਂ ਵਿੱਚੋਂ ਵਧੀਆ ਘੋੜਾ. "ਰੇਲ ਰੇਲ ਚਲੇ ਹਏਂ ਦੂਨ, ਪੇਲ ਪੇਲ ਗਜੇਂਦ੍ਰ." (ਚੰਡੀ ੨)

੫. ਹਸਖਮਲ: ਜਲ (ਹ), ਚੰਦ੍ਰਮਾ (ਸ), ਆਕਾਸ (ਖ), ਬ੍ਰਹਮਾ (ਮ), ਇੰਦ੍ਰ (ਲ). "ਹਸ ਖਮਲ ਵਰਯ ਬੀਜੰ." (ਗੁਪ੍ਰਸੂ) ਵਾਹਗੁਰੂ ਨਾਮ ਵਿੱਚ ਆਯਾ ਹਾਹਾ, ਜਲ ਚੰਦ੍ਰਮਾ ਆਕਾਸ਼ ਬ੍ਰਹਮਾ ਅਤੇ ਇੰਦ੍ਰ ਦਾ ਬੀਜ ਰੂਪ ਹੈ.

੬. ਹਸਨ ਅਬਦਾਲ ਪੇਸ਼ਾਵਰ ਤੋਂ ੭੯ ਮੀਲ ਅਤੇ ਰਾਵਲਪਿੰਡੀ ਤੋਂ ੨੯ ਮੀਲ ਹੈ.

੭. ਕਿਆਮਤ ਦਾ ਸਮਾਂ, ਜਦ ਮੁਰਦੇ ਕਬਰਾਂ ਵਿੱਚੋਂ ਉੱਠ ਖੜੇ ਹੋਣਗੇ.

੮. ਹਸਿਤ: ਵਿ. ਜੋ ਹੱਸਿਆ ਹੈ। ੨. ਜਿਸ ਨੂੰ ਲੋਕ ਹਸਦੇ ਹੋਣ। ੩. ਸੰਗਜਾ- ਕਾਮ ਦੇਵ ਦਾ ਧਨੁਖ.

ਹਸੀ: ਹਾਸੀ. ਹਾਸਜ.

ਹਸੀਨ: ਅ਼. ਵਿ- ਹੁਸਨ (ਸੁੰਦਰਤਾ) ਵਾਲਾ. ਖ਼ੂਬਸੂਰਤ.

੨੫੬- ੧. ਹਸਤਕ੍ਰਿਯਾ: ਸੰ. ਸੰਗਜਾ- ਹੱਥ ਦਾ ਕੰਮ. ਦਸ੍ਤਕਾਰੀ। ੨. ਅਮਲੀ ਤੌਰ ਹੱਥ ਤੋਂ ਕਿਸੇ ਕਾਰਜ ਸਾਧਨ ਦਾ ਕੰਮ। ੩. ਦੇਖੋ, ਮੁੱਠ ੨.

ਹਸ੍ਤਖੇਪ: ਸੰ. ਸੰਗਜਾ- ਕਿਸੇ ਕੰਮ ਵਿੱਚ ਹੱਥ ਪਾਉਣਾ. ਦਖ਼ਲ ਦੇਣਾ.

੨. ਹਸ੍ਤਾਕਰ: ਦਸਖ਼ਤ. ਦੇਖੋ, ਹਸਤਾਖਰ.

੩. ਹਕੀਕੀ: ਅ਼. ਹਕ਼ੀਕ਼ੀ. ਵਿ- ਸੱਚਾ. ਯਥਾਰਥ। ਖ਼ਾਸ ਆਪਣਾ। ੩. ਸਕਾ.

੪. ਹਕੀਮੀ: ਸੰਗਜਾ- ਹਿਕਮਤ। ੨. ਹਕੀਮ ਦੀ ਕ੍ਰਿਯਾ। ੩. ਵੈਦ ਵਿਦਜਾ.

੫. ਹੱਕਸ਼ੁਫ਼ਾ: ਅ਼. ਹੱਕੇ- ਸ਼ੁਫ਼ਾ. ਪੜੋਸੀ ਹੋਣ ਦਾ ਅਧਿਕਾਰ. ਪੜੋਸੀ ਦਾ ਸ੍ਵਤ੍ਵ. Right of Pre- emption.

੨੫੮- ੧. ਹਜਾਰੀ: ਵਿ- ਹਜ਼ਾਰ ਨਾਲ ਸਬੰਧ ਰੱਖਣ ਵਾਲਾ। ੨. ਹਜ਼ਾਰ ਦਾ ਸ੍ਵਾਮੀ.

੨. ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਅਨੁਸਾਰ ਇਹ ਮਾਝ, ਧਨਾਸਰੀ, ਤਿਲੰਗ, ਸੂਹੀ ਅਤੇ ਬਿਲਾਵਲ ਦੇ ਸ਼ਬਦ ਹਨ, ਕਈ ਸਿੱਖਾਂ ਨੇ ਇਨ੍ਹਾਂ ਦਾ ਪਾਠ- ਕ੍ਰਮ ਇਉਂ ਕਲਪਿਆ ਹੈ- ਸੁਲਤਾਨੇ ਮੀਆਂ ਜੀਉ ਡਰਤ ਹੈ. ਇਆਨੀ ਮਾਨ ਕਾਹ ਕਰੇ, ਇਹ ਤਨ ਮਾਇਆ ਸੁਪਨਾ। ਮਨ ਲੋਚੇ ਗੁਰ ਦਰਸ ਕੋ ਕਵਨ ਤਰਾਜੂ ਹੋਇ। ਮਨ ਮੰਦਰ ਤਨ ਵੇਸ ਮੇ ਪੇਖ ਰਮਈਆ ਸੋਇ."

੩. ਗੁਰਮਤ ਵਿੱਚ ਇਸ ਦਾ ਨਿਸ਼ੇਧ ਹੈ.

੨੫੯- ੧. ਹਥਸਾਲ: ਹਾਥੀਆਂ ਦੀ ਸ਼ਾਲਾ (ਮਕਾਨ). ਫ਼ੀਲ ਖ਼ਾਨਾ. ਹਾਥੀ ਖ਼ਾਨਾ.

੨. "ਹਥਨਾਲ ਬੰਦੂਕ ਛੁਟੈਂ ਪਿਚਕਾਰੀ." (ਕ੍ਰਿਸ਼ਨਾਵ)। ੨. ਹਾਥੀ ਤੇ ਲੱਦੀ ਜਾਣ ਵਾਲੀ ਜਾਂ ਹਾਥੀ ਨਾਲ ਖਿੱਚੇ ਜਾਣ ਵਾਲੀ ਭਾਰੀ ਤੋਪ.

੩. । ੨. ਇਸਤ੍ਰੀਆਂ ਦੇ ਹੱਥ ਦਾ ਇੱਕ ਗਹਿਣਾ.

੪. ਹਥਫੇਰ, ਹਥਫੇਰੀ: ਸੰਗਜਾ- ਹੱਥ ਦੀ ਚਾਲਾਕੀ ਹੱਥੋਂ ਹੋਰ ਦਿਖਾ ਕੇ ਹੋਰ ਦੇਣ ਦੀ ਕ੍ਰਿਯਾ। ੨. ਸ਼ਰੀਰ ਤੇ ਹੱਥ ਫੇਰਣ ਦੀ ਕ੍ਰਿਯਾ.

੫. ਹਖਲਉ: ਕਿਸੇ ਦਾ ਮਾਲ ਜੋ ਹੱਥ ਲੱਗੇ ਉਸ ਨੂੰ ਲੈਣ ਦੀ ਬਾਣ. ਉਚੱਕਾਪਣ.

੬. ਹੱਥਲ: ਵਿ- ਹੱਥੋਂ ਖਾਲੀ. ਜਿਵੇਂ- ਉਹ ਹਥਲ ਹੋਇਆ ਬੈਠਾ ਹੈ.

੭. ਹੱਥਾ, ਹੱਥੀ: ਸੰਗਜਾ- ਦਸਤਾ. ਮੁੱਠਾ.

੮. "ਹਦਰਬ ਪਾਕੁ ਖੁਦਾਇ."(ਮਃ ੧. ਬੰਨੋ)

੯. ਹੱਦ ਬੰਦੀ: ਫ਼ਾ. ਸੰਗਜਾ- ਸੀਮਾ ਬੰਧਨ.

੧੦. । ੨. ਮੁਹੰਮਦ ਸਾਹਿਬ ਦੇ ਜਨਮ ਤੋਂ ਪਹਿਲਾਂ ਇੱਕ ਜਮਾਤ ਅਰਬ ਵਿੱਚ ਕਰੀਤੀਆਂ ਦੇ ਦੂਰ ਕਰਨ ਵਾਲੀ ਹੋਈ. ਇਹ ਲੋਕ ਮੂਰਤੀ ਪੂਜਾ, ਜਾਦੂ ਟੂਣੇ ਆਦਿਕ ਦਾ ਖੰਡਨ ਕਰਦੇ ਸੇ. ਇਨਾਂ ਦੀ ਸੰਗਜਾ ਹਨੀਫ਼ ਸੀ.

੧੧. ਕ੍ਰਿਸ਼ਨ ਦਾਸ ਦੇ ਸਪੁਤ੍ਰ

੧੨. ਸੰਮਤ ੧੬੮੦ ਵਿੱਚ

੧. "ਮੁਸ਼ਤੇ ਖ਼ਾਕੇ ਦਰਗਹੇ ਉ ਕੀਮੀਆਗਰ ਮੇ ਕੁਨਦ. । ਹਰ ਗਦਾ ਰਾ ਬਾਦਸ਼ਾਹੇ ਹਫ਼ਤ ਕਿਸ਼ਵਰ ਮੇ ਕੁਨਦ." (ਦੀਗਂ)

੨. ਪ੍ਰਾਣਾਂ ਨੂੰ ਹਬਸ (ਰੋਕਣ) ਵਾਲਾ. ਪ੍ਰਾਣਾਯਾਮ ਦਾ ਅਭਜਾਸੀ. ਦੇਖੋ, ਹਬਸ.

੩. ਹਮਜ਼ਾ ਗੌਸ: ਸਿਆਲਕੋਟ ਦਾ ਬਾਸ਼ਿੰਦਾ ਇੱਕ ਪੀਰ ਜੋ ਕਿਸੇ ਹਿੰਦੂ ਤੇ ਇਸ ਗੱਲੋਂ ਨਾਰਾਜ਼ ਹੋ ਕੇ ਕਿ ਉਸ ਨੇ ਆਪਣਾ ਬੇਟਾ ਪ੍ਰਣ ਅਨੁਸਾਰ ਪੀਰ ਨੂੰ ਅਰਪਣ ਨਹੀਂ ਕੀਤਾ, ਨਗਰ ਨੂੰ ਗਰਕ਼ ਕਰਨ ਲਈ ਚਾਲੀ ਦਿਨਾਂ ਦਾ ਵ੍ਰਤ ਕਰ ਰਿਹਾ ਸੀ. ਸਤਿਗੁਰੂ ਨਾਨਕ ਦੇਵ ਨੇ ਉਸ ਨੂੰ ਸ਼ੁਭ ਸਿਖਜਾ ਦੇ ਕੇ ਉਸ ਦਾ ਆਤਮਾ ਸ਼ਾਂਤ ਕੀਤਾ. ਇਸ ਦਾ ਪ੍ਰਸਿੱਧ ਸਥਾਨ ਗੁਰਦ੍ਵਾਰਾ ਬੇਰ ਸਾਹਿਬ ਦੇ ਪਾਸ ਹੀ ਹੈ.

੪. ਹਮਦਰਦ: ਫ਼ਾ. ਸੰਗਜਾ- ਦੁੱਖ ਦਾ ਸਾਥੀ. ਦੂਜੇ ਦੀ ਪੀੜ ਅਨੁਭਵ ਕਰਨ ਵਾਲਾ.

ਹਮਦਰਦੀ: ਸੰਗਜਾ- ਦੂਜੇ ਦੀ ਪੀੜ ਅਨੁਭਵ ਕਰਨੀ.

੫. ਹਮਰਾਹੀ: ਰਾਹ ਵਿੱਚ ਨਾਲ ਤੁਰਣ ਵਾਲਾ.

੬. ਹਮਵਤਨ: ਸੁਦੇਸ਼ਵਾਸੀ. ਦੇਸੀ ਭਾਈ.

ਹਮਵਾਰ: ਵਿ- ਸਮਤਲ. ਜਿਸ ਦੀ ਸਤਹ ਬਰਾਬਰ ਹੈ. ਜੋ ਉੱਚਾ ਨੀਵਾਂ ਨਹੀਂ.

੭. ਹੀਰਾ ਦੇਵੀ ਦੇ ਉਦਰ ਤੋਂ ਜੈਤ੍ਰ ਸਿੰਘ (ਜਯਤਰਾਯ) ਦਾ ਪੁਤ੍ਰ ਅਤੇ ਆਸ਼ਾ ਦੇਵੀ ਦਾ ਪਤਿ ਸੀ. ਇਸ ਦਾ ਜਨਮ ਕੱਤਕ ਸੁਦੀ ੧੨, ਸੰਮਤ ੧੩੨੮ ਨੂੰ ਹੋਇਆ. ਪਿਤਾ ਦੇ ਵਨਵਾਸ ਲੈਣ ਪੁਰ, ਹਮੀਰ ਰਣਥੰਭੋਰ ਦੀ ਗੱਦੀ ਤੇ ਬੈਠਾ ਅਤੇ ਆਪਣੇ ਸਮੇਂ ਵਿੱਚ ਦਾਨੀ, ਸੂਰਬੀਰ, ਪ੍ਰਤਿਗਜਾ- ਪਾਲਕ ਅਤੇ ਨਜਾਯਕਾਰੀ ਪ੍ਰਸਿੱਧ ਹੋਇਆ.

ਦਿੱਲੀ ਪਤਿ ਬਾਦਸ਼ਾਹ ਅਲਾਉੱਦੀਨ ਖ਼ਲਜੀ ਦਾ ਇੱਕ ਅਹਿਲਕਾਰ ਮੁਹੰਮਦ ਸ਼ਾਹ (ਜਿਸ ਦੇ ਨਾਮ ਮੀਰ ਮੁਹੰਮਦ ਅਤੇ ਮਹਿਮਾ

ਸ਼ਾਹ ਭੀ ਲਿਖੇ ਹਨ) ਵਿਭਚਾਰ ਦੇ ਦੋਸ ਕਰ ਕੇ ਜਲਾਵਤਨ ਕੀਤਾ ਗਿਆ, ਉਸ ਨੇ ਹੋਰ ਥਾਂ ਕਿਤੇ ਆਸਰਾ ਨਾ ਤੱਕ ਕੇ ਬਹਾਦੁਰ ਹਮੀਰ ਦੀ ਸ਼ਰਣ ਲਈ, ਅਰ ਹਮੀਰ ਨੇ ਉਸ ਨੂੰ ਦਾਨ ਸਨਮਾਨ ਦੇ ਕੇ ਆਪਣੇ ਪਾਸ ਰੱਖਿਆ.

੮. ਮੁਹਮਦ ਸ਼ਾਹ ਸਸਤ.[1203] ਸਾਵਨ ਸੰਮਤ ੧੩੫੮ (ਸਨ ੧੩੦੧) ਵਿੱਚ

੯. ਹਮੀਰ ਦੇ ਦਰਬਾਰੀ ਕਵਿ ਸਾਰੰਗਧਰ ਨੇ ਸੰਸਕ੍ਰਿਤ ਦੇ ਗ੍ਰੰਥ "ਹਮੀਰ ਕਾਵ੍ਯ" ਅਤੇ ਹਿੰਦੀ ਗ੍ਰੰਥ "ਹਮੀਰ ਰਾਸਾ" ਵਿੱਚ ਹਮੀਰ ਦੀ ਮਨੋਹਰ ਕਥਾ ਲਿਖੀ ਹੈ.

੧੦. । ੫. ਕਲ੍ਯਾਣ ਠਾਟ ਦਾ ਇੱਕ ਸੰਪੂਰਣ ਰਾਗ ਹਮੀਰ, ਜਿਸ ਵਿੱਚ ਵਾਦੀ ਧੈਵਤ ਹੈ (ਕਿਤਨੇ ਸੰਗੀਤਾਂ ਵਿੱਚ ਪੰਚਮ ਵਾਦੀ ਲਿਖਿਆ ਹੈ). ਆਰੋਹੀ ਵਿੱਚ ਨਿਸ਼ਾਦ ਅਤੇ ਅਵਰੋਹੀ ਵਿੱਚ ਗਾਂਧਾਰ ਦੁਰਬਲ ਹੈ. ਹੱਮੀਰ ਵਿੱਚ ਸ਼ੁੱਧ ਮੱਧਮ ਭੀ ਦੁਰਬਲ ਹੋ ਕੇ ਲੱਗ ਜਾਂਦਾ ਹੈ.

ਆਰੋਹੀ- ਸ ਰ ਸ ਗ ਮੀ ਧ ਨ ਨ ਧ ਸ.

ਅਵਰੋਹੀ- ਸ ਨ ਧ ਪ ਮੀ ਪ ਧ ਪ ਗ ਮੀ ਰ ਸ.

੧੧. ੨। ੨. ਹਿੰ. ਸਰਵ. ਹਮ ਕੋ. ਸਾਨੂੰ. "ਹਮੇ ਨ ਕਛੁ ਇੱਛਾ ਅਬ ਰਹੀ." (ਗੁਪ੍ਰਸੂ)

੧. "ਆਨ ਆਲਮੈ ਹਮੈ ਜਗਾਯੋ." (ਵਿਚਿਤ੍ਰ)

੨. ਤਮਾਮ. ਸਰਵ. "ਹਮੋਂ ਤਤ ਧ੍ਯਾਨ ਹੈ." (ਭਾਗੁਕ)

੩. ਦਿਤਿ ਦੇ ਪੁਤ੍ਰ ਹਯਗ੍ਰੀਵ ਦੈਤ ਨੂੰ ਮਾਰ ਕੇ ਦੇਵਤਿਆਂ ਦਾ ਦੁੱਖ ਦੂਰ ਕੀਤਾ। ੩. ਮਹਾਭਾਰਤ ਅਨੁਸਾਰ ਮਧੁ ਅਤੇ ਕੈਟਭ ਨੇ ਬ੍ਰਹਮਾ ਦੇ ਵੇਦ ਖੋਹ ਲਏ ਅਤੇ ਦੋਵੇਂ ਪਾਤਾਲ ਵਿੱਚ ਜਾ ਲੁਕੇ। ਬ੍ਰਹਮਾ ਦੀ ਬੇਨਤੀ ਪੁਰ ਵਿਸ਼ਨੁ ਨੇ ਹਯਗ੍ਰੀਵ ਅਵਤਾਰ ਧਾਰ ਕੇ ਮਧੁ ਕੈਟਭ ਨੂੰ ਮਾਰ ਕੇ ਵਾਪਿਸ ਲਿਆਂਦੇ.

੪. ਹਯਨਾਲ: ਘੁੜਨਾਲ. ਘੋੜਿਆਂ ਨਾਲ ਖਿੱਚੇ ਜਾਣ ਵਾਲੀ ਤੋਪ। ੨. ਘੋੜੇ ਦੇ ਪੈਰ ਲੱਗਾ ਨਾਲ.

੫. ਹਯਮੇਧ: ਦੇਖੋ, ਅਸ਼੍ਵਮੇਧ.

੬. ਹਯੀ: ਸੰ. ਸੰਗ੍ਯਾ- ਘੋੜੀ। ੨. ਦੇਖੋ, ਹਈ ੫.

੭. ਗਧਾ. ਗਰਦਭ। ੬. ਵਿ- ਹਰਣ ਕਰਤਾ. ਲੈ ਜਾਣ ਵਾਲਾ. ਨਾਸ਼ ਕਰਤਾ. ਐਸੀ ਦਸ਼ਾ ਵਿੱਚ ਇਹ ਕਿਸੇ ਸ਼ਬਦ ਦੇ ਅੰਤ ਆਉਂਦਾ ਹੈ. ਜਿਵੇਂ- ਘਨਹਰ, ਰੋਗਹਰ ਆਦਿਕ.

੮. ਹਰਹੁ: ਹਰਣ ਕਰੋ. ਮਿਟਾਓ. "ਮੇਰੀ ਹਰਹੁ ਬਿਪਤਿ."(ਗਉ ਰਵਿਦਾਸ)

੯. ।੨ ਸੰ. ਸੰਗ੍ਯਾ- ਸ਼ਿਵ। ੩. ਚੋਰ। ੪. ਵਿ- ਚੁਰਾਉਣ ਵਾਲਾ.

੧੦. ।੨ ਕ੍ਰਿਯਾ. ਕਰਮ। ੩. ਬੇਚੈਨੀ. ਅਸ਼ਾਂਤਿ। ੪. ਆਚਰਣ ਆਚਾਰ.

੧੧. ਹਰਚੰਦ: ਫ਼ਾ. ਵ੍ਯ- ਬਹੁਤ ਵੇਰੀ। ੨. ਭਾਵੇਂ. ਅਗਰਚਿ.

੧੨. । ੨. ਬਿੱਲੀਆਂ ਅੱਖਾਂ ਵਾਲਾ। ੩. ਕੁਬੇਰ। ੪. ਹਿਰਣ੍ਯਾਕ੍ਸ਼ ਦੈਤ.

---

[1203] ਤਾਰੀਖ਼ ਫ਼ਰਿਸ਼ਤਾ ਵਿੱਚ ਲਿਖਿਆ ਹੈ ਕਿ ਮੁਹੰਮਦ ਸ਼ਾਹ ਜ਼ਖ਼ਮੀ ਹੋਏ ਨੂੰ ਅਲਾਉੱਦੀਨ ਨੇ ਪੁੱਛਿਆ ਕਿ ਜੇ ਤੇਰੇ ਜ਼ਖ਼ਮਾਂ ਦਾ ਇਲਾਜ ਕਰ ਕੇ ਤੈਨੂੰ ਰਾਜ਼ੀ ਕੀਤਾ ਜਾਵੇ ਤਾਂ ਮੇਰੇ ਨਾਲ ਕੀ ਸਲੂਕ ਕਰੋ? ਮੁਹੰਮਦ ਸ਼ਾਹ ਨੇ ਉੱਤਰ ਦਿੱਤਾ ਕਿ ਤੈਨੂੰ ਕਤਲ ਕਰਕੇ ਹਮੀਰ ਦੇ ਪੁਤ੍ਰ ਨੂੰ ਬਾਦਸ਼ਾਹ ਬਣਾਵਾਂ, ਇਹ ਸੁਣਕੇ ਅਲਾਉੱਦੀਨ ਨੇ ਮੁਹੰਮਦ ਸ਼ਾਹ ਨੂੰ ਹਾਥੀ ਦੇ ਪੈਰਾਂ ਹੇਠ ਕੁਚਲ ਕੇ ਮਰਵਾ ਦਿੱਤਾ.

੧੩. ੩ ਖੋਹ ਲੈਣਾ. ਛੀਨਨਾ. "ਹਰਣ ਭਰਣ ਜਾਕਾ ਨੇਤ੍ਰ ਫੋਰ." (ਸੁਖਮਨੀ)

੧੪. ਇਸ ਦਾ ਕੁਸ਼ਤਾ ਤਾਪ, ਖੰਘ ਆਦਿ ਕਈ ਰੋਗ ਦੂਰ ਕਰਦਾ ਹੈ.

੧੫. ਹਰਦ: ਦੇਖੋ, ਹਰਦੀ. "ਹਰਦ ਰੰਗ ਹ੍ਵੈ ਭਾਗੇ." (ਗੁਪ੍ਰਸੂ)

੧. "ਦੋਸ ਕਰੇ ਹਰਨਾ ਹਰਨਾ."(ਗਪ੍ਰਸੂ)

ਮ੍ਰਿਗ ਰੂਪ ਦੋਸ਼ ਨਾਸ਼ ਕੀਤੇ.

੨. । ੭. ਨਿਹੰਗ ਸਿੰਘ ਸੁੱਕੇ (ਖੁਸ਼ਕ) ਲਈ ਹਰਾ ਸ਼ਬਦ ਵਰਤਦੇ ਹਨ, ਜਿਵੇਂ- ਕੇਸ ਹਰੇ ਕਰ ਲਓ.

੩. "ਜਿਨ੍ਹ ਨਾਨਕੁ ਸਤਿਗੁਰੁ ਪੂਜਿਆ, ਤਿਨ ਹਰਿ ਪੂਜ ਕਰਾਵਾ. (ਆਸਾ ਛੰਤ ਮਃ ੪)

੪. । ੪੫ ਪ੍ਰਿਥਿਵੀ ਦਾ ਇੱਕ ਵਸੰ (ਖੰਡ). ਦੇਖੋ, ਹਰਿਵਰਖ.

੨੬੪- ੧. ਹਰਿਸ਼ਾਲਾ: ਵੈਕੁੰਠ. "ਸੋ ਭੀ ਪਹੁਚਤ ਭਾ ਹਰਿਸ਼ਾਲਾ." (ਗੁਪ੍ਰਸੂ)। ੨. ਇੱਦ੍ਰਲੋਕ. ਦੇਵਪੁਰੀ। ੩. ਸੋਨੇ (ਹਰਿ) ਦਾ ਮਕਾਨ। ੪. ਸੱਚਖੰਡ.

੨. ਹਰਿਹਾਟ: ਕਰਤਾਰ ਦੀ ਹੱਟ. ਸਤਿ ਸੰਗ. ਗੁਰਦੁਆਰਾ. ਦੇਖੋ, ਹਾਟ.

੧. ੨ ਸ਼੍ਰੀ ਗੁਰੂ ਅਰਜਨ ਦੇਵ ਦਾ ਇੱਕ ਆਤਮ ਗਜਾਨੀ ਸਿੱਖ.

੨. । ੨. ਸੋਨੇ ਦੀ ਮੂਰਤਿ। ੩. ਮਜੀਠ। ੪. ਬਸੰਤੀ ਚਮੇਲੀ.

੩. । ੩. ਸੰਗਜਾ- ਮੂੰਗੀ. ਮੁਗਦ। ੪. ਸੂਰਯ। ੫. ਵਿਸਨੁ। ੬. ਹਲਦੀ.

੪. ਹਰਿਤੁਤਾ: ਹਰਿਤ੍ਵ. ਹਰੀਪੁਣਾ. "ਹਰੀ ਹਰਿਤੁਤਾ ਤਿਹ ਥੀ ਜਾਇ." (ਨਾਪ੍ਰ) ਵਿਸਨੁ ਦਾ ਹਰੀਪੁਣਾ ਖੋਹਿਆ ਜਾਂਦਾ ਹੈ.

੫. ੭ ਵਿਸਨੁ ਦਾ ਸੇਵਕ. ਵਸਨਵ. "ਕਹਿ ਸੁਤ ਸੋਂ ਹਮ ਹੈਂ ਹਰਿ ਦਾਸ." (ਗੁਪ੍ਰਸੂ)

੬. ਹਰਿ ਧਨੁਖ: ਹਰਿ (ਇੰਦ੍ਰ) ਦਾ ਧਨੁਸ. ਇੰਦ੍ਰਚਾਪ.

੭. । ੩. ਇੱਕ ਤਪਾ, ਜੋ ਗੁਰੂ ਅਰਜਨ ਦੇਵ ਦਾ ਸਿੱਖ ਸੀ। ੪. ਦੇਖੋ, ਹਰਬੰਸ.

"ਮਾਈ ਰੀ, ਮਨੁ ਮੇਰੋ ਮਤਵਾਰੋ। ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਮਿਓ ਖੁਮਾਰੋ."

(ਸਾਰ ਮਃ ੫)

੯. ਮਹਿਮਾ ਪ੍ਰਕਾਸ ਵਿੱਚ ਮਾਤਾ ਦਾ ਨਾਮ ਰਾਜ ਕੌਰ ਲਿਖਿਆ ਹੈ "ਬਾਬਾ ਗੁਰਦਿੱਤਾ ਪਿਤਾ, ਰਾਜ ਕੌਰ ਜੀ ਮਾਤ." ਪਰ ਇਹ ਭੁੱਲ ਹੈ, ਕਿਉਂਕਿ ਜੋ ਇਹ ਨਾਮ ਮਾਤਾ ਜੀ ਦਾ ਹੋਂਦਾ ਤਾਂ ਰਾਮ ਰਾਇ ਜੀ ਦੀ ਮਹਿਲਾ ਦਾ ਨਾਮ ਰਾਜ ਕੌਰ ਨਾ ਹੋਂਦਾ.

੧੦. ਮਹਿਮਾ ਪ੍ਰਕਾਸ਼ ਵਿੱਚ ਬਾਬਾ ਰਾਮ ਰਾਇ ਜੀ ਅਤੇ ਗੁਰੁ ਹਰਿ ਕ੍ਰਿਸ਼ਨ ਸਾਹਿਬ ਦੀ ਇੱਕੋ ਮਾਤਾ ਸੁਲੱਖਨੀ ਲਿਖੀ ਹੈ- "ਸੁਲਖਨੀ ਪਤਿ ਹਰਿਰਾਇ ਗੁਰੁ ਹਰਿ ਕ੍ਰਿਸ਼ਨ ਰਾਮ ਰਾਇ ਤਾਤ."

੧੧. ਭਾਵੇਂ ਗੁਰੂ ਸਾਹਿਬ ਨੇ ਕੋਈ ਜੰਗ ਨਹੀਂ ਕੀਤਾ, ਪਰ ਦਾਦਾ ਗੁਰੂ ਜੀ ਦੀ ਫੌਜ ਬਦਸਤੂਰ ਆਦਰ ਨਾਲ ਰੱਖੀ, ਖ਼ਾਸ ਕਰ ਕੇ ੨੨ ਸੌ ਸਵਾਰ ਜੋ ਹਜ਼ੂਰੀ ਅਰਚਲ ਵਿੱਚ ਰਹਿੰਦਾ ਸੀ, ਉਹ ਮਗ਼ਲ ਬਾਦਸ਼ਾਹਾਂ ਦੇ ਅਰਦਲੀ ਘੋੜ ਚੜ੍ਹਿਆਂ ਨਾਲੋਂ ਸ਼ੋਭਾ ਬਲ ਪਰਾਕ੍ਰਮ ਵਿੱਚ ਕਈ ਗੁਣਾਂ ਵਧਕੇ ਸੀ[1204]। ਇਸੇ ਰਸਾਲੇ ਨੇ ਦਾਰਾ ਸ਼ਿਕੋਹ ਨੂੰ ਸਹਾਇਤਾ ਦੇ ਕੇ ਦਰਿਆ ਬਿਆਸ ਤੋਂ ਪਾਰ

---

[1204] ਦੇਖੋ, ਰਣਜੀਤ ਸਿੰਘ.

ਕਰਿਆ ਸੀ. ਦੇਖੋ, ਦਾਰਾ ਸ਼ਿਕੋਹ.

੧. ਜਦ ਹਰਿ ਨਾਲ ਵਰਸ (ਖੰਡ) ਸ਼ਬਦ ਹੋਵੇ, ਤਦ ਫੇਰ ਖੰਡ ਸ਼ਬਦ ਵਾਧੂ ਅਤੇ ਬੇਮੁਹਾਵਰੇ ਹੈ- ਖੰਡ ਦਾ ਨਾਮ ਕੇਵਲ ਹਰਿ ਹੈ.

੨. ਸ਼ੇਰ. ਸਿੰਘ. "ਹਰੀ ਮਨਹੁ ਲਖ ਸ਼ਤ੍ਰੁਨ ਕਰੀ." (ਗੁਪ੍ਰਸੂ)

੩. ਸ਼ਕ੍ਰ ਚੱਕੀਆ ਮਿਸਲ ਦੇ ਕੁਮੇਦਾਨ (Commandant).

੪. ਪੰਜਾਬੀ, ਫ਼ਾਰਸੀ, ਪਸ਼ੂ, ਦਾ ਪੂਰਾ ਵਿਦ੍ਵਾਨ. ਯੁੱਧ ਵਿਦਯਾ ਵਿੱਚ ਕਮਾਲ ਰੱਖਣ ਵਾਲਾ ਅਤੇ ਰਾਜ ਪ੍ਰਬੰਧ ਵਿੱਚ ਨਿਪੁਣ

੫. ਕੁਸੂਰ, ਅਟਕ, ਮੁਸਤਾਨ, ਕਸ਼ਮੀਰ, ਪੇਸ਼ਾਵਰ ਨੂੰ ਖ਼ਾਲਸਾ ਰਾਜ ਨਾਲ ਮਿਲਾਣ ਵਿੱਚ ਸਰਦਾਰ ਹਰੀ ਸਿੰਘ ਦੀ ਸੂਰ-ਵੀਰਤਾ ਅਤੇ ਦਾਨਾਈ ਸਿੱਖ ਸਾਹਿਬ ਦੇ ਮਨ ਵਿੱਚ ਵਸ ਗਈ ਸੀ. ਇਸ ਨੇ ਪੇਸ਼ਾਵਰ ਦਾ ਗਵਰਨਰ ਰਹਿ ਕੇ ਸਰਹੱਦ ਤੇ ਕਈ ਕਿਲੇ ਬਣਵਾਏ ਅਤੇ ਉਨ੍ਹਾਂ ਵਿੱਚ ਫ਼ੌਜ ਰੱਖੀ, ਖ਼ਾਸ ਕਰਕੇ ਜਮਰੌਦ ਦੇ ਮਕਾਮ "ਫ਼ਤੇ ਗੜ੍ਹ' ਨਾਮ ਦਾ ਮਜ਼ਬੂਤ ਕਿਲਾ ਬਣਾ ਕੇ ਖ਼ਾਲਸਾ ਰਾਜ ਦਾ ਨਿਸ਼ਾਨ ਝੁਲਾਇਆ. ਅਫ਼ਗਾਨਿਸਤਾਨ ਅਤੇ ਸਰਹੱਦੀ ਪਠਾਣਾਂ ਨੇ ਜਹਾਦ ਖੜਾ ਕਰਕੇ ਸੰਮਤ ੧੮੯੪ ਵਿੱਚ ਇਸ ਮਹਾਨ ਯੋਧੇ ਨਾਲ ਭਾਰੀ ਟਾਕਰਾ ਕੀਤਾ.

੬. ਸ਼ੋਕ ਹੈ ਕਿ ਇਸ ਮਹਾਨ ਸ਼ੂਰਵੀਰ ਦੀ ਯਾਦ ਵਿੱਚ ਸ਼ਾਨਦਾਰ ਬੁਤ ਅਥਵਾ ਸਤੂਪ ਦੀ ਔਲਾਦ, ਸਿੱਖ ਪੰਥ ਅਤੇ ਗਵਰਨਮੈਂਟ ਨੇ ਬਣਾਉਣ ਦਾ ਪ੍ਰਯਤਨ ਨਹੀਂ ਕੀਤਾ. ਪੇਸ਼ਾਵਰ ਨਿਵਾਸੀ ਪ੍ਰੇਮੀ ਗੱਜੂ ਮਲ ਕਪੂਰ ਨੇ ਸਿਤੰਬਰ ਸੰਨ ੧੯੦੨ ਵਿੱਚ ਛੋਟੀ ਜੇਹੀ ਸਮਾਧਿ ਬਣਾ ਕੇ ਆਪਣੇ ਪ੍ਰੇਮ ਅਤੇ ਕ੍ਰਿਤਗਜਤਾ ਦਾ ਸਬੂਤ ਦਿੱਤਾ ਹੈ.

੭. ਹਰੀ ਸਿੰਘੀਆ ਰੁਪਯਾ: ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਦਾ ਗਵਰਨਰ ਸਰਦਾਰ ਹਰੀ ਸਿੰਘ ਨਲਵੇ ਨੂੰ ਥਾਪ ਕੇ ਉਸ ਨੂੰ ਆਪਣੇ ਨਾਉਂ ਦਾ ਸਿੱਕਾ ਚਲਾਉਣ ਦੀ ਆਗਯਾ ਦਿੱਤੀ. ਇਸ ਰੁਪਯੇ ਤੇ ਸੰਮਤ ੧੮੭੬ ਹੈ.

ਫਿਰ ਜਦ ਪੇਸ਼ਾਵਰ ਦਾ ਗਵਰਨਰ ਹਰੀ ਸਿੰਘ ਹੋਇਆ, ਤਦ ਭੀ ਸਰਕਾਰ ਦੀ ਆਗਯਾ ਨਾਲ ਉਸ ਨੇ ਆਪਣੇ ਨਾਉਂ ਦੀ ਸਿੱਕਾ ਜਾਰੀ ਕੀਤਾ. ਇਸ ਰੁਪਯੇ ਤੇ ਸੰਮਤ ੧੮੯੨ ਹੈ. ਇਹ ਰੁਪਯੇ ਲਹੌਰ ਦੇ ਅਜਾਯਬ ਘਰ ਵਿੱਚ ਦੇਖੇ, ਜਾ ਸਕਦੇ ਹਨ.

੮. ੫ ਪੰਜਵੀਂ ਅਤੇ ਛੇਵੀਂ ਵਿਭਕ੍ਤਿ. ਹਰੇः। ੬. ਸੰਬੋਧਨ. ਹੈ ਹਰੇ।

੧. ੩ ਵੱਢੀ (ਰਿਸ਼ਵਤ) ਖਾਣ ਲੱਗਣਾ.

੨ਜੀ ਦਾ ਦੇਹਾਂਤ ਜਰ ਫੰਧਕ ਦੇ ਤੀਰ ਨਾਲ ਹੋਇਆ ਸੀ.

੩. ਹਲਵਾਹ: ਹਲ ਵਾਹੁਣ ਵਾਲਾ. ਕਿਰਸਾਣ.

੪. ਹਲਿਪ੍ਰਿਯਾ: ਸੰ. ਸੰਗਯਾ- ਸ਼ਰਾਬ. ਜੋ ਹਲੀ (ਬਲਰਾਮ) ਨੂੰ ਪਜਾਰੀ ਹੈ.

੫. "ਸਾਬਰ ਹੋਇ ਹਲੀਮ ਪਾਪ ਗਵਾਵਹੀ." (ਭਾਗੁ)

੬. ਹਲੰਤ: ਸੰ. ਸੰਗਯਾ- ਸ਼ੁੱਧ ਵਜੰਜਨ ਜਿਸ ਦੇ ਉਚਾਰਣ ਵਿੱਚ ਸ੍ਵਰ ਨਾ ਮਿਲਿਆ ਹੋਵੇ. ਜਿਸ ਦਾ ਚਿੰਨ੍ਹ ਇਹ ਹੈ.

੭. "ਦਿੱਲੀ ਸਹਿ ਪ੍ਰਵਿਸੇ ਗੁਰੂ ਗਏ ਹਵੇਲੀ ਮਾਂਹਿ." (ਗੁਪ੍ਰਸੂ)

੧. ਦੇਵਤੇ ਅਤੇ ਪਿਤਰਾਂ ਨੂੰ ਅਰਪੇ ਪਦਾਰਥ.

੨. ਹੜਤਾਲ ਫੇਰਨੀ: ਲਿਖੇ ਅੱਖਰਾਂ ਤੇ ਹੜਤਾਲ ਲਾਉਣੀ, ਭਾਵ ਲਿਖਿਆ ਮੇਟਣਾ.

੩. ਹੜੰਬਾ: ਮਗਹਰ ਭੂਮਿ. ਦੇਖੋ, ਮਗਹਰ ਅਤੇ ਹੜੰਬੈ। ੨. ਦੇਖੋ, ਹਿੜੰਬਾ.

ਹੜ੍ਹ: ਦੇਖੋ, ਹੜ.

੪। ੨. ਕਿਸੇ ਅਹੁਦੇਦਾਰ ਅੱਗੇ ਹਾਜ਼ਿਰ ਹੋਣ ਦੀ ਕ੍ਰਿਯਾ। ੩. ਸਵੇਰ ਵੇਲੇ ਦਾ ਭੋਜਨ ਨਹਾਰੀ.

੧. ਇਸ ਧਰਮ ਵੀਰ ਦਾ ਜਨਮ ਜੱਟ ਵੰਸ਼ ਵਿੱਚ ਪਿੰਡ ਕਾਛਾ ਅੰਦਰ, ਜੋ ਕਾਨ੍ਹੇ ਪਾਸ ਜ਼ਿਲਾ ਲਹੌਰ ਵਿਚ ਹੈ. ਹੋਯਾ. ਭਾਈ ਮਨੀ ਸਿੰਘ ਆਦਿ ਗੁਰਮੁਖਾਂ ਦੀ ਸੰਗਤ ਤੋਂ ਵੱਡੀ ਉੱਚੀ ਕਰਣੀ ਵਾਲਾ ਮੰਨਿਆ ਗਿਆ.

੨. । ੨. ਕੰਚ (ਕੱਚ) ਦਾ ਹਾਂਡੀ ਦੇ ਆਕਾਰ ਦਾ ਪਾਤ੍ਰ, ਜੋ ਰੋਸ਼ਨੀ ਕਰਨ ਲਈ ਛੱਤ ਨਾਲ ਲਟਕਾਈ ਦਾ ਹੈ.

੩. ਹਾਤੁ: ਸੰ. ਸੰਗਯਾ- ਮੌਤ. ਮ੍ਰਿਤ੍ਯੁ। ੨. ਸੜਕ.

੪. "ਵੰਡੀ ਹਾਥ ਨ ਖੇਵਟੁ."(ਮਾਰੂ ਮਃ ੧)

੫. ਵੱਡੇ ਕੱਦ ਦਾ ਪ੍ਰਸਿੱਧ ਜੀਵ. ਦੰਤੀ. ਦ੍ਵਿਰਦ. ਦ੍ਵਿਪ. ਪਦਮੀ. ਕੁੰਜਰ. ਇਭ. ਕੁੰਭੀ. ਕਰੀ. ਨਾਗ. ਗਜ. ਸਾਮਜ. ਮਤੰਗ.

੬. ਹਾਥੀ ਦੰਦ: ਹਸ੍ਤਿਦੰਤ. ਦੰਦ ਖੰਡ.

੭. ਹਾਨਕ: ਵਿਨਾਸਕ. "ਭੇ ਪਰਮਾਰਥ ਮੇ ਦੁਖ ਹਾਨਕ." (ਨਾਪ੍ਰ)

੮. ਹਾਨੀ ਤਰੁਨ: ਤਰੁਅਰਿ. ਹਾਥੀ. "ਹਾਨੀ ਤੁਰਨ ਬਹੁਤ ਇਸ ਬਾਨੀ." (ਗੁਪ੍ਰਸੂ)

ਹਾਫ਼ਸਬਾਦ: ਗੁਪ੍ਰਸੂ ਵਿੱਚ ਇਹ ਨਾਮ ਹਾਫ਼ਿਜ਼ਾਬਾਦ ਲਈ ਆਇਆ ਹੈ.

੯. ਏਸੇ ਥਾਂ ਪ੍ਰੇਮੀ ਕਰਮ ਚੰਦ ਨੂੰ ਜਪੁਜੀ ਦੇ ਅਰਥ ਸੁਣਾਏ ਸਨ. ਦੇਖੋ, ਕਰਮਚੰਦ ੩.

੧. ।੨ ਸੰ. ਸੰਗਯਾ- ਪਰਾਜਯ ਸ਼ਿਕਸਤ. ਹਾਰ. । ੩. ਰਾਹੀਆਂ ਦੀ ਟੋਲੀ। ੪. ਵਿ- ਹਰਣ (ਚੁਰਾਉਣ) ਵਾਲਾ.

੨. ਹਾਰੀਤ: ਸੰ. ਸੰਗਯਾ- ਕਬੂਤਰ। ੨. ਚੋਰ. ਡਾਕੂ। ੩. ਇਕ ਰਿਖੀ, ਜਿਸ ਦੀ ਰਚੀ ਹਾਰੀਤ ਸੰਹਿਤਾ ਪ੍ਰਸਿੱਧ ਹੈ.

੩. ਜੋ ਮਾਰੁਤ ਫ਼ਰਿਸ਼ਤੇ ਦਾ ਸਾਥੀ ਹੈ. ਦੇਖੋ, ਕੁਰਾਨ ਸੂਰਤ ੨, ਆਯਤ ੧੦੨. ਇਸਲਾਮੀ ਕਿਤਾਬਾਂ ਵਿੱਚ ਕਥਾ ਹੈ ਕਿ ਇਹ ਦੋਵੇਂ ਆਦਮੀ ਦੀ ਸ਼ਕਲ ਵਿੱਚ ਪ੍ਰਿਥਵੀ ਤੇ ਭੇਜੇ ਗਏ ਸਨ. ਇਹ ਲੋਕਾਂ ਵਿੱਚ ਮਿਲਕੇ ਵਿਕਾਰੀ ਹੋ ਗਏ, ਇਸ ਲਈ ਦੋਹਾਂ ਨੂੰ ਬੰਧਨ ਪਾ ਕੇ ਡੂੰਘੇ ਟੋਏ ਵਿੱਚ ਲਟਕਾਇਆ ਗਿਆ ਇਥੇ ਕ਼ਯਾਮਤ ਤਕ ਲਟਕਦੇ ਰਹਿਣਗੇ.

੪. ਹਾਲਾਂਕਿ: ਫ਼ਾ. ਵਯ- ਭਾਵੇਂ. ਯਦ੍ਯਪਿ. ਅਗਰਚਿ. ਗੋਕਿ.

੫. ਹਾਲੋਂ: ਸੰ. ਅਹਾਲਿਮ. ਚੰਦ੍ਰ ਸ਼ੂਰ. ਹਾੜ੍ਹੀ ਦੀ ਫ਼ਸਲ ਵਿੱਚ ਹੋਣ ਵਾਲੀ ਇੱਕ ਚਰਪਰੀ ਬੂਟੀ ਜਿਸ ਦੀ ਤਾਸੀਰ ਗਰਮ ਤਰ ਹੈ. ਇਸ ਦੀ ਭਾਜੀ ਬਾਈ ਦੇ ਰੋਗ ਦੂਰ ਕਰਦੀ ਹੈ. ਇਸ ਦੇ ਬੀਜ ਸੋਜ ਅਤੇ ਪੀੜ ਨੂੰ ਹਟਾਉਂਦੇ ਹਨ. ਬੀਜਾਂ ਨੂੰ ਘੋਟ ਕੇ ਦਰਦ ਅਥਵਾ ਸੋਜ ਦੀ ਥਾਂ ਤੇ ਲੇਪ ਕਰੀਦਾ ਹੈ. L. Lepidium Sativum.

੬. ਸਾਹਿਤ੍ਯ ਗ੍ਰੰਥਾਂ ਵਿੱਚ ੧੧. ਭਾਵ ਲਿਖੇ ਹਨ- ਲੀਲਾ. ਵਿੱਵੇਕ, ਵਿਹ੍ਰਿਤ ਕੁੱਟਮਿਤ, ਵਿਲਾਸ, ਵਿਛਿੱਤ, ਵਿਭ੍ਰਮ, ਕਿਲਕਿੰਚਿਤ, ਮੋਟਾਯਤ, ਲਲਿਤ ਅਤੇ ਹੇਲਾ. ਕਵੀਆਂ ਨੇ ਇਸ (ਹਾਵ) ਨੂੰ ਅਨੁਭਾਵ ਦੇ ਹੀ ਅੰਤਰਗਤ ਮੰਨਿਆ ਹੈ. ਦੇਖੋ, ਭਾਵ ੧੪.

੧. (ਸਾਉਣ ਸੁਦੀ ੨. ਸੰਮਤ ੬੭੯) M. Caussin de Perceval ਦੇ ਹਿਸਾਬ ਅਨੁਸਾਰ ੨੦. ਜੂਨ, ਸਨ ੬੨੨.

੨. ਇਸ ਦਾ ਪ੍ਰਚਾਰ ਮੁਹੰਮਦ ਸਾਹਿਬ ਦੇ ਵੇਲੇ ਨਹੀਂ ਹੋਇਆ. ਖ਼ਲੀਫ਼ਾ ਉਮਰ ਨੇ ਸਨ ੧੭. ਹਿਜਰੀ ਵਿੱਚ ਇਹ ਸਨ ਚਲਾਇਆ ਹੈ.

ਹਿਜਰੀ ਸਨ ਚੰਦ ਦੇ ਹਿਸਾਬ ਬਾਰਾਂ ਮਹੀਨਿਆਂ ਦਾ ਹੋਇਆ ਕਰਦਾ ਹੈ. ਚੰਦ ਦੇਖਣ ਤੋਂ ਅਰਥਾਤ ਸੁਦੀ ੨. ਤੋਂ ਆਰੰਭ ਹੋ ਕੇ ਸੁਦੀ ੧. ਨੂੰ ਸਮਾਪਤ ਹੁੰਦਾ ਹੈ. ਹਰੇਕ ਤਾਰੀਖ ਇੱਕ ਸੰਝ ਤੋਂ ਦੂਜੀ ਸੰਝ ਤਕ ਮੰਨੀ ਜਾਂਦੀ ਹੈ. ਸਸਕ੍ਰਿਤ ਦੇ ਚਾਂਦ੍ਰ ਵਰ੍ਹਸ ਦੀ ਤਰਾਂ ਇਸ ਦਾ ਹਰ ਤੀਜੇ ਵਰ੍ਹੇ ਇੱਕ ਮਹੀਨਾ ਨਹੀਂ ਵਧਾਇਆ ਜਾਂਦਾ. ਇਸ ਲਈ ਹਿਜਰੀ ਸਨ ਦੀਆਂ ਰੱਤਾਂ ਸਦਾ

ਮਹੀਨਿਆਂ ਵਿੱਚ ਬਦਲਦੀਆਂ ਰਹਿੰਦੀਆਂ ਹਨ, ਕਿਉਂਕਿ ਸੂਰਯ ਦੇ ਵਰ੍ਹਿਆਂ ਦੇ ਹਿਸਾਬ ੧੦੦ ਵਰ੍ਹੇ ਪਿੱਛੋਂ ਹਿਜਰੀ ਸਨ ਦੇ ੩. ਵਰ੍ਹੇ, ੨੫ ਦਿਨ ਅਤੇ ੯. ਘੜੀਆਂ ਵਧ ਜਾਂਦੀਆਂ ਹਨ.

ਹਿਜਰੀ ਸਨ ਦਾ ਪਹਿਲਾ ਮਹੀਨਾ ਮੁਹੱਰਮ ਅਤੇ ਬਾਰ੍ਹਵਾਂ ਜ਼ਿਲਹਿੱਜ ਹੈ.

੩. ਹਿਤੱਛਾ, ਹਿਤੇੱਛੂ: ਹਿਤ ਦੀ ਇੱਛਾ. ਭਲਾ ਚਾਹੁਣਾ. ਸ਼ੁਭੇੱਛਾ. ਹਿਤ ਦੀ ਇੱਛਾ ਕਰਨ ਵਾਲਾ. ਭਲਾ ਚਾਹੁਣ ਵਾਲਾ. ਸ਼ੁਭਚਿੰਤਕ.

੪. ੨ ਵਿਸ਼ਨੁ ਸ਼ਰਮਾ ਦਾ ਰਚਿਆ ਇੱਕ ਪ੍ਰਸਿੱਧ ਨੀਤਿਗ੍ਰੰਥ, ਜਿਸ ਵਿੱਚ ਮਿਤ੍ਰਲਾਭ. ਸੁਹ੍ਰਿਦ ਭੇਦ. ਵਿਗ੍ਰਹ ਅਤੇ ਸੰਧਿ ਆਦਿ ਦਾ ਮਨੋਹਰ ਕਹਾਣੀਆਂ ਦ੍ਵਾਰਾ ਵਰਣਨ ਹੈ.

੫. ।੨. ਕ਼ੁਰੈਸ਼ ਵੰਸ਼ੀ ਅਬੁ ਸੱਫ਼ੀਆ ਦੀ ਵਹੁਟੀ ਜੋ ਮੱਕੇ ਰਹਿੰਦੀ ਸੀ. ਇਹ ਮੁਹੰਮਦ ਸਹਿਬ ਦੇ ਵਿਰੁੱਧ ਕਵਿਤਾ ਲਿਖ ਕੇ ਇਸਲਾਮ ਵਿਰੁੱਧ ਪ੍ਰਚਾਰ ਕਰਿਆ ਕਰਦੀ ਸੀ.

੬. ਗਣਿਤ ਵਿਦ੍ਯਾ ਹਿੰਦ (ਭਾਰਤ) ਤੋਂ ਅਰਬ ਆਦਿ ਦੇਸ਼ਾਂ ਵਿੱਚ ਗਈ ਹੈ, ਇਸੇ ਕਾਰਣ ਨਾਉਂ "ਹਿੰਦਸਾ" ਹੋਇਆ ਹੈ.

੭. ਇਸ ਤੋਂ ਛੁਟ ੧੯੩੪ ਵਰਗ ਮੀਲ ਇਲਾਕਾ ਪੁਰਤਗਾਲ ਅਤੇ ਫ਼੍ਰਾਂਸ ਦੇ ਕਬਜ਼ੇ ਵਿੱਚ ਹੈ.

੮. "ਈਂ" ਹਿੰਦੂਏ ਖ਼ਾਲਤੂ ਕਿ ਬਰੁਯਤ ਸ਼ੇਦਾ ਅਸਤ। ਬਿਫ਼ਰੋਸ਼ੀ ਅਗਰ ਨਕ਼ਦੇ ਖ਼ੁਦਾਈ ਚਿ ਸ਼ਵਚ". (ਦਿਵਾਨ ਗੋਯਾ)

੨੭੫- ੧. ਹਿਫ਼ਜ਼: ਅ. ਕੰਠਾਗ੍ਰ. ਜੁਬਾਨੀ ਯਾਦ. ਦੇਖੋ, ਹਾਫ਼ਿਜ਼.

੨. ।੨. ਛੋਟੀ ਇਲਾਇਚੀ। ੩. ਮੂਲੀ.

੩. ਹਿੰਮਤ: ਅ. ਸੰਗ੍ਯਾ- ਸਾਹਸ. ਜਿਗਰਾ. ਉੱਦਮ. ਦੇਖੋ, ਹਿੰਮਤ.

੪. ੬ ਵੀਰਯ. ਮਣੀ। ੭. ਗ੍ਯਾਨ। ੮. ਤੇਜ.

੨੭੬- ੧. ਹਿਲੋਰਾ: ਸੰਗ੍ਯਾ- ਝੋਕਾ. ਹੂਟਾ. ਝੂਟਾ. ਹਿੱਲਣ ਦਾ ਭਾਵ.

ਹਿੱਲੋਲ: ਸੰ. ਸੰਗ੍ਯਾ- ਤਰੰਗ. ਮੌਜ। ੨. ਆਨੰਦ ਦੀ ਲਹਿਰ.

੨. ਹੀਤਲ: ਹ੍ਰਿਦਯਸ੍ਥਲ. ਹਿਰਦੇ ਵਿੱਚ "ਉਦਤ ਜਿਨਹੁ ਤੇ ਆਨਦ ਹੀਤਲ." (ਗੁਪ੍ਰਸੂ)

ਹੀਤੂ: ਹਿਤ ਪਿਆਰ. "ਤੂ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ."(ਗਉ ਮਃ ੫)

੩. ।੨. ਵ੍ਰਿਥਾ. ਵਿਅਰਥ. "ਤੁਮਰੋ ਕਹਿਥੋ ਸਭ ਹੀਨ." (ਗੁਪ੍ਰਸੂ)

੪. ਹੀਯ, ਹੀਯਰਾ: ਦੇਖੋ, ਹੀਅ ਅਤੇ ਹੀਅਰਾ.

੫. ਰਾਜਾ ਧਿਆਨ ਸਿੰਘ ਡੋਗਰੇ ਦਾ ਪੁਤ੍ਰ. ਜੋ ਮਹਾਰਾਜਾ ਰਣਜੀਤ ਸਿੰਘ ਜੀ ਦੀ ਕ੍ਰਿਪਾ ਦਾ ਪਾਤ੍ਰ ਸੀ. ਧਿਆਨ ਸਿੰਘ ਦੇ ਮਰਨ ਤੋਂ ਪਿੱਛੋਂ ਇਹ ਕੁਝ ਸਮੇਂ ਲਈ ਮਹਾਰਾਜਾ ਦਲੀਪ ਸਿੰਘ ਦਾ ਵਜ਼ੀਰ ਭੀ ਹੋ ਗਿਆ ਸੀ. ਇਸ ਨੇ ਸ੍ਵਾਰਥ ਭਜੀਆਂ ਟੇਢੀਆਂ ਚਾਲਾਂ ਚੱਲ ਕੇ ਸਭ ਦਾ ਦਿਲ ਦੁਖੀ ਕੀਤਾ. ਸਰਦਾਰ ਜਵਾਹਰ ਸਿੰਘ (ਮਹਾਰਾਜਾ ਦਲੀਪ ਸਿੰਘ ਦੇ ਮਾਮੇ) ਨੇ ਖ਼ਾਲਸਾ ਦਲ ਲੈ ਕੇ ਹੀਰਾ ਸਿੰਘ ਨੂੰ ਜਦ ਕਿ ਉਹ ਮਿੱਸਰ ਜਲ੍ਹੇ ਅਤੇ ਆਪਣੇ ਸਾਥੀਆਂ ਸਮੇਤ ਲਹੌਰੋਂ ਨੱਠਾ ਜਾ ਰਿਹਾ ਸੀ. ੯. ਪੋਹ ਸੰਮਤ ੧੯੦੧ (੨੧ ਦਿਸੰਬਰ ਸਨ ੧੯੪੪) ਨੂੰ ਮੱਤੇਵਾਲ ਪਿੰਡ ਪਾਸ ਕਤਲ ਕੀਤਾ. ਦੇਖੋ, ਧ੍ਯਾਨ ਸਿੰਘ ੨.

੬. ਹੀਰਾ ਚੱਟਣਾ: ਭਾਵ ਹੀਰਾ ਖਾ ਕੇ ਮਰਣਾ. ਪੁਰਾਣੀ ਕਹਾਉਤ ਹੈ ਕਿ ਹੀਰਾ ਖਾਣ ਤੋਂ ਮੇਦੇ ਵਿੱਚ ਘਾਉ ਹੋ ਜਾਂਦੇ ਹਨ, ਜਿਨ੍ਹਾਂ ਤੋਂ ਮੌਤ ਹੋਂਦੀ ਹੈ.

੧. ਜੋ ਆਪਣੀ ਦਲੀਲ ਅਤੇ ਸੰਕਲਪਾਂ ਤੋਂ ਕੰਮ ਨਹੀਂ ਲੈਂਦਾ, ਕੇਵਲ ਹੁਕਮ ਦੀ ਤਾਮੀਲ ਜਿਸ ਨੇ ਆਪਣਾ ਧਰਮ ਮੰਨਿਆ ਹੈ.

੨. "ਜਬ ਲਗੁ ਹੁਕਮੁ ਨ ਬੂਝਤਾ, ਤਬਹੀ ਲਉ ਦੁਖੀਆ." (ਆਸਾ ਮਃ ੫)

੩. । ੨. ਸੰਗਯਾ- ਅਨਾਜ ਦਾ ਸਿੱਟਾ ਬੱਲ। ੩. ਮੂਰਖ। ੪. ਬਘਿਆੜ। ੫. ਪਿੰਡ ਦਾ ਸੂਰ.

੧. "ਸਾਯਹ ਏ ਜ਼ੁਲਫ਼ ਤੁਰਾ ਬਾਲ ਹੁਮਾ ਫ਼ਹਮੀਦਹ ਏਮ."(ਦੀਵਾਨ ਗੋਯਾ)

੨. ਇਸ ਦੀ ਸ਼ਾਦੀ ਬਾਬਰ ਨਾਲ ੧੫੦੬ ਵਿੱਚ ਹੋਈ ਸੀ।

੩. ਪਿਤਾ ਤੋਂ ਰਾਜ ਕਾਜ ਦੀ ਸਿਖਯਾ ਪਾ ਕੇ ਸਨ ੧੫੨੧ ਤੋਂ ੧੫੨੯ ਤਕ ਬਦਖ਼ਸ਼ਾਂ ਦਾ ਹਾਕਿਮ ਰਿਹਾ. ਪਾਨੀਪਤ ਦੇ ਜੰਗ ਵਿੱਚ ਹਮਾਯੂੰ ਆਪਣੇ ਬਾਪ ਦੇ ਨਾਲ ਸੀ.

੪. ਹੁੜਕ: ਵਾਸਨਾ. ਚਾਹ. ਇੱਛਾ। ੨. ਵਾਦੀ. ਬਾਣ. ਲਲਕ.

੫. । ੫. ਸੰ. ਹ੍ਵ. ਵਜ- ਬੁਲਾਉਣਾ.

ਸੱਦ। ੬. ਅਵਗਯਾ। ੭. ਅਹੰਕਾਰ ੮. ਸ਼ੋਕ.

੬. ਹੇਹਰ ਗੋਤ ਦੇ ਜੱਟਾਂ ਦਾ ਵਸਾਇਆ.

੧. ੩ ਸੰ. ਸੰਗਯਾ- ਨੇਜਾ. ਭਾਲਾ। ੪. ਸੂਰਜ ਦੀ ਕਿਰਨ। ੫. ਅੱਗ ਦੀ ਲਾਟ। ੬. ਸੱਟ. ਚੋਟ.

੨. ਤੋਲ। ੪. ਬਿਲਾਵਲ ਠਾਟ ਦਾ ਇੱਕ ਸਤਵ ਰਾਗ ਜਿਸ ਵਿੱਚ ਨਿਸਾਦ ਵਰਜਿਤ ਹੈ. ਵਾਦੀ ਸਾਜ ਅਤੇ ਸੰਵਾਦੀ ਪੰਚਮ ਹੈ. ਆਰੋਹੀ ਵਿੱਚ ਧੈਵਤ ਅਤੇ ਨਿਸਦ, ਅਰ ਅਵਰੋਹੀ ਵਿੱਚ ਨਿਸਾਦ ਅਤੇ ਗਾਂਪਾਰ ਵਰਜਿਤ ਹਨ। ੫. ਨਿਰੁਕ੍ਤ ਵਿੱਚ ਜਲ ਦਾ ਨਾਉਂ ਹੇਮ ਹੈ.

੩. ਹੇਮ ਟਕਾ: ਦੋ ਮੁਹਰਾਂ (ਅਸ਼ਰਫ਼ੀਆਂ)

੪. ਹੇਮਲ: ਸੰ. ਸੰਗਯਾ- ਸੁਨਿਆਰ. ਸ੍ਵਰਣਕਾਰ। ੨. ਕਸੌਟੀ. ਘਸਪੱਟੀ

੫. । ੨. ਦੇਖੋ, ਛਾਪਰੀ ੨. ੩. ਦੇਖੋ, ਬੈਹੜਵਾਲ। ੪. ਸੰ. ਪ੍ਰਿਥਿਵੀ। ੫. ਸ੍ਵਰਗ ਦੀ ਇੱਕ ਅਪਸਰਾ। ੬. ਮਜੀਠ।

੬. ਹੇਮੰਤ: ਦੇਖੋ, ਹਿਮ ਰਿਤੁ.

੭. ਹੇ ਵਾ: ਸੰਗਯਾ- ਵਿਛੋੜਾ. ਵਿਯੋਗ। ੨. ਵਿਛੋੜੇ ਦਾ ਦੁੱਖ। ੩. ਤਲਾਸ਼. ਖੋਜ.

੮. ਹੇਰਾਣ: ਗੁਰੂ ਅਰਜਨ ਦੇਵ ਦਾ ਇੱਕ ਸਿਖ.

੯. ਦੇਖੋ ਹੇਰਨ. "ਸ੍ਰੀ ਗੁਰੁ ਹੈਰੀ." (ਗੁਪ੍ਰਸੂ)

੧੦. ਹਾਵ ਦਾ ਇੱਕ ਭੇਦ. ਦੇਖੋ. ਹਾਵ ੨।੬ ਧਕੇਲਣ ਅਤੇ ਪਿੱਛੇ ਹਟਾਉਣ ਦੇ ਅਰਥ ਵਿਚ ਭੀ ਹੇਲ ਸ਼ਬਦ ਵਰਤਿਆ ਹੈ "ਝੇਲ ਝੇਲ ਅਨੰਤ ਆਯੁਧ ਹੇਲ ਰਿਪੇਂਦ੍ਰ."(ਚੰਡੀ ੨)

੧੧. ਹੈਂ ਸਿਆਰਾ: ਹਿੰਸਾ ਕਾਰਯ. ਸੰ. ਹਿੰਸ੍ਰ. ਹਿੰਸ੍ਰ.

੧੨. ਪਿਛਲ ਦੀ ਸੰਖੇਪ ਕਥਾ ਇਹ ਹੈ- ਮੁਹੰਮਦ ਕੁਲੀ ਕੁਤ਼ਬਸ਼ਾਹ, ਜੋ ਗੋਲ ਕੰਡੇ ਦੇ ਤਖ਼ਤ ਤੇ ਸਨ ੧੫੯੦ ਵਿੱਚ ਬੈਠਾ, ਉਸ ਦੀ ਪਜਾਰੀ ਗਾਯਿਕਾ ਭਾਗਮਤੀ ਦੇ ਨਾਮ ਤੇ ਇੱਕ ਭਾਗ ਨਗਰ ਸ਼ਹਰ ਵਸਾਇਆ ਗਿਆ. ਭਾਗਮਤੀ ਦਾ ਦੇਹਾਂਤ ਹੋਣ ਪੁਰ ਮੁਲਾਣਿਆ ਦੀ ਸਲਾਹ ਅਨੁਸਾਰ ਨਗਰ ਦਾ ਨਾਮ ਹੈਦਰ (ਅਲੀ) ਦੇ ਨਾਮ ਪੁਰ ਹੈਦਰਾਬਾਦ ਰੱਖਿਆ ਗਿਆ. ਹੈਦਰਾਬਾਦ ਨਾਮ ਹੋਣ ਪੁਰ ਭੀ ਕਵੀਆਂ ਨੇ ਅਨੇਕ ਗ੍ਰੰਥਾਂ ਵਿੱਚ ਇਸ ਦਾ ਨਾਮ ਭਾਗ ਨਗਰ ਹੀ ਲਿਖਿਆ ਹੈ, ਦੇਖੋ, ਸੰਮਤ ੧੯੯੨ 'ਚ

ਸੰਪੂਰਨ ਸਿਖ ਦਾ ਲੇਖ- "ਗੋਸਟ ਜੋ ਗੁਰੁ ਕੀ ਸੁਨੀ ਲਿਖੀ ਸੁਹਿਤ ਚਿਤ ਲਾਇ। ਦਾ ਸਸਭਨ ਕਾ ਅਨੁਚਰੇ ਪੂਰਨ ਸਿੰਘ ਕਹਾਇ। ਕੇਤਕ ਬਦੀ ਅਮੇਸਿਖਾ ਦੀਪ ਬ੍ਰਿਹਸਪਤਿ ਵਾਰ। ਭਾਗ ਨਗਰ ਪੁਰ ਨਗਰ ਮੇਂ, ਪੋਥੀ ਲਿਖੀ ਅਪਾਰ। ਰਾਜਾ ਚੰਦੂ ਲਾਲ ਕੇ, ਰਹਿਤੈ ਥੇ ਪੁਰ ਮਾਹਿ। ਐਸਾ ਦਾਨੀ ਨਿਪ ਬਡੋ, ਅਵਰ ਲੈ ਕੇ ਜਗ ਮਾਹਿ."

ਇਹ ਸ਼ਹਰ ਭਾਰਤ ਵਿੱਚ ਚੌਥਾ ਦਰਜਾ ਰਖਦਾ ਹੈ. ਸੰਨ ੧੯੩੧ ਦੀ. ਮਰਦਮ ਸ਼ੁਮਾਰੀ ਅਨੁਸਾਰ ਇਸ ਦੀ ਆਬਾਦੀ ੪੬੬, ੮੯੪ ਹੈ ਦੇਖੋ, ਨਿਜ਼ਾਮ ੨.

੧੩. ਬਰਫ ਦਾ. ਦੇਖੋ. ਹਈਮਾਦ੍ਰਿ। ੩. ਓਸ (ਤ੍ਰੇਲ) ਦਾ ਪਾਨੀ। ੪. ਚਿਰਾਯਤਾ। ੫. ਹਿਮਾਲਯ। ੬. ਸ਼ਿਵ.

੧. । ੪. ਅਚਰਜ ਬੋਧਕ.

੨. ਹਟਾਇਆ ਵਰਜਿਆ ਹੋਇਆ.

੩. ਪਰਤਿਰੀਯਾ ਕੇ ਹਰਨ ਪਾਪ ਕੋ ਕਯੋਂ ਨਾ ਰਾਵਣ ਜਾਨਤ ਆਪ, ਰਾਮ ਚੰਦ ਜੀ ਹੈਮ ਹਰਨ ਕੋ ਕਿਧੋਂ ਅਸੰਭਵ ਲਖਯੋ ਨ ਸ੍ਰਾਪ, ਧਰਮ ਪੁਤ ਕਜਾ ਜੁਪ ਅਨਰਬਲ ਲਖਤ ਨ ਬੇ ਸੁਨੀਏ ਮਮਭ੍ਰਾਤ, ਹੋਨਹਾਰ ਤੇ ਬੰਧਿ ਸਭਨ ਕੀ ਨਾਸ਼ ਹੋਤ ਯਹ ਨਿਸਚੇ ਬਾਤ.

੪. ਹੋਮਿ: ਹੋਮ ਕੋ। ੨. ਸੰ. ਸੰਗਯਾ- ਅਗਨਿ। ੩. ਘੀ। ੪. ਜਲ.

੫. ਇਸੇ ਤੋਂ ਅੰਗ੍ਰੇਜ਼ੀ ਸ਼ਬਦ Hour. ਬਣਿਆ ਹੈ। ੩. "ਵ੍ਰਿਹਤ ਪਾਰਾਸ਼ਰੀ" ਜਯੋਤਿਸ਼ ਗ੍ਰੰਥ ਦਾ ਨਾਮ ਭੀ ਹੋਰਾ ਅਥਵਾ ਹੋਰਾ ਸ਼ਾਸਤ੍ਰ ਹੈ. ਇਹ ਵ੍ਰਿਹਤ ਪਾਰਾਸ਼ਰੀ ਸਿਮ੍ਰਿਤਿ ਤੋਂ ਭਿੰਨ ਹੈ। ੪. ਕੀੜੀ. ਚਜੁੰਟੀ.

੬. "ਸ਼ਯਾਮ ਕਹਤ੍ਰੋ ਹਮ ਖੋਲਹਿ ਹੋਰੀ."(ਕ੍ਰਿਸ਼ਨਾਵ)

੧. । ੨. ਅਹੰਤਾ. ਹੌਮੇ. "ਭਨ ਹੰ ਤਜਿਯੇ." (ਨਾਪ੍ਰ)

੨. । ੧੪. ਕਾਮਦੇਵ। ੧੫. ਪ੍ਰਾਤ। ੧੬. ਵਿ- ਉੱਤਮ ਸ੍ਰੇ.

੩. ਹੰਸ ਸੁਤਾ: ਹੰਸ (ਸੂਰਯ) ਦੀ ਪੁਤ੍ਰੀ ਜਮੁਨਾ.

੪. ਵਾਜਪੇਯੀ ਬ੍ਰਾਹਮਣ.

੫. "ਵਡੇ ਵਡੇ ਸਾਧੂ ਅਵਤਾਰੀ।

ਭਏ ਹੰਸ ਕੇ ਵੰਸ ਮਝਾਰੀ।"(ਗੁਵਿ ੧੦)

੬. ਕਿ ਵਿਸਯ ਨੂੰ ਚਿੱਤ ਗ੍ਰਹਣ ਕਰਦਾ ਹੈ ਜਾਂ ਵਿਸ਼ਯ ਚਿੱਤ ਨੂੰ ਗ੍ਰਹਣ ਕਰਦਾ ਹੈ?

੭. ਉੱਤਰ ਦਿੱਤਾ ਕਿ ਵਿਸ਼ਯ ਅਤੇ ਉਨ੍ਹਾਂ ਦਾ ਚਿੰਤਨ ਚੋਵੇਂ ਮਾਯਾ ਰੂਪ ਹਨ. ਇਸ ਵਾਸਤੇ ਤੁਮਾਰਾ ਪ੍ਰਸ਼ਨ ਅਗਯਾਨ ਪੂਰਣ ਹੈ.

੮. ਅਤੇ ਪੁਠਕੰਡੇ ਦੀ ਜੜ ਘੋਟ ਕੇ ਪੀਣੀ

੨੮੫- ੧. ਹ੍ਰਾਦ: ਸੰ. ਸੰਗਯਾ- ਆਨੰਦ. ਖੁਸ਼ੀ। ੨. ਪ੍ਰਹਲਾਦ.

੨. ਹ੍ਰਿਦਯ ਪ੍ਰਤਿ ਹ੍ਰਿਦਯ: ਕ੍ਰਿ. ਵਿ- ਸੀਨੇ ਬਸੀਨੇ.

੩. ਗੰੜ ਬ੍ਰਾਹਮਣ ਮਾਧਵਰਾਮ ਦਾ ਪੁਤ੍ਰ ਕਵਿ ਹ੍ਰਿਦਯਰਾਮ, ਜਿਸ ਨੇ ਸੰਸਕ੍ਰਿਤ ਵਿੱਚ ਲਿਖੀ ਭਾਨੁਦੱਤ ਦੀ "ਰਸ ਤਰਗਿਣੀ" ਦਾ ਹਿੰਦੀ ਅਨੁਵਾਦ ਸੰਮਤ ੧੭੩੧ ਵਿੱਚ ਕੀਤਾ ਹੈ.

੪. ਦਕ੍ਸ਼ ਦੀ ਪੁਤ੍ਰੀ, ਜੋ ਧਰਮ ਦੀ ਇਸਤ੍ਰੀ ਹੈ। ੪. ਦੁਰਗਾ। ੫. ਲੱਛਮੀ। ੬

੫. ੧੯ ਕਨ੍ ਪ੍ਰਤਜਯ ਦਾ ਰੂਪ. ਛੋਟਾ. ਤੁੱਛ. ਅਲਪ. ਦੇਖੋ. ਅਸ੍ਰਕ, ਬਾਲਕ ਆਦਿ।

੧. । ੫. ਭਾਵ- ਦੁੱਖ. "ਕਉੜਾ ਕੋਇ ਨ ਮਾਗੈ, ਮੀਠਾ ਸਭ ਮਾਗੈ." (ਵਡ ਛੰਤ ਮਃ ੧)

ਇੱਥੇ ਮੀਠਾ ਦਾ ਅਰਥ ਸੁਖ ਹੈ.

੨. ਕਉ: ਦੇਖੋ, ਜ਼ੈਤੂਨ.

੩. ਕੈਕੇਯੀ ਦੇ ਜਨਮ ਦਾ ਪਿੰਡ ਇਸ ਵੇਲੇ "ਕੈਛਜ ਕੂਟ" (Kai Chajja Kut) ਅਥਵਾ ਕਛਤ ਕੂਟ ਅਵੰਤੀਪੁਰ ਤਸੀਲ ਵਿੱਚ ਵੇਖਿਆ ਜਾਂਦਾ ਹੈ, ਜੋ ਅਨੰਤ ਨਾਗ ਦੀ ਸੜਕ ਦੇ ਲਾਗੇ, ਸ੍ਰੀ ਨਗਰ ਤੋਂ ਕਰੀਬ ੨੫ ਮੀਲ ਹੈ.

੪. ਇਸੇ ਲਈ ਵਿਭਚਾਰਣ ਅਤੇ ਕੰਜਰੀ ਨੂੰ ਕਸ਼ਬਣ ਆਖ ਦਿੰਦੇ ਹਨ.

੫. "ਖਾਇ ਹਰਾਮ ਅਰਾਮ ਚਹੈਂ ਫਿਰ, ਰੇ ਕਸਬੀ! ਤਸਬੀ ਮਤ ਫੈਰੋਂ." (ਬਾਵਾ ਰਾਮਦਾਸ)

੬. । ੩. ਮੈਲ. ਅਪਵਿਤ੍ਰਤਾ। ੪. ਪਹਾ. ਰਸੌਂਤ ਦੇ ਫਲ, ਜੋ ਪਕ੍ਕ ਕੇ ਉਚੇ ਹੋ ਜਾਂਦੇ ਹਨ।

੭. ਹਰੀ ਪਰਬਤ ਤੇ ਵਿਰਾਜੇ ਸਨ. ਮਹਾਰਾਜਾ ਰਣਜੀਤ ਸਿੰਘ ਸਾਹਿਬ ਨੇ ਪੁਰਾਣੇ ਸਿੱਖਾਂ ਤੋਂ ਠੀਕ ਥਾਂ ਮਾਲੂਮ ਕਰਕੇ ਹਰੀ ਪਰਬਤ ਦੇ ਕਿਲੇ ਅੰਦਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਯਾ ਅਤੇ ਸੇਵਾ ਲਈ ਗਰੰਥੀ ਮੁਕੱਰਰ ਕੀਤਾ, ਜੋ ਵਰਤਮਾਨ ਸਮੇਂ ਭੀ ਰਿਆਸਤ ਵਲੋਂ ਹੈ। ਮਹਾਰਾਜਾ ਗੁਲਾਬ ਸਿੰਘ ਨੇ ਗੁਰਦਾਵਾਰੇ ਦੇ ਪਾਸ ਇੱਕ ਹਿੰਦੂ ਮੰਦਿਰ ਭੀ ਬਣਾ ਦਿੱਤਾ ਹੈ.

੮. ਮਟਨ ਤੀਰਥ ਜੋ ਗਯਾ ਤੁੱਲ ਮੰਨਿਆ ਗਿਆ ਹੈ. ਜਿਸ ਦਾ ਨਿਰਮਲ ਜਲ ਅਖੰਡ ਵਗਦਾ ਰਹਿੰਦਾ ਹੈ, ਉਸ ਦੇ ਕਿਨਾਰੇ ਵਿਰਾਜ ਕੇ ਯਾਤ੍ਰੂਆਂ ਨੂੰ ਪਰਮਾਰਥ ਉਪਦੇਸ਼ ਦਿੱਤੀ.

੯. । ੨. ਕਸ਼ਮੀਰ ਦੀ ਬੋਲੀ. ਇਸ ਬੋਲੀ ਵਿੱਚ ਸੰਸਕ੍ਰਿਤ ਦਾ ਬਹੁਤਾ ਮੇਲ ਹੈ। ਪਿੱਛੋਂ ਫ਼ਾਰਸੀ ਸ਼ਬਦ ਵੀ ਮਿਲ ਗਏ ਹਨ. ਜੋ ਨਿੱਤ ਬੋਲਣ ਦੇ ਸ਼ਬਦ ਮਹੀਨੇਵਾਰ ਆਦਿ ਹਨ, ਉਹ ਸੰਸਕ੍ਰਿਤ ਦੇ ਹਨ, ਜਿਵੇਂ ਔਤ (ਆਦਿਤਜ) ਵਾਰ, ਚੰਦ੍ਰ ਵਾਰ, ਭੌਮਵਾਰ, ਬੁੱਧ, ਬ੍ਰਿਸ (ਵ੍ਰਿਹਸਪਤਿ) ਵਾਰ, ਸੁਕ੍ਰ ਆਦਿ.

੧. "ਗਾਢੀ ਕਸੀਸ ਲੱਗੀ ਕਰਕੀ." (ਹਨੂ) ੨. ਪਛਤਾਵਾ. ਕੁਕਰਮ ਤੋਂ ਪੈਦਾ ਹੋਈ ਮਨ ਅੰਦਰ ਧ੍ਰੂਹ. "ਮਾਰੋ ਤੈਗ, ਨ ਧਰੋ ਕਸੀਸਾ." (ਗਵਿ ੬)। ੩

੨. । ੨. ਅਰਕ ਸ਼ਰਾਬ ਆਦਿ ਦਾ ਨਾਲ ਦ੍ਵਾਰਾ ਖਿੱਚਣਾ.

੩. "ਕਰਿ ਕਰਣੀ ਕਸੁ ਪਾਈਐ." (ਆਸਾ ਮਃ ੧)

੪. । ੨. ਕਈ ਲੇਖਕਾਂ ਨੇ ਪਹਾੜ ਕਾਫ਼ ਤੇ ਇੱਕ ਕੰਧ ਮੰਨੀ ਹੈ, ਜਿਸ ਦੇ ਪਾਰ ਦੇਖਣ ਤੋਂ ਸੁਤੇ ਹੀ ਹਾਸੀ ਆਉਣ ਲੱਗਦੀ ਹੈ.

੫. ਕਹਣੀ: ਕਹਣੀ ਵਜਾਖਜਾ.

੬. । ੨. ਅਨਰਥ ਅਨੁਚਿਤ ਲਈ ਭੀ ਇਹ ਸ਼ਬਦ ਵਰਤਿਆ ਹੈ. "ਕਹਿਰ ਕਰਜੋ ਸ੍ਰੀ ਨਾਨਕ ਤੋਹੀ." (ਨਾਪ੍ਰ)

੧. । ੪. ਕੋ. ਕਉ. ਆਦਿ ਦੇ ਥਾਂ ਭੀ ਇਹ ਸ਼ਬਦ ਵਰਤਿਆ ਹੈ- "ਸਿਖੀ ਕਹੁ ਵਡ ਭਾਗ" (ਗੁਪ੍ਰਸੂ)

੨. "ਕਕਹੀ ਦੈ ਮਾਂਗ ਉਰਝਾਏ ਸੁਰਝਾਏ ਕੇਸ." (ਭਾਗੁਕ)

੩. "ਤੁੰਗ ਕਕੁਦ ਬਲਿ ਦੀਰਘ ਬੇਲ." (ਗੁਪ੍ਰਸ)

੪. । ੨. ਬਿਲਾਵਲ ਠਾਟ ਦਾ ਇੱਕ ਸੰਪੂਰਣ ਰਾਗ ਜਿਸ ਵਿੱਚ ਵਾਦੀ ਰਿਸਭ ਅਤੇ ਸੰਵਾਦੀ ਪੰਚਮ ਹੈ.

ਆਰੋਹੀ- ਸ ਰ ਪ ਮ ਪ ਧ ਨ ਧ ਸ

ਅਵਰੋਹੀ- ਸ ਨ ਧ ਪ ਮ ਪ ਮ ਗ ਮ ਰ ਸ.

੫. । ੭. ਤੇੜ ਦਾ ਵਸਤ੍ਰ. ਦੇਖੋ, ਕੱਛਪ। ੮. ਮਧ੍ਯ ਭਾਗ। ੯. ਹਾਥੀ ਦੇ ਬੰਨ੍ਹਣ ਦਾ ਰੱਸਾ। ੧੦. ਤੜਾਗੀ.

੬. । ੩. ਜੁਆਨੀ ਪੱਕਣ ਤੋਂ ਪਹਿਲਾਂ ਕੱਚੀ ਮਣੀ (ਵੀਰਯ).

੭. ਕਚੂਚ: ਕਚ (ਕੇਸ਼) ਊਚ (ਉੱਚ). ਕ੍ਰੋਧ ਦੇ ਅਸਰ ਨਾਲ ਰੋਮਾਂ ਦਾ ਖੜੇ (ਰੋਮਾਂਚ) ਹੋਣਾ.

੧. । ੨. ਕਪਟ ਭਰਿਆ ਅਸਤ੍ਯ ਵਾਕ.

੨. ਕਰਮ ਫਲ ਦੇ ਕਾਰਨ ਕੇਵਲ ਕਛਨੀ ਅਮਿਰ ਰਹੀ, ਭਾਵ- ਕੱਛ ਬਿਨਾ ਹੋਰ ਪਦਾਰਥ ਹੱਥ ਨਾ ਆਏ.

੩. ਕੱਛ ਦੇ ਘੋੜਿਆਂ ਦੀ ਵੱਡੀ ਤਾਰੀਫ਼ ਕਵੀਆਂ ਨੇ ਲਿਖੀ ਹੈ. ਕਲਕੀ ਅਵਤਾਰ ਦਾ ਘੋੜਾ ਭੀ ਕੱਛ ਦਾ ਹੋਵੇਗਾ, ਯਥਾ- "ਤਰ ਕੱਛ ਤੁਰੰਗ ਸਪੱਛ ਵਡੋ." (ਕਲਕੀ)

੪. ਦੇਖੋ, ਤ੍ਰੈ ਮੁਦ੍ਰਾ। ੬. ਬੀਜੇ ਹੋਏ ਖੇਤ ਦੀ ਮਿਣਤੀ ਕਰਨ ਦਾ ਕੰਮ. ਦੇਖੋ, ਕਾਛੂ.

੫. ਜਿਵੇਂ ਭਾਰਤ ਵਿੱਚ ਸਿਪਾਹੀਆਂ ਦੀ ਤਿਲੰਗਾ ਅੱਲ ਹੈ.

੬. "ਕਹਾਂ ਕੀਨ ਕਰ ਦੁਤਿਯ ਬਗਾਏ?" (ਗੁਪ੍ਰਸੂ) ਦੂਜਾ ਕੜਾ ਵਗਾਹ ਦਿੱਤਾ।

੧. ਇਸ ਦਾ ਮੂਲ ਕਟਕੋਚ ਹੈ, ਅਰਥਾਤ- ਜਿਸ ਦੀ ਕਣਕ (ਫ਼ੌਜ) ਸਭ ਤੋਂ ਉੱਚ ਹੈ.

੨. । ੩. ਦੇਵਤਾ। ੪. ਦੁੱਖ. ਕਸ਼੍ਟ। ੫. ਸਮਾਸ ਵਿੱਚ ਕਠ ਸ਼ਬਦ ਕਾਠ ਦਾ ਬੋਧਕ ਹੋਂਦਾ ਹੈ, ਜਿਵੇਂ- ਕਠਫੋੜਾ ਅਤੇ ਕਠਪੁਤਲੀ ਆਦਿ.

੩. । ੮. ਸੰਸਕ੍ਰਿਤ ਗ੍ਰੰਥਾਂ ਵਿੱਚ ਇਕ ਰਿਖੀ ਦਾ ਨਾਉਂ "ਕਤ" ਆਇਆ ਹੈ. ਦੇਖੋ, ਕਾਤਜਾਯਨ.

੨੯੨- ੧. ਕਤਬ: ਅ. ਸੰਗ੍ਯਾ- ਲਿਖਣਾ. ਲੇਖ ਤਹਰੀਰ. ਇਸੇ ਤੋਂ ਕਿਤਾਬ ਸ਼ਬਦ ਬਣਿਆ ਹੈ.

੨. ਕਲੇਸ਼ਾ ਦਾ ਵਿਰਾਮ (ਖ਼ਾਤਿਮਾ)

੩. "ਤਾਂ ਆਇ ਕਦਮ ਬੋਸੀ ਕੀਤੀ."

(ਜਸਾ) ਭਾਈ ਸੰਤੋਖ ਸਿੰਘ ਜੀ ਨੇ ਚਿਹਲ ਕਦਮੀ (ਟਹਿਲਨੇ)

੪. ਕਾਸ਼. ਸੰਗ੍ਯਾ. ਪੁਲ। ੨. ਜਿਵੇਂ ਅਮੀਰਾ ਕਦਲ, ਫ਼ਤੇ ਕਦਲ, ਆਦਿ ਸ਼੍ਰੀ ਨਗਰ ਵਿੱਚ ਹਨ.

੫. ਕਦਿਕੇ: ਕਦੀ ਦੇ. ਕਦੇ ਦੇ ਚਿਰੋਕਣੇ. ਦੇਖੋ. ਕਦਿ.

੨੯੪- ੧. ਕਨਕ ਪਤ੍ਰ: ਸੋਨੇ ਦਾ ਪਤ੍ਰਾ। ੨. ਧਤਰੇ ਦਾ ਪੱਤਾ.

੨. ਕਨਾਗਤ: ਸੰ. कन्यागत्. ਅੱਸੂ ਦਾ ਮਹੀਨਾ. ਕਨ੍ਯਾ ਰਾਸ਼ਿ. ਵਿੱਚ ਸੂਰਯ ਆਉਣ ਤੋਂ ਇਹ ਨਾਮ ਹੈ. ਸ਼੍ਰਾਧਾਂ ਦੇ ਪੱਖ ਦੀ ਭੀ ਇਹ ਸੰਗ੍ਯਾ ਲੋਕਾਂ ਨੇ ਕਲਪ ਲਈ ਹੈ.

੩. ਕਨਿੰਗਮ, ਕਨਿੰਘਮ: ਸਕਾਟਲੈਂਡ ਨਿਵਾਸੀ ਅਲੈਗਜੈਂਡਰ ਕਨਿੰਗਮ (Alexander Cunningham) ਦਾ ਪੁਤ੍ਰ ਜੇ. ਡੀ. ਕਨਿੰਗਮ (J. D. Cunningham), ਜਿਸ ਦਾ ਜਨਮ ਸਨ ੧੮੧੨ ਵਿੱਚ ਹੋਇਆ. ਇਹ ਈਸਟ ਇੰਡੀਆ ਕੰਪਨੀ ਦਾ ਨੌਕਰ ਹੋ ਕੇ ਸਨ ੧੮੪੩ ਵਿੱਚ ਹਿੰਦੁਸਤਾਨ ਪੁੱਜਾ, ਅਤੇ ਚੀਫ਼ ਇੰਜੀਨੀਅਰ ਬੰਗਾਲ ਦੇ ਸਟਾਫ਼ ਵਿੱਚ ਭਰਤੀ ਹੋਇਆ. ੧੮੩੭ ਵਿੱਚ ਕਰਨੈਲ ਵੇਡ (Colonel Wade). ਪੋਲਿਟੀਕਲ ਏਜੇਂਟ ਦਾ ਨਾਇਬ ਬਣਿਆ ਫੇਰ ਬਹਾਵਲਪੁਰ ਪੋਲਿਟੀਕਲ ਏਜੈਂਟ ਹੋਇਆ. ਸਿੱਖਾਂ ਦੀ ਪਹਿਲੀ ਲੜਾਈ ਵੇਲੇ ਨੇਪੀਅਰ ਅਤੇ ਗਫ਼ (Charles Napie

& Sir Hugh Gough) ਦੇ ਸਟਾਫ਼ ਵਿੱਚ ਰਿਹਾ ਬੱਦੋਵਾਲ ਅਤੇ ਅਲੀਵਾਲ ਦੀ ਲੜਾਈ ਵੇਲ ਇਹ ਪੋਲਿਟੀਕਲ ਆਫ਼ਿਸਰ ਦੀ ਹੈਸੀਅਤ ਵਿੱਚ ਸਰ ਹੈਰੀ ਸਮਿਥ (Sir Harry Smith). ਦੇ ਨਾਲ ਸੀ. ਸਬਰਾਉਂ ਦੇ ਜੰਗ ਸਮੇਂ ਇਹ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ (Sir Henry Hardinge). ਦਾ ਏ. ਡੀ. ਸੀ. ਸੀ. ਇਸ ਦੀ ਸੇਵਾ ਤੋਂ ਪ੍ਰਸੰਨ ਹੋਕੇ ਗਵਰਨਰ ਜਨਰਲ ਨੇ ਇਸ ਨੂੰ ਭੋਪਾਲ ਦਾ ਪੋਲਿਟੀਕਲ ਏਜੈਂਟ ਥਾਪਿਆ. ਸਨ ੧੮੪੮ ਵਿਚ ਕਨਿੰਗਮ ਨੇ ਸਿੱਖ ਹਿਸਟਰੀ* ਲਿਖੀ, ਜੋ ੧੮੪੯ ਵਿੱਚ ਪ੍ਰਕਾਸ਼ਿਤ ਹੋਈ, ਜਿਸ ਵਿੱਚ ਕਈ ਗੱਲਾਂ ਅਹਿਜੀਆ ਸਪਸ਼ਟ ਲਿਖੀਆਂ ਜੋ ਗਵਰਨਮੈਂਟ ਲਈ ਲੱਜਾ ਦਾ ਕਾਰਣ ਸਨ. ਇਸ ਪੁਰ ਕੁਨਿੰਗਮ ਨੂੰ ਪੋਲਿਟੀਕਲ ਮਹਿਕਮੇ ਤੋਂ ਹਟਾ ਕੇ ਮੇਰਟ ਦੇ (P. W. D. ). ਵਿੱਚ ਭੇਜਿਆ ਗਿਆ. ਲਾਰਡ ਡਲਹੌਜ਼ੀ (Lord Dalhousie). ੩. ਸਤੰਬਰ ਸੰਨ ੧੮੪੯ ਦੀ ਚਿੱਠੀ ਵਿੱਚ ਸਰ ਹੈਨਰੀ ਲਾਰੰਸ (Sir Henry M. Lawrence). ਨੂੰ ਲਿਖਦਾ ਹੈ.

"It was very certain that every body would say that Captain Cunningham was dismissed, nominally, for using official documents, but really, because he said things disagreeable to the Government. It was equally clear that the Government declaretion. That he had used official papers, would to the public serve as warrant for all his statements, and would give weight both to them and the general opinions, he uttered."

(Life of Sir Henry Lawrence by Sir H. B. Edwards P. 467)

ਕਨਿੰਗਮ ਦਾ ਸਨ ੧੮੫੧ ਵਿੱਚ ਅੰਬਾਲੇ ਦੇਹਾਂਤ ਹੋਇਆ.

੪. ਕਨਿਲੀਨ: ਕਨਿਆਰੀ. ਕਨਕ. ਚੰਪਾ.

੫. ਵੈਦਜਕ ਗ੍ਰੰਥਾਂ ਵਿੱਚ ਕਨੇਰ ਘੋੜੇ ਲਈ ਵਿਖ ਰੂਪ ਲਿਖੀ ਹੈ, ਇਸੇ ਕਾਰਣ ਇਸ ਦਾ ਨਾਮ ਵਾਜੀ ਸ਼ਤ੍ਰੂ ਹੈ.

੬. ਇਸ ਦਾ ਜਨਮ ਪਿੰਡ ਸੋਧਰੇ (ਵਜ਼ੀਰਾਵਾਦ ਪਾਸ) ਖਤ੍ਰੀ ਘਰ ਵਿੱਚ ਹੋਯਾ. ਨੌਵੇਂ ਸਤਿਗੁਰੂ ਦੇ ਅਨੰਨ ਸਿੱਖ ਭਾਈ ਨਨੂਆ ਤੋਂ ਸਿੱਖੀ ਦਾ ਪ੍ਰੇਮ ਜਾਗਿਆ. ਗੁਰੂ ਤੇਗ਼ ਬਹਾਦੁਰ ਸਾਹਿਬ ਦਾ ਉਪਦੇਸ਼ ਲੈ ਕੇ ਪਰਮਪਦ ਦਾ ਅਧਿਕਾਰੀ ਹੋਇਆ. ਗੁਰੂ ਸਾਹਿਬ ਦੀ ਆਗਜ਼ਾ ਨਾਲ ਕਵੇ ਪਿੰਡ (ਜੋ ਅਟਕ ਤੋਂ ਕਰੀਬ ਵੀਹ ਮੀਲ ਉਰੇ ਹੈ) ਧਰਮਸਾਲ ਰਚ ਕੇ ਪ੍ਰਚਾਰ ਦਾ ਪ੍ਰਵਾਹ ਚਲਾਯਾ. ਫੇਰ ਸ਼੍ਰੀ ਗੁਰੂਗੋਬਿੰਦ ਸਿੰਘ ਸਾਹਿਬ ਦੀ ਸੰਗੀਤ ਕਰਕੇ ਰਾਜਯੋਗ ਦਾ ਆਨੰਦ ਮਾਣਿਆ. ਦੇਖੋ, ਅਡਨਸ਼ਾਹ.

੭. ਅਵਸਥਾ ਭੇਦ ਨਾਲ ਕਨਜਾ ਦੇ ਨਾਮ- ੧ ਵਰ੍ਹੇ ਦੀ ਸੰਧਯਾ, ੨. ਦੀ ਸਰਸ੍ਵਤੀ, ੭. ਦੀ ਚੰਡੀ, ੮. ਦੀ ਸਾਂਭਵੀ, ੯. ਦੀ ਦੁਰਗਾ, ੧੦. ਦੀ ਗੌਰੀ, ੧੩. ਦੀ ਮਹਾਂ ਲਖ਼ਮੀ, ੧੬. ਦੀ ਲਲਿਤਾ.

੮. ਕਟਪ ਬੇਸ: ਧੋਖਾ ਦੇਣ ਵਾਲਾ ਲਿਬਾਸ. ਆਪਣਾ ਅਸਲ ਰੂਪ ਛੁਪਾਣ ਲਈ ਕੀਤਾ ਭੇਖ। ੨. ਬਹੁਰੂਪੀਆ.

੯. "ਕੂੜਿ ਕਪਟਿ ਕਿਨੈ ਨ ਪਾਇਓ."(ਸ੍ਰੀ ਮਃ ੪)

੧੦. ਕਪੜ ਕੋਟ: ਵਸਤ੍ਰ ਦੀ ਸਫੀਲ. ਕਨਾਤ ਦਾ ਘੇਰਾ.

੧. ਇਸੇ ਭਾਵ ਅਨੁਸਾਰ ਚੋਲਾ ਜਾਮਾ ਆਦਿ ਸ਼ਬਦ ਦੇਹ ਲਈ ਵਰਤੇ ਹਨ। ੪. ਲਿਬਾਸ.

੨. ਸਿੱਖ ਮਤ ਵਿੱਚ ਕਪਾਲ ਕ੍ਰਿਯਾ ਨਹੀਂ ਕੀਤੀ ਜਾਂਦੀ.

੩. ਕਪਿ (ਹਾਥੀ) ਭੀ ਇਸ ਪਾਸ ਫਲ ਖਾਣ ਆਉਂਦੇ ਹਨ. Feronia Elephantum.

੧. । ੩. ਲੋਹੇ ਦੀ ਸੀਖ ਤੇ ਕੀਮਾ ਚਾੜ੍ਹ ਕੇ ਅੱਗ ਤੇ ਭੁੰਨਿਆ ਹੋਇਆ ਮਾਸ. ਸੰ. ਸ਼ੂਲਜਮਾਂਸ.

੧. "ਬਾਗ ਕਟਜਾਤ ਅਟਜਾਤ ਘਟਜਾਤ ਤਾਲ. ਬਡੇ ਬਡੇ ਮਾਲ ਗਾਡੇ ਠੌਰ ਹੀ ਬਿਲਾਤ ਹੈਂ, ਤਾਜ ਗਰਜਾਤ ਜਰਜਾਤ ਹੈਂ, ਬਸਨ

ਸਾਜ, ਜੋਰੇ ਗਜ ਘੇਰੇ ਕਹੁ ਕੋਰੇ ਠਹਰਾਤ ਹੈਂ? ਕਹੈ 'ਉਦੇ ਨਾਥ' ਯਾ ਜਹਾਨ ਮੈਂ ਜਹਾਂ ਲੌ ਕਛੂ, ਕਛੂ ਨ ਰਹਾਤ ਜਬ ਹੋਤ ਉਤਪਾਤ ਹੈਂ, ਨਾਮ ਕੇ ਨਮਿੱਤ ਭੂਪ ਚਿੰਤ ਦੈ ਬਿਸਾਹਤ ਜੋ ਕਵਿਨ ਕੇ ਕੀਨੇ ਤੇ ਕਬਿੱਤ ਰਹਿ ਜਾਤ ਹੈਂ."

੨. ।੨. ਕਮਠ (ਕੱਛੂ) ਦੀ ਮਦੀਨ. ਕੱਛਪੀ.

੩. ਜਿਵੇਂ- ਕ਼ਮਰੀ ਮਾਹ (ਚਾਂਦ੍ਰ ਮਾਸ).

੪. ਕਮਰੁੱਦੀਨ ਖ਼ਾਨ: ਦੇਖੋ, ਮੀਰ ਮੰਨੂ.

੧. ।੬. ਪ੍ਰਿਥੀ ਰਾਜ ਚੌਹਾਨ ਦੀ ਮਾਤਾ.

੨. ਕਮਾਇਕ: ਕਮਾਈ ਕਰਨ ਵਾਲਾ. ਕਮਾਉ। ੨. ਕਾਮਾ.

੩. ਕਮਾਨ ਅਫ਼ਸਰ: Commanding Officer. ਕਮਾਨੀਅਰ.

੪. ।੫. ਤੁਜ਼ਕੇ ਬਾਬਰੀ ਵਿੱਚ "ਕਮਾਲ" ਇੱਕ ਨਸ਼ੀਲੇ ਮਾਜੂਨ (ਮਅ਼ਜੂਨ) ਦਾ ਨਾਮ ਆਇਆ ਹੈ. ਬਾਬਰ ਨੂੰ ਕਮਾਲ ਖਾਣ ਦਾ ਬਹੁਤ ਸ਼ੌਕ ਸੀ.

੧. ।੩. ਸਿੱਧੀ ਦਾ ਚਮਤਕਾਰ. ਕਰਾਮਾਤ.

੨. ਕਰਚਕ੍ਰ: ਦੇਖੋ, ਖੰਜਰੀ.

੩. ਕਰਚੰਡ: ਚੰਡਕਰ ਦਾ ਉਲਟਾ ਰੂਪ. ਦੇਖੋ, ਚੰਡਕਰ.

੪. ਕਰਣ ਦਾ ਥੇਹ: ਦੇਖੋ, ਥਨੇਸਰ ਦਾ ਅੰਗ ੫.

੫. ਵਰਤਮਾਨ ਕਣਾੱਟਣ ਰਾਮੇਸ਼੍ਵਰ ਤੋਂ ਕਾਵੇਰੀ ਤਕ ਹੈ.

੧. । ੨. ਪੰਜਾਬੀ ਕਰਤਬ ਸੰਗਯਾ ਭੀ ਹੈ. ਕਰਣੀ. ਕ੍ਰਿਯਾ. ਕਰਤੂਤਾਂ। ੩. ਵ੍ਯਾਯਾਮ. ਕਸਰਤ. Gymnastic Exercise.

੨. ।੩. ਸੰਗ੍ਯਾ- ਕਰਤਲ. ਹਥੇਲੀ.

੩. ਦਰਬਾਰ ਸਾਹਿਬ (ਜਗਤ ਗੁਰੂ ਦਾ ਸਮਾਧਿ ਸਥਾਨ) ਵੇਖਿਆ ਜਾਂਦਾ ਹੈ. ਇਸ ਨੂੰ ਭੀ. ਰਾਵੀ ਨੇ ਲੋਪ ਕਰਨਾ ਚਾਹਿਆ ਸੀ, ਪਰ ਸੰਗਤਿ ਦੇ ਉੱਦਮ ਅਤੇ ਮਹਾਰਾਜ ਪਟਿਆਲਾ ਦੀ ਉਦਾਰਤਾ ਨਾਲ ਪਕਾ ਬੰਨ੍ਹ ਕੇ ਪੂਰੀ ਰਖ੍ਯਾ ਕੀਤੀ ਗਈ. ਇਹ ਸੇਵਾ ਸਨ ੧੯੨੦ ਅਤੇ ੧੯੨੯ ਵਿਚਕਾਰ ਹੋਈ. ਇਸ ਤੇ ਸੰਗਤਿ ਦੀ ਸੇਵਾ ਅਤੇ ਮਾਯਾ ਤੋਂ ਛੁੱਟ ਪਟਿਆਲਾ ਪਤਿ ਦਾ ਇੱਕ ਲੱਖ ਪੈਂਤੀ ਹਜ਼ਾਰ ਰੁਪਯਾ ਖ਼ਰਚ ਹੋਯਾ. ਹੁਣ ਗੁਰੁਦ੍ਵਾਰਾ ਪ੍ਰਬੰਧਕ ਕਮੇਟੀ ਅਤੇ ਸੰਗਤਿ ਦੇ ਪ੍ਰੇਮ ਨਾਲ ਦਰਬਾਰ ਸਾਹਿਬ ਦੀ ਸ਼ਾਨਦਾਰ ਇਮਾਰਤ ਬਣ ਰਹੀ ਹੈ. ਕਥਾ ਕੀਰਤਨ ਲੰਗਰ ਦਾ ਉੱਤਮ ਪ੍ਰਬੰਧ ਹੈ.

ਦਰਬਾਰ ਸਾਹਿਬ ਦੀ ਡਿਹੁਡੀ ਵੜਦਿਆਂ ਸੱਜੇ ਪਾਸੇ ਇੱਕ ਪਲਾਸ (ਛਿੱਛਰਾ ਸਾਹਿਬ) ਹੈ, ਜਿਸ ਹੇਠ ਮੰਜੀ ਸਾਹਿਬ ਬਣਿਆ ਹੋਯਾ ਹੈ. ਇਸ ਥਾਂ ਸ਼੍ਰੀ ਗੁਰੂ ਨਾਨਕ ਦੇਵ ਵਿਰਾਜਿਆ ਕਰਦੇ ਸਨ ਅਤੇ ਇਸੇ ਥਾਂ ਗੁਰੂ ਅੰਗਦ ਜੀ ਨੂੰ ਗੁਰੁਤਾ ਦਾ ਤਿਲਕ ਦਿੱਤਾ ਸੀ.

੪. ੧੮ ਪਿੰਡਾਂ ਵਿੱਚ ੨੩੦ ਘੁਮਾਉਂ, ੪. ਕਨਾਲ ਅਤੇ ੫. ਮਰਲੇ ਜ਼ਮੀਨ ਹੈ.

੫. ਸਜਰਾ ਇਹ ਹੈ ::-

ਸ਼੍ਰੀ ਗੁਰੂ ਰਾਮ ਦਾਸ ਜੀ

।

ਗੁਰੂ ਅਰਜਨ ਦੇਵ ਜੀ

।

ਗੁਰੂ ਹਰਿ ਗੋਬਿੰਦ ਜੀ

।

ਬਾਬਾ ਗੁਰਦਿੱਤਾ ਜੀ

।

ਧੀਰ ਮੱਲ ਜੀ

।

ਬਹਾਰ ਚੰਦ ਜੀ

।

ਨਿਰੰਜਨ ਰਾਇ ਜੀ

।

ਬਿਕ੍ਰਮ ਸਿੰਘ ਜੀ

।

ਰਾਮ ਸਿੰਘ ਜੀ

।

ਵਡਭਾਗ ਸਿੰਘ ਜੀ

੬. । ੪. ਹਥਾਂ ਵਿੱਚ, ਕਰੋਂ ਮੇਂ. "ਕੁੰਡਲ ਕਰਨ ਕਰਨ ਕਲ ਕੈਕਨ."(ਗੁਪ੍ਰਸੂ)

੧. "ਕਰਨਧਾਰ ਕਰਹੀ ਗੁਰੁ ਕਰੁਨਾ." (ਨਾਪ੍ਰ)

੩੦੩. ੧. ਕਰਨਾਭਰਨ: ਕੰਨ ਦਾ ਆਭਰਨ (ਗਹਿਣਾ). ਕਣੰ ਭੂਸ਼ਣ.

੨. । ੨. ਕਿਸੇ ਪ੍ਰੇਮੀ ਸਿੱਖ ਦਾ ਮਹਲਾ ੧. ਹੇਠ ਲਿਖਿਆ ੧੩. ਚੋਪਾਈ ਛੰਦਾਂ ਦਾ ਪਾਠ ਭੀ ਕਰਨੀ- ਨਾਮਾ ਪ੍ਰਸਿੱਧ ਹੈ. ਪਹਿਲੀ ਚੌਪਾਈ ਆਰੰਭ ਹੁੰਦੀ ਹੈ ਇਸ ਪਾਠ ਤੋਂ- ਗੁਰੁ ਨਾਨਕ ਮੱਕੇ ਜਬ ਗਿਆ, ਬਹੁੜ ਮਦੀਨਾ ਦੇਖਤ ਭਇਆ, ਅੰਤ ਦੀ ਚੌਪਾਈ ਹੈਃ

ਕਲਿਜੁਗ ਨਾਨਕ ਰਾਜ ਚਲਾਇਆ, ਧੁਰ ਦਰਗਾਹੋਂ ਪ੍ਰਭੁ ਤੇ ਲਿਆਇਆ, ਨਿਰਗੁਨਿਆਰ ਪ੍ਰਭੁ ਕੀ ਸਰਨਾਈ, ਨਾਨਕ ਦਾਸ ਪ੍ਰਭੁ ਭੇਦ ਨ ਭਾਈ.

੩. ਕਰਪੂਰ ਗਤਿ: ਕਰਪੂਰ (ਹਾਥੀ) ਜੇਹੀ ਗਤਿ (ਚਾਲ) ਵਾਲਾ. ਦੇਖੋ, ਕਰਪਰ.

੪. ਕਰਬੰਦਨ: ਹੱਥ ਜੋੜਨ ਦੀ ਕ੍ਰਿਯਾ.

੫. "ਕੁਕਰਮ ਕਰਮਣੋ ਕ੍ਰਿਤੰ." (ਕਲਕੀ)

੬. ੨ ਧਾਰਮਿਕ ਕਰਮ. "ਕਰਮ ਧਰਮ ਸੰਜਮ ਸੁਚਿ ਨੇਮਾ." (ਸਵੈਯੇ ਸ੍ਰੀ ਮੁਖ ਵਾਕ ਮਃ ੫)। ੩. ਧਰਮ ਰੂਪ ਮੰਨ ਕੇ ਕੀਤੇ ਹੋਏ ਉਹ ਕਰਮ, ਜੋ ਅਸਲੋਂ ਧਰਮ ਨਹੀਂ, "ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਹੇ." (ਸੂਹੀ ਮਃ ੫)

੧. ।੨. ਵਿ- ਜ਼ਮਾਨ ਕਰਾਹਣ ਵਾਲਾ. ਦੇਖੋ, ਕਰਾਹ ੩.

੨. ੨੧੬, ੮੮੩ ਹੈ. ਰੇਲ ਦੇ ਰਸਤੇ ਲਹੌਰ ਤੋਂ ਕਰਾਚੀ ੭੫੫ ਮੀਲ ਹੈ. ਸਮੁੰਦਰ ਦੇ ਰਾਹ ਲੰਡਨ ਤੋਂ ੫੫੩੨ ਮੀਲ ਹੈ.

੩. ਹੱਥ ਤੇ ਰੱਖੇ ਆਉਲੇ ਵਾਂਙ. ਪ੍ਰਤੱਖ.

੪. "ਸਰਿਤਾ ਕੇ ਗਿਰੇ ਕਰਾਰਾ." (ਰੁਦ੍ਰਾਵ)

੩੦੬- ੧. ਕਰਾਵੁਲ: ਫ਼ਾ. ਸ਼ਿਕਾਰੀ. ਵਜਾਧ.

੨. "ਸੁਧਾ ਮਿਸਟਾਨ ਬਦਲੋ ਜਜੋਂ ਕਰੀ ਫਲ." (ਭਾਗੁਕ)

੩. "ਕਰੀਆ ਜੋ ਥੋਰੈ ਨਾਵ, ਕਹੋ ਕੈਸੇ ਪਾਵੈ ਪਾਰ." (ਭਾਗੁਕ)

੪. ਜਿਵੇਂ- ਕਰੀਬੀ ਰਿਸ਼ਤੇਦਾਰ।

੫. ।੩. ਕ੍ਰਿਪਾ- ਸਿੰਧੁ। ੪. ਵਿਸ਼ਨੁ. "ਕਰੁਣਾ ਨਿਧਾਨ ਸ੍ਰਿਗ." (ਨਾਪ੍ਰ) ਵਿਸ਼ਨੁ ਦੇ ਚਿੱਰੇ ਫੁੱਲਾਂ ਦੀ ਮਾਲਾ.

੬. "ਮਹਾ ਕਰੂਪ ਦੁਖੀਏ ਸਦਾ." (ਵਾਰ ਸਾਰੰਗ ਮਃ ੪)

੭. ਕਰੇ: ਕੜੇ. ਕੰਗਣ. ਕਟਕ. "ਜਾਤ ਰੂਪ ਕੇ ਜ਼ਰਤੀ ਕਰੇ. ' (ਗੁਪ੍ਰਸੂ) ਸੋਨੇ ਦੇ ਜੜਾਊ ਕੜੇ.

੮. ।੩. ਕ੍ਰਯਿਕ. ਵਜਾਪਾਰੀ. ਸੌਦਾਗਰ.

੯. ਕਰੋੜਾ ਸਿੰਘ: ਦੇਖੋ, ਬਿਸ਼ੰਭਰ ਦਾਸ ੨.

੩੦੭- ੧. ਕਰੰਜ: ਇੱਕ ਜੰਗਲੀ ਬਿਰਛ ਜਿਸ ਦੇ ਪੱਤੇ ਟਾਲ੍ਹੀ ਜੇਹੇ ਹੁੰਦੇ ਹਨ. ਇਸ ਦੀ ਟਾਹਣੀ ਲਚਕਦਾਰ ਹੋਂਦੀ ਹੈ.

੨. Tomorrow. "ਇਸੀ ਭਾਂਤ ਕਲ ਚਲ ਕਰ ਆਵਹੁ" (ਗੁਪ੍ਰਸੂ)

੩. ਕਲਿਯੁਗ: "ਕਲ ਮਹਿ ਰਾਮ ਨਾਮ ਸਾਰੁ." (ਧਨਾ ਮਃ ੧) ਇਸ ਰਿਆਸਤ ਨਾਲ ਫੂਲਕੀਆ ਰਿਆਸਤਾਂ ਦਾ ਚਿਰ ਤੋਂ ਸੰਬੰਧ ਚਲਿਆ ਆਉਂਦਾ ਹੈ, ਸ. ਰਣਜੀਤ ਸਿੰਘ ਜੀ ਦੀ ਸ਼ਾਦੀ ਜੀਂਦ ਦੇ ਟਿੱਕਾ ਬਲਬੀਰ ਸਿੰਘ ਜੀ ਦੀ ਸੁਪੁਤ੍ਰੀ ਨਾਲ ਹੋਈ, ਜਿਸ ਦੀ ਕੁੱਖ ਤੋਂ ਰਾਜਾ ਰਵੀਸ਼੍ਵਰ ਸਿੰਘ ਜੀ ਜਨਮੇ, ਅਰ ਰਾਜਾ ਰੀਵਸ਼੍ਵਰ ਸਿੰਘ ਦੀ ਸ਼ਾਦੀ ਨਾਭਾਪਤਿ ਮਹਾਰਾਜਾ ਰਿਪੁਦਮਨ ਸਿੰਘ ਦੀ ਸੁਪੁਤ੍ਰੀ ਬੀਬੀ ਅਮ੍ਰਿਤ ਕੌਰ ਨਾਲ ਹੋਈ, ਜੋ ਟਿੱਕਾ ਜਨਕਸ਼ੇਰ ਸਿੰਘ ਦੀ ਮਾਤਾ ਹੈ.

੫. ਜ. ੧੯੩੧ ਟਿੱਕਾ ਜਨਕਸ਼ੇਰ ਸਿੰਘ

੬. "ਧਾਮ ਕਲਹਿਨੀ ਨਾਰ." (ਚਰਿਤ੍ਰ ੪੦)

੭. ਕਲਕੀ ਦੀ ਇਸਤ੍ਰੀ ਪਦਮਾ (ਪਦਮਾਵਤੀ ਕੌਮੁਦੀ ਦੇ ਉਦਰ ਤੋਂ ਵ੍ਰਿਹਦਰਥ ਦੀ ਪੁਤ੍ਰੀ ਹੋਵੇਗੀ ਜਿਸ ਤੋਂ ਜਯ ਅਤੇ ਵਿਜਯ ਦੋ ਪੁਤ੍ਰ ਜੰਮਣਗੇ. ਦੂਜੀ ਇਸਤ੍ਰੀ ਰਮਾ ਤੋਂ ਮੇਘਮਾਲ ਅਤੇ ਵਲਾਹਕ ਪੁਤ੍ਰ ਹੋਣਗੇ.

ਕਲਕੀ ਦੇ ਤਿੰਨ ਵੱਡੇ ਭਾਈ ਹੋਣਗੇ ਜਿਨ੍ਹਾਂ ਦੇ ਨਾਮ- ਕਵਿ, ਪ੍ਰਾਗਜ ਅਤੇ ਸਮੰਤ੍ਰਕ- ਲਿਖੇ ਹਨ.

ਸਾਰੇ ਪਾਪੀਆਂ ਦਾ ਨਾਸ਼ ਕਰਕੇ ਅਤੇ ਅਸ਼੍ਵਮੇਧ, ਰਾਜਸੂਯ ਆਦਿ ਅਨੇਕ ਯਗਜ ਕਰਕੇ ਕਲਕੀ ਭਗਵਾਨ ਮਰੁ ਅਤੇ ਦੇਵਾਪਿ ਰਾਜਿਆਂ ਨੂੰ ਰਾਜ ਕਾਜ ਸੌਂਪ ਕੇ ਲੋਪ ਹੋ ਜਾਣਗੇ.

ਕਈ ਗ੍ਰੰਥਾਂ ਵਿੱਚ ਕਲਕੀ ਅਵਤਾਰ ਦਾ ਮਾਤਾ ਦੇ ਗਰਭ ਤੋਂ ਪੈਦਾ ਹੋਣਾ ਨਹੀਂ ਦੱਸਿਆ, ਜੇਹਾ ਕਿ ਦਸ਼ਮ ਗ੍ਰੰਥ ਵਿੱਚ ਭੀ ਲੇਖ ਹੈ.

ਖ਼ਿਆਲ ਇਹ ਪ੍ਰਗਟ ਕੀਤਾ ਹੈ ਕਿ ਇੱਕ ਬ੍ਰਾਹਮਣ ਦੇਵੀ ਦੀ ਪੂਜਾ ਕਰਦਾ ਸੀ. ਸ਼ੁਦ੍ਰ ਰਾਜਾ ਜੋ ਆਪਣੇ ਰਾਜ ਵਿੱਚ ਦੇਵ ਪੂਜਨ ਕਰਮ ਕਰਨ ਨਹੀਂ ਦਿੰਦਾ ਸੀ, ਬ੍ਰਾਹਮਣ ਦੇ ਇਸ ਕਰਮ ਤੋਂ ਖਿਝ ਗਿਆ, ਅਤੇ ਹੁਕਮ ਦਿੱਤਾ ਕਿ ਦੇਵੀ ਪੂਜਕ ਬ੍ਰਾਹਮਣ ਨੂੰ ਮੰਦਿਰ ਵਿੱਚ ਲੈ ਜਾ ਕੇ ਕਤਲ ਕਰ ਦਿਓ. ਜਦ ਬ੍ਰਾਹਮਣ ਨੂੰ ਜੱਲਾਦ ਮਾਰਨ ਲੱਗੇ, ਤਾਂ ਕਲਕੀ ਅਵਤਾਰ ਪ੍ਰਗਟ ਹੋ ਗਿਆ, ਜਿਸ ਨੇ ਸਾਰੇ ਨਾਸਤਿਕਾਂ ਦਾ ਨਾਸ਼ ਕੀਤਾ.

"ਤਿੰਹ ਬਾਂਧ ਆਂਖ ਮੁਸ਼ਕੇਂ ਚੜ੍ਹਾਇ, ਕਰ ਲਾਨ ਕਾਚ ਅਸਿ ਕੋ ਨਚਾਇ, ਜਬ ਲਗੇ ਦੇਨ ਤਿੰਹ ਤੇਗ਼ ਆਨ. ਤਬ ਕਿਯੋ ਕਾਲ ਕੇ ਬਿਪ੍ਰ ਧਿਆਨ. × × × ਤਬ ਪਰੀ ਸ਼ੁੰਕ ਭੋਹਰ ਮਥਾਰ, ਉਪਜ੍ਯੋ ਆਨ ਕਲਕੀਵਤਾਰ. ਤਾੜ ਪ੍ਰਮਾਣ ਕਰ ਅੰਸ- ਉਤੰਗ, ਤਰ ਕੱਛ ਸੁਛ ਤਾਜੀ ਸੁਦੰਗ" × × (ਕਲਕੀ)

੧. ਇਹ ਖੰਭ ਖ਼ਾਸ ਕਰਕੇ ਸਰਚ ਦੇਸ਼ ਵਿੱਚ ਰਹਿਣ ਵਾਲੇ ਚਿੱਟੇ ਵੱਡੇ ਬਗਲੇ ਦੇ ਹੋਂਦੇ ਹਨ.

੨. ਇਹ ਕਲਪਨਾ ੬. ਦਾ ਰੁਪਾਂਤਰ ਹੈ। ੭. ਸੰ. ਵਿ- ਯੋਗ੍ਯ ਲਾਯਕ.

੩. ੨ ਇੱਕ ਹੋਰ ਥਾਂ ਭਾਈ ਸੰਤੋਖ ਸਿੰਘ ਜੀ ਨੇ ਇਹੀ ਸ਼ਬਦ ਵਰਤਿਆ ਹੈ- "ਕਲਪਾ ਕਹਿ ਸਾਦਰ ਬੇਸਾਊ. (ਨਾਪ੍ਰ) ਇਥੇ ਜੇ ਸੰਃ कल्प. ਸ਼ਬੱਦ ਇਹ ਮੰਨ ਲਿਆ ਜਾਵੇ ਤਦ ਅਰਥ ਹੋ ਸਕਦਾ ਹੈ ਯੋਗ੍ਯ (ਉਚਿਤ). ਦੇਖੋ, ਕਲਪ ੭.

੪. ਕਲਮਖ ਧੂਤ: ਜਿਸ ਨੇ ਪਾਪ ਅਤੇ ਦੋਸ਼ ਸੁੱਟ ਪਾਏ ਹਨ।

੫. ਕਲਮ ਜਾਰੀ: ਭਾਵ ਪ੍ਰਜਾ ਤੇ ਹੁਕਮ ਅਤੇ ਕਨੂਨ ਜਾਰੀ। ੨. ਨੌਕਰ ਰੱਖਣ ਲਈ ਭਰਤੀ ਦਾ ਮਹਿਕਮਾ ਜਾਰੀ. "ਭਈ ਕਲਮ ਜਾਰੀ ਭਟ ਰਾਖੋ." (ਗੁਪ੍ਰਸੂ)

੬. ਕਲ ਯੋਗਿਨੀ: ਕ਼ਾਲੀ ਦੇਵੀ ਦੀ ਅੜਚਲ ਵਿੱਚ ਰਹਿਣ ਵਾਲੀ ਘੋਰ ਦੇਵੀ.

੭. ੧੨ ਬੰਦੂਕ ਦੀ ਕਮਾਣੀ. "ਕਲਾ ਪੈ ਜੜੇ ਮੋੜ ਤੋੜੇ ਧੁਖੰਤੇ." (ਗੁਪ੍ਰਸੂ ਤੋੜੇਦਾਰ ਬੰਦੂਕਾਂ ਦੇ ਘੋੜਿਆਂ ਤੇ ਸੁਲਗਦੇ ਹੋਏ ਤੋੜੇ ਲਗਾ ਲਏ.

੮. ਜੋ ਗੁਰਦਾਸਪੁਰ ਤੋਂ ੧੫. ਮੀਲ ਪੱਛਮ ਹੈ.

੯. । ੨. ਰੋਹਤਕ ਜ਼ਿਲੇ ਦਾ ਇਕ ਨਗਰ ਜੋ ਰੋਹਤਕ ਤੋਂ ੧੨. ਮੀਲ ਪੱਛਮ ਹੈ. ਇਹ ਦਿੱਲੀ ਦੇ ਰਾਜਾ ਅਨੰਗ ਪਾਲ ਦੇ ਜਮਾਈ (ਦਾਮਾਦ) ਕਲਿਆਨ ਸਿੰਘ ਨੇ ਆਬਾਦ ਕੀਤਾ ਸੀ.

੩੦੮- ੧. ੮ ਕਲਜ. ਕਲ੍ਯ. "ਅਜ਼ ਕਲਿ ਕਰਦਿਆ. ਕਾਲੁ ਬਿਆਪੈ." (ਵਡ ਅਲਾਹਣੀ ਮਃ ੧) ਦੇਖੋ, ਕਲ.

੨. ਕਲਿਆਨ ਤੋਂ ਬੰਬਈ ੩੩ ਮੀਲ ਹੈ.

੩. "ਔਰ ਕਲਿੰਗ ਦੇਸ਼ ਪਤਿ ਪਾਧੋ. (ਚਰਿਤ੍ਰ ੫੨)

੪. ਕਲਿਜੁਗ ਸੰਵਤ: ਇਸ ਨੂੰ ਯੁਧਿਸ੍ਰਿਰ ਸੰਵਤ ਭੀ ਆਖਦੇ ਹਨ. ਇਹ ਈਸਵੀ ਸਨ ਤੋਂ ੩੧੦੨ ਵਰ੍ਹੇ ਪਹਿਲਾਂ ੧੮. ਫ਼ਰਵਰੀ ਤੋਂ ਸ਼ੁਰੂ ਹੋਇਆ ਹੈ.

੫. ਕਲਿਲ: ਸੰ. ਵਿ- ਮਿਲਿਆ ਹੋਇਆ. ਮਿਸ਼੍ਰਿਤ। ੨. ਸੰਘਣਾ। ੩. ਸੰਗਜਾ- ਸਮੂਹ. ਢੇਰ.

੬. । ੭. ਫੁੱਲ ਦੀ ਲਾਲ ਡੋਡੀ ਜੇਹਾ ਤੋੜੇ ਦਾ ਧੁਖਦਾ ਹੋਇਆ ਸਿਰਾ. "ਧਖ ਪੁਜ ਤੋੜ ਕਲੀ ਆਛ ਹੋਈ." (ਗੁਪ੍ਰਸੂ)

੧. ਰਾਜਾ ਗੋਨੰਦ ਤੋਂ ਆਰੰਭ ਕੇ (ਜੋ ਮਹਾਰਾਜਾ ਯੁਧਿਸ੍ਰਿਰ ਦਾ ਸਮਕਾਲੀਨ ਸੀ) ਆਪਣੇ ਸਮੇਂ ਦੇ ਰਾਜਾ ਸਿਹਦੇਵ ਦੇ ਰਾਜ ਤਕ ਕਸ਼ਮੀਰ ਦੀ ਸਿਲਸਿਲੇਵਾਰ ਕਥਾ ਲਿਖੀ ਹੈ.

ਸੰਸਕ੍ਰਿਤ ਬੋਲੀ ਵਿੱਚ ਇਹ ਪਹਿਲੀ ਪੋਥੀ ਹੈ ਜੋ ਇਤਿਹਾਸ ਦੇ ਢੰਗ ਲਿਖੀ ਗਈ ਹੈ. ਦੇਖੋ, ਰਾਜ ਤਰੰਗਿਣੀ.[1205]

੨. ੩ ਬਾਦਸ਼ਾਹ ਜਹਾਂਗੀਰ ਵੇਲੇ ਜੈਸਲਮੇਰ ਦਾ ਰਾਜਾ.

੩. "ਕਰਨ ਕੈ ਦੀਨੇ ਸੋਨੋ

ਕੋਊ ਤੋ ਬਤਾਵੈ ਹਮੈ,

ਕਵਿਨ ਕੇ ਗਾਏ ਗੀਤ

ਅਬਹੂੰ ਲੋ ਸੇਤ ਹੈਂ।

ਭੋਜ ਦੀਨੋ ਹਾਥੀ ਘੋਰਾ

ਓਰਾ ਸੌ ਵਿਲਾਯ ਗਏ,

ਕਵਿਨ ਕਬਿਤ ਦੀਨੇ

ਕੀਰਤਿ ਨਿਕੇਤ ਹੈਂ।

ਜਿਨ ਕੀ ਵਡਾਈ ਮਤਿਰਾਮ

ਕਵਿ ਜਗ ਗਾਈ,

ਅਜਹੂੰ ਲੌਂ ਅਜਰ ਅਮਰ

ਪੁਰ ਲਤ ਹੈਂ।

ਜੌਤੋ ਕਛੂ ਰਾਜੀ ਹ੍ਵੈਕੇ

ਕਵਿ ਦੇਤ ਰਾਜਨ ਕੋ,

ਤੇਤੋ ਕਹਾਂ ਰਾਜਾ ਰੀਝ

ਕਵਿਨ ਕੋ ਦੰਤ ਹੈਂ?"

੪. । ੭. ਕਲਕੀ ਅਵਤਾਰ ਦਾ ਭਾਈ. ਦੇਖੋ, ਕਲਕੀ। ੮. ਦੇਖੋ, ਬਵੰਜਾ ਕਵਿ.

੫. ਕਵਿ ਸਭਾ, ਕਵਿ ਸਮਾਜ: ਸ਼ਾਯਰਾਂ ਦੀ ਮਜਲਿਸ (ਬਜ਼ਮ). Symposium.

੧. ਦੇਖੋ, ਤੈਮੁਦ੍ਰਾ ਅਤੇ ਪੰਜ ਕਕਾਰ।

੨. (ਹਲਵਾ). ਦੇਖੋ, ਕੜਾਹ ਪ੍ਰਸਾਦ.

੩. ਸੌ ਸਾਖੀ ਅਨੁਸਾਰ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

"ਖੋਪਾ ਸੌਂਫ ਜਾਸ ਮਹਿ ਡਾਰਾ. × ×

ਸੋ ਦੈਵੀ ਕੋ ਅਰੁ ਹਨੁਮਾਨ. × ×

ਮਿਰਚਾਂ ਪਾਇ ਚਰੌਂਜੀ ਮੇਵਾ.

---

[1205] ਇਸ ਪੁਸਤਕ ਦਾ ਛੰਦ-ਬੱਧ ਭਾਸ਼ਾ-ਅਨੁਵਾਦ ਮਹਾਰਾਜਾ ਪਟਿਆਲਾ ਦੇ ਦਰਬਾਰੀ ਕਵੀ ਸੁਜਾਨ ਸਿੰਘ 'ਮੈਨ' ਨੇ ਸੰਮਤ ੧੯੩੫ ਬਿਃ ਵਿੱਚ ਕੀਤਾ ਸੀ। (ਸੰਪਾਦਕ)

ਤਿਸ ਕ ਭਗ ਲਗੈ ਗੁਰਦੇਵਾ."(ਗੁਪ੍ਰਸੂ)

ਕੜਾਹ ਪ੍ਰਸਾਦ ਦਾ ਭਜਿਆ ਹੋਯਾ ਮੈਦਾ (ਆਟਾ) ਜਿਤਨਾ ਗਰਮ ਹੋਵੇ, ਉਤਨੀ ਹੀ ਗਰਮ ਚਾਸ ਪਾਉਣੀ ਚਾਹੀਏ. ਜੇ ਚਾਸ ਥੋੜੀ ਭੀ ਠੰਢੀ ਹੋਵੇ ਤਾਂ ਘੀ ਆਟੇ ਤੋਂ ਵੱਖ ਹੋ ਜਾਂਦਾ ਹੈ.

ਕੜਾਹੀ ਵਿਚ ਕੜਾਹ ਪ੍ਰਸਾਦ ਲਿਆ ਕੇ ਦੀਵਾਨ ਵਿੱਚ ਰੱਖਣਾ ਅਸਭ੍ਯਤਾ ਹੈ. ਸੁੰਦਰ ਥਾਲ ਅਥਵਾ ਕਿਸੇ ਨਿਰਮਲ ਪਾਤ੍ਰ ਵਿੱਚ ਪਾਕੇ ਲਿਆਉਣਾ ਚਾਹੀਏ.

ਕੜਾਹ ਪ੍ਰਸਾਦ ਆਉਂਦਾ ਵੇਖ ਕੇ ਖੜੇ ਹੋਣਾ ਯੋਗ੍ਯ ਨਹੀਂ, ਅਰ ਨਾ ਅੱਗੇ ਅੱਗੇ ਪਾਣ ਤੌਂਕਣਾ ਲੋੜੀਏ.

ਕੜਾਹ ਪ੍ਰਸਾਦ ਤਿਆਰ ਕਰਨ ਵਾਲਾ ਅਤੇ ਵਰਤਾਣ ਵਾਲਾ ਆਪਣੇ ਮੂੰਹ ਤੇ ਰਮਾਲ ਬੰਨ੍ਹ ਕੇ ਰੱਖੇ, ਸਾਫ਼ ਵਸਤ੍ਰ ਪਹਿਰੇ, ਕਿਸੇ ਧਾਤੁ ਆਦਿਕ ਦੀ ਅੰਗੂਠੀ, ਸੇਵਾ ਕਰਨ ਵਕਤ ਨਾ ਪਹਿਰੇ ਅਤੇ ਨਾ ਨਹੁੰ ਮੈਲੇ ਅਤੇ ਵਧੇ ਹੋਏ ਰੱਖੇ.

੪. "ਕੜਾਬੀਨਨ ਕੋ ਝਾੜ ਜਾਇ."(ਗ੍ਵਾਲ ਕਵਿ)

੫. ੪ ਕੋਈ. "ਜਗਤ ਮਾਹਿਂ ਇਨ ਸਮ ਨ ਕਾਇ." (ਗੁਪ੍ਰਸੂ) ੫

੬. । ੨. ਪਸ਼ੁ ਪ੍ਰੇਤ ਤੋਂ ਮਨੁੱਖ ਅਤੇ ਮਨੁੱਖ ਤੋਂ ਦੇਵਤਾ ਬਣਨ ਦੀ ਕ੍ਰਿਯਾ.

੧. ਪੰਡਿਤ ਮਦਨ ਮੋਹਨ ਮਾਲਵੀਯ ਜੀ ਦੇ ਉੱਦਮ ਨਾਲ ਹਿੰਦੂ ਯੂਨੀਵਰਸਿਟੀ ਬਣਨ ਤੋਂ ਕਾਸ਼ੀ ਦੀ ਸ਼ੁਹਰਤ ਹੋਰ ਭੀ ਜਾਦਾ ਹੋ ਗਈ ਹੈ, ਅਰ ਹਿੰਦੂ ਸਮਾਜ ਨੂੰ ਅਪਾਰ ਲਾਭ ਪਹੁਂਚ ਰਿਹਾ ਹੈ.

੨. ਕਾਸੀਸ: ਦੇਖੋ, ਕਸੀਸ ੨। ੨. ਕਾਸ਼ੀ ਦਾ ਈਸ਼ (ਸ੍ਵਾਮੀ) ਕਾਸ਼ੀਪਤਿ.

੧. "ਦੁਇ ਕਾਕ ਪੱਛਾ ਸੋਭਹੀਂ।

ਲਖਿ ਦੇਵ ਦਾਨਵ ਲੋਭ ਹੀਂ."(ਰਾਮਾਵ)

੨. ਮਨੁ, ਯਾਗ੍ਯਵਲਕ੍ਯ ਆਦਿਕ ਰਿਖੀਆਂ ਨੇ ਸ਼੍ਰਾਧ ਸਮੇਂ ਕੁੱਤੇ, ਕਾਂ, ਕੀੜੀ, ਰੋਗੀ, ਨੀਚ ਆਦਿ ਨੂੰ ਬਲਿਦਾਨ ਦੇਣਾ ਪੁੰਨ-ਕਰਮ ਲਿਖਿਆ ਹੈ.

੩. ਜੋ ਕੌਡਾਂ ਪਹਿਨਦੀ ਹੈ.

੪. ਇਸ ਵਿੱਚ ਪੰਜ ਤਸੀਲਾਂ- ਕਾਂਗੜਾ, ਕੁੱਲੂ, ਹਮੀਰਪੁਰ, ਡੇਰਾ ਅਤੇ ਨੂਰਪੁਰ- ਹਨ. ਸਨ ੧੦੦੯ ਵਿੱਚ ਮਹਮੂਦ ਗਜ਼ਨਵੀ ਨੇ ਕਾਂਗੜੇ ਤੇ ਆਪਣਾ ਅਧਿਕਾਰ ਜਮਾਯਾ, ਸਨ ੧੩੬੦ ਵਿੱਚ ਫ਼ੀਰੋਜ਼ਸ਼ਾਹ ਤੁਗ਼ਲਕ ਨੇ ਕਾਂਗੜੇ ਦੇ ਕਟੋਚ ਆਪਣੇ ਅਧੀਨ ਕੀਤੇ, ਸਨ ੧੫੫੬ ਵਿੱਚ ਅਕਬਰ ਨੇ ਕਾਂਗੜੇ ਤੇ ਸ਼ਾਹੀ ਹਕੂਕ ਕਾਯਮ ਕੀਤੇ, ਜਹਾਂਗੀਰ ਨੇ ਸਨ ੧੬੨੦ ਵਿੱਚ ਕਾਂਗੜੇ ਦਾ ਕਿਲਾ ਜਿੱਤ ਕੇ ਮਸਜਿਦ ਬਣਵਾਈ ਅਤੇ ਬੈਲ ਦੀ ਕੁਰਬਾਨੀ ਦਿੱਤੀ, ਸਨ ੧੮੦੬ ਵਿੱਚ ਗੋਰਖਿਆਂ ਨੇ ਕਾਂਗੜਾ ਆਪਣੇ ਅਧੀਨ ਕਰ ਲਿਆ, ਸਨ ੧੮੦੯ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜੇ ਦੀ ਖੁੱਸੀ ਹੋਈ ਰਿਆਸਤ ਮੁੜ ਕਟੋਚ ਵੰਸ਼ੀ ਰਾਜਾ ਸੰਸਾਰ ਚੰਦ ਨੂੰ ਜਿੱਤ ਕੇ ਦਿੱਤੀ, ਉਸ ਦਿਨ ਤੋਂ ਕਾਂਗੜਾ ਸਿੱਖ ਰਾਜ ਦਾ ਤਾਬੇਦਾਰ ਰਿਹਾ. ਸਨ ੧੮੪੫ ਵਿੱਚ ਪਹਿਲਾ ਸਿੱਖ ਯੁੱਧ ਹੋਣ ਪਿਛੋਂ ਕਾਂਗੜਾ ਅੰਗ੍ਰੇਜ਼ਾਂ ਦੀ ਹਕੂਮਤ ਵਿੱਚ ਆਯਾ.

੫. "ਕਰਿ ਸੰਜੋਗੁ ਬਨਾਈ ਕਾਛ." (ਰਾਮ ਮਃ ੫) ਤੱਤਾਂ ਦਾ ਸੰਯੋਗ ਕਰਕੇ ਸ਼ਰੀਰ ਦੀ ਬਜੋਂਤ ਬਣਾਈ.

੬. । ੬. ਹਾਥੀ ਬੰਨ੍ਹਣ ਦੀ ਰੱਸੀ.

੩੧੬- ੧. ਕਾਂਜਣ: ਲੰਮਾ ਅਤੇ ਸਿੱਧਾ ਸ਼ਤੀਰ, ਜੋ ਦੋ ਕੌਲੇ ਜਾਂ ਥੰਮ੍ਹੀਆਂ ਤੇ ਰੱਖਿਆ ਹੁੰਦਾ ਹੈ, ਖੂਹ ਖਰਾਸ ਦੇ ਚੱਕਲੇ ਦੀ ਖੜ੍ਹੀ ਲੱਠ ਦਾ ਉੱਪਰਲਾ ਸਿਰਾ, ਕਾਂਜਣ ਦੇ ਸਹਾਰੇ ਰਹਿੰਦਾ ਹੈ.

੨. ਪੁਲੀਸ ਦੇ ਕਰਮਚਾਰੀ ਭੀ ਕਾਠ ਮਾਰਨ ਵਿੱਚ ਸੁਸਤ ਨਹੀਂ ਸਨ.

੩. । ੨. ਕਾਠ ਦਾ ਵਪਾਰੀ। ੩. ਕਾਠੀ (ਜ਼ੀਨ) ਬਣਾਉਣ ਵਾਲਾ ਕਾਰੀਗਰ। ੪. ਵਿ- ਕਾਠ ਦਾ.

੪. ਇਸੇ ਦਾ ਦੂਜਾ ਨਾਮ ਹੰਨੇਵੰਡ ਹੈ.

੫. ਜਿਵੇਂ- ਕਾਢਾ ਕਢਾਉਣਾ। ੪. ਰਿਣੀ. ਮਕ਼ਰੂਜ਼, ਜਿਵੇਂ- ਮੈਂ ਕਿਸ ਦਾ ਕਾਢਾ ਨਹੀਂ.

੧. "ਕਾਸੀ ਕਾਂਤੀ ਦੂਾਰਾਵਤੀ ਮਾਯਾ ਮਥੁਰਾ ਅਯੁਧਜਾ." (ਭਾਗੁ ਕ)

੨. ਇਸ ਲਈ ਕ਼ਾਦੀ ਸ਼ੁੱਧ ਅ਼ਰਬੀ ਸ਼ਬਦ ਹੈ.

੩. "ਕਾਨਨੰ ਗੇ ਰਾਮ". (ਰਾਮਾਵ) "ਹਾਨਨ ਪੰਚਾਨਨ ਕੋ ਕਾਨਨ। ਕੋ ਆਨਨ ਭਨ, ਸੁਨ ਕੋ ਕਾਨਨ." (ਗੁਪ੍ਰਸੂ) ਸ਼ੇਰ ਦਾ ਮਾਰਣਾ ਜੰਗਲ ਵਿੱਚ, ਕੋਈ ਮੂੰਹੋਂ ਆਖਦਾ ਹੈ ਕੋਈ ਕੰਨੀਂ ਸੁਣਦਾ ਹੈ.

੪. ੪ ਕਾਨ. ਕ੍ਰਿਸ਼ਨ. "ਆਪੇ ਗੋਪੀ ਆਪ ਕਾਨਾ." (ਮਾਰੂ ਸੋਲਹੇ ਮ. ੫)

੫. ਕੰਨਾਫੂਸੀ. ਕੰਨ ਨਾਲ ਮੂੰਹ ਲਾ ਕੇ ਫੁਸ ਫੁਸ (ਅਸਪਸ਼ਟ ਸ਼ਬਦ) ਕਰਨ ਦੀ ਕ੍ਰਿਯਾ, ਕੰਨ ਵਿੱਚ ਅਜੇਹੀ ਗੱਲ ਕਹਿਣੀ, ਜੋ ਪਾਸ ਬੈਠੇ ਕਿਸੇ ਨੂੰ ਸੁਣਾਈ ਨਾ ਦੇਵੇ.

੬. "ਕਾਨ੍ਹ ਸੰਭਾਰ ਸਰਾਸਨ ਲੈ."(ਕ੍ਰਿਸ਼ਨਾਵ)

੭. "ਸੁਨਕੈ ਮੁਰਲੀ ਧੁਨਿ ਕਾਨਰ ਕੀ."(ਕ੍ਰਿਸ਼ਨਾਵ)

੩੧੯- ੧. ਕਾਪਿਸ਼ੀ: ਅਫ਼ਗ਼ਾਨਿਸਤਾਨ ਵਿੱਚ ਹੁਣ ਇਹ ਥਾਂ ਅਸਤਾਲਫ਼ ਨਾਉਂ ਤੋਂ ਮਸ਼ਹੂਰ ਹੈ, ਜੋ ਕਾਬੁਲ ਤੋਂ ੨੬ ਮੀਲ ਦੀ ਵਿਥ ਤੇ ਹੈ. ਕਿਸੇ ਸਮੇਂ ਕਾਪਿਸ਼ ਦੀ ਬੋੱਧ ਰਾਜਾ ਅੱਠ ਜਿਲਿਆਂ ਤੇ ਰਾਜ ਕਰਦਾ ਸੀ, ਅਰ ਇਥੇ ਬੁੱਧ ਧਰਮ ਦੀ ਸਿਖਯਾ ਮਿਲਦੀ ਸੀ. ਹੁਣ ਇਥੇ ਬੁੱਧ ਦੀਆਂ ਅਨੇਕ ਮੂਰਤਾਂ ਅਤੇ ਬਰਤਨ ਆਦਿ ਨਿਕਲੇ ਹਨ, ਜੋ ਕਾਬਲ ਦੇ ਅਜਾਯਬ ਘਰ ਵਿੱਚ ਰੱਖੇ ਗਏ ਹਨ. ਕਾਪਿਸ਼ੀ ਦੇ ਆਸ ਪਾਸ ਫਲਾਂ ਦੇ ਬੇਸ਼ੁਮਾਰ ਬਾਗ਼ ਹਨ ਅਰ ਕੋਹਾਂ ਤੀਕ ਅੰਗੂਰਾਂ ਦੀਆਂ ਬੇਲਾਂ ਸ਼ੋਭਾ ਦੇ ਰਹੀਆਂ ਹਨ. ਇਸੇ ਲਈ ਪਾਣਿਨੀ ਅਤੇ ਚਾਣਕਯ ਨੇ ਇੱਥੋਂ ਦੀ ਅੰਗੂਰੀ ਸ਼ਰਾਬ "ਕਾਪਿਸ਼ੀਯਾ" ਅਥਵਾ "ਕਾਪਿਸ਼ਾਯਨੀ ਸੁਰਾ" ਦਾ ਜਿਕਰ ਕੀਤਾ ਹੈ.

੨. "ਗੋਰੇ ਅਮਲ ਕਪੋਲ ਪੈ,

ਅਲਕ ਛੁਟੀ ਅਤਿ ਸਾਫ਼,

ਖ਼ੁਸ਼ ਨਵੀਸ ਮੁਨਸ਼ੀ ਮਦਨ,

ਲਿਖਯੋ ਕਾਂਚ ਪੈ ਕਾਫ਼."

੩. । ੪. ਅੰ. Coffer. ਸੰਦੂਕ. ਨਕਦੀ ਰੱਖਣ ਦਾ ਭਾਂਡਾ.

੪. Coffee ਕਾਫ਼ੀ ਦੀ ਤਾਸੀਰ ਗਰਮ ਖ਼ੁਸ਼ਕ ਹੈ.

੫. ਕਾਫ਼ੀਆ ਤੰਗ ਹੋਣਾ: ਅਜੇਹਾ ਅੰਤਜਾਨਪ੍ਰਾਸ, ਜਿਸ ਨਾਲ ਮਿਲਾਉਣ ਨੂੰ ਸ਼ਬਦ ਨਾ ਮਿਲੇ, ਜਿਵੇਂ- ਸਿੰਘ, ਨਿੰ ਬੁਆਦਿ। ੨. ਭਾਵ- ਚਰਚਾ ਅਥਵਾ ਪ੍ਰਸ਼ਨ ਦੇ ਉੱਤਰ ਵਿੱਚ ਜਵਾਬ ਨਾ ਫੁਰਣਾ.

ਕ਼ਾਫ਼ੀਯਹ: ਦੇਖੋ, ਕਾਫ਼ੀਆ.

੬. ਕਾਫ਼ੂਰ ਹੋਣਾ: ਕਪੂਰ ਵਾਕਰ ਉੱਡ ਜਾਣਾ. ਰਫ਼ੂ ਚੱਕਰ ਹੋਣਾ.

੭. ਕਾਬਾ ਨਾਮ ਅਰਬ ਦੇ ਬੁਤ ਪਰਸਤਾਂ ਦਾ ਰੱਖਿਆ ਹੋਯਾ ਹੈ, ਮੁਹੰਮਦ ਸਾਹਿਬ ਨੇ ਇਸ ਦਾ ਨਾਮ "ਬੈਤੁੱਲਾ" (ਅੱਲਾ ਦਾ ਘਰ) ਥਾਪਿਆ।

੮. ਕਾਬਾ ਸਨ ਹਿਜਰੀ ੬੫ ਵਿੱਚ ਭੀ ਨਵੇਂ ਸਿਰੇ ਚਿਣਿਆ ਗਿਆ ਹੈ.

੯. ਕਾਂਬੀ: ਉਹ ਸਿੱਧੀ ਅਤੇ ਚਪਟੀ ਕਾਠ ਧਾਤੁ ਦੀ ਪੱਤੀ (ਗਜ਼), ਜਿਸ ਦੇ ਆਸਰੇ ਕਾਗ਼ਜ਼ ਤੇ ਸਿੱਧੀਆਂ ਲੀਕਾਂ ਲਿਖਾਰੀ ਖਿੱਚਦੇ ਹਨ.

੧੦. ਸੀ, ਪਰ ਅਮਾਨੁੱਲਾ ਨੇ ਬਾਦਸ਼ਾਹ (King) ਪਦਵੀ ਧਾਰਨ ਕੀਤੀ.

੧੧. ਅਤੇ ਮੈਥੁਨ ਦੀ ਇੱਛਾ. ਵਿਦ੍ਵਾਨਾਂ ਨੇ ਕਾਮ ਅੱਠ ਪ੍ਰਕਾਰ ਦਾ ਲਿਖਿਆ ਹੈ, "ਸਿਮਰਣ, ਸ਼੍ਰਵਣ, ਕੇਲ ਅਰ ਦੇਖਨ, ਗੁਝ ਭਾਖਣ, ਸੰਕਲਪ ਸੁਕੀਨ। ਅਧਿਵਸਾਯੰ, ਕ੍ਰਿਯਾ ਨਿਵਰਤੈ, ਇਹ ਮੈਥੁਨ ਅਸ਼ਟਾਂਗ ਬਿਹੀਨ." (ਗੁਪ੍ਰਸੂ)

੧੨. ਕਾਮ ਸੂਤ੍ਰ: ਦੇਖੋ, ਵਾਤਸਯਾਯਨ

੧. ੧ ੨. ਭੋਗ ਵਿਲਾਸ ਦਾ ਖ਼ਾਸ ਕਮਰਾ.

੨. ਇਸ ਦੀ ਮਾਂ ਨਾਚ ਕਰਨ ਵਾਲੀ ਲੜਕੀ ਸੀ ਜਿਸ ਨੂੰ ਦਾਰਾਸ਼ੁਕੋਹ ਨੇ ਆਪਣੀ ਬੇਗਮ ਬਣਾ ਕੇ ਨਾਮ "ਉਦੈ ਪੁਰੀ ਮਹਲ" ਰੱਖਿਆ. ਦਾਰਾਸ਼ੁਕੋਹ ਦੇ ਮਰਣ ਪੁਰ ਔਰੰਗਜ਼ੇਬ ਨੇ ਇਸ ਨੂੰ ਆਪਣੀ ਬੇਗਮ ਬਣਾ ਲਿਆ.

੩. ਕਾਮਰਾਂ ਮਿਰਜ਼ਾ: ਬਾਦਸ਼ਾਹ ਬਾਬਰ ਦਾ ਦੂਜਾ ਪੁਤ੍ਰ, ਹੁਮਾਯੂੰ ਦਾ ਭਾਈ ਇਹ ਕਾਬਲ ਕੰਧਾਰ ਆਦਿ ਦਾ ਗਵਰਨਰ ਰਿਹਾ, ਸਨ ੧੫੫੩ ਵਿੱਚ ਹੁਮਾਯੂੰ ਨੇ ਕਾਮਰਾਂ ਨੂੰ ਆਪਣੇ ਵਿਰੁੱਧ ਵੇਖ ਕੇ ਇਸ ਦੀਆਂ ਅੱਖੀਆਂ ਕਢਵਾ ਕੇ ਨੇਂਬੂ ਅਤੇ ਲੂਣ ਫੱਟਾਂ ਵਿੱਚ ਪਾ ਕੇ ਭਾਰੀ ਦੁੱਖ ਦਿੱਤਾ. ਇਸ ਦੀ ਮੌਤ ਸਨ ੧੫੫੬ ਵਿੱਚ ਹੋਈ.

ਕਾਮਰਾਂ ਦਾ ਪੁਤ੍ਰ ਅੱਬੁਲ ਕ਼ਾਸਿਮ ਮਿਰਜ਼ਾ ਗਵਾਲੀਅਰ ਦੇ ਕ਼ਿਲੇ ਕੈਦ ਰਿਹਾ ਅਤੇ ਸਨ ੧੫੬੫ ਵਿੱਚ ਅਕਬਰ ਦੇ ਹੁਕਮ ਨਾਲ ਕ਼ਤਲ ਕੀਤਾ ਗਿਆ.

੪. ਕਾਮੋਦ: ਕਲਜਾਣ ਠਾਟ ਦਾ ਸੰਪੂਰਣ ਰਾਗ. ਵਾਦੀ ਪੰਚਮ ਅਤੇ ਸੰਵਾਦੀ ਰਿਸਭ ਹੈ. ਜੋ ਇਸ ਨੂੰ ਬਿਲਾਵਲ ਠਾਟ ਦਾ ਮੰਨਦੇ ਹਨ ਉਹ ਸ਼ੁੱਧ ਮੱਧਮ ਲਾਉਂਦੇ ਹਨ, ਅਰ ਧੈਵਤ ਵਾਦੀ ਅਤੇ ਪੰਚਮ ਸੰਵਾਦੀ ਦਸਦੇ ਹਨ.

੫. ੧ ੧੩. ਭਗਵੰਤ ਕਵਿ ਨੇ ਫ਼ਾਰਸੀ ਕੇਰ (ਲਿੰਗ) ਦੀ ਥਾਂ ਭੀ ਕਾਰ ਸ਼ਬਦ ਵਰਤਿਆ ਹੈ.

੬. ਕਾਰ ਸੇਵਾ: ਪਵਿਤ੍ਰ ਸਰੋਵਰ ਦੀ ਗਾਰ ਕੱਢਣ ਦੀ ਸੇਵਾ. ਦੇਖੋ, ਕਾਰ ੯. ਖ਼ਾਸ ਕਰਕੇ ੧੭. ਸੂਲ, ੧੯੨੩ ਨੂੰ ਆਰੰਭ ਹੋਈ ਸ਼੍ਰੀ ਅੰਮ੍ਰਿਤਸਰ ਸਰੋਵਰ ਦੀ ਅਤੇ ੧੦. ਜਨਵਰੀ ਸਨ ੧੯੩੧ ਨੂੰ ਸੰਗਤਾਂ ਕਰਕੇ ਹੋਈ ਤਰਨਤਾਰਨ ਦੀ ਸੇਵਾ, ਜਿਸ ਦਾ ਭਾਰੀ ਉਤਸਵ ੧੭. ਸਿਤੰਬਰ ਨੂੰ ਹੋਇਆ ਸੀ.

੩੨੨- ੧. ਕਾਰਜਾ: ਦੇਖੋ, ਕਾਲਜਾ. "ਤਿਲੀ ਕਹੋ ਕਾਰਜਾ." (ਨਾਪ੍ਰ)

੨. ੧ ੨. ਅਨਿਰਵਚਨੀਯ ਮਾਯਾ, ਜੋ ਸਥੂਲ ਅਤੇ ਸੂਖਮ ਸ਼ਰੀਰ ਦਾ ਕਾਰਣ ਹੈ.

੩. ੧ ੨. ਮੁਗ਼ਲ ਅਤੇ ਸਿੱਖ ਰਾਜ ਸਮੇਂ ਜ਼ਮੀਨ ਦਾ ਮੁਆਮਲਾ ਉਗਰਾਹੁਣ ਵਾਲਾ ਕਰਮਚਾਰੀ (Collector). "ਕਾਰਦਾਰ" ਸੱਦੀਂਦਾ ਸੀ. ਇਸ ਨੂੰ ਮਾਲੀ ਅਤੇ ਫ਼ੌਜਦਾਰੀ ਅਖ਼ਤਜਾਰਾਤ ਭੀ ਹੋਇਆ ਕਰਦੇ ਸਨ।

੪. ਕਾਰਮਿਕ: ਸੰ. कार्मिक. ਵਿ- ਕੰਮ ਕਰਨੁ ਵਾਲਾ. ਕਰਮ ਕਰਤਾ. ਕਰਮ ਕਾਂਡੀ. "ਇਕ ਭਗਤ ਕਾਰਮਿਕ ਵੈਸਨੋ.

(ਮਹਮਾ ਪ੍ਰਕਾਸ਼)

੫. ੧ ੨. ਕਿਸੇ ਦੇ ਦੁੱਖ ਨੂੰ ਅਨੁਭਵ ਕਰਕੇ ਦਿਲ ਦੇ ਦ੍ਰਵਣ (ਚਲਣ) ਦਾ ਭਾਵ.

੬. ਕ਼ਾਰੂਰਾ ਮਿਲਣਾ: ਭਾਵ- ਗਾੜ੍ਹੀ ਮਿਤ੍ਰਤਾ ਹੋਣੀ. ਆਚਾਰ ਸੁਭਾਉ ਆਦਿ ਦਾ ਮੇਲ ਹੋਣਾ.

੩੨੩- ੧. ਕਾਰੰਭਾ: ਸੰ. कारम्भा. ਪ੍ਰਿਯੰਗੁ, ਇੱਕ ਖ਼ੁਸ਼ਬੂਦਾਰ ਬੇਲ। ੨. ਮਘ ਪਿੱਪਲੀ.

੨. ਕਾਲਸ ਦਾ ਟਿੱਕਾ: ਦੇਖੋ, ਕਾਲਕ ਟਿੱਕਾ.

੩. ਕਾਲਕ ਟਿੱਕਾ: ਕਾਲਸ ਦਾ ਤਿਲਕ. ਭਾਵ- ਕਲੰਕ ਦਾ ਦਾਗ. "ਕਾਲਕ ਟਿੱਕਾ ਪਰਤਿਯ ਹਰਣਾ." (ਭਾਗੁ)

੪. ਕਾਲ ਕੜਛੀ: ਸੰ. ਕਾਲਿਕਾ. ਸ਼ਜਾਮਾ. ਝਾਂਪਲ. Turdus macrourus.

੫. "ਗੁਰਮਤ ਸਤਿ ਕਰ ਕਾਲਕੂਰ ਅੰਮ੍ਰਿਤ ਹੈ." (ਭਾਗੁ- ਕ)

੬. ਕਾਲ ਕੋਠਰੀ, ਕਾਲ ਕੋਠੜੀ: ਹਨੇਰੀ ਕੋਠੜੀ, ਜੇਲ ਦੀ ਉਹ ਕੋਠੜੀ. ਜਿਸ ਵਿੱਚ ਚਾਨਣ ਨਹੀਂ ਹੁੰਦਾ, ਇਸ ਵਿੱਚ ਸੰਗੀਨ ਕੈਦੀਆਂ ਨੂੰ ਇੱਕਲਿਆਂ ਰੱਖਿਆ ਜਾਂਦਾ ਹੈ। (Solitary imprisonment). । ੨. ਕਲਕੱਤੇ ਦੀ ਉਹ ਤੰਗ ਕੋਠੜੀ ਜਿਸ ਵਿੱਚ ਨਵਾਬ ਸ਼ਿਰਾਜੁੱਦੌਲਾ ਨੇ ਸਨ ੧੭੫੬ ਵਿੱਚ ੧੪੬ ਅੰਗ੍ਰੇਜ਼ ਕੈਦ ਕਰ ਲਿੱਤੇ ਸਨ. ਇਨ੍ਹਾਂ ਵਿਚੋਂ ਇੱਕੋ ਰਾਤ ੧੨੩ ਮਰ ਗਏ. Black Hole of Calcutta.

੭. ਕਾਲਖ ਬਿਹੰਡ: ਵਿ- ਪਾਪ ਦੋਸ਼ ਕਲੰਕ ਨਾਸ਼ਕ. "ਕਾਲਖ ਬਿਹੰਡ ਕਿਲਬਿਖ ਹਰਣ."(ਗਜਾਨ)

੮. ਇਹ ਤੜਕੇ ਠੀਕ ਸਮੇਂ ਸਿਰ ਬੋਲਦਾ ਹੈ, ਇਸ ਲਈ ਇਹ ਨਾਉਂ ਹੈ.

੯. ਕਾਲਜਾ: ਕਲੇਜਾ. ਜਿਗਰ. ਦੇਖੋ, ਕਰੇਜਾ। ੨. ਇਹ ਸ਼ਬਦ ਦਿਲ ਅਤੇ ਮੇਦੇ ਦਾ ਅਰਥ ਭੀ ਰਖਦਾ ਹੈ, ਜਿਵੇਂ- ਉਸ ਨੇ ਕੁਬੋਲ ਬੋਲ ਕੇ ਮੇਰਾ ਕਾਲਜਾ ਸਾੜ ਸੁੱਟਿਆ ਹੈ, ਅਤੇ ਨਿਰਨੇ ਕਾਲਜੇ ਪੈਂਡੇ ਨਹੀਂ ਤੁਰਣਾ ਲੋੜੀਂਦਾ. ਦੇਖੋ, ਨਿਰਨਾ ੨.

੧੦. ਕਾਲਨੁਜਾ ਪਤਿ: ਯਮੁਨਾ ਦੇ ਪਤਿ, ਕ੍ਰਿਸ਼ਨ ਜੀ. (ਸਨਾਮਾ)

੧੧. ਸ਼ਤਪਥ ਬ੍ਰਾਹਮਣ ਵਿੱਚ ਇਉਂ ਲਾਇਆ ਹੈ- ੧੫ ਪ੍ਰਾਣ ਦਾ ਇਦਾਨੀ. ੧੫. ਇਕਾਨੀ ਦਾ ਏਤਹਿਂ ੧੫. ਏਤਹਿਂ ਦਾ ਛਿਪ੍ਰ. ੧੫. ਛਿਪ੍ਰ ਦਾ ਮੁਹੂਰਤ. ੩੦ ਮੁਹੂਰਤ ਦਾ ਰਾਤ ਦਿਨ.

੧੨. ਤੰਤ੍ਰ ਸ਼ਾਸਤ੍ਰ. ਅਨੁਸਾਰ ਨਵ ਦੁਰਗਾ ਵਿੱਚੋਂ ਇਕ ਭੇਦ, ਦੇਖੋ, ਨਵ ਦੁਰਗਾ, "काल रात्रिर्महा रात्रिर्मोहरात्रिश्च दारुणा. " (ਮਾਰਕੰਡੇਯ ਪੁਰਾਣ, ਅਃ ੮੨)

੧. कृष्णासार. ਕਾਲਾ ਰਰਿਣ. ਗ਼ਜ਼ਾਲ. (Antilope Cervicapral). । ੨.

੨. ਕਾਲਾਨੁਜਾ: ਕਾਲ (ਯਮ) ਦੀ ਅਨੁਜਾ (ਛੋਟੀ ਭੈਣ) ਜਮਨਾ.

੩. । ੩. ਨਰਵਰ (ਨਲਪੁਰ) ਅਤੇ ਉਜੈਨ ਦੇ ਵਿਚਕਾਰ ਇੱਕ ਨਗਰ.

੪. ਮਾਰਕੰਡੇਯ ਪੁਰਾਣ ਅਨੁਸਾਰ ਯੁੱਧ ਸਮੇਂ ਦੁਰਗਾ ਦੇ ਮੱਥੇ ਵਿੱਚੋਂ ਪ੍ਰਗਟੀ ਭਯੰਕਰ ਦੇਵੀ, ਜਿਸ ਨੇ ਦੈਂਤਾਂ ਦਾ ਲੋਹੂ ਪੀਤਾ. ਕਾਲੀ ਦੇ ਉਪਾਸਕਾਂ ਨੇ ਅਨੇਕ ਮੰਦਿਰ ਪੂਜਾ ਲਈ ਬਣਾਏ ਹਨ ਪਰ ਸਭ ਤੋਂ ਪ੍ਰਸਿੱਧ ਕਲਕੱਤੇ ਵਿੱਚ ਕਾਲੀ ਬਾੜੀ ਦਾ ਮੰਦਿਰ ਹੈ, ਜਿਸ ਦੀ ਬਲੰਦੀ ੯੦ ਫ਼ੁਟ ਅਤੇ ਚਾਰੇ ਬਾਹੀਆਂ ੭੫- ੭੫ ਫੁਟ ਦੀਆਂ ਹਨ. ਇਹ ਆਦਿ ਗੰਗਾ ਦੇ ਕਿਨਾਰੇ ਬਾਰੀਸਾਲ ਦੇ ਚੌਧਰੀ ਵੰਸ਼ ਨੇ ਸਨ ੧੮੦੯ ਦੇ ਕਰੀਬ ਬਣਾਇਆ ਹੈ. ਆਖਿਆ ਜਾਂਦਾ ਹੈ ਕਿ ਇਹ ਕਾਲੀ ਦੇ ਪ੍ਰਾਚੀਨ ਮੰਦਿਰ ਦੇ ਥਾਂ ਉਤੇ ਹੀ ਬਣਾਇਆ ਗਿਆ ਹੈ, ਜੋ ਸਤੀ ਦੇ ਸੱਜੇ ਪੈਰ ਦੇ ਅੰਗੂਠਾ ਡਿਗਣ ਦੇ ਥਾਂ ਸ਼ਾਕ੍ਰਿਕਾਂ ਵਲੋਂ ਉਸਾਰਿਆ ਗਿਆ ਸੀ. ਇਸ ਮੰਦਿਰ ਅੰਦਰ ਤਿੰਨ ਨੇਤ੍ਰਾਂ ਵਾਲੀ ਭਯੰਕਰ ਕਾਲੀ ਦੀ ਸਿਆਹ ਮੂਰਤੀ ਹੈ, ਜਿਸ ਦੀਆਂ ਅੱਖਾਂ, ਭੌਹਾਂ, ਮੂੰਹ ਤੋਂ ਬਾਹਰ ਲਟਕਦੀ ਜੀਭ, ਸੋਨੇ ਦੀਆਂ ਹਨ, ਦੁਰਗਾ ਪੂਜਾ ਦੇ ਦਿਣੀਂ (ਚੇਤ ਅਤੇ ਅੱਸੂ ਦੇ ਨਵ- ਰਾਤ੍ਰ ਸਮੇਂ) ਬੱਕਰੇ ਝੋਟੇ ਬਲਿਦਾਨ ਕੀਤੇ ਜਾਂਦੇ ਹਨ, "ਦੈਤਨ ਕੇ ਵਧ ਕਰਨ ਕੋ, ਨਿਜ ਭਾਲ ਤੇ ਜ੍ਵਾਲ ਕੀ ਲਾਟ ਨਿਕਾਸੀ। ਕਾਲੀ ਪ੍ਰਤੱਛ ਭਈ ਤਿਹ ਤੇ, ਰਨ ਫੈਲ ਰਹੀ ਭਯ ਭੀਰੁ ਪ੍ਰਭਾ ਸੀ." × × × ×

੫. ਕਾਲੁ ਕੁਮਾਰ: ਬਾਬਾ ਕਾਲੂ ਜੀ ਦੇ ਸੁਪੁਤ੍ਰ ਗੁਰੂ ਨਾਨਕ ਦੇਵ ਸ੍ਵਾਮੀ. ਦੇਖੋ, ਕੁਮਾਰ ੨.

੬. ਕਾਲੇ ਵਾਲ: ਲਿੰਗ ਅਤੇ ਭਗ ਦੇ ਆਸ ਪਾਸ ਦੇ ਰੋਮ ਮੁਯੇ ਜ਼ਿਹਾਰ. Pubes.

੧. । ੬. ਭਾਵੇਂ. ਜਾਹੋ. ਯਦਿ. "ਕਿਆ ਬਗੁ ਬਪੁੜਾ ਛਪੜੀ. ਨਾਇ." (ਧਨਾ ਮਃ ੧)

੨. ਇਸ ਤੁਕ ਦਾ ਅਰਥ ਗਜਾਨੀ ਪਹਿਲੇ ਅੰਕ ਅਨੁਸਾਰ ਭੀ ਕਰਦੇ ਹਨ. ਭਾਈ ਨੰਦ ਲਾਲ ਜੀ ਭੀ ਲਿਖਦੇ ਹਨ- "ਦਰ ਹਰ ਦੋ ਕੌਨ ਗਰਦਨੇ ਓ ਸਰ ਬਲੰਦ ਸ਼ੁਦ."(ਦੀਗੋ)

੧. ਮਾਤਾ ਗੰਗਾ ਜੀ ਦਾ ਪਿਤਾ.

੨. ਕਿਸਵਾ: ਕਾਬੇ ਦਾ ਉਛਾੜ. ਦੇਖੋ, ਕਾਬੇ ਦਾ ਫੁਟ ਨੋਟ.

੩. ਕਿੰਡਰ ਗਾਰਟਨ: ਦੇਖੋ, ਜਾਪਾਨ.

੩੨੯- ੧. ਕਿਮਾਰ ਬਾਜ਼ੀ: ਜੂਆ ਖੇਡਣ ਦੀ ਕ੍ਰਿਯਾ. Gambling.

੨. ਇਹ ਮਲਯ (ਮਲਬਾਰ) ਭਾਸ਼ਾ ਦਾ ਸ਼ਬਦ ਹੈ.

੩੩੦- ੧. ਕਿਰਮਾਨ: ਈਰਾਨ ਦਾ ਇੱਕ ਸੂਬਾ ਤੇ ਸ਼ਹਿਰ. "ਕਾਬਲੀ ਕੰਧਾਰੀ ਔ ਮਲੇਛ ਕਿਰਮਾਨ ਕੋਂ."(ਗੁਪ੍ਰਸੂ)

੨. ਕਿਰਣ- ਮਾਲਾ. ਕਰਮਾਲੀ. ਸੂਰਜ। ੨. ਕ੍ਰਿਮਿਆਲਯ. ਕੀੜਿਆਂ ਦੀ ਖੁੱਡ (ਭੌਣ).

੩. ਦੇਖੋ, ਜ਼ਮਾਨ ਸ਼ਾਹ.

੪. ਅੰ. Fort. Citadel. ਕਿਲੇ ਦੋ ਤਰ੍ਹਾਂ ਦੇ ਹੁੰਦੇ ਹਨ, ਇੱਕ ਤਾਂ ਜੰਗੀ, ਜਿਨ੍ਹਾਂ ਵਿੱਚ ਤੋਪ ਆਦਿ ਸ਼ਸਤ੍ਰ ਅਤੇ ਫ਼ੌਜ ਰਹਿੰਦੀ ਹੈ, ਅਰ ਜੰਗ ਲਈ ਬਹੁਤ ਦ੍ਰਿੜ੍ਹ ਬਣਾਏ ਜਾਂਦੇ ਹਨ, ਦੂਜੇ ਮਹਾਰਾਜਿਆਂ ਦੇ ਰਹਿਣ ਦੇ ਕਿਲੇ, ਜਿਨ੍ਹਾਂ ਵਿੱਚ ਰਣਵਾਸ ਭੀ ਹੋਂਦਾ ਹੈ, ਅਤੇ ਇਹ ਕਿਲੇ ਆਬਾਦੀ ਨਾਲ ਘਿਰੇ ਹੋਏ ਹੋਇਆ ਕਰਦੇ ਹਨ.

੧. ਪੰਜਾਬੀ ਵਿੱਚ ਇਸੇ ਤੋਂ ਕੀਕਣ ਸ਼ਬਦ ਹੈ.

੨. ਕੀਕਣ: ਕਿਸ ਪ੍ਰਕਾਰ. ਕਿੱਕੂੰ। ੨. ਇਕ ਨੀਚ ਜਾਤੀ. ਦੇਖੋ, ਕੀਕਸ਼.

੩. ਕੀਮਖ਼ਾਬ: ਦੇਖੋ, ਕਮਖ਼ਾਬ.

੪. । ੩. ਕਰੁਣ (ਨੇਂਬੂ) ਦੀ ਥਾਂ ਭੀ ਇਹ ਸ਼ਬਦ ਭਾਈ ਸੰਤੋਖ ਸਿੰਘ ਨੇ ਵਰਤਿਆ ਹੈ.

੫. । ੩. ਕੀਰਤਨ ਸੋਹਿਲੇ (ਆਰਤੀ ਸੋਹਿਲੇ) ਦਾ ਨਾਮ ਭੀ ਕੀਰਤਨ ਆਇਆ ਹੈ, ਯਥਾ- "ਕੀਰਤਨ ਪੜ੍ਹੇ ਬਿਨਾ ਜੋ ਸੋਵੈ."

(ਤਨਾਮਾ)

੬. ਕੀਰਤਨ ਦੀਆਂ ਚਾਰ ਚੌਕੀਆਂ: ਦੇਖੋ, ਚਾਰ ਚੌਂਕੀਆਂ.

੧. ਮ੍ਰਿਤਕ ਸੰਸਕਾਰ ਸਮੇਂ ਭੀ ਇਸ ਦਾ ਪਾਠ ਹੋਂਦਾ ਹੈ. ਦੇਖੋ, ਸੋਹਿਲਾ ੩.

੨. ਕੁਆਰਾ ਡੋਲਾ: ਇਹ ਸੰਕੇਤ ਮਾਤਾ ਸਾਹਿਬ ਦੇਵੀ ਜੀ ਲਈ ਹੈ, ਕਿਉਂਕਿ ਉਨ੍ਹਾਂ ਦੀ ਅਵਸਥਾ ਬ੍ਰਹਮਚਰਯ ਵਿੱਚ ਬੀਤੀ ਹੈ.

੩. ਕੁਇ: ਕੋਈ. "ਕੁਇ ਵੀਰ ਸਨਮੁਖ ਨਾ ਭਯੋ." (ਸਲੋਹ)

੧. ਭਰਤ ਅਤੇ ਸ਼ਤ੍ਰੁਘਨ ਦਾ ਸਹੁਰਾ.

੨. ਸੰ. कुष्माण्ड. ਪੇਠਾ। ੨

੩. ਆਲਿਮ. "ਬੋਲੇ ਬਹੁਰ ਕੁਸ਼ਲ ਜੇ ਕਾਸ਼ੀ." (ਨਾਪ੍ਰ)

੪. ਕੁਸ਼ੀਲ: ਕਰੜੇ ਸੁਭਾਉ ਵਾਲਾ.

"ਕਾਲੂ ਕੋ ਕੁਸ਼ੀਲ ਪਹਿਚਾਨਹਿ."(ਨਾਪ੍ਰ)

੫. ਕੁਸੁਮਾਕਰ: ਸੰ. ਸਗਜਾ- ਵਸੰਤ ਰੁੱਤ. ਬਹਾਰ. "ऋतूनां कुसुमाकरः" (ਗੀਤਾ, ਅਃ ੧੦, ਸਃ ੩੫)

੬. ਇਸ ਦਾ ਧੂਪ ਅਨੇਕ ਰੋਗਾਂ ਦੇ ਸੂਖਮ ਕੀੜਿਆਂ ਨੂੰ ਨਾਸ਼ ਕਰਦਾ ਹੈ.

੩੩੬- ੧. ਕੁਚਲਣਿ: ਬੁਰੇ ਚਾਲ ਚਲਨ ਵਾਲੀ। ੨. ਅੜੀ ਨਾਲ ਤੁਰਣ ਵਾਲੀ. ਬਦ ਲਗਾਮ. "ਬੜਵਾ ਤੇਜ ਕੁਚਲਣਿ ਕੁਢਗਿ." (ਗੁਪ੍ਰਸ)

੨. ਕੁਚੜਾਇ: ਕੁਚਲਿਆ ਜਾਂਦਾ ਹੈ. "ਮੁੰਗਲੀਏ ਕੁਚੜਾਇ." (ਮਃ ੧. ਬੰਨੋ)

੩. "ਕਹੂੰ ਨ ਆਦਰ ਲਹੈ ਕੁਚਾਰਾ."

੧. "ਕੁਟਿ ਕੁਇ ਬਧਾ ਪਾਇ." (ਮਃ ੧, ਵਾਰ ਮਾਝ)

੨. । ੩. ਸੰ. कुट्ट. ਧਾ. ਛੇਦਨਾ. ਕੱਟਣਾ. ਤਪਾਉਣਾ. ਨਿੰਦਣਾ.

੩. । ੩. ਦੁਖੀ ਕਰਨ ਵਾਲਾ। ੪. ਨਿੰਦਕ.

੪. । ੨. ਅੰਬ ਡੇਲੇ ਆਦਿ ਦੇ ਚੂਰੇ ਦਾ ਆਚਾਰ.

੧. ਅਨਾਰਕਲੀ ਦੇ ਬਾਜ਼ਾਰ ਵਿੱਚ ਇੱਕ ਦੁਕਾਨ ਅੰਦਰ ਇਸ ਦੀ ਮਾਮੂਲੀ ਕ਼ਬਰ ਵੇਖੀ ਜਾਂਦੀ ਹੈ.

੨. ਕੁਤਬੁੱਦੀਨ ਖ਼੍ਵਾਜਾ: ਇੱਕ ਪ੍ਰਸਿੱਧ ਸੰਤ, ਜਿਸ ਦਾ ਪੂਰਾ ਨਾਉਂ ਹੈ- ਖ਼੍ਵਾਜਾ ਕੁਤ਼ਬੁੱਦੀਨ ਬਖ਼ਤਯਾਰ ਕਾਕੀ. ਇਹ ਉਸ (ਫ਼ਰਗ਼ਾਨ) ਵਿੱਚ ਜੰਮਿਆ ਅਤੇ ਸੁਲਤਾਨ ਸ਼ੱਮਸੁਦੀਨ ਅਲਤਮਸ਼ ਦੇ ਵੇਲੇ ਸਨ ੧੨੩੫ ਵਿੱਚ ਦਿੱਲੀ ਮੋਇਆ.

ਇਸ ਦਾ ਮਕ਼ਬਰਾ ਕੁਤਬ ਮੀਨਾਰ ਤੋਂ ਇੱਕ ਮੀਲ ਦੱਖਣ ਪੱਛਮ ਹੈ.

੩. ਕੁੰਤ: ਸੰਗਜਾ- ਬਰਛੀ. ਨੇਜਾ। ੨. ਸੱਬਲ. ਗੰਧਾਲਾ। ੩. ਕੁਦਾਲ.

੪. ਦਰਵਾਸਾ ਰਿਖੀ ਨੇ ਕੁੰਤੀ ਨੂੰ ਦੇਵਤਿਆਂ ਦੇ ਆਵਾਹਨ ਦਾ ਮੰਤ੍ਰ ਸਿਖਾਇਆ ਸੀ. ਦੇਖੋ, ਪਾਂਡਵ.

੧. । ੨. ਕੁ (ਬੁਰੀ) ਨਿੰਦਾ. ਅਣਹੋਣੀ ਗੱਲ ਆਖ ਕੇ ਨਿੰਦਾ ਕਰਣ ਦਾ ਭਾਵ, ਜਿਵੇਂ- ਯਤੀ ਨੂੰ ਵਿਭਚਾਰੀ, ਉਦਾਰ ਨੂੰ ਕ੍ਰਿਪਣ, ਉਪਕਾਰੀ ਨੂੰ ਅਪਕਾਰੀ ਆਖਣਾ.

੨. ਸੰਗਜਾ- ਕੋਪ. ਗੁਸਾ. ਕ੍ਰੋਧ. "ਕੁਪਕੈ ਤਿਨ ਮੇਘ ਵਿਚਾਰ ਰਏ."(ਕ੍ਰਿਸ਼ਨਾਵ)

੩. ਕੁਪੱਤ: ਪਤ ਉਤਾਰਣ ਦਾ ਭਾਵ. ਬੇਇੱਜ਼ਤੀ. ਨਿਰਾਦਰ.

੪. ਕੁਪੁਤ: ਦੇਖੋ, ਕੁਪੁਤ੍ਰ। ੨. ਕੁ (ਪ੍ਰਿਥਵੀ) ਦਾ ਪੁੱਤ, ਭੌਮਾਸੁਰ. "ਕੁਪਿਤ ਕੁਪਤ ਪੁਰ ਕਰੇ ਹੈਂ ਕੁਪਤਿ ਕੂਰ, ਹਰ ਹਰਿ ਹਹਿਰੇ ਜਜੋਂ ਹੋਰ ਮ੍ਰਿਗ ਸਿੰਘ ਕੋ." (ਗੁਪ੍ਰਸੂ) ਕੋਪਿਤ (ਗੁੱਸੇ) ਹੋ ਕੇ ਕੁ (ਪ੍ਰਿਥਵੀ ਦੇ) ਪੁੱਤ ਦੇ ਪੁਰ (ਪ੍ਰਾਗ ਜਯੋਤਿਸ਼ ਪੁਰ) ਵਿੱਚ ਕਰ ਦਿੱਤੇ ਕੁ (ਪ੍ਰਿਥਵੀ) ਦੇ ਪਤਿ (ਰਾਜੇ) ਕੂਰ (ਕਾਯਰ) ਦੇਖ ਕੇ ਹਰਿ (ਕ੍ਰਿਸ਼ਨ) ਨੂੰ ਉਹ ਇਉਂ ਕੰਬੇ, ਜਿਵੇਂ ਸ਼ੇਰ ਨੂੰ ਵੇਖ ਕੇ ਮ੍ਰਿਗ.

੫. ਤੰਤ੍ਰ ਸ਼ਾਸਤ੍ਰ ਦੀ ਦੱਸੀ ਹੋਈ ਸ਼ਾਵਰ ਮੰਤ੍ਰਾਂ ਦੀ ਬਾਣੀ, ਜਿਸ ਦਾ ਕੋਈ ਅਰਥ ਨਹੀਂ, ਅਤੇ ਉਣ, ਉਣ, ਮੁਣ, ਮੁਣ ਆਦਿ ਅਨਮੋਲ ਅੱਖਰ ਹਨ.

੬. ਕੁਬਾਦ: ਨਿੰਦਿਤ ਵਾਦ (ਚਰਚਾ). "ਕਰਹੀਂ ਸ਼ਾਸਤ੍ਰਨ ਵਿਪ੍ਰ ਕੁਬਾਦਾ. (ਨਾਪ੍ਰ)

੭. ਬ੍ਰਹਮਾ ਨੇ ਕੁਬੇਰ ਨੂੰ ਪੁਸਪਕ ਵਿਮਾਨ ਸਵਾਰੀ ਲਈ ਦਿੱਤਾ ਅਤੇ ਵਿਸ਼ਵਾ ਨੇ ਲੰਕਾਪੁਰੀ ਰਹਿਣ ਲਈ ਨਿਯਤ ਕੀਤੀ. ਕੁਬੇਰ

ਦੀ ਸਭਾ ਦਾ ਨਾਉਂ ਵੈਸ਼੍ਰਵਣੀ ਹੈ, ਜਿਸ ਵਿੱਚ ਹਰ ਵੇਲੇ ਰਾਗ ਰੰਗ ਹੋਂਦਾ ਰਹਿੰਦਾ ਹੈ. ਕੁਬੇਰ ਦੇ ਨਾਮ ਹਨ- ਸ਼੍ਰੀਦ, ਇੱਛਾ ਵਸੁ, ਨਰਵਾਹਨ, ਯਕ੍ਸ਼ੇਸ਼੍ਵਰ ਧਨਦ, ਅਨਕਾਧਿਪ, ਜਟਾਧਰ, ਵੈਸ਼੍ਰਵਣ, ਕੁਹ.

੮. ਕੁੱਬੇ ਦੇ ਲੱਤ ਸੂਤ ਆਉਣੀ: ਨਾੜ ਵਿੱਚ ਵਲ ਪੈਣ ਤੋਂ ਇੱਕ ਆਦਮੀ ਕੁੱਬਾ ਹੋ ਗਿਆ, ਉਸ ਦੀ ਕਿਸੇ ਆਦਮੀ ਨਾਲ ਕਿਸੇ ਗੱਲ ਤੋਂ ਲੜਾਈ ਹੋ ਪਈ. ਹੱਥੋ ਪਾਈ ਵਿੱਚ ਕੁੱਬੇ ਦੀ ਕਮਰ ਵਿੱਚ ਅਜੇਹੀ ਲੱਤ ਵੱਜੀ ਕਿ ਕੁਬੜਾਪਨ ਦੂਰ ਹੋ ਗਿਆ. ਇਹ ਅਖਾਣ ਉੱਥੇ ਵਰਤੀਂਦਾ ਹੈ ਜਿੱਥੇ ਕਿਸੇ ਹਾਨੀਕਾਰਕ ਕ੍ਰਿਯਾ ਤੋਂ ਸੁਤੇ ਹੀ ਲਾਭ ਹੋ ਜਾਵੇ। ੨. ਇਸ ਕਹਾਣ ਨੂੰ ਕੁਬਜਾ ਦੀ ਕਥਾ ਤੇ ਭੀ ਵਰਤਦੇ ਹਨ. ਦੇਖੋ, ਕੁਬਜਾ ੨.

੧. "ਨਮੋ ਗੁਰੁ ਨਾਨਕ ਕਾਲੂ ਕੁਮਾਰ." (ਨਾਪ੍ਰ)

੨. ਕੁਮਾਰਿਆਂ ਦਾ ਰਾਹ: ਕਹ੍ਕਸ਼ਾਨ. Milky way. Galaxy.

੩. । ੪. ਵਰਾਹ ਅਵਤਾਰ.

੪. । ੫. ਇੱਕ ਨਾਗ. ਦੇਖੋ, ਕੁਮੁਦਵਤੀ

੩੪੨- ੧. ਕੁਮੇਦਾਨ: ਅੰ. Commandant. ਸਿੰਘ ਸਾਹਿਬ (ਰਣਜੀਤ ਸਿੰਘ) ਦੀ ਫ਼ੌਜ ਵਿੱਚ ਇਹ ਸ਼ਬਦ ਕਰਨੈਲ ਦੀ ਥਾਂ ਵਰਤਿਆ ਜਾਂਦਾ ਸੀ.

੨. । ੨. ਨਸ਼ੇ, ਵਿਸ਼ੇ ਆਦਿਕਾਂ ਦਾ ਉਹ ਮੋਦ (ਆਨੰਦ), ਜਿਸ ਦਾ ਫਲ ਸ਼ੋਕ ਹੋਵੇ.

੩. ਕੁਮ੍ਰਿਤੁ: ਕੁ- ਮ੍ਰਿਤ੍ਯੁ. ਅਪਮ੍ਰਿਤ੍ਯ. ਕੁਮੈਤ. ਬੁਰੀ ਮੌਤ.

੪. ਤੁਜ਼ਕੇ ਬਾਬਰੀ ਵਿੱਚ ਕੋਟਨਿਸ਼ ਦਾ ਤਰੀਕਾ ਦੱਸਿਆ ਹੈ- ਨੌ ਵਾਰ ਗੋਡਿਆਂ ਪਰਨੇ ਹੋ ਕੇ ਮੱਥਾ ਜ਼ਮੀਨ ਨਾਲ ਲਾਉਣਾ. ਆਈਨੇ ਅਕਬਰੀ ਵਿੱਚ- ਸੱਜਾ ਹੱਥ ਮੱਥੇ ਤੇ ਰੱਖ ਕੇ ਸਿਰ ਝੁਕਾ ਦੇਣਾ ਕੁਰਨਿਸ਼ ਹੈ.

੫. ਕੁਰਬਤੀ: ਨਿਕਟਵਰਤੀ। ੨. ਨੇੜੇ ਦਾ. ਦੇਖੋ, ਕੁਰਬਤ.

੬. ਵੇਦਾਂ ਵਾਕਰ ਕੁਰਾਨ ਭੀ ਪਹਿਲਾਂ ਸਾਰਾ ਲਿਖਿਆ ਨਹੀਂ ਗਿਆ ਸੀ, ਕਿੰਤੁ, ਹਾਫ਼ਿਜ਼ਾਂ ਦੇ ਕੰਠ ਸੀ, ਕੁਝ ਪੱਤਿਆਂ, ਪੱਥਰ ਆਦਿਕਾਂ ਤੇ ਲਿਖਿਆ ਹੋਇਆ ਸੀ. ਖ਼ਲੀਫ਼ਾ ਅਬੂ ਬਕਰ ਨੇ ਉਮਰ ਦੀ ਸਲਾਹ ਨਾਲ ਲੋਕਾਂ ਨੂੰ ਇਕੱਠੇ ਕਰਕੇ ਕੁਰਾਨ ਕਲਮਬੰਦ ਕੀਤਾ. ਇਸ ਦਾ ਪਹਿਲਾ ਲਿਖਾਰੀ ਜ਼ੈਦ ਸੀ. ਜੋ ਮੁਹੰਮਦ ਸਾਹਿਬ ਵੇਲੇ ਕੁਰਾਨ ਦਾ ਬਹੁਤ ਹਿੱਸਾ ਕੰਠ ਕਰ ਚੁੱਕਿਆ ਸੀ.

੭. । ੫. ਪੰਜਾਬੀ ਵਿੱਚ ਕੱਤੇ ਦੇ ਬੁਲਾਣ ਅਤੇ ਤਾਹੁਣ ਲਈ ਕਰੁ (ਕੁਰ) ਸ਼ਬਦ ਵਰਤਿਆ ਜਾਂਦਾ ਹੈ।

੧. । ੨. ਮਗਰਮੱਛ. ਨਾਕ੍ਰ.

੨. । ੨. ਕੁ- ਰੰਗ. ਨਿੰਦਿਤ. ਰੰਗ। ੩. ਭੱਦਾ ਰੰਗ. ਬਦ ਰੰਗ.

੩. ਫ਼ਕੀਰ ਆਪਣਾ ਚੇਲਾ ਬਣਾਉਣ ਵੇਲੇ ਕੁਲਾਹ (ਟੋਪੀ) ਪਹਿਰਾਉਂਦੇ ਹਨ. ਇੱਥੇ ਉਨ੍ਹਾਂ ਲੋਕਾਂ ਵੱਲ ਇਸ਼ਾਰਾ ਹੈ ਜੋ ਧਨ ਅਤੇ ਮਾਨ ਦੇ ਲਾਲਚ ਨਾਲ ਚੇਲੇ ਕਰਦੇ ਹਨ.

੪. ਕੁਲਾਰ: ਇੱਕ ਜੱਟ ਗੋਤ.

"ਝੀਵਰ ਲੋਕ ਘਮਾਰ ਕਲਾਰ."(ਗੁਵਿ ੧੦)

੫. ਜੋ ਕੁ (ਮਿੱਟੀ ਨੂੰ ਹੱਥਾਂ ਵਿੱਚ ਲਾਲਨ ਕਰਦਾ (ਖਿਡਾਉਂਦਾ) ਹੈ.

੬. ਕਾਸ਼ਮੀਰੀ ਬੋਲੀ ਵਿੱਚ ਇਸੇ ਦਾ ਰੂਪਾਂਤਰ ਕੁਰਾਲ ਹੈ.

੭. । ੭. ਸੰਗਯਾ- ਪਿੰਗਕ. ਗੌਰਾ. ਲਟੋਰਾ ਪੰਛੀ. "ਭ੍ਰਿੰਗ ਖਜਨ ਕੁਲਿੰਗ." (ਨਾਪ੍ਰ)

੮. ਕੁੱਲੂ ਦੇ ਇਲਾਕੇ ਦਾ ਹੁਣ ਪ੍ਰਧਾਨ ਅਸਥਾਨ "ਨਗਰ" ਹੈ, ਜਿੱਥੇ ਜ਼ਿਲੇ ਦਾ ਸਬ ਡਿਵੀਜ਼ਨ ਹੈ, ਅਤੇ ਕੁੱਲੂ ਦੀ ਤਸੀਲ ਸੁਲਤਾਨਪੁਰ ਹੈ.

ਮਹਾਰਾਜਾ ਰਣਜੀਤ ਸਿੰਘ ਨੇ ਸਨ ੧੮੦੯ ਵਿੱਚ ਕੁੱਲੂ ਦੇ ਰਾਜੇ ਅਜੀਤ ਸਿੱਘ ਨੂੰ ਆਪਣੇ ਅਧੀਨ ਕੀਤਾ ਸੀ.

੧. ਕੁੜਾਪਾ. ਕੁੜ੍ਹਨ ਦਾ ਭਾਵ. ਮੁਰਝਾਉ. ਸੋਕਾ.

੨. "ਤਬ ਕੁੜੀ ਨਾਰਿ ਚਿਤ ਰੋਸ ਠਾਨ." (ਕਲਕੀ)

੩. "ਆਪ ਦੇ ਕੰਮਾਂ ਵਿੱਚ ਮੈਂ ਕੁਛ ਨਾ ਕੂੰਆਂਗਾ." (ਜਸਾ) ਦੇਖੋ. ਅਕੂਅਣਾ.

੩੪੬- ੧. ਕੂਬਾ: ਕੁੱਬਾ. ਝੁਕਿਆ ਹੋਯਾ. 'ਤਕੈ ਸਿਸਤ ਹ੍ਵੈ ਕੂਬਾ." (ਗੁਪ੍ਰਸੂ)

੨. ਕੂਯ: ਫ਼ਾ. ਸੰਗਯਾ- ਕੂਚਾ. ਗਲੀ. "ਗਦਾਏ ਕਯੇ ਤੋਂ ਬਾਦਸ਼ਾਹੇ ਹਰਦੋ, ਸਰਾਸਤ." (ਦੀਗੋ)

੩. । ੮. ਨਿਸ਼ਫਲ (ਵਿਅਰਥ) ਲਈ ਭੀ ਕੂਰ ਸ਼ਬਦ ਵਰਤਿਆ ਹੈ- "ਖੜਗਵਾਰ ਪ੍ਰਹਾਰਜੋ ਲਯੋ ਸਿਪਰ ਪਰ ਕੀਨਸ (ਗਪ੍ਰਸੂ)। ੯. ਅ਼. ਕੂਰ, ਫ਼ਾਤਾ। ੧੦. ਫ਼ਾ, ਫੋਤਾ, ਅੰਡਕੋਸ਼। ੧੧. ਕਵਚ. ਜਿਰਹ. ਸੰਜੋਆ.

੪. ਕੂਰ ਕੂਰ: ਪੰਜਾਬੀ ਵਿਚ ਕੁੱਤੇ ਦੇ ਬੱਚੇ ਨੂੰ ਸੱਦਣ ਲਈ ਇਹ ਸ਼ਬਦ ਵਰਤੀਂਦਾ ਹੈ. "ਇਸ ਦਾ ਮੂਲ ਸੰਸਕ੍ਰਿਤ "ਕੁੱਕੁਰ" ਹੈ। ੨. ਅਪਮਾਨ ਅਤੇ ਬਦਨਾਮੀ ਦੇ ਅਰਥ ਵਿੱਚ ਭੀ ਇਹ ਬੋਲੀਦਾ ਹੈ. ਭਾਵ ਇਹ ਹੁੰਦਾ ਹੈ ਕਿ ਕੁੱਤੇ ਵਾਕਰ ਹਰ ਥਾਂ ਦੁਰ ਦੁਰ ਹੋਂਦੀ ਹੈ. ਜਿਵੇਂ- ਉਸ ਦੀ ਬਹੁਤ ਕੂਰ ਕੂਰ ਹੋਈ.

ਕੂਰਨੁ: ਕੁੱੜੇ ਵਿੱਚੋਂ ਦੇਖੋ, ਕੂਰ ੬,

੫. ਕੂਰਮਾਵਤਾਰ: ਦੇਖੋ, ਕੱਛਪ ਅਵਤਾਰ.

੬. । ੫. ਕੋਈ. ਵਿਰਲੇ. "ਗੁਰ- ਪਰਸਾਦੀ ਤਰਹਿਕੇ." (ਸਹਸ ਮਃ ੧)

੭. । ੭. ਅੰ. Case. ਮੁਕੱਦਮਾ। ੮. ਗਿਲਾਫ਼. ਕੋਸ਼। ੯. ਦਸ਼ਾ. ਹਾਲਤ.

੮. ਪੀਤਨ. ਦੀਪਕ. ਸੌਰਭ. ਰੁਚਿਰ. ਅ. ਜ਼ਅਫ਼ਰਾਨ. ਅੰ. Saffron. L. Crocus sativus.

੯. ਕਸ਼ਮੀਰ ਦੇ ਇਲਾਕੇ "ਵਾਨਤੂ ਅਤੇ "ਪਾਮਪੁਰ" ਨਗਰ ਦੇ ਪਾਸ ਦਸ ਬਾਰਾਂ ਕਹ ਦੇ ਰਕਬੇ ਵਿੱਚ ਕੇਸਰ ਦੀ ਬਿਜਾਈ ਹੋਂਦੀ ਹੈ. ਨਰਗਸ ਦੀ ਤਰ੍ਹਾਂ ਇਸ ਦੀਆਂ ਗੱਠੀਆਂ ਬੀਜੀਆਂ ਜਾਂਦੀਆਂ ਹਨ. ਕੁਸੁੰਭੇ ਦੇ ਫੁੱਲ ਵਾਂਙ ਇਸ ਦੇ ਫੁੱਲ ਹੋਂਦੇ ਹਨ. ਪਾਮਪੁਰ ਦੀਆਂ ਗਾਈਆਂ ਦਾ ਦੁੱਧ ਘੀ ਜ਼ਰਦ (ਪੀਲਾ) ਅਤੇ ਕੇਸਰ ਦੀ ਸੁਗੰਧ ਵਾਲਾ ਹੋਂਦਾ ਹੈ, ਕਿਉਂਕਿ ਉਹ ਕੇਸਰ ਦੇ ਬੂਟੇ ਚਰਦੀਆਂ ਹਨ. Saffron (Nyctonthesarbor Tristis).

੧੦. "ਕੇਸਵ ਚਲਤ ਕਰਹਿ ਨਿਰਾਲੇ."(ਮਾਰ ਸੋਲਹੇ ਮਃ ੫)

੧੧. ਕੇਸਵਾ: ਕੇਸਵ ਦਾ. ਦੇਖੋ, ਮਈਏ। ੨. ਸੰਬੋਧਨ. ਹੈ ਕੇਸ਼ਵ!

੧੨. । ੬. ਕੇਸੀ ਸ਼ਬਦ ਕੇਸਧਾਰੀ ਸਿੰਘ ਲਈ ਭੀ ਰਤਨਮਾਲਾ ਵਿੱਚ ਆਇਆ ਹੈ, ਜਿਵੇਂ- "ਜਾਂਤੇ ਕੇਸੀ ਹੋਇ ਸਿੱਖ."

੧੩. ਸੋ ਸਾਖੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਕੇਸ਼ੋਦਾਸ ਦਾ ਅਵਤਾਰ ਲਿਖਿਆ ਹੈ.

੩੪੭- ੧. ਕੇਹੋ: ਕੈਸਾ. ਕਿਸ ਤਰ੍ਹਾਂ ਦਾ.

੨. ਪੁਰਾਣ ਸਮੇਂ ਕਸ਼ਮੀਰ ਦਾ ਨਾਮ ਭੀ ਕੇਕਯ ਸੀ. ਅਤੇ ਇਸ ਦੀ ਰਾਜਧਾਨੀ ਰਾਜੌਰੀ (ਰਾਜਪੁਰੀ) ਸੀ.

੩. ਕਿਤਨੇ ਵਿਦ੍ਵਾਨਾਂ ਨੇ ਲਿਖਿਆ ਹੈ ਕਿ ਕੇਤਕੀ ਦਾ ਫੁੱਲ ਛੋਟਾ ਅਤੇ ਪਿਲੱਤਣ ਦੀ ਭਾਹ ਵਾਲਾ ਹੋਂਦਾ ਹੈ ਅਤੇ ਕੇਵੜੇ ਦਾ ਫੁੱਲ ਚਿੱਟਾ ਅਰ ਵੱਡਾ ਹੋਂਦਾ ਹੈ.

੪. "ਸ੍ਰੀ ਗੁਰੂ ਪਗ ਕੇਤਕਿ ਪੁਸ਼ਪ" (ਨਾਪ੍ਰ)

੫. ਕੇਤਨੀ: ਕੇਤੁ (ਝੰਡੇ) ਵਾਲ਼ੀ ਫ਼ੌਜ। ੨. ਕਿਤਨਾ ਦਾ ਇਸਤ੍ਰੀ ਲਿੰਗ.

੬. । ੩. ਆਵੇ ਅਥਵਾ ਭੱਠੇ ਦੀ ਤੱਤੀ ਸੁਆਹ (ਭਸਮ). "ਕੇਰੀ ਮੱਧ ਧਸਕ ਸੋ ਗਯੋ." (ਗੁਵਿ ੬)

੭. ਕੇਲਕ: ਸੰ. ਖਿਡਾਰੀ। ੨. ਨਚਾਰ.

੧. । ੪. ਕੰਟਕ (ਦੁਖਦਾਈ) ਲਈ ਭੀ ਇਹ ਸ਼ਬਦ ਵਰਤਿਆ ਹੈ. "ਐਂਡਾ ਕੈਂਡਾ ਬੇਨੜਾ, ਕਨਜਾ ਬੁਰਾ ਮਨਾਇ। ਵੇਮੁਖ ਇਨ ਸਭ ਤੇ ਬਚਾਂ ਫੂਲ ਸੰਪਦਾ ਆਇ." (ਸੌ ਸਾਖੀ ਅਤੇ ਗੁਪ੍ਰਸੂ) ਆਕੜਿਆ ਹੋਯਾ (ਅਹੰਕਾਰੀ), ਕੰਟਕ (ਦੁਖਦਾਈ), ਬਹੁਤ ਬੋਲਣ ਵਾਲਾ (ਬਕਵਾਦੀ) ਅਤੇ ਕਨਜਾ ਮਾਰਨ ਵਾਲਾ.

੨. ਭਾਈ ਸੰਤੋਖ ਸਿੰਘ ਜੀ ਕੈਥਲ ਬਾਬਤ ਵਾਲਮੀਕ[1206] ਦੇ ਅਨੁਵਾਦ ਦੇ ਅੰਤ ਲਿਖਦੇ ਹਨ-

"ਤੀਰ ਤੀਰ ਤੀਰਥ ਕੀ ਭੀਰ

ਬਰ ਪੀਰ ਹਰ

ਨੀਰ ਭਏ ਸੁੰਦਰ ਸੁਹਾਵਤ ਸੁਪਾਨ ਕੀ,

ਸਤ ਹੈਂ ਮਹੰਤ ਭਗਵਤੰ ਕੀ ਭਗਤਿਵੰਤ

ਅਤੰਕ ਕੋ ਅੰਤ ਕੋ ਨਾ ਪਾਇ ਪੀਰ ਪ੍ਰਾਨ ਕੀ,

ਪਰਮ ਪਵਿਤ੍ਰ ਹੈ ਵਿਚਿਤ੍ਰ ਦੇਵਤਾਨ ਬਲ

ਜਤ੍ਰ ਤਤ੍ਰ ਚਿਤ੍ਰ ਚਿਤ੍ਰ ਦੇਤ ਮਤਿ ਸਜਾਨ ਕੀ,

ਉਪਮਾ ਮਹਾਨ ਕੀ ਨਾ ਆਨ ਮੇ ਸਮਾਨ ਕੀ

ਪੁਰਾਨ ਮੇ ਪ੍ਰਮਾਨ ਕੀ ਸੁ ਕੈਥਲ ਸਥਾਨ ਕੀ."

੩. Kythal was a Cis- Sutlaj Sikh State which entered into treaty with the British Government in 1809.

The Chiefs of the Cis- Sutlaj States never dreamt when they entered into alliance with the British that their states would be annexed to the territory of the East India Company for want of heirs. For, according to the Hindu Law, they knew, they could always adopt heirs in the event of the failure of a progeny. This is exactly what the British interpreters of the Treaty would not admit. So when the Kythal Chief died, his State was annexed by Ellenborough. But this annexation was expressed by the euphemistic phrase "lapse". The State had not been originally granted to the Kythal Chief by the British that it could have "lapsed" to

---

[1206] ਭਾਵ-ਵਾਲਮੀਕਿ ਰਾਮਾਯਣ. (ਸੰਪਾਦਕ)

them.

(Extract from Rise of the Christian Power in India by Major B. D. Basu."

I. M. S. Page 852)

੪. ।੨. ਅਥਵਾ. ਜਾਂ. "ਕੇਧੋਂ ਫੇਰ ਲੀਨੋ ਹੈ ਅਨੰਗ ਅਵਤਾਰ." (ਸ਼ੇਖਰ)

੫. "ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮਣੇ." (ਚੰਡੀ ੩)

੬. ਕ੍ਰੈਬੋ: ਕ੍ਰਿ. ਕਰਨਾ. ਦੇਖੋ, ਸੂਰ ਕੌ ਬਾਲਕ.

੧. "ਅਸਿ ਪ੍ਰਵੇਸ਼ ਕਰ ਕੋਸ਼ ਮ

ਕ੍ਰਿਪਾ ਢਰੇ ਜੁਗ ਨੈਨ." (ਗੁਪ੍ਰਸ)

੨. "ਸਕਲ ਕੋਸ਼ ਮੇ ਜਮਾਂ ਕਰੀਜੈ."(ਗੁਪ੍ਰਸੂ)

੩. ਸਭ ਤੋਂ ਪਹਿਲਾਂ ਬੀ. ਸੀ. ੧੧੦੦ ਦੇ ਕਰੀਬ ਚੀਨੀਆਂ ਨੇ ਕੋਸ਼ ਲਿਖਿਆ ਹੈ.

੪. ।੨. ਫ਼ਾ. ਖੋਜਾ, ਜਿਸ ਦੀ ਠੋਡੀ ਤੇ ਦਾੜ੍ਹੀ ਦੇ ਬਹੁਤ ਥੋੜੇ ਰੋਮ ਹੋਣ. ਬੱਕਰੇ ਜੇਹੀ ਦਾੜ੍ਹੀ ਵਾਲਾ।

੫. ।੪. ਹਿੰਦੀ ਕੋਹਰ ਸ਼ਬਦ ਦਾ ਅਰਥ ਹੈ ਕੌੜ ਤੁੰਮਾ.

੬. "ਹੁਤੋ ਕੋਹਲੀ ਹਾੜੀ ਜਾਨ." (ਗੁਪ੍ਰਸੂ)

੭. ਕੋਹੀਆਂ ਬੁਤ ਪਰਸ੍ਰ." (ਜ਼ਫ਼ਰ)

੮. ।੭. ਹਿੰਦੀ. ਮਰੋੜ. ਪੇਂਚ. ਵਲ ਦੇਣਾ, ਜਿਵੇਂ- ਘੜੀ ਨੂੰ ਕੋਕਣਾ.

੯. ਤਜ਼ਕੇ ਬਾਬਰੀ ਵਿੱਚ ਇੱਕ ਅਦੁਤੀ ਹੀਰੇ ਦਾ ਰਾਜਾ ਬਿਕ੍ਰਮਾਜੀਤ ਗਵਾਲੀਅਰ ਪਤਿ ਤੋਂ ਹੁਮਾਯੂੰ ਨੂੰ ਸਨ ੧੫੨੬ ਵਿੱਚ ਮਿਲਣਾ ਲਿਖਿਆ ਹੈ, ਅਰ ਬਹੁਤ ਲੇਖਕਾਂ ਨੇ ਤੋਲ ਆਬ ਆਦਿ ਦੀ ਤੁਲਨਾ ਤੋਂ ਇਸ ਹੀਰੇ ਨੂੰ ਕੋਹਨੂਰ ਅਨੁਮਾਨ ਕੀਤਾ ਹੈ-

Bikeramjit, a Hindu, who was Raja of Gwalior, had governed that country for upwards of a hundred years. . . . . . . Bikeramjit's family and the heads of his clan, were at this moment in Agra. When Humaiun arrived, Bikermajit's people attempted to escape, but were taken by the parties which Humaiun had placed upon the watch, and put in custody. Humaiun did not permit them to be plundered. Of their own free will, they presented to Humaiun a peshkash, consisting of a quantity of jewels and precious stones. Among these was one famous diamond, which had been acquired by Sultan Alla- Uddin It is so valuable, that a judge of diamonds valued it at half of the daily expense of the whole world. It is about eight mishkals or 320 Ratties. On my arrival, Humaiun presented it to me as a Peshkash, and I gave it back to him as a present.

(Memoira of Babur Vol 8, Page 191).

੧੦. ਕੋਕੀ: ਸਿੱਧੀ. ਨਮਕੀਨ. ਪਰਾਉਂਠਾ. ਘੀ ਲਾ ਕੇ ਪਕਾਈ ਲੂਣ ਵਾਲੀ ਰੋਟੀ.

੧੧. ਕੋਟ ਕਪੂਰਾ ਲਾਹੌਰ ਤੋਂ ੯੬ ਮੀਲ ਹੈ. ਇਥੋਂ ਛੋਟੀ ਪਟੜੀ ਦੀ ਰੇਲ ਮੁਕਤਸਰ ਵਲ ਗੁਜ਼ਰਦੀ ਹੈ

੧੨. ਕੋਟਲਤਾ: ਕੁਟਿਲਤਾ. ਕੌਟਿਲਜ. ਟੇਢਾਪਨ. "ਕਰ ਕੋਟਲਤਾ ਸਭ ਸੁਧਤ ਹਾਨਜੋ." (ਗੁਪ੍ਰਸੂ)

੩੫੦- ੧. ਕੋਟੁ: ਦੁਰਗ. ਕਿਲਾ. "ਏਕ ਕੋਟੁ ਪੰਚ ਸਿਕਦਾਰਾ." (ਸੂਹੀ ਕਬੀਰ)। ੨. ਫ਼ਸੀਲ. ਸ਼ਹਰ ਪਨਾਹ. "ਖਾਈ ਕੋਟੁ ਨ ਪਰਲਿ ਪਗਾਰਾ." (ਭੈਰਉ ਕਬੀਰ)

੨. । ੫. ਅਕਾਲ ਬੁੰਗੇ ਸਾਹਿਬ ਉਹ ਕੋਠਾ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਨਿਵਾਸ ਹੋਂਦਾ ਹੈ.

੩. ਛੇਵੀਂ ਪਾਤਸ਼ਾਹੀ ਦੇ ਗੁਰ ਵਿਲਾਸ ਵਿੱਚ ਲਿਖਿਆ ਹੈ ਕਿ ਬਾਦਸ਼ਾਹ ਜਹਾਂਗੀਰ ਨੇ ਇਹ ਪਿੰਡ ਪ੍ਰਿਥੀਚੰਦ ਨੂੰ ਦਿੱਤਾ ਸੀ. ਦੇਖੋ, ਅਃ ੩, ਛੰਦ ੪੩- ੪੫.

੪. । ੩. ਢਲਵਾਣ ਵਾਲਾ. ਪਹਾੜੀ ਰਾਹ. Steep hill- pass। ੪. ਕਾਸ਼. ਕਬੂਤਰ.

੫. ਕੋਤਵਾਲੀ: ਕੋਤਵਾਲ ਦੀ ਕ੍ਰਿਯਾ। ੨. ਕੋਤਵਾਲ ਦੀ ਪਦਵੀ। ੩. ਕੋਤਵਾਲ ਦੇ ਬੈਠਣ ਦੀ ਥਾਂ. ਕੋਤਵਾਲ ਦੀ ਕਚਹਿਰੀ.

੬. ੩ ਭਾਈ ਮਨੀਸਿੰਘ ਦੇ ਗੁਰ ਵਿਲਾਸ ਅਨੁਸਾਰ ਚੋਟੀ (ਬੋਦੀ) ਰਹਿਤ ਨੂੰ ਕੋਨਾ ਆਖੀਂਦਾ ਹੈ. "ਕੋਨਾ ਕਹੈਂ ਜੁ ਬੋਦੀ ਹੀਨਾ."

੭. "ਕੋਪ ਕੈ ਚੰਡ ਪ੍ਰਚੰਡ ਚੜ੍ਹੀ." (ਚੰਡੀ ੧)

੮. ਕੋਫ਼ਤਾ ਖ਼ੁਸ਼ਕ ਅਤੇ ਤਰੀਦਾਰ ਦੋਹਾਂ ਤਰ੍ਹਾਂ ਦਾ ਹੋਇਆ ਕਰਦਾ ਹੈ.

੯. । ੧੫. ਫੁੱਲ ਦੀ ਕਲੀਂ (ਡੋਡੀ) ਲਈ ਭਾਈ ਸੰਤੋਖ ਸਿੰਘ ਜੀ ਨੇ ਕੋਰ ਸ਼ਬਦ ਵਰਤਿਆ ਹੈ.

੧੦. । ੪. ਅਮੀਰ ਦਾ ਕਵਚ (ਸੰਜੋਆ) ਰੱਖਣ ਵਾਲਾ ਨਫ਼ਰ. Armour bearer.

੧੧. Claude Anguste Court. ਇਸ ਦਾ ਫ੍ਰਾਂਸ ਵਿੱਚ ਸਨ ੧੭੯੩ ਵਿੱਚ ਜਨਮ ਹੋਇਆ. ਸਨ ੧੮੧੨ ਵਿੱਚ ਫ੍ਰਾਂਸ ਦੀ ਫ਼ੌਜ ਵਿੱਚ ਭਰਤੀ ਹੋਇਆ. ਸਨ ੧੮੧੮ ਵਿੱਚ ਨੌਕਰੀ ਛੱਡ ਕੇ ਕਈ ਥਾਈਂ ਫਿਰਦਾ ਰਿਹਾ. ਕੁਝ ਚਿਰ ਫ਼ਾਰਸ ਦੇ ਸ਼ਾਹ ਪਾਸ ਨੌਕਰੀ ਕੀਤੀ. ਸਨ ੧੮੨੭ ਵਿੱਚ

੧੨. ਮਹਾਰਾਜਾ ਨੇ ਇਸ ਦੀ ਦੋ ਹਜ਼ਾਰ ਰੁਪਯਾ ਮਹੀਨਾ ਨੌਕਰੀ ਕਰਕੇ ਤੋਪਖਾਨੇ ਦਾ ਜਰਨੈਲ ਥਾਪਿਆ.

੧੩. ਕੋਰਦਾਰ: ਵਿ- ਕਿਨਾਰੇਦਾਰ. ਜਿਸ ਦੀ ਧਾਰ ਅਥਵਾ ਕੂਣਾ (ਕੋਨਾ) ਸੁੰਦਰ ਘੜਿਆ ਗਿਆ ਹੈ. "ਕੋਰਦਾਰ ਜਟਤੀ ਸਮੁਦਾਇ." (ਗੁਪ੍ਰਸੂ) ਕੋਰਦਾਰ ਹੀਰੇ ਆਦਿ ਰਤਨਾਂ ਦੀ ਜੜਤ.

੧੪. । ੨. ਭਾਵ- ਉਹ ਆਦਮੀ ਜਿਸ ਤੇ ਸਤਸੰਗ ਅਤੇ ਉਪਦੇਸ਼ ਦਾ ਕੁਝ ਅਸਰ ਨਹੀਂ ਹੋਂਦਾ, ਦੇਖੋ, ਕੋਰੜ.

੧੫. ਦੇਖ, ਤੇਤੀਸ ਕੋਟਿ। ੨. ਕ੍ਰੋੜ. ਸੌ ਲੱਖ। ੩. ਭਾਵ- ਬੇਸ਼ੁਮਾਰ.

੧੬. । ੫. ਕੌੜੀ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ."ਅਬਲ ਪਿੰਗੁ ਕੌਰੀ ਪਤਿ ਹੋਈ." (ਨਾਪ੍ਰ)

੧. "ਕਵਿ ਕੋਵਿਦ ਜੇ ਸਭ ਹੀ ਮਨ ਮਾਨੇ."(ਨਾਪ੍ਰ)

੨. ਕੌਟਲਤਾ: ਕੁਟਿਲਤਾ. ਕੌਟਿਲਜ. ਟੇਢਾਪਨ। ੨. ਕਪਟ. ਛਲ.

ਕੌਟਿਲਜ: ਸੰ- ਸੰਗ੍ਯਾ- ਕੁਟਿਲ (ਟੇਢਾ) ਹੋਣ ਦਾ ਭਾਵ। ੨. ਕਪਟ. ਛਲ. । ੩. ਚਾਣਕ੍ਯ ਦਾ ਇੱਕ ਨਾਮ.

੩. ਕੌਮੀ ਗੀਤ: National Anthem. ਸਿੱਖ ਰਿਆਸਤਾਂ ਦਾ ਕੌਮੀ ਗੀਤ- "ਦੇਗ ਤੇਗ਼ੋ ਫ਼ਤਹ ਨੁਸਰਤ ਬੇਦਰੰਗ। ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ." ਹੈ, ਜਿਵੇਂ- ਅੰਗਰੇਜ਼ਾਂ ਦਾ God save the King. . . . . . . . ਕੌਮੀ ਗੀਤ ਹੈ.

੪. । ੯. ਕਲਕੀ ਅਵਤਾਰ ਦੀ ਸੱਸ. ਦੇਖੋ. ਕਲਕੀ.

੧. ਛੇਵੀਂ ਪਾਤਸ਼ਾਹੀ ਦੇ ਗੁਰੂ ਵਿਲਾਸ ਦੇ ਅੱਠਵੇਂ ਅਧ੍ਯਾਯ ਵਿੱਚ ਕੌਲਾਂ ਦਾ ਅਮ੍ਰਿਤਸਰ ਆਉਣਾ ਸੰਮਤ ੧੬੯੯ ਜੇਠ ੩. ਲਿਖਿਆ ਹੈ.

੨. ਕੌਲੰਸ਼: ਕੌਲ- ਈਸ਼. ਸ਼ਿਵ. ਭੈਰਵ.

੩. ਜਿਵੇਂ- ਕੌੜ ਤੁੰਮਾ. ਦੇਖੋ, ਇੰਦ੍ਰਾਯਨ ਅਤੇ ਤੁੰਮਾ.

੪. । ੫. ਭਾਵ- ਦੁੱਖ. ਦੇਖੋ, ਕਉੜਾ ੫.

੫. ਕੌੜਾ ਵੱਟਾ: ਕੌੜਾ (ਦੁਖਦਾਈ) ਵਟਾਂਦਰਾ. ਸੰਬੰਧੀ ਜਾਂ ਮਿਤ੍ਰ ਦੇ ਮਰਣ ਪੁਰ ਉਸ ਦੇ ਘਰ ਆਟਾ ਦਾਲ ਲੂਣ ਇਸ ਲਈ ਭੇਜਿਆ ਜਾਂਦਾ ਹੈ ਕਿ ਪਰਿਵਾਰ ਨੂੰ ਰੋਟੀ ਪਕਾਉਣ ਦੀ ਸਾਮਗ੍ਰੀ ਮਿਲ ਜਾਵੇ. ਇਸ ਰਸਦ ਦਾ ਨਾਮ ਕੌੜਾ ਵੱਟਾ ਇਸ ਲਈ ਹੈ ਕਿ ਇਹ ਆਪੋ ਵਿੱਚੀ ਰਸਦ ਦਾ ਵਟਾਂਦਰਾ ਬਹੁਤ ਕੌੜਾ (ਸ਼ੋਕਦਾਈ) ਹੈ.

੬. "ਸੋਹਤ ਪੀਤ ਦੁਕੂਲ ਧਰੇ ਸੁਭ ਹਾਥ ਬਿਰਾਜਤ ਹੈ ਕੰਗਨਾ."(ਨਾਪ੍ਰ)

੭. ਕੰਚਨ ਕੱਸਪ: ਹਿਰਨ੍ਯ ਕਸ਼ਿਪੁ. "ਕੰਚਨ ਕੱਸਪ ਪ੍ਰੇਮ ਬਿਨਾ ਖਯ." (ਗੁਪ੍ਰਸੂ) ਦੇਖੋ, ਹਿਰਨ ਕਸਿਪੁ.

੩੫੫- ੧. ਕੰਚਨਿ: ਸੋਨੇ ਨੂੰ. "ਜਿਉਂ ਕੰਚਨਿ ਸੋਹਾਗਾ ਢਾਲੈ." (ਰਾਮਕਲੀ ਓਅੰਕਾਰ)। ੨. ਸੋਨੇ ਨਾਲ। ੩. ਦੇਖੋ, ਕੰਚਨੀ.

੨. ਕੰਜਾਵਲਿ: ਕਮਲਾਂ ਦੀ ਕਤਾਰ। ੨. ਦੇਖੋ, ਪੰਕਜ ਵਾਟਿਕਾ ਦਾ ਰੂਪ (ਅ).

੩. ਜਿਸ ਦੇ ਖਾਣ ਤੋਂ ਗਲ ਖੁਸ਼ਕ ਹੋ ਜਾਂਦਾ ਹੈ.

੪. ਕੰਠਸਥ. ਬਰਜ਼ਬਾਨ. ਪੁਰਾਣੇ ਸਮੇਂ ਲੋਕ ਗ੍ਰੰਥਾਂ ਨੂੰ ਕੰਠ ਕੀਤਾ ਕਰਦੇ ਸਨ. ਚਾਣਕ੍ਯ ਆਪਣੇ ਨੀਤਿ ਸ਼ਾਸਤ੍ਰ ਵਿੱਚ ਲਿਖਦਾ ਹੈ- "ਪੁਸ੍ਤਕਸ੍ਥਾਤੁ ਯਾ ਵਿਦ੍ਯਾ ਪਰ ਹਸ੍ਤਗਤੰ ਧਨੰ, ਕਾਰ੍ਯੰ ਕਾਲੇਤੁ ਸੰਪ੍ਰਾਪ੍ਤੇ, ਨ ਸਾ ਵਿਦ੍ਯਾ ਨ ਤੱਧਨੰ." ਇਸੇ ਤੋਂ ਪੰਜਾਬੀ ਅਖਾਣ ਹੈ- "ਵਿਦਿਆ ਕੰਠ ਤੇ ਪੈਸਾ ਗੰਠ."

੫. "ਭਗਤਨ ਕੰਠਾਭਰਨ ਸੁਚਾਰ." (ਨਾਪ੍ਰ) ਚਾਰ ਅੱਖਰ (ਵਾਹਗੁਰੂ) ਭਗਤਾਂ ਦੇ ਕੰਠ ਦਾ ਗਹਿਣਾ ਹਨ.

੬. ਕੰਡ ਫੇਰਣੀ: ਕ੍ਰਿ- ਪਿੱਠ ਫੇਰਨੀ. ਰੁੱਸਣਾ। ੨. ਕਾਇਰ ਹੈ ਕੇ ਜੰਗ ਤੋਂ ਨੱਠਣਾ। ੩. ਸਹਾਯਤਾ ਦੋਣੋਂ ਮੂੰਹ ਫੇਰਨਾ

੭. । ੨. ਕੰਡੇਦਾਰ ਇੱਕ ਝਾੜੀ, ਜੋ ਖੇਤਾਂ ਵਿੱਚ ਬਹੁਤ ਉਗਦੀ ਹੈ. ਇਸ ਦੇ ਪੀਲੇ ਫੁੱਲ ਹੋਂਦੇ ਹਨ.

੮. । ੩. ਯੋਗ ਮਤ ਅਨੁਸਾਰ ਗੁਦਾ ਤੋਂ ਦੋ ਉਂਗਲ ਉਪਰ ਅਤੇ ਲਿੰਗ ਤੋਂ ਦੋ ਉਂਗਲ ਹੇਠਾਂ ਅੰਡੇ ਦੇ ਆਕਾਰ ਦਾ ਇੱਕ ਪਿੰਡ ਜਿਸ ਨਾਲ ਸ਼ਰੀਰ ਦੀ ਬਹੱਤਰ ਹਜ਼ਾਰ ਨਾੜਾਂ ਦਾ ਸੰਬੰਧ ਹੈ.

੯. ਕੰਦਲਾਕਸ਼: ਕੰਦਲ ਨੂੰ ਬਰੀਕ ਛੇਕਾਂ ਵਿੱਚ ਦੀ ਖਿੱਚ ਕੇ ਜ਼ਰੀ ਦੀਆਂ ਤਾਰਾਂ ਬਣਾਉਣ ਵਾਲਾ ਕਾਰੀਗਰ. ਦੇਖੋ, ਕੰਦਲਾ.

੧੦. । ੩. ਕੰ (ਪਾਨੀ) ਦੇ ਧਾਰਨ ਵਾਲਾ ਨਦ. ਦਰਯਾ. ਦੋ ਨਦਾਂ ਦਾ ਸੰਗਮ ਹੋਇਆ, ਇਹ ਭੀ ਅਰਥ ਹੋ ਸਕਦਾ ਹੈ.

੧. ਨਵਕੁਮਾਰੀ. ਨਵ ਦੁਰਗਾ ਅਤੇ ਨੌ ਕੰਨ੍ਯਾ.

੨. ਵਲੋਂ "ਹਮ ਕੰਨੈ ਕਹੁ ਟੇਕਨ ਮਾਥਾ." (ਗੁਪ੍ਰਸੂ)

੩. । ੨. ਪੰਜਾਬੀ ਵਿੱਚ ਅੰ. ਕੈਂਪ (Camp) ਦੀ ਥਾਂ ਕੰਪ ਸ਼ਬਦ ਵਰਤਿਆ ਜਾਂਦਾ ਹੈ.

੪. ਕੰਪਾ: ਕਾਂਬਾ. ਕੰਬਣੀ. "ਮਹਾ ਤ੍ਰਾਸ ਤੇ ਕੰਪਾ ਧਰੇ." (ਗੁਪ੍ਰਸੂ)

੫. ਉਰਦੂ। ੨. ਪੰਜਾਬੀ ਵਿੱਚ ਬ੍ਰਿਗੇਡ (brigade). ਨੂੰ ਭੀ ਕੰਪੁ ਆਖਦੇ ਹਨ.

੬. । ੩. ਮਗਰਮੱਛ. ਘੜਿਆਲ.

੭. ਪੁਰਾਣੇ ਕਵੀ ਸੰਖ ਜੇਹੀ ਗਰਦਨ ਬਹੁਤ ਸੁੰਦਰ ਸਮਝਦੇ ਸਨ।

੮. । ੮. ਨਿਸ਼ਚਾ. ਯਕੀਨ.

੯. ਕ੍ਰਮਕੰਡ: ਸੌ ਸਾਖੀ ਵਿੱਚ ਇਹ ਸ਼ਬਦ ਕਰਮਕਾਂਡ ਲਈ ਵਰਤਿਆ ਹੈ.

੧. । ੧੭. ਕ੍ਰਿਸ਼ਨ. 'ਦਾਸ ਜਿਸ ਕ੍ਰਿਸ਼ਨ." ਅਰਥਾਤ- ਜਿਸ ਦੇ ਸੇਵਕ ਬਲਵਾਨ ਹਨ.

੨. । ੨. ਰੁਕਮਿਣੀ ਆਦਿ ਭੀ ਕ੍ਰਿਸ਼ਨ ਬੱਲਭਾ ਹਨ.

੩. ਕ੍ਰਿਸਾਨੁ ਰੇਤਾ: ਸੰ. कृशानु रेतस्. ਸੰਗਯਾ- ਸ਼ਿਵ. ਰੁਦ੍ਰ ਪੁਰਾਣ ਕਥਾ ਹੈ ਕਿ ਪਾਰਵਤੀ ਸ਼ਿਵ ਕੇ ਵੀਰਯ ਨੂੰ ਅਤੀ ਤੇਜਵਾਨ ਹੋਣ ਕਰਕੇ ਧਾਰਣ ਨਾ ਕਰ ਸਕੀ, ਇਸ ਲਈ ਉਸ ਨੇ ਸ਼ਿਵ ਦਾ ਵੀਰਯ (ਰੇਤ) ਅੱਗ (ਕ੍ਰਿਸ਼ਾਨੁ) ਵਿੱਚ ਰੱਖ ਦਿਤਾ, ਜਿਸ ਤੋਂ ਕਾਰਤਿਕੇਯ ਦੀ ਉਤਪੱਤੀ ਹੋਈ. "ਜਿਨ ਕੋ ਪੂਜਤ ਰੇਤ ਕ੍ਰਿਸਾਨ." (ਗੁਪ੍ਰਸੂ)

੪. ਕ੍ਰਿਤਮਾਲ: ਸੰ. कृतमाल. ਅਮਿਲਤਾਸ. ਦੇਖੋ, ਅਮਲਤਾਸ.

੧. ਕੰਕਜਾਨ. ਕੰਕ- ਛਤ੍ਰੀ, ਯਾਨ- ਸਵਾਰੀ.

੨. । ੩. ਕ੍ਰਿਪਾ ਕਰਨ ਵਾਲੀ. "ਨਮੋ ਤਾਰਣੀ ਕਾਰਣੀਅੰ ਕ੍ਰਿਪਾਣੀ." (ਚੰਡੀ ੨)

੩. ਕ੍ਰਿਪਾਣ ਕੇਤੁ: ਅਸਿਧੁਜ. ਅਕਾਲ.

੪. । ੨. ਕ੍ਰਿਪ- ਅਰੁ ਅਤੇ ਕ੍ਰਿਪ. ਦੇਖੋ, ਕ੍ਰਿਪੀ ਸਤ.

੫. । ੪. ਅਕ੍ਰੂਰ ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਰਵਿਦਾਸ ਅਜਾਮਲ ਊਧਵ ਕ੍ਰੂਰ." (ਨਾਪ੍ਰ)

੬. ਕ੍ਰੋਸ: ਦੇਖੋ, ਕੋਸ "ਕ੍ਰੋਸ ਮਾਤ੍ਰ ਤਬ ਜਾਇ ਅਗਾਰੀ." (ਵਾ. ਰਾ. ਸੰ. )

੭. ਕ੍ਰੋਧ ਦ੍ਵਾਰਾ. ਕ੍ਰੋਧ ਵਿੱਚ. ਕ੍ਰੋਧ ਸੇ.

"ਕ੍ਰਾਮਿ ਕੋਧਿ ਲੋਭਿ ਮਨੁ ਲੀਨਾ."(ਭੈਰ. ਮਃ ੫)

੮. ਕ੍ਰੋਧੁ: ਦੇਖੋ, ਕ੍ਰੋਧ. "ਕ੍ਰੋਧ ਖੰਡ ਪਰਚੰਡ." (ਸਵੈਯੇ ਮਃ ੪. ਕੇ)

੯. । ੨. ਭਾਵ- ਅਗਣਿਤ. ਬੇਸ਼ੁਮਾਰ.

੧. ਕਣ (ਖਿਨ) ਵਿੱਚ ਨਾਸ਼ ਹੋਣ ਵਾਲਾ, ਖਿਨ ਭੰਗਰ.

੨. ਕਮਾ (ਖਿਮਾ) ਕਰਨ ਵਾਲਾ.

੩. ਕਿਪ੍ਰ: ਧਾ. ਵਗਾਹੁਣਾ. ਫੈਂਕਣਾ. ਪ੍ਰੇਰਣਾ. ਭੇਜਣਾ.

੪. ਕ੍ਰਿ. ਵਿ- ਛੇਤੀ. ਫੌਰਨ. ਤੁਰੰਤ.

੫. ਦੁਬਲਾ. ਪਤਲਾ. ਬਾਰੀਕ.

੬. ਕੁਰਪਤ੍ਰ: ਸੰ. ਸੰਗਯਾ- ਉਸਤਰੇ ਜੇਹੀ ਪੱਤੀ ਵਾਲਾ, ਖਪਰਾ ਤੀਰ.

ਕੁਰਪ੍ਰ: ਦਸ਼ਮ ਗ੍ਰੰਥ ਵਿੱਚ ਇਹ ਸ਼ਬਦ ਕੁਰਪਤ੍ਰ ਲਈ ਆਇਆ ਹੈ.

੭. ਕੇਪ: ਸੰ. ਸੰਗਯਾ- ਵਿਛੇਪ। ੨. ਨਿੰਦਾ। ਅਹੰਕਾਰ ੩। ੪. ਦੇਰੀ. ਚਿਰ। ੫. ਭੇਜਣਾ। ੬. ਖੇਡਣਾ। ੭. ਸੰਘਣਾ। ੮. ਵਿਤਾਉਣਾ. ਦੇਖੋ, ਕਿਪ੍ਰ.

੮. ਕੌਰ: ਕੁਰ (ਉਸਤਰੇ) ਨਾਲ ਕੀਤਾ ਮੁੰਡਨ. ਹਜਾਮਤ.

੧. ਖ਼ੁਰਾਸਾਨ ਤੇ ਆਪਣੀ ਹਕੂਮਤ ਦਾ ਸਿੱਕਾ ਬੈਠਾ ਕੇ, ਬਾਬਰ ਨੇ ਹਿੰਦੁਸਤਾਨ ਨੂੰ ਆ ਡਰਾਇਆ. "ਕੰਤ ਹਮਾਰੋ ਕੀਅਲੋ ਖਸਮਾਨਾ." (ਆਸਾ ਮਃ ੫) ੨.

੨. । ੨. ਅੱਕ ਦੀ ਕੁਕੜੀ. ਅੱਕ ਦਾ ਫਲ. ਦੇਖੋ, ਬੁੱਢੀ ੨.

੩. ਇਸ ਵ੍ਯੁਤਪੱਤਿ ਅਨੁਸਾਰ ਵਿਮਾਨ, ਬੈਲੂਨ, ਹਵਾਈ ਜਹਾਜ਼ ਆਦਿ ਸਭ "ਖਗ" ਹਨ.

੪. ਖ਼ਗਪਤਿ ਅਸਤ੍ਰ: ਗਰੁੜਾਸਤ੍ਰ. ਦੇਖੋ, ਉਰਗ ਅਸਤ੍ਰ.

੫. । ੨. ਹੰਸ. ਮੋਰ ਆਦਿ ਤੇ ਚੜ੍ਹਨ ਵਾਲੇ ਦੇਵਤੇ ਭੀ ਖਗਾਸਨ ਕਹੇ ਜਾ ਸਕਦੇ ਹਨ. ਦੇਖੋ, ਵਾਹਨ.

੬। ੨. ਪੰਛੀ ਨੂੰ ਆਪਣੀ ਸਵਾਰੀ ਬਣਾਉਣ ਵਾਲਾ ਦੇਵਤਾ. ਦੇਖੋ, ਵਾਹਨ.

੭. "ਮਸ਼ਕਾ ਖਗਿੰਜ ਜਿਨ ਕਾਕ ਤੇ ਮਰਾਲ ਬ੍ਰਿੰਦ." (ਨਾਪ੍ਰ) ਮੱਛਰੋਂ ਗਰੁੜ ਅਤੇ ਕਾਉਂ ਤੋਂ ਹੰਸ ਕੀਤੇ.

੩੬੩- ੧. ਖਟਆਨਨ: ਛੀ ਹਨ ਆਨਨ (ਮੁਖ) ਜਿਸ ਦੇ. ਦੇਖੋ, ਖਟਮੁਖ.

੨. Six Systems of Philosophy.

੩. (ਉਲੂਕ)

੪. ਕਰਮ (ਅਰਥਾਤ- ਰੋਗ ਵਿਘਨ ਆਦਿ ਦੇ ਰੋਕਣ ਦੀ ਕ੍ਰਿਯਾ).

੫. ਖਟਕਰਮਾ: षट्कर्म्मा. ਛੀ ਕਰਮ ਕਰਨ ਵਾਲਾ. ਦੇਖੋ ਖਟ ਕਰਮ.

੧. ਯੋਗੀਆਂ ਦਾ ਖ਼ਯਾਲ ਹੈ, ਕਿ ਜਦ ਪ੍ਰਾਣ ਅਨਾਹਤ ਚਕ੍ਰ ਵਿੱਚ ਦੀ ਬ੍ਰਹਮ ਗ੍ਰੰਥੀ ਨੂੰ ਵਿੰਨ੍ਹਦੇ ਹਨ, ਤਦ ਅਨਾਹਤ ਸ਼ਬਦ ਹੋਂਦਾ ਹੈ.

੨. "ਵੈਯਾਕਰਣਨ ਸੋਂ ਕਹੇ, ਕੋ ਕਰ ਸਕਤੋ ਬਾਤ।

ਜਿਨ ਕੇ ਮੁਖ ਮੈਂ ਰਹਿਤ ਹੈ, ਖਟ ਲਿੰਗਨ ਦੀ ਧਾਤ." (ਬਾਵਾ ਰਾਮ ਦਾਸ)

੩. । ੫. ਉਤਪੱਤਿ. ਸ਼ਰੀਰ ਦਾ ਵਧਣਾ. ਬਚਪਨ, ਜਵਾਨੀ. ਬੁਢਾਪਾ ਅਤੇ ਮੌਤ.

੪. "ਇਕ ਵਰਾਟਿਕਾ ਕਬ ਨ ਖਟਾਈ." (ਨਾਪ੍ਰ)

੧. "ਖਟੁ ਭੀ ਏਕਾ ਬਾਤ ਬਖਾਨਹਿ."

(ਰਾਮ ਮਃ ੫)

੨. "ਖਟੁ ਸਾਸਤ੍ਰ ਮੂਰਖੈ ਸੁਣਾਇਆ."

(ਭੈਰ ਮਃ ੫)

੩. "ਮੁੰਡ ਪਰਯੋ ਜਨੁ ਡਾਰ ਤੇ ਖੱਟਾ." (ਕ੍ਰਿਸ਼ਨਾਵ)

੪. ਖੱਟੀ: ਖੱਟਾ ਦਾ ਇਸਤ੍ਰੀ ਲਿੰਗ ੧੦੨ ਕਮਾਈ। "ਖੱਟੀ ਨਾ ਚਾਹਤ ਮੈਂ ਇਹ ਕੀ." (ਨਾਪ੍ਰ)

ਖਟ੍ਵਾ: ਸੰ. ਸੰਗਜਾ- ਖਾਟ ਮੰਜਾ. ਚਾਰਪਾਈ.

ਖਟ੍ਵਾਂਗ: ਸੰ. ਸੰਗਜਾ- ਮੰਜੇ ਦਾ ਪਾਵਾ। ੨. ਸ਼ਿਵ ਦਾ ਸ਼ਸਤ੍ਰ ਤ੍ਰਿਸ਼ੂਲ। ੩. ਇੱਕ ਸੂਰਜ ਵੰਸ਼ੀ ਰਾਜਾ, ਜੋ ਭਾਗਵਤ ਅਨੁਸਾਰ

ਵਿਸ਼੍ਵਸਹ ਦਾ ਅਤੇ ਹਰਿਵੰਸ਼ ਅਨੁਸਾਰ ਅੰਸ਼ੁਮਾਨ ਦਾ ਪੁਤ੍ਰ ਸੀ.

੫. ਖਡਾਨਨ: ਦੇਖੋ. ਖਟਮੁਖ.

੩੬੭- ੧. ਖੱਬੀਖਾਨ: ਅ. ਖ਼ਬੀ (ਪੋਸ਼ੀਦਾ) ਫ਼ਾ. ਖ਼ਾਨ (ਸਰਦਾਰ). ਪੰਜਾਬੀ ਵਿੱਚ ਇਹ ਵਜੰਗਜ ਨਾਲ ਬੋਲਿਆ ਜਾਂਦਾ ਹੈ, ਜਿਵੇਂ- ਲੁਕਿਆ ਹੋਇਆ ਰੁਸਤਮ.

੨. ਖੱਭੀ: ਲਗਾਮ ਦੀ ਥਾਂ ਘੋੜੇ ਖੱਚਰ ਆਦਿ ਦੇ ਮੂੰਹ ਦਿੱਤੀ ਰੱਸੀ.

੩. । ੫. ਅਸਪਾਤ ਅਤੇ ਸਕੇਲੇ ਦੇ ਸ਼ਸਤ੍ਰ ਦਾ ਜੌਹਰ.

੪. । ੨. ਸ਼ਰਾਬ ਬਣਾਉਣ ਵਾਲਾ.

੫. "ਵਾਸਰ ਅਰਧ ਭਾਨੁ ਖਰ ਪਰਤੂ." (ਨਾਪ੍ਰ) ਦੋ ਪਹਰ ਦਾ ਸਮਾਂ ਹੈ. ਸੂਰਜ ਤੇਜ਼ ਪੈ ਰਿਹਾ ਹੈ।

੬. ਖਰਹਾ: ਹਿੰ. ਸੰਗਜਾ- ਖੁੱਡਾਂ ਵਿੱਚ ਰਹਿਣ ਵਾਲਾ ਸਹਾ. Rabbit। ੨. ਖਰ (ਘਾਹ) ਦਾ ਨਾਸ਼ ਕਰਨ ਵਾਲਾ. ਖੁਰਪਾ.

੭. । ੪. ਵ੍ਰਜ. ਪਰਾ. ਰਾਹ. "ਖਰੜ ਮਾਝ ਸਜਾਮ ਪਹਚਾਨੀ ਹੈ." (ਨਰੋੱਤਮ)

੮. । ੭. ਖ਼ਾਰਿਜ ਲਈ ਭੀ ਸੌ ਸਾਖੀ ਵਿੱਚ ਇਹ ਸ਼ਬਦ ਵਰਤਿਆ ਹੈ.

"ਦੇਖ ਕਲੰਕੀ ਖਰਜ".

੯. ਖਰ ਅਤੇ ਦੂਸ਼ਣ ਦੈਤ. "ਖਰ ਦੂਖਣ ਮਾਰ ਬਹਾਇ ਦਏ." (ਰਾਮਾਵ)

੧. ਖਰ (ਡੰਕੇ) ਦਾ ਕਰੀਏ ਵਾਰ (ਆਘਾਤ) ਜਿਸ ਪੁਰ, ਨਗਾਰਾ. ਦੇਖੋ, ਖਰ ੧੨.

੨. ਅੱਬੁਲ ਫ਼ਜ਼ਲ ਨੇ ਕੰਧਾਰੀ ੪੦* ਮਨ, ਅਤੇ ਹਿੰਦੁਸਤਾਨੀ ੧੦. ਮਨ ਖਰਵਾਰ ਦੱਸਿਆ ਹੈ. ਉਸ ਵੇਲੇ ਦੇ ਮਨ ਬਹੁਤ ਘੱਟ ਹੋਇਆ ਕਰਦੇ ਸਨ. ਦੇਖੋ, ਮਨ ੧੨.

੩. । ੪. ਖਲੋਤੀ. ਘੜੀ. "ਖਰੀਦਾਰੁ ਜਿਸ ਕੀ ਦਿਵ ਖਰੀ." (ਗੁਪ੍ਰਸੂ) ੫. ਖਰਗਈ. ਦੇਖੋ, ਖਰਣਾ.

੪. ਮੁਹੰਮਦ ਸਾਹਿਬ ਤੋਂ ਦੋ ਵਰ੍ਹੇ ਛੋਟਾ ਸੀ ਅਰ ਪੈਗ਼ੰਬਰ ਦਾ ਦੇਹਾਂਤ ਹੋਣ ਪੁਰ

੧. ਜਿਸ ਦੀ ਸਲਾਹ ਮੰਨ ਕੇ ਔਰੰਗਜ਼ੇਬ ਨੇ ਆਪਣੇ ਬਾਪ (ਸ਼ਾਹਜ਼ਹਾਂ) ਨੂੰ ਕੈਦ ਕੀਤਾ ਸੀ. ਖ਼ਲੀਲ ਖ਼ਾਂ ਨੇ ਇੱਕ ਆਲੀਸ਼ਾਨ ਮਕਾਨ ਜਮਨਾ ਦੇ ਕਿਨਾਰੇ ਆਗਰੇ ਬਣਵਾਇਆ ਸੀ, ਜਿਸ ਦੇ ਚਿੰਨ੍ਹ ਕੁਝ ਹੁਣ ਭੀ ਦਿਖਾਈ ਦਿੰਦੇ ਹਨ.

੨. ਖੇਇਦ. ਪੁਰਾਣੇ ਸਮੇਂ ਸਰਦੀਆਂ ਵਿੱਚ ਘੋੜਿਆਂ ਨੂੰ ਰਾਤਬ ਅਤੇ ਖਵੀਦ ਖਵਾਈ ਜਾਂਦੀ ਸੀ ਅਰ ਚਾਲੀ ਦਿਨ ਥਾਨ ਤੇ ਹੀ ਬੱਧੇ ਰਹਿੰਦੇ ਸਨ.

੩. (੫ ਨਵੰਬਰ ਸਨ ੧੯੪੦)

੪. ਖੜਦੁਰਗ: ਸੰ. ਸ਼ਡ੍ਦੁਰ੍ਗ. ਛੀ ਪ੍ਰਕਾਰ ਦੇ ਕਿਲੇ. ਮਹਾਭਾਰਤ ਦੇ ਸ਼ਾਂਤਿ ਪਰਵ ਅਤੇ ਮਨੁਸਿਮ੍ਰਿਤਿ ਵਿੱਚ ਰਾਜੇ ਲਈ ਛੀ ਤਰ੍ਹਾਂ ਦੇ ਕਿਲੇ ਬਣਾਉਣੇ ਲਿਖੇ ਹਨ-

(ੳ)ਧਨ੍ਵ ਦੁਰਗ. ਰੇਤਲਾ ਕਿਲਾ. ਅਰਥਾਤ- ਰੇਗਿਸਥਾਨ ਨਾਲ ਘਿਰਿਆ ਦੇਸ਼, ਜਿਥੇ ਦੁਸ਼ਮਨ ਨੂੰ ਪਾਣੀ ਛਾਯਾ ਆਦਿ ਕੁਝ ਨਾ ਮਿਲੇ.

(ਅ)ਮਹੀ ਦੁਰਗ. ਜ਼ਮੀਨ ਪੁੱਟ ਕੇ ਭੋਰੇ ਦੀ ਸ਼ਕਲ ਦਾ ਕਿਲਾ, ਜਿਸ ਦੇ ਚੌਫੇਰੇ ਪਾਣੀ ਦੀ ਖਾਈ ਹੋਵੇ.

(ੲ)ਗਿਰਿ ਦੁਰਗ. ਪਹਾੜੀ ਕਿਲਾ.

(ਸ)ਮਨੁਸਜ ਦੁਰਗ. ਫੌਜ ਦਾ ਕਿਲਾ, ਅਰਥਾਤ- ਸੈਨਾ ਦਾ ਚੌਫੇਰੇ ਰਖਜ਼ਾ ਲਈ ਹੋਣਾ.

(ਹ)ਮ੍ਰਿਦ ਦੁਰਗ. ਇੱਟ ਪੱਥਰ ਆਦਿ ਨਾਲ ਉਸਾਰਿਆ ਕਿਲਾ. ਇਹ ਭੀ ਖਾਈ ਨਾਲ ਘਿਰਿਆ ਹੁੰਦਾ ਹੈ.

(ਕ)ਵਨ ਦੁਰਗ. ਸੰਘਣੇ ਜੰਗਲ ਦਾ ਕਿਲਾ, ਅਰਥਾਤ- ਅਜੇਹਾ ਜੰਗਲ ਜਿਸ ਦੀ ਓਟ ਲੈ ਕੇ ਵੈਰੀ ਤੇ ਵਾਰ ਹੋਵੇ ਅਰ ਦੁਸ਼ਮਨ ਅੰਦਰ ਨਾ ਆ ਸਕੇ.

੧. । ੨. ਸੇਲਖੜੀ. ਸੰ. ਸ਼ੈਲ ਖਟਿਕਾ. ਫ਼ਾ- ਸੰਗ ਜਰਾਹਤ। ੩

੨. । ੩. ਖੰਡ. ਟੁਕੜਾ. "ਖਾਂਡ ਪਰ ਦੇ ਸਭ ਹੂੰ ਲਹੀ." (ਗੁਪ੍ਰਸੂ)

੧. "ਖਾਤਾ ਖਤ ਜਾਨ ਦੈ ਬਹੀ ਕੋ ਬਹ ਜਾਨ ਦੈ." (ਪਦਮਾਕਰ)

੨. ਖਤਿਅ ਉਣਾ: ਖਾਤੇ ਵਿੱਚ ਹਿਸਾਬ ਦਰਜ ਕਰਨਾ, ਰੋਕੜ ਤੋਂ ਖਾਤੇ ਵਿੱਚ ਮੱਦਵਾਰ ਦਰਜ ਕਰਨਾ.

੩. ਬਾਦਸ਼ਾਹ ਨੇ ਇਸ ਨੂੰ ਖ਼ਿਤਾਬ ਦਿੱਤਾ- "ਖ਼ਾਨ ਖ਼ਾਨਾਨ ਬਹਾਦੁਰ ਜ਼ਫ਼ਰ ਜੰਗ."

੪. ਇਸ ਦਾ ਸਜਰਾ ਮੀਰ ਮੰਨੂ ਸ਼ਬਦ ਵਿੱਚ ਦੇਖੋ,

੫. "ਸਮਝ ਵਾਰਤਾ ਸਭ ਤਬ ਖਾਨਾ। ਲੈ ਕੇਤਿਕ ਅਸਵਾਰ ਪਯਾਨਾ." (ਗੁਪ੍ਰਸੂ)

੬. । ੭. ਰਾਜ ਪਟਿਆਲਾ ਨਜ਼ਾਮਤ ਬਰਨਾਲਾ ਥਾਣੇ ਰਾਮੇ ਦਾ ਇੱਕ ਪਿੰਡ, ਜਿਸ ਥਾਂ ਮਾਲਵੇ ਨੂੰ ਕ੍ਰਿਤਾਰਥ ਕਰਦੇ ਹੋਏ ਸ਼੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਵਿਰਾਜੇ ਹਨ.

੭. ਖਾਨੋ: ਜ਼ਕਰੀਆ ਖ਼ਾਨ (ਖ਼ਾਨ ਬਹਾਦੁਰ) ਦੀ ਭੈਣ ਖ਼ਾਨੋ ਬੇਗਮ, ਜੋ ਫ਼ੇਜ਼ਲਾ ਖ਼ਾਨ ਦੀ ਬੇਗ਼ਮ ਸੀ. "ਆਪੋ ਭਾਬੀ ਖਾਨੋ ਨੂੰ."(ਪ੍ਰਾਪੰਪ੍ਰ)

੩੭੪- ੧. ਖਾਰੇ ਬੈਠਾਉਣਾ: ਲਾੜੀ ਲਾੜੇ ਨੂੰ ਖਾਰਿਆਂ ਤੇ ਬੈਠਾਉਣਾ, ਦੇਖੋ, ਖਾਰਾ ੨.

੨. ਖ਼ਾਲਸਾ ਸੰਮਤ: ਇਹ ਸੰਮਤ ੧੭੫੬ ਦੀ ਪਹਿਲੀ ਵਸਾਖ ਤੋਂ ਆਰੰਭ ਹੋਇਆ ਹੈ, ਜਿਸ ਦਿਨ ਕਲਗੀਧਰ ਨੇ ਖੰਡੇ ਦੇ ਅਮ੍ਰਿਤ ਦੀ ਰੀਤਿ ਚਲਾਈ ਹੈ.

੩. ਅਖੰਡ ਪਾਠ ਦੀ ਰੀਤਿ ਖ਼ਾਲਸ ਦੇ ਵ੍ਰਿੱਧ ਦਲ (ਬੁਢੇ ਦਲ) ਨੇ ਚਲਾਈ ਹੈ. ਸਤਿਗੁਰਾਂ ਦੇ ਸਮੇਂ ਅਖੰਡ ਪਾਠ ਨਹੀਂ ਹੋਇਆ ਕਰਦੇ ਸਨ.

੪. ਅਬਿਚਲ ਨਗਰ. ਹਜ਼ੂਰ ਸਾਹਿਬ ਚੌਥਾ ਤਖ਼ਤ.

੫. ਅਰਦਾਸਾ ਸੋਧਣਾ. ਕਿਸੇ ਕੰਮ ਦੇ ਆਰੰਭ ਜਾਂ ਸਮਾਪਤੀ ਤੇ ਕਰਤਾਰ ਅੱਗੇ ਪ੍ਰਾਰਥਨਾ ਕਰਨੀ. ਖ਼ਾਲਸਾ ਅਕਸਰ ਇਸਤ੍ਰੀ ਲਿੰਗ ਪਦਾਂ ਨੂੰ ਪੁੱਲਿੰਗ ਬਣਾ ਲੈਂਦਾ ਹੈ:-

"ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ.

ਛਕਾ ਪ੍ਰਸਾਦ ਸਜਾ ਦਸਤਾਰਾ ਅਰ ਕਰਦੌਨਾ ਟੋਲਾ ਹੈ.

ਸੁਭਟ ਸੁਚਾਲਾ ਅਰ ਲਖਬਾਹਾਂ, ਕਲਗਾ ਸਿੰਘ ਸੁਚੋਲਾ ਹੈ,

ਅਪਰ ਮੁਛਹਿਰਾ ਦਾੜ੍ਹਾ ਜੈਸੇ ਤੇਸ ਬੋਲਾ ਹੋਲਾ ਹੈ."(ਸਿੱਖੀ ਪ੍ਰਭਾਕਰ)

੬. । ੩. ਰਾਮਕਲੀ ਵਿੱਚ ਤੀਜੇ ਸਤਿਗੁਰੂ ਦੀ ਇੱਕ ਬਾਣੀ.

੭. ਉਹ ਥਾਂ, ਜਿਥੇ ਕਿਸੇ ਸਿੰਘ ਦੀ ਦੇਹ ਦਾ ਦਾਹ (ਸਸਕਾਰ) ਹੋਇਆ ਹੈ.

੮. ਜਿਸ ਨੂੰ ਦੇਸ਼ ਦਾ ਪਜਾਰ ਨਹੀਂ.

੯. ਸਣਗੁਦੜਾ. ਮਲਾਈ ਸਣੇ ਦੁੱਧ.

੧੦. ਸਿੱਖ ਗੁਰੁ ਨਾਨਕ ਪੰਥੀ.

੧੧. ਸੁਖਦੇਵੀ. ਨਕ- ਚੂੰਢੀ. ਕੰਡਾ ਕੱਢਣ ਲਈ ਛੋਟਾ ਮੋਚਨਾ.

੧. ਹੀਰਾ. ਚਿੱਟਾ ਕੇਸ, ਹੀਰੇ ਚੁਗਣੇ. ਚਿੱਟੇ ਕੇਸ ਪੁੱਟਣੇ. ਇਸ ਕਰਮ ਤੋਂ ਸਿੰਘ ਤਨਖ਼ਾਹੀਆ ਹੋ ਜਾਂਦਾ ਹੈ.

੨. ਜੂੰਆਂ ਦੀ ਪੀਂਘ. ਜਨੇਊ. ਯਗਯੋਪਵੀਤ.

੩. ਤਸਮਈ. ਖੀਰ.

੧. ਦਿਦਾਰਾ. ਸ਼ੀਸ਼ਾ.

੨. ਦੁਸਾਂਗੀ. ਸੁੱਥਣ.

੩. ਚੋਲੀ. ਅੰਗੀਆ.

੪. ਧਰਮ ਸ਼ਾਲਾ. ਸਿੱਖਾਂ ਦਾ ਧਰਮ ਮੰਦਿਰ.

੫. ਪਚਰੰਗ. ਮੰਜਾ.

੬. ਪਾੜ੍ਹੀ. ਗਾਜਰ.

੭. ਪੰਜ ਸ਼ਸਤ੍ਰ. ਤਲਵਾਰ, ਤੀਰ- ਕਮਾਣ, ਬੰਦੂਕ, ਨੇਜਾ, ਅਤੇ ਕਟਾਰ.

੮. ਬਧਾਵਾ. ਤਵਾ.

੧੦. ਰੋੜ੍ਹ ਪ੍ਰਸਾਦ. ਡੇਲੇ. ਕਰੀਰ ਦੇ ਕੱਚੇ ਫਲਾਂ ਦਾ ਅਚਾਰ.

੧੧. ਲੜਾਕੀ. ਲਾਲ ਮਿਰਚ. ਇਸ ਨੂੰ ਚੋਬ ਚੀਨੀ ਭੀ ਦਸਦੇ ਹਨ.

੧. ਕਯ. ਵਿਨਾਸ਼.

੨. ਖਿਸਾਈ: ਖਿਸਕਦਾ ਹੈ. "ਦਰਬ ਖਿਸਾਈ." (ਨਾਪ੍ਰ)। ੨. ਦੇਖੋ, ਖਿਸਾਨ.

੩. "ਮਾ ਆਰਜ਼ੂਏ ਖ਼ਿਜ਼ਰੋ ਮਸੀਹਾ ਨਮੇ ਕੁਨੇਮ." (ਦੀਗੋ)

੧. । ੩. ਭੈਰੋਪੁਰ ਦਾ ਵਸਨੀਕ ਇੱਕ ਭੱਲਾ, ਜੋ ਗੁਰੂ ਅੰਗਦ ਜੀ ਦਾ ਸੇਵਕ ਸੀ, "ਖੀਓ ਭੱਲੇ ਕੇ ਤਹਿ" ਧਾਮੂ." (ਗੁਪ੍ਰਸੂ)

੨. । ੪. ਮੋਨਦੁਆਬ ਵਿੱਚ ਬਹੁਲੀ ਨੂੰ (ਦੁੱਧ ਦੇਣ ਵਾਲੇ ਪਸ਼ੂਆਂ ਦਾ ਸੂਣ ਪਿੱਛੋਂ ਪਹਿਲਾਂ ਕੱਢਿਆ ਦੁੱਧ, ਜੋ ਗਰਮ ਕਰਣ ਤੋਂ ਖੀਰ ਦੀ ਸ਼ਕਲ ਦਾ ਹੋ ਜਾਂਦਾ ਹੈ), ਖੀਸ ਸੱਦੀਂਦਾ ਹੈ. Clostrum.

੩. । ੨. ਦੇਖੋ, ਖੀਸ ੩. "ਸ਼ੁਭ ਕਰਮਨ ਕੋ ਕੀਨਸ ਖੀਸਾ." (ਗੁਪ੍ਰਸੂ)

੪. ਪਾਯਸ. ਖੀ ਰੱਨ. ਦੇਖੋ, ਘਿਆਲੀ.

੨੮੫- ੧. ਇਸ ਦੇ ਉਦਰੋਂ ਬਾਬਾ ਦਾਤੂ, ਦਾਸੂ ਅਤੇ ਬੀਬੀ ਅਨੋਖੀ ਜੀ ਜਨਮੇ.

੨. ਤੁਜ਼ਕ ਜਹਾਂਗੀਰੀ ਵਿੱਚ ਲਿਖਿਆ ਹੈ ਕਿ ਬੱਚੇ ਖੱਸੀ ਕਰਕੇ ਮੁਆਮਲੇ ਦੇ ਬਦਲੇ ਹਾਕਿਮਾਂ ਨੂੰ ਦਿੱਤੇ ਜਾਂਦੇ ਸਨ, ਅਰ ਹਾਕਿਮ ਬਾਦਸ਼ਾਹ ਦੇ ਪੇਸ਼ ਕਰਦੇ ਸਨ. ਜਹਾਂਗੀਰ ਨੇ ਇਹ ਰਸਮ ਹੁਕਮਨ ਬੰਦ ਕੀਤੀ ਸੀ.

੧. ਇਨ੍ਹਾਂ ਨਾਲ ਹਰ ਮਜ਼ਹਬ ਅਤੇ ਮਿੱਲਤ ਦੇ ਲੋਕ ਪ੍ਰੇਮ ਰਖਦੇ ਸਨ.

੨. ਮਾਰਤੰਡ। ੨. ਭਾਵ- ਸੋਨਾ. ਜਿਵੇਂ- ਜ਼ਦ ਸਿੱਕਹ ਬਰ ਖ਼ਰਸ਼ੀਦੋ ਮਾਹ." ਸਿੱਕਾ ਲਾਇਆ ਸੋਨੇ ਅਤੇ ਚਾਂਦੀ ਤੇ.

੩. ਖੁਰਾਸਾਨ ਦਾ ਰਕਬਾ ੧੦੫, ੨੩੬ ਵਰਗ ਮੀਲ ਅਤੇ ਆਬਾਦੀ ੧੦੦੦, ੦੦੦ ਹੈ।

੨੯੭- ੧. ਖੁਵਾਰਾ: ਖਵਾਇਆ. "ਪੁਰ ਕੇ ਵਿਪ੍ਰਨ ਸਰਬ ਖੁਵਾਰਾ."(ਨਾਪ੍ਰ)

੨. ਦੇਖੋ, ਮਹਾਭਾਰਤ, ਆਦਿ ਪਦਵ, ਅਧਜਾਯ ੨.

੩. ਖ਼ੂੰਬਹਾ: ਫ਼ਾ. ਕ਼ਤਲ ਦੇ ਬਦਲੇ ਦਿੱਤਾ ਧਨ. ਪੁਰਾਣੇ ਸਮੇਂ ਕਤਲ ਦੇ ਬਦਲੇ ਰਾਜੇ ਆਪ ਧਨ ਲੈਕੇ ਅਤੇ ਮਕ਼ਤੂਲ ਸੰਬੰਧੀਆਂ ਨੂੰ ਦਿਵਾ ਕੇ ਕ਼ਾਤਿਲ ਨੂੰ ਛੱਡ ਦਿੰਦੇ ਸਨ. ਕਈ ਰਾਜਾਂ ਵਿੱਚ "ਖ਼ੂੰਬਹਾ" ਦੀ ਰਕਮ ਮੁਕ਼ੱਰਿਰ ਹੋਇਆ ਕਰਦੀ ਸੀ.

੪. ਖੇਇ: ਸਹਾਰ (ਝੱਲ ਕੇ). "ਮੁਰੰਤ ਘਾਵ ਖੇਇਕੈ." (ਗੁਪ੍ਰਸੂ)। ੨. ਖੇਵਨ ਕੀਤੀ.

੫. ਅਤੇ ਖੇਡਣ (ਬਾਜ਼ੀ ਪਾਉਣ ਆਦਿ) ਦਾ ਭਾਵ. "ਇਕ ਦਿਨ ਖੇਡਾ ਪਾਵਨ ਕੀਨਾ." (ਗੁਪ੍ਰਸੂ)

੨੯੮- ੧. ਵਿਕਾਸ਼, ਪ੍ਰਸੰਨਤਾ.

੨. "ਖੇਰਾ ਆਨੰਦ ਪੁਰ ਮੇ ਹੇਰਾ." (ਗੁਪ੍ਰਸੂ)

੩. । ੨. ਸਹਾਰਨਾ. ਝੱਲਣਾ. ਬਰਦਾਸ਼ਤ ਕਰਨਾ.

੪. । ੩. ਇੱਕ ਗੋਤ. ਦੇਖੋ, ਹੀਰ। ੪. ਖਿੜਨ ਦਾ ਭਾਵ. ਪ੍ਰਸੰਨਤਾ, ਜਿਵੇਂ- ਹਰ ਵੇਲੇ ਖੇੜਾ ਰਹਿੰਦਾ ਹੈ.

੫. ਜੇ ਖੋਏ ਵਿੱਚ ਥੋੜੀ ਜੇਹੀ ਦਰਗੰਧ ਹੋ ਜਾਵੇ ਤਦ ਕਦੇ ਨਹੀਂ ਵਰਤਣਾ ਚਾਹੀਏ, ਕਿਉਂਕਿ ਸੜੇ ਬੁਸੇ ਖੋਏ ਤੋਂ ਹੈਜ਼ਾ, ਤੋਰਕੀ ਦਾ ਤਾਪ ਆਦਿ ਅਨੇਕ ਭਯੰਕਰ ਰੋਗ ਹੋਂਦੇ ਹਨ.

੬. "ਹੁਤੋ ਖੋਸਲਾ ਧਰਮੰਦਾਸ."(ਗੁਪ੍ਰਸੂ)

੭. ਭੁੱਖ ਨਾਲ ਹੋਇਆ ਕ੍ਸ਼ੋਭ. ਮੇਦੇ ਨੂੰ ਗਿਜ਼ਾ ਦੀ ਰੁਚੀ, ਜਿਵੇਂ- ਮੈਨੂੰ ਖੋਹ ਲੱਗ ਰਹੀ ਹੈ।

੧. ਵਜਾਕੁਲਤਾ. ਘਬਰਾਹਟ। ੩. ਕ੍ਰੋਧ। ੪. ਡਰ। ੫. ਰੰਜ. ਸ਼ੋਕ.

੨. ਖੋੜਸ ਸ਼੍ਰਿੰਗਾਰ: षोडश श्रृङ्गार. ਦੇਖੋ, ਸੋਲਹ ਸਿੰਗਾਰ.

ਖੋੜਸ ਤੱਤਨ ਦੇਹ: ਸੌ ਸਾਖੀ ਵਿੱਚ ਲਿੰਗ ਸ਼ਰੀਰ ਲਈ ਇਹ ਸ਼ਬਦ ਵਰਤਿਆ ਹੈ. ਮਨ ਅਤੇ ਬੁਧਿ ਨੂੰ ਇੱਕ ਹੀ ਮੰਨਿਆ ਹੈ. ਦੇਖੋ, ਲਿੰਗ ਸ਼ਰੀਰ.

੩. "ਪੁਜਾ ਕਰ ਖੋੜਸ ਪਰਕਾਰਾ."(ਨਾਪ੍ਰ)

੪. ਜਿਵੇਂ- ਉਸ ਨੇ ਖੋੜੀਦਾਰ ਪੱਗ ਬੱਧੀ ਹੈ.

੫. ਖੰਜਨ ਨੈਨੀ: ਮਮੋਲੇ ਜੇਹੇ ਚਪਲ ਨੇਤ੍ਰਾਂ ਵਾਲੀ.

੧. ਖੰਡੇ ਦਾ ਅਮ੍ਰਿਤ ਪੀਓ। ੨. ਦੇਖੋ, ਖੰਡੇਧਾਰ.

੨. ਖੰਡਨ ਨਾਰੀ: ਸੰਢ ਇਸਤ੍ਰੀ. ਸੰਤਾਨ ਪੈਦਾ ਕਰਨ ਦੀ ਸ਼ਕਤਿ ਜਿਸ ਦੇ ਸਰੀਰ ਵਿੱਚ ਨਹੀਂ। ੨. ਪਤਿਵ੍ਰਤ ਧਰਮ ਨੂੰ ਖੰਡਨ ਕਰਨ ਵਾਲੀ.

੩. ਮਹਾਭਾਰਤ ਦੇ ਸ਼ਾਂਤਿ ਪਰਵ ਅੰਦਰ ਆਪਦੇ ਧਰਮ ਦੇ ੩੬ਵੇਂ ਅਧਜਾਯ ਵਿੱਚ ਲਿਖਿਆ ਹੈ ਕਿ ਬ੍ਰਹਮਾ ਦੇ ਕੀਤੇ ਯੱਗ ਕੁੰਡ ਤੋਂ ਮਰਯਾਦਾ ਦੀ ਰਖ੍ਯਾ ਲਈ ਖੰਡਾ ਪ੍ਰਗਟ ਹੋਯਾ.

੪. ਕਟੇ ਬੁਲ੍ਹ ਵਾਲਾ. ਖਾਂਡਾ.

੫. "ਗੁਰਸਿੱਖੀ ਬਾਰੀਕ ਹੈ ਖੰਡੇਧਾਰ ਗਲੀ ਅਤਿ ਭੀੜੀ." (ਭਾਗੁ)

੬. ਖ਼੍ਵਾਸ: ਦੇਖੋ, ਖਵਾਸ। ੨. ਦੇਖੋ, ਖ਼੍ਵਾਹਿਸ਼. "ਕਿਸੁ ਵਸਤੁ ਕੀ ਖ਼੍ਵਾਸ ਨ ਰਹੀ." (ਗੁਪ੍ਰਸੂ)

੭. । ੨. ਬਜੌਰ ਤੋਂ ਥੋੜੀ ਵਿੱਥ ਤੇ ਵਹਿਣ ਵਾਲਾ ਇੱਕ ਦਰਿਆ ਭੀ ਖ਼੍ਵਾਜਹ ਖ਼ਿਜ਼ਰ ਸੱਦੀਂਦਾ ਹੈ, ਇਸ ਦਾ ਦੂਜਾ ਨਾਉਂ ਬਾਬਕਾਰ ਭੀ ਹੈ.

੧. ਖ਼੍ਵਾਰਾ: ਖਵਾਇਆ. ਖਾਦਨ (ਖ਼ੁਰਦਨ) ਕਰਾਇਆ. "ਜੋ ਤਹਿ" ਆਏ ਸਭ ਕੋ ਖ਼੍ਵਾਰਾ." (ਨਾਪ੍ਰ)

੨. "ਜਾਤ ਜਨਮ ਖ਼੍ਵੈ ਆਪਨ ਬਾਦੂ."(ਨਾਪ੍ਰ)

੩. ਜਿਸ ਵੇਲੇ ਪੌਣ ਅਤੇ ਆਕਾਸ਼ ਅਰਥਾਤ- ਤੱਤਾਂ ਦੀ ਰਚਨਾ ਨਹੀਂ ਸੀ.

੪. ਗਉਨੁ: ਦੇਖੋ, ਗਉਨ.

ਗਉਨੁ ਗਗਨੁ: ਦੇਖੋ, ਗਉਨ ਗਗਨ.

੫. ਗਸ਼ਤੀ ਫ਼ੌਜ: ਉਹ ਸੇਨਾ, ਜੋ ਇਲਾਕੇ ਵਿੱਚ ਅਮਨ ਕਾਯਮ ਰੱਖਣ ਲਈ ਗੇੜਾ ਮਾਰਦੀ ਰਹੇ। ੨. ਵੈਰੀ ਚਾ ਖੋਜ ਅਤੇ ਤਾਕੁਫ ਕਰਨ ਵਾਲੀ ਫ਼ੌਜ.

੧. ਫੜਾਈ. "ਨਹਿ ਚੇਤ ਗਹਾਈ."(ਕ੍ਰਿਸ਼ਨਾਵ)

੨. "ਹੁਇ ਅਲਪ ਗਹੀਰੁ." (ਗੁਪ੍ਰਸੂ)

੩. । ੪. ਗਹੀਲਾ ਸ਼ਬਦ ਬਹੁਤ (ਅਧਿਕ) ਅਰਥ ਵਿੱਚ ਭੀ ਵਰਤਿਆ ਹੈ. "ਖਾਤਹੁ ਧਨ ਲਾਭ ਗਹੀਲਾ." (ਗੁਪ੍ਰਸੂ)

੧. ਕੱਚੀ ਕੰਧ ਦੇਹ ਹੈ. ਗਚ ਕਾਯਾ ਕਲਪ, ਵਾਜੀ ਕਰਣ ਆਦਿ ਸਾਧਨ ਹਨ.

੨. ਤੁਜ਼ਕ ਜਹਾਂਗੀਰੀ ਵਿੱਚ ਗਜ਼ ਦਾ ਪ੍ਰਮਾਣ ੨੪ ਉਂਗਲ ਲਿਖਿਆ ਹੈ, ਅਤੇ ਇਲਾਹੀ ਗਜ਼ ੪੦ ਉਂਗਲ ਦਾ ਦੱਸਿਆ ਹੈ.

੩. ਨਿਹੰਗ ਸਿੰਘਾਂ ਦੇ ਦਮਾਲੇ ਦਾ ਇੱਕ ਸ਼ਸਤ੍ਰ ਜਿਸ ਤੇ ਵੱਡੇ ਛੋਟੇ ਆਕਾਰ ਦੇ ਚਾਰ ਪੰਜ ਸਰਵ ਲੋਹ ਦੇ ਅਰਧ ਚੰਦ੍ਰ ਅਤੇ ਸਿਰਪੁਰ ਖੰਡਾ ਹੁੰਦਾ ਹੈ।

੪. ਆਬਾਦੀ ੧੦੫੦੦ ਹੈ. ਕਈ ਲੇਖਕਾਂ ਨੇ ਇਸ ਦਾ ਨਾਮ ਗ਼ਜ਼ਨ ਲਿਖਿਆ ਹੈ.

੧. ਉਦਾਸੀ ਸਾਧੂ ਅਰਦਾਸ ਵਿੱਚ 'ਬੋਲੋਂ' ਦੀ ਥਾਂ 'ਗਾਜੋ' ਸ਼ਬਦ, ਵਰਤਦੇ ਹਨ, ਜਿਵੇਂ"ਨਾਨਕ ਨਿਰਬਾਣ ਦਾ ਧਿਆਨ ਧਰ ਕੇ ਗਾਜੋ ਜੀ ਵਾਹਿਗੁਰੂ."

੨. ੪. ਸ਼ੇਰ. ਸਿੰਹ. "ਜਥਾ ਗਜੇਂਦ੍ਰ ਮ੍ਰਿਗਨ ਮੋਂ ਨੀਕਾ." (ਗੁਪ੍ਰਸੂ)

੩. "ਗੱਡਵਾਰ ਗਡਾ ਗਡ ਗਡਹਿੰਗੇ."(ਕਲਕੀ)

੧. । ੨. ਹਿਸਾਬ ਜਾਣਨ ਵਾਲਾ. Arithmetician.

੧. "ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ." (ਧਨਾ ਮਃ ੪)

੨. ਗਦਾਕਾ: ਅਨੁ. ਭਾਰੀ ਚੀਜ਼ ਦੇ ਡਿੱਗਣ ਜਾਂ ਪ੍ਰਹਾਰ ਤੋਂ ਹੋਯਾ ਸ਼ਬਦ.

੩. ਰੰਡੀ ਬਾਜ਼.

३९६- १. ਗੱਭ: ਦੇਖੋ, ਗਭ.

ਗੱਭਣ: ਦੇਖੋ, ਗਭਣ.

ਗੱਭਾ: ਗਰਭ. ਵਿਚਾਲਾ. ਮਧ੍ਯਭਾਗ.

੨. । ੨. ਮੈਥੁਨ. ਜਿਵੇਂ- ਇਸਤ੍ਰੀ ਗਮਨ। ੩. ਰਾਹ. ਰਸਤਾ। ੪. ਸਵਾਰੀ, ਜਿਸ ਦੀ ਸਹਾਇਤਾ ਨਾਲ ਯਾਤ੍ਰਾ ਕੀਤੀ ਜਾਵੇ.

੩. ਗਯਾਸੁੱਦੀਨ ਬਲਬਨ: ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰ. ੯.

੪. ਗਰਕੀ: ਗ਼ਰਕ਼ ਹੋਣ ਦਾ ਭਾਵ। ੨. ਤਬਾਹੀ. ਬਰਬਾਦੀ। ੩. ਪ੍ਰਲਯ.

੫. ਗਰਣਾਉਣਾ: ਕ੍ਰਿ. ਸ਼ੇਰ ਦਾ ਗਰਜਣਾ. ਸਿੰਘ ਦੇ ਕੰਠ ਵਿੱਚੋਂ ਗੰਭੀਰ ਧੁਨਿ ਦਾ ਹੋਣਾ. ਦੇਖੋ, ਗਣਣਾਉਣਾ.

੩੯੮- ੧. ਗਰਦਨ ਜਨ: ਦੇਖੋ, ਗ੍ਰੀਵਹਾ ੨.

ਗਰਦਨ ਜ਼ਨੀ: ਦੇਖੋ, ਗਰਦਨ ਮਾਰਨਾ.

੨. ਖ਼ਾਸ ਕਰਕੇ ਕਾਬੁਲ ਤੋਂ ੬੫ ਮੀਲ ਦੱਖਣ- ਪੂਰਬ ਦੇ ਦੇਸ਼ ਦੀ ਇਹ ਸੰਗਯਾ ਹੈ. ਗਰਦੇਜ਼ ਦਰਯਾ ਦੇ ਕਾਰਣ ਇਹ ਨਾਮ ਪਿਆ ਹੈ.

੩. ਗਰਬ (ਹੰਕਾਰ) ਕਰਕੇ. "ਗਰਬਿ ਗਹਿਲੜੋ ਮੂੜੜੋ." (ਟੋਡੀ ਮਃ ੫) "ਸੰਗਤਿ ਪ੍ਰਬੀਨਨ ਕੀ ਕੀਜਿਯਤ ਆਠੋ ਜਾਮ, ਕੀਜਿਯੈ ਵੋ ਕਾਮ ਜਾ ਮੈਂ ਜਿਯ ਕੇ ਅਰਾਮ ਹੈ। ਦੀਜਿਯੇ ਦਰਸ ਜਾਹਿ" ਦੇਖਬੇ ਕੀ ਸਾਧ ਹੋਯ. ਨੀਚਨ ਕੀ ਸੰਗਤਿ ਤੇ ਨਾਮ ਬਦਨਾਮ ਹੈ। ਠਾਕੁਰ ਕਹਤ ਕੁਛ ਚਿੱਤ ਮੈਂ ਵਿਚਾਰ ਦੇਖੋ, ਗਰਬੀ ਗੁਮਾਨ ਕੋ ਹਰੈਯਾ ਏਕ ਰਾਮ ਹੈ। ਰੂਪ ਸੋ ਰਤਨ ਪਾਇ ਜੋਬਨ ਸੋ ਧਨ ਪਾਇ, ਨਾਹਕ ਗਵਾਇਬੋ ਗਵਾਰਨ ਕੋ ਕਾਮ ਹੈ."

੪. ੨੮੦ ਦਿਨਾਂ ਪਿਛੋਂ ਗਰਭ ਤੋਂ ਬਾਹਰ ਆਉਂਦਾ ਹੈ.

੫. ਗਰਭਾਗਨਿ: ਦੇਖੋ, ਗਰਭ ਅਗਨਿ ਅਤੇ ਜਠਰਾਗਨਿ.

੬. ਨਾਸ਼ ਕਰਨ ਵਾਲਾ ਵਿਸ਼ (ਅਰਥਾਤ ਵਿਸਯ- ਵਿਸ਼), ਆਪ ਦੇ ਤਨ ਤੋਂ ਨਿਕਲ ਗਿਆ ਹੈ.

੧. ਗਰਾਵਉ ਦਾ ਅਰਥ ਗਲੇ ਤੋਂ ਭੀ ਹੈ. ਗਲੋਂ ਬੰਧਨ ਲਾਹ ਦਿੱਤਾ.

੨. ਦਾ ਦ੍ਰਿੜ੍ਹ ਬੰਧ.

੩. ਗਰੁੜ ਨੇ ਆਪਣੀ ਤੇਜ਼ ਉਡਾਰੀ ਦਾ ਹੰਕਾਰ ਛੱਡ ਦਿੱਤਾ ਅਤੇ ਸਾਰੇ ਬਾਜ਼ ਪੰਛੀ ਪਿੱਛੇ ਹਟ ਗਏ.

੪. ਦਸ਼ਹਰੇ (ਵਿਜਯ ਦਸ਼ਮੀ) ਦੇ ਦਿਨ ਹਿੰਦੂ ਗਰੁੜ ਦਾ ਦਰਸ਼ਨ ਕਰਨਾ ਮੰਗਲ ਭਾਯਕ ਮੰਨਦੇ ਹਨ, ਅਤੇ ਵਡੇ ਯਤਨ ਨਾਲ ਵੇਖਦੇ ਹਨ.

੫. ਗੱਪੀ. ਗੱਲਾਂ ਦਾ ਖੱਟਿਆ ਖਾਣ ਵਾਲਾ।

੬. ਕੰਠ. ਇਸੇ ਤੋਂ ਕੰਠ ਦੇ ਸ੍ਵਰ ਦਾ ਨਾਮ ਭੀ ਗਲਾ ਹੋ ਗਿਆ ਹੈ, ਜਿਵੇਂ ਉਸ ਦਾ ਗਲਾ ਸੁਰੀਲਾ ਹੈ.

੧. ਫ਼ੌਜੀ ਰੰਗਰੂਟਾਂ ਦਾ ਟੋਲਾ.

੨. ਬਾਦਸ਼ਾਹ ਅਕਬਰ ਨੇ ਇਸ ਦਾ ਨਾਉਂ ਸ਼ਾਹ- ਆਲੂ ਰੱਖਿਆ ਸੀ.

੩. ਕੋੜ੍ਹ ਦਾ ਲੋਦੇ (ਟੀਕੇ) ਨਾਲ ਇਲਾਜ ਵੀ- ਐਨਾ (Vienna) ਨਿਵਾਸੀ ਡਾਕਟਰ (Hermann Dostal). ਨੇ ਸਭ ਤੋਂ ਉੱਤਮ ਕੱਢਿਆ ਹੈ.

੪. ਗਲੇ ਕੁਹਾੜੀ: ਗਲ ਉੱਤੇ ਕੁਹਾੜੀ ਰਖਣ ਦਾ ਭਾਵ. ਪੁਰਾਣੇ ਸਮੇਂ ਜਿਸ ਤਰਾਂ ਮੂੰਹ ਵਿੱਚ ਘਾਹ ਲੈਕੇ ਹਾਰੇ ਹੋਏ ਲੋਕ ਆਪਣੇ ਤਾਈਂ ਗਊ ਸਿੱਧ ਕਰਦੇ ਸਨ, ਇਸੇ ਤਰਾਂ ਆਪਣੇ ਗਲ ਤੇ ਕੁਹਾੜੀ ਰੱਖ ਕੇ ਵਿਜਈ ਦੇ ਸਾਮ੍ਹਣੇ ਪ੍ਰਗਟ ਕਰਦੇ ਸਨ ਕਿ ਅਸੀਂ ਆਪ ਦੇ ਹੱਥੋਂ ਸਿਰ ਕਟਵਾਉਣ ਨੂੰ ਤਿਆਰ ਹਾਂ. "ਆਵੈ ਗਲੇ ਕੁਹਾੜੀ ਡਾਰ." (ਗੁਪ੍ਰਸੂ)

੧. ਰਾਜਪੂਤ ਰਾਜਾ ਮਹੀਪਾਲ ਦਾ ਸਨ ੧੦੯੩ ਵਿੱਚ ਬਣਵਾਯਾ ਸਾਸ- ਬਹੂ- ਮੰਦਿਰ ਅਤੇ ਮਾਨ ਸਿੰਘ ਤੋਮਰ ਰਾਜਪੂਤ ਦਾ ਬਣਵਾਯਾ ਮਾਨ ਮੰਦਿਰ ਇਸ ਕਿਲੇ ਵਿੱਚ ਵੇਖਣ ਯੋਗ ਥਾਂ ਹਨ. ਮਾਨ ਸਿੰਘ ਨੇ ਸਨ ੧੪੮੬- ੧੫੧੬ ਅੰਦਰ ਇੱਥੇ ਰਾਜ ਕੀਤਾ ਹੈ. ਗਵਾਲੀਅਰ ਜੀ. ਆਈ. ਪੀ. ਰੇਲਵੇ ਦਾ ਸਟੇਸ਼ਨ ਹੈ, ਜੋ ਦਿੱਲੀ ਤੋਂ ੧੯੫ ਮੀਲ ਹੈ.

੨. । ੩. ਗਵੈ. ਗਮਨ ਕਰਦੇ (ਜਾਂਦੇ) ਹਨ. "ਗਵੈ ਹਜਾਰ ਪਿਛਾੜੀ."(ਨਾਪ੍ਰ)

੩. । ੬. ਗਿਆ. "ਇਕ ਨਭ ਥਾ ਨਗਰੀ." (ਨਾਪ੍ਰ)

੧. ਹੁੱਕਾ ਕੁੱਠਾ ਚਰਸ ਤਮਾਕੂ.

ਗਾਂਜਾ ਟੋਪੀ[1207] ਤਾੜੀ[1208] ਖਾਕੂ[1209].

ਇਨ ਕੀ ਨ ਓਰ ਨਕਬਹੁੰ ਦੇਖੋ,

ਰਹਤਵੰਤ ਸੋ ਸਿੰਘ ਵਿਸੇਖੇ. (ਰਹਤਨਾਮਾ ਭਾਈ ਦੇਸਾ ਸਿੰਘ ਦਾ)

੧. । ੪. ਗਜਾਤ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ- "ਭਉ ਮਹਾ ਗੁਰੁ ਢੋਹੀ ਗਾਤ." (ਗੁਪ੍ਰਸੂ)

੨. ਮੈਲਾ. ਮੈਲੀ. ਗਾਂਦਲੀ. "ਚੁੱਖਡ ਕਰਨ ਗਾਂਦਲੀ ਕਾਂਖੈ." (ਗੁਪ੍ਰਸੂ)

੩. ਗਾਧੀ: ਹਰਹਟ ਅਤੇ ਖਰਾਸ ਹੱਕਣ ਵਾਲੇ ਦੀ ਗੱਦੀ, ਜਿਸ ਤੇ ਬੈਠ ਕੇ ਪਸ਼ੂ ਨੂੰ ਛੇੜੀਦਾ ਹੈ.

੧. । ੩. ਕਾਫ਼ੀ ਠਾਟ ਦਾ ਇੱਕ ਸੰਪੂਰਣ ਰਾਗ. ਇਸ ਵਿੱਚ ਦੋਵੇਂ ਗਾਂਧਾਰ ਤੇ ਦੋਵੇਂ ਨਿਸ਼ਾਦ ਲਗਦੇ ਹਨ. ਆਰੋਹੀ ਵਿੱਚ ਸ਼ੁੱਧ ਨਿਸ਼ਾਦ ਅਤੇ ਗਾਂਧਾਰ, ਅਵਰੋਹੀ ਵਿੱਚ ਗਾਂਧਾਰ ਅਤੇ ਨਿਸ਼ਾਦ ਹੈ. ਇਸ ਦਾ ਵਾਦੀ ਸੁਰ ਰਿਸ਼ਭ ਹੈ. ਇਹ ਮੁਸਲਮਾਨ ਗਾਯਕਾਂ ਨੇ ਕਾਨੜੇ ਦਾ ਭੇਦ ਕਲਪਿਆ ਹੈ, ਅਰ ਕਈਆਂ ਨੇ ਕਮਾਚ ਠਾਟ ਦਾ ਮੰਨਿਆ ਹੈ.

੨. "ਅਜ ਸਮ ਬੋਲਹਿ" ਮੁਖ ਪਰ ਕਰ ਧਰ. (ਗੁਪ੍ਰਸੂ)

੩. ਗਾਲ੍ਹੜ: ਕਾਟੋ, ਗਿਲਹਰੀ.

੪. ਗਾਂਵ- ਬਾਂਧਨਾ: ਗ੍ਰਾਮ ਵਸਾਉਣਾ. ਪਿੰਡ ਬੰਨ੍ਹਣਾ. "ਕਾਹਲੂਰ ਮੈਂ ਬਾਂਧਿਓ ਆਨ ਅਨੰਦਪੁਰ ਗਾਂਵ." (ਵਿਚਿਤ੍ਰ) ਇੱਥੇ ਬਾਂਧਨ ਤੋਂ ਭਾਵ ਨਵੇਂ ਸਿਰੇ ਆਬਾਦ ਕਰਨ ਤੋਂ ਹੈ.

੪੦੭- ੧. ਗਿੱਚੀ ਪਿੱਛੇ ਮੱਤ: ਭਾਵ- ਕੋਈ ਕੰਮ ਕਰਣ ਲੱਗਿਆਂ ਦੂਰਦੇਸ਼ੀ ਨਾ ਕਰਨੀ, ਅਰ ਪਿੱਛੋਂ ਪਛੁਤਾਉਣਾ.

੨. । ੨. ਫ਼ੌਜੀ ਸਿਪਾਹੀ, ਨੌਕਰ ਅਤੇ ਮਜੂਰਾਂ ਦੀ ਹਾਜ਼ਰੀ ਲੈ ਕੇ ਗਿਣਤੀ ਪੂਰੀ ਕਰਨ ਦੀ ਕ੍ਰਿਯਾ.

੩. ਗਿੱਦੜ ਪੀੜ੍ਹੀ: Polyporus.

੪. ਗਿਰਦੀ: ਘੁਮੇਰੀ. ਭੁਆਟਣੀ. "ਗਿਰਜੋ ਸਭਨ ਮੇ ਗਿਰਦੀ ਖਾਈ." (ਗੁਪ੍ਰਸੂ)

੫. । ੨. ਨਾਹਣ ਰਾਜ ਦੇ ਇੱਕ ਪਿੰਡ ਦਾ ਨਾਉਂ, ਜੋ ਦਸ਼ਮੇਸ਼ ਦੀ ਆਗਜਾ ਅਨੁਸਾਰ ਰਾਜਾ ਨੇ ਗੁਲਾਬ ਸਿੰਘ ਅਤੇ ਸ਼ਜਾਮ ਸਿੰਘ

---

[1207] ਚਿਲਮ.

[1208] ਤਾੜੀ ਦੀ ਸ਼ਰਾਬ

[1209] ਚੰਡ.

ਜੀ ਨੂੰ ਗੁਜ਼ਾਰੇ ਲਈ ਦਿੱਤਾ.

੬. ਗਿਰਾ ਸਦਨ: ਮੁਖ. ਮੂੰਹ.

੧. । ੨. ਗੰਗਾ ਦਾ ਪਤਿ ਸ਼ਾਂਤਨੁ.

੨. । ੩. ਪਹਾੜੀ ਇਲਾਕੇ ਦਾ ਰਾਜਾ.

੩. ਪਾਵਿੰਦਾ, ਸੁਲੇਮਾਨ ਖ਼ੈਲ, ਖਰੋਟੀ ਅਤੇ ਤਰਕੀ ਆਦਿ ਗਿਲਜ਼ਿਆਂ ਦੇ ਅਨੇਕ ਗੋਤ ਹਨ.

੪. ਅਤੇ ਮੋਟਾ ਨਮਦਾ. ਕੁੱਲੂ ਦੇ ਇਲਾਕੇ ਦਾ ਗਿਲਮ ਬਹੁਤ ਉਮਦਾ ਹੋਂਦਾ ਹੈ.

੫. ਗਿਲੋਰਾ: ਦੇਖੋ. ਗਲੋਰਾ ਅਤੇ ਚੀਕਾ ੨.

੬. ਗਿਲੌਰਾ: ਦੇਖੋ, ਗਲੌਰਾ ਅਤੇ ਚੀਕਾ. ੨.

੭. । ੪. ਤਖਾਣਾਂ ਦਾ ਇੱਕ ਗੋਤ.

੮. ਗੀਝਾ: ਦੇਖੋ, ਖੀਸਾ.

੧. ਇਨ੍ਹਾਂ ਵਿਚੋਂ ੧. ਸ਼ਲੋਕ ਧ੍ਰਿਤਰਾਸ਼ਟ੍ਰ ਦਾ, ੪੩ ਸੰਜਯ ਦੇ, ੮੪ ਅਰਜੁਨ ਦੇ ਅਤੇ ੫੭੨ ਕ੍ਰਿਸ਼ਨ ਜੀ ਦੇ ਹਨ.

੨. ਸੰਸਕ੍ਰਿਤ ਗ੍ਰੰਥਾਂ ਵਿੱਚ ਹੋਰ ਭੀ ਅਨੇਕ ਗੀਤਾਂ ਹਨ, ਜੈਸੇ- ਹਾਰੀਤ ਗੀਤਾ, ਹੰਸ ਗੀਤਾ, ਬ੍ਰਹਮ ਗੀਤਾ, ਯਮ ਗੀਤਾ, ਰਾਮ ਗੀਤਾ, ਵ੍ਯਾਸ ਗੀਤਾ ਆਦਿ

੧. ਗੁੱਜਰਾਂਵਾਲੇ ਤੇ ਸਰਦਾਰ ਚੜ੍ਹਤ ਸਿੰਘ ਸ਼ੁਕ੍ਰਚੱਕੀਏ ਨੇ ਸਨ ੧੭੬੫ ਵਿੱਚ ਕਬਜ਼ਾ ਕੀਤਾ ਅਤੇ ਉਸ ਦੇ ਬਹਾਦੁਰ ਪੁਤ੍ਰ.

੨. ਇਸ ਦੀ ਆਬਾਦੀ ੪੦੦੦੦ ਹੈ.

੩. ਗੁਟਾਰ: ਗੁਹਸਲ. ਮੈਨਾ ਦੀ ਜਾਤਿ ਦਾ ਇਕ ਪੰਛੀ. ਗੁਟਾਰ ਪਸ਼ੂਆਂ ਦੀਆਂ ਚਿੱਚੜੀਆਂ ਅਤੇ ਅੰਨ ਖਾ ਕੇ ਨਿਰਵਾਹ ਕਰਦੀ ਹੈ.

ਗੁਟਿਕਾ: ਦੇਖੋ, ਗੁਟਕਾ ੧. ਅਤੇ ੨.

੪. (सत्व, रजस्, तमस्) goodness, passion and darkness, or virtue, foulness, and ignorance. ਸਤੋ ਗੁਣ ਤੋਂ ਗ੍ਯਾਨ, ਰਜੋਗੁਣ ਤੋਂ ਲੋਭ ਅਤੇ ਤਮੋਗੁਣ ਤੋਂ ਅਗ੍ਯਾਨ ਹੋਂਦਾ ਹੈ. ਦੇਖੋ, ਗੀਤਾ ਅਃ ੧੪, ਸ਼ਃ ੧੭.

੧. । ੨੨ ਅਹਸਾਨ. ਇਹ਼ਸਾਨ. "ਬਧਾ ਚਟੀ ਜੋ ਭਰੇ, ਨਾ ਗੁਣੁ ਨਾ ਉਪਕਾਰੁ." (ਮਃ ੩, ਵਾਰ ਸੂਹੀ) ਨਾ ਇਹ਼ਸਾਨ ਹੈ ਅਰ ਨਾ ਉਪਕਾਰ ਹੈ.

੨. ਗੁਣ ਫੈਲਾਉਣਾ ਅਤੇ ਗੁਣਾਂ ਦਾ ਪ੍ਰਚਾਰ ਕਰਨਾ.

੩. ਗੁਣ ਢ੍ਯ ਪ੍ਰਤਿਸ਼੍ਠਾਨਪੁਰ ਦਾ ਵਸਨੀਕ ਅਤੇ ਸੋਮ ਸ਼ਰਮਾ ਬ੍ਰਾਹਮਣ ਦੀ ਪੁਤ੍ਰੀ ਸ਼੍ਰੁਤਾਰਥਾ ਦੇ ਉਦਰੋਂ ਕੀਰਤਿਸੇਨ ਦਾ ਪੁਤ੍ਰ ਸੀ.

੪. ਗੁਣਾਧੀਸ: ਗੁਣਾ ਦਾ ਅਧੀਸ (ਸ੍ਵਾਮੀ).

੫. ਗੁੱਤਾ: ਦਖਣੀ ਭਾਸ਼ਾ ਵਿੱਚ ਠੇਕੇ (Contract). ਦਾ ਨਾਮ ਹੈ.

੧. ਗੁਨੁ: ਦੇਖੋ, ਗੁਣ ਅਤੇ ਗੁਨ. "ਗੁਨੁ ਅਵਗੁਨੁ ਮੇਰੋ." (ਆਸਾ ਮਃ ੫)

੨. ਬਾਤਚੀਤ. ਜਿਵੇਂ- ਆਦਮੀ ਵੀ ਪਰਖ ਗੁਫ਼ਤਾਰ ਵਸਤਾਰ ਅਤੇ ਰਫ਼ਤਾਰ ਤੋਂ ਹੁੰਦੀ ਹੈ, ਭਾਵ- ਗੁਫ਼ਤਗੂ, ਲਿਬਾਸ ਅਤੇ ਚਾਲ ਤੋਂ ਲਿਆਕਤ ਜਾਣੀ ਜਾਂਦੀ ਹੈ.

੩. ਗੁੰਮਾ: ਸੰਗਜਾ- ਗੁਪਤ ਮੰਤ੍ਰ. ਪੋਸ਼ੀਦਾ ਤੌਰ ਕੀਤੀ ਸਲਾਹ। ੨. ਲਹੂ ਦੇ ਵਿਕਾਰ ਜਾਂ ਸੱਟ ਵੱਜਣ ਤੋਂ ਹੋਇਆ ਗੋਲ ਆਕਾਰ ਦਾ ਫੋੜਾ.

੧. । ੧੧. ਸੰਗਜਾ- ਸਿੱਧਾਂਤ. ਸਾਰ। ੧੨. ਮੂਲ ਮੰਤ੍ਰ. ।

੨. ਗੁਰੂ ਅਵਤਾਰ: ਗਜਾਨ ਪ੍ਰਦਾਤਾ ਅਵਤਾਰ ਗੁਰੂ ਨਾਨਕ ਦੇਵ, "ਸਤਿਗੁਰੁ ਬਾਝ ਨਾ ਬੁਝੀਐ ਜਿਚਿਰ ਧਰੈ ਨ ਗੁਰੁ ਅਵਤਾਰਾ। ਗੁਰ ਪਰਮੇਸਰ ਇੱਕ ਹੈ ਸਚਾ ਸਾਹ ਜਗਤ ਵਣਜਾਰਾ। ਚੜ੍ਹੈ ਸੂਰ ਮਿਟ ਜਾਇ ਅੰਧਾਰਾ."(ਭਾਗੁ)

੩. । ੩. ਗੁਰੁਗਮਜ, "ਗੁਰਗਮਿ ਪ੍ਰਮਾਣ ਤੈ ਪਾਇਓ." (ਸਵੈਯੇ ਮਃ ੨. ਕੇ)

੪. ਗੁਰ ਚਰਨ ਸਿੰਘ: ਦੇਖੋ, ਨਾਭਾ ਵਿੱਚ ਮਹਾਰਾਜਾ ਰਿਪੁਦਮਨ ਸਿੰਘ.

੫. ਸੁਨਿ ਗੁਰੁ ਅਰਜਨ ਜਿਹ ਕੀ ਬਾਨੀ ਵਰ ਦੀਨੋ ਅਸ ਬਿਧਿਗਤਿ ਦਾਨੀ: "ਪਵੈ ਪ੍ਰੇਮ ਕਰਿਕੈ ਸਿਖ ਜੋਊ। ਸਿੱਖੀ ਕੋ ਪ੍ਰਾਪਤ ਹੂ ਸੋਊ." (ਨਾਪ੍ਰ)

੬. ਛੇਵੇਂ ਗੁਰੂ ਸਾਹਿਬ ਦੇ ਗੁਰੂ ਵਿਲਾਸ ਵਿੱਚ ਦੇਹਾਂਤ ਸੰਮਤ ੧੬੮੬ ਭਾਦੋਂ ਸੁਦੀ ੫. ਦਾ ਲਿਖਿਆ ਹੈ.

੭. । ੫. ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਦਰਬਾਰ ਦਾ ਅਰਦਾਸੀਆ. "ਸਿਖ ਗੁਰਦਾਸ ਨਾਮ ਇਸ ਕੇਰ." (ਗੁਪ੍ਰਸੂ)

੧. ਮੁਹੰਮਦ ਕਾਸਿਮ ਦੇ ਲੇਖ ਅਨੁਸਾਰ ਇਹ ਭਾਈ ਦੀਪ ਚੰਦ ਸਾਧੂ ਨੇ ਵਸਾਇਆ ਹੈ.

੨. । ੨. ਗੁਰੂ ਅਰਜਨ ਸਾਹਿਬ ਦਾ ਇੱਕ ਆਤਮ ਗਜਾਨੀ ਸਿਖ.

੩. ਸਤਿ ਰੁਪ ਸਤਿਨਾਮ ਕਰ ਸਭਿ ਗੁਰੁ ਨਾਨਕ ਦੇਉ ਜਪਾਯਾ। ਧਰਮਸਾਲ ਕਰਤਾਪੁਰ ਸਾਧ ਸੰਗਤਿ ਸਚਖੰਡ ਵਸਾਯਾ." (ਭਾਗੁ)

੪. ਨਿਤ ਦੀ ਅਰਦਾਸ ਵਿੱਚ ਆਖਿਆ ਜਾਂਦਾ ਸੀ. "ਸਰਵ ਗੁਰਧਾਮਾਂ ਅਤੇ ਗੁਰਦੁਆਰਿਆਂ ਦੀ ਸੇਵਾ ਅਤੇ ਮਰਯਾਦਾ ਦਾ ਧਿਆਨ ਧਰ ਕੇ ਖ਼ਾਲਸਾ ਜੀ ! ਬੋਲੇ ਵਾਹਿਗੁਰੁ." ਇਨ੍ਹਾਂ ਪਵਿਤ੍ਰ ਸਥਾਨਾਂ ਦਾ ਸੇਵਕ

੧. "ਗੁਰਨੇ ਗ੍ਰਾਮ ਸੁ ਡੇਰਾ ਕੀਨੋ. (ਗੁਪ੍ਰਸੂ)

੨. ਗੁਰਪੁਰਿ: ਅਮ੍ਰਿਤਸਰ। ੨. ਸੱਚ ਖੰਡ.

੩. । ੭. ਗੁਰੂ ਦੇ ਉਪਦੇਸ਼ ਦ੍ਵਾਰਾ. "ਗੁਰਮੁਖ ਬੂਝੇ ਅਕਥੁ." (ਮਾਝ ਮਃ ੧) "ਨਾਮੁ ਗੁਰੁਮੁਖਿ ਲਹੈ." (ਸਵੈਯੇ ਮਃ ੪. ਕੇ)

੪. ਗੁਰਮੁਖੀ ਟਿੱਕਾ, ਗੁਰਮੁਖੀ ਤਿਲਕ: ਭੌਹਾਂ ਦੇ ਵਿਚਕਾਰ ਗੋਲ ਟਿੱਕਾ. ਬਾਬਾ ਬੁੱਢਾ ਜੀ ਅਤੇ ਉਨ੍ਹਾਂ ਦੀ ਵੰਸ਼ ਗੁਰਗੱਦੀ ਪੁਰ ਬੈਠਣ ਸਮੇਂ ਇਹ ਟਿੱਕਾ ਸਤਿਗੁਰਾਂ ਦੇ ਮੱਥੇ ਕੀਤਾ ਕਰਦੇ ਸਨ. ਮੰਜੀ ਬਖ਼ਸ਼ਣ ਸਮੇਂ ਗੁਰੂ ਸਾਹਿਬਾਨ ਭੀ ਸਿੱਖਾਂ ਦੇ ਗੁਰੁਮੁਖੀ ਤਿਲਕ ਕਰਦੇ ਸਨ.

ਗੁਰਮੁਖੀ ਦਸਤਕਾਰਾ: ਸਿੱਧਾ ਦਸਤਕਾਰਾ. ਸਿੱਧੀ ਪੱਗ. ਦੇਖੋ, ਨਾਨਕ ਪੰਥੀ- ਸਬਦ ਦਾ ਚਿਤ੍ਰ.

੫. ਗੁਰ ਮੂਰਤਿ: ਗੁਰੂ ਦਾ ਰੂਪ. "ਗੁਰ ਮੂਰਿਤ ਗੁਰੁ ਸ਼ਬਦ ਹੈ."(ਭਾਗੁ)

੬. ਦੇਖੋ, ਵਾਹਗੁਰੂ ਅਤੇ ਵਾਹਿਗੁਰੂ.

੭. "ਸਿਮਰਹੁ ਵਾਹਗੁਰੂ ਗੁਰ ਵਾਹੁ."(ਗੁਪ੍ਰਸੂ)

੮. ਗੁਰਿ ਅਮਰਿ: ਗੁਰੂ ਅਮਰ ਦਾਸ ਜੀ ਦਾ. "ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ." (ਸਵੈਯੇ ਮਃ ੪. ਕੇ) ਗੁਰੂ ਅੰਗਦ ਦੇਵ ਨੇ ਗੁਰੂ ਅਮਰ ਜੀ ਦਾ ਹੁਕਮ ਜਗਤ ਤੇ ਵਰਤਾਇਆ। ੨. ਗੁਰੂ ਅਮਰਦਾਸ ਜੀ ਨੇ

੪੧੯- ੧. ਗੁਰਿੰਡ: ਦੇਖੋ, ਗੁਰੰਡ ਅਤੇ ਗੋਰੰਡ.

੨. "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉਂ। ਤਿਸ ਕੈ ਸੰਗਿ ਸਿਖੁ ਉਧਰ. ਨਾਨਕ ਹਰਿ ਗੁਨ ਗਾਉ." (ਸੁਖਮਨੀ) "ਬ੍ਰਹਮ ਬਿੰਦੇ ਸੋ ਸਤਿਗੁਰੁ ਕਹੀਐ." (ਮਲਾ ਮਃ ੪)

੩. ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਨੂੰ ਸ਼ਿਕ੍ਸ਼ਾ ਗੁਰੂ ਆਖਦੇ ਹਨ. ਜੋ ਗੁਰੂ ਮੰਤ੍ਰ ਦਿੰਦਾ ਹੈ ਉਹ ਦੀਕ੍ਸ਼ਾ ਗੁਰੂ ਹੈ.

੪. । ੨. ਸਤਿਗੁਰੂ ਦਾ ਸਿੱਖ. ਦੇਖੋ, ਗੁਰੁ ਪੁਤ੍ਰ.

੫. ਇਹ ਗ੍ਰੰਥ, ਗੁਰਮਤ ਮਾਰਤੰਡ ਵਿਚ ਸ਼ਾਮਿਲ ਕੀਤਾ ਗਿਆ ਹੈ.

੬. । ੨. ਸਿੱਖ. "ਜਨ ਨਾਨਕ ਕੇ ਗੁਰ ਸਿਖ ਪੁਤਹਹੁ." (ਵਾਰ ਗਉ ੧. ਮਃ ੪)

John Malcolm ਆਪਣੀ ਕਿਤਾਬ Sketch of the Sikhs ਵਿੱਚ "ਗੁਰੁਮਤੇ" ਬਾਬਤ ਇਉਂ ਲਿਖਦਾ ਹੈ-

" When the chiefs meet upon this solemn occasion, it is concluded that all private animosities cease, and that every man sacrifices his personal feelings at the shrine of the general good, and, actuated by Principles of pure patriotism, thinks of nothing but the interests of religion and the common wealth to which he belongs. When the cheifs and principal leaders are seated, the Adi- Granth and Daswen padshah Ka Granth are placed before them. They all bend their heads before these scriptures and exclaim: "Wah Guru Ji Ka Khalsa, Wah Guru Ji Ki Fateh"

Karah Parasad next receives the salutation of the assembly, who then rise and the Akalis pray a loud. The members then resume their seats and partake of the karah parasad int oken of their general and complete union in one cause. The Akalis then exclaim: 'Sardars, this is a Gurumata, ' on which prayers are again said aloud. The sacred Granth is betwixt us, let us swear by our scriptures to forget all internal disputes and to be united. This moment of religious fervour and ardent patriotism is taken to reconcile all animositries. They then proceed to consider the danger with which they are threatened, to settle the best plans for averting it, and to choose the generals who are to lead their armies against the common enemy."

੨. ਇਸ ਗ੍ਰੰਥ ਵਿੱਚ ਪਹੇਲੀ ਦੇ ਢੰਗ ਨਾਮ ਲਿਖੇ ਹਨ ਜਿਵੇਂ-

ਆਸਮਾਨ ਖਾਂ ਦੀ ਥਾਂ ਖ਼ਾਂ ਅਕਾਸ, ਲਾਲ ਚੰਦ ਦੀ ਥਾਂ ਅਰੁਣ ਸਸਿ, ਬਿਧਿ ਚੰਦ ਦੀ ਥਾਂ ਬਿਧੀ ਉਦਧਿਜ ਆਦਿ, ਅਤੇ ਕਈ ਨਾਮ ਮੂਲੋਂ ਵਿਗਾੜ ਦਿਤੇ ਹਨ, ਜਿਵੇਂ- "ਖ਼੍ਵਾਜਹ ਅਨਵਰ ਦੀ ਥਾਂ 'ਖੋਜ ਜਨਵਾਰ' ਆਦਿ.

੩. ਛੰਦ ਦੀ ਚਾਲ ਸਹੀ ਰੱਖਣ ਲਈ ਜਿਤਨੇ ਸ਼ਬਦ ਭਾਈ ਸੱਖਾ ਸਿੰਘ ਨੇ ਵਿਗਾੜੇ ਹਨ, ਉਤਨੇ ਕਿਸ ਹੋਰ ਕਵੀ ਦੀ ਰਚਨਾ ਵਿੱਚ ਨਹੀਂ ਵੇਖੇ ਜਾਂਦੇ. ਮਿੱਸੇ ਅਲੂਣੇ ਦੀ ਥਾਂ ਮੀਸ ਆਲੂਣ, ਛਤ੍ਰਧਾਰ ਦੀ ਥਾਂ ਧਰ ਛਤੁ, ਸੂਬਾ ਦੀ ਥਾਂ ਸੂਬ, ਉੱਲੂ ਦੀ ਥਾਂ ਉਲਕ,

ਅੱਗੇ ਦੀ ਥਾਂ ਆਗ, ਬਵੰਜਾ ਦੀ ਥਾਂ ਬਾਵੰਜ, ਤੋਪ ਦੀ ਥਾਂ ਤੁਪ, ਦੇਵੋ ਦੀ ਥਾਂ ਦਿਵੋ, ਦੀਵਾਨ ਦੀ ਥਾਂ ਦੇਵਾਨ, ਡੇਰੇ ਦੀ ਥਾਂ ਡੇਰ, ਖ਼ਤਾ ਦੀ ਥਾਂ ਖਤ, ਜਗਹਿ ਦੀ ਥਾਂ ਜਾਗ, ਆਦਿਕ.

ਬਾਈ ਸੁੱਖਾ ਸਿੰਘ ਨੇ ਨਾਮ ਭੀ ਪਹੇਲੀ ਦੇ ਢੰਗ ਨਾਲ ਲਿਖੇ ਹਨ, ਜਿਵੇਂ- ਦਯਾ ਸਿੰਘ ਦੀ ਥਾਂ ਦਯਾ ਧਰਜ ਚਰ ਰਾਇ, ਭੀਮ ਚੰਦ ਦੀ ਥਾਂ ਪਵਨ ਤਾਤ ਵਾਰਧਿ ਸੁਤ, ਪਾਣੀ ਦੀ ਥਾਂ ਮੇਘ ਪ੍ਰਸੂਨ ਆਦਿ.

੪. "ਗੁਰੁ ਬਿਨਾ ਮੈ ਨਾਹੀ ਹੋਰ."(ਗੰਡ ਮਃ ੫)

੫. ਛੇਵੀਂ ਪਾਤਸ਼ਾਹੀ ਦੇ ਗੁਰ ਵਿਲਾਸ ਵਿੱਚ ਲਿਖਿਆ ਹੈ ਕਿ ਇਸ ਗੁਰਦ੍ਵਾਰੇ ਦਾ ਸੇਵਕ ਗੁਰੂ ਹਰਿ ਗੋਬਿੰਦ ਸਾਹਿਬ ਨੇ ਰਵਿਦਾਸੀਆ ਸਿੱਖ ਥਾਪਿਆ ਸੀ. ਦੇਖੋ, ਅਃ ੨੦, ਛੰਦ ੩੧.

੬. ਅਰ ਰੁਖਾਲਾ ਢਾਬ ਦੇ ਕਿਨਾਰੇ ਵਿਰਾਜੇ ਸਨ, ਜਿਸ ਦਾ ਨਾਮ ਹੁਣ ਗੁਰੁਸਰ ਪ੍ਰਸਿੱਧ ਹੈ. ਇਹ ਜ਼ਮੀਨ ਉਸ ਵੇਲੇ ਜਲਾਲ ਪਿੰਡ ਦੀ ਸੀ, ਅਰ

੧. ਗੁਰੂ ਹਰਿਰਾਇ ਸਾਹਿਬ ਦਾ ਡੇਰਾ (ਰਸਾਲਾ). ਦੇਖੋ, ਰਣਜੀਤ ਸਿੰਘ.

੨. "ਗੁਰੁ ਚਿਤ ਆਵੇ ! ਆਸਿਖ ਰਰਜੋ." (ਗੁਪ੍ਰਸੂ)

੩. ਗੁਲਕੰਦ ਕਬਜ਼ਕੁਸ਼ਾ ਅਤੇ ਦਿਲ ਦਿਮਾਗ਼ ਲਈ ਗੁਣਕਾਰੀ ਹੈ.

੧. ਗੁਲਾਬ ਦੇ ਅਰਕ ਨੂੰ ਭੀ ਗੁਲਾਬ ਆਖਿਆ ਜਾਂਦਾ ਹੈ,

੨. ਸਰ ਹੈਨਰੀ ਲਾਰੈਂਸ, ਜੋ ਸਾਰੇ ਭੇਤਾਂ ਦਾ ਜਾਣੂ ਸੀ, ਉਸ ਦੀ ਚਿੱਠੀ ਦੇ ਉੱਤਰ ਵਿੱਚ, ਜੋ ਲਾਰਡ ਡਲਹੌਜ਼ੀ ਗਵਰਨਰ ਜਰਨਲ ਨੇ ੧੮. ਫ਼ਰਵਰੀ ਸਨ ੧੮੪੯ ਨੂੰ ਚਿੱਠੀ ਲਿਖੀ ਹੈ, ਉਸ ਤੋਂ ਮਹਾਰਾਜਾ ਗੁਲਾਬ ਸਿੰਘ ਦੀ ਅਸਲੀਯਤ ਪ੍ਰਗਟ ਹੋਂਦੀ ਹੈ

Refering to the communication which have passed between us regarding Goolab Singh, You disclaim being his admirer, and urge your desire to make the best of a crooked character. I give you the fullest credit for both assurances."

ਸਰ ਹੈਨਰੀ ਲਾਰੈਂਸ (ਤੇ ਲਾਰਡ ਲਾਰੰਸ) ਦੇ ਜੀਵਨ ਵਿਚ ਲਿਖਿਆ ਹੈ-

On the 15th of March Goolab Singh was formally invested with the title of Maharajah at Amritsar and (says Cunningham) stood up, and with joined hands, expressed his gratituze to the British Viceroy adzing without, however, any ironical meaning, that he was indeed his Zarkharid or gold boughten slave.

(Life of Sir H. Lawrence by Sir Herbert B. Edwardes. P. 887).

And by a very questionable stroke of policy. which had been arranged beforehand, and has brought woes in numerable on the unhappy Kashmiris ever since, we handed it over to the Dogra Rajpoot Goolab Singh, who paid us down at once in the hard cash which he had stolen from the Lahore Durbar. He was an unscrupulous villain, but an able ruler, amenable to our influence, and would now be bound down by the only obligation on he would be likely to recognise his own self interest to aid us in checking any further ebullition of Khalsa fury (Life of Lord J. Lawrence, by R. Bosworth smith M. A. Vol. I, P. 189)

੩. ਇਸ ਦਾ ਭਾਈ ਪੰਜਾਬਾ ਭੀ ਉਸ ਸਮੇਂ ਸੇਵਾ ਵਿੱਚ ਹਾਜ਼ਿਰ ਰਿਹਾ.

੪. ਸੰਸਕ੍ਰਿਤ ਵਿੱਚ ਇਸ ਦਾ ਨਾਮ ਹੈ. "ਉਪਲ ਕੇਪਕ ਧਨੁਸ."

੪੨੪- ੧. ਗੁੜ੍ਹਤੀ: ਦੇਖੋ, ਗੁੜਤੀ.

੧. ੭. ਤੁ. ਗੂਲ. ਫੌਜ ਦਾ ਵਿਚਲਾ ਹਿੱਸਾ. ਮਧਜ ਭਾਗ.

੨. ਗੇਲ: ਦੇਖੋ, ਗੈਲ.

੩. ਤੁੰਗਮੁਖ. ਵਜ੍ਰਚਰਮਾ. ਵਾਰਧੀਨਸ. ਕੁਰਗ.

੪. ਰਾਜ ਵੱਲਭ ਵਿਚ ਲਿਖਿਆ ਹੈ ਕਿ ਗੈਂਡੇ ਦਾ ਮਾਸ ਉਮਰ ਵਧਾਉਣ ਵਾਲਾ, ਪਿਤਰ ਅਤੇ ਦੇਵਤਿਆਂ ਨੂੰ ਤ੍ਰਿਪਤਿ ਦੇਣ ਵਾਲਾ ਹੈ. ਮਨੁ ਸਿਮ੍ਰਿਤਿ ਦੇ ਤੀਜੇ ਅਧਜਾਯ ਦੇ ੨੭੨ਵੇਂ ਸ਼ਲੋਕ ਵਿੱਚ ਗੈਂਡੇ ਦਾ ਮਾਸ ਸ਼੍ਰਾਧ ਵਿੱਚ ਵਰਤਣਾ ਵਿਧਾਨ ਕੀਤਾ ਹੈ.

੫. ਸਨ, ਪਰ ਇਸਤ੍ਰੀ ਦੇ ਆਖੋ ਇਹ ਫੇਰ ਸ਼੍ਰਧਾ ਰਹਿਤ ਹੋ ਗਿਆ.

੬. "ਗੋ ਤੇ ਮਨ ਜੁ ਇਕਾਗਰ ਕਰਨੋ. ' (ਨਾਪ੍ਰ)

੭. "ਸੁਨਗੋ ਅਹੰ ਬੁਲਾਰ ਤਿਆਗੀ." (ਨਾਪ੍ਰ)

ਸਤਿਗੁਰ ਦੀ ਵਾਣੀ ਸੁਣ ਕੇ ਰਾਇ ਬੁਲਾਰ ਨੇ ਅਹੰਤਾ ਤਿਆਗੀ।

੮. ਗੋਆ ਦਾ ਰਕਬਾ ੧੪੬੯ ਵਰਗ ਮੀਲ ਅਤੇ ਆਬਾਦੀ ੫੧੫, ੭੭੨ ਹੈ. ਪ੍ਰਧਾਨ ਨਗਰ ਨੋਵਾ ਗੋਆ ਹੈ, ਜਿਸ ਦੀ ਵਸੋਂ ੯੦੦੦ ਹੈ.

੨੨੦- ੧. । ੪. ਗੁਰੂ ਅਰਜਨ ਦੇਵ ਦਾ ਇੱਕ ਸਿੱਖ ਜੋ ਘੇਈ ਜਾਤਿ ਦਾ ਸੀ.

੨. ਹੁਣ ਇਹ ਪੋਥੀ ਗੁਰਦੁਆਰਾ ਕਮੇਟੀ ਗੋਇੰਦਵਾਲ ਦੇ ਕਬਜ਼ੇ ਵਿੱਚ ਹੈ, ਅਰ ਬਾਬਾ ਮੋਹਨ ਜੀ ਦੇ ਚੌਬਾਰੇ ਸਥਾਪਨ ਕੀਤੀ ਹੋਈ ਹੈ. ਹਰ ਪੂਰਨਮਾਸੀ ਨੂੰ ਦਰਸ਼ਨ ਹੋਂਦਾ ਹੈ. ਪ੍ਰੇਮੀ ਸੱਜਨਾਂ ਨੂੰ ਹੋਰ ਸਮੇਂ ਭੀ ਦਰਸ਼ਨ ਕਰਾਇਆ ਜਾਂਦਾ ਹੈ. ਇਹ ਦੂਜੀ ਪੋਥੀ ਹੈ. ਪਹਿਲੀ ਅਹੀਆ ਪੁਰ ਹੈ, ਇਸ ਦਾ ਪਾਠ ਰਾਮਕਲੀ ਤੋਂ ਆਰੰਭ ਹੋਂਦਾ ਹੈ. ਫੇਰ ਸੋਰਠ ਮਲਾਰ ਅਤੇ ਸਾਰੰਗ ਰਾਗ ਹੈ. ਸ਼੍ਰੀ ਗੁਰੂ ਗ੍ਰੰਥ ਸਾਹਿਬ ਨਾਲ ਪਾਠਾਂ ਦੇ ਬਹੁਤ ਭੇਦ ਹਨ. ਕਬੀਰ ਨਾਮਦੇਵ ਦੇ ਸ਼ਬਦ ਭੀ ਹਨ. ਕਈ ਸ਼ਬਦ ਐਸੇ ਹਨ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ. ਹਰੇਕ ਰਾਗ ਅਤੇ ਬਾਣੀ ਦਾ ਮੰਗਲ ਇਉਂ ਹੈ-

੧ਓ ਸਤਿਗੁਰੁ ਪਰਸਾਦ ਸਚੁਨਾਮੁ ਕਰਤਾਰੁ ਅਕਾਲ ਮੂਰਤਿ ਅਜੂਨੀ ਸੰਭਉ ਗੁਰੁ ਪੂਰੇ ਕੇ ਪਰ੍ਸਾਦੁ ॥"

੩. । ੪. ਖੱਚਰ। ੫. ਵਿ- ਗਾਂ ਜੇਹੇ ਕੰਨਾਂ ਵਾਲਾ। ੬. ਸੰਗਜਾ- ਤਮਾਕੂ, ਜਿਸ ਦੇ ਪੱਤੇ ਗਾਂ ਕੇ ਕੰਨ ਜੇਹੇ ਹੋਂਦੇ ਹਨ.

੪. ਗੋਕੁਰ: ਗਾਂ ਦਾ ਖੁਰ। ੨. ਗਾਂ ਦੇ ਖੁਰ ਦਾ ਲੱਗਾ ਨਿਸ਼ਾਨ। ੩. ਭੱਖੜਾ. ਗੋਖਰੂ.

੫. ਵੈਦਿਕ ਸਮੇਂ ਵਿੱਚ ਵਿਆਹ ਦੇ ਵੇਲੇ ਭੀ ਗਾਂ ਮਾਰਣ ਦੀ ਰੀਤਿ ਸੀ. ਦੇਖੋ, ਗੋਭਿਲ ਗ੍ਰਿਹਜ ਸੂਤ੍ਰ ੪- ੧੦- ੩.

੬. ਭਾਵ- ਪ੍ਰਤੱਖ. "ਗੋਚਰ ਹੇਤ ਸਰੂਪ ਕ੍ਰਿਪਾਲਾ." (ਨਾਪ੍ਰ)

੭. ਗੋਡੀ: ਗੋਡਣ (ਗੁੱਡਣ, ਗੁਡਾਈ) ਦੀ ਕ੍ਰਿਯਾ। ੨. ਗੋਡੇ ਪਰਣੇ (ਜਾਨੁ ਬਲ) ਹੋਣ ਦਾ ਭਾਵ. ਜਿਵੇਂ- ਉੱਠ ਨੇ ਗੋਡੀ ਲਾ ਦਿੱਤੀ.

੪੨੯- ੧. ਗੋਂਦਲਾ ਬਾਰ: ਭਿੰਗੇ ਅਤੇ ਮਾਂਗਟ ਦੇ ਆਸ ਪਾਸ ਦਾ ਇਲਾਕਾ. "ਬਾਰ ਗੋਂਹਲਾ ਕੀ ਰਹੇ ਭਾਈ ਬੰਨੋ ਸਿੱਖ." (ਮਹਮਾ ਪ੍ਰਕਾਸ਼) ਗੋਦੜੀ. ਦੇਖੋ, ਗੋਦਰੀ.

੨. ਗੋਧਾਂਗੁਲਿਤ੍ਰਾਣ: ਗੋਧਾ (ਗੋਹ ਦੇ ਚੰਮ) ਦਾ ਅੰਗੁਲਿਸ੍ਤ੍ਰਾਣ. ਦੇਖੋ, ਅੰਗੁਲਿਤ੍ਰਾਣ ਅਤੇ ਗੋਧਾ. "ਹਠੀ ਬਾਂਧ ਗੋਧਾਂਗੁਲਿਤ੍ਰਾਣ ਬਾਂਕੇ." (ਚਰਿਤ੍ਰ ੪੦੫)

੩. ਗੋਪਦ ਸੁਣਨ: ਗਾਂ ਦੇ ਪੈਰੋਂ ਜੰਮਿਆ ਤਮਾਕੂ. ਦੰਤ- ਕਥਾ ਹੈ ਕਿ ਜਮਦਗਨਿ ਦੀ ਕਾਮਧੇਨੁ ਨੂੰ ਸਹਸ੍ਰਬਾਹੁ ਨੇ ਜ਼ੋਰ ਨਾਲ ਲੈਣਾ ਚਾਹਿਆ, ਗਾਂ ਅਕਾਸ਼ ਨੂੰ ਉਡ ਗਈ, ਆਕਾਸ਼ ਵੱਲ ਜਾਂਦੀ ਗਊ ਨੂੰ ਸਹਸ੍ਰਬਾਹੁ ਨੇ ਤੀਰ ਮਾਰਿਆ, ਪੈਰ ਵਿੱਚ ਤੀਰ ਲੱਗਣ ਤੋਂ ਜੋ ਲਹੂ ਡਿੱਗਾ, ਉਸ ਤੋਂ ਤਮਾਕੂ ਪੈਦਾ ਹੋਇਆ. ਇਸੇ ਰਵਾਯਤ ਅਨੁਸਾਰ ਸੌ ਸਾਖੀ ਅਤੇ ਗੁਪ੍ਰਸੂ ਵਿੱਚ ਲਿਖਿਆ ਹੈ- "ਗੋਪਦ ਸੁਵਨ ਦੀਨਾ ਸ੍ਰਾਪ ਬਨਾਇ."

੪. ੫ ਗੁਰੂ ਅਮਰ ਦੇਵ ਦਾ ਸਿੱਖ, ਜੋ ਭੰਡਾਰੀ ਗੋਤ ਦਾ ਸੀ.

੧. ਰਾਜਪੂਤਾਨੇ ਅਤੇ ਦੱਖਣ ਦੀ ਯਾਤ੍ਰਾ ਕਰਦੇ ਹੋਏ ਆਪ ਨੇ ਜੂਨ ਸਨ ੧੭੦੮ ਵਿੱਚ ਨਾਦੇੜ ਨਗਰ ਪਾਸ ਗੋਦਾਵਰੀ ਨਦੀ ਦੇ ਕਿਨਾਰੇ ਨਿਵਾਸ ਕੀਤਾ, ਅਤੇ ਇਸੇ ਥਾਂ

੨. ਗੋਬਿੰਦ ਗਾਯਤ੍ਰੀ: ਕਿਤਨੇ ਪੁਰਾਣੇ ਸਿੰਘ ਸੰਤ ਜਾਪੁ ਦੇ ਪਾਠ- "ਗੋਬਿੰਦੇ, ਮੁਕੰਦੇ, ਉਦਾਰੇ, ਅਪਾਰੇ, ਹਰੀਅੰ, ਕਰੀਅੰ, ਨ੍ਰਿਨਾਮੇ ਅਕਾਮੇ" ਨੂੰ ਗੋਬਿੰਦ ਗਾਯਤ੍ਰੀ ਆਖਦੇ ਹਨ.

੩. ਗੋਬਿੰਦ ਰਾਇ: ਦਸ਼ਮੇਸ਼ ਦਾ ਅਮ੍ਰਿਤ ਸੰਸਕਾਰ ਤੋਂ ਪਹਿਲਾ ਨਾਮ.

੪. ਗੋਰਖ ਹਕੜੀ ਪੇਸ਼ਾਵਰ ਵਿੱਚ ਇੱਕ ਉੱਚੀ ਥਾਂ, ਜਿਥੇ ਸਿੱਖ ਰਾਜ ਸਮੇਂ ਦ੍ਰਿੜ੍ਹ ਕਿਲਾ ਬਣਾਇਆ ਗਿਆ ਸੀ. ਹੁਣ ਇਥੇ ਪੁਲੀਸ ਦਾ ਡੇਰਾ ਹੈ. ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਂਦਾ ਹੈ. ਇੱਕ ਹਿੰਦੂ ਮੰਦਿਰ ਭੀ ਹੈ. ਲੋਕ ਆਖਦੇ ਹਨ ਕਿ ਕਿਸੇ ਸਮੇਂ ਗੋਰਖ ਨਾਥ ਇਸ ਥਾਂ ਵਿਰਾਜੇ ਸਨ.

੫. ਅਤੇ ਬੰਗਾਲ ਐਂਡ ਨਾਰਥ ਵੈਸਟਰਨ ਰੇਲਵੇ ਦਾ ਭਾਰੀ ਸਟੇਸ਼ਨ ਹੈ. ਇਹ ਕਾਨਪੁਰ ਤੋਂ ੨੧੭ ਮੀਲ ਹੈ. ਆਬਾਦੀ ੫੬੮੯੨ ਹੈ.

੬. ਜਿਸ ਦਾ ਪ੍ਰਧਾਨ ਨਗਰ ਗੋਰਖਾ ਹੈ. ਇਹ ਨੈਪਾਲ ਪਤਿ ਪ੍ਰਿਥਿਵੀ ਨਾਰਾਯਣ ਦੀ ਰਾਜਧਾਨੀ ਸੀ।

੭. । ੪. ਯੂਰਪ ਦੇ ਵਸਨੀਕ ਨੂੰ ਗੋਰਾ (ਗੌਰਾ) ਰੰਗ ਹੋਣ ਕਰਕੇ ਲੋਕ ਗੋਰਾ ਆਖਦੇ ਹਨ.

ਗੋਰਾ ਬਾਦਲ: ਦੇਖੋ, ਗੌਰਾ ਬਾਦਲ.

੧. ਇਸ ਨੂੰ ਗੋਰਾ ਅਤੇ ਗੌੜਾ ਭੀ ਆਖਦੇ ਹਨ. ਦੇਖੋ, ਗੌਰਾ ੬.

੨। ੨. ਟਾਂਕ (ਡੇਰਾ ਇਸਮਾਈਲ ਖਾਂ) ਨਾਲ ਲਗਦਾ ਸਰਹੱਦੀ ਨਗਰ ਅਤੇ ਇਲਾਕ਼ਾ.

੩. ਗੌਲਕੰਡੇ ਦੀ ਸੰਖੇਪ ਕਥਾ ਇਉਂ ਹੈ- ਕਨ੍ਹਯਾ ਨਾਮਕ ਰਾਜ ਤੋਂ ਮਹਮੂਦ ਸ਼ਾਹ ਬਹਮਨੀ ਨੇ ਸਨ ੧੩੬੩ ਵਿੱਚ ਗੋਲਕੰਡਾ ਜਿੱਤਿਆ ਅਤੇ ਨਾਮ ਮੁਹੱਮਦ ਤੀਜੇ ਰੱਖਿਆ. ਮਹਮੂਦ ਸ਼ਾਹ (ਤੀਜੇ) ਲਸ਼ਕਰੀ ਦੇ ਪੁਤ੍ਰ ਮਹਮੂਦਸ਼ਾਹ ਨੇ ਆਪਣੇ ਨਮਕ ਹਲਾਲ ਅਹਿਲਕਾਰ ਸੁਲਤਾਨ ਕੁਲੀ ਨੂੰ ਗੋਲਕੰਡੇ ਦਾ ਇਲਾਕਾ ਜਾਗੀਰ ਵਿੱਚ ਦੇ ਕੇ ਖ਼ਿਤਾਬ ਕੁਤੁਬੁਲ ਮੁਲਕ ਬਖ਼ਸ਼ਿਆ. ਸਨ ੧੫੧੮ ਵਿੱਚ ਮਹਮੂਦ ਸ਼ਾਹ ਦੇ ਮਰਨ ਪਿਛੋਂ ਕੁਤੁਬ ਸ਼ਾਹ ਸ੍ਵਤੰਤ੍ਰ ਬਾਦਸ਼ਾਹ ਹੋ ਗਿਆ ਅਰ ਕੁਤੁਬਸ਼ਾਹੀ ਵੰਸ਼ ਦਾ ਮੋਢੀ ਹੋਇਆ. ਇਹ ੯੯ ਵਰ੍ਹੇ ਦੀ ਉਮਰ ਭੋਗਕੇ ਸਨ ੧੫੪੩ ਵਿੱਚ ਮੋਇਆ. ਇਸ ਪਿਛੋਂ ਇਸ ਦੀ ਵੰਸ਼ ਦੇ ਅੱਠਵੇਂ ਬਾਦਸ਼ਾਹ ਅਬੁਲਹਸਨ (ਤਾਨਾਸ਼ਾਹ) ਨੂੰ ੨੧. ਸਿਤੰਬਰ ਸਨ ੧੬੮੭ ਨੂੰ ਜਿੱਤ ਕੇ ਔਰੰਗਜ਼ੇਬ ਨੇ ਗੋਲਕੰਡਾ ਦਿੱਲੀ ਦੇ ਰਾਜ ਨਾਲ ਮਿਲਾਇਆ. ਤਾਨਾਸ਼ਾਹ ਦੌਲਤਾਬਾਦ ਦੇ ਕਿਲੇ ਸ਼ਾਹੀ ਕੈਦੀ ਰਹਿ ਕੇ ਸਨ ੧੭੦੪ ਵਿੱਚ ਮੋਇਆ.

੪। ੬. ਸ਼੍ਰੀ ਗੁਰੂ ਅਰਜਨ ਸਾਹਿਬ ਦਾ ਇੱਕ ਸਿੱਖ.

੫. ਸਭ ਤੋਂ ਪਹਿਲਾਂ ਗੋਲੀ ਪੱਥਰ ਦੀ ਫੇਰ ਲੋਹੇ ਦੀ ਹੋਇਆ ਕਰਦੀ ਸੀ, ਪਿੱਛੋਂ ਸਿੱਕੇ ਦੀ ਬਣਨ ਲੱਗੀ.

੬. ਗੋਲੀਆ: ਮਾਹੀਪੁਸ਼ਤ ਜੇਹੀ ਤਲਵਾਰ, ਜੋ ਖ਼ਮਦਾਰ ਹੋਂਦੀ ਹੈ.

੭. ਮਹਾਰਾਜਾ ਰਣਜੀਤ ਸਿੰਘ ਜੀ ਦੇ ਤੋਪਖ਼ਾਨਿਆਂ ਦੇ ਗੋਲੰਦਾਜ਼ ਆਪਣੀ ਵਿਦਯਾ ਵਿੱਚ ਭਾਰਤ ਅੰਦਰ ਅਦੁਤੀ ਸਨ. ਇਸ ਵਿਸ਼ਯ ਦੇਖੋ, ਲਾਰਡ ਲਾਰੈਂਸ ਦੀ ਜੀਵਨੀ ਕ੍ਰਿਤ ਆਰ. ਬਾਸਵਰਥ. ਸਮਿਥ, ਜਿਲਦ ਦੂਜੀ, ਪੰਨਾ ੧੦੭.

"There was, for example, a want of gunners at Delhi, Sir John Lawrence, having first convinced himself that it was safe to do so, called boldly on the old Sikh artillerymen, who had dealt death into our ranks in the two Sikh Wars, to leave their ploughs and go and deal death in our defence, on the rebellious city."

੮. ਗੋ (ਵੇਚ) ਵਿਚੁ (ਚੇਤਾ੶). ਦੇਖੋ, ਗਾਇਤ੍ਰ.

੯. ਗੌਹਰਬਾਰ: ਫ਼ਾ. ਵਿ- ਮੋਤੀਆਂ ਦੀ ਵਰਖਾ ਕਰਨ ਵਾਲਾ, ਵਾਲੀ. "ਈਂ ਚਸ਼ਮੇ ਗੌਹਰ ਬਾਰ." (ਦੀਗੋ)

੧੦. ਗੌਨਤ: ਗਮਨਤ. ਜਾਂਦਾ. "ਗੌਨਤ ਕੀ ਅਵਿਲੋਕਤ ਪੀਠ." (ਗੁਪ੍ਰਸੂ)

੧੧. ਗੌਰਸਾਲ: ਇਹ ਭਾਈ ਗੌਰੇ ਦਾ ਪੂਰਾ ਨਾਮ ਹੈ. ਦੇਖੋ, ਗੌਰਾ ੫.

੧੨. ਰਤਨ ਸਿੰਘ (ਰਤਨ ਸੇਨ) ਦੇ ਦੋ ਸੂਰਬੀਰ ਸਰਦਾਰ ਗੌਰਾ ਅਤੇ ਬਾਦਲ, ਜਿਨ੍ਹਾਂ ਨੇ ਚਤੌੜ ਦੇ ਜੰਗ ਵਿੱਚ ਵੱਡੀ ਬਹਾਦੁਰੀ ਵਿਖਾਈ. ਇਹ ਕਥਾ ਮਲਿਕ ਮੁਹੰਮਦ ਜਾਯਸੀ ਦੇ ਗ੍ਰੰਥ "ਪਦਮਾਵਤ" ਵਿੱਚ ਵਿਸਤਾਰ ਨਾਲ ਆਈ ਹੈ. ਜਟਮਲ ਦੀ ਲਿਖੀ ਗੌਰਾ ਬਾਦਲ ਦੀ ਕਹਾਨੀ ਭੀ ਪੜ੍ਹਨ ਯੋਗ੍ਯ ਹੈ. ਅਜਮੇਰ ਨਿਵਾਸੀ ਰਾਯਬਹਾਦੁਰ ਗੌਰੀ ਸ਼ੰਕਰ ਹੀਰਾ ਚੰਦ ਓਝਾ ਲਿਖਦੇ ਹਨ ਕਿ ਵਿਕ੍ਰਮੀ ਦੀ ਛੇਵੀਂ ਸਦੀ ਵਿੱਚ ਗੌਰ- ਵੰਸ਼ ਮੇਵਾੜ ਵਿੱਚ ਰਾਜ ਕਰਦਾ ਸੀ. ਇਸੇ ਕੁਲ ਵਿੱਚ ਗੌਰਾ ਬਾਦਲ ਹੋਇਆ ਹੈ. ਬਾਦਲ ਉਸ ਦਾ ਨਾਮ ਸੀ ਅਤੇ ਗੌਰਾ ਵੰਸ਼ ਦੀ ਉਪਾਧੀ ਸੀ. (ਦੇਖੋ, ਨਾਗਰੀ ਪ੍ਰਚਾਰਿਣੀ ਪਤ੍ਰਿਕਾ- ਭਾਗ ੧੩, ਅੰਕ ੧. ਪੰਨਾ ੭) ਪਰ ਜਾਯਸੀ ਅਤੇ ਜਟਮਲ ਨੇ ਇਹ ਦੋ ਯੋਧੇ ਭਿੰਨ ਭਿੰਨ ਨਾਮਾਂ ਦੇ ਲਿਖੇ ਹਨ, ਇਸ ਦੀ ਪੁਸ਼ਟੀ ਦਸ਼ਮ ਗ੍ਰੰਥ ਦੇ ਤ੍ਰਿਯਾ ਚਰਿਤ੍ਰਾਂ ਵਿੱਚ ਹੈ.

੧੩. ਕਾਲਿਕਾ ਪੁਰਾਣ ਅਧ੍ਯਾਯ ੪੫ ਵਿੱਚ ਕਥਾ ਹੈ ਕਿ ਕਾਲੀ ਦੇਵੀ ਨੇ ਆਕਾਸ਼ ਗੰਗਾ ਵਿੱਚ ਸ਼ਨਾਨ ਕਰਕੇ ਰੰਗ ਗੋਰਾ ਕਰ ਲਿਆ. ਜਿਸ ਤੋਂ ਗੌਰੀ ਸੰਗ੍ਯਾ ਹੋਈ.

੧੪. । ੯. ਗਰੁਵੀ (ਵਜ਼ਨਦਾਰ) ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ. "ਲਈ ਢਾਲ ਚੌਰੀ। ਹੁਤੀ ਭਾਰ ਗੌਰੀ." (ਗੁਪ੍ਰਸੂ)

੧੫. ਗੌਰੀ ਕੁੰਡ: ਕੈਲਾਸ਼ ਤੋਂ ੧੫. ਮੀਲ ਮਾਨਸਰੋਵਰ ਪਾਸ ਇਕ ਕੁੰਡ, ਜੋ ਪੁਰਾਣਾ ਅਨੁਸਾਰ ਪ੍ਰਸਿੱਧ ਤੀਰਥ ਹੈ.

੧੬. ਗੌਲਨਾ: ਗ਼ੌਰ (ਵਿਚਾਰ) ਕਰਨਾ. ਸੋਚਣਾ.

੧. ਕਈ ਲਿਖਦੇ ਹਨ ਕਿ ਕਵਿ ਗੰਗ ਨਿਧੜਕ ਅਤੇ ਘ੍ਰਿਣਿਤ ਸ਼ਬਦ ਕਹਿਣ ਤੋਂ ਹਾਥੀ ਦੇ ਪੈਰਾਂ ਹੇਠ ਕੁਚਲਕੇ ਮਰਵਾਇਆ ਗਿਆ ਸੀ.

੨. । ੩. ਇੱਕ ਕਸ਼ਮੀਰੀ ਬ੍ਰਾਹਮਣ ਜੋ ਪਹਿਲਾਂ ਗਵਾਲੀਅਰ ਅਤੇ ਦਿੱਲੀ ਨੌਕਰ ਰਿਹਾ, ਦੀਵਾਨ ਦੀਨਾ ਨਾਥ ਇਸ ਦਾ ਰਿਸ਼ਤੇਦਾਰ ਸੀ, ਇਸ ਲਈ ਇਸ ਨੂੰ ਦਿੱਲੀ ਦੀ ਨੌਕਰੀ ਛੁਡਵਾ ਕੇ ਲਹੌਰ ਬੁਲਾ ਲਿਆ. ਸਨ ੧੮੧੪ ਵਿੱਚ ਇਸ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਨੌਕਰੀ ਕੀਤੀ. ਮਹਾਰਾਜਾ ਨੇ ਇਸਨੂੰ ਫ਼ੌਜ ਦਾ ਖ਼ਜ਼ਾਨਚੀ ਬਣਾਇਆ. ਸਨ ੧੮੧੪ ਵਿੱਚ ਇਹ ਗੁਜਰਾਤ ਦਾ ਹਾਕਿਮ ਹੋਇਆ. ਇਸ ਨੇ ਆਬਕਾਰੀ ਦੇ ਨਿਯਮ ਬਣਾਏ ਅਤੇ ਹੋਰ ਕਈ ਸ਼ਲਾਘਾ ਯੋਗ੍ਯ ਕੰਮ ਕੀਤੇ. ਗੰਗਾ ਰਾਮ ਦਾ ਦੇਹਾਂਤ ਸਨ ੧੮੨੬ ਵਿੱਚ ਹੋਇਆ.

੩. ਇਹ ਕੁਛ ਸਮੇਂ ਲਈ ਮਸੰਦ ਭੀ ਰਿਹਾ ਸੀ. "ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ। ਕੁਛਕ ਮਸੰਦੀ ਭੀ ਕਰੀ ਇਸ ਹੇਤੁ ਚਿਨਾਰੀ." (ਗੁਪ੍ਰਸੂ)

੪. ਗੰਗੋ: ਇੱਕ ਸ਼ਾਹੂਕਾਰ ਜੋ ਬੱਸੀ ਗੋਤ ਦਾ ਖਤ੍ਰੀ ਸੀ. ਇਹ ਗੁਰੂ ਅਮਰਦਾਸ ਜੀ ਦਾ ਸਿੱਖ ਹੋਇਆ.

੧. ੩। ੪. ਵਿਆਹ ਦੇ ਮੌਕੇ ਮਿਠਾਈ ਮੇਵੇ ਆਦਿ ਨਾਲ ਸੰਬੰਧੀ ਨੂੰ ਭੇਜੀ ਖੰਮ੍ਣੀ (ਮੰਗਲ ਸੂਤ੍ਰ). ਇਸ ਤੋਂ ਭਾਵ ਇਹ ਹੋਂਦਾ ਹੈ ਕਿ ਆਪ ਨਾਲ ਸਾਡਾ ਜੋੜ ਮੇਲ (ਗੰਢ) ਹੈ.

੨. ਗੰਢ ਕਤਰਾ: ਦੇਖੋ, ਗੱਠ ਕਤਰਾ.

੩. ਗੰਤਵ੍ਯ: ਜਾਣ ਯੋਗਯ. ਪੁੱਜਣ ਲਾਇਕ.

੪. ਪਰ ਇਸਤ੍ਰੀਆਂ ਖੰਡ ਪਾਗੀਆਂ ਵਿਖ ਗੰਦਲਾਂ ਹਨ.

੫. ਗੰਧਕ ਬਾਰੂਦ ਦਾ ਭੀ ਇੱਕ ਅੰਗ ਹੈ. ਜੋ ਵੈਦ੍ਯਕ ਗ੍ਰੰਥ ਭਾਵ ਪ੍ਰਕਾਸ਼ ਆਦਿ ਪਾਰੇ ਨੂੰ ਸ਼ਿਵ ਦਾ ਵੀਰਯ ਮੰਨਦੇ ਹਨ ਉਹ ਗੰਧਕ ਨੂੰ ਪਾਰਵਤੀ ਦੀ ਰਜ ਦੱਸਦੇ ਹਨ.

੬. ਗੰਧਾਲਾ: ਸੰਗ੍ਯਾ- ਕਾਠ ਦੇ ਦਸਤੇ ਵਾਲਾ ਇੱਕ ਲੋਹੇ ਦਾ ਸੰਬਲ ਜੇਹਾ ਸੰਦ, ਜਿਸ ਨਾਲ ਟੋਏ ਪੱਟੇ ਜਾਂਦੇ ਹਨ।

੨. ਵਿ- ਗੰਧ (ਸੁਗੰਧ) ਵਾਲਾ. "ਚੰਦਨ ਅਤਿ ਸੁੰਦਰ ਗੰਧਾਲਾ." (ਗੁਪ੍ਰਸੂ)

੭. "ਕਰਿ ਫੁਲੇਲ ਕੋ ਆਚਮਨ ਮੀਠੋ ਕਹਿਤ ਸਰਾਹਿ। ਚੁਪ ਰਹਿਯੇ ਗੰਧੀ ਸੁਘਰ ! ਇਤਰ ਦਿਖਵਤ ਕਾਹਿ?" (ਵਿੰਦ)

੮. "ਵਾਂਸਹੁ ਮੂਲ ਨ ਹੋਵੇ ਗੰਨਾ." (ਭਾਗੁ)

੧. ਗ੍ਯਾਨੇਂਦ੍ਰਿਯ- ਕੰਨ, ਤੁਚਾ, ਨੇਤ੍ਰ, ਜੀਭ, ਨੱਕ, ਸ਼ਬਦ ਸਪਰਸ਼, ਰੂਪ ਰਸ, ਗੰਧ ਨੂੰ ਗ੍ਰਹਣ ਕਰਨ ਵਾਲੇ ਇੰਦ੍ਰਯ.

੨. ਗ੍ਯਾਨੀਆਂ ਦੀ ਸੰਪ੍ਰਦਾਯ: ਦੇਖੋ, ਗ੍ਯਾਨੀ ਫੁੱਟਨੋਟ ਸਮੇਤ.

੩. ਜੋ ਪਿੰਡ ਸੂਰਯ ਦੀ ਪਰਿਕ੍ਰਮਾ ਕਰਦੇ ਹਨ, ਉਹ ਗ੍ਰਹ, ਅਤੇ ਜੋ ਪ੍ਰਿਥਵੀ ਦੇ ਦੁਆਲੇ ਚਕ੍ਰ ਲਾਉਂਦੇ ਹਨ, ਉਹ ਉਪਗ੍ਰਹ ਹਨ.

੪. ਗ੍ਰਹੁ: ਗ੍ਰਿਹ. ਘਰ. "ਧੰਨ ਸੁ ਗ੍ਰਹੁ ਜਿਤੁ ਪ੍ਰਗਟੀ ਆਇ."(ਆਸਾ ਮਹਲਾ ੫)

੫. ਗ੍ਰਿਹਭਿਖੇਕ: ਗ੍ਰਹ- ਅਭਿਸੇਕ. ਗ੍ਰਹਪੂਜਨ. ਗ੍ਰਹਾਸਕਤਿ. ਗ੍ਰਹ (ਘਰ) ਆਸਕ੍ਤਿ (ਪ੍ਰੀਤੀ). ਘਰ ਦੀ ਮੁਹੱਬਤ.

੧. ਭਗਤਾਂ ਦੀ ਬਾਣੀ ਕਈ ਪੁਸਤਕਾਂ ਤੋਂ ਅਤੇ ਭਗਤਾਂ ਦੇ ਸੇਵਕ ਸੰਤਾਂ ਤੋਂ ਲੈ ਕੇ ਲਿਖੀ ਗਈ ਹੈ. ਕਿਤੇ ਕਿਤੇ ਭਗਤ ਦੇ ਭਾਵ ਨੂੰ ਲੈਕੇ ਪਦ ਰਚਨਾ ਗੁਰੂ ਅਰਜਨ ਦੇਵ ਜੀ ਨੇ ਆਪ ਕੀਤੀ ਹੈ. ਗੋਇੰਦਵਾਲ ਜੋ ਬਾਬਾ ਮੋਹਨ ਜੀ ਵਾਲੀ ਪੋਥੀ ਹੈ, ਉਸ ਵਿੱਚ ਭਗਤ ਬਾਣੀ ਲਿਖੀ ਹੋਈ ਹੈ. ਪਾਠਾਂ ਦੇ ਬਹੁਤ ਭੇਦ ਹਨ.

ਮਹਮਾ ਪ੍ਰਕਾਸ਼ ਵਿੱਚ ਲਿਖਿਆ ਹੈ. "ਭਾਈ ਗੁਰਦਾਸ ਕੋ ਆਗ੍ਯਾ ਕਰੀ। ਸਭ ਕਰ ਇਕਤ੍ਰ ਬਾਨੀ ਇਸ ਘਰੀ। ਬਾਨੀ ਭਗਤਨ ਕੀ ਸਭ ਮੇਲੋ। ਸਾਚੀ ਰਾਖੋ, ਝੂਠੀ ਪੇਲੋ."

੨. ਦਰਸ਼ਨ ਕਰੋ ਕਰਤਾਰਪੁਰ ਅਤੇ ਮਾਂਗਟ ਵਾਲੀਆਂ ਬੀੜਾਂ ਦੇ.

੩. ਦੇਖੋ, ਗੁਰ ਵਿਲਾਸ ਪਾਤਸ਼ਾਹੀ ੬, ਅਃ ੮. "ਬਾਈ ਵਾਰ ਕੀ ਧੁਨਿ ਸੁਨਿ ਬਾਈ। ਨੌ ਧੁਨਿ ਊਪਰਿ ਵਾਰ ਚੜਾਈ." (੧੨੬)

੧. अज्ञेभ्यो ग्रन्थिनः श्रेष्ठा अन्थिभ्यो धारिणो वराः धारिभ्यो ज्ञानिनः श्रेष्ठा ज्ञानिभ्यो व्यवसायिनः (ਮਨੁ ਅਃ ੧੨, ਸ਼ਃ ੧੦੩)

੨. ਸੇਵਾਰਾਮ ਭੱਟ ਦਾ ਸੁਪੁਤ੍ਰ ਕਵਿ ਰਤਨ, ਜੋ ਨਾਭਾਪਤਿ ਰਾਜਾ ਜਸਵੰਤ ਸਿੰਘ, ਲਹੌਰਪਤਿ ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਵਿੱਚ ਮਾਨ ਸਹਿਤ ਰਿਹਾ ਅਤੇ ਅੰਤਮ-

੩. ਘਸੁੰਨ: ਜਿਸ ਦਾ ਘ (ਪ੍ਰਹਾਰ- ਆਘਾਤ) ਸਰੀਰ ਨੂੰ ਸੁੰਨ ਕਰ ਦੇਵੇ. ਮੁੱਕਾ. ਹੂਰਾ. ਘੁੰਸਾ.

ਘਸੌਟੀ: ਦੇਖੋ, ਕਸਉਟੀ.

੧. ਘਣਚਾਲ: ਇੱਕ ਖੇਡ. "ਸਾਹਿਬ (ਗੁਰੂ ਅੰਗਦ ਜੀ) ਲੜਕਿਆਂ ਨਾਲ ਘਣਚਾਲ ਖੇਡਦੇ ਸੇ."

(ਵਾਰਤਿਕ ਮਹਮਾ ਪ੍ਰਕਾਸ਼)

੨. "ਘਨਘਖਨ ਜਜੋ ਘਹਿਰਾਵਹਿੰਗੇ."(ਕਲਕੀ)

੩. ਘੋਣ (ਭਯਾਨਕ) ਬੱਦਲ. "ਘਨਘੋਰ ਉਠੇ ਘਨਘੋਰ ਤਬੈ." (ਨਾਪ੍ਰ)

੧. । ੪. ਰੌਲਾ ਗੌਲਾ. ਸ਼ੋਰ ਸ਼ਰਾਬਾ.

੨. ਘਮਸਾਣ ਚੌਦੇਂ: ਭਾਵ- ਅਪ੍ਰਮਾਣ ਗੱਲ. ਬੇਹਿਸਾਬੀ ਬਾਤ. ਇਸ ਦਾ ਮੂਲ ਇਹ ਹੈ ਕਿ- ਇੱਕ ਅਨਪੜ੍ਹ ਪਾਧਾ ਲੋਕਾਂ ਨੂੰ ਤਿਥਾਂ ਦੱਸਣ ਲਈ ਬੱਕਰੀ ਦੀ ਇੱਕ ਮੇਙਣ ਏਕਮ ਤੋਂ ਘੜੇ ਵਿੱਚ ਹਰ ਰੋਜ਼ ਪਾ ਦਿੰਦਾ, ਜਦ ਕੋਈ ਪੁੱਛਣ ਆਉਂਦਾ ਤਾਂ ਮੇਂਙਣਾਂ ਗਿਣ ਲੈਂਦਾ, ਜੇ ਦੋ ਹੋਂਦੀਆਂ ਤਾਂ ਦੂਜੇ, ਜੇ ਪੰਜ ਹੋਂਦੀਆਂ ਪੰਚਮੀ ਆਦਿ ਦੱਸ ਦੇਂਦਾ. ਇੱਕ ਦਿਨ ਬੱਕਰੀ ਨੇ ਘੜੇ ਵਿੱਚ ਮੇਂਙਣਾਂ ਕਰ ਦਿੱਤੀਆਂ, ਜਦ ਪਾਧੇ ਨੇ ਪ੍ਰਸ਼ਨ ਦੇ ਉੱਤਰ ਵਿੱਚ ਤਿੱਥ ਦੱਸਣੀ ਚਾਹੀ ਤਾਂ ਹਿਸਾਬ ਠੀਕ ਨਾ ਬੈਠਾ, ਅਰ ਪੁੱਛਣ ਵਾਲੇ ਨੂੰ ਦਸਿਆ ਕਿ ਅੱਜ ਘਮਸਾਨ ਚੌਦੇਂ ਹੈ.

੩. । ੨. ਘਮਸਾਣ. ਜੰਗ. "ਘਾਲ ਘਮੰਡ ਘਮੰਡ ਚੰਦ ਬਹੁ ਲੱਜਿਤ ਮੁਖ ਨਹਿ ਮੋਰਾ." (ਗੁਪ੍ਰਸੂ)

੪. । ੧੨. ਸ਼ਰੀਰ ਦੇ ਨੌਂ ਦ੍ਵਾਰ. ਦੇਖੋ, ਨਵਗ੍ਰਹ ੨।

੫. ਘਰ ਕਾ ਨ ਘਾਟ ਕਾ: ਇਹ ਅਖਾਣ ਧੋਬੀ ਦੇ ਕੁੱਤੇ ਤੋਂ ਚੱਲਿਆ ਹੈ, ਪਰ ਇਸ ਦਾ ਭਾਵ ਹੈ- ਨਾ ਘਰ ਦੇ ਕੰਮ ਦਾ ਨਾ ਸਮਾਜ ਦਾ, ਨਾ ਲੋਕ ਦਾ ਅਤੇ ਨਾ ਪਰਲੋਕ ਦਾ. "ਘਰਕੇ ਰਹੇ ਨ ਘਾਟਕੇ ਇਸ ਲੋਕ ਬਖਾਨੈ." (ਗੁਪ੍ਰਸੂ)

੬. ਘਰ ਕ੍ਰਿਤ: ਘਰ ਕਰਤਾ. ਗ੍ਰਿਹ ਕਰਿੱ. ਰਾਜ ਅਤੇ ਤਖਾਣ. "ਘਰ ਕ੍ਰਿਤ ਅਰੁ ਮਸੰਦ ਮਿਲਕੈ ਸਬ." (ਗੁਪ੍ਰਸੂ)

੭. "ਘਰੁ ਬਾਲੂ ਕਾ ਘੂਮਨ ਘੇਰ." (ਬਸੰ ਮਃ ੧)

੧. ਘਰ ਬਾਹਰ ਇਕੱਠਾ ਪਦ ਸ੍ਵਦੇਸ਼ ਅਤੇ ਵਿਦੇਸ਼ ਦਾ ਬੋਧਕ ਭੀ ਹੋਂਦਾ ਹੈ.

੨. । ੩. ਘੜਕੇ. "ਕੋ ਘਰਿ ਘਰਿ ਲਾਵੜ ਹੈਂ ਨੀਕੇ." (ਗੁਪ੍ਰਸੂ)

੩. ਲਾਹੌਰ ਦੇ ਸੂਬੇ ਯਾਹਿਯਾ ਖ਼ਾਨ ਦੀ ਅਮਲਦਾਰੀ ਅੰਦਰ, ਉਸ ਦੇ ਵਜ਼ੀਰ

੪. ਪ੍ਰਸਿੱਧ ਹੈ, ਜਿਸ ਵਿੱਚ ਦਸ ਗਜਾਰਾਂ ਹਜ਼ਾਰ ਦੇ ਕਰੀਬ ਸਿੰਘਾਂ ਦਾ ਸ਼ਹੀਦ ਹੋਣਾ ਅਨੁਮਾਨ ਕੀਤਾ ਜਾਂਦਾ ਹੈ.

੫. ਘੜਵੰਜੀ: ਘਟ ਮੰਚ. ਘੜੇ ਰੱਖਣ ਦੀ ਮੰਜੀ, ਘੜੌਂਜੀ.

੬. ਘੜੂਆਂ: ਦੇਖੋ, ਰੰਗ ਦਾਸ.

੭. "ਕੜ ਸੱਚ ਜਿਉਂ ਵੱਟ ਘੜੋਟਾ. (ਭਾਗੁ)

੮. ਘੜੰਮ: ਅਨੁ. ਪਾਣੀ ਵਿੱਚ ਕਿਸੇ ਭਾਰੀ ਵਸਤੁ ਦੇ ਡਿਗਣ ਤੋਂ ਹੋਈ ਆਵਾਜ਼.

੧. । ੪. ਗਰਮ ਰੁੱਤ. ਗ੍ਰੀਖਮ. "ਆਗੈ ਘਾਮ ਪਿਛੈ ਰੁਤਿ ਜਾਡਾ." (ਤੁਖਾ ਬਾਰਹ ਮਾਹਾ)

੨. ਘਾਰਾਨਾ: ਖ਼ਾਨਦਾਨ. ਕੁਲ. ਦੇਖੋ, ਘਰਾਨਾ. "ਕੌਨ ਫਕੀਰ ਕਿਸ ਕਾ ਘਾਰਾਨਾ?" (ਭਾਗੁ)

੩. "ਪਾਲਕ ਘਾਲ ਸੰਸਾਰ ਗੁਬਿੰਦੂ." (ਨਾਪ੍ਰ)

੧. "ਜਿਵੇਂ- "ਉਸ ਦਾ ਘੁਘ ਬੈਠ ਗਿਆ ਹੈ."

੨. । ੨. ਘੁੱਟਵਾਂ (ਤੰਗ) ਪਾਜਾਮਾ. ਭੀੜੀ ਸਲਵਾਰ.

੩. "ਘੁੰਡ ਕਰੇ ਮੁਖ ਬੈਠ ਸਮੀਪਾ." (ਨਾਪ੍ਰ)

੪. ਜਿਵੇ- ਹਨੇਰ ਘੁਪ

੫. । ੪. ਸੂਰ ਆਦਿ ਪਸ਼ੂਆਂ ਦਾ ਸ਼ਬਦ.

੪੪੬- ੧. ਘੁਰਬੋ: ਬੱਦਲ ਨਗਾਰੇ ਆਦਿ ਦਾ ਗਰਜ਼ਨਾ। ੨. ਘੁਲਨਾ. ਕੁਸ਼ਤੀ ਕਰਨਾ. "ਬਹੁਰ ਕਹਯੋ ਮੱਲਨ ਕੋ ਘੁਰਬੋ." (ਗੁਪ੍ਰਸੂ)

੨. ਭਾਵ- ਲੋਕ ਲਾਜ ਤਜਾਗ ਦਿੱਤੀ.

੩. ਘੁਮਰਿਆਰ ਸਿਆਲੀ: ਦੇਖੋ, ਘੁਮਰਿਆਰ ੨.

੪. ਸੰ. घर्षणाल- ਘਸੰਣਾਲ. ਸੰਗਜਾ- ਪੀਹਣ ਦਾ ਵੱਟਾ। ੨

੫. ਘੇਵਰ ਖ਼ਾਸ ਕਰਕੇ ਵਰਖਾ ਰੁੱਤ ਵਿੱਚ ਜਾਦਾ ਬਣਾਈਦਾ ਹੈ.

੬. ੩। ੩. ਵਿ- ਮੈਲਾ ਅਤੇ ਡਰਾਵਨਾ.

੭. । ੪. ਕੇਸ ਧੋਣ ਦਾ ਖਾਰ। ੫. ਦੇਖੋ, ਘੁਲਣਾ. "ਇਸ ਪ੍ਰਕਾਰ ਬਹੁ ਘੋਲ ਦਿਖਾਯ." (ਗੁਪ੍ਰਸੂ) ਕੁਸ਼ਤੀ ਵਿਖਾਈ.

੧. ਹਯ, ਸ਼ੈਂਧਵ. ਕਿੱਕਜਾਨ. ਵਾਜੀ.

੨. । ੨. ਘੋੜੇ ਹੱਕਣ ਵਾਲਾ.

੩. ਮਰਣ ਵੇਲੇ ਕਫ ਦੇ ਕਾਰਣ ਕੰਠ ਤੋਂ ਘਰਘਰਾਟ ਨਾਲ ਸ਼ਾਹ ਦਾ ਆਉਣਾ.

੧. "ਚੰਦਨ ਚਉਕੀ ਚਾਰੁ ਡਸਾਈ." (ਗੁਪ੍ਰਸੂ)

੨. । ੨. ਚਾਰ ਤਾਰ ਦਾ ਵਾਜਾ. ਤਾਨਪੂਰਾ. ਤੰਬੂਰਾ.

੩. ਚਉਥਾ ਪਉੜਾ: ਦੇਖੋ, ਚੌਥਾ ਪੌੜਾ.

੪. । ੩. ਪਿੰਡ ਦਾ ਨੰਬਰਦਾਰ. ਪੰਚ. ਪੈਂਚ.

੫. ਚਉਧਰੀ ਦਾ ਘਰ: ਰਿਆਸਤ ਨਾਭੇ ਦਾ ਰਾਜਵੰਸ਼. ਬਾਬਾ ਤਿਲੋਕ ਸਿੰਘ ਨੂੰ ਬਾਬੇ ਫੂਲ ਦਾ ਵੱਡਾ ਪੁਤ੍ਰ ਹੋਣ ਕਰਕੇ ਚਉਧਰ ਪਦਵੀ ਮਿਲੀ ਹੋਈ ਸੀ. ਤਿਲੋਕ ਸਿੰਘ ਜੀ ਦੀ ਵੱਡੀ ਸ਼ਾਖ ਨਾਭਾ ਹੈ, ਇਸ ਲਈ ਇਸ ਨੂੰ ਚਉਧਰੀ ਦਾ ਘਰ ਸਦਦੇ ਹਨ.

੧. ਮੈਦਾਨ. ਜਿਵੇਂ ਉਸ ਨੇ ਝੁੱਗਾ ਚਉੜ ਕਰ ਦਿੱਤਾ, ਭਾਵ- ਮਕਾਨ ਦਾ ਥੇਹ (ਰੜਾ) ਬਣਾ ਦਿੱਤਾ।

੨. ਅਤੇ ਸੁਲਤਾਨ ਪੁਰ (੧).

੩. ਦੇਖੋ, ਸੁਰਖਾਬ ਅਤੇ ਚਕਵਾ.

੪੫੨- ੧. ਚੱਕੀ ਸਾਹਿਬ: ਦੇਖੋ, ਏਮਨਾਬਾਦ.

੨. ਪਸ਼ੁਚਕ੍ਰ, ਵੀਰਚਕ੍ਰ, ਦਿਵਜਚਕ੍ਰ.

੩. । ੧੯. ਪਹਾੜ. ਪਰਬਤ.

੪. । ੫. ਰਾਮੇਸ਼੍ਵਰ ਪਾਸ ਇੱਕ ਚਕ੍ਰ ਤੀਰਥ ਪ੍ਰਸਿੱਧ ਹੈ.

੫. । ੨. ਵੈਸ਼ਨਵ ਮਤ ਅਨੁਸਾਰ ਉਹ ਵੈਸ਼ਨਵ, ਜੋ ਆਪਣੇ ਸ਼ਰੀਰ ਤੇ ਵਿਸ਼ਨੁ ਦੇ ਚਕ੍ਰ ਆਦਿ ਚਿੰਨ੍ਹਾਂ ਦਾ ਛਾਪਾ ਲਗਵਾਉਂਦਾ ਹੈ. ਵ੍ਰਿੱਧ ਹਾਰੀਤ ਸੰਹਿਤਾ ਦੇ ਪਹਿਲੇ ਅਧਜਾਯ ਵਿੱਚ ਲਿਖਿਆ ਹੈ ਕਿ ਵੇਦ ਪਾਠੀ ਬ੍ਰਾਹਮਣ ਭੀ, ਜੋ ਚਕ੍ਰਧਾਰੀ ਨਹੀਂ ਉਹ ਚਾਂਡਾਲ ਸਮਾਨ ਹੈਃ "अचक्रधारी यो विप्रो, बहु वेद् श्रुतोऽपि वाप्स जीवन्नेव चण्डालो, मृतो निरयमा प्नुयात्. "

੧. ਚਕ੍ਰੀਮਾਲ: ਕਵੀ ਨਿਹਾਲ ਸਿੰਘ ਜੀ ਨੇ ਮਾਲ ਟੇਕੜੀ ਗੁਰਦ੍ਵਾਰੇ ਲਈ ਇਹ ਨਾਮ ਵਰਤਿਆ ਹੈ. ਚਕ੍ਰੀ (ਟੇਕੜੀ- ਪਹਾੜੀ) ਨਾਲ ਮਾਲ ਸ਼ਬਦ ਜੋੜਨ ਤੋਂ ਇਹ ਨਾਮ ਬਣਿਆ ਹੈ. ਦੇਖੋ, ਅਬਿਚਲ ਨਗਰ ਦਾ ਅੰਗ ੯.

੨. ਚੱਖਕ: ਸੰ. ਚਸ਼ਕ, ਚੱਖਣ ਵਾਲਾ. ਬਕਾਵਲ, ਚਾਸ਼ਨੀਗੀਰ. Taster. ਪੁਰਾਣੇ ਸਮੇਂ ਬਾਦਸ਼ਾਹਾਂ ਅਤੇ ਮਹਾਰਾਜਿਆਂ ਦੇ ਲੰਗਰ ਖ਼ਾਨੇ ਵਿੱਚ "ਚੱਖਕ" ਰਹਿੰਦੇ ਸਨ ਜੋ ਖਾਣ ਦੇ ਪਦਾਰਥ ਪਹਿਲਾਂ ਆਪ ਚੱਖ ਕੇ ਅਤੇ ਆਪਣੇ ਸ਼ਰੀਰ ਤੇ ਵਿਖ ਆਦਿ ਦਾ ਅਸਰ ਪਰਖ ਕੇ ਆਪਣੇ ਮਾਲਿਕਾਂ ਨੂੰ ਭੋਜਨ ਦਿੰਦੇ ਸਨ.

ਚਖ ਕੌਲ: ਕਮਲ ਨੈਨ. ਕਮਲ ਜੇਹੇ ਹਨ ਚਕੁ ਜਿਸ ਦੇ.

੩. ਅਮਚੂਰ, ਆਦਾ, ਛੁਹਾਰਾ, ਦਾਖਾਂ ਮਿਸ਼ਰੀ, ਸਿਰਕਾ ਆਦਿ ਦੇ ਮੇਲ ਤੋਂ ਅਨੇਕ ਪ੍ਰਕਾਰ ਦੀਆਂ ਚਟਨੀਆਂ ਬਣਦੀਆਂ ਹਨ.

੪੫੪- ੧. ਚਤੁਰਈ: ਚਤੁਰਾਸੀ, ਚਾਤੁਰ੍ਯਂ.

ਚਤੁਰ ਸਿੰਘ: ਦੇਖੋ, ਚਿੱਲੀਆਂ ਵਾਲਾ.

੨. ਚਤੁਰਤਾ: ਚਤੁਰਾਈ. ਹੋਸ਼ਿਆਰੀ.

੩. ਮੁਕਤਿ ਚਤੁਰਧਾ ਅਹੈ ਪ੍ਰਲੋਕ. (ਗੁਪ੍ਰਸੂ) ਦੇਖੋ, ਚਾਰਮੁਕਤਿ.

੪. ਚਤੁਰਭੁਜੀ: ਦੇਵੀ ਭਾਗਵਤ ਅਨੁਸਾਰ ਚਾਰ ਬਾਹਾਂ ਵਾਲੀ ਇੱਕ ਦੇਵੀ.

੫. ਚਤੁਰ ਵਰਣ: ਵਾਹਗੁਰੂ ਮੰਤ੍ਰ ਦੇ ਚਾਰ ਅੱਖਰ। ੨. ਦੇਖੋ, ਚਾਰ ਵਰਣ.

੬. ਨਾਰਦ ਪੰਚ ਰਾਤ੍ਰ ਵਿੱਚ ਲਿਖਿਆ ਹੈ ਕਿ ਵਾਸਦੇਵ (ਈਸ਼੍ਵਰ) ਤੋਂ ਸੰਕਰਸ਼ੰਣ (ਜੀਵ), ਸੰਕਰਸ਼ੰਣ ਤੋਂ ਪ੍ਰਦੁਮਨ (ਮਨ), ਪ੍ਰਦੁਮਨ ਤੋਂ (ਅਹੰਕਾਰ) ਉਤਪੰਨ ਹੋਇਆ.

੭. "ਜਿਹ ਪਾਰ ਨ ਪਾਵਤ ਹੈ ਚਤੁਰਾਨਨ." (ਗੁਪ੍ਰਸੂ)

੮. ਇਸ ਜੰਗ ਵਿੱਚ ਗੋਰਾ ਬਾਦਲ ਰਾਜਪੂਤ ਸੂਰਵੀਰਾਂ ਨੇ ਵੱਡੀ ਬਹਾਦੁਰੀ ਅਤੇ ਨੀਤੀ ਨਾਲ ਆਪਣੇ ਸ੍ਵਾਮੀ ਦੀ ਸੇਵਾ ਕੀਤੀ. ਦੇਖੋ, ਗੋਰਾ ਬਾਦਲ. ਇਸ ਜਿੱਤ ਦੀ ਤਾਰੀਖ਼ ਮਲਿਕ ਖ਼ੁਸਰੋ ਨੇ ੧੧. ਮੁਹੱਰਮ ਸਨ ਹਿਜਰੀ ੭੦੩ (ਭਾਦੋਂ ਸੁਦੀ ੧੪. ਸੰਮਤ ੧੩੬੦ ਅਗਸਤ ੨੬, ਸਨ ੧੩੦੩ ਲਿਖੀ ਹੈ. )

੯. । ੬. ਸੰਗਜਾ- ਉਹ ਤਲਵਾਰ ਜਿਸ ਦਾ ਖੱਬਾ ਪਾਸਾ ਫ਼ੌਲਾਦੀ ਅਤੇ ਸੱਜਾ ਸਕੇਲੇ ਦਾ ਹੁੰਦਾ ਹੈ. ਇਹ ਦੋ ਪਤ੍ਰੇ ਜੋੜ ਕੇ ਬਣਾਈ ਜਾਂਦੀ ਹੈ.

੧੦. ਚੌਪ. ਉਮੰਗ. ਉਤਸਾਹ। ੮.

੧. ਜਿਸ ਦਾ ਪਾਣੀ ਵਿੱਚ ਫਿਰਨ ਵਾਲਾ ਹਿੱਸਾ ਚੌੜਾ ਹੋਂਦਾ ਹੈ.

੨. ਅਤੇ ਲਹੌਰੋਂ ਰੇਲ ਦੇ ਰਸਤੇ ੭੯੮ ਮੀਲ ਹੈ.

੩. । ੫. ਚਰਨ ਦਾ ਸੰਖੇਪ. "ਆਂਧਰੇ ਕੋ ਸ਼ਬਦ ਸੁਰਤਿ ਕਰ ਚਰ ਟੇਕ." (ਭਾਗੁ ਕ) ਦੇਖੋ, ਚਰ ਰਜ.

੪੫੭- ੧. ਚਰਚੀਲਾ: ਵਿ- ਸ਼ਿੰਗਾਰਿਆ ਹੋਯਾ. "ਚਿਤਵੰਤ ਵਿਲੋਚਨ ਤੇ ਚਰਚੀਲਾ." (ਗੁਪ੍ਰਸੂ)

ਚਰਜ: ਦੇਖੋ, ਚਰਯ.

੨. ਚਰਣ ਗੰਗਾ: ਜਲ ਦਾ ਉਹ ਕੁੰਡ ਅਥਵਾ ਵਗਦੀ ਧਾਰਾ, ਜਿਸ ਵਿੱਚ ਗੁਰਦ੍ਵਾਰੇ ਦਾਖ਼ਿਲ ਹੋਣ ਸਮੇਂ ਚਰਣ ਧੋਤੇ ਜਾਂਦੇ ਹਨ.

੩. ਅਰ ਪਤਿ ਵਿੱਚ ਸ਼੍ਰੱਧਾ ਰੱਖਣ ਵਾਲੀਆਂ ਇਸਤ੍ਰੀਆਂ ਆਪਣੇ ਤਾਈਂ ਚਰਣ ਦਾਸੀ ਕਹਿਣ ਕਹਾਉਣ ਵਿੱਚ ਮਾਨ ਸਮਝਦੀਆਂ ਹਨ.

੪. ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਭੀ ਖੰਡੇ ਦੇ ਅਮ੍ਰਿਤ ਦੀ ਰੀਤਿ ਜਾਰੀ ਕਰਨ ਤੋਂ ਪੂਰਵ, ਚਰਣਾਮ੍ਰਿਤ ਪਿਆਉਂਦੇ ਸੇ. ਦੇਖੋ, ਆਸਾਮ ਦੇ ਰਾਜੇ ਰਤਨ ਰਾਯ ਨੂੰ ਪਗਪਾਹੁਲ ਦੇਣੀ- × × "ਪਦ ਅਰਬਿੰਦ ਪਖਾਰੇ। ਪਾਹੁਲ ਵਡੀ ਭਾਗ ਜਿਸ ਭਾਰੇ। ਵਾਹਗੁਰੂ ਨਿਜ ਮੰਤ੍ਰ ਦ੍ਰਿੜ੍ਹਾਯੋ." (ਗੁਪ੍ਰਸੂ)

੫. "ਚਰਣਾਮ੍ਰਿਤ ਕਸਮਲ ਕਟੇ." (ਭਾਗੁ)

੬. "ਤੀਰਥ ਚਰਨ ਵਾਰੀ ਹੰਸ ਪੈ ਚਰਨ ਵਾਰੀ, ਪਾਵਨ ਚਰਨ ਵਾਰੀ ਬੰਦਨਾ ਹਮਾਰੀ ਹੈ." (ਵਾਲਮੀਕਿ) ਰਾਮਾਯਣ ਕ੍ਰਿਤ ਭਾਈ ਸੰਤੋਖ ਸਿੰਘ)। ੫. ਜਹਾਂਗੀਰ ਦੇ ਵੇਲੇ ਰੁਪਯੇ ਦੇ ਚੌਥੇ ਹਿੱਸੇ ਦਾ ਸਿੱਕਾ, ਉਸ ਸਮੇਂ ਦੀ ਚੁਆਨੀ.

੧. । ੩. ਬੰਦੂਕ.

੨. ਚਰਿਤ੍ਰਤਿ: ਚਰਿਤ੍ਰ- ਅਤਿ.

੪੫੯- ੧. ਚਲਚਾਲ: ਚਪਲ ਹੈ ਜਿਸ ਦੀ ਚਾਲ. ਚਾਲਾਕ. "ਹਯ ਚਲ ਚਾਲ ਅਰੂਢਨ ਹੋਵਾ." (ਗੁਪ੍ਰਸੂ)

ਚਲਾਚਲ: ਜੰਗਮ ਅਤੇ ਅਚਲ. ਚੇਤਨ ਜੜ੍ਹ,

੩. ਚਵਗੱਤਾ: ਦੇਖੋ, ਚਗੱਤਾ. "ਰਾਰ ਕਰੈ ਤੁਮ ਸੋਂ ਚਵਗੱਤਾ. (ਗੁਵਿ ੧੦) ਇਥੇ ਚਵਗੱਤਾ ਦਾ ਅਰਥ ਔਰੰਗਜ਼ੇਬ ਹੈ."

੪. ਦੇਖੋ, ਚਵਗਣ.

੫. ਰੋਪਨਾ. ਸਾਚਕ.

੪੬੧- ੧. ਚਾਚਾ: ਪਿਤਾ ਦਾ ਛੋਟਾ ਭਾਈ. ਚਚਾ.

੨. ਚਾਚੂਆ: ਲੋਹਾ ਤਪਾ ਕੇ ਸ਼ਰੀਰ ਤੇ ਦਾਗ਼ ਲਾਉਣ ਦੀ ਕ੍ਰਿਯਾ. ਬਹੁਤ ਵੈਦ ਗਠੀਏ ਅਤੇ ਨਮੋਨੀਏ ਆਦਿ ਰੋਗਾਂ ਦੀ ਪੀੜ ਮਿਟਾਣ ਲਈ ਚਾਚੂਏ ਲਾਇਆ ਕਰਦੇ ਹਨ.

੩. ਜਿਵੇਂ ਕੋਕਿਲਾ ਕਾਂ ਦੇ ਆਲ੍ਹਨੇ ਵਿੱਚ ਆਂਡੇ ਦਿੰਦੀ ਹੈ. ਤਿਵੇਂ ਪਪੀਹਾ ਗ਼ੌਗਾਈ ਦੇ ਆਲ੍ਹਨੇ ਵਿੱਚ ਆਂਡੇ ਦੇ ਕੇ ਸੇਵਨ ਅਤੇ ਬੱਚੇ ਪਾਲਨ ਦੀ ਚਿੰਤਾ ਤੋਂ ਬਚ ਜਾਂਦਾ ਹੈ. ਜਹਾਂਗੀਰ ਨੇ ਕਸ਼ਮੀਰ ਵਿੱਚ ਇਹ ਅੱਖੀਂ ਡਿੱਠਾ ਹਾਲ ਤੁਜ਼ਕ ਜਹਾਂਗੀਰੀ ਵਿੱਚ ਲਿਖਿਆ ਹੈ.

੪. ਚਾਤੁਰਯ: ਸੰ. चातुर्य्य. ਚਤੁਰਾਈ. ਨਿਪੁਣਤਾ.

੫. । ੩. ਦੇਖੋ, ਚਾਂਦਮਾਰੀ.

੧. । ੬. ਚੰਦ੍ਰਕਾਂਤ ਮਣਿ। ੭. ਅਰਰਕ. ਆਦਾ। ੮. ਮ੍ਰਿਗਸ਼ਿਰਾ ਨਛਤ੍ਰ.

੨. ਚਾਪਲੂਸੀ: ਫ਼ਾ. ਸੰਗਯਾ- ਚਾਟੁਕਾਰੀ. ਖ਼ੁਸ਼ਾਮਦ.

੩. ਦੇਵਤਾ ਅਤੇ ਰਾਜਾ ਦੇ ਸਿਰ ਤੇ ਚੌਰ ਫੇਰਨਾ ਮਾਨ ਦਾ ਚਿੰਨ੍ਹ ਅਤੇ ਸ਼ੋਭਾ ਦਾ ਕਾਰਣ ਮੰਨਿਆ ਗਿਆ ਹੈ. ਤੁਜ਼ਕੇ ਬਾਬਰੀ ਅਤੇ

ਜਹਾਂਗੀਰੀ ਤੋਂ ਮਲੂਮ ਹੋਂਦਾ ਹੈ ਕਿ ਅੱਵਲ ਦਰਜੇ ਦੇ ਅਮੀਰਾਂ ਨੂੰ ਬਾਦਸ਼ਾਹਾਂ ਵੱਲੋਂ ਜੋ ਝੰਡਾ ਮਿਲਦਾ ਸੀ, ਜਿਸ ਨੂੰ "ਤੂਗ" ਆਖਦੇ ਸਨ. ਉਸ ਦੇ ਸਿਰ ਤੇ ਚੌਰ ਹੋਇਆ ਕਰਦਾ ਸੀ.

੪. । ੧੧. ਪੰਜਾਬੀ ਵਿੱਚ ਅਚਾਰ ਦਾ ਸੰਖੇਪ ਭੀ ਚਾਰ ਹੈ. "ਡੇਲਿਆਂ ਦਾ ਚਾਰ ਦੁੱਧ ਦਹੀਂ ਦੀ ਬਹਾਰ." (ਭਗਵਾਨ ਸਿੰਘ)

੫. ਚਾਰ ਅਵਸਥਾ: ਦੇਖੋ, ਅਵਸਥਾ ਅਤੇ ਅਵਸ੍ਥਾ ਚਤੁਸ੍ਤ੍ਯ.

੧. ੨੫ ਵਰ੍ਹੇ ਦੀ ਉਮਰ ਤੋਂ ੬੯ ਵਰ੍ਹੇ ਦੀ ਉਮਰ ਤੀਕ.

੨. ਗ੍ਰਿਹਸਥਾਸ਼੍ਰਮ ਹੈ.

੩. ੬੯ ਵਰ੍ਹੇ ਦੀ ਉਮਰ ਤੋਂ ੭੮ ਵਰ੍ਹੇ ਦੀ ਉਮਰ ਤੀਕ

੪. ੭੯ ਵਰ੍ਹੇ ਦੀ ਉਮਰ ਤੋਂ

੫. ਕਿਤਨੇ ਗ੍ਰੰਥਾਂ ਵਿੱਚ ਵਾਨਪ੍ਰਸਥ ਆਸ਼੍ਰਮ ੬੯ ਵਰ੍ਹੇ ਤੋਂ ਕੇਵਲ ੭੦ ਤਕ, ਅਰਥਾਤ ਇੱਕ ਵਰ੍ਹਾ ਅਤੇ ਸੰਨਜਾਸ ੭੨ਵੇਂ ਵਰ੍ਹੇ ਤੋਂ ਸ਼ੁਰੂ ਹੋਂਦਾ ਹੈ.

੬. ਚਾਰ ਸਾਹਿਬਜ਼ਾਦੇ: ਵੇਦੀ, ਤੇਹਨ, ਭੱਲੇ ਅਤੇ ਸੋਢੀ, ਜੋ ਸਤਿਗੁਰਾਂ ਦੀ ਵੰਸ਼ ਵਿੱਚ ਜਨਮੇ ਹਨ। ੨. ਸ਼੍ਰੀ ਕਲਗ਼ੀਧਰ ਜੀ ਦੇ ਚਾਰ ਸੁਪੁੱਤ੍ਰ, ਜਿਨ੍ਹਾਂ ਨੇ ਦੇਸ਼ ਕੌਮ ਤੋਂ ਆਪਣੇ ਪ੍ਰਾਣ ਵਾਰ ਦਿੱਤੇ.

੭. ਚਾਰਕੋਬ: ਫ਼ਾ. ਚੁਕੋਣਾ ਸ਼ਾਲ ਜਿਸ ਤੇ ਪਸ਼ਮੀਨੇ ਜਾਂ ਜ਼ਰੀ ਦਾ ਕੰਮ ਹੋਵੇ.

੮. ਇਸ ਦਾ ਨਾਉਂ ਬਿਲਾਵਲ ਦੀ ਚੌਕੀ ਭੀ ਹੈ.

੯. ਇਸੇ ਸਮੇਂ ਕਾਨੜੇ ਦੇ ਸ਼ਬਦ ਗਾਏ ਜਾਣ ਤੋਂ ਇਸ ਦਾ ਨਾਉਂ ਕਾਨੜੇ ਦੀ ਚੌਕੀ ਭੀ ਹੈ. ਛੀਵੀਂ ਪਾਤਸ਼ਾਹੀ ਦੇ ਗੁਰੁ ਵਿਲਾਸ ਦੇ ਅਃ ੮. ਵਿੱਚ ਪੰਜ ਚੌਕੀਆਂ ਲਿਖੀਆਂ ਹਨঃ ੧. ਆਸਾ ਦੀ ਵਾਰ ਦੀ, ੨. ਅੱਧਾ ਪਹਰ ਦਿਨ ਚੜ੍ਹੇ ਆਨੰਦ ਦੀ, ੩. ਸਵਾ ਪਹਰ ਦਿਨ ਚੜ੍ਹ ਚਰਨ ਕਮਲ ਦੀ, ੪. ਸੋਦਰ ਦੀ ਚੌਕੀ, ੫. ਕਾਨੜੇ ਦੀ ਚੌਕੀ.

੧੦. ਚਾਰਣੀ: ਚਾਰਣ ਦੀ ਇਸਤ੍ਰੀ। ੨. ਚਲਨੀ (ਛਾਨਨੀ) ਲਈ ਭੀ ਇਹ ਸ਼ਬਦ ਵਰਤਿਆ ਹੈ. "ਲੇਹੁ ਚਾਰਣੀ ਸੋਂ ਤਿਹ ਛਾਣ." (ਗੁਪ੍ਰਸੂ) ੩. ਦੇਖੋ, ਚਾਰਣੀ ਦੋਹਰਾ.

੧੧. ਚਾਰ ਪ੍ਰਕਾਰ ਦੇ ਗੁਰੁ: ਦੇਖੋ, ਗੁਰੂ ੨.

੧੨. ਚਾਰ ਪ੍ਰਕਾਰ ਦੇ ਭੋਗ: ੳ- ਖਾਣਾ ਪੀਣਾ, ਅ- ਵਸਤ੍ਰ ਗਹਿਣੇ ਮਕਾਨ ਆਦਿ ਦੇ ਆਨੰਦ. ੲ- ਸਵਾਰੀਆਂ. ਸ- ਲੋਕਾਂ ਤੇ ਹਕੂਮਤ, ਰਾਜ ਦਾ ਆਨੰਦ। ੨. ਕਾਮ ਸ਼ਾਸਤ੍ਰ ਵਿੱਚ ਇਹ ਚਾਰ ਭੋਗ ਹਨ- ਕਾਮ ਦੇ ਵਧਾਉਣ ਅਤੇ ਬਲ ਦੇਣ ਵਾਲੇ ਰਸਾਂ ਦਾ ਸੇਵਨ, ਆਲਿੰਗਨ, ਚੁੰਬਨ, ਅਤੇ ਮੈਥੁਨ. "ਚਾਰ ਪ੍ਰਕਾਰ ਕੋ ਭੋਗ ਕਰਜੋ." (ਕ੍ਰਿਸ਼ਨਾਵ)

੧੩. ਚਾਰ ਬਾਗ਼: ਚੌਪੜ ਦੀ ਸ਼ਕਲ ਦਾ ਬਾਗ, ਵਿਚਕਾਰ ਚਬੂਤਰਾ ਬਣਾ ਕੇ ਉਸ ਤੋਂ ਚਾਰੋ ਪਾਸੇ ਸੀਧ ਵਿੱਚ ਕੱਢੀਆਂ ਚਾਰ ਰਵਸ਼ਾਂ ਵਾਲਾ ਬਾਗ.

੧. ਇਸ ਮਤ ਦੇ ਲੋਕ ਵੇਦਾਂ ਨੂੰ ਭੰਡ ਧੂਰਤ ਅਤੇ ਨਿਸ਼ਾਚਰਾਂ ਦੀ ਰਚਨਾ ਮੰਨਦੇ ਹਨ. "त्रयो वेद्स्य कर्त्तार:भण्ड धूर्त्त निशाचरा:" (ਸਰਵ ਦਰਸ਼ਨ ਸੰਗ੍ਰਹ)

੧. "ਕਬ ਰਾਖਤ ਬੀਸ ਪਚੀਸਨ ਕੇ, ਚਿਹਰਾ ਲਿਖਤੇ ਕਬਤੀਸਨ ਕੋ." (ਗੁਪ੍ਰਸੂ) ਦੇਖੋ, ਚੇਹਰਾ ਲਿਖਾਉਣਾ.

੨. "ਗੁਰਸਨਹ ਚਿਕਾਰੇ ਕੁਨਦ ਚਿਹਲ ਨਰ?" (ਜ਼ਫ਼ਰ)

੩. ਚਿਹਲਮ: ਫ਼ਾ. ਵਿ- ਚਾਲੀਸਵਾਂ। ੨. ਸੰਗਜਾ- ਮਰੇ ਪ੍ਰਾਣੀ ਦਾ ਚਾਲੀਹਵੇਂ ਦਿਨ ਕੀਤਾ ਸ਼੍ਰਾਧ ਕਰਮ. ਮੁਹੱਰਮ ਦੇ ਤਾਜੀਏ

ਦੱਬਣ ਪਿੱਛੋਂ ਚਾਲੀਹਵੇਂ ਦਿਨ ਦਾਨ ਪੁੰਨ ਆਦਿ ਕਰਮ.

੪. ।੨. ਅੰ. Chit ਵਿ- ਨਿੱਕਾ. ਨਨ੍ਹਾ। ੩. ਸੰਗਜਾ- ਪਰਚਾ. ਰੁੱਕ਼ਾ.

੫. ਚਿੱਟਾ ਬਾਜ਼: ਸਫ਼ੈਦ ਬਾਜ਼. ਤੁਗ਼ਾਨ. ਚਿੱਟੇ ਰੰਗ ਦਾ ਬਾਜ਼ ਘੱਟ ਮਿਲਦਾ ਹੈ. ਇਸ ਦੀ ਸੁੰਦਰਤਾ ਅਤੇ ਚਾਲਾਕੀ ਸ਼ਿਕਾਰੀਆਂ ਨੇ ਬਹੁਤ ਸਲਾਹੀ ਹੈ. ਵੱਡੇ ਵੱਡੇ ਬਾਦਸ਼ਾਹਾਂ ਅਤੇ ਦਸ਼ਮੇਸ਼ ਦੇ ਇਤਿਹਾਸ ਵਿੱਚ ਚਿੱਟੇ ਬਾਜ਼ ਦਾ ਜ਼ਿਕਰ ਆਉਂਦਾ ਹੈ.

੬. ਚਿੱਠੀ ਪਾਉਣੀ, ਚਿੱਠੀਆਂ ਪਾਉਣੀਆਂ: ਪੁਰਾਣੇ ਸਮੇ ਦੀ ਇੱਕ ਰੀਤਿ. ਕਿਸੇ ਕਾਰਜ ਦੇ ਕਰਨ ਲਈ ਪੂਜਯ ਦੇਵਤਾ ਦਾ ਹੁਕਮ ਲੈਣਾ. ਇੱਕ ਚਿੱਠੀ ਤੇ ਕਰਨ ਦੀ ਆਗਯਾ ਦੂਜੀ ਤੇ ਨਿਸੇਧ ਲਿਖਕੇ ਇਸ੍ਟ ਅੱਗੇ ਚਿੱਠੀਆਂ ਰੱਖ ਦਿੱਤੀਆਂ ਜਾਂਦੀਆਂ ਸਨ. ਇੱਕ ਬਾਲਕ ਨੂੰ ਆਖਿਆ ਜਾਂਦਾ ਕਿ ਦੋਹਾਂ ਵਿੱਚੋਂ ਇੱਕ ਚਿੱਠੀ ਉਠਾ ਲਓ. ਉਸ ਚਿੱਠੀ ਵਿੱਚ ਜੋ ਕੁਛ ਲਿਖਿਆ ਹੁੰਦਾ ਸ਼੍ਰਧਾਲੂ ਉਸ ਪਰ ਅਮਲ ਕਰਦੇ ਸਨ.

ਸਿੱਖਾਂ ਵਿੱਚ ਭੀ ਇਹ ਰੀਤਿ ਬਹੁਤ ਪ੍ਰਚਲਿਤ ਸੀ. ਦੇਖੋ, ਬੰਦੇ ਦਾ ਇਤਿਹਾਸ. ਸਨ ੧੮੨੩ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਪਤਾਨ ਵੇਡ ਨੂੰ ਆਖਿਆ ਸੀ ਕਿ ਚਿੱਠੀ ਦ੍ਵਾਰਾ ਗੁਰੂ ਸਾਹਿਬ ਦਾ ਹੁਕਮ ਲਿਖਣ ਤੇ ਹੀ ਮੈਂ ਹੁਲਕਰ ਨੂੰ ਸਹਾਇਤਾ ਨਹੀਂ ਦਿੱਤੀ.

The Panjab as a Sovereign State ਦੇ ਪੰਨੇ ੩੧੨ ਤੇ ਲਿਖਿਆ ਹੈ-

He (M. Ranjit Singh) said "I will tell you a good story. Holkar pressed by the British solicited my assistance and made temporary offers to secure my co- opeartion. Uncertain as to the part I should take, I resorted to a measure I have often adopted to determine my decision in doubtful cases. I took two slips of papers and writing on one the proposition of Holkar and on the other whether I should preserve peace with the British, I Put them into the leaves of the Granth (the sacred book of the Sikhs) and desired a boy of innocent years to bring one of the papers to me. He brought that on which the last was written and I acted accordingly. (Letter from Captain C. M. Wade, Political Assistant, Ludhiana, to Sir C. T. Metealfe, Resident, dated Ist August, 1827)

੧. ।੨. ਯਾਦ ਕੀਤੀ. "ਚੰਡ ਚਿਤਾਰੀ ਕਾਲਿਕਾ." (ਚੰਡੀ ੩)

੨. ਚਿੰਤੋਦਧਿ: ਚਿੰਤਾ ਦਾ ਉਦਧਿ (ਸਮੁੰਦਰ). "ਚਿੰਤੋਦਧਿ ਭਯੋ ਨਿਮਗਨਾ." (ਨਾਪ੍ਰ)

੩. ਚਿਤੰਤਰਿ: ਚਿੱਤ ਅੰਤਰਿ (ਅੰਦਰ). "ਜੋ ਗਰਬੈ ਬਹੁ ਬੂੰਦ ਚਿਤੰਤਰਿ." (ਭਾਗੁ ਕ)

੧. ਕਿਰਾਮਨ ਕਾਤਿਬੀਨ.

੨. ਚਿਤ੍ਰਾਲੰਕਾਰ: ਦੇਖੋ, ਚਿਤ੍ਰ ੪.

੩. "ਮਨ ਹੋਵੇ ਚੰਗਾ ਤਾਂ ਚਿੱਪੀ ਵਿੱਚ ਗੰਗਾ." (ਲੋਕੋ)

੪. ਚਿਮਨੀ: ਇੱਕ ਜੱਟ ਗੋਤ. ਖਰਲ ਜਾਤਿ ਦੀ ਇੱਕ ਸ਼ਾਖ਼। ੨. Chimney ਲੈਂਪ. ਭੱਠੀ, ਅੰਗੀਠੀ ਆਦਿ ਦਾ ਧੂਆਂ ਖਿੱਚਣ ਵਾਲੀ ਨਲਕੀ.

ਚਿਮਨੀ ਬੇਗਮ: ਅਫ਼ੀਮ. ਇਹ ਅਫ਼ੀਮੀਆਂ ਦਾ ਸੰਕੇਤ ਕੀਤਾ ਨਾਉਂ ਹੈ.

੪੭੦- ੧. ਚਿਰਪ੍ਰਾਣ: ਸੰਗਜਾ- ਦੇਖੋ, ਚਿਰਜੀਵੀ ੨.

ਚਿਰਮਰ, ਚਿਰਮਿਰ: ਦੇਖੋ, ਚਿਰਵਾ ਅਤੇ ਚਿੜਵਾ.

੨. ਚਿਰਵਾਉਣਾ: ਚੀਰਾ ਦਿਵਾਉਣਾ, ਚੀਰਣ ਦੀ ਕ੍ਰਿਯਾ ਕਰਾਉਣੀ.

੩. । ੩. ਪੰਜਾਬੀ ਵਿੱਚ ਇਹ ਚਿਹਲੀ ਦਾ ਰੂਪਾਂਤਰ ਹੈ. ਦੇਖੋ, ਚਿਹਲੀ.

੪. ਚੀਘ: ਪੈਰਾਂ ਦੀ ਅੰਗੁਲਾਂ ਅਥਵਾ ਚੱਡੇ ਆਦਿ ਥਾਂਵਾਂ ਵਿੱਚ ਮੁੜ੍ਹਕਾ ਜਾਂ ਪਾਣੀ ਦੀ ਤਰਾਉਤ ਹੋਣ ਕਰ ਕੇ ਮਾਸ ਗਲ ਕੇ ਹੋਇਆ ਜ਼ਖ਼ਮ.

੫. ਇਹ ਚਾਉਲਾਂ ਵਾਕਰ ਰਿਨ੍ਹ ਰੇ ਖਾਧਾ ਜਾਂਦਾ ਹੈ.

੧. ਵੇਖੀ. "ਅਦਭੁਤ ਮੂਰਤਿ ਚੀਨੀ." (ਸਲੋਹ)

੨. ਚੀਨੀ ਦਾ ਸਵਾਰ: ਦੇਖੋ, ਚੀਨੀ ਵਾਲਾ.

੩. "ਚੀਰ ਹਰੇ ਹਮਰੇ ਹਰਿ ਜੀ, ਦਈ ਬਾਰਿ ਤੇ ਨਜਾਰੀ ਕਢੇਂ ਹਮ ਕੈਸੇ." (ਕ੍ਰਿਸ਼ਨਾਵ)

੪. । ੧੧. ਚੀਰ (ਵਸਤ੍ਰ) ਦਾ ਬਹੁ ਵਚਨ. "ਲਾਂਬੀ ਗ੍ਰੀਵ ਬਨਜੋ ਸਿਰ ਚੀਰਾ। ਅਪਰ ਸਰੀਰ ਬਿਖੈ ਵਰ ਚੀਰਾ." (ਗੁਪ੍ਰਸੂ)

੫. । ੩. ਚੇਤਾ ਭੁੱਲਣਾ. ਖ਼ਤਾ ਕਰਨਾ.

੪੭੩- ੧. ਚੁੱਪਾ: ਦੇਖੋ, ਚੁਪ. "ਮਰਖ ਨਾਲਿ ਚੰਗੇਰੀ ਚੁਪਾ." (ਭਾਗੁ)

੪੭੪- ੧. ਚੁਰੇਲ: ਚੁੜਲ. ਭੂਤਨੀ. "ਮਰੇ ਪਰਾਂਤ ਚੁਰੇਲ ਹ੍ਵ." (ਚਰਿਤ੍ਰ ੯੧)

੨. । ੨. ਨੱਕ ਦਾ ਮਵਾਦ ਜੋ ਖੁਸ਼ਕ ਹੋਕੇ ਸਖ਼ਤ ਹੋ ਜਾਂਦਾ ਹੈ, ਉਸ ਨੂੰ ਭੀ ਚੂਹਾ ਆਖਦੇ ਹਨ.

ਚੂਹੀ: (ਚੂਹੇ ਦੀ ਮਦੀਨ). ਮੂਸਿਕਾ. ਮੂਸੀ.

੩. । ੫. ਦੇਖੋ, ਚੂੜਾ. ੬. "ਇੱਕ ਚੂਰਾ ਗੈਂਡੇ ਕੋ ਬਨਜੋ." (ਗੁਪ੍ਰਸੂ)

੪. ਚੂਰੁ: ਰਾਜਪੂਤਾਨੇ ਦਾ ਇੱਕ ਨਗਰ. "ਚੂਰੂਪੁਰ ਕੀ ਸੁਨਿ ਵਡ ਮਾਯਾ." (ਗੁਪ੍ਰਸੂ)

੧. ਇਸੇ ਆਕਾਰ ਦੀ ਘੜੀ ਅਥਵਾ ਕਿਸੇ ਹੋਰ ਮਸ਼ੀਨ ਦਾ ਪੁਰਜ਼ਾ.

੨. ਚੂਲ ਵਿੰਗੀ ਹੋਣੀ: ਭਾਵ- ਕਲ (ਮਸ਼ੀਨ) ਦੇ ਪੁਰਜ਼ੇ ਦਾ ਵਿਗੜ ਜਾਣਾ। ੨. ਸ਼ਰੀਰ ਰੂਪੀ ਬਲ ਦਾ ਠੀਕ ਨਾ ਰਹਿਣਾ. ਰੋਗੀ ਹੋਣਾ। ੩. ਕਿਸੇ ਵਿਹਾਰ ਦੇ ਪ੍ਰਬੰਧ ਵਿੱਚ ਵਿਘਨ ਆ ਪੈਣਾ.

੩. ਚੇਂਚਰ: ਚਾਚਰ ਦਾ ਰੂਪਾਂਤਰ. ਹੋਲੀ ਦਾ ਗੀਤ.

੪. ਚੇਤਸਿੰਘ: ਦੇਖੋ, ਨੌਨਿਹਾਲ ਸਿੰਘ

ਚੇਤਹੁ: ਦੇਖੋ, ਚੇਤਉ. "ਚੇਤਹੁ ਬਾਸੁ ਦੇਉ ਬਨਵਾਲੀ." (ਗੂਜ ਅਃ ਪਃ ਮਃ ੧)

੫. ਭਾਈ ਗੁਰੁਦਾਸ ਜੀ ਧਰਮ ਪ੍ਰਚਾਰ ਲਈ ਕੁਝ ਸਮਾਂ ਰਹੇ ਅਤੇ ਭਾਈ ਕਰਮ ਸਿੰਘ ਗੰਡਾ ਸਿੰਘ ਆਦਿਕ.

੬. "ਮੇਰੇ ਮਨ ! ਚੇਤਿ ਸਚਾ ਸੋਇ." (ਵਡ ਮਃ ੩)

੧. ਚੋਲਾ ਸਾਹਿਬ ਨਾਮ ਦਾ ਗੁਰਦੁਵਾਰਾ ਇਸ ਮਕਾਨ ਤੋਂ ਕੁਝ ਵਿੱਥ ਤੇ ਮੌਜੂਦ ਹੈ, ਜਿਸ ਦਾ ਪ੍ਰਬੰਧ ਦੇਹਰਾ ਬਾਬਾ ਨਾਨਕ ਦੇ ਦਰਬਾਰ ਦੀ ਸਥਾਨਕ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਹੱਥ ਹੈ. ਪਹਿਲਾਂ ਚੋਲਾ ਇਸੇ ਥਾਂ ਹੋਇਆ ਕਰਦਾ ਸੀ.

੨. (ਸ) ਹੋਰ ਭੀ ਕਈਂ ਥਾਈਂ ਸਤਿ ਗੁਰਾਂ ਦੇ ਚੋਲੇ ਵੇਖੇ ਜਾਂਦੇ ਹਨ.

੩. ਚੋਲਾ ਛੱਡਣਾ, ਚੋਲਾ ਧਾਰਨਾ: ਭਾਵ ਸ਼ਰੀਰ ਤਜਾਗਣਾ ਅਤੇ ਨਵਾਂ ਸ਼ਰੀਰ ਧਾਰਨ ਕਰਨਾ.

੧. । ੨. ਚਾਰੇ ਪੈਰ ਉਠਾ ਕੇ ਮਾਰੀ ਛਾਲ. "ਕੂਦਤ ਕਰਤ ਚੌਕਰੀ ਚਕ੍ਰਿਤ." (ਗੁਪ੍ਰਸੂ)

੨. ਚੌਥਾ ਪੌੜਾ: ਰੰਘਰੇਟੇ ਸਿੰਘ, ਜਿਨ੍ਹਾਂ ਨੇ ਚੂਹੜੇ ਜਾਤਿ ਵਿੱਚੋਂ ਅਮ੍ਰਿਤ ਛਕ ਕੇ ਖ਼ਾਲਸਾ ਧਰਮ ਧਾਰਨ ਕੀਤਾ ਹੈ, ਚੌਥੇ ਪੌੜੇ ਵਾਲੇ ਕਹੇ ਜਾਂਦੇ ਹਨ, ਕਿਉਂਕਿ ਅੰਮ੍ਰਿਤਸਰ ਜੀ ਦੇ ਚੁਫੇਰੇ ਜਦ ਬੁੰਗੇ ਬਣਨ ਲੱਗੇ, ਤਦ ਚੌਥੀ ਬਾਹੀ ਇਨ੍ਹਾਂ ਦੀ ਵੰਡ ਵਿੱਚ ਆਈ ਸੀ.

੩. ਵਿੱਚ ਮੁਰਸ਼ਿਦਾਬਾਦ ਜ਼ਿਲ੍ਹੇ ਦੀ ਛਾਉਣੀ ਬਰਹਾਮਪੁਰ ਦੀ ਫ਼ੌਜ ਨੇ ੨੫ ਫਰਵਰੀ ੧੮੫੭ ਦੀ ਰਾਤ ਨੂੰ ਬਗ਼ਾਵਤ ਕੀਤੀ, ਫੇਰ

੪. ਕਾਨ੍ਹਪੁਰ ਲਖਨਊ ਆਦਿਕ ਥਾਵਾਂ ਦੇ

੧. ਪਿੰਡ ਦੁਬੁਰਜੀ ਜ਼ਿਲ੍ਹਾ ਸਿਆਲਕੋਟ ਦਾ ਵਸਨੀਕ.

੨. ਇਸ ਨੂੰ ਚੂੜ੍ਹ ਭੀ ਆਖਦੇ ਹਨ। ੫. ਚੌੜੇ ਲਈ ਭੀ ਇਹ ਸ਼ਬਦ ਵਰਤਿਆ ਹੈ. "ਸਿੰਘ ਸੁਪੌਰ ਰਚਜੋ ਉਚ ਠੌਰਹਿ ਚੌਰ ਬਿਸਾਲ." (ਗੁਪ੍ਰਸੂ)

੩. "ਚੌਰਾ ਚਾਰਹੁੰ ਕੋਸ ਚਲੰਤਾ." (ਗੁਪ੍ਰਸੂ)

੪. ਬੁੱਧ ਮੱਤ ਵਿੱਚੋਂ ਪ੍ਰਗਟੇ "ਵਜ੍ਰਯਾਨ" (ਇੱਕ ਪ੍ਰਕਾਰ ਦੇ ਤਾਂਤ੍ਰਿਕ) ਮਤ ਦੇ ੮੪ ਸਿੱਧ ਹੋਰ ਹੀ ਮੰਨੇ ਹਨ, ਜਿਨ੍ਹਾਂ ਵਿੱਚੋਂ ਪਹਿਲਾ ਲੁਹਿਪਾ ਅਤੇ ਅੰਤਿਮ ਵਜਾਲਿਪਾ ਹੈ.

੫. ਚੌਰੀ: ਛੋਟਾ ਚੋਰ (ਚਾਮਰ)। ੨. ਚੌੜੀ. ਦੇਖੋ, ਗੌਰੀ ੯.

੬. ਚੌੜ ਚਪਟ: ਚਪਟਾ ਮੈਦਾਨ. ਪੱਧਰਾ ਮੈਦਾਨ ਜਿਸ ਵਿੱਚ ਘਾਹ, ਬਿਰਛ ਆਦਿ ਨਾ ਹੋਣ.

੭. ਕ਼ਨੂਨ. Harp. ਸੱਠ ਤਾਰਾਂ ਦਾ ਇੱਕ ਵਾਜਾ.

੮. । ੭. ਹਾਥੀ ਦਾ ਅੰਕੁਸ਼.

੯। ੨. ਸੰਗਜਾ- ਜੀਭ. ਰਸਨਾ. ਇਹ ਚੰਚਲ ਦਾ ਸੰਖੇਪ ਹੈ. "ਕੂਕਰ ਜਜੋਂ ਚੰਚ ਕਾਢਿ ਚਾਕੀ ਚਾਟਬੇ ਕੋ ਜਾਇ." (ਭਾਗੁਕ)

੧. ਈਸ਼੍ਵਰ ਦੀ ਸ੍ਵਪਨ ਅਵਸਥਾ.

੨. ਸੂਰਜ: "ਦਜੋਤ ਕਰਚੰਡ ਮਹਿ." (ਨਾਪ੍ਰ) ਰੌਸ਼ਨੀ ਸੂਰਜ ਵਿੱਚ.

੩. ਚੰਡੀ ਚਰਿਤ੍ਰ: ਚੰਡ ਦੈਤ ਦੇ ਮਾਰਨ ਵਾਲੀ ਦੁਰਗਾ ਦਾ ਹੈ ਚਰਿਤ੍ਰ ਜਿਸ ਵਿੱਚ. ਮਾਰਕੰਡੇਯ ਪੁਰਾਣ ਵਿੱਚ ੭੦੦ ਸ਼ਲੋਕ ਦੇਵੀ ਦੀ ਕਥਾ ਅਤੇ ਮਹਿਮਾ ਦਾ ਹੈ, ਜੋ ਅਧਜਾਯ ੮੧ ਤੋਂ ੯੪ ਤੱਕ ਦਾ ਪਾਠ ਹੈ. ਇਸ ਦਾ ਸ੍ਵਤੰਤ੍ਰ ਅਨੁਵਾਦ ਦਸਮ ਗ੍ਰੰਥ ਵਿੱਚ ਤਿੰਨ ਸ਼ਕਲਾਂ ਵਿੱਚ ਹੈ-

(ੳ)ਕਬਿੱਤ ਸਵੈਯੇ ਆਦਿ ਛੰਦਾਂ ਵਿੱਚ ਵੱਡਾ ਚੰਡੀ ਚਰਿਤ੍ਰ.

(ਅ)ਭੁਜੰਗ ਪ੍ਰਯਾਤ ਆਦਿ ਛੰਦਾਂ ਵਿੱਚ ਛੋਟਾ ਚੰਡੀ ਚਰਿਤ੍ਰ.

(ੲ)ਪੌੜੀ ਛੰਦ ਵਿੱਚ ਪੰਜਾਬੀ ਰਚਨਾ, ਜਿਸ ਦਾ ਨਾਮ ਚੰਡੀ ਦੀ ਵਾਰ ਅਤੇ ਭਗੌਤੀ ਦੀ ਵਾਰ ਹੈ.

੪. ਇਸ ਦਾ ਪ੍ਰਸਿੱਧ ਨਾਮ ਚੰਦ ਬਰਦਾਈ ਹੈ।

੫. ਕਈ ਗਜਾਨੀ ਖਿੱਚ ਕਰ ਕੇ ਇਸ ਥਾਂ ਚੰਦ ਤੋਂ ਭਾਵ ਸ਼ਾਂਤਿ ਅਤੇ ਸੂਰ ਤੋਂ ਤ੍ਰਿਸ਼ਨਾ ਤਾਮਸ ਦਾ ਅਰਥ ਲੈਂਦੇ ਹਨ, ਪਰ ਜੈ ਦੇਵ

ਜੀ ਦਾ ਇਥੇ ਪ੍ਰਾਚੀਨ ਰੀਤਿ ਅਨੁਸਾਰ ਪ੍ਰਾਣਾਯਾਮ ਦੇ ਅਭਜਾਸ ਨਾਲ ਨਾਮ ਜਪ ਤੋਂ ਹੈ.

੬. ਮਹਾਰਾਣੀ ਦੀਆਂ ਟਹਿਲਣਾਂ ਦੀ ਮਾਰਫਤ ਉਸ ਨੂੰ ੨੯ ਜੇਠ ਨੂੰ ਫੱਟੜ ਕੀਤਾ ਗਿਆ. ਜਿਸ ਕਾਰਣ ਚੰਦ ਕੌਰ ੩੧ ਜੇਠ ਨੂੰ ਮੋਈ.

੭. ੫ ਸਰਦਾਰ ਹਰੀ ਸਿੰਘ ਨਲਵੇ ਦੀ ਸਰਦਾਰਨੀ ਦੇਸਾਂ ਦੀ ਕੁੱਖ ਤੋਂ ਜਨਮੀ ਸੁਪੁਤ੍ਰੀ, ਜਿਸ ਦੀ ਸਾਦੀ ਸਰਦਾਰ ਲਹਨਾ ਸਿੰਘ ਘਰਜਾਖੀਏ ਨਾਲ ਹੋਈ। ੬

੮. ਚੰਦ ਨਿਕੇਤ: ਚੰਦ ਦਾ ਘਰ ਰਾਤ੍ਰਿ. ਰਾਤ। ੨. ਚੰਦ (ਭਾਵ- ਸੀਤਲਤਾ) ਦਾ ਘਰ. ਸ਼ਾਂਤਿ ਰੂਪ. "ਸ੍ਰੀ ਹਰਿ ਗੋਬਿੰਦ ਚੰਦ ਨਿਕੇਤ." (ਗੁਪ੍ਰਸੂ)

੯. ਚੰਦ ਬਰਦਾਈ: ਦੇਖੋ, ਚੰਦ ੬.

੧ਜਹਾਂਗੀਰ ਬਾਦਸ਼ਾਹ, ਜੋ ਅਨੇਕ ਮੁਸਲਮਾਨਾਂ ਨੂੰ ਸਿੱਖ ਹੋਂਦਾ ਵੇਖ ਕੇ ਗੁਰੂ ਅਰਜਨ ਦੇਵ ਦਾ ਸਰਵਨਾਸ਼ ਕਰਨ ਲਈ ਤੁਲਿਆ ਹੋਇਆ ਸੀ, ਉਸ ਪਾਸ ਸ਼ਾਹਜ਼ਾਦਾ ਖੁਸਰੋ ਨੂੰ ਆਸ਼ੀਰਵਾਦ ਅਤੇ ਸਹਾਯਤਾ ਦੀ ਗੱਲ ਅੱਗੇ ਰੱਖ ਕੇ ਅਤੇ ਅਨੇਕ ਝੂਠੀ ਊਜਾਂ ਲਾ ਕੇ ਚੰਦੂ ਨੇ ਬਾਦਸ਼ਾਹ ਤੋਂ ਗੁਰੂ ਸਾਹਿਬ ਨੂੰ ਮੁਰਤਜ਼ਾ ਖਾਨ ਦ੍ਵਾਰਾ ਅਤਜੰਤ

੨. "ਚੰਦ੍ਰਹਾਸ ਕਰ ਬਰ ਧਰੇ ਜਨੁ ਜਮ ਲੀਨੇ ਦੰਡ." (ਚੰਡੀ ੧)

੩. ੫ ਮਦਿਰਾ (ਸ਼ਰਾਬ) ਦਾ ਇੱਕ ਭੇਦ, ਜਿਸ ਵਿੱਚ ਅਨੇਕ ਬੂਟੀਆਂ ਅਤੇ ਕਸਤੂਰੀ ਕੇਸਰ ਆਦਿ ਵਸਤਾਂ ਮਿਲਾਈਆਂ ਜਾਂਦੀਆਂ ਹਨ.

੪. "ਚੰਦ੍ਰਕ ਸੇਤ ਲਗਜੋ ਤਨ ਸੰਗ."(ਗੁਪ੍ਰਸੂ)

੫. । ੪. ਕਲਜਾਣ ਠਾਟ ਦਾ ਸਾੜਵ ਸੰਪੂਰਣ ਰਾਗ "ਚੰਦ੍ਰਕਾਂਤ" ਹੈ. ਆਰੋਹੀ ਵਿੱਚ ਮੱਧਮ ਵਰਜਿਤ ਹੈ, ਅਵਰੋਹੀ ਸੰਪੂਰਣ ਹੈ. ਵਾਦੀ ਸੁਰ ਗਾਂਧਾਰ ਹੈ. ਗਾਉਣ ਦਾ ਵੇਲਾ ਸੰਝ ਹੈ.

੬. ਚੰਦ੍ਰਬਿੰਦੁ: ਇਸ ਦਾ ਚਿੰਨ੍ਹ ँ ਇਹ ਹੈ. ਇਸ ਦਾ ਉੱਚਾਰਣ ਅਨੁਨਾਸਿਕ (ਨੂਨ ਗੁੰਨਂ ਸਮਾਨ) ਹੈ. ਮਾਤ੍ਰਾ ਇੱਕ ਹੈ. ਇਸ ਨੂੰ ਅਰਥ ਬਿੰਦੂ ਭੀ ਆਖਦੇ ਹਨ. ਉਦਾਹਰਣ- ਨਹੁँ. ਜਿਹਿँ, ਕਿਹਿँ, ਜਹਿँ, ਤਹਿँ.

੧. ਮਹਾ ਭਾਰਤ ਦ੍ਯੂਤ ਪਰਵ, ਅਃ ੬੭ ਅਤੇ ਸ਼ਾਂਤਿ ਪਰਵ ਅਃ ੨੯ ਵਿੱਚ ਕਥਾ ਹੈ ਕਿ ਚੰਦ੍ਰ ਵੰਸ਼ੀ ਸੰਕ੍ਰਿਤਿ ਦੇ ਪੁੱਤ੍ਰ ਰਾਜਾ ਰੰਤਿਦੇਵ ਨੇ ਇੰਦ੍ਰ ਨੂੰ ਪ੍ਰਸੰਨ ਕਰ ਕੇ ਵਰ ਪ੍ਰਾਪਤ ਕੀਤਾ ਕਿ ਉਸ ਨੂੰ ਅਤਿਥਾਂ ਅਤੇ ਆਮ ਲੋਕਾਂ ਦੇ ਖਵਾਣ ਪਿਆਣ ਲਈ ਅੰਨ ਮਾਸ ਆਦਿ ਸਾਮਗ੍ਰੀ ਅਤੁੱਟ ਮਿਲਦੀ ਰਹੇ, ਕਦੇ ਕਿਸੇ ਤੋਂ ਮੰਗਣ ਦੀ ਲੋੜ ਨਾ ਪਵੇ. ਇਸ ਪਰ ਰੰਤਿਦੇਵ ਪਾਸ ਅੰਨ ਆਦਿ ਸਾਰੇ ਪਦਾਰਥ ਅਤੇ ਪਿੰਡਾਂ ਅਰ ਜੰਗਲਾਂ ਦੇ ਪਸ਼ੂ ਆਪੇ ਆ ਪਹੁੰਚਦੇ. ਉਸ ਦੀ ਰਸੋਈ ਦੇ ਸਾਰੇ ਭਾਂਡੇ ਸੋਨੇ ਦੇ ਸਨ ਅਤੇ ਦੋ ਲੱਖ ਰਸੋਈਆ ਕੰਮ ਕਰਦਾ ਸੀ. ਭੋਜਨ ਲਈ ਨਿੱਤ ਅਤੇ ਯੱਗਾਂ ਵਿੱਚ ਖ਼ਾਸ ਕਰਕੇ ਹਜ਼ਾਰਾਂ ਬੱਕਰੇ ਆਦਿ ਪਸ਼ੂ ਅਤੇ ਬੇਸ਼ੁਮਾਰ ਗਾਈਆਂ ਮਾਰੀਆਂ ਜਾਂਦੀਆਂ ਸਨ. ਜਿਨ੍ਹਾਂ ਦੀਆਂ ਖੱਲਾਂ ਦੇ ਢੇਰ ਵਿੱਚੋਂ ਟਪਕੇ ਹੋਏ ਰੱਸੇ ਦੀ ਇੱਕ ਨਦੀ ਬਣ ਗਈ, ਜਿਸ ਦਾ ਨਾਮ ਚਰਮਨ੍ਵਤੀ (ਚੰਬਲ) ਹੋਇਆ. "महानदी चर्भ राशेरुत्क्लेदात्ससृजे यतःततश्चर्मण्वतीत्येवं विख्याता सा महानदी. " (महाभारत, द्रोण पर्व)

੨. ਚੰਬਾ ਰਿਆਸਤ ਦਾ ਰਕਬਾ ੩੨੦੦ ਵਰਗ ਮੀਲ ਅਤੇ ਆਬਾਦੀ ੪੧੯੬੭ ਹੈ. ੧. ਨਵੰਬਰ ਸਨ ੧੯੨੧ ਤੋਂ ਰਿਆਸਤ ਦਾ ਨੀਤਿ ਸਬੰਧ ਏ. ਜੀ. ਜੀ. ਪੰਜਾਬ ਸਟੇਟਸ ਨਾਲ ਹੈ. ਚੰਬੇ ਦਾ ਦਰਜਾ ਪੰਜਾਬ ਦੀ ਰਿਆਸਤਾਂ ਵਿੱਚ ਚੌਦ੍ਹਵਾਂ ਹੈ. ਇਸ ਵੇਲੇ ਰਾਜ ਗੱਦੀ ਤੇ ਰਾਜਾ ਰਾਮ ਸਿੰਘ ਹੈ ਜਿਸ ਦਾ ਜਨਮ ੧੦. ਅਕਤੂਬਰ ਸਨ ੧੯੯੦ ਨੂੰ ਹੋਇਆ ਹੈ.

੩. ਛਵ੍ਹੀ. ਦੇਖੋ, ਛੌਹੀ. "ਤਰਗਸ ਗੁਰਜਾਂ ਛਹਵੀਆ." (ਮਃ ੧. ਬੰਨੋ)

੧. । ੨. ਫਨੀਅਰ ਸੱਪ. ਭੋਗੀ.

੧. । ੬. ਛਤ (ਕ੍ਸ਼ਤ- ਫੱਟ) ਦੀ ਥਾਂ ਭੀ ਇਹ ਵਰਤਿਆ ਹੈ. "ਛਦ ਕੀ ਪੀਰ ਨਿਵਾਰੀ." (ਗੁਪ੍ਰਸੂ)

੨. ਪਰ ਇੱਥੇ ਉਹ ਦਿਖਾਏ ਜਾਂਦੇ ਹਨ ਜੋ ਸਿੱਖ ਕਾਵ੍ਯ ਵਿੱਚ ਆਏ ਹਨ-

(ੳ) ਜਿਸ ਛੱਪਯ ਵਿੱਚ ੧੨. ਗੁਰੁ ਅਤੇ ੧੨੮ ਲਘੁ ਹੋਣ, ਉਸ ਦੀ "ਗਗਨ" ਸੰਗ੍ਯਾ ਹੈ. ਉਦਾਹਰਣ-

ਗਰੁੜ ਸਰਨ ਡਰ ਸਰਪ ਸਰਦ ਭਲ ਭਵਨ ਤਪਤ ਡਰ,<br>
ਡਰ ਤਸਕਰ ਢਿਗ ਭੂਪ ਅਗਨਿ ਡਰ ਬਰਸਤ ਘਨਬਰ,<br>
ਕਲਪ ਸੁਤਰੁ ਤਲ ਰਹਿਤ ਬਿਪਤ ਡਰ ਤਮ ਡਰ ਦਿਨਕਰ,<br>
ਮਲਯਾਚਲ ਦੁਰਗੰਧ ਹਿਮਾਚਲ ਧੂਲਿ ਡਰਤਨਰ,<br>
ਘਰ ਸ਼ਾਰਦੂਲ ਸ਼ਿੰਗਾਲ[1210] ਡਰ ਚਟਕ ਬਟੁਕ[1211] ਡਰ  ਬਾਜ ਪਗ,<br>
ਧਰ ਗੁਰੂ ਪੰਥ ਪੁਨ ਯਮ ਨਰਕ ਡਰ ਵਢ ਅਚਰਜ ਸਮਝ ਜਗ. (ਸਿੱਖੀ ਪ੍ਰਭਾਕਰ)

(ਅ) ਜਿਸ ਛੱਪਯ ਦੇ ੨੨ ਗੁਰ ਅਤੇ ੧੦੮ ਲਘੁ ਹੋਣ ਉਸਦੀ "ਕ੍ਰਿਸ੍ਨ" ਸੰਗ੍ਯਾ ਹੈ, ਯਥਾ-

[1212]ਅਮਰ ਸਿਮਰ ਕਰ ਜਾਹਿ ਸਮਰ[1213] ਜਯ ਪਾਵਹਿ ਅਰਿ ਹਰ,<br>
ਹਰ ਨਿਤ ਲਾਵਹਿ ਧ੍ਯਾਨ ਗ੍ਯਾਨ ਪਾਵਹਿ ਮੁਨਿ ਉਰ ਧਰ,<br>
ਧਰਨਿ ਭਜਨ ਵਿਦਤਾਯ ਸਭਿਨ ਮੇਂ ਵ੍ਯਾਪਯੋ ਸਮਸਰ,<br>
ਸਰਨ ਦਾਸ ਗਤਿ ਲਹਿਤ ਦਹਿਤ ਦੁਖ ਦੋਖਨ ਕੋ ਦਰ[1214]<br>
ਦਰ ਦੇਤ ਬਤਾਇ ਸੁ ਮੁਕ੍ਤਿ ਕੋ ਹੋਂਹਿ ਪ੍ਰਸੀਦਿਤ[1215] ਚਿਤ ਸਿਮਰ,<br>
ਮਰ ਜਨਮਨ ਕੋ ਸੰਕਟ ਕਟਤ ਜਯ ਜਯ ਜਯ ਸ਼੍ਰੀ ਗੁਰੁ ਅਮਰ. (ਗੁਪ੍ਰਸੂ)

(ੲ) ਜਿਸ ਛੱਪਯ ਵਿੱਚ ੨੩ ਗੁਰੁ ਅਤੇ ੧੦੬ ਲਘੁ ਹੋਣ, ਉਸਦਾ ਨਾਮ "ਕਨਕ" ਹੈ, ਯਥਾ-

ਬਨ ਟੁੱਟਤ ਗਿਰਿ ਫਟਤ ਛੁਟਤ ਧੀਰਜ ਸੁ ਧਰਨਿ ਤਨ,<br>
ਦਿੱਗਜ ਦਿਗ ਕਲਮਲਿਤ[1216] ਹਲਤ ਤਲ ਸ਼ੇਸ ਨਾਗ ਮਨ,<br>
ਉਡਤ ਰੇਨੁ ਹਯ ਪੁਰਨ ਸੁਰ ਬਰ ਕਹੂੰ ਲੁੱਕ ਗਯ,<br>
ਭੱਭੀਛਨ ਭਰਹਰਤ ਮੂੰਦ ਗਢ ਦ੍ਵਾਰ ਦੁਰਤ ਭਯ,<br>
ਕਰ ਗਹਿ ਕ੍ਰਿਪਾਣ ਗੋਬਿੰਦ ਗੁਰੁ ਜਬ ਸਲੋਹ ਪੱਖਰ ਸਜਤ,

---

[1210] ਗਿੱਦੜ.

[1211] ਚਿੜੇ ਦਾ ਬੱਚਾ.

[1212] ਦੇਵਤਾ.

[1213] ਯੁੱਧ.

[1214] ਡਰ, ਭਯ

[1215] ਪ੍ਰਸੰਨਤਾ ਸਹਿਤ.

[1216] ਵ੍ਯਾਕੁਲ.

ਹਲ ਚਲਤ ਤਿਹੁਂ ਪੁਰ ਚਕ੍ਰਵੈ[1217] ਘਰਨਿ ਛਾਡ ਘਰ ਤੇ ਭਜਤ

(ਹੰਸ ਰਾਮ, ਦਸ਼ਮੇਸ਼ ਦਾ ਦਰਬਾਰੀ ਕਵਿ)

(ਸ) ਗੁਰੁ ੨੫ ਅਤੇ ੧੦੨ ਲਘੁ ਵਾਲਾ ਛੱਪਯ "ਮਲਯ" ਹੈ, ਯਥਾ-

ਗੁਰੁ ਜਿਨ ਕਉ ਸੁਪ੍ਰਸੰਨ ਨਾਮਹਰਿ ਰਿਦੈ ਨਿਵਾਸੈ,

ਜਿਨ ਕਉ ਗੁਰੁ ਸੁਪ੍ਰਸੰਨ ਦੁਰਤ ਦੂਰੰਤਰ ਨਾਸੈ,

ਗੁਰੁ ਜਿਨ ਕਉ ਸੁਪ੍ਰਸੰਨ ਮਾਨ ਅਭਿਮਾਨ ਨਿਵਾਰੇ,

ਜਿਨ ਕਉ ਗੁਰੁ ਸੁਪ੍ਰਸੰਨ ਸਬਦ ਲਗ ਭਵਜਲ ਤਾਰੈ,

ਪਰਚਉ ਪ੍ਰਮਾਣ ਗੁਰੁ ਪਾਇਅਉ ਤਿਨ ਸਕਯਥਉ ਜਨਮਜਗ,

ਸ੍ਰੀ ਗੁਰੂ ਸਰਣ ਭਜ ਕਲਯਕਬਿ ਭੁਗਤਿ ਮੁਕਤਿ ਸਭ ਗੁਰੂ ਲਗ.

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਵੈਯੇ ਮ. ੪. ਕੇ)

(ਹ) ਜਿਸ ਵਿੱਚ ੨੬ ਗੁਰੁ ਅਤੇ ੧੦੦ ਲਘੁ ਹੋਣ ਉਹ "ਧਵਲ" ਛੱਪਯ ਹੈ, ਯਥਾ-

ਰਤਨ ਜਟਿਤ ਰਥ ਸੁਭਤ, ਖਚਿਤ ਬਜ੍ਰਨਮੁਕਤਾਫਲ[1218].

ਹੀਰ ਚੀਰ ਆਭਰਨ ਧਰੇ ਸਾਰਥੀ ਮਹਾਬਲ,

ਗਨਕ ਦੇਖ ਕੁਰਰਾਤ[1219] ਕਠਿਨ ਕਾਮਨਿ ਬ੍ਰਿਤਿ ਹਾਰਤ,

ਪਟ ਅੰਬਰ ਜ਼ਰਕਸ਼ੀ ਪਰਮ ਭੂਖਨ ਤਨ ਧਾਰਤ,

ਇਹ ਛਬਿ ਅਨੰਦ ਮਦਨਜ[1220] ਨ੍ਰਿਪਤਿ ਜਦਿਨ ਗਰਜ ਦਲ ਗਾਹ ਹੈ,

ਬਿਣ ਇੱਕ ਧੀਰਜ ਸੁਨ ਰੇ ਨ੍ਰਿਪਤਿ! ਔਰ ਸਮੂਹਿ ਕੋ ਚਾਹ ਹੈ?

(ਦਸਮ ਗ੍ਰੰਥ ਪਾਰਸਨਾਥ)

(ਕ) ਜਿਸ ਛੱਪਯ ਵਿੱਚ ੨੮ ਗੁਰੁ ਅਤੇ ੯੬ ਲਘੁ ਹੋਣ, ਉਹ "ਕਰਤਲ" ਹੈ, ਯਥਾ-

ਦਿਸਟਿ ਧਰਤ ਤਮ ਹਰਨ  ਦਹਨ ਅਘ ਪਾਪ ਪ੍ਰਣਾਸਨ,

ਸਬਦ ਸੂਰ ਬਲਵੰਤ  ਕਾਮ ਅਰ ਕ੍ਰੋਧ ਬਿਨਾਸਨ,

ਲੋਭ ਮੋਹ ਵਸਿ ਕਰਣ ਸਰਣ ਜਾਚਕ ਪ੍ਰਤਿਪਾਲਣ,

ਆਤਮਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ,

ਸਤਿਗੁਰੂ ਕਲਯ ਸਤਗੁਰੁ ਤਿਲਕ ਸਤਿ ਲਾਗੈ ਸੋ ਪੈ ਤਰੈ,

ਗੁਰੁ ਜਗਤ ਫਿਰਣਸੀ ਅੰਗਰਉ[1221] ਰਾਜ ਜੋਗ ਲਹਣਾ ਕਰੈ.

---

[1217] ਚਕ੍ਰਵਰਤੀ ਰਾਜੇ.

[1218] ਹੀਰੇ.

[1219] ਕੜ੍ਹਦਾ ਹੈ, ਹਸਦ ਕਰਦਾ ਹੈ.

[1220] ਕਾਮ ਦਾ ਪੜ੍ਹ.

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਵੈਯੇ ਮਹਲੇ ੨. ਕੇ)

(ਖ) ਗੁਰੁ ੨੯ ਅਤੇ ੯੪ ਲਘੁ ਵਾਲੇ ਛੱਪਯ ਦੀ "ਬੁੱਧਿ" ਸੰਗ੍ਯਾ[1222] ਹੈ, ਉਦਾਹਰਣ-

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ,

ਰੂਪ ਰੰਗ ਅਰੁ ਰੇਖ ਭੇਖ ਕੋ ਕਹਿ ਨ ਸਕਤ ਕਿਹ,

ਅਚਲ ਮੂਰਤਿ ਅਨੁਭਵ ਪ੍ਰਕਾਸ਼ ਅਮਿਤੋਜ[1223] ਕਹਿੱਜੈ,

ਕਟਿ ਇੰਦ੍ਰ ਇੰਦ੍ਰਾਣ ਸ਼ਾਹ ਸ਼ਾਹਾਨ ਗਣਿੱਜੈ,

ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਿਤ,

ਤਵ ਸਰਬ ਨਾਮ ਕਥੈ ਕਵਨ? ਕਰਮ ਨਾਮ ਬਰਣਤ ਸੁਮਤਿ.

(ਜਾਪੁ, ਪਾਤਸ਼ਾਹੀ ੧੦)

(ਗ) ਜਿਸ ਵਿੱਚ ੩੨ ਗੁਰੁ ਅਤੇ ੮੮ ਲਘੁ ਹੋਣ, ਉਸ ਦਾ ਨਾਮ "ਮਕਰ" ਹੈ. ਉਦਾਹਰਣ-

ਪੁਹਪ ਧਨੁਸ਼ ਅਲਿ ਪਨਚ[1224] ਮਤਸ ਜਿਹ ਧੁਜਾ ਬਿਰਾਜੈ,

ਬਾਜਤ ਝਾਂਝਰ ਤੂਰ ਮਧੁਰ ਬੀਣਾ ਧੁਨਿ ਬਾਜੈ,

ਸਬ ਬਜੰਤ੍ਰ ਜਿਹ ਸੰਗ ਬਜਤ ਸੁੰਦਰ ਛਬਿ ਸੋਹਤ,

ਸੰਗ ਸੈਨ ਅਬਲਾ ਸੱਬ੍ਰਹ ਸੁਰ ਨਰ ਮੁਨਿ ਮੋਹਤ,

ਅਸ ਮਦਨ ਰਾਜ ਰਾਜਾ ਨ੍ਰਿਪਤਿ ਜਦਿਨ ਕ੍ਰੁੱਧ ਕਰ ਧਾਇ ਹੈ,

ਬਿਨ ਇਕ ਬਿਬੇਕ ਤਾ ਕੇ ਸਮੁਹਿ ਔਰ ਦੁਸਰ ਕੋ ਜਾਇ ਹੈ?

(ਦਸਮ ਗ੍ਰੰਥ, ਪਾਰਸਨਾਥ)

(ਘ) ਜਿਸ ਛੱਪਯ ਦੇ ੩੩ ਗੁਰੁ ਅਤੇ ੮੬ ਲਘੁ ਹੋਣ, ਉਹ "ਮੇਰੁ" ਹੈ, ਉਦਾਹਰਣ-

ਕਰਤ ਨਿਰਤ ਸੁੰਦਰੀ ਬਜਤ ਬੀਣਾ ਧੁਨਿ ਮੰਗਲ,

ਉਪਜਤ ਰਾਗ ਸਬਹ ਬਜਤ ਬੈਰਾਰੀ ਬੰਗਲ,

ਭੈਰਵ ਰਾਗ ਬਸੰਤ ਦੀਪ[1225] ਹਿੰਡੋਲ ਮਹਾਂ ਸੁਰ,

ਉਘਟਤ ਤਾਨ ਤਰੰਗ ਸੁਨਤ ਰੀਝਤ ਧੁਨਿ ਸੁਰ ਨਰ,

ਇਹ ਛਬਿ ਪ੍ਰਭਾਵ ਰਿਤੁਰਾਜ[1226] ਨ੍ਰਿਪ ਜਦਿਨ ਰੋਸ ਕਰ ਧਾਇ ਹੈ,

---

[1221] ਫੇਰੂ ਦੇ ਸਿੰਹ ਰੂਪ ਪੁਤ੍ਰ ਗੁਰੂ ਅੰਗਦ ਜੀ.

[1222] ਭਾਈ ਨਿਹਾਲ ਸਿੰਘ ਜੀ ਨੇ 'ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ" ਵਿਖੇ ਇਸ ਦੀ "ਚਕ੍ਰਧਰ" ਸੰਗ੍ਯਾ ਦੱਸੀ ਹੈ.

[1223] ਅਮਿਤ-ਓਜ ਅਪ੍ਰਮਾਣ ਬਲ.

[1224] ਭੌਰਿਆਂ ਦਾ ਚਿੱਲਾ.

[1225] ਦੀਪਕ.

[1226] ਬਸੰਤ.

ਬਿਨ ਇਕ ਬਿਬੇਕਤਾ ਕੇ ਨ੍ਰਿਪਤਿ ! ਔਰ ਸਮੁਹਿ ਕੋ ਜਾਇ ਹੈ?

(ਦਸਮ ਗ੍ਰੰਥ, ਪਾਰਸਨਾਥ)

(ਙ) ਗੁਰੁ ੩੪, ਲਘੁ ੮੪ ਵਾਲਾ ਛੱਪਯ "ਸਾਰਸ" ਹੈ, ਉਦਾਹਰਣ-

ਗੁਣ ਗਾਵੈ ਰਵਿਦਾਸ ਭਗਤ ਜੈ ਦੇਵ ਤ੍ਰਿਲੋਚਨ,

ਨਾਮਾ ਭਗਤ ਕਬੀਰ ਸਦਾਗਾਵਹਿ ਸਮਲੋਚਨ[1227]

ਭਗਤ ਬੇਣਿ ਗੁਣ ਰਵੈ ਸਹਿਜ ਆਤਮ ਰੰਗ ਮਾਣੈ,

ਜੋਗ ਧਯਾਨ ਗੁਰੁ ਗਯਾਨ ਬਿਨਾ ਪ੍ਰਭੁ ਅਵਰ ਨ ਜਾਣੈ,

ਸੁਖ ਦੇਉ ਪਰੀਖਯਤ ਗੁਣ ਰਵੇ ਗੋਤਮ ਰਿਖਿ ਜਸ ਗਾਇਓ,

ਕਵਿ ਕੱਲ ਸੁਜਸ ਨਾਨਕ ਗੁਰੂ ਨਿਤ ਨਵਤਨ ਜਗ ਛਾਇਓ.

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਵੈਯੇ ਮਃ ੧. ਕੇ)

(ਚ) ਜਿਸ ਵਿੱਚ ੩੫ ਗੁਰੁ ਅਤੇ ੮੨ ਲਘੁ ਹੋਣ, ਉਸ ਦੀ "ਸਮਰ" ਸੰਗਯਾ ਹੈ, ਯਥਾ-

ਧੂਮ੍ਰ ਧੁਜਾ ਰਥ ਧੂਮ੍ਰ ਸਾਰਥੀ ਧੂਮ੍ਰ ਬਿਰਾਜਤ,

ਧੂਮ੍ਰ ਬਸਤ੍ਰ ਤਨ ਧਰੇ ਨਿਰਖ ਧੂਮ੍ਰਹਿ ਮਨ ਲਾਜਤ,

ਧੂਮ ਧਨੁਖ ਕਰ ਛਕਯੋ ਬਾਨ ਧੁਮਰੇ ਸੁਹਾਏ,

ਸੁਰ ਨਰ ਨਾਗ ਭੁਜੰਗ ਜੱਛ ਅਰੁ ਅਸੁਰ ਲਜਾਏ,

ਇਹ ਛਬਿ ਪ੍ਰਭਾਵ ਆਲਸ ਨ੍ਰਿਪਤਿ ! ਜਦਿਨ ਜੁੱਧ ਕਰਿ ਜੁੱਟ ਹੈ,

ਉੱਦਮ ਬਿਹੀਨ ਸੁਨ ਰੇ ਨ੍ਰਿਪਤਿ ! ਔਰ ਸਕਲ ਦਲ ਫੁੱਟ ਹੈ.

(ਦਸਮ ਗ੍ਰੰਥ, ਪਾਰਸਨਾਥ)

(ਛ) ਜਿਸ ਛੱਪਯ ਵਿੱਚ ੩੮ ਗੁਰੁ ਅਤੇ ੭੬ ਲਘੁ ਹੋਣ, ਉਹ "ਅਜੰਗਮ" ਹੈ. ਯਥਾ-

ਬੇਦ ਭੇਦ ਨਹਿ ਲਖੈ ਬ੍ਰਹਮ ਬ੍ਰਹਮਾ ਨਹਿ ਬੁੱਝੈ,

ਬਯਾਸ ਪਰਾਸਰ ਸੁਕ ਸਨਾਦਿ ਸ਼ਿਵ ਅੰਤ ਨ ਸੁੱਝੈ,

ਸਨਤ ਕੁਆਰ ਸਨਕਾਦਿ ਸਬੈਂ ਜੌ ਸਮਾ ਨ ਪਾਵਹਿ,

ਲਖ ਲਖਮੀ ਲਖ ਬਿਸਨੁ ਕਿਸਨ ਕਇ ਨੇਤਿ ਬਤਾਵਹਿ,

ਅਸੰਭ ਰੂਪ[1228] ਅਨਭੈ ਪ੍ਰਭਾ ਅਤਿ ਬਲਿਸ੍ਟ ਜਲਥਲ ਕਰਣ,

ਅੱਚੁਤ ਅਨੰਤ ਅਦ੍ਵੈ ਅਮਿਤ ਨਾਥ ਨਿਰੰਜਨ ਤ੍ਵ ਸ਼ਰਣ.

(ਦਸਮ ਗ੍ਰੰਥ, ਗਯਾਨ ਪ੍ਰਬੋਧ)

---

[1227] ਸਮਦ੍ਰਸ੍ਟਾ.

[1228] ਅਸਲਮ ਰਪ.

(ਜ) ਗੁਰੁ ੪੧ ਲਘੁ ੭੦ ਵਾਲਾ ਛੱਪਯ "ਬਾਹਣ" ਹੈ. ਉਦਾਹਰਣ-

ਗੁਣ ਗਾਵਹਿ ਨਵ ਨਾਥ ਧੰਨ ਗੁਰੁ ਸਾਚ ਸਮਾਯੋ,

ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ[1229] ਕਹਾਯੋ,

ਗੁਣ ਗਾਵੈ ਬਲਿਰਾਉ ਸਪਤ ਪਾਤਾਲ ਬਸੰਤੋ,

ਭਰਥਰਿ ਗੁਣ ਉੱਚਰੈ ਸਦਾ ਗੁਰੁ ਸੰਗ ਰਹੰਤੋ,

ਦੂਰਬਾ[1230] ਪਰੂਰਉ[1231] ਅੰਗਰੈ[1232] ਗੁਰੁ ਨਾਨਕ ਜਸ ਗਾਇਓ,

ਕਬਿ ਕੱਲ ਸੁਜਸ ਨਾਨਕ ਗੁਰੂ ਘਟ ਘਟ ਸਹਿਜ ਸਮਾਇਓ.

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਸਵੈਯੇ ਮਃ ੧. ਕੇ)

(ਝ) ਗੁਰੁ ੪੩ ਲਘੁ ੬੬ ਵਾਲਾ ਛੱਪਯ "ਕਮਲ" ਹੈ. ਉਦਾਹਰਣ-

ਜਵਨ ਕ੍ਰੱਧ ਕੇ ਜੁੱਧ ਕਰਣ ਕੈਰਵ ਰਣ ਘਾਏ,

ਜਾਸ ਕੋਪ ਕੇ ਕੀਨ ਸੀਸ ਦਸ ਸੀਸ ਗਵਾਏ,

ਜੌਨ ਕ੍ਰੱਧ ਕੇ ਕਿਯੇ ਦੇਵ ਦਾਨਵ ਰਣ ਲੁੱਝੇ

ਜਾਸ ਕ੍ਰੱਧ ਕੇ ਕੀਨ ਖਸ੍ਰਿ[1233] ਕੁਲ ਜਾਦਵ ਜੁੱਝੇ,

ਸੋ ਤਾਸ ਮਾਨ ਸੈਨਾਧਿਪਤਿ[1234] ਜਦਿਨ ਰੋਸ ਵਹ ਆਇ ਹੈ,

ਬਿਨ ਇਕ ਬਿਬੇਕ ਸੁਨ ਹੋ ਨ੍ਰਿਪਤਿ! ਅਵਰ ਸਮੁਹਿ ਕੋ ਜਾਇ ਹੈ?

(ਦਸ਼ਮ ਗ੍ਰੰਥ, ਪਾਰਸਨਾਥ)

੧. ੧੯੪੪- ੪੫ ਵਿੱਚ ਲੁਧਿਆਨੇ ਅਤੇ ਸਨ

੨. ਸਨ ੧੯੪੫ ਵਿੱਚ

੩. । ੪. ਸਾਯਖਾਨ.

੧. ਸੰ. ਛਿਕ੍ਕਨੀ. L. Sentipeda Orbiculeris ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਲੋਕ ਪ੍ਰਸਿੱਧ ਇਸ ਦਾ ਨਾਉਂ ਨੱਕ-ਛਿੱਕਨੀ ਹੈ.

੨. ਛਿਛਰਾ ਸਾਹਿਬ: ਦੇਖੋ, ਕਰਤਾਰਪੁਰ.

੩. ੨ ਛਿੜਕੀ. "ਛੀਟ ਛਾਛ ਕੀ ਤਨ ਫਿਟਕਾਈ." (ਗੁਪ੍ਰਸੂ)

੪੯੧- ੧. ਛਿੰਨ ਮਸਤਾ: ਦੇਖੋ, ਚਿੰਤ ਪੂਰਨੀ.

---

[1229] ਚਕ੍ਰਵਰਤੀ.

[1230] ਦੁਰਵਾਸਾ

[1231] ਪੁਰੂਰਵਾ.

[1232] ਅੰਗਿਰਾ.

[1233] ਸ਼ਸ਼ਠੀ. ਸੱਠ

[1234] ਸੈਨਾ ਅਧਿਪਤਿ. ਸਿੱਪਹ ਸਾਲਾਰ.

੨. "ਸੁੰਭ ਨਿਸੁੰਭ ਸੇ ਕੋਟਿ ਨਿਸਾਚਰ,

ਜਾਹਿ ਛਿਨੇਕ ਬਿਖੇ ਹਨ ਡਾਰੇ."

(ਵਿਚਿਤ੍ਰ)

੩. ਛਿਰੰਖੋਰ: ਸ਼ੀਰ ਖ਼ੋਰ. ਦੁੱਧ ਪੀਣ ਵਾਲਾ. ਭਾਈ ਸੁੱਖਾ ਸਿੰਘ ਨੇ ਇਹ ਸ਼ਬਦ ਵਰਤਿਆ ਹੈ. "ਛਿਰੰਖੋਰ ਬਾਲੇ। ਦਿਖੋ! ਕੀਨ ਕਾਲੇ." (ਗੁਵਿ ੧੦)

੪. । ੩. ਖੁਲ੍ਹਣਾ ਛੂਟਨਾ. "ਕਾਹੂ ਕੋ ਧਨੁਖ ਕਾਹੂੰ ਤੋਰਜੋ, ਕਾਹੂੰ ਰਾਖਯੋ ਘਰ, ਕਹੋ! ਯਾਂਕੀ ਗਾਠ ਕੋ ਕਹਾਂ ਭਯੋ ਹੈ ਛੀਜਨੋ." (ਹਨੂ) ਇਸ ਦੀ ਗੱਠੋਂ ਕੀ ਖੁਲ੍ਹਿਆ ਹੈ? ਭਾਵ- ਇਸ ਦਾ ਕੀ ਨੁਕਸਾਨ ਹੋਯਾ ਹੈ?

੫. । ੪. ਛੀਨਾ ਗੋਤ ਦੇ ਜੱਟਾਂ ਦਾ ਵਸਾਇਆ ਇੱਕ ਪਿੰਡ, ਜੋ ਅਮ੍ਰਿਤਸਰੋਂ ੩੧ ਮੀਲ ਹੈ.

੬. ਛੀ ਵਿਕਾਰ: ਦੇਖੋ, ਖਟ ਵਿਕਾਰ.

ਛੁਆਰਾ: ਦੇਖੋ, ਛੁਹਾਰਾ। ੨. ਝਗ ਵੱਲ ਛੋਕਰੇ (ਬਾਲਕ) ਨੂੰ ਛੁਆਰਾ ਸਦਦੇ ਹਨ.

੪੯੨- ੧. ਛੁਟਾ ਘਾਟਕਾ: ਜਨਮਸਾਖੀ ਵਿੱਚ ਇਹ ਨਾਉਂ ਬੰਗਾਲ ਦੇ ਸਰਹੱਦੀ ਜ਼ਿਲ੍ਹੇ ਚਟਗਾਂਵ ਦੇ ਬਦਲੇ ਆਇਆ ਹੈ.

੨. । ੧੦. ਅਸ਼੍ਲੀਲ (Vulgar). ਸ਼ਬਦ. ਦੇਖੋ, ਮਦੂ ੨.

੩. "ਅੰਗੀਆ ਅਨੂਪ ਛੁਦ੍ਰ ਪੀਠ ਕਟਿ ਧਾਰ ਹੈ." (ਭਾਗੁਕ)

੪. "ਰਾਮਰਾਇ ਕੋ ਛੇਕ ਸੁ ਦੀਨਾ." (ਗੁਪ੍ਰਸੂ)

੫. ਛੇਤ: ਛਕਣ ਦਾ ਭਾਵ. "ਕੋ ਕਰੈ ਨ ਛੇਤ." (ਰਤਨਮਾਲ) ੨. ਦੇਖੋ, ਛੇਤ੍ਰ.

੬. ਛੇਤ੍ਰਜ: ਦੇਖੋ, ਕੇਤ੍ਰਜ.

੭. ਛੇ ਮਲ: ਦੇਖੋ, ਦੁਸ਼ਟ ਭਾਉ.

੪੯੪- ੧. ਛੋਈ: ਕਮਾਦ (ਇੱਖ) ਦੀ ਛਿੱਲ. ਪੱਤੀ.

੨. ਛੋਟਾ ਘੱਲੂਘਾਰਾ: ਘੱਲੂਘਾਰਾ.

੩. ਭੱਠੀ ਵਿੱਚ ਭੁੰਨੇ ਛੋਲੇ ਸਿਪਾਹੀ ਅਤੇ ਮੁਸਾਫਿਰਾਂ ਦਾ ਉੱਤਮ ਭੋਜਨ ਹੈ.

੪. । ੨. ਛੌਨਾ ਦਾ ਇਸਤ੍ਰੀ ਲਿੰਗ, ਬੇਟੀ. ਕਨਜਾ.

੪੯੫- ੧. ਛੰਦਕ: ਸੰ. ਵਿ- ਛਲੀਆ. ਫ਼ਰੇਬੀ। ੨. ਰਖਜਾ ਕਰਨ ਵਾਲਾ। ੩. ਸੰਗਜਾ- ਕ੍ਰਿਸ਼ਨ ਦੇਵ। ੪. ਛਲ. ਫ਼ਰੇਬ। ੫. ਬੁੱਧ ਭਗਵਾਨ ਦਾ ਰਥਵਾਹੀ.

੨. ੪ ਵਿ- ਅਲਗ. ਵੱਖ. ਦੇਖੋ, ਉਦਾਹਰਣ ੨. ਨੰਬਰ ਦਾ. ਕਰਤਾਰ ਨੇੜੇ ਵਸਦਾ ਹੈ ਅਤੇ ਸਭ ਤੋਂ ਨਿਰਲੇਪ ਹੈ.

੯੯੭- ੧. ਜਸੀਮ: ਅ਼. ਕੱਦਾਵਰ ਅਤੇ ਮੋਟਾ. ਦੇਖੋ, ਜਿਸਮ.

੨. ਸਨ ੧੭੫੯ ਵਿੱਚ ਕੁਝ ਸਮੇਂ ਲਈ ਖ਼ਾਲਸਾ ਦਲ ਨਾਲ ਮਿਲ ਕੇ ਲਾਹੌਰ ਤੇ ਭੀ ਕ਼ਬਜ਼ਾ ਕੀਤਾ. ਸਰਦਾਰ ਜੱਸਾ ਸਿੰਘ.

੩. ਖ਼ਾਲਸਾ ਪੰਥ ਨੇ ਜੱਸਾ ਸਿੰਘ ਨੂੰ ਰਾਮਗੜ੍ਹ ਦਾ ਜੱਥੇਦਾਰ ਥਾਪਿਆ, ਜਿਸ ਤੋਂ ਰਾਮਗੜ੍ਹੀਆ ਜੱਸਾ ਸਿੰਘ ਪ੍ਰਸਿੱਧ ਹੋਯਾ.

੪. ਅਤੇ ਮਿਤ੍ਰਭਾਵ ਨਾਲ ਸਿੰਘ ਸਾਹਿਬ ਨਾਲ ਵਰਤਿਆ.

੫. ਜ਼ਹਰ ਚੀਜ਼: ਵਿਸ਼ਰੂਪ ਪਦਾਰਥ. ਦੇਖੋ, ਚੀਜ਼.

੬. ਜਹਾਂਗੀਰ ਮਜ਼ਹਬੀ ਤਅੱਸੁਬ ਕਰਕੇ ਪਹਿਲਾਂ ਹੀ ਕੁੜ੍ਹ ਰਿਹਾ ਸੀ, ਇਸ ਪੁਰ

੭. ਰਾਜ ਤਿਲਕ ਦਿੱਤਾ, ਇਸ ਕਰਕੇ ਜਹਾਂਗੀਰ ਨੇ ਗੁਰੂ ਸਾਹਿਬ ਦੇ ਵਿਰੁੱਧ ਹੁਕਮ ਜਾਰੀ ਕੀਤਾ, ਜਿਸ ਤੋਂ ਗੁਰੂ ਸਾਹਿਬ ਦਾ ਦੇਹਾਂਤ ਹੋਇਆ.

੮. ਇਸ ਨੇ ਆਪਣੀ ਹਕੂਮਤ ਦੇ ਅੱਠਵੇਂ ਵਰ੍ਹੇ ਪੁਸ਼ਕਰ ਦੇ ਮੰਦਿਰ ਢਹਾਏ ਅਤੇ ਸੋਲ੍ਹਵੇਂ ਵਰ੍ਹੇ ਕਾਂਗੜੇ ਦਾ ਕਿਲਾ ਫ਼ਤੇ ਕਰ ਕੇ ਹਿੰਦੂ ਮੰਦਿਰ ਪਾਸ ਬੈਲ ਦੀ ਕੁਰਬਾਨੀ ਕੀਤੀ. (ਦੇਖ, ਤੁਜ਼ਕਿ ਜਹਾਂਗੀਰੀ)

ਅਫ਼ੀਮ (ਜਹਾਂਗੀਰ ਲਿਖਦਾ ਹੈ ਕਿ ਜੋ ਆਤਿਸ਼ਾ ਸ਼ਰਾਬ ਦੇ ਅੱਠ ਪਹਰ ਵਿੱਚ ਵੀਹ ਪਜਾਲੇ, ਜਿਨ੍ਹਾਂ ਦਾ ਵਜ਼ਨ ਛੀ ਸੇਰ ਹੋਂਦਾ ਸੀ, ਅਤੇ ੧੪. ਰੱਤੀ ਅਫ਼ੀਮ ਮੈਂ ਖਾਂਦਾ ਸੀ).

(ਦੇਖੋ, ਤੁਜ਼ਕਿ ਜਹਾਂਗੀਰੀ, ਸਨ ਜਲੂਸੀ ੧੦)

੨. ਜਹਾਜ਼ੀ ਕੁੱਤਾ: ਸਹੇ (ਖ਼ਰਗੋਸ਼) ਦਾ ਸ਼ਿਕਾਰ ਕਰਨ ਵਾਲਾ ਤਿੱਖੀ ਅਤੇ ਲੰਮੀ ਥੁਥਨੀ ਦਾ ਕੁੱਤਾ Greyhound.

੩. ਜਹਾਂਚਾਰ ਸ਼ਾਹ ਆਪਣੀ ਕੰਚਨੀ ਲਾਲ ਕੁਵਰਿ (ਇਮਤਜਾਜ਼ ਮਹਲ) ਦੇ ਹੱਥ ਕਠਪੁਤਲੀ ਸੀ. ਇੱਕ ਦਿਨ ਕੰਚਨੀ ਨੇ ਜਮਨਾ ਵਿੱਚ ਕਿਸ਼ਤੀਆਂ ਤੇ ਲੋਕ ਸੈਰ ਕਰਦੇ ਵੇਖਕੇ ਜਹਾਂਦਾਰ ਨੂੰ ਆਖਿਆ ਕਿ ਮੈਂ ਕਦੇ ਨਦੀ ਵਿੱਚ ਡੁਬਦੇ ਲੋਕ ਨਹੀਂ ਡਿੱਠੇ, ਇਸ ਪੁਰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਇੱਕ ਭਰੀ ਹੋਈ ਕਿਸ਼ਤੀ ਡੋਬ ਕੇ ਲਾਲ ਕੁੰਵਰਿ ਨੂੰ ਵਿਖਾਓ. ਇਸ ਹੁਕਮ ਦੀ ਫੌਰਨ ਤਾਮੀਲ ਹੋ ਗਈ. (ਦੇਖੋ, "ਦੀ ਲੇਟਰ ਮੁਗ਼ਲਸ." ਜਿਲਦ ੧, ਪੰਨਾ ੧੯੨)

੪. ਗੋਇੰਦਵਾਲ ਜੋ ਕਿ ਬਿਆਸ ਦੇ ਕਿਨਾਰੇ ਹੈ, ਉਸ ਵਿੱਚ ਗੁਰੂ ਅਰਜਨ ਰਹਿੰਦਾ ਸੀ. ਬਹੁਤ ਭੋਲੇ ਹਿੰਦੂ, ਬਲਕਿ ਬੇਸਮਝ ਮੁਸਲਮਾਨਾਂ ਨੂੰ ਉਹ ਆਪਣੇ ਤਰੀਕ਼ਿਆਂ ਦਾ ਸਿਦਕੀ ਬਣਾ ਕੇ ਬੁਜ਼ੁਰਗੀ ਦਾ ਢੋਲ ਬਜਵਾ ਰਿਹਾ ਸੀ. ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਸੀ. ਮੇਰੇ ਦਿਲ ਵਿੱਚ ਚਿਰ ਤੋਂ ਇਹ ਖ਼ਿਆਲ ਆਉਂਦਾ ਸੀ ਕਿ ਇਸ ਝੂਠੇ ਵਪਾਰ ਨੂੰ ਬੰਦ ਕਰਨਾ ਜਾਂ (ਗੁਰੂ) ਅਰਜਨ ਨੂੰ ਇਸਲਾਮ ਮੱਤ ਵਿੱਚ ਲਿਆਉਣਾ ਚਾਹੀਏ.

ਇਨ੍ਹਾਂ ਦਿਨਾਂ ਵਿੱਚ ਹੀ ਖ਼ੁਸਰੋ ਇੱਥੋਂ ਦੀ ਦਰਿਆ ਪਾਰ ਹੋਇਆ. ਗੁਰੂ ਉਸ ਨੂੰ ਮਿਲਿਆ ਅਤੇ ਉਸ ਦੇ ਮੱਥੇ ਕੇਸਰ ਦਾ ਟਿੱਕਾ ਕੱਢਿਆ. ਜਦ ਇਹ ਗੱਲ ਮੇਰੇ ਕੰਨੀਂ ਪਈ ਤਦ ਮੈਂ ਹੁਕਮ ਦਿੱਤਾ ਕਿ ਗੁਰੂ ਨੂੰ ਹਾਜ਼ਰ ਕੀਤਾ ਜਾਵੇ. ਉਸ ਦੇ ਬੱਚੇ ਘਰ ਮਾਲ ਆਦਿੱਕ ਮੁਰਤਜ਼ਾ ਖ਼ਾਨ ਨੂੰ ਬਖ਼ਸ਼ ਕੇ ਹੁਕਮ ਦਿੱਤਾ ਕਿ ਗੁਰੂ ਨੂੰ ਤਸੀਹੇ ਦੇ ਕੇ ਮਾਰਿਆ ਜਾਵੇ.

੫. ਜਗ ਜੀਵਨਿ: ਜਗਤ ਨੂੰ ਜੀਵਨ ਦੇਣ ਵਾਲੇ ਨੇ. "ਜਿਨ ਕਉ ਕ੍ਰਿਪਾ ਕਰੀ ਜਗ ਜੀਵਨਿ." (ਜੈਤ ਮਃ ੪)

੪੯੯- ੧. ਜਗਤੇਸ਼: ਜਗਤ- ਈਸ਼. ਜਗਦੀਸ਼੍ਵਰ.

੨,"ਨਹਿ ਨਾਤਾ ਲੀਜੈ ਜਗ ਬੰਦ." (ਗੁਪ੍ਰਸੂ) ੨. ਸੰਗਜਾ- ਕਰਤਾਰ ਵਾਹਗੁਰੂ.

੩. ਜਗਾ ਸਿੰਘ: ਦੇਖੋ, ਜੱਗਾ ਸਿੰਘ.

੪. ੪ ਜਗਤ ਨੇ ਦੁਨੀਆਂ ਨੇ. "ਨਾਨਕ ਗਿਆਨੀ ਜਗੁ ਜੀਤਾ. ਜਗਿ ਜੀਤਾ ਸਭੁ ਕੋਇ." (ਵਾਰ ਬਿਹਾ ਮਃ ੩) ਗਿਆਨੀ ਨੇ ਜਗਤ ਜਿੱਤਿਆ ਹੈ, ਜਗਤ ਨੇ ਹੋਰ ਸਭ ਲੋਕਾਂ ਨੂੰ ਜਿੱਤ ਲਿਆ ਹੈ.

੧. "ਜਾਪਾਨ ਵਿੱਚ ਆਮ ਲੋਕਾਂ ਦਾ ਇਹ ਖ਼ਿਆਲ ਏ ਕਿ ਬੁੱਧ ਭਗਵਾਨ ਦੇ ਰਥ ਹੇਠ ਦਬ ਕੇ ਮਰ ਜਾਣ ਨਾਲ ਮੁਕਤੀ ਮਿਲ ਜਾਂਦੀ ਏ। ਜਾਪਾਨ ਵਿੱਚ ਬੁੱਧ ਭਗਵਾਨ ਦਾ ਰਥ ਹਰ ਸਾਲ ਨਿਕਲਦਾ ਏ ਅਤੇ ਇਸ ਵਿਸਵਾਸ ਦੇ ਕਾਰਣ ਹਰ ਸਾਲ ਹਜ਼ਾਰਾਂ ਨਰ ਨਾਰੀ ਉਸ ਰਥ ਹੇਠ ਆ ਕੇ ਜਾਨਾਂ ਦੇਂਦੇ ਹਨ। ਸਨ ੧੯੧੪ ਵਿੱਚ ੧੨੭੦੬ ਇਸਤ੍ਰੀ ਪੁਰਸ਼ਾਂ ਨੇ ਇਸ ਧਾਰਮਕ ਵਿਸਵਾਸ ਦੇ ਕਾਰਨ ਆਤਮ ਬਲੀਦਾਨ ਕਰ ਦਿੱਤਾ।" (ਖ਼ਾਲਸਾ ਸਮਾਚਾਰ)

੨. "ਜੱਗਾ ਸਤਿਗੁਰ ਕੇ ਢਿਗ ਆਯੋ." (ਗੁਪ੍ਰਸੂ)

੩. ਜਜੈ: ਯਜਨ (ਪੂਜਨ) ਕਰਦਾ ਹੈ. ਦੇਖੋ, ਯਜਨ. "ਜਗਦੀਸ਼ ਜਜ ਜਗ." (ਗੁਪ੍ਰਸੂ)

੪. ਜਟਹੁ: ਜੋੜੋ "ਜਟਹੁ ਨਾਮ ਹਰਿ ਹੀਰਾ." (ਨਾਪ੍ਰ)

੫. ਬੋਹੜ ਆਦਿ ਦਾ ਦੁੱਧ ਲਾ ਕੇ ਕਈ ਲੋਕ ਕੇਸਾਂ ਨੂੰ ਰੱਸੀ ਦੀ ਤਰ੍ਹਾਂ ਵੱਟ ਲੈਂਦੇ ਹਨ. ਰਾਮ ਚੰਦ੍ਰ ਜੀ ਨੇ ਵਣਵਾਸ ਸਮੇਂ ਆਖਿਆ ਸੀ. "ਜਟਾਃ ਕ੍ਰਿਤ੍ਵਾ ਗਮਿਸ਼ਜਾਮਿ ਨਜਗ੍ਰੋਧੰ ਕ੍ਸ਼ੀਰਮਾਨਯ." (ਵਾਲਮੀਕਿ ਰਾਮਾਯਣ, ਅਯੋਧਜਾ ਕਾਂਡ, ਸਰਗ ੫੨)

੧. ਜੱਟ ਜਾਤਿ ਦੇ ਸੰਬੰਧ ਵਿੱਚ Col. W. A. Sleeman ਦੀ ਚਿੱਠੀ Sir John Login (ਮਹਾਰਾਜਾ ਦਲੀਪ ਸਿੰਘ ਦੇ ਅਤਾਲੀਕ) ਦੇ ਨਾਮ ਲਿਖੀ, ਵੇਖਣ ਯੋਗ ਹੈ-

Lucknow. 17th march, 1854.

My Dear Login,

I have been reading up the book I spoke to the Maharajah about ("Pictorial History of England") since he left. You must get it for him, and let him see for himself, that he is of the same race as the men of Kent. They moved from Jutland, and came into England with the Saxon from Friesland and Angles from Holstein, who disposessed the old Britons in the 5th century. They were the Jats or old Getoe of the Greeks and Romans, who cmae from the countries about Kashgar. Some came down and settled on the banks of the Indus whence they spread to the Jumna and Chumbal; whilst others went and settled in Western Europe (Sweden and Denmark); from them Jutland received its name. Tell His Highness that their Chiefs Hengist and Horsa, were Juts like himself. their family name from Kashgar and the Caspian and settled in Jutland, while his part of the family settled on the Indus spreading to the Punjab. The Juts took possession of Kent, and some of the first kings were Juts, like the Maharajah's ancestors, and both might, with equal justice, boast descent from Odin, the God of War. They also took possession of the Isle of Wight and the Isle of Thanet. All the old Kentish families are descendants of Juts, and of the same race as Duleep Singh. You can show him some of the beauties of Kent, as you go up the Thames, and he will have an opportunity of seeing it if he visits Lord Hardinge. × × ×

Believe me, my dear Login,

Yours very truly,

W. A. Sleeman.

੨. ਜੱਟੀ: ਜੱਟ ਦੀ ਇਸਤ੍ਰੀ.

੩. "ਚੱਠ ਅਰੰਭੀ ਗੁਰੁ ਕਰਤਾਰ." (ਗੁਪ੍ਰਸੂ)

੪. ਜਣੇਪਾ: ਜਣਨ (ਪ੍ਰਸਵਨ) ਦਾ ਭਾਵ. ਬੱਚਾ ਜਣਨ ਦੀ ਕ੍ਰਿਯਾ. ਪ੍ਰਸੂਤਿ.

੫. ਜਤਹ, ਜਤਹਿ: ਯਤ੍ਰ ਹੀ. ਜਿੱਥੇ ਹੀ. ਜਹਾਂ.

੬. ਜਥਾ ਕਰਮ: ਦੇਖੋ, ਯਥਾਕ੍ਰਮ.

੫੦੩- ੧. ਜਨਕ ਸੁਤਾ: ਸ਼ੀਰਧ੍ਵਜ ਜਨਕ ਦੀ ਪੁਤ੍ਰੀ ਸੀਤਾ ਦੇਖੋ, ਜਨਕ ੫.

੨. "ਆਂ ਜੁਹੇ ਸੇਬੇ ਜ਼ਨਖ਼ਦਾਨੇ ਸ਼ੁਮਾ." (ਦੀਵਾਨ ਗੋਯਾ)

੩. ਜਨਮ ਸੰਸਕਾਰ: ਬੱਚੇ ਦੇ ਜਨਮ ਸਮੇਂ ਕੀਤਾ ਹੋਯਾ ਧਾਰਮਿਕ ਸੰਸਕਾਰ. ਵਾਹਗੁਰੂ ਦੇ ਧਨਯਵਾਦ ਦੀ ਅਰਦਾਸ ਅਤੇ ਸਤਿਨਾਮੁ ਵਾਹਗੁਰੂ ਗੁਰੂਮੰਤ੍ਰ ਨਾਲ ਗੁੜ੍ਹਤੀ ਆਦਿ ਦਾ ਹੋਣਾ. ਦੇਖੋ, ਨਾਮਕਰਣ.

੧. ਜਿਵੇਂ ਜ਼ਨਾਨਾ ਘਰ ਅਤੇ ਲਿਬਾਸ ਆਦਿ.

੨. ਬਾਜ਼ ਬਣ ਕੇ ਗਜਾਨ ਰੂਪ ਪੰਛੀ ਦੇ ਮਾਸ ਦੀ ਚੱਖੀ ਲਈ.

੩. । ੪. ਜਨ ਅਥਵਾ ਜਨਾਨੰ. "ਜਿਨਿ ਜਨਿ ਸੁਣੀ, ਮਨੀ ਹੈ ਜਿਨ ਜਨਿ." (ਨਟ ਪੜਤਾਲ ਮਃ ੪)

੪. । ੪. ਇਹ ਗਜਪ (ਜ਼ਪ) ਦਾ ਭੀ ਰੂਪਾਂਤਰ ਹੈ. ਦੇਖੋ, ਜਾਪਹ ਜਾਲਣਾ ਆਦਿ. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ "ਜਪ ਅਰੁ ਬੇਦ ਅਰਥ ਇਕ ਧਰਜੋ ਬ੍ਰਹਮ ਜਾਨਬੇ ਕੇ ਇਹ ਨਾਮੁ." (ਗੁਪ੍ਰਸੂ)

੫. ਮਨੁੱਖ ਦੇ ਦੰਦ. ਵਾਮ ਮਾਰਗੀ ਸ਼ੇਰ ਦੀ ਖੱਲ ਉੱਪਰ ਬੈਠ ਕੇ ਮਨੁੱਖ ਦੇ ਦੰਦਾਂ ਦੀ ਮਾਲਾ ਨਾਲ ਜਪ ਕਰਨਾ ਫਲਦਾਯਕ ਮੰਨਦੇ ਹਨ. ਤੰਤ੍ਰ ਸ਼ਾਸਤ੍ਰ ਨੇ ਜਪਮਾਲਾ ਦਾ ਵਿਸ਼ੇਸ਼ ਨਿਰਣਾ ਇਉਂ ਕੀਤਾ ਹੈ- ਵਸ਼ਿ ਕਰਨ ਲਈ ਮੂੰਗੇ ਹੀਰ ਆਦਿ ਦੀ ਮਣਿ ਮਾਲਾ, ਆਕਰਸਣ ਲਈ ਮਸਤ ਹਾਥੀ ਦੇ ਦੰਦ ਦੀ ਮਾਲਾ, ਵਿਦ੍ਵੇਸਣ ਅਤੇ ਉੱਚਾਰਨ ਵਾਸਤੇ ਮਨੁੱਖ ਦੇ ਕੇਸਾਂ ਦਾ ਡੋਰ ਵਿੱਚ ਪਰੋਤੇ ਘੋੜੇ ਦੇ ਦੰਦਾਂ ਦੀ ਮਾਲਾ, ਮਾਰਣ ਲਈ ਮੁਰਦੇ ਦੇ ਦੰਦਾਂ ਦੀ ਮਾਲਾ, ਅਥਵਾ ਗਧੇ ਦੇ ਦੰਦਾਂ ਦੀ ਮਾਲਾ, ਮਨੋਕਾਮਨਾ ਦੀ ਸਿੱਧਿ ਲਈ ਬਲੌਰ ਕੌਲ ਡੋਡੇ ਅਤੇ ਰੁਦ੍ਰਾਕ੍ਸ਼ ਦੀ ਮਾਲਾ ਉੱਤਮ ਹੈ.

੧. । ੪. ਸੇਵਨ ਕਰਕੇ. "ਜਪਿ ਹਰਿ ਚਰਣ ਮਿਟੀ ਖੁਧ ਤਾਸ."(ਗਉ ਮਃ ੫)

੨. ਹਰ ਮੌਸ ਨੂੰ ਸੰਗਤਿ ਦਾ ਮਲਾ ਹੋਂਦਾ ਹੈ.

੩. । ੨. ਗਰਜ. ਸਿੰਘ ਨਾਦ। ੩. ਦੇਖੋ, ਭੰਗੀਆਂ ਦੀ ਤੋਪ.

੪. ਖੱਬੇ ਹੱਥ ਦੀ ਤਰਜਨੀ ਨਾਲ ਤਾਰ ਤੇ ਮੀਂਡ ਦਿੱਤੀ ਜਾਂਦੀ ਹੈ ਅਤੇ ਵਿਚਕਾਰਲੀ ਉਂਗਲ ਦੇ ਪੋਟ ਨਾਲ ਜ਼ਮਜ਼ਮਾ ਕੱਢੀਦਾ ਹੈ. "ਬਿਸ਼ਨਵੀ ਗਰ ਜ਼ਮਜ਼ਮਹ ਅਜ਼ ਤਾਰ ਇਸ਼ਕ." (ਦੀਵਾਨ ਗੋਯਾ)

੫੦੭- ੧. ਜਮਤੁੱਲਾ ਭਾਊ: ਕਹਲੂਰ ਦੇ ਇਲਾਕੇ ਦਾ ਇੱਕ ਸਰਦਾਰ ਜੋ ਗੁੱਜਰਾਂ ਦਾ ਪ੍ਰਧਾਨ ਸੀ. ਇਹ ਭੀਮ ਚੰਦ ਨਾਲ ਹੋ ਕੇ ਪਿੰਡਾਂ ਦੀ ਛੇੜਾਂ ਦਾ ਜੱਥੇਦਾਰ ਬਣ ਕੇ ਅਨੰਦਪੁਰ ਗੁਰੂ ਸਾਹਿਬ ਨਾਲ ਲੜਦਾ ਮਾਰਿਆ ਗਿਆ. ਇਸ ਦਾ ਗੋਤ ਭਾਊ ਸੀ. ਅਤੇ ਸਹੀ ਨਾਮ ਅਜਮਤੁੱਲਾ ਹੈ.

੨. ਜਮਦੁਤੀਆ, ਜਮਦੂਤ: ਦੇਖੋ, ਯਮਦੂਜ, "ਜਮ ਦੁਤੀਆ ਉਦਤਜੋ ਗ੍ਰਹ ਰਾਈ." (ਗੁਪ੍ਰਸੂ) ਕੱਤਕ ਸ਼ੁਦੀ ਦੂਜ ਦਾ ਚੰਦ ਚੜ੍ਹਿਆ.

੩. ਜ਼ਾਮਿਨ ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਅਹੈ ਵਧ ਘਾਟੇ ਕੇ ਸੋਊ ਜਮਾਨਾ." (ਨਾਪ੍ਰ) ਵਾਧੇ ਘਾਟੇ ਦਾ ਉਹ ਜ਼ਿੰਮੇਵਾਰ ਹੈ.

੧. ।੪ ਮਹਾਭਾਰਤ ਗ੍ਰੰਥ ਦਾ ਪੁਰਾਣਾ ਨਾਉਂ. "ततो जयमुदीरयेत्. " (ਮਹਾਭਾਰਤ ਦਾ ਪਹਿਲਾ ਸ਼ਲੋਕ) ੫. ਪਦਮਾਵਤੀ ਦੇ

ਉਦਰ ਤੋਂ ਕਲਕੀ ਦਾ ਪੁਤ੍ਰ. ਦੇਖੋ, ਕਲਕੀ.

੨. ੧੨ ਜੂਨ ਸਨ ੧੭੨੩ ਨੂੰ ਰਾਜਾਏ ਰਾਜੇਸ਼੍ਵਰ ਸ੍ਰੀ ਰਾਜਾਧਿਰਾਜ ਮਹਾਰਾਜਾ ਜਯ ਸਿੰਘ.

੩. । ੨. ਕਲਕੀ ਅਵਤਾਰ ਦੇ ਪੁਤ੍ਰ. ਦੇਖੋ, ਕਲਕੀ.

੫੧੦- ੧. ਜਰਤੀ: ਜੜਤੀ. ਜੜਤ। ੨. ਜਲਦੀ, ਦਗਧ ਹੋਂਦੀ.

੨. "ਪਰ ਸੰਪਤਿ ਕੋ ਦੇਖਤ ਜਰਨਾ। ਪਰਜਸ ਸੁਨਤ ਰਿਦੇ ਨਹਿ ਜਰਨਾ." (ਗੁਪ੍ਰਸੂ)

੩. ਜਰਾਂਦ: ਦੇਖੋ, ਜੀਰਾਂਦਿ। ੨. ਇੱਕ ਜੱਟ ਅਤੇ ਖੱਤ੍ਰੀ ਜਾਤਿ. "ਪਿਰਥੀ ਮਲ ਜਰਾਂਦ ਬੁਧਿਸਾਰੂ." (ਗੁਪ੍ਰਸੂ)

੪. ਜਰਾਂਦੀ: ਜਰਾਂਦ ਜਾਤਿ ਦਾ. ਦੇਖੋ, ਜਰਾਂਦ ੨.

੫. । ੪. ਸੱਪ ਦੀ ਕੁੰਜ। ੫. ਪੁਰਾਣਾ ਗਿਲਾਫ਼.

੬. ਜਰਾਵਉ: ਜੜਵਾਓ। ੨. ਜਲਾਓ. ਮਚਾਓ.

੧. । ੩. ਇਸਤ੍ਰੀਆਂ ਦੇ ਲਿਬਾਸ ਵਿੱਚ ਜੋ ਨੌਜਵਾਨ ਗਾ ਬਜਾ ਕੇ ਅਖਾੜਾ ਬੰਨ੍ਹਦੇ ਹਨ, ਪੰਜਾਬ ਵਿੱਚ ਉਸ ਦੀ ਭੀ ਜਲਸਾ ਸੰਗਯਾ ਹੈ.

੨. ਜਲਜੰਘ੍ਰਿ, ਜਲਜੰਘ੍ਰੀ: ਜਲਜ (ਕਮਲ) ਜੇਹੇ ਅੰਘ੍ਰਿ (ਚਰਣ).

"ਜਲਜੰਘ੍ਰੀ ਜਜਵਾਉ." (ਨਾਪ੍ਰ) ਚਰਨ ਕਮਲ ਜਜਨ (ਪੂਜਨ) ਕਰਵਾਓ.

੧. । ੩. ਚਰਚਾ ਕਰਨ ਵਾਲਾ.

੨. ਹੁਣ ਗੁਰਦ੍ਵਾਰਾ ਗੁਰੂਸਰ ਪਿੰਡ ਵਿੱਚ ਹੈ.

੩. । ੬. ਨਾਹਨ ਰਾਜ ਵਿੱਚ ਇੱਕ ਨਾਲਾ, ਜੋ ਵਰਖਾ ਦੀ ਰੱਤੇ ਵਹਿੰਦਾ ਹੈ.

੪. ਜਿਸ ਥਾਂ ਅਫ਼ਗਾਨ ਗਵਰਨਮੈਂਟ ਦਾ ਗਵਰਨਰ ਰਹਿੰਦਾ ਹੈ. ਇਸ ਤੋਂ ਪੰਜ ਮੀਲ ਦੀ ਵਿੱਥ ਤੇ

੫. ਜਲਾਲੁੱਦੀਨ: ਫ਼ੀਰੋਜ਼ ਖ਼ਲਜੀ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰ. ੧੧.

੫੧੨- ੧. ਜੱਲਾ: ਨਜ਼ਾਮਤ ਅਮਲੋਹ ਵਿੱਚ ਰਾਜ ਨਾਭੇ ਦਾ ਇੱਕ ਪਿੰਡ, ਜਿਸ ਦਾ ਮਾਲਿਕ ਸਰਦਾਰ ਹਿੰਮਤ ਸਿੰਘ ਨਾਭੇ ਦਾ ਮਸ਼ਹੂਰ ਅਹਿਲਕਾਰ ਸੀ. ਫੂਲਕੀਆਂ ਰਿਆਸਤਾਂ ਦੀ ਜਦ ਅੰਗਰੇਜ਼ੀ ਸਰਕਾਰ ਦੀ ਰਖਯਾ ਅੰਦਰ ਆਉਣ ਦੀ ਸਲਾਹ ਹੋਈ, ਤਦ ਇਹ ਰਿਆਸਤ ਵਲੋਂ ਗਵਰਨਰ ਦੇ ਏਜੈਂਟ ਪਾਸ ਦਿੱਲੀ ਗਿਆ ਸੀ. ਸਨ ੧੮੧੨ ਵਿੱਚ ਇਹ ਲਾਹੌਰ ਦਰਬਾਰ ਵਿੱਚ ਵਜ਼ੀਰ ਬਣ ਗਿਆ ਅਤੇ ਅਲਾਵਲਪੁਰ (ਜ਼ਿਲਾ ਜਲੰਧਰ) ਹਿੰਮਤ ਸਿੰਘ ਨੂੰ ਪਾਸ ਦੇ ਇਲਾਕੇ ਸਮੇਤ ਬਖ਼ਸ਼ ਦਿੱਤਾ ਗਿਆ, ਜਿਸ ਦੀ ਉਸ ਵੇਲੇ ਆਮਦਨ ਇੱਕ ਲੱਖ ਵੀਹ ਹਜ਼ਾਰ ਸੀ. ਹਿੰਮਤ ਸਿੰਘ ਦੀ ਔਲਾਦ ਹੁਣ ਅਲਾਵਲਪੁਰ ਜਗੀਰਦਾਰ ਹੈ. ਅੰਮ੍ਰਿਤਸਰ ਜੀ ਜੱਲੇ ਵਾਲੀਆਂ ਦਾ ਬੁੰਗਾ ਅਤੇ ਬਾਗ਼ ਇਤਿਹਾਸ ਪ੍ਰਸਿੱਧ ਅਸਥਾਨ ਹਨ. ਇਸ ਬਾਗ਼ ਵਿੱਚ ਜਨਰਲ ਡਾਯਰ (General Dyer). ਨੇ ੧੩. ਅਪ੍ਰੈਲ ਸਨ ੧੯੧੯ ਨੂੰ, ਨੀਤਿ ਸੰਬੰਧੀ ਵਯਾਖਯਾਨ ਸੁਣਨ ਲਈ ਜਮਾ ਹੋਏ ਲੋਕਾਂ ਤੇ ਗੋਲੀ ਚਲਾਈ ਸੀ. ਜਿਸ ਤੋਂ ਸੈਂਕੜ ਆਦਮੀ ਇਸਤ੍ਰੀਆਂ ਅਤੇ ਬੱਚਿਆਂ ਦੀਆਂ ਜਾਨਾਂ ਦਾ ਨੁਕਸਾਨ ਹੋਇਆ.

੨. ਜੱਲਿਆਂ ਵਾਲਾ ਬਾਗ, ਜੱਲੇਵਾਲੀਆਂ ਦਾ ਬਾਗ, ਜੱਲੇ ਵਾਲੀਏ ਸਰਦਾਰ: ਦੇਖੋ, ਜੱਲਾ.

੩. ਜਵਨੀ: ਸੰ. ਸੰਗਯਾ- ਜਵਾਯਨ। ੨. ਤੇਜ਼ੀ. ਵੇਗ.

੪. ਜਵਾਹਰ ਮੱਲ: ਭਗਤ ਜਵਾਹਰ ਮੱਲ ਸਾਈਂ. ਦੇਖੋ, ਰਾਮ ਸਿੰਘ ੮.

੫. ਜਵਾਰੀ: ਤੰਤ੍ਰਾਸਨ. ਸੁਰਧਰੀ. ਤਾਰਾਂ ਦੀ ਘੋੜੀ. ਸਤਾਰ ਵੀਣਾ ਸਰੰਦੇ ਆਦਿ ਤਾਰਦਾਰ ਵਾਜਿਆਂ ਦੀ ਤਾਰਾਂ ਜਿਸ ਤੇ ਟਿਕਦੀਆਂ ਹਨ। ੨. ਦੇਖੋ, ਜੁਆਰੀ.

੧. "ਜਾਗ ਸੁ ਜੰਮੀ ਜੁੱਧ ਨੂੰ." (ਚੰਡੀ ੩)

੨. ੨ ਜਾਗਣ ਦੀ ਹਾਲਤ ਵਿੱਚ. ਜਾਗਦੇ ਹੀ. "ਜਾਗਤ ਮੁਸੀਅਤ ਹਉ ਰੇ ਭਾਈ !" (ਰਾਮ ਕਬੀਰ)

੩. ਜਾਚਾ: ਸੰ. याञ्चा. ਯਾਂਚਾ. ਮੰਗਣ ਦਾ ਭਾਵ. ਪ੍ਰਾਰਥਨਾ.

੧. । ੩. ਬੌਧ ਮਤ ਦਾ ਇੱਕ ਗ੍ਰੰਥ, ਜਿਸ ਦੇ ੨੨ ਅਧਯਾਯ ਅਤੇ ਬੁੱਧ ਦੇਵ ਦੇ ਪੂਰਵ ਜਨਮਾਂ ਦੀਆਂ ੫੫੦ ਕਹਾਣੀਆਂ ਹਨ.

੨. ਜਾਤਕੀ: ਬੇਟੀ. ਪੁਤ੍ਰੀ, "ਤੇਰੇ ਭਾਗ ਧੰਨ ਤੋਸੀ ਤਵ ਜਾਤਕੀ." (ਗੁਪ੍ਰਸੂ)

੩. ਜਾਤਿ ਨਾਲ ਜਦ ਪਤਿ ਅਥਵਾ ਪਾਤਿ ਸ਼ਬਦ ਆਉਂਦਾ ਹੈ ਤਾਂ ਇਸ ਦਾ ਅਰਥ ਪੰਕ੍ਤਿ (ਗੋਤ੍ਰ) ਹੋਂਦਾ ਹੈ. ਜਿਵੇਂ ਜਾਤਿ ਖਤ੍ਰੀ ਅਤੇ ਗੋਤ ਕਪੂਰ, ਸਰੀਣ ਆਦਿ.

੧. ਬਾਹ੍ਰੀ, ਬੁੰਜਾਹੀ, ਖੁਖਰਾਣ, ਸਰੀਣ.

੨. ਜਾਦੂਗਰੀ: ਇੰਦ੍ਰ ਜਾਲ. ਮੰਤ੍ਰ ਜੰਤ੍ਰ ਦੀ ਕ੍ਰਿਯਾ.

੩. । ੮. ਵਤ- ਜਨੁ. ਮਾਨੋ. ਗੋਯਾ. "ਪਾਹੁਰ ਜਾਨ ਗ੍ਰਿਹਹਿ" ਲੈ ਆਏ." (ਵਿਚਿਤ੍ਰ)

੪. "ਜਾਨਕ ਸਿੱਖ ਸਖਾ ਹੈ ਭਲੇ."(ਵਿਚਿਤ੍ਰ)

੫. "ਜੌਨ ਕੀਨੀ ਜਾਨ ਮ੍ਰਿਗ." (ਨਾਪ੍ਰ) ਚੰਦ ਨੇ ਚਿੱਟੀ ਚਾਨਣੀ ਕੀਤੀ ਹੈ.

੬. । ੧੨. ਪੰਜਾਬੀ ਵਿੱਚ ਯਅ਼ਨੀ (ਅਰਥਾਤ- ਗੋਯਾਕਿ) ਅਰਥ ਵਿੱਚ ਭੀ ਜਾਨੀ ਸ਼ਬਦ ਵਰਤੀਂਦਾ ਹੈ.

੫੧੯- ੧. ਜਾਪਾ ਪਟਨ: Jafina Patam. ਸਿੰਹਲ ਦ੍ਵੀਪ ਦੇ ਉੱਤਰ ਭਾਗ ਦਾ ਇੱਕ ਨਗਰ, ਜੋ ਸਮੁੰਦ੍ਰੀ ਬੰਦਰਗਾਹ ਹੈ.

੧. "ਜਾਮ ਜਾਮਨੀ ਜਬ ਹੀ ਰਹੀ." (ਗੁਪ੍ਰਸੂ)

੨. ੪ ਜਿਲਦਗਰਾਂ ਅਤੇ ਛਾਪੇਖ਼ਾਨਿਆਂ ਦੇ ਅਨਪੜ੍ਹ ਲੋਕਾਂ ਨੇ examine ਦੀ ਥਾਂ ਜਾਮਨੀ ਸ਼ਬਦ ਬਣਾ ਲਿਆ ਹੈ, ਜਿਵੇਂ- ਕਿਤਾਬਾਂ ਦੇ ਸਫ਼ਿਆਂ ਦੀ ਜਾਮਨੀ ਕਰ ਲਓ.

੩. ਜਾਮਾ ਤਯਾਗਣਾ, ਜਾਮਾ ਧਾਰਨਾ: ਭਾਵ ਸ਼ਰੀਰ ਛੱਡਣਾ ਅਤੇ ਨਵਾਂ ਧਾਰਨ ਕਰਨਾ.

੪. ਜਾਲਮੀਕ: ਜ਼ਾਲਿਮ. ਗ਼ਜ਼ਬ ਕਰਨ ਵਾਲਾ. "ਜਮਧਰ ਜੰਗ ਜਾਲਮੀਕ." (ਗੁਪ੍ਰਸੂ)

੧. । ੩. ਖਤ੍ਰੀਆਂ ਦਾ ਇੱਕ ਗੋਤ. ਦੇਖੋ, ਮਨਸੂਰ ਪੁਰ.

੨. । ੩. ਸਿੰਧ ਵਿੱਚ ਗੁਰੂ ਨਾਨਕ ਪੰਥੀ ਇੱਕ ਫ਼ਿਰਕਾ ਜਿਸ ਦਾ ਪੂਰਾ ਨਾਉਂ "ਜਿਗਯਾਸੀ ਵਸਤੁ ਵਿਚਾਰੀ ਹੈ. ਇਸ ਦਾ ਮੋਢੀ ਭਾਈ ਮੌਜ ਰਾਜ ਗੁਰੂ ਅੰਗਦ ਸਾਹਿਬ ਜੀ ਦਾ ਸਿੱਖ ਹੋਇਆ ਹੈ. ਜਿਗਯਾਸੀ ਲੋਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਧਰਮ ਗ੍ਰੰਥ ਮੰਨਦੇ ਹਨ. ਜਪੁ ਮੁੰਦਾਵਣੀ ਆਨੰਦ, ਤਿੰਨ ਬਾਣੀਆਂ ਦਾ ਪਾਠ ਕਰਕੇ ਪਾਹੁਲ ਤਿਆਰ ਕਰਦੇ ਹਨ. ਨਾਮ ਗੁਰੂ ਗ੍ਰੰਥ ਸਾਹਿਬ ਤੋਂ ਰਖਦੇ ਹਨ. ਸਹਜਧਾਰੀ ਜਿਗਯਾਸੀ ਸਿੱਖ ਬਣਨ ਵੇਲੇ ਆਪਣੀ ਬੋਦੀ, ਅਤੇ ਕੇਸ਼ਧਾਰੀ ਜੂੜਾ ਖੋਲ੍ਹ ਕੇ ਗੁਰੂ ਮੰਤ੍ਰ ਦਾਤਾ ਦੇ ਹੱਥ ਫੜਾਉਂਦਾ ਹੈ. ਗੁਰੁ ਸਤਿਨਾਮੁ "ਅਤੇ ਸਿਰ ਮਸਤਕ ਰਖ੍ਯਾ ਪਾਰ ਬ੍ਰਹਮ" ਸ਼ਲੋਕ ਪੜ੍ਹਕੇ ਜੂੜਾ ਕਰ ਦਿੰਦਾ ਹੈ. ਕੜਾਹ ਪ੍ਰਸਾਦ ਲੋਹੇ ਦੀ ਕੰਙਣੀ ਨਾਲ ਭੇਟਾ ਕੀਤਾ ਜਾਂਦਾ ਹੈ. ਸਿੱਖ ਬਣਨ ਵੇਲੇ ਧਰਮ ਤੇ ਸੱਤ ਚਿੰਨ੍ਹ ਮੰਤ੍ਰ ਵਿਧਿ ਨਾਲ ਧਾਰਨ ਕਰਾਏ ਜਾਂਦੇ ਹਨ-

(ੳ)ਸਾਫੇ ਦਾ ਮੰਤ੍ਰ- "ਸਾਫਾ ਸਿਰ ਤੇ ਧਾਰੀਏ ਜਿਗਯਾਸੀ ਵਸਤੁ ਵਿਚਾਰ। ਨਾਨਕ ਨਿਮਖ ਨ ਵੀਸਰੈ ਸਤਿਨਾਮੁ ਕਰਤਾਰ."

(ਅ)ਚਾਦਰ ਚ ਮੰਤ੍ਰ- "ਚਾਦਰ ਚਾਰ ਪਦਾਰਥ ਕਰੋ ਜਾਂ ਮਹਿ ਨਗਨ ਨ ਹੋਇ। ਨਾਨਕ ਕਹੈ ਜਿਗਜਾਸੀਓ, ਪਹਰੋ ਪਰਮਗਤਿ ਹੋਇ."

(ੲ)ਕੰਗਣੀ ਦਾ ਮੰਤ੍ਰ- "ਕੰਙਣੀ ਸੋ ਕਰ ਮੇਂ ਧਰੇ ਜਾ ਪਰਿ ਗੁਰੁ ਕ੍ਰਿਪਾਲ। ਨਾਨਕ ਸੋ ਜਿਗਜਾਸੀ ਨਿਰਮਲ ਭਯਾ, ਜਿਨ ਪਾਈ ਗੁਰੁ ਤੇ ਘਾਲ."

(ਸ)ਲਿੰਗੋਟੀ ਦਾ ਮੰਤ੍ਰ- "ਮਦਨ ਕਉ ਜੀਤਿਓ ਦੁਰਮਤਿ ਖੋਟੀ। ਜਤ ਕਾ ਆੜਬੰਦ ਸੀਲ ਲਿੰਗੋਟੀ। ਪਹਿਰ ਕੇ ਜਿਗਜਾਸੀ ਵਿਸ਼ੇ ਵਾਸ ਮੇਟੀ। ਨਾਨਕ ਆਖੈ ਏਹੀ ਕਰ ਲਿੰਗੋਟੀ."

(ਹ)ਤਿਲਕ ਦਾ ਮੰਤ੍ਰ- "ਤਿਲਕ ਲਿਲਾਟ ਜਾਣੈ ਪ੍ਰਭੁ ਏਕ। ਬੁਝੈ ਬ੍ਰਹਮ ਅੰਤਰਿ ਬਿਬੇਕ."

(ਕ)ਮਾਲਾ ਦਾ ਮੰਤ੍ਰ- "ਹਰਿ ਹਰਿ ਅਖਰ ਦੁਇ ਇਹ ਮਾਲਾ। ਜਪਤ ਜਪਤ ਭਈ ਦੀਨ ਦਿਆਲਾ."

(ਖ)ਜਨੇਊ ਦਾ ਮੰਤ੍ਰ- "ਦਇਆ ਕਪਾਹ ਸੰਤੋਖ ਸੂਤੁ ਜਤ ਗੰਢੀ ਸਤੁ ਵਟੁ। ਏਹ ਜਨੇਊ ਜੀਅ ਕਾ ਹੋਈ ਤਾਂ ਪਾਂਡੇ ਘਤੁ.

ਇਸ ਭੇਖ ਦੇ ਮੁਖੀਏ ਦੇਵਾ ਸਾਹਿਬ ਜੀ, ਭਗਤ ਭਗਵਾਨ ਜੀ, ਸੱਦਾ ਸਾਹਿਬ ਜੀ, ਟਹਲ ਰਾਮ ਜੀ ਆਦਿਕ ਹੋਏ ਹਨ, ਜਿਨ੍ਹਾਂ ਦੀਆਂ ਗੱਦੀਆਂ ਦੇ ਥਾਂ ਕੱਛ, ਕੋਟਰੀ ਹੈਦਰਾਬਾਦ ਆਦਿਕ ਨਗਰਾਂ ਵਿੱਚ ਪ੍ਰਸਿੱਧ ਹਨ. ਇਸ ਮਤ ਵਿੱਚ ਗ੍ਰਿਹਸਥੀ ਅਤੇ ਜਿਗਜਾਸੀ ਸਾਧੂ ਭੀ ਸ਼ਾਮਲ ਹਨ, ਸਾਧੂ ਮਜੀਠੀ ਅਤੇ ਸਿੰਗਰਫੀ ਵਸਤ੍ਰ ਪਹਰਦੇ ਹਨ, ਗੇਰੂ ਰੰਗੇ ਵਰਜਿਤ ਹਨ.

੧. "ਜਿਤੇ ਸਸਤ੍ਰ ਨਾਮਂ." (ਸਨਾਮਾ)

੨. ਜਿੱਤੇ, ਫ਼ਤੇ ਕੀਤੇ. ੯. ਅਗਸਤ ੧੮੪੭ ਨੂੰ

੩. ੧੫ ਮਈ ਨੂੰ ਬਨਾਰਸ ਭੇਜੀ, ਉੱਥੋਂ

੪. ੧੮ ਅਪ੍ਰੈਲ ੧੮੪੯ ਨੂੰ.

੫. ਮਹਾਰਾਜਾ ਦਲੀਪ ਸਿੰਘ ਸ਼ਿਕਾਰ ਖੇਡਣ ਲਈ ਹਿੰਦੁਸਤਾਨ ਦਿਸੰਬਰ ਸਨ ੧੮੬੦ ਵਿੱਚ ਆਇਆ ਸੀ. ਉਸ ਵੇਲੇ ਆਪਣੀ ਮਾਤਾ ਨੂੰ ਨੇਪਾਲ ਤੋਂ ਮੰਗਵਾਕੇ ਨਾਲ ਲੈ ਗਿਆ.

੬. ਜਿਮਾਇ: ਜੇਮਨ ਕਰਾਕੇ, ਭੋਜਨ ਖਵਾਕੇ.

੭. ਜਿਲਦੀ: ਵਿ- ਜਿਲਦ (ਤੁਚਾ) ਨਾਲ ਹੈ ਜਿਸਦਾ ਸੰਬੰਧ। ੨. ਮੁਜੱਲਦ. ਜਿਲਦ ਸਹਿਤ.

੧. ਸੰਤਨ ਕਰਜੋ ਪ੍ਰਸੰਨ ਜਿਵਾਰਾ."(ਨਾਪ੍ਰ)

੨. ਜੀਅਨ: ਜੀਵਾਂ ਨੂੰ. "ਜੀਅਨ ਸਭ ਦਾਤਾ." (ਸਵੈਯੇ ਮः ੪. ਕੇ) ੨. ਦੇਖੋ, ਜੀਵਨ.

੩. ੨ ਜੂਹ (ਸੀਮਾ- ਹੱਦ) ਵਾਸਤੇ ਭਾਈ ਸੰਤੋਖ ਸਿੰਘ ਜੀ ਨੇ ਇਹ ਸ਼ਬਦ ਵਰਤਿਆ ਹੈ. "ਸੁਣੀ ਦੂਰ ਜੀਹਾ." (ਗੁਪ੍ਰਸੂ)

੪. । ੨. ਤੁਜ਼ਕ ਜਹਾਂਗੀਰੀ ਵਿੱਚ ਜੈਮਲ ਦਾ ਨਾਉਂ ਜੀਤ ਮੁੱਲ ਲਿਖਿਆ ਹੈ.

੧. ਜਿਵੇਂ- ਖੂਹ ਦੀ ਜੀਂਦ ਕੱਢਣ ਤੋਂ ਪਾਣੀ ਡੂੰਘਾ ਅਤੇ ਸਾਫ਼ ਹੋ ਗਿਆ ਹੈ.

੨. ਜ਼ੀਨਤ ਮਹਲ: ਦਿੱਲੀ ਦੇ ਬਾਦਸ਼ਾਹ ਬਹਾਦੁਰ ਸ਼ਾਹ ਦੀ ਬੈਗਮ, ਜਿਸਦੇ ਨਾਮ ਪੁਰ ਇੱਕ ਆਲੀਸ਼ਾਨ ਹਵੇਲੀ ਬਣਾਈ ਗਈ ਸੀ. ਜੋ ਸਤਾਵਨ ਤੇ ਗ਼ਦਰ ਪਿੱਛੋਂ ਗਵਰਨਮੈਂਟ ਨੇ ਮਹਾਰਾਜਾ ਪਟਿਆਲਾ ਦੀ ਭੇਟਾ ਕੀਤੀ.

੩. ਜੀ ਭਿਆਣਾ: ਵਯਾਕੁਲ ਚਿੱਤ. "ਬੇਬੇ ਜੀ ਆਪਦੇ ਦਰਸ਼ਨ ਲਈ ਜੀ ਭਿਆਣੇ ਹੋ ਹੋ ਜਾਂਦੇ ਹਨ." (ਜਸਾ) ੨. ਜਿਸ ਦਾ ਮਨ ਦ੍ਰਵ ਗਿਆ ਹੈ.

੪. ੭ ਦਿਲ. ਮਨ. "ਪਿਤ ਪਰਮੇਸੁਰ ਜਾਨਹਿ ਜੀਵ." (ਗੁਪ੍ਰਸੂ)

੫. ਜੀਵਣ ਸਿੰਘ: ਦੇਖੋ, ਜੀਵਨ ਸਿੰਘ.

੬. ਜੀਵਣ ਸਰਣ: "ਮਰਣੰ ਬਿਸਰਣੰ ਗੋਬਿੰਦਹ, ਜੀਵਣੰ ਹਰਿਨਾਮ ਧਜਾਵਣਹ." (ਗਾਥਾ) ੨. ਉੱਦਮ, ਉਪਕਾਰ, ਵਿਦਜਾ, ਸੁਸਤਕਾਰ ਦੀ ਹੋਂਦ, ਜੀਵਣ, ਇਨ੍ਹਾਂ ਦਾ ਅਭਾਵ ਮਰਣ ਹੈ.

੧. ਭਾਈ। ੧੧. ਦੇਖੋ, ਲਹੌਰ ਦਾ ਅੰਗ ੮.

੨. ਜੀਵਨ ਮੂਰਿ ਹੁਤੀ ਹਮਰੀ." (ਕ੍ਰਿਸ਼ਨਾਵ)

੩. ਯੁਗਮ (ਦੋ) ਲਈ ਭੀ ਜੁਗ ਸ਼ਬਦ ਵਰਤਿਆ ਹੈ, ਜਿਵੇਂ- 'ਸ਼੍ਰਤ ਮੈਲ ਤੇ ਦੈਤ ਰਚੇ ਜੁਗ ਤਾ." (ਚੰਡੀ ੧) ਕੰਨ ਦੀ ਮੈਲ ਤੋਂ ਦੋ ਦੈਂਤ। (ਮਧੁ ਕਰਭ) ਉਸ ਨੇ ਰਚੇ. ਦੇਖੋ, ਤਾ ੫।

੪. "ਸਤਜੁਗ ਤ੍ਰੇਤਾ ਦੁਆਪਰ ਭਣੀਐ." (ਆਸਾ ਮਃ ੫)

੫. ਜੁਗਐ ਬਾਣਧਰੈਂ ਅਵਤਾਰਾ: (ਗੁਪ੍ਰਸੂ) ਯੁਗ (੨), ਬਾਣ (੫), ਭਾਵ- ਸੱਤ। ੨. ਯੁਗ (੪), ਬਾਣ (੫) ਭਾਵ ਨੌਂ। ੩. ਬਾਣ (੫) ਨੂੰ ਜੁਗ (ਦੂਣਾ) ਕਰਨ ਤੋਂ ਹੋਏ ਦਸ। ੪. ਅਸਲ ਵਿੱਚ ਸਹੀ ਪਾਠ ਹੈ. "ਜਗ ਆ ਬਾਣ ਧਰੈਂ ਅਵਤਾਰਾ." ਜਗਤ ਵਿੱਚ ਆਕੇ ਜਦ ਅਸੀਂ ਪੰਜਵਾਂ (ਵਾਣ) ਅਵਤਾਰ ਧਾਰਾਂਗੇ, ਅਰਥਾਤ ਗੁਰੂ ਅਰਜਨ ਰੂਪ ਹੋਵਾਂਗੇ.

੧. ੫ ਯੋਗ, ਸੰਬੰਧ. ਮਿਲਾਪ. "ਤਿਹ ਜੋਗੀ ਕਉ ਜੁਗਤਿ ਨ ਜਾਨਉ." (ਧਨਾ ਮਃ ੯) ਤਿਸ ਯੋਗੀ ਨੂੰ ਯੋਗ ਯੁਕੁ ਨਾ ਜਾਣੋ, ਅਥਵਾ ਕਰਤਾਰ ਨਾਲ ਜੁੜਿਆ ਨਾ ਸਮਝੋ।

੨. ਜੁਗਲੌ: ਯੁਗ ਪ੍ਰਯੰਤ. ਯੁਗ ਦੇ ਅੰਤ ਤਕ. "ਜੌ ਜੁਗ ਲੇ ਹ੍ਵੈ ਜੀਵਨ ਨਰ ਕੋ." (ਸ਼ਲੋਹ)

੩. "ਕਲਿਜੁਗੁ ਉਤਮੋ ਜੁਗਾ ਮਾਹਿ." (ਆਸਾ ਮਃ ੫)

੪. "ਸਨਤ ਜੁਜਾਤੀ ਤੇ ਇਹ ਝਾਤ." (ਗੁਪ੍ਰਸੂ)

੫. ਜੁੱਤ ਪਤਾਣ: ਪਰਸਪਰ ਜੁੱਤੋ ਜੁਤੀ ਹੋਣ ਦਾ ਭਾਵਃ ਇੱਕ ਨੇ ਮਾਰਣ ਲਈ ਹੱਥ ਜੁੱਤੀ ਫੜੀ ਅਤੇ ਦੂਜੇ ਨੇ ਭੀ ਪਤਾਣ (ਪਦਤ੍ਰਾਣ) ਕੱਢ ਲਿਆ, ਜਿਵੇਂ- ਉਥੇ ਬਹੁਤ ਜੁੱਤ- ਪਤਾਣ ਹੋਈ.

੫੩੦- ੧. ਜੁਲ ਉਲ ਜਨਾਹ: ਜੁਲ, ਦੇ, ਜਨਾਹ ਪਰ. ਦੋ ਪਰਾਂ ਵਾਲਾ ਘੋੜਾ, ਮੁਹੰਮਦ ਸਾਹਿਬ ਦਾ ਘੋੜਾ ਜੋ ਉਨ੍ਹਾਂ ਨੇ ਅਲੀ ਨੂੰ ਦਿੱਤਾ ਅਤੇ ਕਰਬਲਾ ਵਿੱਚ ਹਜ਼ਰਤ ਅਮਾਮ ਹੁਸੈਨ ਦੀ ਸਵਾਰੀ ਵਿੱਚ ਸੀ.

੨. ਕਿਤਨਿਆਂ ਨੇ ਅਬੂਜਹਲ ਨੂੰ ਮਾਰ ਕੇ ਜ਼ੁਲਫਕਾਰ ਦਾ ਲੈਣਾ ਲਿਖਿਆ ਹੈ.

੩. ਪੁਰਾਣੇ ਸਮੇਂ ਜੂਆ ਖੇਡਣਾ ਰਾਜਵਿਦਜਾ ਸੀ. ਰਾਜੇ ਅਤੇ ਬ੍ਰਾਹਮਣ ਬਿਨਾ ਸ਼ੰਕਾ ਜੂਆ ਖੇਡਦੇ ਸਨ. ਦੇਖੋ, ਰਿਗਵੇਦ ੧੦, ੩੪ ਅਤੇ ਅਥਰਵਵੇਦ ੭, ੫੦.

੫੩੧- ੧. ਜੂੜੀ ਤਾਪ: ਜਾਡੇ (ਕਾਂਬ) ਦਾ ਤਾਪ. "ਦੁਸਟ ਵਿਆਪੇ ਜੂੜੀ ਤਾਪ." (ਮਹਮਾ ਪ੍ਰਕਾਸ਼)

੨. ਦੇਖੋ, ਗੀਤਾ ਅਃ ੬, ਸ਼ਃ ੩੨ ਅਤੇ ਮਹਾਭਾਰਤ, ਅਨੁਸ਼ਾਸਨ ਪਰਵ ਮਃ ੧੧੩. ਸਃ ੯- ੧੦.

੩. ਜੇਕਣ: ਕ੍ਰਿ. ਵਿ- ਜਿਵੇਂ ਜਿਸ ਪ੍ਰਕਾਰ.

੪. । ੨. ਜੇਹੜੇ ਕੇਹੜੇ ਅਤੇ ਜਿਸ ਕਿਸ ਲਈ ਭੀ ਇਹ ਸ਼ਬਦ ਵਰਤਿਆ ਹੈ. "ਲੋਕ ਬੇਦ ਗਜਾਨ ਉਨਮਾਨ ਜੋਨ ਕੇਨ ਹੈ." (ਭਾਗੁਕ)

੫. ਨਿਸਾ (ਇਸਤ੍ਰੀ) ਤੇਖ (ਸ਼ੋਭਾ). ਇਸਤ੍ਰੀਆਂ ਵਿੱਚੋਂ ਸ਼ਿੰਗਾਰ ਰੂਪਾ। ੨. ਸੰਗਜਾ-

੬. ਦਿਲ ਰਾਸ ਬਾਨੂ ਬੇਗਮ ਦੀ ਕੁੱਖ ਤੋਂ ਦੌਲਤਾਬਾਦ

੧. "ਨਿਰਖਿ ਕਰ ਸਕੇਂ ਨਾ ਹਮ ਸੁ ਜੇਰਾ." (ਗੁਵਿ ੧੦)। ੩. ਨੀਵਾਂ (ਘਟੀਆ) ਅਰਥ ਵਿੱਚ ਭੀ ਇਹ ਸ਼ਬਦ ਵਰਤਿਆ ਹੈ. "ਕਰਹਿ ਤਰਕ ਤੁਰਕਨ ਮਤਜੇਰਾ." (ਗੁਪ੍ਰਸੂ) ਦੇਖੋ, ਜੋਰ ੩. ਅਤੇ ੪.

੨. ਅੰਗ ੪। ੬. ਮਾਰੂ ਠਾਟ ਦਾ ਔੜਵ ਰਾਗ, ਜਿਸ ਵਿੱਚ ਮੱਧਮ ਅਤੇ ਨਿਸਾਦ ਵਰਜਿਤ ਹਨ. ਵਾਦੀ ਪੰਚਮ ਅਤੇ ਸੰਵਾਦੀ ਸੜਜ ਹੈ. ਗਾਉਣ ਦਾ ਵੇਲਾ ਸੰਝ ਹੈ. ਵਿਭਾਸ ਨਾਲੋਂ ਇਸ ਦਾ ਭੇਦ ਕੇਵਲ ਵਾਦੀ ਸੰਵਾਦੀ ਸੁਰਾਂ ਕਰਕੇ ਹੈ.

੩. ਜ਼ੈਤੂਨ: ਅ਼. Olive. ਮਿਸਰ ਯੂਨਾਨ ਇਟਲੀ ਆਦਿ ਵਿੱਚ ਹੋਣ ਵਾਲਾ ਇੱਕ ਬਿਰਛ, ਜਿਸਦ ਫਲਾਂ ਵਿੱਚੋਂ ਤੇਲ ਕੱਢੀਦਾ ਹੈ, ਜੋ ਦਵਾਈਆਂ ਅਤੇ ਸਬੂਣਾਂ ਵਿੱਚ ਪੈਂਦਾ ਅਤੇ ਖਾਣ ਦੇ ਕੰਮ ਆਉਂਦਾ ਹੈ. Olea cuspidata.

੪. ਐਡਮਿਨਿਸਟ੍ਰੇਟਰ (Wilson Johnston) ਅਰ

੫. ਅਕਾਰਣ ਗੋਲੀ ਚੱਲੀ, ਜਿਸ ਤੋਂ

੧. ਦਿਗੰਬਰਾਂ ਦੇ ਤਿੰਨ ਫਿਰਕੇ ਹਨ- ਮੁਨਿ, ਜੋ ਨੰਗੇ ਰਹਿੰਦੇ ਹਨ. ਐਲਕ, ਜੋ ਲਿੰਗੋਟੀ ਮਾਤ੍ਰ ਰਖਦੇ ਹਨ. ਛੁੱਲਕ, ਜੋ ਲਿੰਗੋਟੀ ਅਤੇ ਸਵਾ ਗਜ਼ ਦਾ ਪਰਨਾ ਰਖਦੇ ਹਨ. ਦਿਗੰਬਰੀ ਮੋਰ ਪੰਖਾਂ ਦਾ ਰਜੋਹਰਾ ਰਖਦੇ ਹਨ- ਇਹ ਹੱਥ ਤੇ ਲੈ ਕੇ ਖੜੇ ਖੜੇ ਭੋਜਨ ਕਰਦੇ ਹਨ.

੨. ਹਰੇਕ ਪੱਖ ਦੀ ਅੱਠੇਂ ਅਤੇ ਚੌਦੇ ਅਰ ਭਾਦੋਂ ਸੁਦੀ ੫. ਤੋਂ ਭਾਦੋਂ ਸੁਦੀ ੧੪. ਤਕ ਭੀ ਜੈਨ ਗ੍ਰੰਥਾਂ ਵਿੱਚ ਵ੍ਰਤ ਲਿਖੇ ਹਨ.

੩. ਬੀਬੀ ਨਾਨਕੀ ਦੀ ਕ੍ਰਿਪਾ ਨਾਲ ਇਹ ਗੁਰੂ ਨਾਨਕ ਦੇਵ ਦਾ ਅਨੰਨ ਸਿੱਖ ਹੋਇਆ.

੪. । ੬. ਨਿਗਾਹਬਾਨੀ ਕਰਨਾ. ਪਹਰਾ ਦੇਣਾ. "ਅਪਨਾ ਘਰ ਮੂਸਤ ਰਾਖ ਨ ਸਾਕਹਿ ਕੀ ਪਰ ਘਰ ਜੋਹਨ ਲਾਗਾ?"

(ਸੋਰ ਮਃ ੧)

੫੩੫- ੧. ਜੋਖਤਾ: ਜੋਪਣ ਵਾਲਾ। ੨. ਜੋਖਦਾ. ਤੋਲਦਾ. ਦੇਖੋ, ਜੋਸਤਾ ਅਤੇ ਜੋਖਿਤਾ.

੨. ਇਹ ਮੰਦਿਰ ਪ੍ਰਿਥਿਵੀ ਰਾਜ ਦੇ ਮਹਿਲਾਂ ਵਿੱਚ ਸੀ.

੩. । ੬. ਭੈਰਵ ਠਾਟ ਦਾ ਸਾੜਵ ਰਾਗ, ਜਿਸ ਵਿੱਚ ਗਾਂਧਾਰ ਵਰਜਿਤ ਹੈ. ਸੜਜ ਵਾਦੀ ਅਤੇ ਮੱਧਮ ਸੰਵਾਦੀ ਹੈ. ਇਸ ਦੀ ਆਰੋਹੀ ਵਿੱਚ ਨਿਸ਼ਾਦ ਨਹੀਂ ਲਗਦਾ ਅਤੇ ਪੰਚਮ ਦੁਰਬਲ ਹੋ ਕੇ ਲਗਦਾ ਹੈ. ਜੋਗੀਆ ਵਿੱਚ ਰਿਸਭ ਮੱਧਮ ਅਤੇ ਧੈਵਤ ਮੱਧਮ ਦੀ ਸੰਗਤਿ ਰਹਿੰਦੀ ਹੈ.

੪. ਜੋਜਨ ਗੰਧਾਰੀ: ਯੋਜਨ ਗੰਧਾ. ਦੇਖੋ, ਸਤਜਵਤੀ.

੧. ਇਹ ਦਿੱਲੀ ਤੋਂ ੩੩੭ ਮੀਲ ਹੈ.

੨. ਜੋਧਬਾਈ: ਸ਼ਾਹਜਹਾਂ ਬਾਦਸ਼ਾਹ ਦੀ ਮਾਂ, ਇਹ ਜਹਾਂਗੀਰ ਦੇ ੧੪ਵੇਂ ਸਨ ਜਲੂਸੀ ਵਿੱਚ ਮੋਈ. ਦੇਖੋ, ਸ਼ਾਹਜਹਾਂ.

੩. ਮਹਰ ਮਿੱਠੇ ਦੀ ਵੰਸ਼ ਦੀ ਧਾਲੀਵਾਲ ਜੱਟ "ਮੀਏਂ" ਸਦਾਉਂਦੇ ਹਨ.

੪. ਸਾਹਿਬਜ਼ਾਦਿਆਂ ਦੇ ਕ਼ਾਤਿਲ ਜੱਲਾਦਾਂ ਦੇ ਨਾਮ ਇਤਿਹਾਸਕਾਰਾਂ ਨੇ ਸ਼ਸ਼ਲ ਬੇਗ ਅਤੇ ਬਸ਼ਲ ਬੇਗ ਸਮਾਨਾ ਨਿਵਾਸੀ ਲਿਖੇ ਹਨ.

੫. "ਤਜਾਗਹਿ" ਤੀਰ ਨਿਸ਼ਾਨੇ ਜੋਰਿ." (ਗੁਪ੍ਰਸੂ)

੬. "ਜੋਰਿ ਸੁ ਦੰਪਤਿ ਦੂ ਕਰ ਕੂਜਤ." (ਗੁਪ੍ਰਸੂ) ਨਰ ਮਦੀਨ ਦੀ ਜੋੜੀ ਬਣ ਕੇ ਚੁਹਕਦੇ ਹਨ.

੭. "ਹੇ ਸਖਿ! ਚਿਰ ਜੀਵਹੁ ਇਹ ਜੋਰੀ." (ਗੁਪ੍ਰਸੂ)

੮. ੪ ਜੋਰ ਨਾਲ. "ਨੇਹ ਲਗੈ ਹਰਿ ਜੀ! ਨਹਿ ਜੋਰੀ." (ਕ੍ਰਿਸ਼ਨਾਵ)

੧. ੨ ਵੇਖਣ ਵਾਲਾ. ਦ੍ਰਸ੍ਟਾ.

੨. ਜੋਵਾ: ਦੇਖਿਆ. ਦੇਖੋ, ਜਵਣਾ. "ਚੇਲਨ ਕੋ ਜੋਵਾ ਕਿ ਨ ਜੋਵਾ?"(ਗੁਪ੍ਰਸੂ)

੩. ੬ ਇਕੱਠ. ਜੁੜਨ (ਇਕੱਠੇ ਹੋਣ) ਦਾ ਭਾਵ. "ਜੋੜ ਕਰਹੁ ਪਰਬਨ ਕੇ ਮਾਹਿ." (ਗੁਪ੍ਰਸੂ)

੪. ਜੋ ਢੱਕਣ ਨਾਲ ਲੱਗ ਜਾਂਦਾ ਹੈ.

੫. ਅਰ ਘੰਟੀਆਂ ਵਜਾ ਕੇ ਮੰਗਣ ਲਈ ਗਾਉਂਦੇ ਫਿਰਦੇ ਹਨ. ਲਹਿੰਦੇ ਵੱਲ ਇਨ੍ਹਾਂ ਨੂੰ "ਜੰਮਕੂ' ਆਖਦੇ ਹਨ.

੬. ੩ ਕਾਸ਼ੀ ਵਿੱਚ ਕੇਦਾਰ ਨਾਥ ਲਿੰਗ ਦੇ ਪੰਡੇ, ਜੋ ਲਿੰਗਾਯਤ ਮਤ ਦੇ ਹਨ, ਜੰਗਮ ਸੱਦੀਦੇ ਹਨ.

੩੯- ੧. ਜੰਤ੍ਰ ਤੰਤ੍ਰ ਮੰਤ੍ਰ: ਇਨ੍ਹਾਂ ਤੇਹਾਂ ਸ਼ਬਦਾਂ ਦੇ ਅਰਥ ਅੱਖਰ- ਕ੍ਰਮ ਅਨੁਸਾਰ ਦੇਖੋ.

੨. ਜੱਨ (ਸ਼ੱਕ) ਕਰਨ ਵਾਲਾ.

੩. ਜੰਬੁਮਾਲੀ: ਦੇਖੋ, ਜਾਂਬਮਾਲੀ.

੫੪੧- ੧. ਝਉ: ਦੇਖੋ, ਝੌਂ.

੨. ਜਿਵੇਂ- ਪੈਰ ਬੱਸਣੇ ਅਤੇ ਤੇਲ ਆਦਿ ਦਾ ਸ਼ਰੀਰ ਤੇ ਝੱਸਣਾ.

੩. ਝੱਕਰਾ: ਚੌੜੇ ਮੂੰਹ ਵਾਲਾ ਮਿੱਟੀ ਦਾ ਮਟਕਾ, ਮੱਘਾ, ਤੌਲਾ.

ਝੱਕਰੀ: ਝੱਕਰਾ ਦਾ ਇਸਤ੍ਰੀ ਲਿੰਗ. ਮੱਘੀ.

ਝੱਕਰੀ ਵ੍ਰਤ: ਕੱਤਕ ਬਦੀ ੮. ਦਾ ਵ੍ਰਤ, ਜੋ ਇਸਤ੍ਰੀਆਂ ਅਹੋਈ ਦੇਵੀ ਦੇ ਨਾਮ ਦਾ ਰਖਦੀਆਂ ਹਨ, ਗੁਲਗੁਲੇ ਪਕਾ ਕੇ ਝੱਕਰੀ ਵਿੱਚ ਰੱਖ ਕੇ ਦੇਵੀ ਨੂੰ ਅਰਪਨ ਕਾਰਣ ਇਹ ਸੰਗਜਾ ਹੋ ਗਈ ਹੈ.

੪. "ਵਿਣੁ ਬੋਲੇ ਜਾਣੈ ਸਭੁ ਸੋਇ."(ਧਨਾ ਮਃ ੧)

Your Father knoweth what things ye have need of, before cye ask Him. (Matt. vi. 8)

੧. "ਝੱਬ ਦੂਲਤ ਦੁਹ ਦਿਸਿ ਜਰੀ." (ਗੁਪ੍ਰਸੂ)

੨. ਝੱਲਣ: ਦੇਖੋ, ਝਲਣਾ। ੨. ਉਹ ਲੰਮਾ ਅਤੇ ਸਿੱਧਾ ਸਤੀਰ, ਜੋ ਖੂਹ ਉਤੇ ਹੋਂਦਾ ਹੈ, ਜਿਸ ਉੱਪਰ ਚੱਕੁਲੇ ਦੀ ਲੱਠ (ਧੁਰ) ਦਾ ਇੱਕ ਸਿਰਾ ਰੱਖਿਆ ਰਹਿੰਦਾ ਹੈ.

ਝੱਲਣਾ: ਦੇਖੋ, ਝਲਣਾ.

੫੪੩- ੧. ਝਾਕੀ, ਝਾਂਕੀ: ਸੰਗਜਾ- ਦਰਸ਼ਨ. ਦੀਦਾਰ.

"ਦੇਖੀ ਅਮਰਾਵਤੀ ਮੇ

ਦੇਵਨ ਕੀ ਸਭਾ ਬੀਚ

ਸ਼ੋਭਾ ਯੁਤ ਝਾਂਕੀ

ਮਹਾਰਾਜ ਅਮਰੇਸ਼ ਕੀ,

ਦੇਖਯੋ. ਚਤੁਰਾਨ

ਰਿਖੀਅਨ ਦੇਤ ਸਥਾ

ਯੋਗ ਧਯਾਨ ਲੀਨ ਪੇਖੀ

ਮੂਰਤਿ ਮਹੇਸ਼ ਕੀ,

ਰਿਸਭ ਕੋ ਤਯਾਗੀ ਅਰੁ

ਰਾਘਵ ਮਹਾਨ ਯੋਧਾ

ਨੀਤਿ ਮੇ ਨਿਪੁਨ ਦੇਖੀ

ਮੰਡਲੀ ਵ੍ਰਿਜੇਸ਼ ਕੀ

ਸਾਰੇ ਦ੍ਰਿਸ਼ਯ ਏਕ ਹੀ

ਸਥਾਨ ਹੁਏ ਭਾਨ ਹਮੇ

ਦੇਖੀ ਜਬ ਬਾਂਕੀ ਝਾਂਕੀ

ਸ੍ਵਾਮੀ ਦਸ਼ਮੇਸ਼ ਕੀ.

੨. ਦ੍ਰਿਸ਼ਯ. ਨਜ਼ਾਰਾ। ੩. ਝਰੋਖਾ. ਉਹ ਛੇਕ ਜਿਸ ਵਿੱਚ ਦੀ ਦੇਖੀਏ.

੨. । ੮. ਜਲਨ. ਦਾਹ. "ਗ੍ਰੀਖਮ ਝਾਰ ਮਿਟੈ ਅਬ ਐਸੇ." (ਗੁਪ੍ਰਸੂ)

੩. । ੩. ਤੰਤ੍ਰ ਸ਼ਾਸਤ੍ਰ ਅਨੁਸਾਰ ਮੰਤ੍ਰ ਨਾਲ ਰੋਗ ਆਦਿ ਝਾੜਨਾ.

੪. "ਝਾਰ ਪਿਛੇਰ ਭਲੇ ਕਰਵਾਇ." (ਗੁਪ੍ਰਸੂ)

੧. ਜਰਾਦੁਲ ਬਹ਼ਰ. Water Locust.

੨. ਭਾਵ- ਪੂਰਣ ਤ੍ਰਿਪਤਿ ਨਹੀਂ ਹੁੰਦੀ.

੩. ਝੁੱਗਾ: ਛੱਪਰ. ਫੂਸ ਦਾ ਘਰ। ੨. ਭਾਵ- ਘਰ. ਗ੍ਰਿਹ. ਦੇਖੋ, ਚਉੜ ੩। ੪. ਦੇਖੋ, ਝੱਗਾ.

ਪ੪੬- ੧. ਝੂਲਨਾ ਮਹਲ: ਇੱਕ ਗੋਂਦਾ ਬ੍ਰਾਹਮਣ ਗੁਰੂ ਹਰਿ ਰਾਇ ਸਾਹਿਬ ਦਾ ਸਿੱਖ ਹੋਇਆ, ਜਿਸ ਦਾ ਪ੍ਰਸਿੱਧ ਨਾਮ ਭਾਈ ਗੁਰੀਆ ਸੀ. ਇਸ ਨੇ ਸਿੱਖ ਧਰਮ ਦੇ ਪ੍ਰਚਾਰ ਦਾ ਬਹੁਤ ਕੰਮ ਕੀਤਾ. ਕਿਤਨਿਆਂ ਦਾ ਖ਼ਿਆਲ ਹੈ ਕਿ ਗੁਰਦਾਸ ਪੁਰ ਇਸੇ ਨੇ ਵਸਾਇਆ ਹੈ. ਇਸ ਦਾ ਪੋਤਾ ਦੀਪ ਚੰਦ ਦਸ਼ਮੇਸ਼ ਦੀ ਸੇਵਾ ਵਿੱਚ ਹਾਜ਼ਿਰ ਰਿਹਾ. ਦੀਪ ਚੰਦ ਨੇ ਇੱਕ ਮਕਾਨ ਗੁਰਦਾਸਪੁਰ ਵਿੱਚ ਆਪਣੇ ਰਹਿਣ ਲਈ ਬਣਵਾਇਆ, ਉਸ ਦੇ ਉੱਤਰ ਵੱਲ ਦੀ ਇੱਕ ਨੌ ਡਾਟਾਂ ਦੀ ਕੰਧ ਜਦ ੧੦- ੧੨ ਫੁੱਟ ਉੱਸਰ ਚੁੱਕੀ ਤਾਂ ਦੀਪ ਚੰਦ ਵੇਖਣ ਲਈ ਆਇਆ. ਕਾਰੀਗਰਾਂ ਨੇ ਆਪਣੇ ਕੰਮ ਦੀ ਤਾਰੀਫ਼ ਕੀਤੀ ਅਤੇ ਕੰਧ ਦੀ ਮਜ਼ਬੂਤੀ ਦੱਸੀ. ਭਾਈ ਦੀਪ ਚੰਦ ਨੇ ਕੰਧ ਤੇ ਚੜ੍ਹ ਕੇ ਜੋ ਉਸ ਨੂੰ ਹਿਲਾਇਆ ਤਾਂ ਉਹ ਝੂਲਣ ਲੱਗੀ. ਇਸ ਪੁਰ ਦੀਪ ਚੰਦ ਨੇ ਉਸ ਦਾ ਨਾਮ ਝੂਲਣ ਮਹਲ ਰੱਖ ਕੇ ਕੰਧ ਤੇ ਛੱਤ ਪਾਉਣੋਂ ਕਾਰੀਗਰਾਂ ਨੂੰ ਵਰਜ ਦਿੱਤਾ. ਬਹੁਤ ਲੋਕ ਜਾ ਕੇ ਇਸ ਮਹਲ ਦਾ ਦਰਸ਼ਨ ਕਰਦੇ ਹਨ। ਦੀਪ ਚੰਦ ਤੋਂ ਸੱਤਵੀਂ ਪੀੜੀ ਮਹੰਤ ਸ਼ੰਕਰ ਨਾਥ ਹੈ, ਜੋ ਇਸ ਵਲੇ ਝੂਲਨਾ ਮਹਲ ਦਾ ਮਾਲਿਕ ਹੈ. ਇਸ ਮਹਲ ਨੂੰ ੬੦) ਸਾਲਾਨਾ ਮੁਆਫ਼ੀ ਹੈ.

੨. ੩ ਲਟਕਦਾ ਹੋਇਆ ਪੁਲ. Suspension Bridge.

੩. ਝੂਲਾ ਮਹਲ: ਦੇਖੋ, ਝੂਲਨਾ ਮਹਲ.

੪. ਬਿਦਰ। ੪. ਕੱਚਾ ਖੂਹ.

੫. ਝੇਲ: ਦੇਖੋ, ਝੇਲਨ। ੨. ਪ੍ਰਵਾਹ. "ਕਥਾ ਕੀਰਤਨ ਕੋ ਰਸ ਝੇਲ." (ਗੁਪ੍ਰਸੂ) ੩. ਹੜ੍ਹ.

੬. ਝੌਂ: ਸੰਗਜਾ- ਖੁਰਕ (ਖ਼ਾਰਿਸ਼) ਦੀ ਲਹਰ. ਖੁਜਲੀ ਦਾ ਤੇਜ਼ੀ ਨਾਲ ਉੱਠਣਾ. ਜਿਵੇਂ- ਫੁਨਸੀਆਂ ਅਤੇ ਧਪੜੀਆਂ ਵਿੱਚ ਝੌਂ ਹੋਣੀ.

੧. ਝੰਡ ਲਾਹੁਣੀ: ਦੇਖੋ, ਝੰਡਣਾ.

੨. ਝੰਡਾ ਗੱਡਣਾ: ਕਿਸੇ ਸਰਹੱਦ ਤੇ ਆਪਣਾ ਝੰਡਾ (ਨਿਸ਼ਾਨ) ਗੱਡ ਕੇ ਇਲਾਕਾ ਮੱਲਣਾ। ੨. ਜੰਗ ਦੇ ਮੈਦਾਨ ਵਿੱਚ ਆਪਣਾ ਝੰਡਾ ਗੱਡ ਕੇ ਯੋਧਿਆਂ ਨੂੰ ਆਖਣਾ ਕਿ ਇਸ ਮੈਦਾਨ ਨੂੰ ਮਾਰ ਲਓ ਅਰ ਵੈਰੀ ਨੂੰ ਝੰਡਾ ਨਾ ਪੁੱਟਣ ਦੇਓ. "ਝੰਡਾ ਰੱਡ ਗਾਢੇ। ਮੰਡੇ ਰੋਸ ਬਾਢੇ." (ਵਿਚਿਤ੍ਰ) ਜੰਗ ਵਿੱਚ ਜਿਸ ਦਾ ਝੰਡਾ ਵੈਰੀ ਖੋਹ ਲੈਂਦਾ ਸੀ. ਉਹ ਹਾਰਿਆ ਸਮਝਿਆ ਜਾਂਦਾ ਸੀ। ੩. ਗੁਰਦੁਆਰਾ ਆਦਿ ਆਸ਼੍ਰਮ ਤੇ ਨਿਸ਼ਾਨ ਕਾਯਮ ਕਰਨਾ.

੩. "ਟਸਕ ਕਢਜੋ ਦਾਨਵ ਕੋ ਸਾਰੋ." (ਸਲੋਹ) ੩. ਅੰ. Tusk ਹਾਥੀ. ਸੂਰ ਆਦਿ ਦਾ ਬਾਹਰ ਨਿਕਲਿਆ ਦੰਦ.

੧. ਜਹਾਂਗੀਰ ਬਾਦਸ਼ਾਹ ਨੇ ਇਸ ਦਾ ਨਾਉਂ ਬਦ ਆਵਾਜ਼ ਰੱਖਿਆ ਸੀ. "ਹੰਸਾ ਨਾਲ ਟਟੀਹਰੀ, ਕਿਉਂ ਪਹੁੰਚੇ ਦੌੜੀ." (ਭਾਗੁ)

੨. । ੭. ਰਾਜਪੂਤਾਂ ਦੀ ਇਕ ਜਾਤਿ, ਜਿਸ ਦਾ ਜ਼ਿਕਰ "ਰਾਜਸਥਾਨ" ਵਿੱਚ ਆਇਆ ਹੈ.

੩. "ਚਾਨਣ ਚੰਦ ਨ ਪੁੱਜਈ ਚਮਕੈ ਟਾਨਾਫਾ." (ਭਾਗੁ)

੪. । ੨. "ਨਹਿ ਇਸ ਮੇ ਕਛੁ ਟਾਰ ਵਿਚਾਰਹੁ." (ਗੁਪ੍ਰਸੂ)

੧. ੩ ਵਿਤਾਉਣਾ. ਗੁਜ਼ਾਰਨਾ. "ਕਰਤਾਰ ਪੁਰ ਕੇਤਿਕ ਦਿਨ ਟਾਰੇ." (ਗੁਪ੍ਰਸੂ)

੨. ੩ ਉਹ ਥਾਂ ਜਿੱਥੇ ਮੁਰਦੇ ਦੀ ਕਪਾਲਕ੍ਰਿਯਾ ਕੀਤੀ ਜਾਵੇ.

੩. ਟਿੱਕੀ ਪ੍ਰਸਾਦ: ਦੇਖੋ, ਬਾਲ ਭੋਗ ੨.

੪. ਟਿਚਕਰ, ਟਿਚਕਰੀ: ਜੀਭ ਦੀ ਨਕ ਮੂੰਹ ਦੀ ਛੱਤ ਨਾਲ ਲਾ ਕੇ ਮੁਖ ਤੋਂ ਕੱਢੀ ਹੋਈ ਟਿਚ ਟਿਚ ਆਵਾਜ਼। ੨. ਮਖ਼ੌਲ, ਠੱਠਾ. ਮਸਖ਼ਰੀ.

੫. ਟਿੱਲ: ਤਾਣ. ਬਲ. ਤਾਕਤ। ੨. ਸਹਾਰਾ.

੬. ਇਸ ਨੂੰ ਟਿੱਲਾ ਡੰਗਾ ਭੀ ਆਖਦੇ ਹਨ.

੧. ੨ ਲਾਰਡ ਇਰਵਿਨ (E. F. L. Wood, Baron Irwin of Kirby Underdale) ਜੋ ਸਨ ੧੯੨੬ ਤੋਂ ੧੮. ਅਪ੍ਰੈਲ ਸਨ ੧੯੩੧ ਤਕ ਭਾਰਤ ਦਾ ਵਾਯਸਰਾਯ ਰਿਹਾ. ਇਹ ਜਮਾਂਦਰੂ ਹੀ ਖੱਬੇ ਹੱਥੋਂ ਹੀਣਾ ਸੀ.

੨. "ਤੈਸੇ ਗੁਰ ਸਿੱਖਨ ਮੇ ਏਕ ਟੇਕ ਹੀ ਪ੍ਰਧਾਨ, ਆਨ ਗਜਾਨ ਧਜਾਨ ਸਿਮਰਨ ਵਿਭਚਾਰ ਹੈ." (ਭਾਗੁਕ)

੩. ਟੇਕਰੀ, ਟੇਕੜੀ: ਸੰਗਜਾ- ਟੇਕ. ਆਸਰਾ. ਆਧਾਰ। ੨. ਦੱਖਣੀ ਭਾਸ਼ਾ ਵਿੱਚ ਟੇਕਰੀ ਦਾ ਅਰਥ ਹੈ- ਟਿੱਬੀ, ਪਹਾੜੀ. ਦੇਖੋ, ਅਬਿਚਲ ਨਗਰ ਦਾ ਅੰਗ ੯.

੪. ਤਾਰਬਰਕੀ. ਇਸ ਦੀ ਕਾਢ M. Chappe ਨੇ ਪਹਿਲੋਂ ਕੱਢੀ ਅਤੇ ਫ਼੍ਰਾਂਸ ਵਿਚ ਸਨ ੧੭੯੨ ਅੰਦਰ ਪ੍ਰਚਾਰ ਹੋਇਆ, ਅਤੇ ਲੰਡਨ ਵਿੱਚ ਸਨ ੧੭੯੬ ਅੰਦਰ ਕਲਕੱਤੇ ਅਤੇ ਬੰਬਈ ਦਾ ਤਾਰ ਸੰਬੰਧ ੧੭. ਮਈ ਸਨ ੧੯੫੪ ਨੂੰ ਹੋਇਆ ਅਤੇ ਕਰਾਚੀ ਲੰਡਨ ਦੀ ਤਾਰ ਦਾ ਸਿੱਧਾ ਸੰਬੰਧ ੨੩ ਜਨਵਰੀ ੧੯੦੯ ਨੂੰ ਹੋਇਆ.

੫. ਟੋਕਨੀ: ਛੋਟਾ ਟੋਕਨਾ. ਬਲਟੋਹੀ.

੧. । ੬. ਸਤਿਗੁਰੂ ਦਾ ਸਿੱਖ ਇੱਕ ਭੱਟ. ਦੇਖੋ, ਭਿੱਖਾ ੩.

੨. ਟੋਪੀ ਦੇਣੀ, ਟੋਪੀ ਪਹਿਰਾਉਣੀ: ਚੇਲਾ ਬਣਾਉਣਾ. ਟੋਪੀ ਧਾਰੀ ਸਾਧੁ, ਆਪਣਾ ਚੇਲਾ ਬਣਾਉਣ ਸਮੇਂ ਚੇਲੇ ਦੇ ਸਿਰ ਆਪਣੀ ਟੋਪੀ ਅਥਵਾ ਨਵੀਂ ਟੋਪੀ ਪਹਿਰਾਉਂਦੇ ਹਨ. ਦੇਖੋ, ਕੁਲਹ ੨.

੩. "ਆਵਤ ਹੈ ਮਿਲਿ ਟੋਲ ਹਜਾਰਾ."(ਗੁਪ੍ਰਸੂ)

੪. "ਟੋਵਾ ਭਯੋ ਕਛੁਕ ਗੰਭੀਰ." (ਗੁਪ੍ਰਸੂ)

੫. । ੧੦. ਟੱਕ ਲਈ ਭੀ ਇਹ ਸ਼ਬਦ ਵਰਤਿਆ ਹੈ. "ਟੰਕ ਦਈ ਤਬ ਨਿਖੁਟਜੇ ਪਾਨੀ." (ਗੁਪ੍ਰਸੂ) ਜਦ ਚਸ਼ਮੇਂ ਦੇ ਸ੍ਰੋਤ ਨੂੰ ਟੁੱਕ ਦਿੱਤ ਤਾਂ ਪਾਣੀ ਮੁੱਕ ਗਿਆ.

੬. ੪ ਚਮਕ ਦਮਕ। ੫. ਸੋਨੇ ਦੀ ਰੰਗਤ, ਜਿਵੇਂ- ੧੦੦ ਟੰਚ ਦਾ ਸੋਨਾ ਹੈ.

੭. ਟੰਬਾ: ਅਣ- ਘੜ ਸੋੱਟਾ। ੨. ਡਾਂਗ. ਲਾਠੀ (Cudgel).

੧. ਜੋ ਸਿੰਧੁਨਦ ਦੇ ਸੱਜੇ ਕਿਨਾਰੇ ੭. ਮੀਲ ਪੱਛੋਂ ਨੂੰ ਹੈ, ਅਤੇ ਕਰਾਚੀ ਦੇ ਪੂਰਵ ੫੦ ਮੀਲ ਹੈ. ਇਹ ਸਨ ੧੪੪੫ ਵਿੱਚ ਆਬਾਦ ਹੋਇਆ ਹੈ. ਕਿਸੇ ਸਮੇਂ ਇਹ ਵਡਾ ਧਨੀ ਸ਼ਹਿਰ ਸੀ, ਪਰ ਵਿਦੇਸ਼ੀਆਂ ਨੇ ਲੁੱਟ ਕੇ ਬਰਬਾਦ ਕਰ ਦਿੱਤਾ. "ਠੱਟਾ ਸ਼ਹਿਰ ਬਸਜੋ ਤਹਿ ਭਾਰੋ." (ਚਰਿਤ੍ਰ ੧੦੩)

੨. ਠਠੰਬਰਨਾ: ਕ੍ਰਿ- ਸੰਭਨ. ਭੈ ਸ਼ੋਕ ਆਦਿ ਦੇ ਅਸਰ ਨਾਲ ਜੜ੍ਹ ਸਮਾਨ ਹੋ ਜਾਣਾ। ੨. ਦੇਖੋ, ਨਠਕਣਾ.

੩. । ੨. ਠੰਢ. ਪਾਲਾ. "ਅਗਨੀ ਜਾਰਿ ਜਾਰਿ ਠਰ ਖੋਵੈ." (ਗੁਪ੍ਰਸੂ)

੪. ੨ ਸਬਾ. ਠਹਿਰਾਉ. ਸਿਥਤਿ। ੩. ਸੰਗੀਤ ਅਨੁਸਾਰ ਬਿਲੰਬ ਗਤਿ, ਜੋ ਦ੍ਰੂਤ ਦੇ ਵਿਰੁੱਧ ਹੈ.

੫. ਠਾਕੁਰਿ: ਠਾਕੁਰ (ਠੱਕੁਰ) ਨੇ. ਸ੍ਵਾਮੀ ਨੇ. "ਕ੍ਰਿਪਾਧਾਰੀ ਮੇਰੈ ਠਾਕੁਰਿ." (ਜੈਤ ਮਃ ੫)

੬. "ਜੇਪੈ ਦੇਂਯ ਚਾਕਰੀ ਤੋਂ ਠਾਕੁਰੀ ਯਹੀਂ ਹੈ ਤੇਰੀ, ਜਾਂ ਮੇਂ ਮਤਿ ਹੋਯ ਨੈਕ ਆਦਮ ਸਨਾਸ਼ੀ ਕੀ."(ਨਵਲ ਸਿੰਘ)

੫੫੬- ੧. ਠੋਲ: ਤੀਰ ਦੀ ਇੱਕ ਜਾਤਿ. ਇਸ ਦੀ ਮੁਖੀ ਚਪਟੀ ਹੋਂਦੀ ਹੈ. ਇਹ ਮੱਥੇ ਦੀ ਹੱਡੀ ਤੋੜਨ ਲਈ ਵਰਤਿਆ ਜਾਂਦਾ ਸੀ. ਦੇਖੋ, ਸ਼ਸਤ੍ਰਾਂ ਦੇ ਚਿਤ੍ਰ ਦਾ ਅੰਗ D.

੨. ਠੰਢੜੀ: ਠੰਢੜਾ ਦਾ ਇਸਤ੍ਰੀ ਲਿੰਗ। ੨. ਸ਼ੀਤਲਾ ਦੇਵੀ. ਦੇਖੋਂ, ਸੀਤਲਾ ੨।

ਠੰਢਾ: ਦੇਖੋਂ, ਠੰਢੜਾ.

੩. ਠੰਢਾ ਸਾਹ ਭਰਣਾ: ਹਾਹੁਕਾ ਲੈਣਾ.

੪. ਡਹਲ: ਦਹਲ. ਹੌਲ. ਧੜਕਾ. ਡਰ.

੫. ਡਹਿਆ: ਦੇਖੋ, ਡਹਾ ੨.

੫੫੯- ੧. ਡੱਬਾ: ਸੰਪੁਟ. ਢੱਕਣ ਵਾਲਾ ਪਾਤ੍ਰ। ੨. ਵਿ- ਚਿੱਟ ਕਾਲੇ ਆਦਿ ਅਨੇਕ ਰੰਗਾਂ ਦਾ, ਜਿਵੇਂ- ਡੱਬਾ, ਕੁੱਤਾ, ਖੇਸ ਅਤੇ ਬੇਲ। ੩. ਫੁਲ ਬਹਿਰੀ (ਚਿੱਟੇ ਕੇੜ) ਵਾਲਾ.

੨. । ੨. ਡੱਬਾ ੨. ਦਾ ਇਸਤ੍ਰੀ ਲਿੰਗ. ਜਿਵੇਂ- ਡੱਬੀ ਗਾਂ.

੩. (ਡਲਹੌਜ਼ੀ) ਦੀ ਪ੍ਰਬਲ ਇੱਛਾ ਸੀ ਕਿ ਅੰਗ੍ਰੇਜ਼ੀ ਰਾਜ ਚਾਰੇ ਪਾਸੇ ਫੈਲਾਇਆ ਜਾਵੇ ਅਤੇ ਦੇਸੀ ਰਿਆਸਤਾਂ ਲੈ ਕੀਤੀਆਂ ਜਾਣ. ਇਸੇ ਪਾਲਿਸੀ ਅਨੁਸਾਰ ਡਲਹੌਜ਼ੀ

੪. ਡੱਲੇ ਨੂੰ ਕਲਗੀਧਰ ਨੇ ਅਮ੍ਰਿਤ ਛਕਾ ਕੇ ਨਾਉਂ ਡੱਲਾ ਸਿੰਘ ਰੱਖਿਆ ਅਰ ਖੜਗ ਤਥਾ ਆਪਣੇ ਵਸਤ੍ਰ ਬਖ਼ਸ਼ੇ, ਜੋ ਇਸ ਵੇਲੇ ਸਰਦਾਰ ਸ਼ਮਸ਼ੇਰ ਸਿੰਘ ਰਈਸ ਤਲਵੰਡੀ ਸਾਬੋ ਪਾਸ ਹਨ.

੫. । ੩. ਗੁਰੂ ਅਰਜਨ ਸਾਹਿਬ ਦਾ ਇੱਕ ਸਿੱਖ.

੬. ਡਾਕੀਆ: ਡਾਕ ਪਹੁਚਾਣ ਵਾਲਾ. ਚਿੱਠੀ ਰਸਾਂ.

੧. ਡਾਂਭ, ਡਾਂਭਣਾ: ਦੇਖੋ, ਡੰਭਣਾ. "ਪਾਵਕ ਡਾਂਭ ਉਠਾਵਤ ਨਾਦ." (ਗੁਪ੍ਰਸੂ)

੨. ਡਾਲਰ: Dollar. ਇਹ ਚਾਂਦੀ ਦਾ ਸਿੱਕਾ ਸਪੇਨ ਤੋਂ ਚੱਲਿਆ ਹੈ. ਹੁਣ ਐਮਰੀਕਾ ਵਿੱਚ ਬਹੁਤ ਪ੍ਰਚਲਿਤ ਹੈ. ਇਹ ਇੰਗਲੈਂਡ ਦੇ ਚਾਰ ਸ਼ਿਲਿੰਗ ਦੋ ਪੈਂਸ ਬਰਾਬਰ ਹੈ.

੩. "ਪ੍ਰਿਥੀਰਾਜ ਰਾਸੋਂ ਆਦਿ ਗ੍ਰੰਥ ਇਸੇ ਬੋਲੀ ਵਿੱਚ ਲਿਖੇ ਹੋਏ ਹਨ.

੪. ਉਦਾਹਰਣ- "ਪੁੱਤੇਂ ਜਾਂਏਂ ਕਵਣ ਗੁਣੁ ਅਵਗੁਣੁ ਕਵਣ ਮੁਯੇਣ। ਜਾਂ ਬੱਪੀ ਕੀ ਭੂੰਹੜੀ ਚੰਪਿੱਜਇ ਅਵਰੇਣ." ਉਸ ਪੁੱਤ ਦੇ ਜੰਮੇ ਦਾ ਕੀ ਲਾਭ ਅਤੇ ਮਰੇ ਤੋਂ ਕੀ ਹਾਨਿ ਹੈ, ਜਿਸ ਦੇ ਬਾਪ ਦੀ ਜ਼ਮੀਨ ਹੋਰ ਤੋਂ ਭੋਗੀ ਗਈ ਹੈ.

੧. ੫ ਦੇਵੀ ਭਾਗਵਤ ਦੇ ਨੌਮੇ ਸਕੰਧ ਦੇ ਤੀਜੇ ਅਧਯਾਯ ਵਿੱਚ ਜ਼ਿਕਰ ਹੈ ਕਿ ਪ੍ਰਕ੍ਰਿਤਿ ਤੋਂ ਇਕ ਅੰਡਾ ਪੈਦਾ ਹੋਇਆ ਜਿਸ ਵਿੱਚੋਂ ਇੱਕ ਬਾਲਕ ਜਨਮਿਆ ਜੋ, ਅਨੰਤ ਸੂਰਯਾ ਦੀ ਚਮਕ ਰਖਦਾ ਸੀ, ਅਰ ਉਹ ਵਿਰਾਟ ਰੂਪ ਸਾਰੀ ਵਿਸ਼੍ਵ ਰਚਨਾ ਦਾ ਕਾਰਣ ਹੋਇਆ.

੧. ਮੈ. ਜੋਹਾਗਣਿ ਕਾਈ ਰਾਤਿ ਜੀਉ." (ਸੂਹੀ ਮਃ ੧. ਕੁਚਜੀ)

੨. ਡੋਗਰਾ ਮੰਡਲੀ: ਦੇਖੋ, ਗੁਲਾਬ ਸਿੰਘ ੫. ਅਤੇ ਧਜਾਨ ਸਿੰਘ ੨.

੩. ੪ ਡੋਲ ਦੀ ਥਾਂ ਭੀ ਡੋਰ ਸ਼ਬਦ ਵਰਤਿਆ ਹੈ. "ਡੋਰ ਕੂਪ ਤੇ ਨਾਰਿ ਨਿਕਾਰੀ." (ਚਰਿਤ੍ਰ ੩੯੭)

੪. ੪ ਅੱਖ ਦੀ ਸੂਖਮ ਰਗ ਜੋ ਡੋਰੇ ਦੀ ਸਫੈਦੀ ਅੰਦਰ ਲਾਲੀ ਦੀ ਭਾਹ ਨਾਲ ਵਿਖਾਈ ਦੇਂਦੀ ਹੈ. "ਭੌਂ ਚਿਤਵਨ ਡੋਰੇ ਵਰੁਨਿ ਅਸਿ ਕਟਾਰ ਬੱਧ ਤੀਰ। ਕਟਤ ਫਟਤ ਬਾਂਧਤ ਵਿਧਤ ਜਿਯ ਹਿਯ ਤਨ ਮਨ ਬੀਰ."

੫. ਅਮੀਰ ਜਾਂ ਸਵਾਰ ਜਦ ਘੋੜੇ ਤੋਂ ਉਤਰ ਕੇ ਚਲਦੇ ਹਨ ਤਦ ਸਾਈਸ ਘੋੜਿਆਂ ਦੇ ਲਗਾਮਾਂ ਵਿੱਚ ਵਾਗਡੋਰਾਂ ਪਾ ਕੇ ਹੱਥੀਂ ਫੜ ਕੇ ਕਦਮ ਕਦਮ ਚਲਦੇ ਹਨ.

੬. ਡੌਰ ਭੌਰ: ਦੇਖੋ, ਡੌਰ ਭੌਰ. "ਭਏ ਸ਼ਤ੍ਰੁ ਬੌਰੇ। ਮਹਾ ਡੌਰ ਡੌਰੇ." (ਗੁਪ੍ਰਸੂ)

੭. ੮ ਖੇਤ ਦੀ ਬੱਟ (ਵੱਟ)। ੨. ਰੂਪ. ਆਕਾਰ। ੩. ਢੰਗ. ਤਰੀਕਾ."

੧. ਢੰਗ. ਤਰੀਕਾ. ਪੱਖ. ਤਰਫ.

੨. ਢਬਦਾਰ: ਪੱਖ ਰਖਣ ਵਾਲਾ. ਪੱਖੀ. ਤਰਫ਼ਦਾਰ. "ਕਿਤਕ ਨੁਰੰਗੇ ਕੇ ਢਬਦਾਰ." (ਗੁਪ੍ਰਸੂ)

੧. ਜਹਾਂਗੀਰ ਬਾਦਸ਼ਾਹ ਨੇ ਇਸ ਦਾ ਨਾਉਂ ਜਹਾਂਗੀਰ ਨਗਰ ਰੱਖਿਆ ਸੀ.

੨. ਢਾਕੇ ਵਿਚ ਈਸਟ ਇੰਡੀਆ ਕੰਪਨੀ ਨੇ ਸਨ ੧੭੬੫ ਵਿੱਚ ਆਪਣਾ ਪੈਰ ਜਮਾਇਆ, ਅਤੇ ੧੯੪੫ ਵਿੱਚ ਇਹ ਅੰਗੇਜੀ ਰਾਜ ਨਾਲ ਮਿਲ ਗਿਆ.

੩. । ੨. ਦਗਧ ਕਰਣ ਵਾਲੀ ਅੱਗ। ੩. ਅੱਗ ਦੀ ਲਾਟ. ਲਾਂਬੂ.

੪. ਢਾਢੜੀ: ਦਗਧ ਕਰਨ ਵਾਲੀ ਅੱਗ. ਦਾਧਨ ਕਰਨ ਵਾਲੀ. "ਕੋਪਰ ਓਤੈ ਢਾਢੜੀ ਜਲਤੀ ਕਰੈ ਪੁਕਾਰ." (ਮਃ ੧. ਬੰਨੇ)

੫. ਢਾਢੀ ਕਾ: ਤੁਛ (ਅਦਨਾ) ਢਾਢੀ. ਦੇਖੋ, ਕ ੧੯. "ਹਉ ਢਾਢੀਕਾ ਨੀਚ ਜਾਤਿ." (ਵਾਰ ਆਸਾ)

੬. "ਚਲੰਤ ਢਾਲ ਮਾਲਯੰ ਖਹੰਤ ਖੱਗ ਖੇਤਯੰ." (ਰਾਮਾਵ)

੭. ਢਿੱਡ ਹੋਣਾ: ਗਰਭ (ਹਮਲ) ਹੋਣਾ.

ਢਿੱਡ ਕਢਵਾਉਣਾ: ਗਰਭ (ਹਮਲ) ਗਿਰਵਾਉਣਾ. ਸਕਾਤ ਹਮਲ ਕਰਵਾਉਣਾ.

ਢਿੱਢਲ: ਵੱਡੇ ਢਿੱਡ ਵਾਲਾ. ਪੇਟਲ.

ਢਿੱਢ: ਦੇਖੋ, ਢਿੱਢ.

੮. ਡਿੰਡਿਮ. "ਊਧੋ ਸੁਧੋ ਹੋਗਯੋ ਸੁਨਿ ਗੋਪਿਨ ਕੇ ਬੋਲ। ਤਿਸ ਗੋਪਿਨ ਕੇ ਬੋਲ। ਤਿਸ ਗਜਾਨ ਬਜਾਈ ਢਿਮਢਿਮੀ, ਉਨ ਪਮ ਬਜਾਯੋ ਢੋਲ."

੯. ਢੀਹੇ ਚੜ੍ਹਨਾ: ਉੱਚੇ ਕਿਨਾਰੇ ਤੇ ਚੜ੍ਹ ਜਾਣਾ। ੨. ਕਿਸੇ ਦੇ ਦਾਉ ਪੇਚ ਵਿੱਚ ਆ ਕੇ ਆਪਣੀ ਇੱਛਾ ਵਿਰੁੱਧ ਕੰਮ ਕਰਨਾ.

੧. "ਕਪਟ ਸਨੇਹ ਜੈਸੇ ਢੇਕੁਲੀ ਨਿਵਾਵੈ ਸੀਸ." (ਭਾਗੁਕ)

੨. ਢੇਰੀ ਸ਼ਾਹਾਨ: ਦੇਖੋ, ਤਖ਼ਸ਼ਿਲਾ.

੫੬੭- ੧. ਢੰਢੋਰੀ: ਢੰਢੋਰਾ (ਢਿੰਡੋਕਾ) ਦੇਣ ਵਾਲਾ। ੨. ਸੰਗਜਾ- ਢੋਲਕ. "ਰਬਾਬੀਆਂ ਦੁਤਾਰਾ ਤੇ ਢੰਢੋਰੀ ਆਣ ਖੜਕਾਈ." (ਮਹਮਾ ਪ੍ਰਕਾਸ਼)

੨. । ੯. ਪ੍ਰਾ। ਵਜ. ਨ. ਨਾ. ਨਿਸ਼ੇਧ ਬੋਧਕ.

੩. "ਣਮੋ ਆਯਰਿਯਾਣੰ." (ਸਾਮਾਯਿਕ ਸੂਤ੍ਰ) ਆਚਾਰਯਾਂ ਨੂੰ ਨਮਸਕਾਰ ਹੈ.

੪. । ੧੮. ਪ੍ਰਤਜ. ਸ਼ਬਦ ਦੇ ਅੰਤ ਲਗ ਕੇ ਇਹ ਧਰਮ ਅਤੇ ਭਾਵ ਬੋਧਕ ਸੰਗਜਾ- ਬਣਾ ਦੇਂਦਾ ਹੈ. ਜਿਵੇਂ- ਇਨਸਾਨਿਯਤ, ਲਯਾਕ਼ਤ ਆਦਿ. ਸੰਸਕ੍ਰਿਤ ਵਿੱਚ ਇਸ ਦਾ ਰੂਪ ਤ੍ਵ ਅਤੇ ਪੰਜਾਬੀ ਵਿਚ ਪੁਣਾ (ਪਨ) ਹੈ.

੫. "ਮਾਧਵੇ! ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ." (ਸੋਰ ਰਵਿਦਾਸ) ਹੇ ਮਾਯਾ ਪਤਿ! ਜੇ ਆਪ ਪ੍ਰੀਤਿ ਤੋੜ ਭੀ ਲਓ, ਤਊ (ਤਾਂ ਭੀ) ਅਸੀਂ ਨਹੀਂ ਤੋੜਦੇ, ਕਿਉਂਕਿ, "ਤੁਮ ਸਿਉ ਤੋਰਿ ਕਵਨ ਸਿਉਂ ਜੋਰਹਿ?" ਦੇਖੋ, ਤੁਮਨ ਦਾ ਫੁੱਟਨੋਟ.

੫੬੯- ੧. ਤਸੱਵੁਫ਼: ਅ. ਸੰਗਜਾ- ਪਰਾਯਣ ਹੋਨ ਦਾ ਭਾਵ। ੨. ਆਤਮ ਵਿਚਾਰ। ੩. ਬ੍ਰਹਮ ਨਾਲ ਅਭੇਦ ਹੋਣ ਦੀ ਦਸ਼ਾ.

੨. ਤਹੱਜਦ: ਅ. ਸੰਗਜਾ- ਨੀਂਦ ਛੱਡ ਕੇ ਰਾਤ ਨੂੰ ਧਜਾਨ- ਪਰਾਇਣ ਹੋਣ ਦਾ ਭਾਵ। ੨. ਰਾਤ- ਜਗਾ.

੫੭੦- ੧. ਤਕਰਾਰੀ: ਤਕਰਾਰ (ਤਰਕ) ਕਰਨ ਵਾਲਾ. ਹੁੱਜਤੀ.

੨. ਤਕਵਾ: ਚਰਖੇ ਦਾ ਤੱਕਲਾ. ਦੇਖੋ, ਤਕਲਾ.

੩. "ਮੇਰਾ ਪ੍ਰਭੁ ਨਿਰਮਲ ਅਗਮ ਅਪਾਰਾ।"

੪. "ਪ੍ਰਲੇ ਦੇ ਦਿਨ ਲੋਕਾਂ ਦੇ ਕਰਮ ਤੋਲਣ ਲਈ ਅਸੀਂ ਤੱਕੜੀ ਲਾ ਦੇਵਾਂਗੇ ਤਾਕਿ ਕਿਸ ਤੇ ਰਾਈ ਜਿੰਨਾ ਜ਼ੁਲਮ ਨਾ ਹੋਵੇ. ਕਿਸ ਦਾ ਰਾਈ ਮਾਤ੍ਰ ਕਰਮ ਭੀ ਤੋਲਣ ਵਾਸਤੇ ਅਸੀਂ ਲਿਆ ਮੌਜੂਦ ਕਰਾਂਗੇ, ਅਰਹਿਸਾਬ ਲੈਣ ਵਾਸਤੇ ਅਸੀਂ ਇਕੱਲੇ ਹੀ ਖੱਸ ਹਾਂ."

੫. ਤੱਕਣਾ: ਕ੍ਰਿ- ਜਾਂਚਨਾ. ਅੰਦਾਜ਼ਾ ਕਰਨਾ। ੨. ਟਕ ਲਾ ਕੇ ਵੇਖਣਾ.

੬. ਇਹ ਦੰਡ ਤੋਂ ਡਰਦਾ ਇਸਤ੍ਰੀ ਭੇਖ ਧਾਰ ਕੇ ਮਾਤਾ ਜੀ ਪਾਸ ਜਾ ਕੇ ਖਿਮਾ ਦਾ ਯਾਚਕ ਹੋਇਆ. ਦਸ਼ਮੇਸ਼ ਨੇ ਅੱਗੋਂ ਲਈ ਗੁਰੁ ਸਿੱਖੀ ਦੀ ਰਹਣੀ ਰੱਖਣ ਦਾ ਉਪਦੇਸ਼ ਦੇ ਕੇ ਬਖ਼ਸ਼ ਦਿੱਤਾ.

੭. ਅਰਥਾਤ- ਆਪਣਾ ਪਸੰਦ ਕੀਤਾ ਨਾਉਂ.

੮. "ਸਤਿਗੁਰ ਕਰਹਿ" ਤਗੀਦ." (ਗੁਪ੍ਰਸੂ)

੧. "ਅਨੁਜ ਬਡਾਈ ਦੇਖਿ ਤਚਤ ਹੈ."(ਗੁਪ੍ਰਸੂ)

੨. ਤਟ (ਸ਼ਿਵ) ਦੇ ਦੱਸੇ ਹੋਏ ਤੰਤ੍ਰ ਸ਼ਾਸਤ੍ਰ ਅਨੁਸਾਰ ਖਟ (ਛੀ) ਕਰਮ. ਦੇਖੋ, ਖਟ, ਕਰਮ ੩.

੩. ਜੋ ਤ੍ਰਿਕੋਣਾ ਹੋਂਦਾ ਹੈ. ਸੰ. ਤ੍ਰਿਕੋਣਾਛਾਦਨ.

੧. "ਆਨੰਦ ਲਹਜੋ ਪਰਮ ਤਤਬੇਤਾ."(ਗੁਪ੍ਰਸੂ)

੨. ਤਤ ਤ੍ਵ- ਅਸਿ. ਸੋ ਤੂੰ ਹੈਂ. "ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ." (ਆਸਾ ਮਃ ੧)

੩. ਕਈ ਲੇਖਕਾਂ ਨੇ "ਫਤੇ ਦਰਸ਼ਨ" ਪਦ ਦਾ ਵਰਤਣਾ ਦੱਸਿਆ ਹੈ, ਜੋ ਸਹੀ ਨਹੀਂ ਦੇਖੋ, ਸੱਚੇ ਸਾਹਿਬ ਕੀ ਫਤੇ.

੪. ਤਦਿਸ: ਤਿਸ ਦਿਵਸ. ਉਸ ਦਿਨ. ਦੇਖੋ, ਅਸਿਪਾਨਿਜ.

੧. ਤਨਖਾਹੀਆ ਸ਼ਬਦ ਦਾ ਮੂਲ ਹੈ ਤਨਖ਼੍ਵਾਹਦਾਰ. ਜਿਸ ਵੇਲੇ ਪੰਜਾਬ ਦੇ ਮੁਸਲਮਾਨ ਹਾਕਿਮਾਂ ਨੇ ਵੇਖਿਆ ਕਿ ਖ਼ਾਲਸਾ ਨਿੱਤ ਆਪਣੀ ਤਾਕਤ ਵਧਾ ਰਿਹਾ ਹੈ ਤਾਂ ਉਨ੍ਹਾਂ ਨੇ ਜਾਗੀਰਾਂ ਖ਼ਿਲਤ ਅਤੇ ਕਿਤਨਿਆਂ ਨੂੰ ਅਹੁਦੇ ਦੇ ਕੇ ਅਪਨੇ ਕਾਬੂ ਰੱਖਣ ਦਾ ਯਤਨ ਕੀਤਾ. ਉਸ ਵੇਲੇ ਜਿਨ੍ਹਾਂ ਸਿੰਘਾਂ ਨੇ ਲਹੌਰ ਅਤੇ ਜਲੰਧਰ ਦੇ ਸੂਬੇ ਪਾਸ ਰਹਿ ਕੇ ਤਨਖ਼੍ਵਾਹ ਲੈਣੀ ਕਬੂਲ ਕੀਤੀ ਉਹ ਅਣਖੀਲੇ ਭਾਈਆਂ ਤੋਂ "ਤਨਖਾਹੀਏ" ਸੱਦੇ ਗਏ. ਸਨੇ ਸਨੇ ਪੰਥ ਵਿੱਚ ਇਹ ਸ਼ਬਦ ਹਕ਼ਾਰਤ ਭਰਿਆ ਸਮਝ ਕੇ ਸਿੱਖ ਨਿਯਮਾਂ ਵਿਰੁੱਧ ਕਰਮ ਕਰਣ ਵਾਲੇ ਲਈ ਵਰਤਿਆ ਜਾਣ ਲੱਗਾ.

੨. "ਤਨਿ ਧੋਤੈ ਮਨੁ ਹਛਾ ਨ ਹੋਇ." (ਵਡ ਮਃ ੩)

੭੫- ੧. ਤਪਤੈ: ਤਪਤ ਹੋਂਦਾ ਹੈ. ਤਪਦਾ ਹੈ। ੨. ਤੜਫਦਾ ਹੈ. ਤੀਵ੍ਰ ਇੱਛਾ ਨਾਲ ਵਜਾਕੁਲ ਹੋਂਦਾ ਹੈ. "ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੇ." (ਗੌਂਡ ਮਃ ੪)

੨. ਤਫ਼ਸ਼ੀਦ ਦਿਲ: ਦੇਖੋ, ਤਪਸੀਦ ਦਿਲ.

੩. ਤਬੀਤ: ਦੇਖੋ, ਤਬੀਅ਼ਤ ਅਤੇ ਤਾਵੀਜ਼.

੧. ੨ ਟੈਕਸ. ਮਹਿਸੂਲ ਚੁੰਗੀ। ੩. ਬਾਹਰੋਂ ਆਏ ਮਾਲ ਤੇ ਜਗਾਤ. ਤੁਜ਼ਕੇ ਬਾਬਰੀ ਵੇਖਣ ਤੋਂ ਪਤਾ ਲਗਦਾ ਹੈ ਕਿ ਬਾਬਰ ਨੇ ਮੁਸਲਮਾਨਾਂ ਅਤੇ ਫ਼ੌਜੀ ਨੌਕਰਾਂ ਨੂੰ ਤਮਗੇ ਤੋਂ ਮੁਆਫ਼ ਕਰ ਦਿੱਤਾ ਸੀ.

੨. ਤਾਰਤਮਯ. ਵਾਧਾ ਘਾਟਾ. ਨਜੂਨਾਧਿਕਤਾ.

੩. "ਨਿਰੰਤਰ ਆਪ ਰਮਜੋ ਤਮਤਾਰਨ." (ਗੁਪ੍ਰਸੂ)

੪. ਸੰਸਾਰ ਦੇ ਪ੍ਰਸਿੱਧ ਡਾਕਟਰਾਂ ਨੇ ਇਸ ਨੂੰ ਬਹੁਤ ਹੀ ਹਾਨਿਕਾਰਕ ਦੱਸਿਆ ਹੈ ਅਤੇ ਤਮਾਕੂ ਤੋਂ ਹੋਣ ਵਾਲੇ ਨੁਕਸਾਨਾਂ ਤੇ ਅਨੇਕ ਲੇਖ ਲਿਖੇ ਹਨ-

The results of decimating wars, devastating plagues, floods, fire, tornadors, earthquakes, and other convulsive forces of nature are as nothing compared with the besom of destruction involved in the tobacco habit.

This may seem like stating the matter too emphatically, but far from it. It is impossible in human language adequately to describe it. Plagues and disasters at most are usually quite local in character. But here is a habit, wellnigh universally practised, now numbering among its devotees not only the men but the women and myriads of those of tender years, in fact, including the great majority of the human family. It cannot be any exaggeration to state that today tobacco represents the greatest single menace to the mental. physical and moral integrity of the human family.

The Late Sir B. W. Richardson, one of the best informed of modern medical men, said "I do not hesitate to say that if a community of both sexes, whose progenitors were finely formed and powerful, were to be trained to the early practice of smoking, and if marriage were confined to the smokers, an apparently new and physically inferior race of men and women would be bred up."

Professor Lorand of Carlsbad, whose expert medical advice is sought from all over the world, in one of his recent books, speaking of the effects of tobacco on women, states how amaded he has been to find the number of women coming to him, once famously beautiful, who have in a few short years become prematurely old, wizened, and most unattractive in appearance.

(The Oriental Watchman)

ਤੁਜ਼ਕਿ ਜਹਾਂਗੀਰੀ ਵਿੱਚ ਜਹਾਂਗੀਰ ਆਪਣੇ ੧੨ਵੇਂ ਸਨ ਜਲੂਸ ਅੰਦਰ ਲਿਖਦਾ ਹੈ-

In consequence of the disturbance that tobacco brings about in most temperaments and constitutions, I had ordered that no one should smoke it. My brother Shah Abbas has also become aware of the mischief arising from it and has ordered that in Iran no one should venture to smoke.

Extract from: "HEALTH AND LONGEVITY" by A. C. Selmon, M. D. published by Oriental Watchman Publishing House, Salisbury Park, Poona, India.

CHAPTER 17

In every 100 ounces of dried tobacco leaves, there are two ounces of a deadly poison called nicotine. Nicotine is a much more deadly poison than arsenic. It is so deadly that one drop of it placed on the skin of a rabbit will produce death. Two drops on the tongue of a cat or dog will prove fatal. Fatal poisonings have occurred in man from swallowing tobacco. In China, a common method of committing suicide is to drink water out of a huqqa which contains nicotine.

Usually, the first time any one smokes tobacco, he becomes very sick. These facts

fully demonstrate that tobacco is a very harmful poison. (Page 105)

A few years ago when some American officials were examining applicants for the Naval Academy, there were 412 young men who made applications to enter the Academy; but 298 of these were rejected because, through using tobacco, they had permanently injured their hearts, and other vital organs. (Page 107)

Surgeons find that a surgical operation from which a non- tobacco- user would quickly recover, often causes the death of a tobaco user. Some years ago the president of the United States was shot and died in a short time. The physicians who treated him affirm that if he had not smoked so much tobacco he would have recovered.

Tobacco is a common cause of blindness. It is also a common cause of cancer of the lips, tongue and throat. (Pages 108- 09)

In an investigation made in ten of the largest schools in a large city in America of twenty boys who smoke, and twenty who do not smoke in each school, the following is the average of the abnormal conditions found. Among every twenty boys who smoked, fourteen had some disease; while among every twenty non-smoking boys. only one had any disease of the nervous system. Out of every twenty smokers, eighteen were dull and stupid while among every twenty non-smokers there would be found only one dull, stupid boy. (Page 109)

CHAPTER 29

Tobacco. using injures the stomach almost as much as alcohol, and should be included among the common causes of dyspepsia. (Page 188)

CHAPTER 36

Those who use tobacco are often troubled with a cough that ceases as soon as they stop smoking tobaco. (Page 236)

CHAPTER 39

Tobacco- using injures the lungs and throat, and prepares the way for one to contract consumption very easly. (Pager 245)

CHAPTER 44

Tobacco smoking cigarette- smoking and drinking any kind of alcohol injures the eyes and causes a large amount of eye disease. (Page 278)

੫. "ਜਾਕੀ ਦਹਸ਼ਤ ਸਾਰਦੂਲ ਸੁਰ ਤਰ ਹੈ." (ਹਜ਼ੂਰੀ ਕਵਿ) ਸ਼ੇਰ ਦੀ ਆਵਾਜ਼ ਹੇਠ ਬੈਠ ਜਾਂਦੀ ਹੈ।

੬. "ਇਕ ਗੁਰਮੁਖ, ਗੁਰਮੁਖਤਰ ਦੂਜੋ। ਗੁਰਮੁਖਤਮ, ਨੀਕੋ ਲਖ ਤੀਜੋ." (ਗੁਪ੍ਰਸੂ)

੭. । ੩. ਤ੍ਰਾਸਨ (ਡਰਾਉਣ) ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ. "ਕੰਠ ਰੋਮ ਕਰ ਤਰਸਤ ਘਨ ਕੋ." (ਨਾਪ੍ਰ) ਨ੍ਰਿਸਿੰਹ ਆਪਣੀ ਅਯਾਲ ਨਾਲ ਬੱਦਲਾਂ ਨੂੰ ਤ੍ਰਾਸ ਦਿੰਦਾ ਹੈ.

੮। ੮. ਟਾਕੀ. ਟੱਲੀ. ਲੀਰ. ਤਰਾਸ਼. "ਚਾਰ ਤਰਕ ਕੀ ਕੁਲਹ ਬਨਾਈ." (ਨਾਪ੍ਰ) ਤਰਕ ਵਿੱਚ ਸ਼ਲੇਸ ਹੈ. ਟਾਕੀ ਅਤੇ ਤਯਾਗ.

੧. । ੪. ਵਿ- ਤਰਕ ਕਰਨ ਵਾਲਾ. ਤਾਰਿਕ. "ਇਰਖਾ ਪਰੁਖਾ ਡਰ ਆਮਰਖਾ। ਮਨ ਸ਼ਾਂਤ ਸਦਾ ਇਨ ਤੇ ਤਰਖਾ." (ਨਾਪ੍ਰ) ਈਰਖਾ, ਰੁੱਖਾ ਬੋਲਣਾ, ਛਲ ਅਤੇ ਕ੍ਰੋਧ ਇਨ੍ਹਾਂ ਤੋਂ ਤਾਰਿਕ ਹੋਕੇ ਮਨ ਸ਼ਾਂਤ ਹੋ ਗਿਆ ਹੈ.

੨. "ਕਿਮ ਤਮ ਤੋਮ ਤਰਣਿ ਕੇ ਪਾਸੇ?" (ਗੁਪ੍ਰਸੂ)

੩. । ੩. ਸੂਰਯ, ਦੇਖੋ, ਤਰੁਣ ੩. "ਜਮ ਤਮ ਸਮ ਤਿਹ ਤਰਨ ਸੇ." (ਨਾਪ੍ਰ)

੪. ਅਤੇ ਸੰਮਤ ੧੯੮੧ ਵਿੱਚ ਹਰਿ ਮੰਦਿਰ ਦੀ ਇਮਾਰਤ ਨਵੇਂ ਸਿਰੇ ਤਿਆਰ ਕਰਵਾਈ.

੫. ਸੰਮਤ ੧੯੪੧ ਵਿੱਚ ਜੀਂਦ ਪਤੀ ਰਾਜਾ ਰਘੁਬੀਰ ਸਿੰਘ ਸਾਹਿਬ ਨੇ ਸਰੋਵਰ ਲਈ ਰਸੂਲ ਪੁਰ ਘਰਾਟਾਂ ਵਾਲੀ ਨਹਰ ਤੋਂ ਹੰਸਲੀ ਤਿਆਰ ਕਰਵਾਈ, ਜਿਸ ਨੂੰ ਸੰਤ ਸ਼ਜਾਮ ਸਿੰਘ ਜੀ ਅਤੇ ਸੰਤ ਗੁਰਮੁਖ ਸਿੰਘ ਜੀ ਨੇ ਸੰਗਤਾਂ ਨੂੰ ਪ੍ਰੇਰ ਕੇ ਸੀਮੈਂਟ ਨਾਲ ਪੱਕੀ ਅਤੇ ਛੱਤਵੀਂ ਸੰਮਤ ੧੯੮੫- ੮੬ ਵਿੱਚ ਬਣਵਾਇਆ.

੬. ਪੌੜੀਆਂ ੨੦. ਹਨ.

੭. ਸਨ ੧੮੫੮ ਵਿੱਚ ਡਿਪਟੀ ਕਮਿਸ਼ਨਰ ਕਪੂਰ ਨੇ ਆਪਣੇ ਪ੍ਰਬੰਧ ਅੰਦਰ ਲੈ ਆਂਦਾ.

੮. ੨੬ ਜਨਵਰੀ ਸਨ ੧੯੨੧ ਤੋਂ ਗੁਰਦ੍ਵਾਰੇ ਦਾ ਪ੍ਰਬੰਧ ਸ਼ਿਰੋਮਨੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਦੇ ਹੱਥ ਹੈ। (ਦੇਖੋ, ਗੁਰਦੁਆਰਾ ੩) ਸੰਨ ੧੯੬੫ ਦੇ ਸਰਕਾਰੀ ਕਾਗ਼ਜ਼ਾਂ ਵਿੱਚ ਤਰਨਤਾਰਨ ਸਾਹਿਬ ਬਾਬਤ ਇਹ ਇਬਾਰਤ ਦਰਜ ਹੈ-

"ਅਰਸਾ ੨੭੫ ਸਾਲ ਦਾ ਗੁਜ਼ਰਾ ਹੈ ਕਿ ਗੁਰੂ ਅਰਜਨ ਦੇਵ ਸਾਹਿਬ ਸ਼੍ਰੀ ਅੰਮ੍ਰਿਤਸਰ ਸੇ ਇਸ ਜਗਾ ਆਏ ਔਰ ਯਹ ਜਗਾ ਬਤੌਰ ਜੰਗਲ ਵੈਰਾਨ ਪੜੀ ਹੁਈ ਥੀ। ਗੁਰੂ ਸਾਹਿਬ ਵਹਾਂ ਏਕ ਮਕਾਨ ਫ਼ਕੀਰਾਨਾ ਬਨਾ ਕਰ ਗੁਜ਼ਾਰਾ ਕਰਤੇ ਰਹੇ ਔਰ ਅਕ਼ਵਾਮ ਮੁਖ਼ਤਲਿਫ਼ ਕਸਰਤ ਸੇ ਉਨ ਕੇ ਸੇਵਕ ਹੋ ਗਏ। ਔਰ ਉਸ ਵਕਤ ਗੁਰੂ ਸਾਹਿਬ ਨੇ ਤਖ਼ਮੀਨੈਨ ਏਕ ਹਜ਼ਾਰ ਆਠ ਸੌ ਵਿਘਾ ਅਰਾਜ਼ੀ ਮਸੱਮੀ ਖ਼ਾਨਾ ਰਾਜਪੂਤ ਸਾਕਨ ਪਲਾਸੌਰ ਵਨੀਸ ਦੀਗਰ ਦੇਹਾਤ ਗਰਦੋ ਨਵਾਬ ਬ ਤਫ਼ਸ਼ੀਲ ਜ਼ੈਲ ਪੱਟੀ ਪਲਾਸੌਰ ਥੇਹ ਬ੍ਰਾਹਮਣਾ ਵਾਲਾ ਸੇ ਖ਼ਰੀਦ ਕਰੀ। ਸਿਰਫ਼ ਖ਼ਾਨਾ ਰਾਜਪੂਤ ਮੁਸਲਮਾਨ ਨੇ ਤਖ਼ਮੀਨਨ ਪਾਂਚ ਸੌ ਰੁਪਏ ਕੋ ਦੀ ਔਰ ਕੌਮ ਹਿੰਦੂ ਨੇ ਬਤੌਰ ਹਿੱਬਾ ਬਿਲਾ ਲੇਨੇ ਕੀਮਤ ਦੇਕੇ ਦੀ। ਗੁਰੂ ਸਾਹਿਬ ਨੇ ਆਬਾਦ ਕਰਨਾ ਸ਼ਹਿਰ ਵ ਗੁਰਦਵਾਰਾ ਵ ਤਾਲਾਬ ਬਨਾਨਾ ਸ਼ੁਰੂ ਕੀਆ ਔਰ ਚਾਹਾਤ ਆਪਣੀ ਲਾਗਤ ਸੇ ਤਿਆਰ ਕਰਵਾਏ। ਔਰ ਵਹਾਂ ਏਕ ਛੰਭ ਜਿਸ ਮੇਂ ਪਾਨੀ ਰਹਿਤਾ ਥਾ ਔਰ ਜੋ ਸ਼ਖ਼ਸ ਬੀਮਾਰ ਮਜੁਜ਼ਮ ਕੀ ਤਰਹ ਆਤਾ ਥਾ ਵੁਹ ਬੀਮਾਰੀ ਸੇ ਆਰਾਮ ਪਾਤਾ ਥਾ। ਉਸ ਵਕਤ ਸੇ ਗੁਰੂ ਕੇ ਨਾਮ ਪਰ ਤਰਨਤਾਰਨ ਮਸ਼ਹੂਰ ਕੀਆ ਗਿਆ, ਜਬ ਸੇ ਬਰਾਬਰ ਆਬਾਦ ਹੈ."

੯. "ਪਸਚਿਮ ਦਿਸਾ ਤਰਨਿ ਬਹੁ ਜਾਵਾ." (ਨਾਪ੍ਰ)

ਤਰਾਫ: ਅਤ਼ਰਾਫ ਦਾ ਰੂਪਾਂਤਰ. ਦੇਖੋ, ਅਤ਼ਰਾਫ਼.

ਤਰੀਨ: ਫ਼ਾ- ਪ੍ਰਤ੍ਯ. ਇਹ ਸੰਸਕ੍ਰਿਤ ਤਮ ਦੀ ਥਾਂ ਆਉਂਦਾ ਹੈ. ਦੇਖੋ, ਤਮ ੮.

ਤਰੁ ਅਰਜਨ: ਅਰਜੁਨ (ਇੰਦ੍ਰ) ਦਾ ਤਰੁ (ਵਿਰਛ). ਕਲਪ ਵ੍ਰਿਕ੍ਸ਼. "ਜਹਾਂ ਤਹਾਂ ਜਾਨਿਯਤ ਮਾਨੋ ਤਰੁ ਅਰਜਨ." (ਗੁਪ੍ਰਸੂ)

੪. । ੩. ਵਿ- ਘਾਉ (ਫੱਟ) ਕਰਨ ਵਾਲੀ. ਦੇਖੋ, ਤਰੰਗ ੬. "ਕ੍ਰਿਪਾਨੈਂ ਲਈ ਐਂਚ ਮਜਾਨੈਂ ਤਰੰਗੀ." (ਗੁਪ੍ਰਸੂ)

੧. "ਜੇ ਰਾਖਸ ਤਲ ਲੇਵਹਿ ਧਾਏ." (ਨਾਪ੍ਰ)

੨. ਤਲਪ ਕੀਟ: ਮਾਂਗਣੂ. ਖਟਮਲ. ਕਟੂਆ.

੩. ਤਲਵਾਰ ਕੀ ਧਾਰ: ਦੇਖੋ, ਖੰਡੇਧਾਰ. "ਯਹ ਪੇਮ ਕੋ ਪੰਥ ਕਰਾਰ ਹੈ ਰੇ ! ਤਲਵਾਰ ਕੀ ਧਾਰ ਪੈ ਧਾਵਨੋ ਹੈ." (ਬੰਧ ਕਵਿ)

੪. ਪਗ਼ੰਬਰ ਮੂਸਾ ਨੇ ਭੀ ਇਸਤ੍ਰੀ ਦਾ ਤਜਾਗ ਲਿਖਿਆ ਹੈ. ਦੇਖੋ, ਬਾਈਬਲ Deut, xxiv. I ਹਜ਼ਰਤ ਈਸਾ ਨੇ ਵਿਭਚਾਰਨ ਇਸਤ੍ਰੀ ਦਾ ਤਜਾਗ ਕਰਨਾ ਵਿਧਾਨ ਕੀਤਾ ਹੈ. ਦੇਖੋ, Matt. v. ੩੧- ੩੨. ਸਿੱਖ ਧਰਮ ਵਿੱਚ ਉਸ ਪਤੀ ਨੂੰ ਵਿਭਚਾਰਨੀ ਦਾ ਤਜਾਗ ਲਿਖਿਆ ਹੈ ਜੋ ਆਪ ਵਿਭਚਾਰੀ ਨਹੀਂ, ਯਥਾ. "ਪਰ ਕੀ ਰਮਤੀ ਨਾਰੀ ਛੋਰ। ਜੋ ਅਪਨੀ ਇੰਦ੍ਰੀ ਹੈ ਠੌਰ."(ਰਤਨ ਮਾਲ)

੫. "ਤਵ ਪ੍ਰਸਾਦਿ ਕਥਤਾ": ਦਸ਼ਮ ਗ੍ਰੰਥ ਵਿੱਚ ਇਹ ਪਾਠ ਕਈ ਛੰਦੀ ਦੇ ਮੁੱਢ ਲਿਖਿਆ ਹੈ, ਜਿਸ ਦਾ ਭਾਵ ਹੈ ਕਿ ਹੇ ਅਕਾਲ ! ਤੇਰੀ ਕ੍ਰਿਪਾ ਨਾਲ ਕਵਿ ਕਥਨ ਕਰਦਾ ਹੈ.

੬. ਤਵਾਚੀ: ਤੁ. ਜਰਨੈਲ ਦਾ ਮੁਨਸ਼ੀ। ੨. ਜਰਨੈਲ ਦਾ ਨਾਯਬ.

੧. ਉਸ (ਬ੍ਰਹਮਾ) ਨੇ ਕੰਨਾਂ ਦੀ ਮੈਲ ਤੋਂ ਦੋ ਦੈਤ ਰਚੇ।

੨. ਦੌਲਤੇ ਅਜ਼ ਮਾਹ ਤਾ ਮਾਹੀ ਤੁਰਾਸਤ." (ਜ਼ਿੰਦਗੀ)

੩. "ਤਾਇਆ ਚਾਚਾ ਜਾਣੀਐ, ਤਾਈ ਚਾਚੀ ਮਾਇਆ ਮੱਤਾ." (ਭਾਗੁ)

੪. ਤਾਕਾ: ਤੱਕਿਆ. ਦੇਖੋ, ਤੱਕਣਾ। ੨. ਤਾਂ ਕਾ. ਤਿਸ ਦਾ. "ਜਨਮ ਮਰਨ ਤਾਕਾ ਦੂਖ ਨਿਵਾਰੈ." (ਸੁਖਮਨੀ)

੫. "ਪੱਖੇ ਦੀ ਤਾਗੀਦ ਪਗ ਮਲਿ ਧੋਵਣਾ." (ਭਾਗੁ)

੫੮੪- ੧. ਤਾਤਾਰ ਖ਼ਾਨ: ਦੌਲਤ ਖ਼ਾਨ ਲੋਦੀ ਦਾ ਪਿਤਾ, ਜੋ ਸਰਹਿੰਦ ਦੇ ਇਲਾਕੇ ਦਾ ਹਾਕਿਮ ਸੀ. ਦੇਖੋ, ਦੌਲਤ ਖ਼ਾਨ.

੨. "ਕਹਿ ਬਿਨਤੀ, ਬਖਸ਼ਹੁ ਜਨ ਤਾਤੁਲ." (ਗੁਪ੍ਰਸੂ)

੩. ੭ ਤਾਣ. ਬਲ. ਦੇਖੋ, ਤਾਨਿ.

੧. ਪੁਰਾਣੀ ਇਮਲੀ ਸੁੱਕ ਗਈ ਹੈ. ਹੁਣ ਲੋਕ ਕਬਰ ਪਾਸ ਦੇ ਨਿੰਮ ਦੇ ਪੱਤੇ ਚਬਦੇ ਹਨ.

੨. "ਉਠਹਿ ਤਾਨ ਕਲੋਲ." (ਰਾਗ ਮਾਲਾ)

੩. ਤਾਨਿ: ਤਾਣ ਕੇ. ਖਿੱਚਕੇ. ਫੈਲਾ ਕੇ. "ਸਮੂਹ ਬਾਨ ਤਾਨਿ ਤਾਨਿ ਤਾਨਤੇ ਪ੍ਰਹਾਰਤੇ." (ਗੁਪ੍ਰਸੂ) ਖਿੱਚ ਖਿੱਚ ਕੇ ਬਲ ਨਾਲ ਮਾਰਦੇ ਹਨ.

੪. ਕਸ਼ਮੀਰ ਵਿੱਚ ਬਹੁਤ ਬਾਰੀਕ ਪਸ਼ਮ ਦੀ ਤਾਰਾਂ ਦਾ ਬੁਣਿਆ ਵਸਤ੍ਰ ਤਾਫ਼ਤਾ ਸੱਦੀਦਾ ਹੈ ਜੋ ਚਾਰ ਤਾਰ ਦਾ ਹੋਂਦਾ ਹੈ, ਦੋ ਤਾਰਾਂ ਤਾਣੇ ਅਤੇ ਦੋ ਪੇਟੇ ਵਿੱਚ. ਤ਼ਾਫ਼ਤਾ ਇਤਨਾ ਸੂਖਮ ਹੋਇਆ ਕਰਦਾ ਹੈ ਕਿ ਪੂਰੇ ਮਾਪ ਦੀ ਚਾਦਰ ਅੰਗੂਠੀ ਵਿੱਚ ਦੀ ਲੰਘ ਜਾਂਦੀ ਹੈ.

੫੮੬- ੧. ਤਾਂਬ੍ਰ: ਸੰ. ਤਾਮ੍ਰ. ਤਾਂਬਾ.

੨. ਉਦਾਹਰਣ- "ਸਰਨ ਗਹੀ ਗੁਰੂ ਕੀ ਸੁਖਦਾ" ×××

੩. । ੨. ਸੰਗਜਾ- ਇੱਕ ਪ੍ਰਕਾਰ ਦਾ ਰੇਸ਼ਮੀ ਵਸਤ੍ਰ.

੪. ਤਾਯਬ: ਅ. ਤੋਬਾ ਕਰਨ ਵਾਲਾ.

੫. "ਤਾਰਕ ਮੰਤ੍ਰ ਸਭਿਨ ਪਰ ਛਾਯਾ। ਵਾਹਗੁਰੂ ਮੁਖ ਜਾਪ ਜਪਾਯਾ."(ਗੁਪ੍ਰਸੂ)

੬. ਤਾਰ ਬਰਕੀ: ਦੇਖੋ, ਟੈਲਿਗ੍ਰਾਫ਼.

੭. "ਮੇਦਕ ਤਾਰੇ ਬਣ ਮਧੁਕਰ ਸੇ." (ਨਾਪ੍ਰ) ਅੱਖ ਦੇ ਕਾਲੇ ਤਾਰੇ ਭੌਰ ਜੇਹੇ।

੧. ਸਃ ਕਰਮ ਸਿੰਘ ਹਿਸਟੋਰੀਅਨ ਤਾਰਾ ਸਿੰਘ ਦਾ ਜਨਮ ੧੭੫੯ ਦੇ ਲਗਪਗ ਮੰਨਦਾ ਹੈ, ਸ਼ਹੀਦੀ ਮਾਘ ਵਦੀ ੪. ਸੰਮਤ ੧੭੮੯ ਲਿਖਦਾ ਹੈ.

੨. ਤਾਰਾ ਟੁੱਟਣਾ: ਦੇਖੋ, ਉਲਕਾ ੩.

੩. ਤਾਰੋ: ਤਾਲਾ. ਦੇਖੋ, ਤਾਰੀ ੩.

੪. । ੩. ਦੇਖੋ, ਤਾਉ ੪. "ਤਾਤਕਾਲ ਪਤ੍ਰੇ ਰਚ ਲੀਨੇ। ਏਕ ਤਾਵ ਕੇ ਚਾਰ ਸੁ ਕੀਨੇ." (ਗੁਵਿ ੬)

੧. ਭਾਵ- ਤਿੱਤਰ ਖੰਭੀ ਵਰਖਾ ਦੀ ਨਿਸ਼ਾਨੀ ਹੈ, ਪਾਧ ਜੋਤਸ਼ੀ ਨੂੰ ਪੁੱਛਣ ਦੀ ਲੋੜ ਨਹੀਂ.

੨. ਤਿੰਦਰੀ: ਤਿੰਨ ਦਰੀ. ਦੇਖੋ, ਤਿੰਦਰੀ। ੨. ਦੇਖੋ, ਤੰਦ੍ਰੀ.

੩. "ਤੋਰ ਤੋਰ ਤ੍ਰਿਣ ਡਾਰਤ ਪੀਠਾ।

ਕਹੈ ਕਿ ਲਗਹਿ ਕਾਹੂ ਡੀਠਾ." (ਨਾਪ੍ਰ)

੪. ਮੁੱਖ ਦੇਵਤਾ ਹਨ. ਬ੍ਰਹਮਾ ਜਗਤ ਰਚਦਾ ਹੈ, ਵਿਸ਼ਨੁ ਪਾਲਦਾ ਅਤੇ ਸ਼ਿਵ ਸੰਹਾਰ ਕਰਦਾ ਹੈ. ਵਾਸਤਵ ਵਿੱਚ ਇਹ ਤਿੰਨ ਗੁਣਾਂ ਦਾ ਹੀ ਪੌਰਾਣਿਕਾਂ ਨੇ ਸਰੂਪ ਕਲਪ ਲਿਆ ਹੈ.

੫. ਤਿੰਨ ਪ੍ਰਕਾਰ ਦੇ ਵਾਕ: ੧. ਰੌਚਕ. ਰੁਚਿਕਰ. ਜਿਵੇਂ- ਸ਼ੁਭ ਕਰਮਾਂ ਤੋਂ ਦੇਵ- ਲੋਕ ਦੀ ਪ੍ਰਾਪਤੀ ਹੋਂਦੀ ਹੈ. ਜੋ ਪਦਾਰਥ ਇਸ ਲੋਕ ਵਿੱਚ ਮਿਲਨੇ ਦੁਰਲਭ ਹਨ, ਉਹ ਹਾਸਿਲ ਹੋਂਦੇ ਹਨ.

੨. ਭਯਾਨਕ- ਸ਼ੁਭ ਕਰਮਾਂ ਦਾ ਤਜਾਗੀ ਨਰਕਾਂ ਵਿਚ ਦੁੱਖ ਭੋਗਦਾ ਹੈ. ਯਮਦੂਤਾਂ ਦੀ ਤਾੜਨਾ ਸਹਾਰਦਾ ਹੈ.

੩. ਯਥਾਰਥ- ਸ਼ੁਭ ਕਰਮ ਕਰਨ ਤੋਂ ਸ਼ਰੀਰ ਅਰੋਗ, ਮਨ ਪ੍ਰਸੰਨ ਰਹਿੰਦਾ ਹੈ. ਜੀਵਨ ਸੁਖ ਨਾਲ ਵਿਤੀਤ ਹੋਂਦਾ ਹੈ.

੬. ਤਿੰਨ ਵਿੱਚ ਨਾ ਤੇਰਾਂ ਵਿੱਚ: ਦੇਖੋ, ਤੀਨ ਮੇ ਨਾ ਤੇਰਹ ਮੇ.

੭. ਤਿਨਿ ਚੇਲੇ: ਤਿੰਨ ਗੁਣ। ੨. ਤਿੰਨ ਦੇਵਤੇ. ਦੇਖੋ, ਲਾਏ ੪.

ਤਿਨਿ ਵਸਤੂ: ਦੇਖੋ, ਤਿਨਿ ੪. ਅਤੇ ਥਾਲ ੨.

੫੯੧- ੧. ਤਿਭਕਣਾ: ਕ੍ਰਿ. ਡਰ ਨਾਲ ਅਚਾਨਕ ਕੰਬਣਾ. ਤ੍ਰਿਭਕਣਾ. ਤ੍ਰਹਕਣਾ.

੨. । ੩. ਅਗਯਾਨ ਵਿਨਾਸ਼ਕ ਸਤਿਗੁਰੂ.

੩. । ੨. ਅੱਖਾਂ ਦਾ ਤਿਮਿਰ ਰੋਗ ਦੂਰ ਕਰਨ ਵਾਲਾ ਅੰਜਨ.

੪. ਪਿਤ੍ਰਿ ਤਰਪਣ: ਸਨੇਹ ਫਲ. ਅ਼. ਸਿਮ ਸਿਮ. ਦੇਖੋ, ਤਿਲਾਂਜਲੀ. ਤਿਲ ਦੀ ਤਾਸੀਰ ਗਰਮ ਤਰ ਹੈ।

੫. "ਪ੍ਰੀਤਮ ਕੀ ਪੁਤਰੀ ਮੇ ਤਨਿਕ ਤਾਰਿਕਾ ਸਜਾਮ, ਤਾਕੋ ਪ੍ਰਤਿਬਿੰਬ ਤਿਲ ਤਿਲਕ ਤ੍ਰਿਲੋਕ ਕੋ." (ਭਾਗੁਕ)

੬. ਤਿਲ ਪ੍ਰਸੂਨ: ਤਿਲਾ ਦਾ ਫੁੱਲ. ਇਸ ਦੀ ਉਪਮਾ ਨੱਕ ਨੂੰ ਦਿੱਤੀ ਜਾਂਦੀ ਹੈ.

੧. ਇਸ ਹੁਕਮਨਾਮੇ ਦੇ ਸਿਰ ਤੇ ਦਸ਼ਮੇਸ਼ ਦੇ ਸ਼ਿਕਸਾ ਗੁਰਮੁਖੀ ਵਿੱਚ ਦਸੂਖ਼ਤ ਹਨ. ਦੇਖੋ, ਗੁਰਮੁਖੀ ਸ਼ਬਦ ਵਿੱਚ ਦਿੱਤੀਆਂ ਗੁਰਮੁਖੀ ਦੀਆਂ ਸ਼ਕਲਾਂ.

੨. ੩ ਸੇਖੇ ਪਿੰਡ ਦਾ ਵਸਨੀਕ ਜਵੰਧਾ, ਜੋ ਵੈਰਾਗੀ ਸਾਧੁ ਦਾ ਚੇਲਾ ਸੀ. ਜਦ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਸੇਖੇ ਆਏ ਤਾਂ ਇਸ ਨੇ ਪ੍ਰੇਮ- ਭਾਵ ਨਾਲ ਸੇਵਾ ਨਹੀਂ ਕੀਤੀ।

੩. ਗੁਰਦ੍ਵਾਰਾ ਬਾਲਾ ਸਾਹਿਬ ਤੋਂ ਅੱਧ ਕੁ ਮੀਲ ਪਰੇ ਇੱਕ ਪਿੰਡ.

"ਜਿਸ ਥਲ ਕੋ ਤਿਲੋਖਰੀ ਨਾਮ।

ਨਿਕਟ ਵਸੈ ਜਮੁਨਾ ਅਭਿਰਾਮ." (ਗੁਪ੍ਰਸੂ)

੪. "ਕਿਨਹੁ ਤਿਲੋਨਾ ਅਰੁਨ ਸਰੀਰ।

ਜੂਝਨ ਜੰਗ ਧਰੇ ਤਨੁ ਚੀਰ." (ਗੁਪ੍ਰਸੂ)

੫. "ਪੰਡਿਤ ਹੁਤੇ ਤਿਵਾਰੀ ਸਾਰੇ." (ਗੁਪ੍ਰਸੂ)

੬. ਤੀਜੇ ਵਿਚ. ਤੀਜੇ ਤੋਂ. ਦੇਖੋ, ਦੂਆ ਤੀਆ.

੭. ਤੀਸਰਾ ਮਜਬ: ਦੇਖੋ, ਤੀਆ ੨. ਅਤੇ ਤੀਜਾ ਦੀਨ.

੮. ਤੀਨ ਦ੍ਰਿਗ: ਸ਼ਿਵ. ਦੇਖੋ, ਤ੍ਰਿਨਯਨ.

ਤੀਨ ਪ੍ਰਛੇਦੀ: "ਬੇਦ ਕਹੈ ਨਹਿ ਤੀਨ ਪ੍ਰਛੇਦੀ." (ਗੁਪ੍ਰਸੂ) ਗੁਰੂ ਨਾਨਕ ਨੂੰ ਦੇਸ਼ਕਾਲ ਅਤੇ ਵਸਤੁ ਪ੍ਰਛੇਦ (ਵੰਡ) ਨਹੀਂ ਸਕਦੇ। ੨. ਜਿਸ ਵਿੱਚ ਸਜਾਤਿ ਵਿਜਾਤਿ ਅਤੇ ਸ੍ਵਗਤ ਸੁਦ ਨਹੀਂ.

੯. ਤੀਨ ਮੇ ਨਾ ਤੇਰਹ ਮੇ: "ਕੰਭਕਾਨ ਨਾਮ ਕਹਾਂ ਪੈਯੇ ਮੇਤੇ ਜਾਨ ਰਾਮ ! ਏ ਜੁ ਤੁਮ ਮਾਰੇ ਹੈਂ ਨ ਤੇਰਹ ਮੇ ਨ ਤੀਨ ਮੇ." (ਹਨੂ)

੧. ੪ ਸੰਗਜਾ- ਨੇੜਾ. ਸਮੀਪਤਾ. "ਸ਼੍ਰੀ ਕਲਗੀਧਰ, ਰਾਵਰੇ ਅਚਰਜ ਚਰਿਤ੍ਰ ਗੰਭੀਰ। ਸ਼ਤ੍ਰ ਮਿਤ੍ਰ ਕੋ ਪਰਖ ਕੇ ਬਖ਼ਸ਼ਤ ਹੋ ਨਿਜ਼ ਤੀਰ." (ਭਾਈ ਸੰਤੋਖ ਸਿੰਘ, ਵਾਲਮੀਕਿ ਰਾਮਾਯਣ, ਆਰਣ੍ਯ ਕਾਂਡ) ਸ਼ਤ੍ਰੁ ਨੂੰ ਵਾਣ ਅਤੇ ਮਿਤ੍ਰ ਨੂੰ ਸਮੀਪਤਾ।

੨. ਤੀਰਹ ਦਿਲ: ਦੇਖੋ, ਤੀਰਾ ਦਿਲ.

੩. ਤੀਰ ਗੜ੍ਹ: ਦੇਖੋ, ਭੰਗਾਣੀ.

ਤੀਰ ਚੁਗਣਾ: ਇਕ ਅਸਤ੍ਰ. ਜਿਸ ਨਾਲ ਘੋੜੇ ਤੇ ਚੜ੍ਹਿਆ ਯੋਧਾ ਜੰਗ ਵਿੱਚ ਵਿਖਰੇ ਤੀਰਾਂ ਨੂੰ ਚੁਣ ਲੈਂਦਾ ਸੀ. ਦੇਖੋ, ਸ਼ਸਤ੍ਰ ੨੯.

੪. ਅਨੇਕ ਜੈਨ ਗ੍ਰੰਥਾਂ ਵਿੱਚ ਸਨ ੧੯੩੦ ਈਸਵੀ ਦੇ ਮੁਕਾਬਲੇ, ਮਹਾਂਵੀਰ ਦੇ ਦੇਹਾਂਤ ਦਾ ਸੰਮਤ ੨੪੫੬ ਦਿੱਤਾ ਹੈ. ਇਸ ਹਿਸਾਬ ਈਸਵੀ ਸਨ ਦੇ ਆਰੰਭ ਤੋਂ ੫੨੬ ਵਰ੍ਹੇ ਪਹਿਲਾਂ ਮਹਾਂਵੀਰ ਦਾ ਦੇਹਾਂਤ ਸਿੱਧ ਹੁੰਦਾ ਹੈ.

੫. ਤੀਰ ਦਾ ਲੇਖ, ਤੀਰ ਦੀ ਲਿਖਤ: ਬਹੁਤ ਲੋਕ ਆਖਦੇ ਸੁਣੀਦੇ ਹਨ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੀਰ ਦੀ ਮੁਖੀ ਨਾਲ ਦਸੂਖਤ ਕਰਦੇ ਸਨ, ਪਰ ਅਸਲ ਗੱਲ ਇਹ ਹੈ ਕਿ ਜੋ ਤੀਰ ਨਿਸ਼ਾਨੇ ਤੇ ਮਾਰਨ ਸਮੇਂ ਟੁੱਟ ਜਾਂਦੇ, ਉਨ੍ਹਾਂ ਦੀ ਕਾਨੀ ਦੀ ਦਸ਼ਮੇਸ਼ ਕਲਮ ਬਣਾ ਲੈਂਦੇ ਸਨ. ਕਲਮ ਦੀ ਬਾਗੜ ਅਤੇ ਖੰਭ ਦੇਖਕੇ ਲੋਕਾਂ ਨੇ ਚਰਚਾ ਫੈਲਾ ਦਿੱਤੀ ਕਿ ਗੁਰੂ ਸਾਹਿਬ ਤੀਰ ਨਾਲ ਲਿਖਦੇ ਹਨ.

੫੯੬- ੧. ਤੁਪਚੀ, ਤੁਪਦਾਰ: ਤੋਪਚੀ ਤੋਪ ਬਰਦਾਰ ਦਾ ਰੂਪਾਂਤਰ. "ਤੁਪਚੀ ਰਹਜੋ ਨ ਕੋਈ." (ਗੁਪ੍ਰਸੂ)

"ਤੁਪਦਾਰ ਤਬੈ ਸੁ ਬੁਲਾਇ ਲਏ." (ਗੁਵਿ ੧੦)

ਤੁੱਪਾ: ਤੋਪਾ. ਬਖ਼ੀਆ. ਦੇਖੋ, ਮੇਹਰ ਕੁਲੀ.

੨. ਆਪ. ਤੁਸੀਂ. "ਮਾਧਵੇ ! ਤੁਮ ਨ ਤੋਰਹੁ, ਤਉ ਹਮ ਨਹੀਂ ਤੋਰਹਿ." (ਸੋਰ ਰਵਿਦਾਸ) ਆਪ ਬੇਸ਼ੱਕ ਤੋੜ ਲਓ, ਪਰ ਅਸੀਂ ਆਪ ਨਾਲੋਂ ਤਉ (ਤਊ) ਪ੍ਰੀਤਿ ਨਹੀਂ ਤੋੜਦੇ. ਦੇਖੋ, ਤਉ ੮.

੩. ਤੁਮਾਨ: ਤੁ. ਪਰਗਨਾ. ਪ੍ਰਾਂਤ. Province.

੪. ਮੁਗਲ ਰਾਜ ਵੇਲੇ ਦਿੱਲੀ ਦੇ ਜਿਸ ਦਰਵਾਜ਼ੇ ਪਾਸ ਤੁਰਕ ਸਿਪਾਹੀਆਂ ਦੀ ਛਾਵਨੀ ਸੀ, ਉਸ ਦਾ ਨਾਉਂ "ਤੁਰਕਮਾਨ ਦਰਵਾਜ਼ਾ" ਪੈ ਗਿਆ ਹੈ.

੫. ਤੁਰਕੇਸੁਰ, ਤੁਰਕੇਸ਼੍ਵਰ: ਤੁਰਕ- ਈਸ਼੍ਵਰ. ਤੁਰਕਪਤਿ. ਭਾਵ- ਮੁਸਲਮਾਨਾਂ ਦਾ ਬਾਦਸ਼ਾਹ। ੨. ਔਰੰਗਜ਼ੇਬ.

੬. ਅਜਬ. ਅਦਭੁਤ. "ਦਿਲੇ ਦੀਵਾਨੇ

ਮਾ ਤੁਰਫ਼ਾ ਬਹਾਰੇ ਦਾਰਦ."(ਦੀਵਾਨ ਗੋਯਾ)

੭. ਕ੍ਰਿ. ਵਿ. ਛੇਤੀ. ਫੌਰਨ. "ਕੈ ਕੈ ਤੁਰਾ ਸਿਰ ਸ਼ਤ੍ਰੁ ਕੋ ਕੱਟਾ." (ਕ੍ਰਿਸ਼ਨਾਵ)

੫੯੮- ੧. ਤੁਰੂ. ਤੂਰਿਤ ਹੀ. ਫ਼ੌਰਨ. "ਕਾਲ ਕੋ ਕਾਲ ਕਰੈ ਜੁ ਤੁਰੂ." (ਨਾਪ੍ਰ)

੨. ਨਰਹਰਿ ਦਾਸ ਦੇ ਸਿੱਖ ਹੋ ਕੇ ਵਿਦਜਾ ਪ੍ਰਾਪਤ ਕੀਤੀ.

੫੯੯- ੧. ਤੁੜਾਉਣਾ: ਦੇਖੋ, ਤੁਰਾਨਾ ੧. ਅਤੇ ਤੋੜਨਾ.

੨. । ੯. ਤੁ. ਰੱਸੇ ਜਾਂ ਜ਼ੰਜੀਰ ਨਾਲ ਬੱਧੇ ਕਾਠ ਦੇ ਟੁਕੜੇ, ਜੋ ਕਿਲੇ ਜਾਂ ਔਖੇ ਥਾਂ ਚੜ੍ਹਨ ਲਈ ਪੌੜੀ ਦਾ ਕੰਮ ਦਿੰਦੇ ਹਨ। ੧੦. ਧਾਤੁ ਦੀ ਢਾਲ (ਸਿਪਰ) ਜੋ ਵੈਰੀ ਦੇ ਸ਼ਸਤ੍ਰ ਰੋਕਣ ਲਈ ਵਰਤੀਦੀ ਹੈ.

੩. ਤੂਰਨਗਾਮੀ: ਤੇਜ਼ ਚਾਲ ਵਾਲਾ। ੨. ਸੰਗਜਾ- ਹਰਕਾਰਾ. ਚਿੱਠੀਰਸਾਂ। ੩. ਸਾਂਢਨੀ ਸਵਾਰ। ੪. ਵਰਤਮਾਨ ਸਮੇਂ ਅਨੁਸਾਰ ਹਵਾਈ ਜਹਾਜ਼.

੪. ਗੁਰੂ ਸਾਹਿਬ ਦੇ ਕ਼ਾਤਿਲ ਜੱਲਾਦ ਦਾ ਨਾਮ ਸੈਯਦ ਜਲਾਲੁੱਦੀਨ ਸਮਾਨਾ ਨਿਵਾਸੀ ਸੀ.

੧. ਇਹ ਸਨ ੧੮੧੧ ਵਿੱਚ ਨੌਕਰ ਹੋਇਆ. ਸਨ ੧੮੧੬ ਵਿੱਚ ਅੰਮ੍ਰਿਤ ਛਕ ਕੇ ਸਿੰਘ ਸਜਿਆ, ਜਿਸ ਪੁਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਫ਼ੌਜ ਦੇ ਇੱਕ ਡਿਵੀਜ਼ਨ ਦੀ ਕਮਾਣ ਦਿੱਤੀ. ਮਹਾਰਾਜਾ ਦੇ ਦੇਹਾਂਤ ਪਿੱਛੋਂ ਰਾਜ- ਰੌਲੇ ਵਿੱਚ ਇਸ ਨੇ ਬਹੁਤ ਹਿੱਸਾ ਲਿਆ ਅਤੇ

੨. ਦੇਖੋ, ਫ਼ਿਰੋਜ਼ਸ਼ਾਹ ਨੰਬਰ ੨. ਦੇ ਫੁੱਟ ਨੋਟ, ਜਿਨ੍ਹਾਂ ਤੋਂ ਇਨ੍ਹਾਂ ਦੀਆਂ ਕਰਤੂਤਾਂ ਪ੍ਰਗਟ ਹੋਂਦੀਆਂ ਹਨ.

੩. । ੩. ਤੇੜ. ਦਰਜ਼। ੪. ਲੱਕ ਅਤੇ ਗੋਡੇ ਦੇ ਵਿਚਕਾਰ ਦਾ ਭਾਗ. "ਤਹਮਦ ਦੀਨੋ ਤੇਰ ਨਵੀਨ." (ਗੁਪ੍ਰਸੂ)

੪. ਕਿਤੇ ਕਿਤੇ- "ਤੇਰੇ ਜੋਰ ਸੋਂ ਗੁੰਗਾ ਕਥਤਾ." ਪਾਠ ਭੀ ਹੋਇਆ ਕਰਦਾ ਹੈ.

੫. ਤੇਰਾਂ ਧਰਮ ਬ੍ਰਾਹਮਣ ਦੇ: ਦੇਖੋ, ਬ੍ਰਾਹਮਣ ਦੇ ਧਰਮ.

੧. ਇਸ ਦਾ ਉੱਚਾਰਣ ਤੁਸ਼ਕ ਭੀ ਹੈ। ੩. ਸੰ. ਤੋਸ਼ਕ. ਵਿ- ਖ਼ੁਸ਼ ਕਰਨ ਵਾਲਾ. ਸੰਤੁਸ਼੍ਟ ਕਰਤਾ.

੨. ਪੁਰਾਣੇ ਸਮੇਂ ਤੋਪਾਂ ਦੇ ਗੋਲੇ ਦੀ ਮਾਰ ਬਹੁਤ ਘੱਟ ਸੀ,[1235] ਹੁਣ ਬਹੁਤ ਦੂਰ ਮਾਰ ਦੀਆਂ ਤੋਪਾਂ ਬਣ ਗਈਆਂ ਹਨ. ਪਿਛਲੇ ਵੱਡੇ ਜੰਗ ਵਿੱਚ ਇੱਕ ਜਰਮਨ ਤੋਪ ਅਜੇਹੀ ਬਣੀ ਸੀ ਜਿਸ ਦਾ ਗੋਲਾ ੭੦- ੮੦ ਮੀਲ ਤੇ ਮਾਰ ਕਰਦਾ ਸੀ.

---

[1235] ਬਾਦਸ਼ਾਹ ਬਾਬਰ ਨੇ ਉਸਤਾਦ ਅਲੀ ਤੋਂ ਇਕ ਤੋਪ ਬਣਵਾਈ ਸੀ ਜਿਸ ਦੀ ਪਰੀਖ੍ਯਾ ੧੦. ਫਰਵਰੀ ਸੰਨ ੧੫੨੭ ਨੂੰ ਕੀਤੀ ਗਈ. ਇਸ ਦੇ ਗੋਲੇ ਦੀ ਮਾਰ ਇੱਕ ਹਜ਼ਾਰ ਛੀ ਸੌ ਕਦਮ ਸੀ. ਇਤਨੀ ਮਾਰ ਦੀ ਤੋਪ ਬਣਾਉਣ ਪੁਰ ਕਾਰੀਗਰ ਨੂੰ ਇਨਾਮ ਤੇ ਜਾਗੀਰ ਮਿਲੀ ਸੀ.

੬੦੩- ੧. ਤੋਲ ਬੋਲ ਦਾ ਪੂਰਾ: ਜੋ ਆਪਣਾ ਵਜ਼ਨ (ਸ੍ਵ- ਸਨਮਾਨ) ਰਖਦਾ ਹੈ ਅਤੇ ਸਤਜ ਪ੍ਰਤਿਗਜ ਹੈ. "ਧਨ ਧਰਨੀ ਧਰੁ ਆਪਿ ਅਜੋਨੀ ਤੋਲਿ ਬੋਲਿ ਸਚ ਪੂਰਾ." (ਦਖਣੀ ਓਅੰਕਾਰ)

੨. ਗੁਰਬਾਣੀ ਵਿੱਚ ਗੋਬਿੰਦ ਆਦਿ ਸ਼ਬਦਾਂ ਵਿੱਚ ਦੋ ਦੋ ਮਾਤ੍ਰਾਂ ਵੇਖੀਆਂ ਜਾਂਦੀਆਂ ਹਨ. ਇਕ ਮਾਤ੍ਰਾ ਅਰਥ ਪਾਠ ਦੀ ਅਤੇ ਦੂਜੀ ਸੰਗੀਤ ਧਾਰਣਾ ਦੀ ਹੋਇਆ ਕਰਦੀ ਹੈ.

੩. ਤੋੜਾ ਮੋੜਨਾ: ਕ੍ਰਿ- ਬੰਦੂਕ ਦੇ ਤੋੜੇ ਨੂੰ ਕੁੰਦੇ ਵੱਲੋਂ ਮੋੜ ਕੇ ਪਲੀਤੇ ਵੱਲ ਕਰਨਾ. "ਕਲਾ ਪੈ ਜੜੇ ਮੋੜ ਤੋੜੇ." (ਗੁਪ੍ਰਸੂ)

੪. ਤੌਰ ਭੌਰ: ਫਿਰਿਆ ਹੋਇਆ ਢੰਗ. ਬਦਲਿਆ ਹੋਇਆ ਸੁਭਾਉ ਅਤੇ ਤਰੀਕਾ.

੫. । ੨. ਕਰਤਾਲੀ (ਤਾੜੀ) ਨੂੰ ਭੀ ਪੰਜਾਬੀ ਵਿੱਚ ਤੌੜੀ ਬੋਲਦੇ ਹਨ.

੧. ਮੁੱਖ ਅਤੇ ਪ੍ਰਸਿੱਧ ੬੪ ਤੰਤ੍ਰ ਗ੍ਰੰਥ ਹਨ. ਤੰਤ੍ਰ- ਸ਼ਾਸਤ੍ਰ ਦਾ ਗਜਾਤਾ ਅਤੇ ਅਭਜਾਸੀ ਤਾਂਤ੍ਰਿਕ ਸੱਦੀਦਾ ਹੈ. ਕਈ ਭ੍ਰਮਗ੍ਰਸਿਤ ਸਿੱਖਾਂ ਨੇ ਤੰਤ੍ਰ ਸ਼ਾਸਤ੍ਰ ਦੀ ਨਕਲ ਕਰ ਕੇ ਸ਼੍ਰੁੱਧਾ ਪੂਰਕ ਆਦਿ ਪੁਸਤਕ ਲਿਖ ਕੇ ਗੁਰਮਤ ਵਿੱਚ ਮੰਤ੍ਰ- ਜੰਤ੍ਰ ਦੀ ਸ਼ਕਤਿ ਦੱਸੀ ਹੈ, ਜੋ ਗੁਰਬਾਣੀ ਵਿਰੁੱਧ ਹੈ.

੨. "ਜਿਉ ਕੁੰਚਰੁ ਤੰਦੂਐ ਪਕਰਿ ਚਲਾਇਓ." (ਨਟ ਅਃ ਮਃ ੪)

੩. Tambour । ੨. ਤੰਬੂਰੇ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ. "ਪ੍ਰਭੁ ਜੀ ! ਲੇਹੁ ਤੰਬੂਰ ਕੋ." (ਨਾਪ੍ਰ)

੪. ਤਿੰਨ ਤਾਰ ਪੱਕੇ ਫ਼ੌਲਾਦੀ ਅਤੇ ਚੌਥਾ ਪਿੱਤਲ ਦਾ. ਪਹਿਲੇ ਤਾਰ ਦਾ ਸੁਰ ਪੰਚਮ. ਦੂਜੇ ਤੀਜੇ ਤਾਰ ਦਾ ਸੁਰ ਸੜਜ ਅਤੇ ਚੌਥੇ ਪਿੱਤਲ ਦੇ ਤਾਰ ਦਾ ਸੁਰ ਪਹਿਲੀ ਸਪਤਕ ਦਾ ਗੰਭੀਰ ਸੜਜ. ਜੇ ਰਾਗ ਦਾ ਆਲਾਪ ਬਜਾਉਣ ਦਾ ਤੰਬੂਰਾ ਹੋਵੇ, ਤਦ ਮੱਧਮ ਦੀ ਤਰਾਂ ਪੰਜ ਤਾਰਾਂ ਹੁੰਦੀਆਂ ਹਨ. ਇਸ ਦਾ ਪਹਿਲਾ ਪੱਕੇ ਲੋਹੇ ਦਾ ਤਾਰ ਮੱਧਮ, ਦੋ ਪਿੱਤਲ ਦੇ ਸੜਜ, ਚੌਥਾ ਲੋਹੇ ਦਾ ਪੰਚਮ, ਪੰਜਵਾਂ ਪਿੱਤਲ ਦਾ ਤਾਰ, ਜਿਸ ਦਾ ਸੁਰ ਗੰਭੀਰ ਸੜਜ ਹੁੰਦਾ ਹੈ.

੫. ਤਿਭਕਣ ਦਾ ਭਾਵ. ਡਰ. ਧੜਕਾ. ਹੌਲ। ੨

੬. "ਡਰ ਕੈ ਹੱਥੋਂ ਦਾਨਵੀ, ਦਿਲ ਅੰਦਰਿ ਤ੍ਰਾਸ ਵਧਾਇਆ." (ਚੰਡੀ ੩)

੭. "ਪੂਰਕ ਕੁੰਭਕ ਰੇਚਕ ਤ੍ਰਾਟਕ ਧਾਇਆ." (ਭਾਗੁ ੨੨)

੮. । ੩. ਪੰਜਾਬੀ ਵਿੱਚ ਤਾਣ (ਬਲ) ਦੀ ਥਾਂ ਭੀ ਤ੍ਰਾਣ ਸ਼ਬਦ ਵਰਤਿਆ ਜਾਂਦਾ ਹੈ. ਜਿਵੇਂ- ਉਸ ਨ ਆਪਣਾ ਸਾਰਾ ਤ੍ਰਾਣ ਲਾਇਆ.

੧. । ੨. ਇਤਿਹਾਸ ਆਦਿ ਗ੍ਰੰਥਾਂ ਤੋਂ ਬੀਤਿਆ ਸਮਾਂ, ਵਰਤਮਾਨ ਸਮੇਂ ਦੀ ਚਾਲ ਢਾਲ ਤੋਂ ਜ਼ਮਾਨਾ ਹਾਲ ਅਤੇ ਆਪਣੇ ਤੱਜਰਬੇ ਤਥਾ ਵਿਦਜਾ ਬਲ ਦ੍ਵਾਰਾ ਆਉਣ ਵਾਲੇ ਸਮੇਂ ਅੰਦਰ ਹੋਣ ਵਾਲੀ ਘਟਨਾ ਨੂੰ ਜਾਣਨ ਵਾਲਾ ਨੀਤਿਵੇੱਤਾ.

੨. ਤ੍ਰਿਕਾਲਾਂ: ਦਿਨ ਦਾ ਤੀਜਾ ਪਹਰ. ਲੌਢਾ ਵੇਲਾ. ਦਿਨ ਦੇ ਤਿੰਨ ਬਜੇ ਤੋਂ ਛੇ ਬਜੇ ਤਕ ਦਾ ਵੇਲਾ। ੨. ਸਞ. ਸ਼ਜਾਮ. ਸਾਯੰਕਾਲ.

੩. ਅਤੇ ਮੁਹੰਮਦ ਸਾਹਿਬ ਨੂੰ ਹਿਰਾ ਪਹਾੜ ਦੀ ਕੰਦਰਾ ਵਿੱਚ ਖ਼ੁਦਾ ਵੱਲੋਂ ਪੈਗ਼ੰਬਰ ਹੋਣ ਦਾ ਪੈਗ਼ਾਮ ਦਿੱਤਾ ਸੀ.

੪. । ੩. ਤਿੰਨ ਲੋਕਾਂ ਵਿੱਚ ਹੈ ਗਤਿ (ਪਹੁਚ) ਜਿਸ ਦੀ ਅਤੇ ਤਿੰਨ ਲੋਕਾਂ ਅਰ ਤਿੰਨ ਕਾਲਾਂ ਦੇ ਜਾਣਨ ਵਾਲਾ.

੫. ਤ੍ਰਿਚਾਵਲੀ: ਦੇਖੋ, ਤਿਲ ਚਾਵਲੀ। ੨. ਤ੍ਰਿ (ਤਿੰਨ) ਚਾਵਲ (ਦਾਣੇ). ਤਿਲ ਚਾਉਣ ਅਤੇ ਖਸਖਸ.

੧. (ਅਃ ੧੨. ਸ਼ਃ ੧੦)

੨. ਤਿੰਨ ਪਿਟਾਰ। ੨. ਤ੍ਰਿਪਿਟਿਕਾ.

੩. ੨ ਛੋਟੀ ਇਲਾਯਚੀ। ੩. ਨਾਨਕ ਪ੍ਰਕਾਸ਼ ਵਿੱਚ ਤ੍ਰਿਪਦੀ (ਗਾਯਤ੍ਰੀ) ਦੀ ਥਾਂ ਇਹ ਸ਼ਬਦ ਲਿਖਾਰੀ ਦੀ ਭੁੱਲ ਨਾਲ ਹੋ ਗਿਆ ਹੈ, ਯਥਾ- "ਤ੍ਰਿਪੁਟੀ ਜਾਪ ਵਿਖੇ ਮਤਿ ਭੀਨੀ."

੪. ਤ੍ਰਿ (ਤ੍ਰਿਤੀਯ) ਬੇਨੀ (ਜਲ ਦਾ ਪ੍ਰਵਾਹ).

੬੦੯- ੧. ਤ੍ਰਿਵਰਣ: ਬ੍ਰਾਹਮਣ ਛਤ੍ਰੀ ਅਤੇ ਵੈਸ਼, ਜਿਨ੍ਹਾਂ ਦੀ ਦ੍ਵਿਜ ਸੰਗਯਾ ਹੈ.

੨. ਤ੍ਰੇਸ਼: ਕਾਸ਼. ਪਾਨੀ. ਜਲ.

੩. ਤਿੰਨ. ਤ੍ਰੀਣਿ. ਭਾਵ- ਤਿੰਨ ਵੇਦ. "ਬਿਨ ਗੁਰੁ ਮੁਕਤਿ ਨਹਿ ਹੋਤ ਦੇਤ। ਤੁਹਿ ਕਹੌਂ ਯਥਾਮਤਿ ਤ੍ਰੇਣ ਤੱਤ." (ਦੱਤਾਵ)

੪. ਇਸ ਸਮੇਂ ਅਮ੍ਰਿਤ ਛਕਾਉਣ ਵੇਲੇ ਪੰਜ ਮੁਦ੍ਰਾ ਦਾ ਉਪਦੇਸ਼ ਦਿੱਤਾ ਜਾਂਦਾ ਹੈ. ਭਾਵੇਂ ਦਸ਼ਮੇਸ਼ ਨੇ ਤੇ ਮੁਦ੍ਰਾ ਦਾ ਹੀ ਉਪਦੇਸ਼ ਦਿੱਤਾ ਹੈ ਅਤੇ ਇਸੇ ਲਈ ਪੁਰਾਣੀਆਂ ਪੁਸਤਕਾਂ ਵਿੱਚ ਭੀ ਤਿੰਨ ਚਿੰਨ੍ਹਾਂ ਦਾ ਹੀ ਲੇਖ ਹੈ, ਪਰ ਕੇਸ਼ ਧਾਰਨ ਵਾਲੇ ਨੂੰ ਕੰਘਾ ਜ਼ਰੂਰੀ ਹੈ ਅਤੇ ਸਰਬ ਲੋਹ ਦੇ ਕੜਿਆਂ ਦਾ ਪਹਿਰਨਾ ਇਤਿਹਾਸ ਤੋਂ ਪ੍ਰਗਟ ਹੈ, ਇਸ ਲਈ ਪੰਜ ਕੱਕੇ ਸਿੰਘਾਂ ਨੇ ਜੋ ਆਖਣੇ ਸ਼ੁਰੂ ਕਰ ਦਿੱਤੇ ਹਨ, ਇਹ ਗੁਰਮਤ ਵਿਰੁੱਧ ਨਹੀਂ.

੬੧੦- ੧. ਥਹਿ ਪਈ: ਮੰਨੀ. ਮੋਟੀ ਰੋਟੀ. "ਕੋ ਪਾਯਸ, ਕੋ ਕਹਿ ਥਹਿ ਪਈ। ਜਵ ਕੀ ਦੋੜ ਕਿਨਹੁ ਅਚ ਲਈ." (ਗੁਪ੍ਰਸੂ)

੨. ਸ਼ੇਰਾਂ ਦੇ ਝੁੰਡ ਨੱਠਦੇ ਹਨ, ਭਾਵ- ਜਿੱਥੇ ਪਹੁੰਚਣੋਂ ਅਸਮਰਥ ਹਨ.

੩. ਥਲ ਥੀਰ: ਸ੍ਥਿਰ ਹੋਣ ਦਾ ਥਾਂ. ਬੈਠਣ ਦਾ ਥਾਂ. ਥੜਾ "ਚਿਨਵਾਵਹੁ ਥਲ ਥੀਰ." (ਗੁਪ੍ਰਸੂ)

੪. ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਗੋਇੰਦ ਵਾਲੋਂ ਲਿਆ ਕੇ ਪੰਜਵੇਂ ਸਤਿਗੁਰਾਂ ਨੇ ਪਹਿਲਾਂ ਇੱਥੇ ਹੀ ਰੱਖੀਆਂ ਸਨ.

੬੧੨- ੧. ਥਿਯਤ: ਇਸਥਿਤ ਹੁੰਦਾ, ਹੁੰਦੀ. ਸ੍ਥਿਤਿ ਸਹਿਤ. "ਡਕਰਾਵਤ ਤ੍ਰਿਪਤੇ ਥਿਯਤ." (ਗੁਪ੍ਰਸੂ) ਕਿਸੇ ਅਞਾਣ ਲਿਖਾਰੀ ਨੇ ਇਹ ਪਾਠ ਬਿਯਤ ਲਿਖ ਦਿੱਤਾ ਹੈ.

੧. ਥਿਏਟਰ: Theatre. ਯੂ. Theatron. ਰੰਗਸ਼ਾਲਾ. ਤਮਾਸ਼ਾ ਦੇਖਣ ਦਾ ਥਾਂ. ਨਾਟਜਸ਼ਾਲਾ.

੨. ਕਿਤੇ ਕਿਤੇ ਪਾਠ ਬੀਂਧਾ ਭੀ ਦੇਖੀਦਾ ਹੈ ਜਿਸ ਦਾ ਅਰਥ ਹੈ ਬੱਧਾ ਹੋਇਆ, ਭਾਵ- ਪ੍ਰੇਮ ਬੰਧਨ ਵਿੱਚ ਪਿਆ

੩. ਥੋਹਰ ਦਾ ਦੁੱਧ ਅਤੇ ਗੁੱਦਾ ਅਨੇਕ ਦਵਾਈਆਂ ਵਿੱਚ ਵਰਤੀਦਾ ਹੈ. ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ. ਥੋਹਰ ਦੀ ਨਵੀਂ ਕੂਮਲਾਂ ਦਾ ਰਾਇਤਾ ਬਾਦੀ ਦੇ ਰੋਗ ਦੂਰ ਕਰਦਾ ਹੈ.

੪. ਥੋਕ ਵੇਚਣ ਵਾਲਾ ਥੋਕ ਫ਼ਰੋਸ਼ ਸਦਾਉਂਦਾ ਹੈ. ਇਸ ਦੇ ਵਿਰੁੱਧ ਥੋੜੀਆਂ ਥੋੜੀਆਂ ਚੀਜ਼ਾਂ ਵੱਖ ਵੱਖ ਵੇਚਨ ਵਾਲਾ ਖ਼ੁਰਦ ਫ਼ਰੋਸ਼ ਸੱਦੀਦਾ ਹੈ.

੫. ਥੰਭੋਰ, ਥੰਭੌਰ: ਦੇਖੋ, ਤਨਸਖ ਅਤੇ ਰਨਥੰਭੌਰ.

ਥੰਮ: ਸ੍ਤੰਭ. ਥਮਲਾ. ਸਤੂਨ. "ਤਪਤ ਥੰਮ ਗਲਿ ਲਾਇ." (ਮਾਰੂ ਮਃ ੫)

੬੧੪- ੧. ਦਸ ਅਉ ਚਤੁਰ ਦਸਾ ਵਪੁ ਧਰਕੈ: (ਗੁਪ੍ਰਸੂ) ਚੌਬੀਸ ਅਵਤਾਰਾਂ ਦਾ ਸਰੀਰ ਧਾਰਕੇ.

੨. ਦਸਇੰਦ੍ਰੀਆਂ: ਪੰਜ ਕਰਮ ਅਤੇ ਪੰਜ ਗਯਾਨੇਂਦ੍ਰਿਯ. ਦੇਖੋ, ਇੰਦ੍ਰਿਯ.

੩. ਬਾਰਾਂ ਸੰਸਕਾਰ ਭੀ ਸਿਮ੍ਰਿਤੀਆਂ ਵਿੱਚ ਲਿਖੇ ਹਨ. ਦੇਖੋ, ਸੰਸਕਾਰ ਸ਼ਬਦ ਦਾ ਫੁੱਟ ਨੋਟ.

੪. । ੬. ਮਰੁ ਭੂਮਿ ਜਲ ਰਹਿਤ ਜ਼ਮੀਨ। ੭. ਕਬਰਿਸਤਾਨ.

੧. ਹੱਥ ਮਿਲਾਉਣ ਦੀ ਕ੍ਰਿਯਾ. ਮੁਲਾਕਾਤ ਵੇਲੇ ਹੱਥ ਮੇਲਣਾ. "ਤਬ ਦਸਤ ਪੰਜਾ ਲੈਕਰ ਬਹਿ ਗਿਆ." (ਜਸਾ)

੨. ਦਸਤਾਰ ਪੇਚ: ਤੁਰਕ ਅਤੇ ਮੁਗ਼ਲ ਅਮੀਰਾਂ ਦਾ ਉਹ ਨਫ਼ਰ ਜੋ ਦਸਤਾਰ ਨੂੰ ਵੱਟ ਦੇ ਕੇ ਸਿਰ ਬੰਨ੍ਹਣ ਲਈ ਤਿਆਰ ਕਰ ਕੇ ਪੇਸ਼ ਕਰਦਾ ਸੀ.

ਦਸਤਾਰ ਬਦਲਨੀ: ਦਖੋ, ਪੱਗ ਵਟਾਉਣੀ.

੩. ਪੱਗ ਦੇਣ ਵਾਲੇ ਭਾਵ ਪ੍ਰਗਟ ਕਰਦੇ ਹਨ ਕਿ ਅਸੀਂ ਪਤ (ਇੱਜ਼ਤ) ਦੇ ਸਾਂਝੀ ਅਤੇ ਰੱਖਕ ਹਾਂ.

੪. ਦਿਮਾਗ਼. "ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੋਂ?" (ਭਾਗੁਕ)

੫. ਇਹ ਬੀੜ ਹੁਣ ਹਜ਼ੂਰ ਸਾਹਿਬ (ਅਬਿਚਲਨਗਰ) ਹੈ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਚੌਥੀ ਬੀੜ ਨਾਲ ਸ਼ਾਮਿਲ ਕਰ ਕੇ ਇੱਕੋ ਜਿਲਦ ਬੰਨ੍ਹੀ ਗਈ ਹੈ.

੧. ਰਾਵਣ ਤੀਰ ਨਾਲ ਮੋਇਆ ਸੀ.

੨. ਦਸਮੇ ਪਾਤਸ਼ਾਹ ਕਾ ਗ੍ਰੰਥ: ਦੇਖੋ, ਦਸਮ ਗ੍ਰੰਥ.

੩. ਡਾਕਟਰ ਟ੍ਰੰਪ (Trumpp). ਨੇ ਇਸ ਦਾ ਮੂਲ ਦਾਸ਼ਾਹੰ (दाशार्ह) ਕਲਪਿਆ ਹੈ, ਜਿਸ ਦਾ ਅਰਥ ਕ੍ਰਿਸ਼ਨ ਹੈ.

੪. ਦੱਸਣਾ: ਕ੍ਰਿ. ਸਮਝਾਉਣਾ. ਬਤਾਉਣਾ. ਉਪਦੇਸ਼ ਕਰਨਾ. ਦੇਖੋ, ਦਿਸ਼੍ ਧਾ.

੬੧੮- ੧. ਦਹੂਸ: ਅ. ਬਬਰ ਸ਼ੇਰ. ਕੇਸਰੀ ਸਿੰਘ। ੨. ਪੰਜਾਬੀ ਵਿੱਚ ਦਹੂਸ ਦਾ ਅਰਥ ਬਲਵਾਨ ਜਾਹਿਲ ਹੋ ਗਿਆ ਹੈ.

੨. । ੨. ਯਮ. ਦੇਖੋ, ਦਿਕਪਾਲ.

੩. ਹ. ਝ. ਣ. ਭ. ਰ. ਪ੍ਰਾਕ੍ਰਿਤ ਭਾਸਾ ਵਿੱਚ ਬਹੁਤ ਸ਼ਬਦਾਂ ਦੇ ਮੁੱਢ ਣਾਣਾ ਆਉਂਦਾ ਹੈ. ਹਿੰਦੀ ਅਤੇ ਪੰਜਾਬੀ ਦੇ ਸ਼ਬਦ ਣਕਾਰ ਤੋਂ ਆਰੰਭ ਨਹੀਂ ਹੋਂਦੇ.

੪. ਭਾਵ- ਸ਼੍ਰੀ ਵੈਸ਼ਨਵ ਅਤੇ ਸੰਨਜਾਸੀ ਝਗੜਦੇ ਹਨ.

੬੧੯- ੧. ਦਤੌਨ: ਦੰਤਧਾਵਨ. ਦਾਤਨ. "ਕਰਿ ਸੌਚਾਚਾਰ ਪੁਨ ਕਰੋ ਦਤੌਨਾ." (ਮਹਮਾ ਪ੍ਰਕਾਸ਼)

੨. । ੩. ਕਰਜ਼ ਦੇ ਬੋਝ ਹੇਠ ਦਬਿਆ.

੩. ਪਹੇ (ਰਾਹ) ਦੀ ਦੱਭ ਹੋ ਜਾ.

੪. ਅਸਾਧੁ (ਪਾਮਰ), ਧਨ ਦੇਕੇ ਦੋਸ਼ ਦੁੱਖ ਅਤੇ ਬਦਨਾਮੀ ਖ਼ਰੀਦਦੇ ਹਨ।

੧. ੭ ਕਿਸੇ ਧਰਮ ਦਾ ਭੇਖ. ਮਜ਼ਹਬ ਦਾ ਚਿੰਨ੍ਹ. "ਸਿੱਧੀਂ ਮਨੇ ਵਿਚਾਰਿਆ ਕਿਵੇਂ ਦਰਸ਼ਨ ਇਹ ਲੇਵੇ ਬਾਲਾ." (ਭਾਗੁ) ਸਤਿਗੁਰੁ ਨਾਨਕ ਕਿਵੇਂ ਸਾਡਾ ਭੇਖ ਅੰਗੀਕਾਰ ਕਰ ਲਵੇ.

੨. । ੩. ਅੰਗਾਂ ਦੇ ਇਸ਼ਾਰੇ ਨਾਲ ਸਮਝਾਉਣਾ.

੬੨੩- ੧. ਦਰਬਾਰ ਸਾਹਿਬ: ਸਤਿਗੁਰੂ ਦਾ ਦੀਵਾਨ। ੨. ਸ਼੍ਰੀ ਗੁਰੂ ਗ੍ਰੰਥ ਸਾਹਿਬ। ੩. ਅੰਮ੍ਰਿਤਸਰ ਜੀ ਦਾ ਹਰਿਮੰਦਿਰ.

ਦਰਬਾਰ ਸਾਹਿਬ ਕਰਤਾਰਪੁਰ: ਦੇਖੋ, ਕਰਤਾਰਪੁਰ.

੨. । ੬. ਕਾਨੜੇ ਰਾਗ ਦੀ ਇੱਕ ਜਾਤਿ ਦਰਬਾਰੀ ਹੈ. ਇਹ ਆਸਾਵਰੀ ਠਾਟ ਦਾ ਸਾੜਵ ਸੰਪੂਰਣ ਰਾਗ ਹੈ, ਆਰੋਹੀ ਵਿੱਚ ਧੈਵਤ ਵਰਜਿਤ ਹੈ. ਰਿਸ਼ਭ ਵਾਦੀ ਅਤੇ ਗਾਂਧਾਰ ਸੰਵਾਦੀ ਹੈ ਨਿਸਾਦ ਅਤੇ ਪੰਚਮ ਦੀ ਸੰਗਤਿ ਰਹਿੰਦੀ ਹੈ. ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਰ ਹੈ.

੩. ਜੋ ਪਾਣੀ ਤੇ ਥਲ ਵਾਂਙ ਚਲਦੇ ਹਨ.

੪. ੪ ਦਫ਼ਤਰ ਦੇ. "ਧਰਮ ਰਾਇ ਦਰਿ ਕਾਗਦ ਫਾਰੇ." (ਜੈਤ ਮਃ ੪)

੫. ਭਾਵ- ਪਰਮਪਦ ਨੂੰ ਪ੍ਰਾਪਤ ਹੋਇਆ.

੧. । ੨. ਦਰਾ ਦਾ ਬਹੁਵਚਨ। ੩. ਦਲੇ. ਦਰੜੇ. "ਦਰੇ ਗਏ ਸੈਨਾ ਕੇ ਧਾਵਤ." (ਗੁਪ੍ਰਸੂ)

੨. ਦਰੋਦਰੀ: ਕਾਸ਼. ਜੁਆਰੀਆ. ਜੂਏਬਾਜ਼.

੩. ਵਯਾਕਰਣ ਤੋਂ ਅਣਜਾਣ ਗਯਾਨੀ ਇਸ ਦਾ ਇਹ ਅਰਥ ਭੀ ਕਰ ਦਿੰਦੇ ਹਨ ਕਿ ਕਰਣ ਜੇਹੇ ਮਹਾਬਲੀਆਂ ਦਾ ਮਲੀਦਾ ਕਰਦੇ ਹਨ.

੪. ਸਤਿਗੁਰੂ ਅੰਗਦ ਧਰਮਰਾਜ ਦੇਵਤਾ ਹੈ.

੫. ਭਾਵ- ਜਿਗਯਾਸੂਆਂ ਦੇ ਸੰਸੇ ਪ੍ਰਬਲ ਪ੍ਰਮਾਣ ਅਤੇ ਯੁਕਤੀਆਂ ਨਾਲ ਦੂਰ ਕਰਦਾ ਹੈ. ਜੋ ਗਯਾਨੀ ਇੱਥੇ ਯਮਰਾਜ ਦਾ ਅਰਥ ਕਰਦੇ ਹਨ, ਉਹ ਪ੍ਰਕਰਣ ਨਹੀਂ ਸਮਝਦੇ.

੬. LAST TREATY OF LAHORE

His Highness the Maharajah Duleep Singh shall resign for himself, his heirs and his successors all right, title, and claim to the sovereignty of the Punjab, or to any sovereign power whatever.

All the property of the state, of whatever description and wheresoever found, shall be confiscated to the Honourable East India Company, in part payment of the debt due by the State of Lahore to the British Goverment and of the expenses of the war.

III. The gem called the Koh- i- noor, which was taken from shah Sooja- ool- moolk by Maharajah Runjeet Singh, shall be surrendered by the Maharajah of Lahore to the Queen of England.

IV. His Higness Duleep Singh Shall receive from the Honourable East India Company, for the support of himself, his relatives and the servants of the State a pension of not less than four, and not exceeding five, Lakhs of Company's rupees per annum.

V. His highness shall be treated with respect and honour. He shall fetain the title of Maharajah Duleep Singh Bahadoor, and he shall continue to receive during his life such portion of the above named pension as may be allotted to himself personally, provided he shall remain obedient to the British Goverment, and shall reside at such place as the Governor- General of India may select.

Granted and accepted at Lahore on the 29th of March, 1849, and ratified by the Right Honourable the Governor General on the 5th of April, 1849.

(Signed)

Dalhousie-

Maharajah Duleep Singh.

H. M. Elliot

Raja Tej Singh

H. M. Lawrence

Raja Deena Nath Bhaee Nihdan Singh.

Fakeer Nooroodeen Gundur Singh

(Agent to Sirdar Shere Singh, Sindunwallah)

Sirdal Lal Singh,

(Agent and son of Sirdar Uttur Singh Kaleewallah).

੭. ਪਾਠਕਾਂ ਨੂੰ ਮਲੂਮ ਰਹੇ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਦੇਹਾਂਤ ਪੁਰ ਬਾਰਾਂ ਕਰੋੜ ਰੁਪਯਾ ਨਕਦ ਸਰਕਾਰੀ ਖ਼ਜ਼ਾਨੇ ਵਿੱਚ ਮੌਜੂਦ ਸੀ, ਇਸ ਪੁਰ ਭੀ ਜੋ ਡੇਢ ਕਰੋੜ ਨਾ ਦਿੱਤਾ ਗਿਆ, ਇਹ ਅਹਿਲਕਾਰਾਂ ਅਤੇ ਡੋਗਰਾ ਰਾਜਿਆਂ ਦੀ ਲੁੱਟ ਅਤੇ ਬੇਵਫਾਈ ਪ੍ਰਗਟ ਕਰਦਾ ਹੈ. ਦੇਖੋ, ਗੁਲਾਬ ਸਿੰਘ ਨੰ: ੫. ਦੇ ਫੁਟਨੋਟ.

੧. ਅਤੇ ਸੰਨ ੧੯੩੦ ਵਿੱਚ ਮੋਈ. ਮਹਾਰਾਜਾ ਦੀ ਸਿੱਖ ਖਾਨਦਾਨ ਵਿੱਚ ਸ਼ਾਦੀ ਨਾ ਹੋਣ ਦੇਣੀ, ਇਹ ਲਾਰਡ ਡਲਹੌਜ਼ੀ ਦੀ ਪਹਿਲੇ ਤੋਂ ਹੀ ਪਾਲਿਸੀ ਸੀ. ਅਟਾਰੀ ਵਾਲੇ ਰਾਜਾ ਸ਼ੇਰ ਸਿੰਘ ਦਾ ਵਿਰੋਧ ਇਸੇ ਗੱਲੋਂ ਹੋਇਆ ਸੀ. ਜਿਸ ਪੁਰ ਚਿੱਲੀਆਂ ਵਾਲੇ ਦਾ ਜੰਗ ਹੋਇਆ. ਜਦ ਫਤੇ ਗੜ੍ਹ ਰਹਿਣ ਸਮੇਂ ਮਹਾਰਾਜਾ ਦੀ ਸ਼ਾਦੀ ਬਾਬਤ ਕੁਝ ਚਰਚਾ ਛਿੜੀ ਤਾਂ ਲਾਰਡ ਡਲਹੌਜ਼ੀ ਨੇ ਲੋਗਿਨ ਨੂੰ ਇਹ ਚਿੱਠੀ ਲਿਖੀ-

"The marriage of the Maharaja is a more difficult matter for us to arrange. I should object decidedly, and do not wish to countenance any relation henceforth between the Maharaja and the Sikhs, either by alliance with a Sikh family, or sympathy with sikh feeling. (Sir John Login and Dulip Singh, page 230)

੨. ਉਸ ਦਾ ਗੁਜ਼ਾਰਾ ੨੫੦੦੦ ਪੌਂਡ ਤੋਂ ਕਰਜ਼ੇ ਦੇ ਸੂਦ ਵਿੱਚ ਕੱਟ ਕੇ ੧੭੭੬੧ ਪੌਂਡ ਮਿਲਣ ਲੱਗਾ. ਇੰਡੀਆ ਆਫ਼ਿਸ ਵਿੱਚ ਜੋ ਉਸ ਨੇ ਆਪਣੇ ਦਾਵੇ ਪੇਸ਼ ਕੀਤੇ ਉਨ੍ਹਾਂ ਦਾ ਰੁੱਖਾ ਜਵਾਬ ਮਿਲਿਆ. ਮਹਾਰਾਜਾ ਦਲੀਪ ਸਿੰਘ ਨੇ ਆਪਣੇ ਬਾਪ ਦਾਦੇ ਦੀ ਪ੍ਰਾਈਵੇਟ ਜਾਯਦਾਦ ਦੀ ਮੰਗ ਕੀਤੀ ਸੀ, ਜੋ ੧੫੨ ਪਿੰਡ (ਗੁੱਜਰਾਂ ਵਾਲੇ ਜ਼ਿਲੇ ਦੇ ੬੧, ਗੁਜਰਾਤ ਦੇ ੧੦, ਜਿਹਲਮ ਦੇ ੫੫, ਸਿਆਲਕੋਟ ਦੇ ੧੮, ਗੁਰਦਾਸ ਪੁਰ ਦੇ ੬, ਅੰਮ੍ਰਿਤਸਰ ਦੇ ੨. ਪਿੰਡ) ਸਨ. ਇਸ ਤੋਂ ਵੱਖ ਫ਼ਤਹ ਗੜ੍ਹ ਦੀ ਜਾਯਦਾਦ ਬਾਬਤ ੧੯੮੧੮੨) ਰੁਪਯੇ ਦਾ ਦਾਵਾ ਸੀ. ਮਹਾਰਾਜਾ ਨੇ ਇਸ ਸੰਬੰਧ ਵਿੱਚ ਇੱਕ ਕਿਤਾਬ." The Maharajah Duleep Singh and the Government" ਜੂਨ ਸਨ ੧੮੮੪ ਨੂੰ ਛਪਵਾਈ ਜਿਸ ਤੋਂ ਸਾਰਾ ਹਾਲ ਪ੍ਰਗਟ ਹੋਂਦਾ ਹੈ. ਅੰਤ ਨੂੰ ਮਹਾਰਾਜਾ ਨੇ ਹਿੰਦੁਸਤਾਨ ਆਉਣ ਦਾ ਯਤਨ ਕੀਤਾ ਅਤੇ ਗਵਰਨਮੈਂਟ ਇੰਡਿਆ ਦੇ ਹੁਕਮ ਨਾਲ ਰਾਹ ਵਿੱਚ ਹੀ ਮਹਾਰਾਜਾ ਦਲੀਪ ਸਿੰਘ ਨਾਲ ਹੋਏ ਵਰਤਾਉ ਬਾਬਤ Colonel J. B. Malleson, ਕਿਤਾਬ "Sir John Login and Duleep Singh" ਦੇ Intorduction ਦੇ ਸਫ਼ੇ xvi ਤੇ ਲਿਖਦਾ ਹੈ-

I have myself always held that the treatment dealt out to Duleep Singh after the

close of the second Sikh war was alike impolitic and unjust. When that war broke out Duleep Singhwas the ward of the British Goverment. He was a child of nine years old, and took no part whatever in the administration of the country of which the British Government had recognided him to be the Sovereign, but of which the English Resident and a council of native nobles were the actual rulers. The revolt of Moolraj, and the outbreak of Sikh chieftains in the Hadarah which followed that revolt, were directed against the actual Goverment of Lahore, which as I have said, was presided over by an English Resident, and which ruled in the name of Duleep Singh. Yet, when those risings were suppressed on the field of Gujerat, the British Goverment, then absolute master of the situation visited the sins of Moolraj and the Hadarah chiefs on their innocent ward, deprived him of his kingdom, and, he has always asserted though this would seem to be denied of the estates which his father had accumulated, and consigned him to the care of Doctor- afterwards Sir John- Login.

੪. ੨ ਅਗਨਿ. "ਹਰਖਤ ਆਏ ਧਰਨੀ ਦਵਨਾ." (ਗੁਪ੍ਰਸੂ) ਪ੍ਰਿਥਿਵੀ ਅਤੇ ਅਗਨਿ ਦੇਵਤਾ.

੫. ਦੜ ਵੱਟਣੀ: ਦਬ ਜਾਣਾ, ਮਚਲੇ ਹੋਣਾ. ਦੇਖੋ, ਦੜਨਾ.

੬. ੨ ਅਫ਼ਗਾਨਿਸਤਾਨ ਵਿੱਚ ਕਾਬੁਲ ਤੋਂ ੨੦. ਮੀਲ ਤੇ ਇੱਕ ਪਿੰਡ ਜਿਸ ਵਿੱਚ ਦਾਉਜ਼ਈ ਪਠਾਣ ਵਸਦੇ ਹਨ.

੭. ਮਨੂ ਨੇ ਅੱਠਵੇਂ ਅਧ੍ਯਾਯ ਦੇ ਚਾਰ ਸੌ ਪੰਦ੍ਰਵੇਂ ਸ਼ਲੋਕ ਵਿੱਚ ਸੱਤ ਪ੍ਰਕਾਰ ਦੇ ਦਾਸ ਲਿਖੇ ਹਨ-

"ध्वजा हृतो भक्त दासो, गृहजः क्रीतदत्रिमौ। पौत्रिको दण्ड दासश्च सप्तैते दास योनयः।" ਜੰਗ ਵਿੱਚ ਜਿੱਤਿਆ, ਹਿੱਸੇ ਵਿੱਚ ਆਇਆ, ਦਾਸੀ ਦਾ ਪੁੱਤ੍ਰ ਮੁੱਲ ਲੀਤਾ, ਦਾਜ (ਦਹੇਜ) ਵਿੱਚ ਆਇਆ, ਪੁਸ਼ਤੈਨੀ ਗ਼ੁਲਾਮ ਅਤੇ ਜੁਰਮਾਨੇ ਦੇ ਬਦਲੇ ਹੋਇਆ ਦਾਸ, ਇਹ ਸੱਤ ਤਰਾਂ ਦੇ ਦਾਸ ਹਨ.

੧. "ਮਾਨਸ ਦਾਹਨ ਜੇ ਬਿਧਿ ਦਾਹਨ, ਦਾਹਨ ਦੋਸਨ ਹੋਤ ਸੁ ਹਾਦਰ." (ਗੁਪ੍ਰਸੂ) ਜਿਨ੍ਹਾਂ ਦੇ ਸਤਿਗੁਰੂ ਦਾਹਨੇ (ਸਹਾਯਕ) ਹੋਏ ਵਿਧਾਤਾ ਉਨ੍ਹਾਂ ਦੇ ਦਾਹਨੇ ਹੈ, ਦੋਸ਼ਾਂ ਦੇ ਦਗਧ ਕਰਨ ਵਾਲੇ ਹਨ.

੨. । ੨. ਦਾਹਕੇ. ਦਗਧ ਕਰਕੇ.

੩. ਵੈਦ੍ਯਕ ਗ੍ਰੰਥਾਂ ਅਨੁਸਾਰ ਅਨੇਕ ਦੰਦ ਰੋਗਾਂ ਵਾਸਤੇ ਵੱਖ- ਵੱਖ ਦਾਤਣਾਂ ਲਿਖੀਆਂ ਹਨ, ਪਰ ਸਭ ਲਈ ਨਿੱਤ ਹਿਤ ਕਰਨ ਵਾਲੀ ਕਿੱਕਰ ਦੀ ਦਾਤਣ ਹੈ. ਕਿੱਕਰ ਦੀ ਦਾਤਣ ਦੀ ਕੂਚੀ ਨਾਲ ਲੂਣ ਅਤੇ ਸਰ੍ਹੋਂ ਦਾ ਤੇਲ ਲਾ ਕੇ ਦੰਦ ਸਾਫ਼ ਕਰਨ ਤੋਂ ਕੋਈ ਰੋਗ ਨਹੀਂ ਹੋਂਦਾ, ਦਾਤਣ ਜਿਤਨੀ ਵਾਰ ਮੂੰਹ ਤੋਂ ਕੱਢੀ ਜਾਵੇ ਉਤਨੀ ਵਾਰ ਹੀ ਧੋ ਕੇ ਵਰਤਣੀ ਚਾਹੀਏ, ਜੋ ਬਿਨਾ ਧੋਤੇ ਦਾਤਣ ਮੂੰਹ ਵਿੱਚ ਲੈਂਦੇ ਅਰ ਰਾਹ ਜਾਂਦੇ ਦਾਤਣ ਕਰਦੇ ਹਨ ਉਹ ਅਸਭ੍ਯ ਹਨ.

੪. ਹਿੰਦੂ ਧਰਮ ਸ਼ਾਸਤ੍ਰਾਂ ਵਿੱਚ ਦਾਤਣ ਚੀਚੀ ਪ੍ਰਮਾਣ ਮੋਟੀ ਅਤੇ ਬ੍ਰਾਹਮਣ ਲਈ ਬਾਰਾਂ ਉਂਗਲ, ਛਤ੍ਰੀ ਲਈ ਨੌਂ, ਵੈਸ਼੍ਯ ਵਾਸਤੇ ਅੱਠ ਅਤੇ ਸ਼ੂਦ੍ਰ ਲਈ ਛੀ ਉਂਗਲ ਲਮੀ ਹੋਣੀ ਚਾਹੀਏ.

੫. । ੨. ਮਹਾਂਨਦੀ ਦੇ ਕਿਨਾਰੇ ਕਟਕ (Cuttack). ਵਿੱਚ ਗੁਰੂ ਨਾਨਕ ਸਾਹਿਬ ਦਾ ਪਵਿਤ੍ਰ ਸਥਾਨ, ਜਿੱਥੇ ਦਾਤਣ ਤੋਂ ਹੋਯਾ ਵਿਰਛ ਵਿਦ੍ਯਮਾਨ ਹੈ. ਗੁਰੂ ਸਾਹਿਬ ਪੁਰੀ (ਜਗੰਨਾਥ) ਨੂੰ ਜਾਂਦੇ ਇਥੇ ਵਿਰਾਜੇ ਹਨ. ਪ੍ਰੋਫ਼ੈਸਰ ਬਾਵਾ ਕਰਤਾਰ ਸਿੰਘ ਸਾਹਿਬ ਆਈ. ਸੀ. ਐਸ. ਇਸ ਗੁਰਦ੍ਵਾਰੇ ਦੀ ਸੁੰਦਰ ਇਮਾਰਤ ਬਣਵਾ ਰਹੇ ਹਨ.

੬. ਦਾਂਦ: ਦੰਤ. ਦਾਂਤ। ੨. ਬੈਲ (ਬਲਦ).

੭. । ੩. ਦਦੁੰਰੀ, ਮੇਂਡਕੀ. ਡੱਡ.

੮. ਸੰਮਤ ੧੬੦੧ ਵਿੱਚ

੯. "ਘੀਵ[1236] ਦੂਧ ਮੇ ਰਮਿ ਰਹਾ, ਵਜਾਪਕ ਸਭ ਹੀ ਠੌਰ। ਦਾਦੂ ਵਕਤਾ ਬਹੁਤ ਹੈਂ, ਮਥਿ ਕਾਢੈਂ ਤੇ ਔਰ। ਯਹ ਮਸੀਤ ਯਹ ਦੇਹੁਰਾ, ਸਤਿਗੁਰੁ ਦਿਯਾ ਦਿਖਾਯ। ਭੀਤਰ ਸੇਵਾ ਬੰਦਗੀ, ਬਾਹਰ ਕਾਹੇ ਜਾਯ?"

੧. "ਸਾਮ ਦਾਨ ਅਰੁ ਦੰਡ ਭੇਦ." (ਗੁਪ੍ਰਸੂ)

੨. । ੧੦. ਕਾਸ਼. ਬੈਲ. ਬਲਦ.

੩. ਦਾਨਹ: ਦੇਖੋ, ਦਾਣਾ. "ਦਿਗਰ ਦਾਨਹ ਰਾ ਬਸਤ ਮੁੰਗੀ ਪਟਨ." (ਹਕਾਯਤ ੨)

੨. ਵਿਦ੍ਵਾਨ. ਗਜਾਨੀ. ਜਾਣਨ ਵਾਲਾ.

੪. ੨ ਗੁਰੂ ਅਮਰਦਾਸ ਸਾਹਿਬ ਦੀ ਵੱਡੀ ਸੁਪੁਤ੍ਰੀ ਜਿਸਦਾ ਨਾਮ ਕਈਆਂ ਨੇ ਸੁਲੱਖਣੀ ਭੀ ਲਿਖਿਆ ਹੈ. ਇਸ ਦੀ ਸ਼ਾਦੀ ਰਾਮ ਨਾਲ ਹੋਈ ਸੀ. ਦੇਖੋ, ਰਾਮਾ ੫.

੫. ਜੋ ਸ਼ਾਹੀ ਫ਼ੌਜ ਤੋਂ ਮੈਕੂਫ ਹੋ ਗਏ ਸਨ ਅਰ ਜਿਨ੍ਹਾਂ ਨੂੰ ਸਾਂਈਂ ਬੁੱਧੂ ਸ਼ਾਹ ਸਢੌਰੇ ਵਾਲੇ ਨੇ ਦਸ਼ਮੇਸ਼ ਪਾਸ ਸਿਫ਼ਾਰਿਸ਼ ਕਰਕੇ ਨੌਕਰ ਰਖਵਾਯਾ ਸੀ, ਅਰ

੧. ਇਸਤ੍ਰੀ. ਨਾਰੀ. "ਦਾਰ ਕਿਧੋਂ ਨਰ ਪੰਥ ਮਰੇ." (ਗੁਪ੍ਰਸੂ)

੨. "ਮਨਸੂਰ ਵਾਰ ਹਰ ਕਿ ਸੂਏ ਦਾਰ ਮੇ ਰਵਦ." (ਦੀਵਾਨ ਗੋਯਾ)

੩. ਦਾਰਸ਼ਨਿਕ: ਸੰ. दार्शनिक. ਵਿ- ਦਰਸ਼ਨ (ਸ਼ਾਸਤ੍ਰ) ਸੰਬੰਧੀ. ਦੇਖੋ, ਦਰਸ਼ਨ ੪.

੪. ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਵਿੱਚ ਦਾਰੂ ਦੀ ਥਾਂ ਦਾਰ ਸ਼ਬਦ ਲਿਖ ਦਿੱਤਾ ਹੈ, ਜਿਵੇਂ- "ਦਾਰ ਦਰਾਜ ਲਗੇ ਘਰ ਬਨੇ." (ਗੁਪ੍ਰਸੂ)

੫. ਮਸੇਰਾ ਭਾਈ. ਛੇਵੀਂ ਪਾਤਸ਼ਾਹੀ ਦੇ ਗੁਰੁਵਿਲਾਸ ਅਨੁਸਾਰ ਦਾਲਾ ਮਰਦਾਨੇ ਨਾਲ ਮਿਲ ਕੇ, ਗੁਰੂ ਨਾਨਕ ਦੇ ਦਰਬਾਰ ਕੀਰਤਨ ਕਰਦਾ ਸੀ, ਅਰ ਮੱਤਾ ਬਲਵੰਡ ਰਬਾਬੀ ਗੁਰੂ ਅਰਜਨ ਦੇ ਹਜ਼ੂਰ ਇਨ੍ਹਾਂ ਦੋਹਾਂ ਦਾ ਅਵਤਾਰ ਸਨ:-

"ਸੋ ਦਾਲੇ ਬਲਵੰਡ ਵਪੁ ਪਾਯੋ.

ਮਰਦਾਨਾ ਸੱਤਾ ਹ੍ਵੈ ਆਯੋ." (ਅਃ ੪)

੬. ਇੱਥੇ ਦਾਵਾ- ਅਗਨਿ ਤੋਂ ਭਾਵ ਲੋਕਾਂ ਦੇ ਆਪੋ ਵਿੱਚੀ ਪਹਿਰ ਤੋਂ ਉਪਜੇ ਹੋਏ ਸਾੜੇ ਤੋਂ ਹੈ।

੭. ਗਿਰਿਧਰ ਕਵੀ ਨੇ ਦਾੜ੍ਹੀ ਦੇ ਸੰਬੰਧ ਇੱਕ ਕੁੰਡਲੀਆਂ ਲਿਖਿਆ ਹੈ-

"ਦਾੜ੍ਹੀ ਕਈ ਪ੍ਰਕਾਰ ਕੀ ਸੁਨ ਲੀਜੈ ਚਿਤ ਲਾਇ. ਕਾਲੀ ਧੌਲੀ ਦੋ ਰਕਮ ਕੱਕੀ ਕਹੀ ਬਨਾਇ ਬਹੁਰ ਚੌਥੀ ਹੈ ਸੂਸੀ. ਚੱਪੂ ਕੁੱਚੀ ਕੁੱਚ ਸੁਜਨੀ ਕੱਕੜ ਭੂਸੀ, ਕਹਿ ਗਿਰਿਧਰ ਕਵਿ ਰਾਯ, ਦੁਫਾਂਕੀ ਝੱਬੂ ਝਾੜੀ, ਬਿਨਾ ਭਜਨ ਭਗਵੰਤ ਅੰਤ ਦੁਰ ਫਿੱਟੇ ਦਾੜ੍ਹੀ."

੧. ਸਿੱਖ ਧਰਮ ਵਿੱਚ ਦਿਸ਼ਾ- ਸ਼ੂਲ ਮੰਨਣਾ ਅਵਿਦਯਾ ਕਰਮ ਦੱਸਿਆ ਹੈ, ਯਥਾ:-

---

[1236] ਘੀ-ਇਵ. ਘੀ ਦੀ ਤਰਾਂ.

੨. ਭ੍ਰਮਦਿਸਿ ਭਯੋ ਨ ਜਾਨਜੋ ਗਯੋ."(ਗੁਪ੍ਰਸੂ)

੩. ਇਸ ਨਾਮ ਦਾ ਮੂਲ ਬਾਰੀਕ (ਸੂਖਮ) ਹੈ. ਇਹ ਤਾਪ ਪਹਿਲਾਂ ਇਤਨਾ ਸੂਖਮ ਹੋਂਦਾ ਹੈ ਕਿ ਰੋਗੀ ਨੂੰ ਪਤਾ ਨਹੀਂ ਲਗਦਾ.

੧. ਜਿਸ ਤੋਂ ਦੂਜਾ ਜਨਮ ਮੰਨਿਆ ਜਾਂਦਾ ਹੈ.

੨. ਦਿਜਾਇਜ਼: ਦ੍ਵਿਜ- ਅਦ੍ਵਿਜ. ਤ੍ਰਿਵਰਣ ਅਤੇ ਸ਼ੂਦ੍ਰ ਆਦਿ.

੩. ਦਿਠੌਨਾ: ਸੰਗ੍ਯਾ. ਦੀਠ (ਬਦ ਨਜ਼ਰ) ਤੋਂ ਬਚਾਉਣ ਲਈ ਕਾਲਾ ਟਿੱਕਾ ਆਦਿ ਕੋਈ ਚਿੰਨ੍ਹ. "ਡੀਠ ਨ ਲਗੈ ਦਿਟੌਨਾ ਦੀਨੇ."(ਗੁਪ੍ਰਸੂ)

੪. ਪੁਰਾਣਾਂ ਵਿੱਚ ਦੇਵਤਿਆਂ ਦਾ ਦਿਨ ਮਨੁੱਖਾਂ ਦੇ ਇੱਕ ਵਰ੍ਹੇ ਦਾ ਅਤੇ ਬ੍ਰਹਮਾ ਦਾ ਦਿਨ ੪੩੨੦੦੦੦੦੦੦ ਵਰ੍ਹੇ ਦਾ ਹੈ. ਕੁਰਾਨ ਵਿੱਚ ਕ਼ਯਾਮਤ ਦਾ ਦਿਨ ਮਨੁੱਖਾਂ ਦੇ ਹਜ਼ਾਰ ਵਰ੍ਹੇ ਬਰਾਬਰ ਲਿਖਿਆ ਹੈ।

੫. ।੪. ਸੱਤ ਸੰਖ੍ਯਾ (ਗਿਣਤੀ) ਬੋਧਕ. "ਸਸਿ ਰੁਤ ਸੰਮਤ ਦਿਨ ਤਤ ਚੀਨਾ." (ਗੁਵਿ ੬) ਸਸਿ (੧) ਰੁੱਤ (੬) ਦਿਨ (੭) ਤੱਤ (੫) ਸੰਮਤ ੧੬੭੫.

੫. "ਚਕਵੀ ਵਾਰਿਜ ਸੁਨੋ ਪਿਆਰੇ !

ਦਿਨਧੁਜ ਲੇਭ ਨ ਤੀਰ ਹਕਾਰੇ."(ਗੁਵਿ ੧੦)

੭. "ਦਿਨੰਰਾਜ ਨੰਦੰ ਕਮੰਦੰ ਕਟਾਊਂ."

(ਗਵਿ ੧੦) ਯਮ ਦੀ ਫਾਹੀ ਕਟਾਵਾਂ।

੧. ੨. ਕ੍ਰਿਪਣ. ਕੰਜੂਸ. ਧਨਜੋੜੂ.

੨. ਦਿਲ ਸ਼ਿਕਨ: ਦਿਲ ਤੋੜਨ ਵਾਲਾ. ਮਨਭੰਗ ਕਰਤਾ.

੩. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸਵਾਰੀ ਦਾ ਘੋੜਾ.

੪. ਦੌਲਤ ਖ਼ਾਨ ਲੋਦੀ ਦਾ ਇੱਕ ਪੁਤ੍ਰ. ਦੇਖੋ. ਦੌਲਤ ਖ਼ਾਨ। ੨

੫. ਦਿਲਿ: ਦਿਲ ਵਿੱਚ. "ਦਿਲਿ ਕਾਤੀ ਗੁੜੁਵਾਤਿ." (ਸਃ ਫਰੀਦ)

੬. ਦਿਲੇਸਾ: ਭਾਈ ਸੰਤੋਖ ਸਿੰਘ ਜੀ ਨੇ ਦਿਲਾਸੇ ਦੀ ਥਾਂ ਇਹ ਸ਼ਬਦ ਵਰਤਿਆ ਹੈ. "ਸੁਨ ਭਗਨੀ ਦੇਤ ਦਿਲੇਸਾ." (ਨਾਪ੍ਰ)

੭. ਅਤੇ ੧੫. ਦਿਸੰਬਰ ਨੂੰ ਆਪਣੇ ਹੱਥੀਂ ਨਵੀਂ ਦਿੱਲੀ (New Delhi). ਦਾ ਬੁਨਿਆਦੀ ਪੱਥਰ ਰੱਖਿਆ.

੮. ਨਵੀਂ ਦਿੱਲੀ ਵਿੱਚ ਬਣੇ ਵਾਯਸਰਾਯ ਦੇ ਮਨੋਹਰ ਮਹਲ ਅੰਦਰ ਲਾਰਡ ਇਰਵਿਨ ਨੇ ੨੩ ਦਿਸੰਬਰ ੧੯੨੯ ਨੂੰ ਨਿਵਾਸ ਕੀਤਾ. ੧੦. ਫਰਵਰੀ ੧੯੩੧ ਨੂੰ ਕੈਨਾਡਾ, ਸਾਊਥ ਐਫ਼ਰੀਕਾ ਆਸਟ੍ਰੇਲੀਆ ਅਤੇ ਨਯੂਜ਼ੀਲੈਂਡ ਵੱਲੋਂ ਤਿਆਰ ਹੋਏ ਸ੍ਤੰਭ (Dominion Columns) ਖੋਲੇ ਗਏ ਅਰ ੧੨. ਫਰਵਰੀ ਨੂੰ Indian War Memorial Arch ਦੇ ਖੋਲ੍ਹਣ ਦੀ ਰਸਮ ਹੋਈ.

੧. ਤਿਲੋਖਰੀ ਪਿੰਡ ਪਾਸ ਇਕ ਗੁਰਦ੍ਵਾਰਾ.

੨. ਇਸ ਥਾਂ ਮਜਨੂੰ ਨਾਮ ਦਾ ਕੋਈ ਤਪੀਆ ਸਾਧੂ, ਜੋ ਗੁਰੂ ਨਾਨਕ ਦੇਵ ਦਾ ਸੇਵਕ ਸੀ, ਬਹੁਤ ਚਿਰ ਰਿਹਾ ਹੈ ਜਿਸ ਤੋਂ ਉਸ ਦੇ ਨਾਮ ਤੇ ਇਹ ਥਾਂ ਪ੍ਰਸਿੱਧ ਹੋ ਗਿਆ. ਛੇਵੀਂ ਪਾਤਸ਼ਾਹੀ ਦੇ ਗੁਰੁ ਵਿਲਾਸ ਦੇ ਅੱਠਵੇਂ ਅਧਯਾਯ ਵਿੱਚ ਲਿਖਿਆ ਹੈ ਕਿ ਮਜਨੂੰ ਫ਼ਕੀਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਿਲਿਆ. "ਗੁਰੁ ਪਗ ਮਜਨੂੰ ਸੀਸ ਨਿਵਾਯੋ." (੨੦੬)

੩. ਇਹ ਥਾਂ ਮਜਨੂੰ ਦੇ ਟਿੱਲੇ ਤੋਂ ਜਮਨਾ ਦੇ ਦੂਜੇ ਪਾਸੇ ਤਿੰਨ ਮੀਲ ਦੀ ਵਿੱਥ ਤੇ ਹੈ, ਅਰ ਉਦਾਸੀ ਸੰਤਾਂ ਦੇ ਕਬਜ਼ੇ ਵਿੱਚ ਹੈ.

ਬਾਬਾ ਬੁੱਢਾ ਜੀ ਦੀ ਵੰਸ਼ ਦੇ ਰਤਨ ਭਾਈ ਗੁਰਦਿੱਤਾ ਜੀ, ਜੋ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਨਾਲ ਦਿੱਲੀ ਕੈਦ ਹੋ ਗਏ ਸਨ, ਉਨ੍ਹਾਂ ਨੇ ਭੀ ਇਸੇ ਥਾਂ ਸ਼ਰੀਰ ਤਿਆਗਿਆ ਹੈ:-

"ਜਬ ਨੌਮੇ ਪਾਤਸ਼ਾਹ ਗੁਰੂ ਗਏ ਬਕੁੰਠ ਮਝਾਰ, ਗੁਰੁ ਦਿੱਤੀ ਬ੍ਰਿਧ ਵੰਸ਼ ਕੋ ਸਰਬ ਪ੍ਰਕਾਰ ਨਿਹਾਰ. ਤਜਿ ਦਿੱਲੀ ਤਤਛਿਨ ਚੀਲ ਗਯੋ, ਪੰਚ ਕੋਮ ਪਰ ਪ੍ਰਾਪਤ ਭਯੋ, ਅਪਨ ਵਡੇ ਕੋ ਪਿਖ੍ਯੋ ਸਥਾਨਾ, ਕਿਤਕ ਕਾਲ ਵ੍ਰਿਧ ਰਹ੍ਯੋ ਸੁਜਾਨਾ, ਪਫ੍ਯੋ ਤਰਾਂ ਕੁਸ਼ਾਸਨ ਕਰਿਕੈ, ਸ਼੍ਰੀ ਸਤਿਗੁਰੁ ਮੂਰਤਿ ਉਰ ਧਰਿਕੈਂ, ਦਸਮੇਦ੍ਵਾਰ ਪੌਨ ਤੇ ਫੋਰਾ, ਤ੍ਰਿਣ ਸਮ ਨਿਜ ਸ਼ਰੀਰ ਕੋ ਛੋਰਾ, ਹੋਰ ਨਰਨ ਤਿਹ ਨਾਂ ਸਸਕਾਰਾ, ਅਬ ਲੈ ਹਿਨ੍ਹਤ ਥਾਨ ਨਿਹਾਰਾ."(ਗੁਪ੍ਰਸੂ, ਰੁੱਤ ੧, ਅਃ ੫)

੪. ਦਿਵਾਂਧਜ: ਸੰਗਜਾ- ਦਿਨ ਨੂੰ ਅੰਨ੍ਹਿਆਂ ਹੋਣ ਦਾ ਰੋਗ. ਦੇਖੋ, ਅੰਧਨੇਤ੍ਰਾ.

੫. ਬਾਵਾ ਰਾਮ ਦਾਸ ਜੀ ਨੇ ਅਨੇਕ ਸੰਤ ਭਗਤਾਂ ਦੇ ਪ੍ਰਸੰਗ ਪਦਾਂ ਵਿੱਚ ਰਚਕੇ ਇੱਕ ਵੱਡਾ ਗ੍ਰੰਥ ਬਣਾਇਆ ਹੈ, ਜੋ ਇਨ੍ਹਾਂ ਦੇ ਡੇਰੇ ਪਟਿਆਲੇ ਮੌਜੂਦ ਹੈ. ਰਾਮਦਾਸ ਜੀ ਦੀ ਗੱਦੀ ਤੇ ਕ੍ਰਮ ਅਨੁਸਾਰ ਬੈਠੇ ਮਹੰਤ ਇਹ ਹਨ:-

ਕ੍ਰਿਸ਼ਨ ਦਾਸ, ਨਾਨਕ ਬਖ਼ਸ਼, ਸੰਤ ਦਾਸ, ਜੈ ਰਾਮ ਦਾਸ, ਨਿਰੰਜਨ ਦਾਸ.

੬. ਜੋ ਚਾਨਣੀ ਰਾਤ ਵਿੱਚ ਸਫ਼ੇਦ ਲਿਬਾਸ ਪਹਿਨ ਕੇ ਜਾਂਦੀ ਹੈ ਉਹ ਸ਼ੁਕਲਾਭਿਸਾਰਿਕਾ ਆਖੀਦੀ ਹੈ.

੭. ਤਿਥਿ ਤਤ੍ਵ ਆਦਿ ਹਿੰਦੂ ਧਰਮ ਦੇ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਜੇ ਚੌਦੇਂ ਦੀ ਸੰਝ ਨੂੰ ਮੌਸ ਤਿਥਿ ਲੱਗ ਜਾਵੇ ਤਾਂ ਦੀਵੇ ਜਗਾਣੇ ਅਤੇ ਲਙਮੀ ਪੂਜਨ ਕਰਨਾ ਚਾਹੀਏ. ਜੇ ਮੌਸ ਦਾ ਸੰਯੋਗ ਨਾ ਹੋਵੇ ਤਦ ਅਮਾਵਸ ਦੀ ਸੰਝ ਨੂੰ ਇਹ ਤਿਹਾਰ ਮਨਾਉਣਾ ਚਾਹੀਏ. ਇਸ ਦਾ ਨਾਮ "ਸੁਖਰਾਤ੍ਰਿ" ਹੈ.

੮. ਦਿਵਾਲੈ: ਦੇਖੋ. ਦਿਵਾਲਯ ਅਤੇ ਦੇਵਾਲਯ.

੧. "ਤਿਹ ਤੇ ਤੁਮ ਦਿੱਬ ਸੁ ਹਾਥ ਪਰੋ। ਨਹ ਔਰ ਕਛੂ ਮਨ ਫਰਕ ਕਰੋ." (ਗੁਵਿ ੧੦)

੨. ਦਿੜ੍ਹ: ਦੇਖੋ, ਦਿੜ੍ਹ ਅਤੇ ਦ੍ਰਿਢ.

ਦਿੜ੍ਹਵਾ: ਦੇਖੋ, ਦਿੜ੍ਹਵਾ.

੩. ਵਿਦ੍ਵਾਨਾਂ ਨੇ ਦੀਙਾ ਦਾ ਅਰਥ ਕੀਤਾ ਹੈ. ਜੋ ਗਯਾਨ ਲਈ ਦਿੱਤੀ ਜਾਵੇ ਅਰ ਜਿਸ ਤੋਂ ਬੰਧਨ ਙਯ ਹੋ ਜਾਣ.

੪. ਕਈ ਲੇਖਕਾਂ ਨੇ ਲਿਖਿਆ ਹੈ ਕਿ "ਜ਼ਫ਼ਰਨਾਮਾ" ਲੋਹਗੜ੍ਹ ਤੋਂ ਦਸ਼ਮੇਸ਼ ਨੇ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ ਸੀ, ਪਰ 'ਜ਼ਫ਼ਰਨਾਮਾ' ਤੋਂ ਮਲੂਮ ਹੋਂਦਾ ਹੈ ਕਿ ਇਸ ਦੇ ਲਿਖਣ ਸਮੇਂ ਕਲਗੀਧਰ ਕਾਂਗੜ ਵਿਰਾਜਦੇ ਸਨ. (ਦੇਖੋ, ਬੈਤ ੫੮)

੫. ਆਪਣੇ ਰਿਸ਼ਤੇਦਾਰ ਗੰਗਾ ਰਾਮ ਦੇ ਬੁਲਾਉਣ ਪੁਰ ਦਿੱਲੀ ਤੋਂ ਨੌਕਰੀ ਛੱਡ ਕੇ ਸਨ ੧੮੧੫ ਵਿੱਚ ਲਹੌਰ ਆਇਆ ਅਰ ਸਨ ੧੮੧੮ ਵਿੱਚ ਸਿੰਘ ਸਾਹਿਬ ਦੇ ਹਿਸਾਬ ਦੇ ਮਹਿਕਮੇ ਵਿੱਚ ਭਰਤੀ ਹੋਇਆ. ਸਨ ੧੮੨੬ ਵਿੱਚ ਗੰਗਾ ਰਾਮ ਦੇ ਮਰਣ ਪੁਰ ਸਰਕਾਰੀ ਮੁਹਰ ਇਸ ਦੇ ਸਪੁਰਦ ਹੋਈ. ਸਨ ੧੮੩੮ ਵਿੱਚ ਦੀਵਾਨ (Finance Minister). ਹੋਇਆ. ਮਹਾਰਾਜਾ ਇਸ ਦੇ ਸੇਵਾ ਤੋਂ ਬਹੁਤ ਪ੍ਰਸੰਨ ਸੀ. ਦੀਨਾ ਨਾਥ ਨੇ ਆਪਣੀ ਕਾਰਗੁਜ਼ਾਰੀ ਵਿਖਾ ਕੇ ਮਹਾਰਾਜਾ ਤੋਂ ਕਈ ਵਾਰ ਇਨਾਮ, ਤਨਖ਼੍ਵਾਹ ਵਿੱਚ ਤੱਰਕ਼ੀ ਅਤੇ ਜਾਗੀਰ ਪ੍ਰਾਪਤ ਕੀਤੀ.

੬. ਸਗੋਂ ਸਰ ਹੈਨਰੀ ਲਾਰੈਂਸ ਅਤੇ ਜਾਨ ਲਾਰੈਂਸ ਦੀ ਕ੍ਰਿਪਾ ਨਾਲ ਲਾਹੌਰ ਦਰਬਾਰ ਤੋਂ ਸਨ[1237] ਵਿੱਚ ਨਾਬਾਲਿਗ਼ ਮਹਾਰਾਜਾ ਦਲੀਪ ਸਿੰਘ ਤੋਂ ਰਾਜਾ ਦਾ ਖ਼ਿਤਾਬ ਅਤੇ ਕਲਾਨੌਰ ਦਾ ਇਲਾਕ਼ਾ ਜਾਗੀਰ ਵਿੱਚ ਪ੍ਰਾਪਤ ਕੀਤਾ. ਰਾਜਾ ਦੀਨਾ ਨਾਥ ਦੀ

---

[1237] ਏਥੇ ਲੇਖਕ ਜੀ ਨੇ ਸਨ ਨਹੀਂ ਦਿੱਤਾ। (ਸੰਪਾਦਕ)

ਜਾਗੀਰ ਅਤੇ ਜ਼ਮੀਨ ਦੀ ਕੁੱਲ ਆਮਦਨੀ ੪੬੪੬੦) ਰੁਪਜੇ ਸਾਲਾਨਾ ਸੀ.

੧. ਪੂਰਬੀ ਠਾਟ ਦਾ ਹੈ. ਆਰੋਹੀ ਵਿੱਚ ਰਿਸਭ ਅਤੇ ਅਵਰੋਹੀ ਵਿੱਚ ਨਿਸਾਦ ਵਰਜਿਤ ਹੈ. ਇਸ ਦਾ ਗ੍ਰਹ ਸੁਰ ਸ਼ੜਜ ਹੈ. ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਰ ਹੈ. ਕਈ ਸੰਗੀਤ ਗ੍ਰੰਥਾਂ ਵਿੱਚ ਦੀਪਕ ਨੂੰ ਕਲਜਾਣ ਠਾਟ ਦਾ ਦੱਸ ਕੇ ਨਿਸ਼ਾਦ ਵਰਜਿਤ ਸੁਰ ਲਿਖਿਆ ਹੈ. ਸੰਗੀਤ ਪਾਰਿਜਾਤ ਵਿੱਚ ਇਸ ਨੂੰ ਭੈਰਵ ਠਾਟ ਦਾ ਮੰਨਿਆ ਹੈ. ਅਤੇ ਮੱਧਮ ਨਿਸ਼ਾਦ ਦੋਵੇਂ ਵਰਜਿਤ ਲਿਖੇ ਹਨ।

੨. ਹਿੰਦੂ ਮਤ ਅਨੁਸਾਰ ਮਰਣ ਸਮੇਂ ਅਤੇ ਮੋਏ ਪ੍ਰਾਣੀ ਨਿਮਿੱਤ ਭੀ ਦੀਵਾ ਦਾਨ ਕਰਨ ਦੀ ਰੀਤਿ ਹੈ. ਦੇਖੋ, ਦੀਵਾ ੨.

੩. । ੫. ਬਹੁਤ ਰਿਆਸਤਾਂ ਵਿੱਚ ਵਜ਼ੀਰ ਨੂੰ ਦੀਵਾਨ ਸਦਦੇ ਹਨ। ੬. ਦੇਖੋ, ਦੀਵਾਨ ੨.

੪. । ੨. ਸੰਗਜਾ- ਕਰਤਾਰ. ਦੇਖੋ, ਭਾਰੀ ਭੁਜਾਨ.

੫. ੨ ਹਿੰਦੂ ਰੀਤਿ ਅਨੁਸਾਰ ਪ੍ਰਾਣੀ ਦੇ ਮਰਣ ਵੇਲੇ ਅਤੇ ਸ਼੍ਰਾਧ ਆਦਿ ਕਰਮਾਂ ਵਿੱਚ ਕੀਤਾ ਦੀਪਦਾਨ, ਜਿਸ ਦਾ ਭਾਵ ਪਰਲੋਕ ਵਿੱਚ ਪ੍ਰਾਣੀ ਹਿਤ ਪ੍ਰਕਾਸ਼ ਹੋਣਾ ਹੈ.

੬. "ਐਸਾ ਦੀਵਾ ਬਾਲੇ ਕੋਇ।

ਨਾਨਕ ਸੋ ਪਾਰੰਗਤਿ ਹੋਇ."(ਰਾਮ ਮਃ ੧)

੬੩੯- ੧. ਦੀਵਾਨ ਚੰਦ: ਮਿੱਸਰ ਦੀਵਾਨ ਚੰਦ ਪਹਿਲਾਂ ਸਰਦਾਰ ਨੌਧ ਸਿੰਘ ਨੱਕਈ ਪਾਸ ਨੌਕਰ ਸੀ. ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਹੋਣਹਾਰ ਸਮਝ ਕੇ ਆਪਣਾ ਨੌਕਰ ਕਰ ਲਿਆ ਅਤੇ ਤੋਪਖ਼ਾਨੇ ਦੇ ਸਰਦਾਰ ਗ਼ੌਸ ਖ਼ਾਨ ਪਾਸ ਮੁਨਸ਼ੀ ਕੀਤਾ. ਗ਼ੌਸਖ਼ਾਨ ਦੇ ਮਰਣ ਪੁਰ ਇਹ ਤੋਪਖ਼ਾਨੇ ਦਾ ਸਰਦਾਰ ਬਣਿਆ ਅਤੇ ਮੁਲਤਾਨ ਦੇ ਜੰਗ ਵਿੱਚ ਵੱਡੀ ਬਹਾਦੁਰੀ ਵਿਖਾਈ. ਕਸ਼ਮੀਰ ਫ਼ਤੇ ਕਰਨ ਵਿੱਚ ਦੀਵਾਨ ਚੰਦ ਮਹਾਰਾਜ ਦੀ ਕ੍ਰਿਪਾ ਦਾ ਹੋਰ ਭੀ ਪਾਤ੍ਰ ਹੋ ਗਿਆ. ਜਾਗੀਰ ਪ੍ਰਾਪਤ ਕੀਤੀ ਅਤੇ ਖ਼ਿਤਾਬ "ਜ਼ਫ਼ਰਜੰਗ ਬਹਾਦੁਰ" ਮਿਲਿਆ. ਇਸ ਦਾ ਦੇਹਾਂਤ ਸਨ ੧੮੨੫ ਵਿੱਚ ਹੋਇਆ.

੨. ਦੁਅਸਪ: ਫ਼ਾ. ਮੁਗ਼ਲ ਰਾਜ ਵੇਲੇ ਉਹ ਘੋੜਚੜ੍ਹਾ ਨੌਕਰ, ਜਿਸ ਨੂੰ ਦੋ ਘੋੜੇ ਰੱਖਣੇ ਪੈਂਦੇ ਸਨ ਅਤੇ ਦੁਹਰੀ ਤਨਖ਼ਾਹ ਪਾਉਂਦਾ ਸੀ.

੩. ਮਧਜ ਭਾਰਤ (C. P. ) ਦੇ ਨੀਮਾੜ ਜ਼ਿਲੇ ਵਿੱਚ ਨਰਮਦਾ ਨਦੀ ਦੇ ਉੱਤਰੀ ਕਿਨਾਰੇ ਤੇ "ਓਅੰਕਾਰੇਸ਼੍ਵਰ" ਇਸ ਲਿੰਗ ਦੇ ਨਾਮ ਤੋਂ ਕਸਬੇ ਦਾ ਨਾਉਂ ਭੀ "ਓਅੰਕਾਰੇਸ਼੍ਵਰ" ਪੈ ਗਿਆ ਹੈ. ਇਸੇ ਥਾਂ ਨਰਮਦਾ ਦੇ ਦੱਖਣੀ ਕਿਨਾਰੇ ਤੇ ਮਮਲੇਸ਼੍ਵਰ (ਅਮਰੇਸ਼੍ਵਰ) ਸ਼ਿਵ ਮੰਦਿਰ ਹੈ. ਕਿਤਨਿਆਂ ਦਾ ਖ਼ਜਾਲ ਹੈ ਕਿ ਬਾਰਾਂ ਜੋਤਿਰਲਿੰਗਾਂ ਵਿੱਚ ਅਮਰੇਸ਼੍ਵਰ ਦੀ ਗਿਣਤੀ ਹੈ, ਅਤੇ ਅਮਰੇਸ਼੍ਵਰ ਦਾ ਮੰਦਿਰ ਓਅੰਕਾਰੇਸ਼੍ਵਰ ਤੋਂ ਪੁਰਾਣਾ ਹੈ.

੪. "ਹਾਰਿ ਪਰਿਓ ਦੁਆਰਿ."(ਬਿਲਾ ਅਃ ਮਃ ੫)

੫. ਭਾਵ- ਨਿਰਲੇਪ ਖ਼ਿਆਲਾਂ ਵਾਲਾ ਖਿੜਿਆ ਹੋਇਆ ਦਿਮਾਗ਼.

੬. "ਦੁਇ ਸੇਰ ਮਾਗਉ ਚੂਨਾ."(ਸੋਰ ਕਬੀਰ)

੭. । ੩. ਕ੍ਰਿ. ਵਿ- ਦੋਵੇਂ. ਦੋਨੋ.

੧. ਸਿਮ੍ਰਿਤਿਕਾਰ ਰਿਖੀਆਂ ਨੇ ਛ ਮਲਾਂ (ਰਾਗ, ਦ੍ਵੇਸ਼. ਈਰਖਾ, ਅਸੂਯਾ, ਪਰ ਅਪਕਾਰ ਦੀ ਇੱਛਾ ਅਤੇ ਕ੍ਰੋਧ) ਨੂੰ ਦੁਸ੍ਟ- ਭਾਵ ਲਿਖਿਆ ਹੈ.

੨. । ੨. ਦੁਸ਼੍ਟਤਾ ਅਹੰ (ਯੋਗਜ) ਕੀਤਾ. ਦੁਰਕਾਰਿਆ. ਦੋਸ਼ੀ ਠਹਿਰਾਯਾ.

੩. ਦੁਸਪ੍ਰਾਪਤ: ਸੰ. दुष्प्राप्य. ਦੁਸ੍ਪ੍ਰਾਪ੍ਯ. ਵਿ- ਜਿਸ ਦਾ ਪ੍ਰਾਪਤ ਹੋਣਾ ਔਖਾ ਹੋਵੇ.

੪. ਦੁਸਾਸਨੈ: ਦੁਃ ਸਾਸਨ ਨੇ ਦੇਖੋ, ਦੁੱਸਾਸਨ.

ਦੁਸਾਂਗੀ: ਦੋ ਨੋਕਾਂ ਵਾਲੀ ਬਰਛੀ। ੨. ਜਟਕਾ ਸੰਦ, ਸਲੰਘ। ੩. ਖ਼ਾ. ਪਜਾਮਾ, ਘਟੁੰਨਾ. ਸਲਵਾਰ.

੫. ਦੁਸ੍ਟ: ਦੇਖੋ, ਦੁਸਟ.

ਦੁਸ੍ਟ ਭਾਵ: ਦੇਖੋ, ਦੁਸਟਭਾਉ.

੬. ਦੁਹ ਸੁਪਨ: ਸੰ. ਦੁਃ ਸ੍ਵਪ੍ਨ. ਅਮੰਗਲ ਸੂਚਕ ਸ੍ਵਪਨ. ਖੋਟਾ ਸੁਪਨਾ. "ਅੌਚਕ ਉਠੀ ਪਾਇ ਦੁਹ ਸੁਪਨੇ." (ਗੁਪ੍ਰਸੂ) ਬ੍ਰਹਮ ਵੈਵਰਤ ਪੁਰਾਣ ਵਿੱਚ ਦੁਃਸ੍ਵਪਨ ਦੇ ਭੇਦ ਅਤੇ ਫਲ ਵਿਸਤਾਰ ਨਾਲ ਲਿਖੇ ਹਨ

੭. ਦੁਹਲ, ਦੁਹਲਕ: ਦੇਖੋ, ਢੋਲ ਅਤੇ ਢੋਲਕ.

੮. ਦੋਹਨ ਕੀਤੀ. ਚੋਈ। ੨. ਦੁਹੀਂ. ਦੋਹਾਂ ਨੇ. ਦੋਹਾਂ ਵਿੱਚ.

੯. ਹਟਵਾਣੀਆਂ। ੨. ਭਾਵ- ਧਰਮ ਦਾ ਆਡੰਬਰ ਰਚਕੇ ਸ੍ਵਾਰਥ ਸਿੱਧ ਕਰਨ ਵਾਲਾ ਆਗੂ.

੧. । ੩. ਦੁੱਖ- ਅਰਿ. ਦੁੱਖਵਿਨਾਸ਼ਕ. "ਸਤਿਗੁਰ ਦਰਸ ਦੁਖਾਰੀ."(ਨਾਪ੍ਰ)

੨. ਪਾਣੀ ਨਾਲ ਭਰੇ ਦੋ ਘੜਿਆਂ ਵਾਲੀ ਇਸਤ੍ਰੀ ਦਾ ਰਾਹ ਵਿੱਚ ਮਿਲਣਾ ਹਿੰਦੂ ਗ੍ਰੰਥਾਂ ਅਨੁਸਾਰ ਸ਼ੁਭ ਸ਼ਕੁਨ ਹੈ. ਦੇਖੋਅਪਸਗਨ.

੩. ੬ ਨਗਾਰਾ. "ਸਤਿਗੁਰੁ ਦੁੰਦ ਬਜਾਵਤ ਆਏ." (ਗੁਪ੍ਰਸੂ) ਘੋੜੇ ਤੇ ਦੋ ਨਗਾਰੇ ਰੱਖੇ ਜਾਂਦੇ ਹਨ, ਇਸ ਲਈ ਦੁੰਦ ਸ਼ਬਦ ਵਰਤਿਆ ਹੈ.

੩. ੧. ਦੁਧਾਲੀ: ਦੁੱਧ ਦੇਣ ਵਾਲੀ. ਜਿਵੇਂ- ਦੁਧਾਲੀ ਗਾਂ.

੨. ਦੁਫੇੜ: ਦੋਹਾਂ ਵਲੋਂ ਫਫਕ. ਪਰਸਪਰ ਵਿਰੋਧ.

੩. ੨ ਜੋ ਦੋਹਾਂ ਬਾਹਾਂ (ਹੱਥਾਂ) ਨਾਲ ਤਲਵਾਰ ਚਲਾ ਸਕੇ.

੪. ਦੁਬਾਹ: ਸੰ. ਦ੍ਵਿਬਾਹੁ. - ਦੋ ਭੁਜਾਂ ਵਾਲਾ. ਮਨੁੱਖ। ੨. ਦੋਹਾਂ ਬਾਹਾਂ ਨਾਲ ਤਲਵਾਰ ਚਲਾਣ ਵਾਲਾ. ਦੁਬਹੀਆ. "ਦੁਰੰਤ ਦੁਬਾਹ."(ਅਕਾਲ)

ਘੋਰ ਸੰਗ੍ਰਾਮ ਕਰਨ ਵਾਲੇ ਯੋਧਾ.

੫. ਦੁਬਿੰਸਤ: ਸੰ. ਦ੍ਵਾਵਿੰਸ਼ਤਿ: ਦੋ ਅਤੇ ਵੀਹ. ਬਾਈ. "ਡਾਰ ਦੁਬਿਸਤ ਭੋ ਜਗ ਮੇ." (ਗੁਪ੍ਰਸੂ) ਗੁਰੂ ਅਮਰ ਦਾਸ ਰੂਪ ਵਿਰਛ ਦੇ ੨੨ ਡਾਹਲੇ (ਕਾਂਡ) ਹੋਏ, ਭਾਵ ੨੨ ਮੰਜੀਆਂ ਤੋਂ ਹੈ.

੬. "ਕਹੁ ਨਾਨਕ ਸੋ ਬ੍ਰਹਮ ਬੀਚਾਰੀ."

੧. ਬਿਲਾਵਲ ਠਾਟ ਦੀ ਇਕ ਔੜਵ ਰਾਗਿਣੀ, ਜਿਸ ਵਿੱਚ ਗਾਂਧਾਰ ਅਤੇ ਨਿਸ਼ਾਦ ਵਰਜ਼ਿਤ ਹਨ. ਵਾਦੀ ਸੁਰ ਮੱਧਮ ਹੈ. ਰਿਸ਼ਭ ਅਤੇ ਪੰਚਮ ਦੀ ਸੰਗਤਿ ਰਹਿੰਦੀ ਹੈ. ਗਾਉਣ ਦਾ ਵੇਲਾ ਦੋਪਹਰ ਹੈ. ਇਸ ਦਾ ਨਾਮ "ਸ਼ੁੱਧ ਸਾਵੇਰੀ" ਭੀ ਲਿਖਿਆ ਹੈ. ਕਈ ਗ੍ਰੰਥਾਂ ਨੇ ਦੁਰਗਾ ਨੂੰ ਕਮਾਚ ਠਾਟ ਦੀ ਮੰਨਕੇ ਰਿਸ਼ਭ ਪੰਚਮ ਵਰਜਿਤ ਲਿਖੇ ਹਨ ਅਤੇ ਵਾਦੀ ਸੁਰ ਗਾਂਧਾਰ ਠਹਿਰਾਇਆ ਹੈ.

੨. ਦੇ ਮਰਘਟ ਪਾਸ ਹੈ. ਹੁਣ ਇਸ ਨੂੰ ਸ਼ਹਿਰ ਦੇ ਹਿੰਦੂ ਪ੍ਰੇਮੀਆਂ ਨੇ ਬਹੁਤ ਸੁੰਦਰ ਬਣਾ ਲਿਆ ਹੈ. ਭਾਈ ਵੀਰ ਸਿੰਘ ਜੀ ਨੇ ਗੁਰੁ ਪ੍ਰਤਾਪ ਸੂਰਯ ਦੀ ਰਾਸ਼ਿ ਤੀਜੀ ਦੇ ਚੌਦ੍ਹਵੇਂ ਅਧ੍ਯਾਯ ਦੇ ਪਰਯਾਯ ਲਿਖਦੇ ਹੋਏ ਸਿੱਧ ਕੀਤਾ ਹੈ ਕਿ ਇਹ ਸਥਾਨ ਸੰਮਤ ੧੯੦੫ ਵਿੱਚ ਬਣਿਆ ਹੈ. ਭਾਈ ਸੰਤੋਖ ਸਿੰਘ ਜੀ ਨੇ ਜੋ ਦੁਰਗਿਆਣੇ ਮਾਤਾ ਗੰਗਾ ਜੀ ਵਲੋਂ ਸੀਤਲਾ ਪੂਜਨ ਦਾ ਪ੍ਰਸੰਗ ਗੁਰੁਬਾਣੀ ਵਿਰੁੱਧ ਲਿਖਿਆ ਹੈ ਉਸ ਪੁਰ ਬਹੁਤ ਸੁੰਦਰ ਫੁੱਟਨੋਟ ਦਿੱਤਾ ਹੈ, ਜੋ ਪੜ੍ਹਨ ਯੋਗ੍ਯ ਹੈ. ਦੇਖੋ, ਪੰਨਾ ੧੯੫੧ ਤੋਂ ੫੫ ਤੱਕ.

੩. ਇਥੇ ਦੁਰਗੰਧ ਤੋਂ ਭਾਵ ਕੌੜੀ ਅਤੇ ਕਪਟ ਭਰੀ ਬਾਣੀ ਹੈ.

ਅਤੇ ਕਪਟ ਭਰੀ ਬਾਣੀ ਹੈ.

੪. ਦੂਰਤੈ: ੫. ਤਰਣਾ ਔਖਾ ਹੋਵੇ. ਦੁਸੂਰ. ਜਿਸ ਦਾ ਲੰਘਣਾ ਕਠਿਨ ਹੈ.

੬. ਦੁਰਨਤਾ: ਲੁਕਣ ਕਾ ਭਾਵ. ਛਿਪਾਉ.

੭. ਦੁਰਨਿਰੀਛਣਾ: ਦੁਰਨਿਰੀਛ ਦਾ ਇਸਤ੍ਰੀਲਿੰਗ. "ਦੁਰਨਿਰੀਛਨਾ ਪੂਛਨ ਕੀਨੇ." (ਗੁਪ੍ਰਸੂ)

੮. ਮਹਾਭਾਰਤ ਦੇ ਮੌਸ਼ਨ ਪਰਵ ਵਿੱਚ ਲਿਖਿਆ ਹੈ ਕਿ ਸਾਰਛ ਵਿਸ਼੍ਵਾਮਿਤ੍ਰ, ਕਨ੍ਵ ਅਤੇ ਨਾਰਦ ਆਦਿ ਇਕ ਵਾਰ ਦ੍ਵਾਰਕਾ ਆਏ, ਉਨ੍ਹਾਂ ਨਾਲ ਮਖ਼ੌਲ ਕਰਨ ਪੁਰ ਰਿਖੀਆਂ ਨੇ ਲੋਹੇ ਦਾ ਮੂਸਲ ਜੰਮਣ ਦਾ ਸ੍ਰਾਪ ਦਿੱਤਾ ਸੀ.

੧. ੩ ਕ੍ਰਿ. ਵਿ. ਦੌੜਾਕੇ. ਨਠਾਕੇ.

"ਮੰਦ ਦੁਰਾਇ ਤੁਰੰਗਨ ਚਲੇ."(ਗੁਪ੍ਰਸੂ)

੨. ਸੰ. ਦੁਰਾਸ਼. ਵਿ- ਜਿਸ ਨੂੰ ਹੱਛੀ ਉਮੀਦ ਨਾ ਹੋਵੇ। ੨.

੩. ਦੁਰਾਹੀ: ਦੋ ਰਾਹਾਂ ਵਿੱਚ ਤੁਰਨ ਵਾਲਾ, ਭਾਵ- ਜੋ ਇੱਕ ਮੱਤ ਤੇ ਕ਼ਾਯਮ ਨਹੀਂ.

ਦੁਰਾਂਹੀ: ਔਖਾ. ਕਠਿਨ. "ਇਉਂ ਜਾਨੈ ਬਿਨ ਮਿਲਨ ਦੁਰਾਂਹੀ."(ਨਾਪ੍ਰ)

੨. ਚੁਰਾਉਂਦੇ (ਲੁਕੋਂਦੇ) ਹਨ। ੩. ਦੇ ਰਾਹਾਂ ਵਿੱਚ.

੪. "ਛੁਟਹਿ ਕਲੇਸ ਅਸੇਸ ਦੁਰਾਧਰ." (ਗੁਪ੍ਰਸੁ)

੫. "ਰੀਤਿ ਬਰਾਤਨ ਦੁਨਹ ਕੀ. ਬਾਸੁ ਦੇਵ ਸਬ ਕੀਨ."

(ਕ੍ਰਿਸ਼ਨਾਵ) "ਦੂਲਹੁ ਦੁਲਹਨ ਆਗੇ ਜਾਵਤ." (ਨਾਪ੍ਰ)

੬. ਪਰ ਇਹ ਭੁੱਲ ਹੈ. ਹੁਸੈਨ ਦੀ ਸਵਾਰੀ ਦੇ ਘੋੜੇ ਦਾ ਨਾਉਂ "ਮੁਰਤਾਜਿਜ਼" ਸੀ, ਜਿਸ ਪੁਰ ਕਰਬਲਾ ਦੇ ਮਕਾਮ ਉਹ ਸਵਾਰ ਸੀ. ਉੱਚੇ ਸੁਰ ਨਾਲ ਹਿਣਕਣ ਕਰਕੇ (ਘੋੜੇ ਦਾ) ਇਹ ਨਾਉਂ ਪੈ ਗਿਆ ਸੀ.

੭. । ੨. ਕਿਤਨੇ ਲੇਖਕਾਂ ਨੇ ਇਮਾਮ ਹੁਸੈਨ ਲਈ ਇਹ ਸ਼ਬਦ ਵਰਤਿਆ ਹੈ.

੮. ਇਸ ਪਿੱਛੋਂ ਫੇਰ ਹੱਦ ਦਾ ਝਗੜਾ ਚਿਰ ਤੀਕ ਜਾਰੀ ਰਿਹਾ, ਜਿਸ ਦਾ ਫ਼ੈਸਲਾ ਅੰਤ ਨੂੰ ਅੰਗ੍ਰੇਜ਼ੀ ਸਰਕਾਰ ਨੇ ਸਨ ੧੮੩੦ ਵਿੱਚ ਕੀਤਾ, ਜਿਸ ਅਨੁਸਾਰ ਇਸ ਵੇਲੇ ਠੱਡੇ ਬੰਦੀ ਹੈ.

੯. । ੨. ਸੰਗਯਾ- ਦ੍ਵੈਤ. Duality.

੧. । ੪. ਪਟਿਆਲੇ ਪਾਸ ਨਵਾਂ ਪ੍ਰਗਟ ਹੋਯਾ ਇੱਕ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦ੍ਵਾਰਾ, ਜਿਸ ਦੀ ਸੁੰਦਰ ਇਮਾਰਤ ਬਣ ਗਈ ਹੈ ਅਤੇ ਕਥਾ ਕੀਰਤਨ ਲੰਗਰ ਦਾ ਉੱਤਮ ਪ੍ਰਬੰਧ ਹੈ.

੨. ਦੂਰੰਦੇਸ਼ੀ: ਦੀਰਘ ਦਰਸ਼ਿਤਾ. ਲੰਮੀ ਨਜ਼ਰ.

੩. "ਮਿਲਿ ਆਏ ਸਬੈ ਦੂਲਹੁ ਹੇਰਨ ਹੇਤ." (ਨਾਪ੍ਰ) "ਬੈਠੇ ਤਬੈ ਦੋਊ ਦੂਲੋ ਦੂਲਹੀ ਸੁਹਾਵਤੀ." (ਕ੍ਰਿਸ਼ਨਾਵ)

੪. । ੩. ਕਮਾਚ ਠਾਟ ਦਾ ਇੱਕ ਔੜਵ ਸੰਪੂਰਣ ਰਾਗ. ਆਰੋਹੀ ਵਿੱਚ ਗਾਂਧਾਰ ਅਤੇ ਧੈਵਤ ਵਰਜਿਤ ਹਨ. ਵਾਦੀ ਰਿਸ਼ਭ ਅਤੇ ਸੰਵਾਦੀ ਨਿਸ਼ਾਦ ਹੈ. ਅਵਰੋਹੀ ਵਿੱਚ ਗਾਂਧਾਰ ਤੇ ਠਹਿਰਨ ਤੋਂ ਸੋਰਠ ਦੀ ਸ਼ਕਲ ਬਣ ਜਾਂਦੀ ਹੈ. ਇਸ ਦੇ ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਰ ਹੈ.

੫. ਦੇਸ਼ਮੁਖ: ਪਰਗਨੇ ਦਾ ਪ੍ਰਧਾਨ. ਜ਼ੈਲਦਾਰ.

੧. ੨ ਦੇਵਸਾਂ ਦਾ ਸੰਖੇਪ. "ਇਹੁ ਮਨੁ ਏਕੁ ਦੇਸਾ." (ਸੋਰ ਮਃ ੫)

੨. ਭਾਈ ਸੰਤੋਖ ਸਿੰਘ ਜੀ ਅਤੇ ਹੋਰ ਇਤਿਹਾਸਕਾਰਾਂ ਨੇ ਸੁਲੱਖਣੀ ਅਤੇ ਦੇਸ਼ਾਂ ਦੇ ਪ੍ਰਸੰਗ ਮਿਲਾ ਦਿੱਤੇ ਹਨ. ਦੇਖੋ, ਸੰਗਰਾਣਾ ਸਾਹਿਬ ਅਤੇ ਚੱਬਾ ਦੇਖੋ, ਗੁਪ੍ਰਸੂ, ਅਯਨ ੧, ਅਃ ੨੧.

੩. । ੨. ਦੇਸੂ ਸਿੰਘ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ. ਦੇਖੋ, ਭਗਤੂ ਭਾਈ.

੪. ਜਾਗੀਰ ਪਿੰਡ ਤਾਲਿਆ ਪੁਰ ਤਸੀਲ ਰੋਪੜ ਤੋਂ ੭00), ਕਮਾਲਪੁਰ ਤਸੀਲ ਗੁਰਦਾਸਪੁਰ ਤੋਂ ੮00), ਕਿਲਾ ਨੱਥੂ ਸਿੰਘ ਤਸੀਲ ਗੁਰਦਾਸਪੁਰ ਤੋਂ ੧000), ਚੌਬੀਹ ਦੁਕਾਨਾਂ ਦੇ ਕਿਰਾਏ ਦੀ ਆਮਦਨ ੧੩00), ਬਾਕੀ ਜ਼ਮੀਨਾਂ ਅਤੇ ਬਾਗ਼ ਦੀ ਆਮਦਨ ਕ਼ਰੀਬ ੧੯੫੯) ਰੁਪਯੇ ਸਾਲਾਨਾ ਹੈ. ਇਸ ਦਾ ਪ੍ਰਬੰਧ ਸਥਾਨਿਕ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਦੇ ਹੱਥ ਹੈ. ਲੰਗਰ, ਕਥਾ ਕੀਰਤਨ ਦਾ ਪ੍ਰਬੰਧ ਬਹੁਤ ਚੰਗਾ ਹੈ.

੫. ਦੇਹਾਂਤਕ: ਯਮ। ੨. ਮਾਦਕ. ਨਸ਼ਾ। ੩. ਆਤਮਘਾਤ ਕਰਨ ਵਾਲਾ.

੬. ਦੇਖਨੀਯ: ਦੇਖਣ ਯੋਗਯ. "ਦੇਖਨੀਯ ਤਰੁਵਰ ਸਮੁਦਾਈ."(ਗੁਪ੍ਰਸੂ)

੭. ਦੇਖਿਆ: ਵੇਖਿਆ। ੨. ਪੜਤਾਲਿਆ. ਪਰਖਿਆ. ਦੇਖੋ, ਦੇਖਣਾ ੨.

੧. ਇਸ ਦਾ ਦੇਹਾਂਤ ੩. ਅਪ੍ਰੈਲ ਸਨ ੧੯੨੯ (ਚੇਤ ਬਦੀ ੯. ਸੰਮਤ ੧੯੮੫) ਨੂੰ ਲਹੌਰ ਹੋਇਆ.

੨. । ੪. ਬਿਲਾਵਲ ਠਾਟ ਦਾ ਔੜਵ ਸੰਪੂਰਨ ਰਾਗ, ਜਿਸਦੀ ਆਰੋਹੀ ਵਿੰਚ ਗਾਂਧਾਰ ਅਤੇ ਧੈਵਤ ਨਹੀਂ ਲਗਦੇ. ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ. ਦੇਵਗਿਰਿ ਵਿਚੱ ਬਿਲਾਵਲ ਅਤੇ ਕਲਜਾਣ ਦਾ ਮੇਲ ਹੈ.

੩. "ਦੇਵਨਹਾਰੁ ਬਿਸਾਰਿਓ."(ਸਾਰ ਮਃ ੫)

੬੫0- ੧. ਦੇਵ ਰੂਖ: ਦੇਵਤਰੁ. ਕਲਪ ਵਿਰਛ. ਦੇਖੋ, ਸੁਰਤਰੁ.

੨. ਦੇਵਾਪਿ: ਇੱਕ ਰਾਜਾ, ਜਿਸ ਨੂੰ ਕਲਕੀ ਅਵਤਾਰ ਰਾਜ- ਕਾਜ ਸੋਂਪੂ, ਦੇਖੋ, ਕਲਕੀ.

੩. ੩ ਈਸ਼੍ਵਰੀਯ ਸ਼ਕਤਿ. ਮਹਾ ਮਾਯਾ. ਇਸ ਸੰਬੰਧ ਵਿੱਚ ਦੇਖੋ, "ਦੁਰਗਾ ਸਪ੍ਰਸ਼ਤੀ" ਦਾ ਅਧਜਾਯ ੫. "ਯਾ ਦੇਵੀ ਸਵੰਭੂਤੇਸੁ ਵਿਸ਼ਨੁਮਾਯੇਤਿ ਸਬ੍ਰਦਿਤਾ। ਚੇਤਨੇਤਯਭਿਧੀਯਤੇ ਬੁੱਧਿ ਰੁਪੇਣ ਸੰਸਿਥਤਾ। ਨਿਦ੍ਰਾ ਰੂਪੇਣ, ਕ੍ਸ਼ੁਧਾ ਰੂਪੇਣ, ਛਾਯਾ ਰੂਪੇਣ, ਸ਼ਕ੍ਤਿ ਰੂਪੇਣ, ਤ੍ਰਿਸ਼ਣਾ ਰੂਪੇਣ, ਕਾਂਤਿ ਰੂਪੇਣ, ਜਾਤਿ ਰੂਪੇਣ, ਲੱਜਾ ਰੂਪੇਣ, ਸ਼ਾਂਤਿ ਰੂਪੇਣ, ਸ਼ੱਧਾ ਰੂਪੇਣ, ਕਾਂਤਿ ਰੂਪੇਣ, ਲਕ੍ਸ਼ਮੀ ਰੂਪੇਣ, ਵ੍ਰਿੱਤਿ ਰੂਪੇਣ, ਸਿਮ੍ਰਤਿ ਰੂਪੇਣ, ਦਯਾ ਰੂਪੇਣ, ਤਸ਼੍ਟਿਰੂਪੇਣ, ਮਾਤ੍ਰਿ ਰੂਪੇਣ, ਭ੍ਰਾਂਤਿ ਰੂਪੇਣ ਸੰਸਿਥਤਾ, ਨਮਸ੍ਤਸਯੈ ਨਮਸ੍ਤਸਯੈ, ਨਮਸ੍ਤਸਯੈ ਨਮੋ ਨਮਃ।"

੪. "ਦਨ ਪ੍ਰਹਲਾਦ ਪ੍ਰਹਲਾਦ ਕੋ ਲਖ੍ਯੋ ਸੁ ਦੈਤ." (ਗੁਪ੍ਰਸੂ)

੬੫੩- ੧. ਦੋਹਿਤਾ, ਦੋਹਿਤੀ: ਦੇਖੋ, ਦੋਹਤਾ.

੨. "ਕੌਨ ਦੋਬਣੀ ਨੇ ਕਿਮ ਜਾਯੋ."(ਗੁਪ੍ਰਸੂ)

੧. । ੩. ਦੋਨੋ. ਦੋਵੇਂ. "ਸਰਬ ਰੀਤਿ ਸੈ ਸਮ ਹੈਂ ਦੌਨ." (ਗੁਪ੍ਰਸੂ)

੨. "ਦੋਨਹੁ ਦੌਰ ਤਯਾਰ ਕਰਿ ਲਾਏ." (ਗੁਪ੍ਰਸੂ)

੩. ਪਠਾਣਾਂ ਦੀ ਯੂਸਫ਼ ਖ਼ੈਲ ਜਾਤਿ ਵਿੱਚ ਤਾਤਾਰ ਖ਼ਾਨ ਦਾ ਪੁਤ੍ਰ ਅਤੇ

੪. ਗੁਜਰਾਤ ਦੀ ਉੱਤਰ ਵੱਲ ਦੌਲਾ ਸ਼ਾਹ ਦਾ ਮਕਬਰਾ ਹੈ ਜਿਸ ਥਾਂ ਬਹੁਤ ਮੁਜਾਵਰ ਰਹਿੰਦੇ ਹਨ। ਬਹੁਤ ਇਸਤ੍ਰੀਆਂ ਛੋਟੇ ਸਿਰ

ਵਾਲੇ ਬੱਚਿਆਂ ਨੂੰ ਇੱਥੇ ਚੜ੍ਹਾ ਦਿੰਦੀਆਂ ਹਨ, ਜੋ ਦੌਲਾ ਸ਼ਾਹ ਦੇ ਚੂਹੇ ਆਖੇ ਜਾਂਦੇ ਹਨ. ਭ੍ਰਮ ਦੀਆਂ ਗ੍ਰਸੀਆਂ ਇਸਤ੍ਰੀਆਂ ਦਾ ਨਿਸ਼ਚਾ ਹੈ ਕਿ ਪਹਿਲੀ ਔਲਾਦ ਪੀਰ ਨੂੰ ਅਰਪਣ ਤੋਂ ਭਾਗਵਾਨ ਸੰਤਾਨ ਜਨਮਦੀ ਹੈ. ਕਿਤਨੇ ਬੱਚਿਆਂ ਦੇ ਸਿਰ ਲੋਹੇ ਦੀ ਟੋਪੀ ਪਹਿਨਾ ਕੇ ਛੋਟੇ ਰੱਖੇ ਜਾਂਦੇ ਹਨ. ਇਨ੍ਹਾਂ ਚੂਹਿਆਂ ਨੂੰ ਨਾਲ ਲੈ ਜਾ ਕੇ ਮੁਜਾਵਰ ਪਿੰਡੀਂ ਦੌਰਾ ਕਰਦੇ ਅਤੇ ਭੇਟਾ ਉਗਰਾਹੁੰਦੇ ਹਨ.

੫. । ੪. ਤੁ. ਇਕ ਪੁਰਾਣਾ ਸਿੱਕਾ, ਜੋ ਦਿਰਹਮ ਦਾ ਛੇਵਾਂ ਹਿੱਸਾ ਸੀ.

੬. ਦੰਡ ਸੰਕਾਸ: ਡੰਡੇ ਤੁੱਲ, ਡੰਡੇ ਵਾਂਙ ਸਿੱਧਾ.

੭. ਦੰਦ ਧੋਣ (ਸਾਫ਼ ਕਰਨ) ਦੀ ਕੂਚੀ.

੮. "ਖੇਲਤ ਦਯੁਤ ਜੁਧਿਸਟਰ ਰਾਉ. (ਗੁਪ੍ਰਸੂ)

੨. ਮੂਰਖ ਲਿਖਾਰੀਆਂ ਨੇ ਦਸ਼ਮ ਗ੍ਰੰਥ ਦੇ ਅਨੇਕ ਬਾਈ ਦਪੰ ਦੀ ਥਾਂ ਦ੍ਰੂਪ ਲਿਖਿਆ ਹੈ.

੩. ਦ੍ਰਾਕ੍ਸ਼ਾ: ਸੰ. ਦਾਖ. ਅੰਗੂਰ.

ਦ੍ਰਾਕ੍ਸ਼ਾਸਵ: ਸੰ. ਦਾਖ ਤੋਂ ਬਣੀ ਮਦਿਰਾ. ਅੰਗੂਰੀ ਸ਼ਰਾਬ.

ਦ੍ਰਾਗ: ਦੇਖੋ. ਦ੍ਰਾਕ.

੬੫੭- ੧. ਦ੍ਰਿਢਤਾ, ਦ੍ਰਿਢਤ੍ਵ: ਸੰਗਯਾ- ਪਕਿਆਈ ਮਜ਼ਬੂਤੀ। ੨. ਕਠੋਰਤਾ. ਸਖ਼ਤੀ.

੧. "ਗਿਰਿ ਦੋਣੀ ਪਰ ਠਾਢਾ." (ਨਾਪ੍ਰ)

੨. ਦੇਵੀ ਭਾਗਵਤ ਦੇ ਨਮੇ ਸਕੰਧ ਦੇ ਸੋਲ੍ਹਵੇਂ ਅਧਯਾਯ ਵਿੱਚ ਲਿਖਿਆ ਹੈ ਕਿ ਸੀਤਾ ਹੀ ਦ੍ਰੋਪਦੀ ਹੋ ਕੇ ਜਨਮੀ ਸੀ.

੩. ਦਰ. ਦਰਵਾਜ਼ਾ. "ਗਹਯ ਤੁਹਾਰੋ ਦ੍ਵਾਰ." (ਰਾਮਾਵ)

੪. ਦ੍ਵਿਪਅਰਿ: ਹਾਥੀ ਦਾ ਵੈਰੀ. ਸ਼ੇਰ.

੫. ਦ੍ਵਿਰਾਗਮਨ: ਦੂਜੀ ਵਾਰ ਆਉਣ ਦਾ ਕਰਮ. ਵਹੁਟੀ ਦਾ ਵਿਆਹ ਪਿੱਛੋਂ ਦੂਜੀ ਵਾਰ ਸਹੁਰੇ ਘਰ ਆਉਣਾ. ਮੁਕਲਾਵਾ.

੧. ਜੋ ਪੁਰਾਣਾਂ ਅਨੁਸਾਰ ਜ਼ਮੀਨ ਨੂੰ ਚੁੱਕੀ ਖਲੋਤਾ ਹੈ. "ਵਰਤਿਆ ਪਾਪ ਜਗਤ ਤੇ, ਧਉਲ ਉਡੀਣਾ ਨਿਸਿਦਿਨ ਰੋਆ." (ਭਾਗੁ) ਦੇਖੋ, ਧੌਲੁ ਧਰਮੁ।

੨. ਧਨ ਤ੍ਰਯੋਦਸ਼ੀ: ਕੱਤਕ ਬਦੀ ੧੩. ਇਸ ਤਿਥਿ ਤੋਂ ਲੱਛਮੀ ਦਾ ਪੂਜਨ ਆਰੰਭ ਹੋਕੇ ਚੌਦੇਂ ਦੀ ਰਾਤ ਨੂੰ ਸਮਾਪਤ ਹੋਂਦਾ ਹੈ.

੩. ਇਸਤ੍ਰੀ ਅਤੇ ਪਤਿ. "ਧਨ ਪਿਰੁ ਇਹਿ ਨ ਆਖੀਅਨਿ ਬਹਨਿ ਇਕਠੇ ਹੋਇ। ਏਕ ਜੋਤਿ ਦਇ ਮੂਰਤੀ ਧਨ ਪਿਰੁ ਕਹੀਐ ਸੋਇ."(ਮਃ ੩. ਵਾਰ ਸੂਹੀ)

੬੬੧- ੧. ਧਨੇਸਰੀ, ਧਨੇਸੜੀ: ਧਨ ਦੀ ਈਸ਼੍ਵਰੀ. ਲੱਛਮੀ। ੨. ਵਜੰਗਜ ਅਰਥ ਵਿੱਚ ਇਹ ਵਿਪਦਾ, ਤਕਲੀਫ਼ ਆਦਿ ਦਾ ਬੋਧਕ ਹੈ, ਜਿਵੇਂ- ਦੇਵਾਂ ਤੈਨੂੰ ਧਨੇਸੜੀ?

ਧਨੇਸ਼੍ਵਰ: ਦੇਖੋ, ਧਨੇਸ਼.

੬੬੨- ੧. ਧਰਛਤ: ਛਤ੍ਰਧਾਰ (ਅਫ਼ੀਮ) ਦੀ ਥਾਂ ਇਹ ਸ਼ਬਦ ਭਾਈ ਸੁੱਖਾ ਸਿੰਘ ਨੇ ਵਰਤਿਆ ਹੈ. "ਵਿਜਿਯਾ ਧਰਛਤ ਅਮਲ ਮੰਗਾਵੈਂ."(ਗੁਵਿ ੧੦)

੨. ਧਰਣ ਕਢਵਾਉਣੀ: ਨਾਭਿ ਚਕ੍ਰ ਦੀ ਨਾੜੀ ਵਿੱਚ ਜਮਾਂ ਹੋਈ ਰੀਹ ਨੂੰ ਮਾਲਿਸ਼ ਅਥਵਾ ਲੇਪ ਆਦਿ ਕਰਕੇ ਕਢਵਾਉਣ ਦੀ

ਕ੍ਰਿਯਾ ਕਰਨੀ. ਇਸਤ੍ਰੀਆਂ ਦਾ ਵਿਸ਼੍ਵਾਸ ਹੈ ਕਿ ਅਜੇਹਾ ਕਰਨ ਤੋਂ ਆਰਾਮ ਹੁੰਦਾ ਹੈ. ਪਰ ਵਿਦ੍ਵਾਨ ਵੈਦਜ ਇਸ ਕ੍ਰਿਯਾ ਨੂੰ ਹਾਨਿਕਾਰਕ ਮੰਨਦੇ ਹਨ.

੩. ਧਰਨਿ ਪੈਣਾ: ਕ੍ਰਿ. ਜ਼ਮੀਨ ਤੇ ਡੰਡੌਤ ਕਰਨ ਲਈ ਲੇਟਣਾ। ੨. ਦੀਨ ਹੋ ਕੇ ਕਿਸੇ ਅੱਗੇ ਨਿਉਣਾ। ੩. ਹੌਂ- ਮੈ ਤਿਆਗ ਕੇ ਨੰਮ੍ਰ ਹੋਣਾ. ਗਰੀਬੀ ਧਾਰਨ ਕਰਨੀ. "ਧਰਨਿ ਪੜੈ ਤਿਸੁ ਲਗੈ ਨ ਕਾਲਾ."(ਆਸਾ ਮਃ ੫)

੪. ਧਰਮ ਅਧਰਮ: "ਆਪਸੰਬ ਸੂਤ੍ਰ" ਵਿਚ ਲਿਖਿਆ ਹੈ ਕਿ ਜੋ ਕਰਮ ਸ਼੍ਰੇਸ੍ਟ ਪੁਰੁਸ਼ਾਂ ਦ੍ਵਾਰਾ ਸਲਾਹਿਆ ਗਿਆ ਹੈ ਉਹ ਧਰਮ, ਅਤੇ ਜੋ ਨਿੰਦਿਆ ਗਿਆ ਹੈ, ਉਹ ਅਧਰਮ ਹੈ. "यं क्रियमाणं त्वार्याः प्रशंसन्ति स धर्म्मः यं गर्हन्ति सोऽधर्म्मः।"

੫. ਮੇਨੁ ਆਇਦਕ ਦੇ ਦੱਸੇ ਸਾਰੇ ਉੱਤਮ ਨਿਯਮ ਇਨ੍ਹਾਂ ਤੇਹਾਂ ਅੰਗਾਂ ਅੰਦਰ ਆ ਜਾਂਦੇ ਹਨ.

੬. सर्वेषां यः सुहृन्नित्यं सर्वेषां च हिते रतः। कर्मणा मनसा वाचा स धर्म्मं वेद, जाजले ! "

(ਮਹਾਭਾਰਤ, ਸ਼ਾਂਤਿ ਪਰਵ, ਅਃ ੨੬੧, ਸ਼ਃ ੯)

੭. ਧਰਮਣੋ ਤ੍ਰਿਯਾ: ਧਰਮ ਪਤਨੀ. ਧਰਮ ਰੀਤਿ ਸਹਿਤ ਵਿਆਹੀ ਇਸਤ੍ਰੀ. "ਤਜਾਗ ਧਰਮਣੋ ਤ੍ਰਿਯਾ. ਕੁਨਾਰਿ ਸਾਧੁ ਜੋਹਿ"ਗੇ." (ਕਲਕੀ)

੬੬੨. ੧. ਧਰਮ ਮੂਰਤਿ: ਧਰਮ ਦਾ ਸ੍ਵਰੂਪ. ਸਿੱਖ ਰਿਆਸਤਾਂ ਵਿੱਚ ਧਾਰਮਿਕ ਲੋਕਾਂ ਵੱਲੋਂ ਮੁਰਾਸਿਲੇ ਅਤੇ ਰੁੱਕਿਆਂ ਵਿੱਚ ਰਿਆਸਤ ਦੇ ਕਰਮਚਾਰੀਆਂ ਨੂੰ ਇਸ ਸ਼ਬਦ ਨਾਲ ਸੰਬੋਧਨ ਕੀਤਾ ਜਾਂਦਾ ਹੈ, ਜਿਵੇਂ- "ਧਰਮ ਮੂਰਤਿ ਦੀਵਾਨ ਸਾਹਿਬ" ਆਦਿ. ਦੇਖੋ, ਉੱਜਲ ਦੀਦਾਰ.

੨. ਕੌਸ਼ਿਕ ਰਿਖੀ ਇੱਕ ਬ੍ਰਾਹਮਣੀ ਦੀ ਪ੍ਰੇਰਣਾ ਨਾਲ ਧਰਮਵਜਾਧ ਪਾਸ ਉਪਦੇਸ਼ ਲੈਣ ਆਇਆ ਅਤੇ ਉਸ ਤੋਂ ਸਿਖਜਾ ਲੈ ਕੇ ਸ਼ਾਂਤਿ ਨੂੰ ਪ੍ਰਾਪਤ ਹੋਇਆ.

੩. ੨. ਸਾਧੁ ਦਾ ਪਿਤਾ, ਬੀਬੀ ਬੀਰੋ ਦਾ ਸਹੁਰਾ. ਦੇਖੋ, ਬੀਰੋ ਬੀਬੀ.

੪. "ਬਿਸ਼ਨ ਸਿੰਘ ਰਾਜਾ ਧਰਮਿਸ੍ਰ."(ਮਹਮਾ ਪ੍ਰਕਾਸ਼)

੫. "ਵਡਭਾਗਨ ਜਾਨਹੁ ਇਹ ਧਰਾ। ਜਿਸ ਤੇ ਆਨਿ ਗੁਰੂ ਪਗ ਧਰਾ."(ਗੁਪਸੂ)

੬. ਧਵਲਗਿਰਿ: ਚਿੱਟਾ ਪਹਾੜ. ਹਿਮਾਲਯ. ਦੇਖੋ, ਧਵਲਾਗਿਰਿ। ੨. ਕੈਲਾਸ.

੪੯੮. ੧. ਜੋ ਸ਼ਰਾਬ ਦੀ ਲਾਹਣ ਨੂੰ ਛੇਤੀ ਤਿਆਰ ਕਰਨ ਅਤੇ ਸ਼ਰਾਬ ਨੂੰ ਤੇਜ਼ ਕਰਨ ਵਿੱਚ ਸਹਾਯਤਾ ਦੇਂਦੇ ਹਨ.

੨. ਇਸੇ ਦਾ ਨਾਮ ਧਾਵ ਅਤੇ ਧਾਵਾ ਹੈ. ਦੇਖੋ, ਧਾਵਾ ੩.

੧. "ਉਠੀ ਧੂਲਿ ਲਿਯ ਛਾਦ ਧਾਮ."(ਗੁਪ੍ਰਸੂ)

੨. ੨ ਸੰ. धवित्र- ਧਵਿਤ੍ਰ. ਵਿ- ਹਟਾਉਣ ਵਾਲਾ. ਦੂਰ ਕਰਨ ਵਾਲਾ। ੩. ਦੇਖੋ, ਧਾਵਰੀ.

੧. ੩ ਆਸਰਾ. ਸਹਾਰਾ। ੪. ਧੀਰਯ ਲਈ ਭੀ ਇਹ ਸ਼ਬਦ ਵਰਤਿਆ ਹੈ. "ਨਹਿ ਕੋ ਧਿਰ ਧਰਿ ਆਗੈ ਥਿਰੈ." (ਗੁਪ੍ਰਸੂ)

੨. ਧੀ ਪਤਿ: ਜਵਾਈ. ਦਾਮਾਦ। ੨. ਅਕਲ ਦਾ ਮਾਲਿਕ। ੩. ਆਤਮਾ.

੩. "ਧੀਰ ਤੁਰੰਗਨਿ ਰੁਚਿਰ ਮਹਾਨ."(ਗੁਪ੍ਰਸੂ)

੪. "ਧੀਰ ਨਿਹਾਲੂ ਤੁਲਸੀਆ."(ਗੁਪ੍ਰਸੂ)

੫. । ੨. ਧੀਰ ਗੋਤ ਦਾ. "ਭਾਵਾ ਧੀਰੋ ਬਸ ਉਜੈਨ." (ਗੁਪ੍ਰਸੂ) ਦੇਖੋ, ਧੀਰ ੭.

੧. । ੨. ਧੂਤੀ ਨਾਉਂ ਦਾ ਸ਼ਿਕਾਰੀ ਪੰਛੀ. "ਲਗਰ ਝਗਰ ਧੁਤੀਆ ਜੁਰਰਾਨ." (ਗੁਪ੍ਰਸੂ) ਦੇਖੋ, ਸ਼ਿਕਾਰੀ ਪੰਛੀ ਅਤੇ ਧੂਤੀ.

੬੭੦- ੧. ਧੁੱਪੜ: ਖੱਤਰੀਆਂ ਦਾ ਇੱਕ ਗੋਤ. ਸਤਿਗੁਰੂ ਨਾਨਕ ਦੇਵ ਦਾ ਸਿੱਖ, ਦੁਨੀ ਚੰਦ ਇਸੇ ਗੋਤ ਦਾ ਸੀ.

੨. ਅਤੇ ਬੇਸਰਾ. "ਧੂਤੀ ਚੀਤੇ ਅਨਿਕ ਵਿਮੋਹੈਂ.'"(ਗੁਵਿ ੧੦)

੩. ਸ਼ਿਲਾਜੀਤ ਅਤੇ ਘੀ, ਇਹ ਦਸ ਪਦਾਰਥ. ਇਸ ਦਾ ਨਾਉਂ ਦਸਾਂਗ ਧੂਪ ਹੈ.

੧. ਪੂੰਛਲ ਤਾਰਾ: Comet. "ਚੋਟੀ ਜਾਣੁ ਦਿਖਾਈ, ਤਾਰੇ ਧੂਮਕੇਤੁ."(ਚੰਡੀ ੩)

੨. ਧੂਮਾਵਤੀ: ਇੱਕ ਵਾਰ ਪਾਰਵਤੀ ਨੂੰ ਭੁੱਖ ਲੱਗੀ, ਉਸ ਨੇ ਸ਼ਿਵ ਤੋਂ ਖਾਣ ਲਈ ਮੰਗਿਆ. ਜਦ ਭੋਜਨ ਮਿਲਨ ਵਿੱਚ ਦੇਰ ਹੋਈ ਤਾਂ ਭੁੱਖ ਨਾਲ ਵਜਾਕੁਲ ਦੁਰਗਾ ਨੇ ਆਪਣੇ ਪਤਿ ਸ਼ਿਵ ਨੂੰ ਨਿਗਲ ਲਿਆ, ਜਿਸ ਤੋਂ ਉਸ ਦੇ ਸ਼ਰੀਰ ਵਿੱਚੋਂ ਧੂਆਂ ਨਿਕਲਨ ਲੱਗਾ. ਇਸ ਪੁਰ ਉਸ ਦੀ ਧੂਮਾਵਤੀ ਅੱਲ ਪੈ ਗਈ. ਦੇਖੋ ਨਾਰਦ ਪੰਚ ਰਾਤ੍ਰ, ਅਧਯਾਯ ੩੧.

੩. ਧੇਨੁ ਧੂਲਿ ਵੇਲਾ: ਗਾਈਆਂ ਦੇ ਖੁਰਾਂ ਨਾਲ ਗਰਦ ਉੱਡਣ ਦਾ ਵੇਲਾ. ਸੰਝ ਦਾ ਸਮਾਂ, ਜਦ ਵੱਗ ਜੰਗਲ ਤੋਂ ਘਰਾਂ ਨੂੰ ਮੁੜਦਾ ਹੈ. ਹਿੰਦੂ ਮੱਤ ਦੀ ਰੀਤਿ ਅਨੁਸਾਰ ਇਹ ਵੇਲਾ ਸ਼ੁਭ ਕਾਰਜਾਂ (ਖ਼ਾਸ ਕਰਕੇ ਵਿਵਾਹ) ਲਈ ਉੱਤਮ ਮੰਨਿਆ ਹੈ. "ਧੇਨੁ ਕੇ ਧੂਲਿ ਕੋ ਵੇਲਾ ਭਯੋ, ਤਬ ਛੂਣਨ ਲਾਗੀ ਹੈ ਜੋਰ ਹਵਾਈ."(ਨਾਪ੍ਰ)

੬੭੨- ੧. ਧੋਖੇ ਬਾਜ਼: ਫ਼ਰੇਬੀ. ਛਲੀਆ.

੨. ਧਰਮ ਰੂਪ ਚਿੱਟਾ ਬੈਲ[1238] ਜੋ ਪ੍ਰਿਥਿਵੀ ਦਾ ਆਧਾਰ ਹੈ. "ਧੌਲੁ ਧਰਮੁ ਦਇਆ ਕਾ ਪੂਤੁ." (ਜਪੁ)[1239]

੩. ਕਈ ਥਾਂ ਗੁਰਬਾਣੀ ਵਿੱਚ ਸਿਆਰੀ 'ਯ' ਦੀ ਥਾਂ ਵਰਤੀਦੀ ਹੈ. ਜਿਵੇਂ- ਸਤਿ (ਸਤਯ), ਧੰਨਿ (ਧੰਨਯ), ਨਿਤਿ (ਨਿਤਯ).

੧. ਧੱਮੜ: ਸੰਗਜਾ- ਕੱਚਾ ਚੰਮ ਗਾਲ ਕੇ ਦਬਗਰ ਦਾ ਬਣਾਯਾ ਹੋਯਾ ਕੁੱਪਾ. "ਲੂਣ ਹਰਾਮੀ ਗੁਨਹਗਾਰ ਧੜ ਧੰਮੜਧੜਿਆ." (ਭਾਗੁ ਜਿਵੇਂ ਧਮੜ (ਕੁੱਪਾ) ਦਬਗਰ ਤੋਂ ਧੜ ਧੜ ਸ਼ਬਦ ਨਾਲ ਧੜੀਦਾ (ਕੁੱਟੀਦਾ) ਹੈ, ਤਿਵੇਂ ਨਮਕ ਹਰਾਮ ਸਜ਼ਾ ਪਾਉਂਦਾ ਹੈ। ੨. ਢੋਲ ਵਜਾਣ ਦਾ ਡੱਗਾ. ਦੁੰਦੁਭਿ ਦੰਡ.

੨. "ਕਰਕੈ ਪੂਰਨ ਧਜਾਇ." (ਨਾਪ੍ਰ)

੩. ਕਰਨੈਲ ਗਾਰਡਨਰ: (Col. Gardner). , ਜੋ ਇਸ ਦੀ ਚਾਲਾਂ ਦਾ ਪੂਰਾ ਭੇਤੀ ਸੀ, ਲਿਖਦਾ ਹੈ ਕਿ ਡੋਗਰਾ ਪਾਰਟੀ ਦਾ ਮਨਸੂਬਾ ਸੀ ਕਿ ਹੀਰਾ ਸਿੰਘ ਨੂੰ ਲਾਹੌਰ ਦੇ ਤਖ਼ਤ ਤੇ ਬੈਠਾਯਾ ਜਾਵੇ.

"Being as I was the commandant of Raja Dhyan Singh's artillery, and high in his confidence, I was closely connected with the events which I am about to describe. The dream was that Hira Singh, (the son of Dhyan Singh, the son of Dhyan Singh the heir of their family or, at least the most promising of its rising generation might eventually succeed to the throne of Ranjit Singh"

੪. ਧ੍ਰੁਵ ਦਰਸ਼ਕ: ਕੁਤਬਨੁਮਾ. Mariner's Compass.

੫. । ੩. ਧ੍ਰੂਹ. ਖਿੱਚ. ਕਸ਼ਿਸ਼.

---

[1238] "वृषो हि भगवान् धर्मः ख्यातो लोकेषु भारत !" (ਮਹਾਭਾਰਤ, ਸ਼ਾਂਤਿ ਪਰਵ, ਮੋਕ ਧਰਮ, ਅਃ ੩੪੨ ਸਃ ੯੬) "ਧਰਮ ਧੋਲ ਪੁਕਾਰੇ ਤਲੈ ਖਲੋਆ." (ਭਾਗੁ)

[1239] "दया धर्मस्य जन्म भूमिः।" (ਚਾਣਕਯ ਸੂਤ੍ਰ ੨੩੬)

੬. ਧ੍ਰੋਹੀ: ਦੋਹੀ. ੨. ਧੋਖਾ ਦੇਣ ਵਾਲਾ.

੧. ੧੦ ਪ੍ਰਤਿ. ਨੂੰ. ਤਾਂਈ. "ਆਪਨ ਤਰੈ, ਅਉਰਨ ਲੇਤ ਉਧਾਰ." (ਸਃ ਮਃ ੯)

੨. । ੫. ਗੁਰੂ ਰਾਮ ਦਾਸ ਜੀ ਦਾ ਇਕ ਸਿੱਖ, "ਨਈਆ ਖੁੱਲਰ ਗੁਰੁ ਪਿਆਰਾ." (ਭਾਗੁ)

੩. ਨਸਾਇ: ਨੱਸਦਾ (ਨਠਦਾ) ਹੈ। ੨. ਨਾਸ਼ ਹੋਂਦਾ ਹੈ। ੩. ਨਸ੍ਰ ਕਰਕੇ. "ਨਸਾਇਕੈ ਆਪਕੋ." (ਨਾਪ੍ਰ) ਆਪਾ (ਹੌਮੈ) ਖੋਕੇ.

੬੭੬- ੧. ਨਹਾਏ: ਨ੍ਹਾਤੇ. "ਸੁਧਾ ਸਰੋਵਰ ਮੱਜ ਨਹਾਏ." (ਗੁਪ੍ਰਸੂ) ਮੱਜ (ਗੋਤਾ ਮਾਰ ਕੇ) ਨ੍ਹਾਤੇ.

੨. ੨. "ਜਯੋਂ ਨਹਿਰੀ ਕੰਟਕ ਮੁਖ ਦੀਨੀ." (ਗੁਪ੍ਰਸੂ)

੩. "ਨਕਟ ਪੰਥ ਹੈ ਮੀਣਿਆ, ਮਿਲਿ ਨਰਕ ਨਿਬਾਹੈ "(ਭਾਗੁ) ਕਥਾ ਪ੍ਰਚਲਿਤ ਹੈ ਕਿ ਕਿਸੇ ਚਾਲਾਕ ਆਦਮੀ ਦਾ ਨੱਕ ਕਿਸੇ ਅਪਰਾਧ ਵਿੱਚ ਵੱਢਿਆ ਗਿਆ, ਉਸ ਨੇ ਆਪਣਾ ਦੋਸ਼ ਲੁਕੋਣ ਲਈ ਪ੍ਰਗਟ ਕੀਤਾ ਕਿ ਨੱਕ ਕਟਾਣ ਤੋਂ ਸ੍ਵਰਗ ਦਾ ਆਨੰਦ ਮਿਲਦਾ ਹੈ. ਉਸ ਦੇ ਵਚਨਾਂ ਤੇ ਨਿਸ਼ਚਾ ਕਰਕੇ ਅਨੇਕਾਂ ਨੇ ਨੱਕ ਵੱਢ ਸੁੱਟੇ ਅਰ "ਨਕਟ ਪੰਥ" ਨਾਉਂ ਦੀ ਨਕਟਿਆਂ ਦੀ ਜਮਾਤ ਬਣ ਗਈ.

੪. ਨਕਤ ਮਾਲ: ਸੰ. नक्तमाल. ਕਰੰਜ. ਕੰਜਾ. ਦੇਖੋ, ਕਰੰਜ.

੫. ਨਕਤਾਂਧ੍ਯ: ਰਾਤ ਨੂੰ ਨਾ ਦਿਖਾਈ ਦੇਣਾ. ਰਾਤ- ਅਨ੍ਹਾ ਰੋਗ. ਦੇਖੋ, ਅੰਧ ਨੇਤ੍ਰਾ.

੬੭੮- ੧. ਨਗਮਾ: ਅ. ਨਗਮਹ. ਸੰਗੀਤ. ਰਾਗ. ਬਹੁਵਚਨ ਨ਼ਗ਼ਮਾਤ.

੨. ਗੁਰਪਰਵ ਦੇ ਦਿਨ ਤੋਂ ਇੱਕ ਦਿਨ ਪਹਿਲਾਂ ਨਗਰ ਕੀਰਤਨ ਦੀ ਰੀਤਿ ਹੈ.

੩. ਨਗਾਹੀਆ: ਨਗਾਹੇ ਦੇ ਪੀਰ (ਸੁਲਤਾਨ) ਨੂੰ ਮੰਨਣ ਵਾਲਾ. ਸਰਵਰੀਆ.

੪. "ਆਇ ਨਗੌਰੀ ਗੁਰੂ ਸਮੀਪਾ."(ਗੁਪ੍ਰਸੂ)

੬੭੯- ੧. ਨਜਰ ਸਾਨੀ: ਸੰਗਯਾ- ਨਜ਼ਰਸਾਨੀ. ਪੁਨਰਾਵਲੋਕਨ. (revision).

੨. । ੨. ਨਜ਼ੀਰ. ਵਿ- ਨੰਗਾ. ਨਾਂਗਾ। ੩. ਕਰਤਾਰ ਦਾ ਉਪਾਸਕ। ੪. ਭਯੰਕਰ ਖ਼ਬਰ ਦੇਣ ਵਾਲਾ। ੫. ਸੰਗਯਾ- ਧਨੁਖ ਦਾ ਟੰਕਾਰ। ੬. ਨਜ਼ੀਰ. ਵਿ- ਛੋਟਾ। ੭. ਨੀਰ. ਸੰਗਯਾ- ਸੋਨਾ। ੮. ਚਾਂਦੀ। ੯. ਵਿ- ਉੱਜਲ। ੧੦. ਫ਼ਾ. ਨਜੀਰ. ਸੰਗਯਾ- ਮਾਵਾ. ਪਾਣ. ਲੇਵੀ.

੧. "ਸਤਿ ਵਚਨ ਢਾਡੀ ਕਹੇ, ਨੱਥ ਢੱਡ ਬਜਾਇ। ਅਬਦੁਲ ਹਾਥ ਰਬਾਬ ਲੈ ਠਾਢਾ ਗੁਰੁ ਸਮੁਹਾਇ."(ਗੁਵਿ ੬)

੨. ਨੱਥੂ: ਦੇਖੋ, ਨੱਥਾ ਭਾਈ ੨.

੩. ਇਸ ਦਾ ਪਾਠ "ਸੰਤਨ ਨੈਂਦੂ" ਭੀ ਕਰਦੇ ਹਨ. ਸੰਤਾਂ ਨੂੰ ਨਿਉਂਦਾ (ਨਿਮੰਤ੍ਰਣ) ਦੇ ਕੇ.

੪. "ਜਬਹਿ ਨਪੁੰਸਕ ਅਮਰ ਨਿਹਾਰੇ." (ਨਾਪ੍ਰ)

੧. "ਨਾਇ ਨਫੀਰੀ ਜਾਤ ਨ ਗਨੀ." (ਚੰਡੀ ੨)

੨. "ਹਕ਼ੀਕਤ ਸ਼ਨਾਸੋ ਨਬੀਉਲ ਕਿਤਾਬ." (ਜਫਰ)

੩. ਨੱਬ: ਸੰਗਯਾ- ਸੱਜਰਾ ਦੁੱਧ ਅਤੇ ਮੱਖਣ. ਇਸ ਦਾ ਮੂਲ ਸੰਸਕ੍ਰਿਤ ਨਵ੍ਯ (ਨਵਾਂ- ਤਾਜ਼ਾ) ਹੈ.

੪. ਨਭ ਨੀਰ: ਓਸ. ਤ੍ਰੇਲ. ਸ਼ਬਨਮ। ੨. ਮੀਂਹ ਦਾ ਜਲ.

੫. । ੩. ਨਮਃ ਨਮਸਕਾਰ. "ਲੋਕ ਬੇਦ ਗਜਾਨ ਕੋਟਿ ਬਿਸਮ ਨਮਸ ਕੈ." (ਭਾਗੁ ਕ)

੬. ਨਮਤਾਬੰਕਤਾ: ਨਮਤ (ਨੰਮ੍ਰਤਾ) ਅਤੇ ਅਵੰਕਤਾ (ਸਰਲਤਾ). "ਸਮਤਾ ਨਮਤਾ- ਬੰਕਤਾ." (ਰਤਨਮਾਲ)

੭. ਨਮਦਾ ਬੰਨ੍ਹਣਾ: ਬਿਸਤਰ ਗੋਲ ਕਰਨਾ. ਕੂਚ ਕਰਨਾ. ਨਮਦੇ ਵਿੱਚ ਵਸਤੂ ਲਪੇਟੇ ਜਾਂਦੇ ਸਨ, ਇਸ ਲਈ ਇਹ ਨਾਉਂ ਹੈ। ੨. ਸਿਰ ਉੱਪਰ ਨਮਦਾ ਬੰਨ੍ਹਣ ਦਾ ਭਾਵ. ਮਾਰ ਸਹਾਰਨ ਅਤੇ ਬੇਇੱਜ਼ਤੀ ਬਰਦਾਸ਼ਤ ਕਰਨ ਲਈ ਤਿਆਰ ਹੋਣਾ.

੮. ਨਮਰੂਦ: Nimrod. ਇੱਕ ਅਭਿਮਾਨੀ ਬਾਦਸ਼ਾਹ ਜਿਸ ਨੇ ਇਬਰਾਹੀਮ ਪੈਗ਼ੰਬਰ ਦੇ ਵਚਨਾਂ ਤੇ ਨਿਸ਼ਚਾ ਨਹੀਂ ਕੀਤਾ ਅਤੇ ਉਸ ਦੀ ਹੁਕੂਮਤ ਸਮੇਂ ਇਬਰਾਹੀਮ ਅੱਗ ਵਿਚ ਪਾਇਆ ਗਿਆ. ਦੇਖੋ, ਕੁਰਾਨ ਸੂਰਤ ੨, ਆਯਤ ੬੦ ਅਤੇ ਸੂਰਤ ੨੧, ਆਯਤ ੫੨- ੭੫.

੯. ਤੁਰਕਾਂ ਨੇ ਹੁਣ ਨਿਯਮ ਥਾਪ ਦਿੱਤਾ ਹੈ ਕਿ ਬਾਂਗ ਨਮਾਜ਼ ਆਦਿ ਸਭ ਤੁਰਕੀ ਬੋਲੀ ਵਿੱਚ ਪੜ੍ਹੇ ਜਾਣ, ਜੋ ਬੋਲੀ ਸਮਝੀ ਨਹੀਂ ਜਾਂਦੀ ਉਸ ਵਿੱਚ ਭਜਨ ਪਾਠ ਲਾਭਦਾਯਕ ਨਹੀਂ.

੧੦. ਨਮਿਤ: ਸੰ. ਵਿ- ਨੀਵਾਂ ਹੋਇਆ. ਝੁਕਿਆ ਹੋਇਆ। ੨. ਦੇਖੋ, ਨਿਮਿੱਤ.

੧੧. ਨਮੀਤਾ: ਨੀਮਤ (ਨੀਵਾਂ) ਹੋਇਆ. "ਫਲ ਸੰਗ ਨਮੀਤਾ."(ਨਾਪ੍ਰ)

੬੯੩- ੧. ਨਰ ਸਿੰਘ ਚੌਦੇਂ: नृसिह चतुर्दशी. ਵਸਾਖ ਸ਼ੁਦੀ ੧੪. ਇਸ ਦਿਨ ਨਰ ਸਿੰਘ ਅਵਤਾਰ ਪ੍ਰਗਟੇ ਸਨ.

੨. ਨਰਕ ਤ੍ਰਯੋਦਸ਼ੀ: ਕੱਤਕ ਬਦੀ ੧੪. (ਦਿਵਾਲੀ ਦੀ ਰਾਤ). ਇਸ ਦਿਨ ਨਰਕ (ਭੌਮਾਸੁਰ) ਦੈਤ ਨੂੰ ਕ੍ਰਿਸ਼ਨ ਜੀ ਨੇ ਮਾਰਿਆ ਸੀ.

ਨਰਕ ਦੁਆਰਾ, ਨਰਕਦ੍ਵਾਰ: ਨਰਕ ਦਾ ਦਰਵਾਜ਼ਾ. ਵਿਚਾਰਵਾਨਾਂ ਨੇ ਵਿਸ਼ੇ ਵਿਕਾਰਾਂ ਨੂੰ ਨਰਕਦ੍ਵਾਰ ਲਿਖਿਆ ਹੈ.[1240] 'ਸੇਜ ਸੋਹਨੀ ਚੰਦਨ ਚੋਆ ਨਰਕ ਪੋਰ ਕਾ ਦੁਆਰਾ." (ਸੋਰ ਅਃ ਮਃ ੫)

੬੯੪- ੧. ਨਰੜ: ਨਰੜਨ ਦਾ ਭਾਵ. ਬੰਧਨ. ਜਿਵੇਂ- "ਜੋੜੀਆਂ ਜਗ ਥੋੜੀਆਂ ਗਲ ਨਰੜ ਬਹੁਤੇਰੇ." ਭਾਵ- ਇਸਤ੍ਰੀ-ਪਤੀ ਦੀਆਂ ਉੱਤਮ ਜੋੜੀਆਂ ਘੱਟ ਹਨ, ਲਾਵਾਂ ਅਤੇ ਫੇਰਿਆਂ ਨਾਲ ਗਠਜੋੜਾ ਕਰਕੇ ਪਸ਼ੂਆਂ ਵਾਕਰ ਬੰਨ੍ਹੇ ਹੋਏ ਗ੍ਰਿਹਸਥੀ ਬਹੁਤ ਹਨ.

੨. "ਪੀਵਤ ਰੁਧਿਰ ਨਰਾਚਨੀ."(ਸਲੋਹ)

੩. ੮ ਖੁੱਚ ਦੀ ਲਾੜ ਵਿੱਚ ਹੋਈ ਪੀੜ (Sciatica). ਨੂੰ ਭੀ ਨਲ ਆਖਦੇ ਹਨ.

੧. ਆਸਾਮ ਵਿੱਚ ਗਉਹਾਟੀ ਪਾਸ 'ਚਿਤ੍ਰਾਚਲ' ਤੇ ਨਵਗ੍ਰਹ ਦਾ ਬਹੁਤ ਪ੍ਰਸਿੱਧ ਮੰਦਿਰ ਹੈ, ਜਿਸ ਵਿੱਚ ਨੌ ਗ੍ਰਹਾਂ ਦੀਆਂ ਇਹ ਮੂਰਤਾਂ ਹਨ-

ਸੂਰਯ, ਸ਼ਮਸ, ਖ਼ੁਰਸ਼ੀਦ Sun, ਚੰਦ੍ਰਮਾ. ਕਮਰ. ਮਾਹ. Moon, ਮੰਗਲ. ਮਰੀਖ਼, ਬਹਿਰਾਮ. Mars, ਬੁੱਧ. ਅ਼ਤ਼ਾਰਦ. ਤੀਰ. Mercury ਵ੍ਰਿਹਸਪਤਿ. ਮੁਸ਼ਤਰੀ. ਬਰਜੇਰ. Jupiter.

ਸ਼ੁਕ੍ਰ. ਜ਼ੁਹਰਾ. ਨਾਹੀਦ. Venus, ਸ਼ਨੇਸ਼੍ਚਰ ਜ਼ੁਹਰ. ਕੀਵਾਂ. Saturn. ਰਾਹੁ, ਰਾਸ. Seizer ਕੇਤੁ- ਜ਼ਨਬ. The dragon's tail.

ਯਾਗਜਵਲਕਯ ਸਿਮ੍ਰਿਤੀ ਅਨੁਸਾਰ ਨਵਗ੍ਰਹਾਂ ਦੀਆਂ ਮੂਰਤਾਂ ਬਣਾਨ ਲਈ ਜੁਦੀ ਜੁਦੀ ਧਾਤੁ ਆਦਿ ਪਦਾਰਥ ਵਰਤਣੇ ਚਾਹੀਏ, ਜਿਵੇਂ- ਸੂਰਯ ਦੀ ਮੂਰਤੀ ਤਾਂਬੇ ਦੀ, ਚੰਦ੍ਰਮਾ ਦੀ ਬਲੌਰ ਦੀ, ਮੰਗਲ ਦੀ ਲਾਲ ਚੰਨਣ ਦੀ, ਬੁੱਧ ਅਤੇ ਵ੍ਰਿਹਸਪਤਿ ਦੀ, ਸੋਨੇ

[1240] "त्रिविधं नरकस्येदं द्वारं नाशनमात्मनः। कामः क्रोधस्तथा लोभस्तस्मादेतत् त्रयं स्थयेत्।" (ਗੀਤਾ, ਅਃ ੧੬. ਸ਼ਃ ੨੧)

ਦੀ, ਸ਼ੁਕਰ ਦੀ ਚਾਂਦੀ ਦੀ, ਸ਼ਨੀ ਦੀ ਲੋਹੇ ਦੀ, ਰਾਹੂ ਦੀ ਸਿੱਕੇ ਦੀ ਅਤੇ ਕੇਤੁ ਦੀ ਕਾਂਸੀ ਦੀ। ੨. ਸਰੀਰ ਦੇ ਨੌ ਦ੍ਵਾਰ. ਨੌ ਗੋਲਕ. "ਨਵਗ੍ਰਹ ਜੀਤਿ ਦਸਮਪੁਰ ਵਾਸਾ." (ਗੁਵਿ ੧੦)

੨. ਅਤੇ ਚੰਦ੍ਰਮਾ ਦੀ ਉਪਗ੍ਰਹ ਹੈ. ਦੇਖੋ, ਗ੍ਰਹ ੨. ਦਾ ਫੁਟਨੋਟ.

੩. ੨ ਸੰ. ਨਵਤਿ. ਨੱਵੇ- ੯੦.

੪. ਨਾਰਦ ਦੇ ਭਕ੍ਤਿਸੂਤ੍ਰਾਂ ਵਿੱਚ ੧੧. ਪ੍ਰਕਾਰ ਦੀ ਭਰਤਿ ਭੀ ਲਿਖੀ ਹੈ. ਗੁਦ ਮਹਾਤਮਜਸਕ੍ਤਿ, ਰੂਪਾਸਿਕ੍ਤ, ਪੂਜਾਸਕ੍ਤਿ, ਸਮਰਣਾਸ਼ਕ੍ਤਿ, ਦਾਸਜਾਸਕ੍ਤਿ, ਸਖਜਾਸ਼ਕ੍ਤਿ, ਕਾਂਤਾਸਕ੍ਤਿ, ਵਾਤਸਲਜਾਸਕ੍ਤਿ, ਆਤਮਨਿਵੇਦਨਾਸਕ੍ਤਿ, ਤਨਮਯਾਸ਼ਕ੍ਤਿ ਅਤੇ ਪਰਮ ਵਿਰਹਾਸਕਿ (ਸੂਤ੍ਰ ੮੨) ਮਧੁਸੂਦਨ ਸਰਸ੍ਵਤੀ ਨੈ, ਭਕ੍ਤਿ ਰਸਾਯਨ ਵਿੱਚ ਭਕ੍ਤਿਦੀਆਂ ੧੧. ਭੂਮਿਕਾਂ ਲਿਖੀਆਂ ਹਨ.

੫. ਨਵਬਿਧ ਪ੍ਰਣਵ ਵਿਸ੍ਰਕ੍ਰਿਤ ਕਾਰਨ: (ਗੁਪ੍ਰਸੂ)

੬੮੭- ੧. ਨੜੋਆ: ਮੁਰਦਾ. ਸ਼ਵ। ੨. ਮੋਏ ਪ੍ਰਾਣੀ ਨਾਲ ਸ਼ਮਸ਼ਾਨ ਜਾਣ ਦੀ ਕ੍ਰਿਯਾ.

੨. "ਨਾਊਕੇ ਇਕ ਪੁਤ੍ਰ ਸੌਂ ਤਾਂ ਕੋ ਰਹੇ ਪਿਆਰ." (ਚਰਿਤ੍ਰ ੬੮)

੩. । ੭. ਫ਼ਾ. نائی ਨਾਯ (ਨਫੀਰੀ) ਬਣਾਉਣ ਵਾਲਾ (fluteplayer).

੧. ਮੁਸਲਮਾਨਾਂ ਨੇ ਨਾਸਿਕ ਦਾ ਨਾਉਂ "ਗੁਲਸ਼ਨਾਬਾਦ" ਰੱਖਿਆ ਸੀ.

੨. ਸਰਮੌਰ, ਪਾਉਂਟੇ ਦੀ ਤਸੀਲ ਵਿੱਚ ਇੱਕ ਉਜੜੇ ਪਿੰਡ ਦਾ ਥੇਹ ਹੈ. ਸੰਮਤ ੧੧੩੯ ਵਿੱਚ ਇੱਥੇ ਰਾਜਾ ਮਦਨ ਸਿੰਘ ਰਾਜ ਕਰਦਾ ਸੀ. ਗਿਰੀ ਨਦੀ ਦੇ ਹੜ੍ਹ ਨਾਲ ਸਰਮੌਰ (ਰਾਜ- ਕੁਲ ਸਮੇਤ) ਤਬਾਹ ਹੋ ਗਿਆ. ਸੰਮਤ ੧੧੫੨ ਵਿੱਚ ਜੈਸਲਮੇਰ ਦੇ ਰਾਵਲ ਨੇ ਆਪਣੀ ਕੁਲ ਵਿੱਚੋਂ ਸ਼ੋਭਾ ਰਾਵਲ ਭੇਜਿਆ, ਜਿਸ ਨੇ ਆ ਕੇ ਸਾਰਾ ਇਲਾਕਾ ਫਤੇ ਕੀਤਾ ਅਤੇ ਰਾਜਥਨ ਵਿੱਚ ਰਾਜਧਾਨੀ ਕਰਕੇ ਸ਼ੁਭੰਸੁ ਪ੍ਰਕਾਸ਼ ਨਾਮ ਤੋਂ ਪ੍ਰਸਿੱਧ ਹੋਇਆ. ਇਸ ਵੇਲੇ ਦਾ ਰਾਜਕੁਲ ਇਸੇ ਦੀ ਵੰਸ਼ ਹੈ.

੩. (ਮਸਤ ਪ੍ਰਕਾਸ਼) ਦਾ ਨਿਮੰਤ੍ਰਣ ਮੰਨ ਕੇ ੧੭. ਵੈਸਾਖ ਸੰਮਤ ੧੭੪੨ ਨੂੰ ਆਏ ਸਨ. ਗੁਰਦ੍ਵਾਰਾ ਰਾਜ ਮਹਲ ਦੇ ਪਾਸ ਪੁਰਾਣੀ ਪਰੇਡ (Parade) ਦੇ ਕਿਨਾਰੇ ਛੋਟਾ ਜਿਹਾ ਬਣਿਆ ਹੋਇਆ ਹੈ.

੪. ਦਸ਼ਹਰੇ ਦੇ ਦਿਨ ਰਾਜਾ ਸਾਹਿਬ ਨਾਹਨ ਗੁਰਦ੍ਵਾਰੇ ਆ ਕੇ ਨਿਸ਼ਾਨ ਸਾਹਿਬ ਤੇ ਨਵਾਂ ਫਰਹਰਾ ਚੜ੍ਹਾਉਂਦੇ ਅਤੇ ਮੰਜੀ ਸਾਹਿਬ ਨੂੰ ਪੁਸ਼ਾਕਾਂ ਪਹਿਨਾਉਂਦੇ ਹਨ, ਅਰ ਇਨ੍ਹਾਂ ਦੇ ਬਜ਼ੁਰਗ ਰਾਜਾ ਮੇਦਿਨੀ ਪ੍ਰਕਾਸ਼ ਨੂੰ ਕਲਗੀਧਰ ਨੇ ਜੋ ਸ੍ਰੀ ਸਾਹਿਬ ਬਖ਼ਸ਼ਿਆ ਸੀ, ਉਸ ਦੀ ਸੰਗਤਿ ਨੂੰ ਦਰਸ਼ਨ ਕਰਵਾਇਆ ਜਾਂਦਾ ਹੈ.

੫. ਰਿਆਸਤ ਨਾਹਨ ਦਾ ਦਰਜਾ ਪੰਜਾਬ ਦੀ ਰਿਆਸਤਾਂ ਵਿੱਚ ਛੇਵਾਂ ਹੈ. ਨਾਹਨ ਦਾ ਰਕਬਾ ੧੧੯੮ ਮੀਲ ਅਤੇ ਆਬਾਦੀ ੧੪੦੪੪੮ ਹੈ. ਨੀਤੀ ਸੰਬੰਧ ੧. ਨਵੰਬਰ ੧੯੨੧ ਤੋਂ ਏ. ਜੀ. ਜੀ. ਪੰਜਾਬ ਸਟੇਟਸ ਨਾਲ ਹੈ. ਨਾਹਨ (ਸਰਮੌਰ ਦੀ ਗੱਦੀ ਤੇ ਇਸ ਵੇਲੇ ਰਾਜਾ ਸਰ ਅਮਰ ਪ੍ਰਕਾਸ਼ ਬਹਾਦੁਰ ਹਨ, ਜਿਨ੍ਹਾਂ ਦਾ ਜਨਮ ਸਨ ੧੮੮੮ ਵਿੱਚ ਹੋਇਆ ਹੈ. ਇਹ ਸਰਮੌਰ ਦੇ ੪੬ਵੇਂ ਰਾਜਾ ਹਨ.

੬. "ਨਾਹਰ ਜਯੋਂ ਗਰਜੇ ਰਣ ਮੇਂ."(ਸਲੋਹ)

੭. ਨਾਹਰਿ: ਨਾਹਰ (ਸ਼ੇਰ) ਦੀ ਮਦੀਨ. ਸ਼ੇਰਨੀ.

"ਭੋਰਹੁੰ ਤੇ ਗਰਜੈ ਲਰਜੇ

ਵਰਜੈ ਸਭ ਲੋਗ ਰਹੈ ਨਹਿ" ਠਾਨੀ, ਸਾਸਕੇ ਤ੍ਰਾਸ ਨ ਆਵਤ ਸਾਸ ਦੁਆਰਨ ਤੇ ਫਿਰ ਜਾਤ ਜਿਠਾਨੀ, ਪਾਸ ਪਰੋਸਨਿ. ਵਾਸ ਗਹਯੋ ਵਨ ਲੋਗ ਭਏ ਸਭ ਹੀ ਨਕਵਾਨੀ, ਪਾਨੀ ਕੇ. ਮਾਂਗਤ ਪਾਥਰ ਮਾਰਤ ਨਾਰਿ ਕਿਧੌਂ. ਘਰਿ ਨਾਹਰਿ ਆਨੀ." (ਚਰਿਤ੍ਰ ੪੦) ਇਸੇ ਪ੍ਰਸੰਗ ਤੇ ਦੇਖੋ, ਗੁਲਸਿਤਾਂ ਬਾਬ ੨. ਕਹਾਣੀ ੩੧.

੮. "ਖੇਦ ਮਿਟਾਇ ਨਾਕ ਅਬ ਜਾਏ."(ਗੁਵਿ ੬)

੯. ।੬. ਸੰ. ਨੇਕਸ (नेकषेय) ਰਾਖਸ. "ਏਦੂੰ ਪਾਰੋਂ ਓਤ ਪਾਰ ਹਰ ਨਾਕਸ਼ ਕਈ ਹਜ਼ਾਰ ਕਉਂ." (ਚੰਡੀ ੩) ਮੈਦਾਨ ਜੰਗ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤਕ ਕਈ ਹਜਾਰ ਰਾਖਸ ਹਰ ਕੇ (ਮਾਰ ਕੇ) ਕਈ ਖ਼ਿਆਲ ਕਰਦੇ ਹਨ ਕਿ- "ਹਨ ਰਾਕਸ ਕਈ ਹਜਾਰ ਕਉ." ਸਹੀ ਪਾਠ ਹੈ, ਜੋ ਲਿਖਾਰੀ ਦੀ ਭੁੱਲ ਨਾਲ ਹਰ ਨਾਕਸ ਹੋ ਗਿਆ ਹੈ.

੧੦. ।੨. ਅ. ਨਾਕ਼ਾ. ਨਾਕ਼ਹ. ਊਟਨੀ. ਉਸਟ੍ਰੀ.

੧੧. ਨਾਕੂ: ਵੰਡੇ ਨੱਕ ਵਾਲਾ। ੨. ਦੇਖੋ ਘੜਿਆਲ। ੩. ਅਤੇ ਨੱਕ੍ਰ.

੧੨. ੨। ੭. ਕਾਸ਼. ਚਸ਼ਮਾ. ਜਲ ਦਾ ਸ੍ਰੋਤ. ਜਿਵੇਂ- ਅਨੰਤ ਨਾਗ, ਵੈਰੀ ਨਾਗ ਆਦਿ. ਅਨੰਤ ਨਾਗ ਚਸ਼ਮੇ ਤੋਂ ਪਾਸ ਦੀ ਆਬਾਦੀ ਦਾ ਨਾਮ ਭੀ ਅਨੰਤਨਾਗ ਹੋ ਗਿਆ ਹੈ. ਇਸ ਸ਼ਹਿਰ ਦਾ ਨਾਮ ਮੁਸਲਮਾਨਾਂ ਨੇ ਇਸਲਾਮਾਬਾਦ ਰੱਖ ਦਿੱਤਾ ਸੀ. ਵੈਰੀ ਨਾਗ ਚਸ਼ਮਾ (ਜਿਸ ਨੂੰ ਜਹਾਂਗੀਰ ਵੀਰ ਨਾਗ ਲਿਖਦਾ) ਜੇਹਲਮ ਨਦੀ ਦਾ ਮੁਢ ਹੈ. ਕਸ਼ਮੀਰ ਵਿੱਚ ਇਹ ਬਹੁਤ ਹੀ ਮਨੋਹਰ ਥਾਂ ਹੈ. ਹਿਜਰੀ ਸਨ ੧੦੨੯ (A. D ੧੬੨੦). ਵਿੱਚ ਜਹਾਂਗੀਰ ਬਾਦਸ਼ਾਹ ਨੇ ਇਸ ਚਸ਼ਮੇ ਨੂੰ ਸੁੰਦਰ ਬਣਵਾਇਆ. ਸਨ ਹਿਜਰੀ ੧੦੩੬ (A. D. ੧੬੨੭) ਵਿੱਚ ਸ਼ਹਾਜਹਾਂ ਨੇ ਹੈਦਰ ਅਹਲਕਾਰ ਦੀ ਮਾਰਫ਼ਤ ਇਸ ਦੇ ਆਸ ਪਾਸ ਸੁੰਦਰ ਇਮਾਰਤ ਬਣਵਾਈ. ਵੈਰੀ ਨਾਗ ਤੋਂ ਇੱਕ ਸੈਕੰਡ ਵਿੱਚ ੭੦ ਕਯੂਸੇਕ (Cusecs). ਫੁੱਟ ਪਾਣੀ ਨਿਕਲਦਾ ਹੈ.

੧੩. ਨਾਗਾਂ ਦੇ ਅਠਾਰਾਂ ਕੁਲ ਭੀ ਲਿਖੇ ਹਨ. ਦੇਖੋ, ਅਠਾਰਹ ੩.

੧੪. ਨਾਗ ਨਾਥ: ਸ਼ੇਸ਼ ਨਾਗ। ੨. ਐਰਾਵਤ ਹਾਥੀ। ੩. ਉਹ ਰਾਜਾ ਜਿਸ ਪਾਸ ਹਾਥੀ ਹਨ.

ਨਾਗਨਿ: ਨਾਗਿਨੀ. ਨਾਗ ਦੀ ਮਦੀਨ.

੧੫. "ਨਾਗਨਿ ਹੋਵਾਂ ਧਰ ਵਸਾਂ."(ਗਉ ਮਃ ੧)

੧੬. "ਨਾਗਫੋਨ ਕੋ ਖਾਇ."(ਗੁਵਿ ੧੦)

੧. ਨਾਟਕ ਦਾ ਮੁਖ ਆਚਾਰਯ ਭਰਤ ਮੁਨਿ ਹੈ. ਸਤਪਥ ਬ੍ਰਾਹਮਣ ਅਤੇ ਅਨੁਪਦ ਸੂਤ੍ਰ ਵੇਖਣ ਤੋਂ ਪਤਾ ਲਗਦਾ ਹੈ ਕਿ ਸ਼ਿਲਾਲੀ ਅਤੇ ਕ੍ਰਿਸ਼ਾਸ੍ਵ ਨੇ ਨਾਟਕ ਨੂੰ ਵੱਡੀ ਤਰੱਕੀ ਦਿੱਤੀ, ਪਹਿਲਾਂ ਨਾਟਕ ਦੇ ਪਰਦੇ ਸਾਦੇ ਹੋਇਆ ਕਰਦੇ ਸਨ ਅਤੇ ਕਈ ਨਾਟਕ ਬਿਨਾ ਪਰਦੇ ਹੀ ਖੇਡ ਜਾਂਦੇ ਸਨ. ਰੰਗ ਬਰੰਗੇ ਚਿਤ੍ਰਿਤ ਪਰਦਿਆਂ ਦੀ ਰੀਤਿ ਯੂਨਾਨ ਤੋਂ ਚੱਲੀ ਹੈ, ਇਸੇ ਲਈ ਨਾਮ "ਜਵਨਿਕਾ" ਹੋਯਾ।

੧. ਇਥੇ ਸਤਿਗੁਰੂ ਦਾ ਭਾਵ ਆਤਮਿਕ ਅਖੰਡ ਸੰਗੀਤ ਤੋਂ ਹੈ ਜੋ ਨਾਮ ਅਭਿਜਾਸੀ ਗੁਰਮੁਖਾਂ ਨੂੰ ਅਨੁਭਵ ਹੋਂਦਾ ਹੈ।

੨. ਪਰਸ਼ੀਆਂ ਦੇ ਸ਼ਾਹ ਤਹਮਾਸਪ ਦੀ ਅਹਲਕਾਰੀ ਹਾਸਿਲ ਕੀਤੀ ਅਤੇ ਫ਼ਾਰਸ਼ ਨੂੰ ਅਫ਼ਗਾਨਾਂ ਦੇ ਪੰਜੇ ਤੋਂ ਛੁਡਾਯਾ. ੨੬ ਅਗਸਤ ੧੭੩੨ ਵਿੱਚ ਤਹਮਾਸਪ ਦੇ ਤਖ਼ਤੋਂ ਉਤਾਰੇ ਜਾਣ ਪੁਰ ਉਸ ਦੇ ਅੱਠ ਵਰ੍ਹੇ ਦੇ ਬੇਟੇ ਅੱਬਾਸ ਦਾ ਨਾਯਬੁਲ ਸਲਤਨਤ ਬਣਿਆ ਅੱਬਾਸ ਦੇ ਮਰਣ ਪੁਰ ੨੬ ਫਰਵਰੀ ਸਨ ੧੭੩੬ ਨੂੰ ਇਹ ਫ਼ਾਰਸ ਦਾ ਬਾਦਸ਼ਾਹ ਹੋਇਆ.

ਸਨ ੧੭੩੭ ਵਿੱਚ ਕੰਧਾਰ ਕਾਬੁਲ ਫਤੇ ਕਰਕੇ ੬. ਨਵੰਬਰ ੧੭੩੮ ਨੂੰ ਹਿੰਦੁਸਤਾਨ ਵੱਲ ਵਧਿਆ, ੧੮. ਨਵੰਬਰ ਨੂੰ ਪੇਸ਼ਾਵਰ ਤੇ ਕਬਜ਼ਾ ਕੀਤਾ, ੧੨. ਜਨਵਰੀ ੧੭੩੯ ਨੂੰ ਸੂਬੇ ਜ਼ਕਰੀਆਂ ਖ਼ਾਨ ਤੋਂ ਲਹੌਰ ਲੀਤਾ, ੧੩. ਫ਼ਰਵਰੀ ਨੂੰ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਤੋਂ

੩. ਨਾਦਿਰ ਨੇ ਆਪਣਾ ਬੇਟਾ ਮਿਰਜ਼ਾ ਨਸਰੁੱਲਾਖ਼ਾਨ ੨੬ ਮਾਰਚ ਨੂੰ ਸ਼ਾਹਜ਼ਾਦਾ ਮੁਰਾਦ ਦੀ ਪੋਤੀ ਨਾਲ ਵਿਆਹਿਆ, ੫੭ ਦਿਨ ਦਿੱਲੀ ਰਹਿ ਕੇ ੫. ਮਈ ੧੭੩੯ ਨੂੰ

੪. ਆਦਿ ਸੱਤਰ ਕਰੋੜ ਦਾ, ਮਾਲਧਨ ਨਕਦੀ ਅਤੇ ਸੋਨੇ ਚਾਂਦੀ ਦੇ ਭਾਂਡੇ ੩੦ ਕਰੋੜ ਦੇ, ਜਵਾਹਰਾਤ ੨੫ ਕਰੋੜ ਦੇ, ਤਖ਼ਤ

ਤਾਊਸ਼ ੯. ਕਰੋੜ ਦਾ, ਵਸਤ੍ਰ ਸ਼ਸਤ੍ਰ ਸਜਾਵਟ ਦਾ ਸਾਮਾਨ ੨. ਕਰੋੜ ਦਾ, ਤੋਪਾਂ ਅਤੇ ਜੰਗ ਦਾ ਸਾਮਾਨ ੪. ਕਰੋੜ ਦਾ.

੫. ਨਾਦਿਰਾ ਬੇਗਮ: ਦੇਖੋ, ਅਨਾਰਕਲੀ.

ਨਾਦਰੀ: ਵਿ- ਨਾਦਿਰ ਨਾਲ ਹੈ ਜਿਸਦਾ ਸੰਬੰਧ। ੨. ਸੰਗਜਾ. ਫ਼ਾਰਸ ਦੀ ਇਕ ਪ੍ਰਕਾਰ ਦੀ ਪੋਸ਼ਾਕ, ਜਿਸ ਦਾ ਨਾਉਂ 'ਕੁਰਦੀ' ਹੈ. ਜਹਾਂਗੀਰ ਨੇ ਇਸ ਦੀ ਸੰਗਜਾ ਨਾਦਿਰੀ ਥਾਪੀ. ਇਹ ਇੱਕ ਕੋਟ ਹੈ ਜੋ ਕੁਹਣੀਆਂ ਤਕ ਬਾਹਾਂ, ਗੋਡੇ ਤੋਂ ਉੱਪਰ ਤੱਕ ਲੰਬਾਈ, ਦੋ ਤਿੰਨ ਬਟਨਾਂ ਵਾਲਾ ਹੋਂਦਾ ਹੈ. ਜਹਾਂਗੀਰ ਦੀ ਇਹ ਪਜਾਰੀ ਪੋਸ਼ਾਕ ਸੀ. ਉਹ ਆਪਣੇ ਪੁੱਤ੍ਰਾਂ ਅਤੇ ਅਮੀਰਾਂ ਨੂੰ ਨਾਦਿਰੀ ਬਖਸ਼ਿਆ ਕਰਦਾ ਅਰ ਇਹ ਵਡਮੁੱਲੀ ਹੋਇਆ ਕਰਦੀ ਸੀ.

੧. ਸੰਮਤ ੧੯੩੫ (ਸਨ ੧੭੭੮)

੨. ਨਾਨਕ ਸ਼ਾਹੀ ਸੰਮਤ: ਇਹ ਸਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੋਂ ਆਰੰਭ ਹੋਇਆ ਹੈ.

ਨਾਨਕ ਸੂਰਯੋਦਯ: ਵੇਦੀ ਗਣੇਸ਼ਾ ਸਿੰਘ ਬਿਲਾਸਪੁਰ ਨਿਵਾਸੀ ਦੀ ਹਿੰਦੀ ਕਵਿਤਾ ਵਿੱਚ ਲਿਖੀ ਗੁਰੂ ਨਾਨਕ ਦੇਵ ਦੀ ਜਨਮਸਾਖੀ, ਜੋ ਸੰਮਤ ੧੯੨੬ ਵਿੱਚ ਜਮਾਪਤ ਹੋਈ. ਇਹ ਪਹਿਲਾਂ ਗੁਰਮੁਖੀ ਅੱਖਰਾਂ ਵਿੱਚ ਫੇਰ ਨਾਗਰੀ ਅੱਖਰਾਂ ਵਿੱਚ ਛਪੀ ਹੈ.

੩. "ਸੰਮਤ ਵਿਕ੍ਰਮ ਨ੍ਰਿਪਤਿ ਕੋ ਪੰਦ੍ਰਹ ਸਹਸ ਪਚੀਸ। ਵੈਸਾਖ ਸੁਦੀ ਤਿਥਿ ਤੀਜ ਕੋ ਧਰਜੋ ਸੰਤ ਵਪੁ ਈਸ."

੪. "ਬਾਬਾ ਦੇਖੈ ਧਜਾਨ ਧਰ, ਜਲਤੀ ਸਭ ਪ੍ਰਿਥਮੀ ਦਿਸਿ ਆਈ. × × ×

ਚੜਿਆ ਸੋਧਨ ਧਰਤਿ ਲੁਕਾਈ."(ਭਾਸੁ)

੫. ਅਤੇ ਮਲਿਕ ਭਾਗੋ ਦੇ ਬ੍ਰਹਮਭੋਜ ਵਿੱਚ ਧਰਮ- ਕਿਰਤ ਦੀ ਕਮਾਈ ਦੀ ਉੱਤਮਤਾ ਪ੍ਰਗਟ ਕਰ ਕੇ ਹਰਾਮਖ਼ੋਰੀ ਦਾ ਨਿਸ਼ੇਧ ਕੀਤਾ.

੬. "ਤਿਨ ਬੇਦਿਨ ਕੀ ਕੁਲ ਵਿਖੇ ਪ੍ਰਗਟੇ ਨਾਨਕ ਰਾਇ। ਸਭ ਸਿੱਖਨ ਕੋ ਸੁਖ ਦਏ, ਜਹਿ ਤਹਿ ਭਏ ਸਹਾਇ।

ਤਿਨ ਇਹ ਕਲਿ ਮੋ ਧਰਮ ਚਲਾਯੋ। ਸਭ ਸਾਧਨ ਕੋ ਰਾਹ ਬਤਾਯੋ। ਜੋ ਤਾਂਕੇ ਮਾਰਗ ਮਹਿ ਆਏ। ਤੇ ਕਬਹੂੰ ਨਹਿ ਪਾਪ ਸੰਤਾਏ।

ਜੇ ਜੇ ਪੰਥ ਤਵਨ ਕੋ ਪਰੇ।

ਤਾਪ ਪਾਪ ਤਿਨਕੇ ਪ੍ਰਭੁ ਹਰੇ।

ਦੂਖ ਭੂਖ ਕਬਹੂੰ ਨ ਸਤਾਏ।

ਜਾਲ ਕਾਲ ਕੋ ਬੀਚ ਨ ਆਏ." (ਵਿਚਿਤ੍ਰ)

ਨਾਨਕ ਦੇਵ ਸਤਿਗੁਰੂ ਦਾ ਗੁਰੂ: ਦੇਖੋ, ਸੰਤ ਰੇਣੁ ਦਾ ਫੁੱਟਨੋਟ.

੭. ਨਾਨਕ ਪੁਤ੍ਰ: ਸਤਿਗੁਰੂ ਦਾ ਸਿੱਖ। ੨. ਸ਼੍ਰੀ ਚੰਦ ਅਤੇ ਲਖਮੀ ਦਾਸ ਜੀ.

੮. ਨਾਨਕ ਪੰਥ: ਸਿੱਖ ਪੰਥ. ਨਿਰਮਲ ਪੰਥ. ਖ਼ਾਲਸਾ ਪੰਥ.

੯. "ਏਕ ਤੋ ਛਬੀਲੇ ਛੈਲ ਭੂਪਨ ਕੇ ਭਪਭਾਲ ਭਾਰੀ ਤੇਜ ਭਾਨੁ ਸੋ ਚਢਾਈ ਨਿੱਤ ਜੰਗ ਕੀ, ਏਕ ਧਨ ਕਿਰਤ ਕਮਾਇ ਕੈ ਛਕਾਵੈਂ ਜਨ, ਏਕ ਭੌਨ ਮੇ ਵਿਰਾਗੀ ਪ੍ਰੀਤਿ ਸਾਧੁ ਸੰਗ ਕੀ, ਏਕ ਤੋਂ ਵਿਰੰਚਿ ਕੀ ਵਿਭੂਤਿ ਹੂੰ ਨ ਹੇਰੈਂ ਰੰਚ, ਲੀਨ ਹੈਂ ਨਿਜਾਪ ਮੇਂ ਨ ਚਾਹ ਨੀਰ ਗੰਗ ਕੀ, ਕਾਰੇ ਪੀਰੇ ਧੌਰੇ ਲਾਲ ਰੂਪ ਤੋਂ ਅਨੇਕ ਧਾਰੇ, ਸਿੱਖੀ ਦੀਨਬੰਧੁ ਕੀ ਪ੍ਰਕਾਸ਼ੈ ਰੰਗ ਰੰਗ ਕੀ."(ਸਿੱਖੀ ਪ੍ਰਭਾਕਰ)

੧੦. ਇੱਥੇ ਉਦਾਸੀ ਸਾਧੂ ਪੁਜਾਰੀ ਰਹੇ ਹਨ, ਪਰ ਪਾਪਾਤਮਾ ਨਾਰਾਯਣ ਦਾਸ ਮਹੰਤ ਨੇ ੧੦. ਫਗੁਣ ਸੰਮਤ ੧੯੭੭ (੨੦

ਫਰਵਰੀ ੧੯੨੧) ਨੂੰ ਅਜੇਹਾ ਘੋਰ ਸਾਕਾ ਕੀਤਾ ਕਿ ਗੁਰਦ੍ਵਾਰੇ ਆਏ ਅਨੇਕ ਸਿੰਘਾਂ ਦੇ ਬੇਰਹਿਮੀ ਨਾਲ ਪ੍ਰਾਣ ਲਏ, ਇਸ ਕਾਰਣ ੨੧. ਫਰਵਰੀ ਸਨ ੧੯੨੧ ਤੋਂ ਗੁਰਦੁਆਰੇ ਦੀ ਸੇਵਾ ਸਿੰਘਾਂ ਦੇ ਸਪੁਰਦ ਹੋਈ. ਨਾਨਕਿਆਣੇ ਸਾਹਿਬ

੧੧. (ਖ) ਚੰਦ੍ਰਭਾਨੁ (ਭਾਈ ਬਾਲੇ ਦੇ ਪਿਤਾ) ਦਾ ਖੂਹ ਆਬਾਦੀ ਤੋਂ ਥੋੜੀ ਦੂਰ ਲਹਿ"ਦੇ ਵੱਲ ਹੈ, ਜਿਸ ਨੂੰ ਹੁਣ ਭਾਈ ਬਾਲੇ ਦਾ ਖੂਹ ਆਖਦੇ ਹਨ. ਇਸ ਤੋਂ ਕੁਝ ਵਿੱਥ ਤੇ ਤਿੰਨ ਦਰਖ਼ਤ ਹਨ ਜਿਨ੍ਹਾਂ ਨੂੰ "ਬੂੰਦੇ ਸਾਹਿਬ" ਕਹਿ"ਦੇ ਹਨ. ਅਸਲੋਂ ਇਸ ਬਿਰਛ ਦਾ ਨਾਉਂ ਹਲਦੂ ਅਥਵਾ ਕਰਮ (Ozina Cordifolia) ਹੈ. ਇਸਦੀ ਲੱਕੜ ਤੋਂ ਜ਼ਿਮੀਦਾਰੇ ਸੰਦ ਅਤੇ ਅਲਮਾਰੀ ਕੁਰਸੀ ਆਦਿ ਬਣਦੇ ਹਨ. ਇਹ ਸਦਾ ਬਹਾਰ ਅਰ ਵੇਖਣ ਵਿੱਚ ਸੁੰਦਰ ਹੈ. ਯੂ. ਪੀ. ਵਿੱਚ ਬਹੁਤ ਹੋਂਦਾ ਹੈ.

੬੯੨- ੧. ਨਾਨਕੁ: ਗੁਰੂ ਨਾਨਕ ਦੇਵ.

"ਜਨ ਨਾਨਕੁ ਸਿਮਰੈ ਅੰਤਰਜਾਮੀ."(ਧਨਾ ਮਃ ੫)

੨. । ੩. ਭਾਈ ਬਹਿਲੋ ਦਾ ਇੱਕ ਪੁਤ੍ਰ। ੪. ਪਟਿਆਲਾਪਤਿ ਬਾਬਾ ਆਲਾ ਸਿੰਘ ਜੀ ਦਾ ਨਾਨਾ ੫. ਦੇਖੋ, ਨਾਨੂ ਮੱਲ.

੩. ਨਾਬ: ناب ਵਿ- ਪਵਿਤ੍ਰ. ਸ੍ਵੱਛ। ੨. ਖ਼ਾਲਿਸ. ਸ਼ੁੱਧ. ਨਿਰੋਲ। ੩. ਨਾਯਾਬ ਦਾ ਸੰਖੇਪ. ਦੁਰਲੱਭ.

੪. (ਜਿਨ੍ਹਾਂ ਨੇ ਸਾਰੇ ਰਾਜ- ਪਰਿਵਾਰ ਨੂੰ ਅਮ੍ਰਿਤ ਛਕਾਕੇ ਸਿੱਖੀ ਦੇ ਨਿਯਮ ਦ੍ਰਿੜ੍ਹਾਏ ਸਨ)

੧. ਦੋ ਅਧਿਕਾਰੀ ਮੰਨੇ ਜਾ ਕੇ ਰਾਜ ਸਿੰਘਾਸਨ ਤੇ ਬੈਠਾਏ ਗਏ. ਇਸ ਸੰਬੰਧ ਵਿੱਚ ਦੇਖੋ, ੫. ਮਈ ੧੮੬੦ ਦੀ ਸਨਦ ਦੀ ਦਫ਼ਾ ੩- × × ×

If, however at any time, the Raja of Nabha should zie without male issue and without adopting a successor, it will still be open to the Maharaja of Patiala and the Raja of Jhinz, in concert with the Commissioner or Political Agent of the British Government to select a successor from among the Phulkian family."

੨. ਇੰਡੀਅਨ ਨੈਸ਼ਨਲ ਸੋਸ਼ੀਅਲ ਕਾਨਫ੍ਰੇਂਸ (Indian National Social Conference) ਦੇ ਸਨ ੧੯੦੯ ਵਿੱਚ ਲਾਹੌਰ ਪ੍ਰੈਜ਼ੀਡੈਂਟ (ਪ੍ਰਧਾਨ) ਹੋਏ.

੩. ੭ ਸਿਤੰਬਰ ੧੯੩੦ ਤੋਂ ਪੰਦ੍ਰਾਂ ਹਜ਼ਾਰ ਮਾਹਵਾਰ ਮਹਾਣੀ ਸਾਹਿਬਾ ਅਤੇ ਮਹਾਰਾਜ ਕੁਮਾਰਾਂ ਦਾ ਖ਼ਰਚ ਨਿਯਤ ਕਰਕੇ ਤਿੰਨ ਲੱਖ ਦੀ ਰਕਮ ਪੂਰੀ ਕੀਤੀ ਗਈ.

੪. ੧੩ ਦਿਸੰਬਰ, ੧੯੪੩ ਨੂੰ ਉੱਥੇ ਹੀ ਦੇਹਾਂਤ ਹੋਇਆ. (ਭਾਈ ਭਗਵੰਤ ਸਿੰਘ, ਹਰੀ ਜੀ)

੫. ਅਤੇ ਮਸੂਰੀ ਰਹਿ ਕੇ ਵਿਦਯਾ ਅਭ੍ਯਾਸ ਕਰਦੇ ਰਹੇ. ੧੪. ਫਰਵਰੀ ਸੰਨ ੧੯੩੩ ਨੂੰ ਮਹਾਰਾਜਾ ਨਾਭੇ ਤਸ਼ਰੀਫ਼ ਲਿਆਏ. ੧੫. ਫਰਵਰੀ ਨੂੰ ਆਲੀਸ਼ਾਨ ਦਰਬਾਰ ਹੋਯਾ. ਪ੍ਰਜਾ ਦੇ ਮੁਖੀਏ ਅਹਿਲਕਾਰਾਂ ਅਤੇ ਰਿਸ਼ਤੇਦਾਰਾਂ ਨੇ ਨਜ਼ਰਾਂ ਪੇਸ਼ ਕੀਤੀਆਂ ਅਤੇ ਸਾਰੇ ਰਾਜ ਵਿੱਚ ਵੱਡਾ ਉਤਸਵ ਮਨਾਇਆ ਗਿਆ. ੯. ਮਾਰਚ ਸਨ ੧੯੩੪ ਨੂੰ ਮਹਾਰਾਜਾ ਪ੍ਰਤਾਪ ਸਿੰਘ ਜੀ ਆਪਣੀ ਮਾਤਾ ਜੀ ਅਤੇ ਮਹਾਰਾਜ ਕੁਮਾਰ ਤਥਾ ਮਹਾਰਾਜ ਕੁਮਾਰੀਆਂ ਸਮੇਤ ਵਿਦਯਾ ਪ੍ਰਾਪਤੀ ਲਈ ਇੰਗਲੈਂਡ ਨੂੰ ਰਵਾਨਾ ਹੋਏ.

੬੯੭- ੧. ਨਾਮ ਸਿਮਰਣ: ਨਾਮ ਦੇ ਅਰਥ ਨੂੰ ਵਿਚਾਰ ਕੇ ਉਸ ਦੇ ਭਾਵ ਅਨੁਸਾਰ ਮਨ ਦੀ ਵਿਤ੍ਰਿ ਲਾ ਕੇ ਅਭ੍ਯਾਸ ਅਤੇ ਅਮਲ ਕਰਨਾ, ਨਾਮ ਸਮਰਣ ਹੈ.

੨. ਪ੍ਰਕਾਸ਼ ਕਰਕੇ ਜਪੁ ਦੀਆਂ ਪੰਜ ਪੌੜੀਆਂ ਦਾ ਪਾਠ ਜਲ ਵਿੱਚ ਖੰਡਾ ਫੇਰਦੇ ਹੋਏ ਕਰਕੇ ਬੱਚੇ ਨੂੰ ਪੰਜ ਬੂੰਦਾਂ ਪਿਆ ਕੇ, ਹੁਕਮ ਦੇ ਸ਼ਬਦ ਦਾ ਮੁੱਢਲਾ ਅੱਖਰ ਨਾਮ ਦੇ ਆਦਿ ਲਗਾਇਆ ਜਾਵੇ. ਕਨ੍ਯਾ ਦੇ ਨਾਮ ਅੰਤ ਕੌਰਿ. ਸਹਿਜਧਾਰੀ ਦੇ ਨਾਮ ਪਿਛੇ ਦਾਸ, ਰਾਮ, ਪ੍ਰਕਾਸ਼ ਦੇਵ ਆਦਿ ਸ਼ਬਦ ਅਤੇ ਕੇਸ਼ਧਾਰੀ ਬੱਚੇ ਦੇ ਨਾਮ ਦੇ ਅੰਤ ਸਿੰਘ ਸ਼ਬਦ ਹੋਣਾ ਜ਼ਰੂਰੀ ਹੈ.

੩. "ਦ੍ਰਿੜ ਨਾਮਦਾਨ ਇਸਨਾਨ ਸੁ ਚਾਰੀ." (ਸੂਹੀ ਮਃ ੫) "ਸੁਣਿ ਗਲਾ ਗੁਰਪਹਿ ਆਇਆ। ਨਾਮਦਾਨ ਇਸਨਾਨ ਦ੍ਰਿੜਾਯਾ."

(ਸ੍ਰੀ ਮਃ ੫) "ਸਤਿ ਸੰਤੋਖ ਦਯਾ ਧਰਮ ਨਾਮ ਦਾਨ ਇਸਨਾਨ ਦ੍ਰਿੜਾਯਾ." (ਭਾਗੁ) "ਨਾਮਦਾਨ ਇਸਨਾਨ ਬਿਣ ਕਰੈ ਨ ਅਨ ਸਿਉ ਨੇਹ." (ਤਨਾਮਾ)

੪. "ਭਕ੍ਤਿ ਵਿਜਯ" ਮਹੀਪਤਿ ਕ੍ਰਿਤ ਗ੍ਰੰਥ ਵਿੱਚ ਜਨਮ ਕੱਤਕ ਸੁਦੀ ੧੧. ਸ਼ੱਕ ਸੰਵਤ ੧੧੯੨, ਅਤੇ ਦੇਹਾਂਤ ਹਾੜ੍ਹ ਵਦੀ ੧੩. ਸ਼ੱਕ ਸੰਵਤ ੧੨੭੨ ਦਾ ਲਿਖਿਆ ਹੈ. ਜੋ ਵਿਕ੍ਰਮੀ ੧੩੨੭ ਅਤੇ ੧੪੦੭ ਹੋਂਦਾ ਹੈ.

੬੯੮- ੧. ਨਾਯਾਬ: ਫ਼ਾ. نایاب ਵਿ- ਦੁਰਲੱਭ.

੨. ਨਾਰ ਕੇ ਨਿਕੇਤ: ਜਲ (ਨਾਰ) ਵਿੱਚ ਹੈ ਜਿਸ ਦਾ ਨਿਕੇਤ (ਘਰ). ਨਾਰਾਯਰ. ਜਲਸ਼ਾਯੀ. "ਕਹੂੰ ਮਾਰੁਤ ਅਹਾਰੀ ਕਹੂੰ ਨਾਰ ਕੇ ਨਿਕੇਤ ਹੋ." (ਅਕਾਲ) ਭਾਵ ਕਿਤੇ ਸ਼ਿਵ ਕਿਤੇ ਨਾਰਾਯਣ ਹੋਂ.

੩. ਇਹ ਵੀਣਾ ਵਜਾਕੇ ਵਿਸ਼ਨੁ ਦੀ ਮਹਿਮਾ ਭਰੇ ਗੀਤ ਗਾਉਣ ਵਿੱਚ ਅਦੁਤੀ ਗਵੈਯਾ ਮੰਨਿਆ ਗਿਆ ਹੈ "देवदत्तामिमां वीणां स्वरब्रह्म विभूषिताम्। मूच्छर्यित्वा हरिकथां गायमान श्चराम्यहम्. " (ਭਾਗਵਤ, ਸਕੰਧ ੧, ਅਃ ੬, ਸਃ ੩੩)

੪. ਨਾਰਦ ਰਿਖੀ ਨੇ ਭਕਿ ਸੂਤ੍ਰ. ਨਾਰਦ ਸਿਮ੍ਰਿਤਿ, ਨਾਰਦੀਯ ਪੁਰਾਣ ਅਤੇ ਨਾਰਦ ਪੰਚਰਾਤ੍ਰ ਆਦਿ ਅਨੇਕ ਗ੍ਰੰਥ ਲਿਖੇ ਹਨ.

੫. ਕਈ ਪੌਰਾਣਿਕ ਵਿਦ੍ਵਾਨਾਂ ਨੇ ਨਿਸ਼ਚੈ ਕੀਤਾ ਹੈ ਕਿ ਇਹ ਇੱਕ ਹੀ ਨਾਰਦ ਨਹੀਂ, ਜਿਸ ਬਾਬਤ ਇਹ ਸਾਰੇ ਪ੍ਰਸੰਗ ਕਹੇ ਜਾਂਦੇ ਹਨ, ਕਿੰਤੁ ੭. ਨਾਰਦ ਹਨ. ਵਿਸ਼ਨੁ ਭਗਤ ਨਾਰਦ ਤੋਂ ਛੁੱਟ ਭੀ ਨਾਰਦ ਇਹ ਹਨ- (੧) ਪਰਵਤ ਰਿਖੀ ਦਾ ਮਾਮਾ ਜੋ ਵੱਡਾ ਪੰਡਿਤ ਸੀ, (੨) ਅਰੁੰਧਤੀ ਦਾ ਭਾਈ ਅਤੇ ਵਸ਼ਿਸ੍ਟ ਦਾ ਸਾਲਾ, (੩) ਗੰਧਰਵ ਨਾਰਦ, ਜੋ ਭਾਰੀ ਉਪਦ੍ਰਵੀ ਸੀ, (੪) ਕੁਬੇਰ ਦਾ ਮਿਤ੍ਰ ਅਤੇ ਉਸਦੀ ਸਭਾ ਦਾ ਭੂਸ਼ਣ ਨਾਰਦ, (੫) ਜਨਮੇਜਯ ਨੂੰ ਸਰਪ ਵਿਧ੍ਵੰਸ਼ੀ ਯਗ੍ਯ ਵਿੱਚ ਸਹਾਇਤਾ ਦੇਣ ਵਾਲਾ ਨਾਰਦ, ਜਿਸ ਦਾ ਦੂਜਾ ਨਾਮ ਵਿਸ਼੍ਵਾਮਿਤ੍ਰ, ਭੀ ਸੀ, (੬) ਸ਼੍ਰੀ ਰਾਮ ਚੰਦ੍ਰ ਜੀ ਦੀ ਸਭਾ ਦਾ ਸ਼ਿੰਗਾਰ ਧਰਮ ਸ਼ਾਸਤ੍ਰ ਅਨੁਸਾਰ ਵ੍ਯਵਸਥਾ ਦੇਣ ਵਾਲਾ ਨਾਰਦ ਮੁਨਿ.

੬. "ਮਹਾਂਬੇਗ ਸੰਗਾ ਲਘੁ ਏਕੇ ਨਾਰਾ." (ਗੁਪ੍ਰਸੂ)

੭. । ੪. ਪੰਜਾਬ ਵਿੱਚ ਜੁਆਨ ਬੈਲ ਨੂੰ ਖ਼ਾਸ ਕਰਕੇ ਉੱਚੇ ਸਿੱਧੇ ਸਿੰਗਾਂ ਵਾਲੇ ਨੂੰ ਨਾਰਾ ਸਦਦੇ ਹਨ.

੮. ਇਸ ਦਾ ਮੁਕਾਬਲਾ ਕਰੋ ਬਾਇਬਲ ਦੇ Genesis ਦੇ ਪਹਿਲੇ ਬਾਬ ਦੀ ਦੂਜੀ ਆਯਤ ਨਾਲ- "Anz the spirit of God moved upon the face of the waters.”

੯. ਦੇਹਾਂਤ ੪. ਹਾੜ੍ਹ, ੧੯੯੪

੧੦. ਦੇਹਾਂਤ ੧੩. ਮੱਘਰ, ੧੯੯੩

੧੧. ਜਨਮ ੪. ਜਨਵਰੀ, ੧੯੧੭

੧੨. ਜਨਮ ੧੧. ਮਾਰਚ, ੧੯੨੬

੧੩. ਜਨਮ ੧੨. ਦਸੰਬਰ, ੧੯੨੮

੧੪. ੨੨ ਨਵੰਬਰ. ੧੯੧੯

੧੫. ਸੁਖਦੇਵ ਸਿੰਘ

ਜਨਮ ੧੮. ਹਾੜ੍ਹ ੧੯੮੯

(੧ ਜੁਲਾਈ ੧੯੩੨)

੧. ਅੱਠ ਅੱਠ ਤੋਲੇ.

੨. । ੪. ਕਮਾਚ ਠਾਟ ਦੀ ਔੜਵ ਸਾੜਵ ਰਾਗਿਣੀ. ਆਰੋਹੀ ਵਿੱਚ ਗਾਂਧਾਰ ਅਤੇ ਨਿਸ਼ਾਦ ਨਹੀਂ ਲਗਦੇ. ਅਵਰੋਹੀ ਵਿੱਚ ਗਾਂਧਾਰ ਵਰਜਿਤ ਹੈ. ਵਾਦੀ ਸੁਰ ਰਿਸਭ ਹੈ, ਨਾਰਾਯਣੀ ਵਿੱਚ ਥੋੜੀ ਝਲਕ ਸਾਰੰਗ ਦੀ ਹੈ.

੩. "ਨਾਰੀ ਤੇ ਜੋ ਪੁਰਖੁ ਕਰਾਵੇ,

ਪੁਰਖ ਨ ਤੇ ਜੋ ਨਾਰੀ."(ਸਾਰ ਕਬੀਰ)

"An astonishing case of sex changing has been brought to light in the mining town of Lachore, Fifeshire.

The central figure in the case is the 15 years old zaughter of a colliery manager.

The girl was regardez as perfectly normal until a few weeks ago, when she became seriously ill. Her parents noticed a change in her habits and zemeanour, and on the advice of the family zoctor she was removed to a nursing- home in another part of Life.

It was in this home that the amading change of sex took place. The girl quickly assumez all the mental and physical characteristics of a male. and when the change had been thoroughly completed "she" was discharged as a well zevelopez boy.

Since returning home"she" has had "her" hair cut short and has been fitted with male zress.

The erstwhile girl is now an excellent specimen of virile boy- hooz, upright, square- shouldered, and alert in every way. "She" zoes not now possess a single characteristic of "her" form of sex, and 'she' is to take a post as a male clerk in a brick- yard office.

"She" has adopted a new Christian name. and is takng the change very philosophically.

"We are very happy now that our perioz of anxiety is over." the father explained in an interview. "The boy can now begin a new life."

The father added that an eminent mezical specialist in Ezinburgh was taking a keen interest in the case and was tracing its history for future mezical reference.

Mezical records contain numerous cases of sex changes. In 1931 a Danish artist's change of sex from male to female was officially recognised by the marriage registrar. The "man" was registered as a woman and his marriage was nullified.

Just over two years ago a Manchester mother took her 18 year old zaughter to a

special ist for examination on a general ailment, and was greatly surprised when the specialist told her that the patient was a young man."

(The Khalsa Review Lahore, 29th April 1934)

੪. ਅੱਗੇ ਲਿਖੇ ਵਾਕ:-

"ਬਤੀਹ ਸੁਲਖਣੀ ਸਚ ਸੰਤਤਿ ਪੂਤ। ਆਗਿਆਕਾਰੀ ਸੁਘੜ ਸਰੂਪ। ਇਛ ਪੂਰੇ ਮਨ ਕੰਤ ਸੁਆਮੀ। ਸਗਲ ਸੰਤੋਖੀ ਦੇਰ ਜੇਠਾਨੀ। ਸਭ ਪਰਵਾਰੈ ਮਾਹਿ ਸਰੇਸਟ। ਮਤੀ ਦੇਵੀ ਦੇਵਰ ਜੇਸਟ। ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ। ਜਨ ਨਾਨਕ ਸੁਖੇ ਸੁਖਿ ਵਿਹਾਇ." (ਆਸਾ ਮਃ ੫) "ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ?" (ਮਃ ੧, ਵਾਰ ਆਸਾ) "ਧਨ ਪਿਰੁ ਏਹਿ ਨ ਆਖੀਅਨਿ, ਬਹਿਨ ਇਕਠੇ ਹੋਇ. ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਅਹਿ ਸੋਇ." (ਮਃ ੩, ਵਾਰ ਸੂਹੀ)

"ਲੋਕ ਵੇਦ ਗੁਣ ਗਿਆਨ ਵਿੱਚ ਅਰਧ ਸਰੀਰੀ ਮੋਖ ਦੁਆਰੀ, ਗੁਰਮੁਖ ਸੁਖਫਲ ਨਿਹਚਉ ਨਾਰੀ." (ਭਾਗੁ)

੫. ਨਾਲੂਆ: Navelstring. ਦੇਖੋ, ਨਾਲਾ ੩.

੬. "ਨਾਵਣੁ ਪੁਰਬੁ ਅਭੀਚੁ." (ਤੁਖਾ ਛੰਤ ਮਃ ੪) ਦੇਖੋ, ਅਭੀਚ.

੧. "ਗ੍ਰਾਮ ਨਿਅਰਾਨਾ." (ਗੁਪ੍ਰਸੂ)

੨. ਨਿਸਠ, ਨਿਸਠਾ, ਨਿਸ੍ਠਿਤ: ਦੇਖੋ, ਨਿਸ੍ਰ. ਨਿਸ੍ਰਾ ਅਤੇ ਨਿਸ੍ਰਿਤ.

੩. ਨਿਸਪੰਨ: ਸੰ. निष्पक्ष. ਵਿ- ਸਮਾਪਦ (ਪੂਰਾ) ਹੋਇਆ। ੨. ਨਿਰਣੈ ਕੀਤਾ. ਨਿਸ਼ਚੇ ਕਰਿਆ.

੧. "ਬਹੁਤ ਰੰਗ ਕੇ ਅਗ੍ਰ ਨਿਸ਼ਾਨ।

ਧੁਨਿ ਉਚੀ ਤੇ ਬਜਤ ਨਿਸ਼ਾਨ."(ਗੁਪ੍ਰਸੂ)

੨. ਉਦਾਸੀਆਂ ਨੂੰ ਭਗਵੇਂ ਫਰਹਰੇ ਦੀ ਭੀ ਆਗਜਾ ਹੈ. ਇਸ ਸੰਬੰਧ ਵਿੱਚ ਦੇਖੋ, ਗੁਪ੍ਰਸੂ. ਰਾਸਿ ੧੧, ਅਃ ੪੨. "ਇਕ ਝੰਡਾ ਭਗਵੋਂ ਬਨਵਾਯੋ। ਮੋਹਾਂ ਭਾ ਮਹੰਤ ਹਰਖਾਯੋ."

੩. ਸਤਿਗੁਰੂ ਦਾ ਨਿਸ਼ਾਨ. ਗੁਰਦ੍ਵਾਰੇ ਦਾ ਝੰਡਾ. "ਵਾਹਨ ਸਿੰਗਾਰੇ ਰਹੇਂ ਬਾਜਤੇ ਨਗਾਰੇ ਰਹੇਂ ਦੁੱਜਨ ਡਰਾਰੇ ਰਹੇਂ ਭਾਗੇ ਭੀਮ ਰਾਹਕੈ ਸੰਗਤੇਂ ਅਬਾਦ ਰਹੈਂ ਆਵਤੇ ਪ੍ਰਸਾਧ ਰਹੇਂ ਲਾਖੋਂ ਅਹਲਾਦ ਰਹੈਂ ਦੇਖਿਯੇ ਉਮਾਹਕੇ, ਗਾਦੀਆਂ ਅਟੱਲ ਰਹੇਂ ਚੌਕੀਆਂ ਅਚਲ ਰਹੇਂ ਬੁੰਗੇ ਝਲਾਝੱਲ ਰਹੈਂ ਪੂਰੇ ਉਤਸਾਹ ਕੇ, ਲਾਗਤੇ ਦਿਵਾਨ ਰਹੇਂ ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੇਂ ਸਾਚੇ ਪਾਤਸ਼ਾਹ ਕੇ." (ਨਿਹਾਲ ਸਿੰਘ ਜੀ) ਦੇਖੋ ਝੰਡਾ ਸਾਹਿਬ ਅਤੇ ਝੰਡਾ ਬੁੰਗਾ.

੪. ਨਿਸ਼ਾਨਾ ਫੁੰਡਣਾ: ਲਕ੍ਸ਼ ਵੇਧਨ. ਦੇਖੋ, ਦੀਦਬਾਨ ੩.

੫. "ਸੁੰਭ ਨਿਸੁੰਭ ਪਠਾਯਾ ਜਮਦੇ ਧਾਮ ਨੂੰ."(ਚੰਡੀ ੩)

੬. । ੨. ਤੇਲ ਬਿਨਾ। ੩. ਚਿਕਨਾਈ (ਥੰਧਿਆਈ) ਬਿਨਾ.

੭. ਦਸ਼ਮ ਗ੍ਰੰਥ ਵਿੱਚ ਕਲਕੀ ਅਵਤਾਰ ਦਾ ਸਿਰਲੇਖ- "ਅਥ ਨਿਹਕਲੰਕ ਚੌਬੀਸਵੋਂ ਅਵਤਾਰ ਕਥਨੰ." ਦੇਖੋ. ਕਲਕੀ.

੮. ਨਿਹਚਲ ਥਾਨੁ: ਨਿਸ਼ਚਲ ਸ੍ਥਾਨ. ਅਵਿਨਾਸ਼ੀ ਪਦ. ਸਤਸੰਗ. "ਕਹੁ ਨਾਨਕ ਜਿਸੁ ਕਿਰਪਾ ਕਰੈ। ਨਿਹਚਲ ਥਾਨੁ ਸਾਧ ਸੰਗਿ ਤਰੈ." (ਗਉ ਮਃ ੫)

੭੦੩- ੧. ਨਿਹਰਵਾ: ਨਿਹਾਰਣ ਕੀਤਾ. ਵੇਖਿਆ. "ਸੋ ਦੁਤਿ ਜਾਨੈ ਜਿਨਹਿ ਨਿਹਰਵਾ." (ਗੁਪ੍ਰਸੂ)

੨. ਅਤੇ ਅਨੇਕ ਪੰਡਿਤਾਂ ਅਰ ਕਵੀਆਂ ਤੋਂ ਵਿਦਜਾ ਪ੍ਰਾਪਤ ਕਰਕੇ ਪ੍ਰਸਿੱਧ ਕਵੀ ਹੋਏ. ਇਨ੍ਹਾਂ ਨੂੰ ਲੋਕ ਠਾਕੁਰ ਨਿਹਾਲ ਸਿੰਘ

ਕਰ ਕੇ ਸੱਦਦੇ ਸਨ. ਇਹ ਅਦੁਤੀ ਪਖਾਵਜੀ ਅਥੇ ਗਵੈਯੇ ਸਨ. ਰਾਗੀ ਗੁਰਮੁਖ ਸਿੰਘ ਪੋਠੋਹਾਰੀ ਨਾਲ (ਜੋ ਆਪਣੇ ਸਮੇਂ ਬੇ-ਮਿਸਾਲ ਰਾਗੀ ਸੀ), ਬਹੁਤ ਚਿਰ ਜੋੜੀ ਬਜਾਉਂਦੇ ਰਹੇ. ਆਪ ਸੁੱਖੋ ਅਤੇ ਥੋਹੇ ਬਹੁਤ ਚਿਰ ਰਹੇ. ਇਨ੍ਹਾਂ ਦੇ ਸਥਾਨ ਦਾ ਥੋਹੇ ਵਿੱਚ ਨਾਮ "ਦੁਖ ਭੰਜਨੀ" ਪ੍ਰਸਿੱਧ ਹੈ. ਬਹੁਸੁਖ ਸੁਖੋਂ ਕੇ ਦਿਯੇ ਅਬ ਥੋਹੇ ਮੇਂ ਜਾਇ। ਦੁੱਖ ਭੰਜਤ ਦੁੱਖ ਭੰਜਨੀ, ਥਾਪੀ ਮਾਹਿ ਨਵਾਇ." (ਗੁਰਪਦ ਪ੍ਰੇਮ ਪ੍ਰਕਾਸ਼, ਦਸ਼ਮ ਮੰਡਲ)

੧. । ੩. ਦੇਖੋ, ਨਿਕਲਨਾ "ਕਿੰਹ ਸੋਂ ਕਹੈਂ ਨ ਸੁਨੈਂ ਨਿਕਰ ਕੈ."(ਗੁਪ੍ਰਸੂ)

੨. ਨਿਕ੍ਸ਼ੇਪ: ਸੰ. ਸੰਗਯਾ- ਧਰੋਹਰ ਇਮਾਨਤ। ੨. ਫੈਂਕਣ ਦੀ ਕ੍ਰਿਯਾ। ੩. ਤਯਾਗ.

੩. ਨਿਖੜਨਾ: ਕ੍ਰਿ. ਅਲੱਗ (ਵੱਖ) ਹੋਣਾ. ਵਿਛੁੜਨਾ.

੭੦੬- ੧. ਨਿਗਰਾਨੀ: ਨਿਗਾਹਬਾਨੀ, ਪਹਰੇਦਾਰੀ.

੨. ਨਿਗਾਰੀਦਨ: ਫ਼ਾ. ਕ੍ਰਿ. ਰੰਗਣਾ. ਚਿਤ੍ਰਣਾ। ੨. ਸ਼ਿੰਗਾਰਣਾ। ੩. ਲਿਖਣਾ.

੩. ਨਿਜਾਮ ਦੀ ਸੰਖੇਪ ਕਥਾ ਇਉਂ ਹੈ:-

ਗਾਜ਼ੀਉੱਦੀਨ ਫਿਰੋਜ਼ ਜੱਗ ਤੁਰਾਨੀ ਦਾ ਪੁਤ੍ਰ ਚਿਨਕ੍ਰਿਲਿਚ ਖ਼ਾਨ (ਆਸਫ਼ਜਾਹ) ਸਨ ੧੭੧੩ ਵਿੱਚ ਔਰੰਗਜ਼ੇਬ ਦਾ ਥਾਪਿਆ ਮਾਲਵੇ ਦਾ ਗਵਰਨਰ ਸੀ. ਇਸ ਨੂੰ "ਨਿਜ਼ਾਮੁਲਮੁਲਕ" ਦੀ ਪਦਵੀ ਮਿਲੀ, ਜਿਸ ਤੋਂ ਨਿਜਾਮ ਸੰਗਯਾ ਪ੍ਰਸਿੱਧ ਹੋਈ, ਦਿੱਲੀ ਦੀ ਹੁਕੂਮਤ ਢਿੱਲੀ ਪੈਣ ਪੁਰ ਇਹ ਸਨ ੧੭੨੪ ਵਿੱਚ ਸ੍ਵਤੰਤ੍ਰ ਹੈਦਰਾਬਾਦ ਦਾ ਬਾਦਸ਼ਾਹ ਹੋ ਗਿਆ. ਇਸ ਦਾ ਦੇਹਾਂਤ ਸਨ ੧੭੪੮ ਵਿੱਚ ਹੋਇਆ. ਇਸ ਪਿੱਛੋਂ ਉਸਦਾ ਪੁਤ੍ਰ ਨਸੀਰ ਜੱਗ ਗੱਦੀ ਤੇ ਬੈਠਾ. ਨਿਜਾਮਾਂ ਦਾ ਸਿਲਸਿਲਾ ਇਉਂ ਹੈ:-

ਨਸੀਰ ਜੰਗ (੧੭੪੮- ੧੭੫੦)

ਮੁਜੱਫ਼ਰ ਜੰਗ (੧੭੫੦- ੧੭੬੨)

ਨਿਜਾਮ ਅ਼ਲੀ (੧੭੬੩- ੧੮੦੩)

ਸਿਕੰਦਰਜਾਹ (੧੮੦੩- ੧੮੨੯)

ਨਾਸਿਰੁੱਦਲਾ (੧੮੨੯- ੧੮੫੭)

ਅਫ਼ਜ਼ੁੱਲੁਦੌਲਾ (੧੮੫੭- ੧੮੬੯)

ਮੀਰ ਮਹਬੂਬ। ਅਲੀ ਖਾਨ, (੧੮੬੯- ੧੯੧੧) ਵਰਤਮਾਨ ਨਿਜਾਮ ਮੀਰ ਉਸਮਾਨ ਅਲੀ ਖ਼ਾਨ ਸਨ ੧੯੧੧ ਵਿੱਚ ਗੱਦੀ ਤੇ ਬੈਠਾ ਹੈ, ਦੇਖੋ, ਹੈਦਰਾਬਾਦ.

੪. ਇਸ ਦੀ ਉਪਾਧਿ "ਸੁਲਤਾਨੁਲ ਮਸ਼ਾਯਖ਼" ਸੀ.

੫. ਨਿਜੱਸ: ਯਸ਼ ਰਹਿਤ. ਨਿੰਦਿਤ- ਜੀਵਨ ਵਾਲਾ.

੧. । ੨. ਕਿਨਾਰਾ. ਕੰਢਾ। ੩. ਪਹਾੜ ਦਾ ਢਲਵਾਨ.

੨. ਨਿਤਜੰਨੇਤ: ਨਿਤ. ਨਿਤ ਹਰ ਰੋਜ਼. "ਬੰਦੋਂ ਨਿਤਜੰਨੇਤ"(ਗੁਪ੍ਰਸੂ)

੩. ਭਾਈ ਸੰਤੋਖ ਸਿੰਘ ਜੀ ਨੇ ੭. ਵੀਂ ਰਾਸ਼ਿ ਦੇ ਪ੬ਵੇਂ ਅਧਯਾਯ ਵਿੱਚ ਨਥਾਣੇ ਨੂੰ ਨਿਥਾਣਾ ਲਿਖਿਆ ਹੈ. "ਗ੍ਰਾਮ ਨਿਥਾਣਾ ਹੁਤੋ ਨਿਕਟ ਹੀ ਤਿਸ ਮਹਿ ਕਾਲੂ ਨਾਥ ਰਹੰਤ." (ਗੁਪ੍ਰਸੂ) ਦੇਖੋ, ਨਥਾਣਾ.

੭੦੯- ੧. ਨਿਬਾਹੂ ਸਿੰਘ: ਦੇਖੋ, ਜਸਪਤਿ. ਦੀਵਾਨ.

੧. ਕਿਉਂਕਿ ਇਹ ਵਿਭਚਾਰ ਕ੍ਰਿਯਾ ਹੈ.

੨. । ੩. ਫੈਂਕਿਆ. ਵਗਾਹਿਆ. "ਨਿਕੇਤ ਤੇ ਲੇਜਾਇ ਨਿਰਸਤਹਿ"." (ਨਾਪ੍ਰ) ਘਰੋਂ ਲੈ ਜਾ ਕੇ ਸੁੱਟ ਪਾਂਦੇ ਹਨ.

੩. ਨਿਰਗਨਿ: ਸੰ. निरग्नि. ਵਿ- ਅਗਨਿ ਹੋਤ੍ਰ ਦਾ ਤਯਾਗੀ.

੭੧੧- ੧. ਨਿਰਣਯਾਕ: ਨਿਰਣੰਯਕ. ਨਿਰਣੰਯ ਕਰਨ ਵਾਲਾ. (Arbitrator).

੨. । ੫. ਕਲੰਕ ਰਹਿਤ. ਸ਼੍ਰੇਸ਼੍ਠਾਚਾਰੀ, "ਰਾਮਚੰਦ ਨਿਰਮਲ ਪੁਰਖ." (ਭਾਗੁ) ੬. ਨਿਰਵਰ. ਕਿਸੇ ਦੇ ਵਿਰੁੱਧ ਮਨ ਵਿੱਚ ਵੈਰ ਨਾ ਰੱਖਣ ਵਾਲਾ." ਤੂੰ ਨਿਰਵੈਰੁ ਸੰਤ ਤੇਰੇ ਨਿਰਮਲ."(ਮਾਝ ਮਃ ੫)

੧. "ਅਧਾਨ ਬਿਖੇ ਹੋਇ ਨਿਰਮਾਨ ਪ੍ਰਾਨੀ." (ਭਾਗੁਕ)

੧. ਨਿਰੈਪਦ: ਨਰਕ ਪਦਵੀ. ਨਰਕਵਾਸ." ਜਾਇ ਨਿਰੈਪਦ ਬੀਚ ਪਰਜੋ." (ਗੁਪ੍ਰਸੂ)

ਨਾਰਦ ਨੇ ਪੂਰਣ ਤਯਾਗ ਨੂੰ ਨਿਰੋਧ ਦੱਸਿਆ ਹੈ, ਨਾਰਦ ਭਕ੍ਤਿ, ਸੂਤ੍ਰਾਂ ਵਿੱਚ ਲਿਖਿਆ ਹੈ.

"निरोधस्तु लोक वेद् व्यापार न्यासः"(ਸੂਤ੍ਰ ੮)

੩. ਇਨ੍ਹਾਂ ਪਿੱਛੋਂ ਇਨ੍ਹਾਂ ਦੇ ਸੁਪੁਤ੍ਰ ਦਰਬਾਰਾ ਸਿੰਘ ਜੀ (ਜਨਮ ਸੰਮਤ ੧੮੭੧) ਨੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ. ੩. ਫੱਗੁਣ ਸੰਮਤ ੧੯੨੬ ਨੂੰ ਦਰਬਾਰਾ ਸਿੰਘ ਜੀ ਦਾ ਦੇਹਾਂਤ ਹੋਣ ਪੁਰ ਇਨ੍ਹਾਂ ਦੇ ਛੋਟੇ ਭਾਈ ਰੱਤਾ ਜੀ ਨੇ ਗੱਦੀ ਸਾਂਭੀ. ਇਨ੍ਹਾਂ ਨੇ ਭੀ ਆਪਣੇ ਪਿਤਾ ਅਤੇ ਦਾਦਾ ਵਾਂਙ ਸਿੱਖ ਧਰਮ ਦੀ ਚੰਗੀ ਸੇਵਾ ਕੀਤੀ. ੨੯ ਪੋਹ ਸੰਮਤ ੧੯੬੫ ਨੂੰ ਰੱਤਾ ਜੀ ਦਾ ਚਲਾਣਾ ਹੋ ਗਿਆ ਅਰ ਉਨ੍ਹਾਂ ਦੇ ਸੁਪੁਤ੍ਰ ਭਾਈ ਗੁਰਦਿੱਤ ਸਿੰਘ ਜੀ ਮਹੰਤ ਹੋਏ, ਜੋ ਇਸ ਵੇਲੇ ਨਿਰੰਕਾਰੀਆਂ ਦੇ ਮੁਖੀਏ ਹਨ.

੪. ਨਿਰੰਗ: ਸੰ. निरंग. ਵਿ- ਅੰਗਹੀਨ। ੨. ਖ਼ਾਲਿਸ, ਕੇਵਲ. ਨਿਰਾ। ੩. ਸੰਗਯਾ- ਰੂਪਕ ਅਲੰਕਾਰ ਦਾ ਇੱਕ ਭੇਦ। ੪. ਹਿੰ. ਵਿ- ਬਦਰੰਗ. ਟਿੱਕਾ. ਉਦਾਸ. ਬੇ- ਰੌਣਕ. "ਬਿਗਰੀ ਬਹੁਬਾਤ ਨਿਰੰਗਨ ਕੋ." (ਗੁਪ੍ਰਸੂ) ਨਿਰੰਗ ਹੋਣ ਨੂੰ। ੫. ਦੇਖੋ, ਅਨੰਗ.

੫. ਨਿਰੰਗ: ਸੰ. ਵਿ- ਮੂਲੋਂ ਅੰਨ੍ਹਾ। ੨. ਮਹਾ ਮੂਰਖ. ਅਗਯਾਨੀ.

੭੧੬- ੧. ਨੀਕਤਾ: ਨੀਕਾਪਨ. ਚੰਗਿਆਈ. ਉੱਤਮਤਾ. "ਨਹੀਂ ਨੀਕਤਾ ਕਿਤ ਲਖ ਪਾਇ."(ਗੁਪ੍ਰਸੂ)

੨. "ਰਾਤੀਂ ਨੀਂਗਰ ਖੇਲਦੇ." (ਭਾਗੁ)

੭੧੭- ੧. ਨੀਰਸ: ਸੰ. ਵਿ- ਰਸਹੀਨ ਬਿਨਾ ਸੁਆਦ। ੨. ਤਰਾਵਤ ਬਿਨਾ। ਜੋ ਗਿੱਲਾ ਨਹੀਂ। ੩. ਆਨੰਦ ਤੋਂ ਖ਼ਾਲੀ.

੨. ੫ ਛੇਵੀਂ ਪਾਤਾਸ਼ਾਹੀ ਦੇ ਗੁਰੁ ਵਿਲਾਸ ਵਿੱਚ ਦਰਿਆਈ ਘੋੜੇ ਨੂੰ ਨੀਰਜ ਲਿਖਿਆ ਹੈ.

"ਗੁਲਬਾਗ ਦੂਸਰੋ ਨੀਰਜ ਜਾਨੋਂ."(ਅਃ ੧੯, ਛੰਦ ੨੪੪)

੩. ਨੀਰਵਾਹੀ: ਬੱਦਲ. ਪਾਣੀ ਲੈ ਜਾਣ ਵਾਲਾ। ੨. ਕਹਾਰ.

੪. ਨੀਲਗਰ: ਫ਼ਾ. ਨੀਲ ਦਾ ਰੰਗ ਤਿਆਰ ਕਰਨ ਵਾਲਾ. ਨੀਲਾਰੀ.

੧. ੨।੪ ਅਟਕ ਤੋਂ ਪੰਦ੍ਰਾਂ ਮੀਲ ਹੇਠਾਂ ਇੱਕ ਘਾਟ, ਜਿੱਥੇ ਕਿਸੇ ਸਮੇਂ ਨੀਲਾਬ ਨਾਮ ਦਾ ਚਸ਼ਮਾ ਅਤੇ ਇਸੇ ਨਾਮ ਦੀ ਆਬਾਦੀ ਸੀ.

੨. ਨੀਲ ਨਾਲ ਵਸਤ੍ਰ ਰੰਗਣ ਵਾਲਾ. ਰੰਗਰੇਜ਼. "ਨੀਲਾਰੀ ਦੇ ਮੱਟ ਵਿੱਚ ਪੈ ਗਿੱਦੜ ਰੱਤਾ." (ਭਾਗੁ)

੩. ਨੁਸਰਤ ਜੰਗ: ਕ਼ਮਰੁੱਦੀਨ (ਮੀਰ ਮੰਨੂ ਦੇ ਬਾਪ) ਦਾ ਖ਼ਿਤਾਬ.

੪. ।੪. ਅਨੰਦ ਪੁਰ ਪਾਸ ਦਾ ਇੱਕ ਪਿੰਡ, ਜਿਸਦੇ ਵਸਨੀਕਾਂ ਨੇ ਸੰਗਤਿ ਲੁੱਟ ਲਈ ਸੀ, ਅਰ ਖ਼ਾਲਸੇ ਨੇ ਇਸ ਨੂੰ ਲੁੱਟਕੇ ਕਰੜੀ ਸੱਜਾ ਦਿੱਤੀ.

੫. "ਕੀਰਤਨ ਵਿੱਚ ਮਨ ਨੂੰ ਠਹਿਰਾਵਣਾ." (ਭਗਤਾਵਲੀ)

੬. ਲਾਮ (Lamech). ਦਾ ਪੁਤ੍ਰ ਨਾਮ ਦਾ ਮਕਬਰਾ ਅਫ਼ਗਾਨਿਸਤਾਨ ਦੇ ਅਲੀਸੇਂਗ (Alisheng). ਪਰਗਨੇ ਵਿੱਚ ਹੈ.

੭. "ਨੂਰਸ਼ਾਹ ਹੁਤੀ ਸਰਦਾਰ ਤਿਸ ਦੇ ਹੂੰ ਕੀ." (ਨਾਪ੍ਰ)

ਸਾਖੀਆਂ ਵਿੱਚ ਕਈਂ ਥਾਈਂ ਨੂਰ ਨਿਸਾਹ ਪਾਠ ਭੀ ਹੈ. ਅਸਲ ਵਿੱਚ ਇਹ ਫ਼ਾਰਸੀ ਸ਼ਬਦ "ਨੂਰੁੱਨਿਸਾ" ਹੈ, ਜਿਸ ਦਾ ਅਰਥ ਹੈ ਇਸਤ੍ਰੀਆਂ ਦਾ ਨੂਰ. ਦੇਖੋ, ਨਿਸ਼ਾ ੩.

੮. ਕਾਂਗੜੇ ਦੇ ਜ਼ਿਲੇ ਇੱਕ ਨਗਰ ਜੋ ਤਸੀਲ ਸਥਾਨ ਹੈ. ਇਸ ਦਾ ਪਹਿਲਾ ਨਾਮ ਧਨੇਰੀ ਸੀ. ਰਾਜਾ ਬਾਸੋ ਨੇ ਜਹਾਂਗੀਰ ਬਾਦਸ਼ਾਹ ਵੇਲੇ ਨੂਰ ਪੁਰ ਨਾਉਂ ਰੱਖਿਆ.

੧. "ਨੇਕੀ ਬਦੀ ਨ ਲੁਕੈ ਲੁਕਾਈ."(ਭਾਗੁ)

੨. ਇਹ ਨਗਰ "ਮੰਜੂ ਸ਼੍ਰੀ" ਰਾਜਾ ਨੇ ਤਲਵਾਰ ਦੀ ਸ਼ਕਲ ਦਾ ਸਨ ੭੨੪ ਵਿੱਚ ਵਸਾਯਾ ਹੈ. ਇਸ ਤੋਂ ਪਹਿਲਾਂ ਰਾਜਧਾਨੀ ਭਟਰਾਉਂ ਅਤੇ ਪਟਨ ਵਿੱਚ ਰਹੀ ਹੈ. ਕਠਮੰਡੂ ਦੀ ਲੰਬਾਈ ਉੱਤਰ ਤੋਂ ਦੱਖਣ ਇੱਕ ਮੀਲ, ਅਤੇ ਚੌੜਾਈ ਪੌਣ ਮੀਲ ਤੋਂ ਚੌਥਾਈ ਮੀਲ ਤਕ ਹੈ. ਇਸ ਦਾ ਪਹਿਲਾ ਨਾਮ "ਮੰਜੁ ਪੱਤਨ" ਸੀ.

੭੧੨- ੧. ਨੈਨੁਪੁਤ੍ਰੀ: ਨੈਣਾ ਦੇਵੀ. ਨੈਣੇ ਜੱਟ ਦੀ ਪ੍ਰਸਿੱਧ ਕੀਤੀ ਦੇਵੀ. ਦੇਖੋ, ਨੈਣਾ ਦੇਵੀ.

੨. ਨੌਆ: ਨਉਆ. ਨਾਪਿਤ. ਨਾਈ.

"ਨੌਆ ਕੇ ਸੁਤ ਵਚਨ ਉਚਾਰੇ."(ਚਰਿਤ੍ਰ ੬੮)

ਨੌਸ਼ਹਰ, ਨੌਸ਼ਹਰਾ: ਯੂਸਫ਼ਜ਼ਈ ਪਠਾਣਾਂ ਨੂੰ ਜਿੱਤ ਕੇ ਅਕਬਰ ਵੇਲੇ ਜ਼ੈਨਖ਼ਾਨ ਕੋਕਾ ਦਾ ਵਸਾਯਾ ਨਗਰ, ਜੋ ਕਾਬਲ (ਲੁੰਡੇ) ਦਰਯਾ ਦੇ ਕਿਨਾਰੇ ਪੇਸ਼ਾਵਰ ਤੋਂ ੨੭ ਮੀਲ ਲਹੌਰ ਵੱਲ ਹੈ.

੧. ।੧. ੨. ਗੁਰੂ ਅਮਰ ਦਾਸ ਸਾਹਿਬ ਦਾ ਇੱਕ ਸਿੱਖ ਜੋ ਸੂਦਨਾ ਗੋਤ ਦਾ ਬ੍ਰਾਹਮਣ ਸੀ। ੧੪. ਛੇਵੀਂ ਪਾਤਸ਼ਾਹੀ ਦੇ ਗੁਰੂ ਵਿਲਾਸ ਵਿੱਚ ਬਾਬੇ ਆਨੰਦ ਦਾ ਨਾਮ ਨੰਦ ਲਿਖਿਆ ਹੈ. "ਬਾਬੇ ਨੰਦ ਕਾ ਸੁਤ ਅਯੋ ਨਾਮ ਸੁ ਸੁੰਦਰ ਜਾਹਿ." (ਅਃ ੧੨, ਛੰਦ ੩੯)

੨. ਨੰਦ ਕੁਇਰ: ਬੀਬੀ ਬੀਰੋ ਦੀ ਸੱਸ. ਧਰਮੇ ਦੀ ਧਰਮ ਪਤਨੀ.

੩. ਭਾਈ ਸੰਤੋਖ ਸਿੰਘ ਨੇ "ਕਾਲੇ ਸੰਝੇ" ਲਿਖਿਆ ਹੈ, ਪਰ ਸੰਘੇ ਗੋਤ ਦਾ ਪਿੰਡ ਹੋਣ ਕਰਕੇ ਸੰਘੇ ਸਹੀ ਹੈ.

੪. ਨੰਦ ਦਾਸ: ਵ੍ਰਜ- ਭਾਸ਼ਾ ਦੇ ਅੱਠ ਮਹਾਕਵੀਆਂ ਵਿੱਚੋਂ ਇੱਕ ਉੱਤਮ ਕਵਿ, ਜਿਸਨੇ ਹੋਰ ਰਚਨਾ ਤੋਂ ਛੁੱਟ ਅਨੇਕਾਰਥ ਅਤੇ ਨਾਮਮਾਲਾ ਦੇ ਮਨੋਹਰ ਦੋਹਾ- ਕੋਸ਼ ਲਿਖੇ ਹਨ, ਜੋ ਅਸੀਂ ਸੰਬੋਧਨ ਕਰਕੇ ਛਪਵਾ ਦਿੱਤੇ ਹਨ.

੫. ਨੰਦਨ ਨੰਦਨ: ਪੁੱਤ ਦਾ ਬੇਟਾ, ਪੋਤਾ. "ਸੂਰਜ ਮਲ ਕੇ ਨੰਦਨ ਨੰਦਨ." (ਗੁਪ੍ਰਸੂ) ਦੇਖੋ, ਅਭਿਬੰਦਨ.

੬. ਇਸ ਸਮੇਂ ਭਾਈ ਸਾਹਿਬ ਨੇ ਇੱਕ ਪੁਸਤਕ ਫ਼ਾਰਸੀ ਬੈਂਤਾਂ ਵਿੱਚ ਰਚਕੇ "ਬੰਦਗੀਨਾਮਹ" ਨਾਮ ਦਾ ਸਤਿਗੁਰਾਂ ਦੀ ਭੇਟ ਕੀਤਾ, ਜਿਸਨੂੰ ਦਸ਼ਮੇਸ਼ ਸ੍ਵਾਮੀ ਪੜ੍ਹਕੇ ਬਹੁਤ ਪ੍ਰਸੰਨ ਹੋਏ, ਅਤੇ ਆਪਣੀ ਕਲਮ ਨਾਲ ਪੁਸਤਕ ਦੇ ਅੰਤ- ਜਾਬੇ ਹੈਵਾਂ ਪੁਰਸ਼ੁਦਹ ਚੂੰ ਜਾਮੇ ਓ। ਜ਼ਿੰਦਗੀ ਨਾਮਹ ਸੁਦਹ ਜਾਂ ਨਾਮੇ ਓ." (੪੯੭) ਬੈਤ ਲਿਖਕੇ ਨਾਉਂ "ਜ਼ਿੰਦਗੀ ਨਾਮਹ" ਰੱਖਿਆ. ਅਤੇ ਵਰ ਦਿੱਤਾ ਕਿ ਜੋ ਨੱਦ ਲਾਲ ਦੀ ਰਨਚਾ ਨੂੰ ਪ੍ਰੇਮ ਅਤੇ ਵਿਚਾਰ ਨਾਲ ਪੜ੍ਹੇਗਾ. ਉਸ ਦਾ ਜਨਮ ਸਫਲ ਹੋਵੇਗਾ.

੧. ਨ੍ਰਿਨਾਯਕ: ਨਰਪਤਿ. ਨ੍ਰਿਪ. ਰਾਜਾ. ਬਾਦਸ਼ਾਹ। ੨. ਦੇਖੋ, ਨਿਰਣਾਯਕ.

੧. ਡੂੰਘੀ (ਗਹਿਰੀ) ਖੋਜ ਤੋਂ ਸ਼ੁਭ ਗੁਣ ਜਮਾ ਕਰਕੇ ਆਪਣੇ ਦਿਮਾਗ਼ ਨੂੰ ਭਰੇ.

੨. "ਤਾਹੂ ਤੇ ਪਈਸੇ ਔ ਪਈਸਾ ਸ ਏਕ ਪਾਂਹ ਟਾਂਕ." (ਭਾਗੁਕ)

੭੨੯- ੧. ਪਹਪਾਟਣੀ, ਪਹਫੁਟਨੀ: ਸੂਰਯ ਉਦੇ ਪਹਿਲਾਂ ਉਜਾਲਾ ਹੋਣਾ. ਦੇਖੋ, ਪਹ.

੨. ਪਹਲੂਤਹੀ: ਪਾਸਾ ਬਚਾਉਣ ਦੀ ਕ੍ਰਿਯਾ. ਕੰਨੀ ਕਤਰਾਉਣੀ.

੩. ਪਹਾੜੀ ਕਾਉਂ: ਜੰਗਲੀ ਕਾਉਂ ਜੋ ਕੱਦ ਵਿੱਚ ਵੱਡਾ ਹੋਂਦਾ ਹੈ. ਇਸ ਦੀ ਆਵਾਜ਼ ਭਾਰੀ ਅਤੇ ਰੁੱਖੀ ਹੋਇਆ ਕਰਦੀ ਹੈ. Raven.

੪. ਪ੍ਰਹਿਲਾਦੁ: ਦੇਖੋ, ਪ੍ਰਹਾਲਦ.

"ਪਹਿਲਾਦੁ ਜਨ ਸਭ ਹਰਿਗੁਣ

ਗਾਏ, ਹਰਿ ਜੀਉ ਲਏ ਉਬਾਰੇ."(ਸੋਰ ਮਃ ੫)

੧. ੨। ਪ੍ਰਹੇਲਿਕਾ. ਬੁਝਾਰਤ. ਪਰੇਲ ਲਾਲ ਮੇਲਹੀ." (ਨਾਪ੍ਰ) ਲਾਲ (ਬਾਲਕ- ਗੁਰੂ) ਜੀ ਪਹੇਲੀਆਂ ਪਾਉਂਦੇ ਹਨ.

੭੩੨- ੧. ਪਗਾ: ਪਾਗਿਆ. ਦੇਖੋ, ਪਗਨਾ। ੨. ਦੇਖੋ, ਪਗ.

੨. ਪਗੂਤਰ: ਪੈਰ ਹੇਠ. ਪੈਰ ਦੇ ਤਲੇ. "ਹਤਜੋ ਪਿਖੇ ਬਿਨ ਰਯੋ ਪਗੂਤਰ."(ਗੁਪ੍ਰਸੂ)

ਪੱਗ: ਪਗੜੀ. ਪਾਗ. ਪਗੀਆ. ਦਸਤਾਰ.

੧. ਪਚੀਹ ਵਰਣ: ਪਚੀਸ (ਪੰਝੀ) ਅੱਖਰ. ਦੇਖੋ, ਪੰਚ ਪਚੀਸ ਵਰਣ.

੨. ਪੱਚਰਣਾ: ਕ੍ਰਿ. ਪੱਚਰ ਲਾਉਣੀ. ਮੁਰੰਮਤ ਕਰਨੀ.

੧. "ਸੂਰਜ ਕੇ ਤੇਜ ਕੋ ਡਰਾਵੈ ਪਟਰੀਜਨੋਂ." (ਹਨੂ) ਦੇਖੋ, ਜੁਗਨੂ ਅਤੇ ਰਿੰਗਣ ਜਾਤਿ.

੨. ਪਟਮੇਲੀ: ਪੱਟ (ਕਿਵਾੜ) ਮੇਲਨ (ਤੋੜਨ) ਦਾ ਭਾਵ, ਹੱਟ ਤਾਲ. ਹੜਤਾਲ। ੨. ਬਲਵੇ ਆਦਿਕ ਉਪਦ੍ਰਵਾਂ ਨੂੰ ਭੀ ਪਟਮੇਲੀ ਆਖਿਆ ਜਾਂਦਾ ਹੈ ਕਿਉਂਕਿ ਉਸ ਸਮੇਂ ਲੋਕ ਆਪਣਾ ਮਾਲਧਨ ਬਚਾਉਣ ਲਈ ਮਕਾਨਾਂ ਦੇ ਤਖ਼ਤੇ ਬੰਦ ਕਰ ਲੈਂਦੇ ਹਨ.

੧. ਆਲਯ (ਘਰ) ਦੀ ਛੱਤ ਦਾ ਪਾਣੀ ਡਿੱਗਣ ਦੀ ਨਲਕੀ.

੨. ਪਤਲੀਆ ਪੀਰ: ਇਹ ਨਾਮ ਜਨਮ ਸਾਖੀ ਵਿੱਚ ਪੱਤਨੀ ਪੀਰ ਅਰਥਾਤ- ਪਾਕ ਪੱਤਨ ਦੇ ਨਿਵਾਸੀ ਪੀਰ ਸ਼ੇਖ ਇਬਰਾਹੀਮ ਦਾ ਆਇਆ ਹੈ.

੩. ਪਤਾਕਾ ਪਟ: ਫਰਹਰਾ. ਹਵਾ ਵਿੱਚ ਲਹਰਾਉਂਦਾ ਝੰਡੇ ਦਾ ਵਸਤ੍ਰ.

੪. ਪਤਾਣ: ਸੰ. ਪਚਤ੍ਰਾਣ. ਜੁੱਭੀ. ਜੁਤਾ. ਦੇਖੋ, ਜੁੱਤ ਪਤਾਣ.

੫. ਪਤਾਰਣ: ਸੰ. ਪ੍ਰਤਾਰਣ. ਠੱਗੀ. ਵੰਚਨਾ। ੨. ਧੂਰਤਤਾ, ਗੁੰਡਾਪਨ.

੬. ਗੁਰੂ ਸਾਹਿਬ ਨੇ ਭੀ ਪਤਿ (ਕੰਤਕਾਂਤ) ਦਾ ਇਹੀ ਲੱਛਣ ਕੀਤਾ ਹੈ- "ਪਰ ਵੇਲੀ ਨ ਜੋਹੇ ਕੰਭ ਤੂੰ"

(ਮਃ ੫. ਵਾਰ ਮਾਰੂ ੨)

੭. ੨ ਸ਼ਸਯ ਪਤਿ. ਚੰਦ੍ਰਮਾ। ੩. ਕਾਸ਼ਤਕਾਰ.

੮. "ਪਤਿ ਹੀ ਸੋਂ ਪ੍ਰੇਮ ਹੋਯ ਪਤਿ

ਹੀ ਸੋਂ ਨੈਮ ਹੋਯ ਪਤਿ ਹੀ ਸੋਂ

ਕੈਮ ਹੋਯ ਪਤਿ ਹੀ ਸੋਂ ਰਤ ਹੈ,

ਪਤਿ ਹੀ ਹੈ ਯਗਜ ਯੋਗ ਪਤਿ

ਹੀ ਹੈ ਰਸ ਭੋਗ ਪਤਿ ਹੀ ਸੋਂ

ਮਿਟੇ ਸੋਗ ਪਤਿ ਹੀ ਸੋਂ ਗਤ ਹੈ,

ਪਤਿ ਹੀ ਹੈ ਗਜਾਨ ਧਜਾਨ ਪਤਿ

ਹੀ ਹੈ ਪੁਲਜ ਵਾਲ, ਪਤਿ ਹੀ ਹੈ

ਤੀਥੰ ਸ਼੍ਨਾਨ ਪਤਿ ਹੀ ਕੋ ਮਤ ਹੈ,

ਪਤਿ ਬਿਨੁ ਪਤਿ ਨਾਹਿ ਪਤਿ

ਬਿਨ ਗਤਿ ਨਾਹਿ ਸੁੰਦਰ ਸਕਲ

ਵਿਧਿ ਏਕ ਪਤਿਵ੍ਰਤ ਹੈ."

੯. "ਲੋਕ ਵੇਦ ਗਜਾਨ ਉਪਦੇਸ਼ ਹੈ ਪਤਿਵ੍ਰਤਾ ਕੋ, ਮਨਵਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ." (ਭਾਗੁਕ)

"ਜੈਸੇ ਪਤਿਵ੍ਰਤਾ ਪਰ ਪੁਰਖੈ ਨ ਦੇਖਜੋ ਚਾਹੈ, ਪੂਰਨ ਪਤਿਵ੍ਰਤਾ ਕੋ ਪਤਿ ਹੀ ਮੇਂ ਧਜਾਨ ਹੈ."(ਭਾਗੁਕ)

੭੩੯- ੧. ਪਤੋਰ: ਪਤ੍ਰਧਰ. ਬਿਰਛ. "ਬਾਜਤ ਪਾਤ ਪਤੋਰਨ ਕੇ." (ਗੁਪ੍ਰਸੂ)

੨. "ਗੌਂਗ ਕੋ ਤਰੰਗ ਸੁ ਪਤੰਗ ਕੇ ਕਿਕਾਨ ਹੈ." (ਨਾਪ੍ਰ) ਗੰਗਾ ਦੇ ਉੱਜਲ ਤਰੰਗ ਅਤੇ ਸੂਰਯ ਦਾ ਚਿੱਟਾ ਕਿੰਕਜਾਨ (ਘੋੜਾ).

੩. ਹਿੰਦੀ ਦੇ ਕਵੀ ਇਸ ਨੂੰ ਪ੍ਰਤਿੰਚਾ ਅਤੇ ਪ੍ਰਤੰਚਾ ਭੀ ਲਿਖਦੇ ਹਨ.

੪. "ਪਤ੍ਰ ਚਢੇ ਪਰਸੂਨ ਬ੍ਰਸਾਵੈਂ." (ਗੁਪ੍ਰਸੂ) ਦੇਵਤੇ ਵਿਮਾਨਾਂ ਤੇ ਚੜ੍ਹੇ ਫੁੱਲ ਵਰਸਾਉਂਦੇ ਹਨ.

੭੪੦- ੧. ਪੱਥਰ ਚੋਥਿ: ਭਾਦੋਂ ਸੁਦੀ ੪, ਵੇਲਾ ਚੌਥ, "ਕ੍ਰਿਤਜ ਤਤ੍ਵ" ਵਿੱਚ ਲਿਖਿਆ ਹੈ ਕਿ ਇਸ ਚਤੁਰਥੀ ਨੂੰ ਚੰਦ੍ਰਮਾ ਨੇ ਝੂਠ ਬੋਲਿਆ ਸੀ ਜਿਸ ਤੋਂ ਇਸ ਦਿਨ ਉਸ ਦਾ ਦਰਸ਼ਨ ਭਗਵਾਨ ਨੇ ਅਸ਼ੁਭ ਦੱਸਿਆ ਹੈ, ਲੋਕਾਂ ਦਾ ਖ਼ਿਆਲ ਹੈ ਕਿ ਜੋ ਪੱਥਰ ਚੌਥਿ ਨੂੰ ਚੰਦ ਵੇਖਿਆ ਜਾਵੇ ਤਾਂ ਕੋਈ ਕਲੰਕ ਲੱਗ ਜਾਂਦਾ ਹੈ. "ਭਾਵੇਂ ਸੁਦੀ ਚੌਥ ਕੋ ਲਖਜੋ ਮੈਂ ਮ੍ਰਿਗ ਅੰਕ ਯਾਂਤੈ, ਝੂਠ ਹੂ ਕਲੰਕ ਮੋਹਿ ਲਗਜੋ ਚਹਤ ਹੈ." (ਪਦਮਾਕਰ) ਅਰ ਜੋ ਲੋਕਾਂ ਤੋਂ ਗਾਲੀਆਂ ਲਈਆਂ ਜਾਣ ਤਦ ਕਲੰਕ ਤੋਂ ਬਚ ਜਾਈਦਾ ਹੈ. ਗਾਲੀਆਂ ਲੈਣ ਦਾ ਉਪਾਉ ਸੋਚਿਆ ਹੈ ਕਿ ਰਾਤ ਨੂੰ ਲੋਕਾਂ ਦੇ ਘਰੀਂ ਪੱਥਰ ਫੈਂਕੇ ਜਾਣ ਜਿਸ ਤੋਂ ਲੋਕ ਗਾਲਾਂ ਦੇਣ.

੨. ਪਦਕੰਜ: ਚਰਨ ਕਮਲ। ੨. ਕਮਲ ਜੇਹੇ ਹਨ ਚਰਨ ਜਿਸਦਾ, ਗੁਰੂ ਨਾਨਕ ਦੇਵ. "ਜਹਿ" ਰਾਜਹਿ" ਪਦਕੰਜ." (ਨਾਪ੍ਰ)

੩. "ਸੂਰਜ ਕਿਰਣਿ ਮਿਲੇ ਜਲਕਾ ਜਲ ਹੁਆ."

"ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ." "ਵਾਹਗੁਰੂ ਤੇਰਾ ਸਭ ਸਦਕਾ."

੪. ਸ਼ਸ਼ਤ੍ਰਾਂ ਤੋਂ ਅਜਾਣ ਮੁਸੱਵਰਾਂ ਨੇ ਪਦਮ ਦਾ ਅਰਥ ਕਮਲ ਸਮਝ ਕੇ ਵਿਸਨੂੰ ਦੇ ਹੱਥ ਕੋਲ- ਫੁਲ ਫੜਾ ਦਿੱਤਾ ਹੈ.

੫. ਜੋ ਵ੍ਰਿਹਦਰਬ ਦੀ ਪੁਤ੍ਰੀ ਸੀ। (ਦੇਖੋ, ਕਲਕਿ ਪੁਰਾਣ, ਅਃ ੧੦) ੩. ਗੋਂਦਨੀ। ੪. ਮਜੀਠ। ੫. ਬੰਗਾਲ ਵਿੱਚ ਗੰਗਾ ਦੀ

ਪੂਰਵੀ ਸ਼ਾਖਾ.

੬. । ੧੦. ਕੁੰਤੀ- ਪੁਤ੍ਰ ਕਰਣ ਦੀ ਇਸਤ੍ਰੀ। ੧੧. ਦੇਖੋ, ਪਦਮਾ ੨.

੧. "ਸਾਧੁ ਮੇਂ ਨ ਸ਼ੇਰਪਨ ਸ਼ੇਰ ਮੇਂ ਨ ਸਾਧੁਪਨ, ਦੋਊ ਪਨ ਦੇਖਿਯਤ ਆਪ ਹੀ ਕੇ ਮਗ ਮੈ." (ਗ੍ਵਾਲ)

੧. "ਗਾਗਰਿ ਕੈਸੇ ਫੋਰਿਯੇ, ਉਮੰਡਯੋ ਦੇਖਿ ਪਯੰਦੀ" (ਵ੍ਰਿੰਦ)

੨. । ੫. ਅੰ. Purse. ਥੈਲੀ. ਬਟੂਆ. ਗੁੱਥੀ.

੩. ੩।੫ ਸਿੰਹਨ ਦੀਪ ਦੇ ਰਾਜਾ ਸ਼ਿਭਨਾਫਿ ਦਾ ਮੰਤ੍ਰੀ. ਦੇਖੋ. (ਨਾਪ੍ਰ, ਪੂਃ ਅਃ ੪੭)

੪. ਪਰਸੀਦੇ: ਪ੍ਰਸ੍ਵੇਦ (ਪਸੀਨੇ) ਸਹਿਤ ਹੋਏ. ਪਸੀਜੇ. ਖੁਸ਼ ਹੋਏ. "ਗੁਰੁ ਪਰਸੀਦੇ ਬਾਲੇ ਪਰ ਡਬ." (ਨਾਪ੍ਰ)

੫. ਪਰਸ੍ਵਧ: ਸੰ. ਸੰਗਯਾ- ਚੌੜਾ ਕੁਹਾੜਾ. ਤਬਰ.

੭੪੪- ੧. ਪਰਕਰਮਾ: ਦੇਖੋ, ਪਰਿਕ੍ਰਮਾ ਅਤੇ ਪ੍ਰਚਲਿਤ.

੧. ਪਰ ਪੁਰਖ. ਧਰਮ ਪਤੀ ਤੋਂ ਛੁੱਟ ਹੋਰ ਪੁਰਖ ਜਿਵੇਂ ਪੁਰਖ ਲਈ ਪਰ ਇਸਤ੍ਰੀ ਪਰਤਨ ਹੈ ਤਿਵੇਂ ਇਸਤ੍ਰੀ ਨੂੰ ਪਰ ਪੁਰਖ ਪਰਤਨ ਹੈ.

੨. । ੩. ਪੜਦਾ. ਪੋਸ਼ੀਦਾ ਮੁਆਮਲਾ. ਪਰਦੇ ਦੀ ਗੱਲ. "ਨਿੱਜ ਪਰਦ ਪਰਾਵਨ ਢਾਹਿ ਹੀ." (ਨਾਪ੍ਰ) ਦੇਖੋ, ਪਰਾਵਨ ੨.

੩. ਪਰਦੇ ਦਾ ਰਿਵਾਜ ਸਾਡੇ ਦੇਸ਼ ਵਿੱਚ ਮੁਸਲਮਾਨਾਂ ਤੋਂ ਫੈਲਿਆ ਹੈ. ਇਸਲਾਮ ਵਿੱਚ ਪਰਦੇ ਲਈ ਸਖ਼ਤ ਹਦਾਯਤ ਹੈ. ਹਜ਼ਰਤ ਮੁਹਮਦ ਨੂੰ ਖ਼ੁਦਾ ਨੇ ਹੁਕਮ ਦਿੱਤਾ "ਹੇ ਨਬੀ ! ਆਪਣੀਆਂ ਵਹੁਟੀਆਂ ਧੀਆਂ ਅਤੇ ਮੋਮਿਨਾਂ ਦੀਆਂ ਇਸਤ੍ਰੀਆਂ ਨੂੰ ਆਖ ਦਿਓ ਕਿ ਆਪਣੇ ਉੱਤੇ ਵੱਡੀਆਂ ਚਾਦਰਾਂ ਲਿਆ ਕਰਨ. ਜਦੋਂ ਤੁਸੀਂ ਉਨ੍ਹਾਂ ਕੋਲੋਂ ਕੋਈ ਚੀਜ਼ ਮੰਗੋ ਤਾਂ ਪਰਦੇ ਦੇ ਪਿੱਛੋਂ ਮੰਗੋ." (ਸ਼ਰਤ ਅਹਜ਼ਾਬ ੫੩- ੫੯)

੪. ਪਰਨੀ: ਸੰ. ਧਰ੍ਸ਼੍ਨਿ੍. ਵਿਰਛ. ਪਤ੍ਰੀ. "ਸਤਿਨਾਮ ਸਿਮਰਨ ਜਨੁ ਪਰਨੀ." (ਗੁਪ੍ਰਸੂ)

੭੪੭- ੧. ਪਰਮ ਨਰਮ: ਨਿਹਾਯਤ ਮੁਲਾਯਮ. ਬਾਦਸ਼ਾਹ ਅਕਬਰ ਨੇ ਕਸ਼ਮੀਰੀ ਸ਼ਾਲ ਦਾ ਨਾਮ ਰੱਖਿਆ ਸੀ.

੨. । ੫. ਦਿੱਲੀ ਵੱਲ ਮੱਕੀ ਦੇ ਚਿੜਵਿਆਂ (ਮੁਰਮੁਰਿਆਂ) ਨੂੰ ਪਰਮਲ ਸਦਦੇ ਹਨ.

੩. ਕਈ ਸੱਜਨਾਂ ਨੇ ਸੰਮਤ ੧੩੯੮ ਵਿੱਚ ਪਰਮਾਨੰਦ ਜੀ ਦਾ ਜਨਮ ਬ੍ਰਾਹਮਣ ਕੁਲ ਵਿੱਚ ਹੋਣਾ ਲਿਖਿਆ ਹੈ.

੧. । ੧੦. ਹਿੰ. ਪੂਰਬ ਦੀ ਪੌਣ. ਪੂਰਵ- ਵਾਯੁ ਦਾ ਸੰਖੇਪ.

੨. । ੬. ਸੰ. ਪ੍ਰਾਮਾਣ੍ਯ. ਪ੍ਰਾਮਾਣ੍ਯ. "ਗੁਰ ਪਰਚੇ ਪਰਵਾਣੁ ਰਾਜ ਮਹਿ ਜੋਗ ਕਮਾਯਉ." (ਸਵੈਯੇ ਮਃ ੫. ਕੇ)

੩. ਪਰਵਾਨ: ਅੰਗੀਕਾਰ. "ਕਰਿਯੇ ਉਰ ਪਰਵਾਨ." (ਨਾਪ੍ਰ) ੨. ਦੇਖੋ, ਪ੍ਰਮਾਣ.

੪. ਪਰਵਾਨਚੀ: ਸ਼ਾਹੀ ਹੁਕਮ ਅਨੁਸਾਰ ਪਰਵਾਨੇ ਲਿਖਣ ਵਾਲਾ ਮੁਨਸ਼ੀ.

੧. "ਕਾਸਰ ਏਕ ਪਰਾਇ ਹੈ." (ਨਾਪ੍ਰ) ਇੱਕ ਦਿਨ ਨੱਠ ਜਾਵੇਗਾ.

੨. । ੪. ਪਲਾਨੀ (ਪਲਾਯਨ ਕਰਨ ਵਾਲੀ) ਨਠਾ ਦੇਣ ਵਾਲੀ ਲਈ ਭਾਈ ਸੰਤੋਖ ਸਿੰਘ ਜੀ ਨੇ ਇਹ ਸ਼ਬਦ ਵਰਤਿਆ ਹੈ. "ਪੁੰਜ ਗੁਣ ਖਾਣੀ ਗਨ ਵਿਘਨ ਪਰਾਣੀ." (ਗੁਪ੍ਰਸੂ)

੩. "ਪਰਾਧੀਨ ਸੁਪਨੇ ਸੁਖ ਨਾਹੀ." (ਲੋਕੰ) ਦੇਖੋ, ਪਰਕਸ.

੪. ਪਰਾਭਗਤਿ: ਉੱਤਮ. ਭਕ੍ਤਿ. ਅਨੰਨ ਭਕ੍ਤਿ.

੧. । ੨. ਪਾਯਦਾਰ ਦਾ ਰੂਪਾਂਤਰ. ਕਿਸੇ ਪਾਸ ਪਾਣੀ ਜੁੱਲੀ ਨਹੀਂ, ਕਿਸੇ ਦੇ ਪੱਕੇ ਮਹਿਲ ਹਨ.

੨. ਇਸ ਦਾ ਨਾਮ ਗੁਣ ਪਰਿਣਾਮਵਾਦੀ ਭੀ ਹੈ, ਕਿਉਂਕਿ ਤ੍ਰਿਗੁਣਾਤਮਕ ਪ੍ਰਕ੍ਰਿਤਿ ਦੇ ਪਰਿਣਾਮ ਤੋਂ ਸ੍ਰਿਸ਼੍ਟਿ ਬਣਦੀ ਹੈ.

੧. "ਗਨ ਫਿਰੀ ਪਰੀ ਅਸਮਾਨ ਆਇ." (ਗੁਪ੍ਰਸੂ)

੨. ਪਰੁੰਨ੍ਹਣਾ: ਸੰ. ਪ੍ਰਰੋਧਨ. ਸੰਗਯਾ- ਰੋਕਣਾ. ਅਟਕਾਉਣਾ। ੨. ਕਿਸੇ ਕੰਮ ਵਿੱਚ ਰੁੱਝਣਾ.

੧. । ੪. ਪਤੰਜਲਿ ਨੇ ਸੌ ਜਾਂ ਹਜ਼ਾਰ ਵਰ੍ਹਾ ਹੋ ਚੁੱਕੇ ਨੂੰ ਪਰੋਕ ਲਿਖਿਆ ਹੈ.

੭੫੫- ੧. ਪਲਾਵਨ: ਦੌੜਨਾ. ਨੱਠਣਾ. ਦੇਖੋ, ਪਲਾਵਨ। ੨. ਸੰ. ਪ੍ਲਾਵਨ- ਪਲਾਵਨ. ਤਰਨਾ। ੩. ਗੋਤਾ ਮਾਰਨਾ। ੪. ਡੋਬਣਾ. ਰੁੜ੍ਹਾਉਣਾ. ਪ੍ਰਵਾਹ ਵਿੱਚ ਵਹਾਉਣਾ. "ਪਾਪਨ ਪੁੰਜ ਪਲਾਵਨ ਹਾਰੀ। ਜਿਮਿ ਸੁਰਸਰੀ ਵਿਮਲ ਵਰ ਵਾਰੀ." (ਗੁਪ੍ਰਸੂ)

੨. ਪੱਲਾ ਪਾਉਣਾ: ਇਸਤ੍ਰੀਆਂ ਦੇ ਸੰਕੇਤ ਵਿੱਚ ਮੂੰਹ ਤੇ ਪੱਲਾ ਪਾ ਕੇ ਮੋਏ ਸੰਬੰਧੀ ਅਤੇ ਸਨੇਹੀ ਲਈ ਰੋਣਾ ਅਤੇ ਵੈਣ ਪਾਉਣੇ.

੩. ਪੱਲੇ ਪੈਣਾ: ਕ੍ਰਿ. ਹਾਸਿਲ ਹੋਣਾ. "ਤੁਹ ਕੁਟਹਿ ਮਨਮੁਖਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ." (ਸੋਰ ਮਃ ੩) ੨. ਕਿਸ ਦਾ ਮੁਤਬੰਨਾ ਬਣਨਾ। ੩. ਕਿਸੇ ਦੇ ਧੜੇ ਚੜ੍ਹਨਾ.

੧. ਦਾ ਪੱਥਰ. "ਸੁਨਿ ਪਵਿ ਦ੍ਰਵਤ ਕਠੋਰ ਵਿਸਾਲਾ." (ਨਾਪ੍ਰ)

੨. ਪੜਤਾਲੀਆ: ਵਿ- ਪੜਤਾਲ (ਜਾਂਚ) ਕਰਨ ਵਾਲਾ। ੨. ਪੜਤਾਲ ਗਾਉਣ ਵਾਲਾ.

੩. Farsang. ਪੜਾਉਂ ਵੱਧ ਘੱਟ ਭੀ ਹੋਂਦਾ ਹੈ, ਪਰ ਬਹੁਤ ਕਰਕੇ ਅੱਠ ਮੀਲ ਦਾ ਮੰਨਿਆ ਗਿਆ ਹੈ.

੭੫੮- ੧. ਪਾਂਉਂਚਾ: ਪਾਂਚਾ. ਪੰਜਾ। ੨. ਕੱਛ ਆਦਿ ਦੀ ਮੁਹਰੀ.

੨. ਅਤੇ ਘੋੜੇ ਦਾ ਚੁੰਮ ਉਟਾਕੇ ਚੁਲਕੀ ਚਲਨਾ. "ਪੇਈਏ ਪਾਇਲ ਪਾਵਤੇ." (ਗੁਪ੍ਰਸੂ)

੩. ਜਦ ਕਿਸੇ ਸ਼ਬਦ ਦੇ ਅੰਤ ਪਾਸ ਸ਼ਬਦ ਆਵੇ ਤਾਂ ਇਸ ਦਾ ਅਰਥ ਹੋਂਦਾ ਹੈ- ਸਮੂਹ- ਸਮੁਦਾਯ, "ਕੋਸ਼ ਪਾਸ ਛਬਿ ਰਾਸ ਸੁਧਾਰੇ। ਨੂਰੋਂ ਕਰਿ ਬਾਂਧੀ ਦਸਤਾਰੋ." (ਗੁਪ੍ਰਸੂ)

੪. । ੯. ਅੰ. Pass. ਰਾਹਦਾਰੀ ਦਾ ਪਰਵਾਨਾ. ਯਾਤ੍ਰਾ ਲਈ ਆਗਯਾ ਪੁੱਤ੍ਰ. ਜਿਵੇਂ- ਉਸ ਨੇ ਵਲਾਯਤ ਜਾਣ ਲਈ ਪਾਸ ਲੈ ਲਿਆ ਹੈ. ਉਸ ਨੂੰ ਰੇਲ ਦਾ ਪਾਸ ਮਿਲ ਗਿਆ ਹੈ। ੧੦. ਗੁਜ਼ਰਨ (ਲੰਘਣ) ਦੀ ਕ੍ਰਿਯਾ, ਜਿਵੇਂ ਗੱਡੀ ਸਟੇਸ਼ਨੋਂ ਪਾਸ ਹੋ ਗਈ। ੧੧. ਪਰੀਖਿਆ (ਇਮਤਿਹਾਨ) ਤੋਂ ਪਾਰ ਹੋਣਾ. ਇਮਤਿਹਾਨ ਵਿੱਚ ਕਾਮਯਾਬ ਹੋਣਾ. ਜਿਵੇਂ- ਉਹ ਐਮ. ਏ. ਪਾਸ ਹੋ ਗਿਆ.

੫. ਪੁਰਾਣੇ ਸਮੇਂ ਜੂਆ ਖੇਡਣ ਵਾਸਤੇ ਬਹੇੜੇ ਦੇ ਫਲਾਂ ਤੇ ਅੰਗ ਲਿਖ ਕੇ ਪਾਸੇ (ਅਕ੍ਸ਼) ਬਣਾਏ ਜਾਂਦੇ ਸਨ. ਚਾਰ ਅੰਗਾਂ ਵਾਲਾ ਪਾਸਾ ਕ੍ਰਿਤ, ਤਿੰਨਾਂ ਵਾਲਾ ਤ੍ਰੇਤਾ, ਦੋ ਵਾਲਾ ਦ੍ਵਾਪਰ ਅਤੇ ਇਕ ਅੰਗ ਵਾਲਾ ਕਲਿ ਅਖਾਉਂਦਾ ਸੀ. ਕ੍ਰਿਤ ਜਿਤਾਉਣ ਵਾਲਾ ਅਤੇ ਕਲਿ ਹਰਾਉਣ ਵਾਲਾ ਪਾਸਾ ਮੰਨਿਆ ਜਾਂਦਾ ਸੀ.

੬. । ੮. ਪਾਸ਼ੀਦਨ ਕ੍ਰਿਯਾ ਤੋਂ ਬਣਿਆ ਪਾਸ਼ੀ ਸ਼ਬਦ ਜਦ ਕਿਸੇ ਸ਼ਬਦ ਦੇ ਅੰਤ ਆਉਂਦਾ ਹੈ ਤਾਂ ਅਰਥ ਹੋਂਦਾ ਹੈ ਛਿੜਕਨ ਵਾਲਾ, ਵਾਲੀ. ਜਿਵੇਂ- ਗੁਲਾਬ ਪਾਸ਼ੀ.

੧. ਚੌਕਸ ਰਹਿਣ ਵਾਲੇ ਨੂੰ ਭਬਿ (ਸਥ) ਨੂੰ ਚੋਰ ਨਹੀਂ ਲਗਦਾ.

੨. । ੮. ਬਾਈ ਸੰਤੋਖ ਸਿੰਘ ਜੀ ਨੇ ਪਕ੍ਰਦੀ ਥਾਂ ਭੀ ਪਾਕ ਵਰਤਿਆ ਹੈ.

"ਹੁਤੋ ਪਾਸ ਰਸ ਲਾਗ ਚੁਚਾਵਨ." (ਗੁਪ੍ਰਸੂ)

੩. ਮਨ ਕੀ ਜੜ੍ਹਤਾ ਮਿਟ ਗਈ. ਸਖ਼ਤੀ ਹਟਕੇ ਨਰਮੀ ਆ ਗਈ।

੪. । ੪. ਪਾਯਗਾਹ ਦਾ ਸੰਖੇਪ. ਦੇਖੋ, ਪਾਇਗਾਹ.

੧. ੨ ਪੰਜ ਪ੍ਰਕਾਰ ਦੇ ਭੋਜਨ- ਭਕਯ, ਭੋਜਯ, ਨੇਹਯ, ਪੇਯ ਅਤੇ ਚੋਸਯ.

੨. ਪਾਂਚਾ: ਪੰਜ ਦਾ ਅੰਗ। ੨. ਪੰਜ ਦਾ ਸਮੁਦਾਯ.

੩. ਪਾਛਾ: ਪਿਛਲਾ ਪਾਸਾ। ੨. ਪਿੱਠ. ਪ੍ਰਿਸ੍ਠ. "ਕਹਿ ਇਮ ਗਮਨੇ ਪਾਛਾ ਚੀਨੋਂ." (ਨਾਪ੍ਰ)

੪. ਪਾਟਾ: ਦੇਖੋ, ਪਾਟ ੧੨. "ਚਤੁਰ ਕੋਸ ਪਾਟਾ ਤਿਸ ਨਦ ਕੋ." (ਗੁਪ੍ਰਸੂ)

੫. "ਪਾਠੁ ਪੜੈ ਨ ਬੂਝਹੀ." (ਸ੍ਰੀ ਮਃ ੩)

੧. ਮਾਂ ਦੇ ਸੰਬੰਧ ਕਰਕੇ ਜਿਸ ਦਾ ਨਾਮ ਚਾਕੇਯ ਅਤੇ ਪਿੰਡ ਦੇ ਕਾਰਣ ਸ਼ਾਲਾਤੁਰੀਬ ਹੈ.

੨. । ੩. ਦੂਜੇ ਸ਼ਬਦ ਤੇ ਅੰਤ ਆ ਕੇ ਇਸ ਦਾ ਅਰਥ ਹੋਂਦਾ ਹੈ- ਰੱਬ ਰੱਖਣ ਵਾਲਾ, ਵਾਲੀ, ਜਿਵੇਂ- "ਨਮੋ ਮਕਤਰੀ ਸੂਲਨੀ ਖੜਾਗ ਪਾਣੀ." (ਚੰਡੀ ੨)

੧. ਭਾਵ- ਕਿਸੇ ਦੀ ਸਲਾਹ ਦੀ ਉਡੀਕ ਅਤੇ ਭਰਮ ਛੱਡਕੇ ਕੰਮ ਕਰਨ ਲਈ ਤਿਆਰ ਹੋਣਾ.

੨. ਪਾਠ ਕੋ ਸਾਜ਼: ਪਾਣੀ ਦਾ ਭਾਂਡਾ ਘੜਾ, "ਮੈ ਧਰਿ ਸੀਸ ਪਾਨ ਕੋ ਸਾਜਾ। ਭਰਿ ਲਜੈਹੋਂ ਜਲ ਨ੍ਰਿਪ ਕੇ ਕਾਜਾ. ' ਚਰਿਤ੍ਰ ੩੯੭) ੨. ਪੀਣ ਦਾ ਸਾਮਾਨ। ੩. ਜਲਤਰੰਗ ਵਾਜਾ.

੩. ਜਲਦ. ਮੇਘ. ਬਦਲ। ੪. ਪਾਣੀ ਪਿਆਉਣ ਵਾਲਾ ਸੇਵਕ.

੪. । ੪. ਪਾਨ (ਆਬ- ਚਮਕ) ਲਈ ਭੀ ਇਹ ਸ਼ਬਦ ਕਵੀਆਂ ਨੇ ਵਰਤਿਆ ਹੈ. "ਪਾਨਪ ਸੋਂ ਪੂਰੀ ਧਾਰ." (ਗ੍ਵਾਲ)

੫. ਜਿਵੇਂ- ਮੋਤੀ ਦਾ ਪਾਣੀ। ੫. ਦੂਜੇ ਸ਼ਬਦ ਤੇ ਅੰਤ ਆ ਕੇ ਇਹ ਪੀਰ ਵਾਲਾ ਅਰਥ ਦਿੰਦਾ ਹੈ, ਜਿਵੇਂ ਮਦਜਪਾਨੀ। ੬. ਪਾਨ (ਹੱਥ) ਵਿੱਚ "ਧਰੇ ਬਾਨ ਪਾਨੀ." (ਚੰਡੀ ੨)

੬. ਪਾਨੀ ਕਾ ਪਤਾਸਾ: ਵਿਨਾਸ਼ ਹੋਣ ਵਾਲਾ, ਪਾਣੀ ਵਿਚ ਪਤਾਸੇ ਵਾਂਙ ਗਲ ਜਾਣ ਵਾਲਾ.

"ਦੇਵਤਾ ਅਦੇਵ ਜੱਤ ਕਿੰਨਰ ਭੁਜੰਗ ਜੀਕ੍ਰ, ਚੀਟੀ ਤੇ ਬਿਰੈਦਿ ਲੋ ਸਭੈ ਹੀ ਕਾਲ ਗ੍ਰਾਸਾ ਹੈ। ਸਿੰਧੁ ਮੈਂ ਤਰੰਗ ਰੰਗ ਰੰਗ ਹ੍ਵੈ ਬਿਲਾੜਿ ਜਾਤ, ਜੈਸੇ ਘਨ ਘਟਾ ਛਟਾ ਦਾ ਮਿਨੀ ਪ੍ਰਕਾਸਾ ਹੈ। ਤਾਂ ਮੈਂ ਤੂੰ ਮਵਾਸਾ ਆਸਾ ਕਰਤ ਅਨੇਕ ਭਾਂਤਿ ਸ਼ੰਭੁਜ ਮ੍ਰਿਗਿੰਦ ਨ ਪਛਾਨੇ ਸੁਖ ਰਾਸਾ ਹੈ। ਆਭਮ ਵਿਸਾਰ ਕਾਹੇ ਭੂਲਤ ਗਵਾਰ ਮਨ, ਜਗਤ ਤਮਾਸਾ ਜੈਸੇ ਪਾਨੀ ਕੋ ਪਤਾਸਾ ਹੈ."

੭. "Ther are seven social sins in the world. They are:-

1. Politics without Principles.
2. Wealth without work.
3. Pleasure without conscience.
4. Knowledge without character.
5. Commerce without morality.
6. Science without humanity.
7. Worship without sacrifice.

Canon Donaldson, from the Crusader.

੭. । ੨. ਨੀਚ। ੩. ਅਮੰਗਲ। ੪. ਵਿ- ਪਾਪੀ.

੧. "ਨਰ ਪਾਮਰ ਅਨਜਾਨ ਜੋ." (ਨਾਪ੍ਰ)

੨. । ੬. ਦੇਖੋ, ਪਾਰਨ. "ਜਿਸ ਕਾਸਟ ਕੋ ਪਾਰ ਬਧਾਵੈ. ' (ਗੁਪ੍ਰਸੂ) ਪਾਲਕੇ ਵਧਾਉਂਦਾ ਹੈ.

੩. ਪਾਰਸੀ ਤਿੰਨ ਸ਼ੁਭ ਕਰਮ, ਮਨਸ਼ਨੀ, (ਉੱਤਮ ਸੰਕਲਪ) ਗਵਸ਼ਨੀ (ਉੱਤਮ ਵਾਣੀ), ਕੁਨਸ਼ਨੀ (ਉੱਤਮ ਕਰਣੀ), ਮੁਕਤਿ ਦਾ ਕਾਰਣ ਮੰਨਦੇ ਹਨ.

੪. ਪਾਰਖ: ਪਾਰਖ. ਪਰੀਖ੍ਯਾ. "ਪਾਰਖ ਕਰ ਲੀਜਹਿ." (ਗੁਪ੍ਰਸੂ)

੭੬੫- ੧. ਪਾਰਦਾ: ਪਾਰ ਦੇਣ ਵਾਲੀ, ਪਾਰ ਕਰਨ ਵਾਲੀ. "ਪਾਰਚ ਕਰਨੀ ਪਾਰਦਾ." (ਗੁਪ੍ਰਸੂ)

੨. । ੩. ਦੇਖੋ, ਪਾਰਨਾ ੨. "ਸੋ ਕਾਗਦ ਅਬ ਪਾਰਨ ਕਰੈ." (ਗੁਪ੍ਰਸੂ)

੩. ਇਸ ਦਾ ਮੁੱਢ ਬਾਦਸ਼ਾਹ ਹੈਨਰੀ ਤੀਜੇ ਦੇ ਸਮੇਂ ਸਨ ੧੨੫੮ ਵਿੱਚ ਬੱਝਾ.

੪. "ਪਰਮਾਨੰਦ ਤੇ ਪਾਰਿ." (ਗੁਪ੍ਰਸੂ) ਪਰਮਾਨੰਦ ਨਾਲੋਂ, ਪਾੜਕੇ (ਵੱਖ ਕਰਕੇ)

੫. ਪਾਰੁਖ: ਸੰ. ਪਾਰੁਸ੍ਯ. ਵਚਨ ਦਾ ਰੁੱਖਾਪਨ. ਕੌੜਾ ਬੋਲਣ ਦਾ ਭਾਵ। ੨. ਦੇਵਤਿਆਂ ਦਾ ਗੁਰੁ ਵ੍ਰਿਹਸਪਤਿ। ੩. ਇੰਦ੍ਰ ਦਾ ਬਾਗ। ੪. ਅਗਰ (ਅਗਰੁ)

੬. ਚਰਵਾਹਾ। ੬. ਰਾਜਪੂਤਾਨੇ ਦਾ ਇਕ ਨਗਰ ਜੋ ਜੋਧਪੁਰ ਅਤੇ ਉੱਜੈਨ ਦੇ ਵਿਚਕਾਰ ਹੈ. "ਪੁਰ ਪਾਲੀ ਮੇ ਬਸਤ ਦ੍ਵੈ ਗੁਰੁਕੇ ਸਿੱਖ ਸੁਜਾਨ." (ਗੁਪ੍ਰਸੂ)

੧. ਇਟਲੀ ਦੇ Pistoja ਨਗਰ ਤੋਂ ਇਸ ਸ਼ਸਤ੍ਰ ਦਾ ਪਹਿਲਾਂ ਪ੍ਰਚਾਰ ਹੋਇਆ ਹੈ, ਅਤੇ ਇੰਗਲੈਂਡ ਦੀ ਫ਼ੌਜ ਵਿੱਚ ਸਨ ੧੫੪੪ ਦੇ ਕਰੀਬ ਵਰਤਿਆ ਗਿਆ ਹੈ.

੨. "ਹਿੰਸਾ ਕੁਰ ਪਿਸਨਤਾ ਨਿੰਦਾ." (ਨਾਪ੍ਰ)

੩. ਮਾਸਖਾਣ ਵਾਲੀ। ੨. ਪਿਸ਼ਾਚਾਂ ਦੀ ਬੋਲੀ. ਦੇਖੋ, ਪਿਸ਼ਾਚ ੪.

੪. ਪਿਸ੍ਟਪੇਸਣ: ਪੀਠੇ ਦਾ ਪੀਹਣਾ, ਭਾਵ- ਤਯ ਹੋਈ ਗੱਲ ਦੀ ਵ੍ਰਿਥਾ ਚਰਚਾ ਛੇੜਨੀ.

੫. ਨਹੈ (ਜੋਤੇ ਹੋਏ) ਪਿੰਗ ਘੋੜੇ ਜਿਸ ਦੇ ਰਥ ਨੂੰ ਸ਼ੋਭਦੇ ਹਨ.

੬. ਪਿੰਗਲ ਭਾਖਾ: ਕਿਤਨੀਆਂ ਨੇ ਵ੍ਰਿਜ- ਭਾਸ਼ਾ ਨੂੰ ਪਿੰਗਲ ਭਾਸ਼ਾ ਮੰਨਿਆ ਹੈ.

੧. । ੨. ਪੰਜਾਬੀ ਵਿੱਚ ਗੱਡੀ ਆਦਿ ਦੇ ਪਹੀਏ ਨੂੰ ਭੀ ਪਿੰਜ ਆਖਦੇ ਹਨ.

੨. ਪਿੰਡ ਬੰਨ੍ਹਣਾ: ਗ੍ਰਾਮ ਵਸਾਉਣਾ। ੨. ਪਿੰਨਾ ਵੱਟਣਾ.

੧. ਜੋ ਚੱਕ ਰਾਮ ਦਾਸ ਜ਼ਿਲਾ ਗੁੱਜਰਾਂ ਵਾਲਾ ਦਾ ਵਸਨੀਕ ਸੀ. ਪੰਚਮ ਪਾਤਸ਼ਾਹ ਦੇ ਲਾਹੌਰ ਭਾਣਾ ਵਰਤਾਉਣ ਸਮੇਂ ਇਹ ਸਾਬਤ ਕਦਮ ਰਿਹਾ, ਛੇਵੇਂ ਸਤਿਗੁਰੂ ਦੇ ਗਵਾਲਿਯਰ ਰਹਿਣ ਵੇਲੇ ਇਹ ਤਨ ਮਨ ਤੋਂ ਸਵਾ ਕਰਦਾ ਰਿਹਾ. ਅਮ੍ਰਿਤਸਰ ਦੇ ਜੰਗ ਵਿੱਚ ਭਾਈ ਪਿਰਾਣਾ ਅਨੇਕ ਵੈਰੀਆਂ ਨੂੰ ਮਾਰਦਾ ਹੋਯਾ ਸ਼ਹੀਦ ਹੋਯਾ. ਸ਼ਹੀਦ ਗੰਜ ਜਮਾਦਾਰ ਦੀ ਹਵੇਲੀ ਪਾਸ ਖੋਸਲਿਆਂ ਦੀ ਗਲੀ ਅਮ੍ਰਿਤਸਰ ਵਿਦ੍ਯਮਾਨ ਹੈ.

੨. ਤੇਉਣ (ਤ੍ਰਿੰਜਣ) ਵਿੱਚ ਇਕੱਠੀਆਂ ਹੋਈਆਂ ਲੜਕੀਆਂ ਦਾ ਸਮੁਦਾਯ ਭੀ ਪਿੜ ਸਦੀਦਾ ਹੈ.

੭੭੨- ੧. ਪੀਸਣਿ: ਪੀਸਣ ਦਾ ਸਾਧਨ. ਚੱਕੀ. ਸੰ. ਪੇਸਣੀ. "ਪੀਸਣਿ ਪੀਸਾ ਪਾਇ." (ਸ੍ਰੀ ਮ: ੧)

੨. । ੨. ਖ਼ਾਸ ਕਰਕੇ ਅਫ਼ੀਮੀਆਂ ਦੀ ਨੀਂਦ ਦਾ ਹਿਲੋਰਾ.

੩. ਪੀਰਪੰਜਾਲ: ਗੁਜਰਾਤ ਤੋਂ ਕਸ਼ਮੀਰ ਨੂੰ ਜਾਂਦੇ ਇੱਕ ਪਹਾੜੀ ਦੱਤਾ.

੪. "ਬਦਨ ਬਰਨ ਹੁਇ ਆਵਤ ਪੀਰਾ." (ਗੁਪ੍ਰਸੂ) ੩. ਪੀੜ੍ਹਾ.

੧. । ੨. ਕਮਲ ਜੇਹੀ ਧੁੰਨੀ ਵਾਲਾ ਸ਼ਿਵ.

੨. ਪੁਸ਼ਪਿਤ: ਪੁਸ਼ਪ ਸਹਿਤ ਹੋਯਾ. ਫੱਲਿਆ. ਪ੍ਰਫੁੱਲਿਤ.

੧. "ਕਰਣ ਪੁਟਨ ਸੰਗਿ ਪੀਵਹਿ ਸੋਤੇ." (ਨਾਪ੍ਰ)

੨. ਅਤੇ ਜੜ ਘੋਰ ਕੇ ਪਿਆਉਣ ਤੋਂ ਹੰਜੀਰਾਂ (ਗੰਡ- ਮਾਲ) ਰੋਗ ਦੂਰ ਹੋਂਦਾ ਹੈ.

੩. ਪੁੰਨਕ: ਵਿ- ਪਵਿਤ੍ਰ ਕਰਨ ਵਾਲਾ. "ਸ਼ਕਰ ਗੰਰ ਜਿਹ ਪੁੰਨਕ ਹੋਰਾ." (ਗੁਪ੍ਰਸੂ)

੧. ਕਈ ਥਾਂਈਂ ਦੁਹਰਾਏ ਵਾਕਾਂ ਵਿੱਚ ਕਵੀਆਂ ਨੇ ਪੁਨਰੁਕਿ ਦੋਸ਼ ਨਹੀਂ ਮੰਨਿਆ. "ਹਸੰ ਕਸੰ ਆਪਸੰ ਭਯ ਸ੍ਵਪਨਦੀਨਤਾ ਉਕ੍ਰਿ। ਵਾਦੁਸਤਤਿ ਅਭ੍ਯਾਸ ਮੇਂ, ਦੋਸ਼ ਨਹੀਂ ਪੁਨਰੁਕ੍ਰਿ."

੨. ਕੇਚਮਕਰਾਨ (ਸਿੰਧ) ਦਾ ਵਸਨੀਕ, ਜੋ ਵੱਡੇ ਘਰਾਣੇ ਦਾ ਆਦਮੀ ਸੀ. ਇਸ ਦਾ ਸੰਬੰਧ ਸੱਸੀ ਨਾਲ ਹੋਇਆ. ਸੱਸੀ ਨੂੰ ਛੋਟੇ ਘਰਾਣੇ ਦੀ ਸਮਝ ਕੇ ਪੁੰਨੂੰ ਦੇ ਭਾਈ ਪੁੰਨੂੰ ਨੂੰ ਲੈ ਆਏ. ਸੱਸੀ ਵਿਲਾਪ ਕਰਦੀ ਪਿੱਛੇ ਗਈ ਅਤੇ ਰੇਗਿਸਤਾਨ ਵਿੱਚ ਮਰ ਗਈ.

੩. "ਨਾਮ ਜਪਾਇ ਪੁਮਾਨ ਉਧਾਰੈਂ."(ਨਾਪ੍ਰ)

੭੭੯- ੧. ਪੁਰਖੁ ਪ੍ਰਮਾਣੁ: ਪੁਰੁਸ਼ ਪ੍ਰਮਾਣ. ਆਦਮੀ ਮਾਨਿ"ਦ। ੨. ਸੂਰਯ ਸਮਾਨ. ਦੇਖੋ, ਪੁਰਖੁ ੫। ੩. ਸ਼ਿਵ ਵਾਕਰ. ਦੇਖੋ, ਪੁਰਖੁ ੧੧। ੪. ਦੇਖੋ, ਪ੍ਰਮਾਣੁ, ਪੁਰਖੁ.

੨. "ਭਾਇ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸਨਾਨ ਦ੍ਰਿੜ੍ਹਾਯਾ." (ਭਾਗੁ) ੩. ਕਿਸੇ ਤੀਰਥ ਦਾ ਖਾਸ ਦਿਨ, ਧਰਮ ਗ੍ਰੰਥਾਂ ਅਨੁਸਾਰ ਮੰਨਿਆ ਹੋਯਾ.

੩. ਪੁਰਮੁਖੀ: ਗ੍ਰਾਮਾਧ੍ਯਕ੍ਸ਼. ਪੰਚ. ਨੰਬਰਦਾਰ. ਚੌਧਰੀ.

੪. । ੩. ਪਰੋਣਾ (ਪ੍ਰੋਤ) ਕਰਾਉਣਾ. "ਮੁਕਤਾ ਪੰਕਤਿ ਸਰਸੁਤੀ ਗੁਰੁ ਜਸ ਗੁਨ ਪੁਰਵਾਇ." (ਨਾਪ੍ਰ)

੧. ਇਸ ਦੀ ਬਣਾਈ ੨੯ ਸ਼ਲੋਕਾਂ ਦੀ ਇੱਕ ਸਿਮ੍ਰਿਤਿ ਭੀ ਹੈ.

੨. "ਤਾ ਬ ਆਸਾਨੀ ਬਿਗੁਜ਼ਰੀ ਪੁਲਰਾਤ." (ਦੀਗੋ)

੩. "ਪੁਲਤ ਵਿਲੋਚਨ ਜਲਕੇ ਸਾਥ." (ਗੁਪ੍ਰਸੂ)

੪. ਇੱਥੇ ਗੁਰੁ ਤੋਂ ਭਾਵ ਵਾਹਿਗੁਰੂ (ਕਰਤਾਰ) ਹੈ. ਪ੍ਰਮਾਣ ਲਈ ਵੇਖੋ- "ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ." (ਸੋਰ ਮ: ੧)

੫. ੨ ਸਾਮਰਥਨ. ਤਾਈਦ. ਪੁਸ੍ਰਿ.

'ਇਸੀ ਬਾਕ ਕੋ ਪੂਜਨ ਕੀਨ." (ਗੁਪ੍ਰਸੂ)

੧. ਗੁਰੂ ਹਰਿ ਗੋਬਿੰਦ ਸਾਹਿਬ ਨੂੰ ਭੀ ਇਕ ਦਾਈ ਮੰਮਿਆਂ ਤੇ ਵਿਹੁ ਲਾ ਕੇ ਮਾਰਣ ਦੇ ਭਾਵ ਨਾਲ ਆਈ ਸੀ.

੨. ਪੂਤ ਮਨਾ: ਪਵਿਤ੍ਰ ਮਨ ਵਾਲੀ. ਜਿਸ ਦਾ ਦਿਲ ਸਾਫ਼ ਹੈ.

੭੯੨- ੧. ਪੂਰਵਾਂਗ: ਸ਼ਰੀਰ (ਜਿਸਮ) ਦਾ ਮੂੰਹ ਵੱਲ ਦਾ ਪਾਸਾ। ੨. ਰਾਗ ਦੇ ਆਲਾਪ ਦਾ ਪਹਿਲਾ ਹਿੱਸਾ। ੩. ਦਿਨ ਦੇ ਪਹਿਲੇ ਦੋ ਪਹਰਾਂ ਵਿੱਚ ਗਾਏ ਜਾਣ ਵਾਲਾ ਰਾਗ.

੨. ਪੂਰਾ ਹੋਣਾ: ਪੂਰਣ (ਮੁਕੰਮਲ) ਹੋਣਾ। ੨. ਮਰਣਾ. ਸਾਹ ਪੂਰੇ ਹੋਣੇ. "ਭਾ ਪੂਰਾ ਪ੍ਰਭੁ ਸੰਗ ਬਖਾਨਾ."(ਨਾਪ੍ਰ)

੩. ਪੇਸ਼ਾਬ ਦਾਨ: ਸੰ. ਪ੍ਰਸ੍ਰਾਵ ਧਾਨ. ਅੰ. Piss- pot

੪. ਇਸ ਸ਼ਹਿਰ ਇਹ ਗੁਰੁਦ੍ਵਾਰੇ ਹਨ:-

(ੳ) ਮਹੱਲਾ ਆਸੀਆਂ ਵਿੱਚ ਭਾਈ ਜੋਗਾ ਸਿੰਘ ਜੀ ਦਾ ਆਲੀਸ਼ਾਨ ਗੁਰਦ੍ਵਾਰਾ, ਜਿਸ ਦੀ ਬਹੁਤ ਮਨੋਹਰ ਇਮਾਰਤ ਪ੍ਰੇਮੀ ਸਿੱਖਾਂ ਨੇ ਬਣਾਈ ਹੈ. ਕੀਰਤਨ ਕਥਾ ਅਤੇ ਅਤੁੱਟ ਲੰਗਰ ਇੱਥੇ ਜਾਰੀ ਹੈ. ਇਸ ਦੀ ਡਿਹੁਡੀ ਦੇ ਸਾਮ੍ਹਣੇ ਇੱਕ ਖੂਹ ਹੈ ਜਿਸ ਨੂੰ ਜੋਗਨ ਸ਼ਾਹ ਦਾ ਚਸ਼ਮਾ ਆਮ ਲੋਕ ਆਖਦੇ ਹਨ. ਅਨੇਕ ਹਿੰਦੂ ਮੁਸਲਮਾਨ ਇਸ ਦੇ ਜਲ ਨਾਲ ਰੋਗੀਆਂ ਦਾ ਇਸਨਾਨ ਕਰਵਾਉਂਦੇ ਹਨ. ਦੇਖੋ, ਜੋਗਾ ਸਿੰਘ.

(ਅ) ਭਾਈ ਬੀਬਾ ਸਿੰਘ ਜੀ ਦਾ ਗੁਰਦ੍ਵਾਰਾ ਕਰੀਮ ਪੁਰੇ ਮਹੱਲੇ ਵਿੱਚ ਹੈ. ਪ੍ਰੇਮੀ ਸਿੱਖਾਂ ਨੇ ਨਵੀਂ ਇਮਾਰਤ ਬਹੁਤ ਸੁੰਦਰ ਬਣਵਾਈ ਹੈ. ਕੀਰਤਨ ਕਥਾ ਦਾ ਅਖੰਡ ਪ੍ਰਵਾਹ ਚਲ ਰਿਹਾ ਹੈ. ਭਾਈ ਬੀਬਾ ਸਿੰਘ ਜੀ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਪ੍ਰਚਾਰ ਲਈ ਪਸ਼ਾਵਰ ਭੇਜਿਆ ਸੀ.

(ੲ) ਗੁਰੁਦ੍ਵਾਰਾ ਸ਼੍ਰੀ ਗੁਰੁ ਨਾਨਕ ਦੇਵ. ਮਹੱਲਾ ਗੰਜ ਵਿੱਚ ਇਹ ਉਹ ਥਾਂ ਹੈ ਜਿੱਥੇ ਜਗਤ ਗੁਰੂ ਲੋਕਾਂ ਦਾ ਨਿਸਤਾਰਾ ਕਰਨ ਆਏ ਵਿਰਾਜੇ ਸਨ.

(ਸ) ਬਾਬਾ ਸ਼੍ਰੀ ਚੰਦ ਜੀ ਦਾ ਸਥਾਨ. ਇਹ ਭੀ ਮਹੱਲਾ ਗੰਜ ਵਿੱਚ ਹੈ. ਉਦਾਸੀ ਸੰਤਾਂ ਨੇ ਇੱਥੇ ਨਿਵਾਸ ਕਰਕੇ ਪੁਰਾਣੇ ਸਮੇਂ ਸਿੱਖ ਮਤ ਦਾ ਪ੍ਰਚਾਰ ਕੀਤਾ ਹੈ. ਇੱਥੇ ਦੋਵੇਂ ਵੇਲੇ ਸਤਸੰਗ ਹੋਂਦਾ ਹੈ. ਪੰਜ ਜੋਤਾਂ (ਦੀਪਕ) ਅਖੰਡ ਜਗਦੀਆਂ ਹਨ.

(ਹ) ਕਿਲਾ ਬਾਲਾ ਹਸਾਰ ਪਾਸ ਸ਼ਹੀਦ ਬੁੰਗਾ, ਭਾਈ ਸੰਗੋ ਸਿੰਘ ਆਦਿਕ ਸੂਰਬੀਰ ਜੋ ਕੌਮੀ ਜੰਗ ਵਿੱਚ ਸ਼ਹੀਦ ਹੋਏ, ਉਨ੍ਹਾਂ ਦੀ ਯਾਦਗਾਰ ਵਿੱਚ ਇਹ ਪਵਿਤ੍ਰ ਸਥਾਨ ਹੈ.

ਇਨ੍ਹਾਂ ਤੋਂ ਛੁੱਟ ਅਨੇਕਾਂ ਧਰਮਸ਼ਾਲਾਂ ਪੇਸ਼ਾਵਰ ਵਿੱਚ ਪ੍ਰੇਮੀਆਂ ਨੇ ਬਣਵਾਈਆਂ ਹਨ, ਜਿਨ੍ਹਾਂ ਅੰਦਰ ਭਜਨ ਕੀਰਤਨ ਨਿੱਤ ਹੋਂਦਾ ਹੈ.

ਪੇਸ਼ਾਵਰ ਵਿੱਚ ਹੇਠ ਲਿਖੇ ਸੱਜਨਾਂ ਦੇ ਘਰ ਗੁਰੂ ਵਸਤਾਂ ਭੀ ਦੱਸੀਆਂ ਜਾਂਦੀਆਂ ਹਨ- ਫਾਰਸੀ ਅੱਖਰਾਂ ਵਿੱਚ ਲਿਖਿਆ ਗੁਰੂ ਗ੍ਰੰਥ ਸਾਹਿਬ ਜਿਸਤੇ ਦਸ਼ਮੇਸ਼ ਦੇ ਦਸ੍ਤਖਤ ਆਖੇ ਜਾਂਦੇ ਹਨ, ਦਸ ਸਤਿਗੁਰਾਂ ਦੀਆਂ ਤਸਵੀਰਾਂ, ਇੱਕ ਕਟਾਰ, ਇੱਕ ਜੁੱਤੀ (ਜੋੜਾ), ਭਾਈ ਭਾਗ ਮੱਲ ਬਾਲ ਮੁਕੰਦ ਦੇ ਘਰ ਗਲੀ ਪੇਂਜਿਆਂ ਦੀ ਕਰੀਮ ਪੁਰੇ ਹਨ.

ਭਾਈ ਮਰਦਾਨੇ ਦਾ ਰਬਾਬ ਭਾਈ ਸਾਧੂ ਸਿੰਘ ਸ਼ਰਨ ਸਿੰਘ ਜੀ ਹਕੀਮ ਪਾਸ ਹੈ, ਜੋ ਦਬਗਰੀ ਦਰਵਾਜ਼ੇ ਪਾਸ ਰਹਿ"ਦੇ ਹਨ.

ਬਾਈ ਜੋਗਾ ਸਿੰਘ ਜੀ ਦੇ ਗੁਰੁਦ੍ਵਾਰੇ ਸੱਤਵੇਂ ਪਾਤਸ਼ਾਹ ਦਾ ਮੰਜਾ, ਗੁਰੂ ਨਾਨਕ ਦੇਵ ਦਾ ਸਰਬੰਦ, ਅਤੇ ਜਾਮਾ ਹੈ.

ਗੰਜ ਵਿੱਚ ਮਾਈ ਬੁਤਕੀ ਦੇ ਘਰ ਦਸ਼ਮੇਸ਼ ਦਾ ਜਾਮਾ ਅਤੇ ਚੀਰਾ ਅਰ ਭਾਈ ਸੰਤ ਸਿੰਘ ਦੇ ਸੁਪੁਤ੍ਰ ਬੇਹੜ ਸਿੰਘ ਨੂੰ ਬਖ਼ਸ਼ਿਆ ਹੁਕਮਨਾਮਾ ਸੰਮਤ ੧੬੬੧ ਦਾ ਹੈ. ਦੇਖੋ, ਸੰਤ ਸਿੰਘ.

੫. ਪੇਖੈ: ਦੇਖਦਾ ਹੈ. ਦੇਖੋ, ਪੇਖਣੁ। ੨. ਦਿਖਾਈ ਦਿੰਦਾ, ਨਜ਼ਰ ਆਉਂਦਾ. "ਸੁਖੀਏ ਕਉ ਪੇਖੈ ਸਭ ਸੁਖੀਆ, ਰੋਗੀ ਕੇ ਭਾਣੈ ਸਭ ਰੋਗੀ."(ਸੋਰ ਮਃ ੫)

੭੯੩- ੧. ਪੇਚੀਦਹ ਮਾਰ: ਫ਼ਾ. ਕੁਡਲੀਆ ਸੱਪ, ਕਰੁੰਡੀਆ ਸਰਪ, ਜੋ ਵੱਡਾ ਜ਼ਹਰੀਲਾ ਹੋਂਦਾ ਹੈ. "ਕਿ ਬਾਕੀ ਬਿਮਾਂਦਹ ਅਤ ਪੇਚੀਦਹ ਮਾਰ."(ਜ਼ਫ਼ਰ)

੨. "ਕਹਿ ਰਹੀਮ ਯਾ ਪੇਟ ਸੋਂ ਕਯੋਂ ਨ ਭਯੇ ਤੂ ਪੀਠਿ। ਭੂਖੇ ਮਾਨ ਬਿਗਾਰ ਹੈਂ ਭਰੇ ਬਿਗਾਰੈਂ ਦੀਠਿ."(ਖ਼ਾਨਖ਼ਾਨਾ)

੩. ਪੇਟ ਦਾਸੀਆ: ਪੇਟੂ. ਦੇਖੋ, ਪੇਟਾਰਥੀ.

੪. । ੪. ਪ੍ਰਵੇਸ਼ ਹੋਣ ਦਾ ਭਾਵ. ਦਾਖ਼ਿਲਾ.

"ਪੇਸਕਾਰ ਅੰਤਰ ਨਹਿ ਭਯੋ."(ਗੁਪ੍ਰਸੂ)

੫. ਪੈਸਨਿ: ਪੈਣਗੇ ਪ੍ਰਵੇਸ਼ ਹੋਣਗੇ.

੬. ਪੈਸ਼ਾਚੀ, ਪੈਸ਼ਾਚੀ: ਸੰ. ਵਿ- ਪਿਸ਼ਾਚ ਨਾਲ ਹੈ ਜਿਸ ਦਾ ਸੰਬੰਧ. ਪਿਸ਼ਾਚ ਦਾ, ਦੀ। ੨. ਪਿਸ਼ਾਚ ਭਾਸ਼ਾ.

੧. ਪੈਂਤੀਸ ਅੱਖਰੀ ਦੇ ਅੰਤ ਕਿਸ ਤਾਂਤ੍ਰਿਕ ਨੇ ਦੁਰਗ ਮੰਤ੍ਰ ਲਿਖ ਦਿੱਤਾ ਹੈ ਅਤੇ ਪੈਂਤੀਸ ਅੱਖਰੀ ਦਾ ਦੁਰਗਾ ਮੰਤ੍ਰ ਸਹਿਤ ਤਾਵੀਜ਼ ਬਣਾ ਕੇ ਪਹਿਰਣ ਦਾ ਮਹਾਤਮ ਦੱਸਿਆ ਹੈ.

੨. ਪੈਯਤ: ਪਾਈਦਾ. ਪ੍ਰਾਪਤ ਕਰੀਂਦਾ, ਹਾਸਿਲ ਹੋਂਦਾ. ਦੇਖੋ, ਮਹੀਨਿਕ.

੩. "ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ."(ਸੂਹੀ ਮਃ ੫, ਗੁਣਵੰਤੀ)

੪. ਕਈ ਸਿੱਖ ਚਰਣ ਸਪਰਸ਼ ਕਰਨ ਵਿੱਚ ਕਈ ਪ੍ਰਕਾਰ ਦੀਆਂ ਤਰਕਾਂ ਕਰਦੇ ਹਨ, ਪਰ ਇਹ ਹੋਮੈਂ ਦਾ ਭਾਵ ਹੈ. ਹਾਂ, ਉਸ ਸਿੱਖ ਦੇ ਚਰਨ ਪਰਸਣੇ ਯੋਗਯ ਨਹੀਂ, ਜੋ ਆਪਣੇ ਪੈਰ ਪੁਜਾਉਣੇ ਚਾਹੇ ਅਰ ਆਪ ਕਿਸੇ ਸਿੱਖ ਦੇ ਚਰਣ ਛੁਹਣੇ ਅਪਮਾਨ ਸਮਝੇ.

੭੯੫- ੧. ਪੋਏ: ਪਰੋਏ. ਪਰੋਤੇ. "ਪੋਏ ਬਰਾ ਸੀਖ ਭਟਿਆਰੇ." (ਚਰਿਤ੍ਰ ੪੦੫)

੨. "ਭਾਠੀ ਭਵਨੁ ਪ੍ਰੇਮ ਕਾ ਪੋਚਾ."(ਆਸਾ ਮਃ ੫)

੩. ਪੋਟੀ: ਪੋਟ (ਪੰਡ) ਢੋਣਵਾਲਾ, ਪਾਂਡੀ. "ਬੰਧ ਪੋਟ ਪੋਟੀਨ ਉਠਾਇ."(ਗੁਪ੍ਰਸੂ)

੪. । ੮. ਭਾਈ ਸੰਤੋਖ ਸਿੰਘ ਜੀ ਨੇ ਪੋਤਾ (ਪੌਤ੍ਰ) ਦੀ ਥਾਂ ਇਹ ਸ਼ਬਦ ਵਰਤਿਆ ਹੈ, "ਪੁਤ ਪੋਤੇ ਨਾਤੀ ਪੋਤ ਹੈ." (ਗੁਪ੍ਰਸੂ) ਪੁਤ੍ਰ, ਪੋਤੇ, ਨੇਤੇ ਅਤੇ ਉਨ੍ਹਾਂ ਦੇ ਪੋਤੇ.

੫. ਪੋਲੋ: Polo. ਚੌਗਾਨ. ਘੋੜ ਤੇ ਚੜ੍ਹ ਕੇ ਖਿੱਦੋ ਖੂੰਡੀ ਦਾ ਖੇਡ. ਇਹ ਖੇਲ ਹਿੰਦੁਸਤਾਨੀ ਅਤੇ ਤੁਰਕਾਂ ਤਾਂ ਹੋਰ ਦੇਸ਼ ਵਾਸੀਆਂ ਨੇ ਸਿੱਖਿਆ ਹੈ. ਹਿੰਦੁਸਤਾਨ ਵਿੱਚ ਚੌਗਾਨ (ਪੋਲੋ) ਦਾ ਪਹਿਲਾ ਖੇਲਾਰੀ ਕੁਤੁਬਦੀਨ ਐਬਕ ਸੀ. ਇਹ ਪੋਲੋ ਖੇਡਦਾ ਲਹੌਰ ਮੋਇਆ. ਹਿੰਦੁਸਤਾਨੀਆਂ ਤੋਂ General Sherar ਨੇ ਇਹ ਖੇਲ ਸਿੱਖਿਆ. ਜੋ ਸਨ ੧੮੬੬ ਵਿੱਚ ਇੰਗਲੈਂਡ ਵਿੱਚ ਫੈਲਿਆ. ਇਸ ਖੇਲ੍ਹ ਦਾ ਪਹਿਲਾ ਮੈਚ Aldershot ਦੇ ਮਕਾਸ ਸਨ ੧੮੭੧ ਵਿੱਚ 10th Hissars ਅਤੇ 9th Lancers ਦੇ ਦਰਮਯਾਨ ਹੋਇਆ.

੭੯੭- ੧. ਪੌਨਾਸ਼ਨ: ਪਵਨ- ਅਸ਼ਨ. ਪੌਣ ਦਾ ਅਹਾਰ। ੨. ਪ੍ਰਾਣਾਂ ਨੂੰ ਬਾਹਰ ਜਾਣੋਂ ਰੋਕ ਕੇ ਅੰਦਰ ਠਹਿਰਾਉਣ ਦੀ ਕ੍ਰਿਯਾ.

੨. ਸ਼੍ਰੇਸ੍ਠ ਸ਼ਬਦ. ਉੱਤਮ ਸ਼ਬਦ." ਪੰਚ ਸ਼ਬਦ ਤਹਿ ਪੂਰਨ ਨਾਦ." (ਰਾਮ ਮਃ ੫) ਇਸ ਥਾਂ ਭਾਵ ਅਖੰਡ ਦਿਵਯ ਆਤਮਿਕ ਸੰਗੀਤ ਤੋਂ ਹੈ। ੨

੭੯੮- ੧. ਪੰਚ ਸ਼ਿਖ: ਕਪਿਲ ਰਿਖੀ ਦਾ ਪੁਤ੍ਰ ਅਤੇ ਸਾਂਖ੍ਯ ਸ਼ਾਸਤ੍ਰ ਦਾ ਆਚਾਰਯ, ਜੋ ਰਾਜਾ ਜਨਕ ਦਾ ਗੁਰੂ ਸੀ.

੨. ਬਾਬੂ ਤੇਜਾ ਸਿੰਘ ਜੀ ਦਾ ਜਨਮ ੨੦. ਪੋਹ ਸੰਮਤ ੧੯੩੩ ਅਤੇ ਦੇਹਾਂਤ ੧੪. ਭਾਦੋਂ ੧੯੯੦ (ਮੁਤਾਬਕ ੨੯ ਅਗਸਤ ੧੯੩੩ ਨੂੰ ਹੋਯਾ।

੩. ਚਾਰ ਵਰਣ ਅਤੇ ਚਾਂਡਾਲ. ਦੇਖੋ, ਨਿਰੁਕ ੩- ੮. ਸ੍ਵਾਮੀ ਹਰਿਪ੍ਰਸਾਦ ਜੀ ਨੇ ਜਪੁ- ਭਾਸ਼੍ਯ ਵਿੱਚ "ਪੰਚ ਪਰਵਾਨ" ਦਾ ਇਹੀ

ਅਰਥ ਕੀਤਾ ਹੈ ਕਿ ਚਾਰ ਵਰਣ ਅਤੇ ਚਾਂਡਾਲ, ਪੰਜੇ ਪਰਵਾਨ ਹਨ.

੪. ਸੰਮਤ ੧੭੪੧ ਵਿੱਚ ਤਨਸੁਖ ਨੇ ਹਿੰਦੀ ਅਨੁਵਾਦ ਕੀਤਾ. ਦੇਖੋ, ਤਨਸੁਖ ੨.

੫. ਪੰਚ ਪਚੀਸ ਵਰਣ, ਪੰਚ ਪਚੀਸਾ ਜਾਪ: ਸੌ ਸਾਖੀ ਦੇ ਕਰਤਾ ਨੇ ਤੰਤ੍ਰ ਸ਼ਾਸਤ੍ਰ ਦੀ ਨਕਲ ਕਰਦੇ ਹੋਏ ਗੁਰਮੰਤ੍ਰ ਦੇ ਪਾਠ ਦੀ ਜਪ- ਵਿਧੀ ਲਿਖੀ ਹੈ- "ਵਰਣ ਪੰਚ ਪਚੀਸ ਕੈ ਅਥਵਾ ਛੱਤੀ ਹੋਈ। ਜਪ ਹਜ਼ਾਰ ਸਮ ਵਰਣ ਕੇ ਪਾਠ ਕਰੈ ਨਰ ਜੋਇ."

੧ਓ ਸਤਿਨਾਮੁ ਇਹ ਪੰਜ ਅੱਖਰਾਂ ਦਾ ਜਾਪ ਹੈ. ੧ਓ ਇੱਕ ਅੱਖਰ ਹੈ.

੧ਓ ਤੋਂ ਅਕਾਲ ਮੂਰਤਿ ਤੱਕ ਪਚੀਸ (ਪੱਝੀ) ਅੱਖਰਾਂ ਦਾ ਜਾਪ ਹੈ.

੧. ਅਤੇ ਓ ਨੂੰ ਦੋ ਅੱਖਰ ਮੰਨਕੇ ਗੁਰ ਪ੍ਰਸਾਦਿ ਤੱਕ ਛੱਤੀ ਅੱਖਰਾਂ ਦਾ ਜਾਪ ਹੈ. ਪੰਜ ਅੱਖਰਾਂ ਮੰਤ੍ਰ ਪੰਜ ਹਜ਼ਾਰ. ਪਚੀਸ ਵਰਣ ਦਾ ਪਚੀਸ ਹਜ਼ਾਰ ਅਤੇ ਛੱਤੀ ਅੱਖਰਾਂ ਦਾ ਮੰਤ੍ਰ ਛੱਤੀ ਹਜ਼ਾਰ ਜਪੋ.

੧. । ੭. ਮਾਰੂ ਠਾਟ ਦਾ ਇੱਕ ਸੰਪੂਰਣ ਰਾਗ. ਇਸ ਦਾ ਵਾਦੀ ਸੁਰ ਮੱਧਮ ਹੈ. ਇਸ ਵਿੱਚ ਸ਼ੁਧ ਮੱਧਮ ਭੀ ਲੱਗ ਜਾਂਦਾ ਹੈ. ਰਾਤ ਦੇ ਪਿਛਲੇ ਪਹਰੇ ਗਾਉਣ ਦਾ ਵੇਲਾ ਹੈ. ਕਈ ਸੰਗੀਤ ਗ੍ਰੰਥ ਇਸ ਵਿੱਚ ਪੰਚਮ ਅਤੇ ਕਈ ਰਿਸਭ ਵਰਜਿਤ ਦੱਸਕੇ ਸ਼ਾੜਵ ਲਿਖਦੇ ਹਨ."

੨. "रात्रञ्च ज्ञान वचन ज्ञानं पञ्च विधं स्मृतम्। तेनेदं पञ्चरात्रञ्च प्रवदन्ति मनीषिणः"

(ਨਾਰਦ ਪੰਚ ਰਾਤ੍ਰ, ੧. ੧. )

੭੯੧- ੧. ਪੰਚਾਵਯਵ: ਦੇਖੋ, ਖਟ ਸ਼ਾਸਤ੍ਰ ਦੇ ਅੰਗ ੨. ਦਾ ਖ। ੨. ਦੇਖੋ ਪੰਚਾਂਗ ੩.

੨. ਪੰਪ ਸੁਕਰਮ: "ਮਿੱਠਾ ਬੋਲਨ ਅਰ ਨਿਵ ਚਲਣਾ। ਵੰਡ ਖਾਵਨਾ ਹਿਤ ਧਰ ਮਿਲਨਾ। ਧਰਮ ਕਿਰਤ ਤੇ ਕਰਨ ਅਹਾਰਾ। ਪੰਚਹੁਂ ਕਰਮ ਦੇਤ ਸੁਖ ਸਾਰਾ." (ਗੁਪ੍ਰਸੂ) ਲਾਲੂ ਬਾਲੂ ਅਤੇ ਹਰਿਦਾਸ ਨੂੰ ਗੁਰੂ ਅਰਜਨ ਸਾਹਿਬ ਦਾ ਉਪਦੇਸ਼.

੩. ਗੁਰੁਪਦ ਪ੍ਰੇਮ ਪ੍ਰਕਾਸ਼ ਵਿੱਚ ਬਾਵਾ ਸੁਮੇਰ ਸਿੰਘ ਨੇ ਭੀ ੫. ਦੀ ਤਾਈਦ ਕੀਤੀ ਹੈ-

"ਦਯਾ ਸਿੰਘ ਅਵਤਾਰ ਲਉ

ਕ, ਧੰਨੇ ਕੋ ਲਾਖ ਧਰਮਾ।

ਨਾਮ ਦੇਵ ਮੁਹਕਮ ਹਨਐ ਜਨਮਯੋ

ਅਮ੍ਰਿਤ ਹਿਤ ਚਿਤ ਮਰਮਾ।

ਸਾਹਿਬ ਲਾਈ ਸੈਨ ਭਗਤ

ਅਵਤਾਰ ਫੇਰ ਭੁਵਿ ਆਯੋ।

ਹਿੰਮਤ ਬੱਧਕ ਕੋ ਅਵਤਾਰੀ

ਭਗਤ ਨਿਖਾਦ ਸੁ ਗਾਯੋ."

੧. । ੩. ਤਾਂਤ੍ਰਿਕਾਂ ਦੇ ਸੰਕੇਤ ਅਨੁਸਾਰ ਮੈਥੁਨ ਦਾ ਇਹ ਨਾਮ ਹੈ, ਕਯੋਂਕਿ ਉਸ ਦੀ ਗਿਣਤੀ ਪੰਚ ਮਕਾਰਾਂ ਵਿੱਚ ਪੰਜਵੀਂ ਹੈ.

੨. ੧੪ ਅਕਤੂਬਰ ਸਨ ੧੯੩੨ ਨੂੰ ਪੰਜੇ ਸਾਹਿਬ ਸਿੱਖ ਕ਼ੌਮ ਦਾ ਭਾਰੀ ਇਕੱਠ ਹੋਯਾ, ਜਿਸ ਵੇਲੇ ਪੰਜਾਂ ਪਿਆਰਿਆਂ ਨੇ ਹਰਿਮੰਦਿਰ ਦੀ ਨਵੀਂ ਨੀਂਹ ਅਤੇ ਸਰੋਵਰ ਦਾ ਬੁਨਿਆਦੀ ਪੱਥਰ ਟਿੱਕਾ ਸਾਹਿਬ ਯਾਦਵੇਂਦ੍ਰ ਸਿੰਘ ਜੀ ਪਟਿਆਲਾ ਨੇ ਰੱਖਿਆ. ਹੁਣ ਇਹ ਮਨੋਹਰ ਮੰਦਿਰ ਤਿਆਰ ਹੋ ਗਿਆ ਹੈ.

੩. ਪੰਜਾਂਗ: ਤਿਥਿ, ਵਾਰ, ਨਕ੍ਸ਼ਤ੍ਰ. ਯੱਗ ਅਤੇ ਕਰਣ, ਜੋ ਜ੍ਯੋਤਿਸ ਦੇ ਅੰਗ ਹਨ। ੨. ਇਨ੍ਹਾਂ ਪੰਜਾਂ ਅੰਗਾਂ ਦੇ ਦੱਸਣ ਵਾਲਾ ਪਤ੍ਰ. ਤਿਥਿ ਪਤ੍ਰ. ਜੰਤ੍ਰੀ। ੩. ਵੈਦਕ ਅਨੁਸਾਰ ਬਿਰਛ ਦੇ ਪੱਤ, ਫੁੱਲ, ਫਲ, ਛਿੱਲ ਅਤੇ ਜੜ ਇਹ ਪੰਜ ਅੰਗ.

ਪੰਜਾਂਗ ਪਤ੍ਰ: ਦੇਖੋ, ਤਿਥਿਪਤ੍ਰ ਅਤੇ ਪੰਜਾਂਗ ੨.

੪. ਪੰਜਾਬਾ: ਗੁਲਾਬੇ ਦਾ ਭਾਈ. ਦੇਖੋ ਗੁਲਾਬਾ ਅਤੇ ਮਾਛੀਵਾੜਾ.

੫. "ਗਾਂਵ ਹੋ ਪੰਜੋਖਟਾ ਦਿੱਲੀ

ਕੋ ਜਾਤ ਮਗ ਮਾਹਿ,

ਤਹਾਂ ਆਪ ਬੋਲਃ 'ਆਜ

ਈਹਾਂ ਇਕ ਰਹੀਏਂ,

ਨਾਮ ਸੁਨ ਆਇ ਏਕ

ਪੰਡਿਤ ਉਚਾਰਯੋ.

'ਯਹ ਹਰਿ ਕ੍ਰਿਸਨ ਹੈ, ਤੋ

ਗੀਤਾ ਅਰਥ ਕਹ੍ਯੋ ਚਾਹੀਏ,

ਗ੍ਵਾਲ ਕਵਿ ਕਹੈ ਗੱਜੁ

ਝੀਵਰ ਤਹਾਂ ਕੋ ਹੁਤੋ

ਵਾਂਸੋ ਛਰੀ ਛ੍ਵਾਯ

ਕਹਿਵਾਯੋ ਅਰਥ ਸਹੀਏ,

ਮਾਨ ਜਗ ਤਾਰਬੇ ਕੋ

ਹਰੀ ਕ੍ਰਿਸ਼ਨ ਆਏ ਫਿਰ

ਐਸੇ ਗੁਰੁ ਹਰੇ ਕ੍ਰਿਸ਼ਨ

ਹਰੇ ਕ੍ਰਿਸ਼ਨ ਕਹੀਏ." (ਗੁਰੁ ਪੰਚਾਸਾ)

੬. ਪੁਰਾਣੀਆਂ ਸਾਖੀਆਂ ਵਿੱਚ ਇਹ ਤਿਥਿ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਲਿਖੀ ਹੈ.

੭. । ਪ. ਪੰਡੁ (ਪੀਲੇ) ਲਈ ਭੀ ਇਹ ਸ਼ਬਦ ਵਰਤਿਆ ਹੈ- "ਪਿਖੇ ਭੀਰੁ ਪੰਡਾ. ' (ਗੁਪ੍ਰਸੂ) ਕਾਯਰਾਂ ਦੇ ਪੀਲੇ ਮੂੰਹ.

੮. ਗੀਤਾਂ ਦੇ ਚੌਥੇ ਅਧ੍ਯਾਯ ਦੇ ਉਨ੍ਹੀਂਵੇ ਸ਼ਲੋਕ ਵਿੱਚ ਲਿਖਿਆ ਹੈ-

"यस्य सर्वे समारम्भाः

काम संकल्प वर्जिताः।

ज्ञानाग्नि दग्ध कर्माणं,

तमाहु पण्डितं बुधाः ।"

੭੯੪- ੧. ਪੰਚਨਾਮਾ: ਨਸੀਹਤ ਨਾਮਾ. ਸਿਖ੍ਯਾ ਪਤ੍ਰ। ੩. ਖ਼ਾਸ ਕਰਕੇ ਸੁਬੁਕਤਿਗੀਨ ਦਾ ਫ਼ਾਰਸੀ ਭਾਸ਼ਾ ਵਿੱਚ ਆਪਣੇ ਪੁਤ੍ਰ

ਮਹਮੂਦ ਨੂੰ ਲਿਖਿਆ ਸ਼ੁਭ ਉਪਦੇਸ਼.

੨. "ਲਾਲਾ ਪੰਨੂ ਸਿੱਖ ਸਦਾਯਾ." (ਨਾਪ੍ਰ)

੩. ਪ੍ਰਸਥਨ: ਦੇਖੋਂ, ਪ੍ਰਸਥਾਨ। ੨. ਪ੍ਰਸਥਾਨੀ (ਰਾਹੀ- ਮੁਸਾਫ਼ਿਰ) ਦੀ ਥਾਂ ਭਾਈ ਸੰਤੋਖ ਸਿੰਘ ਜੀ ਨੇ ਇਹ ਸ਼ਬਦ ਵਰਤਿਆ ਹੈ. "ਚਹੁ ਦਿਸਿ ਕੇ ਪ੍ਰਸਥਨ ਪ੍ਰਸਥਾਨੇ. (ਗੁਪ੍ਰਸੂ)

੪. "ਅਜੂਨੀ ਸਭੰ ਗੁਰ ਪ੍ਰਸਾਦਿ." (ਜਪੁ)

੭੯੫- ੧. ਪ੍ਰਸ੍ਵਾਸ: ਸ੍ਵਾਸ (ਦਮ) ਦਾ ਅੰਦਰੋਂ ਬਾਹਰ ਵੱਲ ਜਾਣਾ.

੧. "ਪਰਮਦਭੁਤੰ ਪ੍ਰਕ੍ਰਿਤਿਪਰੰ." (ਗੁਜ ਜੇ ਦੇਵ)

੨. । ੨. ਦੇਖੋ ਭਾਲ. ਪੜਤਾਲ. "ਸ਼ੰਕਰ ਫਿਰਤ ਲਿਯ ਗਣ ਸੰਗਾ। ਭੁਤ ਪ੍ਰਚਰਜਾ ਹੇਤ ਉਮੰਗਾ." (ਨਾਪ੍ਰ) ੩. ਦੇਖੋਂ, ਪ੍ਰਚਰਯਾ.

੧. । ੪. ਸੰਤਾਪ. ਜਲਨ. "ਪ੍ਰਭੁ ਕੋ ਬਿਰਹ ਪ੍ਰਤਾਪਾ." (ਨਾਪ੍ਰ)

੨. "ਗਿਰਿ ਗਿਰਿ ਸੇਂ ਪ੍ਰਤਿਧੁਨਿ ਉਠੀ." (ਗੁਪ੍ਰਸੂ)

੩. ਪ੍ਰਤਿਨਿਧਿ। ੩. ਮੁਖ਼ਤਾਰ. ਵਕੀਲ, (Proctor).

੪. । ੨. ਸੰਗੀਤ ਅਨੁਸਾਰ ਉੱਚੇ ਸੁਰ ਤੋਂ ਨੀਵੇਂ ਸੁਰ ਵੱਲ ਆਉਣ ਦੀ ਕ੍ਰਿਯਾ. ਸ੍ਵਰ ਦਾ ਅਵਰੋਹ।

੫. । ੪. ਸੱਪ। ੫. ਕੁੱਤਾ.

੧. ਮੁਸਲਮਾਨ ਆਪਣੇ ਧਰਮ ਮੰਦਿਰ ਕਾਬੇ ਨੂੰ ਆਪਣੇ ਖੱਬੇ ਪਾਸੇ ਰੱਖਕੇ ਪ੍ਰਦਖ਼ਿਣਾ ਕਰਦੇ ਹਨ.

੮੦੧- ੧. ਪ੍ਰਬੀਰ: ਵਿ- ਉੱਤਮ ਸੂਰਮਾ (ਪ੍ਰਵੀਰ). ਬਹਾਦੁਰ.

੨. ਪ੍ਰਬੇਸਟਨ: ਸੰ. ਪਰਿਵੇਸ੍ਟਨ. ਸੰਗਜਾ- ਘੇਰਨ (ਫਲਗਣ) ਦੀ ਕ੍ਰਿਯਾ. "ਪ੍ਰਬੇਸਰਿਤ ਬਾਲਕ ਚਹੁੰ ਪਾਸਾ."(ਨਾਪ੍ਰ)

੩. ਪ੍ਰਭਰੰਗ, ਪ੍ਰਭਰੰਗੁ: ਕਰਤਾਰ ਦਾ ਪ੍ਰੇਮ. "ਮਹਾ ਪਵਿਤ੍ਰ ਸਾਧਕਾ ਸੰਗੁ। ਜਿਸ ਭੇਟਤ ਲਾਗੈ ਪ੍ਰਭ ਰੰਗੁ." (ਆਸਾ ਮਃ ੫)

੪. । ੨. ਪ੍ਰਭਾਤੀ ਰਾਗਿਣੀ ਨੂੰ ਰਾਗ ਮੰਨ ਕੇ ਕਈਆਂ ਨੇ ਪੁੱਲਿੰਗ ਨਾਮ ਦਿੱਤਾ ਹੈ. ਦੇਖੋ, ਪ੍ਰਭਾਤੀ ੨.

੫. ਇਸਨੂੰ ਪ੍ਰਭਾਵਤੀ ਭੀ ਆਖਦੇ ਹਨ.

੬. ਪ੍ਰਭਾਵਤੀ: ਸੰਗਜਾ- ਸੂਰਯ ਦੀ ਇੱਕ ਇਸਤ੍ਰੀ। ੨. ਪ੍ਰਭਾਤੀ ਰਾਗਿਣੀ. ਦੇਖੋ, ਪ੍ਰਭਾਤੀ ੨। ੩. ਵਿ- ਪ੍ਰਭਾ ਵਾਲੀ.

੭. ਪ੍ਰਭੋਇਓ: ਪ੍ਰਬੋਧਨ ਕੀਤਾ, ਆਖਿਆ, "ਯੌਂ ਪ੍ਰਭੁ ਪ੍ਰਭੋਇਓ." (ਗੁਪ੍ਰਸੂ)

੮. ਪ੍ਰਮਦਾ ਹਰ: ਇਸਤ੍ਰੀਆਂ ਚੁਰਾਉਣ ਵਾਲਾ, ਭਾਵ- ਵਿਭਚਾਰੀ, ਦੇਖੋ, ਅੰ. Paramour.

੮੦੨- ੧. ਪ੍ਰਮਾਣ ਪੁਰਖੁ, ਪ੍ਰਮਾਣ ਪੁਰਸ: ਸੰ. ਪ੍ਰਮਾਣ- ਪੁਰੁਸ਼. ਦੋਹਾਂ ਧਿਰਾਂ (ਵਾਚੀ ਪ੍ਰਤਿਵਾਦੀ) ਦਾ ਮੰਨਿਆ ਹੋਇਆ ਆਦਮੀ. ਸਾਲਿਯ. Arbitrator. "ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ." (ਸਵੈਯੇ ਮਃ ੫) ਕੇ

੨. । ੨. ਪ੍ਰਮਾਣ. ਸਮਾਨ. ਮਾਨਿੰਦ. "ਗੁਰਿ ਰਾਮ ਦਾਸ ਅਰਜਨੁ ਵਰ੍ਹਯੁ ਪਾਰਸੁ ਪਾਰਸੁ ਪ੍ਰਮਾਣੁ." (ਸਵੈਯੇ ਮਃ ੫. ਕੇ) "ਗੁਰ ਅਰਜੁਨੁ ਪੁਰਖੁ ਪ੍ਰਮਾਣੁ ਪਰਥਉ ਚਾਲੈ ਨਾਹੀਂ, (ਸਵੈਯੇ ਮਃ ੫. ਕੇ) ਗੁਰੁ ਅਰਜਨ ਪੁਰਖੁ (ਵੀਰ), ਪਾਰਥ (ਅਰਜੁਨ) ਸਮਾਨ ਰਣ ਭੂਮਿ ਤੋਂ ਪੈਰ ਪਿੱਛੇ ਨਹੀਂ ਕਰਦੇ.

੩. । ੨. ਸੰਗਜਾ- ਸਹਾਗਣ ਇਸਤ੍ਰੀ. "ਪ੍ਰਮਦਾ ਪ੍ਰਮੋਦ ਪਾਇ ਗਮਨੀ ਨਿਕੇਤ ਕੋ." (ਗੁਪ੍ਰਸੂ)

੪. ਪ੍ਰਯੋਗੀ: प्रयोगिन्. ਪ੍ਰਯੋਗ ਕਰਨ ਵਾਲਾ. ਦੇਖੋ, ਪ੍ਰਯੋਗ.

੫. ਪ੍ਰਵਾਹਣ: ਸੰ. ਸੰਗਜਾ- ਢੋਇਆ ਜਾਣ ਦਾ ਭਾਰ। ੨. ਵਹਾਇਆ ਜਾਣਾ.

੮੦੩- ੧. ਪ੍ਰਵ੍ਰਿਤ: ਸੰ. प्रवृत्त. ਵਿ- ਕਿਸੇ ਕੰਮ ਵਿੱਚ ਲੱਗਾ ਹੋਇਆ. ਤਤਪਰ.

੨. ਸੰ. प्रवृत्ति. ਸੰਗਜਾ- ਲਗਾਉ. ਮਨ ਦੀ ਲਗਨ। ੨. ਉਤਪੱਤਿ। ੩. ਪ੍ਰਵਾਹ. ਬਹਾਉ.

੩. ਕੋਲ ਬੈਠਾਕੇ ਆਦਰ ਨਾਲ ਆਖੀ.

੪. । ੭. ਘੀ. ਘ੍ਰਿਤ। ੮. ਸਮੇਂ ਵੇਲੇ) ਦਾ ਇੱਕ ਪ੍ਰਮਾਣ, ਜਿਤਨੇ ਵਿੱਚ ਵੀਹ ਲਘੁ ਅਤੇ ਦਸ ਗੁਰੁ ਉੱਚਾਰਣ ਕੀਤੇ ਜਾਣ. "ਦਸ ਗੁਰੁ ਸਮੇਂ ਇਕ ਪ੍ਰਾਣ ਹੈ, ਖਟ ਅਸੁ ਸਮ ਪਲ ਏਕ। ਸਾਠ ਪਲੋਂ ਕੀ ਇਕ ਘੜੀ, ਯਹ ਕਵਿ ਕਾਲ ਵਿਵੇਕ." (ਗਣੇ ਪ੍ਰਸਾਰ ਚੰਦ੍ਰਿਕਾ) ਦੇਖੋ, ਕਾਲ ਪ੍ਰਮਾਣ.

੫. ਜਿਸ ਕਰਕੇ ਜੀਵਨ ਸੁਖ ਨਾਲ ਵਿਤਾਈਏ. "ਮੇਰਾ ਪ੍ਰਾਣ ਸਖਾਈ ਸਦਾ ਨਾਲ ਚਲੈ." (ਮਾਝ ਮਃ ੪) "ਅਟਲ ਅਖੰਡ ਪ੍ਰਾਣ ਸੁਖਦਾਈ." (ਮਾਰੂ ਮਃ ੫)

੬. । ੫. ਜਰਾਸੰਧ ਦੀ ਪੁਤ੍ਰੀ ਅਤੇ ਕੰਸ ਦੀ ਰਾਣੀ. ਦੇਖੋ, ਜਰਾਸੰਧ.

੮੦੫- ੧. ਪ੍ਰਿਯਦਰਸ਼ੀ: प्रियदर्शिन्. ਦੇਖੋ, ਅਸ਼ੋਕ ੬.

੨. ਪਿਛਲੇ ਸਮੇਂ ਜਲ ਸਰਕਾਰੀ ਨਹਰ ਤੋਂ ਖੁਲ੍ਹੀ ਹਸਲੀ ਦ੍ਵਾਰਾ ਆਉਂਦਾ ਰਿਹਾ. ਹੁਣ ਸੰਗਤਿ ਨੇ ਸੀਮੇਂਟ ਨਾਲ ਪੱਕੀ ਅਤੇ ਛੱਤਵੀਂ ਹਸਲੀ ਬਣਾ ਲਈ ਹੈ.

੮੦੬- ੧. ਪ੍ਰੇਮ ਚੰਦ: ਬਾਬਾ ਸੂਰਜ ਮੱਲ ਜੀ ਦੀ ਸਹੁਰਾ, ਜੋ ਕਰਤਾਰ ਪੁਰ ਵਸਦਾ ਸੀ, ਦੇਖੋ, ਸੂਰਜ ਮੱਲ.

ਪ੍ਰੇਮ ਛਾਕੀ: ਪ੍ਰੇਮ ਵਿੱਚ ਮਸਤ. "ਭਯੋ ਪ੍ਰੇਮ ਛਾਕੀ." (ਨਾਪ੍ਰ)

੨. "ਲਘੁ ਇਕ ਮਾਤ੍ਰ ਦ੍ਵਿਮਾਤ੍ਰ ਗੁਰੁ, ਪ੍ਰਲੁਤ ਤੇ ਮਾਤ੍ਰ ਪਛਾਨ। ਅਰਧ ਮਾਤ੍ਰ ਵਰਜੰਜਨ ਲਖੋ, ਮੰਗਲ ਸਿੰਘ ਬਖਾਨ." (ਗਣ ਪ੍ਰਸਤਾਵ ਚੰਦ੍ਰਿਕਾ)

੩. "ਇਸ ਮੀਏਂ ਸੁਲਤਾਨ ਦਾ ਫ਼ਸਤਾ ਦੇਵਾਂ ਵੱਢ." (ਭਾਈ ਦਿੱਤ ਸਿੰਘ)

੮੦੭- ੧. ਫਹੋਰੀ: ਫਾਹੁੜੀ. "ਫਰੁਆ ਫਹੋਰੀ ਹਾਥ." (ਨਾਪ੍ਰ)

੨. ਫ਼ਤਹ ਸਿੰਘ: ਦੇਖੋ ਫ਼ਤ ਸਿੰਘ.

ਫਤਹ ਨਿਸ਼ਾਨ: ਫਤੇ ਦਾ ਝੰਡਾ. ਜਯ ਪਤਾਕਾ। ੨. ਫ਼ਤੇ ਦਾ ਨਗਾਰਾ.

੧. (ਬਾਬਾ ਗੁਰਬਖ਼ਸ਼ ਸਿੰਘ)

੨. ੨। ੩. ਸਰਦਾਰ ਹਰੀ ਸਿੰਘ ੨. ਨਲਵੇ ਦਾ ਬਣਵਾਇਆ ਸਰਹੱਦ ਤੋਂ ਜਮਰੋਦ ਦਾ ਕਿਲਾ. ਦੇਖੋ, ਹਰੀ ਸਿੰਘ ੨.

੩. ਸਿਰ ਦੀ ਖੋਪਰੀ. ਸਿਰ. "ਖਾਕੇ ਦਰਗਾਹੋ ਤੋ ਸਦ ਤਾਜ ਅਸੁ ਬਹਰੇ ਫ਼ਰਕੇ ਮਾ." (ਦੀਗੋ)

੪. ਫਰਕਾਵਨ: ਫਰਕਾਉਣਾ. "ਫਰਕਾਵਨ ਚਖ ਆਦਿ ਰਿਖੀ ਕੇ." (ਗੁਪ੍ਰਸੂ) ਨੇਤ੍ਰ ਆਦਿ ਇੰਦ੍ਰੀਆਂ ਨੂੰ ਫ਼ਰਕਾਉਣਾ, ਅਰਥਾਤ- ਚੇਸ਼ਟਾ ਕਰਾਉਣੀ.

੧. ਅੱਬੁਲ ਕ਼ਾਸਿਮ ਅਲ ਮਨਸੂਰ ਭੀ ਪ੍ਰਸਿੱਧ ਹੈ. ਫ਼ਰਦੌਸੀ ਸੰਗਜਾ ਦਾ ਕਾਰਣ ਦੱਸਿਆ ਹੈ ਕਿ ਜਿਸ ਦੀ ਕਾਵ੍ਯ ਰਚਨਾ ਤੋਂ ਸਭਾ ਫ਼ਰਦੌਸ (ਸ੍ਵਰਗ) ਬਣ ਜਾਵੇ.

੨. Pondicherry ਫ੍ਰੈਂਚ ਲੋਕਾਂ ਨੇ ਸਨ ੧੬੭੪ ਵਿੱਚ ਆਬਾਦ ਗਰੀ ਹੈ.

੩. । ੩. ਫਲੀ. "ਹਲਾਹਲ ਫਰ ਫਰੀ." ਵਿਸ਼ ਫਲ ਫ਼ਲੀ.

੧. ਦੇਖੋ, ਗੁਰਮੁਖੀ ਸ਼ਬਦ.

੨. ਇਸ ਵਿੱਚ ਅਜਰਾਜ ਦੀ ਕਥਾ ਵਿਚੋਂ

੩. ਫਰੀਦੀ: ਅਫਰੀਦੀ ਦਾ ਸੰਖੇਪ.

੮੧੪- ੧. ਫ਼ਾਜਿਰ: ਅ. ਗੁਨਹਗਾਰ. ਪਾਪੀ। ੨. ਕਪਟੀ। ੩. ਆਗਜਾ ਭੰਗ ਕਰਨ ਵਾਲਾ. "ਹਿਰਸਮੰਦ ਫਾਜਿਰਨ ਹੈ." (ਹਾਜਿਰ ਨਾਮਾ)

੮੧੫- ੧. ਫਿੱਕ: ਸੰਗਜਾ- ਫਿੱਕਾਪਨ. ਰਸ ਦਾ ਨਾ ਹੋਣਾ। ੨. ਅਣਬਣ, ਕੁ- ਰਸ.

੨. ਜਿਵੇਂ- ਦੁੱਧ ਦਾ ਫਿੱਟਣਾ। ੪. ਹੰਕਾਰ ਵਿੱਚ ਆ ਕੇ ਮਿਜ਼ਾਜ ਦਾ ਵਿਗੜਨਾ, ਜਿਵੇਂ- ਉਹ ਬਹੁਤਾ ਧਨ ਅਤੇ ਮਾਨ ਪਾਕੇ ਫਿੱਟ ਗਿਆ ਹੈ.

੩. ਫਿਤਕਾਰੀ ਫੇਤ: ਸੌ ਸਾਖੀ ਵਿੱਚ ਲਿਖਿਆ ਹੈ. "ਪਹਿਲਾਂ ਆਵੈ ਉਦੈ ਸਿੰਘ ਫਿਤਕਾਰੀ ਫੇਤ." ਸੌ ਸਾਖੀ ਦੇ ਪ੍ਰੇਮੀ ਸਿੰਘ ਇਸ ਦਾ ਅਰਥ ਕਲਪਦੇ ਹਨ- ਫਤੇ ਕਰਨ ਵਾਲਿਆਂ ਨੂੰ (ਵਿਜਯੀ ਲੋਕਾਂ ਨੂੰ) ਫ਼ਤੇ ਕਰਨ ਵਾਲਾ.

੪. । ੩. ਕੁਦਰਤੀ ਸੁਭਾਉ। ੪. ਸਾਜਿਸ਼. Intrigue.

੫. " Happily for our Indian Empire, the treachery of Lal Singh on the following zay was still more pronounced and the victory which crowned our efforts was much more decisive. The enemy's camp was taken, their army was put to flight; a new army which came up unzer Tej Singh from Ferozepur and had not yet zrawn a sword, hesitated for some inscrutable reason, to attack our worn ot troops, who had not tasted fooz for thirty- six hours and had fired away almost their last round of ammunition; and by the evening the whole Sikh force was in full retreat."

(Life of Lord J. Lawrence by R. Bosworth Smith, M. A. , Vol I, Page 186)

੧. ਇਸਦੇ ਮੁਕਾਬਲੇ ਸਤਲੁਜ ਦੇ ਦੂਜੇ ਪਾਸੇ ਅੰਗ੍ਰੇਜ਼ਾਂ ਦੀ ਛਾਉਣੀ ਲੁਦਿਆਣੇ ਸੀ.

੨. ਸੱਪ ਸਿਰ ਪਟਕਦੇ ਝਗ ਸੁਟਏ ਫੁਕਾਰੇ ਮਾਰਦੇ ਹਨ.

੮੧੭- ੧. ਫੁਰਾਇ: ਦੇਖੋ ਫੋਰਨਾ. "ਬੁਤ ਦੇਹੁ ਫੁਰਾਇ." (ਗੁਪ੍ਰਸੁ) ਬੁਤ ਫੁੜਵਾ (ਤੁੜਵਾ) ਦੇਓ। ੨. ਸਫੁਰਣ ਕਰਾਕੇ. ਦੇਖੋ, ਫੁਰਣਾ.

੨. ਇਨ੍ਹਾਂ ਦੀ ਛਾਪ 'ਦਾਸ' ਹੈ.

੧. ਭਾਈ ਫੇਰੂ ਦੇ ਚੇਲੇ ਚਰਨ ਦਾਸ, ਚੁਖਾ, ਖਾਨਸ਼ਾਹ, ਬਿੰਦ੍ਰਾਬਨ ਅਤੇ ਪੋਤੇ ਚੇਲੇ ਮਾਲੀ ਜਗਤਾ ਅਤੇ ਭਗਤਾ ਆਦਿ ਕਲਗੀਧਰ ਦੀ ਸੇਵਾ ਕਰਦੇ ਰਹੇ ਹਨ.

੨. ਫੰਬਾ, ਫੰਭਾ: ਫ਼ਾ. ਪੰਬਹ. ਰੂੰ. ਤੂਲ. ਰੂਈ. । ੨. ਰੂੰ ਦਾ ਛੋਟਾ ਹਿੱਸਾ.

੮੨੪- ੧. ਬਸਤਰੀ: ਦੇਖੋ, ਬਸਤਨੀ ੪.

"ਬਰ ਅੰਬਰ ਬਸਤਰੀ ਬਿਰਾਜੈ." (ਗੁਪ੍ਰਸੂ)

੨. । ੨. ਮਿੱਸਰ ਬੇਲੀ ਰਾਮ ਦਾ ਚਾਚਾ, ਜੋ ਮਹਾਰਾਜ ਰਣਜੀਤ ਸਿੰਘ ਦਾ ਤੋਸ਼ਖ਼ਾਨੀਆ ਸੀ, ਦੇਖੋ ਬੇਲੀ ਰਾਮ.

੩. ਬਸਾਇ: ਵਸਾਕੇ. ਵਾਸ ਕਰਾਕੇ. "ਮਨ ਮਾਹਿ ਬਸਾਇ" (ਗੁਪ੍ਰਸੂ) ੨. ਵਸ਼ ਚਲਦਾ. "ਚਪਲ ਬੁਧਿ ਸਿਉਕਹਾ ਬਸਾਇ." (ਬਸ ਕਬੀਰ) "ਕਾਲੈ ਕਾ ਕਿਛੁ ਨ ਬਸਾਇ." (ਮਃ ੩, ਵਾਰ ਸੋਰ) ੩. ਆਬਾਦ ਕਰਕੇ। ੪. ਵਰਖਾ ਕਰ ਕੇ। ੫. ਵਰਸਦਾ ਹੈ. ਵਰ੍ਹਦਾ ਹੈ.

ਬਸਾਈ: ਆਬਾਦ ਕੀਤੀ, ਜਿਵੇਂ- ਨਗਰੀ ਬਸਾਈ। ੨. ਵਸਦਾ ਹੈ, ਨਿਵਾਸ ਕਰਦਾ. "ਜਿਹ ਘਰਿ ਲਾਲੁ ਬਸਾਈ." (ਮਲਾ ਮਃ ੫) ੩. ਵਸ਼ ਚੱਲਦਾ ਹੈ। ੪. ਵਰਖਾਈ. ਵਰ੍ਹਾਈ.

ਬਸਾਏ: ਦੇਖੋ, ਬਸਾਉਣਾ, ਬਸਾਇ ਅਤੇ ਬਸਾਈ। ੨. ਵਰਖਾਏ. ਵਰ੍ਹਾਏ. "ਫੂਲ ਸੁਰਾਨ ਬਸਾਏ." (ਦੱਤਾਵ) "ਤਬ ਸਭ ਲਗਨ ਫੂਲ ਬਸਾਏ." (ਗੁਪ੍ਰਸੂ)

੪. ੨. ਬੈਠਾਏ. "ਰਾਜ ਪਰ ਅਪਰ ਬਸਾਰੇ." (ਨਾਪ੍ਰ)

੫. ਬਸਾਵਨ: ਵਸਾਉਣਾ. ਆਬਾਦ ਕਰਨਾ। ੨. ਵਰਖਾ ਕਰਵਾਉਣਾ. ਵਰਸਾਉਣਾ। ੩. ਵਰ੍ਹਣਾ. "ਥਲ ਉੱਚਾਵਚ ਕਰਹਿ ਬਸਾਵਨ." (ਗੁਪ੍ਰਸੂ)

੮੨੫- ੧. ਬਸ਼ੀਰ: ਅ. ਸੰਗਜਾ- ਸ਼ੁਭ ਸਮਾਚਾਰ ਸੁਣਾਉਣ ਵਾਲਾ ਦੂਤ. ਖ਼ੁਸ਼ਖ਼ਬਰੀ ਦੇਣ ਵਾਲਾ। ਵਿ- ਸੁੰਦਰ. ਖ਼ੂਬਸੂਰਤ.

੮੨੭- ੧. ਬਹਾਉੱਲਾ: ਦੇਖੋ, ਬਹਾਈ ੨. ਦਾ ਫੁਟਨੋਟ.

ਬਹਾਈ: ਬਹਾਉਣਾ ਕ੍ਰਿਯਾ ਦਾ ਭੂਤਕਾਲ। ੨. ਬਹਾਉੱਲਾ ਦਾ ਪੈਰੋ (ਅਨੁਗਾਮੀ). "BAHA- 'U'- LLAH. whose real name was Hussain Ali, was the son of the Prime Minister of Persia and was born in Tehran on 12th November, 1817 A. D. One Ali Mohamez better known as Bab had declared himself to be the harbinger of a new dispensation and his declaration had caused consternation among the Shia Moslem zivines of Persia as well as in other Moslem countries. He was publicly shot at Tabred in 1850. Baha- 'u'- llah had come unzer the influence of Bab and had to face terrible persecution when the followers were hunted like wild zogs. He was exilez from Persia with his family and reachez Baghzad in 1852. His son Abzul Baba, who passed away in 1921 came out, with him at the tenzer age of nine and never returned to Persia. After 12 years' exile in Baghzad, Baha- 'u'- llah was zeported to constantinople by the orders of the Sultan of Turkey and a few months later the whole party of 72 was stationed at Azrianople where their stay lasted for 4. years. In 1868 Baha'u'- llah and his family and followers were put in the prison of Acre, a place which was a Turkish penal Colony and where the worst criminals were sent to zie, so bad was the climate. Here at Acre, Baha- 'u'- llah had to pass the rest of his life and it was from this prison that his Message of Peace and Goozwill was projected, and it has now spread in all parts of the world. Baha- 'u'- llah passed away on the 28th May, 1992 after an exile and imprisonment of forty

years, but his eldest son Abbas Effenzi better known as Abzul Baha (or the Servant of Baha) was kept in the same prison for another 16 years, i. e. to say, he suffered exile and imprisonment for 56 years. He came out of Persia at the age of 9. and tasted freezom once again at the advanced old age of 63.

Abzul Baha settled down in Haifa in 1908 and remained there till his passing away in 1921 at the age of 76.

From 1811- 1913, Abzul Baha travellez in Europe and America, where he expounded to the people of the West the teachings of his father Baha- 'u'- llah." (The Bahai, Lahore, January 7, 1931)

੩. ਵਹਾਈ: ਜਮੀਨ ਵਾਹੁਣ ਦੀ ਕ੍ਰਿਯਾ। ੪. ਵਾਹੁਣ ਦੀ ਮਜ਼ਦੂਰੀ.

੨. ਭਾਈ ਸੰਤੋਖ ਸਿੰਘ ਨੇ ਬਹਾਦਰ ਸ਼ਾਹ ਦੇ ਜਨਮ ਸਮੇਂ ਬਾਬਾ ਰਾਮ ਰਾਇ ਜੀ ਦੇ ਜਪੁਜੀ ਪਾਠ ਦਾ ਜ਼ਿਕਰ ਕੀਤਾ ਹੈ. ਦੇਖੋ, ਗੁਪ੍ਰਸੂ ਦੀ ਰਾਸ਼ਿ ੯, ਅਃ ੪੮, ਪਰ ਬਹਾਦੁਰ ਸ਼ਾਹ ਦਾ ਜਨਮ ਸਨ ੧੬੪੩ ਵਿੱਚ ਅੰਤਰਾਮ ਰਾਇ ਜੀ ਦਾ ਸਨ ੧੬੪੫ ਵਿੱਚ ਹੋਇਆ ਹੈ.

੩. ਵਸੰਤ ਰਾਗ ਦੇ ਸੁਰਾਂ ਨਾਲ ਮਿਲੇ ਬਹਾਰ ਦੇ ਗੀਤ ਕਈ ਰਾਗਾਂ ਦੇ ਹੋਇਆ ਕਰਦੇ ਹਨ.

੪. ਅ. ਜੱਨਤ. ਖ਼ੁਲਦ, ਇਸਲਾਮ ਮਤ ਅਨੁਸਾਰ, ਮੋਮਿਨਾਂ ਨੂੰ ਕ਼ਯਾਮਤ ਪਿੱਛੋਂ ਖ਼ੁਦਾ ਦੇ ਹੁਕਮ ਨਾਲ ਪ੍ਰਾਪਤ ਹੋਣ ਯੋਗਜ ਉਹ ਲੋਕ ਜਿਸ ਵਿੱਚ ਹਰੀਆਂ ਟਾਹਣੀਆਂ ਨਾਲ ਢਕੀ ਜ਼ਮੀਨ, ਸ਼ਹਦ ਦੀਆਂ ਨਦੀਆਂ ਖਜੂਰ ਆਦਿ ਰਸਦਾਯਕ ਫਲ ਅਤੇ ਹੂਰਾਂ ਗਿਲਮਾਲ ਲਈ ਹਨ.

ਬਹਿਸ਼ਤੀ: ਸੁਰਗ ਦਾ। ੨. ਸੁਰਗ ਵਿੱਚ ਰਹਿਣ ਵਾਲਾ। ੨. ਮੱਕਾ. ਕਹਾਰ.

੮੨੮- ੧. ਬਹਿਰਾਮ ਸ਼ਾਹ: ਮੁਇੱਜ਼ੁਦੀਨ. ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰਃ ੬.

੨. ਮਹਿਮਾ ਪ੍ਰਕਾਸ਼ ਵਿੱਚ ਇਸ ਦਾ ਨਾਉਂ ਬਹਲੋਲ ਲਿਖਿਆ ਹੈ.

"ਬਹਲੋਲ ਲੀਆ ਬੁਲਾਇ।

ਗੁਰੁ ਚਰਨ ਲਾਗਾ ਆਇ."

੩. ਬਾਂਹ. ਬਾਂਹਾਂ. "ਯੌਂ ਕਹਿ ਕਾਨ੍ਹ ਗਹੀ ਬਹੀਆਂ." (ਕ੍ਰਿਸ਼ਨਾਵ)

੪. । ੪. ਬੁੰਜਾਹੀ ਖੱਤਰੀਆਂ ਦੀ ਇਕ ਜਾਤਿ.

੫. । ੫. ਲਾਹੌਰ ਨਿਵਾਸੀ ਇੱਕ ਖਤ੍ਰੀ ਸਿੱਖ ਜਿਸ ਦੇ ਘਰ ਭਾਈ ਬਿਧੀ ਚੰਦ ਜੀ ਖੋਜੀ ਬਣਨ ਸਮੇਂ ਠਹਿਰੇ, ਅਤੇ ਜਿਸ ਨੇ ਹਿੰਦੋਸਤਾਨੀ ਪੋਸ਼ਾਕ ਤਿਆਰ ਕਰਾਕੇ ਦਿੱਤੀ ਸੀ. ਦੇਖੋ, ਬਜਾਜੀ.

੧. ਮਦਰਾਸ ਛਪੇ ਇੱਕ ਮਹਾਭਾਰਤ ਵਿੱਚ ਇਹ ਕਥਾ ੩੬ ਵੇਂ ਅਧਜਾਯ ਅੰਦਰ ਆਈ ਹੈ.

੨. "ਇੱਕ ਬਾਗ ਬਕਾਇਣ ਤਹਾਂ ਲਗਾਏ." (ਮਹਿਮਾ ਪ੍ਰਕਾਸ਼)

੧. ਅਬਜਦ ਦੇ ਹਿਸਾਬ ਹਿਜਰੀ ਸੰਨ ੯੧੭ ਨਿਕਲਦਾ ਹੈ, ਜੋ ਸੰਮਤ ੧੫੬੮ ਬਿਕ੍ਰਮੀ ਅਤੇ ਸਨ ੧੫੧੧ ਈਸਵੀ ਬਣਦਾ ਹੈ.

੨. "ਬਾਇ ਹ੍ਵੈ ਬਘੂਲਾ ਬਾਇ ਮੰਡਲ ਫਿਰੈ ਤੇ ਕਹਾਂ?" (ਭਾਗੁਕ)

੧. "ਬੁਲ੍ਹਾ ! ਸ਼ਹੁ ਦਾ ਇਸ਼ਕ ਬਘੇਲਾ ਰੱਤ ਪੀਂਦਾ ਗੋਸ਼ਤ ਚਰਦਾ." (ਬੁਲ੍ਹੇ ਸ਼ਾਹ)

੨. । ੩. ਬਚਾਉ. ਰਖਯਾ. "ਕਿਹ ਬਿਧਿ ਬਚਨ ਹੋਇ ਤਬ ਨਾਹੀਂ." (ਨਾਪ੍ਰ)

੩. ਬਜਾਜੀ: ਬਜ਼ਾਜ਼ ਦੀ ਕਿਰਤ. ਕੱਪੜਾ ਵੇਚਣ ਦਾ ਕੰਮ. "ਪਤ੍ਰੀ ਸਿੱਖ ਬਹੋੜਾ ਨਾਮੂ। ਕਰੈ ਬਜਾਜੀ ਕੋ ਬਹੁ ਕਾਮੂ."(ਗੁਪ੍ਰਸੂ)

੧. ਬਾਜ ਸਿੰਘ ਅਤੇ ਫਤੇ ਸਿੰਘ ਨਾਲ ਜੰਗ ਕਰਦਾ ਬਹਰਾਮਪੁਰ ਪਾਸ ਮਾਰਿਆ ਗਿਆ.

੨. ਬੱਜ: ਕਲੰਕ. ਦਾਗ. ਧੱਬਾ. ਐਬ.

੩. ਹੀਰਾ. "ਜਰੇ ਬਜ੍ਰ ਕੰਕਨ ਕਰ ਧਰੈ." (ਗੁਪ੍ਰਸੂ)

੪. "ਮਾਰ ਹੋਂ ਬਾਜ ਜੈਸੇ ਬਟੇਰੇ." (ਰਾਮਾਵ)

੫. ੧੫੦੦ ਤੋਂ ੨੫੦੦ ਫੁੱਟ ਦੀ ਬਲੰਦੀ ਤੱਕ ਬਟੰਕ ਫਲ ਵਿਸ਼ੇਸ਼ ਹੋਇਆ ਕਰਦੇ ਹਨ.

੧. ਅਰ ਖ਼ਾਲਸਾ ਹਾਈ ਸਕੂਲ ਅਤੇ ਬੋਰਡਿੰਗ ਬਣਾ ਕੇ ਇਲਾਕੇ ਦੇ ਸਿੱਖਾਂ ਤੇ ਭਾਰੀ ਉਪਕਾਰ ਕੀਤਾ ਹੈ.

੨. ਬਤ ਰਸ: ਬਾਤਾਂ (ਗੱਲਾਂ) ਦਾ ਰਸ. "ਬਤ ਰਸ ਕੇ ਲਾਲਚ ਤਬ ਲਾਏ." (ਗੁਪ੍ਰਸੂ)

੮੩੫- ੧. ਬੱਤਾ: ਵਰਾਂਡੇ ਅਤੇ ਟੀਨ ਫੂਸ ਆਦਿ ਦੀ ਛੱਤ ਹੇਠ ਪਾਇਆ ਪਤਲਾ ਬਾਲਾ। ੨. ਖਤ੍ਰੀਆਂ ਦਾ ਇੱਕ ਗੋਤ.

੨. "ਬਗ਼ੈਰ ਬਦਟੱਕ਼ਾਏ ਇਸ਼ਕ ਕੈ ਰਸੀ ਬਾ ਦੋਸ੍ਤ?" (ਦੀਵਾਨ ਗੋਯਾ)

੩. ਬਦਿਤ: ਵਦਿਤ. ਆਖਿਆ ਹੋਇਆ. ਕਬਿਤ। ੨. ਵਾਦਿਤ੍ਰ. ਵਾਜਾ. "ਤੰਤ ਬਦਿਤ ਕੋ ਭਵ ਗੁਨ ਦੀਨੋ." (ਨਾਪ੍ਰ)

੪. "ਨੇਕੀ ਬਦੀ ਨ ਲੁਕੈ ਲੁਕਾਈ." (ਭਾਗੁ)

੫. ਬਦੋਵਾਲ: ਜਗਰਾਵਾਂ ਤੋਂ ੧੮. ਮੀਲ ਇੱਕ ਪਿੰਡ ਜਿਸ ਥਾਂ ੨੧. ਜਨਵਰੀ ਸਨ ੧੮੪੬ ਨੂੰ ਸਰਦਾਰ ਰਨਜੋਰ ਸਿੰਘ ਦੀ ਕਮਾਣ ਹੇਠ ਸਿੱਖ ਫ਼ੌਜ ਦੀ ਅੰਗ੍ਰੇਜ਼ਾਂ ਨਾਲ ਛੇੜਛਾੜ ਹੋਈ.

੮੩੭- ੧. ਬੱਦੋ ਦੀ ਗੁਸਾਈਆਂ: ਦੇਖੋ, ਜਸਪਤਿ ਦੀਵਾਨ.

੨. । ੩. ਪੰਜਾਬੀ ਵਿੱਚ ਖੱਸੀ ਬੈਲ ਨੂੰ ਭੀ ਬਧੀਆ ਆਖਦੇ ਹਨ.

੩. "ਲਪਕੈਂ ਝਪਕੈਂ ਬੜਵਾਨਲ ਕੀ ਚਮਕੈਂ ਮਨੋ ਬਾਰਿਧਿ ਕੇ ਬਨ ਮੇ." (ਚਰਿਤ੍ਰ ੧)

੪. "ਜਨੁ ਬਨ ਥਨਜਹਿ ਹਨਜੋ ਤੁਥਾਰੂ." (ਨਾਪ੍ਰ) ਮਾਨੋ ਕਮਲਾਂ ਦੇ ਬਾਗ਼ ਨੂੰ ਬਰਫ਼ ਨੇ ਮਾਰ ਦਿੱਤਾ ਹੈ।

੧. । ੮. ਸੰ. ਵਨ੍ਹਨੀ ਲਈ ਭੀ ਬਨੀ ਸ਼ਬਦ ਪੰਜਾਬੀ ਵਿੱਚ ਹੈ.

੨. ਜਿਸ ਨੇ ਵਮਨ (ਕ਼ਯ) ਕੀਤੀ ਹੈ। ੨. ਵਮਨ ਕੀਤੀ ਹੋਈ. ਉਗਲੀ ਹੋਈ ਵਸਤੁ.

੮੪੧- ੧. ਬਰਣ ਰੂਪਾ: ਅੱਖਰ ਰੂਪ ਸਰਸ੍ਵਤੀ. "ਬਰਣ ਰੂਪ ਕੋ ਬਰਣ ਸਰ." (ਗੁਪ੍ਰਸੂ)

੨. ਬਰਤ ਬਰਨ: ਵਰੁਣ ਦੇਵਤਾ ਦੀ ਫ਼ਾਹੀ (ਵਤ੍ਰੰਵਰੁਣ). "ਬਰਤ ਬਰਨ ਕੋ ਨਿਵਾਰਤ ਨਿਹਾਰ ਹੈ." (ਹਜੂਰੀ ਕਵਿ) ਦਸ਼ਮੇਸ਼ ਦੀ ਤਲਵਾਰ ਵਰੁਣ ਦੀ ਫਾਹੀ ਨੂੰ ਪਰੇ ਸੁਟਦੀ ਵੇਖੀਦੀ ਹੈ. ਇਸ ਦਾ ਪਾਠ ਕਈ ਕਰਦੇ ਹਨ. "ਬਰਤਬਰਨ ਕੋ ਨਿਵਾਰਤ."

੩. ਬਰਤਰਫ਼ੀ: ਸੰਗਯਾ- ਅਲ- ਹਿਦਗੀ. ਮੌਕੂਫ਼ੀ.

੧. । ੧੦. ਬੜਨ (ਵੜਨ) ਲਈ ਭੀ ਇਹ ਸ਼ਬਦ ਆਇਆ ਹੈ. "ਚਹਤ ਬਰਨ ਕੋ ਜੋਰਤੇ." (ਗੁਪ੍ਰਸੂ) ੧੧. ਬਲਨ(ਜਲਨ) ਲਈ ਭੀ ਇਹ ਸ਼ਬਦ ਵਰਤਿਆ ਹੈ. "ਜਿਮਿ ਬਾਲਕ ਪਿਖਿਰੂਪ ਅਗਨਿ ਕੋ। ਬਰਨ ਚਹੈ ਨਹਿ ਲਖੈ ਬਰਨ ਕੋ." (ਗੁਪ੍ਰਸੂ)

੨. ਬਰਨ ਦੋਸੀ: ਵਰੁਣ ਦ੍ਵੇਸ਼ੀ ਜਾਤਿ ਦਾ ਵੈਰੀ.

੩. ਸੰਗਯਾ- ਸ਼ਿਵਾ। ੨. ਯੁੱਧ। ੩. ਪਿੱਤ ਪਾਪੜਾ। ੪. ਵਿ- ਨੀਚ.

੧. "ਸੰਗਯਾ- ਸ਼ਿਵ। ੨. ਯੁੱਧ।੩ ਪਿੱਤ ਪਾਪੜ। ੪. ਵਿ- ਨੀਚ.

੧. "ਬਰੀ ਤਤਕਾਲ ਨਿਕੇਤੂ." (ਨਾਪ੍ਰ)

੨. । ੨. ਇੱਕ ਬ੍ਰਿਛ. ਬਰੁਨਾ. ਬਰਨਾ. ਬਲਾਸੀ. ਇਸ ਦੀ ਲੱਕੜ ਦੇ ਢੋਲ ਸਾਰੰਗੀ ਆਦਿ ਸਾਜ਼ ਚੰਗੇ ਬਣਦੇ ਹਨ.

੩. ਬਰੁਣਾਲਯ, ਬਰਣਾਲੈ: ਵਰੁਣ ਦਾ ਘਰ ਸਮੁੰਦਰ.

੪. ਇਹ ਅੰਬਾਲਾ ਛਾਵਨੀ ਤੋਂ ੨੨੭ ਮੀਲ ਹੈ. ਆਬਾਦੀ ੧੨੭, ੯੩੯ ਹੈ. ਰਾਇਬਰੇਲੀ ਇਸ ਤੋਂ ਭਿੰਨ ਹੈ, ਜੋ ਲਖਨਊ ਤੋਂ ੪੮ ਮੀਲ ਹੈ.

੫. "ਬਰੰਬ੍ਰੂਹਿ ਕੋਟਿ ਮੱਧੇ ਕੋਈ ਹੈ." (ਭਾਗੁਕ) ਵਿਰਲੇ ਨੂੰ ਆਖਿਆ ਜਾਂਦਾ ਹੈ ਕਿ ਮਨ ਭਾਉਂਦਾ ਵਰ ਮੰਗ.

੬. ਨੀਤਿ ਗ੍ਰੰਥਾਂ ਵਿੱਚ ਪੰਜ ਬਲ ਲਿਖੇ ਹਨ- ਸ਼ਰੀਰਿਕ ਬਲ, ਧਰਮ ਬਲ, ਵਿਦਯਾ ਬਲ, ਨੀਤਿ ਬਲ ਅਤੇ ਸਾਮਾਜਿਕ ਬਲ.

੭. ਦੇਖੋ, ਬਲਹਾ। ੧੮. ਕਾਸ਼. ਜਲਦਾ ਪ੍ਰਵਾਹ. ਸੋਮਾ. ਜੇਹਾ ਕਿ ਅੱਛਾ ਬਲ, ਮਾਨਸ ਬਲ, ਗੰਦਰਬਲ ਆਦਿਕ.

੮. । ੪. ਨਸ਼ੀਲਾ ਪਦਾਰਥ.

੯. "ਧਸ ਅੰਗ ਜਥਾ ਬਲਮੀਕ ਮਾਰ." (ਗੁਪ੍ਰਸੂ)

੧. ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਮਰਦਾਨੇ ਦੇ ਦੇਹਾਂਤ ਹੋਣ ਪੁਰ ਬਲਵੰਡ ਗੁਰੂ ਨਾਨਕ ਦੇਵ ਦੇ ਦਰਬਾਰ ਕਰਤਾਰ ਪੁਰ ਕੀਰਤਨ ਕਰਦਾ ਰਿਹਾ. "ਬਲਵੰਡ ਭਜਨ ਕਰੈ ਪ੍ਰਭ ਭਾਵੈ! ਕੀਰਤਨ ਕਰ ਪਹਰੇਕ ਬਿਤਾਵੈ. '

੨. ਬਲਾਕ: ਵਕ. ਦੇਖੋ, ਬਲਾਕਾ ੩. ਅਤੇ ਸੂਰਪਨਖਾ.

੩. ਆਪਣੀ ਕੁਰਬਾਨੀ ਦੇਣੀ ਪਹਿਲਾਂ ਬਲਿਦਾਨ ਸੀ. ਫੇਰ ਆਪਣੀ ਥਾਂ ਪਸ਼ੂ ਆਦਿ ਕੁਰਬਾਨ ਕਰਨ ਦੀ ਰੀਤਿ ਪਈ. ਪੁਰਾਣੇ ਸਮੇ ਬਲਿਦਾਨ ਦਾ ਵੱਡਾ ਪ੍ਰਚਾਰ ਸੀ, ਇੱਥੋਂ ਤਕ ਕਿ ਮਨੁੱਖ ਦੀ ਬਲੀ (ਨਰਬਲਿ) ਦਿੱਤੀ ਜਾਂਦੀ ਸੀ. ਇਸ ਸੰਬੰਧ ਵਿੱਚ ਦੇਖੋ, ਸ਼ੁਨਹ ਸੇਫ਼ ਦੀ ਕਥਾ, ਰਿਗਵੇਦ ਮੰਡਲ ੧, ਮੰਤ੍ਰ ੨੪, ੨੫, ੨੭ ਅਤੇ ਮੰਡਲ ੫, ਮੰਤ੍ਰ ੨. ਇਸਤ੍ਰੀ ਭੀ ਕੁਰਬਾਨ ਕੀਤੀ ਜਾਂਦੀ ਸੀ. ਦੇਖੋ, ਸ਼ਕਲ ਯਜੁਰਵੇਦ, ਅਧਯਾਯ ੩੦ ਮੰਤ੍ਰ ੫. ਅਤੇ ਮੰਤ੍ਰ ੨੦. ਦੇਵਤਿਆਂ ਲਈ ਵੱਖ ਵੱਖ ਪਸ਼ੂ ਭੀ ਕੁਰਬਾਨੀ ਲਈ ਲਿਖੇ ਹਨ, ਜਿਵੇਂ- ਬ੍ਰਹਮਾ ਵਾਸਤੇ ਸ਼ੇਰ, ਵਿਸ਼ਨੁ ਲਈ ਡੱਬਾ ਬੱਕਰਾ, ਸ਼ਿਵ ਲਈ ਘੋੜਾ, ਭੈਰਵ ਲਈ ਸੂਰ, ਗਣੇਸ਼ ਲਈ ਰਿੱਛ, ਵ੍ਰਿਹਸਪਤਿ ਲਈ ਗਾਂ, ਕਾਮਦੇਵ ਲਈ ਕੋਇਲ, ਸਰਸ੍ਵਤੀ ਵਾਸਤੇ ਮੀਢਾ, ਇਤਯਾਦਿ.

੪. ਅਨਿਕਤਤ੍ਵ: ਅਤੇ ਕਾਲਿਕਾ ਪੁਰਾਣ ਵਿੱਚ ਦੇਵਤਿਆਂ ਨੂੰ ਵੱਖ ਵੱਖ ਬਲਿਦਾਨ ਲਿਖਿਆ ਹੈ, ਜਿਵੇਂ ਸੂਰਜ ਨੂੰ ਗੁੜ ਨਾਲ ਰਿੱਧੇ ਚਾਉਲ, ਚੰਦ੍ਰਮਾ ਨੂੰ ਦੁੱਧ, ਮੰਗਲ ਨੂੰ ਜੌਂ ਦੇ ਸੱਤੂ, ਬੁੱਧ ਨੂੰ ਖੀਰ, ਵ੍ਰਿਹਸਪਤਿ ਨੂੰ ਦਹੀਂ ਚਾਉਲ, ਸ਼ੁਕ੍ਰ ਨੂੰ ਘੀ- ਚਾਉਲ, ਸ਼ਨੀ ਨੂੰ ਖਿਚੜੀ, ਰਾਹੂ ਨੂੰ ਬੱਕਰੇ ਦਾ ਮਾਸ, ਕੇਤੁ ਨੂੰ ਚਿੱਤਲ ਦਾ ਮਾਸ ਅਤੇ ਚਾਉਲ,

ਦੁਰਗਾ ਨੂੰ ਲਹੂ ਦੀ ਬਲੀ ਦੇਣੀ ਉੱਤਮ ਲਿਖੀ ਹੈ, ਜਿਸ ਦਾ ਨਿਰਣਾ ਇਉਂ ਹੈ- ਮੱਛੀ ਅਤੇ ਕੱਛੂ ਦੇ ਲਹੂ ਦੇਣ ਤੋਂ ਦੇਵੀ ਇੱਕ ਮਹੀਨਾ, ਮਗਰਮੱਛ ਦੇ ਲਹੂ ਤੋਂ ਤਿੰਨ ਮਹੀਨੇ, ਮਿਰਗ ਅਤੇ ਮਨੁੱਖ ਦੇ ਖ਼ੂਨ ਤੋਂ ਅੱਠ ਮਹੀਨੇ, ਗੋਹ ਦੇ ਲਹੂ ਤੋਂ ਇੱਕ ਵਰ੍ਹਾ, ਕਾਲੇ ਮ੍ਰਿਗ ਅਤੇ ਸੂਰ ਦੇ ਲਹੂ ਤੋਂ ਬਾਰਾਂ ਵਰ੍ਹੇ, ਸ਼ੇਰ ਦੇ ਲਹੂ ਤੋਂ ਪੱਚੀ ਵਰ੍ਹੇ ਅਤੇ ਆਪਣੇ ਲਹੂ ਦੀ ਬਲਿ ਦੇਣ ਤੋਂ ਹਜ਼ਾਰ ਵਰ੍ਹੇ ਤ੍ਰਿਪਤ ਰਹਿੰਦੀ ਹੈ.

੫. ਬਲੂਗ਼ਤ: ਯੁਵਾ ਅਵਸਥਾ ਨੂੰ ਪੁੱਜਣ ਦਾ ਭਾਵ. Majority.

੧. ਬੱਲੇ: ਵਜ. ਵਾਹਵਾ ! ਖੂਬ ! ਦੇਖੋ, ਮਾਲ ਕੌਸ ਕੀ ਵਾਰ ੨

੨. ਦਸ਼ਮ ਗ੍ਰੰਥ ਦੇ ਅਲਗ ਅਲਗ ਹਿੱਸੇ ਦਸ਼ਮ ਗ੍ਰੰਥ ਦਾ ਪਾਠ ਜੋ ਦੇਖੀਦਾ ਹੈ, ਇਸ ਵਿੱਚ ਬਹੁਤਾ ਹਿੱਸਾ ਵਿਦਜਾ ਸਾਗਰ ਗ੍ਰੰਥ ਦਾ ਹੈ. ਮਹਿਮਾ ਪ੍ਰਕਾਸ਼ ਗ੍ਰੰਥ ਵਿੱਚ (ਜੋ ਸੰਮਤ ੧੮੩੩ ਵਿੱਚ ਬਣਿਆ ਹੈ) ਲੇਖ ਹੈ:-

ਨਨੂਆ ਬੈਰਾਗੀ ਸ਼ਜਾਮ ਕਵਿ ਬ੍ਰਹਮ ਭਾਟ ਜੋ ਆਹਿ, ਭਾਈ ਨਿਹਚਲ ਦਾਸ ਪੁਨਿ ਵਡੇ ਗੁਨਿਨ ਗਨ ਤਾਹਿ, ਅਵਰ ਕਿਤਿਕ ਤਿਨ ਨਾਮ ਨ ਜਾਨੇ, ਲਿਖੇ ਸਗਲ ਪੁਨਿ ਕਰੋਂ ਬਖਾਨੋ, ਚਾਰ ਵੇਦ ਦਸ ਅਸਟ ਪੁਰਾਨ, ਛੇ ਸਾਸਤ੍ਰ ਸਿਮ੍ਰਿਤਿ ਮਤ ਮਾਨ, ਚੌਬੀਸ ਅਵਤਾਰ ਕੀ ਭਾਖਾ ਕੀਨ, ਚਾਰ ਸੌ ਚਾਰ ਚਰਿਤ੍ਰ ਨਵੀਨ, ਭਾਖਾ ਬਨਾਇ ਪ੍ਰਭੁ ਸ੍ਰਵਨ ਕਰਾਈ, ਭਏ ਪ੍ਰਸੰਨ ਸਤਿਗੁਰ ਮਨਿ ਭਾਈ, ਸੰਸਕ੍ਰਿਤ ਸਭ ਭਾਖਾ ਕਰੀ, ਵਿਦਜਾ ਸਾਗਰ ਗ੍ਰੰਥ ਪਰ ਚੜ੍ਹੀ."

੩. ਦੇ ੬੨ ਪੱਤੇ ਭਾਈ ਸੰਤੋਖ ਸਿੰਘ ਜੀ ਨੂੰ ਆਨੰਦ ਪੁਰੋਂ ਮਿਲੇ, ਜਿਨ੍ਹਾਂ ਵਿੱਚੋਂ ਚੁਣ ਕੇ ਕੁਛ ਕਵਿਤਾ ਕਵੀ ਜੀ ਨੇ ਪੰਜਵੀਂ ਰੁੱਤ ਦੇ ਅਧਜਾਯ ੫੧ ਅਤੇ ੫੨ ਵਿੱਚ ਦਿੱਤੀ ਹੈ.

੪. "ਬਾਹਠ ਪੱਤੇ ਤੇ ਰਹੇ ਮਿਲੇ ਅਨੰਦ ਪੁਰਮਾਹਿ, ਨਿਤ ਤੇ ਲਿਖੇ ਕਬਿੱਤ ਇਹ, ਗੁਰੁ ਯਸ਼ ਵਰਨਯੋ ਜਾਹਿ."

੫. ਬੜੌਦਾ: ਬੰਬਈ ਤੋਂ ੨੫੦ ਮੀਲ ਉੱਤਰ ਇੱਕ ਦੱਖਣੀ ਹਿੰਦੂ ਰਿਆਸਤ, ਜਿਸ ਦਾ ਰਕਬਾ ੮੧੮੨ ਵਰਗ ਮੀਲ ਹੈ. ਆਬਾਦੀ ੨੧੨੧੮੭੫ ਹੈ. ਰਾਜਧਾਨੀ ਬੜੌਦਾ ਸ਼ਹਿਰ ਦੀ ਵਸੋਂ ੯੪੭੪੨ ਹੈ. ਰਾਜਵੰਸ਼ ਦੀ ਉਪਾਧੀ ਗਾਯਕਵਾੜ ਹੈ.

੬. ਬੜ੍ਹਤਾ: ਵਧਦਾ. ਵਿੱਧਿ ਨੂੰ ਪ੍ਰਾਪਤ ਹੋਂਦਾ। ੨. ਸੰਗਜਾ- ਵਿੱਧਿ ਤਰੱਕੀ. "ਤਿਨ ਸੇ ਬਨਜ ਕੀਏ ਬੜ੍ਹਤਾ ਨ ਪਾਵੈ ਕੋਉ." (ਭਾਗੁਕ)

੭. ਬਉਨਾ: ਵਾਮਨ. ਬੌਨਾ. ਛੋਟੇ ਕੱਦ ਦਾ.

੮. ਬਾਊ: ਵਾਯੁ. ਪੌਣ. ਹਵਾ. "ਸੀਤ ਲਗੇ ਜਲ ਬਊ" (ਗੁਪ੍ਰਸੂ)

੯. ਅ. ਬਾਯਅ਼. ਵਿ- ਵੇਚਣ ਵਾਲਾ. ਖ਼ਰੀਦਣ ਵਾਲਾ.

੧੦. ਬਾਇ ਮੰਡਲ: ਵਾਯੁ ਮੰਡਲ. ਆਕਾਸ਼. ਦੇਖੋ, ਬਘੂਲਾ.

੧. ਅਰ ਲਹੂ ਸਾਫ ਕਰਨ ਲਈ ਇਸਦੇ ਫੁੱਲ ਛਿੱਲ ਜੜ ਬਹੁਤ ਗੁਣਕਾਰੀ ਮੰਨੇ ਗਏ ਹਨ. ਇਸਦਾ ਨਾਮ ਅੜੂਸਾ ਭੀ ਹੈ. Azhatoza Vasical। ੩. ਨੱਕ ਦੀ ਹੱਡੀ The bridge of the nose। ੪. ਨੱਕ. ਨਾਸਿਕਾ. ਇਸ ਦਾ ਮੂਲ ਸੰਸਕ੍ਰਿਤ "ਵਾਸਾਸ਼ਯ" ਹੈ.

੮੪੮- ੧. ਬਾਹਤੀ: ਰਾਜਪੂਤਾਂ ਤੋਂ ਪਤਤਿ ਹੋਈ ਇੱਕ ਜਾਤਿ, ਜਿਸ ਨੂੰ ਚਾਂਗ ਭੀ ਆਖਦੇ ਹਨ. ਇਹ ਮਜ਼ਦੂਰਾਂ ਦਾ ਅਤੇ ਖੇਤੀ ਦਾ ਕੰਮ ਭੀ ਕਰਦੇ ਹਨ. "ਕਿਤਕ ਬਾਹਤੀ ਔਰ ਚਮਾਰ." (ਗੁਵਿ ੧੦)

੨. ਬਾਹਿਕਾ: ਸੰ. ਵਾਹਿਕਾ. ਢੋਣ ਵਾਲੀ. ਲੈ ਜਾਣ ਵਾਲੀ। ੨. ਭਾਈ ਸੰਤੋਖ ਸਿੰਘ ਨੇ ਪਰਾਣ ਵਾਹਿਕਾ ਨਾੜੀ ਲਈ ਭੀ ਬਾਹਿਕਾ ਸ਼ਬਦ ਵਰਤਿਆ ਹੈ. "ਗਏ ਕਾਨ ਪੂਰੇ ਤਥਾ ਬਾਹਿਕਾ ਮੇ." (ਗੁਪ੍ਰਸੂ) ਗਰਦ ਪ੍ਰਾਣ ਨਾੜੀ ਵਿੱਚ ਚਲੀ ਗਈ.

੩. ਬਾਹੁਲੀ: ਆਸਤੀਨ (Sleeve) ੨. ਬਹੁਲੀ. ਦੇਖੋ, ਖੀਸ ੪.

੮੪੯- ੧. ਬਾਕਬੰਕੇ: ਵਾਣੀ ਦੇ ਅਲੰਕਾਰ ਰੂਪ ਨੂੰ. ਦੇਖੋ, ਆਸ ੪.

੨. ਬਾਕੁਰੀ, ਬਾਕੁਲੀ: ਦੇਖੋ, ਬਕੁਲੀ ੨.

ਬਾਕੂ: ਕਾਲੇ ਸਮੁੰਦ੍ਰ (Black Sea). ਦੇ ਕਿਨਾਰੇ ਰੂਸ ਰਾਜ ਦਾ ਪ੍ਰਸਿੱਧ ਸ਼ਹਰ, ਜੋ ਕਿਸੇ ਸਮੇਂ ਫ਼ਾਰਸ ਰਾਜ ਵਿੱਚ ਸੀ. ਸਨ ੧੮੦੬ ਵਿੱਚ ਇਹ ਰੂਸ ਦੀ ਹੁਕੂਮਤ ਅੰਦਰ ਆਇਆ. ਇਹ ਤਜਾਰਤ ਲਈ ਮਸ਼ਹੂਰ ਬੰਦਰਗਾਹ. ਇੱਥੇ ਗੁਰੂ ਨਾਨਕ ਦੇਵ

ਦਾ ਗੁਰਦ੍ਵਾਰਾ ਉਦਾਸੀ ਸਾਧੁ ਨੇ ਬਣਾਯਾ ਹੈ, ਜਿਸ ਉੱਪਰ ਇਹ ਇਬਾਰਤ ਅੰਕਿਤ ਹੈ:-

"ੴ ਸਤਿਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ ਅਕਾਲ ਮੂਰਿਤ

ਅਜੂਨੀ ਸੈਭੰ ਗੁਰ ਪ੍ਰਸਾਦਿ। ਜਪੁ।

ਆਦਿ ਸਚੁ। ਜੁਗਾਦਿ ਸਚੁ। ਹੈ ਭੀ ਸਚੁ।

ਨਾਨਕ ਹੋਸੀ ਭੀ ਸਚੁ। ਸਤਿਗੁਰ ਪ੍ਰਸਾਦਿ। ਬਾਬਾ ਜਾਟੂ ਸਾਹਿਬ ਜਿਸ ਕਾ ਚੇਲਾ ਤਾਗੂ ਸਾਹਿਬ ਕਾ ਬਾਬਾ ਬੰਕੇਸ਼ਾਹ ਜਿਸਕਾ ਚੇਲਾ ਲਾਭੂ ਸ਼ਾਹ ਧਰਮ ਕੀ ਜਗਾ ਬਣਾਈ ਸੰਮਤ ੧੯੭੦।" ਬਾਕੂ ਵਿੱਚ ਕਰਤਾ ਰਾਮ ਉਦਾਸੀ ਦਾ ਬਣਾਯਾ ਇਕ ਹੋਰ ਗੁਰੁਦ੍ਵਾਰਾ ਭੀ ਹੈ, ਜਿਸ ਦੀ ਦੀਵਾਰ ਵਿੱਚ ਇਹ ਇਬਾਰਤ ਹੈ- " ੴ ਸਤਿਨਾਮੁ

ਕਰਤਾ ਪੁਰੁਖ ਨਿਰਭਉ ਨਿਰਵੈਰ

ਅਕਾਲ ਮੂਰਿਤ ਅਜੂਨੀ ਸੈਭੰ ਗੁਰ

ਪ੍ਰਸਾਦਿ ਵਾਹਿਗੁਰੂ ਜੀ ਸਹਾਇ ਬਾਬਾ ਟਗ ਦਾਸ ਬੰਗੇ ਵਾਲੇ ਕਾ ਚੇਲਾ ਮੇਲਾ ਰਾਮ ਜਿਸ ਕਾ ਚੇਲਾ ਕਰਤਾ ਰਾਮ ਉਦਾਸੀ ਜੁਆਲਾ ਜੀ ਧਰਮ ਕੀ ਜਗਾ ਬਨਾਈ ਗਈ।"

੩. "ਕੰਧੇ ਪੈ ਕਮਾਨ ਏਕ ਪਾਨ ਗਹੀ ਬਾਗ ਤਾਨ." (ਵਾਲਮੀਕੀ ਰਾਮਾਯਣ, ਭਾਈ ਸੰਤੋਖ ਸਿੰਘ)

੧. ੨. ਵੱਜੀ. "ਤੁਰਮ ਤਬ ਤੁਰਨ ਬਾਜੀ. (ਗੁਪ੍ਰਸੂ) ੩. ਅਰਬੀ ਬਅ਼ਜ਼ ਦੀ ਥਾਂ ਭੀ ਇਹ ਸ਼ਬਦ ਪੰਜਾਬੀ ਵਿੱਚ ਵਰਤੀਦਾ ਹੈ. "ਬਾਜੀ ਬਾਜੀ ਵੇਰ ਲਰਜੋ." (ਗੁਪ੍ਰਸੂ)

੯੫੨- ੧. ਬਾਤਪੋਥ: ਸੰ. ਵਾਤਪੋਥ. ਪਲਾਸ. ਢੱਕ.

੨. ਬਾਦਤ: ਵਾਦ ਕਰਦਾ. ਝਗੜਦਾ. "ਗੁਰੁ ਸੋਂ ਬਾਦਤ ਹੋਇ." (ਗੁਪ੍ਰਸੂ)

੩. । ੨. ਬਾਦਹ (ਸ਼ਰਾਬ) ਦਾ ਸਾਰ ਰੂਪ. ਨਸ਼ੇ ਨੂੰ ਨਸ਼ਾ ਦੇਣ ਵਾਲਾ. ਨਾ ਉਤਰਣ ਵਾਲੀ ਮਹਾ ਮਦਿਰਾ.

੧. "ਯਕੈ ਬਾਨੂਏ ਬੂਦ ਓ ਹਮਚੁ ਮਾਹ." (ਹਕਾਯਾਤ)

੨. ੫ ਦਰਵੇਸ਼ ਬਾਬ, ਜਿਸ ਦਾ ਨਾਉਂ ਅਲੀਮੁਹੰਮਦ ਸੀ, ਸ੍ਰੀਰਾਜ ਸਿੰਘ ਸਨ ੧੯੧੯ ਵਿੱਚ ਜਨਮਿਆ ਅਤੇ ੯. ਜੁਲਾਈ ਸਨ ੧੮੫੦ ਨੂੰ ਕਾਰਜ ਦੇ ਵਜ਼ੀਰ ਦੇ ਹੁਮਕ ਨਾਲ ਤਬਰੇਜ਼ ਦੇ ਮਕਾਮ ਸਿਪਾਹੀਆਂ ਨੇ ਗੋਲੀਆਂ ਨਾਲ ਛਾਣ ਸੁੱਟਿਆ. ਬਹਾਉੱਲਾ ਇਸੇ ਸੰਤ ਦਾ ਮੁਰੀਦ ਸੀ. ਦੇਖੋ ਬਹਾਈ ੨.

੩. "ਤਬ ਬਾਬਕ ਨੇ ਡੰਭ ਪਲੀਤਾ." (ਗੁਪ੍ਰਸੂ)

੪. ਅਤੇ ਨੂਰ ਅਫ਼ਸ਼ਾਂ (ਆਰਾਮ ਬਾਗ਼) ਵਿੱਚ ਦਫਨ ਕੀਤਾ ਗਿਆ. ਕੁਝ ਚਿਰ ਪਿਛੋਂ ਇਸ ਦੀਆਂ ਹੱਡੀਆਂ ਕਾਬੁਲ ਲੈ ਜਾ ਕੇ ਸ਼ਹਰ ਤੋਂ ਇੱਕ ਮੀਲ ਪੱਛਮ ਗੱਡ ਕੇ ਇੱਕ ਸੁੰਦਰ ਮਕਬਰਾ ਬਣਾਇਆ ਗਿਆ. ਇਸ ਬਾਦਸ਼ਾਹ ਨੂੰ ਬਾਗ਼ਾਂ ਦਾ ਵੱਡਾ ਸ਼ੌਕ ਸੀ. ਇਸ ਨੇ ਸਮਰਕੰਦ ਕਾਬੁਲ ਆਦਿ ਥਾਵਾਂ ਤੋਂ ਫਲਦਾਰ ਬਿਰਛ ਲਿਆ ਕੇ ਹਿੰਦੁਸਤਾਨ ਵਿੱਚ ਬਹੁਤ ਲਗਵਾਏ. ਤੁਰਕੀ ਬੋਲੀ ਵਿੱਚ ਬਾਬਰ ਨੇ ਆਪਣਾ ਜੀਵਨ ਆਪ ਲਿਖਿਆ ਹੈ ਜਿਸ ਦਾ ਨਾਉਂ ਤੁਜ਼ਕੇ ਬਾਬਰੀ ਹੈ.

੫. ਬਾਬਰ ਦਾ ਸਜਰਾ ਇਹ ਹੈ ::-

ਤੈਮੂਰ ਬੇਗ (ਤਿਮਰਲੰਗ)

।

ਮੀਰਾਂ ਸ਼ਾਹ

।

ਮਹੰਮਦ ਮਿਰਜ਼ਾ

।

ਅਰੁਸੈਚ

।

ਉਮਰ ਸ਼ੇਖ

।

ਬਾਬਰ

ਬਾਬਰ ਵੱਡਾ ਉੱਦਮੀ ਅਤੇ ਕਸ਼ਟ ਝੱਲਣ ਵਾਲਾ ਸੀ. ਸਮੇਂ ਦੀ ਰਾਜਨੀਤਿ ਦਾ ਪੂਰਾ ਜਾਣੂ ਅਤੇ ਚਤੁਰ ਸੀ. ਤੁਜ਼ਕੇ ਬਾਬਰੀ ਦਾ ਉਲਥਾਕਾਰ (John Leyze) ਲਿਖਦਾ ਹੈ:-

"Upon the whole if we review with impartiality the history of Aisa, we shall find few princes who are entitlez to rank higher than Babur in genius and accomplishments. His grandson Akbar may perhaps be placed above him for profound and benevolent policy. The crookez artifice of Aurangzeb is not entitlez to the same distinction." (Page 432 Vol. 2)

੯੫੪- ੧. ਬਾਬਾ ਬਕਾਲੇ: ਸ਼੍ਰੀ ਗੁਰੁ ਹਰਿ ਕ੍ਰਿਸ਼ਨ ਸਾਹਿਬ ਨੇ ਦਿੱਲੀ ਜੋਤੀ ਜੋਤ ਸਮਾਉਣ ਵੇਲੇ ਇਹ ਸ਼ਬਦ ਉਚਾਰਣ ਕਰਕੇ ਇਸ਼ਾਰਾ ਕੀਤਾ ਸੀ ਕਿ ਬਕਾਲੇ ਵਿੱਚ ਬਾਬਾ (ਗੁਰੁ ਤੇਗ ਬਹਾਦੁਰ) ਗੁਰੁ ਗੱਦੀ ਦਾ ਮਾਲਿਕ ਹੈ. ਉਸ ਵੇਲੇ ਨੌਵੇਂ। ਸਤਿਗੁਰਾਂ ਬਿਨਾ ਹੋਰ ਕੋਈ ਬਾਬਾ ਉੱਥੇ ਮੌਜੂਦ ਨਹੀਂ ਸੀ, ਜਿਸ ਤੋਂ ਸੰਸਾ ਹੋ ਸਕਣ ਦੀ ਸੰਭਾਵਨਾ ਹੋ ਸਕਦੀ.

੨. ਬਾਬੀ: ਬਾਬ (ਅਲੀ) ਮੁਹੰਮਦ ਦਾ ਚੇਲਾ ਦੇਖੋ, ਬਹਾਈ ੨. ਅਤੇ ਬਾਬ ੫.

੧. ਹ਼ਮਲ. ਸੁਰ, ਜੋਜ਼ਹ, ਸਰਤਾਨ, ਅਸਦ, ਸੰਬਲਦ, ਮੀਜ਼ਾਨ, ਅ਼ਕ਼ਰਬ, ਕੌਸ, ਜਦੀ, ਦਲੂ, ਹੌਤ.

੨. ਬਾਰਗ: ਵਾਰਿ (ਜਲ) ਦਾ ਥਾਂ. "ਲਗੀ ਪਜਾਸ ਬੂਝਜੋ ਤਬ ਬਾਰਗ." (ਗੁਪ੍ਰਸੂ) ੨. ਦੇਖੋ, ਬਾਰਕ.

੩. । ੩. ਵਾਰਿ (ਜਲ) ਧਾਰਨ ਕਰਤਾ ਮੇਘ. ਜਲਧਰ। ੪. ਸਮੁੰਦਰ.

੪. ਬਾਰਾਂ ਮੁੱਠੀ ਦਾ: ਮੋਟੇ ਸੋਟੇ ਦੀ ਮਿਣਤੀ ਹਰੇਕ ਆਦਮੀ ਦੀ ਆਪਣੀਆਂ ਬਾਰਾਂ ਮੁੱਠੀਆਂ ਪ੍ਰਮਾਣ, ਅਤੇ ਯੋਧਾ ਦੀ ਤਲਵਾਰ ਭੀ ਬਾਰਾਂ ਮੁੱਠੀਆਂ ਮਾਪ ਦੀ ਹੋਇਆ ਕਰਦੀ ਹੈ. ਵਾਕ ਦਾ ਭਾਵ ਹੈ ਕਿ ਲੋਕਾਂ ਦਾ ਸਿਰ ਪਾੜਨ ਵਾਲਾ. ਨਾਸ਼ ਕਰਤਾ। ੨. ਘੋੜਾ.

੧. "ਰਾਹਿਤ ਨਾਸਹਿ" ਸਬ ਇਕ ਬਾਰੀ." (ਗੁਪ੍ਰਸੂ)

੨. ੧੧ ਬਾਲੀ. ਮਚਾਈ. "ਬਹੁਰੇ ਮੁਝ ਤੇ ਜਾਇ ਨ ਬਾਰੀ." (ਨਾਪ੍ਰ)

੧੨ ਵਾਰ ਦਿੱਤੀ. ਕੁਰਬਾਨ ਕੀਤੀ. "ਲੌਨ ਸੁਰਾਈ ਲੈ ਉਪਰਿ ਬਾਰੀ."(ਗੁਪ੍ਰਸੂ)

੩. ਦੇਖੋ ਬਾਰੀ ਸ਼ਬਦ ਦੇ ਕਈ ਉਦਾਹਰਣ:–[1241]

ਬਾਰੀ A ਬਡੀ ਤਰੁ ਝੂਲ ਰਹੇ, ਅਨਕੂਲ ਬਹੈ ਨਿਤ ਮੂਲਨ ਬਾਰੀ, B

ਬਾਰੀ C ਨ ਪਾਇ ਬਿਹੰਗਮ ਬੋਲਤ, ਨੰਦਨ ਕੀ ਸੁਖਮਾ ਸਭਿ ਬਾਰੀ D,

ਬਾਰੀ E ਅਧੂਮ ਮਨੋ ਅਗਨੀ, ਅਸ ਲਾਲ ਮਹਾ ਫਲ ਫੂਲਨ ਬਾਰੀ, F

ਬਾਰੀਜ G ਰੰਗ ਅਨੇਕਨ ਕੇ ਗਨ ਭੌਰ ਗੁੰਜਾਰ ਤਿਨੈ ਪਰਿ ਬਾਰੀ. H" (ਗੁਪ੍ਰਸੂ)

੪. "ਅਥਯੋ ਸਿਥਾਇ ਮਾਰਤੰਡ ਬਾਰੁਣੀ ਦਿਸਾਨ ਕੋ." (ਗੁਪ੍ਰਸੂ)

੫. ਬਾਰੂ ਭੀਤਿ: ਸੰ. ਬਾਲੁਕ ਭਿੱਤਿ. ਰੇਤੇ ਦੀ ਕੰਧ, ਭਾਵ– ਥੋੜੇ ਸਮੇਂ ਵਿੱਚ ਮਿਟ ਜਾਣ ਵਾਲੀ. ਦੇਖੋ ਬਾਰੂ.

੬. ਬਾਲਕ ਸਿੰਘ: ਦੇਖੋ, ਰਾਮ ਸਿੰਘ.

੭. ਬਾਲਕ ਨਾਥ: ਦੇਖੋ, ਜੰਡ ਸਾਹਿਬ ੪.

੧. ਦਸਮ ਗ੍ਰੰਥ ਵਿੱਚ ਬਾਲਮੀਕਿ ਨੂੰ ਬ੍ਰਹਮਾ ਦਾ ਅਵਤਾਰ ਲਿਖਿਆ ਹੈ:–

"ਚਿਤਾਰ ਬੈਨ ਵਾਕਿਸੰ ਬਿਚਾਰ ਬਾਲਮੀਕਿ ਭਯੋ, ਜੁਝਾਰ ਰਾਮ ਚੰਦ ਕੋ ਬਿਚਾਰ ਚਾਰੁ ਉੱਚ ਰਯੋ, ਸੁ ਸਪ੍ਤ ਕਾਂਡ ਕੱਥਯੋ ਅਸ਼ਕ੍ਰ ਲੋਕ ਹ੍ਵੈ ਰਹਯੋ, ਉਤਾਰ ਚਤੁਰ ਆਨਨੋ ਸੁਧਾਰ ਐਸ ਕੈ ਕਹਯੋ. (ਚੌਬੀਸਾਵਤਾਰ)

੨. ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਜਦ ਗੁਰੂ ਨਾਨਕ ਦੇਵ ਨੇ ਦੇਸ਼ਾਟਨ ਪਿੱਛੋਂ ਕਰਤਾਰ ਪੁਰ ਵਿਸ਼੍ਰਾਮ ਕੀਤਾ, ਉਸ ਵੇਲੇ ਬਾਲਾ ਸਤਿਗੁਰੂ ਦੀ ਸ਼ਰਣ ਆ ਕੇ ਰਿਹਾ, ਸਫਰਾਂ ਵਿੱਚ ਸਾਥ ਹੋਣ ਦਾ ਕਿਤੇ ਜ਼ਿਕਰ ਨਹੀਂ ਕੀਤਾ.

੩. "ਯਾਂਤੇ ਬਨਯੋ ਸ਼ਿਤਾਬ ਬਹੁ ਕਿਤੇ ਬਰਖ ਦੁਇ ਨਾਹਿ". । ਲੰਕਾ ਕਾਂਡ ਦੇ ਅੰਤ, ਸਰਗ ੧੩੧ ਵਿੱਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:–

"ਸੁੰਦਰ ਸਾਦਰ ਗ੍ਰੰਥ ਬਨਯੋ ਪਰ ਗੁੰਥਿਤ ਨਰਸ ਰੀਤਿ ਭਲੀ, ਰਾਮ ਕਥਾ ਗੁਨ ਗ੍ਰਾਮਭਿਰਾਮ ਮਹਾਂ ਮਤਿਧਾਮ ਅਨੰਦ ਭਲੀ, ਰੰਜਨ ਹੈ ਭ੍ਰਮਭੰਜਨ ਹੈ ਗਮਗੰਜਨ ਹੈ ਪ੍ਰਦ ਗਜਾਨ ਬਲੀ, ਕੈਥਲ ਨਾਥ ਪ੍ਰਸੰਨ ਭਯੋ ਪਠਿ, ਗ੍ਰਾਮ ਦਯੋ ਤਬ ਮੋਰ ਬਲੀ[1242]."

੪. ਬਾਲਾ ਸੰਧੁਰਵਾਦ: ਭਾਈ ਬਾਲਾ ਸੰਧੂ ਉਵਾਚ. ਬਾਲਾ ਸੰਧੂ ਕਥਨ ਕਰਦਾ ਹੈ.

ਬਾਲਾ ਹਿਸਾਰ: ਪਿਸ਼ਾਵਰ ਦਾ ਕਿਲਾ, ਜਿਸ ਨੂੰ ਖ਼ਾਲਸੇ ਨੇ ਫ਼ਤੇ ਕਰਕੇ ਨਾਉਂ ਸੁਮੇਰਗੜ੍ਹ ਰੱਖਿਆ. ਦੇਖੋ ਪੇਸ਼ਾਵਰ ੨.

੫. ਫੈਲਾਏ ਹੋਏ ਹੱਥ ਦਾ ਚੀਚੀ ਦੇ ਸਿਰੇ ਤੋਂ ਅੰਗੂਠੇ ਦੇ ਸਿਰੇ ਤਕ ਪ੍ਰਮਾਣ.

੬. ਬਾਲੂ ਹਰ ਵੇਲੇ ਪ੍ਰਸੰਨਤਾ ਵਿਚ ਹਸਦਾ ਰਹਿ"ਦਾ ਸੀ, ਇਸ ਲਈ ਗੁਰੂ ਸਾਹਿਬ ਨੇ ਨਾਉਂ ਬਾਲੂ ਹਸਨਾ ਰੱਖਿਆ.

੭. ਬਾਲੂਕਾ ਘਰ, ਬਾਲੂਕੀ ਭੀਤਿ: ਬਾਲੁਕ ਗ੍ਰਿਹ. ਬਾਲੁਕ ਭਿੱਤਿ. ਰੇਤੇ ਦਾ ਘਰ ਅਤੇ ਕੰਧ, ਭਾਵ– ਥੋੜੇ ਸਮੇਂ ਵਿੱਚ ਨਾਸ਼ ਹੋ ਜਾਣ ਯੋਗਯ. ਦੇਖੋ, ਘਰ ਬਾਲੂ ਕਾ ਅਤੇ ਬਾਰੂ.

੮. "ਦੇਸ ਬਾਵਨੀ ਤੁਰਕਨ ਕੇਰੀ।

ਬਾਸਹਿਪੁਰੀ ਸਰ੍ਹਿੰਦ ਵਡੇਰੀ." (ਗੁਪ੍ਰਸੂ)

---

[1241] A ਫਾੜੀ. ਵਾਟਿਕਾ. B ਪਾਣੀ. C ਵਾਰੀ. ਅਵਸਰ. ਵੇਲੇ ਦਾ ਕ੍ਰਮ. D ਵਾਰ (ਨਿਛਾਵਰ) ਕਰ ਦਿੱਤੀ. E ਬਾਲੀ. ਮਚਾਈ. F ਵਾਲੀ. ਵਾਨ. G ਵਾਰਿਜ. ਕਮਲ. ਪਰਵਰਿਤ. ਘੇਰਕੇ

[1242] ਮੋਰ ਬਲੀ (ਮੌਥਲੀ) ਪਿੰਡ, ਜੋ ਭਾਈ ਸਾਹਿਬ ਨੂੰ ਜਾਗੀਰ ਵਿੱਚ ਮਿਲਿਆ. ਇਸਦੀ ਸਨਦ ਜੇਠ ਸੁਦੀ ੧੦. ਸੰਮਤ ੧੯੯੧ ਨੂੰ ਭਾਈ ਉਦਯ ਸਿੰਘ ਜੀ ਨੇ ਕਵੀ ਜੀ ਨੂੰ ਬਖਸ਼ੀ.

੧. ਵਿਸ਼ਨੁ ਪੁਰਾਣ ੩.।੩.।੧੯- ੨੦ ਅਨੁਸਾਰ, ਜੋ ਇੱਕ ਵੇਦ ਨੂੰ ਚਾਰ ਭਾਗਾਂ ਵਿੱਚ ਵੰਡਦਾ ਹੈ, ਉਸ ਦੀ ਸੰਗਯਾ ਵ੍ਯਾਸ ਹੈ. ਅਤੇ ਇਹ ਵ੍ਯਾਸ ਹੁਣ ਤੋੜੀ ੨੮ ਹੋ ਚੁਕੇ ਹਨ.

੨. ਅਠਾਰਾਂ ਪੁਰਾਣ ਅਤੇ ਮਹਾਭਾਰਤ ਆਦਿ ਗ੍ਰੰਥਾਂ ਦਾ ਕਰਤਾ ਹੋਣ ਕਰਕੇ ਹਿੰਦੂ ਸਮਾਜ ਵਿੱਚ ਵ੍ਯਾਸ ਦਾ ਨਾਮ ਬਹੁਤ ਪ੍ਰਸਿੱਧ ਹੈ.

੩. । ੨. ਫ਼ਾਰਸੀ ਲੇਖਕਾਂ ਨੇ ਸੱਸੇ ਦੀ ਥਾਂ ਹਾਹਾ ਵਰਤਣ ਦੀ ਰੀਤਿ ਅਨੁਸਾਰ ਬਿਆਸ (ਵਿਪਾਸ਼) ਲਈ ਬਿਆਹ ਸ਼ਬਦ ਵਰਤਿਆ ਹੈ

੪. ਬਿਆਣਾ: ਕ੍ਰਿ. ਸੂਣਾ. ਜੰਮਣਾ। ੨. ਵਿ- ਦੂਜਾ। ੩. ਦੂਜੇ ਦਾ.

੮੬੧- ੧. ਬਿਸਤਰੀ: ਵਿਸ੍ਤਾਰ ਕੀਤੀ. ਫੈਲਾਈ।੨ ਜ਼ੀਨ ਪੋਸ. ਬਸਤਨੀ. "ਜੀਨ ਤੁਰੰਗਨ ਲਿਪਟ ਜਰੀ. ਉਪਰਿ ਚਾਰੁ ਕਰੀ ਬਿਸਤਰੀ." (ਗੁਪ੍ਰਸੂ) ੩. ਬਿਸਤਰ ਤੇ ਪੈਣ ਦਾ ਭਾਵ, ਜਿਵੇਂ- ਹਮ ਬਿਸਤਰੀ.

੨. ਬਿਸਤਿਰਤ: ਵਿ- ਵਿਸ੍ਤਿਤ੍ਰ ਫੈਲਿਆ ਹੋਯਾ. ਵਿਸ੍ਤੀਰਣ ਹੋਯਾ.

੩. ਬਿਸਨਈ: ਵੈਸ਼ਨਵ. ਵਿਸ਼ਨੁ ਦਾ ਉਪਾਸਕ। ੨. ਇਕ ਖ਼ਾਸ ਫ਼ਿਰਕਾ, ਜੋ ਰਾਜਪੁਤਾਨੇ ਅਤੇ ਪੰਜਾਬ ਦੇ ਅਨੇਕ ਪਿੰਡਾਂ ਵਿੱਚ ਵਸਦਾ ਅਤੇ ਬਹੁਤ ਕਰ ਕੇ ਕਾਸ਼ਤਕਾਰ ਪੇਸ਼ਾ ਹੈ. ਇਸ ਦਾ ਮੁਖੀਆ ਜੰਭੇਸ਼੍ਵਰ ਭਾਦੋਂ ਬਦੀ ੮. ਸੰਮਤ ੧੫੦੮ ਨੂੰ ਪਿੰਡ ਪੀਪਾਸਰ ਤਸੀਲ ਨਾਗੌਰ ਰਿਆਸਤ ਜੋਧਪੁਰ ਵਿੱਚ ਲੋਹਟ ਸਿੰਘ ਪਮਾਰ ਰਾਜਪੂਤ ਦੇ ਘਰ ਪੈਦਾ ਹੋਇਆ. ਸੰਮਤ ੧੫੪੦ ਵਿੱਚ ਇਸ ਨੇ ਬਿਸਨੋਈ ਮਤ ਚਲਾਇਆ, ਜਿਸਦਾ ਮੁੱਖ ਨਿਯਮ ਅਹਿੰਸਾ ਹੈ.

ਜੰਭੇਸ਼੍ਵਰ ਦਾ ਦੇਹਾਂਤ ਸੰਮਤ ੧੫੯੩ ਵਿੱਚ ਹੋਇਆ. ਬੀਕਾਨੇਰ ਦੇ ਰਾਜ ਅੰਦਰ ਸਮਰਾਥਨ ਦੇ ਪਾਸ ਜੰਭੇਸ੍ਵਰ ਦੇ ਦਫ਼ਨ ਕਰਨ ਦੇ ਥਾਂ ਸੁੰਦਰ ਸਮਾਧਿ ਬਣੀ ਹੋਈ ਹੈ, ਜਿੱਥੇ ਦੂਰ ਦੂਰ ਦੇ ਬਿਸਨੋਈ ਯਾਤ੍ਰਾ ਲਈ ਜਾਂਦੇ ਹਨ.

ਬਿਸਨੋਈਆਂ ਦੇ ਪਿੰਡ ਜੇ ਕੋਈ ਸ਼ਿਕਾਰ ਖੇਡੇ ਤਾਂ ਬਹੁਤ ਦੁਖੀ ਹੋਂਦੇ ਅਰ ਮਰਣ ਮਾਰਣ ਨੂੰ ਤਿਆਰ ਹੋ ਜਾਂਦੇ ਹਨ.

ਇਸ ਮੱਤ ਦੇ ਗੰਥ ਜੰਭ ਸੰਹਿਤਾ, ਜੰਭ ਚਰਿਤ੍ਰ ਆਦਿ ਹਨ, ਜਿਨ੍ਹਾਂ ਵਿੱਚ ਧਰਮ ਦੇ ੨੯ ਨਿਯਮ ਸਤਯ, ਸੰਤੋਖ, ਖਿਮਾ, ਦਾਨ, ਅਹਿੰਸਾ ਆਦਿ ਦਾ ਉਪਦੇਸ਼ ਹੈ. ਕਈ ਆਖਦੇ ਹਨ ਕਿ ਬੀਸ ਅਤੇ ਨੌ ਨਿਯਮਾਂ ਦੇ ਕਾਰਣ ਹੀ ਨਾਮ ਬਿਸਨੋਈ ਹੈ.

੪. ਬਿਸਯਾਤਪ: ਵਿਸ਼ਯ- ਆਤਪ. "ਬਿਸਯਾਤਪ ਕੋ ਜੋਊ ਸੀਤਲ ਚੰਤੂ." (ਨਾਪ੍ਰ)

੮੬੨- ੧. ਬਿਸਰੁ: ਵਿਸਮਰਣ ਹੋ. ਭੁੱਲ. "ਬਿਸਰੁ ਨਾਹੀ ਨਿਮਖ ਹੀਅਰੇ ਤੇ." (ਟੋਡੀ ਮਃ ੫)

੨. ਬੇ- ਅਸਰ ਦੀ ਥਾਂ ਭੀ ਬਿਸਰੁ ਆਇਆ ਹੈ. "ਜਿਹ ਮੁਖ ਬਦੁ ਗਾਇਤ੍ਰੀ ਨਿਕਸੈ ਸੋ ਕਿਉਂ ਬ੍ਰਹਮਨੁ ਬਿਸਰੁ ਕਰੈ?" (ਰਾਮ ਕਬੀਰ) ਜੇਹੜੇ ਮੂੰਹ ਤੋਂ ਤੂੰ ਵੇਦ ਪੜ੍ਹਦਾ ਹੈਂ, ਉਸ ਮੂੰਹ ਨੂੰ ਵੇਦ ਦੇ ਅਸਰ ਬਿਨਾਂ ਕਿਉਂ ਕਰਦਾ ਹੈਂ, ਭਾਵ- ਉਸ ਮੂੰਹ ਤੋਂ ਛਲ ਕਪਟ ਅਤੇ ਝੂਠ ਦੀ ਬਾਤਾਂ ਕਿਉਂ ਕਰਦਾ ਹੈਂ?

੨. । ੨. ਪੰਜਾਬੀ ਵਿੱਚ ਸੰਸਾ (ਸ਼ੱਕ) ਅਤੇ ਚਿੰਤਾ (ਫ਼ਿਕਰ) ਦੇ ਅਰਥ ਵਿੱਚ ਭੀ ਇਹ ਸ਼ਬਦ ਵਰਤੀਂਦਾ ਹੈ. "ਕਯਾ ਬਿਸਵਾਸ ਤਿਨਹੁ ਤੇ ਕਰੈ?" (ਗੁਪ੍ਰਸੂ)

੩. ਬਿਸੇਖਤਾ: ਸੰ. ਵਿਸ਼ੇਸ਼ਤਾ. ਸੰਗਯਾ- ਖ਼ਾਸਪਨ. ਖ਼ਸੂਸਿਯਤ. ਦੇਖੋ, ਮੌਖਦ.

੧. ਕਰਤਾਰ. ਵਾਹਗੁਰੂ। ੨. ਪੁਰਾਣਾ ਅਨੁਸਾਰ ਵਿਸ਼ਨੁ.

੨. ਸ੍ਰੰਮ੍ਰ "ਆਂ ਜਬਾਨੇ ਬਿਹ ਕਿ ਬਿਕਰੇ ਓ ਕੁਨਦ." (ਜ਼ਿੰਦਗੀ)

੩. ਬਿਹਾ: ਈਆ, ਦੂਜਾ। ੨. ਦੇਖੋ, ਬਿਹਾਇ। ੩. ਦੇਖੋ, ਬੇਹਾ.

੪. ੬ ਭਾਵ ਗੁਰੁ ਹਰਿਗੋਬਿੰਦ ਜੀ ਤੋਂ ਹੈ.

੫. ਪੰਜਾਬੀ ਦਾ ਇੱਕ ਪ੍ਰਾਚੀਨ ਕਵੀ।

੬. । ੩. ਛੱਡਣਾ. ਤਿਆਗਣਾ. ਤਰਕ ਕਰਨਾ. "ਸਾਂ ਤੇ ਕੈਸੀ ਹੋਇ ਸਿੱਖ ਦੋਨੋ ਕਰੇ ਬਿਹੰਡ." (ਰਤਨਮਾਲ) ਜਾਂਤੇ (ਜਬ ਤੇ- ਜਬਸੇ) ਕੇਸੀ (ਕੇਸ਼ਧਾਰੀ- ਖੰਡੇ ਦਾ ਅਮ੍ਰਿਤਧਾਰੀ) ਸਿੱਖ ਹੋਵੇ, ਤਦ ਦੋਵੇਂ ਭੇਦ ਸਹਜੀ ਅਤੇ ਚਰਨੀ ਛੱਡ ਦੇਵੇ.

੧. । ੩. ਭਾਈ ਸੰਤੋਖ ਸਿੰਘ ਜੀ ਨੇ ਵਿਕਾਰ ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ, "ਨਹਿ ਮਨ ਸੁਧਰਹਿ ਧਰੈ ਬਿਕਾਨਾ."(ਗੁਪ੍ਰਸੂ)

੨. ਬਿਕਿਰਤਾ: ਦੇਖੋ, ਬਿਕ੍ਰਿਤਤਾ। ੨. ਕਿਰਤ (ਕਿੱਤੇ) ਬਿਨਾ. ਨਿਕੰਮਾ.

੩. ਸਿੰਗ. "ਹੋਇ ਬਰੋਬਰ ਗਹਿ ਬਿਖਾਨ ਕੋ." (ਗੁਪ੍ਰਸੂ)

੪. ਬਿਖਫਲੁ: ਵਿਸ਼ਫਲ. ਜ਼ਹਿਰੀਲਾ ਫਲ. ਭਾਵ- ਵਿਸ਼ਿਆਂ ਦਾ ਸੁਖ ਭੋਗ ਰੂਪ ਫਲ "ਬਿਖੁ ਫਲੁ ਮੀਠਾ ਚਾਰ ਦਿਨੁ."

(ਆਸਾ ਮਃ ੧)

੮੬੭- ੧. ਬਿਚੰਬਰ: ਵਿੱਚ- ਅੰਬਰ. ਆਕਾਸ਼. ਭਾਵ- ਸ੍ਵਰਗ ਵਿਚ "ਸਿਫ਼ਾਤ ਮਮ ਭਰੋਗੇ ਤਿਨ ਕਹਜੋ ਬਿਚੰਬਰ." (ਗੁਪ੍ਰਸੂ)

੨. । ੩. ਬੇਜਾ (ਅਯੋਗ) ਮਰਯਾਦਾ. "ਤਜ ਆਗਲ ਰੀਤਿ ਬਿਜਾਈ." (ਨਾਪ੍ਰ)

੮੬੮- ੧. ਬਿਜੈ ਮੁਕਤ: ਕਿਸੇ ਤਾਂਤ੍ਰਿਕ ਸਿੱਖ ਦਾ ਲਿਖਿਆ ਗ੍ਰੰਥ, ਜਿਸ ਦੇ ਮੁੱਢ ਸ਼੍ਰੀ ਮੁਖ ਵਾਕ ਪਾਤਸ਼ਾਹੀ ੧੦. ਲਿਖਿਆ ਹੈ. ਇਸ ਦੀ ਰਚਨਾ ਤੋਂ ਸਾਬਤ ਹੋਂਦਾ ਹੈ ਕਿ ਇਹ ਸਰਮੁਖ ਸਿੰਘ ਲਿਖਾਰੀ ਦੀ ਹੀ ਰਚੀ ਹੋਈ ਲੀਲਾ ਹੈ.

੨. ਕਲਗੀਧਰ ਦੀਆਂ ਤੋਪਾਂ ਆਨੰਦਪੁਰ ਲੁੱਟਣ ਸਮੇਂ ਸ਼ਾਹੀ ਕਰਮਚਾਰੀਆਂ ਹੱਥ ਆਈਆਂ.

੧. ੨ ਜਾਣਨ ਵਾਲਾ. ਗਜਾਤਾ. "ਨਰ ਨਿੰਦਕ ਜੇ ਨਹਿ ਬਿੰਦਕ." (ਨਾਪ੍ਰ)

੨. "ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁੱਖਾ." (ਭਾਗੁ)

੩. ਸਿੱਖ ਦੇਵਤਾ ਗੁਰੂ ਦਾ ਯਸ਼ ਰੂਪ ਅਮ੍ਰਿਤ ਪੀਂਦੇ ਹਨ

੪. । ੫. ਬਿੰਦ (ਵੀਰਯ) ਤੋਂ ਉਪਜੀ ਸੰਤਾਨ. ਦੇਖੋ, ਨਾਦੀ ੨.

੫. ਬਿੱਦ: ਪੁਤੱਤਿਆਂ ਵਲੋਂ, ਧਿਅੱਤਿਆਂ ਦੇ ਘਰ ਕੰਨਜਾ ਵਿਆਹ ਸਮੇਂ ਆਇਆ ਮਿਸ਼ਰੀ ਸੁਹਾਰੇ ਬਦਾਮ ਆਦਿ ਸਾਮਨ.

੬. ਬਿਧਤਾ: ਵਿਧਾਤ੍ਰਿਤ੍ਵ. ਵਿਧਾਤਾਪੁਣਾ। ੨. ਵੇਧਨ ਹੋਂਦਾ. ਵਿੰਨ੍ਹਿਆ ਜਾਂਦਾ. "ਅਗਵਾਰਿ ਖਰੋ ਬਿਧਤਾ ਸਰ ਤੇ."(ਗੁਪ੍ਰਸੂ)

੮੭੦- ੧. ਬਿਧਿਹੀਨ: ਯੁਕ੍ਤਿ ਬਿਨਾ. "ਉਪਮਾ ਕਮਲ ਕੀ ਨ ਬਨੈ ਬਿਧਿ ਹੀਨ ਹੈ." (ਨਾਪ੍ਰ) ਸਤਿਗੁਰਾਂ ਦੇ ਚਰਣਾਂ ਨੂੰ ਕਮਲ ਦੀ ਮਿਸਾਲ ਦੇਣੀ ਅਯੁਕ੍ਤ ਹੈ.

੨. । ੪. ਹਿਸਾਬ ਦਾ ਸਹੀ ਜੋੜ. "ਰੁਜ ਨਾਵੇਂ ਲੇਖੇ ਕੀ ਬਿਧੀ." (ਗੁਪ੍ਰਸੂ) ਰੋਜ਼ਨਾਮਚੇ ਦੀ ਬਿਧੀ.

੩. ਲਿਖਾਰੀ ਦੀ ਭੁੱਲ ਨਾਲ ਪਾਠ ਬਿਧੁਤਕ ਹੋ ਗਿਆ ਹੈ.

੪. ਬਿਨਸਾਫ: ਬਿਨਾ- ਇਨਸਾਫ਼. ਅਨਜਾਯੀ. "ਦੋਜ਼ਕ ਬਨੇ ਹੈਂ ਬਿਨਸਾਫ਼ਾਂ ਕਾਰਨ." (ਗੁਪ੍ਰਸੂ)

੫. ਬਿਨਾਨੀ: ਵਿਨਯਵਾਨ. ਨੀਤਿਗਜ. ਰਾਜਨੀਤਿ ਦਾ ਜਾਣੂ. "ਇਕ ਜਸਵਾਲ ਪ੍ਰਧਾਨ ਬਿਨਾਨੀ." (ਗੁਪ੍ਰਸੂ)

੬. "ਕਬਹੂ ਕੂਰਨੁ ਚਨੇ ਬਿਨਾਵੇ. (ਭੈਰ ਨਾਮਦੇਵ)

੧. । ੪. ਬੇ- ਬਾੜ. ਵਾੜ ਤੋਂ ਬਿਨਾ. "ਖੇਤ ਬਿਬਾੜ." (ਰਤਨਮਾਲਾ)

੨. ਬਿੰਬਿਸਾਰ: ਇੱਕ ਰਾਜਾ, ਜੋ ਅਜਾਤ ਸ਼ਤ੍ਰੂ ਦਾ ਪਿਤਾ ਸੀ. ਇਹ ਵੈਦਿਕ ਧਰਮ ਅਨੁਸਾਰ. ਪਸ਼ੂਆਂ ਦੀ ਕੁਰਬਾਨੀ ਕਰਕੇ ਯੱਗ ਕਰਿਆ ਕਰਦਾ ਸੀ. ਬੁੱਧ ਭਗਵਾਨ ਨੇ ਇਸ ਤੋਂ ਹਿੰਸਾ ਛੁਡਵਾ ਕੇ ਆਪਣਾ ਚੇਲਾ ਕੀਤਾ. ਬਿੰਬਿਸਾਰ ਨੇ ਬੁੱਧ ਧਰਮ ਦਾ ਵੱਡਾ ਪ੍ਰਚਾਰ ਕੀਤਾ ਅਤੇ ਅਨੇਕ ਥਾਂਈ ਅਹਿੰਸਾ ਸੰਬੰਧੀ ਹੁਕਮ ਪੱਥਰਾਂ ਤੇ ਖੁਦਵਾਏ. ਦੇਖੋ, ਅਜਾਤ ਸ਼ਤ੍ਰੂ ੫.

੩. ਬਿਬੁਧਾਂਗਨਾ: ਵਿਬੁਧ (ਦੇਵਤਾ) ਦੀ ਇਸਤ੍ਰੀ. ਦੇਵੀ। ੨. ਅਪਸਰਾ. ਹੂਰਾ.

੮੭੩- ੧. ਬਿਯਨ: ਦੋਹਾਂ ਨੂੰ। ੨. ਦੋਹਾਂ "ਬਰਾਤ ਬਟੋਰ ਵਡੀਪੁਰ ਪੁਰ ਬਿਯਨਕੀ." (ਨਾਪ੍ਰ) ਦੋਹਾਂ ਸ਼ਹਿਰਾਂ ਦੀ ਜਨੇਤ.

੨. "ਰਾਵਰੇ ਕਹੈ ਤੇ ਹੌਂ ਗਯੋ

ਹੋ ਕਾਨ੍ਹ ਗੋਪਿਨ ਪੈ,

ਦੇਖਤ ਹੀ ਮੋਹਿ ਕਿਯੋ

ਆਦਰ ਅਪਾਰਾ ਹੈ।

ਸੁਨਤੈ ਤਿਹਾਰੀ ਬਾਤ

ਅੰਗ ਤੈ ਭਭੂਤੇ ਉੱਤੇ

ਪਰਤ ਬਹੂਦ

ਜਯੋਂ ਅੰਗਾਰਾ ਹੈ।

ਗ੍ਵਾਲ ਕਵਿ ਕਹੈ ਨਾਗੀ

ਲਪਟ ਦਵਾਗਨਿ ਕੀ,

ਚੌਰਯੋ ਮੈਂ ਤਹਾਂ ਤੇ ਤਉ

ਬੁਰਸਜੇ ਦੁਬਾਰਾ ਹੈ।

ਗੋਪੀ ਬਿਰਹਾਗਨਿ ਮੇ

ਜੋਗ ਉੜ ਗਯੋ ਐਸੇ,

ਜੈਸੇ ਉੜ ਜਾਤ ਪਰੋ

ਪਾਵਕ ਮੈਂ ਪਾਰਾ ਹੈ."

੩. ਬਿਰਤਤਾ: ਵਿਰਤ (ਵਿਰਾਗ) ਦਾ ਭਾਵ. ਉਪਰਾਮਤਾ.

੪. ਬਿਰਥ: ਸੰ. ਵਿਰਥ. ਵਿ- ਬਿਨਾਰਥ. ਜਿਸ ਪਾਸ ਰਥ ਨਹੀਂ। ੨. ਪੈਦਲ, ਪਿਆਦਾ। ੩. ਦਸ਼ਮੇਸ਼ ਦੇ ਹਜ਼ੂਰੀ ਕਵੀ ਨੇ ਬਿਰਥ ਦਾ ਅਰਥ ਕੀਤਾ ਹੈ ਜੋ ਘੋੜਾ ਰਥ ਜੋਤਣ ਦਾ ਨਹੀਂ, ਕਿੰਤੁ ਸਵਾਰੀ ਦਾ ਹੈ.

੮੮੨- ੧. ਬਿਰਦਾਵਲੀ: ਸੰ. ਵਿਰੁਦਾਵਲੀ. ਕਿਸੇ ਦੇ ਬਲ ਪ੍ਰਤਾਪ ਗੁਣ ਆਦਿ ਦਾ ਵਿਸ੍ਤਾਰ ਨਾਲ ਕਥਨ. ਦੇਖੋ, ਬਿਰਦ ੬. ਅਤੇ ਵਿਰੁਦ.

੨. । ੫. ਅੰ. Bill ਹਿਸਾਬ ਦਾ ਪਰਚਾ. ਹੁੰਡੀ। ੬. ਕਾਨੂੰਨੀ ਮੁਸਵਦਾ। ੭. ਚੁੰਜ. ਚੋਂਚ.

੮੮੩- ੧. ਬਿਲਟੀ: ਕਿਸੇ ਵਸਤੁ ਦੇ ਭੇਜੇ ਜਾਣ ਸਮੇਂ ਉਸ ਨਾਲ ਭੇਜਿਆ ਹਿਸਾਬ ਆਦਿ ਦਾ ਪਰਚਾ. ਇਹ ਅਪਭ੍ਰੰਸ਼ ਹੈ ਅੰਗ੍ਰੇਜ਼ੀ a bill of lading ਦਾ। ੨. ਚਾਲਾਨੀ ਚਿੱਠੀ. Invoice.

੨. ਬਿਲੰਬਤਿ. ਬਿਲੰਬਗਤਿ. ਜੋ ਦ੍ਰੁਤਲਯ ਤੋਂ ਵਿਰੁੱਧ ਹੈ. ਠਾ। ੨. ਅਤਿ ਵਿਲੰਬ. ਬਹੁਤ ਚਿਰ.

੧. । ੨. ਵਿਸ਼੍ਵ (ਸੰਸਾਰ) ਨੂੰ ਭੀ, ਇਕੀਸ (ਬ੍ਰਹਮ) ਦੇ ਮੁਕਾਬਲੇ ਭਾਈ ਗੁਰਦਾਸ ਨੇ ਕਬਿੱਤਾਂ ਵਿੱਚ ਬੀਸ ਲਿਖਿਆ ਹੈ. "ਬੀਸ ਕੇ ਬਰਤਮਾਨ."

੨. ਭਾਰਤ ਵਿੱਚ ਬੀਜਣ ਦੇ ਮੁੱਖ ਪ੍ਰਕਾਰ ਇਹ ਹਨ:-

(ੳ) ਕੇਰਾ:- ਬਾਲ ਦੇ ਪੋਰ ਅਥਵਾ ਹੱਥ ਨਾਲ ਹਲ ਦੀ ਲੀਕ ਵਿੱਚ ਦਾਣੇ ਕੇਰਣੇ, ਜਿਵੇਂ- ਕਣਕ, ਛੋਲੇ ਆਦਿ ਦੀ ਬਿਜਾਈ ਹੁੰਦੀ ਹੈ.

(ਅ) ਛਿੱਟਾ:- ਹੱਥ ਦੇ ਝਟਕੇ ਨਾਲ ਦਾਣੇ ਖੇਤ ਵਿੱਚ ਵਿਖੇਰ ਕੇ ਉੱਤੋਂ ਹਲ ਨਾਲ ਹਲਕੀ ਵਹਾਈ ਕਰ ਦੇਣੀ ਜਿਵੇਂ- ਮੱਕੀ

ਆਦਿ ਬੀਜਦੇ ਹਨ.

(ੲ) ਚੁਟਕੀ:- ਚੁਟਕੀ ਨਾਲ ਬੀਜ ਜ਼ਮੀਨ ਵਿਚ ਲਾ ਦੇਣੇ. ਜਿਵੇਂ- ਭਿੰਡੀ ਤੋਰੀ, ਧਣੀਆ ਆਦਿ ਬੀਜੀਦੇ ਹਨ.

(ਸ) ਦਾਬ:- ਬੀਜ ਨੂੰ ਜ਼ਮੀਨ ਵਿੱਚ ਖੁਰਪੇ (ਰੰਬੇ) ਅਥਵਾ ਕੱਸੀ ਆਦਿ ਨਾਲ ਟੋਆ ਪੁੱਟ ਕੇ ਲਾਉਣ ਦੀ ਕ੍ਰਿਯਾ, ਜਿਵੇਂ ਆਲੂ, ਕਚਾਲੂ ਆਦਿ ਲਾਏ ਜਾਂਦੇ ਹਨ.

੩. "ਤਰਲ ਆਂਗੁਰੀ ਬੀਨ ਸੋਂ ਬੰਦੌਂ ਦ੍ਵੈਕਰ ਬੰਦ." (ਨਾਪ੍ਰ)

੪. ਬੀਨਤ: ਚੁਣਦਾ ਹੈ, ਦੇਖੋ, ਬੀਨਨਾ, "ਬੀਨਤ ਸਚਿਦਾਨੰਦ." (ਗੁਪ੍ਰਸੂ) 'ਵਿਚਾਰਵਾਨ ਲੋਕ, ਵਾਹਗੁਰੂ ਦੇ ਅਨੰਤ ਗੁਣਾਂ ਵਿੱਚੋਂ ਸ਼ਿਰੋਮਣਿ ਸਿਫ਼ਤਾਂ ਸਤਚਿਤ ਅਤੇ ਆਨੰਦ ਚੁਣ ਲੈਂਦੇ ਹਨ.

੧. ਪੰਜਾਬੀ ਵਿੱਚ ਪੁਤ੍ਰੀ ਅਤੇ ਭੈਣ ਬੋਧਕ ਸ਼ਬਦ ਦਾ ਉਦਾਰਣ ਖੀਬੀ ਹੈ. ਪਿਛਲਾ ਬੱਬਾ ਦੁੱਤ ਹੈ.

੨. ਸ਼ਰੀਰ ਜੋ ਨਾਲ ਜੰਮਿਆ ਹੈ ਇਹ ਭੀ ਸਾਥ ਨਹੀਂ ਜਾਵੇਗਾ.

੩. । ੨. ਬਲ. ਤਾਕਤ. "ਗੁਰੁ ਕੋ ਜਸ ਕਹਿਬੇ ਅਰੁ ਬੀਰਜ." (ਗੁਪ੍ਰਸੂ)

੪. ਵੀਰਯ (ਬਲ) ਨਾਲ ਨਾਦ (ਸ਼ਬਦ) ਕਰਨ ਵਾਲਾ. ਜ਼ੋਰ ਨਾਲ ਉੱਚਾ ਗੱਜਣ ਵਾਲਾ। ੨

੧. ੨. ਪੱਤੇ ਵਿੱਚ ਲਪੇਟਿਆ ਤਮਾਖੂ ਦਾ ਚੂਰਾ. ਇਸ ਨੂੰ ਸੀਗਾਰ ਵਾਂਙ ਪੀਂਦੇ ਹਨ.

੨. ਬੁੰਗੇਰ: ਰਹਿਣ ਦਾ ਥਾਂ. ਦੇਖੋ, ਬੁੰਗਾ. ਵਲਗਣ ਕਾਠ ਗੜ੍ਹ ਆਦਿ, ਜੋ ਵੈਰੀ ਤੋਂ ਬਚਣ ਲਈ ਬਣਾਏ ਜਾਣ."ਛੂਟੇ ਤੁਰੰਗ ਬੁੰਗੇਰ ਫੇਰ." (ਗੁਪ੍ਰਸੂ)

੧. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਬੁਤਕੀ ਵੀ ਕੀਮਤ ਸੱਤ ਰੁਪਯੇ ਸੀ.

੨. । ੩. ਬੁਤਕੀ. ਅਸ਼ਰਫ਼ੀ, ਜਿਸ ਉੱਪਰ ਕਿਸੇ ਬਾਦਸ਼ਾਹ ਦੀ ਮੂਰਤਿ ਹੈ. ਬੁਤ ਵਾਲਾ ਸਿੱਕਾ.

੩. ਆਖਦੇ ਹਨ, ਖ਼ਾਨ ਖ਼ਾਨਾ ਭੋਜਨ ਵਿੱਚ ਲੁਕੋ ਕੇ ਫ਼ਕੀਰਾਂ ਨੂੰ ਬੁਤਕੀਆਂ ਦਾਨ ਕਰਦਾ ਸੀ,

੪. ਹੁਣ ਇਸ ਦਾ ਨਾਉਂ "ਰੁਮਿਨੀ ਦੇਈ" ਪ੍ਰਸਿੱਧ ਹੈ. ਨੈਪਾਲ ਰਾਜ ਦੀ ਤਸੀਲ ਭਗਵਾਨ ਪੁਰ ਤੋਂ ਦੋ ਮੀਲ ਉੱਤਰ ਵੱਲ ਹੈ. ਇੱਥੇ ਮਹਾਰਾਜਾ ਅਸ਼ੋਕ ਨੇ ਆਪਣੀ ਹੁਕੂਮਤ ਦੇ ਵੀਹਵੇਂ ਵਰ੍ਹੇ ਵਿੱਚ ਬੁੱਧ ਦੇ ਜਨਮ ਥਾਂ ਸ੍ਤੂਪ ਬਣਵਾਇਆ ਸੀ.

੫. ਇਨ੍ਹਾਂ ਨੂੰ ਹੀ ਬੌੱਧ ਗ੍ਰੰਥਾਂ ਵਿੱਚ "ਅੱਠ ਮਗ" (ਅਸ੍ਟਾਂਗ ਮਾਰਗ) ਦੂਜੇ ਸ਼ਬਦਾਂ ਵਿੱਚ ਲਿਖਿਆ ਹੈ. ਅਰਥਾਤ- ਸਮਜਕ੍ ਦ੍ਰਿਸ਼੍ਰਿ. ਸਮਜਕ੍ ਸੰਕਲਪ, ਸਮਜਕ੍ ਵਾਚਾ ਸਮਜਕ੍ ਕਰਮ, ਸਮਜਕ੍ ਜੀਵਨ, ਸਮਜਕ੍ ਵਜਾਯਾਮ, ਸਮਜਕ੍ ਸਿਮ੍ਰਿਤਿ ਅਤੇ ਸਮਾਜਕ੍

ਸਮਾਧਿ.

੬. ਮਹਾਯਾਨ ਮਾਰਗ ਬੁੱਧ ਦੇ ਮਰਣ ਪਿਛੋਂ ਚੱਲਿਆ ਹੈ, ਇਸ ਪੰਥ ਦਾ ਮੁਖੀਆਂ ਨਾਗਾਰਜੁਨ ਹੋਇਆ ਹੈ.

੧. ਇਸ ਸਫ਼ਰ ਦਾ ਇਸ਼ਾਰਾ ਕੁਰਾਨ ਦੀ ਸੂਰਤ ੧੭. ਵੀਂ ਵਿੱਚ ਭੀ ਹੈ. ਦੇਖੋ, ਆਯਤ ੧. ਅਤੇ ੬੦.

੧. ਇਸਦਾ ਜਨਮ ਮੁਹੰਮਦ ਦਰਵੇਸ਼ ਦੇ ਘਰ ਪਿੰਡ ਪੰਡੋਕ (ਜਿਲਾ ਲਹੌਰ) ਅੰਦਰ ਸਨ ੧੬੮੦ ਵਿੱਚ, ਅਤੇ ਦੇਹਾਂਤ ਸਨ ੧੭੫੩ ਵਿੱਚ ਕਸੂਰ ਹੋਇਆ.

ਬੁਲ੍ਹੇ ਸ਼ਾਹ, ਸ਼ਾਹ ਇਨਾਯਤ ਕਾਦਿਰੀ ਲਹੌਰ ਨਿਵਾਸੀ ਦਾ ਚੇਲਾ ਸੀ. ਪਰਮਾਰਥ ਦੀ ਖੋਜ ਵਿੱਚ ਇੱਕ ਦਿਨ ਬੁਲ੍ਹਾ ਸ਼ਾਹ ਇਨਾਯਤ ਨੂੰ ਮਿਲਿਆ ਜਦ ਕਿ ਉਹ ਆਪਣਾ ਜਾਤੀ ਕਰਮ ਅਰਾਈਂ ਦਾ ਕਰਦਾ ਹੋਇਆ ਗਠੇ ਲਾ ਰਿਹਾ ਸੀ. ਬੁਲ੍ਹੇ ਨੇ ਬੇਨਤੀ ਕੀਤੀ ਕਿ ਰੱਬ ਦੇ ਪਾਉਣ ਦੀ ਕੋਈ ਜੁਗਤ ਦੱਸੋ. ਇਸ ਪੁਰ ਸ਼ਾਹ ਇਨਾਯਤ ਨੇ ਆਖਿਆ:-

"ਬੁਲ੍ਹਿਆ! ਰੱਬ ਦਾ ਕੀ ਪਾਣ ਏ, ਐਧਰੋਂ ਪੁਟਣ ਓਧਰ ਲਾਣ ਏ." ਇਹ ਸੁਣਦੇ ਹੀ ਬੁਲ੍ਹੇ ਨੇ ਉਪਦੇਸ਼ ਦਾ ਭਾਵ ਸਮਝ ਕੇ ਦੁਨੀਆਂ ਵਲੋਂ ਮਨ ਪੁੱਟ ਕੇ ਕਰਤਾਰ ਨਾਲ ਜੋੜ ਦਿੱਤਾ.

੨. ਕਾਫ਼ੀ-

"ਕੀ ਕਰਦਾ ਹੁਣ ਕੀ ਕਰਦਾ? ਤੁਸੀਂ ਕਹੋ ਖਾਂ, ਦਿਲਬਰ ਕੀ ਕਰਦਾ?

ਇਕਸ ਘਰ ਵਿਚ ਵਸਦਿਆਂ ਰਸਦਿਆਂ ਨਹੀ ਬਣਦਾ ਹੁਣ ਪਰਦਾ,

ਵਿੱਚ ਮੀਸਤ ਨਮਾਜ਼ ਗੁਜ਼ਾਰੇ ਬੁਤਖ਼ਾਨੇ ਜਾ ਸਿਜਦਾ, ਆਪ ਇਕੋ ਕਈ ਲੱਖ ਘਰਾਂ ਦੇ ਮਾਲਿਕ ਹੈ. ਘਰ ਘਰ ਦਾ, ਜਿੱਤ ਵੱਲ ਵੇਖਾਂ ਤਿਤ ਵੱਲ ਤੂੰ ਹੀ ਹਰ ਇਕ ਦਾ ਸੰਗ ਕਰਦਾ, ਮੂਸਾ ਤੇ ਫ਼ਿਰਔਨ ਬਣਾਕੇ ਦੋ ਹੋ ਕਿਉਂ ਕਰ ਲੜਦਾ? ਹਾਜ਼ਰ ਨਾਜ਼ਰ ਖ਼ੁਦ ਨਵੀਸ ਹੈ ਦੋਜ਼ਖ ਕਿਸ ਨੂੰ ਖੜਦਾ? ਨਾਜ਼ਕ ਬਾਤ ਹੈ ਕਿਉਂ ਕਹਿੰਦਾ ਨਾ? ਕਹਿ ਸਕਦਾ ਨਾ ਜਰਦਾ, ਵਾਹਵਾ ਵਤਨ ਕਹੀਂਦਾ ਏਹੋ, ਇਕ ਦੱਬੀਂਦਾ ਇਕ ਸੜਦਾ, ਵਾਹਦਤ ਦਾ ਦਰਿਆਉ ਸਚਾਵਾ ਉੱਥੇ ਦਿੱਸੇ ਸਭ ਕੋ ਤਰਦਾ, ਇਤ ਵਲ ਆਪੇ ਉਤ ਵਲ ਆਪੇ ਆਪ ਸਾਹਿਬ ਆਪੇ ਬਰਦਾ, ਬੁਲ੍ਹਾ! ਸ਼ਹੁ ਦਾ ਇਸ਼ਕ ਬਘੇਲਾ ਰਤ ਪੀਂਦਾ ਗੋਸ਼ਤ ਚਰਦ."

੩. ਗੁਰੂ ਸਾਹਿਬ ਨੇ ਬੂਲੇ ਨੂੰ ਉਪਦੇਸ਼ ਦਿੱਤਾ ਸੀ:-

"ਪੋਥੀ ਲਿਖੋ ਸ਼ਬਦ ਗੁਰਬਾਨੀ।

ਗੁਰ੍ਕੁ ਨਿਮਿਤ ਦੀਜੈ ਸਿੱਖ ਜਾਨੀ।

ਜੇ ਕੋ ਆਪ ਦਰਬ ਦੇ ਜਾਇ।

ਧਰ ਸੰਤੋਖ ਬਿਰਤਿ ਉਹ ਪਾਇ।

ਨਹੀਂ ਆਪ ਯਾਚੋ ਕਿਸ ਪਾਸੀ।

ਇਹ ਸੇਵਾ ਬਡ ਫਲਹਿ ਪ੍ਰਕਾਸੀ।" (ਗੁਪ੍ਰਸੂ)

੮੮੬- ੧. ਬੇਗੀ: ਦੇਖੋ, ਵੇਗੀ. ਤੇਜ਼ ਚਾਲ ਵਾਲਾ, "ਬੇਗੀ ਚੰਚਲ ਬਲ ਸਰਬੰਗ." (ਗੁਪ੍ਰਸੂ)

੨. ਬੇ- ਚਰਾਗ: ਉਹ ਘਰ, ਜਿਸ ਵਿੱਚ ਦੀਵਾ ਨਹੀਂ ਮਚਦਾ, ਭਾਵ- ਗ਼ੈਰਆਬਾਦ (ਉੱਜੜਿਆ) ਮਕਾਨ.

੩. ਜਿਵੇਂ ਮੈਂ ਉਸ ਦੇ ਦੀਦਾਰ ਤੋਂ ਬੇਜ਼ਾਰ ਹਾ। ੨. ਉਤਸਾਹ ਬਿਨਾ। ੩. ਅ. ਸੰਗ੍ਯਾ- ਹਲਵਾਹ. ਕਿਸਾਨ। ੪. ਲਿੰਗ. ਉਪਸਥ.

੪. ਜੋ ਬੋਲਕੇ ਆਪਣਾ ਦੁੱਖ ਨਹੀਂ ਦੱਸ ਸਕਦਾ.

੫. ਬੇਣਵਤੀ: ਸੰ. ਵੀਣਾਵਤੀ. ਸਰਸ੍ਵਤੀ, ਜੋ ਵੀਣਾ ਰਖਦੀ ਹੈ.

੯੮੭- ੧. ਬੇਦਾਖਰੀ: ਵੇਦਾਕਰੀ. ਉਹ ਲਿਖਿਤ, ਜਿਸ ਵਿੱਚ ਵੇਦ ਲਿਖੇ ਹਨ.

੨. ਬੇਦੀ ਕੁਲ ਕੇਤੁ: ਵੇਦੀ ਵੰਸ਼ ਦਾ ਨਿਸ਼ਾਨ ਗੁਰੁ ਨਾਨਕ ਦੇਵ.

੯੮੮- ੧. ਬੇਲੀ ਰਾਮ: ਮਿਸਰ ਬੇਲੀ ਰਾਮ ਸਨ ੧੮੦੮ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦਾ ਨੌਕਰ ਹੋਇਆ. ਆਪਣੇ ਚਾਚਾ ਬਸਤੀ ਰਾਮ ਦੇ ਮਰਣ ਪੁਰ ਤੋਸ਼ੇਖ਼ਾਨੀਆ ਬਣਿਆ. ਮਹਾਰਾਜਾ ਦਾ ਇਸਤੇ ਵੱਡਾ ਏਤਬਾਰ ਸੀ. ਕੋਹਨੂਰ ਆਦਿਕ ਰਤਨ ਇਸ ਦੇ ਸਪੁਰਦ ਰਹਿੰਦੇ ਸਨ. ਬੇਲੀ ਰਾਮ ਦੇ ਭਾਈ ਰੂਪਲਾਲ ਅਤੇ ਸੁਖ ਰਾਜ ਭੀ ਨਾਮੀ ਅਹਿਲਕਾਰ ਹੋਏ ਹਨ. ਰੂਪ ਲਾਲ ਸਨ ੧੮੩੨ ਵਿੱਚ ਜਲੰਧਰ ਦਾ ਹਾਕਿਮ ਹੋਇਆ. ਇਸ ਨਾਲ ਪ੍ਰਜਾ ਬਹੁਤ ਪਿਆਰ ਕਰਦੀ ਸੀ. ਮਿੱਸਰ ਸੁਖ ਰਾਜ ਫ਼ੌਜੀ ਸੇਵਾ ਕਰਦਾ ਸੀ, ਅਰ ਸਨ ੧੮੩੬ ਵਿੱਚ ਜਰਨੈਲ ਪਦਵੀ ਤੇ ਪੁੱਜਾ। ੨. ਚੜਸ ਵਾਹੁੰਦੇ ਲੋਕ, ਜੋ ਲੰਮੀ ਹੇਕ ਨਾਲ ਗੀਤ ਗਾਉਂਦੇ ਹਨ, ਪੰਜਾਬੀ ਵਿੱਚ ਉਸਦਾ ਨਾਮ ਬੀ ਬੇਲੀ ਰਾਮ ਹੈ, ਕਿਉਂਕਿ ਉਸ ਵਿਚ ਰਾਮ ਬੇਲੀ ਰੱਬ ਬੇਲੀ ਆਦਿ ਸ਼ਬਦ ਹੋਂਦੇ ਹਨ.

ਬੇਲੀ ਵਿਦ੍ਰੁਮ: ਦੇਖੋ, ਬੇਲੀ ਬਿਦ੍ਰੁਮ.

੨. ਬੇਅੰਤ: ਅ. ਸੰਗਯਾ- ਪ੍ਰਣ. ਪ੍ਰਤਿਗ੍ਯਾ। ੨. ਹੱਥ ਤੇ ਹੱਥ ਰੱਖਕੇ ਆਪਣੇ ਇਕਰਾਰ ਦੇ ਪੱਕਿਆਂ ਕਰਨ ਦੀ ਕ੍ਰਿਯਾ.

੩. "ਬੈਸਨ ਆਇ ਦੁਕਾਨ ਬਨਾਈ" (ਗੁਪ੍ਰਸੂ)

੪. । ੪. ਦੇਖੋ, ਬੈਸਿ "ਗੁਰੁਤਾ ਗਰਬ ਨਵੀਨੀ ਬੈਸ। ਪੁਜਾਵਵਤਿ ਬ੍ਰਿੰਦਨ ਮੇਂ ਬੈਸ." (ਗੁਪ੍ਰਸੂ)

੯੯੦- ੧. ਬੈਕੁੰਠੇ: ਵੈਕੁੰਠ ਰੂਪ, ਵੈਕੁੰਠ ਹੀ. "ਸਾਧ ਸੰਗਤਿ ਬੈਕੁੰਠੈ ਆਹਿ." (ਗਉ ਕਬੀਰ) ੨. ਵੈਕੁੰਠ ਨੂੰ.

ਬੈਖਤ: ਬੈਅ੍- ਖ਼ਤ. ਵਿਕ੍ਰਯ ਪਤ੍ਰ. ਵੇਚਣ ਦੀ ਲਿਖਤ. "ਬੈਖਤ ਤਿਸ ਕਰ ਤੇ ਲਿਖਵਾਯੇ. (ਗੁਪ੍ਰਸੂ)

੧. ਬੈਤੁਲ ਮਾਲ: ਅ. ਸੰਗਯਾ- ਕੋਸ਼. ਖ਼ਜ਼ਾਨਾ। ੨. ਪ੍ਰਜਾ ਤੋਂ ਲਿਆ ਉਹ ਧਨ, ਜੋ ਰਾਜ ਦੇ ਹਿਤ ਲਈ ਰਈਸ ਖ਼ਰਚਦਾ ਹੈ। ੩. ਜੰਗ ਵਿਚ ਜਿੱਤਿਆ ਹੋਇਆ ਧਨ ਅਤੇ ਸਾਮਾਨ.

੨. "ਬੌਰਮ ਖਾਨਾਕੀਨ ਮਦਾਨਾ." (ਗੁਪ੍ਰਸੂ)

੩. "ਜਾ ਭਉ ਪਾਏ ਆਪਣਾ, ਬੈਰਾਗ ਉਪਜੈ ਮਨਿ ਆਇ." (ਗੂਜ ਮঃ ੩)

੪. "ਬਹੁਰ ਬਿਲੋਚਨ ਮੁਚਾ ਬਿਰਾਗਾ" (ਨਾਪ੍ਰ)

੫. । ੨. ਸੰ. ਵਿਦਰਭ. ਸੈਂਟ੍ਰਲ ਇੰਡੀਆ ਦਾ ੧੭੭੧੦ ਵਰਗ ਮੀਲ ਦਾ ਇੱਕ ਇਲਾਕਾ ਜੋ ਨਿਜ਼ਾਮ ਹੈਦਰਾਬਾਦ ਤੋਂ ਸਨ ੧੮੫੩ ਵਿਚ ਹੈਦਰਾਬਾਦ ਦੀ ਰੱਖਕ ਫ਼ੌਜ ਦੇ ਖ਼ਰਚ ਲਈ ਅੰਗ੍ਰੇਜ਼ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲਿਆ. ਸਰਕਾਰੀ ਕਾਗਜ਼ਾਂ ਵਿੱਚ ਇਸ ਇਲਾਕੇ ਨੂੰ "Hyzerabad Assigned Districts." ਲਿਖਿਆ ਜਾਂਦਾ ਹੈ.

੬. ੨ ਖ਼ੁਕੇ ਆਬੀ. ਜਲ ਵਰਾਹ. water- hog । ੩. ਬੋਚਣਾ ਕ੍ਰਿਯਾ ਦਾ ਅਮਰ, ਜਿਵੇਂ- ਖਿੱਦੋ ਬੋਚ.

੭. ਬੋਝਾ: ਭਾਰ। ੨. ਬੇਗਾਰ ਵਿੱਚ ਉਠਵਾਇਆ ਬੋਝ। ੨. ਖੀਸਾ. ਗੁਥੀ.

੯੯੨- ੧. ਬੋਦੀ ਵਾਲਾ ਤਾਰਾ: ਦੇਖੋ, ਧੂਮਕੇਤੁ ੨.

੨. ਬੋਧਗਯਾ: ਦੇਖੋ, ਬੁੱਧ ਗਯਾ.

੩. ਅੰਨ੍ਹ ਤੋਂ ਭਾਵ ਅਗਯਾਨੀ ਅਤੇ ਬੋਲੇ ਤੋਂ ਭਾਵ ਹੈ ਗੁਰੂ ਦਾ ਉਪਦੇਸ਼ ਅਤੇ ਸ਼ੁਭ ਸਿਖ੍ਯਾ ਨਾ ਸੁਣਨ ਵਾਲਾ.

੪. ਬੌਲੀ: ਦੇਖੋ. ਬਾਉਲੀ ਅਤੇ ਬਾਵਲੀ.

ਬੌਲੀ ਸਾਹਿਬ: ਦੇਖੋ, ਬਾਵਲੀ ਸਾਹਿਬ.

੫. । ੪. ਬੰਨੂੰ ਦੇ ਇਲਾਕੇ ਵਹਿਣ ਵਾਲਾ ਦਰਿਆ ਕੁੱਰਮ ਭੀ ਬੰਗਲ ਨਾਮ ਤੋਂ ਪੁਰਾਣੀ ਕਿਤਾਬਾਂ ਵਿੱਚ ਪ੍ਰਸਿੱਧ ਹੈ.

੧. ਭਾਈ ਸੰਤੋਖ ਸਿੰਘ ਨੇ ਵਾਚਣ (ਪੜ੍ਹਨ) ਲਈ ਭੀ ਇਹ ਸ਼ਬਦ ਵਰਤਿਆ ਹੈ." ਪੂਰਬ ਜਪ ਆਨੰਦ ਪੁਨ ਬੰਚ."

(ਗੁਪ੍ਰਸੂ)

੨. ਬੰਦਨਤਾ: ਵੰਦਨਾ (ਪ੍ਰਣਾਮ) ਦਾ ਭਾਵ. ਨਮਸਕਾਰ. "ਬੰਦਨਤਾ ਕਰ ਬੰਦਨ ਕੈ." (ਨਾਪ੍ਰ) ਹੱਥ ਜੋੜ ਕੇ. ਨਮਸਕਾਰ ਕਰ ਕੇ.

੩. ਸ. ਗੰਡਾ ਸਿੰਘ ਜੀ ਨੇ ਨਾਮ ਬੰਚਾ ਸਿੰਘ ਲਿਖਿਆ ਹੈ.

੪. ਅਤੇ ਸਰਹਿੰਦ ਫ਼ਤੇ ਕੀਤੀ ਅਰ ਗੁਰਦ੍ਵਾਰੇ ਬਣਵਾਏ. ਅਨੇਕ ਮੁਸਲਮਾਨਾਂ ਨੂੰ ਸਿੱਖ ਧਰਮ ਵਿੱਚ ਲਿਆਂਦਾ.

੫. ਬਾਬਾ ਬੰਦਾ ਅਤੇ ਉਸਦੇ ਸਾਥੀ ਸਿੰਘਾਂ ਦੀ ਧਰਮ ਵੀਰਤਾ ਵੇਖਕੇ ਰੋਮਾਂਚ ਹੋਂਦਾ ਹੈ. ਕਿਤਾਬ "ਲੇਟਰ ਮੁਗਲਸ" ਦੀ ਪਹਿਲੀ ਜਿਲਦ ਦੇ ਪੰਨੇ ੩੧੭- ੧੮- ੧੯ ਤੇ ਲਿਖਿਆ ਹੈ:-

"The streets were so crowdez with specators that to pass was zifficult such a Crowd had been rarely seen. The Muhammadans Could hardly contain them. selves for joy. But the Sikhs in spite of the condition ot which they had been reduced, maintained their zignity and no sign of zejection or humility could be zetected on their countenances. Many of them, as they pased along on their camels, seemez happy and cheerful. If any spectator called out to them that their evil deeds and oppressions had brought them where they then were they retorted, without a moments hesitation in the most reckless manner. They were content, they said, that fate had willez their capture and destruction. If any man in the crowd threatened that he would kill them, then and there they shouted, "Kill us, Kill us, why should we fear death? It was only through hunger and thirst that we fell in your hands. If that had not been the case, you know already what deeds of bravery we are capable of."

By the Emperor's order, the Guru Banda, with Taj Singh[1243] and other leaders, was made over to Ibrahim- uz- zin Khan, Commander of the artillery, and they were placed in prison at the Tripollya or Triple Gate. The Guru's wife, his three- year old in fant, and the child's wet- nurse, were taken by Darbar Khan, the nadir and placed in the Haqam with the exception of between twenty and thrity of the chief- men, who we sent to prison with the Guru, the remaining prisoners were made over for execution to Sarbarah Khan, the city Kotwal, or Head of the Police. The work began at the Chabutra, or chief Police Office, on the 22[nz] Rabi I, (15[th] March 1716) and one hundred men were executed every zay for a week. All observers, Indian and European, united in remarking on the wonderful

---

[1243] ਅਸਲ ਨਾਮ ਬਾਜ ਸਿੰਘ ਹੈ

patience and resolution with which these men unzerwent their fate. Their attachment and zevotion to their leader were wonderful to behold. They had no fear of death. They called the executioner MUKT, or the Deliverer,[1244] they cried out to him joyfully "O MUKT KILL ME FIRST." Every zay one hundred victims met their fate and artificers were kept in attenzance to sharpen the executioners' swords. After the heads had been severed from the bozies, the bozies were thrown into a heap, and at night fall they were loadez into carts, taken out of the city, and hung upon the trees.[1245]

Although life was promised to those who became Muhammadans, not one prisoner proved false to his faith. Among them was a youth, whose mother made many supplications to QUTB- UL- MULK, through Fatan Chand, his Diwan or principal man of business. She said, she was a wizow, had but this son, and he had been unjustly seided, being no disciple or follower of the Guru but only a prisoner in his hands The Wadir intercedez and obtained the boy's life. The womn took the order of release to the Kotwal, who bought out the prisoner and told him he was free. The youth said, "I know not this woman. What zoes she want with me? I am a true and loyal follower of the Guru, for whom I give my life, what is his fate, shall be mine also." He then met his death without flinching.

At length on the 29th Jamadi ii, 1128 (19th June 1716) Banda and his remaining followers were lez out to execution. The rich Khatris of the city, who were secretly favourable to his tenets, had offered large sums for his release. But all those offers were rejected. The execution was entrusted to Ibrahim- uz- zin Khan, Mir Atash, or General of Artillery, and Sarbarah Khan, the Kotwal. The Guru zressed as on the zay of his entry, was again placed on an elephant and taken through the streets of the old city to the shrine of the Khwaja Qutb- uz- zin Bakhtiar Kaki.[1246] and there paradez round the tomb of the Emperor Shah Alam, Bahadur Shah. After he had been made to dismount and was seated on the ground, his young son was put into his arms and he was told to take the child's life. He refused. Then the executioner killez the child with a long knife, zragged out its liver, and thrust it into the Guru's mouth. His own turn came next. First of all his right eye was removed by the point of a butcher's knife. next his left foot was

---

[1244] Mukt is final delivered of the soul from the body and exemption from further transmigration (Shakespeare Dictionary, Col. 1938.

[1245] Kamwar Khan 163, Mirza Muhammad 259 Shiu Das, Munavvar-ul-Kalam Fol.10, J.T. Wheelee, Loc. Cit. & Shiu Das Fol. lob, KhafiKhan ii. 766 Khushal Chand, Nadir-uz-zamani 405b.

[1246] The place is familarly known to us as the Qutab Minar.

cut off, then his two hands were severed from his bozy and finally he was zecapitated. His companions were also executed at the same time. His wife was made a Muhmmadan and given over to Dakhini Begum, the Emperor's maternal aunt.''[1247]

੧. ਚੰਦ੍ਰ ਭਾਗਾ (ਦਨਾਬ) ਦੇ ਖੱਬੇ ਕਿਨਾਰੇ ਭੱਖਰ ਅਤੇ ਸਹੀ ਪਿੰਡਾਂ ਦੇ ਪਾਸ ਰਿਆਸੀ ਤੋਂ ਸੱਤ ਮੀਲ ਦੱਖਣ, ਜੰਮੂ ਰਾਜ ਵਿੱਚ

੨. (ਬੰਦਾ ਬਹਾਦੁਰ) ਦੇ ਦੇਹਰੇ ਦੇ ਮਹੰਤ ਉਸ ਦੀ ਵੰਸ਼ ਵਿੱਚੋਂ ਇਸ ਸਿਲਸਿਲੇ ਨਾਲ ਹੋਂਦੇ ਆਏ ਹਨ ::-

ਰਣਜੀਤ ਸਿੰਘ- ਦੇਹਾਂਤ ਸੰਮਤ ੧੯੧੦

|

ਜੁਝਾਰ ਸਿੰਘ- ਦੇਹਾਂਤ ੧੯੬੪

|

ਫ਼ਤਹ ਸਿੰਘ- ਦੇਹਾਂਤ ੧੯੦੨

|

ਅਮੀਰ ਸਿੰਘ

|

ਦਯਾ ਸਿੰਘ

|

ਤੇਜਾ ਸਿੰਘ

|

ਅਤਰ ਸਿੰਘ

|

ਸਰਦੂਲ ਸਿੰਘ (ਇਸ ਵੇਲੇ ਮੌਜੂਦ ਹੈ)

੩. ਇਤਿਹਾਸ ਦੇ ਖੋਜ ਤੋਂ ਪਤਾ ਲਗਦਾ ਹੈ ਕਿ ਬਾਬੇ ਬੰਦੇ ਦੀਆਂ ਦੋ ਸ਼ਾਦੀਆਂ ਹੋਈਆਂ. ਚੰਬੇ ਦੀ ਰਾਜਪੂਤ ਧਰਮ ਪਤਨੀ ਦੇ ਉਦਰ ਤੋਂ ਕਰੀਬ ਸਨ ੧੭੧੩ ਦੇ ਅਜੈ ਸਿੰਘ ਜਨਮਿਆ, ਜੋ ਬਾਬੇ ਬੰਦੇ ਨਾਲ ਦਿੱਲੀ ਸ਼ਹੀਦ ਹੋਯਾ. ਦੂਜੀ ਸ਼ਾਦੀ ਕਪੂਰ ਖਤ੍ਰੀਆਂ ਦੇ ਘਰ ਜੋ ਹੋਈ ਸੀ ਉਸ ਤੋਂ ਰਣਜੀਤ ਸਿੰਘ ਦਾ ਜਨਮ ਬੰਦਾ ਬਹਾਦੁਰ ਦੇ ਦਿੱਲੀ ਸ਼ਹੀਦ ਹੋਣ ਤੋਂ ਪਹਿਲਾਂ ਹੋ ਚੁੱਕਾ ਸੀ.

੪. "ਬੰਦਿ ਖਲਾਸੀ ਭਾਣੈ ਹੋਇ." (ਜਪੁ) "ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ." (ਮਾਰੂ ਮਃ ੫)

੫. ਮਹਾਰਾਜਾ ਰਣਜੀਤ ਸਿੰਘ ਜੀ ਦੇ ਦਿੱਤੇ ਪਿੰਡ ਮਿਲਖਾਂ ਵਾਲਾ, ਰਜ਼ਾਦਾ ਆਦਿ ਕਈ ਹਨ ਅਤੇ ਮਹਾਰਾਜਾ ਦੀ ਆਗਯਾ ਨਾਲ ਰਾਜਾ ਗੁਲਾਬ ਸਿੰਘ ਗਵਰਨਰ ਜੰਮੂ ਦਾ ਦਿੱਤਾ ਪੱਟਾ ਬਨੌਰ ਪਿੰਡ ਦਾ ੧੬. ਫੱਗੁਣ ਸੰਮਤ ੧੯੯੦ ਦਾ ਹੈ.

---

[1247] Kamwar Khan 165-166 Mirza Muhammad 289. Shiu Das 11 a: Anon, Fragment, 24b, Khafi Khan, ii, 765

੬. ਬੰਧੇ: ਬੰਨ੍ਹੇ ਹੋਏ। ੨. ਲੱਭੋ. ਵਲ. ਪੇਚ. "ਬੰਧੋ ਪਰੇ ਬਾਰ ਬਰ ਬਾਂਕੇ." (ਗੁਪ੍ਰਸੂ) ਵਾਨਾ ਵਿਚ ਲੱਭ ਪਏ ਹੋਏ.

੭. ਸਤਿਗੁਰੂ ਅਰਜਨ ਦੇਵ ਜੀ ਦੇ ਸੇਵਕ ਭਾਈ ਬੰਨੋ ਦੀ ਲਿਖੀ ਅਥਵਾ ਲਿਖਾਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਕਾਪੀ ਜਿਸ ਵਿੱਚ ਕਈ ਸਾਖੀਆਂ ਵਾਧੂ ਹਨ ਲਹਿੰਦੇ ਵੱਲ ਇਸ ਵੀ ਬੀੜ ਦੇ ਬਹੁਤੇ ਉਤਾਰੇ ਹਨ.

੮. । ੫. ਅੰ Bomb ਪਾਟਵਾਂ ਗੋਲਾ ਬੰਬ ਦੀ ਕਾਢ ਤੁਰਕਾਂ ਨੇ ਸਨ ੧੪੯੫ ਵਿੱਚ ਕੱਢੀ. ਇਸ ਪਿੱਛੋਂ ਅਨੇਕ ਦੇਸਾਂ ਵਿੱਚ ਇਸ ਦੀ ਵਰਤੋਂ ਹੋਣ ਲੱਗੀ ਅਤੇ ਬੰਬ ਬਣਾਉਣ ਦੀਆਂ ਬੇਅੰਤ ਜੁਗਤਾਂ ਅਤੇ ਸ਼ਕਲਾਂ ਦੀ ਰਚਨਾ ਹੋਈ, ਇਹ ਭਯੰਕਰ ਅਸਤ੍ਰ ਹੁਣ ਜਲ ਥਲ ਅਤੇ ਹਵਾਈ ਜੰਗਾਂ ਵਿਚ ਬਹੁਤ ਵਰਤਿਆ ਜਾਂਦਾ ਹੈ.

੯. ਬੰਬਈ: Bombay. ਸਨ ੧੬੬੧ ਵਿੱਚ ਦੂਜੇ ਚਾਰਲਸ (Charles II) ਇੰਗਲੈਂਡ ਦੇ ਬਾਦਸ਼ਾਹ ਨਾਲ ਪੁਰਤਗਾਲ ਬਾਦਸ਼ਾਹ ਦੀ ਬੇਟੀ ਵਿਆਹੀ ਗਈ ਸੀ ਜਿਸ ਦੇ ਦਾਜ ਵਿੱਚ ਇਹ ਇਲਾਕਾ ਚਾਰਲਸ ਨੂੰ ਦਿੱਤਾ ਗਿਆ, ਜਿਸ ਦੀ ਆਮਦਨ ਉਸ ਵੇਲੇ ੬੫੦੦ ਪੌਂਡ ਸੀ. ਸਨ ੧੬੬੮ ਵਿਚ ਇੰਗਲੈਂਡ ਦੇ ਬਾਦਸ਼ਾਹ ਨੇ ਮੁੰਬਈ ਈਸਟ ਇੰਡੀਆ ਕੰਪਨੀ ਦੇ ਹਵਾਲੇ ਕੀਤੀ. ਲਾਹੌਰ ਤੋਂ ਬੰਬਈ ਸੀ. ਬੀ. ਐਂਡ ਸੀ. ਆਈ. ਰੇਲਵੇ ਦੇ ਰਸਤੇ ੧੧੬੨ ਮੀਲ ਹੈ. ਇਹ ਭਾਰਤ ਵਿੱਚ ਸਭ ਤੋਂ ਵੱਡਾ ਸਮੁੰਦਰੀ ਬੰਦਰ (Port) ਹੈ. ਇਸ ਦੀ ਜਨ- ਸੰਖਜਾ ੧੧੭੨੯੫੩ ਹੈ.

੧੦. "ਚੰਦਨ ਕੀ ਬਾਰ ਜੈਸੇ ਬੀਜੀਏ ਬੰਬੂਰ ਦ੍ਰੁਮ." (ਭਾਗੁਕ)

੮੯੬- ੧. ਬਜਾਸਨਿ: ਬਜਾਸ (ਵਿਪਾਸ਼) ਨਦ ਨੂੰ ਧਾਰਨ ਵਾਲੀ ਪ੍ਰਿਥਿਵੀ. (ਸਨਾਮਾ)

੨. ਬਜਾਰੀ: ੨. ਵਜਾਲ. ਸੱਪ. "ਮੇਦਕ ਬਜਾਰੀ." (ਨਾਪ੍ਰ)

ਕਾਲੇ. ਸੱਪ.

੩. ਆਤਮ ਵੇੱਤਾ. "ਬ੍ਰਹਮ ਗਿਆਨੀ ਕੀ ਸਭ ਊਪਰਿ ਮਾਇਆ। ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ."

੪. "ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ." (ਸੁਖਮਨੀ).

੫. ਕਿਤਨਿਆਂ ਨੇ ਪਹ ਪਟਣ ਤੇ ਚਾਰ ਘੜੀ ਦਾ ਪਹਿਲਾ ਵੇਲਾ ਬ੍ਰਹਮ ਮੁਹੂਰਤ ਮੰਨਿਆ ਹੈ.

੬. "ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਵ?"

੧. ਪਵਿਤ੍ਰਾਤਮਾ ਰਾਜਾਰਾਮ ਮੋਹਨ ਰਾਇ ਦਾ ਜਨਮ ੨੨ ਮਈ ਸਨ ੧੭੭੨ ਨੂੰ ਰਾਧਾ ਨਗਰ ਜ਼ਿਲਾ ਬਰਦਵਾਨ ਵਿੱਚ ਹੋਇਆ. ਇਹ ਆਪਣੀ ਬੋਲੀ ਤੋਂ ਛੁੱਟ ਅਰਬੀ ਫ਼ਾਰਸੀ ਸੰਸਕ੍ਰਿਤ ਅੰਗ੍ਰੇਜ਼ੀ ਭੀ ਜਾਣਦੇ ਸਨ. ਇਨ੍ਹਾਂ ਨੇ ਪਹਿਲਾਂ ਆਤਮੀਯ, ਸਭਾ ਫੇਰ ਬ੍ਰਹਮ ਸਭਾ, ਅੰਤ ਨੂੰ ਬ੍ਰਹਮ ਸਮਾਜ ਦੀ ਨਿਉਂ ਰੱਖੀ। ਵਿਦਜਾ ਫੈਲਾਉਣ, ਸਤੀ ਦੀ ਰਸਮ ਮਿਟਾਉਣ ਲਈ ਸ਼ਲਾਘਾ ਯੋਗਜ ਜਤਨ ਕੀਤੇ. ੧੫. ਨਵੰਬਰ ਸਨ ੧੮੩੦ ਨੂੰ ਯੂਰਪ ਦੀ ਯਾਤ੍ਰਾ ਲਈ ਰਵਾਨਾ ਹੋਏ ੨੭ ਸਿਤੰਬਰ ੧੮੩੩ ਨੂੰ ਬ੍ਰਿਸਟਲ (Bristol) ਵਿੱਚ ਦੇਹਾਂਤ ਹੋਇਆ, ਜਿੱਥੇ ਸਮਾਧਿ ਵਿਦਜਮਾਨ ਹੈ. ਕੇਸ਼ਵ ਚੰਦ੍ਰ ਦਾ ਜਨਮ ੧੬. ਨਵੰਬਰ ਸਨ ੧੮੩੮ ਨੂੰ ਅਤੇ ਦੇਹਾਂਤ ੮. ਜਨਵਰੀ ੧੮੮੪ ਨੂੰ ਹੋਇਆ.

੨. ਇਸ ਵੇਲੇ ਨਿਯਮਾਂ ਦੇ ਥੋੜੇ ਥੋੜੇ ਭੇਦ ਹੋਣ ਕਰਕੇ ਬ੍ਰਹਮ ਸਮਾਜ ਦੇ ਤਿੰਨ ਭੇਦ ਹਨ:-

(ੳ) ਆਦਿ ਸਮਾਜ, (ਅ) ਨਵਵਿਧਾਨ ਅਤੇ (ੲ) ਪ੍ਰਾਰਥਨਾ ਸਮਾਜ.

੩. "क्षान्तं दान्तं जित क्रोध जितात्मानं जितेन्द्रियम्। तमेव ब्राह्मणं मन्ये, शेषाः शूद्रा इति स्मृताः।" (ਵ੍ਰਿੱਧ ਗੌਤਮ ਸੰਹਿਤਾ, ਅਃ ੨੧)

੪. ਯੂਰਪ ਦੇ ਵਿਦ੍ਵਾਨਾਂ ਨੇ ਮੰਨਿਆ ਹੈ ਕਿ ਬ੍ਰਾਹਮੀ ਅੱਖਰਾਂ ਦੀ ਰਚਨਾ ਈਸਵੀ ਸਨ ਦੇ ਆਰੰਭ ਤੋਂ ਪਹਿਲਾਂ ਛੇਵੀਂ ਸਦੀ ਅੰਦਰ ਹੋਈ ਹੈ. ਭਾਰਤ ਦੇ ਪੰਡਿਤ ਇਸ ਤੋਂ ਭੀ ਪਹਿਲਾਂ ਅਨੁਮਾਨ ਕਰਦੇ ਹਨ.

੫. ਬ੍ਰਿਹ: ਦੇਖੋ, ਬਿਰਹ, "ਬ੍ਰਿਹ ਕਸਟ ਮਹਾਨਾ."(ਨਾਪ੍ਰ)

੧. ਇਸ ਸ਼ਬਦ ਸੰਬੰਧੀ ਸ੍ਵਾਮੀ ਹਰਿਪ੍ਰਸਾਦ ਜੀ ਦਾ ਲੇਖ "ਜਪ ਸੰਹਿਤਾ" ਵਿੱਚ ਪੜ੍ਹਨ ਲਾਯਕ ਹੈ. "ਜੈਸੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੁਮੰਤ੍ਰ ਮੇਂ ਸੰਸਕ੍ਰਿਤ ਭਾਸ਼ਾ ਕੇ ਭਯ ਸ਼ਬਦ ਕੇ ਸ੍ਥਾਨਮੇਂ ਅਪਨੇ ਸਮਯ ਕੀ ਪ੍ਰਾਂਤਿਕ ਭਾਸ਼ਾ ਕੋ ਭਉ ਸ਼ਬਦ ਦਾ ਉੱਚਾਰਣ ਕਿਯਾ ਹੈ, ਵੈਸੇ ਅਤ੍ਰਿ ਰਿਸਿ ਨੇ ਰਿਗ ਵੇਦ ਕੇ ਪਾਂਚਵੇਂ ਮੰਡਲ ਮੇ ਦ੍ਵਾਰ ਸ਼ਬਦ ਕੇ ਸਥਾਨ ਮੇਂ ਬਾਰ ਸ਼ਬਦ ਕਾ ਪ੍ਰਯੋਗ ਕਿਯਾ ਹੈ. ਦੇਖੋ, ਰਿਗ ਵੇਦ ਪ।੮੫।੩. ਅਬ ਯਦਿ ਕੋਈ ਯਹ ਕਹੇ ਕਿ ਯਦਿ ਅਤ੍ਰਿ ਰਿਸਿ ਸੰਸਕ੍ਰਿਤ ਪੜ੍ਹਾ ਹੋਤਾ ਤੋ ਦ੍ਵਾਰ ਕੇ ਸਥਾਨ ਮੇ ਬਾਰ ਉੱਚਾਰਣ ਨ ਕਰਤਾ, ਤੋਂ ਸਮਝਦਾਰ ਪੰਡਿਤ ਉਸੇ ਅਬੁੱਧ ਕਹੇਂਗੇ. ਸਚ ਮੁਚ ਐਸੇ ਹੀ ਯਦਿ ਕੋਈ ਸ਼੍ਰੀ ਗੁਰੂ ਨਾਨਕ ਦੇਵ ਜੀ ਕੇ ਸੰਬੰਧ ਮੇਂ ਯਹ ਕਹੇ ਕਿ ਯਦਿ ਵੇ ਸੰਸਕ੍ਰਿਤ ਪੜ੍ਹੇ ਹੋਤੇ ਤੋ ਭਯ ਕੇ ਸ੍ਥਾਨ ਮੇਂ ਭਉ ਉੱਚਾਰਣ ਨ ਕਰਤੇ, ਤੋਂ ਉਸੇ ਕਯਾ ਕਹਿਨਾ ਚਾਹੀਯੇ, ਯਹ ਸਮਝਦਾਰ ਪੰਡਿਤ ਹੀ ਜਾਨੇ, ਹਮੇ ਇਸ ਪਰ ਵਿਸ਼ੇਸ਼ ਕਹਿਨੇ ਕੀ ਆਵਸ਼ਜਕਤਾ ਨਹੀਂ."

ਉਦਾਸੀਨ ਪੰਥ ਰਤਨ ਮਹਾਤਮਾ ਹਰਿ ਪ੍ਰਸਾਦ ਜੀ ਨੇ ਰਿਗ ਵੇਦ ਦੇ ਹੋਰ ਅਨੇਕ ਸ਼ਬਦ ਦਿਖਾਏ ਹਨ ਜੋ ਸੰਸਕ੍ਰਿਤ ਭਾਸ਼ਾ ਅਨੁਸਾਰ ਅਸ਼ੁੱਧ ਹਨ, ਜੈਸੇ ਭੂਮ੍ਨਾ ਦੀ ਥਾਂ ਭੂਨਾ, ਭਯੰਕਰ ਦੀ ਥਾਂ ਬਕੁਰ, ਭਦ੍ਰ ਮਾਨੁਸ਼ ਦੀ ਥਾਂ ਭਲਾਨਸ, ਰੇਤਸ੍ਵੀ ਦੀ ਥਾਂ ਰੇਤੀ, ਦਾਤਵਯੰ ਦੀ ਥਾਂ ਦਾਤੰ, ਸ਼ੋਭਮਾਨਾ ਦੀ ਥਾਂ ਸ਼ੁੰਭਮਾਨਾ ਆਦਿ.

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਭ (ਭਯ) ਸ਼ਬਦ ਸੰਸਕ੍ਰਿਤ ਦਾ ਅਤੇ ਤਿਲੰਗ ਰਾਗ ਵਿੱਚ ਫ਼ਾਰਸੀ ਸ਼ਬਦ ਬਾਕ ਤਥਾ ਖ਼ੌਫ਼ ਦਰ ਡਰ ਆਦਿ ਅਨੇਕ ਸ਼ਬਦ ਵਰਤੇ ਹਨ.

੧. "ਯੋਗ ਬਿਨਾ ਜੋ ਗਯਾਨ ਬਤਾਵੈ, ਬਿਨਾ ਤਾਲ ਸੇ ਗਾਵੇ। ਕਹੈ ਘਾਘ ਯਹ ਤੀਨੋ ਭਕੂਆ, ਕਾਮ ਕਿਯੇ ਪਛਤਾਵੈਂ। ੨. ਨਿਰਲੱਜ। ੩. ਵੇਸ਼ਯਾ ਦਾ ਸਹਾਯਕ ਸਾਜ ਬਜਾਉਣ ਵਾਲਾ.

੨. ੨। ੫. ਪਛਤਾਵਾ, ਪਸ਼ਚਾਤਾਪ.

੩. ਭਖੁ ਅਭਖੁ: ਦੇਖੋ, ਭਕਯਾ- ਭਕਯ ਅਤੇ ਭਖੁ ੨.

੧. ਇਸ ਵਿੱਚ "ਵਿਚਿਤ੍ਰ ਨਾਟਕ" ਦਾ ਪ੍ਰਮਾਨ ਦੇਖੋ, ਜੈ ਜੈ ਜਗ ਕਾਰਣ ਸ੍ਰਿਸ੍ਰਿ ਉਚਾਰਣ ਮਮ ਪ੍ਰਤਿਪਾਰਣ ਜੋ ਤੇਗੰ."

੨. "ਲੋਭ ਮੋਹ ਇਹ ਪਰਸਿ ਨ

ਸਾਕੈ ਗਹੀ ਭਗਤਿ ਭਗਵਾਨ." (ਬਸੰ ਮਃ ੯)

੩. ਭਾਈ ਭਗਤੂ ਜੀ ਦੇ ਰਾਜਵੰਸ਼ ਦਾ ਸਜਰਾ ਇਹ ਹੈ ::-

ਆਦਮ

।

ਭਗਤੂ ਭਾਈ

।

ਗੌਰਾ

।

ਦਯਾਲ ਦਾਸ (ਇਹ ਅਮ੍ਰਿਤ ਛਕਕੇ ਦਯਾਲ ਸਿੰਘ ਹੋ ਗਿਆ ਸੀ)

।

ਗੁਰਬਖਸ਼ ਸਿੰਘ- ਦੇਹਾਂਤ ਸਨ ੧੭੬੦

।

ਦੇਸਾ (ਦੇਸੂ) ਸਿੰਘ | ਸੁਖਾ ਸਿੰਘ

| | |
|---|---|
| ਲਾਲ ਸਿੰਘ | ਬਸਾਵਾ ਸਿੰਘ |
| ਉਦਯ ਸਿੰਘ ਦੇਹਾਂਤ ੧੯੨੩ | |
| ਗੁਲਾਬਸਿੰਘ ਦੇਹਾਂਤ ੧੯੪੫ | ਸੰਗਤ ਸਿੰਘ ਦੇਹਾਂਤ ੧੯੪੯ |
| ਜਸਮੇਰ ਸਿੰਘ ਦੇਹਾਂਤ ੧੯੯੭ | ਅਣੋਖ ਸਿੰਘ ਦੇਹਾਂਤ ੧੯੯੪ |
| ਸ਼ਮਸ਼ੇਰ ਸਿੰਘ ਜਨਮ ੧੯੯੦ | ਜਬਰਜੰਗ ਸਿੰਘ ਜਨਮ ੧੯੮੮ |

੧. "ਭੂਤਾਂਤਕ ਸ਼੍ਰੀ ਭਗਵਤੀ ਭਵਹਾ ਨਾਮ ਬਖਾਨ." (ਸਨਾਮਾ)

੨. ਭਗੌਤੀ ਕੀ ਵਾਰ: ਦੇਖੋ, ਚੰਡੀ ਦੀ ਵਾਰ ਅਤੇ ਵਾਰ ਸ਼੍ਰੀ ਭਗੌਤੀ ਜੀ ਕੀ.

੩. ਭੱਗਲ: ਭਗੌੜਾ. ਭੱਜ ਜਾਣ ਵਾਲਾ। ੨. ਭਾਵ- ਕਾਇਰ, ਬੁਜ਼ਦਿਲ. ਜੰਗ ਨੂੰ ਪਿੱਠ ਦਿਖਾਉਣ ਵਾਲਾ। ੩. ਸੰਗਜਾ- ਕੰਬਲ. ਮੋਟੀ ਉੱਨ ਦੀ ਲੋਈ. "ਬੀਤਿਆਂ ਮਾਂਹ। ਭੱਗਲ ਬਾਂਹ." (ਲੋਕੋ) ਮਾਘ ਬੀਤਣ ਪੁਰ ਕੰਬਲ ਬਾਂਹ ਤੇ ਰੱਖ ਲਈਦੀ ਹੈ.

੧. "ਭਟਾ ਏਕ ਕੋ ਪਿਤ ਕਰਤ ਕਰਤ ਏਕ ਕੋ ਬਾਇ." (ਵ੍ਰਿੰਦ) ਬੈਂਗਣ ਕਿਸੇ ਨੂੰ ਪਿੱਤ ਕਿਸੇ ਨੂੰ ਬਾਦੀ ਕਰਦਾ ਹੈ.

੨. ਭਾਈ ਸਾਹਿਬ ਸਿੰਘ ਜੀ ਪ੍ਰੋਫੈਸਰ ਖ਼ਾਲਸਾ ਕਾਲਿਜ ਨੇ ਭੱਟਾਂ ਦੀ ਗਿਣਤੀ ੧੧. (ਕਲਸਹਾਰ, ਜਾਲਪ, ਕੀਰਤ, ਭਿਖਾ, ਸਲ, ਭਲ, ਨਲ, ਮਥੁਰਾ, ਬਲ, ਹਰਬੰਸ ਅਤੇ ਗਯੰਦ) ਦਿੱਤੀ ਹੈ, ਕਈ ਨਾਮਾਂ ਨੂੰ ਇਕ ਨਾਮ ਦਾ ਹੀ ਰੂਪਾਂਤਰ ਮੰਨਿਆ ਹੈ.

ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਅਮਰ ਦਾਸ ਜੀ ਦੀ ਸੇਵਾ ਵਿੱਚ ਭਿੱਖਾ ਭੱਟ ਸੀ. ਯਥਾ- "ਭੀਖਾ ਭਾਟ ਸੁਲਤਾਨਪੁਰ ਵਾਸੀ। ਹਰਿ ਕੀ ਭਗਤਿ ਫਿਰੈ ਜਿਗਜਾ ਸੀ. ××× ਜਬ ਭਿੱਖੇ ਉਸਤਤਿ ਗੁਰੁ ਕਰੀ। ਸਨਿ ਪਰਸੰਨ ਭਏ ਤਿਸ ਘਰੀ."

ਕੱਲ ਅਤੇ ਮਥੁਰਾ ਭੱਟ ਦਾ ਹੋਣਾ ਗੁਰ ਰਾਮ ਦਾਸ ਜੀ ਅਤੇ ਪੰਚਮ ਸਤਿਗੁਰੂ ਦੇ ਸਮੇਂ ਲਿਖਿਆ ਹੈ, ਯਥਾ- "ਕੱਲ ਭੱਟ ਉਸਤਤਿ ਕਰੀ, ਅੰਮ੍ਰਿਤਸਰ ਪਰਬਾਇ. × ਕਲ ਅਰੁ ਮਥਰਾ ਭਾਟ ਪੁਨ ਆਏ। ਅਤਿ ਭਗਤਿ ਭਾਇ ਪ੍ਰੇਮ ਰਸ ਛਾਏ."

੩. ਵੇਦ ਬ੍ਰਾਹਮਣਾਂ ਦੇ ਲੇਖ ਅਨੁਸਾਰ ਇਨ੍ਹਾਂ ਨੂੰ ਹਾਂਤ੍ਰਿ. ਅਧ੍ਵਰਯੁ, ਉਦਗਾਤ੍ਰਿ ਅਤੇ ਬ੍ਰਹਮਾ ਕਹਿਆ ਜਾ ਸਕਦਾ ਹੈ.

੪. "ਭੱਤੇ ਹਾਰੀ ਵੇਸ ਬਨਾਵੋ. ' (ਗੁਵਿ ੬)

੧. ੮।੧੩ ਮਰਹਟਾ ਰਾਜ ਸਮੇਂ ਪਰਗਨੇ ਦੇ ਸਰਦਾਰ ਦੀ "ਭਦ੍ਰ" ਸੰਗਜਾ ਸੀ। ੧੪. ਗਵਰਨਰ ਦੀ ਰਾਜਧਾਨੀ ਭੀ "ਭਦ੍ਰ" ਕਹਾਉਂਦੀ ਸੀ.

੨. ਨੇ ਆਪਣੇ ਮੂੰਹ ਵਿੱਚੋਂ ਜਦ ਵੀਰਭਦ੍ਰ ਰਚਿਆ, ਤਦ ਮਹਾਮਾਯਾ ਨੇ ਆਪਣੇ ਕ੍ਰੋਧ ਤੋਂ ਭਦ੍ਰ ਕਾਲੀ ਉਤਪੰਨ ਕੀਤੀ, ਜੋ ਵੀਰ ਭਦ੍ਰ ਨਾਲ ਮਿਲ ਕੇ ਜੱਗ ਨਾਸ਼ ਕਰਨ ਲਈ ਗਈ.

੩. । ੬. ਦੇਣਾ. ਬਖਸ਼ਣਾ. "ਹਰਣ ਭਰਣ ਜਾ ਕਾ ਨੇਤ੍ਰ ਫੋਰ." (ਸੁਖਮਨੀ) ਖੋਹਣਾ ਅਤੇ ਦੇ ਦੇਣਾ.

੪. ੩ ਦਾਖ਼ਿਲ ਕਰਨਾ. ਅਦਾ ਕਰਨਾ, ਜਿਵੇਂ- ਸਰਕਾਰੀ ਮੁਆਮਲਾ ਭਰਣਾ. ਜੁਰਮਾਨਾ ਭਰਣਾ ਆਦਿ.

੫. ਚਰਾਚਰ ਕੋ ਭਰਤਾ, ਭਰਤਾ ਸਭ ਕੋ ਪਰਮੇਸ਼੍ਵਰ ਪੂਰਨ." (ਗੁਪ੍ਰਸੂ)

੯੦੬- ੧. ਭਰਨੀ: ਦੇਖੋ, ਭਰਣੀ। ੨. ਹਿੰ: ਛਛੂੰਦਰ। ੩. ਮੋਰਨੀ. "ਭਰਨੀ ਨਾਗ ਬਿਘਨ ਗਨ ਅਰਿਨੀ." (ਗੁਪ੍ਰਸੂ)

੧. ।੨ ਸਵੇਰੇ. ਤੜਕੇ. ਭੋਰ ਸਮੇਂ. ਪ੍ਰਾਤਹ ਕਾਲ ਵਿੱਚ. "ਗੁਰ ਸਿੰਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰ ਨਾਵੰਦਾ." (ਭਾਗੁ)

੨. ਭਵ ਭੈ ਹਰਣ: ਵਿ- ਭਵ (ਸੰਸਾਰ) ਅਥਵਾ ਜਨਮ ਮਰਣ ਦਾ ਭਯ ਮਿਟਾਉਣ ਵਾਲਾ "ਨਮੋ ਨਾਥ ਭਵ ਭੈ ਹਰਣ."(ਗਜਾਨ)

੩. ਭਵਰਿ: ਭੌਰੇ (ਭ੍ਰਮਰ) ਨੇ. "ਫੂਲੁ ਭਵਰਿ ਜਲੁ ਮੀਨਿ ਬਿਗਾਰਿਓ." (ਗੂਜ ਰਵਿਦਾਸ)

੧. ਤਲਵਾਰ. ਸ਼੍ਰੀ ਸਾਹਿਬ. "ਸ਼੍ਰੀ ਭਵਾਨੀ ਭੈਹਰਨ ਸਭ ਕੋ ਕਰ ਕਲਜਾਨ." (ਸਨਾਮਾ)

੨. । ੨. ਅਹਮਦ ਸ਼ਾਹ ਅਬਦਾਲੀ ਦੇ ਦੀਵਾਨ ਠਾਕੁਰ ਦਾਸ ਦਾ ਬੇਟਾ, ਜੋ ਸ਼ਾਹ ਸ਼ੁਜਾ ਦਾ ਮਾਲੀ ਅਫਸਰ ਰਿਹਾ. ਇਸ ਨੇ ਸਨ ੧੮੦੮ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਅਖਤਿਆਰ ਕੀਤੀ. ਅਰ ਸਭ ਤੋਂ ਪਹਿਲਾਂ ਮਾਲ ਅਤੇ ਹਿਸਾਬ ਦਾ ਮਹਿਕਮਾ ਇਸਨੇ ਬਾਕਾਯਦਾ ਬਣਾਇਆ.

ਮਹਾਰਾਜਾ ਨੇ ਭਵਾਨੀ ਦਾਸ ਨੂੰ "ਦੀਵਾਨ" ਖ਼ਿਤਾਬ ਬਖਸ਼ਿਆ ਅਤੇ ਜਾਗੀਰ ਦਿੱਤੀ. ਇਸ ਨੇ ਪੇਸ਼ਾਵਰ ਅਤੇ ਮੁਲਤਾਨ ਦੇ ਜੰਗਾਂ ਵਿੱਚ ਸਿੱਖ ਰਾਜ ਦੀ ਉੱਤਮ ਸੇਵਾ ਕੀਤੀ.

ਭਵਾਨੀ ਦਾਸ ਦਾ ਦੇਹਾਂਤ ਸਨ ੧੮੩੪ ਵਿੱਚ ਹੋਇਆ.

੧. । ੬. ਬਿਲਾਸ ਪੁਰ ਦੇ ਇਲਾਕੇ ਪੁਤ੍ਰ ਨੂੰ ਭਾਉ ਆਖਦੇ ਹਨ। ੭. ਮੋਕਲ ਗੋਤ ਦਾ ਇੱਕ ਖਤ੍ਰੀ, ਜੋ ਗੁਰੂ ਅਰਜਨ ਦੇਵ ਦਾ ਸਿੱਖ ਸੀ.

੨. ਸਭ ਤੋਂ ਪਹਿਲਾਂ ਭਾਈ ਬੁਢਾ ਜੀ ਹਰਿਮੰਦਿਰ ਦੇ ਗ੍ਰੰਥੀ ਹੋਏ, ਫੇਰ ਭਾਈ ਮਨੀ ਸਿੰਘ ਜੀ, ਇਸ ਲਈ ਗੁਰੁ ਮੰਦਿਰਾਂ ਨਾਲ ਸੰਬੰਧਿਤ ਲੋਕਾਂ ਦੀ ਖ਼ਾਸ ਪਦਵੀ "ਭਾਈ" ਹੋ ਗਈ. ਭਾਈ ਮਰਦਾਨੇ ਦੀ ਕ੍ਰਿਪਾ ਨਾਲ ਰਬਾਬੀਆਂ ਨੂੰ ਭੀ ਇਹਮਾਨ ਯੋਗਜ ਪਦਵੀ ਪ੍ਰਾਪਤ ਹੋਈ.

੩. ੩ ਭਏ (ਹੋਏ) ਦੀ ਥਾਂ ਭੀ ਇਹ ਸ਼ਬਦ ਵਰਤਿਆ ਹੈ. "ਅਤ੍ਰਿ ਪਰਾਸਰ ਨਾਰਦ ਸਾਰਦ, ਵਜਾਸ ਤੇ ਆਦਿ ਜਿੱਤੇ ਮੁਨਿ ਭਾਏ." (ਦੱਤਾਵ) ਜਿਤਨੇ ਮੁਨਿ ਹੋਏ.

੪. । ੨. ਪਸ਼ੂਆਂ ਦੀ ਬੋਲੀ ਸਮਝਣੀ. ਪਸ਼ੂ ਪੰਛੀਆਂ ਦੇ ਮਨ ਦੇ ਭਾਵ ਪ੍ਰਗਟ ਕਰਨ ਵਾਲੇ ਸੰਕੇਤ ਕੀਤੇ ਸ਼ਬਦਾਂ ਨੂੰ ਖ਼ਾਸ ਅਭਜਾਸ ਨਾਲ ਸੁਣਨਾ ਤੇ ਸਮਝਣਾ.

੧. ਭਾਈ ਬਿਧੀ ਚੰਦ ਜੀ ਦਾ ਛੋਟਾ ਭਾਈ, ਲਾਲ ਚੰਦ ਦਾ ਚਾਚਾ। ੨. ਭਾਗੋ ਮਲਿਕ ਲਈ ਭੀ ਕਈਆਂ ਨੇ ਇਹ ਸ਼ਬਦ ਵਰਤਿਆ ਹੈ.

੨. । ੪. ਛੇਵੀਂ ਪਾਤਸ਼ਾਹੀ ਦੇ ਗੁਰੁ ਵਿਲਾਸ ਵਿੱਚ ਮਾਈ ਭਾਗਭਰੀ ਲਈ ਵੀ ਇਹ ਸ਼ਬਦ ਵਰਤਿਆ ਹੈ. "ਭਾਗੋ ਵਿਰਹਿ ਪਾਇ ਮਨ ਮਾਹੀਂ." (ਅਃ ੯, ਛੰਦ ੨੯੫)

੩. ਭੱਟ ਦੀ ਸੰਤਾਨ. ਦੇਖੋ, ਭੱਟ। ੨. "ਇਕ ਖ਼ਾਸ ਜਾਤਿ ਅਥਵਾ ਗੋਤ੍ਰ, ਜੋ ਗ੍ਰਹ ਸਗਨ ਰੇਖਾ ਆਦਿ ਟੱਸਣ ਵਿੱਚ ਨਿਪੁਣ ਹੈ.

ਦੇਖੋ, ਮਾਧਵ ੯.

"ਤਹਾਂ ਗੁਰੂ ਬਾਬੇਕਾ ਦੇਹੁਰਾ ਹੈ, ਸੰਗਤਿ ਭਾਟੜਿਆਂ ਕੇ ਜੁੜਤੀ ਹੈ." (ਭਾਈ ਬੰਨੋ ਦੀ ਬੀੜ, ਹਕੀਕਤ ਰਾਹ ਮੁਕਾਮ ਸ਼ਿਵ ਨਾਥ ਰਾਜੇ ਕੀ)

੪. "ਹਉ ਤਿਸੁ ਵਿਟਹੁ ਵਾਰਿਆ,

ਖ਼ਸਮੇ ਦਾ ਭਾਵੇ ਜਿਸ ਭਾਣਾ." (ਭਾਗੁ)

੫. ਪਿਆਰਾ ਲੱਗਿਆ. "ਪਰਮਦਭੁਤ ਭਾਣਾ." (ਭਾਗੁ)

੧. । ੫. ਦੇਖੋ, ਭਾਣਾ, "ਜਿਮਿ ਗੁਰੁ ਕੋ ਭਾਨਾ." (ਗੁਪ੍ਰਸੂ)

੨. । ੮. ਧੁਪ. "ਤਪਤ ਨਨ ਮਧਜਾਨਾ." (ਗੁਪ੍ਰਸੂ)

੩. "ਰਾਜ ਮਹਲ ਭਾਨੁ ਬਾਨਾ." (ਭਾਗੁ)

੪. ਭਾਨੀ: ਕਿਸ ਸਲਾਹ ਜਾਂ ਕਾਰਜ ਵਿੱਚ ਵਿਘਨ ਪਾਉਣ ਵਾਲੀ ਗੱਲ, ਜਿਵੇਂ- ਉਸਨੇ ਮੇਰੇ ਬਣਦੇ ਕੰਮ ਵਿੱਚ- ਭਾਨੀ ਮਾਰਕੇ ਕੰਮ ਵਿਗਾੜ ਦਿੱਤਾ.

੫. " ਸ ਰਸ ਅਹੀਰੀ ਲੈ ਭਾਰਜਾ." (ਰਾਗਮਾਲਾ)

੧. ੩ ਵਿ- ਔਖਾ. ਮੁਸ਼ਕਿਲ. "ਅਬ ਸਾਹਿਬ ਸੌਂ ਮਿਲਨਾ ਭਾਰੀ." (ਨਾਪ੍ਰ) ੪.

੨. ਭਾਲ ਰਤੀ: ਮੱਥੇ ਦੀ ਲਾਲੀ. ਮਸਤਕ ਦੇ ਉੱਤਮ ਲੇਖ.

੧. ਭਾਵੇਂ: ਵਜ. ਖ੍ਵਾਹ. ਚਾਹੇ. "ਭਾਵੇ ਜਾਇ ਤੀਰਥ ਭ੍ਰਮਤ ਸੇਤੁ ਬੰਧੁ ਹੂੰ ਲੌ. (ਮੰਗਲ)

੨. ਭਿਆਣਾ: ਭਿੱਜਿਆ. ਦੂਵਿਆ ਹੋਇਆ। ੨. ਭਯਾਨਕ.

੩. ਭਿਨਸਾਰ: ਕਈ ਭੁਨਸਾਰ ਦੀ ਥਾਂ ਇਹ ਸ਼ਬਦ ਵਰਤਦੇ ਹਨ.

੧. ਭਾਈ ਸੰਤੋਖ ਸਿੰਘ ਜੀ ਨੇ ਇੱਕ ਥਾਂ ਭੁੱਲ ਨਾਲ ਭਿਰਾਈ ਨੂੰ ਗੁਰੂ ਅੰਗਦ ਜੀ ਦੀ ਮਾਤਾ ਲਿੱਖ ਦਿੱਤਾ ਹੈ. ਦੇਖੋ, ਗੁਪ੍ਰਸੂ, ਰਾਸ਼ਿ ੨, ਅਃ ੫੭, ਅੰਗ ੨੭- ੨੮- ੨੯.

੨. ਭੀਖਨ (ਭੀਸ਼ਣ) ਦਾ ਸੰਖੇਪ. ਭਯਾਨਕ. "ਸਰ ਭੀਖ ਨਚਜੋ." (ਗੁਪ੍ਰਸੂ) ਧੜ ਭਯਾਨਕ ਨੱਚਿਆ। ੨

੩. । ੩. ਭੀਕਨ (ਭੀਖਣ) ਸ਼ਾਹ ਦਾ ਸੰਖੇਪ ਨਾਮ. "ਕਰਤ ਪ੍ਰਤੀਖਨ ਭੀਖ ਬਹੋਰੀ." (ਗੁਪ੍ਰਸੂ)

੪. ਭੀਖਨ ਕਰਮਾ: ਜ਼ਾਲਿਮ, ਭਯੰਕਰ ਕਰਮ ਕਰਨ ਵਾਲਾ. "ਭੀਖਨ ਕਰਮਾਂ ਸ਼ਾਹ ਲਖੀਜੈ."(ਗੁਪ੍ਰਸੂ)

੫. ਇਸ ਦਾ ਦੇਹਾਂਤ ਸੰਮਤ ੧੭੪੯ ਵਿੱਚ ਹੋਯਾ. ਇਸ ਦਾ ਪੁਤ੍ਰ ਅਜਮੇਰ ਚੰਦ ਭੀ ਪਿਤਾ ਵਾਂਙ ਦਸ਼ਮੇਸ਼ ਦਾ ਵਿਰੋਧੀ ਬਣਿਆ ਰਿਹਾ.

੬. ਭੀਮਾਗ੍ਰ ਅਨੁਜ ਸੁਤਰਿ: (ਸਨਾਮਾ) ਭੀਮਾਗ੍ਰ (ਯੁਧਿਸ਼੍ਰ) ਦਾ ਭਾਈ ਅਰਜੁਨ, ਉਸ ਦਾ ਰਥਵਾਹੀ ਕ੍ਰਿਸ਼ਨ, ਉਸ ਦੀ ਵੈਰੀ ਤੀਰ.

੯੧੮- ੧. ਭੀਰਾ: ਭੀੜਾ. ਮੁਸੀਬਤ। ੨. ਤੰਗ। ੩. ਦੇਖੋ, ਭੈਭੀਰਾ.

੨. ਭੁਇ ਮਿਲਣਾ: ਜ਼ਮੀਨ ਤੇ ਡਿਗਣਾ. ਢਹਿ ਪੈਣਾ. "ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕ." (ਸਃ ਕਬੀਰ) ੨. ਖ਼ਾਕ ਹੋ ਜਾਣਾ. ਸਰੀਰ ਦਾ ਮਿੱਟੀ ਨਾਲ ਮਿਲ ਜਾਣਾ.

੩. ਭੁੰਕਾਰ, ਭੁੰਕਾਟ: ਭੂੰ ਭੂੰ ਸ਼ਬਦ. ਅਜੇਹੀ ਧੁਨਿ ਜੇਹੀ ਭੌਰੇ, ਸ਼ਹਿਦ ਦੀਆਂ ਮੱਖੀਆਂ ਆਦਿ ਦੇ ਉਡਣ ਸਮੇਂ ਹੋਂਦੀ ਹੈ.

੪. ਭੁਗਤਾਵਨ: ਖਵਾਉਣਾ. ਭੋਗ ਕਰਾਉਣਾ. ਛਕਾਉਣਾ. "ਭੁਤਾਵਨ ਕੋ ਕਛੁ ਲਜਾਵਹੁਂ ਜਾਈ." (ਨਾਪ੍ਰ)

੫. ਭੁੱਚਰ: ਭੁਵਿ, ਚਰ. ਬਹੁਤ ਮੋਟਾ, ਜੋ ਜ਼ਮੀਨ ਤੇ ਰੁੜ੍ਹਦਾ ਹੋਇਆ ਚਲਦਾ ਹੈ, ਭਾਵ- ਜੋ ਚੁਸਤੀ ਨਾਲ ਚੱਲ ਨਹੀਂ ਸਕਦਾ.

੬. । ੩. ਵੇਸ਼ਜਾ ਗਾਮੀ. ਰੰਡੀ ਬਾਜ਼.

੧. "ਭਈ ਆਨ ਜਬਹੂ ਭੁਨਸਾਰ." (ਗੁਪ੍ਰਸੂ)

੨. ਭੁਲਹਰੀਏ, ਭੁਲਰੀਏ: ਜੱਟ ਗੋਤ. ਸਿੱਧੂ ਕੁਲਮਹਿ" ਜਾਟ ਇਕ ਭੁਲਹਰੀਏ ਸਭ ਗੋਤ. (ਗੁਪ੍ਰਸੂ) ਦੇਖੋ, ਭਗਤੂ ਭਾਈ. '

ਭੁਲਕਾਵ: ਤ਼ਲਾਉ. ਵਿਸਮਰਣ." "ਗੁਰੂ ਪਾਲੀ ਸਿੱਖ ਸਭਿਨ ਕੋ," ਭੁਲਕਾਵ ਨ ਭੋਰੇ." (ਗੁਪ੍ਰਸੂ)

੩. ਭੂਅਰਾ: ਭਗਦੜ ਵਿੱਚ ਬਣਾਇਆ ਘਰ ਭੋਰਾ, ਤਹਖ਼ਾਨਾ। ੨. ਦੇਖੋ, ਭੂਰਾ.

੪. ਕਵੀਆਂ ਨੇ ਬਾਰਾਂ ਅੰਗਾਂ ਵਿੱਚ ਭੂਸ਼ਣ ਪਹਰਨੇ ਵਿਧਾਨ ਕੀਤੇ ਹਨ- "ਸੀਸ ਭਾਲ ਸ੍ਰਤਿ ਨਾਸਿਕਾ ਗ੍ਰੀਵਾ ਕਟਿ ਉਰਬਾਹੁ। ਮੂਲ ਪਾਨ ਅੰਗੁਰੀ ਚਰਨ, ਬਾਰਾ ਭੂਖਨ ਚਾਹੁ." (ਕਾਵਜ ਨਿਰਣਯ)

੫. ਭੂਸ਼ਣ ਦਾ ਦੇਹਾਂਤ ਕਵੀਆਂ ਨੇ ਸੰਮਤ ੧੭੭੨ ਵਿੱਚ ਹੋਣਾ ਮੰਨਿਆ ਹੈ.

੯੨੧- ੧. ਭੂੰਘਾ: ਭੂ- ਘਾ. ਜ਼ਮੀਨ ਦਾ ਘਾਸ। ੨. ਘਾਹ ਚਰਾਈ ਦਾ ਮਹਸੂਲ.

੨. ਜਨਮ ਸਾਖੀ ਵਿੱਚ ਇਸ ਦਾ ਨਾਉਂ ਭੁਟੰਤ ਲਿਖਿਆ ਹੈ.

੩. ਭੂੰਡੀ ਚਾਲ: ਭੂੰਡ ਜੇਹੀ ਮੰਦ ਚਾਲ- ਭੂੰਡ ਵਾਕਰ ਰਿੜ੍ਹਨ ਦੀ ਕ੍ਰਿਯਾ. ਦੇਖੋ, ਭੂੰਡੀ ੪.

੪. ਭੂਤ ਗ੍ਰਹ: ਭੂਤਾਂ (ਜੀਵਾਂ) ਨੂੰ ਗ੍ਰਸਣ ਵਾਲਾ ਯਮ.

੫. ਭੂਤਲਖੰਡ: ਪ੍ਰਿਥਿਵੀ ਮੰਡਲ। ੨. ਜਗਤ. ਸੰਸਾਰ। ੩. ਪਾਤਾਲ.

੬. । ੩. ਇਸ ਨਾਉਂ ਦਾ ਮਥੁਰਾ ਪਾਸ ਇੱਕ ਸ਼ਿਵ ਮੰਦਿਰ, ਜਿਸ ਤੋਂ ਮਥੁਰਾ ਦੇ ਇੱਕ ਰੇਲਵੇ ਸਟੇਸ਼ਨ ਦਾ ਨਾਮ ਭੂਤੇਸ਼੍ਵਰ ਹੋ ਗਿਆ ਹੈ.

੭. ਕਰੀਬ ੪੭ ਵਰ੍ਹੇ ਦੀ ਉਮਰ ਵਿੱਚ ੨੩ ਮਾਰਚ ਸਨ ੧੯੩੯ ਨੂੰ ਸੰਝ ਵੇਲੇ ਮੋਤੀ ਬਾਗ ਪਟਿਆਲੇ ਦੇਹਾਂਤ ਹੋਇਆ.

੧. ਇਸ ਦੇ ਅੰਤ ਇੱਕ ਅਰਿ ਹੋਰ ਲਾਉਣ ਤੋਂ ਬੰਦੂਕ ਦਾ ਨਾਮ ਹੈ.

੨. ਮੋਟੀ ਉੱਨ ਦਾ ਕੰਬਲ. "ਭੂਰੇਵਾਲੇ ਰਾਜੇ ਕੀਤੇ। ਮੁਗਲਾਂ ਜ਼ਹਿਰ ਪਿਆਲੇ ਪੀਤੇ." (ਬੀਰ ਸਿੰਘ)

੩. ਭੇਡਾਖਾ: ਭੇਡ ਜੇਹੀ ਅੱਖੀਆਂ ਵਾਲਾ। ੨. ਭੇਡ ਦ੍ਰਿਸ਼੍ਰਿ ਵਾਲਾ. ਮੈਲੀ ਨਜ਼ਰ ਵਾਲਾ. "ਬੋਲ ਵਿਗਾੜ ਮੂਰਖ ਭੇਡਾਖਾ. (ਭਾਗੁ)

੧. ਬਾਬਰ ਨੇ ਸਨ ੧੫੨੦ ਵਿੱਚ ਇਸ ਨੂੰ ਆਪਣੇ ਅਧੀਨ ਕੀਤਾ ਸੀ.

੨. ਜਿਸ ਸਮੁੰਦਰ ਵਿੱਚ ਤੁਫ਼ਾਨ ਉਠ ਰਿਹਾ ਹੈ ਅਤੇ ਜਹਾਜਾਂ ਦੇ ਡੁੱਬ ਜਾਣ ਦਾ ਡਰ ਹੈ.

੩. ੨ ਭਯ ਹਾਰਕ. ਡਰ ਮਿਟਾਉਣ ਵਾਲਾ.

੪. ਕਰਤਾਰ ਦੇ ਡੋਰੇ ਤੋਂ ਭਵਜਲ ਲੰਘੀਦਾ ਹੈ.

੫. ਭੈ ਭੀਰਾ: ਭਯ. ਭੀਰੁ. "ਤਜੀ ਧੀਰ ਹ੍ਵੈਗੋ ਭੈਭੀਰਾ." (ਨਾਪ੍ਰ)

੬. ਕਿ ਉਸਨੇ ਨੈਣਾ ਦੇਵੀ ਦੀ ਮੂਰਤਿ ਦਾ ਨੱਕ ਤੋੜ ਦਿੱਤਾ ਸੀ. ਜਦ ਕਹਲੂਰ ਦੇ ਰਾਜਾ ਤਾਰਾ ਚੰਦ ਨੇ ਗੁਰੂ ਸਾਹਿਬ ਪਾਸ ਭੈਰਉ ਦੀ ਸ਼ਿਕਾਯਤ ਕੀਤੀ ਤਾਂ ਸਿੱਖ ਨੇ ਆਖਿਆ ਕਿ ਜੇ ਨੈਣਾ ਦੇਵੀ ਆਖ ਦੇਵੇ ਕਿ ਭੈਰਉ ਨੇ ਨੱਕ ਤੋੜਿਆ ਹੈ, ਤਾਂ ਮੈਂ ਕੁਸੂਰ ਵਾਰ ਹਾਂ, ਤਾਰਾ ਚੰਦ ਨੇ ਆਖਿਆ ਕਿ ਕਦੇ ਮੂਰਤ ਭੀ ਕੁਝ ਆਖ ਸਕਦੀ ਹੈ? ਇਸ ਪੁਰ ਭਾਈ ਭੈਰਉ ਨੇ ਆਖਿਆ ਕਿ ਜੋ ਆਪਣੇ ਨੱਕ ਤੋੜਨ ਵਾਲੇ ਨੂੰ ਨਹੀਂ ਵਰਜ ਸਕਦੀ, ਉਸ ਤੋਂ ਤੁਸੀਂ ਵਰਦਾਨ ਦੀ ਕੀ ਆਸਾ ਰੱਖ ਸਕਦੇ ਹੋ?

੭. ਭੈਰੋ ਪੁਰ: ਖਡੂਰ ਦੇ ਪਾਸ ਇਕ ਪਿੰਡ, ਜਿਸ ਵਿਚੱ ਖੀਓ ਭੱਲੇ ਦਾ ਪ੍ਰੇਮ ਦੇਖਕੇ ਅੰਗਦ ਸਾਹਿਬ ਵਿਰਾਜੇ ਸਨ. "ਪੰਥ ਵਿਖੇ ਭੈਰੋਪੁਰ ਗ੍ਰਾਮ। ਖੀਓ ਭੱਲੇ ਕੋ ਤਹਿਂ ਧਾਮੁ." (ਗੁਪ੍ਰਸੂ)

੧. ।੧੧ ਦੇਖੋ, ਚਾਰ ਪ੍ਰਕਾਰ ਦੇ ਭੋਗ.

੨. ਭੋਰੇ: ਭੋਰਾ ਦਾ ਬਹੁਵਚਨ। ੨. ਭੋਰਣਾ ਕ੍ਰਿਯਾ ਦਾ ਭੂਤ ਕਾਲ। ੩. ਭੁੱਲਕੇ ਭੀ। ੪. ਭਿੱਜੇ. ਭੀਗੇ. "ਸ਼ਕ ਬਿਖੇ ਸਭਕੇ ਮਨ ਭੋਰੇ." (ਗੁਪ੍ਰਸੂ) ੫. ਭੋਲੇ

੯੨੬- ੧. ਭੌਂ: ਦੇਖੋ, ਭੌਂਹ। ੨. ਦੇਖੋ, ਭੋਂ। ੩. ਦੇਖੋ, ਭਉਣ.

੨. । ੨. ਕੀੜਿਆਂ ਦੀ ਖੁੱਡ, ਜਿਵੇਂ- ਕੀੜਿਆਂ ਦੇ ਭੌਣ ਤੇ ਤ੍ਰਿਚਾਵਲੀ ਪਾਓ। ੩. ਉਹ ਪਹੀਆ (ਚਕ੍ਰ) ਜਿਸ ਉੱਪਰ ਚੜਸੇ ਦੀ ਲਾਂ ਚਲਦੀ ਹੈ.

੩. "ਭੌਤਿਕ ਤਨ ਤਤਛਿਨ ਤਜ ਚੀਨ." (ਗੁਪ੍ਰਸੂ)

੪. ਅਤੇ ਉਸਦੇ ਪੁਤ੍ਰ ਭਗਦੱਤ ਨੂੰ ਰਾਜ ਸਿੰਘਾਸਨ ਤੇ ਬੈਠਾਇਆ. ਇਸਦੇ ਪੁਤ੍ਰ ਦਾ ਨਾਮ ਵਜ੍ਰੱਦਤ ਸੀ.

੫. "ਭਾਂਡ ਕੀ ਭੰਡਾਈ ਮੇਂ ਬੁਰਾਈ ਨ ਕਹਤ ਆਵੈ." (ਭਾਗੁਕ)

੯੨੮- ੧. ਭੰਭੌਰ: ਕਈ ਲੇਖਕਾਂ ਨੇ ਬਿਭੌਰ ਦੀ ਥਾਂ ਇਹ ਸ਼ਬਦ ਵਰਤਿਆ ਹੈ.

੨. ਭਰਮਾਵਰਤ: ਭ੍ਰਮ ਦੀ ਆਵਤ (ਘੁਮੇਰੀ). "ਭ੍ਰਮਾਵਰਤ ਤੇ ਨਿਕਸ ਉਤੰਗਾ." (ਨਾਪ੍ਰ)

੧. ਬਾਂਕੀ (ਟੇਢੀ) ਭੌਂਹ, ਭਾਵ- ਗੁੱਸੇ ਵਿੱਚ ਚੜ੍ਹੀ ਭ੍ਰਿਕੁਟੀ.

੨. । ੪. ਕਸ਼ਮੀਰ ਦੀ ਇਕ ਨਦੀ ਜੋ ਕੁੱਕਰ ਨਾਗ ਅਤੇ ਅੱਛਾ ਬਲ ਦੇ ਵਿਚਕਾਰ ਵਹਿੰਦੀ ਹੈ.

੧. । ੫. ਅ. ਮਸਕਿਰ. ਸੰਗਜਾ- ਮਾਦਕ ਦ੍ਰਵਜ. ਨਸ਼ੀਲਾ ਪਦਾਰਥ ਇਸ ਦਾ ਬਹੁਵਚਨ ਮਸਕਿਰਾਤ ਹੈ.

੨. ੩ ਛੇਵੀਂ ਪਾਤਸ਼ਾਹੀ ਦੇ ਗੁਰੁ ਵਿਲਾਸ ਵਿੱਚ ਅਲਮਸਤ ਦੀ ਥਾਂ ਮਸਤ ਸ਼ਬਦ ਵਰਤਿਆ ਹੈ. ਦੇਖੋ, ਅਧਜਾਯ ੯. "ਮਸਤ ਤਬੈ ਬਿਨਤੀ ਕਰੀ, ਸੁਨੀਏ ਕ੍ਰਿਪਾਨਿਧਾਨ." (੧੪੨)

੩. ਮਸਤਕਿ (ਸਿਰ ਤੇ) ਅਤੇ ਲਲਾਟਿ (ਮੱਥੇ ਤੇ), ਭਾਵ- ਦਿਮਾਗ਼ ਅਤੇ ਪੇਸ਼ਾਨੀ ਪੁਰ. "ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ." (ਕਾਨ ਮਃ ੪)

੪. ਮਸਦ: ਅ. ਲੋਹੇ ਦਾ ਖੁਰਚਣਾ. ਕੜਾਹ ਪ੍ਰਸ਼ਾਦ ਆਦਿ ਦਾ ਆਟਾ ਘੀ ਵਿੱਚ ਭੁੰਨਣ ਲਈ ਇਕ ਲੱਕੜ ਦਾ ਸੰਦ, ਜੋ ਖ਼ੁਰਚਣੇ ਦੀ ਸ਼ਕਲ ਦਾ ਹੋਂਦਾ ਹੈ.

੧. "ਤਿਸ ਮਸਾਲ ਤੇ ਜਗੀ ਮਸਾਲ." (ਗੁਪ੍ਰਸੂ)

੨. "ਮਾ ਆਰਜ਼ੂਏ ਖ਼ਿਜ਼ਰੋ ਮਸੀਹਾ ਨਮੇ ਕੁਨੇਮ." (ਦੀਵਾਨ ਗੋਯਾ) ੩

੩. ਭਾਈ ਸੰਤੋਖ ਸਿੰਘ ਜੀ ਨੇ ੧੭੫੭ ਵਿੱਚ ਮਸੰਦਾਂ ਦਾ ਮੌਕੂਫ਼ ਕਰਨਾ ਲਿਖਿਆ ਹੈ, ਜੋ ਸਹੀ ਨਹੀਂ, ਅਮ੍ਰਿਤ ਛਕਾਣ ਵੇਲੇ ੧੭੫੬ ਦੀ ਵੈਸਾਖੀ ਨੂੰ ਮਸੰਦਾਂ ਦਾ ਤਜਾਗ ਰਹਿਤ ਵਿੱਚ ਦੱਸਿਆ ਗਿਆ ਹੈ.

੪. ਗੁਰੂ ਦਾ ਸੇਵਕ. ਪਠਾਣ ਬਾਦਸ਼ਾਹਾਂ ਦੇ ਵਕਤ ਅਮੀਰਾਂ ਨੂੰ "ਮਸਨਦਿ ਆਲੀ" ਲਿਖਿਆ ਜਾਂਦਾ ਸੀ. ਇਸੇ ਸ਼ਬਦ ਨੂੰ ਹਿੰਦੀ ਵਿੱਚ ਮਸੰਦ ਬਣਾ ਲਿਆ ਕਿਉਂਕਿ ਸਿੱਖ ਸਤਿ ਗੁਰੁਆਂ ਨੂੰ ਸਚਾ ਪਾਤਸ਼ਾਹ ਕਹਿੰਦੇ ਹਨ, ਇਸ ਲਈ ਉਨ੍ਹਾਂ ਦੇ ਕਾਰਿੰਦਿਆਂ ਦੀ ਸੰਗਜਾ ਮਸੰਦ ਪੈ ਗਈ::-

شاگردو مرُید گورُو بتوسط سندو منظوُر شاگردی و مریدی گورا ست

بایردا لست در عہد سلا طین ھان امرارا مند عالی مے نو شتند ۔

و آخر آنرا او سیکھاں چوں گورورا سچّاپادشاہ حقیقی می دانند

گمہ شتہ ایشاں رامسندمی گوپند

ورامداس ینزمی نامند[1248] (ازدبستان المذاھب مصنّفہ موبد شاہ مُحسن فانی)

५. ਮਹਤਿ, ਮਹਤੀ: ਸੰਗਜਾ- ਨਾਰਦ ਦੀ ਵੀਣਾ। ੨. ਮਹਿਮਾ, ਵਡਾਈ

੯੩੩- ੧. ਮਹਬੂਸ ਖ਼ਾਨਹ: ਕ਼ੈਦਖ਼ਾਨਾ. ਹਵਾਲਾਤ.

੨. ਇਸ ਦਾ ਮੂਲ ਹਮਲ ਹੈ. "ਕੁਜਾ ਬੰਕੰਮ ਮਹਮਿਲਹਾ." (ਦੀਵਾਨ ਗੋਯਾ) ੨. ਇੱਕ ਚੁਕੋਣੀ ਪਾਲਕੀ, ਜੋ ਕਾਹਿਰਾ (Cairo) ਤੋਂ ਹਰ ਵਰ੍ਹੇ ਉੱਠ ਤੇ ਰੱਖ ਕੇ ਵੱਡੀ ਧੂਮਧਾਮ ਨਾਲ ਮੱਕੇ ਭੇਜੀ ਜਾਂਦੀ ਹੈ. ਇਸ ਵਿੱਚ. ਕ਼ੁਰਾਨ ਸ਼ਰੀਫ਼ ਰੱਖਿਆ ਹੋਂਦਾ ਹੈ. ਕਿਸਵਾ ਇਸ ਤੋਂ ਭਿੰਨ ਹੈ. ਦੇਖੋ, ਕਾਬੇ ਦਾ ਫੁੱਟ ਨੋਟ.

੩. ਮਹਰ ਖ਼੍ਵਾਹੀ: ਮਹਰ ਮੰਗਣ ਦੀ ਕ੍ਰਿਯਾ. ਦੇਖੋ, ਮਹਰ ੨। ੨. ਚੋਰਾਂ ਦੇ ਸੰਕੇਤ ਵਿੱਚ ਉਹ ਰਕਮ, ਜੋ ਚੌਰੀ ਦਾ ਮਾਲ ਵਾਪਿਸ ਕਰਨ ਦੇ ਬਦਲੇ ਲਈ ਜਾਵੇ, ਜਿਵੇਂ- ਮੈਂ ਚੋਰਾਂ ਤੋਂ ਆਪਣੀ ਘੋੜੀ ਮੋੜਨ ਲਈ ਰੱਸਾਗੀਰ ਨੂੰ ਪੰਜਾਹ ਰੁਪਏ ਮਹਰਖ਼੍ਵਾਹੀ ਦਿੱਤੀ ਹੈ. ਦੇਖੋ, ਰੱਸਾਗੀਰ.

੪. । ੩. ਮਯਹਾਰ. ਪਾਣੀ ਢੋਣ ਵਾਲਾ. ਕਹਾਰ.

੫. ਪਾਠ ਕਰਨ ਲੱਗਿਆਂ ਮਹਲਾ ਦੋ ਤਿੰਨ 'ਆਦਿ ਨਹੀਂ ਕਹਿਣਾ ਚਾਹੀਏ, ਦੂਜਾ ਤੀਜਾ ਉੱਚਾਰਨਾ ਲੋੜੀਏ. ਦੇਖੋ, ਗੂਜਰੀ ਰਾਗ ਦੇ ਤੀਜੇ ਸਤਿਗੁਰਾਂ ਦੇ ਸੱਤਵੇਂ ਸ਼ਬਦ ਦੇ ਮੁੱਢ ਸ਼ਬਦ "ਤੀਜਾ."

੯੩੫- ੧. ਮਹਾਦਰ: ਮਹਾ- ਆਦਰ. ਵੱਡਾ ਮਾਨ "ਜਿਸ ਕਰੁਨਾ ਸਭ ਥਾਨ ਮਹਾਦਰ." (ਗੁਪ੍ਰਸੂ)

੨. ਛੇਵੀਂ ਪਾਤਸ਼ਾਹੀ ਦੇ ਗੁਰੁ ਵਿਲਾਸ ਵਿੱਚ ਦੇਹਾਂਤ ਹਾੜ੍ਹ ਦੀ ਅਮਾਵਸ ਸੰਮਤ ੧੬੯੩ ਦਾ ਲਿਖਿਆ ਹੈ.

੩. ਮਹਾਨੀ: ਮਹਾਨਤਾ ਵਾਲੀ. ਵੱਡੀ। ੨. ਮਹਾਨਤਾ। ੩. ਮਹਾਨੀਤਿ.

੪. ਮਹਾ ਪ੍ਰਸਬ: ਭਾਈ ਸੰਤੋਖ ਸਿੰਘ ਜੀ ਨੇ ਆਹਵਨੀਯ ਅਗਨਿ ਦਾ ਇਹ ਨਾਉਂ ਲਿਖਿਆ ਹੈ. ਦੇਖੋ, ਤਿੰਨ ਅਗਨੀਆਂ.

੫. ਜਗੰਨਾਥ ਦੇ ਮੰਦਿਰ ਅਰਪਿਆ ਸਭ ਤਰਾਂ ਦਾ ਅੰਨ ਮਹਾਪ੍ਰਸਾਦ ਆਖਿਆ ਜਾਂਦਾ ਹੈ.

੬. ਮੁਕੰਮਲ ਕਲਮੀ ਮਹਾ ਭਾਰਤ ਮਹਾਰਾਜਾ ਸਾਹਿਬ ਪਟਿਆਲਾ ਦੀ ਹਜ਼ੂਰੀ ਲਾਇਬ੍ਰੇਰੀ ਵਿੱਚ ਮੌਜੂਦ ਹੈ. ਦੱਖਣ ਦੇ ਲਿਖਤੀ ਮਹਾਭਾਰਤ ਪੂਰਵ ਅਤੇ ਪੱਛਮੀ ਗ੍ਰੰਥਾਂ ਨਾਲੋਂ ਪਾਠਾਂ ਦਾ ਬਹੁਤ ਭੇਦ ਰਖਦੇ ਹਨ. ਕਿਤੇ ਕਿਤੇ ਸ਼ਲੋਕਾਂ ਦਾ ਹੀ, ਨਹੀਂ, ਸਗੋਂ ਅਧਯਾਵਾਂ ਦਾ ਭੀ ਫ਼ਰਕ ਹੈ.

੭. । ੩. ਸੰ. ਵਿ- ਵੱਡੀ ਪ੍ਰੀਤਿ ਵਾਲਾ. ਬਹੁਤ ਆਸਕਤ.

੧. । ੨. ਨਿਹਾਲ ਸਿੰਘ ਜੀ ਚਾਟੜਾ ਭਾਈ ਭਗਵਾਨ ਸਿੰਘ ਭੀ ਮਹਾਰਾਜ ਸਿੰਘ ਨਾਉਂ ਤੋਂ ਪ੍ਰਸਿੱਧ ਹੋਇਆ ਹੈ. ਇਹ ਬਹੁਤ ਸਿੰਘਾਂ ਦੀ ਜਮਾਤ ਲੈ ਕੇ ਗੁਰਦੁਆਰਿਆਂ ਦੀ ਯਾਤ੍ਰਾ ਕਰਦਾ ਰਹਿੰਦਾ ਸੀ. ਇਸ ਦੇ ਚਾਟੜੇ ਬਿਸ਼ਨ ਸਿੰਘ ਨੇ ਫਤੇ ਦੀ ਨਵੀਂ ਰੀਤਿ ਚਲਾਈ ਸੀ- ਲੋਕ ਆਪੋ ਵਿੱਚੀ ਮਿਲਣ ਸਮੇਂ ਆਖਦੇ ਸੋ-

"੧ੴ ਹੁਕਮ ਸਤਿ ਸ੍ਰੀ ਵਾਹਿਗੁਰੁ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ." ਸੰਮਤ ੧੯੩੫- ੩੬ ਵਿੱਚ ਇਹ ਰੀਤਿ ਮੈਂ ਮੁਕਤਸਰ ਜੀ ਮਾਘੀ ਦੇ ਮੇਲੇ ਤੇ ਦੇਖੀ ਸੀ। ੩. ਗਜ਼ਨੀ (ਅਫ਼ਗਾਨਿਸਤਾਨ) ਵਿੱਚ ਭਾਈ ਨੰਦ ਲਾਲ ਜੀ ਦੇ ਚਾਚੇ ਦੀ ਵੰਸ਼ ਵਿੱਚ ਹੋਣ ਵਾਲੇ ਇੱਕ ਮਹਾਤਮਾ, ਜਿਨ੍ਹਾਂ ਨੇ ਆਪਣੀ ਸਾਰੀ ਜਾਯਦਾਦ ਗ਼ਜ਼ਨੀ ਦੇ ਗੁਰਦ੍ਵਾਰੇ ਨੂੰ ਅਰਪਨ ਕਰ ਦਿੱਤੀ ਅਤੇ ਅਫ਼ਗਾਨਿਸਤਾਨ ਅੰਦਰ ਸਿੱਖ ਧਰਮ ਦਾ ਪ੍ਰਚਾਰ ਕੀਤਾ.

---

[1248] ਇਸ ਫ਼ਾਰਸੀ ਉਚਾਰਣ ਵਿੱਚ "ਸੱਚਾ" ਤੋਂ ਬਾਦ "ਪਾਦਸ਼ਾਹ ਯਾਨੀ" ਪੜ੍ਹਿਆ ਜਾਵੇ। (ਸੰਪਾਦਕ)

੨. ਮਹਾਲਯ: ਦੇਖੋ, ਸਰਾਧ ੨. ਦਾ (ਸ) ਅਤੇ ਪਿਤਰ ਪੱਖ.

੩. "ਕੋਪ ਤੈਂ ਮਹਿਖੇਸ ਚਾਨੋ ਧਾਇਓ ਤਿਹ ਕਾਲ." (ਚੰਡੀ ੨)

੪. । ੩. ਪੰਜਾਬੀ ਵਿੱਚ ਗੂਢ ਅਰਥ ਵਾਲੇ ਪਾਠ ਨੂੰ ਭੀ ਮਹਿੰਗਾ ਆਖਦੇ ਹਨ, ਜਿਵੇਂ- ਇਹ ਬਾਣੀ ਵੱਡੀ ਮਹਿੰਗੀ ਹੈ.

੫. ਜੋ ਵਾਰਤਿਕ ਹੈ. ਇਹ ਸੰਮਤ ੧੭੯੮ ਵਿਚੱ ਲਿਖਿਆ ਗਿਆ ਹੈ.

੧. "ਹੋਇ ਮਕ਼ਸੂਮ ਮੇ ਤੋ ਸੂਮ ਹੂ ਬੁਲਾਯ ਦੇਤ." (ਬਾਵਾ ਰਾਮ ਦਾਸ)

੯੩੮- ੧. ਮਕਰੋੜ: ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਗੁਰਨੇ ਪਿੰਡ ਤੋਂ ਤੁਰ ਕੇ ਗੁਰੂ ਤੇਗ ਬਹਾਦੁਰ ਸਾਹਿਬ ਨੇ ਮਕਰੋੜ ਪਿੰਡ ਡੇਰਾ ਕੀਤਾ. "ਚਲਿ ਮਕਰੜ ਗ੍ਰਾਮ ਮਹਿ ਆਏ. ' (ਗੁਪ੍ਰਸੂ)

੧. "ਡੇਮੂ ਖਖਰ ਮਿਸਰੀ ਮੱਖੀ ਮੇਲਿ ਮਖੀਰ ਉਪਾਯਾ." (ਭਾਗੁ ੨. ਮਰਕੰਦ. ਫੁੱਲ ਦਾ ਮਿਠਾਸ.

੨. ਮਗਨਾਨਾ: ਮਗਨ ਹੋਣਾ। ੨. ਮਗਨ ਹੋਇਆ. "ਤਿਨ ਦੇਖਤ ਸਗਲ ਸਿੱਖ ਮਗਨਾਨੇ." (ਮਰਹਮਾ ਪ੍ਰਕਾਸ਼)

੩. ਵੈਦਿਕ ਸਮੇਂ ਵਿੱਚ ਸਾਲ ਦਾ ਆਰੰਭ ਇਸੇ ਮਹੀਨੇ ਤੋਂ ਹੋਂਦਾ ਸੀ. ਇਸ ਲਈ ਨਾਮ "ਅਗ੍ਰਹਾਯਣ" ਹੈ. ਕ੍ਰਿਸ਼ਨ ਜੀ ਨੇ ਗੀਤਾ ਵਿੱਚ ਲਿਖਿਆ ਹੈ ਕਿ ਮਹੀਨਿਆਂ ਵਿੱਚੋਂ ਮੈਂ ਮੱਘਰ ਹਾਂ. "मासानां मार्गशीर्षोऽहं" (ਗੀਤਾ, ਅਃ ੧੦. ਸ਼ਃ ੩੫)

੪. "ਕੋ ਬਪੁਰੋ ਮਘਵਾ ਹਮਰੀ ਜਮ?" (ਕ੍ਰਿਸ਼ਨਾਵ)

੫. । ੩. ਮੇਘ. ਬੱਦਲ. "ਸਭਿ ਸੰਗਤਿ ਮਘਵਾ ਸਮ ਹੋਇ। ਨੀਵੇ ਹੁਇ ਕਰ ਬਰਖਤ ਸੋਇ." (ਗੁਪ੍ਰਸੂ)

੧. ਚੀਨੀ ਯਾਤ੍ਰੀ (Hiuen Tsiang) ਦੇ ਲੇਖ ਅਨੁਸਾਰ ਕਾਮ ਰੂਪ (ਆਸਾਮ) ਨੂੰ ਚੀਨ ਅਤੇ ਚੀਨ ਦੇਸ਼ ਨੂੰ ਮਹਾ ਚੀਨ ਆਖਿਆ ਜਾਂਦਾ ਸੀ. ਮਹਾ ਚੀਨ ਦਾ ਰੂਪਾਂਤਰ ਮਚੀਨ ਹੋ ਸਕਦਾ ਹੈ।

੨. । ੫. ਬਹੁਤ ਕ੍ਰਿਸ਼. ਸੁੱਕਿਆ ਹੋਯਾ। ੬. ਇੱਕ ਦਰਵੇਸ਼, ਜੋ ਜਮਨਾ ਦੇ ਕਿਨਾਰੇ ਦਿੱਲੀ ਰਹਿੰਦਾ ਸੀ, ਜਿਸਦੇ ਨਾਮ ਤੋਂ ਮਜਨੂੰ ਦਾ ਟਿੱਲਾ ਪ੍ਰਸਿੱਧ ਹੋਯਾ.

੩. "ਮਜਲਸਿ ਦੂਰਿ ਮਹਲੁ ਕੋ ਪਾਵੈ." (ਭੈਰ ਕਬੀਰ)

੧. ੪ ਯੋਗੀ ਅਥਵਾ ਸੰਨਜਾਸੀ ਦੀ ਸਮਾਧਿ, ਜਿਸ ਵਿੱਚ ਜਿਉਂਦੇ ਜਾਂ ਮੋਏ ਸਧੁ ਨੂੰ ਬੈਠਾ ਕੇ ਲੂਣ ਚੌਫੇਰੇ ਪਾ ਕੇ ਦੱਸਿਆ ਜਾਂਦਾ ਹੈ. (ਦੇਖੋ, ਮਾਟੀ ਲੇਨੀ) "ਗੋਰ ਮੜੀ ਮਟ ਭੂਲਿ ਨ ਮਾਨੈ." (੩੩ ਸਵੈਯੇ)

੨. "ਕੋਰੇ ਮੱਟ ਅਣਾਇ ਨੀਰ ਭਰਾਇਆ." (ਭਾਗੁ)

੩. ਸੇਵਾ ਸਿੰਘ ਮੱਟੂ ਮਾਝਾ ਨਿਵਾਸੀ, ਅਨੰਦਪੁਰ ਦਸ਼ਮੇਸ ਦੀ ਸੇਵਾ ਲਈ ਦੁਨੀ ਚੰਦ ਨਾਲ ਮਿਲ ਕੇ ਹਾਜ਼ਿਰ ਹੋਯਾ ਸੀ.

੪. ਇਸ ਥਾਂ ਹਿੰਦੂ ਮੁਰਦੇ ਸਾੜਨੇ ਪੁੰਨ ਕਰਮ ਸਮਝਦੇ ਹਨ. ਹੁਣ ਇਹ ਕਾਸ਼ੀ ਦਾ ਪ੍ਰਸਿੱਧ ਮੁਰਦ ਘਾਟ ਹੈ.

੧. ਭਾਈ ਗੁਰਬਖ਼ਸ਼ ਸਿੰਘ (ਰਾਮਕੁੰਵਰ) ਦਾ ਲਿਖਾਰੀ ਸਹਿਬ ਸਿੰਘ ਭੀ ਮਤੀ ਦਾਸ ਜੀ ਦੀ ਵੰਸ਼ ਦਾ ਸੀ. ਆਰਯ ਸਮਾਜ ਦਾ ਪ੍ਰਸਿੱਧ ਪ੍ਰਚਾਰਕ ਭਾਈ ਪਰਮਾਨੰਦ ਇਸੇ ਦੀ ਵੰਸ਼ ਵਿੱਚੋਂ ਹੈ.

੨. ਮਥਰਾ ਦਾਸ: ਪੰਡਾਂ ਢੋਣ ਵਾਲਾ (ਪਾਂਡੀ), ਜੋ ਗੁਰੂ ਅਰਜਨ ਦੇਵ ਦਾ ਸਿੱਖ ਹੋ ਕੇ ਪਰਮਪਦ ਦਾ ਅਧਿਕਾਰੀ ਹੋਯਾ.

੧. । ੨. ਗਾਂਜਾ ਚੜਸ ਚੰਡੂ ਆਦਿ ਪਦਾਰਥ.

੨. । ੨. ਸ਼ੰਭਾ ਜੀ ਦਾ ਛੋਟਾ ਪੁਤ੍ਰ ਸ਼ਿਵਾ ਜੀ ਦਾ ਪੋਤ੍ਰਾ, ਜੋ ਚਿਰ ਤੀਕ ਔਰੰਗਜ਼ੇਬ ਦੀ ਕੈਦ ਵਿੱਚ ਰਿਹਾ.

੩. ਮਦਨਾਨ: ਮਦਨ (ਕਾਮ) ਦੀ ਨਹੀਂ. "ਸੁੰਦਰ ਦੁਤਿ ਮਦਨਾਨ." (ਨਾਪ੍ਰ)

੪. । ੨. ਅਫੀਮ ਭੰਗ ਸ਼ਰਾਬ ਆਦਿ ਨਸ਼ੀਲੇ ਪਦਾਰਥ.

੧. ਇਸ ਮਸੀਤ ਦਾ ਕਿਬਲਾ ਯਰੂਸਲਮ ਵਲ ਹੈ, ਕਿਉਂ ਕਿ ਮੱਕਾ ਫ਼ਤੇ ਕਰਣ ਤੋਂ ਪਹਿਲਾਂ (ਸਨ ਹਿਜਰੀ ੮. ਤਕ) ਨਮਾਜ਼ ਯਰੂਸਲਮ ਵੱਲ ਮੂੰਹ ਕਰਕੇ ਪੜ੍ਹੀ ਜਾਂਦੀ ਸੀ.

੨. ਕਿਤੇ ਮੰਗਲ ਰੂਪ ਬਾਣੀ ਕਿਤੇ ਗਵਾਰੂ ਬੋਲੀ. ਦੇਖੋ, ਛੁਦ੍ਰ, ੧੦।

੩. ਪਰਾਸ਼ਰ ਜੀ ਦੇ ਕਥਨ ਅਨੁਸਾਰ ਇੱਕ ਹਿੱਸਾ ਘੀ, ਘੀ ਦੇ ਬਰਾਬਰ ਦਹੀਂ, ਦੋਹਾਂ ਦੇ ਸਮਾਨ ਤੋਲ ਦਾ ਸ਼ਹਦ, ਮਧੁਪਰਕ ਹੈ.

੧. "ਮਧੁਰ ਸ- ਲਵਣ ਅਹਾਰ ਕਰਾਏ." (ਗੁਪ੍ਰਸੂ)

੨. । ੭. ਸ਼ਹਦ। ੮. ਅਮ੍ਰਿਤ. "ਮੁਖਬਚਨ ਰਸਾਲ ਮਾਨੋ ਮਧੁਰ ਪਿਲਾਏ ਹੈਂ." (ਭਾਗੁਕ)

੩. ਤੁਜ਼ਕ ਜਹਾਂਗੀਰੀ ਵਿੱਚ ਹਿੰਦੋਸਤਾਨੀ ੪. ਮਨ ਦੇ ਬਰੋਬਰ ਇਰਾਕੀ ੪੨ ਮਨ, ਲਿਖੇ ਹਨ.

੪. ਮਨ ਇਛ: ਮਨ ਦੀ ਇੱਛਾ. ਦਿਲੀ ਖ਼੍ਵਾਹਿਸ਼. ਦੇਖੋ, ਇਛ.

੫. ਨਾਮ ਤੋਂ ਪ੍ਰਸਿੱਧ

੬. ਹੱਲਾਜ ਪੇਂਜੇ ਦੇ ਘਰ

੭. ਜੁਨੈਦ ਸੂਫ਼ੀ ਦਾ ਦੇਹਾਂਤ ਸਨ ੨੯੭ ਹਿਜਰੀ ਵਿੱਚ ਹੋਯਾ ਹੈ.

੮. "ਅਨਲ ਹਕ਼ ਅਜ਼ ਲਬੇ ਮਨਸੂਰ ਹਮਚੁ ਸ਼ੀਸ਼ਾ ਕ਼ੁਲਕਲੁ ਕਰਜ." (ਦੀਵਾਨ ਗੋਯਾ)

੯. ਜਿਸ ਨੇ ਸਨ ੭੬੩ ਵਿੱਚ ਉਜੜੇ ਥੈਹ ਤੇ ਬਗ਼ਦਾਦ ਨਗਰ ਵਸਾਇਆ.

੧. । ੨. ਦਿਲ ਚੁਰਾਉਣ ਵਾਲਾ. "ਰੂਪ ਬਿਲੋਕਤ ਹੈਂ ਮਨਹਾਰੀ." (ਨਾਪ੍ਰ)

੨. "ਗੁਰਿ ਗਿਆਨ ਮਨਹਿ ਪ੍ਰਗਟਾਇਓ." (ਗਉ ਮਃ ੫)

੩. "ਮਨਹੁ ਨੀਲ ਨਗ ਸ਼ੋਭਾ ਦੇਤ." (ਸਲੋਹ)

੪. ਮਨਕੇਰਾ: ਮੀਆ ਵਾਲੀ ਜ਼ਿਲੇ ਦਾ ਇਕ ਪਿੰਡ. "ਪੁਰ ਮੁਲਤਾਨ ਦੇਸ ਮਨਕੇਰਾ." (ਗੁਪ੍ਰਸੂ)

੫. "ਮਨਵਾਂਛਿਤ ਵਰ ਮਿਲਤ." (ਸਲੋਹ)

੬. "ਗੁਰਮੁਖ ਸਨਮੁਖ ਮਨਸੁਖ ਵੇ ਮੁਖੀਆ." (ਮਾਝ ਅਃ ਮਃ ੫)

"ਨਾਮੁ ਨ ਚੇਤਹਿ ਸਬਦ ਨ ਵੀਚਾਰਹਿ ਇਹੁ ਮਨਸੁਖ ਕਾ ਆਚਾਰੁ." (ਮਃ ੩, ਵਾਰ ਗੂਜਰੀ ੧) "ਮਨਸੁਖ ਕਥਨੀ ਹੈ, ਪਰ ਰਹਿਤ ਨ ਹੋਈ." (ਬਿਲਾ ਮਃ ੧)

੭. "ਤਾ ਸਰਬ ਸੁਖ ਪਾਵਹਿ ਮੇਰੇ ਮਨਾ." (ਧਨਾ ਮਃ ੪)

੮. ਜਿਵੇਂ ਜਹਾਜਾਂ ਨੂੰ ਮਨਾਹ ਰਾਹ ਦਸਦਾ ਹੈ, ਤਿਵੇਂ ਸਤਿਗੁਰੂ ਕਰਤਾਰ ਵੱਲ ਪ੍ਰੇਰਦਾ ਹੈ.

੯. "ਮਨਿ ਮੈਲੇ ਸਭੁ ਕਿਛੁ ਮੈਲਾ." (ਵਡ ਮਃ ੩)

੯੫੦- ੧. ਮਨਿਯਾ: ਮਨ. "ਕੋਮਲ ਹੈ ਮਨਿਯਾ." (ਨਾਪ੍ਰ) ੨. ਦੇਖੋ, ਮਨੀਆ.

੨. ਮਨੀ ਪੰਚਾਨਨ: ਛੇਵੀਂ ਪਾਤਸ਼ਾਹੀ ਦੇ ਗੁਰੁ ਵਿਲਾਸ ਵਿੱਚ ਮਨੀ ਸਿੰਘ ਦੀ ਥਾਂ ਇਹ ਸ਼ਬਦ ਲਿਖਿਆ ਹੈ.

੩. ਮਨੀ ਮਾਜਰੇ ਬਾਬਾ ਰਾਮ ਰਾਇ ਜੀ ਦੀ ਮਹਿਲਾ ਰਾਜ ਕੌਰ ਦਾ ਦੇਹਰਾ ਹੈ, ਜਿਸ ਨੂੰ ਰਾਮ ਰਾਈਏ ਸ਼੍ਰੱਧਾ ਨਾਲ ਪੂਜਦੇ ਹਨ.

੪. "ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁ ਪ੍ਰਸੰਨਾ." (ਵੀਰ ਜੈਤ)

੫. ਨਿਰੁਕਤ ਦੇ ਕਰਤਾ ਯਾਸਕ ਨੇ ਲਿਖਿਆ ਹੈ ਕਿ ਜੋ ਸਮਝ ਕੇ ਕੰਮ ਕਰੇ ਉਹ ਮਨੁਸ਼ਜ ਹੈ.

"मत्वा कर्माणि सीव्यन्ति. "

੬. ਵੇਦ ਮਨੂਰ ਨੂੰ ਅਨੇਕ ਬੂਟੀਆਂ ਦੇ ਰਸ ਨਾਲ ਸੋਧ ਕੇ ਪੀਲੀਏ (ਸਟਕੇ) ਆਦਿ ਰੋਗਾਂ ਲਈ ਵਰਤਦੇ ਹਨ.

੧. "ਮਨੋ ਮਾਖਨੰ ਮੱਟਕੀ ਕਾਨ੍ਹ ਫੋਤੰ." (ਵਿਚਿਤ੍ਰ)

੨. ਮਨੋਦ: ਮਨ ਤੋਂ ਉਦਯ ਹੋਯਾ ਸੰਕਲਪ. ਮਨੋਰਥ. "ਮਨੋਦ ਅਨਤਨ ਧਾਯੋ ਹੈ." (ਭਾਗੁਕ)

੩. ਮਫ਼ਤੂਹ: ਅ. ਵਿ- ਫ਼ਤੇ ਕੀਤਾ ਹੋਇਆ. ਵਿਜਿਤ.

ਮਫ਼ਤੂਨ: ਅ. ਵਿ- ਮਨੋਹਰ. ਦਿਲਕਸ਼। ੨. ਪ੍ਰੇਮ ਵਿੱਚ ਮਸਤ.

ਮਫ਼ਤੂਲ: ਅ. ਵੱਟਿਆ ਹੋਇਆ (Twisted)

੪. ਮਮੂਲ, ਮਮੂਲੀ: ਦੇਖੋ, ਮਾਮੂਲ ਅਤੇ ਮਾਮੂਲੀ.

੫. ਮਯਾ ਮੇਦਿਨੀ: ਗੁਰੁਪ੍ਰਤਾਪ ਸੂਰਜ ਦੇ ਲੇਖ ਅਨੁਸਾਰ ਸੰਗਲਾਦੀਪ ਪਤਿ ਰਾਜਾ ਸ਼ਿਵਨਾਭ ਦਾ ਪੋਤਾ.

੯੫੩- ੧. ਮਰਸਾਰ: ਮਸਾਣ. ਮੜ੍ਹੀਸ਼ਾਲਾ. "ਘਰ ਘਰ ਹੁਇ ਮਰਸਾਰ. ' (ਰਤਨ ਮਾਲ)

੨. ਮਰਸੀ: ਮਰੂਗਾ "ਮਰਸੀ ਹੋਇ ਵਿਡਾਣਾ." (ਸੂਹੀ ਅਃ ਮਃ ੧)

੩. । ੪. ਸਰ ਸਬਜ਼ ਭੂਮਿ. ਫਲਾਂ ਅਤੇ ਹਰੇ ਘਾਹ ਨਾਲ ਸ਼ੋਭਾ ਦਾਯਕ ਥਾਂ, ਜਿਵੇਂ ਕਸ਼ਮੀਰ ਵਿੱਚ ਗੁਲਮਰਗ, ਸੋਨਮਰਗ, ਖਿਲਨ ਮਰਗ ਆਦਿ ਸੁੰਦਰ ਸਥਾਨ ਹਨ.

੪. ਚਾਣਕਯ ਨੇ ਅਰਥ ਕੀਤਾ ਹੈ- ਜਿੱਥੇ ਇੱਕ ਰਾਜ ਦੀ ਹੱਦ ਮਰ ਜਾਵੇ ਅਤੇ ਦੂਜੇ ਰਾਜ ਦੀ ਆਦਿ ਸ਼ੁਰੂ ਹੋਵੇ, ਉਹ ਮਰਯਾਦਾ ਹੈ, ਅਰਥਾਤ ਸੀਮਾ ਰੇਖਾ (ਸਰਹੱਦੀ ਦਾਗ ਬੇਲ- boundary line)

੫. ਧਰਮ ਰਾਜ. "ਸੇਸ ਮਰਜੇਸ ਅਖਿਲੇ ਸੁਰ ਮਹੇਸ ਮੁਨਿ." (ਭਾਗੁਕ)

੬. ਮਰਜੰਗੀ: ਮੁਰਜ (मृज) ਜੇਹੇ ਅੰਗ (ਆਕਾਰ) ਵਾਲੀ. ਸ਼ਾਲਗ੍ਰਾਮ ਆਦਿ ਦੇਵ ਮੂਰਤਾਂ ਰੱਖਣ ਦੀ ਪੀੜ੍ਹੀ. ਛੋਟਾ ਧਾਤੁ ਦਾ ਸਿੰਘਾਸਨ.

੧. "ਤਾ ਸ਼ਵੀ, ਐ ਜਾਨੋ ਮਨ। ਮਰਦੇ ਤਮਾਮ." (ਜ਼ਿੰਦਗੀ)

੨. । ੩. ਭਾਈ ਸੰਤੋਖ ਸਿੰਘ ਜੀ ਨੇ ਮਿਰਚ (ਮਰਿਚ) ਦੀ ਥਾਂ ਇਹ ਸ਼ਬਦ ਵਰਤਿਆ ਹੈ. "ਲੌਨ ਮਰੀਚ ਦੋਊ." (ਨਾਪ੍ਰ) ਲੂਣ ਅਤੇ ਲਾਲ ਕਾਲੀ ਮਿਰਚ.

੩. ੪ ਇੱਕ ਰਾਜਾ, ਜਿਸ ਨੂੰ ਕਲਕੀ ਅਵਤਾਰ ਰਾਜ ਕਾਜ ਸੌਂਪੇਗਾ. ਦੇਖੋ, ਕਲਕੀ.

੪. ਭਾਵ ਜਲ ਬਿਨਾ ਰੇਤਲਾ ਦੇਸ਼, ਜਿਸ ਵਿੱਚ ਵੈਰੀ ਦਾ ਪ੍ਰਵੇਸ਼ ਹੋਣਾ ਔਖਾ ਹੈ.

੧. ਮਨ ਨੂੰ ਅਪਵਿਤ੍ਰ ਕਰਨ ਵਾਲਾ ਕਰਮ. ਯੋਗ ਸ਼ਾਸਤ੍ਰ ਵਿੱਚ ਛੀ ਮਲ ਲਿਖੇ ਹਨ- ਰਾਗ, ਦ੍ਵੇਸ, ਈਰਖਾ, ਅਸੂਯਾ, ਪਰਾਏ ਦਾ ਬੁਰਾ ਲੋੜਨਾ. ਕ੍ਰੋਧ.

੨. ਮਲਸੀਆਂ, ਮਲਸੀਹਾਂ: ਜਲੰਧਰ ਦੇ ਜਿਲੇ ਇੱਕ ਨਗਰ, ਜੋ ਲੁਧਿਆਨੇ ਤੋਂ ੩੬ ਮੀਲ ਹੈ. ਇੱਥੋਂ ਦੇ ਰਹਿਣ ਵਾਲਾ ਭਗੀਰਥ, ਜੋ ਦੁਰਗਾ ਪੂਜਕ ਸੀ, ਗੁਰੂ ਨਾਨਕ ਦੇਵ ਦਾ ਅਨੰਨ ਸਿੱਖ ਆਤਮ ਗਜਾਨੀ ਹੋਇਆ.

੩. ਮਲਕਾਣਾ: ਵਿ- ਮਲਿਕ (ਫ਼ਰਿਸ਼ਤੇ) ਦਾ, ਭਾਵ- ਮਲਕੁਲ ਮੌਤ ਦਾ.

੪. ਮਲਿਆਰ: ਦੇਖੋ, ਅਰਾਈਂ। ੨. ਛੀਂਬਾ, ਜੋ ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ.

੧. ਅਰ ਸ਼ਾਸਤ੍ਰਾਂ ਦ੍ਵਾਰਾ ਵਰਜੀ ਹੋਈ ਬੋਲੀ ਨੂੰ ਅਪਣਾਇਆ ਹੈ. "न वदेन्म्लेच्छ भाषितम्. " (ਵ੍ਰਿਹਤ ਪਰਾਸ਼ਰ ਸੰਹਿਤਾ, ਅਃ ੪)

"न म्लेच्छ भाषां शिक्षेत. " (ਵਸ਼ਿਸ੍ਰ ਸੰਹਿਤਾ, ਅਃ ੬)

"न म्लेच्छान्त्यज पतितैः सह सम्भाषणं कुर्यात्. " (ਵਿਸ਼ਨੁ ਸਿਮ੍ਰਿਤਿ, ਅਃ ੬੪)

੨. "ਗੋਰ ਮੜੀ ਮਟ ਭੂਲਿ ਨ ਮਾਨੈ" (੩੩ ਸਵੈਯੇ)

੧. ਉਤਰੀ ਹਿੰਦੁਸਤਾਨ ਵਿੱਚ ਵਦੀ ੧. ਤੋਂ ਸੁਦੀ ੧੫. ਤਕ, ਅਤੇ ਦਖਣੀ ਹਿੰਦ ਵਿੱਚ ਸੁਦੀ ੧. ਤੋਂ ਅਮਾਵਸ੍ਯਾ (ਮੌਸ) ਤੱਕ ਮਹੀਨਾ ਹੁੰਦਾ ਹੈ. ਚਾਂਦ੍ਰ ਮਾਸ ਦਾ ਨਾਉਂ ਨਛਤ੍ਰ ਦੇ ਨਾਉਂ ਤੇ ਹੋਇਆ ਕਰਦਾ ਹੈ, ਜਿਵੇਂ- ਜਿਸ ਮਹੀਨੇ ਦੀ ਪੂਰਨਮਾਸੀ ਨੂੰ ਚਿਤ੍ਰਾ ਨਛਤ੍ਰ ਹੋਵੇ ਉਹ ਚੇਤ੍ਰ, ਵਿਸ਼ਾਖਾ ਨਛਤ੍ਰ ਸਹਿਤ ਪੂਰਨਮਾਸੀ ਵਾਲਾ ਵੈਸ਼ਾਖ ਆਦਿ. ਚਾਂਦ੍ਰ ਮਾਸ ਉਹ ਸਮਾ ਹੈ, ਜਿਸ ਵਿੱਚ ਚੰਦ੍ਰਮਾ ਪ੍ਰਿਥਿਵੀ ਦੀ ਪਰਿਕ੍ਰਮਾ ਪੂਰੀ ਕਰਦਾ ਹੈ. ਇਸ ਦਾ ਅਸਲ ਪ੍ਰਮਾਣ ਹੈ ੨੭ ਦਿਨ ੭. ਘੰਟੇ, ੪੩ ਮਿਨਟ ਅਤੇ ਸਾਢੇ ਗ੍ਯਾਰਾਂ ਸੈਕੰਡ. "ਉਰਜ ਮਾਸ ਕੀ ਪੂਰਨਮਾਸੀ." (ਨਾਪ੍ਰ) ਦੇਖੋ, ਵਰਸ.

੨. ਸੌਰ ਮਹੀਨੇ ਦਾ ਨਾਉਂ ਰਾਸ਼ਿ ਅਨੁਸਾਰ ਹੋਇਆ ਕਰਦਾ ਹੈ, ਜਿਵੇਂ- ਮੇਸ ਰਾਸ਼ਿ ਵਾਲਾ ਮਹੀਨਾ ਮੇਸਮਾਸ (ਵੈਸਾਖ), ਮੀਨ ਰਾਸ਼ਿ ਵਾਲਾ ਮੀਨ ਮਾਸ (ਚੇਤ) ਆਦਿ.

੩. ਆਰਯ ਸਮਾਜ ਦੇ ਆਚਾਰਯ ਸਾਧੂ ਦਯਾਨੰਦ ਜੀ ਨੇ ਸਨ ੧੮੭੫ ਵਿੱਚ ਛਪੇ ਸਤ੍ਯਾਰਥ ਪ੍ਰਕਾਸ਼ ਦੇ ਪੰਨੇ ੩੦੧ ਅਤੇ ੩੦੨ ਤੇ, ਅਰ ਸਨ ੧੮੭੭ ਵਿੱਚ ਛਪੀ ਸੰਸਕਾਰ ਵਿਧਿ ਦੇ ਪੰਨੇ ੪੨ ਉੱਪਰ ਲਿਖਿਆ ਹੈ ਕਿ ਮਾਂਸ ਅਤੇ ਹੋਰ ਖਾਣ ਯੋਗ੍ਯ ਪਦਾਰਥ ਯਗ੍ਯ ਵਿੱਚ ਹੋਮ ਕਰਨ ਪਿੱਛੋਂ ਖਾਣੇ ਚਾਹੀਏ ਅਰ ਅੰਨ ਪ੍ਰਾਸ਼ਨ ਸੰਸਕਾਰ ਸਮੇਂ ਬੱਚਿਆਂ ਨੂੰ ਤਿੱਤਿਰ ਦਾ ਸ਼ੋਰਵਾ ਪਿਲਾਉਣਾ ਚਾਹੀਏ. ਖ੍ਯਾ ਵਿਦਵਾਨਾਂ ਦਾ ਨਿਸ਼ਚਾ ਹੈ ਕਿ ਸਿਮ੍ਰਿਤਿ ਪੁਰਾਣ ਆਦਿ ਗ੍ਰੰਥਾਂ ਵਿੱਚ ਜੋ ਮਾਂਸ ਨਿਸ਼ੇਧ ਦੇ ਵਾਕ ਪਾਏ ਜਾਂਦੇ ਹਨ, ਉਹ ਜੈਨ ਅਤੇ ਬੁੱਧ ਮੱਤ ਦੇ ਪ੍ਰਚਾਰ ਦਾ ਅਸਰ ਹੈ.

੧. । ੨. ਉਹ ਅਮੀਰ, ਜਿਸ ਨੂੰ ਮਾਹੀ ਮਰਾਤਬ ਪ੍ਰਾਪਤ ਹੈ.

੨. । ੫. ਫ਼ਾ- ਮਾਖਨ. ਵਿ- ਅਪਵਿਤ੍ਰ। ੬. ਝੂਠਾ। ੭. ਸ਼ਰੀਰ.

੩. ਮਾਖ਼ਜ਼ੋ: ਦੇਖੋ, ਮਾਖਿਉ। ੨. ਕ੍ਰੋਧੀ ਹੋਇਆ. "ਹਰਖਤ ਹ੍ਵੈ ਮਾਖੋ ਨਹਿ ਮਾਖ਼ਜ਼ੋ." (ਗੁਪ੍ਰਸੂ)

੪. ਮਾਚੜ: ਅਫ਼ੀਮੀ. ਮਾਚੇ ਤੋੜ। ੨. ਢੀਠ. ਨਿਰਲੱਜ.

੫. "उपमा कालिदासस्य भारवेरर्थ गौरवम्। नैषधे पदलालित्यं माघे सन्ति त्रयोगुणाः"

੧. । ੨. ਮਾਝੇ ਦੇਸ਼ ਦੇ ਕਵੀਆਂ ਨੇ ਦਵੈਯੇ ਛੰਦ ਦਾ ਨਾਮ ਹਾਂ ਮਾਂਝ ਕਲਪ ਲਿਆ ਹੈ. ਚਾਰ ਚਰਣ, ਪ੍ਰਤਿਚਰਣ ੨੮ ਮਾਤ੍ਰਾਂ, ਸੋਲਾਂ ਅਤੇ ਬਾਰਾਂ ਮਾਤ੍ਰਾਂ ਤੇ ਵਿਸ਼੍ਰਾਮ. ਅੰਤ ਦੇ ਗੁਰੁ. ਬਹੁਤ ਸੰਤਾਂ ਦੀਆਂ ਮਾਝੇ ਪੜ੍ਹਦੇ ਗਾਉਂਦੇ ਹਨ.

੨. ੫ ਬਿਲਾਵਲ ਠਾਟ ਦਾ ਇੱਕ ਸੰਪੂਰਣ ਰਾਗ, ਜੋ ਮਾਰਵਾੜ ਦੇ ਗਾਇਕਾਂ ਨੇ ਰਚਿਆ ਹੈ. ਇਸ ਵਿੱਚ ਸੜਜ ਮੱਧਮ ਅਤੇ ਪੰਚਮ ਪ੍ਰਬਲ ਸੁਰ ਹਨ ਅਰ ਰਿਸ਼ਭ ਧੈਵਤ ਦੁਰਬਲ ਹਨ, ਮੱਧਮ ਅਤੇ ਪੰਚਮ ਦੀ ਸੰਗਤਿ ਰਹਿੰਦੀ ਹੈ.

੩. ਮਾਣਸਿ: ਮਨੁੱਖ ਦੇ. "ਪਸੂ ਮਾਣਿਸੀ ਚੰਮਿ ਪਲੇਟੇ." (ਮਃ ੧, ਵਾਰ ਮਲਾ) ੨. ਮਨੁੱਖ ਨੇ.

ਮਾਣਸੁ: ਦੇਖੋ, ਮਾਣਸ. "ਕਿਆ ਸਾਲਾਹੀ?" (ਸੋਰ ਮਃ ੫)

੧. ਬ੍ਰਹਮ ਵੈਵਰਤ ਪੁਰਾਣ ਦੇ ਗਣਪਤਿ ਖੰਡ ਦੇ ਅ: ੧੫. ਵਿੱਚ ਲੇਖ ਹੈ ਕਿ ਜਨਮ ਦੇਣ ਵਾਲੀ, ਦੁੱਧ ਚੁੰਗਾਉਣ ਵਾਲੀ, ਪਿਤਾ ਦੀ ਇਸਤ੍ਰੀ (ਸੌਤੇਲੀ ਮਾਂ), ਵੱਡੀ ਭੈਣ, ਵੱਡੀ ਭਰਜਾਈ, ਨਾਨੀ, ਸੱਸ, ਗੁਰੂ ਦੀ ਇਸਤ੍ਰੀ. ਰਾਜਾ ਦੀ ਇਸਤ੍ਰੀ, ਇਨ੍ਹਾਂ ਦੀ ਮਾਤਾ ਸੰਗਯਾ ਹੈ.

੨. ਅਤੇ ਅਧਿਕ ( ) ਪੰਜਾਬੀ ਵਿੱਚ ਇਹ ਬਾਰਾਂ ਮਾਤ੍ਰਾਂ ਵਰਤੀਦੀਆਂ ਹਨ।

੩. । ੭. ਧਨ. ਰੁਪਯਾ ਪੈਸਾ. ਨਕਦੀ. "ਦੰਭ ਜਗ ਕੇ ਦਿਖਾਇ ਜਜੋਂ ਤਜੋਂ ਮਾਤ੍ਰਾ ਕੇ ਹਰਤ ਹੈਂ. (ਚਰਿਤ੍ਰ ੨੬੬) ੮. ਮਿਕ਼ਦਾਰ. ਤੋਲ. ਮਾਨ- ਜਿਵੇਂ. ਇਸ ਦਵਾ ਦੀ ਮਾਤਰਾ ਦੋ ਰੱਤੀ ਹੈ.

੪. ਮਾਂਦ: ਦੇਖੋ, ਮਾਂਦਜ। ੨. ਦੇਖੋ ਮਾਨਦ ੨.

੫. । ੫. ਥਕਾਣ. ਥਕਾਵਣ. "ਪੈਂਡ ਮਾਂਦਗੀ ਸਗਲ ਮਿਟਾਏ." (ਗੁਵਿ ੨੦) ਦੇਖੋ, ਮਾਂਦਨ ੨.

੬. ਮਾਂਦਜ: ਸੰ. ਸੰਗਯਾ- ਕਮੀ. ਘਾਟਾ। ੨. ਮੰਦ ਹੋਣ ਦਾ ਭਾਵ। ੩. ਨੀਚਤਾ. ਘਟੀਆਪਨ। ੪. ਰੋਗ. ਮਾਂਦਗੀ.

੭. ੯ ਭਾਈ ਮਾਧਵ ਦੀ ਵੰਸ਼ ਦੇ ਲੋਕ (ਭਾਟੜੇ) ਭੀ ਮਾਧਵ ਸੱਦੇ ਜਾਂਦੇ ਹਨ. ਮਹਾਰਾਜ ਰਣਜੀਤ ਸਿੰਘ ਜੀ ਦੀ ੭. ਅੱਸੂ ਸੰਮਤ ੧੮੬੬ ਨੂੰ ਦਿੱਤੀ ਹੋਈ ਇੱਕ ਸਨਦ, ਜੋ ਧਾਰੀਵਾਲ ਦੇ ਭਾਟੜੇ ਪਾਸ ਹੈ, ਉਸ ਵਿੱਚ ਮਾਧਵ ਸ਼ਬਦ ਵਰਤਿਆ ਹੈ। ੧੦

੧. ਮਾਂਧਾਤਾ ਦੇ ਪੁੱਤ੍ਰ ਪੁਰਕੁਤਸ ਅਤੇ ਮੁਚਕੰਦ ਵੱਡੇ ਪ੍ਰਤਾਪੀ ਹੋਏ ਹਨ.

੨. । ਸੰ. ਪ੍ਰਭਜਯ. ਜੋ ਸਭ ਦਾ ਰੂਪ ਹੈ. ਇਹ ਸ਼ਬਦਾਂ ਦੇ ਅੰਤ ਲੱਗਕੇ ਵਾਲਾ (ਵਾਨ) ਅਰਥ ਦਿੰਦਾ ਹੈ, ਜਿਵੇਂ- ਵਹ੍ਰਿਮਾਨ. ਬੁੱਧਿਮਾਨ। ੧੯. ਮਾਨਿੰਦ (ਤੁੱਲ) ਲਈ ਭੀ ਮਾਨ ਸ਼ਬਦ ਵਰਤਿਆ ਹੈ. "ਕੌਨ ਮੇਰੇ ਮਾਨ ਕੀ?"(ਨਾਪ੍ਰ)

੩. "ਸਮਤਾ ਮਾਨਸ ਕੀ ਰਚਹਿ ਮਾਨ ਹਰਖਾਵੈ। ਮਾਨਸ ਮੂਰਖ ਬ੍ਰਿੰਦ ਕੇ ਧਨ ਹਿਤ ਬਿਰਮਾਵੈ."(ਗੁਪ੍ਰਸੂ)

੪. ਮਾਨਸਵਤੰਸਨੀ: ਮਾਨਸਰ ਦਾ ਸਿੰਗਾਰ. "ਕਿਧੋਂ ਯਹ ਹੰਸਨੀ ਸੁ ਮਾਨਸਵਤੰਸਨੀ ਹੈ." (ਨਾਪ੍ਰ)

੫. । ੩. ਭਾਈ ਸੰਤੋਖ ਸੰਘ ਨੇ ਭੁੱਲ ਨਾਲ ਮਾਨ ਸਿੰਘ ਨੂੰ ਜੋਧ ਪੁਰ ਦਾ ਰਾਜਾ ਲਿਖਿਆ ਹੈ. ਦੇਖੋ, ਜਯ ਸਿੰਘ ਅਤੇ ਧੂਬਰੀ.

੧. ੨ ਉਹ ਜ਼ਮੀਨ, ਜਿਸ ਦਾ ਰਾਜ ਕਰ (ਲਗਾਨ) ਮੁਆਫ਼ ਕੀਤਾ ਗਿਆ ਹੈ, ਜਿਵੇਂ- ਉਸ ਨੂੰ ਪੰਜ ਹਜ਼ਾਰ ਦੀ ਮਾਫ਼ੀ ਹੈ.

੨. । ੫. Mark. ਸੰਗਯਾ- ਯੂਰਪ ਦਾ ਇਕ ਚਾਂਦੀ ਦਾ ਸਿੱਕਾ, ਜੋ ਸਮੇਂ ਸਮੇਂ ਸਿਰ ਤੋਲ ਅਤੇ ਮੁੱਲ ਵਿੱਚ ਵੱਧਦਾ ਘਟਦਾ ਰਿਹਾ ਹੈ. ਵਰਤਮਾਨ ਸਮੇਂ ਜਰਮਨ ਮਾਰਕ ਅੰਗ੍ਰੇਜ਼ੀ ਸ਼ਿਲਿੰਗ ਦੇ ਬਰਾਬਰ, ਅਰਥਾਤ- ਪੌਂਡ ਦਾ ਵੀਹਵਾਂ ਹਿੱਸਾ ਹੈ। ੬. ਚਿਨ੍ਹ. ਨਿਸ਼ਾਨ.

੩. ਮਾਰਖੰਡ: ਸੰ. आमर्षान्ध. ਆਸਮਾਂਧ. ਕ੍ਰੋਧ ਵਿੱਚ ਅੰਨ੍ਹਾ ਹੋਯਾ. ਮਾਰਣ ਵਾਲਾ ਪਸ਼ੂ.

੪. ੨ ਰਹਨੁਮਾ. ਰਾਹ ਦਿਖਾਣ ਵਾਲਾ, ਭਾਵ. ਸਤਿਗੁਰੂ. "ਕਿਉਂ ਚਾਲਹਿ ਮਾਰਗਿ ਪੰਥਾ?" (ਜੈਤ ਮ: ੪)

੫. ਮਾਰਗੁ ਪੰਥੁ: ਦੇਖੋ, ਮਾਰਗ ਪੰਥ "ਮਾਰਗੁ ਪੰਥੁ ਨ ਜਾਣਉ." (ਤੁਖਾ ਮ: ੧)

੬. ਕਾਵਯ ਗ੍ਰੰਥਾਂ ਵਿੱਚ ਅਨੇਕ ਥਾਂ ਅਸੀਂ ਰਤਿਕੇਲ ਸਮੇਂ ਨਖਖ਼ਤ ਦਾ ਲੇਖ ਪੜ੍ਹਦੇ ਹਾਂ, ਪਰ ਇਹ ਸਮਝ ਵਿੱਚ ਨਹੀਂ ਆਉਂਦਾ ਕਿ ਉਸ ਸਮੇਂ ਨੌਹਾਂ ਨਾਲ ਬਿੱਲੀਆਂ ਵਾਕਰ ਨਾਖੂਨਾਂ ਦਾ ਚਿਨ੍ਹ ਕਰਨਾ ਕੀ ਆਨੰਦ ਦਿੰਦਾ ਸੀ.

੯੬੬- ੧. ਮਾਰੁਤ ਅਹਾਰੀ: ਹਵਾ. ਭੱਖੀ। ੨. ਸੰਪ। ਸ਼ਿਵ.

੨. ਮਾਲਕੋਸ਼: ਮਾਲ (ਸ਼ਿਵ) ਦੇ ਕੋਸ਼ (ਕੰਠ) ਤੋਂ ਪੈਦਾ ਹੋਇਆ ਰਾਗ.

੩. ਮਾਲਟਾ: ਮੈਡੀਟ੍ਰੇਨੀਅਨ ਗ ਸਮੁੰਦਰ ਦਾ ਇੱਕ ਟਾਪੂ, ਜੋ ਸਿਸਿਲੀ ਤਾਂ ਸੱਠ ਮੀਲ ਦੱਖਣ ਹੈ. ਇਹ ਅੰਗ੍ਰੇਜ਼ੀ ਅਧਿਕਾਰ ਅੰਦਰ ਫ਼ੌਜ ਦਾ ਦ੍ਰਿੜ੍ਹ ਅੱਡਾ ਹੈ. ਇਸ ਦਾ ਰਕਬਾ ੧੧੭ ਵਰਗ ਮੀਲ ਹੈ। ੨. ਮਾਲਟੇ ਤੋਂ ਆਈ ਇੱਕ ਸੰਗਤਰ ਦੀ ਜਾਤਿ.

ਪੁਰਤਗਾਲੀ ਸੰਤਰਾ. (Portugal Orange).

ਮਾਲਟ੍ਰੇਕਰੀ, ਮਾਲ ਟੇਕੜੀ: ਦੇਖੋ, ਅਬਿਚਲ ਨਗਰ ਦਾ ਅੰਗ ੯.

੪. ਮਾਲਵ ਸੰਵਤ: ਦੇਖੋ, ਵਿਕ੍ਰਮਾਦਿਤ੍ਯ.

੫. ੨ ਪੂਰਵੀ ਠਾਟ ਦਾ ਇੱਕ ਸੰਪੂਰਣ ਰਾਗਿਣੀ. ਇਸ ਦੀ ਆਰੋਹੀ ਵਿੱਚ ਨਿਸ਼ਾ ਅਤੇ ਅਵਰੋਹੀ ਵਿੱਚ ਧੈਵਤ ਦੁਰਬਲ ਹੈ. ਰਿਸ਼ਭ ਸੁਰ ਵਾਦੀ ਹੈ. ਗਾਉਣ ਦਾ ਵੇਲਾ ਸੰਝ ਹੈ. ਗਾਂਧਾਰ ਅਤੇ ਪੰਚਮ ਦੀ ਸੰਗਤਿ ਰਹਿੰਦੀ ਹੈ। ੩

੧. । ੭. ਸਾਂਢ ਝੋਟੇ ਨੂੰ ਭੀ ਪੰਜਾਬ ਵਿੱਚ ਮਾਲੀ ਆਖਦੇ ਹਨ.

੨. ੩ ਸੰਗਯਾ- ਮਤੀਰਾ. ਹਿੰਦਵਾਣਾ. ਤਰਬੂਜ਼.

੩. ਮਿਸਰਾ ਸਿੰਘ: ਬ੍ਰਾਹਮਣ ਜਾਤਿ ਤੋਂ ਸਜਿਆ ਸਿੰਘ.

੪. । ੨. ਇਸ ਦਾ ਭਾਵ- ਬੋਧਕ ਅਰਥ ਜਵਾਈ (ਦਾਮਾਦ) ਭੀ ਹੈ.

੫. ਆਪਣੇ ਤਾਂਈਂ ਮੁਸਾਫ਼ਿਰ ਜਾਣੇ.

੧. ਕਾਬੇ ਵਿੱਚ ਜਾ ਸੁੱਤਾ ਮਿਹਰਾਬ ਵੱਲ ਪੈਰ ਪਸਾਰਕੇ.

੨. "ਗ਼ਮਜ਼ਏ ਮਿਜ਼ਗਾਨ ਉ." (ਦੀਵਾਨ ਗੋਯਾ)

੩. । ੨. ਰਿਆਸਤਾਂ ਦੀ ਇੱਕ ਖਾਸ ਰਸਮ. ਜਦ ਵਾਯਸਰਾਯ, ਗਵਰਨਰ ਜਾਂ ਕੋਈ ਮਹਾਰਾਜਾ ਕਿਸੇ ਰਿਆਸਤ ਦਾ ਪਰਾਹੁਣਾ ਹੋਂਦਾ ਹੈ ਤਾਂ ਆਪੋ ਵਿੱਚੀ ਮੁਲਾਕਾਤ ਕਰਨ ਤੋਂ ਪਹਿਲਾਂ ਦੋ ਜਾਂ ਚਾਰ ਅਹਿਲਕਾਰ ਰਿਆਸਤ ਵਲੋਂ ਪਰਾਹੁਣੇ ਦੇ ਡੇਰੇ ਜਾ ਕੇ ਰਈਸ ਵੱਲੋਂ ਮਿਜ਼ਾਜ ਦੀ ਖ਼ਬਰ ਪੁਛਦੇ ਹਨ.

੪. ਜਿਸ ਨੇ ਲਾਰਡ ਮਾਰਲੇ (Morley) ਵਜ਼ੀਰ ਹਿੰਦ (Secretary of State for India) ਨਾਲ ਮਿਲ ਕੇ ਭਾਰਤ ਨੂੰ ਸ੍ਵਰਾਜ ਦਾ ਮੁੱਢ ਬੰਨ੍ਹਣ ਲਈ ਇੱਕ ਮੁਸਵਦਾ ਘੜਿਆ ਸੀ.

੧. "ਤੇਰੇ ਦਾਨੈ ਕੀ ਮਿਤਿ ਨਾ ਪਵੈ." (ਸੋਹਿਲਾ)

੨. ਮਿੰਬਰ: ਅ਼. ਸੰਗਯਾ- ਥੜਾ. ਚਬੂਤਰਾ. ਖ਼ਾਸ ਕਰ ਕੇ ਮਸੀਤ ਵਿੱਚ ਉਹ ਉੱਚਾ ਥਾਂ, ਜਿਸ ਤੇ ਖਲੋ ਕੇ ਉਪਦੇਸ਼ ਦਿੱਤਾ ਜਾਂਦਾ ਹੈ. "ਮਸੀਤ ਦੇ ਮਿੰਬਰ ਨਾਲ ਸਮਾਧਿ ਲਾਇ ਬੈਠਾ" (ਜਸਭਾਮ) ੨. ਪੰਜਾਬੀ ਵਿੱਚ ਮੈਂਬਰ Member ਵੀ ਥਾਂ ਭੀ ਮਿੰਬਰ ਸ਼ਬਦ ਹੈ. ਜਿਵੇਂ- ਕੌਂਸਲ ਦਾ ਮਿੰਬਰ.

ਮਿਮਾਂਸਾ: ਦੇਖੋ, ਮੀਮਾਂਸਾ.

੧. । ੨. ਮੁਰਦਾ ਸ਼ਰੀਰ. ਮ੍ਰਿਤਕ ਦੇਹ.

੨. ੫ ਇੱਕ ਪਿੰਡ. ਦੇਖੋ. ਕਪਾਲ ਮੋਚਨ ੨.

੩. ਮੀ: ਧਾ. ਨਾਸ਼ ਕਰਨਾ. ਲੋਪ ਕਰਨਾ. ਮਰਨਾ. ਗੁਮਰਾਹ ਹੋਣਾ. ਜਾਣਾ. ਸਮਝਣਾ.

੯੭੩- ੧. ਮੀਚਿ: ਮੀਚ (ਮੀਟ) ਕੇ. ਬੰਦ ਕਰਕੇ. "ਆਂਖ ਮੀਚਿ ਮਗ ਸੁਝ ਨ ਜਾਈ। ਤਾਂਹਿ ਅਨੰਤ ਮਿਲੈ ਕਿਮਿ ਭਾਈ?" (ਵਿਚਿਤ੍ਰ)

੨. ਮੀਨ ਕੀ ਚਪਲ: ਸਿਉ ਜੁਗਤਿ ਮਨ ਰਾਖੀਐ, ਉਡੈ ਨਹ ਹੰਸੁ ਨਹ ਕੰਧੁ ਛੀਜੈ." (ਮਾਰੂ ਮਃ ੧) ਮੀਨ ਕੀ ਜੁਗਤਿ ਸਿਉ ਚਪਲ ਮਨ ਰਾਖੀਐ, ਭਾਵ- ਜਿਵੇਂ ਮੱਛੀ ਪਾਣੀ ਦੇ ਪ੍ਰਵਾਹ ਦੀ ਧਾਰਾ ਵੱਲ ਰੁਖ ਕਰ ਕੇ ਉੱਪਰ ਵੱਲ ਚੜ੍ਹਦੀ ਹੈ, ਤਿਵੇਂ ਆਨੰਦ ਦੇ ਸੋਮੇ ਵਾਹਗੁਰੂ ਵੱਲ ਚਪਲ ਮਨ ਦੀ ਵਿੱਤੀ ਦਾ ਵੇਗ ਜੇ ਰੱਖੀਏ ਤਾਂ ਜੀਵਾਤਮਾ ਅਨੇਕ ਦੇਹਾਂ ਵਿੱਚ ਉਡਿਆ ਨਹੀਂ

ਫਿਰਦਾ, ਅਰ ਨਾ ਵਿਕਾਰਾਂ ਕਰ ਕੇ ਸ਼ਰੀਰ ਬਲ ਰਹਿਤ ਹੋਂਦਾ ਹੈ.

੩. ਮੀਨਮਾਸ: ਚੇਤ ਦਾ ਮਹੀਨਾ. ਮੀਨ ਰਾਸ਼ਿ ਵਿੱਚ ਇਸ ਮਹੀਨੇ ਸੂਰਯ ਹੋਂਦਾ ਹੈ.

੪. ਮੀਨਿ: ਮੱਛੀ ਨੇ. "ਜਲੁ ਮੀਨਿ ਬਿਗਾਰਿਓ." (ਗੂਜ ਰਵਿਦਾਸ)

੫. ਮੀਮਾਂਸਿਕ: ਵਿਚਾਰ ਕਰਨ ਵਾਲਾ। ੨. ਪਰੀਖਯਾ ਕਰਨ ਵਾਲਾ। ੩. ਮੀਮਾਂਸਾ ਸ਼ਾਸਤ੍ਰ ਦਾ ਪੰਡਿਤ. ਮੀਮਾਂਸਾ ਮਤ ਮੰਨਣ ਵਾਲਾ.

੬. ਮੀਰ ਆਤਿਸ਼: ਤੋਪਖ਼ਾਨੇ ਦਾ ਸਰਦਾਰ. Commander of the Artillery.

੭. ਮੀਰਦੀਨ: ਸ਼ਾਹ ਭੀਖ (ਭੀਖਣ ਸ਼ਾਹ) ਦਾ ਇੱਸ ਮਿੱਤ੍ਰ ਪੀਰ. ਦੇਖੋ, ਗੁਪ੍ਰਸੂ, ਰਸ਼ਿ ੧੨, ਅਃ ੫੬.

੮. ਮੀਰ ਮੀਰਾਂ: ਫ਼ਾ. ਮੀਰੇ ਮੀਰਾਨ. ਸ਼ਹਿਨਸ਼ਾਹ. ਅਮੀਰਾਂ ਸਿਰ ਅਮੀਰ.

੧. ਇਹ ਮੁਹੰਮਦ ਸ਼ਾਹ ਦਿੱਲੀਪਤਿ ਦਾ ਵਜ਼ੀਰ ਭੀ ਰਿਹਾ ਹੈ.

੨. ਮੀਰੁਲ ਬਹਰ: ਅ. ਸਮੁੰਦਰੀ ਫ਼ੌਜ ਦਾ ਸਰਦਾਰ. ਇਸ ਦਾ ਵਿਗੜਕੇ ਅੰਗ੍ਰੇਜ਼ੀ ਸ਼ਬਦ Azmiral ਬਣ ਗਿਆ ਹੈ.

੩. ੩ ਤੁ. ਅੱਗ ਜੇਹੀ ਤਪੀ ਹੋਈ ਸਲਾਈ, ਜਿਸ ਨੂੰ ਅੱਖਾਂ ਵਿੱਚ ਫੇਰਕੇ ਲੋਕਾਂ ਨੂੰ ਅੰਨ੍ਹਾਂ ਕੀਤਾ ਜਾਂਦਾ ਸੀ (fire pencil).

੪. ਮੁਅੱਦਬ: ਅ਼. موادب ਅਦਬ ਸਹਿਤ. ਸਭ੍ਯ। ੨. ਵਿਦਵਾਨ.

੫. ਅਧ੍ਯਾਪਕ। ੨. ਮੁਅੱਲਮ. ਸਿਕਿਤ. ਇ਼ਲਮ ਸਹਿਤ.

੬. "ਮੁਸਹਫ਼ੇ ਰੂਏ ਤੋਂ ਹਿਫ਼ਜ਼ ਹਮਾਰਾ ਦਰ ਹਮਹ ਹਾਲ." (ਦੀਵਾਨ ਗੋਯਾ)

੭. । ੨. ਮੁਸਕਰਾ ਕੇ. ਹੋਠਾਂ ਵਿੱਚ ਹੱਸਕੇ. ਦੇਖੋ ਮੁਸਕਰਾਨਾ. "ਮੁਸਕਿ ਮਨਾਕ ਭਨੇ ਵਚ ਐਸੇ." (ਨਾਪ੍ਰ)

੮. ਬਲਭਦ੍ਰ ਅਤੇ ਕ੍ਰਿਸ਼ਨ ਜੀ ਨੇ ਇਨ੍ਹਾਂ ਨੂੰ ਪਛਾੜ ਕੇ ਮਾਰਿਆ.

੯੭੬- ੧. ਮੁਸ਼ਟੰਡਾ: ਮੁਸ਼ਿਤ- ਅੰਡ. ਜਿਸਦੇ ਅੰਡ (ਫੋਤੇ) ਕੱਢ ਦਿੱਤੇ ਗਏ ਹਨ. ਖੱਸੀ. ਪੰਜਾਬੀ ਵਿੱਚ ਹੱਟੇ ਕੱਟੇ (ਮੋਟੇ ਤਾਜ਼ੇ) ਨੂੰ ਮੁਸ਼ਟੰਡਾ ਆਖਦੇ ਹਨ. ਖੱਸੀ ਪਸ਼ੂ (ਬੱਕਰਾ ਆਦਿ) ਮੋਟਾ ਹੋਇਆ ਕਰਦਾ ਹੈ.

੨. ਡੱਲੇ ਵਾਲੀ ਮਿਸਲ ਦੇ ਪ੍ਰਤਾਪੀ ਸਰਦਾਰ ਦੇਸੂ ਸਿੰਘ ਲਾਲ ਪੁਰੀਏ ਨੇ ਸਨ ੧੭੬੩ ਵਿੱਚ ਮੁਸਤਫ਼ਾਬਾਦ ਤੇ ਕਬਜ਼ਾ ਕੀਤਾ ਅਤੇ ਕਈ ਪਿੰਡ ਮੱਲੇ. ਦੇਸੂ ਸਿੰਘ ਦੇ ਭਤੀਜੇ ਮਤਾਬ ਸਿੰਘ ਦੀ ਅਲਾਕ ਵਿੱਚੋਂ ਸਰਦਾਰ ਬਹਾਦੁਰ ਸਰਦਾਰ ਸਰ ਜਵਾਹਰ ਸਿੰਘ ਹਨ. ਇਸ ਥਾਂ ਦਾ ਮਾਲਿਕ ਹੈ.

੩. ਕਰਤਾਰ ਸਮਾਨ ਜਾਣ ਕੇ ਕਿਸ ਦੇਵੀ ਦੇਵਤਾ ਦੀ ਪੂਜਾ ਕਰਨ ਵਾਲਾ.

੪. ਇਸ ਦਾ ਨਾਉਂ ਮੁਹੱਮਦ ਬਿਲ ਤੁਗ਼ਲਕ ਭੀ ਹੈ.

੫. ਇਸ ਦਾ ਦੇਹਾਂਤ ੧੯. ਫਰਵਰੀ ੧੩੯੪ ਨੂੰ ਹੋਯਾ.

੬. ਇਹ ਮੁਹੰਮਦ ਸ਼ਾਹ ਤੁਗਲਕ ਦਾ ਵਜ਼ੀਰ ਅਤੇ ਸੇਨਾਪਤਿ ਸੀ.

੧. ਅਬਦੁੱਲਾ ਖ਼ਾਨ ਅਤੇ ਹੁਸਨ ਅਲੀ ਸੈਯਦ ਭਾਈਆਂ ਨੇ ਫ਼ੱਰੁਖ਼ਸਿਯਰ ਨੂੰ ਤਖ਼ਤੋਂ ਲਾਹ ਕੇ ਰਫੀਉੱਦਰਜਾਤ ਨੂੰ, ਜੋ ਰਫ਼ੀਉੱਸ਼ਾਨ ਦਾ ਪੁੱਤ ਅਤੇ ਬਹਾਦੁਰਸ਼ਾਹ ਦਾ ਪੋਤਾ ਸੀ, ੧੮. ਫ਼ਰਵਰੀ ਸਨ ੧੭੧੯ ਨੂੰ ਤਖ਼ਤ ਤੇ ਬੈਠਾਯਾ, ਪਰ ਇਹ ਇਸੇ ਸਾਲ ਤਪਦਿੱਕ ਨਾਲ ੨੮ ਮਈ ਨੂੰ ਆਗਰੇ ਮਰ ਗਿਆ. ਇਸ ਪਿੱਛੋਂ ਇਸ ਦਾ ਛੋਟਾ ਭਾਈ ਰਫ਼ੀਉੱਦੌਲਾ ੬. ਜੂਨ ਨੂੰ ਤਖ਼ਤ ਬੈਠਾਯਾ, ਜਿਸ ਦੀ ਉਪਾਧੀ, "ਸ਼ਾਹਜਹਾਂ ਸਾਨੀ" ਸੀ. ਇਹ ਭਾਰੀ ਅਫ਼ੀਮੀ ੧੮. ਸਿਤੰਬਰ ੧੭੧੯ ਨੂੰ ਕੈਂਪ ਵਿੱਚ ਮਰ

ਗਿਆ. ਇਨ੍ਹਾਂ ਪਿੱਛੋਂ ਸੈਯਦਾਂ ਨੇ ਮੁਹੰਮਦ ਸ਼ਾਹ ਨੂੰ ਬਾਦਸ਼ਾਹ ਥਾਪਿਆ.

੨. ਇਸ ਦਾ ਪਹਿਲਾ ਨਾਮ ਰੌਸ਼ਨ ਅਖ਼ਤਰ ਸੀ। ਰਫੀਉੱਦੌਲਾ ਪਿੱਛੋਂ ਇਹ ਤਾਜ ਪੁਰ ਦੇ ਕੈਂਪ ਵਿੱਚ, ਜੋ ਵਿਦਯਾਪੁਰ ਤੋਂ ਚਾਰ ਮੀਲ ਪੱਛਮ ਹੈ, ੨੮ ਸਿਤੰਬਰ ਸਨ ੧੭੧੯ ਨੂੰ ਤਖ਼ਤ ਤੇ ਬੈਠਾ. ਇਸ ਦਾ ਪੂਰਾ ਨਾਮ ਹੋਯਾ- "ਅਬੁਲ ਫ਼ਤਹ ਨਸੀਰੁੱਦੀਨ ਮੁਹੰਮਦ ਸ਼ਾਹ ਗਾਜ਼ੀ."

੩. ਛੰਦ ਪੜ੍ਹਨ ਲਈ ਇਕੱਠਾ ਹੋਇਆ ਕਵਿਸਮਾਜ.

੯੭੮- ੧. ਮੁਹੱਜ਼ਬ: ਅ. ਵਿ- ਤਹਜ਼ੀਬ ਯਾਫਤਹ. ਸਭ੍ਯ.

੨. "ਮੂਰਖ ਗੰਢੁ ਪਵੈ ਮੁਹਿਮਾਰਿ." (ਮਹਲਾ ੧, ਵਾਰ ਮਾਝ)

੩. । ੨. ਜੋਤਿਸ਼ੀਆਂ ਦਾ ਦੱਸਿਆ ਕਿਸੇ ਕੰਮ ਲਈ ਸ਼ੁਭ ਵੇਲਾ.

੪. ਕਾਬੇ ਤੋਂ ਤਿੰਨ ਫਰਲਾਂਗ ਉੱਤਰ ਪੂਰਬ ਮੁਹੰਮਦ ਸਾਹਿਬ ਦਾ ਜਨਮ ਅਸਥਾਨ ਹੈ.

੫. ਮੁਹੰਮਦ ਸਾਹਿਬ ਦਾ ਵੰਸ਼- ਵ੍ਰਿਕ. ::-

ਅ਼ਬਦ ਮਨਾਫ਼

।

ਮੁਤਲਿਬ

।

ਹਾਸ਼ਿਮ

।

ਅਬਦੁਲ ਮੁਤਲਿਬ

।

ਅਬੂਤਾਲਿਬ ਅਬੁਲਹਬ

।

ਅਬਦੁੱਲਾ- ਅੱਬਾਸ- ਹਮਜ਼ਾ

।

ਜਾਫ਼ਿਰ ਅਲੀ ਮੁਹੰਮਦ

੬. ਇਸ ਸ਼ਾਦੀ ਵੇਲੇ ਮੁਹੰਮਦ ਸਾਹਿਬ ਦੀ ਉਮਰ ੨੫ ਵਰ੍ਹੇ ਦੀ ਸੀ.

੭. ਸਭ ਤੋਂ ਛੋਟੀ ਪੁਤਰੀ ਫ਼ਾਤਿਮਾ ਸੀ, ਜਿਸ ਦਾ ਪਵਿਤ੍ਰ ਜੀਵਨ ਇਸਤ੍ਰੀਆਂ ਲਈ ਉੱਤਮ ਸਿੱਖ੍ਯਾ ਦੇਣ ਵਾਲਾ ਹੈ.

੧. ਮਦੀਨੇ ਰਹਿਣ ਸਮੇਂ ਮੁਸਲਮਾਨਾਂ ਦੀ ਮੱਕੇ ਦੇ ਵਪਾਰੀਆਂ ਨਾਲ ਕਾਰਵਾਨ ਲੁੱਟਣ ਬਾਬਤ ਛੇੜ ਛਾੜ ਹੋਂਦੀ ਰਹੀ. ਇੱਕ ਵਾਰ ਅਬੂਸੌਫੀਆਂ ਦਾ ਕਾਰਵਾਨ ਮੁਸਲਮਾਨਾਂ ਨੇ ਲੁੱਟਣਾ ਚਾਹਿਆ ਤਾਂ ਮੱਕੇ ਦੇ ਲੋਕਾਂ ਨੂੰ ਖ਼ਬਰ ਹੋ ਗਈ ਅਰ ੯੫੦ ਕੁਰੈਸ਼

੨. ਇਸ ਤੋਂ ਪਹਿਲਾਂ ਮੁਸਲਮਾਨ ਯਹੂਦੀਆਂ ਵਾਂਙ ਯਰੁਸਲਮ ਵੱਲ ਮੂੰਹ ਕਰਕੇ ਨਮਾਜ਼ ਪੜ੍ਹਿਆ ਕਰਦੇ ਸਨ.

੩. ਜੈਰ ਖ਼ਦੀਜਾ ਦਾ ਗੁਲਾਮ ਸੀ, ਮੁਹੰਮਦ ਸਾਹਿਬ ਨੇ ਇਸ ਨੂੰ ਗ਼ੁਲਾਮੀ ਤੋਂ ਛੁਟਕਾਰਾ ਦਿੱਤਾ ਅਤੇ ਮੁਤਬੰਨਾ ਕੀਤਾ.

੪. ਮੁਹੰਮਦ ਸਾਹਿਬ ਦਾ ਜੀਵਨ ਸਨ ੧੯੮- ੨੧੮ ਹਿਜਰੀ ਵਿੱਚ ਖ਼ਲੀਫ਼ਾ ਅਲ ਮਾਮੂ ਦੀ ਆਗਜਾ ਅਨੁਸਾਰ ਲਿਖਿਆ ਗਿਆ, ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਸਾਖੀਆਂ ਲੋਕਾਂ ਦੇ ਯਾਦ ਅਤੇ ਕੁਝ ਪ੍ਰਸੰਗ ਲਿਖੇ ਹੋਏ ਸਨ.

੫. ਇਸ ਦਾ ਪਹਿਲਾ ਨਾਮ ਰੌਸ਼ਨ ਅਖ਼ਤਰ ਸੀ. ਇਹ ਕੁਦਸੀਆ ਬੇਗਮ ਦੀ ਕੁੱਖੋਂ ਜਹਾਨ ਸ਼ਾਹ ਦਾ ਪੁੱਤ (ਬਹਾਦੁਰ ਸ਼ਾਹ ਦਾ ਪੋਤਾ) ਸੀ. ਇਸ ਦਾ ਜਨਮ ੭. ਅਗਸਤ ਸਨ ੧੭੦੨ ਨੂੰ ਹੋਇਆ.

੬. ਇਸ ਦਾ ਦੇਹਾਂਤ ੧੬. ਅਪ੍ਰੈਲ ਸਨ ੧੭੪੮ ਨੂੰ ਹੋਇਆ.

੭. "ਅਬ ਤੇ ਨਾਮ ਮੁਕਤਸਰ ਹੋਇ।

ਖਿਦਰਾਣਾ ਇਸ ਕਹੈ ਨ ਕੋਇ।

ਇਸ ਥਲ ਮੁਕਤ ਭਏ ਸਿੱਖ ਘਾਲੀ।

ਯਾਤੇ ਨਾਮ ਮੁਕਤਸਰ ਹੋਵਾ। (ਗੁਪ੍ਰਸੂ, ਐਨ ੧, ਅ. ੧੨)

੧. "ਚਾਲੀ ਮੁਕਤਿਆਂ ਦੀ ਕਮਾਈ ਦਾ ਧਜਾਨ ਧਰ ਕੇ ਖ਼ਾਲਸਾ ! ਬੋਲੋ ਵਾਹਿਗੁਰੂ." (ਅਰਦਾਸ)

੨. । ੩. ਮਾਤਮ ਪੁਰਸੀ ਲਈ ਸੰਬੰਧੀ ਦੇ ਘਰ ਜਾਣ ਦੀ ਕ੍ਰਿਯਾ.

"ਮੁਕਾਣ ਤ੍ਰਿਯਾ ਜੋਤੀ ਬੀ ਬਾਈ." (ਗੁਵਿ ੬)

੩. "ਰਾਮਰਾਇ ਕੀ ਜਾਹਿ" ਮੁਕਾਨ." (ਗੁਪ੍ਰਸੂ)

੪. "ਸੱਟ ਪਈ ਨੱਗਾਰੇ ਦਲਾਂ ਮੁਕਾਬਲਾ." (ਚੰਡੀ ੩)

੫. ਮੁਕੰਦੀ: ਦੁਰਗਾ ਲਈ ਕਵੀਆਂ ਨੇ ਇਹ ਸ਼ਬਦ ਵਰਤਿਆ ਹੈ.

੯੮੨- ੧. ਮੁਖ ਰੁਮਾਲ ਦੇ ਹਸੈ: (ਗੁਪ੍ਰਸੂ) ਵੱਡੇ ਲੋਕਾਂ ਨੂੰ ਜੇ ਸਭਾ ਵਿੱਚ ਹਾਸਾ ਆਵੇ ਤਾਂ ਮੂੰਹ ਅੱਗੇ ਦਸਤੀ ਰੁਮਾਲ ਰੱਖ ਕੇ ਹਸਦੇ ਹਨ, ਜਿਸ ਤੋਂ ਪਸਾਰਿਆ ਹੋਇਆ ਮੁਖ ਅਤੇ ਦੰਦ ਨਜ਼ਰ ਨਾ ਆਉਣ.

੨. ਮੁਗਲ ਪਠਾਣਾਂ ਦਾ ਰਾਜ: ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ.

੩. ਮੁਗ਼ਾਲਤਾ: ਅ. ਸੰਗਜਾ- ਗ਼ਲਤੀ (ਭੁੱਲ) ਦਾ ਭਾਵ. ਭੁਲੇਖਾ.

੧. ਮੁਚਕੁੰਚ ਦਾ ਅਸਥਾਨ ਧੌਲਪੁਰ ਤੋਂ ਦੋ ਮੀਲ ਦੱਖਣ ਪੱਛਮ ਹੈ. ਜਿਸ ਬਹੁਤ ਵੱਡੇ ਮੰਦਿਰ ਅਤੇ ਤਾਲ ਹੈ। ਇਕ ਬਿਰਛ, ਜਿਸ ਦੇ ਨਾਮਚਿਣਕ, ਬਹੁ ਪੜ੍ਹ, ਹਰਿ ਬੱਲਭ ਆਦਿ ਹਨ (Pterospermum Suberifolium) ਇਸ ਦੇ ਫਲ ਅਤੇ ਫੁੱਲ ਅਨੇਕ ਦਵਾਈਆਂ ਵਿੱਚ ਵਰਤੇ ਜਾਂਦੇ ਹਨ, ਜੋ ਲਹੂ ਦੇ ਵਿਕਾਰ, ਕੰਠਰੋਗ ਅਤੇ ਤਾਪ ਆਦਿ ਰੋਗਾਂ ਨੂੰ ਦੂਰ ਕਰਦੇ ਹਨ.

੨. A recognizance।

੩. ਸੰ. ਮਹੋੱਦ. ਵਿ- ਬਹੁਤ ਉੱਚਾ. "ਅਤਿ ਦੀਰਘ ਅਤਿ ਮੁਚੁ." (ਵਾਰ ਆਸਾ)

"ਮਚੁ ਵਜਾਇਨਿ ਵਜ." (ਵਾਰ ਗੂਜ ੨, ਮਃ ੫) ਉੱਚੇ ਸੁਰ ਨਾਲ ਵਾਜੇ ਵਜਾਉਂਦੇ।

ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਮ ਵਾਕਪਾਤਰਾਜ ਭੀ ਆਇਆ ਹੈ.

੫. ਇੱਕ ਬਿੰਦੇ ਨਾਲ ਮਹਰਮ ਸ਼ਬਦ ਤੋਂ ਮੁਜਰਮ ਬਣ ਜਾਂਦਾ ਹੈ, ਮਹਰਮ ਤੋਂ ਖ਼ੈਰ ਅਤੇ ਮੁਜਰਮ ਤੋਂ ਖ਼੍ਵਾਰੀ. ਇਸੇ ਤਰ੍ਹਾਂ ਸਤਿਗੁਰੂ ਦੀ ਆਗਜਾ ਪਾਲਨ ਵਿੱਚ ਥੋੜੀ ਭੁੱਲ ਕਰਨ ਤੋਂ ਖ਼ਰਾਬੀ ਹੁੰਦੀ ਹੈ.

੬. ਪਹਿਲਾਂ ਇੱਥੇ ਛੋਟਾ ਜੇਹਾ ਗੁਰਦੁਆਰਾ ਸੀ. ਹੁਣ ਸਰਦਾਰ ਮੇਹਰ ਸਿੰਘ ਚਾਵਲੇ ਦੇ ਉੱਦਮ ਨਾਲ ਆਲੀਸ਼ਾਨ ਦਰਬਾਰ ਹਾਲ ਬਣ ਗਿਆ ਹੈ. ਇਹ ਟੈਂਪਲ ਰੋਡ ਤੇ ਹੈ.

੭. ਸੰ. ਮੁਸ੍ਰਿ ਵਜਸਨ. ਇਸ ਭੈੜੀ ਵਾਦੀ ਨਾਲ ਨਪੁੰਸਕਤਾ. ਦਿਮਾਗੀ ਰੋਗ ਆਦਿ ਅਨੇਕ ਕਸ਼ਟ ਉਤਪੰਨ ਹੋਂਦੇ ਹਨ.

੮. वसिष्ठ उवाच।

मा विषांद गच्छ सखे कर्त्तव्यं यच्छृणुष्व तत्। तवारातीनिमान्सर्वान्मुण्डयित्वा शिरांसि तु। वेदाचार वहिर्भूतान्देशात्त्वं कुरु दूरतः ॥३५॥ वसिष्ठ जी बोले- हे सखे ! तुम विषाद मत करो। मुझसे कर्त्तव्य सुनो। आपने इन सब शत्रुओं का शिर मुण्डन और इन को वेदाचार वहिर्भूत करके देश से दूर निकाल दो। ॥३५॥ हिमाद्रेः पश्चिमे, भागे देशे तु यवनो नृपः। इत्थं मे बचनं तिष्ठेत्प्रतिज्ञाऽपि च ते विभो॥३६॥ शिरसां कृन्तनं युद्धे मुण्डनं तददेव हि। वेदेऽषि स्थिर मेतद्धि समानं समुदाहृतम् ॥३७॥ हिवाचल के पश्चिम भाग में यवन देश है, वहां इन को निकाल दो। तुम्हारी प्रतिष्ठा भी मिथ्या नहीं होगी, क्योंकि शिरच्छेदन और शिर मुण्डन एक कार्य है, वेद में ये दोनों कार्य ही समान कहे गए हैं ॥३६॥ ३७॥ (योगिनी तन्त्र, पूर्वार्द्ध, १४ वां पटल)

੯. ੨ ਪੰਜਾਬੀ ਵਿੱਚ ਮੁਤਕਾ ਸ਼ਬਦ ਮੇਰੇ ਅਤੇ ਮਧਰੇ ਸੋਟੇ ਲਈ ਵਰਤਿਆ ਜਾਂਦਾ ਹੈ, ਦੇਖੋ, ਮੁਤਹਰਾ.

੨. ਮੁਤਰਫ਼ਰਕ: ਅ. ਵਿ- ਫ਼ਰਕ਼. ਸਹਿਤ. ਭਿੰਨ. ਵੇਖ। ੨. ਖਿੰਡਿਆ ਹੋਇਆ। ੩. ਭਾਂਤ ਭਾਂਤ ਦਾ.

੩. ਮੁਤੱਵਲੀ: ਅ. متولی ਧਰਮ ਸਥਾਨ ਦਾ ਪ੍ਰਬੰਧਕ.

੪. ਕੁਰਾਨ ਦੀ ਸੂਰਤ ੪. ਦੀ ਆਯਤ ੨੮. ਅਨੁਸਾਰ ਸ਼ੀਅਹ ਲੋਕ ਇਸ ਕਸਮ ਨੂੰ ਖ਼ੁਦਾ ਦੇ ਹੁਕਮ ਅਨੁਸਾਰ ਯੋਗਜ ਜਾਣਦੇ ਹਨ.

੫. ਹਿੰਦੂਆਂ ਦਾ ਨਿਯੋਗ ਇਸ ਦੇ ਨਾਲ ਮਿਲਦਾ ਜੁਲਦਾ ਹੈ. ਦੇਖੋ, ਨਿਯੋਗ ੩.

੬. ਮੁਦਪਰਨ: ਸੰ. मुद्गपर्णी. ਮੁਦ੍ਗਪਰਣੀ. ਜੰਗਲੀ ਮੂੰਗੀ.

੯੮੭- ੧. ਮੁਦੰਮਿਗ: ਅ. ਅਭਿਮਾਨੀ. ਜੋ ਆਪਣੇ ਦਿਮਾਗ਼ ਤੁੱਲ ਦੂਜੇ ਦਾ ਨਹੀਂ ਜਾਣਦਾ.

੨. "ਲਖ ਮਾਇਆ ਲਖ ਮੋਹ ਮਿਲਿ ਹੁਇ ਮੁੱਦਈ ਦਾਵਾ." (ਭਾਗੁ ੩੮)

੩. ਮਨੱਜਿਮ: ਅ. ਨਜੂਮ ਦਾ ਗਜਾਤਾ. ਨਜੂਮੀ.

੪. । ੨. ਮੁਫ਼ੱਸਿਲ. ਤਫ਼ਸੀਲ ਕਰਨ ਵਾਲਾ. ਵਿਸਤਾਰ ਨਾਲ ਨਿਰਣਾ ਕਰਨ ਵਾਲਾ.

੫. ਮੁਫੱਸਿਲ: ਦੇਖੋ, ਮੁਫ਼ਸਲ ੨। ੨. ਆਸਪਾਸ ਦਾ ਦੇਸ਼- ਪ੍ਰਧਾਨ ਸ਼ਹਿਰ ਦੇ ਇਰਦ ਗਿਰਦ ਦਾ ਇਲਾਕਾ, ਜਿਵੇਂ- ਮੁਫ਼ੱਸਿਲ ਵਿੱਚ ਇਸ ਗੱਲ ਦੀ ਚਰਚਾ ਫੈਲ ਰਹੀ ਹੈ

੯੮੮- ੧. ਮੁਫ਼ਰਦ: ਅ. ਵਿ- ਏਕ਼ਲਾ। ੨. ਅਦੁਤੀ.

੨. ਮੁਮਤਾਜ਼ ਮਹਲ: ਦੇਖੋ, ਸ਼ਾਹਜਹਾਂ,

੩. "ਚੰਦ ਮੁਮਾਰਖ ਈਦ." (ਭਾਗੁ)

"ਜਿਤੁ ਮੁਹਿ ਮਿਲਨ ਮੁਮਾਰਖੀ." (ਜਸਾ)

੪. ਮੁਰਚਾ: ਦੇਖੋ, ਮੋਰਚਾ. "ਨਹਿ ਮੁਰਚਾ ਨਹਿ ਪਰਖਾ ਦੀਰਘ." (ਗੁਪ੍ਰਸੂ)

੫. ਮੁਰਤਜਾ ਖ਼ਾਨ: ਲਖਨਊ ਦੇ ਨਵਾਬ ਆਸਫ਼ੁੱਦੌਲਾ ਦਾ ਸੈਯਦ ਵਜ਼ੀਰ, ਜਿਸਦਾ ਖ਼ਿਤਾਬ 'ਮੁਖ਼ਤਾਰੇ ਚੌਲਾ ਸੀ. ਇਹ ਮਾਰਚ ਸਨ ੧੭੭੬ ਵਿੱਚ ਕ਼ਤਲ ਕੀਤਾ ਗਿਆ। ੨. ਸ਼ਾਹਜਹਾਂ ਦੇ ਵੇਲੇ ਠੱਟੇ ਦਾ ਗਵਰਨਰ, ਜਿਸ ਦਾ ਦੇਹਾਂਤ ਸਨ ੧੬੨੯ ਵਿੱਚ ਹੋਇਆ। ੩. ਜਹਾਂਗੀਰ ਦਾ ਪੰਜ ਹਜ਼ਾਰੀ ਮਨਸਬਦਾਰ ਸੈਖ਼ ਫ਼ਰੀਦਬੁਖ਼ਾਰੀ ਜਿਸ ਦਾ ਖ਼ਿਤਾਬ ਮੁਰਤਜ ਖ਼ਾਨ ਸੀ. ਇਸ ਦਾ ਦੇਹਾਂਤ ਸਨ ੧੬੧੬ ਵਿੱਚ ਹੋਇਆ. ਇਸ ਨੇ ਜਹਾਂਗੀਰ ਦੇ ਇਸ਼ਾਰੇ ਨਾਲ ਗੁਰੂ ਅਰਜਨ ਦੇਵ ਨੂੰ ਵੱਡੇ ਤਸੀਹੇ ਦਿੱਤੇ.

ਮੁਰਤਦ: ਅ. ਵਿ- ਰੱਦ ਕਰਨ ਵਾਲਾ. ਜੋ ਨਿਯਮ ਤੋੜ ਦੇਵੇ। ੨. ਧਰਮ ਦੇ ਨਿਯਮ ਤੋੜਨ ਵਾਲਾ. ਧਰਮ ਭ੍ਰਸ਼੍ਟ.

੧. "ਸਬ ਦਾਨਵ ਕੀ ਸੈਨ ਨਿਖੁਟੀ।

ਹਰਖਤ ਹ੍ਵੈ ਮੁਲਤਾਨ ਸੁ ਲੂਟੀ." (ਨਾਪ੍ਰ)

੨. ਭਵਿਸਜ ਪੁਰਾਣ ਵਿੱਚ ਲਿਖਿਆ ਹੈ ਕਿ ਇਹ ਸੂਰਯ ਮਦਿਰ ਕ੍ਰਿਸ਼ਨ ਜੀ ਦੇ ਪੁਤ੍ਰ ਸਾਂਬ ਨ ਕੁਸ਼੍ਟ ਰੋਗ ਤੋਂ ਹੱਟਣ ਲਈ ਬਣਾਇਆ ਸੀ, ਅਤੇ ਨਗਰ ਦਾ ਨਾਮ ਸਾਂਬਪੁਰ ਥਾਪਿਆ. ਦੇਖੋ, ਸਾਂਬ.

੩. ਕਿਸੇ ਸਮੇਂ ਮੁਲਤਾਨ ਵਿੱਚ ਕਮਾਨਾਂ ਆਲਾ ਦਰਜੇ ਦੀਆਂ ਬਣਦੀਆਂ ਸਨ. ਮਸ਼ਹੂਰ ਤੀਰੰਦਾਜ਼ ਇੱਥੋਂ ਹੀ ਖ਼ਰੀਦ ਕੇ ਵਰਤਦੇ ਸਨ. "ਫੜੀ ਬਲੰਦ ਮੰਗਾਇਓਸੁ ਛਰਮਾਯਸ਼ ਕਰਿ ਮੁਲਤਾਨ ਕਉ." (ਚੰਡੀ ੩)

੪. ਮੁਲਤਾਨੀ: ਵਿ- ਮੁਲਤਾਨ ਨਾਲ ਸੰਬੰਧ ਰੱਖਣ ਵਾਲਾ. ਮੁਲਤਾਨ ਦਾ। ੨. ਸੰਦਜਾ- ਟੋਢੀ ਠਾਰ ਦੀ ਔੜਵ ਸੰਪੂਰਣ ਰਾਗਿਣੀ. ਆਰੋਹੀ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ. ਅਵਰੋਹੀ ਵਿੱਚ ਰਿਸ਼ਭ ਦੁਰਬਲ ਹੈ. ਵਾਦੀ ਸੁਰ ਪੰਚਮ ਹੈ. ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਰ ਹੈ. ਇਸ ਵਿਚ ਮੱਧਮ ਅਤੇ ਗਾਂਧਾਰ ਦੀ ਸੰਗਤਿ ਤਥਾ ਆਂਦੋਲਨ ਹੈ.

੫. । ੩. ਮੂਲਜ. ਕੀਮਤ. "ਹਰਿ ਆਪਿ ਅਮੁਲਕੁ ਹੈ, ਮੁਲਿ ਨ ਪਾਇਆ ਜਾਇ" (ਅਨੰਦ)

੬. ੨ ਪੰਜਾਬ ਵਿਚ ਨੀਰੇ ਦੇ ਕੱਪ ਨੂੰ ਭੀ ਮੂਸਲ ਆਖਦੇ ਹਨ.

੧. ਇਸ ਦਾ ਤੇਲ ਘੀ ਵਾਂਗ ਵਰਤਿਆ ਜਾਂਦਾ ਹੈ. ਖਲ ਲਵੇਰੇ ਪਸ਼ੂਆਂ ਦੀ ਉੱਤਮ ਗਿਜ਼ਾ ਹੈ.

੨. ਲਵੇਰੀ ਗਾਂ ਮੱਝ ਦਾ ਜੇ ਬੱਚਾ ਮਰ ਜਾਏ ਤਾਂ ਉਸ ਦੀ ਖੱਲ ਵਿੱਚ ਘਾਹ ਫੂਸ ਭਰ ਕੇ ਉਸ ਦੀ ਮਾਂ ਪਾਸ ਖੜਾ ਕਰ ਦਿੰਦੇ ਹਨ, ਤਾਕਿ ਬੱਚੇ ਦਾ ਵਛੋੜਾ ਨਾ ਸਮਝਕੇ ਮਾਂ ਦੁੱਧ ਦਿੰਦੀ ਰਹੇ.

੩. "ਕਰਹਿਂ" ਫਲ ਮੂਲ ਅਹਾਰਾ." (ਗੁਪ੍ਰਸੂ)

੪. ਮੂਲਨ: ਸੰ. ਸੰਗਜਾ- ਜੜ ਲਾਉਣੀ. ਗੁੱਡਣਾ. ਆਰੋਪਨ.

੫. ਅਤੇ ਸੱਜੀ ਅੱਡੀ ਨਾਲ ਲਿੰਗ ਨੂੰ ਤਬਾ ਕੇ ਪਦਮਾਸਨ ਬੈਠਨਾ ਮੂਲਬੰਧ ਹੈ.

੬. ਸਨ ੧੮੪੪ ਵਿੱਚ ਥਾਪਿਆ ਗਿਆ. ਧਿਆਨ ਸਿੰਘ ਡੋਗਰੇ ਦੇ ਪੁਤ੍ਰ ਰਾਜਾ ਹੀਰਾ ਸਿੰਘ ਵਜ਼ੀਰ ਅਤੇ ਉਸਦੇ ਜਾਨਸ਼ੀਨ ਵਜ਼ੀਰ ਲਾਲ ਸਿੰਘ ਦੇ ਹੱਥੋਂ ਤੰਗ ਆ ਕੇ ਮੂਲ ਰਾਜ ਨੇ ਮੁਲਤਾਨ ਦੀ ਗਵਰਨਰੀ ਤੋਂ ਇਸਤੀਫ਼ਾ ਦੇ ਦਿੱਤਾ. ਰੈਜ਼ੀਡੈਂਟ ਸਰ ਹੈਨਰੀ ਲਾਰੈਂਸ ਅਤੇ ਜਾਨ ਲਾਰੈਂਸ ਨੇ ਬਹੁਤ ਚਾਹਿਆ ਕਿ ਮੂਲਰਾਜ ਹੀ ਮੁਲਤਾਨ ਦਾ ਗਵਰਨਰ ਰਹੇ, ਪਰ ਅੰਤ ਨੂੰ ਨਵੇਂ ਰੈਜ਼ੀਡੈਂਟ ਸਰ ਫੇਡਰਿਕ ਕੁਰੀ (Sir Frederick Currie) ਨੇ ਸਰਦਾਰ ਕਾਨ੍ਹ ਸਿੰਘ ਮਾਨ ਨੂੰ ਦੋ ਅੰਗ੍ਰੇਜ਼ (Mr. V. Agnew and Lt. Anzerson) ਨਾਲ ਦੇ ਕੇ ਮੁਲਤਾਨ ਸੂਬੇ ਦਾ ਚਾਰਜ ਲੈਣ ਲਈ ਘੱਲਿਆ. ਮੂਲ ਰਾਜ ਨੇ ੧੯. ਅਪ੍ਰੈਲ ਸਨ ੧੮੪੮ ਨੂੰ ਮੁਲਤਾਨ ਦਾ ਕਿਲਾ, ਖਜ਼ਾਨਾ ਆਦਿ ਕਾਨ੍ਹ ਸਿੰਘ ਦੇ ਸਪੁਰਦ ਕਰ ਦਿੱਤਾ. ਜਦ ਚਾਰਜ ਲੈ ਕੇ ਨਵਾਂ ਗਵਰਨਰ ਦੋ ਅੰਗ੍ਰੇਜ਼ ਅਹੁਦੇਦਾਰਾਂ ਅਤੇ ਆਪਣੀ ਫ਼ੌਜ ਦੇ ਸਰਦਾਰਾਂ ਨਾਲ ਕੈਂਪ ਨੂੰ ਮੁੜਿਆ ਆ ਰਿਹਾ ਸੀ ਤਦ ਮੂਲ ਰਾਜ ਦੀ ਫ਼ੌਜ ਦੇ ਸਿਪਾਹੀ ਅਮੀਰ ਚੰਦ ਨੇ ਐਗਨੂ ਸਾਹਿਬ ਨੂੰ ਫੱਟੜ ਕਰ ਦਿੱਤਾ ਅਤੇ ਕਈ ਘੋੜ ਚੜ੍ਹਿਆਂ ਨੇ ਐਂਡਰਸਨ ਨੂੰ ਵੱਢ ਦਿੱਤਾ, ਇਸ ਪੁਰ

੧. ਇਸ ਉਪਦ੍ਰਵ ਵਿੱਚ ਮੂਲ ਰਾਜ ਦਾ ਹੱਥ ਸਮਝ ਕੇ ਉਸ ਤੇ ਮੁਕੱਦਮਾ ਚਲਾਇਆ, ਜੱਜਾਂ ਨੇ ਫਾਂਸੀ ਦੀ ਸਜ਼ਾ ਦਿੱਤੀ, ਜਿਸ ਨੂੰ

ਗਵਰਨਰ ਜਨਰਲ ਨੇ ਉਮਰ ਕੈਦ ਦੀ ਸਜ਼ਾ ਵਿੱਚ ਬਦਲ ਕੇ ਮੂਲਰਾਜ ਨੂੰ ਕਲਕੱਤੇ ਦੇ ਜੇਲ ਭੇਜਿਆ ਜਿਸ ਥਾਂ ਇਸ ਦਾ ਦੇਹਾਂਤ ੧੧. ਅਗਸਤ ਸਨ ੧੮੫੧ ਨੂੰ ਹੋਇਆ.

੨. ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਦਿੱਤਾ ਸੀ ਕਿ ਸ਼ਹਰ ਜਾ ਕੇ ਪੈਸੇ ਦਾ ਸੱਚ ਅਤੇ ਪੈਸਾ ਦਾ ਝੂਠ ਲੈ ਆ.

੩. "ਮੂਲਿ ਲਾਗੇ ਸੇ ਜਨ ਪਰਵਾਣੁ."

× × ×

ਡਾਲੀ ਲਾਗੈ ਨਿਰਫਲ ਜਾਇ."

(ਆਸਾ ਮਃ ੩) ਡਾਲੀ ਤੋਂ ਭਾਵ ਦੇਵੀ ਦੇਵਤਾ ਅਤੇ ਮਾਯਾ ਦੇ ਪਦਾਰਥ ਹਨ.

੪. ੩ ਮੋਰੇ ਦੀ ਥਾਂ ਭੀ ਇਹ ਸ਼ਬਦ ਆਇਆ ਹੈ. "ਸੁਨ ਬੈਨ ਮੇ ਜਨਕ." (ਨਾਪ੍ਰ)

੫. । ੬. ਦਾਯਰੇ (ਘੇਰੇ) ਦੀ ਰੇਖਾ (ਲਕੀਰ).

੬. ਧਾਰਾਧਰ. ਵਾਰਿਦ. ਘਨ. ਜੀਮੂਤ ਅਭ੍ਰ. ਪਯੋਧਰ. ਕੰਧਰ. ਵਾਰਿਮੁਚ. ਅਬਦ. ਕੰਵ. ਅੰਬੁਦ. ਤੋਯਦ. ਪਾਬੰਦ.

੭. ਸੰਮਤ ੧੮੯੫ ਵਿੱਚ ਮੇਘ ਸਿੰਘ ਦਾ ਲਿਖਿਆ ਬ੍ਰਿਜਰਾਜ ਵਿਨੋਦ ਕਾਵ੍ਯ ਦਾ ਉੱਤਮ ਗ੍ਰੰਥ ਹੈ.

੮. ਮੇਘਡੰਬਰ: ਸੰ. ਬੱਦਲ ਦਾ ਡੰਬਰ (ਸ਼ਬਦ)। ੨. ਛਤ੍ਰ। ੩. ਵੱਡਾ ਚੰਦੋਆ.

੯. ਮੇਘਮਾਲ: ਰਮਾ ਦੇ ਉਦਰ ਤੋਂ ਕਲਕੀ ਦਾ ਪੁਤ੍ਰ. ਦੇਖੋ, ਕਲਕੀ। ੨. ਦੇਖੋ, ਮੇਘ ਮਾਲਾ.

੯੯੩- ੧. ਮੇਠਰ: ਇਹ ਮੇਠ ਦਾ ਹੀ ਪੰਜਾਬੀ ਰੁਪਾਂਤਰ ਹੈ.

੨. "ਨੂਪਰ ਯੋਂ ਰੁਨਦੰਤ ਭਏ ਛਬਿ ਮੇਡੀ." (ਗੁਪ੍ਰਸੂ) ੨. ਵਿ- ਮਿਲੀ ਹੋਈ.

੩. Mary. ਪੈਗ਼ੰਬਰ ਈਸਾ ਦੀ ਮਾਤਾ। ੫. ਮੁਹਮੰਦ ਸਾਹਿਬ ਦੀ ਇੱਕ ਦਾਸੀ ਇਸਤ੍ਰੀ. ਦੇਖੋ, ਮੁਹੰਮਦ। ੬. ਕਿੰਗ ਜਾਰਜ ਪੰਚਮ ਦੀ ਮਹਾਰਾਨੀ. ਦੇਖੋ, ਜਾਰਜ ਪੰਜਮ.

੧. ੩ ਮੇਲਣ ਦਾ ਅਮਰ. "ਮੇਲ ਲੇਹੁ ਦਇਆਲ." (ਵਾਰ ਜੈਤ)

੨. ਮੇਵਾਤ: ਮੁਸਲਮਾਨੀ ਰਾਜ ਸਮੇਂ ਮਥੁਰਾ, ਗੁੜਗਾਉਂ ਅਤੇ ਅਲਵਰ ਦਾ ਕੁਝ ਇਲਾਕਾ ਮੇਵਾਤ ਆਖਿਆ ਜਾਂਦਾ ਸੀ. ਦੇਖੋ, ਮੋਉ.

੩. "ਮੇਂ ਬਕਰੀ ਨੌ ਕਹਜੋ

ਆਨ ਕਰ ਗਲਾ ਕਟਾਯਾ,

ਕੋਈ ਲੇ ਗਯੋ ਮਾਸ

ਕਿਸੀ ਨੇ ਚਾਮ ਉਠਾਯਾ,

ਕੋਈ ਲੇ ਗਯੋ ਸਿਰੀ,

ਲੇ ਗਯੋ ਕੋਈ ਪੇਟਾ,

ਕੋਈ ਲੇ ਗਯੋ ਪਾਂਵ

ਖੋਜ ਸਬਹੂ ਨੇ ਮੇਰਾ,

ਤਾਂਤ ਭਈ ਉਸ ਆਂਤ ਕੀ

ਲੇ ਧੁਨੀਆ ਪ੍ਰਨ ਨੇ ਲਗਾ,

ਨਿਰੰਕਾਰ ਤੂੰ ਨਿਰੰਕਾਰ ਹੈਂ ਤਾਂ ਬਕਰੀ ਨੇ ਤੂੰ ਕਹਾ." (ਦੇਖੋ, ਭਗਵਾਨ ਸਿੰਘ ਬਨੂੜੀ ਰਾਜ- ਨਾਮਾ ਸਿੱਧੂਆਂ)

੪. "ਨਾਨਕੁ ਤੇਰਾ ਬਾਣੀਆ ਤੂੰ ਸਾਹਿਬੁ ਮੈ ਰਾਸਿ." (ਵਡ ਮਃ ੧)

ਤੂੰ ਮੇਰੀ ਪੂੰਜੀ ਦਾ ਸੁਾਮੀ ਹੈ. ਤੇਰੀ ਦਿੱਤੀ ਪੂੰਜੀ ਕਰਕੇ ਹੀ ਮੇਰਾ ਵਪਾਰ ਹੈ.

੫. ਮੈਥਿਲ: ਵਿ- ਮਿਥਿਲਾ ਦੇਸ਼ ਦਾ ਨਿਵਾਸੀ। ੨. ਮਿਥਿਲਾ ਦਾ। ੩. ਸੰਗਜਾ- ਰਾਜਾ ਜਨਕ.

੬. ਮੈਨਜਾਈ: ਕਾਮ (ਮਦਨ) ਦੀ ਪੁਤ੍ਰੀ। ੨. ਮਦਨ ਜਾਯਾ. ਕਾਮ ਦੀ ਇਸਤ੍ਰੀ. ਰਤਿ. "ਕਿਧੌਂ ਸੈਨ ਜਾਈ." (ਚਰਿਤ੍ਰ ੨੦)

੭. ਮੈਨ ਦੀਪਕ: ਮੋਮਬੱਤੀ ਦਾ ਚਿਰਾਗ਼.

੮. । ੫. ਭਾਈ ਸੰਤੋਖ ਸਿੰਘ ਜੀ ਨੇ ਮੇਨਕਾ ਅਤੇ ਮੇਨਾ ਦੇ ਥਾਂ ਇਹ ਸ਼ਬਦ ਵਰਤਿਆ ਹੈ. "ਹਿਮ ਗਿਰਿ ਮੈਨਾ ਕੇ ਘਰ ਮਾਹੀ." (ਨਾਪ੍ਰ) ਦੇਖੋ, ਮੇਨਕਾ.

੯. ਅਰ ਇਸ ਦਾ ਟਿਕਾਣਾ ਭਾਰਤ ਅਤੇ ਲੰਕਾ ਦੇ ਵਿਚਕਾਰ ਦੱਸਿਆ ਹੈ. ਦੇਖੋ ਸੁੰਦਰ ਕਾਂਡ, ਅਃ ੭। ੨. ਇੱਕ ਪਹਾੜ, ਜੋ ਗੁਜਰਾਤ ਦੇ ਨੇੜੇ ਹੈ. ਦੇਖੋ, ਮਹਾਭਾਰਤ, ਵਨ ਪਰਵ, ਅਃ ੮੯। ੩. ਦੇਖੋ, ਮੈਨਾਕਪੁਰ.

੯੯੬- ੧. ਮੋਏ: ਮਰੇ। ੨. ਮੇਂ. ਵਿੱਚ "ਅੰਤਰਧਾਨ ਭਈ ਜਲ ਮੋਏ." (ਗੁਪ੍ਰਸੂ)

੨. ਮਹਮਾ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਮੋਹਨ ਅਤੇ ਮੋਹਰੀ ਜੌੜੇ ਜਨਮੇ ਸਨ.

੩. ੩ ਮਦਰਾਸ ਦੇ ਗਵੈਯੇ ਭੋਪਾਲੀ ਕਲਜਾਣ ਨੂੰ ਮੋਹਿਨੀ ਆਖਦੇ ਹਨ.

੯੯੭- ੧. ਮੋਕਤ: ਮੋਚਤ. "ਮਹਾਂ ਪ੍ਰਕਾਸ਼ ਮਤਾਬੀ ਮੋਕਤ." (ਗੁਪ੍ਰਸੂ) ਮਹਤਾਬੀਆਂ ਵੱਡਾ ਪ੍ਰਕਾਸ਼ ਛਡਦੀਆਂ ਹਨ.

੨. "मोक्षस्य नहिं वासोऽस्ति न ग्रामान्तरमेव वा। अज्ञान हृद्य ग्रन्थि नाशो मोक्ष इति स्मृतः". (ਸ਼ਿਵ ਗੀਤਾ, ੧੩, ੩੨)

੩. "ਹੈਂ ਅਰਬਿੰਦ ਸੇ ਅੰਗਦ ਕੇ ਪਗ, ਮੋਖਦ ਏਕ ਬਿਸੇਖਤਾ ਜਾਨਾ." (ਨਾਪ੍ਰ) ਗੁਰੂ ਅੰਗਦ ਜੀ ਦੇ ਚਰਣ ਕਮਲ ਜੇਹੇ ਹਨ, ਪਰ ਇਨ੍ਹਾਂ ਵਿੱਚ ਵਾਧਾ ਇਹ ਹੈ ਕਿ ਇਹ ਮੁਕਤਿ ਪ੍ਰਦਾਤਾ ਹਨ.

੪. ੬ ਗੁਰੂ ਨਾਨਕ ਦੇਵ "ਆਗੇ ਗਮਨੇ ਮੋਖ ਦੁਆਰਾ." (ਨਾਪ੍ਰ)

੫. ਮੋਟ: ਸੰਗਜਾ- ਮੋਟਾਪਨ। ੨. ਵਿ- ਮੋਟਾ. "ਲੇਹੁ ਮੋਟ ਪਟ ਮਲਿਨ ਪੁਰਾਨਾ." (ਗੁਪ੍ਰਸੂ) ੩. ਸੰਗਜਾ- ਦੱਖਣ ਵਿੱਚ ਚਰਸ (ਬਾਰੇ) ਦਾ ਨਾਮ ਮੋਟ ਹੈ। ੪. ਅੰ. Mote. ਦਾਗ਼. ਧੱਬਾ। ੫. ਜ਼ੱਰਹ. ਕਣ। ੬. Moat. ਖੰਦਕ. ਖਾਈ.

੧. । ੫. ਇੱਕ ਜਾਤਿ, ਜੋ ਮੇਦਕ (ਲੱਡੂ) ਵੱਟ- ਵੇਖ ਕੇ ਗੁਜ਼ਾਰਾ ਕਰਦੀ ਹੈ. ਬ੍ਰਿਹਤ ਧਰਮ ਪੁਰਾਣ ਵਿੱਚ ਇਸ ਦੀ ਉਤਪੱਤੀ ਛਤਰੀ ਦੇ ਵੀਰਯ ਤੋਂ ਸ਼ੂਦ੍ਰ ਦੀ ਕੰਨਜਾ ਦੇ ਪੇਟੋਂ ਲਿਖੀ ਹੈ. "क्षत्रियाच्छूद् कम्यायां जातौ नापति मोदकौ. "

ਮੋਮਬੱਤੀ: Candle. ਇਸ ਦਾ ਪ੍ਰਚਾਰ ਯੂਰਪ ਵਿੱਚ ਸਨ ੧੩੦੦ ਅੰਦਰ ਹੋਇਆ, ਅਰ ਸਮੇਂ ਸਮੇਂ ਸਿਰ ਅਨੇਕ ਰੰਗਾਂ ਅਤੇ ਸ਼ਕਲਾਂ ਦੀ ਬਣਦੀ ਰਹੀ ਅਰ ਭਾਰਤ ਦੇ ਅਮੀਰ ਭੀ ਇਸ ਨੂੰ ਵਰਤਦੇ ਰਹੇ, ਬਿਜਲੀ ਦੀ ਰੌਸ਼ਨੀ ਹੋਣ ਪੁਰ ਮੋਮਬੱਤੀ ਬਹੁਤ ਘੱਟ ਵਰਤੀਦੀ ਹੈ. ਯੂਰਪ ਦੇ ਚਰਚਾਂ (ਗਿਰਜਿਆਂ) ਵਿੱਚ ਹੁਣ ਭੀ ਇਸ ਦੀ ਰੌਸ਼ਨੀ ਪਸੰਦ ਕੀਤੀ ਜਾਂਦੀ ਹੈ.

੩. । ੫. ਪੰਜਾਬੀ ਵਿੱਚ ਹੱਥ ਦੇ ਜੋੜ (ਪਹੁੰਚੇ) ਨੂੰ ਭੀ ਮੋਰਚਾ. (ਮੁਰਚਾ) ਆਖਦੇ ਹਨ.

੪. ਮੋਰਥਲੀ: ਦੇਖੋ, ਬਾਲਮੀਕ ਰਾਮਾਯਣ ਦਾ ਫੁੱਟਨੋਟ.

੫. । ੩. ਮੋੜਾ, ਪਰਤਣ ਦਾ ਭਾਵ. 'ਲੰਕਾ ਤੇ ਕਿਯ ਮੋਰਾ." (ਨਾਪ੍ਰ)

੬. ਮੋੜ੍ਹਾ ਗੱਡਣਾ: ਪਿੰਡ ਦੀ ਆਬਾਦੀ ਲਈ ਕਿੱਲਾ, ਮੁੰਨਾ, ਬਿਰਛ ਦਾ ਮੋੜ੍ਹਾ ਆਦਿ ਮੁਹੂਰਤ ਸਮੇਂ ਗੱਡਣਾ, ਭਾਵ- ਆਬਾਦੀ ਦਾ ਆਰੰਭ ਕਰਨਾ,

"ਗਾਢੋ ਮੋੜ੍ਹਾ ਗਾਡ ਖਰਜੋ ਹੈ। ਨਾਮ ਗਰ ਕੋ ਚੱਕ ਧਰਜੋ ਹੈ. (ਗੁਪ੍ਰਸੂ)

ਮੋੜ੍ਹੀ: ਮੋੜ੍ਹਾ ਦਾ ਇਸਤ੍ਰੀਲਿੰਗ. ਛੋਟਾ ਮੋੜ੍ਹ।

੭. ਮੌਡੀ: ਮੁੰਡਿਤ. ਮੋਨਾ. । ੨. ਮੁੰਡਾ. ਬਾਲਕ। ੩. ਸ਼ਿਰੋਮਣਿ. ਮੁਖੀਆ।

੧੦੦੧- ੧. ਮੰਗਵਾਉਣ: ਕ੍ਰਿ- ਯਾਚਨ ਕਰਾਉਣਾ। ੨. ਕੋਲ ਸਦਵਾਉਣਾ। ੩. ਮੰਗੇਵਾ ਕਰਵਾਉਣਾ.

੨. ਮੰਗੋਲੀਆ ਨਿਵਾਸੀ ਲੋਕ. ਇਸ ਦਾ ਮੂਲ ਮਾਂਗ (ਬਹਾਦੁਰ) ਹੈ.

੩. ਮੰਗੋਲੀਆ: Mongolia. ਚੀਨ ਦਾ ਇਲਾਕਾ, ਜੋ ਮੰਚੂਰੀਆ ਰੂਸ ਅਤੇ ਚੀਨੀ ਤੁਰਕਿਸਤਾਨ ਤੋਂ ਘਿਰਿਆ ਹੋਯਾ ਹੈ. ਇਸ ਦਾ ਰਕਬਾ ੧੩੬੭੬੦੦ ਵਰਗਮੀਲ ਹੈ. ਪਹਾੜਾਂ ਅਤੇ ਰੇਤਲੇ ਦੇਸਾਂ ਨਾਲ ਭਰਪੂਰ ਹੈ. ਆਬਾਦੀ ਵੀਹ ਲੱਖ ਤੋਂ ਵੱਧ ਨਹੀਂ ਹੈ.

੧. । ੩. ਦੇਖੋ, ਦੁੱਘਰੀ। ੪. ਦੇਖੋ, ਫਤੈਪੁਰ ਸਿੰਘਾਂ। ੫. ਦੇਖੋ, ਮੁਨੀਰਪੁਰ.

੨. ਬਹੁਤ ਮੰਤ੍ਰ ਅਜੇਹੇ ਕਲਪੇ ਹੋਏ ਹਨ, ਜਿਨ੍ਹਾਂ ਦੇ ਅਟਪਟੇ ਸ਼ਬਦ ਅਰ ਅਰਥ ਕੁਝ ਪ੍ਰਤੀਤ ਨਹੀਂ ਹੋਂਦੇ. ਤੁਲਸੀ ਦਾਸ ਨੇ ਭੀ ਲਿਖਿਆ ਹੈ- "ਅਨਮਿਲ ਅਕਰ ਅਰਥ ਨ ਜਾਪੂ। ਪ੍ਰਗਟ ਪ੍ਰਭਾਵ ਮਹੇਸ਼ ਪ੍ਰਤਾਪੂ." ਕਈ ਅਙਰ ਜੁਦੇ ਜੁਦੇ ਫਲ ਦੇਣ ਵਾਲੇ ਮੰਨੇ ਹਨ, ਜਿਵੇਂ ਹੂੰ ਮਾਰਣ ਲਈ ਯੂੰ ਉੱਚਾਰਣ ਵਾਸਤੇ, ਰੂੰ ਤਾਪ ਚੜ੍ਹਾਉਣ ਲਈ, ਸੰ. ਸ਼ਾਂਤਿ ਕਰਨ ਵਾਸਤੇ, ਕ੍ਲੀਂ ਵਸ਼ ਕਰਣ ਲਈ ਇਤਯਾਦਿ. ਦੇਖੋ, ਕੌਲ ਗਯਾਨ ਨਿਰਣਯ, ਪਟਲ ੪. ਇਸੇ ਦੀ ਨਕਲ ਕਿਸੇ ਤਾਂਤ੍ਰਿਕ ਨੇ ਪੈਂਤੀਸ ਅੱਖਰੀ ਦੇ ਅੰਤ ਲਿਖ ਦਿੱਤੀ ਹੈ.

੩. ੭ ਬ੍ਰਹਮ. ਪਰਮਾਤਮਾ. "ब्रह्म वै मन्त्र:" (ਸ਼ਤਪਥ, ੭- ੧- ੧- ੫)

੧. "ਰਾਜਨ ਕੋ ਹਿਤ ਕਿਯੇ

ਪ੍ਰਜਾ ਸੇ ਵਿਰੋਧ ਹੋਤ

ਪ੍ਰਜਾ ਹੂੰ ਕੇ ਹਿਤ ਕਿਯੇ

ਨ੍ਰਿਪ ਸੋਂ ਵਿਰੋਧ ਜਾਨ,

ਰਾਜ ਔ ਪ੍ਰਜਾ ਹੂੰ ਕੇ

ਹਿਤ ਮੈਂ ਵਿਰੋਧ ਇਮ

ਯਥਾ ਨਿਸ ਭਾਨੁ ਕੋ

ਵਿਰੋਧ ਅਹੈ ਬੁੱਧਿਮਾਨ,

ਰਾਜਾ ਪ੍ਰਜਾ ਹਿਤ ਮਾਹਿ

ਮਹਿਤ ਵਿਰੋਧ ਆਹਿ.

ਤਾਂ ਮੈਂ ਅਧਿਕਾਰ ਪਾਇ

ਕਹੋ ਕਿਮ ਰਹੇ ਮਾਨ,

ਦੋਨੋ ਹਿਤਕਾਰੀ ਹੋਇ

ਕਾਮ ਕੋ ਚਲਾਈ ਜੋਇ.

ਐਸੋ ਨਰ ਜਗ ਮਾਹਿਂ

ਮਿਲੇ ਤੋ ਅਮੋਲ ਜਾਨ."

੨. । ੨. ਗੁਰਬਾਣੀ ਦਾ ਪਾਠ ਕਰਕੇ ਤਿਆਰ ਕੀਤਾ ਖੰਡੇ ਦਾ ਅਮ੍ਰਿਤ.

੩. । ੬. ਅੰ. Month. ਮਹੀਨਾ. ਮਾਹ. ਮਾਸ.

੪. ਮੰਦਵਾੜਾ: ਦੁਕਾਲ. ਅਕਾਲ. ਕਹ਼ਤ. ਦੁਰਭਿੱਖ. ਜਿਸ ਸਮੇਂ ਵਾੜੀ (ਖੇਤੀ) ਮੰਦ ਹੋਵੇ.

੫. ਮੰਦੇ ਪੈਰ ਰੱਖਣਾ: ਕ੍ਰਿ. ਕੁਕਰਮ ਵਿੱਚ ਪਵਿਤ੍ਰ ਹੋਣਾ.

"ਓਨੀ ਮੰਦੈ ਪੈਰੁ ਨ ਰਖਿਓ." (ਵਾਰ ਆਸਾ)

੬. "ਸਬਦੁ ਮੰਨਿ ਵਸਾਏ." (ਅਨੰਦ)

੭. ਮੰਨਿਹੁ: ਮੰਨੋ. ਤਾਮੀਲ ਕਰੋ. "ਹੁਕਮੁ ਮੰਨਿਹੁ ਗੁਰੂ ਕੇਰਾ." (ਅਨੰਦੁ)

੮. "ਮੰਨੁ ਧੋਵਹੁ ਸਬਦਿ ਲਾਗਹੁ." (ਅਨੰਦੁ)

੯. "ਮੰਮਾ ਮਾਸੁ ਗਿਰਾਸੁ." (ਮਃ ੧, ਵਾਰ ਮਲਾ)

੧੦੦੩- ੧. ਮ੍ਰਿਗ ਘੰਟਕ: ਘੰਟਾਮ੍ਰਿਗ. ਦੇਖੋ, ਘਟਿਕ ਹੋਰਿ.

੨. । ੩. ਮ੍ਰਿਗ ਦੀ ਨਾਭਿ (ਧੁੰਨੀ) ਵਿੱਚ.

੩. । ੪. ਵੈਦਕ ਅਨੁਸਾਰ ਇੱਕ ਰਸ, ਜੋ ਇਸ ਤਰ੍ਹਾਂ ਤਿਆਰ ਹੋਂਦਾ ਹੈ:-

ਪਾਰਾ ਇੱਕ ਹਿੱਸਾ, ਸੋਨਾ ਇੱਕ ਹਿੱਸਾ, ਮੋਤੀ ਦੋ ਹਿੱਸੇ, ਗੰਧਕ ਦੋ ਹਿੱਸੇ, ਸੁਹਾਗਾ ਇੱਕ ਹਿੱਸਾ, ਇਹ ਸਭ ਕਾਂਜੀ ਵਿੱਚ ਪੀਹ ਕੇ ਲੂਣ ਦੇ ਭਾਂਡੇ ਵਿੱਚ ਭਰ ਕੇ ਚਾਰ ਪਹਰ ਅੱਗ ਤੇ ਪਕਾਉਣ ਤੋਂ ਵਰਤਣ ਲਾਇਕ ਹੋ ਜਾਂਦਾ ਹੈ. ਇਸ ਦੀ ਖ਼ੁਰਾਕ ਅੱਧੀ ਰੱਤੀ ਤੋਂ ਚਾਰ ਰੱਤੀ ਤੱਕ ਹੈ. ਖਈ ਅਤੇ ਪੱਠਿਆਂ ਦੀ ਕਮਜ਼ੋਰੀ ਆਦਿ ਰੋਗ ਇਸ ਦੇ ਸ਼ਹਦ ਅਤੇ ਦੁਧ ਨਾਲ ਸੇਵਨ ਤੋਂ ਦੂਰ ਹੋਂਦੇ ਹਨ.

੪. "ਸਜਾਲ ਤੇ ਮ੍ਰਿਗਿੰਦ ਪਟਥੀਜਨੇ ਦਿਨਿੰਦ ਕਰੇ." (ਨਾਪ੍ਰ)

੫. ਮ੍ਰਿਤੰਜੈ: ਦੇਖੋ, ਮ੍ਰਿਤਜੁੰਜਯ.

੬. ਮ੍ਰਿਦੰਗ ਵਾਲੀ ਸੰਗਤਿ: ਦੇਖੋ, ਜੌਨਪੁਰ.

੧. ਸਾਰੀ ਦੁਨੀਆਂ ਤੇ ਇਨ੍ਹਾਂ ਦੀ ਗਿਣਤੀ ੧੫, ੪੩੫, ੦੦੦ ਹੈ.

੨. ਸੰ. ਯਸ਼. ਇਸ ਦਾ ਮੂਲ ਯਜ੍ ਧਾਤੁ ਹੈ. ਦੇਖੋ, ਪੰਚ ਯਗਜ.

੩. ਯਥਾਤਥਜ: ਵਜ- ਜਿਉਂ ਦਾ ਤਿਉਂ. ਹੁ- ਬ- ਹੂ.

੧. ਦ੍ਵਾਰ ਤੇ ਦੇਖਤ ਬੀਥਿਨ ਮੇ ਮਰੇ ਆਵਤ ਹੈਂ ਸਭ ਲੋਗ ਪੁਕਾਰੇ, ਬਾਲ ਯੁਵਾ ਯੁਵਤੀ ਜਨ ਭਾਗਤ ਰੋਵਤ ਹੈਂ ਪਰੇ ਬ੍ਰਿੱਧ ਬਿਚਾਰੇ.

੨. "ਸ਼ੰਭੁ ਨੈਨ ਜ੍ਵਾਲ ਔ ਫ਼ਨੀ ਕੋ ਫੁਤਕਾਰ ਕਹਾਂ?

ਜਾਕੇ ਆਗੇ ਮਹਾਕਾਲ ਦੌਰਤ ਹਰੋਲੀ ਤੇਂ,

ਸਾਤੋਂ ਚਿਰਜੀਵੀ ਪੁਨ ਮਾਰਕੰਡੇ ਲੋਮਸ਼ ਲੌ

ਦੇਖ ਕੰਪਮਾਨ ਹੋਤ ਖੋਲੈ ਜਬ ਝੋਲੀ ਤੇਂ,

ਗਰਲ ਅਨਲ ਔ ਪ੍ਰਲੈ ਕੀ ਦਾਵਾਨਲ ਭਲ

ਬੇਨੀ ਕਵਿ ਛੇਦ ਲੇਤ ਗਿਰਤ ਹਥੇਲੀ ਤੋਂ

ਬਚਨ ਨ ਪਾਵੈਂ ਧਨ੍ਵੰਤਰਿ ਜੌ ਆਵੈ. ।

ਹਰਿ ਗੋਬਿੰਦ ਬਚਾਵੈਂ ਹਰਿ ਗੋਬਿੰਦ ਕੀ ਗੋਲੀ ਤੇਂ."

੩. ਯਰੁਸਲਮ: Jerusalem. ਪੈਲਿਸਟਾਈਨ ਵਿੱਚ ਇਕ ਪਵਿੱਤ੍ਰ ਸ਼ਹਰ (Holy City). ਜੋ ਦਾਊਦ ਦਾ ਵਸਾਇਆ ਦੱਸਿਆ ਜਾਂਦਾ ਹੈ. ਇਹ ਯਹੂਦੀਆਂ ਅਤੇ ਈਸਾਈਆਂ ਦਾ ਤੀਰਥ ਸਥਾਨ ਹੈ. ਇਸ ਦੀ ਆਬਾਦੀ ੬੪੦੦੦ ਹੈ. ਦੇਖੋ, ਸੁਲੇਮਾਨ ਅਤੇ ਦਾਊਦ.

੧੦੦੮- ੧. ਯਾਟ: ਸੰ. ਯਾਟ. ਵਿ- ਯਜਨ ਕਰਨ ਵਾਲਾ.

੨. ਹਿੰਦੂ ਧਰਮ ਦੇ ਗ੍ਰੰਥਾਂ ਵਿੱਚ ਯਾਤ੍ਰਾ ਲਈ ਮਹੂਰਤ, ਅਨੇਕ ਰੰਗ ਦੇ ਵਸਤ੍ਰ ਅਤੇ ਭੋਜਨ ਵਿਧਾਨ ਕੀਤੇ ਹਨ. ਸਵਾਰੀਆਂ ਭੀ ਵੱਖ ਵੱਖ ਦੱਸੀਆਂ ਹਨ, ਜਿਵੇਂ- ਪੂਰਵ ਜਿੱਤਣ ਲਈ ਨਰ ਹਾਥੀ ਦੀ ਸਵਾਰੀ. ਪੱਛਮ ਫ਼ਤੇ ਕਰਨ ਵਾਸਤੇ ਇੱਕ ਰੰਗੇ ਘੋੜੇ ਦੀ, ਉੱਤਰ ਲਈ ਪਾਲਕੀ ਅਤੇ ਦੱਖਣ ਵਾਸਤੇ ਰਥ ਦੀ ਸਵਾਰੀ ਕਰਨੀ ਚਾਹੀਯੇ.

੩. ਯਾਦਵੇਂਦ੍ਰ ਸਿੰਘ ਮਹਾਰਾਜਾ: ਦੇਖੋ, ਪਟਿਆਲਾ.

੪. ਯਾਵਨ: ਯਵਨ ਦੇਸ਼ ਨਾਲ ਹੈ ਜਿਸ ਦਾ ਸੰਬੰਧ. ਦੇਖੋ, ਯਵਨ.

ਯਾਵਨੀ ਭਾਸਾ: ਯਵਨ (ਯੂਨਾਨ ਦੀ ਬੋਲੀ। ੨. ਸੰਸਕ੍ਰਿਤ ਗ੍ਰੰਥਾਂ ਵਿੱਚ ਅਰਬੀ ਫ਼ਾਰਸੀ ਆਦਿਕ ਭੀ ਯਾਵਨੀ ਭਾਸ਼ਾ ਹਨ ਅਤੇ ਇਨ੍ਹਾਂ ਨੂੰ ਮਲੇਟ ਭਾਸ਼ਾ ਮੰਨਿਆ ਹੈ. ਦੇਖੋ, ਮਲੇਛ ਭਾਸ਼ਾ.

੫. ਯਾੜੀ: ਯਾਰ ਮਿਤ੍ਰ. ਮਾਲਵੇ ਵਿੱਚ ਇਸੇ ਸ਼ਬਦ ਨੂੰ. ਯਾੜੀ ਦੀ ਥਾਵੇਂ 'ਆੜੀ ਕਹਿੰਦੇ ਹਨ, ਜਿਵੇਂ- "ਆ ਓਇ ਆੜੀ."

੬. ਰਿਗਵੇਦ ਦੇ ਮੰਤ੍ਰਾਂ ਤੋਂ ਪਤਾ ਲਗਦਾ ਹੈ ਕਿ ਪਹਿਲਾਂ ਪੰਜ ਵਰ੍ਹੇ ਦਾ ਸਮਾ ਅਤੇ ਫੇਰ ਦਸ ਵਰ੍ਹੇ ਦਾ ਸਮਾ ਯੁਗ ਮੰਨਿਆ ਜਾਂਦਾ ਸੀ. ਦੇਖੋ, ਰਿਗ ਮੰਡਲ ੬।੮।੫, ਮੰਡਲ ੧।੧੬੬।੧੩, ਮੰਡਲ ੧।੧੫੮।੬. ਜੋਤਿਸ਼ ਸ਼ਾਸਤ੍ਰ ਅਤੇ ਪੁਰਾਣਾਂ ਅਨੁਸਾਰ ਸਮੇਂ ਦੀ ਗਿਣਤੀ ਬਹੁਤ ਵੱਧ ਗਈ ਹੈ.

੧. ਅੰਗਰੇਜ਼ੀ ਲੇਖਕਾਂ ਨੇ ਚਾਰ ਯੁਗਾਂ ਦੇ ਨਾਮ ਲਿਖੇ ਹਨ- Golden, Silver, Bronde ਅਤੇ Iron Age.

੨. । ੩. ਦੋਵੇਂ. ਦੋਨੋ. ਯੁਗਲ ਚਰਨ ਮੁਰ ਬੰਦਨਾ." (ਨਾਪ੍ਰ)

੩. । ੧੧. ਚੁਤਰਾਈ. ਪ੍ਰਵੀਣਤਾ "योग: कर्मसु कौशलम्।" (ਗੀਤਾ, ਅਃ ੨, ਸ਼ਃ ੫੦)। ੧੨. ਧਨ। ੧੩. ਪ੍ਰੇਮ। ੧੪. ਨਿਯਮ. ਕ੍ਰ ਯਦਾ। ੧੫. ਫਲਿਤ ਜਯੋਤਿਸ਼ ਅਨੁਸਾਰ ਇੱਕ ਖ਼ਾਸ ਸਮਾਂ, ਜੋ ਸੂਰਯ ਅਤੇ ਚੰਦ੍ਰਮਾ ਦੇ ਖਾਸ ਖ਼ਾਸ ਥਾਂ ਆਉਣ ਤੋਂ ਹੋਂਦਾ ਹੈ. ਇਨ੍ਹਾਂ ਯੋਗਾਂ ਦੀ ਗਿਣਤੀ ੨੭ ਦੱਸੀ ਹੈ- ਵਿਸ੍ਕੰਭ, ਪ੍ਰੀਤਿ, ਆਯੁਸ਼੍ਮਾਨ, ਸੌਭਾਗਯ. ਸ਼ੋਭਨ, ਅਤਿਗੰਡ, ਜਕਰਮਾ, ਧ੍ਰਿਤਿ, ਸ਼ੂਲ, ਗੰਡ, ਵ੍ਰਿੱਧਿ, ਧ੍ਰੁਵ- ਵਯਾਘਾਤ, ਹਰਸ਼ਣ, ਵਜ, ਅਸਿੱਕ, ਵਯਤੀਪਾਤ, ਵਰੀਯਾਨ, ਪਰਿਘ. ਸ਼ਿਵ, ਸਿੱਧ, ਸਾਧਯ, ਸ਼ੁਭ, ਸ਼ਕਲ, ਬ੍ਰਹਮ, ਇੱਦ੍ਰ ਅਤੇ ਵੈਧਿਰਤਿ.

੪. ਪੱਛਮੀ ਵਿਦਵਾਨਾਂ ਨੇ ਯੋਗ- ਦਰਸ਼ਨ ਦੇ ਬਣਨ ਦਾ ਸਮਾ ਈਸਵੀ ਸਦੀ ਚਾਰ ਜਾਂ ਪੰਜ ਮੰਨਿਆ ਹੈ.

੧. । ੪. ਯੋਗ ਜਾਣਨ ਵਾਲਾ ਜੋਤਸ਼ੀ. ਦੇਖੋ, ਜੋਗੀ ੪, ਪੰਚਾਂਗ ਅਤੇ ਯੋਗ ੧੫.

੨. ਯੰਤ੍ਰ ਤਿੰਨ ਹਿੱਸਿਆਂ ਵਿੱਚ ਵੰਡੇ ਹਨ- (ੳ) ਪੂਜਾ ਯੰਤ੍ਰ, ਨਵ ਗ੍ਰਹ ਅਥਵਾ ਗਣੇਸ਼ ਆਦਿ ਦੇਵਤਾ ਦੇ ਪੂਜਨ ਲਈ ਚੁਕੋਣਾ ਅਠਕੋਣਾ ਆਦਿ ਖ਼ਾਨੇਦਾਰ ਚਕਰ. (ਅ) ਭੋਜਨ ਯੰਤ੍ਰ, ਭੋਜਪਤ੍ਰ, ਪੱਤਾ, ਧਾਤੂ ਦਾ ਟੁਕੜਾ ਆਦਿ ਲੈ ਕੇ ਉਸ ਤੋਂ ਅੰਗਾਂ ਅੱਖਰਾਂ ਵਿੱਚ ਲਿਖਿਆ ਯੰਤ੍ਰ, ਜੋ ਧੋ ਕੇ ਪੀਤਾ ਜਾਵੇ, (ੲ) ਧਾਰਣ ਯੰਤ੍ਰ, ਜੋ ਲਿਖ ਕੇ ਜਾਂ ਉੱਕਰ ਕੇ ਗਲ ਵਿੱਚ, ਸਿਰ ਤੇ, ਭੁਜਾ ਉੱਪਰ ਤਾਵੀਜ਼ ਦੀ ਸ਼ਕਲ ਵਿੱਚ ਧਾਰਣ ਕੀਤਾ ਜਾਵੇ.

੩. । ੪. ਹਿੰ. ਮਧਾਣੀ। ੫. ਸੂਜੀ. ਰਵਾ। ੬. ਵਿ- ਮਿਲੀ ਹੋਈ.

੪. । ੩. ਸੰ. रयिष्ठ. ਧਨੀ ਦੌਲਤਮੰਦ.

੧. ੧੮ ਪਰ ਬ੍ਰਹਮ. ਕਰਤਾਰ (रसो वै सः) "ਆਪੇ ਰਸੀਆ, ਆਪਿ ਰਸ." (ਸ੍ਰੀ ਮਃ ੧)

੨. ਰਿਆਸਤਾਂ ਵਿੱਚ ਕੱਚੀ ਅਤੇ ਪੱਕੀ ਰਸਦ ਦਾ ਪ੍ਰਮਾਣ ਇਹ ਹੈ:-

ਰਸਦ ਪੱਕੀ- ਘੀ ਦੋ ਛਟਾਂਕ, ਖੰਡ ਦੋ ਛਟਾਂਕ, ਚਾਉਲ ਦੋ ਛਟਾਂਕ, ਆਟਾ ਸੇਰ (ਜੋ ਦਾਲ ਲੈਣੀ ਹੋਵੇ ਤਦ ਆਟ ਦਾ ਵਜ਼ਨ ਘਟਾ ਦੇਈਂਦਾ ਹੈ), ਲੱਕੜਾਂ ਸੇਰ,

ਰਸਦ ਕੱਚੀ- ਘੀ ਅੱਧ ਛਟਾਂਕ, ਸ਼ੱਕਰ ਇੱਕ ਛਟਾਂਕ, ਆਟਾ ਸੇਰ, ਲਕੜਾਂ ਸੇਰ.

੩. ਰਸਾਪਤਿ: ਪ੍ਰਿਥਵੀ ਪਤਿ ਰਾਜਾ. ਭੂਪਤਿ.

੧੦੧੩- ੧. ਰਸਿ ਗਾਊ: ਰਸ (ਆਨੰਦ) ਵਿੱਚ ਆ ਕੇ ਗਾਉਣ ਵਾਲਾ. "ਆਸ ਪਾਸ ਘਨ ਤੁਰਸੀ ਥਾ ਬਿਰਵਾ, ਮਾਝ ਬਨਾ ਰਸਿ ਗਾਊਰੇ." (ਗਉ ਕਬੀਰ) ਚੌਹੀਂ ਪਾਸੀਂ ਸੰਘਣਾ ਤੁਲਸੀ (ਵ੍ਰਿੰਦਾ) ਦਾ ਜੰਗਲ ਅਤੇ ਵ੍ਰਿੰਦਾ ਦੇ ਵਣਾਂ ਅੰਦਰ ਰਸ ਲੀਨ ਹੋਇਆ ਕ੍ਰਿਸ਼ਨ ਮੁਰਲੀ ਦੇ ਸੁਰ ਨਾਲ ਗਾਯਨ ਕਰਨ ਵਾਲਾ.

੨. । ੮. ਰਪੋਟ (report) ਲਈ ਭੀ ਭਾਈ ਸੰਤੋਖ ਸਿੰਘ ਜੀ ਨੇ ਇਹ ਸ਼ਬਦ ਵਰਤਿਆ ਹੈ. "ਸੇਵਹੁ ਸਭ ਨਿਤ ਦੇਹੁ ਰਸੀਦ." (ਗੁਪ੍ਰਸੂ)

੩. । ੩. ਕਾਵ੍ਯ ਮਤ ਅਨੁਸਾਰ ਸ਼ਿੰਗਾਰ ਰਸ.

੪. ਰੱਸਾ ਗੀਰ: ਰਾਸਗੀਰ. ਰੱਸਾ ਫੜਨ ਵਾਲਾ। ੨. ਚੋਰਾਂ ਦੇ ਸੰਕੇਤ ਵਿੱਚ ਉਹ ਆਦਮੀ, ਜੋ ਚੁਰਾਏ ਹੋਏ ਪਸ਼ੂਆਂ ਦਾ ਰੱਸਾ ਫੜੇ, ਅਰਥਾਤ ਆਪਣੇ ਘਰ ਰੱਖੇ. ਰੱਸਾਗੀਰ ਪਾਸ ਦੂਰ ਦੂਰ ਦੇ ਚੋਰ ਗਾਈਆਂ ਮੱਝਾਂ ਘੋੜੇ ਆਦਿ ਚੁਰਾ ਕੇ ਲੈ ਆਉਂਦੇ ਹਨ, ਅਰ ਰੱਸਾਗੀਰ ਉਨ੍ਹਾਂ ਨੂੰ ਵੇਚ ਵੱਟ ਕੇ ਆਪਣਾ ਹਿੱਸਾ ਰੱਖ ਕੇ ਬਾਕੀ ਧਨ ਚੋਰਾਂ ਨੂੰ ਵੰਡ ਦਿੰਦਾ ਹੈ. ਜੇ ਰੱਸਾਗੀਰ ਨੂੰ ਮਹਰਖ਼੍ਵਾਹੀ ਦਿੱਤੀ ਜਾਵੇ ਤਦ ਅਸਲ ਮਾਲ ਮਾਲਿਕ ਨੂੰ ਮੋੜ ਦਿੱਤਾ ਜਾਂਦਾ ਹੈ. ਦੇਖੋ, ਮਹਰਖ਼੍ਵਾਹੀ ੨.

੫. ੨ ਧਰਮ ਦੀ ਰੀਤਿ, ਮਰਯਾਦਾ.

"ਰਹਣੀ ਰਹੈ ਸੋਈ ਸਿਖ ਮੇਰਾ।

ਚੁਹ ਠਾਕੁਰ ਮੈ ਉਸ ਕਾ ਚੇਰਾ. (ਪ੍ਰਸ਼ਨੋੱਤਰ ਬਾਈ ਨੰਦ ਲਾਲ)

੬. "ਰਹਤਵਾਨ ਜਗ ਸਿੰਘ ਜੁ ਕੋਈ।

ਗੁਰਕੇ ਲੋਕ ਵਸਹਿੰਗੇ ਤੇਈ।

ਰਹਤ ਬਿਨਾ ਨਹਿੰ ਸਿੱਖ ਕਹਾਵੈ।

ਰਹਤ ਬਿਨਾ ਚਰ ਚੋਟਾਂ ਖਾਵੈ।

ਰਹਤ ਬਿਨਾ ਸੁਖ ਕਬਹ

ਨ ਲਹੈ। ਤਾਂ ਤੇ ਰਹਤ ਸੁ ਦ੍ਰਿੜ ਕਰ ਗਹੈ" (ਪ੍ਰਸ਼ਨੋੱਤਰ ਭਾਈ ਨੰਦ- ਲਾਲ)

੧. ਸ਼ਬਦ ਵਿੱਚ ਦਿੱਤੀਆਂ ਰਹਾਉ ਦੀਆਂ ਤੁਕਾਂ ਛੱਡ ਕੇ ਜੋ ਮਨ ਮੰਨੇ ਬੋਲ ਗੁਰਬਾਣੀ ਨਾਲ ਮਿਲਾ ਕੇ ਗਾਉਣ ਵਾਲੇ ਹਨ, ਉਹ ਕੀਰਤਨ ਦੀ ਰੀਤਿ ਤੋਂ ਅਗਜਾਤ ਹਨ.

੨. "ਵਾਹੁ ਵਾਹੁ ਸਚੇ ਪਾਤਿਸਾਹਿ ਤੂ ਸੱਚੀ ਨਾਈ."

੩. ਕਈ ਪਾਠੀਏ ਆਖਿਆ ਕਰਦੇ ਹਨ ਕਿ ਗਉੜੀ ਬਾਵਨ ਅਖਰੀ ਮਃ ੫. ਦੀਆਂ ਤੁਕਾਂ, "ਕਰਿ ਕਿਰਪਾ ਪ੍ਰਭੁ ਦੀਨ ਦਇਆਲਾ। ਤੇਰੇ ਸੰਤਨ ਕੀ ਮਨੁ ਹੋਇ ਰਵਾਲਾ." ਸੁਖਮਨੀ ਦੀਆਂ ਤੁਕਾਂ, "ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ। ਭਗਤ ਜਨਾ ਕੈ ਮਨਿ ਬਿਸਰਾਮ." ਥਿਤੀ ਗਉੜੀ ਤੀਆਂ ਤੁਕਾਂ, "ਗੋਬਿੰਦ ਜਮੁ ਗਾਈਐ ਹਰਿ ਨੀਤ। ਮਿਲਿ ਭਜੀਐ ਸਾਧ ਸੰਗ ਮੇਰੇ ਮੀਤ." ਗਉੜੀ ਥਿਤੀ ਕਬੀਰ ਜੀ ਕੀ ਤੁਕਾਂ, "ਚਰਨ ਕਮਲ ਗੋਬਿੰਦ ਰੰਗ ਲਾਗਾ। ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ." ਆਸਾ ਪਟੀ ਮਃ ੧. ਦੀਆਂ ਤੁਕਾਂ, "ਮਨ ਕਾਹੇ ਭਲੇ ਮੂੜ ਭੂਲੇ ਮੂੜ ਮਨਾ। ਜਬ ਲੇਖਾ ਦੇਵਹਿ ਬੀਰਾ, ਤਉ ਪੜਿਆ." ਆਸਾ ਪਟੀ ਮਃ ੩. ਦੀਆਂ ਤੁਕਾਂ, "ਮਨ ਐਸਾ ਲੇਖਾ ਤੂੰ ਕੀ ਪੜਿਆ। ਲੇਖਾ ਦੇਣਾ ਤੇਰੇ ਸਿਰ ਰਹਿਆ." ਬਿਲਾਵਲ ਮਃ ੧. ਥਿਤੀ ਦੀਆਂ ਤੁਕਾਂ "ਕਿਆ ਜਪੁ ਜਾਪਉ ਬਿਨੁ ਜਗਦੀਸੈ। ਗੁਰ ਕੈ ਸਬਦਿ ਮਹਲੁ ਘਰੁ ਦੀਸੈ." ਰਾਮਕਲੀ ਮਃ ੧. ਦਖਣੀ ਓਅੰਕਾਰ ਦੀਆਂ ਤੁਕਾਂ, "ਸੁਣਿ ਪਾਂਡੇ। ਕਿਆ ਲਿਖਹੁ ਜੰਜਾਲਾ। ਲਿਖੁ ਰਾਮ ਨਾਮ ਗੁਰਮਤਿ ਗੋਪਾਲਾ." ਰਾਮਕਲੀ ਮਃ ੧. ਸਿਧਗੋਸਟਿ ਦੀਆਂ ਤੁਕਾਂ, "ਕਿਆ ਭਵੀਐ ਸਚਿ ਸੂਚਾ ਹੋਇ। ਸਾਚ ਸਬਦਿ ਬਿਨੁ ਮੁਕਤਿ ਨ ਕੋਇ." ਰਹਾਉ ਦੀਆਂ ਤੁਕਾਂ ਭੀ ਪਦ ਅਤੇ ਪਉੜੀਆਂ ਦੇ ਅੰਤ ਪੜ੍ਹਨ ਤੋਂ, ਰਾਮਕਲੀ ਦੀ ਪਹਿਲੀ ਵਾਰ ਵਾਕਰ ਪਾਠ ਪੂਰਣ ਹੋਂਦਾ ਹੈ, ਪਰ ਇਹ ਖ਼ਯਾਲ ਸਹੀ ਨਹੀਂ. "ਵਾਹੁ ਵਾਹੁ ਸਚੁ ਪਾਤਿਸਾਹਿ." ਤੁਕ ਪਾਠ ਦਾ ਰਹਾਉ ਹੈ, ਬਾਕੀ ਸਭ ਗਾਉਣ ਦੇ ਰਹਾਉ ਹਨ.

੪. ਰਕਤਚੰਦਨ: ਲਾਲ ਚੰਦਨ. ਇਹ ਭਾਰਤ ਦੇ ਦੱਖਣੀ ਦੇਸਾਂ ਵਿੱਚ ਬਹੁਤ ਹੋਂਦਾ ਹੈ. ਇਸ ਦੀ ਤਾਸੀਰ ਸਰਦ ਖੁਸ਼ਕ ਹੈ. ਪਿੱਤ ਦੇ ਰੋਗ ਦੂਰ ਕਰਦਾ ਹੈ. ਹਿੰਦੂ ਅਨੇਕ ਦੇਵਤਿਆਂ ਦੀ (ਖ਼ਾਸ ਕਰਕੇ ਦੁਰਗਾ ਦੀ) ਪੂਜਾ ਵਿੱਚ ਭੀ ਇਸ ਨੂੰ ਵਰਤਦੇ ਹਨ. Pterocar- pus Santalinum.

੫. ੨ ਸ਼ੁੰਭ ਨਿਸ਼ੁੰਭ ਰਾਖਸਾਂ ਨੂੰ ਖਾਣ ਸਮੇਂ ਦੁਰਗਾ ਦਾ ਹੋਇਆ ਨਾਮ.

੬. ਰਕਤਪਾਤ: ਸੰਗਯਾ- ਲਹੂ ਦਾ ਡਿਗਣਾ. ਰਕ੍ਤਸ੍ਰਾਵ. ਦੇਖੋ, ਸ਼੍ਰੋਣਪਾਤ.

੧. ਰਕਾਬ ਗੰਜ ਪਿੰਡ ਦੀ ਜ਼ਮੀਨ ਨਵੀਂ ਦਿੱਲੀ ਵਿੱਚ ਆ ਗਈ ਹੈ. ਗ੍ਰਾਮ ਉਜਾੜ ਦਿੱਤਾ ਗਿਆ ਹੈ.

੨. ਰਕਾਬ ਦਾਰ: ਫ਼ਾ. ਰਿਕਾਬਦਾਰ. ਘੁੜਸਵਾਰ ਦੀ ਰਕਾਬ ਫੜਕੇ ਨਾਲ ਚੱਲਣ ਵਾਲਾ ਨੌਕਰ.

੩. ਰਕ੍ਤਿ: ਸੰ. ਸੰਗਯਾ- ਪ੍ਰੀਤਿ. ਮੁਹੱਬਤ। ੨. ਰੱਤੀ ਲਾਲੜੀ. ਘੁੰਘਚੀ। ੩. ਰੱਤੀ ਪ੍ਰਮਾਣ. ਦੇਖੋ, ਤੋਲ.

੪. । ੫. ਰਖ੍ਯਾ ਲਈ ਮੰਤ੍ਰਵਿਧਿ ਨਾਲ ਬੰਨ੍ਹਿਆ ਡੋਰਾ. ਰੱਖੜੀ.

੫. ਅਸਲ ਵਿੱਚ ਰੁਖਾਲਾ ਪਿੰਡ ਕੋਈ ਨਹੀਂ ਸੀ. ਉਸ ਵੇਲੇ ਇੱਕ ਕੱਚਾ ਤਾਲ ਸੀ ਜਿਸ ਦਾ ਨਾਉਂ "ਰੁੱਖਾਂ ਵਾਲਾ" ਤੋਂ ਬਿਗੜ ਕੇ "ਰੁਖਾਲਾ" ਹੋ ਗਿਆ ਸੀ. ਇਸ ਤਾਲ ਦੇ ਕਿਨਾਰੇ ਗੁਰੂ ਸਾਹਿਬ ਵਿਰਾਜੇ ਸਨ. ਹੁਣ ਇਸ ਤਾਲ ਦਾ ਨਾਉਂ ਗੁਰੁਸਰ ਹੈ ਅਰ ਇਸ ਦੇ ਪਾਸ ਵੱਸੇ ਪਿੰਡ ਦਾ ਨਾਮ ਭੀ ਗੁਰੁਸਰ ਹੋ ਗਿਆ ਹੈ. ਸਿੱਖਾਂ ਨੂੰ ਚਾਹੀਦਾ ਹੈ ਕਿ ਸਤਿਗੁਰੂ ਦਾ ਰੱਖਿਆ ਨਾਉਂ "ਰਖਵਾਲਾ" ਇਸ ਤਾਲ ਦਾ ਨਾਮ ਗੁਰੂ ਸਰ ਦੇ ਥਾਂ ਬੁਲਾਇਆ ਕਰਨ. ਦੇਖੋ, ਗੁਰੂਸਰ ਨੰ: ੭.

੬. ਰਖੜਾ: ਵਿ- ਰਕ਼ਕ. ਰਾਖਾ। ੨. ਸੰਗਯਾ- ਸੱਜਾ ਹੱਥ, ਜਿਸ ਨੂੰ ਰਕਾ ਸੂਤ੍ਰ (ਰੱਖੜੀ) ਬੰਨ੍ਹੀ ਜਾਂਦੀ ਹੈ। ੩. ਸੱਜੇ ਹੱਥ ਦਾ

ਧੱਫਾ (ਤਮਾਚਾ), ਜਿਵੇਂ- ਉਸ ਨੇ ਦੋ ਰਖੜੇ ਮੂੰਹ ਤੇ ਠੋਕੇ.

੧. ਰੰਜਨ ਹੋਣਾ, ਪ੍ਰਸੰਨ ਹੋਣਾ, ਭਾਵ- ਅਘਾਉਣਾ.

੨. ਇਸ ਦੇ ਫੁੱਲਾਂ ਤੋਂ ਉੱਤਮ ਇਤਰ ਬਣਦਾ ਹੈ. ਇਸ ਦੇ ਫੁੱਲਾਂ ਦਾ ਚੂਰਣ ਸੁਜਾਕ ਰੋਗ ਦੂਰ ਕਰਦਾ ਹੈ ਮੱਖਣ ਨਾਲ ਮਿਲਾਕੇ ਲੇਪ ਕਰਨ ਤੋਂ ਖਲੜੀ ਦੇ ਰੋਗ ਮਿਟਾਉਂਦਾ ਹੈ.

੩. । ੩. ਰਜਮ. ਦੇਖੋ, ਸੰਗਸਾਰ ਅਤੇ ਪਥਰਾਉਣਾ.

੪. ਰੱਜ: ਸੰਗਜਾ- - ਉਤਨਾ ਅਹਾਰ, ਜਿਸ ਨਾਲ ਪ੍ਰਾਣੀ ਤ੍ਰਿਪਤ ਹੋ ਜਾਵੇ, ਜਿਵੇਂ- ਹਾਥੀ ਦਾ ਰੱਜ, ਘੋੜੇ ਦਾ ਰੱਜ, ਮਨੁੱਖ ਦਾ ਰੱਜ, ਆਦਿ। ੨. ਦੇਖੋ, ਰਜਨਾ.

੧. ਰੱਜੁ: ਸੰ. ਸੰਗਜਾ. ਰੱਸੀ ਡੋਰੀ. ਜੇਵੜੀ.

੨. ਪੜ੍ਹਿਆ ਪਾਠ ਘੋਖਣ ਦੀ ਕ੍ਰਿਆ.

੩. ਰੱਟਣ: ਝਗੜਾ. ਵ੍ਰਿਥਾ ਰਟਨ ਬਕਵਾਦ.

੪. ਅਰ ਉਨ੍ਹਾਂ ਦੇ ਜਨਮ ਸਥਾਨ ਦਾ ਇਕ ਬੁਰਜ ਇਸ ਵੇਲੇ ਸਨਮਾਨ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਪਰ ਅਨੇਕ

੫. Sir Alexander Burns ਆਪਣੇ ਸਫ਼ਰ ਨਾਮੇ (Travel into Bukhara) ਵਿੱਚ ਲਿਖਦਾ ਹੈ:-

"I never quitted the presence of a native of Asia with such impression as I left this man. Without ezucation and without guize he conducts all the affairs of his kingzom with surpassing energy and vigour and yet he wields his power with a mozeration quite unprcedented in an eastern prince."

੧. ਜਿਨ੍ਹਾਂ ਲੇਖਕਾਂ ਨੇ ਕਿਸੇ ਖ਼ਾਸ ਨੀਤਿ ਦੇ ਕੁਟਿਲ ਭਾਵ ਨਾਲ ਮਹਾਰਾਜਾ ਦੀ ਸੰਤਾਨ ਨੂੰ ਬਣਾਉਟੀ ਲਿਖਿਆ ਹੈ, ਉਨ੍ਹਾਂ ਨੇ ਇਤਿਹਾਸ ਲੇਖਕ ਨਾਉਂ ਨੂੰ ਨਿੰਦਿਤ ਕਰ ਕੇ ਸਿਰ ਤੇ ਭਾਰੀ ਕਲੰਕ ਲਿਆ ਹੈ.

੨. ਰਣਜੀਤ ਨਿਸਾਨ: ਦੇਖੋ, ਰਣਜੀਤ ੨। ੨. ਫ਼ਤੇ ਦਾ ਨਗਾਰਾ. "ਰਣਜੀਤ ਨਿਸ਼ਾਨ ਬਜਾਵਹਿੰਗੇ." (ਕਲਕੀ)

੩. ਰਣ ਥੰਭੌਰ: ਰਣਸ੍ਤੰਭਗਦ (ਅਥਵਾ ਪੁਰ). ਜੈਪੁਰ ਦੇ ਰਾਜ ਵਿੱਚ ਇੱਕ ਪੁਰਾਣਾ ਪ੍ਰਸਿੱਧ ਕਿਲਾ ਜੋ ਚਿਰ ਤੀਕ ਚੌਹਾਨ ਰਾਜਪੂਤਾਂ ਦੀ ਰਾਜਧਾਨੀ ਰਿਹਾ ਹੈ. ਇਹ ਜਯਪੁਰ ਤੋਂ ੪੫ ਮੀਲ ਦੱਖਣ, ਸਵਾਈ ਮਾਧੋਪੁਰ ਨਜ਼ਾਮਤ੍ਰ ਅੰਦਰ ਹੈ. ਇਹ ੧੫੭੬ ਫੁੱਟ ਦੀ ਉੱਚੀ ਪਹਾੜੀ ਤੇ, ਜੋ ਵਿਖੜੇ ਪਹਾੜਾਂ ਤੋਂ ਘਿਰੀ ਹੋਈ ਹੈ. ਨਿਹਾਯਤ ਮਜ਼ਬੂਤ ਬਣਾਯਾ ਗਿਆ ਹੈ. ਇਸ ਦਾ ਘੇਰਾ ਸਾਢੇ ਤਿੰਨ ਕੋਹ ਹੈ. ਕਿਲੇ ਦੀ ਰਖਜਾ ਲਈ ਜਯਪੁਰ ਦੇ ਛੀ ਜਾਗੀਰਦਾਰ ਕਿਲੇ ਦਾਰ ਹਨ, ਜਿਨ੍ਹਾਂ ਦੇ ੭੫- ੭੫ ਸਿਪਾਹੀ, ਜਯਪੁਰ ਦੇ ੫੦੦ ਸਿਪਾਹੀਆਂ ਸਮੇਤ ਸਦਾ ਕਿਲੇ ਵਿੱਚ ਰਹਿੰਦੇ ਹਨ. ਦੁਰਗ ਅੰਦਰ ਚਾਰ ਤਾਲ ਹਨ, ਜਿਨ੍ਹਾਂ ਵਿੱਚ ਪਾਣੀ ਜਮਾ ਰਹਿੰਦਾ ਹੈ. ਦੇਖੋ, ਹਮੀਰ ੨. ਅਤੇ ਤਨਸੁਖ ੨.

੪. ਭਾਈ ਗੁਰਦਾਸ ਜੀ ਨੇ ਇਨ੍ਹਾਂ ਰਤਨਾਂ ਦਾ ਜ਼ਿਕਰ ਛਬੀਹਵੀਂ ਵਾਰ ਦੀ ਤੇਈਹਵੀਂ ਪੌੜੀ ਵਿੱਚ ਕੀਤਾ ਹੈ.

੫. ਰਤਨ ਪੰਜਾਲ: ਗੁਜਰਾਤੋਂ ਕਸ਼ਮੀਰ ਦੀ ਪੁਰਾਣੀ ਸੜਕ ਦੇ ਰਾਹ ਇੱਕ ਪਹਾੜੀ ਦੱਰਾ.

੧. ਵਿ- ਰੱਤੀਮਾਤ੍ਰ, ਭਾਵ- ਤਨਿਕਮਾਤ੍ਰ। ੨. ਰਕ੍ਤ. ਲਾਲ। ੩. ਰੰਗਿਆ ਹੋਯਾ। ੪. ਰਤ ਹੋਇਆ. ਪ੍ਰੀਤਿ ਸਹਿਤ.

੨. ਰਤੂ: ਦੇਖੋ, ਰੱਤੂ.

ਰਤੂਬਤ: ਅ. ਰਤੂਬਤ. ਸੰਗਜਾ- ਰਤ਼ਬ (ਤਰ ਹੋਣ) ਦਾ ਭਾਵ. ਤਰਾਵਤ. ਨਮੀ. ਤਰੀ.

੩. ਰੱਤਾ: ਰਕ੍ਤ (ਲਾਲ) ਰੰਗ ਦਾ। ੨. ਰੰਗਿਆ. "ਨੀਲਾਰੀ ਦੇ ਮੱਟ ਵਿੱਚ ਪੈ ਗਿੱਦੜ ਰੱਤਾ." (ਭਾਗੁ)

੪. । ੩. ਰਕਤ (ਲਾਲ) ਰੰਗ ਦੀ, ਜਿਵੇਂ- ਰੱਤੀ ਗਾਂ। ੪. ਰੰਗੀ ਹੋਈ.

੫. ਰਥਚਕ੍ਰ: ਰਥ ਦਾ ਪਹੀਆ. "ਬਕ੍ਰ ਨਕ੍ਰ ਭੁਜਾ ਸੁ ਸੋਭਤ ਚਕ੍ਰ ਸੇ ਰਥ ਚਕ੍ਰ[1249]। ਕੇਸ ਪਾਸ ਸਿਬਾਲ ਸੋਹਤ ਅਸਥਿਚੂਰ ਸਰਕ੍ਰ." (ਚੰਡੀ ੨) ਜੰਗ ਵਿੱਚ ਯੋਧਿਆਂ ਦੀਆਂ ਵੱਢੀਆਂ ਬਾਹਾਂ ਨਾਕੂ, ਰਥ ਦਾ ਪਹੀਏ ਪਾਣੀ ਦੀਆਂ ਭੌਰੀਆਂ, ਕੇਸ ਸਿਬਾਲ ਅਤੇ ਹੱਡੀਆਂ ਦਾ ਚੂਰਾ ਬਜਰੀ ਹੈ.

੬. ਸਾਰਥੀ। ੨. ਭਾਵ- ਅੰਤਹਕਰਣ ਅਥਵਾ ਯਥਾਰਥ ਵਿਚਾਰ ਕਰਨ ਵਾਲੀ ਬੁੱਧਿ.

੭. ਰਦਚਕ੍ਰ: ਹੇਠਲਾ ਅਤੇ ਉਤਲਾ ਜਬਾੜਾ, ਜਿਸ ਵਿੱਚ ਦੰਦ ਦਾੜ੍ਹਾਂ ਜੜੇ ਹੋਂਦੇ ਹਨ। ੨, ਦੇਖੋ, ਰਥਚਕ੍ਰ। ੩. ਹ੍ਰਦਚਕ੍ਰ, ਤਾਲ ਦੇ ਪਾਣੀ ਵਿੱਚ ਹਵਾ ਦੇ ਜ਼ੋਰ ਨਾਲ ਪਈ ਭੌਰੀ। ੪. ਤਲਾਵ ਦਾ ਦਾਯਰਾ (ਘੇਰਾ). Circle.

੮. । ੩. ਦੰਦਾਂ ਦੀ. ਦੰਦਾਂ ਜੇਹੀ. "ਸਾਰਦ ਬਾਰਦ ਭਾ ਰਦੀ ਨਾਰਦ ਪਾਰਦ ਕੰਦ." (ਗੁਪ੍ਰਸੂ) ਸਰਸ੍ਵਤੀ ਦੀ ਭਾ (ਸ਼ੋਭਾ), ਅਰਥਾਤ- ਰੰਗ ਦੀ ਸੁੰਦਰਤਾ, ਸਰਦ ਰੁੱਤ ਦੇ ਬੱਦਲ, ਦੰਦ, ਨਾਰਦ, ਪਾਰਾ ਕੁੰਦ ਫੁੱਲ ਜੇਹੀ ਉੱਜਲ ਹੈ.

੯. ਰਨ ਅਤੇ ਥੰਭੌਰ ਨਾਉਂ ਦੀਆਂ ਦੋ ਪਹਾੜੀਆਂ ਹਨ, ਜਿਨ੍ਹਾਂ ਦਾ ਮਿਲਵਾਂ ਨਾਉਂ ਰਨਥੰਭੌਰ ਹੈ. ਖੰਭੌਰ ਪਹਾੜ ਤੇ.

੧੦੨੨- ੧. ਰਫ਼ੀਉੱਦਰਜਾਤ: ਦੇਖੋ ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਦੇ ੪੧ ਨੰਬਰ ਦਾ ਫ਼ੁੱਟਨੋਟ.

ਰਫ਼ੀਉੱਦੌਲਾ: ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਦੇ ਨੰਃ ੪੧ ਦਾ ਫ਼ੁੱਟ ਨੋਟ.

੨. ਰਫ਼ੂ ਚੱਕਰ ਹੋਣਾ: ਭੱਜ ਜਾਣਾ. ਕਾਫ਼ੂਰ ਹੋਣਾ.

੩. ਪੁਰਾਣੇ ਰਬਾਬੀ ਵੀਣਾ ਵਾਕਰ ਰਬਾਬ ਨਾਲ ਰਾਗ ਅਲਾਪਦੇ ਸਨ. ਹੁਣ ਇਹ ਵਿਦ੍ਯਾ ਲੋਪ ਹੋ ਗਈ ਹੈ.

੪. ੯ Rum. ਇੱਕ ਪ੍ਰਕਾਰ ਦੀ ਸ਼ਰਾਬ.

੫. ਕਿਉਂ ਕਿ ਇਸ ਮਹੀਨੇ ਕ਼ੁਰਾਨ ਉਤਰਿਆ ਹੈ. ਮੁਹੰਮਦ ਸਾਹਿਬ ਨੇ ਸਨ ਹਿਜਰੀ ੧੧. ਪ੍ਰਦਿਸੰਲਨ (੬੨੩) ਵਿੱਚ ਰਮਦਾਨ ਦਾ ਵੱਖ ਰੱਖਣ ਦੀ ਰੀਤਿ ਚਲਾਈ.

੧. ਜੋ ਸ਼ਸ਼ਿਧ੍ਵਜ ਰਾਜੇ ਦੀ ਪੁਤ੍ਰੀ ਹੋਵੇਗੀ. ਦੇਖੋ, ਕਲਕਿ ਪੁਰਾਣ, ਅਃ ੨੫।

੨. ਰਮਾਪ੍ਰਿਯ: ਕਮਲ। ੨. ਵਿਸ਼ਨੁ.

੩. ਰਮਜਕ: ਦੇਖੋ, ਰਮਜ ੪. ਅਤੇ ਰੰਮਕ.

੪. ਰਮਜਾ: ਸੰ. ਸੰਗਜਾ- ਰਾਤਿ. ਰਾਤ੍ਰ। ੨. ਗੰਗਾ ਨਦੀ.

੫. ੪ ਰਮਣ (ਕ੍ਰੀੜਾ) ਕਰਣ ਵਾਲਾ. "ਸੰਤ ਸਰੂਪ ਅਯੋ ਰਵਨੰ." (ਨਾਪ੍ਰ)

੬. ੩ ਰਾਮਣੀ (ਸੁੰਦਰ ਇਸਤ੍ਰੀ) ਲਈ ਭੀ ਇਹ ਸ਼ਬਦ ਵਰਤਿਆ ਹੈ. "ਜੈਸੋ ਰਾਜਾ ਰਵਤ ਅਨੇਕ ਰਵਨੀ ਸਹੇਤ."

(ਭਾਗੁਕ)

੧. । ੪. रवीन्द्र. ਰਵੀਂਦ. ਕਮਲ. ਜੋ ਸੂਰਯ ਦੀਆਂ ਕਿਰਣਾਂ ਦ੍ਵਾਰਾ ਖਿੜਦਾ ਹੈ.

੨. ਜੋ ਦਿਆਰੀ ਦੇ ਪੇਟੋਂ ਸੰਤੋਖੇ ਪੁਤ੍ਰ ਸੀ ਇਸ ਦਾ ਜਨਮ ੧. ਹਾੜ੍ਹ ਸੰਮਤ ੧੪੫੬ ਦਾ ਦੱਸਿਆ ਜਾਂਦਾ ਹੈ. ਰਵਿਦਾਸ ਵੈਸ਼ਨਵ

[1249] ਅਵਾਣ ਲਿਖਾਰੀਆਂ ਨੇ ਇਹ ਪਾਠ ਰਫੂਚਕ੍ਰ ਭੀ ਲਿਖ ਦਿੱਤਾ ਹੈ.

ਮਤ ਦੇ ਆਚਾਰਯ ਸ੍ਵਾਮੀ.

੩. ਰਵੀਜ: ਦੇਖੋ, ਰਵਿਜ। ੨. ਸੂਰਯ ਵੱਸੀਛੱਤ੍ਰੀ.

੪. ਕਈ ਲੇਖਕਾਂ ਨੇ ਭੁੱਲ ਨਾਲ ਦਿਆਲਪੁਰਾ ਲਿਖ ਦਿੱਤਾ ਹੈ.

੫. ਰਾਸਰੀਰ: ਵਾਗ (ਰੱਸਾ ਫੜਨ ਵਾਲਾ. ਦੇਖੋ, ਰੱਸਾਗੀਰ)

੬. ਰਾਸ਼ਿਚਕ੍ਰ: ਭਚਕ੍ਰ. ਮੰਤ਼ਕ਼ਤੁਲ ਬਰੂਜ. ਦੇਖ, ਬਾਰਚ ਰਾਸਿ.

੧. ਕੰਗਾਲ. "ਰਾਂਕ ਕਰੈ ਸਰਦਾਰ." (ਗੁਪ੍ਰਸੂ)

੨. । ੪. ਮਹਾਭਾਰਤ ਅਨੁਸਾਰ ਖਰ ਦੈਤ ਦੀ ਮਾਂ.

੩. ਰਾਕਿੰਦੁ: ਪੂਰਣਮਾਸੀ ਦਾ ਚੰਦ (ਇੰਦੁ)

੪. ੫ ਰਖਜਾ ਦੇ ਬਦਲੇ ਦਿੱਤੀ ਰਕਮ, ਜਿਨਸ ਅਥਵਾ ਜਾਗੀਰ ਆਦਿ, "ਕੇਤਿਕ ਰਾਖੀ ਲਗੇ ਸੁਦੇਨ."(ਗੁਪ੍ਰਸੂ)

੫. "ਭਯੋ ਗੁਰੂ- ਪਗ ਰਾਗ." (ਗੁਪ੍ਰਸੂ)

੬. "ਧ੍ਵਨਿ ਵਿਸ਼ੇਸ਼ ਸ੍ਵਰ ਵਰਣ ਸੋਂ ਹੋਹਿ ਵਿਭੂਸ਼ਿਤ ਦੇਹ। ਜਨ ਮਨ ਕੋ ਮੋਹਿਤ ਕਰੈ, ਵਹੈ ਰਾਗ ਰਸ ਗ੍ਰਹ।"

੭. ਸੰਗੀਤ ਦਰਪਣ ਵਿੱਚ ਸ਼੍ਰੀ, ਵਸੰਤ, ਭੈਰਵ, ਪੰਚਮ, ਮੇਘ ਅਤੇ ਨੱਟ ਨਾਰਾਯਣ ਇਹ ਛੈ ਪ੍ਰਧਾਨ ਰਾਗ ਹਨ. ਇਨ੍ਹਾਂ ਛੀਆਂ ਦੀਆਂ ਛੀ ਛੀ ਇਸਤ੍ਰੀਆਂ (ਰਾਗਿਣੀਆਂ) ਇਹ ਲਿਖੀਆਂ ਹਨਃ

ਸ਼੍ਰੀ ਰਾਗ ਦੀਆਂ- ਮਾਲਸ਼੍ਰੀ. ਤ੍ਰਿਵਣੀ. ਗੌਰੀ, ਕੇਦਾਰੀ. ਮਧੁਮਾਧਵੀ ਅਤੇ ਪਹਾੜਿਕਾ.

ਵਸੰਤ ਦੀਆਂ- ਦੇਸ਼ੀ, ਦੇਵਕਿਰੀ, ਵਰਟੀ, ਤੋੜਿਕਾ, ਲਲਿਤਾ ਅਤੇ ਹਿੰਦੇਲੀ.

ਭੈਰਵ ਦੀਆਂ- ਭੈਰਵੀ, ਗੁਜ਼ੰਰੀ. ਰਾਮਕਿਰੀ, ਗੁਣਕਿਰੀ, ਬੰਗਾਲੀ ਅਤੇ ਸੇਂਧਵੀ.

ਪੰਚਮ ਦੀਆਂ- ਵਿਭਾਸ਼ਾ, ਭੂਪਾਲੀ, ਕਰਣਾਟੀ, ਵਡਹੰਸਿਕਾ, ਮਾਲਵੀ ਅਤੇ ਪਟਮੰਜਰੀ.

ਮੇਘ ਦੀਆਂ- ਮੰਦਾਰੀ, ਸੌਥੀ, ਸਾਵੇਰੀ, ਕੌਸ਼ਿਕੀ, ਗਾਂਧਾਰੀ ਅਤੇ ਹਰਸ਼੍ਰਿੰਗਾਰਾ.

ਨੱਟਨਾਰਾਯਣ ਦੀਆਂ- ਕਾਮੋਦੀ, ਕਲਜਾਣੀ, ਆਭੀਰੀ, ਸਾਰੰਗੀ, ਮਾਤੰਗੀ ਅਤੇ ਨੱਟ ਹਾਂਬੀਰਾ.

੮. ਇਨ੍ਹਾਂ ਛੀ ਰਾਗਾਂ ਦੀਆਂ ਪੰਜ ਪੰਜ ਇਸਤ੍ਰੀਆਂ ਅਤੇ ਅਠ- ਅਠ ਪੁਤ੍ਰ ਲਿਖੇ ਹਨ. ਦੇਖੋ, ਰਾਗ ਮਾਲਾ.

੧. ੪ ਜੀਵ ਰਾਜ ਦੀਛਿਤ ਦਾ ਲਿਖਿਆ ਸੰਗੀਤ ਗ੍ਰੰਥ। ੫. ਛੇਮਕਰਣ ਰਚਿਤ ਰਾਗ ਵਿਦਜਾ ਦੀ ਪੁਸਤਕ. ਇਸ ਨਾਮ ਦੇ ਹੋਰ ਭੀ ਕਈ ਕਾਵਯ ਹਨ। ੬

੨. । ੨. ਨਾਦ (ਸ੍ਵਰ) ਦੇ ਰਾਗ (ਪ੍ਰੇਮ) ਕਰਕੇ, ਭਾਵ- ਕੇਵਲ ਸ੍ਵਰ ਦਾ ਰਸ ਹੋਣ ਅਤੇ ਸ਼ਬਦ ਦਾ ਭਾਵ ਨਾ ਜਾਣਕੇ

੩. ਪੁਨਃ ਸ੍ਵਾਸਵੀਰਯ ਚਾਨਵ ਦਾ ਸਿਰ ਅਸਿਕੇਤੁ ਨੇ ਕੱਟਿਆ. ਦੇਖੋ, ਚੌਪਈ ੨.

੪. । ੪. ਰਾਜਿਆਂ ਵਿੱਚੋਂ ਸ਼ਿਰੋਮਣਿ. ਮਹਾਰਾਜਾ ਧਿਰਾਜ. "ਮਾਨੰਤ ਆਨ ਜੇ ਰਾਜ ਸਿੰਘ." (ਗੁਪ੍ਰਸੂ)

੫. "ਕਰਤਾ ਕਰੀਮ ਸੋਈ ਰਾਜਕ ਰਹੀਮ ਓਈ." (ਅਕਾਲ) ਜੋ ਇਸ ਨੂੰ ਅ਼. ਰਾਜ਼ਿਕ. ਸਮਝਦੇ ਹਨ ਉਹ ਪ੍ਰਕਰਣ ਨਹੀਂ ਵਿਚਾਰਦੇ.

੬. ਪੁਰਾਣੇ ਗ੍ਰੰਥਾਂ ਵਿੱਚ ਰਾਜਗ੍ਰਿਹ ਦਾ ਨਾਮ ਗਿਰਿਵ੍ਰਜ ਅਤੇ ਕੁਸ਼ਾਗਾਰ ਪੁਰ ਭੀ ਹੈ. ਇਹ ਕੁਸ਼ ਦੇ ਪੁਤ੍ਰ ਵਸੁ ਨੇ ਗੰਗਾ ਅਤੇ ਸੋਨ

ਨਦੀ ਦੇ ਸੰਗਮ ਤੇ ਵਸਾਇਆ ਸੀ.

੭. ਇਸ ਦਾ ਹਿੰਦੀ ਭਾਸ਼ਾ ਵਿੱਚ ਅਨੁਵਾਦ ਮਹਾਰਾਜ ਨਰੇਂਦ੍ਰ ਸਿੰਘ ਪਟਿਆਲਾਪਤਿ ਦੀ ਆਗਜਾ ਨਾਲ ਮੈਨ (ਮਯਨ) ਕਵਿ ਨੇ ਸੰਮਤ ੧੯੧੯ ਵਿੱਚ ਸ਼ੁਰੂ ਕਰਕੇ ਸੰਮਤ ੧੯੩੫ ਵਿੱਚ ਸਮਾਪਤ ਕੀਤਾ ਹੈ.[1250]

੮. (scepter) ਜੋ ਗੱਦੀ ਬੈਠਣ ਵੇਲੇ ਵਿਧਿ ਸਹਿਤ ਫੜਾਇਆ ਜਾਂਦਾ ਹੈ.

੧੦੨੮- ੧. ਰਾਜ ਪਰਿਵਾਰ: ਸ਼ਾਹੀ ਘਰਾਣਾ. Royal family.

੨. ਇਸ ਵੇਲੇ ਬਘੇਲ. ਭਾਈ, ਭੱਟਿ, ਬਡਗੁਜਰ, ਬੁੰਦੇਲਾ, ਚਾਹਿਰਾ. ਚੰਦੇਲ, ਕੱਛਵਾਹ, ਦਹਿਯਾ. ਦਹਿਰਿਯਾ, ਦੋਗਰਾ, ਭੜੇਜਾ, ਜੇਹਿਯਾ, ਮਚੇਰੀ, ਗੋਹਿਲ, ਨਿਕੁੰਭ ਰਾਜਪਾਲੀ, ਸ਼ਿਕਾਰ ਬਾਲ ਅਤੇ ਸ਼ਿਬੀ ਆਦਿ ਅਨੇਕ ਰਾਜਪੂਤ ਵੰਸ਼ ਦੇਖੇ ਜਾਂਦੇ ਹਨ.

੩. ਰਾਜਵੰਸ਼ ਰਾਜਕੁਲ. Royal zynasty.

੪. "ਜੇ ਭੁਖ ਦੇਹਿ ਤ ਇਤਹੀ ਰਾਜਾ." (ਸੂਹੀ ਅਃ ਮਃ ੪)

੫. ਗੁਰ ਪ੍ਰਤਾਪ ਸੂਰਯ ਵਿੱਚ ਦਸ਼ਮੇਸ਼ ਦੀ ਸਿਖਜਾ ਹੈ:-

"ਹੋਇ ਪ੍ਰਿਥੀਪਤਿ ਫਲ ਕੋ ਪਾਵੈ,

ਨ੍ਰਿਪਤਿਬਨਹਿ ਪੁਨ ਧਰਮ ਕਮਾਵੈ,

ਕਰੈ ਨਜਜ ਨਹਿ ਲੋਭੀ ਬਨੈ,

ਰੱਛਹਿ ਜਗਤ ਦਯਾ ਮਨ ਸਨੈ,

ਦੁਖ ਨਿਵਾਰਰਿ ਸੁਖ ਕੋ ਦੇਇ,

ਉਚਿਤ ਪ੍ਰਜਾ ਤੇ ਧਨ ਕੋ ਲੇਇ,

ਤਸਕਰ ਥਟਪਾਰਨ ਕੋ ਮਾਰੈ,

ਇਤਜਾਦਿਕ ਗਨ ਬਿਘਨ ਵਿਦਾਰੈ,

ਤਿਸ ਕੀ ਕੁਲ ਤੇ ਰਾਜ ਨ ਜਾਇ,

ਯਥਾ ਯੋਗ ਜੋ ਧਰਮ ਕਮਾਇ."

੬. ਰਾਜਾ ਸਾਂਸੀ: ਅਮ੍ਰਿਤਸਰ ਦੇ ਜ਼ਿਲੇ ਅਜਨਾਲਾ ਤਸੀਲ ਦਾ ਇੱਕ ਨਗਰ ਜੋ ਸੰਧਾਵਾਲੀਏ ਸਰਦਾਰਾਂ ਦੀ ਰਾਜਧਾਨੀ ਹੈ.

੧. ੩ ਸੰ. ਲੀਕ. ਰੇਖਾ। ੪. ਸ਼੍ਰੇਣੀ, ਕਤਾਰ। ੫. ਰਾਈ

੨. ਬ੍ਰਹਮ ਵੈਵਰਤ ਪੁਰਾਣ ਦੇ ਅੱਠਵੇਂ ਅਧਜਾਯ ਵਿੱਚ ਲਿਖਿਆ ਹੈ- ਚਾਰ ਯੋਜਨ ਵਿੱਚ ਰਾਜ ਕਰਨ ਵਾਲੇ ਰਾਜੇ ਤੋਂ ਜੋ ਸੌ ਗੁਣਾਂ ਰਾਜ ਰਖਦਾ ਹੈ, ਉਹ ਮੰਡਲੇਸ਼੍ਵਰ ਹੈ. ਮੰਡਲੇਸ਼੍ਵਰ ਤੋਂ ਦਸ ਗੁਣਾਂ ਰਾਜ ਰੱਖਣ ਵਾਲਾ ਰਾਜੇਂਦ੍ਰ ਹੈ.

੩. ਨੀਤਿ ਸ਼ਾਸਤ੍ਰ ਦੇ ਪੰਡਿਤਾਂ ਰਾਜਜ ਦੇ ਸੱਤ ਅੰਗ ਲਿਖੇ ਹਨ- ਰਾਜਾ, ਮੰਤ੍ਰੀ, ਕਿਲਾ, ਇਲਾਕਾ (ਪ੍ਰਜਾ) ਖਜ਼ਾਨਾ, ਫ਼ੌਜ, ਮਿਤ੍ਰ. ਦੇਖੋ, ਰਾਜੰਗਾ.

---

[1250] ਦੇਖੋ ਪਿੱਛੇ ਸਫਾ ੩੪ ਦਾ ਫੁੱਟ ਨੋਟ। (ਸੰਪਾਦਕ)

੪. "ਟੰਕ ਸੰਤੋਖ ਸਿੰਘ ਸਦਾ ਕਵਿਰਾਟ ਕੇ." (ਵਾਲਮੀਕ ਰਾਮਾਯਣ)

੫. ੨ ਰਤਨਮਾਲਾ ਵਿੱਚ ਦੁਰਗਾ ਨੂੰ ਰਾਂਡਾ ਲਿਖਿਆ ਹੈ. "ਨਿਰਖੀ ਏਕਬਾਰ ਮੁਖ ਰਾਂਡਾ."

੧. ਇਸ ਦਾ ਦੇਹਾਂਤ ਕੱਤਕ ਸੁਦੀ ੪. ਸੰਮਤ ੧੯੫੭ ਨੂੰ ਹੋਇਆ ਹੈ.

੨. "ਭਰਿ ਭਰਿ ਰਾਬੇ ਮਾਰਤ ਐਸੇ। ਬਾਛੜ ਕਰਕਾ ਪਰਤੀ ਜੈਸੇ." (ਗੁਪ੍ਰਸੂ)

੧. ਸ਼ਿਵ ਸਿੰਘ ਸਰੋਜ ਅਨੁਸਾਰ ਇੱਕ ਕਵਿ, ਜਿਸ ਨੇ ਸ਼੍ਰਿੰਗਾਰ ਸੌਰਭ ਗ੍ਰੰਥ ਲਿਖਿਆ ਹੈ. ਇਸ ਦੇ ਜਨਮ ਦਾ ਸੰਮਤ ੧੭੦੩ ਮੰਨਿਆ ਹੈ. ਹੋ ਸਕਦਾ ਹੈ ਕਿ ਦਸ਼ਮੇਸ਼ ਦੀ ਸੇਵਾ ਵਿੱਚ ਹਾਜ਼ਿਰ ਰਿਹਾ ਹੋਵੇ.

੨. "ਰਾਮ ਸੱਤ ਗੰਗਾ ਕੋ ਕਹੀਓ." (ਗੁਵਿ ੬)

੩. ਸਾਂਈਂ ਜਵਾਹਰ ਮੱਲ ਜੀ ਤੋਂ ਬਾਬਾ ਬਾਲਕ ਸਿੰਘ ਜੀ ਨੇ ਨਾਮ ਦਾ ਉਪਦੇਸ਼ ਲਿਆ ਸੀ.[1251]

੧੦੩੩- ੧. ਰਾਮ ਘਨੌਲਾ: ਅੰਬਾਲੇ ਦੇ ਜ਼ਿਲੇ ਕੀਰਤਪੁਰ ਤੋਂ ਅੱਠ ਨੌ ਕੋਹ ਪੂਰਵ ਇੱਕ ਪਿੰਡ, ਜਿਸ ਥਾਂ ਦਸ਼ਮੇਸ਼ ਦਾ ਅਨੰਦਪੁਰ ਛੱਡਣ ਪਿੱਛੋਂ ਸ਼ਾਹੀ ਸੈਨਾ ਨਾਲ ਜੰਗ ਹੋਇਆ. "ਰਾਮ ਘਨੌਲੇ ਲਗਿ ਚਲ ਆਏ। ਸਿੰਘ ਪੰਚ ਸੈ ਗੋਲ ਬਨਾਏ." (ਗੁਪ੍ਰਸੂ) ਹੁਣ ਏਥੇ ਗੁਰਦ੍ਵਾਰਾ ਹੈ.

੨. ਇਸ ਦਾ ਜਨਮ ਸਨ ੧੬੦੮ ਵਿੱਚ ਜਾਂਬ ਪਿੰਡ (ਰਿਆਸਤ ਹੈਦਰਾਬਾਦ) ਅੰਦਰ ਬ੍ਰਾਹਮਣ ਦੇ ਘਰ ਹੋਇਆ. ਇਸ ਦਾ ਪਹਿਲਾ ਨਾਮ ਨਾਰਾਯਣ ਸੀ. ਸਤਾਰੇ ਪਾਸ ਚਾਪਲ ਨਗਰ ਆਸਨ ਜਮਾ ਕੇ ਇਸ ਨੇ ਆਪਣੇ ਮਤ ਦਾ ਪ੍ਰਚਾਰ ਕੀਤਾ. ਰਾਮਦਾਸ ਦਾ ਦੇਹਾਂਤ ਸਨ ੧੬੮੧ ਵਿੱਚ ਹੋਇਆ. ਇਸ ਦਾ ਰਚਿਆ ਭਗਤੀ ਅਤੇ ਗਜਾਨ ਪ੍ਰਤਿਪਾਦਕ 'ਦਾਸ ਬੋਧ" ਗ੍ਰੰਥ ਹੈ. ੯. ਹਰਗਣਾ ਨਿਵਾਸੀ ਬਾਵਾ ਰਾਮਦਾਸ ਜੀ ਉਦਾਸੀ ਸਾਧੂ, ਜੋ ਉੱਤਮ ਕਵੀ ਸਨ. ਇਨ੍ਹਾਂ ਦੀ ਛਾਪ "ਦਾਸ" ਹੈ. ਮਹਾਰਾਜਾ ਨਰੇਂਦ੍ਰ ਸਿੰਘ ਸਾਹਿਬ ਪਟਿਆਲਾ ਪਤਿ ਨੇ ਇਨ੍ਹਾਂ ਨੂੰ ਵੱਡੇ ਸਨਮਾਨ ਨਾਲ ਆਪਣੇ ਪਾਸ ਰੱਖਿਆ ਸੀ. ਇਨ੍ਹਾਂ ਤੋਂ ਕਾਵ੍ਯ- ਗ੍ਰੰਥ ਪੜ੍ਹ ਕੇ ਅਨੇਕ ਉੱਚ ਦਰਜੇ ਦੇ ਕਵੀ ਹੋਏ. ਇਹ ਸਮੇ ਸਮੇ ਸਿਰ ਮਹਾਰਾਜ ਨੂੰ ਉੱਤਮ ਸਿਖ੍ਯਾ ਭਰੀ ਕਵਿਤਾ ਲਿਖਕੇ ਭੇਜਿਆ ਕਰਦੇ ਸਨ. ਦੇਖੋ, ਛੰਨਾ ਸ਼ਬਦ। ੧੦. ਦੇਖੋ, ਦਿਵਾਨੇ.

੩. ਰਾਮਦਾਸੀ: ਕਰਤਾਰ ਦੀ ਦਾਸੀ। ੨. ਨੰਃ ੮. ਰਾਮਦਾਸ ਦਾ ਚੇਲਾ.

੪. ਰਾਮਨਗਰ: ਗੁੱਜਰਾਂਵਾਲੇ ਦੀ ਵਜ਼ੀਰਾਬਾਦ ਤਸੀਲ ਦਾ ਇੱਕ ਨਗਰ ਜੋ ਝਨਾਂ (ਚੰਦ੍ਰ ਭਾਗਾ) ਦੇ ਖੱਬੇ ਕਿਨਾਰੇ ਗੁੱਜਰਾਂਵਾਲੇ ਤੋਂ ੨੬ ਮੀਲ ਪੱਛਮ ਹੈ. ਇਹ ਨਗਰ ਨੂਰਮੁਹੰਮਦ ਨੇ ਵਸਾ ਕੇ ਨਾਮ ਰਸੂਲ ਨਗਰ ਰੱਖਿਆ ਸੀ.

ਸਨ ੧੭੯੫ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਨੂੰ ਜਿੱਤ ਕੇ ਨਾਮ ਰਾਮਨਗਰ ਥਾਪਿਆ.

ਸਨ ੧੮੪੮ ਦੀ ਸਿੱਖਾਂ ਅਤੇ ਅੰਗ੍ਰੇਜ਼ਾਂ ਦੀ ਲੜਾਈ ਇਸੇ ਪਾਸ ਹੋਈ ਸੀ.

੫. ਰਾਮ ਭ੍ਰਾਤ: ਰਾਮ ਚੰਦ੍ਰ ਜੀ ਦਾ ਭਾਈ ਭਰਤ, ਲਛਮਨ, ਸ਼ਤ੍ਰੁਘਨ। ੨. ਰਾਮ (ਬਲਭਦ੍ਰ) ਦਾ ਭਾਈ ਕ੍ਰਿਸ਼ਨ ਦੇਵ. "ਰਾਮਭ੍ਰਾਤ ਹ੍ਵੈ ਰਿਪੁ ਹਤੇ." (ਗੁਪ੍ਰਸੂ)

੬. । ੪. ਵਿਜਯ ਨਗਰ ਦਾ ਦੱਖਣੀ ਰਾਜਾ, ਜੋ ਈਸਵੀ ਸੋਲ੍ਹਵੀਂ ਸਦੀ ਵਿੱਚ ਹੋਇਆ ਹੈ.

੭. ਮਹਮਾ ਪ੍ਰਕਾਸ਼ ਵਿੱਚ ਰਾਮ ਰਾਇ ਜੀ ਦਾ ਨਾਉਂ ਕਰਤਾਪੁਰਖ ਲਿਖਿਆ ਹੈ- "ਬਾਦਸ਼ਾਹ ਦਾ ਲਿਖਿਆ ਆਇਆ। ਤਬ ਗੁਰੁ ਕਰਤਾਪੁਰਖ ਬਲਾਇਆ."

੧. ਅਤੇ ਪ੍ਰਜਾ ਸੁਖੀ ਵਸਦੀ ਸੀ. ਦੇਖੋ, ਲੰਕਾ ਕਾਂਡ, ਅਃ ੧੩੦, ਸ਼ਃ ੯੯ ਤੋਂ ੧੦੫.

---

[1251] ਪਰ ਨਾਮਧਾਰੀਏ ਇਸ ਗੱਲੋਂ ਇਨਕਾਰੀ ਹਨ। (ਸੰਪਾਦਕ)

੨. ਇਸ ਰਾਮਾਯਣ ਦਾ ਸੁੰਦਰ ਅਨੁਵਾਦ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ. ਦੇਖੋ, ਬਾਲਮੀਕ ਰਾਮਾਯਣ.

੧. । ੩. ਸੰ. ਸ਼ੋਭਾ. ਸੁੰਦਰਤਾ। ੪. ਰੌਸ਼ਨੀ. ਚਮਕ.

੨. "ਭਲਾ ਬੁਰਾ ਸੰਸਾਰ ਵਿੱਚ ਜੋ ਆਇਆ ਤਿਸ ਸਰਪਰ ਮਰਣਾ, ਰਾਮਚੰਦ ਨਿਰਮਲ ਪੁਰਖ ਧਰਮਹੁ" ਸਾਇਰ ਪੱਥਰ ਤਰਣਾ, ਬੁਰੀਆਈਅਹੁ" ਰਾਵਣ ਗਿਆ ਕਾਲਕ ਟਿੱਕਾ ਪਰਤ੍ਰਿਯ ਹਰਣਾ." (ਭਾਗੁ)

੩. "ਰਾਵੀ ਤੀਰ ਜਾਣ ਇਕ ਰਹੈ। (ਚਰਿਤ੍ਰ ੧੦੧)

੪. । ੩. ਕਿਸੇ ਦੇਸ਼ ਜਾਂ ਇਲਾਕੇ ਦੀ ਅਮਲਦਾਰੀ. ਦੇਖੋ, ਹਿੰਦੁਸਤਾਨ.

੧. । ੪. ਪ੍ਰਕਾਸ਼. ਦੀਪਿ। ੫. ਸ਼ੋਭਾ. ਕਾਂਤਿ.

੨. ੩ ਭੋਜ ਰਾਜ, ਹਰਿਦੱਤ ਮਿਸ੍ਰ. ਆਦਿਕਾਂ ਨੇ ਪਾਣਿਨੀਯ ਸੂਤ੍ਰ ਵ੍ਯਾਖ੍ਯਾ ਕਰਦੇ ਹੋਏ ਵੇਦ ਦਾ ਨਾਉਂ ਰਿਸ਼ਿ ਲਿਖਿਆ ਹੈ- "ऋषिः वेदः।"

੩. ੨ ਵਿ. ਰਿਖੀ ਦਾ ਪੁਤ੍ਰ.

੪. । ੨. ਰ੍ਰਿਸੀਕ. ਇੰਦ੍ਰਿਯ. "ਰਿਕੀ ਜੋ ਸਰਬ ਸੰਕੋਚ ਕਰਿ ਕਮਠ ਜਯੋਂ." (ਗੁਵਿ ੧੦)

੫. ੨ ਜਿਸ ਨੇ ਇੰਦ੍ਰੀਆਂ ਵਸ ਕੀਤੀਆਂ ਹਨ. "ਰਿਖੀ ਕੇਸ ਸੁਨ ਬੇਲਜੋ ਬਾਨੀ." (ਨਾਪ੍ਰ)

੬. । ੧੧. ਰਿਕ੍ਤ (ਖ਼ਾਲੀ) ਦੀ ਥਾਂ ਭੀ ਰਿਤ ਸ਼ਬਦ ਆਇਆ ਹੈ. "ਜੋ ਨਿਤ ਭਰਜੋ ਰਹੈ ਨਹਿ ਰਿਤੈ। ਸੋ ਰਿਤ ਜਾਇ ਨੈਕ ਜੌ ਚਿਤੈ." (ਗੁਪ੍ਰਸੂ)

੭. ਬੁੱਧਿ ਵਾਲਾ. ਸਲੀਮੁਲ ਇਦਰਾਕ.

੮. ਇਸਤ੍ਰੀ ਨੂੰ ਰਿਤੁ ੨੮ ਦਿਨਾਂ ਪਿੱਛੋਂ ਚੰਗੀ ਸਿਹਤ ਦੀ ਹਾਲਤ ਵਿੱਚ ਆਉਂਦੀ ਹੈ, ਅਤੇ ੪੫ ਜਾਂ ੫੦ ਵਰ੍ਹੇ ਦੀ ਉਮਰ ਤਕ ਆਇਆ ਕਰਦੀ ਹੈ. ਰਿਤੁ ਬੰਦ ਹੋਣ ਪਿੱਛੋਂ ਇਸਤ੍ਰੀ ਗਰਭ ਨਹੀਂ ਧਾਰਣ ਕਰ ਸਕਦੀ।

੧੦੩੯- ੧. ਰਿਤੁਦਾਨ: ऋतुदान. ਰਿਤੁਮਤੀ ਇਸਤ੍ਰੀ ਨੂੰ ਸੰਤਾਨ ਦੀ ਇੱਛਾ ਨਾਲ ਵੀਰਯ ਦੇਣ ਦੀ ਕ੍ਰਿਯਾ. ਮੈਥੁਨ. ਗਰਭਾਧਾਨ.

੨. ੨ ਹੈਜ਼ ਪਿੱਛੋਂ ਸਨਾਨ ਕਰਕੇ ਪਤਿ ਸੰਗਮ ਦੀ ਇੱਛਾ ਵਾਲੀ ਨਾਰੀ.

੩. ਰਿਤੰਭਰਾ: ਸੰ. ऋतम्भरा. ਸੰਗ੍ਯਾ- ਆਤਮ ਆਨੰਦ ਦੇ ਲਾਭ ਤੋਂ ਜੋ ਬੁੱਧਿ ਪ੍ਰਕਾਸ਼ ਹੋਂਦੀ ਹੈ, ਉਸ ਦਾ ਨਾਉਂ ਰਿਤੰਭਰਾ ਹੈ. ਦੇਖੋ, ਯੋਗ- ਦਰਸ਼ਨ, ਸਮਾਧਿ ਪਾਦ, ਸੂਤ੍ਰ ੪੮.

੪. ਰਿਪੇਂਦ੍ਰ: ਰਿਪੁ ਇੰਦ੍ਰ. ਦੇਖੋ, ਹੇਲ ੬.

੫. ਰਿੜੀਆ: ਪੋਈਆ. ਘੋੜੇ ਦੀ ਚਾਲ ਜੋ ਹਲਕਾ ਲਾਰਾ ਹੈ.

"ਤੁਰੰਗ ਰਿੜੀਏ ਪਾਵਹੁ." (ਗੁਪ੍ਰਸੂ)

ਰਿੜ੍ਹਨਾ: ਦੇਖੋ, ਰਿੜਨਾ.

ਰਿੜਾਉਣਾ: ਰੋੜ੍ਹਨਾ. "ਤਬ ਸਤਿਗੁਰ ਡਲ ਭਾਰਿ ਰਿੜਾਇਵ." (ਗੁਪ੍ਰਸੂ)

੬. ਰੀਖ਼: ਅ. ਰੈਖ਼. ਥੱਕਿਆ, ਹੁੱਟਿਆ. "ਤ੍ਰਿਸਨਾ ਰੀਖ ਨ ਸਕਈ." (ਮਃ ੧, ਬੰਨੋ)

੭. ਭਾਈ ਸੰਤੋਖ ਸਿੰਘ ਆਦਿਕ ਲੇਖਕਾਂ ਨੇ ਲਿਖਿਆ ਹੈ ਕਿ ਇੱਕ ਪਾਸੇ ਦੇ ਫਲ ਮਿੱਠੇ ਅਤੇ ਦੂਜੇ ਕਾਂਡ (ਟਾਹਣੇ) ਦੇ ਕੌੜੇ ਹਨ,

ਪਰ ਇਹ ਅਸਤ੍ਯ ਹੈ.

੮. ਇਹ ਗੁਰਦ੍ਵਾਰਾ ਰੇਲਵੇ ਸਟੇਸ਼ਨ ਹਲਦੁਆਨੀ ਮੰਡੀ ਤੋ, ੩੨ ਮੀਲ ਹੈ. ਦੁਰਗਾ ਪੀਪਲ ਤਕ ੨੫ ਮੀਲ ਮੋਟਰ ਅਤੇ ਅੱਗੇ ੮. ਮੀਲ ਘੋੜੇ ਦੀ ਸਵਾਰੀ ਜਾਂ ਪੈਦਲ. ਡਾਕਖ਼ਾਨਾ ਖੇਤੀਖਾਨ ਹੈ.

੧. ਇਸ ਦਾ ਪੁਰਾਣਾ ਨਾਉਂ ਕਟਹਰ ਹੈ.

੨. "ਜਯੋਂ ਹ੍ਵੈ ਰੁਕ ਗ੍ਰਹ ਨਰ." (ਨਾਪ੍ਰ) ਰੋਗ ਗ੍ਰਸਿਤ ਮਨੁੱਖ.

੩. ਇਸ ਦਾ ਬਹੁ ਵਚਨ ਅਰਕਾਨ ਹੈ.

੪. ਰੁਕਨਲ: ਜਨਮ ਸਾਖੀ ਵਿੱਚ ਰੁਕਨੁੱਦੀਨ ਦਾ ਸੰਖੇਪ ਹੈ.

੫. । ੩. ਸ਼ੈਖ਼ ਰੁਕਨੁੱਦੀਨ ਅੱਬੁਲ ਫ਼ਤਹ. ਸ਼ੈਖ ਸਦਰੁੱਦੀਨ ਦਾ ਪੁਤ੍ਰ ਅਤੇ ਸ਼ੈਖ਼ ਬਹਾਉੱਦੀਨ ਜ਼ਕਰੀਆ ਮੁਲਤਾਨ ਨਿਵਾਸੀ ਦਾ ਪੋਤ੍ਰਾ, ਜੋ ਪ੍ਰਸਿੱਧ ਸੰਤ ਹੋਇਆ ਹੈ. ਇਹ ਈਸਵੀ ਚੌਦ੍ਹਵੀਂ ਸਦੀ ਵਿੱਚ ਇਸਲਾਮ ਦਾ ਅਦੁਤੀ ਪ੍ਰਚਾਰਕ ਸੀ. ਇਸ ਦੇ ਚੇਲੇ ਸ਼ੈਖ਼ ਜਲਾਲ (ਮਖ਼ਦੂਮ ਜਹਾਨੀਆ) ਅਤੇ ਸੈਖ਼ ਉਸਮਾਨ ਸੱਯਾਹ ਵੱਡੇ. ਕਰਨੀ ਵਾਲੇ ਦਰਵੇਸ਼ ਹੋਏ ਹਨ.

ਰੁਕਨੁੱਦੀਨ ਫ਼ੀਰੋਜ਼ਸ਼ਾਹ: ਦੇਖੋ, ਮੁਸਲਮਾਨਾਂ ਦਾ ਭਾਰਤ ਵਿੱਚ ਰਾਜ ਨੰ: ੪.

੬. "ਬੋਲੇ ਦੁਰਜੋਧਨ ਹੋਇ ਰੁੱਖਾ." (ਭਾਗੁ)

੭. ਰੁਚਿਰੰਗੀ: ਰੁਚਿਰ (ਸੁੰਦਰ) ਅੰਗਾਂ ਵਾਲਾ। ੨. ਮਨੋਹਰ ਅੰਗਾਂ ਵਾਲੀ." ਰੁਚਿਰੰਗੀ ਨਿਜ ਘਰ ਮਹਿਂ ਆਨੀ." (ਗੁਪ੍ਰਸੂ)

੮. ਰੁਚੰਗ: ਵਿ- ਰੁਚਿਰ. ਮਨੋਹਰ. "ਰੁਚੰਗਾ ਮ੍ਰਿਦੰਗਾ." (ਚਰਿਤ੍ਰ ੨੯੭)

੯. ਰੁਜਨਾਮਾ, ਰੁਜਨਾਵਾਂ: ਵੈਦ ਅਤੇ ਡਾਕਟਰ ਦਾ ਉਹ ਰਜਿਸਟਰ, ਜਿਸ ਵਿੱਚ ਰੋਗੀਆਂ ਦੇ ਰੋਗ ਆਦਿ ਨਾ ਨਿਰਣਾ ਹੋਵੇ। ੨. ਦੇਖੋ, ਰੋਜ਼ਨਾਮਚਾ. "ਰੁਜਨਾਵੇਂ ਲੇਖੇ ਕੀ ਬਿਧੀ." (ਗੁਪ੍ਰਸੂ)

੧. (ਰੁਦ੍ਰ ਦੀ ਅੱਖ) ਤੋਂ ਪੈਦਾ ਹੋਇਆ ਇੱਕ ਬਿਰਛ. ਤਿਥਿਤਤ੍ਵ ਵਿੱਚ ਲਿਖਿਆ ਹੈ ਕਿ ਜਦ ਸ਼ਿਵ ਨੇ ਤ੍ਰਿਪੁਰਾਸੁਰ ਮਾਰਿਆ, ਤਦ ਸ਼ਿਵ ਦੀ ਅੱਖ ਤੋਂ ਜੋ ਅੰਝੂ ਵਗੇ ਉਨ੍ਹਾਂ ਤੋਂ ਰੁਦ੍ਰਾਕ੍ਸ਼ ਪੈਦਾ ਹੋਇਆ.

੨. ਤੰਤ੍ਰਸਾਰ ਲਿਖਿਆ ਹੈ ਕਿ ਜੋ ਗਲ ਵਿੱਚ ੩੨, ਚੋਟੀ ਤੇ ੨੨, ਦੋਹਾਂ ਕੰਨਾਂ ਤੇ ਛੀ- ਛੀ ੧੨, ਸੱਜੇ ਹੱਥ ੧੨. ਖੱਬੇ ਹੱਥ ੧੬. ਅਤੇ ਛਾਤੀ ਤੇ ੧੦੮ ਰੁਦ੍ਰਾਕ੍ਸ਼ ਪਹਿਰਦਾ ਹੈ, ਉਹ ਸਾਰੇ ਪਾਪਾਂ ਦਾ ਅੰਤ ਕਰਕੇ ਸ਼ਿਵਰੂਪ ਹੋ ਜਾਂਦਾ ਹੈ।

੩. ਰੁਧਿਰਪ, ਰੁਧਿਰਪਾ, ਰੁਧਿਰ ਪਾਯੀ: ਰੁਧਿਰ ਪਾਯਿ ਨੰ. ਰੁਧਿ ਪਾਯਿਨੀ. ਜੋ ਲੋਹੂ ਪੀਵੇ "ਅਪਰ ਜਲੌਕਾ ਰੁਧਿਰਪਾ." (ਗੁਪ੍ਰਸੂ)। ੨. ਰਾਖਸ ਜੋਕ ਆਦਿ.

ਰੁਧਿਰ ਬਲਿ: ਦੇਖੋ, ਬਲਿਦਾਨ ੨. ਫੁੱਟ ਨੋਟ ਸਮੇਤ।

੪. ਭਾਰਤ ਅਤੇ ਅਨੇਕ ਦੇਸਾਂ ਵਿੱਚ ਮਹਾਰਾਜੇ ਅਤੇ ਬਾਦਸ਼ਾਹਾਂ ਨੇ ਆਪਣੇ ਆਪਣੇ ਅਹਿਦ ਵਿੱਚ ਰੁਪਯੇ ਚਲਾਏ ਹਨ, ਪਰ ਸਭ ਦੇ ਤੋਲ ਅਤੇ ਮੁੱਲ ਇੱਕ ਨਹੀ ਰਹੇ. ਈਸਵੀ ਤੇਰ੍ਹਵੀਂ ਸਦੀ ਵਿੱਚ ਦਿੱਲੀ ਦੇ ਬਾਦਸ਼ਾਹਾਂ ਨੇ ੧੭੫ ਗ੍ਰੇਨ ਦਾ ਰੁਪਇਆ ਬਣਵਾਇਆ. ਸਨ ੧੫੪੨ ਵਿੱਚ ਸ਼ੇਰਸ਼ਾਹ ਨੇ ੧੭੯ ਗ੍ਰੇਨ ਦਾ. ਅੰਗ੍ਰੇਜ਼ਾਂ ਨੇ ਭਾਰਤ ਵਿੱਚ ਦੋਹਰੇ ਸ਼ਾਹੀ ਰੁਪਇਆ ਚਲਾਇਆ ਜਿਸ ਦਾ ਸਨ ੧੮੩੫ ਤੋਂ ਤੋਲ ੧੮੦ ਗ੍ਰੇਨ ਨਿਯਤ ਕੀਤਾ ਗਿਆ. ਇਸ ਵਿੱਚ ੧੬੫ ਗ੍ਰੇਨ ਸ਼ੁੱਧ ਚਾਂਦੀ ਹੈ. ਦੇਖੋ, ਸਿੱਕਾ.

ਜਹਾਂਗੀਰ ਨੇ ਸੌ ਤੋਲੇ ਦਾ ਰੁਪਯਾ ਭੀ ਚਲਾਯਾ ਸੀ, ਜਿਸਦਾ ਨਾਉਂ "ਕੌਕਬੇ ਤ੍ਰਾਲੀ" ਸੀ. ਇਸੇ ਤਰਾਂ ੫੦ ਤੋਲੇ ੨੦. ਤੋਲੇ ੧੦. ਤੋਲੇ, ੫. ਤੋਲੇ ਦੇ ਵੱਖ ਵੱਖ ਨਾਮ ਦੇ ਰੁਪਯੇ ਸਨ ਅਰ ੧. ਤੋਲੇ ਦੇ ਰੁਪਯੇ ਦਾ ਨਾਉਂ "ਜਹਾਂਗੀਰੀ" ਸੀ.

੫. । ੨. ਮਿਸਲ ਦਾ ਲੇਖ (record in a case).

੧. "ਰੂਪ ਕਤਰੇ ਕਰਿ ਵੇਖੈ." (ਮਾਰੂ ਮਃ ੫)

੨. "ਨਾਵ ਰੂਪ ਭਇਓ ਸਾਧ ਸੰਗੁ." (ਜੈਤ ਮਃ ੫) ੧੦. ਭਾਈ ਗੁਰਦਾਸ ਜੀ ਨੇ ਸੁਰੂਪਾ ਲਈ ਭੀ ਰੂਪ ਸ਼ਬਦ ਵਰਤਿਆ ਹੈ. "ਗੁਰਮੁਖ ਪਰਧਨ ਰੂਪ ਨਿੰਦ ਨ ਗੋਈਐ." (ਵਾਰ ੧੯) ਗੁਰਮੁਖ ਪਰਧਨ ਅਤੇ ਸੁਰੂਪਾ ਪਰਇਸਤ੍ਰੀ ਦਾ ਤਯਾਗ ਕਰਦੇ ਅਤੇ ਨਿੰਦਾ ਨਹੀਂ ਆਖਦੇ.

੧੦੪੫- ੧. ਰੂਪਵੰਤੁ: ਦੇਖੋ, ਰੂਪਵੰਤ. "ਰੂਪਵੰਤੁ ਹੋਇ ਨਾਹੀ ਮੋਹੈ." (ਸੁਖਮਨੀ)

੨. ੩ ਅੰ. Rupee. ਸ਼ਬਦ, ਜੋ ਰੁਪਯੇ ਲਈ ਵਰਤੀਦਾ ਹੈ. ਇਸ ਦਾ ਮੂਲ ਸੰਸਕ੍ਰਿਤ ਰੌਪਯ ਹੈ. ਦੇਖੋ, ਰੁਪਇਆ.

੩. ਰੂਪੁ: ਦੇਖੋ, ਰੂਪ. "ਰੂਪੁ ਨ ਜਾਣੈ ਸੋਹਣੀ. (ਵਡ ਮਃ ੧)

੪. ਇਹ ਇੱਕ ਪ੍ਰਕਾਰ ਦੇ ਕੀੜੇ ਦਾ, ਮੱਕੜੀ ਵਾਂਙ ਮੂੰਹ ਤੋਂ ਕੱਢਿਆ ਤੰਤੂ ਹੈ. ਕੀੜਾ ਆਪਣੇ ਉੱਪਰ ਆਪਣੀ ਸੂਖਮ ਤਾਰ ਨੂੰ ਲਪੇਟਦਾ ਗੁੱਥੀ ਵਿੱਚ ਲਪੇਟਿਆ ਜਾਂਦਾ ਹੈ. ਰੇਸ਼ਮ ਦੀ ਗੁੱਥੀ (Cocoon) ਨੂੰ ਉਬਾਲ ਕੇ ਜਦ ਤੰਦ ਨੂੰ ਖੋਲਦੇ ਹਨ, ਤਦ ਗਲੋਟੇ ਦੇ ਸੂਤ ਦੀ ਤਰਾਂ ਰੇਸ਼ਮ ਦੀ ਤਾਰ ਖੁਲ੍ਹਦੀ ਚਲੀ ਆਉਂਦੀ ਹੈ. ਇਨ੍ਹਾਂ ਤਾਰਾਂ ਨੂੰ ਸੂਤ ਵਾਂਙ ਰੰਗ ਕੇ ਜਾਂ ਬਿਨਾ ਰੰਗ ਦਿੱਤੇ ਅਨੇਕ ਪ੍ਰਕਾਰ ਦੇ ਵਸਤ੍ਰ ਬਣਾਏ ਜਾਂਦੇ ਹਨ. ਪੁਰਾਣੇ ਸਮੇਂ ਰੇਸ਼ਮ ਚੀਨ ਵਿਚ ਵਿਸ਼ੇਸ਼ ਹੋਂਦਾ ਸੀ, ਹੁਣ ਭਾਰਤ ਵਿੱਚ ਕਸ਼ਮੀਰ ਆਦਿ ਕਈ ਦੇਸ਼ਾਂ ਵਿੱਚ ਹੋਂਦਾ ਹੈ.

੧. ਸਤਿਗੁਰਾਂ ਨੇ ਰੇਚਕ ਪੂਰਕ ਕੁੰਭਕ ਦਾ ਨਿਰਣਾ ਕੀਤਾ ਹੈ-

"ਸੁਨਕੈ ਭਗਤਿ ਭਾਉ ਪੂਰਕ ਕੋ ਕੀਨੌ ਨੀਕੈ, ਨਾਮ ਲਿਵਲਾਈ ਨਿਤ ਕੁੰਭਕ ਪ੍ਰਮਾਨਿਯੇ। ਤਜੇ ਹੈਂ ਵਿਕਾਰ ਮਨ ਰੇਚਕ ਵਿਚਾਰ ਲੀਜੈ, ਕਲੀਕਾਲ ਵਿਖੇ ਐਸੋ ਜੋਗ ਗਤਿ ਦਾਨਿਯੇ." (ਨਾਪ੍ਰ)

੨. ਰੇਣੁਕਾ ਪਤਿ, ਰੇਣੁਕਾ ਰਮਣ: ਜਮਦਗਨਿ.

੩. । ੩. ਹੱਕਣ ਅਤੇ ਠੇਲ੍ਹਣ ਅਰਥ ਬੋਧਕ ਇਹ ਪੰਜਾਬੀ ਸ਼ਬਦ ਹੈ. ਦੇਖੋ ਹਏਂਦੂ ੨.

੪. ਰੇਲਝੇਲ: ਧੱਕਣ ਅਤੇ ਝੱਲਣ ਦਾ ਭਾਵ.

੫. ਰੇਵਤਿ: ਸੰ. ਸੰਗਯਾ- ਕਾਮ ਦੇਵ ਦੀ ਇਸਤ੍ਰੀ.

੧੦੪੮- ੧. ਰੇਵਾਲ: ਰੇਵਾ ਦੀ ਆਲ (ਔਲਾਦ) ਰਤਨਮਾਲ ਅਤੇ ਗੁਰ ਪ੍ਰਤਾਪ ਸੂਰਯ ਵਿੱਚ ਰੇਵਾਲਸਰ (ਰਵਾਲਸਰ) ਨੂੰ ਰੇਵਾ ਦਾ ਪੁਤ੍ਰ ਲਿਖਿਆ ਹੈ "ਮੈਂ ਰੇਵਾ ਕਾ ਨੰਦਨ ਪਜਾਰੋ। ਜਗ ਰੇਵਾਲ ਨਾਮ ਮੁਝ ਡਾਰੋ." (ਗੁਪ੍ਰਸੂ)

੨. ੬ ਰੈ ਸ਼ਬਦ ਰਮਜਾਣਾ (ਲੀਨ ਹੋਣਾ) ਅਰਥ ਵਿੱਚ ਭੀ ਆਇਆ ਹੈ, ਜਿਵੇਂ- "ਕਰ ਕੰਜਨ ਮੇਂ ਰੈ ਗਏ." (ਹਨੂ) ਸੀਤਾ ਦੇ ਹੱਥ ਕਮਲਾਂ ਵਿੱਚ ਨੀਲ ਹੋ ਗਏ.

੩. ੨ ਭਗਤ ਰਵਿਦਾਸ ਜੀ ਦੀ ਭੂਆ ਦੇ ਪੇਟੋਂ ਰੱਘੂ ਚਮਾਰ ਦਾ ਪੁੱਤ੍ਰ ਜੋ ਭਾਗਲਪੁਰ ਵਿੱਚ ਜੰਮਿਆ. ਇਹ ਭੀ ਪੂਰਣ ਭਗਤ ਸੀ.

੪. ੩ ਰੂ (ਚੇਹਰੇ) ਦੀ ਥਾਂ ਭੀ ਰੋਇ ਸ਼ਬਦ ਆਇਆ ਹੈ. "ਬੇਦਿਆਨਤ ਸਿਆਹ ਰੋਇ ਹੈ." (ਹਾਜ਼ਰ ਨਾਮਾ)

੫. "ਰੋਸ ਨ ਕਾਹੂੰ ਸੰਗਿ ਕਰਹੁ." (ਬਾਵਨ)

੧੦੪੯- ੧. ਰੋਜ਼ਾਨਹ: ਨਿਤ ਪ੍ਰਤਿ. ਹਰ ਰੋਜ਼.

੨. । ੪. ਜਯਾਫ਼ਤ ਵਾਸਤੇ ਦਿੱਤਾ ਨਿੱਤ ਦਾ ਖ਼ਰਚ.

੩. ਇਸ ਨਹਿਰ ਦੇ ਖੋਲ੍ਹਣ ਦੀ ਰਸਮ ਲਾਰਡ ਰਿਪਨ (Marquis of Ripon) ਨੇ ਫੂਲਕੀਆਨ ਮਹਾਰਾਜਿਆਂ ਸਹਿਤ ੨੪

ਨਵੰਬਰ ਸੰਨ ੧੯੮੨ ਨੂੰ ਕੀਤੀ ਸੀ.

੪. । ੩. ਸੰ. ਸ਼ੋਰ. ਰੌਲਾ. ਦੇਖੋ, ਅੰ. roar.

੫. "ਇੱਕ ਊਚੀ ਰੋਰੀ ਪਰ ਸੋਇ."(ਗੁਪ੍ਰਸੂ)

੧. ੨ ਇੱਕ ਬਿਰਛ. ਜਿਸ ਦੀ ਲੱਕੜ ਚਿਕਨੀ ਅਤੇ ਭਾਰੀ ਹੁੰਦੀ ਹੈ. ਰੌਂਸ ਦੀਆਂ ਸੋਟੀਆਂ ਬਹੁਤ ਸੁੰਦਰ ਬਣਦੀਆਂ ਹਨ Cotoneaster bacillaris.

੨. । ੨. ਲਾਖ ਮੋਮ ਰਾਲ ਆਦਿ ਦਾ ਸਪਿਰਟ (Spirit wine) ਜਾਂ ਤੇਲ ਮਿਲਿਆ ਚਮਕੀਲਾ ਪੋਚਾ. Varnish.

੩. ਰੌਪ੍ਯਮੁਦ੍ਰਾ: ਸੰ. ਸੰਗਯਾ. ਚਾਂਦੀ ਦਾ ਸਿੱਕਾ. ਰੁਪਯਾ. ਰਜਤਪਤ੍ਰ.

੪. ਰੰਗਸਾਜ਼: ਫ਼ਾ. ਰੰਗ ਬਣਾਉਣ ਵਾਲਾ। ੨. ਮੇਜ ਕੁਰਸੀ ਮਕਾਨ ਆਦਿਕ ਨੂੰ ਰੰਗ ਲਾਉਣ (ਕਰਨ) ਵਾਲਾ.

ਰੰਗ ਸ਼ਾਲਾ: ਤਮਾਸ਼ੇ ਦੀ ਥਾਂ. ਥੀਏਟਰ.

੫. "ਰੰਗੁ ਮਾਣਿਲੈ, ਪਿਆਰਿਆ !" (ਸ੍ਰੀ ਮਃ ੧)

੬. ਰੰਗਰੂਟ: ਅੰ. Recruit. ਫ਼ੌਜ ਵਿੱਚ ਨਵਾਂ ਭਰਤੀ ਹੋਣ ਵਾਲਾ ਸਿਪਾਹੀ. ਨਵਾਂ ਮੁਲਾਜ਼ਿਮ.

੭. ਰੰਗਾਲਯ: ਸੰ. रङ्गालय. ਰੰਗਸ਼ਾਲਾ. ਨਾਟਕ ਖੇਡਣ ਦਾ ਮਕਾਨ.

੧. "ਦੁਬਿਧਿ ਯੁਤ ਹ੍ਵੈ ਫਲ ਰੰਚਨ." (ਗੁਪ੍ਰਸੂ) ਲਾਲੀ ਅਤੇ ਸਿਆਹੀ ਵਾਲਾ ਫਲ.

੨. ਰੰਦ: ਸੰਗਯਾ- ਪਸ਼ੂ ਪਾਣੀ ਆਦਿ ਦੇ ਜਾਣ ਦਾ ਰਸਤਾ. ਜਿਵੇਂ- ਇਸ ਪਾਸੇ ਪਾਣੀ ਦਾ ਰੰਦ ਹੈ। ੨. ਛੱਤ ਦਾ ਮੋਘਾ. ਰੌਸ਼ਨਦਾਨ। ੩. ਕਿਲੇ ਦੀ ਕੰਧ ਵਿੱਚ ਰੱਖਿਆ ਛੇਕ, ਜਿਸ ਵਿਚ ਦੀ ਵੈਰੀ ਤੇ ਤੋਪ ਬੰਦੂਕ ਆਦਿਕ ਦਾ ਪ੍ਰਹਾਰ ਕੀਤਾ ਜਾਂਦਾ ਹੈ.

੩. ਰੰਮ ਕਪਰਦਿਨਿ: ਰਮਯ- ਕਪਰਿੰਦੀ. ਦੇਖੋ, ਕਪਰਦਿਨੀ.

੪. ਰੁਦ ਚਕ੍ਰ: ਦੇਖੋ, ਰਦਚਕ੍ਰ ੩. ਅਤੇ ੪.

੧੦੫੪- ੧. ਲਹੂ ਦੀ ਬਲਿ: ਦੇਖੋ, ਬਲਿਦਾਨ ੨. ਫੁੱਟ ਨੋਟ ਸਮੇਤ.

੧. ਨਵਾਂ ਦਰਬਾਰ ਸੁੰਦਰ ਬਣਾਇਆ ਗਿਆ ਹੈ. ਦੇਖੋ, ਮੁਜੰਗ.

੨. ਇੱਕੇ ਚਹੁੰਮਾਲਾਂ ਦਾ ਖੂਹ ਚਲਦਾ ਸੀ. ਇਹ ਭਾਈ ਜੀਵਨ ਤਖਾਣ ਸਿੱਖ ਦਾ ਘਰ ਸੀ, ਜਿਸ ਪਾਸ ਭਾਈ ਬਿਧੀਚੰਦ ਜੀ ਠਹਿਰੇ ਸਨ.

੩. । ੩. ਅੰ. Luck. ਕਿਸਮਤ. ਭਾਗ. ਨਸੀਬ.

੪. ਮੱਥੇ ਛਾਤੀ ਆਦਿਕ ਅੰਗਾਂ ਤੋਂ ਚੰਦਨ ਭਸਮ ਆਦਿ ਲਈ ਲੀਕਾਂ (ਟਿੱਕੇ) ਕੱਢ ਕੇ ਆਪਣੇ ਤਾਂਈਂ ਫ਼ਕੀਰ ਮੰਨਣ ਵਾਲਾ। ੨

੫. । ੩. ਸ਼ਬਦ ਦਾ ਭਾਵ ਸਮਝੇ ਬਿਨਾ ਅੱਖਰਾਂ ਦੇ ਪ੍ਰਗਟ ਅਰਥ ਅਨੁਸਾਰ ਚੱਲਣ ਵਾਲਾ.

੬. ਲੱਕ: ਦੇਖੋ, ਲਕ.

ਲੱਕਣਾ: ਵਿ- ਜੀਭ ਨਾਲ ਚੱਟਣਾ. ਸੰ. ਲੇਹਨ

੭. । ੨. ਹੰਸੀ. ਹੰਸ ਦੀ ਮਦੀਨ। ੩. ਸ੍ਵਰਗ ਦੀ ਇੱਕ ਅਪਸਰਾ.

੮. ਅਧਯਾਤਮ ਰਾਮਾਯਣ ਵਿੱਚ ਲਿਖਿਆ ਹੈ ਕਿ ਉੱਤਮ ਚਿੰਨ੍ਹਾਂ ਵਾਲਾ ਹੋਣ ਕਰਕੇ ਨਾਮ ਲਕ੍ਸ਼ਮਣ ਹੋਇਆ- "भरणाद् भरतो नाम, लक्ष्मणं लक्ष्मणान्वितम्. " (ਕਾਂਡ ੧, ਅਃ ੩, ਸਃ ੪੫)

੯. ਲਕ੍ਸ਼ਯਵੇਧਨ: ਦੇਖੋ ਦੀਦਬਾਨ ੩.

ਲਕ੍ਸ਼ਯਾਰਥ: ਲਕ੍ਸ਼ਣਾਵ੍ਰਿੱਤਿ ਨਾਲ ਜਾਣਨ ਯੋਗਯ ਅਰਥ. ਦੇਖੋ, ਲਕ੍ਸ਼ਤਾ.

੧. ਬਹੁਤ ਚਿਰ ਇੱਥੇ ਹਿੰਦੂ ਰਾਜ ਰਿਹਾ. ਜੈਚੰਦ ਕਨੌਜ ਪਤੀ ਦੇ ਮਰਣ ਪੁਰ ਸਨ ੧੧੯੪ ਤੋਂ ਇਸ ਥਾਂ ਦਿੱਲੀ ਦੇ ਮੁਸਲਮਾਨ ਬਾਦਸ਼ਾਹਾਂ ਦੀ ਹਕੂਮਤ ਰਹੀ. ਮੁਗਲਰਾਜ ਦਾ ਪ੍ਰਬੰਧ ਢਿੱਲਾ ਹੋਣ ਤੋਂ ਅਵਧ ਦਾ ਸੂਬੇਦਾਰ ਸਅ਼ਦਤ ਖ਼ਾਨ ਸੁਤੰਤ੍ਰ ਹੋ ਗਿਆ. ਲਖਨਊ ਦਾ ਆਤਮ ਬਾਦਸ਼ਾਹ ਵਾਜਿਦ ਅ਼ਲੀ ਸੀ, ਜਿਸ ਨੂੰ ਗ਼ਦਰ ਦੇ ਮੌਕੇ ਅੰਗ੍ਰੇਜ਼ਾਂ ਨੇ ਪੈਨਸ਼ਨ ਦੇ ਕੇ ਕਲਕੱਤੇ ਭੇਜ ਦਿੱਤਾ.

੨. ਲਖਲਟੀ, ਲਖਲੁੱਟ: ਲਖ ਲੁਟਾਊ. "ਬੈਠਿਓ ਲਖਲਰੀ." (ਨਾਪ੍ਰ)

੩. ਲਖੇਰਾ: ਲਾਖ ਅਤੇ ਲਾਖ ਦੀ ਵਸਤਾਂ ਬਣਾਨ ਵਾਲਾ। ੨. ਲਖਣ (ਦੇਖਣ) ਵਾਲਾ.

੪. ੪ J. Rennell ਦੇ ਨਕਸ਼ੇ ਅਨੁਸਾਰ ਲੱਖੀ ਜੰਗਲ ਫ਼ਿਰੋਜ਼ਪੁਰ ਦੇ ਦੱਖਣ ਵੱਲ ਦਾ ਭਟਨੇਰ ਤਕ ਦਾ ਇਲਾਕਾ ਹੈ.

੫. । ੬. ਲਘੁ ਵਾਸਤੇ ਭੀ ਲਗ ਸ਼ਬਦ ਆਇਆ ਹੈ. ਦੇਖੋ, ਦੀਰਘ ੬.

੧. ੩ ਚਾਲਾਕ. "ਪਠਹੁ ਸਿੱਖ ਲਘੁ ਦੇਹੁ ਤੁਰੰਗ." (ਗੁਪ੍ਰਸੂ)

੨. "ਲੱਡ ਜੌ ਨ੍ਰਿਪ ਮਾਰੀਐ ਤਬ ਹੋਤ ਹੈ ਨ੍ਰਿਪਮੇਧ." (ਪਾਰਸਾਵ)

੧੦੫੯- ੧. ਲਦਾਖ: ਕਸ਼ਮੀਰ ਦਾ ਇਲਾਕਾ ਜੋ ਤਿੱਬਤ ਨਾਲ ਲਗਦਾ ਹੈ. ਇਸ ਦਾ ਰਕਬਾ ੩੦੦੦੦ ਵਰਗਮੀਲ ਅਤੇ ਜਨ ਸੰਖ੍ਯਾ ੨੪੦੦੦ ਹੈ. ਇਸ ਦਾ ਪ੍ਰਧਾਨ ਨਗਰੁ ਲੇਹ ਹੈ.

੨. । ੨. ਬਹੁਤ ਖਾਣ ਵਾਲਾ. ਪੇਟ ਦਾਸੀਆ. ਦੇਖੋ, ਲਪ ੪.

੩. ਲਪੜਗੱਟਾ: ਲਾਲਚੀ. ਪੇਟੂ ਦਾਸੀਆ. ਮੂੰਹ ਵਿੱਚ ਗ੍ਰਾਸ ਭਰਨ ਵਾਲਾ. ਦੇਖੋ, ਲਪ ੪.

੪. ਲੱਪ: ਦੇਖੋ, ਲਪ

ਲੱਪ ਗੜੱਪਾ: ਲੱਪ ਭਰ ਕੇ ਗੜੱਪ ਕਰਨ ਦੀ ਕ੍ਰਿਯਾ। ੨. ਚੰਗੇ ਭੋਜਨ ਮੁਫ਼ਤ ਖਾਣ ਦਾ ਕੰਮ.

੫. ੩ ਪ੍ਰਾਰਬਧ. ਕਿਸਮਤ. "ਪਰਖੋਂ ਅਪਨੀ ਲਬਧਿ ਮਹਾਨ." (ਗੁਪ੍ਰਸੂ)

੬. । ੮. ਪ੍ਰੀਤਿ. ਮੁਹੱਬਤ। ੯. ਮੂਰਛਾ. ਬੇਹੋਸ਼ੀ। ੧੦. ਵਿਸ਼੍ਰਾਮ ਇਸਥਿਤੀ.

੭. ਲਰਕਤ: ਲਟਕਤ. "ਘੰਟਾ ਸਿਰਪਰ ਲਰਘਤ ਨਿਸਿ ਦਿਨ." (ਗੁਪ੍ਰਸੂ)

ਲਰਕਵਾ: ਲੜਕੇ. ਬਾਲਕ. ਲਰਕਪੁਣਾ. ਬੱਚਪਨ.

੧. । ੩. ਲੰਪਟ. "ਲਾਲਚੀ ਲਲੂ ਜੜ, ਤੇ ਪਾਵਨ ਕੈ ਪੂਜਨ ਕੀਨੇ." (ਭਾਗੁਕ)

੨. ਲਲੰਤਿਕਾ: ਸੰ. ललन्तिका. ਸੰਗ੍ਯਾ- ਨਾਭਿ ਤਕ ਲਟਕਾਈ ਹੋਈ ਮਾਲਾ ਅਥਵਾ ਹਾਰ. "ਬਿਚ ਲਲੰਤਿਕਾ ਲੁਲਿਤ ਲਲਾਮ." (ਗੁਪ੍ਰਸੂ) ਸੁੰਦਰ ਮਾਲਾ ਝੂਲ ਰਹੀ ਹੈ.

੧. । ੪. ਲਯ. ਸਮੇਟਣ ਦਾ ਭਾਵ. "ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ। ਇਕੁ ਸੰਸਾਰੀ ਇਕ ਭੰਡਾਰੀ ਇਕੁ ਲਾਏ ਦੀ ਬਾਣ." (ਜਪੁ)

੨. ਤਿੱਬਤ ਦਾ ਪ੍ਰਧਾਨ ਨਗਰ Lassa ਅਥਵਾ Lhasa ਜੋ ਦਲਾਈ ਲਾਮਾ ਦੀ ਰਾਜਧਾਨੀ ਹੈ. ਇਸ ਦੀ ਆਬਾਦੀ ੧੮੦੦੦

ਹੈ.

੩. ਲਾਹਬਰ: ਲਾਭਵੰਤ. ਲਾਭ ਨੂੰ ਪ੍ਰਾਪਤ. ਜਿਵੇਂ- ਪੜ੍ਹਦੇ ਸੁਣਦੇ ਲਾਹਬਰ. (ਅਰਦਾਸ)

੪. ਦ੍ਰਿਸ਼ਜ ਵਿੱਚ ਅਦ੍ਰਿਸ਼ਜ (ਨਿਰਾਕਾਰ) ਦਿਖਾਇਆ।੫ ਦੇਖੋ, ਲਾਖੁ ੨.

੫. ੨ ਸੰਬੰਧ. ਤੱਅਲੁਕ. "ਲਾਟ ਨਿੰਜ ਘਰਨੀ ਕੇ ਅੰਗ ਸੰਗ." ਦੇਖੋ, ਆਦਮ- ਸਨਾਸ਼ੀ।

੧. "ਲਾਗਤ ਹੀ ਭੁਇ ਮਿਲਿ ਗਇਆ. ਪਰਿਆ ਕਲੰਜ ਛੰਕੁ." (ਸਃ ਕਬੀਰ ੩. ਕ੍ਰਿ- ਲਗਣਾ ਹੈ. ) "ਸਾਧੁਸੰਗ ਜਬ ਇਹ ਮਨ ਲਾਗਤ." (ਗੁਪ੍ਰਸੂ) ੪. ਸੰਗਯਾ- ਕਿਸੇ ਵਸਤੁ ਤੇ ਲੱਗੀ (ਖ਼ਰਚ ਹੋਈ) ਰਕਮ, ਜਿਵੇਂ- ਇਸ ਮਕਾਨ ਦੀ ਲਾਗਤ ਦੋ ਲੱਖ ਹੈ.

੨. ਲਾਗਲਾ: ਮਾ. ਲੱਗਾ. ਜਿਵੇਂ- ਹੋਊ ਲਾਗਲਾ. ਹੋਣ ਲੱਗਾ.

੩. । ੪. ਮਜੀਠ। ੫. ਨਾਰੀਅਲ. ਨਲੇਰ. ਸ੍ਰੀ ਫਲ। ੬. ਸੱਪ.

੪. ਬਿਬਾਤਾ ਸੁੰਨਤ ਅਤੇ ਲਿੰਗ ਕੱਟਣ ਵੱਲ ਹੈ. ਕਈ ਲੋਕ ਕਿਸੇ ਲਹਿਰ ਵਿੱਚ ਆ ਕੇ ਇੰਦ੍ਰੀ ਕੱਟ ਦਿੰਦੇ ਹਨ. ਗੁਰੂ ਸਾਹਿਬ ਦਾ ਭਾਵ ਹੈ ਕਿ ਇੰਦ੍ਰੀਆਂ ਨੂੰ ਦੰਡ ਦੇਣਾ ਅਗਯਾਨ ਹੈ. ਮਨ ਨੂੰ ਕਾਬੂ ਕਰਨਾ ਚਾਹੀਏ.

੫. ਲਾਣ: ਅੰਬਾਰ. ਢੇਰ. ਖ਼ਾਸ ਕਰਕੇ ਵਢੀ ਖੇਤੀ ਦਾ ਅੰਬਾਰ.

੧. ੨੦ ਫ਼ਰਵਰੀ ੧੮੩੩ ਨੂੰ ਮਾਲੀ ਮਹਿਕਮੇ ਵਿੱਚ ਲੱਗਾ, ੨੪ ਜਨਵਰੀ ੧੮੩੯ ਨੂੰ

੨. (George Clork) ਪੋਲਿਟੀਕਲ ਏਜੈਂਟ ਲੁਧਿਆਨਾ

੩. ਭਾਈ ਉਦੇ ਸਿੰਘ ਸਾਹਿਬ ਰਈਸ ਕੈਥਲ ਦੇ ਔਲਾਦ ਬਿਨਾ ਮਰਣ ਪੁਰ ਮਾਰਚ ਸਨ ੧੮੪੩ ਵਿੱਚ ਕੈਥਲ ਦੇ ਇਲਾਕੇ ਦਾ ਪ੍ਰਬੰਧਕ ਥਾਪਿਆ ਗਿਆ. ੧. ਦਿਸੰਬਰ ਸਨ ੧੮੪੩ ਨੂੰ ਨੇਪਾਲ ਦਾ ਰੈਜ਼ੀਡੈਂਟ ਹੋਇਆ.

੪. ਸਨ ੧੮੪੬ ਵਿੱਚ ਮੇਜਰ ਬ੍ਰਾਡਫ਼ੁੱਟ ਦੇ ਮਰਣ ਪੁਰ

੫. ਗਵਰਨਰ ਜਨਰਲ ਦਾ ਏਜੈਂਟ ਬਣਾਇਆ. ੧. ਫਰਵਰੀ ੧੮੪੯ ਨੂੰ ਲਾਹੌਰ ਦਾ ਰੈਜੀਡੈਂਟ ਅਤੇ ੧੪. ਅਪ੍ਰੈਲ ਨੂੰ ਲਾਹੌਰ ਦੇ ਪ੍ਰਬੰਧਕ ਬੋਰਡ ਦਾ ਪ੍ਰੈਜ਼ੀਡੈਂਟ ਹੋਇਆ. ੯. ਫਰਵਰੀ ਸਨ ੧੮੫੩ ਵਿੱਚ ਰਾਜਪੂਤਾਨੇ ਦਾ ਏ. ਜੀ. ਜੀ. ਥਾਪਿਆ ਗਿਆ. ੧੪. ਮਾਰਚ ਸਨ ੧੮੫੭ ਨੂੰ ਔਧ ਦਾ ਚੀਫ਼ ਕਮਿਸ਼ਨਰ ਬਣਿਆ।

੬. ਅਤੇ ਦਿੱਲੀ ਦੇ ਰੈਜੀਡੈਂਟ ਦੇ ਮਾਤਹਤ ਦਿੱਲੀ ਦਾ ਮੈਜਿਸਟ੍ਰੇਟ ਅਰ ਕਲੈਕਟਰ ਮੁਕੱਰਿਰ ਹੋਇਆ. ਇਸ ਪਿੱਛੋਂ ਪਾਨੀਪਤ ਆਦਿ ਕਈ ਥਾਂਈਂ ਜ਼ਿਲੇ ਦਾ ਪ੍ਰਧਾਨ ਰਿਹਾ. ਇਟਾਵੇ ਦਾ ਬੰਦੋਬਸਤ ਸ਼ਲਾਘਾ ਯੋਗਯ ਕੀਤਾ. ੨੬ ਅਗਸਤ ੧੮੪੧ ਨੂੰ ਪਾਦਰੀ ਦੀ ਪੁਤ੍ਰੀ Harriette Hamilton ਨਾਲ ਸ਼ਾਦੀ ਹੋਈ. ਪਹਿਲੇ ਸਿੱਖ ਜੰਗ ਵਿੱਚ ਬਿਆਸਾ ਅਤੇ ਸਤਲੁਜ ਦੇ ਵਿਚਕਾਰ ਦਾ ਇਲਾਕਾ, ਜੋ ਅੰਗ੍ਰੇਜ਼ਾਂ ਨੇ ਦਰਬਾਰ ਲਾਹੌਰ ਤੋਂ ਲਿਆ, ਉਸ ਦਾ ਕਮਿਸ਼ਨਰ ੧. ਮਾਰਚ ੧੮੪੬ ਨੂੰ ਲਾਰੈਂਸ ਥਾਪਿਆ ਗਿਆ.

੨੯ ਮਾਰਚ ੧੮੪੯ ਨੂੰ ਪੰਜਾਬ ਜ਼ਬਤ ਕਰਨ ਪੁਰ ਜੋ ਤਿੰਨ ਮੈਂਬਰਾਂ ਦਾ ਬੋਰਡ ਬਣਿਆ, ਉਸ ਦਾ ਪ੍ਰਧਾਨ ਸਰ ਹੈਨਰੀ ਲਾਰੈਂਸ ਅਤੇ ਦੋ ਮੈਂਬਰ ਜਾਨਲਾਰੈਂਸ ਅਤੇ ਮੈਨਸਲ (Charles Greville Mansel) ਚੁਣੇ ਗਏ। ਫਰਵਰੀ ੧੮੫੩ ਵਿੱਚ ਬੋਰਡ ਤੋੜ ਕੇ ਲਾਰੈਂਸ ਨੂੰ ਪੰਜਾਬ ਦਾ ਚੀਫ਼ ਕਮਿਸ਼ਨਰ ਬਣਾਇਆ ਗਿਆ. ੨੫ ਫ਼ਰਵਰੀ, ੧੮੫੯ ਨੂੰ ਜਾਨਲਾਰੈਂਸ ਪੈਨਸ਼ਨ ਲੈ ਕੇ ਪੰਜਾਬੋਂ ਰਵਾਨਾ ਹੋਇਆ. ਇੰਗਲੈਂਡ ਦੇ ਸਰਕਾਰੀ ਕਮਰਚਾਰੀਆਂ ਅਤੇ ਪਾਦਰੀਆਂ ਵੱਲੋਂ ਜਿਸ ਦੀ ਸੇਵਾ ਬਹੁਤ ਸਲਾਹੀ ਗਈ, ਇਸੇ ਕਾਰਣ ਇਸ ਨੂੰ ਭਾਰਤ ਵਿੱਚ ਫੇਰ ਉੱਚ ਪਦਵੀ ਮਿਲੀ, ਅਰਥਾਤ.

੭. "ਦਿਲੇ ਆਸ਼ਕਾਂ ਚੁਨੀਂ, ਚੂੰ ਲਾਲਹ ਦਾਗ਼ ਬਰ ਜਿਗਰ." (ਦੀਗੋ)

੮. ਲਾਲਕ: ਸੰ. ਵਿ- ਲਡਾਉਣ ਵਾਲਾ. ਪਿਆਰ ਕਰਨ ਵਾਲਾ.

੧. ਲਿੰਗਾਯਤ ਮੁਰਦੇ ਦਫ਼ਨ ਕਰਦੇ ਹਨ ਅਤੇ ਇਨ੍ਹਾਂ ਦੀ ਜੰਗਮ ਸੰਗਜਾ ਭੀ ਹੈ. ਪੰਜਾਬ ਦੇ ਜੰਗਮ ਇਨ੍ਹਾਂ ਤੋਂ ਭਿੰਨ ਹਨ. ਦੇਖੋ, ਜੰਗਮ ੩.

੨. ਲਿਪਿਕਰ: ਸੰ. ਸੰਗਜਾ- ਲਿਖਾਰੀ. ਲੇਖਕ. ਮੁਨਸ਼ੀ.

੩. ਲਿਲਕ: ਚੀਕ. ਚੀਖ. ਟੇਰ.

੪. "ਪੀਤ ਸੁ ਵਰਨ ਸ਼ਜਾਮ ਗਨ ਲੀਹਾ." (ਗੁਪ੍ਰਸੂ) ਸ਼ੇਰ ਦਾ ਰੰਗ ਪੀਲਾ ਅਤੇ ਕਾਲੀਆਂ ਲੀਕਾਂ, ਇਹ Tiger ਦਾ ਵਰਣਨ ਹੈ.

੫. "ਰਿਦਾ ਗੂਢ ਬਚ ਲੀਹ." (ਗੁਪ੍ਰਸੂ)

੬. ਮਰਯਾਦਾ. ਰੀਤਿ. "ਕੌਨ ਮਿਟਾਇ ਸਕੈ ਤਿਨ ਲੀਕਾ?" (ਗੁਪ੍ਰਸੂ)

੫. "ਕਹਸੋ ਮੋਹਰੀ ਬਡ ਬਚ ਲੀਕਾ." (ਗੁਪ੍ਰਸੂ)

੭. ਲੀਗ: ਅੰ. League. ਸੰਗਜਾ- ਸਮਾਜ. ਸੰਘ. ਸਭਾ.

੧. ੨ "ਇਹ ਮਨਿ ਲੀਣ ਭਏ ਸੁਖ ਦੇਉ." (ਗਉ ਅਃ ਕਬੀਰ)

੨. ੭ ਅਜੇਹੀ ਨਗਰੀ, ਜਿਸ ਵਿੱਚ ਅਨੇਕ ਤਰਹਿ ਦੇ ਖੇਲ ਤਮਾਸ਼ੇ ਅਤੇ ਵੱਡੀ ਰੌਨਕ ਹੋਵੇ. "ਲੀਲਾਵਤੀ ਪੁਰੀ ਸੁਭ ਬਾਨ। ਇਸ ਸਰ ਪਰ ਵਰ ਵਸਹਿ ਮਹਾਨ." (ਗੁਪ੍ਰਸੂ)

੩. ਲੁਕੋਣਾ: ਕ੍ਰਿ. ਲੋਪ ਕਰਨਾ. ਛੁਪਾਉਣਾ.

੪. । ੨. ਉਖੇੜੀ. ਪੁੱਟੀ. ਦੇਖੋ, ਲੁੰਚ.

੫. ਮੁਹੰਮਦ ਸਾਹਿਬ ਲੁੱਟ ਦੇ ਮਾਲ ਵਿੱਚੋਂ ਪੰਜਵਾਂ ਹਿੱਸਾ ਆਪਣੇ ਲਈ ਰੱਖ ਕੇ, ਚਾਰ ਹਿੱਸੇ ਜੰਗ ਵਿੱਚ ਲੜਨ ਵਾਲੇ ਯੋਧਿਆਂ ਨੂੰ ਵੰਡ ਦਿੰਦੇ ਸਨ.

੧. ਸੌ ਸਾਖੀ ਦੀ ੧੫ਵੀਂ ਸਾਖੀ ਵਿੱਚ ਲਿਖਿਆ ਹੈ- "ਪ੍ਰਿਥਮ ਫਿਰਗੀ ਲੁਦਪੁਰ ਆਵੇ." ਅਤੇ "ਲੁਦਵਨ ਨਗਰ ਮਾਰ ਕਰ ਲਰਜੋ. (ਗੁਪ੍ਰਸੂ)

੨. ਲੁਪਾਈ: ਲੋਪ ਕੀਤੀ. ਲੁਕਾਈ. "ਭਾਈ ਕਹੀ ਲੁਪਾਈ." (ਗੁਪ੍ਰਸੂ)

੩. ਲੁੱਬ: ਅ. ਸੰਗਜਾ- ਸਾਰ. ਤਤ੍ਵ। ੨. ਰੂਹ। ੩. ਰੂਹ। ੩. ਮਨ. ਦਿਲ.

੪. । ੨. ਸੰਗਜਾ- ਲੋਬ. ਲਾਲਚ. "ਲਹਿਰੀ ਲੁਭ ਕੀ ਦੂਰਿ." (ਰਤਨ ਮਾਲ) ਲੋਭ ਦੀ ਲਹਿਰ ਦੂਰ.

੫. ਲਲਿਤ: ਸੰ. ਵਿ- ਲਟਕਦਾ ਹੋਯਾ। ੨. ਝੂਲਦਾ ਹੋਯਾ. ਦੇਖੋ, ਲਲੰਤਿਕਾ.

੬. ਲੂਖੀ: ਜ਼ਿਲੇ ਅੰਬਾਲੇ ਦਾ ਇੱਕ ਪਿੰਡ, ਇੱਥੋਂ ਦੇ ਨਿਵਾਸੀ ਇੱਕ ਰੰਘੜ ਨੇ ਕਲਗੀਧਰ ਨੂੰ ਭੁਸਥਲੇ ਦੇ ਥੇਹ ਤੇ ਪੰਜ ਤੀਰ ਭੇਟਾ ਅਰਪੇ ਸਨ. ਦੇਖੋ, ਗੁਪ੍ਰਸੂ, ਰਾਸਿ ੧੨, ਅਃ ੫੯.

੭. ਲੂਨ ਕੱਲਰ: ਉਹ ਕੱਲਰ ਜਿਸ ਵਿੱਚ ਲੂਣ (ਰੇਹੀ) ਹੋਵੇ. ਇਸ ਵਿੱਚ ਕੋਈ ਖੇਤੀ ਅਤੇ ਘਾਹ ਨਹੀਂ ਉਪਜਦਾ.

੮. ਲੂਲਾ ਦਾ ਇਸਤ੍ਰੀਲਿੰਗ। ੨. ਅ. ਗਾਉਣ ਵਾਲਾ, ਵਾਲੀ। ੩. ਵੇਸ਼ਜਾ। ੪. ਭਾਵ- ਮਾਯਾ. "ਲੂਲੀਏ ਸ਼ੋਖ਼ ਈਂ ਦਿਲੇ ਆਲਮ ਰਬੂਦ."(ਦੀਗੋ)

੧. ੩ ਉਪਜਾਊ ਜ਼ਮੀਨ ਜਿਸ ਵਿੱਚ ਖੇਤੀ ਹੋ ਸਕੇ, "ਕੱਲਰ ਤੇ ਹਮ ਕੀਨਸ ਲੇਹੀ." (ਗੁਪ੍ਰਸੂ) ੫. ਸੰ. ਲੇਹਿਨ੍. ਚੱਟਣ ਵਾਲਾ. ਦੇਖੋ, ਲੇਹਨ.

੨. ਲਦਾਉ ਦੇ ਬੋਝ ਨਾਲ ਦਬਿਆ ਹੋਇਆ.

੩. ਲੇਪਨੀ: ਲਿਖਣ ਵਾਲਾ ਪੋਚਾ. ਪਾਣ ਵਾਲਾ.

੪. ਲੈਸੰਸ: ਅੰ. License. ਸੰਗਯਾ- ਸਨਦ. ਪ੍ਰਮਾਣ ਪਤ੍ਰ. ਹੁਕਮਨਾਮਾ. ਆਗਯਾ ਪਤ੍ਰ.

੫. ਲੈਂਪ: ਅੰ. Lamp. ਦੀਵਾ. ਚਰਾਗ਼.

੧. ।੮. ਸਿੱਖ ਧਰਮ ਦੇ ਗ੍ਰੰਥਾਂ ਵਿੱਚ ਸ਼ਸਤ੍ਰ ਦਾ ਨਾਮ ਭੀ ਲੋਹ ਹੈ. "ਸਿੱਖ ਹੋਇ ਬਿਨ ਲੋਹ ਜੁ ਫਿਰੈ." (ਤਨਾਮਾ)

੨. ।੫. ਲਾਲ ਰਤਨ. ਮਾਣਿਕ। ੬. ਲਾਲ ਸਮੁੰਦਰ। ੮. ਰੱਤਾ ਮ੍ਰਿਗ.

੧. ਇਸ ਨਾਮ ਦਾ ਕਾਰਣ ਲਿਖਿਆ ਹੈ ਕਿ ਇਸ ਪਹਾੜ ਦੇ ਕਈ ਹਿੱਸਿਆਂ ਤੇ ਸੂਰਯ ਦਾ ਲੋਕ (ਪ੍ਰਕਾਸ਼) ਪੈਂਦਾ ਹੈ ਅਰ ਕਈ ਥਾਵਾਂ ਤੇ ਅਲੋਕ (ਅੰਧੇਰਾ) ਰਹਿੰਦਾ ਹੈ.

੨. ਲੌਕਿਕ (ਸੰਸਾਰੀ) ਵਿਹਾਰਾਂ ਵਿੱਚ ਭੀ ਪੂਰਾ.

੩. ਸਰ ਜਾਹਨ ਸਪੈਂਨਸਰ ਲੋਗਿਨ. ਇਹ ੯. ਨਵੰਬਰ ਸਨ ੧੮੦੯ ਨੂੰ ਜੰਮਿਆ. ਡਾਕਟਰ ਬਣ ਕੇ ਈਸਟ ਇੰਡੀਆ ਕੰਪਨੀ ਦਾ ਨੌਕਰ ਹੋ ਕੇ ਹਿੰਦੁਸਤਾਨ ਆਇਆ. ੨੮ ਜੁਲਾਈ ੧੮੪੨ ਨੂੰ ਇਸ ਦੀ ਸ਼ਾਦੀ Lena Campbell ਨਾਲ ਲਖਨਊ ਹੋਈ. ੬. ਅਪ੍ਰੈਲ ਸਨ ੧੮੪੯ ਨੂੰ ਇਹ ਨਾਬਾਲਗ ਮਹਾਰਾਜ ਦਲੀਪ ਸਿੰਘ ਦਾ ਗਾਰਡੀਅਨ ਬਣਾਇਆ ਗਿਆ, ਅਤੇ ਅੰਤ ਤੀਕ ਉਸ ਦੇ ਨਾਲ ਇਸ ਦਾ ਪ੍ਰੇਮ ਰਿਹਾ. ਲੋਗਿਨ ਦਾ ਦੇਹਾਂਤ ੧੮. ਅਕਤੂਬਰ ਸਨ ੧੮੬੩ ਨੂੰ ਹੋਇਆ. ਇਸ ਦੀ ਸੁੰਦਰ ਕਬਰ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਖ਼ਰਚ ਤੋਂ Felixstowe ਵਿੱਚ ਬਣਵਾਈ.

ਇਸ ਦਾ ਵਿਸ਼ੇਸ਼ ਹਾਲ ਜਾਣਨ ਲਈ ਲੇਡੀ ਲੋਗਿਨ ਦੀ ਲਿਖੀ ਕਿਤਾਬ Sir John Login and Duleep Singh. ਪੜ੍ਹਨੀ. ਚਾਹੀਏ.

੧. ।੩. ਲਾਵਣ੍ਯ (ਸੁੰਦਰ) ਲਈ ਭੀ ਇਹ ਸ਼ਬਦ ਵਰਤਿਆ ਹੈ." ਗੁਰੁ ਸਮ ਰੂਪ ਨਹੀਂ ਕਿਤ ਲੋਨ." (ਗੁਪ੍ਰਸੂ)

੨. ਲੋਭੀ ਪਤੰਗ: ਭ੍ਰਮਰ. ਭੌਰਾ. "ਲਪਟਿ ਰਹਿਓ ਰਸਿ ਲੋਭੀ ਪਤੰਗ." (ਸੁਖਮਨੀ)

੩. ਲੋਮਸ਼ਾ: ਦੇਖੋ, ਲੂੰਬੜੀ। ੨. ਭੇਡਾ ੩. ਵਿ- ਰੋਮਾਂ ਵਾਲੀ. ਜੱਤਲ.

੪. ।੩. ਕੰਠੇ ਜਾਂ ਮਾਲਾ ਦਾ ਲਟਕਦਾ ਹੋਯਾ ਰਤਨ. "ਲੋਲਕ ਲਟਕਤ ਸਬਜ਼ੇ ਜਰੀ." (ਗੁਪ੍ਰਸੂ)

੫. ।੨. ਸਿੰਧੀ. ਘੀ ਲਾਕੇ ਪਕਾਈ ਮਿੱਠੀ ਰੋਟੀ. ਮਿੱਠਾ ਪਰਾਉਂਠਾ.

੬. ।੨. ਪ੍ਰਕ੍ਰਿਤਿ ਵਿਰੁੱਧ ਕਾਮਵਾਸਨਾ ਪੂਰੀ ਕਰਨ ਲਈ ਰੱਖਿਆ ਲੜਕਾ.

੭. ਦਾਸੀ. ਸੇਵਕਾਂ। ੨. ਲੜਕੀ. ਛੋਕਰੀ

੮. ਲੌਂਡੇਬਾਜ਼: ਗਦਾ ਭੋਗੀ. ਲੂਤੀ. Sozomite.

ਲੌਂਡੇ ਬਾਜੀ: ਇਗਲਾਮ. Sozomy. ਗੁਦਾਭੋਗ. ਇਹ ਪ੍ਰਕ੍ਰਿਤਿ ਵਿਰੁੱਧ ਨਿੰਦਿਤ ਕਰਮ ਨਪੁੰਸਕਤਾ ਆਦਿ ਅਨੇਕ ਰੋਗਾਂ ਦਾ ਕਾਰਣ ਹੋਂਦਾ ਹੈ.

੯. ।੩. ਲਾਵਣ੍ਯ (ਸੰਦਰ) ਲਈ ਭੀ ਇਹ ਸ਼ਬਦ ਵਰਤਿਆ ਹੈ. "ਚਾਪੀ ਕਰਹਿ ਚਰਨ ਜੁਗ ਲੌਨ." (ਗੁਪ੍ਰਸੂ)

੧. ੯ ਲੱਕ (ਕਮਰ) ਨੂੰ ਬੱਧਾ ਉਹ ਵਸਤ੍ਰ, ਜਿਸ ਦੇ ਆਸਰੇ ਲਿੰਗੋਟ ਪਹਿਨਿਆਂ ਜਾਂਦਾ ਹੈ, ਜਿਵੇਂ- ਉਸ ਨੇ ਲੰਗਰ ਲਿੰਗੋਟ ਕਸ ਲਿਆ। ੧੦. ਪਹਿਲਵਾਨਾਂ ਦਾ ਘੁੱਟਵਾਂ ਜਾਂਘੀਆਂ.

੨. ਸ਼੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਪਿਤਾ ਗੁਰੂਜੀ ਦਾ ਦੇਹਰਾ ਲਾਹੌਰ ਦੇ ਕਿਲੇ ਪਾਸ ਰਚ ਕੇ ਭਾਈ ਲੰਗਾਹ ਨੂੰ ਸੇਵਾਦਾਰ ਥਾਪਿਆ ਸੀ. ਦੇਖੋ, ਲਾਲ।

੩. ਮਾਰਵਾੜ ਵਿੱਚ ਹੁਣ ਭੀ ਬਹੁਤ ਲੋਕ ਸੋਨੇ ਚਾਂਦੀ ਦੀ ਤੜਾਗੀ ਪਹਿਰਦੇ ਹਨ.

੪. ਲੰਡਨ: London ਟੇਮਸ ਨਦੀ ਦੇ ਕਿਨਾਰੇ ਵੱਸੀ ਹੋਈ ਇੰਗਲੈਂਡ ਦੀ ਰਾਜਧਾਨੀ, ਜੋ ਦੁਨੀਆਂ ਵਿੱਚ ਬਹੁਤ ਵੱਡਾ ਸ਼ਹਿਰ ਹੈ. ਇਸ ਦੀ ਆਬਾਦੀ ੭੭੯੧੩੧੦ ਹੈ. ਦੇਖੋ, ਇੰਗਲੈਂਡ.

੫. ਲੰਬਾਈ: ਸੰਗਜਾ- ਲੰਮਾਪਨ (length).

੬. ਲੰਬੋਦਰੀ: ਲਟਕਦੇ ਹੋਏ ਢਿੱਡ ਵਾਲੀ. ਜਿਸ ਦੀ ਗੋਗੜ ਲਟਕਦੀ ਹੈ। ੨. ਕਸ਼ਮੀਰ ਦੀ ਇੱਕ ਨਦੀ ਜਿਸਨੂੰ ਲਿੱਦਰ ਭੀ ਆਖਦੇ ਹਨ. ਇਹ ਪਹਿਲਗਾਂਵ ਦੇ ਪਾਸ ਵੱਡੇ ਵੇਗ ਨਾਲ ਵਹਿੰਦੀ ਹੈ.

੧. ਉਹ ਵਸਤੁ, ਜਿਸ ਨਾਲ ਵਸਾ (ਚਰਬੀ) ਦੀ ਤ੍ਰ (ਰਖ੍ਯਾ) ਹੋਵੇ. ਸ਼ਰੀਰ ਦੀ ਚਰਬੀ ਦੀ ਵਸਤ੍ਰ ਰਖ੍ਯਾ ਕਰਦਾ ਹੈ.

੨. ਸਿੱਖ ਮਤ ਵਿੱਚ ਹਿੰਦੂ ਮਤ ਦੇ ਗ੍ਰੰਥਾਂ ਦੀ ਤਰਹ ਕਿਸੇ ਖ਼ਾਸ ਰੰਗ ਜਾਂ ਬਣਾਉਟ ਦੇ ਵਸਤ੍ਰ ਵਿਹਿਤ ਅਥਵਾ ਨਿਸ਼ਿੱਧ ਨਹੀ. (ਇਸ ਸੰਬੰਧ ਵਿੱਚ ਦੇਖੋ, ਕਾਲਿਕਾ ਪੁਰਾਣ, ਵਰਾਹ ਪੁਰਾਣ, ਕਮਾਲੋਚਨ ਜਯੋਤਿਸ਼ ਤਤ੍ਵ ਆਦਿ ਗ੍ਰੰਥ). ਜੋ ਰੁੱਤ- ਦੇਸ਼ ਸਮਾਜ਼ ਅਨੁਕੂਲ ਪਹਰਾਵਾ ਹੋਵੇ ਉਸ ਦਾ ਪਹਰਨਾ ਯੋਗ੍ਯ ਹੈ, ਕੇਵਲ ਸਰਬੰਦ (ਦਸਤਾਰ) ਦਾ ਤ੍ਯਾਗ ਵਰਜਿਤ ਹੈ.

੩. ਵਸਤ੍ਰ- ਗ੍ਰਿਹ: ਤੰਬੂ. ਖੇਮਾ. ਵਸਤ੍ਰਾਗਾਰ.

੪. ਵਸੁਸੇਣ: ਕੁੰਤੀ ਦੇ ਪੁਤ੍ਰ ਕਰਣ ਦਾ ਨਾਮ. ਦੇਖੋ, ਕਰਣ ੮.

੫. ਵਸੁਦੇਵ ਸੁਤ, ਵਸਦੇਵ ਤਨਯ: ਕ੍ਰਿਸ਼ਨ ਜੀ ਅਤੇ ਬਲਭਦ੍ਰ.

੬. । ੨. ਸੰ. ਵਸੁਮਤ੍. ਵਿ- ਧਨਵਾਨ. ਦੌਲਤਮੰਦ. ਧਨੀ.

੭. "ਸਭਹਿਂ ਵਸੋਆ ਦਿਨ ਮਨ ਸਰਸਨ। ਵਡੇ ਭਾਗਿ ਪਾਵੇਂ ਗੁਰਦਰਸਨ." (ਮਹਿਮਾ ਪ੍ਰਕਾਸ਼) ਦੇਖੋ, ਵੈਸਾਖੀ ੨.

੮. ਵਸੰਤਦੂਤੀ: ਸੰਗਜਾ- ਕੋਕਿਲਾ. ਕੋਇਲ.

੧੦੭੮- ੧. ਵਹਿਤ੍ਰ: ਸੰ. ਸੰਗਜਾ- ਨੌਕਾ. ਜਹਾਜ. ਦੇਖੋ, ਬੋਹਿਬ.

੨. ੩। ੩. ਰਾਜਤਰੰਗਿਣੀ ਅਨੁਸਾਰ ਕਸ਼ਮੀਰ ਦਾ ਇੱਕ ਰਾਜਾ, ਜੋ ਮਿਹਿਰ ਕੁਲ ਦਾ ਪੁਤ੍ਰ ਸੀ. ਇਸ ਨੇ ਧਰਮ ਅਤੇ ਨਿਆਂ ਨਾਲ ੬੩ ਵਰ੍ਹੇ ਕਸ਼ਮੀਰ ਦਾ ਰਾਜ ਕੀਤਾ। ੪. ਵਕ ਨਾਉਂ ਦਾ ਅਸੁਰ (ਦੈਤ). ਦੇਖੋ, ਵਕਾਸੁਰ ਅਤੇ ਵਕਾਸੁਰ। ੫. ਵਕਮੁਨਿ. ਦੇਖੋ, ਬਕਦਾਲਭ.

੩. ਵਕਾਰ: 'ਵ' ਦਾ ਉੱਚਾਰਣ. ਵਾਵਾ। ੨. ਦੇਖੋ, ਵਿਕਾਰ। ੩. ਅ਼. ਵਕ਼ਾਰ. ਸ਼ਾਂਤਿ. ਚੈਨ. ਆਰਾਮ ੪. ਸਹਨਸ਼ੀਲਤਾ. ਬੁਰਦਬਾਰੀ। ੫. ਕ਼ਨਰ.

੪. । ੨. ਸੰਗਜਾ- ਨਦੀ ਦਾ ਮੋੜ (ਖ਼ਮ) ੩. ਛਨਿੱਛਰ. ਸ਼ਨੀ। ੪. ਮੰਗਲ ਗ੍ਰਹ। ੫. ਰੁਦ੍ਰ.

੧੦੮੦- ੧. ਵਜੌਂ: ਦੇਖੋ, ਵਜਹੁ ੩. "ਮਿਹਨਤ ਵਜੌਂ ਤੁਝ ਮਿਲਤ ਕਿ ਨਾਹੀਂ?" (ਗੁਪ੍ਰਸੂ)

੨. ਤੁਜ਼ਕੇ ਜਹਾਂਗੀਰੀ ਵਿੱਚ ਲਿਖਿਆ ਹੈ ਕਿ ਜਹਾਂਗੀਰ ਦੇ ੧੬ਵੇਂ ਸਨ ਜਲੂਸ ਵਿੱਚ ਜਲੰਧਰ ਪਾਸ ਇੱਕ ਵਜ੍ ੧੬੦ ਤੋਲੇ ਦਾ ਡਿੱਗਾ, ਜੋ ਲੋਹੇ ਦਾ ਡਲਾ ਸੀ. ਇਸ ਨਾਲ ਕੁਝ ਹੋਰ ਲੋਹਾ ਮਿਲਾ ਕੇ ਬਾਦਸ਼ਾਹ ਨੇ ਤਲਵਾਰ. ਪੇਸ਼ ਕਬਜ਼ ਅਤੇ ਛੁਰੀ ਬਣਵਾਈ. ਦੇਖੋ, ਉਲਕਾ ੩.

੩. ਐਤਰੇਯ ਬ੍ਰਾਹਮਣ ਵਿੱਚ ਲਿਖਿਆ ਹੈ ਕਿ ਮਰੇ ਹੋਏ ਦਧੀਚਿ ਦੇ ਸਿਰ ਦੀ ਹੱਡੀ ਪੁਸ਼ਕਰ ਕੋਲੋਂ ਇੰਦ੍ਰ ਨੂੰ ਮਿਲੀ, ਜਿਸ ਦਾ

ਵਜ੍ਰ ਬਣਾ ਕੇ ਰਾਖਸ ਮਾਰੇ. ਮਤਸਜ ਪੁਰਾਣ ਅਨੁਸਾਰ ਵਿਸ਼੍ਵਕਰਮਾ ਨੇ ਸੂਰਯ ਨੂੰ ਖਰਾਦਕੇ ਜੋ ਛਿੱਲੜ ਲਾਹਿਆ ਉਸ ਤੋਂ ਵਜ੍ਰ ਬਣਿਆ.

੪. ਵਟਣਾ, ਵਟਨਾ: ਦੇਖੋ, ਬਟਨਾ ਅਤੇ ਵੱਟਣਾ.

੧. ਵ੍ਰਿੱਧਿ ਸਹਿਤ ਹੋਣਾ. ਉਮਰ ਵਿਦਜਾ ਦਨ ਆਦਿ ਨਾਲ ਵੱਡਿਆਂ ਹੋਣਾ। ੨

੧. । ੪. ਵਿ- ਵਨ (ਜੰਗਲ) ਵਿੱਚ ਹੋਣ ਵਾਲਾ.

੨. ਵਨਮਾਣੂ, ਵਨਮਾਨਖ: ਦੇਖੋ, ਬਨਮਾਣੂ

੩. ਵਨਮੂਤ: ਸੰ. ਸੰਗਜਾ- ਮੇਘ. ਬੱਦਲ.

੪. ਵਨੀ: ਸੰ. वनिन्. ਵਾਨਪ੍ਰਸਥ। ੨. ਦੇਖੋ, ਬਨੀ ੨.

੫. ਵਪ੍ਰ: ਸੰ. ਸੰਗਜਾ- ਬਾਪ. ਪਿਤਾ. ਬਾਪੂ। ੨. ਦੇਵਤਾ। ੩. ਗੁਰੂ। ੪. ਖੇਤ.

੬. ਮੇਸ਼ ਤੋਂ ਮੀਨ ਤਕ ੧੨. ਰਾਸਾਂ ਭੋਗਣ ਦਾ ਸੂਰਯ ਦਾ ਸਮਾ.

੧੦੮੪- ੧. ਵਰਣ ਸ੍ਥਾਨ: ਦੇਖੋ, ਚਿਤ੍ਰ (ਅ) ਦਾ ਫੁੱਟਨੋਟ.

ਵਰਣਕ: वर्णक. ਕਲਮ. ਲੇਖਨੀ. ਲਿਖਣ। ੨. ਰੰਗ। ੩. ਚਿਤ੍ਰਕਾਰ. ਮੁਸੱਵਰ.

੨. ਜਿਵੇਂ- "ਭੂਖੇ ਭਗਤਿ ਨ ਕੀਜੈ। ਯਹ ਮਾਲਾ ਅਪਨੀ ਲੀਜੈ." (ਸੋਰ ਕਬੀਰ) (ਭੂ) ਪ੍ਰਿਥਿਵੀ ਖੇ (ਆਕਾਸ਼), ਭਾਵ ਪੰਜ ਤੱਤਾਂ ਤੋਂ ਬਣੀ ਦੇਹ, ਜੋ ਭਗਤਿ ਨਾ ਕਰੇ, ਤਾਂ ਇਹ ਮਾਲਾ (ਮਾਇਆ ਦਾ ਆਲਯ- ਘਰ) ਆਪਣਾ ਲੈ ਲਓ.

੩. ਆਪਣੇ- ਆਪਣੇ ਦੇਸ਼ ਦੀ ਬੋਲੀ ਜਿਤਨੇ ਅੱਖਰਾਂ ਵਿੱਚ ਸਹੀ ਲਿਖੀ ਜਾ ਸਕੇ, ਵਿਦ੍ਵਾਨਾਂ ਨੇ ਉਤਨੇ ਉਤਨੇ ਅੱਖਰਾਂ ਦੀਆਂ ਵਰਣ ਮਾਲਾ ਰਚੀਆਂ ਹਨ, ਜਿਵੇਂ- ਅਰਬੀ ੨੮, ਫ਼ਾਰਸੀ ੩੨, ਪੰਜਾਬੀ ੩੫, ਅੰਗ੍ਰੇਜ਼ੀ ੨੬, ਰੂਸੀ ੩੫, ਯੂਨਾਨੀ ੨੪, ਚੀਨੀ ੨੧੪ × × × ਆਦਿ.

੪. । ੫. ਠਹਿਰਾਉ. ਸ੍ਥਿਤਿ। ਵਰਤੋਂ. ਵਿਹਾਰ.

੫. । ੨. ਵਿ- ਮੌਜੂਦ ਉਪਸ੍ਥਿਤ। ੩. ਚਲਦਾ ਹੋਇਆ. ਜਾਰੀ.

੬. । ੩. ਸੁਹਾਗਾ. ਟੰਕਣ.

੭. ਵਰਨਾਰੀ: ਸੁੰਦਰੀ. ਇਸਤ੍ਰੀ। ੨. ਵਰ ਅਤੇ ਨਾਰੀ. 'ਵਰਨਾਰੀ ਮਿਲਿ ਮੰਗਲ ਗਾਇਆ." (ਦੇਵ ਮਃ ੫)

੧. । ੫. ਸ਼ਰੀਰ ਦੇ ਉੱਤਮ ਅੰਗ ਦਿਲ ਦਿਮਾਗ਼ ਮੇਦਾ ਆਦਿ.

੨. । ੪. ਤਾਂਬਾ. ਤਾਮ੍ਰ। ੫. ਨੇਂਬੂ.

੩. ੨ ਵਰੁਣ ਦੇਵਤਾ ਦੇ ਮੰਤ੍ਰ ਨਾਲ ਛੱਡਿਆ ਹੋਯਾ ਅਸਤ੍ਰ, ਜੋ ਅਗਨਿ ਅਸਤ੍ਰ ਨੂੰ ਮਾਤ ਕਰ ਦੇਂਦਾ ਸੀ "ਵਰਣਾਸਤ੍ਰ ਤਬ ਕਾਲ ਚਲਾਯੋ." (ਚਰਿਤ੍ਰ ੪੦੫)

੪. । ੪. ਢਾਲ। ੫. ਘਰ. ਗ੍ਰਿਹ। ੬. ਫ਼ੌਜ. ਸੇਨਾ.

੫. ਵਰ੍ਹੀਣਾ: ਵਰ੍ਹੇ ਪਿੱਛੋਂ ਆਇਆ ਦਿਨ. ਖ਼ਾਸ ਕਰਕੇ ਵਰ੍ਹੇ- ਗੰਢ ਅਤੇ ਦੇਹਾਂਤ ਦਾ ਦਿਨ. Anniversary.

੫. । ੨. ਰਮਾ ਦੇ ਉਦਰ ਤੋਂ ਕਲਕੀ ਅਵਤਾਰ ਦਾ ਪੁਤ੍ਰ ਦੇਖੋ. ਕਲਕੀ.

੬. "ਆਨਨ ਕੀ ਛਬਿ ਵਲੀ

ਗਣੋ ਕਰ ਟਲੀ ਗਲੀ

ਕਾਨਨ ਕੀ ਗਲੀ ਬਲ,

ਅੰਗੋਂ ਮੈਂ ਨ ਭਾਸ ਹੈ,

ਲੋਇਨਾ ਕੇ ਮਹਿ ਕੇਛੁ

ਲੋਇ ਨਾ ਪਰੇ ਸੁਵੱਛ

ਰਸਨਾ ਮੋ ਰਮ ਨਾ ਸੋ

ਨਾਸ ਕਲਾ ਨਾਸ ਹੈ,

ਕੇਸ਼ ਭਏ ਉੂਜਰ

ਨ ਰਹਜੋ ਕਛੁ ਉੂਜਰ

ਜਵਾਨੀ ਗਈ ਉਜਰ, ਨ

ਸਾਸ ਕੋ ਬਿਸਾਸ ਹੈ,

ਤ੍ਰਿਸ਼ਨਾ ਅਨੰਤ ਅੰਤ

ਭਜੋ ਹੈ ਸੰਘਾਤ ਸਭ

ਸ਼ਾਂਤਿ ਭਈ ਸ਼ਾਂਤ ਨਾਹਿ

ਸ਼ਾਂਤ ਭੋਗ ਆਸ੍ ਹੈ."

੧੦੮੬- ੧. ਵੜ: ਸੰ. वर्वर. ਇੱਕ ਮਿਠਾਈ. ਦੇਖੋ, ਬਾਲੂਸ਼ਾਹੀ.

੨. ਵਾਉਵਰੋਲਾ: ਦੇਖੋ, ਵਟੋਲਾ.

੩. ਵਾਸਕ: ਸੰ. ਵਿ- ਵਸਣਵਾਲਾ. ਨਿਵਾਸ ਕਰਤਾ। ੨. ਸੰਗਜਾ- ਬਾਂਸਾ. ਅੜੂਸਾ। ੩. ਦਿਨ. ਵਾਸਰ। ੪. ਸੰ. वाशक-

ਵਾਸ਼ਕ: ਵਿ- ਚੀਕਾਂ ਮਾਰਨ ਵਾਲਾ.

੪. ਵਾਸਪਯੰਤ੍ਰ: वाष्पयन्त्र.

੫. वाश्र. ਵਾਸ਼੍ਰ. ਮੰਦਿਰ. ਮਹਿਮਾ। ੩. ਚਰਸਤਾ. ਚੌਰਾਹਾ.

੬. ਇ਼ਤ਼ਰਦਾਨ. "ਗੁਣਾ ਕਾ ਹੋਵੈ ਵਾਸਲਾ ਕਢਿ ਵਾਸ ਲਈਕੈ." (ਸੂਹੀ ਛੰਤ ਮਃ ੧)

੭. "ਸੇਵਕ ਕੈ ਭਰਪੂਰੁ ਜੁਗੁ ਜੁਗੁ ਵਾਹਗੁਰੂ ਤੇਰਾ ਸਭ ਸਦਕਾ."

੮. ਉਦਾਸੀਨ. ਪੰਥ ਦੇ ਰਤਨ ਸ੍ਵਾਮੀ ਕੇਸ਼ਵਾਨੰਦ ਜੀ ਗੁਰੁ ਗੀਤਾ ਦੇ ਚੌਥੇ ਅਧਜਾਯ ਵਿੱਚ ਲਿਖਦੇ ਹਨ:-

"वाहगुरूरयं मन्त्रो भव वन्ध विमोचकः। मन्त्राः सर्वेऽस्य मन्त्रस्य नार्हन्ति षोडशीं कलाम् वाहयन्ति कारयन्ति जगद्गुर पत्या दि् कार्यमिति वाहां ब्रह्मादय स्तेषां गुरुर्वाहगुरुः।"

ਵਾਹਿਗੁਰੂ ਅਤੇ ਵਾਹੁਗੁਰ ਸੰਸਕ੍ਰਿਤ ਰੀਤਿ ਨਾਲ ਵਾਹਗੁਰੁ ਹੋ ਗਏ ਹਨ, ਪਰ ਜਦ ਅਸੀਂ ਸ਼ਬਦਾਂ ਦੇ ਜੋੜ ਵੱਲ ਧਜਾਨ ਦਿੰਦੇ ਹਾਂ

ਤਦ ਮਲੂਮ ਹੋਂਦਾ ਹੈ ਕਿ ਇਹ ਮੰਤ੍ਰ ਵਾਹ, ਵਾਹੁ ਗੁਰ, ਗੁਰੁ ਅਤੇ ਗੁਰੂ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ. ਜਿਵੇਂ ਗੁਰੁ ਬਾਣੀ ਵਿੱਚ ਅਜੂਨੀ ਸੈਭੰ. ਆਜੋਨੀ ਸੰਭਉ ਅਤੇ ਅਜੋਨੀ ਸੰਭਵਿਅਉ ਤਿੰਨ ਪਾਠ ਹਨ, ਜਿਨ੍ਹਾਂ ਵਿਚੋਂ ਅਜੂਨੀ ਸੈਭੰ ਮੁਖ ਪਾਠ ਹੈ, ਅਤੇ ਬਾਕੀ ਗੌਣ ਪਾਠ ਹਨ, ਇਵੇਂ ਹੀ ਵਾਹਗੁਰੂ ਮੁੱਖ ਪਾਠ ਹੈ, ਬਾਕੀ ਪਾਠ ਗੌਣ ਹਨ. ਪੁਰਾਣੀ ਲਿਖਤ ਦੀਆਂ ਸਾਖੀਆਂ ਅਤੇ ਜਫਰਨਾਮਹ ਆਦਿ ਪੁਸਤਕਾਂ ਵਿੱਚ "ਵਾਹਗੁਰੂ" ਸ਼ਬਦ ਹੀ ਵੇਖਿਆ ਜਾਂਦਾ ਹੈ। ਦੇਖੋ, ਅਕਾਲ ਤਖ਼ਤ ਦਸ਼ਮ ਗੰਥ ਅਤੇ ਛੰਦ ਬੱਧ ਮਹਿਮਾ ਪ੍ਰਕਾਸ਼. "ਵਾਹਗੁਰੂ ਮੁਖ ਕਰੋ ਉਚਾਰ। ਹੋ ਦਿਆਲ ਕਰ ਲਏ ਉਦਾਰ." ਦੇਖੋ, ਗੁਰੁਮਤ ਮਾਰਤੰਡ ਵਿੱਚ ਵਾਹਗੁਰੂ ਸ਼ਬਦ ਪਰ ਵਿਚਾਰ.

ਦਸ਼ਮੇਸ਼ ਜੀ ਦੇ ਸਮੇਂ ਤੋਂ ਇਹ ਰੀਤਿ ਹੈ ਕਿ ਸਿੰਘ ਨੂੰ ਵੇਖ ਕੇ ਸਿੰਘ "ਵਾਹਗੁਰੂ ਜੀ ਕੀ ਫ਼ਤਹ" ਆਖੇ, ਅੱਗੋਂ ਦੂਜਾ ਸਿੰਘ "ਵਾਹਗੁਰੂ ਜੀ ਕਾ ਖ਼ਾਲਸਾ ਵਾਹਗੁਰੂ ਜੀ ਕੀ ਫ਼ਤਹ ਦੀ ਥਾਂ "ਸਤਿ ਸ੍ਰੀ ਅਕਾਲ" ਆਖਣਾ ਮਨਕਲਪਿਤ ਰੀਤਿ ਹੈ.

੧. ੩ ਵਾਹਿਦ ਗੁਰੂ ਦਾ ਸੰਖੇਪ ਭੀ ਵਾਹਿਗੁਰੂ ਸ਼ਬਦ ਹੋ ਸਕਦਾ ਹੈ.

੨. ਵਾਹਿਦ ਗੁਰੂ: ਦੇਖੋ, ਵਾਹਿਗੁਰੂ ੩.

੩. "ਵਾਹੁ ਵਾਹੁ ਕਾ ਵਡਾ ਤਮਾਸਾ। ਆਪੇ ਹਸੈ ਆਪਿ ਹੀ ਵਿਤਵੈ ਆਪੇ ਚੰਦੁ ਸੂਰੁ ਪਰਗਾਸਾ." (ਸਵੈਯੇ ਮਃ ੨. ਕੇ)

੪. ਵਾਹੁਗੁਰ: ਦੇਖੋ, ਵਾਹਗੁਰੂ.

੫. ਵਾਂਕ: ਸੰ. ਵਾਙ੍ਕ. ਸੰਗਜਾ- ਸਮੁਦ੍ਰ. ਸਾਗਰ.

੬. ਵਾਕਿਸ: ਵਾਕ- ਈਸ਼. ਵਾਣੀ ਦਾ ਸ੍ਵਾਮੀ. ਬ੍ਰਹਮਾ. "ਚਿਤਾਰ ਬੈਨ ਵਾਕਿਸੰ ਬਿਦਾਰ ਬਾਲਮੀਕਿ ਭਜੋ." (ਚੌਬੀਸਾਵ)

੭. ਵਾਗੇਸ੍ਵਰੀ: ਦੇਖੋ, ਵਾਗੀਸ਼੍ਵਰੀ। ੨. ਕਾਨੜੇ ਰਾਗ ਦੀ ਇਕ ਜਾਤਿ. ਇਹ ਕਾਫ਼ੀ ਠਾਟ ਦਾ ਸ਼ਾੜਵ ਸੰਪੂਰਣ ਰਾਗ ਹੈ. ਆਰੋਹੀ ਵਿੱਚ ਪੰਚਮ ਵਰਜਿਤ ਹੈ. ਮੱਧਮਵਾਦੀ ਅਤੇ ਸੜਜ ਸੰਵਾਦੀ ਹੈ. ਗਾਉਣ ਦਾ ਵੇਲਾ ਅੱਧੀ ਰਾਤ ਹੈ.

੮. ਵਾਜਪੇਯ: ਸੱਤ ਸ਼੍ਰੌਤ ਯੱਗਾਂ ਵਿੱਚੋਂ ਪੰਜਵਾਂ ਯੱਗ, ਜਿਸ ਦਾ ਫਲ ਸੁਰਗ ਦੀ ਪ੍ਰਾਪਤੀ ਹੈ.

ਵਾਜਪੇਯੀ: ਵਾਜਪੇਯ ਯੱਗ ਕਰਨ ਵਾਲਾ। ੨. ਕਾਨਜ ਕੁਬਜ ਬ੍ਰਾਹਮਣਾਂ ਦੀ ਇੱਕ ਜਾਤਿ.

੧. । ੩. ਬਾਂਸਾ. ਅੜੂਸਾ। ੪. ਪਾੜੇ ਹੋਏ ਦੁੱਧ ਦਾ ਪਾਨੀ. ਆਬੰ ਸ਼ੀਰ. Whey.

੨. ਵਾਜੀਕਰਣ: ਆਯੁਰਵੇਦ ਅਨੁਸਾਰ ਬਲ ਅਤੇ ਵੀਰਯ ਵਧਾਉਣ ਦਾ ਇਲਾਜ ਜਿਸ ਤੋਂ ਕਮਜ਼ੋਰ ਆਦਮੀ ਘੋੜੇ ਜੇਹਾ ਬਣ ਜਾਵੇ. Prozucing Virility.

੩. ਵਾਢੰ: ਸੰ. ਵਾਢਮ੍. ਵਜ- ਬਸ. ਅਲੰ। ੨. ਸ਼ਾਬਾਸ਼. ਆਫ਼ਰੀਂ.

੪. ਵਾਣਾਵਲੀ: ਤੀਰਾਂ ਦੀ ਕਤਾਰ. ਵਾਣਾਂ ਦੀ ਬੁਛਾੜ। ੨. ਪੰਜ ਸ਼ਲੋਕਾਂ ਦਾ ਇਕੱਠ.

੫. ਵਾਤਸਜਾਯਨ: ਕਾਮ ਸੂਤ੍ਰ ਦਾ ਕਰਤਾ ਇਕ ਪ੍ਰਸਿੱਧ ਰਿਖੀ, ਜੋ ਵਤ੍ਸਜਗੋਤ੍ਰ ਵਿੱਚ ਪੈਦਾ ਹੋਇਆ.

੬. ੫ ਵੈਦਜਕ ਅਨੁਸਾਰ ਇੱਕ ਔਖਧਪਾਰਾ ਇੱਕ ੧. ਭਾਗ, ਗੰਧਕ ਦੋ ਭਾਗ, ਤ੍ਰਿਫਲਾ ੩. ਭਾਗ, ਚਿਤ੍ਰਾਮੂਲ ੪. ਭਾਗ, ਗੁੱਗਲ ੫. ਭਾਗ, ਇਨ੍ਹਾਂ ਨੂੰ ਇਰੰਡ ਦੇ ਤੇਲ ਵਿੱਚ ਘੋਟ ਕੇ ਝਾੜ ਬੇਰੀ ਦੇ ਬੇਰ ਪ੍ਰਮਾਣ ਗੋਲੀ ਬਨਾਵੋ. ਅਦਰਕ ਦੇ ਰਸ ਨਾਲ ਇਹ ਗੋਲੀ ਖ਼ਾਣ ਤੋਂ ਫੋੜਿਆਂ ਦੇ ਅਨੇਕ ਰੋਗ ਦੂਰ ਹੋਂਦੇ ਅਤੇ ਬਾਈ ਤੋ ਉਪਜੇ ਰੋਗ ਹਟਦੇ ਹਨ.

੭. ਆਰੰਭਵਾਦ ਨੈਯਾਯਿਕਾਂ ਦਾ ਪਰਿਣਾਮ (ਅਥਵਾ ਗੁਣ ਪਰਿਣਾਮ) ਵਾਦ ਸਾਂਖਜਮਤ ਵਾਲਿਆਂ ਦਾ ਅਤੇ ਵਿਵਰਤਵਾਦ ਵੇਦਾਂਤੀਆਂ ਦਾ ਹੈ. "ਕੌਨ ਵਾਦ ਕਰ ਬ੍ਰਹਮ ਸਿੱਘ ਕਿਯ?" (ਗੁਪ੍ਰਸੂ)

੧੦੯੦- ੧. ਵਾਧਕ: ਰੋਕਣਵਾਲਾ. ਵਾਧਾ ਕਾਰਕ.

੨. । ੨. ਸੰ. ਨੌਕਾ (ਬੇੜੀ) ਦਾ ਚੱਪਾ। ੩. ਬੇੜੀ. ਕਿਸ਼ਤੀ.

੩. । ੫. ਸਿਉਣ ਪਰੋਣ ਦੀ ਕ੍ਰਿਯਾ। ੬. ਸੁਗੰਧ। ੭. ਸੁੱਕਾ ਫਲ.

੪. । ੧੩. ਨਿਰੁਕ੍ਤ ਵਿੱਚ ਵਾਮ ਨਾਉਂ ਸ਼ਰਾਬ ਦਾ ਭੀ ਹੈ.

੧. "ਵਾਰਵਧੂਨ ਕੇ ਸੰਗ ਰਮੈ ਨਰ, ਸੰਗਤਿ. ਮੇ ਨਹਿ ਮੇਲ ਸੁ ਪਾਵੈ." (ਗੁਪ੍ਰਸੂ)

੨. । ੬. ਵਾਰਿਆ. ਨਿਕਾਵਰ ਕੀਤਾ.

੩. 'ਆਈ ਸ਼ਹਾਮਲ ਵਾਰੀ ਵਾਰੀ." (ਗੁਪ੍ਰਸੂ) ਸ਼ਯਾਮ (ਕਾਲੇ) ਪਾਣੀ ਵਾਲੀ ਯਮੁਨਾ।

੪. ੩ ਸੰ. ਉਹ ਹਾਥੀ, ਜਿਸ ਤੇ ਨਿਸ਼ਾਨ (ਝੰਡਾ) ਹੋਵੇ.

੫. ਵਾਲਧੀ: ਸੰ. ਸੰਗਯਾ- ਪੂਛ. ਦੁਮ। ੨. ਚੌਰ

੧੦੯੩- ੧. ਵਿਸਤਰ: ਸ. विस्तर. ਸੰਗਯਾ- ਵਿਸ੍ਤਾਰ. ਫੈਲਾਉ। ੨. ਪ੍ਰੇਮ। ੩. ਆਸਰਾ. ਆਧਾਰ. ੪. ਸੇਜਾ. ਬਿਸਤਰਾ.

੨. ਵਿਸ਼ਨੁ ਯਸ਼ਾ: ਕਲਕੀ ਅਵਤਾਰ ਦਾ ਪਿਤਾ. ਦੇਖੋ, ਕਲਕੀ.

੩. ੨ ਦੇਖੋ, ਵਿਖਮ ੨। ੩. ਸੰ. ਵਿ- ਸਮ. ਜੋ ਸਮਾਨ (ਹਮਵਾਰ) ਨਹੀਂ.

੪. । ੩. ਭਾਈ ਸੰਤੋਖ ਸਿੰਘ ਜੀ ਨੇ ਵਿਸਮਰਣ ਅਤੇ ਅਲਗ ਕਰਨ ਅਰਥ ਵਿੱਚ ਭੀ ਇਹ ਸ਼ਬਦ ਵਰਤਿਆ ਹੈ- "ਸਸਤ੍ਰਨ ਕੋ ਵਿਸਾਹੁ ਨਹਿ ਕਰੈ। ਅੰਗ ਮਨਿੰਦ ਰੈਨ ਦਿਨ ਧਰੈ." (ਗੁਪ੍ਰਸੂ)

੫. ਵਿਸਾਰ: ਸੰ. ਸੰਗਯਾ- ਮੱਛੀ। ੨. ਫੈਲਾਉ. ਵਿਸ੍ਤਾਰ। ੩. ਪ੍ਰਵਾਹ. ਵਹਾਉ। ੪. ਉਤਪੱਤਿ. ਪੈਦਾਇਸ਼.

੬. । ੨. ਤੰਤ੍ਰਸਾਰ ਅਨੁਸਾਰ "ਵਿਸ਼ਾਲਕੀ" ਇੱਕ ਖ਼ਾਸ ਦੇਵੀ ਹੈ.

੧. ਵਿਸ਼ੇਸ਼ ਧਰਮ: ਖ਼ਾਸ ਧਰਮ. ਸਾਮਾਨਯ ਧਰਮ ਤੋਂ ਵੱਖਰਾ, ਕਿਸੇ ਖ਼ਾਸ ਜਾਤਿ ਦਾ ਮਜ਼ਹਬੀ ਨਿਯਮ. ਜਿਵੇਂ ਖ਼ਾਲਸੇ ਦਾ ਕੈਸ਼ ਕੱਢ, ਕ੍ਰਿਪਾਣ ਦਾ ਰੱਖਣਾ, ਖੰਡੇ ਦਾ ਅੰਮ੍ਰਿਤ ਛਕਣਾ ਆਦਿ.

੨. । ਲਿੰਗ ਪੁਰਾਣ ਅਨੁਸਾਰ ਬ੍ਰਹਮਾ ਦਾ ਇੱਕ ਮਾਨਸ ਪੁਤ੍ਰ।

੪. ਮਹਾਭਾਰਤ ਅਨੁਸਾਰ ਯੁਧਿਸ਼੍ਠਿਰ ਦਾ ਇੱਕ ਸੇਵਕ.

੩. ਵਿਸ਼੍ਵਸਨ: ਭਰੋਸਾ ਕਰਨ ਦੀ ਕ੍ਰਿਯਾ. ਏਤਬਾਰ.

੪. ਸੰਗਯਾ- ਵਿਸ਼੍ਵੇਦੇਵ. ਰਿਗ ਵੇਦ ਅਨੁਸਾਰ ਮਨੁੱਖਾਂ ਦੇ ਰਾਖੇ ਅਤੇ ਨੇਕ ਕੰਮਾਂ ਵਿੱਚ ਪ੍ਰੇਰਣ ਵਾਲੇ. "(ਦੇਖੋ, ਰਿਗਵੇਦ, ਮੰਡਲ ੧੦, ਸੂਕ੍ਤ ੧੨੫)

੫. ਵਿਸ਼੍ਵਰੂਪ: ਜਗਤ ਰੂਪ. ਜਿਸ ਤੋਂ ਭਿੰਨ ਸੰਸਾਰ ਨਹੀਂ. ਪਾਰਬ੍ਰਹਮ.

੬. ਵਿਸ਼੍ਵਵਿਦਯਾਲਯ: ਅੰ. University ਅ. دارالعلوم

੭. ਵਿਸ਼੍ਵਾਸੀ: विश्वासिन्. ਭਰੋਸਾ ਕਰਨ ਵਾਲਾ. ਏਤਬਾਰ ਰੱਖਣ ਵਾਲਾ.

੧. ਵਿਕ੍ਰਮ ਸੰਵਤ ਦਾ ਨਾਮ "ਮਾਲਵ ਸੰਵਤ" ਹੈ. ਇਹ ਉੱਤਰੀ ਹਿੰਦੁਸਤਾਨ ਵਿੱਚ ਚੇਤ ਸੁਦੀ ੧. ਤੋਂ ਅਤੇ ਦੱਖਣ ਵਿੱਚ ਕੱਤਕ ਸੁਦੀ ੧. ਤੋਂ ਆਰੰਭ ਹੋਂਦਾ ਹੈ.

੨. ਯੋਗ ਦਰਸ਼ਨ ਦੇ ਸਮਾਧਿ ਪਾਦ ਦੋ ਸੂਤ੍ਰ ੩੦ ਵਿੱਚ ਚਿੱਤ ਦੇ ੯. ਵਿਕੇਪ ਲਿਖੇ ਹਨ-

ਰੋਗ, ਸੁਭਜਾਨ (ਇੱਛਾਹੋਟ ਪੁਰ ਭੀ ਕੰਮ ਕਰਣ ਦੀ ਸ਼ਕਤਿ ਨਾ ਹੋਫੀ), ਸ਼ਸਯ (ਸ਼ੱਕ), ਪ੍ਰਮਾਦ (ਗ਼ਫ਼ਲਤ), ਆਲਸਜ (ਸੁਸਤੀ), ਅਵਿਰਤਿ (ਵੈਰਾਗਜ ਵਾਦੀ ਅਣਹੋਂਦ) ਭ੍ਰਾਂਤਿ ਦਰਸ਼ਨ (ਹੋਰ ਵਸਤੁ ਨੂੰ ਹੋਰ ਵੇਖਣਾ), ਅਨਲਬਧ ਭੂਮਿਕਤ੍ਵ (ਕਿਸੇ ਰੁਕਾਵਟ ਦੇ ਕਾਰਣ ਯੋਗ ਪਦਵੀ ਦਾ ਲਾਭ ਨਾ ਹੋਣਾ), ਅਨਵਸਿਥਤ੍ਵ (ਯੋਗ ਪਚ ਦਾ ਲਾਭ ਹੋਣ ਪੁਰ ਭੀ ਉਸ ਵਿੱਚ ਨਿਰੰਤਰ ਚਿੱਤਵ੍ਰਿੱਤੀ ਦਾ ਨਾ ਲੱਗਣਾ).

੩. ਰਾਕਸ ਮੰਤ੍ਰੀ ਨੇ ਇੱਕ ਅਜੇਹੀ ਕਨਜਾ ਤਜਾਰ ਕੀਤੀ ਸੀ, ਜਿਸ ਨਾਲ ਚਤੁਰ ਚਾਣਕਜ ਨੇ ਪਰਵਤੈਸ਼ੁਰ ਦੇ ਪ੍ਰਾਣ ਲਏ ਸਨ. ਦੇਖੋ, ਮੁਦ੍ਰਾਰਾਕਸ਼ ਅੰਕ ੫.

੧. ੩ ਪਦਾਰਥ ਗਜਾਨ. Science। ੪. ਬ੍ਰਹਮ. ਵਾਹਗੁਰੂ। ੫. ਆਕਾਸ਼.

੨. ਵਿਗਜਾਪਕ: ਵਿ- ਜਤਾਉਣ ਵਾਲਾ. ਗਜਾਨ ਕਰਾਉਣ ਵਾਲਾ. ਮੁਸ਼ਤਹਿਰ.

੧. । ੬. ਪਦਮਾ ਦੇ ਉਦਰ ਤੋਂ ਕਲਕੀ ਅਵਤਾਰ ਦਾ ਪੁਤ੍ਰ. ਦੇਖੋ, ਕਲਕੀ.

੨. ਭੰਗੜ ਤਾਂਤ੍ਰਿਕਾਂ ਨੇ ਵਿਜਯਾ ਦੀੌ ਅਦਭੁਤ ਮਹਿਮਾ ਲਿਖੀ ਹੈ:-

"विजया भक्षिता येन विजया

धारिता तथा। विजयोपासिता

येन रहितस्सर्वपातकैः।" (੬੬) (ਚਿਦੰਬਰ ਤੰਤ੍ਰ, ਵਿਜਯਾ ਕਲ੍ਪ)

੩. । ੩. ਨਾਨਕ ਪ੍ਰਕਾਸ਼ ਵਿੱਚ ਵਿਦਾ ਦੀ ਥਾਂ ਭੀ ਇਹ ਸ਼ਬਦ ਆਇਆ ਹੈ- "ਪਗ ਪਾਹੁਲ ਦੇ ਕਰ ਵਿਦ ਗਮਨੋ. '

੧. । ੨. ਸੰਗਜਾ- ਪੁਰਾਣਾਂ ਅਨੁਸਾਰ ਇੱਕ ਪਹਾੜ ਦਾ ਨਾਮ, ਜਿਸ ਵਿੱਚੋਂ ਵੈਦੁਯੰਮਣਿ ਮਿਲਦੀ ਹੈ.

੨. ੨ ਸੰ. ਸੰਗਜਾ- ਜਲ. ਪਾਨੀ.

੧. । ੫. ਕਾਲ. ਸਮਯ। ੬. ਕਰਮ। ੭. ਵੈਦਜ.

੨. । ੪. ਘ੍ਰਿਣਾ. ਗ਼ਲਾਨਿ.

੩. । ੪. ਪਾਤੰਜਲ ਦਰਸ਼ਨ ਅਨੁਸਾਰ ਮਿਥਜਾ ਅਤੇ ਉਲਟਾ ਗਜਾਨ:-

"विपर्ययो मिथ्या ज्ञानमत- द्रूपं प्रतिष्ठं. " (ਪਾਤੰਜਲ ਦਰਸ਼ਨ, ੧- ੮)

੪. ਵ੍ਰਿਹਤ ਪਰਾਸ਼ਰ ਸੰਹਿਤਾ ਚੌਥੇ ਅਧਜਾਯ ਵਿੱਚ ਲਿਖਿਆ ਹੈ ਕਿ ਜੋ ਧਰਮ ਪਦ (ਆਤਮ ਗਜਾਨ) ਨੂੰ ਪ੍ਰਾਪਤ ਹੋਇਆ ਹੈ ਉਹ ਵਿਪ੍ਰ ਹੈਃ "न वेदं वेदमित्याहु वे दन्नाम परमपदं। तत्पदं विदितं येन स विप्रो वेद पारगः"

੧੧੦੨- ੧. ਵਿਸ਼ੁਧਵੈਦਜ: ਅਸ਼ਿਨੀ ਕੁਮਾਰ.

੨. ਵਿਮਤਿ: ਵ੍ਰਿ- ਬੇਅਕਲ. ਖੋਟੀ ਸਮਝ ਵਾਲਾ. "ਵਿਮਤਿ ਕੁਜਾਤੀ." (ਨਾਪ੍ਰ) ੨. ਸੰਗਜਾ- ਅਸੰਮਤਿ. ਵਿਰੁੱਧ ਰਾਯ.

੩. । ੨. ਹਵਾਈ ਜਹਾਜ਼ ਦਾ ਸਵਾਰ.

੪. । ੩. ਝਾੜੂ. ਬੁਹਾਰੀ.

੫. । ੪. ਜਗਤ ਵੱਲੋਂ ਉਪਰਾਮ ਹੋਇਆ ਪੁਰਖ.

੬. । ੨. ਵਿ- ਗਮਨਸ਼ੀਲ. ਜਾਣ ਵਾਲਾ.

੧. । ੩. ਰੰਗ ਬਰੰਗਾ. ਕਈ ਰੰਗਾ। ੪. ਸੰਗਜਾ ਇਕ ਰਾਗ ਨਾਲ ਮਿਲਿਆ ਦੂਜਾ ਰਾਗ. ਸੰਕਰ ਰਾਗ.

੨. ਵਿਰੁਦ: ਯਸ਼ ਕੀਰਤਨ. ਜਸ ਕਹਿਣ ਦੀ ਕ੍ਰਿਯਾ। ੨. ਯਸ਼ (ਜਸ). ਕੀਰਤਿ। ੩. ਯਸ਼ ਬੋਧਕ ਉਪਾਧਿ (ਲਕ਼ਬ਼).

੩. Marriage ਸਭ ਤੋਂ ਪਹਿਲਾਂ ਵਿਧਿ ਸਹਿਤ ਵਿਵਾਹ ਦੀ ਰੀਤਿ ਸ਼੍ਵੇਤਕੇਤੁ ਨੇ ਥਾਪੀ. ਫੇਰ ਵਿਵਾਹ ਦੇ ਰਿਖੀਆਂ ਨੇ ਕਈ ਭੇਦ ਕਰ ਦਿੱਤੇ. ਦੇਖੋ, ਸ਼੍ਵੇਤ ਕੇਤੁ.

੧੧੦੫- ੧. ਵੀਕ: ਸੰ. ਸੰਗਯਾ- ਪੰਛੀ। ੨. ਮਨ। ੩. ਹਵਾ. ਪੌਣ.

੨. । ੨. ਵਿੱਥ. ਅੰਤਰਾ। ੩. ਸੁਖ। ੪. ਚਮਕ. ਰੌਸ਼ਨੀ.

੩. ਵੀਜ ਗਣਿਤ: Algebra.

੪. ਵੀਤ ਸ਼ੋਕ: ਜਿਸ ਦਾ ਸ਼ੋਕ ਮਿਟ ਗਿਆ ਹੈ. ਨਿਤਯਾਨੰਦੀ.

੫. ਵੀਰਤਰੁ: ਸੰ. ਭਿਲਾਵੇ ਦਾ ਬਿਰਛ.

੬. ਵੀਰ ਭੂਮਿ: ਪੰਜਾਬ। ੨. ਬੰਗਾਲ ਦਾ ਇੱਕ ਜਿਲਾ.

੭. ਵੀਰਯਾਤ੍ਰਾ: ਗੁਪਤ ਭਤ ਜਾਣਨ ਲਈ ਭੇਖ ਬਦਲ ਕੇ ਰਾਜਾ ਦਾ ਰਾਤ ਨੂੰ ਫਿਰਣਾ. ਦੇਖੋ, ਭਾਖਾ ਸੁਨਨਾ। ੨. ਫ਼ੌਜ ਦਾ ਕੂਚ. ਦੁਸ਼ਮਨ ਤੇ ਫ਼ੌਜ ਦਾ ਕੜਨਾ.

ਵੀਰ ਵਹੁਟੀ: ਦੇਖੋ, ਚੀਚ ਬਹੁਟੀ.

੧. ਕੰਚਨੀ. "ਰਹਤ ਬਤਾਈ ਪੁਨ, ਧਰੋ ਸਦਾ ਸਿੰਘ ਮਨ, ਵੇਸ਼ਯਾ ਸੋਂ ਰਮਨ ਨਹਿ ਕੀਜੈ ਕਬਿ ਸ਼ੰਕ ਧਰ." (ਗੁਪ੍ਰਸੂ)

੨. । ੩. ਵਿਦ੍ਵੇਸਕਾਰੀ. ਵੈਰੀ. ਦੁਸ਼ਮਨ. "ਗਰੀਬੀ ਗਦਾ ਹਮਾਰੀ। ਖੰਨਾ ਸਗਲ ਰੇਨੁ ਛਾਰੀ। ਇਸ ਆਗੈ ਕੋ ਨ ਟਿਕੈ ਵੇਕਾਰੀ." (ਸੋਰ ਮਃ ੫)

੩. । ੩. ਰੋਜ਼ੀ. ਉਪਜੀਵਿਕਾ। ੪. ਚਾਂਦੀ.

੧. ਮਹਾਭਾਰਤ ਦੇ ਅਨੁਸ਼ਾਸਨ ਪਰਵ ਦੇ ੬੨ਵੇਂ ਅਧ੍ਯਾਯ ਦੇ ੨੮ ਵੇਂ ਸ਼ਲੋਕ ਵਿੱਚ ਵੇਦ ਲਿਖਣ ਵਾਲੇ ਨੂੰ ਨਰਕ ਦੀ ਪ੍ਰਾਪਤੀ ਦੱਸੀ ਹੈ, ਇਸ ਤੋਂ ਸਿੱਧ ਹੈ ਕਿ ਵੇਦ ਲਿਖਣਾ ਵੱਡਾ ਪਾਪ ਕਰਮ ਸੀ, ਯਥਾ "वेद विक्रीयिणश्चैव वेदानां चैव दूषकाः। वेदायां लेखाश्चैव ते वै निरयगामिनः" ਦੇਖੋ, ਟੀ. ਆਰ. ਕ੍ਰਿਸ਼ਨਾਚਾਰਯ ਦੀ ਸੋਧੀ ਹੋਈ ਐਡੀਸ਼ਨ. ਜੋ ਤੁਕਾ ਰਾਮ ਜੀਵਾਜੀ ਦੇ ਨਿਰਣਯ ਸਾਗਰ ਪ੍ਰੈਸ ਵਿੱਚ ਬੰਬਈ ਛਪੀ ਹੈ.

੨. ਪੱਛਮੀ ਵਿਦ੍ਵਾਨਾਂ ਨੇ ਈਸਵੀ ਸਨ ਦੇ ਆਰੰਭ ਤੋਂ ੧੫੦੦ ਜਾਂ ੨੦੦੦ ਵਰ੍ਹੇ ਪਹਿਲਾਂ ਰਿਗਵੇਦ ਦਾ ਬਣਨਾ ਮੰਨਿਆ ਹੈ, ਪਰ ਲੋਕਮਾਨ੍ਯ ਤਿਲਕ ਆਦਿਕਾਂ ਦਾ ਵਿਚਾਰ ਹੈ ਕਿ ਇਹ ਰਚਨਾ ੪੫੦੦ ਵਰ੍ਹੇ ਪਹਿਲਾਂ ਹੋਈ ਹੈ.

੩. ਸ਼ਤਪਥ ਬ੍ਰਾਹਮਣ ਅਨੁਸਾਰ ਸ਼ਾਮ ਦਾ ਪਾਠ ਚਾਰ ਹਜ਼ਾਰ ਬ੍ਰਿਹਤੀ ਛੰਦਾਂ ਦਾ ਪਾਠ ਹੈ. ਬ੍ਰਿਹਤੀ ਵਿੱਚ ੩੬ ਅੱਖਰ ਹੋਂਦੇ ਹਨ.

੪. । ੩. ਵਿਦਰਭ ਦੇਸ਼ ਦਾ ਨਾਮਾਂਤਰ.

੧੧੦੬- ੧. ਵੇਧਸ਼ਾਲਾ: Observatory. ਵੇਧਾਲਯ.

੨. । ੨. ਸੰਗਯਾ- ਲਕ੍ਸ਼. ਨਸ਼ਾਨਾ.

੩. । ੭. ਗੰਗਾ। ੮. ਦੁਰਗਾ.

੪. ਵੈਸਾ: ਓਹੇ ਜੇਹਾ. ਉਸ ਜੈਸਾ.

੫. ਵ੍ਯਾਸ ਨੇ ਆਪਣੇ ਪੰਜ ਮੁੱਖ ਚੇਲਿਆਂ (ਪੈਲ, ਸ਼ੁਕ, ਸੁਮੰਤੁ, ਜੈਮਿਨਿ, ਵੈਸ਼ੰਪਾਯਨ) ਨੂੰ ਮਹਾਭਾਰਤ ਪੜ੍ਹਾਯਾ ਸੀ.

੬. ਵੈਕਸੀਨੇਸ਼ਨ: ਅੰ. Vaccination. ਦੇਖੋ, ਸੀਤਲਾ ੩.

੭. ਵੈਜੂ: ਤਾਨਸੇਨ ਅਤੇ ਨਾਯਕ ਗੋਪਾਲ ਦੇ ਸਮੇਂ ਹੋਣ ਵਾਲਾ ਇੱਕ ਪ੍ਰਸਿੱਧ ਗਵੈਯਾ, ਜਿਸਨੂੰ ਲੋਕ ਵੈਜੂ ਬਾਵਰਾ ਭੀ ਸਦਦੇ ਹਨ.

੮. One of these European adventurers was namez General Ventura. After his dismissal from the service of the sikhs he commenced intriguing against them. Mr. (afterwards Sir Frederick) Currie in a letter to Broadfoot written from Calcutta on January 19, 1845, said:

- - "I have had two or three long conversations with General Ventura, the old Frenchman wished to give some valuable infromation to sir Henry (Hardinge) to make him frienzly to his interests."

(Rise of the Christian Power in India by Major B. D. Basu, page 873)

੧. ਸ਼ਜਰਾ. ਕੁਲ ਦੀ ਪੀੜ੍ਹੀਆਂ. Geneological tree.

੨. ਵਹ੍ਨਿ: ਸੰਗਜਾ- ਅੱਗ. ਅਗਨਿ। ੨. ਭਲਾਵਾ। ੩. ਨਿੰਮ.

੩. । ੨. ਵੰਸ਼. ਬਾਂਸ। ੩. ਕਿਸ਼ਤੀ ਨੂੰ ਧੱਕਣ ਵਾਲਾ ਲੰਮਾ ਡੰਡਾ.

੧. "ਸੋ ਧਨਵੰਤਾ ਜਿਸੁ ਬੁਧਿ ਬਿਬੇਕੁ." (ਭੈਰ ਮਃ ੫)

੨. ਸੰਗਜਾ- ਪ੍ਰਣਾਮ. ਨਮਸਕਾਰ। ੨. ਉਸਤਤਿ. ਤਾਰੀਫ਼। ੩. ਪੂਜਨ। ੪. ਤਿਲਕ. ਟਿੱਕਾ. "ਵਰ ਵੰਦਨ ਬਿੰਦੁ ਸੁਭਾਲ ਪੈ ਤੰਦੁਲ ਚੰਦ੍ਰਕਲਾ ਵਿਚ ਜਜੋਂ ਮਹਿ ਨੰਦਨ." (ਗੁਪ੍ਰਸੂ)

ਮੱਥੇ ਤੇ ਲਾਲ ਟਿੱਕੇ (ਵੰਦਨ) ਉੱਪਰ ਲਾਏ ਚਾਉਲ ਇਉਂ ਸ਼ੋਭਦੇ ਹਨ, ਜਾਣੀਓਂ ਮੰਗਲ (ਮਹਿਨੰਦਨ) ਵਿੱਚ ਚੰਦ੍ਰਮਾਂ ਦੀਆਂ ਕਲਾ ਹਨ. ਮੰਗਲ ਦਾ ਰੰਗ ਲਾਲ ਅਤੇ ਚੰਦ੍ਰਕਲਾ ਦਾ ਰੰਗ ਚਿੱਟਾ ਹੈ.

ਵੰਦਨਾ: ਦੇਖੋ, ਵੰਦਨ.

੩. ਵਜਭਿਚਾਰਿਣੀ: ਵਿਭਚਾਰ ਕਰਨ ਵਾਲੀ ਇਸਤ੍ਰੀ. ਪਰਾਏ ਪੁਰਖ ਨਾਲ ਭੋਗ ਕਰਨ ਵਾਲੀ.

੪. । ੪. ਕਾਵਜ ਅਨੁਸਾਰ ਸ਼੍ਰਿੰਗਾਰ ਰਸ ਦਾ ਇਕ ਭਾਵ ਵਿਸ਼ੇਸ਼, ਜਿਸ ਦ ਮਦ, ਜੜ੍ਹਤਾ, ਮੋਹ, ਆਲਸ, ਡਰ, ਲੱਜਾ, ਗਲਾਨਿ ਅਤੇ ਚਿੰਤਾ ਆਦਿ ੩੩ ਭੇਦ ਹਨ.

੫. ਵਜਵਸਾਯ: ਸੰ. ਸੰਗਜਾ- ਜੀਵਿਕਾ (ਰੋਜ਼ੀ) ਦਾ ਵਿਹਾਰ। ੨. ਵਪਾਰ। ੩. ਨਿਸ਼ਚਾ। ੪. ਉੱਦਮ। ੫. ਵਿਚਾਰ। ੬. ਅਭਿਪ੍ਰਾਯ. ਮਤਲਬ.

੬. ਜਜੋਤਿਸ਼ ਅਨੁਸਾਰ ਸਤਾਈ ਯੋਗਾਂ ਵਿੱਚ ਤੇਰ੍ਹਵਾਂ ਯੋਗ.

੧. । ੩. ਨਿਉਲਾ।੪ ਮੋਰ.

੧. ਵ੍ਰਾਜ: ਸੰ. ਸੰਗਜਾ- ਸਮੂਹ. ਝੰਡਾ। ੨. ਗਮਨ. ਜਾਣਾ।੩ ਕੁੱਤਾ.

੩. ਵ੍ਰਿਸ਼ਭ: ਸੰ. वृषभ. ਸੰਗਜਾ- ਬੈਲ। ੨. ਸਾਂਡ. ਝੋਟਾ। ੩. ਬੱਦਲ। ੪. ਸੂਰਜ। ੫. ਕੰਨ ਦਾ ਛੇਕ, ਜਿਸ ਵਿੱਚ ਦੀ ਆਵਾਜ਼ ਪਹੁੰਚਦੀ ਹੈ। ੬. ਦੇਖੋ, ਪੁਰੁਖ ਜਾਤਿ। ੭. ਵਿ- ਬਹੁਤ ਉੱਤਮ.

੪. ਵ੍ਰਿਸ਼੍ਟਿਮਾਨ ਯੰਤ੍ਰ: ਮੀਂਹ ਮਿਣਨ ਦਾ ਯੰਤ੍ਰ. ਜਿਸ ਤੋ, ਮਲੂਮ ਹੋਵੇ ਕਿ ਕਿੰਨਾ ਮੀਂਹ ਵਰ੍ਹਿਆ ਹੈ. Pluviometer.

੫. । ੫. ਕਲਕੀ ਅਵਤਾਰ ਦਾ ਸਹੁਰਾ. ਦੇਖੋ, ਕਲਕੀ.

੬. । ੪. ਆਪਣੇ ਪਤਿ ਨੂੰ ਛੱਡ ਕੇ ਪਰਪੁਰਖ ਨਾਲ ਪ੍ਰੇਮ ਕਰਨ ਵਾਲੀ ਇਸਤ੍ਰੀ: "स्व वृषं या परित्यज्य पर वृषे वृषायते। वृषणी सा हि विशेया न शूद्री वृषली भवेत्. " (ਕਾਸ਼ੀ ਖੰਡ)

੧. ਸੂਤ੍ਰ ਦਾ ਸਾਰ- ਅਰਥ ਦਿਖਾਉਣ ਵਾਲੀ ਟਿੱਪਣੀ। ੮. ਯੋਗ ਦਰਸ਼ਨ ਦੇ ਸਮਧਿ ਪਾਦ ਦੇ ਸੂਤ੍ਰ ੬. ਵਿੱਚ ਪੰਜ ਵ੍ਰਿੱਤੀਆਂ ਲਿਖੀਆਂ ਹਨ- ਪ੍ਰਮਾਣ, ਵਿਪਰਯਯ, ਵਿਕਲ੍ਪ, ਨਿਦ੍ਰਾ ਅਤੇ ਸਿਮ੍ਰਿਤਿ.

੨. ਵਿੱਧਿ ਸ੍ਰੱਧ: ਦੇਖੋ, ਨਾਂਦੀ ਮੁਖ.